ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਾਹਮੁਖੀ ਰੂਪਾਂਤਰ

سّری گُرُو گرّنتھ صاہِب جی دا شاہمُکھی روُپانتر

Shahmukhi Conversion of

Sri Guru Granth Sahib ji

An Isher Micro Media presentation

ਸਮਰਪਣ	ਦੋ-ਸ਼ਬਦ	ਧਿਆਨਯੋਗ	ਤਤਕਰਾ
سمرپن	دو شبد	دھیانیوگ	تتکرا

Provided by: Baljinder Singh

Gurdwara Karamsar, Rara Sahib, Distt. Ludhiana, Pb.

Karamsar Inc. 14 Willoughby Drive, Colonie NY 12205

website: www.ik13.com | email: rarasahib@yahoo.com

ਸਮਰਪਣ

ਜਿਨ੍ਹਾਂ ਗੁਰਦਵਾਰਿਆਂ ਅਤੇ ਗੁਰਧਾਮਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ
ਉਨ੍ਹਾਂ ਦੇ ਖੁੱਲ੍ਹੇ ਦਰਸ਼ਨ ਅਤੇ ਸੇਵਾ ਵਾਸਤੇ ਤੜਪ ਰਹੇ ਸਮੁੱਚੇ ਸਿੱਖ ਜਗਤ ਦੁਆਰਾ
ਰੋਜ਼ਾਨਾ ਕੀਤੀ ਜਾਂਦੀ ਅਰਦਾਸ ਪ੍ਰਵਾਨ ਹੋਣ ਦੇ ਆਸਾਰ ਰੂਪਮਾਨ ਕਰਨ ਵਾਲੀ
ਕਰਤਾਰਪੁਰ ਲਾਂਘਾ ਖੁੱਲ੍ਹਣ ਦੀ 9 ਨਵੰਬਰ 2019 ਦੀ ਇਤਿਹਾਸਕ ਘਟਨਾ ਨੂੰ

ਸ਼ੁਕਰਾਨਾ

'ਪਰਮ ਗੁਰੂ ਨਾਨਕ' 'ਜਗਤ ਗੁਰ ਬਾਬਾ' ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ
ਜਿਨ੍ਹਾਂ ਨੇ ਆਪਣੇ 550ਵੇਂ ਪ੍ਰਕਾਸ਼ ਦਿਹਾੜੇ ਦੇ ਅਵਸਰ ਤੇ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਾਹਮੁਖੀ ਰੂਪਾਂਤਰ ਕਰਵਾਉਣ ਦੀ ਇਹ ਸੇਵਾ
ਆਪਣਾ ਨਿਮਾਣਾ ਜਿਹਾ ਸੇਵਕ ਜਾਣ ਕੇ ਦਾਸ ਪਾਸੋਂ ਲਈ

ਪ੍ਰੇਮ ਭੇਟਾ

ਸਥਾਨਕ ਪ੍ਰਸਥਿਤੀਆਂ ਕਾਰਣ ਗੁਰਮੁਖੀ ਲਿਪੀ ਦੇ ਜਾਣਕਾਰੀ ਦਾ ਅਭਾਵ ਰੱਖਣ ਵਾਲੇ
ਪਰ ਸਾਡੇ ਗੁਰੂ ਸਾਹਿਬਾਨ ਦੇ 'ਸਰਬ ਸਾਂਝੇ ਸੰਦੇਸ਼' ਨੂੰ ਪੜ੍ਹਨ ਲਈ ਉਤਾਵਲੇ ਉਨ੍ਹਾਂ ਗੁਰਬਾਣੀ ਪ੍ਰੇਮੀਆਂ ਲਈ
ਜਿਹੜੇ ਫ਼ਾਰਸੀ ਲਿਪੀ (ਸ਼ਾਹਮੁਖੀ) ਮਾਧਿਅਮ ਦੁਆਰਾ ਪੰਜਾਬੀ ਪੜ੍ਹਨ-ਲਿਖਣ ਦੇ ਸਮਰੱਥ ਹਨ

ਧੰਨਵਾਦ

ਸ. ਕਿਰਪਾਲ ਸਿੰਘ 'ਪੰਨੂ' ਜੀ ਦਾ ਅਤੇ ਡਾ. ਕੁਲਬੀਰ ਸਿੰਘ 'ਥਿੰਦ' ਜੀ ਦਾ
ਜਿਨ੍ਹਾਂ ਨੇ ਦਾਸ ਦੀ ਉਰਦੂ ਅਤੇ ਸ਼ਾਹਮੁਖੀ ਦੀ ਅੱਧੀ-ਅਧੂਰੀ ਜਾਣਕਾਰੀ ਦੀ ਭਰਪਾਈ ਕਰਦਿਆਂ
ਇਸ ਖੇਤਰ ਵਿੱਚ ਆਪਣੇ ਤਜੁਰਬੇ ਸਾਂਝੇ ਕਰ ਕੇ ਅਤੇ ਤਕਨੀਕੀ ਸਹਿਯੋਗ ਦੇ ਕੇ
ਗੁਰਬਾਣੀ ਦੇ ਸ਼ਾਹਮੁਖੀ ਰੂਪਾਂਤਰ ਦੀ ਸੇਵਾ ਦਾ ਕਾਰਜ ਨੇਪਰੇ ਚਾੜ੍ਹਨ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ
ਅਤੇ ਵਿਸ਼ੇਸ਼ ਧੰਨਵਾਦ ਗੁਰਪੁਰੀ ਵਾਸੀ ਡਾ. ਗੁਰਚਰਚਨ ਸਿੰਘ ਜੀ (ਕਰਤਾ ਗੁਰੂ ਗ੍ਰੰਥ ਸਾਹਿਬ ਕੋਸ਼) ਦਾ
ਜਿਨ੍ਹਾਂ ਨੇ 'ਗੁਰੂ ਗ੍ਰੰਥ ਸਾਹਿਬ ਦੇ ਅਰਬੀ-ਫ਼ਾਰਸੀ ਕੋਸ਼' ਰਚ ਕੇ
ਦਾਸ ਵਰਗੇ ਅਰਬੀ-ਫ਼ਾਰਸੀ ਦੀ ਜਾਣਕਾਰੀ ਦੇ ਅਭਾਵ ਰੱਖਣ ਵਾਲ਼ਿਆਂ ਨੂੰ ਵੀ
ਅਜਿਹਾ ਕਾਰਜ ਇਕ ਚੁਣੌਤੀ ਦੇ ਰੂਪ ਵਿੱਚ ਸਵੀਕਾਰ ਕਰਨ ਦੀ ਪ੍ਰੇਰਨਾ ਅਤੇ ਹਿੰਮਤ ਬਖ਼ਸ਼ੀ

ਸਦਾ ਹੀ ਭੁੱਲਣਹਾਰ
ਬਲਜਿੰਦਰ ਸਿੰਘ

سمرپن

جِنّہاں گُردوارِیاں اتے گُردھاماں توں پنّتھ نوُنّ وِچھوڑِیا گِیا ہے

اُنّہاں دے کھُلّہے درشن اتے سیوا واستے تڑپ رہے سچّے سِکھّ جگت دُیارا

روزانا کِیتی جاندی ارداس پّروان ہوٹ دے آسار روُپمان کرن والی

کرتارپُر لانگھا کھُلّہٹ دی 9 نونّبر 2019 دی اِتہاسک گھٹنا نوُنّ

شُکرانا

'پرم گُرو نانک' 'جگت گُر بابا' دھنّ سّری گُرو نانک دیو جی مہاراج دا

جِنّہاں نے آپنے 550ویں پّرکاش دِہاڑے دے اوسر تے

سّری گُرو گّرنّتھ ساہِب جی دا شاہمکھی روُپانتر کروائُٹ دی اِہ سیوا

آپنا نِماٹا جِہا سیوک جانٹ کے داس پاسوں لئی

پّریم بھیٹا

ستھانک پّرستھِتیاں کارٹ گُرمُکھی لِپی دے جاٹکاری دا ابھاو رکھّٹ والے

پر ساڈے گُرو صاہِبان دے 'سرب سانجھے سندیش' نوُنّ پڑّہن لئی اُتاولے اُنّہاں گُربانٹی پّریمِیاں لئی

جِہڑے فارسی لِپی (شاہمکھی) مادھِیَم دُیارا پنجّابی پڑّہن-لِکھٹ دے سمرتھ ہن

دھنّواد

س۔ کِرپال سِنگھ 'پنّنوُ' جی دا اتے ڈا۔ کُلبیِر سِنگھ 'تھِنّد' جی دا

جِنّہاں نے داس دی اُردوُ اتے شاہمکھی دی ادھّیِ-ادھوُری جانکاری دی بھرپائی کرِدِیاں

اِس کھیتر وِچّ آپنّے تجُربے سانجھے کر کے اتے تکنیِکی سہیوگ دے کے

گُربانی دے شاہمکھی روُپانتر دی سیوا دا کارج نیِرے چاڑہن وِچ آپنّا وڈمّلا یوگدان پائیا

اتے وِشیش دھنّواد گُرپُری واسی ڈا۔ گُرچرچن سِنگھ جی (کرتا گُروُ گرنّتھ ساہِب کوش) دا

جِنّہاں نے گُروُ گرنّتھ ساہِب وِچّ آئے اربیِ-فارسی شبداں دا کوش' رچ کے

داس ورگے اربیِ-فارسی دی جانکاری دے ابھاو رکھّن والھِیاں نوُنّ وی

اِجہا کارج اِک چُنوُتی دے روُپ وِچّ سویِکار کرن دی پّریرنا اتے ہِنمّت بخشی

سدا ہی بھُلّنہار

بلجِیندر سِنگھ

ਦੋ ਸ਼ਬਦ

ਵਲੋਂ: ਸ. ਕਿਰਪਾਲ ਸਿੰਘ 'ਪੰਨੂੰ' ਬਰੈਂਪਟਨ, ਕੈਨੇਡਾ

ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਾਹਮੁਖੀ ਅੱਖਰਾਂ ਵਿੱਚ ਸਰੂਪ ਉਦੋਂ ਤੋਂ ਹੀ ਮਿਲ਼ਦਾ ਆ ਰਿਹਾ ਹੈ, ਜਦੋਂ ਤੋਂ ਪੰਜਾਬ ਵਿੱਚ ਸ਼ਾਹਮੁਖੀ ਲਿੱਪੀ ਪ੍ਰਧਾਨ ਹੋਈ ਤੇ ਰਹੀ ਹੈ। ਉਨ੍ਹਾਂ ਸਰੂਪਾਂ ਵਿੱਚ ਹੱਥ ਨਾਲ਼ ਕਿਤਾਬਾਂ ਲਿਖਣ ਵਾਲ਼ਿਆਂ (ਕਾਤਿਬ) ਦੀ ਬੁੱਧੀ, ਲਿੱਪੀ ਦੀ ਸਮਰੱਥਾ ਆਦਿ ਕਾਰਨਾਂ ਕਰਕੇ ਸ਼ਾਹਮੁਖੀ ਸਰੂਪਾਂ ਵਿੱਚ ਅੰਤਰ ਜ਼ਰੂਰ ਮਿਲ਼ਦਾ ਰਿਹਾ ਹੈ। ਹੁਣ ਕੰਪਿਊਟਰ ਦਾ ਯੁਗ ਆ ਜਾਣ ਨਾਲ਼ ਸਥਿਤੀ ਅਸਲੋਂ ਹੀ ਬਦਲ ਗਈ ਹੈ।

ਕੰਪਿਊਟਰ ਰਾਹੀਂ ਗੁਰਬਾਣੀ ਨੂੰ ਲਿਖਣ ਪੜ੍ਹਨ ਦਾ ਕਾਰਜ ਕੰਪਿਊਟਰ ਦੀ ਘਰੇਲੂ ਵਰਤੋਂ ਦੇ ਆਰੰਭ ਹੋਣ ਨਾਲ਼ ਹੀ ਸ਼ੁਰੂ ਹੋ ਗਿਆ ਸੀ। ਸ਼ਾਹਮੁਖੀ ਦੇ ਜਾਣਕਾਰ ਸਰਧਾਲੂਆਂ ਦੀ ਗੁਰਬਾਣੀ ਪਾਠ ਕਰਨ ਦੀ ਲੋੜ ਪੂਰੀ ਕਰਨ ਦੇ ਯਤਨ ਵੀ ਕਿਸੇ ਨਾ ਕਿਸੇ ਰੂਪ ਵਿੱਚ ਵੀਹਵੀਂ ਸਦੀ ਦੇ ਅੰਤਲੇ ਸਾਲਾਂ ਵਿੱਚ ਆਰੰਭ ਹੋ ਗਏ ਸਨ। ਪਹਿਲਾ ਯਤਨ ਬਾਬਾ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ) ਨੇ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ 'ਗੁਰੁਸ਼ਬਦ ਰਤਨਾਕਰ' ਮਹਾਨ ਕੋਸ਼ ਨੂੰ ਆਪਣੀ ਵੈੱਬਸਾਈਟ *www.ik13.com* ਉੱਤੇ ਪਾ ਕੇ ਕੀਤਾ। ਉਸ ਵਿੱਚ ਦਰਜ਼ ਅਰਬੀ ਫ਼ਾਰਸੀ ਸ਼ਬਦਾਂ ਨੂੰ ਸੌਫਟ ਕਾਪੀ ਵਿੱਚ ਸ਼ਾਹਮੁਖੀ ਰਾਹੀਂ ਹੀ ਦਰਸਾਇਆ ਗਿਆ ਸੀ। ਉਸ ਪਿੱਛੋਂ ਡਾ. ਕੁਲਬੀਰ ਸਿੰਘ ਜੀ ਬਿੰਦ ਹੋਰਾਂ ਨੇ ਸੰਪੂਰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਾਹਮੁਖੀ ਅੱਖਰਾਂ ਵਿੱਚ ਸਰੂਪ ਆਪਣੇ ਵੈੱਬ ਸਾਈਟ *www.srigranth.org* ਉੱਤੇ ਪਾਇਆ ਜੋ ਪਹਿਲੋਂ ਦਾਸ ਕਿਰਪਾਲ ਸਿੰਘ ਪੰਨੂੰ 'ਕਟਾਹਰੀ' ਵੱਲੋਂ ਬਾਬਾਫ਼ਰੀਦ ਫੌਂਟ ਵਿੱਚ ਤਿਆਰ ਕੀਤਾ ਗਿਆ ਸੀ। ਉਪਰੰਤ ਡਾ. ਕੁਲਬੀਰ ਸਿੰਘ ਜੀ ਬਿੰਦ ਨੇ ਯੂਨੀਕੋਡ ਵਿੱਚ ਤਿਆਰ ਕਰ ਕੇ ਅਤੇ ਸਰਦਾਰ ਗੁਰਬਚਨ ਸਿੰਘ ਜੀ ਬੇਦੀ ਆਟਵਾ ਪਾਸੋਂ ਉਰਦੂ ਅੱਖਰਾਂ ਅਨੁਸਾਰ ਸੋਧ ਕਰਵਾ ਕੇ ਆਪਣੀ ਵੈੱਬ ਸਾਈਟ ਉੱਤੇ ਪਾਇਆ ਹੋਇਆ ਹੈ।

ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 2019 ਵਿੱਚ ਆਉਣ ਵਾਲ਼ੇ 550 ਵੇਂ ਪ੍ਰਕਾਸ਼ ਉਤਸਵ ਉੱਤੇ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਾਹਮੁਖੀ ਸਰੂਪ ਵੈੱਬ ਸਾਈਟ ਉੱਤੇ ਪਾਉਣ ਦਾ ਸੰਕਲਪ, ਬਾਬਾ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ) ਨੇ ਸ਼ਾਹਮੁਖੀ ਜਾਨਣ ਵਾਲ਼ੇ ਸਰਧਾਲੂਆਂ ਅਤੇ ਖੋਜਕਾਰਾਂ ਦੀ ਇੱਛਾ ਅਤੇ ਲੋੜ ਨੂੰ ਮੁੱਖ ਰੱਖ ਕੇ ਕਈ ਸਾਲ ਪਹਿਲੋਂ ਧਾਰ ਲਿਆ ਸੀ। ਉਨ੍ਹਾਂ ਦੇ ਸਾਲਾਂ ਭਰ ਦੇ ਨਿਰੰਤਰ ਯਤਨਾਂ ਅਤੇ ਘਾਲਣਾ ਨੇ ਇਸ ਟੀਚੇ ਨੂੰ ਪ੍ਰਾਪਤ ਕਰ ਲੈਣ ਦਾ ਸੁਭਾਗ ਪ੍ਰਾਪਤ ਕਰ ਲਿਆ ਹੈ।

ਇਸ ਸਰੂਪ ਵਿੱਚ ਗੁਰਬਾਣੀ ਨੂੰ ਮੂਲ ਰੂਪ ਵਿੱਚ ਭਾਵ ਗੁਰਬਾਣੀ ਵਿੱਚ ਆਈਆਂ ਸਾਰੀਆਂ ਲਗਾਂ ਮਾਤਰਾਂ ਅਤੇ ਚਿੱਨ੍ਹਾਂ ਨੂੰ ਉਸੇ ਤਰ੍ਹਾਂ ਹੀ ਪਰਗਟਾਉਣ ਦਾ ਹਰ ਸੰਭਵ ਯਤਨ ਕੀਤਾ ਗਿਆ ਹੈ। ਇਸਦੇ ਨਾਲ਼-ਨਾਲ਼ ਸ਼ਾਹਮੁਖੀ ਵਿੱਚ ਵਖਰੇਵੇਂ ਵਾਲ਼ੇ ਸ਼ਬਦਾਂ (ਸੀਨ, ਸੁਆਦ, ਸੇ ਆਦਿ) ਨੂੰ ਸ਼ਾਹਮੁਖੀ ਦੇ ਅਨੁਕੂਲ ਹੀ ਰੱਖਿਆ ਗਿਆ ਹੈ।

ਗੁਰਮੁਖੀ ਅਤੇ ਸ਼ਾਹਮੁਖੀ ਪੰਜਾਬੀ ਦੀਆਂ ਹੀ ਦੋ ਲਿੱਪੀਆਂ ਹੋਣ ਤੇ ਵੀ ਇਨ੍ਹਾਂ ਦੋਹਾਂ ਵਿੱਚ ਬੜਾ ਅੰਤਰ ਹੈ। ਦੋਹਾਂ ਲਿੱਪੀਆਂ ਦੀਆਂ ਵੱਖੋ ਵੱਖ ਸਮਰੱਥਾਵਾਂ ਅਤੇ ਸੀਮਤਾਵਾਂ ਹਨ। ਗੁਰਮੁਖੀ ਦਾ ਪਿਛੋਕੜ ਹਿੰਦੀ ਸੰਸਕ੍ਰਿਤ ਨਾਲ਼ ਮਿਲ਼ਦਾ ਹੈ ਜੋ ਵੀਹਵੀਂ ਸਦੀ ਵਿੱਚ ਉਰਦੂ ਦੇ ਨੇੜੇ ਵੀ ਆ ਗਈ ਸੀ। ਸ਼ਾਹਮੁਖੀ ਦਾ ਪਿਛੋਕੜ ਅਰਬੀ, ਫਾਰਸੀ, ਉਰਦੂ ਨਾਲ਼ ਮਿਲ਼ਦਾ ਹੈ। ਦੋਹਾਂ ਲਿੱਪੀਆਂ ਨੂੰ ਇੱਕ ਸੁਰ ਕਰਨ ਦੇ ਯਤਨ ਸਮੇਂ-ਸਮੇਂ ਹੁੰਦੇ ਆਏ ਹਨ ਜਿਸਦੀ ਸ਼ਪਸਟ ਰੂਪ ਰੇਖਾ ਭਾਈ ਕਾਨ੍ਹ ਸਿੰਘ ਜੀ ਨਾਭਾ ਵਾਲ਼ੇ ਮਹਾਨ ਕੋਸ਼ ਵਿੱਚ ਦੇਖੀ ਜਾ ਸਕਦੀ ਹੈ। ਜਿਵੇਂ ਕਿ ਹਿੰਦੋਸਤਾਨ ਵਿੱਚ ਸੰਸਾਰ ਭਰ ਤੋਂ ਆਉਣ ਵਾਲ਼ੇ ਹਾਕਮਾਂ, ਵਿੱਦਵਾਨਾਂ, ਖੋਜੀਆਂ ਆਦਿ ਦੇ ਆਉਣ ਲਈ ਪੰਜਾਬ ਇੱਕ ਪਰਵੇਸ ਦੁਆਰ ਬਣਿਆਂ ਰਿਹਾ ਹੈ ਅਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਜੀਵਨ ਯਾਤਰਾ ਕਿਸੇ ਨਾ ਕਿਸੇ ਰੂਪ ਵਿੱਚ ਸੰਸਾਰ ਦੇ ਹਰ ਸੱਭਿਆਚਾਰ ਨਾਲ਼ ਸੰਵਾਦ ਰਚਾਉਂਦੀ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਿੰਦੋਸਤਾਨ ਭਰ ਦੇ ਭਗਤਾਂ ਦੀ ਬਾਣੀ ਦਰਜ ਹੈ ਜੋ ਬਹੁ-ਭਾਸ਼ਾਈ ਵੀ ਹੀ ਅਤੇ ਬਹੁ-ਕਾਲੀ ਵੀ ਹੈ। ਇਸ ਲਈ ਗੁਰਬਾਣੀ ਦੀ ਸੁਰ ਤੇ ਸੰਚਾਰ ਦਾ ਬ੍ਰਹਿਮੰਡੀ ਹੋਣਾ ਇੱਕ ਕੁਦਰਤੀ ਵਰਤਾਰਾ ਹੈ ਜਿਸਨੂੰ ਮੂਲ ਰੂਪ ਵਿੱਚ ਸ਼ਾਹਮੁਖੀ ਵਿੱਚ ਪ੍ਰਗਟ ਕਰਨ ਦਾ ਕਾਰਜ ਹੋਰ ਵੀ ਵੰਗਾਰ ਭਰਿਆ ਬਣ ਜਾਂਦਾ ਹੈ।

ਗੁਰਮੁਖੀ ਸ਼ਾਹਮੁਖੀ ਲਿੱਪੀਆਂ ਨੂੰ ਇੱਕ ਸੁਰ ਕਰਨ ਲਈ ਅਤੇ ਗੁਰਬਾਣੀ ਦੇ ਮੂਲ ਸਰੂਪ ਦੇ ਅਨਕੂਲ ਕਰਨ ਲਈ ਕੁੱਝ ਨਵੇਂ ਚਿੰਨ੍ਹਾਂ ਦੀ ਵਰਤੋਂ ਕੀਤੀ ਗਈ ਹੈ। ਜਿਨ੍ਹਾਂ ਦਾ ਵਿਸਥਾਰ 'ਧਿਆਨਯੋਗ' ਸਿਰਲੇਖ ਵਿੱਚ ਕੀਤਾ ਗਿਆ ਹੈ।

دو شبد

ولوں: س۔ کِرپال سِنگھ پنّنوُن' برمِنگھٹن, کینیڈا

شّری گُروُ گرنتھ ساہِب دا شاہمکھی اکھّراں وِچّ سروُپ, اُدوں توں ہی مِلھدا آ رِہا ہےَ, جدوں توں پنّجاب وِچّ شاہمکھی لِپّ ی پرّدھانُ ہوئی تے رہی ہےَ| اُنّہاں سروُپاں وِچّ ہتھّ نالھ کِتاباں لِکھنُ والھِیاں (کاتِب) دی بُدھّی, لِپّی دی سمرتھا آدِ کارنا ں کرکے شاہمکھی سروُپاں وِچّ انتر زروُر مِلھدا رِہا ہےَ| ہُنُ کنّپیوُٹر دا یُگ آ جانُ نالھ ستھِتی اسلوں ہی بدل گئی ہےَ|

کنّپیوُٹر راہیں گُربانُی نوُنّ لِکھنُ پڑّھن دا کارج کنّپیوُٹر دی گھریلوُ ورتوں دے آرنّبھ ہونُ نالھ ہی شُروُ ہو گِیا سیِ| شاہمکھی د ے جانُکار سردھالوُیاں دی گُربانُی پاٹھ کرن دی لوڑ پوُری کرن دے ہتن وی کِسے نا کِسے روُپ وِچّ ویہویں سدی دے اَ تلے سالاں وِچّ آرنّبھ ہو گئے سن| پہِلا ہتن بابا بلجِندّر سِنگھ جی (راڑا ساہِب) نے بھائی کانّہ سِنگھ جی نابھا دے 'گُرشبد رت ناکر' مہان کوش نوُنّ آپنّی ویبّسائیٹ www.ik13.com اُتّے پا کے کِیتا| اُس وِچّ درز اربی فارسی شبداں نوُنّ سوّپھٹ کا پی وِچّ شاہمکھی راہیں ہی درسائیا گِیا سیِ| اُس پچھّوں ڈا۔ کُلبیِر سِنگھ جی تھِنّد ہوراں نے سنّپوُرن شّری گُروُ گرنتھ ساہِب دا شاہمکھی اکھّراں وِچّ سروُپ آپنّے ویبّ سائیٹ www.srigranth.org اُتّے پائیا جو پہِلوں داس کِرپال سِنگھ پنّنوُنّ 'کر ٹاہریِ' ولّوں بابافرِید پھوَنٹ وِچّ تِیار کِیتا گِیا سیِ| اُپرنّت ڈا۔ کُلبیِر سِنگھ جی تھِنّد نے یُونِیکوڈ وِچّ تِیار کر کے اتے سردار گُر بچن سِنگھ جی بیدی آٹوا پاسوں اُردوُ اکھّراں انُسار سودھ کروا کے آپنّی ویبّ سائیٹ اُتّے پائیا ہوِئیا ہےَ|

شّری گُروُ نانک دیو جی مہاراج دے 2019 وِچّ آئُنُ والھے 550 ویں پرّکاش اُتسو اُتّے, شّری گُروُ گرنتھ ساہِب دا شاہمکھی سروُپ ویبّ سائیٹ اُتّے پائُنُ دا سنکلپ, بابا بلجِندّر سِنگھ جی (راڑا ساہِب) نے شاہمکھی جانُنُ والھے سردھالوُیاں ا تے کھوجکاراں دی اِچھّا اتے لوڑ نوُنّ مُکھّ رکھّ کے کئی سال پہِلوں دھار لیا سیِ| اُنّہاں دے سالاں بھر دے نِرنتر یتناں اتے گھالنا نے اِس ٹِچے نوُنّ پرّاپت کر لیَنُ دا سُبھاگ پرّاپت کر لیا ہےَ|

اِس سروُپ وِچّ گُربانی نوُنّ موُل روُپ وِچّ بھاو گُربانی وِچّ آئیاں ساریاں لگاں ماتراں اتے چِنّہاں نوُنّ اُسے ترّہاں ہی پرگٹائُنّ دا ہر سنّبھو یتن کِیتا گِیا ہےَ| اِسدے نالھ-

نالھ شاہمکھی وِچّ وکھریویں والھے شبداں (سِین, سُیاد, سے آدِ) نوُنّ شاہمکھی دے انکوُل ہی رکھّیا گِیا ہےَ|

گُرمُکھی اتے شاہمکھی پنّجابی دیِیاں ہی دو لِپّیاں ہوُنّ تے وی اِنّہاں دوہاں وِچّ بڑا انتر ہےَ| دوہاں لِپّیاں دیِیاں وکھّو وکھّ سمرتھّاواں اتے سیِمتاواں ہن|گُرمُکھی دا پِچھوکڑ ہِندّی سنّسکّرِت نالھ مِلھدا ہےَ جو ویِہویں سدی وِچّ اُردوُ دے نیڑے وی آ گئی سیِ| شاہمکھی دا پِچھوکڑ اربیِ, پھارسیِ, اُردوُ نالھ مِلھدا ہےَ| دوہاں لِپّیاں نوُنّ اِکّ سُر کرن دے یتن سمیں- سمیں ہُنّدے آئے ہن جِسدی شپسٹ روُپ ریکھا بھائی کانّہ سِنگھ جی نابھا والھے مہان کوش وِچّ دیکھی جا سکدی ہےَ| جِویں کِ ہِندوستان وِچّ سنّسار بھر توں آئُنّ والھے ہاکماں, وِدّواناں, کھوجِیاں آدِ دے آئُنّ لئی پنّجاب اِکّ پرویس دُیار بنّیاں رِہا ہےَ اتے گُروُ نانک دیو جی مہاراج دی جیِون یاترا کِسے نا کِسے روُپ وِچّ سنّسار دے ہر سبھّیاچار نالھ سنّواد رچائُنّ دی رہی ہےَ| شّری گُروُ گرنّتھ ساہِب وِچّ ہِندوستان بھر دے بھگتاں دی بانّی درج ہےَ جو بہُ بھاشائی وی ہی اتے بہُ کاا ی وی ہےَ| اِس لئی گُربانّی دی سُر تے سنچّار دا برہمنّڈی ہوتا اِکّ کُدرتی ورتارا ہےَ جِسنوُنّ موُل روُپ وِچّ شاہمکھی وِچّ پّرگٹ کرن دا کارج ہور وی ونّگار بھرِیا بنّ جانّدا ہےَ|

گُرمُکھی شاہمکھی لِپّیاں نوُنّ اِکّ سُر کرن لئی اتے گُربانّی دے موُل سروُپ دے انکوُل کرن لئی کُجھّ نویں چِنّہاں دی ور توں کِیتی گئی ہےَ| جِنّہاں دا وِستھار 'دھِیانہوگ' سِرلیکھ وِچّ کِیتا گِیا ہےَ|

ਧਿਆਨਯੋਗ

ਗੁਰਮੁਖੀ-ਸ਼ਾਹਮੁਖੀ ਦੀਆਂ ਮਾਤਰਾਂ ਦਾ ਸਮਾਨਾਂਤਰ ਸਾਰਣੀ

ਗੁਰਮੁਖੀ	ਾ	ਿ	ੀ	ੁ	ੂ	ੇ	ੈ	ੋ	ੌ	੍	ਂ	ੰ	ੱ
ਸ਼ਾਹਮੁਖੀ	ا	ِ	ی+ِ	ُ	و+ُ	ی	ی+َ	و	و+َ	ْ	ں	ں+ّ	ّ

ਗੁਰਮੁਖੀ ਅੱਖਰ 'ਙ' ਦਾ ਸ਼ਾਹਮੁਖੀ ਬਦਲ گ ਰੂਪ ਵਿਚ ਵਰਤਿਆ ਗਿਆ ਹੈ। (ਵਿਸ਼ੇਸ਼)

ਗੁਰਮੁਖੀ ਅੱਖਰ 'ਞ' ਦਾ ਸ਼ਾਹਮੁਖੀ ਬਦਲ ج ਰੂਪ ਵਰਤਿਆ ਗਿਆ ਹੈ। (ਵਿਸ਼ੇਸ਼)

ਗੁਰਮੁਖੀ ਅੱਖਰ 'ਣ' ਦਾ ਸ਼ਾਹਮੁਖੀ ਪ੍ਰਵਾਣਤ ਬਦਲ ڼ ਰੂਪ ਵਰਤਿਆ ਗਿਆ ਹੈ। (ਪ੍ਰਚਲਤ)

'ਯ' ਦੇ ਬਦਲ ਵਜੋਂ ي ਦੀ ਵਰਤੋਂ ਕੀਤੀ ਗਈ ਹੈ। ਪ੍ਰਚਲਤ ਛੋਟੀ ਯੇ ی ਦੀ ਵਰਤੋਂ ਮਾਤ੍ਰਾ ਵਜੋਂ ਕੀਤੀ ਗਈ ਹੈ।

ਆਮ ਤੌਰ ਤੇ ਸ਼ਾਹਮੁਖੀ ਲਿਖਣ ਵੇਲੇ ਗੁਰਮੁਖੀ ਅੱਖਰ 'ਵਾਵਾ' ਅਤੇ ਗੁਰਮੁਖੀ ਮਾਤਰਾ 'ਹੋੜਾ' ਦੋਨਾਂ ਵਾਸਤੇ و ਅੱਖਰ ਦੀ ਵਰਤੋਂ ਕੀਤੀ ਜਾਂਦੀ ਹੈ ਪਰ ਇੱਥੇ ਸ਼ਾਹਮੁਖੀ ਰੂਪਾਂਤਰ ਵਿੱਚ ਗੁਰਮੁਖੀ ਅੱਖਰ 'ਵਾਵਾ' ਲਈ و ਰੱਖਿਆ ਹੈ ਅਤੇ ਗੁਰਮੁਖੀ ਮਾਤਰਾ 'ਹੋੜੇ' ਆਦਿ ਦਾ ਬਦਲ و ਦੇ ਰੂਪ ਵਰਤਿਆ ਹੈ। ਗੁਰਮੁਖੀ ਮਾਤ੍ਰਾ ਦੁਲੈਂਕੜ ਅਤੇ ਕਨੌੜਾ ਦੇ ਬਦਲ ਵਜੋਂ ਕ੍ਰਮਵਾਰ ُ ਅਤੇ َ ਦੀ ਵਰਤੋਂ ਕੀਤੀ ਗਈ ਹੈ।

ਸ਼ਾਹਮੁਖੀ ਲਿਪੀ ਵਿਚ ਪੈਰੀ-ਅੱਖਰ ਪਾਉਣ ਦੀ ਸੁਵਿਧਾ ਉਪਲਬਧ ਨਹੀਂ ਪਰ ਗੁਰਮੁਖੀ ਪੈਰੀ ਅੱਖਰ ਦੇ ਬਦਲ ਵਜੋਂ ਸੰਬੰਧਤ ਅੱਖਰ ਨਾਲ ਇੱਕ ਵਿਸ਼ੇਸ਼ ਚਿੰਨ੍ਹ 'ّ' ਵਰਤ ਲਿਆ ਗਿਆ ਹੈ।

ਗੁਰਮੁਖੀ ਮਾਤਰਾ ਅਧਕ ਦਾ ਬਦਲ ਤਾਂ ਪਹਿਲੋਂ ਹੀ ਮੌਜੂਦ ਹੈ ਪਰ ਗੁਰਬਾਣੀ ਲਈ ਬਿੰਦੀ ਅਤੇ ਟਿੱਪੀ ਦੇ ਬਦਲ ਵੀ ਉਪਲਬਧ ਕਰਵਾਏ ਗਏ ਹਨ ਜੋ ਉੱਪਰ ਦਿੱਤੀ ਸਾਰਣੀ ਵਿਚ ਦਰਸਾਏ ਜਾ ਚੁੱਕੇ ਹਨ।

ਗੁਰਬਾਣੀ ਨੂੰ ਸਮਝਣ ਵਾਸਤੇ ਬਿਸਰਾਮ ਵਾਲੀ ਥਾਂ ਤੋਂ ਪਾਠ ਪੰਕਤੀ-ਛੇਦ ਕੀਤਾ ਗਿਆ ਹੈ।

ਭਵਿੱਖ ਵਿੱਚ ਗੁਰਬਾਣੀ ਦਾ ਸ਼ਾਹਮੁਖੀ ਰੂਪਾਂਤਰ 'ਈਸ਼ਰ ਮਾਈਕ੍ਰੋ ਮੀਡੀਆ' ਵਿੱਚ ਵੀ ਸ਼ਾਮਿਲ ਕਰ ਦਿੱਤਾ ਜਾਵੇਗਾ।

دھِیانبوگ

گُرمُکھی-شاہمکھی دیِیاں ماتراں دا سمانانتر سارنی

گُرمُکھی	੍ਰ	ਿ	ੀ	ੁ	ੂ	ੇ	ੈ	ੋ	ੌ	੍	ੰ	ੱ	ੲ
شاہمکھی	ا	ِ	ی+	ُ	و+	ی	ی+َ	و	و+َ	ّ	ں	ں+َ	ۂ

گُرمُکھی اکھر 'ਙ' دا شاہمکھی بدل گ روُپ وِچ ورتیا گِیا ہے۔ (وِشیش)

گُرمُکھی اکھر 'ਞ' دا شاہمکھی بدل ج روُپ ورتیا گِیا ہے۔ (وِشیش)

گُرمُکھی اکھر 'ਣ' دا شاہمکھی پّروانت بدل ڻ روُپ ورتیا گِیا ہے۔

'ਯ' دے بدل وجوں ي دی ورتوں کِیتی گئی ہے۔ پّرچلت چھوٹی ے ی دی ورتوں ماتّرا وجوں کِیتی گئی ہے۔

آم توَر تے شاہمکھی لِکھڻ ویلے گُرمُکھی اکھر 'واوا' اتے گُرمُکھی ماترا 'ہوڑا' دوناں واستے و اکھر دی ورتوں کِیتی جاندی ہے پر اِتھے شاہمکھی روُپانتر وِچّ گُرمُکھی اکھر 'واوا' لئی و رکھِیا ہے اتے گُرمُکھی ماترا 'ہوڑے' آدِ دا بدل و دے روُپ ورتیا ہے| گُرمُکھی ماتّرا دُلینکڑ اتے کنوڑا دے بدل وجوں کّرموار ُ اتے َ دی ورتوں کِیتی گئی ہے۔

شاہمکھی لِپی وِچ پیَری اکھر پائُڻ دی سُودھا اُپلبدھ نہیں پر گُرمُکھی پیَری اکھر دے بدل وجوں سنبَندھت اکھر نال اِکّ وِشیش چِنّہ 'ّ' ورت لیا گِیا ہے۔

گُرمُکھی ماترا ادھک دا بدل تاں پہلوں ہی موَجوُد ہے پر گُربانڻی لئی بِندی اتے ٹِپّی دے بدل وی اُپلبدھ کروائے گئے ہن جو اُپَر دِتّی سارنڻی وِچ درسائے جا چُکّے ہن۔

گُربانڻی نوُنَ سمجھڻ واستے بِسرام والی تھاں توں پاٹھ پنکتِی-چھید کِیتا گِیا ہے|

بھوِکھ وِچّ گُربانڻی دا شاہمکھی روُپانتر 'ایِشر مائیکرو میڈِیا' وِچّ وی شامِل کر دِتّا جاویگا|

ਤਤਕਰਾ تتکرا

For easy access please click ☬ to jump to text provide along with it

ਜਪੁ ਜੀ	☬	جپُ جی
ਸੋ ਦਰੁ	☬	سو درُ
ਸੋ ਪੁਰਖੁ	☬	سو پُرکھُ
ਸੋਹਿਲਾ	☬	سوہِلا
ਰਾਗੁ ਸਿਰੀਰਾਗੁ	☬	راگُ سِریراگُ
ਸਿਰੀਰਾਗੁ (ਮਃ ੧)	☬	سِریراگُ (م: 1)
ਸਿਰੀਰਾਗੁ (ਮਃ ੩)	☬	سِریراگُ (م: 3)
ਸਿਰੀਰਾਗੁ (ਮਃ ੪)	☬	سِریراگُ (م: 4)
ਸਿਰੀਰਾਗੁ (ਮਃ ੫)	☬	سِریراگُ (م: 5)
ਸਿਰੀਰਾਗੁ (ਮਃ ੧) ਅਸਟਪਦੀਆ	☬	سِریراگُ (م: 1) اسٹپدیا
ਸਿਰੀਰਾਗੁ (ਮਃ ੩) ਅਸਟਪਦੀਆ	☬	سِریراگُ (م: 3) اسٹپدیا
ਸਿਰੀਰਾਗੁ (ਮਃ ੫) ਅਸਟਪਦੀਆ	☬	سِریراگُ (م: 5) اسٹپدیا
੨੪ ਪਦਾ (ਜੋਗੀ ਅੰਦਰਿ ਜੋਗੀਆ)	☬	24 پدا (جوگی انّدرِ جوگیا)

੨੧ ਪਦਾ (ਪੈ ਪਾਇ ਮਨਾਈ)		21 پدا (پےَ پاءِ منائیِ)
ਪਹਰੇ ਸਿਰੀਰਾਗੁ		پہرے سِریراگُ
ਸਿਰੀਰਾਗੁ (ਮਃ ੪) ਛੰਤ		سِریراگُ (م: 4) چھنّت
ਸਿਰੀਰਾਗੁ (ਮਃ ੫) ਛੰਤ		سِریراگُ (م: 5) چھنّت
ਸਿਰੀਰਾਗੁ (ਮਃ ੪) ਵਣਜਾਰਾ		سِریراگُ (م: 4) وٹنجارا
ਸਿਰੀਰਾਗ ਕੀ ਵਾਰ (ਮਃ ੪)		سِریراگ کی وار (م: 4)
ਸਿਰੀਰਾਗੁ ਬਾਣੀ ਭਗਤਾਂ ਕੀ		سِریراگُ باٹی بھگتاں کی
ਰਾਗੁ ਮਾਝ		راگُ ماجھ
ਰਾਗੁ ਮਾਝ (ਮਃ ੪)		راگُ ماجھ (م: 4)
ਰਾਗੁ ਮਾਝ (ਮਃ ੫)		راگُ ماجھ (م: 5)
ਰਾਗੁ ਮਾਝ (ਮਃ ੧) ਅਸਟਪਦੀਆ		راگُ ماجھ (م: 1) اسٹپدِیا
ਰਾਗੁ ਮਾਝ (ਮਃ ੩) ਅਸਟਪਦੀਆ		راگُ ماجھ (م: 3) اسٹپدِیا
ਰਾਗੁ ਮਾਝ (ਮਃ ੪) ਅਸਟਪਦੀਆ		راگُ ماجھ (م: 4) اسٹپدِیا
ਰਾਗੁ ਮਾਝ (ਮਃ ੫) ਅਸਟਪਦੀਆ		راگُ ماجھ (م: 5) اسٹپدِیا
ਬਾਰਹ ਮਾਹਾ ਮਾਂਝ (ਮਃ ੫)		بارہ ماہا مانجھ (م: 5)
ਮਾਝ (ਮਃ ੫) ਦਿਨ ਰੈਣਿ		ماجھ (م: 5) دِن رَیَنِ

ਵਾਰ ਮਾਝ ਕੀ ਤਥਾ ਸਲੋਕ (ਮਃ ੧)	وار ماجھ کی تتھا سلوک (م: 1)
ਰਾਗੁ ਗਉੜੀ	راگُ گنُڑی
ਰਾਗੁ ਗਉੜੀ (ਮਃ ੧)	راگُ گنُڑی (م: 1)
ਰਾਗੁ ਗਉੜੀ (ਮਃ ੩)	راگُ گنُڑی (م: 3)
ਰਾਗੁ ਗਉੜੀ (ਮਃ ੪)	راگُ گنُڑی (م: 4)
ਰਾਗੁ ਗਉੜੀ (ਮਃ ੫)	راگُ گنُڑی (م: 5)
ਗਉੜੀ ਬੈਰਾਗਣਿ ਰਹੋਏ ਕੇ ਛੰਤ ਕੇ ਘਰਿ ਮਃ ੫	گنُڑی بیَراگنِ رہوئے کے چھنّت کے گھرِ م: 5
ਰਾਗੁ ਗਉੜੀ (ਮਃ ੯)	راگُ گنُڑی (م: 9)
ਰਾਗੁ ਗਉੜੀ (ਮਃ ੧) ਅਸਟਪਦੀਆ	راگُ گنُڑی (م: 1) اسٹپدِیا
ਰਾਗੁ ਗਉੜੀ (ਮਃ ੩) ਅਸਟਪਦੀਆ	راگُ گنُڑی (م: 3) اسٹپدِیا
ਰਾਗੁ ਗਉੜੀ ਪੂਰਬੀ (ਮਃ ੪) ਕਰਹਲੇ	راگُ گنُڑی پوُربی (م: 4) کرہلے
ਰਾਗੁ ਗਉੜੀ (ਮਃ ੫) ਅਸਟਪਦੀਆ	راگُ گنُڑی (م: 5) اسٹپدِیا
ਰਾਗੁ ਗਉੜੀ (ਮਃ ੧) ਛੰਤ	راگُ گنُڑی (م: 1) چھنّت
ਰਾਗੁ ਗਉੜੀ (ਮਃ ੩) ਛੰਤ	راگُ گنُڑی (م: 3) چھنّت
ਰਾਗੁ ਗਉੜੀ (ਮਃ ੫) ਛੰਤ	راگُ گنُڑی (م: 5) چھنّت
ਗਉੜੀ ਬਾਵਨ ਅਖਰੀ (ਮਃ ੫)	گنُڑی باون اکھری (م: 5)

ਗਉੜੀ ਸੁਖਮਨੀ ਮਃ ੫	گنڑی سُکھمنی م: 5
ਥਿਤੀ ਗਉੜੀ (ਮਃ ੫)	تھِتی گنڑی (م: 5)
ਗਉੜੀ ਕੀ ਵਾਰ (ਮਃ ੪)	گنڑی کی وار (م: 4)
ਗਉੜੀ ਕੀ ਵਾਰ (ਮਃ ੫)	گنڑی کی وار (م: 5)
ਰਾਗੁ ਗਉੜੀ ਭਗਤਾਂ ਕੀ ਬਾਣੀ	راگُ گنڑی بھگتاں کی بانٹی
ਬਾਵਨ ਅਖਰੀ ਕਬੀਰ ਜੀਉ ਕੀ	باون اکھری کبیِر جیِءُ کی
ਥਿਤੀ ਕਬੀਰ ਜੀ ਕੀ	تھِتینّ کبیِر جی کینّ
ਵਾਰ ਕਬੀਰ ਜੀਉ ਕੇ ੭	وار کبیِر جیِءُ کے 7
ਰਾਗੁ ਆਸਾ	راگُ آسا
ਰਾਗੁ ਆਸਾ (ਮਃ ੧)	راگُ آسا (م: 1)
ਰਾਗੁ ਆਸਾ (ਮਃ ੩)	راگُ آسا (م: 3)
ਆਸਾ (ਮਃ ੪)	آسا (م: 4)
ਰਾਗੁ ਆਸਾ (ਮਃ ੫)	راگُ آسا (م: 5)
ਰਾਗੁ ਆਸਾ (ਮਃ ੧) ਅਸਟਪਦੀਆ	راگُ آسا (م: 1) اسٹپدیِیا
ਆਸਾ (ਮਃ ੩) ਅਸਟਪਦੀਆ	آسا (م: 3) اسٹپدیِیا
ਆਸਾ (ਮਃ ੫) ਅਸਟਪਦੀਆ	آسا (م: 5) اسٹپدیِیا

ਆਸਾ ਮਹਲਾ ੫ ਬਿਰਹੜੇ	آسا مہلا 5 بِرہڑے
ਰਾਗੁ ਆਸਾ (ਮਃ ੧) ਪਟੀ ਲਿਖੀ	راگُ آسا (م: 1) پٹی لِکھی
ਰਾਗੁ ਆਸਾ (ਮਃ ੩) ਪਟੀ	راگُ آسا (م: 3) پٹی
ਰਾਗੁ ਆਸਾ (ਮਃ ੧) ਛੰਤ	راگُ آسا (م: 1) چھنّت
ਰਾਗੁ ਆਸਾ (ਮਃ ੩) ਛੰਤ	راگُ آسا (م: 3) چھنّت
ਰਾਗੁ ਆਸਾ (ਮਃ ੪) ਛੰਤ	راگُ آسا (م: 4) چھنّت
ਰਾਗੁ ਆਸਾ (ਮਃ ੫) ਛੰਤ	راگُ آسا (م: 5) چھنّت
ਆਸਾ (ਮਃ ੧) ਵਾਰ ਸਲੋਕਾ ਨਾਲਿ	آسا (م: 1) وار سلوکا نالِ
ਰਾਗੁ ਆਸਾ ਬਾਣੀ ਭਗਤਾ ਕੀ	راگُ آسا بانی بھگتا کی
ਰਾਗੁ ਗੂਜਰੀ	راگُ گوُجری
ਰਾਗੁ ਗੂਜਰੀ (ਮਃ ੧)	راگُ گوُجری (م: 1)
ਰਾਗੁ ਗੂਜਰੀ (ਮਃ ੩)	راگُ گوُجری (م: 3)
ਰਾਗੁ ਗੂਜਰੀ (ਮਃ ੪)	راگُ گوُجری (م: 4)
ਰਾਗੁ ਗੂਜਰੀ (ਮਃ ੫)	راگُ گوُجری (م: 5)
ਗੂਜਰੀ (ਮਃ ੧) ਅਸਟਪਦੀਆ	گوُجری (م: 1) اسٹپدیا
ਗੂਜਰੀ (ਮਃ ੩) ਅਸਟਪਦੀਆ	گوُجری (م: 3) اسٹپدیا

ਗੂਜਰੀ (ਮਃ ੪) ਅਸਟਪਦੀਆ	گوُجری (م: 4) اسٹپدیِیا
ਗੂਜਰੀ (ਮਃ ੫) ਅਸਟਪਦੀਆ	گوُجری (م: 5) اسٹپدیِیا
ਗੂਜਰੀ ਕੀ ਵਾਰ (ਮਃ ੩)	گوُجری کی وار (م: 3)
ਰਾਗੁ ਗੂਜਰੀ ਵਾਰ (ਮਃ ੫)	راگُ گوُجری وار (م: 5)
ਰਾਗੁ ਗੂਜਰੀ ਭਗਤਾ ਕੀ ਬਾਣੀ	راگُ گوُجری بھگتا کی باٹی
ਰਾਗੁ ਦੇਵਗੰਧਾਰੀ	راگُ دیوگنّدھاری
ਰਾਗੁ ਦੇਵਗੰਧਾਰੀ (ਮਃ ੪)	راگُ دیوگنّدھاری (م: 4)
ਦੇਵਗੰਧਾਰੀ (ਮਃ ੫)	دیوگنّدھاری (م: 5)
ਰਾਗੁ ਦੇਵਗੰਧਾਰੀ (ਮਃ ੯)	راگُ دیوگنّدھاری (م: 9)
ਰਾਗੁ ਬਿਹਾਗੜਾ	راگُ بِہاگڑا
ਰਾਗੁ ਬਿਹਾਗੜਾ (ਮਃ ੫)	راگُ بِہاگڑا (م: 5)
ਰਾਗੁ ਬਿਹਾਗੜਾ (ਮਃ ੯)	راگُ بِہاگڑا (م: 9)
ਰਾਗੁ ਬਿਹਾਗੜਾ (ਮਃ ੪) ਛੰਤ	راگُ بِہاگڑا (م: 4) چھنّت
ਬਿਹਾਗੜਾ (ਮਃ ੫) ਛੰਤ	بِہاگڑا (م: 5) چھنّت
ਬਿਹਾਗੜੇ ਕੀ ਵਾਰ (ਮਃ ੪)	بِہاگڑے کی وار (م: 4)
ਰਾਗੁ ਵਡਹੰਸੁ	راگُ وڈہنّس

ਰਾਗੁ ਵਡਹੰਸੁ (ਮਃ ੧)194		راگُ وڈہنّس (م: 1)194
ਵਡਹੰਸੁ (ਮਃ ੩)		وڈہنّس (م: 3)
ਵਡਹੰਸੁ (ਮਃ ੪)		وڈہنّس (م: 4)
ਵਡਹੰਸੁ (ਮਃ ੫)		وڈہنّس (م: 5)
ਵਡਹੰਸੁ (ਮਃ ੩) ਅਸਟਪਦੀਆ		وڈہنّس (م: 3) اسٹپدِیا
ਵਡਹੰਸੁ (ਮਃ ੧) ਛੰਤ		وڈہنّس (م: 1) چھنّت
ਵਡਹੰਸੁ (ਮਃ ੩) ਛੰਤ		وڈہنّس (م: 3) چھنّت
ਵਡਹੰਸੁ (ਮਃ ੪) ਛੰਤ		وڈہنّس (م: 4) چھنّت
ਵਡਹੰਸੁ (ਮਃ ੪) ਘੋੜੀਆ		وڈہنّس (م: 4) گھوڑِیا
ਰਾਗੁ ਵਡਹੰਸੁ (ਮਃ ੫) ਛੰਤ		راگُ وڈہنّس (م: 5) چھنّت
ਰਾਗੁ ਵਡਹੰਸੁ (ਮਃ ੧) ਅਲਾਹਣੀਆ		راگُ وڈہنّس (م: 1) الاہنِیا
ਵਡਹੰਸ ਕੀ ਵਾਰ (ਮਃ ੪)		وڈہنّس کی وار (م: 4)
ਰਾਗੁ ਸੋਰਠਿ		راگُ سورٹھِ
ਸੋਰਠਿ (ਮਃ ੧)		سورٹھِ (م: 1)
ਸੋਰਠਿ (ਮਃ ੩)		سورٹھِ (م: 3)
ਸੋਰਠਿ (ਮਃ ੪)		سورٹھِ (م: 4)

ਸੋਰਠਿ (ਮਃ ੫)		سورٹھِ (م: 5)
ਸੋਰਠਿ (ਮਃ ੯)		سورٹھِ (م: 9)
ਸੋਰਠਿ (ਮਃ ੧) ਅਸਟਪਦੀਆ		سورٹھِ (م: 1) اسٹپدِیا
ਸੋਰਠਿ (ਮਃ ੩) ਅਸਟਪਦੀਆ		سورٹھِ (م: 3) اسٹپدِیا
ਸੋਰਠਿ (ਮਃ ੫) ਅਸਟਪਦੀਆ		سورٹھِ (م: 5) اسٹپدِیا
ਰਾਗੁ ਸੋਰਠਿ ਵਾਰ ਮਹਲੇ ੪ ਕੀ		راگُ سورٹھِ وار مہلے 4 کی
ਰਾਗੁ ਸੋਰਠਿ ਬਾਣੀ ਭਗਤਾਂ		راگُ سورٹھِ باٹی بھگتاں
ਰਾਗੁ ਧਨਾਸਰੀ		راگُ دھناسری
ਧਨਾਸਰੀ (ਮਃ ੧)		دھناسری (م: 1)
ਧਨਾਸਰੀ (ਮਃ ੩)		دھناسری (م: 3)
ਧਨਾਸਰੀ (ਮਃ ੪)		دھناسری (م: 4)
ਧਨਾਸਰੀ (ਮਃ ੫)		دھناسری (م: 5)
ਧਨਾਸਰੀ (ਮਃ ੯)		دھناسری (م: 9)
ਧਨਾਸਰੀ (ਮਃ ੧) ਅਸਟਪਦੀਆ		دھناسری (م: 1) اسٹپدِیا
ਧਨਾਸਰੀ (ਮਃ ੫)		دھناسری (م: 5)
ਧਨਾਸਰੀ (ਮਃ ੧) ਛੰਤ		دھناسری (م: 1) چھنّت

ਧਨਾਸਰੀ (ਮਃ ੪) ਛੰਤ		دھناسری (م: 4) چھنّت
ਧਨਾਸਰੀ (ਮਃ ੫) ਛੰਤ		دھناسری (م: 5) چھنّت
ਰਾਗੁ ਧਨਾਸਰੀ ਬਾਣੀ ਭਗਤਾਂ ਕੀ		راگُ دھناسری بانٹی بھگتاں کی
ਰਾਗੁ ਜੈਤਸਰੀ		راگُ جیَتسری
ਜੈਤਸਰੀ (ਮਃ ੪)		جیَتسری (م: 4)
ਜੈਤਸਰੀ (ਮਃ ੫)		جیَتسری (م: 5)
ਜੈਤਸਰੀ (ਮਃ ੯)		جیَتسری (م: 9)
ਜੈਤਸਰੀ (ਮਃ ੫) ਛੰਤ		جیَتسری (م: 5) چھنّت
ਜੈਤਸਰੀ (ਮਃ ੫) ਵਾਰ ਸਲੋਕਾ ਨਾਲਿ		جیَتسری (م: 5) وار سلوکا نالِ
ਜੈਤਸਰੀ ਬਾਣੀ ਭਗਤਾ ਕੀ		جیَتسری بانٹی بھگتا کی
ਰਾਗੁ ਟੋਡੀ		راگُ ٹوڈی
ਰਾਗੁ ਟੋਡੀ (ਮਃ ੪)		راگُ ٹوڈی (م: 4)
ਟੋਡੀ (ਮਃ ੫)		ٹوڈی (م: 5)
ਟੋਡੀ (ਮਃ ੯)		ٹوڈی (م: 9)
ਟੋਡੀ ਬਾਣੀ ਭਗਤਾਂ ਕੀ		ٹوڈی بانٹی بھگتاں کی
ਰਾਗੁ ਬੈਰਾੜੀ		راگُ بیَراڑی

ਰਾਗੁ ਬੈਰਾੜੀ (ਮਃ ੪)		راگُ بیَراڑی (م: 4)
ਰਾਗੁ ਬੈਰਾੜੀ (ਮਃ ੫)		راگُ بیَراڑی (م: 5)
ਰਾਗੁ ਤਿਲੰਗ		راگُ تِلنَگ
ਰਾਗੁ ਤਿਲੰਗ (ਮਃ ੧)		راگُ تِلنَگ (م: 1)
ਤਿਲੰਗ (ਮਃ ੪)		تِلنَگ (م: 4)
ਤਿਲੰਗ (ਮਃ ੫)		تِلنَگ (م: 5)
ਤਿਲੰਗ (ਮਃ ੯)		تِلنَگ (م: 9)
ਤਿਲੰਗ ਬਾਣੀ ਭਗਤਾ ਕੀ		تِلنَگ بانٹی بھگتا کی
ਰਾਗੁ ਸੂਹੀ		راگُ سوُہی
ਰਾਗੁ ਸੂਹੀ (ਮਃ ੧)		راگُ سوُہی (م: 1)
ਰਾਗੁ ਸੂਹੀ (ਮਃ ੪)		راگُ سوُہی (م: 4)
ਰਾਗੁ ਸੂਹੀ (ਮਃ ੫)		راگُ سوُہی (م: 5)
ਰਾਗੁ ਸੂਹੀ (ਮਃ ੧) ਅਸਟਪਦੀਆ		راگُ سوُہی (م: 1) اسٹپدیِیا
ਰਾਗੁ ਸੂਹੀ (ਮਃ ੩) ਅਸਟਪਦੀਆ		راگُ سوُہی (م: 3) اسٹپدیِیا
ਰਾਗੁ ਸੂਹੀ (ਮਃ ੪) ਅਸਟਪਦੀਆ		راگُ سوُہی (م: 4) اسٹپدیِیا
ਰਾਗੁ ਸੂਹੀ (ਮਃ ੫) ਅਸਟਪਦੀਆ		راگُ سوُہی (م: 5) اسٹپدیِیا

ਰਾਗੁ ਸੂਹੀ (ਮਃ ੧) ਕੁਚਜੀ		راگُ سوُہی (م: 1) کُچجی
ਸੂਹੀ (ਮਃ ੧) ਸੁਚਜੀ		سوُہی (م: 1) سُچجی
ਰਾਗੁ ਸੂਹੀ (ਮਃ ੧) ਛੰਤ		راگُ سوُہی (م: 1) چھنّت
ਰਾਗੁ ਸੂਹੀ (ਮਃ ੩) ਛੰਤ		راگُ سوُہی (م: 3) چھنّت
ਰਾਗੁ ਸੂਹੀ (ਮਃ ੪) ਛੰਤ		راگُ سوُہی (م: 4) چھنّت
ਰਾਗੁ ਸੂਹੀ (ਮਃ ੫) ਛੰਤ		راگُ سوُہی (م: 5) چھنّت
ਸੂਹੀ ਕੀ ਵਾਰ		سوُہی کی وار
ਰਾਗੁ ਸੂਹੀ ਬਾਣੀ ਭਗਤਾ ਕੀ		راگُ سوُہی باٹی بھگتا کی
ਰਾਗੁ ਬਿਲਾਵਲੁ		راگُ بِلاولُ
ਰਾਗੁ ਬਿਲਾਵਲੁ (ਮਃ ੧)		راگُ بِلاولُ (م: 1)
ਬਿਲਾਵਲੁ (ਮਃ ੩)		بِلاولُ (م: 3)
ਰਾਗੁ ਬਿਲਾਵਲੁ (ਮਃ ੪)		راگُ بِلاولُ (م: 4)
ਰਾਗੁ ਬਿਲਾਵਲੁ (ਮਃ ੫)		راگُ بِلاولُ (م: 5)
ਰਾਗੁ ਬਿਲਾਵਲੁ (ਮਃ ੯)		راگُ بِلاولُ (م: 9)
ਬਿਲਾਵਲੁ (ਮਃ ੧) ਅਸਟਪਦੀਆ		بِلاولُ (م: 1) اسٹپدِیا
ਬਿਲਾਵਲੁ (ਮਃ ੩) ਅਸਟਪਦੀ		بِلاولُ (م: 3) اسٹپدی

ਬਿਲਾਵਲੁ (ਮਃ ੪) ਅਸਟਪਦੀਆ	بِلاولُ (م: 4) اسٹپدِیا
ਬਿਲਾਵਲੁ (ਮਃ ੫) ਅਸਟਪਦੀ	بِلاولُ (م: 5) اسٹپدی
ਬਿਲਾਵਲੁ (ਮਃ ੧) ਥਿਤੀ	بِلاولُ (م: 1) تھِتی
ਬਿਲਾਵਲੁ (ਮਃ ੩) ਵਾਰ ਸਤ	بِلاولُ (م: 3) وار ست
ਬਿਲਾਵਲੁ (ਮਃ ੧) ਛੰਤ	بِلاولُ (م: 1) چھنّت
ਬਿਲਾਵਲੁ (ਮਃ ੪) ਛੰਤ	بِلاولُ (م: 4) چھنّت
ਬਿਲਾਵਲੁ (ਮਃ ੫) ਛੰਤ	بِلاولُ (م: 5) چھنّت
ਬਿਲਾਵਲ ਕੀ ਵਾਰ (ਮਃ ੪)	بِلاول کی وار (م: 4)
ਬਿਲਾਵਲੁ ਬਾਣੀ ਭਗਤਾ ਕੀ	بِلاولُ بانٹی بھگتا کی
ਰਾਗੁ ਗੋਂਡ	راگُ گونڈ
ਰਾਗੁ ਗੋਂਡ ਚਉਪਦੇ (ਮਃ ੪)	راگُ گونڈ چئُپدے (م: 4)
ਰਾਗੁ ਗੋਂਡ (ਮਃ ੫)	راگُ گونڈ (م: 5)
ਰਾਗੁ ਗੋਂਡ (ਮਃ ੫) ਅਸਟਪਦੀਆ	راگُ گونڈ (م: 5) اسٹپدِیا
ਰਾਗੁ ਗੋਂਡ ਬਾਣੀ ਭਗਤਾ ਕੀ	راگُ گونڈ بانٹی بھگتا کی
ਰਾਗੁ ਰਾਮਕਲੀ	راگُ رامکلی
ਰਾਮਕਲੀ (ਮਃ ੧)	رامکلی (م: 1)

ਰਾਮਕਲੀ (ਮਃ ੩)	رامکلی (م: 3)
ਰਾਮਕਲੀ (ਮਃ ੪)	رامکلی (م: 4)
ਰਾਗੁ ਰਾਮਕਲੀ (ਮਃ ੫)	راگُ رامکلی (م: 5)
ਰਾਮਕਲੀ (ਮਃ ੯)	رامکلی (م: 9)
ਰਾਮਕਲੀ (ਮਃ ੧) ਅਸਟਪਦੀਆ	رامکلی (م: 1) اسٹپدِیا
ਰਾਮਕਲੀ (ਮਃ ੩) ਅਸਟਪਦੀਆ	رامکلی (م: 3) اسٹپدِیا
ਰਾਮਕਲੀ (ਮਃ ੫) ਅਸਟਪਦੀਆ	رامکلی (م: 5) اسٹپدِیا
ਰਾਮਕਲੀ (ਮਃ ੩) ਅਨੰਦੁ	رامکلی (م: 3) انندُ
ਰਾਮਕਲੀ ਸਦੁ	رامکلی صدُ
ਰਾਮਕਲੀ ਛੰਤ (ਮਃ ੫)	رامکلی چھنّت (م: 5)
ਰਾਮਕਲੀ (ਮਃ ੫) ਰੁਤੀ	رامکلی (م: 5) رُتی
ਰਾਮਕਲੀ (ਮਃ ੧) ਦਖਣੀ ਓਅੰਕਾਰੁ	رامکلی (م: 1) دکھنی اوئنکارُ
ਰਾਮਕਲੀ (ਮਃ ੧) ਸਿਧ ਗੋਸਟਿ	رامکلی (م: 1) سِدھ گوسٹِ
ਰਾਮਕਲੀ ਕੀ ਵਾਰ (ਮਃ ੩)	رامکلی کی وار (م: 3)
ਰਾਮਕਲੀ ਕੀ ਵਾਰ (ਮਃ ੫)	رامکلی کی وار (م: 5)
ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ	رامکلی کی وار راءِ بلونڈِ تتھا ستے ڈُومِ آکھی

ਡੂਮਿ ਆਖੀ		
ਰਾਮਕਲੀ ਬਾਣੀ ਭਗਤਾ ਕੀ		رامکلی باٹی بھگتا کی
ਰਾਗੁ ਨਟ ਨਾਰਾਇਨ		راگُ نٹ نارائِن
ਰਾਗੁ ਨਟ ਨਾਰਾਇਨ (ਮਃ ੪)		راگُ نٹ نارائِن (م: 4)
ਰਾਗੁ ਨਟ ਨਾਰਾਇਨ (ਮਃ ੫)		راگُ نٹ نارائِن (م: 5)
ਨਟ (ਮਃ ੪) ਅਸਟਪਦੀਆ		نٹ (م: 4) اسٹپدِیا
ਰਾਗੁ ਮਾਲੀ ਗਉੜਾ		راگُ مالی گئُڑا
ਰਾਗੁ ਮਾਲੀ ਗਉੜਾ (ਮਃ ੪)		راگُ مالی گئُڑا (م: 4)
ਮਾਲੀ ਗਉੜਾ (ਮਃ ੫)		مالی گئُڑا (م: 5)
ਮਾਲੀ ਗਉੜਾ ਬਾਣੀ ਭਗਤਾਂ ਕੀ		مالی گئُڑا باٹی بھگتاں کی
ਰਾਗੁ ਮਾਰੂ		راگُ مارُو
ਰਾਗੁ ਮਾਰੂ (ਮਃ ੧)		راگُ مارُو (م: 1)
ਮਾਰੂ (ਮਃ ੩)		مارُو (م: 3)
ਮਾਰੂ (ਮਃ ੪)		مارُو (م: 4)
ਮਾਰੂ (ਮਃ ੫)		مارُو (م: 5)
ਮਾਰੂ (ਮਃ ੫) ਅੰਜੁਲੀ		مارُو (م: 5) انجُلی

ਮਾਰੂ (ਮਃ ੯)		مارُو (م: 9)
ਮਾਰੂ (ਮਃ ੧) ਅਸਟਪਦੀਆ		مارُو (م: 1) اسٹپدِیا
ਮਾਰੂ (ਮਃ ੩) ਅਸਟਪਦੀ		مارُو (م: 3) اسٹپدی
ਮਾਰੂ (ਮਃ ੫) ਅਸਟਪਦੀਆ		مارُو (م: 5) اسٹپدِیا
ਮਾਰੂ (ਮਃ ੫) ਅੰਜੁਲੀਆ		مارُو (م: 5) انْجُلِیا
ਮਾਰੂ ਸੋਲਹੇ (ਮਃ ੧)		مارُو سولہے (م: 1)
ਮਾਰੂ ਸੋਲਹੇ (ਮਃ ੩)		مارُو سولہے (م: 3)
ਮਾਰੂ ਸੋਲਹੇ (ਮਃ ੫)		مارُو سولہے (م: 5)
ਮਾਰੂ ਵਾਰ (ਮਃ ੩)		مارُو وار (م: 3)
ਮਾਰੂ ਵਾਰ (ਮਃ ੫)		مارُو وار (م: 5)
ਰਾਗੁ ਮਾਰੂ ਬਾਣੀ ਭਗਤਾਂ ਕੀ		راگُ مارُو بانٹی بھگتاں کی
ਰਾਗੁ ਤੁਖਾਰੀ		راگُ ٹکھاری
ਤੁਖਾਰੀ (ਮਃ ੧) ਛੰਤ ਬਾਰਹ ਮਾਹਾ		ٹکھاری (م: 1) چھنّت بارہ ماہا
ਤੁਖਾਰੀ (ਮਃ ੪) ਛੰਤ		ٹکھاری (م: 4) چھنّت
ਤੁਖਾਰੀ (ਮਃ ੫) ਛੰਤ		ٹکھاری (م: 5) چھنّت
ਰਾਗੁ ਕੇਦਾਰਾ		راگُ کیدارا

ਕੇਦਾਰਾ (ਮਃ ੪)	کیدارا (م: 4)
ਕੇਦਾਰਾ (ਮਃ ੫)	کیدارا (م: 5)
ਰਾਗੁ ਕੇਦਾਰਾ ਬਾਣੀ ਭਗਤਾਂ ਕੀ	راگُ کیدارا بانٹی بھگتاں کی
ਰਾਗੁ ਭੈਰਉ	راگُ بھیرَءُ
ਰਾਗੁ ਭੈਰਉ (ਮਃ ੧)	راگُ بھیرَءُ (م: 1)
ਰਾਗੁ ਭੈਰਉ (ਮਃ ੩)	راگُ بھیرَءُ (م: 3)
ਰਾਗੁ ਭੈਰਉ (ਮਃ ੪)	راگُ بھیرَءُ (م: 4)
ਭੈਰਉ (ਮਃ ੫)	بھیرَءُ (م: 5)
ਭੈਰਉ (ਮਃ ੧) ਅਸਟਪਦੀਆ	بھیرَءُ (م: 1) اسٹپدِیا
ਭੈਰਉ (ਮਃ ੩) ਅਸਟਪਦੀਆ	بھیرَءُ (م: 3) اسٹپدِیا
ਭੈਰਉ (ਮਃ ੫) ਅਸਟਪਦੀਆ	بھیرَءُ (م: 5) اسٹپدِیا
ਭੈਰਉ ਬਾਣੀ ਭਗਤਾ ਕੀ	بھیرَءُ بانٹی بھگتا کی
ਰਾਗੁ ਬਸੰਤੁ	راگُ بسنّتُ
ਰਾਗੁ ਬਸੰਤੁ (ਮਃ ੧)	راگُ بسنّتُ (م: 1)
ਬਸੰਤੁ (ਮਃ ੩)	بسنّتُ (م: 3)
ਰਾਗੁ ਬਸੰਤੁ (ਮਃ ੪)	راگُ بسنّتُ (م: 4)

ਰਾਗੁ ਬਸੰਤੁ (ਮਃ ੫)		راگُ بسنّتُ (م: 5)
ਰਾਗੁ ਬਸੰਤੁ (ਮਃ ੯)		راگُ بسنّتُ (م: 9)
ਬਸੰਤੁ (ਮਃ ੧) ਅਸਟਪਦੀਆ		بسنّتُ (م: 1) اسٹپدِیا
ਬਸੰਤੁ (ਮਃ ੪) ਅਸਟਪਦੀਆ		بسنّتُ (م: 4) اسٹپدِیا
ਬਸੰਤੁ (ਮਃ ੫)		بسنّتُ (م: 5)
ਬਸੰਤ ਕੀ ਵਾਰ ਮਹਲੁ ੫		بسنّت کی وار مہلُ 5
ਬਸੰਤੁ ਬਾਣੀ ਭਗਤਾਂ ਕੀ		بسنّتُ باٹی بھگتاں کی
ਰਾਗੁ ਸਾਰਗ		راگُ سارگ
ਰਾਗੁ ਸਾਰਗ (ਮਃ ੧)		راگُ سارگ (م: 1)
ਸਾਰੰਗ (ਮਃ ੪)		سارنگ (م: 4)
ਸਾਰੰਗ (ਮਃ ੫)		سارنگ (م: 5)
ਰਾਗੁ ਸਾਰੰਗ (ਮਃ ੯)		راگُ سارنگ (م: 9)
ਸਾਰਗ (ਮਃ ੧) ਅਸਟਪਦੀਆ		سارگ (م: 1) اسٹپدِیا
ਸਾਰਗ (ਮਃ ੩) ਅਸਟਪਦੀਆ		سارگ (م: 3) اسٹپدِیا
ਸਾਰਗ (ਮਃ ੫) ਅਸਟਪਦੀਆ		سارگ (م: 5) اسٹپدِیا
ਸਾਰਗ (ਮਃ ੫) ਛੰਤ		سارگ (م: 5) چھنّت

ਸਾਰੰਗ ਕੀ ਵਾਰ (ਮਃ ੪)	سارنگ کی وار (م: 4)
ਰਾਗੁ ਸਾਰੰਗ ਬਾਣੀ ਭਗਤਾਂ ਕੀ	راگُ سارنگ باٹی بھگتاں کی
ਰਾਗੁ ਮਲਾਰ	راگُ ملار
ਰਾਗੁ ਮਲਾਰ (ਮਃ ੧)	راگُ ملار (م: 1)
ਮਲਾਰ (ਮਃ ੩)	ملار (م: 3)
ਰਾਗੁ ਮਲਾਰ (ਮਃ ੪)	راگُ ملار (م: 4)
ਰਾਗੁ ਮਲਾਰ (ਮਃ ੫)	راگُ ملار (م: 5)
ਮਲਾਰ (ਮਃ ੧) ਅਸਟਪਦੀਆ	ملار (م: 1) اسٹپدِیا
ਮਲਾਰ (ਮਃ ੩) ਅਸਟਪਦੀਆ	ملار (م: 3) اسٹپدِیا
ਰਾਗੁ ਮਲਾਰ (ਮਃ ੫) ਛੰਤ	راگُ ملار (م: 5) چھنّت
ਵਾਰ ਮਲਾਰ ਕੀ (ਮਃ ੧)	وار ملار کی (م: 1)
ਰਾਗੁ ਮਲਾਰ ਬਾਣੀ ਭਗਤਾਂ ਕੀ	راگُ ملار باٹی بھگتاں کی
ਰਾਗੁ ਕਾਨੜਾ	راگُ کانڑا
ਰਾਗੁ ਕਾਨੜਾ (ਮਃ ੪)	راگُ کانڑا (م: 4)
ਕਾਨੜਾ (ਮਃ ੫)	کانڑا (م: 5)
ਕਾਨੜਾ (ਮਃ ੪) ਅਸਟਪਦੀਆ	کانڑا (م: 4) اسٹپدِیا

ਕਾਨੜਾ ਛੰਤ (ਮਃ ੫)		کانڑا چھنّت (م: 5)
ਕਾਨੜੇ ਕੀ ਵਾਰ (ਮਃ ੪)		کانڑے کی وار (م: 4)
ਰਾਗੁ ਕਾਨੜਾ ਬਾਣੀ ਭਗਤਾਂ ਕੀ		راگُ کانڑا بانٹی بھگتاں کی
ਰਾਗੁ ਕਲਿਆਨ		راگُ کلِیان
ਰਾਗੁ ਕਲਿਆਨ (ਮਃ ੪)		راگُ کلِیان (م: 4)
ਰਾਗੁ ਕਲਿਆਨੁ (ਮਃ ੫)		راگُ کلِیانُ (م: 5)
ਕਲਿਆਨ (ਮਃ ੪) ਅਸਟਪਦੀਆ		کلِیان (م: 4) اسٹپدِیا
ਰਾਗੁ ਪਰਭਾਤੀ		راگُ پربھاتی
ਰਾਗੁ ਪਰਭਾਤੀ (ਮਃ ੧)		راگُ پربھاتی (م: 1)
ਰਾਗੁ ਪ੍ਰਭਾਤੀ (ਮਃ ੩)		راگُ پّربھاتی (م: 3)
ਪ੍ਰਭਾਤੀ (ਮਃ ੪)		پّربھاتی (م: 4)
ਪ੍ਰਭਾਤੀ (ਮਃ ੫)		پّربھاتی (م: 5)
ਪ੍ਰਭਾਤੀ (ਮਃ ੧) ਅਸਟਪਦੀਆ		پّربھاتی (م: 1) اسٹپدِیا
ਪ੍ਰਭਾਤੀ (ਮਃ ੩) ਅਸਟਪਦੀਆ		پّربھاتی (م: 3) اسٹپدِیا
ਪ੍ਰਭਾਤੀ (ਮਃ ੫) ਅਸਟਪਦੀਆ		پّربھاتی (م: 5) اسٹپدِیا
ਪ੍ਰਭਾਤੀ ਬਾਣੀ ਭਗਤਾਂ ਕੀ		پّربھاتی بانٹی بھگتاں کی

ਰਾਗੁ ਜੈਜਾਵੰਤੀ		راگُ جیجَاونتی
ਰਾਗੁ ਜੈਜਾਵੰਤੀ (ਮਃ ੯)		راگُ جیجَاونتی (م: 9)
ਸਲੋਕ ਸਹਸਕ੍ਰਿਤੀ (ਮਃ ੧)		سلوک سہسکّرِتی (م: 1)
ਸਲੋਕ ਸਹਸਕ੍ਰਿਤੀ (ਮਃ ੫)		سلوک سہسکّرِتی (م: 5)
(ਮਃ ੫) ਗਾਥਾ		(م: 5) گاتھا
ਫੁਨਹੇ (ਮਃ ੫)		پھُنہے (م: 5)
ਚਉਬੋਲੇ (ਮਃ ੫)		چئُبولے (م: 5)
ਸਲੋਕ ਭਗਤ ਕਬੀਰ ਜੀਉ ਕੇ		سلوک بھگت کبیِر جیِءُ کے
ਸਲੋਕ ਸੇਖ ਫਰੀਦ ਕੇ		سلوک سیکھ پھریِد کے
ਸਵਯੇ ਸ੍ਰੀ ਮੁਖਬਾਕ੍ਰ (ਮਃ ੫)		سویے سّری مُکھباکّ (م: 5)
ਸਵਈਏ ਮਹਲੇ ਪਹਿਲੇ ਕੇ		سوئیِے مہلے پہِلے کے
ਸਵਈਏ ਮਹਲੇ ਦੂਜੇ ਕੇ		سوئیِے مہلے دوُجے کے
ਸਵਈਏ ਮਹਲੇ ਤੀਜੇ ਕੇ		سوئیِے مہلے تیِجے کے
ਸਵਈਏ ਮਹਲੇ ਚਉਥੇ ਕੇ		سوئیِے مہلے چئُتھے کے
ਸਵਈਏ ਮਹਲੇ ਪੰਜਵੇਂ ਕੇ		سوئیِے مہلے پنجّویں کے
ਸਲੋਕ ਵਾਰਾਂ ਤੇ ਵਧੀਕ (ਮਃ ੧)		سلوک واراں تے ودھیِک (م: 1)

ਸਲੋਕ ਵਾਰਾਂ ਤੇ ਵਧੀਕ (ਮਃ ੩)		سلوک واراں تے ودھیک (م: 3)
ਸਲੋਕ ਵਾਰਾਂ ਤੇ ਵਧੀਕ (ਮਃ ੪)		سلوک واراں تے ودھیک (م: 4)
ਸਲੋਕ ਵਾਰਾਂ ਤੇ ਵਧੀਕ (ਮਃ ੫)		سلوک واراں تے ودھیک (م: 5)
ਸਲੋਕ ਵਾਰਾਂ ਤੇ ਵਧੀਕ (ਮਃ ੯)		سلوک واراں تے ودھیک (م: 9)
ਮੁੰਦਾਵਣੀ (ਮਃ ੫)		مُنّداوٹی (م: 5)
ਰਾਗ ਮਾਲਾ		راگ مالا

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ੴ ستِنامُ کرتا پُرکھُ نِربھءُ نِرویرُ
اکال مُورتِ اجُونی سیَبھنّ گُرپرّسادِ ॥

॥ ਜਪੁ ॥

॥ جپُ ॥

ਆਦਿ ਸਚੁ ਜੁਗਾਦਿ ਸਚੁ ॥

آدِ سچُ جُگادِ سچُ ॥

ਹੈ ਭੀ ਸਚੁ
ਨਾਨਕ ਹੋਸੀ ਭੀ ਸਚੁ ॥੧॥

ہےَ بھی سچُ
نانک ہوسی بھی سچُ ॥1॥

ਸੋਚੈ ਸੋਚਿ ਨ ਹੋਵਈ
ਜੇ ਸੋਚੀ ਲਖ ਵਾਰ ॥

سوچےَ سوچِ ن ہووئی
جے سوچی لکھ وار ॥

ਚੁਪੈ ਚੁਪ ਨ ਹੋਵਈ
ਜੇ ਲਾਇ ਰਹਾ ਲਿਵ ਤਾਰ ॥

چُپےَ چُپ ن ہووئی
جے لاءِ رہا لِو تار ॥

ਭੁਖਿਆ ਭੁਖ ਨ ਉਤਰੀ
ਜੇ ਬੰਨਾ ਪੁਰੀਆ ਭਾਰ ॥

بھُکھیا بھُکھ ن اُتری
جے بنّا پُریا بھار ॥

ਸਹਸ ਸਿਆਣਪਾ ਲਖ ਹੋਹਿ
ਤ ਇਕ ਨ ਚਲੈ ਨਾਲਿ ॥

سہس سِیاٹپا لکھ ہوہِ
ت اِک ن چلےَ نالِ ॥

ਕਿਵ ਸਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲਿ ॥

کِو سچیارا ہوئیےَ
کِو کوڑےَ تُٹےَ پالِ ۔ ॥

ਹੁਕਮਿ ਰਜਾਈ ਚਲਣਾ
ਨਾਨਕ ਲਿਖਿਆ ਨਾਲਿ ॥੧॥

حُکمِ رضائی چلٹا
نانک لِکھیا نالِ ॥1॥

ਹੁਕਮੀ ਹੋਵਨਿ ਆਕਾਰ
ਹੁਕਮੁ ਨ ਕਹਿਆ ਜਾਈ ॥

حُکمی ہوونِ آکار
حُکمُ ن کہیا جائی ॥

ਹੁਕਮੀ ਹੋਵਨਿ ਜੀਅ
ਹੁਕਮਿ ਮਿਲੈ ਵਡਿਆਈ ॥

حُکمی ہوونِ جیء
حُکمِ مِلےَ وڈِیائی ॥

ਹੁਕਮੀ ਉਤਮੁ ਨੀਚੁ
ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥

حُکمی اُتمُ نیچُ
حُکمِ لِکھِ دُکھ سُکھ پائیئہِ ॥

ਇਕਨਾ ਹੁਕਮੀ ਬਖਸੀਸ

اِکنا حُکمی بخشِیس

ਇਕਿ ਹੁਕਮੀ ਸਦਾ ਭਵਾਈਅਹਿ ॥	اِکِ حُکمی سدا بھوائیئہِ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥	حُکمے اندرِ سبھُ کو باہرِ حُکم ن کوءِ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥	نانک حُکمے جے بُجھے ت ہئُمے کہے ن کوءِ ॥2॥
ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥	گاوے کو تانُ ہووے کِسے تانُ ॥
ਗਾਵੈ ਕੋ ਦਾਤਿ ਜਾਣੈ ਨੀਸਾਣੁ ॥	گاوے کو داتِ جانے نِیشانُ ॥
ਗਾਵੈ ਕੋ ਗੁਣ ਵਡਿਆਈਆ ਚਾਰ ॥	گاوے کو گُنُ وڈیائیا چار ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥	گاوے کو وِدیا وِکھمُ ویچارُ ॥
ਗਾਵੈ ਕੋ ਸਾਜਿ ਕਰੇ ਤਨੁ ਖੇਹ ॥	گاوے کو ساجِ کرے تنُ کھیہ ॥
ਗਾਵੈ ਕੋ ਜੀਅ ਲੈ ਫਿਰਿ ਦੇਹ ॥	گاوے کو جیء لے پھِرِ دیہ ॥
ਗਾਵੈ ਕੋ ਜਾਪੈ ਦਿਸੈ ਦੂਰਿ ॥	گاوے کو جاپے دِسے دوُرِ ॥
ਗਾਵੈ ਕੋ ਵੇਖੈ ਹਾਦਰਾ ਹਦੂਰਿ ॥	گاوے کو ویکھے ہادرا حدوُرِ ॥
ਕਥਨਾ ਕਥੀ ਨ ਆਵੈ ਤੋਟਿ ॥	کتھنا کتھی ن آوے توٹِ ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥	کتھِ کتھِ کتھی کوٹی کوٹِ کوٹِ ॥
ਦੇਦਾ ਦੇ ਲੈਦੇ ਥਕਿ ਪਾਹਿ ॥	دیدا دے لیدے تھکِ پاہِ ॥
ਜੁਗਾ ਜੁਗੰਤਰਿ ਖਾਹੀ ਖਾਹਿ ॥	جُگا جُگنترِ کھاہی کھاہِ ॥
ਹੁਕਮੀ ਹੁਕਮੁ ਚਲਾਏ ਰਾਹੁ ॥	حُکمی حُکمُ چلائے راہُ ॥
ਨਾਨਕ ਵਿਗਸੈ ਵੇਪਰਵਾਹੁ ॥੩॥	نانک وِگسے ویپرواہُ ॥3॥
ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥	ساچا صاحِبُ ساچُ ناءِ بھاکھیا بھاءُ اپارُ ॥
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥	آکھہِ منگہِ دیہِ دیہِ

ਫੇਰਿ ਕਿ ਅਗੈ ਰਖੀਐ
ਜਿਤੁ ਦਿਸੈ ਦਰਬਾਰੁ ॥

ਮੁਹੌ ਕਿ ਬੋਲਣੁ ਬੋਲੀਐ
ਜਿਤੁ ਸੁਣਿ ਧਰੇ ਪਿਆਰੁ ॥

ਅੰਮ੍ਰਿਤ ਵੇਲਾ ਸਚੁ ਨਾਉ
ਵਡਿਆਈ ਵੀਚਾਰੁ ॥

ਕਰਮੀ ਆਵੈ ਕਪੜਾ
ਨਦਰੀ ਮੋਖੁ ਦੁਆਰੁ ॥

ਨਾਨਕ ਏਵੈ ਜਾਣੀਐ
ਸਭੁ ਆਪੇ ਸਚਿਆਰੁ ॥੪॥

ਥਾਪਿਆ ਨ ਜਾਇ ਕੀਤਾ ਨ ਹੋਇ ॥

ਆਪੇ ਆਪਿ ਨਿਰੰਜਨੁ ਸੋਇ ॥

ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥

ਨਾਨਕ ਗਾਵੀਐ ਗੁਣੀ ਨਿਧਾਨੁ ॥

ਗਾਵੀਐ ਸੁਣੀਐ ਮਨਿ ਰਖੀਐ ਭਾਉ ॥

ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥

ਗੁਰਮੁਖਿ ਨਾਦੰ ਗੁਰਮੁਖਿ ਵੇਦੰ
ਗੁਰਮੁਖਿ ਰਹਿਆ ਸਮਾਈ ॥

ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ
ਪਾਰਬਤੀ ਮਾਈ ॥

ਜੇ ਹਉ ਜਾਣਾ ਆਖਾ ਨਾਹੀ
ਕਹਣਾ ਕਥਨੁ ਨ ਜਾਈ ॥

ਗੁਰਾ ਇਕ ਦੇਹਿ ਬੁਝਾਈ ॥

ਦਾਤਿ ਕਰੇ ਦਾਤਾਰੁ ॥

ਪھیرِ کِ اگے رکھیئے
جِتُ دِسے دربارُ ॥

مُہوَ کِ بولنُ بولیئے
جِتُ سُنِ دھرے پِیارُ ॥

انمّرِت ویلا سچُ ناءُ
وڈِیائی ویچارُ ॥

کرمی آوے کپڑا
ندری موکھُ دُیارُ ॥

نانک ایوے جانیئے
سبھُ آپے سچِیارُ ॥4॥

تھاپِیا ن جاءِ کِیتا ن ہوءِ ॥

آپے آپِ نِرنجنُ سوءِ ॥

جِنِ سیویا تِنِ پائِیا مانُ ॥

نانک گاویئے گُنی نِدھانُ ॥

گاویئے سُنِیئے منِ رکھیئے بھاءُ ॥

دُکھُ پرہرِ سُکھُ گھرِ لے جاءِ ॥

گُرمُکھِ نادنّ گُرمُکھِ ویدنّ
گُرمُکھِ رہِیا سمائی ॥

گُرُ ایسرُ گُرُ گورکھُ برما گُرُ
پاربتی مائی ॥

جے ہءُ جاٹا آکھا ناہی
کہنا کتھنُ ن جائی ॥

گُرا اِک دیہِ بُجھائی ॥

ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ ॥੫॥

سبھنا جیِیا کا اِکُ داتا
سو مے وِسرِ ن جائی ॥5॥

ਤੀਰਥਿ ਨਾਵਾ ਜੇ ਤਿਸੁ ਭਾਵਾ
ਵਿਣੁ ਭਾਣੇ ਕਿ ਨਾਇ ਕਰੀ ॥

تِیرتھِ ناوا جے تِسُ بھاوا
وِنُ بھانے کِ ناءِ کری ۔ ॥

ਜੇਤੀ ਸਿਰਠਿ ਉਪਾਈ ਵੇਖਾ
ਵਿਣੁ ਕਰਮਾ ਕਿ ਮਿਲੈ ਲਈ ॥

جیتی سِرٹھِ اُپائی ویکھا
وِنُ کرما کِ مِلے لئی ۔ ॥

ਮਤਿ ਵਿਚਿ ਰਤਨ ਜਵਾਹਰ ਮਾਣਿਕ
ਜੇ ਇਕ ਗੁਰ ਕੀ ਸਿਖ ਸੁਣੀ ॥

مت وِچ رتن جواہر ماٹِک
جے اِک گُر کی سِکھ سُنٹی ॥

ਗੁਰਾ ਇਕ ਦੇਹਿ ਬੁਝਾਈ ॥

گُرا اِک دیہِ بُجھائی ॥

ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ ॥੬॥

سبھنا جیِیا کا اِکُ داتا
سو مے وِسرِ ن جائی ॥6॥

ਜੇ ਜੁਗ ਚਾਰੇ ਆਰਜਾ
ਹੋਰ ਦਸੂਣੀ ਹੋਇ ॥

جے جُگ چارے آرجا
ہور دسوُنٹی ہوءِ ॥

ਨਵਾ ਖੰਡਾ ਵਿਚਿ ਜਾਣੀਐ
ਨਾਲਿ ਚਲੈ ਸਭੁ ਕੋਇ ॥

نوا کھنڈا وِچ جانٹیئے
نالِ چلے سبھُ کوءِ ॥

ਚੰਗਾ ਨਾਉ ਰਖਾਇ ਕੈ
ਜਸੁ ਕੀਰਤਿ ਜਗਿ ਲੇਇ ॥

چنگا ناءُ رکھاءِ کے
جسُ کیرتِ جگِ لےءِ ॥

ਜੇ ਤਿਸੁ ਨਦਰਿ ਨ ਆਵਈ
ਤ ਵਾਤ ਨ ਪੁਛੈ ਕੇ ॥

جے تِسُ ندرِ ن آوئی
ت وات ن پُچھے کے ॥

ਕੀਟਾ ਅੰਦਰਿ ਕੀਟੁ ਕਰਿ
ਦੋਸੀ ਦੋਸੁ ਧਰੇ ॥

کیٹا اندرِ کیٹُ کرِ
دوسی دوسُ دھرے ॥

ਨਾਨਕ ਨਿਰਗੁਣਿ ਗੁਣੁ ਕਰੇ
ਗੁਣਵੰਤਿਆ ਗੁਣੁ ਦੇ ॥

نانک نِرگُنِ گُنُ کرے
گُنوَنتیا گُنُ دے ॥

ਤੇਹਾ ਕੋਇ ਨ ਸੁਝਈ
ਜਿ ਤਿਸੁ ਗੁਣੁ ਕੋਇ ਕਰੇ ॥੭॥

تیہا کوءِ ن سُجھئی
جِ تِسُ گُنُ کوءِ کرے ॥7॥

ਸੁਣਿਐ ਸਿਧ ਪੀਰ ਸੁਰਿ ਨਾਥ ॥	سُنِئے سِدھ پیر سُرِ ناتھ ॥
ਸੁਣਿਐ ਧਰਤਿ ਧਵਲ ਆਕਾਸ ॥	سُنِئے دھرتِ دھول آکاس ॥
ਸੁਣਿਐ ਦੀਪ ਲੋਅ ਪਾਤਾਲ ॥	سُنِئے دیپ لوء پاتال ॥
ਸੁਣਿਐ ਪੋਹਿ ਨ ਸਕੈ ਕਾਲੁ ॥	سُنِئے پوہِ ن سکےَ کالُ ॥
ਨਾਨਕ ਭਗਤਾ ਸਦਾ ਵਿਗਾਸੁ ॥	نانک بھگتا سدا وِگاسُ ॥
ਸੁਣਿਐ ਦੂਖ ਪਾਪ ਕਾ ਨਾਸੁ ॥੮॥	سُنِئے دوُکھ پاپ کا ناسُ ॥8॥
ਸੁਣਿਐ ਈਸਰੁ ਬਰਮਾ ਇੰਦੁ ॥	سُنِئے ایسرُ برما اِندُ ॥
ਸੁਣਿਐ ਮੁਖਿ ਸਾਲਾਹਣ ਮੰਦੁ ॥	سُنِئے مُکھِ سالاحنٌ مندُ ॥
ਸੁਣਿਐ ਜੋਗ ਜੁਗਤਿ ਤਨਿ ਭੇਦ ॥	سُنِئے جوگ جُگتِ تنِ بھید ॥
ਸੁਣਿਐ ਸਾਸਤ ਸਿਮ੍ਰਿਤਿ ਵੇਦ ॥	سُنِئے ساست سِمرِّتِ وید ॥
ਨਾਨਕ ਭਗਤਾ ਸਦਾ ਵਿਗਾਸੁ ॥	نانک بھگتا سدا وِگاسُ ॥
ਸੁਣਿਐ ਦੂਖ ਪਾਪ ਕਾ ਨਾਸੁ ॥੯॥	سُنِئے دوُکھ پاپ کا ناسُ ॥9॥
ਸੁਣਿਐ ਸਤੁ ਸੰਤੋਖੁ ਗਿਆਨੁ ॥	سُنِئے ست سنّتوکھُ گیانُ ॥
ਸੁਣਿਐ ਅਠਸਠਿ ਕਾ ਇਸਨਾਨੁ ॥	سُنِئے اٹھسٹھِ کا اِسنانُ ॥
ਸੁਣਿਐ ਪੜਿ ਪੜਿ ਪਾਵਹਿ ਮਾਨੁ ॥	سُنِئے پڑِ پڑِ پاوہِ مانُ ॥
ਸੁਣਿਐ ਲਾਗੈ ਸਹਜਿ ਧਿਆਨੁ ॥	سُنِئے لاگے سہجِ دھِیانُ ॥
ਨਾਨਕ ਭਗਤਾ ਸਦਾ ਵਿਗਾਸੁ ॥	نانک بھگتا سدا وِگاسُ ॥
ਸੁਣਿਐ ਦੂਖ ਪਾਪ ਕਾ ਨਾਸੁ ॥੧੦॥	سُنِئے دوُکھ پاپ کا ناسُ ॥ 10 ॥
ਸੁਣਿਐ ਸਰਾ ਗੁਣਾ ਕੇ ਗਾਹ ॥	سُنِئے سرا گُنّا کے گاہ ॥
ਸੁਣਿਐ ਸੇਖ ਪੀਰ ਪਾਤਿਸਾਹ ॥	سُنِئے سیکھ پیر پاتِشاہ ॥
ਸੁਣਿਐ ਅੰਧੇ ਪਾਵਹਿ ਰਾਹੁ ॥	سُنِئے انّدھے پاوہِ راہُ ॥
ਸੁਣਿਐ ਹਾਥ ਹੋਵੈ ਅਸਗਾਹੁ ॥	سُنِئے ہاتھ ہووے اسگاہُ ॥

ਨਾਨਕ ਭਗਤਾ ਸਦਾ ਵਿਗਾਸੁ ॥	نانک بھگتا سدا وِگاسُ ॥
ਸੁਣਿਐ ਦੂਖ ਪਾਪ ਕਾ ਨਾਸੁ ॥੧੧॥	سُنِّئے دوُکھ پاپ کا ناسُ ॥ 11 ॥
ਮੰਨੇ ਕੀ ਗਤਿ ਕਹੀ ਨ ਜਾਇ ॥	مَنّنے کی گتِ کہی ن جاءِ ॥
ਜੇ ਕੋ ਕਹੈ ਪਿਛੈ ਪਛੁਤਾਇ ॥	جے کو کہے پچھے پچھُتاءِ ॥
ਕਾਗਦਿ ਕਲਮ ਨ ਲਿਖਣਹਾਰੁ ॥	کاگدِ قلم ن لِکھنّہارُ ॥
ਮੰਨੇ ਕਾ ਬਹਿ ਕਰਨਿ ਵੀਚਾਰੁ ॥	مَنّنے کا بہِ کرنِ ویچارُ ॥
ਐਸਾ ਨਾਮੁ ਨਿਰੰਜਨੁ ਹੋਇ ॥	ایَسا نامُ نِرنّجنُ ہوءِ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥	جے کو مَنِ جانّے منِ کوءِ ॥ 12 ॥
ਮੰਨੈ ਸੁਰਤਿ ਹੋਵੈ ਮਨਿ ਬੁਧਿ ॥	مَنّنے سُرتِ ہووے منِ بُدھِ ॥
ਮੰਨੈ ਸਗਲ ਭਵਣ ਕੀ ਸੁਧਿ ॥	مَنّنے سگل بھونّ کی سُدھِ ॥
ਮੰਨੈ ਮੁਹਿ ਚੋਟਾ ਨਾ ਖਾਇ ॥	مَنّنے مُہِ چوٹا نا کھاءِ ॥
ਮੰਨੈ ਜਮ ਕੈ ਸਾਥਿ ਨ ਜਾਇ ॥	مَنّنے جم کے ساتھِ ن جاءِ ॥
ਐਸਾ ਨਾਮੁ ਨਿਰੰਜਨੁ ਹੋਇ ॥	ایَسا نامُ نِرنّجنُ ہوءِ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥	جے کو مَنِ جانّے منِ کوءِ ॥ 13 ॥
ਮੰਨੈ ਮਾਰਗਿ ਠਾਕ ਨ ਪਾਇ ॥	مَنّنے مارگِ ٹھاک ن پاءِ ॥
ਮੰਨੈ ਪਤਿ ਸਿਉ ਪਰਗਟੁ ਜਾਇ ॥	مَنّنے پتِ سِءُ پرگٹُ جاءِ ॥
ਮੰਨੈ ਮਗੁ ਨ ਚਲੈ ਪੰਥੁ ॥	مَنّنے مگُ ن چلےَ پنّتھُ ॥
ਮੰਨੈ ਧਰਮ ਸੇਤੀ ਸਨਬੰਧੁ ॥	مَنّنے دھرم سیتی سنبنّدھُ ॥
ਐਸਾ ਨਾਮੁ ਨਿਰੰਜਨੁ ਹੋਇ ॥	ایَسا نامُ نِرنّجنُ ہوءِ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥	جے کو مَنِ جانّے منِ کوءِ ॥ 14 ॥
ਮੰਨੈ ਪਾਵਹਿ ਮੋਖੁ ਦੁਆਰੁ ॥	مَنّنے پاوہِ موکھُ دُیارُ ॥
ਮੰਨੈ ਪਰਵਾਰੈ ਸਾਧਾਰੁ ॥	مَنّنے پروارے سادھارُ ॥

ਮੰਨੈ ਤਰੈ ਤਾਰੇ ਗੁਰੁ ਸਿਖ ॥	مَنّنے ترے تارے گُرُ سِکھ ॥
ਮੰਨੈ ਨਾਨਕ ਭਵਹਿ ਨ ਭਿਖ ॥	مَنّنے نانک بھوہِ ن بھِکھ ॥
ਐਸਾ ਨਾਮੁ ਨਿਰੰਜਨੁ ਹੋਇ ॥	ایَسا نامُ نِرنّجنُ ہوءِ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥	جے کو منّنِ جانّے منِ کوءِ ॥ 15 ॥
ਪੰਚ ਪਰਵਾਣ ਪੰਚ ਪਰਧਾਨੁ ॥	پنّچ پرواڑ پنّچ پردھانُ ॥
ਪੰਚੇ ਪਾਵਹਿ ਦਰਗਹਿ ਮਾਨੁ ॥	پنّچے پاوہِ درگہِ مانُ ॥
ਪੰਚੇ ਸੋਹਹਿ ਦਰਿ ਰਾਜਾਨੁ ॥	پنّچے سوہہِ درِ راجانُ ॥
ਪੰਚਾ ਕਾ ਗੁਰੁ ਏਕੁ ਧਿਆਨੁ ॥	پنّچا کا گُرُ ایکُ دھِیانُ ॥
ਜੇ ਕੋ ਕਹੈ ਕਰੈ ਵੀਚਾਰੁ ॥	جے کو کہے کرے ویچارُ ॥
ਕਰਤੇ ਕੈ ਕਰਣੈ ਨਾਹੀ ਸੁਮਾਰੁ ॥	کرتے کے کرنّے ناہی شُمارُ ॥
ਧੌਲੁ ਧਰਮੁ ਦਇਆ ਕਾ ਪੂਤੁ ॥	دھوَلُ دھرمُ دئیا کا پوُتُ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥	سنّتوکھُ تھاپِ رکھِیا جِنِ سوُتِ ॥
ਜੇ ਕੋ ਬੁਝੈ ਹੋਵੈ ਸਚਿਆਰੁ ॥	جے کو بُجھے ہووے سچِیارُ ॥
ਧਵਲੈ ਉਪਰਿ ਕੇਤਾ ਭਾਰੁ ॥	دھولے اُپرِ کیتا بھارُ ॥
ਧਰਤੀ ਹੋਰੁ ਪਰੈ ਹੋਰੁ ਹੋਰੁ ॥	دھرتی ہورُ پرے ہورُ ہورُ ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥	تِس تے بھارُ تلے کونُ زورُ ۔ ॥
ਜੀਅ ਜਾਤਿ ਰੰਗਾ ਕੇ ਨਾਵ ॥	جیء زاتِ رنگا کے ناو ॥
ਸਭਨਾ ਲਿਖਿਆ ਵੁੜੀ ਕਲਾਮ ॥	سبھنا لِکھِیا وُڑی قلام ॥
ਏਹੁ ਲੇਖਾ ਲਿਖਿ ਜਾਣੈ ਕੋਇ ॥	ایہُ لیکھا لِکھِ جانّے کوءِ ॥
ਲੇਖਾ ਲਿਖਿਆ ਕੇਤਾ ਹੋਇ ॥	لیکھا لِکھِیا کیتا ہوءِ ॥
ਕੇਤਾ ਤਾਣੁ ਸੁਆਲਿਹੁ ਰੂਪੁ ॥	کیتا تانُ سُیالِہُ روُپُ ॥
ਕੇਤੀ ਦਾਤਿ ਜਾਣੈ ਕੌਣੁ ਕੂਤੁ ॥	کیتی داتِ جانّے کوَنُ کوُتُ ۔ ॥

ਕੀਤਾ ਪਸਾਉ ਏਕੋ ਕਵਾਉ ॥	کِیتا پساءُ ایکو کواءُ ॥
ਤਿਸ ਤੇ ਹੋਏ ਲਖ ਦਰੀਆਉ ॥	تِس تے ہوئے لکھ دریِیاءُ ॥
ਕੁਦਰਤਿ ਕਵਣ ਕਹਾ ਵੀਚਾਰੁ ॥	قُدرتِ کوڻ کہا ویچارُ ۔ ॥
ਵਾਰਿਆ ਨ ਜਾਵਾ ਏਕ ਵਾਰ ॥	وارِیا ن جاوا ایک وار ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥	جو تُدھُ بھاوے سائی بھلی کار ॥
ਤੂ ਸਦਾ ਸਲਾਮਤਿ ਨਿਰੰਕਾਰ ॥੧੬॥	توُ سدا سلامتِ نِرنکار ॥ 16 ॥
ਅਸੰਖ ਜਪ ਅਸੰਖ ਭਾਉ ॥	اسنکھ جپ اسنکھ بھاءُ ॥
ਅਸੰਖ ਪੂਜਾ ਅਸੰਖ ਤਪ ਤਾਉ ॥	اسنکھ پوُجا اسنکھ تپ تاءُ ॥
ਅਸੰਖ ਗਰੰਥ ਮੁਖਿ ਵੇਦ ਪਾਠ ॥	اسنکھ گرنتھ مُکھِ وید پاٹھ ॥
ਅਸੰਖ ਜੋਗ ਮਨਿ ਰਹਹਿ ਉਦਾਸ ॥	اسنکھ جوگ منِ رہہِ اُداس ॥
ਅਸੰਖ ਭਗਤ ਗੁਣ ਗਿਆਨ ਵੀਚਾਰ ॥	اسنکھ بھگت گُڻ گیان ویچار ॥
ਅਸੰਖ ਸਤੀ ਅਸੰਖ ਦਾਤਾਰ ॥	اسنکھ ستی اسنکھ داتار ॥
ਅਸੰਖ ਸੂਰ ਮੁਹ ਭਖ ਸਾਰ ॥	اسنکھ سوُر مُہ بھکھ سار ॥
ਅਸੰਖ ਮੋਨਿ ਲਿਵ ਲਾਇ ਤਾਰ ॥	اسنکھ مونِ لِو لاءِ تار ॥
ਕੁਦਰਤਿ ਕਵਣ ਕਹਾ ਵੀਚਾਰੁ ॥	قُدرتِ کوڻ کہا ویچارُ ۔ ॥
ਵਾਰਿਆ ਨ ਜਾਵਾ ਏਕ ਵਾਰ ॥	وارِیا ن جاوا ایک وار ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥	جو تُدھُ بھاوے سائی بھلی کار ॥
ਤੂ ਸਦਾ ਸਲਾਮਤਿ ਨਿਰੰਕਾਰ ॥੧੭॥	توُ سدا سلامتِ نِرنکار ॥ 17 ॥
ਅਸੰਖ ਮੂਰਖ ਅੰਧ ਘੋਰ ॥	اسنکھ موُرکھ انّدھ گھور ॥
ਅਸੰਖ ਚੋਰ ਹਰਾਮਖੋਰ ॥	اسنکھ چور حرامکھور ॥
ਅਸੰਖ ਅਮਰ ਕਰਿ ਜਾਹਿ ਜੋਰ ॥	اسنکھ امر کرِ جاہِ زور ॥
ਅਸੰਖ ਗਲਵਢ ਹਤਿਆ ਕਮਾਹਿ ॥	اسنکھ گلوڈھ ہتیا کماہِ ॥

ਅਸੰਖ ਪਾਪੀ ਪਾਪੁ ਕਰਿ ਜਾਹਿ ॥	اسنکھ پاپی پاپُ کرِ جاہِ ॥
ਅਸੰਖ ਕੂੜਿਆਰ ਕੂੜੇ ਫਿਰਾਹਿ ॥	اسنکھ کوُڑِیار کوُڑے پھِراہِ ॥
ਅਸੰਖ ਮਲੇਛ ਮਲੁ ਭਖਿ ਖਾਹਿ ॥	اسنکھ ملیچھ ملُ بھکھِ کھاہِ ॥
ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥	اسنکھ نِندک سِرِ کرہِ بھارُ ॥
ਨਾਨਕੁ ਨੀਚੁ ਕਹੈ ਵੀਚਾਰੁ ॥	نانکُ نِیچُ کہے ویچارُ ॥
ਵਾਰਿਆ ਨ ਜਾਵਾ ਏਕ ਵਾਰ ॥	وارِیا ن جاوا ایک وار ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥	جو تُدھُ بھاوے سائیؔ بھلی کار ॥
ਤੂ ਸਦਾ ਸਲਾਮਤਿ ਨਿਰੰਕਾਰ ॥੧੮॥	توُ سدا سلامتِ نِرنکار ॥ 18 ॥
ਅਸੰਖ ਨਾਵ ਅਸੰਖ ਥਾਵ ॥	اسنکھ ناو اسنکھ تھاو ॥
ਅਗੰਮ ਅਗੰਮ ਅਸੰਖ ਲੋਅ ॥	اگنم اگنم اسنکھ لوءِ ॥
ਅਸੰਖ ਕਹਹਿ ਸਿਰਿ ਭਾਰੁ ਹੋਇ ॥	اسنکھ کہہِ سِرِ بھارُ ہوءِ ॥
ਅਖਰੀ ਨਾਮੁ ਅਖਰੀ ਸਾਲਾਹ ॥	اکھری نامُ اکھری سالاح ॥
ਅਖਰੀ ਗਿਆਨੁ ਗੀਤ ਗੁਣ ਗਾਹ ॥	اکھری گیانُ گیت گُنؔ گاہ ॥
ਅਖਰੀ ਲਿਖਣੁ ਬੋਲਣੁ ਬਾਣਿ ॥	اکھری لِکھنُؔ بولنُؔ بانِؔ ॥
ਅਖਰਾ ਸਿਰਿ ਸੰਜੋਗੁ ਵਖਾਣਿ ॥	اکھرا سِرِ سنجوگُ وکھانِؔ ॥
ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥	جِنِ ایہِ لِکھے تِسُ سِرِ ناہِ ॥
ਜਿਵ ਫੁਰਮਾਏ ਤਿਵ ਤਿਵ ਪਾਹਿ ॥	جِو فُرمائے تِو تِو پاہِ ॥
ਜੇਤਾ ਕੀਤਾ ਤੇਤਾ ਨਾਉ ॥	جیتا کِیتا تیتا ناءُ ॥
ਵਿਣੁ ਨਾਵੈ ਨਾਹੀ ਕੋ ਥਾਉ ॥	وِنُؔ ناوے ناہی کو تھاءُ ॥
ਕੁਦਰਤਿ ਕਵਣ ਕਹਾ ਵੀਚਾਰੁ ॥	قُدرتِ کونؔ کہا ویچارُ ۔ ॥
ਵਾਰਿਆ ਨ ਜਾਵਾ ਏਕ ਵਾਰ ॥	وارِیا ن جاوا ایک وار ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥	جو تُدھُ بھاوے سائیؔ بھلی کار ॥

ਤੂ ਸਦਾ ਸਲਾਮਤਿ ਨਿਰੰਕਾਰ ॥੧੯॥	تُو سدا سلامتِ نِرنکار ॥ 19 ॥
ਭਰੀਐ ਹਥੁ ਪੈਰੁ ਤਨੁ ਦੇਹ ॥	بھریئے ہتھُ پیرُ تنُ دیہ ॥
ਪਾਣੀ ਧੋਤੈ ਉਤਰਸੁ ਖੇਹ ॥	پانی دھوتے اُترسُ کھیہ ॥
ਮੂਤ ਪਲੀਤੀ ਕਪੜੁ ਹੋਇ ॥	موُت پلیتی کپڑُ ہوءِ ॥
ਦੇ ਸਾਬੂਣੁ ਲਈਐ ਓਹੁ ਧੋਇ ॥	دے صابوُنُ لئیئے اوہُ دھوءِ ॥
ਭਰੀਐ ਮਤਿ ਪਾਪਾ ਕੈ ਸੰਗਿ ॥	بھریئے متِ پاپا کے سنگِ ॥
ਓਹੁ ਧੋਪੈ ਨਾਵੈ ਕੈ ਰੰਗਿ ॥	اوہُ دھوپے ناوے کے رنگِ ॥
ਪੁੰਨੀ ਪਾਪੀ ਆਖਣੁ ਨਾਹਿ ॥	پُنّنی پاپی آکھنُ ناہِ ॥
ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥	کرِ کرِ کرنا لِکھِ لے جاہُ ॥
ਆਪੇ ਬੀਜਿ ਆਪੇ ਹੀ ਖਾਹੁ ॥	آپے بیجِ آپے ہی کھاہُ ॥
ਨਾਨਕ ਹੁਕਮੀ ਆਵਹੁ ਜਾਹੁ ॥੨੦॥	نانک حُکمی آوہُ جاہُ ॥ 20 ॥
ਤੀਰਥੁ ਤਪੁ ਦਇਆ ਦਤੁ ਦਾਨੁ ॥	تیرتھُ تپُ دئیا دتُ دانُ ॥
ਜੇ ਕੋ ਪਾਵੈ ਤਿਲ ਕਾ ਮਾਨੁ ॥	جے کو پاوے تِل کا مانُ ॥
ਸੁਣਿਆ ਮੰਨਿਆ ਮਨਿ ਕੀਤਾ ਭਾਉ ॥	سُنّیا منّیا منِ کیتا بھاءُ ॥
ਅੰਤਰਗਤਿ ਤੀਰਥਿ ਮਲਿ ਨਾਉ ॥	انترگتِ تیرتھِ ملِ ناءُ ॥
ਸਭਿ ਗੁਣ ਤੇਰੇ ਮੈ ਨਾਹੀ ਕੋਇ ॥	سبھِ گُنُ تیرے مے ناہی کوءِ ॥
ਵਿਣੁ ਗੁਣ ਕੀਤੇ ਭਗਤਿ ਨ ਹੋਇ ॥	وِنُ گُنُ کیتے بھگتِ ن ہوءِ ॥
ਸੁਅਸਤਿ ਆਥਿ ਬਾਣੀ ਬਰਮਾਉ ॥	سُنستِ آتھِ بانی برماءُ ॥
ਸਤਿ ਸੁਹਾਣੁ ਸਦਾ ਮਨਿ ਚਾਉ ॥	ستِ سُہانُ سدا منِ چاءُ ॥
ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥	کونُ سُ ویلا وکھتُ کونُ کونُ تھِتِ کونُ وارُ ॥
ਕਵਣਿ ਸਿ ਰੁਤੀ ਮਾਹੁ ਕਵਣੁ	کونِ سِ رُتی ماہُ کونُ

ਜਿਤੁ ਹੋਆ ਆਕਾਰੁ ॥

جِتُ ہویا آکارُ ॥

ਵੇਲ ਨ ਪਾਈਆ ਪੰਡਤੀ
ਜਿ ਹੋਵੈ ਲੇਖੁ ਪੁਰਾਣੁ ॥

ویل ن پائیِیا پنڈتی
جِ ہووے لیکھُ پُرانُ ॥

ਵਖਤੁ ਨ ਪਾਇਓ ਕਾਦੀਆ
ਜਿ ਲਿਖਨਿ ਲੇਖੁ ਕੁਰਾਣੁ ॥

وکھتُ ن پائِئو قادِیِیا
جِ لِکھنِ لیکھُ قُرانُ ॥

ਥਿਤਿ ਵਾਰੁ ਨਾ ਜੋਗੀ ਜਾਣੈ
ਰੁਤਿ ਮਾਹੁ ਨਾ ਕੋਈ ॥

تھِتِ وارُ نا جوگی جانے
رُتِ ماہُ نا کوئی ॥

ਜਾ ਕਰਤਾ ਸਿਰਠੀ ਕਉ ਸਾਜੇ
ਆਪੇ ਜਾਣੈ ਸੋਈ ॥

جا کرتا سِرٹھی ک ءُ ساجے
آپے جانے سوئی ॥

ਕਿਵ ਕਰਿ ਆਖਾ ਕਿਵ ਸਾਲਾਹੀ
ਕਿਉ ਵਰਨੀ ਕਿਵ ਜਾਣਾ ॥

کِو کرِ آکھا کِو سالاہی
کِ ءُ ورنی کِو جاٹا ۔ ॥

ਨਾਨਕ ਆਖਣਿ ਸਭੁ ਕੋ ਆਖੈ
ਇਕ ਦੂ ਇਕੁ ਸਿਆਣਾ ॥

نانک آکھنِ سبھُ کو آکھے
اِک دوُ اِکُ سِیاٹا ॥

ਵਡਾ ਸਾਹਿਬੁ ਵਡੀ ਨਾਈ
ਕੀਤਾ ਜਾ ਕਾ ਹੋਵੈ ॥

وڈا صاحِبُ وڈی نائی
کِیتا جا کا ہووے ॥

ਨਾਨਕ ਜੇ ਕੋ ਆਪੌ ਜਾਣੈ
ਅਗੈ ਗਇਆ ਨ ਸੋਹੈ ॥੨੧॥

نانک جے کو آپوَ جانے
اگے گئیا ن سوہے ॥ 21 ॥

ਪਾਤਾਲਾ ਪਾਤਾਲ ਲਖ
ਆਗਾਸਾ ਆਗਾਸ ॥

پاتالا پاتال لکھ
آگاسا آگاس ॥

ਓੜਕ ਓੜਕ ਭਾਲਿ ਥਕੇ
ਵੇਦ ਕਹਨਿ ਇਕ ਵਾਤ ॥

اوڑک اوڑک بھالِ تھکے
وید کہنِ اِک وات ॥

ਸਹਸ ਅਠਾਰਹ ਕਹਨਿ ਕਤੇਬਾ
ਅਸੁਲੂ ਇਕੁ ਧਾਤੁ ॥

سہس اٹھارہ کہنِ کتیبا
نَصُلوُ اِکُ دھاتُ ॥

ਲੇਖਾ ਹੋਇ ਤ ਲਿਖੀਐ
ਲੇਖੈ ਹੋਇ ਵਿਣਾਸੁ ॥

لیکھا ہوءِ ت لِکھیئے
لیکھے ہوءِ وِناسُ ॥

ਨਾਨਕ ਵਡਾ ਆਖੀਐ
ਆਪੇ ਜਾਣੈ ਆਪੁ ॥੨੨॥

نانک وڈا آکھیئے
آپے جانے آپُ ॥ 22 ॥

ਸਾਲਾਹੀ ਸਾਲਾਹਿ
ਏਤੀ ਸੁਰਤਿ ਨ ਪਾਈਆ ॥

سالاہی سالاہِ
ایتی سُرتِ ن پائیا ॥

ਨਦੀਆ ਅਤੈ ਵਾਹ
ਪਵਹਿ ਸਮੁੰਦਿ ਨ ਜਾਣੀਅਹਿ ॥

ندیِیا اتے واہ
پوہِ سمُنّدِ ن جانِیئہِ ॥

ਸਮੁੰਦ ਸਾਹ ਸੁਲਤਾਨ
ਗਿਰਹਾ ਸੇਤੀ ਮਾਲੁ ਧਨੁ ॥

سمُنّد ساہ سُلطان
گِرہا سیتی مالُ دھنُ ॥

ਕੀੜੀ ਤੁਲਿ ਨ ਹੋਵਨੀ
ਜੇ ਤਿਸੁ ਮਨਹੁ ਨ ਵੀਸਰਹਿ ॥੨੩॥

کیِڑی تُلِ ن ہوونی
جے تِسُ منہُ ن ویِسرہِ ॥ 23 ॥

ਅੰਤੁ ਨ ਸਿਫਤੀ ਕਹਣਿ ਨ ਅੰਤੁ ॥

انّتُ ن صِفتی کہنِ ن انّتُ ॥

ਅੰਤੁ ਨ ਕਰਣੈ ਦੇਣਿ ਨ ਅੰਤੁ ॥

انّتُ ن کرنے دینِ ن انّتُ ॥

ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥

انّتُ ن ویکھنِ سُنّنِ ن انّتُ ॥

ਅੰਤੁ ਨ ਜਾਪੈ ਕਿਆ ਮਨਿ ਮੰਤੁ ॥

انّتُ ن جاپے کیا منِ منّتُ ॥

ਅੰਤੁ ਨ ਜਾਪੈ ਕੀਤਾ ਆਕਾਰੁ ॥

انّتُ ن جاپے کیِتا آکارُ ॥

ਅੰਤੁ ਨ ਜਾਪੈ ਪਾਰਾਵਾਰੁ ॥

انّتُ ن جاپے پاراوارُ ॥

ਅੰਤ ਕਾਰਣਿ ਕੇਤੇ ਬਿਲਲਾਹਿ ॥

انّت کارنِ کیتے بِللاہِ ॥

ਤਾ ਕੇ ਅੰਤ ਨ ਪਾਏ ਜਾਹਿ ॥

تا کے انّت ن پائے جاہِ ॥

ਏਹੁ ਅੰਤੁ ਨ ਜਾਣੈ ਕੋਇ ॥

ایہُ انّتُ ن جانے کوءِ ॥

ਬਹੁਤਾ ਕਹੀਐ ਬਹੁਤਾ ਹੋਇ ॥

بہُتا کہیئے بہُتا ہوءِ ॥

ਵਡਾ ਸਾਹਿਬੁ ਊਚਾ ਥਾਉ ॥

وڈا صاحِبُ اوُچا تھاءُ ॥

ਊਚੇ ਊਪਰਿ ਊਚਾ ਨਾਉ ॥

اوُچے اوُپرِ اوُچا ناءُ ॥

ਏਵਡੁ ਊਚਾ ਹੋਵੈ ਕੋਇ ॥

ایوڈُ اوُچا ہووے کوءِ ॥

ਤਿਸੁ ਊਚੇ ਕਉ ਜਾਣੈ ਸੋਇ ॥	تِس اوُچے ک ءُ جانٹے سوءِ ॥
ਜੇਵਡੁ ਆਪਿ ਜਾਣੈ ਆਪਿ ਆਪਿ ॥	جیوڈُ آپِ جانٹے آپِ آپِ ॥
ਨਾਨਕ ਨਦਰੀ ਕਰਮੀ ਦਾਤਿ ॥੨੪॥	نانک ندری کرمی داتِ ॥ 24 ॥
ਬਹੁਤਾ ਕਰਮੁ ਲਿਖਿਆ ਨਾ ਜਾਇ ॥	بہُتا کرمُ لِکھیا نا جاءِ ॥
ਵਡਾ ਦਾਤਾ ਤਿਲੁ ਨ ਤਮਾਇ ॥	وڈا داتا تِلُ ن طماعِ ॥
ਕੇਤੇ ਮੰਗਹਿ ਜੋਧ ਅਪਾਰ ॥	کیتے منگہِ جودھ اپار ॥
ਕੇਤਿਆ ਗਣਤ ਨਹੀ ਵੀਚਾਰੁ ॥	کیتِیا گنٹت نہی ویچارُ ॥
ਕੇਤੇ ਖਪਿ ਤੁਟਹਿ ਵੇਕਾਰ ॥	کیتے کھپِ تُٹہِ ویکار ॥
ਕੇਤੇ ਲੈ ਲੈ ਮੁਕਰੁ ਪਾਹਿ ॥	کیتے لے لے مُکرُ پاہِ ॥
ਕੇਤੇ ਮੂਰਖ ਖਾਹੀ ਖਾਹਿ ॥	کیتے موُرکھ کھاہی کھاہِ ॥
ਕੇਤਿਆ ਦੂਖ ਭੂਖ ਸਦ ਮਾਰ ॥	کیتِیا دوُکھ بھوُکھ سد مار ॥
ਏਹਿ ਭਿ ਦਾਤਿ ਤੇਰੀ ਦਾਤਾਰ ॥	ایہِ بھِ داتِ تیری داتار ۔ ॥
ਬੰਦਿ ਖਲਾਸੀ ਭਾਣੈ ਹੋਇ ॥	بندِ خلاسی بھانٹے ہوءِ ॥
ਹੋਰੁ ਆਖਿ ਨ ਸਕੈ ਕੋਇ ॥	ہورُ آکھِ ن سکےَ کوءِ ॥
ਜੇ ਕੋ ਖਾਇਕੁ ਆਖਣਿ ਪਾਇ ॥	جے کو کھائِکُ آکھٹِ پاءِ ॥
ਓਹੁ ਜਾਣੈ ਜੇਤੀਆ ਮੁਹਿ ਖਾਇ ॥	اوہُ جانٹے جیتِیا مُہِ کھاءِ ॥
ਆਪੇ ਜਾਣੈ ਆਪੇ ਦੇਇ ॥	آپے جانٹے آپے دےءِ ॥
ਆਖਹਿ ਸਿ ਭਿ ਕੇਈ ਕੇਇ ॥	آکھہِ سِ بھِ کیئی کےءِ ॥
ਜਿਸ ਨੋ ਬਖਸੇ ਸਿਫਤਿ ਸਾਲਾਹ ॥	جِس نو بخشے صِفتِ سالاح ॥
ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥	نانک پاتِشاہی پاتِشاہُ ॥ 25 ॥
ਅਮੁਲ ਗੁਣ ਅਮੁਲ ਵਾਪਾਰ ॥	امُل گُنٹ امُل واپار ॥
ਅਮੁਲ ਵਾਪਾਰੀਏ ਅਮੁਲ ਭੰਡਾਰ ॥	امُل واپارِیے امُل بھنڈار ॥

ਅਮੁਲ ਆਵਹਿ ਅਮੁਲ ਲੈ ਜਾਹਿ ॥	ائل آوہِ ائل لے جاہِ ॥
ਅਮੁਲ ਭਾਇ ਅਮੁਲਾ ਸਮਾਹਿ ॥	ائل بھاءِ ائلا سماہِ ॥
ਅਮੁਲੁ ਧਰਮੁ ਅਮੁਲੁ ਦੀਬਾਣੁ ॥	ائلُ دھرمُ ائلُ دِیباںُ ॥
ਅਮੁਲੁ ਤੁਲੁ ਅਮੁਲੁ ਪਰਵਾਣੁ ॥	ائلُ تُلُ ائلُ پرواںُ ॥
ਅਮੁਲੁ ਬਖਸੀਸ ਅਮੁਲੁ ਨੀਸਾਣੁ ॥	ائلُ بخشِیس ائلُ نِیشاںُ ॥
ਅਮੁਲੁ ਕਰਮੁ ਅਮੁਲੁ ਫੁਰਮਾਣੁ ॥	ائلُ کرمُ ائلُ فُرماںُ ॥
ਅਮੁਲੋ ਅਮੁਲੁ ਆਖਿਆ ਨ ਜਾਇ ॥	ائلو ائلُ آکھیا ن جاءِ ॥
ਆਖਿ ਆਖਿ ਰਹੇ ਲਿਵ ਲਾਇ ॥	آکھِ آکھِ رہے لِو لاءِ ॥
ਆਖਹਿ ਵੇਦ ਪਾਠ ਪੁਰਾਣ ॥	آکھہِ وید پاٹھ پُراںٹ ॥
ਆਖਹਿ ਪੜੇ ਕਰਹਿ ਵਖਿਆਣ ॥	آکھہِ پڑے کرہِ وکھِیاںٹ ॥
ਆਖਹਿ ਬਰਮੇ ਆਖਹਿ ਇੰਦ ॥	آکھہِ برمے آکھہِ اِنّد ॥
ਆਖਹਿ ਗੋਪੀ ਤੈ ਗੋਵਿੰਦ ॥	آکھہِ گوپی تے گووِنّد ॥
ਆਖਹਿ ਈਸਰ ਆਖਹਿ ਸਿਧ ॥	آکھہِ ایسر آکھہِ سِدھ ॥
ਆਖਹਿ ਕੇਤੇ ਕੀਤੇ ਬੁਧ ॥	آکھہِ کیتے کِیتے بُدھ ॥
ਆਖਹਿ ਦਾਨਵ ਆਖਹਿ ਦੇਵ ॥	آکھہِ دانو آکھہِ دیو ॥
ਆਖਹਿ ਸੁਰਿ ਨਰ ਮੁਨਿ ਜਨ ਸੇਵ ॥	آکھہِ سُرِ نر مُنِ جن سیو ॥
ਕੇਤੇ ਆਖਹਿ ਆਖਣਿ ਪਾਹਿ ॥	کیتے آکھہِ آکھںٹِ پاہِ ॥
ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥	کیتے کہِ کہِ اُٹھِ اُٹھِ جاہِ ॥
ਏਤੇ ਕੀਤੇ ਹੋਰਿ ਕਰੇਹਿ ॥	ایتے کِیتے ہورِ کریہِ ॥
ਤਾ ਆਖਿ ਨ ਸਕਹਿ ਕੇਈ ਕੇਇ ॥	تا آکھِ ن سکہِ کیئی کےءِ ॥
ਜੇਵਡੁ ਭਾਵੈ ਤੇਵਡੁ ਹੋਇ ॥	جیوڈُ بھاوے تیوڈُ ہوءِ ॥
ਨਾਨਕ ਜਾਣੈ ਸਾਚਾ ਸੋਇ ॥	نانک جانٹے ساچا سوءِ ॥

ਜੇ ਕੋ ਆਖੈ ਬੋਲੁਵਿਗਾੜੁ ॥
ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥

جے کو آکھے بولُوِگاڑُ ॥
تا لِکھیئے سِرِ گاوارا گاوارُ ॥ 26 ॥

ਸੋ ਦਰੁ ਕੇਹਾ ਸੋ ਘਰੁ ਕੇਹਾ
ਜਿਤੁ ਬਹਿ ਸਰਬ ਸਮਾਲੇ ॥

سو درُ کیہا سو گھرُ کیہا
جِتُ بہِ سرب سمالے ॥

ਵਾਜੇ ਨਾਦ ਅਨੇਕ ਅਸੰਖਾ
ਕੇਤੇ ਵਾਵਣਹਾਰੇ ॥

واجے ناد انیک اسنکھا
کیتے واوٹہارے ॥

ਕੇਤੇ ਰਾਗ ਪਰੀ ਸਿਉ ਕਹੀਅਨਿ
ਕੇਤੇ ਗਾਵਣਹਾਰੇ ॥

کیتے راگ پری سِءُ کہیئنِ
کیتے گاوٹہارے ॥

ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ
ਗਾਵੈ ਰਾਜਾ ਧਰਮੁ ਦੁਆਰੇ ॥

گاوہِ تُہنو پَوُنُ پانی بیَسنتر
گاوے راجا دھرمُ دُیارے ॥

ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ
ਲਿਖਿ ਲਿਖਿ ਧਰਮੁ ਵੀਚਾਰੇ ॥

گاوہِ چِتُ گُپتُ لِکھِ جاٹہِ
لِکھِ لِکھِ دھرمُ ویچارے ॥

ਗਾਵਹਿ ਈਸਰੁ ਬਰਮਾ ਦੇਵੀ
ਸੋਹਨਿ ਸਦਾ ਸਵਾਰੇ ॥

گاوہِ ایسرُ برما دیوی
سوہنِ سدا سوارے ॥

ਗਾਵਹਿ ਇੰਦ ਇਦਾਸਣਿ ਬੈਠੇ
ਦੇਵਤਿਆ ਦਰਿ ਨਾਲੇ ॥

گاوہِ اِندَ اِداسنِ بیٹھے
دیوتیا درِ نالے ॥

ਗਾਵਹਿ ਸਿਧ ਸਮਾਧੀ ਅੰਦਰਿ
ਗਾਵਨਿ ਸਾਧ ਵਿਚਾਰੇ ॥

گاوہِ سِدھ سمادھی اندرِ
گاونِ سادھ وِچارے ॥

ਗਾਵਨਿ ਜਤੀ ਸਤੀ ਸੰਤੋਖੀ
ਗਾਵਹਿ ਵੀਰ ਕਰਾਰੇ ॥

گاونِ جتی ستی سنتوکھی
گاوہِ ویر کرارے ॥

ਗਾਵਨਿ ਪੰਡਿਤ ਪੜਨਿ ਰਖੀਸਰ
ਜੁਗੁ ਜੁਗੁ ਵੇਦਾ ਨਾਲੇ ॥

گاونِ پنڈِت پڑنِ رکھیسر
جُگُ جُگُ ویدا نالے ॥

ਗਾਵਹਿ ਮੋਹਣੀਆ ਮਨੁ ਮੋਹਨਿ
ਸੁਰਗਾ ਮਛ ਪਇਆਲੇ ॥

گاوہِ موہنیا منُ موہنِ
سُرگا مچھ پئیالے ॥

ਗਾਵਨਿ ਰਤਨ ਉਪਾਏ ਤੇਰੇ

گاونِ رتن اُپائے تیرے

ਅਠਸਠਿ ਤੀਰਥ ਨਾਲੇ ॥

اٹھسٹھِ تیرتھ نالے ॥

ਗਾਵਹਿ ਜੋਧ ਮਹਾਬਲ ਸੂਰਾ
ਗਾਵਹਿ ਖਾਣੀ ਚਾਰੇ ॥

گاوہِ جودھ مہابل سُورا
گاوہِ کھانی چارے ॥

ਗਾਵਹਿ ਖੰਡ ਮੰਡਲ ਵਰਭੰਡਾ
ਕਰਿ ਕਰਿ ਰਖੇ ਧਾਰੇ ॥

گاوہِ کھنڈ منڈل وربھنڈا
کرِ کرِ رکھے دھارے ॥

ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ
ਰਤੇ ਤੇਰੇ ਭਗਤ ਰਸਾਲੇ ॥

سیئی تُدھُنو گاوہِ جو تُدھُ بھاونِ
رتے تیرے بھگت رسالے ॥

ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ
ਨਾਨਕੁ ਕਿਆ ਵੀਚਾਰੇ ॥

ہورِ کیتے گاونِ سے مے چِتِ ن آونِ
نانکُ کیا ویچارے ۔ ॥

ਸੋਈ ਸੋਈ ਸਦਾ ਸਚੁ
ਸਾਹਿਬੁ ਸਾਚਾ ਸਾਚੀ ਨਾਈ ॥

سوئی سوئی سدا سچُ
صاحِبُ ساچا ساچی نائی ॥

ਹੈ ਭੀ ਹੋਸੀ ਜਾਇ ਨ ਜਾਸੀ
ਰਚਨਾ ਜਿਨਿ ਰਚਾਈ ॥

ہے بھی ہوسی جاءِ ن جاسی
رچنا جِنِ رچائی ॥

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ
ਮਾਇਆ ਜਿਨਿ ਉਪਾਈ ॥

رنگی رنگی بھاتی کرِ کرِ جِنسی
مائیا جِنِ اُپائی ॥

ਕਰਿ ਕਰਿ ਵੇਖੈ ਕੀਤਾ ਆਪਣਾ
ਜਿਵ ਤਿਸ ਦੀ ਵਡਿਆਈ ॥

کرِ کرِ ویکھے کیتا آپنا
جِو تِس دی وڈیائی ॥

ਜੋ ਤਿਸੁ ਭਾਵੈ ਸੋਈ ਕਰਸੀ
ਹੁਕਮੁ ਨ ਕਰਣਾ ਜਾਈ ॥

جو تِس بھاوے سوئی کرسی
حُکمُ ن کرنا جائی ॥

ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ
ਨਾਨਕ ਰਹਣੁ ਰਜਾਈ ॥੨੭॥

سو پاتِشاہُ ساہا پاتِشاہِبُ
نانک رہنُ رضائی ॥ 27 ॥

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ
ਧਿਆਨ ਕੀ ਕਰਹਿ ਬਿਭੂਤਿ ॥

مُندا سنتوکھُ سرمُ پتُ جھولی
دھیان کی کرہِ بِبھوتِ ॥

ਖਿੰਥਾ ਕਾਲੁ ਕੁਆਰੀ ਕਾਇਆ
ਜੁਗਤਿ ਡੰਡਾ ਪਰਤੀਤਿ ॥

کھِنتھا کالُ کُیاری کائیا
جُگتِ ڈنڈا پرتیتِ ॥

ਆਈ ਪੰਥੀ ਸਗਲ ਜਮਾਤੀ
ਮਨਿ ਜੀਤੈ ਜਗੁ ਜੀਤੁ ॥

آئی پنتھی سگل جماطی
منِ جیتے جگُ جیتُ ॥

ਆਦੇਸੁ ਤਿਸੈ ਆਦੇਸੁ ॥

آدیسُ تِسے آدیسُ ॥

ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥੨੮॥

آدِ انیِلُ انادِ اناہتِ
جُگُ جُگُ ایکو ویسُ ॥ 28 ॥

ਭੁਗਤਿ ਗਿਆਨੁ ਦਇਆ ਭੰਡਾਰਣਿ
ਘਟਿ ਘਟਿ ਵਾਜਹਿ ਨਾਦ ॥

بھُگتِ گیانُ دیئا بھنڈارنِ
گھٹِ گھٹِ واجہِ ناد ॥

ਆਪਿ ਨਾਥੁ ਨਾਥੀ ਸਭ ਜਾ ਕੀ
ਰਿਧਿ ਸਿਧਿ ਅਵਰਾ ਸਾਦ ॥

آپِ ناتھُ ناتھی سبھ جا کی
رِدھِ سِدھِ اورا ساد ॥

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ
ਲੇਖੇ ਆਵਹਿ ਭਾਗ ॥

سنجوگُ وِجوگُ دُءِ کار چلاوہِ
لیکھے آوہِ بھاگ ॥

ਆਦੇਸੁ ਤਿਸੈ ਆਦੇਸੁ ॥

آدیسُ تِسے آدیسُ ॥

ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥੨੯॥

آدِ انیِلُ انادِ اناہتِ
جُگُ جُگُ ایکو ویسُ ॥ 29 ॥

ਏਕਾ ਮਾਈ ਜੁਗਤਿ ਵਿਆਈ
ਤਿਨਿ ਚੇਲੇ ਪਰਵਾਣੁ ॥

ایکا مائی جُگتِ وِیائی
تِنِ چیلے پرواںُ ॥

ਇਕੁ ਸੰਸਾਰੀ ਇਕੁ ਭੰਡਾਰੀ
ਇਕੁ ਲਾਏ ਦੀਬਾਣੁ ॥

اِکُ سنساری اِکُ بھنڈاری
اِکُ لائے دیبانُ ॥

ਜਿਵ ਤਿਸੁ ਭਾਵੈ ਤਿਵੈ ਚਲਾਵੈ
ਜਿਵ ਹੋਵੈ ਫੁਰਮਾਣੁ ॥

جِو تِسُ بھاوے تِوے چلاوے
جِو ہووے فُرمانُ ॥

ਓਹੁ ਵੇਖੈ ਓਨਾ ਨਦਰਿ ਨ ਆਵੈ
ਬਹੁਤਾ ਏਹੁ ਵਿਡਾਣੁ ॥

اوہُ ویکھے اونا ندرِ ن آوے
بہُتا ایہُ وِڈانُ ॥

ਆਦੇਸੁ ਤਿਸੈ ਆਦੇਸੁ ॥

آدیسُ تِسے آدیسُ ॥

ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥੩੦॥

آدِ انیِلُ انادِ اناہتِ
جُگُ جُگُ ایکو ویسُ ॥ 30 ॥

ਆਸਣੁ ਲੋਇ ਲੋਇ ਭੰਡਾਰ ॥
آسنُ لوءِ لوءِ بھنڈار ॥

ਜੋ ਕਿਛੁ ਪਾਇਆ ਸੁ ਏਕਾ ਵਾਰ ॥
جو کِچھُ پائیا سُ ایکا وار ॥

ਕਰਿ ਕਰਿ ਵੇਖੈ ਸਿਰਜਣਹਾਰੁ ॥
کرِ کرِ ویکھے سِرجنہارُ ॥

ਨਾਨਕ ਸਚੇ ਕੀ ਸਾਚੀ ਕਾਰ ॥
نانک سچے کی ساچی کار ॥

ਆਦੇਸੁ ਤਿਸੈ ਆਦੇਸੁ ॥
آدیسُ تِسے آدیسُ ॥

ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥੩੧॥
آدِ انیلُ انادِ اناہتِ
جُگُ جُگُ ایکو ویسُ ॥ 31 ॥

ਇਕ ਦੂ ਜੀਭੌ ਲਖ ਹੋਹਿ
ਲਖ ਹੋਵਹਿ ਲਖ ਵੀਸ ॥
اِک دوُ جِیبھوَ لکھ ہوہِ
لکھ ہووہِ لکھ ویِس ॥

ਲਖੁ ਲਖੁ ਗੇੜਾ ਆਖੀਅਹਿ
ਏਕੁ ਨਾਮੁ ਜਗਦੀਸ ॥
لکھُ لکھُ گیڑا آکھِیئہِ
ایکُ نامُ جگدیِس ॥

ਏਤੁ ਰਾਹਿ ਪਤਿ ਪਵੜੀਆ
ਚੜੀਐ ਹੋਇ ਇਕੀਸ ॥
ایتُ راہِ پتِ پوڑیِیا
چڑیِےَ ہوءِ اِکیِس ॥

ਸੁਣਿ ਗਲਾ ਆਕਾਸ ਕੀ
ਕੀਟਾ ਆਈ ਰੀਸ ॥
سُنِ گلا آکاس کی
کیِٹا آئی ریِس ॥

ਨਾਨਕ ਨਦਰੀ ਪਾਈਐ
ਕੂੜੀ ਕੂੜੈ ਠੀਸ ॥੩੨॥
نانک ندری پائیِےَ
کوُڑی کوُڑے ٹھیِس ॥ 32 ॥

ਆਖਣਿ ਜੋਰੁ ਚੁਪੈ ਨਹ ਜੋਰੁ ॥
آکھنِ زورُ چُپے نہ زورُ ॥

ਜੋਰੁ ਨ ਮੰਗਣਿ ਦੇਣਿ ਨ ਜੋਰੁ ॥
زورُ ن منگنِ دینِ ن زورُ ॥

ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥
زورُ ن جیِونِ مرنِ نہ زورُ ॥

ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥
زورُ ن راجِ مالِ منِ سورُ ॥

ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥
زورُ ن سُرتی گیِانِ ویِچارِ ॥

ਜੋਰੁ ਨ ਜੁਗਤੀ ਛੁਟੈ ਸੰਸਾਰੁ ॥
زورُ ن جُگتی چھُٹے سنسارُ ॥

ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥
جِسُ ہتھِ زورُ کرِ ویکھے سوءِ ॥

ਨਾਨਕ ਉਤਮੁ ਨੀਚੁ ਨ ਕੋਇ ॥੩੩॥

نانک اُتمُ نیچُ ن کوءِ ॥ 33 ॥

ਰਾਤੀ ਰੁਤੀ ਥਿਤੀ ਵਾਰ ॥

راتی رُتی تھِتی وار ॥

ਪਵਣ ਪਾਣੀ ਅਗਨੀ ਪਾਤਾਲ ॥

پوٗن پانٹی اگنی پاتال ॥

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥

تِس وِچِ دھرتی تھاپِ رکھی دھرم سال ॥

ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥

تِس وِچِ جیء جُگتِ کے رنگ ॥

ਤਿਨ ਕੇ ਨਾਮ ਅਨੇਕ ਅਨੰਤ ॥

تِن کے نام انیک اننّت ॥

ਕਰਮੀ ਕਰਮੀ ਹੋਇ ਵੀਚਾਰੁ ॥

کرمی کرمی ہوءِ ویچارُ ॥

ਸਚਾ ਆਪਿ ਸਚਾ ਦਰਬਾਰੁ ॥

سچا آپِ سچا دربارُ ॥

ਤਿਥੈ ਸੋਹਨਿ ਪੰਚ ਪਰਵਾਣੁ ॥

تِتھے سوہنِ پنچؔ پرواںُ ॥

ਨਦਰੀ ਕਰਮਿ ਪਵੈ ਨੀਸਾਣੁ ॥

ندری کرمِ پوے نِیشاںُ ॥

ਕਚ ਪਕਾਈ ਓਥੈ ਪਾਇ ॥

کچ پکائی اوتھے پاءِ ॥

ਨਾਨਕ ਗਇਆ ਜਾਪੈ ਜਾਇ ॥੩੪॥

نانک گئیا جاپے جاءِ ॥ 34 ॥

ਧਰਮ ਖੰਡ ਕਾ ਏਹੋ ਧਰਮੁ ॥

دھرم کھنڈ کا ایہو دھرمُ ॥

ਗਿਆਨ ਖੰਡ ਕਾ ਆਖਹੁ ਕਰਮੁ ॥

گیان کھنڈ کا آکھہُ کرمُ ॥

ਕੇਤੇ ਪਵਣ ਪਾਣੀ ਵੈਸੰਤਰ
ਕੇਤੇ ਕਾਨ ਮਹੇਸ ॥

کیتے پوٗن پانٹی ویَسنّتر
کیتے کان مہیس ॥

ਕੇਤੇ ਬਰਮੇ ਘਾੜਤਿ ਘੜੀਅਹਿ
ਰੂਪ ਰੰਗ ਕੇ ਵੇਸ ॥

کیتے برمے گھاڑتِ گھڑیئہِ
روُپ رنگ کے ویس ॥

ਕੇਤੀਆ ਕਰਮ ਭੂਮੀ ਮੇਰ ਕੇਤੇ
ਕੇਤੇ ਧੂ ਉਪਦੇਸ ॥

کیتیا کرم بھوُمی میر کیتے
کیتے دھوُ اُپدیس ॥

ਕੇਤੇ ਇੰਦ ਚੰਦ ਸੂਰ ਕੇਤੇ
ਕੇਤੇ ਮੰਡਲ ਦੇਸ ॥

کیتے اِندّ چندّ سوُر کیتے
کیتے منڈل دیس ॥

ਕੇਤੇ ਸਿਧ ਬੁਧ ਨਾਥ ਕੇਤੇ
ਕੇਤੇ ਦੇਵੀ ਵੇਸ ॥

کیتے سِدھ بُدھ ناتھ کیتے

کیتے دیوی ویس ॥

کیتے دیو دانو مُنِ کیتے
کیتے رتن سمُنّد ॥

کیتِیا کھانی کیتِیا بانی
کیتے پات نرِنّد ॥

کیتِیا سُرتی سیوک کیتے
نانک انتُ ن انتُ ॥ 35 ॥

گِیان کھنڈ مہِ گِیانُ پرچنڈُ ॥

تِتھے ناد بِنود
کوڈ انندُ ॥

سرم کھنڈ کی بانی روُپُ ॥

تِتھے گھاڑتِ گھڑِیے
بہُت انوُپُ ॥

تا کِیا گلا
کتھِیا نا جاہِ ॥

جے کو کہے پچھے پچھُتاءِ ॥

تِتھے گھڑِیے
سُرتِ متِ منِ بُدھِ ॥

تِتھے گھڑِیے
سُرا سِدھا کی سُدھِ ॥ 36 ॥

کرم کھنڈ کی بانی زورُ ॥

تِتھے ہورُ ن کوئی ہورُ ॥

تِتھے جودھ مہابل سوُر ॥

تِن مہِ رامُ رہِیا بھرپوُر ॥

ਕੇਤੇ ਦੇਵ ਦਾਨਵ ਮੁਨਿ ਕੇਤੇ
ਕੇਤੇ ਰਤਨ ਸਮੁੰਦ ॥

ਕੇਤੀਆ ਖਾਣੀ ਕੇਤੀਆ ਬਾਣੀ
ਕੇਤੇ ਪਾਤ ਨਰਿੰਦ ॥

ਕੇਤੀਆ ਸੁਰਤੀ ਸੇਵਕ ਕੇਤੇ
ਨਾਨਕ ਅੰਤੁ ਨ ਅੰਤੁ ॥੩੫॥

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥

ਤਿਥੈ ਨਾਦ ਬਿਨੋਦ
ਕੋਡ ਅਨੰਦੁ ॥

ਸਰਮ ਖੰਡ ਕੀ ਬਾਣੀ ਰੂਪੁ ॥

ਤਿਥੈ ਘਾੜਤਿ ਘੜੀਐ
ਬਹੁਤੁ ਅਨੂਪੁ ॥

ਤਾ ਕੀਆ ਗਲਾ
ਕਥੀਆ ਨਾ ਜਾਹਿ ॥

ਜੇ ਕੋ ਕਹੈ ਪਿਛੈ ਪਛੁਤਾਇ ॥

ਤਿਥੈ ਘੜੀਐ
ਸੁਰਤਿ ਮਤਿ ਮਨਿ ਬੁਧਿ ॥

ਤਿਥੈ ਘੜੀਐ
ਸੁਰਾ ਸਿਧਾ ਕੀ ਸੁਧਿ ॥੩੬॥

ਕਰਮ ਖੰਡ ਕੀ ਬਾਣੀ ਜੋਰੁ ॥

ਤਿਥੈ ਹੋਰੁ ਨ ਕੋਈ ਹੋਰੁ ॥

ਤਿਥੈ ਜੋਧ ਮਹਾਬਲ ਸੂਰ ॥

ਤਿਨ ਮਹਿ ਰਾਮੁ ਰਹਿਆ ਭਰਪੂਰ ॥

ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥	تِتھے سِیتو سِیتا مہِما ماہِ ॥
ਤਾ ਕੇ ਰੂਪ ਨ ਕਥਨੇ ਜਾਹਿ ॥	تا کے روُپ ن کتھنے جاہِ ॥
ਨਾ ਓਹਿ ਮਰਹਿ ਨ ਠਾਗੇ ਜਾਹਿ ॥	نا اوہِ مرہِ ن ٹھاگے جاہِ ॥
ਜਿਨ ਕੈ ਰਾਮੁ ਵਸੈ ਮਨ ਮਾਹਿ ॥	جِن کے رامُ وسے من ماہِ ॥
ਤਿਥੈ ਭਗਤ ਵਸਹਿ ਕੇ ਲੋਅ ॥	تِتھے بھگت وسہِ کے لوء ॥
ਕਰਹਿ ਅਨੰਦੁ ਸਚਾ ਮਨਿ ਸੋਇ ॥	کرہِ انندُ سچا منِ سوءِ ॥
ਸਚ ਖੰਡਿ ਵਸੈ ਨਿਰੰਕਾਰੁ ॥	سچ کھنڈِ وسے نِرنکارُ ॥
ਕਰਿ ਕਰਿ ਵੇਖੈ ਨਦਰਿ ਨਿਹਾਲ ॥	کرِ کرِ ویکھے ندرِ نِہال ॥
ਤਿਥੈ ਖੰਡ ਮੰਡਲ ਵਰਭੰਡ ॥	تِتھے کھنڈ منڈل وربھنڈ ॥
ਜੇ ਕੋ ਕਥੈ ਤ ਅੰਤ ਨ ਅੰਤ ॥	جے کو کتھے ت انّت ن انّت ॥
ਤਿਥੈ ਲੋਅ ਲੋਅ ਆਕਾਰ ॥	تِتھے لوء لوء آکار ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥	جِو جِو حُکمُ تِوے تِو کار ॥
ਵੇਖੈ ਵਿਗਸੈ ਕਰਿ ਵੀਚਾਰੁ ॥	ویکھے وِگسے کرِ ویچارُ ॥
ਨਾਨਕ ਕਥਨਾ ਕਰੜਾ ਸਾਰੁ ॥੩੭॥	نانک کتھنا کرڑا سارُ ॥ 37 ॥
ਜਤੁ ਪਾਹਾਰਾ ਧੀਰਜੁ ਸੁਨਿਆਰੁ ॥	جتُ پاہارا دھیرجُ سُنیارُ ॥
ਅਹਰਣਿ ਮਤਿ ਵੇਦੁ ਹਥੀਆਰੁ ॥	اہرنِ متِ ویدُ ہتھیارُ ॥
ਭਉ ਖਲਾ ਅਗਨਿ ਤਪ ਤਾਉ ॥	بھءُ کھلا اگنِ تپ تاءُ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥	بھانڈا بھاءُ انّمرِتُ تِتُ ڈھالِ ॥
ਘੜੀਐ ਸਬਦੁ ਸਚੀ ਟਕਸਾਲ ॥	گھڑیے سبدُ سچی ٹکسال ॥
ਜਿਨ ਕਉ ਨਦਰਿ ਕਰਮੁ ਤਿਨ ਕਾਰ ॥	جِن کءُ ندرِ کرمُ تِن کار ॥
ਨਾਨਕ ਨਦਰੀ ਨਦਰਿ ਨਿਹਾਲ ॥੩੮॥	نانک ندری ندرِ نِہال ॥ 38 ॥
ਸਲੋਕੁ ॥	سلوکُ ॥
ਪਵਣੁ ਗੁਰੂ ਪਾਣੀ ਪਿਤਾ	پونُ گُرو پانی پِتا

ਮਾਤਾ ਧਰਤਿ ਮਹਤੁ ॥

ماتا دھرتِ مہتُ ॥

ਦਿਵਸੁ ਰਾਤਿ ਦੁਇ ਦਾਈ ਦਾਇਆ
ਖੇਲੈ ਸਗਲ ਜਗਤੁ ॥

دِوسُ راتِ دُءِ دائی دائیا
کھیلےَ سگل جگتُ ॥

ਚੰਗਿਆਈਆ ਬੁਰਿਆਈਆ
ਵਾਚੈ ਧਰਮੁ ਹਦੂਰਿ ॥

چنگیائیا بُریائیا
واچےَ دھرمُ حدوُرِ ॥

ਕਰਮੀ ਆਪੋ ਆਪਣੀ
ਕੇ ਨੇੜੈ ਕੇ ਦੂਰਿ ॥

کرمی آپو آپنی
کے نیڑےَ کے دوُرِ ॥

ਜਿਨੀ ਨਾਮੁ ਧਿਆਇਆ
ਗਏ ਮਸਕਤਿ ਘਾਲਿ ॥

جِنی نامُ دھیائیا
گۓ مشقتِ گھالِ ॥

ਨਾਨਕ ਤੇ ਮੁਖ ਉਜਲੇ
ਕੇਤੀ ਛੁਟੀ ਨਾਲਿ ॥੧॥

نانک تے مُکھ اُجلے
کیتی چھُٹی نالِ ॥1॥

ਸੋ ਦਰੁ ਰਾਗੁ ਆਸਾ ਮਹਲਾ ੧

سو دُر راگُ آسا محلا 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ
ਜਿਤੁ ਬਹਿ ਸਰਬ ਸਮਾਲੇ ॥

سو دُر تیرا کیہا سو گھرُ کیہا
جِتُ بہِ سرب سمالے ॥

ਵਾਜੇ ਤੇਰੇ ਨਾਦ ਅਨੇਕ ਅਸੰਖਾ
ਕੇਤੇ ਤੇਰੇ ਵਾਵਣਹਾਰੇ ॥

واجے تیرے ناد انیک اسنکھا
کیتے تیرے واوٹہارے ॥

ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ
ਕੇਤੇ ਤੇਰੇ ਗਾਵਣਹਾਰੇ ॥

کیتے تیرے راگ پری سِءُ کہیئہِ
کیتے تیرے گاوٹہارے ॥

ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ
ਗਾਵੈ ਰਾਜਾ ਧਰਮੁ ਦੁਆਰੇ ॥

گاونِ تُدھنو پونُ پانی بیَسنّترُ
گاوےَ راجا دھرمُ دُیارے ॥

ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ
ਲਿਖਿ ਲਿਖਿ ਧਰਮੁ ਬੀਚਾਰੇ ॥

گاونِ تُدھنو چِتُ گُپتُ لِکھِ جانّنِ
لِکھِ لِکھِ دھرمُ بیچارے ॥

ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ
ਸੋਹਨਿ ਤੇਰੇ ਸਦਾ ਸਵਾਰੇ ॥

گاونِ تُدھنو ایسرُ برّہما دیوی
سوہنِ تیرے سدا سوارے ॥

ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ
ਦੇਵਤਿਆ ਦਰਿ ਨਾਲੇ ॥

گاونِ تُدھنو اِنّدر اِنّدراسنِ بیٹھے
دیوتیا درِ نالے ॥

ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ
ਗਾਵਨਿ ਤੁਧਨੋ ਸਾਧ ਬੀਚਾਰੇ ॥

گاونِ تُدھنو سِدھ سمادھی اندرِ
گاونِ تُدھنو سادھ بیچارے ॥

ਗਾਵਨਿ ਤੁਧਨੋ ਜਤੀ ਸਤੀ ਸੰਤੋਖੀ
ਗਾਵਨਿ ਤੁਧਨੋ ਵੀਰ ਕਰਾਰੇ ॥

گاونِ تُدھنو جتی ستی سنتوکھی
گاونِ تُدھنو ویر کرارے ॥

ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ
ਜੁਗੁ ਜੁਗੁ ਵੇਦਾ ਨਾਲੇ ॥

گاونِ تُدھنو پنڈِت پڑنِ رکھیسُر
جُگ جُگ ویدا نالے ॥

ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ
ਸੁਰਗੁ ਮਛੁ ਪਇਆਲੇ ॥

گاونِ تُدھنو موہنیا منُ موہنِ
سُرگُ مچھُ پیالے ॥

ਗਾਵਨਿ ਤੁਧਨੋ ਰਤਨ ਉਪਾਏ ਤੇਰੇ
ਅਠਸਠਿ ਤੀਰਥ ਨਾਲੇ ॥

گاونِ تُدھنو رتن اُپائے تیرے
اٹھسٹھِ تیرتھ نالے ॥

ਗਾਵਨਿ ਤੁਧਨੋ ਜੋਧ ਮਹਾਬਲ ਸੂਰਾ
ਗਾਵਨਿ ਤੁਧਨੋ ਖਾਣੀ ਚਾਰੇ ॥

گاونِ تُدھنو جودھ مہابل سُورا
گاونِ تُدھنو کھانی چارے ॥

ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ
ਕਰਿ ਕਰਿ ਰਖੇ ਤੇਰੇ ਧਾਰੇ ॥

گاونِ تُدھنو کھنڈ منڈل برہمنڈا
کرِ کرِ رکھے تیرے دھارے ॥

ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ
ਰਤੇ ਤੇਰੇ ਭਗਤ ਰਸਾਲੇ ॥

سیئی تُدھنو گاونِ جو تُدھُ بھاونِ
رتے تیرے بھگت رسالے ॥

ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ
ਨਾਨਕੁ ਕਿਆ ਬੀਚਾਰੇ ॥

ہورِ کیتے تُدھنو گاونِ سے مے چِتِ ن آونِ
نانکُ کیا بیچارے ۔ ॥

ਸੋਈ ਸੋਈ ਸਦਾ ਸਚੁ
ਸਾਹਿਬੁ ਸਾਚਾ ਸਾਚੀ ਨਾਈ ॥

سوئی سوئی سدا سچُ
صاحِبُ ساچا ساچی نائی ॥

ਹੈ ਭੀ ਹੋਸੀ ਜਾਇ ਨ ਜਾਸੀ
ਰਚਨਾ ਜਿਨਿ ਰਚਾਈ ॥

ہے بھی ہوسی جاءِ ن جاسی
رچنا جِنِ رچائی ॥

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ
ਮਾਇਆ ਜਿਨਿ ਉਪਾਈ ॥

رنگی رنگی بھاتی کرِ کرِ جِنسی

ਮਾਇਆ ਜਿਨਿ ਉਪਾਈ ॥ مائیا جِنِ اُپائی ॥

ਕਰਿ ਕਰਿ ਦੇਖੈ ਕੀਤਾ ਆਪਣਾ
ਜਿਉ ਤਿਸ ਦੀ ਵਡਿਆਈ ॥

کرِ کرِ ویکھے کِیتا آپنا
جِءُ تِس دی وڈِیائی ॥

ਜੋ ਤਿਸੁ ਭਾਵੈ ਸੋਈ ਕਰਸੀ
ਫਿਰਿ ਹੁਕਮੁ ਨ ਕਰਣਾ ਜਾਈ ॥

جو تِس بھاوے سوئی کرسی
پھِرِ حُکمُ ن کرنا جائی ॥

ਸੋ ਪਾਤਿਸਾਹੁ ਸਾਹਾ ਪਤਿਸਾਹਿਬੁ
ਨਾਨਕ ਰਹਣੁ ਰਜਾਈ ॥੧॥

سو پاتِشاہُ ساہا پتِساہِبُ
نانک رہنُ رضائی ॥1॥

ਆਸਾ ਮਹਲਾ ੧ ॥

آسا محلا 1 ॥

ਸੁਣਿ ਵਡਾ ਆਖੈ ਸਭੁ ਕੋਇ ॥

سُنِ وڈا آکھے سبھُ کوءِ ॥

ਕੇਵਡੁ ਵਡਾ ਡੀਠਾ ਹੋਇ ॥

کیوڈُ وڈا ڈِیٹھا ہوءِ ॥

ਕੀਮਤਿ ਪਾਇ ਨ ਕਹਿਆ ਜਾਇ ॥

قِیمتِ پاءِ ن کہِیا جاءِ ॥

ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥

کہنّے والے تیرے رہے سماءِ ॥1॥

ਵਡੇ ਮੇਰੇ ਸਾਹਿਬਾ
ਗਹਿਰ ਗੰਭੀਰਾ ਗੁਣੀ ਗਹੀਰਾ ॥

وڈے میرے صاہِبا
گہِر گنبھِیرا گُنی گہِیرا ۔ ॥

ਕੋਇ ਨ ਜਾਣੈ
ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥

کوءِ ن جانّے
تیرا کیتا کیوڈُ چِیرا ۔ ॥1॥ رہاءُ ॥

ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥

سبھِ سُرتی مِلِ سُرتِ کمائی ॥

ਸਭ ਕੀਮਤਿ ਮਿਲਿ ਕੀਮਤਿ ਪਾਈ ॥

سبھ قِیمتِ مِلِ قِیمتِ پائی ॥

ਗਿਆਨੀ ਧਿਆਨੀ ਗੁਰ ਗੁਰਹਾਈ ॥

گِیانی دھِیانی گُر گُرہائی ॥

ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥

کہنُ ن جائی تیری تِلُ وڈِیائی ॥2॥

ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥

سبھِ ست سبھِ تپ سبھِ چنگِیائِیا ॥

ਸਿਧਾ ਪੁਰਖਾ ਕੀਆ ਵਡਿਆਈਆ ॥

سِدھا پُرکھا کِیا وڈِیائِیا ॥

ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥

تُدھُ وِنُ سِدھی کِنے ن پائِیا ॥

ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥	کرمِ مِلےَ ناہی ٹھاکِ رہائیا ॥3॥
ਆਖਣ ਵਾਲਾ ਕਿਆ ਵੇਚਾਰਾ ॥	آکھنؔ والا کِیا ویچارا ۔ ॥
ਸਿਫਤੀ ਭਰੇ ਤੇਰੇ ਭੰਡਾਰਾ ॥	صِفتی بھرے تیرے بھنڈارا ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥	جِسُ توُ دیہِ تِسےَ کِیا چارا ۔ ॥
ਨਾਨਕ ਸਚੁ ਸਵਾਰਣਹਾਰਾ ॥੪॥੨॥	نانک سچُ سوارنہارا ॥4॥2॥
ਆਸਾ ਮਹਲਾ ੧ ॥	آسا محلا 1 ॥
ਆਖਾ ਜੀਵਾ ਵਿਸਰੈ ਮਰਿ ਜਾਉ ॥	آکھا جیِوا وِسرےَ مرِ جاءُ ॥
ਆਖਣਿ ਅਉਖਾ ਸਾਚਾ ਨਾਉ ॥	آکھنِؔ انکھا ساچا ناءُ ॥
ਸਾਚੇ ਨਾਮ ਕੀ ਲਾਗੈ ਭੂਖ ॥	ساچے نام کی لاگے بھوُکھ ॥
ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥	اُتُ بھوُکھےَ کھاءِ چلِیئہِ دوُکھ ॥1॥
ਸੋ ਕਿਉ ਵਿਸਰੈ ਮੇਰੀ ਮਾਇ ॥	سو کِءُ وِسرےَ میری ماءِ ۔ ॥
ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥	ساچا صاحِبُ ساچےَ ناءِ ॥1॥ رہاءُ ॥
ਸਾਚੇ ਨਾਮ ਕੀ ਤਿਲੁ ਵਡਿਆਈ ॥	ساچے نام کی تِلُ وڈِیائی ॥
ਆਖਿ ਥਕੇ ਕੀਮਤਿ ਨਹੀ ਪਾਈ ॥	آکھِ تھکے قِیمتِ نہی پائی ॥
ਜੇ ਸਭਿ ਮਿਲਿ ਕੈ ਆਖਣ ਪਾਹਿ ॥	جے سبھِ مِلِ کے آکھنؔ پاہِ ॥
ਵਡਾ ਨ ਹੋਵੈ ਘਾਟਿ ਨ ਜਾਇ ॥੨॥	وڈا ن ہووےَ گھاٹِ ن جاءِ ॥2॥
ਨਾ ਓਹੁ ਮਰੈ ਨ ਹੋਵੈ ਸੋਗੁ ॥	نا اوہُ مرےَ ن ہووےَ سوگُ ॥
ਦੇਦਾ ਰਹੈ ਨ ਚੂਕੈ ਭੋਗੁ ॥	دیدا رہےَ ن چوُکےَ بھوگُ ॥
ਗੁਣੁ ਏਹੋ ਹੋਰੁ ਨਾਹੀ ਕੋਇ ॥	گُنُؔ ایہو ہورُ ناہی کوءِ ॥
ਨਾ ਕੋ ਹੋਆ ਨਾ ਕੋ ਹੋਇ ॥੩॥	نا کو ہویا نا کو ہوءِ ॥3॥
ਜੇਵਡੁ ਆਪਿ ਤੇਵਡ ਤੇਰੀ ਦਾਤਿ ॥	جیوڈُ آپِ تیوڈ تیری داتِ ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥	جِنِ دِنُ کرِ کے کِیتی راتِ ॥

ਖਸਮੁ ਵਿਸਾਰਹਿ ਤੇ ਕਮਜਾਤਿ ॥	خصمُ وِسارہِ تے کمجاتِ ॥
ਨਾਨਕ ਨਾਵੈ ਬਾਝੁ ਸਨਾਤਿ ॥੪॥੩॥	نانک ناوےَ باجھُ سناتِ ॥4॥3॥
ਰਾਗੁ ਗੂਜਰੀ ਮਹਲਾ ੪ ॥	راگُ گوُجری محلا 4 ॥
ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥	ہرِ کے جن ستِگُر ستپُرکھا بِن ءُ کرءُ گُر پاسِ ॥
ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥	ہم کیِرے کِرم ستِگُر سرٹائی کرِ دئیا نامُ پرگاسِ ॥1॥
ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥	میرے میت گُردیو مو ک ءُ رام نامُ پرگاسِ ॥
ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥	گُرمتِ نامُ میرا پّران سکھائی ہرِ کیِرتِ ہمری رہراسِ ॥1॥ رہاءُ ॥
ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥	ہرِ جن کے وڈ بھاگ وڈیرے جِن ہرِ ہرِ سردھا ہرِ پیاس ॥
ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨॥	ہرِ ہرِ نامُ مِلےَ تّرِپتاسہِ مِلِ سنگتِ گُنْ پرگاسِ ॥2॥
ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥	جِن ہرِ ہرِ ہرِ رسُ نامُ ن پائیا تے بھاگہیِنْ جم پاسِ ॥
ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥	جو ستِگُر سرنْ سنگتِ نہی آئے دھّرِگُ جیِوے دھّرِگُ جیِواسِ ॥3॥
ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥	جِن ہرِ جن ستِگُر سنگتِ پائی تِن دھُرِ مستکِ لِکھیا لِکھاسِ ॥
ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥	دھنُ دھنّنُ ستسنگتِ جِتُ ہرِ رسُ پائیا مِلِ جن نانک نامُ پرگاسِ ॥4॥4॥
ਰਾਗੁ ਗੂਜਰੀ ਮਹਲਾ ੫ ॥	راگُ گوُجری محلا 5 ॥
ਕਾਹੇ ਰੇ ਮਨ ਚਿਤਵਹਿ ਉਦਮੁ	کاہے رے من چِتوہِ اُدمُ

ਜਾ ਆਹਰਿ ਹਰਿ ਜੀਉ ਪਰਿਆ ॥

جا آہرِ ہرِ جیِءُ پریا ॥

ਸੈਲ ਪਥਰ ਮਹਿ ਜੰਤ ਉਪਾਏ
ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥

سیَل پتھر مہِ جنّت اُپائے
تا کا رِزقُ آگے کرِ دھریا ॥1॥

ਮੇਰੇ ਮਾਧਉ ਜੀ
ਸਤਸੰਗਤਿ ਮਿਲੇ ਸੁ ਤਰਿਆ ॥

میرے مادھءُ جی
ستسنگتِ مِلے سُ تریا ॥

ਗੁਰ ਪਰਸਾਦਿ ਪਰਮ ਪਦੁ ਪਾਇਆ
ਸੂਕੇ ਕਾਸਟ ਹਰਿਆ ॥੧॥ ਰਹਾਉ ॥

گُر پرسادِ پرم پدُ پائیا
سوُکے کاسٹ ہریا ॥1॥ رہاءُ ॥

ਜਨਨਿ ਪਿਤਾ ਲੋਕ ਸੁਤ ਬਨਿਤਾ
ਕੋਇ ਨ ਕਿਸ ਕੀ ਧਰਿਆ ॥

جننِ پِتا لوک سُت بِنتا
کوءِ ن کِس کی دھریا ॥

ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ
ਕਾਹੇ ਮਨ ਭਉ ਕਰਿਆ ॥੨॥

سِرِ سِرِ رِزقُ سنّباہے ٹھاکُرُ
کاہے من بھءُ کریا ۔ ॥2॥

ਊਡੇ ਊਡਿ ਆਵੈ ਸੈ ਕੋਸਾ
ਤਿਸੁ ਪਾਛੈ ਬਚਰੇ ਛਰਿਆ ॥

اوُڈے اوُڈِ آوے سے کوسا
تِسُ پاچھے بچرے چھریا ॥

ਤਿਨ ਕਵਣੁ ਖਲਾਵੈ ਕਵਣੁ ਚੁਗਾਵੈ
ਮਨ ਮਹਿ ਸਿਮਰਨੁ ਕਰਿਆ ॥੩॥

تِن کونُ کھلاوے کونُ چُگاوے
من مہِ سِمرنُ کریا ॥3॥

ਸਭਿ ਨਿਧਾਨ ਦਸ ਅਸਟ ਸਿਧਾਨ
ਠਾਕੁਰ ਕਰ ਤਲ ਧਰਿਆ ॥

سبھِ نِدھان دس اسٹ سِدھان
ٹھاکُر کر تل دھریا ॥

ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ
ਤੇਰਾ ਅੰਤੁ ਨ ਪਾਰਾਵਰਿਆ ॥੪॥੫॥

جن نانک بلِ بلِ سد بلِ جائیےَ
تیرا انّتُ ن پاراورِیا ॥4॥5॥

ਰਾਗੁ ਆਸਾ ਮਹਲਾ ੪ ਸੋ ਪੁਰਖੁ

راگُ آسا محلا 4 سو پُرکھُ

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ
ਹਰਿ ਅਗਮਾ ਅਗਮ ਅਪਾਰਾ ॥

سو پُرکھُ نِرنّجنُ ہرِ پُرکھُ نِرنّجنُ
ہرِ اگما اگم اپارا ॥

ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ
ਹਰਿ ਸਚੇ ਸਿਰਜਣਹਾਰਾ ॥

سبھِ دھیاوہِ سبھِ دھیاوہِ تُدھُ جی
ہرِ سچے سِرجنّہارا ۔ ॥

ਸਭਿ ਜੀਅ ਤੁਮਾਰੇ ਜੀ
ਤੂੰ ਜੀਆ ਕਾ ਦਾਤਾਰਾ ॥

ہرِ دھیاوہُ سنّتہٗ جی
سبھِ دوُکھ وِسارنہارا ॥

ਹਰਿ ਧਿਆਵਹੁ ਸੰਤਹੁ ਜੀ
ਸਭਿ ਦੂਖ ਵਿਸਾਰਣਹਾਰਾ ॥

ہرِ آپے ٹھاکُرُ ہرِ آپے سیوکُ جی
کِیا نانک جنّت وِچارا ۔ ॥1॥

ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ
ਕਿਆ ਨਾਨਕ ਜੰਤ ਵਿਚਾਰਾ ॥੧॥

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ
ਹਰਿ ਏਕੋ ਪੁਰਖੁ ਸਮਾਣਾ ॥

ہرِ ایکو پُرکھُ سماٹا ॥

ਇਕਿ ਦਾਤੇ ਇਕਿ ਭੇਖਾਰੀ ਜੀ
ਸਭਿ ਤੇਰੇ ਚੋਜ ਵਿਡਾਣਾ ॥

سبھِ تیرے چوج وِڈاٹا ॥

ਤੂੰ ਆਪੇ ਦਾਤਾ ਆਪੇ ਭੁਗਤਾ ਜੀ
ਹਉ ਤੁਧੁ ਬਿਨੁ ਅਵਰੁ ਨ ਜਾਣਾ ॥

ہءُ تُدھُ بِنُ اورُ ن جاٹا ॥

ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ
ਤੇਰੇ ਕਿਆ ਗੁਣ ਆਖਿ ਵਖਾਣਾ ॥

تیرے کِیا گُڑ آکھِ وکھاٹا ۔ ॥

ਜੋ ਸੇਵਹਿ ਜੋ ਸੇਵਹਿ ਤੁਧੁ ਜੀ
ਜਨੁ ਨਾਨਕੁ ਤਿਨ ਕੁਰਬਾਣਾ ॥੨॥

جنُ نانکُ تِن قُرباٹا ॥2॥

ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ
ਸੇ ਜਨ ਜੁਗ ਮਹਿ ਸੁਖਵਾਸੀ ॥

سے جن جُگ مہِ سُکھواسی ॥

ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ
ਤਿਨ ਤੂਟੀ ਜਮ ਕੀ ਫਾਸੀ ॥

سے مُکتُ سے مُکتُ بھئے جِن ہرِ دھیائیا جی
تِن توُٹی جم کی پھاسی ॥

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ
ਤਿਨ ਕਾ ਭਉ ਸਭੁ ਗਵਾਸੀ ॥

جِن نِربھءُ جِن ہرِ نِربھءُ دھیائیا جی
تِن کا بھءُ سبھُ گواسی ॥

ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ
ਤੇ ਹਰਿ ਹਰਿ ਰੂਪਿ ਸਮਾਸੀ ॥

جِن سیویا جِن سیویا میرا ہرِ جی
تے ہرِ ہرِ روُپِ سماسی ॥

ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ
ਜਨੁ ਨਾਨਕੁ ਤਿਨ ਬਲਿ ਜਾਸੀ ॥੩॥

سے دھنّنُ سے دھنّنُ جِن ہرِ دھیائیا جی

ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ
ਭਰੇ ਬਿਅੰਤ ਬੇਅੰਤਾ ॥

ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ
ਹਰਿ ਅਨਿਕ ਅਨੇਕ ਅਨੰਤਾ ॥

ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ
ਤਪੁ ਤਾਪਹਿ ਜਪਹਿ ਬੇਅੰਤਾ ॥

ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ
ਕਰਿ ਕਿਰਿਆ ਖਟੁ ਕਰਮ ਕਰੰਤਾ ॥

ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ
ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ
ਤੁਧੁ ਜੇਵਡੁ ਅਵਰੁ ਨ ਕੋਈ ॥

ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ
ਤੂੰ ਨਿਹਚਲੁ ਕਰਤਾ ਸੋਈ ॥

ਤੁਧੁ ਆਪੇ ਭਾਵੈ ਸੋਈ ਵਰਤੈ ਜੀ
ਤੂੰ ਆਪੇ ਕਰਹਿ ਸੁ ਹੋਈ ॥

ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ
ਤੁਧੁ ਆਪੇ ਸਿਰਜਿ ਸਭ ਗੋਈ ॥

ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ
ਜੋ ਸਭਸੈ ਕਾ ਜਾਣੋਈ ॥੫॥੧॥

ਆਸਾ ਮਹਲਾ ੪ ॥

ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥

ਜੋ ਤਉ ਭਾਵੈ ਸੋਈ ਥੀਸੀ
ਜੋ ਤੂੰ ਦੇਹਿ ਸੋਈ ਹਉ ਪਾਈ ॥੧॥ ਰਹਾਉ ॥

جنُ نانکُ تِن بلِ جاسی ॥3॥

تیری بھگتِ تیری بھگتِ بھنڈار جی
بھرے بِئنت بیئنّتا ॥

تیرے بھگت تیرے بھگت سلاحنِ تُدھُ جی
ہرِ انِک انیک اننّتا ॥

تیری انِک تیری انِک کرہِ ہرِپوُجا جی
تپُ تاپہِ جپہِ بیئنّتا ॥

تیرے انیک تیرے انیک پڑہِ بہُ سِمرّتِ ساست جی
کرِ کِریا کھٹُ کرم کرنّتا ॥

سے بھگت سے بھگت بھلے جن نانک جی
جو بھاوہِ میرے ہرِ بھگونّتا ॥4॥

توُنّ آدِ پُرکھُ اپرنّپرُ کرتا جی
تُدھُ جیوڈُ اورُ ن کوئی ॥

توُنّ جُگُ جُگُ ایکو سدا سدا توُنّ ایکو جی
توُنّ نِہچلُ کرتا سوئی ॥

تُدھُ آپے بھاوے سوئی ورتے جی
توُنّ آپے کرہِ سُ ہوئی ॥

تُدھُ آپے سّرِسٹِ سبھ اُپائی جی
تُدھُ آپے سِرجِ سبھ گوئی ॥

جنُ نانکُ گُنؤ گاوے کرتے کے جی
جو سبھسے کا جانّوئی ॥5॥1॥

آسا محلا 4 ॥

توُنّ کرتا سچِیارُ میڈا سائنّی ॥

جو تءُ بھاوے سوئی تھیسی
جو توُنّ دیہِ سوئی ہءُ پائی ॥1॥ رہاءُ ॥

ਸਭ ਤੇਰੀ ਤੂੰ ਸਭਨੀ ਧਿਆਇਆ ॥	سبھ تیری توُنّ سبھنی دھیائیا ॥
ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥	جِس نو کرِپا کرہِ تِنِ نام رتنُ پائیا ॥
ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥	گُرمُکھِ لادھا منمُکھِ گوائیا ॥
ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥	تُدھُ آپِ وِچھوڑِیا آپِ مِلائیا ॥1॥
ਤੂੰ ਦਰੀਆਉ ਸਭ ਤੁਝ ਹੀ ਮਾਹਿ ॥	توُنّ دریِیاءُ سبھ تُجھ ہی ماہِ ॥
ਤੁਝ ਬਿਨੁ ਦੂਜਾ ਕੋਈ ਨਾਹਿ ॥	تُجھ بِنُ دوُجا کوئی ناہِ ॥
ਜੀਅ ਜੰਤ ਸਭਿ ਤੇਰਾ ਖੇਲੁ ॥	جیء جنّت سبھِ تیرا کھیلُ ॥
ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥	وِجوگِ مِلِ وِچھُڑِیا سنّجوگی میلُ ॥2॥
ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥	جِس نو توُ جاٹائہِ سوئی جنُ جانّے ॥
ਹਰਿ ਗੁਣ ਸਦ ਹੀ ਆਖਿ ਵਖਾਣੈ ॥	ہرِ گُنّ سد ہی آکھِ وکھانّے ॥
ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥	جِنِ ہرِ سیویا تِنِ سُکھُ پائیا ॥
ਸਹਜੇ ਹੀ ਹਰਿ ਨਾਮਿ ਸਮਾਇਆ ॥੩॥	سہجے ہی ہرِ نامِ سمائیا ॥3॥
ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥	توُ آپے کرتا تیرا کیِیا سبھُ ہوءِ ॥
ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥	تُدھُ بِنُ دوُجا اورُ ن کوءِ ॥
ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥	توُ کرِ کرِ ویکھہِ جاٹہِ سوءِ ॥
ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੨॥	جن نانک گُرمُکھِ پرگٹُ ہوءِ ॥4॥2॥
ਆਸਾ ਮਹਲਾ ੧ ॥	آسا محلا 1 ॥
ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥	تِتُ سرورڑے بھئیلے نِواسا پانّی پاوکُ تِنہِ کیِیا ॥
ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥੧॥	پنکجُ موہ پگُ نہی چالے ہم دیکھا تہ ڈوُبیئلے ॥1॥

ਮਨ ਏਕੁ ਨ ਚੇਤਸਿ ਮੂੜ ਮਨਾ ॥	من ایکُ ن چیتسِ موُڑ منا ۔ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥	ہرِ بِسرت تیرے گُن گلِیا ॥1॥ رہاءُ ॥
ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ ॥	نا ہءُ جتی ستی نہی پڑِیا موُرکھ مُگدھا جنمُ بھئِیا ॥
ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ ॥੨॥੩॥	پرنْوتِ نانک تِن کی سرٹا جِن توُ ناہی ویِسرِیا ॥2॥3॥
ਆਸਾ ਮਹਲਾ ੫ ॥	آسا محلا 5 ॥
ਭਈ ਪਰਾਪਤਿ ਮਾਨੁਖ ਦੇਹੁਰੀਆ ॥	بھئی پراپتِ مانُکھ دیہُرِیِیا ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥	گوبِند مِلنْ کی اِہ تیری برِیِیا ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥	اورِ کاج تیرے کِتے ن کام ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥	مِلُ سادھسنگتِ بھجُ کیول نام ॥1॥
ਸਰੰਜਾਮਿ ਲਾਗੁ ਭਵਜਲ ਤਰਨ ਕੈ ॥	سرنجامِ لاگُ بھوجل ترن کے ॥
ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥	جنمُ برِتھا جات رنگِ مائِیا کے ॥1॥ رہاءُ ॥
ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥	جپُ تپُ سنجمُ دھرمُ ن کمائِیا ॥
ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥	سیوا سادھ ن جانِیا ہرِ رائِیا ॥
ਕਹੁ ਨਾਨਕ ਹਮ ਨੀਚ ਕਰੰਮਾ ॥	کہُ نانک ہم نِیچ کرنّما ॥
ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥	سرنِ پرے کی راکھہُ سرما ॥2॥4॥
ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧	سوہِلا راگُ گئڑی دیپکی محلا 1
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥	جے گھرِ کیرتِ آکھیئے کرتے کا ہوءِ بیچارو ॥
ਤਿਤੁ ਘਰਿ ਗਾਵਹੁ ਸੋਹਿਲਾ	تِتُ گھرِ گاوہُ سوہِلا

ਸਿਵਰਿਹੁ ਸਿਰਜਣਹਾਰੋ ॥੧॥	سِورِہُ سِرجنہارو ॥1॥
ਤੁਮ ਗਾਵਹੁ	تُم گاوہُ
ਮੇਰੇ ਨਿਰਭਉ ਕਾ ਸੋਹਿਲਾ ॥	میرے نِربھءُ کا سوہِلا ॥
ਹਉ ਵਾਰੀ ਜਿਤੁ ਸੋਹਿਲੈ	ہءُ واری جِتُ سوہِلے
ਸਦਾ ਸੁਖੁ ਹੋਇ ॥੧॥ ਰਹਾਉ ॥	سدا سُکھُ ہوءِ ॥1॥ رہاءُ ॥
ਨਿਤ ਨਿਤ ਜੀਅੜੇ ਸਮਾਲੀਅਨਿ	نِت نِت جیئڑے سمالیئنِ
ਦੇਖੈਗਾ ਦੇਵਣਹਾਰੁ ॥	دیکھیگا دیونہارُ ॥
ਤੇਰੇ ਦਾਨੈ ਕੀਮਤਿ ਨਾ ਪਵੈ	تیرے دانے قیمتِ نا پوے
ਤਿਸੁ ਦਾਤੇ ਕਵਣੁ ਸੁਮਾਰੁ ॥੨॥	تِس داتے کونُ شُمارُ ۔ ॥2॥
ਸੰਬਤਿ ਸਾਹਾ ਲਿਖਿਆ	سنّبتِ ساہا لِکھیا
ਮਿਲਿ ਕਰਿ ਪਾਵਹੁ ਤੇਲੁ ॥	مِلِ کرِ پاوہُ تیلُ ॥
ਦੇਹੁ ਸਜਣ ਅਸੀਸੜੀਆ	دیہُ سجنْ اسیسڑییا
ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥	جِءُ ہووے صاحِب سِءُ میلُ ॥3॥
ਘਰਿ ਘਰਿ ਏਹੋ ਪਾਹੁਚਾ	گھرِ گھرِ ایہو پاہُچا
ਸਦੜੇ ਨਿਤ ਪਵੰਨਿ ॥	صدڑے نِت پونّنِ ॥
ਸਦਣਹਾਰਾ ਸਿਮਰੀਐ	سدنّہارا سِمریئے
ਨਾਨਕ ਸੇ ਦਿਹ ਆਵੰਨਿ ॥੪॥੧॥	نانک سے دِہ آونّنِ ॥4॥1॥
ਰਾਗੁ ਆਸਾ ਮਹਲਾ ੧ ॥	راگُ آسا محلا 1 ॥
ਛਿਅ ਘਰ ਛਿਅ ਗੁਰ	چھِء گھر چھِء گُر
ਛਿਅ ਉਪਦੇਸ ॥	چھِء اُپدیس ॥
ਗੁਰੁ ਗੁਰੁ ਏਕੋ ਵੇਸ ਅਨੇਕ ॥੧॥	گُرُ گُرُ ایکو ویس انیک ॥1॥
ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥	بابا جے گھرِ کرتے کیرتِ ہوءِ ॥
ਸੋ ਘਰੁ ਰਾਖੁ ਵਡਾਈ ਤੋਇ ॥੧॥ ਰਹਾਉ ॥	سو گھرُ راکھُ وڈائی توءِ ॥1॥ رہاءُ ॥
ਵਿਸੁਏ ਚਸਿਆ ਘੜੀਆ ਪਹਰਾ	وِسُئے چسِیا گھڑییا پہرا
ਥਿਤੀ ਵਾਰੀ ਮਾਹੁ ਹੋਆ ॥	تھِتی واری ماہُ ہویا ॥

ਸੂਰਜੁ ਏਕੋ ਰੁਤਿ ਅਨੇਕ ॥	سوُرجُ ایکو رُتِ انیک ॥
ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥	نانک کرتے کے کیتے ویس ॥2॥2॥
ਰਾਗੁ ਧਨਾਸਰੀ ਮਹਲਾ ੧ ॥	راگُ دھناسری محلا 1 ॥
ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥	گگن مے تھالُ روِ چندُ دیپک بنے تارِکا منڈل جنک موتی ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥	دھوُپُ ملیانلو پونُ چورو کرے سگل بنراءِ پھوُلنّت جوتی ॥1॥
ਕੈਸੀ ਆਰਤੀ ਹੋਇ ॥	کیَسی آرتی ہوءِ ۔ ॥
ਭਵ ਖੰਡਨਾ ਤੇਰੀ ਆਰਤੀ ॥	بھو کھنڈنا تیری آرتی ॥
ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥	انہتا سبد واجنّت بھیری ॥1॥ رہاءُ ॥
ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥	سہس تو نیَن نن نیَن ہہِ توہِ کءُ سہس موُرتِ ننا ایک توہی ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥	سہس پد بِمل نن ایک پد گنّدھ بِنُ سہس تو گنّدھ اِو چلت موہی ॥2॥
ਸਭ ਮਹਿ ਜੋਤਿ ਜੋਤਿ ਹੈ ਸੋਇ ॥	سبھ مہِ جوتِ جوتِ ہے سوءِ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥	تِس دے چانڑِ سبھ مہِ چانڑُ ہوءِ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥	گُر ساکھی جوتِ پرگٹُ ہوءِ ॥
ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥	جو تِس بھاوے سُ آرتی ہوءِ ॥3॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥	ہرِ چرڑ کول مکرند لوبھت منو اندِنو موہِ آہی پیاسا ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥	کرِپا جلُ دیہِ نانک سارِنگ کءُ ہوءِ جا تے تیرے ناءِ واسا ॥4॥3॥
ਰਾਗੁ ਗਉੜੀ ਪੂਰਬੀ ਮਹਲਾ ੪ ॥	راگُ گئڑی پوُربی محلا 4 ॥

ਕਾਮਿ ਕਰੋਧਿ ਨਗਰੁ ਬਹੁ ਭਰਿਆ
ਮਿਲਿ ਸਾਧੂ ਖੰਡਲ ਖੰਡਾ ਹੇ ॥

کامِ کرودھِ نگرُ بہُ بھریا
مِلِ سادھوُ کھنڈل کھنڈا ہے ॥

ਪੂਰਬਿ ਲਿਖਤ ਲਿਖੇ ਗੁਰੁ ਪਾਇਆ
ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥

پوُربِ لِکھت لِکھے گُرُ پائیا
منِ ہرِ لِو منڈل منڈا ہے ॥1॥

ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥

کرِ سادھوُ انجُلی پُنُ وڈا ہے ॥

ਕਰਿ ਡੰਡਉਤ ਪੁਨੁ ਵਡਾ ਹੇ ॥੧॥ ਰਹਾਉ ॥

کرِ ڈنڈُت پُنُ وڈا ہے ॥1॥ رہاءُ ॥

ਸਾਕਤ ਹਰਿ ਰਸ ਸਾਦੁ ਨ ਜਾਣਿਆ
ਤਿਨ ਅੰਤਰਿ ਹਉਮੈ ਕੰਡਾ ਹੇ ॥

ساکت ہرِ رس سادُ ن جانِیا
تِن انترِ ہئُمے کنڈا ہے ॥

ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ
ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥

جِءُ جِءُ چلہِ چُبھے دُکھُ پاوہِ
جمکالُ سہہِ سِرِ ڈنڈا ہے ॥2॥

ਹਰਿ ਜਨ ਹਰਿ ਹਰਿ ਨਾਮਿ ਸਮਾਣੇ
ਦੁਖੁ ਜਨਮ ਮਰਣ ਭਵ ਖੰਡਾ ਹੇ ॥

ہرِ جن ہرِ ہرِ نامِ سماۓ
دُکھُ جنم مرنُ بھو کھنڈا ہے ॥

ਅਬਿਨਾਸੀ ਪੁਰਖੁ ਪਾਇਆ ਪਰਮੇਸਰੁ
ਬਹੁ ਸੋਭ ਖੰਡ ਬ੍ਰਹਮੰਡਾ ਹੇ ॥੩॥

ابِناسی پُرکھُ پائیا پرمیسرُ
بہُ سوبھ کھنڈ برہمنڈا ہے ॥3॥

ਹਮ ਗਰੀਬ ਮਸਕੀਨ ਪ੍ਰਭ ਤੇਰੇ
ਹਰਿ ਰਾਖੁ ਰਾਖੁ ਵਡ ਵਡਾ ਹੇ ॥

ہم غریب مسکِین پربھ تیرے
ہرِ راکھُ راکھُ وڈ وڈا ہے ॥

ਜਨ ਨਾਨਕ ਨਾਮੁ ਅਧਾਰੁ ਟੇਕ ਹੈ
ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੪॥

جن نانک نامُ ادھارُ ٹیک ہےَ
ہرِ نامے ہی سُکھُ منڈا ہے ॥4॥4॥

ਰਾਗੁ ਗਉੜੀ ਪੂਰਬੀ ਮਹਲਾ ੫ ॥

راگُ گئڑی پوُربی محلا 5 ॥

ਕਰਉ ਬੇਨੰਤੀ ਸੁਣਹੁ ਮੇਰੇ ਮੀਤਾ
ਸੰਤ ਟਹਲ ਕੀ ਬੇਲਾ ॥

کرءُ بینتی سُنہُ میرے میتا
سنت ٹہل کی بیلا ॥

ਈਹਾ ਖਾਟਿ ਚਲਹੁ ਹਰਿ ਲਾਹਾ
ਆਗੈ ਬਸਨੁ ਸੁਹੇਲਾ ॥੧॥

ایہا کھاٹِ چلہُ ہرِ لاہا
آگے بسنُ سُہیلا ॥1॥

ਅਉਧ ਘਟੈ ਦਿਨਸੁ ਰੈਣਾਰੇ ॥

ائدھ گھٹے دِنسُ رینٹارے ॥

ਮਨ ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ ॥

من گُر مِلِ کاج سوارے ॥1॥ رہاءُ ॥

ਇਹੁ ਸੰਸਾਰੁ ਬਿਕਾਰੁ ਸੰਸੇ ਮਹਿ
ਤਰਿਓ ਬ੍ਰਹਮ ਗਿਆਨੀ ॥

اِہُ سنّسارُ بِکارُ سنّسے مہِ
ترِئو برہم گیانی ॥

ਜਿਸਹਿ ਜਗਾਇ ਪੀਆਵੈ ਇਹੁ ਰਸੁ
ਅਕਥ ਕਥਾ ਤਿਨਿ ਜਾਨੀ ॥੨॥

جِسہِ جگاءِ پیاوے اِہُ رسُ
اکتھ کتھا تِنِ جانی ॥2॥

ਜਾ ਕਉ ਆਏ ਸੋਈ ਬਿਹਾਝਹੁ
ਹਰਿ ਗੁਰ ਤੇ ਮਨਹਿ ਬਸੇਰਾ ॥

جا ک ءُ آئے سوئی بِہاجھہُ
ہرِ گُر تے منہِ بسیرا ॥

ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ
ਬਹੁਰਿ ਨ ਹੋਇਗੋ ਫੇਰਾ ॥੩॥

نِج گھرِ محلُ پاوہُ سُکھ سہجے
بہُرِ ن ہوئگو پھیرا ॥3॥

ਅੰਤਰਜਾਮੀ ਪੁਰਖ ਬਿਧਾਤੇ
ਸਰਧਾ ਮਨ ਕੀ ਪੂਰੇ ॥

انترجامی پُرکھ بِدھاتے
سردھا من کی پُورے ॥

ਨਾਨਕ ਦਾਸੁ ਇਹੈ ਸੁਖੁ ਮਾਗੈ
ਮੋ ਕਉ ਕਰਿ ਸੰਤਨ ਕੀ ਧੂਰੇ ॥੪॥੫॥

نانک داسُ اِہے سُکھُ ماگے
مو ک ءُ کرِ سنّتن کی دھوُرے ॥4॥5॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਰਾਗੁ ਸਿਰੀਰਾਗੁ ਮਹਲਾ ੧ ਘਰੁ ੧ ॥

راگُ سِرِیراگُ محلا پہلا 1 گھرُ 1 ॥

ਮੋਤੀ ਤ ਮੰਦਰ ਊਸਰਹਿ
ਰਤਨੀ ਤ ਹੋਹਿ ਜੜਾਉ ॥

موتی ت منّدر اوُسرہِ
رتنی ت ہوہِ جڑاءُ ॥

ਕਸਤੂਰਿ ਕੁੰਗੂ ਅਗਰਿ ਚੰਦਨਿ
ਲੀਪਿ ਆਵੈ ਚਾਉ ॥

کستوُرِ کُنگُو اگرِ چنّدنِ
لِیپِ آوے چاءُ ॥

ਮਤੁ ਦੇਖਿ ਭੂਲਾ ਵੀਸਰੈ
ਤੇਰਾ ਚਿਤਿ ਨ ਆਵੈ ਨਾਉ ॥੧॥

مت دیکھِ بھوُلا ویسرے
تیرا چِتِ ن آوے ناءُ ॥1॥

ਹਰਿ ਬਿਨੁ ਜੀਉ ਜਲਿ ਬਲਿ ਜਾਉ ॥

ہرِ بِنُ جیِءُ جلِ بلِ جاءُ ॥

ਮੈ ਆਪਣਾ ਗੁਰੁ ਪੂਛਿ ਦੇਖਿਆ
ਅਵਰੁ ਨਾਹੀ ਥਾਉ ॥੧॥ ਰਹਾਉ ॥

مے آپنا گُرُ پوُچھِ دیکھیا
اورُ ناہی تھاءُ ॥1॥ رہاءُ ॥

ਧਰਤੀ ਤ ਹੀਰੇ ਲਾਲ ਜੜਤੀ
ਪਲਘਿ ਲਾਲ ਜੜਾਉ ॥

دھرتی ت ہیرے لال جڑتی
پلگھِ لال جڑاءُ ॥

ਮੋਹਣੀ ਮੁਖਿ ਮਣੀ ਸੋਹੈ
ਕਰੇ ਰੰਗਿ ਪਸਾਉ ॥

موہنیٔ مُکھِ منیٔ سوہے
کرے رنگِ پساءُ ॥

ਮਤੁ ਦੇਖਿ ਭੂਲਾ ਵੀਸਰੈ
ਤੇਰਾ ਚਿਤਿ ਨ ਆਵੈ ਨਾਉ ॥੨॥

مت دیکھِ بھوُلا ویسرے
تیرا چِتِ ن آوے ناءُ ॥2॥

ਸਿਧੁ ਹੋਵਾ ਸਿਧਿ ਲਾਈ
ਰਿਧਿ ਆਖਾ ਆਉ ॥

سِدھُ ہووا سِدھِ لائی
رِدھِ آکھا آءُ ॥

ਗੁਪਤੁ ਪਰਗਟੁ ਹੋਇ ਬੈਸਾ
ਲੋਕੁ ਰਾਖੈ ਭਾਉ ॥

گُپتُ پرگٹُ ہوءِ بیَسا
لوکُ راکھےَ بھاءُ ॥

ਮਤੁ ਦੇਖਿ ਭੂਲਾ ਵੀਸਰੈ
ਤੇਰਾ ਚਿਤਿ ਨ ਆਵੈ ਨਾਉ ॥੩॥

مت دیکھِ بھوُلا ویسرے
تیرا چِتِ ن آوے ناءُ ॥3॥

ਸੁਲਤਾਨੁ ਹੋਵਾ ਮੇਲਿ ਲਸਕਰ
ਤਖਤਿ ਰਾਖਾ ਪਾਉ ॥

سُلطانُ ہووا میلِ لشکر
تخت رِ راکھا پاءُ ॥

ਹੁਕਮੁ ਹਾਸਲੁ ਕਰੀ ਬੈਠਾ
ਨਾਨਕਾ ਸਭ ਵਾਉ ॥

حُکمُ حاصلُ کری بیٹھا
نانکا سبھ واءُ ॥

ਮਤੁ ਦੇਖਿ ਭੂਲਾ ਵੀਸਰੈ
ਤੇਰਾ ਚਿਤਿ ਨ ਆਵੈ ਨਾਉ ॥੪॥੧॥

مت دیکھِ بھوُلا ویسرے
تیرا چِتِ ن آوے ناءُ ॥4॥1॥

ਸਿਰੀਰਾਗੁ ਮਹਲਾ ੧ ॥

سِریراگُ محلا 1 ॥

ਕੋਟਿ ਕੋਟੀ ਮੇਰੀ ਆਰਜਾ
ਪਵਣੁ ਪੀਅਣੁ ਅਪਿਆਉ ॥

کوٹِ کوٹی میری آرجا
پوُنُ پیِنُ اپیاءُ ॥

ਚੰਦੁ ਸੂਰਜੁ ਦੁਇ ਗੁਫੈ ਨ ਦੇਖਾ
ਸੁਪਨੈ ਸਉਣ ਨ ਥਾਉ ॥

چندُ سوُرجُ دُءِ گپھےَ ن دیکھا
سُپنے سئُنُ ن تھاءُ ॥

ਭੀ ਤੇਰੀ ਕੀਮਤਿ ਨਾ ਪਵੈ
ਹਉ ਕੇਵਡੁ ਆਖਾ ਨਾਉ ॥੧॥

بھی تیری قِیمتِ نا پوے
ہءُ کیوڈُ آکھا ناءُ ۔ ॥1॥

ਸਾਚਾ ਨਿਰੰਕਾਰੁ ਨਿਜ ਥਾਇ ॥

ساچا نِرنکارُ نِج تھاءِ ॥

ਸੁਣਿ ਸੁਣਿ ਆਖਣੁ ਆਖਣਾ

سُنِ سُنِ آکھنُ آکھنا

ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥

جے بھاوےَ کرے طماعِ ॥1॥ رہاءُ ॥

ਕੁਸਾ ਕਟੀਆ ਵਾਰ ਵਾਰ
ਪੀਸਣਿ ਪੀਸਾ ਪਾਇ ॥

کُسا کٹِیا وار وار
پِیسنِ پِیسا پاءِ ॥

ਅਗੀ ਸੇਤੀ ਜਾਲੀਆ
ਭਸਮ ਸੇਤੀ ਰਲਿ ਜਾਉ ॥

اگی سیتی جالِیا
بھسم سیتی رلِ جاءُ ॥

ਭੀ ਤੇਰੀ ਕੀਮਤਿ ਨਾ ਪਵੈ
ਹਉ ਕੇਵਡੁ ਆਖਾ ਨਾਉ ॥੨॥

بھی تیری قِیمتِ نا پوےَ
ہءُ کیوڈُ آکھا ناءُ ۔ ॥2॥

ਪੰਖੀ ਹੋਇ ਕੈ ਜੇ ਭਵਾ
ਸੈ ਅਸਮਾਨੀ ਜਾਉ ॥

پنکھی ہوءِ کے جے بھوا
سےَ اسمانی جاءُ ॥

ਨਦਰੀ ਕਿਸੈ ਨ ਆਵਊ
ਨਾ ਕਿਛੁ ਪੀਆ ਨ ਖਾਉ ॥

ندری کِسےَ ن آوئُو
نا کِچھُ پِیا ن کھاءُ ॥

ਭੀ ਤੇਰੀ ਕੀਮਤਿ ਨਾ ਪਵੈ
ਹਉ ਕੇਵਡੁ ਆਖਾ ਨਾਉ ॥੩॥

بھی تیری قِیمتِ نا پوےَ
ہءُ کیوڈُ آکھا ناءُ ۔ ॥3॥

ਨਾਨਕ ਕਾਗਦ ਲਖ ਮਣਾ
ਪੜਿ ਪੜਿ ਕੀਚੈ ਭਾਉ ॥

نانک کاگد لکھ مٹا
پڑِ پڑِ کیچےَ بھاءُ ॥

ਮਸੂ ਤੋਟਿ ਨ ਆਵਈ
ਲੇਖਣਿ ਪਉਣੁ ਚਲਾਉ ॥

مسوُ توٹِ ن آوئی
لیکھنِ پئُنُ چلاءُ ॥

ਭੀ ਤੇਰੀ ਕੀਮਤਿ ਨਾ ਪਵੈ
ਹਉ ਕੇਵਡੁ ਆਖਾ ਨਾਉ ॥੪॥੨॥

بھی تیری قِیمتِ نا پوےَ
ہءُ کیوڈُ آکھا ناءُ ۔ ॥4॥2॥

ਸਿਰੀਰਾਗੁ ਮਹਲਾ ੧ ॥

سِرِیراگُ محلا 1 ॥

ਲੇਖੈ ਬੋਲਣੁ ਬੋਲਣਾ
ਲੇਖੈ ਖਾਣਾ ਖਾਉ ॥

لیکھےَ بولنُ بولنا
لیکھےَ کھانا کھاءُ ॥

ਲੇਖੈ ਵਾਟ ਚਲਾਈਆ
ਲੇਖੈ ਸੁਣਿ ਵੇਖਾਉ ॥

لیکھےَ واٹ چلائِیا
لیکھےَ سُنِ ویکھاءُ ॥

ਲੇਖੈ ਸਾਹ ਲਵਾਈਅਹਿ

لیکھےَ ساہ لوائِیَہِ

ਪੜੇ ਕਿ ਪੁਛਣ ਜਾਉ ॥੧॥

پڑے کِ پُچھڑ جاءُ ۔ ॥1॥

ਬਾਬਾ ਮਾਇਆ ਰਚਨਾ ਧੋਹੁ ॥

بابا مائیا رچنا دھوہُ ॥

ਅੰਧੈ ਨਾਮੁ ਵਿਸਾਰਿਆ
ਨਾ ਤਿਸੁ ਏਹ ਨ ਓਹੁ ॥੧॥ ਰਹਾਉ ॥

انّدھے نامُ وِسارِیا
نا تِسُ ایہ ن اوہُ ॥1॥ رہاءُ ॥

ਜੀਵਣ ਮਰਣਾ ਜਾਇ ਕੈ
ਏਥੈ ਖਾਜੈ ਕਾਲਿ ॥

جیونڑ مرنّا جاءِ کے
ایتھے کھاجے کالِ ॥

ਜਿਥੈ ਬਹਿ ਸਮਝਾਈਐ
ਤਿਥੈ ਕੋਇ ਨ ਚਲਿਓ ਨਾਲਿ ॥

جِتھے بہِ سمجھائیئے
تِتھے کوءِ ن چلئو نالِ ॥

ਰੋਵਣ ਵਾਲੇ ਜੇਤੜੇ
ਸਭਿ ਬੰਨਹਿ ਪੰਡ ਪਰਾਲਿ ॥੨॥

روونڑ والے جیتڑے
سبھِ بنّنہِ پنڈ پرالِ ॥2॥

ਸਭੁ ਕੋ ਆਖੈ ਬਹੁਤੁ ਬਹੁਤੁ
ਘਟਿ ਨ ਆਖੈ ਕੋਇ ॥

سبھُ کو آکھے بہُتُ بہُتُ
گھٹِ ن آکھے کوءِ ॥

ਕੀਮਤਿ ਕਿਨੈ ਨ ਪਾਈਆ
ਕਹਣਿ ਨ ਵਡਾ ਹੋਇ ॥

قِیمتِ کِنے ن پائیِیا
کہنڑِ ن وڈا ہوءِ ॥

ਸਾਚਾ ਸਾਹਬੁ ਏਕੁ ਤੂ
ਹੋਰਿ ਜੀਆ ਕੇਤੇ ਲੋਅ ॥੩॥

ساچا صاحبُ ایکُ توُ
ہورِ جیِیا کیتے لوء ॥3॥

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ ॥

نیچا انّدرِ نیچ زاتِ
نیچی ہوُ اتِ نیچُ ॥

ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ ॥

نانکُ تِن کے سنگِ ساتھِ
وڈیا سِءُ کیا ریِس ۔ ॥

ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ ॥੪॥੩॥

جِتھے نیچ سمالیِئنِ
تِتھے ندرِ تیری بخشیِس ॥4॥3॥

ਸਿਰੀਰਾਗੁ ਮਹਲਾ ੧ ॥

سِریراگُ محلا 1 ॥

ਲਬੁ ਕੁਤਾ ਕੂੜੁ ਚੂਹੜਾ
ਠਗਿ ਖਾਧਾ ਮੁਰਦਾਰੁ ॥

لبُ کُتا کوڑُ چوہڑا
ٹھگِ کھادھا مُردارُ ॥

ਪਰ ਨਿੰਦਾ ਪਰ ਮਲੁ ਮੁਖ ਸੁਧੀ
ਅਗਨਿ ਕ੍ਰੋਧੁ ਚੰਡਾਲੁ ॥

پر نِندا پر مل مُکھ سُدھی
اگنِ کرودھُ چنڈالُ ॥

ਰਸ ਕਸ ਆਪੁ ਸਲਾਹਣਾ
ਏ ਕਰਮ ਮੇਰੇ ਕਰਤਾਰ ॥੧॥

رس کس آپُ سلاحنا
اے کرم میرے کرتار ۔ ॥1॥

ਬਾਬਾ ਬੋਲੀਐ ਪਤਿ ਹੋਇ ॥

بابا بولیئے پتِ ہوءِ ॥

ਊਤਮ ਸੇ ਦਰਿ ਊਤਮ ਕਹੀਅਹਿ
ਨੀਚ ਕਰਮ ਬਹਿ ਰੋਇ ॥੧॥ ਰਹਾਉ ॥

اوُتم سے درِ اوُتم کہیئہِ
نیچ کرم بہِ روءِ ॥1॥ رہاءُ ॥

ਰਸੁ ਸੁਇਨਾ ਰਸੁ ਰੁਪਾ ਕਾਮਣਿ
ਰਸੁ ਪਰਮਲ ਕੀ ਵਾਸੁ ॥

رسُ سُنِنا رسُ رُپا کامنِ
رسُ پرمل کی واسُ ॥

ਰਸੁ ਘੋੜੇ ਰਸੁ ਸੇਜਾ ਮੰਦਰ
ਰਸੁ ਮੀਠਾ ਰਸੁ ਮਾਸੁ ॥

رسُ گھوڑے رسُ سیجا مندر
رسُ میٹھا رسُ ماسُ ॥

ਏਤੇ ਰਸ ਸਰੀਰ ਕੇ
ਕੈ ਘਟਿ ਨਾਮ ਨਿਵਾਸੁ ॥੨॥

ایتے رس سرپر کے
کے گھٹِ نام نِواسُ ۔ ॥2॥

ਜਿਤੁ ਬੋਲਿਐ ਪਤਿ ਪਾਈਐ
ਸੋ ਬੋਲਿਆ ਪਰਵਾਣੁ ॥

جِتُ بولِئے پتِ پائیئے
سو بولیا پرواںُ ॥

ਫਿਕਾ ਬੋਲਿ ਵਿਗੁਚਣਾ
ਸੁਣਿ ਮੂਰਖ ਮਨ ਅਜਾਣ ॥

پھِکا بولِ وِگُچنا
سُنِ موُرکھ من اجاںُ ۔ ॥

ਜੋ ਤਿਸੁ ਭਾਵਹਿ ਸੇ ਭਲੇ
ਹੋਰਿ ਕਿ ਕਹਣ ਵਖਾਣ ॥੩॥

جو تِسُ بھاوہِ سے بھلے
ہورِ کِ کہنُ وکھاںُ ۔ ॥3॥

ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ
ਜਿਨ ਹਿਰਦੈ ਰਹਿਆ ਸਮਾਇ ॥

تِن مت تِن پت تِن دھنُ پلے
جِن ہِردے رہِیا سماءِ ॥

ਤਿਨ ਕਾ ਕਿਆ ਸਾਲਾਹਣਾ
ਅਵਰ ਸੁਆਲਿਉ ਕਾਇ ॥

تِن کا کِیا سالاحنا
اور سُیالِءُ کاءِ ۔ ॥

ਨਾਨਕ ਨਦਰੀ ਬਾਹਰੇ
ਰਾਚਹਿ ਦਾਨਿ ਨ ਨਾਇ ॥੪॥੪॥

نانک ندری باہرے
راچہِ دانِ ن ناءِ ॥4॥4॥

ਸਿਰੀਰਾਗੁ ਮਹਲਾ ੧ ॥

ਅਮਲੁ ਗਲੋਲਾ ਕੂੜ ਕਾ
ਦਿਤਾ ਦੇਵਣਹਾਰਿ ॥

ਮਤੀ ਮਰਣੁ ਵਿਸਾਰਿਆ
ਖੁਸੀ ਕੀਤੀ ਦਿਨ ਚਾਰਿ ॥

ਸਚੁ ਮਿਲਿਆ ਤਿਨ ਸੋਫੀਆ
ਰਾਖਣ ਕਉ ਦਰਵਾਰੁ ॥੧॥

ਨਾਨਕ ਸਾਚੇ ਕਉ ਸਚੁ ਜਾਣੁ ॥

ਜਿਤੁ ਸੇਵਿਐ ਸੁਖੁ ਪਾਈਐ
ਤੇਰੀ ਦਰਗਹ ਚਲੈ ਮਾਣੁ ॥੧॥ ਰਹਾਉ ॥

ਸਚੁ ਸਰਾ ਗੁੜ ਬਾਹਰਾ
ਜਿਸੁ ਵਿਚਿ ਸਚਾ ਨਾਉ ॥

ਸੁਣਹਿ ਵਖਾਣਹਿ ਜੇਤੜੇ
ਹਉ ਤਿਨ ਬਲਿਹਾਰੈ ਜਾਉ ॥

ਤਾ ਮਨੁ ਖੀਵਾ ਜਾਣੀਐ
ਜਾ ਮਹਲੀ ਪਾਏ ਥਾਉ ॥੨॥

ਨਾਉ ਨੀਰੁ ਚੰਗਿਆਈਆ
ਸਤੁ ਪਰਮਲੁ ਤਨਿ ਵਾਸੁ ॥

ਤਾ ਮੁਖੁ ਹੋਵੈ ਉਜਲਾ
ਲਖ ਦਾਤੀ ਇਕ ਦਾਤਿ ॥

ਦੂਖ ਤਿਸੈ ਪਹਿ ਆਖੀਅਹਿ
ਸੂਖ ਜਿਸੈ ਹੀ ਪਾਸਿ ॥੩॥

ਸੋ ਕਿਉ ਮਨਹੁ ਵਿਸਾਰੀਐ
ਜਾ ਕੇ ਜੀਅ ਪਰਾਣ ॥

ਤਿਸੁ ਵਿਣੁ ਸਭੁ ਅਪਵਿਤ੍ਰੁ ਹੈ

سِرِیراگُ محلا 1 ॥

املُ غلولا کوُڑ کا
دِتا دیوٹہارِ ॥

متی مرنُ وِسارِیا
خُشی کِیتی دِن چارِ ॥

سچُ مِلیا تِن سوپھیا
راکھنُ ک ءُ دروارُ ॥1॥

نانک ساچے ک ءُ سچُ جانُ ॥

جِتُ سیوِئے سُکھُ پائیئے
تیری درگہ چلےَ مانُ ॥1॥ رہاءُ ॥

سچُ سرا گُڑ باہرا
جِسُ وِچِ سچا ناءُ ॥

سُنۓِ وکھاۓِ جیتڑے
ہءُ تِن بلِہارے جاءُ ॥

تا منُ کھِیوا جانیئے
جا محلی پائے تھاءُ ॥2॥

ناءُ نیرُ چنگِیائیِیا
ستُ پرملُ تنِ واسُ ॥

تا مُکھُ ہووے اُجلا
لکھ داتی اِک داتِ ॥

دوُکھ تِسے پہِ آکھیئہِ
سوُکھ جِسے ہی پاسِ ॥3॥

سو کِ ءُ منہُ وِسارِیۓ
جا کے جی ء پرانُ ॥

تِسُ وِنُ سبھُ اپوِتّرُ ہے

ਜੇਤਾ ਪੈਨਣੁ ਖਾਣੁ ॥

جیتا پینَنُ کھانُ ॥

ਹੋਰਿ ਗਲਾਂ ਸਭਿ ਕੂੜੀਆ
ਤੁਧੁ ਭਾਵੈ ਪਰਵਾਣੁ ॥੪॥੫॥

ہورِ گلاں سبھِ کوُڑِیا
تُدھُ بھاوے پرواںُ ॥4॥5॥

ਸਿਰੀਰਾਗੁ ਮਹਲੁ ੧ ॥

سِریراگُ محلُ 1 ॥

ਜਾਲਿ ਮੋਹੁ ਘਸਿ ਮਸੁ ਕਰਿ
ਮਤਿ ਕਾਗਦੁ ਕਰਿ ਸਾਰੁ ॥

جالِ موہُ گھسِ مسُ کرِ
متِ کاگدُ کرِ سارُ ॥

ਭਾਉ ਕਲਮ ਕਰਿ ਚਿਤੁ ਲੇਖਾਰੀ
ਗੁਰ ਪੁਛਿ ਲਿਖੁ ਬੀਚਾਰੁ ॥

بھاءُ قلم کرِ چِتُ لیکھاری
گُر پُچھِ لِکھُ بیچارُ ॥

ਲਿਖੁ ਨਾਮੁ ਸਾਲਾਹ ਲਿਖੁ
ਲਿਖੁ ਅੰਤੁ ਨ ਪਾਰਾਵਾਰੁ ॥੧॥

لِکھُ نامُ سالاح لِکھُ
لِکھُ انتُ ن پاراوارُ ॥1॥

ਬਾਬਾ ਏਹੁ ਲੇਖਾ ਲਿਖਿ ਜਾਣੁ ॥

بابا ایہُ لیکھا لِکھِ جانُ ॥

ਜਿਥੈ ਲੇਖਾ ਮੰਗੀਐ
ਤਿਥੈ ਹੋਇ ਸਚਾ ਨੀਸਾਣੁ ॥੧॥ ਰਹਾਉ ॥

جِتھےَ لیکھا منگیئےَ
تِتھےَ ہوءِ سچا نِیشانُ ॥1॥ رہاءُ ॥

ਜਿਥੈ ਮਿਲਹਿ ਵਡਿਆਈਆ
ਸਦ ਖੁਸੀਆ ਸਦ ਚਾਉ ॥

جِتھےَ مِلہِ وڈِیائیِیا
سد کھُسیِیا سد چاءُ ॥

ਤਿਨ ਮੁਖਿ ਟਿਕੇ ਨਿਕਲਹਿ
ਜਿਨ ਮਨਿ ਸਚਾ ਨਾਉ ॥

تِن مُکھِ ٹِکے نِکلہِ
جِن منِ سچا ناءُ ॥

ਕਰਮਿ ਮਿਲੈ ਤਾ ਪਾਈਐ
ਨਾਹੀ ਗਲੀ ਵਾਉ ਦੁਆਉ ॥੨॥

کرمِ مِلےَ تا پائیئےَ
ناہی گلی واءُ دُیاءُ ॥2॥

ਇਕਿ ਆਵਹਿ ਇਕਿ ਜਾਹਿ ਉਠਿ
ਰਖੀਅਹਿ ਨਾਵ ਸਲਾਰ ॥

اِکِ آوہِ اِکِ جاہِ اُٹھِ
رکھِیئہِ ناو سلار ॥

ਇਕਿ ਉਪਾਏ ਮੰਗਤੇ
ਇਕਨਾ ਵਡੇ ਦਰਵਾਰ ॥

اِکِ اُپائے منگتے
اِکنا وڈے دروار ॥

ਅਗੈ ਗਇਆ ਜਾਣੀਐ
ਵਿਣੁ ਨਾਵੈ ਵੇਕਾਰ ॥੩॥

اگے گئیا جانئیےَ
وِنُ ناوے ویکار ॥3॥

ਭੈ ਤੇਰੈ ਡਰੁ ਅਗਲਾ
ਖਪਿ ਖਪਿ ਛਿਜੈ ਦੇਹ ॥

بھے تیرے ڈر اگلا
کھپِ کھپِ چھجے دیہ ॥

ਨਾਵ ਜਿਨਾ ਸੁਲਤਾਨ ਖਾਨ
ਹੋਦੇ ਡਿਠੇ ਖੇਹ ॥

ناو جِنا سُلطان خان
ہودے ڈِٹھے کھیہ ॥

ਨਾਨਕ ਉਠੀ ਚਲਿਆ
ਸਭਿ ਕੂੜੇ ਤੁਟੇ ਨੇਹ ॥੪॥੬॥

نانک اُٹھی چلیا
سبھِ کوُڑے تُٹے نیہ ॥4॥6॥

ਸਿਰੀਰਾਗੁ ਮਹਲਾ ੧ ॥

سِرِیراگُ محلا 1 ॥

ਸਭਿ ਰਸ ਮਿਠੇ ਮੰਨਿਐ
ਸੁਣਿਐ ਸਾਲੋਣੇ ॥

سبھِ رس مِٹھے منّیۓ
سُنّیۓ سالونّے ॥

ਖਟ ਤੁਰਸੀ ਮੁਖਿ ਬੋਲਣਾ
ਮਾਰਣ ਨਾਦ ਕੀਏ ॥

کھٹ تُرشی مُکھِ بولنا
مارنْ ناد کیۓ ॥

ਛਤੀਹ ਅੰਮ੍ਰਿਤ ਭਾਉ ਏਕੁ
ਜਾ ਕਉ ਨਦਰਿ ਕਰੇਇ ॥੧॥

چھتیہ انمّرِت بھاءُ ایکُ
جا کءُ ندرِ کرےءِ ॥1॥

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥

بابا ہورُ کھاٹا خُشی خُیارُ ॥

ਜਿਤੁ ਖਾਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥

جِتُ کھادھے تنُ پیڑیۓ
من مہِ چلہِ وِکار ॥1॥ رہاءُ ॥

ਰਤਾ ਪੈਨਣੁ ਮਨੁ ਰਤਾ
ਸੁਪੇਦੀ ਸਤੁ ਦਾਨੁ ॥

رتا پینْنُ منُ رتا
سُپیدی ستُ دانُ ॥

ਨੀਲੀ ਸਿਆਹੀ ਕਦਾ ਕਰਣੀ
ਪਹਿਰਣੁ ਪੈਰ ਧਿਆਨੁ ॥

نیلی سِیاہی قدا کرنّی
پہِرنْ پیَر دھِیانُ ॥

ਕਮਰਬੰਦੁ ਸੰਤੋਖ ਕਾ
ਧਨੁ ਜੋਬਨੁ ਤੇਰਾ ਨਾਮੁ ॥੨॥

کمربنّدُ سنّتوکھ کا
دھنُ جوبنُ تیرا نامُ ॥2॥

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥

بابا ہورُ پینْنُ خُشی خُیارُ ॥

ਜਿਤੁ ਪੈਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥

جِتُ پیَدھے تنُ پیڑیۓ
من مہِ چلہِ وِکار ॥1॥ رہاءُ ॥

ਘੋੜੇ ਪਾਖਰ ਸੁਇਨੇ ਸਾਖਤਿ
ਬੂਝਣੁ ਤੇਰੀ ਵਾਟ ॥

گھوڑے پاکھر سُئنے ساکھتِ
بُوجھنُ تیری واٹ ॥

ਤਰਕਸ ਤੀਰ ਕਮਾਣ ਸਾਂਗ
ਤੇਗਬੰਦ ਗੁਣ ਧਾਤੁ ॥

ترکش تیر کماںٹ سانگ
تیغبنّد گُنٹ دھاتُ ॥

ਵਾਜਾ ਨੇਜਾ ਪਤਿ ਸਿਉ ਪਰਗਟੁ
ਕਰਮੁ ਤੇਰਾ ਮੇਰੀ ਜਾਤਿ ॥੩॥

واجا نیزا پتِ سِءُ پرگٹُ
کرمُ تیرا میری زاتِ ॥3॥

ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥

بابا ہورُ چڑٹا خُشی خُیارُ ॥

ਜਿਤੁ ਚੜਿਐ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥

جِتُ چڑِۓ تنُ پیڑِیۓ
من مہِ چلہِ وِکار ॥1॥ رہاءُ ॥

ਘਰ ਮੰਦਰ ਖੁਸੀ ਨਾਮ ਕੀ
ਨਦਰਿ ਤੇਰੀ ਪਰਵਾਰੁ ॥

گھر منّدر خُشی نام کی
ندرِ تیری پروارُ ॥

ਹੁਕਮੁ ਸੋਈ ਤੁਧੁ ਭਾਵਸੀ
ਹੋਰੁ ਆਖਣੁ ਬਹੁਤੁ ਅਪਾਰੁ ॥

حُکمُ سوئی تُدھُ بھاوسی
ہورُ آکھنُ بہُتُ اپارُ ॥

ਨਾਨਕ ਸਚਾ ਪਾਤਿਸਾਹੁ
ਪੂਛਿ ਨ ਕਰੇ ਬੀਚਾਰੁ ॥੪॥

نانک سچا پاتِشاہُ
پُوچھِ ن کرے بیچارُ ॥4॥

ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥

بابا ہورُ سنُّا خُشی خُیارُ ॥

ਜਿਤੁ ਸੁਤੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥੪॥੭॥

جِتُ سُتے تنُ پیڑِیۓ
من مہِ چلہِ وِکار ॥1॥ رہاءُ ॥4॥7॥

ਸਿਰੀਰਾਗੁ ਮਹਲਾ ੧ ॥

سِریراگُ محلا 1 ॥

ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ
ਅਗਰਿ ਵਾਸੁ ਤਨਿ ਸਾਸੁ ॥

کُنگھُو کی کانئیا رتنا کی للِتا
اگرِ واسُ تنِ ساسُ ॥

ਅਠਸਠਿ ਤੀਰਥ ਕਾ ਮੁਖਿ ਟਿਕਾ
ਤਿਤੁ ਘਟਿ ਮਤਿ ਵਿਗਾਸੁ ॥

اٹھسٹھِ تیرتھ کا مُکھِ ٹِکا
تِتُ گھٹِ مت وِگاسُ ॥

ਓਤੁ ਮਤੀ ਸਾਲਾਹਣਾ
ਸਚੁ ਨਾਮੁ ਗੁਣਤਾਸੁ ॥੧॥

اوتُ متی سالاحنا
سچُ نامُ گُنتاسُ ॥1॥

ਬਾਬਾ ਹੋਰ ਮਤਿ ਹੋਰ ਹੋਰ ॥

بابا ہور متِ ہور ہور ॥

ਜੇ ਸਉ ਵੇਰ ਕਮਾਈਐ
ਕੂੜੈ ਕੂੜਾ ਜੋਰੁ ॥੧॥ ਰਹਾਉ ॥

جے س ءُ ویر کمائیَے
کوُڑے کوُڑا زورُ ॥1॥ رہاءُ ॥

ਪੂਜ ਲਗੈ ਪੀਰੁ ਆਖੀਐ
ਸਭੁ ਮਿਲੈ ਸੰਸਾਰੁ ॥

پوُج لگے َپیِرُ آکھیِئے
سبھُ مِلے َسنّسارُ ॥

ਨਾਉ ਸਦਾਏ ਆਪਣਾ
ਹੋਵੈ ਸਿਧੁ ਸੁਮਾਰੁ ॥

ناءُ سدائے آپٹا
ہووے َسِدھُ شُمارُ ॥

ਜਾ ਪਤਿ ਲੇਖੈ ਨਾ ਪਵੈ
ਸਭਾ ਪੂਜ ਖੁਆਰੁ ॥੨॥

جا پتِ لیکھے َنا پوے َ
سبھا پوُج خُیارُ ॥2॥

ਜਿਨ ਕਉ ਸਤਿਗੁਰਿ ਥਾਪਿਆ
ਤਿਨ ਮੇਟਿ ਨ ਸਕੈ ਕੋਇ ॥

جِن ک ءُ ستِگُرِ تھاپیا
تِن میٹِ ن سکے َکوءِ ॥

ਓਨਾ ਅੰਦਰਿ ਨਾਮੁ ਨਿਧਾਨੁ ਹੈ
ਨਾਮੋ ਪਰਗਟੁ ਹੋਇ ॥

اونا اندَرِ نامُ نِدھانُ ہے َ
نامو پرگٹُ ہوءِ ॥

ਨਾਉ ਪੂਜੀਐ ਨਾਉ ਮੰਨੀਐ
ਅਖੰਡੁ ਸਦਾ ਸਚੁ ਸੋਇ ॥੩॥

ناءُ پوُجیِےَ ناءُ منّنیِےَ
اکھنّڈُ سدا سچُ سوءِ ॥3॥

ਖੇਹੂ ਖੇਹ ਰਲਾਈਐ
ਤਾ ਜੀਉ ਕੇਹਾ ਹੋਇ ॥

کھیہوُ کھیہ رلائیِےَ
تا جیِءُ کیہا ہوءِ ۔ ॥

ਜਲੀਆ ਸਭਿ ਸਿਆਣਪਾ
ਉਠੀ ਚਲਿਆ ਰੋਇ ॥

جلیِیا سبھِ سِیاٹپا
اُٹھی چلیا روءِ ॥

ਨਾਨਕ ਨਾਮਿ ਵਿਸਾਰਿਐ
ਦਰਿ ਗਇਆ ਕਿਆ ਹੋਇ ॥੪॥੮॥

نانک نامِ وِسارِئے َ
درِ گئیا کِیا ہوءِ ۔ ॥4॥8॥

ਸਿਰੀਰਾਗੁ ਮਹਲਾ ੧ ॥

سِرِیراگُ محلا 1 ॥

ਗੁਣਵੰਤੀ ਗੁਣ ਵੀਥਰੈ
ਅਉਗੁਣਵੰਤੀ ਝੂਰਿ ॥

گُنوَنتی گُنْ وِیتھرے َ
انگُنوَنتی جھوُرِ ॥

ਜੇ ਲੋੜਹਿ ਵਰੁ ਕਾਮਣੀ

جے لوڑہِ ورُ کامنّی

ਨਹ ਮਿਲੀਐ ਪਿਰ ਕੂਰਿ ॥	نہ مِلیئے پِر کوُرِ ॥
ਨਾ ਬੇੜੀ ਨਾ ਤੁਲਹੜਾ ਨਾ ਪਾਈਐ ਪਿਰੁ ਦੂਰਿ ॥੧॥	نا بیڑی نا تُلہڑا نا پائیئے پِرُ دوُرِ ॥1॥
ਮੇਰੇ ਠਾਕੁਰ ਪੂਰੈ ਤਖਤਿ ਅਡੋਲੁ ॥	میرے ٹھاکُر پوُرے تختِ اڈولُ ॥
ਗੁਰਮੁਖਿ ਪੂਰਾ ਜੇ ਕਰੇ ਪਾਈਐ ਸਾਚੁ ਅਤੋਲੁ ॥੧॥ ਰਹਾਉ ॥	گُرمُکھِ پوُرا جے کرے پائیئے ساچُ اتولُ ॥1॥ رہاءُ ॥
ਪ੍ਰਭੁ ਹਰਿਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ ॥	پربھُ ہرِمندرُ سوہنّا تِس مہِ مانک لال ॥
ਮੋਤੀ ਹੀਰਾ ਨਿਰਮਲਾ ਕੰਚਨ ਕੋਟ ਰੀਸਾਲ ॥	موتی ہیرا نِرملا کنچن کوٹ ریسال ॥
ਬਿਨੁ ਪਉੜੀ ਗੜਿ ਕਿਉ ਚੜਉ ਗੁਰ ਹਰਿ ਧਿਆਨ ਨਿਹਾਲ ॥੨॥	بِنُ پئڑی گڑِ کِءُ چڑءُ گُر ہرِ دھیان نِہال ॥2॥
ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ ॥	گُرُ پئڑی بیڑی گُرو گُرُ تُلہا ہرِ ناءُ ॥
ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ ॥	گُرُ سرُ ساگرُ بوہتھو گُرُ تیرتھُ دریاءُ ॥
ਜੇ ਤਿਸੁ ਭਾਵੈ ਊਜਲੀ ਸਤ ਸਰਿ ਨਾਵਣ ਜਾਉ ॥੩॥	جے تِس بھاوے اوُجلی ست سرِ ناونْ جاءُ ॥3॥
ਪੂਰੋ ਪੂਰੋ ਆਖੀਐ ਪੂਰੈ ਤਖਤਿ ਨਿਵਾਸ ॥	پوُرو پوُرو آکھیئے پوُرے تختِ نِواس ॥
ਪੂਰੈ ਥਾਨਿ ਸੁਹਾਵਣੈ ਪੂਰੈ ਆਸ ਨਿਰਾਸ ॥	پوُرے تھانِ سُہاوڑے پوُرے آس نِراس ॥
ਨਾਨਕ ਪੂਰਾ ਜੇ ਮਿਲੈ ਕਿਉ ਘਾਟੈ ਗੁਣ ਤਾਸ ॥੪॥੯॥	نانک پوُرا جے مِلے کِءُ گھاٹے گُنْ تاس ۔ ॥4॥9॥
ਸਿਰੀਰਾਗੁ ਮਹਲਾ ੧ ॥	سِریراگُ محلا 1 ॥

ਆਵਹੁ ਭੈਣੇ ਗਲਿ ਮਿਲਹ
ਅੰਕਿ ਸਹੇਲੜੀਆਹ ॥

آوہُ بھینَے گلِ مِلہ
انَکِ سہیلڑییاہ ॥

ਮਿਲਿ ਕੈ ਕਰਹ ਕਹਾਣੀਆ
ਸੰਮ੍ਰਥ ਕੰਤ ਕੀਆਹ ॥

مِلِ کے کرہ کہاٹیا
سنمّرتھ کنّت کیِیاہ ॥

ਸਾਚੇ ਸਾਹਿਬ ਸਭਿ ਗੁਣ
ਅਉਗਣ ਸਭਿ ਅਸਾਹ ॥੧॥

ساچے صاحِب سبھِ گُنٔ
انگُنٔ سبھِ اساہ ॥1॥

ਕਰਤਾ ਸਭੁ ਕੋ ਤੇਰੈ ਜੋਰਿ ॥

کرتا سبھُ کو تیرے زورِ ॥

ਏਕੁ ਸਬਦੁ ਬੀਚਾਰੀਐ
ਜਾ ਤੂ ਤਾ ਕਿਆ ਹੋਰਿ ॥੧॥ ਰਹਾਉ ॥

ایکُ سبدُ بیچارِیَے
جا توُ تا کِیا ہورِ ۔ ॥1॥ رہاءُ ॥

ਜਾਇ ਪੁਛਹੁ ਸੋਹਾਗਣੀ
ਤੁਸੀ ਰਾਵਿਆ ਕਿਨੀ ਗੁਣੀ ॥

جاءِ پُچھہُ سوہاگنٔی
تُسی راوِیا کِنی گُنٔیں ۔ ॥

ਸਹਜਿ ਸੰਤੋਖਿ ਸੀਗਾਰੀਆ
ਮਿਠਾ ਬੋਲਣੀ ॥

سہجِ سنتوکھِ سیِگارییا
مِٹھا بولنٔی ॥

ਪਿਰੁ ਰੀਸਾਲੂ ਤਾ ਮਿਲੈ
ਜਾ ਗੁਰ ਕਾ ਸਬਦੁ ਸੁਣੀ ॥੨॥

پُر ریِسالوُ تا مِلَے
جا گُر کا سبدُ سُنٔی ॥2॥

ਕੇਤੀਆ ਤੇਰੀਆ ਕੁਦਰਤੀ
ਕੇਵਡ ਤੇਰੀ ਦਾਤਿ ॥

کیتیا تیرییا قُدرتی
کیوڈ تیری داتِ ۔ ॥

ਕੇਤੇ ਤੇਰੇ ਜੀਅ ਜੰਤ
ਸਿਫਤਿ ਕਰਹਿ ਦਿਨੁ ਰਾਤਿ ॥

کیتے تیرے جیء جنّت
صِفتِ کرہِ دِنُ راتِ ॥

ਕੇਤੇ ਤੇਰੇ ਰੂਪ ਰੰਗ
ਕੇਤੇ ਜਾਤਿ ਅਜਾਤਿ ॥੩॥

کیتے تیرے روُپ رنگ
کیتے زاتِ نزاتِ ۔ ॥3॥

ਸਚੁ ਮਿਲੈ ਸਚੁ ਊਪਜੈ
ਸਚ ਮਹਿ ਸਾਚਿ ਸਮਾਇ ॥

سچُ مِلَے سچُ اوُپجَے
سچ مہِ ساچِ سماءِ ॥

ਸੁਰਤਿ ਹੋਵੈ ਪਤਿ ਊਗਵੈ
ਗੁਰਬਚਨੀ ਭਉ ਖਾਇ ॥

سُرتِ ہووَے پتِ اوُگوَے
گُربچنی بھءُ کھاءِ ॥

ਨਾਨਕ ਸਚਾ ਪਾਤਿਸਾਹੁ
ਆਪੇ ਲਏ ਮਿਲਾਇ ॥੪॥੧੦॥

نانک سچا پاتِشاہُ
آپے لے مِلاءِ ॥4॥ 10 ॥

ਸਿਰੀਰਾਗੁ ਮਹਲਾ ੧ ॥

سِرِیراگُ محلا 1 ॥

ਭਲੀ ਸਰੀ ਜਿ ਉਬਰੀ
ਹਉਮੈ ਮੁਈ ਘਰਾਹੁ ॥

بھلی سری جِ اُبری
ہئُمےَ مُئی گھراہُ ॥

ਦੂਤ ਲਗੇ ਫਿਰਿ ਚਾਕਰੀ
ਸਤਿਗੁਰ ਕਾ ਵੇਸਾਹੁ ॥

دوُت لگے پھِرِ چاکری
ستِگُر کا ویساہُ ॥

ਕਲਪ ਤਿਆਗੀ ਬਾਦਿ ਹੈ
ਸਚਾ ਵੇਪਰਵਾਹੁ ॥੧॥

کلپ تِیاگی بادِ ہےَ
سچا ویپرواہُ ॥1॥

ਮਨ ਰੇ ਸਚੁ ਮਿਲੈ ਭਉ ਜਾਇ ॥

من رے سچُ مِلےَ بھءُ جاءِ ॥

ਭੈ ਬਿਨੁ ਨਿਰਭਉ ਕਿਉ ਥੀਐ
ਗੁਰਮੁਖਿ ਸਬਦਿ ਸਮਾਇ ॥੧॥ ਰਹਾਉ ॥

بھےَ بِنُ نِربھءُ کِءُ تھیئےَ
گُرمُکھِ سبدِ سماءِ ॥1॥ رہاءُ ॥

ਕੇਤਾ ਆਖਣੁ ਆਖੀਐ
ਆਖਣਿ ਤੋਟਿ ਨ ਹੋਇ ॥

کیتا آکھنُ آکھیئےَ
آکھنِ توٹِ ن ہوءِ ॥

ਮੰਗਣ ਵਾਲੇ ਕੇਤੜੇ
ਦਾਤਾ ਏਕੋ ਸੋਇ ॥

منگنُ والے کیتڑے
داتا ایکو سوءِ ॥

ਜਿਸ ਕੇ ਜੀਅ ਪਰਾਣ ਹੈ
ਮਨਿ ਵਸਿਐ ਸੁਖੁ ਹੋਇ ॥੨॥

جِس کے جیءِ پراںُ ہےَ
منِ وسِیےَ سُکھُ ہوءِ ॥2॥

ਜਗੁ ਸੁਪਨਾ ਬਾਜੀ ਬਨੀ
ਖਿਨ ਮਹਿ ਖੇਲੁ ਖੇਲਾਇ ॥

جگُ سُپنا بازی بنی
کھِن مہِ کھیلُ کھیلاءِ ॥

ਸੰਜੋਗੀ ਮਿਲਿ ਏਕਸੇ
ਵਿਜੋਗੀ ਉਠਿ ਜਾਇ ॥

سنجوگی مِلِ ایکسے
وِجوگی اُٹھِ جاءِ ॥

ਜੋ ਤਿਸੁ ਭਾਣਾ ਸੋ ਥੀਐ
ਅਵਰੁ ਨ ਕਰਣਾ ਜਾਇ ॥੩॥

جو تِس بھاٹا سو تھیئےَ
اورُ ن کرٹا جاءِ ॥3॥

ਗੁਰਮੁਖਿ ਵਸਤੁ ਵੇਸਾਹੀਐ

گُرمُکھِ وستُ ویساہیئےَ

ਸਚੁ ਵਖਰੁ ਸਚੁ ਰਾਸਿ ॥	سچُ وکھرُ سچُ راسِ ॥
ਜਿਨੀ ਸਚੁ ਵਣੰਜਿਆ ਗੁਰ ਪੂਰੇ ਸਾਬਾਸਿ ॥	جِنی سچُ وٹنجیا گُر پوُرے ساباسِ ॥
ਨਾਨਕ ਵਸਤੁ ਪਛਾਣਸੀ ਸਚੁ ਸਉਦਾ ਜਿਸੁ ਪਾਸਿ ॥੪॥੧੧॥	نانک وستُ پچھاٹسی سچُ سئُدا جِسُ پاسِ ॥4॥ 11 ॥
ਸਿਰੀਰਾਗੁ ਮਹਲੁ ੧ ॥	سِریراگُ محلُ 1 ॥
ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ ॥	دھاتُ مِلےَ پھُنِ دھاتُ ک ءُ صِفتی صِفتِ سماءِ ॥
ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥	لالُ گُلالُ گہبرا سچا رنگُ چڑاءُ ॥
ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ ॥੧॥	سچُ مِلےَ سنتوکھیا ہرِ جپِ ایکےَ بھاءِ ॥1॥
ਭਾਈ ਰੇ ਸੰਤ ਜਨਾ ਕੀ ਰੇਣੁ ॥	بھائی رے سنّت جنا کی ریُنُ ॥
ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ ॥੧॥ ਰਹਾਉ ॥	سنّت سبھا گُرُ پائیےَ مُکتِ پدارتھُ دھیُنُ ॥1॥ رہاءُ ॥
ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ ॥	اوُچءُ تھانُ سُہاوٹا اوُپرِ محلُ مُرارِ ॥
ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥	سچُ کرنٹی دے پائیےَ درُ گھرُ محلُ پیارِ ॥
ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ ॥੨॥	گُرمُکھِ منُ سمجھائیےَ آتم رامُ بیچارِ ॥2॥
ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ ॥	تّربِدھِ کرم کمائیہِ آس اندیسا ہوءِ ॥
ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥	کِءُ گُر بِنُ تّرِکُٹی چھُٹسی سہجِ مِلےَ سُکھُ ہوءِ ॥

ਨਿਜ ਘਰਿ ਮਹਲੁ ਪਛਾਣੀਐ
ਨਦਰਿ ਕਰੇ ਮਲੁ ਧੋਇ ॥੩॥

نِج گھرِ محلُ پچھانئیے
ندرِ کرے ملُ دھوءِ ॥3॥

ਬਿਨੁ ਗੁਰ ਮੈਲੁ ਨ ਉਤਰੈ
ਬਿਨੁ ਹਰਿ ਕਿਉ ਘਰ ਵਾਸੁ ॥

بِنُ گُر میَلُ ن اُترے
بِنُ ہرِ کِءُ گھر واسُ ۔ ॥

ਏਕੋ ਸਬਦੁ ਵੀਚਾਰੀਐ
ਅਵਰ ਤਿਆਗੈ ਆਸ ॥

ایکو سبدُ ویچاریئے
اور تِیاگے آس ॥

ਨਾਨਕ ਦੇਖਿ ਦਿਖਾਈਐ
ਹਉ ਸਦ ਬਲਿਹਾਰੈ ਜਾਸੁ ॥੪॥੧੨॥

نانک دیکھِ دِکھائیئے
ہءُ سد بلِہارے جاسُ ॥4॥ 12 ॥

ਸਿਰੀਰਾਗੁ ਮਹਲਾ ੧ ॥

سِرِیراگُ محلا 1 ॥

ਧ੍ਰਿਗੁ ਜੀਵਣੁ ਦੋਹਾਗਣੀ
ਮੁਠੀ ਦੂਜੈ ਭਾਇ ॥

دھرِگُ جیِونُ دوہاگنی
مُٹھی دوُجے بھاءِ ॥

ਕਲਰ ਕੇਰੀ ਕੰਧ ਜਿਉ
ਅਹਿਨਿਸਿ ਕਿਰਿ ਢਹਿ ਪਾਇ ॥

کلر کیری کندھ جِءُ
اہِنِس کِرِ ڈھہِ پاءِ ॥

ਬਿਨੁ ਸਬਦੈ ਸੁਖੁ ਨਾ ਥੀਐ
ਪਿਰ ਬਿਨੁ ਦੂਖੁ ਨ ਜਾਇ ॥੧॥

بِنُ سبدے سُکھُ نا تھیئے
پِر بِنُ دوُکھُ ن جاءِ ॥1॥

ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥

مُندھے پِر بِنُ کیا سیِگارُ ۔ ॥

ਦਰਿ ਘਰਿ ਢੋਈ ਨ ਲਹੈ
ਦਰਗਹ ਝੂਠੁ ਖੁਆਰੁ ॥੧॥ ਰਹਾਉ ॥

درِ گھرِ ڈھوئی ن لہے
درگہ جھوُٹھُ خُیارُ ॥1॥ رہاءُ ॥

ਆਪਿ ਸੁਜਾਣੁ ਨ ਭੁਲਈ
ਸਚਾ ਵਡ ਕਿਰਸਾਣੁ ॥

آپِ سُجانُ ن بھُلئی
سچا وڈ کِرسانُ ॥

ਪਹਿਲਾ ਧਰਤੀ ਸਾਧਿ ਕੈ
ਸਚੁ ਨਾਮੁ ਦੇ ਦਾਣੁ ॥

پہِلا دھرتی سادھِ کے
سچُ نامُ دے دانُ ॥

ਨਉ ਨਿਧਿ ਉਪਜੈ ਨਾਮੁ ਏਕੁ
ਕਰਮਿ ਪਵੈ ਨੀਸਾਣੁ ॥੨॥

ن ءُ نِدھِ اُپجے نامُ ایکُ
کرمِ پوے نِیشانُ ॥2॥

ਗੁਰ ਕਉ ਜਾਣਿ ਨ ਜਾਣਈ

گُر کءُ جانِ ن جانئی

ਕਿਆ ਤਿਸੁ ਚਜੁ ਅਚਾਰੁ ॥

ਅੰਧੁਲੈ ਨਾਮੁ ਵਿਸਾਰਿਆ
ਮਨਮੁਖਿ ਅੰਧ ਗੁਬਾਰੁ ॥

ਆਵਣੁ ਜਾਣੁ ਨ ਚੁਕਈ
ਮਰਿ ਜਨਮੈ ਹੋਇ ਖੁਆਰੁ ॥੩॥

ਚੰਦਨੁ ਮੋਲਿ ਅਣਾਇਆ
ਕੁੰਗੂ ਮਾਂਗ ਸੰਧੂਰੁ ॥

ਚੋਆ ਚੰਦਨੁ ਬਹੁ ਘਣਾ
ਪਾਨਾ ਨਾਲਿ ਕਪੂਰੁ ॥

ਜੇ ਧਨ ਕੰਤਿ ਨ ਭਾਵਈ
ਤ ਸਭਿ ਅਡੰਬਰ ਕੂੜੁ ॥੪॥

ਸਭਿ ਰਸ ਭੋਗਣ ਬਾਦਿ ਹਹਿ
ਸਭਿ ਸੀਗਾਰ ਵਿਕਾਰ ॥

ਜਬ ਲਗੁ ਸਬਦਿ ਨ ਭੇਦੀਐ
ਕਿਉ ਸੋਹੈ ਗੁਰਦੁਆਰਿ ॥

ਨਾਨਕ ਧੰਨੁ ਸੁਹਾਗਣੀ
ਜਿਨ ਸਹ ਨਾਲਿ ਪਿਆਰੁ ॥੫॥੧੩॥

ਸਿਰੀਰਾਗੁ ਮਹਲਾ ੧ ॥

ਸੁੰਞੀ ਦੇਹ ਡਰਾਵਣੀ
ਜਾ ਜੀਉ ਵਿਚਹੁ ਜਾਇ ॥

ਭਾਹਿ ਬਲੰਦੀ ਵਿਝਵੀ
ਧੂਉ ਨ ਨਿਕਸਿਓ ਕਾਇ ॥

ਪੰਚੇ ਰੁੰਨੇ ਦੁਖਿ ਭਰੇ
ਬਿਨਸੇ ਦੂਜੈ ਭਾਇ ॥੧॥

ਮੂੜੇ ਰਾਮੁ ਜਪਹੁ ਗੁਣ ਸਾਰਿ ॥

کِیا تِس چجُ اچارُ ۔ ॥

انّدھُلے نامُ وِسارِیا
منمُکھِ انّدھ غُبارُ ॥

آونُ جانُ ن چُکئی
مرِجنمے ہوءِ خُیارُ ॥3॥

چنّدنُ مولِ اٹائِیا
کُنگُو مانگ سنّدھوُرُ ॥

چوِیا چنّدنُ بہُ گھٹا
پانا نالِ کپُورُ ॥

جے دھن کنّتِ ن بھاوئی
ت سبھِ اڈنّبر کوُڑُ ॥4॥

سبھِ رس بھوگنُ بادِ ہہِ
سبھِ سیِگار وِکارُ ॥

جب لگُ سبدِ ن بھیدیِۓ
کِءُ سوہے گُردُیارِ ۔ ॥

نانک دھنّنُ سُہاگنُی
جِن سہ نالِ پِیارُ ॥5॥ 13 ॥

سِرِیراگُ محلا 1 ॥

سُنّجی دیہ ڈراونُی
جا جیِءُ وِچہُ جاءِ ॥

بھاہِ بلنّدی وِجھوی
دھوُءُ ن نِکسِئو کاءِ ॥

پنّچے رُنّنے دُکھِ بھرے
بِنسے دوُجےَ بھاءِ ॥1॥

موُڑے رامُ جپہُ گُنُ سارِ ॥

ਹਉਮੈ ਮਮਤਾ ਮੋਹਣੀ
ਸਭ ਮੁਠੀ ਅਹੰਕਾਰਿ ॥੧॥ ਰਹਾਉ ॥

ہئمےَ ممتا موہنیٔ
سبھ مُٹھی اہنکارِ ॥1॥ رہاءُ ॥

ਜਿਨੀ ਨਾਮੁ ਵਿਸਾਰਿਆ
ਦੂਜੀ ਕਾਰੈ ਲਗਿ ॥

جِنی نامُ وِسارِیا
دوُجی کارے لگِ ॥

ਦੁਬਿਧਾ ਲਾਗੇ ਪਚਿ ਮੁਏ
ਅੰਤਰਿ ਤ੍ਰਿਸਨਾ ਅਗਿ ॥

دُبِدھا لاگے پچِ مُےَ
انترِ ترِسنا اگِ ॥

ਗੁਰਿ ਰਾਖੇ ਸੇ ਉਬਰੇ
ਹੋਰਿ ਮੁਠੀ ਧੰਧੈ ਠਗਿ ॥੨॥

گُرِ راکھے سے اُبرے
ہورِ مُٹھی دھندّھےَ ٹھگِ ॥2॥

ਮੁਈ ਪਰੀਤਿ ਪਿਆਰੁ ਗਇਆ
ਮੁਆ ਵੈਰੁ ਵਿਰੋਧੁ ॥

مُئی پریتِ پیارُ گئیا
مُیا ویرُ وِرودھُ ॥

ਧੰਧਾ ਥਕਾ ਹਉ ਮੁਈ
ਮਮਤਾ ਮਾਇਆ ਕ੍ਰੋਧੁ ॥

دھندّھا تھکا ہءُ مُئی
ممتا مائیا کرودھُ ॥

ਕਰਮਿ ਮਿਲੈ ਸਚੁ ਪਾਈਐ
ਗੁਰਮੁਖਿ ਸਦਾ ਨਿਰੋਧੁ ॥੩॥

کرمِ ملےَ سچُ پائیےَ
گُرمُکھِ سدا نِرودھُ ॥3॥

ਸਚੀ ਕਾਰੈ ਸਚੁ ਮਿਲੈ
ਗੁਰਮਤਿ ਪਲੈ ਪਾਇ ॥

سچی کارے سچُ ملےَ
گُرمتِ پلےَ پاءِ ॥

ਸੋ ਨਰੁ ਜੰਮੈ ਨਾ ਮਰੈ
ਨਾ ਆਵੈ ਨਾ ਜਾਇ ॥

سو نرُ جنمےَ نا مرے
نا آوے نا جاءِ ॥

ਨਾਨਕ ਦਰਿ ਪਰਧਾਨੁ ਸੋ
ਦਰਗਹਿ ਪੈਧਾ ਜਾਇ ॥੪॥੧੪॥

نانک درِ پردھانُ سو
درگہِ پیَدھا جاءِ ॥4॥ 14 ॥

ਸਿਰੀਰਾਗੁ ਮਹਲ ੧ ॥

سِریراگُ محل 1 ॥

ਤਨੁ ਜਲਿ ਬਲਿ ਮਾਟੀ ਭਇਆ
ਮਨੁ ਮਾਇਆ ਮੋਹਿ ਮਨੂਰੁ ॥

تنُ جلِ بلِ ماٹی بھئیا
منُ مائیا موہِ منوُرُ ॥

ਅਉਗਣ ਫਿਰਿ ਲਾਗੂ ਭਏ
ਕੂਰਿ ਵਜਾਵੈ ਤੂਰੁ ॥

انگُن پھِرِ لاگُو بھےَ
کوُرِ وجاوے توُرُ ॥

ਬਿਨੁ ਸਬਦੈ ਭਰਮਾਈਐ	بِنُ سبدے بھرمائیئے
ਦੁਬਿਧਾ ਡੋਬੇ ਪੂਰੁ ॥੧॥	دُبِدھا ڈوبے پُورُ ॥1॥
ਮਨ ਰੇ ਸਬਦਿ ਤਰਹੁ ਚਿਤੁ ਲਾਇ ॥	من رے سبدِ ترہُ چِتُ لاءِ ॥
ਜਿਨਿ ਗੁਰਮੁਖਿ ਨਾਮੁ ਨ ਬੂਝਿਆ	جِنِ گُرمُکھِ نامُ ن بُوجھیا
ਮਰਿ ਜਨਮੈ ਆਵੈ ਜਾਇ ॥੧॥ ਰਹਾਉ ॥	مرِجنمے آوے جاءِ ॥1॥ رہاءُ ॥
ਤਨੁ ਸੂਚਾ ਸੋ ਆਖੀਐ	تنُ سوُچا سو آکھیئے
ਜਿਸੁ ਮਹਿ ਸਾਚਾ ਨਾਉ ॥	جِسُ مہِ ساچا ناءُ ॥
ਭੈ ਸਚਿ ਰਾਤੀ ਦੇਹੁਰੀ	بھے سچِ راتی دیہُری
ਜਿਹਵਾ ਸਚੁ ਸੁਆਉ ॥	جِہوا سچُ سُیاءُ ॥
ਸਚੀ ਨਦਰਿ ਨਿਹਾਲੀਐ	سچی ندرِ نِہالیئے
ਬਹੁੜਿ ਨ ਪਾਵੈ ਤਾਉ ॥੨॥	بہُڑِ ن پاوے تاءُ ॥2॥
ਸਾਚੇ ਤੇ ਪਵਨਾ ਭਇਆ	ساچے تے پونا بھئیا
ਪਵਨੈ ਤੇ ਜਲੁ ਹੋਇ ॥	پونے تے جلُ ہوءِ ॥
ਜਲ ਤੇ ਤ੍ਰਿਭਵਣੁ ਸਾਜਿਆ	جل تے ترِبھوُنُ ساجِیا
ਘਟਿ ਘਟਿ ਜੋਤਿ ਸਮੋਇ ॥	گھٹِ گھٹِ جوتِ سموءِ ॥
ਨਿਰਮਲੁ ਮੈਲਾ ਨਾ ਥੀਐ	نِرملُ میَلا نا تھیئے
ਸਬਦਿ ਰਤੇ ਪਤਿ ਹੋਇ ॥੩॥	سبدِ رتے پتِ ہوءِ ॥3॥
ਇਹੁ ਮਨੁ ਸਾਚਿ ਸੰਤੋਖਿਆ	اِہُ منُ ساچِ سنتوکھیا
ਨਦਰਿ ਕਰੇ ਤਿਸੁ ਮਾਹਿ ॥	ندرِ کرے تِسُ ماہِ ॥
ਪੰਚ ਭੂਤ ਸਚਿ ਭੈ ਰਤੇ	پنچ بھوُت سچِ بھے رتے
ਜੋਤਿ ਸਚੀ ਮਨ ਮਾਹਿ ॥	جوتِ سچی من ماہِ ॥
ਨਾਨਕ ਅਉਗਣ ਵੀਸਰੇ	نانک انگُنُ ویسرے
ਗੁਰਿ ਰਾਖੇ ਪਤਿ ਤਾਹਿ ॥੪॥੧੫॥	گُرِ راکھے پتِ تاہِ ॥4॥ 15 ॥
ਸਿਰੀਰਾਗੁ ਮਹਲਾ ੧ ॥	سِریراگُ محلا 1 ॥
ਨਾਨਕ ਬੇੜੀ ਸਚ ਕੀ	نانک بیڑی سچ کی

ਤਰੀਐ ਗੁਰ ਵੀਚਾਰਿ ॥	ترِیۓ گُر ویچارِ ॥
ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥	اِکِ آوہِ اِکِ جاوہی پوُرِ بھرے اہنکارِ ॥
ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥	منہٹھِ متی بوُڈیۓ گُرمُکھِ سچُ سُ تارِ ॥1॥
ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥	گُر بِنُ کِءُ ترِیۓ سُکھُ ہوءِ ॥
ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥੧॥ ਰਹਾਉ ॥	جِءُ بھاوے تِءُ راکھُ توُ مے اورُ ن دوُجا کوءِ ॥1॥ رہاءُ ॥
ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ ॥	آگے دیکھءُ ڈءُ جلے پاچھے ہرِیو انگوُرُ ॥
ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ ॥	جِس تے اُپجے تِس تے بِنسے گھٹِ گھٹِ سچُ بھرپوُرِ ॥
ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥੨॥	آپے میلِ مِلاوہی ساچے محلِ حدوُرِ ॥2॥
ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥	ساہِ ساہِ تُجھُ سنّملا کدے ن وِساریءُ ॥
ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥	جِءُ جِءُ صاحبُ منِ وسے گُرمُکھِ انمّرِتُ پِیءُ ॥
ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥੩॥	منُ تنُ تیرا توُ دھنّی گربُ نِوارِ سمیءُ ॥3॥
ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥	جِنِ ایہُ جگتُ اُپائیا ترِبھونُ کرِ آکارُ ॥
ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥	گُرمُکھِ چانّنُ جانّیۓ منمُکھِ مُگدھُ غُبارُ ॥
ਘਟਿ ਘਟਿ ਜੋਤਿ ਨਿਰੰਤਰੀ	گھٹِ گھٹِ جوتِ نِرنّتری

ਬੂਝੈ ਗੁਰਮਤਿ ਸਾਰੁ ॥੪॥

بُوجھے گُرمتِ سارُ ॥4॥

ਗੁਰਮੁਖਿ ਜਿਨੀ ਜਾਣਿਆ
ਤਿਨ ਕੀਚੈ ਸਾਬਾਸਿ ॥

گُرمُکھِ جِنی جاڑیا
تِن کیچے سابَاسِ ॥

ਸਚੇ ਸੇਤੀ ਰਲਿ ਮਿਲੇ
ਸਚੇ ਗੁਣ ਪਰਗਾਸਿ ॥

سچے سیتی رلِ مِلے
سچے گُڑ پرگاسِ ॥

ਨਾਨਕ ਨਾਮਿ ਸੰਤੋਖੀਆ
ਜੀਉ ਪਿੰਡੁ ਪ੍ਰਭ ਪਾਸਿ ॥੫॥੧੬॥

نانک نامِ سنتوکھیا
جیِءُ پِنڈُ پربھ پاسِ ॥5॥ 16 ॥

ਸਿਰੀਰਾਗੁ ਮਹਲਾ ੧ ॥

سِریراگُ محلا 1 ॥

ਸੁਣਿ ਮਨ ਮਿਤ੍ਰ ਪਿਆਰਿਆ
ਮਿਲੁ ਵੇਲਾ ਹੈ ਏਹ ॥

سُڑِ من مِتّر پیارِیا
مِلُ ویلا ہے ایہ ॥

ਜਬ ਲਗੁ ਜੋਬਨਿ ਸਾਸੁ ਹੈ
ਤਬ ਲਗੁ ਇਹੁ ਤਨੁ ਦੇਹ ॥

جب لگُ جوبنِ ساسُ ہے
تب لگُ اِہُ تنُ دیہ ॥

ਬਿਨੁ ਗੁਣ ਕਾਮਿ ਨ ਆਵਈ
ਢਹਿ ਢੇਰੀ ਤਨੁ ਖੇਹ ॥੧॥

بِنُ گُڑ کامِ ن آوئی
ڈھہِ ڈھیری تنُ کھیہ ॥1॥

ਮੇਰੇ ਮਨ ਲੈ ਲਾਹਾ ਘਰਿ ਜਾਹਿ ॥

میرے من لے لاہا گھرِ جاہِ ॥

ਗੁਰਮੁਖਿ ਨਾਮੁ ਸਲਾਹੀਐ
ਹਉਮੈ ਨਿਵਰੀ ਭਾਹਿ ॥੧॥ ਰਹਾਉ ॥

گُرمُکھِ نامُ سلاہیئے
ہئمے نِوری بھاہِ ॥1॥ رہاءُ ॥

ਸੁਣਿ ਸੁਣਿ ਗੰਢਣੁ ਗੰਢੀਐ
ਲਿਖਿ ਪੜਿ ਬੁਝਹਿ ਭਾਰੁ ॥

سُڑِ سُڑِ گنڈھنُ گنڈھیئے
لِکھِ پڑِ بُجھہِ بھارُ ॥

ਤ੍ਰਿਸਨਾ ਅਹਿਨਿਸਿ ਅਗਲੀ
ਹਉਮੈ ਰੋਗੁ ਵਿਕਾਰੁ ॥

تّرِسنا اہِنِس اگلی
ہئمے روگُ وِکارُ ॥

ਓਹੁ ਵੇਪਰਵਾਹੁ ਅਤੋਲਵਾ
ਗੁਰਮਤਿ ਕੀਮਤਿ ਸਾਰੁ ॥੨॥

اوہُ ویپرواہُ اتولوا
گُرمتِ قِیمتِ سارُ ॥2॥

ਲਖ ਸਿਆਣਪ ਜੇ ਕਰੀ
ਲਖ ਸਿਉ ਪ੍ਰੀਤਿ ਮਿਲਾਪੁ ॥

لکھ سِیاڑپ جے کری
لکھ سِءُ پّریتِ مِلاپُ ॥

ਬਿਨੁ ਸੰਗਤਿ ਸਾਧ ਨ ਧ੍ਰਾਪੀਆ	بِنُ سنگتِ سادھ ن دھرّاپِیا
ਬਿਨੁ ਨਾਵੈ ਦੂਖ ਸੰਤਾਪੁ ॥	بِنُ ناوےَ دوُکھ سنّتاپُ ॥
ਹਰਿ ਜਪਿ ਜੀਅਰੇ ਛੁਟੀਐ	ہرِ جپِ جیِئرے چھُٹیِئے
ਗੁਰਮੁਖਿ ਚੀਨੈ ਆਪੁ ॥੩॥	گُرمُکھِ چینےَ آپُ ॥3॥
ਤਨੁ ਮਨੁ ਗੁਰ ਪਹਿ ਵੇਚਿਆ	تنُ منُ گُر پہِ ویچِیا
ਮਨੁ ਦੀਆ ਸਿਰੁ ਨਾਲਿ ॥	منُ دیِیا سِرُ نالِ ॥
ਤ੍ਰਿਭਵਣੁ ਖੋਜਿ ਢੰਢੋਲਿਆ	ترِبھوُنُ کھوجِ ڈھنڈھولیا
ਗੁਰਮੁਖਿ ਖੋਜਿ ਨਿਹਾਲਿ ॥	گُرمُکھِ کھوجِ نِہالِ ॥
ਸਤਗੁਰਿ ਮੇਲਿ ਮਿਲਾਇਆ	ستگُرِ میلِ مِلائیا
ਨਾਨਕ ਸੋ ਪ੍ਰਭੁ ਨਾਲਿ ॥੪॥੧੭॥	نانک سو پرّبھُ نالِ ॥4॥ 17 ॥
ਸਿਰੀਰਾਗੁ ਮਹਲਾ ੧ ॥	سِریراگُ محلا 1 ॥
ਮਰਣੈ ਕੀ ਚਿੰਤਾ ਨਹੀ	مرنّے کی چِنّتا نہی
ਜੀਵਣ ਕੀ ਨਹੀ ਆਸ ॥	جیِونّ کی نہی آس ॥
ਤੂ ਸਰਬ ਜੀਆ ਪ੍ਰਤਿਪਾਲਹੀ	توُ سرب جیِیا پرّتپالہی
ਲੇਖੈ ਸਾਸ ਗਿਰਾਸ ॥	لیکھےَ ساس گِراس ॥
ਅੰਤਰਿ ਗੁਰਮੁਖਿ ਤੂ ਵਸਹਿ	انترِ گُرمُکھِ توُ وسہِ
ਜਿਉ ਭਾਵੈ ਤਿਉ ਨਿਰਜਾਸਿ ॥੧॥	جِءُ بھاوےَ تِءُ نِرجاسِ ॥1॥
ਜੀਅਰੇ ਰਾਮ ਜਪਤ ਮਨੁ ਮਾਨੁ ॥	جیِئرے رام جپت منُ مانُ ॥
ਅੰਤਰਿ ਲਾਗੀ ਜਲਿ ਬੁਝੀ	انترِ لاگی جلِ بُجھی
ਪਾਇਆ ਗੁਰਮੁਖਿ ਗਿਆਨੁ ॥੧॥ ਰਹਾਉ ॥	پائیا گُرمُکھِ گیانُ ॥1॥ رہاءُ ॥
ਅੰਤਰ ਕੀ ਗਤਿ ਜਾਣੀਐ	انتر کی گتِ جانّیئے
ਗੁਰ ਮਿਲੀਐ ਸੰਕ ਉਤਾਰਿ ॥	گُر ملیِئے سنک اُتارِ ॥
ਮੁਇਆ ਜਿਤੁ ਘਰਿ ਜਾਈਐ	مُئیا جِتُ گھرِ جائیئے
ਤਿਤੁ ਜੀਵਦਿਆ ਮਰੁ ਮਾਰਿ ॥	تِتُ جیِودِیا مرُ مارِ ॥
ਅਨਹਦ ਸਬਦਿ ਸੁਹਾਵਣੇ	انہد سبدِ سُہاونّے

ਪਾਈਐ ਗੁਰ ਵੀਚਾਰਿ ॥੨॥	پائیئے گُر ویچارِ ॥2॥
ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥	انہد بانٹی پائیئے تہ ہئے ہوءِ بِناسُ ॥
ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ ॥	ستگُر سیوے آپنٹا ہءُ سد قُربانٹے تاسُ ॥
ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ ॥੩॥	کھڑِ درگہ پینائیئے مُکھِ ہرِ نام نِواسُ ॥3॥
ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥	جہ دیکھا تہ روِ رہے سِو سکتی کا میلُ ॥
ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥	تّرِہُ گُنٹ بندھی دیہُری جو آئیا جگِ سو کھیلُ ॥
ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥	وِجوگی دُکھِ وِچھُڑے منمُکھِ لہہِ ن میلُ ॥4॥
ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥	منُ بیَراگی گھرِ وسے سچ بھے راتا ہوءِ ॥
ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥	گیان مہارسُ بھوگوے باہُڑِ بھوُکھ ن ہوءِ ॥
ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥੧੮॥	نانک اِہُ منُ مارِ مِلُ بھی پھِرِ دُکھُ ن ہوءِ ॥5॥ 18 ॥
ਸਿਰੀਰਾਗੁ ਮਹਲਾ ੧ ॥	سِریراگُ محلا 1 ॥
ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੋਭਾਨੁ ॥	ایہُ منو مؤرکھُ لوبھیا لوبھے لگا لوبھانُ ॥
ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥	سبدِ ن بھیجے ساکتا دُرمتِ آونُ جانُ ॥
ਸਾਧੂ ਸਤਗੁਰੁ ਜੇ ਮਿਲੈ	سادھوُ ستگُرُ جے مِلے

ਤਾ ਪਾਈਐ ਗੁਣੀ ਨਿਧਾਨੁ ॥੧॥

تا پائیئے گُنی نِدھانُ ॥1॥

ਮਨ ਰੇ ਹਉਮੈ ਛੋਡਿ ਗੁਮਾਨੁ ॥

من رے ہئُمے چھوڈِ گُمانُ ॥

ਹਰਿ ਗੁਰੁ ਸਰਵਰੁ ਸੇਵਿ ਤੂ
ਪਾਵਹਿ ਦਰਗਹ ਮਾਨੁ ॥੧॥ ਰਹਾਉ ॥

ہرِ گُرُ سروُر سیوِ توُ
پاوہِ درگہ مانُ ॥1॥ رہاءُ ॥

ਰਾਮ ਨਾਮੁ ਜਪਿ ਦਿਨਸੁ ਰਾਤਿ
ਗੁਰਮੁਖਿ ਹਰਿ ਧਨੁ ਜਾਨੁ ॥

رام نامُ جپِ دِنسُ راتِ
گُرمُکھِ ہرِ دھنُ جانُ ॥

ਸਭਿ ਸੁਖ ਹਰਿ ਰਸ ਭੋਗਣੇ
ਸੰਤ ਸਭਾ ਮਿਲਿ ਗਿਆਨੁ ॥

سبھِ سُکھ ہرِ رس بھوگنے
سنّت سبھا مِلِ گیانُ ॥

ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ
ਸਤਗੁਰਿ ਦੀਆ ਨਾਮੁ ॥੨॥

نِتِ اہِنِس ہرِ پربھُ سیویا
ستگُرِ دِیِیا نامُ ॥2॥

ਕੂਕਰ ਕੂੜੁ ਕਮਾਈਐ
ਗੁਰ ਨਿੰਦਾ ਪਚੈ ਪਚਾਨੁ ॥

کُوکر کوُڑُ کمائیئے
گُر نِندا پچے پچانُ ॥

ਭਰਮੇ ਭੂਲਾ ਦੁਖੁ ਘਣੋ
ਜਮੁ ਮਾਰਿ ਕਰੈ ਖੁਲਹਾਨੁ ॥

بھرمے بھوُلا دُکھُ گھنّو
جمُ مارِ کرے کھُلہانُ ॥

ਮਨਮੁਖਿ ਸੁਖੁ ਨ ਪਾਈਐ
ਗੁਰਮੁਖਿ ਸੁਖੁ ਸੁਭਾਨੁ ॥੩॥

منمُکھِ سُکھُ ن پائیئے
گُرمُکھِ سُکھُ سُبھانُ ॥3॥

ਐਥੈ ਧੰਧੁ ਪਿਟਾਈਐ
ਸਚੁ ਲਿਖਤੁ ਪਰਵਾਨੁ ॥

ایتھے دھندھُ پٹائیئے
سچُ لِکھتُ پروانُ ॥

ਹਰਿ ਸਜਣੁ ਗੁਰੁ ਸੇਵਦਾ
ਗੁਰ ਕਰਣੀ ਪਰਧਾਨੁ ॥

ہرِ سجنُ گُرُ سیودا
گُر کرنی پردھانُ ॥

ਨਾਨਕ ਨਾਮੁ ਨ ਵੀਸਰੈ
ਕਰਮਿ ਸਚੈ ਨੀਸਾਣੁ ॥੪॥੧੯॥

نانک نامُ ن ویسرے
کرمِ سچے نیشانُ ॥4॥ 19 ॥

ਸਿਰੀਰਾਗੁ ਮਹਲਾ ੧ ॥

سِریراگُ محلا 1 ॥

ਇਕੁ ਤਿਲੁ ਪਿਆਰਾ ਵੀਸਰੈ
ਰੋਗੁ ਵਡਾ ਮਨ ਮਾਹਿ ॥

اِکُ تِلُ پیارا ویسرے
روگُ وڈا من ماہِ ॥

ਕਿਉ ਦਰਗਹ ਪਤਿ ਪਾਈਐ
ਜਾ ਹਰਿ ਨ ਵਸੈ ਮਨ ਮਾਹਿ ॥

ਗੁਰਿ ਮਿਲਿਐ ਸੁਖੁ ਪਾਈਐ
ਅਗਨਿ ਮਰੈ ਗੁਣ ਮਾਹਿ ॥੧॥

ਮਨ ਰੇ ਅਹਿਨਿਸਿ ਹਰਿ ਗੁਣ ਸਾਰਿ ॥

ਜਿਨ ਖਿਨੁ ਪਲੁ ਨਾਮੁ ਨ ਵੀਸਰੈ
ਤੇ ਜਨ ਵਿਰਲੇ ਸੰਸਾਰਿ ॥੧॥ ਰਹਾਉ ॥

ਜੋਤੀ ਜੋਤਿ ਮਿਲਾਈਐ
ਸੁਰਤੀ ਸੁਰਤਿ ਸੰਜੋਗੁ ॥

ਹਿੰਸਾ ਹਉਮੈ ਗਤੁ ਗਏ
ਨਾਹੀ ਸਹਸਾ ਸੋਗੁ ॥

ਗੁਰਮੁਖਿ ਜਿਸੁ ਹਰਿ ਮਨਿ ਵਸੈ
ਤਿਸੁ ਮੇਲੇ ਗੁਰੁ ਸੰਜੋਗੁ ॥੨॥

ਕਾਇਆ ਕਾਮਣਿ ਜੇ ਕਰੀ
ਭੋਗੇ ਭੋਗਣਹਾਰੁ ॥

ਤਿਸੁ ਸਿਉ ਨੇਹੁ ਨ ਕੀਜਈ
ਜੋ ਦੀਸੈ ਚਲਣਹਾਰੁ ॥

ਗੁਰਮੁਖਿ ਰਵਹਿ ਸੋਹਾਗਣੀ
ਸੋ ਪ੍ਰਭੁ ਸੇਜ ਭਤਾਰੁ ॥੩॥

ਚਾਰੇ ਅਗਨਿ ਨਿਵਾਰਿ ਮਰੁ
ਗੁਰਮੁਖਿ ਹਰਿ ਜਲੁ ਪਾਇ ॥

ਅੰਤਰਿ ਕਮਲੁ ਪ੍ਰਗਾਸਿਆ
ਅੰਮ੍ਰਿਤੁ ਭਰਿਆ ਅਘਾਇ ॥

ਨਾਨਕ ਸਤਗੁਰੁ ਮੀਤੁ ਕਰਿ
ਸਚੁ ਪਾਵਹਿ ਦਰਗਹ ਜਾਇ ॥੪॥੨੦॥

کِءُ درگہ پتِ پائیئے
جا ہرِ ن وسے من ماہِ ॥

گُرِ ملِئے سُکھُ پائیئے
اگنِ مرے گُڑ ماہِ ॥1॥

من رے اہِنِس ہرِ گُڑ سارِ ॥

جِن کھِنُ پلُ نامُ ن ویسرے
تے جن وِرلے سنّسارِ ॥1॥ رہاءُ ॥

جوتی جوتِ ملائیئے
سُرتی سُرتِ سنجوگُ ॥

ہِنّسا ہئُمے گت گئے
ناہی سہسا سوگُ ॥

گُرمُکھِ جِسُ ہرِ منِ وسے
تِسُ میلے گُرُ سنجوگُ ॥2॥

کائیا کامڑِ جے کری
بھوگے بھوگنہارُ ॥

تِسُ سِءُ نیہُ ن کیجئی
جو دیسے چلنہارُ ॥

گُرمُکھِ روہِ سوہاگنی
سو پربھُ سیج بھتارُ ॥3॥

چارے اگنِ نِوارِ مرُ
گُرمُکھِ ہرِ جلُ پاءِ ॥

انترِ کملُ پرگاسیا
انمرِتُ بھریا اگھاءِ ॥

نانک ستگُرُ میتُ کرِ
سچُ پاوہِ درگہ جاءِ ॥4॥ 20 ॥

ਸਿਰੀਰਾਗੁ ਮਹਲਾ ੧ ॥

ہرِ ہرِ جپہُ پیارِیا
گُرمتِ لے ہرِ بولِ ॥

ਹਰਿ ਹਰਿ ਜਪਹੁ ਪਿਆਰਿਆ
ਗੁਰਮਤਿ ਲੇ ਹਰਿ ਬੋਲਿ ॥

ਮਨੁ ਸਚ ਕਸਵਟੀ ਲਾਈਐ
ਤੁਲੀਐ ਪੂਰੈ ਤੋਲਿ ॥

ਕੀਮਤਿ ਕਿਨੈ ਨ ਪਾਈਐ
ਰਿਦ ਮਾਣਕ ਮੋਲਿ ਅਮੋਲਿ ॥੧॥

ਭਾਈ ਰੇ ਹਰਿ ਹੀਰਾ ਗੁਰ ਮਾਹਿ ॥

ਸਤਸੰਗਤਿ ਸਤਗੁਰੁ ਪਾਈਐ
ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥

ਸਚੁ ਵਖਰੁ ਧਨੁ ਰਾਸਿ ਲੈ
ਪਾਈਐ ਗੁਰ ਪਰਗਾਸਿ ॥

ਜਿਉ ਅਗਨਿ ਮਰੈ ਜਲਿ ਪਾਇਐ
ਤਿਉ ਤ੍ਰਿਸਨਾ ਦਾਸਨਿ ਦਾਸਿ ॥

ਜਮ ਜੰਦਾਰੁ ਨ ਲਗਈ
ਇਉ ਭਉਜਲੁ ਤਰੈ ਤਰਾਸਿ ॥੨॥

ਗੁਰਮੁਖਿ ਕੂੜੁ ਨ ਭਾਵਈ
ਸਚਿ ਰਤੇ ਸਚ ਭਾਇ ॥

ਸਾਕਤ ਸਚੁ ਨ ਭਾਵਈ
ਕੂੜੈ ਕੂੜੀ ਪਾਂਇ ॥

ਸਚਿ ਰਤੇ ਗੁਰਿ ਮੇਲਿਐ
ਸਚੇ ਸਚਿ ਸਮਾਇ ॥੩॥

ਮਨ ਮਹਿ ਮਾਣਕੁ ਲਾਲੁ ਨਾਮੁ
ਰਤਨੁ ਪਦਾਰਥੁ ਹੀਰੁ ॥

ਸਚੁ ਵਖਰੁ ਧਨੁ ਨਾਮੁ ਹੈ

ہرِ ہیرا گُر ماہِ ॥

ستسنگتِ ستگُر پائیئے
اِہنِس سبدِ سلاحِ ॥1॥ رہاءُ ॥

سچُ وکھرُ دھنُ راسِ لے
پائیئے گُر پرگاسِ ॥

جِءُ اگنِ مرے جلِ پائیئے
تِءُ ترِسنا داسنِ داسِ ॥

جم جندارُ ن لگئی
اِءُ بھجُلُ ترے تراسِ ॥2॥

گُرمُکھِ کوڑُ ن بھاوئی
سچِ رتے سچ بھاءِ ॥

ساکت سچُ ن بھاوئی
کوڑے کوڑی پانْءِ ॥

سچِ رتے گُرِ میلیئے
سچے سچِ سماءِ ॥3॥

من مہِ مانکُ لالُ نامُ
رتنُ پدارتھُ ہیرُ ॥

سچُ وکھرُ دھنُ نامُ ہے

ਘਟਿ ਘਟਿ ਗਹਿਰ ਗੰਭੀਰੁ ॥
گھٹِ گھٹِ گہِر گنبھیرُ ॥

ਨਾਨਕ ਗੁਰਮੁਖਿ ਪਾਈਐ
ਦਇਆ ਕਰੇ ਹਰਿ ਹੀਰੁ ॥੪॥੨੧॥
نانک گُرمُکھِ پائیئے
دئیا کرے ہرِ ہیرُ ॥4॥ 21 ॥

ਸਿਰੀਰਾਗੁ ਮਹਲਾ ੧ ॥
سِرِیراگُ محلا 1 ॥

ਭਰਮੇ ਭਾਹਿ ਨ ਵਿਝਵੈ
ਜੇ ਭਵੈ ਦਿਸੰਤਰ ਦੇਸੁ ॥
بھرمے بھاہِ ن وِجھوے
جے بھوے دِسنّتر دیسُ ॥

ਅੰਤਰਿ ਮੈਲੁ ਨ ਉਤਰੈ
ਧ੍ਰਿਗੁ ਜੀਵਣੁ ਧ੍ਰਿਗੁ ਵੇਸੁ ॥
انتر میَلُ ن اُترے
دھرِگُ جیونُ دھرِگُ ویسُ ॥

ਹੋਰੁ ਕਿਤੈ ਭਗਤਿ ਨ ਹੋਵਈ
ਬਿਨੁ ਸਤਿਗੁਰ ਕੇ ਉਪਦੇਸ ॥੧॥
ہورُ کِتے بھگتِ ن ہووئی
بِنُ ستِگُر کے اُپدیس ॥1॥

ਮਨ ਰੇ ਗੁਰਮੁਖਿ ਅਗਨਿ ਨਿਵਾਰਿ ॥
من رے گُرمُکھِ اگنِ نِوارِ ॥

ਗੁਰ ਕਾ ਕਹਿਆ ਮਨਿ ਵਸੈ
ਹਉਮੈ ਤ੍ਰਿਸਨਾ ਮਾਰਿ ॥੧॥ ਰਹਾਉ ॥
گُر کا کہیا منِ وسے
ہئُمے تّرِسنا مارِ ॥1॥ رہاءُ ॥

ਮਨੁ ਮਾਣਕੁ ਨਿਰਮੋਲੁ ਹੈ
ਰਾਮ ਨਾਮਿ ਪਤਿ ਪਾਇ ॥
منُ مانکُ نِرمولُ ہے
رام نامِ پتِ پاءِ ॥

ਮਿਲਿ ਸਤਸੰਗਤਿ ਹਰਿ ਪਾਈਐ
ਗੁਰਮੁਖਿ ਹਰਿ ਲਿਵ ਲਾਇ ॥
مِلِ ستسنگتِ ہرِ پائیئے
گُرمُکھِ ہرِ لِو لاءِ ॥

ਆਪੁ ਗਇਆ ਸੁਖੁ ਪਾਇਆ
ਮਿਲਿ ਸਲਲੈ ਸਲਲ ਸਮਾਇ ॥੨॥
آپُ گئیا سُکھُ پائیا
مِلِ سللے سلل سماءِ ॥2॥

ਜਿਨਿ ਹਰਿ ਹਰਿ ਨਾਮੁ ਨ ਚੇਤਿਓ
ਸੁ ਅਉਗੁਣਿ ਆਵੈ ਜਾਇ ॥
جِنِ ہرِ ہرِ نامُ ن چیتِئو
سُ اَگُنِ آوے جاءِ ॥

ਜਿਸੁ ਸਤਗੁਰੁ ਪੁਰਖੁ ਨ ਭੇਟਿਓ
ਸੁ ਭਉਜਲਿ ਪਚੈ ਪਚਾਇ ॥
جِسُ ستگُرُ پُرکھُ ن بھیٹِئو
سُ بھجُلِ پچے پچاءِ ॥

ਇਹੁ ਮਾਣਕੁ ਜੀਉ ਨਿਰਮੋਲੁ ਹੈ
ਇਉ ਕਉਡੀ ਬਦਲੈ ਜਾਇ ॥੩॥
اِہُ مانکُ جیءُ نِرمولُ ہے
اِءُ کئُڈی بدلے جاءِ ॥3॥

ਜਿੰਨਾ ਸਤਗੁਰੁ ਰਸਿ ਮਿਲੈ
ਸੇ ਪੂਰੇ ਪੁਰਖ ਸੁਜਾਣ ॥

جِنّنا ستگُرُ رسِ مِلےَ
سے پوُرے پُرکھ سُجانؒ ॥

ਗੁਰ ਮਿਲਿ ਭਉਜਲੁ ਲੰਘੀਐ
ਦਰਗਹ ਪਤਿ ਪਰਵਾਣੁ ॥

گُر مِلِ بھجُلُ لنگھیےَ
درگہ پتِ پروانُ ॥

ਨਾਨਕ ਤੇ ਮੁਖ ਉਜਲੇ
ਧੁਨਿ ਉਪਜੈ ਸਬਦੁ ਨੀਸਾਣੁ ॥੪॥੨੨॥

نانک تے مُکھ اُجلے
دھُنِ اُپجےَ سبدُ نیِشانُ ॥4॥ 22 ॥

ਸਿਰੀਰਾਗੁ ਮਹਲਾ ੧ ॥

سِرِیراگُ محلا 1 ॥

ਵਣਜੁ ਕਰਹੁ ਵਣਜਾਰਿਹੋ
ਵਖਰੁ ਲੇਹੁ ਸਮਾਲਿ ॥

وَنجُ کرہُ وَنجارِہو
وکھرُ لیہُ سمالِ ॥

ਤੈਸੀ ਵਸਤੁ ਵਿਸਾਹੀਐ
ਜੈਸੀ ਨਿਬਹੈ ਨਾਲਿ ॥

تیَسی وستُ وِساہیےَ
جیَسی نِبہےَ نالِ ॥

ਅਗੈ ਸਾਹੁ ਸੁਜਾਣੁ ਹੈ
ਲੈਸੀ ਵਸਤੁ ਸਮਾਲਿ ॥੧॥

اگے ساہُ سُجانُ ہےَ
لیَسی وستُ سمالِ ॥1॥

ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥

بھائی رے رامُ کہہُ چِتُ لاءِ ॥

ਹਰਿ ਜਸੁ ਵਖਰੁ ਲੈ ਚਲਹੁ
ਸਹੁ ਦੇਖੈ ਪਤੀਆਇ ॥੧॥ ਰਹਾਉ ॥

ہرِ جسُ وکھرُ لے چلہُ
سہُ دیکھےَ پتیِیاءِ ॥1॥ رہاءُ ॥

ਜਿਨਾ ਰਾਸਿ ਨ ਸਚੁ ਹੈ
ਕਿਉ ਤਿਨਾ ਸੁਖੁ ਹੋਇ ॥

جِنا راسِ ن سچُ ہےَ
کِءُ تِنا سُکھُ ہوءِ ۔ ॥

ਖੋਟੈ ਵਣਜਿ ਵਣੰਜਿਐ
ਮਨੁ ਤਨੁ ਖੋਟਾ ਹੋਇ ॥

کھوٹےَ وَنجِ وَنجّےَ
منُ تنُ کھوٹا ہوءِ ॥

ਫਾਹੀ ਫਾਥੇ ਮਿਰਗ ਜਿਉ
ਦੂਖੁ ਘਣੋ ਨਿਤ ਰੋਇ ॥੨॥

پھاہی پھاتھے مِرگ جِءُ
دوُکھُ گھنّو نِت روءِ ॥2॥

ਖੋਟੇ ਪੋਤੈ ਨਾ ਪਵਹਿ
ਤਿਨ ਹਰਿ ਗੁਰ ਦਰਸੁ ਨ ਹੋਇ ॥

کھوٹے پوتےَ نا پوہِ
تِن ہرِ گُر درسُ ن ہوءِ ॥

ਖੋਟੇ ਜਾਤਿ ਨ ਪਤਿ ਹੈ

کھوٹے زاتِ ن پتِ ہےَ

ਖੋਟਿ ਨ ਸੀਝਸਿ ਕੋਇ ॥

کھوٹِ ن سیجھسِ کوءِ ॥

ਖੋਟੇ ਖੋਟੁ ਕਮਾਵਣਾ
ਆਇ ਗਇਆ ਪਤਿ ਖੋਇ ॥੩॥

کھوٹے کھوٹُ کماوٹا
آءِ گیَیا پتِ کھوءِ ॥3॥

ਨਾਨਕ ਮਨੁ ਸਮਝਾਈਐ
ਗੁਰ ਕੈ ਸਬਦਿ ਸਾਲਾਹ ॥

نانک منُ سمجھائیَے
گُر کے سبدِ سالاح ॥

ਰਾਮ ਨਾਮ ਰੰਗਿ ਰਤਿਆ
ਭਾਰੁ ਨ ਭਰਮੁ ਤਿਨਾਹ ॥

رام نام رنگِ رتیا
بھارُ ن بھرمُ تِناہ ॥

ਹਰਿ ਜਪਿ ਲਾਹਾ ਅਗਲਾ
ਨਿਰਭਉ ਹਰਿ ਮਨ ਮਾਹ ॥੪॥੨੩॥

ہرِ جپِ لاہا اگلا
نِربھءُ ہرِ من ماہ ॥4॥ 23 ॥

ਸਿਰੀਰਾਗੁ ਮਹਲਾ ੧ ਘਰੁ ੨ ॥

سِریراگُ محلا 1 گھرُ 2 ॥

ਧਨੁ ਜੋਬਨੁ ਅਰੁ ਫੁਲੜਾ
ਨਾਠੀਅੜੇ ਦਿਨ ਚਾਰਿ ॥

دھنُ جوبنُ ارُ پھُلڑا
ناٹھیِڑے دِن چارِ ॥

ਪਬਣਿ ਕੇਰੇ ਪਤ ਜਿਉ
ਢਲਿ ਢੁਲਿ ਜੁੰਮਣਹਾਰ ॥੧॥

پبنِ کیرے پت جِءُ
ڈھلِ ڈھُلِ جُنمَنہار ॥1॥

ਰੰਗੁ ਮਾਣਿ ਲੈ ਪਿਆਰਿਆ
ਜਾ ਜੋਬਨੁ ਨਉ ਹੁਲਾ ॥

رنگُ ماںِ لے پِیارِیا
جا جوبنُ نءُ ہُلا ॥

ਦਿਨ ਥੋੜੜੇ ਥਕੇ
ਭਇਆ ਪੁਰਾਣਾ ਚੋਲਾ ॥੧॥ ਰਹਾਉ ॥

دِن تھوڑڑے تھکے
بھیَیا پُراٹا چولا ॥1॥ رہاءُ ॥

ਸਜਣ ਮੇਰੇ ਰੰਗੁਲੇ
ਜਾਇ ਸੁਤੇ ਜੀਰਾਣਿ ॥

سجںُ میرے رنگُلے
جاءِ سُتے جیِراںِ ॥

ਹੰ ਭੀ ਵੰਞਾ ਡੁਮਣੀ
ਰੋਵਾ ਝੀਣੀ ਬਾਣਿ ॥੨॥

ہنّ بھی ونّجا ڈُمنّی
رووا جھیِنّی باںِ ॥2॥

ਕੀ ਨ ਸੁਣੇਹੀ ਗੋਰੀਏ
ਆਪਣ ਕੰਨੀ ਸੋਇ ॥

کی ن سُنّیہی گورِیے
آپںُ کنّنی سوءِ ॥

ਲਗੀ ਆਵਹਿ ਸਾਹੁਰੈ

لگی آوہِ ساہُرے

ਨਿਤ ਨ ਪੇਈਆ ਹੋਇ ॥੩॥

نِت ن پیئیا ہوءِ ॥3॥

ਨਾਨਕ ਸੁਤੀ ਪੇਈਐ
ਜਾਣੁ ਵਿਰਤੀ ਸੰਨਿ ॥

نانک سُتی پیئیے
جانُ وِرتی سنّنِ ॥

ਗੁਣਾ ਗਵਾਈ ਗੰਠੜੀ
ਅਵਗਣ ਚਲੀ ਬੰਨਿ ॥੪॥੨੪॥

گُنّا گوائی گنّٹھڑی
اوگُنؔ چلی بنّنِ ॥4॥ 24 ॥

ਸਿਰੀਰਾਗੁ ਮਹਲਾ ੧ ਘਰੁ ਦੂਜਾ ੨ ॥

سِریراگُ محلا 1 گھرُ دوُجا 2 ॥

ਆਪੇ ਰਸੀਆ ਆਪਿ ਰਸੁ
ਆਪੇ ਰਾਵਣਹਾਰੁ ॥

آپے رسِیا آپِ رسُ
آپے راونہارُ ॥

ਆਪੇ ਹੋਵੈ ਚੋਲੜਾ
ਆਪੇ ਸੇਜ ਭਤਾਰੁ ॥੧॥

آپے ہووے چولڑا
آپے سیج بھتارُ ॥1॥

ਰੰਗਿ ਰਤਾ ਮੇਰਾ ਸਾਹਿਬੁ
ਰਵਿ ਰਹਿਆ ਭਰਪੂਰਿ ॥੧॥ ਰਹਾਉ ॥

رنگِ رتا میرا صاحِبُ
روِ رہِیا بھرپوُرِ ॥1॥ رہاءُ ॥

ਆਪੇ ਮਾਛੀ ਮਛੁਲੀ
ਆਪੇ ਪਾਣੀ ਜਾਲੁ ॥

آپے ماچھی مچھُلی
آپے پانیٔ جالُ ॥

ਆਪੇ ਜਾਲ ਮਣਕੜਾ
ਆਪੇ ਅੰਦਰਿ ਲਾਲੁ ॥੨॥

آپے جال منکڑا
آپے اندّرِ لالُ ॥2॥

ਆਪੇ ਬਹੁ ਬਿਧਿ ਰੰਗੁਲਾ
ਸਖੀਏ ਮੇਰਾ ਲਾਲੁ ॥

آپے بہُ بِدھِ رنگُلا
سکھیئے میرا لالُ ॥

ਨਿਤ ਰਵੈ ਸੋਹਾਗਣੀ
ਦੇਖੁ ਹਮਾਰਾ ਹਾਲੁ ॥੩॥

نِت روے سوہاگنیٔ
دیکھُ ہمارا ہالُ ॥3॥

ਪ੍ਰਣਵੈ ਨਾਨਕੁ ਬੇਨਤੀ
ਤੂ ਸਰਵਰੁ ਤੂ ਹੰਸੁ ॥

پرّنوے نانکُ بینتی
توُ سرورُ توُ ہنّس ॥

ਕਉਲੁ ਤੂ ਹੈ ਕਵੀਆ ਤੂ ਹੈ
ਆਪੇ ਵੇਖਿ ਵਿਗਸੁ ॥੪॥੨੫॥

کئُلُ توُ ہے کوِیا توُ ہے
آپے ویکھِ وِگسُ ॥4॥ 25 ॥

ਸਿਰੀਰਾਗੁ ਮਹਲਾ ੧ ਘਰੁ ੩ ॥

سِریراگُ محلا 1 گھرُ 3 ॥

ਇਹੁ ਤਨੁ ਧਰਤੀ ਬੀਜੁ ਕਰਮਾ ਕਰੋ
ਸਲਿਲ ਆਪਾਉ ਸਾਰਿੰਗਪਾਣੀ ॥

ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ
ਇਉ ਪਾਵਸਿ ਪਦੁ ਨਿਰਬਾਣੀ ॥੧॥

ਕਾਹੇ ਗਰਬਸਿ ਮੂੜੇ ਮਾਇਆ ॥

ਪਿਤ ਸੁਤੋ ਸਗਲ ਕਾਲਤ੍ਰ ਮਾਤਾ
ਤੇਰੇ ਹੋਹਿ ਨ ਅੰਤਿ ਸਖਾਇਆ ॥ ਰਹਾਉ ॥

ਬਿਖੈ ਬਿਕਾਰ ਦੁਸਟ ਕਿਰਖਾ ਕਰੇ
ਇਨ ਤਜਿ ਆਤਮੈ ਹੋਇ ਧਿਆਈ ॥

ਜਪੁ ਤਪੁ ਸੰਜਮੁ ਹੋਹਿ ਜਬ ਰਾਖੇ
ਕਮਲੁ ਬਿਗਸੈ ਮਧੁ ਆਸ੍ਰਮਾਈ ॥੨॥

ਬੀਸ ਸਪਤਾਹਰੋ ਬਾਸਰੋ ਸੰਗ੍ਰਹੈ
ਤੀਨਿ ਖੋੜਾ ਨਿਤ ਕਾਲੁ ਸਾਰੈ ॥

ਦਸ ਅਠਾਰ ਮੈ ਅਪਰੰਪਰੋ ਚੀਨੈ
ਕਹੈ ਨਾਨਕੁ ਇਵ ਏਕੁ ਤਾਰੈ ॥੩॥੨੬॥

ਸਿਰੀਰਾਗੁ ਮਹਲਾ ੧ ਘਰੁ ੩ ॥

ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ
ਸਚ ਕੀ ਆਬ ਨਿਤ ਦੇਹਿ ਪਾਣੀ ॥

ਹੋਇ ਕਿਰਸਾਣੁ ਈਮਾਨੁ ਜੰਮਾਇ ਲੈ
ਭਿਸਤੁ ਦੋਜਕੁ ਮੂੜੇ ਏਵ ਜਾਣੀ ॥੧॥

ਮਤੁ ਜਾਣ ਸਹਿ ਗਲੀ ਪਾਇਆ ॥

ਮਾਲ ਕੈ ਮਾਣੈ ਰੂਪ ਕੀ ਸੋਭਾ
ਇਤੁ ਬਿਧੀ ਜਨਮੁ ਗਵਾਇਆ ॥੧॥ ਰਹਾਉ ॥

ਐਬ ਤਨਿ ਚਿਕੜੋ ਇਹੁ ਮਨੁ ਮੀਡਕੋ
ਕਮਲ ਕੀ ਸਾਰ ਨਹੀ ਮੂਲਿ ਪਾਈ ॥

اِہُ تنُ دھرتی بِیجُ کرما کرو
سلِل آپاءُ سارِنگپانی ॥

منُ کِرسانُ ہرِ ردے جنّماءِ لے
اِءُ پاوسِ پدُ نِربانی ॥1॥

کاہے گربسِ موُڑے مائیا ॥

پِت سُتو سگل کالتّر ماتا
تیرے ہوہِ ن انّتِ سکھائیا ॥ رہاءُ ॥

بِکھے بِکار دُسٹ کِرکھا کرے
اِن تجِ آتمے ہوءِ دھِیائی ॥

جپُ تپُ سنّجمُ ہوہِ جب راکھے
کملُ بِگسے مدھُ آسّرمائی ॥2॥

بِیس سپتاہرو باسرو سنّگرہے
تِینِ کھوڑا نِت کالُ سارے ॥

دس اٹھار مے اپرنّپرو چِینے
کہے نانکُ اِو ایکُ تارے ॥3॥ 26 ॥

سِریراگُ محلا 1 گھرُ 3 ॥

عملُ کرِ دھرتی بِیجُ سبدو کرِ
سچ کی آب نِت دیہِ پانی ॥

ہوءِ کِرسانُ ایمانُ جنّماءِ لے
بھِستُ دوزکُ موُڑے ایو جانی ॥1॥

متُ جانُ سہِ گلی پائیا ॥

مال کے مانے روُپ کی سوبھا
اِتُ بِدھی جنمُ گوائیا ॥1॥ رہاءُ ॥

عیَب تنِ چِکڑو اِہُ منُ میڈکو
کمل کی سار نہی موُلِ پائی ॥

ਭਉਰੁ ਉਸਤਾਦੁ ਨਿਤ ਭਾਖਿਆ ਬੋਲੇ
ਕਿਉ ਬੂਝੈ ਜਾ ਨਹ ਬੁਝਾਈ ॥੨॥

بھرُ اُستادُ نِت بھاکھیا بولے
کِءُ بُوجھے جا نہ بُجھائی ॥2॥

ਆਖਣੁ ਸੁਨਣਾ ਪਉਣ ਕੀ ਬਾਣੀ
ਇਹੁ ਮਨੁ ਰਤਾ ਮਾਇਆ ॥

آکھنُ سُننا پُنّ کی بانّی
اِہُ منُ رتا مائیا ॥

ਖਸਮ ਕੀ ਨਦਰਿ ਦਿਲਹਿ ਪਸਿੰਦੇ
ਜਿਨੀ ਕਰਿ ਏਕੁ ਧਿਆਇਆ ॥੩॥

خصم کی ندرِ دِلہِ پسندے
جِنی کرِ ایکُ دھیائیا ॥3॥

ਤੀਹ ਕਰਿ ਰਖੇ ਪੰਜ ਕਰਿ ਸਾਥੀ
ਨਾਉ ਸੈਤਾਨੁ ਮਤੁ ਕਟਿ ਜਾਈ ॥

تیہ کرِ رکھے پنج کرِ ساتھی
ناءُ شیَطانُ مت کٹِ جائی ॥

ਨਾਨਕੁ ਆਖੈ ਰਾਹਿ ਪੈ ਚਲਣਾ
ਮਾਲੁ ਧਨੁ ਕਿਤ ਕੂ ਸੰਜਿਆਹੀ ॥੪॥੨੭॥

نانکُ آکھے راہِ پے چلنّا
مالُ دھنُ کِت کوُ سنجِیاہی ۔ ॥4॥ 27 ॥

ਸਿਰੀਰਾਗੁ ਮਹਲਾ ੧ ਘਰੁ ੪ ॥

سِریراگُ محلا 1 گھرُ 4 ॥

ਸੋਈ ਮਉਲਾ ਜਿਨਿ ਜਗੁ ਮਉਲਿਆ
ਹਰਿਆ ਕੀਆ ਸੰਸਾਰੋ ॥

سوئی مئُلا جِنِ جگُ مئُلیا
ہریا کیِیا سنّسارو ॥

ਆਬ ਖਾਕੁ ਜਿਨਿ ਬੰਧਿ ਰਹਾਈ
ਧੰਨੁ ਸਿਰਜਣਹਾਰੋ ॥੧॥

آب خاکُ جِنِ بنّدھِ رہائی
دھنّنُ سِرجنّہارو ॥1॥

ਮਰਣਾ ਮੁਲਾ ਮਰਣਾ ॥

مرنّا مُلا مرنّا ॥

ਭੀ ਕਰਤਾਰਹੁ ਡਰਣਾ ॥੧॥ ਰਹਾਉ ॥

بھی کرتارہُ ڈرنّا ॥1॥ رہاءُ ॥

ਤਾ ਤੂ ਮੁਲਾ ਤਾ ਤੂ ਕਾਜੀ
ਜਾਣਹਿ ਨਾਮੁ ਖੁਦਾਈ ॥

تا توُ مُلا تا توُ قاضی
جانّہِ نامُ خُدائی ॥

ਜੇ ਬਹੁਤੇਰਾ ਪੜਿਆ ਹੋਵਹਿ
ਕੋ ਰਹੈ ਨ ਭਰੀਐ ਪਾਈ ॥੨॥

جے بہتیرا پڑیا ہووہِ
کو رہے ن بھریِے پائی ॥2॥

ਸੋਈ ਕਾਜੀ ਜਿਨਿ ਆਪੁ ਤਜਿਆ
ਇਕੁ ਨਾਮੁ ਕੀਆ ਆਧਾਰੋ ॥

سوئی قاضی جِنِ آپُ تجِیا
اِکُ نامُ کِیا آدھارو ॥

ਹੈ ਭੀ ਹੋਸੀ ਜਾਇ ਨ ਜਾਸੀ
ਸਚਾ ਸਿਰਜਣਹਾਰੋ ॥੩॥

ہے بھی ہوسی جاءِ ن جاسی
سچا سِرجنّہارو ॥3॥

ਪੰਜ ਵਖਤ ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ ॥	پنج وکھت نِواز گُزارہِ پڑہِ کتیب قُراٹا ॥
ਨਾਨਕੁ ਆਖੈ ਗੋਰ ਸਦੇਈ ਰਹਿਓ ਪੀਣਾ ਖਾਣਾ ॥੪॥੨੮॥	نانکُ آکھےَ گور سدیئی رہِئو پِیٹا کھاٹا ॥4॥ 28 ॥
ਸਿਰੀਰਾਗੁ ਮਹਲਾ ੧ ਘਰੁ ੪ ॥	سِریراگُ محلا 1 گھرُ 4 ॥
ਏਕੁ ਸੁਆਨੁ ਦੁਇ ਸੁਆਨੀ ਨਾਲਿ ॥	ایکُ سُیانُ دُءِ سُیانی نالِ ॥
ਭਲਕੇ ਭਉਕਹਿ ਸਦਾ ਬਇਆਲਿ ॥	بھلکے بھنُکہِ سدا بئیالِ ॥
ਕੂੜੁ ਛੁਰਾ ਮੁਠਾ ਮੁਰਦਾਰੁ ॥	کوُڑُ چھُرا مُٹھا مُردارُ ॥
ਧਾਣਕ ਰੂਪਿ ਰਹਾ ਕਰਤਾਰ ॥੧॥	دھاٹک روُپِ رہا کرتار ۔ ॥1॥
ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ ॥	مےَ پتِ کی پنّدِ ن کرنّی کی کار ॥
ਹਉ ਬਿਗੜੈ ਰੂਪਿ ਰਹਾ ਬਿਕਰਾਲ ॥	ہءُ بِگڑےَ روُپِ رہا بِکرال ॥
ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥	تیرا ایکُ نامُ تارے سنّسارُ ॥
ਮੈ ਏਹਾ ਆਸ ਏਹੋ ਆਧਾਰੁ ॥੧॥ ਰਹਾਉ ॥	مےَ ایہا آس ایہو آدھارُ ॥1॥ رہاءُ ॥
ਮੁਖਿ ਨਿੰਦਾ ਆਖਾ ਦਿਨੁ ਰਾਤਿ ॥	مُکھِ نِنّدا آکھا دِنُ راتِ ॥
ਪਰ ਘਰੁ ਜੋਹੀ ਨੀਚ ਸਨਾਤਿ ॥	پر گھرُ جوہی نِیچ سناتِ ॥
ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥	کامُ کرودھُ تنِ وسہِ چنّڈال ॥
ਧਾਣਕ ਰੂਪਿ ਰਹਾ ਕਰਤਾਰ ॥੨॥	دھاٹک روُپِ رہا کرتار ۔ ॥2॥
ਫਾਹੀ ਸੁਰਤਿ ਮਲੂਕੀ ਵੇਸੁ ॥	پھاہی سُرتِ ملوُکی ویسُ ॥
ਹਉ ਠਗਵਾੜਾ ਠਗੀ ਦੇਸੁ ॥	ہءُ ٹھگواڑا ٹھگی دیسُ ॥
ਖਰਾ ਸਿਆਣਾ ਬਹੁਤਾ ਭਾਰੁ ॥	کھرا سِیاٹا بہُتا بھارُ ॥
ਧਾਣਕ ਰੂਪਿ ਰਹਾ ਕਰਤਾਰ ॥੩॥	دھاٹک روُپِ رہا کرتار ۔ ॥3॥
ਮੈ ਕੀਤਾ ਨ ਜਾਤਾ ਹਰਾਮਖੋਰੁ ॥	مےَ کیِتا ن جاتا حرامکھورُ ॥

ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ ॥	ہءُ کِیا مُہُ دیسا دُسٹُ چورُ ॥
ਨਾਨਕੁ ਨੀਚੁ ਕਹੈ ਬੀਚਾਰੁ ॥	نانکُ نِیچُ کہے بیچارُ ॥
ਧਾਣਕ ਰੂਪਿ ਰਹਾ ਕਰਤਾਰ ॥੪॥੨੯॥	دھاٹک روُپِ رہا کرتار ۔ ॥4॥ 29 ॥
ਸਿਰੀਰਾਗੁ ਮਹਲਾ ੧ ਘਰੁ ੪ ॥	سِریراگُ محلا 1 گھرُ 4 ॥
ਏਕਾ ਸੁਰਤਿ ਜੇਤੇ ਹੈ ਜੀਅ ॥	ایکا سُرتِ جیتے ہے جیء ॥
ਸੁਰਤਿ ਵਿਹੂਣਾ ਕੋਇ ਨ ਕੀਅ ॥	سُرتِ وِہوُٹا کوءِ ن کیء ॥
ਜੇਹੀ ਸੁਰਤਿ ਤੇਹਾ ਤਿਨ ਰਾਹੁ ॥	جیہی سُرتِ تیہا تِن راہُ ॥
ਲੇਖਾ ਇਕੋ ਆਵਹੁ ਜਾਹੁ ॥੧॥	لیکھا اِکو آوہُ جاہُ ॥1॥
ਕਾਹੇ ਜੀਅ ਕਰਹਿ ਚਤੁਰਾਈ ॥	کاہے جیء کرہِ چترُائی ۔ ॥
ਲੇਵੈ ਦੇਵੈ ਢਿਲ ਨ ਪਾਈ ॥੧॥ ਰਹਾਉ ॥	لیوے دیوے ڈھِل ن پائی ॥1॥ رہاءُ ॥
ਤੇਰੇ ਜੀਅ ਜੀਆ ਕਾ ਤੋਹਿ ॥	تیرے جیء جیِیا کا توہِ ॥
ਕਿਤ ਕਉ ਸਾਹਿਬ ਆਵਹਿ ਰੋਹਿ ॥	کِت کءُ صاحِب آوہِ روہِ ۔ ॥
ਜੇ ਤੂ ਸਾਹਿਬ ਆਵਹਿ ਰੋਹਿ ॥	جے توُ صاحِب آوہِ روہِ ॥
ਤੂ ਓਨਾ ਕਾ ਤੇਰੇ ਓਹਿ ॥੨॥	توُ اونا کا تیرے اوہِ ॥2॥
ਅਸੀ ਬੋਲਵਿਗਾੜ ਵਿਗਾੜਹ ਬੋਲ ॥	اسی بولوِگاڑ وِگاڑہ بول ॥
ਤੂ ਨਦਰੀ ਅੰਦਰਿ ਤੋਲਹਿ ਤੋਲ ॥	توُ ندری انّدرِ تولہِ تول ॥
ਜਹ ਕਰਣੀ ਤਹ ਪੂਰੀ ਮਤਿ ॥	جہ کرنّی تہ پوُری متِ ॥
ਕਰਣੀ ਬਾਝਹੁ ਘਟੇ ਘਟਿ ॥੩॥	کرنّی باجھہُ گھٹے گھٹِ ॥3॥
ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥	پرّنوتِ نانک گِیانی کیسا ہوءِ ۔ ॥
ਆਪੁ ਪਛਾਣੈ ਬੂਝੈ ਸੋਇ ॥	آپُ پچھانّے بوُجھے سوءِ ॥
ਗੁਰ ਪਰਸਾਦਿ ਕਰੇ ਬੀਚਾਰੁ ॥	گُر پرسادِ کرے بیچارُ ॥
ਸੋ ਗਿਆਨੀ ਦਰਗਹ ਪਰਵਾਣੁ ॥੪॥੩੦॥	سو گِیانی درگہ پروانُ ॥4॥ 30 ॥

ਸਿਰੀਰਾਗੁ ਮਹਲਾ ੧ ਘਰੁ ੪ ॥

ਤੂ ਦਰੀਆਉ №ਦਾਨਾ ਬੀਨਾ
ਮੈ ਮਛੁਲੀ ਕੈਸੇ ਅੰਤੁ ਲਹਾI ॥

ਜਹ ਜਹ ਦੇਖਾ ਤਹ ਤਹ ਤੂ ਹੈ
ਤੁਝ ਤੇ ਨਿਕਸੀ ਫੂਟਿ ਮਰਾ ॥੧॥

ਨ ਜਾਣਾ ਮੇਉ ਨ ਜਾਣਾ ਜਾਲੀ ॥

ਜਾ ਦੁਖੁ ਲਾਗੈ
ਤਾ ਤੁਝੈ ਸਮਾਲੀ ॥੧॥ ਰਹਾਉ ॥

ਤੂ ਭਰਪੂਰਿ ਜਾਨਿਆ ਮੈ ਦੂਰਿ ॥

ਜੋ ਕਛੁ ਕਰੀ ਸੁ ਤੇਰੈ ਹਦੂਰਿ ॥

ਤੂ ਦੇਖਹਿ ਹਉ ਮੁਕਰਿ ਪਾਉ ॥

ਤੇਰੈ ਕੰਮਿ ਨ ਤੇਰੈ ਨਾਇ ॥੨॥

ਜੇਤਾ ਦੇਹਿ ਤੇਤਾ ਹਉ ਖਾਉ ॥

ਬਿਆ ਦਰੁ ਨਾਹੀ ਕੈ ਦਰਿ ਜਾਉ ॥

ਨਾਨਕੁ ਏਕ ਕਹੈ ਅਰਦਾਸਿ ॥

ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥

ਆਪੇ ਨੇੜੈ ਦੂਰਿ ਆਪੇ ਹੀ
ਆਪੇ ਮੰਝਿ ਮਿਆਨੋ ॥

ਆਪੇ ਵੇਖੈ ਸੁਣੇ ਆਪੇ ਹੀ
ਕੁਦਰਤਿ ਕਰੇ ਜਹਾਨੋ ॥

ਜੋ ਤਿਸੁ ਭਾਵੈ ਨਾਨਕਾ
ਹੁਕਮੁ ਸੋਈ ਪਰਵਾਨੋ ॥੪॥੩੧॥

ਸਿਰੀਰਾਗੁ ਮਹਲਾ ੧ ਘਰੁ ੪ ॥

ਕੀਤਾ ਕਹਾ ਕਰੇ ਮਨਿ ਮਾਨੁ ॥

سِریراگُ محلا 1 گھرُ 4 ॥

توُ دریِیاءُ №دانا بِینا
مے َ مچھُلی کیَسے انّتُ لہا۔ ॥

جہ جہ دیکھا تہ تہ توُ ہے َ
تُجھ تے نِکسی پھوُٹِ مرا ॥1॥

ن جاٹا میءُ ن جاٹا جالی ॥

جا دُکھُ لاگے َ
تا تُجھے َ سمالی ॥1॥ رہاءُ ॥

توُ بھرپوُرِ جانِیا مے َ دوُرِ ॥

جو کچھُ کری سُ تیرے َ حدوُرِ ॥

توُ دیکھہِ ہءُ نُکرِ پاءُ ॥

تیرے َ کنّمِ ن تیرے َ ناءِ ॥2॥

جیتا دیہِ تیتا ہءُ کھاءُ ॥

بِیا درُ ناہی کے َ درِ جاءُ ۔ ॥

نانکُ ایک کہے َ عرداسِ ॥

جیِءُ پِنّڈُ سبھُ تیرے َ پاسِ ॥3॥

آپے نیڑے َ دوُرِ آپے ہی
آپے منجّھِ مِیانو ॥

آپے ویکھے َ سُنّے آپے ہی
قُدرتِ کرے جہانو ॥

جو تِسُ بھاوے َ نانکا
حُکمُ سوئی پروانو ॥4॥ 31 ॥

سِریراگُ محلا 1 گھرُ 4 ॥

کِیتا کہا کرے منِ مانُ ۔ ॥

ਦੇਵਣਹਾਰੇ ਕੈ ਹਥਿ ਦਾਨੁ ॥	دیوٹہارے کے ہتھِ دانُ ॥
ਭਾਵੈ ਦੇਇ ਨ ਦੇਈ ਸੋਇ ॥	بھاوے دے ءِ ن دیئی سوءِ ॥
ਕੀਤੇ ਕੈ ਕਹਿਐ ਕਿਆ ਹੋਇ ॥੧॥	کِیتے کے کہِئے کیا ہوءِ ۔ ॥1॥
ਆਪੇ ਸਚੁ ਭਾਵੈ ਤਿਸੁ ਸਚੁ ॥	آپے سچُ بھاوے تِس سچُ ॥
ਅੰਧਾ ਕਚਾ ਕਚੁ ਨਿਕਚੁ ॥੧॥ ਰਹਾਉ ॥	انّدھا کچا کچُ نِکچُ ॥1॥ رہاءُ ॥
ਜਾ ਕੇ ਰੁਖ ਬਿਰਖ ਆਰਾਉ ॥	جا کے رُکھ بِرکھ آراءُ ॥
ਜੇਹੀ ਧਾਤੁ ਤੇਹਾ ਤਿਨ ਨਾਉ ॥	جیہی دھاتُ تیہا تِن ناءُ ॥
ਫੁਲੁ ਭਾਉ ਫਲੁ ਲਿਖਿਆ ਪਾਇ ॥	پھُلُ بھاءُ پھلُ لِکھیا پاءِ ॥
ਆਪਿ ਬੀਜਿ ਆਪੇ ਹੀ ਖਾਇ ॥੨॥	آپِ بیجِ آپے ہی کھاءِ ॥2॥
ਕਚੀ ਕੰਧ ਕਚਾ ਵਿਚਿ ਰਾਜੁ ॥	کچی کنّدھ کچا وِچِ راجُ ॥
ਮਤਿ ਅਲੂਣੀ ਫਿਕਾ ਸਾਦੁ ॥	متِ الوُنّی پھِکا سادُ ॥
ਨਾਨਕ ਆਣੇ ਆਵੈ ਰਾਸਿ ॥	نانک آنّے آوے راسِ ॥
ਵਿਣੁ ਨਾਵੈ ਨਾਹੀ ਸਾਬਾਸਿ ॥੩॥੩੨॥	وِنُ ناوے ناہی ساباسِ ॥3॥ 32 ॥
ਸਿਰੀਰਾਗੁ ਮਹਲਾ ੧ ਘਰੁ ੫ ॥	سِریراگُ محلا 1 گھرُ 5 ॥
ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥	اچھل چھلائی نہ چھلےَ نہ گھاءُ کٹارا کرِ سکےَ ॥
ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ ॥੧॥	جِءُ صاحِبُ راکھےَ تِءُ رہےَ اِسُ لوبھی کا جِیءُ ٹل پلےَ ॥1॥
ਬਿਨੁ ਤੇਲ ਦੀਵਾ ਕਿਉ ਜਲੈ ॥੧॥ ਰਹਾਉ ॥	بِنُ تیل دیِوا کِءُ جلےَ ۔ ॥1॥ رہاءُ ॥
ਪੋਥੀ ਪੁਰਾਣ ਕਮਾਈਐ ॥	پوتھی پُراڑ کمائیےَ ॥
ਭਉ ਵਟੀ ਇਤੁ ਤਨਿ ਪਾਈਐ ॥	بھءُ وٹی اِتُ تنِ پائیےَ ॥
ਸਚੁ ਬੂਝਣੁ ਆਣਿ ਜਲਾਈਐ ॥੨॥	سچُ بُوجھنُ آنِ جلائیےَ ॥2॥
ਇਹੁ ਤੇਲੁ ਦੀਵਾ ਇਉ ਜਲੈ ॥	اِہُ تیلُ دیِوا اِءُ جلےَ ॥

ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ ਰਹਾਉ ॥	کرِ چانڻُ صاحِب تءُ مِلےَ ॥1॥ رہاءُ ॥
ਇਤੁ ਤਨਿ ਲਾਗੈ ਬਾਣੀਆ ॥	اِتُ تنِ لاگےَ باڻِیا ॥
ਸੁਖੁ ਹੋਵੈ ਸੇਵ ਕਮਾਣੀਆ ॥	سُکھُ ہووے سیو کماڻِیا ॥
ਸਭ ਦੁਨੀਆ ਆਵਣ ਜਾਣੀਆ ॥੩॥	سبھ دُنِیا آوڻُ جاڻِیا ॥3॥
ਵਿਚਿ ਦੁਨੀਆ ਸੇਵ ਕਮਾਈਐ ॥	وِچِ دُنِیا سیو کمائیےَ ॥
ਤਾ ਦਰਗਹ ਬੈਸਣੁ ਪਾਈਐ ॥	تا درگہ بیَسڻُ پائیےَ ॥
ਕਹੁ ਨਾਨਕ ਬਾਹ ਲੁਡਾਈਐ ॥੪॥੩੩॥	کہُ نانک باہ لُڈائیےَ ॥4॥ 33 ॥
ਸਿਰੀਰਾਗੁ ਮਹਲਾ ੩ ਘਰੁ ੧	سِرِیراگُ محلا 3 گھرُ 1
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਹਉ ਸਤਿਗੁਰੁ ਸੇਵੀ ਆਪਣਾ ਇਕ ਮਨਿ ਇਕ ਚਿਤਿ ਭਾਇ ॥	ہءُ ستِگُرُ سیوی آپڻا اِک منِ اِک چِتِ بھاءِ ॥
ਸਤਿਗੁਰੁ ਮਨ ਕਾਮਨਾ ਤੀਰਥੁ ਹੈ ਜਿਸ ਨੋ ਦੇਇ ਬੁਝਾਇ ॥	ستِگُرُ من کامنا تیرتھُ ہےَ جِس نو دےءِ بُجھاءِ ॥
ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ ॥	من چِنّدِیا ورُ پاوڻا جو اِچھےَ سو پھلُ پاءِ ॥
ਨਾਉ ਧਿਆਈਐ ਨਾਉ ਮੰਗੀਐ ਨਾਮੇ ਸਹਜਿ ਸਮਾਇ ॥੧॥	ناءُ دھیائیےَ ناءُ منّگیےَ نامے سہجِ سماءِ ॥1॥
ਮਨ ਮੇਰੇ ਹਰਿ ਰਸੁ ਚਾਖੁ ਤਿਖ ਜਾਇ ॥	من میرے ہرِ رسُ چاکھُ تِکھ جاءِ ॥
ਜਿਨੀ ਗੁਰਮੁਖਿ ਚਾਖਿਆ ਸਹਜੇ ਰਹੇ ਸਮਾਇ ॥੧॥ ਰਹਾਉ ॥	جِنی گُرمُکھِ چاکھِیا سہجے رہے سماءِ ॥1॥ رہاءُ ॥
ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ ॥	جِنی ستِگُرُ سیوِیا تِنی پائِیا نامُ نِدھانُ ॥
ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ ॥	انّترِ ہرِ رسُ روِ رہِیا چوُکا منِ ابھِمانُ ॥

ਹਿਰਦੈ ਕਮਲੁ ਪ੍ਰਗਾਸਿਆ
ਲਾਗਾ ਸਹਜਿ ਧਿਆਨੁ ॥

ہِردے کملُ پرّگاسِیا
لاگا سہجِ دھِیانُ ॥

ਮਨੁ ਨਿਰਮਲੁ ਹਰਿ ਰਵਿ ਰਹਿਆ
ਪਾਇਆ ਦਰਗਹਿ ਮਾਨੁ ॥੨॥

منُ نِرملُ ہرِ روِ رہِیا
پائِیا درگہِ مانُ ॥2॥

ਸਤਿਗੁਰੁ ਸੇਵਨਿ ਆਪਣਾ
ਤੇ ਵਿਰਲੇ ਸੰਸਾਰਿ ॥

ستِگُرُ سیونِ آپنّا
تے وِرلے سنّسارِ ॥

ਹਉਮੈ ਮਮਤਾ ਮਾਰਿ ਕੈ
ਹਰਿ ਰਾਖਿਆ ਉਰ ਧਾਰਿ ॥

ہئُمےَ ممتا مارِ کے
ہرِ راکھیا اُر دھارِ ॥

ਹਉ ਤਿਨ ਕੈ ਬਲਿਹਾਰਣੈ
ਜਿਨਾ ਨਾਮੇ ਲਗਾ ਪਿਆਰੁ ॥

ہءُ تِن کے بلِہارنے
جِنا نامے لگا پِیارُ ॥

ਸੇਈ ਸੁਖੀਏ ਚਹੁ ਜੁਗੀ
ਜਿਨਾ ਨਾਮੁ ਅਖੁਟੁ ਅਪਾਰੁ ॥੩॥

سیئی سُکھیئے چہُ جُگی
جِنا نامُ اکھُٹُ اپارُ ॥3॥

ਗੁਰ ਮਿਲਿਐ ਨਾਮੁ ਪਾਈਐ
ਚੂਕੈ ਮੋਹ ਪਿਆਸ ॥

گُر مِلےَ نامُ پائیئے
چھُوکے موہ پِیاس ॥

ਹਰਿ ਸੇਤੀ ਮਨੁ ਰਵਿ ਰਹਿਆ
ਘਰ ਹੀ ਮਾਹਿ ਉਦਾਸੁ ॥

ہرِ سیتی منُ روِ رہِیا
گھر ہی ماہِ اُداسُ ॥

ਜਿਨਾ ਹਰਿ ਕਾ ਸਾਦੁ ਆਇਆ
ਹਉ ਤਿਨ ਬਲਿਹਾਰੈ ਜਾਸੁ ॥

جِنا ہرِ کا سادُ آئِیا
ہءُ تِن بلِہارے جاسُ ॥

ਨਾਨਕ ਨਦਰੀ ਪਾਈਐ
ਸਚੁ ਨਾਮੁ ਗੁਣਤਾਸੁ ॥੪॥੧॥੩੪॥

نانک ندری پائیئے
سچُ نامُ گُنتاسُ ॥4॥1॥ 34 ॥

ਸਿਰੀਰਾਗੁ ਮਹਲਾ ੩ ॥

سِرِیراگُ محلا 3 ॥

ਬਹੁ ਭੇਖ ਕਰਿ ਭਰਮਾਈਐ
ਮਨਿ ਹਿਰਦੈ ਕਪਟੁ ਕਮਾਇ ॥

بہُ بھیکھ کرِ بھرمائیئے
منِ ہِردے کپٹُ کماءِ ॥

ਹਰਿ ਕਾ ਮਹਲੁ ਨ ਪਾਵਈ
ਮਰਿ ਵਿਸਟਾ ਮਾਹਿ ਸਮਾਇ ॥੧॥

ہرِ کا محلُ ن پاوئی
مرِ وِسٹا ماہِ سماءِ ॥1॥

ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ॥
من رے گرِہ ہی ماہِ اُداسُ ॥

ਸਚੁ ਸੰਜਮੁ ਕਰਣੀ ਸੋ ਕਰੇ
ਗੁਰਮੁਖਿ ਹੋਇ ਪਰਗਾਸੁ ॥੧॥ ਰਹਾਉ ॥
سچُ سنجمُ کرنی سو کرے
گُرمُکھِ ہوءِ پرگاسُ ॥1॥ رہاءُ ॥

ਗੁਰ ਕੈ ਸਬਦਿ ਮਨੁ ਜੀਤਿਆ
ਗਤਿ ਮੁਕਤਿ ਘਰੈ ਮਹਿ ਪਾਇ ॥
گُر کے سبدِ منُ جیتیا
گتِ مُکتِ گھرے مہِ پاءِ ॥

ਹਰਿ ਕਾ ਨਾਮੁ ਧਿਆਈਐ
ਸਤਸੰਗਤਿ ਮੇਲਿ ਮਿਲਾਇ ॥੨॥
ہرِ کا نامُ دھیائیئے
ستسنگتِ میلِ مِلاءِ ॥2॥

ਜੇ ਲਖ ਇਸਤਰੀਆ ਭੋਗ ਕਰਹਿ
ਨਵ ਖੰਡ ਰਾਜੁ ਕਮਾਹਿ ॥
جے لکھ اِستریِیا بھوگ کرہِ
نو کھنڈ راجُ کماہِ ॥

ਬਿਨੁ ਸਤਗੁਰ ਸੁਖੁ ਨ ਪਾਵਈ
ਫਿਰਿ ਫਿਰਿ ਜੋਨੀ ਪਾਹਿ ॥੩॥
بِنُ ستگُر سُکھُ ن پاوئی
پھِرِ پھِرِ جونی پاہِ ॥3॥

ਹਰਿ ਹਾਰੁ ਕੰਠਿ ਜਿਨੀ ਪਹਿਰਿਆ
ਗੁਰ ਚਰਣੀ ਚਿਤੁ ਲਾਇ ॥
ہرِ ہارُ کنٹھِ جِنی پہِریا
گُر چرنی چِتُ لاءِ ॥

ਤਿਨਾ ਪਿਛੈ ਰਿਧਿ ਸਿਧਿ ਫਿਰੈ
ਓਨਾ ਤਿਲੁ ਨ ਤਮਾਇ ॥੪॥
تِنا پچھے رِدھِ سِدھِ پھرے
اونا تِلُ ن طماعِ ॥4॥

ਜੋ ਪ੍ਰਭ ਭਾਵੈ ਸੋ ਥੀਐ
ਅਵਰੁ ਨ ਕਰਣਾ ਜਾਇ ॥
جو پربھ بھاوے سو تھیئے
اورُ ن کرنا جاءِ ॥

ਜਨੁ ਨਾਨਕੁ ਜੀਵੈ ਨਾਮੁ ਲੈ
ਹਰਿ ਦੇਵਹੁ ਸਹਜਿ ਸੁਭਾਇ ॥੫॥੨॥੩੫॥
جنُ نانکُ جیوے نامُ لے
ہرِ دیوہُ سہجِ سُبھاءِ ॥5॥2॥35॥

ਸਿਰੀਰਾਗੁ ਮਹਲਾ ੩ ਘਰੁ ੧ ॥
سِریراگُ محلا 3 گھرُ 1 ॥

ਜਿਸ ਹੀ ਕੀ ਸਿਰਕਾਰ ਹੈ
ਤਿਸ ਹੀ ਕਾ ਸਭੁ ਕੋਇ ॥
جِس ہی کی سِرکار ہے
تِس ہی کا سبھُ کوءِ ॥

ਗੁਰਮੁਖਿ ਕਾਰ ਕਮਾਵਣੀ
ਸਚੁ ਘਟਿ ਪਰਗਟੁ ਹੋਇ ॥
گُرمُکھِ کار کماونی
سچُ گھٹِ پرگٹُ ہوءِ ॥

ਅੰਤਰਿ ਜਿਸ ਕੈ ਸਚੁ ਵਸੈ
انترِ جِس کے سچُ وسے

ਸਚੇ ਸਚੀ ਸੋਇ ॥

سچے سچی سوءِ ॥

ਸਚਿ ਮਿਲੇ ਸੇ ਨ ਵਿਛੁੜਹਿ
ਤਿਨ ਨਿਜ ਘਰਿ ਵਾਸਾ ਹੋਇ ॥੧॥

سچِ مِلے سے ن وِچھُڑہِ
تِن نِج گھرِ واسا ہوءِ ॥1॥

ਮੇਰੇ ਰਾਮ
ਮੈ ਹਰਿ ਬਿਨੁ ਅਵਰੁ ਨ ਕੋਇ ॥

میرے رام
مے ہرِ بِنُ اورُ ن کوءِ ॥

ਸਤਗੁਰੁ ਸਚੁ ਪ੍ਰਭੁ ਨਿਰਮਲਾ
ਸਬਦਿ ਮਿਲਾਵਾ ਹੋਇ ॥੧॥ ਰਹਾਉ ॥

ستگُرُ سچُ پربھُ نِرملا
سبدِ مِلاوا ہوءِ ॥1॥ رہاءُ ॥

ਸਬਦਿ ਮਿਲੈ ਸੋ ਮਿਲਿ ਰਹੈ
ਜਿਸ ਨਉ ਆਪੇ ਲਏ ਮਿਲਾਇ ॥

سبدِ مِلے سو مِلِ رہے
جِس ن ءُ آپے لے مِلاءِ ॥

ਦੂਜੈ ਭਾਇ ਕੋ ਨਾ ਮਿਲੈ
ਫਿਰਿ ਫਿਰਿ ਆਵੈ ਜਾਇ ॥

دوُجے بھاءِ کو نا مِلے
پھِرِ پھِرِ آوے جاءِ ॥

ਸਭ ਮਹਿ ਇਕੁ ਵਰਤਦਾ
ਏਕੋ ਰਹਿਆ ਸਮਾਇ ॥

سبھ مہِ اِکُ ورتدا
ایکو رہِیا سماءِ ॥

ਜਿਸ ਨਉ ਆਪਿ ਦਇਆਲੁ ਹੋਇ
ਸੋ ਗੁਰਮੁਖਿ ਨਾਮਿ ਸਮਾਇ ॥੨॥

جِس ن ءُ آپِ دیَیالُ ہوءِ
سو گُرمُکھِ نامِ سماءِ ॥2॥

ਪੜਿ ਪੜਿ ਪੰਡਿਤ ਜੋਤਕੀ
ਵਾਦ ਕਰਹਿ ਬੀਚਾਰੁ ॥

پڑِ پڑِ پنڈِت جوتکی
واد کرہِ بیچارُ ॥

ਮਤਿ ਬੁਧਿ ਭਵੀ ਨ ਬੁਝਈ
ਅੰਤਰਿ ਲੋਭ ਵਿਕਾਰੁ ॥

متِ بُدھِ بھوی ن بُجھئی
انتَرِ لوبھ وِکارُ ॥

ਲਖ ਚਉਰਾਸੀਹ ਭਰਮਦੇ
ਭ੍ਰਮਿ ਭ੍ਰਮਿ ਹੋਇ ਖੁਆਰੁ ॥

لکھ چئُراسیہ بھرمدے
بھرمِ بھرمِ ہوءِ خُیارُ ॥

ਪੂਰਬਿ ਲਿਖਿਆ ਕਮਾਵਣਾ
ਕੋਇ ਨ ਮੇਟਣਹਾਰੁ ॥੩॥

پوُربِ لِکھیا کماوٹا
کوءِ ن میٹنہارُ ॥3॥

ਸਤਗੁਰ ਕੀ ਸੇਵਾ ਗਾਖੜੀ
ਸਿਰੁ ਦੀਜੈ ਆਪੁ ਗਵਾਇ ॥

ستگُر کی سیوا گاکھڑی
سِرُ دیجے آپُ گواءِ ॥

ਸਬਦਿ ਮਿਲਹਿ ਤਾ ਹਰਿ ਮਿਲੈ
ਸੇਵਾ ਪਵੈ ਸਭ ਥਾਇ ॥

سبدِ مِلہِ تا ہرِ مِلےَ
سیوا پوےَ سبھ تھاءِ ॥

ਪਾਰਸਿ ਪਰਸਿਐ ਪਾਰਸੁ ਹੋਇ
ਜੋਤੀ ਜੋਤਿ ਸਮਾਇ ॥

پارس پرسِےَ پارسُ ہوءِ
جوتی جوتِ سماءِ ॥

ਜਿਨ ਕਉ ਪੂਰਬਿ ਲਿਖਿਆ
ਤਿਨ ਸਤਗੁਰੁ ਮਿਲਿਆ ਆਇ ॥੪॥

جِن ک ءُ پُورب لِکھیا
تِن ستگُرُ مِلیا آءِ ॥4॥

ਮਨ ਭੁਖਾ ਭੁਖਾ ਮਤ ਕਰਹਿ
ਮਤ ਤੂ ਕਰਹਿ ਪੂਕਾਰ ॥

من بھکھا بھکھا مت کرہِ
مت توُ کرہِ پوُکار ॥

ਲਖ ਚਉਰਾਸੀਹ ਜਿਨਿ ਸਿਰੀ
ਸਭਸੈ ਦੇਇ ਅਧਾਰੁ ॥

لکھ چرُاسیہ جِنِ سِری
سبھسےَ دےءِ ادھارُ ॥

ਨਿਰਭਉ ਸਦਾ ਦਇਆਲੁ ਹੈ
ਸਭਨਾ ਕਰਦਾ ਸਾਰ ॥

نِربھ ءُ سدا دئیالُ ہےَ
سبھنا کردا سار ॥

ਨਾਨਕ ਗੁਰਮੁਖਿ ਬੁਝੀਐ
ਪਾਈਐ ਮੋਖ ਦੁਆਰੁ ॥੫॥੩॥੩੬॥

نانک گُرمُکھِ بُجھیِےَ
پائیِےَ موکھ دُیارُ ॥5॥3॥ 36 ॥

ਸਿਰੀਰਾਗੁ ਮਹਲਾ ੩ ॥

سِریراگُ محلا 3 ॥

ਜਿਨੀ ਸੁਣਿ ਕੈ ਮੰਨਿਆ
ਤਿਨਾ ਨਿਜ ਘਰਿ ਵਾਸੁ ॥

جِنی سُنِ کے منّنیا
تِنا نِج گھرِ واسُ ॥

ਗੁਰਮਤੀ ਸਾਲਾਹਿ ਸਚੁ
ਹਰਿ ਪਾਇਆ ਗੁਣਤਾਸੁ ॥

گُرمتی سالاہِ سچُ
ہرِ پائیا گُنتاسُ ॥

ਸਬਦਿ ਰਤੇ ਸੇ ਨਿਰਮਲੇ
ਹਉ ਸਦ ਬਲਿਹਾਰੈ ਜਾਸੁ ॥

سبدِ رتے سے نِرملے
ہءُ سد بلِہارےَ جاسُ ॥

ਹਿਰਦੈ ਜਿਨ ਕੈ ਹਰਿ ਵਸੈ
ਤਿਤੁ ਘਟਿ ਹੈ ਪਰਗਾਸੁ ॥੧॥

ہِردےَ جِن کے ہرِ وسےَ
تِتُ گھٹِ ہےَ پرگاسُ ॥1॥

ਮਨ ਮੇਰੇ ਹਰਿ ਹਰਿ ਨਿਰਮਲੁ ਧਿਆਇ ॥

من میرے ہرِ ہرِ نِرملُ دھیاءِ ॥

ਧੁਰਿ ਮਸਤਕਿ ਜਿਨ ਕਉ ਲਿਖਿਆ

دھُرِ مستکِ جِن ک ءُ لِکھیا

ਸੇ ਗੁਰਮੁਖਿ ਰਹੇ ਲਿਵ ਲਾਇ ॥੧॥ ਰਹਾਉ ॥

سے گُرمُکھِ رہے لِو لاءِ ॥1॥ رہاءُ ॥

ਹਰਿ ਸੰਤਹੁ ਦੇਖਹੁ ਨਦਰਿ ਕਰਿ
ਨਿਕਟਿ ਵਸੈ ਭਰਪੂਰਿ ॥

ہرِ سنتہُ دیکھہُ ندرِ کرِ
نِکٹِ وسے بھرپُورِ ॥

ਗੁਰਮਤਿ ਜਿਨੀ ਪਛਾਣਿਆ
ਸੇ ਦੇਖਹਿ ਸਦਾ ਹਦੂਰਿ ॥

گُرمتِ جِنی پچھاڑیا
سے دیکھہِ سدا حدوُرِ ॥

ਜਿਨ ਗੁਣ ਤਿਨ ਸਦ ਮਨਿ ਵਸੈ
ਅਉਗੁਣਵੰਤਿਆ ਦੂਰਿ ॥

جِن گُنؤ تِن سد منِ وسے
اُگُنوَنتیا دوُرِ ॥

ਮਨਮੁਖ ਗੁਣ ਤੈ ਬਾਹਰੇ
ਬਿਨੁ ਨਾਵੈ ਮਰਦੇ ਝੂਰਿ ॥੨॥

منمُکھ گُنؤ تے باہرے
بِنُ ناوے مردے جھوُرِ ॥2॥

ਜਿਨ ਸਬਦਿ ਗੁਰੂ ਸੁਣਿ ਮੰਨਿਆ
ਤਿਨ ਮਨਿ ਧਿਆਇਆ ਹਰਿ ਸੋਇ ॥

جِن سبدِ گُرو سُنؤ منّنیا
تِن منِ دھیایَیا ہرِ سوءِ ॥

ਅਨਦਿਨੁ ਭਗਤੀ ਰਤਿਆ
ਮਨੁ ਤਨੁ ਨਿਰਮਲੁ ਹੋਇ ॥

اندِنُ بھگتی رتیا
منُ تنُ نِرملُ ہوءِ ॥

ਕੂੜਾ ਰੰਗੁ ਕਸੁੰਭ ਕਾ
ਬਿਨਸਿ ਜਾਇ ਦੁਖੁ ਰੋਇ ॥

کوُڑا رنگُ کسُنبھ کا
بِنسِ جاءِ دُکھُ روءِ ॥

ਜਿਸੁ ਅੰਦਰਿ ਨਾਮ ਪ੍ਰਗਾਸੁ ਹੈ
ਓਹੁ ਸਦਾ ਸਦਾ ਥਿਰੁ ਹੋਇ ॥੩॥

جِسُ اندّرِ نام پرّگاسُ ہے
اوہُ سدا سدا تھِرُ ہوءِ ॥3॥

ਇਹੁ ਜਨਮੁ ਪਦਾਰਥੁ ਪਾਇ ਕੈ
ਹਰਿ ਨਾਮੁ ਨ ਚੇਤੈ ਲਿਵ ਲਾਇ ॥

اِہُ جنمُ پدارتھُ پاءِ کے
ہرِ نامُ ن چیتے لِو لاءِ ॥

ਪਗਿ ਖਿਸਿਐ ਰਹਣਾ ਨਹੀ
ਆਗੈ ਠਉਰੁ ਨ ਪਾਇ ॥

پگِ کھِسیَے رہنا نہی
آگے ٹھئرُ ن پاءِ ॥

ਓਹ ਵੇਲਾ ਹਥਿ ਨ ਆਵਈ
ਅੰਤਿ ਗਇਆ ਪਛੁਤਾਇ ॥

اوہ ویلا ہتھِ ن آوئی
انّتِ گیَیا پچھُتاءِ ॥

ਜਿਸੁ ਨਦਰਿ ਕਰੇ ਸੋ ਉਬਰੈ
ਹਰਿ ਸੇਤੀ ਲਿਵ ਲਾਇ ॥੪॥

جِسُ ندرِ کرے سو اُبرے
ہرِ سیتی لِو لاءِ ॥4॥

ਦੇਖਾ ਦੇਖੀ ਸਭ ਕਰੇ
ਮਨਮੁਖਿ ਬੂਝ ਨ ਪਾਇ ॥

ਜਿਨ ਗੁਰਮੁਖਿ ਹਿਰਦਾ ਸੁਧੁ ਹੈ
ਸੇਵ ਪਈ ਤਿਨ ਥਾਇ ॥

ਹਰਿ ਗੁਣ ਗਾਵਹਿ ਹਰਿ ਨਿਤ ਪੜਹਿ
ਹਰਿ ਗੁਣ ਗਾਇ ਸਮਾਇ ॥

ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ
ਜਿ ਨਾਮਿ ਰਹੇ ਲਿਵ ਲਾਇ ॥੫॥੪॥੩੭॥

ਸਿਰੀਰਾਗੁ ਮਹਲਾ ੩ ॥

ਜਿਨੀ ਇਕ ਮਨਿ ਨਾਮੁ ਧਿਆਇਆ
ਗੁਰਮਤੀ ਵੀਚਾਰਿ ॥

ਤਿਨ ਕੇ ਮੁਖ ਸਦ ਉਜਲੇ
ਤਿਤੁ ਸਚੈ ਦਰਬਾਰਿ ॥

ਓਇ ਅੰਮ੍ਰਿਤੁ ਪੀਵਹਿ ਸਦਾ ਸਦਾ
ਸਚੈ ਨਾਮਿ ਪਿਆਰਿ ॥੧॥

ਭਾਈ ਰੇ ਗੁਰਮੁਖਿ ਸਦਾ ਪਤਿ ਹੋਇ ॥

ਹਰਿ ਹਰਿ ਸਦਾ ਧਿਆਈਐ
ਮਲੁ ਹਉਮੈ ਕਢੈ ਧੋਇ ॥੧॥ ਰਹਾਉ ॥

ਮਨਮੁਖ ਨਾਮੁ ਨ ਜਾਣਨੀ
ਵਿਣੁ ਨਾਵੈ ਪਤਿ ਜਾਇ ॥

ਸਬਦੈ ਸਾਦੁ ਨ ਆਇਓ
ਲਾਗੇ ਦੂਜੈ ਭਾਇ ॥

ਵਿਸਟਾ ਕੇ ਕੀੜੇ ਪਵਹਿ ਵਿਚਿ ਵਿਸਟਾ
ਸੇ ਵਿਸਟਾ ਮਾਹਿ ਸਮਾਇ ॥੨॥

ਤਿਨ ਕਾ ਜਨਮੁ ਸਫਲੁ ਹੈ

دیکھا دیکھی سبھ کرے
منمُکھِ بوُجھ ن پاءِ ॥

جِن گُرمُکھِ ہِردا سُدھُ ہےَ
سیو پئی تِن تھاءِ ॥

ہرِ گُنؤ گاوہِ ہرِ نِت پڑہِ
ہرِ گُنؤ گاءِ سماءِ ॥

نانک تِن کی بانؤ سدا سچُ ہےَ
جِ نامِ رہے لِو لاءِ ॥5॥4॥ 37 ॥

سِرِیراگُ محلا 3 ॥

جِنی اِک منِ نامُ دھِیایئا
گُرمتی ویچارِ ॥

تِن کے مُکھ سد اُجلے
تِتُ سچےَ دربارِ ॥

اوءِ انّمرِتُ پیوہِ سدا سدا
سچےَ نامِ پیارِ ॥1॥

بھائی رے گُرمُکھِ سدا پتِ ہوءِ ॥

ہرِ ہرِ سدا دھِیائیےَ
مَلُ ہئُمےَ کڈھےَ دھوءِ ॥1॥ رہاءُ ॥

منمُکھ نامُ ن جانئی
وِنُ ناوےَ پتِ جاءِ ॥

سبدےَ سادُ ن آئیو
لاگے دوُجےَ بھاءِ ॥

وِسٹا کے کِیڑے پوہِ وِچِ وِسٹا
سے وِسٹا ماہِ سماءِ ॥2॥

تِن کا جنمُ سپھلُ ہےَ

ਜੋ ਚਲਹਿ ਸਤਗੁਰ ਭਾਇ ॥
جو چلہِ ستگُر بھاءِ ॥

ਕੁਲੁ ਉਧਾਰਹਿ ਆਪਣਾ
ਧੰਨੁ ਜਣੇਦੀ ਮਾਇ ॥
کُلُ اُدھارہِ آپنا
دھنّنُ جنّیدی ماءِ ॥

ਹਰਿ ਹਰਿ ਨਾਮੁ ਧਿਆਈਐ
ਜਿਸ ਨਉ ਕਿਰਪਾ ਕਰੇ ਰਜਾਇ ॥੩॥
ہرِ ہرِ نامُ دھیائیئے
جِس نءُ کِرپا کرے رضاءِ ॥3॥

ਜਿਨੀ ਗੁਰਮੁਖਿ ਨਾਮੁ ਧਿਆਇਆ
ਵਿਚਹੁ ਆਪੁ ਗਵਾਇ ॥
جِنی گُرمُکھِ نامُ دھیائیا
وِچہُ آپُ گواءِ ॥

ਓਇ ਅੰਦਰਹੁ ਬਾਹਰਹੁ ਨਿਰਮਲੇ
ਸਚੇ ਸਚਿ ਸਮਾਇ ॥
اوءِ اندرہُ باہرہُ نِرملے
سچے سچِ سماءِ ॥

ਨਾਨਕ ਆਏ ਸੇ ਪਰਵਾਣੁ ਹਹਿ
ਜਿਨ ਗੁਰਮਤੀ ਹਰਿ ਧਿਆਇ ॥੪॥੫॥੩੮॥
نانک آئے سے پرواڻُ ہہِ
جِن گُرمتی ہرِ دھیاءِ ॥4॥5॥ 38 ॥

ਸਿਰੀਰਾਗੁ ਮਹਲਾ ੩ ॥
سِرِیراگُ محلا 3 ॥

ਹਰਿ ਭਗਤਾ ਹਰਿ ਧਨੁ ਰਾਸਿ ਹੈ
ਗੁਰ ਪੂਛਿ ਕਰਹਿ ਵਾਪਾਰੁ ॥
ہرِ بھگتا ہرِ دھنُ راسِ ہے
گُر پوُچھِ کرہِ واپارُ ॥

ਹਰਿ ਨਾਮੁ ਸਲਾਹਨਿ ਸਦਾ ਸਦਾ
ਵਖਰੁ ਹਰਿ ਨਾਮੁ ਅਧਾਰੁ ॥
ہرِ نامُ سلاحنِ سدا سدا
وکھرُ ہرِ نامُ ادھارُ ॥

ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ
ਹਰਿ ਭਗਤਾ ਅਤੁਟੁ ਭੰਡਾਰੁ ॥੧॥
گُرِ پوُرے ہرِ نامُ دّرڑائیا
ہرِ بھگتا اتُٹُ بھنّڈارُ ॥1॥

ਭਾਈ ਰੇ ਇਸੁ ਮਨ ਕਉ ਸਮਝਾਇ ॥
بھائی رے اِسُ من کءُ سمجھاءِ ॥

ਏ ਮਨ ਆਲਸੁ ਕਿਆ ਕਰਹਿ
ਗੁਰਮੁਖਿ ਨਾਮੁ ਧਿਆਇ ॥੧॥ ਰਹਾਉ ॥
اے من آلسُ کیا کرہِ
گُرمُکھِ نامُ دھیاءِ ॥1॥ رہاءُ ॥

ਹਰਿ ਭਗਤਿ ਹਰਿ ਕਾ ਪਿਆਰੁ ਹੈ
ਜੇ ਗੁਰਮੁਖਿ ਕਰੇ ਬੀਚਾਰੁ ॥
ہرِ بھگتِ ہرِ کا پِیارُ ہے
جے گُرمُکھِ کرے بیچارُ ॥

ਪਾਖੰਡਿ ਭਗਤਿ ਨ ਹੋਵਈ
ਦੁਬਿਧਾ ਬੋਲੁ ਖੁਆਰੁ ॥
پاکھنّڈِ بھگتِ ن ہووئی
دُبِدھا بولُ خُیارُ ॥

ਸੋ ਜਨੁ ਰਲਾਇਆ ਨਾ ਰਲੈ
ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥

سو جنُ رلائیا نا رلے
جِسُ انترِ بیبک بیچارُ ॥2॥

ਸੋ ਸੇਵਕੁ ਹਰਿ ਆਖੀਐ
ਜੋ ਹਰਿ ਰਾਖੈ ਉਰਿ ਧਾਰਿ ॥

سو سیوکُ ہرِ آکھیئے
جو ہرِ راکھے اُرِ دھارِ ॥

ਮਨੁ ਤਨੁ ਸਉਪੇ ਆਗੈ ਧਰੇ
ਹਉਮੈ ਵਿਚਹੁ ਮਾਰਿ ॥

منُ تنُ سپُے آگے دھرے
ہئمے وِچہُ مارِ ॥

ਧਨੁ ਗੁਰਮੁਖਿ ਸੋ ਪਰਵਾਣੁ ਹੈ
ਜਿ ਕਦੇ ਨ ਆਵੈ ਹਾਰਿ ॥੩॥

دھنُ گُرمُکھِ سو پرواۃُ ہے
جِ کدے ن آوے ہارِ ॥3॥

ਕਰਮਿ ਮਿਲੈ ਤਾ ਪਾਈਐ
ਵਿਣੁ ਕਰਮੈ ਪਾਇਆ ਨ ਜਾਇ ॥

کرمِ ملے تا پائیئے
وِنُ کرمے پائیا ن جاءِ ॥

ਲਖ ਚਉਰਾਸੀਹ ਤਰਸਦੇ
ਜਿਸੁ ਮੇਲੇ ਸੋ ਮਿਲੈ ਹਰਿ ਆਇ ॥

لکھ چرُاسیہ ترسدے
جِسُ میلے سو ملے ہرِ آءِ ॥

ਨਾਨਕ ਗੁਰਮੁਖਿ ਹਰਿ ਪਾਇਆ
ਸਦਾ ਹਰਿ ਨਾਮਿ ਸਮਾਇ ॥੪॥੬॥੩੯॥

نانک گُرمُکھِ ہرِ پائیا
سدا ہرِ نامِ سماءِ ॥4॥6॥ 39 ॥

ਸਿਰੀਰਾਗੁ ਮਹਲਾ ੩ ॥

سِریراگُ محلا 3 ॥

ਸੁਖ ਸਾਗਰੁ ਹਰਿ ਨਾਮੁ ਹੈ
ਗੁਰਮੁਖਿ ਪਾਇਆ ਜਾਇ ॥

سُکھ ساگرُ ہرِ نامُ ہے
گُرمُکھِ پائیا جاءِ ॥

ਅਨਦਿਨੁ ਨਾਮੁ ਧਿਆਈਐ
ਸਹਜੇ ਨਾਮਿ ਸਮਾਇ ॥

اندِنُ نامُ دھیائیئے
سہجے نامِ سماءِ ॥

ਅੰਦਰੁ ਰਚੈ ਹਰਿ ਸਚ ਸਿਉ
ਰਸਨਾ ਹਰਿ ਗੁਣ ਗਾਇ ॥੧॥

اندّرُ رچے ہرِ سچ سِءُ
رسنا ہرِ گُن گاءِ ॥1॥

ਭਾਈ ਰੇ ਜਗੁ ਦੁਖੀਆ ਦੂਜੈ ਭਾਇ ॥

بھائی رے جگُ دُکھیا دوُجے بھاءِ ॥

ਗੁਰ ਸਰਣਾਈ ਸੁਖੁ ਲਹਹਿ
ਅਨਦਿਨੁ ਨਾਮੁ ਧਿਆਇ ॥੧॥ ਰਹਾਉ ॥

گُر سرنائی سُکھُ لہہِ
اندِنُ نامُ دھیاءِ ॥1॥ رہاءُ ॥

ਸਾਚੇ ਮੈਲੁ ਨ ਲਾਗਈ

ساچے میَلُ ن لاگئی

ਮਨੁ ਨਿਰਮਲੁ ਹਰਿ ਧਿਆਇ ॥	منُ نِرملُ ہرِ دھیاءِ ॥
ਗੁਰਮੁਖਿ ਸਬਦੁ ਪਛਾਣੀਐ	گُرمُکھِ سبدُ پچھانیئے
ਹਰਿ ਅੰਮ੍ਰਿਤ ਨਾਮਿ ਸਮਾਇ ॥	ہرِ انمّرِت نامِ سماءِ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ	گُر گیانُ پّرچنڈُ بلائیا
ਅਗਿਆਨੁ ਅੰਧੇਰਾ ਜਾਇ ॥੨॥	اگیانُ اندھیرا جاءِ ॥2॥
ਮਨਮੁਖ ਮੈਲੇ ਮਲੁ ਭਰੇ	منمُکھ میلے ملُ بھرے
ਹਉਮੈ ਤ੍ਰਿਸਨਾ ਵਿਕਾਰੁ ॥	ہئمےَ ترِسنا وِکارُ ॥
ਬਿਨੁ ਸਬਦੈ ਮੈਲੁ ਨ ਉਤਰੈ	بِنُ سبدے میَلُ ن اُترے
ਮਰਿ ਜੰਮਹਿ ਹੋਇ ਖੁਆਰੁ ॥	مرِ جنّمہِ ہوءِ خُیارُ ॥
ਧਾਤੁਰ ਬਾਜੀ ਪਲਚਿ ਰਹੇ	دھاتُر بازی پلچِ رہے
ਨਾ ਉਰਵਾਰੁ ਨ ਪਾਰੁ ॥੩॥	نا اُروارُ ن پارُ ॥3॥
ਗੁਰਮੁਖਿ ਜਪ ਤਪ ਸੰਜਮੀ	گُرمُکھِ جپ تپ سنّجمی
ਹਰਿ ਕੈ ਨਾਮਿ ਪਿਆਰੁ ॥	ہرِ کے نامِ پِیارُ ॥
ਗੁਰਮੁਖਿ ਸਦਾ ਧਿਆਈਐ	گُرمُکھِ سدا دھیائیئے
ਏਕੁ ਨਾਮੁ ਕਰਤਾਰੁ ॥	ایکُ نامُ کرتارُ ॥
ਨਾਨਕ ਨਾਮੁ ਧਿਆਈਐ	نانک نامُ دھیائیئے
ਸਭਨਾ ਜੀਆ ਕਾ ਆਧਾਰੁ ॥੪॥੭॥੪੦॥	سبھنا جیِیا کا آدھارُ ॥4॥7॥ 40 ॥
ਸ੍ਰੀਰਾਗੁ ਮਹਲਾ ੩ ॥	سّرِیراگُ محلا 3 ॥
ਮਨਮੁਖੁ ਮੋਹਿ ਵਿਆਪਿਆ	منمُکھُ موہِ ویاپیا
ਬੈਰਾਗੁ ਉਦਾਸੀ ਨ ਹੋਇ ॥	بیَراگُ اُداسی ن ہوءِ ॥
ਸਬਦੁ ਨ ਚੀਨੈ ਸਦਾ ਦੁਖੁ	سبدُ ن چینے سدا دُکھُ
ਹਰਿ ਦਰਗਹਿ ਪਤਿ ਖੋਇ ॥	ہرِ درگہِ پتِ کھوءِ ॥
ਹਉਮੈ ਗੁਰਮੁਖਿ ਖੋਈਐ	ہئمےَ گُرمُکھِ کھوئیئے
ਨਾਮਿ ਰਤੇ ਸੁਖੁ ਹੋਇ ॥੧॥	نامِ رتے سُکھُ ہوءِ ॥1॥
ਮੇਰੇ ਮਨ ਅਹਿਨਿਸਿ ਪੂਰਿ ਰਹੀ ਨਿਤ ਆਸਾ ॥	میرے من اہِنِس پوُرِ رہی نِت آسا ॥

ਸਤਗੁਰੁ ਸੇਵਿ ਮੋਹੁ ਪਰਜਲੈ
ਘਰ ਹੀ ਮਾਹਿ ਉਦਾਸਾ ॥੧॥ ਰਹਾਉ ॥

ستگُرُ سیوِ موہُ پرجلے
گھر ہی ماہِ اُداسا ॥1॥ رہاءُ ॥

ਗੁਰਮੁਖਿ ਕਰਮ ਕਮਾਵੈ ਬਿਗਸੈ
ਹਰਿ ਬੈਰਾਗੁ ਅਨੰਦੁ ॥

گُرمُکھِ کرم کماوے بِگسے
ہرِ بیَراگُ اننَدُ ॥

ਅਹਿਨਿਸਿ ਭਗਤਿ ਕਰੇ ਦਿਨੁ ਰਾਤੀ
ਹਉਮੈ ਮਾਰਿ ਨਿਚੰਦੁ ॥

اہِنِس بھگتِ کرے دِنُ راتی
ہئُمے مارِ نِچنَدُ ॥

ਵਡੈ ਭਾਗਿ ਸਤਸੰਗਤਿ ਪਾਈ
ਹਰਿ ਪਾਇਆ ਸਹਜਿ ਅਨੰਦੁ ॥੨॥

وڈے بھاگِ ستسنگتِ پائی
ہرِ پائیا سہجِ اننَدُ ॥2॥

ਸੋ ਸਾਧੂ ਬੈਰਾਗੀ ਸੋਈ
ਹਿਰਦੈ ਨਾਮੁ ਵਸਾਏ ॥

سو سادھوُ بیَراگی سوئی
ہِردے نامُ وسائے ॥

ਅੰਤਰਿ ਲਾਗਿ ਨ ਤਾਮਸੁ ਮੂਲੇ
ਵਿਚਹੁ ਆਪੁ ਗਵਾਏ ॥

انتَرِ لاگِ ن تامسُ موُلے
وِچہُ آپُ گوائے ॥

ਨਾਮੁ ਨਿਧਾਨੁ ਸਤਗੁਰੂ ਦਿਖਾਲਿਆ
ਹਰਿ ਰਸੁ ਪੀਆ ਅਘਾਏ ॥੩॥

نامُ نِدھانُ ستگُرہُ دِکھالیا
ہرِ رسُ پِیا اگھائے ॥3॥

ਜਿਨਿ ਕਿਨੈ ਪਾਇਆ ਸਾਧਸੰਗਤੀ
ਪੂਰੈ ਭਾਗਿ ਬੈਰਾਗਿ ॥

جِنِ کِنے پائیا سادھسنگتی
پوُرے بھاگِ بیَراگِ ॥

ਮਨਮੁਖ ਫਿਰਹਿ ਨ ਜਾਣਹਿ ਸਤਗੁਰੁ
ਹਉਮੈ ਅੰਦਰਿ ਲਾਗਿ ॥

منمُکھ پھرہِ ن جاتہِ ستگُرُ
ہئُمے اندرِ لاگِ ॥

ਨਾਨਕ ਸਬਦਿ ਰਤੇ ਹਰਿ ਨਾਮਿ ਰੰਗਾਏ
ਬਿਨੁ ਭੈ ਕੇਹੀ ਲਾਗਿ ॥੪॥੮॥੪੧॥

نانک سبدِ رتے ہرِ نامِ رنگائے
بِنُ بھے کیہی لاگِ ۔ ॥4॥8॥ 41 ॥

ਸਿਰੀਰਾਗੁ ਮਹਲਾ ੩ ॥

سِریراگُ محلا 3 ॥

ਘਰ ਹੀ ਸਉਦਾ ਪਾਈਐ
ਅੰਤਰਿ ਸਭ ਵਥੁ ਹੋਇ ॥

گھر ہی سئُدا پائیئے
انتَرِ سبھ وتھُ ہوءِ ॥

ਖਿਨੁ ਖਿਨੁ ਨਾਮੁ ਸਮਾਲੀਐ
ਗੁਰਮੁਖਿ ਪਾਵੈ ਕੋਇ ॥

کھِنُ کھِنُ نامُ سمالیئے
گُرمُکھِ پاوے کوءِ ॥

ਨਾਮੁ ਨਿਧਾਨੁ ਅਖੁਟੁ ਹੈ
ਵਡਭਾਗਿ ਪਰਾਪਤਿ ਹੋਇ ॥੧॥

نامُ نِدھانُ اکھُٹُ ہے
وڈبھاگِ پراپتِ ہوءِ ॥1॥

ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰੁ ॥

میرے من تجِ نِندا ہئُمےَ اہنکارُ ॥

ਹਰਿ ਜੀਉ ਸਦਾ ਧਿਆਇ ਤੂ
ਗੁਰਮੁਖਿ ਏਕੰਕਾਰੁ ॥੧॥ ਰਹਾਉ ॥

ہرِ جیِءُ سدا دھیاءِ توُ
گُرمُکھِ ایکنکارُ ॥1॥ رہاءُ ॥

ਗੁਰਮੁਖਾ ਕੇ ਮੁਖ ਉਜਲੇ
ਗੁਰ ਸਬਦੀ ਬੀਚਾਰਿ ॥

گُرمُکھا کے مُکھ اُجلے
گُر سبدی بیچارِ ॥

ਹਲਤਿ ਪਲਤਿ ਸੁਖੁ ਪਾਇਦੇ
ਜਪਿ ਜਪਿ ਰਿਦੈ ਮੁਰਾਰਿ ॥

ہلتِ پلتِ سُکھُ پائِدے
جپِ جپِ رِدےَ مُرارِ ॥

ਘਰ ਹੀ ਵਿਚਿ ਮਹਲੁ ਪਾਇਆ
ਗੁਰ ਸਬਦੀ ਵੀਚਾਰਿ ॥੨॥

گھر ہی وِچ محلُ پائیا
گُر سبدی ویچارِ ॥2॥

ਸਤਗੁਰ ਤੇ ਜੋ ਮੁਹ ਫੇਰਹਿ
ਮਥੇ ਤਿਨ ਕਾਲੇ ॥

ستگُر تے جو مُہ پھیرہِ
متھے تِن کالے ॥

ਅਨਦਿਨੁ ਦੁਖ ਕਮਾਵਦੇ
ਨਿਤ ਜੋਹੇ ਜਮ ਜਾਲੇ ॥

اندِنُ دُکھ کماودے
نِت جوہے جم جالے ॥

ਸੁਪਨੈ ਸੁਖੁ ਨ ਦੇਖਨੀ
ਬਹੁ ਚਿੰਤਾ ਪਰਜਾਲੇ ॥੩॥

سُپنے سُکھُ ن دیکھنی
بہُ چِنّتا پرجالے ॥3॥

ਸਭਨਾ ਕਾ ਦਾਤਾ ਏਕੁ ਹੈ
ਆਪੇ ਬਖਸ ਕਰੇਇ ॥

سبھنا کا داتا ایکُ ہے
آپے بخش کرےءِ ॥

ਕਹਣਾ ਕਿਛੂ ਨ ਜਾਵਈ
ਜਿਸੁ ਭਾਵੈ ਤਿਸੁ ਦੇਇ ॥

کہنا کچھوُ ن جاوئی
جِسُ بھاوےَ تِسُ دےءِ ॥

ਨਾਨਕ ਗੁਰਮੁਖਿ ਪਾਈਐ
ਆਪੇ ਜਾਣੈ ਸੋਇ ॥੪॥੯॥੪੨॥

نانک گُرمُکھِ پائیےَ
آپے جانے سوءِ ॥4॥9॥ 42 ॥

ਸਿਰੀਰਾਗੁ ਮਹਲਾ ੩ ॥

سِریراگُ محلا 3 ॥

ਸਚਾ ਸਾਹਿਬੁ ਸੇਵੀਐ

سچا صاحِبُ سیویےَ

ਸਚੁ ਵਡਿਆਈ ਦੇਇ ॥	سچُ وڈِیائی دےءِ ॥
ਗੁਰ ਪਰਸਾਦੀ ਮਨਿ ਵਸੈ ਹਉਮੈ ਦੂਰਿ ਕਰੇਇ ॥	گُر پرسادی منِ وسےَ ہئُمےَ دوُرِ کرےءِ ॥
ਇਹੁ ਮਨੁ ਧਾਵਤੁ ਤਾ ਰਹੈ ਜਾ ਆਪੇ ਨਦਰਿ ਕਰੇਇ ॥੧॥	اِہُ منُ دھاوتُ تا رہےَ جا آپے ندرِ کرےءِ ॥1॥
ਭਾਈ ਰੇ ਗੁਰਮੁਖਿ ਹਰਿ ਨਾਮੁ ਧਿਆਇ ॥	بھائی رے گُرمُکھِ ہرِ نامُ دھِیاءِ ॥
ਨਾਮੁ ਨਿਧਾਨੁ ਸਦ ਮਨਿ ਵਸੈ ਮਹਲੀ ਪਾਵੈ ਥਾਉ ॥੧॥ ਰਹਾਉ ॥	نامُ نِدھانُ سد منِ وسےَ محلی پاوےَ تھاءُ ॥1॥ رہاءُ ॥
ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ ॥	منمُکھ منُ تنُ انّدھُ ہےَ تِس نءُ ٹھئُر ن ٹھاءُ ॥
ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈਂ ਘਰਿ ਕਾਉ ॥	بہُ جونی بھئُدا پھِرےَ جِءُ سُنجَیں گھرِ کاءُ ॥
ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥੨॥	گُرمتی گھٹِ چانٹا سبدِ ملےَ ہرِ ناءُ ॥2॥
ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥	ترّےَ گُٹ بِکھِیا انّدھُ ہےَ مائِیا موہ غُبار ॥
ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥	لوبھی ان کءُ سیودے پڑِ ویدا کرےَ پوُکار ॥
ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥	بِکھِیا انّدرِ پچِ مُےَ نا اُروارُ ن پارُ ॥3॥
ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ ॥	مائِیا موہِ وِسارِیا جگت پِتا پرّتپالِ ॥
ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ ॥	باجھہُ گُروُ اچیتُ ہےَ سبھ بدھی جمکالِ ॥
ਨਾਨਕ ਗੁਰਮਤਿ ਉਬਰੇ	نانک گُرمتِ اُبرے

ਸਚਾ ਨਾਮੁ ਸਮਾਲਿ ॥੪॥੧੦॥੪੩॥

سچا نامُ سمالِ ॥4॥ 10 ॥ 43 ॥

ਸਿਰੀਰਾਗੁ ਮਹਲਾ ੩ ॥

سِرِیراگُ محلا 3 ॥

ਤ੍ਰੈ ਗੁਣ ਮਾਇਆ ਮੋਹੁ ਹੈ
ਗੁਰਮੁਖਿ ਚਉਥਾ ਪਦੁ ਪਾਇ ॥

ترے گُن مائیا موہُ ہے
گُرمُکھِ چتُھا پدُ پاءِ ॥

ਕਰਿ ਕਿਰਪਾ ਮੇਲਾਇਅਨੁ
ਹਰਿ ਨਾਮੁ ਵਸਿਆ ਮਨਿ ਆਇ ॥

کرِ کِرپا میلائینُ
ہرِ نامُ وسِیا منِ آءِ ॥

ਪੋਤੈ ਜਿਨ ਕੈ ਪੁੰਨੁ ਹੈ
ਤਿਨ ਸਤਸੰਗਤਿ ਮੇਲਾਇ ॥੧॥

پوتے جِن کے پُنّنُ ہے
تِن ستسنگتِ میلاءِ ॥1॥

ਭਾਈ ਰੇ ਗੁਰਮਤਿ ਸਾਚਿ ਰਹਾਉ ॥

بھائی رے گُرمتِ ساچِ رہاءُ ॥

ਸਾਚੋ ਸਾਚੁ ਕਮਾਵਣਾ
ਸਾਚੈ ਸਬਦਿ ਮਿਲਾਉ ॥੧॥ ਰਹਾਉ ॥

ساچو ساچُ کماوٹا
ساچے سبدِ مِلاءُ ॥1॥ رہاءُ ॥

ਜਿਨੀ ਨਾਮੁ ਪਛਾਣਿਆ
ਤਿਨ ਵਿਟਹੁ ਬਲਿ ਜਾਉ ॥

جِنی نامُ پچھاٹیا
تِن وِٹہُ بلِ جاءُ ॥

ਆਪੁ ਛੋਡਿ ਚਰਣੀ ਲਗਾ
ਚਲਾ ਤਿਨ ਕੈ ਭਾਇ ॥

آپُ چھوڈِ چرنٹی لگا
چلا تِن کے بھاءِ ॥

ਲਾਹਾ ਹਰਿ ਹਰਿ ਨਾਮੁ ਮਿਲੈ
ਸਹਜੇ ਨਾਮਿ ਸਮਾਇ ॥੨॥

لاہا ہرِ ہرِ نامُ مِلے
سہجے نامِ سماءِ ॥2॥

ਬਿਨੁ ਗੁਰ ਮਹਲੁ ਨ ਪਾਈਐ
ਨਾਮੁ ਨ ਪਰਾਪਤਿ ਹੋਇ ॥

بِنُ گُر محلُ ن پائیئے
نامُ ن پراپتِ ہوءِ ॥

ਐਸਾ ਸਤਗੁਰੁ ਲੋੜਿ ਲਹੁ
ਜਿਦੂ ਪਾਈਐ ਸਚੁ ਸੋਇ ॥

ایَسا ستگُر لوڑِ لہُ
جِدوُ پائیئے سچُ سوءِ ॥

ਅਸੁਰ ਸੰਘਾਰੈ ਸੁਖਿ ਵਸੈ
ਜੋ ਤਿਸੁ ਭਾਵੈ ਸੁ ਹੋਇ ॥੩॥

اسُر سنگھارے سُکھِ وسے
جو تِسُ بھاوے سُ ہوءِ ॥3॥

ਜੇਹਾ ਸਤਗੁਰੁ ਕਰਿ ਜਾਣਿਆ
ਤੇਹੋ ਜੇਹਾ ਸੁਖੁ ਹੋਇ ॥

جیہا ستگُر کرِ جاٹیا
تیہو جیہا سُکھُ ہوءِ ॥

ਏਹੁ ਸਹਸਾ ਮੂਲੇ ਨਾਹੀ
ਭਾਉ ਲਾਏ ਜਨੁ ਕੋਇ ॥

ایہُ سہسا مُولے ناہی
بھاءُ لائے جنُ کوءِ ॥

ਨਾਨਕ ਏਕ ਜੋਤਿ ਦੁਇ ਮੂਰਤੀ
ਸਬਦਿ ਮਿਲਾਵਾ ਹੋਇ ॥੪॥੧੧॥੪੪॥

نانک ایک جوتِ دُءِ مُورتی
سبدِ مِلاوا ہوءِ ॥4॥ 11 ॥ 44 ॥

ਸਿਰੀਰਾਗੁ ਮਹਲਾ ੩ ॥

سِریراگُ محلا 3 ॥

ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ
ਸੇਵਾ ਕਰਹਿ ਵਿਡਾਣੀ ॥

انمّرِتُ چھوڈِ بِکھیا لوبھانے
سیوا کرہِ وِڈانی ॥

ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ
ਅਨਦਿਨੁ ਦੁਖਿ ਵਿਹਾਣੀ ॥

آپنا دھرمُ گواوہِ بُوجھہِ ناہی
اندِنُ دُکھِ وِہانی ॥

ਮਨਮੁਖ ਅੰਧ ਨ ਚੇਤਹੀ
ਡੂਬਿ ਮੁਏ ਬਿਨੁ ਪਾਣੀ ॥੧॥

منمُکھ اندھ ن چیتہی
ڈُوبِ مُۓ بِنُ پانی ॥1॥

ਮਨ ਰੇ ਸਦਾ ਭਜਹੁ ਹਰਿ ਸਰਣਾਈ ॥

من رے سدا بھجہُ ہرِ سرنائی ॥

ਗੁਰ ਕਾ ਸਬਦੁ ਅੰਤਰਿ ਵਸੈ
ਤਾ ਹਰਿ ਵਿਸਰਿ ਨ ਜਾਈ ॥੧॥ ਰਹਾਉ ॥

گُر کا سبدُ انترِ وسے
تا ہرِ وِسرِ ن جائی ॥1॥ رہاءُ ॥

ਇਹੁ ਸਰੀਰੁ ਮਾਇਆ ਕਾ ਪੁਤਲਾ
ਵਿਚਿ ਹਉਮੈ ਦੁਸਟੀ ਪਾਈ ॥

اِہُ سریرُ مائیا کا پُتلا
وِچِ ہئُمے دُسٹی پائی ॥

ਆਵਣੁ ਜਾਣਾ ਜੰਮਣੁ ਮਰਣਾ
ਮਨਮੁਖਿ ਪਤਿ ਗਵਾਈ ॥

آونُ جاٹا جنمّنُ مرٹا
منمُکھِ پتِ گوائی ॥

ਸਤਗੁਰੁ ਸੇਵਿ ਸਦਾ ਸੁਖੁ ਪਾਇਆ
ਜੋਤੀ ਜੋਤਿ ਮਿਲਾਈ ॥੨॥

ستگُرُ سیوِ سدا سُکھُ پائیا
جوتی جوتِ مِلائی ॥2॥

ਸਤਗੁਰ ਕੀ ਸੇਵਾ ਅਤਿ ਸੁਖਾਲੀ
ਜੋ ਇਛੇ ਸੋ ਫਲੁ ਪਾਏ ॥

ستگُر کی سیوا اتِ سُکھالی
جو اِچھے سو پھلُ پائے ॥

ਜਤੁ ਸਤੁ ਤਪੁ ਪਵਿਤੁ ਸਰੀਰਾ
ਹਰਿ ਹਰਿ ਮੰਨਿ ਵਸਾਏ ॥

جتُ ستُ تپُ پوِتُ سریرا
ہرِ ہرِ منّنِ وسائے ॥

ਸਦਾ ਅਨੰਦਿ ਰਹੈ ਦਿਨੁ ਰਾਤੀ

سدا انندِ رہے دِنُ راتی

ਮਿਲਿ ਪ੍ਰੀਤਮ ਸੁਖੁ ਪਾਏ ॥੩॥
مِلِ پریتم سُکھُ پائے ॥3॥

ਜੋ ਸਤਗੁਰ ਕੀ ਸਰਣਾਗਤੀ
ਹਉ ਤਿਨ ਕੈ ਬਲਿ ਜਾਉ ॥
جو ستگُر کی سرٹاگتی
ہءُ تِن کے بلِ جاءُ ॥

ਦਰਿ ਸਚੈ ਸਚੀ ਵਡਿਆਈ
ਸਹਜੇ ਸਚਿ ਸਮਾਉ ॥
درِ سچے سچی وڈیائی
سہجے سچِ سماءُ ॥

ਨਾਨਕ ਨਦਰੀ ਪਾਈਐ
ਗੁਰਮੁਖਿ ਮੇਲਿ ਮਿਲਾਉ ॥੪॥੧੨॥੪੫॥
نانک ندری پائیئے
گُرمُکھِ میلِ مِلاءُ ॥4॥ 12 ॥ 45 ॥

ਸਿਰੀਰਾਗੁ ਮਹਲਾ ੩ ॥
سِریراگُ محلا 3 ॥

ਮਨਮੁਖ ਕਰਮ ਕਮਾਵਣੇ
ਜਿਉ ਦੋਹਾਗਣਿ ਤਨਿ ਸੀਗਾਰੁ ॥
منمُکھ کرم کماونے
جِءُ دوہاگنِ تنِ سیگارُ ॥

ਸੇਜੈ ਕੰਤੁ ਨ ਆਵਈ
ਨਿਤ ਨਿਤ ਹੋਇ ਖੁਆਰੁ ॥
سیجے کنتُ ن آوئی
نِت نِت ہوءِ خُیارُ ॥

ਪਿਰ ਕਾ ਮਹਲੁ ਨ ਪਾਵਈ
ਨਾ ਦੀਸੈ ਘਰੁ ਬਾਰੁ ॥੧॥
پِر کا محلُ ن پاوئی
نا دیسے گھرُ بارُ ॥1॥

ਭਾਈ ਰੇ ਇਕ ਮਨਿ ਨਾਮੁ ਧਿਆਇ ॥
بھائی رے اِک منِ نامُ دھیاءِ ॥

ਸੰਤਾ ਸੰਗਤਿ ਮਿਲਿ ਰਹੈ
ਜਪਿ ਰਾਮ ਨਾਮੁ ਸੁਖੁ ਪਾਇ ॥੧॥ ਰਹਾਉ ॥
سنّتا سنگتِ مِلِ رہے
جپِ رام نامُ سُکھُ پاءِ ॥1॥ رہاءُ ॥

ਗੁਰਮੁਖਿ ਸਦਾ ਸੋਹਾਗਣੀ
ਪਿਰੁ ਰਾਖਿਆ ਉਰ ਧਾਰਿ ॥
گُرمُکھِ سدا سوہاگنٹی
پِرُ راکھیا اُر دھارِ ॥

ਮਿਠਾ ਬੋਲਹਿ ਨਿਵਿ ਚਲਹਿ
ਸੇਜੈ ਰਵੈ ਭਤਾਰੁ ॥
مِٹھا بولہِ نِوِ چلہِ
سیجے روے بھتارُ ॥

ਸੋਭਾਵੰਤੀ ਸੋਹਾਗਣੀ
ਜਿਨ ਗੁਰ ਕਾ ਹੇਤੁ ਅਪਾਰੁ ॥੨॥
سوبھاونتی سوہاگنٹی
جِن گُر کا ہیتُ اپارُ ॥2॥

ਪੂਰੈ ਭਾਗਿ ਸਤਗੁਰੁ ਮਿਲੈ
ਜਾ ਭਾਗੈ ਕਾ ਉਦਉ ਹੋਇ ॥
پُورے بھاگِ ستگُر مِلے
جا بھاگے کا اُدءُ ہوءِ ॥

ਅੰਤਰਹੁ ਦੁਖੁ ਭ੍ਰਮੁ ਕਟੀਐ
ਸੁਖੁ ਪਰਾਪਤਿ ਹੋਇ ॥

اَنترہُ دُکھُ بھرّمُ کٹیئے
سُکھُ پراپتِ ہوءِ ॥

ਗੁਰ ਕੈ ਭਾਣੈ ਜੋ ਚਲੈ
ਦੁਖੁ ਨ ਪਾਵੈ ਕੋਇ ॥੩॥

گُر کے بھانے جو چلے
دُکھُ ن پاوے کوءِ ॥3॥

ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ
ਸਹਜੇ ਪਾਵੈ ਕੋਇ ॥

گُر کے بھانے وِچ اَنمّرِتُ ہے
سہجے پاوے کوءِ ॥

ਜਿਨਾ ਪਰਾਪਤਿ ਤਿਨ ਪੀਆ
ਹਉਮੈ ਵਿਚਹੁ ਖੋਇ ॥

جِنا پراپتِ تِن پِیا
ہئمےَ وِچہُ کھوءِ ॥

ਨਾਨਕ ਗੁਰਮੁਖਿ ਨਾਮੁ ਧਿਆਈਐ
ਸਚਿ ਮਿਲਾਵਾ ਹੋਇ ॥੪॥੧੩॥੪੬॥

نانک گُرمُکھِ نامُ دھیائیئے
سچِ مِلاوا ہوءِ ॥4॥ 13 ॥ 46 ॥

ਸਿਰੀਰਾਗੁ ਮਹਲਾ ੩ ॥

سِریراگُ محلا 3 ॥

ਜਾ ਪਿਰੁ ਜਾਣੈ ਆਪਣਾ
ਤਨੁ ਮਨੁ ਅਗੈ ਧਰੇਇ ॥

جا پِرُ جانے آپنا
تنُ منُ اگے دھرےءِ ॥

ਸੋਹਾਗਣੀ ਕਰਮ ਕਮਾਵਦੀਆ
ਸੇਈ ਕਰਮ ਕਰੇਇ ॥

سوہاگنی کرم کماودیا
سیئی کرم کرےءِ ॥

ਸਹਜੇ ਸਾਚਿ ਮਿਲਾਵੜਾ
ਸਾਚੁ ਵਡਾਈ ਦੇਇ ॥੧॥

سہجے ساچِ مِلاوڑا
ساچُ وڈائی دےءِ ॥1॥

ਭਾਈ ਰੇ ਗੁਰ ਬਿਨੁ ਭਗਤਿ ਨ ਹੋਇ ॥

بھائی رے گُر بِنُ بھگتِ ن ہوءِ ॥

ਬਿਨੁ ਗੁਰ ਭਗਤਿ ਨ ਪਾਈਐ
ਜੇ ਲੋਚੈ ਸਭੁ ਕੋਇ ॥੧॥ ਰਹਾਉ ॥

بِنُ گُر بھگتِ ن پائیئے
جے لوچےَ سبھُ کوءِ ॥1॥ رہاءُ ॥

ਲਖ ਚਉਰਾਸੀਹ ਫੇਰੁ ਪਇਆ
ਕਾਮਣਿ ਦੂਜੈ ਭਾਇ ॥

لکھ چئُراسیہ پھیرُ پئیا
کامنِ دُوجےَ بھاءِ ॥

ਬਿਨੁ ਗੁਰ ਨੀਦ ਨ ਆਵਈ
ਦੁਖੀ ਰੈਣਿ ਵਿਹਾਇ ॥

بِنُ گُر نیِد ن آوئی
دُکھی رینِ وِہاءِ ॥

ਬਿਨੁ ਸਬਦੈ ਪਿਰੁ ਨ ਪਾਈਐ

بِنُ سبدے پِرُ ن پائیئے

ਬਿਰਥਾ ਜਨਮੁ ਗਵਾਇ ॥੨॥

ہِرتھا جنمُ گواءِ ॥2॥

ਹਉ ਹਉ ਕਰਤੀ ਜਗੁ ਫਿਰੀ
ਨਾ ਧਨੁ ਸੰਪੈ ਨਾਲਿ ॥

ہءُ ہءُ کرتی جگُ پھری
نا دھنُ سنپے نالِ ॥

ਅੰਧੀ ਨਾਮੁ ਨ ਚੇਤਈ
ਸਭ ਬਾਧੀ ਜਮਕਾਲਿ ॥

انّدھی نامُ ن چیتئی
سبھ بادھی جمکالِ ॥

ਸਤਗੁਰਿ ਮਿਲਿਐ ਧਨੁ ਪਾਇਆ
ਹਰਿ ਨਾਮਾ ਰਿਦੈ ਸਮਾਲਿ ॥੩॥

ستگُرِ ملِئے دھنُ پائیا
ہرِ نامَا رِدے سمالِ ॥3॥

ਨਾਮਿ ਰਤੇ ਸੇ ਨਿਰਮਲੇ
ਗੁਰ ਕੈ ਸਹਜਿ ਸੁਭਾਇ ॥

نامِ رتے سے نِرملے
گُر کے سہجِ سُبھاءِ ॥

ਮਨੁ ਤਨੁ ਰਾਤਾ ਰੰਗ ਸਿਉ
ਰਸਨਾ ਰਸਨ ਰਸਾਇ ॥

منُ تنُ راتا رنگ سِءُ
رسنا رسن رساءِ ॥

ਨਾਨਕ ਰੰਗੁ ਨ ਉਤਰੈ
ਜੋ ਹਰਿ ਧੁਰਿ ਛੋਡਿਆ ਲਾਇ ॥੪॥੧੪॥੪੭॥

نانک رنگُ ن اُترے
جو ہرِ دھُرِ چھوڈیا لاءِ ॥4॥ 14 ॥ 47 ॥

ਸਿਰੀਰਾਗੁ ਮਹਲਾ ੩ ॥

سِریراگُ محلا 3 ॥

ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ
ਬਿਨੁ ਗੁਰ ਭਗਤਿ ਨ ਹੋਈ ॥

گُرمُکھِ کرِپا کرے بھگتِ کیجے
بِنُ گُر بھگتِ ن ہوئی ॥

ਆਪੈ ਆਪੁ ਮਿਲਾਏ ਬੂਝੈ
ਤਾ ਨਿਰਮਲੁ ਹੋਵੈ ਸੋਈ ॥

آپے آپُ ملائے بُوجھے
تا نِرملُ ہووے سوئی ॥

ਹਰਿ ਜੀਉ ਸਾਚਾ ਸਾਚੀ ਬਾਣੀ
ਸਬਦਿ ਮਿਲਾਵਾ ਹੋਈ ॥੧॥

ہرِ جیِءُ ساچا ساچی باڻی
سبدِ ملاوا ہوئی ॥1॥

ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ ॥

بھائی رے بھگتِہیڻُ کاہے جگِ آئیا ۔ ॥

ਪੂਰੇ ਗੁਰ ਕੀ ਸੇਵ ਨ ਕੀਨੀ
ਬਿਰਥਾ ਜਨਮੁ ਗਵਾਇਆ ॥੧॥ ਰਹਾਉ ॥

پُورے گُر کی سیو ن کِینی
بِرتھا جنمُ گوائیا ॥1॥ رہاءُ ॥

ਆਪੇ ਜਗਜੀਵਨੁ ਸੁਖਦਾਤਾ
ਆਪੇ ਬਖਸਿ ਮਿਲਾਏ ॥

آپے جگجیونُ سُکھداتا
آپے بخشِ ملائے ॥

ਜੀਅ ਜੰਤ ਏ ਕਿਆ ਵੇਚਾਰੇ
ਕਿਆ ਕੋ ਆਖਿ ਸੁਣਾਏ ॥

جیء جنّت اے کِیا ویچارے
کِیا کو آکھِ سُنائے ۔ ॥

ਗੁਰਮੁਖਿ ਆਪੇ ਦੇਇ ਵਡਾਈ
ਆਪੇ ਸੇਵ ਕਰਾਏ ॥੨॥

گُرمُکھِ آپے دےءِ وڈائی
آپے سیو کرائے ॥2॥

ਦੇਖਿ ਕੁਟੰਬੁ ਮੋਹਿ ਲੋਭਾਣਾ
ਚਲਦਿਆ ਨਾਲਿ ਨ ਜਾਈ ॥

دیکھِ کُٹنّبُ موہِ لوبھاٹا
چلدِیا نالِ ن جائی ॥

ਸਤਗੁਰੁ ਸੇਵਿ ਗੁਣ ਨਿਧਾਨੁ ਪਾਇਆ
ਤਿਸ ਦੀ ਕੀਮ ਨ ਪਾਈ ॥

ستگُرُ سیوِ گُنْ نِدھانُ پائِیا
تِس دی قِیم ن پائی ॥

ਹਰਿ ਪ੍ਰਭੁ ਸਖਾ ਮੀਤੁ ਪ੍ਰਭੁ ਮੇਰਾ
ਅੰਤੇ ਹੋਇ ਸਖਾਈ ॥੩॥

ہرِ پربھُ سکھا میِتُ پربھُ میرا
انّتے ہوءِ سکھائی ॥3॥

ਆਪਣੈ ਮਨਿ ਚਿਤਿ ਕਹੈ ਕਹਾਏ
ਬਿਨੁ ਗੁਰ ਆਪੁ ਨ ਜਾਈ ॥

آپنّے منِ چِتِ کہے کہائے
بِنُ گُر آپُ ن جائی ॥

ਹਰਿ ਜੀਉ ਦਾਤਾ ਭਗਤਿ ਵਛਲੁ ਹੈ
ਕਰਿ ਕਿਰਪਾ ਮੰਨਿ ਵਸਾਈ ॥

ہرِ جیءُ داتا بھگتِ وچھلُ ہے
کرِ کِرپا منّنِ وسائی ॥

ਨਾਨਕ ਸੋਭਾ ਸੁਰਤਿ ਦੇਇ ਪ੍ਰਭੁ ਆਪੇ
ਗੁਰਮੁਖਿ ਦੇ ਵਡਿਆਈ ॥੪॥੧੫॥੪੮॥

نانک سوبھا سُرتِ دےءِ پربھُ آپے
گُرمُکھِ دے وڈِیائی ॥4॥ 15 ॥ 48 ॥

ਸਿਰੀਰਾਗੁ ਮਹਲਾ ੩ ॥

سِریراگُ محلا 3 ॥

ਧਨੁ ਜਨਨੀ ਜਿਨਿ ਜਾਇਆ
ਧੰਨੁ ਪਿਤਾ ਪਰਧਾਨੁ ॥

دھنُ جننی جِنِ جائِیا
دھنّنُ پِتا پردھانُ ॥

ਸਤਗੁਰੁ ਸੇਵਿ ਸੁਖੁ ਪਾਇਆ
ਵਿਚਹੁ ਗਇਆ ਗੁਮਾਨੁ ॥

ستگُرُ سیوِ سُکھُ پائِیا
وِچہُ گئیا گُمانُ ॥

ਦਰਿ ਸੇਵਨਿ ਸੰਤ ਜਨ ਖੜੇ
ਪਾਇਨਿ ਗੁਣੀ ਨਿਧਾਨੁ ॥੧॥

درِ سیونِ سنّت جن کھڑے
پائِنِ گُنی نِدھانُ ॥1॥

ਮੇਰੇ ਮਨ ਗੁਰ ਮੁਖਿ ਧਿਆਇ ਹਰਿ ਸੋਇ ॥

میرے من گُر مُکھِ دھِیاءِ ہرِ سوءِ ॥

ਗੁਰ ਕਾ ਸਬਦੁ ਮਨਿ ਵਸੈ

گُر کا سبدُ منِ وسے

ਮਨੁ ਤਨੁ ਨਿਰਮਲੁ ਹੋਇ ॥੧॥ ਰਹਾਉ ॥

من تن نِرملُ ہوءِ ॥1॥ رہاءُ ॥

ਕਰਿ ਕਿਰਪਾ ਘਰਿ ਆਇਆ
ਆਪੇ ਮਿਲਿਆ ਆਇ ॥

کرِ کرپا گھرِ آئیا
آپے مِلیا آءِ ॥

ਗੁਰ ਸਬਦੀ ਸਾਲਾਹੀਐ
ਰੰਗੇ ਸਹਜਿ ਸੁਭਾਇ ॥

گُر سبدی سالاحیےَ
رنگے سہجِ سُبھاءِ ॥

ਸਚੈ ਸਚਿ ਸਮਾਇਆ
ਮਿਲਿ ਰਹੈ ਨ ਵਿਛੁੜਿ ਜਾਇ ॥੨॥

سچےَ سچِ سمائیا
مِلِ رہےَ ن وِچھُڑِ جاءِ ॥2॥

ਜੋ ਕਿਛੁ ਕਰਣਾ ਸੁ ਕਰਿ ਰਹਿਆ
ਅਵਰੁ ਨ ਕਰਣਾ ਜਾਇ ॥

جو کِچھُ کرٹا سُ کرِ رہِیا
اورُ ن کرٹا جاءِ ॥

ਚਿਰੀ ਵਿਛੁੰਨੇ ਮੇਲਿਅਨੁ
ਸਤਗੁਰ ਪੰਨੈ ਪਾਇ ॥

چِری وِچھُنّنے میلِئنُ
ستگُر پنّنے پاءِ ॥

ਆਪੇ ਕਾਰ ਕਰਾਇਸੀ
ਅਵਰੁ ਨ ਕਰਣਾ ਜਾਇ ॥੩॥

آپے کار کرائسی
اورُ ن کرٹا جاءِ ॥3॥

ਮਨੁ ਤਨੁ ਰਤਾ ਰੰਗ ਸਿਉ
ਹਉਮੈ ਤਜਿ ਵਿਕਾਰ ॥

من تنُ رتا رنگ سِءُ
ہئُمےَ تجِ وِکار ॥

ਅਹਿਨਿਸਿ ਹਿਰਦੈ ਰਵਿ ਰਹੈ
ਨਿਰਭਉ ਨਾਮੁ ਨਿਰੰਕਾਰ ॥

اہِنِس ہِردے روِ رہےَ
نِربھءُ نامُ نِرنّکار ॥

ਨਾਨਕ ਆਪਿ ਮਿਲਾਇਅਨੁ
ਪੂਰੈ ਸਬਦਿ ਅਪਾਰ ॥੪॥੧੬॥੪੯॥

نانک آپِ مِلائِئنُ
پُورے سبدِ اپار ॥4॥ 16 ॥ 49 ॥

ਸਿਰੀਰਾਗੁ ਮਹਲਾ ੩ ॥

سِرِیراگُ محلا 3 ॥

ਗੋਵਿਦੁ ਗੁਣੀ ਨਿਧਾਨੁ ਹੈ
ਅੰਤੁ ਨ ਪਾਇਆ ਜਾਇ ॥

گووِدُ گُنّی نِدھانُ ہےَ
انتُ ن پائیا جاءِ ॥

ਕਥਨੀ ਬਦਨੀ ਨ ਪਾਈਐ
ਹਉਮੈ ਵਿਚਹੁ ਜਾਇ ॥

کتھنی بدنی ن پائیےَ
ہئُمےَ وِچہُ جاءِ ॥

ਸਤਗੁਰਿ ਮਿਲਿਐ ਸਦ ਭੈ ਰਚੈ

ستگُرِ مِلیےَ سد بھےَ رچےَ

ਆਪਿ ਵਸੈ ਮਨਿ ਆਇ ॥੧॥

آپِ وسے منِ آءِ ॥1॥

ਭਾਈ ਰੇ ਗੁਰਮੁਖਿ ਬੂਝੈ ਕੋਇ ॥

بھائی رے گُرمُکھِ بُوجھے کوءِ ॥

ਬਿਨੁ ਬੂਝੇ ਕਰਮ ਕਮਾਵਣੇ
ਜਨਮੁ ਪਦਾਰਥੁ ਖੋਇ ॥੧॥ ਰਹਾਉ ॥

بِنُ بُوجھے کرم کماوٹے
جنمُ پدارتھُ کھوءِ ॥1॥ رہاءُ ॥

ਜਿਨੀ ਚਾਖਿਆ ਤਿਨੀ ਸਾਦੁ ਪਾਇਆ
ਬਿਨੁ ਚਾਖੇ ਭਰਮਿ ਭੁਲਾਇ ॥

جِنی چاکھیا تِنی سادُ پائیا
بِنُ چاکھے بھرمِ بھُلاءِ ॥

ਅੰਮ੍ਰਿਤੁ ਸਾਚਾ ਨਾਮੁ ਹੈ
ਕਹਣਾ ਕਛੂ ਨ ਜਾਇ ॥

انّمرِتُ ساچا نامُ ہے
کہٹا کچھوُ ن جاءِ ॥

ਪੀਵਤ ਹੂ ਪਰਵਾਣੁ ਭਇਆ
ਪੂਰੈ ਸਬਦਿ ਸਮਾਇ ॥੨॥

پیوت ہوُ پرواڻُ بھئیا
پوُرے سبدِ سماءِ ॥2॥

ਆਪੇ ਦੇਇ ਤ ਪਾਈਐ
ਹੋਰੁ ਕਰਣਾ ਕਿਛੂ ਨ ਜਾਇ ॥

آپے دےءِ ت پائیئے
ہورُ کرٹا کچھوُ ن جاءِ ॥

ਦੇਵਣ ਵਾਲੇ ਕੈ ਹਥਿ ਦਾਤਿ ਹੈ
ਗੁਰੂ ਦੁਆਰੈ ਪਾਇ ॥

دیوڻ والے کے ہتھِ داتِ ہے
گُرو دُیارے پاءِ ॥

ਜੇਹਾ ਕੀਤੋਨੁ ਤੇਹਾ ਹੋਆ
ਜੇਹੇ ਕਰਮ ਕਮਾਇ ॥੩॥

جیہا کیتونُ تیہا ہویا
جیہے کرم کماءِ ॥3॥

ਜਤੁ ਸਤੁ ਸੰਜਮੁ ਨਾਮੁ ਹੈ
ਵਿਣੁ ਨਾਵੈ ਨਿਰਮਲੁ ਨ ਹੋਇ ॥

جتُ ستُ سنّجمُ نامُ ہے
وِڻُ ناوے نِرملُ ن ہوءِ ॥

ਪੂਰੈ ਭਾਗਿ ਨਾਮੁ ਮਨਿ ਵਸੈ
ਸਬਦਿ ਮਿਲਾਵਾ ਹੋਇ ॥

پوُرے بھاگِ نامُ منِ وسے
سبدِ مِلاوا ہوءِ ॥

ਨਾਨਕ ਸਹਜੇ ਹੀ ਰੰਗਿ ਵਰਤਦਾ
ਹਰਿ ਗੁਣ ਪਾਵੈ ਸੋਇ ॥੪॥੧੭॥੫੦॥

نانک سہجے ہی رنگِ ورتدا
ہرِ گُڻ پاوے سوءِ ॥4॥ 17 ॥ 50 ॥

ਸਿਰੀਰਾਗੁ ਮਹਲਾ ੩ ॥

سِریراگُ محلا 3 ॥

ਕਾਂਇਆ ਸਾਧੈ ਉਰਧ ਤਪੁ ਕਰੈ
ਵਿਚਹੁ ਹਉਮੈ ਨ ਜਾਇ ॥

کانئیا سادھے اُردھ تپُ کرے
وِچہُ ہمئے ن جاءِ ॥

ਅਧਿਆਤਮ ਕਰਮ ਜੇ ਕਰੇ
ਨਾਮੁ ਨ ਕਬ ਹੀ ਪਾਇ ॥

ادھیاتم کرم جے کرے
نامُ ن کب ہی پاءِ ॥

ਗੁਰ ਕੈ ਸਬਦਿ ਜੀਵਤੁ ਮਰੈ
ਹਰਿ ਨਾਮੁ ਵਸੈ ਮਨਿ ਆਇ ॥੧॥

گُر کے سبدِ جیوتُ مرے
ہرِ نامُ وسے منِ آءِ ॥1॥

ਸੁਣਿ ਮਨ ਮੇਰੇ ਭਜੁ ਸਤਗੁਰ ਸਰਣਾ ॥

سُنِ من میرے بھجُ ستگُر سرنا ॥

ਗੁਰ ਪਰਸਾਦੀ ਛੁਟੀਐ
ਬਿਖੁ ਭਵਜਲੁ ਸਬਦਿ ਗੁਰ ਤਰਣਾ ॥੧॥ ਰਹਾਉ ॥

گُر پرسادی چھُٹیئے
بِکھُ بھوجلُ سبدِ گُر ترنا ॥1॥ رہاءُ ॥

ਤ੍ਰੈ ਗੁਣ ਸਭਾ ਧਾਤੁ ਹੈ
ਦੂਜਾ ਭਾਉ ਵਿਕਾਰੁ ॥

ترے گُن سبھا دھاتُ ہے
دوُجا بھاءُ وِکارُ ॥

ਪੰਡਿਤੁ ਪੜੈ ਬੰਧਨ ਮੋਹ ਬਾਧਾ
ਨਹ ਬੂਝੈ ਬਿਖਿਆ ਪਿਆਰਿ ॥

پنڈِتُ پڑے بندھن موہ بادھا
نہ بوُجھے بِکھیا پیارِ ॥

ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ
ਚਉਥੈ ਪਦਿ ਮੁਕਤਿ ਦੁਆਰੁ ॥੨॥

ستگُرِ ملیئے ترِکُٹی چھوٹے
چتھے پدِ مُکتِ دُیارُ ॥2॥

ਗੁਰ ਤੇ ਮਾਰਗੁ ਪਾਈਐ
ਚੂਕੈ ਮੋਹੁ ਗੁਬਾਰੁ ॥

گُر تے مارگُ پائیئے
چوُکے موہُ غُبارُ ॥

ਸਬਦਿ ਮਰੈ ਤਾ ਉਧਰੈ
ਪਾਏ ਮੋਖ ਦੁਆਰੁ ॥

سبدِ مرے تا اُدھرے
پائے موکھ دُیارُ ॥

ਗੁਰ ਪਰਸਾਦੀ ਮਿਲਿ ਰਹੈ
ਸਚੁ ਨਾਮੁ ਕਰਤਾਰੁ ॥੩॥

گُر پرسادی مِلِ رہے
سچُ نامُ کرتارُ ॥3॥

ਇਹੁ ਮਨੂਆ ਅਤਿ ਸਬਲ ਹੈ
ਛਡੇ ਨ ਕਿਤੈ ਉਪਾਇ ॥

اِہُ منوُیا اتِ سبل ہے
چھڈے ن کِتے اُپاءِ ॥

ਦੂਜੈ ਭਾਇ ਦੁਖੁ ਲਾਇਦਾ
ਬਹੁਤੀ ਦੇਇ ਸਜਾਇ ॥

دوُجے بھاءِ دُکھُ لائِدا
بہُتی دےءِ سزاءِ ॥

ਨਾਨਕ ਨਾਮਿ ਲਗੇ ਸੇ ਉਬਰੇ
ਹਉਮੈ ਸਬਦਿ ਗਵਾਇ ॥੪॥੧੮॥੫੧॥

نانک نامِ لگے سے اُبرے
ہئُمے سبدِ گواءِ ॥4॥ 18 ॥ 51 ॥

ਸਿਰੀਰਾਗੁ ਮਹਲਾ ੩ ॥

سِرِیراگُ محلا 3 ॥

ਕਿਰਪਾ ਕਰੇ ਗੁਰੁ ਪਾਈਐ
ਹਰਿ ਨਾਮੋ ਦੇਇ ਦ੍ਰਿੜਾਇ ॥

کِرپا کرے گُرُ پائیئے
ہرِ نامو دےءِ دڑاءِ ॥

ਬਿਨੁ ਗੁਰ ਕਿਨੈ ਨ ਪਾਇਓ
ਬਿਰਥਾ ਜਨਮੁ ਗਵਾਇ ॥

بِنُ گُر کِنے ن پائیئو
برتھا جنمُ گواءِ ॥

ਮਨਮੁਖ ਕਰਮ ਕਮਾਵਣੇ
ਦਰਗਹ ਮਿਲੈ ਸਜਾਇ ॥੧॥

منمُکھ کرم کماونے
درگہ مِلے سزاءِ ॥1॥

ਮਨ ਰੇ ਦੂਜਾ ਭਾਉ ਚੁਕਾਇ ॥

من رے دوُجا بھاءُ چُکاءِ ॥

ਅੰਤਰਿ ਤੇਰੈ ਹਰਿ ਵਸੈ
ਗੁਰ ਸੇਵਾ ਸੁਖੁ ਪਾਇ ॥ ਰਹਾਉ ॥

انترِ تیرے ہرِ وسے
گُر سیوا سُکھُ پاءِ ॥ رہاءُ ॥

ਸਚੁ ਬਾਣੀ ਸਚੁ ਸਬਦੁ ਹੈ
ਜਾ ਸਚਿ ਧਰੇ ਪਿਆਰੁ ॥

سچُ بانٹی سچُ سبدُ ہے
جا سچِ دھرے پیارُ ॥

ਹਰਿ ਕਾ ਨਾਮੁ ਮਨਿ ਵਸੈ
ਹਉਮੈ ਕ੍ਰੋਧੁ ਨਿਵਾਰਿ ॥

ہرِ کا نامُ منِ وسے
ہئُمے کرودھُ نِوارِ ॥

ਮਨਿ ਨਿਰਮਲ ਨਾਮੁ ਧਿਆਈਐ
ਤਾ ਪਾਏ ਮੋਖ ਦੁਆਰੁ ॥੨॥

منِ نِرمل نامُ دھیائیئے
تا پائے موکھ دُیارُ ॥2॥

ਹਉਮੈ ਵਿਚਿ ਜਗੁ ਬਿਨਸਦਾ
ਮਰਿ ਜੰਮੈ ਆਵੈ ਜਾਇ ॥

ہئُمے وِچ جگُ بِنسدا
مرِ جنمے آوے جاءِ ॥

ਮਨਮੁਖ ਸਬਦੁ ਨ ਜਾਣਨੀ
ਜਾਸਨਿ ਪਤਿ ਗਵਾਇ ॥

منمُکھ سبدُ ن جانٹنی
جاسنِ پتِ گواءِ ॥

ਗੁਰ ਸੇਵਾ ਨਾਉ ਪਾਈਐ
ਸਚੇ ਰਹੈ ਸਮਾਇ ॥੩॥

گُر سیوا ناءُ پائیئے
سچے رہے سماءِ ॥3॥

ਸਬਦਿ ਮੰਨਿਐ ਗੁਰੁ ਪਾਈਐ
ਵਿਚਹੁ ਆਪੁ ਗਵਾਇ ॥

سبدِ منّنے گُرُ پائیئے
وِچہُ آپُ گواءِ ॥

ਅਨਦਿਨੁ ਭਗਤਿ ਕਰੇ ਸਦਾ

اندِنُ بھگتِ کرے سدا

ਸਾਚੇ ਕੀ ਲਿਵ ਲਾਇ ॥
ساچے کی لِو لائِ ॥

ਨਾਮੁ ਪਦਾਰਥੁ ਮਨਿ ਵਸਿਆ
ਨਾਨਕ ਸਹਜਿ ਸਮਾਇ ॥੪॥੧੯॥੫੨॥
نامُ پدارتھُ منِ وسِیا
نانک سہجِ سماءِ ॥4॥ 19 ॥ 52 ॥

ਸਿਰੀਰਾਗੁ ਮਹਲਾ ੩ ॥
سِرِیراگُ محلا 3 ॥

ਜਿਨੀ ਪੁਰਖੀ ਸਤਗੁਰੁ ਨ ਸੇਵਿਓ
ਸੇ ਦੁਖੀਏ ਜੁਗ ਚਾਰਿ ॥
جِنی پُرکھی ستگُرُ ن سیوِئو
سے دُکھیئے جُگ چارِ ॥

ਘਰਿ ਹੋਦਾ ਪੁਰਖੁ ਨ ਪਛਾਣਿਆ
ਅਭਿਮਾਨਿ ਮੁਠੇ ਅਹੰਕਾਰਿ ॥
گھرِ ہودا پُرکھُ ن پچھانیا
ابھِمانِ مُٹھے اہنکارِ ॥

ਸਤਗੁਰੂ ਕਿਆ ਫਿਟਕਿਆ
ਮੰਗਿ ਥਕੇ ਸੰਸਾਰਿ ॥
ستگُرُو کیا پھٹکیا
منگِ تھکے سنسارِ ॥

ਸਚਾ ਸਬਦੁ ਨ ਸੇਵਿਓ
ਸਭਿ ਕਾਜ ਸਵਾਰਣਹਾਰੁ ॥੧॥
سچا سبدُ ن سیوِئو
سبھِ کاج سوارنہارُ ॥1॥

ਮਨ ਮੇਰੇ ਸਦਾ ਹਰਿ ਵੇਖੁ ਹਦੂਰਿ ॥
من میرے سدا ہرِ ویکھُ حدُورِ ॥

ਜਨਮ ਮਰਨ ਦੁਖੁ ਪਰਹਰੈ
ਸਬਦਿ ਰਹਿਆ ਭਰਪੂਰਿ ॥੧॥ ਰਹਾਉ ॥
جنم مرن دُکھُ پرہرے
سبدِ رہِیا بھرپُورِ ॥1॥ رہاءُ ॥

ਸਚੁ ਸਲਾਹਨਿ ਸੇ ਸਚੇ
ਸਚਾ ਨਾਮੁ ਅਧਾਰੁ ॥
سچُ سلاحنِ سے سچے
سچا نامُ ادھارُ ॥

ਸਚੀ ਕਾਰ ਕਮਾਵਣੀ
ਸਚੇ ਨਾਲਿ ਪਿਆਰੁ ॥
سچی کار کماونی
سچے نالِ پیارُ ॥

ਸਚਾ ਸਾਹੁ ਵਰਤਦਾ
ਕੋਇ ਨ ਮੇਟਣਹਾਰੁ ॥
سچا ساہُ ورتدا
کوءِ ن میٹنہارُ ॥

ਮਨਮੁਖ ਮਹਲੁ ਨ ਪਾਇਨੀ
ਕੂੜਿ ਮੁਠੇ ਕੂੜਿਆਰ ॥੨॥
منمُکھ محلُ ن پائنی
کوُڑِ مُٹھے کوُڑِیار ॥2॥

ਹਉਮੈ ਕਰਤਾ ਜਗੁ ਮੁਆ
ਗੁਰ ਬਿਨੁ ਘੋਰ ਅੰਧਾਰੁ ॥
ہئُمےَ کرتا جگُ مُیا
گُر بِنُ گھور اندھارُ ॥

ਮਾਇਆ ਮੋਹਿ ਵਿਸਾਰਿਆ
ਸੁਖਦਾਤਾ ਦਾਤਾਰੁ ॥

ماىيا موہِ وِسارِيا
سُکھداتا داتارُ ॥

ਸਤਗੁਰੁ ਸੇਵਹਿ ਤਾ ਉਬਰਹਿ
ਸਚੁ ਰਖਹਿ ਉਰ ਧਾਰਿ ॥

ستگُرُ سيوہِ تا اُبرہِ
سچُ رکھہِ اُر دھارِ ॥

ਕਿਰਪਾ ਤੇ ਹਰਿ ਪਾਈਐ
ਸਚਿ ਸਬਦਿ ਵੀਚਾਰਿ ॥੩॥

کِرپا تے ہرِ پائیئے
سچِ سبدِ وِیچارِ ॥3॥

ਸਤਗੁਰੁ ਸੇਵਿ ਮਨੁ ਨਿਰਮਲਾ
ਹਉਮੈ ਤਜਿ ਵਿਕਾਰ ॥

ستگُرُ سيوِ منُ نِرملا
ہئُمےَ تجِ وِکارِ ॥

ਆਪੁ ਛੋਡਿ ਜੀਵਤ ਮਰੈ
ਗੁਰ ਕੈ ਸਬਦਿ ਵੀਚਾਰ ॥

آپُ چھوڈِ جِیوت مرےَ
گُر کےَ سبدِ وِیچارِ ॥

ਧੰਧਾ ਧਾਵਤ ਰਹਿ ਗਏ
ਲਾਗਾ ਸਾਚਿ ਪਿਆਰੁ ॥

دھندّھا دھاوت رہِ گئے
لاگا ساچِ پِیارُ ॥

ਸਚਿ ਰਤੇ ਮੁਖ ਉਜਲੇ
ਤਿਤੁ ਸਾਚੈ ਦਰਬਾਰਿ ॥੪॥

سچِ رتے مُکھ اُجلے
تِتُ ساچےَ دربارِ ॥4॥

ਸਤਗੁਰੁ ਪੁਰਖੁ ਨ ਮੰਨਿਓ
ਸਬਦਿ ਨ ਲਗੋ ਪਿਆਰੁ ॥

ستگُرُ پُرکھُ ن منّنِئو
سبدِ ن لگو پِیارُ ॥

ਇਸਨਾਨੁ ਦਾਨੁ ਜੇਤਾ ਕਰਹਿ
ਦੂਜੈ ਭਾਇ ਖੁਆਰੁ ॥

اِسنانُ دانُ جیتا کرہِ
دوُجےَ بھاءِ خُیارُ ॥

ਹਰਿ ਜੀਉ ਆਪਣੀ ਕ੍ਰਿਪਾ ਕਰੇ
ਤਾ ਲਾਗੈ ਨਾਮ ਪਿਆਰੁ ॥

ہرِ جیِءُ آپنّی کِرپا کرے
تا لاگےَ نام پِیارُ ॥

ਨਾਨਕ ਨਾਮੁ ਸਮਾਲਿ ਤੂ
ਗੁਰ ਕੈ ਹੇਤਿ ਅਪਾਰਿ ॥੫॥੨੦॥੫੩॥

نانک نامُ سمالِ توُ
گُر کےَ ہیتِ اپارِ ॥5॥ 20 ॥ 53 ॥

ਸਿਰੀਰਾਗੁ ਮਹਲਾ ੩ ॥

سِرِیراگُ محلا 3 ॥

ਕਿਸੁ ਹਉ ਸੇਵੀ ਕਿਆ ਜਪੁ ਕਰੀ
ਸਤਗੁਰ ਪੂਛਉ ਜਾਇ ॥

کِسُ ہءُ سیوی کِیا جپُ کری
ستگُر پوُچھءُ جاءِ ॥

ਸਤਗੁਰ ਕਾ ਭਾਣਾ ਮੰਨਿ ਲਈ
ਵਿਚਹੁ ਆਪੁ ਗਵਾਇ ॥

ستگُر کا بھاٹا منّ لئی
وِچہُ آپُ گواءِ ॥

ਏਹਾ ਸੇਵਾ ਚਾਕਰੀ
ਨਾਮੁ ਵਸੈ ਮਨਿ ਆਇ ॥

ایہا سیوا چاکری
نامُ وسے منِ آءِ ॥

ਨਾਮੈ ਹੀ ਤੇ ਸੁਖੁ ਪਾਈਐ
ਸਚੈ ਸਬਦਿ ਸੁਹਾਇ ॥੧॥

نامےَ ہی تے سُکھُ پائیئے
سچےَ سبدِ سُہاءِ ॥1॥

ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ ॥

من میرے اندِنُ جاگُ ہرِ چیتِ ॥

ਆਪਣੀ ਖੇਤੀ ਰਖਿ ਲੈ
ਕੂੰਜ ਪੜੈਗੀ ਖੇਤਿ ॥੧॥ ਰਹਾਉ ॥

آپنّی کھیتی رکھِ لے
کونج پڑیگی کھیتِ ॥1॥ رہاءُ ॥

ਮਨ ਕੀਆ ਇਛਾ ਪੂਰੀਆ
ਸਬਦਿ ਰਹਿਆ ਭਰਪੂਰਿ ॥

من کیِیا اِچھا پُورِیا
سبدِ رہِیا بھرپُورِ ॥

ਭੈ ਭਾਇ ਭਗਤਿ ਕਰਹਿ ਦਿਨੁ ਰਾਤੀ
ਹਰਿ ਜੀਉ ਵੇਖੈ ਸਦਾ ਹਦੂਰਿ ॥

بھےَ بھاءِ بھگتِ کرہِ دِنُ راتی
ہرِ جیِءُ ویکھےَ سدا حدُورِ ॥

ਸਚੈ ਸਬਦਿ ਸਦਾ ਮਨੁ ਰਾਤਾ
ਭ੍ਰਮੁ ਗਇਆ ਸਰੀਰਹੁ ਦੂਰਿ ॥

سچےَ سبدِ سدا منُ راتا
بھّرمُ گیِیا سریرہُ دوُرِ ॥

ਨਿਰਮਲੁ ਸਾਹਿਬੁ ਪਾਇਆ
ਸਾਚਾ ਗੁਣੀ ਗਹੀਰੁ ॥੨॥

نِرملُ صاحِبُ پائیا
ساچا گُنّی گہیرُ ॥2॥

ਜੋ ਜਾਗੇ ਸੇ ਉਬਰੇ
ਸੂਤੇ ਗਏ ਮੁਹਾਇ ॥

جو جاگے سے اُبرے
سوُتے گئے مُہاءِ ॥

ਸਚਾ ਸਬਦੁ ਨ ਪਛਾਣਿਓ
ਸੁਪਨਾ ਗਇਆ ਵਿਹਾਇ ॥

سچا سبدُ ن پچھانّیو
سُپنا گیِیا وِہاءِ ॥

ਸੁੰਞੇ ਘਰ ਕਾ ਪਾਹੁਣਾ
ਜਿਉ ਆਇਆ ਤਿਉ ਜਾਇ ॥

سُنّجے گھر کا پاہُنّا
جِءُ آیِیا تِءُ جاءِ ॥

ਮਨਮੁਖ ਜਨਮੁ ਬਿਰਥਾ ਗਇਆ
ਕਿਆ ਮੁਹੁ ਦੇਸੀ ਜਾਇ ॥੩॥

منمُکھ جنمُ برتھا گیِیا
کِیا مُہُ دیسی جاءِ ۔ ॥3॥

ਸਭ ਕਿਛੁ ਆਪੇ ਆਪਿ ਹੈ
ਹਉਮੈ ਵਿਚਿ ਕਹਨੁ ਨ ਜਾਇ ॥

سبھ کِچھُ آپے آپِ ہے
ہئُمےَ وِچِ کہنُ ن جاءِ ॥

ਗੁਰ ਕੈ ਸਬਦਿ ਪਛਾਣੀਐ
ਦੁਖੁ ਹਉਮੈ ਵਿਚਹੁ ਗਵਾਇ ॥

گُر کے سبدِ پچھانئیےَ
دُکھُ ہئُمےَ وِچہُ گواءِ ॥

ਸਤਗੁਰੁ ਸੇਵਨਿ ਆਪਣਾ
ਹਉ ਤਿਨ ਕੈ ਲਾਗਉ ਪਾਇ ॥

ستگُرُ سیونِ آپنا
ہءُ تِن کے لاگءُ پاءِ ॥

ਨਾਨਕ ਦਰਿ ਸਚੈ ਸਚਿਆਰ ਹਹਿ
ਹਉ ਤਿਨ ਬਲਿਹਾਰੈ ਜਾਉ ॥੪॥੨੧॥੫੪॥

نانک درِ سچے سچیار ہہِ
ہءُ تِن بلِہارے جاءُ ॥4॥ 21 ॥ 54 ॥

ਸਿਰੀਰਾਗੁ ਮਹਲਾ ੩ ॥

سِرِیراگُ محلا 3 ॥

ਜੇ ਵੇਲਾ ਵਖਤੁ ਵੀਚਾਰੀਐ
ਤਾ ਕਿਤੁ ਵੇਲਾ ਭਗਤਿ ਹੋਇ ॥

جے ویلا وکھتُ ویچارِیےَ
تا کِتُ ویلا بھگتِ ہوءِ ۔ ॥

ਅਨਦਿਨੁ ਨਾਮੇ ਰਤਿਆ
ਸਚੇ ਸਚੀ ਸੋਇ ॥

اندِنُ نامے رتیا
سچے سچی سوءِ ॥

ਇਕੁ ਤਿਲੁ ਪਿਆਰਾ ਵਿਸਰੈ
ਭਗਤਿ ਕਿਨੇਹੀ ਹੋਇ ॥

اِکُ تِلُ پیارا وِسرے
بھگتِ کِنیہی ہوءِ ۔ ॥

ਮਨੁ ਤਨੁ ਸੀਤਲੁ ਸਾਚ ਸਿਉ
ਸਾਸੁ ਨ ਬਿਰਥਾ ਕੋਇ ॥੧॥

منُ تنُ سیتلُ ساچ سِءُ
ساسُ ن برتھا کوءِ ॥1॥

ਮੇਰੇ ਮਨ ਹਰਿ ਕਾ ਨਾਮੁ ਧਿਆਇ ॥

میرے من ہرِ کا نامُ دھیاءِ ॥

ਸਾਚੀ ਭਗਤਿ ਤਾ ਥੀਐ
ਜਾ ਹਰਿ ਵਸੈ ਮਨਿ ਆਇ ॥੧॥ ਰਹਾਉ ॥

ساچی بھگتِ تا تھیےَ
جا ہرِ وسے منِ آءِ ॥1॥ رہاءُ ॥

ਸਹਜੇ ਖੇਤੀ ਰਾਹੀਐ
ਸਚੁ ਨਾਮੁ ਬੀਜੁ ਪਾਇ ॥

سہجے کھیتی راہیےَ
سچُ نامُ بیجُ پاءِ ॥

ਖੇਤੀ ਜੰਮੀ ਅਗਲੀ
ਮਨੂਆ ਰਜਾ ਸਹਜਿ ਸੁਭਾਇ ॥

کھیتی جنّمی اگلی
منوُیا رجا سہجِ سُبھاءِ ॥

ਗੁਰ ਕਾ ਸਬਦੁ ਅੰਮ੍ਰਿਤੁ ਹੈ

گُر کا سبدُ انّمرِتُ ہے

ਜਿਤੁ ਪੀਤੈ ਤਿਖ ਜਾਇ ॥

جِتُ پیتے تِکھ جاءِ ॥

ਇਹੁ ਮਨੁ ਸਾਚਾ ਸਚਿ ਰਤਾ
ਸਚੇ ਰਹਿਆ ਸਮਾਇ ॥੨॥

اِہُ منُ ساچا سچِ رتا
سچے رہِیا سماءِ ॥2॥

ਆਖਣੁ ਵੇਖਣੁ ਬੋਲਣਾ
ਸਬਦੇ ਰਹਿਆ ਸਮਾਇ ॥

آکھُنُ ویکھُنُ بولنا
سبدے رہِیا سماءِ ॥

ਬਾਣੀ ਵਜੀ ਚਹੁ ਜੁਗੀ
ਸਚੋ ਸਚੁ ਸੁਣਾਇ ॥

باٹی وجی چہُ جُگی
سچو سچُ سُٹاءِ ॥

ਹਉਮੈ ਮੇਰਾ ਰਹਿ ਗਇਆ
ਸਚੈ ਲਇਆ ਮਿਲਾਇ ॥

ہئُمےَ میرا رہِ گئیا
سچےَ لئیا مِلاءِ ॥

ਤਿਨ ਕਉ ਮਹਲੁ ਹਦੂਰਿ ਹੈ
ਜੋ ਸਚਿ ਰਹੇ ਲਿਵ ਲਾਇ ॥੩॥

تِن کءُ محلُ حدوُرِ ہے
جو سچِ رہے لِو لاءِ ॥3॥

ਨਦਰੀ ਨਾਮੁ ਧਿਆਈਐ
ਵਿਣੁ ਕਰਮਾ ਪਾਇਆ ਨ ਜਾਇ ॥

ندری نامُ دھیائیےَ
وِنُ کرما پائیا ن جاءِ ॥

ਪੂਰੈ ਭਾਗਿ ਸਤਸੰਗਤਿ ਲਹੈ
ਸਤਗੁਰੁ ਭੇਟੈ ਜਿਸੁ ਆਇ ॥

پوُرےَ بھاگِ ستسنگتِ لہےَ
ستگُرُ بھیٹے جِسُ آءِ ॥

ਅਨਦਿਨੁ ਨਾਮੇ ਰਤਿਆ
ਦੁਖੁ ਬਿਖਿਆ ਵਿਚਹੁ ਜਾਇ ॥

اندِنُ نامے رتیا
دُکھُ بِکھیا وِچہُ جاءِ ॥

ਨਾਨਕ ਸਬਦਿ ਮਿਲਾਵੜਾ
ਨਾਮੇ ਨਾਮਿ ਸਮਾਇ ॥੪॥੨੨॥੫੫॥

نانک سبدِ مِلاوڑا
نامے نامِ سماءِ ॥4॥ 22 ॥ 55 ॥

ਸਿਰੀਰਾਗੁ ਮਹਲਾ ੩ ॥

سِرِیراگُ محلا 3 ॥

ਆਪਣਾ ਭਉ ਤਿਨ ਪਾਇਓਨੁ
ਜਿਨ ਗੁਰ ਕਾ ਸਬਦੁ ਬੀਚਾਰਿ ॥

آپٹا بھءُ تِن پائیَونُ
جِن گُر کا سبدُ بیچارِ ॥

ਸਤਸੰਗਤੀ ਸਦਾ ਮਿਲਿ ਰਹੇ
ਸਚੇ ਕੇ ਗੁਣ ਸਾਰਿ ॥

ستسنگتی سدا مِلِ رہے
سچے کے گُنُ سارِ ॥

ਦੁਬਿਧਾ ਮੈਲੁ ਚੁਕਾਈਅਨੁ

دُبِدھا میَلُ چُکائیَنُ

ਹਰਿ ਰਾਖਿਆ ਉਰ ਧਾਰਿ ॥	ہرِ راکھیا اُر دھارِ ॥
ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ ॥੧॥	سچی بانٹی سچُ منِ سچے نالِ پیارُ ॥1॥
ਮਨ ਮੇਰੇ ਹਉਮੈ ਮੈਲੁ ਭਰ ਨਾਲਿ ॥	من میرے ہئُے میَلُ بھر نالِ ॥
ਹਰਿ ਨਿਰਮਲੁ ਸਦਾ ਸੋਹਣਾ ਸਬਦਿ ਸਵਾਰਣਹਾਰੁ ॥੧॥ ਰਹਾਉ ॥	ہرِ نِرملُ سدا سوہنٹا سبدِ سوارنہارُ ॥1॥ رہاءُ ॥
ਸਚੈ ਸਬਦਿ ਮਨੁ ਮੋਹਿਆ ਪ੍ਰਭਿ ਆਪੇ ਲਏ ਮਿਲਾਇ ॥	سچے سبدِ منُ موہیا پربھِ آپے لئے ملاءِ ॥
ਅਨਦਿਨੁ ਨਾਮੇ ਰਤਿਆ ਜੋਤੀ ਜੋਤਿ ਸਮਾਇ ॥	اندِنُ نامے رتیا جوتی جوتِ سماءِ ॥
ਜੋਤੀ ਹੂ ਪ੍ਰਭੁ ਜਾਪਦਾ ਬਿਨੁ ਸਤਗੁਰ ਬੂਝ ਨ ਪਾਇ ॥	جوتی ہُو پربھُ جاپدا بِنُ ستگُر بوُجھ ن پاءِ ॥
ਜਿਨ ਕਉ ਪੂਰਬਿ ਲਿਖਿਆ ਸਤਗੁਰੁ ਭੇਟਿਆ ਤਿਨ ਆਇ ॥੨॥	جِن ک ءُ پوُربِ لِکھیا ستگُرُ بھیٹیا تِن آءِ ॥2॥
ਵਿਣੁ ਨਾਵੈ ਸਭ ਡੁਮਣੀ ਦੂਜੈ ਭਾਇ ਖੁਆਇ ॥	وِنُ ناوے سبھ ڈُمنٹی دوُجے بھاءِ کھُیاءِ ॥
ਤਿਸੁ ਬਿਨੁ ਘੜੀ ਨ ਜੀਵਦੀ ਦੁਖੀ ਰੈਣਿ ਵਿਹਾਇ ॥	تِس بِنُ گھڑی ن جیِودی دُکھی ریَنِ وِہاءِ ॥
ਭਰਮਿ ਭੁਲਾਣਾ ਅੰਧੁਲਾ ਫਿਰਿ ਫਿਰਿ ਆਵੈ ਜਾਇ ॥	بھرمِ بھُلاٹا اندھُلا پھِرِ پھِرِ آوے جاءِ ॥
ਨਦਰਿ ਕਰੇ ਪ੍ਰਭੁ ਆਪਣੀ ਆਪੇ ਲਏ ਮਿਲਾਇ ॥੩॥	ندرِ کرے پربھُ آپنٹی آپے لئے ملاءِ ॥3॥
ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥	سبھُ کچھُ سُنٹدا ویکھدا کِ ءُ مُکرِ پئیا جاءِ ۔ ॥
ਪਾਪੋ ਪਾਪੁ ਕਮਾਵਦੇ	پاپو پاپُ کماودے

ਪਾਪੇ ਪਚਹਿ ਪਚਾਇ ॥	پاپے پچہِ پچاءِ ॥
ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ ॥	سو پربھُ ندرِ ن آوئی منمُکھِ بوُجھ ن پاءِ ॥
ਜਿਸੁ ਵੇਖਾਲੇ ਸੋਈ ਵੇਖੈ ਨਾਨਕ ਗੁਰਮੁਖਿ ਪਾਇ ॥੪॥੨੩॥੫੬॥	جِسُ ویکھالے سوئی ویکھے نانک گُرمُکھِ پاءِ ॥4॥ 23 ॥ 56 ॥
ਸ੍ਰੀਰਾਗੁ ਮਹਲਾ ੩ ॥	سّریراگُ محلا 3 ॥
ਬਿਨੁ ਗੁਰ ਰੋਗੁ ਨ ਤੁਟਈ ਹਉਮੈ ਪੀੜ ਨ ਜਾਇ ॥	بِنُ گُر روگُ ن ٹُٹئی ہئُمے پیڑ ن جاءِ ॥
ਗੁਰ ਪਰਸਾਦੀ ਮਨਿ ਵਸੈ ਨਾਮੇ ਰਹੈ ਸਮਾਇ ॥	گُر پرسادی منِ وسے نامے رہے سماءِ ॥
ਗੁਰ ਸਬਦੀ ਹਰਿ ਪਾਈਐ ਬਿਨੁ ਸਬਦੈ ਭਰਮਿ ਭੁਲਾਇ ॥੧॥	گُر سبدی ہرِ پائیئے بِنُ سبدے بھرمِ بھُلاءِ ॥1॥
ਮਨ ਰੇ ਨਿਜ ਘਰਿ ਵਾਸਾ ਹੋਇ ॥	من رے نِج گھرِ واسا ہوءِ ॥
ਰਾਮ ਨਾਮੁ ਸਾਲਾਹਿ ਤੂ ਫਿਰਿ ਆਵਣ ਜਾਣੁ ਨ ਹੋਇ ॥੧॥ ਰਹਾਉ ॥	رام نامُ سالاہِ توُ پھرِ آونُ جانُ ن ہوءِ ॥1॥ رہاءُ ॥
ਹਰਿ ਇਕੋ ਦਾਤਾ ਵਰਤਦਾ ਦੂਜਾ ਅਵਰੁ ਨ ਕੋਇ ॥	ہرِ اِکو داتا ورتدا دوُجا اورُ ن کوءِ ॥
ਸਬਦਿ ਸਾਲਾਹੀ ਮਨਿ ਵਸੈ ਸਹਜੇ ਹੀ ਸੁਖੁ ਹੋਇ ॥	سبدِ سالاہی منِ وسے سہجے ہی سُکھُ ہوءِ ॥
ਸਭ ਨਦਰੀ ਅੰਦਰਿ ਵੇਖਦਾ ਜੈ ਭਾਵੈ ਤੈ ਦੇਇ ॥੨॥	سبھ ندری اندّرِ ویکھدا جے بھاوے تے دےءِ ॥2॥
ਹਉਮੈ ਸਭਾ ਗਣਤ ਹੈ ਗਣਤੈ ਨਉ ਸੁਖੁ ਨਾਹਿ ॥	ہئُمے سبھا گنّت ہے گنّتے نءُ سُکھُ ناہِ ॥
ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ ॥	بِکھُ کی کار کماونّی بِکھُ ہی ماہِ سماہِ ॥

ਬਿਨੁ ਨਾਵੈ ਠਉਰੁ ਨ ਪਾਇਨੀ ਜਮਪੁਰਿ ਦੂਖ ਸਹਾਹਿ ॥੩॥	بِنُ ناوے ٹھُرُ ن پائِنی جمپُرِ دوُکھ سہاہِ ॥3॥
ਜੀਉ ਪਿੰਡੁ ਸਭੁ ਤਿਸ ਦਾ ਤਿਸੈ ਦਾ ਆਧਾਰੁ ॥	جِیءُ پِنڈُ سبھُ تِس دا تِسے دا آدھارُ ॥
ਗੁਰ ਪਰਸਾਦੀ ਬੁਝੀਐ ਤਾ ਪਾਏ ਮੋਖ ਦੁਆਰੁ ॥	گُر پرسادی بُجھیئے تا پائے موکھ دُیارُ ॥
ਨਾਨਕ ਨਾਮੁ ਸਲਾਹਿ ਤੂੰ ਅੰਤੁ ਨ ਪਾਰਾਵਾਰੁ ॥੪॥੨੪॥੫੭॥	نانک نامُ سلاہِ توُنّ انتُ ن پاراوارُ ॥4॥ 24 ॥ 57 ॥
ਸਿਰੀਰਾਗੁ ਮਹਲਾ ੩ ॥	سِریراگُ محلا 3 ॥
ਤਿਨਾ ਅਨੰਦੁ ਸਦਾ ਸੁਖੁ ਹੈ ਜਿਨਾ ਸਚੁ ਨਾਮੁ ਆਧਾਰੁ ॥	تِنا اننّدُ سدا سُکھُ ہے جِنا سچُ نامُ آدھارُ ॥
ਗੁਰ ਸਬਦੀ ਸਚੁ ਪਾਇਆ ਦੂਖ ਨਿਵਾਰਣਹਾਰੁ ॥	گُر سبدی سچُ پائیا دوُکھ نِوارنہارُ ॥
ਸਦਾ ਸਦਾ ਸਾਚੇ ਗੁਣ ਗਾਵਹਿ ਸਾਚੈ ਨਾਇ ਪਿਆਰੁ ॥	سدا سدا ساچے گُن گاوہِ ساچے ناءِ پیارُ ॥
ਕਿਰਪਾ ਕਰਿ ਕੈ ਆਪਣੀ ਦਿਤੋਨੁ ਭਗਤਿ ਭੰਡਾਰੁ ॥੧॥	کِرپا کرِ کے آپنی دِتونُ بھگتِ بھنّڈارُ ॥1॥
ਮਨ ਰੇ ਸਦਾ ਅਨੰਦੁ ਗੁਣ ਗਾਇ ॥	من رے سدا اننّدُ گُن گاءِ ॥
ਸਚੀ ਬਾਣੀ ਹਰਿ ਪਾਈਐ ਹਰਿ ਸਿਉ ਰਹੈ ਸਮਾਇ ॥੧॥ ਰਹਾਉ ॥	سچی باٹی ہرِ پائیئے ہرِ سِءُ رہے سماءِ ॥1॥ رہاءُ ॥
ਸਚੀ ਭਗਤੀ ਮਨੁ ਲਾਲੁ ਥੀਆ ਰਤਾ ਸਹਜਿ ਸੁਭਾਇ ॥	سچی بھگتی منُ لالُ تھیا رتا سہجِ سُبھاءِ ॥
ਗੁਰ ਸਬਦੀ ਮਨੁ ਮੋਹਿਆ ਕਹਣਾ ਕਛੂ ਨ ਜਾਇ ॥	گُر سبدی منُ موہیا کہٹا کچھوُ ن جاءِ ॥
ਜਿਹਵਾ ਰਤੀ ਸਬਦਿ ਸਚੈ	جِہوا رتی سبدِ سچے

ਅੰਮ੍ਰਿਤੁ ਪੀਵੈ ਰਸਿ ਗੁਣ ਗਾਇ ॥	انمرِتُ پیوے رسِ گُڑ گاءِ ॥
ਗੁਰਮੁਖਿ ਏਹੁ ਰੰਗੁ ਪਾਈਐ ਜਿਸ ਨੋ ਕਿਰਪਾ ਕਰੇ ਰਜਾਇ ॥੨॥	گُرمُکھِ ایہُ رنگُ پائیئے جِس نو کِرپا کرے رضاءِ ॥2॥
ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ ॥	سنّسا اِہُ سنّسارُ ہے سُتیا رینِ وِہاءِ ॥
ਇਕਿ ਆਪਣੈ ਭਾਣੈ ਕਢਿ ਲਇਅਨੁ ਆਪੇ ਲਇਓਨੁ ਮਿਲਾਇ ॥	اِکِ آپنے بھانے کڈھِ لئینُ آپے لئیونُ مِلاءِ ॥
ਆਪੇ ਹੀ ਆਪਿ ਮਨਿ ਵਸਿਆ ਮਾਇਆ ਮੋਹੁ ਚੁਕਾਇ ॥	آپے ہی آپِ منِ وسیا مائیا موہُ چُکاءِ ॥
ਆਪਿ ਵਡਾਈ ਦਿਤੀਅਨੁ ਗੁਰਮੁਖਿ ਦੇਇ ਬੁਝਾਇ ॥੩॥	آپِ وڈائی دِتیئنُ گُرمُکھِ دےءِ بُجھاءِ ॥3॥
ਸਭਨਾ ਕਾ ਦਾਤਾ ਏਕੁ ਹੈ ਭੁਲਿਆ ਲਏ ਸਮਝਾਇ ॥	سبھنا کا داتا ایکُ ہے بھُلیا لے سمجھاءِ ॥
ਇਕਿ ਆਪੇ ਆਪਿ ਖੁਆਇਅਨੁ ਦੂਜੈ ਛਡਿਅਨੁ ਲਾਇ ॥	اِکِ آپے آپِ کھُیائینُ دوُجے چھڈینُ لاءِ ॥
ਗੁਰਮਤੀ ਹਰਿ ਪਾਈਐ ਜੋਤੀ ਜੋਤਿ ਮਿਲਾਇ ॥	گُرمتی ہرِ پائیئے جوتی جوتِ مِلاءِ ॥
ਅਨਦਿਨੁ ਨਾਮੇ ਰਤਿਆ ਨਾਨਕ ਨਾਮਿ ਸਮਾਇ ॥੪॥੨੫॥੫੮॥	اندِنُ نامے رتیا نانک نامِ سماءِ ॥4॥ 25 ॥ 58 ॥
ਸਿਰੀਰਾਗੁ ਮਹਲਾ ੩ ॥	سِریراگُ محلا 3 ॥
ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥	گُنونتی سچُ پائیا ترِسنا تجِ وِکار ॥
ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥	گُر سبدی منُ رنگیا رسنا پریم پیارِ ॥
ਬਿਨੁ ਸਤਿਗੁਰ ਕਿਨੈ ਨ ਪਾਇਓ	بِنُ ستِگُر کِنے ن پائیو

ਕਰਿ ਵੇਖਹੁ ਮਨਿ ਵੀਚਾਰਿ ॥	کرِ ویکھہُ منِ ویچارِ ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥	منمُکھ میَلُ ن اُترے جِچرُ گُر سبدِ ن کرے پِیارُ ॥1॥
ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥	من میرے ستِگُر کے بھاٹے چلُ ॥
ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ ਰਹਾਉ ॥	نِج گھرِ وسہِ انمّرِتُ پیِوہِ تا سُکھ لہہِ محلُ ॥1॥ رہاءُ ॥
ਅਉਗੁਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ ॥	اَئگُنوَنتی گُنُ کو نہی بہنِ ن مِلےَ حدوُرِ ॥
ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ ॥	منمُکھِ سبدُ ن جانئی اوگنِ سو پّربھُ دوُرِ ॥
ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ ॥	جِنی سچُ پچھاٹیا سچِ رتے بھرپوُرِ ॥
ਗੁਰ ਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ ॥੨॥	گُر سبدی منُ بیدھیا پّربھُ مِلیا آپِ حدوُرِ ॥2॥
ਆਪੇ ਰੰਗਣਿ ਰੰਗਿਓਨੁ ਸਬਦੇ ਲਇਓਨੁ ਮਿਲਾਇ ॥	آپے رنگنِ رنگِئونُ سبدے لِئونُ مِلاءِ ॥
ਸਚਾ ਰੰਗੁ ਨ ਉਤਰੈ ਜੋ ਸਚਿ ਰਤੇ ਲਿਵ ਲਾਇ ॥	سچا رنگُ ن اُترے جو سچِ رتے لِو لاءِ ॥
ਚਾਰੇ ਕੁੰਡਾ ਭਵਿ ਥਕੇ ਮਨਮੁਖ ਬੂਝ ਨ ਪਾਇ ॥	چارے کُنڈا بھوِ تھکے منمُکھ بوُجھ ن پاءِ ॥
ਜਿਸੁ ਸਤਿਗੁਰੁ ਮੇਲੇ ਸੋ ਮਿਲੈ ਸਚੈ ਸਬਦਿ ਸਮਾਇ ॥੩॥	جِسُ ستِگُرُ میلے سو مِلےَ سچےَ سبدِ سماءِ ॥3॥
ਮਿਤ੍ਰ ਘਣੇਰੇ ਕਰਿ ਥਕੀ ਮੇਰਾ ਦੁਖੁ ਕਾਟੈ ਕੋਇ ॥	مِتّر گھنیرے کرِ تھکی میرا دُکھُ کاٹے کوءِ ॥
ਮਿਲਿ ਪ੍ਰੀਤਮ ਦੁਖੁ ਕਟਿਆ	مِلِ پّریتم دُکھُ کٹیا

ਸਬਦਿ ਮਿਲਾਵਾ ਹੋਇ ॥

سبدِ مِلاوا ہوءِ ॥

ਸਚੁ ਖਟਣਾ ਸਚੁ ਰਾਸਿ ਹੈ
ਸਚੇ ਸਚੀ ਸੋਇ ॥

سچُ کھٹنّا سچُ راسِ ہے
سچے سچی سوءِ ॥

ਸਚਿ ਮਿਲੇ ਸੇ ਨ ਵਿਛੁੜਹਿ
ਨਾਨਕ ਗੁਰਮੁਖਿ ਹੋਇ ॥੪॥੨੬॥੫੯॥

سچِ مِلے سے ن وِچھُڑہِ
نانک گُرمُکھِ ہوءِ ॥4॥ 26 ॥ 59 ॥

ਸਿਰੀਰਾਗੁ ਮਹਲਾ ੩ ॥

سِریراگُ محلا 3 ॥

ਆਪੇ ਕਾਰਣੁ ਕਰਤਾ ਕਰੇ
ਸ੍ਰਿਸਟਿ ਦੇਖੈ ਆਪਿ ਉਪਾਇ ॥

آپے کارنُ کرتا کرے
سّرِسٹِ دیکھے آپِ اُپاءِ ॥

ਸਭ ਏਕੋ ਇਕੁ ਵਰਤਦਾ
ਅਲਖੁ ਨ ਲਖਿਆ ਜਾਇ ॥

سبھ ایکو اِکُ ورتدا
الکھُ ن لکھیا جاءِ ॥

ਆਪੇ ਪ੍ਰਭੂ ਦਇਆਲੁ ਹੈ
ਆਪੇ ਦੇਇ ਬੁਝਾਇ ॥

آپے پربھُو دئیالُ ہے
آپے دےءِ بُجھاءِ ॥

ਗੁਰਮਤੀ ਸਦ ਮਨਿ ਵਸਿਆ
ਸਚਿ ਰਹੇ ਲਿਵ ਲਾਇ ॥੧॥

گُرمتی سد منِ وسِیا
سچِ رہے لِو لاءِ ॥1॥

ਮਨ ਮੇਰੇ ਗੁਰ ਕੀ ਮੰਨਿ ਲੈ ਰਜਾਇ ॥

من میرے گُر کی منّنِ لے رضاءِ ॥

ਮਨੁ ਤਨੁ ਸੀਤਲੁ ਸਭੁ ਥੀਐ
ਨਾਮੁ ਵਸੈ ਮਨਿ ਆਇ ॥੧॥ ਰਹਾਉ ॥

منُ تنُ سِیتلُ سبھُ تھیئے
نامُ وسے منِ آءِ ॥1॥ رہاءُ ॥

ਜਿਨਿ ਕਰਿ ਕਾਰਣੁ ਧਾਰਿਆ
ਸੋਈ ਸਾਰ ਕਰੇਇ ॥

جِنِ کرِ کارنُ دھارِیا
سوئی سار کرےءِ ॥

ਗੁਰ ਕੈ ਸਬਦਿ ਪਛਾਣੀਐ
ਜਾ ਆਪੇ ਨਦਰਿ ਕਰੇਇ ॥

گُر کے سبدِ پچھانیئے
جا آپے ندرِ کرےءِ ॥

ਸੇ ਜਨ ਸਬਦੇ ਸੋਹਣੇ
ਤਿਤੁ ਸਚੈ ਦਰਬਾਰਿ ॥

سے جن سبدے سوہنے
تِتُ سچے دربارِ ॥

ਗੁਰਮੁਖਿ ਸਚੈ ਸਬਦਿ ਰਤੇ
ਆਪਿ ਮੇਲੇ ਕਰਤਾਰਿ ॥੨॥

گُرمُکھِ سچے سبدِ رتے
آپِ میلے کرتارِ ॥2॥

ਗੁਰਮਤੀ ਸਚੁ ਸਲਾਹਣਾ
ਜਿਸ ਦਾ ਅੰਤੁ ਨ ਪਾਰਾਵਾਰੁ ॥

گُرمتی سچُ سلاحٹا
جِس دا انّتُ ن پاراوارُ ॥

ਘਟਿ ਘਟਿ ਆਪੇ ਹੁਕਮਿ ਵਸੈ
ਹੁਕਮੇ ਕਰੇ ਬੀਚਾਰੁ ॥

گھٹِ گھٹِ آپے حُکمِ وسے
حُکمے کرے بیچارُ ॥

ਗੁਰ ਸਬਦੀ ਸਾਲਾਹੀਐ
ਹਉਮੈ ਵਿਚਹੁ ਖੋਇ ॥

گُر سبدی سالاحیئے
ہئمے وِچہُ کھوءِ ॥

ਸਾ ਧਨ ਨਾਵੈ ਬਾਹਰੀ
ਅਵਗਣਵੰਤੀ ਰੋਇ ॥੩॥

سا دھن ناوے باہری
اوگنّونتی روءِ ॥3॥

ਸਚੁ ਸਲਾਹੀ ਸਚਿ ਲਗਾ
ਸਚੈ ਨਾਇ ਤ੍ਰਿਪਤਿ ਹੋਇ ॥

سچُ سلاحی سچِ لگا
سچے ناءِ ترِپت ہوءِ ॥

ਗੁਣ ਵੀਚਾਰੀ ਗੁਣ ਸੰਗ੍ਰਹਾ
ਅਵਗੁਣ ਕਢਾ ਧੋਇ ॥

گُن ویچاری گُن سنگرہا
اوگُن کڈھا دھوءِ ॥

ਆਪੇ ਮੇਲਿ ਮਿਲਾਇਦਾ
ਫਿਰਿ ਵੇਛੋੜਾ ਨ ਹੋਇ ॥

آپے میلِ مِلائدا
پھِرِ ویچھوڑا ن ہوءِ ॥

ਨਾਨਕ ਗੁਰੁ ਸਾਲਾਹੀ ਆਪਣਾ
ਜਿਦੂ ਪਾਈ ਪ੍ਰਭੁ ਸੋਇ ॥੪॥੨੭॥੬੦॥

نانک گُرُ سالاحی آپنا
جِدھُ پائی پربھُ سوءِ ॥4॥ 27 ॥ 60 ॥

ਸਿਰੀਰਾਗੁ ਮਹਲਾ ੩ ॥

سِرِیراگُ محلا 3 ॥

ਸੁਣਿ ਸੁਣਿ ਕਾਮ ਗਹੇਲੀਏ
ਕਿਆ ਚਲਹਿ ਬਾਹ ਲੁਡਾਇ ॥

سُنِ سُنِ کام گہیلیئے
کِیا چلہِ باہ لُڈاءِ ॥

ਆਪਣਾ ਪਿਰੁ ਨ ਪਛਾਣਹੀ
ਕਿਆ ਮੁਹੁ ਦੇਸਹਿ ਜਾਇ ॥

آپنا پِرُ ن پچھانہی
کِیا مُہُ دیسہِ جاءِ ۔ ॥

ਜਿਨੀ ਸਖੀ ਕੰਤੁ ਪਛਾਣਿਆ
ਹਉ ਤਿਨ ਕੈ ਲਾਗਉ ਪਾਇ ॥

جِنی سکھیں کنّتُ پچھاٹیا
ہءُ تِن کے لاگءُ پاءِ ॥

ਤਿਨ ਹੀ ਜੈਸੀ ਥੀ ਰਹਾ
ਸਤਸੰਗਤਿ ਮੇਲਿ ਮਿਲਾਇ ॥੧॥

تِن ہی جیَسی تھی رہا
ستسنگتِ میلِ مِلاءِ ॥1॥

ਮੁੰਧੇ ਕੂੜਿ ਮੁਠੀ ਕੂੜਿਆਰਿ ॥

مُنّدھے کوُڑِ مُٹھی کوُڑِیارِ ॥

ਪਿਰੁ ਪ੍ਰਭੁ ਸਾਚਾ ਸੋਹਣਾ
ਪਾਈਐ ਗੁਰ ਬੀਚਾਰਿ ॥੧॥ ਰਹਾਉ ॥

پِرُ پرّبھُ ساچا سوہنّا
پائیئے گُر بیچارِ ॥1॥ رہاءُ ॥

ਮਨਮੁਖਿ ਕੰਤੁ ਨ ਪਛਾਣਈ
ਤਿਨ ਕਿਉ ਰੈਣਿ ਵਿਹਾਇ ॥

منمُکھِ کنّتُ ن پچھانئی
تِن کِءُ رینِ وِہاءِ ॥

ਗਰਬਿ ਅਟੀਆ ਤ੍ਰਿਸਨਾ ਜਲਹਿ
ਦੁਖੁ ਪਾਵਹਿ ਦੂਜੈ ਭਾਇ ॥

گربِ اٹیا ترِسنا جلہِ
دُکھُ پاوہِ دوُجے بھاءِ ॥

ਸਬਦਿ ਰਤੀਆ ਸੋਹਾਗਣੀ
ਤਿਨ ਵਿਚਹੁ ਹਉਮੈ ਜਾਇ ॥

سبدِ رتیا سوہاگنی
تِن وِچہُ ہئمےَ جاءِ ॥

ਸਦਾ ਪਿਰੁ ਰਾਵਹਿ ਆਪਣਾ
ਤਿਨਾ ਸੁਖੇ ਸੁਖਿ ਵਿਹਾਇ ॥੨॥

سدا پِرُ راوہِ آپنّا
تِنا سُکھے سُکھِ وِہاءِ ॥2॥

ਗਿਆਨ ਵਿਹੂਣੀ ਪਿਰ ਮੁਤੀਆ
ਪਿਰਮੁ ਨ ਪਾਇਆ ਜਾਇ ॥

گیان وِہوُنی پِر مُتیا
پِرمُ ن پائیا جاءِ ॥

ਅਗਿਆਨ ਮਤੀ ਅੰਧੇਰੁ ਹੈ
ਬਿਨੁ ਪਿਰ ਦੇਖੇ ਭੁਖ ਨ ਜਾਇ ॥

اگیان متی اندھیرُ ہے
بِنُ پِر دیکھے بھُکھ ن جاءِ ॥

ਆਵਹੁ ਮਿਲਹੁ ਸਹੇਲੀਹੋ
ਮੈ ਪਿਰੁ ਦੇਹੁ ਮਿਲਾਇ ॥

آوہُ مِلہُ سہیلیہو
مےَ پِرُ دیہُ مِلاءِ ॥

ਪੂਰੈ ਭਾਗਿ ਸਤਿਗੁਰੁ ਮਿਲੈ
ਪਿਰੁ ਪਾਇਆ ਸਚਿ ਸਮਾਇ ॥੩॥

پوُرے بھاگِ ستِگُرُ مِلےَ
پِرُ پائیا سچِ سماءِ ॥3॥

ਸੇ ਸਹੀਆ ਸੋਹਾਗਣੀ
ਜਿਨ ਕਉ ਨਦਰਿ ਕਰੇਇ ॥

سے سہیا سوہاگنی
جِن کءُ ندرِ کرےءِ ॥

ਖਸਮੁ ਪਛਾਣਹਿ ਆਪਣਾ
ਤਨੁ ਮਨੁ ਆਗੈ ਦੇਇ ॥

خصمُ پچھاٹہِ آپنّا
تنُ منُ آگے دےءِ ॥

ਘਰਿ ਵਰੁ ਪਾਇਆ ਆਪਣਾ
ਹਉਮੈ ਦੂਰਿ ਕਰੇਇ ॥

گھرِ ورُ پائیا آپنّا
ہئمےَ دوُرِ کرےءِ ॥

ਨਾਨਕ ਸੋਭਾਵੰਤੀਆ ਸੋਹਾਗਣੀ
ਅਨਦਿਨੁ ਭਗਤਿ ਕਰੇਇ ॥੪॥੨੮॥੬੧॥

نانک سوبھاونتیا سوہاگنّی
اندِنُ بھگتِ کرےءِ ॥4॥ 28 ॥ 61 ॥

ਸਿਰੀਰਾਗੁ ਮਹਲਾ ੩ ॥

سِرِیراگُ محلا 3 ॥

ਇਕਿ ਪਿਰੁ ਰਾਵਹਿ ਆਪਣਾ
ਹਉ ਕੈ ਦਰਿ ਪੂਛਉ ਜਾਇ ॥

اِکِ پِرُ راوہِ آپنّا
ہءُ کے دِرِ پوُچھءُ جاءِ ॥

ਸਤਿਗੁਰੁ ਸੇਵੀ ਭਾਉ ਕਰਿ
ਮੈ ਪਿਰੁ ਦੇਹੁ ਮਿਲਾਇ ॥

ستِگُرُ سیوی بھاءُ کرِ
مے پِرُ دیہُ مِلاءِ ॥

ਸਭੁ ਉਪਾਏ ਆਪੇ ਵੇਖੈ
ਕਿਸੁ ਨੇੜੈ ਕਿਸੁ ਦੂਰਿ ॥

سبھُ اُپائے آپے ویکھے
کِسُ نیڑے کِسُ دوُرِ ॥

ਜਿਨਿ ਪਿਰੁ ਸੰਗੇ ਜਾਣਿਆ
ਪਿਰੁ ਰਾਵੇ ਸਦਾ ਹਦੂਰਿ ॥੧॥

جِنِ پِرُ سنگے جانِیا
پِرُ راوے سدا حدوُرِ ॥1॥

ਮੁੰਧੇ ਤੂ ਚਲੁ ਗੁਰ ਕੈ ਭਾਇ ॥

مُنّدھے توُ چلُ گُر کے بھاءِ ॥

ਅਨਦਿਨੁ ਰਾਵਹਿ ਪਿਰੁ ਆਪਣਾ
ਸਹਜੇ ਸਚਿ ਸਮਾਇ ॥੧॥ ਰਹਾਉ ॥

اندِنُ راوہِ پِرُ آپنّا
سہجے سچِ سماءِ ॥1॥ رہاءُ ॥

ਸਬਦਿ ਰਤੀਆ ਸੋਹਾਗਣੀ
ਸਚੈ ਸਬਦਿ ਸੀਗਾਰਿ ॥

سبدِ رتِیا سوہاگنّی
سچے سبدِ سیِگارِ ॥

ਹਰਿ ਵਰੁ ਪਾਇਨਿ ਘਰਿ ਆਪਣੈ
ਗੁਰ ਕੈ ਹੇਤਿ ਪਿਆਰਿ ॥

ہرِ ورُ پائنِ گھرِ آپنّے
گُر کے ہیتِ پیارِ ॥

ਸੇਜ ਸੁਹਾਵੀ ਹਰਿ ਰੰਗਿ ਰਵੈ
ਭਗਤਿ ਭਰੇ ਭੰਡਾਰ ॥

سیج سُہاوی ہرِ رنگِ روے
بھگتِ بھرے بھنّڈار ॥

ਸੋ ਪ੍ਰਭੁ ਪ੍ਰੀਤਮੁ ਮਨਿ ਵਸੈ
ਜਿ ਸਭਸੈ ਦੇਇ ਅਧਾਰੁ ॥੨॥

سو پربھُ پریتمُ منِ وسے
جِ سبھسے دےءِ ادھارُ ॥2॥

ਪਿਰੁ ਸਾਲਾਹਨਿ ਆਪਣਾ
ਤਿਨ ਕੈ ਹਉ ਸਦ ਬਲਿਹਾਰੈ ਜਾਉ ॥

پِرُ سالاحنِ آپنّا
تِن کے ہءُ سد بلِہارے جاءُ ॥

ਮਨੁ ਤਨੁ ਅਰਪੀ ਸਿਰੁ ਦੇਈ

مَنُ تَنُ ارپی سِرُ دیئی

ਤਿਨ ਕੈ ਲਾਗਾ ਪਾਇ ॥	تِن کے لاگا پاءِ ॥
ਜਿਨੀ ਇਕੁ ਪਛਾਣਿਆ ਦੂਜਾ ਭਾਉ ਚੁਕਾਇ ॥	جِنی اِکُ پچھاڑیا دوُجا بھاءُ چُکاءِ ॥
ਗੁਰਮੁਖਿ ਨਾਮੁ ਪਛਾਣੀਐ ਨਾਨਕ ਸਚਿ ਸਮਾਇ ॥੩॥੨੯॥੬੨॥	گُرمُکھِ نامُ پچھاڑیئے نانک سچِ سماءِ ॥3॥ 29 ॥ 62 ॥
ਸਿਰੀਰਾਗੁ ਮਹਲਾ ੩ ॥	سِریراگُ محلا 3 ॥
ਹਰਿ ਜੀ ਸਚਾ ਸਚੁ ਤੂ ਸਭੁ ਕਿਛੁ ਤੇਰੈ ਚੀਰੈ ॥	ہرِ جی سچا سچُ توُ سبھُ کچھُ تیرے چیرے ॥
ਲਖ ਚਉਰਾਸੀਹ ਤਰਸਦੇ ਫਿਰੇ ਬਿਨੁ ਗੁਰ ਭੇਟੇ ਪੀਰੈ ॥	لکھ چرُاسیہ ترسدے پھرے بِنُ گُر بھیٹے پیرے ॥
ਹਰਿ ਜੀਉ ਬਖਸੇ ਬਖਸਿ ਲਏ ਸੂਖ ਸਦਾ ਸਰੀਰੈ ॥	ہرِ جیِءُ بخشے بخشِ لے سوُکھ سدا سریرے ॥
ਗੁਰ ਪਰਸਾਦੀ ਸੇਵ ਕਰੀ ਸਚੁ ਗਹਿਰ ਗੰਭੀਰੈ ॥੧॥	گُر پرسادی سیو کری سچُ گہر گنبھیرے ॥1॥
ਮਨ ਮੇਰੇ ਨਾਮਿ ਰਤੇ ਸੁਖੁ ਹੋਇ ॥	من میرے نامِ رتے سُکھُ ہوءِ ॥
ਗੁਰਮਤੀ ਨਾਮੁ ਸਲਾਹੀਐ ਦੂਜਾ ਅਵਰੁ ਨ ਕੋਇ ॥੧॥ ਰਹਾਉ ॥	گُرمتی نامُ سلاہیئے دوُجا اورُ ن کوءِ ॥1॥ رہاءُ ॥
ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥	دھرم راءِ نو حُکمُ ہے بہِ سچا دھرمُ بیچارِ ॥
ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥	دوُجے بھاءِ دُسٹُ آتما اوہُ تیری سرکار ॥
ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥	ادھیاتمی ہرِ گُڑ تاسُ منِ جپہِ ایکُ مُرارِ ॥
ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ ॥੨॥	تِن کی سیوا دھرم راءِ کرے دھنّنُ سوارنہارُ ॥2॥

ਮਨ ਕੇ ਬਿਕਾਰ ਮਨਹਿ ਤਜੈ
ਮਨਿ ਚੂਕੈ ਮੋਹੁ ਅਭਿਮਾਨੁ ॥

من کے بِکار منہِ تجےَ
منِ چوُکےَ موہُ ابھِمانُ ॥

ਆਤਮ ਰਾਮੁ ਪਛਾਣਿਆ
ਸਹਜੇ ਨਾਮਿ ਸਮਾਨੁ ॥

آتم رامُ پچھاڑِیا
سہجے نامِ سمانُ ॥

ਬਿਨੁ ਸਤਿਗੁਰ ਮੁਕਤਿ ਨ ਪਾਈਐ
ਮਨਮੁਖਿ ਫਿਰੈ ਦਿਵਾਨੁ ॥

بِنُ ستِگُر مُکتِ ن پائیئےَ
منمُکھِ پھِرے دِوانُ ॥

ਸਬਦੁ ਨ ਚੀਨੈ ਕਥਨੀ ਬਦਨੀ ਕਰੇ
ਬਿਖਿਆ ਮਾਹਿ ਸਮਾਨੁ ॥੩॥

سبدُ ن چِینےَ کتھنی بدنی کرے
بِکھِیا ماہِ سمانُ ॥3॥

ਸਭੁ ਕਿਛੁ ਆਪੇ ਆਪਿ ਹੈ
ਦੂਜਾ ਅਵਰੁ ਨ ਕੋਇ ॥

سبھُ کِچھُ آپے آپِ ہےَ
دوُجا اورُ ن کوءِ ॥

ਜਿਉ ਬੋਲਾਏ ਤਿਉ ਬੋਲੀਐ
ਜਾ ਆਪਿ ਬੁਲਾਏ ਸੋਇ ॥

جِءُ بولائے تِءُ بولیئےَ
جا آپِ بُلائے سوءِ ॥

ਗੁਰਮੁਖਿ ਬਾਣੀ ਬ੍ਰਹਮੁ ਹੈ
ਸਬਦਿ ਮਿਲਾਵਾ ਹੋਇ ॥

گُرمُکھِ بانٹی برہمُ ہےَ
سبدِ مِلاوا ہوءِ ॥

ਨਾਨਕ ਨਾਮੁ ਸਮਾਲਿ ਤੂ
ਜਿਤੁ ਸੇਵਿਐ ਸੁਖੁ ਹੋਇ ॥੪॥੩੦॥੬੩॥

نانک نامُ سمالِ توُ
جِتُ سیوِئےَ سُکھُ ہوءِ ॥4॥ 30 ॥ 63 ॥

ਸਿਰੀਰਾਗੁ ਮਹਲਾ ੩ ॥

سِرِیراگُ محلا 3 ॥

ਜਗਿ ਹਉਮੈ ਮੈਲੁ ਦੁਖੁ ਪਾਇਆ
ਮਲੁ ਲਾਗੀ ਦੂਜੈ ਭਾਇ ॥

جگِ ہئُمےَ میَلُ دُکھُ پائیا
مُلُ لاگی دوُجےَ بھاءِ ॥

ਮਲੁ ਹਉਮੈ ਧੋਤੀ ਕਿਵੈ ਨ ਉਤਰੈ
ਜੇ ਸਉ ਤੀਰਥ ਨਾਇ ॥

مُلُ ہئُمےَ دھوتی کِوےَ ن اُترےَ
جے سءُ تیِرتھ ناءِ ॥

ਬਹੁ ਬਿਧਿ ਕਰਮ ਕਮਾਵਦੇ
ਦੂਣੀ ਮਲੁ ਲਾਗੀ ਆਇ ॥

بہُ بِدھِ کرم کماودے
دوُنٹی مُلُ لاگی آءِ ॥

ਪੜਿਐ ਮੈਲੁ ਨ ਉਤਰੈ
ਪੂਛਹੁ ਗਿਆਨੀਆ ਜਾਇ ॥੧॥

پڑِئےَ میَلُ ن اُترےَ
پوُچھہُ گیانیِیا جاءِ ॥1॥

ਮਨ ਮੇਰੇ ਗੁਰ ਸਰਣਿ ਆਵੈ
ਤਾ ਨਿਰਮਲੁ ਹੋਇ ॥

من میرے گُر سرنِ آوے
تا نِرملُ ہوءِ ॥

ਮਨਮੁਖ ਹਰਿ ਹਰਿ ਕਰਿ ਥਕੇ
ਮੈਲੁ ਨ ਸਕੀ ਧੋਇ ॥੧॥ ਰਹਾਉ ॥

منمُکھ ہرِ ہرِ کرِ تھکے
میَلُ ن سکی دھوءِ ॥1॥ رہاءُ ॥

ਮਨਿ ਮੈਲੈ ਭਗਤਿ ਨ ਹੋਵਈ
ਨਾਮੁ ਨ ਪਾਇਆ ਜਾਇ ॥

منِ میَلے بھگتِ ن ہووئی
نامُ ن پائیا جاءِ ॥

ਮਨਮੁਖ ਮੈਲੇ ਮੈਲੇ ਮੁਏ
ਜਾਸਨਿ ਪਤਿ ਗਵਾਇ ॥

منمُکھ میَلے میَلے مُے
جاسنِ پتِ گواءِ ॥

ਗੁਰ ਪਰਸਾਦੀ ਮਨਿ ਵਸੈ
ਮਲੁ ਹਉਮੈ ਜਾਇ ਸਮਾਇ ॥

گُر پرسادی منِ وسے
ملُ ہئُمے جاءِ سماءِ ॥

ਜਿਉ ਅੰਧੇਰੈ ਦੀਪਕੁ ਬਾਲੀਐ
ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥

جِءُ اندھیرے دیپکُ بالیئے
تِءُ گُر گیانِ اگیانُ تجاءِ ॥2॥

ਹਮ ਕੀਆ ਹਮ ਕਰਹਗੇ
ਹਮ ਮੂਰਖ ਗਾਵਾਰ ॥

ہم کیِیا ہم کرہگے
ہم مؤرکھ گاوار ॥

ਕਰਣੈ ਵਾਲਾ ਵਿਸਰਿਆ
ਦੂਜੈ ਭਾਇ ਪਿਆਰੁ ॥

کرنے والا وِسریا
دوُجے بھاءِ پیارُ ॥

ਮਾਇਆ ਜੇਵਡੁ ਦੁਖੁ ਨਹੀ
ਸਭਿ ਭਵਿ ਥਕੇ ਸੰਸਾਰੁ ॥

مائیا جیوڈُ دُکھُ نہی
سبھِ بھوِ تھکے سنسارُ ॥

ਗੁਰਮਤੀ ਸੁਖੁ ਪਾਈਐ
ਸਚੁ ਨਾਮੁ ਉਰ ਧਾਰਿ ॥੩॥

گُرمتی سُکھُ پائیئے
سچُ نامُ اُر دھارِ ॥3॥

ਜਿਸ ਨੋ ਮੇਲੇ ਸੋ ਮਿਲੈ
ਹਉ ਤਿਸੁ ਬਲਿਹਾਰੈ ਜਾਉ ॥

جِس نو میلے سو ملے
ہءُ تِس بلِہارے جاءُ ॥

ਏ ਮਨ ਭਗਤੀ ਰਤਿਆ
ਸਚੁ ਬਾਣੀ ਨਿਜ ਥਾਉ ॥

اے من بھگتی رتیا
سچُ بانی نج تھاءُ ॥

ਮਨਿ ਰਤੇ ਜਿਹਵਾ ਰਤੀ
ਹਰਿ ਗੁਣ ਸਚੇ ਗਾਉ ॥

منِ رتے جِہوا رتی

ਹਰਿ ਗੁਣ ਸਚੇ ਗਾਇ ॥

ਨਾਨਕ ਨਾਮੁ ਨ ਵੀਸਰੈ
ਸਚੇ ਮਾਹਿ ਸਮਾਉ ॥੪॥੩੧॥੬੪॥

نانک نامُ ن ویسرے
سچے ماہِ سماءُ ॥4॥ 31 ॥ 64 ॥

ਸਿਰੀਰਾਗੁ ਮਹਲਾ ੪ ਘਰੁ ੧ ॥

سِریراگ محلا 4 گھرُ 1 ॥

ਮੈ ਮਨਿ ਤਨਿ ਬਿਰਹੁ ਅਤਿ ਅਗਲਾ
ਕਿਉ ਪ੍ਰੀਤਮੁ ਮਿਲੈ ਘਰਿ ਆਇ ॥

مے مَن تَن بِرہُ اتِ اگلا
کِءُ پریتمُ مِلے گھرِ آءِ ۔ ॥

ਜਾ ਦੇਖਾ ਪ੍ਰਭੁ ਆਪਣਾ
ਪ੍ਰਭਿ ਦੇਖਿਐ ਦੁਖੁ ਜਾਇ ॥

جا دیکھا پربھُ آپنا
پربھِ دیکھے دُکھُ جاءِ ॥

ਜਾਇ ਪੁਛਾ ਤਿਨ ਸਜਣਾ
ਪ੍ਰਭੁ ਕਿਤੁ ਬਿਧਿ ਮਿਲੈ ਮਿਲਾਇ ॥੧॥

جاءِ پُچھا تِن سجنا
پربھُ کِت بِدھِ مِلے مِلاءِ ۔ ॥1॥

ਮੇਰੇ ਸਤਿਗੁਰਾ
ਮੈ ਤੁਝ ਬਿਨੁ ਅਵਰੁ ਨ ਕੋਇ ॥

میرے ستِگُرا
مے تُجھ بِنُ اورُ ن کوءِ ॥

ਹਮ ਮੂਰਖ ਮੁਗਧ ਸਰਣਾਗਤੀ
ਕਰਿ ਕਿਰਪਾ ਮੇਲੇ ਹਰਿ ਸੋਇ ॥੧॥ ਰਹਾਉ ॥

ہم مُورکھ مُگدھ سرنا گتی
کرِ کرپا میلے ہرِ سوءِ ॥1॥ رہاءُ ॥

ਸਤਿਗੁਰੁ ਦਾਤਾ ਹਰਿ ਨਾਮ ਕਾ
ਪ੍ਰਭੁ ਆਪਿ ਮਿਲਾਵੈ ਸੋਇ ॥

ستِگُرُ داتا ہرِ نام کا
پربھُ آپِ ملاوے سوءِ ॥

ਸਤਿਗੁਰਿ ਹਰਿ ਪ੍ਰਭੁ ਬੁਝਿਆ
ਗੁਰ ਜੇਵਡੁ ਅਵਰੁ ਨ ਕੋਇ ॥

ستِگُرِ ہرِ پربھُ بُجھیا
گُر جیوڈُ اورُ ن کوءِ ॥

ਹਉ ਗੁਰ ਸਰਣਾਈ ਢਹਿ ਪਵਾ
ਕਰਿ ਦਇਆ ਮੇਲੇ ਪ੍ਰਭੁ ਸੋਇ ॥੨॥

ہءُ گُر سرنائی ڈھہِ پوا
کرِ دیَا میلے پربھُ سوءِ ॥2॥

ਮਨਹਠਿ ਕਿਨੈ ਨ ਪਾਇਆ
ਕਰਿ ਉਪਾਵ ਥਕੇ ਸਭੁ ਕੋਇ ॥

منہٹھِ کِنے ن پائیا
کرِ اُپاو تھکے سبھُ کوءِ ॥

ਸਹਸ ਸਿਆਣਪ ਕਰਿ ਰਹੇ
ਮਨਿ ਕੋਰੈ ਰੰਗੁ ਨ ਹੋਇ ॥

سہس سِیانپ کرِ رہے
مَن کورے رنگُ ن ہوءِ ॥

ਕੂੜਿ ਕਪਟਿ ਕਿਨੈ ਨ ਪਾਇਓ

کوڑِ کپٹِ کِنے ن پائیو

ਜੋ ਬੀਜੈ ਖਾਵੈ ਸੋਇ ॥੩॥

جو بیجے کھاوے سوءِ ॥3॥

ਸਭਨਾ ਤੇਰੀ ਆਸ ਪ੍ਰਭੁ
ਸਭ ਜੀਅ ਤੇਰੇ ਤੂੰ ਰਾਸਿ ॥

سبھنا تیری آس پربھُ
سبھ جیء تیرے توںّ راسِ ॥

ਪ੍ਰਭ ਤੁਧਹੁ ਖਾਲੀ ਕੋ ਨਹੀ
ਦਰਿ ਗੁਰਮੁਖਾ ਨੋ ਸਾਬਾਸਿ ॥

پربھ تُدھہُ خالی کو نہی
درِ گُرمُکھا نو ساباسِ ॥

ਬਿਖੁ ਭਉਜਲ ਡੁਬਦੇ ਕਢਿ ਲੈ
ਜਨ ਨਾਨਕ ਕੀ ਅਰਦਾਸਿ ॥੪॥੧॥੬੫॥

بِکھُ بھجُل ڈُبدے کڈھِ لے
جن نانک کی عرداسِ ॥4॥1॥ 65 ॥

ਸਿਰੀਰਾਗੁ ਮਹਲਾ ੪ ॥

سِریراگُ محلا 4 ॥

ਨਾਮੁ ਮਿਲੈ ਮਨੁ ਤ੍ਰਿਪਤੀਐ
ਬਿਨੁ ਨਾਮੈ ਧ੍ਰਿਗੁ ਜੀਵਾਸੁ ॥

نامُ مِلے مَنُ ترِپتیئے
بِنُ نامے دھرِگُ جیواسُ ॥

ਕੋਈ ਗੁਰਮੁਖਿ ਸਜਣੁ ਜੇ ਮਿਲੈ
ਮੈ ਦਸੇ ਪ੍ਰਭੁ ਗੁਣਤਾਸੁ ॥

کوئی گُرمُکھِ سجنُ جے مِلے
مے دسے پربھُ گُنتاسُ ॥

ਹਉ ਤਿਸੁ ਵਿਟਹੁ ਚਉ ਖੰਨੀਐ
ਮੈ ਨਾਮ ਕਰੇ ਪਰਗਾਸੁ ॥੧॥

ہءُ تِس وِٹہُ چءُ کھنّنیئے
مے نام کرے پرگاسُ ॥1॥

ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ ॥

میرے پریتما ہءُ جیوا نامُ دھیاءِ ॥

ਬਿਨੁ ਨਾਵੈ ਜੀਵਣੁ ਨਾ ਥੀਐ
ਮੇਰੇ ਸਤਿਗੁਰ ਨਾਮੁ ਦ੍ਰਿੜਾਇ ॥੧॥ ਰਹਾਉ ॥

بِنُ ناوے جیونُ نا تھیئے
میرے ستِگُر نامُ دڑاءِ ॥1॥ رہاءُ ॥

ਨਾਮੁ ਅਮੋਲਕੁ ਰਤਨੁ ਹੈ
ਪੂਰੇ ਸਤਿਗੁਰ ਪਾਸਿ ॥

نامُ امولکُ رتنُ ہے
پوُرے ستِگُر پاسِ ॥

ਸਤਿਗੁਰ ਸੇਵੈ ਲਗਿਆ
ਕਢਿ ਰਤਨੁ ਦੇਵੈ ਪਰਗਾਸਿ ॥

ستِگُر سیوے لگیا
کڈھِ رتنُ دیوے پرگاسِ ॥

ਧੰਨੁ ਵਡਭਾਗੀ ਵਡ ਭਾਗੀਆ
ਜੋ ਆਇ ਮਿਲੇ ਗੁਰ ਪਾਸਿ ॥੨॥

دھنّنُ وڈبھاگی وڈ بھاگیا
جو آءِ مِلے گُر پاسِ ॥2॥

ਜਿਨਾ ਸਤਿਗੁਰੁ ਪੁਰਖੁ ਨ ਭੇਟਿਓ
ਸੇ ਭਾਗਹੀਣ ਵਸਿ ਕਾਲ ॥

جِنا ستِگُر پُرکھُ ن بھیٹیو
سے بھاگہیِنُ وسِ کال ॥

ਓਇ ਫਿਰਿ ਫਿਰਿ ਜੋਨਿ ਭਵਾਈਅਹਿ
ਵਿਚਿ ਵਿਸਟਾ ਕਰਿ ਵਿਕਰਾਲ ॥

اوءِ پھرِ پھرِ جونِ بھوائیَہِ
وِچِ وِسٹا کرِ وِکرال ॥

ਓਨਾ ਪਾਸਿ ਦੁਆਸਿ ਨ ਭਿਟੀਐ
ਜਿਨ ਅੰਤਰਿ ਕ੍ਰੋਧੁ ਚੰਡਾਲ ॥੩॥

اونا پاسِ دُیاسِ ن بھٹیئے
جِن انترِ کرودھُ چنڈال ॥3॥

ਸਤਿਗੁਰੁ ਪੁਰਖੁ ਅੰਮ੍ਰਿਤ ਸਰੁ
ਵਡਭਾਗੀ ਨਾਵਹਿ ਆਇ ॥

ستِگُرُ پُرکھُ انمّرِت سرُ
وڈبھاگی ناوہِ آءِ ॥

ਉਨ ਜਨਮ ਜਨਮ ਕੀ ਮੈਲੁ ਉਤਰੈ
ਨਿਰਮਲ ਨਾਮੁ ਦ੍ਰਿੜਾਇ ॥

اُن جنم جنم کی میَلُ اُترے
نِرمل نامُ دّرِڑاءِ ॥

ਜਨ ਨਾਨਕ ਉਤਮ ਪਦੁ ਪਾਇਆ
ਸਤਿਗੁਰ ਕੀ ਲਿਵ ਲਾਇ ॥੪॥੨॥੬੬॥

جن نانک اُتم پدُ پائیا
ستِگُر کی لِو لاءِ ॥4॥2॥ 66 ॥

ਸਿਰੀਰਾਗੁ ਮਹਲਾ ੪ ॥

سِریراگُ محلا 4 ॥

ਗੁਣ ਗਾਵਾ ਗੁਣ ਵਿਥਰਾ
ਗੁਣ ਬੋਲੀ ਮੇਰੀ ਮਾਇ ॥

گُن گاوا گُن وِتھرا
گُن بولی میری ماءِ ۔ ॥

ਗੁਰਮੁਖਿ ਸਜਣੁ ਗੁਣਕਾਰੀਆ
ਮਿਲਿ ਸਜਣ ਹਰਿ ਗੁਣ ਗਾਇ ॥

گُرمُکھِ سجنُ گُنکارِیا
مِلِ سجن ہرِ گُن گاءِ ॥

ਹੀਰੈ ਹੀਰੁ ਮਿਲਿ ਬੇਧਿਆ
ਰੰਗਿ ਚਲੂਲੈ ਨਾਇ ॥੧॥

ہیرے ہیرُ مِلِ بیدھیا
رنگِ چلوُلے ناءِ ॥1॥

ਮੇਰੇ ਗੋਵਿੰਦਾ ਗੁਣ ਗਾਵਾ ਤ੍ਰਿਪਤਿ ਮਨਿ ਹੋਇ ॥

میرے گووِندا گُن گاوا ترِپت منِ ہوءِ ॥

ਅੰਤਰਿ ਪਿਆਸ ਹਰਿ ਨਾਮ ਕੀ
ਗੁਰੁ ਤੁਸਿ ਮਿਲਾਵੈ ਸੋਇ ॥੧॥ ਰਹਾਉ ॥

انترِ پیاس ہرِ نام کی
گُرُ تُس مِلاوے سوءِ ॥1॥ رہاءُ ॥

ਮਨੁ ਰੰਗਹੁ ਵਡਭਾਗੀਹੋ
ਗੁਰੁ ਤੁਠਾ ਕਰੇ ਪਸਾਉ ॥

منُ رنگہُ وڈبھاگیہو
گُرُ تُٹھا کرے پساءُ ॥

ਗੁਰੁ ਨਾਮੁ ਦ੍ਰਿੜਾਏ ਰੰਗ ਸਿਉ
ਹਉ ਸਤਿਗੁਰ ਕੈ ਬਲਿ ਜਾਉ ॥

گُرُ نامُ دّرِڑائے رنگ سِءُ
ہءُ ستِگُر کے بلِ جاءُ ॥

ਬਿਨੁ ਸਤਿਗੁਰ ਹਰਿ ਨਾਮੁ ਨ ਲਭਈ

بِنُ ستِگُر ہرِ نامُ ن لبھئی

ਲਖ ਕੋਟੀ ਕਰਮ ਕਮਾਉ ॥੨॥

لکھ کوٹی کرم کماءُ ॥2॥

ਬਿਨੁ ਭਾਗਾ ਸਤਿਗੁਰੁ ਨਾ ਮਿਲੈ
ਘਰਿ ਬੈਠਿਆ ਨਿਕਟਿ ਨਿਤ ਪਾਸਿ ॥

بِنُ بھاگا ستِگُرُ نا مِلےَ
گھرِ بیٹھیا نِکٹِ نِت پاسِ ॥

ਅੰਤਰਿ ਅਗਿਆਨ ਦੁਖੁ ਭਰਮੁ ਹੈ
ਵਿਚਿ ਪੜਦਾ ਦੂਰਿ ਪਈਆਸਿ ॥

انترِ اگیان دُکھُ بھرمُ ہےَ
وِچِ پڑدا دوُرِ پئیاسِ ॥

ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ
ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥

بِنُ ستِگُر بھیٹے کنچَنُ نا تھیۓَ
منمُکھُ لوہُ بوُڈا بیڑی پاسِ ॥3॥

ਸਤਿਗੁਰੁ ਬੋਹਿਥੁ ਹਰਿ ਨਾਵ ਹੈ
ਕਿਤੁ ਬਿਧਿ ਚੜਿਆ ਜਾਇ ॥

ستِگُرُ بوہِتھُ ہرِ ناو ہےَ
کِتُ بِدھِ چڑِیا جاءِ ۔ ॥

ਸਤਿਗੁਰ ਕੈ ਭਾਣੈ ਜੋ ਚਲੈ
ਵਿਚਿ ਬੋਹਿਥ ਬੈਠਾ ਆਇ ॥

ستِگُر کے بھانے جو چلےَ
وِچِ بوہِتھ بیٹھا آءِ ॥

ਧੰਨੁ ਧੰਨੁ ਵਡਭਾਗੀ ਨਾਨਕਾ
ਜਿਨਾ ਸਤਿਗੁਰੁ ਲਏ ਮਿਲਾਇ ॥੪॥੩॥੬੭॥

دھنَنُ دھنَنُ وڈبھاگی نانکا
جِنا ستِگُرُ لۓ مِلاءِ ॥4॥3॥ 67 ॥

ਸਿਰੀਰਾਗੁ ਮਹਲਾ ੪ ॥

سِریراگُ محلا 4 ॥

ਹਉ ਪੰਥੁ ਦਸਾਈ ਨਿਤ ਖੜੀ
ਕੋਈ ਪ੍ਰਭੁ ਦਸੇ ਤਿਨਿ ਜਾਉ ॥

ہءُ پنّتھُ دسائی نِت کھڑی
کوئی پّربھُ دسے تِنِ جاءُ ॥

ਜਿਨੀ ਮੇਰਾ ਪਿਆਰਾ ਰਾਵਿਆ
ਤਿਨ ਪੀਛੈ ਲਾਗਿ ਫਿਰਾਉ ॥

جِنی میرا پیارا راوِیا
تِن پیچھےَ لاگِ پھِراءُ ॥

ਕਰਿ ਮਿੰਨਤਿ ਕਰਿ ਜੋਦੜੀ
ਮੈ ਪ੍ਰਭੁ ਮਿਲਣੈ ਕਾ ਚਾਉ ॥੧॥

کرِ مِنّتِ کرِ جودڑی
مےَ پّربھُ مِلنّے کا چاءُ ॥1॥

ਮੇਰੇ ਭਾਈ ਜਨਾ
ਕੋਈ ਮੋ ਕਉ ਹਰਿ ਪ੍ਰਭੁ ਮੇਲਿ ਮਿਲਾਇ ॥

میرے بھائی جنا
کوئی مو کءُ ہرِ پّربھُ میلِ مِلاءِ ॥

ਹਉ ਸਤਿਗੁਰ ਵਿਟਹੁ ਵਾਰਿਆ
ਜਿਨਿ ਹਰਿ ਪ੍ਰਭੁ ਦੀਆ ਦਿਖਾਇ ॥੧॥ ਰਹਾਉ ॥

ہءُ ستِگُر وِٹہُ وارِیا
جِنِ ہرِ پّربھُ دِیِیا دِکھاءِ ॥1॥ رہاءُ ॥

ਹੋਇ ਨਿਮਾਣੀ ਢਹਿ ਪਵਾ

ہوءِ نِمانّی ڈھہِ پوا

ਪੂਰੇ ਸਤਿਗੁਰ ਪਾਸਿ ॥

پُورے ستِگُر پاسِ ॥

ਨਿਮਾਣਿਆ ਗੁਰੁ ਮਾਣੁ ਹੈ
ਗੁਰੁ ਸਤਿਗੁਰੁ ਕਰੇ ਸਾਬਾਸਿ ॥

نِماٹیا گُرُ ماڻُ ہے
گُرُ ستِگُرُ کرے ساباسِ ॥

ਹਉ ਗੁਰੁ ਸਾਲਾਹਿ ਨ ਰਜਉ
ਮੈ ਮੇਲੇ ਹਰਿ ਪ੍ਰਭੁ ਪਾਸਿ ॥੨॥

ہءُ گُرُ سالاہِ ن رجئوُ
مے َ میلے ہرِ پربھُ پاسِ ॥2॥

ਸਤਿਗੁਰ ਨੋ ਸਭ ਕੋ ਲੋਚਦਾ
ਜੇਤਾ ਜਗਤੁ ਸਭੁ ਕੋਇ ॥

ستِگُر نو سبھ کو لوچدا
جیتا جگتُ سبھُ کوءِ ॥

ਬਿਨੁ ਭਾਗਾ ਦਰਸਨੁ ਨਾ ਥੀਐ
ਭਾਗਹੀਣ ਬਹਿ ਰੋਇ ॥

بِنُ بھاگا درسنُ نا تھیئے
بھاگہیڻ بہِ روءِ ॥

ਜੋ ਹਰਿ ਪ੍ਰਭ ਭਾਣਾ ਸੋ ਥੀਆ
ਧੁਰਿ ਲਿਖਿਆ ਨ ਮੇਟੈ ਕੋਇ ॥੩॥

جو ہرِ پربھ بھاڻا سو تھیا
دھُرِ لِکھیا ن میٹے کوءِ ॥3॥

ਆਪੇ ਸਤਿਗੁਰੁ ਆਪਿ ਹਰਿ
ਆਪੇ ਮੇਲਿ ਮਿਲਾਇ ॥

آپے ستِگُرُ آپِ ہرِ
آپے میلِ مِلاءِ ॥

ਆਪਿ ਦਇਆ ਕਰਿ ਮੇਲਸੀ
ਗੁਰ ਸਤਿਗੁਰ ਪੀਛੈ ਪਾਇ ॥

آپِ دئیا کرِ میلسی
گُر ستِگُر پیچھے َ پاءِ ॥

ਸਭੁ ਜਗਜੀਵਨੁ ਜਗਿ ਆਪਿ ਹੈ
ਨਾਨਕ ਜਲੁ ਜਲਹਿ ਸਮਾਇ ॥੪॥੪॥੬੮॥

سبھُ جگجیونُ جگِ آپِ ہے
نانک جلُ جلہِ سماءِ ॥4॥4॥ 68 ॥

ਸਿਰੀਰਾਗੁ ਮਹਲਾ ੪ ॥

سِرِیراگُ محلا 4 ॥

ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ
ਕਿਤੁ ਬਿਧਿ ਮਿਲੈ ਰਸੁ ਖਾਇ ॥

رسُ انمّرِتُ نامُ رسُ اتِ بھلا
کِتُ بِدھِ مِلے َ رسُ کھاءِ ۔ ॥

ਜਾਇ ਪੁਛਹੁ ਸੋਹਾਗਣੀ
ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ ॥

جاءِ پُچھہُ سوہاگڻی
تُسا کِءُ کرِ مِلیا پربھُ آءِ ۔ ॥

ਓਇ ਵੇਪਰਵਾਹ ਨ ਬੋਲਨੀ
ਹਉ ਮਲਿ ਮਲਿ ਧੋਵਾ ਤਿਨ ਪਾਇ ॥੧॥

اوءِ ویپرواہ ن بولنی
ہءُ مِلِ مِلِ دھووا تِن پاءِ ॥1॥

ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ ॥

بھائی رے مِلِ سجڻ ہرِ گُڻ سارِ ॥

ਸਜਣੁ ਸਤਿਗੁਰੁ ਪੁਰਖੁ ਹੈ
ਦੁਖੁ ਕਢੈ ਹਉਮੈ ਮਾਰਿ ॥੧॥ ਰਹਾਉ ॥

سجنُ ستِگُرُ پُرکھُ ہے
دُکھُ کڈھے ہمئے مارِ ॥1॥ رہاءُ ॥

ਗੁਰਮੁਖੀਆ ਸੋਹਾਗਣੀ
ਤਿਨ ਦਇਆ ਪਈ ਮਨਿ ਆਇ ॥

گُرمُکھیا سوہاگنی
تِن دئیا پئی منِ آءِ ॥

ਸਤਿਗੁਰ ਵਚਨੁ ਰਤੰਨੁ ਹੈ
ਜੋ ਮੰਨੇ ਸੁ ਹਰਿ ਰਸੁ ਖਾਇ ॥

ستِگُر وچنُ رتنّنُ ہے
جو منّنے سُ ہرِ رسُ کھاءِ ॥

ਸੇ ਵਡਭਾਗੀ ਵਡ ਜਾਣੀਅਹਿ
ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥

سے وڈبھاگی وڈ جانئیہِ
جِن ہرِ رسُ کھادھا گُر بھاءِ ॥2॥

ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ
ਭਾਗਹੀਣ ਨਹੀ ਖਾਇ ॥

اِہُ ہرِ رسُ وِنِ تِنِ سبھتُ ہے
بھاگہینِ نہی کھاءِ ॥

ਬਿਨੁ ਸਤਿਗੁਰ ਪਲੈ ਨਾ ਪਵੈ
ਮਨਮੁਖ ਰਹੇ ਬਿਲਲਾਇ ॥

بِنُ ستِگُر پلے نا پوے
منمکھ رہے بِللاءِ ॥

ਓਇ ਸਤਿਗੁਰ ਆਗੈ ਨਾ ਨਿਵਹਿ
ਓਨਾ ਅੰਤਰਿ ਕ੍ਰੋਧੁ ਬਲਾਇ ॥੩॥

اوءِ ستِگُر آگے نا نِوہِ
اونا انترِ کرودھُ بلاءِ ॥3॥

ਹਰਿ ਹਰਿ ਹਰਿ ਰਸੁ ਆਪਿ ਹੈ
ਆਪੇ ਹਰਿ ਰਸੁ ਹੋਇ ॥

ہرِ ہرِ ہرِ رسُ آپِ ہے
آپے ہرِ رسُ ہوءِ ॥

ਆਪਿ ਦਇਆ ਕਰਿ ਦੇਵਸੀ
ਗੁਰਮੁਖਿ ਅੰਮ੍ਰਿਤੁ ਚੋਇ ॥

آپِ دئیا کرِ دیوسی
گُرمُکھِ انمّرِتُ چوءِ ॥

ਸਭੁ ਤਨੁ ਮਨੁ ਹਰਿਆ ਹੋਇਆ
ਨਾਨਕ ਹਰਿ ਵਸਿਆ ਮਨਿ ਸੋਇ ॥੪॥੫॥੬੯॥

سبھُ تنُ منُ ہریا ہوئیا
نانک ہرِ وسیا منِ سوءِ ॥4॥5॥ 69 ॥

ਸਿਰੀਰਾਗੁ ਮਹਲਾ ੪ ॥

سِرِیراگُ محلا 4 ॥

ਦਿਨਸੁ ਚੜੈ ਫਿਰਿ ਆਥਵੈ
ਰੈਣਿ ਸਬਾਈ ਜਾਇ ॥

دِنسُ چڑے پھِرِ آتھوے
رَینِ سبائی جاءِ ॥

ਆਵ ਘਟੈ ਨਰੁ ਨਾ ਬੁਝੈ
ਨਿਤਿ ਮੂਸਾ ਲਾਜੁ ਟੁਕਾਇ ॥

آو گھٹے نرُ نا بُجھے
نِتِ موُسا لاجُ ٹُکاءِ ॥

ਗੁੜੁ ਮਿਠਾ ਮਾਇਆ ਪਸਰਿਆ
ਮਨਮੁਖੁ ਲਗਿ ਮਾਖੀ ਪਚੈ ਪਚਾਇ ॥੧॥

گُڑُ مِٹھا مائیا پسریا
منمُکھُ لگِ ماکھی پچے پچاءِ ॥1॥

ਭਾਈ ਰੇ ਮੈ ਮੀਤੁ ਸਖਾ ਪ੍ਰਭੁ ਸੋਇ ॥

بھائی رے مے مِیتُ سکھا پربھُ سوءِ ॥

ਪੁਤੁ ਕਲਤੁ ਮੋਹੁ ਬਿਖੁ ਹੈ
ਅੰਤਿ ਬੇਲੀ ਕੋਇ ਨ ਹੋਇ ॥੧॥ ਰਹਾਉ ॥

پُتُ کلتُ موہُ بِکھُ ہے
انّتِ بیلی کوءِ ن ہوءِ ॥1॥ رہاءُ ॥

ਗੁਰਮਤਿ ਹਰਿ ਲਿਵ ਉਬਰੇ
ਅਲਿਪਤੁ ਰਹੇ ਸਰਣਾਇ ॥

گُرمتِ ہرِ لِو اُبرے
الپتُ رہے سرٹاءِ ॥

ਓਨੀ ਚਲਣੁ ਸਦਾ ਨਿਹਾਲਿਆ
ਹਰਿ ਖਰਚੁ ਲੀਆ ਪਤਿ ਪਾਇ ॥

اونی چلنُ سدا نِہالیا
ہرِ کھرچُ لِیا پتِ پاءِ ॥

ਗੁਰਮੁਖਿ ਦਰਗਹ ਮੰਨੀਅਹਿ
ਹਰਿ ਆਪਿ ਲਏ ਗਲਿ ਲਾਇ ॥੨॥

گُرمُکھِ درگہ منّینءِ
ہرِ آپِ لے گلِ لاءِ ॥2॥

ਗੁਰਮੁਖਾ ਨੋ ਪੰਥੁ ਪਰਗਟਾ
ਦਰਿ ਠਾਕ ਨ ਕੋਈ ਪਾਇ ॥

گُرمُکھا نو پنّتھُ پرگٹا
درِ ٹھاک ن کوئی پاءِ ॥

ਹਰਿ ਨਾਮੁ ਸਲਾਹਨਿ ਨਾਮੁ ਮਨਿ
ਨਾਮਿ ਰਹਨਿ ਲਿਵ ਲਾਇ ॥

ہرِ نامُ سلاحنِ نامُ منِ
نامِ رہنِ لِو لاءِ ॥

ਅਨਹਦ ਧੁਨੀ ਦਰਿ ਵਜਦੇ
ਦਰਿ ਸਚੈ ਸੋਭਾ ਪਾਇ ॥੩॥

انہد دھُنی درِ وجدے
درِ سچے سوبھا پاءِ ॥3॥

ਜਿਨੀ ਗੁਰਮੁਖਿ ਨਾਮੁ ਸਲਾਹਿਆ
ਤਿਨਾ ਸਭ ਕੋ ਕਹੈ ਸਾਬਾਸਿ ॥

جِنی گُرمُکھِ نامُ سلاحِیا
تِنا سبھ کو کہے ساباسِ ॥

ਤਿਨ ਕੀ ਸੰਗਤਿ ਦੇਹਿ ਪ੍ਰਭ
ਮੈ ਜਾਚਿਕ ਕੀ ਅਰਦਾਸਿ ॥

تِن کی سنگتِ دیہِ پربھ
مے جاچِک کی عرداسِ ॥

ਨਾਨਕ ਭਾਗ ਵਡੇ ਤਿਨਾ ਗੁਰਮੁਖਾ
ਜਿਨ ਅੰਤਰਿ ਨਾਮੁ ਪਰਗਾਸਿ ॥੪॥੩੩॥੩੧॥੬॥੭੦॥

نانک بھاگ وڈے تِنا گُرمُکھا
جِن انّترِ نامُ پرگاسِ ॥4॥ 33 ॥ 31 ॥6॥ 70 ॥

ਸਿਰੀਰਾਗੁ ਮਹਲਾ ੫ ਘਰੁ ੧ ॥

سِریراگُ محلا 5 گھرُ 1 ॥

ਕਿਆ ਤੂ ਰਤਾ ਦੇਖਿ ਕੈ

کِیا توُ رتا دیکھِ کے

ਪੁਤ੍ਰ ਕਲਤ੍ਰ ਸੀਗਾਰ ॥
پُتّر کلتّر سیِگار ॥

ਰਸ ਭੋਗਹਿ ਖੁਸੀਆ ਕਰਹਿ
ਮਾਣਹਿ ਰੰਗ ਅਪਾਰ ॥
رس بھوگہِ کھُسیِیا کرہِ
ماٹہِ رنگ اپار ॥

ਬਹੁਤੁ ਕਰਹਿ ਫੁਰਮਾਇਸੀ
ਵਰਤਹਿ ਹੋਇ ਅਫਾਰ ॥
بہُتُ کرہِ فُرمائسی
ورتہِ ہوءِ اپھار ॥

ਕਰਤਾ ਚਿਤਿ ਨ ਆਵਈ
ਮਨਮੁਖ ਅੰਧ ਗਵਾਰ ॥੧॥
کرتا چِتِ ن آوئی
منمُکھ اندھ گوار ॥1॥

ਮੇਰੇ ਮਨ ਸੁਖਦਾਤਾ ਹਰਿ ਸੋਇ ॥
میرے من سُکھداتا ہرِ سوءِ ॥

ਗੁਰ ਪਰਸਾਦੀ ਪਾਈਐ
ਕਰਮਿ ਪਰਾਪਤਿ ਹੋਇ ॥੧॥ ਰਹਾਉ ॥
گُر پرسادی پائیئے
کرمِ پراپتِ ہوءِ ॥1॥ رہاءُ ॥

ਕਪੜਿ ਭੋਗਿ ਲਪਟਾਇਆ
ਸੁਇਨਾ ਰੁਪਾ ਖਾਕੁ ॥
کپڑِ بھوگِ لپٹائیا
سُنَا رُپا خاکُ ॥

ਹੈਵਰ ਗੈਵਰ ਬਹੁ ਰੰਗੇ
ਕੀਏ ਰਥ ਅਥਾਕ ॥
ہیَور گیَور بہُ رنگے
کیئے رتھ اتھاک ॥

ਕਿਸ ਹੀ ਚਿਤਿ ਨ ਪਾਵਹੀ
ਬਿਸਰਿਆ ਸਭ ਸਾਕ ॥
کِس ہی چِتِ ن پاوہی
بِسرِیا سبھ ساک ॥

ਸਿਰਜਣਹਾਰਿ ਭੁਲਾਇਆ
ਵਿਣੁ ਨਾਵੈ ਨਾਪਾਕ ॥੨॥
سِرجنہارِ بھُلائیا
وِنُ ناوے ناپاک ॥2॥

ਲੈਦਾ ਬਦ ਦੁਆਇ ਤੂੰ
ਮਾਇਆ ਕਰਹਿ ਇਕਤ ॥
لیَدا بد دُیاءِ توُنّ
مائیا کرہِ اِکت ॥

ਜਿਸ ਨੋ ਤੂੰ ਪਤੀਆਇਦਾ
ਸੋ ਸਣੁ ਤੁਝੈ ਅਨਿਤ ॥
جِس نو توُنّ پتیِیائِدا
سو سنُ تُجھے انِت ॥

ਅਹੰਕਾਰੁ ਕਰਹਿ ਅਹੰਕਾਰੀਆ
ਵਿਆਪਿਆ ਮਨ ਕੀ ਮਤਿ ॥
اہنکارُ کرہِ اہنکارِیِیا
وِیاپِیا من کی متِ ॥

ਤਿਨਿ ਪ੍ਰਭਿ ਆਪਿ ਭੁਲਾਇਆ
تِنِ پربھِ آپِ بھُلائیا

ਨਾ ਤਿਸੁ ਜਾਤਿ ਨ ਪਤਿ ॥੩॥

نا تِسُ زاتِ ن پتِ ॥3॥

ਸਤਿਗੁਰਿ ਪੁਰਖਿ ਮਿਲਾਇਆ
ਇਕੋ ਸਜਣੁ ਸੋਇ ॥

ستِگُرِ پُرکھِ مِلائیا
اِکو سجنُ سوءِ ॥

ਹਰਿ ਜਨ ਕਾ ਰਾਖਾ ਏਕੁ ਹੈ
ਕਿਆ ਮਾਣਸ ਹਉਮੈ ਰੋਇ ॥

ہرِ جن کا راکھا ایکُ ہے
کِیا ماٹُس ہئُمے روءِ ॥

ਜੋ ਹਰਿ ਜਨ ਭਾਵੈ ਸੋ ਕਰੇ
ਦਰਿ ਫੇਰੁ ਨ ਪਾਵੈ ਕੋਇ ॥

جو ہرِ جن بھاوے سو کرے
درِ پھیرُ ن پاوے کوءِ ॥

ਨਾਨਕ ਰਤਾ ਰੰਗਿ ਹਰਿ
ਸਭ ਜਗ ਮਹਿ ਚਾਨਣੁ ਹੋਇ ॥੪॥੧॥੭੧॥

نانک رتا رنگِ ہرِ
سبھ جگ مہِ چانڑُ ہوءِ ॥4॥1॥ 71 ॥

ਸਿਰੀਰਾਗੁ ਮਹਲਾ ੫ ॥

سِرِیراگُ محلا 5 ॥

ਮਨਿ ਬਿਲਾਸੁ ਬਹੁ ਰੰਗੁ ਘਣਾ
ਦ੍ਰਿਸਟਿ ਭੂਲਿ ਖੁਸੀਆ ॥

منِ بِلاسُ بہُ رنگُ گھٹا
دِرسٹِ بھوُلِ کھُسیِیا ॥

ਛਤ੍ਰਧਾਰ ਬਾਦਿਸਾਹੀਆ
ਵਿਚਿ ਸਹਸੇ ਪਰੀਆ ॥੧॥

چھتّردھار بادِشاہیِیا
وِچِ سہسے پریِیا ॥1॥

ਭਾਈ ਰੇ ਸੁਖੁ ਸਾਧਸੰਗਿ ਪਾਇਆ ॥

بھائی رے سُکھُ سادھسنگِ پائیا ॥

ਲਿਖਿਆ ਲੇਖੁ ਤਿਨਿ ਪੁਰਖਿ ਬਿਧਾਤੈ
ਦੁਖੁ ਸਹਸਾ ਮਿਟਿ ਗਇਆ ॥੧॥ ਰਹਾਉ ॥

لِکھیا لیکھُ تِنِ پُرکھِ بِدھاتے
دُکھُ سہسا مِٹِ گئیا ॥1॥ رہاءُ ॥

ਜੇਤੇ ਥਾਨ ਥਨੰਤਰਾ
ਤੇਤੇ ਭਵਿ ਆਇਆ ॥

جیتے تھان تھنتّرا
تیتے بھوِ آئیا ॥

ਧਨ ਪਾਤੀ ਵਡ ਭੂਮੀਆ
ਮੇਰੀ ਮੇਰੀ ਕਰਿ ਪਰਿਆ ॥੨॥

دھن پاتی وڈ بھوُمِیا
میری میری کرِ پریا ॥2॥

ਹੁਕਮੁ ਚਲਾਏ ਨਿਸੰਗ ਹੋਇ
ਵਰਤੈ ਅਫਰਿਆ ॥

حُکمُ چلائے نِسنگ ہوءِ
ورتے اپھریا ॥

ਸਭੁ ਕੋ ਵਸਗਤਿ ਕਰਿ ਲਇਓਨੁ
ਬਿਨੁ ਨਾਵੈ ਖਾਕੁ ਰਲਿਆ ॥੩॥

سبھُ کو وسگتِ کرِ لِئنوُنُ
بِنُ ناوے خاکُ رلیا ॥3॥

ਕੋਟਿ ਤੇਤੀਸ ਸੇਵਕਾ
ਸਿਧ ਸਾਧਿਕ ਦਰਿ ਖਰਿਆ ॥

کوٹِ تیتیس سیوکا
سِدھ سادھِک درِ کھریا ॥

ਗਿਰੰਬਾਰੀ ਵਡ ਸਾਹਬੀ
ਸਭੁ ਨਾਨਕ ਸੁਪਨੁ ਥੀਆ ॥੪॥੨॥੭੨॥

گِرنبّاری وڈ صاحبی
سبھُ نانک سُپنُ تھیا ॥4॥2॥ 72 ॥

ਸਿਰੀਰਾਗੁ ਮਹਲਾ ੫ ॥

سِرِیراگُ محلا 5 ॥

ਭਲਕੇ ਉਠਿ ਪਪੋਲੀਐ
ਵਿਣੁ ਬੁਝੇ ਮੁਗਧ ਅਜਾਣਿ ॥

بھلکے اُٹھِ پپولیئے
وِنُ بُجھے مُگدھ اجاڻِ ॥

ਸੋ ਪ੍ਰਭੁ ਚਿਤਿ ਨ ਆਇਓ
ਛੁਟੈਗੀ ਬੇਬਾਣਿ ॥

سو پربھُ چِتِ ن آئیو
چھُٹیگی بیباڻِ ॥

ਸਤਿਗੁਰ ਸੇਤੀ ਚਿਤੁ ਲਾਇ
ਸਦਾ ਸਦਾ ਰੰਗੁ ਮਾਣਿ ॥੧॥

ستِگُر سیتی چِتُ لاءِ
سدا سدا رنگُ ماڻِ ॥1॥

ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥

پّراڻی توُنّ آئیا لاہا لیَڻِ ॥

ਲਗਾ ਕਿਤੁ ਕੁਫਕੜੇ
ਸਭ ਮੁਕਦੀ ਚਲੀ ਰੈਣਿ ॥੧॥ ਰਹਾਉ ॥

لگا کِتُ کُپھکڑے
سبھ مُکدی چلی ریَڻِ ॥1॥ رہاءُ ॥

ਕੁਦਮ ਕਰੇ ਪਸੁ ਪੰਖੀਆ
ਦਿਸੈ ਨਾਹੀ ਕਾਲੁ ॥

کُدم کرے پسُ پنکھیا
دِسے ناہی کالُ ॥

ਓਤੈ ਸਾਥਿ ਮਨੁਖੁ ਹੈ
ਫਾਥਾ ਮਾਇਆ ਜਾਲਿ ॥

اوتے ساتھِ منکھُ ہے
پھاتھا مائیا جالِ ॥

ਮੁਕਤੇ ਸੇਈ ਭਾਲੀਅਹਿ
ਜਿ ਸਚਾ ਨਾਮੁ ਸਮਾਲਿ ॥੨॥

مُکتے سیئی بھالیئہِ
جِ سچا نامُ سمالِ ॥2॥

ਜੋ ਘਰੁ ਛਡਿ ਗਵਾਵਣਾ
ਸੋ ਲਗਾ ਮਨ ਮਾਹਿ ॥

جو گھرُ چھڈِ گواوڻا
سو لگا من ماہِ ॥

ਜਿਥੈ ਜਾਇ ਤੁਧੁ ਵਰਤਣਾ
ਤਿਸ ਕੀ ਚਿੰਤਾ ਨਾਹਿ ॥

جِتھے جاءِ تُدھُ ورتڻا
تِس کی چِنّتا ناہِ ॥

ਫਾਥੇ ਸੇਈ ਨਿਕਲੇ

پھاتھے سیئی نِکلے

ਜਿ ਗੁਰ ਕੀ ਪੈਰੀ ਪਾਹਿ ॥੩॥

جِ گُر کی پیَری پاہِ ॥3॥

ਕੋਈ ਰਖਿ ਨ ਸਕਈ
ਦੂਜਾ ਕੋ ਨ ਦਿਖਾਇ ॥

کوئی رکھِ ن سکئی
دوُجا کو ن دِکھاءِ ॥

ਚਾਰੇ ਕੁੰਡਾ ਭਾਲਿ ਕੈ
ਆਇ ਪਇਆ ਸਰਣਾਇ ॥

چارے کُنڈا بھالِ کے
آءِ پئیا سرٹاءِ ॥

ਨਾਨਕ ਸਚੈ ਪਾਤਿਸਾਹਿ
ਡੁਬਦਾ ਲਇਆ ਕਢਾਇ ॥੪॥੩॥੭੩॥

نانک سچے پاتِشاہِ
ڈُبدا لئیا کڈھاءِ ॥4॥3॥ 73 ॥

ਸਿਰੀਰਾਗੁ ਮਹਲਾ ੫ ॥

سِریراگُ محلا 5 ॥

ਘੜੀ ਮੁਹਤ ਕਾ ਪਾਹੁਣਾ
ਕਾਜ ਸਵਾਰਣਹਾਰੁ ॥

گھڑی مُہت کا پاہُنٹا
کاج سوارنہارُ ॥

ਮਾਇਆ ਕਾਮਿ ਵਿਆਪਿਆ
ਸਮਝੈ ਨਾਹੀ ਗਾਵਾਰੁ ॥

مائیا کامِ ویاپیا
سمجھے ناہی گاوارُ ॥

ਉਠਿ ਚਲਿਆ ਪਛੁਤਾਇਆ
ਪਰਿਆ ਵਸਿ ਜੰਦਾਰ ॥੧॥

اُٹھِ چلیا پچھُتائیا
پریا وسِ جنّدار ॥1॥

ਅੰਧੇ ਤੂੰ ਬੈਠਾ ਕੰਧੀ ਪਾਹਿ ॥

انّدھے توُنّ بیٹھا کنّدھی پاہِ ॥

ਜੇ ਹੋਵੀ ਪੂਰਬਿ ਲਿਖਿਆ
ਤਾ ਗੁਰ ਕਾ ਬਚਨੁ ਕਮਾਹਿ ॥੧॥ ਰਹਾਉ ॥

جے ہووی پوُربِ لِکھیا
تا گُر کا بچنُ کماہِ ॥1॥ رہاءُ ॥

ਹਰੀ ਨਾਹੀ ਨਹ ਡਡੁਰੀ
ਪਕੀ ਵਢਣਹਾਰ ॥

ہری ناہی نہ ڈڈُری
پکی وڈھنہار ॥

ਲੈ ਲੈ ਦਾਤ ਪਹੁਤਿਆ
ਲਾਵੇ ਕਰਿ ਤਈਆਰੁ ॥

لے لے دات پہتیا
لاوے کرِ تئیارُ ॥

ਜਾ ਹੋਆ ਹੁਕਮੁ ਕਿਰਸਾਣ ਦਾ
ਤਾ ਲੁਣਿ ਮਿਣਿਆ ਖੇਤਾਰੁ ॥੨॥

جا ہویا حُکمُ کِرساڻ دا
تا لُنِ مِنّیا کھیتارُ ॥2॥

ਪਹਿਲਾ ਪਹਰੁ ਧੰਧੈ ਗਇਆ
ਦੂਜੈ ਭਰਿ ਸੋਇਆ ॥

پہِلا پہرُ دھنّدھے گئیا
دوُجے بھرِ سوئیا ॥

ਤੀਜੈ ਝਾਖ ਝਖਾਇਆ
ਚਉਥੈ ਭੋਰੁ ਭਇਆ ॥

تیجے جھاکھ جھکھائیا
چتھے بھورُ بھیا ॥

ਕਦ ਹੀ ਚਿਤਿ ਨ ਆਇਓ
ਜਿਨਿ ਜੀਉ ਪਿੰਡੁ ਦੀਆ ॥੩॥

کد ہی چِتِ ن آئیو
جِنِ جیِءُ پِنڈُ دِیا ॥3॥

ਸਾਧਸੰਗਤਿ ਕਉ ਵਾਰਿਆ
ਜੀਉ ਕੀਆ ਕੁਰਬਾਣੁ ॥

سادھسنگتِ کءُ وارِیا
جیِءُ کیِیا قُربانُ ॥

ਜਿਸ ਤੇ ਸੋਝੀ ਮਨਿ ਪਈ
ਮਿਲਿਆ ਪੁਰਖੁ ਸੁਜਾਣੁ ॥

جِس تے سوجھی منِ پئی
مِلیا پُرکھُ سُجانُ ॥

ਨਾਨਕ ਡਿਠਾ ਸਦਾ ਨਾਲਿ
ਹਰਿ ਅੰਤਰਜਾਮੀ ਜਾਣੁ ॥੪॥੪॥੭੪॥

نانک ڈِٹھا سدا نالِ
ہرِ انترجامی جانُ ॥4॥4॥ 74 ॥

ਸਿਰੀਰਾਗੁ ਮਹਲਾ ੫ ॥

سِرِیراگُ محلا 5 ॥

ਸਭੇ ਗਲਾ ਵਿਸਰਨੁ
ਇਕੋ ਵਿਸਰਿ ਨ ਜਾਉ ॥

سبھے گلا وِسرنُ
اِکو وِسرِ ن جاءُ ॥

ਧੰਧਾ ਸਭੁ ਜਲਾਇ ਕੈ
ਗੁਰਿ ਨਾਮੁ ਦੀਆ ਸਚੁ ਸੁਆਉ ॥

دھندھا سبھُ جلاءِ کے
گُرِ نامُ دِیا سچُ سُیاءُ ॥

ਆਸਾ ਸਭੇ ਲਾਹਿ ਕੈ
ਇਕਾ ਆਸ ਕਮਾਉ ॥

آسا سبھے لاہِ کے
اِکا آس کماءُ ॥

ਜਿਨੀ ਸਤਿਗੁਰੁ ਸੇਵਿਆ
ਤਿਨ ਅਗੈ ਮਿਲਿਆ ਥਾਉ ॥੧॥

جِنی ستِگُرُ سیویا
تِن اگے مِلیا تھاءُ ॥1॥

ਮਨ ਮੇਰੇ ਕਰਤੇ ਨੋ ਸਾਲਾਹਿ ॥

من میرے کرتے نو سالاہِ ॥

ਸਭੇ ਛਡਿ ਸਿਆਣਪਾ
ਗੁਰ ਕੀ ਪੈਰੀ ਪਾਹਿ ॥੧॥ ਰਹਾਉ ॥

سبھے چھڈِ سِیاٹپا
گُر کی پیَری پاہِ ॥1॥ رہاءُ ॥

ਦੁਖ ਭੁਖ ਨਹ ਵਿਆਪਈ
ਜੇ ਸੁਖਦਾਤਾ ਮਨਿ ਹੋਇ ॥

دُکھ بھُکھ نہ وِیاپئی
جے سُکھداتا منِ ہوءِ ॥

ਕਿਤ ਹੀ ਕੰਮਿ ਨ ਛਿਜੀਐ

کِت ہی کنّمِ ن چھیجیَ

ਜਾ ਹਿਰਦੈ ਸਚਾ ਸੋਇ ॥	جا ہِردے سچا سوءِ ॥
ਜਿਸੁ ਤੂੰ ਰਖਹਿ ਹਥ ਦੇ ਤਿਸੁ ਮਾਰਿ ਨ ਸਕੈ ਕੋਇ ॥	جِسُ توُنّ رکھہِ ہتھ دے تِسُ مارِ ن سکے کوءِ ॥
ਸੁਖਦਾਤਾ ਗੁਰੁ ਸੇਵੀਐ ਸਭਿ ਅਵਗਣ ਕਢੈ ਧੋਇ ॥੨॥	سُکھداتا گُرُ سیویے سبھِ اوگُنؤ کڈھے دھوءِ ॥2॥
ਸੇਵਾ ਮੰਗੈ ਸੇਵਕੋ ਲਾਈਆ ਅਪੁਨੀ ਸੇਵ ॥	سیوا منگے سیوکو لائیا اپُنی سیو ॥
ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ ॥	سادھوُ سنگُ مشقتے توُٹھے پاوا دیو ۔ ॥
ਸਭੁ ਕਿਛੁ ਵਸਗਤਿ ਸਾਹਿਬੈ ਆਪੇ ਕਰਣ ਕਰੇਵ ॥	سبھُ کِچھُ وسگتِ صاحِبے آپے کرنؤ کریو ॥
ਸਤਿਗੁਰ ਕੈ ਬਲਿਹਾਰਣੈ ਮਨਸਾ ਸਭ ਪੂਰੇਵ ॥੩॥	ستِگُر کے بلِہارنے منسا سبھ پوُریو ॥3॥
ਇਕੋ ਦਿਸੈ ਸਜਣੋ ਇਕੋ ਭਾਈ ਮੀਤੁ ॥	اِکو دِسے سجنو اِکو بھائی میِتُ ॥
ਇਕਸੈ ਦੀ ਸਾਮਗਰੀ ਇਕਸੈ ਦੀ ਹੈ ਰੀਤਿ ॥	اِکسے دی سامگری اِکسے دی ہے ریِتِ ॥
ਇਕਸ ਸਿਉ ਮਨੁ ਮਾਨਿਆ ਤਾ ਹੋਆ ਨਿਹਚਲੁ ਚੀਤੁ ॥	اِکس سِءُ منُ مانِیا تا ہویا نِہچلُ چیِتُ ॥
ਸਚੁ ਖਾਣਾ ਸਚੁ ਪੈਨਣਾ ਟੇਕ ਨਾਨਕ ਸਚੁ ਕੀਤੁ ॥੪॥੫॥੭੫॥	سچُ کھاٹا سچُ پیَنّٹا ٹیک نانک سچُ کیِتُ ॥4॥5॥ 75 ॥
ਸਿਰੀਰਾਗੁ ਮਹਲਾ ੫ ॥	سِریراگُ محلا 5 ॥
ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਥਿ ॥	سبھے تھوک پراپتے جے آوے اِکُ ہتھِ ॥
ਜਨਮੁ ਪਦਾਰਥੁ ਸਫਲੁ ਹੈ	جنمُ پدارتھُ سپھلُ ہے

ਜੇ ਸਚਾ ਸਬਦੁ ਕਥਿ ॥
ਗੁਰ ਤੇ ਮਹਲੁ ਪਰਾਪਤੇ
ਜਿਸੁ ਲਿਖਿਆ ਹੋਵੈ ਮਥਿ ॥੧॥

ہے سچا سبدُ کتھِ ॥
گُر تے محلُ پراپتے
جِسُ لِکھیا ہووے متھِ ॥1॥

ਮੇਰੇ ਮਨ ਏਕਸ ਸਿਉ ਚਿਤੁ ਲਾਇ ॥
ਏਕਸ ਬਿਨੁ ਸਭ ਧੰਧੁ ਹੈ
ਸਭ ਮਿਥਿਆ ਮੋਹੁ ਮਾਇ ॥੧॥ ਰਹਾਉ ॥

میرے من ایکس سِ ءُ چِتُ لاءِ ॥
ایکس بِنُ سبھ دھندھُ ہے
سبھ مِتھیا موہُ ماءِ ॥1॥ رہاءُ ॥

ਲਖ ਖੁਸੀਆ ਪਾਤਿਸਾਹੀਆ
ਜੇ ਸਤਿਗੁਰੁ ਨਦਰਿ ਕਰੇਇ ॥
ਨਿਮਖ ਏਕ ਹਰਿ ਨਾਮੁ ਦੇਇ
ਮੇਰਾ ਮਨੁ ਤਨੁ ਸੀਤਲੁ ਹੋਇ ॥

لکھ کھُسیِیا پاتِشاہیِیا
جے ستِگُرُ ندرِ کرے ءِ ॥
نِمکھ ایک ہرِ نامُ دے ءِ
میرا منُ تنُ سِیتلُ ہوءِ ॥

ਜਿਸ ਕਉ ਪੂਰਬਿ ਲਿਖਿਆ
ਤਿਨਿ ਸਤਿਗੁਰ ਚਰਨ ਗਹੇ ॥੨॥
ਸਫਲ ਮੂਰਤੁ ਸਫਲਾ ਘੜੀ
ਜਿਤੁ ਸਚੇ ਨਾਲਿ ਪਿਆਰੁ ॥
ਦੂਖੁ ਸੰਤਾਪੁ ਨ ਲਗਈ
ਜਿਸੁ ਹਰਿ ਕਾ ਨਾਮੁ ਅਧਾਰੁ ॥

جِس ک ءُ پوُربِ لِکھیا
تِنِ ستِگُر چرن گہے ॥2॥
سپھل موُرتُ سپھلا گھڑی
جِتُ سچے نالِ پِیارُ ॥
دوُکھُ سنتاپُ ن لگئی
جِسُ ہرِ کا نامُ ادھارُ ॥

ਬਾਹ ਪਕੜਿ ਗੁਰਿ ਕਾਢਿਆ
ਸੋਈ ਉਤਰਿਆ ਪਾਰਿ ॥੩॥
ਥਾਨੁ ਸੁਹਾਵਾ ਪਵਿਤੁ ਹੈ
ਜਿਥੈ ਸੰਤ ਸਭਾ ॥
ਢੋਈ ਤਿਸ ਹੀ ਨੋ ਮਿਲੈ
ਜਿਨਿ ਪੂਰਾ ਗੁਰੂ ਲਭਾ ॥

باہ پکڑِ گُرِ کاڈھیا
سوئی اُترِیا پارِ ॥3॥
تھانُ سُہاوا پوِتُ ہے
جِتھے سنّت سبھا ॥
ڈھوئی تِس ہی نو مِلے
جِنِ پوُرا گُروُ لبھا ॥

ਨਾਨਕ ਬਧਾ ਘਰੁ ਤਹਾਂ
ਜਿਥੈ ਮਿਰਤੁ ਨ ਜਨਮੁ ਜਰਾ ॥੪॥੬॥੭੬॥
ਸ੍ਰੀਰਾਗੁ ਮਹਲਾ ੫ ॥

نانک بدھا گھرُ تہاں
جِتھے مِرتُ ن جنمُ جرا ॥4॥6॥ 76 ॥
سّریراگُ محلا 5 ॥

ਸੋਈ ਧਿਆਈਐ ਜੀਅੜੇ
ਸਿਰਿ ਸਾਹਾਂ ਪਾਤਿਸਾਹੁ ॥

سوئی دھیائیئے جیئڑے
سِرِ ساہاں پاتِشاہُ ॥

ਤਿਸ ਹੀ ਕੀ ਕਰਿ ਆਸ ਮਨ
ਜਿਸ ਕਾ ਸਭਸੁ ਵੇਸਾਹੁ ॥

تِس ہی کی کرِ آس من
جِس کا سبھسُ ویساہُ ॥

ਸਭਿ ਸਿਆਣਪਾ ਛਡਿ ਕੈ
ਗੁਰ ਕੀ ਚਰਣੀ ਪਾਹੁ ॥੧॥

سبھِ سِیانپا چھڈِ کے
گُر کی چرنٹی پاہُ ॥1॥

ਮਨ ਮੇਰੇ ਸੁਖ ਸਹਜ ਸੇਤੀ ਜਪਿ ਨਾਉ ॥

من میرے سُکھ سہج سیتی جپِ ناءُ ॥

ਆਠ ਪਹਰ ਪ੍ਰਭੁ ਧਿਆਇ ਤੂੰ
ਗੁਣ ਗੋਇੰਦ ਨਿਤ ਗਾਉ ॥੧॥ ਰਹਾਉ ॥

آٹھ پہر پربھُ دھیاءِ توُنّ
گُن گوئِندّ نِت گاءُ ॥1॥ رہاءُ ॥

ਤਿਸ ਕੀ ਸਰਨੀ ਪਰੁ ਮਨਾ
ਜਿਸੁ ਜੇਵਡੁ ਅਵਰੁ ਨ ਕੋਇ ॥

تِس کی سرنی پرُ منا
جِسُ جیوڈُ اورُ ن کوءِ ॥

ਜਿਸੁ ਸਿਮਰਤ ਸੁਖੁ ਹੋਇ ਘਣਾ
ਦੁਖੁ ਦਰਦੁ ਨ ਮੂਲੇ ਹੋਇ ॥

جِسُ سِمرت سُکھُ ہوءِ گھنّا
دُکھُ دردُ ن موُلے ہوءِ ॥

ਸਦਾ ਸਦਾ ਕਰਿ ਚਾਕਰੀ ਪ੍ਰਭੁ
ਸਾਹਿਬੁ ਸਚਾ ਸੋਇ ॥੨॥

سدا سدا کرِ چاکری پربھُ
صاحِبُ سچا سوءِ ॥2॥

ਸਾਧਸੰਗਤਿ ਹੋਇ ਨਿਰਮਲਾ
ਕਟੀਐ ਜਮ ਕੀ ਫਾਸ ॥

سادھسنگتِ ہوءِ نِرملا
کٹیئے جم کی پھاس ॥

ਸੁਖਦਾਤਾ ਭੈ ਭੰਜਨੋ
ਤਿਸੁ ਆਗੈ ਕਰਿ ਅਰਦਾਸਿ ॥

سُکھداتا بھے بھنّجنو
تِسُ آگے کرِ عرداسِ ॥

ਮਿਹਰ ਕਰੇ ਜਿਸੁ ਮਿਹਰਵਾਨੁ
ਤਾਂ ਕਾਰਜੁ ਆਵੈ ਰਾਸਿ ॥੩॥

مِہر کرے جِسُ مِہروانُ
تاں کارجُ آوے راسِ ॥3॥

ਬਹੁਤੋ ਬਹੁਤੁ ਵਖਾਣੀਐ
ਊਚੋ ਊਚਾ ਥਾਉ ॥

بہُتو بہُتُ وکھانئیے
اوُچو اوُچا تھاءُ ॥

ਵਰਨਾ ਚਿਹਨਾ ਬਾਹਰਾ
ਕੀਮਤਿ ਕਹਿ ਨ ਸਕਾਉ ॥

ورنا چِہنا باہرا
قِیمتِ کہِ ن سکاءُ ॥

ਨਾਨਕ ਕਉ ਪ੍ਰਭ ਮਇਆ ਕਰਿ
ਸਚੁ ਦੇਵਹੁ ਅਪੁਣਾ ਨਾਉ ॥੪॥੭॥੭੭॥

نانک ک ءُ پربھ مئیا کرِ
سچُ دیوہُ اپُنا ناءُ ॥4॥7॥ 77 ॥

ਸ੍ਰੀਰਾਗੁ ਮਹਲਾ ੫ ॥

سریراگُ محلا 5 ॥

ਨਾਮੁ ਧਿਆਏ ਸੋ ਸੁਖੀ
ਤਿਸੁ ਮੁਖੁ ਊਜਲੁ ਹੋਇ ॥

نامُ دھیائے سو سُکھی
تِسُ مُکھُ اوُجلُ ہوءِ ॥

ਪੂਰੇ ਗੁਰ ਤੇ ਪਾਈਐ
ਪਰਗਟੁ ਸਭਨੀ ਲੋਇ ॥

پوُرے گُر تے پائیئے
پرگٹُ سبھنی لوءِ ॥

ਸਾਧਸੰਗਤਿ ਕੈ ਘਰਿ ਵਸੈ
ਏਕੋ ਸਚਾ ਸੋਇ ॥੧॥

سادھسنگتِ کے گھرِ وسے
ایکو سچا سوءِ ॥1॥

ਮੇਰੇ ਮਨ ਹਰਿ ਹਰਿ ਨਾਮੁ ਧਿਆਇ ॥

میرے من ہرِ ہرِ نامُ دھیاءِ ॥

ਨਾਮੁ ਸਹਾਈ ਸਦਾ ਸੰਗਿ
ਆਗੈ ਲਏ ਛਡਾਇ ॥੧॥ ਰਹਾਉ ॥

نامُ سہائی سدا سنگِ
آگے لے چھڈاءِ ॥1॥ رہاءُ ॥

ਦੁਨੀਆ ਕੀਆ ਵਡਿਆਈਆ
ਕਵਨੈ ਆਵਹਿ ਕਾਮਿ ॥

دُنیا کیا وڈیائیا
کونے آوہِ کامِ ۔ ॥

ਮਾਇਆ ਕਾ ਰੰਗੁ ਸਭੁ ਫਿਕਾ
ਜਾਤੋ ਬਿਨਸਿ ਨਿਦਾਨਿ ॥

مائیا کا رنگُ سبھُ پھِکا
جاتو بِنسِ نِدانِ ॥

ਜਾ ਕੈ ਹਿਰਦੈ ਹਰਿ ਵਸੈ
ਸੋ ਪੂਰਾ ਪਰਧਾਨੁ ॥੨॥

جا کے ہِردے ہرِ وسے
سو پوُرا پردھانُ ॥2॥

ਸਾਧੂ ਕੀ ਹੋਹੁ ਰੇਣੁਕਾ
ਅਪਣਾ ਆਪੁ ਤਿਆਗਿ ॥

سادھوُ کی ہوہُ ریٹکا
اپٹا آپُ تیاگِ ॥

ਉਪਾਵ ਸਿਆਣਪ ਸਗਲ ਛਡਿ
ਗੁਰ ਕੀ ਚਰਣੀ ਲਾਗੁ ॥

اُپاو سِیانپ سگل چھڈِ
گُر کی چرٹی لاگُ ॥

ਤਿਸਹਿ ਪਰਾਪਤਿ ਰਤਨੁ ਹੋਇ
ਜਿਸੁ ਮਸਤਕਿ ਹੋਵੈ ਭਾਗੁ ॥੩॥

تِسہِ پراپتِ رتنُ ہوءِ
جِسُ مستکِ ہووے بھاگُ ॥3॥

ਤਿਸੈ ਪਰਾਪਤਿ ਭਾਈਹੋ

تِسے پراپتِ بھائیہو

ਜਿਸੁ ਦੇਵੈ ਪ੍ਰਭੁ ਆਪਿ ॥

جِسُ دیوے پربھُ آپِ ॥

ਸਤਿਗੁਰ ਕੀ ਸੇਵਾ ਸੋ ਕਰੇ
ਜਿਸੁ ਬਿਨਸੈ ਹਉਮੈ ਤਾਪੁ ॥

ستِگُر کی سیوا سو کرے
جِسُ بِنسے ہئُمے تاپُ ॥

ਨਾਨਕ ਕਉ ਗੁਰੁ ਭੇਟਿਆ
ਬਿਨਸੇ ਸਗਲ ਸੰਤਾਪ ॥੪॥੮॥੭੮॥

نانک ک ءُ گُرُ بھیٹیا
بِنسے سگل سنتاپ ॥4॥8॥ 78 ॥

ਸਿਰੀਰਾਗੁ ਮਹਲਾ ੫ ॥

سِریراگُ محلا 5 ॥

ਇਕੁ ਪਛਾਣੂ ਜੀਅ ਕਾ
ਇਕੋ ਰਖਣਹਾਰੁ ॥

اِکُ پچھانُوُ جی ء کا
اِکو رکھنہارُ ॥

ਇਕਸ ਕਾ ਮਨਿ ਆਸਰਾ
ਇਕੋ ਪ੍ਰਾਣ ਅਧਾਰੁ ॥

اِکس کا منِ آسرا
اِکو پران ادھارُ ॥

ਤਿਸੁ ਸਰਣਾਈ ਸਦਾ ਸੁਖੁ
ਪਾਰਬ੍ਰਹਮੁ ਕਰਤਾਰੁ ॥੧॥

تِسُ سرنائی سدا سُکھُ
پاربرہمُ کرتارُ ॥1॥

ਮਨ ਮੇਰੇ ਸਗਲ ਉਪਾਵ ਤਿਆਗੁ ॥

من میرے سگل اُپاو تِیاگُ ॥

ਗੁਰੁ ਪੂਰਾ ਆਰਾਧਿ ਨਿਤ
ਇਕਸੁ ਕੀ ਲਿਵ ਲਾਗੁ ॥੧॥ ਰਹਾਉ ॥

گُرُ پوُرا آرادھِ نِت
اِکسُ کی لِو لاگُ ॥1॥ رہاءُ ॥

ਇਕੋ ਭਾਈ ਮਿਤੁ ਇਕੁ
ਇਕੋ ਮਾਤ ਪਿਤਾ ॥

اِکو بھائی مِتُ اِکُ
اِکو مات پِتا ॥

ਇਕਸ ਕੀ ਮਨਿ ਟੇਕ ਹੈ
ਜਿਨਿ ਜੀਉ ਪਿੰਡੁ ਦਿਤਾ ॥

اِکس کی منِ ٹیک ہے
جِنِ جیِءُ پِنڈُ دِتا ॥

ਸੋ ਪ੍ਰਭੁ ਮਨਹੁ ਨ ਵਿਸਰੈ
ਜਿਨਿ ਸਭੁ ਕਿਛੁ ਵਸਿ ਕੀਤਾ ॥੨॥

سو پربھُ منہُ ن وِسرے
جِنِ سبھُ کِچھُ وسِ کِیتا ॥2॥

ਘਰਿ ਇਕੋ ਬਾਹਰਿ ਇਕੋ
ਥਾਨ ਥਨੰਤਰਿ ਆਪ ॥

گھرِ اِکو باہرِ اِکو
تھان تھنتّرِ آپ ॥

ਜੀਅ ਜੰਤ ਸਭਿ ਜਿਨਿ ਕੀਏ
ਆਠ ਪਹਰ ਤਿਸੁ ਜਾਪਿ ॥

جی ء جنّت سبھِ جِنِ کیئے
آٹھ پہر تِسُ جاپِ ॥

ਇਕਸੁ ਸੇਤੀ ਰਤਿਆ
ਨ ਹੋਵੀ ਸੋਗ ਸੰਤਾਪੁ ॥੩॥

اِکسُ سیتی رتیا
ن ہووی سوگ سنتاپُ ॥3॥

ਪਾਰਬ੍ਰਹਮੁ ਪ੍ਰਭੁ ਏਕੁ ਹੈ
ਦੂਜਾ ਨਾਹੀ ਕੋਇ ॥

پاربرہمُ پربھُ ایکُ ہے
دوُجا ناہی کوءِ ॥

ਜੀਉ ਪਿੰਡੁ ਸਭੁ ਤਿਸ ਕਾ
ਜੋ ਤਿਸੁ ਭਾਵੈ ਸੁ ਹੋਇ ॥

جیءُ پنڈُ سبھُ تِس کا
جو تِسُ بھاوے سُ ہوءِ ॥

ਗੁਰਿ ਪੂਰੈ ਪੂਰਾ ਭਇਆ
ਜਪਿ ਨਾਨਕ ਸਚਾ ਸੋਇ ॥੪॥੯॥੭੯॥

گُرِ پوُرے پوُرا بھئیا
جپِ نانک سچا سوءِ ॥4॥9॥ 79 ॥

ਸਿਰੀਰਾਗੁ ਮਹਲਾ ੫ ॥

سِریراگُ محلا 5 ॥

ਜਿਨਾ ਸਤਿਗੁਰ ਸਿਉ ਚਿਤੁ ਲਾਇਆ
ਸੇ ਪੂਰੇ ਪਰਧਾਨ ॥

جِنا ستِگُر سِءُ چِتُ لائیا
سے پوُرے پردھان ॥

ਜਿਨ ਕਉ ਆਪਿ ਦਇਆਲੁ ਹੋਇ
ਤਿਨ ਉਪਜੈ ਮਨਿ ਗਿਆਨੁ ॥

جِن کءُ آپِ دیئالُ ہوءِ
تِن اُپجےَ منِ گیانُ ॥

ਜਿਨ ਕਉ ਮਸਤਕਿ ਲਿਖਿਆ
ਤਿਨ ਪਾਇਆ ਹਰਿ ਨਾਮੁ ॥੧॥

جِن کءُ مستکِ لِکھیا
تِن پائیا ہرِ نامُ ॥1॥

ਮਨ ਮੇਰੇ ਏਕੋ ਨਾਮੁ ਧਿਆਇ ॥

من میرے ایکو نامُ دھیاءِ ॥

ਸਰਬ ਸੁਖਾ ਸੁਖ ਊਪਜਹਿ
ਦਰਗਹ ਪੈਧਾ ਜਾਇ ॥੧॥ ਰਹਾਉ ॥

سرب سُکھا سُکھ اوُپجہِ
درگہ پیَدھا جاءِ ॥1॥ رہاءُ ॥

ਜਨਮ ਮਰਣ ਕਾ ਭਉ ਗਇਆ
ਭਾਉ ਭਗਤਿ ਗੋਪਾਲ ॥

جنم مرنُ کا بھءُ گئیا
بھاءُ بھگتِ گوپال ॥

ਸਾਧੂ ਸੰਗਤਿ ਨਿਰਮਲਾ
ਆਪਿ ਕਰੇ ਪ੍ਰਤਿਪਾਲ ॥

سادھوُ سنگتِ نِرملا
آپِ کرے پرتپال ॥

ਜਨਮ ਮਰਣ ਕੀ ਮਲੁ ਕਟੀਐ
ਗੁਰ ਦਰਸਨੁ ਦੇਖਿ ਨਿਹਾਲ ॥੨॥

جنم مرنُ کی مل کٹیئے
گُر درسنُ دیکھِ نہال ॥2॥

ਥਾਨ ਥਨੰਤਰਿ ਰਵਿ ਰਹਿਆ

تھان تھنتّرِ روِ رہیا

ਪਾਰਬ੍ਰਹਮੁ ਪ੍ਰਭੁ ਸੋਇ ॥

پاربرہمُ پربھُ سوءِ ॥

ਸਭਨਾ ਦਾਤਾ ਏਕੁ ਹੈ
ਦੂਜਾ ਨਾਹੀ ਕੋਇ ॥

سبھنا داتا ایکُ ہے
دوُجا ناہی کوءِ ॥

ਤਿਸੁ ਸਰਣਾਈ ਛੁਟੀਐ
ਕੀਤਾ ਲੋੜੇ ਸੁ ਹੋਇ ॥੩॥

تِسُ سرٹائی چھُٹیئے
کِیتا لوڑے سُ ہوءِ ॥3॥

ਜਿਨ ਮਨਿ ਵਸਿਆ ਪਾਰਬ੍ਰਹਮੁ
ਸੇ ਪੂਰੇ ਪਰਧਾਨ ॥

جِن منِ وسِیا پاربرہمُ
سے پوُرے پردھان ॥

ਤਿਨ ਕੀ ਸੋਭਾ ਨਿਰਮਲੀ
ਪਰਗਟੁ ਭਈ ਜਹਾਨ ॥

تِن کی سوبھا نِرملی
پرگٹُ بھئی جہان ॥

ਜਿਨੀ ਮੇਰਾ ਪ੍ਰਭੁ ਧਿਆਇਆ
ਨਾਨਕ ਤਿਨ ਕੁਰਬਾਨ ॥੪॥੧੦॥੮੦॥

جِنی میرا پربھُ دھیائیا
نانک تِن قُربان ॥4॥ 10 ॥ 80 ॥

ਸਿਰੀਰਾਗੁ ਮਹਲਾ ੫ ॥

سِریراگُ محلا 5 ॥

ਮਿਲਿ ਸਤਿਗੁਰ ਸਭੁ ਦੁਖੁ ਗਇਆ
ਹਰਿ ਸੁਖੁ ਵਸਿਆ ਮਨਿ ਆਇ ॥

مِلِ ستِگُر سبھُ دُکھُ گیئا
ہرِ سُکھُ وسِیا منِ آءِ ॥

ਅੰਤਰਿ ਜੋਤਿ ਪ੍ਰਗਾਸੀਆ
ਏਕਸੁ ਸਿਉ ਲਿਵ ਲਾਇ ॥

انترِ جوتِ پرگاسِیا
ایکسُ سِءُ لِو لاءِ ॥

ਮਿਲਿ ਸਾਧੂ ਮੁਖੁ ਊਜਲਾ
ਪੂਰਬਿ ਲਿਖਿਆ ਪਾਇ ॥

مِلِ سادھوُ مُکھُ اوُجلا
پوُربِ لِکھیا پاءِ ॥

ਗੁਣ ਗੋਵਿੰਦ ਨਿਤ ਗਾਵਣੇ
ਨਿਰਮਲ ਸਾਚੈ ਨਾਇ ॥੧॥

گُنٹ گووِندَ نِت گاوٹے
نِرمل ساچےَ ناءِ ॥1॥

ਮੇਰੇ ਮਨ ਗੁਰ ਸਬਦੀ ਸੁਖੁ ਹੋਇ ॥

میرے من گُر سبدی سُکھُ ہوءِ ॥

ਗੁਰ ਪੂਰੇ ਕੀ ਚਾਕਰੀ
ਬਿਰਥਾ ਜਾਇ ਨ ਕੋਇ ॥੧॥ ਰਹਾਉ ॥

گُر پوُرے کی چاکری
برتھا جاءِ ن کوءِ ॥1॥ رہاءُ ॥

ਮਨ ਕੀਆ ਇਛਾਂ ਪੂਰੀਆ
ਪਾਇਆ ਨਾਮੁ ਨਿਧਾਨੁ ॥

من کِیا اِچھاں پوُرِیا
پائیا نامُ نِدھانُ ॥

ਅੰਤਰਜਾਮੀ ਸਦਾ ਸੰਗਿ
ਕਰਣੈਹਾਰੁ ਪਛਾਨੁ ॥

ਗੁਰ ਪਰਸਾਦੀ ਮੁਖੁ ਊਜਲਾ
ਜਪਿ ਨਾਮੁ ਦਾਨੁ ਇਸਨਾਨੁ ॥

ਕਾਮੁ ਕ੍ਰੋਧੁ ਲੋਭੁ ਬਿਨਸਿਆ
ਤਜਿਆ ਸਭੁ ਅਭਿਮਾਨੁ ॥੨॥

ਪਾਇਆ ਲਾਹਾ ਲਾਭੁ ਨਾਮੁ
ਪੂਰਨ ਹੋਏ ਕਾਮ ॥

ਕਰਿ ਕਿਰਪਾ ਪ੍ਰਭਿ ਮੇਲਿਆ
ਦੀਆ ਅਪਣਾ ਨਾਮੁ ॥

ਆਵਣ ਜਾਣਾ ਰਹਿ ਗਇਆ
ਆਪਿ ਹੋਆ ਮਿਹਰਵਾਨੁ ॥

ਸਚੁ ਮਹਲੁ ਘਰੁ ਪਾਇਆ
ਗੁਰ ਕਾ ਸਬਦੁ ਪਛਾਨੁ ॥੩॥

ਭਗਤ ਜਨਾ ਕਉ ਰਾਖਦਾ
ਆਪਣੀ ਕਿਰਪਾ ਧਾਰਿ ॥

ਹਲਤਿ ਪਲਤਿ ਮੁਖ ਊਜਲੇ
ਸਾਚੇ ਕੇ ਗੁਣ ਸਾਰਿ ॥

ਆਠ ਪਹਰ ਗੁਣ ਸਾਰਦੇ
ਰਤੇ ਰੰਗਿ ਅਪਾਰ ॥

ਪਾਰਬ੍ਰਹਮੁ ਸੁਖ ਸਾਗਰੋ
ਨਾਨਕ ਸਦ ਬਲਿਹਾਰ ॥੪॥੧੧॥੮੧॥

ਸਿਰੀਰਾਗੁ ਮਹਲਾ ੫ ॥

ਪੂਰਾ ਸਤਿਗੁਰੁ ਜੇ ਮਿਲੈ
ਪਾਈਐ ਸਬਦੁ ਨਿਧਾਨੁ ॥

انترجامی سدا سنگِ
کرٹیہارُ پچھانُ ॥

گُر پرسادی مُکھُ اوُجلا
جپِ نامُ دانُ اِسنانُ ॥

کامُ کرودھُ لوبھُ بِنسِیا
تجِیا سبھُ ابھِمانُ ॥2॥

پائِیا لاہا لابھُ نامُ
پوُرن ہوئے کام ॥

کرِ کِرپا پربھِ میلِیا
دِیِیا اپٹا نامُ ॥

آوٹ جاٹا رہِ گئِیا
آپِ ہویا مِہروانُ ॥

سچُ محلُ گھرُ پائِیا
گُر کا سبدُ پچھانُ ॥3॥

بھگت جنا کءُ راکھدا
آپٹی کِرپا دھارِ ॥

ہلتِ پلتِ مُکھ اوُجلے
ساچے کے گُٹ سارِ ॥

آٹھ پہر گُٹ ساردے
رتے رنگِ اپارِ ॥

پاربرّہمُ سُکھ ساگرو
نانک سد بلِہارِ ॥4॥ 11 ॥ 81 ॥

سِرِیراگُ محلا 5 ॥

پوُرا ستِگُرُ جے مِلےَ
پائیئےَ سبدُ نِدھانُ ॥

ਕਰਿ ਕਿਰਪਾ ਪ੍ਰਭ ਆਪਣੀ
ਜਪੀਐ ਅੰਮ੍ਰਿਤ ਨਾਮੁ ॥

کرِ کرِپا پربھ آپنی
جپیئے امرِت نامُ ॥

ਜਨਮ ਮਰਣ ਦੁਖੁ ਕਾਟੀਐ
ਲਾਗੈ ਸਹਜਿ ਧਿਆਨੁ ॥੧॥

جنم مرنُ دُکھُ کاٹیئے
لاگے سہجِ دھیانُ ॥1॥

ਮੇਰੇ ਮਨ ਪ੍ਰਭ ਸਰਣਾਈ ਪਾਇ ॥

میرے من پربھ سرنائی پاءِ ॥

ਹਰਿ ਬਿਨੁ ਦੂਜਾ ਕੋ ਨਹੀ
ਏਕੋ ਨਾਮੁ ਧਿਆਇ ॥੧॥ ਰਹਾਉ ॥

ہرِ بِنُ دوُجا کو نہی
ایکو نامُ دھیاءِ ॥1॥ رہاءُ ॥

ਕੀਮਤਿ ਕਹਣੁ ਨ ਜਾਈਐ
ਸਾਗਰੁ ਗੁਣੀ ਅਥਾਹੁ ॥

قِیمتِ کہنُ ن جائیئے
ساگرُ گُنی اتھاہُ ॥

ਵਡਭਾਗੀ ਮਿਲੁ ਸੰਗਤੀ
ਸਚਾ ਸਬਦੁ ਵਿਸਾਹੁ ॥

وڈبھاگی مِلُ سنگتی
سچا سبدُ وِساہُ ॥

ਕਰਿ ਸੇਵਾ ਸੁਖ ਸਾਗਰੈ
ਸਿਰਿ ਸਾਹਾ ਪਾਤਿਸਾਹੁ ॥੨॥

کرِ سیوا سُکھ ساگرے
سِرِ ساہا پاتِشاہُ ॥2॥

ਚਰਣ ਕਮਲ ਕਾ ਆਸਰਾ
ਦੂਜਾ ਨਾਹੀ ਠਾਉ ॥

چرنُ کمل کا آسرا
دوُجا ناہی ٹھاءُ ॥

ਮੈ ਧਰ ਤੇਰੀ ਪਾਰਬ੍ਰਹਮ
ਤੇਰੈ ਤਾਣਿ ਰਹਾਉ ॥

مے دھر تیری پاربرہم
تیرے تانِ رہاءُ ॥

ਨਿਮਾਣਿਆ ਪ੍ਰਭੁ ਮਾਣੁ ਤੂੰ
ਤੇਰੈ ਸੰਗਿ ਸਮਾਉ ॥੩॥

نِماٹیا پربھُ مانُ توُنَ
تیرے سنگِ سماءُ ॥3॥

ਹਰਿ ਜਪੀਐ ਆਰਾਧੀਐ
ਆਠ ਪਹਰ ਗੋਵਿੰਦੁ ॥

ہرِ جپیئے آرادھیئے
آٹھ پہر گووِندُ ॥

ਜੀਅ ਪ੍ਰਾਣ ਤਨੁ ਧਨੁ ਰਖੇ
ਕਰਿ ਕਿਰਪਾ ਰਾਖੀ ਜਿੰਦੁ ॥

جیء پراٹ تنُ دھنُ رکھے
کرِ کرِپا راکھی جِندُ ॥

ਨਾਨਕ ਸਗਲੇ ਦੋਖ ਉਤਾਰਿਅਨੁ
ਪ੍ਰਭੁ ਪਾਰਬ੍ਰਹਮ ਬਖਸਿੰਦੁ ॥੪॥੧੨॥੮੨॥

نانک سگلے دوکھ اُتارِئنُ
پربھُ پاربرہم بخشِندُ ॥4॥ 12 ॥ 82 ॥

ਸਿਰੀਰਾਗੁ ਮਹਲਾ ੫ ॥	سِریراگُ محلا 5 ॥
ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ ॥	پّریتِ لگی تِسُ سچ سِ ءُ مرے ن آوے جاءِ ॥
ਨਾ ਵੇਛੋੜਿਆ ਵਿਛੁੜੈ ਸਭ ਮਹਿ ਰਹਿਆ ਸਮਾਇ ॥	نا ویچھوڑِیا وِچھُڑے سبھ مہِ رہِیا سماءِ ॥
ਦੀਨ ਦਰਦ ਦੁਖ ਭੰਜਨਾ ਸੇਵਕ ਕੈ ਸਤ ਭਾਇ ॥	دِین درد دُکھ بھنّجنا سیوک کے ست بھاءِ ॥
ਅਚਰਜ ਰੂਪੁ ਨਿਰੰਜਨੋ ਗੁਰਿ ਮੇਲਾਇਆ ਮਾਇ ॥੧॥	اچرج روُپُ نِرنّجنو گُرِ میلائِیا ماءِ ۔ ॥1॥
ਭਾਈ ਰੇ ਮੀਤੁ ਕਰਹੁ ਪ੍ਰਭੁ ਸੋਇ ॥	بھائی رے مِیتُ کرہُ پّربھُ سوءِ ॥
ਮਾਇਆ ਮੋਹ ਪਰੀਤਿ ਧ੍ਰਿਗੁ ਸੁਖੀ ਨ ਦੀਸੈ ਕੋਇ ॥੧॥ ਰਹਾਉ ॥	مائِیا موہ پریتِ دھّرِگُ سُکھی ن دیسے کوءِ ॥1॥ رہاءُ ॥
ਦਾਨਾ ਦਾਤਾ ਸੀਲਵੰਤੁ ਨਿਰਮਲੁ ਰੂਪੁ ਅਪਾਰੁ ॥	دانا داتا سِیلونّتُ نِرملُ روُپُ اپارُ ॥
ਸਖਾ ਸਹਾਈ ਅਤਿ ਵਡਾ ਊਚਾ ਵਡਾ ਅਪਾਰੁ ॥	سکھا سہائی اتِ وڈا اوُچا وڈا اپارُ ॥
ਬਾਲਕੁ ਬਿਰਧਿ ਨ ਜਾਣੀਐ ਨਿਹਚਲੁ ਤਿਸੁ ਦਰਵਾਰੁ ॥	بالکُ بِردھِ ن جانئیے نِہچلُ تِسُ دروارُ ॥
ਜੋ ਮੰਗੀਐ ਸੋਈ ਪਾਈਐ ਨਿਧਾਰਾ ਆਧਾਰੁ ॥੨॥	جو منگیے سوئی پائیے نِدھارا آدھارُ ॥2॥
ਜਿਸੁ ਪੇਖਤ ਕਿਲਵਿਖ ਹਿਰਹਿ ਮਨਿ ਤਨਿ ਹੋਵੈ ਸਾਂਤਿ ॥	جِسُ پیکھت کِلوِکھ ہِرہِ منِ تنِ ہووے سانْتِ ॥
ਇਕ ਮਨਿ ਏਕੁ ਧਿਆਈਐ ਮਨ ਕੀ ਲਾਹਿ ਭਰਾਂਤਿ ॥	اِک منِ ایکُ دھِیائیے من کی لاہِ بھرانْتِ ॥
ਗੁਣ ਨਿਧਾਨੁ ਨਵਤਨੁ ਸਦਾ	گُنّ نِدھانُ نوتنُ سدا

ਪੂਰਨ ਜਾ ਕੀ ਦਾਤਿ ॥

پوُرن جا کی داتِ ॥

ਸਦਾ ਸਦਾ ਆਰਾਧੀਐ
ਦਿਨੁ ਵਿਸਰਹੁ ਨਹੀ ਰਾਤਿ ॥੩॥

سدا سدا آرادھیئے
دِنُ وِسرہُ نہی راتِ ॥3॥

ਜਿਨ ਕਉ ਪੂਰਬਿ ਲਿਖਿਆ
ਤਿਨ ਕਾ ਸਖਾ ਗੋਵਿੰਦੁ ॥

جِن ک ءُ پوُربِ لِکھیا
تِن کا سکھا گووِندُ ॥

ਤਨੁ ਮਨੁ ਧਨੁ ਅਰਪੀ ਸਭੋ
ਸਗਲ ਵਾਰੀਐ ਇਹ ਜਿੰਦੁ ॥

تنُ منُ دھنُ ارپی سبھو
سگل وارِیئے اِہ جِندُ ॥

ਦੇਖੈ ਸੁਣੈ ਹਦੂਰਿ ਸਦ
ਘਟਿ ਘਟਿ ਬ੍ਰਹਮੁ ਰਵਿੰਦੁ ॥

دیکھے سُنے حدوُرِ سد
گھٹِ گھٹِ برہمُ روِندُ ॥

ਅਕਿਰਤਘਣਾ ਨੋ ਪਾਲਦਾ
ਪ੍ਰਭ ਨਾਨਕ ਸਦ ਬਖਸਿੰਦੁ ॥੪॥੧੩॥੮੩॥

اکِرتگھٹا نو پالدا
پربھ نانک سد بخشِندُ ॥4॥ 13 ॥ 83 ॥

ਸਿਰੀਰਾਗੁ ਮਹਲਾ ੫ ॥

سِریراگُ محلا 5 ॥

ਮਨੁ ਤਨੁ ਧਨੁ ਜਿਨਿ ਪ੍ਰਭਿ ਦੀਆ
ਰਖਿਆ ਸਹਜਿ ਸਵਾਰਿ ॥

منُ تنُ دھنُ جِنِ پربھِ دِیِیا
رکھِیا سہجِ سوارِ ॥

ਸਰਬ ਕਲਾ ਕਰਿ ਥਾਪਿਆ
ਅੰਤਰਿ ਜੋਤਿ ਅਪਾਰ ॥

سرب کلا کرِ تھاپِیا
انترِ جوتِ اپار ॥

ਸਦਾ ਸਦਾ ਪ੍ਰਭੁ ਸਿਮਰੀਐ
ਅੰਤਰਿ ਰਖੁ ਉਰ ਧਾਰਿ ॥੧॥

سدا سدا پربھُ سِمریئے
انترِ رکھُ اُر دھارِ ॥1॥

ਮੇਰੇ ਮਨ ਹਰਿ ਬਿਨੁ ਅਵਰੁ ਨ ਕੋਇ ॥

میرے من ہرِ بِنُ اورُ ن کوءِ ॥

ਪ੍ਰਭ ਸਰਣਾਈ ਸਦਾ ਰਹੁ
ਦੂਖੁ ਨ ਵਿਆਪੈ ਕੋਇ ॥੧॥ ਰਹਾਉ ॥

پربھ سرٹائی سدا رہُ
دوُکھُ ن وِیاپے کوءِ ॥1॥ رہاءُ ॥

ਰਤਨ ਪਦਾਰਥ ਮਾਣਕਾ
ਸੁਇਨਾ ਰੁਪਾ ਖਾਕੁ ॥

رتن پدارتھ ماٹکا
سُئِنا رُپا خاکُ ॥

ਮਾਤ ਪਿਤਾ ਸੁਤ ਬੰਧਪਾ
ਕੂੜੇ ਸਭੇ ਸਾਕ ॥

مات پِتا سُت بنّدھپا
کوُڑے سبھے ساک ॥

ਜਿਨਿ ਕੀਤਾ ਤਿਸਹਿ ਨ ਜਾਣਈ
ਮਨਮੁਖ ਪਸੁ ਨਾਪਾਕ ॥੨॥

جِنِ کِیتا تِسہِ ن جاٹئی
منمکھ پسُ ناپاک ॥2॥

ਅੰਤਰਿ ਬਾਹਰਿ ਰਵਿ ਰਹਿਆ
ਤਿਸ ਨੋ ਜਾਣੈ ਦੂਰਿ ॥

انترِ باہرِ روِ رہیا
تِس نو جانٹے دوُرِ ॥

ਤ੍ਰਿਸਨਾ ਲਾਗੀ ਰਚਿ ਰਹਿਆ
ਅੰਤਰਿ ਹਉਮੈ ਕੂਰਿ ॥

تّرِسنا لاگی رچِ رہیا
انترِ ہئُمے کوُرِ ॥

ਭਗਤੀ ਨਾਮ ਵਿਹੂਣਿਆ
ਆਵਹਿ ਵੰਞਹਿ ਪੂਰ ॥੩॥

بھگتی نام وِہوُٹیا
آوہِ ونّجہِ پوُر ॥3॥

ਰਾਖਿ ਲੇਹੁ ਪ੍ਰਭੁ ਕਰਣਹਾਰ
ਜੀਅ ਜੰਤ ਕਰਿ ਦਇਆ ॥

راکھِ لیہُ پربھُ کرٹہار
جیء جنّت کرِ دئیا ॥

ਬਿਨੁ ਪ੍ਰਭ ਕੋਇ ਨ ਰਖਨਹਾਰੁ
ਮਹਾ ਬਿਕਟ ਜਮ ਭਇਆ ॥

بِنُ پربھ کوءِ ن رکھنہارُ
مہا بِکٹ جم بھئیا ॥

ਨਾਨਕ ਨਾਮੁ ਨ ਵੀਸਰਉ
ਕਰਿ ਅਪੁਨੀ ਹਰਿ ਮਇਆ ॥੪॥੧੪॥੮੪॥

نانک نامُ ن وِیسرءُ
کرِ اپُنی ہرِ مئیا ॥4॥ 14 ॥ 84 ॥

ਸਿਰੀਰਾਗੁ ਮਹਲਾ ੫ ॥

سِریراگُ محلا 5 ॥

ਮੇਰਾ ਤਨੁ ਅਰੁ ਧਨੁ ਮੇਰਾ
ਰਾਜ ਰੂਪ ਮੈ ਦੇਸੁ ॥

میرا تنُ ارُ دھنُ میرا
راج روُپ مے دیسُ ॥

ਸੁਤ ਦਾਰਾ ਬਨਿਤਾ ਅਨੇਕ
ਬਹੁਤੁ ਰੰਗ ਅਰੁ ਵੇਸ ॥

سُت دارا بِنتا انیک
بہُتُ رنگ ارُ ویس ॥

ਹਰਿ ਨਾਮੁ ਰਿਦੈ ਨ ਵਸਈ
ਕਾਰਜਿ ਕਿਤੈ ਨ ਲੇਖਿ ॥੧॥

ہرِ نامُ رِدے ن وسئی
کارجِ کِتے ن لیکھِ ॥1॥

ਮੇਰੇ ਮਨ ਹਰਿ ਹਰਿ ਨਾਮੁ ਧਿਆਇ ॥

میرے من ہرِ ہرِ نامُ دھیاءِ ॥

ਕਰਿ ਸੰਗਤਿ ਨਿਤ ਸਾਧ ਕੀ
ਗੁਰ ਚਰਣੀ ਚਿਤੁ ਲਾਇ ॥੧॥ ਰਹਾਉ ॥

کرِ سنگتِ نِت سادھ کی
گُر چرٹی چِتُ لاءِ ॥1॥ رہاءُ ॥

ਨਾਮੁ ਨਿਧਾਨੁ ਧਿਆਈਐ

نامُ نِدھانُ دھیائیے

ਮਸਤਕਿ ਹੋਵੈ ਭਾਗੁ ॥

مستکِ ہووے بھاگُ ॥

ਕਾਰਜ ਸਭਿ ਸਵਾਰੀਅਹਿ
ਗੁਰ ਕੀ ਚਰਣੀ ਲਾਗੁ ॥

کارج سبھِ سوارِیَہِ
گُر کی چرنّی لاگُ ॥

ਹਉਮੈ ਰੋਗੁ ਭ੍ਰਮੁ ਕਟੀਐ
ਨਾ ਆਵੈ ਨਾ ਜਾਗੁ ॥੨॥

ہئمَے روگُ بھرّمُ کٹیئے
نا آوے نا جاگُ ॥2॥

ਕਰਿ ਸੰਗਤਿ ਤੂ ਸਾਧ ਕੀ
ਅਠਸਠਿ ਤੀਰਥ ਨਾਉ ॥

کرِ سنگتِ توُ سادھ کی
اٹھسٹھِ تیرتھ ناءُ ॥

ਜੀਉ ਪ੍ਰਾਣ ਮਨੁ ਤਨੁ ਹਰੇ
ਸਾਚਾ ਏਹੁ ਸੁਆਉ ॥

جیِءُ پّراںٹ منُ تنُ ہرے
ساچا ایہُ سُیاءُ ॥

ਐਥੈ ਮਿਲਹਿ ਵਡਾਈਆ
ਦਰਗਹਿ ਪਾਵਹਿ ਥਾਉ ॥੩॥

ایتھَے مِلہِ وڈائیِیا
درگہِ پاوہِ تھاءُ ॥3॥

ਕਰੇ ਕਰਾਏ ਆਪਿ ਪ੍ਰਭੁ
ਸਭੁ ਕਿਛੁ ਤਿਸ ਹੀ ਹਾਥਿ ॥

کرے کرائے آپِ پّربھُ
سبھُ کِچھُ تِس ہی ہاتھِ ॥

ਮਾਰਿ ਆਪੇ ਜੀਵਾਲਦਾ
ਅੰਤਰਿ ਬਾਹਰਿ ਸਾਥਿ ॥

مارِ آپے جیِوالدا
انّترِ باہرِ ساتھِ ॥

ਨਾਨਕ ਪ੍ਰਭ ਸਰਣਾਗਤੀ
ਸਰਬ ਘਟਾ ਕੇ ਨਾਥ ॥੪॥੧੫॥੮੫॥

نانک پّربھ سرٹاگتی
سرب گھٹا کے ناتھ ॥4॥ 15 ॥ 85 ॥

ਸਿਰੀਰਾਗੁ ਮਹਲਾ ੫ ॥

سِریراگُ محلا 5 ॥

ਸਰਣਿ ਪਏ ਪ੍ਰਭ ਆਪਣੇ
ਗੁਰੁ ਹੋਆ ਕਿਰਪਾਲੁ ॥

سرنِ پئے پّربھ آپنّے
گُرُ ہویا کِرپالُ ॥

ਸਤਗੁਰ ਕੈ ਉਪਦੇਸਿਐ
ਬਿਨਸੇ ਸਰਬ ਜੰਜਾਲ ॥

ستگُر کے اُپدیسِئے
بِنسے سرب زنّجال ॥

ਅੰਦਰੁ ਲਗਾ ਰਾਮ ਨਾਮਿ
ਅੰਮ੍ਰਿਤ ਨਦਰਿ ਨਿਹਾਲੁ ॥੧॥

انّدرُ لگا رام نامِ
انّمرِت ندرِ نِہالُ ॥1॥

ਮਨ ਮੇਰੇ ਸਤਿਗੁਰ ਸੇਵਾ ਸਾਰੁ ॥

من میرے ستِگُر سیوا سارُ ॥

ਕਰੇ ਦਇਆ ਪ੍ਰਭੁ ਆਪਣੀ
ਇਕ ਨਿਮਖ ਨ ਮਨਹੁ ਵਿਸਾਰੁ ॥ ਰਹਾਉ ॥

کرے دئیا پربھُ آپنی
اِک نِمکھ ن منہُ وِسارُ ॥ رہاءُ ॥

ਗੁਣ ਗੋਵਿੰਦ ਨਿਤ ਗਾਵੀਅਹਿ
ਅਵਗੁਣ ਕਟਣਹਾਰ ॥

گُن گووِند نِت گاویئہِ
اوگُن کٹنہار ॥

ਬਿਨੁ ਹਰਿ ਨਾਮ ਨ ਸੁਖੁ ਹੋਇ
ਕਰਿ ਡਿਠੇ ਬਿਸਥਾਰ ॥

بِنُ ہرِ نام ن سُکھُ ہوءِ
کرِ ڈِٹھے بِستھار ॥

ਸਹਜੇ ਸਿਫਤੀ ਰਤਿਆ
ਭਵਜਲੁ ਉਤਰੇ ਪਾਰਿ ॥੨॥

سہجے صِفتی رتیا
بھوجلُ اُترے پارِ ॥2॥

ਤੀਰਥ ਵਰਤ ਲਖ ਸੰਜਮਾ
ਪਾਈਐ ਸਾਧੂ ਧੂਰਿ ॥

تِیرتھ ورت لکھ سنجما
پائیئے سادھوُ دھوُرِ ॥

ਲੂਕਿ ਕਮਾਵੈ ਕਿਸ ਤੇ
ਜਾ ਵੇਖੈ ਸਦਾ ਹਦੂਰਿ ॥

لوُکِ کماوے کِس تے
جا ویکھے سدا حدوُرِ ॥

ਥਾਨ ਥਨੰਤਰਿ ਰਵਿ ਰਹਿਆ
ਪ੍ਰਭੁ ਮੇਰਾ ਭਰਪੂਰਿ ॥੩॥

تھان تھنتّرِ روِ رہیا
پربھُ میرا بھرپوُرِ ॥3॥

ਸਚੁ ਪਾਤਿਸਾਹੀ ਅਮਰੁ ਸਚੁ
ਸਚੇ ਸਚਾ ਥਾਨੁ ॥

سچُ پاتِشاہی امرُ سچُ
سچے سچا تھانُ ॥

ਸਚੀ ਕੁਦਰਤਿ ਧਾਰੀਅਨੁ
ਸਚਿ ਸਿਰਜਿਓਨੁ ਜਹਾਨੁ ॥

سچی قُدرتِ دھارِیئنُ
سچِ سِرجِئونُ جہانُ ॥

ਨਾਨਕ ਜਪੀਐ ਸਚੁ ਨਾਮੁ
ਹਉ ਸਦਾ ਸਦਾ ਕੁਰਬਾਨੁ ॥੪॥੧੬॥੮੬॥

نانک جپیئے سچُ نامُ
ہءُ سدا سدا قُربانُ ॥4॥ 16 ॥ 86 ॥

ਸਿਰੀਰਾਗੁ ਮਹਲਾ ੫ ॥

سِرِیراگُ محلا 5 ॥

ਉਦਮੁ ਕਰਿ ਹਰਿ ਜਾਪਣਾ
ਵਡਭਾਗੀ ਧਨੁ ਖਾਟਿ ॥

اُدمُ کرِ ہرِ جاپنا
وڈبھاگی دھنُ کھاٹِ ॥

ਸੰਤਸੰਗਿ ਹਰਿ ਸਿਮਰਣਾ
ਮਲੁ ਜਨਮ ਜਨਮ ਕੀ ਕਾਟਿ ॥੧॥

سنتسنگِ ہرِ سِمرنا
ملُ جنم جنم کی کاٹِ ॥1॥

ਮਨ ਮੇਰੇ ਰਾਮ ਨਾਮੁ ਜਪਿ ਜਾਪੁ ॥	من میرے رام نامُ جپِ جاپُ ॥
ਮਨ ਇਛੇ ਫਲ ਭੁੰਚਿ ਤੂ ਸਭੁ ਚੂਕੈ ਸੋਗੁ ਸੰਤਾਪੁ ॥ ਰਹਾਉ ॥	من اِچھے پھل بھُنچِ توُ سبھُ چوُکے سوگُ سنتاپُ ॥ رہاءُ ॥
ਜਿਸੁ ਕਾਰਣਿ ਤਨੁ ਧਾਰਿਆ ਸੋ ਪ੍ਰਭੁ ਡਿਠਾ ਨਾਲਿ ॥	جِسُ کارنِ تنُ دھارِیا سو پربھُ ڈِٹھا نالِ ॥
ਜਲਿ ਥਲਿ ਮਹੀਅਲਿ ਪੂਰਿਆ ਪ੍ਰਭੁ ਆਪਣੀ ਨਦਰਿ ਨਿਹਾਲਿ ॥੨॥	جلِ تھلِ مہیئلِ پوُرِیا پربھُ آپنی ندرِ نِہالِ ॥2॥
ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ ॥	منُ تنُ نِرملُ ہوئیا لاگی ساچُ پریتِ ॥
ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤਿ ॥੩॥	چرنؔ بھجے پاربرہم کے سبھِ جپ تپ تِن ہی کِیتِ ॥3॥
ਰਤਨ ਜਵੇਹਰ ਮਾਣਿਕਾ ਅੰਮ੍ਰਿਤੁ ਹਰਿ ਕਾ ਨਾਉ ॥	رتن جویہر ماڑِکا انمرِتُ ہرِ کا ناءُ ॥
ਸੂਖ ਸਹਜ ਆਨੰਦ ਰਸ ਜਨ ਨਾਨਕ ਹਰਿ ਗੁਣ ਗਾਉ ॥੪॥੧੭॥੮੭॥	سوُکھ سہج آنند رس جن نانک ہرِ گُنؔ گاءُ ॥4॥ 17 ॥ 87 ॥
ਸਿਰੀਰਾਗੁ ਮਹਲਾ ੫ ॥	سِریراگُ محلا 5 ॥
ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ ॥	سوئی ساستُ سنُؤں سوءِ جِتُ جپیئے ہرِ ناءُ ॥
ਚਰਣ ਕਮਲ ਗੁਰਿ ਧਨੁ ਦੀਆ ਮਿਲਿਆ ਨਿਥਾਵੇ ਥਾਉ ॥	چرنؔ کمل گُرِ دھنُ دیِیا مِلِیا نِتھاوے تھاءُ ॥
ਸਾਚੀ ਪੂੰਜੀ ਸਚੁ ਸੰਜਮੋ ਆਠ ਪਹਰ ਗੁਣ ਗਾਉ ॥	ساچی پوُنجی سچُ سنجمو آٹھ پہر گُنؔ گاءُ ॥
ਕਰਿ ਕਿਰਪਾ ਪ੍ਰਭੁ ਭੇਟਿਆ ਮਰਣੁ ਨ ਆਵਣੁ ਜਾਉ ॥੧॥	کرِ کِرپا پربھُ بھیٹیا مرنؔ ن آونؔ جاءُ ॥1॥
ਮੇਰੇ ਮਨ ਹਰਿ ਭਜੁ ਸਦਾ ਇਕ ਰੰਗਿ ॥	میرے من ہرِ بھجُ سدا اِک رنگِ ॥

ਘਟ ਘਟ ਅੰਤਰਿ ਰਵਿ ਰਹਿਆ
ਸਦਾ ਸਹਾਈ ਸੰਗਿ ॥੧॥ ਰਹਾਉ ॥

گھٹ گھٹ انتر روِ رہیا
سدا سہائی سنگِ ॥1॥ رہاءُ ॥

ਸੁਖਾ ਕੀ ਮਿਤਿ ਕਿਆ ਗਣੀ
ਜਾ ਸਿਮਰੀ ਗੋਵਿੰਦੁ ॥

سُکھا کی مِت کیا گنی
جا سِمری گووِندُ ॥

ਜਿਨ ਚਾਖਿਆ ਸੇ ਤ੍ਰਿਪਤਾਸਿਆ
ਉਹ ਰਸੁ ਜਾਣੈ ਜਿੰਦੁ ॥

جِن چاکھیا سے ترِپتاسِیا
اُہ رسُ جانے جِنّدُ ॥

ਸੰਤਾ ਸੰਗਤਿ ਮਨਿ ਵਸੈ
ਪ੍ਰਭੁ ਪ੍ਰੀਤਮੁ ਬਖਸਿੰਦੁ ॥

سنّتا سنگتِ منِ وسے
پربھُ پریتمُ بخشِندُ ॥

ਜਿਨਿ ਸੇਵਿਆ ਪ੍ਰਭੁ ਆਪਣਾ
ਸੋਈ ਰਾਜ ਨਰਿੰਦੁ ॥੨॥

جِنِ سیویا پربھُ آپنا
سوئی راج نرِندُ ॥2॥

ਅਉਸਰਿ ਹਰਿ ਜਸੁ ਗੁਣ ਰਮਣ
ਜਿਤੁ ਕੋਟਿ ਮਜਨ ਇਸਨਾਨੁ ॥

اُسرہرِ جسُ گُن رمن
جِتُ کوٹِ مجن اِسنانُ ॥

ਰਸਨਾ ਉਚਰੈ ਗੁਣਵਤੀ
ਕੋਇ ਨ ਪੁਜੈ ਦਾਨੁ ॥

رسنا اُچرے گُنوتی
کوءِ ن پُجے دانُ ॥

ਦ੍ਰਿਸਟਿ ਧਾਰਿ ਮਨਿ ਤਨਿ ਵਸੈ
ਦਇਆਲ ਪੁਰਖੁ ਮਿਹਰਵਾਨੁ ॥

درِسٹِ دھارِ منِ تنِ وسے
دئیال پُرکھُ مِہروانُ ॥

ਜੀਉ ਪਿੰਡੁ ਧਨੁ ਤਿਸ ਦਾ
ਹਉ ਸਦਾ ਸਦਾ ਕੁਰਬਾਨੁ ॥੩॥

جیءُ پنڈُ دھنُ تِس دا
ہءُ سدا سدا قُربانُ ॥3॥

ਮਿਲਿਆ ਕਦੇ ਨ ਵਿਛੁੜੈ
ਜੋ ਮੇਲਿਆ ਕਰਤਾਰਿ ॥

مِلیا کدے ن وِچھُڑے
جو میلیا کرتارِ ॥

ਦਾਸਾ ਕੇ ਬੰਧਨ ਕਟਿਆ
ਸਾਚੈ ਸਿਰਜਣਹਾਰਿ ॥

داسا کے بندھن کٹیا
ساچے سِرجنہارِ ॥

ਭੂਲਾ ਮਾਰਗਿ ਪਾਇਓਨੁ
ਗੁਣ ਅਵਗੁਣ ਨ ਬੀਚਾਰਿ ॥

بھُولا مارگِ پائیونُ
گُن اوگُن ن بیچارِ ॥

ਨਾਨਕ ਤਿਸੁ ਸਰਣਾਗਤੀ
ਜਿ ਸਗਲ ਘਟਾ ਆਧਾਰੁ ॥੪॥੧੮॥੮੮॥

نانک تِس سرناگتی

ਜ ਸਗਲ ਘਟਾ ਆਧਾਰੁ ॥4॥ 18 ॥ 88 ॥

جِ سگل گھٹا آدھارُ ॥4॥ 18 ॥ 88 ॥

ਸਿਰੀਰਾਗੁ ਮਹਲਾ ੫ ॥

سِرِیراگُ محلا 5 ॥

ਰਸਨਾ ਸਚਾ ਸਿਮਰੀਐ
ਮਨੁ ਤਨੁ ਨਿਰਮਲੁ ਹੋਇ ॥

رسنا سچا سِمریئے
منُ تنُ نِرملُ ہوءِ ॥

ਮਾਤ ਪਿਤਾ ਸਾਕ ਅਗਲੇ
ਤਿਸੁ ਬਿਨੁ ਅਵਰੁ ਨ ਕੋਇ ॥

مات پِتا ساک اگلے
تِسُ بِنُ اورُ ن کوءِ ॥

ਮਿਹਰ ਕਰੇ ਜੇ ਆਪਣੀ
ਚਸਾ ਨ ਵਿਸਰੈ ਸੋਇ ॥੧॥

مِہر کرے جے آپنڑی
چسا ن وِسرے سوءِ ॥1॥

ਮਨ ਮੇਰੇ ਸਾਚਾ ਸੇਵਿ ਜਿਚਰੁ ਸਾਸੁ ॥

من میرے ساچا سیوِ جِچرُ ساسُ ॥

ਬਿਨੁ ਸਚੇ ਸਭ ਕੂੜੁ ਹੈ
ਅੰਤੇ ਹੋਇ ਬਿਨਾਸੁ ॥੧॥ ਰਹਾਉ ॥

بِنُ سچے سبھ کوڑُ ہے
انّتے ہوءِ بِناسُ ॥1॥ رہاءُ ॥

ਸਾਹਿਬੁ ਮੇਰਾ ਨਿਰਮਲਾ
ਤਿਸੁ ਬਿਨੁ ਰਹਣੁ ਨ ਜਾਇ ॥

صاہِبُ میرا نِرملا
تِسُ بِنُ رہنُ ن جاءِ ॥

ਮੇਰੈ ਮਨਿ ਤਨਿ ਭੁਖ ਅਤਿ ਅਗਲੀ
ਕੋਈ ਆਣਿ ਮਿਲਾਵੈ ਮਾਇ ॥

میرے منِ تنِ بھُکھ اتِ اگلی
کوئی آنِ مِلاوے ماءِ ۔ ॥

ਚਾਰੇ ਕੁੰਡਾ ਭਾਲੀਆ
ਸਹ ਬਿਨੁ ਅਵਰੁ ਨ ਜਾਇ ॥੨॥

چارے کُنڈا بھالِیا
سہ بِنُ اورُ ن جاءِ ॥2॥

ਤਿਸੁ ਆਗੈ ਅਰਦਾਸਿ ਕਰਿ
ਜੋ ਮੇਲੇ ਕਰਤਾਰੁ ॥

تِسُ آگے عرداسِ کرِ
جو میلے کرتارُ ॥

ਸਤਿਗੁਰੁ ਦਾਤਾ ਨਾਮ ਕਾ
ਪੂਰਾ ਜਿਸੁ ਭੰਡਾਰੁ ॥

ستِگُر داتا نام کا
پوُرا جِسُ بھنڈارُ ॥

ਸਦਾ ਸਦਾ ਸਾਲਾਹੀਐ
ਅੰਤੁ ਨ ਪਾਰਾਵਾਰੁ ॥੩॥

سدا سدا سالاہیئے
انّتُ ن پاراوارُ ॥3॥

ਪਰਵਦਗਾਰੁ ਸਾਲਾਹੀਐ
ਜਿਸ ਦੇ ਚਲਤ ਅਨੇਕ ॥

پرودگارُ سالاہیئے
جِس دے چلت انیک ॥

ਸਦਾ ਸਦਾ ਆਰਾਧੀਐ	سدا سدا آرادھیئے
ਏਹਾ ਮਤਿ ਵਿਸੇਖ ॥	ایہا متِ وِسیکھ ॥
ਮਨਿ ਤਨਿ ਮਿਠਾ ਤਿਸੁ ਲਗੈ	منِ تنِ مِٹھا تِس لگے
ਜਿਸੁ ਮਸਤਕਿ ਨਾਨਕ ਲੇਖ ॥੪॥੧੯॥੮੯॥	جِس مستکِ نانک لیکھ ॥4॥ 19 ॥ 89 ॥
ਸਿਰੀਰਾਗੁ ਮਹਲਾ ੫ ॥	سِریراگُ محلا 5 ॥
ਸੰਤ ਜਨਹੁ ਮਿਲਿ ਭਾਈਹੋ	سنّت جنہُ مِلِ بھائیہو
ਸਚਾ ਨਾਮੁ ਸਮਾਲਿ ॥	سچا نامُ سمالِ ॥
ਤੋਸਾ ਬੰਧਹੁ ਜੀਅ ਕਾ	توشا بندھہُ جیء کا
ਐਥੈ ਓਥੈ ਨਾਲਿ ॥	ایتھے اوتھے نالِ ॥
ਗੁਰ ਪੂਰੇ ਤੇ ਪਾਈਐ	گُرپوُرے تے پائیئے
ਅਪਣੀ ਨਦਰਿ ਨਿਹਾਲਿ ॥	اپنی ندرِ نہالِ ॥
ਕਰਮਿ ਪਰਾਪਤਿ ਤਿਸੁ ਹੋਵੈ	کرمِ پراپتِ تِس ہووے
ਜਿਸ ਨੋ ਹੋਇ ਦਇਆਲੁ ॥੧॥	جِس نو ہوءِ دیئالُ ॥1॥
ਮੇਰੇ ਮਨ ਗੁਰ ਜੇਵਡੁ ਅਵਰੁ ਨ ਕੋਇ ॥	میرے من گُر جیوڈُ اورُ ن کوءِ ॥
ਦੂਜਾ ਥਾਉ ਨ ਕੋ ਸੁਝੈ	دوُجا تھاءُ ن کو سُجھے
ਗੁਰ ਮੇਲੇ ਸਚੁ ਸੋਇ ॥੧॥ ਰਹਾਉ ॥	گُر میلے سچُ سوءِ ॥1॥ رہاءُ ॥
ਸਗਲ ਪਦਾਰਥ ਤਿਸੁ ਮਿਲੇ	سگل پدارتھ تِس مِلے
ਜਿਨਿ ਗੁਰੁ ਡਿਠਾ ਜਾਇ ॥	جِنِ گُرُ ڈِٹھا جاءِ ॥
ਗੁਰ ਚਰਣੀ ਜਿਨ ਮਨੁ ਲਗਾ	گُر چرنی جِن منُ لگا
ਸੇ ਵਡਭਾਗੀ ਮਾਇ ॥	سے وڈبھاگی ماءِ ۔ ॥
ਗੁਰੁ ਦਾਤਾ ਸਮਰਥੁ ਗੁਰੁ	گُرُ داتا سمرتھُ گُرُ
ਗੁਰੁ ਸਭ ਮਹਿ ਰਹਿਆ ਸਮਾਇ ॥	گُرُ سبھ مہِ رہِیا سماءِ ॥
ਗੁਰੁ ਪਰਮੇਸਰੁ ਪਾਰਬ੍ਰਹਮੁ	گُرُ پرمیسرُ پاربّرہمُ
ਗੁਰੁ ਡੁਬਦਾ ਲਏ ਤਰਾਇ ॥੨॥	گُرُ ڈُبدا لے ترا ءِ ॥2॥
ਕਿਤੁ ਮੁਖਿ ਗੁਰੁ ਸਾਲਾਹੀਐ	کِتُ مُکھِ گُرُ سالاحیئے

ਕਰਣ ਕਾਰਣ ਸਮਰਥੁ ॥

کرنؔ کارنؔ سمرتھُ ॥

ਸੇ ਮਥੇ ਨਿਹਚਲ ਰਹੇ
ਜਿਨ ਗੁਰਿ ਧਾਰਿਆ ਹਥੁ ॥

سے متھے نِہچل رہے
جِن گُرِ دھارِیا ہتھُ ॥

ਗੁਰਿ ਅੰਮ੍ਰਿਤ ਨਾਮੁ ਪੀਆਲਿਆ
ਜਨਮ ਮਰਨ ਕਾ ਪਥੁ ॥

گُرِ انمّرِت نامُ پِیالیا
جنم مرن کا پتھُ ॥

ਗੁਰੁ ਪਰਮੇਸਰੁ ਸੇਵਿਆ
ਭੈ ਭੰਜਨੁ ਦੁਖ ਲਥੁ ॥੩॥

گُرُ پریسرُ سیویا
بھے بھنّجنُ دُکھ لتھُ ॥3॥

ਸਤਿਗੁਰੁ ਗਹਿਰ ਗਭੀਰੁ ਹੈ
ਸੁਖ ਸਾਗਰੁ ਅਘਖੰਡੁ ॥

ستِگُرُ گہِر گبھیرُ ہے
سُکھ ساگرُ اگھکھنڈُ ॥

ਜਿਨਿ ਗੁਰੁ ਸੇਵਿਆ ਆਪਣਾ
ਜਮਦੂਤ ਨ ਲਾਗੈ ਡੰਡੁ ॥

جِنِ گُرُ سیویا آپنا
جمدوُت ن لاگے ڈنڈُ ॥

ਗੁਰ ਨਾਲਿ ਤੁਲਿ ਨ ਲਗਈ
ਖੋਜਿ ਡਿਠਾ ਬ੍ਰਹਮੰਡੁ ॥

گُر نالِ تُلِ ن لگئی
کھوجِ ڈِٹھا برہمنڈُ ॥

ਨਾਮੁ ਨਿਧਾਨੁ ਸਤਿਗੁਰਿ ਦੀਆ
ਸੁਖੁ ਨਾਨਕ ਮਨ ਮਹਿ ਮੰਡੁ ॥੪॥੨੦॥੯੦॥

نامُ نِدھانُ ستِگُرِ دِیِیا
سُکھُ نانک من مہِ منڈُ ॥4॥ 20 ॥ 90 ॥

ਸਿਰੀਰਾਗੁ ਮਹਲਾ ੫ ॥

سِریراگُ محلا 5 ॥

ਮਿਠਾ ਕਰਿ ਕੈ ਖਾਇਆ
ਕਉੜਾ ਉਪਜਿਆ ਸਾਦੁ ॥

مِٹھا کرِ کے کھائِیا
کڑُا اُپجِیا ساوُ ॥

ਭਾਈ ਮੀਤ ਸੁਰਿਦ ਕੀਏ
ਬਿਖਿਆ ਰਚਿਆ ਬਾਦੁ ॥

بھائی میت سُرِد کیئے
بِکھیا رچِیا بادُ ॥

ਜਾਂਦੇ ਬਿਲਮ ਨ ਹੋਵਈ
ਵਿਣੁ ਨਾਵੈ ਬਿਸਮਾਦੁ ॥੧॥

جانْدے بِلم ن ہووئی
وِنُ ناوے بِسماوُ ॥1॥

ਮੇਰੇ ਮਨ ਸਤਗੁਰ ਕੀ ਸੇਵਾ ਲਾਗੁ ॥

میرے من ستگُر کی سیوا لاگ ॥

ਜੋ ਦੀਸੈ ਸੋ ਵਿਣਸਣਾ
ਮਨ ਕੀ ਮਤਿ ਤਿਆਗੁ ॥੧॥ ਰਹਾਉ ॥

جو دیسے سو وِنسنا
من کی متِ تیاگ ॥1॥ رہاءُ ॥

ਜਿਉ ਕੂਕਰੁ ਹਰਕਾਇਆ
ਧਾਵੈ ਦਹ ਦਿਸ ਜਾਇ ॥

ਲੋਭੀ ਜੰਤੁ ਨ ਜਾਣਈ
ਭਖੁ ਅਭਖੁ ਸਭ ਖਾਇ ॥

ਕਾਮ ਕ੍ਰੋਧ ਮਦਿ ਬਿਆਪਿਆ
ਫਿਰਿ ਫਿਰਿ ਜੋਨੀ ਪਾਇ ॥੨॥

ਮਾਇਆ ਜਾਲੁ ਪਸਾਰਿਆ
ਭੀਤਰਿ ਚੋਗ ਬਣਾਇ ॥

ਤ੍ਰਿਸਨਾ ਪੰਖੀ ਫਾਸਿਆ
ਨਿਕਸੁ ਨ ਪਾਏ ਮਾਇ ॥

ਜਿਨਿ ਕੀਤਾ ਤਿਸਹਿ ਨ ਜਾਣਈ
ਫਿਰਿ ਫਿਰਿ ਆਵੈ ਜਾਇ ॥੩॥

ਅਨਿਕ ਪ੍ਰਕਾਰੀ ਮੋਹਿਆ
ਬਹੁ ਬਿਧਿ ਇਹੁ ਸੰਸਾਰੁ ॥

ਜਿਸ ਨੋ ਰਖੈ ਸੋ ਰਹੈ
ਸੰਮ੍ਰਿਥੁ ਪੁਰਖੁ ਅਪਾਰੁ ॥

ਹਰਿ ਜਨ ਹਰਿ ਲਿਵ ਉਧਰੇ
ਨਾਨਕ ਸਦ ਬਲਿਹਾਰੁ ॥੪॥੨੧॥੯੧॥

ਸਿਰੀਰਾਗੁ ਮਹਲਾ ੫ ਘਰੁ ੨ ॥

ਗੋਇਲਿ ਆਇਆ ਗੋਇਲੀ
ਕਿਆ ਤਿਸੁ ਡੰਫੁ ਪਸਾਰੁ ॥

ਮੁਹਲਤਿ ਪੁੰਨੀ ਚਲਣਾ
ਤੂੰ ਸੰਮਲੁ ਘਰ ਬਾਰੁ ॥੧॥

ਹਰਿ ਗੁਣ ਗਾਉ ਮਨਾ
ਸਤਿਗੁਰੁ ਸੇਵਿ ਪਿਆਰਿ ॥

جِءُ کُوکرُ ہرکائیا
دھاوے دہ دِس جاءِ ॥

لوبھی جنتُ ن جانئی
بھکھُ ابھکھُ سبھ کھاءِ ॥

کام کرودھ مدِ بیاپیا
پھِرِ پھِرِ جونی پاءِ ॥2॥

مائیا جالُ پسارِیا
بھیترِ چوگ بناءِ ॥

ترِسنا پنکھی پھاسِیا
نِکسُ ن پائے ماءِ ۔ ॥

جِنِ کیتا تِسہِ ن جانئی
پھِرِ پھِرِ آوے جاءِ ॥3॥

انِک پرکاری موہِیا
بہُ بِدھِ اِہُ سنسارُ ॥

جِس نو رکھے سو رہے
سمرتھُ پُرکھُ اپارُ ॥

ہرِ جن ہرِ لِو اُدھرے
نانک سد بلِہارُ ॥4॥ 21 ॥ 91 ॥

سِریراگُ محلا 5 گھرُ 2 ॥

گوئلِ آئیا گوئلی
کِیا تِسُ ڈنّھُ پسارُ ۔ ॥

مُہلتِ پُنّی چلنّا
توُنّ سنملُ گھر بارُ ॥1॥

ہرِ گُن گاءُ منا
ستِگُرُ سیوِ پیارِ ॥

ਕਿਆ ਥੋੜੜੀ ਬਾਤ ਗੁਮਾਨੁ ॥੧॥ ਰਹਾਉ ॥

کِیا تھوڑڑی بات گُمانُ ॥1॥ رہاءُ ॥

ਜੈਸੇ ਰੈਣਿ ਪਰਾਹੁਣੇ
ਉਠਿ ਚਲਸਹਿ ਪਰਭਾਤਿ ॥

جیَسے رینِ پراہُنے
اُٹھِ چلسہِ پربھاتِ ॥

ਕਿਆ ਤੂੰ ਰਤਾ ਗਿਰਸਤ ਸਿਉ
ਸਭ ਫੁਲਾ ਕੀ ਬਾਗਾਤਿ ॥੨॥

کِیا توُنّ رتا گِرست سِ ءُ
سبھ پھُلا کی باغاتِ ॥2॥

ਮੇਰੀ ਮੇਰੀ ਕਿਆ ਕਰਹਿ
ਜਿਨਿ ਦੀਆ ਸੋ ਪ੍ਰਭੁ ਲੋੜਿ ॥

میری میری کِیا کرہِ
جِنِ دِیِیا سو پّربھُ لوڑِ ॥

ਸਰਪਰ ਉਠੀ ਚਲਣਾ
ਛਡਿ ਜਾਸੀ ਲਖ ਕਰੋੜਿ ॥੩॥

سرپر اُٹھی چلٹا
چھڈِ جاسی لکھ کروڑِ ॥3॥

ਲਖ ਚਉਰਾਸੀਹ ਭਰਮਤਿਆ
ਦੁਲਭ ਜਨਮੁ ਪਾਇਓਇ ॥

لکھ چرُاسیہِ بھرمتیا
دُلبھ جنمُ پائیوءِ ॥

ਨਾਨਕ ਨਾਮੁ ਸਮਾਲਿ ਤੂੰ
ਸੋ ਦਿਨੁ ਨੇੜਾ ਆਇਓਇ ॥੪॥੨੨॥੯੨॥

نانک نامُ سمالِ توُنّ
سو دِنُ نیڑا آئیوءِ ॥4॥ 22 ॥ 92 ॥

ਸਿਰੀਰਾਗੁ ਮਹਲਾ ੫ ॥

سِرِیراگُ محلا 5 ॥

ਤਿਚਰੁ ਵਸਹਿ ਸੁਹੇਲੜੀ
ਜਿਚਰੁ ਸਾਥੀ ਨਾਲਿ ॥

تِچرُ وسہِ سُہیلڑی
جِچرُ ساتھی نالِ ॥

ਜਾ ਸਾਥੀ ਉਠੀ ਚਲਿਆ
ਤਾ ਧਨ ਖਾਕੂ ਰਾਲਿ ॥੧॥

جا ساتھی اُٹھی چلِیا
تا دھن خاکوُ رالِ ॥1॥

ਮਨਿ ਬੈਰਾਗੁ ਭਇਆ
ਦਰਸਨੁ ਦੇਖਣੈ ਕਾ ਚਾਉ ॥

منِ بیَراگُ بھئیا
درسنُ دیکھنے کا چاءُ ॥

ਧੰਨੁ ਸੁ ਤੇਰਾ ਥਾਨੁ ॥੧॥ ਰਹਾਉ ॥

دھنّنُ سُ تیرا تھانُ ॥1॥ رہاءُ ॥

ਜਿਚਰੁ ਵਸਿਆ ਕੰਤੁ ਘਰਿ
ਜੀਉ ਜੀਉ ਸਭਿ ਕਹਾਤਿ ॥

جِچرُ وسِیا کنّتُ گھرِ
جِیءُ جِیءُ سبھِ کہاتِ ॥

ਜਾ ਉਠੀ ਚਲਸੀ ਕੰਤੜਾ
ਤਾ ਕੋਇ ਨ ਪੁਛੈ ਤੇਰੀ ਬਾਤ ॥੨॥

جا اُٹھی چلسی کنّتڑا
تا کوءِ ن پُچھے تیری بات ॥2॥

ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ ॥	پیئیڑے سہُ سیوِ توُنّ ساہُرڑے سُکھِ وسُ ॥
ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ ॥੩॥	گُر مِلِ چجُ اچارُ سِکھُ تُدھُ کدے ن لگےَ دُکھُ ॥3॥
ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ ॥	سبھنا ساہُرے وِنّجنّا سبھِ مُکلاوٹہار ॥
ਨਾਨਕ ਧੰਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ ॥੪॥੨੩॥੯੩॥	نانک دھنّنُ سوہاگنّی جِن سہ نالِ پیارُ ॥4॥ 23 ॥ 93 ॥
ਸਿਰੀਰਾਗੁ ਮਹਲਾ ੫ ਘਰੁ ੬ ॥	سِریراگُ محلا 5 گھرُ 6 ॥
ਕਰਣ ਕਾਰਣ ਏਕੁ ਓਹੀ ਜਿਨਿ ਕੀਆ ਆਕਾਰੁ ॥	کرنّ کارنّ ایکُ اوہی جِنِ کیِیا آکارُ ॥
ਤਿਸਹਿ ਧਿਆਵਹੁ ਮਨ ਮੇਰੇ ਸਰਬ ਕੋ ਆਧਾਰੁ ॥੧॥	تِسہِ دھیاوہُ من میرے سرب کو آدھارُ ॥1॥
ਗੁਰ ਕੇ ਚਰਨ ਮਨ ਮਹਿ ਧਿਆਇ ॥	گُر کے چرن من مہِ دھیاءِ ॥
ਛੋਡਿ ਸਗਲ ਸਿਆਣਪਾ ਸਾਚਿ ਸਬਦਿ ਲਿਵ ਲਾਇ ॥੧॥ ਰਹਾਉ ॥	چھوڈِ سگل سِیاٹپا ساچِ سبدِ لِو لاءِ ॥1॥ رہاءُ ॥
ਦੁਖੁ ਕਲੇਸੁ ਨ ਭਉ ਬਿਆਪੈ ਗੁਰ ਮੰਤ੍ਰੁ ਹਿਰਦੈ ਹੋਇ ॥	دُکھُ کلیسُ ن بھءُ بِیاپے گُر منّتر ہِردے ہوءِ ॥
ਕੋਟਿ ਜਤਨਾ ਕਰਿ ਰਹੇ ਗੁਰ ਬਿਨੁ ਤਰਿਓ ਨ ਕੋਇ ॥੨॥	کوٹِ جتنا کرِ رہے گُر بِنُ ترِئو ن کوءِ ॥2॥
ਦੇਖਿ ਦਰਸਨੁ ਮਨੁ ਸਾਧਾਰੈ ਪਾਪ ਸਗਲੇ ਜਾਹਿ ॥	دیکھِ درسنُ منُ سادھارے پاپ سگلے جاہِ ॥
ਹਉ ਤਿਨ ਕੈ ਬਲਿਹਾਰਣੈ ਜਿ ਗੁਰ ਕੀ ਪੈਰੀ ਪਾਹਿ ॥੩॥	ہءُ تِن کے بلِہارنّے جِ گُر کی پیَری پاہِ ॥3॥
ਸਾਧਸੰਗਤਿ ਮਨਿ ਵਸੈ	سادھسنگتِ منِ وسے

ਸਾਚੁ ਹਰਿ ਕਾ ਨਾਉ ॥

ساچُ ہرِ کا ناءُ ॥

ਸੇ ਵਡਭਾਗੀ ਨਾਨਕਾ
ਜਿਨਾ ਮਨਿ ਇਹੁ ਭਾਉ ॥੪॥੨੪॥੯੪॥

سے وڈبھاگی نانکا
جِنا منِ اِہُ بھاءُ ॥4॥ 24 ॥ 94 ॥

ਸਿਰੀਰਾਗੁ ਮਹਲਾ ੫ ॥

سِریراگُ محلا 5 ॥

ਸੰਚਿ ਹਰਿ ਧਨੁ ਪੂਜਿ ਸਤਿਗੁਰੁ
ਛੋਡਿ ਸਗਲ ਵਿਕਾਰ ॥

سنچِ ہرِ دھنُ پوُجِ ستِگُرُ
چھوڈِ سگل وِکار ॥

ਜਿਨਿ ਤੂੰ ਸਾਜਿ ਸਵਾਰਿਆ
ਹਰਿ ਸਿਮਰਿ ਹੋਇ ਉਧਾਰੁ ॥੧॥

جِنِ توُنّ ساجِ سوارِیا
ہرِ سِمرِ ہوءِ اُدھارُ ॥1॥

ਜਪਿ ਮਨ ਨਾਮੁ ਏਕੁ ਅਪਾਰੁ ॥

جپِ من نامُ ایکُ اپارُ ॥

ਪ੍ਰਾਨ ਮਨੁ ਤਨੁ ਜਿਨਹਿ ਦੀਆ
ਰਿਦੇ ਕਾ ਆਧਾਰੁ ॥੧॥ ਰਹਾਉ ॥

پّران منُ تنُ جِنہِ دِیِیا
رِدے کا آدھارُ ॥1॥ رہاءُ ॥

ਕਾਮਿ ਕ੍ਰੋਧਿ ਅਹੰਕਾਰਿ ਮਾਤੇ
ਵਿਆਪਿਆ ਸੰਸਾਰੁ ॥

کامِ کّرودھِ اہنّکارِ ماتے
وِیاپِیا سنّسارُ ॥

ਪਉ ਸੰਤ ਸਰਣੀ ਲਾਗੁ ਚਰਣੀ
ਮਿਟੈ ਦੂਖੁ ਅੰਧਾਰੁ ॥੨॥

پءُ سنّت سرنّی لاگُ چرنّی
مِٹے دوُکھُ اندھارُ ॥2॥

ਸਤੁ ਸੰਤੋਖੁ ਦਇਆ ਕਮਾਵੈ
ਏਹ ਕਰਣੀ ਸਾਰ ॥

ست سنّتوکھُ دئیا کماوے
ایہ کرنّی سار ॥

ਆਪੁ ਛੋਡਿ ਸਭ ਹੋਇ ਰੇਣਾ
ਜਿਸੁ ਦੇਇ ਪ੍ਰਭੁ ਨਿਰੰਕਾਰੁ ॥੩॥

آپُ چھوڈِ سبھ ہوءِ ریٹا
جِسُ دےءِ پّربھُ نِرنّکارُ ॥3॥

ਜੋ ਦੀਸੈ ਸੋ ਸਗਲ ਤੂੰਹੈ
ਪਸਰਿਆ ਪਾਸਾਰੁ ॥

جو دیسے سو سگل توُنہے
پسرِیا پاسارُ ॥

ਕਹੁ ਨਾਨਕ ਗੁਰਿ ਭਰਮੁ ਕਾਟਿਆ
ਸਗਲ ਬ੍ਰਹਮ ਬੀਚਾਰੁ ॥੪॥੨੫॥੯੫॥

کہُ نانک گُرِ بھرمُ کاٹِیا
سگل برہم بیچارُ ॥4॥ 25 ॥ 95 ॥

ਸਿਰੀਰਾਗੁ ਮਹਲਾ ੫ ॥

سِریراگُ محلا 5 ॥

ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ ॥

دُکّرِت سُکّرِت منّدھے سنّسارُ سگلاٹا ॥

ਦੁਹਹੂੰ ਤੇ ਰਹਤ ਭਗਤੁ ਹੈ
ਕੋਈ ਵਿਰਲਾ ਜਾਣਾ ॥੧॥

دُہہوُنّ تے رہت بھگتُ ہے
کوئی وِرلا جاٹا ॥1॥

ਠਾਕੁਰੁ ਸਰਬੇ ਸਮਾਣਾ ॥

ٹھاکُرُ سربے سماٹا ॥

ਕਿਆ ਕਹਉ ਸੁਣਉ ਸੁਆਮੀ
ਤੂੰ ਵਡ ਪੁਰਖੁ ਸੁਜਾਣਾ ॥੧॥ ਰਹਾਉ ॥

کِیا کہءُ سُنْءُ سُیامی
توُنّ وڈُ پُرکھُ سُجاٹا ॥1॥ رہاءُ ॥

ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥

مان ابھِمان منّدھے سو سیوکُ ناہی ॥

ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥੨॥

تت سمدرسی سنّتہُ کوئی کوٹِ منّدھاہی ॥2॥

ਕਹਨ ਕਹਾਵਨ ਇਹੁ ਕੀਰਤਿ ਕਰਲਾ ॥

کہن کہاون اِہُ کیرتِ کرلا ॥

ਕਥਨ ਕਹਨ ਤੇ ਮੁਕਤਾ
ਗੁਰਮੁਖਿ ਕੋਈ ਵਿਰਲਾ ॥੩॥

کتھن کہن تے مُکتا
گُرمُکھِ کوئی وِرلا ॥3॥

ਗਤਿ ਅਵਿਗਤਿ ਕਛੁ ਨਦਰਿ ਨ ਆਇਆ ॥

گتِ اوِگتِ کچھُ ندرِ ن آئیا ॥

ਸੰਤਨ ਕੀ ਰੇਨੁ ਨਾਨਕ ਦਾਨੁ ਪਾਇਆ ॥੪॥੨੬॥੯੬॥

سنّتن کی ریْنُ نانک دانُ پائیا ॥4॥ 26 ॥ 96 ॥

ਸਿਰੀਰਾਗੁ ਮਹਲਾ ੫ ਘਰੁ ੭ ॥

سِریراگُ محلا 5 گھرُ 7 ॥

ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥

تیرے بھروسے پِیارے مے لاڈ لڈائیا ॥

ਭੂਲਹਿ ਚੂਕਹਿ ਬਾਰਿਕ
ਤੂੰ ਹਰਿ ਪਿਤਾ ਮਾਇਆ ॥੧॥

بھوُلہِ چوُکہِ بارِک
توُنّ ہرِ پِتا مائیا ॥1॥

ਸੁਹੇਲਾ ਕਹਨੁ ਕਹਾਵਨੁ ॥

سُہیلا کہنُ کہاونُ ॥

ਤੇਰਾ ਬਿਖਮੁ ਭਾਵਨੁ ॥੧॥ ਰਹਾਉ ॥

تیرا بِکھمُ بھاونُ ॥1॥ رہاءُ ॥

ਹਉ ਮਾਣੁ ਤਾਣੁ ਕਰਉ ਤੇਰਾ
ਹਉ ਜਾਨਉ ਆਪਾ ॥

ہءُ مانُ تانُ کرءُ تیرا
ہءُ جانءُ آپا ॥

ਸਭ ਹੀ ਮਧਿ ਸਭਹਿ ਤੇ ਬਾਹਰਿ
ਬੇਮੁਹਤਾਜ ਬਾਪਾ ॥੨॥

سبھ ہی مدھِ سبھہِ تے باہرِ
بیمُحتاج باپا ॥2॥

ਪਿਤਾ ਹਉ ਜਾਨਉ ਨਾਹੀ
ਤੇਰੀ ਕਵਨ ਜੁਗਤਾ ॥

پِتا ہءُ جانءُ ناہی
تیری کون جُگتا ۔ ॥

ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥੩॥

بنّدھن مُکتُ سنّتہُ میری راکھےَ ممتا ॥3॥

ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥

بھےَ کِرپال ٹھاکُر رہِئو آونُ جاٹا ॥

ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥੪॥੨੭॥੯੭॥

گُر مِلِ نانک پاربّرہمُ پچھاٹا ॥4॥ 27 ॥ 97 ॥

ਸਿਰੀਰਾਗੁ ਮਹਲਾ ੫ ਘਰੁ ੧ ॥

سِریراگُ محلا 5 گھرُ 1 ॥

ਸੰਤ ਜਨਾ ਮਿਲਿ ਭਾਈਆ
ਕਟਿਅੜਾ ਜਮਕਾਲੁ ॥

سنّت جنا مِلِ بھائیِیا
کٹِئڑا جمکالُ ॥

ਸਚਾ ਸਾਹਿਬੁ ਮਨਿ ਵੁਠਾ
ਹੋਆ ਖਸਮੁ ਦਇਆਲੁ ॥

سچا صاحِبُ منِ وُٹھا
ہویا خصمُ دئیالُ ॥

ਪੂਰਾ ਸਤਿਗੁਰੁ ਭੇਟਿਆ
ਬਿਨਸਿਆ ਸਭੁ ਜੰਜਾਲੁ ॥੧॥

پوُرا ستِگُرُ بھیٹیا
بِنسِیا سبھُ زنّجالُ ॥1॥

ਮੇਰੇ ਸਤਿਗੁਰਾ
ਹਉ ਤੁਧੁ ਵਿਟਹੁ ਕੁਰਬਾਣੁ ॥

میرے ستِگُرا
ہءُ تُدھُ وِٹہُ قُربانُ ॥

ਤੇਰੇ ਦਰਸਨ ਕਉ ਬਲਿਹਾਰਣੈ
ਤੁਸਿ ਦਿਤਾ ਅੰਮ੍ਰਿਤ ਨਾਮੁ ॥੧॥ ਰਹਾਉ ॥

تیرے درسن کءُ بلِہارنےَ
تُسِ دِتا انمّرِت نامُ ॥1॥ رہاءُ ॥

ਜਿਨ ਤੂੰ ਸੇਵਿਆ ਭਾਉ ਕਰਿ
ਸੇਈ ਪੁਰਖ ਸੁਜਾਨ ॥

جِن توُنّ سیویا بھاءُ کرِ
سیئی پُرکھ سُجان ॥

ਤਿਨਾ ਪਿਛੈ ਛੁਟੀਐ
ਜਿਨ ਅੰਦਰਿ ਨਾਮੁ ਨਿਧਾਨੁ ॥

تِنا پچھےَ چھُٹیِئےَ
جِن انّدرِ نامُ نِدھانُ ॥

ਗੁਰ ਜੇਵਡੁ ਦਾਤਾ ਕੋ ਨਹੀ
ਜਿਨਿ ਦਿਤਾ ਆਤਮ ਦਾਨੁ ॥੨॥

گُر جیوڈُ داتا کو نہی
جِنِ دِتا آتم دانُ ॥2॥

ਆਏ ਸੇ ਪਰਵਾਣੁ ਹਹਿ
ਜਿਨ ਗੁਰੁ ਮਿਲਿਆ ਸੁਭਾਇ ॥

آئے سے پروانُ ہہِ
جِن گُرُ مِلیا سُبھاءِ ॥

ਸਚੇ ਸੇਤੀ ਰਤਿਆ
ਦਰਗਹ ਬੈਸਣੁ ਜਾਇ ॥

سچے سیتی رتیا
درگہ بیَسنُ جاءِ ॥

ਕਰਤੇ ਹਥਿ ਵਡਿਆਈਆ

کرتے ہتھِ وڈِیائیِیا

ਪੂਰਬਿ ਲਿਖਿਆ ਪਾਇ ॥੩॥	پُورب لِکھیا پاءِ ॥3॥
ਸਚੁ ਕਰਤਾ ਸਚੁ ਕਰਣਹਾਰੁ ਸਚੁ ਸਾਹਿਬੁ ਸਚੁ ਟੇਕ ॥	سچُ کرتا سچُ کرنہارُ سچُ صاحِبُ سچُ ٹیک ॥
ਸਚੋ ਸਚੁ ਵਖਾਣੀਐ ਸਚੋ ਬੁਧਿ ਬਿਬੇਕ ॥	سچو سچُ وکھانیئے سچو بُدھِ بِبیک ॥
ਸਰਬ ਨਿਰੰਤਰਿ ਰਵਿ ਰਹਿਆ ਜਪਿ ਨਾਨਕ ਜੀਵੈ ਏਕ ॥੪॥੨੮॥੯੮॥	سرب نِرنترِ روِ رہِیا جپِ نانک جیوے ایک ॥4॥ 28 ॥ 98 ॥
ਸਿਰੀਰਾਗੁ ਮਹਲਾ ੫ ॥	سِریراگُ محلا 5 ॥
ਗੁਰੁ ਪਰਮੇਸੁਰੁ ਪੂਜੀਐ ਮਨਿ ਤਨਿ ਲਾਇ ਪਿਆਰੁ ॥	گُرُ پرمیسُرُ پوُجیئے منِ تنِ لاءِ پیارُ ॥
ਸਤਿਗੁਰੁ ਦਾਤਾ ਜੀਅ ਕਾ ਸਭਸੈ ਦੇਇ ਅਧਾਰੁ ॥	ستِگُرُ داتا جیء کا سبھسے دےءِ ادھارُ ॥
ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥	ستِگُر بچن کماونے سچا ایہُ ویچارُ ॥
ਬਿਨੁ ਸਾਧੂ ਸੰਗਤਿ ਰਤਿਆ ਮਾਇਆ ਮੋਹੁ ਸਭੁ ਛਾਰੁ ॥੧॥	بِنُ سادھوُ سنگتِ رتیا مائیا موہُ سبھُ چھارُ ॥1॥
ਮੇਰੇ ਸਾਜਨ ਹਰਿ ਹਰਿ ਨਾਮੁ ਸਮਾਲਿ ॥	میرے ساجن ہرِ ہرِ نامُ سمالِ ॥
ਸਾਧੂ ਸੰਗਤਿ ਮਨਿ ਵਸੈ ਪੂਰਨ ਹੋਵੈ ਘਾਲ ॥੧॥ ਰਹਾਉ ॥	سادھوُ سنگتِ منِ وسے پوُرن ہووے گھال ॥1॥ رہاءُ ॥
ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ ॥	گُرُ سمرتھُ اپارُ گُرُ وڈبھاگی درسنُ ہوءِ ॥
ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ ॥	گُرُ اگوچرُ نِرملا گُر جیوڈُ اورُ ن کوءِ ॥
ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ ॥	گُرُ کرتا گُرُ کرنہارُ گُرمُکھِ سچی سوءِ ॥

ਗੁਰ ਤੇ ਬਾਹਰਿ ਕਿਛੁ ਨਹੀ
ਗੁਰੁ ਕੀਤਾ ਲੋੜੇ ਸੁ ਹੋਇ ॥੨॥

گُر تے باہرِ کچھُ نہی
گُرُ کِیتا لوڑے سُ ہوءِ ॥2॥

ਗੁਰੁ ਤੀਰਥੁ ਗੁਰੁ ਪਾਰਜਾਤੁ
ਗੁਰੁ ਮਨਸਾ ਪੂਰਣਹਾਰੁ ॥

گُرُ تیرتھُ گُرُ پارجاتُ
گُرُ منسا پوُرنہارُ ॥

ਗੁਰੁ ਦਾਤਾ ਹਰਿ ਨਾਮੁ ਦੇਇ
ਉਧਰੈ ਸਭੁ ਸੰਸਾਰੁ ॥

گُرُ داتا ہرِ نامُ دےءِ
اُدھرے سبھُ سنّسارُ ॥

ਗੁਰੁ ਸਮਰਥੁ ਗੁਰੁ ਨਿਰੰਕਾਰੁ
ਗੁਰੁ ਊਚਾ ਅਗਮ ਅਪਾਰੁ ॥

گُرُ سمرتھُ گُرُ نِرنّکارُ
گُرُ اوُچا اگم اپارُ ॥

ਗੁਰ ਕੀ ਮਹਿਮਾ ਅਗਮ ਹੈ
ਕਿਆ ਕਥੇ ਕਥਨਹਾਰੁ ॥੩॥

گُر کی مہِما اگم ہے
کِیا کتھے کتھنہارُ ॥3॥

ਜਿਤੜੇ ਫਲ ਮਨਿ ਬਾਛੀਅਹਿ
ਤਿਤੜੇ ਸਤਿਗੁਰ ਪਾਸਿ ॥

جِتڑے پھل منِ باچھیئہِ
تِتڑے ستِگُر پاسِ ॥

ਪੂਰਬ ਲਿਖੇ ਪਾਵਣੇ
ਸਾਚੁ ਨਾਮੁ ਦੇ ਰਾਸਿ ॥

پوُرب لِکھے پاونے
ساچُ نامُ دے راسِ ॥

ਸਤਿਗੁਰ ਸਰਣੀ ਆਇਆ
ਬਾਹੁੜਿ ਨਹੀ ਬਿਨਾਸੁ ॥

ستِگُر سرنی آئیا
باہُڑِ نہی بِناسُ ॥

ਹਰਿ ਨਾਨਕ ਕਦੇ ਨ ਵਿਸਰਉ
ਏਹੁ ਜੀਉ ਪਿੰਡੁ ਤੇਰਾ ਸਾਸੁ ॥੪॥੨੯॥੯੯॥

ہرِ نانک کدے ن وِسرءُ
ایہُ جیِءُ پِنڈُ تیرا ساسُ ॥4॥ 29 ॥ 99 ॥

ਸਿਰੀਰਾਗੁ ਮਹਲਾ ੫ ॥

سِرِیراگُ محلا 5 ॥

ਸੰਤ ਜਨਹੁ ਸੁਣਿ ਭਾਈਹੋ
ਛੂਟਨੁ ਸਾਚੈ ਨਾਇ ॥

سنّت جنہُ سُنِّ بھائیہو
چھوُٹنُ ساچےَ ناءِ ॥

ਗੁਰ ਕੇ ਚਰਣ ਸਰੇਵਣੇ
ਤੀਰਥ ਹਰਿ ਕਾ ਨਾਉ ॥

گُر کے چرنّ سریونے
تیِرتھ ہرِ کا ناءُ ॥

ਆਗੈ ਦਰਗਹਿ ਮੰਨੀਅਹਿ
ਮਿਲੈ ਨਿਥਾਵੇ ਥਾਉ ॥੧॥

آگے درگہِ منّیئہِ
مِلےَ نِتھاوے تھاءُ ॥1॥

ਭਾਈ ਰੇ ਸਾਚੀ ਸਤਿਗੁਰ ਸੇਵ ॥

بھائی رے ساچی ستِگُر سیو ॥

ਸਤਿਗੁਰ ਤੁਠੈ ਪਾਈਐ
ਪੂਰਨ ਅਲਖ ਅਭੇਵ ॥੧॥ ਰਹਾਉ ॥

ستِگُر تُٹھے پائیئے
پُورن الکھ ابھیو ॥1॥ رہاءُ ॥

ਸਤਿਗੁਰ ਵਿਟਹੁ ਵਾਰਿਆ
ਜਿਨਿ ਦਿਤਾ ਸਚੁ ਨਾਉ ॥

ستِگُر وِٹہُ وارِیا
جِنِ دِتا سچُ ناءُ ॥

ਅਨਦਿਨੁ ਸਚੁ ਸਲਾਹਣਾ
ਸਚੇ ਕੇ ਗੁਣ ਗਾਉ ॥

اندِنُ سچُ سلاحنا
سچے کے گُن گاءُ ॥

ਸਚੁ ਖਾਣਾ ਸਚੁ ਪੈਨਣਾ
ਸਚੇ ਸਚਾ ਨਾਉ ॥੨॥

سچُ کھاٹا سچُ پیَنّنا
سچے سچا ناءُ ॥2॥

ਸਾਸਿ ਗਿਰਾਸਿ ਨ ਵਿਸਰੈ
ਸਫਲੁ ਮੂਰਤਿ ਗੁਰੁ ਆਪਿ ॥

ساسِ گِراسِ ن وِسرے
سپھلُ مؤرتِ گُرُ آپِ ॥

ਗੁਰ ਜੇਵਡੁ ਅਵਰੁ ਨ ਦਿਸਈ
ਆਠ ਪਹਰ ਤਿਸੁ ਜਾਪਿ ॥

گُر جیوڈُ اورُ ن دِسئی
آٹھ پہر تِس جاپِ ॥

ਨਦਰਿ ਕਰੇ ਤਾ ਪਾਈਐ
ਸਚੁ ਨਾਮੁ ਗੁਣਤਾਸਿ ॥੩॥

ندرِ کرے تا پائیئے
سچُ نامُ گُنتاسِ ॥3॥

ਗੁਰੁ ਪਰਮੇਸਰੁ ਏਕੁ ਹੈ
ਸਭ ਮਹਿ ਰਹਿਆ ਸਮਾਇ ॥

گُرُ پرمیسرُ ایکُ ہے
سبھ مہِ رہیا سماءِ ॥

ਜਿਨ ਕਉ ਪੂਰਬਿ ਲਿਖਿਆ
ਸੇਈ ਨਾਮੁ ਧਿਆਇ ॥

جِن ک ءُ پُورب لِکھیا
سیئی نامُ دھیاءِ ॥

ਨਾਨਕ ਗੁਰ ਸਰਣਾਗਤੀ
ਮਰੈ ਨ ਆਵੈ ਜਾਇ ॥੪॥੩੦॥੧੦੦॥

نانک گُر سرناگتی
مرے ن آوے جاءِ ॥4॥ 30 ॥ 100 ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਸਿਰੀਰਾਗੁ ਮਹਲਾ ੧ ਘਰੁ ੧ ਅਸਟਪਦੀਆ ॥

سِریراگ محلا 1 گھرُ 1 اسٹپدیا ॥

ਆਖਿ ਆਖਿ ਮਨੁ ਵਾਵਣਾ
ਜਿਉ ਜਿਉ ਜਾਪੈ ਵਾਇ ॥

آکھِ آکھِ منُ واوٹا
جِءُ جِءُ جاپے واءِ ॥

ਜਿਸ ਨੋ ਵਾਇ ਸੁਣਾਈਐ
ਸੋ ਕੇਵਡੁ ਕਿਤੁ ਥਾਇ ॥

ਆਖਣ ਵਾਲੇ ਜੇਤੜੇ
ਸਭਿ ਆਖਿ ਰਹੇ ਲਿਵ ਲਾਇ ॥੧॥

ਬਾਬਾ ਅਲਹੁ ਅਗਮ ਅਪਾਰੁ ॥

ਪਾਕੀ ਨਾਈ ਪਾਕ ਥਾਇ
ਸਚਾ ਪਰਵਦਿਗਾਰੁ ॥੧॥ ਰਹਾਉ ॥

ਤੇਰਾ ਹੁਕਮੁ ਨ ਜਾਪੀ ਕੇਤੜਾ
ਲਿਖਿ ਨ ਜਾਣੈ ਕੋਇ ॥

ਜੇ ਸਉ ਸਾਇਰ ਮੇਲੀਅਹਿ
ਤਿਲੁ ਨ ਪੁਜਾਵਹਿ ਰੋਇ ॥

ਕੀਮਤਿ ਕਿਨੈ ਨ ਪਾਈਆ
ਸਭਿ ਸੁਣਿ ਸੁਣਿ ਆਖਹਿ ਸੋਇ ॥੨॥

ਪੀਰ ਪੈਕਾਮਰ ਸਾਲਕ ਸਾਦਕ
ਸੁਹਦੇ ਅਉਰੁ ਸਹੀਦ ॥

ਸੇਖ ਮਸਾਇਕ ਕਾਜੀ ਮੁਲਾ
ਦਰਿ ਦਰਵੇਸ ਰਸੀਦ ॥

ਬਰਕਤਿ ਤਿਨ ਕਉ ਅਗਲੀ
ਪੜਦੇ ਰਹਨਿ ਦਰੂਦ ॥੩॥

ਪੁਛਿ ਨ ਸਾਜੇ ਪੁਛਿ ਨ ਢਾਹੇ
ਪੁਛਿ ਨ ਦੇਵੈ ਲੇਇ ॥

ਆਪਣੀ ਕੁਦਰਤਿ ਆਪੇ ਜਾਣੈ
ਆਪੇ ਕਰਣੁ ਕਰੇਇ ॥

ਸਭਨਾ ਵੇਖੈ ਨਦਰਿ ਕਰਿ
ਜੈ ਭਾਵੈ ਤੈ ਦੇਇ ॥੪॥

جِس نو واءِ سُٹائیَۓ
سو کیوڈُکِتُ تھاءِ ۔ ॥

آکھڻ والے جیتڑے
سبھِ آکھِ رہے لِو لاءِ ॥1॥

بابا الہُ اگم اپارُ ॥

پاکی نائی پاک تھاءِ
سچا پرودِگارُ ॥1॥ رہاءُ ॥

تیرا حُکمُ ن جاپی کیتڑا
لِکھِ ن جاٹے کوءِ ॥

جے سءُ سائِر میلِیئہِ
تِلُ ن پُجاوہِ روءِ ॥

قِیمتِ کِنے ن پائِیا
سبھِ سُڻِ سُڻِ آکھِ سوءِ ॥2॥

پِیر پیَکامر سالک صادق
سُہدے اُرُ شہِید ॥

سیکھ مشائِک قاضی مُلا
درِ درویش رسِید ॥

برکتِ تِن کءُ اگلی
پڑدے رہنِ درُود ॥3॥

پُچھِ ن ساجے پُچھِ ن ڈھاہے
پُچھِ ن دیوَے لےءِ ॥

آپڻی قُدرتِ آپے جاٹے
آپے کرڻُ کرےءِ ॥

سبھنا ویکھے َندرِ کرِ
جے َبھاوے تے دےءِ ॥4॥

ਥਾਵਾ ਨਾਵ ਨ ਜਾਣੀਅਹਿ
ਨਾਵਾ ਕੇਵਡੁ ਨਾਉ ॥

تھاوا ناو ن جاٹیئہِ
ناوا کیوڈُ ناءُ ۔ ॥

ਜਿਥੈ ਵਸੈ ਮੇਰਾ ਪਾਤਿਸਾਹੁ
ਸੋ ਕੇਵਡੁ ਹੈ ਥਾਉ ॥

جِتھے وسے میرا پاتِشاہُ
سو کیوڈُ ہے تھاءُ ۔ ॥

ਅੰਬੜਿ ਕੋਇ ਨ ਸਕਈ
ਹਉ ਕਿਸ ਨੋ ਪੁਛਣਿ ਜਾਉ ॥੫॥

انبڑِ کوءِ ن سکئی
ہءُ کِس نو پُچھٹِ جاءُ ۔ ॥5॥

ਵਰਨਾ ਵਰਨ ਨ ਭਾਵਨੀ
ਜੇ ਕਿਸੈ ਵਡਾ ਕਰੇਇ ॥

ورنا ورن ن بھاونی
جے کِسے وڈا کرےءِ ॥

ਵਡੇ ਹਥਿ ਵਡਿਆਈਆ
ਜੈ ਭਾਵੈ ਤੈ ਦੇਇ ॥

وڈے ہتھِ وڈِیائیا
جے بھاوے تے دےءِ ॥

ਹੁਕਮਿ ਸਵਾਰੇ ਆਪਣੈ
ਚਸਾ ਨ ਢਿਲ ਕਰੇਇ ॥੬॥

حُکمِ سوارے آپنٹے
چسا ن ڈھِل کرےءِ ॥6॥

ਸਭੁ ਕੋ ਆਖੈ ਬਹੁਤੁ ਬਹੁਤੁ
ਲੈਣੈ ਕੈ ਵੀਚਾਰਿ ॥

سبھُ کو آکھے بہُت بہُت
لیَنٹے کے ویچارِ ॥

ਕੇਵਡੁ ਦਾਤਾ ਆਖੀਐ
ਦੇ ਕੈ ਰਹਿਆ ਸੁਮਾਰਿ ॥

کیوڈُ داتا آکھیئے
دے کے رہِیا شُمارِ ॥

ਨਾਨਕ ਤੋਟਿ ਨ ਆਵਈ
ਤੇਰੇ ਜੁਗਹ ਜੁਗਹ ਭੰਡਾਰ ॥੭॥੧॥

نانک توٹِ ن آوئی
تیرے جُگہ جُگہ بھنڈار ॥7॥1॥

ਮਹਲਾ ੧ ॥

محلا 1 ॥

ਸਭੇ ਕੰਤ ਮਹੇਲੀਆ
ਸਗਲੀਆ ਕਰਹਿ ਸੀਗਾਰੁ ॥

سبھے کنت مہیلیا
سگلیا کرہِ سیگارُ ॥

ਗਣਤ ਗਣਾਵਣਿ ਆਈਆ
ਸੂਹਾ ਵੇਸੁ ਵਿਕਾਰੁ ॥

گنت گناوٹِ آئیا
سوُہا ویسُ وِکارُ ॥

ਪਾਖੰਡਿ ਪ੍ਰੇਮੁ ਨ ਪਾਈਐ
ਖੋਟਾ ਪਾਜੁ ਖੁਆਰੁ ॥੧॥

پاکھنڈِ پریمُ ن پائیئے
کھوٹا پاجُ خُیارُ ॥1॥

ਹਰਿ ਜੀਉ ਇਉ ਪਿਰੁ ਰਾਵੈ ਨਾਰਿ ॥

ہرِ جیِءُ اِءُ پِرُ راوے نارِ ॥

ਤੁਧੁ ਭਾਵਨਿ ਸੋਹਾਗਣੀ
ਅਪਣੀ ਕਿਰਪਾ ਲੈਹਿ ਸਵਾਰਿ ॥੧॥ ਰਹਾਉ ॥

تُدھُ بھاونِ سوہاگنِی
اپنِی کِرپا لیہِ سوارِ ॥1॥ رہاءُ ॥

ਗੁਰ ਸਬਦੀ ਸੀਗਾਰੀਆ
ਤਨੁ ਮਨੁ ਪਿਰ ਕੈ ਪਾਸਿ ॥

گُر سبدی سیِگارِیا
تنُ منُ پِر کے پاسِ ॥

ਦੁਇ ਕਰ ਜੋੜਿ ਖੜੀ ਤਕੈ
ਸਚੁ ਕਹੈ ਅਰਦਾਸਿ ॥

دُءِ کر جوڑِ کھڑی تکے
سچُ کہے عرداسِ ॥

ਲਾਲਿ ਰਤੀ ਸਚ ਭੈ ਵਸੀ
ਭਾਇ ਰਤੀ ਰੰਗਿ ਰਾਸਿ ॥੨॥

لالِ رتی سچ بھے وسی
بھاءِ رتی رنگِ راسِ ॥2॥

ਪ੍ਰਿਅ ਕੀ ਚੇਰੀ ਕਾਂਢੀਐ
ਲਾਲੀ ਮਾਨੈ ਨਾਉ ॥

پّرِء کی چیری کانڈھیےَ
لالی مانے ناءُ ॥

ਸਾਚੀ ਪ੍ਰੀਤਿ ਨ ਤੁਟਈ
ਸਾਚੇ ਮੇਲਿ ਮਿਲਾਉ ॥

ساچی پّریتِ ن تُٹئی
ساچے میلِ مِلاءُ ॥

ਸਬਦਿ ਰਤੀ ਮਨੁ ਵੇਧਿਆ
ਹਉ ਸਦ ਬਲਿਹਾਰੈ ਜਾਉ ॥੩॥

سبدِ رتی منُ ویدھِیا
ہءُ سد بلِہارے جاءُ ॥3॥

ਸਾ ਧਨ ਰੰਡ ਨ ਬੈਸਈ
ਜੇ ਸਤਿਗੁਰ ਮਾਹਿ ਸਮਾਇ ॥

سا دھن رنّڈ ن بیَسئی
جے ستِگُر ماہِ سماءِ ॥

ਪਿਰੁ ਰੀਸਾਲੂ ਨਉਤਨੋ
ਸਾਚਉ ਮਰੈ ਨ ਜਾਇ ॥

پِرُ ریِسالوُ نئُتنو
ساچءُ مرے ن جاءِ ॥

ਨਿਤ ਰਵੈ ਸੋਹਾਗਣੀ
ਸਾਚੀ ਨਦਰਿ ਰਜਾਇ ॥੪॥

نِت روے سوہاگنِی
ساچی ندرِ رضاءِ ॥4॥

ਸਾਚੁ ਧੜੀ ਧਨ ਮਾਡੀਐ
ਕਾਪੜੁ ਪ੍ਰੇਮ ਸੀਗਾਰੁ ॥

ساچُ دھڑی دھن ماڈیےَ
کاپڑُ پّریم سیِگارُ ॥

ਚੰਦਨੁ ਚੀਤਿ ਵਸਾਇਆ
ਮੰਦਰੁ ਦਸਵਾ ਦੁਆਰੁ ॥

چنّدنُ چیِتِ وسائیا
منّدرُ دسوا دُیارُ ॥

ਦੀਪਕੁ ਸਬਦਿ ਵਿਗਾਸਿਆ
ਰਾਮ ਨਾਮੁ ਉਰ ਹਾਰੁ ॥੫॥

دیپکُ سبدِ وِگاسِیا
رام نامُ اُر ہارُ ॥5॥

ਨਾਰੀ ਅੰਦਰਿ ਸੋਹਣੀ
ਮਸਤਕਿ ਮਣੀ ਪਿਆਰੁ ॥

ناری اندّرِ سوہنّی
مستکِ منّی پِیارُ ॥

ਸੋਭਾ ਸੁਰਤਿ ਸੁਹਾਵਣੀ
ਸਾਚੈ ਪ੍ਰੇਮਿ ਅਪਾਰ ॥

سوبھا سُرتِ سُہاونّی
ساچےَ پّریمِ اپار ॥

ਬਿਨੁ ਪਿਰ ਪੁਰਖੁ ਨ ਜਾਣਈ
ਸਾਚੇ ਗੁਰ ਕੈ ਹੇਤਿ ਪਿਆਰਿ ॥੬॥

بِنُ پِر پُرکھُ ن جانّئی
ساچے گُر کےَ ہیتِ پِیارِ ॥6॥

ਨਿਸਿ ਅੰਧਿਆਰੀ ਸੁਤੀਏ
ਕਿਉ ਪਿਰ ਬਿਨੁ ਰੈਣਿ ਵਿਹਾਇ ॥

نِس اندّھیاری سُتیئے
کِءُ پِر بِنُ رینّ وِہاءِ ۔ ॥

ਅੰਕੁ ਜਲਉ ਤਨੁ ਜਾਲੀਅਉ
ਮਨੁ ਧਨੁ ਜਲਿ ਬਲਿ ਜਾਇ ॥

انکُ جلءُ تنُ جالِیئءُ
منُ دھنُ جلِ بلِ جاءِ ॥

ਜਾ ਧਨ ਕੰਤਿ ਨ ਰਾਵੀਆ
ਤਾ ਬਿਰਥਾ ਜੋਬਨੁ ਜਾਇ ॥੭॥

جا دھن کنّتِ ن راوِیا
تا بِرتھا جوبنُ جاءِ ॥7॥

ਸੇਜੈ ਕੰਤ ਮਹੇਲੜੀ
ਸੂਤੀ ਬੂਝ ਨ ਪਾਇ ॥

سیجےَ کنّت مہیلڑی
سوُتی بوُجھ ن پاءِ ॥

ਹਉ ਸੁਤੀ ਪਿਰੁ ਜਾਗਣਾ
ਕਿਸ ਕਉ ਪੂਛਉ ਜਾਇ ॥

ہءُ سُتی پِرُ جاگنّا
کِس کءُ پوُچھءُ جاءِ ۔ ॥

ਸਤਿਗੁਰਿ ਮੇਲੀ ਭੈ ਵਸੀ
ਨਾਨਕ ਪ੍ਰੇਮੁ ਸਖਾਇ ॥੮॥੨॥

ستِگُرِ میلی بھےَ وسی
نانک پّریمُ سکھاءِ ॥8॥2॥

ਸਿਰੀਰਾਗੁ ਮਹਲਾ ੧ ॥

سِرِیراگُ محلا 1 ॥

ਆਪੇ ਗੁਣ ਆਪੇ ਕਥੈ
ਆਪੇ ਸੁਣਿ ਵੀਚਾਰੁ ॥

آپے گُنّ آپے کتھےَ
آپے سُنّ ویچارُ ॥

ਆਪੇ ਰਤਨੁ ਪਰਖਿ ਤੂੰ
ਆਪੇ ਮੋਲੁ ਅਪਾਰੁ ॥

آپے رتنُ پرکھِ توُنّ
آپے مولُ اپارُ ॥

ਸਾਚਉ ਮਾਨੁ ਮਹਤੁ ਤੂੰ
ਆਪੇ ਦੇਵਣਹਾਰੁ ॥੧॥

ساچ ءُ مانُ مہتُ توُنّ
آپے دیوٹہارُ ॥1॥

ਹਰਿ ਜੀਉ ਤੂੰ ਕਰਤਾ ਕਰਤਾਰੁ ॥

ہرِ جیِ ءُ توُنّ کرتا کرتارُ ॥

ਜਿਉ ਭਾਵੈ ਤਿਉ ਰਾਖੁ ਤੂੰ
ਹਰਿ ਨਾਮੁ ਮਿਲੈ ਆਚਾਰੁ ॥੧॥ ਰਹਾਉ ॥

جِ ءُ بھاوے تِ ءُ راکھُ توُنّ
ہرِ نامُ مِلے آچارُ ॥1॥ رہاءُ ॥

ਆਪੇ ਹੀਰਾ ਨਿਰਮਲਾ
ਆਪੇ ਰੰਗੁ ਮਜੀਠ ॥

آپے ہیرا نِرملا
آپے رنگُ مجیٹھ ॥

ਆਪੇ ਮੋਤੀ ਊਜਲੋ
ਆਪੇ ਭਗਤ ਬਸੀਠੁ ॥

آپے موتی اوُجلو
آپے بھگت بسیٹھُ ॥

ਗੁਰ ਕੈ ਸਬਦਿ ਸਲਾਹਣਾ
ਘਟਿ ਘਟਿ ਡੀਠੁ ਅਡੀਠੁ ॥੨॥

گُر کے سبدِ سلاحنا
گھٹِ گھٹِ ڈیٹھُ اڈیٹھُ ॥2॥

ਆਪੇ ਸਾਗਰੁ ਬੋਹਿਥਾ
ਆਪੇ ਪਾਰੁ ਅਪਾਰੁ ॥

آپے ساگرُ بوہتھا
آپے پارُ اپارُ ॥

ਸਾਚੀ ਵਾਟ ਸੁਜਾਣੁ ਤੂੰ
ਸਬਦਿ ਲਘਾਵਣਹਾਰੁ ॥

ساچی واٹ سُجانُ توُنّ
سبدِ لگھاوٹہارُ ॥

ਨਿਡਰਿਆ ਡਰੁ ਜਾਣੀਐ
ਬਾਝੁ ਗੁਰੂ ਗੁਬਾਰੁ ॥੩॥

نِڈریا ڈر جانیئے
باجھُ گُروُ غُبارُ ॥3॥

ਅਸਥਿਰੁ ਕਰਤਾ ਦੇਖੀਐ
ਹੋਰੁ ਕੇਤੀ ਆਵੈ ਜਾਇ ॥

استھِرُ کرتا دیکھیئے
ہورُ کیتی آوے جاءِ ॥

ਆਪੇ ਨਿਰਮਲੁ ਏਕੁ ਤੂੰ
ਹੋਰ ਬੰਧੀ ਧੰਧੈ ਪਾਇ ॥

آپے نِرملُ ایکُ توُنّ
ہور بندھی دھندھے پاءِ ॥

ਗੁਰਿ ਰਾਖੇ ਸੇ ਉਬਰੇ
ਸਾਚੇ ਸਿਉ ਲਿਵ ਲਾਇ ॥੪॥

گُرِ راکھے سے اُبرے
ساچے سِ ءُ لِو لاءِ ॥4॥

ਹਰਿ ਜੀਉ ਸਬਦਿ ਪਛਾਣੀਐ
ਸਾਚਿ ਰਤੇ ਗੁਰ ਵਾਕਿ ॥

ہرِ جیِ ءُ سبدِ پچھانیئے
ساچِ رتے گُر واکِ ॥

ਤਿਤੁ ਤਨਿ ਮੈਲੁ ਨ ਲਗਈ
ਸਚ ਘਰਿ ਜਿਸੁ ਓਤਾਕ ॥

تِتُ تنِ میَلُ ن لگئی
سچ گھرِ جِسُ اوتاک ॥

ਨਦਰਿ ਕਰੇ ਸਚੁ ਪਾਈਐ
ਬਿਨੁ ਨਾਵੈ ਕਿਆ ਸਾਕੁ ॥੫॥

ندرِ کرے سچُ پائیئے
بِنُ ناوے کِیا ساکُ ۔ ॥5॥

ਜਿਨੀ ਸਚੁ ਪਛਾਣਿਆ
ਸੇ ਸੁਖੀਏ ਜੁਗ ਚਾਰਿ ॥

جِنی سچُ پچھاتِیا
سے سُکھیئے جُگ چارِ ॥

ਹਉਮੈ ਤ੍ਰਿਸਨਾ ਮਾਰਿ ਕੈ
ਸਚੁ ਰਖਿਆ ਉਰ ਧਾਰਿ ॥

ہئُمے تّرِسنا مارِ کے
سچُ رکھیا اُر دھارِ ॥

ਜਗ ਮਹਿ ਲਾਹਾ ਏਕੁ ਨਾਮੁ
ਪਾਈਐ ਗੁਰ ਵੀਚਾਰਿ ॥੬॥

جگ مہِ لاہا ایکُ نامُ
پائیئے گُر ویچارِ ॥6॥

ਸਾਚਉ ਵਖਰੁ ਲਾਦੀਐ
ਲਾਭੁ ਸਦਾ ਸਚੁ ਰਾਸਿ ॥

ساچءُ وکھرُ لادیئے
لابھُ سدا سچُ راسِ ॥

ਸਾਚੀ ਦਰਗਹ ਬੈਸਈ
ਭਗਤਿ ਸਚੀ ਅਰਦਾਸਿ ॥

ساچی درگہ بیَسئی
بھگتِ سچی عرداسِ ॥

ਪਤਿ ਸਿਉ ਲੇਖਾ ਨਿਬੜੈ
ਰਾਮ ਨਾਮੁ ਪਰਗਾਸਿ ॥੭॥

پتِ سِءُ لیکھا نِبڑے
رام نامُ پرگاسِ ॥7॥

ਊਚਾ ਊਚਉ ਆਖੀਐ
ਕਹਉ ਨ ਦੇਖਿਆ ਜਾਇ ॥

اوُچا اوُچءُ آکھیئے
کہءُ ن دیکھیا جاءِ ॥

ਜਹ ਦੇਖਾ ਤਹ ਏਕੁ ਤੂੰ
ਸਤਿਗੁਰਿ ਦੀਆ ਦਿਖਾਇ ॥

جہ دیکھا تہ ایکُ توُنّ
ستِگُرِ دیِیا دِکھاءِ ॥

ਜੋਤਿ ਨਿਰੰਤਰਿ ਜਾਣੀਐ
ਨਾਨਕ ਸਹਜਿ ਸੁਭਾਇ ॥੮॥੩॥

جوتِ نِرنّترِ جانیئے
نانک سہجِ سُبھاءِ ॥8॥3॥

ਸਿਰੀਰਾਗੁ ਮਹਲਾ ੧ ॥

سِرِیراگُ محلا 1 ॥

ਮਛੁਲੀ ਜਾਲੁ ਨ ਜਾਣਿਆ
ਸਰੁ ਖਾਰਾ ਅਸਗਾਹੁ ॥

مچھُلی جالُ ن جانِیا
سرُ کھارا اسگاہُ ॥

ਅਤਿ ਸਿਆਣੀ ਸੋਹਣੀ
ਕਿਉ ਕੀਤੋ ਵੇਸਾਹੁ ॥

اتِ سِیانی سوہنی
کِءُ کِیتو ویساہُ ۔ ॥

ਕੀਤੇ ਕਾਰਣਿ ਪਾਕੜੀ
ਕਾਲੁ ਨ ਟਲੈ ਸਿਰਾਹੁ ॥੧॥

کِیتے کارنِ پاکڑی
کالُ ن ٹلےَ سِراہُ ॥1॥

ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥

بھائی رے اِءُ سِرِ جانہُ کالُ ॥

ਜਿਉ ਮਛੀ ਤਿਉ ਮਾਣਸਾ
ਪਵੈ ਅਚਿੰਤਾ ਜਾਲੁ ॥੧॥ ਰਹਾਉ ॥

جِءُ مچھی تِءُ مانسا
پوےَ اچنّتا جالُ ॥1॥ رہاءُ ॥

ਸਭੁ ਜਗੁ ਬਾਧੋ ਕਾਲ ਕੋ
ਬਿਨੁ ਗੁਰ ਕਾਲੁ ਅਫਾਰੁ ॥

سبھُ جگُ بادھو کال کو
بِنُ گُر کالُ اپھارُ ॥

ਸਚਿ ਰਤੇ ਸੇ ਉਬਰੇ
ਦੁਬਿਧਾ ਛੋਡਿ ਵਿਕਾਰ ॥

سچِ رتے سے اُبرے
دُبِدھا چھوڈِ وِکار ॥

ਹਉ ਤਿਨ ਕੈ ਬਲਿਹਾਰਣੈ
ਦਰਿ ਸਚੈ ਸਚਿਆਰ ॥੨॥

ہءُ تِن کے بلِہارنے
درِ سچےَ سچیار ॥2॥

ਸੀਚਾਨੇ ਜਿਉ ਪੰਖੀਆ
ਜਾਲੀ ਬਧਿਕ ਹਾਥਿ ॥

سیچانے جِءُ پنکھیا
جالی بدھِک ہاتھِ ॥

ਗੁਰਿ ਰਾਖੇ ਸੇ ਉਬਰੇ
ਹੋਰਿ ਫਾਥੇ ਚੋਗੈ ਸਾਥਿ ॥

گُرِ راکھے سے اُبرے
ہورِ پھاتھے چوگے ساتھِ ॥

ਬਿਨੁ ਨਾਵੈ ਚੁਣਿ ਸੁਟੀਅਹਿ
ਕੋਇ ਨ ਸੰਗੀ ਸਾਥਿ ॥੩॥

بِنُ ناوےَ چُنِ سُٹیئہِ
کوءِ ن سنگی ساتھِ ॥3॥

ਸਚੋ ਸਚਾ ਆਖੀਐ
ਸਚੇ ਸਚਾ ਥਾਨੁ ॥

سچو سچا آکھیئےَ
سچے سچا تھانُ ॥

ਜਿਨੀ ਸਚਾ ਮੰਨਿਆ
ਤਿਨ ਮਨਿ ਸਚੁ ਧਿਆਨੁ ॥

جِنی سچا منّنیا
تِن منِ سچُ دھیانُ ॥

ਮਨਿ ਮੁਖਿ ਸੂਚੇ ਜਾਣੀਅਹਿ
ਗੁਰਮੁਖਿ ਜਿਨਾ ਗਿਆਨੁ ॥੪॥

منِ مُکھِ سوُچے جاٹیئہِ
گُرمُکھِ جِنا گیانُ ॥4॥

ਸਤਿਗੁਰ ਅਗੈ ਅਰਦਾਸਿ ਕਰਿ
ਸਾਜਨੁ ਦੇਇ ਮਿਲਾਇ ॥

ستگُر اگے عرداس کرِ
ساجنُ دےءِ مِلاءِ ॥

ਸਾਜਨਿ ਮਿਲਿਐ ਸੁਖੁ ਪਾਇਆ
ਜਮਦੂਤ ਮੁਏ ਬਿਖੁ ਖਾਇ ॥

ساجنِ مِلِےَ سُکھُ پائیا
جمدوُت مُےَ بِکھُ کھاءِ ॥

ਨਾਵੈ ਅੰਦਰਿ ਹਉ ਵਸਾਂ
ਨਾਉ ਵਸੈ ਮਨਿ ਆਇ ॥੫॥

ناوےَ انّدرِ ہءُ وساں
ناءُ وسےَ منِ آءِ ॥5॥

ਬਾਝੁ ਗੁਰੂ ਗੁਬਾਰੁ ਹੈ
ਬਿਨੁ ਸਬਦੈ ਬੂਝ ਨ ਪਾਇ ॥

باجھُ گُرو غُبارُ ہےَ
بِنُ سبدےَ بُوجھ ن پاءِ ॥

ਗੁਰਮਤੀ ਪਰਗਾਸੁ ਹੋਇ
ਸਚਿ ਰਹੈ ਲਿਵ ਲਾਇ ॥

گُرمتی پرگاسُ ہوءِ
سچِ رہےَ لِو لاءِ ॥

ਤਿਥੈ ਕਾਲੁ ਨ ਸੰਚਰੈ
ਜੋਤੀ ਜੋਤਿ ਸਮਾਇ ॥੬॥

تِتھےَ کالُ ن سنچّرے
جوتی جوتِ سماءِ ॥6॥

ਤੂੰਹੈ ਸਾਜਨੁ ਤੂੰ ਸੁਜਾਣੁ
ਤੂੰ ਆਪੇ ਮੇਲਣਹਾਰੁ ॥

توُنّہے ساجنُ توُنّ سُجانُ
توُنّ آپے میلنّہارُ ॥

ਗੁਰ ਸਬਦੀ ਸਾਲਾਹੀਐ
ਅੰਤੁ ਨ ਪਾਰਾਵਾਰੁ ॥

گُر سبدی سالاحیےِّ
انّتُ ن پاراوارُ ॥

ਤਿਥੈ ਕਾਲੁ ਨ ਅਪੜੈ
ਜਿਥੈ ਗੁਰ ਕਾ ਸਬਦੁ ਅਪਾਰੁ ॥੭॥

تِتھےَ کالُ ن اپڑےَ
جِتھےَ گُر کا سبدُ اپارُ ॥7॥

ਹੁਕਮੀ ਸਭੇ ਊਪਜਹਿ
ਹੁਕਮੀ ਕਾਰ ਕਮਾਹਿ ॥

حُکمی سبھے اوُپجہِ
حُکمی کار کماہِ ॥

ਹੁਕਮੀ ਕਾਲੈ ਵਸਿ ਹੈ
ਹੁਕਮੀ ਸਾਚਿ ਸਮਾਹਿ ॥

حُکمی کالے وسِ ہےَ
حُکمی ساچِ سماہِ ॥

ਨਾਨਕ ਜੋ ਤਿਸੁ ਭਾਵੈ ਸੋ ਥੀਐ
ਇਨਾ ਜੰਤਾ ਵਸਿ ਕਿਛੁ ਨਾਹਿ ॥੮॥੪॥

نانک جو تِسُ بھاوےَ سو تھیےِّ
اِنا جنّتا وسِ کِچھُ ناہِ ॥8॥4॥

ਸਿਰੀਰਾਗੁ ਮਹਲਾ ੧ ॥

سِریراگُ محلا 1 ॥

ਮਨਿ ਜੂਠੈ ਤਨਿ ਜੂਠਿ ਹੈ
ਜਿਹਵਾ ਜੂਠੀ ਹੋਇ ॥

ਮُکھِ جھوُٹھے َجھوُٹھُ بولٹا
کِ ءُ کرِ سوُچا ہوءِ ۔ ॥

ਮੁਖਿ ਝੂਠੈ ਝੂਠੁ ਬੋਲਣਾ
ਕਿਉ ਕਰਿ ਸੂਚਾ ਹੋਇ ॥

بِنُ ابھ سبد ن مانجیےَ
ساچے تے سچُ ہوءِ ॥1॥

ਬਿਨੁ ਅਭ ਸਬਦ ਨ ਮਾਂਜੀਐ
ਸਾਚੇ ਤੇ ਸਚੁ ਹੋਇ ॥੧॥

مُنّدھے گُٹھیٹی سُکھُ کیہِ ۔ ॥

ਮੁੰਧੇ ਗੁਣਹੀਣੀ ਸੁਖੁ ਕੇਹਿ ॥

پِرُ رلِیا رِس ماٹسی
ساچِ سبدِ سُکھُ نیہِ ॥1॥ رہاءُ ॥

ਪਿਰੁ ਰਲੀਆ ਰਸਿ ਮਾਣਸੀ
ਸਾਚਿ ਸਬਦਿ ਸੁਖੁ ਨੇਹਿ ॥੧॥ ਰਹਾਉ ॥

پِرُ پردیسی جے تھیےَ
دھن وانڈھی جھوُرےءِ ॥

ਪਿਰੁ ਪਰਦੇਸੀ ਜੇ ਥੀਐ
ਧਨ ਵਾਂਢੀ ਝੂਰੇਇ ॥

جِ ءُ جلِ تھوڑےَ مچھُلی
کرٹ پلاو کرےءِ ॥

ਜਿਉ ਜਲਿ ਥੋੜੈ ਮਛੁਲੀ
ਕਰਣ ਪਲਾਵ ਕਰੇਇ ॥

پِر بھاوےَ سُکھُ پائیےَ
جا آپے ندرِ کرےءِ ॥2॥

ਪਿਰ ਭਾਵੈ ਸੁਖੁ ਪਾਈਐ
ਜਾ ਆਪੇ ਨਦਰਿ ਕਰੇਇ ॥੨॥

پِرُ سالاحی آپٹا
سکھی سہیلی نالِ ॥

ਪਿਰੁ ਸਾਲਾਹੀ ਆਪਣਾ
ਸਖੀ ਸਹੇਲੀ ਨਾਲਿ ॥

تنِ سوہےَ منُ موہِیا
رتی رنگِ نہالِ ॥

ਤਨਿ ਸੋਹੈ ਮਨੁ ਮੋਹਿਆ
ਰਤੀ ਰੰਗਿ ਨਿਹਾਲਿ ॥

سبدِ سواری سوہنٹی
پِرُ راوے گُٹ نالِ ॥3॥

ਸਬਦਿ ਸਵਾਰੀ ਸੋਹਣੀ
ਪਿਰੁ ਰਾਵੇ ਗੁਣ ਨਾਲਿ ॥੩॥

کامٹِ کامِ ن آوئی
کھوٹی اوگُٹیارِ ॥

ਕਾਮਣਿ ਕਾਮਿ ਨ ਆਵਈ
ਖੋਟੀ ਅਵਗਣਿਆਰਿ ॥

نا سُکھُ پیئیےَ ساہُرےَ
جھوُٹھِ جلی ویکارِ ॥

ਨਾ ਸੁਖੁ ਪੇਈਐ ਸਾਹੁਰੈ
ਝੂਠਿ ਜਲੀ ਵੇਕਾਰਿ ॥

ਆਵਣੁ ਵੰਞਣੁ ਡਾਖੜੋ
ਛੋਡੀ ਕੰਤਿ ਵਿਸਾਰਿ ॥੪॥

آونُ ونجُنُ ڈاکھڑو
چھوڈی کنّتِ وِسارِ ॥4॥

ਪਿਰ ਕੀ ਨਾਰਿ ਸੁਹਾਵਣੀ
ਮੁਤੀ ਸੋ ਕਿਤੁ ਸਾਦਿ ॥

پِر کی نارِ سُہاونّی
مُتی سو کِتُ سادِ ॥

ਪਿਰ ਕੈ ਕਾਮਿ ਨ ਆਵਈ
ਬੋਲੇ ਫਾਦਿਲੁ ਬਾਦਿ ॥

پِر کے کامِ ن آوئی
بولے پھادِلُ بادِ ॥

ਦਰਿ ਘਰਿ ਢੋਈ ਨਾ ਲਹੈ
ਛੂਟੀ ਦੂਜੈ ਸਾਦਿ ॥੫॥

درِ گھرِ ڈھوئی نا لہے
چھوُٹی دوُجے سادِ ॥5॥

ਪੰਡਿਤ ਵਾਚਹਿ ਪੋਥੀਆ
ਨਾ ਬੂਝਹਿ ਵੀਚਾਰੁ ॥

پنڈِت واچہِ پوتھیا
نا بوُجھہِ ویچارُ ॥

ਅਨ ਕਉ ਮਤੀ ਦੇ ਚਲਹਿ
ਮਾਇਆ ਕਾ ਵਾਪਾਰੁ ॥

ان کءُ متی دے چلہِ
مائیا کا واپارُ ॥

ਕਥਨੀ ਝੂਠੀ ਜਗੁ ਭਵੈ
ਰਹਣੀ ਸਬਦੁ ਸੁ ਸਾਰੁ ॥੬॥

کتھنی جھوُٹھی جگُ بھوے
رہنّی سبدُ سُ سارُ ॥6॥

ਕੇਤੇ ਪੰਡਿਤ ਜੋਤਕੀ
ਬੇਦਾ ਕਰਹਿ ਬੀਚਾਰੁ ॥

کیتے پنڈِت جوتکی
بیدا کرہِ بیچارُ ॥

ਵਾਦਿ ਵਿਰੋਧਿ ਸਲਾਹਣੇ
ਵਾਦੇ ਆਵਣੁ ਜਾਣੁ ॥

وادِ وِرودھِ سلاحنے
وادے آونُ جانُ ॥

ਬਿਨੁ ਗੁਰ ਕਰਮ ਨ ਛੁਟਸੀ
ਕਹਿ ਸੁਣਿ ਆਖਿ ਵਖਾਣੁ ॥੭॥

بِنُ گُر کرم ن چھُٹسی
کہِ سُنِ آکھِ وکھانُ ॥7॥

ਸਭਿ ਗੁਣਵੰਤੀ ਆਖੀਅਹਿ
ਮੈ ਗੁਣੁ ਨਾਹੀ ਕੋਇ ॥

سبھِ گُنوَنتی آکھیئہِ
مے گُنُ ناہی کوءِ ॥

ਹਰਿ ਵਰੁ ਨਾਰਿ ਸੁਹਾਵਣੀ
ਮੈ ਭਾਵੈ ਪ੍ਰਭੁ ਸੋਇ ॥

ہرِ ورُ نارِ سُہاونّی
مے بھاوے پربھُ سوءِ ॥

ਨਾਨਕ ਸਬਦਿ ਮਿਲਾਵੜਾ
ਨਾ ਵੇਛੋੜਾ ਹੋਇ ॥੮॥੫॥

نانک سبدِ مِلاوڑا

ਸਿਰੀਰਾਗੁ ਮਹਲਾ ੧ ॥

ਜਪੁ ਤਪੁ ਸੰਜਮੁ ਸਾਧੀਐ
ਤੀਰਥਿ ਕੀਚੈ ਵਾਸੁ ॥

ਪੁੰਨ ਦਾਨ ਚੰਗਿਆਈਆ
ਬਿਨੁ ਸਾਚੇ ਕਿਆ ਤਾਸੁ ॥

ਜੇਹਾ ਰਾਧੇ ਤੇਹਾ ਲੁਣੈ
ਬਿਨੁ ਗੁਣ ਜਨਮੁ ਵਿਣਾਸੁ ॥੧॥

ਮੁੰਧੇ ਗੁਣ ਦਾਸੀ ਸੁਖੁ ਹੋਇ ॥

ਅਵਗਣ ਤਿਆਗਿ ਸਮਾਈਐ
ਗੁਰਮਤਿ ਪੂਰਾ ਸੋਇ ॥੧॥ ਰਹਾਉ ॥

ਵਿਣੁ ਰਾਸੀ ਵਾਪਾਰੀਆ
ਤਕੇ ਕੁੰਡਾ ਚਾਰਿ ॥

ਮੂਲੁ ਨ ਬੁਝੈ ਆਪਣਾ
ਵਸਤੁ ਰਹੀ ਘਰ ਬਾਰਿ ॥

ਵਿਣੁ ਵਖਰ ਦੁਖੁ ਅਗਲਾ
ਕੂੜਿ ਮੁਠੀ ਕੂੜਿਆਰਿ ॥੨॥

ਲਾਹਾ ਅਹਿਨਿਸਿ ਨਉਤਨਾ
ਪਰਖੇ ਰਤਨੁ ਵੀਚਾਰਿ ॥

ਵਸਤੁ ਲਹੈ ਘਰਿ ਆਪਣੈ
ਚਲੈ ਕਾਰਜੁ ਸਾਰਿ ॥

ਵਣਜਾਰਿਆ ਸਿਉ ਵਣਜੁ ਕਰਿ
ਗੁਰਮੁਖਿ ਬ੍ਰਹਮੁ ਬੀਚਾਰਿ ॥੩॥

ਸੰਤਾਂ ਸੰਗਤਿ ਪਾਈਐ
ਜੇ ਮੇਲੇ ਮੇਲਣਹਾਰੁ ॥

ناوپچھوڑا ہوءِ ॥8॥5॥

سِرِیراگُ محلا 1 ॥

جپُ تپُ سنّجمُ سادھیئے
تِیرتھِ کیچئے واسُ ॥

پُنّن دان چنگیائیا
بِنُ ساچے کیا تاسُ ۔ ॥

جیہا رادھے تیہا لُنّئے
بِنُ گُن جنمُ وِناسُ ॥1॥

مُنّدھے گُن داسی سُکھُ ہوءِ ॥

اوگُن تِیاگِ سمائیئے
گُرمتِ پُورا سوءِ ॥1॥ رہاءُ ॥

وِنُ راسی واپاریا
تکے کُنّڈا چارِ ॥

مُولُ ن بُجھے آپنا
وستُ رہی گھر بارِ ॥

وِنُ وکھر دُکھُ اگلا
کوڑِ مُٹھی کوڑیارِ ॥2॥

لاہا اہنِس نُتنا
پرکھے رتنُ وِیچارِ ॥

وستُ لہے گھرِ آپنے
چلے کارجُ سارِ ॥

وَنجارِیا سِءُ وَنجُ کرِ
گُرمُکھِ برہمُ بیچارِ ॥3॥

سنّتاں سنگتِ پائیئے
جے میلے میلنّہارُ ॥

ਮਿਲਿਆ ਹੋਇ ਨ ਵਿਛੁੜੈ
ਜਿਸੁ ਅੰਤਰਿ ਜੋਤਿ ਅਪਾਰ ॥

ਸਚੈ ਆਸਣਿ ਸਚਿ ਰਹੈ
ਸਚੈ ਪ੍ਰੇਮ ਪਿਆਰ ॥੪॥

ਜਿਨੀ ਆਪੁ ਪਛਾਣਿਆ
ਘਰ ਮਹਿ ਮਹਲੁ ਸੁਥਾਇ ॥

ਸਚੇ ਸੇਤੀ ਰਤਿਆ
ਸਚੋ ਪਲੈ ਪਾਇ ॥

ਤ੍ਰਿਭਵਣਿ ਸੋ ਪ੍ਰਭੁ ਜਾਣੀਐ
ਸਾਚੋ ਸਾਚੈ ਨਾਇ ॥੫॥

ਸਾ ਧਨ ਖਰੀ ਸੁਹਾਵਣੀ
ਜਿਨਿ ਪਿਰੁ ਜਾਤਾ ਸੰਗਿ ॥

ਮਹਲੀ ਮਹਲਿ ਬੁਲਾਈਐ
ਸੋ ਪਿਰੁ ਰਾਵੇ ਰੰਗਿ ॥

ਸਚਿ ਸੁਹਾਗਣਿ ਸਾ ਭਲੀ
ਪਿਰਿ ਮੋਹੀ ਗੁਣ ਸੰਗਿ ॥੬॥

ਭੂਲੀ ਭੂਲੀ ਥਲਿ ਚੜਾ
ਥਲਿ ਚੜਿ ਡੂਗਰਿ ਜਾਉ ॥

ਬਨ ਮਹਿ ਭੂਲੀ ਜੇ ਫਿਰਾ
ਬਿਨੁ ਗੁਰ ਬੂਝ ਨ ਪਾਉ ॥

ਨਾਵਹੁ ਭੂਲੀ ਜੇ ਫਿਰਾ
ਫਿਰਿ ਫਿਰਿ ਆਵਉ ਜਾਉ ॥੭॥

ਪੁਛਹੁ ਜਾਇ ਪਧਾਊਆ
ਚਲੇ ਚਾਕਰ ਹੋਇ ॥

ਰਾਜਨੁ ਜਾਣਹਿ ਆਪਣਾ
ਦਰਿ ਘਰਿ ਠਾਕ ਨ ਹੋਇ ॥

مِلیا ہوءِ ن وِچھُڑے
جِسُ انترِ جوتِ اپار ॥

سچے آسنِ سچِ رہے
سچے پریم پیار ॥4॥

جِنی آپُ پچھاٹیا
گھر مہِ محلُ سُتھاءِ ॥

سچے سیتی رتیا
سچو پلے پاءِ ॥

ترِبھونِ سو پربھُ جانئیے
ساچو ساچے ناءِ ॥5॥

سا دھن کھری سُہاونی
جِنِ پِرُ جاتا سنگِ ॥

محلی محلِ بُلائیے
سو پِرُ راوے رنگِ ॥

سچِ سُہاگنِ سا بھلی
پِر موہی گُن سنگِ ॥6॥

بھوُلی بھوُلی تھلِ چڑا
تھلِ چڑِ ڈوُگرِ جاءُ ॥

بن مہِ بھوُلی جے پھرا
بِنُ گُر بوُجھ ن پاءُ ॥

ناوہُ بھوُلی جے پھِرا
پھِرِ پھِرِ آوءُ جاءُ ॥7॥

پُچھہُ جاءِ پدھائوُیا
چلے چاکر ہوءِ ॥

راجنُ جانہِ آپنا
درِ گھرِ ٹھاک ن ہوئے ॥

ਨਾਨਕ ਏਕੋ ਰਵਿ ਰਹਿਆ
ਦੂਜਾ ਅਵਰੁ ਨ ਕੋਇ ॥੮॥੬॥

ਸਿਰੀਰਾਗੁ ਮਹਲਾ ੧ ॥

ਗੁਰ ਤੇ ਨਿਰਮਲੁ ਜਾਣੀਐ
ਨਿਰਮਲ ਦੇਹ ਸਰੀਰੁ ॥

ਨਿਰਮਲੁ ਸਾਚੋ ਮਨਿ ਵਸੈ
ਸੋ ਜਾਣੈ ਅਭ ਪੀਰ ॥

ਸਹਜੈ ਤੇ ਸੁਖੁ ਅਗਲੋ
ਨਾ ਲਾਗੈ ਜਮ ਤੀਰੁ ॥੧॥

ਭਾਈ ਰੇ ਮੈਲੁ ਨਾਹੀ ਨਿਰਮਲ ਜਲਿ ਨਾਇ ॥

ਨਿਰਮਲੁ ਸਾਚਾ ਏਕੁ ਤੂ
ਹੋਰੁ ਮੈਲੁ ਭਰੀ ਸਭ ਜਾਇ ॥੧॥ ਰਹਾਉ ॥

ਹਰਿ ਕਾ ਮੰਦਰੁ ਸੋਹਣਾ
ਕੀਆ ਕਰਣੈਹਾਰਿ ॥

ਰਵਿ ਸਸਿ ਦੀਪ ਅਨੂਪ ਜੋਤਿ
ਤ੍ਰਿਭਵਣਿ ਜੋਤਿ ਅਪਾਰ ॥

ਹਾਟ ਪਟਣ ਗੜ ਕੋਠੜੀ
ਸਚੁ ਸਉਦਾ ਵਾਪਾਰ ॥੨॥

ਗਿਆਨ ਅੰਜਨੁ ਭੈ ਭੰਜਨਾ
ਦੇਖੁ ਨਿਰੰਜਨ ਭਾਇ ॥

ਗੁਪਤੁ ਪ੍ਰਗਟੁ ਸਭ ਜਾਣੀਐ
ਜੇ ਮਨੁ ਰਾਖੈ ਠਾਇ ॥

ਐਸਾ ਸਤਿਗੁਰੁ ਜੇ ਮਿਲੈ
ਤਾ ਸਹਜੇ ਲਏ ਮਿਲਾਇ ॥੩॥

دِر گھرِ ٹھاک ن ہوءِ ॥

نانک ایکو روِ رہِیا
دوُجا اورُ ن کوءِ ॥6॥8॥

سِرِیراگُ محلا 1 ॥

گُر تے نِرملُ جاٹیَے
نِرمل دیہ سریرُ ॥

نِرملُ ساچو منِ وسے
سو جاٹےَ ابھ پیِر ॥

سہجےَ تے سُکھُ اگلو
نا لاگے جم تیِرُ ॥1॥

بھائی رے میَلُ ناہی نِرمل جلِ ناءِ ॥

نِرملُ ساچا ایکُ توُ
ہورُ میَلُ بھری سبھ جاءِ ॥1॥ رہاءُ ॥

ہرِ کا مندَرُ سوہنٹا
کِیِا کرٹیَہارِ ॥

روِ سِس دیِپ انوُپ جوتِ
تِرِبھونِ جوتِ اپارِ ॥

ہاٹ پٹنٹ گڑ کوٹھڑی
سچُ سئُدا واپارِ ॥2॥

گِیان انّجنُ بھےَ بھنّجنا
دیکھُ نِرنّجن بھاءِ ॥

گُپتُ پرّگٹُ سبھ جاٹیَے
جے منُ راکھےَ ٹھاءِ ॥

ایَسا ستِگُرُ جے مِلےَ
تا سہجے لےَ مِلاءِ ॥3॥

ਕਸਿ ਕਸਵਟੀ ਲਾਈਐ
ਪਰਖੇ ਹਿਤੁ ਚਿਤੁ ਲਾਇ ॥

کسِ کسوٹی لائیئے
پرکھے ہِتُ چِتُ لائِ ॥

ਖੋਟੇ ਠਉਰ ਨ ਪਾਇਨੀ
ਖਰੇ ਖਜਾਨੈ ਪਾਇ ॥

کھوٹے ٹھرُ ن پائِنی
کھرے خزانے پائِ ॥

ਆਸ ਅੰਦੇਸਾ ਦੂਰਿ ਕਰਿ
ਇਉ ਮਲੁ ਜਾਇ ਸਮਾਇ ॥੪॥

آس اندیسا دوُرِ کرِ
اِءُ ملُ جائِ سمائِ ॥4॥

ਸੁਖ ਕਉ ਮਾਗੈ ਸਭੁ ਕੋ
ਦੁਖੁ ਨ ਮਾਗੈ ਕੋਇ ॥

سُکھ ک ءُ ماگے سبھُ کو
دُکھُ ن ماگے کوءِ ॥

ਸੁਖੈ ਕਉ ਦੁਖੁ ਅਗਲਾ
ਮਨਮੁਖਿ ਬੂਝ ਨ ਹੋਇ ॥

سُکھے ک ءُ دُکھُ اگلا
منمُکھِ بوُجھ ن ہوءِ ॥

ਸੁਖ ਦੁਖ ਸਮ ਕਰਿ ਜਾਣੀਅਹਿ
ਸਬਦਿ ਭੇਦਿ ਸੁਖੁ ਹੋਇ ॥੫॥

سُکھ دُکھ سم کرِ جانیئہِ
سبدِ بھیدِ سُکھُ ہوءِ ॥5॥

ਬੇਦੁ ਪੁਕਾਰੇ ਵਾਚੀਐ
ਬਾਣੀ ਬ੍ਰਹਮ ਬਿਆਸੁ ॥

بیدُ پُکارے واچیئے
بانی برہم بِیاسُ ॥

ਮੁਨਿ ਜਨ ਸੇਵਕ ਸਾਧਿਕਾ
ਨਾਮਿ ਰਤੇ ਗੁਣਤਾਸੁ ॥

مُنِ جن سیوک سادھِکا
نامِ رتے گُنتاسُ ॥

ਸਚਿ ਰਤੇ ਸੇ ਜਿਣਿ ਗਏ
ਹਉ ਸਦ ਬਲਿਹਾਰੈ ਜਾਸੁ ॥੬॥

سچِ رتے سے جِنِ گئے
ہءُ سد بلِہارے جاسُ ॥6॥

ਚਹੁ ਜੁਗਿ ਮੈਲੇ ਮਲੁ ਭਰੇ
ਜਿਨ ਮੁਖਿ ਨਾਮੁ ਨ ਹੋਇ ॥

چہُ جُگِ میلے ملُ بھرے
جِن مُکھِ نامُ ن ہوءِ ॥

ਭਗਤੀ ਭਾਇ ਵਿਹੂਣਿਆ
ਮੁਹੁ ਕਾਲਾ ਪਤਿ ਖੋਇ ॥

بھگتی بھاءِ وِہوُنیا
مُہُ کالا پتِ کھوءِ ॥

ਜਿਨੀ ਨਾਮੁ ਵਿਸਾਰਿਆ
ਅਵਗਣ ਮੁਠੀ ਰੋਇ ॥੭॥

جِنی نامُ وِسارِیا
اوگُن مُٹھی روءِ ॥7॥

ਖੋਜਤ ਖੋਜਤ ਪਾਇਆ
ਡਰੁ ਕਰਿ ਮਿਲੈ ਮਿਲਾਇ ॥

کھوجت کھوجت پائِیا

ਆਪੁ ਪਛਾਣੈ ਘਰਿ ਵਸੈ
ਹਉਮੈ ਤ੍ਰਿਸਨਾ ਜਾਇ ॥

ਨਾਨਕ ਨਿਰਮਲ ਊਜਲੇ
ਜੋ ਰਾਤੇ ਹਰਿ ਨਾਇ ॥੮॥੭॥

ਸਿਰੀਰਾਗੁ ਮਹਲਾ ੧ ॥

ਸੁਣਿ ਮਨ ਭੂਲੇ ਬਾਵਰੇ
ਗੁਰ ਕੀ ਚਰਣੀ ਲਾਗੁ ॥

ਹਰਿ ਜਪਿ ਨਾਮੁ ਧਿਆਇ ਤੂ
ਜਮੁ ਡਰਪੈ ਦੁਖ ਭਾਗੁ ॥

ਦੂਖੁ ਘਣੋ ਦੋਹਾਗਣੀ
ਕਿਉ ਥਿਰੁ ਰਹੈ ਸੁਹਾਗੁ ॥੧॥

ਭਾਈ ਰੇ ਅਵਰੁ ਨਾਹੀ ਮੈ ਥਾਉ ॥

ਮੈ ਧਨੁ ਨਾਮੁ ਨਿਧਾਨੁ ਹੈ
ਗੁਰਿ ਦੀਆ ਬਲਿ ਜਾਉ ॥੧॥ ਰਹਾਉ ॥

ਗੁਰਮਤਿ ਪਤਿ ਸਾਬਾਸਿ ਤਿਸੁ
ਤਿਸ ਕੈ ਸੰਗਿ ਮਿਲਾਉ ॥

ਤਿਸੁ ਬਿਨੁ ਘੜੀ ਨ ਜੀਵਊ
ਬਿਨੁ ਨਾਵੈ ਮਰਿ ਜਾਉ ॥

ਮੈ ਅੰਧੁਲੇ ਨਾਮੁ ਨ ਵੀਸਰੈ
ਟੇਕ ਟਿਕੀ ਘਰਿ ਜਾਉ ॥੨॥

ਗੁਰੂ ਜਿਨਾ ਕਾ ਅੰਧੁਲਾ
ਚੇਲੇ ਨਾਹੀ ਠਾਉ ॥

ਬਿਨੁ ਸਤਿਗੁਰ ਨਾਉ ਨ ਪਾਈਐ
ਬਿਨੁ ਨਾਵੈ ਕਿਆ ਸੁਆਉ ॥

ڈر کرِ ملے ملاءِ ॥

آپُ پچھاٹے گھرِ وسے
ہئمے ترِسنا جاءِ ॥

نانک نِرمل اوُجلے
جو راتے ہرِ ناءِ ॥8॥7॥

سِریراگُ محلا 1 ॥

سُنِ من بھوُلے باورے
گُر کی چرنی لاگُ ॥

ہرِ جپِ نامُ دھِیاءِ توُ
جمُ ڈرپے دُکھ بھاگُ ॥

دوُکھُ گھنوُ دوہاگنی
کِءُ تھِرُ رہے سُہاگُ ۔ ॥1॥

بھائی رے اورُ ناہی مے تھاءُ ॥

مے دھنُ نامُ نِدھانُ ہے
گُرِ دیِیا بلِ جاءُ ॥1॥ رہاءُ ॥

گُرمتِ پتِ ساباسِ تِسُ
تِس کے سنگِ مِلاءُ ॥

تِسُ بِنُ گھڑی ن جیِوئوُ
بِنُ ناوے مرِ جاءُ ॥

مے اندھُلے نامُ ن ویِسرے
ٹیک ٹِکی گھرِ جاءُ ॥2॥

گُروُ جِنا کا اندھُلا
چیلے ناہی ٹھاءُ ॥

بِنُ ستِگُر ناءُ ن پائیے
بِنُ ناوے کِیا سُیاءُ ۔ ॥

ਆਇ ਗਇਆ ਪਛੁਤਾਵਣਾ
ਜਿਉ ਸੁੰਞੈ ਘਰਿ ਕਾਉ ॥੩॥

آءِ گئیا پچھُتاوٹا
جِءُ سُنجے گھرِ کاءُ ॥3॥

ਬਿਨੁ ਨਾਵੈ ਦੁਖੁ ਦੇਹੁਰੀ
ਜਿਉ ਕਲਰ ਕੀ ਭੀਤਿ ॥

بِنُ ناوے دُکھُ دیہُری
جِءُ کلر کی بھیتِ ॥

ਤਬ ਲਗੁ ਮਹਲੁ ਨ ਪਾਈਐ
ਜਬ ਲਗੁ ਸਾਚੁ ਨ ਚੀਤਿ ॥

تب لگُ محلُ ن پائیئے
جب لگُ ساچُ ن چیتِ ॥

ਸਬਦਿ ਰਪੈ ਘਰੁ ਪਾਈਐ
ਨਿਰਬਾਣੀ ਪਦੁ ਨੀਤਿ ॥੪॥

سبدِ رپے گھرُ پائیئے
نِربانی پدُ نیتِ ॥4॥

ਹਉ ਗੁਰ ਪੂਛਉ ਆਪਣੇ
ਗੁਰ ਪੁਛਿ ਕਾਰ ਕਮਾਉ ॥

ہءُ گُر پوُچھءُ آپنے
گُر پُچھِ کار کماءُ ॥

ਸਬਦਿ ਸਲਾਹੀ ਮਨਿ ਵਸੈ
ਹਉਮੈ ਦੁਖੁ ਜਲਿ ਜਾਉ ॥

سبدِ سلاحی منِ وسے
ہئُمے دُکھُ جلِ جاءُ ॥

ਸਹਜੇ ਹੋਇ ਮਿਲਾਵੜਾ
ਸਾਚੇ ਸਾਚਿ ਮਿਲਾਉ ॥੫॥

سہجے ہوءِ مِلاوڑا
ساچے ساچِ مِلاءُ ॥5॥

ਸਬਦਿ ਰਤੇ ਸੇ ਨਿਰਮਲੇ
ਤਜਿ ਕਾਮ ਕ੍ਰੋਧੁ ਅਹੰਕਾਰੁ ॥

سبدِ رتے سے نِرملے
تجِ کام کرودھُ اہنکارُ ॥

ਨਾਮੁ ਸਲਾਹਨਿ ਸਦ ਸਦਾ
ਹਰਿ ਰਾਖਹਿ ਉਰ ਧਾਰਿ ॥

نامُ سلاحنِ سد سدا
ہرِ راکھہِ اُر دھارِ ॥

ਸੋ ਕਿਉ ਮਨਹੁ ਵਿਸਾਰੀਐ
ਸਭ ਜੀਆ ਕਾ ਆਧਾਰੁ ॥੬॥

سو کِءُ منہُ وِسارِیے
سبھ جیِیا کا آدھارُ ॥6॥

ਸਬਦਿ ਮਰੈ ਸੋ ਮਰਿ ਰਹੈ
ਫਿਰਿ ਮਰੈ ਨ ਦੂਜੀ ਵਾਰ ॥

سبدِ مرے سو مرِ رہے
پھِرِ مرے ن دوُجی وار ॥

ਸਬਦੈ ਹੀ ਤੇ ਪਾਈਐ
ਹਰਿ ਨਾਮੇ ਲਗੈ ਪਿਆਰੁ ॥

سبدے ہی تے پائیئے
ہرِ نامے لگے پِیارُ ॥

ਬਿਨੁ ਸਬਦੈ ਜਗੁ ਭੂਲਾ ਫਿਰੈ
ਮਰਿ ਜਨਮੈ ਵਾਰੋ ਵਾਰ ॥੭॥

بِنُ سبدے جگُ بھوُلا پھِرے

ਸਭ ਸਾਲਾਹੈ ਆਪ ਕਉ
ਵਡਹੁ ਵਡੇਰੀ ਹੋਇ ॥

سبھ سالاہے آپ ک ءُ
وڈہُ وڈیری ہوءِ ॥

ਗੁਰ ਬਿਨੁ ਆਪੁ ਨ ਚੀਨੀਐ
ਕਹੇ ਸੁਣੇ ਕਿਆ ਹੋਇ ॥

گُر بِنُ آپُ ن چینیئے
کہے سُنے کِیا ہوءِ ۔ ॥

ਨਾਨਕ ਸਬਦਿ ਪਛਾਣੀਐ
ਹਉਮੈ ਕਰੈ ਨ ਕੋਇ ॥੮॥੮॥

نانک سبدِ پچھانیئے
ہئُمے کرے ن کوءِ ॥8॥8॥

ਸਿਰੀਰਾਗੁ ਮਹਲਾ ੧ ॥

سِریراگُ محلا 1 ॥

ਬਿਨੁ ਪਿਰ ਧਨ ਸੀਗਾਰੀਐ
ਜੋਬਨੁ ਬਾਦਿ ਖੁਆਰੁ ॥

بِنُ پِر دھن سِیگارِیئے
جوبنُ بادِ خُیارُ ॥

ਨਾ ਮਾਣੇ ਸੁਖਿ ਸੇਜੜੀ
ਬਿਨੁ ਪਿਰ ਬਾਦਿ ਸੀਗਾਰੁ ॥

نا ماۓ سُکھِ سیجڑی
بِنُ پِر بادِ سِیگارُ ॥

ਦੂਖੁ ਘਣੋ ਦੋਹਾਗਣੀ
ਨਾ ਘਰਿ ਸੇਜ ਭਤਾਰੁ ॥੧॥

دوُکھُ گھنّو دوہاگنی
نا گھرِ سیج بھتارُ ॥1॥

ਮਨ ਰੇ ਰਾਮ ਜਪਹੁ ਸੁਖੁ ਹੋਇ ॥

من رے رام جپہُ سُکھُ ہوءِ ॥

ਬਿਨੁ ਗੁਰ ਪ੍ਰੇਮੁ ਨ ਪਾਈਐ
ਸਬਦਿ ਮਿਲੈ ਰੰਗੁ ਹੋਇ ॥੧॥ ਰਹਾਉ ॥

بِنُ گُر پریمُ ن پائیئے
سبدِ مِلے رنگُ ہوءِ ॥1॥ رہاءُ ॥

ਗੁਰ ਸੇਵਾ ਸੁਖੁ ਪਾਈਐ
ਹਰਿ ਵਰੁ ਸਹਜਿ ਸੀਗਾਰੁ ॥

گُر سیوا سُکھُ پائیئے
ہرِ ورُ سہجِ سِیگارُ ॥

ਸਚਿ ਮਾਣੇ ਪਿਰ ਸੇਜੜੀ
ਗੂੜਾ ਹੇਤੁ ਪਿਆਰੁ ॥

سچِ ماۓ پِر سیجڑی
گوُڑا ہیتُ پِیارُ ॥

ਗੁਰਮੁਖਿ ਜਾਣਿ ਸਿਞਾਣੀਐ
ਗੁਰਿ ਮੇਲੀ ਗੁਣ ਚਾਰੁ ॥੨॥

گُرمُکھِ جانِ سِجانیئے
گُرِ میلی گُنُ چارُ ॥2॥

ਸਚਿ ਮਿਲਹੁ ਵਰ ਕਾਮਣੀ
ਪਿਰਿ ਮੋਹੀ ਰੰਗੁ ਲਾਇ ॥

سچِ ملہُ ور کامنی
پِر موہی رنگُ لاءِ ॥

ਮਨੁ ਤਨੁ ਸਾਚਿ ਵਿਗਸਿਆ
ਕੀਮਤਿ ਕਹਣੁ ਨ ਜਾਇ ॥

ہرِ ورُ گھرِ سوہاگنی
نِرمل ساچے ناءِ ॥3॥

ਹਰਿ ਵਰੁ ਘਰਿ ਸੋਹਾਗਣੀ
ਨਿਰਮਲ ਸਾਚੈ ਨਾਇ ॥੩॥

ਮਨ ਮਹਿ ਮਨੂਆ ਜੇ ਮਰੈ
ਤਾ ਪਿਰੁ ਰਾਵੈ ਨਾਰਿ ॥

من مہِ منوُیا جے مرے
تا پِرُ راوے نارِ ॥

ਇਕਤੁ ਤਾਗੈ ਰਲਿ ਮਿਲੈ
ਗਲਿ ਮੋਤੀਅਨ ਕਾ ਹਾਰੁ ॥

اِکتُ تاگے رلِ مِلے
گلِ موتیئن کا ہارُ ॥

ਸੰਤ ਸਭਾ ਸੁਖੁ ਊਪਜੈ
ਗੁਰਮੁਖਿ ਨਾਮ ਅਧਾਰੁ ॥੪॥

سنّت سبھا سُکھُ اوُپجے
گُرمُکھِ نام ادھارُ ॥4॥

ਖਿਨ ਮਹਿ ਉਪਜੈ ਖਿਨਿ ਖਪੈ
ਖਿਨੁ ਆਵੈ ਖਿਨੁ ਜਾਇ ॥

کھِن مہِ اُپجے کھِن کھپے
کھِنُ آوے کھِنُ جاءِ ॥

ਸਬਦੁ ਪਛਾਣੈ ਰਵਿ ਰਹੈ
ਨਾ ਤਿਸੁ ਕਾਲੁ ਸੰਤਾਇ ॥

سبدُ پچھاٹے روِ رہے
نا تِسُ کالُ سنّتاءِ ॥

ਸਾਹਿਬੁ ਅਤੁਲੁ ਨ ਤੋਲੀਐ
ਕਥਨਿ ਨ ਪਾਇਆ ਜਾਇ ॥੫॥

صاحِبُ اتُلُ ن تولیئے
کتھنِ ن پائیا جاءِ ॥5॥

ਵਾਪਾਰੀ ਵਣਜਾਰਿਆ
ਆਏ ਵਜਹੁ ਲਿਖਾਇ ॥

واپاری وٹجارِیا
آئے وجہُ لِکھاءِ ॥

ਕਾਰ ਕਮਾਵਿਹ ਸਚ ਕੀ
ਲਾਹਾ ਮਿਲੈ ਰਜਾਇ ॥

کار کماوِہ سچ کی
لاہا مِلے رضاءِ ॥

ਪੂੰਜੀ ਸਾਚੀ ਗੁਰੁ ਮਿਲੈ
ਨਾ ਤਿਸੁ ਤਿਲੁ ਨ ਤਮਾਇ ॥੬॥

پوُنجی ساچی گُرُ مِلے
نا تِسُ تِلُ ن طماعِ ॥6॥

ਗੁਰਮੁਖਿ ਤੋਲਿ ਤੁਲਾਇਸੀ
ਸਚੁ ਤਰਾਜੀ ਤੋਲੁ ॥

گُرمُکھِ تولِ تولائِسی
سچُ ترازی تولُ ॥

ਆਸਾ ਮਨਸਾ ਮੋਹਣੀ
ਗੁਰਿ ਠਾਕੀ ਸਚੁ ਬੋਲੁ ॥

آسا منسا موہنٹی

ਆਪਿ ਤੁਲਾਏ ਤੋਲਸੀ
ਪੂਰੇ ਪੂਰਾ ਤੋਲੁ ॥੭॥

آپِ ٹلائے تولسی
پُورے پُورا تولُ ॥7॥

ਕਥਨੈ ਕਹਣਿ ਨ ਛੁਟੀਐ
ਨਾ ਪੜਿ ਪੁਸਤਕ ਭਾਰ ॥

کتھنے کہنِ ن چھُٹیئے
نا پڑِ پُستک بھار ॥

ਕਾਇਆ ਸੋਚ ਨ ਪਾਈਐ
ਬਿਨੁ ਹਰਿ ਭਗਤਿ ਪਿਆਰ ॥

کائیا سوچ ن پائیئے
بِنُ ہرِ بھگتِ پِیار ॥

ਨਾਨਕ ਨਾਮੁ ਨ ਵੀਸਰੈ
ਮੇਲੇ ਗੁਰੁ ਕਰਤਾਰ ॥੮॥੯॥

نانک نامُ ن ویسرے
میلے گُرُ کرتار ॥8॥9॥

ਸਿਰੀਰਾਗੁ ਮਹਲਾ ੧ ॥

سِرِیراگُ محلا 1 ॥

ਸਤਿਗੁਰੁ ਪੂਰਾ ਜੇ ਮਿਲੈ
ਪਾਈਐ ਰਤਨੁ ਬੀਚਾਰੁ ॥

ستِگُرُ پُورا جے مِلے
پائیئے رتنُ بیچارُ ॥

ਮਨੁ ਦੀਜੈ ਗੁਰ ਆਪਣੇ
ਪਾਈਐ ਸਰਬ ਪਿਆਰੁ ॥

منُ دیجے گُر آپنے
پائیئے سرب پِیارُ ॥

ਮੁਕਤਿ ਪਦਾਰਥੁ ਪਾਈਐ
ਅਵਗਣ ਮੇਟਣਹਾਰੁ ॥੧॥

مُکتِ پدارتھُ پائیئے
اوگنُ میٹنہارُ ॥1॥

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥

بھائی رے گُر بِنُ گیانُ ن ہوءِ ॥

ਪੂਛਹੁ ਬ੍ਰਹਮੇ ਨਾਰਦੈ
ਬੇਦ ਬਿਆਸੈ ਕੋਇ ॥੧॥ ਰਹਾਉ ॥

پُوچھہُ برہمے ناردے
بید بیاسے کوءِ ॥1॥ رہاءُ ॥

ਗਿਆਨੁ ਧਿਆਨੁ ਧੁਨਿ ਜਾਣੀਐ
ਅਕਥੁ ਕਹਾਵੈ ਸੋਇ ॥

گیانُ دھیانُ دھُنِ جانیئے
اکتھُ کہاوے سوءِ ॥

ਸਫਲਿਓ ਬਿਰਖੁ ਹਰੀਆਵਲਾ
ਛਾਵ ਘਣੇਰੀ ਹੋਇ ॥

سپھلِئو برکھُ ہریاولا
چھاو گھنیری ہوءِ ॥

ਲਾਲ ਜਵੇਹਰ ਮਾਣਕੀ
ਗੁਰ ਭੰਡਾਰੈ ਸੋਇ ॥੨॥

لال جویہر مانکی
گُر بھنڈارے سوءِ ॥2॥

ਗੁਰ ਭੰਡਾਰੈ ਪਾਈਐ
ਨਿਰਮਲ ਨਾਮ ਪਿਆਰੁ ॥

گُر بھنڈارے پائیئے
نِرمل نام پیارُ ॥

ਸਾਚੋ ਵਖਰੁ ਸੰਚੀਐ
ਪੂਰੈ ਕਰਮਿ ਅਪਾਰੁ ॥

ساچو وکھرُ سنچیئے
پُورے کرمِ اپارُ ॥

ਸੁਖਦਾਤਾ ਦੁਖ ਮੇਟਣੋ
ਸਤਿਗੁਰੁ ਅਸੁਰ ਸੰਘਾਰੁ ॥੩॥

سُکھداتا دُکھ میٹنُو
ستِگُرُ اسُر سنگھارُ ॥3॥

ਭਵਜਲੁ ਬਿਖਮੁ ਡਰਾਵਣੋ
ਨਾ ਕੰਧੀ ਨਾ ਪਾਰੁ ॥

بھوجلُ بِکھمُ ڈراونُو
نا کندھی نا پارُ ॥

ਨਾ ਬੇੜੀ ਨਾ ਤੁਲਹੜਾ
ਨਾ ਤਿਸੁ ਵੰਝੁ ਮਲਾਰੁ ॥

نا بیڑی نا تُلہڑا
نا تِس ونجھُ ملارُ ॥

ਸਤਿਗੁਰੁ ਭੈ ਕਾ ਬੋਹਿਥਾ
ਨਦਰੀ ਪਾਰਿ ਉਤਾਰੁ ॥੪॥

ستِگُرُ بھے کا بوہتھا
ندری پارِ اُتارُ ॥4॥

ਇਕੁ ਤਿਲੁ ਪਿਆਰਾ ਵਿਸਰੈ
ਦੁਖੁ ਲਾਗੈ ਸੁਖੁ ਜਾਇ ॥

اِکُ تِلُ پیارا وِسرے
دُکھُ لاگے سُکھُ جاءِ ॥

ਜਿਹਵਾ ਜਲਉ ਜਲਾਵਣੀ
ਨਾਮੁ ਨ ਜਪੈ ਰਸਾਇ ॥

جِہوا جل ءُ جلاونُی
نامُ ن جپے رساءِ ॥

ਘਟੁ ਬਿਨਸੈ ਦੁਖੁ ਅਗਲੋ
ਜਮੁ ਪਕੜੈ ਪਛੁਤਾਇ ॥੫॥

گھٹُ بِنسے دُکھُ اگلو
جمُ پکڑے پچھُتاءِ ॥5॥

ਮੇਰੀ ਮੇਰੀ ਕਰਿ ਗਏ
ਤਨੁ ਧਨੁ ਕਲਤੁ ਨ ਸਾਥਿ ॥

میری میری کرِ گئے
تنُ دھنُ کلتُ ن ساتھِ ॥

ਬਿਨੁ ਨਾਵੈ ਧਨੁ ਬਾਦਿ ਹੈ
ਭੂਲੋ ਮਾਰਗਿ ਆਥਿ ॥

بِنُ ناوے دھنُ بادِ ہے
بھوُلو مارگِ آتھِ ॥

ਸਾਚਉ ਸਾਹਿਬੁ ਸੇਵੀਐ
ਗੁਰਮੁਖਿ ਅਕਥੋ ਕਾਥਿ ॥੬॥

ساچءُ صاحِبُ سیویئے
گُرمُکھِ اکتھو کاتھِ ॥6॥

ਆਵੈ ਜਾਇ ਭਵਾਈਐ
ਪਇਐ ਕਿਰਤਿ ਕਮਾਇ ॥

آوے جاءِ بھوائیئے

پئے کِرتِ کماءِ ॥

ਪੂਰਬਿ ਲਿਖਿਆ ਕਿਉ ਮੇਟੀਐ
ਲਿਖਿਆ ਲੇਖੁ ਰਜਾਇ ॥

پُورب لِکھیا کِءُ میٹیئے
لِکھیا لیکھُ رضاءِ ॥

ਬਿਨੁ ਹਰਿ ਨਾਮ ਨ ਛੁਟੀਐ
ਗੁਰਮਤਿ ਮਿਲੈ ਮਿਲਾਇ ॥੭॥

بِنُ ہرِ نام ن چھُٹیئے
گُرمتِ مِلے مِلاءِ ॥7॥

ਤਿਸੁ ਬਿਨੁ ਮੇਰਾ ਕੋ ਨਹੀ
ਜਿਸ ਕਾ ਜੀਉ ਪਰਾਨੁ ॥

تِس بِنُ میرا کو نہی
جِس کا جیءُ پرانُ ॥

ਹਉਮੈ ਮਮਤਾ ਜਲਿ ਬਲਉ
ਲੋਭੁ ਜਲਉ ਅਭਿਮਾਨੁ ॥

ہئمے ممتا جلِ بلءُ
لوبھُ جلءُ ابھمانُ ॥

ਨਾਨਕ ਸਬਦੁ ਵੀਚਾਰੀਐ
ਪਾਈਐ ਗੁਣੀ ਨਿਧਾਨੁ ॥੮॥੧੦॥

نانک سبدُ ویچاریئے
پائیئے گُنی نِدھانُ ॥8॥ 10 ॥

ਸਿਰੀਰਾਗੁ ਮਹਲਾ ੧ ॥

سِرِیراگُ محلا 1 ॥

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ
ਜੈਸੀ ਜਲ ਕਮਲੇਹਿ ॥

رے من ایَسی ہرِ سِءُ پریت کرِ
جیَسی جل کملیہِ ॥

ਲਹਰੀ ਨਾਲਿ ਪਛਾੜੀਐ
ਭੀ ਵਿਗਸੈ ਅਸਨੇਹਿ ॥

لہری نالِ پچھاڑیئے
بھی وِگسے اسنیہِ ॥

ਜਲ ਮਹਿ ਜੀਅ ਉਪਾਇ ਕੈ
ਬਿਨੁ ਜਲ ਮਰਣੁ ਤਿਨੇਹਿ ॥੧॥

جل مہِ جیء اُپاءِ کے
بِنُ جل مرنُ تِنیہِ ॥1॥

ਮਨ ਰੇ ਕਿਉ ਛੂਟਹਿ ਬਿਨੁ ਪਿਆਰ ॥

من رے کِءُ چھوٹہِ بِنُ پیار ۔ ॥

ਗੁਰਮੁਖਿ ਅੰਤਰਿ ਰਵਿ ਰਹਿਆ
ਬਖਸੇ ਭਗਤਿ ਭੰਡਾਰ ॥੧॥ ਰਹਾਉ ॥

گُرمُکھِ انترِ روِ رہیا
بخشے بھگتِ بھنڈار ॥1॥ رہاءُ ॥

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ
ਜੈਸੀ ਮਛੁਲੀ ਨੀਰ ॥

رے من ایَسی ہرِ سِءُ پریت کرِ
جیَسی مچھُلی نیرِ ॥

ਜਿਉ ਅਧਿਕਉ ਤਿਉ ਸੁਖੁ ਘਣੋ
ਮਨਿ ਤਨਿ ਸਾਂਤਿ ਸਰੀਰ ॥

جِءُ ادھِک ءُ تِءُ سُکھُ گھنّو
منِ تنِ سانتِ سریرِ ॥

ਬਿਨੁ ਜਲ ਘੜੀ ਨ ਜੀਵਈ
ਪ੍ਰਭੁ ਜਾਣੈ ਅਭ ਪੀਰ ॥੨॥

بِنُ جل گھڑی ن جیِوئی
پربھُ جانے ابھ پیِر ॥2॥

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ
ਜੈਸੀ ਚਾਤ੍ਰਿਕ ਮੇਹ ॥

رے من ایَسی ہرِ سِ ءُ پرّیتِ کرِ
جیَسی چاتّرِک میہ ॥

ਸਰ ਭਰਿ ਥਲ ਹਰੀਆਵਲੇ
ਇਕ ਬੂੰਦ ਨ ਪਵਈ ਕੇਹ ॥

سر بھرِ تھل ہریاولے
اِک بوُنّد ن پوئی کیہ ॥

ਕਰਮਿ ਮਿਲੈ ਸੋ ਪਾਈਐ
ਕਿਰਤੁ ਪਇਆ ਸਿਰਿ ਦੇਹ ॥੩॥

کرمِ ملےَ سو پائیےَ
کِرتُ پئیا سِرِ دیہ ॥3॥

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ
ਜੈਸੀ ਜਲ ਦੁਧ ਹੋਇ ॥

رے من ایَسی ہرِ سِ ءُ پرّیتِ کرِ
جیَسی جل دُدھ ہوءِ ॥

ਆਵਟਣੁ ਆਪੇ ਖਵੈ
ਦੁਧ ਕਉ ਖਪਣਿ ਨ ਦੇਇ ॥

آوٹنُ آپے کھوے
دُدھ ک ءُ کھپنِ ن دے ءِ ॥

ਆਪੇ ਮੇਲਿ ਵਿਛੁੰਨਿਆ
ਸਚਿ ਵਡਿਆਈ ਦੇਇ ॥੪॥

آپے میلِ وِچھُنّیا
سچِ وڈِیائی دے ءِ ॥4॥

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ
ਜੈਸੀ ਚਕਵੀ ਸੂਰ ॥

رے من ایَسی ہرِ سِ ءُ پرّیتِ کرِ
جیَسی چکوی سوُر ॥

ਖਿਨੁ ਪਲੁ ਨੀਦ ਨ ਸੋਵਈ
ਜਾਣੈ ਦੂਰਿ ਹਜੂਰਿ ॥

کھِنُ پلُ نِید ن سووئی
جانے دوُرِ حضوُرِ ॥

ਮਨਮੁਖਿ ਸੋਝੀ ਨਾ ਪਵੈ
ਗੁਰਮੁਖਿ ਸਦਾ ਹਜੂਰਿ ॥੫॥

منمُکھِ سوجھی نا پوے
گُرمُکھِ سدا حضوُرِ ॥5॥

ਮਨਮੁਖਿ ਗਣਤ ਗਣਾਵਣੀ
ਕਰਤਾ ਕਰੇ ਸੁ ਹੋਇ ॥

منمُکھِ گنّت گنّاونّی
کرتا کرے سُ ہوءِ ॥

ਤਾ ਕੀ ਕੀਮਤਿ ਨਾ ਪਵੈ
ਜੇ ਲੋਚੈ ਸਭੁ ਕੋਇ ॥

تا کی قیِمتِ نا پوے
جے لوچےَ سبھُ کوءِ ॥

ਗੁਰਮਤਿ ਹੋਇ ਤ ਪਾਈਐ
ਸਚਿ ਮਿਲੈ ਸੁਖੁ ਹੋਇ ॥੬॥

گُرمتِ ہوءِ ت پائیےَ

ਸਚਾ ਨੇਹੁ ਨ ਤੁਟਈ
ਜੇ ਸਤਿਗੁਰੁ ਭੇਟੈ ਸੋਇ ॥

ਗਿਆਨ ਪਦਾਰਥੁ ਪਾਈਐ
ਤ੍ਰਿਭਵਣ ਸੋਝੀ ਹੋਇ ॥

ਨਿਰਮਲੁ ਨਾਮੁ ਨ ਵੀਸਰੈ
ਜੇ ਗੁਣ ਕਾ ਗਾਹਕੁ ਹੋਇ ॥੭॥

ਖੇਲਿ ਗਏ ਸੇ ਪੰਖਣੂੰ
ਜੋ ਚੁਗਦੇ ਸਰ ਤਲਿ ॥

ਘੜੀ ਕਿ ਮੁਹਤਿ ਕਿ ਚਲਣਾ
ਖੇਲਣੁ ਅਜੁ ਕਿ ਕਲਿ ॥

ਜਿਸੁ ਤੂੰ ਮੇਲਹਿ ਸੋ ਮਿਲੈ
ਜਾਇ ਸਚਾ ਪਿੜੁ ਮਲਿ ॥੮॥

ਬਿਨੁ ਗੁਰ ਪ੍ਰੀਤਿ ਨ ਊਪਜੈ
ਹਉਮੈ ਮੈਲੁ ਨ ਜਾਇ ॥

ਸੋਹੰ ਆਪੁ ਪਛਾਣੀਐ
ਸਬਦਿ ਭੇਦਿ ਪਤੀਆਇ ॥

ਗੁਰਮੁਖਿ ਆਪੁ ਪਛਾਣੀਐ
ਅਵਰ ਕਿ ਕਰੇ ਕਰਾਇ ॥੯॥

ਮਿਲਿਆ ਕਾ ਕਿਆ ਮੇਲੀਐ
ਸਬਦਿ ਮਿਲੇ ਪਤੀਆਇ ॥

ਮਨਮੁਖਿ ਸੋਝੀ ਨਾ ਪਵੈ
ਵੀਛੁੜਿ ਚੋਟਾ ਖਾਇ ॥

ਨਾਨਕ ਦਰੁ ਘਰੁ ਏਕੁ ਹੈ
ਅਵਰੁ ਨ ਦੂਜੀ ਜਾਇ ॥੧੦॥੧੧॥

سچ ملے سُکھ ہوءِ ॥6॥

سچا نیہُ ن ٹُٹئی
جے ستِگُر بھیٹے سوءِ ॥

گیان پدارتھُ پائیئے
ترِبھوٹ سوجھی ہوءِ ॥

نِرملُ نامُ ن وِسرے
جے گُٹ کا گاہکُ ہوءِ ॥7॥

کھیلِ گئے سے پنکھٹُونّ
جو چُگدے سر تلِ ॥

گھڑی کِ مُہتِ کِ چلنّا
کھیلنُّ اجُ کِ کلِ ॥

جِسُ توُنّ میلہِ سو ملے
جاءِ سچا پڑُ ملِ ॥8॥

بِنُ گُر پریت ن اوُپجے
ہئُمے میَلُ ن جاءِ ॥

سوہنّ آپُ پچھانئیے
سبدِ بھیدِ پتیاءِ ॥

گُرمُکھِ آپُ پچھانئیے
اور کِ کرے کراءِ ۔ ॥9॥

مِلیا کا کِیا میلیئے
سبدِ ملے پتیاءِ ॥

منمُکھِ سوجھی نا پوے
وِچھُڑِ چوٹا کھاءِ ॥

نانک درُ گھرُ ایکُ ہے
اورُ ن دوُجی جاءِ ॥ 10 ॥ 11 ॥

ਸਿਰੀਰਾਗੁ ਮਹਲਾ ੧ ॥

ਮਨਮੁਖਿ ਭੁਲੈ ਭੁਲਾਈਐ
ਭੂਲੀ ਠਉਰ ਨ ਕਾਇ ॥

ਗੁਰ ਬਿਨੁ ਕੋ ਨ ਦਿਖਾਵਈ
ਅੰਧੀ ਆਵੈ ਜਾਇ ॥

ਗਿਆਨ ਪਦਾਰਥੁ ਖੋਇਆ
ਠਗਿਆ ਮੁਠਾ ਜਾਇ ॥੧॥

ਬਾਬਾ ਮਾਇਆ ਭਰਮਿ ਭੁਲਾਇ ॥

ਭਰਮਿ ਭੁਲੀ ਡੋਹਾਗਣੀ
ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥

ਭੂਲੀ ਫਿਰੈ ਦਿਸੰਤਰੀ
ਭੂਲੀ ਗ੍ਰਿਹੁ ਤਜਿ ਜਾਇ ॥

ਭੂਲੀ ਡੂੰਗਰਿ ਥਲਿ ਚੜੈ
ਭਰਮੈ ਮਨੁ ਡੋਲਾਇ ॥

ਧੁਰਹੁ ਵਿਛੁੰਨੀ ਕਿਉ ਮਿਲੈ
ਗਰਬਿ ਮੁਠੀ ਬਿਲਲਾਇ ॥੨॥

ਵਿਛੁੜਿਆ ਗੁਰੁ ਮੇਲਸੀ
ਹਰਿ ਰਸਿ ਨਾਮ ਪਿਆਰਿ ॥

ਸਾਚਿ ਸਹਜਿ ਸੋਭਾ ਘਣੀ
ਹਰਿ ਗੁਣ ਨਾਮ ਅਧਾਰਿ ॥

ਜਿਉ ਭਾਵੈ ਤਿਉ ਰਖੁ ਤੂੰ
ਮੈ ਤੁਝ ਬਿਨੁ ਕਵਨੁ ਭਤਾਰੁ ॥੩॥

ਅਖਰ ਪੜਿ ਪੜਿ ਭੁਲੀਐ
ਭੇਖੀ ਬਹੁਤੁ ਅਭਿਮਾਨੁ ॥

ਤੀਰਥ ਨਾਤਾ ਕਿਆ ਕਰੇ

سِرِیراگُ محلا 1 ॥

منمُکھِ بھُلے بھُلائیئے
بھوُلی ٹھُر ن کاءِ ॥

گُر بِنُ کو ن دِکھاوئی
اندّھی آوے جاءِ ॥

گِیان پدارتھُ کھوئیا
ٹھگِیا مُٹھا جاءِ ॥1॥

بابا مائیا بھرمِ بھُلاءِ ॥

بھرمِ بھُلی ڈوہاگنٹی
نا پِر انکِ سماءِ ॥1॥ رہاءُ ॥

بھوُلی پھِرے دِسنّتری
بھوُلی گِرہُ تجِ جاءِ ॥

بھوُلی ڈوُنگرِ تھلِ چڑے
بھرمے مَنُ ڈولاءِ ॥

دھُرہُ وِچھُنّی کِءُ مِلے
گربِ مُٹھی بِللاءِ ॥2॥

وِچھُڑِیا گُرُ میلسی
ہرِ رسِ نام پِیارِ ॥

ساچِ سہجِ سوبھا گھنٹی
ہرِ گُنٹ نام ادھارِ ॥

جِءُ بھاوے تِءُ رکھُ توُنّ
مے تُجھ بِنُ کونُ بھتارُ ۔ ॥3॥

اکھر پڑِ پڑِ بھُلیئے
بھیکھی بہُتُ ابھِمانُ ॥

تیرتھ ناتا کِیا کرے

ਮਨ ਮਹਿ ਮੈਲੁ ਗੁਮਾਨੁ ॥
من مہِ میَلُ گُمانُ ॥

ਗੁਰ ਬਿਨੁ ਕਿਨਿ ਸਮਝਾਈਐ
ਮਨੁ ਰਾਜਾ ਸੁਲਤਾਨੁ ॥੪॥
گُر بِنُ کِنِ سمجھائیَے
منُ راجا سُلطانُ ॥4॥

ਪ੍ਰੇਮ ਪਦਾਰਥੁ ਪਾਈਐ
ਗੁਰਮੁਖਿ ਤਤੁ ਵੀਚਾਰੁ ॥
پّریم پدارتھُ پائیَے
گُرمُکھِ تتُ ویچارُ ॥

ਸਾ ਧਨ ਆਪੁ ਗਵਾਇਆ
ਗੁਰ ਕੈ ਸਬਦਿ ਸੀਗਾਰੁ ॥
سا دھن آپُ گوائیا
گُر کے سبدِ سیِگارُ ॥

ਘਰ ਹੀ ਸੋ ਪਿਰੁ ਪਾਇਆ
ਗੁਰ ਕੈ ਹੇਤਿ ਅਪਾਰੁ ॥੫॥
گھر ہی سو پُر پائیا
گُر کے ہیتِ اپارُ ॥5॥

ਗੁਰ ਕੀ ਸੇਵਾ ਚਾਕਰੀ
ਮਨੁ ਨਿਰਮਲੁ ਸੁਖੁ ਹੋਇ ॥
گُر کی سیوا چاکری
منُ نِرملُ سُکھُ ہوءِ ॥

ਗੁਰ ਕਾ ਸਬਦੁ ਮਨਿ ਵਸਿਆ
ਹਉਮੈ ਵਿਚਹੁ ਖੋਇ ॥
گُر کا سبدُ منِ وسِیا
ہئُمےَ وِچہُ کھوءِ ॥

ਨਾਮੁ ਪਦਾਰਥੁ ਪਾਇਆ
ਲਾਭੁ ਸਦਾ ਮਨਿ ਹੋਇ ॥੬॥
نامُ پدارتھُ پائیا
لابھُ سدا منِ ہوءِ ॥6॥

ਕਰਮਿ ਮਿਲੈ ਤਾ ਪਾਈਐ
ਆਪਿ ਨ ਲਇਆ ਜਾਇ ॥
کرمِ مِلےَ تا پائیَے
آپِ ن لئیا جاءِ ॥

ਗੁਰ ਕੀ ਚਰਣੀ ਲਗਿ ਰਹੁ
ਵਿਚਹੁ ਆਪੁ ਗਵਾਇ ॥
گُر کی چرنّی لگِ رہُ
وِچہُ آپُ گواءِ ॥

ਸਚੇ ਸੇਤੀ ਰਤਿਆ
ਸਚੋ ਪਲੈ ਪਾਇ ॥੭॥
سچے سیتی رتیا
سچو پلےَ پاءِ ॥7॥

ਭੁਲਣ ਅੰਦਰਿ ਸਭੁ ਕੋ
ਅਭੁਲੁ ਗੁਰੂ ਕਰਤਾਰੁ ॥
بھُلنّ انّدرِ سبھُ کو
ابھُلُ گُرو کرتارُ ॥

ਗੁਰਮਤਿ ਮਨੁ ਸਮਝਾਇਆ
ਲਾਗਾ ਤਿਸੈ ਪਿਆਰੁ ॥
گُرمتِ منُ سمجھائیا
لاگا تِسےَ پِیارُ ॥

ਨਾਨਕ ਸਾਚੁ ਨ ਵੀਸਰੈ
ਮੇਲੇ ਸਬਦੁ ਅਪਾਰੁ ॥੮॥੧੨॥

نانک ساچُ ن ویسرے
میلے سبدُ اپارُ ॥8॥ 12 ॥

ਸਿਰੀਰਾਗੁ ਮਹਲਾ ੧ ॥

سِرِیراگُ محلا 1 ॥

ਤ੍ਰਿਸਨਾ ਮਾਇਆ ਮੋਹਣੀ
ਸੁਤ ਬੰਧਪ ਘਰ ਨਾਰਿ ॥

تّرِسنا مائیا موہنّی
سُت بنّدھپ گھر نارِ ॥

ਧਨਿ ਜੋਬਨਿ ਜਗੁ ਠਗਿਆ
ਲਬਿ ਲੋਭਿ ਅਹੰਕਾਰਿ ॥

دھنِ جوبنِ جگُ ٹھگِیا
لبِ لوبھِ اہنّکارِ ॥

ਮੋਹ ਠਗਉਲੀ ਹਉ ਮੁਈ
ਸਾ ਵਰਤੈ ਸੰਸਾਰਿ ॥੧॥

موہ ٹھگئُلی ہءُ مُئی
سا ورتے سنّسارِ ॥1॥

ਮੇਰੇ ਪ੍ਰੀਤਮਾ
ਮੈ ਤੁਝ ਬਿਨੁ ਅਵਰੁ ਨ ਕੋਇ ॥

میرے پّریتما
مے تُجھ بِنُ اورُ ن کوءِ ॥

ਮੈ ਤੁਝ ਬਿਨੁ ਅਵਰੁ ਨ ਭਾਵਈ
ਤੂੰ ਭਾਵਹਿ ਸੁਖੁ ਹੋਇ ॥੧॥ ਰਹਾਉ ॥

مے تُجھ بِنُ اورُ ن بھاوئی
توُنّ بھاوہِ سُکھُ ہوءِ ॥1॥ رہاءُ ॥

ਨਾਮੁ ਸਾਲਾਹੀ ਰੰਗ ਸਿਉ
ਗੁਰ ਕੈ ਸਬਦਿ ਸੰਤੋਖੁ ॥

نامُ سالاحی رنّگ سِءُ
گُر کے سبدِ سنّتوکھُ ॥

ਜੋ ਦੀਸੈ ਸੋ ਚਲਸੀ
ਕੂੜਾ ਮੋਹੁ ਨ ਵੇਖੁ ॥

جو دیسے سو چلسی
کوُڑا موہُ ن ویکھُ ॥

ਵਾਟ ਵਟਾਊ ਆਇਆ
ਨਿਤ ਚਲਦਾ ਸਾਥੁ ਦੇਖੁ ॥੨॥

واٹ وٹائوُ آئیا
نِت چلدا ساتھُ دیکھُ ॥2॥

ਆਖਣਿ ਆਖਹਿ ਕੇਤੜੇ
ਗੁਰ ਬਿਨੁ ਬੂਝ ਨ ਹੋਇ ॥

آکھنِ آکھہِ کیتڑے
گُر بِنُ بوُجھ ن ہوءِ ॥

ਨਾਮੁ ਵਡਾਈ ਜੇ ਮਿਲੈ
ਸਚਿ ਰਪੈ ਪਤਿ ਹੋਇ ॥

نامُ وڈائی جے ملے
سچِ رپے پتِ ہوءِ ॥

ਜੋ ਤੁਧੁ ਭਾਵਹਿ ਸੇ ਭਲੇ
ਖੋਟਾ ਖਰਾ ਨ ਕੋਇ ॥੩॥

جو تُدھُ بھاوہِ سے بھلے
کھوٹا کھرا ن کوءِ ॥3॥

ਗੁਰ ਸਰਣਾਈ ਛੁਟੀਐ
ਮਨਮੁਖ ਖੋਟੀ ਰਾਸਿ ॥

ਅਸਟ ਧਾਤੁ ਪਾਤਿਸਾਹ ਕੀ
ਘੜੀਐ ਸਬਦਿ ਵਿਗਾਸਿ ॥

ਆਪੇ ਪਰਖੇ ਪਾਰਖੂ
ਪਵੈ ਖਜਾਨੈ ਰਾਸਿ ॥੪॥

ਤੇਰੀ ਕੀਮਤਿ ਨਾ ਪਵੈ
ਸਭ ਡਿਠੀ ਠੋਕਿ ਵਜਾਇ ॥

ਕਹਣੈ ਹਾਥ ਨ ਲਭਈ
ਸਚਿ ਟਿਕੈ ਪਤਿ ਪਾਇ ॥

ਗੁਰਮਤਿ ਤੂੰ ਸਾਲਾਹਣਾ
ਹੋਰੁ ਕੀਮਤਿ ਕਹਣੁ ਨ ਜਾਇ ॥੫॥

ਜਿਤੁ ਤਨਿ ਨਾਮੁ ਨ ਭਾਵਈ
ਤਿਤੁ ਤਨਿ ਹਉਮੈ ਵਾਦੁ ॥

ਗੁਰ ਬਿਨੁ ਗਿਆਨੁ ਨ ਪਾਈਐ
ਬਿਖਿਆ ਦੂਜਾ ਸਾਦੁ ॥

ਬਿਨੁ ਗੁਣ ਕਾਮਿ ਨ ਆਵਈ
ਮਾਇਆ ਫੀਕਾ ਸਾਦੁ ॥੬॥

ਆਸਾ ਅੰਦਰਿ ਜੰਮਿਆ
ਆਸਾ ਰਸ ਕਸ ਖਾਇ ॥

ਆਸਾ ਬੰਧਿ ਚਲਾਈਐ
ਮੁਹੇ ਮੁਹਿ ਚੋਟਾ ਖਾਇ ॥

ਅਵਗਣਿ ਬਧਾ ਮਾਰੀਐ
ਛੂਟੈ ਗੁਰਮਤਿ ਨਾਇ ॥੭॥

ਸਰਬੇ ਥਾਈ ਏਕੁ ਤੂੰ
ਜਿਉ ਭਾਵੈ ਤਿਉ ਰਾਖੁ ॥

گُر سرٹائی چھُٹیئے
منمُکھ کھوٹی راسِ ॥

اسٹ دھاتُ پاتِشاہ کی
گھڑیئے سبدِ وِگاسِ ॥

آپے پرکھے پارکھوُ
پوئے خزانے راسِ ॥4॥

تیری قِیمتِ نا پوئے
سبھ ڈِٹھی ٹھوکِ وجاءِ ॥

کہنئے ہاتھ ن لبھئی
سچِ ٹِکئے پتِ پاءِ ॥

گُرمتِ توُنّ سالاحنا
ہورُ قِیمتِ کہنُ ن جاءِ ॥5॥

جِتُ تنِ نامُ ن بھاوئی
تِتُ تنِ ہئُمئے وادُ ॥

گُر بِنُ گیانُ ن پائیئے
بِکھیا دوُجا سادُ ॥

بِنُ گُنُ کامِ ن آوئی
مائیا پھِکا سادُ ॥6॥

آسا اندرِ جنّمیا
آسا رس کس کھاءِ ॥

آسا بندھِ چلائیئے
مُہے مُہِ چوٹا کھاءِ ॥

اوگُنِ بدھا ماریئے
چھوُٹے گُرمتِ ناءِ ॥7॥

سربے تھائی ایکُ توُنّ

ਗੁਰਮਤਿ ਸਾਚਾ ਮਨਿ ਵਸੈ
ਨਾਮੁ ਭਲੋ ਪਤਿ ਸਾਖੁ ॥

ਹਉਮੈ ਰੋਗੁ ਗਵਾਈਐ
ਸਬਦਿ ਸਚੈ ਸਚੁ ਭਾਖੁ ॥੮॥

ਆਕਾਸੀ ਪਾਤਾਲਿ ਤੂੰ
ਤ੍ਰਿਭਵਣਿ ਰਹਿਆ ਸਮਾਇ ॥

ਆਪੇ ਭਗਤੀ ਭਾਉ ਤੂੰ
ਆਪੇ ਮਿਲਹਿ ਮਿਲਾਇ ॥

ਨਾਨਕ ਨਾਮੁ ਨ ਵੀਸਰੈ
ਜਿਉ ਭਾਵੈ ਤਿਵੈ ਰਜਾਇ ॥੯॥੧੩॥

ਸਿਰੀਰਾਗੁ ਮਹਲਾ ੧ ॥

ਰਾਮ ਨਾਮਿ ਮਨੁ ਬੇਧਿਆ
ਅਵਰੁ ਕਿ ਕਰੀ ਵੀਚਾਰੁ ॥

ਸਬਦ ਸੁਰਤਿ ਸੁਖੁ ਊਪਜੈ
ਪ੍ਰਭ ਰਾਤਉ ਸੁਖ ਸਾਰੁ ॥

ਜਿਉ ਭਾਵੈ ਤਿਉ ਰਾਖੁ ਤੂੰ
ਮੈ ਹਰਿ ਨਾਮੁ ਅਧਾਰੁ ॥੧॥

ਮਨ ਰੇ ਸਾਚੀ ਖਸਮ ਰਜਾਇ ॥

ਜਿਨਿ ਤਨੁ ਮਨੁ ਸਾਜਿ ਸੀਗਾਰਿਆ
ਤਿਸੁ ਸੇਤੀ ਲਿਵ ਲਾਇ ॥੧॥ ਰਹਾਉ ॥

ਤਨੁ ਬੈਸੰਤਰਿ ਹੋਮੀਐ
ਇਕ ਰਤੀ ਤੋਲਿ ਕਟਾਇ ॥

ਤਨੁ ਮਨੁ ਸਮਧਾ ਜੇ ਕਰੀ
ਅਨਦਿਨੁ ਅਗਨਿ ਜਲਾਇ ॥

جِءُ بھاوے تِءُ راکھُ ॥

گُرمتِ ساچا منِ وسے
نامُ بھلو پتِ ساکھُ ॥

ہمئے روگُ گوائیئے
سبدِ سچے سچُ بھاکھُ ॥8॥

آکاسی پاتالِ توُنّ
ترِبھونِ رہیا سماءِ ॥

آپے بھگتی بھاءُ توُنّ
آپے ملِہ ملاءِ ॥

نانک نامُ ن ویسرے
جِءُ بھاوے توے رضاءِ ॥9॥ 13 ॥

سِرِیراگُ محلا 1 ॥

رام نامِ منُ بیدھیا
اورُ کِ کری ویچارُ ۔ ॥

سبد سُرتِ سُکھُ اوُپجے
پربھ راتءُ سُکھ سارُ ॥

جِءُ بھاوے تِءُ راکھُ توُنّ
مے ہرِ نامُ ادھارُ ॥1॥

من رے ساچی خصم رضاءِ ॥

جِنِ تنُ منُ ساجِ سیگارِیا
تِس سیتی لِو لاءِ ॥1॥ رہاءُ ॥

تنُ بیسنّترِ ہومیئے
اِک رتی تولِ کٹاءِ ॥

تنُ منُ سمدھا جے کری
اندِنُ اگنِ جلاءِ ॥

ਹਰਿ ਨਾਮੈ ਤੁਲਿ ਨ ਪੁਜਈ
ਜੇ ਲਖ ਕੋਟੀ ਕਰਮ ਕਮਾਇ ॥੨॥

ہرِ نامےَ تُلِ ن پُجئی
جے لکھ کوٹی کرم کماءِ ॥2॥

ਅਰਧ ਸਰੀਰੁ ਕਟਾਈਐ
ਸਿਰਿ ਕਰਵਤੁ ਧਰਾਇ ॥

اردھ سریرُ کٹائیئے
سِرِ کروتُ دھراءِ ॥

ਤਨੁ ਹੈਮੰਚਲਿ ਗਾਲੀਐ
ਭੀ ਮਨ ਤੇ ਰੋਗੁ ਨ ਜਾਇ ॥

تنُ ہیمَنچَلِ گالیئے
بھی من تے روگُ ن جاءِ ॥

ਹਰਿ ਨਾਮੈ ਤੁਲਿ ਨ ਪੁਜਈ
ਸਭ ਡਿਠੀ ਠੋਕਿ ਵਜਾਇ ॥੩॥

ہرِ نامےَ تُلِ ن پُجئی
سبھ ڈِٹھی ٹھوکِ وجاءِ ॥3॥

ਕੰਚਨ ਕੇ ਕੋਟ ਦਤੁ ਕਰੀ
ਬਹੁ ਹੈਵਰ ਗੈਵਰ ਦਾਨੁ ॥

کنچَن کے کوٹ دتُ کری
بہُ ہیَور گیَور دانُ ॥

ਭੂਮਿ ਦਾਨੁ ਗਊਆ ਘਣੀ
ਭੀ ਅੰਤਰਿ ਗਰਬੁ ਗੁਮਾਨੁ ॥

بھومِ دانُ گئوَیا گھنّی
بھی انترِ گربُ گُمانُ ॥

ਰਾਮ ਨਾਮਿ ਮਨੁ ਬੇਧਿਆ
ਗੁਰਿ ਦੀਆ ਸਚੁ ਦਾਨੁ ॥੪॥

رام نامِ منُ بیدھیا
گُرِ دیِیا سچُ دانُ ॥4॥

ਮਨਹਠ ਬੁਧੀ ਕੇਤੀਆ
ਕੇਤੇ ਬੇਦ ਬੀਚਾਰ ॥

منہٹھ بُدھی کیتیِیا
کیتے بید بیچار ॥

ਕੇਤੇ ਬੰਧਨ ਜੀਅ ਕੇ
ਗੁਰਮੁਖਿ ਮੋਖ ਦੁਆਰ ॥

کیتے بندھن جیء کے
گُرمُکھِ موکھ دُیار ॥

ਸਚਹੁ ਓਰੈ ਸਭੁ ਕੋ
ਉਪਰਿ ਸਚੁ ਆਚਾਰੁ ॥੫॥

سچہُ اورے سبھُ کو
اُپرِ سچُ آچارُ ॥5॥

ਸਭੁ ਕੋ ਊਚਾ ਆਖੀਐ
ਨੀਚੁ ਨ ਦੀਸੈ ਕੋਇ ॥

سبھُ کو اوُچا آکھیئے
نیچُ ن دیسے کوءِ ॥

ਇਕਨੈ ਭਾਂਡੇ ਸਾਜਿਐ
ਇਕੁ ਚਾਨਣੁ ਤਿਹੁ ਲੋਇ ॥

اِکنے بھانڈے ساجےَ
اِکُ چانڑُ تِہُ لوءِ ॥

ਕਰਮਿ ਮਿਲੈ ਸਚੁ ਪਾਈਐ
ਧੁਰਿ ਬਖਸ ਨ ਮੇਟੈ ਕੋਇ ॥੬॥

کرمِ ملےَ سچُ پائیئے

دھُرِ بخش ن میٹے کوءِ ॥6॥

ਸਾਧੁ ਮਿਲੈ ਸਾਧੂ ਜਨੈ
ਸੰਤੋਖੁ ਵਸੈ ਗੁਰ ਭਾਇ ॥

سادھُ مِلےَ سادھوُ جنے
سنّتوکھُ وسےَ گُر بھاءِ ॥

ਅਕਥ ਕਥਾ ਵੀਚਾਰੀਐ
ਜੇ ਸਤਿਗੁਰ ਮਾਹਿ ਸਮਾਇ ॥

اکتھ کتھا ویچاریئے
جے ستِگُر ماہِ سماءِ ॥

ਪੀ ਅੰਮ੍ਰਿਤੁ ਸੰਤੋਖਿਆ
ਦਰਗਹਿ ਪੈਧਾ ਜਾਇ ॥੭॥

پی انّمرِتُ سنّتوکھیا
درگہِ پیَدھا جاءِ ॥7॥

ਘਟਿ ਘਟਿ ਵਾਜੈ ਕਿੰਗੁਰੀ
ਅਨਦਿਨੁ ਸਬਦਿ ਸੁਭਾਇ ॥

گھٹِ گھٹِ واجےَ کِنّگُری
اندِنُ سبدِ سُبھاءِ ॥

ਵਿਰਲੇ ਕਉ ਸੋਝੀ ਪਈ
ਗੁਰਮੁਖਿ ਮਨੁ ਸਮਝਾਇ ॥

وِرلے کءُ سوجھی پئی
گُرمُکھِ منُ سمجھاءِ ॥

ਨਾਨਕ ਨਾਮੁ ਨ ਵੀਸਰੈ
ਛੂਟੈ ਸਬਦੁ ਕਮਾਇ ॥੮॥੧੪॥

نانک نامُ ن ویسِرے
چھوُٹے سبدُ کماءِ ॥8॥ 14 ॥

ਸਿਰੀਰਾਗੁ ਮਹਲਾ ੧ ॥

سِرِیراگُ محلا 1 ॥

ਚਿਤੇ ਦਿਸਹਿ ਧਉਲਹਰ
ਬਗੇ ਬੰਕ ਦੁਆਰ ॥

چِتے دِسہِ دھئُلہر
بگے بنّک دُیار ॥

ਕਰਿ ਮਨ ਖੁਸੀ ਉਸਾਰਿਆ
ਦੂਜੈ ਹੇਤਿ ਪਿਆਰਿ ॥

کرِ من خُشی اُسارِیا
دوُجےَ ہیتِ پِیارِ ॥

ਅੰਦਰੁ ਖਾਲੀ ਪ੍ਰੇਮ ਬਿਨੁ
ਢਹਿ ਢੇਰੀ ਤਨੁ ਛਾਰੁ ॥੧॥

انّدرُ خالی پرّیم بِنُ
ڈھہِ ڈھیری تنُ چھارُ ॥1॥

ਭਾਈ ਰੇ ਤਨੁ ਧਨੁ ਸਾਥਿ ਨ ਹੋਇ ॥

بھائی رے تنُ دھنُ ساتھِ ن ہوءِ ॥

ਰਾਮ ਨਾਮੁ ਧਨੁ ਨਿਰਮਲੋ
ਗੁਰੁ ਦਾਤਿ ਕਰੇ ਪ੍ਰਭੁ ਸੋਇ ॥੧॥ ਰਹਾਉ ॥

رام نامُ دھنُ نِرملو
گُرُ داتِ کرے پربھُ سوءِ ॥1॥ رہاءُ ॥

ਰਾਮ ਨਾਮੁ ਧਨੁ ਨਿਰਮਲੋ
ਜੇ ਦੇਵੈ ਦੇਵਣਹਾਰੁ ॥

رام نامُ دھنُ نِرملو
جے دیوےَ دیوٹہارُ ॥

ਆਗੈ ਪੂਛ ਨ ਹੋਵਈ
ਜਿਸੁ ਬੇਲੀ ਗੁਰੁ ਕਰਤਾਰੁ ॥

آگے پوُچھ ن ہووئی
جِسُ بیلی گُرُ کرتارُ ॥

ਆਪਿ ਛਡਾਏ ਛੁਟੀਐ
ਆਪੇ ਬਖਸਣਹਾਰੁ ॥੨॥

آپِ چھڈائے چھُٹیئے
آپے بخشنہارُ ॥2॥

ਮਨਮੁਖੁ ਜਾਣੈ ਆਪਣੇ
ਧੀਆ ਪੂਤ ਸੰਜੋਗੁ ॥

منمُکھ جانے آپنے
دھیِیا پوُت سنجوگُ ॥

ਨਾਰੀ ਦੇਖਿ ਵਿਗਾਸੀਅਹਿ
ਨਾਲੇ ਹਰਖੁ ਸੁ ਸੋਗੁ ॥

ناری دیکھِ وِگاسیئہِ
نالے ہرکھُ سُ سوگُ ॥

ਗੁਰਮੁਖਿ ਸਬਦਿ ਰੰਗਾਵਲੇ
ਅਹਿਨਿਸਿ ਹਰਿ ਰਸੁ ਭੋਗੁ ॥੩॥

گُرمُکھِ سبدِ رنگاولے
اہِنِس ہرِ رسُ بھوگُ ॥3॥

ਚਿਤੁ ਚਲੈ ਵਿਤੁ ਜਾਵਣੋ
ਸਾਕਤ ਡੋਲਿ ਡੋਲਾਇ ॥

چِتُ چلے وِتُ جاونُو
ساکت ڈولِ ڈولاءِ ॥

ਬਾਹਰਿ ਢੂੰਢਿ ਵਿਗੁਚੀਐ
ਘਰ ਮਹਿ ਵਸਤੁ ਸੁਥਾਇ ॥

باہرِ ڈھوُنڈھِ وِگچیئے
گھر مہِ وستُ سُتھاءِ ॥

ਮਨਮੁਖਿ ਹਉਮੈ ਕਰਿ ਮੁਸੀ
ਗੁਰਮੁਖਿ ਪਲੈ ਪਾਇ ॥੪॥

منمُکھِ ہئُمے کرِ مُسی
گُرمُکھِ پلے پاءِ ॥4॥

ਸਾਕਤ ਨਿਰਗੁਣਿਆਰਿਆ
ਆਪਣਾ ਮੂਲੁ ਪਛਾਣੁ ॥

ساکت نِرگُنیارِیا
آپنا موُلُ پچھانُ ॥

ਰਕਤੁ ਬਿੰਦੁ ਕਾ ਇਹੁ ਤਨੋ
ਅਗਨੀ ਪਾਸਿ ਪਿਰਾਣੁ ॥

رکتُ بِندُ کا اِہُ تنو
اگنی پاسِ پِرانُ ॥

ਪਵਣੈ ਕੈ ਵਸਿ ਦੇਹੁਰੀ
ਮਸਤਕਿ ਸਚੁ ਨੀਸਾਣੁ ॥੫॥

پوُنے کے وسِ دیہُری
مستکِ سچُ نیشانُ ॥5॥

ਬਹੁਤਾ ਜੀਵਣੁ ਮੰਗੀਐ
ਮੁਆ ਨ ਲੋੜੈ ਕੋਇ ॥

بہُتا جیِونُ منگیئے
مُیا ن لوڑے کوءِ ॥

ਸੁਖ ਜੀਵਣੁ ਤਿਸੁ ਆਖੀਐ
ਜਿਸੁ ਗੁਰਮੁਖਿ ਵਸਿਆ ਸੋਇ ॥

سُکھ جیِونُ تِسُ آکھیئے

جِسُ گُرمُکھِ وسِیا سوءِ ॥

نام وِہُوٹے کِیا گُنی
جِسُ ہرِ گُر درسُ ن ہوءِ ॥6॥

نام ਵਿਹੂਣੇ ਕਿਆ ਗਣੀ
ਜਿਸੁ ਹਰਿ ਗੁਰ ਦਰਸੁ ਨ ਹੋਇ ॥੬॥

جِءُ سُپنے نِس بھُلیئے
جب لگِ نِدّرا ہوءِ ॥

ਜਿਉ ਸੁਪਨੈ ਨਿਸਿ ਭੁਲੀਐ
ਜਬ ਲਗਿ ਨਿਦ੍ਰਾ ਹੋਇ ॥

اِءُ سرپنِ کے وِس جیئڑا
انترِ ہمئے دوءِ ॥

ਇਉ ਸਰਪਨਿ ਕੈ ਵਸਿ ਜੀਅੜਾ
ਅੰਤਰਿ ਹਉਮੈ ਦੋਇ ॥

گُرمتِ ہوءِ وِیچارِیئے
سُپنا اِہُ جگُ لوءِ ॥7॥

ਗੁਰਮਤਿ ਹੋਇ ਵੀਚਾਰੀਐ
ਸੁਪਨਾ ਇਹੁ ਜਗੁ ਲੋਇ ॥੭॥

اگنِ مرے جلُ پائیئے
جِءُ بارِک دوُدھے ماءِ ॥

ਅਗਨਿ ਮਰੈ ਜਲੁ ਪਾਈਐ
ਜਿਉ ਬਾਰਿਕ ਦੂਧੈ ਮਾਇ ॥

بِنُ جل کمل سُ نا تھیئے
بِنُ جل مِینُ مراءِ ॥

ਬਿਨੁ ਜਲ ਕਮਲ ਸੁ ਨਾ ਥੀਐ
ਬਿਨੁ ਜਲ ਮੀਨੁ ਮਰਾਇ ॥

نانک گُرمُکھِ ہرِ رسِ مِلے
جیوا ہرِ گُن گاءِ ॥8॥ 15 ॥

ਨਾਨਕ ਗੁਰਮੁਖਿ ਹਰਿ ਰਸਿ ਮਿਲੈ
ਜੀਵਾ ਹਰਿ ਗੁਣ ਗਾਇ ॥੮॥੧੫॥

سِریراگُ محلا 1 ॥

ਸਿਰੀਰਾਗੁ ਮਹਲਾ ੧ ॥

ڈُونگر دیکھِ ڈراوٹو
پیئیڑے ڈرِیاسُ ॥

ਡੂੰਗਰੁ ਦੇਖਿ ਡਰਾਵਣੋ
ਪੇਈਅੜੈ ਡਰੀਆਸੁ ॥

اُوچءُ پربتُ گاکھڑو
نا پئڑی تِتُ تاسُ ॥

ਊਚਉ ਪਰਬਤੁ ਗਾਖੜੋ
ਨਾ ਪਉੜੀ ਤਿਤੁ ਤਾਸੁ ॥

گُرمُکھِ انترِ جانِیا
گُرِ میلی تریاسُ ॥1॥

ਗੁਰਮੁਖਿ ਅੰਤਰਿ ਜਾਣਿਆ
ਗੁਰਿ ਮੇਲੀ ਤਰੀਆਸੁ ॥੧॥

بھائی رے بھوجلُ بِکھمُ ڈرانءُ ॥

ਭਾਈ ਰੇ ਭਵਜਲੁ ਬਿਖਮੁ ਡਰਾਂਉ ॥

پُورا ستِگُر رسِ مِلے
گُر تارے ہرِ ناءُ ॥1॥ رہاءُ ॥

ਪੂਰਾ ਸਤਿਗੁਰੁ ਰਸਿ ਮਿਲੈ
ਗੁਰੁ ਤਾਰੇ ਹਰਿ ਨਾਉ ॥੧॥ ਰਹਾਉ ॥

ਚਲਾ ਚਲਾ ਜੇ ਕਰੀ
ਜਾਣਾ ਚਲਣਹਾਰੁ ॥

چلا چلا جے کری
جاٹا چلنہارُ ॥

ਜੋ ਆਇਆ ਸੋ ਚਲਸੀ
ਅਮਰੁ ਸੁ ਗੁਰੁ ਕਰਤਾਰੁ ॥

جو آئیا سو چلسی
امرُ سُ گُرُ کرتارُ ॥

ਭੀ ਸਚਾ ਸਾਲਾਹਣਾ
ਸਚੈ ਥਾਨਿ ਪਿਆਰੁ ॥੨॥

بھی سچا سالاحنّا
سچے تھانِ پیارُ ॥2॥

ਦਰ ਘਰ ਮਹਲਾ ਸੋਹਣੇ
ਪਕੇ ਕੋਟ ਹਜਾਰ ॥

در گھر محلا سوہنے
پکے کوٹ ہجار ॥

ਹਸਤੀ ਘੋੜੇ ਪਾਖਰੇ
ਲਸਕਰ ਲਖ ਅਪਾਰ ॥

ہستی گھوڑے پاکھرے
لشکر لکھ اپار ॥

ਕਿਸ ਹੀ ਨਾਲਿ ਨ ਚਲਿਆ
ਖਪਿ ਖਪਿ ਮੁਏ ਅਸਾਰ ॥੩॥

کِس ہی نالِ ن چلیا
کھپِ کھپِ مُے اسار ॥3॥

ਸੁਇਨਾ ਰੁਪਾ ਸੰਚੀਐ
ਮਾਲੁ ਜਾਲੁ ਜੰਜਾਲੁ ॥

سُنّا رُپا سنچیئے
مالُ جالُ زنجالُ ॥

ਸਭ ਜਗ ਮਹਿ ਦੋਹੀ ਫੇਰੀਐ
ਬਿਨੁ ਨਾਵੈ ਸਿਰਿ ਕਾਲੁ ॥

سبھ جگ مہِ دوہی پھیریئے
بِنُ ناوے سِرِ کالُ ॥

ਪਿੰਡੁ ਪੜੈ ਜੀਉ ਖੇਲਸੀ
ਬਦਫੈਲੀ ਕਿਆ ਹਾਲੁ ॥੪॥

پنڈُ پڑے جیءُ کھیلسی
بدفیلی کیا ہالُ ۔ ॥4॥

ਪੁਤਾ ਦੇਖਿ ਵਿਗਸੀਐ
ਨਾਰੀ ਸੇਜ ਭਤਾਰ ॥

پُتا دیکھِ وِگسیئے
ناری سیج بھتار ॥

ਚੋਆ ਚੰਦਨੁ ਲਾਈਐ
ਕਾਪੜੁ ਰੂਪੁ ਸੀਗਾਰੁ ॥

چویا چنّدنُ لائیئے
کاپڑُ روُپُ سیگارُ ॥

ਖੇਹੂ ਖੇਹ ਰਲਾਈਐ
ਛੋਡਿ ਚਲੈ ਘਰ ਬਾਰੁ ॥੫॥

کھیہُو کھیہ رلائیئے
چھوڈِ چلے گھر بارُ ॥5॥

ਮਹਰ ਮਲੂਕ ਕਹਾਈਐ
ਰਾਜਾ ਰਾਉ ਕਿ ਖਾਨੁ ॥

مہر ملوُک کہائیئے

ਚਉਧਰੀ ਰਾਉ ਸਦਾਈਐ
ਜਲਿ ਬਲੀਐ ਅਭਿਮਾਨ ॥

چنُدھری راءُ سدائیَے
جلِ بلیَے ابھمان ॥

ਮਨਮੁਖਿ ਨਾਮੁ ਵਿਸਾਰਿਆ
ਜਿਉ ਡਵਿ ਦਧਾ ਕਾਨੁ ॥੬॥

منمُکھِ نامُ وِسارِیا
جِءُ ڈوِ ددھا کانُ ॥6॥

ਹਉਮੈ ਕਰਿ ਕਰਿ ਜਾਇਸੀ
ਜੋ ਆਇਆ ਜਗ ਮਾਹਿ ॥

ہئُمےَ کرِ کرِ جائسی
جو آئیا جگ ماہِ ॥

ਸਭੁ ਜਗੁ ਕਾਜਲ ਕੋਠੜੀ
ਤਨੁ ਮਨੁ ਦੇਹ ਸੁਆਹਿ ॥

سبھُ جگُ کاجل کوٹھڑی
تنُ منُ دیہ سُیاہِ ॥

ਗੁਰਿ ਰਾਖੇ ਸੇ ਨਿਰਮਲੇ
ਸਬਦਿ ਨਿਵਾਰੀ ਭਾਹਿ ॥੭॥

گُرِ راکھے سے نِرملے
سبدِ نِواری بھاہِ ॥7॥

ਨਾਨਕ ਤਰੀਐ ਸਚਿ ਨਾਮਿ
ਸਿਰਿ ਸਾਹਾ ਪਾਤਿਸਾਹੁ ॥

نانک ترِیَے سچِ نامِ
سِرِ ساہا پاتِشاہُ ॥

ਮੈ ਹਰਿ ਨਾਮੁ ਨ ਵੀਸਰੈ
ਹਰਿ ਨਾਮੁ ਰਤਨੁ ਵੇਸਾਹੁ ॥

مےَ ہرِ نامُ ن ویسرےَ
ہرِ نامُ رتنُ ویساہُ ॥

ਮਨਮੁਖ ਭਉਜਲਿ ਪਚਿ ਮੁਏ
ਗੁਰਮੁਖਿ ਤਰੇ ਅਥਾਹੁ ॥੮॥੧੬॥

منمُکھ بھئجلِ پچِ مُےَ
گُرمُکھِ ترے اتھاہُ ॥8॥ 16 ॥

ਸਿਰੀਰਾਗੁ ਮਹਲਾ ੧ ਘਰੁ ੨ ॥

سِریراگُ محلا 1 گھرُ 2 ॥

ਮੁਕਾਮੁ ਕਰਿ ਘਰਿ ਬੈਸਣਾ
ਨਿਤ ਚਲਣੈ ਕੀ ਧੋਖ ॥

مُقامُ کرِ گھرِ بیَسنّا
نِت چلنّے کی دھوکھ ॥

ਮੁਕਾਮੁ ਤਾ ਪਰੁ ਜਾਣੀਐ
ਜਾ ਰਹੈ ਨਿਹਚਲੁ ਲੋਕ ॥੧॥

مُقامُ تا پرُ جانیَے
جا رہےَ نِہچلُ لوک ॥1॥

ਦੁਨੀਆ ਕੈਸਿ ਮੁਕਾਮੇ ॥

دُنیا کیَس مُقامے ۔ ॥

ਕਰਿ ਸਿਦਕੁ ਕਰਣੀ ਖਰਚੁ ਬਾਧਹੁ
ਲਾਗਿ ਰਹੁ ਨਾਮੇ ॥੧॥ ਰਹਾਉ ॥

کرِ صِدکُ کرنی کھرچُ بادھہُ
لاگِ رہُ نامے ॥1॥ رہاءُ ॥

ਜੋਗੀ ਤ ਆਸਣੁ ਕਰਿ ਬਹੈ
ਮੁਲਾ ਬਹੈ ਮੁਕਾਮਿ ॥

جوگی ت آسنُ کرِ بہے
مُلا بہے مُقامِ ॥

ਪੰਡਿਤ ਵਖਾਣਹਿ ਪੋਥੀਆ
ਸਿਧ ਬਹਹਿ ਦੇਵ ਸਥਾਨਿ ॥੨॥

پنڈِت وکھاڑہِ پوتھیا
سِدھ بہہِ دیو ستھانِ ॥2॥

ਸੁਰ ਸਿਧ ਗਣ ਗੰਧਰਬ ਮੁਨਿ ਜਨ
ਸੇਖ ਪੀਰ ਸਲਾਰ ॥

سُر سِدھ گنُ گندھرب مُنِ جن
سیکھ پیِر سلار ॥

ਦਰਿ ਕੂਚ ਕੂਚਾ ਕਰਿ ਗਏ
ਅਵਰੇ ਭਿ ਚਲਣਹਾਰ ॥੩॥

درِ کوُچ کوُچا کرِ گئے
اورے بھِ چلنہار ॥3॥

ਸੁਲਤਾਨ ਖਾਨ ਮਲੂਕ ਉਮਰੇ
ਗਏ ਕਰਿ ਕਰਿ ਕੂਚੁ ॥

سُلطان خان ملوُک اُمرے
گئے کرِ کرِ کوُچُ ॥

ਘੜੀ ਮੁਹਤਿ ਕਿ ਚਲਣਾ
ਦਿਲ ਸਮਝੁ ਤੂੰ ਭਿ ਪਹੂਚੁ ॥੪॥

گھڑی مُہتِ کِ چلنّا
دِل سمجھُ توُنَ بھِ پہوُچُ ॥4॥

ਸਬਦਾਹ ਮਾਹਿ ਵਖਾਣੀਐ
ਵਿਰਲਾ ਤ ਬੂਝੈ ਕੋਇ ॥

سبداہ ماہِ وکھاڑیئے
وِرلا ت بوُجھے کوءِ ॥

ਨਾਨਕੁ ਵਖਾਣੈ ਬੇਨਤੀ
ਜਲਿ ਥਲਿ ਮਹੀਅਲਿ ਸੋਇ ॥੫॥

نانکُ وکھاڑے بینتی
جلِ تھلِ مہیئلِ سوءِ ॥5॥

ਅਲਾਹੁ ਅਲਖੁ ਅਗੰਮੁ ਕਾਦਰੁ
ਕਰਣਹਾਰੁ ਕਰੀਮੁ ॥

الاہُ الکھُ اگنمُ قادرُ
کرنہارُ کریمُ ॥

ਸਭ ਦੁਨੀ ਆਵਣ ਜਾਵਣੀ
ਮੁਕਾਮੁ ਏਕੁ ਰਹੀਮੁ ॥੬॥

سبھ دُنی آونُ جاونُی
مُقامُ ایکُ رحیمُ ॥6॥

ਮੁਕਾਮੁ ਤਿਸ ਨੋ ਆਖੀਐ
ਜਿਸੁ ਸਿਸਿ ਨ ਹੋਵੀ ਲੇਖੁ ॥

مُقامُ تِس نو آکھیئے
جِسُ سِسِ ن ہووی لیکھُ ॥

ਅਸਮਾਨੁ ਧਰਤੀ ਚਲਸੀ
ਮੁਕਾਮੁ ਓਹੀ ਏਕੁ ॥੭॥

اسمانُ دھرتی چلسی
مُقامُ اوہی ایکُ ॥7॥

ਦਿਨ ਰਵਿ ਚਲੈ ਨਿਸਿ ਸਸਿ ਚਲੈ
ਤਾਰਿਕਾ ਲਖ ਪਲੋਇ ॥

دِن روِ چلےَ نِس سِس چلےَ

ਮੁਕਾਮੁ ਓਹੀ ਏਕੁ ਹੈ
ਨਾਨਕਾ ਸਚੁ ਬੁਗੋਇ ॥੮॥੧੭॥

ਮਹਲੇ ਪਹਿਲੇ ਸਤਾਰਹ ਅਸਟਪਦੀਆ ॥

ਸਿਰੀਰਾਗੁ ਮਹਲਾ ੩ ਘਰੁ ੧ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ
ਬਿਨੁ ਗੁਰ ਭਗਤਿ ਨ ਹੋਇ ॥

ਆਪੈ ਆਪੁ ਮਿਲਾਏ ਬੂਝੈ
ਤਾ ਨਿਰਮਲੁ ਹੋਵੈ ਕੋਇ ॥

ਹਰਿ ਜੀਉ ਸਚਾ ਸਚੀ ਬਾਣੀ
ਸਬਦਿ ਮਿਲਾਵਾ ਹੋਇ ॥੧॥

ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ ॥

ਪੂਰੇ ਗੁਰ ਕੀ ਸੇਵ ਨ ਕੀਨੀ
ਬਿਰਥਾ ਜਨਮੁ ਗਵਾਇਆ ॥੧॥ ਰਹਾਉ ॥

ਆਪੇ ਹਰਿ ਜਗਜੀਵਨੁ ਦਾਤਾ
ਆਪੇ ਬਖਸਿ ਮਿਲਾਏ ॥

ਜੀਅ ਜੰਤ ਏ ਕਿਆ ਵੇਚਾਰੇ
ਕਿਆ ਕੋ ਆਖਿ ਸੁਣਾਏ ॥

ਗੁਰਮੁਖਿ ਆਪੇ ਦੇ ਵਡਿਆਈ
ਆਪੇ ਸੇਵ ਕਰਾਏ ॥੨॥

ਦੇਖਿ ਕੁਟੰਬੁ ਮੋਹਿ ਲੋਭਾਣਾ
ਚਲਦਿਆ ਨਾਲਿ ਨ ਜਾਈ ॥

ਸਤਿਗੁਰੁ ਸੇਵਿ ਗੁਣ ਨਿਧਾਨੁ ਪਾਇਆ
ਤਿਸ ਕੀ ਕੀਮ ਨ ਪਾਈ ॥

تارِکا لکھ پلوءِ ॥

مُقامُ اوہی ایکُ ہے
نانکا سچُ بُگوءِ ॥8॥ 17 ॥

محلے پہلے ستارہ اسٹپدیِیا ॥

سِریراگُ محلا 3 گھرُ 1 اسٹپدیِیا

ੴ ستِگُر پرّسادِ ॥

گُرمُکھِ کرِپا کرے بھگتِ کیجےَ
بِنُ گُر بھگتِ ن ہوءِ ॥

آپے آپُ مِلائے بُوجھےَ
تا نِرملُ ہووے کوءِ ॥

ہرِ جیِءُ سچا سچی بانٹی
سبدِ مِلاوا ہوءِ ॥1॥

بھائی رے بھگتِہیِنُ کاہے جگِ آئیا ۔ ॥

پُورے گُر کی سیو ن کِینی
برِتھا جنمُ گوائیا ॥1॥ رہاءُ ॥

آپے ہرِ جگجیِونُ داتا
آپے بخشِ مِلائے ॥

جیِء جنّت اے کِیا ویچارے
کِیا کو آکھِ سُٹائے ۔ ॥

گُرمُکھِ آپے دے وڈِیائی
آپے سیو کرائے ॥2॥

دیکھِ کُٹنّبُ موہِ لوبھاٹا
چلدِیا نالِ ن جائی ॥

ستِگُرُ سیوِ گُٹ نِدھانُ پائیا
تِس کی قِیم ن پائی ॥

ਪ੍ਰਭੁ ਸਖਾ ਹਰਿ ਜੀਉ ਮੇਰਾ
ਅੰਤੇ ਹੋਇ ਸਖਾਈ ॥੩॥

پربھُ سکھا ہرِ جیءُ میرا
انتے ہوءِ سکھائی ॥3॥

ਪੇਈਅੜੈ ਜਗਜੀਵਨੁ ਦਾਤਾ
ਮਨਮੁਖਿ ਪਤਿ ਗਵਾਈ ॥

پیئیڑے جگجیونُ داتا
منمُکھِ پتِ گوائی ॥

ਬਿਨੁ ਸਤਿਗੁਰ ਕੋ ਮਗੁ ਨ ਜਾਣੈ
ਅੰਧੇ ਠਉਰ ਨ ਕਾਈ ॥

بِنُ ستِگُر کو مگُ ن جانے
اندھے ٹھُر ن کائی ॥

ਹਰਿ ਸੁਖਦਾਤਾ ਮਨਿ ਨਹੀ ਵਸਿਆ
ਅੰਤਿ ਗਇਆ ਪਛੁਤਾਈ ॥੪॥

ہرِ سُکھداتا منِ نہی وسِیا
انتِ گئیا پچھُتائی ॥4॥

ਪੇਈਅੜੈ ਜਗਜੀਵਨੁ ਦਾਤਾ
ਗੁਰਮਤਿ ਮੰਨਿ ਵਸਾਇਆ ॥

پیئیڑے جگجیونُ داتا
گُرمتِ منّنِ وسائیا ॥

ਅਨਦਿਨੁ ਭਗਤਿ ਕਰਹਿ ਦਿਨੁ ਰਾਤੀ
ਹਉਮੈ ਮੋਹੁ ਚੁਕਾਇਆ ॥

اندِنُ بھگتِ کرہِ دِنُ راتی
ہئُمے موہُ چُکائیا ॥

ਜਿਸੁ ਸਿਉ ਰਾਤਾ ਤੈਸੋ ਹੋਵੈ
ਸਚੇ ਸਚਿ ਸਮਾਇਆ ॥੫॥

جِسُ سِءُ راتا تیَسو ہووے
سچے سچِ سمائیا ॥5॥

ਆਪੇ ਨਦਰਿ ਕਰੇ ਭਾਉ ਲਾਏ
ਗੁਰ ਸਬਦੀ ਬੀਚਾਰਿ ॥

آپے ندرِ کرے بھاءُ لائے
گُر سبدی بیچارِ ॥

ਸਤਿਗੁਰੁ ਸੇਵਿਐ ਸਹਜੁ ਊਪਜੈ
ਹਉਮੈ ਤ੍ਰਿਸਨਾ ਮਾਰਿ ॥

ستِگُرُ سیوِئے سہجُ اوُپجے
ہئُمے تّرِسنا مارِ ॥

ਹਰਿ ਗੁਣਦਾਤਾ ਸਦ ਮਨਿ ਵਸੈ
ਸਚੁ ਰਖਿਆ ਉਰ ਧਾਰਿ ॥੬॥

ہرِ گُنڈاتا سد منِ وسے
سچُ رکھیا اُر دھارِ ॥6॥

ਪ੍ਰਭੁ ਮੇਰਾ ਸਦਾ ਨਿਰਮਲਾ
ਮਨਿ ਨਿਰਮਲਿ ਪਾਇਆ ਜਾਇ ॥

پربھُ میرا سدا نِرملا
منِ نِرملِ پائیا جاءِ ॥

ਨਾਮੁ ਨਿਧਾਨੁ ਹਰਿ ਮਨਿ ਵਸੈ
ਹਉਮੈ ਦੁਖੁ ਸਭੁ ਜਾਇ ॥

نامُ نِدھانُ ہرِ منِ وسے
ہئُمے دُکھُ سبھُ جاءِ ॥

ਸਤਿਗੁਰਿ ਸਬਦੁ ਸੁਣਾਇਆ
ਹਉ ਸਦ ਬਲਿਹਾਰੈ ਜਾਉ ॥੭॥

ستِگُرِ سبدُ سُٹائیا

ਆਪਣੈ ਮਨਿ ਚਿਤਿ ਕਹੈ ਕਹਾਏ
ਬਿਨੁ ਗੁਰ ਆਪੁ ਨ ਜਾਈ ॥

ہءُ سد بلہارے جاءُ ॥7॥
آپنے من چِت کہے کہائے
بِنُ گُر آپُ ن جائی ॥

ਹਰਿ ਜੀਉ ਭਗਤਿ ਵਛਲੁ ਸੁਖਦਾਤਾ
ਕਰਿ ਕਿਰਪਾ ਮੰਨਿ ਵਸਾਈ ॥

ہرِ جیءُ بھگتِ وچھلُ سُکھداتا
کرِ کرپا منّنِ وسائی ॥

ਨਾਨਕ ਸੋਭਾ ਸੁਰਤਿ ਦੇਇ ਪ੍ਰਭੁ
ਆਪੇ ਗੁਰਮੁਖਿ ਦੇ ਵਡਿਆਈ ॥੮॥੧॥੧੮॥

نانک سوبھا سُرتِ دےءِ پربھُ
آپے گُرمُکھِ دے وڈیائی ॥8॥1॥ 18 ॥

ਸਿਰੀਰਾਗੁ ਮਹਲਾ ੩ ॥

سِریراگُ محلا 3 ॥

ਹਉਮੈ ਕਰਮ ਕਮਾਵਦੇ
ਜਮਡੰਡੁ ਲਗੈ ਤਿਨ ਆਇ ॥

ہئُمےَ کرم کماودے
جمڈنڈُ لگےَ تِن آءِ ॥

ਜਿ ਸਤਿਗੁਰੁ ਸੇਵਨਿ ਸੇ ਉਬਰੇ
ਹਰਿ ਸੇਤੀ ਲਿਵ ਲਾਇ ॥੧॥

جِ ستِگُر سیونِ سے اُبرے
ہرِ سیتی لِو لاءِ ॥1॥

ਮਨ ਰੇ ਗੁਰਮੁਖਿ ਨਾਮੁ ਧਿਆਇ ॥

من رے گُرمُکھِ نامُ دھیاءِ ॥

ਧੁਰਿ ਪੂਰਬਿ ਕਰਤੈ ਲਿਖਿਆ
ਤਿਨਾ ਗੁਰਮਤਿ ਨਾਮਿ ਸਮਾਇ ॥੧॥ ਰਹਾਉ ॥

دھُرِ پوُربِ کرتے لِکھیا
تِنا گُرمتِ نامِ سماءِ ॥1॥ رہاءُ ॥

ਵਿਣੁ ਸਤਿਗੁਰ ਪਰਤੀਤਿ ਨ ਆਵਈ
ਨਾਮਿ ਨ ਲਾਗੋ ਭਾਉ ॥

وِنُ ستِگُر پرتیتِ ن آوئی
نامِ ن لاگو بھاءُ ॥

ਸੁਪਨੈ ਸੁਖੁ ਨ ਪਾਵਈ
ਦੁਖ ਮਹਿ ਸਵੈ ਸਮਾਇ ॥੨॥

سُپنے سُکھُ ن پاوئی
دُکھ مہِ سوے سماءِ ॥2॥

ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ
ਕਿਰਤੁ ਨ ਮੇਟਿਆ ਜਾਇ ॥

جے ہرِ ہرِ کیچےَ بہُتُ لوچیےَ
کِرتُ ن میٹیا جاءِ ॥

ਹਰਿ ਕਾ ਭਾਣਾ ਭਗਤੀ ਮੰਨਿਆ
ਸੇ ਭਗਤ ਪਏ ਦਰਿ ਥਾਇ ॥੩॥

ہرِ کا بھاٹا بھگتی منّنیا
سے بھگت پےَ درِ تھاءِ ॥3॥

ਗੁਰੁ ਸਬਦੁ ਦਿੜਾਵੈ ਰੰਗ ਸਿਉ
ਬਿਨੁ ਕਿਰਪਾ ਲਇਆ ਨਾ ਜਾਇ ॥

گُرُ سبدُ دِڑاوے رنگ سِءُ
بِنُ کِرپا لیَیا نا جاءِ ॥

ਜੇ ਸਉ ਅੰਮ੍ਰਿਤੁ ਨੀਰੀਐ
ਭੀ ਬਿਖੁ ਫਲੁ ਲਾਗੈ ਧਾਇ ॥੪॥

جے سءُ انمّرِتُ نیریئے
بھی بِکھُ پھلُ لاگے دھاءِ ॥4॥

ਸੇ ਜਨ ਸਚੇ ਨਿਰਮਲੇ
ਜਿਨ ਸਤਿਗੁਰ ਨਾਲਿ ਪਿਆਰੁ ॥

سے جن سچے نِرملے
جِن ستِگُر نالِ پِیارُ ॥

ਸਤਿਗੁਰ ਕਾ ਭਾਣਾ ਕਮਾਵਦੇ
ਬਿਖੁ ਹਉਮੈ ਤਜਿ ਵਿਕਾਰੁ ॥੫॥

ستِگُر کا بھاٹا کماودے
بِکھُ ہئُمےَ تجِ وِکارُ ॥5॥

ਮਨਹਠਿ ਕਿਤੈ ਉਪਾਇ ਨ ਛੂਟੀਐ
ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥

منہٹھِ کِتےَ اُپاءِ ن چھوٹیئے
سِمرِتِ ساسترّ سودھہُ جاءِ ॥

ਮਿਲਿ ਸੰਗਤਿ ਸਾਧੂ ਉਬਰੇ
ਗੁਰ ਕਾ ਸਬਦੁ ਕਮਾਇ ॥੬॥

مِلِ سنگتِ سادھوُ اُبرے
گُر کا سبدُ کماءِ ॥6॥

ਹਰਿ ਕਾ ਨਾਮੁ ਨਿਧਾਨੁ ਹੈ
ਜਿਸੁ ਅੰਤੁ ਨ ਪਾਰਾਵਾਰੁ ॥

ہرِ کا نامُ نِدھانُ ہےَ
جِسُ انتُ ن پاراوارُ ॥

ਗੁਰਮੁਖਿ ਸੇਈ ਸੋਹਦੇ
ਜਿਨ ਕਿਰਪਾ ਕਰੇ ਕਰਤਾਰੁ ॥੭॥

گُرمُکھِ سیئی سوہدے
جِن کِرپا کرے کرتارُ ॥7॥

ਨਾਨਕ ਦਾਤਾ ਏਕੁ ਹੈ
ਦੂਜਾ ਅਉਰੁ ਨ ਕੋਇ ॥

نانک داتا ایکُ ہےَ
دوُجا اُرُ ن کوءِ ॥

ਗੁਰ ਪਰਸਾਦੀ ਪਾਈਐ
ਕਰਮਿ ਪਰਾਪਤਿ ਹੋਇ ॥੮॥੨॥੧੯॥

گُر پرسادی پائیئے
کرمِ پراپتِ ہوءِ ॥8॥2॥ 19 ॥

ਸਿਰੀਰਾਗੁ ਮਹਲਾ ੩ ॥

سِرِیراگُ محلا 3 ॥

ਪੰਖੀ ਬਿਰਖਿ ਸੁਹਾਵੜਾ
ਸਚੁ ਚੁਗੈ ਗੁਰ ਭਾਇ ॥

پنکھی بِرکھِ سُہاوڑا
سچُ چُگےَ گُر بھاءِ ॥

ਹਰਿ ਰਸੁ ਪੀਵੈ ਸਹਜਿ ਰਹੈ
ਉਡੈ ਨ ਆਵੈ ਜਾਇ ॥

ہرِ رسُ پیوےَ سہجِ رہےَ
اُڈےَ ن آوےَ جاءِ ॥

ਨਿਜ ਘਰਿ ਵਾਸਾ ਪਾਇਆ
ਹਰਿ ਹਰਿ ਨਾਮਿ ਸਮਾਇ ॥੧॥

نِج گھرِ واسا پائیا
ہرِ ہرِ نامِ سماءِ ॥1॥

ਮਨ ਰੇ ਗੁਰ ਕੀ ਕਾਰ ਕਮਾਇ ॥

من رے گُر کی کار کماءِ ॥

ਗੁਰ ਕੈ ਭਾਣੈ ਜੇ ਚਲਹਿ
ਤਾ ਅਨਦਿਨੁ ਰਾਚਹਿ ਹਰਿ ਨਾਇ ॥੧॥ ਰਹਾਉ ॥

گُر کے بھانے جے چلہِ
تا اندِنُ راچہِ ہرِ ناءِ ॥1॥ رہاءُ ॥

ਪੰਖੀ ਬਿਰਖ ਸੁਹਾਵੜੇ
ਊਡਹਿ ਚਹੁ ਦਿਸਿ ਜਾਹਿ ॥

پنکھی بِرکھ سُہاوڑے
اوُڈہِ چہُ دِس جاہِ ॥

ਜੇਤਾ ਊਡਹਿ ਦੁਖ ਘਣੇ
ਨਿਤ ਦਾਝਹਿ ਤੈ ਬਿਲਲਾਹਿ ॥

جیتا اوُڈہِ دُکھ گھنے
نِت داجھہِ تے بِللاہِ ॥

ਬਿਨੁ ਗੁਰ ਮਹਲੁ ਨ ਜਾਪਈ
ਨਾ ਅੰਮ੍ਰਿਤ ਫਲ ਪਾਹਿ ॥੨॥

بِنُ گُر محلُ ن جاپئی
نا انمّرِت پھل پاہِ ॥2॥

ਗੁਰਮੁਖਿ ਬ੍ਰਹਮੁ ਹਰੀਆਵਲਾ
ਸਾਚੈ ਸਹਜਿ ਸੁਭਾਇ ॥

گُرمُکھِ برہمُ ہریاولا
ساچےَ سہجِ سُبھاءِ ॥

ਸਾਖਾ ਤੀਨਿ ਨਿਵਾਰੀਆ
ਏਕ ਸਬਦਿ ਲਿਵ ਲਾਇ ॥

ساکھا تینِ نِواریا
ایک سبدِ لِو لاءِ ॥

ਅੰਮ੍ਰਿਤ ਫਲੁ ਹਰਿ ਏਕੁ ਹੈ
ਆਪੇ ਦੇਇ ਖਵਾਇ ॥੩॥

انمّرِت پھلُ ہرِ ایکُ ہےَ
آپے دےءِ کھواءِ ॥3॥

ਮਨਮੁਖ ਊਭੇ ਸੁਕਿ ਗਏ
ਨਾ ਫਲੁ ਤਿੰਨਾ ਛਾਉ ॥

منمُکھ اوُبھے سُکِ گےَ
نا پھلُ تِنّنا چھاءُ ॥

ਤਿੰਨਾ ਪਾਸਿ ਨ ਬੈਸੀਐ
ਓਨਾ ਘਰੁ ਨ ਗਿਰਾਉ ॥

تِنّنا پاسِ ن بیَسیےَ
اونا گھرُ ن گِراءُ ॥

ਕਟੀਅਹਿ ਤੈ ਨਿਤ ਜਾਲੀਅਹਿ
ਓਨਾ ਸਬਦੁ ਨ ਨਾਉ ॥੪॥

کٹیئہِ تے نِت جالیئہِ
اونا سبدُ ن ناءُ ॥4॥

ਹੁਕਮੇ ਕਰਮ ਕਮਾਵਣੇ
ਪਇਐ ਕਿਰਤਿ ਫਿਰਾਉ ॥

حُکمے کرم کماوٹے
پیئےَ کِرتِ پھِراءُ ॥

ਹੁਕਮੇ ਦਰਸਨੁ ਦੇਖਣਾ
ਜਹ ਭੇਜਹਿ ਤਹ ਜਾਉ ॥

حُکمے درسنُ دیکھٹا
جہ بھیجہِ تہ جاءُ ॥

ਹੁਕਮੇ ਹਰਿ ਹਰਿ ਮਨਿ ਵਸੈ
ਹੁਕਮੇ ਸਚਿ ਸਮਾਉ ॥੫॥

حُکمے ہرِ ہرِ منِ وسے
حُکمے سچِ سماءُ ॥5॥

ਹੁਕਮੁ ਨ ਜਾਣਹਿ ਬਪੁੜੇ
ਭੂਲੇ ਫਿਰਹਿ ਗਵਾਰ ॥

حُکمُ ن جانہِ بپُڑے
بھوُلے پھِرہِ گوار ॥

ਮਨਹਠਿ ਕਰਮ ਕਮਾਵਦੇ
ਨਿਤ ਨਿਤ ਹੋਹਿ ਖੁਆਰੁ ॥

منہٹھِ کرم کماودے
نِت نِت ہوہِ خُیارُ ॥

ਅੰਤਰਿ ਸਾਂਤਿ ਨ ਆਵਈ
ਨਾ ਸਚਿ ਲਗੈ ਪਿਆਰੁ ॥੬॥

انترِ سانتِ ن آوئی
نا سچِ لگےَ پِیارُ ॥6॥

ਗੁਰਮੁਖੀਆ ਮੁਹ ਸੋਹਣੇ
ਗੁਰ ਕੈ ਹੇਤਿ ਪਿਆਰਿ ॥

گُرمُکھیا مُہ سوہنے
گُر کے ہیتِ پِیارِ ॥

ਸਚੀ ਭਗਤੀ ਸਚਿ ਰਤੇ
ਦਰਿ ਸਚੈ ਸਚਿਆਰ ॥

سچی بھگتی سچِ رتے
درِ سچےَ سچِیار ॥

ਆਏ ਸੇ ਪਰਵਾਣੁ ਹੈ
ਸਭ ਕੁਲ ਕਾ ਕਰਹਿ ਉਧਾਰੁ ॥੭॥

آئے سے پروانُ ہے
سبھ کُل کا کرہِ اُدھارُ ॥7॥

ਸਭ ਨਦਰੀ ਕਰਮ ਕਮਾਵਦੇ
ਨਦਰੀ ਬਾਹਰਿ ਨ ਕੋਇ ॥

سبھ ندری کرم کماودے
ندری باہرِ ن کوءِ ॥

ਜੈਸੀ ਨਦਰਿ ਕਰਿ ਦੇਖੈ ਸਚਾ
ਤੈਸਾ ਹੀ ਕੋ ਹੋਇ ॥

جیَسی ندرِ کرِ دیکھےَ سچا
تیَسا ہی کو ہوءِ ॥

ਨਾਨਕ ਨਾਮਿ ਵਡਾਈਆ
ਕਰਮਿ ਪਰਾਪਤਿ ਹੋਇ ॥੮॥੩॥੨੦॥

نانک نامِ وڈائیا
کرمِ پراپتِ ہوءِ ॥8॥3॥ 20 ॥

ਸਿਰੀਰਾਗੁ ਮਹਲਾ ੩ ॥

سِریراگُ محلا 3 ॥

ਗੁਰਮੁਖਿ ਨਾਮੁ ਧਿਆਈਐ
ਮਨਮੁਖਿ ਬੂਝ ਨ ਪਾਇ ॥

گُرمُکھِ نامُ دھیائیےَ
منمُکھِ بوُجھ ن پاءِ ॥

ਗੁਰਮੁਖਿ ਸਦਾ ਮੁਖ ਊਜਲੇ
ਹਰਿ ਵਸਿਆ ਮਨਿ ਆਇ ॥

گُرمُکھِ سدا مُکھ اوُجلے
ہرِ وسِیا منِ آءِ ॥

ਸਹਜੇ ਹੀ ਸੁਖੁ ਪਾਈਐ
ਸਹਜੇ ਰਹੈ ਸਮਾਇ ॥੧॥

سہجے ہی سُکھُ پائیئے
سہجے رہے سماءِ ॥1॥

ਭਾਈ ਰੇ ਦਾਸਨਿ ਦਾਸਾ ਹੋਇ ॥

بھائی رے داسنِ داسا ہوءِ ॥

ਗੁਰ ਕੀ ਸੇਵਾ ਗੁਰ ਭਗਤਿ ਹੈ
ਵਿਰਲਾ ਪਾਏ ਕੋਇ ॥੧॥ ਰਹਾਉ ॥

گُر کی سیوا گُر بھگتِ ہے
وِرلا پائے کوءِ ॥1॥ رہاءُ ॥

ਸਦਾ ਸੁਹਾਗੁ ਸੁਹਾਗਣੀ
ਜੇ ਚਲਹਿ ਸਤਿਗੁਰ ਭਾਇ ॥

سدا سُہاگُ سُہاگنی
جے چلہِ ستِگُر بھاءِ ॥

ਸਦਾ ਪਿਰੁ ਨਿਹਚਲੁ ਪਾਈਐ
ਨਾ ਓਹੁ ਮਰੈ ਨ ਜਾਇ ॥

سدا پِرُ نِہچلُ پائیئے
نا اوہُ مرے ن جاءِ ॥

ਸਬਦਿ ਮਿਲੀ ਨਾ ਵੀਛੁੜੈ
ਪਿਰ ਕੈ ਅੰਕਿ ਸਮਾਇ ॥੨॥

سبدِ ملی نا وِچھُڑے
پِر کے انکِ سماءِ ॥2॥

ਹਰਿ ਨਿਰਮਲੁ ਅਤਿ ਊਜਲਾ
ਬਿਨੁ ਗੁਰ ਪਾਇਆ ਨ ਜਾਇ ॥

ہرِ نِرملُ اتِ اوُجلا
بِنُ گُر پائیا ن جاءِ ॥

ਪਾਠੁ ਪੜੈ ਨਾ ਬੂਝਈ
ਭੇਖੀ ਭਰਮਿ ਭੁਲਾਇ ॥

پاٹھُ پڑے نا بُوجھئی
بھیکھی بھرمِ بھُلاءِ ॥

ਗੁਰਮਤੀ ਹਰਿ ਸਦਾ ਪਾਇਆ
ਰਸਨਾ ਹਰਿ ਰਸੁ ਸਮਾਇ ॥੩॥

گُرمتی ہرِ سدا پائیا
رسنا ہرِ رسُ سماءِ ॥3॥

ਮਾਇਆ ਮੋਹੁ ਚੁਕਾਇਆ
ਗੁਰਮਤੀ ਸਹਜਿ ਸੁਭਾਇ ॥

مائیا موہُ چُکائیا
گُرمتی سہجِ سُبھاءِ ॥

ਬਿਨੁ ਸਬਦੈ ਜਗੁ ਦੁਖੀਆ ਫਿਰੈ
ਮਨਮੁਖਾ ਨੋ ਗਈ ਖਾਇ ॥

بِنُ سبدے جگُ دُکھیا پھرے
منمُکھا نو گئی کھاءِ ॥

ਸਬਦੇ ਨਾਮੁ ਧਿਆਈਐ
ਸਬਦੇ ਸਚਿ ਸਮਾਇ ॥੪॥

سبدے نامُ دھیائیئے
سبدے سچِ سماءِ ॥4॥

ਮਾਇਆ ਭੂਲੇ ਸਿਧ ਫਿਰਹਿ
ਸਮਾਧਿ ਨ ਲਗੈ ਸੁਭਾਇ ॥

مائیا بھوُلے سِدھ پھرِہِ
سمادھِ ن لگے سُبھاءِ ॥

ਤੀਨੇ ਲੋਅ ਵਿਆਪਤ ਹੈ
ਅਧਿਕ ਰਹੀ ਲਪਟਾਇ ॥

ਬਿਨੁ ਗੁਰ ਮੁਕਤਿ ਨ ਪਾਈਐ
ਨਾ ਦੁਬਿਧਾ ਮਾਇਆ ਜਾਇ ॥੫॥

ਮਾਇਆ ਕਿਸ ਨੋ ਆਖੀਐ
ਕਿਆ ਮਾਇਆ ਕਰਮ ਕਮਾਇ ॥

ਦੁਖਿ ਸੁਖਿ ਏਹੁ ਜੀਉ ਬਧੁ ਹੈ
ਹਉਮੈ ਕਰਮ ਕਮਾਇ ॥

ਬਿਨੁ ਸਬਦੈ ਭਰਮੁ ਨ ਚੂਕਈ
ਨਾ ਵਿਚਹੁ ਹਉਮੈ ਜਾਇ ॥੬॥

ਬਿਨੁ ਪ੍ਰੀਤੀ ਭਗਤਿ ਨ ਹੋਵਈ
ਬਿਨੁ ਸਬਦੈ ਥਾਇ ਨ ਪਾਇ ॥

ਸਬਦੇ ਹਉਮੈ ਮਾਰੀਐ
ਮਾਇਆ ਕਾ ਭ੍ਰਮੁ ਜਾਇ ॥

ਨਾਮੁ ਪਦਾਰਥੁ ਪਾਈਐ
ਗੁਰਮੁਖਿ ਸਹਜਿ ਸੁਭਾਇ ॥੭॥

ਬਿਨੁ ਗੁਰ ਗੁਣ ਨ ਜਾਪਨੀ
ਬਿਨੁ ਗੁਣ ਭਗਤਿ ਨ ਹੋਇ ॥

ਭਗਤਿ ਵਛਲੁ ਹਰਿ ਮਨਿ ਵਸਿਆ
ਸਹਜਿ ਮਿਲਿਆ ਪ੍ਰਭੁ ਸੋਇ ॥

ਨਾਨਕ ਸਬਦੇ ਹਰਿ ਸਾਲਾਹੀਐ
ਕਰਮਿ ਪਰਾਪਤਿ ਹੋਇ ॥੮॥੪॥੨੧॥

ਸਿਰੀਰਾਗੁ ਮਹਲਾ ੩ ॥

ਮਾਇਆ ਮੋਹੁ ਮੇਰੈ ਪ੍ਰਭਿ ਕੀਨਾ
ਆਪੇ ਭਰਮਿ ਭੁਲਾਏ ॥

تِنے لوء وِیاپت ہے
ادھِک رہی لپٹاءِ ॥

بِنُ گُر مُکتِ ن پائیئے
نا دُبِدھا مائیا جاءِ ॥5॥

مائیا کِس نو آکھیئے
کِیا مائیا کرم کماءِ ۔ ॥

دُکھِ سُکھِ ایہُ جیءُ بدھُ ہے
ہمُے کرم کماءِ ॥

بِنُ سبدے بھرمُ ن چوُکئی
نا وِچہُ ہمُے جاءِ ॥6॥

بِنُ پّریتی بھگتِ ن ہووئی
بِنُ سبدے تھاءِ ن پاءِ ॥

سبدے ہمُے ماریئے
مائیا کا بھّرمُ جاءِ ॥

نامُ پدارتھُ پائیئے
گُرمُکھِ سہجِ سُبھاءِ ॥7॥

بِنُ گُر گُڑ ن جاپنی
بِنُ گُڑ بھگتِ ن ہوءِ ॥

بھگتِ وچھلُ ہرِ منِ وسِیا
سہجِ مِلیا پّربھُ سوءِ ॥

نانک سبدے ہرِ سالاحیئے
کرمِ پراپتِ ہوءِ ॥8॥4॥ 21 ॥

سِریراگُ محلا 3 ॥

مائیا موہُ میرے پّربھِ کِینا
آپے بھرمِ بھُلائے ॥

ਮਨਮੁਖਿ ਕਰਮ ਕਰਹਿ ਨਹੀ ਬੂਝਹਿ
ਬਿਰਥਾ ਜਨਮੁ ਗਵਾਏ ॥

ਗੁਰਬਾਣੀ ਇਸੁ ਜਗ ਮਹਿ ਚਾਨਣੁ
ਕਰਮਿ ਵਸੈ ਮਨਿ ਆਏ ॥੧॥

ਮਨ ਰੇ ਨਾਮੁ ਜਪਹੁ ਸੁਖੁ ਹੋਇ ॥

ਗੁਰੁ ਪੂਰਾ ਸਾਲਾਹੀਐ
ਸਹਜਿ ਮਿਲੈ ਪ੍ਰਭੁ ਸੋਇ ॥੧॥ ਰਹਾਉ ॥

ਭਰਮੁ ਗਇਆ ਭਉ ਭਾਗਿਆ
ਹਰਿ ਚਰਣੀ ਚਿਤੁ ਲਾਇ ॥

ਗੁਰਮੁਖਿ ਸਬਦੁ ਕਮਾਈਐ
ਹਰਿ ਵਸੈ ਮਨਿ ਆਇ ॥

ਘਰਿ ਮਹਲਿ ਸਚਿ ਸਮਾਈਐ
ਜਮਕਾਲੁ ਨ ਸਕੈ ਖਾਇ ॥੨॥

ਨਾਮਾ ਛੀਬਾ ਕਬੀਰੁ ਜੁਲਾਹਾ
ਪੂਰੇ ਗੁਰ ਤੇ ਗਤਿ ਪਾਈ ॥

ਬ੍ਰਹਮ ਕੇ ਬੇਤੇ ਸਬਦੁ ਪਛਾਣਹਿ
ਹਉਮੈ ਜਾਤਿ ਗਵਾਈ ॥

ਸੁਰਿ ਨਰ ਤਿਨ ਕੀ ਬਾਣੀ ਗਾਵਹਿ
ਕੋਇ ਨ ਮੇਟੈ ਭਾਈ ॥੩॥

ਦੈਤ ਪੁਤੁ ਕਰਮ ਧਰਮ ਕਿਛੁ ਸੰਜਮ ਨ ਪੜੈ
ਦੂਜਾ ਭਾਉ ਨ ਜਾਣੈ ॥

ਸਤਿਗੁਰੁ ਭੇਟਿਐ ਨਿਰਮਲੁ ਹੋਆ
ਅਨਦਿਨੁ ਨਾਮੁ ਵਖਾਣੈ ॥

ਏਕੋ ਪੜੈ ਏਕੋ ਨਾਉ ਬੂਝੈ
ਦੂਜਾ ਅਵਰੁ ਨ ਜਾਣੈ ॥੪॥

منمُکھِ کرم کرہِ نہی بُوجھہِ
برتھا جنمُ گوائے ॥

گُربانی اِسُ جگ مہِ چانڑُ
کرمِ وسے منِ آئے ॥1॥

من رے نامُ جپہُ سُکھُ ہوءِ ॥

گُرُ پُورا سالاحیےَ
سہجِ ملےَ پربھُ سوءِ ॥1॥ رہاءُ ॥

بھرمُ گئیا بھءُ بھاگیا
ہرِ چرنی چِتُ لاءِ ॥

گُرمُکھِ سبدُ کمائیےَ
ہرِ وسے منِ آءِ ॥

گھرِ محلِ سچِ سمائیےَ
جمکالُ ن سکےَ کھاءِ ॥2॥

نامَا چھیبا کبیرُ جولاہا
پُورے گُر تے گتِ پائی ॥

برہم کے بیتے سبدُ پچھاڑہِ
ہمےَ زاتِ گوائی ॥

سُرِ نر تِن کی بانی گاوہِ
کوءِ ن میٹے بھائی ۔ ॥3॥

دیَت پُتُ کرم دھرم کچھُ سنجم ن پڑے
دوُجا بھاءُ ن جانے ॥

ستِگُر بھیٹے نِرملُ ہویا
اندِنُ نامُ وکھانے ॥

ایکو پڑے ایکو ناءُ بُوجھے
دوُجا اورُ ن جانے ॥4॥

ਖਟੁ ਦਰਸਨ ਜੋਗੀ ਸੰਨਿਆਸੀ
ਬਿਨੁ ਗੁਰ ਭਰਮਿ ਭੁਲਾਏ ॥

ਸਤਿਗੁਰੁ ਸੇਵਹਿ ਤਾ ਗਤਿ ਮਿਤਿ ਪਾਵਹਿ
ਹਰਿ ਜੀਉ ਮੰਨਿ ਵਸਾਏ ॥

ਸਚੀ ਬਾਣੀ ਸਿਉ ਚਿਤੁ ਲਾਗੈ
ਆਵਣੁ ਜਾਣੁ ਰਹਾਏ ॥੫॥

ਪੰਡਿਤ ਪੜਿ ਪੜਿ ਵਾਦੁ ਵਖਾਣਹਿ
ਬਿਨੁ ਗੁਰ ਭਰਮਿ ਭੁਲਾਏ ॥

ਲਖ ਚਉਰਾਸੀਹ ਫੇਰੁ ਪਇਆ
ਬਿਨੁ ਸਬਦੈ ਮੁਕਤਿ ਨ ਪਾਏ ॥

ਜਾ ਨਾਉ ਚੇਤੈ ਤਾ ਗਤਿ ਪਾਏ
ਜਾ ਸਤਿਗੁਰੁ ਮੇਲਿ ਮਿਲਾਏ ॥੬॥

ਸਤਸੰਗਤਿ ਮਹਿ ਨਾਮੁ ਹਰਿ ਉਪਜੈ
ਜਾ ਸਤਿਗੁਰੁ ਮਿਲੈ ਸੁਭਾਏ ॥

ਮਨੁ ਤਨੁ ਅਰਪੀ ਆਪੁ ਗਵਾਈ
ਚਲਾ ਸਤਿਗੁਰ ਭਾਏ ॥

ਸਦ ਬਲਿਹਾਰੀ ਗੁਰ ਅਪੁਨੇ ਵਿਟਹੁ
ਜਿ ਹਰਿ ਸੇਤੀ ਚਿਤੁ ਲਾਏ ॥੭॥

ਸੋ ਬ੍ਰਾਹਮਣੁ ਬ੍ਰਹਮੁ ਜੋ ਬਿੰਦੇ
ਹਰਿ ਸੇਤੀ ਰੰਗਿ ਰਾਤਾ ॥

ਪ੍ਰਭੁ ਨਿਕਟਿ ਵਸੈ ਸਭਨਾ ਘਟ ਅੰਤਰਿ
ਗੁਰਮੁਖਿ ਵਿਰਲੈ ਜਾਤਾ ॥

ਨਾਨਕ ਨਾਮੁ ਮਿਲੈ ਵਡਿਆਈ
ਗੁਰ ਕੈ ਸਬਦਿ ਪਛਾਤਾ ॥੮॥੫॥੨੨॥

ਸਿਰੀਰਾਗੁ ਮਹਲਾ ੩ ॥

کھٹُ درسن جوگی سنّیاسی
بِنُ گُر بھرمِ بھُلائے ॥

ستِگُر سیوہِ تا گتِ مِتِ پاوہِ
ہرِ جیِءُ منّ وسائے ॥

سچی بانٔی سِءُ چِتُ لاگے
آونُ جانُ رہائے ॥5॥

پنّڈِت پڑِ پڑِ وادُ وکھانٔہِ
بِنُ گُر بھرمِ بھُلائے ॥

لکھ چرُاسیہ پھیرُ پیٔیا
بِنُ سبدے مُکتِ ن پائے ॥

جا ناءُ چیتے تا گتِ پائے
جا ستِگُر میلِ مِلائے ॥6॥

ستسنگتِ مہِ نامُ ہرِ اُپجے
جا ستِگُر مِلے سُبھائے ॥

منُ تنُ ارپی آپُ گوائی
چلا ستِگُر بھائے ॥

سد بلِہاری گُر اپُنے وِٹہُ
جِ ہرِ سیتی چِتُ لائے ॥7॥

سو برّاہمنُ برّہمُ جو بِندے
ہرِ سیتی رنگِ راتا ॥

پرّبھُ نِکٹِ وسے سبھنا گھٹ انترِ
گُرمُکھِ وِرلے جاتا ॥

نانک نامُ مِلے وڈِیائی
گُر کے سبدِ پچھاتا ॥8॥5॥ 22 ॥

سِرِیراگُ محلا 3 ॥

ਸਹਜੈ ਨੋ ਸਭ ਲੋਚਦੀ
ਬਿਨੁ ਗੁਰ ਪਾਇਆ ਨ ਜਾਇ ॥

سہجے نو سبھ لوچدی
بِنُ گُر پائیا ن جاءِ ॥

ਪੜਿ ਪੜਿ ਪੰਡਿਤ ਜੋਤਕੀ ਥਕੇ
ਭੇਖੀ ਭਰਮਿ ਭੁਲਾਏ ॥

پڑِ پڑِ پنڈِت جوتکی تھکے
بھیکھی بھرمِ بھُلائے ॥

ਗੁਰ ਭੇਟੇ ਸਹਜੁ ਪਾਇਆ
ਆਪਣੀ ਕਿਰਪਾ ਕਰੇ ਰਜਾਇ ॥੧॥

گُر بھیٹے سہجُ پائیا
آپنی کِرپا کرے رضاءِ ॥1॥

ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥

بھائی رے گُر بِنُ سہجُ ن ہوءِ ॥

ਸਬਦੈ ਹੀ ਤੇ ਸਹਜੁ ਊਪਜੈ
ਹਰਿ ਪਾਇਆ ਸਚੁ ਸੋਇ ॥੧॥ ਰਹਾਉ ॥

سبدے ہی تے سہجُ اوُپجے
ہرِ پائیا سچُ سوءِ ॥1॥ رہاءُ ॥

ਸਹਜੇ ਗਾਵਿਆ ਥਾਇ ਪਵੈ
ਬਿਨੁ ਸਹਜੈ ਕਥਨੀ ਬਾਦਿ ॥

سہجے گاوِیا تھاءِ پوے
بِنُ سہجے کتھنی بادِ ॥

ਸਹਜੇ ਹੀ ਭਗਤਿ ਊਪਜੈ
ਸਹਜਿ ਪਿਆਰਿ ਬੈਰਾਗਿ ॥

سہجے ہی بھگتِ اوُپجے
سہجِ پِیارِ بیَراگِ ॥

ਸਹਜੈ ਹੀ ਤੇ ਸੁਖ ਸਾਤਿ ਹੋਇ
ਬਿਨੁ ਸਹਜੈ ਜੀਵਣੁ ਬਾਦਿ ॥੨॥

سہجے ہی تے سُکھ ساتِ ہوءِ
بِنُ سہجے جیِونُ بادِ ॥2॥

ਸਹਜਿ ਸਾਲਾਹੀ ਸਦਾ ਸਦਾ
ਸਹਜਿ ਸਮਾਧਿ ਲਗਾਇ ॥

سہجِ سالاہی سدا سدا
سہجِ سمادھِ لگاءِ ॥

ਸਹਜੇ ਹੀ ਗੁਣ ਊਚਰੈ
ਭਗਤਿ ਕਰੇ ਲਿਵ ਲਾਇ ॥

سہجے ہی گُنُ اوُچرے
بھگتِ کرے لِو لاءِ ॥

ਸਬਦੇ ਹੀ ਹਰਿ ਮਨਿ ਵਸੈ
ਰਸਨਾ ਹਰਿ ਰਸੁ ਖਾਇ ॥੩॥

سبدے ہی ہرِ منِ وسے
رسنا ہرِ رسُ کھاءِ ॥3॥

ਸਹਜੇ ਕਾਲੁ ਵਿਡਾਰਿਆ
ਸਚ ਸਰਣਾਈ ਪਾਇ ॥

سہجے کالُ وِڈارِیا
سچ سرٹائی پاءِ ॥

ਸਹਜੇ ਹਰਿ ਨਾਮੁ ਮਨਿ ਵਸਿਆ
ਸਚੀ ਕਾਰ ਕਮਾਇ ॥

سہجے ہرِ نامُ منِ وسِیا
سچی کار کماءِ ॥

ਸੇ ਵਡਭਾਗੀ ਜਿਨੀ ਪਾਇਆ
ਸਹਜੇ ਰਹੇ ਸਮਾਇ ॥੪॥

سے وڈبھاگی جِنی پائیا
سہجے رہے سماءِ ॥4॥

ਮਾਇਆ ਵਿਚਿ ਸਹਜੁ ਨ ਊਪਜੈ
ਮਾਇਆ ਦੂਜੈ ਭਾਇ ॥

مائیا وِچِ سہجُ ن اوُپجے
مائیا دوُجے بھاءِ ॥

ਮਨਮੁਖ ਕਰਮ ਕਮਾਵਣੇ
ਹਉਮੈ ਜਲੈ ਜਲਾਇ ॥

منمُکھ کرم کماوُنے
ہئُمے جلے جلاءِ ॥

ਜੰਮਣੁ ਮਰਣੁ ਨ ਚੂਕਈ
ਫਿਰਿ ਫਿਰਿ ਆਵੈ ਜਾਇ ॥੫॥

جنّمُ مرنُ ن چھُوکئی
پھِرِ پھِرِ آوے جاءِ ॥5॥

ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ
ਤ੍ਰੈ ਗੁਣ ਭਰਮਿ ਭੁਲਾਇ ॥

ترِہُ گُنا وِچِ سہجُ ن پائیئے
ترے گُن بھرمِ بھُلاءِ ॥

ਪੜੀਐ ਗੁਣੀਐ ਕਿਆ ਕਥੀਐ
ਜਾ ਮੁੰਢਹੁ ਘੁਥਾ ਜਾਇ ॥

پڑیئے گُنیئے کیا کتھیئے
جا مُنڈھہُ گھُتھا جاءِ ॥

ਚਉਥੇ ਪਦ ਮਹਿ ਸਹਜੁ ਹੈ
ਗੁਰਮੁਖਿ ਪਲੈ ਪਾਇ ॥੬॥

چئُتھے پد مہِ سہجُ ہے
گُرمُکھِ پلے پاءِ ॥6॥

ਨਿਰਗੁਣ ਨਾਮੁ ਨਿਧਾਨੁ ਹੈ
ਸਹਜੇ ਸੋਝੀ ਹੋਇ ॥

نِرگُن نامُ نِدھانُ ہے
سہجے سوجھی ہوءِ ॥

ਗੁਣਵੰਤੀ ਸਾਲਾਹਿਆ
ਸਚੇ ਸਚੀ ਸੋਇ ॥

گُنونتی سالاہِیا
سچے سچی سوءِ ॥

ਭੁਲਿਆ ਸਹਜਿ ਮਿਲਾਇਸੀ
ਸਬਦਿ ਮਿਲਾਵਾ ਹੋਇ ॥੭॥

بھُلیا سہجِ مِلائسی
سبدِ مِلاوا ہوءِ ॥7॥

ਬਿਨੁ ਸਹਜੈ ਸਭੁ ਅੰਧੁ ਹੈ
ਮਾਇਆ ਮੋਹੁ ਗੁਬਾਰੁ ॥

بِنُ سہجے سبھُ انّدھُ ہے
مائیا موہُ غُبارُ ॥

ਸਹਜੇ ਹੀ ਸੋਝੀ ਪਈ
ਸਚੈ ਸਬਦਿ ਅਪਾਰਿ ॥

سہجے ہی سوجھی پئی
سچے سبدِ اپارِ ॥

ਆਪੇ ਬਖਸਿ ਮਿਲਾਇਅਨੁ
ਪੂਰੇ ਗੁਰ ਕਰਤਾਰਿ ॥੮॥

آپے بخشِ مِلائینُ

ਸਹਜੇ ਅਦਿਸਟੁ ਪਛਾਣੀਐ
ਨਿਰਭਉ ਜੋਤਿ ਨਿਰੰਕਾਰੁ ॥

ਸਭਨਾ ਜੀਆ ਕਾ ਇਕੁ ਦਾਤਾ
ਜੋਤੀ ਜੋਤਿ ਮਿਲਾਵਣਹਾਰੁ ॥

ਪੂਰੈ ਸਬਦਿ ਸਲਾਹੀਐ
ਜਿਸ ਦਾ ਅੰਤੁ ਨ ਪਾਰਾਵਾਰੁ ॥੯॥

ਗਿਆਨੀਆ ਕਾ ਧਨੁ ਨਾਮੁ ਹੈ
ਸਹਜਿ ਕਰਹਿ ਵਾਪਾਰੁ ॥

ਅਨਦਿਨੁ ਲਾਹਾ ਹਰਿ ਨਾਮੁ ਲੈਨਿ
ਅਖੁਟ ਭਰੇ ਭੰਡਾਰ ॥

ਨਾਨਕ ਤੋਟਿ ਨ ਆਵਈ
ਦੀਏ ਦੇਵਣਹਾਰਿ ॥੧੦॥੬॥੨੩॥

ਸਿਰੀਰਾਗੁ ਮਹਲਾ ੩ ॥

ਸਤਿਗੁਰਿ ਮਿਲਿਐ ਫੇਰੁ ਨ ਪਵੈ
ਜਨਮ ਮਰਣ ਦੁਖੁ ਜਾਇ ॥

ਪੂਰੈ ਸਬਦਿ ਸਭ ਸੋਝੀ ਹੋਈ
ਹਰਿ ਨਾਮੈ ਰਹੈ ਸਮਾਇ ॥੧॥

ਮਨ ਮੇਰੇ ਸਤਿਗੁਰ ਸਿਉ ਚਿਤੁ ਲਾਇ ॥

ਨਿਰਮਲੁ ਨਾਮੁ ਸਦ ਨਵਤਨੋ
ਆਪਿ ਵਸੈ ਮਨਿ ਆਇ ॥੧॥ ਰਹਾਉ ॥

ਹਰਿ ਜੀਉ ਰਾਖਹੁ ਅਪੁਨੀ ਸਰਣਾਈ
ਜਿਉ ਰਾਖਹਿ ਤਿਉ ਰਹਣਾ ॥

ਗੁਰ ਕੈ ਸਬਦਿ ਜੀਵਤੁ ਮਰੈ
ਗੁਰਮੁਖਿ ਭਵਜਲੁ ਤਰਣਾ ॥੨॥

پُورے گُر کرتارِ ॥8॥

سہجے اِدِستُ پچھانئیے
نِربھءُ جوتِ نِرنکارُ ॥

سبھنا جیِیا کا اِکُ داتا
جوتی جوتِ مِلاوٹہارُ ॥

پُورے سبدِ سلاحیِئے
جِس دا انّتُ ن پاراوارُ ॥9॥

گِیانیِیا کا دھنُ نامُ ہے
سہجِ کرہِ واپارُ ॥

اندِنُ لاہا ہرِ نامُ لیَنِ
اکھُٹ بھرے بھنڈار ॥

نانک توٹِ ن آوئی
دیئے دیوٹہارِ ॥ 10 ॥6॥ 23 ॥

سِرِیراگُ محلا 3 ॥

ستِگُرِ مِلئے پھیرُ ن پوے
جنم مرنّ دُکھُ جاءِ ॥

پُورے سبدِ سبھ سوجھی ہوئی
ہرِ نامے رہے سماءِ ॥1॥

من میرے ستِگُر سِءُ چِتُ لاءِ ॥

نِرملُ نامُ سد نوتنو
آپِ وسے منِ آءِ ॥1॥ رہاءُ ॥

ہرِ جیِءُ راکھہُ اپنی سرٹائی
جِءُ راکھہِ تِءُ رہنٹا ॥

گُر کے سبدِ جیِوتُ مرے
گُرمُکھِ بھوجلُ ترنٹا ॥2॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نُوں سمرپت | سیوا: بھائی بلجِندر سنگھ جی (راڑا صاہب)

ਵਡੈ ਭਾਗਿ ਨਾਉ ਪਾਈਐ
ਗੁਰਮਤਿ ਸਬਦਿ ਸੁਹਾਈ ॥

وڈے بھاگِ ناءُ پائیئے
گُرمتِ سبدِ سُہائی ॥

ਆਪੇ ਮਨਿ ਵਸਿਆ ਪ੍ਰਭੁ ਕਰਤਾ
ਸਹਜੇ ਰਹਿਆ ਸਮਾਈ ॥੩॥

آپے منِ وسیا پربھُ کرتا
سہجے رہیا سمائی ॥3॥

ਇਕਨਾ ਮਨਮੁਖਿ ਸਬਦੁ ਨ ਭਾਵੈ
ਬੰਧਨਿ ਬੰਧਿ ਭਵਾਇਆ ॥

اِکنا منمُکھِ سبدُ ن بھاوے
بندھنِ بندھِ بھوائیا ॥

ਲਖ ਚਉਰਾਸੀਹ ਫਿਰਿ ਫਿਰਿ ਆਵੈ
ਬਿਰਥਾ ਜਨਮੁ ਗਵਾਇਆ ॥੪॥

لکھ چرُاسیہ پھِرِ پھِرِ آوے
برتھا جنمُ گوائیا ॥4॥

ਭਗਤਾ ਮਨਿ ਆਨੰਦੁ ਹੈ
ਸਚੈ ਸਬਦਿ ਰੰਗਿ ਰਾਤੇ ॥

بھگتا منِ آنندُ ہے
سچے سبدِ رنگِ راتے ॥

ਅਨਦਿਨੁ ਗੁਣ ਗਾਵਹਿ ਸਦ ਨਿਰਮਲ
ਸਹਜੇ ਨਾਮਿ ਸਮਾਤੇ ॥੫॥

اندِنُ گُنؤ گاوہِ سد نِرمل
سہجے نامِ سماتے ॥5॥

ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ
ਸਭ ਆਤਮ ਰਾਮੁ ਪਛਾਣੀ ॥

گُرمُکھِ انمّرِت بانؤ بولہِ
سبھ آتم رامُ پچھانؤ ॥

ਏਕੋ ਸੇਵਨਿ ਏਕੁ ਅਰਾਧਹਿ
ਗੁਰਮੁਖਿ ਅਕਥ ਕਹਾਣੀ ॥੬॥

ایکو سیونِ ایکُ ارادھہِ
گُرمُکھِ اکتھ کہانؤ ॥6॥

ਸਚਾ ਸਾਹਿਬੁ ਸੇਵੀਐ
ਗੁਰਮੁਖਿ ਵਸੈ ਮਨਿ ਆਇ ॥

سچا صاحِبُ سیویئے
گُرمُکھِ وسے منِ آءِ ॥

ਸਦਾ ਰੰਗਿ ਰਾਤੇ ਸਚ ਸਿਉ
ਅਪੁਨੀ ਕਿਰਪਾ ਕਰੇ ਮਿਲਾਇ ॥੭॥

سدا رنگِ راتے سچ سِءُ
اپُنی کِرپا کرے مِلاءِ ॥7॥

ਆਪੇ ਕਰੇ ਕਰਾਏ ਆਪੇ
ਇਕਨਾ ਸੁਤਿਆ ਦੇਇ ਜਗਾਇ ॥

آپے کرے کرائے آپے
اِکنا سُتیا دےءِ جگاءِ ॥

ਆਪੇ ਮੇਲਿ ਮਿਲਾਇਦਾ
ਨਾਨਕ ਸਬਦਿ ਸਮਾਇ ॥੮॥੭॥੨੪॥

آپے میلِ مِلائدا
نانک سبدِ سماءِ ॥8॥7॥ 24 ॥

ਸਿਰੀਰਾਗੁ ਮਹਲਾ ੩ ॥

سِریراگُ محلا 3 ॥

ਸਤਿਗੁਰਿ ਸੇਵਿਐ ਮਨੁ ਨਿਰਮਲਾ
ਭਏ ਪਵਿਤੁ ਸਰੀਰ ॥

ستِگُرِ سیوِئے منُ نِرملا
بھئے پوِتُ سرِیر ॥

ਮਨਿ ਆਨੰਦੁ ਸਦਾ ਸੁਖੁ ਪਾਇਆ
ਭੇਟਿਆ ਗਹਿਰ ਗੰਭੀਰੁ ॥

منِ آنندُ سدا سُکھُ پائیا
بھیٹیا گہِر گنبھیرُ ॥

ਸਚੀ ਸੰਗਤਿ ਬੈਸਣਾ
ਸਚਿ ਨਾਮਿ ਮਨੁ ਧੀਰ ॥੧॥

سچی سنگتِ بیَسنا
سچِ نامِ منُ دھیرِ ॥1॥

ਮਨ ਰੇ ਸਤਿਗੁਰੁ ਸੇਵਿ ਨਿਸੰਗੁ ॥

من رے ستِگُرُ سیوِ نِسنگُ ॥

ਸਤਿਗੁਰੁ ਸੇਵਿਐ ਹਰਿ ਮਨਿ ਵਸੈ
ਲਗੈ ਨ ਮੈਲੁ ਪਤੰਗੁ ॥੧॥ ਰਹਾਉ ॥

ستِگُرُ سیوِئے ہرِ منِ وسے
لگے ن میَلُ پتنگُ ॥1॥ رہاءُ ॥

ਸਚੈ ਸਬਦਿ ਪਤਿ ਊਪਜੈ
ਸਚੇ ਸਚਾ ਨਾਉ ॥

سچے سبدِ پتِ اوُپجے
سچے سچا ناءُ ॥

ਜਿਨੀ ਹਉਮੈ ਮਾਰਿ ਪਛਾਣਿਆ
ਹਉ ਤਿਨ ਬਲਿਹਾਰੈ ਜਾਉ ॥

جِنی ہئُمے مارِ پچھاڑیا
ہءُ تِن بلِہارے جاءُ ॥

ਮਨਮੁਖ ਸਚੁ ਨ ਜਾਣਨੀ
ਤਿਨ ਠਉਰ ਨ ਕਤਹੂ ਥਾਉ ॥੨॥

منمُکھ سچُ ن جانُنی
تِن ٹھُر ن کتہوُ تھاءُ ॥2॥

ਸਚੁ ਖਾਣਾ ਸਚੁ ਪੈਨਣਾ
ਸਚੇ ਹੀ ਵਿਚਿ ਵਾਸੁ ॥

سچُ کھاٹا سچُ پیَنٹا
سچے ہی وِچِ واسُ ॥

ਸਦਾ ਸਚਾ ਸਾਲਾਹਣਾ
ਸਚੈ ਸਬਦਿ ਨਿਵਾਸੁ ॥

سدا سچا سالاحنٹا
سچے سبدِ نِواسُ ॥

ਸਭੁ ਆਤਮ ਰਾਮੁ ਪਛਾਣਿਆ
ਗੁਰਮਤੀ ਨਿਜ ਘਰਿ ਵਾਸੁ ॥੩॥

سبھُ آتم رامُ پچھاڑیا
گُرمتی نِج گھرِ واسُ ॥3॥

ਸਚੁ ਵੇਖਣੁ ਸਚੁ ਬੋਲਣਾ
ਤਨੁ ਮਨੁ ਸਚਾ ਹੋਇ ॥

سچُ ویکھُ سچُ بولنا
تنُ منُ سچا ہوءِ ॥

ਸਚੀ ਸਾਖੀ ਉਪਦੇਸੁ ਸਚੁ
ਸਚੇ ਸਚੀ ਸੋਇ ॥

سچی ساکھی اُپدیسُ سچُ
سچے سچی سوءِ ॥

ਜਿੰਨੀ ਸਚੁ ਵਿਸਾਰਿਆ
ਸੇ ਦੁਖੀਏ ਚਲੇ ਰੋਇ ॥੪॥

جِنّنی سچُ وِسارِیا
سے دُکھیئے چلے روءِ ॥4॥

ਸਤਿਗੁਰੁ ਜਿਨੀ ਨ ਸੇਵਿਓ
ਸੇ ਕਿਤੁ ਆਏ ਸੰਸਾਰਿ ॥

ستِگُرُ جِنی ن سیوِئو
سے کِتُ آئے سنّسارِ ۔ ॥

ਜਮ ਦਰਿ ਬਧੇ ਮਾਰੀਅਹਿ
ਕੂਕ ਨ ਸੁਣੈ ਪੂਕਾਰ ॥

جم درِ بدھے مارِیئہِ
کُوک ن سُنّئے پُوکار ॥

ਬਿਰਥਾ ਜਨਮੁ ਗਵਾਇਆ
ਮਰਿ ਜੰਮਹਿ ਵਾਰੋ ਵਾਰ ॥੫॥

برتھا جنمُ گوائیا
مرِ جنّمہِ وارو وار ॥5॥

ਏਹੁ ਜਗੁ ਜਲਤਾ ਦੇਖਿ ਕੈ
ਭਜਿ ਪਏ ਸਤਿਗੁਰ ਸਰਣਾ ॥

ایہُ جگُ جلتا دیکھِ کے
بھجِ پئے ستِگُر سرنّا ॥

ਸਤਿਗੁਰਿ ਸਚੁ ਦਿੜਾਇਆ
ਸਦਾ ਸਚਿ ਸੰਜਮਿ ਰਹਣਾ ॥

ستِگُرِ سچُ دِڑائیا
سدا سچِ سنّجمِ رہنّا ॥

ਸਤਿਗੁਰ ਸਚਾ ਹੈ ਬੋਹਿਥਾ
ਸਬਦੇ ਭਵਜਲੁ ਤਰਣਾ ॥੬॥

ستِگُر سچا ہے بوہتھا
سبدے بھوجلُ ترنّا ॥6॥

ਲਖ ਚਉਰਾਸੀਹ ਫਿਰਦੇ ਰਹੇ
ਬਿਨੁ ਸਤਿਗੁਰ ਮੁਕਤਿ ਨ ਹੋਈ ॥

لکھ چترُاسیہ پھِردے رہے
بِنُ ستِگُر مُکتِ ن ہوئی ॥

ਪੜਿ ਪੜਿ ਪੰਡਿਤ ਮੋਨੀ ਥਕੇ
ਦੂਜੈ ਭਾਇ ਪਤਿ ਖੋਈ ॥

پڑِ پڑِ پنڈِت مونی تھکے
دوُجے بھاءِ پتِ کھوئی ॥

ਸਤਿਗੁਰਿ ਸਬਦੁ ਸੁਣਾਇਆ
ਬਿਨੁ ਸਚੇ ਅਵਰੁ ਨ ਕੋਈ ॥੭॥

ستِگُرِ سبدُ سُنّائیا
بِنُ سچے اورُ ن کوئی ॥7॥

ਜੋ ਸਚੈ ਲਾਏ ਸੇ ਸਚਿ ਲਗੇ
ਨਿਤ ਸਚੀ ਕਾਰ ਕਰੰਨਿ ॥

جو سچے لائے سے سچِ لگے
نِت سچی کار کرنّنِ ॥

ਤਿਨਾ ਨਿਜ ਘਰਿ ਵਾਸਾ ਪਾਇਆ
ਸਚੈ ਮਹਲਿ ਰਹੰਨਿ ॥

تِنا نج گھرِ واسا پائیا
سچے محلِ رہنّنِ ॥

ਨਾਨਕ ਭਗਤ ਸੁਖੀਏ ਸਦਾ
ਸਚੈ ਨਾਮਿ ਰਚੰਨਿ ॥੮॥੧੭॥੮॥੨੫॥

نانک بھگت سُکھیئے سدا

سچے نامِ رچنّنِ ॥8॥ 17 ॥8॥ 25 ॥

ਸਿਰੀਰਾਗੁ ਮਹਲਾ ੫ ॥

سِریراگُ محلا 5 ॥

ਜਾ ਕਉ ਮੁਸਕਲੁ ਅਤਿ ਬਣੈ
ਢੋਈ ਕੋਇ ਨ ਦੇਇ ॥

جا کءُ مُشکلُ اتِ بنّے
ڈھوئی کوءِ ن دےءِ ॥

ਲਾਗੂ ਹੋਏ ਦੁਸਮਨਾ
ਸਾਕ ਭਿ ਭਜਿ ਖਲੇ ॥

لاگُو ہوئے دُسمنا
ساک بھِ بھجِ کھلے ॥

ਸਭੋ ਭਜੈ ਆਸਰਾ
ਚੁਕੈ ਸਭੁ ਅਸਰਾਉ ॥

سبھو بھجے آسرا
چُکے سبھُ اسراءُ ॥

ਚਿਤਿ ਆਵੈ ਓਸੁ ਪਾਰਬ੍ਰਹਮੁ
ਲਗੈ ਨ ਤਤੀ ਵਾਉ ॥੧॥

چِتِ آوے اوُس پاربّرہمُ
لگے ن تتی واءُ ॥1॥

ਸਾਹਿਬੁ ਨਿਤਾਣਿਆ ਕਾ ਤਾਣੁ ॥

صاحِبُ نِتاٹیا کا تانُ ॥

ਆਇ ਨ ਜਾਈ ਥਿਰੁ ਸਦਾ
ਗੁਰ ਸਬਦੀ ਸਚੁ ਜਾਣੁ ॥੧॥ ਰਹਾਉ ॥

آءِ ن جائی تھِرُ سدا
گُر سبدی سچُ جانُ ॥1॥ رہاءُ ॥

ਜੇ ਕੋ ਹੋਵੈ ਦੁਬਲਾ
ਨੰਗ ਭੁਖ ਕੀ ਪੀਰ ॥

جے کو ہووے دُبلا
ننگ بھُکھ کی پیِر ॥

ਦਮੜਾ ਪਲੈ ਨਾ ਪਵੈ
ਨਾ ਕੋ ਦੇਵੈ ਧੀਰ ॥

دمڑا پلے نا پوے
نا کو دیوے دھیِر ॥

ਸੁਆਰਥੁ ਸੁਆਉ ਨ ਕੋ ਕਰੇ
ਨਾ ਕਿਛੁ ਹੋਵੈ ਕਾਜੁ ॥

سُیارتھُ سُیاءُ ن کو کرے
نا کِچھُ ہووے کاجُ ॥

ਚਿਤਿ ਆਵੈ ਓਸੁ ਪਾਰਬ੍ਰਹਮੁ
ਤਾ ਨਿਹਚਲੁ ਹੋਵੈ ਰਾਜੁ ॥੨॥

چِتِ آوے اوُس پاربّرہمُ
تا نِہچلُ ہووے راجُ ॥2॥

ਜਾ ਕਉ ਚਿੰਤਾ ਬਹੁਤੁ ਬਹੁਤੁ
ਦੇਹੀ ਵਿਆਪੈ ਰੋਗੁ ॥

جا کءُ چِنّتا بہُتُ بہُتُ
دیہی وِیاپے روگُ ॥

ਗ੍ਰਿਸਤਿ ਕੁਟੰਬਿ ਪਲੇਟਿਆ
ਕਦੇ ਹਰਖੁ ਕਦੇ ਸੋਗੁ ॥

گِرِستِ کُٹنّبِ پلیٹیا
کدے ہرکھُ کدے سوگُ ॥

ਗਉਣੁ ਕਰੇ ਚਹੁ ਕੁੰਟ ਕਾ
ਘੜੀ ਨ ਬੈਸਣੁ ਸੋਇ ॥

گئُنُ کرے چہُ کُنٹ کا
گھڑی ن بیَسنُ سوءِ ॥

ਚਿਤਿ ਆਵੈ ਓਸੁ ਪਾਰਬ੍ਰਹਮੁ
ਤਨੁ ਮਨੁ ਸੀਤਲੁ ਹੋਇ ॥੩॥

چِتِ آوے اوُس پاربّرہمُ
تنُ منُ سیِتلُ ہوءِ ॥3॥

ਕਾਮਿ ਕਰੋਧਿ ਮੋਹਿ ਵਸਿ ਕੀਆ
ਕਿਰਪਨ ਲੋਭਿ ਪਿਆਰੁ ॥

کامِ کرودھِ موہِ وسِ کیِیا
کِرپن لوبھِ پیِارُ ॥

ਚਾਰੇ ਕਿਲਵਿਖ ਉਨਿ ਅਘ ਕੀਏ
ਹੋਆ ਅਸੁਰ ਸੰਘਾਰੁ ॥

چارے کِلوِکھ اُنِ اگھ کیِۓ
ہویا اسُر سنگھارُ ॥

ਪੋਥੀ ਗੀਤ ਕਵਿਤ ਕਿਛੁ
ਕਦੇ ਨ ਕਰਨਿ ਧਰਿਆ ॥

پوتھی گیِت کوِت کِچھُ
کدے ن کرنِ دھریِا ॥

ਚਿਤਿ ਆਵੈ ਓਸੁ ਪਾਰਬ੍ਰਹਮੁ
ਤਾ ਨਿਮਖ ਸਿਮਰਤ ਤਰਿਆ ॥੪॥

چِتِ آوے اوُس پاربّرہمُ
تا نِمکھ سِمرت تریِا ॥4॥

ਸਾਸਤ ਸਿੰਮ੍ਰਿਤਿ ਬੇਦ ਚਾਰਿ
ਮੁਖਾਗਰ ਬਿਚਰੇ ॥

ساست سِنمّرِتِ بید چارِ
مُکھاگر بِچرے ॥

ਤਪੇ ਤਪੀਸਰ ਜੋਗੀਆ
ਤੀਰਥਿ ਗਵਨੁ ਕਰੇ ॥

تپے تپیِسر جوگیِیا
تیِرتھِ گونُ کرے ॥

ਖਟੁ ਕਰਮਾ ਤੇ ਦੁਗੁਣੇ
ਪੂਜਾ ਕਰਤਾ ਨਾਇ ॥

کھٹُ کرما تے دُگُنے
پوُجا کرتا ناءِ ॥

ਰੰਗੁ ਨ ਲਗੀ ਪਾਰਬ੍ਰਹਮ
ਤਾ ਸਰਪਰ ਨਰਕੇ ਜਾਇ ॥੫॥

رنگُ ن لگی پاربّرہم
تا سرپر نرکے جاءِ ॥5॥

ਰਾਜ ਮਿਲਕ ਸਿਕਦਾਰੀਆ
ਰਸ ਭੋਗਣ ਬਿਸਥਾਰ ॥

راج مِلک سِکدارییا
رس بھوگنُ بِستھار ॥

ਬਾਗ ਸੁਹਾਵੇ ਸੋਹਣੇ
ਚਲੈ ਹੁਕਮੁ ਅਫਾਰ ॥

باغ سُہاوے سوہنے
چلےَ حُکمُ اپھار ॥

ਰੰਗ ਤਮਾਸੇ ਬਹੁ ਬਿਧੀ
ਚਾਇ ਲਗਿ ਰਹਿਆ ॥

رنگ تماشے بہُ بِدھی

ਚਿਤਿ ਨ ਆਇਓ ਪਾਰਬ੍ਰਹਮੁ
ਤਾ ਸਰਪ ਕੀ ਜੂਨਿ ਗਇਆ ॥੬॥

ਬਹੁਤੁ ਧਨਾਢਿ ਅਚਾਰਵੰਤੁ
ਸੋਭਾ ਨਿਰਮਲ ਰੀਤਿ ॥

ਮਾਤ ਪਿਤਾ ਸੁਤ ਭਾਈਆ
ਸਾਜਨ ਸੰਗਿ ਪਰੀਤਿ ॥

ਲਸਕਰ ਤਰਕਸਬੰਦ ਬੰਦ
ਜੀਉ ਜੀਉ ਸਗਲੀ ਕੀਤ ॥

ਚਿਤਿ ਨ ਆਇਓ ਪਾਰਬ੍ਰਹਮੁ
ਤਾ ਖੜਿ ਰਸਾਤਲਿ ਦੀਤ ॥੭॥

ਕਾਇਆ ਰੋਗੁ ਨ ਛਿਦ੍ਰੁ ਕਿਛੁ
ਨਾ ਕਿਛੁ ਕਾੜਾ ਸੋਗੁ ॥

ਮਿਰਤੁ ਨ ਆਵੀ ਚਿਤਿ ਤਿਸੁ
ਅਹਿਨਿਸਿ ਭੋਗੈ ਭੋਗੁ ॥

ਸਭ ਕਿਛੁ ਕੀਤੋਨੁ ਆਪਣਾ
ਜੀਇ ਨ ਸੰਕ ਧਰਿਆ ॥

ਚਿਤਿ ਨ ਆਇਓ ਪਾਰਬ੍ਰਹਮੁ
ਜਮਕੰਕਰ ਵਸਿ ਪਰਿਆ ॥੮॥

ਕਿਰਪਾ ਕਰੇ ਜਿਸੁ ਪਾਰਬ੍ਰਹਮੁ
ਹੋਵੈ ਸਾਧੂ ਸੰਗੁ ॥

ਜਿਉ ਜਿਉ ਓਹੁ ਵਧਾਈਐ
ਤਿਉ ਤਿਉ ਹਰਿ ਸਿਉ ਰੰਗੁ ॥

ਦੁਹਾ ਸਿਰਿਆ ਕਾ ਖਸਮੁ ਆਪਿ
ਅਵਰੁ ਨ ਦੂਜਾ ਥਾਉ ॥

چاءِ لگِ رہِیا ॥

چِتِ ن آئِئو پاربّرہمُ
تا سرپ کی جوُنِ گئِیا ॥6॥

بہُتُ دھناڈھِ اچارونّتُ
سوبھا نِرمل ریتِ ॥

مات پِتا سُت بھائِیا
ساجن سنگِ پریتِ ॥

لشکر ترکشبنّد بنّد
جِیءُ جِیءُ سگلی کِیت ॥

چِتِ ن آئِئو پاربّرہمُ
تا کھڑِ رساتلِ دیت ॥7॥

کائِیا روگُ ن چھِدّرُ کِچھُ
نا کِچھُ کاڑا سوگُ ॥

مِرتُ ن آوی چِتِ تِسُ
اہِنِس بھوگے بھوگُ ॥

سبھ کِچھُ کِیتونُ آپنّا
جِیءِ ن سنّک دھرِیا ॥

چِتِ ن آئِئو پاربّرہمُ
جمکنّکر وسِ پریا ॥8॥

کِرپا کرے جِسُ پاربّرہمُ
ہووے سادھوُ سنگُ ॥

جِءُ جِءُ اوہُ ودھائِیئے
تِءُ تِءُ ہرِ سِءُ رنگُ ॥

دُہا سِریا کا خصمُ آپِ
اورُ ن دوُجا تھاءُ ॥

ਸਤਿਗੁਰ ਤੁਠੈ ਪਾਇਆ	ستِگُر ٹُٹھے پائیا
ਨਾਨਕ ਸਚਾ ਨਾਉ ॥੯॥੧॥੨੬॥	نانک سچا ناءُ ॥9॥1॥ 26 ॥
ਸਿਰੀਰਾਗੁ ਮਹਲਾ ੫ ਘਰੁ ੫ ॥	سِرِیراگُ محلا 5 گھرُ 5 ॥
ਜਾਨਉ ਨਹੀ ਭਾਵੈ ਕਵਨ ਬਾਤਾ ॥	جان ءُ نہی بھاوے کون باتا ۔ ॥
ਮਨ ਖੋਜਿ ਮਾਰਗੁ ॥੧॥ ਰਹਾਉ ॥	من کھوجِ مارگُ ॥1॥ رہاءُ ॥
ਧਿਆਨੀ ਧਿਆਨੁ ਲਾਵਹਿ ॥	دھِیانی دھِیانُ لاوہِ ॥
ਗਿਆਨੀ ਗਿਆਨੁ ਕਮਾਵਹਿ ॥	گِیانی گِیانُ کماوہِ ॥
ਪ੍ਰਭੁ ਕਿਨ ਹੀ ਜਾਤਾ ॥੧॥	پربھُ کِن ہی جاتا ॥1॥
ਭਗਉਤੀ ਰਹਤ ਜੁਗਤਾ ॥	بھگئتی رہت جُگتا ॥
ਜੋਗੀ ਕਹਤ ਮੁਕਤਾ ॥	جوگی کہت مُکتا ॥
ਤਪਸੀ ਤਪਹਿ ਰਾਤਾ ॥੨॥	تپسی تپہِ راتا ॥2॥
ਮੋਨੀ ਮੋਨਿਧਾਰੀ ॥	مونی مونِدھاری ॥
ਸਨਿਆਸੀ ਬ੍ਰਹਮਚਾਰੀ ॥	سنِیاسی برہمچاری ॥
ਉਦਾਸੀ ਉਦਾਸਿ ਰਾਤਾ ॥੩॥	اُداسی اُداسِ راتا ॥3॥
ਭਗਤਿ ਨਵੈ ਪਰਕਾਰਾ ॥	بھگتِ نوے پرکارا ॥
ਪੰਡਿਤੁ ਵੇਦੁ ਪੁਕਾਰਾ ॥	پنڈِتُ ویدُ پُکارا ॥
ਗਿਰਸਤੀ ਗਿਰਸਤਿ ਧਰਮਾਤਾ ॥੪॥	گِرستی گِرستِ دھرماتا ॥4॥
ਇਕ ਸਬਦੀ ਬਹੁ ਰੂਪਿ ਅਵਧੂਤਾ ॥	اِک سبدی بہُ روُپِ اودھوُتا ॥
ਕਾਪੜੀ ਕਉਤੇ ਜਾਗੂਤਾ ॥	کاپڑی کئُتے جاگوُتا ॥
ਇਕਿ ਤੀਰਥਿ ਨਾਤਾ ॥੫॥	اِکِ تیرتھِ ناتا ॥5॥
ਨਿਰਹਾਰ ਵਰਤੀ ਆਪਰਸਾ ॥	نِرہار ورتی آپرسا ॥
ਇਕਿ ਲੂਕਿ ਨ ਦੇਵਹਿ ਦਰਸਾ ॥	اِکِ لوُکِ ن دیوہِ درسا ॥
ਇਕਿ ਮਨ ਹੀ ਗਿਆਤਾ ॥੬॥	اِکِ من ہی گِیاتا ॥6॥

ਘਾਟਿ ਨ ਕਿਨ ਹੀ ਕਹਾਇਆ ॥	گھاٹِ ن کِن ہی کہائیا ॥
ਸਭ ਕਹਤੇ ਹੈ ਪਾਇਆ ॥	سبھ کہتے ہے پائیا ॥
ਜਿਸੁ ਮੇਲੇ ਸੋ ਭਗਤਾ ॥੭॥	جِسُ میلے سو بھگتا ॥7॥
ਸਗਲ ਉਕਤਿ ਉਪਾਵਾ ॥	سگل اُکتِ اُپاوا ॥
ਤਿਆਗੀ ਸਰਨਿ ਪਾਵਾ ॥	تِیاگی سرنِ پاوا ॥
ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥	نانکُ گُر چرنِ پراتا ॥8॥2॥ 27 ॥
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਸਿਰੀਰਾਗੁ ਮਹਲਾ ੧ ਘਰੁ ੩ ॥	سِریراگُ محلا 1 گھرُ 3 ॥
ਜੋਗੀ ਅੰਦਰਿ ਜੋਗੀਆ ॥	جوگی انّدرِ جوگِیا ॥
ਤੂੰ ਭੋਗੀ ਅੰਦਰਿ ਭੋਗੀਆ ॥	توُنّ بھوگی انّدرِ بھوگِیا ॥
ਤੇਰਾ ਅੰਤੁ ਨ ਪਾਇਆ ਸੁਰਗਿ ਮਛਿ ਪਇਆਲਿ ਜੀਉ ॥੧॥	تیرا انّتُ ن پائیا سُرگِ مچھِ پئیالِ جیءُ ॥1॥
ਹਉ ਵਾਰੀ ਹਉ ਵਾਰਣੈ ਕੁਰਬਾਣੁ ਤੇਰੇ ਨਾਵ ਨੋ ॥੧॥ ਰਹਾਉ ॥	ہءُ واری ہءُ وارنّے قُربانُ تیرے ناو نو ॥1॥ رہاءُ ॥
ਤੁਧੁ ਸੰਸਾਰੁ ਉਪਾਇਆ ॥	تُدھُ سنّسارُ اُپائیا ॥
ਸਿਰੇ ਸਿਰਿ ਧੰਧੇ ਲਾਇਆ ॥	سِرے سِرِ دھنّدھے لائیا ॥
ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ ॥੨॥	ویکھہِ کِیتا آپنّا کرِ قُدرتِ پاسا ڈھالِ جیءُ ॥2॥
ਪਰਗਟਿ ਪਾਹਾਰੈ ਜਾਪਦਾ ॥	پرگٹِ پاہارے جاپدا ॥
ਸਭੁ ਨਾਵੈ ਨੋ ਪਰਤਾਪਦਾ ॥	سبھُ ناوے نو پرتاپدا ॥
ਸਤਿਗੁਰ ਬਾਝੁ ਨ ਪਾਇਓ ਸਭ ਮੋਹੀ ਮਾਇਆ ਜਾਲਿ ਜੀਉ ॥੩॥	ستِگُر باجھُ ن پائیئو سبھ موہی مائیا جالِ جیءُ ॥3॥
ਸਤਿਗੁਰ ਕਉ ਬਲਿ ਜਾਈਐ ॥	ستِگُر کءُ بلِ جائیئے ॥

ਜਿਤੁ ਮਿਲਿਐ ਪਰਮ ਗਤਿ ਪਾਈਐ ॥

جِتُ مِلِئے پرم گتِ پائیئے ॥

ਸੁਰਿ ਨਰ ਮੁਨਿ ਜਨ ਲੋਚਦੇ
ਸੋ ਸਤਿਗੁਰਿ ਦੀਆ ਬੁਝਾਇ ਜੀਉ ॥੪॥

سُرِ نر مُنِ جن لوچدے
سو ستِگُرِ دِیِیا بُجھاءِ جیءُ ॥4॥

ਸਤਸੰਗਤਿ ਕੈਸੀ ਜਾਣੀਐ ॥

ستسنگتِ کیَسی جانیئے ۔ ॥

ਜਿਥੈ ਏਕੋ ਨਾਮੁ ਵਖਾਣੀਐ ॥

جِتھے ایکو نامُ وکھانیئے ॥

ਏਕੋ ਨਾਮੁ ਹੁਕਮੁ ਹੈ
ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥

ایکو نامُ حُکمُ ہے
نانک ستِگُرِ دِیِیا بُجھاءِ جیءُ ॥5॥

ਇਹੁ ਜਗਤੁ ਭਰਮਿ ਭੁਲਾਇਆ ॥

اِہُ جگتُ بھرمِ بھُلائیا ॥

ਆਪਹੁ ਤੁਧੁ ਖੁਆਇਆ ॥

آپہُ تُدھُ کھُیائیا ॥

ਪਰਤਾਪੁ ਲਗਾ ਦੋਹਾਗਣੀ
ਭਾਗ ਜਿਨਾ ਕੇ ਨਾਹਿ ਜੀਉ ॥੬॥

پرتاپُ لگا دوہاگنی
بھاگ جِنا کے ناہِ جیءُ ॥6॥

ਦੋਹਾਗਣੀ ਕਿਆ ਨੀਸਾਣੀਆ ॥

دوہاگنی کِیا نِیشانِیا ۔ ॥

ਖਸਮਹੁ ਘੁਥੀਆ ਫਿਰਹਿ ਨਿਮਾਣੀਆ ॥

کھسمہُ گھُتھِیا پھِرہِ نِمانِیا ॥

ਮੈਲੇ ਵੇਸ ਤਿਨਾ ਕਾਮਣੀ
ਦੁਖੀ ਰੈਣਿ ਵਿਹਾਇ ਜੀਉ ॥੭॥

میَلے ویس تِنا کامنی
دُکھی رینِ وِہاءِ جیءُ ॥7॥

ਸੋਹਾਗਣੀ ਕਿਆ ਕਰਮੁ ਕਮਾਇਆ ॥

سوہاگنی کِیا کرمُ کمائیا ۔ ॥

ਪੂਰਬਿ ਲਿਖਿਆ ਫਲੁ ਪਾਇਆ ॥

پوُربِ لِکھِیا پھلُ پائیا ॥

ਨਦਰਿ ਕਰੇ ਕੈ ਆਪਣੀ
ਆਪੇ ਲਏ ਮਿਲਾਇ ਜੀਉ ॥੮॥

ندرِ کرے کے آپنی
آپے لئے مِلاءِ جیءُ ॥8॥

ਹੁਕਮੁ ਜਿਨਾ ਨੋ ਮਨਾਇਆ ॥

حُکمُ جِنا نو منائیا ॥

ਤਿਨ ਅੰਤਰਿ ਸਬਦੁ ਵਸਾਇਆ ॥

تِن انترِ سبدُ وسائیا ॥

ਸਹੀਆ ਸੇ ਸੋਹਾਗਣੀ
ਜਿਨ ਸਹ ਨਾਲਿ ਪਿਆਰੁ ਜੀਉ ॥੯॥

سہیِیا سے سوہاگنی
جِن سہ نالِ پیارُ جیءُ ॥9॥

ਜਿਨਾ ਭਾਣੇ ਕਾ ਰਸੁ ਆਇਆ ॥

جِنا بھانے کا رسُ آئیا ॥

ਤਿਨ ਵਿਚਹੁ ਭਰਮੁ ਚੁਕਾਇਆ ॥

تِن وِچہُ بھرمُ چُکائیا ॥

ਨਾਨਕ ਸਤਿਗੁਰੁ ਐਸਾ ਜਾਣੀਐ
ਜੋ ਸਭਸੈ ਲਏ ਮਿਲਾਇ ਜੀਉ ॥੧੦॥

نانک ستِگُرُ ایَسا جانیئے
جو سبھسے لئے مِلاءِ جیءُ ॥ 10 ॥

ਸਤਿਗੁਰਿ ਮਿਲਿਐ ਫਲੁ ਪਾਇਆ ॥

ستِگُرِ مِلئے پھلُ پائیا ॥

ਜਿਨਿ ਵਿਚਹੁ ਅਹਕਰਣੁ ਚੁਕਾਇਆ ॥

جِنِ وِچہُ اہکرنُ چُکائیا ॥

ਦੁਰਮਤਿ ਕਾ ਦੁਖੁ ਕਟਿਆ
ਭਾਗੁ ਬੈਠਾ ਮਸਤਕਿ ਆਇ ਜੀਉ ॥੧੧॥

دُرمتِ کا دُکھُ کٹیا
بھاگُ بیٹھا مستکِ آءِ جیءُ ॥ 11 ॥

ਅੰਮ੍ਰਿਤੁ ਤੇਰੀ ਬਾਣੀਆ ॥

انّمرِتُ تیری بانیا ॥

ਤੇਰਿਆ ਭਗਤਾ ਰਿਦੈ ਸਮਾਣੀਆ ॥

تیریا بھگتا رِدے سمانیا ॥

ਸੁਖ ਸੇਵਾ ਅੰਦਰਿ ਰਖਿਐ
ਆਪਣੀ ਨਦਰਿ ਕਰਹਿ ਨਿਸਤਾਰਿ ਜੀਉ ॥੧੨॥

سُکھ سیوا اندّرِ رکھئے
آپنی ندرِ کرہِ نِستارِ جیءُ ॥ 12 ॥

ਸਤਿਗੁਰੁ ਮਿਲਿਆ ਜਾਣੀਐ ॥

ستِگُرُ مِلیا جانیئے ॥

ਜਿਤੁ ਮਿਲਿਐ ਨਾਮੁ ਵਖਾਣੀਐ ॥

جِتُ مِلئے نامُ وکھانیئے ॥

ਸਤਿਗੁਰ ਬਾਝੁ ਨ ਪਾਇਓ
ਸਭ ਥਕੀ ਕਰਮ ਕਮਾਇ ਜੀਉ ॥੧੩॥

ستِگُر باجھُ ن پائیو
سبھ تھکی کرم کماءِ جیءُ ॥ 13 ॥

ਹਉ ਸਤਿਗੁਰ ਵਿਟਹੁ ਘੁਮਾਇਆ ॥

ہءُ ستِگُر وِٹہُ گھُمائیا ॥

ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ ॥

جِنِ بھّرمِ بھُلا مارگِ پائیا ॥

ਨਦਰਿ ਕਰੇ ਜੇ ਆਪਣੀ
ਆਪੇ ਲਏ ਰਲਾਇ ਜੀਉ ॥੧੪॥

ندرِ کرے جے آپنی
آپے لئے رلاءِ جیءُ ॥ 14 ॥

ਤੂੰ ਸਭਨਾ ਮਾਹਿ ਸਮਾਇਆ ॥

توُنّ سبھنا ماہِ سمائیا ॥

ਤਿਨਿ ਕਰਤੈ ਆਪੁ ਲੁਕਾਇਆ ॥

تِنِ کرتے آپُ لُکائیا ॥

ਨਾਨਕ ਗੁਰਮੁਖਿ ਪਰਗਟੁ ਹੋਇਆ
ਜਾ ਕਉ ਜੋਤਿ ਧਰੀ ਕਰਤਾਰਿ ਜੀਉ ॥੧੫॥

نانک گُرمُکھِ پرگٹُ ہوئیا
جا کءُ جوتِ دھری کرتارِ جیءُ ॥ 15 ॥

ਆਪੇ ਖਸਮਿ ਨਿਵਾਜਿਆ ॥

آپے خصمِ نِواجیا ॥

ਜੀਉ ਪਿੰਡੁ ਦੇ ਸਾਜਿਆ ॥
جیِءُ پِنڈُ دے ساجِیا ॥

ਆਪਣੇ ਸੇਵਕ ਕੀ ਪੈਜ ਰਖੀਆ
ਦੁਇ ਕਰ ਮਸਤਕਿ ਧਾਰਿ ਜੀਉ ॥੧੬॥
آپنے سیوک کی پیج رکھِیا
دُءِ کر مستکِ دھارِ جیِءُ ॥ 16 ॥

ਸਭਿ ਸੰਜਮ ਰਹੇ ਸਿਆਣਪਾ ॥
سبھِ سنجم رہے سِیاٹپا ॥

ਮੇਰਾ ਪ੍ਰਭੁ ਸਭੁ ਕਿਛੁ ਜਾਣਦਾ ॥
میرا پربھُ سبھُ کچھُ جاٹدا ॥

ਪ੍ਰਗਟ ਪ੍ਰਤਾਪੁ ਵਰਤਾਇਓ
ਸਭੁ ਲੋਕੁ ਕਰੈ ਜੈਕਾਰੁ ਜੀਉ ॥੧੭॥
پرگٹ پرتاپُ ورتائیو
سبھُ لوکُ کرے جیکارُ جیِءُ ॥ 17 ॥

ਮੇਰੇ ਗੁਣ ਅਵਗਨ ਨ ਬੀਚਾਰਿਆ ॥
میرے گُن اوگن ن بیچارِیا ॥

ਪ੍ਰਭਿ ਅਪਣਾ ਬਿਰਦੁ ਸਮਾਰਿਆ ॥
پربھِ اپنا بِردُ سمارِیا ॥

ਕੰਠਿ ਲਾਇ ਕੈ ਰਖਿਓਨੁ
ਲਗੈ ਨ ਤਤੀ ਵਾਉ ਜੀਉ ॥੧੮॥
کنٹھِ لاءِ کے رکھِیونُ
لگے َن تتی واءُ جیِءُ ॥ 18 ॥

ਮੈ ਮਨਿ ਤਨਿ ਪ੍ਰਭੁ ਧਿਆਇਆ ॥
مے َمنِ تنِ پربھوُ دھِیائِیا ॥

ਜੀਇ ਇਛਿਅੜਾ ਫਲੁ ਪਾਇਆ ॥
جیِءِ اِچھِئڑا پھلُ پائِیا ॥

ਸਾਹ ਪਾਤਿਸਾਹ ਸਿਰਿ ਖਸਮੁ ਤੂੰ
ਜਪਿ ਨਾਨਕ ਜੀਵੈ ਨਾਉ ਜੀਉ ॥੧੯॥
ساہ پاتِشاہ سِرِ خصمُ توُنَ
جپِ نانک جیِوے ناءُ جیِءُ ॥ 19 ॥

ਤੁਧੁ ਆਪੇ ਆਪੁ ਉਪਾਇਆ ॥
تُدھُ آپے آپُ اُپائِیا ॥

ਦੂਜਾ ਖੇਲੁ ਕਰਿ ਦਿਖਲਾਇਆ ॥
دوُجا کھیلُ کرِ دِکھلائِیا ॥

ਸਭੁ ਸਚੋ ਸਚੁ ਵਰਤਦਾ
ਜਿਸੁ ਭਾਵੈ ਤਿਸੈ ਬੁਝਾਇ ਜੀਉ ॥੨੦॥
سبھُ سچو سچُ ورتدا
جِسُ بھاوے تِسے بُجھاءِ جیِءُ ॥ 20 ॥

ਗੁਰ ਪਰਸਾਦੀ ਪਾਇਆ ॥
گُر پرسادی پائِیا ॥

ਤਿਥੈ ਮਾਇਆ ਮੋਹੁ ਚੁਕਾਇਆ ॥
تِتھے َمائِیا موہُ چُکائِیا ॥

ਕਿਰਪਾ ਕਰਿ ਕੈ ਆਪਣੀ
ਆਪੇ ਲਏ ਸਮਾਇ ਜੀਉ ॥੨੧॥
کِرپا کرِ کے آپنی
آپے لے َسماءِ جیِءُ ॥ 21 ॥

ਗੋਪੀ ਨੈ ਗੋਆਲੀਆ ॥
گوپی نے َگویالِیا ॥

ਤੁਧੁ ਆਪੇ ਗੋਇ ਉਠਾਲੀਆ ॥

تُدھُ آپے گوءِ اُٹھالِیا ॥

ਹੁਕਮੀ ਭਾਂਡੇ ਸਾਜਿਆ
ਤੂੰ ਆਪੇ ਭੰਨਿ ਸਵਾਰਿ ਜੀਉ ॥੨੨॥

حُکمی بھانڈے ساجِیا
توُنّ آپے بھنّنِ سوارِ جِیءُ ॥ 22 ॥

ਜਿਨ ਸਤਿਗੁਰ ਸਿਉ ਚਿਤੁ ਲਾਇਆ ॥

جِن ستِگُر سِءُ چِتُ لائِیا ॥

ਤਿਨੀ ਦੂਜਾ ਭਾਉ ਚੁਕਾਇਆ ॥

تِنی دوُجا بھاءُ چُکائِیا ॥

ਨਿਰਮਲ ਜੋਤਿ ਤਿਨ ਪ੍ਰਾਣੀਆ
ਓਇ ਚਲੇ ਜਨਮੁ ਸਵਾਰਿ ਜੀਉ ॥੨੩॥

نِرمل جوتِ تِن پّراٹِیا
اوءِ چلے جنمُ سوارِ جِیءُ ॥ 23 ॥

ਤੇਰੀਆ ਸਦਾ ਸਦਾ ਚੰਗਿਆਈਆ ॥

تیرِیا سدا سدا چنگِیائِیا ॥

ਮੈ ਰਾਤਿ ਦਿਹੈ ਵਡਿਆਈਆ ॥

مے رات دِہے وڈِیائِیا ॥

ਅਣਮੰਗਿਆ ਦਾਨੁ ਦੇਵਣਾ
ਕਹੁ ਨਾਨਕ ਸਚੁ ਸਮਾਲਿ ਜੀਉ ॥੨੪॥੧॥

اُنمنگِیا دانُ دیوٹا
کہُ نانک سچُ سمالِ جِیءُ ॥ 24 ॥ 1 ॥

ਸਿਰੀਰਾਗੁ ਮਹਲਾ ੫ ॥

سِرِیراگُ محلا 5 ॥

ਪੈ ਪਾਇ ਮਨਾਈ ਸੋਇ ਜੀਉ ॥

پے پاءِ منائی سوءِ جِیءُ ॥

ਸਤਿਗੁਰ ਪੁਰਖਿ ਮਿਲਾਇਆ
ਤਿਸੁ ਜੇਵਡੁ ਅਵਰੁ ਨ ਕੋਇ ਜੀਉ ॥੧॥ ਰਹਾਉ ॥

ستِگُر پُرکھِ مِلائِیا
تِسُ جیوڈُ اورُ ن کوءِ جِیءُ ॥ 1 ॥ رہاءُ ॥

ਗੋਸਾਈ ਮਿਹੰਡਾ ਇਠੜਾ ॥

گوسائی مِہنڈا اِٹھڑا ॥

ਅੰਮ ਅਬੇ ਥਾਵਹੁ ਮਿਠੜਾ ॥

انّم ابے تھاوہُ مِٹھڑا ॥

ਭੈਣ ਭਾਈ ਸਭਿ ਸਜਣਾ
ਤੁਧੁ ਜੇਹਾ ਨਾਹੀ ਕੋਇ ਜੀਉ ॥੧॥

بھیَنْ بھائی سبھِ سجنّا
تُدھُ جیہا ناہی کوءِ جِیءُ ॥ 1 ॥

ਤੇਰੈ ਹੁਕਮੇ ਸਾਵਣੁ ਆਇਆ ॥

تیرے حُکمے ساونُ آئِیا ॥

ਮੈ ਸਤ ਕਾ ਹਲੁ ਜੋਆਇਆ ॥

مے ست کا ہلُ جویائِیا ॥

ਨਾਉ ਬੀਜਣ ਲਗਾ ਆਸ ਕਰਿ
ਹਰਿ ਬੋਹਲ ਬਖਸ ਜਮਾਇ ਜੀਉ ॥੨॥

ناءُ بیجنْ لگا آس کرِ
ہرِ بوہل بخش جماءِ جِیءُ ॥ 2 ॥

ਹਉ ਗੁਰ ਮਿਲਿ ਇਕੁ ਪਛਾਣਦਾ ॥

ہءُ گُر مِلِ اِکُ پچھانْدا ॥

ਦੁਯਾ ਕਾਗਲੁ ਚਿਤਿ ਨ ਜਾਣਦਾ ॥
ਹਰਿ ਇਕਤੈ ਕਾਰੈ ਲਾਇਓਨੁ
ਜਿਉ ਭਾਵੈ ਤਿਂਵੈ ਨਿਬਾਹਿ ਜੀਉ ॥੩॥

ਤੁਸੀ ਭੋਗਿਹੁ ਭੁੰਚਹੁ ਭਾਈਹੋ ॥
ਗੁਰਿ ਦੀਬਾਣਿ ਕਵਾਇ ਪੈਨਾਈਓ ॥
ਹਉ ਹੋਆ ਮਾਹਰੁ ਪਿੰਡ ਦਾ
ਬੰਨਿ ਆਦੇ ਪੰਜਿ ਸਰੀਕ ਜੀਉ ॥੪॥

ਹਉ ਆਇਆ ਸਾਮ੍ਹੇ ਤਿਹੰਡੀਆ ॥
ਪੰਜਿ ਕਿਰਸਾਣ ਮੁਜੇਰੇ ਮਿਹਡਿਆ ॥
ਕੰਨੁ ਕੋਈ ਕਢਿ ਨ ਹੰਘਈ
ਨਾਨਕ ਵੁਠਾ ਘੁਘਿ ਗਿਰਾਉ ਜੀਉ ॥੫॥

ਹਉ ਵਾਰੀ ਘੁੰਮਾ ਜਾਵਦਾ ॥
ਇਕ ਸਾਹਾ ਤੁਧੁ ਧਿਆਇਦਾ ॥
ਉਜੜੁ ਥੇਹੁ ਵਸਾਇਓ
ਹਉ ਤੁਧ ਵਿਟਹੁ ਕੁਰਬਾਣੁ ਜੀਉ ॥੬॥

ਹਰਿ ਇਠੈ ਨਿਤ ਧਿਆਇਦਾ ॥
ਮਨਿ ਚਿੰਦੀ ਸੋ ਫਲੁ ਪਾਇਦਾ ॥
ਸਭੇ ਕਾਜ ਸਵਾਰਿਅਨੁ
ਲਾਹੀਅਨੁ ਮਨ ਕੀ ਭੁਖ ਜੀਉ ॥੭॥

ਮੈ ਛਡਿਆ ਸਭੋ ਧੰਧੜਾ ॥
ਗੋਸਾਈ ਸੇਵੀ ਸਚੜਾ ॥
ਨਉ ਨਿਧਿ ਨਾਮੁ ਨਿਧਾਨੁ ਹਰਿ
ਮੈ ਪਲੈ ਬਧਾ ਛਿਕਿ ਜੀਉ ॥੮॥

ਮੈ ਸੁਖੀ ਹੂੰ ਸੁਖੁ ਪਾਇਆ ॥

دُیا کاگلُ چِتِ ن جانڈا ॥
ہرِ اِکتے کارے لائیونُ
جِءُ بھاوے تِنوے نِباہِ جیِءُ ॥3॥

تُسی بھوگِہُ بھُنچہُ بھائیہو ۔ ॥
گُرِ دیِبانِ قواءِ پینائیئو ॥
ہءُ ہویا ماہرُ پِنڈ دا
بنّنِ آدے پنّجِ شریک جیِءُ ॥4॥

ہءُ آئیا سامّہے تِہنڈیِیا ॥
پنّجِ کِرسانُ مُزیرے مِہڈیا ॥
کنّنُ کوئی کڈھِ ن ہنگھئی
نانک وُٹھا گھُگھِ گِراءُ جیِءُ ॥5॥

ہءُ واری گھُنّما جاودا ॥
اِک ساہا تُدھُ دھیائِدا ॥
اُجڑُ تھیہُ وسائیئو
ہءُ تُدھ وِٹہُ قُربانُ جیِءُ ॥6॥

ہرِ اِٹھے نِت دھیائِدا ॥
منِ چِنّدی سو پھلُ پائِدا ॥
سبھے کاج سوارِئنُ
لاہیئنُ من کی بھُکھ جیِءُ ॥7॥

مے چھڈِیا سبھو دھنّدھڑا ॥
گوسائی سیوی سچڑا ॥
ن ءُ نِدھِ نامُ نِدھانُ ہرِ
مے پلے بدھا چھِکِ جیِءُ ॥8॥

مے سُکھی ہوُنّ سُکھُ پائیا ॥

ਗੁਰਿ ਅੰਤਰਿ ਸਬਦੁ ਵਸਾਇਆ ॥
ਸਤਿਗੁਰਿ ਪੁਰਖਿ ਵਿਖਾਲਿਆ
ਮਸਤਕਿ ਧਰਿ ਕੈ ਹਥੁ ਜੀਉ ॥੯॥

ਮੈ ਬਧੀ ਸਚੁ ਧਰਮ ਸਾਲ ਹੈ ॥
ਗੁਰਸਿਖਾ ਲਹਦਾ ਭਾਲਿ ਕੈ ॥
ਪੈਰ ਧੋਵਾ ਪਖਾ ਫੇਰਦਾ
ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥੧੦॥

ਸੁਣਿ ਗਲਾ ਗੁਰ ਪਹਿ ਆਇਆ ॥
ਨਾਮੁ ਦਾਨੁ ਇਸਨਾਨੁ ਦਿੜਾਇਆ ॥
ਸਭੁ ਮੁਕਤੁ ਹੋਆ ਸੈਸਾਰੜਾ
ਨਾਨਕ ਸਚੀ ਬੇੜੀ ਚਾੜਿ ਜੀਉ ॥੧੧॥

ਸਭ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ ॥
ਦੇ ਕੰਨੁ ਸੁਣਹੁ ਅਰਦਾਸਿ ਜੀਉ ॥
ਠੋਕਿ ਵਜਾਇ ਸਭ ਡਿਠੀਆ
ਤੁਸਿ ਆਪੇ ਲਇਅਨੁ ਛਡਾਇ ਜੀਉ ॥੧੨॥

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥
ਪੈ ਕੋਇ ਨ ਕਿਸੈ ਰਵਾਣਦਾ ॥
ਸਭ ਸੁਖਾਲੀ ਵੁਠੀਆ
ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥

ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ ॥
ਬੋਲਾਇਆ ਬੋਲੀ ਖਸਮ ਦਾ ॥
ਬਹੁ ਮਾਣੁ ਕੀਆ ਤੁਧੁ ਉਪਰੇ
ਤੂੰ ਆਪੇ ਪਾਇਹਿ ਥਾਇ ਜੀਉ ॥੧੪॥

ਤੇਰਿਆ ਭਗਤਾ ਭੁਖ ਸਦ ਤੇਰੀਆ ॥

گُرِ انتَرِ سبدُ وسائیا ॥
ستِگُرِ پُرکھِ وِکھالیا
مستکِ دھرِ کے ہتھُ جیِءُ ॥9॥

مے بدھی سچُ دھرم سال ہے ॥
گُرسِکھا لہدا بھالِ کے ॥
پیَر دھووا پکھا پھیردا
تِس نِوِ نِوِ لگا پاءِ جیِءُ ॥ 10 ॥

سُنِ گلا گُر پہِ آئیا ॥
نامُ دانُ اِسنانُ دِڑائیا ॥
سبھُ مُکتُ ہویا سیَسارڑا
نانک سچی بیڑی چاڑِ جیِءُ ॥ 11 ॥

سبھ سّرِسٹِ سیوے دِنُ راتِ جیِءُ ॥
دے کنّنُ سُنّہُ عرداسِ جیِءُ ॥
ٹھوکِ وجاءِ سبھ ڈِٹھیا
تُس آپے لئنُ چھڈاءِ جیِءُ ॥ 12 ॥

ہُنِ حُکمُ ہویا مِہرواںُ دا ॥
پے کوءِ ن کِسے رجاںُدا ॥
سبھ سُکھالی وُٹھیا
اِہُ ہویا حلیمی راجُ جیِءُ ॥ 13 ॥

جھِنمِ جھِنمِ انمّرِتُ ورسدا ॥
بولائیا بولی خصم دا ॥
بہُ ماںُ کیا تُدھُ اُپرے
توُنَ آپے پائہِ تھاءِ جیِءُ ॥ 14 ॥

تیرِیا بھگتا بھُکھ سد تیرِییا ॥

ਹਰਿ ਲੋਚਾ ਪੂਰਨ ਮੇਰੀਆ ॥
ہرِ لوچا پوُرن میریِیا ॥

ਦੇਹੁ ਦਰਸੁ ਸੁਖਦਾਤਿਆ
ਮੈ ਗਲਿ ਵਿਚਿ ਲੈਹੁ ਮਿਲਾਇ ਜੀਉ ॥੧੫॥
دیہُ درسُ سُکھداتِیا
مے َگلِ وِچِ لیَہُ مِلاءِ جیِءُ ॥ 15 ॥

ਤੁਧੁ ਜੇਵਡੁ ਅਵਰੁ ਨ ਭਾਲਿਆ ॥
تُدھُ جیوڈُ اورُ ن بھالیا ॥

ਤੂੰ ਦੀਪ ਲੋਅ ਪਇਆਲਿਆ ॥
توُنّ دیِپ لوء پئیالیا ॥

ਤੂੰ ਥਾਨਿ ਥਨੰਤਰਿ ਰਵਿ ਰਹਿਆ
ਨਾਨਕ ਭਗਤਾ ਸਚੁ ਅਧਾਰੁ ਜੀਉ ॥੧੬॥
توُنّ تھانِ تھننّترِ روِ رہِیا
نانک بھگتا سچُ ادھارُ جیِءُ ॥ 16 ॥

ਹਉ ਗੋਸਾਈ ਦਾ ਪਹਿਲਵਾਨੜਾ ॥
ہءُ گوسائی دا پہِلوانڑا ॥

ਮੈ ਗੁਰ ਮਿਲਿ ਉਚ ਦੁਮਾਲੜਾ ॥
مے َگُر مِلِ اُچ دُمالڑا ॥

ਸਭ ਹੋਈ ਛਿੰਝ ਇਕਠੀਆ
ਦਯੁ ਬੈਠਾ ਵੇਖੈ ਆਪਿ ਜੀਉ ॥੧੭॥
سبھ ہوئی چھِنجھ اِکٹھِیا
دیُ بیٹھا ویکھے َآپِ جیِءُ ॥ 17 ॥

ਵਾਤ ਵਜਨਿ ਟੰਮਕ ਭੇਰੀਆ ॥
وات وجنِ ٹمک بھیرِیا ॥

ਮਲ ਲਥੇ ਲੈਦੇ ਫੇਰੀਆ ॥
مل لتھے لیَدے پھیرِیا ॥

ਨਿਹਤੇ ਪੰਜਿ ਜੁਆਨ ਮੈ
ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥
نِہتے پنجِ جُیان مے َ
گُر تھاپی دِتی کنڈِ جیِءُ ॥ 18 ॥

ਸਭ ਇਕਠੇ ਹੋਇ ਆਇਆ ॥
سبھ اِکٹھے ہوءِ آئیا ॥

ਘਰਿ ਜਾਸਨਿ ਵਾਟ ਵਟਾਇਆ ॥
گھرِ جاسنِ واٹ وٹائیا ॥

ਗੁਰਮੁਖਿ ਲਾਹਾ ਲੈ ਗਏ
ਮਨਮੁਖ ਚਲੇ ਮੂਲੁ ਗਵਾਇ ਜੀਉ ॥੧੯॥
گُرمُکھِ لاہا لے گئے
منمُکھ چلے موُلُ گواءِ جیِءُ ॥ 19 ॥

ਤੂੰ ਵਰਨਾ ਚਿਹਨਾ ਬਾਹਰਾ ॥
توُنّ ورنا چِہنا باہرا ॥

ਹਰਿ ਦਿਸਹਿ ਹਾਜਰੁ ਜਾਹਰਾ ॥
ہرِ دِسہِ ہاجرُ ظاہرا ॥

ਸੁਣਿ ਸੁਣਿ ਤੁਝੈ ਧਿਆਇਦੇ
ਤੇਰੇ ਭਗਤ ਰਤੇ ਗੁਣਤਾਸੁ ਜੀਉ ॥੨੦॥
سُنِ سُنِ تُجھے َدھیائِدے
تیرے بھگت رتے گُنتاسُ جیِءُ ॥ 20 ॥

ਮੈ ਜੁਗਿ ਜੁਗਿ ਦਯੈ ਸੇਵੜੀ ॥
مے َجُگِ جُگِ دیے سیوڑی ॥

ਗੁਰਿ ਕਟੀ ਮਿਹਡੀ ਜੇਵੜੀ ॥
گُرِ کٹی مِہڈی جیوڑی ॥

ਹਉ ਬਾਹੁੜਿ ਛਿੰਝ ਨ ਨਚਉ
ਨਾਨਕ ਅਉਸਰੁ ਲਧਾ ਭਾਲਿ ਜੀਉ ॥੨੧॥੨॥੨੯॥
ہءُ باہُڑِ چھِنجھ ن نچءُ
نانک اُسرُ لدھا بھالِ جیءُ ॥ 21 ॥2॥ 29 ॥

ੴ ਸਤਿਗੁਰ ਪ੍ਰਸਾਦਿ ॥
ੴ ستِگُر پرسادِ ॥

ਸਿਰੀਰਾਗੁ ਮਹਲਾ ੧ ਪਹਰੇ ਘਰੁ ੧ ॥
سِرِیراگُ محلا 1 پہرے گھرُ 1 ॥

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਹੁਕਮਿ ਪਇਆ ਗਰਭਾਸਿ ॥
پہلے پہرے رَیَنِ کے وَنجارِیا مِتّرا
حُکمِ پئیا گربھاسِ ॥

ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ
ਖਸਮ ਸੇਤੀ ਅਰਦਾਸਿ ॥
اُردھ تپُ انتر کرے وَنجارِیا مِتّرا
خصم سیتی عرداسِ ॥

ਖਸਮ ਸੇਤੀ ਅਰਦਾਸਿ ਵਖਾਣੈ
ਉਰਧ ਧਿਆਨਿ ਲਿਵ ਲਾਗਾ ॥
خصم سیتی عرداسِ وکھانے
اُردھ دھیانِ لِو لاگا ॥

ਨਾ ਮਰਜਾਦੁ ਆਇਆ ਕਲਿ ਭੀਤਰਿ
ਬਾਹੁੜਿ ਜਾਸੀ ਨਾਗਾ ॥
نا مرجادُ آئیا کلِ بھیترِ
باہُڑِ جاسی ناگا ॥

ਜੈਸੀ ਕਲਮ ਵੁੜੀ ਹੈ ਮਸਤਕਿ
ਤੈਸੀ ਜੀਅੜੇ ਪਾਸਿ ॥
جیَسی قلم وُڑی ہے مستکِ
تیَسی جِیئڑے پاسِ ॥

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ
ਹੁਕਮਿ ਪਇਆ ਗਰਭਾਸਿ ॥੧॥
کہُ نانک پّراٹی پہلے پہرے
حُکمِ پئیا گربھاسِ ॥ 1 ॥

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਵਿਸਰਿ ਗਇਆ ਧਿਆਨੁ ॥
دوُجے پہرے رَیَنِ کے وَنجارِیا مِتّرا
وِسرِ گئیا دھیانُ ॥

ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ
ਜਿਉ ਜਸੁਦਾ ਘਰਿ ਕਾਨੁ ॥
ہتھو ہتھِ نچائیئے وَنجارِیا مِتّرا
جِءُ جسُدا گھرِ کانُ ॥

ਹਥੋ ਹਥਿ ਨਚਾਈਐ ਪ੍ਰਾਣੀ
ਮਾਤ ਕਹੈ ਸੁਤੁ ਮੇਰਾ ॥
ہتھو ہتھِ نچائیئے پّراٹی
مات کہے سُتُ میرا ॥

ਚੇਤਿ ਅਚੇਤ ਮੂੜ ਮਨ ਮੇਰੇ
ਅੰਤਿ ਨਹੀ ਕਛੁ ਤੇਰਾ ॥
چیتِ اچیت موُڑ من میرے
انّتِ نہی کچھُ تیرا ॥

ਜਿਨਿ ਰਚਿ ਰਚਿਆ ਤਿਸਹਿ ਨ ਜਾਣੈ
ਮਨ ਭੀਤਰਿ ਧਰਿ ਗਿਆਨੁ ॥

جِنِ رچِ رچیا تِسہِ ن جانۓ
من بھیترِ دھرِ گیانُ ॥

ਕਹੁ ਨਾਨਕ ਪ੍ਰਾਣੀ ਦੂਜੈ ਪਹਰੈ
ਵਿਸਰਿ ਗਇਆ ਧਿਆਨੁ ॥੨॥

کہُ نانک پّرانّی دوُجے پہرے
وِسرِ گیَا دھیانُ ॥2॥

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਧਨ ਜੋਬਨ ਸਿਉ ਚਿਤੁ ॥

تیجے پہرے رینِ کے وٹجارِیا مِتّرا
دھن جوبن سِءُ چِتُ ॥

ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ
ਬਧਾ ਛੁਟਹਿ ਜਿਤੁ ॥

ہرِ کا نامُ ن چیتہی وٹجارِیا مِتّرا
بدھا چھُٹہِ جِتُ ॥

ਹਰਿ ਕਾ ਨਾਮੁ ਨ ਚੇਤੈ ਪ੍ਰਾਣੀ
ਬਿਕਲੁ ਭਇਆ ਸੰਗਿ ਮਾਇਆ ॥

ہرِ کا نامُ ن چیتے پّرانّی
بِکلُ بھئیا سنگِ مائیا ॥

ਧਨ ਸਿਉ ਰਤਾ ਜੋਬਨਿ ਮਤਾ
ਅਹਿਲਾ ਜਨਮੁ ਗਵਾਇਆ ॥

دھن سِءُ رتا جوبنِ متا
اہِلا جنمُ گوائیا ॥

ਧਰਮ ਸੇਤੀ ਵਾਪਾਰੁ ਨ ਕੀਤੋ
ਕਰਮੁ ਨ ਕੀਤੋ ਮਿਤੁ ॥

دھرم سیتی واپارُ ن کِیتو
کرمُ ن کِیتو مِتُ ॥

ਕਹੁ ਨਾਨਕ ਤੀਜੈ ਪਹਰੈ ਪ੍ਰਾਣੀ
ਧਨ ਜੋਬਨ ਸਿਉ ਚਿਤੁ ॥੩॥

کہُ نانک تیجے پہرے پّرانّی
دھن جوبن سِءُ چِتُ ॥3॥

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਲਾਵੀ ਆਇਆ ਖੇਤੁ ॥

چئتھے پہرے رینِ کے وٹجارِیا مِتّرا
لاوی آئیا کھیتُ ॥

ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ
ਕਿਸੈ ਨ ਮਿਲਿਆ ਭੇਤੁ ॥

جا جمِ پکڑِ چلائیا وٹجارِیا مِتّرا
کِسے ن مِلیا بھیتُ ॥

ਭੇਤੁ ਚੇਤੁ ਹਰਿ ਕਿਸੈ ਨ ਮਿਲਿਓ
ਜਾ ਜਮਿ ਪਕੜਿ ਚਲਾਇਆ ॥

بھیتُ چیتُ ہرِ کِسے ن مِلئو
جا جمِ پکڑِ چلائیا ॥

ਝੂਠਾ ਰੁਦਨੁ ਹੋਆ ਦੋਆਲੈ
ਖਿਨ ਮਹਿ ਭਇਆ ਪਰਾਇਆ ॥

جھوُٹھا رُدنُ ہویا دویالے
کھِن مہِ بھئیا پرائیا ॥

ਸਾਈ ਵਸਤੁ ਪਰਾਪਤਿ ਹੋਈ
ਜਿਸੁ ਸਿਉ ਲਾਇਆ ਹੇਤੁ ॥

سائی وستُ پراپتِ ہوئی

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ
ਲਾਵੀ ਲੁਣਿਆ ਖੇਤੁ ॥੪॥੧॥

کہُ نانک پّرانّی چتُھے پہرے
لاوی لُنّیا کھیتُ ॥4॥1॥

ਸਿਰੀਰਾਗੁ ਮਹਲਾ ੧ ॥

سِرِیراگُ محلا 1 ॥

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਬਾਲਕ ਬੁਧਿ ਅਚੇਤੁ ॥

پہلے پہرے رینِ کے وٹجارِیا مِتّرا
بالک بُدھِ اچیتُ ॥

ਖੀਰੁ ਪੀਐ ਖੇਲਾਈਐ ਵਣਜਾਰਿਆ ਮਿਤ੍ਰਾ
ਮਾਤ ਪਿਤਾ ਸੁਤ ਹੇਤੁ ॥

کھِیرُ پیئے کھیلائیئے وٹجارِیا مِتّرا
مات پِتا سُت ہیتُ ॥

ਮਾਤ ਪਿਤਾ ਸੁਤ ਨੇਹੁ ਘਨੇਰਾ
ਮਾਇਆ ਮੋਹੁ ਸਬਾਈ ॥

مات پِتا سُت نیہُ گھنیرا
مائیا موہُ سبائی ॥

ਸੰਜੋਗੀ ਆਇਆ ਕਿਰਤੁ ਕਮਾਇਆ
ਕਰਣੀ ਕਾਰ ਕਰਾਈ ॥

سنجوگی آئیا کِرتُ کمائیا
کرنّی کار کرائی ॥

ਰਾਮ ਨਾਮ ਬਿਨੁ ਮੁਕਤਿ ਨ ਹੋਈ
ਬੂਡੀ ਦੂਜੈ ਹੇਤਿ ॥

رام نام بِنُ مُکتِ ن ہوئی
بُوڈی دُوجے ہیتِ ॥

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ
ਛੂਟਹਿਗਾ ਹਰਿ ਚੇਤਿ ॥੧॥

کہُ نانک پّرانّی پہلے پہرے
چھوُٹہِگا ہرِ چیتِ ॥1॥

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਭਰਿ ਜੋਬਨਿ ਮੈ ਮਤਿ ॥

دُوجے پہرے رینِ کے وٹجارِیا مِتّرا
بھرِ جوبنِ مے مت ॥

ਅਹਿਨਿਸਿ ਕਾਮਿ ਵਿਆਪਿਆ ਵਣਜਾਰਿਆ ਮਿਤ੍ਰਾ
ਅੰਧੁਲੇ ਨਾਮੁ ਨ ਚਿਤਿ ॥

اہِنِس کامِ ویاپیا وٹجارِیا مِتّرا
انّدھُلے نامُ ن چِتِ ॥

ਰਾਮ ਨਾਮੁ ਘਟ ਅੰਤਰਿ ਨਾਹੀ
ਹੋਰਿ ਜਾਣੈ ਰਸ ਕਸ ਮੀਠੇ ॥

رام نامُ گھٹ انترِ ناہی
ہورِ جانّے رس کس مِٹھے ॥

ਗਿਆਨੁ ਧਿਆਨੁ ਗੁਣ ਸੰਜਮੁ ਨਾਹੀ
ਜਨਮਿ ਮਰਹੁਗੇ ਝੂਠੇ ॥

گِیانُ دھِیانُ گُنّ سنجمُ ناہی
جنمِ مرہُگے جھوُٹھے ॥

ਤੀਰਥ ਵਰਤ ਸੁਚਿ ਸੰਜਮੁ ਨਾਹੀ

تِیرتھ ورت سُچِ سنجمُ ناہی

ਕਰਮੁ ਧਰਮੁ ਨਹੀ ਪੂਜਾ ॥

کرمُ دھرمُ نہی پوُجا ॥

ਨਾਨਕ ਭਾਇ ਭਗਤਿ ਨਿਸਤਾਰਾ
ਦੁਬਿਧਾ ਵਿਆਪੈ ਦੂਜਾ ॥੨॥

نانک بھاءِ بھگتِ نِستارا
دُبِدھا وِیاپے دوُجا ॥2॥

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਸਰਿ ਹੰਸ ਉਲਥੜੇ ਆਇ ॥

تیجے پہرے رَیَنِ کے ونجارِیا مِتّرا
سرِ ہنّس اُلتھڑے آءِ ॥

ਜੋਬਨੁ ਘਟੈ ਜਰੂਆ ਜਿਣੈ ਵਣਜਾਰਿਆ ਮਿਤ੍ਰਾ
ਆਵ ਘਟੈ ਦਿਨੁ ਜਾਇ ॥

جوبنُ گھٹے جروُیا جِتّے ونجارِیا مِتّرا
آو گھٹے دِنُ جاءِ ॥

ਅੰਤਿ ਕਾਲਿ ਪਛੁਤਾਸੀ ਅੰਧੁਲੇ
ਜਾ ਜਮਿ ਪਕੜਿ ਚਲਾਇਆ ॥

انّتِ کالِ پچھُتاسی اندھُلے
جا جمِ پکڑِ چلائِیا ॥

ਸਭੁ ਕਿਛੁ ਅਪੁਨਾ ਕਰਿ ਕਰਿ ਰਾਖਿਆ
ਖਿਨ ਮਹਿ ਭਇਆ ਪਰਾਇਆ ॥

سبھُ کِچھُ اپُنا کرِ کرِ راکھِیا
کھِن مہِ بھئِیا پرائِیا ॥

ਬੁਧਿ ਵਿਸਰਜੀ ਗਈ ਸਿਆਣਪ
ਕਰਿ ਅਵਗਣ ਪਛੁਤਾਇ ॥

بُدھِ وِسرجی گئی سِیاٹپ
کرِ اوگنٹ پچھُتاءِ ॥

ਕਹੁ ਨਾਨਕ ਪ੍ਰਾਣੀ ਤੀਜੈ ਪਹਰੈ
ਪ੍ਰਭੁ ਚੇਤਹੁ ਲਿਵ ਲਾਇ ॥੩॥

کہُ نانک پّرانّی تیجے پہرے
پّربھُ چیتہُ لِو لاءِ ॥3॥

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਬਿਰਧਿ ਭਇਆ ਤਨੁ ਖੀਣੁ ॥

چتھے پہرے رَیَنِ کے ونجارِیا مِتّرا
بِردھِ بھئِیا تنُ کھِینٹُ ॥

ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ
ਕੰਨੀ ਸੁਣੈ ਨ ਵੈਣ ॥

اکھی اندھُ ن دیسئی ونجارِیا مِتّرا
کنّنی سُنّے ن ویَنٹ ॥

ਅਖੀ ਅੰਧੁ ਜੀਭ ਰਸੁ ਨਾਹੀ
ਰਹੇ ਪਰਾਕਉ ਤਾਣਾ ॥

اکھی اندھُ جِبھ رسُ ناہی
رہے پراکءُ تاٹا ॥

ਗੁਣ ਅੰਤਰਿ ਨਾਹੀ ਕਿਉ ਸੁਖੁ ਪਾਵੈ
ਮਨਮੁਖ ਆਵਣ ਜਾਣਾ ॥

گُنٹ انترِ ناہی کِءُ سُکھُ پاوے
منمُکھ آونٹ جاٹا ॥

ਖੜੁ ਪਕੀ ਕੁੜਿ ਭਜੈ ਬਿਨਸੈ
ਆਇ ਚਲੈ ਕਿਆ ਮਾਣੁ ॥

کھڑُ پکی کُڑِ بھجے بِنسے
آءِ چلے کِیا مانٹُ ۔ ॥

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ
ਗੁਰਮੁਖਿ ਸਬਦੁ ਪਛਾਣੁ ॥੪॥

کہُ نانک پّرانی چتھّے پہرے
گُرمُکھِ سبدُ پچھانُ ॥4॥

ਓੜਕੁ ਆਇਆ ਤਿਨ ਸਾਹਿਆ ਵਣਜਾਰਿਆ ਮਿਤ੍ਰਾ
ਜਰੁ ਜਰਵਾਣਾ ਕੰਨਿ ॥

اوڑکُ آئیا تِن ساہِیا ونجارِیا مِتّرا
جرُ جرواٹا کنّنِ ॥

ਇਕ ਰਤੀ ਗੁਣ ਨ ਸਮਾਣਿਆ ਵਣਜਾਰਿਆ ਮਿਤ੍ਰਾ
ਅਵਗਣ ਖੜਸਨਿ ਬੰਨਿ ॥

اِک رتی گُڑ ن سماڑِیا ونجارِیا مِتّرا
اوگڑ کھڑسنِ بنّنِ ॥

ਗੁਣ ਸੰਜਮਿ ਜਾਵੈ ਚੋਟ ਨ ਖਾਵੈ
ਨਾ ਤਿਸੁ ਜੰਮਣੁ ਮਰਣਾ ॥

گُڑ سنجّمِ جاوے چوٹ ن کھاوے
نا تِس جنّمُ مرٹا ॥

ਕਾਲੁ ਜਾਲੁ ਜਮੁ ਜੋਹਿ ਨ ਸਾਕੈ
ਭਾਇ ਭਗਤਿ ਭੈ ਤਰਣਾ ॥

کالُ جالُ جمُ جوہِ ن ساکے
بھاءِ بھگتِ بھے ترٹا ॥

ਪਤਿ ਸੇਤੀ ਜਾਵੈ ਸਹਜਿ ਸਮਾਵੈ
ਸਗਲੇ ਦੂਖ ਮਿਟਾਵੈ ॥

پتِ سیتی جاوے سہجِ سماوے
سگلے دوُکھ مِٹاوے ॥

ਕਹੁ ਨਾਨਕ ਪ੍ਰਾਣੀ ਗੁਰਮੁਖਿ ਛੂਟੈ
ਸਾਚੇ ਤੇ ਪਤਿ ਪਾਵੈ ॥੫॥੨॥

کہُ نانک پّرانی گُرمُکھِ چھوُٹے
ساچے تے پتِ پاوے ॥5॥2॥

ਸਿਰੀਰਾਗੁ ਮਹਲਾ ੪ ॥

سِرِیراگُ محلا 4 ॥

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਹਰਿ ਪਾਇਆ ਉਦਰ ਮੰਝਾਰਿ ॥

پہِلے پہرے رینّ کے ونجارِیا مِتّرا
ہرِ پائیا اُدر منجّھارِ ॥

ਹਰਿ ਧਿਆਵੈ ਹਰਿ ਉਚਰੈ ਵਣਜਾਰਿਆ ਮਿਤ੍ਰਾ
ਹਰਿ ਹਰਿ ਨਾਮੁ ਸਮਾਰਿ ॥

ہرِ دھیاوے ہرِ اُچرے ونجارِیا مِتّرا
ہرِ ہرِ نامُ سمارِ ॥

ਹਰਿ ਹਰਿ ਨਾਮੁ ਜਪੇ ਆਰਾਧੇ
ਵਿਚਿ ਅਗਨੀ ਹਰਿ ਜਪਿ ਜੀਵਿਆ ॥

ہرِ ہرِ نامُ جپے آرادھے
وِچِ اگنی ہرِ جپِ جیوِیا ॥

ਬਾਹਰਿ ਜਨਮੁ ਭਇਆ ਮੁਖਿ ਲਾਗਾ
ਸਰਸੇ ਪਿਤਾ ਮਾਤ ਥੀਵਿਆ ॥

باہرِ جنمُ بھئیا مُکھِ لاگا
سرسے پِتا مات تھیوِیا ॥

ਜਿਸ ਕੀ ਵਸਤੁ ਤਿਸੁ ਚੇਤਹੁ ਪ੍ਰਾਣੀ
ਕਰਿ ਹਿਰਦੈ ਗੁਰਮੁਖਿ ਬੀਚਾਰਿ ॥

جِس کی وستُ تِس چیتہُ پّرانی
کرِ ہِردے گُرمُکھِ بیچارِ ॥

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ
ਹਰਿ ਜਪੀਐ ਕਿਰਪਾ ਧਾਰਿ ॥੧॥

کہُ نانک پّرانّی پہلے پہرے
ہرِ جپیئے کِرپا دھارِ ॥1॥

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਮਨੁ ਲਾਗਾ ਦੂਜੈ ਭਾਇ ॥

دوُجے پہرے رینِ کے وٹجارِیا مِتّرا
منُ لاگا دوُجے بھاءِ ॥

ਮੇਰਾ ਮੇਰਾ ਕਰਿ ਪਾਲੀਐ ਵਣਜਾਰਿਆ ਮਿਤ੍ਰਾ
ਲੇ ਮਾਤ ਪਿਤਾ ਗਲਿ ਲਾਇ ॥

میرا میرا کرِ پالیئے وٹجارِیا مِتّرا
لے مات پِتا گلِ لاءِ ॥

ਲਾਵੈ ਮਾਤ ਪਿਤਾ ਸਦਾ ਗਲ ਸੇਤੀ
ਮਨਿ ਜਾਣੈ ਖਟਿ ਖਵਾਏ ॥

لاوے مات پِتا سدا گل سیتی
منِ جانّے کھٹِ کھوائے ॥

ਜੋ ਦੇਵੈ ਤਿਸੈ ਨ ਜਾਣੈ ਮੂੜਾ
ਦਿਤੇ ਨੋ ਲਪਟਾਏ ॥

جو دیوے تِسے ن جانّے موُڑا
دِتے نو لپٹائے ॥

ਕੋਈ ਗੁਰਮੁਖਿ ਹੋਵੈ ਸੁ ਕਰੈ ਵੀਚਾਰੁ
ਹਰਿ ਧਿਆਵੈ ਮਨਿ ਲਿਵ ਲਾਇ ॥

کوئی گُرمُکھِ ہووے سُ کرے ویچارُ
ہرِ دھیاوے منِ لِو لاءِ ॥

ਕਹੁ ਨਾਨਕ ਦੂਜੈ ਪਹਰੈ ਪ੍ਰਾਣੀ
ਤਿਸੁ ਕਾਲੁ ਨ ਕਬਹੂੰ ਖਾਇ ॥੨॥

کہُ نانک دوُجے پہرے پّرانّی
تِسُ کالُ ن کبہوُنّ کھاءِ ॥2॥

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਮਨੁ ਲਗਾ ਆਲਿ ਜੰਜਾਲਿ ॥

تیجے پہرے رینِ کے وٹجارِیا مِتّرا
منُ لگا آلِ جنّجالِ ॥

ਧਨੁ ਚਿਤਵੈ ਧਨੁ ਸੰਚਵੈ ਵਣਜਾਰਿਆ ਮਿਤ੍ਰਾ
ਹਰਿ ਨਾਮਾ ਹਰਿ ਨ ਸਮਾਲਿ ॥

دھنُ چِتوے دھنُ سنّچوے وٹجارِیا مِتّرا
ہرِ نامّا ہرِ ن سمالِ ॥

ਹਰਿ ਨਾਮਾ ਹਰਿ ਹਰਿ ਕਦੇ ਨ ਸਮਾਲੈ
ਜਿ ਹੋਵੈ ਅੰਤਿ ਸਖਾਈ ॥

ہرِ نامّا ہرِ ہرِ کدے ن سمالے
جِ ہووے انّتِ سکھائی ॥

ਇਹੁ ਧਨੁ ਸੰਪੈ ਮਾਇਆ ਝੂਠੀ
ਅੰਤਿ ਛੋਡਿ ਚਲਿਆ ਪਛੁਤਾਈ ॥

اِہُ دھنُ سنّپے مائیا جھوُٹھی
انّتِ چھوڈِ چلیا پچھُتائی ॥

ਜਿਸ ਨੋ ਕਿਰਪਾ ਕਰੇ ਗੁਰੁ ਮੇਲੇ
ਸੋ ਹਰਿ ਹਰਿ ਨਾਮੁ ਸਮਾਲਿ ॥

جِس نو کِرپا کرے گُرُ میلے
سو ہرِ ہرِ نامُ سمالِ ॥

ਕਹੁ ਨਾਨਕ ਤੀਜੈ ਪਹਰੈ ਪ੍ਰਾਣੀ
ਸੋ ਜਾਇ ਮਿਲੇ ਹਰਿ ਨਾਲਿ ॥੩॥

کہُ نانک تیجے پہرے پّرانّی

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਹਰਿ ਚਲਣ ਵੇਲਾ ਆਦੀ ॥

ਕਰਿ ਸੇਵਹੁ ਪੂਰਾ ਸਤਿਗੁਰੂ ਵਣਜਾਰਿਆ ਮਿਤ੍ਰਾ
ਸਭ ਚਲੀ ਰੈਣਿ ਵਿਹਾਦੀ ॥

ਹਰਿ ਸੇਵਹੁ ਖਿਨੁ ਖਿਨੁ ਢਿਲ ਮੂਲਿ ਨ ਕਰਿਹੁ
ਜਿਤੁ ਅਸਥਿਰੁ ਜੁਗੁ ਜੁਗੁ ਹੋਵਹੁ ॥

ਹਰਿ ਸੇਤੀ ਸਦ ਮਾਣਹੁ ਰਲੀਆ
ਜਨਮ ਮਰਣ ਦੁਖ ਖੋਵਹੁ ॥

ਗੁਰ ਸਤਿਗੁਰ ਸੁਆਮੀ ਭੇਦੁ ਨ ਜਾਣਹੁ
ਜਿਤੁ ਮਿਲਿ ਹਰਿ ਭਗਤਿ ਸੁਖਾਂਦੀ ॥

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ
ਸਫਲਿਉ ਰੈਣਿ ਭਗਤਾ ਦੀ ॥੪॥੧॥੩॥

ਸਿਰੀਰਾਗੁ ਮਹਲਾ ੫ ॥

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਧਰਿ ਪਾਇਤਾ ਉਦਰੈ ਮਾਹਿ ॥

ਦਸੀ ਮਾਸੀ ਮਾਨਸੁ ਕੀਆ ਵਣਜਾਰਿਆ ਮਿਤ੍ਰਾ
ਕਰਿ ਮੁਹਲਤਿ ਕਰਮ ਕਮਾਹਿ ॥

ਮੁਹਲਤਿ ਕਰਿ ਦੀਨੀ ਕਰਮ ਕਮਾਣੇ
ਜੈਸਾ ਲਿਖਤੁ ਧੁਰਿ ਪਾਇਆ ॥

ਮਾਤ ਪਿਤਾ ਭਾਈ ਸੁਤ ਬਨਿਤਾ
ਤਿਨ ਭੀਤਰਿ ਪ੍ਰਭੂ ਸੰਜੋਇਆ ॥

ਕਰਮ ਸੁਕਰਮੁ ਕਰਾਏ ਆਪੇ
ਇਸੁ ਜੰਤੈ ਵਸਿ ਕਿਛੁ ਨਾਹਿ ॥

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ

سے جاءِ ملے ہرِ نالِ ॥3॥

چُتھے پہرے رینِ کے ونجارِیا مِتّرا
ہرِ چلنُ ویلا آدی ॥

کرِ سیوہُ پُورا ستِگُرو ونجارِیا مِتّرا
سبھ چلی رینِ وِہادی ॥

ہرِ سیوہُ کھِنُ کھِنُ ڈھِل مولِ ن کرِہُ
جِتُ استھِرُ جُگُ جُگُ ہووہُ ॥

ہرِ سیتی سد ماٹہُ رلِیا
جنم مرنُ دُکھ کھووہُ ॥

گُر ستِگُر سُیامی بھیدُ ن جاٹہُ
جِتُ مِلِ ہرِ بھگتِ سُکھاندی ॥

کہُ نانک پّرانی چُتھے پہرے
سپھلِئو رینِ بھگتا دی ॥4॥1॥3॥

سِرِیراگُ محلا 5 ॥

پہلے پہرے رینِ کے ونجارِیا مِتّرا
دھرِ پائِتا اُدرے ماہِ ॥

دسی ماسی مانُس کِیا ونجارِیا مِتّرا
کرِ مُہلتِ کرم کماہِ ॥

مُہلتِ کرِ دِینی کرم کماٹے
جیَسا لِکھتُ دھُرِ پائِیا ॥

مات پِتا بھائی سُت بِنتا
تِن بھِیترِ پّربھوُ سنجوئِیا ॥

کرم سُکرمُ کرائے آپے
اِسُ جنّتے وِس کِچھُ ناہِ ॥

کہُ نانک پّرانی پہلے پہرے

ਧਰਿ ਪਾਇਤਾ ਉਦਰੈ ਮਾਹਿ ॥੧॥

دھرِ پائِتا اُدرے ماہِ ॥1॥

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਭਰਿ ਜੁਆਨੀ ਲਹਰੀ ਦੇਇ ॥

دوُجے پہرے رینِ کے ونجارِیا مِتّرا
بھرِ جُیانی لہری دےءِ ॥

ਬੁਰਾ ਭਲਾ ਨ ਪਛਾਣਈ ਵਣਜਾਰਿਆ ਮਿਤ੍ਰਾ
ਮਨੁ ਮਤਾ ਅਹੰਮੇਇ ॥

بُرا بھلا ن پچھانئی ونجارِیا مِتّرا
منُ متا اہنّمےءِ ॥

ਬੁਰਾ ਭਲਾ ਨ ਪਛਾਣੈ ਪ੍ਰਾਣੀ
ਆਗੈ ਪੰਥੁ ਕਰਾਰਾ ॥

بُرا بھلا ن پچھانے پّرانی
آگے پنّتھُ کرارا ॥

ਪੂਰਾ ਸਤਿਗੁਰੁ ਕਬਹੂੰ ਨ ਸੇਵਿਆ
ਸਿਰਿ ਠਾਢੇ ਜਮ ਜੰਦਾਰਾ ॥

پوُرا ستِگُرُ کبہوُنّ ن سیوِیا
سِرِ ٹھاڈھے جم جنّدارا ॥

ਧਰਮ ਰਾਇ ਜਬ ਪਕਰਸਿ ਬਵਰੇ
ਤਬ ਕਿਆ ਜਬਾਬੁ ਕਰੇਇ ॥

دھرم راءِ جب پکرِس بورے
تب کِیا جبابُ کرےءِ ۔ ॥

ਕਹੁ ਨਾਨਕ ਦੂਜੈ ਪਹਰੈ ਪ੍ਰਾਣੀ
ਭਰਿ ਜੋਬਨੁ ਲਹਰੀ ਦੇਇ ॥੨॥

کہُ نانک دوُجے پہرے پّرانی
بھرِ جوبنُ لہری دےءِ ॥2॥

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਬਿਖੁ ਸੰਚੈ ਅੰਧੁ ਅਗਿਆਨੁ ॥

تیجے پہرے رینِ کے ونجارِیا مِتّرا
بِکھُ سنچّے انّدھُ اگیانُ ॥

ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ
ਅੰਤਰਿ ਲਹਰਿ ਲੋਭਾਨੁ ॥

پُتّرِ کلتّرِ موہِ لپٹِیا ونجارِیا مِتّرا
انترِ لہرِ لوبھانُ ॥

ਅੰਤਰਿ ਲਹਰਿ ਲੋਭਾਨੁ ਪਰਾਨੀ
ਸੋ ਪ੍ਰਭੁ ਚਿਤਿ ਨ ਆਵੈ ॥

انترِ لہرِ لوبھانُ پرانی
سو پّربھُ چِتِ ن آوے ॥

ਸਾਧਸੰਗਤਿ ਸਿਉ ਸੰਗੁ ਨ ਕੀਆ
ਬਹੁ ਜੋਨੀ ਦੁਖੁ ਪਾਵੈ ॥

سادھسنگتِ سِءُ سنگُ ن کِیا
بہُ جونی دُکھُ پاوے ॥

ਸਿਰਜਨਹਾਰੁ ਵਿਸਾਰਿਆ ਸੁਆਮੀ
ਇਕ ਨਿਮਖ ਨ ਲਗੋ ਧਿਆਨੁ ॥

سِرجنہارُ وِسارِیا سُیامی
اِک نِمکھ ن لگو دھِیانُ ॥

ਕਹੁ ਨਾਨਕ ਪ੍ਰਾਣੀ ਤੀਜੈ ਪਹਰੈ
ਬਿਖੁ ਸੰਚੇ ਅੰਧੁ ਅਗਿਆਨੁ ॥੩॥

کہُ نانک پّرانی تیجے پہرے
بِکھُ سنچّے انّدھُ اگیانُ ॥3॥

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਦਿਨੁ ਨੇੜੈ ਆਇਆ ਸੋਇ ॥

چتُھے پہرے رینِ کے ونجارِیا مِتّرا
دِنُ نیڑے آئیا سوءِ ॥

ਗੁਰਮੁਖਿ ਨਾਮੁ ਸਮਾਲਿ ਤੂੰ ਵਣਜਾਰਿਆ ਮਿਤ੍ਰਾ
ਤੇਰਾ ਦਰਗਹ ਬੇਲੀ ਹੋਇ ॥

گُرمُکھِ نامُ سمالِ توُنَ ونجارِیا مِتّرا
تیرا درگہ بیلی ہوءِ ॥

ਗੁਰਮੁਖਿ ਨਾਮੁ ਸਮਾਲਿ ਪਰਾਣੀ
ਅੰਤੇ ਹੋਇ ਸਖਾਈ ॥

گُرمُکھِ نامُ سمالِ پراٹی
انتے ہوءِ سکھائی ॥

ਇਹੁ ਮੋਹੁ ਮਾਇਆ ਤੇਰੈ ਸੰਗਿ ਨ ਚਾਲੈ
ਝੂਠੀ ਪ੍ਰੀਤਿ ਲਗਾਈ ॥

اِہُ موہُ مائیا تیرے سنگِ ن چالے
جھوُٹھی پّریتِ لگائی ॥

ਸਗਲੀ ਰੈਣਿ ਗੁਦਰੀ ਅੰਧਿਆਰੀ
ਸੇਵਿ ਸਤਿਗੁਰੁ ਚਾਨਣੁ ਹੋਇ ॥

سگلی رینِ گُدری اندھیاری
سیوِ ستِگُرُ چانڻُ ہوءِ ॥

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ
ਦਿਨੁ ਨੇੜੈ ਆਇਆ ਸੋਇ ॥੪॥

کہُ نانک پّراٹی چتُھے پہرے
دِنُ نیڑے آئیا سوءِ ॥4॥

ਲਿਖਿਆ ਆਇਆ ਗੋਵਿੰਦ ਕਾ ਵਣਜਾਰਿਆ ਮਿਤ੍ਰਾ
ਉਠਿ ਚਲੇ ਕਮਾਣਾ ਸਾਥਿ ॥

لِکھیا آئیا گووِند کا ونجارِیا مِتّرا
اُٹھِ چلے کماٹا ساتھِ ॥

ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ
ਓਨੀ ਤਕੜੇ ਪਾਏ ਹਾਥ ॥

اِک رتی بِلم ن دیونی ونجارِیا مِتّرا
اونی تکڑے پائے ہاتھ ॥

ਲਿਖਿਆ ਆਇਆ ਪਕੜਿ ਚਲਾਇਆ
ਮਨਮੁਖ ਸਦਾ ਦੁਹੇਲੇ ॥

لِکھیا آئیا پکڑِ چلائیا
منمُکھ سدا دُہیلے ॥

ਜਿਨੀ ਪੂਰਾ ਸਤਿਗੁਰੁ ਸੇਵਿਆ
ਸੇ ਦਰਗਹ ਸਦਾ ਸੁਹੇਲੇ ॥

جِنی پُورا ستِگُرُ سیویا
سے درگہ سدا سُہیلے ॥

ਕਰਮ ਧਰਤੀ ਸਰੀਰੁ ਜੁਗ ਅੰਤਰਿ
ਜੋ ਬੋਵੈ ਸੋ ਖਾਤਿ ॥

کرم دھرتی سریرُ جُگ انترِ
جو بووے سو کھاتِ ॥

ਕਹੁ ਨਾਨਕ ਭਗਤ ਸੋਹਹਿ ਦਰਵਾਰੇ
ਮਨਮੁਖ ਸਦਾ ਭਵਾਤਿ ॥੫॥੧॥੪॥

کہُ نانک بھگت سوہہِ دروارے
منمُکھ سدا بھواتِ ॥5॥1॥4॥

ਸਿਰੀਰਾਗੁ ਮਹਲਾ ੪ ਘਰੁ ੨ ਛੰਤ

سِریراگُ محلا 4 گھرُ 2 چھنَت

ੴ ਸਤਿਗੁਰ ਪ੍ਰਸਾਦਿ ॥	۱ۄ ستِگُر پرسادِ ॥
ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥	مُنّدھ اِیانی پیئیڑے کِءُ کرِ ہرِ درسنُ پِکھے۔ ॥
ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥	ہرِ ہرِ اپنی کِرپا کرے گُرمُکھِ ساہُڑے کنّم سِکھے ॥
ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥	ساہُڑے کنّم سِکھے گُرمُکھِ ہرِ ہرِ سدا دھِیائے ॥
ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥	سہیِیا وِچ پھِرے سُہیلی ہرِ درگہ باہ لُڈائے ॥
ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥	لیکھا دھرم راءِ کی باکی جپِ ہرِ ہرِ نامُ کِرکھے ॥
ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥	مُنّدھ اِیانی پیئیڑے گُرمُکھِ ہرِ درسنُ دِکھے ॥ 1 ॥
ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥	ویِیاہُ ہویا میرے بابُلا گُرمُکھے ہرِ پائیا ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥	اگیانُ انّدھیرا کٹیا گُرگیانُ پرچنڈُ بلائیا ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥	بلیا گُرگیانُ انّدھیرا بِنسیا ہرِ رتنُ پدارتھُ لادھا ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥	ہئُمے روگُ گئیا دُکھُ لاتھا آپُ آپے گُرمتِ کھادھا ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥	اکال مُورتِ ورُ پائیا اِبناسی نا کدے مرے ن جائیا ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥	ویِیاہُ ہویا میرے بابولا گُرمُکھے ہرِ پائیا ॥ 2 ॥

ਹਰਿ ਸਤਿ ਸਤੇ ਮੇਰੇ ਬਾਬੁਲਾ
ਹਰਿ ਜਨ ਮਿਲਿ ਜੰਞ ਸੁਹੰਦੀ ॥

ہرِ ستِ ستے میرے بابُلا
ہرِ جن مِلِ جنّج سُہنّدی ॥

ਪੇਵਕੜੈ ਹਰਿ ਜਪਿ ਸੁਹੇਲੀ
ਵਿਚਿ ਸਾਹੁਰੜੈ ਖਰੀ ਸੋਹੰਦੀ ॥

پیوکڑے ہرِ جپِ سُہیلی
وِچِ ساہُڑے کھری سوہنّدی ॥

ਸਾਹੁਰੜੈ ਵਿਚਿ ਖਰੀ ਸੋਹੰਦੀ
ਜਿਨਿ ਪੇਵਕੜੈ ਨਾਮੁ ਸਮਾਲਿਆ ॥

ساہُڑے وِچِ کھری سوہنّدی
جِنِ پیوکڑے نامُ سمالیا ॥

ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ
ਜਿਨਾ ਮਨੁ ਜਿਣਿ ਪਾਸਾ ਢਾਲਿਆ ॥

سبھُ سپھلِئو جنمُ تِنا دا گُرمُکھِ
جِنا منُ جِتِّ پاسا ڈھالیا ॥

ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ
ਵਰੁ ਪਾਇਆ ਪੁਰਖੁ ਅਨੰਦੀ ॥

ہرِ سنّت جنا مِلِ کارجُ سوہِیا
ورُ پائیا پُرکھُ انندی ॥

ਹਰਿ ਸਤਿ ਸਤਿ ਮੇਰੇ ਬਾਬੋਲਾ
ਹਰਿ ਜਨ ਮਿਲਿ ਜੰਞ ਸੋਹੰਦੀ ॥੩॥

ہرِ ستِ ستِ میرے بابولا
ہرِ جن مِلِ جنّج سوہنّدی ॥3॥

ਹਰਿ ਪ੍ਰਭੁ ਮੇਰੇ ਬਾਬੁਲਾ
ਹਰਿ ਦੇਵਹੁ ਦਾਨੁ ਮੈ ਦਾਜੋ ॥

ہرِ پربھُ میرے بابُلا
ہرِ دیوہُ دانُ مے داجو ॥

ਹਰਿ ਕਪੜੋ ਹਰਿ ਸੋਭਾ ਦੇਵਹੁ
ਜਿਤੁ ਸਵਰੈ ਮੇਰਾ ਕਾਜੋ ॥

ہرِ کپڑو ہرِ سوبھا دیوہُ
جِتُ سورے میرا کاجو ॥

ਹਰਿ ਹਰਿ ਭਗਤੀ ਕਾਜੁ ਸੁਹੇਲਾ
ਗੁਰਿ ਸਤਿਗੁਰਿ ਦਾਨੁ ਦਿਵਾਇਆ ॥

ہرِ ہرِ بھگتی کاجُ سُہیلا
گُرِ ستِگُرِ دانُ دِوائیا ॥

ਖੰਡਿ ਵਰਭੰਡਿ ਹਰਿ ਸੋਭਾ ਹੋਈ
ਇਹੁ ਦਾਨੁ ਨ ਰਲੈ ਰਲਾਇਆ ॥

کھنّڈِ وربھنّڈِ ہرِ سوبھا ہوئی
اِہُ دانُ ن رلے رلائیا ॥

ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ
ਸੁ ਕੂੜੁ ਅਹੰਕਾਰੁ ਕਚੁ ਪਾਜੋ ॥

ہورِ منمُکھ داجُ جِ رکھِ دِکھالہِ
سُ کوڑُ اہنکارُ کچُ پاجو ॥

ਹਰਿ ਪ੍ਰਭ ਮੇਰੇ ਬਾਬੁਲਾ
ਹਰਿ ਦੇਵਹੁ ਦਾਨੁ ਮੈ ਦਾਜੋ ॥੪॥

ہرِ پربھ میرے بابُلا
ہرِ دیوہُ دانُ مے داجو ॥4॥

ਹਰਿ ਰਾਮ ਰਾਮ ਮੇਰੇ ਬਾਬੋਲਾ
ਪਿਰ ਮਿਲਿ ਧਨ ਵੇਲ ਵਧੰਦੀ ॥

ہرِ رام رام میرے بابولا

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ
ਸਦ ਪੀੜੀ ਗੁਰੂ ਚਲੰਦੀ ॥

ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ
ਜਿਨੀ ਗੁਰਮੁਖਿ ਨਾਮੁ ਧਿਆਇਆ ॥

ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ
ਨਿਤ ਦੇਵੈ ਚੜੈ ਸਵਾਇਆ ॥

ਨਾਨਕ ਸੰਤ ਸੰਤ ਹਰਿ ਏਕੋ
ਜਪਿ ਹਰਿ ਹਰਿ ਨਾਮੁ ਸੋਹੰਦੀ ॥

ਹਰਿ ਰਾਮ ਰਾਮ ਮੇਰੇ ਬਾਬੁਲਾ
ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥

ਸਿਰੀਰਾਗੁ ਮਹਲਾ ੫ ਛੰਤ

ੴ ਸਤਿਗੁਰ ਪ੍ਰਸਾਦਿ ॥

ਮਨ ਪਿਆਰਿਆ ਜੀਉ ਮਿਤ੍ਰਾ
ਗੋਬਿੰਦ ਨਾਮੁ ਸਮਾਲੇ ॥

ਮਨ ਪਿਆਰਿਆ ਜੀ ਮਿਤ੍ਰਾ
ਹਰਿ ਨਿਬਹੈ ਤੇਰੈ ਨਾਲੇ ॥

ਸੰਗਿ ਸਹਾਈ ਹਰਿ ਨਾਮੁ ਧਿਆਈ
ਬਿਰਥਾ ਕੋਇ ਨ ਜਾਏ ॥

ਮਨ ਚਿੰਦੇ ਸੇਈ ਫਲ ਪਾਵਹਿ
ਚਰਣ ਕਮਲ ਚਿਤੁ ਲਾਏ ॥

ਜਲਿ ਥਲਿ ਪੂਰਿ ਰਹਿਆ ਬਨਵਾਰੀ
ਘਟਿ ਘਟਿ ਨਦਰਿ ਨਿਹਾਲੇ ॥

ਨਾਨਕੁ ਸਿਖ ਦੇਇ ਮਨ ਪ੍ਰੀਤਮ
ਸਾਧਸੰਗਿ ਭ੍ਰਮੁ ਜਾਲੇ ॥੧॥

ہرِ جُگہ جُگو جُگ جُگہ جُگو
سد پیڑی گُرو چلنّدی ॥

جُگِ جُگِ پیڑی چلے ستِگُر کی
جِنی گُرمُکھِ نامُ دھِیائیا ॥

ہرِ پُرکھُ ن کب ہی بِنسے جاوے
نِت دیوے چڑے سوائیا ॥

نانک سنّت سنّت ہرِ ایکو
جپِ ہرِ ہرِ نامُ سوہنّدی ॥

ہرِ رام رام میرے بابُلا
پِر مِلِ دھن ویل ودھنّدی ॥5॥1॥

سِریراگ محلا 5 چھنّت

ੴ ستِگُر پرّسادِ ॥

من پیارِیا جیءُ مِترّا
گوبِنّد نامُ سمالے ॥

من پیارِیا جی مِترّا
ہرِ نبہے تیرے نالے ॥

سنگِ سہائی ہرِ نامُ دھِیائی
برتھا کوءِ ن جائے ॥

من چِنّدے سیئی پھل پاوہِ
چرنؒ کمل چِتُ لائے ॥

جلِ تھلِ پوُرِ رہِیا بنواری
گھٹِ گھٹِ ندرِ نِہالے ॥

نانکُ سِکھ دےءِ من پّریتم
سادھسنگِ بھرّمُ جالے ॥1॥

ਮਨ ਪਿਆਰਿਆ ਜੀ ਮਿਤ੍ਰਾ
ਹਰਿ ਬਿਨੁ ਝੂਠੁ ਪਸਾਰੇ ॥

من پیارِیا جی مِتّرا
ہرِ بِنُ جھوُٹھُ پسارے ॥

ਮਨ ਪਿਆਰਿਆ ਜੀਉ ਮਿਤ੍ਰਾ
ਬਿਖੁ ਸਾਗਰੁ ਸੰਸਾਰੇ ॥

من پیارِیا جیِءُ مِتّرا
بِکھُ ساگرُ سنّسارے ॥

ਚਰਣ ਕਮਲ ਕਰਿ ਬੋਹਿਥੁ ਕਰਤੇ
ਸਹਸਾ ਦੂਖੁ ਨ ਬਿਆਪੈ ॥

چرنْ کمل کرِ بوہِتھُ کرتے
سہسا دوُکھُ ن بِیاپے ॥

ਗੁਰੁ ਪੂਰਾ ਭੇਟੈ ਵਡਭਾਗੀ
ਆਠ ਪਹਰ ਪ੍ਰਭੁ ਜਾਪੈ ॥

گُرُ پوُرا بھیٹے وڈبھاگی
آٹھ پہر پربھُ جاپے ॥

ਆਦਿ ਜੁਗਾਦੀ ਸੇਵਕ ਸੁਆਮੀ
ਭਗਤਾ ਨਾਮੁ ਅਧਾਰੇ ॥

آدِ جُگادی سیوک سُیامی
بھگتا نامُ ادھارے ॥

ਨਾਨਕੁ ਸਿਖ ਦੇਇ ਮਨ ਪ੍ਰੀਤਮ
ਬਿਨੁ ਹਰਿ ਝੂਠ ਪਸਾਰੇ ॥੨॥

نانکُ سِکھ دےءِ من پریتم
بِنُ ہرِ جھوُٹھ پسارے ॥2॥

ਮਨ ਪਿਆਰਿਆ ਜੀਉ ਮਿਤ੍ਰਾ
ਹਰਿ ਲਦੇ ਖੇਪ ਸਵਲੀ ॥

من پیارِیا جیِءُ مِتّرا
ہرِ لدے کھیپ سولی ॥

ਮਨ ਪਿਆਰਿਆ ਜੀਉ ਮਿਤ੍ਰਾ
ਹਰਿ ਦਰੁ ਨਿਹਚਲੁ ਮਲੀ ॥

من پیارِیا جیِءُ مِتّرا
ہرِ درُ نِہچلُ ملی ॥

ਹਰਿ ਦਰੁ ਸੇਵੇ ਅਲਖ ਅਭੇਵੇ
ਨਿਹਚਲੁ ਆਸਣੁ ਪਾਇਆ ॥

ہرِ درُ سیوے الکھ ابھیوے
نِہچلُ آسنُ پائِیا ॥

ਤਹ ਜਨਮ ਨ ਮਰਣੁ ਨ ਆਵਣ ਜਾਣਾ
ਸੰਸਾ ਦੂਖੁ ਮਿਟਾਇਆ ॥

تہ جنم ن مرنُ ن آونْ جانْا
سنّسا دوُکھُ مِٹائِیا ॥

ਚਿਤ੍ਰ ਗੁਪਤ ਕਾ ਕਾਗਦੁ ਫਾਰਿਆ
ਜਮਦੂਤਾ ਕਛੂ ਨ ਚਲੀ ॥

چِتّر گُپت کا کاگدُ پھارِیا
جمدوُتا کچھوُ ن چلی ॥

ਨਾਨਕੁ ਸਿਖ ਦੇਇ ਮਨ ਪ੍ਰੀਤਮ
ਹਰਿ ਲਦੇ ਖੇਪ ਸਵਲੀ ॥੩॥

نانکُ سِکھ دےءِ من پریتم
ہرِ لدے کھیپ سولی ॥3॥

ਮਨ ਪਿਆਰਿਆ ਜੀਉ ਮਿਤ੍ਰਾ
ਕਰਿ ਸੰਤਾ ਸੰਗਿ ਨਿਵਾਸੋ ॥

من پیارِیا جیِءُ مِتّرا

ਮਨ ਪਿਆਰਿਆ ਜੀਉ ਮਿਤ੍ਰਾ
ਹਰਿ ਨਾਮੁ ਜਪਤ ਪਰਗਾਸੋ ॥

ਸਿਮਰਿ ਸੁਆਮੀ ਸੁਖਹ ਗਾਮੀ
ਇਛ ਸਗਲੀ ਪੁੰਨੀਆ ॥

ਪੁਰਬੇ ਕਮਾਏ ਸ੍ਰੀਰੰਗ ਪਾਏ
ਹਰਿ ਮਿਲੇ ਚਿਰੀ ਵਿਛੁੰਨਿਆ ॥

ਅੰਤਰਿ ਬਾਹਰਿ ਸਰਬਤਿ ਰਵਿਆ
ਮਨਿ ਉਪਜਿਆ ਬਿਸੁਆਸੋ ॥

ਨਾਨਕੁ ਸਿਖ ਦੇਇ ਮਨ ਪ੍ਰੀਤਮ
ਕਰਿ ਸੰਤਾ ਸੰਗਿ ਨਿਵਾਸੋ ॥੪॥

ਮਨ ਪਿਆਰਿਆ ਜੀਉ ਮਿਤ੍ਰਾ
ਹਰਿ ਪ੍ਰੇਮ ਭਗਤਿ ਮਨੁ ਲੀਨਾ ॥

ਮਨ ਪਿਆਰਿਆ ਜੀਉ ਮਿਤ੍ਰਾ
ਹਰਿ ਜਲ ਮਿਲਿ ਜੀਵੇ ਮੀਨਾ ॥

ਹਰਿ ਪੀ ਆਘਾਨੇ ਅੰਮ੍ਰਿਤ ਬਾਨੇ
ਸ੍ਰਬ ਸੁਖਾ ਮਨ ਵੁਠੇ ॥

ਸ੍ਰੀਧਰ ਪਾਏ ਮੰਗਲ ਗਾਏ
ਇਛ ਪੁੰਨੀ ਸਤਿਗੁਰ ਤੁਠੇ ॥

ਲੜਿ ਲੀਨੇ ਲਾਏ ਨਉ ਨਿਧਿ ਪਾਏ
ਨਾਉ ਸਰਬਸੁ ਠਾਕੁਰਿ ਦੀਨਾ ॥

ਨਾਨਕ ਸਿਖ ਸੰਤ ਸਮਝਾਈ
ਹਰਿ ਪ੍ਰੇਮ ਭਗਤਿ ਮਨੁ ਲੀਨਾ ॥੫॥੧॥੨॥

ਸਿਰੀਰਾਗ ਕੇ ਛੰਤ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

کرِ سنتا سنگِ نِواسو ॥

من پِیارِیا جیِءُ مِتّرا
ہرِ نامُ جپت پرگاسو ॥

سِمرِ سُیامی سُکھ گامی
اِچھ سگلی پُنّنِیا ॥

پُربے کمائے سّریرنگ پائے
ہرِ مِلے چِری وِچھُنّنِیا ॥

انترِ باہرِ سربتِ روِیا
منِ اُپجِیا بِسُیاسو ॥

نانکُ سِکھ دےءِ من پّریتم
کرِ سنتا سنگِ نِواسو ॥4॥

من پِیارِیا جیِءُ مِتّرا
ہرِ پّریم بھگتِ منُ لِینا ॥

من پِیارِیا جیِءُ مِتّرا
ہرِ جل مِلِ جیوے مِینا ॥

ہرِپی اگھانے انمّرِت بانے
سّرب سُکھا من وُٹھے ॥

سّریدھر پائے منگل گائے
اِچھ پُنّنی ستِگُر تُٹھے ॥

لڑِ لینے لائے نءُ نِدھِ پائے
ناءُ سربسُ ٹھاکُرِ دِینا ॥

نانک سِکھ سنّت سمجھائی
ہرِ پّریم بھگتِ منُ لِینا ॥5॥1॥2॥

سِریراگ کے چھنّت محلا 5

ੴ ستِگُر پّرسادِ ॥

ਡਖਣਾ ॥

ڈکھنّا ॥

ਹਠ ਮਝਾਹੂ ਮਾ ਪਿਰੀ
ਪਸੇ ਕਿਉ ਦੀਦਾਰ ॥

ہٹھ مجھاہوُ ما پِری
پسے کِءُ دیدار ۔ ॥

ਸੰਤ ਸਰਣਾਈ ਲਭਣੇ
ਨਾਨਕ ਪ੍ਰਾਣ ਅਧਾਰ ॥੧॥

سنّت سرنائی لبھنے
نانک پّراںٔ ادھار ॥1॥

ਛੰਤੁ ॥

چھنّتُ ॥

ਚਰਨ ਕਮਲ ਸਿਉ ਪ੍ਰੀਤਿ
ਰੀਤਿ ਸੰਤਨ ਮਨਿ ਆਵਏ ਜੀਉ ॥

چرن کمل سِءُ پّریت
ریتِ سنّتن منِ آوئے جیِءُ ॥

ਦੁਤੀਆ ਭਾਉ ਬਿਪਰੀਤਿ
ਅਨੀਤਿ ਦਾਸਾ ਨਹ ਭਾਵਏ ਜੀਉ ॥

دُتیا بھاءُ بپریت
انیتِ داسا نہ بھاوئے جیِءُ ॥

ਦਾਸਾ ਨਹ ਭਾਵਏ ਬਿਨੁ ਦਰਸਾਵਏ
ਇਕ ਖਿਨੁ ਧੀਰਜੁ ਕਿਉ ਕਰੈ ॥

داسا نہ بھاوئے بِنُ درساوئے
اِک کھِنُ دھیرجُ کِءُ کرے ۔ ॥

ਨਾਮ ਬਿਹੂਨਾ ਤਨੁ ਮਨੁ ਹੀਨਾ
ਜਲ ਬਿਨੁ ਮਛੁਲੀ ਜਿਉ ਮਰੈ ॥

نام بِہوُنا تنُ منُ ہِینا
جل بِنُ مچھُلی جِءُ مرے ॥

ਮਿਲੁ ਮੇਰੇ ਪਿਆਰੇ ਪ੍ਰਾਨ ਅਧਾਰੇ
ਗੁਣ ਸਾਧਸੰਗਿ ਮਿਲਿ ਗਾਵਏ ॥

مِلُ میرے پِیارے پّران ادھارے
گُنٔ سادھسنگِ مِلِ گاوئے ॥

ਨਾਨਕ ਕੇ ਸੁਆਮੀ ਧਾਰਿ ਅਨੁਗ੍ਰਹੁ
ਮਨਿ ਤਨਿ ਅੰਕਿ ਸਮਾਵਏ ॥੧॥

نانک کے سُیامی دھارِ انگّرہُ
منِ تنِ انکِ سماوئے ॥1॥

ਡਖਣਾ ॥

ڈکھنّا ॥

ਸੋਹੰਦੜੋ ਹਭ ਠਾਇ
ਕੋਇ ਨ ਦਿਸੈ ਡੂਜੜੋ ॥

سوہنّڈرو ہبھ ٹھاءِ
کوءِ ن دِسے ڈُوجڑو ॥

ਖੁਲ੍ਹੜੇ ਕਪਾਟ
ਨਾਨਕ ਸਤਿਗੁਰ ਭੇਟਤੇ ॥੧॥

کھُلّہڑے کپاٹ
نانک ستِگُر بھیٹتے ॥1॥

ਛੰਤੁ ॥

چھنّتُ ॥

ਤੇਰੇ ਬਚਨ ਅਨੂਪ ਅਪਾਰ ਸੰਤਨ ਆਧਾਰ

تیرے بچن انوُپ اپار سنّتن آدھار

ਬਾਣੀ ਬੀਚਾਰੀਐ ਜੀਉ ॥

بانٹی بیچاریۓ جیِءُ ॥

ਸਿਮਰਤ ਸਾਸ ਗਿਰਾਸ ਪੂਰਨ ਬਿਸੁਆਸ
ਕਿਉ ਮਨਹੁ ਬਿਸਾਰੀਐ ਜੀਉ ॥

سِمرت ساس گِراس پُورن بِسُیاس
کِءُ منہُ بِساریۓ جیِءُ ۔ ॥

ਕਿਉ ਮਨਹੁ ਬੇਸਾਰੀਐ ਨਿਮਖ ਨਹੀ ਟਾਰੀਐ
ਗੁਣਵੰਤ ਪ੍ਰਾਨ ਹਮਾਰੇ ॥

کِءُ منہُ بیساریۓ نِمکھ نہی ٹاریۓ
گُٹونّت پّران ہمارے ॥

ਮਨ ਬਾਂਛਤ ਫਲ ਦੇਤ ਹੈ ਸੁਆਮੀ
ਜੀਅ ਕੀ ਬਿਰਥਾ ਸਾਰੇ ॥

من بانچھت پھل دیت ہے سُیامی
جیء کی بِرتھا سارے ॥

ਅਨਾਥ ਕੇ ਨਾਥੇ ਸ੍ਰਬ ਕੈ ਸਾਥੇ
ਜਪਿ ਜੂਐ ਜਨਮੁ ਨ ਹਾਰੀਐ ॥

اناتھ کے ناتھے سّرب کے ساتھے
جپِ جوُۓ جنمُ ن ہاریۓ ॥

ਨਾਨਕ ਕੀ ਬੇਨੰਤੀ ਪ੍ਰਭ ਪਹਿ
ਕ੍ਰਿਪਾ ਕਰਿ ਭਵਜਲੁ ਤਾਰੀਐ ॥੨॥

نانک کی بینّتی پّربھ پہِ
کّرپا کرِ بھوجلُ تاریۓ ॥2॥

ਡਖਣਾ ॥

ڈکھنّا ॥

ਧੂੜੀ ਮਜਨੁ ਸਾਧ ਖੇ
ਸਾਈ ਥੀਏ ਕ੍ਰਿਪਾਲ ॥

دھوُڑی مجنُ سادھ کھے
سائی تھیۓ کّرپال ॥

ਲਧੇ ਹਭੇ ਥੋਕੜੇ
ਨਾਨਕ ਹਰਿ ਧਨੁ ਮਾਲ ॥੧॥

لدھے ہبھے تھوکڑے
نانک ہرِ دھنُ مال ॥1॥

ਛੰਤੁ ॥

چھنّتُ ॥

ਸੁੰਦਰ ਸੁਆਮੀ ਧਾਮ ਭਗਤਹ ਬਿਸ੍ਰਾਮ
ਆਸਾ ਲਗਿ ਜੀਵਤੇ ਜੀਉ ॥

سُندّر سُیامی دھام بھگتہ بِسّرام
آسا لگِ جیِوتے جیِءُ ॥

ਮਨਿ ਤਨੇ ਗਲਤਾਨ ਸਿਮਰਤ ਪ੍ਰਭ ਨਾਮ
ਹਰਿ ਅੰਮ੍ਰਿਤੁ ਪੀਵਤੇ ਜੀਉ ॥

مِن تنے غلطان سِمرت پّربھ نام
ہرِ انّمرِتُ پیِوتے جیِءُ ॥

ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰੁ ਥੀਵਤੇ
ਬਿਖੈ ਬਨੁ ਫੀਕਾ ਜਾਨਿਆ ॥

انّمرِتُ ہرِ پیِوتے سدا تھِرُ تھیِوتے
بِکھےَ بنُ پھیِکا جانِیا ॥

ਭਏ ਕਿਰਪਾਲ ਗੋਪਾਲ ਪ੍ਰਭ ਮੇਰੇ
ਸਾਧਸੰਗਤਿ ਨਿਧਿ ਮਾਨਿਆ ॥

بھۓ کِرپال گوپال پّربھ میرے
سادھسنگتِ نِدھِ مانِیا ॥

ਸਰਬਸੋ ਸੂਖ ਆਨੰਦ ਘਨ ਪਿਆਰੇ
ਹਰਿ ਰਤਨੁ ਮਨ ਅੰਤਰਿ ਸੀਵਤੇ ॥

سربسو سوُکھ آنند گھن پیارے
ہرِ رتنُ من انترِ سیوتے ॥

ਇਕੁ ਤਿਲੁ ਨਹੀ ਵਿਸਰੈ ਪ੍ਰਾਨ ਆਧਾਰਾ
ਜਪਿ ਜਪਿ ਨਾਨਕ ਜੀਵਤੇ ॥੩॥

اِکُ تِلُ نہی وِسرے پّران آدھارا
جپِ جپِ نانک جیوتے ॥3॥

ਡਖਣਾ ॥

ڈکھنّا ॥

ਜੋ ਤਉ ਕੀਨੇ ਆਪਣੇ
ਤਿਨਾ ਕੂੰ ਮਿਲਿਓਹਿ ॥

جو تءُ کِینے آپنّے
تِنا کوُنّ مِلِئوہِ ॥

ਆਪੇ ਹੀ ਆਪਿ ਮੋਹਿਓਹੁ
ਜਸੁ ਨਾਨਕ ਆਪਿ ਸੁਣਿਓਹਿ ॥੧॥

آپے ہی آپِ موہِئوہُ
جسُ نانک آپِ سُنّئوہِ ॥1॥

ਛੰਤੁ ॥

چھنّتُ ॥

ਪ੍ਰੇਮ ਠਗਉਰੀ ਪਾਇ ਰੀਝਾਇ
ਗੋਬਿੰਦ ਮਨੁ ਮੋਹਿਆ ਜੀਉ ॥

پّریم ٹھگئری پاءِ ریجھاءِ
گوبِنّد منُ موہِیا جیءُ ॥

ਸੰਤਨ ਕੈ ਪਰਸਾਦਿ ਅਗਾਧਿ
ਕੰਠੇ ਲਗਿ ਸੋਹਿਆ ਜੀਉ ॥

سنّتن کے پرسادِ اگادھِ
کنّٹھے لگِ سوہِیا جیءُ ॥

ਹਰਿ ਕੰਠਿ ਲਗਿ ਸੋਹਿਆ ਦੋਖ ਸਭਿ ਜੋਹਿਆ
ਭਗਤਿ ਲਖ੍ਹਣ ਕਰਿ ਵਸਿ ਭਏ ॥

ہرِ کنّٹھِ لگِ سوہِیا دوکھ سبھِ جوہِیا
بھگتِ لکھّنٹ کرِ وسِ بھےَ ॥

ਮਨਿ ਸਰਬ ਸੁਖ ਵੁਠੇ ਗੋਵਿਦ ਤੁਠੇ
ਜਨਮ ਮਰਣਾ ਸਭਿ ਮਿਟਿ ਗਏ ॥

منِ سرب سُکھ وُٹھے گووِد تُٹھے
جنم مرٹا سبھِ مِٹِ گےَ ॥

ਸਖੀ ਮੰਗਲੋ ਗਾਇਆ ਇਛ ਪੁਜਾਇਆ
ਬਹੁੜਿ ਨ ਮਾਇਆ ਹੋਹਿਆ ॥

سکھی منگلو گائیا اِچھ پُجائیا
بہُڑِ ن مائیا ہوہِیا ॥

ਕਰੁ ਗਹਿ ਲੀਨੇ ਨਾਨਕ ਪ੍ਰਭ ਪਿਆਰੇ
ਸੰਸਾਰੁ ਸਾਗਰੁ ਨਹੀ ਪੋਹਿਆ ॥੪॥

کرُ گہِ لِینے نانک پّربھ پِیارے
سنّسارُ ساگرُ نہی پوہِیا ॥4॥

ਡਖਣਾ ॥

ڈکھنّا ॥

ਸਾਈ ਨਾਮੁ ਅਮੋਲੁ
ਕੀਮ ਨ ਕੋਈ ਜਾਣਦੋ ॥

سائی نامُ امولُ
قِیم ن کوئی جانڈو ॥

ਜਿਨਾ ਭਾਗ ਮਥਾਹਿ
ਸੇ ਨਾਨਕ ਹਰਿ ਰੰਗੁ ਮਾਣਦੋ ॥੧॥

جِنا بھاگ متھاہِ
سے نانک ہرِ رنگُ ماڈدو ॥1॥

ਛੰਤੁ ॥

چھنّتُ ॥

ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ
ਲਿਖਤੀ ਕੁਲੁ ਤਾਰਿਆ ਜੀਉ ॥

کہتے پوِتّر سُنّتے سبھِ دھنّنُ
لِکھتیں کُلُ تارِیا جیِءُ ॥

ਜਿਨ ਕਉ ਸਾਧੂ ਸੰਗੁ ਨਾਮ ਹਰਿ ਰੰਗੁ
ਤਿਨੀ ਬ੍ਰਹਮੁ ਬੀਚਾਰਿਆ ਜੀਉ ॥

جِن ک ءُ سادھوُ سنگُ نام ہرِ رنگُ
تِنی برہمُ بیچارِیا جیِءُ ॥

ਬ੍ਰਹਮੁ ਬੀਚਾਰਿਆ ਜਨਮੁ ਸਵਾਰਿਆ
ਪੂਰਨ ਕਿਰਪਾ ਪ੍ਰਭਿ ਕਰੀ ॥

برہمُ بیچارِیا جنمُ سوارِیا
پُورن کِرپا پربھِ کری ॥

ਕਰੁ ਗਹਿ ਲੀਨੇ ਹਰਿ ਜਸੋ ਦੀਨੇ
ਜੋਨਿ ਨਾ ਧਾਵੈ ਨਹ ਮਰੀ ॥

کرُ گہِ لِینے ہرِ جسو دِینے
جونِ نا دھاوے نہ مری ॥

ਸਤਿਗੁਰ ਦਇਆਲ ਕਿਰਪਾਲ ਭੇਟਤ
ਹਰੇ ਕਾਮੁ ਕ੍ਰੋਧੁ ਲੋਭੁ ਮਾਰਿਆ ॥

ستِگُر دئیال کِرپال بھیٹت
ہرے کامُ کرودھُ لوبھُ مارِیا ॥

ਕਥਨੁ ਨ ਜਾਇ ਅਕਥੁ ਸੁਆਮੀ
ਸਦਕੈ ਜਾਇ ਨਾਨਕੁ ਵਾਰਿਆ ॥੫॥੧॥੩॥

کتھنُ ن جاءِ اکتھُ سُیامی
صدقے جاءِ نانکُ وارِیا ॥5॥1॥3॥

ਸਿਰੀਰਾਗੁ ਮਹਲਾ ੪ ਵਣਜਾਰਾ

سِریراگُ محلا 4 وڈجارا

ੴ ਸਤਿਨਾਮੁ ਗੁਰਪ੍ਰਸਾਦਿ ॥

ੴ ستِنامُ گُرپرّسادِ ॥

ਹਰਿ ਹਰਿ ਉਤਮੁ ਨਾਮੁ ਹੈ
ਜਿਨਿ ਸਿਰਿਆ ਸਭੁ ਕੋਇ ਜੀਉ ॥

ہرِ ہرِ اُتمُ نامُ ہے
جِنِ سِرِیا سبھُ کوءِ جیِءُ ॥

ਹਰਿ ਜੀਅ ਸਭੇ ਪ੍ਰਤਿਪਾਲਦਾ
ਘਟਿ ਘਟਿ ਰਮਈਆ ਸੋਇ ॥

ہرِ جی ء سبھے پرّتپالدا
گھٹِ گھٹِ رمئیا سوءِ ॥

ਸੋ ਹਰਿ ਸਦਾ ਧਿਆਈਐ
ਤਿਸੁ ਬਿਨੁ ਅਵਰੁ ਨ ਕੋਇ ॥

سو ہرِ سدا دھِیائیے
تِسُ بِنُ اورُ ن کوءِ ॥

ਜੋ ਮੋਹਿ ਮਾਇਆ ਚਿਤੁ ਲਾਇਦੇ
ਸੇ ਛੋਡਿ ਚਲੇ ਦੁਖੁ ਰੋਇ ॥

جو موہِ مائیا چِتُ لائِدے
سے چھوڈِ چلے دُکھُ روءِ ॥

ਜਨ ਨਾਨਕ ਨਾਮੁ ਧਿਆਇਆ
ਹਰਿ ਅੰਤਿ ਸਖਾਈ ਹੋਇ ॥੧॥

جن نانک نامُ دھیائیا
ہرِ انتِ سکھائی ہوءِ ॥1॥

ਮੈ ਹਰਿ ਬਿਨੁ ਅਵਰੁ ਨ ਕੋਇ ॥

مے ہرِ بِنُ اورُ ن کوءِ ॥

ਹਰਿ ਗੁਰ ਸਰਣਾਈ ਪਾਈਐ ਵਣਜਾਰਿਆ ਮਿਤ੍ਰਾ
ਵਡਭਾਗਿ ਪਰਾਪਤਿ ਹੋਇ ॥੧॥ ਰਹਾਉ ॥

ہرِ گُر سرٹائی پائیئے وٹجارِیا مِتّرا
وڈبھاگِ پراپتِ ہوءِ ॥1॥ رہاءُ ॥

ਸੰਤ ਜਨਾ ਵਿਣੁ ਭਾਈਆ
ਹਰਿ ਕਿਨੈ ਨ ਪਾਇਆ ਨਾਉ ॥

سنّت جنا وِنُ بھائیا
ہرِ کِنے ن پائیا ناءُ ॥

ਵਿਚਿ ਹਉਮੈ ਕਰਮ ਕਮਾਵਦੇ
ਜਿਉ ਵੇਸੁਆ ਪੁਤੁ ਨਿਨਾਉ ॥

وِچِ ہئُمے کرم کماودے
جِءُ ویسُیا پُتُ نِناءُ ॥

ਪਿਤਾ ਜਾਤਿ ਤਾ ਹੋਈਐ
ਗੁਰੁ ਤੁਠਾ ਕਰੇ ਪਸਾਉ ॥

پِتا زاتِ تا ہوئیئے
گُرُ تُٹھا کرے پساءُ ॥

ਵਡਭਾਗੀ ਗੁਰੁ ਪਾਇਆ
ਹਰਿ ਅਹਿਨਿਸਿ ਲਗਾ ਭਾਉ ॥

وڈبھاگی گُرُ پائیا
ہرِ اہِنِس لگا بھاءُ ॥

ਜਨ ਨਾਨਕਿ ਬ੍ਰਹਮੁ ਪਛਾਣਿਆ
ਹਰਿ ਕੀਰਤਿ ਕਰਮ ਕਮਾਉ ॥੨॥

جن نانکِ برہمُ پچھاٹیا
ہرِ کیرتِ کرم کماءُ ॥2॥

ਮਨਿ ਹਰਿ ਹਰਿ ਲਗਾ ਚਾਉ ॥

منِ ہرِ ہرِ لگا چاءُ ॥

ਗੁਰਿ ਪੂਰੈ ਨਾਮੁ ਦ੍ਰਿੜਾਇਆ
ਹਰਿ ਮਿਲਿਆ ਹਰਿ ਪ੍ਰਭ ਨਾਉ ॥੧॥ ਰਹਾਉ ॥

گُرِ پوُرے نامُ دڑِڑائیا
ہرِ ملِیا ہرِ پربھ ناءُ ॥1॥ رہاءُ ॥

ਜਬ ਲਗੁ ਜੋਬਨਿ ਸਾਸੁ ਹੈ
ਤਬ ਲਗੁ ਨਾਮੁ ਧਿਆਇ ॥

جب لگُ جوبنِ ساسُ ہے
تب لگُ نامُ دھیاءِ ॥

ਚਲਦਿਆ ਨਾਲਿ ਹਰਿ ਚਲਸੀ
ਹਰਿ ਅੰਤੇ ਲਏ ਛਡਾਇ ॥

چلدِیا نالِ ہرِ چلسی
ہرِ انتے لے چھڈاءِ ॥

ਹਉ ਬਲਿਹਾਰੀ ਤਿਨ ਕਉ
ਜਿਨ ਹਰਿ ਮਨਿ ਵੁਠਾ ਆਇ ॥

ہءُ بلِہاری تِن کءُ
جِن ہرِ منِ وُٹھا آءِ ॥

ਜਿਨੀ ਹਰਿ ਹਰਿ ਨਾਮੁ ਨ ਚੇਤਿਓ

جِنی ہرِ ہرِ نامُ ن چیتیئو

ਸੇ ਅੰਤਿ ਗਏ ਪਛੁਤਾਇ ॥

سے انتِ گئے پچھُتاءِ ॥

ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ
ਜਨ ਨਾਨਕ ਨਾਮੁ ਧਿਆਇ ॥੩॥

دھُرِ مستکِ ہرِ پربھِ لِکھیا
جن نانک نامُ دھیاءِ ॥3॥

ਮਨ ਹਰਿ ਹਰਿ ਪ੍ਰੀਤਿ ਲਗਾਇ ॥

من ہرِ ہرِ پریت لگاءِ ॥

ਵਡਭਾਗੀ ਗੁਰੁ ਪਾਇਆ
ਗੁਰ ਸਬਦੀ ਪਾਰਿ ਲਘਾਇ ॥੧॥ ਰਹਾਉ ॥

وڈبھاگی گُرُ پائیا
گُر سبدی پارِ لگھاءِ ॥1॥ رہاءُ ॥

ਹਰਿ ਆਪੇ ਆਪੁ ਉਪਾਇਦਾ
ਹਰਿ ਆਪੇ ਦੇਵੈ ਲੇਇ ॥

ہرِ آپے آپُ اُپائِدا
ہرِ آپے دیوے لےءِ ॥

ਹਰਿ ਆਪੇ ਭਰਮਿ ਭੁਲਾਇਦਾ
ਹਰਿ ਆਪੇ ਹੀ ਮਤਿ ਦੇਇ ॥

ہرِ آپے بھرمِ بھُلائِدا
ہرِ آپے ہی متِ دےءِ ॥

ਗੁਰਮੁਖਾ ਮਨਿ ਪਰਗਾਸੁ ਹੈ
ਸੇ ਵਿਰਲੇ ਕੇਈ ਕੇਇ ॥

گُرمُکھا منِ پرگاسُ ہے
سے وِرلے کیئی کےءِ ॥

ਹਉ ਬਲਿਹਾਰੀ ਤਿਨ ਕਉ
ਜਿਨ ਹਰਿ ਪਾਇਆ ਗੁਰਮਤੇ ॥

ہءُ بلِہاری تِن کءُ
جِن ہرِ پائیا گُرمتے ॥

ਜਨ ਨਾਨਕਿ ਕਮਲੁ ਪਰਗਾਸਿਆ
ਮਨਿ ਹਰਿ ਹਰਿ ਵੁਠੜਾ ਹੇ ॥੪॥

جن نانکِ کملُ پرگاسِیا
منِ ہرِ ہرِ وُٹھڑا ہے ॥4॥

ਮਨਿ ਹਰਿ ਹਰਿ ਜਪਨੁ ਕਰੇ ॥

منِ ہرِ ہرِ جپنُ کرے ॥

ਹਰਿ ਗੁਰ ਸਰਣਾਈ ਭਜਿ ਪਉ ਜਿੰਦੂ
ਸਭ ਕਿਲਵਿਖ ਦੁਖ ਪਰਹਰੇ ॥੧॥ ਰਹਾਉ ॥

ہرِ گُر سرٹائی بھجِ پءُ جِندُہ
سبھ کِلوِکھ دُکھ پرہرے ॥1॥ رہاءُ ॥

ਘਟਿ ਘਟਿ ਰਮਈਆ ਮਨਿ ਵਸੈ
ਕਿਉ ਪਾਈਐ ਕਿਤੁ ਭਤਿ ॥

گھٹِ گھٹِ رمئیا منِ وسے
کِءُ پائیئے کِتُ بھتِ ۔ ॥

ਗੁਰੁ ਪੂਰਾ ਸਤਿਗੁਰੁ ਭੇਟੀਐ
ਹਰਿ ਆਇ ਵਸੈ ਮਨਿ ਚਿਤਿ ॥

گُرُ پُورا ستِگُرُ بھیٹیئے
ہرِ آءِ وسے منِ چِتِ ॥

ਮੈ ਧਰ ਨਾਮੁ ਅਧਾਰੁ ਹੈ
ਹਰਿ ਨਾਮੈ ਤੇ ਗਤਿ ਮਤਿ ॥

مے دھر نامُ ادھارُ ہے
ہرِ نامے تے گتِ متِ ॥

ਮੈ ਹਰਿ ਹਰਿ ਨਾਮੁ ਵਿਸਾਹੁ ਹੈ
ਹਰਿ ਨਾਮੇ ਹੀ ਜਤਿ ਪਤਿ ॥

مے ہرِ ہرِ نامُ وِساہُ ہے
ہرِ نامے ہی جتِ پتِ ॥

ਜਨ ਨਾਨਕ ਨਾਮੁ ਧਿਆਇਆ
ਰੰਗਿ ਰਤੜਾ ਹਰਿ ਰੰਗਿ ਰਤਿ ॥੫॥

جن نانک نامُ دھیائیا
رنگِ رتڑا ہرِ رنگِ رتِ ॥5॥

ਹਰਿ ਧਿਆਵਹੁ ਹਰਿ ਪ੍ਰਭੁ ਸਤਿ ॥

ہرِ دھیاوہُ ہرِ پربھُ ستِ ॥

ਗੁਰ ਬਚਨੀ ਹਰਿ ਪ੍ਰਭੁ ਜਾਣਿਆ
ਸਭ ਹਰਿ ਪ੍ਰਭੁ ਤੇ ਉਤਪਤਿ ॥੧॥ ਰਹਾਉ ॥

گُر بچنی ہرِ پربھُ جانیا
سبھ ہرِ پربھُ تے اُتپتِ ॥1॥ رہاءُ ॥

ਜਿਨ ਕਉ ਪੂਰਬਿ ਲਿਖਿਆ
ਸੇ ਆਇ ਮਿਲੇ ਗੁਰ ਪਾਸਿ ॥

جِن کءُ پُورب لِکھیا
سے آءِ ملے گُر پاسِ ॥

ਸੇਵਕ ਭਾਇ ਵਣਜਾਰਿਆ ਮਿਤ੍ਰਾ
ਗੁਰੁ ਹਰਿ ਹਰਿ ਨਾਮੁ ਪ੍ਰਗਾਸਿ ॥

سیوک بھاءِ وٹجارِیا مِتّرا
گُرُ ہرِ ہرِ نامُ پرگاسِ ॥

ਧਨੁ ਧਨੁ ਵਣਜੁ ਵਾਪਾਰੀਆ
ਜਿਨ ਵਖਰੁ ਲਦਿਅੜਾ ਹਰਿ ਰਾਸਿ ॥

دھنُ دھنُ وٹجُ واپاریا
جِن وکھرُ لدِئڑا ہرِ راسِ ॥

ਗੁਰਮੁਖਾ ਦਰਿ ਮੁਖ ਉਜਲੇ
ਸੇ ਆਇ ਮਿਲੇ ਹਰਿ ਪਾਸਿ ॥

گُرمُکھا درِ مُکھ اُجلے
سے آءِ ملے ہرِ پاسِ ॥

ਜਨ ਨਾਨਕ ਗੁਰੁ ਤਿਨ ਪਾਇਆ
ਜਿਨਾ ਆਪਿ ਤੁਠਾ ਗੁਣਤਾਸਿ ॥੬॥

جن نانک گُرُ تِن پائیا
جِنا آپِ تُٹھا گُنتاسِ ॥6॥

ਹਰਿ ਧਿਆਵਹੁ ਸਾਸਿ ਗਿਰਾਸਿ ॥

ہرِ دھیاوہُ ساسِ گِراسِ ॥

ਮਨਿ ਪ੍ਰੀਤਿ ਲਗੀ ਤਿਨਾ ਗੁਰਮੁਖਾ
ਹਰਿ ਨਾਮੁ ਜਿਨਾ ਰਹਰਾਸਿ ॥੧॥ ਰਹਾਉ ॥੧॥

مَنِ پریت لگی تِنا گُرمُکھا
ہرِ نامُ جِنا رہراسِ ॥1॥ رہاءُ ॥1॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਸਿਰੀਰਾਗ ਕੀ ਵਾਰ ਮਹਲਾ ੪ ਸਲੋਕਾ ਨਾਲਿ ॥

سِریراگ کی وار محلا 4 سلوکا نالِ ॥

ਸਲੋਕ ਮਃ ੩ ॥

سلوک م: 3 ॥

ਰਾਗਾ ਵਿਚਿ ਸ੍ਰੀਰਾਗੁ ਹੈ
ਜੇ ਸਚਿ ਧਰੇ ਪਿਆਰੁ ॥

راگا وِچ سریراگُ ہے
جے سچ دھرے پیارُ ॥

ਸਦਾ ਹਰਿ ਸਚੁ ਮਨਿ ਵਸੈ
ਨਿਹਚਲ ਮਤਿ ਅਪਾਰੁ ॥

سدا ہرِ سچُ منِ وسے
نِہچل متِ اپارُ ॥

ਰਤਨੁ ਅਮੋਲਕੁ ਪਾਇਆ
ਗੁਰ ਕਾ ਸਬਦੁ ਬੀਚਾਰੁ ॥

رتنُ امولکُ پائیا
گُر کا سبدُ بیچارُ ॥

ਜਿਹਵਾ ਸਚੀ ਮਨੁ ਸਚਾ
ਸਚਾ ਸਰੀਰ ਅਕਾਰੁ ॥

جِہوا سچی منُ سچا
سچا سریر اکارُ ॥

ਨਾਨਕ ਸਚੈ ਸਤਿਗੁਰਿ ਸੇਵਿਐ
ਸਦਾ ਸਚੁ ਵਾਪਾਰੁ ॥੧॥

نانک سچے ستِگُرِ سیوِئے
سدا سچُ واپارُ ॥1॥

ਮਃ ੩ ॥

م: 3 ॥

ਹੋਰੁ ਬਿਰਹਾ ਸਭ ਧਾਤੁ ਹੈ
ਜਬ ਲਗੁ ਸਾਹਿਬ ਪ੍ਰੀਤਿ ਨ ਹੋਇ ॥

ہورُ برہا سبھ دھاتُ ہے
جب لگُ صاحِب پرِیتِ ن ہوءِ ॥

ਇਹੁ ਮਨੁ ਮਾਇਆ ਮੋਹਿਆ
ਵੇਖਣੁ ਸੁਨਣੁ ਨ ਹੋਇ ॥

اِہُ منُ مائیا موہیا
ویکھُن سُنُن ن ہوءِ ॥

ਸਹ ਦੇਖੇ ਬਿਨੁ ਪ੍ਰੀਤਿ ਨ ਊਪਜੈ
ਅੰਧਾ ਕਿਆ ਕਰੇਇ ॥

سہ دیکھے بِنُ پرِیتِ ن اوُپجے
اندھا کِیا کرے ءِ ۔ ॥

ਨਾਨਕ ਜਿਨਿ ਅਖੀ ਲੀਤੀਆ
ਸੋਈ ਸਚਾ ਦੇਇ ॥੨॥

نانک جِنِ اکھی لِیتِیا
سوئی سچا دے ءِ ॥2॥

ਪਉੜੀ ॥

پئُڑی ॥

ਹਰਿ ਇਕੋ ਕਰਤਾ ਇਕੁ
ਇਕੋ ਦੀਬਾਣੁ ਹਰਿ ॥

ہرِ اِکو کرتا اِکُ
اِکو دیِبانُ ہرِ ॥

ਹਰਿ ਇਕਸੈ ਦਾ ਹੈ ਅਮਰੁ
ਇਕੋ ਹਰਿ ਚਿਤਿ ਧਰਿ ॥

ہرِ اِکسے دا ہے امرُ
اِکو ہرِ چِتِ دھرِ ॥

ਹਰਿ ਤਿਸੁ ਬਿਨੁ ਕੋਈ ਨਾਹਿ
ਡਰੁ ਭ੍ਰਮੁ ਭਉ ਦੂਰਿ ਕਰਿ ॥

ہرِ تِس بِنُ کوئی ناہِ
ڈر بھرمُ بھءُ دوُرِ کرِ ॥

ਹਰਿ ਤਿਸੈ ਨੋ ਸਾਲਾਹਿ

ہرِ تِسے نو سالاہِ

ਜਿ ਤੁਧੁ ਰਖੈ ਬਾਹਰਿ ਘਰਿ ॥

جِ تُدھُ رکھے باہرِ گھرِ ॥

ਹਰਿ ਜਿਸ ਨੋ ਹੋਇ ਦਇਆਲੁ
ਸੋ ਹਰਿ ਜਪਿ ਭਉ ਬਿਖਮੁ ਤਰਿ ॥੧॥

ہرِ جِس نو ہوءِ دیَیالُ
سو ہرِ جپِ بھءُ بِکھمُ ترِ ॥1॥

ਸਲੋਕ ਮਃ ੧ ॥

سلوک م: 1 ॥

ਦਾਤੀ ਸਾਹਿਬ ਸੰਦੀਆ
ਕਿਆ ਚਲੈ ਤਿਸੁ ਨਾਲਿ ॥

داتی صاحِب سنّدیِیا
کِیا چلے تِسُ نالِ ۔ ॥

ਇਕ ਜਾਗੰਦੇ ਨਾ ਲਹੰਨਿ
ਇਕਨਾ ਸੁਤਿਆ ਦੇਇ ਉਠਾਲਿ ॥੧॥

اِک جاگنّدے نا لہنّنِ
اِکنا سُتیا دےءِ اُٹھالِ ॥1॥

ਮਃ ੧ ॥

م: 1 ॥

ਸਿਦਕੁ ਸਬੂਰੀ ਸਾਦਿਕਾ
ਸਬਰੁ ਤੋਸਾ ਮਲਾਇਕਾਂ ॥

صِدکُ صبوُری صادِقا
صبرُ توشا ملائِکاں ॥

ਦੀਦਾਰੁ ਪੂਰੇ ਪਾਇਸਾ
ਥਾਉ ਨਾਹੀ ਖਾਇਕਾ ॥੨॥

دیِدارُ پوُرے پائِسا
تھاءُ ناہی کھائِکا ॥2॥

ਪਉੜੀ ॥

پئُڑی ॥

ਸਭ ਆਪੇ ਤੁਧੁ ਉਪਾਇ ਕੈ
ਆਪਿ ਕਾਰੈ ਲਾਈ ॥

سبھ آپے تُدھُ اُپاءِ کے
آپِ کارے لائی ॥

ਤੂੰ ਆਪੇ ਵੇਖਿ ਵਿਗਸਦਾ
ਆਪਣੀ ਵਡਿਆਈ ॥

توُنّ آپے ویکھِ وِگسدا
آپنّی وڈِیائی ॥

ਹਰਿ ਤੁਧਹੁ ਬਾਹਰਿ ਕਿਛੁ ਨਾਹੀ
ਤੂੰ ਸਚਾ ਸਾਈ ॥

ہرِ تُدھہُ باہرِ کچھُ ناہی
توُنّ سچا سائی ॥

ਤੂੰ ਆਪੇ ਆਪਿ ਵਰਤਦਾ
ਸਭਨੀ ਹੀ ਥਾਈ ॥

توُنّ آپے آپِ ورتدا
سبھنی ہی تھائی ॥

ਹਰਿ ਤਿਸੈ ਧਿਆਵਹੁ ਸੰਤ ਜਨਹੁ
ਜੋ ਲਏ ਛਡਾਈ ॥੨॥

ہرِ تِسے دھِیاوہُ سنّت جنہُ
جو لے چھڈائی ॥2॥

ਸਲੋਕ ਮਃ ੧ ॥

سلوک م: 1 ॥

ਫਕੜ ਜਾਤੀ ਫਕੜੁ ਨਾਉ ॥	پھکڑ زاتی پھکڑُ ناءُ ॥
ਸਭਨਾ ਜੀਆ ਇਕਾ ਛਾਉ ॥	سبھنا جیِیا اِکا چھاءُ ॥
ਆਪਹੁ ਜੇ ਕੋ ਭਲਾ ਕਹਾਏ ॥	آپہُ جے کو بھلا کہائے ॥
ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ ॥੧॥	نانک تا پرُ جاپے جا پتِ لیکھےَ پائے ॥1॥
ਮਃ ੨ ॥	م: 2 ॥
ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥	جِسُ پِیارے سِءُ نیہُ تِسُ آگےَ مرِ چلیِےَ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥	دھّرِگُ جیِونُّ سنّسارِ تا کےَ پاچھےَ جیِوٹا ॥2॥
ਪਉੜੀ ॥	پئُڑی ॥
ਤੁਧੁ ਆਪੇ ਧਰਤੀ ਸਾਜੀਐ ਚੰਦੁ ਸੂਰਜੁ ਦੁਇ ਦੀਵੇ ॥	تُدھُ آپے دھرتی ساجیِےَ چندّ سوُرجُ دُءِ دیِوے ॥
ਦਸ ਚਾਰਿ ਹਟ ਤੁਧੁ ਸਾਜਿਆ ਵਾਪਾਰੁ ਕਰੀਵੇ ॥	دس چارِ ہٹ تُدھُ ساجِیا واپارُ کریِوے ॥
ਇਕਨਾ ਨੋ ਹਰਿ ਲਾਭੁ ਦੇਇ ਜੋ ਗੁਰਮੁਖਿ ਥੀਵੇ ॥	اِکنا نو ہرِ لابھُ دےءِ جو گُرمُکھِ تھیِوے ॥
ਤਿਨ ਜਮਕਾਲੁ ਨ ਵਿਆਪਈ ਜਿਨ ਸਚੁ ਅੰਮ੍ਰਿਤੁ ਪੀਵੇ ॥	تِن جمکالُ ن وِیاپئ جِن سچُ انّمرِتُ پیِوے ॥
ਓਇ ਆਪਿ ਛੁਟੇ ਪਰਵਾਰ ਸਿਉ ਤਿਨ ਪਿਛੈ ਸਭੁ ਜਗਤੁ ਛੁਟੀਵੇ ॥੩॥	اوءِ آپِ چھُٹے پروار سِءُ تِن پچھےَ سبھُ جگتُ چھُٹیِوے ॥3॥
ਸਲੋਕ ਮਃ ੧ ॥	سلوک م: 1 ॥
ਕੁਦਰਤਿ ਕਰਿ ਕੈ ਵਸਿਆ ਸੋਇ ॥	قُدرتِ کرِ کےَ وسِیا سوءِ ॥
ਵਖਤੁ ਵੀਚਾਰੇ ਸੁ ਬੰਦਾ ਹੋਇ ॥	وکھتُ ویچارے سُ بنّدا ہوءِ ॥

ਕੁਦਰਤਿ ਹੈ ਕੀਮਤਿ ਨਹੀ ਪਾਇ ॥	قُدرتِ ہے قِیمتِ نہی پاءِ ॥
ਜਾ ਕੀਮਤਿ ਪਾਇ ਤ ਕਹੀ ਨ ਜਾਇ ॥	جا قِیمتِ پاءِ ت کہی ن جاءِ ॥
ਸਰੈ ਸਰੀਅਤਿ ਕਰਹਿ ਬੀਚਾਰੁ ॥	سرے شرِیئتِ کرہِ بیچارُ ॥
ਬਿਨੁ ਬੂਝੇ ਕੈਸੇ ਪਾਵਹਿ ਪਾਰੁ ॥	بِنُ بُوجھے کیَسے پاوہِ پارُ ۔ ॥
ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ ॥	صِدکُ کرِ سِجدا منُ کرِ مکھسوُدُ ॥
ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ ॥੧॥	جِہ دھِرِ دیکھا تِہ دھِرِ منجُوُدُ ॥1॥
ਮਃ ੩ ॥	م: 3 ॥
ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥	گُر سبھا ایو ن پائیَۓ نا نیڑے نا دوُرِ ॥
ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ ॥੨॥	نانک ستِگُرُ تاں مِلےَ جا منُ رہےَ حدوُرِ ॥2॥
ਪਉੜੀ ॥	پؤڑی ॥
ਸਪਤ ਦੀਪ ਸਪਤ ਸਾਗਰਾ ਨਵ ਖੰਡ ਚਾਰਿ ਵੇਦ ਦਸ ਅਸਟ ਪੁਰਾਣਾ ॥	سپت دیِپ سپت ساگرا نو کھنڈ چارِ وید دس اسٹ پُراٹا ॥
ਹਰਿ ਸਭਨਾ ਵਿਚਿ ਤੂੰ ਵਰਤਦਾ ਹਰਿ ਸਭਨਾ ਭਾਣਾ ॥	ہرِ سبھنا وِچِ توُنَ ورتدا ہرِ سبھنا بھاٹا ॥
ਸਭਿ ਤੁਝੈ ਧਿਆਵਹਿ ਜੀਅ ਜੰਤ ਹਰਿ ਸਾਰਗ ਪਾਣਾ ॥	سبھِ تُجھےَ دھِیاوہِ جی ء جنّت ہرِ سارگ پاٹا ॥
ਜੋ ਗੁਰਮੁਖਿ ਹਰਿ ਆਰਾਧਦੇ ਤਿਨ ਹਉ ਕੁਰਬਾਣਾ ॥	جو گُرمُکھِ ہرِ آرادھدے تِن ہءُ قُرباٹا ॥
ਤੂੰ ਆਪੇ ਆਪਿ ਵਰਤਦਾ ਕਰਿ ਚੋਜ ਵਿਡਾਣਾ ॥੪॥	توُنَ آپے آپِ ورتدا کرِ چوج وِڈاٹا ॥4॥
ਸਲੋਕ ਮਃ ੩ ॥	سلوک م: 3 ॥

ਕਲਉ ਮਸਾਜਨੀ ਕਿਆ ਸਦਾਈਐ
ਹਿਰਦੈ ਹੀ ਲਿਖਿ ਲੇਹੁ ॥

کل ءُ مساجنی کِیا سدائیَۓ
ہِردے ہی لِکھِ لیہُ ॥

ਸਦਾ ਸਾਹਿਬ ਕੈ ਰੰਗਿ ਰਹੈ
ਕਬਹੂੰ ਨ ਤੂਟਸਿ ਨੇਹੁ ॥

سدا صاحِب کے رنگِ رہے
کبہوُنّ ن توٗٹِس نیہُ ॥

ਕਲਉ ਮਸਾਜਨੀ ਜਾਇਸੀ
ਲਿਖਿਆ ਭੀ ਨਾਲੇ ਜਾਇ ॥

کل ءُ مساجنی جائِسی
لِکھیا بھی نالے جاءِ ॥

ਨਾਨਕ ਸਹ ਪ੍ਰੀਤਿ ਨ ਜਾਇਸੀ
ਜੋ ਧੁਰਿ ਛੋਡੀ ਸਚੈ ਪਾਇ ॥੧॥

نانک سہ پّریتِ ن جائِسی
جو دھُرِ چھوڈی سچے پاءِ ॥1॥

ਮਃ ੩ ॥

م: 3 ॥

ਨਦਰੀ ਆਵਦਾ ਨਾਲਿ ਨ ਚਲਈ
ਵੇਖਹੁ ਕੋ ਵਿਉਪਾਇ ॥

ندری آودا نالِ ن چلئی
ویکھہُ کو وِپُاءِ ॥

ਸਤਿਗੁਰਿ ਸਚੁ ਦ੍ਰਿੜਾਇਆ
ਸਚਿ ਰਹਹੁ ਲਿਵ ਲਾਇ ॥

ستِگُرِ سچُ دّرِڑائیا
سچِ رہہُ لِو لاءِ ॥

ਨਾਨਕ ਸਬਦੀ ਸਚੁ ਹੈ
ਕਰਮੀ ਪਲੈ ਪਾਇ ॥੨॥

نانک سبدی سچُ ہے
کرمی پلےَ پاءِ ॥2॥

ਪਉੜੀ ॥

پٹُڑی ॥

ਹਰਿ ਅੰਦਰਿ ਬਾਹਰਿ ਇਕੁ ਤੂੰ
ਤੂੰ ਜਾਣਹਿ ਭੇਤੁ ॥

ہرِ انّدرِ باہرِ اِکُ توُنّ
توُنّ جاٹہِ بھیتُ ॥

ਜੋ ਕੀਚੈ ਸੋ ਹਰਿ ਜਾਣਦਾ
ਮੇਰੇ ਮਨ ਹਰਿ ਚੇਤੁ ॥

جو کِیچےَ سو ہرِ جاٹدا
میرے من ہرِ چیتُ ॥

ਸੋ ਡਰੈ ਜਿ ਪਾਪ ਕਮਾਵਦਾ
ਧਰਮੀ ਵਿਗਸੇਤੁ ॥

سو ڈرےَ جِ پاپ کماودا
دھرمی وِگسیتُ ॥

ਤੂੰ ਸਚਾ ਆਪਿ ਨਿਆਉ ਸਚੁ
ਤਾ ਡਰੀਐ ਕੇਤੁ ॥

توُنّ سچا آپِ نِیاءُ سچُ
تا ڈریۓَ کیتُ ۔ ॥

ਜਿਨਾ ਨਾਨਕ ਸਚੁ ਪਛਾਣਿਆ

جِنا نانک سچُ پچھاٹیا

ਸੇ ਸਚਿ ਰਲੇਤੁ ॥੫॥

سے سچِ رلیتُ ॥5॥

ਸਲੋਕ ਮਃ ੩ ॥

سلوک م: 3 ॥

ਕਲਮ ਜਲਉ ਸਣੁ ਮਸਵਾਣੀਐ
ਕਾਗਦੁ ਭੀ ਜਲਿ ਜਾਉ ॥

قلم جل ءُ سنُ مسوانیِّے
کاگدُ بھی جلِ جاءُ ॥

ਲਿਖਣ ਵਾਲਾ ਜਲਿ ਬਲਉ
ਜਿਨਿ ਲਿਖਿਆ ਦੂਜਾ ਭਾਉ ॥

لِکھنُ والا جلِ بل ءُ
جِنِ لِکھیا دوُجا بھاءُ ॥

ਨਾਨਕ ਪੂਰਬਿ ਲਿਖਿਆ ਕਮਾਵਣਾ
ਅਵਰੁ ਨ ਕਰਣਾ ਜਾਇ ॥੧॥

نانک پوُربِ لِکھیا کماوٹا
اورُ ن کرٹا جاءِ ॥1॥

ਮਃ ੩ ॥

م: 3 ॥

ਹੋਰੁ ਕੂੜੁ ਪੜਣਾ ਕੂੜੁ ਬੋਲਣਾ
ਮਾਇਆ ਨਾਲਿ ਪਿਆਰੁ ॥

ہورُ کوُڑُ پڑٹا کوُڑُ بولٹا
مائیا نالِ پیارُ ॥

ਨਾਨਕ ਵਿਣੁ ਨਾਵੈ ਕੋ ਥਿਰੁ ਨਹੀ
ਪੜਿ ਪੜਿ ਹੋਇ ਖੁਆਰੁ ॥੨॥

نانک وِنُ ناوے کو تھِرُ نہی
پڑِ پڑِ ہوءِ خُیارُ ॥2॥

ਪਉੜੀ ॥

پئُڑی ॥

ਹਰਿ ਕੀ ਵਡਿਆਈ ਵਡੀ ਹੈ
ਹਰਿ ਕੀਰਤਨੁ ਹਰਿ ਕਾ ॥

ہرِ کی وڈِیائی وڈی ہے
ہرِ کیرتنُ ہرِ کا ॥

ਹਰਿ ਕੀ ਵਡਿਆਈ ਵਡੀ ਹੈ
ਜਾ ਨਿਆਉ ਹੈ ਧਰਮ ਕਾ ॥

ہرِ کی وڈِیائی وڈی ہے
جا نِیاءُ ہے دھرم کا ॥

ਹਰਿ ਕੀ ਵਡਿਆਈ ਵਡੀ ਹੈ
ਜਾ ਫਲੁ ਹੈ ਜੀਅ ਕਾ ॥

ہرِ کی وڈِیائی وڈی ہے
جا پھلُ ہے جی ء کا ॥

ਹਰਿ ਕੀ ਵਡਿਆਈ ਵਡੀ ਹੈ
ਜਾ ਨ ਸੁਣਈ ਕਹਿਆ ਚੁਗਲ ਕਾ ॥

ہرِ کی وڈِیائی وڈی ہے
جا ن سُنئی کہِیا چُغل کا ॥

ਹਰਿ ਕੀ ਵਡਿਆਈ ਵਡੀ ਹੈ
ਅਪੁਛਿਆ ਦਾਨੁ ਦੇਵਕਾ ॥੬॥

ہرِ کی وڈِیائی وڈی ہے
اپُچھِیا دانُ دیوکا ॥6॥

ਸਲੋਕ ਮਃ ੩ ॥

سلوک م: 3 ॥

ਹਉ ਹਉ ਕਰਤੀ ਸਭ ਮੁਈ ਸੰਪਉ ਕਿਸੈ ਨ ਨਾਲਿ ॥	ہءُ ہءُ کرتی سبھ مُئی سنپءُ کِسے ن نالِ ॥
ਦੂਜੈ ਭਾਇ ਦੁਖੁ ਪਾਇਆ ਸਭ ਜੋਹੀ ਜਮਕਾਲਿ ॥	دوُجے بھاءِ دُکھُ پائیا سبھ جوہی جمکالِ ॥
ਨਾਨਕ ਗੁਰਮੁਖਿ ਉਬਰੇ ਸਾਚਾ ਨਾਮੁ ਸਮਾਲਿ ॥੧॥	نانک گُرمُکھِ اُبرے ساچا نامُ سمالِ ॥1॥
ਮਃ ੧ ॥	م: 1 ॥
ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ ॥	گلیں اسی چنگیا آچاری بُریاہ ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥	منہُ کُسُدھا کالیا باہرِ چِٹویاہ ॥
ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥	ریسا کرِہ تِناڑیا جو سیوہِ درُ کھڑیاہ ॥
ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥	نالِ خصے رتیا ماڻہِ سُکھِ رلیاہ ॥
ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥	ہودے تاڻِ نِتاڻیا رہہِ نِمانڻیاہ ॥
ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥੨॥	نانک جنمُ سکارتھا جے تِن کے سنگِ مِلاہ ॥2॥
ਪਉੜੀ ॥	پئڑی ॥
ਤੂੰ ਆਪੇ ਜਲੁ ਮੀਨਾ ਹੈ ਆਪੇ ਆਪੇ ਹੀ ਆਪਿ ਜਾਲੁ ॥	توُنّ آپے جلُ مِینا ہے آپے آپے ہی آپِ جالُ ॥
ਤੂੰ ਆਪੇ ਜਾਲੁ ਵਤਾਇਦਾ ਆਪੇ ਵਿਚਿ ਸੇਬਾਲੁ ॥	توُنّ آپے جالُ وتائِدا آپے وِچِ سیبالُ ॥
ਤੂੰ ਆਪੇ ਕਮਲੁ ਅਲਿਪਤੁ ਹੈ	توُنّ آپے کملُ الپتُ ہے

ਸੈ ਹਥਾ ਵਿਚਿ ਗੁਲਾਲੁ ॥

سے ہتھا وِچ گُلالُ ॥

ਤੂੰ ਆਪੇ ਮੁਕਤਿ ਕਰਾਇਦਾ
ਇਕ ਨਿਮਖ ਘੜੀ ਕਰਿ ਖਿਆਲੁ ॥

توُنّ آپے مُکتِ کرائِدا
اِک نِمکھ گھڑی کرِ خِیالُ ॥

ਹਰਿ ਤੁਧਹੁ ਬਾਹਰਿ ਕਿਛੁ ਨਹੀ
ਗੁਰ ਸਬਦੀ ਵੇਖਿ ਨਿਹਾਲੁ ॥੭॥

ہرِ تُدھہُ باہرِ کِچھُ نہی
گُر سبدی ویکھِ نِہالُ ॥7॥

ਸਲੋਕ ਮਃ ੩ ॥

سلوک م: 3 ॥

ਹੁਕਮੁ ਨ ਜਾਣੈ ਬਹੁਤਾ ਰੋਵੈ ॥

حُکمُ ن جانے بہُتا روے ॥

ਅੰਦਰਿ ਧੋਖਾ ਨੀਦ ਨ ਸੋਵੈ ॥

انّدرِ دھوکھا نِید ن سوے ॥

ਜੇ ਧਨ ਖਸਮੈ ਚਲੈ ਰਜਾਈ ॥

جے دھن خصمے چلے رضائی ॥

ਦਰਿ ਘਰਿ ਸੋਭਾ ਮਹਲਿ ਬੁਲਾਈ ॥

درِ گھرِ سوبھا محلِ بُلائی ॥

ਨਾਨਕ ਕਰਮੀ ਇਹ ਮਤਿ ਪਾਈ ॥

نانک کرمی اِہ متِ پائی ॥

ਗੁਰ ਪਰਸਾਦੀ ਸਚਿ ਸਮਾਈ ॥੧॥

گُر پرسادی سچِ سمائی ॥1॥

ਮਃ ੩ ॥

م: 3 ॥

ਮਨਮੁਖ ਨਾਮ ਵਿਹੂਣਿਆ
ਰੰਗੁ ਕਸੁੰਭਾ ਦੇਖਿ ਨ ਭੁਲੁ ॥

منمُکھ نام وِہوُنیا
رنگُ کسُنبھا دیکھِ ن بھُلُ ॥

ਇਸ ਕਾ ਰੰਗੁ ਦਿਨ ਥੋੜਿਆ
ਛੋਛਾ ਇਸ ਦਾ ਮੁਲੁ ॥

اِس کا رنگُ دِن تھوڑیا
چھوچھا اِس دا مُلُ ॥

ਦੂਜੈ ਲਗੇ ਪਚਿ ਮੁਏ
ਮੂਰਖ ਅੰਧ ਗਵਾਰ ॥

دوُجے لگے پچِ مُے
مُورکھ انّدھ گوار ॥

ਬਿਸਟਾ ਅੰਦਰਿ ਕੀਟ ਸੇ
ਪਇ ਪਚਹਿ ਵਾਰੋ ਵਾਰ ॥

بِسٹا انّدرِ کیٹ سے
پ ءِ پچہِ وارو وار ॥

ਨਾਨਕ ਨਾਮ ਰਤੇ ਸੇ ਰੰਗੁਲੇ
ਗੁਰ ਕੈ ਸਹਜਿ ਸੁਭਾਇ ॥

نانک نام رتے سے رنگُلے
گُر کے سہجِ سُبھاءِ ॥

ਭਗਤੀ ਰੰਗੁ ਨ ਉਤਰੈ
ਸਹਜੇ ਰਹੈ ਸਮਾਇ ॥੨॥

بھگتی رنگُ ن اُترے

ਸਿਸਟਿ ਉਪਾਈ ਸਭ ਤੁਧੁ
ਆਪੇ ਰਿਜਕੁ ਸੰਬਾਹਿਆ ॥

ਇਕਿ ਵਲੁ ਛਲੁ ਕਰਿ ਕੈ ਖਾਵਦੇ
ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ ॥

ਤੁਧੁ ਆਪੇ ਭਾਵੈ ਸੋ ਕਰਹਿ
ਤੁਧੁ ਓਤੈ ਕੰਮਿ ਓਇ ਲਾਇਆ ॥

ਇਕਨਾ ਸਚੁ ਬੁਝਾਇਓਨੁ
ਤਿਨਾ ਅਤੁਟ ਭੰਡਾਰ ਦੇਵਾਇਆ ॥

ਹਰਿ ਚੇਤਿ ਖਾਹਿ ਤਿਨਾ ਸਫਲੁ ਹੈ
ਅਚੇਤਾ ਹਥ ਤਡਾਇਆ ॥੮॥

ਸਲੋਕ ਮਃ ੩ ॥

ਪੜਿ ਪੜਿ ਪੰਡਿਤ ਬੇਦ ਵਖਾਣਹਿ
ਮਾਇਆ ਮੋਹ ਸੁਆਇ ॥

ਦੂਜੈ ਭਾਇ ਹਰਿ ਨਾਮੁ ਵਿਸਾਰਿਆ
ਮਨ ਮੂਰਖ ਮਿਲੈ ਸਜਾਇ ॥

ਜਿਨਿ ਜੀਉ ਪਿੰਡੁ ਦਿਤਾ ਤਿਸੁ ਕਬਹੂੰ ਨ ਚੇਤੈ
ਜੋ ਦੇਂਦਾ ਰਿਜਕੁ ਸੰਬਾਹਿ ॥

ਜਮ ਕਾ ਫਾਹਾ ਗਲਹੁ ਨ ਕਟੀਐ
ਫਿਰਿ ਫਿਰਿ ਆਵੈ ਜਾਇ ॥

ਮਨਮੁਖਿ ਕਿਛੂ ਨ ਸੂਝੈ ਅੰਧੁਲੇ
ਪੂਰਬਿ ਲਿਖਿਆ ਕਮਾਇ ॥

ਪੂਰੈ ਭਾਗਿ ਸਤਿਗੁਰੁ ਮਿਲੈ ਸੁਖਦਾਤਾ
ਨਾਮੁ ਵਸੈ ਮਨਿ ਆਇ ॥

ਸਿਜੇ ਰਹੇ ਸਮਾਇ ॥2॥

ਪਉੜੀ ॥

سِسٹِ اُپائی سبھ تُدھُ
آپے رِزقُ سنّباہِیا ॥

اِکِ ولُ چھلُ کرِ کے کھاودے
مُہہُ کوُڑُ کُستُ تِنی ڈھاہِیا ॥

تُدھُ آپے بھاوے سو کرہِ
تُدھُ اوتے کنمِ اوءِ لائِیا ॥

اِکنا سچُ بُجھائِئونُ
تِنا اٹُٹ بھنّڈار دیوائِیا ॥

ہرِ چیتِ کھاہِ تِنا سپھلُ ہے
اچیتا ہتھ تڈائِیا ॥8॥

سلوک م: 3 ॥

پڑِ پڑِ پنّڈِت بید وکھاٹہِ
مائِیا موہ سُیاءِ ॥

دوُجے بھاءِ ہرِ نامُ وِسارِیا
من موُرکھ مِلے سزاءِ ॥

جِنِ جیِءُ پِنّڈُ دِتا تِسُ کبہوُنّ ن چیتے
جو دیندا رِزقُ سنّباہِ ॥

جم کا پھاہا گلہُ ن کٹیئے
پھِرِ پھِرِ آوے جاءِ ॥

منمُکھِ کچھوُ ن سوُجھے انّدھُلے
پوُربِ لِکھیا کماءِ ॥

پوُرے بھاگِ ستِگُرُ مِلے سُکھداتا
نامُ وسے منِ آءِ ॥

ਸੁਖੁ ਮਾਣਹਿ ਸੁਖੁ ਪੈਨਣਾ
ਸੁਖੇ ਸੁਖਿ ਵਿਹਾਇ ॥

سُکھُ ماٹہِ سُکھُ پیَنّٹا
سُکھے سُکھِ وِہاءِ ॥

ਨਾਨਕ ਸੋ ਨਾਉ ਮਨਹੁ ਨ ਵਿਸਾਰੀਐ
ਜਿਤੁ ਦਰਿ ਸਚੈ ਸੋਭਾ ਪਾਇ ॥੧॥

نانک سو ناءُ منہُ ن وِسارِیَے
جِتُ درِ سچے سوبھا پاءِ ॥1॥

ਮਃ ੩ ॥

م: 3 ॥

ਸਤਿਗੁਰੁ ਸੇਵਿ ਸੁਖੁ ਪਾਇਆ
ਸਚੁ ਨਾਮੁ ਗੁਣਤਾਸੁ ॥

ستِگُرُ سیوِ سُکھُ پایَیا
سچُ نامُ گُنّتاسُ ॥

ਗੁਰਮਤੀ ਆਪੁ ਪਛਾਣਿਆ
ਰਾਮ ਨਾਮ ਪਰਗਾਸੁ ॥

گُرمتی آپُ پچھاٹیا
رام نام پرگاسُ ॥

ਸਚੋ ਸਚੁ ਕਮਾਵਣਾ
ਵਡਿਆਈ ਵਡੇ ਪਾਸਿ ॥

سچو سچُ کماوٹا
وڈِیائی وڈے پاسِ ॥

ਜੀਉ ਪਿੰਡੁ ਸਭੁ ਤਿਸ ਕਾ
ਸਿਫਤਿ ਕਰੇ ਅਰਦਾਸਿ ॥

جیِءُ پِنڈُ سبھُ تِس کا
صِفتِ کرے عرداسِ ॥

ਸਚੈ ਸਬਦਿ ਸਾਲਾਹਣਾ
ਸੁਖੇ ਸੁਖਿ ਨਿਵਾਸੁ ॥

سچے سبدِ سالاحٹا
سُکھے سُکھِ نِواسُ ॥

ਜਪੁ ਤਪੁ ਸੰਜਮੁ ਮਨੈ ਮਾਹਿ
ਬਿਨੁ ਨਾਵੈ ਧ੍ਰਿਗੁ ਜੀਵਾਸੁ ॥

جپُ تپُ سنّجمُ منے ماہِ
بِنُ ناوے دھرِگُ جیِواسُ ॥

ਗੁਰਮਤੀ ਨਾਉ ਪਾਈਐ
ਮਨਮੁਖ ਮੋਹਿ ਵਿਣਾਸੁ ॥

گُرمتی ناءُ پائیَے
منمُکھ موہِ وِٹاسُ ॥

ਜਿਉ ਭਾਵੈ ਤਿਉ ਰਾਖੁ ਤੂੰ
ਨਾਨਕੁ ਤੇਰਾ ਦਾਸੁ ॥੨॥

جِءُ بھاوے تِءُ راکھُ توُنّ
نانکُ تیرا داسُ ॥2॥

ਪਉੜੀ ॥

پئُڑی ॥

ਸਭੁ ਕੋ ਤੇਰਾ ਤੂੰ ਸਭਸੁ ਦਾ
ਤੂੰ ਸਭਨਾ ਰਾਸਿ ॥

سبھُ کو تیرا توُنّ سبھسُ دا
توُنّ سبھنا راسِ ॥

ਸਭਿ ਤੁਧੈ ਪਾਸਹੁ ਮੰਗਦੇ

سبھِ تُدھے پاسہُ منگدے

ਨਿਤ ਕਰਿ ਅਰਦਾਸਿ ॥

نِت کرِ عرداسِ ॥

ਜਿਸੁ ਤੂੰ ਦੇਹਿ ਤਿਸੁ ਸਭੁ ਕਿਛੁ ਮਿਲੈ
ਇਕਨਾ ਦੂਰਿ ਹੈ ਪਾਸਿ ॥

جِسُ توُنّ دیہِ تِسُ سبھُ کِچھُ مِلے
اِکنا دوُرِ ہے پاسِ ॥

ਤੁਧੁ ਬਾਝਹੁ ਥਾਉ ਕੋ ਨਾਹੀ ਜਿਸੁ ਪਾਸਹੁ ਮੰਗੀਐ
ਮਨਿ ਵੇਖਹੁ ਕੋ ਨਿਰਜਾਸਿ ॥

تُدھُ باجھہُ تھاءُ کو ناہی جِسُ پاسہُ منگیئے
منِ ویکھہُ کو نِرجاسِ ॥

ਸਭਿ ਤੁਧੈ ਨੋ ਸਾਲਾਹਦੇ
ਦਰਿ ਗੁਰਮੁਖਾ ਨੋ ਪਰਗਾਸਿ ॥੯॥

سبھِ تُدھے نو سالاحدے
درِ گُرمُکھا نو پرگاسِ ॥9॥

ਸਲੋਕ ਮਃ ੩ ॥

سلوک م: 3 ॥

ਪੰਡਿਤੁ ਪੜਿ ਪੜਿ ਉਚਾ ਕੂਕਦਾ
ਮਾਇਆ ਮੋਹਿ ਪਿਆਰੁ ॥

پنڈِتُ پڑِ پڑِ اُچا کوُکدا
مائیا موہِ پِیارُ ॥

ਅੰਤਰਿ ਬ੍ਰਹਮੁ ਨ ਚੀਨਈ
ਮਨਿ ਮੂਰਖੁ ਗਾਵਾਰੁ ॥

انّترِ برہمُ ن چینئی
منِ موُرکھُ گاوارُ ॥

ਦੂਜੈ ਭਾਇ ਜਗਤੁ ਪਰਬੋਧਦਾ
ਨਾ ਬੂਝੈ ਬੀਚਾਰੁ ॥

دوُجے بھاءِ جگتُ پربودھدا
نا بوُجھے بیچارُ ॥

ਬਿਰਥਾ ਜਨਮੁ ਗਵਾਇਆ
ਮਰਿ ਜੰਮੈ ਵਾਰੋ ਵਾਰ ॥੧॥

برتھا جنمُ گوائیا
مرِ جنمے وارو وار ॥1॥

ਮਃ ੩ ॥

م: 3 ॥

ਜਿਨੀ ਸਤਿਗੁਰੁ ਸੇਵਿਆ ਤਿਨੀ ਨਾਉ ਪਾਇਆ
ਬੂਝਹੁ ਕਰਿ ਬੀਚਾਰੁ ॥

جِنی ستِگُرُ سیویا تِنی ناءُ پائیا
بوُجھہُ کرِ بیچارُ ॥

ਸਦਾ ਸਾਂਤਿ ਸੁਖੁ ਮਨਿ ਵਸੈ
ਚੂਕੈ ਕੂਕ ਪੁਕਾਰ ॥

سدا سانتِ سُکھُ منِ وسے
چوُکے کوُک پُکار ॥

ਆਪੈ ਨੋ ਆਪੁ ਖਾਇ ਮਨੁ ਨਿਰਮਲੁ ਹੋਵੈ
ਗੁਰ ਸਬਦੀ ਵੀਚਾਰੁ ॥

آپے نو آپُ کھاءِ منُ نِرملُ ہووے
گُر سبدی ویچارُ ॥

ਨਾਨਕ ਸਬਦਿ ਰਤੇ ਸੇ ਮੁਕਤੁ ਹੈ
ਹਰਿ ਜੀਉ ਹੇਤਿ ਪਿਆਰੁ ॥੨॥

نانک سبدِ رتے سے مُکتُ ہے
ہرِ جیءُ ہیتِ پِیارُ ॥2॥

ਪਉੜੀ ॥

ਹਰਿ ਕੀ ਸੇਵਾ ਸਫਲ ਹੈ
ਗੁਰਮੁਖਿ ਪਾਵੈ ਥਾਇ ॥

ਜਿਸੁ ਹਰਿ ਭਾਵੈ ਤਿਸੁ ਗੁਰੁ ਮਿਲੈ
ਸੋ ਹਰਿ ਨਾਮੁ ਧਿਆਇ ॥

ਗੁਰ ਸਬਦੀ ਹਰਿ ਪਾਈਐ
ਹਰਿ ਪਾਰਿ ਲਘਾਇ ॥

ਮਨਹਠਿ ਕਿਨੈ ਨ ਪਾਇਓ
ਪੁਛਹੁ ਵੇਦਾ ਜਾਇ ॥

ਨਾਨਕ ਹਰਿ ਕੀ ਸੇਵਾ ਸੋ ਕਰੇ
ਜਿਸੁ ਲਏ ਹਰਿ ਲਾਇ ॥੧੦॥

ਸਲੋਕ ਮਃ ੩ ॥

ਨਾਨਕ ਸੋ ਸੂਰਾ ਵਰੀਆਮੁ
ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥

ਗੁਰਮੁਖਿ ਨਾਮੁ ਸਾਲਾਹਿ
ਜਨਮੁ ਸਵਾਰਿਆ ॥

ਆਪਿ ਹੋਆ ਸਦਾ ਮੁਕਤੁ
ਸਭੁ ਕੁਲੁ ਨਿਸਤਾਰਿਆ ॥

ਸੋਹਨਿ ਸਚਿ ਦੁਆਰਿ
ਨਾਮੁ ਪਿਆਰਿਆ ॥

ਮਨਮੁਖ ਮਰਹਿ ਅਹੰਕਾਰਿ
ਮਰਣੁ ਵਿਗਾੜਿਆ ॥

ਸਭੋ ਵਰਤੈ ਹੁਕਮੁ
ਕਿਆ ਕਰਹਿ ਵਿਚਾਰਿਆ ॥

ਆਪਹੁ ਦੂਜੈ ਲਗਿ

پئڑی ॥

ہرِ کی سیوا سپھل ہے
گُرمُکھِ پاوے تھاءِ ॥

جِس ہرِ بھاوے تِس گُرُ مِلے
سو ہرِ نامُ دھِیاءِ ॥

گُر سبدی ہرِ پائیے
ہرِ پارِ لگھاءِ ॥

منہٹھِ کِنے ن پائیو
پُچھہُ ویدا جاءِ ॥

نانک ہرِ کی سیوا سو کرے
جِس لے ہرِ لاءِ ॥ 10 ॥

سلوک م: 3 ॥

نانک سو سُورا وریامُ
جِنِ وِچہُ دُسٹُ اہنکرنُ ماریا ॥

گُرمُکھِ نامُ سالاہِ
جنمُ سوارِیا ॥

آپِ ہویا سدا مُکتُ
سبھُ کُلُ نِستارِیا ॥

سوہنِ سچِ دُیارِ
نامُ پیارِیا ॥

منمُکھ مرہِ اہنکارِ
مرنُ وِگاڑِیا ॥

سبھو ورتے حُکمُ
کِیا کرہِ وِچارِیا ۔ ॥

آپہُ دُوجے لگِ

ਖਸਮੁ ਵਿਸਾਰਿਆ ॥

خصمُ وِسارِیا ॥

ਨਾਨਕ ਬਿਨੁ ਨਾਵੈ ਸਭੁ ਦੁਖੁ
ਸੁਖੁ ਵਿਸਾਰਿਆ ॥੧॥

نانک بِنُ ناوے سبھُ دُکھُ
سُکھُ وِسارِیا ॥1॥

ਮਃ ੩ ॥

م: 3 ॥

ਗੁਰਿ ਪੂਰੈ ਹਰਿ ਨਾਮੁ ਦਿੜਾਇਆ
ਤਿਨਿ ਵਿਚਹੁ ਭਰਮੁ ਚੁਕਾਇਆ ॥

گُرِ پوُرے ہرِ نامُ دِڑائِیا
تِنِ وِچہُ بھرمُ چُکائِیا ॥

ਰਾਮ ਨਾਮੁ ਹਰਿ ਕੀਰਤਿ ਗਾਈ
ਕਰਿ ਚਾਨਣੁ ਮਗੁ ਦਿਖਾਇਆ ॥

رام نامُ ہرِ کیرتِ گائی
کرِ چانڑُ مگُ دِکھائِیا ॥

ਹਉਮੈ ਮਾਰਿ ਏਕ ਲਿਵ ਲਾਗੀ
ਅੰਤਰਿ ਨਾਮੁ ਵਸਾਇਆ ॥

ہئُمے مارِ ایک لِو لاگی
انترِ نامُ وسائِیا ॥

ਗੁਰਮਤੀ ਜਮੁ ਜੋਹਿ ਨ ਸਾਕੈ
ਸਾਚੈ ਨਾਮਿ ਸਮਾਇਆ ॥

گُرمتی جمُ جوہِ ن ساکے
ساچے نامِ سمائِیا ॥

ਸਭੁ ਆਪੇ ਆਪਿ ਵਰਤੈ ਕਰਤਾ
ਜੋ ਭਾਵੈ ਸੋ ਨਾਇ ਲਾਇਆ ॥

سبھُ آپے آپِ ورتے کرتا
جو بھاوے سو ناءِ لائِیا ॥

ਜਨ ਨਾਨਕੁ ਨਾਮੁ ਲਏ ਤਾ ਜੀਵੈ
ਬਿਨੁ ਨਾਵੈ ਖਿਨੁ ਮਰਿ ਜਾਇਆ ॥੨॥

جن نانکُ نامُ لے تا جیوے
بِنُ ناوے کھِنُ مرِ جائِیا ॥2॥

ਪਉੜੀ ॥

پئُڑی ॥

ਜੋ ਮਿਲਿਆ ਹਰਿ ਦੀਬਾਣ ਸਿਉ
ਸੋ ਸਭਨੀ ਦੀਬਾਣੀ ਮਿਲਿਆ ॥

جو مِلِیا ہرِ دِیباڑٰ سِءُ
سو سبھنی دِیباڑٰی مِلِیا ॥

ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ
ਉਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ ॥

جتھے اوہُ جاءِ تتھے اوہُ سُرکھرُو
اُس کے مُہِ ڈِٹھے سبھ پاپی ترِیا ॥

ਓਸੁ ਅੰਤਰਿ ਨਾਮੁ ਨਿਧਾਨੁ ਹੈ
ਨਾਮੋ ਪਰਵਰਿਆ ॥

اوسُ انترِ نامُ نِدھانُ ہے
نامو پرورِیا ॥

ਨਾਉ ਪੂਜੀਐ ਨਾਉ ਮੰਨੀਐ
ਨਾਇ ਕਿਲਵਿਖ ਸਭ ਹਿਰਿਆ ॥

ناءُ پوُجیئے ناءُ منّیئے
ناءِ کِلوِکھ سبھ ہرِیا ॥

ਜਿਨੀ ਨਾਮੁ ਧਿਆਇਆ ਇਕ ਮਨਿ ਇਕ ਚਿਤਿ
ਸੇ ਅਸਥਿਰੁ ਜਗਿ ਰਹਿਆ ॥੧੧॥

جِنی نامُ دھیائیا اِک منِ اِک چِتِ
سے استھِرُ جگِ رہِیا ॥ 11 ॥

ਸਲੋਕ ਮਃ ੩ ॥

سلوک م: 3 ॥

ਆਤਮਾ ਦੇਉ ਪੂਜੀਐ
ਗੁਰ ਕੈ ਸਹਜਿ ਸੁਭਾਇ ॥

آتما دیءُ پُوجیئے
گُر کے سہجِ سُبھاءِ ॥

ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ
ਤਾ ਘਰ ਹੀ ਪਰਚਾ ਪਾਇ ॥

آتمے نو آتمے دی پرتیتِ ہوءِ
تا گھر ہی پرچا پاءِ ॥

ਆਤਮਾ ਅਡੋਲੁ ਨ ਡੋਲਈ
ਗੁਰ ਕੈ ਭਾਇ ਸੁਭਾਇ ॥

آتما اڈولُ ن ڈولئی
گُر کے بھاءِ سُبھاءِ ॥

ਗੁਰ ਵਿਣੁ ਸਹਜੁ ਨ ਆਵਈ
ਲੋਭੁ ਮੈਲੁ ਨ ਵਿਚਹੁ ਜਾਇ ॥

گُر وِنُ سہجُ ن آوئی
لوبھُ میَلُ ن وِچہُ جاءِ ॥

ਖਿਨੁ ਪਲੁ ਹਰਿ ਨਾਮੁ ਮਨਿ ਵਸੈ
ਸਭ ਅਠਸਠਿ ਤੀਰਥ ਨਾਇ ॥

کھِنُ پلُ ہرِ نامُ منِ وسے
سبھ اٹھسٹھِ تیرتھ ناءِ ॥

ਸਚੇ ਮੈਲੁ ਨ ਲਗਈ
ਮਲੁ ਲਾਗੈ ਦੂਜੈ ਭਾਇ ॥

سچے میَلُ ن لگئی
مَلُ لاگے دوُجے بھاءِ ॥

ਧੋਤੀ ਮੂਲਿ ਨ ਉਤਰੈ
ਜੇ ਅਠਸਠਿ ਤੀਰਥ ਨਾਇ ॥

دھوتی موُلِ ن اُترے
جے اٹھسٹھِ تیرتھ ناءِ ॥

ਮਨਮੁਖ ਕਰਮ ਕਰੇ ਅਹੰਕਾਰੀ
ਸਭੁ ਦੁਖੋ ਦੁਖੁ ਕਮਾਇ ॥

منمُکھ کرم کرے اہنکاری
سبھُ دُکھو دُکھُ کماءِ ॥

ਨਾਨਕ ਮੈਲਾ ਊਜਲੁ ਤਾ ਥੀਐ
ਜਾ ਸਤਿਗੁਰ ਮਾਹਿ ਸਮਾਇ ॥੧॥

نانک میَلا اوُجلُ تا تھیئے
جا ستِگُر ماہِ سماءِ ॥1॥

ਮਃ ੩ ॥

م: 3 ॥

ਮਨਮੁਖੁ ਲੋਕੁ ਸਮਝਾਈਐ
ਕਦਹੁ ਸਮਝਾਇਆ ਜਾਇ ॥

منمُکھُ لوکُ سمجھائیئے
کدہُ سمجھائیا جاءِ ॥

ਮਨਮੁਖੁ ਰਲਾਇਆ ਨਾ ਰਲੈ

منمُکھُ رلائیا نا رلے

ਪਇਐ ਕਿਰਤਿ ਫਿਰਾਇ ॥

پئے کرتِ پھراءِ ॥

ਲਿਵ ਧਾਤੁ ਦੁਇ ਰਾਹ ਹੈ
ਹੁਕਮੀ ਕਾਰ ਕਮਾਇ ॥

لِو دھاتُ دُءِ راہ ہے
حُکمی کار کماءِ ॥

ਗੁਰਮੁਖਿ ਆਪਣਾ ਮਨੁ ਮਾਰਿਆ
ਸਬਦਿ ਕਸਵਟੀ ਲਾਇ ॥

گُرمُکھِ آپنا منُ مارِیا
سبدِ کسوٹی لاءِ ॥

ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ
ਮਨ ਹੀ ਮੰਝਿ ਸਮਾਇ ॥

من ہی نالِ جھگڑا من ہی نالِ ستھ
من ہی منجھِ سماءِ ॥

ਮਨੁ ਜੋ ਇਛੇ ਸੋ ਲਹੈ
ਸਚੈ ਸਬਦਿ ਸੁਭਾਇ ॥

منُ جو اِچھے سو لہے
سچے سبدِ سُبھاءِ ॥

ਅੰਮ੍ਰਿਤ ਨਾਮੁ ਸਦ ਭੁੰਚੀਐ
ਗੁਰਮੁਖਿ ਕਾਰ ਕਮਾਇ ॥

انمّرِت نامُ سد بھُنچیئے
گُرمُکھِ کار کماءِ ॥

ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ
ਜਾਸੀ ਜਨਮੁ ਗਵਾਇ ॥

وِنُ منے جِ ہوری نالِ لُجھنا
جاسی جنمُ گواءِ ॥

ਮਨਮੁਖੀ ਮਨਹਠਿ ਹਾਰਿਆ
ਕੂੜੁ ਕੁਸਤੁ ਕਮਾਇ ॥

منمُکھی منہٹھِ ہارِیا
کوُڑُ کُست کماءِ ॥

ਗੁਰ ਪਰਸਾਦੀ ਮਨੁ ਜਿਣੈ
ਹਰਿ ਸੇਤੀ ਲਿਵ ਲਾਇ ॥

گُر پرسادی منُ جِتے
ہرِ سیتی لِو لاءِ ॥

ਨਾਨਕ ਗੁਰਮੁਖਿ ਸਚੁ ਕਮਾਵੈ
ਮਨਮੁਖਿ ਆਵੈ ਜਾਇ ॥੨॥

نانک گُرمُکھِ سچُ کماوے
منمُکھِ آوے جاءِ ॥2॥

ਪਉੜੀ ॥

پئُڑی ॥

ਹਰਿ ਕੇ ਸੰਤ ਸੁਣਹੁ ਜਨ ਭਾਈ
ਹਰਿ ਸਤਿਗੁਰ ਕੀ ਇਕ ਸਾਖੀ ॥

ہرِ کے سنّت سُنہُ جن بھائی
ہرِ ستِگُر کی اِک ساکھی ॥

ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ
ਤਿਨਿ ਜਨਿ ਲੈ ਹਿਰਦੈ ਰਾਖੀ ॥

جِسُ دھُرِ بھاگُ ہووے مُکھِ مستکِ
تِنِ جنِ لے ہِردے راکھی ॥

ਹਰਿ ਅੰਮ੍ਰਿਤ ਕਥਾ ਸਰੇਸਟ ਊਤਮ

ہرِ انمّرِت کتھا سریسٹ اوُتم

ਗੁਰ ਬਚਨੀ ਸਹਜੇ ਚਾਖੀ ॥

گُر بچنی سہجے چاکھی ॥

ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ
ਜਿਉ ਸੂਰਜ ਰੈਣਿ ਕਿਰਾਖੀ ॥

تہ بھئیا پرگاسُ مِٹیا اندھیارا
جِءُ سُورج ریَنِ کِراکھی ॥

ਅਦਿਸਟੁ ਅਗੋਚਰੁ ਅਲਖੁ ਨਿਰੰਜਨੁ
ਸੋ ਦੇਖਿਆ ਗੁਰਮੁਖਿ ਆਖੀ ॥੧੨॥

اِدِسٹُ اگوچرُ الکھُ نِرنجنُ
سو دیکھیا گُرمُکھِ آکھی ॥ 12 ॥

ਸਲੋਕੁ ਮਃ ੩ ॥

سلوکُ م: 3 ॥

ਸਤਿਗੁਰੁ ਸੇਵੇ ਆਪਣਾ
ਸੋ ਸਿਰੁ ਲੇਖੈ ਲਾਇ ॥

ستِگُرُ سیوے آپنا
سو سِرُ لیکھےَ لاءِ ॥

ਵਿਚਹੁ ਆਪੁ ਗਵਾਇ ਕੈ
ਰਹਨਿ ਸਚਿ ਲਿਵ ਲਾਇ ॥

وِچہُ آپُ گواءِ کے
رہنِ سچِ لِو لاءِ ॥

ਸਤਿਗੁਰੁ ਜਿਨੀ ਨ ਸੇਵਿਓ
ਤਿਨਾ ਬਿਰਥਾ ਜਨਮੁ ਗਵਾਇ ॥

ستِگُرُ جِنی ن سیوِئو
تِنا بِرتھا جنمُ گواءِ ॥

ਨਾਨਕ ਜੋ ਤਿਸੁ ਭਾਵੈ ਸੋ ਕਰੇ
ਕਹਣਾ ਕਿਛੂ ਨ ਜਾਇ ॥੧॥

نانک جو تِسُ بھاوے سو کرے
کہنا کچھوُ ن جاءِ ॥ 1 ॥

ਮਃ ੩ ॥

م: 3 ॥

ਮਨੁ ਵੇਕਾਰੀ ਵੇੜਿਆ
ਵੇਕਾਰਾ ਕਰਮ ਕਮਾਇ ॥

منُ ویکاری ویڑیا
ویکارا کرم کماءِ ॥

ਦੂਜੈ ਭਾਇ ਅਗਿਆਨੀ ਪੂਜਦੇ
ਦਰਗਹ ਮਿਲੈ ਸਜਾਇ ॥

دوُجےَ بھاءِ اگیانی پوُجدے
درگہ مِلےَ سزاءِ ॥

ਆਤਮ ਦੇਉ ਪੂਜੀਐ
ਬਿਨੁ ਸਤਿਗੁਰ ਬੂਝ ਨ ਪਾਇ ॥

آتم دیءُ پوُجیئے
بِنُ ستِگُر بوُجھ ن پاءِ ॥

ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ
ਕਰਮੀ ਪਲੈ ਪਾਇ ॥

جپُ تپُ سنجمُ بھاٹا ستِگُروُ کا
کرمی پلےَ پاءِ ॥

ਨਾਨਕ ਸੇਵਾ ਸੁਰਤਿ ਕਮਾਵਣੀ
ਜੋ ਹਰਿ ਭਾਵੈ ਸੋ ਥਾਇ ਪਾਇ ॥੨॥

نانک سیوا سُرتِ کماونی
جو ہرِ بھاوے سو تھاءِ پاءِ ॥ 2 ॥

ਪਉੜੀ ॥

ہرِ ہرِ نامُ جپہُ من میرے
جِتُ سدا سُکھُ ہووے دِنُ راتی ॥

ਹਰਿ ਹਰਿ ਨਾਮੁ ਜਪਹੁ ਮਨ ਮੇਰੇ
ਜਿਤੁ ਸਦਾ ਸੁਖੁ ਹੋਵੈ ਦਿਨੁ ਰਾਤੀ ॥

ہرِ ہرِ نامُ جپہُ من میرے
جِتُ سِمرت سبھِ کِلوِکھ پاپ لہاتی ॥

ਹਰਿ ਹਰਿ ਨਾਮੁ ਜਪਹੁ ਮਨ ਮੇਰੇ
ਜਿਤੁ ਸਿਮਰਤ ਸਭਿ ਕਿਲਵਿਖ ਪਾਪ ਲਹਾਤੀ ॥

ہرِ ہرِ نامُ جپہُ من میرے
جِتُ دالدُ دُکھ بھُکھ سبھ لہِ جاتی ॥

ਹਰਿ ਹਰਿ ਨਾਮੁ ਜਪਹੁ ਮਨ ਮੇਰੇ
ਜਿਤੁ ਦਾਲਦੁ ਦੁਖ ਭੁਖ ਸਭ ਲਹਿ ਜਾਤੀ ॥

ہرِ ہرِ نامُ جپہُ من میرے
مُکھِ گُرمُکھِ پ٘رِیتِ لگاتی ॥

ਹਰਿ ਹਰਿ ਨਾਮੁ ਜਪਹੁ ਮਨ ਮੇਰੇ
ਮੁਖਿ ਗੁਰਮੁਖਿ ਪ੍ਰੀਤਿ ਲਗਾਤੀ ॥

جِتُ مُکھِ بھاگُ لِکھِیا دھُرِ ساچے
ہرِ تِتُ مُکھِ نامُ جپاتی ॥ 13 ॥

ਜਿਤੁ ਮੁਖਿ ਭਾਗੁ ਲਿਖਿਆ ਧੁਰਿ ਸਾਚੈ
ਹਰਿ ਤਿਤੁ ਮੁਖਿ ਨਾਮੁ ਜਪਾਤੀ ॥੧੩॥

ਸਲੋਕ ਮਃ ੩ ॥

سلوک م: 3 ॥

ਸਤਿਗੁਰੁ ਜਿਨੀ ਨ ਸੇਵਿਓ
ਸਬਦਿ ਨ ਕੀਤੋ ਵੀਚਾਰੁ ॥

ستِگُرُ جِنی ن سیوِئو
سبدِ ن کِیتو ویچارُ ॥

ਅੰਤਰਿ ਗਿਆਨੁ ਨ ਆਇਓ
ਮਿਰਤਕੁ ਹੈ ਸੰਸਾਰਿ ॥

انترِ گیانُ ن آئیو
مِرتکُ ہے سنسارِ ॥

ਲਖ ਚਉਰਾਸੀਹ ਫੇਰੁ ਪਇਆ
ਮਰਿ ਜੰਮੈ ਹੋਇ ਖੁਆਰੁ ॥

لکھ چُراسیہ پھیرُ پئیا
مرِ جنمَے ہوءِ خُیارُ ॥

ਸਤਿਗੁਰ ਕੀ ਸੇਵਾ ਸੋ ਕਰੇ
ਜਿਸ ਨੋ ਆਪਿ ਕਰਾਏ ਸੋਇ ॥

ستِگُر کی سیوا سو کرے
جِس نو آپِ کرائے سوءِ ॥

ਸਤਿਗੁਰ ਵਿਚਿ ਨਾਮੁ ਨਿਧਾਨੁ ਹੈ
ਕਰਮਿ ਪਰਾਪਤਿ ਹੋਇ ॥

ستِگُر وِچِ نامُ نِدھانُ ہے
کرمِ پراپتِ ہوءِ ॥

ਸਚਿ ਰਤੇ ਗੁਰ ਸਬਦ ਸਿਉ
ਤਿਨ ਸਚੀ ਸਦਾ ਲਿਵ ਹੋਇ ॥

سچِ رتے گُر سبد سِءُ
تِن سچی سدا لِو ہوءِ ॥

ਨਾਨਕ ਜਿਸ ਨੋ ਮੇਲੇ ਨ ਵਿਛੁੜੈ

نانک جِس نو میلے ن وِچھُڑے

ਸਹਜਿ ਸਮਾਵੈ ਸੋਇ ॥੧॥	سہجِ سماوے سوءِ ॥1॥
ਮਃ ੩ ॥	م: 3 ॥
ਸੋ ਭਗਉਤੀ ਜੋ ਭਗਵੰਤੈ ਜਾਣੈ ॥	سو بھگُتی جو بھگونتے جانے ॥
ਗੁਰ ਪਰਸਾਦੀ ਆਪੁ ਪਛਾਣੈ ॥	گُر پرسادی آپُ پچھانے ॥
ਧਾਵਤੁ ਰਾਖੈ ਇਕਤੁ ਘਰਿ ਆਣੈ ॥	دھاوتُ راکھے اِکتُ گھرِ آنے ॥
ਜੀਵਤੁ ਮਰੈ ਹਰਿ ਨਾਮੁ ਵਖਾਣੈ ॥	جیوتُ مرے ہرِ نامُ وکھانے ॥
ਐਸਾ ਭਗਉਤੀ ਉਤਮੁ ਹੋਇ ॥	ایَسا بھگُتی اُتمُ ہوءِ ॥
ਨਾਨਕ ਸਚਿ ਸਮਾਵੈ ਸੋਇ ॥੨॥	نانک سچِ سماوے سوءِ ॥2॥
ਮਃ ੩ ॥	م: 3 ॥
ਅੰਤਰਿ ਕਪਟੁ ਭਗਉਤੀ ਕਹਾਏ ॥	انترِ کپٹُ بھگُتی کہائے ॥
ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥	پاکھنڈِ پاربرہمُ کدے ن پائے ॥
ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥	پر نِندا کرے انترِ ملُ لائے ॥
ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ ॥	باہرِ ملُ دھووے من کی جوٹھِ ن جائے ॥
ਸਤਸੰਗਤਿ ਸਿਉ ਬਾਦੁ ਰਚਾਏ ॥	ستسنگتِ سِءُ بادُ رچائے ॥
ਅਨਦਿਨੁ ਦੁਖੀਆ ਦੂਜੈ ਭਾਇ ਰਚਾਏ ॥	اندِنُ دُکھِیا دوُجے بھاءِ رچائے ॥
ਹਰਿ ਨਾਮੁ ਨ ਚੇਤੈ ਬਹੁ ਕਰਮ ਕਮਾਏ ॥	ہرِ نامُ ن چیتے بہُ کرم کمائے ॥
ਪੂਰਬ ਲਿਖਿਆ ਸੁ ਮੇਟਣਾ ਨ ਜਾਏ ॥	پوُرب لِکھیا سُ میٹنا ن جائے ॥
ਨਾਨਕ ਬਿਨੁ ਸਤਿਗੁਰ ਸੇਵੇ ਮੋਖੁ ਨ ਪਾਏ ॥੩॥	نانک بِنُ ستِگُر سیوے موکھُ ن پائے ॥3॥
ਪਉੜੀ ॥	پئڑی ॥
ਸਤਿਗੁਰੁ ਜਿਨੀ ਧਿਆਇਆ ਸੇ ਕਢਿ ਨ ਸਵਾਹੀ ॥	ستِگُر جِنی دھیائیا سے کڑِ ن سواہی ॥

ਸਤਿਗੁਰੁ ਜਿਨੀ ਧਿਆਇਆ
ਸੇ ਤ੍ਰਿਪਤਿ ਅਘਾਹੀ ॥

ستِگُرُ جِنی دھِیائِیا
سے تّرِپتِ اگھاہی ॥

ਸਤਿਗੁਰੁ ਜਿਨੀ ਧਿਆਇਆ
ਤਿਨ ਜਮ ਡਰੁ ਨਾਹੀ ॥

ستِگُرُ جِنی دھِیائِیا
تِن جم ڈّر ناہی ॥

ਜਿਨ ਕਉ ਹੋਆ ਕ੍ਰਿਪਾਲੁ ਹਰਿ
ਸੇ ਸਤਿਗੁਰ ਪੈਰੀ ਪਾਹੀ ॥

جِن ک ءُ ہویا کِرپالُ ہرِ
سے ستِگُر پیَری پاہی ॥

ਤਿਨ ਐਥੈ ਓਥੈ ਮੁਖ ਉਜਲੇ
ਹਰਿ ਦਰਗਹ ਪੈਧੇ ਜਾਹੀ ॥੧੪॥

تِن ایَتھےَ اوتھےَ مُکھ اُجلے
ہرِ درگہ پیَدھے جاہی ॥ 14 ॥

ਸਲੋਕ ਮਃ ੨ ॥

سلوک م: 2 ॥

ਜੋ ਸਿਰੁ ਸਾਂਈ ਨਾ ਨਿਵੈ
ਸੋ ਸਿਰੁ ਦੀਜੈ ਡਾਰਿ ॥

جو سِرُ سائیں نا نِوے
سو سِرُ دیجےَ ڈارِ ॥

ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ
ਸੋ ਪਿੰਜਰੁ ਲੈ ਜਾਰਿ ॥੧॥

نانک جِسُ پِنجّر مہِ بِرہا نہی
سو پِنجّرُ لےَ جارِ ॥ 1 ॥

ਮਃ ੫ ॥

م: 5 ॥

ਮੁੰਢਹੁ ਭੁਲੀ ਨਾਨਕਾ
ਫਿਰਿ ਫਿਰਿ ਜਨਮਿ ਮੁਈਆਸੁ ॥

مُنڈھُ بھُلی نانکا
پھِرِ پھِرِ جنمِ مُئیاسُ ॥

ਕਸਤੂਰੀ ਕੈ ਭੋਲੜੈ
ਗੰਦੇ ਡੂੰਮਿ ਪਈਆਸੁ ॥੨॥

کستوُری کے بھولڑے
گندے ڈُنمِ پئیاسُ ॥ 2 ॥

ਪਉੜੀ ॥

پئُڑی ॥

ਸੋ ਐਸਾ ਹਰਿ ਨਾਮੁ ਧਿਆਇਐ ਮਨ ਮੇਰੇ
ਜੋ ਸਭਨਾ ਉਪਰਿ ਹੁਕਮੁ ਚਲਾਏ ॥

سو ایَسا ہرِ نامُ دھِیائےَ من میرے
جو سبھنا اُپرِ حُکمُ چلائے ॥

ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ
ਜੋ ਅੰਤੀ ਅਉਸਰਿ ਲਏ ਛਡਾਏ ॥

سو ایَسا ہرِ نامُ جپیئےَ من میرے
جو انّتی اُسرِ لےَ چھڈائے ॥

ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ
ਜੁ ਮਨ ਕੀ ਤ੍ਰਿਸਨਾ ਸਭ ਭੁਖ ਗਵਾਏ ॥

سو ایَسا ہرِ نامُ جپیئےَ من میرے
جُ من کی تّرِسنا سبھ بھُکھ گوائے ॥

ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ
ਤਿਨ ਨਿੰਦਕ ਦੁਸਟ ਸਭਿ ਪੈਰੀ ਪਾਏ ॥

ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ
ਸਭਿ ਨਾਵੈ ਅਗੈ ਆਣਿ ਨਿਵਾਏ ॥੧੫॥

ਸਲੋਕ ਮਃ ੩ ॥

ਵੇਸ ਕਰੇ ਕੁਰੂਪਿ ਕੁਲਖਣੀ
ਮਨਿ ਖੋਟੈ ਕੂੜਿਆਰਿ ॥

ਪਿਰ ਕੈ ਭਾਣੈ ਨਾ ਚਲੈ
ਹੁਕਮੁ ਕਰੇ ਗਾਵਾਰਿ ॥

ਗੁਰ ਕੈ ਭਾਣੈ ਜੋ ਚਲੈ
ਸਭਿ ਦੁਖ ਨਿਵਾਰਣਹਾਰਿ ॥

ਲਿਖਿਆ ਮੇਟਿ ਨ ਸਕੀਐ
ਜੋ ਧੁਰਿ ਲਿਖਿਆ ਕਰਤਾਰਿ ॥

ਮਨੁ ਤਨੁ ਸਉਪੇ ਕੰਤ ਕਉ
ਸਬਦੇ ਧਰੇ ਪਿਆਰੁ ॥

ਬਿਨੁ ਨਾਵੈ ਕਿਨੈ ਨ ਪਾਇਆ
ਦੇਖਹੁ ਰਿਦੈ ਬੀਚਾਰਿ ॥

ਨਾਨਕ ਸਾ ਸੁਆਲਿਓ ਸੁਲਖਣੀ
ਜਿ ਰਾਵੀ ਸਿਰਜਨਹਾਰਿ ॥੧॥

ਮਃ ੩ ॥

ਮਾਇਆ ਮੋਹੁ ਗੁਬਾਰੁ ਹੈ
ਤਿਸ ਦਾ ਨ ਦਿਸੈ ਉਰਵਾਰੁ ਨ ਪਾਰੁ ॥

ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ
ਡੁਬੇ ਹਰਿ ਨਾਮੁ ਵਿਸਾਰਿ ॥

ਭਲਕੇ ਉਠਿ ਬਹੁ ਕਰਮ ਕਮਾਵਹਿ

سو گُرمُکھِ نامُ جپِیا وڈبھاگی
تِن نِندک دُسٹ سبھِ پیَری پائے ॥

نانک نامُ ارادھِ سبھنا تے وڈا
سبھِ ناوےَ اگےَ آنِٹِ نِوائے ॥ 15 ॥

سلوک م: 3 ॥

ویس کرے کُروُپِ کلکھنّی
منِ کھوٹےَ کوُڑِیارِ ॥

پِر کےَ بھانےَ نا چلےَ
حُکمُ کرے گاوارِ ॥

گُر کےَ بھانےَ جو چلےَ
سبھِ دُکھ نِوارنّہارِ ॥

لِکھِیا میٹِ ن سکیےَ
جو دھُرِ لِکھِیا کرتارِ ॥

منُ تنُ سپُنّے کنّت کءُ
سبدے دھرے پِیارُ ॥

بِنُ ناوےَ کِنےَ ن پائِیا
دیکھُ رِدےَ بیچارِ ॥

نانک سا سُیالِئو سُلکھنّی
جِ راوی سِرجنہارِ ॥1॥

م: 3 ॥

مائِیا موہُ غُبارُ ہےَ
تِس دا ن دِسےَ اُروارُ ن پارُ ॥

منمُکھ اگیانی مہا دُکھُ پائِدے
ڈُبے ہرِ نامُ وِسارِ ॥

بھلکے اُٹھِ بہُ کرم کماوہِ

ਦੂਜੈ ਭਾਇ ਪਿਆਰੁ ॥

دوُجے بھاءِ پِیارُ ॥

ਸਤਿਗੁਰੁ ਸੇਵਹਿ ਆਪਣਾ
ਭਉਜਲੁ ਉਤਰੇ ਪਾਰਿ ॥

ستِگُر سیوہِ آپنّا
بھجُّلُ اُترے پارِ ॥

ਨਾਨਕ ਗੁਰਮੁਖਿ ਸਚਿ ਸਮਾਵਹਿ
ਸਚੁ ਨਾਮੁ ਉਰ ਧਾਰਿ ॥੨॥

نانک گُرمُکھِ سچِ سماوہِ
سچُ نامُ اُر دھارِ ॥2॥

ਪਉੜੀ ॥

پؤڑی ॥

ਹਰਿ ਜਲਿ ਥਲਿ ਮਹੀਅਲਿ ਭਰਪੂਰਿ
ਦੂਜਾ ਨਾਹਿ ਕੋਇ ॥

ہرِ جلِ تھلِ مہیَلِ بھرپوُرِ
دوُجا ناہِ کوءِ ॥

ਹਰਿ ਆਪਿ ਬਹਿ ਕਰੇ ਨਿਆਉ
ਕੂੜਿਆਰ ਸਭ ਮਾਰਿ ਕਢੋਇ ॥

ہرِ آپِ بہِ کرے نِیاءُ
کوُڑِیار سبھ مارِ کڈھوءِ ॥

ਸਚਿਆਰਾ ਦੇਇ ਵਡਿਆਈ
ਹਰਿ ਧਰਮ ਨਿਆਉ ਕੀਓਇ ॥

سچِیارا دےءِ وڈِیائی
ہرِ دھرم نِیاءُ کِیئوءِ ॥

ਸਭ ਹਰਿ ਕੀ ਕਰਹੁ ਉਸਤਤਿ
ਜਿਨਿ ਗਰੀਬ ਅਨਾਥ ਰਾਖਿ ਲੀਓਇ ॥

سبھ ہرِ کی کرہُ اُستتِ
جِنِ غریب اناتھ راکھِ لِیئوءِ ॥

ਜੈਕਾਰੁ ਕੀਓ ਧਰਮੀਆ ਕਾ
ਪਾਪੀ ਕਉ ਡੰਡੁ ਦੀਓਇ ॥੧੬॥

جیَکارُ کِیئو دھرمِیا کا
پاپی کءُ ڈنّڈُ دِیئوءِ ॥ 16 ॥

ਸਲੋਕ ਮਃ ੩ ॥

سلوک م: 3 ॥

ਮਨਮੁਖ ਮੈਲੀ ਕਾਮਣੀ
ਕੁਲਖਣੀ ਕੁਨਾਰਿ ॥

منمُکھ میَلی کامنّی
کُلکھنّی کُنارِ ॥

ਪਿਰੁ ਛੋਡਿਆ ਘਰਿ ਆਪਣਾ
ਪਰ ਪੁਰਖੈ ਨਾਲਿ ਪਿਆਰੁ ॥

پِرُ چھوڈِیا گھرِ آپنّا
پر پُرکھےَ نالِ پِیارُ ॥

ਤ੍ਰਿਸਨਾ ਕਦੇ ਨ ਚੁਕਈ
ਜਲਦੀ ਕਰੇ ਪੂਕਾਰ ॥

تّرِسنا کدے ن چُکئی
جلدی کرے پُوکار ॥

ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ
ਪਰਹਰਿ ਛੋਡੀ ਭਤਾਰਿ ॥੧॥

نانک بِنُ ناوےَ کُروُپِ کُسوہنّی
پرہرِ چھوڈی بھتارِ ॥1॥

ਮਃ ੩ ॥

م: 3 ॥

ਸਬਦਿ ਰਤੀ ਸੋਹਾਗਣੀ
ਸਤਿਗੁਰ ਕੈ ਭਾਇ ਪਿਆਰਿ ॥

سبدِ رتی سوہاگنی
ستِگُر کے بھاءِ پِیارِ ॥

ਸਦਾ ਰਾਵੇ ਪਿਰੁ ਆਪਣਾ
ਸਚੈ ਪ੍ਰੇਮਿ ਪਿਆਰਿ ॥

سدا راوے پِرُ آپنا
سچے پریم پِیارِ ॥

ਅਤਿ ਸੁਆਲਿਉ ਸੁੰਦਰੀ
ਸੋਭਾਵੰਤੀ ਨਾਰਿ ॥

اتِ سُیالِءُ سُندری
سوبھاونتی نارِ ॥

ਨਾਨਕ ਨਾਮਿ ਸੋਹਾਗਣੀ
ਮੇਲੀ ਮੇਲਣਹਾਰਿ ॥੨॥

نانک نامِ سوہاگنی
میلی میلنہارِ ॥2॥

ਪਉੜੀ ॥

پئڑی ॥

ਹਰਿ ਤੇਰੀ ਸਭ ਕਰਹਿ ਉਸਤਤਿ
ਜਿਨਿ ਫਾਥੇ ਕਾਢਿਆ ॥

ہرِ تیری سبھ کرہِ اُستتِ
جِنِ پھاتھے کاڈھیا ॥

ਹਰਿ ਤੁਧਨੋ ਕਰਹਿ ਸਭ ਨਮਸਕਾਰੁ
ਜਿਨਿ ਪਾਪੈ ਤੇ ਰਾਖਿਆ ॥

ہرِ تُدھنو کرہِ سبھ نمسکارُ
جِنِ پاپے تے راکھیا ॥

ਹਰਿ ਨਿਮਾਣਿਆ ਤੂੰ ਮਾਣੁ
ਹਰਿ ਡਾਢੀ ਹੂੰ ਤੂੰ ਡਾਢਿਆ ॥

ہرِ نِماٹیا توُنّ ماٹُ
ہرِ ڈاڈھی ہوُنّ توُنّ ڈاڈھیا ॥

ਹਰਿ ਅਹੰਕਾਰੀਆ ਮਾਰਿ ਨਿਵਾਏ
ਮਨਮੁਖ ਮੂੜ ਸਾਧਿਆ ॥

ہرِ اہنکاریا مارِ نِوائے
منمکھ موُڑ سادھیا ॥

ਹਰਿ ਭਗਤਾ ਦੇਇ ਵਡਿਆਈ
ਗਰੀਬ ਅਨਾਥਿਆ ॥੧੭॥

ہرِ بھگتا دےءِ وڈیائی
غریب اناتھیا ॥ 17 ॥

ਸਲੋਕ ਮਃ ੩ ॥

سلوک م: 3 ॥

ਸਤਿਗੁਰ ਕੈ ਭਾਣੈ ਜੋ ਚਲੈ
ਤਿਸੁ ਵਡਿਆਈ ਵਡੀ ਹੋਇ ॥

ستِگُر کے بھاٹے جو چلے
تِس وڈیائی وڈی ہوءِ ॥

ਹਰਿ ਕਾ ਨਾਮੁ ਉਤਮੁ ਮਨਿ ਵਸੈ
ਮੇਟਿ ਨ ਸਕੈ ਕੋਇ ॥

ہرِ کا نامُ اُتمُ منِ وسے
میٹِ ن سکے کوءِ ॥

ਕਿਰਪਾ ਕਰੇ ਜਿਸੁ ਆਪਣੀ ਤਿਸੁ ਕਰਮਿ ਪਰਾਪਤਿ ਹੋਇ ॥	کِرپا کرے جِسُ آپنڑی تِسُ کرمِ پراپتِ ہوءِ ॥
ਨਾਨਕ ਕਾਰਣੁ ਕਰਤੇ ਵਸਿ ਹੈ ਗੁਰਮੁਖਿ ਬੂਝੈ ਕੋਇ ॥੧॥	نانک کارنُ کرتے وِس ہے گُرمُکھِ بوُجھے کوءِ ॥1॥
ਮਃ ੩ ॥	م: 3 ॥
ਨਾਨਕ ਹਰਿ ਨਾਮੁ ਜਿਨੀ ਆਰਾਧਿਆ ਅਨਦਿਨੁ ਹਰਿ ਲਿਵ ਤਾਰ ॥	نانک ہرِ نامُ جِنی آرادھِیا اندِنُ ہرِ لِو تار ॥
ਮਾਇਆ ਬੰਦੀ ਖਸਮ ਕੀ ਤਿਨ ਅਗੈ ਕਮਾਵੈ ਕਾਰ ॥	مائِیا بندی خصم کی تِن اگے کماوے کار ॥
ਪੂਰੈ ਪੂਰਾ ਕਰਿ ਛੋਡਿਆ ਹੁਕਮਿ ਸਵਾਰਣਹਾਰ ॥	پوُرے پوُرا کرِ چھوڑِیا حُکمِ سوارنہار ॥
ਗੁਰ ਪਰਸਾਦੀ ਜਿਨੀ ਬੁਝਿਆ ਤਿਨਿ ਪਾਇਆ ਮੋਖ ਦੁਆਰੁ ॥	گُر پرسادی جِنی بُجھِیا تِنِ پائِیا موکھ دُیارُ ॥
ਮਨਮੁਖ ਹੁਕਮੁ ਨ ਜਾਣਨੀ ਤਿਨ ਮਾਰੇ ਜਮ ਜੰਦਾਰੁ ॥	منمُکھ حُکمُ ن جانڑنی تِن مارے جم جندارُ ॥
ਗੁਰਮੁਖਿ ਜਿਨੀ ਅਰਾਧਿਆ ਤਿਨੀ ਤਰਿਆ ਭਉਜਲੁ ਸੰਸਾਰੁ ॥	گُرمُکھِ جِنی ارادھِیا تِنی تریا بھجُلُ سنسارُ ॥
ਸਭਿ ਅਉਗਣ ਗੁਣੀ ਮਿਟਾਇਆ ਗੁਰੁ ਆਪੇ ਬਖਸਣਹਾਰੁ ॥੨॥	سبھِ اگُنڑ گُنی مِٹائِیا گُرُ آپے بخشنہارُ ॥2॥
ਪਉੜੀ ॥	پئڑی ॥
ਹਰਿ ਕੀ ਭਗਤਾ ਪਰਤੀਤਿ ਹਰਿ ਸਭ ਕਿਛੁ ਜਾਣਦਾ ॥	ہرِ کی بھگتا پرتِیتِ ہرِ سبھ کِچھُ جانڈا ॥
ਹਰਿ ਜੇਵਡੁ ਨਾਹੀ ਕੋਈ ਜਾਣੁ ਹਰਿ ਧਰਮੁ ਬੀਚਾਰਦਾ ॥	ہرِ جیوڈُ ناہی کوئی جانُ ہرِ دھرمُ بیچاردا ॥
ਕਾੜਾ ਅੰਦੇਸਾ ਕਿਉ ਕੀਜੈ	کاڑا اندیسا کِءُ کیجے

ਜਾ ਨਾਹੀ ਅਧਰਮਿ ਮਾਰਦਾ ॥

جا ناہی ادھرمِ ماردا ॥

ਸਚਾ ਸਾਹਿਬੁ ਸਚੁ ਨਿਆਉ
ਪਾਪੀ ਨਰੁ ਹਾਰਦਾ ॥

سچا صاحِبُ سچُ نِیاءُ
پاپی نرُ ہاردا ॥

ਸਾਲਾਹਿਹੁ ਭਗਤਹੁ ਕਰ ਜੋੜਿ
ਹਰਿ ਭਗਤ ਜਨ ਤਾਰਦਾ ॥੧੮॥

سالاہِہُ بھگتہُ کر جوڑِ
ہرِ بھگت جن تاردا ॥ 18 ॥

ਸਲੋਕ ਮਃ ੩ ॥

سلوک م: 3 ॥

ਆਪਣੇ ਪ੍ਰੀਤਮ ਮਿਲਿ ਰਹਾ
ਅੰਤਰਿ ਰਖਾ ਉਰਿ ਧਾਰਿ ॥

آپنے پرِیتم مِلِ رہا
انترِ رکھا اُرِ دھارِ ॥

ਸਾਲਾਹੀ ਸੋ ਪ੍ਰਭ ਸਦਾ ਸਦਾ
ਗੁਰ ਕੈ ਹੇਤਿ ਪਿਆਰਿ ॥

سالاہی سو پربھ سدا سدا
گُر کے ہیتِ پِیارِ ॥

ਨਾਨਕ ਜਿਸੁ ਨਦਰਿ ਕਰੇ ਤਿਸੁ ਮੇਲਿ ਲਏ
ਸਾਈ ਸੁਹਾਗਣਿ ਨਾਰਿ ॥੧॥

نانک جِسُ ندرِ کرے تِسُ میلِ لے
سائی سُہاگنِ نارِ ॥ 1 ॥

ਮਃ ੩ ॥

م: 3 ॥

ਗੁਰ ਸੇਵਾ ਤੇ ਹਰਿ ਪਾਈਐ
ਜਾ ਕਉ ਨਦਰਿ ਕਰੇਇ ॥

گُر سیوا تے ہرِ پائیئے
جا کءُ ندرِ کرےءِ ॥

ਮਾਣਸ ਤੇ ਦੇਵਤੇ ਭਏ
ਧਿਆਇਆ ਨਾਮੁ ਹਰੇ ॥

مانُس تے دیوتے بھئے
دھیائیا نامُ ہرے ॥

ਹਉਮੈ ਮਾਰਿ ਮਿਲਾਇਅਨੁ
ਗੁਰ ਕੈ ਸਬਦਿ ਤਰੇ ॥

ہئمےَ مارِ مِلائینُ
گُر کے سبدِ ترے ॥

ਨਾਨਕ ਸਹਜਿ ਸਮਾਇਅਨੁ
ਹਰਿ ਆਪਣੀ ਕ੍ਰਿਪਾ ਕਰੇ ॥੨॥

نانک سہجِ سمائینُ
ہرِ آپنی کرِپا کرے ॥ 2 ॥

ਪਉੜੀ ॥

پئڑی ॥

ਹਰਿ ਆਪਣੀ ਭਗਤਿ ਕਰਾਇ
ਵਡਿਆਈ ਵੇਖਾਲੀਅਨੁ ॥

ہرِ آپنی بھگتِ کراءِ
وڈیائی ویکھالیئنُ ॥

ਆਪਣੀ ਆਪਿ ਕਰੇ ਪਰਤੀਤਿ

آپنی آپِ کرے پرتیتِ

ਆਪੇ ਸੇਵ ਘਾਲੀਅਨੁ ॥

آپے سیو گھالِیئنُ ॥

ਹਰਿ ਭਗਤਾ ਨੋ ਦੇਇ ਅਨੰਦੁ
ਥਿਰੁ ਘਰੀ ਬਹਾਲਿਅਨੁ ॥

ہرِ بھگتا نو دےءِ انندُ
تھِرُ گھری بہالِیئنُ ॥

ਪਾਪੀਆ ਨੋ ਨ ਦੇਈ ਥਿਰੁ ਰਹਣਿ
ਚੁਣਿ ਨਰਕ ਘੋਰਿ ਚਾਲਿਅਨੁ ॥

پاپِیا نو ن دیئی تھِرُ رہنِ
چُنِ نرک گھورِ چالِیئنُ ॥

ਹਰਿ ਭਗਤਾ ਨੋ ਦੇਇ ਪਿਆਰੁ
ਕਰਿ ਅੰਗੁ ਨਿਸਤਾਰਿਅਨੁ ॥੧੯॥

ہرِ بھگتا نو دےءِ پِیارُ
کرِ انگُ نِستارِیئنُ ॥ 19 ॥

ਸਲੋਕ ਮਃ ੧ ॥

سلوک م: 1 ॥

ਕੁਬੁਧਿ ਡੂਮਣੀ ਕੁਦਇਆ ਕਸਾਇਣਿ
ਪਰ ਨਿੰਦਾ ਘਟ ਚੂਹੜੀ
ਮੁਠੀ ਕ੍ਰੋਧਿ ਚੰਡਾਲਿ ॥

کُبُدھِ ڈُومنی کُدئیا قصائِنِ
پر نِندا گھٹ چوُہڑی
مُٹھی کرودھِ چنڈالِ ॥

ਕਾਰੀ ਕਢੀ ਕਿਆ ਥੀਐ
ਜਾਂ ਚਾਰੇ ਬੈਠੀਆ ਨਾਲਿ ॥

کاری کڈھی کِیا تھیَے
جاں چارے بیٹھِیا نالِ ॥

ਸਚੁ ਸੰਜਮੁ ਕਰਣੀ ਕਾਰਾਂ
ਨਾਵਣੁ ਨਾਉ ਜਪੇਹੀ ॥

سچُ سنجمُ کرنی کاراں
ناونُ ناءُ جپیہی ॥

ਨਾਨਕ ਅਗੈ ਊਤਮ ਸੇਈ
ਜਿ ਪਾਪਾਂ ਪੰਦਿ ਨ ਦੇਹੀ ॥੧॥

نانک اگے اوُتم سیئی
جِ پاپاں پنّدِ ن دیہی ॥1॥

ਮਃ ੧ ॥

م: 1 ॥

ਕਿਆ ਹੰਸੁ ਕਿਆ ਬਗੁਲਾ
ਜਾ ਕਉ ਨਦਰਿ ਕਰੇਇ ॥

کِیا ہنّس کِیا بگُلا
جا کءُ ندرِ کرےءِ ॥

ਜੋ ਤਿਸੁ ਭਾਵੈ ਨਾਨਕਾ
ਕਾਗਹੁ ਹੰਸੁ ਕਰੇਇ ॥੨॥

جو تِسُ بھاوےَ نانکا
کاگہُ ہنّس کرےءِ ॥2॥

ਪਉੜੀ ॥

پئُڑی ॥

ਕੀਤਾ ਲੋੜੀਐ ਕੰਮੁ
ਸੁ ਹਰਿ ਪਹਿ ਆਖੀਐ ॥

کِیتا لوڑِیےَ کنّمُ
سُ ہرِ پہِ آکھِیےَ ॥

ਕਾਰਜੁ ਦੇਇ ਸਵਾਰਿ
ਸਤਿਗੁਰ ਸਚੁ ਸਾਖੀਐ ॥

کارجُ دےءِ سوارِ
ستِگُر سچُ ساکھیِےَ ॥

ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ ॥

سنّتا سنگِ نِدھانُ انّمرِتُ چاکھیِےَ ॥

ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ ॥

بھےَ بھنّجن مِہروان داس کی راکھیِےَ ॥

ਨਾਨਕ ਹਰਿ ਗੁਣ ਗਾਇ
ਅਲਖੁ ਪ੍ਰਭੁ ਲਾਖੀਐ ॥੨੦॥

نانک ہرِ گُنؤ گاءِ
الکھُ پربھُ لاکھیِےَ ॥ 20 ॥

ਸਲੋਕ ਮਃ ੩ ॥

سلوک م: 3 ॥

ਜੀਉ ਪਿੰਡੁ ਸਭੁ ਤਿਸ ਕਾ
ਸਭਸੈ ਦੇਇ ਅਧਾਰੁ ॥

جیِءُ پِنڈُ سبھُ تِس کا
سبھسے دےءِ ادھارُ ॥

ਨਾਨਕ ਗੁਰਮੁਖਿ ਸੇਵੀਐ
ਸਦਾ ਸਦਾ ਦਾਤਾਰੁ ॥

نانک گُرمُکھِ سیویِےَ
سدا سدا داتارُ ॥

ਹਉ ਬਲਿਹਾਰੀ ਤਿਨ ਕਉ
ਜਿਨਿ ਧਿਆਇਆ ਹਰਿ ਨਿਰੰਕਾਰੁ ॥

ہءُ بلِہاری تِن کءُ
جِنِ دھیائیا ہرِ نِرنّکارُ ॥

ਓਨਾ ਕੇ ਮੁਖ ਸਦ ਉਜਲੇ
ਓਨਾ ਨੋ ਸਭੁ ਜਗਤੁ ਕਰੇ ਨਮਸਕਾਰੁ ॥੧॥

اونا کے مُکھ سد اُجلے
اونا نو سبھُ جگتُ کرے نمسکارُ ॥ 1 ॥

ਮਃ ੩ ॥

م: 3 ॥

ਸਤਿਗੁਰ ਮਿਲਿਐ ਉਲਟੀ ਭਈ
ਨਵ ਨਿਧਿ ਖਰਚਿਉ ਖਾਉ ॥

ستِگُر مِلِےَ اُلٹی بھئی
نو نِدھِ خرچِءُ کھاءُ ॥

ਅਠਾਰਹ ਸਿਧੀ ਪਿਛੈ ਲਗੀਆ ਫਿਰਨਿ
ਨਿਜ ਘਰਿ ਵਸੈ ਨਿਜ ਥਾਇ ॥

اٹھارہ سِدھی پچھےَ لگیا پھرنِ
نِج گھرِ وسےَ نِج تھاءِ ॥

ਅਨਹਦ ਧੁਨੀ ਸਦ ਵਜਦੇ
ਉਨਮਨਿ ਹਰਿ ਲਿਵ ਲਾਇ ॥

انہد دھُنی سد وجدے
اُنمنِ ہرِ لِو لاءِ ॥

ਨਾਨਕ ਹਰਿ ਭਗਤਿ ਤਿਨਾ ਕੈ ਮਨਿ ਵਸੈ
ਜਿਨ ਮਸਤਕਿ ਲਿਖਿਆ ਧੁਰਿ ਪਾਇ ॥੨॥

نانک ہرِ بھگتِ تِنا کےَ منِ وسےَ
جِن مستکِ لِکھیا دھُرِ پاءِ ॥ 2 ॥

ਪਉੜੀ ॥

پؤڑی ॥

ਹਉ ਢਾਢੀ ਹਰਿ ਪ੍ਰਭ ਖਸਮ ਕਾ
ਹਰਿ ਕੈ ਦਰਿ ਆਇਆ ॥

ہءُ ڈھاڈھی ہرِ پربھ خصم کا
ہرِ کے درِ آئیا ॥

ਹਰਿ ਅੰਦਰਿ ਸੁਣੀ ਪੂਕਾਰ
ਢਾਢੀ ਮੁਖਿ ਲਾਇਆ ॥

ہرِ اندرِ سُنی پوُکار
ڈھاڈھی مُکھِ لائیا ॥

ਹਰਿ ਪੁਛਿਆ ਢਾਢੀ ਸਦਿ ਕੈ
ਕਿਤੁ ਅਰਥਿ ਤੂੰ ਆਇਆ ॥

ہرِ پُچھیا ڈھاڈھی سدِ کے
کِتُ ارتھِ توُنَ آئیا ۔ ॥

ਨਿਤ ਦੇਵਹੁ ਦਾਨੁ ਦਇਆਲ ਪ੍ਰਭ
ਹਰਿ ਨਾਮੁ ਧਿਆਇਆ ॥

نِت دیوہُ دانُ دئیال پربھ
ہرِ نامُ دھیائیا ॥

ਹਰਿ ਦਾਤੈ ਹਰਿ ਨਾਮੁ ਜਪਾਇਆ
ਨਾਨਕੁ ਪੈਨਾਇਆ ॥੨੧॥੧॥ ਸੁਧੁ

ہرِ داتے ہرِ نامُ جپائیا
نانکُ پینائیا ॥ 21 ॥ 1 ॥ سُدھُ

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਸਿਰੀਰਾਗੁ ਕਬੀਰ ਜੀਉ ਕਾ ॥ ਏਕੁ ਸੁਆਨੁ ਕੈ ਘਰਿ ਗਾਵਣਾ

سِریراگُ کبیر جیِءُ کا ॥ ایکُ سُیانُ کے گھرِ گاوٹا

ਜਨਨੀ ਜਾਨਤ ਸੁਤੁ ਬਡਾ ਹੋਤੁ ਹੈ
ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥

جننی جانت سُتُ بڈا ہوتُ ہے
اِتنا کُ ن جانے جِ دِن دِن اودھ گھٹتُ ہے ॥

ਮੋਰ ਮੋਰ ਕਰਿ ਅਧਿਕ ਲਾਡੁ ਧਰਿ
ਪੇਖਤ ਹੀ ਜਮਰਾਉ ਹਸੈ ॥੧॥

مور مور کرِ ادھِک لاڈُ دھرِ
پیکھت ہی جمراءُ ہسے ॥ 1 ॥

ਐਸਾ ਤੈਂ ਜਗੁ ਭਰਮਿ ਲਾਇਆ ॥

ایَسا تیَں جگُ بھرمِ لائیا ॥

ਕੈਸੇ ਬੂਝੈ
ਜਬ ਮੋਹਿਆ ਹੈ ਮਾਇਆ ॥੧॥ ਰਹਾਉ ॥

کیَسے بوُجھے
جب موہیا ہے مائیا ॥ 1 ॥ رہاءُ ॥

ਕਹਤ ਕਬੀਰ ਛੋਡਿ ਬਿਖਿਆ ਰਸ
ਇਤੁ ਸੰਗਤਿ ਨਿਹਚਉ ਮਰਣਾ ॥

کہت کبیر چھوڈِ بکھیا رس
اِتُ سنگتِ نِہچءُ مرٹا ॥

ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ
ਇਨ ਬਿਧਿ ਭਵ ਸਾਗਰੁ ਤਰਣਾ ॥੨॥

رمئیا جپہُ پرانٹی انت جیوٹ بانٹی
اِن بِدھِ بھو ساگرُ ترٹا ॥ 2 ॥

ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥

جاں تِس بھاوے تا لاگے بھاءُ ॥

ਭਰਮੁ ਭੁਲਾਵਾ ਵਿਚਹੁ ਜਾਇ ॥
بھرمُ بھُلاوا وِچہُ جاءِ ॥

ਉਪਜੈ ਸਹਜੁ ਗਿਆਨ ਮਤਿ ਜਾਗੈ ॥
اُپجے سہجُ گیان متِ جاگے ॥

ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
گُر پرسادِ انترِ لِو لاگے ॥3॥

ਇਤੁ ਸੰਗਤਿ ਨਾਹੀ ਮਰਣਾ ॥
اِتُ سنگتِ ناہی مرنّا ॥

ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥
حُکمُ پچھانِ تا خصمے مِلنّا ॥1॥ رہاءُ دوُجا ॥

ਸਿਰੀਰਾਗੁ ਤ੍ਰਿਲੋਚਨ ਕਾ ॥
سِریراگُ ترِلوچن کا ॥

ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ
ਜਰਾ ਮਰਣੁ ਭਉ ਵਿਸਰਿ ਗਇਆ ॥
مایَیا موہُ منِ آگلڑا پرانّی
جرا مرنُ بھءُ وِسرِ گیَیا ॥

ਕੁਟੰਬੁ ਦੇਖਿ ਬਿਗਸਹਿ ਕਮਲਾ ਜਿਉ
ਪਰ ਘਰਿ ਜੋਹਹਿ ਕਪਟ ਨਰਾ ॥੧॥
کُٹنّبُ دیکھِ بِگسہِ کملا جِءُ
پر گھرِ جوہہِ کپٹ نرا ۔ ॥1॥

ਦੂੜਾ ਆਇਓਹਿ ਜਮਹਿ ਤਣਾ ॥
دوُڑا آئیوہِ جمہِ تنّا ॥

ਤਿਨ ਆਗਲੜੈ ਮੈ ਰਹਣੁ ਨ ਜਾਇ ॥
تِن آگلڑے مے رہنُ ن جاءِ ॥

ਕੋਈ ਕੋਈ ਸਾਜਣੁ ਆਇ ਕਹੈ ॥
کوئی کوئی ساجنُ آءِ کہے ॥

ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ ॥
مِلُ میرے بیٹھُلا لے باہڑی ولاءِ ॥

ਮਿਲੁ ਮੇਰੇ ਰਮਈਆ
ਮੈ ਲੇਹਿ ਛਡਾਇ ॥੧॥ ਰਹਾਉ ॥
مِلُ میرے رمئیِیا
مے لیہِ چھڈاءِ ॥1॥ رہاءُ ॥

ਅਨਿਕ ਅਨਿਕ ਭੋਗ ਰਾਜ ਬਿਸਰੇ ਪ੍ਰਾਣੀ
ਸੰਸਾਰ ਸਾਗਰ ਪੈ ਅਮਰੁ ਭਇਆ ॥
انِک انِک بھوگ راج بِسرے پرانّی
سنّسار ساگر پے امرُ بھئیا ॥

ਮਾਇਆ ਮੂਠਾ ਚੇਤਸਿ ਨਾਹੀ
ਜਨਮੁ ਗਵਾਇਓ ਆਲਸੀਆ ॥੨॥
مایَیا موُٹھا چیتسِ ناہی
جنمُ گوائیو آلسیِیا ۔ ॥2॥

ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ
ਰਵਿ ਸਸਿ ਤਹ ਨ ਪ੍ਰਵੇਸੰ ॥
بِکھم گھور پنّتھِ چالنّا پرانّی
روِ سسِ تہ ن پرویسنّ ॥

ਮਾਇਆ ਮੋਹੁ ਤਬ ਬਿਸਰਿ ਗਇਆ
ਜਾਂ ਤਜੀਅਲੇ ਸੰਸਾਰੰ ॥੩॥
مایَیا موہُ تب بِسرِ گیَیا
جاں تجیئلے سنّسارنّ ॥3॥

ਆਜੁ ਮੇਰै ਮਨਿ ਪ੍ਰਗਟੁ ਭਇਆ ਹੈ
ਪੇਖੀਅਲੇ ਧਰਮਰਾਓ ॥

آجُ میرے منِ پرّگٹُ بھئیا ہے
پیکھیئلے دھرمرائو ॥

ਤਹ ਕਰ ਦਲ ਕਰਨਿ ਮਹਾਬਲੀ
ਤਿਨ ਆਗਲੜੈ ਮੈ ਰਹਣੁ ਨ ਜਾਇ ॥੪॥

تہ کر دل کرنِ مہابلی
تِن آگلڑے مے رہنُ ن جاءِ ॥4॥

ਜੇ ਕੋ ਮੂੰ ਉਪਦੇਸੁ ਕਰਤੁ ਹੈ
ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ ॥

جے کو موُنّ اُپدیسُ کرتُ ہے
تا وِنُ ترِنُ رتڑا نارائنا ॥

ਐ ਜੀ ਤੂੰ ਆਪੇ ਸਭ ਕਿਛੁ ਜਾਣਦਾ
ਬਦਤਿ ਤ੍ਰਿਲੋਚਨੁ ਰਾਮਈਆ ॥੫॥੨॥

اے جی توُنّ آپے سبھ کچھُ جاڈا
بدتِ ترِلوچنُ رامئیا ॥5॥2॥

ਸ੍ਰੀਰਾਗੁ ਭਗਤ ਕਬੀਰ ਜੀਉ ਕਾ ॥

سّریراگُ بھگت کبیر جیِءُ کا ॥

ਅਚਰਜ ਏਕੁ ਸੁਨਹੁ ਰੇ ਪੰਡੀਆ
ਅਬ ਕਿਛੁ ਕਹਨੁ ਨ ਜਾਈ ॥

اچرج ایکُ سُننُہ رے پنڈیا
اب کچھُ کہنُ ن جائی ॥

ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ
ਤ੍ਰਿਭਵਣ ਮੇਖੁਲੀ ਲਾਈ ॥੧॥

سُرِ نر گنُ گندھّرب جِنِ موہے
ترِبھونُ میکھُلی لائی ॥1॥

ਰਾਜਾ ਰਾਮ ਅਨਹਦ ਕਿੰਗੁਰੀ ਬਾਜੈ ॥

راجا رام انہد کِنگُری باجےَ ॥

ਜਾ ਕੀ ਦਿਸਟਿ ਨਾਦ ਲਿਵ ਲਾਗੈ ॥੧॥ ਰਹਾਉ ॥

جا کی دِسٹِ ناد لِو لاگے ॥1॥ رہاءُ ॥

ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ
ਕਨਕ ਕਲਸ ਇਕੁ ਪਾਇਆ ॥

بھاٹھی گگنُ سِنگّیا ارُ چُنگّیا
کنک کلس اِکُ پائیا ॥

ਤਿਸੁ ਮਹਿ ਧਾਰ ਚੁਐ ਅਤਿ ਨਿਰਮਲ
ਰਸ ਮਹਿ ਰਸਨ ਚੁਆਇਆ ॥੨॥

تِسُ مہِ دھار چُےَ اتِ نِرمل
رس مہِ رسن چُیائیا ॥2॥

ਏਕ ਜੁ ਬਾਤ ਅਨੂਪ ਬਨੀ ਹੈ
ਪਵਨ ਪਿਆਲਾ ਸਾਜਿਆ ॥

ایک جُ بات انوُپ بنی ہے
پون پیالا ساجیا ॥

ਤੀਨਿ ਭਵਨ ਮਹਿ ਏਕੋ ਜੋਗੀ
ਕਹਹੁ ਕਵਨੁ ਹੈ ਰਾਜਾ ॥੩॥

تینِ بھون مہِ ایکو جوگی
کہہُ کونُ ہے راجا ۔ ॥3॥

ਐਸੇ ਗਿਆਨ ਪ੍ਰਗਟਿਆ ਪੁਰਖੋਤਮ
ਕਹੁ ਕਬੀਰ ਰੰਗਿ ਰਾਤਾ ॥

ایسے گیان پرّگٹیا پُرکھوتم
کہُ کبیر رنگِ راتا ॥

ਅਉਰ ਦੁਨੀ ਸਭ ਭਰਮਿ ਭੁਲਾਨੀ
ਮਨੁ ਰਾਮ ਰਸਾਇਨ ਮਾਤਾ ॥੪॥੩॥

اُر دُنی سبھ بھرمِ بھُلانی
منُ رام رسائِن ماتا ॥4॥3॥

ਸ੍ਰੀਰਾਗ ਬਾਣੀ ਭਗਤ ਬੇਣੀ ਜੀਉ ਕੀ ॥

سّرِیراگ باٹی بھگت بینٹی جیِءُ کی ॥

ਪਹਰਿਆ ਕੈ ਘਰਿ ਗਾਵਣਾ ॥

پہریا کے گھرِ گاوٹا ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਰੇ ਨਰ ਗਰਭ ਕੁੰਡਲ ਜਬ ਆਛਤ
ਉਰਧ ਧਿਆਨ ਲਿਵ ਲਾਗਾ ॥

رے نر گربھ کُنڈل جب آچھت
اُردھ دھیان لِو لاگا ॥

ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ
ਏਕੁ ਅਗਿਆਨੁ ਸੁ ਨਾਗਾ ॥

مِرتک پِنڈِ پد مد نا اہِنِس
ایکُ اگیانُ سُ ناگا ॥

ਤੇ ਦਿਨ ਸੰਮਲੁ ਕਸਟ ਮਹਾ ਦੁਖ
ਅਬ ਚਿਤੁ ਅਧਿਕ ਪਸਾਰਿਆ ॥

تے دِن سنّملُ کسٹ مہا دُکھ
اب چِتُ ادھِک پسارِیا ॥

ਗਰਭ ਛੋਡਿ ਮ੍ਰਿਤ ਮੰਡਲ ਆਇਆ
ਤਉ ਨਰਹਰਿ ਮਨਹੁ ਬਿਸਾਰਿਆ ॥੧॥

گربھ چھوڈِ مّرِت منڈل آئیا
تءُ نرہرِ منہُ بِسارِیا ॥1॥

ਫਿਰਿ ਪਛੁਤਾਵਹਿਗਾ ਮੂੜਿਆ
ਤੂੰ ਕਵਨ ਕੁਮਤਿ ਭ੍ਰਮਿ ਲਾਗਾ ॥

پھِرِ پچھُتاوہِگا موُڑِیا
توُنّ کون کُمتِ بھّرمِ لاگا ۔ ॥

ਚੇਤਿ ਰਾਮੁ ਨਾਹੀ ਜਮ ਪੁਰਿ ਜਾਹਿਗਾ
ਜਨੁ ਬਿਚਰੈ ਅਨਰਾਧਾ ॥੧॥ ਰਹਾਉ ॥

چیتِ رامُ ناہی جم پُر جاہِگا
جنُ بِچرے انرادھا ॥1॥ رہاءُ ॥

ਬਾਲ ਬਿਨੋਦ ਚਿੰਦ ਰਸ ਲਾਗਾ
ਖਿਨੁ ਖਿਨੁ ਮੋਹਿ ਬਿਆਪੈ ॥

بال بِنود چِندّ رس لاگا
کھِنُ کھِنُ موہِ بِیاپے ॥

ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ
ਤਉ ਪੰਚ ਪ੍ਰਗਟ ਸੰਤਾਪੈ ॥

رسُ مِسُ میدھُ انّمرِتُ بِکھُ چاکھی
تءُ پنّچ پرّگٹ سنّتاپے ॥

ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ
ਰਾਮ ਨਾਮੁ ਨ ਅਰਾਧਿਆ ॥

جپُ تپُ سنّجمُ چھوڈِ سُکّرِت متِ
رام نامُ ن ارادھِیا ॥

ਉਛਲਿਆ ਕਾਮੁ ਕਾਲ ਮਤਿ ਲਾਗੀ
ਤਉ ਆਨਿ ਸਕਤਿ ਗਲਿ ਬਾਂਧਿਆ ॥੨॥

اُچھلِیا کامُ کال متِ لاگی
تءُ آنِ سکتِ گلِ باندھِیا ॥2॥

ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ
ਸਰੁ ਅਪਸਰੁ ਨ ਪਛਾਣਿਆ ॥

ترُنْ تیجُ پر تّرِء مُکھُ جوہہِ
سرُ اپسرُ ن پچھانْیا ॥

ਉਨਮਤ ਕਾਮਿ ਮਹਾ ਬਿਖੁ ਭੂਲੈ
ਪਾਪੁ ਪੁੰਨੁ ਨ ਪਛਾਨਿਆ ॥

اُنمت کامِ مہا بِکھُ بھوُلے
پاپُ پُنّنُ ن پچھانِیا ॥

ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ
ਰਾਮੁ ਰਿਦੈ ਤੇ ਖੋਇਆ ॥

سُت سنّپتِ دیکھِ اِہُ منُ گربِیا
رامُ رِدے تے کھوئِیا ॥

ਅਵਰ ਮਰਤ ਮਾਇਆ ਮਨੁ ਤੋਲੇ
ਤਉ ਭਗ ਮੁਖਿ ਜਨਮੁ ਵਿਗੋਇਆ ॥੩॥

اور مرت مائِیا منُ تولے
تءُ بھگ مُکھِ جنمُ وِگوئِیا ॥3॥

ਪੁੰਡਰ ਕੇਸ ਕੁਸਮ ਤੇ ਧਉਲੇ
ਸਪਤ ਪਾਤਾਲ ਕੀ ਬਾਣੀ ॥

پُنّڈر کیس کسم تے دھئُلے
سپت پاتال کی بانْی ॥

ਲੋਚਨ ਸ੍ਰਮਹਿ ਬੁਧਿ ਬਲ ਨਾਠੀ
ਤਾ ਕਾਮੁ ਪਵਸਿ ਮਾਧਾਣੀ ॥

لوچن سّرمہِ بُدھِ بل ناٹھی
تا کامُ پوسِ مادھانْی ॥

ਤਾ ਤੇ ਬਿਖੈ ਭਈ ਮਤਿ ਪਾਵਸਿ
ਕਾਇਆ ਕਮਲੁ ਕੁਮਲਾਣਾ ॥

تا تے بِکھے بھئی متِ پاوسِ
کائِیا کملُ کُملاٹا ॥

ਅਵਗਤਿ ਬਾਣਿ ਛੋਡਿ ਮ੍ਰਿਤ ਮੰਡਲਿ
ਤਉ ਪਾਛੈ ਪਛੁਤਾਣਾ ॥੪॥

اوگتِ بانْ چھوڈِ مّرِت منّڈلِ
تءُ پاچھے پچھُتاٹا ॥4॥

ਨਿਕੁਟੀ ਦੇਹ ਦੇਖਿ ਧੁਨਿ ਉਪਜੈ
ਮਾਨ ਕਰਤ ਨਹੀ ਬੂਝੈ ॥

نِکُٹی دیہ دیکھِ دھُنِ اُپجے
مان کرت نہی بُوجھے ॥

ਲਾਲਚੁ ਕਰੈ ਜੀਵਨ ਪਦ ਕਾਰਨ
ਲੋਚਨ ਕਛੂ ਨ ਸੂਝੈ ॥

لالچُ کرے جیون پد کارن
لوچن کچھوُ ن سوُجھے ॥

ਥਾਕਾ ਤੇਜੁ ਉਡਿਆ ਮਨੁ ਪੰਖੀ
ਘਰਿ ਆਂਗਿਨ ਨ ਸੁਖਾਈ ॥

تھاکا تیجُ اُڈِیا منُ پنکھی
گھرِ آنگِن ن سُکھائی ॥

ਬੇਣੀ ਕਹੈ ਸੁਨਹੁ ਰੇ ਭਗਤਹੁ
ਮਰਨ ਮੁਕਤਿ ਕਿਨਿ ਪਾਈ ॥੫॥

بیٹی کہے سُنہُ رے بھگتہُ
مرن مُکتِ کِنِ پائی ۔ ॥5॥

ਸਿਰੀਰਾਗੁ ॥

سِریراگُ ॥

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥	توہی موہی موہی توہی انتر کیسا ۔ ॥
ਕਨਕ ਕਟਿਕ ਜਲ ਤਰੰਗ ਜੈਸਾ ॥੧॥	کنک کٹِک جل ترنگ جیسا ॥1॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥	جءُ پے ہم ن پاپ کرنّتا اہے انتّا ۔ ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥੧॥ ਰਹਾਉ ॥	پتِت پاون نامُ کیسے ہُنّتا ۔ ॥1॥ رہاءُ ॥
ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ ॥	تُمہ جُ نائِک آچھہُ انترجامی ॥
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥੨॥	پربھ تے جنُ جانیجے جن تے سُیامی ॥2॥
ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ ॥	سریرُ آرادھے مو ک ءُ بیچارُ دیہوُ ॥
ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥	روِداس سم دل سمجھاوے کوئوُ ॥3॥
ਰਾਗੁ ਮਾਝ ਚਉਪਦੇ ਘਰੁ ੧ ਮਹਲਾ ੪	راگُ ماجھ چئُپدے گھرُ 1 محلا 4
੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	੧ੴ ستِنامُ کرتا پُرکھُ نِربھءُ نِرویرُ اکال مورتِ اجوُنی سیَبھنّ گُرپرّساد ॥
ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ ॥	ہرِ ہرِ نامُ مے ہرِ منِ بھائیا ॥
ਵਡਭਾਗੀ ਹਰਿ ਨਾਮੁ ਧਿਆਇਆ ॥	وڈبھاگی ہرِ نامُ دھیائیا ॥
ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ ॥੧॥	گُرِ پوُرے ہرِ نام سِدھِ پائی کو وِرلا گُرمتِ چلے جیِءُ ॥1॥
ਮੈ ਹਰਿ ਹਰਿ ਖਰਚੁ ਲਇਆ ਬੰਨਿ ਪਲੈ ॥	مے ہرِ ہرِ کھرچُ لئیا بنّنِ پلے ॥
ਮੇਰਾ ਪ੍ਰਾਣ ਸਖਾਈ ਸਦਾ ਨਾਲਿ ਚਲੈ ॥	میرا پّراٹ سکھائی سدا نالِ چلے ॥
ਗੁਰਿ ਪੂਰੈ ਹਰਿ ਨਾਮੁ ਦਿੜਾਇਆ ਹਰਿ ਨਿਹਚਲੁ ਹਰਿ ਧਨੁ ਪਲੈ ਜੀਉ ॥੨॥	گُرِ پوُرے ہرِ نامُ دِڑائیا ہرِ نہچلُ ہرِ دھنُ پلے جیِءُ ॥2॥

ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ ॥	ہرِ ہرِ سجنُ میرا پریتمُ رائیا ॥
ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ ॥	کوئی آنِ ملاوے میرے پراں جیوائیا ॥
ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ ॥੩॥	ہءُ رہِ ن سکا بِنُ دیکھے پریتما مے نیرُ وہے وہِ چلے جیءُ ॥3॥
ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ ॥	ستگُر متّرُ میرا بال سکھائی ॥
ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ ॥	ہءُ رہِ ن سکا بِنُ دیکھے میری مائی ۔ ॥
ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਜਨ ਨਾਨਕ ਹਰਿ ਧਨੁ ਪਲੈ ਜੀਉ ॥੪॥੧॥	ہرِ جیءُ کرِپا کرہُ گُرُ میلہُ جن نانک ہرِ دھنُ پلے جیءُ ॥4॥1॥
ਮਾਝ ਮਹਲਾ ੪ ॥	ماجھ محلا 4 ॥
ਮਧੁਸੂਦਨ ਮੇਰੇ ਮਨ ਤਨ ਪ੍ਰਾਨਾ ॥	مدھسُودن میرے من تن پرانا ॥
ਹਉ ਹਰਿ ਬਿਨੁ ਦੂਜਾ ਅਵਰੁ ਨ ਜਾਨਾ ॥	ہءُ ہرِ بِنُ دوُجا اورُ ن جانا ॥
ਕੋਈ ਸਜਣੁ ਸੰਤੁ ਮਿਲੈ ਵਡਭਾਗੀ ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ ॥੧॥	کوئی سجنُ سنّتُ ملے وڈبھاگی مے ہرِ پربھُ پیارا دسے جیءُ ॥1॥
ਹਉ ਮਨੁ ਤਨੁ ਖੋਜੀ ਭਾਲਿ ਭਾਲਾਈ ॥	ہءُ منُ تنُ کھوجی بھالِ بھالائی ॥
ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ ॥	کِءُ پیارا پریتمُ ملے میری مائی ۔ ॥
ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥੨॥	مِلِ ستسنگتِ کھوجُ دسائی وِچِ سنگتِ ہرِ پربھُ وسے جیءُ ॥2॥
ਮੇਰਾ ਪਿਆਰਾ ਪ੍ਰੀਤਮੁ ਸਤਿਗੁਰੁ ਰਖਵਾਲਾ ॥	میرا پیارا پریتمُ ستگُرُ رکھوالا ॥
ਹਮ ਬਾਰਿਕ ਦੀਨ ਕਰਹੁ ਪ੍ਰਤਿਪਾਲਾ ॥	ہم بارِک دین کرہُ پرتپالا ॥
ਮੇਰਾ ਮਾਤ ਪਿਤਾ ਗੁਰੁ ਸਤਿਗੁਰੁ ਪੂਰਾ ਗੁਰ ਜਲ ਮਿਲਿ ਕਮਲੁ ਵਿਗਸੈ ਜੀਉ ॥੩॥	میرا مات پتا گُرُ ستگُرُ پوُرا گُر جل مِلِ کملُ وِگسے جیءُ ॥3॥
ਮੈ ਬਿਨੁ ਗੁਰ ਦੇਖੇ ਨੀਦ ਨ ਆਵੈ ॥	مے بِنُ گُر دیکھے نِید ن آوے ॥
ਮੇਰੇ ਮਨ ਤਨਿ ਵੇਦਨ ਗੁਰ ਬਿਰਹੁ ਲਗਾਵੈ ॥	میرے من تنِ ویدن گُر برہُ لگاوے ॥

ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ
ਜਨ ਨਾਨਕ ਗੁਰ ਮਿਲਿ ਰਹਸੈ ਜੀਉ ॥੪॥੨॥

ہرِ ہرِ دئیا کرہُ گُرُ میلہُ
جن نانک گُر مِلِ رہسے جیءُ ॥4॥2॥

ਮਾਝ ਮਹਲਾ ੪ ॥

ماجھ محلا 4 ॥

ਹਰਿ ਗੁਣ ਪੜੀਐ ਹਰਿ ਗੁਣ ਗੁਣੀਐ ॥
ਹਰਿ ਹਰਿ ਨਾਮ ਕਥਾ ਨਿਤ ਸੁਣੀਐ ॥

ہرِ گُن پڑیئے ہرِ گُن گُنیئے ॥
ہرِ ہرِ نام کتھا نِت سُنیئے ॥

ਮਿਲਿ ਸਤਸੰਗਤਿ ਹਰਿ ਗੁਣ ਗਾਏ
ਜਗੁ ਭਉਜਲੁ ਦੁਤਰੁ ਤਰੀਐ ਜੀਉ ॥੧॥

مِلِ ستسنگتِ ہرِ گُن گائے
جگُ بھجُلُ دُتّرُ تریئے جیءُ ॥1॥

ਆਉ ਸਖੀ ਹਰਿ ਮੇਲੁ ਕਰੇਹਾ ॥
ਮੇਰੇ ਪ੍ਰੀਤਮ ਕਾ ਮੈ ਦੇਇ ਸਨੇਹਾ ॥

آءُ سکھی ہرِ میلُ کریہا ॥
میرے پریتم کا مے دےءِ سنیہا ॥

ਮੇਰਾ ਮਿਤ੍ਰੁ ਸਖਾ ਸੋ ਪ੍ਰੀਤਮੁ ਭਾਈ
ਮੈ ਦਸੇ ਹਰਿ ਨਰਹਰੀਐ ਜੀਉ ॥੨॥

میرا مِتّرُ سکھا سو پریتمُ بھائی
مے دسے ہرِ نرہریئے جیءُ ॥2॥

ਮੇਰੀ ਬੇਦਨ ਹਰਿ ਗੁਰੁ ਪੂਰਾ ਜਾਣੈ ॥
ਹਉ ਰਹਿ ਨ ਸਕਾ ਬਿਨੁ ਨਾਮ ਵਖਾਣੇ ॥

میری بیدن ہرِ گُرُ پُورا جانے ॥
ہءُ رہِ ن سکا بِنُ نام وکھانے ॥

ਮੈ ਅਉਖਧੁ ਮੰਤ੍ਰੁ ਦੀਜੈ ਗੁਰ ਪੂਰੇ
ਮੈ ਹਰਿ ਹਰਿ ਨਾਮਿ ਉਧਰੀਐ ਜੀਉ ॥੩॥

مے اَنکھدھُ منّترُ دیجے گُر پُورے
مے ہرِ ہرِ نامِ اُدھریئے جیءُ ॥3॥

ਹਮ ਚਾਤ੍ਰਿਕ ਦੀਨ ਸਤਿਗੁਰ ਸਰਣਾਈ ॥
ਹਰਿ ਹਰਿ ਨਾਮੁ ਬੂੰਦ ਮੁਖਿ ਪਾਈ ॥

ہم چاتّرِک دِین ستِگُر سرنائی ॥
ہرِ ہرِ نامُ بُوُند مُکھِ پائی ॥

ਹਰਿ ਜਲਨਿਧਿ ਹਮ ਜਲ ਕੇ ਮੀਨੇ
ਜਨ ਨਾਨਕ ਜਲ ਬਿਨੁ ਮਰੀਐ ਜੀਉ ॥੪॥੩॥

ہرِ جلنِدھِ ہم جل کے مِینے
جن نانک جل بِنُ مریئے جیءُ ॥4॥3॥

ਮਾਝ ਮਹਲਾ ੪ ॥

ماجھ محلا 4 ॥

ਹਰਿ ਜਨ ਸੰਤ ਮਿਲਹੁ ਮੇਰੇ ਭਾਈ ॥

ہرِ جن سنّت مِلہُ میرے بھائی ۔ ॥

ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ ॥

میرا ہرِ پربھُ دسہُ مے بھُکھ لگائی ॥

ਮੇਰੀ ਸਰਧਾ ਪੂਰਿ ਜਗਜੀਵਨ ਦਾਤੇ
ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ ॥੧॥

میری سردھا پُورِ جگجیون داتے
مِلِ ہرِ درسنِ منُ بھیجے جیءُ ॥1॥

ਮਿਲਿ ਸਤਸੰਗਿ ਬੋਲੀ ਹਰਿ ਬਾਣੀ ॥
ਹਰਿ ਹਰਿ ਕਥਾ ਮੇਰੈ ਮਨਿ ਭਾਣੀ ॥
ਹਰਿ ਹਰਿ ਅੰਮ੍ਰਿਤੁ ਹਰਿ ਮਨਿ ਭਾਵੈ
ਮਿਲਿ ਸਤਿਗੁਰ ਅੰਮ੍ਰਿਤੁ ਪੀਜੈ ਜੀਉ ॥੨॥
ਵਡਭਾਗੀ ਹਰਿ ਸੰਗਤਿ ਪਾਵਹਿ ॥
ਭਾਗਹੀਨ ਭ੍ਰਮਿ ਚੋਟਾ ਖਾਵਹਿ ॥
ਬਿਨੁ ਭਾਗਾ ਸਤਸੰਗੁ ਨ ਲਭੈ
ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥੩॥
ਮੈ ਆਇ ਮਿਲਹੁ ਜਗਜੀਵਨ ਪਿਆਰੇ ॥
ਹਰਿ ਹਰਿ ਨਾਮੁ ਦਇਆ ਮਨਿ ਧਾਰੇ ॥
ਗੁਰਮਤਿ ਨਾਮੁ ਮੀਠਾ ਮਨਿ ਭਾਇਆ
ਜਨ ਨਾਨਕ ਨਾਮਿ ਮਨੁ ਭੀਜੈ ਜੀਉ ॥੪॥੪॥

ਮਾਝ ਮਹਲਾ ੪ ॥

ਹਰਿ ਗੁਰ ਗਿਆਨੁ ਹਰਿ ਰਸੁ ਹਰਿ ਪਾਇਆ ॥
ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ ॥
ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ
ਮਨੁ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ ॥੧॥
ਆਵਹੁ ਸੰਤ ਮੈ ਗਲਿ ਮੇਲਾਈਐ ॥
ਮੇਰੇ ਪ੍ਰੀਤਮ ਕੀ ਮੈ ਕਥਾ ਸੁਣਾਈਐ ॥
ਹਰਿ ਕੇ ਸੰਤ ਮਿਲਹੁ ਮਨੁ ਦੇਵਾ
ਜੋ ਗੁਰਬਾਣੀ ਮੁਖਿ ਚਉਦਾ ਜੀਉ ॥੨॥
ਵਡਭਾਗੀ ਹਰਿ ਸੰਤੁ ਮਿਲਾਇਆ ॥
ਗੁਰਿ ਪੂਰੈ ਹਰਿ ਰਸੁ ਮੁਖਿ ਪਾਇਆ ॥
ਭਾਗਹੀਨ ਸਤਿਗੁਰੁ ਨਹੀ ਪਾਇਆ

ملِ ستسنگِ بولی ہرِ بانٹی ॥
ہرِ ہرِ کتھا میرے منِ بھانٹی ॥
ہرِ ہرِ انّمرِتُ ہرِ منِ بھاوے
ملِ ستِگُر انّمرِتُ پیجے جیءُ ॥2॥
وڈبھاگی ہرِ سنگتِ پاوہِ ॥
بھاگہین بھرّمِ چوٹا کھاوہِ ॥
بِنُ بھاگا ستسنگُ ن لبھے
بِنُ سنگتِ میَلُ بھریجے جیءُ ॥3॥
مے آءِ ملہُ جگجیون پیارے ۔ ॥
ہرِ ہرِ نامُ دئیا منِ دھارے ॥
گُرمتِ نامُ میٹھا منِ بھائیا
جن نانک نامِ منُ بھیجے جیءُ ॥4॥4॥

ماجھ محلا 4 ॥

ہرِ گُر گیانُ ہرِ رسُ ہرِ پائیا ॥
منُ ہرِ رنگِ راتا ہرِ رسُ پیائیا ॥
ہرِ ہرِ نامُ مُکھِ ہرِ ہرِ بولی
منُ ہرِ رسِ ٹُلِ ٹُلِ پئُدا جیءُ ॥1॥
آوہُ سنّت مے گلِ میلائیے ॥
میرے پرّیتم کی مے کتھا سُٹائیے ॥
ہرِ کے سنّت ملہُ منُ دیوا
جو گُربانٹی مُکھِ چئُدا جیءُ ॥2॥
وڈبھاگی ہرِ سنّتُ ملائیا ॥
گُرِ پُورے ہرِ رسُ مُکھِ پائیا ॥
بھاگہین ستِگُرُ نہی پائیا

ਮਨਮੁਖੁ ਗਰਭ ਜੂਨੀ ਨਿਤਿ ਪਉਦਾ ਜੀਉ ॥੩॥

ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥

ਮਲੁ ਹਉਮੈ ਬਿਖਿਆ ਸਭ ਨਿਵਾਰੀ ॥

ਨਾਨਕ ਹਟ ਪਟਣ ਵਿਚਿ ਕਾਂਇਆ
ਹਰਿ ਲੈਂਦੇ ਗੁਰਮੁਖਿ ਸਉਦਾ ਜੀਉ ॥੪॥੫॥

ਮਾਝ ਮਹਲਾ ੪ ॥

ਹਉ ਗੁਣ ਗੋਵਿੰਦ ਹਰਿ ਨਾਮੁ ਧਿਆਈ ॥

ਮਿਲਿ ਸੰਗਤਿ ਮਨਿ ਨਾਮੁ ਵਸਾਈ ॥

ਹਰਿ ਪ੍ਰਭ ਅਗਮ ਅਗੋਚਰ ਸੁਆਮੀ
ਮਿਲਿ ਸਤਿਗੁਰ ਹਰਿ ਰਸੁ ਕੀਚੈ ਜੀਉ ॥੧॥

ਧਨੁ ਧਨੁ ਹਰਿ ਜਨ
ਜਿਨਿ ਹਰਿ ਪ੍ਰਭੁ ਜਾਤਾ ॥

ਜਾਇ ਪੁਛਾ ਜਨ ਹਰਿ ਕੀ ਬਾਤਾ ॥

ਪਾਵ ਮਲੋਵਾ ਮਲਿ ਮਲਿ ਧੋਵਾ
ਮਿਲਿ ਹਰਿ ਜਨ ਹਰਿ ਰਸੁ ਪੀਚੈ ਜੀਉ ॥੨॥

ਸਤਿਗੁਰ ਦਾਤੈ ਨਾਮੁ ਦਿੜਾਇਆ ॥

ਵਡਭਾਗੀ ਗੁਰ ਦਰਸਨੁ ਪਾਇਆ ॥

ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ
ਗੁਰਿ ਪੂਰੈ ਅੰਮ੍ਰਿਤੁ ਲੀਚੈ ਜੀਉ ॥੩॥

ਹਰਿ ਸਤਸੰਗਤਿ ਸਤ ਪੁਰਖੁ ਮਿਲਾਈਐ ॥

ਮਿਲਿ ਸਤਸੰਗਤਿ ਹਰਿ ਨਾਮੁ ਧਿਆਈਐ ॥

ਨਾਨਕ ਹਰਿ ਕਥਾ ਸੁਣੀ ਮੁਖਿ ਬੋਲੀ
ਗੁਰਮਤਿ ਹਰਿ ਨਾਮਿ ਪਰੀਚੈ ਜੀਉ ॥੪॥੬॥

ਮਾਝ ਮਹਲਾ ੪ ॥

منمُکھُ گربھ جوُنی نِتِ پئدا جیِءُ ॥3॥

آپِ دیئالِ دیئیا پربھِ دھاری ॥

مَلُ ہئُمےَ بِکھیا سبھ نِواری ॥

نانک ہٹ پٹّن وِچِ کانئیا
ہرِ لینّدے گُرمُکھِ سئُدا جیِءُ ॥4॥5॥

ماجھ محلا 4 ॥

ہءُ گُنّ گووِنّد ہرِ نامُ دھِیائی ॥

مِلِ سنگتِ منِ نامُ وسائی ॥

ہرِ پربھ اگم اگوچر سُیامی
مِلِ ستِگُر ہرِ رسُ کیچےَ جیِءُ ॥1॥

دھنُ دھنُ ہرِ جن
جِنِ ہرِ پربھُ جاتا ॥

جاءِ پُچھا جن ہرِ کی باتا ॥

پاو ملووا مِلِ مِلِ دھووا
مِلِ ہرِ جن ہرِ رسُ پیچےَ جیِءُ ॥2॥

ستِگُر داتے نامُ دِڑائیا ॥

وڈبھاگی گُر درسنُ پائیا ॥

انّمرِت رسُ سچُ انّمرِتُ بولی
گُرِ پوُرے انّمرِتُ لیچےَ جیِءُ ॥3॥

ہرِ ستسنگتِ ست پُرکھُ مِلائیےَ ॥

مِلِ ستسنگتِ ہرِ نامُ دھِیائیےَ ॥

نانک ہرِ کتھا سُنی مُکھِ بولی
گُرمتِ ہرِ نامِ پرچےَ جیِءُ ॥4॥6॥

ماجھ محلا 4 ॥

ਆਵਹੁ ਭੈਣੇ ਤੁਸੀ ਮਿਲਹੁ ਪਿਆਰੀਆ ॥

آوہُ بھینئے تُسی مِلہُ پِیارِیا ॥

ਜੋ ਮੇਰਾ ਪ੍ਰੀਤਮੁ ਦਸੇ
ਤਿਸ ਕੈ ਹਉ ਵਾਰੀਆ ॥

جو میرا پرِیتمُ دسے
تِس کے ہءُ وارِیا ॥

ਮਿਲਿ ਸਤਸੰਗਤਿ ਲਧਾ ਹਰਿ ਸਜਣੁ
ਹਉ ਸਤਿਗੁਰ ਵਿਟਹੁ ਘੁਮਾਈਆ ਜੀਉ ॥੧॥

مِلِ ستسنگتِ لدھا ہرِ سجنُ
ہءُ ستِگُر وِٹہُ گھُمائِیا جیِءُ ॥1॥

ਜਹ ਜਹ ਦੇਖਾ ਤਹ ਤਹ ਸੁਆਮੀ ॥

جہ جہ دیکھا تہ تہ سُیامی ۔ ॥

ਤੂ ਘਟਿ ਘਟਿ ਰਵਿਆ ਅੰਤਰਜਾਮੀ ॥

توُ گھٹِ گھٹِ رویا انترجامی ۔ ॥

ਗੁਰਿ ਪੂਰੈ ਹਰਿ ਨਾਲਿ ਦਿਖਾਲਿਆ
ਹਉ ਸਤਿਗੁਰ ਵਿਟਹੁ ਸਦ ਵਾਰਿਆ ਜੀਉ ॥੨॥

گُرِ پوُرے ہرِ نالِ دِکھالِیا
ہءُ ستِگُر وِٹہُ سد وارِیا جیِءُ ॥2॥

ਏਕੋ ਪਵਣੁ ਮਾਟੀ ਸਭ ਏਕਾ
ਸਭ ਏਕਾ ਜੋਤਿ ਸਬਾਈਆ ॥

ایکو پونُ ماٹی سبھ ایکا
سبھ ایکا جوتِ سبائِیا ॥

ਸਭ ਇਕਾ ਜੋਤਿ ਵਰਤੈ ਭਿਨਿ ਭਿਨਿ
ਨ ਰਲਈ ਕਿਸੈ ਦੀ ਰਲਾਈਆ ॥

سبھ اِکا جوتِ ورتے بھِنِ بھِنِ
ن رلئی کِسے دی رلائِیا ॥

ਗੁਰ ਪਰਸਾਦੀ ਇਕੁ ਨਦਰੀ ਆਇਆ
ਹਉ ਸਤਿਗੁਰ ਵਿਟਹੁ ਵਤਾਇਆ ਜੀਉ ॥੩॥

گُر پرسادی اِکُ ندری آئِیا
ہءُ ستِگُر وِٹہُ وتائِیا جیِءُ ॥3॥

ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ ॥

جنُ نانکُ بولے انمّرِت بانیٰ ॥

ਗੁਰਸਿਖਾਂ ਕੈ ਮਨਿ ਪਿਆਰੀ ਭਾਣੀ ॥

گُرسِکھاں کے منِ پِیاری بھانیٰ ॥

ਉਪਦੇਸੁ ਕਰੇ ਗੁਰੁ ਸਤਿਗੁਰੁ ਪੂਰਾ
ਗੁਰੁ ਸਤਿਗੁਰੁ ਪਰਉਪਕਾਰੀਆ ਜੀਉ ॥੪॥੭॥

اُپدیسُ کرے گُرُ ستِگُرُ پوُرا
گُرُ ستِگُرُ پرُپکارِیا جیِءُ ॥4॥7॥

ਸਤ ਚਉਪਦੇ ਮਹਲੇ ਚਉਥੇ ਕੇ ॥

ست چپُدے محلے چتُھے کے ॥

ਮਾਝ ਮਹਲਾ ੫ ਚਉਪਦੇ ਘਰੁ ੧ ॥

ماجھ محلا 5 چپُدے گھرُ 1 ॥

ਮੇਰਾ ਮਨ ਲੋਚੈ ਗੁਰ ਦਰਸਨ ਤਾਈ ॥

میرا من لوچے گُر درسن تائی ॥

ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥

بِلپ کرے چاتّرِک کی نِیائی ॥

ਤ੍ਰਿਖਾ ਨ ਉਤਰੈ ਸਾਂਤਿ ਨ ਆਵੈ
ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥

تّرِکھا ن اُترے سانتِ ن آوے

ਹਉ ਘੋਲੀ ਜੀਉ ਘੋਲਿ ਘੁਮਾਈ
ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ ॥

ہءُ گھولی جیِءُ گھولِ گھُمائی
گُر درسن سنّت پِیارے جیِءُ ॥1॥ رہاءُ ॥

ਤੇਰਾ ਮੁਖੁ ਸੁਹਾਵਾ ਜੀਉ
ਸਹਜ ਧੁਨਿ ਬਾਣੀ ॥

تیرا مُکھُ سُہاوا جیِءُ
سہج دھُنِ باٹی ॥

ਚਿਰੁ ਹੋਆ ਦੇਖੇ ਸਾਰਿੰਗਪਾਣੀ ॥

چِرُ ہویا دیکھے سارِنگپاٹی ۔ ॥

ਧੰਨੁ ਸੁ ਦੇਸੁ ਜਹਾ ਤੂੰ ਵਸਿਆ
ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥

دھنّنُ سُ دیسُ جہا توُنَ وسِیا
میرے سجنْ میت مُرارے جیِءُ ۔ ॥2॥

ਹਉ ਘੋਲੀ ਹਉ ਘੋਲਿ ਘੁਮਾਈ
ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥

ہءُ گھولی ہءُ گھولِ گھُمائی
گُر سجنْ میت مُرارے جیِءُ ۔ ॥1॥ رہاءُ ॥

ਇਕ ਘੜੀ ਨ ਮਿਲਤੇ
ਤਾ ਕਲਿਜੁਗੁ ਹੋਤਾ ॥

اِک گھڑی ن مِلتے
تا کلِجُگُ ہوتا ॥

ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥

ہُنْ کدِ مِلیِےَ پرِء تُدھُ بھگونّتا ۔ ॥

ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ
ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥

موہِ رَیْنِ ن وِہاوےَ نِید ن آوےَ
بِنُ دیکھے گُر دربارے جیِءُ ॥3॥

ਹਉ ਘੋਲੀ ਜੀਉ ਘੋਲਿ ਘੁਮਾਈ
ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ ॥

ہءُ گھولی جیِءُ گھولِ گھُمائی
تِسُ سچے گُر دربارے جیِءُ ॥1॥ رہاءُ ॥

ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥

بھاگُ ہویا گُرِ سنّتُ مِلائیا ॥

ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥

پربھُ اِبناسی گھر مہِ پائیا ॥

ਸੇਵ ਕਰੀ ਪਲੁ ਚਸਾ ਨ ਵਿਛੁੜਾ
ਜਨ ਨਾਨਕ ਦਾਸ ਤੁਮਾਰੇ ਜੀਉ ॥੪॥

سیو کری پلُ چسا ن وِچھُڑا
جن نانک داس تُمارے جیِءُ ॥4॥

ਹਉ ਘੋਲੀ ਜੀਉ ਘੋਲਿ ਘੁਮਾਈ
ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥੧॥੮॥

ہءُ گھولی جیِءُ گھولِ گھُمائی
جن نانک داس تُمارے جیِءُ ॥ رہاءُ ॥1॥8॥

ਰਾਗੁ ਮਾਝ ਮਹਲਾ ੫ ॥

راگُ ماجھ محلا 5 ॥

ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ ॥	سا رُتِ سُہاوی جِتُ تُدھُ سمالی ॥
ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ ॥	سو کنّمُ سُہیلا جو تیری گھالی ॥
ਸੋ ਰਿਦਾ ਸੁਹੇਲਾ ਜਿਤੁ ਰਿਦੈ ਤੂੰ ਵੁਠਾ ਸਭਨਾ ਕੇ ਦਾਤਾਰਾ ਜੀਉ ॥੧॥	سو رِدا سُہیلا جِتُ رِدے توُنّ وُٹھا سبھنا کے داتارا جیِءُ ॥1॥
ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥	توُنّ ساجھا صاحِبُ باپُ ہمارا ॥
ਨਉ ਨਿਧਿ ਤੇਰੈ ਅਖੁਟ ਭੰਡਾਰਾ ॥	نءُ نِدھِ تیرے اکھُٹ بھنڈارا ॥
ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ ॥੨॥	جِسُ توُنّ دیہِ سُ ترِپتِ اگھاوے سوئی بھگتُ تُمارا جیِءُ ॥2॥
ਸਭੁ ਕੋ ਆਸੈ ਤੇਰੀ ਬੈਠਾ ॥	سبھُ کو آسے تیری بیٹھا ॥
ਘਟ ਘਟ ਅੰਤਰਿ ਤੂੰਹੈ ਵੁਠਾ ॥	گھٹ گھٹ انترِ توُنہے وُٹھا ॥
ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥	سبھے ساجھیوال سدائنِ توُنّ کِسے ن دِسہِ باہرا جیِءُ ॥3॥
ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ ॥	توُنّ آپے گُرمُکھِ مُکتِ کرائیہِ ॥
ਤੂੰ ਆਪੇ ਮਨਮੁਖਿ ਜਨਮਿ ਭਵਾਇਹਿ ॥	توُنّ آپے منمُکھِ جنمِ بھوائیہِ ॥
ਨਾਨਕ ਦਾਸ ਤੇਰੈ ਬਲਿਹਾਰੈ ਸਭੁ ਤੇਰਾ ਖੇਲੁ ਦਸਾਹਰਾ ਜੀਉ ॥੪॥੨॥੯॥	نانک داس تیرے بلِہارے سبھُ تیرا کھیلُ دساہرا جیِءُ ॥4॥2॥9॥
ਮਾਝ ਮਹਲਾ ੫ ॥	ماجھ محلا 5 ॥
ਅਨਹਦੁ ਵਾਜੈ ਸਹਜਿ ਸੁਹੇਲਾ ॥	انہدُ واجے سہجِ سُہیلا ॥
ਸਬਦਿ ਅਨੰਦ ਕਰੇ ਸਦ ਕੇਲਾ ॥	سبدِ اننّد کرے سد کیلا ॥
ਸਹਜ ਗੁਫਾ ਮਹਿ ਤਾੜੀ ਲਾਈ ਆਸਣੁ ਊਚ ਸਵਾਰਿਆ ਜੀਉ ॥੧॥	سہج گُپھا مہِ تاڑی لائی آسنُ اوُچ سوارِیا جیِءُ ॥1॥
ਫਿਰਿ ਘਿਰਿ ਅਪੁਨੇ ਗ੍ਰਿਹ ਮਹਿ ਆਇਆ ॥	پھِرِ گھِرِ اپُنے گرِہ مہِ آئیا ॥
ਜੋ ਲੋੜੀਦਾ ਸੋਈ ਪਾਇਆ ॥	جو لوڑیدا سوئی پائیا ॥
ਤ੍ਰਿਪਤਿ ਅਘਾਇ ਰਹਿਆ ਹੈ ਸੰਤਹੁ	ترِپتِ اگھاءِ رہِیا ہے سنّتہُ

ਗੁਰਿ ਅਨਭਉ ਪੁਰਖੁ ਦਿਖਾਰਿਆ ਜੀਉ ॥੨॥

ਆਪੇ ਰਾਜਨੁ ਆਪੇ ਲੋਗਾ ॥

ਆਪਿ ਨਿਰਬਾਣੀ ਆਪੇ ਭੋਗਾ ॥

ਆਪੇ ਤਖਤਿ ਬਹੈ ਸਚੁ ਨਿਆਈ
ਸਭ ਚੂਕੀ ਕੂਕ ਪੁਕਾਰਿਆ ਜੀਉ ॥੩॥

ਜੇਹਾ ਡਿਠਾ ਮੈ ਤੇਹੋ ਕਹਿਆ ॥

ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ ॥

ਜੋਤੀ ਜੋਤਿ ਮਿਲੀ ਸੁਖੁ ਪਾਇਆ
ਜਨ ਨਾਨਕ ਇਕੁ ਪਸਾਰਿਆ ਜੀਉ ॥੪॥੩॥੧੦॥

ਮਾਝ ਮਹਲਾ ੫ ॥

ਜਿਤੁ ਘਰਿ ਪਿਰਿ ਸੋਹਾਗੁ ਬਣਾਇਆ ॥

ਤਿਤੁ ਘਰਿ ਸਖੀਏ ਮੰਗਲੁ ਗਾਇਆ ॥

ਅਨਦ ਬਿਨੋਦ ਤਿਤੈ ਘਰਿ ਸੋਹਹਿ
ਜੋ ਧਨ ਕੰਤਿ ਸਿਗਾਰੀ ਜੀਉ ॥੧॥

ਸਾ ਗੁਣਵੰਤੀ ਸਾ ਵਡਭਾਗਣਿ ॥

ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥

ਰੂਪਵੰਤਿ ਸਾ ਸੁਘੜਿ ਬਿਚਖਣਿ
ਜੋ ਧਨ ਕੰਤ ਪਿਆਰੀ ਜੀਉ ॥੨॥

ਅਚਾਰਵੰਤਿ ਸਾਈ ਪਰਧਾਨੇ ॥

ਸਭ ਸਿੰਗਾਰ ਬਣੇ ਤਿਸੁ ਗਿਆਨੇ ॥

ਸਾ ਕੁਲਵੰਤੀ ਸਾ ਸਭਰਾਈ
ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥੩॥

ਮਹਿਮਾ ਤਿਸ ਕੀ ਕਹਣੁ ਨ ਜਾਏ ॥

گُرِ انبھءُ پُرکھُ دِکھارِیا جیِءُ ॥2॥

آپے راجنُ آپے لوگا ॥

آپِ نِربانی آپے بھوگا ॥

آپے تختِ بہے سچُ نِیائی
سبھ چوُکی کوُک پُکارِیا جیِءُ ॥3॥

جیہا ڈِٹھا مےَ تیہو کہِیا ॥

تِسُ رسُ آئِیا جِنِ بھیدُ لہِیا ॥

جوتی جوتِ مِلی سُکھُ پائِیا
جن نانک اِکُ پسارِیا جیِءُ ॥4॥3॥ 10 ॥

ماجھ محلا 5 ॥

جِتُ گھرِ پِر سوہاگُ بنّائِیا ॥

تِتُ گھرِ سکھیےِ منگلُ گائِیا ॥

اند بِنود تِتے گھرِ سوہہِ
جو دھن کنّتِ سِگاری جیِءُ ॥1॥

سا گُنّونّتی سا وڈبھاگنِّ ॥

پُتّرونّتی سِیلونّتِ سوہاگنِّ ॥

رُوپونّتِ سا سُگھڑِ بِچکھنِّ
جو دھن کنّت پِیاری جیِءُ ॥2॥

اچارونّتِ سائی پردھانے ॥

سبھ سِنگار بنّے تِسُ گیانے ॥

سا کُلونّتی سا سبھرائی
جو پِر کے رنّگِ سواری جیِءُ ॥3॥

مہِما تِس کی کہنُّ ن جائے ॥

ਜੋ ਪਿਰਿ ਮੇਲਿ ਲਈ ਅੰਗਿ ਲਾਏ ॥
جو پِرِ میلِ لئی انگِ لائے ॥

ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ
ਜਨ ਨਾਨਕ ਪ੍ਰੇਮ ਸਾਧਾਰੀ ਜੀਉ ॥੪॥੪॥੧੧॥
تھِرُ سُہاگُ ورُ اگمُ اگوچرُ
جن نانک پریم سادھاری جیءُ ॥4॥4॥ 11 ॥

ਮਾਝ ਮਹਲਾ ੫ ॥
ماجھ محلا 5 ॥

ਖੋਜਤ ਖੋਜਤ ਦਰਸਨ ਚਾਹੇ ॥
کھوجت کھوجت درسن چاہے ॥

ਭਾਤਿ ਭਾਤਿ ਬਨ ਬਨ ਅਵਗਾਹੇ ॥
بھاتِ بھاتِ بن بن اوگاہے ॥

ਨਿਰਗੁਣੁ ਸਰਗੁਣੁ ਹਰਿ ਹਰਿ ਮੇਰਾ
ਕੋਈ ਹੈ ਜੀਉ ਆਣਿ ਮਿਲਾਵੈ ਜੀਉ ॥੧॥
نِرگُنُ سرگُنُ ہرِ ہرِ میرا
کوئی ہے جیءُ آنِ مِلاوے جیءُ ॥1॥

ਖਟੁ ਸਾਸਤ ਬਿਚਰਤ ਮੁਖਿ ਗਿਆਨਾ ॥
کھٹُ ساست بِچرت مُکھِ گیانا ॥

ਪੂਜਾ ਤਿਲਕੁ ਤੀਰਥ ਇਸਨਾਨਾ ॥
پُوجا تِلکُ تیرتھ اِسنانا ॥

ਨਿਵਲੀ ਕਰਮ ਆਸਨ ਚਉਰਾਸੀਹ
ਇਨ ਮਹਿ ਸਾਂਤਿ ਨ ਆਵੈ ਜੀਉ ॥੨॥
نِولی کرم آسن چتُراسیہ
اِن مہِ سانتِ ن آوے جیءُ ॥2॥

ਅਨਿਕ ਬਰਖ ਕੀਏ ਜਪ ਤਾਪਾ ॥
انِک برکھ کیئے جپ تاپا ॥

ਗਵਨੁ ਕੀਆ ਧਰਤੀ ਭਰਮਾਤਾ ॥
گونُ کیِیا دھرتی بھرماتا ॥

ਇਕੁ ਖਿਨੁ ਹਿਰਦੈ ਸਾਂਤਿ ਨ ਆਵੈ ਜੋਗੀ
ਬਹੁੜਿ ਬਹੁੜਿ ਉਠਿ ਧਾਵੈ ਜੀਉ ॥੩॥
اِکُ کھِنُ ہِردے سانتِ ن آوے جوگی
بہُڑِ بہُڑِ اُٹھِ دھاوے جیءُ ॥3॥

ਕਰਿ ਕਿਰਪਾ ਮੋਹਿ ਸਾਧੁ ਮਿਲਾਇਆ ॥
کرِ کِرپا موہِ سادھُ مِلائیا ॥

ਮਨੁ ਤਨੁ ਸੀਤਲੁ ਧੀਰਜੁ ਪਾਇਆ ॥
منُ تنُ سِیتلُ دھیرجُ پائیا ॥

ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ
ਹਰਿ ਮੰਗਲੁ ਨਾਨਕੁ ਗਾਵੈ ਜੀਉ ॥੪॥੫॥੧੨॥
پربھُ ابِناسی بسِیا گھٹ بھیترِ
ہرِ منگلُ نانکُ گاوے جیءُ ॥4॥5॥ 12 ॥

ਮਾਝ ਮਹਲਾ ੫ ॥
ماجھ محلا 5 ॥

ਪਾਰਬ੍ਰਹਮ ਅਪਰੰਪਰ ਦੇਵਾ ॥
پاربرہم اپرنپر دیوا ॥

ਅਗਮ ਅਗੋਚਰ ਅਲਖ ਅਭੇਵਾ ॥
اگم اگوچر الکھ ابھیوا ॥

ਦੀਨ ਦਇਆਲ ਗੋਪਾਲ ਗੋਬਿੰਦਾ
دِین دئیال گوپال گوبِندا

ਹਰਿ ਧਿਆਵਹੁ ਗੁਰਮੁਖਿ ਗਾਤੀ ਜੀਉ ॥੧॥

ہرِ دھیاوہُ گُرمُکھِ گاتی جیِءُ ॥1॥

ਗੁਰਮੁਖਿ ਮਧੁਸੂਦਨੁ ਨਿਸਤਾਰੇ ॥

گُرمُکھِ مدھُسُودنُ نِستارے ॥

ਗੁਰਮੁਖਿ ਸੰਗੀ ਕ੍ਰਿਸਨ ਮੁਰਾਰੇ ॥

گُرمُکھِ سنگی کرِسن مُرارے ॥

ਦਇਆਲ ਦਮੋਦਰੁ ਗੁਰਮੁਖਿ ਪਾਈਐ
ਹੋਰਤੁ ਕਿਤੈ ਨ ਭਾਤੀ ਜੀਉ ॥੨॥

دئیال دمودرُ گُرمُکھِ پائیئے
ہورتُ کِتے ن بھاتی جیِءُ ॥2॥

ਨਿਰਹਾਰੀ ਕੇਸਵ ਨਿਰਵੈਰਾ ॥

نِرہاری کیسو نِرویَرا ॥

ਕੋਟਿ ਜਨਾ ਜਾ ਕੇ ਪੂਜਹਿ ਪੈਰਾ ॥

کوٹِ جنا جا کے پُوجہِ پیَرا ॥

ਗੁਰਮੁਖਿ ਹਿਰਦੈ ਜਾ ਕੈ ਹਰਿ ਹਰਿ
ਸੋਈ ਭਗਤੁ ਇਕਾਤੀ ਜੀਉ ॥੩॥

گُرمُکھِ ہِردے جا کے ہرِ ہرِ
سوئی بھگتُ اِکاتی جیِءُ ॥3॥

ਅਮੋਘ ਦਰਸਨ ਬੇਅੰਤ ਅਪਾਰਾ ॥

اموگھ درسن بیئنّت اپارا ॥

ਵਡ ਸਮਰਥੁ ਸਦਾ ਦਾਤਾਰਾ ॥

وڈ سمرتھُ سدا داتارا ॥

ਗੁਰਮੁਖਿ ਨਾਮੁ ਜਪੀਐ ਤਿਤੁ ਤਰੀਐ
ਗਤਿ ਨਾਨਕ ਵਿਰਲੀ ਜਾਤੀ ਜੀਉ ॥੪॥੬॥੧੩॥

گُرمُکھِ نامُ جپیئے تِتُ تریئے
گتِ نانک وِرلی جاتی جیِءُ ॥4॥6॥ 13 ॥

ਮਾਝ ਮਹਲਾ ੫ ॥

ماجھ محلا 5 ॥

ਕਹਿਆ ਕਰਣਾ ਦਿਤਾ ਲੈਣਾ ॥

کہیا کرٹا دِتا لینّا ॥

ਗਰੀਬਾ ਅਨਾਥਾ ਤੇਰਾ ਮਾਣਾ ॥

غریبا اناتھا تیرا ماٹا ॥

ਸਭ ਕਿਛੁ ਤੂੰਹੈ ਤੂੰਹੈ ਮੇਰੇ ਪਿਆਰੇ
ਤੇਰੀ ਕੁਦਰਤਿ ਕਉ ਬਲਿ ਜਾਈ ਜੀਉ ॥੧॥

سبھ کِچھُ تونہَے تونہَے میرے پِیارے
تیری قُدرتِ کءُ بلِ جائی جیِءُ ॥1॥

ਭਾਣੈ ਉਝੜ ਭਾਣੈ ਰਾਹਾ ॥

بھانے اُجھڑ بھانے راہا ॥

ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ ॥

بھانے ہرِ گُن گُرمُکھِ گاواہا ॥

ਭਾਣੈ ਭਰਮਿ ਭਵੈ ਬਹੁ ਜੂਨੀ
ਸਭ ਕਿਛੁ ਤਿਸੈ ਰਜਾਈ ਜੀਉ ॥੨॥

بھانے بھرمِ بھوے بہُ جُونی
سبھ کِچھُ تِسے رضائی جیِءُ ॥2॥

ਨਾ ਕੋ ਮੂਰਖੁ ਨਾ ਕੋ ਸਿਆਣਾ ॥

نا کو مُورکھُ نا کو سِیاٹا ॥

ਵਰਤੈ ਸਭ ਕਿਛੁ ਤੇਰਾ ਭਾਣਾ ॥	ورتے سبھ کچھُ تیرا بھاٹا ॥
ਅਗਮ ਅਗੋਚਰ ਬੇਅੰਤ ਅਥਾਹਾ ਤੇਰੀ ਕੀਮਤਿ ਕਹਣੁ ਨ ਜਾਈ ਜੀਉ ॥੩॥	اگم اگوچر بیئنّت اتھاہا تیری قِیمتِ کہنُ ن جائی جیِءُ ॥3॥
ਖਾਕੁ ਸੰਤਨ ਕੀ ਦੇਹੁ ਪਿਆਰੇ ॥	خاکُ سنّتن کی دیہُ پِیارے ۔ ॥
ਆਇ ਪਇਆ ਹਰਿ ਤੇਰੈ ਦੁਆਰੈ ॥	آءِ پئیا ہرِ تیرے دُیارے ॥
ਦਰਸਨੁ ਪੇਖਤ ਮਨੁ ਆਘਾਵੈ ਨਾਨਕ ਮਿਲਣੁ ਸੁਭਾਈ ਜੀਉ ॥੪॥੭॥੧੪॥	درسنُ پیکھت منُ آگھاوے نانک مِلنُ سُبھائی جیِءُ ॥4॥7॥ 14 ॥
ਮਾਝ ਮਹਲਾ ੫ ॥	ماجھ محلا 5 ॥
ਦੁਖੁ ਤਦੇ ਜਾ ਵਿਸਰਿ ਜਾਵੈ ॥	دُکھُ تدے جا وِسرِ جاوے ॥
ਭੁਖ ਵਿਆਪੈ ਬਹੁ ਬਿਧਿ ਧਾਵੈ ॥	بھُکھ وِیاپے بہُ بِدھِ دھاوے ॥
ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ ਦਇਆਲਾ ਜੀਉ ॥੧॥	سِمرت نامُ سدا سُہیلا جِسُ دیوے دِین دئیالا جیِءُ ॥1॥
ਸਤਿਗੁਰੁ ਮੇਰਾ ਵਡ ਸਮਰਥਾ ॥	ستِگُرُ میرا وڈ سمرتھا ॥
ਜੀਇ ਸਮਾਲੀ ਤਾ ਸਭੁ ਦੁਖੁ ਲਥਾ ॥	جیِءِ سمالی تا سبھُ دُکھُ لتھا ॥
ਚਿੰਤਾ ਰੋਗੁ ਗਈ ਹਉ ਪੀੜਾ ਆਪਿ ਕਰੇ ਪ੍ਰਤਿਪਾਲਾ ਜੀਉ ॥੨॥	چِنّتا روگُ گئی ہءُ پیڑا آپِ کرے پرّتپالا جیِءُ ॥2॥
ਬਾਰਿਕ ਵਾਂਗੀ ਹਉ ਸਭ ਕਿਛੁ ਮੰਗਾ ॥	بارِک وانگی ہءُ سبھ کچھُ منگا ॥
ਦੇਦੇ ਤੋਟਿ ਨਾਹੀ ਪ੍ਰਭ ਰੰਗਾ ॥	دیدے توٹِ ناہی پربھ رنگا ॥
ਪੈਰੀ ਪੈ ਪੈ ਬਹੁਤੁ ਮਨਾਈ ਦੀਨ ਦਇਆਲ ਗੋਪਾਲਾ ਜੀਉ ॥੩॥	پیَری پے پے بہُتُ منائی دِین دئیال گوپالا جیِءُ ॥3॥
ਹਉ ਬਲਿਹਾਰੀ ਸਤਿਗੁਰ ਪੂਰੇ ॥	ہءُ بلِہاری ستِگُر پوُرے ॥
ਜਿਨਿ ਬੰਧਨ ਕਾਟੇ ਸਗਲੇ ਮੇਰੇ ॥	جِنِ بندھن کاٹے سگلے میرے ॥
ਹਿਰਦੈ ਨਾਮੁ ਦੇ ਨਿਰਮਲ ਕੀਏ ਨਾਨਕ ਰੰਗਿ ਰਸਾਲਾ ਜੀਉ ॥੪॥੮॥੧੫॥	ہِردے نامُ دے نِرمل کیئے نانک رنگِ رسالا جیِءُ ॥4॥8॥ 15 ॥

ਮਾਝ ਮਹਲਾ ੫ ॥	ماجھ محلا 5 ॥
ਲਾਲ ਗੋਪਾਲ ਦਇਆਲ ਰੰਗੀਲੇ ॥	لال گوپال دئیال رنگیلے ۔ ॥
ਗਹਿਰ ਗੰਭੀਰ ਬੇਅੰਤ ਗੋਵਿੰਦੇ ॥	گہر گنبھیر بیئنت گووندے ۔ ॥
ਊਚ ਅਥਾਹ ਬੇਅੰਤ ਸੁਆਮੀ ਸਿਮਰਿ ਸਿਮਰਿ ਹਉ ਜੀਵਾਂ ਜੀਉ ॥੧॥	اوُچ اتھاہ بیئنت سُیامی سِمرِ سِمرِ ہءُ جیواں جیءُ ॥1॥
ਦੁਖ ਭੰਜਨ ਨਿਧਾਨ ਅਮੋਲੇ ॥	دُکھ بھنجن نِدھان امولے ۔ ॥
ਨਿਰਭਉ ਨਿਰਵੈਰ ਅਥਾਹ ਅਤੋਲੇ ॥	نِربھءُ نِرویَر اتھاہ اتولے ۔ ॥
ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾਂ ਜੀਉ ॥੨॥	اکال موُرتِ اجوُنی سنبھوَ من سِمرت ٹھنڈھا تھیواں جیءُ ॥2॥
ਸਦਾ ਸੰਗੀ ਹਰਿ ਰੰਗ ਗੋਪਾਲਾ ॥	سدا سنگی ہرِ رنگ گوپالا ॥
ਊਚ ਨੀਚ ਕਰੇ ਪ੍ਰਤਿਪਾਲਾ ॥	اوُچ نِیچ کرے پرتپالا ॥
ਨਾਮੁ ਰਸਾਇਣੁ ਮਨੁ ਤ੍ਰਿਪਤਾਇਣੁ ਗੁਰਮੁਖਿ ਅੰਮ੍ਰਿਤੁ ਪੀਵਾਂ ਜੀਉ ॥੩॥	نامُ رسائنُ منُ ترپتائنُ گُرمُکھِ انمرِتُ پیواں جیءُ ॥3॥
ਦੁਖਿ ਸੁਖਿ ਪਿਆਰੇ ਤੁਧੁ ਧਿਆਈ ॥	دُکھِ سُکھِ پیارے تُدھُ دھیائی ॥
ਏਹ ਸੁਮਤਿ ਗੁਰੂ ਤੇ ਪਾਈ ॥	ایہ سُمتِ گُرو تے پائی ॥
ਨਾਨਕ ਕੀ ਧਰ ਤੂੰਹੈ ਠਾਕੁਰ ਹਰਿ ਰੰਗਿ ਪਾਰਿ ਪਰੀਵਾਂ ਜੀਉ ॥੪॥੯॥੧੬॥	نانک کی دھر توُنہے ٹھاکُر ہرِ رنگِ پارِ پریواں جیءُ ॥4॥9॥ 16 ॥
ਮਾਝ ਮਹਲਾ ੫ ॥	ماجھ محلا 5 ॥
ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ॥	دھنّنُ سُ ویلا جِتُ مے ستِگُرُ مِلیا ॥
ਸਫਲੁ ਦਰਸਨੁ ਨੇਤ੍ਰ ਪੇਖਤ ਤਰਿਆ ॥	سپھلُ درسنُ نیترِ پیکھت تریا ॥
ਧੰਨੁ ਮੂਰਤ ਚਸੇ ਪਲ ਘੜੀਆ ਧੰਨਿ ਸੁ ਓਇ ਸੰਜੋਗਾ ਜੀਉ ॥੧॥	دھنّنُ موُرت چسے پل گھڑیِیا دھنّنِ سُ اوءِ سنجوگا جیءُ ॥1॥
ਉਦਮੁ ਕਰਤ ਮਨੁ ਨਿਰਮਲੁ ਹੋਆ ॥	اُدمُ کرت منُ نِرملُ ہویا ॥

ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ ॥

ہرِ مارگِ چلت بھرّمُ سگلا کھویَا ॥

ਨਾਮੁ ਨਿਧਾਨੁ ਸਤਿਗੁਰੂ ਸੁਣਾਇਆ
ਮਿਟਿ ਗਏ ਸਗਲੇ ਰੋਗਾ ਜੀਉ ॥੨॥

نامُ نِدھانُ ستِگُرو سُنائیَا
مِٹ گئے سگلے روگا جیِءُ ॥2॥

ਅੰਤਰਿ ਬਾਹਰਿ ਤੇਰੀ ਬਾਣੀ ॥

انترِ باہرِ تیری باٹی ॥

ਤੁਧੁ ਆਪਿ ਕਥੀ ਤੈ ਆਪਿ ਵਖਾਣੀ ॥

تُدھُ آپِ کتھی تے آپِ وکھانٹی ॥

ਗੁਰਿ ਕਹਿਆ ਸਭੁ ਏਕੋ ਏਕੋ
ਅਵਰੁ ਨ ਕੋਈ ਹੋਇਗਾ ਜੀਉ ॥੩॥

گُرِ کہیا سبھُ ایکو ایکو
اورُ ن کوئی ہوئگا جیِءُ ॥3॥

ਅੰਮ੍ਰਿਤ ਰਸੁ ਹਰਿ ਗੁਰ ਤੇ ਪੀਆ ॥

انمّرِت رسُ ہرِ گُر تے پیِیا ॥

ਹਰਿ ਪੈਨਣੁ ਨਾਮੁ ਭੋਜਨੁ ਥੀਆ ॥

ہرِ پینّنُ نامُ بھوجنُ تھیِیا ॥

ਨਾਮਿ ਰੰਗ ਨਾਮਿ ਚੋਜ ਤਮਾਸੇ
ਨਾਉ ਨਾਨਕ ਕੀਨੇ ਭੋਗਾ ਜੀਉ ॥੪॥੧੦॥੧੭॥

نامِ رنگ نامِ چوج تماشے
ناءُ نانک کِینے بھوگا جیِءُ ॥4॥ 10 ॥ 17 ॥

ਮਾਝ ਮਹਲਾ ੫ ॥

ماجھ محلا 5 ॥

ਸਗਲ ਸੰਤਨ ਪਹਿ ਵਸਤੁ ਇਕ ਮਾਂਗਉ ॥

سگل سنّتن پہِ وستُ اِک مانگءُ ॥

ਕਰਉ ਬਿਨੰਤੀ ਮਾਨੁ ਤਿਆਗਉ ॥

کرءُ بِنّتی مانُ تِیاگءُ ॥

ਵਾਰਿ ਵਾਰਿ ਜਾਈ ਲਖ ਵਰੀਆ
ਦੇਹੁ ਸੰਤਨ ਕੀ ਧੂਰਾ ਜੀਉ ॥੧॥

وارِ وارِ جائی لکھ وریِیا
دیہُ سنّتن کی دھوُرا جیِءُ ॥1॥

ਤੁਮ ਦਾਤੇ ਤੁਮ ਪੁਰਖ ਬਿਧਾਤੇ ॥

تُم داتے تُم پُرکھ بِدھاتے ॥

ਤੁਮ ਸਮਰਥ ਸਦਾ ਸੁਖਦਾਤੇ ॥

تُم سمرتھ سدا سُکھداتے ॥

ਸਭ ਕੋ ਤੁਮ ਹੀ ਤੇ ਵਰਸਾਵੈ
ਅਉਸਰੁ ਕਰਹੁ ਹਮਾਰਾ ਪੂਰਾ ਜੀਉ ॥੨॥

سبھ کو تُم ہی تے ورساوے
اُسرُ کرہُ ہمارا پوُرا جیِءُ ॥2॥

ਦਰਸਨਿ ਤੇਰੈ ਭਵਨ ਪੁਨੀਤਾ ॥

درسنِ تیرے بھون پُنیِتا ॥

ਆਤਮ ਗੜੁ ਬਿਖਮੁ ਤਿਨਾ ਹੀ ਜੀਤਾ ॥

آتم گڑُ بِکھمُ تِنا ہی جیِتا ॥

ਤੁਮ ਦਾਤੇ ਤੁਮ ਪੁਰਖ ਬਿਧਾਤੇ
ਤੁਧੁ ਜੇਵਡੁ ਅਵਰੁ ਨ ਸੂਰਾ ਜੀਉ ॥੩॥

تُم داتے تُم پُرکھ بِدھاتے
تُدھُ جیوڈُ اورُ ن سوُرا جیِءُ ॥3॥

ਰੇਨੁ ਸੰਤਨ ਕੀ ਮੇਰੈ ਮੁਖਿ ਲਾਗੀ ॥
ਦੁਰਮਤਿ ਬਿਨਸੀ ਕੁਬੁਧਿ ਅਭਾਗੀ ॥
ਸਚ ਘਰਿ ਬੈਸਿ ਰਹੇ ਗੁਣ ਗਾਏ
ਨਾਨਕ ਬਿਨਸੇ ਕੂਰਾ ਜੀਉ ॥੪॥੧੧॥੧੮॥

ਮਾਝ ਮਹਲਾ ੫ ॥
ਵਿਸਰੁ ਨਾਹੀ ਏਵਡ ਦਾਤੇ ॥
ਕਰਿ ਕਿਰਪਾ ਭਗਤਨ ਸੰਗਿ ਰਾਤੇ ॥
ਦਿਨਸੁ ਰੈਣਿ ਜਿਉ ਤੁਧੁ ਧਿਆਈ
ਏਹੁ ਦਾਨੁ ਮੋਹਿ ਕਰਣਾ ਜੀਉ ॥੧॥
ਮਾਟੀ ਅੰਧੀ ਸੁਰਤਿ ਸਮਾਈ ॥
ਸਭ ਕਿਛੁ ਦੀਆ ਭਲੀਆ ਜਾਈ ॥
ਅਨਦ ਬਿਨੋਦ ਚੋਜ ਤਮਾਸੇ
ਤੁਧੁ ਭਾਵੈ ਸੋ ਹੋਣਾ ਜੀਉ ॥੨॥
ਜਿਸ ਦਾ ਦਿਤਾ ਸਭੁ ਕਿਛੁ ਲੈਣਾ ॥
ਛਤੀਹ ਅੰਮ੍ਰਿਤ ਭੋਜਨੁ ਖਾਣਾ ॥
ਸੇਜ ਸੁਖਾਲੀ ਸੀਤਲੁ ਪਵਣਾ
ਸਹਜ ਕੇਲ ਰੰਗ ਕਰਣਾ ਜੀਉ ॥੩॥
ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ ॥
ਸਾ ਮਤਿ ਦੀਜੈ ਜਿਤੁ ਤੁਧੁ ਧਿਆਈ ॥
ਸਾਸ ਸਾਸ ਤੇਰੇ ਗੁਣ ਗਾਵਾ
ਓਟ ਨਾਨਕ ਗੁਰ ਚਰਣਾ ਜੀਉ ॥੪॥੧੨॥੧੯॥

ਮਾਝ ਮਹਲਾ ੫ ॥
ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ ॥

رینُ سنتن کی میرے مُکھِ لاگی ॥
دُرمتِ بِنسی کُبدھِ ابھاگی ॥
سچ گھرِ بیَس رہے گُن گائے
نانک بِنسے کوُرا جیِءُ ॥4॥ 11 ॥ 18 ॥

ماجھ محلا 5 ॥
وِسرُ ناہی ایوڈ داتے ۔ ॥
کرِ کرِپا بھگتن سنگِ راتے ॥
دِنُس رینِّ جِءُ تُدھُ دھِیائی
ایہُ دانُ موہِ کرٹا جیِءُ ॥1॥
ماٹی اندھی سُرتِ سمائی ॥
سبھ کِچھُ دِییا بھلِیا جائی ॥
اند بِنود چوج تماشے
تُدھُ بھاوے سو ہوٹا جیِءُ ॥2॥
جِس دا دِتا سبھُ کِچھُ لینّا ॥
چھتیہِ انمّرِت بھوجنُ کھاٹا ॥
سیج سُکھالی سِیتلُ پوٹا
سہج کیل رنگ کرٹا جیِءُ ॥3॥
سا بُدھِ دیجےَ جِتُ وِسرہِ ناہی ॥
سا متِ دیجےَ جِتُ تُدھُ دھِیائی ॥
ساس ساس تیرے گُن گاوا
اوٹ نانک گُر چرٹا جیِءُ ॥4॥ 12 ॥ 19 ॥

ماجھ محلا 5 ॥
صِفتِ سالاحُ تیرا حُکمُ رضائی ۔ ॥

ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥

سو گیانُ دھیانُ جو تُدھُ بھائی ॥

ਸੋਈ ਜਪੁ ਜੋ ਪ੍ਰਭ ਜੀਉ ਭਾਵੈ
ਭਾਣੈ ਪੂਰ ਗਿਆਨਾ ਜੀਉ ॥੧॥

سوئی جپُ جو پربھ جیِءُ بھاوے
بھانے پُور گیانا جیِءُ ॥1॥

ਅੰਮ੍ਰਿਤੁ ਨਾਮੁ ਤੇਰਾ ਸੋਈ ਗਾਵੈ ॥

انمرِتُ نامُ تیرا سوئی گاوے ॥

ਜੋ ਸਾਹਿਬ ਤੇਰੈ ਮਨਿ ਭਾਵੈ ॥

جو صاحِب تیرے منِ بھاوے ॥

ਤੂੰ ਸੰਤਨ ਕਾ ਸੰਤ ਤੁਮਾਰੇ
ਸੰਤ ਸਾਹਿਬ ਮਨੁ ਮਾਨਾ ਜੀਉ ॥੨॥

توُنّ سنّتن کا سنّت تُمارے
سنّت صاحِب منُ مانا جیِءُ ॥2॥

ਤੂੰ ਸੰਤਨ ਕੀ ਕਰਹਿ ਪ੍ਰਤਿਪਾਲਾ ॥

توُنّ سنّتن کی کرہِ پرتپالا ॥

ਸੰਤ ਖੇਲਹਿ ਤੁਮ ਸੰਗਿ ਗੋਪਾਲਾ ॥

سنّت کھیلہِ تُم سنگِ گوپالا ॥

ਅਪੁਨੇ ਸੰਤ ਤੁਧੁ ਖਰੇ ਪਿਆਰੇ
ਤੂ ਸੰਤਨ ਕੇ ਪ੍ਰਾਨਾ ਜੀਉ ॥੩॥

اپُنے سنّت تُدھُ کھرے پِیارے
توُ سنّتن کے پرانا جیِءُ ॥3॥

ਉਨ ਸੰਤਨ ਕੈ ਮੇਰਾ ਮਨੁ ਕੁਰਬਾਨੇ ॥

اُن سنّتن کے میرا منُ قُربانے ॥

ਜਿਨ ਤੂੰ ਜਾਤਾ ਜੋ ਤੁਧੁ ਮਨਿ ਭਾਨੇ ॥

جِن توُنّ جاتا جو تُدھُ منِ بھانے ॥

ਤਿਨ ਕੈ ਸੰਗਿ ਸਦਾ ਸੁਖੁ ਪਾਇਆ
ਹਰਿ ਰਸ ਨਾਨਕ ਤ੍ਰਿਪਤਿ ਅਘਾਨਾ ਜੀਉ ॥੪॥੧੩॥੨੦॥

تِن کے سنگِ سدا سُکھُ پائیا
ہرِ رس نانک ترِپتِ اگھانا جیِءُ ॥4॥ 13 ॥ 20 ॥

ਮਾਝ ਮਹਲਾ ੫ ॥

ماجھ محلا 5 ॥

ਤੂੰ ਜਲਨਿਧਿ ਹਮ ਮੀਨ ਤੁਮਾਰੇ ॥

توُنّ جلنِدھِ ہم مِین تُمارے ॥

ਤੇਰਾ ਨਾਮੁ ਬੂੰਦ ਹਮ ਚਾਤ੍ਰਿਕ ਤਿਖਹਾਰੇ ॥

تیرا نامُ بوُنّد ہم چاترِک تِکھہارے ॥

ਤੁਮਰੀ ਆਸ ਪਿਆਸਾ ਤੁਮਰੀ
ਤੁਮ ਹੀ ਸੰਗਿ ਮਨੁ ਲੀਨਾ ਜੀਉ ॥੧॥

تُمری آس پیاسا تُمری
تُم ہی سنگِ منُ لینا جیِءُ ॥1॥

ਜਿਉ ਬਾਰਿਕੁ ਪੀ ਖੀਰੁ ਅਘਾਵੈ ॥

جِءُ بارِکُ پی کھیرُ اگھاوے ॥

ਜਿਉ ਨਿਰਧਨੁ ਧਨੁ ਦੇਖਿ ਸੁਖੁ ਪਾਵੈ ॥

جِءُ نِردھنُ دھنُ دیکھِ سُکھُ پاوے ॥

ਤ੍ਰਿਖਾਵੰਤ ਜਲੁ ਪੀਵਤ ਠੰਢਾ
ਤਿਉ ਹਰਿ ਸੰਗਿ ਇਹੁ ਮਨੁ ਭੀਨਾ ਜੀਉ ॥੨॥

ترِکھاونّت جلُ پیوت ٹھنڈھا
تِءُ ہرِ سنگِ اِہُ منُ بھینا جیِءُ ॥2॥

ਜਿਉ ਅੰਧਿਆਰੈ ਦੀਪਕੁ ਪਰਗਾਸਾ ॥	جِءُ انّدھیارے دیپک پرگاسا ॥
ਭਰਤਾ ਚਿਤਵਤ ਪੂਰਨ ਆਸਾ ॥	بھرتا چِتوت پُورن آسا ॥
ਮਿਲਿ ਪ੍ਰੀਤਮ ਜਿਉ ਹੋਤ ਅਨੰਦਾ ਤਿਉ ਹਰਿ ਰੰਗਿ ਮਨੁ ਰੰਗੀਨਾ ਜੀਉ ॥੩॥	مِلِ پریتم جِءُ ہوت انندا تِءُ ہرِ رنگِ منُ رنگِینا جِیءُ ॥3॥
ਸੰਤਨ ਮੋ ਕਉ ਹਰਿ ਮਾਰਗਿ ਪਾਇਆ ॥	سنّتن مو کءُ ہرِ مارگِ پائیا ॥
ਸਾਧ ਕ੍ਰਿਪਾਲਿ ਹਰਿ ਸੰਗਿ ਗਿਝਾਇਆ ॥	سادھ کرِپالِ ہرِ سنگِ گجھائیا ॥
ਹਰਿ ਹਮਰਾ ਹਮ ਹਰਿ ਕੇ ਦਾਸੇ ਨਾਨਕ ਸਬਦੁ ਗੁਰੂ ਸਚੁ ਦੀਨਾ ਜੀਉ ॥੪॥੧੪॥੨੧॥	ہرِ ہمرا ہم ہرِ کے داسے نانک سبدُ گُرو سچُ دِینا جِیءُ ॥4॥ 14 ॥ 21 ॥
ਮਾਝ ਮਹਲਾ ੫ ॥	ماجھ محلا 5 ॥
ਅੰਮ੍ਰਿਤ ਨਾਮੁ ਸਦਾ ਨਿਰਮਲੀਆ ॥	انمّرِت نامُ سدا نِرملِیا ॥
ਸੁਖਦਾਈ ਦੂਖ ਬਿਡਾਰਨ ਹਰੀਆ ॥	سُکھدائی دوُکھ بِڈارن ہریِیا ॥
ਅਵਰਿ ਸਾਦ ਚਖਿ ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ ॥੧॥	اورِ ساد چکھِ سگلے دیکھے من ہرِ رسُ سبھ تے میٹھا جِیءُ ॥1॥
ਜੋ ਜੋ ਪੀਵੈ ਸੋ ਤ੍ਰਿਪਤਾਵੈ ॥	جو جو پیوے سو ترِپتاوے ॥
ਅਮਰੁ ਹੋਵੈ ਜੋ ਨਾਮ ਰਸੁ ਪਾਵੈ ॥	امرُ ہووے جو نام رسُ پاوے ॥
ਨਾਮ ਨਿਧਾਨ ਤਿਸਹਿ ਪਰਾਪਤਿ ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ ॥੨॥	نام نِدھان تِسہِ پراپتِ جِسُ سبدُ گُرو منِ وُٹھا جِیءُ ॥2॥
ਜਿਨਿ ਹਰਿ ਰਸੁ ਪਾਇਆ ਸੋ ਤ੍ਰਿਪਤਿ ਅਘਾਨਾ ॥	جِنِ ہرِ رسُ پائیا سو ترِپتِ اگھانا ॥
ਜਿਨਿ ਹਰਿ ਸਾਦੁ ਪਾਇਆ ਸੋ ਨਾਹਿ ਡੁਲਾਨਾ ॥	جِنِ ہرِ سادُ پائیا سو ناہِ ڈُلانا ॥
ਤਿਸਹਿ ਪਰਾਪਤਿ ਹਰਿ ਹਰਿ ਨਾਮਾ ਜਿਸੁ ਮਸਤਕਿ ਭਾਗੀਠਾ ਜੀਉ ॥੩॥	تِسہِ پراپتِ ہرِ ہرِ نامـا جِسُ مستکِ بھاگیٹھا جِیءُ ॥3॥
ਹਰਿ ਇਕਸੁ ਹਥਿ ਆਇਆ ਵਰਸਾਣੇ ਬਹੁਤੇਰੇ ॥	ہرِ اِکسُ ہتھِ آئیا ورساٹے بہتیرے ॥

ਤਿਸੁ ਲਗਿ ਮੁਕਤੁ ਭਏ ਘਣੇਰੇ ॥

تِس لگِ مُکت بھۓ گھنیرے ॥

ਨਾਮੁ ਨਿਧਾਨਾ ਗੁਰਮੁਖਿ ਪਾਈਐ
ਕਹੁ ਨਾਨਕ ਵਿਰਲੀ ਡੀਠਾ ਜੀਉ ॥੪॥੧੫॥੨੨॥

نامُ نِدھانا گُرمُکھِ پائیۓ
کہُ نانک وِرلی ڈیٹھا جیِءُ ॥4॥ 15 ॥ 22 ॥

ਮਾਝ ਮਹਲਾ ੫ ॥

ماجھ محلا 5 ॥

ਨਿਧਿ ਸਿਧਿ ਰਿਧਿ ਹਰਿ ਹਰਿ ਹਰਿ ਮੇਰੈ ॥

نِدھِ سِدھِ رِدھِ ہرِ ہرِ ہرِ میرے ॥

ਜਨਮੁ ਪਦਾਰਥੁ ਗਹਿਰ ਗੰਭੀਰੈ ॥

جنمُ پدارتھُ گہِر گنبھیرے ॥

ਲਾਖ ਕੋਟ ਖੁਸੀਆ ਰੰਗ ਰਾਵੈ
ਜੋ ਗੁਰ ਲਾਗਾ ਪਾਈ ਜੀਉ ॥੧॥

لاکھ کوٹ کھُسیِیا رنگ راوے
جو گُر لاگا پائی جیِءُ ॥1॥

ਦਰਸਨੁ ਪੇਖਤ ਭਏ ਪੁਨੀਤਾ ॥

درسنُ پیکھت بھۓ پُنیتا ॥

ਸਗਲ ਉਧਾਰੇ ਭਾਈ ਮੀਤਾ ॥

سگل اُدھارے بھائی میتا ॥

ਅਗਮ ਅਗੋਚਰੁ ਸੁਆਮੀ ਅਪੁਨਾ
ਗੁਰ ਕਿਰਪਾ ਤੇ ਸਚੁ ਧਿਆਈ ਜੀਉ ॥੨॥

اگم اگوچرُ سُیامی اپُنا
گُر کِرپا تے سچُ دھِیائی جیِءُ ॥2॥

ਜਾ ਕਉ ਖੋਜਹਿ ਸਰਬ ਉਪਾਏ ॥

جا کءُ کھوجہِ سرب اُپائے ॥

ਵਡਭਾਗੀ ਦਰਸਨੁ ਕੋ ਵਿਰਲਾ ਪਾਏ ॥

وڈبھاگی درسنُ کو وِرلا پائے ॥

ਊਚ ਅਪਾਰ ਅਗੋਚਰ ਥਾਨਾ
ਓਹੁ ਮਹਲੁ ਗੁਰੂ ਦੇਖਾਈ ਜੀਉ ॥੩॥

اوُچ اپار اگوچر تھانا
اوہُ محلُ گُرُو دیکھائی جیِءُ ॥3॥

ਗਹਿਰ ਗੰਭੀਰ ਅੰਮ੍ਰਿਤ ਨਾਮੁ ਤੇਰਾ ॥

گہِر گنبھیِر انمّرِت نامُ تیرا ॥

ਮੁਕਤਿ ਭਇਆ ਜਿਸੁ ਰਿਦੈ ਵਸੇਰਾ ॥

مُکتِ بھئیا جِسُ رِدے وسیرا ॥

ਗੁਰਿ ਬੰਧਨ ਤਿਨ ਕੇ ਸਗਲੇ ਕਾਟੇ
ਜਨ ਨਾਨਕ ਸਹਜਿ ਸਮਾਈ ਜੀਉ ॥੪॥੧੬॥੨੩॥

گُرِ بندھن تِن کے سگلے کاٹے
جن نانک سہجِ سمائی جیِءُ ॥4॥ 16 ॥ 23 ॥

ਮਾਝ ਮਹਲਾ ੫ ॥

ماجھ محلا 5 ॥

ਪ੍ਰਭ ਕਿਰਪਾ ਤੇ ਹਰਿ ਹਰਿ ਧਿਆਵਉ ॥

پربھ کِرپا تے ہرِ ہرِ دھِیاوءُ ॥

ਪ੍ਰਭੂ ਦਇਆ ਤੇ ਮੰਗਲੁ ਗਾਵਉ ॥

پربھوُ دیَیا تے منگلُ گاوءُ ॥

ਊਠਤ ਬੈਠਤ ਸੋਵਤ ਜਾਗਤ

اوُٹھت بیٹھت سووت جاگت

ਹਰਿ ਧਿਆਈਐ ਸਗਲ ਅਵਰਦਾ ਜੀਉ ॥੧॥

ہرِ دھیائیئے سگل اوردا جیءُ ॥1॥

ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥

نامُ اَکھدھُ مو ک ءُ سادھوُ دِیا ॥

ਕਿਲਬਿਖ ਕਾਟੇ ਨਿਰਮਲੁ ਥੀਆ ॥

کِلبِکھ کاٹے نِرملُ تھِیا ॥

ਅਨਦੁ ਭਇਆ ਨਿਕਸੀ ਸਭ ਪੀਰਾ
ਸਗਲ ਬਿਨਾਸੇ ਦਰਦਾ ਜੀਉ ॥੨॥

اندُ بھئیا نِکسی سبھ پیِرا
سگل بِناسے دردا جیءُ ॥2॥

ਜਿਸ ਕਾ ਅੰਗੁ ਕਰੇ ਮੇਰਾ ਪਿਆਰਾ ॥

جِس کا انگُ کرے میرا پِیارا ॥

ਸੋ ਮੁਕਤਾ ਸਾਗਰ ਸੰਸਾਰਾ ॥

سو مُکتا ساگر سنّسارا ॥

ਸਤਿ ਕਰੇ ਜਿਨਿ ਗੁਰੂ ਪਛਾਤਾ
ਸੋ ਕਾਹੇ ਕਉ ਡਰਦਾ ਜੀਉ ॥੩॥

ستِ کرے جِنِ گُرو پچھاتا
سو کاہے ک ءُ ڈردا جیءُ ۔ ॥3॥

ਜਬ ਤੇ ਸਾਧੂ ਸੰਗਤਿ ਪਾਏ ॥

جب تے سادھوُ سنگتِ پائے ॥

ਗੁਰ ਭੇਟਤ ਹਉ ਗਈ ਬਲਾਏ ॥

گُر بھیٹت ہءُ گئی بلائے ॥

ਸਾਸਿ ਸਾਸਿ ਹਰਿ ਗਾਵੈ ਨਾਨਕੁ
ਸਤਿਗੁਰ ਢਾਕਿ ਲੀਆ ਮੇਰਾ ਪੜਦਾ ਜੀਉ ॥੪॥੧੭॥੨੪॥

ساسِ ساسِ ہرِ گاوے نانکُ
ستِگُر ڈھاکِ لِیا میرا پڑدا جیءُ ॥4॥ 17 ॥ 24 ॥

ਮਾਝ ਮਹਲਾ ੫ ॥

ماجھ محلا 5 ॥

ਓਤਿ ਪੋਤਿ ਸੇਵਕ ਸੰਗਿ ਰਾਤਾ ॥

اوتِ پوتِ سیوک سنگِ راتا ॥

ਪ੍ਰਭ ਪ੍ਰਤਿਪਾਲੇ ਸੇਵਕ ਸੁਖਦਾਤਾ ॥

پربھ پرتپالے سیوک سُکھداتا ॥

ਪਾਣੀ ਪਖਾ ਪੀਸਉ ਸੇਵਕ ਕੈ
ਠਾਕੁਰ ਹੀ ਕਾ ਆਹਰੁ ਜੀਉ ॥੧॥

پانی پکھا پیِس ءُ سیوک کے
ٹھاکُر ہی کا آہرُ جیءُ ॥1॥

ਕਾਟਿ ਸਿਲਕ ਪ੍ਰਭਿ ਸੇਵਾ ਲਾਇਆ ॥

کاٹِ سِلک پربھِ سیوا لائیا ॥

ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ ॥

حُکمُ صاحِب کا سیوک منِ بھائیا ॥

ਸੋਈ ਕਮਾਵੈ ਜੋ ਸਾਹਿਬ ਭਾਵੈ
ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ ॥੨॥

سوئی کماوے جو صاحِب بھاوے
سیوکُ انتر باہرِ ماہرُ جیءُ ॥2॥

ਤੂੰ ਦਾਨਾ ਠਾਕੁਰੁ ਸਭ ਬਿਧਿ ਜਾਨਹਿ ॥

توُنّ دانا ٹھاکُرُ سبھ بِدھِ جانہِ ॥

ਠਾਕੁਰ ਕੇ ਸੇਵਕ ਹਰਿ ਰੰਗ ਮਾਣਹਿ ॥

ٹھاکُر کے سیوک ہرِ رنگ ماٹہِ ॥

ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ
ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ ॥੩॥

جو کِچھُ ٹھاکُر کا سو سیوک کا
سیوکُ ٹھاکُر ہی سنگِ ظاہرُ جیِءُ ॥3॥

ਅਪੁਨੈ ਠਾਕੁਰਿ ਜੋ ਪਹਿਰਾਇਆ ॥

اپُنے ٹھاکُرِ جو پہِرائیا ॥

ਬਹੁਰਿ ਨ ਲੇਖਾ ਪੁਛਿ ਬੁਲਾਇਆ ॥

بہُرِ ن لیکھا پُچھِ بُلائیا ॥

ਤਿਸੁ ਸੇਵਕ ਕੈ ਨਾਨਕ ਕੁਰਬਾਣੀ
ਸੋ ਗਹਿਰ ਗਭੀਰਾ ਗਉਹਰੁ ਜੀਉ ॥੪॥੧੮॥੨੫॥

تِسُ سیوک کے نانک قُربانی
سو گہِر گبھیرا گئہرُ جیِءُ ॥4॥ 18 ॥ 25 ॥

ਮਾਝ ਮਹਲਾ ੫ ॥

ماجھ محلا 5 ॥

ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥

سبھ کِچھُ گھر مہِ باہرِ ناہی ॥

ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥

باہرِ ٹولے سو بھرمِ بھُلاہی ॥

ਗੁਰ ਪਰਸਾਦੀ ਜਿਨੀ ਅੰਤਰਿ ਪਾਇਆ
ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥

گُر پرسادی جِنی انتر پائیا
سو انتر باہرِ سُہیلا جیِءُ ॥1॥

ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥

جھِمِ جھِمِ ورسے انّمرِت دھارا ॥

ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥

منُ پیوے سُنِ سبدُ بیچارا ॥

ਅਨਦ ਬਿਨੋਦ ਕਰੇ ਦਿਨ ਰਾਤੀ
ਸਦਾ ਸਦਾ ਹਰਿ ਕੇਲਾ ਜੀਉ ॥੨॥

اند بِنود کرے دِن راتی
سدا سدا ہرِ کیلا جیِءُ ॥2॥

ਜਨਮ ਜਨਮ ਕਾ ਵਿਛੁੜਿਆ ਮਿਲਿਆ ॥

جنم جنم کا وِچھُڑیا مِلیا ॥

ਸਾਧ ਕ੍ਰਿਪਾ ਤੇ ਸੂਕਾ ਹਰਿਆ ॥

سادھ کرِپا تے سوُکا ہریا ॥

ਸੁਮਤਿ ਪਾਏ ਨਾਮੁ ਧਿਆਏ
ਗੁਰਮੁਖਿ ਹੋਏ ਮੇਲਾ ਜੀਉ ॥੩॥

سُمتِ پائے نامُ دھیائے
گُرمُکھِ ہوئے میلا جیِءُ ॥3॥

ਜਲ ਤਰੰਗੁ ਜਿਉ ਜਲਹਿ ਸਮਾਇਆ ॥

جل ترنگُ جِءُ جلہِ سمائیا ॥

ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥

تِءُ جوتی سنگِ جوتِ مِلائیا ॥

ਕਹੁ ਨਾਨਕ ਭ੍ਰਮ ਕਟੇ ਕਿਵਾੜਾ
ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥

کہُ نانک بھّرم کٹے کِواڑا
بہُڑِ ن ہوئیئے جئُلا جیِءُ ॥4॥ 19 ॥ 26 ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پُرب نوں سمرپت | سیوا: بھائی بلجندر سنگھ جی (راڑا صاہب)

ਮਾਝ ਮਹਲਾ ੫ ॥

ماجھ محلا 5 ॥

ਤਿਸੁ ਕੁਰਬਾਣੀ ਜਿਨਿ ਤੂੰ ਸੁਣਿਆ ॥

تِس قُربانی جِنِ توُنّ سُنِیا ॥

ਤਿਸੁ ਬਲਿਹਾਰੀ ਜਿਨਿ ਰਸਨਾ ਭਣਿਆ ॥

تِس بلِہاری جِنِ رسنا بھنِیا ॥

ਵਾਰਿ ਵਾਰਿ ਜਾਈ ਤਿਸੁ ਵਿਟਹੁ
ਜੋ ਮਨਿ ਤਨਿ ਤੁਧੁ ਆਰਾਧੇ ਜੀਉ ॥੧॥

وارِ وارِ جائی تِس وِٹہُ
جو منِ تنِ تُدھُ آرادھے جیِءُ ॥1॥

ਤਿਸੁ ਚਰਣ ਪਖਾਲੀ ਜੋ ਤੇਰੈ ਮਾਰਗਿ ਚਾਲੈ ॥

تِس چرنؔ پکھالی جو تیرے مارگِ چالے ॥

ਨੈਨ ਨਿਹਾਲੀ ਤਿਸੁ ਪੁਰਖ ਦਇਆਲੈ ॥

نین نِہالی تِس پُرکھ دیِیالے ॥

ਮਨੁ ਦੇਵਾ ਤਿਸੁ ਅਪੁਨੇ ਸਾਜਨ
ਜਿਨਿ ਗੁਰ ਮਿਲਿ ਸੋ ਪ੍ਰਭੁ ਲਾਧੇ ਜੀਉ ॥੨॥

منُ دیوا تِس اپُنے ساجن
جِنِ گُر مِلِ سو پّربھُ لادھے جیِءُ ॥2॥

ਸੇ ਵਡਭਾਗੀ ਜਿਨਿ ਤੁਮ ਜਾਣੇ ॥

سے وڈبھاگی جِنِ تُم جانے ॥

ਸਭ ਕੈ ਮਧੇ ਅਲਿਪਤ ਨਿਰਬਾਣੇ ॥

سبھ کے مدھے الپت نِربانے ॥

ਸਾਧ ਕੈ ਸੰਗਿ ਉਨਿ ਭਉਜਲੁ ਤਰਿਆ
ਸਗਲ ਦੂਤ ਉਨਿ ਸਾਧੇ ਜੀਉ ॥੩॥

سادھ کے سنگِ اُنِ بھجُلُ تریا
سگل دوُت اُنِ سادھے جیِءُ ॥3॥

ਤਿਨ ਕੀ ਸਰਣਿ ਪਰਿਆ ਮਨੁ ਮੇਰਾ ॥

تِن کی سرنؔ پریا منُ میرا ॥

ਮਾਣੁ ਤਾਣੁ ਤਜਿ ਮੋਹੁ ਅੰਧੇਰਾ ॥

ماںُ تاںُ تجِ موہُ اندھیرا ॥

ਨਾਮੁ ਦਾਨੁ ਦੀਜੈ ਨਾਨਕ ਕਉ
ਤਿਸੁ ਪ੍ਰਭ ਅਗਮ ਅਗਾਧੇ ਜੀਉ ॥੪॥੨੦॥੨੭॥

نامُ دانُ دیجے نانک کءُ
تِس پّربھ اگم اگادھے جیِءُ ॥4॥ 20 ॥ 27 ॥

ਮਾਝ ਮਹਲਾ ੫ ॥

ماجھ محلا 5 ॥

ਤੂੰ ਪੇਡੁ ਸਾਖ ਤੇਰੀ ਫੂਲੀ ॥

توُنّ پیڈُ ساکھ تیری پھوُلی ॥

ਤੂੰ ਸੂਖਮੁ ਹੋਆ ਅਸਥੂਲੀ ॥

توُنّ سوُکھمُ ہویا استھوُلی ॥

ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ
ਤੁਧੁ ਬਿਨੁ ਅਵਰੁ ਨ ਭਾਲੀਐ ਜੀਉ ॥੧॥

توُنّ جلنِدھِ توُنّ پھینُ بُدبُدا
تُدھُ بِنُ اورُ ن بھالیئے جیِءُ ॥1॥

ਤੂੰ ਸੂਤੁ ਮਣੀਏ ਭੀ ਤੂੰਹੈ ॥

توُنّ سوُتُ منِیئے بھی توُنہے ॥

ਤੂੰ ਗੰਠੀ ਮੇਰੁ ਸਿਰਿ ਤੂੰਹੈ ॥

تونّ گنٹھی میرُ سِرِ تونّہے ॥

ਆਦਿ ਮਧਿ ਅੰਤਿ ਪ੍ਰਭੁ ਸੋਈ
ਅਵਰੁ ਨ ਕੋਇ ਦਿਖਾਲੀਐ ਜੀਉ ॥੨॥

آدِ مدھِ انّتِ پربھُ سوئی
اورُ ن کوءِ دِکھالیۓ جیءُ ॥2॥

ਤੂੰ ਨਿਰਗੁਣੁ ਸਰਗੁਣੁ ਸੁਖਦਾਤਾ ॥

تونّ نِرگُنُ سرگُنُ سُکھداتا ॥

ਤੂੰ ਨਿਰਬਾਣੁ ਰਸੀਆ ਰੰਗਿ ਰਾਤਾ ॥

تونّ نِربانُ رسیِیا رنگِ راتا ॥

ਅਪਣੇ ਕਰਤਬ ਆਪੇ ਜਾਣਹਿ
ਆਪੇ ਤੁਧੁ ਸਮਾਲੀਐ ਜੀਉ ॥੩॥

اپنّے کرتب آپے جانّہِ
آپے تُدھُ سمالیۓ جیءُ ॥3॥

ਤੂੰ ਠਾਕੁਰੁ ਸੇਵਕੁ ਫੁਨਿ ਆਪੇ ॥

تونّ ٹھاکُرُ سیوکُ پھُنِ آپے ॥

ਤੂੰ ਗੁਪਤੁ ਪਰਗਟੁ ਪ੍ਰਭ ਆਪੇ ॥

تونّ گُپتُ پرگٹُ پربھ آپے ॥

ਨਾਨਕ ਦਾਸੁ ਸਦਾ ਗੁਣ ਗਾਵੈ
ਇਕ ਭੋਰੀ ਨਦਰਿ ਨਿਹਾਲੀਐ ਜੀਉ ॥੪॥੨੧॥੨੮॥

نانک داسُ سدا گُنُ گاوۓ
اِک بھوری ندرِ نِہالیۓ جیءُ ॥4॥ 21 ॥ 28 ॥

ਮਾਝ ਮਹਲਾ ੫ ॥

ماجھ محلا 5 ॥

ਸਫਲ ਸੁ ਬਾਣੀ ਜਿਤੁ ਨਾਮੁ ਵਖਾਣੀ ॥

سپھل سُ بانّی جِتُ نامُ وکھانّی ॥

ਗੁਰ ਪਰਸਾਦਿ ਕਿਨੈ ਵਿਰਲੈ ਜਾਣੀ ॥

گُر پرسادِ کِنۓ وِرلے جانّی ॥

ਧੰਨੁ ਸੁ ਵੇਲਾ ਜਿਤੁ ਹਰਿ ਗਾਵਤ ਸੁਨਣਾ
ਆਏ ਤੇ ਪਰਵਾਨਾ ਜੀਉ ॥੧॥

دھنّنُ سُ ویلا جِتُ ہرِ گاوت سُنّنا
آۓ تے پروانا جیءُ ॥1॥

ਸੇ ਨੇਤ੍ਰ ਪਰਵਾਣੁ ਜਿਨੀ ਦਰਸਨੁ ਪੇਖਾ ॥

سے نیتّر پروانُ جِنی درسنُ پیکھا ॥

ਸੇ ਕਰ ਭਲੇ ਜਿਨੀ ਹਰਿ ਜਸੁ ਲੇਖਾ ॥

سے کر بھلے جِنی ہرِ جسُ لیکھا ॥

ਸੇ ਚਰਣ ਸੁਹਾਵੇ ਜੋ ਹਰਿ ਮਾਰਗਿ ਚਲੇ
ਹਉ ਬਲਿ ਤਿਨ ਸੰਗਿ ਪਛਾਣਾ ਜੀਉ ॥੨॥

سے چرنّ سُہاوے جو ہرِ مارگِ چلے
ہءُ بلِ تِن سنگِ پچھاتا جیءُ ॥2॥

ਸੁਣਿ ਸਾਜਨ ਮੇਰੇ ਮੀਤ ਪਿਆਰੇ ॥

سُنّ ساجن میرے میت پیارے ۔ ॥

ਸਾਧਸੰਗਿ ਖਿਨ ਮਾਹਿ ਉਧਾਰੇ ॥

سادھسنگِ کھِن ماہِ اُدھارے ॥

ਕਿਲਵਿਖ ਕਾਟਿ ਹੋਆ ਮਨੁ ਨਿਰਮਲੁ
ਮਿਟਿ ਗਏ ਆਵਣ ਜਾਣਾ ਜੀਉ ॥੩॥

کِلوِکھ کاٹِ ہویا منُ نِرملُ
مِٹِ گۓ آونّ جانّا جیءُ ॥3॥

ਦੁਇ ਕਰ ਜੋੜਿ ਇਕੁ ਬਿਨਉ ਕਰੀਜੈ ॥
دُءِ کر جوڑِ اِکُ بِنءُ کریجےَ ॥

ਕਰਿ ਕਿਰਪਾ ਡੁਬਦਾ ਪਥਰੁ ਲੀਜੈ ॥
کرِ کرِپا ڈُبدا پتھرُ لیجےَ ॥

ਨਾਨਕ ਕਉ ਪ੍ਰਭ ਭਏ ਕ੍ਰਿਪਾਲਾ
ਪ੍ਰਭ ਨਾਨਕ ਮਨਿ ਭਾਣਾ ਜੀਉ ॥੪॥੨੨॥੨੯॥
نانک کءُ پربھ بھےَ کرِپالا
پربھ نانک منِ بھاٹا جیِءُ ॥4॥ 22 ॥ 29 ॥

ਮਾਝ ਮਹਲਾ ੫ ॥
ماجھ محلا 5 ॥

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥
انمّرِت بانٹی ہرِ ہرِ تیری ॥

ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥
سُنٹِ سُنٹِ ہووے پرم گتِ میری ॥

ਜਲਨਿ ਬੁਝੀ ਸੀਤਲੁ ਹੋਇ ਮਨੂਆ
ਸਤਿਗੁਰ ਕਾ ਦਰਸਨੁ ਪਾਏ ਜੀਉ ॥੧॥
جلنِ بُجھی سِیتلُ ہوءِ منوُیا
ستِگُر کا درسنُ پائے جیِءُ ॥1॥

ਸੂਖੁ ਭਇਆ ਦੁਖੁ ਦੂਰਿ ਪਰਾਨਾ ॥
سوُکھُ بھئیا دُکھُ دوُرِ پرانا ॥

ਸੰਤ ਰਸਨ ਹਰਿ ਨਾਮੁ ਵਖਾਨਾ ॥
سنّت رسن ہرِ نامُ وکھانا ॥

ਜਲ ਥਲ ਨੀਰਿ ਭਰੇ ਸਰ ਸੁਭਰ
ਬਿਰਥਾ ਕੋਇ ਨ ਜਾਏ ਜੀਉ ॥੨॥
جل تھل نیِرِ بھرے سر سُبھر
برِتھا کوءِ ن جائے جیِءُ ॥2॥

ਦਇਆ ਧਾਰੀ ਤਿਨਿ ਸਿਰਜਨਹਾਰੇ ॥
دئیا دھاری تِنِ سِرجنہارے ॥

ਜੀਅ ਜੰਤ ਸਗਲੇ ਪ੍ਰਤਿਪਾਰੇ ॥
جیء جنّت سگلے پرتپارے ॥

ਮਿਹਰਵਾਨ ਕਿਰਪਾਲ ਦਇਆਲਾ
ਸਗਲੇ ਤ੍ਰਿਪਤਿ ਅਘਾਏ ਜੀਉ ॥੩॥
مِہروان کرِپال دئیالا
سگلے ترِپتِ اگھائے جیِءُ ॥3॥

ਵਣੁ ਤ੍ਰਿਣੁ ਤ੍ਰਿਭਵਣੁ ਕੀਤੋਨੁ ਹਰਿਆ ॥
ونُ ترِنُ ترِبھونُ کیتونُ ہرِیا ॥

ਕਰਣਹਾਰਿ ਖਿਨ ਭੀਤਰਿ ਕਰਿਆ ॥
کرٹہارِ کھِن بھیترِ کریا ॥

ਗੁਰਮੁਖਿ ਨਾਨਕ ਤਿਸੈ ਅਰਾਧੇ
ਮਨ ਕੀ ਆਸ ਪੁਜਾਏ ਜੀਉ ॥੪॥੨੩॥੩੦॥
گُرمُکھِ نانک تِسےَ ارادھے
من کی آس پُجائے جیِءُ ॥4॥ 23 ॥ 30 ॥

ਮਾਝ ਮਹਲਾ ੫ ॥
ماجھ محلا 5 ॥

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥
توّنہ میرا پِتا توُنہے میرا ماتا ॥

ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥
تونّ میرا بندھپ تونّ میرا بھّراتا ॥

ਤੂੰ ਮੇਰਾ ਰਾਖਾ ਸਭਨੀ ਥਾਈ
ਤਾ ਭਉ ਕੇਹਾ ਕਾੜਾ ਜੀਉ ॥੧॥
تونّ میرا راکھا سبھنی تھائی
تا بھءُ کیہا کاڑا جیءُ ۔ ॥1॥

ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥
تُمری کرِپا تے تُدھُ پچھاتا ॥

ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ ॥
تونّ میری اوٹ تونہے میرا ماٹا ॥

ਤੁਝ ਬਿਨੁ ਦੂਜਾ ਅਵਰੁ ਨ ਕੋਈ
ਸਭੁ ਤੇਰਾ ਖੇਲੁ ਅਖਾੜਾ ਜੀਉ ॥੨॥
تُجھ بِنُ دوُجا اورُ ن کوئی
سبھُ تیرا کھیلُ اکھاڑا جیءُ ॥2॥

ਜੀਅ ਜੰਤ ਸਭਿ ਤੁਧੁ ਉਪਾਏ ॥
جیء جنّت سبھِ تُدھُ اُپائے ॥

ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥
جِتُ جِتُ بھاٹا تِتُ تِتُ لائے ॥

ਸਭ ਕਿਛੁ ਕੀਤਾ ਤੇਰਾ ਹੋਵੈ
ਨਾਹੀ ਕਿਛੁ ਅਸਾੜਾ ਜੀਉ ॥੩॥
سبھ کچھُ کِیتا تیرا ہووے
ناہی کچھُ اساڑا جیءُ ॥3॥

ਨਾਮੁ ਧਿਆਇ ਮਹਾ ਸੁਖੁ ਪਾਇਆ ॥
نامُ دھِیاءِ مہا سُکھُ پائیا ॥

ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ ॥
ہرِ گُنّ گاءِ میرا منُ سِیتلائیا ॥

ਗੁਰਿ ਪੂਰੈ ਵਜੀ ਵਾਧਾਈ
ਨਾਨਕ ਜਿਤਾ ਬਿਖਾੜਾ ਜੀਉ ॥੪॥੨੪॥੩੧॥
گُرِ پوُرے وجی وادھائی
نانک جِتا بِکھاڑا جیءُ ॥4॥ 24 ॥ 31 ॥

ਮਾਝ ਮਹਲਾ ੫ ॥
ماجھ محلا 5 ॥

ਜੀਅ ਪ੍ਰਾਣ ਪ੍ਰਭ ਮਨਹਿ ਅਧਾਰਾ ॥
جیء پّراٹ پّربھ منہِ ادھارا ॥

ਭਗਤ ਜੀਵਹਿ ਗੁਣ ਗਾਇ ਅਪਾਰਾ ॥
بھگت جیوہِ گُنّ گاءِ اپارا ॥

ਗੁਣ ਨਿਧਾਨ ਅੰਮ੍ਰਿਤੁ ਹਰਿ ਨਾਮਾ
ਹਰਿ ਧਿਆਇ ਧਿਆਇ ਸੁਖੁ ਪਾਇਆ ਜੀਉ ॥੧॥
گُنّ نِدھان انّمرِتُ ہرِ نامـا
ہرِ دھِیاءِ دھِیاءِ سُکھُ پائیا جیءُ ॥1॥

ਮਨਸਾ ਧਾਰਿ ਜੋ ਘਰ ਤੇ ਆਵੈ ॥
منسا دھارِ جو گھر تے آوے ॥

ਸਾਧਸੰਗਿ ਜਨਮੁ ਮਰਣੁ ਮਿਟਾਵੈ ॥
سادھسنگِ جنمُ مرنُ مِٹاوے ॥

ਆਸ ਮਨੋਰਥੁ ਪੂਰਨੁ ਹੋਵੈ
ਭੇਟਤ ਗੁਰ ਦਰਸਾਇਆ ਜੀਉ ॥੨॥
آس منورتھُ پوُرنُ ہووے
بھیٹت گُر درسائیا جیءُ ॥2॥

ਅਗਮ ਅਗੋਚਰ ਕਿਛੁ ਮਿਤਿ ਨਹੀ ਜਾਨੀ ॥
اگم اگوچر کچھُ مِتِ نہی جانی ॥

ਸਾਧਿਕ ਸਿਧ ਧਿਆਵਹਿ ਗਿਆਨੀ ॥
سادھِک سِدھ دھِیاوہِ گیانی ॥

ਖੁਦੀ ਮਿਟੀ ਚੂਕਾ ਭੋਲਾਵਾ
ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ ॥੩॥
خُدی مِٹی چوُکا بھولاوا
گُرِ من ہی مہِ پرگٹائیا جیِءُ ॥3॥

ਅਨਦ ਮੰਗਲ ਕਲਿਆਣ ਨਿਧਾਨਾ ॥
اند منگل کلیاںٹ نِدھانا ॥

ਸੂਖ ਸਹਜ ਹਰਿ ਨਾਮੁ ਵਖਾਨਾ ॥
سوُکھ سہج ہرِ نامُ وکھانا ॥

ਹੋਇ ਕ੍ਰਿਪਾਲੁ ਸੁਆਮੀ ਅਪਨਾ
ਨਾਉ ਨਾਨਕ ਘਰ ਮਹਿ ਆਇਆ ਜੀਉ ॥੪॥੨੫॥੩੨॥
ہوءِ کرِپالُ سُیامی اپنا
ناءُ نانک گھر مہِ آئیا جیِءُ ॥4॥ 25 ॥ 32 ॥

ਮਾਝ ਮਹਲਾ ੫ ॥
ماجھ محلا 5 ॥

ਸੁਣਿ ਸੁਣਿ ਜੀਵਾ ਸੋਇ ਤੁਮਾਰੀ ॥
سُنِٹ سُنِٹ جیِوا سوءِ تُماری ॥

ਤੂੰ ਪ੍ਰੀਤਮੁ ਠਾਕੁਰੁ ਅਤਿ ਭਾਰੀ ॥
توُنَ پرِیتمُ ٹھاکُرُ اتِ بھاری ॥

ਤੁਮਰੇ ਕਰਤਬ ਤੁਮ ਹੀ ਜਾਣਹੁ
ਤੁਮਰੀ ਓਟ ਗੋਪਾਲਾ ਜੀਉ ॥੧॥
تُمرے کرتب تُم ہی جانہُ
تُمری اوٹ گوپالا جیِءُ ॥1॥

ਗੁਣ ਗਾਵਤ ਮਨੁ ਹਰਿਆ ਹੋਵੈ ॥
گُنٹ گاوت منُ ہریا ہووے ॥

ਕਥਾ ਸੁਣਤ ਮਲੁ ਸਗਲੀ ਖੋਵੈ ॥
کتھا سُنٹت ملُ سگلی کھووے ॥

ਭੇਟਤ ਸੰਗਿ ਸਾਧ ਸੰਤਨ ਕੈ
ਸਦਾ ਜਪਉ ਦਇਆਲਾ ਜੀਉ ॥੨॥
بھیٹت سنگِ سادھ سنتن کے
سدا جپءُ دئیالا جیِءُ ॥2॥

ਪ੍ਰਭੁ ਅਪੁਨਾ ਸਾਸਿ ਸਾਸਿ ਸਮਾਰਉ ॥
پربھُ اپُنا ساسِ ساسِ سمارءُ ॥

ਇਹ ਮਤਿ ਗੁਰ ਪ੍ਰਸਾਦਿ ਮਨਿ ਧਾਰਉ ॥
اِہ متِ گُر پرسادِ منِ دھارءُ ॥

ਤੁਮਰੀ ਕ੍ਰਿਪਾ ਤੇ ਹੋਇ ਪ੍ਰਗਾਸਾ
ਸਰਬ ਮਇਆ ਪ੍ਰਤਿਪਾਲਾ ਜੀਉ ॥੩॥
تُمری کرِپا تے ہوءِ پرگاسا
سرب مئیا پرتپالا جیِءُ ॥3॥

ਸਤਿ ਸਤਿ ਸਤਿ ਪ੍ਰਭੁ ਸੋਈ ॥
ستِ ستِ ستِ پربھُ سوئی ॥

ਸਦਾ ਸਦਾ ਸਦ ਆਪੇ ਹੋਈ ॥
سدا سدا سد آپے ہوئی ॥

ਚਲਿਤ ਤੁਮਾਰੇ ਪ੍ਰਗਟ ਪਿਆਰੇ
چلِت تُمارے پرگٹ پیارے

ਦੇਖਿ ਨਾਨਕ ਭਏ ਨਿਹਾਲਾ ਜੀਉ ॥੪॥੨੬॥੩੩॥

دیکھِ نانک بھئے نِہالا جیِءُ ॥4॥ 26 ॥ 33 ॥

ਮਾਝ ਮਹਲਾ ੫ ॥

ماجھ محلا 5 ॥

ਹੁਕਮੀ ਵਰਸਣ ਲਾਗੇ ਮੇਹਾ ॥

حُکمی ورسنؔ لاگے میہا ॥

ਸਾਜਨ ਸੰਤ ਮਿਲਿ ਨਾਮੁ ਜਪੇਹਾ ॥

ساجن سنّت مِلِ نامُ جپیہا ॥

ਸੀਤਲ ਸਾਂਤਿ ਸਹਜ ਸੁਖੁ ਪਾਇਆ
ਠਾਢਿ ਪਾਈ ਪ੍ਰਭਿ ਆਪੇ ਜੀਉ ॥੧॥

سِیتل سانتِ سہج سُکھُ پائیا
ٹھاڈھِ پائی پربھِ آپے جیِءُ ॥1॥

ਸਭੁ ਕਿਛੁ ਬਹੁਤੋ ਬਹੁਤੁ ਉਪਾਇਆ ॥

سبھُ کِچھُ بہُتو بہُتُ اُپائیا ॥

ਕਰਿ ਕਿਰਪਾ ਪ੍ਰਭਿ ਸਗਲ ਰਜਾਇਆ ॥

کرِ کِرپا پربھِ سگل رجائیا ॥

ਦਾਤਿ ਕਰਹੁ ਮੇਰੇ ਦਾਤਾਰਾ
ਜੀਅ ਜੰਤ ਸਭਿ ਧ੍ਰਾਪੇ ਜੀਉ ॥੨॥

داتِ کرہُ میرے داتارا
جیء جنّت سبھِ دھّراپے جیِءُ ॥2॥

ਸਚਾ ਸਾਹਿਬੁ ਸਚੀ ਨਾਈ ॥

سچا صاحِبُ سچی نائی ॥

ਗੁਰ ਪਰਸਾਦਿ ਤਿਸੁ ਸਦਾ ਧਿਆਈ ॥

گُر پرسادِ تِسُ سدا دھِیائی ॥

ਜਨਮ ਮਰਣ ਭੈ ਕਾਟੇ ਮੋਹਾ
ਬਿਨਸੇ ਸੋਗ ਸੰਤਾਪੇ ਜੀਉ ॥੩॥

جنم مرنؔ بھےَ کاٹے موہا
بِنسے سوگ سنّتاپے جیِءُ ॥3॥

ਸਾਸਿ ਸਾਸਿ ਨਾਨਕੁ ਸਾਲਾਹੇ ॥

ساسِ ساسِ نانکُ سالاہے ॥

ਸਿਮਰਤ ਨਾਮੁ ਕਾਟੇ ਸਭਿ ਫਾਹੇ ॥

سِمرت نامُ کاٹے سبھِ پھاہے ॥

ਪੂਰਨ ਆਸ ਕਰੀ ਖਿਨ ਭੀਤਰਿ
ਹਰਿ ਹਰਿ ਹਰਿ ਗੁਣ ਜਾਪੇ ਜੀਉ ॥੪॥੨੭॥੩੪॥

پُورن آس کری کھِن بھیترِ
ہرِ ہرِ ہرِ گُنؔ جاپے جیِءُ ॥4॥ 27 ॥ 34 ॥

ਮਾਝ ਮਹਲਾ ੫ ॥

ماجھ محلا 5 ॥

ਆਉ ਸਾਜਨ ਸੰਤ ਮੀਤ ਪਿਆਰੇ ॥

آءُ ساجن سنّت میت پِیارے ۔ ॥

ਮਿਲਿ ਗਾਵਹ ਗੁਣ ਅਗਮ ਅਪਾਰੇ ॥

مِلِ گاوہ گُنؔ اگم اپارے ॥

ਗਾਵਤ ਸੁਣਤ ਸਭੇ ਹੀ ਮੁਕਤੇ
ਸੋ ਧਿਆਈਐ ਜਿਨਿ ਹਮ ਕੀਏ ਜੀਉ ॥੧॥

گاوت سُنّت سبھے ہی مُکتے
سو دھِیائیےَ جِنِ ہم کیِئے جیِءُ ॥1॥

ਜਨਮ ਜਨਮ ਕੇ ਕਿਲਬਿਖ ਜਾਵਹਿ ॥	جنم جنم کے کِلبِکھ جاوہِ ॥
ਮਨਿ ਚਿੰਦੇ ਸੇਈ ਫਲ ਪਾਵਹਿ ॥	منِ چِنّدے سیئی پھل پاوہِ ॥
ਸਿਮਰਿ ਸਾਹਿਬੁ ਸੋ ਸਚੁ ਸੁਆਮੀ ਰਿਜਕੁ ਸਭਸੁ ਕਉ ਦੀਏ ਜੀਉ ॥੨॥	سِمرِ صاحِبُ سو سچُ سُیامی رِزقُ سبھسُ ک ءُ دیۓ جیِ ءُ ॥2॥
ਨਾਮੁ ਜਪਤ ਸਰਬ ਸੁਖੁ ਪਾਈਐ ॥	نامُ جپت سرب سُکھُ پائیۓ ॥
ਸਭੁ ਭਉ ਬਿਨਸੈ ਹਰਿ ਹਰਿ ਧਿਆਈਐ ॥	سبھُ بھ ءُ بِنسے ہرِ ہرِ دھیائیۓ ॥
ਜਿਨਿ ਸੇਵਿਆ ਸੋ ਪਾਰਗਿਰਾਮੀ ਕਾਰਜ ਸਗਲੇ ਥੀਏ ਜੀਉ ॥੩॥	جِنِ سیویا سو پارگِرامی کارج سگلے تھیۓ جیِ ءُ ॥3॥
ਆਇ ਪਇਆ ਤੇਰੀ ਸਰਣਾਈ ॥	آءِ پئیا تیری سرنائی ॥
ਜਿਉ ਭਾਵੈ ਤਿਉ ਲੈਹਿ ਮਿਲਾਈ ॥	جِ ءُ بھاوے تِ ءُ لیَہِ مِلائی ॥
ਕਰਿ ਕਿਰਪਾ ਪ੍ਰਭੁ ਭਗਤੀ ਲਾਵਹੁ ਸਚੁ ਨਾਨਕ ਅੰਮ੍ਰਿਤੁ ਪੀਏ ਜੀਉ ॥੪॥੨੮॥੩੫॥	کرِ کرِپا پربھُ بھگتی لاوہُ سچُ نانک انمرِتُ پیۓ جیِ ءُ ॥4॥ 28 ॥ 35 ॥
ਮਾਝ ਮਹਲਾ ੫ ॥	ماجھ محلا 5 ॥
ਭਏ ਕ੍ਰਿਪਾਲ ਗੋਵਿੰਦ ਗੁਸਾਈ ॥	بھۓ کرِپال گووِند گُسائی ॥
ਮੇਘੁ ਵਰਸੈ ਸਭਨੀ ਥਾਈ ॥	میگھُ ورسے سبھنی تھائی ॥
ਦੀਨ ਦਇਆਲ ਸਦਾ ਕਿਰਪਾਲਾ ਠਾਢਿ ਪਾਈ ਕਰਤਾਰੇ ਜੀਉ ॥੧॥	دِین دئیال سدا کرِپالا ٹھاڈھِ پائی کرتارے جیِ ءُ ॥1॥
ਅਪੁਨੇ ਜੀਅ ਜੰਤ ਪ੍ਰਤਿਪਾਰੇ ॥	اپُنے جی ء جنّت پرتِپارے ॥
ਜਿਉ ਬਾਰਿਕ ਮਾਤਾ ਸੰਮਾਰੇ ॥	جِ ءُ بارِک ماتا سنّمارے ॥
ਦੁਖ ਭੰਜਨ ਸੁਖ ਸਾਗਰ ਸੁਆਮੀ ਦੇਤ ਸਗਲ ਆਹਾਰੇ ਜੀਉ ॥੨॥	دُکھ بھنّجن سُکھ ساگر سُیامی دیت سگل آہارے جیِ ءُ ॥2॥
ਜਲਿ ਥਲਿ ਪੂਰਿ ਰਹਿਆ ਮਿਹਰਵਾਨਾ ॥	جلِ تھلِ پوُرِ رہِیا مِہروانا ॥
ਸਦ ਬਲਿਹਾਰਿ ਜਾਈਐ ਕੁਰਬਾਨਾ ॥	سد بلِہارِ جائیۓ قُربانا ॥
ਰੈਣਿ ਦਿਨਸੁ ਤਿਸੁ ਸਦਾ ਧਿਆਈ	رَینِ دِنسُ تِسُ سدا دھِیائی

ਜਿ ਖਿਨ ਮਹਿ ਸਗਲ ਉਧਾਰੇ ਜੀਉ ॥੩॥

جِ کھِن مہِ سگل اُدھارے جیِءُ ॥3॥

ਰਾਖਿ ਲੀਏ ਸਗਲੇ ਪ੍ਰਭਿ ਆਪੇ ॥

راکھِ لیِۓ سگلے پربھِ آپے ॥

ਉਤਰਿ ਗਏ ਸਭ ਸੋਗ ਸੰਤਾਪੇ ॥

اُترِ گۓ سبھ سوگ سنتاپے ॥

ਨਾਮੁ ਜਪਤ ਮਨੁ ਤਨੁ ਹਰੀਆਵਲੁ
ਪ੍ਰਭ ਨਾਨਕ ਨਦਰਿ ਨਿਹਾਰੇ ਜੀਉ ॥੪॥੨੯॥੩੬॥

نامُ جپت منُ تنُ ہریاولُ
پربھ نانک ندرِ نہارے جیِءُ ॥4॥ 29 ॥ 36 ॥

ਮਾਝ ਮਹਲਾ ੫ ॥

ماجھ محلا 5 ॥

ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ॥

جِتھےَ نامُ جپیۓ پربھ پیارے ۔ ॥

ਸੇ ਅਸਥਲ ਸੋਇਨ ਚਉਬਾਰੇ ॥

سے استھل سوئِن چبُارے ॥

ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ
ਸੇਈ ਨਗਰ ਉਜਾੜੀ ਜੀਉ ॥੧॥

جِتھےَ نامُ ن جپیۓ میرے گوئِدا
سیئی نگر اُجاڑی جیِءُ ॥1॥

ਹਰਿ ਰੁਖੀ ਰੋਟੀ ਖਾਇ ਸਮਾਲੇ ॥

ہرِ رُکھی روٹی کھاءِ سمالے ॥

ਹਰਿ ਅੰਤਰਿ ਬਾਹਰਿ ਨਦਰਿ ਨਿਹਾਲੇ ॥

ہرِ انترِ باہرِ ندرِ نہالے ॥

ਖਾਇ ਖਾਇ ਕਰੇ ਬਦਫੈਲੀ
ਜਾਣੂ ਵਿਸੂ ਕੀ ਵਾੜੀ ਜੀਉ ॥੨॥

کھاءِ کھاءِ کرے بدفیَلی
جانُ وِسوُ کی واڑی جیِءُ ॥2॥

ਸੰਤਾ ਸੇਤੀ ਰੰਗੁ ਨ ਲਾਏ ॥

سنتا سیتی رنگُ ن لائے ॥

ਸਾਕਤ ਸੰਗਿ ਵਿਕਰਮ ਕਮਾਏ ॥

ساکت سنگِ وِکرم کمائے ॥

ਦੁਲਭ ਦੇਹ ਖੋਈ ਅਗਿਆਨੀ
ਜੜ ਅਪੁਣੀ ਆਪਿ ਉਪਾੜੀ ਜੀਉ ॥੩॥

دُلبھ دیہ کھوئی اگیانی
جڑ اپُنی آپِ اُپاڑی جیِءُ ॥3॥

ਤੇਰੀ ਸਰਣਿ ਮੇਰੇ ਦੀਨ ਦਇਆਲਾ ॥

تیری سرنِ میرے دِین دئیالا ۔ ॥

ਸੁਖ ਸਾਗਰ ਮੇਰੇ ਗੁਰ ਗੋਪਾਲਾ ॥

سُکھ ساگر میرے گُر گوپالا ۔ ॥

ਕਰਿ ਕਿਰਪਾ ਨਾਨਕੁ ਗੁਣ ਗਾਵੈ
ਰਾਖਹੁ ਸਰਮ ਅਸਾੜੀ ਜੀਉ ॥੪॥੩੦॥੩੭॥

کرِ کرِپا نانکُ گُنُ گاوۓ
راکھہُ سرم اساڑی جیِءُ ॥4॥ 30 ॥ 37 ॥

ਮਾਝ ਮਹਲਾ ੫ ॥

ماجھ محلا 5 ॥

ਚਰਣ ਠਾਕੁਰ ਕੇ ਰਿਦੈ ਸਮਾਣੇ ॥
چرنؔ ٹھاکُر کے رِدے سمانے ॥

ਕਲਿ ਕਲੇਸ ਸਭ ਦੂਰਿ ਪਇਆਣੇ ॥
کلِ کلیس سبھ دوُرِ پئیانے ॥

ਸਾਂਤਿ ਸੂਖ ਸਹਜ ਧੁਨਿ ਉਪਜੀ
ਸਾਧੂ ਸੰਗਿ ਨਿਵਾਸਾ ਜੀਉ ॥੧॥
سانتِ سوُکھ سہج دھُنِ اُپجی
سادھوُ سنگِ نِواسا جیِءُ ॥1॥

ਲਾਗੀ ਪ੍ਰੀਤਿ ਨ ਤੂਟੈ ਮੂਲੇ ॥
لاگی پرّیتِ ن توُٹے موُلے ॥

ਹਰਿ ਅੰਤਰਿ ਬਾਹਰਿ ਰਹਿਆ ਭਰਪੂਰੇ ॥
ہرِ انترِ باہرِ رہِیا بھرپوُرے ॥

ਸਿਮਰਿ ਸਿਮਰਿ ਸਿਮਰਿ ਗੁਣ ਗਾਵਾ
ਕਾਟੀ ਜਮ ਕੀ ਫਾਸਾ ਜੀਉ ॥੨॥
سِمرِ سِمرِ سِمرِ گُنؔ گاوا
کاٹی جم کی پھاسا جیِءُ ॥2॥

ਅੰਮ੍ਰਿਤੁ ਵਰਖੈ ਅਨਹਦ ਬਾਣੀ ॥
انمّرِتُ ورکھےَ انہد بانؔی ॥

ਮਨ ਤਨ ਅੰਤਰਿ ਸਾਂਤਿ ਸਮਾਣੀ ॥
من تن انترِ سانتِ سمانؔی ॥

ਤ੍ਰਿਪਤਿ ਅਘਾਇ ਰਹੇ ਜਨ ਤੇਰੇ
ਸਤਿਗੁਰਿ ਕੀਆ ਦਿਲਾਸਾ ਜੀਉ ॥੩॥
تّرِپتِ اگھاءِ رہے جن تیرے
ستِگُرِ کیِیا دِلاسا جیِءُ ॥3॥

ਜਿਸ ਕਾ ਸਾ ਤਿਸ ਤੇ ਫਲੁ ਪਾਇਆ ॥
جِس کا سا تِس تے پھلُ پائیا ॥

ਕਰਿ ਕਿਰਪਾ ਪ੍ਰਭ ਸੰਗਿ ਮਿਲਾਇਆ ॥
کرِ کرِپا پّربھ سنگِ مِلائیا ॥

ਆਵਣ ਜਾਣ ਰਹੇ ਵਡਭਾਗੀ
ਨਾਨਕ ਪੂਰਨ ਆਸਾ ਜੀਉ ॥੪॥੩੧॥੩੮॥
آونؔ جانؔ رہے وڈبھاگی
نانک پوُرن آسا جیِءُ ॥4॥ 31 ॥ 38 ॥

ਮਾਝ ਮਹਲਾ ੫ ॥
ماجھ محلا 5 ॥

ਮੀਹੁ ਪਇਆ ਪਰਮੇਸਰਿ ਪਾਇਆ ॥
میہُ پئیا پریسرِ پائیا ॥

ਜੀਅ ਜੰਤ ਸਭਿ ਸੁਖੀ ਵਸਾਇਆ ॥
جیء جنّت سبھِ سُکھی وسائیا ॥

ਗਇਆ ਕਲੇਸੁ ਭਇਆ ਸੁਖੁ ਸਾਚਾ
ਹਰਿ ਹਰਿ ਨਾਮੁ ਸਮਾਲੀ ਜੀਉ ॥੧॥
گئیا کلیسُ بھئیا سُکھُ ساچا
ہرِ ہرِ نامُ سمالی جیِءُ ॥1॥

ਜਿਸ ਕੇ ਸੇ ਤਿਨ ਹੀ ਪ੍ਰਤਿਪਾਰੇ ॥
جِس کے سے تِن ہی پّرتپارے ॥

ਪਾਰਬ੍ਰਹਮ ਪ੍ਰਭ ਭਏ ਰਖਵਾਰੇ ॥
پاربّرہم پّربھ بھےَ رکھوارے ॥

ਸੁਣੀ ਬੇਨੰਤੀ ਠਾਕੁਰਿ ਮੇਰੈ
سُنؔی بینّتی ٹھاکُرِ میرے

ਪੂਰਨ ਹੋਈ ਘਾਲੀ ਜੀਉ ॥੨॥

پوُرن ہوئی گھالی جیِءُ ॥2॥

ਸਰਬ ਜੀਆ ਕਉ ਦੇਵਣਹਾਰਾ ॥

سرب جیِیا ک ءُ دیونہارا ॥

ਗੁਰ ਪਰਸਾਦੀ ਨਦਰਿ ਨਿਹਾਰਾ ॥

گُر پرسادی ندرِ نہارا ॥

ਜਲ ਥਲ ਮਹੀਅਲ ਸਭਿ ਤ੍ਰਿਪਤਾਣੇ
ਸਾਧੂ ਚਰਨ ਪਖਾਲੀ ਜੀਉ ॥੩॥

جل تھل مہیئل سبھِ ترِپتانے
سادھوُ چرن پکھالی جیِءُ ॥3॥

ਮਨ ਕੀ ਇਛ ਪੁਜਾਵਣਹਾਰਾ ॥

من کی اِچھ پُجاونہارا ॥

ਸਦਾ ਸਦਾ ਜਾਈ ਬਲਿਹਾਰਾ ॥

سدا سدا جائی بلِہارا ॥

ਨਾਨਕ ਦਾਨੁ ਕੀਆ ਦੁਖ ਭੰਜਨਿ
ਰਤੇ ਰੰਗਿ ਰਸਾਲੀ ਜੀਉ ॥੪॥੩੨॥੩੯॥

نانک دانُ کِیِیا دُکھ بھنّجنِ
رتے رنگِ رسالی جیِءُ ॥4॥ 32 ॥ 39 ॥

ਮਾਝ ਮਹਲਾ ੫ ॥

ماجھ محلا 5 ॥

ਮਨੁ ਤਨੁ ਤੇਰਾ ਧਨੁ ਭੀ ਤੇਰਾ ॥

منُ تنُ تیرا دھنُ بھی تیرا ॥

ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ ॥

توُنّ ٹھاکُرُ سُیامی پربھُ میرا ॥

ਜੀਉ ਪਿੰਡੁ ਸਭੁ ਰਾਸਿ ਤੁਮਾਰੀ
ਤੇਰਾ ਜੋਰੁ ਗੋਪਾਲਾ ਜੀਉ ॥੧॥

جیِءُ پِنڈُ سبھُ راسِ تُماری
تیرا زورُ گوپالا جیِءُ ۔ ॥1॥

ਸਦਾ ਸਦਾ ਤੂੰਹੈ ਸੁਖਦਾਈ ॥

سدا سدا توُنّہے سُکھدائی ॥

ਨਿਵਿ ਨਿਵਿ ਲਾਗਾ ਤੇਰੀ ਪਾਈ ॥

نِوِ نِوِ لاگا تیری پائی ॥

ਕਾਰ ਕਮਾਵਾ ਜੇ ਤੁਧੁ ਭਾਵਾ
ਜਾ ਤੂੰ ਦੇਹਿ ਦਇਆਲਾ ਜੀਉ ॥੨॥

کار کماوا جے تُدھُ بھاوا
جا توُنّ دیہِ دیئالا جیِءُ ۔ ॥2॥

ਪ੍ਰਭ ਤੁਮ ਤੇ ਲਹਣਾ
ਤੂੰ ਮੇਰਾ ਗਹਣਾ ॥

پربھ تُم تے لہنّا
توُنّ میرا گہنّا ॥

ਜੋ ਤੂੰ ਦੇਹਿ ਸੋਈ ਸੁਖੁ ਸਹਣਾ ॥

جو توُنّ دیہِ سوئی سُکھُ سہنّا ॥

ਜਿਥੈ ਰਖਹਿ ਬੈਕੁੰਠੁ ਤਿਥਾਈ
ਤੂੰ ਸਭਨਾ ਕੇ ਪ੍ਰਤਿਪਾਲਾ ਜੀਉ ॥੩॥

جِتھے رکھہِ بیکُنٹھُ تِتھائی
توُنّ سبھنا کے پرتپالا جیِءُ ॥3॥

ਸਿਮਰਿ ਸਿਮਰਿ ਨਾਨਕ ਸੁਖੁ ਪਾਇਆ ॥

سِمرِ سِمرِ نانک سُکھُ پائیا ॥

ਆਠ ਪਹਰ ਤੇਰੇ ਗੁਣ ਗਾਇਆ ॥

آٹھ پہر تیرے گُنؔ گائیا ॥

ਸਗਲ ਮਨੋਰਥ ਪੂਰਨ ਹੋਏ
ਕਦੇ ਨ ਹੋਇ ਦੁਖਾਲਾ ਜੀਉ ॥੪॥੩੩॥੪੦॥

سگل منورتھ پُورن ہوئے
کدے ن ہوءِ دُکھالا جیءُ ॥4॥ 33 ॥ 40 ॥

ਮਾਝ ਮਹਲਾ ੫ ॥

ماجھ محلا 5 ॥

ਪਾਰਬ੍ਰਹਮਿ ਪ੍ਰਭਿ ਮੇਘੁ ਪਠਾਇਆ ॥

پاربّرہمِ پربھِ میگھُ پٹھائیا ॥

ਜਲਿ ਥਲਿ ਮਹੀਅਲਿ ਦਹ ਦਿਸਿ ਵਰਸਾਇਆ ॥

جلِ تھلِ مہیئلِ دہ دِس ورسائیا ॥

ਸਾਂਤਿ ਭਈ ਬੁਝੀ ਸਭ ਤ੍ਰਿਸਨਾ
ਅਨਦੁ ਭਇਆ ਸਭ ਠਾਈ ਜੀਉ ॥੧॥

سانتِ بھئی بُجھی سبھ تّرِسنا
اندُ بھئیا سبھ ٹھائی جیءُ ॥1॥

ਸੁਖਦਾਤਾ ਦੁਖ ਭੰਜਨਹਾਰਾ ॥

سُکھداتا دُکھ بھنّجنہارا ॥

ਆਪੇ ਬਖਸਿ ਕਰੇ ਜੀਅ ਸਾਰਾ ॥

آپے بخشِ کرے جیء سارا ॥

ਅਪਨੇ ਕੀਤੇ ਨੋ ਆਪਿ ਪ੍ਰਤਿਪਾਲੇ
ਪਇ ਪੈਰੀ ਤਿਸਹਿ ਮਨਾਈ ਜੀਉ ॥੨॥

اپنے کیتے نو آپِ پّرتپالے
پءِ پیَری تِسہِ منائی جیءُ ॥2॥

ਜਾ ਕੀ ਸਰਣਿ ਪਇਆ ਗਤਿ ਪਾਈਐ ॥

جا کی سرنِ پئیا گتِ پائیَۓ ॥

ਸਾਸਿ ਸਾਸਿ ਹਰਿ ਨਾਮੁ ਧਿਆਈਐ ॥

ساسِ ساسِ ہرِ نامُ دھیائیَۓ ॥

ਤਿਸੁ ਬਿਨੁ ਹੋਰੁ ਨ ਦੂਜਾ ਠਾਕੁਰੁ
ਸਭ ਤਿਸੈ ਕੀਆ ਜਾਈ ਜੀਉ ॥੩॥

تِس بِنُ ہورُ ن دوُجا ٹھاکُرُ
سبھ تِسےَ کِیا جائی جیءُ ॥3॥

ਤੇਰਾ ਮਾਣੁ ਤਾਣੁ ਪ੍ਰਭ ਤੇਰਾ ॥

تیرا ماںُ تاںُ پّربھ تیرا ॥

ਤੂੰ ਸਚਾ ਸਾਹਿਬੁ ਗੁਣੀ ਗਹੇਰਾ ॥

توَںّ سچا صاحِبُ گُنّی گہیرا ॥

ਨਾਨਕੁ ਦਾਸੁ ਕਹੈ ਬੇਨੰਤੀ
ਆਠ ਪਹਰ ਤੁਧੁ ਧਿਆਈ ਜੀਉ ॥੪॥੩੪॥੪੧॥

نانکُ داسُ کہے بینّتی
آٹھ پہر تُدھُ دھیائی جیءُ ॥4॥ 34 ॥ 41 ॥

ਮਾਝ ਮਹਲਾ ੫ ॥

ماجھ محلا 5 ॥

ਸਭੇ ਸੁਖ ਭਏ ਪ੍ਰਭ ਤੁਠੇ ॥

سبھے سُکھ بھۓ پّربھ تُٹھے ॥

ਗੁਰ ਪੂਰੇ ਕੇ ਚਰਣ ਮਨਿ ਵੁਠੇ ॥

گُر پُورے کے چرنؔ منِ وُٹھے ॥

ਸਹਜ ਸਮਾਧਿ ਲਗੀ ਲਿਵ ਅੰਤਰਿ

سہج سمادھِ لگی لِو انّترِ

ਸੋ ਰਸੁ ਸੋਈ ਜਾਣੈ ਜੀਉ ॥੧॥

سو رسُ سوئی جانے جیءُ ॥1॥

ਅਗਮ ਅਗੋਚਰੁ ਸਾਹਿਬੁ ਮੇਰਾ ॥

اگم اگوچرُ صاحِبُ میرا ॥

ਘਟ ਘਟ ਅੰਤਰਿ ਵਰਤੈ ਨੇਰਾ ॥

گھٹ گھٹ انترِ ورتے نیرا ॥

ਸਦਾ ਅਲਿਪਤੁ ਜੀਆ ਕਾ ਦਾਤਾ
ਕੋ ਵਿਰਲਾ ਆਪੁ ਪਛਾਣੈ ਜੀਉ ॥੨॥

سدا الپتُ جیِیا کا داتا
کو وِرلا آپُ پچھانے جیءُ ॥2॥

ਪ੍ਰਭ ਮਿਲਣੈ ਕੀ ਏਹ ਨੀਸਾਣੀ ॥

پربھ مِلنے کی ایہ نِیشانی ॥

ਮਨਿ ਇਕੋ ਸਚਾ ਹੁਕਮੁ ਪਛਾਣੀ ॥

منِ اِکو سچا حُکمُ پچھانی ॥

ਸਹਜਿ ਸੰਤੋਖਿ ਸਦਾ ਤ੍ਰਿਪਤਾਸੇ
ਅਨਦੁ ਖਸਮ ਕੈ ਭਾਣੈ ਜੀਉ ॥੩॥

سہجِ سنتوکھِ سدا ترِپتاسے
اندُ خصم کے بھانے جیءُ ॥3॥

ਹਥੀ ਦਿਤੀ ਪ੍ਰਭਿ ਦੇਵਣਹਾਰੈ ॥

ہتھی دِتی پربھِ دیوٹہارے ॥

ਜਨਮ ਮਰਣ ਰੋਗ ਸਭਿ ਨਿਵਾਰੇ ॥

جنم مرنُ روگ سبھِ نِوارے ॥

ਨਾਨਕ ਦਾਸ ਕੀਏ ਪ੍ਰਭਿ ਅਪੁਨੇ
ਹਰਿ ਕੀਰਤਨਿ ਰੰਗ ਮਾਣੇ ਜੀਉ ॥੪॥੩੫॥੪੨॥

نانک داس کیئے پربھِ اپُنے
ہرِ کیرتنِ رنگ مانے جیءُ ॥4॥ 35 ॥ 42 ॥

ਮਾਝ ਮਹਲਾ ੫ ॥

ماجھ محلا 5 ॥

ਕੀਨੀ ਦਇਆ ਗੋਪਾਲ ਗੁਸਾਈ ॥

کِینی دئیا گوپال گُسائی ॥

ਗੁਰ ਕੇ ਚਰਣ ਵਸੇ ਮਨ ਮਾਹੀ ॥

گُر کے چرنُ وسے من ماہی ॥

ਅੰਗੀਕਾਰੁ ਕੀਆ ਤਿਨਿ ਕਰਤੈ
ਦੁਖ ਕਾ ਡੇਰਾ ਢਾਹਿਆ ਜੀਉ ॥੧॥

انگیکارُ کیا تِنِ کرتے
دُکھ کا ڈیرا ڈھاہیا جیءُ ॥1॥

ਮਨਿ ਤਨਿ ਵਸਿਆ ਸਚਾ ਸੋਈ ॥

منِ تنِ وسِیا سچا سوئی ॥

ਬਿਖੜਾ ਥਾਨੁ ਨ ਦਿਸੈ ਕੋਈ ॥

بِکھڑا تھانُ ن دِسے کوئی ॥

ਦੂਤ ਦੁਸਮਣ ਸਭਿ ਸਜਣ ਹੋਏ
ਏਕੋ ਸੁਆਮੀ ਆਹਿਆ ਜੀਉ ॥੨॥

دوُت دُسمنُ سبھِ سجنُ ہوئے
ایکو سُیامی آہیا جیءُ ॥2॥

ਜੋ ਕਿਛੁ ਕਰੇ ਸੁ ਆਪੇ ਆਪੈ ॥

جو کچھُ کرے سُ آپے آپے ॥

ਬੁਧਿ ਸਿਆਣਪ ਕਿਛੂ ਨ ਜਾਪੈ ॥
بُدھِ سِیاٹپ کِچھوُ ن جاپے ॥

ਆਪਣਿਆ ਸੰਤਾ ਨੋ ਆਪਿ ਸਹਾਈ
ਪ੍ਰਭਿ ਭਰਮ ਭੁਲਾਵਾ ਲਾਹਿਆ ਜੀਉ ॥੩॥
آپنِیا سنتا نو آپِ سہائی
پربھِ بھرم بھُلاوا لاہِیا جیِءُ ॥3॥

ਚਰਣ ਕਮਲ ਜਨ ਕਾ ਆਧਾਰੋ ॥
چرنؒ کمل جن کا آدھارو ॥

ਆਠ ਪਹਰ ਰਾਮ ਨਾਮੁ ਵਾਪਾਰੋ ॥
آٹھ پہر رام نامُ واپارو ॥

ਸਹਜ ਅਨੰਦ ਗਾਵਹਿ ਗੁਣ ਗੋਵਿੰਦ
ਪ੍ਰਭ ਨਾਨਕ ਸਰਬ ਸਮਾਹਿਆ ਜੀਉ ॥੪॥੩੬॥੪੩॥
سہج انند گاوہِ گُنؒ گووِند
پربھ نانک سرب سماہِیا جیِءُ ॥4॥ 36 ॥ 43 ॥

ਮਾਝ ਮਹਲਾ ੫ ॥
ماجھ محلا 5 ॥

ਸੋ ਸਚੁ ਮੰਦਰੁ ਜਿਤੁ ਸਚੁ ਧਿਆਈਐ ॥
سو سچُ منّدرُ جِتؒ سچُ دھِیائیَے ॥

ਸੋ ਰਿਦਾ ਸੁਹੇਲਾ ਜਿਤੁ ਹਰਿ ਗੁਣ ਗਾਈਐ ॥
سو رِدا سُہیلا جِتؒ ہرِ گُنؒ گائیَے ॥

ਸਾ ਧਰਤਿ ਸੁਹਾਵੀ ਜਿਤੁ ਵਸਹਿ ਹਰਿ ਜਨ
ਸਚੇ ਨਾਮ ਵਿਟਹੁ ਕੁਰਬਾਣੋ ਜੀਉ ॥੧॥
سا دھرتِ سُہاوی جِتؒ وسہِ ہرِ جن
سچے نام وِٹہُ قُربانُو جیِءُ ॥1॥

ਸਚੁ ਵਡਾਈ ਕੀਮ ਨ ਪਾਈ ॥
سچُ وڈائی قِیم ن پائی ॥

ਕੁਦਰਤਿ ਕਰਮੁ ਨ ਕਹਣਾ ਜਾਈ ॥
قُدرتِ کرمُ ن کہنّا جائی ॥

ਧਿਆਇ ਧਿਆਇ ਜੀਵਹਿ ਜਨ ਤੇਰੇ
ਸਚੁ ਸਬਦੁ ਮਨਿ ਮਾਣੋ ਜੀਉ ॥੨॥
دھیاءِ دھیاءِ جیِوہِ جن تیرے
سچُ سبدُ منِ مانُو جیِءُ ॥2॥

ਸਚੁ ਸਾਲਾਹਣੁ ਵਡਭਾਗੀ ਪਾਈਐ ॥
سچُ سالاحنؒ وڈبھاگی پائیَے ॥

ਗੁਰ ਪਰਸਾਦੀ ਹਰਿ ਗੁਣ ਗਾਈਐ ॥
گُر پرسادی ہرِ گُنؒ گائیَے ॥

ਰੰਗਿ ਰਤੇ ਤੇਰੈ ਤੁਧੁ ਭਾਵਹਿ
ਸਚੁ ਨਾਮੁ ਨੀਸਾਣੋ ਜੀਉ ॥੩॥
رنّگِ رتے تیرے تُدھُ بھاوہِ
سچُ نامُ نیِشانُو جیِءُ ॥3॥

ਸਚੇ ਅੰਤੁ ਨ ਜਾਣੈ ਕੋਈ ॥
سچے انّتُ ن جانّے کوئی ॥

ਥਾਨਿ ਥਨੰਤਰਿ ਸਚਾ ਸੋਈ ॥
تھانِ تھننّترِ سچا سوئی ॥

ਨਾਨਕ ਸਚੁ ਧਿਆਈਐ ਸਦ ਹੀ
ਅੰਤਰਜਾਮੀ ਜਾਣੋ ਜੀਉ ॥੪॥੩੭॥੪੪॥
نانک سچُ دھِیائیَے سد ہی
انّترجامی جانُو جیِءُ ॥4॥ 37 ॥ 44 ॥

ਮਾਝ ਮਹਲਾ ੫ ॥

ماجھ محلا 5 ॥

ਰੈਣਿ ਸੁਹਾਵੜੀ ਦਿਨਸੁ ਸੁਹੇਲਾ ॥

رَیَنِ سُہاوڑی دِنُس سُہیلا ॥

ਜਪਿ ਅੰਮ੍ਰਿਤ ਨਾਮੁ ਸੰਤਸੰਗਿ ਮੇਲਾ ॥

جپِ انّمرِت نامُ سنّتسنگِ میلا ॥

ਘੜੀ ਮੂਰਤ ਸਿਮਰਤ ਪਲ ਵੰਞਹਿ
ਜੀਵਣੁ ਸਫਲੁ ਤਿਥਾਈ ਜੀਉ ॥੧॥

گھڑی مؤرت سِمرت پل ونّجہِ
جیونُ سپھلُ تِتھائی جیِءُ ॥1॥

ਸਿਮਰਤ ਨਾਮੁ ਦੋਖ ਸਭਿ ਲਾਥੇ ॥

سِمرت نامُ دوکھ سبھِ لاتھے ॥

ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ ॥

انّترِ باہرِ ہرِ پربھُ ساتھے ॥

ਭੈ ਭਉ ਭਰਮੁ ਖੋਇਆ ਗੁਰਿ ਪੂਰੈ
ਦੇਖਾ ਸਭਨੀ ਜਾਈ ਜੀਉ ॥੨॥

بھے َ بھءُ بھرمُ کھویَا گُرِ پوُرے
دیکھا سبھنی جائی جیِءُ ॥2॥

ਪ੍ਰਭੁ ਸਮਰਥੁ ਵਡ ਊਚ ਅਪਾਰਾ ॥

پربھُ سمرتھُ وڈ اوُچ اپارا ॥

ਨਉ ਨਿਧਿ ਨਾਮੁ ਭਰੇ ਭੰਡਾਰਾ ॥

ن ءُ نِدھِ نامُ بھرے بھنّڈارا ॥

ਆਦਿ ਅੰਤਿ ਮਧਿ ਪ੍ਰਭੁ ਸੋਈ
ਦੂਜਾ ਲਵੈ ਨ ਲਾਈ ਜੀਉ ॥੩॥

آدِ انَتِ مدھِ پربھُ سوئی
دوُجا لوے َ ن لائی جیِءُ ॥3॥

ਕਰਿ ਕਿਰਪਾ ਮੇਰੇ ਦੀਨ ਦਇਆਲਾ ॥

کرِ کِرپا میرے دِین دیَالا ۔ ॥

ਜਾਚਿਕੁ ਜਾਚੈ ਸਾਧ ਰਵਾਲਾ ॥

جاچِکُ جاچے َ سادھ روالا ॥

ਦੇਹਿ ਦਾਨੁ ਨਾਨਕੁ ਜਨੁ ਮਾਗੈ
ਸਦਾ ਸਦਾ ਹਰਿ ਧਿਆਈ ਜੀਉ ॥੪॥੩੮॥੪੫॥

دیہِ دانُ نانکُ جنُ ماگے
سدا سدا ہرِ دھیائی جیِءُ ॥4॥ 38 ॥ 45 ॥

ਮਾਝ ਮਹਲਾ ੫ ॥

ماجھ محلا 5 ॥

ਐਥੈ ਤੂੰਹੈ ਆਗੈ ਆਪੇ ॥

ایَتھے َ توُنہے َ آگے آپے ॥

ਜੀਅ ਜੰਤ੍ਰ ਸਭਿ ਤੇਰੇ ਥਾਪੇ ॥

جی ء جنّتر سبھِ تیرے تھاپے ॥

ਤੁਧੁ ਬਿਨੁ ਅਵਰੁ ਨ ਕੋਈ ਕਰਤੇ
ਮੈ ਧਰ ਓਟ ਤੁਮਾਰੀ ਜੀਉ ॥੧॥

تُدھُ بِنُ اورُ ن کوئی کرتے
مے َ دھر اوٹ تُماری جیِءُ ॥1॥

ਰਸਨਾ ਜਪਿ ਜਪਿ ਜੀਵੈ ਸੁਆਮੀ ॥

رسنا جپِ جپِ جیوے َ سُیامی ॥

ਪਾਰਬ੍ਰਹਮ ਪ੍ਰਭ ਅੰਤਰਜਾਮੀ ॥	پاربّرہم پربھ انترجامی ॥
ਜਿਨਿ ਸੇਵਿਆ ਤਿਨ ਹੀ ਸੁਖੁ ਪਾਇਆ ਸੋ ਜਨਮੁ ਨ ਜੂਐ ਹਾਰੀ ਜੀਉ ॥੨॥	جِنِ سیویا تِن ہی سُکھُ پائیا سو جنمُ ن جُوئے ہاری جیِءُ ॥2॥
ਨਾਮੁ ਅਵਖਧੁ ਜਿਨਿ ਜਨ ਤੇਰੈ ਪਾਇਆ ॥	نامُ اوکھدھُ جِنِ جن تیرے پائیا ॥
ਜਨਮ ਜਨਮ ਕਾ ਰੋਗੁ ਗਵਾਇਆ ॥	جنم جنم کا روگُ گوائیا ॥
ਹਰਿ ਕੀਰਤਨੁ ਗਾਵਹੁ ਦਿਨੁ ਰਾਤੀ ਸਫਲ ਏਹਾ ਹੈ ਕਾਰੀ ਜੀਉ ॥੩॥	ہرِ کیرتنُ گاوہُ دِنُ راتی سپھل ایہا ہے کاری جیِءُ ॥3॥
ਦ੍ਰਿਸਟਿ ਧਾਰਿ ਅਪਨਾ ਦਾਸੁ ਸਵਾਰਿਆ ॥	دّرِسٹِ دھارِ اپنا داسُ سوارِیا ॥
ਘਟ ਘਟ ਅੰਤਰਿ ਪਾਰਬ੍ਰਹਮੁ ਨਮਸਕਾਰਿਆ ॥	گھٹ گھٹ انترِ پاربّرہمُ نمسکارِیا ॥
ਇਕਸੁ ਵਿਣੁ ਹੋਰੁ ਦੂਜਾ ਨਾਹੀ ਬਾਬਾ ਨਾਨਕ ਇਹ ਮਤਿ ਸਾਰੀ ਜੀਉ ॥੪॥੩੯॥੪੬॥	اِکسُ وِنُّ ہورُ دوُجا ناہی بابا نانک اِہ متِ ساری جیِءُ ॥4॥ 39 ॥ 46 ॥
ਮਾਝ ਮਹਲਾ ੫ ॥	ماجھ محلا 5 ॥
ਮਨੁ ਤਨੁ ਰਤਾ ਰਾਮ ਪਿਆਰੇ ॥	منُ تنُ رتا رام پیارے ॥
ਸਰਬਸੁ ਦੀਜੈ ਅਪਨਾ ਵਾਰੇ ॥	سربسُ دیجے اپنا وارے ॥
ਆਠ ਪਹਰ ਗੋਵਿੰਦ ਗੁਣ ਗਾਈਐ ਬਿਸਰੁ ਨ ਕੋਈ ਸਾਸਾ ਜੀਉ ॥੧॥	آٹھ پہر گووِنّد گُنُ گائیئے بِسرُ ن کوئی ساسا جیِءُ ॥1॥
ਸੋਈ ਸਾਜਨ ਮੀਤੁ ਪਿਆਰਾ ॥	سوئی ساجن میتُ پیارا ॥
ਰਾਮ ਨਾਮੁ ਸਾਧਸੰਗਿ ਬੀਚਾਰਾ ॥	رام نامُ سادھسنگِ بیچارا ॥
ਸਾਧੂ ਸੰਗਿ ਤਰੀਜੈ ਸਾਗਰੁ ਕਟੀਐ ਜਮ ਕੀ ਫਾਸਾ ਜੀਉ ॥੨॥	سادھوُ سنگِ تریجے ساگرُ کٹیئے جم کی پھاسا جیِءُ ॥2॥
ਚਾਰਿ ਪਦਾਰਥ ਹਰਿ ਕੀ ਸੇਵਾ ॥	چارِ پدارتھ ہرِ کی سیوا ॥
ਪਾਰਜਾਤੁ ਜਪਿ ਅਲਖ ਅਭੇਵਾ ॥	پارجاتُ جپِ الکھ ابھیوا ॥
ਕਾਮੁ ਕ੍ਰੋਧੁ ਕਿਲਬਿਖ ਗੁਰਿ ਕਾਟੇ ਪੂਰਨ ਹੋਈ ਆਸਾ ਜੀਉ ॥੩॥	کامُ کّرودھُ کِلبِکھ گُرِ کاٹے پُورن ہوئی آسا جیِءُ ॥3॥

ਪੂਰਨ ਭਾਗ ਭਏ ਜਿਸੁ ਪ੍ਰਾਣੀ ॥	پوُرن بھاگ بھۓ جِسُ پرّانیٚ ॥
ਸਾਧਸੰਗਿ ਮਿਲੇ ਸਾਰੰਗਪਾਣੀ ॥	سادھسنگِ مِلے سارنگپانیٚ ॥
ਨਾਨਕ ਨਾਮੁ ਵਸਿਆ ਜਿਸੁ ਅੰਤਰਿ ਪਰਵਾਣੁ ਗਿਰਸਤ ਉਦਾਸਾ ਜੀਉ ॥੪॥੪੦॥੪੭॥	نانک نامُ وسِیا جِسُ انترِ پرواںُ گِرست اُداسا جیِءُ ॥4॥ 40 ॥ 47 ॥
ਮਾਝ ਮਹਲਾ ੫ ॥	ماجھ محلا 5 ॥
ਸਿਮਰਤ ਨਾਮੁ ਰਿਦੈ ਸੁਖੁ ਪਾਇਆ ॥	سِمرت نامُ رِدے سُکھُ پائیا ॥
ਕਰਿ ਕਿਰਪਾ ਭਗਤੀਂ ਪ੍ਰਗਟਾਇਆ ॥	کرِ کِرپا بھگتیِں پرگٹائیا ॥
ਸੰਤਸੰਗਿ ਮਿਲਿ ਹਰਿ ਹਰਿ ਜਪਿਆ ਬਿਨਸੇ ਆਲਸ ਰੋਗਾ ਜੀਉ ॥੧॥	سنتسنگِ مِلِ ہرِ ہرِ جپیا بِنسے آلس روگا جیِءُ ॥1॥
ਜਾ ਕੈ ਗ੍ਰਿਹਿ ਨਵ ਨਿਧਿ ਹਰਿ ਭਾਈ ॥	جا کے گرِہِ نو نِدھِ ہرِ بھائیٚ ۔ ॥
ਤਿਸੁ ਮਿਲਿਆ ਜਿਸੁ ਪੁਰਬ ਕਮਾਈ ॥	تِسُ مِلیا جِسُ پُرب کمائیٚ ॥
ਗਿਆਨ ਧਿਆਨ ਪੂਰਨ ਪਰਮੇਸੁਰ ਪ੍ਰਭੁ ਸਭਨਾ ਗਲਾ ਜੋਗਾ ਜੀਉ ॥੨॥	گیان دھیان پوُرن پرمیسُر پربھُ سبھنا گلا جوگا جیِءُ ॥2॥
ਖਿਨ ਮਹਿ ਥਾਪਿ ਉਥਾਪਨਹਾਰਾ ॥	کھِن مہِ تھاپِ اُتھاپنہارا ॥
ਆਪਿ ਇਕੰਤੀ ਆਪਿ ਪਸਾਰਾ ॥	آپِ اِکنّتی آپِ پسارا ॥
ਲੇਪੁ ਨਹੀ ਜਗਜੀਵਨ ਦਾਤੇ ਦਰਸਨ ਡਿਠੇ ਲਹਨਿ ਵਿਜੋਗਾ ਜੀਉ ॥੩॥	لیپُ نہی جگجیِون داتے درسن ڈِٹھے لہنِ وِجوگا جیِءُ ॥3॥
ਅੰਚਲਿ ਲਾਇ ਸਭ ਸਿਸਟਿ ਤਰਾਈ ॥	انچّلِ لاءِ سبھ سِسٹِ ترائیٚ ॥
ਆਪਣਾ ਨਾਉ ਆਪਿ ਜਪਾਈ ॥	آپٹا ناءُ آپِ جپائیٚ ॥
ਗੁਰ ਬੋਹਿਥੁ ਪਾਇਆ ਕਿਰਪਾ ਤੇ ਨਾਨਕ ਧੁਰਿ ਸੰਜੋਗਾ ਜੀਉ ॥੪॥੪੧॥੪੮॥	گُر بوہتھُ پائیا کِرپا تے نانک دھُرِ سنجوگا جیِءُ ॥4॥ 41 ॥ 48 ॥
ਮਾਝ ਮਹਲਾ ੫ ॥	ماجھ محلا 5 ॥
ਸੋਈ ਕਰਣਾ ਜਿ ਆਪਿ ਕਰਾਏ ॥	سوئی کرٹا جِ آپِ کرائے ॥

ਜਿਥੈ ਰਖੈ ਸਾ ਭਲੀ ਜਾਏ ॥

جتھے رکھے سا بھلی جائے ॥

ਸੋਈ ਸਿਆਣਾ ਸੋ ਪਤਿਵੰਤਾ
ਹੁਕਮੁ ਲਗੈ ਜਿਸੁ ਮੀਠਾ ਜੀਉ ॥੧॥

سوئی سِیاٹا سو پتِونتا
حُکمُ لگے جِسُ میٹھا جیِءُ ॥1॥

ਸਭ ਪਰੋਈ ਇਕਤੁ ਧਾਗੈ ॥

سبھ پروئی اِکتُ دھاگے ॥

ਜਿਸੁ ਲਾਇ ਲਏ ਸੋ ਚਰਣੀ ਲਾਗੈ ॥

جِسُ لاءِ لے سو چرنُی لاگے ॥

ਊਂਧ ਕਵਲੁ ਜਿਸੁ ਹੋਇ ਪ੍ਰਗਾਸਾ
ਤਿਨਿ ਸਰਬ ਨਿਰੰਜਨੁ ਡੀਠਾ ਜੀਉ ॥੨॥

اوُندھ کولُ جِسُ ہوءِ پرگاسا
تِنِ سرب نِرنجنُ ڈیٹھا جیِءُ ॥2॥

ਤੇਰੀ ਮਹਿਮਾ ਤੂੰਹੈ ਜਾਣਹਿ ॥

تیری مہما توُنہے جاٹہِ ॥

ਅਪਣਾ ਆਪੁ ਤੂੰ ਆਪਿ ਪਛਾਣਹਿ ॥

اپنا آپُ توُنَ آپِ پچھاٹہِ ॥

ਹਉ ਬਲਿਹਾਰੀ ਸੰਤਨ ਤੇਰੇ
ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ ॥੩॥

ہءُ بلِہاری سنّتن تیرے
جِنِ کامُ کرودھُ لوبھُ پیٹھا جیِءُ ॥3॥

ਤੂੰ ਨਿਰਵੈਰੁ ਸੰਤ ਤੇਰੇ ਨਿਰਮਲ ॥

توُنَ نِرویَرُ سنّت تیرے نِرمل ॥

ਜਿਨ ਦੇਖੇ ਸਭ ਉਤਰਹਿ ਕਲਮਲ ॥

جِن دیکھے سبھ اُترہِ کلمل ॥

ਨਾਨਕ ਨਾਮੁ ਧਿਆਇ ਧਿਆਇ ਜੀਵੈ
ਬਿਨਸਿਆ ਭ੍ਰਮੁ ਭਉ ਧੀਠਾ ਜੀਉ ॥੪॥੪੨॥੪੯॥

نانک نامُ دھیاءِ دھیاءِ جیِوے
بِنسیا بھرمُ بھءُ دھیٹھا جیِءُ ॥4॥ 42 ॥ 49 ॥

ਮਾਂਝ ਮਹਲਾ ੫ ॥

مانجھ محلا 5 ॥

ਝੂਠਾ ਮੰਗਣੁ ਜੇ ਕੋਈ ਮਾਗੈ ॥

جھوُٹھا منگنُ جے کوئی ماگے ॥

ਤਿਸ ਕਉ ਮਰਤੇ ਘੜੀ ਨ ਲਾਗੈ ॥

تِس کءُ مرتے گھڑی ن لاگے ॥

ਪਾਰਬ੍ਰਹਮੁ ਜੋ ਸਦ ਹੀ ਸੇਵੈ
ਸੋ ਗੁਰ ਮਿਲਿ ਨਿਹਚਲੁ ਕਹਣਾ ॥੧॥

پاربرہمُ جو سد ہی سیوے
سو گُر مِلِ نِہچلُ کہٹا ॥1॥

ਪ੍ਰੇਮ ਭਗਤਿ ਜਿਸ ਕੈ ਮਨਿ ਲਾਗੀ ॥

پریم بھگتِ جِس کے منِ لاگی ॥

ਗੁਣ ਗਾਵੈ ਅਨਦਿਨੁ ਨਿਤਿ ਜਾਗੀ ॥

گُنُ گاوے اندِنُ نِتِ جاگی ॥

ਬਾਹ ਪਕੜਿ ਤਿਸੁ ਸੁਆਮੀ ਮੇਲੈ
ਜਿਸ ਕੈ ਮਸਤਕਿ ਲਹਣਾ ॥੨॥

باہ پکڑِ تِسُ سُیامی میلے
جِس کے مستکِ لہٹا ॥2॥

ਚਰਨ ਕਮਲ ਭਗਤਾਂ ਮਨਿ ਵੁਠੇ ॥	چرن کمل بھگتاں منِ وُٹھے ॥
ਵਿਣੁ ਪਰਮੇਸਰ ਸਗਲੇ ਮੁਠੇ ॥	وِنُ پرمیسر سگلے مُٹھے ॥
ਸੰਤ ਜਨਾਂ ਕੀ ਧੂੜਿ ਨਿਤ ਬਾਂਛਹਿ ਨਾਮੁ ਸਚੇ ਕਾ ਗਹਣਾ ॥੩॥	سنّت جناں کی دھوُڑِ نِت بانچھہِ نامُ سچے کا گہنٹا ॥3॥
ਊਠਤ ਬੈਠਤ ਹਰਿ ਹਰਿ ਗਾਈਐ ॥	اوُٹھت بیٹھت ہرِ ہرِ گائیَے ॥
ਜਿਸੁ ਸਿਮਰਤ ਵਰੁ ਨਿਹਚਲੁ ਪਾਈਐ ॥	جِسُ سِمرت ورُ نِہچلُ پائیَے ॥
ਨਾਨਕ ਕਉ ਪ੍ਰਭ ਹੋਇ ਦਇਆਲਾ ਤੇਰਾ ਕੀਤਾ ਸਹਣਾ ॥੪॥੪੩॥੫੦॥	نانک کءُ پربھ ہوءِ دئیالا تیرا کیِتا سہنٹا ॥4॥ 43 ॥ 50 ॥
ਰਾਗੁ ਮਾਝ ਅਸਟਪਦੀਆ ਮਹਲਾ ੧ ਘਰੁ ੧	راگُ ماجھ اسٹپدیِیا محلا 1 گھرُ 1
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرسادِ ॥
ਸਬਦਿ ਰੰਗਾਏ ਹੁਕਮਿ ਸਬਾਏ ॥	سبدِ رنگائے حُکمِ سبائے ॥
ਸਚੀ ਦਰਗਹ ਮਹਲਿ ਬੁਲਾਏ ॥	سچی درگہ محلِ بُلائے ॥
ਸਚੇ ਦੀਨ ਦਇਆਲ ਮੇਰੇ ਸਾਹਿਬਾ ਸਚੇ ਮਨੁ ਪਤੀਆਵਣਿਆ ॥੧॥	سچے دِین دئیال میرے صاحِبا سچے منُ پتیِیاوٹیا ॥ 1 ॥
ਹਉ ਵਾਰੀ ਜੀਉ ਵਾਰੀ ਸਬਦਿ ਸੁਹਾਵਣਿਆ ॥	ہءُ واری جیِءُ واری سبدِ سُہاوٹیا ॥
ਅੰਮ੍ਰਿਤ ਨਾਮੁ ਸਦਾ ਸੁਖਦਾਤਾ ਗੁਰਮਤੀ ਮੰਨਿ ਵਸਾਵਣਿਆ ॥੧॥ ਰਹਾਉ ॥	انمّرِت نامُ سدا سُکھداتا گُرمتی منّنِ وساوٹیا ॥ 1 ॥ رہاءُ ॥
ਨਾ ਕੋ ਮੇਰਾ ਹਉ ਕਿਸੁ ਕੇਰਾ ॥	نا کو میرا ہءُ کِسُ کیرا ॥
ਸਾਚਾ ਠਾਕੁਰੁ ਤ੍ਰਿਭਵਣਿ ਮੇਰਾ ॥	ساچا ٹھاکُرُ ترِبھوٹِ میرا ॥
ਹਉਮੈ ਕਰਿ ਕਰਿ ਜਾਇ ਘਣੇਰੀ ਕਰਿ ਅਵਗਣ ਪਛੋਤਾਵਣਿਆ ॥੨॥	ہئُمےَ کرِ کرِ جاءِ گھنیَری کرِ اوگُٹ پچھوتاوٹیا ॥ 2 ॥
ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥	حُکمُ پچھاٹےَ سُ ہرِ گُٹ وکھاٹےَ ॥
ਗੁਰ ਕੈ ਸਬਦਿ ਨਾਮਿ ਨੀਸਾਣੈ ॥	گُر کے سبدِ نامِ نیِشاٹےَ ॥

ਸਭਨਾ ਕਾ ਦਰਿ ਲੇਖਾ ਸਚੈ
ਛੂਟਸਿ ਨਾਮਿ ਸੁਹਾਵਣਿਆ ॥੩॥

سبھنا کا درِ لیکھا سچے
چھوٹسِ نامِ سُہاوِنیا ॥3॥

ਮਨਮੁਖੁ ਭੂਲਾ ਠਉਰੁ ਨ ਪਾਏ ॥

منمکھُ بھوُلا ٹھُرُ ن پائے ॥

ਜਮ ਦਰਿ ਬਧਾ ਚੋਟਾ ਖਾਏ ॥

جم درِ بدھا چوٹا کھائے ॥

ਬਿਨੁ ਨਾਵੈ ਕੋ ਸੰਗਿ ਨ ਸਾਥੀ
ਮੁਕਤੇ ਨਾਮੁ ਧਿਆਵਣਿਆ ॥੪॥

بِنُ ناوے کو سنگِ ن ساتھی
مُکتے نامُ دھیاوِنیا ॥4॥

ਸਾਕਤ ਕੂੜੇ ਸਚੁ ਨ ਭਾਵੈ ॥

ساکت کوُڑے سچُ ن بھاوے ॥

ਦੁਬਿਧਾ ਬਾਧਾ ਆਵੈ ਜਾਵੈ ॥

دُبِدھا بادھا آوے جاوے ॥

ਲਿਖਿਆ ਲੇਖੁ ਨ ਮੇਟੈ ਕੋਈ
ਗੁਰਮੁਖਿ ਮੁਕਤਿ ਕਰਾਵਣਿਆ ॥੫॥

لِکھیا لیکھُ ن میٹے کوئی
گُرمُکھِ مُکتِ کراوِنیا ॥5॥

ਪੇਈਅੜੈ ਪਿਰੁ ਜਾਤੋ ਨਾਹੀ ॥

پیئیڑے پِرُ جاتو ناہی ॥

ਝੂਠਿ ਵਿਛੁੰਨੀ ਰੋਵੈ ਧਾਹੀ ॥

جھوُٹھِ وِچھُنّی رووے دھاہی ॥

ਅਵਗਣਿ ਮੁਠੀ ਮਹਲੁ ਨ ਪਾਏ
ਅਵਗਣ ਗੁਣਿ ਬਖਸਾਵਣਿਆ ॥੬॥

اوگُنِ مُٹھی محلُ ن پائے
اوگُن گُنِ بخشاوِنیا ॥6॥

ਪੇਈਅੜੈ ਜਿਨਿ ਜਾਤਾ ਪਿਆਰਾ ॥

پیئیڑے جِنِ جاتا پِیارا ॥

ਗੁਰਮੁਖਿ ਬੂਝੈ ਤਤੁ ਬੀਚਾਰਾ ॥

گُرمُکھِ بوُجھے تتُ بیچارا ॥

ਆਵਣੁ ਜਾਣਾ ਠਾਕਿ ਰਹਾਏ
ਸਚੈ ਨਾਮਿ ਸਮਾਵਣਿਆ ॥੭॥

آونُ جاٹا ٹھاکِ رہائے
سچے نامِ سماوِنیا ॥7॥

ਗੁਰਮੁਖਿ ਬੂਝੈ ਅਕਥੁ ਕਹਾਵੈ ॥

گُرمُکھِ بوُجھے اکتھُ کہاوے ॥

ਸਚੇ ਠਾਕੁਰ ਸਾਚੋ ਭਾਵੈ ॥

سچے ٹھاکُر ساچو بھاوے ॥

ਨਾਨਕ ਸਚੁ ਕਹੈ ਬੇਨੰਤੀ
ਸਚੁ ਮਿਲੈ ਗੁਣ ਗਾਵਣਿਆ ॥੮॥੧॥

نانک سچُ کہے بینّتی
سچُ مِلے گُنُ گاوِنیا ॥8॥1॥

ਮਾਝ ਮਹਲਾ ੩ ਘਰੁ ੧ ॥

ماجھ محلا 3 گھرُ 1 ॥

ਕਰਮੁ ਹੋਵੈ ਸਤਿਗੁਰੂ ਮਿਲਾਏ ॥

کرمُ ہووے ستِگُرو مِلائے ॥

ਸੇਵਾ ਸੁਰਤਿ ਸਬਦਿ ਚਿਤੁ ਲਾਏ ॥

ਹਉਮੈ ਮਾਰਿ ਸਦਾ ਸੁਖੁ ਪਾਇਆ
ਮਾਇਆ ਮੋਹੁ ਚੁਕਾਵਣਿਆ ॥੧॥

ਹਉ ਵਾਰੀ ਜੀਉ ਵਾਰੀ
ਸਤਿਗੁਰ ਕੈ ਬਲਿਹਾਰਣਿਆ ॥

ਗੁਰਮਤੀ ਪਰਗਾਸੁ ਹੋਆ ਜੀ
ਅਨਦਿਨੁ ਹਰਿ ਗੁਣ ਗਾਵਣਿਆ ॥੧॥ ਰਹਾਉ ॥

ਤਨੁ ਮਨੁ ਖੋਜੇ ਤਾ ਨਾਉ ਪਾਏ ॥

ਧਾਵਤੁ ਰਾਖੈ ਠਾਕਿ ਰਹਾਏ ॥

ਗੁਰ ਕੀ ਬਾਣੀ ਅਨਦਿਨੁ ਗਾਵੈ
ਸਹਜੇ ਭਗਤਿ ਕਰਾਵਣਿਆ ॥੨॥

ਇਸੁ ਕਾਇਆ ਅੰਦਰਿ ਵਸਤੁ ਅਸੰਖਾ ॥

ਗੁਰਮੁਖਿ ਸਾਚੁ ਮਿਲੈ ਤਾ ਵੇਖਾ ॥

ਨਉ ਦਰਵਾਜੇ ਦਸਵੈ ਮੁਕਤਾ
ਅਨਹਦ ਸਬਦੁ ਵਜਾਵਣਿਆ ॥੩॥

ਸਚਾ ਸਾਹਿਬੁ ਸਚੀ ਨਾਈ ॥

ਗੁਰ ਪਰਸਾਦੀ ਮੰਨਿ ਵਸਾਈ ॥

ਅਨਦਿਨੁ ਸਦਾ ਰਹੈ ਰੰਗਿ ਰਾਤਾ
ਦਰਿ ਸਚੈ ਸੋਭੀ ਪਾਵਣਿਆ ॥੪॥

ਪਾਪ ਪੁੰਨ ਕੀ ਸਾਰ ਨ ਜਾਣੀ ॥

ਦੂਜੈ ਲਾਗੀ ਭਰਮਿ ਭੁਲਾਣੀ ॥

ਅਗਿਆਨੀ ਅੰਧਾ ਮਗੁ ਨ ਜਾਣੈ
ਫਿਰਿ ਫਿਰਿ ਆਵਣ ਜਾਵਣਿਆ ॥੫॥

ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥

سیوا سُرتِ سبدِ چِتُ لائے ॥

ہئُمے مارِ سدا سُکھُ پائیا
مائیا موہُ چُکاوٹیا ॥1॥

ہءُ واری جیءُ واری
ستِگُر کے بلِہارٹیا ॥

گُرمتی پرگاسُ ہویا جی
اندِنُ ہرِ گُنؒ گاوٹیا ॥1॥ رہاءُ ॥

تنُ منُ کھوجے تا ناءُ پائے ॥

دھاوتُ راکھے ٹھاکِ رہائے ॥

گُر کی بانٹی اندِنُ گاوے
سہجے بھگتِ کراوٹیا ॥2॥

اِسُ کائیا اندّرِ وستُ اسنکھا ॥

گُرمُکھِ ساچُ مِلے تا ویکھا ॥

نءُ دروازے دسوے مُکتا
انہد سبدُ وجاوٹیا ॥3॥

سچا صاحِبُ سچی نائی ॥

گُر پرسادی منّ وسائی ॥

اندِنُ سدا رہے رنگِ راتا
درِ سچے سوجھی پاوٹیا ॥4॥

پاپ پُنّن کی سار ن جانٹی ॥

دوُجے لاگی بھرمِ بھُلانٹی ॥

اگیانی اندّھا مگُ ن جانٹے
پھِرِ پھِرِ آونٹ جاوٹیا ॥5॥

گُر سیوا تے سدا سُکھُ پائیا ॥

ਹਉਮੈ ਮੇਰਾ ਠਾਕਿ ਰਹਾਇਆ ॥

ہئُمے میرا ٹھاکِ رہائیا ॥

ਗੁਰ ਸਾਖੀ ਮਿਟਿਆ ਅੰਧਿਆਰਾ
ਬਜਰ ਕਪਾਟ ਖੁਲਾਵਣਿਆ ॥੬॥

گُر ساکھی مِٹیا انّدھیارا
بجر کپاٹ کھُلاوٹیا ॥6॥

ਹਉਮੈ ਮਾਰਿ ਮੰਨਿ ਵਸਾਇਆ ॥

ہئُمے مارِ منّنِ وسائیا ॥

ਗੁਰ ਚਰਣੀ ਸਦਾ ਚਿਤੁ ਲਾਇਆ ॥

گُر چرنٹی سدا چِتُ لائیا ॥

ਗੁਰ ਕਿਰਪਾ ਤੇ ਮਨੁ ਤਨੁ ਨਿਰਮਲੁ
ਨਿਰਮਲ ਨਾਮੁ ਧਿਆਵਣਿਆ ॥੭॥

گُر کِرپا تے منُ تنُ نِرملُ
نِرمل نامُ دھِیاوٹیا ॥7॥

ਜੀਵਣੁ ਮਰਣਾ ਸਭੁ ਤੁਧੈ ਤਾਈ ॥

جیِونُ مرنّا سبھُ تُدھے تائی ॥

ਜਿਸੁ ਬਖਸੇ ਤਿਸੁ ਦੇ ਵਡਿਆਈ ॥

جِسُ بخشے تِسُ دے وڈِیائی ॥

ਨਾਨਕ ਨਾਮੁ ਧਿਆਇ ਸਦਾ ਤੂੰ
ਜੰਮਣੁ ਮਰਣੁ ਸਵਾਰਣਿਆ ॥੮॥੧॥੨॥

نانک نامُ دھِیاءِ سدا توُنّ
جنمُنُ مرنُ سوارٹیا ॥8॥1॥2॥

ਮਾਝ ਮਹਲਾ ੩ ॥

ماجھ محلا 3 ॥

ਮੇਰਾ ਪ੍ਰਭੁ ਨਿਰਮਲੁ ਅਗਮ ਅਪਾਰਾ ॥

میرا پربھُ نِرملُ اگم اپارا ॥

ਬਿਨੁ ਤਕੜੀ ਤੋਲੈ ਸੰਸਾਰਾ ॥

بِنُ تکڑی تولے سنّسارا ॥

ਗੁਰਮੁਖਿ ਹੋਵੈ ਸੋਈ ਬੂਝੈ
ਗੁਣ ਕਹਿ ਗੁਣੀ ਸਮਾਵਣਿਆ ॥੧॥

گُرمُکھِ ہووے سوئی بوُجھے
گُنُ کہِ گُنی سماوٹیا ॥1॥

ਹਉ ਵਾਰੀ ਜੀਉ ਵਾਰੀ
ਹਰਿ ਕਾ ਨਾਮੁ ਮੰਨਿ ਵਸਾਵਣਿਆ ॥

ہءُ واری جیِءُ واری
ہرِ کا نامُ منّنِ وساوٹیا ॥

ਜੋ ਸਚਿ ਲਾਗੇ ਸੇ ਅਨਦਿਨੁ ਜਾਗੇ
ਦਰਿ ਸਚੈ ਸੋਭਾ ਪਾਵਣਿਆ ॥੧॥ ਰਹਾਉ ॥

جو سچِ لاگے سے اندِنُ جاگے
درِ سچے سوبھا پاوٹیا ॥1॥ رہاءُ ॥

ਆਪੇ ਸੁਣੈ ਤੈ ਆਪੇ ਵੇਖੈ ॥

آپے سُنٹے تے آپے ویکھے ॥

ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ ॥

جِس نو ندرِ کرے سوئی جنُ لیکھے ॥

ਆਪੇ ਲਾਇ ਲਏ ਸੋ ਲਾਗੈ
ਗੁਰਮੁਖਿ ਸਚੁ ਕਮਾਵਣਿਆ ॥੨॥

آپے لاءِ لے سو لاگے
گُرمُکھِ سچُ کماوٹیا ॥2॥

ਜਿਸੁ ਆਪਿ ਭੁਲਾਏ
ਸੁ ਕਿਥੈ ਹਥੁ ਪਾਏ ॥

جِسُ آپِ بھُلائے
سُ کِتھے ہتھُ پائے ۔ ॥

ਪੂਰਬਿ ਲਿਖਿਆ ਸੁ ਮੇਟਣਾ ਨ ਜਾਏ ॥

پُورب لِکھیا سُ میٹنّا ن جائے ॥

ਜਿਨ ਸਤਿਗੁਰੁ ਮਿਲਿਆ ਸੇ ਵਡਭਾਗੀ
ਪੂਰੈ ਕਰਮਿ ਮਿਲਾਵਣਿਆ ॥੩॥

جِن ستِگُرُ مِلیا سے وڈبھاگی
پُورے کرمِ مِلاوٹیا ॥3॥

ਪੇਈਅੜੈ ਧਨ ਅਨਦਿਨੁ ਸੁਤੀ ॥

پیئیڑے دھن اندِنُ سُتی ॥

ਕੰਤਿ ਵਿਸਾਰੀ ਅਵਗਣਿ ਮੁਤੀ ॥

کنّتِ وِساری اوگنِ مُتی ॥

ਅਨਦਿਨੁ ਸਦਾ ਫਿਰੈ ਬਿਲਲਾਦੀ
ਬਿਨੁ ਪਿਰ ਨੀਦ ਨ ਪਾਵਣਿਆ ॥੪॥

اندِنُ سدا پھِرے بِللادی
بِنُ پِر نِید ن پاوٹیا ॥4॥

ਪੇਈਅੜੈ ਸੁਖਦਾਤਾ ਜਾਤਾ ॥

پیئیڑے سُکھداتا جاتا ॥

ਹਉਮੈ ਮਾਰਿ ਗੁਰ ਸਬਦਿ ਪਛਾਤਾ ॥

ہئمےَ مارِ گُر سبدِ پچھاتا ॥

ਸੇਜ ਸੁਹਾਵੀ ਸਦਾ ਪਿਰੁ ਰਾਵੇ
ਸਚੁ ਸੀਗਾਰੁ ਬਣਾਵਣਿਆ ॥੫॥

سیج سُہاوی سدا پِر راوے
سچُ سِیگارُ بنّاوٹیا ॥5॥

ਲਖ ਚਉਰਾਸੀਹ ਜੀਅ ਉਪਾਏ ॥

لکھ چرُاسیہ جیء اُپائے ॥

ਜਿਸ ਨੋ ਨਦਰਿ ਕਰੇ ਤਿਸੁ ਗੁਰੂ ਮਿਲਾਏ ॥

جِس نو ندرِ کرے تِسُ گُرو مِلائے ॥

ਕਿਲਬਿਖ ਕਾਟਿ ਸਦਾ ਜਨ ਨਿਰਮਲ
ਦਰਿ ਸਚੈ ਨਾਮਿ ਸੁਹਾਵਣਿਆ ॥੬॥

کِلبِکھ کاٹِ سدا جن نِرمل
درِ سچےَ نامِ سُہاوٹیا ॥6॥

ਲੇਖਾ ਮਾਗੈ ਤਾ ਕਿਨਿ ਦੀਐ ॥

لیکھا ماگےَ تا کِنِ دیئےَ ۔ ॥

ਸੁਖੁ ਨਾਹੀ ਫੁਨਿ ਦੂਐ ਤੀਐ ॥

سُکھُ ناہی پھُنِ دوُئے تیئےَ ॥

ਆਪੇ ਬਖਸਿ ਲਏ ਪ੍ਰਭੁ ਸਾਚਾ
ਆਪੇ ਬਖਸਿ ਮਿਲਾਵਣਿਆ ॥੭॥

آپے بخشِ لئے پربھُ ساچا
آپے بخشِ مِلاوٹیا ॥7॥

ਆਪਿ ਕਰੇ ਤੈ ਆਪਿ ਕਰਾਏ ॥

آپِ کرے تےَ آپِ کرائے ॥

ਪੂਰੇ ਗੁਰ ਕੈ ਸਬਦਿ ਮਿਲਾਏ ॥

پُورے گُر کےَ سبدِ مِلائے ॥

ਨਾਨਕ ਨਾਮੁ ਮਿਲੈ ਵਡਿਆਈ

نانک نامُ مِلےَ وڈیائی

ਆਪੇ ਮੇਲਿ ਮਿਲਾਵਣਿਆ ॥੮॥੨॥੩॥

آپے میلِ مِلاوٹیا ॥8॥2॥3॥

ਮਾਝ ਮਹਲਾ ੩ ॥

ماجھ محلا 3 ॥

ਇਕੋ ਆਪਿ ਫਿਰੈ ਪਰਛੰਨਾ ॥

اِکو آپِ پھِرے پرچھنّنا ॥

ਗੁਰਮੁਖਿ ਵੇਖਾ ਤਾ ਇਹੁ ਮੰਨੁ ਭਿੰਨਾ ॥

گُرمُکھِ ویکھا تا اِہُ منّنُ بھِنّنا ॥

ਤ੍ਰਿਸਨਾ ਤਜਿ ਸਹਜ ਸੁਖੁ ਪਾਇਆ
ਏਕੋ ਮੰਨਿ ਵਸਾਵਣਿਆ ॥੧॥

تّرِسنا تجِ سہج سُکھُ پائیا
ایکو منّنِ وساوٹیا ॥1॥

ਹਉ ਵਾਰੀ ਜੀਉ ਵਾਰੀ
ਇਕਸੁ ਸਿਉ ਚਿਤੁ ਲਾਵਣਿਆ ॥

ہءُ واری جیِءُ واری
اِکسُ سِءُ چِتُ لاوٹیا ॥

ਗੁਰਮਤੀ ਮਨੁ ਇਕਤੁ ਘਰਿ ਆਇਆ
ਸਚੈ ਰੰਗਿ ਰੰਗਾਵਣਿਆ ॥੧॥ ਰਹਾਉ ॥

گُرمتی منُ اِکتُ گھرِ آئیا
سچے رنگِ رنگاوٹیا ॥1॥ رہاءُ ॥

ਇਹੁ ਜਗੁ ਭੂਲਾ ਤੈਂ ਆਪਿ ਭੁਲਾਇਆ ॥

اِہُ جگُ بھوُلا تیَں آپِ بھُلائیا ॥

ਇਕੁ ਵਿਸਾਰਿ ਦੂਜੈ ਲੋਭਾਇਆ ॥

اِکُ وِسارِ دوُجےَ لوبھائیا ॥

ਅਨਦਿਨੁ ਸਦਾ ਫਿਰੈ ਭ੍ਰਮਿ ਭੂਲਾ
ਬਿਨੁ ਨਾਵੈ ਦੁਖੁ ਪਾਵਣਿਆ ॥੨॥

اندِنُ سدا پھِرے بھّرمِ بھوُلا
بِنُ ناوےَ دُکھُ پاوٹیا ॥2॥

ਜੋ ਰੰਗਿ ਰਾਤੇ ਕਰਮ ਬਿਧਾਤੇ ॥

جو رنگِ راتے کرم بِدھاتے ॥

ਗੁਰ ਸੇਵਾ ਤੇ ਜੁਗ ਚਾਰੇ ਜਾਤੇ ॥

گُر سیوا تے جُگ چارے جاتے ॥

ਜਿਸ ਨੋ ਆਪਿ ਦੇਇ ਵਡਿਆਈ
ਹਰਿ ਕੈ ਨਾਮਿ ਸਮਾਵਣਿਆ ॥੩॥

جِس نو آپِ دےءِ وڈِیائی
ہرِ کے نامِ سماوٹیا ॥3॥

ਮਾਇਆ ਮੋਹਿ ਹਰਿ ਚੇਤੈ ਨਾਹੀ ॥

مائیا موہِ ہرِ چیتے ناہی ॥

ਜਮ ਪੁਰਿ ਬਧਾ ਦੁਖ ਸਹਾਹੀ ॥

جم پُرِ بدھا دُکھ سہاہی ॥

ਅੰਨਾ ਬੋਲਾ ਕਿਛੁ ਨਦਰਿ ਨ ਆਵੈ
ਮਨਮੁਖ ਪਾਪਿ ਪਚਾਵਣਿਆ ॥੪॥

انّنا بولا کِچھُ ندرِ ن آوےَ
منمُکھ پاپِ پچاوٹیا ॥4॥

ਇਕਿ ਰੰਗਿ ਰਾਤੇ
ਜੋ ਤੁਧੁ ਆਪਿ ਲਿਵ ਲਾਏ ॥

اِکِ رنگِ راتے
جو تُدھُ آپِ لِو لائے ॥

ਭਾਇ ਭਗਤਿ ਤੇਰੈ ਮਨਿ ਭਾਏ ॥

بھاءِ بھگتِ تیرے منِ بھائے ॥

ਸਤਿਗੁਰੁ ਸੇਵਨਿ ਸਦਾ ਸੁਖਦਾਤਾ
ਸਭ ਇਛਾ ਆਪਿ ਪੁਜਾਵਣਿਆ ॥੫॥

ستِگُرُ سیونِ سدا سُکھداتا
سبھ اِچھا آپِ پُجاوٹیا ॥5॥

ਹਰਿ ਜੀਉ ਤੇਰੀ ਸਦਾ ਸਰਣਾਈ ॥

ہرِ جیِءُ تیری سدا سرٹائی ॥

ਆਪੇ ਬਖਸਿਹਿ ਦੇ ਵਡਿਆਈ ॥

آپے بخشِہِ دے وڈِیائی ॥

ਜਮਕਾਲੁ ਤਿਸੁ ਨੇੜਿ ਨ ਆਵੈ
ਜੋ ਹਰਿ ਹਰਿ ਨਾਮੁ ਧਿਆਵਣਿਆ ॥੬॥

جمکالُ تِسُ نیڑِ ن آوے
جو ہرِ ہرِ نامُ دھِیاوٹیا ॥6॥

ਅਨਦਿਨੁ ਰਾਤੇ ਜੋ ਹਰਿ ਭਾਏ ॥

اندِنُ راتے جو ہرِ بھائے ॥

ਮੇਰੈ ਪ੍ਰਭਿ ਮੇਲੇ ਮੇਲਿ ਮਿਲਾਏ ॥

میرے پربھِ میلے میلِ مِلائے ॥

ਸਦਾ ਸਦਾ ਸਚੇ ਤੇਰੀ ਸਰਣਾਈ
ਤੂੰ ਆਪੇ ਸਚੁ ਬੁਝਾਵਣਿਆ ॥੭॥

سدا سدا سچے تیری سرٹائی
توُنَ آپے سچُ بُجھاوٹیا ॥7॥

ਜਿਨ ਸਚੁ ਜਾਤਾ ਸੇ ਸਚਿ ਸਮਾਣੇ ॥

جِن سچُ جاتا سے سچِ سماٹے ॥

ਹਰਿ ਗੁਣ ਗਾਵਹਿ ਸਚੁ ਵਖਾਣੇ ॥

ہرِ گُڻ گاوہِ سچُ وکھاٹے ॥

ਨਾਨਕ ਨਾਮਿ ਰਤੇ ਬੈਰਾਗੀ
ਨਿਜ ਘਰਿ ਤਾੜੀ ਲਾਵਣਿਆ ॥੮॥੩॥੪॥

نانک نامِ رتے بیَراگی
نِج گھرِ تاڑی لاوٹیا ॥8॥3॥4॥

ਮਾਝ ਮਹਲਾ ੩ ॥

ماجھ محلا 3 ॥

ਸਬਦਿ ਮਰੈ ਸੁ ਮੁਆ ਜਾਪੈ ॥

سبدِ مرے سُ مُیا جاپے ॥

ਕਾਲੁ ਨ ਚਾਪੈ ਦੁਖੁ ਨ ਸੰਤਾਪੈ ॥

کالُ ن چاپے دُکھُ ن سنتاپے ॥

ਜੋਤੀ ਵਿਚਿ ਮਿਲਿ ਜੋਤਿ ਸਮਾਣੀ
ਸੁਣਿ ਮਨ ਸਚਿ ਸਮਾਵਣਿਆ ॥੧॥

جوتی وِچِ مِلِ جوتِ سماٹی
سُنِ من سچِ سماوٹیا ॥1॥

ਹਉ ਵਾਰੀ ਜੀਉ ਵਾਰੀ
ਹਰਿ ਕੈ ਨਾਇ ਸੋਭਾ ਪਾਵਣਿਆ ॥

ہءُ واری جیِءُ واری
ہرِ کے ناءِ سوبھا پاوٹیا ॥

ਸਤਿਗੁਰੁ ਸੇਵਿ ਸਚਿ ਚਿਤੁ ਲਾਇਆ
ਗੁਰਮਤੀ ਸਹਜਿ ਸਮਾਵਣਿਆ ॥੧॥ ਰਹਾਉ ॥

ستِگُرُ سیوِ سچِ چِتُ لائیا
گُرمتی سہجِ سماوٹیا ॥1॥ رہاءُ ॥

ਕਾਇਆ ਕਚੀ ਕਚਾ ਚੀਰੁ ਹੰਢਾਏ ॥
کائیا کچی کچا چیرُ ہنڈھائے ॥

ਦੂਜੈ ਲਾਗੀ ਮਹਲੁ ਨ ਪਾਏ ॥
دوُجےَ لاگی محلُ ن پائے ॥

ਅਨਦਿਨੁ ਜਲਦੀ ਫਿਰੈ ਦਿਨੁ ਰਾਤੀ
ਬਿਨੁ ਪਿਰ ਬਹੁ ਦੁਖੁ ਪਾਵਣਿਆ ॥੨॥
اندِنُ جلدی پھِرے دِنُ راتی
بِنُ پِر بہُ دُکھُ پاوٹیا ॥2॥

ਦੇਹੀ ਜਾਤਿ ਨ ਆਗੈ ਜਾਏ ॥
دیہی زاتِ ن آگےَ جائے ॥

ਜਿਥੈ ਲੇਖਾ ਮੰਗੀਐ ਤਿਥੈ ਛੁਟੈ ਸਚੁ ਕਮਾਏ ॥
جِتھےَ لیکھا منگیئےَ تِتھےَ چھُٹے سچُ کمائے ॥

ਸਤਿਗੁਰੁ ਸੇਵਨਿ ਸੇ ਧਨਵੰਤੇ
ਐਥੈ ਓਥੈ ਨਾਮਿ ਸਮਾਵਣਿਆ ॥੩॥
ستِگُرُ سیونِ سے دھنونّتے
ایَتھےَ اوتھےَ نامِ سماوٹیا ॥3॥

ਭੈ ਭਾਇ ਸੀਗਾਰੁ ਬਣਾਏ ॥
بھےَ بھاءِ سیِگارُ بٹائے ॥

ਗੁਰ ਪਰਸਾਦੀ ਮਹਲੁ ਘਰੁ ਪਾਏ ॥
گُر پرسادی محلُ گھرُ پائے ॥

ਅਨਦਿਨੁ ਸਦਾ ਰਵੈ ਦਿਨੁ ਰਾਤੀ
ਮਜੀਠੈ ਰੰਗੁ ਬਣਾਵਣਿਆ ॥੪॥
اندِنُ سدا روے دِنُ راتی
مجیٹھےَ رنگُ بٹاوٹیا ॥4॥

ਸਭਨਾ ਪਿਰੁ ਵਸੈ ਸਦਾ ਨਾਲੇ ॥
سبھنا پِرُ وسےَ سدا نالے ॥

ਗੁਰ ਪਰਸਾਦੀ ਕੋ ਨਦਰਿ ਨਿਹਾਲੇ ॥
گُر پرسادی کو ندرِ نہالے ॥

ਮੇਰਾ ਪ੍ਰਭੁ ਅਤਿ ਊਚੋ ਊਚਾ
ਕਰਿ ਕਿਰਪਾ ਆਪਿ ਮਿਲਾਵਣਿਆ ॥੫॥
میرا پّربھُ اتِ اوُچو اوُچا
کرِ کِرپا آپِ مِلاوٹیا ॥5॥

ਮਾਇਆ ਮੋਹਿ ਇਹੁ ਜਗੁ ਸੁਤਾ ॥
مائیا موہِ اِہُ جگُ سُتا ॥

ਨਾਮੁ ਵਿਸਾਰਿ ਅੰਤਿ ਵਿਗੁਤਾ ॥
نامُ وِسارِ انّتِ وِگُتا ॥

ਜਿਸ ਤੇ ਸੁਤਾ ਸੋ ਜਾਗਾਏ
ਗੁਰਮਤਿ ਸੋਝੀ ਪਾਵਣਿਆ ॥੬॥
جِس تے سُتا سو جاگائے
گُرمتِ سوجھی پاوٹیا ॥6॥

ਅਪਿਉ ਪੀਐ ਸੋ ਭਰਮੁ ਗਵਾਏ ॥
اپِءُ پیئےَ سو بھرمُ گوائے ॥

ਗੁਰ ਪਰਸਾਦਿ ਮੁਕਤਿ ਗਤਿ ਪਾਏ ॥
گُر پرسادِ مُکتِ گتِ پائے ॥

ਭਗਤੀ ਰਤਾ ਸਦਾ ਬੈਰਾਗੀ
ਆਪੁ ਮਾਰਿ ਮਿਲਾਵਣਿਆ ॥੭॥
بھگتی رتا سدا بیَراگی
آپُ مارِ مِلاوٹیا ॥7॥

ਆਪਿ ਉਪਾਏ ਧੰਧੈ ਲਾਏ ॥	آپِ اُپائے دھندھے لائے ॥
ਲਖ ਚਉਰਾਸੀ ਰਿਜਕੁ ਆਪਿ ਅਪੜਾਏ ॥	لکھ چرُاسی رِزقُ آپِ اپڑائے ॥
ਨਾਨਕ ਨਾਮੁ ਧਿਆਇ ਸਚਿ ਰਾਤੇ ਜੋ ਤਿਸੁ ਭਾਵੈ ਸੁ ਕਾਰ ਕਰਾਵਣਿਆ ॥੮॥੪॥੫॥	نانک نامُ دھیاءِ سچِ راتے جو تِسُ بھاوے سُ کار کراوٹیا ॥8॥4॥5॥
ਮਾਝ ਮਹਲਾ ੩ ॥	ماجھ محلا 3 ॥
ਅੰਦਰਿ ਹੀਰਾ ਲਾਲੁ ਬਣਾਇਆ ॥	اندّرِ ہیرا لالُ بٹائیا ॥
ਗੁਰ ਕੈ ਸਬਦਿ ਪਰਖਿ ਪਰਖਾਇਆ ॥	گُر کے سبدِ پرکھِ پرکھائیا ॥
ਜਿਨ ਸਚੁ ਪਲੈ ਸਚੁ ਵਖਾਣਹਿ ਸਚੁ ਕਸਵਟੀ ਲਾਵਣਿਆ ॥੧॥	جِن سچُ پلےَ سچُ وکھاٹہِ سچُ کسوٹی لاوٹیا ॥1॥
ਹਉ ਵਾਰੀ ਜੀਉ ਵਾਰੀ ਗੁਰ ਕੀ ਬਾਣੀ ਮੰਨਿ ਵਸਾਵਣਿਆ ॥	ہءُ واری جیِءُ واری گُر کی باٹُی منّنِ وساوٹیا ॥
ਅੰਜਨ ਮਾਹਿ ਨਿਰੰਜਨੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੧॥ ਰਹਾਉ ॥	انّجن ماہِ نرِنّجنُ پائیا جوتی جوتِ مِلاوٹیا ॥1॥ رہاءُ ॥
ਇਸ ਕਾਇਆ ਅੰਦਰਿ ਬਹੁਤੁ ਪਸਾਰਾ ॥	اِس کائیا اندّرِ بہُت پسارا ॥
ਨਾਮੁ ਨਿਰੰਜਨੁ ਅਤਿ ਅਗਮ ਅਪਾਰਾ ॥	نامُ نرِنّجنُ اتِ اگم اپارا ॥
ਗੁਰਮੁਖਿ ਹੋਵੈ ਸੋਈ ਪਾਏ ਆਪੇ ਬਖਸਿ ਮਿਲਾਵਣਿਆ ॥੨॥	گُرمُکھِ ہووے سوئی پائے آپے بخشِ مِلاوٹیا ॥2॥
ਮੇਰਾ ਠਾਕੁਰੁ ਸਚੁ ਦ੍ਰਿੜਾਏ ॥	میرا ٹھاکُرُ سچُ دّرِڑائے ॥
ਗੁਰ ਪਰਸਾਦੀ ਸਚਿ ਚਿਤੁ ਲਾਏ ॥	گُر پرسادی سچِ چِتُ لائے ॥
ਸਚੋ ਸਚੁ ਵਰਤੈ ਸਭਨੀ ਥਾਈ ਸਚੇ ਸਚਿ ਸਮਾਵਣਿਆ ॥੩॥	سچو سچُ ورتے سبھنی تھائی سچے سچِ سماوٹیا ॥3॥
ਵੇਪਰਵਾਹੁ ਸਚੁ ਮੇਰਾ ਪਿਆਰਾ ॥	ویپرواہُ سچُ میرا پِیارا ॥
ਕਿਲਵਿਖ ਅਵਗਣ ਕਾਟਣਹਾਰਾ ॥	کِلوِکھ اوگنٌ کاٹنّہارا ॥
ਪ੍ਰੇਮ ਪ੍ਰੀਤਿ ਸਦਾ ਧਿਆਈਐ	پّریم پّریتِ سدا دھیائیےَ

ਭੈ ਭਾਇ ਭਗਤਿ ਦ੍ਰਿੜਾਵਣਿਆ ॥੪॥	بھے بھاءِ بھگتِ دڑاوٹیا ॥4॥
ਤੇਰੀ ਭਗਤਿ ਸਚੀ ਜੇ ਸਚੇ ਭਾਵੈ ॥	تیری بھگتِ سچی جے سچے بھاوے ॥
ਆਪੇ ਦੇਇ ਨ ਪਛੋਤਾਵੈ ॥	آپے دےءِ ن پچھوتاوے ॥
ਸਭਨਾ ਜੀਆ ਕਾ ਏਕੋ ਦਾਤਾ ਸਬਦੇ ਮਾਰਿ ਜੀਵਾਵਣਿਆ ॥੫॥	سبھنا جیِیا کا ایکو داتا سبدے مارِ جیِواوٹیا ॥5॥
ਹਰਿ ਤੁਧੁ ਬਾਝਹੁ ਮੈ ਕੋਈ ਨਾਹੀ ॥	ہرِ تُدھُ باجھہُ مے کوئی ناہی ॥
ਹਰਿ ਤੁਧੈ ਸੇਵੀ ਤੈ ਤੁਧੁ ਸਾਲਾਹੀ ॥	ہرِ تُدھے سیوی تے تُدھُ سالاحی ॥
ਆਪੇ ਮੇਲਿ ਲੈਹੁ ਪ੍ਰਭ ਸਾਚੇ ਪੂਰੈ ਕਰਮਿ ਤੂੰ ਪਾਵਣਿਆ ॥੬॥	آپے میلِ لیہُ پربھ ساچے پوُرے کرمِ توُن پاوٹیا ॥6॥
ਮੈ ਹੋਰੁ ਨ ਕੋਈ ਤੁਧੈ ਜੇਹਾ ॥	مے ہورُ ن کوئی تُدھے جیہا ॥
ਤੇਰੀ ਨਦਰੀ ਸੀਝਸਿ ਦੇਹਾ ॥	تیری ندری سیجھسِ دیہا ॥
ਅਨਦਿਨੁ ਸਾਰਿ ਸਮਾਲਿ ਹਰਿ ਰਾਖਹਿ ਗੁਰਮੁਖਿ ਸਹਜਿ ਸਮਾਵਣਿਆ ॥੭॥	اندِنُ سارِ سمالِ ہرِ راکھِ گُرمُکھِ سہجِ سماوٹیا ॥7॥
ਤੁਧੁ ਜੇਵਡੁ ਮੈ ਹੋਰੁ ਨ ਕੋਈ ॥	تُدھُ جیوڈُ مے ہورُ ن کوئی ॥
ਤੁਧੁ ਆਪੇ ਸਿਰਜੀ ਆਪੇ ਗੋਈ ॥	تُدھُ آپے سِرجی آپے گوئی ॥
ਤੂੰ ਆਪੇ ਹੀ ਘੜਿ ਭੰਨਿ ਸਵਾਰਹਿ ਨਾਨਕ ਨਾਮਿ ਸੁਹਾਵਣਿਆ ॥੮॥੫॥੬॥	توُن آپے ہی گھڑِ بھنّنِ سوارہِ نانک نامِ سُہاوٹیا ॥8॥5॥6॥
ਮਾਝ ਮਹਲਾ ੩ ॥	ماجھ محلا 3 ॥
ਸਭ ਘਟ ਆਪੇ ਭੋਗਣਹਾਰਾ ॥	سبھ گھٹ آپے بھوگنہارا ॥
ਅਲਖੁ ਵਰਤੈ ਅਗਮ ਅਪਾਰਾ ॥	الکھُ ورتے اگم اپارا ॥
ਗੁਰ ਕੈ ਸਬਦਿ ਮੇਰਾ ਹਰਿ ਪ੍ਰਭੁ ਧਿਆਇਐ ਸਹਜੇ ਸਚਿ ਸਮਾਵਣਿਆ ॥੧॥	گُر کے سبدِ میرا ہرِ پربھُ دھیائے سہجے سچِ سماوٹیا ॥1॥
ਹਉ ਵਾਰੀ ਜੀਉ ਵਾਰੀ ਗੁਰ ਸਬਦੁ ਮੰਨਿ ਵਸਾਵਣਿਆ ॥	ہءُ واری جیِءُ واری گُر سبدُ منّنِ وساوٹیا ॥

ਸਬਦੁ ਸੂਝੈ ਤਾ ਮਨ ਸਿਉ ਲੂਝੈ
ਮਨਸਾ ਮਾਰਿ ਸਮਾਵਣਿਆ ॥੧॥ ਰਹਾਉ ॥

سبدُ سوُجھےَ تا من سِءُ لوُجھےَ
منسا مارِ سماوٹیا ॥1॥ رہاءُ ॥

ਪੰਚ ਦੂਤ ਮੁਹਹਿ ਸੰਸਾਰਾ ॥

پنّچ دوُت مُہہِ سنّسارا ॥

ਮਨਮੁਖ ਅੰਧੇ ਸੁਧਿ ਨ ਸਾਰਾ ॥

منمُکھ انّدھے سُدھِ ن سارا ॥

ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ
ਪੰਚ ਦੂਤ ਸਬਦਿ ਪਚਾਵਣਿਆ ॥੨॥

گُرمُکھِ ہووےَ سُ اپٹا گھرُ راکھےَ
پنّچ دوُت سبدِ پچاوٹیا ॥2॥

ਇਕਿ ਗੁਰਮੁਖਿ ਸਦਾ ਸਚੈ ਰੰਗਿ ਰਾਤੇ ॥

اِکِ گُرمُکھِ سدا سچےَ رنگِ راتے ॥

ਸਹਜੇ ਪ੍ਰਭੁ ਸੇਵਹਿ ਅਨਦਿਨੁ ਮਾਤੇ ॥

سہجے پربھُ سیوہِ اندِنُ ماتے ॥

ਮਿਲਿ ਪ੍ਰੀਤਮ ਸਚੇ ਗੁਣ ਗਾਵਹਿ
ਹਰਿ ਦਰਿ ਸੋਭਾ ਪਾਵਣਿਆ ॥੩॥

مِلِ پریتم سچے گُنؔ گاوہِ
ہرِ درِ سوبھا پاوٹیا ॥3॥

ਏਕਮ ਏਕੈ ਆਪੁ ਉਪਾਇਆ ॥

ایکم ایکےَ آپُ اُپائیا ॥

ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥

دُبِدھا دوُجا ترِبِدھِ مائیا ॥

ਚਉਥੀ ਪਉੜੀ ਗੁਰਮੁਖਿ ਊਚੀ
ਸਚੋ ਸਚੁ ਕਮਾਵਣਿਆ ॥੪॥

چتھی پڑی گُرمُکھِ اوُچی
سچھ سچُ کماوٹیا ॥4॥

ਸਭੁ ਹੈ ਸਚਾ ਜੇ ਸਚੇ ਭਾਵੈ ॥

سبھُ ہےَ سچا جے سچے بھاوےَ ॥

ਜਿਨਿ ਸਚੁ ਜਾਤਾ ਸੋ ਸਹਜਿ ਸਮਾਵੈ ॥

جِنِ سچُ جاتا سو سہجِ سماوےَ ॥

ਗੁਰਮੁਖਿ ਕਰਣੀ ਸਚੇ ਸੇਵਹਿ
ਸਾਚੇ ਜਾਇ ਸਮਾਵਣਿਆ ॥੫॥

گُرمُکھِ کرنؔی سچے سیوہِ
ساچے جاءِ سماوٹیا ॥5॥

ਸਚੇ ਬਾਝਹੁ ਕੋ ਅਵਰੁ ਨ ਦੂਆ ॥

سچے باجھہُ کھ اورُ ن دوُیا ॥

ਦੂਜੈ ਲਾਗਿ ਜਗੁ ਖਪਿ ਖਪਿ ਮੂਆ ॥

دوُجےَ لاگِ جگُ کھپِ کھپِ موُیا ॥

ਗੁਰਮੁਖਿ ਹੋਵੈ ਸੁ ਏਕੋ ਜਾਣੈ
ਏਕੋ ਸੇਵਿ ਸੁਖੁ ਪਾਵਣਿਆ ॥੬॥

گُرمُکھِ ہووےَ سُ ایکو جانےؔ
ایکھ سیوِ سُکھُ پاوٹیا ॥6॥

ਜੀਅ ਜੰਤ ਸਭਿ ਸਰਣਿ ਤੁਮਾਰੀ ॥

جی ء جنّت سبھِ سرنِؔ تُماری ॥

ਆਪੇ ਧਰਿ ਦੇਖਹਿ

آپے دھرِ دیکھہِ

ਕਚੀ ਪਕੀ ਸਾਰੀ ॥

کچی پکی ساری ॥

ਅਨਦਿਨੁ ਆਪੇ ਕਾਰ ਕਰਾਏ
ਆਪੇ ਮੇਲਿ ਮਿਲਾਵਣਿਆ ॥੭॥

اندِنُ آپے کار کرائے
آپے میلِ مِلاوٹیا ॥7॥

ਤੂੰ ਆਪੇ ਮੇਲਹਿ ਵੇਖਹਿ ਹਦੂਰਿ ॥

توُنّ آپے میلہِ ویکھہِ حدوُرِ ॥

ਸਭ ਮਹਿ ਆਪਿ ਰਹਿਆ ਭਰਪੂਰਿ ॥

سبھ مہِ آپِ رہِیا بھرپوُرِ ॥

ਨਾਨਕ ਆਪੇ ਆਪਿ ਵਰਤੈ
ਗੁਰਮੁਖਿ ਸੋਝੀ ਪਾਵਣਿਆ ॥੮॥੬॥੭॥

نانک آپے آپِ ورتے
گُرمُکھِ سوجھی پاوٹیا ॥8॥6॥7॥

ਮਾਝ ਮਹਲਾ ੩ ॥

ماجھ محلا 3 ॥

ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥

انّمرِت باٹی گُر کی مِیٹھی ॥

ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥

گُرمُکھِ وِرلے کِنے چکھِ ڈیٹھی ॥

ਅੰਤਰਿ ਪਰਗਾਸੁ ਮਹਾ ਰਸੁ ਪੀਵੈ
ਦਰਿ ਸਚੈ ਸਬਦੁ ਵਜਾਵਣਿਆ ॥੧॥

انترِ پرگاسُ مہا رسُ پیِوے
درِ سچے سبدُ وجاوٹیا ॥1॥

ਹਉ ਵਾਰੀ ਜੀਉ ਵਾਰੀ
ਗੁਰ ਚਰਣੀ ਚਿਤੁ ਲਾਵਣਿਆ ॥

ہءُ واری جیِءُ واری
گُر چرٹی چِتُ لاوٹیا ॥

ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ
ਮਨੁ ਨਾਵੈ ਮੈਲੁ ਚੁਕਾਵਣਿਆ ॥੧॥ ਰਹਾਉ ॥

ستِگُرُ ہے انّمرِت سرُ ساچا
منُ ناوے میَلُ چُکاوٹیا ॥1॥ رہاءُ ॥

ਤੇਰਾ ਸਚੇ ਕਿਨੈ ਅੰਤੁ ਨ ਪਾਇਆ ॥

تیرا سچے کِنے انّتُ ن پائیا ॥

ਗੁਰ ਪਰਸਾਦਿ ਕਿਨੈ ਵਿਰਲੈ ਚਿਤੁ ਲਾਇਆ ॥

گُر پرسادِ کِنے وِرلے چِتُ لائیا ॥

ਤੁਧੁ ਸਾਲਾਹਿ ਨ ਰਜਾ ਕਬਹੂੰ
ਸਚੇ ਨਾਵੈ ਕੀ ਭੁਖ ਲਾਵਣਿਆ ॥੨॥

تُدھُ سالاہِ ن رجا کبہوُنّ
سچے ناوے کی بھُکھ لاوٹیا ॥2॥

ਏਕੋ ਵੇਖਾ ਅਵਰੁ ਨ ਬੀਆ ॥

ایکو ویکھا اورُ ن بیِیا ॥

ਗੁਰ ਪਰਸਾਦੀ ਅੰਮ੍ਰਿਤੁ ਪੀਆ ॥

گُر پرسادی انّمرِتُ پیِیا ॥

ਗੁਰ ਕੈ ਸਬਦਿ ਤਿਖਾ ਨਿਵਾਰੀ
ਸਹਜੇ ਸੂਖਿ ਸਮਾਵਣਿਆ ॥੩॥

گُر کے سبدِ تِکھا نِواری
سہجے سوُکھِ سماوٹیا ॥3॥

ਰਤਨੁ ਪਦਾਰਥੁ ਪਲਰਿ ਤਿਆਗੈ ॥
رتنُ پدارتھُ پلرِ تیاگے ॥

ਮਨਮੁਖੁ ਅੰਧਾ ਦੂਜੈ ਭਾਇ ਲਾਗੈ ॥
منمکھُ اندھا دوُجے بھاءِ لاگے ॥

ਜੋ ਬੀਜੈ ਸੋਈ ਫਲੁ ਪਾਏ
ਸੁਪਨੇ ਸੁਖੁ ਨ ਪਾਵਣਿਆ ॥੪॥
جو بیجے سوئی پھلُ پائے
سُپنے سُکھُ ن پاوٹیا ॥4॥

ਅਪਨੀ ਕਿਰਪਾ ਕਰੇ ਸੋਈ ਜਨੁ ਪਾਏ ॥
اپنی کِرپا کرے سوئی جنُ پائے ॥

ਗੁਰ ਕਾ ਸਬਦੁ ਮੰਨਿ ਵਸਾਏ ॥
گُر کا سبدُ منّنِ وسائے ॥

ਅਨਦਿਨੁ ਸਦਾ ਰਹੈ ਭੈ ਅੰਦਰਿ
ਭੈ ਮਾਰਿ ਭਰਮੁ ਚੁਕਾਵਣਿਆ ॥੫॥
اندِنُ سدا رہے بھے اندرِ
بھے مارِ بھرمُ چُکاوٹیا ॥5॥

ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥
بھرمُ چُکائیا سدا سُکھُ پائیا ॥

ਗੁਰ ਪਰਸਾਦਿ ਪਰਮ ਪਦੁ ਪਾਇਆ ॥
گُر پرسادِ پرم پدُ پائیا ॥

ਅੰਤਰੁ ਨਿਰਮਲੁ ਨਿਰਮਲ ਬਾਣੀ
ਹਰਿ ਗੁਣ ਸਹਜੇ ਗਾਵਣਿਆ ॥੬॥
انترُ نِرملُ نِرمل باٹی
ہرِ گُن سہجے گاوٹیا ॥6॥

ਸਿਮ੍ਰਿਤਿ ਸਾਸਤ ਬੇਦ ਵਖਾਣੈ ॥
سِمرِتِ ساست بید وکھاٹے ॥

ਭਰਮੇ ਭੂਲਾ ਤਤੁ ਨ ਜਾਣੈ ॥
بھرمے بھوُلا تتُ ن جاٹے ॥

ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ
ਦੁਖੋ ਦੁਖੁ ਕਮਾਵਣਿਆ ॥੭॥
بِنُ ستِگُر سیوے سُکھُ ن پائے
دُکھو دُکھُ کماوٹیا ॥7॥

ਆਪ ਕਰੇ ਕਿਸੁ ਆਖੈ ਕੋਈ ॥
آپ کرے کِسُ آکھے کوئی ۔ ॥

ਆਖਣਿ ਜਾਈਐ
ਜੇ ਭੂਲਾ ਹੋਈ ॥
آکھٹِ جائیئے
جے بھوُلا ہوئی ॥

ਨਾਨਕ ਆਪੇ ਕਰੇ ਕਰਾਏ
ਨਾਮੇ ਨਾਮਿ ਸਮਾਵਣਿਆ ॥੮॥੭॥੮॥
نانک آپے کرے کرائے
نامے نامِ سماوٹیا ॥8॥7॥8॥

ਮਾਝ ਮਹਲਾ ੩ ॥
ماجھ محلا 3 ॥

ਆਪੇ ਰੰਗੇ ਸਹਜਿ ਸੁਭਾਏ ॥
آپے رنگے سہجِ سُبھائے ॥

ਗੁਰ ਕੈ ਸਬਦਿ ਹਰਿ ਰੰਗੁ ਚੜਾਏ ॥
گُر کے سبدِ ہرِ رنگُ چڑائے ॥

ਮਨੁ ਤਨੁ ਰਤਾ ਰਸਨਾ ਰੰਗਿ ਚਲੂਲੀ
ਭੈ ਭਾਇ ਰੰਗੁ ਚੜਾਵਣਿਆ ॥੧॥

ਹਉ ਵਾਰੀ ਜੀਉ ਵਾਰੀ
ਨਿਰਭਉ ਮੰਨਿ ਵਸਾਵਣਿਆ ॥

ਗੁਰ ਕਿਰਪਾ ਤੇ ਹਰਿ ਨਿਰਭਉ ਧਿਆਇਆ
ਬਿਖੁ ਭਉਜਲੁ ਸਬਦਿ ਤਰਾਵਣਿਆ ॥੧॥ ਰਹਾਉ ॥

ਮਨਮੁਖ ਮੁਗਧ ਕਰਹਿ ਚਤੁਰਾਈ ॥

ਨਾਤਾ ਧੋਤਾ ਥਾਇ ਨ ਪਾਈ ॥

ਜੇਹਾ ਆਇਆ ਤੇਹਾ ਜਾਸੀ
ਕਰਿ ਅਵਗਣ ਪਛੋਤਾਵਣਿਆ ॥੨॥

ਮਨਮੁਖ ਅੰਧੇ ਕਿਛੂ ਨ ਸੂਝੈ ॥

ਮਰਣੁ ਲਿਖਾਇ ਆਏ ਨਹੀ ਬੂਝੈ ॥

ਮਨਮੁਖ ਕਰਮ ਕਰੇ ਨਹੀ ਪਾਏ
ਬਿਨੁ ਨਾਵੈ ਜਨਮੁ ਗਵਾਵਣਿਆ ॥੩॥

ਸਚੁ ਕਰਣੀ ਸਬਦੁ ਹੈ ਸਾਰੁ ॥

ਪੂਰੈ ਗੁਰਿ ਪਾਈਐ ਮੋਖ ਦੁਆਰੁ ॥

ਅਨਦਿਨੁ ਬਾਣੀ ਸਬਦਿ ਸੁਣਾਏ
ਸਚਿ ਰਾਤੇ ਰੰਗਿ ਰੰਗਾਵਣਿਆ ॥੪॥

ਰਸਨਾ ਹਰਿ ਰਸਿ ਰਾਤੀ ਰੰਗੁ ਲਾਏ ॥

ਮਨੁ ਤਨੁ ਮੋਹਿਆ ਸਹਜਿ ਸੁਭਾਏ ॥

ਸਹਜੇ ਪ੍ਰੀਤਮੁ ਪਿਆਰਾ ਪਾਇਆ
ਸਹਜੇ ਸਹਜਿ ਮਿਲਾਵਣਿਆ ॥੫॥

ਜਿਸੁ ਅੰਦਰਿ ਰੰਗੁ ਸੋਈ ਗੁਣ ਗਾਵੈ ॥

ਗੁਰ ਕੈ ਸਬਦਿ ਸਹਜੇ ਸੁਖਿ ਸਮਾਵੈ ॥

مَنُ تَنُ رتا رسنا رنگِ چلولی
بھے بھاءِ رنگُ چڑاوِنیا ॥1॥

ہءُ واری جیءُ واری
نِربھءُ منِ وساوِنیا ॥

گُر کِرپا تے ہرِ نِربھءُ دھیائیا
بِکھُ بھجُلُ سبدِ تراوِنیا ॥1॥ رہاءُ ॥

منمُکھ مُگدھ کرہِ چترائی ॥

ناتا دھوتا تھاءِ ن پائی ॥

جیہا آئیا تیہا جاسی
کرِ اوگُن پچھوتاوِنیا ॥2॥

منمُکھ اندھے کچھُو ن سوُجھے ॥

مرنُ لِکھاءِ آئے نہی بوُجھے ॥

منمُکھ کرم کرے نہی پائے
بِنُ ناوے جنمُ گواوِنیا ॥3॥

سچُ کرنی سبدُ ہے سارُ ॥

پوُرے گُرِ پائیئے موکھ دُیارُ ॥

اندِنُ بانی سبدِ سُنائے
سچِ راتے رنگِ رنگاوِنیا ॥4॥

رسنا ہرِ رسِ راتی رنگُ لائے ॥

منُ تنُ موہیا سہجِ سُبھائے ॥

سہجے پرِیتمُ پیارا پائیا
سہجے سہجِ مِلاوِنیا ॥5॥

جِسُ اندرِ رنگُ سوئی گُنُ گاوے ॥

گُر کے سبدِ سہجے سُکھِ سماوے ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نوں سمرپت | سیوا: بھائی بلجندر سنگھ جی (راڑا صاہب)

ਹਉ ਬਲਿਹਾਰੀ ਸਦਾ ਤਿਨ ਵਿਟਹੁ
ਗੁਰ ਸੇਵਾ ਚਿਤੁ ਲਾਵਣਿਆ ॥੬॥

ہءُ بلِہاری سدا تِن وِٹہُ
گُر سیوا چِتُ لاونِیا ॥6॥

ਸਚਾ ਸਚੋ ਸਚਿ ਪਤੀਜੈ ॥

سچا سچو سچِ پتیجےَ ॥

ਗੁਰ ਪਰਸਾਦੀ ਅੰਦਰੁ ਭੀਜੈ ॥

گُر پرسادی اندرُ بھیجےَ ॥

ਬੈਸਿ ਸੁਥਾਨਿ ਹਰਿ ਗੁਣ ਗਾਵਹਿ
ਆਪੇ ਕਰਿ ਸਤਿ ਮਨਾਵਣਿਆ ॥੭॥

بیَس سُتھانِ ہرِ گُنؤ گاوہِ
آپے کرِ ستِ مناونِیا ॥7॥

ਜਿਸ ਨੋ ਨਦਰਿ ਕਰੇ ਸੋ ਪਾਏ ॥

جِس نو ندرِ کرے سو پائے ॥

ਗੁਰ ਪਰਸਾਦੀ ਹਉਮੈ ਜਾਏ ॥

گُر پرسادی ہئُمےَ جائے ॥

ਨਾਨਕ ਨਾਮੁ ਵਸੈ ਮਨ ਅੰਤਰਿ
ਦਰਿ ਸਚੈ ਸੋਭਾ ਪਾਵਣਿਆ ॥੮॥੮॥੯॥

نانک نامُ وسےَ من انّترِ
درِ سچےَ سوبھا پاونِیا ॥8॥8॥9॥

ਮਾਝ ਮਹਲਾ ੩ ॥

ماجھ محلا 3 ॥

ਸਤਿਗੁਰੁ ਸੇਵਿਐ ਵਡੀ ਵਡਿਆਈ ॥

ستِگُر سیوِئے وڈی وڈِیائی ॥

ਹਰਿ ਜੀ ਅਚਿੰਤੁ ਵਸੈ ਮਨਿ ਆਈ ॥

ہرِ جی اچنّتُ وسےَ منِ آئی ॥

ਹਰਿ ਜੀਉ ਸਫਲਿਓ ਬਿਰਖੁ ਹੈ ਅੰਮ੍ਰਿਤੁ
ਜਿਨਿ ਪੀਤਾ ਤਿਸੁ ਤਿਖਾ ਲਹਾਵਣਿਆ ॥੧॥

ہرِ جیِءُ سپھلِئو برِکھُ ہے انمّرِتُ
جِنِ پِیتا تِس تِکھا لہاونِیا ॥1॥

ਹਉ ਵਾਰੀ ਜੀਉ ਵਾਰੀ
ਸਚੁ ਸੰਗਤਿ ਮੇਲਿ ਮਿਲਾਵਣਿਆ ॥

ہءُ واری جیِءُ واری
سچُ سنگتِ میلِ مِلاونِیا ॥

ਹਰਿ ਸਤਸੰਗਤਿ ਆਪੇ ਮੇਲੈ
ਗੁਰ ਸਬਦੀ ਹਰਿ ਗੁਣ ਗਾਵਣਿਆ ॥੧॥ ਰਹਾਉ ॥

ہرِ ستسنگتِ آپے میلےَ
گُر سبدی ہرِ گُنؤ گاونِیا ॥1॥ رہاءُ ॥

ਸਤਿਗੁਰੁ ਸੇਵੀ ਸਬਦਿ ਸੁਹਾਇਆ ॥

ستِگُرُ سیوی سبدِ سُہائِیا ॥

ਜਿਨਿ ਹਰਿ ਕਾ ਨਾਮੁ ਮੰਨਿ ਵਸਾਇਆ ॥

جِنِ ہرِ کا نامُ منّنِ وسائِیا ॥

ਹਰਿ ਨਿਰਮਲੁ ਹਉਮੈ ਮੈਲੁ ਗਵਾਏ
ਦਰਿ ਸਚੈ ਸੋਭਾ ਪਾਵਣਿਆ ॥੨॥

ہرِ نِرملُ ہئُمےَ میَلُ گوائے
درِ سچےَ سوبھا پاونِیا ॥2॥

ਬਿਨੁ ਗੁਰ ਨਾਮੁ ਨ ਪਾਇਆ ਜਾਇ ॥

بِنُ گُر نامُ ن پائِیا جاءِ ॥

ਸਿਧ ਸਾਧਿਕ ਰਹੇ ਬਿਲਲਾਇ ॥

سِدھ سادھِک رہے بِلّلاءِ ॥

ਬਿਨੁ ਗੁਰ ਸੇਵੇ ਸੁਖੁ ਨ ਹੋਵੀ
ਪੂਰੈ ਭਾਗਿ ਗੁਰੁ ਪਾਵਣਿਆ ॥੩॥

بِنُ گُر سیوے سُکھُ ن ہووی
پُورے بھاگِ گُرُ پاوٹیا ॥3॥

ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ ॥

اِہُ منُ آرسی کوئی گُرمُکھِ ویکھے ॥

ਮੋਰਚਾ ਨ ਲਾਗੈ ਜਾ ਹਉਮੈ ਸੋਖੈ ॥

مورچا ن لاگے جا ہئُمے سوکھے ॥

ਅਨਹਤ ਬਾਣੀ ਨਿਰਮਲ ਸਬਦੁ ਵਜਾਏ
ਗੁਰ ਸਬਦੀ ਸਚਿ ਸਮਾਵਣਿਆ ॥੪॥

انہت باٹی نِرمل سبدُ وجائے
گُر سبدی سچِ سماوٹیا ॥4॥

ਬਿਨੁ ਸਤਿਗੁਰ ਕਿਹੁ ਨ ਦੇਖਿਆ ਜਾਇ ॥

بِنُ ستِگُر کِہُ ن دیکھیا جاءِ ॥

ਗੁਰਿ ਕਿਰਪਾ ਕਰਿ ਆਪੁ ਦਿਤਾ ਦਿਖਾਇ ॥

گُرِ کِرپا کرِ آپُ دِتا دِکھاءِ ॥

ਆਪੇ ਆਪਿ ਆਪਿ ਮਿਲਿ ਰਹਿਆ
ਸਹਜੇ ਸਹਜਿ ਸਮਾਵਣਿਆ ॥੫॥

آپے آپِ آپِ مِلِ رہیا
سہجے سہجِ سماوٹیا ॥5॥

ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ ॥

گُرمُکھِ ہووے سُ اِکسُ سِءُ لِو لائے ॥

ਦੂਜਾ ਭਰਮੁ ਗੁਰ ਸਬਦਿ ਜਲਾਏ ॥

دوُجا بھرمُ گُر سبدِ جلائے ॥

ਕਾਇਆ ਅੰਦਰਿ ਵਣਜੁ ਕਰੇ ਵਾਪਾਰਾ
ਨਾਮੁ ਨਿਧਾਨੁ ਸਚੁ ਪਾਵਣਿਆ ॥੬॥

کائیا انّدرِ وٹُنجُ کرے واپارا
نامُ نِدھانُ سچُ پاوٹیا ॥6॥

ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ ॥

گُرمُکھِ کرٹی ہرِ کیرتِ سارُ ॥

ਗੁਰਮੁਖਿ ਪਾਏ ਮੋਖ ਦੁਆਰੁ ॥

گُرمُکھِ پائے موکھ دُیارُ ॥

ਅਨਦਿਨੁ ਰੰਗਿ ਰਤਾ ਗੁਣ ਗਾਵੈ
ਅੰਦਰਿ ਮਹਲਿ ਬੁਲਾਵਣਿਆ ॥੭॥

اندِنُ رنگِ رتا گُٹ گاوے
انّدرِ محلِ بُلاوٹیا ॥7॥

ਸਤਿਗੁਰੁ ਦਾਤਾ ਮਿਲੈ ਮਿਲਾਇਆ ॥

ستِگُرُ داتا مِلے مِلائیا ॥

ਪੂਰੈ ਭਾਗਿ ਮਨਿ ਸਬਦੁ ਵਸਾਇਆ ॥

پُورے بھاگِ منِ سبدُ وسائیا ॥

ਨਾਨਕ ਨਾਮੁ ਮਿਲੈ ਵਡਿਆਈ
ਹਰਿ ਸਚੇ ਕੇ ਗੁਣ ਗਾਵਣਿਆ ॥੮॥੯॥੧੦॥

نانک نامُ مِلے وڈیائی
ہرِ سچے کے گُٹ گاوٹیا ॥8॥9॥ 10 ॥

ਮਾਝ ਮਹਲਾ ੩ ॥

ماجھ محلا 3 ॥

ਆਪੁ ਵੰਞਾਏ ਤਾ ਸਭ ਕਿਛੁ ਪਾਏ ॥
آپُ ونّجائے تا سبھ کِچھُ پائے ॥

ਗੁਰ ਸਬਦੀ ਸਚੀ ਲਿਵ ਲਾਏ ॥
گُر سبدی سچی لِو لائے ॥

ਸਚੁ ਵਣੰਜਹਿ ਸਚੁ ਸੰਘਰਹਿ
ਸਚੁ ਵਾਪਾਰੁ ਕਰਾਵਣਿਆ ॥੧॥
سچُ وٹنّجہِ سچُ سنگھرہِ
سچُ واپارُ کراوٹیا ॥1॥

ਹਉ ਵਾਰੀ ਜੀਉ ਵਾਰੀ
ਹਰਿ ਗੁਣ ਅਨਦਿਨੁ ਗਾਵਣਿਆ ॥
ہءُ واری جیِءُ واری
ہرِ گُن اندِنُ گاوٹیا ॥

ਹਉ ਤੇਰਾ ਤੂੰ ਠਾਕੁਰੁ ਮੇਰਾ
ਸਬਦਿ ਵਡਿਆਈ ਦੇਵਣਿਆ ॥੧॥ ਰਹਾਉ ॥
ہءُ تیرا توُنَ ٹھاکُرُ میرا
سبدِ وڈِیائی دیوٹیا ॥1॥ رہاءُ ॥

ਵੇਲਾ ਵਖਤ ਸਭਿ ਸੁਹਾਇਆ ॥
ویلا وکھت سبھِ سُہائیا ॥

ਜਿਤੁ ਸਚਾ ਮੇਰੇ ਮਨਿ ਭਾਇਆ ॥
جِتُ سچا میرے منِ بھائیا ॥

ਸਚੇ ਸੇਵਿਐ ਸਚੁ ਵਡਿਆਈ
ਗੁਰ ਕਿਰਪਾ ਤੇ ਸਚੁ ਪਾਵਣਿਆ ॥੨॥
سچے سیوِئے سچُ وڈِیائی
گُر کِرپا تے سچُ پاوٹیا ॥2॥

ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥
بھاءُ بھوجنُ ستِگُرِ تُٹھے پائے ॥

ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ ॥
ان رسُ چوُکے ہرِ رسُ منّنِ وسائے ॥

ਸਚੁ ਸੰਤੋਖੁ ਸਹਜ ਸੁਖੁ ਬਾਣੀ
ਪੂਰੇ ਗੁਰ ਤੇ ਪਾਵਣਿਆ ॥੩॥
سچُ سنّتوکھُ سہج سُکھُ باٹی
پوُرے گُر تے پاوٹیا ॥3॥

ਸਤਿਗੁਰੁ ਨ ਸੇਵਹਿ ਮੂਰਖ ਅੰਧ ਗਵਾਰਾ ॥
ستِگُرُ ن سیوہِ موُرکھ انّدھ گوارا ॥

ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ ॥
پھِرِ اوءِ کِتھہُ پائنِ موکھ دُیارا ۔ ॥

ਮਰਿ ਮਰਿ ਜੰਮਹਿ ਫਿਰਿ ਫਿਰਿ ਆਵਹਿ
ਜਮ ਦਰਿ ਚੋਟਾ ਖਾਵਣਿਆ ॥੪॥
مرِ مرِ جنّمہِ پھِرِ پھِرِ آوہِ
جم درِ چوٹا کھاوٹیا ॥4॥

ਸਬਦੈ ਸਾਦੁ ਜਾਣਹਿ ਤਾ ਆਪੁ ਪਛਾਣਹਿ ॥
سبدے سادُ جاٹہِ تا آپُ پچھاٹہِ ॥

ਨਿਰਮਲ ਬਾਣੀ ਸਬਦਿ ਵਖਾਣਹਿ ॥
نِرمل باٹی سبدِ وکھاٹہِ ॥

ਸਚੇ ਸੇਵਿ ਸਦਾ ਸੁਖੁ ਪਾਇਨਿ
ਨਉ ਨਿਧਿ ਨਾਮੁ ਮੰਨਿ ਵਸਾਵਣਿਆ ॥੫॥
سچے سیوِ سدا سُکھُ پائنِ
ن ءُ نِدھِ نامُ منّنِ وساوٹیا ॥5॥

ਸੋ ਥਾਨੁ ਸੁਹਾਇਆ ਜੋ ਹਰਿ ਮਨਿ ਭਾਇਆ ॥	سو تھانُ سُہائیا جو ہرِ منِ بھائیا ॥
ਸਤਸੰਗਤਿ ਬਹਿ ਹਰਿ ਗੁਣ ਗਾਇਆ ॥	ستسنگتِ بہِ ہرِ گُڑ گائیا ॥
ਅਨਦਿਨੁ ਹਰਿ ਸਾਲਾਹਹਿ ਸਾਚਾ ਨਿਰਮਲ ਨਾਦੁ ਵਜਾਵਣਿਆ ॥੬॥	اندِنُ ہرِ سالاحہِ ساچا نِرمل نادُ وجاوِنیا ॥6॥
ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥	منمکھ کھوٹی راسِ کھوٹا پاسارا ॥
ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥	کوڑُ کماونِ دُکھُ لاگے بھارا ॥
ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥੭॥	بھرمے بھوُلے پھِرنِ دِن راتی مرِ جنمہِ جنمُ گواوِنیا ॥7॥
ਸਚਾ ਸਾਹਿਬੁ ਮੈ ਅਤਿ ਪਿਆਰਾ ॥	سچا صاحِبُ مے َاتِ پیارا ॥
ਪੂਰੇ ਗੁਰ ਕੈ ਸਬਦਿ ਅਧਾਰਾ ॥	پوُرے گُر کے َ سبدِ ادھارا ॥
ਨਾਨਕ ਨਾਮਿ ਮਿਲੈ ਵਡਿਆਈ ਦੁਖੁ ਸੁਖੁ ਸਮ ਕਰਿ ਜਾਨਣਿਆ ॥੮॥੧੦॥੧੧॥	نانک نامِ ملے َ وڈِیائی دُکھُ سُکھُ سم کرِ جانِنیا ॥8॥ 10 ॥ 11 ॥
ਮਾਝ ਮਹਲਾ ੩ ॥	ماجھ محلا 3 ॥
ਤੇਰੀਆ ਖਾਣੀ ਤੇਰੀਆ ਬਾਣੀ ॥	تیرییا کھانیٰ تیرییا بانیٰ ॥
ਬਿਨੁ ਨਾਵੈ ਸਭ ਭਰਮਿ ਭੁਲਾਣੀ ॥	بِنُ ناوے َ سبھ بھرمِ بھُلانیٰ ॥
ਗੁਰ ਸੇਵਾ ਤੇ ਹਰਿ ਨਾਮੁ ਪਾਇਆ ਬਿਨੁ ਸਤਿਗੁਰ ਕੋਇ ਨ ਪਾਵਣਿਆ ॥੧॥	گُر سیوا تے ہرِ نامُ پائیا بِنُ ستِگُر کوءِ ن پاوِنیا ॥1॥
ਹਉ ਵਾਰੀ ਜੀਉ ਵਾਰੀ ਹਰਿ ਸੇਤੀ ਚਿਤੁ ਲਾਵਣਿਆ ॥	ہءُ واری جیِءُ واری ہرِ سیتی چِتُ لاوِنیا ॥
ਹਰਿ ਸਚਾ ਗੁਰ ਭਗਤੀ ਪਾਈਐ ਸਹਜੇ ਮੰਨਿ ਵਸਾਵਣਿਆ ॥੧॥ ਰਹਾਉ ॥	ہرِ سچا گُر بھگتی پائیئے سہجے منِ وساوِنیا ॥1॥ رہاءُ ॥
ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ ॥	ستِگُرُ سیوے تا سبھ کچھُ پائے ॥
ਜੇਹੀ ਮਨਸਾ ਕਰਿ ਲਾਗੈ ਤੇਹਾ ਫਲੁ ਪਾਏ ॥	جیہی منسا کرِ لاگے تیہا پھلُ پائے ॥
ਸਤਿਗੁਰੁ ਦਾਤਾ ਸਭਨਾ ਵਥੂ ਕਾ	ستِگُرُ داتا سبھنا وتھوُ کا

ਪੂਰੈ ਭਾਗਿ ਮਿਲਾਵਣਿਆ ॥੨॥

ਇਹੁ ਮਨੁ ਮੈਲਾ ਇਕੁ ਨ ਧਿਆਏ ॥

ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ॥

ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ
ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥੩॥

ਸਤਿਗੁਰੁ ਸੇਵੇ ਤਾ ਮਲੁ ਜਾਏ ॥

ਜੀਵਤੁ ਮਰੈ ਹਰਿ ਸਿਉ ਚਿਤੁ ਲਾਏ ॥

ਹਰਿ ਨਿਰਮਲੁ ਸਚੁ ਮੈਲੁ ਨ ਲਾਗੈ
ਸਚਿ ਲਾਗੈ ਮੈਲੁ ਗਵਾਵਣਿਆ ॥੪॥

ਬਾਝੁ ਗੁਰੂ ਹੈ ਅੰਧ ਗੁਬਾਰਾ ॥

ਅਗਿਆਨੀ ਅੰਧਾ ਅੰਧੁ ਅੰਧਾਰਾ ॥

ਬਿਸਟਾ ਕੇ ਕੀੜੇ ਬਿਸਟਾ ਕਮਾਵਹਿ
ਫਿਰਿ ਬਿਸਟਾ ਮਾਹਿ ਪਚਾਵਣਿਆ ॥੫॥

ਮੁਕਤੇ ਸੇਵੇ ਮੁਕਤਾ ਹੋਵੈ ॥

ਹਉਮੈ ਮਮਤਾ ਸਬਦੇ ਖੋਵੈ ॥

ਅਨਦਿਨੁ ਹਰਿ ਜੀਉ ਸਚਾ ਸੇਵੀ
ਪੂਰੈ ਭਾਗਿ ਗੁਰੁ ਪਾਵਣਿਆ ॥੬॥

ਆਪੇ ਬਖਸੇ ਮੇਲਿ ਮਿਲਾਏ ॥

ਪੂਰੇ ਗੁਰ ਤੇ ਨਾਮੁ ਨਿਧਿ ਪਾਏ ॥

ਸਚੈ ਨਾਮਿ ਸਦਾ ਮਨੁ ਸਚਾ
ਸਚੁ ਸੇਵੇ ਦੁਖੁ ਗਵਾਵਣਿਆ ॥੭॥

ਸਦਾ ਹਜੂਰਿ ਦੂਰਿ ਨ ਜਾਣਹੁ ॥

ਗੁਰ ਸਬਦੀ ਹਰਿ ਅੰਤਰਿ ਪਛਾਣਹੁ ॥

ਨਾਨਕ ਨਾਮਿ ਮਿਲੈ ਵਡਿਆਈ

پُورے بھاگِ مِلاوٹیا ॥2॥

اِہُ منُ میَلا اِکُ ن دھِیائے ॥

انّترِ میَلُ لاگی بہُ دوُجےَ بھائے ॥

تٹِ تیرتھِ دِسنّترِ بھوےَ اہنکاری
ہورُ ودھیرے ہئُمےَ مل لاوٹیا ॥3॥

ستِگُرُ سیوے تا مل جائے ॥

جیِوتُ مرے ہرِ سِءُ چِتُ لائے ॥

ہرِ نِرملُ سچُ میَلُ ن لاگے
سچِ لاگے میَلُ گواوٹیا ॥4॥

باجھُ گُروُ ہے انّدھ غُبارا ॥

اگیانی انّدھا انّدھُ انّدھارا ॥

بِسٹا کے کیِڑے بِسٹا کماوہِ
پھِرِ بِسٹا ماہِ پچاوٹیا ॥5॥

مُکتے سیوے مُکتا ہووےَ ॥

ہئُمےَ ممتا سبدے کھووےَ ॥

اندِنُ ہرِ جیِءُ سچا سیوی
پُورے بھاگِ گُرُ پاوٹیا ॥6॥

آپے بخشے میلِ مِلائے ॥

پُورے گُر تے نامُ نِدھِ پائے ॥

سچےَ نامِ سدا منُ سچا
سچُ سیوے دُکھُ گواوٹیا ॥7॥

سدا حضوُرِ دوُرِ ن جانہُ ॥

گُر سبدی ہرِ انّترِ پچھانہُ ॥

نانک نامِ مِلےَ وڈِیائی

ਪੂਰੇ ਗੁਰ ਤੇ ਪਾਵਣਿਆ ॥੮॥੧੧॥੧੨॥

پُورے گُر تے پاوٹیا ॥8॥ 11 ॥ 12 ॥

ਮਾਝ ਮਹਲਾ ੩ ॥

ماجھ محلا 3 ॥

ਐਥੈ ਸਾਚੇ ਸੁ ਆਗੈ ਸਾਚੇ ॥

ایتھےَ ساچے سُ آگےَ ساچے ॥

ਮਨੁ ਸਚਾ ਸਚੈ ਸਬਦਿ ਰਾਚੇ ॥

منُ سچا سچےَ سبدِ راچے ॥

ਸਚਾ ਸੇਵਹਿ ਸਚੁ ਕਮਾਵਹਿ
ਸਚੋ ਸਚੁ ਕਮਾਵਣਿਆ ॥੧॥

سچا سیوہِ سچُ کماوہِ
سچو سچُ کماوٹیا ॥1॥

ਹਉ ਵਾਰੀ ਜੀਉ ਵਾਰੀ
ਸਚਾ ਨਾਮੁ ਮੰਨਿ ਵਸਾਵਣਿਆ ॥

ہءُ واری جیِءُ واری
سچا نامُ منّنِ وساوٹیا ॥

ਸਚੇ ਸੇਵਹਿ ਸਚਿ ਸਮਾਵਹਿ
ਸਚੇ ਕੇ ਗੁਣ ਗਾਵਣਿਆ ॥੧॥ ਰਹਾਉ ॥

سچے سیوہِ سچِ سماوہِ
سچے کے گُنٗ گاوٹیا ॥1॥ رہاءُ ॥

ਪੰਡਿਤ ਪੜਹਿ ਸਾਦੁ ਨ ਪਾਵਹਿ ॥

پنّڈِت پڑہِ سادُ ن پاوہِ ॥

ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥

دوُجےَ بھاءِ مائیا منُ بھرماوہِ ॥

ਮਾਇਆ ਮੋਹਿ ਸਭ ਸੁਧਿ ਗਵਾਈ
ਕਰਿ ਅਵਗਣ ਪਛੋਤਾਵਣਿਆ ॥੨॥

مائیا موہِ سبھ سُدھِ گوائی
کرِ اوگُنٗ پچھوتاوٹیا ॥2॥

ਸਤਿਗੁਰੁ ਮਿਲੈ ਤਾ ਤਤੁ ਪਾਏ ॥

ستِگُرُ ملےَ تا تتُ پائے ॥

ਹਰਿ ਕਾ ਨਾਮੁ ਮੰਨਿ ਵਸਾਏ ॥

ہرِ کا نامُ منّنِ وسائے ॥

ਸਬਦਿ ਮਰੈ ਮਨੁ ਮਾਰੈ ਅਪਨਾ
ਮੁਕਤੀ ਕਾ ਦਰੁ ਪਾਵਣਿਆ ॥੩॥

سبدِ مرےَ منُ مارےَ اپنا
مُکتی کا دُر پاوٹیا ॥3॥

ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥

کِلوِکھ کاٹےٗ کرودھُ نِوارے ॥

ਗੁਰ ਕਾ ਸਬਦੁ ਰਖੈ ਉਰ ਧਾਰੇ ॥

گُر کا سبدُ رکھےَ اُر دھارے ॥

ਸਚਿ ਰਤੇ ਸਦਾ ਬੈਰਾਗੀ
ਹਉਮੈ ਮਾਰਿ ਮਿਲਾਵਣਿਆ ॥੪॥

سچِ رتے سدا بیَراگی
ہئُمےَ مارِ ملاوٹیا ॥4॥

ਅੰਤਰਿ ਰਤਨੁ ਮਿਲੈ ਮਿਲਾਇਆ ॥

انترِ رتنُ ملےَ ملائیا ॥

ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥

ترِبدھِ منسا ترِبدھِ مائیا ॥

ਪੜਿ ਪੜਿ ਪੰਡਿਤ ਮੋਨੀ ਥਕੇ
ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥

پڑِ پڑِ پنڈِت مونی تھکے
چتُھے پد کی سار ن پاوٹِیا ॥5॥

ਆਪੇ ਰੰਗੇ ਰੰਗੁ ਚੜਾਏ ॥

آپے رنگے رنگُ چڑائے ॥

ਸੇ ਜਨ ਰਾਤੇ ਗੁਰ ਸਬਦਿ ਰੰਗਾਏ ॥

سے جن راتے گُر سبدِ رنگائے ॥

ਹਰਿ ਰੰਗੁ ਚੜਿਆ ਅਤਿ ਅਪਾਰਾ
ਹਰਿ ਰਸਿ ਰਸਿ ਗੁਣ ਗਾਵਣਿਆ ॥੬॥

ہرِ رنگُ چڑِیا اتِ اپارا
ہرِ رسِ رسِ گُن گاوٹِیا ॥6॥

ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥

گُرمُکھِ رِدھِ سِدھِ سچُ سنجَمُ سوئی ॥

ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥

گُرمُکھِ گیانُ نامِ مُکتِ ہوئی ॥

ਗੁਰਮੁਖਿ ਕਾਰ ਸਚੁ ਕਮਾਵਹਿ
ਸਚੇ ਸਚਿ ਸਮਾਵਣਿਆ ॥੭॥

گُرمُکھِ کار سچُ کماوہِ
سچے سچِ سماوٹِیا ॥7॥

ਗੁਰਮੁਖਿ ਥਾਪੇ ਥਾਪਿ ਉਥਾਪੇ ॥

گُرمُکھِ تھاپے تھاپِ اُتھاپے ॥

ਗੁਰਮੁਖਿ ਜਾਤਿ ਪਤਿ ਸਭੁ ਆਪੇ ॥

گُرمُکھِ زاتِ پتِ سبھُ آپے ॥

ਨਾਨਕ ਗੁਰਮੁਖਿ ਨਾਮੁ ਧਿਆਏ
ਨਾਮੇ ਨਾਮਿ ਸਮਾਵਣਿਆ ॥੮॥੧੨॥੧੩॥

نانک گُرمُکھِ نامُ دھِیائے
نامے نامِ سماوٹِیا ॥8॥ 12 ॥ 13 ॥

ਮਾਝ ਮਹਲਾ ੩ ॥

ماجھ محلا 3 ॥

ਉਤਪਤਿ ਪਰਲਉ ਸਬਦੇ ਹੋਵੈ ॥

اُتپتِ پرل ءُ سبدے ہووے ॥

ਸਬਦੇ ਹੀ ਫਿਰਿ ਓਪਤਿ ਹੋਵੈ ॥

سبدے ہی پھِرِ اوپتِ ہووے ॥

ਗੁਰਮੁਖਿ ਵਰਤੈ ਸਭੁ ਆਪੇ ਸਚਾ
ਗੁਰਮੁਖਿ ਉਪਾਇ ਸਮਾਵਣਿਆ ॥੧॥

گُرمُکھِ ورتے سبھُ آپے سچا
گُرمُکھِ اُپاءِ سماوٹِیا ॥1॥

ਹਉ ਵਾਰੀ ਜੀਉ ਵਾਰੀ
ਗੁਰੁ ਪੂਰਾ ਮੰਨਿ ਵਸਾਵਣਿਆ ॥

ہءُ واری جیءُ واری
گُرُ پوُرا منّنِ وساوٹِیا ॥

ਗੁਰ ਤੇ ਸਾਤਿ ਭਗਤਿ ਕਰੇ ਦਿਨੁ ਰਾਤੀ
ਗੁਣ ਕਹਿ ਗੁਣੀ ਸਮਾਵਣਿਆ ॥੧॥ ਰਹਾਉ ॥

گُر تے ساتِ بھگتِ کرے دِنُ راتی
گُن کہِ گُنی سماوٹِیا ॥1॥ رہاءُ ॥

ਗੁਰਮੁਖਿ ਧਰਤੀ ਗੁਰਮੁਖਿ ਪਾਣੀ ॥

گُرمُکھِ دھرتی گُرمُکھِ پانی ॥

ਗੁਰਮੁਖਿ ਪਵਣੁ ਬੈਸੰਤਰੁ
ਖੇਲੈ ਵਿਡਾਣੀ ॥

ਸੋ ਨਿਗੁਰਾ ਜੋ ਮਰਿ ਮਰਿ ਜੰਮੈ
ਨਿਗੁਰੇ ਆਵਣ ਜਾਵਣਿਆ ॥੨॥

ਤਿਨਿ ਕਰਤੈ ਇਕੁ ਖੇਲੁ ਰਚਾਇਆ ॥

ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ ॥

ਸਬਦਿ ਭੇਦਿ ਕੋਈ ਮਹਲੁ ਪਾਏ
ਮਹਲੇ ਮਹਲਿ ਬੁਲਾਵਣਿਆ ॥੩॥

ਸਚਾ ਸਾਹੁ ਸਚੇ ਵਣਜਾਰੇ ॥

ਸਚੁ ਵਣੰਜਹਿ ਗੁਰ ਹੇਤਿ ਅਪਾਰੇ ॥

ਸਚੁ ਵਿਹਾਝਹਿ ਸਚੁ ਕਮਾਵਹਿ
ਸਚੋ ਸਚੁ ਕਮਾਵਣਿਆ ॥੪॥

ਬਿਨੁ ਰਾਸੀ ਕੋ ਵਥੁ ਕਿਉ ਪਾਏ ॥

ਮਨਮੁਖ ਭੂਲੇ ਲੋਕ ਸਬਾਏ ॥

ਬਿਨੁ ਰਾਸੀ ਸਭ ਖਾਲੀ ਚਲੇ
ਖਾਲੀ ਜਾਇ ਦੁਖੁ ਪਾਵਣਿਆ ॥੫॥

ਇਕਿ ਸਚੁ ਵਣੰਜਹਿ ਗੁਰ ਸਬਦਿ ਪਿਆਰੇ ॥

ਆਪਿ ਤਰਹਿ ਸਗਲੇ ਕੁਲ ਤਾਰੇ ॥

ਆਏ ਸੇ ਪਰਵਾਣੁ ਹੋਏ
ਮਿਲਿ ਪ੍ਰੀਤਮ ਸੁਖੁ ਪਾਵਣਿਆ ॥੬॥

ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥

ਮਨਮੁਖ ਅੰਧੇ ਫਿਰਹਿ ਬੇਤਾਲੇ ॥

ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ
ਮਨਮੁਖ ਭਰਮਿ ਭੁਲਾਵਣਿਆ ॥੭॥

گُرمُکھِ پوُنُ بیَسنّترُ
کھیلےَ وِڈانٹی ॥

سو نِگُرا جو مرِ مرِ جنّمےَ
نِگُرے آونٹ جاونٹیا ॥2॥

تِنِ کرتے اِکُ کھیلُ رچائیا ॥

کائیا سریرے وِچ سبھُ کچھُ پائیا ॥

سبدِ بھیدِ کوئی محلُ پائے
محلے محلِ بُلاونٹیا ॥3॥

سچا ساہُ سچے وٹّجارے ॥

سچُ وٹّنجہِ گُر ہیتِ اپارے ॥

سچُ وِہاجھہِ سچُ کماوہِ
سچو سچُ کماونٹیا ॥4॥

بِنُ راسی کو وتھُ کِءُ پائے ۔ ॥

منمُکھ بھوُلے لوک سبائے ॥

بِنُ راسی سبھ خالی چلے
خالی جاءِ دُکھُ پاونٹیا ॥5॥

اِکِ سچُ وٹّنجہِ گُر سبدِ پیارے ॥

آپِ ترہِ سگلے کُل تارے ॥

آئے سے پرواڻُ ہوئے
مِلِ پرِیتم سُکھُ پاونٹیا ॥6॥

انترِ وستُ موُڑا باہرُ بھالے ॥

منمُکھ انّدھے پھِرہِ بیتالے ॥

جِتھےَ وتھُ ہووےَ تِتھہُ کوءِ ن پاوےَ
منمُکھ بھرمِ بھُلاونٹیا ॥7॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجیندر سنگھ جی (راڑا صاہب)

ਆਪੇ ਦੇਵੈ ਸਬਦਿ ਬੁਲਾਏ ॥
آپے دیوے سبدِ بُلائے ॥

ਮਹਲੀ ਮਹਲਿ ਸਹਜ ਸੁਖੁ ਪਾਏ ॥
محلی محلِ سہج سُکھُ پائے ॥

ਨਾਨਕ ਨਾਮਿ ਮਿਲੈ ਵਡਿਆਈ
ਆਪੇ ਸੁਣਿ ਸੁਣਿ ਧਿਆਵਣਿਆ ॥੮॥੧੩॥੧੪॥
نانک نامِ ملے وڈیائی
آپے سُنِ سُنِ دھیاوٹیا ॥8॥ 13 ॥ 14 ॥

ਮਾਝ ਮਹਲਾ ੩ ॥
ماجھ محلا 3 ॥

ਸਤਿਗੁਰ ਸਾਚੀ ਸਿਖ ਸੁਣਾਈ ॥
ستِگُر ساچی سِکھ سُنائی ॥

ਹਰਿ ਚੇਤਹੁ ਅੰਤਿ ਹੋਇ ਸਖਾਈ ॥
ہرِ چیتہٗ انّتِ ہوءِ سکھائی ॥

ਹਰਿ ਅਗਮੁ ਅਗੋਚਰੁ ਅਨਾਥੁ ਅਜੋਨੀ
ਸਤਿਗੁਰ ਕੈ ਭਾਇ ਪਾਵਣਿਆ ॥੧॥
ہرِ اگمُ اگوچرُ اناتھُ اجونی
ستِگُر کے بھاءِ پاوٹیا ॥1॥

ਹਉ ਵਾਰੀ ਜੀਉ ਵਾਰੀ
ਆਪੁ ਨਿਵਾਰਣਿਆ ॥
ہءُ واری جیءُ واری
آپُ نِوارٹیا ॥

ਆਪੁ ਗਵਾਏ ਤਾ ਹਰਿ ਪਾਏ
ਹਰਿ ਸਿਉ ਸਹਜਿ ਸਮਾਵਣਿਆ ॥੧॥ ਰਹਾਉ ॥
آپُ گوائے تا ہرِ پائے
ہرِ سِءُ سہجِ سماوٹیا ॥1॥ رہاءُ ॥

ਪੂਰਬਿ ਲਿਖਿਆ ਸੁ ਕਰਮੁ ਕਮਾਇਆ ॥
پوُربِ لِکھیا سُ کرمُ کمائیا ॥

ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ॥
ستِگُرُ سیوِ سدا سُکھُ پائیا ॥

ਬਿਨੁ ਭਾਗਾ ਗੁਰੁ ਪਾਈਐ ਨਾਹੀ
ਸਬਦੈ ਮੇਲਿ ਮਿਲਾਵਣਿਆ ॥੨॥
بِنُ بھاگا گُرُ پائیَے ناہی
سبدے میلِ مِلاوٹیا ॥2॥

ਗੁਰਮੁਖਿ ਅਲਿਪਤੁ ਰਹੈ ਸੰਸਾਰੇ ॥
گُرمُکھِ الپتُ رہے سنّسارے ॥

ਗੁਰ ਕੈ ਤਕੀਐ ਨਾਮਿ ਅਧਾਰੇ ॥
گُر کے تکیئے نامِ ادھارے ॥

ਗੁਰਮੁਖਿ ਜੋਰੁ ਕਰੇ ਕਿਆ ਤਿਸ ਨੋ
ਆਪੇ ਖਪਿ ਦੁਖੁ ਪਾਵਣਿਆ ॥੩॥
گُرمُکھِ زورُ کرے کیا تِس نو
آپے کھپِ دُکھُ پاوٹیا ॥3॥

ਮਨਮੁਖਿ ਅੰਧੇ ਸੁਧਿ ਨ ਕਾਈ ॥
منمُکھِ اندھے سُدھِ ن کائی ॥

ਆਤਮ ਘਾਤੀ ਹੈ ਜਗਤ ਕਸਾਈ ॥
آتم گھاتی ہے جگت قصائی ॥

ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ
نِندا کرِ کرِ بہُ بھارُ اُٹھاوے

ਬਿਨੁ ਮਜੂਰੀ ਭਾਰੁ ਪਹੁਚਾਵਣਿਆ ॥੪॥

بِنُ مزوُری بھارُ پہُچاوٹیا ॥4॥

ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ ॥

اِہُ جگُ واڑی میرا پرّبھُ مالی ॥

ਸਦਾ ਸਮਾਲੇ ਕੋ ਨਾਹੀ ਖਾਲੀ ॥

سدا سمالے کو ناہی خالی ॥

ਜੇਹੀ ਵਾਸਨਾ ਪਾਏ ਤੇਹੀ ਵਰਤੈ
ਵਾਸੂ ਵਾਸੁ ਜਣਾਵਣਿਆ ॥੫॥

جیہی واسنا پائے تیہی ورتے
واسوُ واسُ جنّاوٹیا ॥5॥

ਮਨਮੁਖੁ ਰੋਗੀ ਹੈ ਸੰਸਾਰਾ ॥

منمُکھُ روگی ہے سنّسارا ॥

ਸੁਖਦਾਤਾ ਵਿਸਰਿਆ ਅਗਮ ਅਪਾਰਾ ॥

سُکھداتا وِسریا اگم اپارا ॥

ਦੁਖੀਏ ਨਿਤਿ ਫਿਰਹਿ ਬਿਲਲਾਦੇ
ਬਿਨੁ ਗੁਰ ਸਾਂਤਿ ਨ ਪਾਵਣਿਆ ॥੬॥

دُکھیئے نِت پھِرہِ بِلّلادے
بِنُ گُر سانْتِ ن پاوٹیا ॥6॥

ਜਿਨਿ ਕੀਤੇ ਸੋਈ ਬਿਧਿ ਜਾਣੈ ॥

جِنِ کیتے سوئی بِدھِ جانے ॥

ਆਪਿ ਕਰੇ ਤਾ ਹੁਕਮਿ ਪਛਾਣੈ ॥

آپِ کرے تا حُکمِ پچھانے ॥

ਜੇਹਾ ਅੰਦਰਿ ਪਾਏ ਤੇਹਾ ਵਰਤੈ
ਆਪੇ ਬਾਹਰਿ ਪਾਵਣਿਆ ॥੭॥

جیہا اندّرِ پائے تیہا ورتے
آپے باہرِ پاوٹیا ॥7॥

ਤਿਸੁ ਬਾਝਹੁ ਸਚੇ ਮੈ ਹੋਰੁ ਨ ਕੋਈ ॥

تِسُ باجھہُ سچے مے ہورُ ن کوئی ॥

ਜਿਸੁ ਲਾਇ ਲਏ ਸੋ ਨਿਰਮਲੁ ਹੋਈ ॥

جِسُ لاءِ لے سو نِرملُ ہوئی ॥

ਨਾਨਕ ਨਾਮੁ ਵਸੈ ਘਟ ਅੰਤਰਿ
ਜਿਸੁ ਦੇਵੈ ਸੋ ਪਾਵਣਿਆ ॥੮॥੧੪॥੧੫॥

نانک نامُ وسے گھٹ انتّرِ
جِسُ دیوے سو پاوٹیا ॥8॥ 14 ॥ 15 ॥

ਮਾਝ ਮਹਲਾ ੩ ॥

ماجھ محلا 3 ॥

ਅੰਮ੍ਰਿਤ ਨਾਮੁ ਮੰਨਿ ਵਸਾਏ ॥

انّمرِت نامُ منّنِ وسائے ॥

ਹਉਮੈ ਮੇਰਾ ਸਭੁ ਦੁਖੁ ਗਵਾਏ ॥

ہئُمے میرا سبھُ دُکھُ گوائے ॥

ਅੰਮ੍ਰਿਤ ਬਾਣੀ ਸਦਾ ਸਲਾਹੇ
ਅੰਮ੍ਰਿਤ ਅੰਮ੍ਰਿਤੁ ਪਾਵਣਿਆ ॥੧॥

انّمرِت بانّی سدا سلاہے
انّمرِتُ انّمرِتُ پاوٹیا ॥1॥

ਹਉ ਵਾਰੀ ਜੀਉ ਵਾਰੀ
ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥

ہءُ واری جیءُ واری
انّمرِت بانّی منّنِ وساوٹیا ॥

ਅੰਮ੍ਰਿਤ ਬਾਣੀ ਮੰਨਿ ਵਸਾਏ
ਅੰਮ੍ਰਿਤੁ ਨਾਮੁ ਧਿਆਵਣਿਆ ॥੧॥ ਰਹਾਉ ॥

ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ ॥

ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ ॥

ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ
ਅਵਰਾ ਆਖਿ ਸੁਨਾਵਣਿਆ ॥੨॥

ਅੰਮ੍ਰਿਤ ਰੰਗਿ ਰਤਾ ਲਿਵ ਲਾਏ ॥

ਅੰਮ੍ਰਿਤੁ ਗੁਰ ਪਰਸਾਦੀ ਪਾਏ ॥

ਅੰਮ੍ਰਿਤੁ ਰਸਨਾ ਬੋਲੈ ਦਿਨੁ ਰਾਤੀ
ਮਨਿ ਤਨਿ ਅੰਮ੍ਰਿਤੁ ਪੀਆਵਣਿਆ ॥੩॥

ਸੋ ਕਿਛੁ ਕਰੈ ਜੁ ਚਿਤਿ ਨ ਹੋਈ ॥

ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ ॥

ਹੁਕਮੇ ਵਰਤੈ ਅੰਮ੍ਰਿਤ ਬਾਣੀ
ਹੁਕਮੇ ਅੰਮ੍ਰਿਤੁ ਪੀਆਵਣਿਆ ॥੪॥

ਅਜਬ ਕੰਮ ਕਰਤੇ ਹਰਿ ਕੇਰੇ ॥

ਇਹੁ ਮਨੁ ਭੂਲਾ ਜਾਂਦਾ ਫੇਰੇ ॥

ਅੰਮ੍ਰਿਤ ਬਾਣੀ ਸਿਉ ਚਿਤੁ ਲਾਏ
ਅੰਮ੍ਰਿਤ ਸਬਦਿ ਵਜਾਵਣਿਆ ॥੫॥

ਖੋਟੇ ਖਰੇ ਤੁਧੁ ਆਪਿ ਉਪਾਏ ॥

ਤੁਧੁ ਆਪੇ ਪਰਖੈ ਲੋਕ ਸਬਾਏ ॥

ਖਰੇ ਪਰਖਿ ਖਜਾਨੈ ਪਾਇਹਿ
ਖੋਟੇ ਭਰਮਿ ਭੁਲਾਵਣਿਆ ॥੬॥

ਕਿਉ ਕਰਿ ਵੇਖਾ ਕਿਉ ਸਾਲਾਹੀ ॥

ਗੁਰ ਪਰਸਾਦੀ ਸਬਦਿ ਸਲਾਹੀ ॥

انّمرِت بانٹی منّنِ وسائے
انّمرِتُ نامُ دھیاوٹیا ॥1॥ رہاءُ ॥

انّمرِتُ بولے سدا مُکھِ ویَنٹی ॥

انّمرِتُ ویکھے پرکھے سدا نیَنٹی ॥

انّمرِت کتھا کہے سدا دِنُ راتی
اورا آکھِ سُناوٹیا ॥2॥

انّمرِت رنگِ رتا لِو لائے ॥

انّمرِتُ گُر پرسادی پائے ॥

انّمرِتُ رسنا بولے دِنُ راتی
منِ تنِ انّمرِتُ پیاوٹیا ॥3॥

سو کچھُ کرے جُ چِتِ ن ہوئی ॥

تِس دا حُکمُ میٹِ ن سکے کوئی ॥

حُکمے ورتے انّمرِت بانٹی
حُکمے انّمرِتُ پیاوٹیا ॥4॥

عجب کنّم کرتے ہرِ کیرے ॥

اِہُ منُ بھوُلا جاندا پھیرے ॥

انّمرِت بانٹی سِءُ چِتُ لائے
انّمرِت سبدِ وجاوٹیا ॥5॥

کھوٹے کھرے تُدھُ آپِ اُپائے ॥

تُدھُ آپے پرکھے لوک سبائے ॥

کھرے پرکھِ خزانے پائیہِ
کھوٹے بھرمِ بھُلاوٹیا ॥6॥

کِءُ کرِ ویکھا کِءُ سالاحی ۔ ॥

گُر پرسادی سبدِ سلاحی ॥

ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ
ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥੭॥

ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥

ਸਤਿਗੁਰਿ ਸੇਵਿਐ ਰਿਦੈ ਸਮਾਣੀ ॥

ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ
ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ ॥੮॥੧੫॥੧੬॥

ਮਾਝ ਮਹਲਾ ੩ ॥

ਅੰਮ੍ਰਿਤੁ ਵਰਸੈ ਸਹਜਿ ਸੁਭਾਏ ॥

ਗੁਰਮੁਖਿ ਵਿਰਲਾ ਕੋਈ ਜਨੁ ਪਾਏ ॥

ਅੰਮ੍ਰਿਤੁ ਪੀ ਸਦਾ ਤ੍ਰਿਪਤਾਸੇ
ਕਰਿ ਕਿਰਪਾ ਤ੍ਰਿਸਨਾ ਬੁਝਾਵਣਿਆ ॥੧॥

ਹਉ ਵਾਰੀ ਜੀਉ ਵਾਰੀ
ਗੁਰਮੁਖਿ ਅੰਮ੍ਰਿਤੁ ਪੀਆਵਣਿਆ ॥

ਰਸਨਾ ਰਸੁ ਚਾਖਿ ਸਦਾ ਰਹੈ ਰੰਗਿ ਰਾਤੀ
ਸਹਜੇ ਹਰਿ ਗੁਣ ਗਾਵਣਿਆ ॥੧॥ ਰਹਾਉ ॥

ਗੁਰ ਪਰਸਾਦੀ ਸਹਜੁ ਕੋ ਪਾਏ ॥

ਦੁਬਿਧਾ ਮਾਰੇ ਇਕਸੁ ਸਿਉ ਲਿਵ ਲਾਏ ॥

ਨਦਰਿ ਕਰੇ ਤਾ ਹਰਿ ਗੁਣ ਗਾਵੈ
ਨਦਰੀ ਸਚਿ ਸਮਾਵਣਿਆ ॥੨॥

ਸਭਨਾ ਉਪਰਿ ਨਦਰਿ ਪ੍ਰਭ ਤੇਰੀ ॥

ਕਿਸੈ ਥੋੜੀ ਕਿਸੈ ਹੈ ਘਣੇਰੀ ॥

ਤੁਝ ਤੇ ਬਾਹਰਿ ਕਿਛੁ ਨ ਹੋਵੈ
ਗੁਰਮੁਖਿ ਸੋਝੀ ਪਾਵਣਿਆ ॥੩॥

ਗੁਰਮੁਖਿ ਤਤੁ ਹੈ ਬੀਚਾਰਾ ॥

تیرے بھانے وِچ انّمرِتُ وسے
توُنّ بھانے انّمرِتُ پِیاوٹیا ॥7॥

انّمرِت سبدُ انّمرِت ہرِ باٹی ॥

ستِگُرِ سیوِئے رِدے سماٹی ॥

نانک انّمرِت نامُ سدا سُکھداتا
پی انّمرِتُ سبھ بھُکھ لہِ جاوٹیا ॥8॥ 15 ॥ 16 ॥

ماجھ محلا 3 ॥

انّمرِتُ ورسے سہجِ سُبھائے ॥

گُرمُکھِ وِرلا کوئی جنُ پائے ॥

انّمرِتُ پی سدا ترِپتاسے
کرِ کرِپا ترِسنا بُجھاوٹیا ॥1॥

ہءُ واری جیِءُ واری
گُرمُکھِ انّمرِتُ پِیاوٹیا ॥

رسنا رسُ چاکھِ سدا رہے رنگِ راتی
سہجے ہرِ گُنؒ گاوٹیا ॥1॥ رہاءُ ॥

گُر پرسادی سہجُ کو پائے ॥

دُبِدھا مارے اِکسُ سِءُ لِو لائے ॥

ندرِ کرے تا ہرِ گُنؒ گاوے
ندری سچِ سماوٹیا ॥2॥

سبھنا اُپر ندرِ پربھ تیری ॥

کِسے تھوڑی کِسے ہے گھنیری ॥

تُجھ تے باہرِ کِچھُ ن ہووے
گُرمُکھِ سوجھی پاوٹیا ॥3॥

گُرمُکھِ تتُ ہے بیچارا ॥

ਅੰਮ੍ਰਿਤ ਭਰੇ ਤੇਰੇ ਭੰਡਾਰਾ ॥

انمّرِت بھرے تیرے بھنڈارا ॥

ਬਿਨੁ ਸਤਿਗੁਰ ਸੇਵੇ ਕੋਈ ਨ ਪਾਵੈ
ਗੁਰ ਕਿਰਪਾ ਤੇ ਪਾਵਣਿਆ ॥੪॥

بِنُ ستِگُر سیوے کوئی ن پاوے
گُر کِرپا تے پاوٹیا ॥4॥

ਸਤਿਗੁਰੁ ਸੇਵੈ ਸੋ ਜਨੁ ਸੋਹੈ ॥

ستِگُرُ سیوے سو جنُ سوہے ॥

ਅੰਮ੍ਰਿਤ ਨਾਮਿ ਅੰਤਰੁ ਮਨੁ ਮੋਹੈ ॥

انمّرِت نامِ انترُ منُ موہے ॥

ਅੰਮ੍ਰਿਤਿ ਮਨੁ ਤਨੁ ਬਾਣੀ ਰਤਾ
ਅੰਮ੍ਰਿਤੁ ਸਹਜਿ ਸੁਣਾਵਣਿਆ ॥੫॥

انمّرِتِ منُ تنُ باٹی رتا
انمّرِتُ سہجِ سُناوٹیا ॥5॥

ਮਨਮੁਖੁ ਭੂਲਾ ਦੂਜੈ ਭਾਇ ਖੁਆਏ ॥

منمکھُ بھوُلا دوُجے بھاءِ کھُیائے ॥

ਨਾਮੁ ਨ ਲੇਵੈ ਮਰੈ ਬਿਖੁ ਖਾਏ ॥

نامُ ن لیوے مرے بِکھُ کھائے ॥

ਅਨਦਿਨੁ ਸਦਾ ਵਿਸਟਾ ਮਹਿ ਵਾਸਾ
ਬਿਨੁ ਸੇਵਾ ਜਨਮੁ ਗਵਾਵਣਿਆ ॥੬॥

اندِنُ سدا وِسٹا مہِ واسا
بِنُ سیوا جنمُ گواوٹیا ॥6॥

ਅੰਮ੍ਰਿਤੁ ਪੀਵੈ ਜਿਸ ਨੋ ਆਪਿ ਪੀਆਏ ॥

انمّرِتُ پیِوے جِس نو آپِ پیِیائے ॥

ਗੁਰ ਪਰਸਾਦੀ ਸਹਜਿ ਲਿਵ ਲਾਏ ॥

گُر پرسادی سہجِ لِو لائے ॥

ਪੂਰਨ ਪੂਰਿ ਰਹਿਆ ਸਭ ਆਪੇ
ਗੁਰਮਤਿ ਨਦਰੀ ਆਵਣਿਆ ॥੭॥

پوُرن پوُرِ رہِیا سبھ آپے
گُرمتِ ندری آوٹیا ॥7॥

ਆਪੇ ਆਪਿ ਨਿਰੰਜਨੁ ਸੋਈ ॥

آپے آپِ نِرنجنُ سوئی ॥

ਜਿਨਿ ਸਿਰਜੀ ਤਿਨਿ ਆਪੇ ਗੋਈ ॥

جِنِ سِرجی تِنِ آپے گوئی ॥

ਨਾਨਕ ਨਾਮੁ ਸਮਾਲਿ ਸਦਾ ਤੂੰ
ਸਹਜੇ ਸਚਿ ਸਮਾਵਣਿਆ ॥੮॥੧੬॥੧੭॥

نانک نامُ سمالِ سدا توُنَ
سہجے سچِ سماوٹیا ॥8॥ 16 ॥ 17 ॥

ਮਾਝ ਮਹਲਾ ੩ ॥

ماجھ محلا 3 ॥

ਸੇ ਸਚਿ ਲਾਗੇ ਜੋ ਤੁਧੁ ਭਾਏ ॥

سے سچِ لاگے جو تُدھُ بھائے ॥

ਸਦਾ ਸਚੁ ਸੇਵਹਿ ਸਹਜ ਸੁਭਾਏ ॥

سدا سچُ سیوہِ سہج سُبھائے ॥

ਸਚੈ ਸਬਦਿ ਸਚਾ ਸਲਾਹੀ
ਸਚੈ ਮੇਲਿ ਮਿਲਾਵਣਿਆ ॥੧॥

سچے سبدِ سچا سلاہی
سچے میلِ مِلاوٹیا ॥1॥

ਹਉ ਵਾਰੀ ਜੀਉ ਵਾਰੀ
ਸਚੁ ਸਾਲਾਹਣਿਆ ॥

ہءُ واری جیِءُ واری
سچُ سالاحِنّیا ॥

ਸਚੁ ਧਿਆਇਨਿ ਸੇ ਸਚਿ ਰਾਤੇ
ਸਚੇ ਸਚਿ ਸਮਾਵਣਿਆ ॥੧॥ ਰਹਾਉ ॥

سچُ دھیائِنِ سے سچِ راتے
سچے سچِ سماوِنّیا ॥1॥ رہاءُ ॥

ਜਹ ਦੇਖਾ ਸਚੁ ਸਭਨੀ ਥਾਈ ॥

جہ دیکھا سچُ سبھنی تھائی ॥

ਗੁਰ ਪਰਸਾਦੀ ਮੰਨਿ ਵਸਾਈ ॥

گُر پرسادی منّ وسائی ॥

ਤਨੁ ਸਚਾ ਰਸਨਾ ਸਚਿ ਰਾਤੀ
ਸਚੁ ਸੁਣਿ ਆਖਿ ਵਖਾਨਣਿਆ ॥੨॥

تنُ سچا رسنا سچِ راتی
سچُ سُنِ آکھِ وکھانِنّیا ॥2॥

ਮਨਸਾ ਮਾਰਿ ਸਚਿ ਸਮਾਣੀ ॥

منسا مارِ سچِ سماٹی ॥

ਇਨਿ ਮਨਿ ਡੀਠੀ ਸਭ ਆਵਣ ਜਾਣੀ ॥

اِنِ منِ ڈیٹھی سبھ آونّ جانّی ॥

ਸਤਿਗੁਰੁ ਸੇਵੇ ਸਦਾ ਮਨੁ ਨਿਹਚਲੁ
ਨਿਜ ਘਰਿ ਵਾਸਾ ਪਾਵਣਿਆ ॥੩॥

ستِگُرُ سیوے سدا منُ نہچلُ
نِج گھرِ واسا پاوِنّیا ॥3॥

ਗੁਰ ਕੈ ਸਬਦਿ ਰਿਦੈ ਦਿਖਾਇਆ ॥

گُر کے سبدِ رِدے دِکھائِیا ॥

ਮਾਇਆ ਮੋਹੁ ਸਬਦਿ ਜਲਾਇਆ ॥

مائِیا موہُ سبدِ جلائِیا ॥

ਸਚੋ ਸਚਾ ਵੇਖਿ ਸਾਲਾਹੀ
ਗੁਰ ਸਬਦੀ ਸਚੁ ਪਾਵਣਿਆ ॥੪॥

سچو سچا ویکھِ سالاحی
گُر سبدی سچُ پاوِنّیا ॥4॥

ਜੋ ਸਚਿ ਰਾਤੇ ਤਿਨ ਸਚੀ ਲਿਵ ਲਾਗੀ ॥

جو سچِ راتے تِن سچی لِو لاگی ॥

ਹਰਿ ਨਾਮੁ ਸਮਾਲਹਿ ਸੇ ਵਡਭਾਗੀ ॥

ہرِ نامُ سمالہِ سے وڈبھاگی ॥

ਸਚੈ ਸਬਦਿ ਆਪਿ ਮਿਲਾਏ
ਸਤਸੰਗਤਿ ਸਚੁ ਗੁਣ ਗਾਵਣਿਆ ॥੫॥

سچے سبدِ آپِ مِلائے
ستسنگتِ سچُ گُنّ گاوِنّیا ॥5॥

ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥

لیکھا پڑیئے جے لیکھے وِچ ہووے ॥

ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥

اوہُ اگمُ اگوچرُ سبدِ سُدھِ ہووے ॥

ਅਨਦਿਨੁ ਸਚ ਸਬਦਿ ਸਾਲਾਹੀ
ਹੋਰ ਕੋਇ ਨ ਕੀਮਤਿ ਪਾਵਣਿਆ ॥੬॥

اندِنُ سچ سبدِ سالاحی
ہور کوءِ ن قِیمتِ پاوِنّیا ॥6॥

ਪੜਿ ਪੜਿ ਥਾਕੇ ਸਾਂਤਿ ਨ ਆਈ ॥	پڑِ پڑِ تھاکے سانتِ ن آئی ॥
ਤ੍ਰਿਸਨਾ ਜਾਲੇ ਸੁਧਿ ਨ ਕਾਈ ॥	ترِسنا جالے سُدھِ ن کائی ॥
ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥	بِکھُ بِہاجھہِ بِکھُ موہ پِیاسے کوڑُ بولِ بِکھُ کھاوٹِیا ॥7॥
ਗੁਰ ਪਰਸਾਦੀ ਏਕੋ ਜਾਣਾ ॥	گُر پرسادی ایکو جاٹا ॥
ਦੂਜਾ ਮਾਰਿ ਮਨੁ ਸਚਿ ਸਮਾਣਾ ॥	دوُجا مارِ منُ سچِ سماٹا ॥
ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ ॥੮॥੧੭॥੧੮॥	نانک ایکو نامُ ورتے من انترِ گُر پرسادی پاوٹِیا ॥8॥ 17 ॥ 18 ॥
ਮਾਝ ਮਹਲਾ ੩ ॥	ماجھ محلا 3 ॥
ਵਰਨ ਰੂਪ ਵਰਤਹਿ ਸਭ ਤੇਰੇ ॥	ورن روُپ ورتہِ سبھ تیرے ॥
ਮਰਿ ਮਰਿ ਜੰਮਹਿ ਫੇਰ ਪਵਹਿ ਘਣੇਰੇ ॥	مرِ مرِ جنمہِ پھیر پوہِ گھٹیرے ॥
ਤੂੰ ਏਕੋ ਨਿਹਚਲੁ ਅਗਮ ਅਪਾਰਾ ਗੁਰਮਤੀ ਬੂਝ ਬੁਝਾਵਣਿਆ ॥੧॥	توُنَ ایکو نِہچلُ اگم اپارا گُرمتی بوُجھ بُجھاوٹِیا ॥1॥
ਹਉ ਵਾਰੀ ਜੀਉ ਵਾਰੀ ਰਾਮ ਨਾਮੁ ਮੰਨਿ ਵਸਾਵਣਿਆ ॥	ہءُ واری جیِءُ واری رام نامُ منَِ وساوٹِیا ॥
ਤਿਸੁ ਰੂਪੁ ਨ ਰੇਖਿਆ ਵਰਨੁ ਨ ਕੋਈ ਗੁਰਮਤੀ ਆਪਿ ਬੁਝਾਵਣਿਆ ॥੧॥ ਰਹਾਉ ॥	تِسُ روُپُ ن ریکھیا ورنُ ن کوئی گُرمتی آپِ بُجھاوٹِیا ॥1॥ رہاءُ ॥
ਸਭ ਏਕਾ ਜੋਤਿ ਜਾਣੈ ਜੇ ਕੋਈ ॥	سبھ ایکا جوتِ جاٹےَ جے کوئی ॥
ਸਤਿਗੁਰੁ ਸੇਵਿਐ ਪਰਗਟੁ ਹੋਈ ॥	ستِگُرُ سیوِئے پرگٹُ ہوئی ॥
ਗੁਪਤੁ ਪਰਗਟੁ ਵਰਤੈ ਸਭ ਥਾਈ ਜੋਤੀ ਜੋਤਿ ਮਿਲਾਵਣਿਆ ॥੨॥	گُپتُ پرگٹُ ورتے سبھ تھائی جوتی جوتِ مِلاوٹِیا ॥2॥
ਤਿਸਨਾ ਅਗਨਿ ਜਲੈ ਸੰਸਾਰਾ ॥	تِسنا اگنِ جلےَ سنَسارا ॥
ਲੋਭੁ ਅਭਿਮਾਨੁ ਬਹੁਤੁ ਅਹੰਕਾਰਾ ॥	لوبھُ ابھمانُ بہُتُ اہنکارا ॥
ਮਰਿ ਮਰਿ ਜਨਮੈ ਪਤਿ ਗਵਾਏ ਅਪਣੀ	مرِ مرِ جنمےَ پتِ گوائے اپنٹی

ਬਿਰਥਾ ਜਨਮੁ ਗਵਾਵਣਿਆ ॥੩॥

بِرتھا جنمُ گواوِنیا ॥3॥

ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥

گُر کا سبدُ کو وِرلا بُوجھےَ ॥

ਆਪੁ ਮਾਰੇ ਤਾ ਤ੍ਰਿਭਵਣੁ ਸੂਝੈ ॥

آپُ مارے تا ترِبھونُ سُوجھےَ ॥

ਫਿਰਿ ਓਹੁ ਮਰੈ ਨ ਮਰਣਾ ਹੋਵੈ
ਸਹਜੇ ਸਚਿ ਸਮਾਵਣਿਆ ॥੪॥

پھِرِ اوہُ مرےَ ن مرٹا ہووےَ
سہجے سچِ سماوِنیا ॥4॥

ਮਾਇਆ ਮਹਿ ਫਿਰਿ ਚਿਤੁ ਨ ਲਾਏ ॥

مائیا مہِ پھِرِ چِتُ ن لائے ॥

ਗੁਰ ਕੈ ਸਬਦਿ ਸਦ ਰਹੈ ਸਮਾਏ ॥

گُر کے سبدِ سد رہےَ سمائے ॥

ਸਚੁ ਸਲਾਹੇ ਸਭ ਘਟ ਅੰਤਰਿ
ਸਚੋ ਸਚੁ ਸੁਹਾਵਣਿਆ ॥੫॥

سچُ سلاہے سبھ گھٹ انترِ
سچو سچُ سُہاوِنیا ॥5॥

ਸਚੁ ਸਾਲਾਹੀ ਸਦਾ ਹਜੂਰੇ ॥

سچُ سالاحی سدا حضوُرے ॥

ਗੁਰ ਕੈ ਸਬਦਿ ਰਹਿਆ ਭਰਪੂਰੇ ॥

گُر کے سبدِ رہِیا بھرپوُرے ॥

ਗੁਰ ਪਰਸਾਦੀ ਸਚੁ ਨਦਰੀ ਆਵੈ
ਸਚੇ ਹੀ ਸੁਖੁ ਪਾਵਣਿਆ ॥੬॥

گُر پرسادی سچُ ندری آوےَ
سچے ہی سُکھُ پاوِنیا ॥6॥

ਸਚੁ ਮਨ ਅੰਦਰਿ ਰਹਿਆ ਸਮਾਇ ॥

سچُ من اندّرِ رہِیا سماءِ ॥

ਸਦਾ ਸਚੁ ਨਿਹਚਲੁ ਆਵੈ ਨ ਜਾਇ ॥

سدا سچُ نِہچلُ آوےَ ن جاءِ ॥

ਸਚੇ ਲਾਗੈ ਸੋ ਮਨੁ ਨਿਰਮਲੁ
ਗੁਰਮਤੀ ਸਚਿ ਸਮਾਵਣਿਆ ॥੭॥

سچے لاگےَ سو منُ نِرملُ
گُرمتی سچِ سماوِنیا ॥7॥

ਸਚੁ ਸਾਲਾਹੀ ਅਵਰੁ ਨ ਕੋਈ ॥

سچُ سالاحی اورُ ن کوئی ॥

ਜਿਤੁ ਸੇਵਿਐ ਸਦਾ ਸੁਖੁ ਹੋਈ ॥

جِتُ سیوِےَ سدا سُکھُ ہوئی ॥

ਨਾਨਕ ਨਾਮਿ ਰਤੇ ਵੀਚਾਰੀ
ਸਚੋ ਸਚੁ ਕਮਾਵਣਿਆ ॥੮॥੧੮॥੧੯॥

نانک نامِ رتے وِیچاری
سچو سچُ کماوِنیا ॥8॥ 18 ॥ 19 ॥

ਮਾਝ ਮਹਲਾ ੩ ॥

ماجھ محلا 3 ॥

ਨਿਰਮਲ ਸਬਦੁ ਨਿਰਮਲ ਹੈ ਬਾਣੀ ॥

نِرمل سبدُ نِرمل ہےَ بانٹی ॥

ਨਿਰਮਲ ਜੋਤਿ ਸਭ ਮਾਹਿ ਸਮਾਣੀ ॥

ਨਿਰਮਲ ਬਾਣੀ ਹਰਿ ਸਾਲਾਹੀ
ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ ॥੧॥

ਹਉ ਵਾਰੀ ਜੀਉ ਵਾਰੀ
ਸੁਖਦਾਤਾ ਮੰਨਿ ਵਸਾਵਣਿਆ ॥

ਹਰਿ ਨਿਰਮਲੁ ਗੁਰ ਸਬਦਿ ਸਲਾਹੀ
ਸਬਦੋ ਸੁਣਿ ਤਿਸਾ ਮਿਟਾਵਣਿਆ ॥੧॥ ਰਹਾਉ ॥

ਨਿਰਮਲ ਨਾਮੁ ਵਸਿਆ ਮਨਿ ਆਏ ॥

ਮਨੁ ਤਨੁ ਨਿਰਮਲੁ ਮਾਇਆ ਮੋਹੁ ਗਵਾਏ ॥

ਨਿਰਮਲ ਗੁਣ ਗਾਵੈ ਨਿਤ ਸਾਚੇ ਕੇ
ਨਿਰਮਲ ਨਾਦੁ ਵਜਾਵਣਿਆ ॥੨॥

ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ ॥

ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ ॥

ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ
ਨਿਰਮਲ ਬਾਣੀ ਮੰਨਿ ਵਸਾਵਣਿਆ ॥੩॥

ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥

ਹਉਮੈ ਮੈਲੁ ਗੁਰ ਸਬਦੇ ਧੋਵੈ ॥

ਨਿਰਮਲ ਵਾਜੈ ਅਨਹਦ ਧੁਨਿ ਬਾਣੀ
ਦਰਿ ਸਚੇ ਸੋਭਾ ਪਾਵਣਿਆ ॥੪॥

ਨਿਰਮਲ ਤੇ ਸਭ ਨਿਰਮਲ ਹੋਵੈ ॥

ਨਿਰਮਲੁ ਮਨੂਆ ਹਰਿ ਸਬਦਿ ਪਰੋਵੈ ॥

ਨਿਰਮਲ ਨਾਮਿ ਲਗੇ ਬਡਭਾਗੀ
ਨਿਰਮਲੁ ਨਾਮਿ ਸੁਹਾਵਣਿਆ ॥੫॥

ਸੋ ਨਿਰਮਲੁ ਜੋ ਸਬਦੇ ਸੋਹੈ ॥

نِرمل جوتِ سبھ ماہِ سمانی ॥

نِرمل بانی ہرِ سالاہی
جپِ ہرِ نِرملُ میَلُ گواوٹیا ॥1॥

ہءُ واری جیِءُ واری
سُکھداتا منّنِ وساوٹیا ॥

ہرِ نِرملُ گُر سبدِ سلاہی
سبدو سُنِّ تِسا مِٹاوٹیا ॥1॥ رہاءُ ॥

نِرمل نامُ وسِیا منِ آئے ॥

منُ تنُ نِرملُ مائیا موہُ گوائے ॥

نِرمل گُنّ گاوے نِت ساچے کے
نِرمل نادُ وجاوٹیا ॥2॥

نِرمل انمّرِتُ گُر تے پائیا ॥

وِچہُ آپُ مُیا تِتھےَ موہُ ن مائیا ॥

نِرمل گیانُ دھیانُ اتِ نِرملُ
نِرمل بانی منّنِ وساوٹیا ॥3॥

جو نِرملُ سیوے سُ نِرملُ ہووے ॥

ہمئےَ میَلُ گُر سبدے دھووے ॥

نِرمل واجےَ انہد دھُنِ بانی
درِ سچے سوبھا پاوٹیا ॥4॥

نِرمل تے سبھ نِرمل ہووے ॥

نِرملُ منوُیا ہرِ سبدِ پروے ॥

نِرمل نامِ لگے بڈبھاگی
نِرملُ نامِ سُہاوٹیا ॥5॥

سو نِرملُ جو سبدے سوہے ॥

ਨਿਰਮਲ ਨਾਮਿ ਮਨੁ ਤਨੁ ਮੋਹੈ ॥

نِرمل نامِ منُ تنُ موہے ॥

ਸਚਿ ਨਾਮਿ ਮਲੁ ਕਦੇ ਨ ਲਾਗੈ
ਮੁਖੁ ਊਜਲੁ ਸਚੁ ਕਰਾਵਣਿਆ ॥੬॥

سچِ نامِ ملُ کدے ن لاگے
مُکھُ اوُجلُ سچُ کراوٹیا ॥6॥

ਮਨੁ ਮੈਲਾ ਹੈ ਦੂਜੈ ਭਾਇ ॥

منُ میَلا ہے دوُجے بھاءِ ॥

ਮੈਲਾ ਚਉਕਾ ਮੈਲੈ ਥਾਇ ॥

میَلا چٹکا میَلے تھاءِ ॥

ਮੈਲਾ ਖਾਇ ਫਿਰਿ ਮੈਲੁ ਵਧਾਏ
ਮਨਮੁਖ ਮੈਲੁ ਦੁਖੁ ਪਾਵਣਿਆ ॥੭॥

میَلا کھاءِ پھِرِ میَلُ ودھائے
منمُکھ میَلُ دُکھُ پاوٹیا ॥7॥

ਮੈਲੇ ਨਿਰਮਲ ਸਭਿ ਹੁਕਮਿ ਸਬਾਏ ॥

میَلے نِرمل سبھِ حُکمِ سبائے ॥

ਸੇ ਨਿਰਮਲ ਜੋ ਹਰਿ ਸਾਚੇ ਭਾਏ ॥

سے نِرمل جو ہرِ ساچے بھائے ॥

ਨਾਨਕ ਨਾਮੁ ਵਸੈ ਮਨ ਅੰਤਰਿ
ਗੁਰਮੁਖਿ ਮੈਲੁ ਚੁਕਾਵਣਿਆ ॥੮॥੧੯॥੨੦॥

نانک نامُ وسے من انّترِ
گُرمُکھِ میَلُ چُکاوٹیا ॥8॥ 19 ॥ 20 ॥

ਮਾਝ ਮਹਲਾ ੩ ॥

ماجھ محلا 3 ॥

ਗੋਵਿੰਦੁ ਊਜਲੁ ਊਜਲ ਹੰਸਾ ॥

گووِنَدُ اوُجلُ اوُجل ہنّسا ॥

ਮਨੁ ਬਾਣੀ ਨਿਰਮਲ ਮੇਰੀ ਮਨਸਾ ॥

منُ باٹی نِرمل میری منسا ॥

ਮਨਿ ਊਜਲ ਸਦਾ ਮੁਖ ਸੋਹਹਿ
ਅਤਿ ਊਜਲ ਨਾਮੁ ਧਿਆਵਣਿਆ ॥੧॥

منِ اوُجل سدا مُکھ سوہہِ
اتِ اوُجل نامُ دھیاوٹیا ॥1॥

ਹਉ ਵਾਰੀ ਜੀਉ ਵਾਰੀ
ਗੋਬਿੰਦ ਗੁਣ ਗਾਵਣਿਆ ॥

ہءُ واری جیِءُ واری
گوبِنّد گُن گاوٹیا ॥

ਗੋਬਿਦੁ ਗੋਬਿਦੁ ਕਹੈ ਦਿਨ ਰਾਤੀ
ਗੋਬਿਦ ਗੁਣ ਸਬਦਿ ਸੁਣਾਵਣਿਆ ॥੧॥ ਰਹਾਉ ॥

گوبِدُ گوبِدُ کہے دِن راتی
گوبِد گُن سبدِ سُناوٹیا ॥1॥ رہاءُ ॥

ਗੋਬਿਦੁ ਗਾਵਹਿ ਸਹਜਿ ਸੁਭਾਏ ॥

گوبِدُ گاوہِ سہجِ سُبھائے ॥

ਗੁਰ ਕੈ ਭੈ ਊਜਲ ਹਉਮੈ ਮਲੁ ਜਾਏ ॥

گُر کے بھے اوُجل ہئُمے ملُ جائے ॥

ਸਦਾ ਅਨੰਦ ਰਹਹਿ ਭਗਤਿ ਕਰਹਿ ਦਿਨੁ ਰਾਤੀ
ਸੁਣਿ ਗੋਬਿਦ ਗੁਣ ਗਾਵਣਿਆ ॥੨॥

سدا انّند رہہِ بھگتِ کرہِ دِنُ راتی
سُنِ گوبِد گُن گاوٹیا ॥2॥

ਮਨੂਆ ਨਾਚੈ ਭਗਤਿ ਦ੍ਰਿੜਾਏ ॥
منویا ناچےَ بھگتِ دّرِڑائے ॥

ਗੁਰ ਕੈ ਸਬਦਿ ਮਨੈ ਮਨੁ ਮਿਲਾਏ ॥
گُر کے سبدِ منے منُ مِلائے ॥

ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ
ਸਬਦੇ ਨਿਰਤਿ ਕਰਾਵਣਿਆ ॥੩॥
سچا تالُ پوُرے مائیا موہُ چُکائے
سبدے نِرتِ کراوٹیا ॥3॥

ਊਚਾ ਕੂਕੇ ਤਨਹਿ ਪਛਾੜੇ ॥
اوُچا کوُکے تنہِ پچھاڑے ॥

ਮਾਇਆ ਮੋਹਿ ਜੋਹਿਆ ਜਮਕਾਲੇ ॥
مائیا موہِ جوہیا جمکالے ॥

ਮਾਇਆ ਮੋਹੁ ਇਸੁ ਮਨਹਿ ਨਚਾਏ
ਅੰਤਰਿ ਕਪਟੁ ਦੁਖੁ ਪਾਵਣਿਆ ॥੪॥
مائیا موہُ اِس منہِ نچائے
انّترِ کپٹُ دُکھُ پاوٹیا ॥4॥

ਗੁਰਮੁਖਿ ਭਗਤਿ ਜਾ ਆਪਿ ਕਰਾਏ ॥
گُرمُکھِ بھگتِ جا آپِ کرائے ॥

ਤਨੁ ਮਨੁ ਰਾਤਾ ਸਹਜਿ ਸੁਭਾਏ ॥
تنُ منُ راتا سہجِ سُبھائے ॥

ਬਾਣੀ ਵਜੈ ਸਬਦਿ ਵਜਾਏ
ਗੁਰਮੁਖਿ ਭਗਤਿ ਥਾਇ ਪਾਵਣਿਆ ॥੫॥
باٹی وجےَ سبدِ وجائے
گُرمُکھِ بھگتِ تھاءِ پاوٹیا ॥5॥

ਬਹੁ ਤਾਲ ਪੂਰੇ ਵਾਜੇ ਵਜਾਏ ॥
بہُ تال پوُرے واجے وجائے ॥

ਨਾ ਕੋ ਸੁਣੇ ਨ ਮੰਨਿ ਵਸਾਏ ॥
نا کو سُنّے ن منّنِ وسائے ॥

ਮਾਇਆ ਕਾਰਣਿ ਪਿੜ ਬੰਧਿ ਨਾਚੈ
ਦੂਜੈ ਭਾਇ ਦੁਖੁ ਪਾਵਣਿਆ ॥੬॥
مائیا کارنِ پڑ بنّدھِ ناچےَ
دوُجےَ بھاءِ دُکھُ پاوٹیا ॥6॥

ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ ॥
جِسُ انّترِ پّریتِ لگےَ سو مُکتا ॥

ਇੰਦ੍ਰੀ ਵਸਿ ਸਚ ਸੰਜਮਿ ਜੁਗਤਾ ॥
اِنّدّری وسِ سچ سنّجمِ جُگتا ॥

ਗੁਰ ਕੈ ਸਬਦਿ ਸਦਾ ਹਰਿ ਧਿਆਏ
ਏਹਾ ਭਗਤਿ ਹਰਿ ਭਾਵਣਿਆ ॥੭॥
گُر کے سبدِ سدا ہرِ دھیائے
ایہا بھگتِ ہرِ بھاوٹیا ॥7॥

ਗੁਰਮੁਖਿ ਭਗਤਿ ਜੁਗ ਚਾਰੇ ਹੋਈ ॥
گُرمُکھِ بھگتِ جُگ چارے ہوئی ॥

ਹੋਰਤੁ ਭਗਤਿ ਨ ਪਾਏ ਕੋਈ ॥
ہورتُ بھگتِ ن پائے کوئی ॥

ਨਾਨਕ ਨਾਮੁ ਗੁਰ ਭਗਤੀ ਪਾਈਐ
ਗੁਰ ਚਰਣੀ ਚਿਤੁ ਲਾਵਣਿਆ ॥੮॥੨੦॥੨੧॥
نانک نامُ گُر بھگتی پائیےَ
گُر چرنّی چِتُ لاوٹیا ॥8॥ 20 ॥ 21 ॥

ਮਾਝ ਮਹਲਾ ੩ ॥	ماجھ محلا 3 ॥
ਸਚਾ ਸੇਵੀ ਸਚੁ ਸਾਲਾਹੀ ॥	سچا سیوی سچُ سالاحی ॥
ਸਚੈ ਨਾਇ ਦੁਖੁ ਕਬ ਹੀ ਨਾਹੀ ॥	سچے ناءِ دُکھُ کب ہی ناہی ॥
ਸੁਖਦਾਤਾ ਸੇਵਨਿ ਸੁਖੁ ਪਾਇਨਿ ਗੁਰਮਤਿ ਮੰਨਿ ਵਸਾਵਣਿਆ ॥੧॥	سُکھداتا سیونِ سُکھُ پائنِ گُرمتِ منّنِ وساوٹیا ॥1॥
ਹਉ ਵਾਰੀ ਜੀਉ ਵਾਰੀ ਸੁਖ ਸਹਜਿ ਸਮਾਧਿ ਲਗਾਵਣਿਆ ॥	ہءُ واری جیءُ واری سُکھ سہجِ سمادھِ لگاوٹیا ॥
ਜੋ ਹਰਿ ਸੇਵਹਿ ਸੇ ਸਦਾ ਸੋਹਹਿ ਸੋਭਾ ਸੁਰਤਿ ਸੁਹਾਵਣਿਆ ॥੧॥ ਰਹਾਉ ॥	جو ہرِ سیوہِ سے سدا سوہہِ سوبھا سُرتِ سُہاوٹیا ॥1॥ رہاءُ ॥
ਸਭੁ ਕੋ ਤੇਰਾ ਭਗਤੁ ਕਹਾਏ ॥	سبھُ کو تیرا بھگتُ کہائے ॥
ਸੇਈ ਭਗਤ ਤੇਰੈ ਮਨਿ ਭਾਏ ॥	سیئی بھگت تیرے منِ بھائے ॥
ਸਚੁ ਬਾਣੀ ਤੁਧੈ ਸਾਲਾਹਨਿ ਰੰਗਿ ਰਾਤੇ ਭਗਤਿ ਕਰਾਵਣਿਆ ॥੨॥	سچُ باٹی تُدھے سالاحنِ رنگِ راتے بھگتِ کراوٹیا ॥2॥
ਸਭੁ ਕੋ ਸਚੇ ਹਰਿ ਜੀਉ ਤੇਰਾ ॥	سبھُ کو سچے ہرِ جیءُ تیرا ॥
ਗੁਰਮੁਖਿ ਮਿਲੈ ਤਾ ਚੂਕੈ ਫੇਰਾ ॥	گُرمُکھِ ملے تا چوُکے پھیرا ॥
ਜਾ ਤੁਧੁ ਭਾਵੈ ਤਾ ਨਾਇ ਰਚਾਵਹਿ ਤੂੰ ਆਪੇ ਨਾਉ ਜਪਾਵਣਿਆ ॥੩॥	جا تُدھُ بھاوے تا ناءِ رچاوہِ توُنّ آپے ناءُ جپاوٹیا ॥3॥
ਗੁਰਮਤੀ ਹਰਿ ਮੰਨਿ ਵਸਾਇਆ ॥	گُرمتی ہرِ منّنِ وسائیا ॥
ਹਰਖੁ ਸੋਗੁ ਸਭੁ ਮੋਹੁ ਗਵਾਇਆ ॥	ہرکھُ سوگُ سبھُ موہُ گوائیا ॥
ਇਕਸੁ ਸਿਉ ਲਿਵ ਲਾਗੀ ਸਦ ਹੀ ਹਰਿ ਨਾਮੁ ਮੰਨਿ ਵਸਾਵਣਿਆ ॥੪॥	اِکسُ سِءُ لِو لاگی سد ہی ہرِ نامُ منّنِ وساوٹیا ॥4॥
ਭਗਤ ਰੰਗਿ ਰਾਤੇ ਸਦਾ ਤੇਰੈ ਚਾਏ ॥	بھگت رنگِ راتے سدا تیرے چائے ॥
ਨਉ ਨਿਧਿ ਨਾਮੁ ਵਸਿਆ ਮਨਿ ਆਏ ॥	ن ءُ نِدھِ نامُ وسیا منِ آئے ॥
ਪੂਰੈ ਭਾਗਿ ਸਤਿਗੁਰੁ ਪਾਇਆ	پوُرے بھاگِ ستِگُرُ پائیا

ਸਬਦੇ ਮੇਲਿ ਮਿਲਾਵਣਿਆ ॥੫॥	سبدے میلِ مِلاوٹیا ॥5॥
ਤੂੰ ਦਇਆਲੁ ਸਦਾ ਸੁਖਦਾਤਾ ॥	توُنّ دئیالُ سدا سُکھداتا ॥
ਤੂੰ ਆਪੇ ਮੇਲਿਹਿ ਗੁਰਮੁਖਿ ਜਾਤਾ ॥	توُنّ آپے میلہِ گُرمُکھِ جاتا ॥
ਤੂੰ ਆਪੇ ਦੇਵਹਿ ਨਾਮੁ ਵਡਾਈ ਨਾਮਿ ਰਤੇ ਸੁਖੁ ਪਾਵਣਿਆ ॥੬॥	توُنّ آپے دیوہِ نامُ وڈائی نامِ رتے سُکھُ پاوٹیا ॥6॥
ਸਦਾ ਸਦਾ ਸਾਚੇ ਤੁਧੁ ਸਾਲਾਹੀ ॥	سدا سدا ساچے تُدھُ سالاحی ॥
ਗੁਰਮੁਖਿ ਜਾਤਾ ਦੂਜਾ ਕੋ ਨਾਹੀ ॥	گُرمُکھِ جاتا دوُجا کو ناہی ॥
ਏਕਸੁ ਸਿਉ ਮਨੁ ਰਹਿਆ ਸਮਾਏ ਮਨਿ ਮੰਨਿਐ ਮਨਹਿ ਮਿਲਾਵਣਿਆ ॥੭॥	ایکسُ سِءُ منُ رہِیا سمائے منِ منّنے منہِ مِلاوٹیا ॥7॥
ਗੁਰਮੁਖਿ ਹੋਵੈ ਸੋ ਸਾਲਾਹੇ ॥	گُرمُکھِ ہووے سو سالاحے ॥
ਸਾਚੇ ਠਾਕੁਰ ਵੇਪਰਵਾਹੇ ॥	ساچے ٹھاکُر ویپرواہے ॥
ਨਾਨਕ ਨਾਮੁ ਵਸੈ ਮਨ ਅੰਤਰਿ ਗੁਰ ਸਬਦੀ ਹਰਿ ਮੇਲਾਵਣਿਆ ॥੮॥੨੧॥੨੨॥	نانک نامُ وسے من انترِ گُر سبدی ہرِ میلاوٹیا ॥8॥ 21 ॥ 22 ॥
ਮਾਝ ਮਹਲਾ ੩ ॥	ماجھ محلا 3 ॥
ਤੇਰੇ ਭਗਤ ਸੋਹਹਿ ਸਾਚੈ ਦਰਬਾਰੇ ॥	تیرے بھگت سوہہِ ساچےَ دربارے ॥
ਗੁਰ ਕੈ ਸਬਦਿ ਨਾਮਿ ਸਵਾਰੇ ॥	گُر کے سبدِ نامِ سوارے ॥
ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥੧॥	سدا انندِ رہہِ دِنُ راتی گُنّ کہِ گُنّی سماوٹیا ॥1॥
ਹਉ ਵਾਰੀ ਜੀਉ ਵਾਰੀ ਨਾਮੁ ਸੁਣਿ ਮੰਨਿ ਵਸਾਵਣਿਆ ॥	ہءُ واری جیِءُ واری نامُ سُنّ منّنِ وساوٹیا ॥
ਹਰਿ ਜੀਉ ਸਚਾ ਊਚੋ ਊਚਾ ਹਉਮੈ ਮਾਰਿ ਮਿਲਾਵਣਿਆ ॥੧॥ ਰਹਾਉ ॥	ہرِ جیِءُ سچا اوُچو اوُچا ہئُمےَ مارِ مِلاوٹیا ॥1॥ رہاءُ ॥
ਹਰਿ ਜੀਉ ਸਾਚਾ ਸਾਚੀ ਨਾਈ ॥	ہرِ جیِءُ ساچا ساچی نائی ॥
ਗੁਰ ਪਰਸਾਦੀ ਕਿਸੈ ਮਿਲਾਈ ॥	گُر پرسادی کِسے مِلائی ॥

ਗੁਰਿ ਸਬਦਿ ਮਿਲਹਿ ਸੇ ਵਿਛੁੜਹਿ ਨਾਹੀ
ਸਹਜੇ ਸਚਿ ਸਮਾਵਣਿਆ ॥੨॥

گُرِ سبدِ مِلہِ سے وِچھُڑہِ ناہی
سہجے سچِ سماوٹیا ॥2॥

ਤੁਝ ਤੇ ਬਾਹਰਿ ਕਛੂ ਨ ਹੋਇ ॥

تُجھ تے باہرِ کچھوُ ن ہوءِ ॥

ਤੂੰ ਕਰਿ ਕਰਿ ਵੇਖਹਿ ਜਾਣਹਿ ਸੋਇ ॥

توُنّ کرِ کرِ ویکھہِ جاٹہِ سوءِ ॥

ਆਪੇ ਕਰੇ ਕਰਾਏ ਕਰਤਾ
ਗੁਰਮਤਿ ਆਪਿ ਮਿਲਾਵਣਿਆ ॥੩॥

آپے کرے کرائے کرتا
گُرمتِ آپِ مِلاوٹیا ॥3॥

ਕਾਮਣਿ ਗੁਣਵੰਤੀ ਹਰਿ ਪਾਏ ॥

کامنِ گُٹونّتی ہرِ پائے ॥

ਭੈ ਭਾਇ ਸੀਗਾਰੁ ਬਣਾਏ ॥

بھےَ بھاءِ سیِگارُ بٹائے ॥

ਸਤਿਗੁਰੁ ਸੇਵਿ ਸਦਾ ਸੋਹਾਗਣਿ
ਸਚ ਉਪਦੇਸਿ ਸਮਾਵਣਿਆ ॥੪॥

ستِگُرُ سیوِ سدا سوہاگنِ
سچ اُپدیسِ سماوٹیا ॥4॥

ਸਬਦੁ ਵਿਸਾਰਨਿ ਤਿਨਾ ਠਉਰੁ ਨ ਠਾਉ ॥

سبدُ وِسارنِ تِنا ٹھئرُ ن ٹھاءُ ॥

ਭ੍ਰਮਿ ਭੁਲੇ ਜਿਉ ਸੁੰਞੈ ਘਰਿ ਕਾਉ ॥

بھرّمِ بھُلے جِءُ سُنّجےَ گھرِ کاءُ ॥

ਹਲਤੁ ਪਲਤੁ ਤਿਨੀ ਦੋਵੈ ਗਵਾਏ
ਦੁਖੇ ਦੁਖਿ ਵਿਹਾਵਣਿਆ ॥੫॥

ہلتُ پلتُ تِنی دووے گوائے
دُکھے دُکھِ وِہاوٹیا ॥5॥

ਲਿਖਦਿਆ ਲਿਖਦਿਆ ਕਾਗਦ ਮਸੁ ਖੋਈ ॥

لِکھدِیا لِکھدِیا کاگد مسُ کھوئی ॥

ਦੂਜੈ ਭਾਇ ਸੁਖੁ ਪਾਏ ਨ ਕੋਈ ॥

دوُجےَ بھاءِ سُکھُ پائے ن کوئی ॥

ਕੂੜੁ ਲਿਖਹਿ ਤੈ ਕੂੜੁ ਕਮਾਵਹਿ
ਜਲਿ ਜਾਵਹਿ ਕੂੜਿ ਚਿਤੁ ਲਾਵਣਿਆ ॥੬॥

کوُڑُ لِکھہِ تےَ کوُڑُ کماوہِ
جلِ جاوہِ کوُڑِ چِتُ لاوٹیا ॥6॥

ਗੁਰਮੁਖਿ ਸਚੋ ਸਚੁ ਲਿਖਹਿ ਵੀਚਾਰੁ ॥

گُرمُکھِ سچو سچُ لِکھہِ ویچارُ ॥

ਸੇ ਜਨ ਸਚੇ ਪਾਵਹਿ ਮੋਖ ਦੁਆਰੁ ॥

سے جن سچے پاوہِ موکھ دُیارُ ॥

ਸਚੁ ਕਾਗਦੁ ਕਲਮ ਮਸਵਾਣੀ
ਸਚੁ ਲਿਖਿ ਸਚਿ ਸਮਾਵਣਿਆ ॥੭॥

سچُ کاگدُ قلم مسواٹی
سچُ لِکھِ سچِ سماوٹیا ॥7॥

ਮੇਰਾ ਪ੍ਰਭੁ ਅੰਤਰਿ ਬੈਠਾ ਵੇਖੈ ॥

میرا پّربھُ انترِ بیٹھا ویکھےَ ॥

ਗੁਰ ਪਰਸਾਦੀ ਮਿਲੈ ਸੋਈ ਜਨੁ ਲੇਖੈ ॥

گُر پرسادی مِلےَ سوئی جنُ لیکھےَ ॥

ਨਾਨਕ ਨਾਮੁ ਮਿਲੈ ਵਡਿਆਈ
ਪੂਰੇ ਗੁਰ ਤੇ ਪਾਵਣਿਆ ॥੮॥੨੨॥੨੩॥

نانک نامُ مِلے وڈِیائی
پوُرے گُر تے پاوٹیا ॥8॥ 22 ॥ 23 ॥

ਮਾਝ ਮਹਲਾ ੩ ॥

ماجھ محلا 3 ॥

ਆਤਮ ਰਾਮ ਪਰਗਾਸੁ ਗੁਰ ਤੇ ਹੋਵੈ ॥
ਹਉਮੈ ਮੈਲੁ ਲਾਗੀ ਗੁਰ ਸਬਦੀ ਖੋਵੈ ॥

آتم رام پرگاسُ گُر تے ہووے ॥
ہئُمےَ میَلُ لاگی گُر سبدی کھووے ॥

ਮਨੁ ਨਿਰਮਲੁ ਅਨਦਿਨੁ ਭਗਤੀ ਰਾਤਾ
ਭਗਤਿ ਕਰੇ ਹਰਿ ਪਾਵਣਿਆ ॥੧॥

منُ نِرملُ اندِنُ بھگتی راتا
بھگتِ کرے ہرِ پاوٹیا ॥1॥

ਹਉ ਵਾਰੀ ਜੀਉ ਵਾਰੀ
ਆਪਿ ਭਗਤਿ ਕਰਨਿ ਅਵਰਾ ਭਗਤਿ ਕਰਾਵਣਿਆ ॥

ہءُ واری جیِءُ واری
آپِ بھگتِ کرنِ اورا بھگتِ کراوٹیا ॥

ਤਿਨਾ ਭਗਤ ਜਨਾ ਕਉ ਸਦ ਨਮਸਕਾਰੁ ਕੀਜੈ
ਜੋ ਅਨਦਿਨੁ ਹਰਿ ਗੁਣ ਗਾਵਣਿਆ ॥੧॥ ਰਹਾਉ ॥

تِنا بھگت جنا کءُ سد نمسکارُ کِیجےَ
جو اندِنُ ہرِ گُنؤ گاوٹیا ॥1॥ رہاءُ ॥

ਆਪੇ ਕਰਤਾ ਕਾਰਣੁ ਕਰਾਏ ॥
ਜਿਤੁ ਭਾਵੈ ਤਿਤੁ ਕਾਰੈ ਲਾਏ ॥

آپے کرتا کارنُ کرائے ॥
جِتُ بھاوےَ تِتُ کارے لائے ॥

ਪੂਰੈ ਭਾਗਿ ਗੁਰ ਸੇਵਾ ਹੋਵੈ
ਗੁਰ ਸੇਵਾ ਤੇ ਸੁਖੁ ਪਾਵਣਿਆ ॥੨॥

پوُرے بھاگِ گُر سیوا ہووے
گُر سیوا تے سُکھُ پاوٹیا ॥2॥

ਮਰਿ ਮਰਿ ਜੀਵੈ ਤਾ ਕਿਛੁ ਪਾਏ ॥
ਗੁਰ ਪਰਸਾਦੀ ਹਰਿ ਮੰਨਿ ਵਸਾਏ ॥

مرِ مرِ جیِوے تا کِچھُ پائے ॥
گُر پرسادی ہرِ منّنِ وسائے ॥

ਸਦਾ ਮੁਕਤੁ ਹਰਿ ਮੰਨਿ ਵਸਾਏ
ਸਹਜੇ ਸਹਜਿ ਸਮਾਵਣਿਆ ॥੩॥

سدا مُکتُ ہرِ منّنِ وسائے
سہجے سہجِ سماوٹیا ॥3॥

ਬਹੁ ਕਰਮ ਕਮਾਵੈ ਮੁਕਤਿ ਨ ਪਾਏ ॥
ਦੇਸੰਤਰੁ ਭਵੈ ਦੂਜੈ ਭਾਇ ਖੁਆਏ ॥

بہُ کرم کماوےَ مُکتِ ن پائے ॥
دیسنّتر بھوےَ دوُجےَ بھاءِ کھُیائے ॥

ਬਿਰਥਾ ਜਨਮੁ ਗਵਾਇਆ ਕਪਟੀ
ਬਿਨੁ ਸਬਦੈ ਦੁਖੁ ਪਾਵਣਿਆ ॥੪॥

بِرتھا جنمُ گوائیا کپٹی
بِنُ سبدےَ دُکھُ پاوٹیا ॥4॥

ਧਾਵਤੁ ਰਾਖੈ ਠਾਕਿ ਰਹਾਏ ॥

دھاوتُ راکھےَ ٹھاکِ رہائے ॥

ਗੁਰ ਪਰਸਾਦੀ ਪਰਮ ਪਦੁ ਪਾਏ ॥

گُر پرسادی پرم پدُ پائے ॥

ਸਤਿਗੁਰੁ ਆਪੇ ਮੇਲਿ ਮਿਲਾਏ
ਮਿਲਿ ਪ੍ਰੀਤਮ ਸੁਖੁ ਪਾਵਣਿਆ ॥੫॥

ستِگُرُ آپے میلِ مِلائے
مِلِ پریتم سُکھُ پاوٹیا ॥5॥

ਇਕਿ ਕੂੜਿ ਲਾਗੇ ਕੂੜੇ ਫਲ ਪਾਏ ॥

اِکِ کوُڑِ لاگے کوُڑے پھل پائے ॥

ਦੂਜੈ ਭਾਇ ਬਿਰਥਾ ਜਨਮੁ ਗਵਾਏ ॥

دوُجےَ بھاءِ برتھا جنمُ گوائے ॥

ਆਪਿ ਡੁਬੇ ਸਗਲੇ ਕੁਲ ਡੋਬੇ
ਕੂੜੁ ਬੋਲਿ ਬਿਖੁ ਖਾਵਣਿਆ ॥੬॥

آپِ ڈُبے سگلے کُل ڈوبے
کوُڑُ بولِ بِکھُ کھاوٹیا ॥6॥

ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥

اِسُ تن مہِ منُ کو گُرمُکھِ دیکھےَ ॥

ਭਾਇ ਭਗਤਿ ਜਾ ਹਉਮੈ ਸੋਖੈ ॥

بھاءِ بھگتِ جا ہئُمےَ سوکھےَ ॥

ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ
ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥੭॥

سِدھ سادھِک مونِدھاری رہے لِو لاءِ
تِن بھی تن مہِ منُ ن دِکھاوٹیا ॥7॥

ਆਪਿ ਕਰਾਏ ਕਰਤਾ ਸੋਈ ॥

آپِ کرائے کرتا سوئی ॥

ਹੋਰੁ ਕਿ ਕਰੇ ਕੀਤੈ ਕਿਆ ਹੋਈ ॥

ہورُ کِ کرے کیتےَ کیا ہوئی ۔ ॥

ਨਾਨਕ ਜਿਸੁ ਨਾਮੁ ਦੇਵੈ ਸੋ ਲੇਵੈ
ਨਾਮੋ ਮੰਨਿ ਵਸਾਵਣਿਆ ॥੮॥੨੩॥੨੪॥

نانک جِسُ نامُ دیوےَ سو لیوےَ
نامو منّنِ وساوٹیا ॥8॥ 23 ॥ 24 ॥

ਮਾਝ ਮਹਲਾ ੩ ॥

ماجھ محلا 3 ॥

ਇਸੁ ਗੁਫਾ ਮਹਿ ਅਖੁਟ ਭੰਡਾਰਾ ॥

اِسُ گُپھا مہِ اکھُٹ بھنڈارا ॥

ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥

تِسُ وِچِ وسےَ ہرِ الکھ اپارا ॥

ਆਪੇ ਗੁਪਤੁ ਪਰਗਟੁ ਹੈ ਆਪੇ
ਗੁਰ ਸਬਦੀ ਆਪੁ ਵੰਞਾਵਣਿਆ ॥੧॥

آپے گُپتُ پرگٹُ ہےَ آپے
گُر سبدی آپُ ونّجاوٹیا ॥1॥

ਹਉ ਵਾਰੀ ਜੀਉ ਵਾਰੀ
ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥

ہءُ واری جیِءُ واری
انّمرِت نامُ منّنِ وساوٹیا ॥

ਅੰਮ੍ਰਿਤ ਨਾਮੁ ਮਹਾ ਰਸੁ ਮੀਠਾ
ਗੁਰਮਤੀ ਅੰਮ੍ਰਿਤੁ ਪੀਆਵਣਿਆ ॥੧॥ ਰਹਾਉ ॥

انّمرِت نامُ مہا رسُ میٹھا
گُرمتی انّمرِتُ پیِیاوٹیا ॥1॥ رہاءُ ॥

ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥
ہئُمے مارِ بجر کپاٹ کھُلائیا ॥

ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥
نامُ امولکُ گُر پرسادی پائیا ॥

ਬਿਨੁ ਸਬਦੈ ਨਾਮੁ ਨ ਪਾਏ ਕੋਈ
ਗੁਰ ਕਿਰਪਾ ਮੰਨਿ ਵਸਾਵਣਿਆ ॥੨॥
بِنُ سبدے نامُ ن پائے کوئی
گُر کِرپا منّنِ وساوٹیا ॥2॥

ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥
گُر گیان انّجنُ سچُ نیتّری پائیا ॥

ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
انترِ چانڻُ اگیانُ اندھیرُ گوائیا ॥

ਜੋਤੀ ਜੋਤਿ ਮਿਲੀ ਮਨੁ ਮਾਨਿਆ
ਹਰਿ ਦਰਿ ਸੋਭਾ ਪਾਵਣਿਆ ॥੩॥
جوتی جوتِ ملی منُ مانِیا
ہرِ درِ سوبھا پاوٹیا ॥3॥

ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥
سریرہُ بھالڻِ کو باہرِ جائے ॥

ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
نامُ ن لہے بہُت ویگارِ دُکھُ پائے ॥

ਮਨਮੁਖ ਅੰਧੇ ਸੂਝੈ ਨਾਹੀ
ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥
منمکھ اندھے سوُجھے ناہی
پھرِ گھرِ آءِ گُرمُکھِ وتھُ پاوٹیا ॥4॥

ਗੁਰ ਪਰਸਾਦੀ ਸਚਾ ਹਰਿ ਪਾਏ ॥
گُر پرسادی سچا ہرِ پائے ॥

ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥
منِ تنِ ویکھے ہئُمے میَلُ جائے ॥

ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ
ਸਚੈ ਸਬਦਿ ਸਮਾਵਣਿਆ ॥੫॥
بیَس سُتھانِ سد ہرِ گُڻ گاوے
سچے سبدِ سماوٹیا ॥5॥

ਨਉ ਦਰ ਠਾਕੇ ਧਾਵਤੁ ਰਹਾਏ ॥
ن ءُ در ٹھاکے دھاوتُ رہائے ॥

ਦਸਵੈ ਨਿਜ ਘਰਿ ਵਾਸਾ ਪਾਏ ॥
دسوے نج گھرِ واسا پائے ॥

ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ
ਗੁਰਮਤੀ ਸਬਦਿ ਸੁਣਾਵਣਿਆ ॥੬॥
اوتھے انہد سبد وجہِ دِنُ راتی
گُرمتی سبدِ سُٹاوٹیا ॥6॥

ਬਿਨੁ ਸਬਦੈ ਅੰਤਰਿ ਆਨੇਰਾ ॥
بِنُ سبدے انترِ آنیرا ॥

ਨ ਵਸਤੁ ਲਹੈ ਨ ਚੂਕੈ ਫੇਰਾ ॥
ن وستُ لہے ن چوُکے پھیرا ॥

ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ
ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥
ستِگُر ہتھِ کنّجی ہورتُ درُ کھُلے ناہی
گُرِ پوُرے بھاگِ ملاوٹیا ॥7॥

ਗੁਪਤੁ ਪਰਗਟੁ ਤੂੰ ਸਭਨੀ ਥਾਈ ॥	گُپتُ پرگٹُ توُنّ سبھنی تھائی ॥
ਗੁਰ ਪਰਸਾਦੀ ਮਿਲਿ ਸੋਝੀ ਪਾਈ ॥	گُر پرسادی مِلِ سوجھی پائی ॥
ਨਾਨਕ ਨਾਮੁ ਸਾਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ ॥੮॥੨੪॥੨੫॥	نانک نامُ سالاہِ سدا توُنّ گُرمُکھِ منّنِ وساوٹیا ॥8॥ 24 ॥ 25 ॥
ਮਾਝ ਮਹਲਾ ੩ ॥	ماجھ محلا 3 ॥
ਗੁਰਮੁਖਿ ਮਿਲੈ ਮਿਲਾਏ ਆਪੇ ॥	گُرمُکھِ مِلےَ مِلائے آپے ॥
ਕਾਲੁ ਨ ਜੋਹੈ ਦੁਖੁ ਨ ਸੰਤਾਪੇ ॥	کالُ ن جوہےَ دُکھُ ن سنّتاپے ॥
ਹਉਮੈ ਮਾਰਿ ਬੰਧਨ ਸਭ ਤੋੜੈ ਗੁਰਮੁਖਿ ਸਬਦਿ ਸੁਹਾਵਣਿਆ ॥੧॥	ہئُمےَ مارِ بنّدھن سبھ توڑےَ گُرمُکھِ سبدِ سُہاوٹیا ॥1॥
ਹਉ ਵਾਰੀ ਜੀਉ ਵਾਰੀ ਹਰਿ ਹਰਿ ਨਾਮਿ ਸੁਹਾਵਣਿਆ ॥	ہءُ واری جیِءُ واری ہرِ ہرِ نامِ سُہاوٹیا ॥
ਗੁਰਮੁਖਿ ਗਾਵੈ ਗੁਰਮੁਖਿ ਨਾਚੈ ਹਰਿ ਸੇਤੀ ਚਿਤੁ ਲਾਵਣਿਆ ॥੧॥ ਰਹਾਉ ॥	گُرمُکھِ گاوےَ گُرمُکھِ ناچےَ ہرِ سیتی چِتُ لاوٹیا ॥1॥ رہاءُ ॥
ਗੁਰਮੁਖਿ ਜੀਵੈ ਮਰੈ ਪਰਵਾਣੁ ॥	گُرمُکھِ جیِوےَ مرےَ پرواںُ ॥
ਆਰਜਾ ਨ ਛੀਜੈ ਸਬਦੁ ਪਛਾਣੁ ॥	آرجا ن چھیِجےَ سبدُ پچھاںُ ॥
ਗੁਰਮੁਖਿ ਮਰੈ ਨ ਕਾਲੁ ਨ ਖਾਏ ਗੁਰਮੁਖਿ ਸਚਿ ਸਮਾਵਣਿਆ ॥੨॥	گُرمُکھِ مرےَ ن کالُ ن کھائے گُرمُکھِ سچِ سماوٹیا ॥2॥
ਗੁਰਮੁਖਿ ਹਰਿ ਦਰਿ ਸੋਭਾ ਪਾਏ ॥	گُرمُکھِ ہرِ درِ سوبھا پائے ॥
ਗੁਰਮੁਖਿ ਵਿਚਹੁ ਆਪੁ ਗਵਾਏ ॥	گُرمُکھِ وِچہُ آپُ گوائے ॥
ਆਪਿ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮੁ ਸਵਾਰਣਿਆ ॥੩॥	آپِ ترےَ کُل سگلے تارے گُرمُکھِ جنمُ سوارٹیا ॥3॥
ਗੁਰਮੁਖਿ ਦੁਖੁ ਕਦੇ ਨ ਲਗੈ ਸਰੀਰਿ ॥	گُرمُکھِ دُکھُ کدے ن لگےَ سریرِ ॥
ਗੁਰਮੁਖਿ ਹਉਮੈ ਚੂਕੈ ਪੀਰ ॥	گُرمُکھِ ہئُمےَ چوُکےَ پیرِ ॥
ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ	گُرمُکھِ منُ نِرملُ پھِرِ میَلُ ن لاگےَ

ਗੁਰਮੁਖਿ ਸਹਜਿ ਸਮਾਵਣਿਆ ॥੪॥

گُرمُکھِ سہجِ سماوٹیا ॥4॥

ਗੁਰਮੁਖਿ ਨਾਮੁ ਮਿਲੈ ਵਡਿਆਈ ॥

گُرمُکھِ نامُ مِلےَ وڈِیائی ॥

ਗੁਰਮੁਖਿ ਗੁਣ ਗਾਵੈ ਸੋਭਾ ਪਾਈ ॥

گُرمُکھِ گُنؤ گاوےَ سوبھا پائی ॥

ਸਦਾ ਅਨੰਦਿ ਰਹੈ ਦਿਨੁ ਰਾਤੀ
ਗੁਰਮੁਖਿ ਸਬਦੁ ਕਰਾਵਣਿਆ ॥੫॥

سدا انندِ رہےَ دِنُ راتی
گُرمُکھِ سبدُ کراوٹیا ॥5॥

ਗੁਰਮੁਖਿ ਅਨਦਿਨੁ ਸਬਦੇ ਰਾਤਾ ॥

گُرمُکھِ اندِنُ سبدے راتا ॥

ਗੁਰਮੁਖਿ ਜੁਗ ਚਾਰੇ ਹੈ ਜਾਤਾ ॥

گُرمُکھِ جُگ چارے ہےَ جاتا ॥

ਗੁਰਮੁਖਿ ਗੁਣ ਗਾਵੈ ਸਦਾ ਨਿਰਮਲੁ
ਸਬਦੇ ਭਗਤਿ ਕਰਾਵਣਿਆ ॥੬॥

گُرمُکھِ گُنؤ گاوےَ سدا نِرملُ
سبدے بھگتِ کراوٹیا ॥6॥

ਬਾਝੁ ਗੁਰੂ ਹੈ ਅੰਧ ਅੰਧਾਰਾ ॥

باجھُ گُروُ ہےَ اندھ اندھارا ॥

ਜਮਕਾਲਿ ਗਰਠੇ ਕਰਹਿ ਪੁਕਾਰਾ ॥

جمکالِ گرٹھے کرہِ پُکارا ॥

ਅਨਦਿਨੁ ਰੋਗੀ ਬਿਸਟਾ ਕੇ ਕੀੜੇ
ਬਿਸਟਾ ਮਹਿ ਦੁਖੁ ਪਾਵਣਿਆ ॥੭॥

اندِنُ روگی بِسٹا کے کیڑے
بِسٹا مہِ دُکھُ پاوٹیا ॥7॥

ਗੁਰਮੁਖਿ ਆਪੇ ਕਰੇ ਕਰਾਏ ॥

گُرمُکھِ آپے کرے کرائے ॥

ਗੁਰਮੁਖਿ ਹਿਰਦੈ ਵੁਠਾ ਆਪਿ ਆਏ ॥

گُرمُکھِ ہِردےَ وُٹھا آپِ آئے ॥

ਨਾਨਕ ਨਾਮਿ ਮਿਲੈ ਵਡਿਆਈ
ਪੂਰੇ ਗੁਰ ਤੇ ਪਾਵਣਿਆ ॥੮॥੨੫॥੨੬॥

نانک نامِ مِلےَ وڈِیائی
پوُرے گُر تے پاوٹیا ॥8॥ 25 ॥ 26 ॥

ਮਾਝ ਮਹਲਾ ੩ ॥

ماجھ محلا 3 ॥

ਏਕਾ ਜੋਤਿ ਜੋਤਿ ਹੈ ਸਰੀਰਾ ॥

ایکا جوتِ جوتِ ہےَ سریرا ॥

ਸਬਦਿ ਦਿਖਾਏ ਸਤਿਗੁਰੁ ਪੂਰਾ ॥

سبدِ دِکھائے ستِگُرُ پوُرا ॥

ਆਪੇ ਫਰਕੁ ਕੀਤੋਨੁ ਘਟ ਅੰਤਰਿ
ਆਪੇ ਬਣਤ ਬਣਾਵਣਿਆ ॥੧॥

آپے پھرکُ کِیتونُ گھٹ انترِ
آپے بنّت بنّاوٹیا ॥1॥

ਹਉ ਵਾਰੀ ਜੀਉ ਵਾਰੀ
ਹਰਿ ਸਚੇ ਕੇ ਗੁਣ ਗਾਵਣਿਆ ॥

ہءُ واری جیءُ واری
ہرِ سچے کے گُنؤ گاوٹیا ॥

ਬਾਝੁ ਗੁਰੂ ਕੋ ਸਹਜੁ ਨ ਪਾਏ
ਗੁਰਮੁਖਿ ਸਹਜਿ ਸਮਾਵਣਿਆ ॥੧॥ ਰਹਾਉ ॥

باجھُ گُرُو کو سہجُ ن پائے
گُرمُکھِ سہجِ سماوٹیا ॥1॥ رہاءُ ॥

ਤੂੰ ਆਪੇ ਸੋਹਹਿ ਆਪੇ ਜਗੁ ਮੋਹਹਿ ॥

توُنّ آپے سوہہِ آپے جگُ موہہِ ॥

ਤੂੰ ਆਪੇ ਨਦਰੀ ਜਗਤੁ ਪਰੋਵਹਿ ॥

توُنّ آپے ندری جگتُ پروہِ ॥

ਤੂੰ ਆਪੇ ਦੁਖੁ ਸੁਖੁ ਦੇਵਹਿ ਕਰਤੇ
ਗੁਰਮੁਖਿ ਹਰਿ ਦੇਖਾਵਣਿਆ ॥੨॥

توُنّ آپے دُکھُ سُکھُ دیوہِ کرتے
گُرمُکھِ ہرِ دیکھاوٹیا ॥2॥

ਆਪੇ ਕਰਤਾ ਕਰੇ ਕਰਾਏ ॥

آپے کرتا کرے کرائے ॥

ਆਪੇ ਸਬਦੁ ਗੁਰ ਮੰਨਿ ਵਸਾਏ ॥

آپے سبدُ گُر منّنِ وسائے ॥

ਸਬਦੇ ਉਪਜੈ ਅੰਮ੍ਰਿਤ ਬਾਣੀ
ਗੁਰਮੁਖਿ ਆਖਿ ਸੁਣਾਵਣਿਆ ॥੩॥

سبدے اُپجےَ انّمرِت بانٹی
گُرمُکھِ آکھِ سُنٹاوٹیا ॥3॥

ਆਪੇ ਕਰਤਾ ਆਪੇ ਭੁਗਤਾ ॥

آپے کرتا آپے بھگتا ॥

ਬੰਧਨ ਤੋੜੇ ਸਦਾ ਹੈ ਮੁਕਤਾ ॥

بندھن توڑے سدا ہےَ مُکتا ॥

ਸਦਾ ਮੁਕਤੁ ਆਪੇ ਹੈ ਸਚਾ
ਆਪੇ ਅਲਖੁ ਲਖਾਵਣਿਆ ॥੪॥

سدا مُکتُ آپے ہےَ سچا
آپے الکھُ لکھاوٹیا ॥4॥

ਆਪੇ ਮਾਇਆ ਆਪੇ ਛਾਇਆ ॥

آپے مائیا آپے چھائیا ॥

ਆਪੇ ਮੋਹੁ ਸਭੁ ਜਗਤੁ ਉਪਾਇਆ ॥

آپے موہُ سبھُ جگتُ اُپائیا ॥

ਆਪੇ ਗੁਣਦਾਤਾ ਗੁਣ ਗਾਵੈ
ਆਪੇ ਆਖਿ ਸੁਣਾਵਣਿਆ ॥੫॥

آپے گُنداتا گُنؔ گاوےَ
آپے آکھِ سُنٹاوٹیا ॥5॥

ਆਪੇ ਕਰੇ ਕਰਾਏ ਆਪੇ ॥

آپے کرے کرائے آپے ॥

ਆਪੇ ਥਾਪਿ ਉਥਾਪੇ ਆਪੇ ॥

آپے تھاپِ اُتھاپے آپے ॥

ਤੁਝ ਤੇ ਬਾਹਰਿ ਕਛੂ ਨ ਹੋਵੈ
ਤੂੰ ਆਪੇ ਕਾਰੈ ਲਾਵਣਿਆ ॥੬॥

تُجھ تے باہرِ کچھوُ ن ہووےَ
توُنّ آپے کارےَ لاوٹیا ॥6॥

ਆਪੇ ਮਾਰੇ ਆਪਿ ਜੀਵਾਏ ॥

آپے مارے آپِ جیِوائے ॥

ਆਪੇ ਮੇਲੇ ਮੇਲਿ ਮਿਲਾਏ ॥

آپے میلے میلِ مِلائے ॥

ਸੇਵਾ ਤੇ ਸਦਾ ਸੁਖੁ ਪਾਇਆ
ਗੁਰਮੁਖਿ ਸਹਜਿ ਸਮਾਵਣਿਆ ॥੭॥

سیوا تے سدا سُکھُ پائیا
گُرمُکھِ سہجِ سماوٹیا ॥7॥

ਆਪੇ ਊਚਾ ਊਚੋ ਹੋਈ ॥

آپے اوُچا اوُچو ہوئی ॥

ਜਿਸੁ ਆਪਿ ਵਿਖਾਲੇ ਸੁ ਵੇਖੈ ਕੋਈ ॥

جِسُ آپِ وِکھالے سُ ویکھے کوئی ॥

ਨਾਨਕ ਨਾਮੁ ਵਸੈ ਘਟ ਅੰਤਰਿ
ਆਪੇ ਵੇਖਿ ਵਿਖਾਲਣਿਆ ॥੮॥੨੬॥੨੭॥

نانک نامُ وسے گھٹ انترِ
آپے ویکھِ وِکھالٹیا ॥8॥ 26 ॥ 27 ॥

ਮਾਝ ਮਹਲਾ ੩ ॥

ماجھ محلا 3 ॥

ਮੇਰਾ ਪ੍ਰਭੁ ਭਰਪੂਰਿ ਰਹਿਆ ਸਭ ਥਾਈ ॥

میرا پربھُ بھرپوُرِ رہِیا سبھ تھائی ॥

ਗੁਰ ਪਰਸਾਦੀ ਘਰ ਹੀ ਮਹਿ ਪਾਈ ॥

گُر پرسادی گھر ہی مہِ پائی ॥

ਸਦਾ ਸਰੇਵੀ ਇਕ ਮਨਿ ਧਿਆਈ
ਗੁਰਮੁਖਿ ਸਚਿ ਸਮਾਵਣਿਆ ॥੧॥

سدا سریوی اِک منِ دھیائی
گُرمُکھِ سچِ سماوٹیا ॥1॥

ਹਉ ਵਾਰੀ ਜੀਉ ਵਾਰੀ
ਜਗਜੀਵਨੁ ਮੰਨਿ ਵਸਾਵਣਿਆ ॥

ہءُ واری جیِءُ واری
جگجیِونُ منّنِ وساوٹیا ॥

ਹਰਿ ਜਗਜੀਵਨੁ ਨਿਰਭਉ ਦਾਤਾ
ਗੁਰਮਤਿ ਸਹਜਿ ਸਮਾਵਣਿਆ ॥੧॥ ਰਹਾਉ ॥

ہرِ جگجیِونُ نِربھءُ داتا
گُرمتِ سہجِ سماوٹیا ॥1॥ رہاءُ ॥

ਘਰ ਮਹਿ ਧਰਤੀ ਧਉਲੁ ਪਾਤਾਲਾ ॥

گھر مہِ دھرتی دھئُلُ پاتالا ॥

ਘਰ ਹੀ ਮਹਿ ਪ੍ਰੀਤਮੁ ਸਦਾ ਹੈ ਬਾਲਾ ॥

گھر ہی مہِ پریتمُ سدا ہے بالا ॥

ਸਦਾ ਅਨੰਦਿ ਰਹੈ ਸੁਖਦਾਤਾ
ਗੁਰਮਤਿ ਸਹਜਿ ਸਮਾਵਣਿਆ ॥੨॥

سدا انندِ رہے سُکھداتا
گُرمتِ سہجِ سماوٹیا ॥2॥

ਕਾਇਆ ਅੰਦਰਿ ਹਉਮੈ ਮੇਰਾ ॥

کائیا اندرِ ہئُمے میرا ॥

ਜੰਮਣ ਮਰਣੁ ਨ ਚੂਕੈ ਫੇਰਾ ॥

جنّمٹ مرنُ ن چوُکے پھیرا ॥

ਗੁਰਮੁਖਿ ਹੋਵੈ ਸੁ ਹਉਮੈ ਮਾਰੇ
ਸਚੋ ਸਚੁ ਧਿਆਵਣਿਆ ॥੩॥

گُرمُکھِ ہووے سُ ہئُمے مارے
سچو سچُ دھیاوٹیا ॥3॥

ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ ॥

کائیا اندرِ پاپُ پُنّنُ دُءِ بھائی ॥

ਦੁਹੀ ਮਿਲਿ ਕੈ ਸ੍ਰਿਸਟਿ ਉਪਾਈ ॥

دُہی مِلِ کے سّرِسٹِ اُپائی ॥

ਦੋਵੈ ਮਾਰਿ ਜਾਇ ਇਕਤੁ ਘਰਿ ਆਵੈ
ਗੁਰਮਤਿ ਸਹਜਿ ਸਮਾਵਣਿਆ ॥੪॥

دووے مارِ جاءِ اِکتُ گھرِ آوے
گُرمتِ سہجِ سماوٹیا ॥4॥

ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥

گھر ہی ماہِ دوُجے بھاءِ انیرا ॥

ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥

چانڻُ ہووے چھوڈے ہئُمے میرا ॥

ਪਰਗਟੁ ਸਬਦੁ ਹੈ ਸੁਖਦਾਤਾ
ਅਨਦਿਨੁ ਨਾਮੁ ਧਿਆਵਣਿਆ ॥੫॥

پرگٹُ سبدُ ہے سُکھداتا
اندِنُ نامُ دھیاوٹیا ॥5॥

ਅੰਤਰਿ ਜੋਤਿ ਪਰਗਟੁ ਪਾਸਾਰਾ ॥

انترِ جوتِ پرگٹُ پاسارا ॥

ਗੁਰ ਸਾਖੀ ਮਿਟਿਆ ਅੰਧਿਆਰਾ ॥

گُر ساکھی مِٹیا اندھیارا ॥

ਕਮਲੁ ਬਿਗਾਸਿ ਸਦਾ ਸੁਖੁ ਪਾਇਆ
ਜੋਤੀ ਜੋਤਿ ਮਿਲਾਵਣਿਆ ॥੬॥

کملُ بِگاسِ سدا سُکھُ پائیا
جوتی جوتِ مِلاوٹیا ॥6॥

ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥

اندرِ محل رتنی بھرے بھنڈارا ॥

ਗੁਰਮੁਖਿ ਪਾਏ ਨਾਮੁ ਅਪਾਰਾ ॥

گُرمُکھِ پائے نامُ اپارا ॥

ਗੁਰਮੁਖਿ ਵਣਜੇ ਸਦਾ ਵਾਪਾਰੀ
ਲਾਹਾ ਨਾਮੁ ਸਦ ਪਾਵਣਿਆ ॥੭॥

گُرمُکھِ وٹنجے سدا واپاری
لاہا نامُ سد پاوٹیا ॥7॥

ਆਪੇ ਵਥੁ ਰਾਖੈ ਆਪੇ ਦੇਇ ॥

آپے وتھُ راکھے آپے دےءِ ॥

ਗੁਰਮੁਖਿ ਵਣਜਹਿ ਕੇਈ ਕੇਇ ॥

گُرمُکھِ وٹنجہِ کیئی کےءِ ॥

ਨਾਨਕ ਜਿਸੁ ਨਦਰਿ ਕਰੇ ਸੋ ਪਾਏ
ਕਰਿ ਕਿਰਪਾ ਮੰਨਿ ਵਸਾਵਣਿਆ ॥੮॥੨੭॥੨੮॥

نانک جِسُ ندرِ کرے سو پائے
کرِ کِرپا منّنِ وساوٹیا ॥8॥ 27 ॥ 28 ॥

ਮਾਝ ਮਹਲਾ ੩ ॥

ماجھ محلا 3 ॥

ਹਰਿ ਆਪੇ ਮੇਲੇ ਸੇਵ ਕਰਾਏ ॥

ہرِ آپے میلے سیو کرائے ॥

ਗੁਰ ਕੈ ਸਬਦਿ ਭਾਉ ਦੂਜਾ ਜਾਏ ॥

گُر کے سبدِ بھاءُ دوُجا جائے ॥

ਹਰਿ ਨਿਰਮਲੁ ਸਦਾ ਗੁਣਦਾਤਾ
ਹਰਿ ਗੁਣ ਮਹਿ ਆਪਿ ਸਮਾਵਣਿਆ ॥੧॥

ہرِ نِرملُ سدا گُنڈاتا
ہرِ گُڻ مہِ آپِ سماوٹیا ॥1॥

ਹਉ ਵਾਰੀ ਜੀਉ ਵਾਰੀ
ਸਚੁ ਸਚਾ ਹਿਰਦੈ ਵਸਾਵਣਿਆ ॥

ہءُ واری جیِءُ واری
سچُ سچا ہِردے وساوٹیا ॥

ਸਚਾ ਨਾਮੁ ਸਦਾ ਹੈ ਨਿਰਮਲੁ
ਗੁਰ ਸਬਦੀ ਮੰਨਿ ਵਸਾਵਣਿਆ ॥੧॥ ਰਹਾਉ ॥

سچا نامُ سدا ہے نِرملُ
گُر سبدی منّنِ وساوٹیا ॥1॥ رہاءُ ॥

ਆਪੇ ਗੁਰੁ ਦਾਤਾ ਕਰਮਿ ਬਿਧਾਤਾ ॥
ਸੇਵਕ ਸੇਵਹਿ ਗੁਰਮੁਖਿ ਹਰਿ ਜਾਤਾ ॥

آپے گُرُ داتا کرمِ بِدھاتا ॥
سیوک سیوہِ گُرمُکھِ ہرِ جاتا ॥

ਅੰਮ੍ਰਿਤ ਨਾਮਿ ਸਦਾ ਜਨ ਸੋਹਹਿ
ਗੁਰਮਤਿ ਹਰਿ ਰਸੁ ਪਾਵਣਿਆ ॥੨॥

انّمرِت نامِ سدا جن سوہہِ
گُرمتِ ہرِ رسُ پاوٹیا ॥2॥

ਇਸੁ ਗੁਫਾ ਮਹਿ ਇਕੁ ਥਾਨੁ ਸੁਹਾਇਆ ॥
ਪੂਰੈ ਗੁਰਿ ਹਉਮੈ ਭਰਮੁ ਚੁਕਾਇਆ ॥

اِسُ گُپھا مہِ اِکُ تھانُ سُہائیا ॥
پُورے گُرِ ہئُے بھرمُ چُکائیا ॥

ਅਨਦਿਨੁ ਨਾਮੁ ਸਲਾਹਨਿ ਰੰਗਿ ਰਾਤੇ
ਗੁਰ ਕਿਰਪਾ ਤੇ ਪਾਵਣਿਆ ॥੩॥

اندِنُ نامُ سلاحنِ رنگِ راتے
گُر کِرپا تے پاوٹیا ॥3॥

ਗੁਰ ਕੈ ਸਬਦਿ ਇਹੁ ਗੁਫਾ ਵੀਚਾਰੇ ॥
ਨਾਮੁ ਨਿਰੰਜਨੁ ਅੰਤਰਿ ਵਸੈ ਮੁਰਾਰੇ ॥

گُر کے سبدِ اِہُ گُپھا ویچارے ॥
نامُ نِرنجنُ انّترِ وسے مُرارے ॥

ਹਰਿ ਗੁਣ ਗਾਵੈ ਸਬਦਿ ਸੁਹਾਏ
ਮਿਲਿ ਪ੍ਰੀਤਮ ਸੁਖੁ ਪਾਵਣਿਆ ॥੪॥

ہرِ گُن گاوے سبدِ سُہائے
مِلِ پ٘ریتم سُکھُ پاوٹیا ॥4॥

ਜਮੁ ਜਾਗਾਤੀ
ਦੂਜੈ ਭਾਇ ਕਰੁ ਲਾਏ ॥

جمُ جاگاتی
دوُجے بھاءِ کرُ لائے ॥

ਨਾਵਹੁ ਭੂਲੇ ਦੇਇ ਸਜਾਏ ॥

ناوہُ بھوُلے دےءِ سزائے ॥

ਘੜੀ ਮੁਹਤ ਕਾ ਲੇਖਾ ਲੇਵੈ
ਰਤੀਅਹੁ ਮਾਸਾ ਤੋਲ ਕਢਾਵਣਿਆ ॥੫॥

گھڑی مُہت کا لیکھا لیوے
رتیئہُ ماشا تول کڈھاوٹیا ॥5॥

ਪੇਈਅੜੈ ਪਿਰੁ ਚੇਤੇ ਨਾਹੀ ॥

پیئیڑے پِرُ چیتے ناہی ॥

ਦੂਜੈ ਮੁਠੀ ਰੋਵੈ ਧਾਹੀ ॥

دوُجے مُٹھی روے دھاہی ॥

ਖਰੀ ਕੁਆਲਿਓ ਕੁਰੂਪਿ ਕੁਲਖਣੀ
ਸੁਪਨੈ ਪਿਰੁ ਨਹੀ ਪਾਵਣਿਆ ॥੬॥

کھری کُیالِئو کُروُپِ کُلکھنی

ਪੇਈਅੜੈ ਪਿਰੁ ਮੰਨਿ ਵਸਾਇਆ ॥
ਪੂਰੈ ਗੁਰਿ ਹਦੂਰਿ ਦਿਖਾਇਆ ॥
ਕਾਮਣਿ ਪਿਰੁ ਰਾਖਿਆ ਕੰਠਿ ਲਾਇ
ਸਬਦੇ ਪਿਰੁ ਰਾਵੈ ਸੇਜ ਸੁਹਾਵਣਿਆ ॥੭॥

ਆਪੇ ਦੇਵੈ ਸਦਿ ਬੁਲਾਏ ॥
ਆਪਣਾ ਨਾਉ ਮੰਨਿ ਵਸਾਏ ॥
ਨਾਨਕ ਨਾਮੁ ਮਿਲੈ ਵਡਿਆਈ
ਅਨਦਿਨੁ ਸਦਾ ਗੁਣ ਗਾਵਣਿਆ ॥੮॥੨੮॥੨੯॥

ਮਾਝ ਮਹਲਾ ੩ ॥

ਊਤਮ ਜਨਮੁ ਸੁਥਾਨਿ ਹੈ ਵਾਸਾ ॥
ਸਤਿਗੁਰੁ ਸੇਵਹਿ ਘਰ ਮਾਹਿ ਉਦਾਸਾ ॥
ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ
ਹਰਿ ਰਸਿ ਮਨੁ ਤ੍ਰਿਪਤਾਵਣਿਆ ॥੧॥

ਹਉ ਵਾਰੀ ਜੀਉ ਵਾਰੀ
ਪੜਿ ਬੁਝਿ ਮੰਨਿ ਵਸਾਵਣਿਆ ॥
ਗੁਰਮੁਖਿ ਪੜਹਿ ਹਰਿ ਨਾਮੁ ਸਲਾਹਹਿ
ਦਰਿ ਸਚੈ ਸੋਭਾ ਪਾਵਣਿਆ ॥੧॥ ਰਹਾਉ ॥

ਅਲਖ ਅਭੇਉ ਹਰਿ ਰਹਿਆ ਸਮਾਏ ॥
ਉਪਾਇ ਨ ਕਿਤੀ ਪਾਇਆ ਜਾਏ ॥
ਕਿਰਪਾ ਕਰੇ ਤਾ ਸਤਿਗੁਰੁ ਭੇਟੈ
ਨਦਰੀ ਮੇਲਿ ਮਿਲਾਵਣਿਆ ॥੨॥

ਦੂਜੈ ਭਾਇ ਪੜੈ ਨਹੀ ਬੂਝੈ ॥
ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥

ਸُپنے پِرُ نہی پاوٴٹیا ॥6॥
پیئیڑے پِرُ منّ وسائیا ॥
پوُرے گُرِ حدوُرِ دِکھائیا ॥
کامنِ پِرُ راکھیا کنٹھِ لاءِ
سبدے پِرُ راوے سیج سُہاوٴٹیا ॥7॥
آپے دیوے سدِ بُلائے ॥
آپنا ناءُ منّ وسائے ॥
نانک نامُ ملے وڈیائی
اندِنُ سدا گُن گاوٴٹیا ॥8॥ 28 ॥ 29 ॥

ماجھ محلا 3 ॥

اوُتم جنمُ سُتھانِ ہے واسا ॥
ستِگُر سیوہِ گھر ماہِ اُداسا ॥
ہرِ رنگِ رہہِ سدا رنگِ راتے
ہرِ رس منُ ترِپتاوٴٹیا ॥1॥
ہءُ واری جیءُ واری
پڑِ بُجھِ منّ وساوٴٹیا ॥
گُرمُکھِ پڑہِ ہرِ نامُ سلاحہِ
درِ سچے سوبھا پاوٴٹیا ॥1॥ رہاءُ ॥
الکھ ابھیءُ ہرِ رہیا سمائے ॥
اُپاءِ ن کِتی پائیا جائے ॥
کِرپا کرے تا ستِگُر بھیٹے
ندری میلِ ملاوٴٹیا ॥2॥
دوُجے بھاءِ پڑے نہی بوُجھے ॥
ترِبدھِ مائیا کارنِ لوُجھے ॥

ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ
ਗੁਰ ਸਬਦੀ ਮੁਕਤਿ ਕਰਾਵਣਿਆ ॥੩॥

ਇਹੁ ਮਨੁ ਚੰਚਲੁ ਵਸਿ ਨ ਆਵੈ ॥

ਦੁਬਿਧਾ ਲਾਗੈ ਦਹ ਦਿਸਿ ਧਾਵੈ ॥

ਬਿਖੁ ਕਾ ਕੀੜਾ ਬਿਖੁ ਮਹਿ ਰਾਤਾ
ਬਿਖੁ ਹੀ ਮਾਹਿ ਪਚਾਵਣਿਆ ॥੪॥

ਹਉ ਹਉ ਕਰੇ ਤੈ ਆਪੁ ਜਣਾਏ ॥

ਬਹੁ ਕਰਮ ਕਰੈ ਕਿਛੁ ਥਾਇ ਨ ਪਾਏ ॥

ਤੁਝ ਤੇ ਬਾਹਰਿ ਕਿਛੂ ਨ ਹੋਵੈ
ਬਖਸੇ ਸਬਦਿ ਸੁਹਾਵਣਿਆ ॥੫॥

ਉਪਜੈ ਪਚੈ ਹਰਿ ਬੂਝੈ ਨਾਹੀ ॥

ਅਨਦਿਨੁ ਦੂਜੈ ਭਾਇ ਫਿਰਾਹੀ ॥

ਮਨਮੁਖ ਜਨਮੁ ਗਇਆ ਹੈ ਬਿਰਥਾ
ਅੰਤਿ ਗਇਆ ਪਛੁਤਾਵਣਿਆ ॥੬॥

ਪਿਰੁ ਪਰਦੇਸਿ ਸਿਗਾਰੁ ਬਣਾਏ ॥

ਮਨਮੁਖ ਅੰਧੁ ਐਸੇ ਕਰਮ ਕਮਾਏ ॥

ਹਲਤਿ ਨ ਸੋਭਾ ਪਲਤਿ ਨ ਢੋਈ
ਬਿਰਥਾ ਜਨਮੁ ਗਵਾਵਣਿਆ ॥੭॥

ਹਰਿ ਕਾ ਨਾਮੁ ਕਿਨੈ ਵਿਰਲੈ ਜਾਤਾ ॥

ਪੂਰੇ ਗੁਰ ਕੈ ਸਬਦਿ ਪਛਾਤਾ ॥

ਅਨਦਿਨੁ ਭਗਤਿ ਕਰੇ ਦਿਨੁ ਰਾਤੀ
ਸਹਜੇ ਹੀ ਸੁਖੁ ਪਾਵਣਿਆ ॥੮॥

ਸਭ ਮਹਿ ਵਰਤੈ ਏਕੋ ਸੋਈ ॥

ਗੁਰਮੁਖਿ ਵਿਰਲਾ ਬੂਝੈ ਕੋਈ ॥

ترِبدھِ بندھن توٹہِ گُر سبدی
گُر سبدی مُکتِ کراوٹیا ॥3॥

اِہُ منُ چنچلُ وسِ ن آوے ॥

دُبدھا لاگے دہ دِس دھاوے ॥

بِکھُ کا کیڑا بِکھُ مہِ راتا
بِکھُ ہی ماہِ پچاوٹیا ॥4॥

ہءُ ہءُ کرے تے آپُ جنّائے ॥

بہُ کرم کرے کچھُ تھاءِ ن پائے ॥

تُجھ تے باہرِ کچھوُ ن ہووے
بخشے سبدِ سُہاوٹیا ॥5॥

اُپجے پچے ہرِ بوُجھے ناہی ॥

اندِنُ دوُجے بھاءِ پھِراہی ॥

منمُکھ جنمُ گئیا ہے برِتھا
انّتِ گئیا پچھُتاوٹیا ॥6॥

پِرُ پردیس سِگارُ بنّائے ॥

منمُکھ اندھُ ایسے کرم کمائے ॥

ہلتِ ن سوبھا پلتِ ن ڈھوئی
برِتھا جنمُ گواوٹیا ॥7॥

ہرِ کا نامُ کِنے وِرلے جاتا ॥

پوُرے گُر کے سبدِ پچھاتا ॥

اندِنُ بھگتِ کرے دِنُ راتی
سہجے ہی سُکھُ پاوٹیا ॥8॥

سبھ مہِ ورتے ایکو سوئی ॥

گُرمُکھِ وِرلا بوُجھے کوئی ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਜਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راجا صاہب)

ਨਾਨਕ ਨਾਮਿ ਰਤੇ ਜਨ ਸੋਹਹਿ
ਕਰਿ ਕਿਰਪਾ ਆਪਿ ਮਿਲਾਵਣਿਆ ॥੯॥੨੯॥੩੦॥

نانک نامِ رتے جن سوہہِ
کرِ کرِپا آپِ مِلاوِنیا ॥9॥ 29 ॥ 30 ॥

ਮਾਝ ਮਹਲਾ ੩ ॥

ماجھ محلا 3 ॥

ਮਨਮੁਖ ਪੜਹਿ ਪੰਡਿਤ ਕਹਾਵਹਿ ॥

منمُکھ پڑہِ پنڈِت کہاوہِ ॥

ਦੂਜੈ ਭਾਇ ਮਹਾ ਦੁਖੁ ਪਾਵਹਿ ॥

دوُجےَ بھاءِ مہا دُکھُ پاوہِ ॥

ਬਿਖਿਆ ਮਾਤੇ ਕਿਛੁ ਸੂਝੈ ਨਾਹੀ
ਫਿਰਿ ਫਿਰਿ ਜੂਨੀ ਆਵਣਿਆ ॥੧॥

بِکھیا ماتے کِچھُ سوُجھےَ ناہی
پھِرِ پھِرِ جوُنی آوِنیا ॥1॥

ਹਉ ਵਾਰੀ ਜੀਉ ਵਾਰੀ
ਹਉਮੈ ਮਾਰਿ ਮਿਲਾਵਣਿਆ ॥

ہءُ واری جیِءُ واری
ہئُمےَ مارِ مِلاوِنیا ॥

ਗੁਰ ਸੇਵਾ ਤੇ ਹਰਿ ਮਨਿ ਵਸਿਆ
ਹਰਿ ਰਸੁ ਸਹਜਿ ਪੀਆਵਣਿਆ ॥੧॥ ਰਹਾਉ ॥

گُر سیوا تے ہرِ منِ وسِیا
ہرِ رسُ سہجِ پِیاوِنیا ॥1॥ رہاءُ ॥

ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥

ویدُ پڑہِ ہرِ رسُ نہی آئیا ॥

ਵਾਦੁ ਵਖਾਣਹਿ ਮੋਹੇ ਮਾਇਆ ॥

وادُ وکھاٹہِ موہے مائیا ॥

ਅਗਿਆਨਮਤੀ ਸਦਾ ਅੰਧਿਆਰਾ
ਗੁਰਮੁਖਿ ਬੂਝਿ ਹਰਿ ਗਾਵਣਿਆ ॥੨॥

اگیانمتی سدا انّدھیارا
گُرمُکھِ بوُجھِ ہرِ گاوِنیا ॥2॥

ਅਕਥੋ ਕਥੀਐ ਸਬਦਿ ਸੁਹਾਵੈ ॥

اکتھو کتھیےَ سبدِ سُہاوےَ ॥

ਗੁਰਮਤੀ ਮਨਿ ਸਚੋ ਭਾਵੈ ॥

گُرمتی منِ سچو بھاوےَ ॥

ਸਚੋ ਸਚੁ ਰਵਹਿ ਦਿਨੁ ਰਾਤੀ
ਇਹੁ ਮਨੁ ਸਚਿ ਰੰਗਾਵਣਿਆ ॥੩॥

سچو سچُ روہِ دِنُ راتی
اِہُ منُ سچِ رنگاوِنیا ॥3॥

ਜੋ ਸਚਿ ਰਤੇ ਤਿਨ ਸਚੋ ਭਾਵੈ ॥

جو سچِ رتے تِن سچو بھاوےَ ॥

ਆਪੇ ਦੇਇ ਨ ਪਛੋਤਾਵੈ ॥

آپے دےءِ ن پچھوتاوےَ ॥

ਗੁਰ ਕੈ ਸਬਦਿ ਸਦਾ ਸਚੁ ਜਾਤਾ
ਮਿਲਿ ਸਚੇ ਸੁਖੁ ਪਾਵਣਿਆ ॥੪॥

گُر کے سبدِ سدا سچُ جاتا
مِلِ سچے سُکھُ پاوِنیا ॥4॥

ਕੂੜ ਕੁਸਤੁ ਤਿਨਾ ਮੈਲੁ ਨ ਲਾਗੈ ॥

کوُڑ کُستُ تِنا میَلُ ن لاگےَ ॥

ਗੁਰ ਪਰਸਾਦੀ ਅਨਦਿਨੁ ਜਾਗੈ ॥

ਨਿਰਮਲ ਨਾਮੁ ਵਸੈ ਘਟ ਭੀਤਰਿ
ਜੋਤੀ ਜੋਤਿ ਮਿਲਾਵਣਿਆ ॥੫॥

ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ ॥

ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥

ਮੋਹ ਬਿਆਪੇ ਕਿਛੁ ਸੂਝੈ ਨਾਹੀ
ਗੁਰ ਸਬਦੀ ਹਰਿ ਪਾਵਣਿਆ ॥੬॥

ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥

ਮਨਮੁਖ ਨ ਬੂਝਹਿ ਦੂਜੈ ਭਾਇਆ ॥

ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ
ਬਿਨੁ ਬੂਝੈ ਦੁਖੁ ਪਾਵਣਿਆ ॥੭॥

ਜਾ ਤਿਸੁ ਭਾਵੈ ਤਾ ਆਪਿ ਮਿਲਾਏ ॥

ਗੁਰ ਸਬਦੀ ਸਹਸਾ ਦੂਖੁ ਚੁਕਾਏ ॥

ਨਾਨਕ ਨਾਵੈ ਕੀ ਸਚੀ ਵਡਿਆਈ
ਨਾਮੋ ਮੰਨਿ ਸੁਖੁ ਪਾਵਣਿਆ ॥੮॥੩੦॥੩੧॥

ਮਾਝ ਮਹਲਾ ੩ ॥

ਨਿਰਗੁਣੁ ਸਰਗੁਣੁ ਆਪੇ ਸੋਈ ॥

ਤਤੁ ਪਛਾਣੈ ਸੋ ਪੰਡਿਤੁ ਹੋਈ ॥

ਆਪਿ ਤਰੈ ਸਗਲੇ ਕੁਲ ਤਾਰੈ
ਹਰਿ ਨਾਮੁ ਮੰਨਿ ਵਸਾਵਣਿਆ ॥੧॥

ਹਉ ਵਾਰੀ ਜੀਉ ਵਾਰੀ
ਹਰਿ ਰਸੁ ਚਖਿ ਸਾਦੁ ਪਾਵਣਿਆ ॥

ਹਰਿ ਰਸੁ ਚਾਖਹਿ ਸੇ ਜਨ ਨਿਰਮਲ
ਨਿਰਮਲ ਨਾਮੁ ਧਿਆਵਣਿਆ ॥੧॥ ਰਹਾਉ ॥

گُر پرسادی اندِنُ جاگے ॥

نِرمل نامُ وسے گھٹ بھیتر
جوتی جوتِ مِلاوٹیا ॥5॥

ترّے گُن پڑھِ ہرِ تتُ ن جاٹہِ ॥

مؤلہُ بھُلے گُر سبدُ ن پچھاٹہِ ॥

موہ بِیاپے کِچھُ سُوجھے ناہی
گُر سبدی ہرِ پاوٹیا ॥6॥

ویدُ پُکارے ترّبِدھِ مائیا ॥

منمُکھ ن بُوجھِ دوُجے بھائیا ॥

ترّے گُن پڑھِ ہرِ ایکُ ن جاٹہِ
بِنُ بُوجھے دُکھُ پاوٹیا ॥7॥

جا تِسُ بھاوے تا آپِ مِلائے ॥

گُر سبدی سہسا دوُکھُ چُکائے ॥

نانک ناوے کی سچی وڈیائی
نامو منّنِ سُکھُ پاوٹیا ॥8॥ 30 ॥ 31 ॥

ماجھ محلا 3 ॥

نِرگُنُ سرگُنُ آپے سوئی ॥

تتُ پچھاٹے سو پنڈِتُ ہوئی ॥

آپِ ترے سگلے کُل تارے
ہرِ نامُ منّنِ وساوٹیا ॥1॥

ہءُ واری جیِءُ واری
ہرِ رسُ چکھِ سادُ پاوٹیا ॥

ہرِ رسُ چاکھِ سے جن نِرمل
نِرمل نامُ دھیاوٹیا ॥1॥ رہاءُ ॥

ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥
ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥
ਨਾਮੁ ਪਦਾਰਥੁ ਨਉ ਨਿਧਿ ਪਾਏ
ਤ੍ਰੈ ਗੁਣ ਮੇਟਿ ਸਮਾਵਣਿਆ ॥੨॥

ਹਉਮੈ ਕਰੈ ਨਿਹਕਰਮੀ ਨ ਹੋਵੈ ॥
ਗੁਰ ਪਰਸਾਦੀ ਹਉਮੈ ਖੋਵੈ ॥
ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ
ਗੁਰ ਸਬਦੀ ਗੁਣ ਗਾਵਣਿਆ ॥੩॥

ਹਰਿ ਸਰੁ ਸਾਗਰੁ ਨਿਰਮਲੁ ਸੋਈ ॥
ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥
ਇਸਨਾਨੁ ਕਰਹਿ ਸਦਾ ਦਿਨੁ ਰਾਤੀ
ਹਉਮੈ ਮੈਲੁ ਚੁਕਾਵਣਿਆ ॥੪॥

ਨਿਰਮਲ ਹੰਸਾ ਪ੍ਰੇਮ ਪਿਆਰ ॥
ਹਰਿ ਸਰਿ ਵਸੈ ਹਉਮੈ ਮਾਰਿ ॥
ਅਹਿਨਿਸਿ ਪ੍ਰੀਤਿ ਸਬਦਿ ਸਾਚੈ
ਹਰਿ ਸਰਿ ਵਾਸਾ ਪਾਵਣਿਆ ॥੫॥

ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥
ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥
ਜੀਵਤੁ ਮਰੈ ਗੁਰ ਸਬਦੁ ਬੀਚਾਰੈ
ਹਉਮੈ ਮੈਲੁ ਚੁਕਾਵਣਿਆ ॥੬॥

ਰਤਨੁ ਪਦਾਰਥੁ ਘਰ ਤੇ ਪਾਇਆ ॥
ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਗੁਰ ਪਰਸਾਦਿ ਮਿਟਿਆ ਅੰਧਿਆਰਾ
ਘਟਿ ਚਾਨਣੁ ਆਪੁ ਪਛਾਣਿਆ ॥੭॥

سو نِہکرمی جو سبدُ بیچارے ॥
انترِ تتُ گیانِ ہئُے مارے ॥
نامُ پدارتھُ نءُ نِدھِ پائے
ترّے گُنؤ میٹِ سماوئیا ॥2॥

ہئُے کرے نِہکرمی ن ہووے ॥
گُر پرسادی ہئُے کھووے ॥
انترِ بِبیکُ سدا آپُ ویچارے
گُر سبدی گُنؤ گاوئیا ॥3॥

ہرِ سرُ ساگرُ نِرملُ سوئی ॥
سنّت چُگہِ نِت گُرمُکھِ ہوئی ॥
اِسنانُ کرہِ سدا دِنُ راتی
ہئُے میَلُ چُکاوئیا ॥4॥

نِرمل ہنّسا پّریم پِیار ॥
ہرِ سرِ وسے ہئُے مارِ ॥
اِہنِس پّریتِ سبدِ ساچے
ہرِ سرِ واسا پاوئیا ॥5॥

منمُکھُ سدا بگُ میَلا ہئُے مَلُ لائی ॥
اِسنانُ کرے پرُ میَلُ ن جائی ॥
جیوتُ مرے گُر سبدُ بیچارے
ہئُے میَلُ چُکاوئیا ॥6॥

رتنُ پدارتھُ گھر تے پائیا ॥
پُورے ستِگُرِ سبدُ سُنائیا ॥
گُر پرسادِ مِٹیا اندھیارا
گھٹِ چانؤُ آپُ پچھانئیا ॥7॥

ਆਪਿ ਉਪਾਏ ਤੈ ਆਪੇ ਵੇਖੈ ॥	آپِ اُپائے تے آپے ویکھے ॥
ਸਤਿਗੁਰੁ ਸੇਵੈ ਸੋ ਜਨੁ ਲੇਖੈ ॥	ستِگُرُ سیوے سو جنُ لیکھے ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰ ਕਿਰਪਾ ਤੇ ਪਾਵਣਿਆ ॥੮॥੩੧॥੩੨॥	نانک نامُ وسے گھٹ انترِ گُر کِرپا تے پاوٹیا ॥8॥ 31 ॥ 32 ॥
ਮਾਝ ਮਹਲਾ ੩ ॥	ماجھ محلا 3 ॥
ਮਾਇਆ ਮੋਹੁ ਜਗਤੁ ਸਬਾਇਆ ॥	مائیا موہُ جگتُ سبائیا ॥
ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥	ترّے گُن دِیسہِ موہے مائیا ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥੧॥	گُر پرسادی کو وِرلا بوُجھے چتھے پدِ لِو لاوٹیا ॥1॥
ਹਉ ਵਾਰੀ ਜੀਉ ਵਾਰੀ ਮਾਇਆ ਮੋਹੁ ਸਬਦਿ ਜਲਾਵਣਿਆ ॥	ہءُ واری جیِءُ واری مائیا موہُ سبدِ جلاوٹیا ॥
ਮਾਇਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ ਹਰਿ ਦਰਿ ਮਹਲੀ ਸੋਭਾ ਪਾਵਣਿਆ ॥੧॥ ਰਹਾਉ ॥	مائیا موہُ جلائے سو ہرِ سِءُ چِتُ لائے ہرِ درِ محلی سوبھا پاوٹیا ॥1॥ رہاءُ ॥
ਦੇਵੀ ਦੇਵਾ ਮੂਲੁ ਹੈ ਮਾਇਆ ॥	دیوی دیوا موُلُ ہے مائیا ॥
ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥	سِمّرِتِ ساست جِنّنِ اُپائیا ॥
ਕਾਮੁ ਕ੍ਰੋਧ ਪਸਰਿਆ ਸੰਸਾਰੇ ਆਏ ਜਾਇ ਦੁਖੁ ਪਾਵਣਿਆ ॥੨॥	کامُ کرودھ پسریا سنّسارے آئے جاءِ دُکھُ پاوٹیا ॥2॥
ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ ॥	تِسُ وِچِ گیان رتنُ اِکُ پائیا ॥
ਗੁਰ ਪਰਸਾਦੀ ਮੰਨਿ ਵਸਾਇਆ ॥	گُر پرسادی منّنِ وسائیا ॥
ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥੩॥	جتُ ستُ سنّجمُ سچُ کماوے گُرِ پوُرے نامُ دھیاوٹیا ॥3॥
ਪੇਈਅੜੈ ਧਨ ਭਰਮਿ ਭੁਲਾਣੀ ॥	پیئیڑے دھن بھرمِ بھُلانّی ॥
ਦੂਜੈ ਲਾਗੀ ਫਿਰਿ ਪਛੋਤਾਣੀ ॥	دوُجے لاگی پھِرِ پچھوتانّی ॥
ਹਲਤੁ ਪਲਤੁ ਦੋਵੈ ਗਵਾਏ	ہلتُ پلتُ دووے گوائے

ਸੁਪਨੈ ਸੁਖੁ ਨ ਪਾਵਣਿਆ ॥੪॥	سُپنے سُکھُ ن پاوٹیا ॥4॥
ਪੇਈਅੜੈ ਧਨ ਕੰਤੁ ਸਮਾਲੇ ॥	پیئیئڑے دھن کنتُ سمالے ॥
ਗੁਰ ਪਰਸਾਦੀ ਵੇਖੈ ਨਾਲੇ ॥	گُر پرسادی ویکھے نالے ॥
ਪਿਰ ਕੈ ਸਹਜਿ ਰਹੈ ਰੰਗਿ ਰਾਤੀ ਸਬਦਿ ਸਿੰਗਾਰੁ ਬਣਾਵਣਿਆ ॥੫॥	پِر کے سہجِ رہے رنگِ راتی سبدِ سِنگارُ بٹاوٹیا ॥5॥
ਸਫਲੁ ਜਨਮੁ ਜਿਨਾ ਸਤਿਗੁਰੁ ਪਾਇਆ ॥	سپھلُ جنمُ جِنا ستِگُرُ پائیا ॥
ਦੂਜਾ ਭਾਉ ਗੁਰ ਸਬਦਿ ਜਲਾਇਆ ॥	دوُجا بھاءُ گُر سبدِ جلائیا ॥
ਏਕੋ ਰਵਿ ਰਹਿਆ ਘਟ ਅੰਤਰਿ ਮਿਲਿ ਸਤਸੰਗਤਿ ਹਰਿ ਗੁਣ ਗਾਵਣਿਆ ॥੬॥	ایکو روِ رہیا گھٹ انترِ مِلِ ستسنگتِ ہرِ گُنٌ گاوٹیا ॥6॥
ਸਤਿਗੁਰੁ ਨ ਸੇਵੈ ਸੋ ਕਾਹੇ ਆਇਆ ॥	ستِگُرُ ن سیوے سو کاہے آئیا ॥
ਧ੍ਰਿਗੁ ਜੀਵਣੁ ਬਿਰਥਾ ਜਨਮੁ ਗਵਾਇਆ ॥	دھرِگُ جیونُ برتھا جنمُ گوائیا ॥
ਮਨਮੁਖਿ ਨਾਮੁ ਚਿਤਿ ਨ ਆਵੈ ਬਿਨੁ ਨਾਵੈ ਬਹੁ ਦੁਖੁ ਪਾਵਣਿਆ ॥੭॥	منمُکھِ نامُ چِتِ ن آوے بِنُ ناوے بہُ دُکھُ پاوٹیا ॥7॥
ਜਿਨਿ ਸਿਸਟਿ ਸਾਜੀ ਸੋਈ ਜਾਣੈ ॥	جِنِ سِسٹِ ساجی سوئی جانے ॥
ਆਪੇ ਮੇਲੈ ਸਬਦਿ ਪਛਾਣੈ ॥	آپے میلے سبدِ پچھانے ॥
ਨਾਨਕ ਨਾਮੁ ਮਿਲਿਆ ਤਿਨ ਜਨ ਕਉ ਜਿਨ ਧੁਰਿ ਮਸਤਕਿ ਲੇਖੁ ਲਿਖਾਵਣਿਆ ॥੮॥੧॥੩੨॥੩੩॥	نانک نامُ ملیا تِن جن کءُ جِن دھُرِ مستکِ لیکھُ لِکھاوٹیا ॥8॥1॥ 32 ॥ 33 ॥
ਮਾਝ ਮਹਲਾ ੪ ॥	ماجھ محلا 4 ॥
ਆਦਿ ਪੁਰਖੁ ਅਪਰੰਪਰੁ ਆਪੇ ॥	آدِ پُرکھُ اپرنپرُ آپے ॥
ਆਪੇ ਥਾਪੇ ਥਾਪਿ ਉਥਾਪੇ ॥	آپے تھاپے تھاپِ اُتھاپے ॥
ਸਭ ਮਹਿ ਵਰਤੈ ਏਕੋ ਸੋਈ ਗੁਰਮੁਖਿ ਸੋਭਾ ਪਾਵਣਿਆ ॥੧॥	سبھ مہِ ورتے ایکو سوئی گُرمُکھِ سوبھا پاوٹیا ॥1॥
ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ ॥	ہءُ واری جیءُ واری نِرنکاری نامُ دھیاوٹیا ॥

ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ
ਗੁਰਮੁਖਿ ਅਲਖੁ ਲਖਾਵਣਿਆ ॥੧॥ ਰਹਾਉ ॥

تِس روُپُ ن ریکھیا گھٹِ گھٹِ دیکھیا
گُرمُکھِ الکھُ لکھاوٹیا ॥1॥ رہاءُ ॥

ਤੂ ਦਇਆਲੁ ਕਿਰਪਾਲੁ ਪ੍ਰਭੁ ਸੋਈ ॥

توُ دیَیالُ کِرپالُ پربھُ سوئی ॥

ਤੁਧੁ ਬਿਨੁ ਦੂਜਾ ਅਵਰੁ ਨ ਕੋਈ ॥

تُدھُ بِنُ دوُجا اورُ ن کوئی ॥

ਗੁਰੁ ਪਰਸਾਦੁ ਕਰੇ ਨਾਮੁ ਦੇਵੈ
ਨਾਮੇ ਨਾਮਿ ਸਮਾਵਣਿਆ ॥੨॥

گُرُ پرسادُ کرے نامُ دیوے
نامے نامِ سماوٹیا ॥2॥

ਤੂੰ ਆਪੇ ਸਚਾ ਸਿਰਜਣਹਾਰਾ ॥

توُنّ آپے سچا سِرجنّہارا ॥

ਭਗਤੀ ਭਰੇ ਤੇਰੇ ਭੰਡਾਰਾ ॥

بھگتی بھرے تیرے بھنڈارا ॥

ਗੁਰਮੁਖਿ ਨਾਮੁ ਮਿਲੈ ਮਨੁ ਭੀਜੈ
ਸਹਜਿ ਸਮਾਧਿ ਲਗਾਵਣਿਆ ॥੩॥

گُرمُکھِ نامُ مِلے مَنُ بھیجے
سہجِ سمادھِ لگاوٹیا ॥3॥

ਅਨਦਿਨੁ ਗੁਣ ਗਾਵਾ ਪ੍ਰਭ ਤੇਰੇ ॥

اندِنُ گُنّ گاوا پربھ تیرے ॥

ਤੁਧੁ ਸਾਲਾਹੀ ਪ੍ਰੀਤਮ ਮੇਰੇ ॥

تُدھُ سالاحی پریتم میرے ۔ ॥

ਤੁਧੁ ਬਿਨੁ ਅਵਰੁ ਨ ਕੋਈ ਜਾਚਾ
ਗੁਰ ਪਰਸਾਦੀ ਤੂੰ ਪਾਵਣਿਆ ॥੪॥

تُدھُ بِنُ اورُ ن کوئی جاچا
گُر پرسادی توُنّ پاوٹیا ॥4॥

ਅਗਮੁ ਅਗੋਚਰੁ ਮਿਤਿ ਨਹੀ ਪਾਈ ॥

اگمُ اگوچرُ مِتِ نہی پائی ॥

ਅਪਣੀ ਕ੍ਰਿਪਾ ਕਰਹਿ ਤੂੰ ਲੈਹਿ ਮਿਲਾਈ ॥

اپنّی کِرپا کرہِ توُنّ لیَہِ مِلائی ॥

ਪੂਰੇ ਗੁਰ ਕੈ ਸਬਦਿ ਧਿਆਈਐ
ਸਬਦੁ ਸੇਵਿ ਸੁਖੁ ਪਾਵਣਿਆ ॥੫॥

پوُرے گُر کے سبدِ دھیائیے
سبدُ سیوِ سُکھُ پاوٹیا ॥5॥

ਰਸਨਾ ਗੁਣਵੰਤੀ ਗੁਣ ਗਾਵੈ ॥

رسنا گُنوَنتی گُنّ گاوے ॥

ਨਾਮੁ ਸਲਾਹੇ ਸਚੇ ਭਾਵੈ ॥

نامُ سلاہے سچے بھاوے ॥

ਗੁਰਮੁਖਿ ਸਦਾ ਰਹੈ ਰੰਗਿ ਰਾਤੀ
ਮਿਲਿ ਸਚੇ ਸੋਭਾ ਪਾਵਣਿਆ ॥੬॥

گُرمُکھِ سدا رہے رنگِ راتی
مِلِ سچے سوبھا پاوٹیا ॥6॥

ਮਨਮੁਖੁ ਕਰਮ ਕਰੇ ਅਹੰਕਾਰੀ ॥

منمُکھُ کرم کرے اہنکاری ॥

ਜੂਐ ਜਨਮੁ ਸਭ ਬਾਜੀ ਹਾਰੀ ॥

جوُئے جنمُ سبھ بازی ہاری ॥

ਅੰਤਰਿ ਲੋਭੁ ਮਹਾ ਗੁਬਾਰਾ
ਫਿਰਿ ਫਿਰਿ ਆਵਣ ਜਾਵਣਿਆ ॥੭॥

ਆਪੇ ਕਰਤਾ ਦੇ ਵਡਿਆਈ ॥

ਜਿਨ ਕਉ ਆਪਿ ਲਿਖਤੁ ਧੁਰਿ ਪਾਈ ॥

ਨਾਨਕ ਨਾਮੁ ਮਿਲੈ ਭਉ ਭੰਜਨੁ
ਗੁਰ ਸਬਦੀ ਸੁਖੁ ਪਾਵਣਿਆ ॥੮॥੧॥੩੪॥

ਮਾਝ ਮਹਲਾ ੫ ਘਰੁ ੧ ॥

ਅੰਤਰਿ ਅਲਖੁ ਨ ਜਾਈ ਲਖਿਆ ॥

ਨਾਮੁ ਰਤਨੁ ਲੈ ਗੁਝਾ ਰਖਿਆ ॥

ਅਗਮੁ ਅਗੋਚਰੁ ਸਭ ਤੇ ਊਚਾ
ਗੁਰ ਕੈ ਸਬਦਿ ਲਖਾਵਣਿਆ ॥੧॥

ਹਉ ਵਾਰੀ ਜੀਉ ਵਾਰੀ
ਕਲਿ ਮਹਿ ਨਾਮੁ ਸੁਣਾਵਣਿਆ ॥

ਸੰਤ ਪਿਆਰੇ ਸਚੈ ਧਾਰੇ
ਵਡਭਾਗੀ ਦਰਸਨੁ ਪਾਵਣਿਆ ॥੧॥ ਰਹਾਉ ॥

ਸਾਧਿਕ ਸਿਧ ਜਿਸੈ ਕਉ ਫਿਰਦੇ ॥

ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ ॥

ਕੋਟਿ ਤੇਤੀਸਾ ਖੋਜਹਿ ਤਾ ਕਉ
ਗੁਰ ਮਿਲਿ ਹਿਰਦੈ ਗਾਵਣਿਆ ॥੨॥

ਆਠ ਪਹਰ ਤੁਧੁ ਜਾਪੇ ਪਵਨਾ ॥

ਧਰਤੀ ਸੇਵਕ ਪਾਇਕ ਚਰਨਾ ॥

ਖਾਣੀ ਬਾਣੀ ਸਰਬ ਨਿਵਾਸੀ
ਸਭਨਾ ਕੈ ਮਨਿ ਭਾਵਣਿਆ ॥੩॥

ਸਾਚਾ ਸਾਹਿਬੁ ਗੁਰਮੁਖਿ ਜਾਪੈ ॥

اَنتَرِ لوبھُ مہا غُبارا
پھِرِ پھِرِ آوٹ جاوٹیا ॥7॥

آپے کرتا دے وڈِیائی ॥

جِن ک ءُ آپِ لِکھتُ دھُرِ پائی ॥

نانک نامُ مِلے َ بھ ءُ بھنّجنُ
گُر سبدی سُکھُ پاوٹیا ॥8॥1॥ 34 ॥

ماجھ محلا 5 گھرُ 1 ॥

اَنتَرِ الکھُ ن جائی لکھِیا ॥

نامُ رتنُ لے گُجھا رکھِیا ॥

اگمُ اگوچرُ سبھ تے اوُچا
گُر کے َ سبدِ لکھاوٹیا ॥1॥

ہ ءُ واری جِ ءُ واری
کلِ مہِ نامُ سُٹاوٹیا ॥

سنّت پِیارے سچے َ دھارے
وڈبھاگی درسنُ پاوٹیا ॥1॥ رہا ءُ ॥

سادھِک سِدھ جِسے َ ک ءُ پھِردے ॥

بّرہمے اِندّر دھِیائِنِ ہِردے ॥

کوٹِ تیتِیسا کھوجہِ تا ک ءُ
گُر مِلِ ہِردے َ گاوٹیا ॥2॥

آٹھ پہر تُدھُ جاپے پونا ॥

دھرتی سیوک پائِک چرنا ॥

کھانٹی بانٹی سرب نِواسی
سبھنا کے َ منِ بھاوٹیا ॥3॥

ساچا صاحِبُ گُرمُکھِ جاپے ॥

ਪੂਰੇ ਗੁਰ ਕੇ ਸਬਦਿ ਸਿਞਾਪੈ ॥
پُورے گُر کے سبدِ سِجاپے ॥

ਜਿਨ ਪੀਆ ਸੇਈ ਤ੍ਰਿਪਤਾਸੇ
ਸਚੇ ਸਚਿ ਅਘਾਵਣਿਆ ॥੪॥
جِن پِیا سیئی ترِپتاسے
سچے سچِ اگھاوٹیا ॥4॥

ਤਿਸੁ ਘਰਿ ਸਹਜਾ ਸੋਈ ਸੁਹੇਲਾ ॥
ਅਨਦ ਬਿਨੋਦ ਕਰੇ ਸਦ ਕੇਲਾ ॥
تِس گھرِ سہجا سوئی سُہیلا ॥
اند بِنود کرے سد کیلا ॥

ਸੋ ਧਨਵੰਤਾ ਸੋ ਵਡ ਸਾਹਾ
ਜੋ ਗੁਰ ਚਰਣੀ ਮਨੁ ਲਾਵਣਿਆ ॥੫॥
سو دھنونتا سو وڈ ساہا
جو گُر چرنٹی منُ لاوٹیا ॥5॥

ਪਹਿਲੋ ਦੇ ਤੈਂ ਰਿਜਕੁ ਸਮਾਹਾ ॥
ਪਿਛੋ ਦੇ ਤੈਂ ਜੰਤੁ ਉਪਾਹਾ ॥
پہِلو دے تیَں رِزقُ سماہا ॥
پِچھو دے تیَں جنّتُ اُپاہا ॥

ਤੁਧੁ ਜੇਵਡੁ ਦਾਤਾ ਅਵਰੁ ਨ ਸੁਆਮੀ
ਲਵੈ ਨ ਕੋਈ ਲਾਵਣਿਆ ॥੬॥
تُدھُ جیوڈُ داتا اورُ ن سُیامی
لوے ن کوئی لاوٹیا ॥6॥

ਜਿਸੁ ਤੂੰ ਤੁਠਾ ਸੋ ਤੁਧੁ ਧਿਆਏ ॥
ਸਾਧ ਜਨਾ ਕਾ ਮੰਤ੍ਰੁ ਕਮਾਏ ॥
جِسُ توُنّ ٹُٹھا سو تُدھُ دھیائے ॥
سادھ جنا کا منّترُ کمائے ॥

ਆਪਿ ਤਰੈ ਸਗਲੇ ਕੁਲ ਤਾਰੇ
ਤਿਸੁ ਦਰਗਹ ਠਾਕ ਨ ਪਾਵਣਿਆ ॥੭॥
آپِ ترے سگلے کُل تارے
تِس درگہ ٹھاک ن پاوٹیا ॥7॥

ਤੂੰ ਵਡਾ ਤੂੰ ਊਚੋ ਊਚਾ ॥
ਤੂੰ ਬੇਅੰਤੁ ਅਤਿ ਮੂਚੋ ਮੂਚਾ ॥
توُنّ وڈا توُنّ اوُچو اوُچا ॥
توُنّ بیئنّتُ اتِ موُچو موُچا ॥

ਹਉ ਕੁਰਬਾਣੀ ਤੇਰੈ ਵੰਞਾ
ਨਾਨਕ ਦਾਸ ਦਸਾਵਣਿਆ ॥੮॥੧॥੩੫॥
ہءُ قُربانٹی تیرے ونّجا
نانک داس دساوٹیا ॥8॥1॥ 35 ॥

ਮਾਝ ਮਹਲਾ ੫ ॥
ماجھ محلا 5 ॥

ਕਉਣੁ ਸੁ ਮੁਕਤਾ ਕਉਣੁ ਸੁ ਜੁਗਤਾ ॥
کئُنُ سُ مُکتا کئُنُ سُ جُگتا ۔ ॥

ਕਉਣੁ ਸੁ ਗਿਆਨੀ ਕਉਣੁ ਸੁ ਬਕਤਾ ॥
کئُنُ سُ گیانی کئُنُ سُ بکتا ۔ ॥

ਕਉਣੁ ਸੁ ਗਿਰਹੀ ਕਉਣੁ ਉਦਾਸੀ
ਕਉਣੁ ਸੁ ਕੀਮਤਿ ਪਾਏ ਜੀਉ ॥੧॥
کئُنُ سُ گرہی کئُنُ اُداسی
کئُنُ سُ قِیمتِ پائے جیِءُ ۔ ॥1॥

ਕਿਨਿ ਬਿਧਿ ਬਾਧਾ ਕਿਨਿ ਬਿਧਿ ਛੁਟਾ ॥
کِنِ بِدھِ بادھا کِنِ بِدھِ چھُٹا ۔ ॥

ਕਿਨਿ ਬਿਧਿ ਆਵਣੁ ਜਾਵਣੁ ਤੂਟਾ ॥
کِنِ بِدھِ آونُ جاونُ توٹا ॥

ਕਉਣ ਕਰਮ ਕਉਣ ਨਿਹਕਰਮਾ
ਕਉਣੁ ਸੁ ਕਹੈ ਕਹਾਏ ਜੀਉ ॥੨॥
کئُنُ کرم کئُنُ نِہکرما
کئُنُ سُ کہے کہائے جیِءُ ۔ ॥2॥

ਕਉਣੁ ਸੁ ਸੁਖੀਆ ਕਉਣੁ ਸੁ ਦੁਖੀਆ ॥
کئُنُ سُ سُکھیا کئُنُ سُ دُکھیا ۔ ॥

ਕਉਣੁ ਸੁ ਸਨਮੁਖੁ ਕਉਣੁ ਵੇਮੁਖੀਆ ॥
کئُنُ سُ سنمُکھُ کئُنُ ویمُکھیا ۔ ॥

ਕਿਨਿ ਬਿਧਿ ਮਿਲੀਐ ਕਿਨਿ ਬਿਧਿ ਬਿਛੁਰੈ
ਇਹ ਬਿਧਿ ਕਉਣੁ ਪ੍ਰਗਟਾਏ ਜੀਉ ॥੩॥
کِنِ بِدھِ مِلیئے کِنِ بِدھِ بچھُرے
اِہ بِدھِ کئُنُ پرگٹائے جیِءُ ۔ ॥3॥

ਕਉਣੁ ਸੁ ਅਖਰੁ ਜਿਤੁ ਧਾਵਤੁ ਰਹਤਾ ॥
کئُنُ سُ اکھرُ جِتُ دھاوتُ رہتا ॥

ਕਉਣੁ ਉਪਦੇਸੁ ਜਿਤੁ ਦੁਖੁ ਸੁਖੁ ਸਮ ਸਹਤਾ ॥
کئُنُ اُپدیسُ جِتُ دُکھُ سُکھُ سم سہتا ॥

ਕਉਣੁ ਸੁ ਚਾਲ ਜਿਤੁ ਪਾਰਬ੍ਰਹਮੁ ਧਿਆਏ
ਕਿਨਿ ਬਿਧਿ ਕੀਰਤਨੁ ਗਾਏ ਜੀਉ ॥੪॥
کئُنُ سُ چال جِتُ پاربرہمُ دھیائے
کِنِ بِدھِ کیرتنُ گائے جیِءُ ۔ ॥4॥

ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ ॥
گُرمُکھِ مُکتا گُرمُکھِ جُگتا ॥

ਗੁਰਮੁਖਿ ਗਿਆਨੀ ਗੁਰਮੁਖਿ ਬਕਤਾ ॥
گُرمُکھِ گیانی گُرمُکھِ بکتا ॥

ਧੰਨੁ ਗਿਰਹੀ ਉਦਾਸੀ ਗੁਰਮੁਖਿ
ਗੁਰਮੁਖਿ ਕੀਮਤਿ ਪਾਏ ਜੀਉ ॥੫॥
دھنّنُ گِرہی اُداسی گُرمُکھِ
گُرمُکھِ قیمتِ پائے جیِءُ ॥5॥

ਹਉਮੈ ਬਾਧਾ ਗੁਰਮੁਖਿ ਛੂਟਾ ॥
ہئُمےَ بادھا گُرمُکھِ چھوٹا ॥

ਗੁਰਮੁਖਿ ਆਵਣੁ ਜਾਵਣੁ ਤੂਟਾ ॥
گُرمُکھِ آونُ جاونُ توٹا ॥

ਗੁਰਮੁਖਿ ਕਰਮ ਗੁਰਮੁਖਿ ਨਿਹਕਰਮਾ
ਗੁਰਮੁਖਿ ਕਰੇ ਸੁ ਸੁਭਾਏ ਜੀਉ ॥੬॥
گُرمُکھِ کرم گُرمُکھِ نِہکرما
گُرمُکھِ کرے سُ سُبھائے جیِءُ ॥6॥

ਗੁਰਮੁਖਿ ਸੁਖੀਆ ਮਨਮੁਖਿ ਦੁਖੀਆ ॥
گُرمُکھِ سُکھیا منمُکھِ دُکھیا ॥

ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ ॥
گُرمُکھِ سنمُکھُ منمُکھِ ویمُکھیا ॥

ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ
ਗੁਰਮੁਖਿ ਬਿਧਿ ਪ੍ਰਗਟਾਏ ਜੀਉ ॥੭॥
گُرمُکھِ مِلیئے منمُکھِ وِچھُرے
گُرمُکھِ بِدھِ پرگٹائے جیِءُ ॥7॥

ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ ॥
گُرمُکھِ اکھرُ جِتُ دھاوتُ رہتا ॥

ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ ॥
گُرمُکھِ اُپدیسُ دُکھُ سُکھُ سم سہتا ॥

ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ
ਗੁਰਮੁਖਿ ਕੀਰਤਨੁ ਗਾਏ ਜੀਉ ॥੮॥
گُرمُکھِ چال جِتُ پاربّرہمُ دھیائے
گُرمُکھِ کیرتنُ گائے جیءُ ॥8॥

ਸਗਲੀ ਬਣਤ ਬਣਾਈ ਆਪੇ ॥
سگلی بنّت بنائی آپے ॥

ਆਪੇ ਕਰੇ ਕਰਾਏ ਥਾਪੇ ॥
آپے کرے کرائے تھاپے ॥

ਇਕਸੁ ਤੇ ਹੋਇਓ ਅਨੰਤਾ
ਨਾਨਕ ਏਕਸੁ ਮਾਹਿ ਸਮਾਏ ਜੀਉ ॥੯॥੨॥੩੬॥
اِکسُ تے ہوئیو اننّتا
نانک ایکسُ ماہِ سمائے جیءُ ॥9॥2॥ 36 ॥

ਮਾਝ ਮਹਲਾ ੫ ॥
ماجھ محلا 5 ॥

ਪ੍ਰਭੁ ਅਬਿਨਾਸੀ ਤਾ ਕਿਆ ਕਾੜਾ ॥
پربھُ اِبناسی تا کیا کاڑا ۔ ॥

ਹਰਿ ਭਗਵੰਤਾ ਤਾ ਜਨੁ ਖਰਾ ਸੁਖਾਲਾ ॥
ہرِ بھگونّتا تا جنُ کھرا سُکھالا ॥

ਜੀਅ ਪ੍ਰਾਨ ਮਾਨ ਸੁਖਦਾਤਾ
ਤੂੰ ਕਰਹਿ ਸੋਈ ਸੁਖੁ ਪਾਵਣਿਆ ॥੧॥
جیء پّران مان سُکھداتا
توُنّ کرہِ سوئی سُکھُ پاوٹیا ॥1॥

ਹਉ ਵਾਰੀ ਜੀਉ ਵਾਰੀ
ਗੁਰਮੁਖਿ ਮਨਿ ਤਨਿ ਭਾਵਣਿਆ ॥
ہءُ واری جیءُ واری
گُرمُکھِ منِ تنِ بھاوٹیا ॥

ਤੂੰ ਮੇਰਾ ਪਰਬਤੁ ਤੂੰ ਮੇਰਾ ਓਲਾ
ਤੁਮ ਸੰਗਿ ਲਵੈ ਨ ਲਾਵਣਿਆ ॥੧॥ ਰਹਾਉ ॥
توُنّ میرا پربتُ توُنّ میرا اولا
تُم سنگِ لوے ن لاوٹیا ॥1॥ رہاءُ ॥

ਤੇਰਾ ਕੀਤਾ ਜਿਸੁ ਲਾਗੈ ਮੀਠਾ ॥
تیرا کیتا جِسُ لاگے میٹھا ॥

ਘਟਿ ਘਟਿ ਪਾਰਬ੍ਰਹਮੁ ਤਿਨਿ ਜਨਿ ਡੀਠਾ ॥
گھٹِ گھٹِ پاربّرہمُ تِنِ جنِ ڈیٹھا ॥

ਥਾਨਿ ਥਨੰਤਰਿ ਤੂੰਹੈ ਤੂੰਹੈ
ਇਕੋ ਇਕੁ ਵਰਤਾਵਣਿਆ ॥੨॥
تھانِ تھننّترِ توُنّہے توُنّہے
اِکو اِکُ ورتاوٹیا ॥2॥

ਸਗਲ ਮਨੋਰਥ ਤੂੰ ਦੇਵਣਹਾਰਾ ॥
سگل منورتھ توُنّ دیوٹہارا ॥

ਭਗਤੀ ਭਾਇ ਭਰੇ ਭੰਡਾਰਾ ॥
بھگتی بھاءِ بھرے بھنڈارا ॥

ਦਇਆ ਧਾਰਿ ਰਾਖੇ ਤੁਧੁ ਸੇਈ
دیَیا دھارِ راکھے تُدھُ سیئی

ਪੂਰੈ ਕਰਮਿ ਸਮਾਵਣਿਆ ॥੩॥

پُورے کرمِ سماوٹیا ॥3॥

ਅੰਧ ਕੂਪ ਤੇ ਕੰਢੈ ਚਾੜੇ ॥

انّدھ کُوپ تے کنڈھے چاڑے ॥

ਕਰਿ ਕਿਰਪਾ ਦਾਸ ਨਦਰਿ ਨਿਹਾਲੇ ॥

کرِ کرپا داس ندرِ نہالے ॥

ਗੁਣ ਗਾਵਹਿ ਪੂਰਨ ਅਬਿਨਾਸੀ
ਕਹਿ ਸੁਣਿ ਤੋਟਿ ਨ ਆਵਣਿਆ ॥੪॥

گُن گاوہِ پُورن اِبناسی
کہِ سُنِ توٹِ ن آوٹیا ॥4॥

ਐਥੈ ਓਥੈ ਤੂੰਹੈ ਰਖਵਾਲਾ ॥

ایتھے اوتھے توُنہے رکھوالا ॥

ਮਾਤ ਗਰਭ ਮਹਿ ਤੁਮ ਹੀ ਪਾਲਾ ॥

مات گربھ مہِ تُم ہی پالا ॥

ਮਾਇਆ ਅਗਨਿ ਨ ਪੋਹੈ ਤਿਨ ਕਉ
ਰੰਗਿ ਰਤੇ ਗੁਣ ਗਾਵਣਿਆ ॥੫॥

مائیا اگنِ ن پوہے تِن کءُ
رنگِ رتے گُن گاوٹیا ॥5॥

ਕਿਆ ਗੁਣ ਤੇਰੇ ਆਖਿ ਸਮਾਲੀ ॥

کِیا گُن تیرے آکھِ سمالی ۔ ॥

ਮਨ ਤਨ ਅੰਤਰਿ ਤੁਧੁ ਨਦਰਿ ਨਿਹਾਲੀ ॥

من تن انترِ تُدھُ ندرِ نہالی ॥

ਤੂੰ ਮੇਰਾ ਮੀਤੁ ਸਾਜਨੁ ਮੇਰਾ ਸੁਆਮੀ
ਤੁਧੁ ਬਿਨੁ ਅਵਰੁ ਨ ਜਾਨਣਿਆ ॥੬॥

توُنّ میرا میِتُ ساجنُ میرا سُیامی
تُدھُ بِنُ اورُ ن جانٹیا ॥6॥

ਜਿਸ ਕਉ ਤੂੰ ਪ੍ਰਭ ਭਇਆ ਸਹਾਈ ॥

جِس کءُ توُنّ پربھ بھئیا سہائی ॥

ਤਿਸੁ ਤਤੀ ਵਾਉ ਨ ਲਗੈ ਕਾਈ ॥

تِس تتی واءُ ن لگے کائی ॥

ਤੂ ਸਾਹਿਬੁ ਸਰਣਿ ਸੁਖਦਾਤਾ
ਸਤਸੰਗਤਿ ਜਪਿ ਪ੍ਰਗਟਾਵਣਿਆ ॥੭॥

توُ صاحِبُ سرنِ سُکھداتا
ستسنگتِ جپِ پرگٹاوٹیا ॥7॥

ਤੂੰ ਊਚ ਅਥਾਹੁ ਅਪਾਰੁ ਅਮੋਲਾ ॥

توُنّ اوُچ اتھاہُ اپارُ امولا ॥

ਤੂੰ ਸਾਚਾ ਸਾਹਿਬੁ ਦਾਸੁ ਤੇਰਾ ਗੋਲਾ ॥

توُنّ ساچا صاحِبُ داسُ تیرا گولا ॥

ਤੂੰ ਮੀਰਾ ਸਾਚੀ ਠਕੁਰਾਈ
ਨਾਨਕ ਬਲਿ ਬਲਿ ਜਾਵਣਿਆ ॥੮॥੩॥੩੭॥

توُنّ میرا ساچی ٹھکُرائی
نانک بلِ بلِ جاوٹیا ॥8॥3॥ 37 ॥

ਮਾਝ ਮਹਲਾ ੫ ਘਰੁ ੨ ॥

ماجھ محلا 5 گھرُ 2 ॥

ਨਿਤ ਨਿਤ ਦਯੁ ਸਮਾਲੀਐ ॥

نِت نِت دیُ سمالیئے ॥

ਮੂਲਿ ਨ ਮਨਹੁ ਵਿਸਾਰੀਐ ॥ ਰਹਾਉ ॥
مؤلِ ن منہُ وِساریۓ ॥ رہاءُ ॥

ਸੰਤਾ ਸੰਗਤਿ ਪਾਈਐ ॥
سنّتا سنگتِ پائیۓ ॥

ਜਿਤੁ ਜਮ ਕੈ ਪੰਥਿ ਨ ਜਾਈਐ ॥
جِتُ جم کے پنّتھِ ن جائیۓ ॥

ਤੋਸਾ ਹਰਿ ਕਾ ਨਾਮੁ ਲੈ
ਤੇਰੇ ਕੁਲਹਿ ਨ ਲਾਗੈ ਗਾਲਿ ਜੀਉ ॥੧॥
توشا ہرِ کا نامُ لے
تیرے کُلہِ ن لاگے گالِ جیءُ ॥1॥

ਜੋ ਸਿਮਰੰਦੇ ਸਾਂਈਐ ॥
جو سِمرندے سانئیۓ ॥

ਨਰਕਿ ਨ ਸੇਈ ਪਾਈਐ ॥
نرکِ ن سیئی پائیۓ ॥

ਤਤੀ ਵਾਉ ਨ ਲਗਈ
ਜਿਨ ਮਨਿ ਵੁਠਾ ਆਇ ਜੀਉ ॥੨॥
تتی واءُ ن لگئی
جِن منِ وُٹھا آءِ جیءُ ॥2॥

ਸੇਈ ਸੁੰਦਰ ਸੋਹਣੇ ॥
سیئی سُندر سوہنّے ॥

ਸਾਧਸੰਗਿ ਜਿਨ ਬੈਹਣੇ ॥
سادھسنگِ جِن بیہنّے ॥

ਹਰਿ ਧਨੁ ਜਿਨੀ ਸੰਜਿਆ
ਸੇਈ ਗੰਭੀਰ ਅਪਾਰ ਜੀਉ ॥੩॥
ہرِ دھنُ جِنی سنجّیا
سیئی گنبھیر اپار جیءُ ॥3॥

ਹਰਿ ਅਮਿਉ ਰਸਾਇਣੁ ਪੀਵੀਐ ॥
ہرِ امِءُ رسائنُ پیویۓ ॥

ਮੁਹਿ ਡਿਠੈ ਜਨ ਕੈ ਜੀਵੀਐ ॥
مُہِ ڈِٹھے جن کے جیویۓ ॥

ਕਾਰਜ ਸਭਿ ਸਵਾਰਿ ਲੈ
ਨਿਤ ਪੂਜਹੁ ਗੁਰ ਕੇ ਪਾਵ ਜੀਉ ॥੪॥
کارج سبھِ سوارِ لے
نِت پوُجہُ گُر کے پاو جیءُ ॥4॥

ਜੋ ਹਰਿ ਕੀਤਾ ਆਪਣਾ ॥
جو ہرِ کیتا آپنّا ॥

ਤਿਨਹਿ ਗੁਸਾਈ ਜਾਪਣਾ ॥
تِنہِ گُسائی جاپنّا ॥

ਸੋ ਸੂਰਾ ਪਰਧਾਨੁ ਸੋ
ਮਸਤਕਿ ਜਿਸ ਦੈ ਭਾਗੁ ਜੀਉ ॥੫॥
سو سوُرا پردھانُ سو
مستکِ جِس دے بھاگُ جیءُ ॥5॥

ਮਨ ਮੰਧੇ ਪ੍ਰਭੁ ਅਵਗਾਹੀਆ ॥
من منّدھے پربھُ اوگاہیا ॥

ਏਹਿ ਰਸ ਭੋਗਣ ਪਾਤਿਸਾਹੀਆ ॥
ایہِ رس بھوگنُ پاتِشاہیا ॥

ਮੰਦਾ ਮੂਲਿ ਨ ਉਪਜਿਓ
منّدا مؤلِ ن اُپجِئو

ਤਰੇ ਸਚੀ ਕਾਰੈ ਲਾਗਿ ਜੀਉ ॥੬॥	ترے سچی کارے لاگِ جیءُ ॥6॥
ਕਰਤਾ ਮੰਨਿ ਵਸਾਇਆ ॥	کرتا منّنِ وسائیا ॥
ਜਨਮੈ ਕਾ ਫਲੁ ਪਾਇਆ ॥	جنمے کا پھلُ پائیا ॥
ਮਨਿ ਭਾਵੰਦਾ ਕੰਤੁ ਹਰਿ ਤੇਰਾ ਥਿਰੁ ਹੋਆ ਸੋਹਾਗੁ ਜੀਉ ॥੭॥	منِ بھاونّدا کنّتُ ہرِ تیرا تھِرُ ہویا سوہاگُ جیءُ ॥7॥
ਅਟਲ ਪਦਾਰਥੁ ਪਾਇਆ ॥	اٹل پدارتھُ پائیا ॥
ਭੈ ਭੰਜਨ ਕੀ ਸਰਣਾਇਆ ॥	بھے بھنّجن کی سرٹائیا ॥
ਲਾਇ ਅੰਚਲਿ ਨਾਨਕ ਤਾਰਿਅਨੁ ਜਿਤਾ ਜਨਮੁ ਅਪਾਰ ਜੀਉ ॥੮॥੪॥੩੮॥	لاءِ انچّلِ نانک تارِئنُ جِتا جنمُ اپار جیءُ ॥8॥4॥ 38 ॥
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਮਾਝ ਮਹਲਾ ੫ ਘਰੁ ੩ ॥	ماجھ محلا 5 گھرُ 3 ॥
ਹਰਿ ਜਪਿ ਜਪੇ ਮਨੁ ਧੀਰੇ ॥੧॥ ਰਹਾਉ ॥	ہرِ جپِ جپے منُ دھیرے ॥1॥ رہاءُ ॥
ਸਿਮਰਿ ਸਿਮਰਿ ਗੁਰਦੇਉ ਮਿਟਿ ਗਏ ਭੈ ਦੂਰੇ ॥੧॥	سِمرِ سِمرِ گُردیءُ مِٹِ گئے بھے دوُرے ॥1॥
ਸਰਨਿ ਆਵੈ ਪਾਰਬ੍ਰਹਮ ਕੀ ਤਾ ਫਿਰਿ ਕਾਹੇ ਝੂਰੇ ॥੨॥	سرنِ آوے پاربرّہم کی تا پھِرِ کاہے جھوُرے ۔ ॥2॥
ਚਰਨ ਸੇਵ ਸੰਤ ਸਾਧ ਕੇ ਸਗਲ ਮਨੋਰਥ ਪੂਰੇ ॥੩॥	چرن سیو سنّت سادھ کے سگل منورتھ پوُرے ॥3॥
ਘਟਿ ਘਟਿ ਏਕੁ ਵਰਤਦਾ ਜਲਿ ਥਲਿ ਮਹੀਅਲਿ ਪੂਰੇ ॥੪॥	گھٹِ گھٹِ ایکُ ورتدا جلِ تھلِ مہیئلِ پوُرے ॥4॥
ਪਾਪ ਬਿਨਾਸਨੁ ਸੇਵਿਆ ਪਵਿਤ੍ਰ ਸੰਤਨ ਕੀ ਧੂਰੇ ॥੫॥	پاپ بِناسنُ سیویا پوِتّر سنّتن کی دھوُرے ॥5॥
ਸਭ ਛਡਾਈ ਖਸਮਿ ਆਪਿ ਹਰਿ ਜਪਿ ਭਈ ਠਰੂਰੇ ॥੬॥	سبھ چھڈائی خصمِ آپِ ہرِ جپِ بھئی ٹھروُرے ॥6॥
ਕਰਤੈ ਕੀਆ ਤਪਾਵਸੋ ਦੁਸਟ ਮੁਏ ਹੋਇ ਮੂਰੇ ॥੭॥	کرتے کیِیا تپاوسو دُسٹ مُئے ہوءِ موُرے ॥7॥
ਨਾਨਕ ਰਤਾ ਸਚਿ ਨਾਇ	نانک رتا سچِ ناءِ

ਹਰਿ ਵੇਖੈ ਸਦਾ ਹਜੂਰੇ ॥੮॥੫॥੩੯॥੧॥੩੨॥੧॥੫॥੩੯॥

ہرِ ویکھے سدا حضُورے ॥8॥5॥39॥1॥32॥1॥5॥39॥

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

بارہ ماہا مانجھ محلا 5 گھرُ 4

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਕਿਰਤਿ ਕਰਮ ਕੇ ਵੀਛੁੜੇ
ਕਰਿ ਕਿਰਪਾ ਮੇਲਹੁ ਰਾਮ ॥

کِرتِ کرم کے ویچھُڑے
کرِ کِرپا میلہُ رام ۔ ॥

ਚਾਰਿ ਕੁੰਟ ਦਹ ਦਿਸ ਭ੍ਰਮੇ
ਥਕਿ ਆਏ ਪ੍ਰਭ ਕੀ ਸਾਮ ॥

چارِ کُنٹ دہ دِس بھرمے
تھکِ آئے پربھ کی سام ॥

ਧੇਨੁ ਦੁਧੈ ਤੇ ਬਾਹਰੀ
ਕਿਤੈ ਨ ਆਵੈ ਕਾਮ ॥

دھینُ دُدھے تے باہری
کِتے ن آوے کام ॥

ਜਲ ਬਿਨੁ ਸਾਖ ਕੁਮਲਾਵਤੀ
ਉਪਜਹਿ ਨਾਹੀ ਦਾਮ ॥

جل بِنُ ساکھ کُملاوتی
اُپجہِ ناہی دام ॥

ਹਰਿ ਨਾਹ ਨ ਮਿਲੀਐ ਸਾਜਨੈ
ਕਤ ਪਾਈਐ ਬਿਸਰਾਮ ॥

ہرِ ناہ ن مِلیئے ساجنے
کت پائیئے بِسرام ۔ ॥

ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ
ਭਠਿ ਨਗਰ ਸੇ ਗ੍ਰਾਮ ॥

جِتُ گھرِ ہرِ کنّتُ ن پرگٹئی
بھٹھِ نگر سے گرام ॥

ਸ੍ਰਬ ਸੀਗਾਰ ਤੰਬੋਲ ਰਸ
ਸਣੁ ਦੇਹੀ ਸਭ ਖਾਮ ॥

سّرب سیِگار تنّبول رس
سنُ دیہی سبھ خام ॥

ਪ੍ਰਭ ਸੁਆਮੀ ਕੰਤ ਵਿਹੂਣੀਆ
ਮੀਤ ਸਜਣ ਸਭਿ ਜਾਮ ॥

پربھ سُیامی کنّت وِہوُنّیا
میت سجنْ سبھِ جام ॥

ਨਾਨਕ ਕੀ ਬੇਨੰਤੀਆ
ਕਰਿ ਕਿਰਪਾ ਦੀਜੈ ਨਾਮੁ ॥

نانک کی بینتّیا
کرِ کِرپا دیجے نامُ ॥

ਹਰਿ ਮੇਲਹੁ ਸੁਆਮੀ ਸੰਗਿ ਪ੍ਰਭ
ਜਿਸ ਕਾ ਨਿਹਚਲ ਧਾਮ ॥੧॥

ہرِ میلہُ سُیامی سنگِ پربھ
جِس کا نِہچل دھام ॥1॥

ਚੇਤਿ ਗੋਵਿੰਦੁ ਅਰਾਧੀਐ
ਹੋਵੈ ਅਨੰਦੁ ਘਣਾ ॥

چیتِ گووِندُ ارادھیئے
ہووے اننْدُ گھنّا ॥

ਸੰਤ ਜਨਾ ਮਿਲਿ ਪਾਈਐ
ਰਸਨਾ ਨਾਮੁ ਭਣਾ ॥

سنّت جنا مِلِ پائیئے
رسنا نامُ بھنّا ॥

ਜਿਨਿ ਪਾਇਆ ਪ੍ਰਭੁ ਆਪਣਾ
ਆਏ ਤਿਸਹਿ ਗਣਾ ॥

جِنِ پائیا پربھُ آپنّا
آئے تِسہِ گنّا ॥

ਇਕੁ ਖਿਨੁ ਤਿਸੁ ਬਿਨੁ ਜੀਵਣਾ
ਬਿਰਥਾ ਜਨਮੁ ਜਣਾ ॥

اِکُ کھِنُ تِسُ بِنُ جیِوٹا
بِرتھا جنمُ جنّا ॥

ਜਲਿ ਥਲਿ ਮਹੀਅਲਿ ਪੂਰਿਆ
ਰਵਿਆ ਵਿਚਿ ਵਣਾ ॥

جلِ تھلِ مہیئلِ پوُریا
رویا وِچِ وٹا ॥

ਸੋ ਪ੍ਰਭੁ ਚਿਤਿ ਨ ਆਵਈ
ਕਿਤੜਾ ਦੁਖੁ ਗਣਾ ॥

سو پربھُ چِتِ ن آوئی
کِتڑا دُکھُ گنّا ۔ ॥

ਜਿਨੀ ਰਾਵਿਆ ਸੋ ਪ੍ਰਭੂ
ਤਿੰਨਾ ਭਾਗੁ ਮਣਾ ॥

جِنی راوِیا سو پربھوُ
تِنّنا بھاگُ مٹّا ॥

ਹਰਿ ਦਰਸਨ ਕੰਉ ਮਨੁ ਲੋਚਦਾ
ਨਾਨਕ ਪਿਆਸ ਮਨਾ ॥

ہرِ درسن کنءُ منُ لوچدا
نانک پِیاس منا ॥

ਚੇਤਿ ਮਿਲਾਏ ਸੋ ਪ੍ਰਭੂ
ਤਿਸ ਕੈ ਪਾਇ ਲਗਾ ॥੨॥

چیتِ مِلائے سو پربھوُ
تِس کے پاءِ لگا ॥2॥

ਵੈਸਾਖਿ ਧੀਰਨਿ ਕਿਉ ਵਾਢੀਆ
ਜਿਨਾ ਪ੍ਰੇਮ ਬਿਛੋਹੁ ॥

ویَساکھِ دھیِرنِ کِءُ واڈھیا
جِنا پریم بچھوہُ ॥

ਹਰਿ ਸਾਜਨੁ ਪੁਰਖੁ ਵਿਸਾਰਿ ਕੈ
ਲਗੀ ਮਾਇਆ ਧੋਹੁ ॥

ہرِ ساجنُ پُرکھُ وِسارِ کے
لگی مائیا دھوہُ ॥

ਪੁਤ੍ਰ ਕਲਤ੍ਰ ਨ ਸੰਗਿ ਧਨਾ
ਹਰਿ ਅਵਿਨਾਸੀ ਓਹੁ ॥

پُتّر کلتّر ن سنگِ دھنا
ہرِ اوِناسی اوہُ ॥

ਪਲਚਿ ਪਲਚਿ ਸਗਲੀ ਮੁਈ
ਝੂਠੈ ਧੰਧੈ ਮੋਹੁ ॥

پلچِ پلچِ سگلی مُئی
جھوُٹھے دھندّھے موہُ ॥

ਇਕਸੁ ਹਰਿ ਕੇ ਨਾਮ ਬਿਨੁ
ਅਗੈ ਲਈਅਹਿ ਖੋਹਿ ॥

اِکسُ ہرِ کے نام بِنُ

ਦਯੁ ਵਿਸਾਰਿ ਵਿਗੁਚਣਾ
ਪ੍ਰਭ ਬਿਨੁ ਅਵਰੁ ਨ ਕੋਇ ॥

ਪ੍ਰੀਤਮ ਚਰਣੀ ਜੋ ਲਗੇ
ਤਿਨ ਕੀ ਨਿਰਮਲ ਸੋਇ ॥

ਨਾਨਕ ਕੀ ਪ੍ਰਭ ਬੇਨਤੀ
ਪ੍ਰਭ ਮਿਲਹੁ ਪਰਾਪਤਿ ਹੋਇ ॥

ਵੈਸਾਖੁ ਸੁਹਾਵਾ ਤਾਂ ਲਗੈ
ਜਾ ਸੰਤੁ ਭੇਟੈ ਹਰਿ ਸੋਇ ॥੩॥

ਹਰਿ ਜੇਠਿ ਜੁੜੰਦਾ ਲੋੜੀਐ
ਜਿਸੁ ਅਗੈ ਸਭਿ ਨਿਵੰਨਿ ॥

ਹਰਿ ਸਜਣ ਦਾਵਣਿ ਲਗਿਆ
ਕਿਸੈ ਨ ਦੇਈ ਬੰਨਿ ॥

ਮਾਣਕ ਮੋਤੀ ਨਾਮੁ ਪ੍ਰਭ
ਉਨ ਲਗੈ ਨਾਹੀ ਸੰਨਿ ॥

ਰੰਗ ਸਭੇ ਨਾਰਾਇਣੈ
ਜੇਤੇ ਮਨਿ ਭਾਵੰਨਿ ॥

ਜੋ ਹਰਿ ਲੋੜੇ ਸੋ ਕਰੇ
ਸੋਈ ਜੀਅ ਕਰੰਨਿ ॥

ਜੋ ਪ੍ਰਭਿ ਕੀਤੇ ਆਪਣੇ
ਸੇਈ ਕਹੀਅਹਿ ਧੰਨਿ ॥

ਆਪਣ ਲੀਆ ਜੇ ਮਿਲੈ
ਵਿਛੁੜਿ ਕਿਉ ਰੋਵੰਨਿ ॥

ਸਾਧੂ ਸੰਗੁ ਪਰਾਪਤੇ
ਨਾਨਕ ਰੰਗ ਮਾਣੰਨਿ ॥

اگے لئینہِ کھوہِ ॥

دیُ وِسارِ وِگُچنّا
پربھ بِنُ اورُ ن کوءِ ॥

پریتم چرنی جو لگے
تِن کی نِرمل سوءِ ॥

نانک کی پربھ بینتی
پربھ مِلہُ پراپتِ ہوءِ ॥

ویَساکھُ سُہاوا تاں لگےَ
جا سنّتُ بھیٹے ہرِ سوءِ ॥3॥

ہرِ جیٹھِ جُڑنّدا لوڑیےِّ
جِسُ اگے سبھِ نِونّنِ ॥

ہرِ سجنُ داونِ لگیا
کِسےَ ن دیئی بنّنِ ॥

ماٹک موتی نامُ پربھ
اُن لگےَ ناہی سنّنِ ॥

رنگ سبھے نارائنّے
جیتے منِ بھاونّنِ ॥

جو ہرِ لوڑے سو کرے
سوئی جیء کرنّنِ ॥

جو پربھِ کیتے آپنّے
سیئی کہیئہِ دھنّنِ ॥

آپنُ لیا جے مِلےَ
وِچھُڑِ کِءُ روونّنِ ۔ ॥

سادھوُ سنگُ پراپتے
نانک رنگ ماٹنّنِ ॥

ਹਰਿ ਜੇਠੁ ਰੰਗੀਲਾ ਤਿਸੁ ਧਣੀ
ਜਿਸ ਕੈ ਭਾਗੁ ਮਥੰਨਿ ॥੪॥

ہرِ جیٹھُ رنگیلا تِس دھنّی
جِس کے بھاگ متھنّنِ ॥4॥

ਆਸਾੜੁ ਤਪੰਦਾ ਤਿਸੁ ਲਗੈ
ਹਰਿ ਨਾਹੁ ਨ ਜਿੰਨਾ ਪਾਸਿ ॥

آساڑُ تپندا تِس لگے
ہرِ ناہُ ن جِنّنا پاسِ ॥

ਜਗਜੀਵਨ ਪੁਰਖੁ ਤਿਆਗਿ ਕੈ
ਮਾਣਸ ਸੰਦੀ ਆਸ ॥

جگجیون پُرکھُ تیاگِ کے
ماٹس سندی آس ॥

ਦੁਯੈ ਭਾਇ ਵਿਗੁਚੀਐ
ਗਲਿ ਪਈਸੁ ਜਮ ਕੀ ਫਾਸ ॥

دُیے بھاءِ وِگچیئے
گلِ پئیسُ جم کی پھاس ॥

ਜੇਹਾ ਬੀਜੈ ਸੋ ਲੁਣੈ
ਮਥੈ ਜੋ ਲਿਖਿਆਸੁ ॥

جیہا بیجے سو لُنے
متھے جو لِکھیاسُ ॥

ਰੈਣ ਵਿਹਾਣੀ ਪਛੁਤਾਣੀ
ਉਠਿ ਚਲੀ ਗਈ ਨਿਰਾਸ ॥

رَیَنْ وِہانی پچھُتانی
اُٹھِ چلی گئی نِراس ॥

ਜਿਨ ਕੋ ਸਾਧੂ ਭੇਟੀਐ
ਸੋ ਦਰਗਹ ਹੋਇ ਖਲਾਸੁ ॥

جِن کو سادھوُ بھیٹیئے
سو درگہ ہوءِ خلاسُ ॥

ਕਰਿ ਕਿਰਪਾ ਪ੍ਰਭ ਆਪਣੀ
ਤੇਰੇ ਦਰਸਨ ਹੋਇ ਪਿਆਸ ॥

کرِ کرپا پربھ آپنی
تیرے درسن ہوءِ پیاس ॥

ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ
ਨਾਨਕ ਕੀ ਅਰਦਾਸਿ ॥

پربھ تُدھُ بِنُ دوُجا کو نہی
نانک کی عرداسِ ॥

ਆਸਾੜੁ ਸੁਹੰਦਾ ਤਿਸੁ ਲਗੈ
ਜਿਸੁ ਮਨਿ ਹਰਿ ਚਰਣ ਨਿਵਾਸ ॥੫॥

آساڑُ سُہندا تِس لگے
جِس منِ ہرِ چرنْ نِواس ॥5॥

ਸਾਵਣਿ ਸਰਸੀ ਕਾਮਣੀ
ਚਰਨ ਕਮਲ ਸਿਉ ਪਿਆਰੁ ॥

ساونِ سرسی کامنّی
چرن کمل سِءُ پیارُ ॥

ਮਨੁ ਤਨੁ ਰਤਾ ਸਚ ਰੰਗਿ
ਇਕੋ ਨਾਮੁ ਅਧਾਰੁ ॥

منُ تنُ رتا سچ رنگِ
اِکو نامُ ادھارُ ॥

ਬਿਖਿਆ ਰੰਗ ਕੂੜਾਵਿਆ
ਦਿਸਨਿ ਸਭੇ ਛਾਰੁ ॥

بِکھیا رنگ کوڑاویا

ਹਰਿ ਅੰਮ੍ਰਿਤ ਬੂੰਦ ਸੁਹਾਵਣੀ
ਮਿਲਿ ਸਾਧੂ ਪੀਵਣਹਾਰੁ ॥

ہرِ انمّرِت بوُنّد سُہاونّی
مِلِ سادھوُ پیوٹہارُ ॥

ਵਣੁ ਤਿਣੁ ਪ੍ਰਭ ਸੰਗਿ ਮਉਲਿਆ
ਸੰਮ੍ਰਥ ਪੁਰਖ ਅਪਾਰੁ ॥

ونُ تِنُ پربھ سنگِ مئُلیا
سمّرتھ پُرکھ اپارُ ॥

ਹਰਿ ਮਿਲਣੈ ਨੋ ਮਨੁ ਲੋਚਦਾ
ਕਰਮਿ ਮਿਲਾਵਣਹਾਰੁ ॥

ہرِ ملنّے نو منُ لوچدا
کرمِ مِلاوٹہارُ ॥

ਜਿਨੀ ਸਖੀਏ ਪ੍ਰਭੁ ਪਾਇਆ
ਹੰਉ ਤਿਨ ਕੈ ਸਦ ਬਲਿਹਾਰ ॥

جِنی سکھیئے پربھُ پائیا
ہنّءُ تِن کے سد بلِہار ॥

ਨਾਨਕ ਹਰਿ ਜੀ ਮਇਆ ਕਰਿ
ਸਬਦਿ ਸਵਾਰਣਹਾਰੁ ॥

نانک ہرِ جی مئیا کرِ
سبدِ سوارٹہارُ ॥

ਸਾਵਣੁ ਤਿਨਾ ਸੁਹਾਗਣੀ
ਜਿਨ ਰਾਮ ਨਾਮੁ ਉਰਿ ਹਾਰੁ ॥੬॥

ساونُ تِنا سُہاگنّی
جِن رام نامُ اُرِ ہارُ ॥6॥

ਭਾਦੁਇ ਭਰਮਿ ਭੁਲਾਣੀਆ
ਦੂਜੈ ਲਗਾ ਹੇਤੁ ॥

بھادُءِ بھرمِ بھُلاٹیا
دوُجےَ لگا ہیتُ ॥

ਲਖ ਸੀਗਾਰ ਬਣਾਇਆ
ਕਾਰਜਿ ਨਾਹੀ ਕੇਤੁ ॥

لکھ سیگار بنّائیا
کارجِ ناہی کیتُ ॥

ਜਿਤੁ ਦਿਨਿ ਦੇਹ ਬਿਨਸਸੀ
ਤਿਤੁ ਵੇਲੈ ਕਹਸਨਿ ਪ੍ਰੇਤੁ ॥

جِتُ دِنِ دیہ بِنسسی
تِتُ ویلےَ کہسنِ پریتُ ॥

ਪਕੜਿ ਚਲਾਇਨਿ ਦੂਤ ਜਮ
ਕਿਸੈ ਨ ਦੇਨੀ ਭੇਤੁ ॥

پکڑِ چلائِنِ دوُت جم
کِسےَ ن دینی بھیتُ ॥

ਛਡਿ ਖੜੋਤੇ ਖਿਨੈ ਮਾਹਿ
ਜਿਨ ਸਿਉ ਲਗਾ ਹੇਤੁ ॥

چھڈِ کھڑوتے کھِنے ماہِ
جِن سِءُ لگا ہیتُ ॥

ਹਥ ਮਰੋੜੈ ਤਨੁ ਕਪੇ
ਸਿਆਹਹੁ ਹੋਆ ਸੇਤੁ ॥

ہتھ مروڑےَ تنُ کپے
سِیاہہُ ہویا سیتُ ॥

ਜੇਹਾ ਬੀਜੈ ਸੋ ਲੁਣੈ
ਕਰਮਾ ਸੰਦੜਾ ਖੇਤੁ ॥

ਨਾਨਕ ਪ੍ਰਭ ਸਰਣਾਗਤੀ
ਚਰਣ ਬੋਹਿਥ ਪ੍ਰਭ ਦੇਤੁ ॥

ਸੇ ਭਾਦੁਇ ਨਰਕਿ ਨ ਪਾਈਅਹਿ
ਗੁਰੁ ਰਖਣ ਵਾਲਾ ਹੇਤੁ ॥੭॥

ਅਸੁਨਿ ਪ੍ਰੇਮ ਉਮਾਹੜਾ
ਕਿਉ ਮਿਲੀਐ ਹਰਿ ਜਾਇ ॥

ਮਨਿ ਤਨਿ ਪਿਆਸ ਦਰਸਨ ਘਣੀ
ਕੋਈ ਆਣਿ ਮਿਲਾਵੈ ਮਾਇ ॥

ਸੰਤ ਸਹਾਈ ਪ੍ਰੇਮ ਕੇ
ਹਉ ਤਿਨ ਕੈ ਲਾਗਾ ਪਾਇ ॥

ਵਿਣੁ ਪ੍ਰਭ ਕਿਉ ਸੁਖੁ ਪਾਈਐ
ਦੂਜੀ ਨਾਹੀ ਜਾਇ ॥

ਜਿੰਨ੍ਹੀ ਚਾਖਿਆ ਪ੍ਰੇਮ ਰਸੁ
ਸੇ ਤ੍ਰਿਪਤਿ ਰਹੇ ਆਘਾਇ ॥

ਆਪੁ ਤਿਆਗਿ ਬਿਨਤੀ ਕਰਹਿ
ਲੇਹੁ ਪ੍ਰਭੂ ਲੜਿ ਲਾਇ ॥

ਜੋ ਹਰਿ ਕੰਤਿ ਮਿਲਾਈਆ
ਸਿ ਵਿਛੁੜਿ ਕਤਹਿ ਨ ਜਾਇ ॥

ਪ੍ਰਭ ਵਿਣੁ ਦੂਜਾ ਕੋ ਨਹੀ
ਨਾਨਕ ਹਰਿ ਸਰਣਾਇ ॥

ਅਸੂ ਸੁਖੀ ਵਸੰਦੀਆ
ਜਿਨਾ ਮਇਆ ਹਰਿ ਰਾਇ ॥੮॥

ਕਤਿਕਿ ਕਰਮ ਕਮਾਵਣੇ
ਦੋਸੁ ਨ ਕਾਹੂ ਜੋਗੁ ॥

جیہا بیجے سو لُنے
کرما سنّڈرا کھیت ॥

نانک پربھ سرٹاگتی
چرنؔ بوہتھ پربھ دیت ॥

سے بھادُءِ نرکِ ن پائیئہِ
گُرُ رکھؔ والا ہیت ॥7॥

اسُنِ پریم اُماہڑا
کِءُ مِلیئے ہرِ جاءِ ۔ ॥

منِ تنِ پیاس درسن گھنی
کوئی آنؔ مِلاوے ماءِ ۔ ॥

سنّت سہائی پریم کے
ہءُ تِن کے لاگا پاءِ ॥

وِنُؔ پربھ کِءُ سُکھُ پائیئے
دوُجی ناہی جاءِ ॥

جِنّہی چاکھیا پریم رسُ
سے ترِپت رہے آگھاءِ ॥

آپُ تیاگِ بِنتی کرہِ
لیہُ پربھوُ لڑِ لاءِ ॥

جو ہرِ کنّتِ مِلائیا
سِ وِچھُڑِ کتہِ ن جاءِ ॥

پربھ وِنُؔ دوُجا کو نہی
نانک ہرِ سرٹاءِ ॥

اسوُ سُکھی وسندِیا
جِنا مئیا ہرِ راءِ ॥8॥

کتِکِ کرم کماوٹے

ਪਰਮੇਸਰ ਤੇ ਭੁਲਿਆ
ਵਿਆਪਨਿ ਸਭੇ ਰੋਗ ॥

پرمیسر تے بھُلیا
وِیاپنِ سبھے روگ ॥

ਵੇਮੁਖ ਹੋਏ ਰਾਮ ਤੇ
ਲਗਨਿ ਜਨਮ ਵਿਜੋਗ ॥

ویمُکھ ہوئے رام تے
لگنِ جنم وِجوگ ॥

ਖਿਨ ਮਹਿ ਕਉੜੇ ਹੋਇ ਗਏ
ਜਿਤੜੇ ਮਾਇਆ ਭੋਗ ॥

کھِن مہِ کُڑے ہوءِ گئے
جِتڑے مائیا بھوگ ॥

ਵਿਚ ਨ ਕੋਈ ਕਰਿ ਸਕੈ
ਕਿਸ ਥੈ ਰੋਵਹਿ ਰੋਜ ॥

وِچ ن کوئی کرِ سکے
کِس تھے روہِ روز ۔ ॥

ਕੀਤਾ ਕਿਛੂ ਨ ਹੋਵਈ
ਲਿਖਿਆ ਧੁਰਿ ਸੰਜੋਗ ॥

کِیتا کچھوُ ن ہووئی
لِکھیا دھُرِ سنجوگ ॥

ਵਡਭਾਗੀ ਮੇਰਾ ਪ੍ਰਭ ਮਿਲੈ
ਤਾਂ ਉਤਰਹਿ ਸਭਿ ਬਿਓਗ ॥

وڈبھاگی میرا پربھ مِلے
تاں اُترہِ سبھِ بِئوگ ॥

ਨਾਨਕ ਕਉ ਪ੍ਰਭ ਰਾਖਿ ਲੇਹਿ
ਮੇਰੇ ਸਾਹਿਬ ਬੰਦੀ ਮੋਚ ॥

نانک کءُ پربھ راکھِ لیہِ
میرے صاحِب بندی موچ ۔ ॥

ਕਤਿਕ ਹੋਵੈ ਸਾਧਸੰਗੁ
ਬਿਨਸਹਿ ਸਭੇ ਸੋਚ ॥੯॥

کتِک ہووے سادھسنگُ
بِنسہِ سبھے سوچ ॥9॥

ਮੰਘਿਰਿ ਮਾਹਿ ਸੋਹੰਦੀਆ
ਹਰਿ ਪਿਰ ਸੰਗਿ ਬੈਠੜੀਆਹ ॥

منگھِر ماہِ سوہندیِیا
ہرِ پر سنگِ بیٹھڑیِیاہ ॥

ਤਿਨ ਕੀ ਸੋਭਾ ਕਿਆ ਗਣੀ
ਜਿ ਸਾਹਿਬਿ ਮੇਲੜੀਆਹ ॥

تِن کی سوبھا کِیا گنّی
جِ صاحِبِ میلڑیِیاہ ॥

ਤਨੁ ਮਨੁ ਮਉਲਿਆ ਰਾਮ ਸਿਉ
ਸੰਗਿ ਸਾਧ ਸਹੇਲੜੀਆਹ ॥

تنُ منُ منُلیا رام سِءُ
سنگِ سادھ سہیلڑیِیاہ ॥

ਸਾਧ ਜਨਾ ਤੇ ਬਾਹਰੀ
ਸੇ ਰਹਨਿ ਇਕੇਲੜੀਆਹ ॥

سادھ جنا تے باہری
سے رہنِ اِکیلڑیِیاہ ॥

ਤਿਨ ਦੁਖੁ ਨ ਕਬਹੂ ਉਤਰੈ
ਸੇ ਜਮ ਕੈ ਵਸਿ ਪੜੀਆਹ ॥

تِن دُکھُ ن کبہُو اُترے
سے جم کے وسِ پڑِییاہ ॥

ਜਿਨੀ ਰਾਵਿਆ ਪ੍ਰਭੁ ਆਪਣਾ
ਸੇ ਦਿਸਨਿ ਨਿਤ ਖੜੀਆਹ ॥

جِنی راوِیا پربھُ آپنا
سے دِسنِ نِت کھڑِییاہ ॥

ਰਤਨ ਜਵੇਹਰ ਲਾਲ ਹਰਿ
ਕੰਠਿ ਤਿਨਾ ਜੜੀਆਹ ॥

رتن جویہر لال ہرِ
کنٹھِ تِنا جڑِییاہ ॥

ਨਾਨਕ ਬਾਂਛੈ ਧੂੜਿ ਤਿਨ
ਪ੍ਰਭ ਸਰਣੀ ਦਰਿ ਪੜੀਆਹ ॥

نانک بانچھے دھوُڑِ تِن
پربھ سرنی درِ پڑِییاہ ॥

ਮੰਘਿਰਿ ਪ੍ਰਭੁ ਆਰਾਧਣਾ
ਬਹੁੜਿ ਨ ਜਨਮੜੀਆਹ ॥੧੦॥

منگھِرِ پربھُ آرادھنا
بہُڑِ ن جنمڑِییاہ ॥ 10 ॥

ਪੋਖਿ ਤੁਖਾਰੁ ਨ ਵਿਆਪਈ
ਕੰਠਿ ਮਿਲਿਆ ਹਰਿ ਨਾਹੁ ॥

پوکھِ تُکھارُ ن وِیاپئی
کنٹھِ مِلِیا ہرِ ناہُ ॥

ਮਨੁ ਬੇਧਿਆ ਚਰਨਾਰਬਿੰਦ
ਦਰਸਨਿ ਲਗੜਾ ਸਾਹੁ ॥

منُ بیدھِیا چرنار بِنّد
درسنِ لگڑا ساہُ ॥

ਓਟ ਗੋਵਿੰਦ ਗੋਪਾਲ ਰਾਇ
ਸੇਵਾ ਸੁਆਮੀ ਲਾਹੁ ॥

اوٹ گووِنّد گوپال راءِ
سیوا سُیامی لاہُ ॥

ਬਿਖਿਆ ਪੋਹਿ ਨ ਸਕਈ
ਮਿਲਿ ਸਾਧੂ ਗੁਣ ਗਾਹੁ ॥

بِکھِیا پوہِ ن سکئی
مِلِ سادھوُ گُنْ گاہُ ॥

ਜਹ ਤੇ ਉਪਜੀ ਤਹ ਮਿਲੀ
ਸਚੀ ਪ੍ਰੀਤਿ ਸਮਾਹੁ ॥

جہ تے اُپجی تہ مِلی
سچی پریتِ سماہُ ॥

ਕਰੁ ਗਹਿ ਲੀਨੀ ਪਾਰਬ੍ਰਹਮਿ
ਬਹੁੜਿ ਨ ਵਿਛੁੜੀਆਹੁ ॥

کرُ گہِ لِینی پاربرہمِ
بہُڑِ ن وِچھُڑِییاہُ ॥

ਬਾਰਿ ਜਾਉ ਲਖ ਬੇਰੀਆ
ਹਰਿ ਸਜਣੁ ਅਗਮ ਅਗਾਹੁ ॥

بارِ جاءُ لکھ بیرِییا
ہرِ سجنُ اگم اگاہُ ॥

ਸਰਮ ਪਈ ਨਾਰਾਇਣੈ
ਨਾਨਕ ਦਰਿ ਪਈਆਹੁ ॥

سرم پئی نارائنے

ਨਾਨਕ ਦ੍ਰਿਪਤੀਆਹੁ ॥

پوکھُ سوہندا سرب سُکھ
جِس بخشے ویپرواہُ ॥ 11 ॥

ਪੋਖੁ ਸੋਹੰਦਾ ਸਰਬ ਸੁਖ
ਜਿਸੁ ਬਖਸੇ ਵੇਪਰਵਾਹੁ ॥੧੧॥

ماگھِ مجنُ سنگِ سادھوُیا
دھوُڑی کرِ اِسنانُ ॥

ਮਾਘਿ ਮਜਨੁ ਸੰਗਿ ਸਾਧੂਆ
ਧੂੜੀ ਕਰਿ ਇਸਨਾਨੁ ॥

ہرِ کا نامُ دھِیاءِ سُنِّ
سبھنا نو کرِ دانُ ॥

ਹਰਿ ਕਾ ਨਾਮੁ ਧਿਆਇ ਸੁਣਿ
ਸਭਨਾ ਨੋ ਕਰਿ ਦਾਨੁ ॥

جنم کرم ملُ اُترے
من تے جاءِ گُمانُ ॥

ਜਨਮ ਕਰਮ ਮਲੁ ਉਤਰੈ
ਮਨ ਤੇ ਜਾਇ ਗੁਮਾਨੁ ॥

کامِ کرودھِ ن موہیئے
بِنسے لوبھُ سُیانُ ॥

ਕਾਮਿ ਕਰੋਧਿ ਨ ਮੋਹੀਐ
ਬਿਨਸੈ ਲੋਭੁ ਸੁਆਨੁ ॥

سچے مارگِ چلدِیا
اُستتِ کرے جہانُ ॥

ਸਚੈ ਮਾਰਗਿ ਚਲਦਿਆ
ਉਸਤਤਿ ਕਰੇ ਜਹਾਨੁ ॥

اٹھسٹھِ تیرتھ سگل پُنّن
جیء دئیا پروانُ ॥

ਅਠਸਠਿ ਤੀਰਥ ਸਗਲ ਪੁੰਨ
ਜੀਅ ਦਇਆ ਪਰਵਾਨੁ ॥

جِس نو دیوے دئیا کرِ
سوئی پُرکھُ سُجانُ ॥

ਜਿਸ ਨੋ ਦੇਵੈ ਦਇਆ ਕਰਿ
ਸੋਈ ਪੁਰਖੁ ਸੁਜਾਨੁ ॥

جِنا مِلیا پربھُ آپنا
نانک تِن قُربانُ ॥

ਜਿਨਾ ਮਿਲਿਆ ਪ੍ਰਭੁ ਆਪਣਾ
ਨਾਨਕ ਤਿਨ ਕੁਰਬਾਨੁ ॥

ماگھِ سُچے سے کانڈھِیئہِ
جِن پوُرا گُرُ مِہروانُ ॥ 12 ॥

ਮਾਘਿ ਸੁਚੇ ਸੇ ਕਾਂਢੀਅਹਿ
ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥

پھلگُنِ انند اُپارجنا
ہرِ سجنُ پرگٹے آءِ ॥

ਫਲਗੁਣਿ ਅਨੰਦ ਉਪਾਰਜਨਾ
ਹਰਿ ਸਜਣ ਪ੍ਰਗਟੇ ਆਇ ॥

سنّت سہائی رام کے
کرِ کرِپا دیِیا مِلاءِ ॥

ਸੰਤ ਸਹਾਈ ਰਾਮ ਕੇ
ਕਰਿ ਕਿਰਪਾ ਦੀਆ ਮਿਲਾਇ ॥

ਸੇਜ ਸੁਹਾਵੀ ਸਰਬ ਸੁਖ
ਹੁਣਿ ਦੁਖਾ ਨਾਹੀ ਜਾਇ ॥

سیج سُہاوی سرب سُکھ
ہُنڑِ دُکھا ناہی جاءِ ॥

ਇਛ ਪੁਨੀ ਵਡਭਾਗਣੀ
ਵਰੁ ਪਾਇਆ ਹਰਿ ਰਾਇ ॥

اِچھ پُنی وڈبھاگنی
ورُ پائیا ہرِ راءِ ॥

ਮਿਲਿ ਸਹੀਆ ਮੰਗਲੁ ਗਾਵਹੀ
ਗੀਤ ਗੋਵਿੰਦ ਅਲਾਇ ॥

مِلِ سہیا منگلُ گاوہی
گیت گووِند الاءِ ॥

ਹਰਿ ਜੇਹਾ ਅਵਰੁ ਨ ਦਿਸਈ
ਕੋਈ ਦੂਜਾ ਲਵੈ ਨ ਲਾਇ ॥

ہرِ جیہا اورُ ن دِسئی
کوئی دوُجا لوے ن لاءِ ॥

ਹਲਤੁ ਪਲਤੁ ਸਵਾਰਿਓਨੁ
ਨਿਹਚਲ ਦਿਤੀਅਨੁ ਜਾਇ ॥

ہلتُ پلتُ سوارِئونُ
نِہچل دِتیئنُ جاءِ ॥

ਸੰਸਾਰ ਸਾਗਰ ਤੇ ਰਖਿਅਨੁ
ਬਹੁੜਿ ਨ ਜਨਮੈ ਧਾਇ ॥

سنسار ساگر تے رکھِئنُ
بہُڑِ ن جنمے دھاءِ ॥

ਜਿਹਵਾ ਏਕ ਅਨੇਕ ਗੁਣ
ਤਰੇ ਨਾਨਕ ਚਰਣੀ ਪਾਇ ॥

جِہوا ایک انیک گُنڑ
ترے نانک چرنڑی پاءِ ॥

ਫਲਗੁਣਿ ਨਿਤ ਸਲਾਹੀਐ
ਜਿਸ ਨੋ ਤਿਲੁ ਨ ਤਮਾਇ ॥੧੩॥

پھلگُنِ نِت سلاہیئے
جِس نو تِلُ ن طماعِ ॥ 13 ॥

ਜਿਨਿ ਜਿਨਿ ਨਾਮੁ ਧਿਆਇਆ
ਤਿਨ ਕੇ ਕਾਜ ਸਰੇ ॥

جِنِ جِنِ نامُ دھیائیا
تِن کے کاج سرے ॥

ਹਰਿ ਗੁਰੁ ਪੂਰਾ ਆਰਾਧਿਆ
ਦਰਗਹ ਸਚਿ ਖਰੇ ॥

ہرِ گُرُ پوُرا آرادھیا
درگہ سچِ کھرے ॥

ਸਰਬ ਸੁਖਾ ਨਿਧਿ ਚਰਣ ਹਰਿ
ਭਉਜਲੁ ਬਿਖਮੁ ਤਰੇ ॥

سرب سُکھا نِدھِ چرنڑ ہرِ
بھئجلُ بِکھمُ ترے ॥

ਪ੍ਰੇਮ ਭਗਤਿ ਤਿਨ ਪਾਈਆ
ਬਿਖਿਆ ਨਾਹਿ ਜਰੇ ॥

پریم بھگتِ تِن پائیا
بِکھیا ناہِ جرے ॥

ਕੂੜ ਗਏ ਦੁਬਿਧਾ ਨਸੀ
ਪੂਰਨ ਸਚਿ ਭਰੇ ॥

کوُڑ گئے دُبِدھا نسی

ਪਾਰਬ੍ਰਹਮੁ ਪ੍ਰਭੁ ਸੇਵਦੇ
ਮਨ ਅੰਦਰਿ ਏਕੁ ਧਰੇ ॥

ਮਾਹ ਦਿਵਸ ਮੂਰਤ ਭਲੇ
ਜਿਸ ਕਉ ਨਦਰਿ ਕਰੇ ॥

ਨਾਨਕੁ ਮੰਗੈ ਦਰਸ ਦਾਨੁ
ਕਿਰਪਾ ਕਰਹੁ ਹਰੇ ॥੧੪॥੧॥

ਮਾਝ ਮਹਲਾ ੫ ਦਿਨ ਰੈਣਿ

ੴ ਸਤਿਗੁਰ ਪ੍ਰਸਾਦਿ ॥

ਸੇਵੀ ਸਤਿਗੁਰੁ ਆਪਣਾ
ਹਰਿ ਸਿਮਰੀ ਦਿਨ ਸਭਿ ਰੈਣ ॥

ਆਪੁ ਤਿਆਗਿ ਸਰਣੀ ਪਵਾਂ
ਮੁਖਿ ਬੋਲੀ ਮਿਠੜੇ ਵੈਣ ॥

ਜਨਮ ਜਨਮ ਕਾ ਵਿਛੁੜਿਆ
ਹਰਿ ਮੇਲਹੁ ਸਜਣੁ ਸੈਣ ॥

ਜੋ ਜੀਅ ਹਰਿ ਤੇ ਵਿਛੁੜੇ
ਸੇ ਸੁਖਿ ਨ ਵਸਨਿ ਭੈਣ ॥

ਹਰਿ ਪਿਰ ਬਿਨੁ ਚੈਨੁ ਨ ਪਾਈਐ
ਖੋਜਿ ਡਿਠੇ ਸਭਿ ਗੈਣ ॥

ਆਪ ਕਮਾਣੈ ਵਿਛੁੜੀ
ਦੋਸੁ ਨ ਕਾਹੂ ਦੇਣ ॥

ਕਰਿ ਕਿਰਪਾ ਪ੍ਰਭ ਰਾਖਿ ਲੇਹੁ
ਹੋਰੁ ਨਾਹੀ ਕਰਣ ਕਰੇਣ ॥

ਹਰਿ ਤੁਧੁ ਵਿਣੁ ਖਾਕੂ ਰੂਲਣਾ
ਕਹੀਐ ਕਿਥੈ ਵੈਣ ॥

پُورن سچ بھرے ॥

پاربّرہمُ پربھُ سیودے
من انّدرِ ایکُ دھرے ॥

ماہ دِوس مُورت بھلے
جِس ک ءُ ندرِ کرے ॥

نانکُ منگےَ درس دانُ
کِرپا کرہُ ہرے ۔ ॥ 14 ॥ 1 ॥

ماجھ محلا 5 دِن رینِّ

ੴ ستِگُر پرسادِ ॥

سیوی ستِگُرُ آپنا
ہرِ سِمری دِن سبھِ رینِّ ॥

آپُ تِیاگِ سرنّی پواں
مُکھِ بولی مِٹھڑے ویَنِّ ॥

جنم جنم کا وِچھُڑِیا
ہرِ میلہُ سجنُّ سیَنِّ ॥

جو جی ء ہرِ تے وِچھُڑے
سے سُکھِ ن وسنِ بھیَنِّ ۔ ॥

ہرِ پرِ بِنُ چینَنُ ن پائیےَ
کھوجِ ڈِٹھے سبھِ گیَنِّ ॥

آپ کمانّے وِچھُڑی
دوسُ ن کاہوُ دینِّ ॥

کرِ کِرپا پربھ راکھِ لیہُ
ہورُ ناہی کرنّ کرینِّ ॥

ہرِ تُدھُ وِنُّ خاکوُ رُولنّا
کہیےَ کِتھےَ ویَنِّ ۔ ॥

ਨਾਨਕ ਕੀ ਬੇਨੰਤੀਆ
ਹਰਿ ਸੁਰਜਨੁ ਦੇਖਾ ਨੈਣ ॥੧॥

نانک کی بینتیا
ہرِ سُرجنُ دیکھا نیَنْ ॥1॥

ਜੀਅ ਕੀ ਬਿਰਥਾ ਸੋ ਸੁਣੇ
ਹਰਿ ਸੰਮ੍ਰਿਥ ਪੁਰਖੁ ਅਪਾਰੁ ॥

جیء کی بِرتھا سو سُنے
ہرِ سمّرتھ پُرکھُ اپارُ ॥

ਮਰਣਿ ਜੀਵਣਿ ਆਰਾਧਣਾ
ਸਭਨਾ ਕਾ ਆਧਾਰੁ ॥

مرنْ جِیونْ آرادھنا
سبھنا کا آدھارُ ॥

ਸਸੁਰੈ ਪੇਈਐ ਤਿਸੁ ਕੰਤ ਕੀ
ਵਡਾ ਜਿਸੁ ਪਰਵਾਰੁ ॥

سسُرے پیئیے تِس کنّت کی
وڈا جِسُ پروارُ ॥

ਊਚਾ ਅਗਮ ਅਗਾਧਿ ਬੋਧ
ਕਿਛੁ ਅੰਤੁ ਨ ਪਾਰਾਵਾਰੁ ॥

اُوچا اگم اگادھِ بودھ
کِچھُ انتُ ن پاراوارُ ॥

ਸੇਵਾ ਸਾ ਤਿਸੁ ਭਾਵਸੀ
ਸੰਤਾ ਕੀ ਹੋਇ ਛਾਰੁ ॥

سیوا سا تِس بھاوسی
سنّتا کی ہوءِ چھارُ ॥

ਦੀਨਾ ਨਾਥ ਦੈਆਲ ਦੇਵ
ਪਤਿਤ ਉਧਾਰਣਹਾਰੁ ॥

دینا ناتھ دیَیال دیو
پتِت اُدھارنْہارُ ॥

ਆਦਿ ਜੁਗਾਦੀ ਰਖਦਾ
ਸਚੁ ਨਾਮੁ ਕਰਤਾਰੁ ॥

آدِ جُگادی رکھدا
سچُ نامُ کرتارُ ॥

ਕੀਮਤਿ ਕੋਇ ਨ ਜਾਣਈ
ਕੋ ਨਾਹੀ ਤੋਲਣਹਾਰੁ ॥

قِیمتِ کوءِ ن جانئی
کو ناہی تولنْہارُ ॥

ਮਨ ਤਨ ਅੰਤਰਿ ਵਸਿ ਰਹੇ
ਨਾਨਕ ਨਹੀ ਸੁਮਾਰੁ ॥

من تن انتر وِس رہے
نانک نہی شُمارُ ॥

ਦਿਨੁ ਰੈਣਿ ਜਿ ਪ੍ਰਭ ਕੰਉ ਸੇਵਦੇ
ਤਿਨ ਕੈ ਸਦ ਬਲਿਹਾਰ ॥੨॥

دِنُ رَیَنْ جِ پربھ کنءُ سیودے
تِن کے سد بلِہار ॥2॥

ਸੰਤ ਅਰਾਧਨਿ ਸਦ ਸਦਾ
ਸਭਨਾ ਕਾ ਬਖਸਿੰਦੁ ॥

سنّت ارادھنِ سد سدا
سبھنا کا بخشِندُ ॥

ਜੀਉ ਪਿੰਡੁ ਜਿਨਿ ਸਾਜਿਆ
ਕਰਿ ਕਿਰਪਾ ਦਿਤੀਨੁ ਜਿੰਦੁ ॥

جیءُ پِنڈُ جِنِ ساجِیا

ਕਰਿ ਕਿਰਪਾ ਦਿਤੀਨੁ ਜਿਨਦੁ ॥

گُر سبدی آرادھیئے
جپیئے نِرمل منتُ ॥

ਗੁਰ ਸਬਦੀ ਆਰਾਧੀਐ
ਜਪੀਐ ਨਿਰਮਲ ਮੰਤੁ ॥

قِیمتِ کہنُ ن جائیئے
پریسُر بینتُ ॥

ਕੀਮਤਿ ਕਹਣੁ ਨ ਜਾਈਐ
ਪਰਮੇਸੁਰੁ ਬੇਅੰਤੁ ॥

جِسُ منِ وسے نرائنُو
سو کہیئے بھگونتُ ॥

ਜਿਸੁ ਮਨਿ ਵਸੈ ਨਰਾਇਣੋ
ਸੋ ਕਹੀਐ ਭਗਵੰਤੁ ॥

جی ء کی لوچا پُوریئے
مِلے سُیامی کنتُ ॥

ਜੀਅ ਕੀ ਲੋਚਾ ਪੂਰੀਐ
ਮਿਲੈ ਸੁਆਮੀ ਕੰਤੁ ॥

نانکُ جیوے جپِ ہری
دوکھ سبھے ہی ہنتُ ॥

ਨਾਨਕੁ ਜੀਵੈ ਜਪਿ ਹਰੀ
ਦੋਖ ਸਭੇ ਹੀ ਹੰਤੁ ॥

دِنُ رینُ جِسُ ن وِسرے
سو ہریا ہووے جنتُ ॥3॥

ਦਿਨੁ ਰੈਣਿ ਜਿਸੁ ਨ ਵਿਸਰੈ
ਸੋ ਹਰਿਆ ਹੋਵੈ ਜੰਤੁ ॥੩॥

سرب کلا پربھ پُورنُو
منجُ نِمانی تھاءُ ॥

ਸਰਬ ਕਲਾ ਪ੍ਰਭ ਪੂਰਣੋ
ਮੰਞੁ ਨਿਮਾਣੀ ਥਾਉ ॥

ہرِ اوٹ گہی من اندرے
جپِ جپِ جیواں ناءُ ॥

ਹਰਿ ਓਟ ਗਹੀ ਮਨ ਅੰਦਰੇ
ਜਪਿ ਜਪਿ ਜੀਵਾਂ ਨਾਉ ॥

کرِ کرپا پربھ آپنی
جن دھوڑی سنگِ سماءُ ॥

ਕਰਿ ਕਿਰਪਾ ਪ੍ਰਭ ਆਪਣੀ
ਜਨ ਧੂੜੀ ਸੰਗਿ ਸਮਾਉ ॥

جِءُ توُنَ راکھِ تِءُ رہا
تیرا دِتا پینَا کھاءُ ॥

ਜਿਉ ਤੂੰ ਰਾਖਹਿ ਤਿਉ ਰਹਾ
ਤੇਰਾ ਦਿਤਾ ਪੈਨਾ ਖਾਉ ॥

اُدمُ سوئی کراءِ پربھ
مِلِ سادھوُ گُن گاءُ ॥

ਉਦਮੁ ਸੋਈ ਕਰਾਇ ਪ੍ਰਭ
ਮਿਲਿ ਸਾਧੂ ਗੁਣ ਗਾਉ ॥

دوُجی جاءِ ن سُجھئی
کِتھے کوُکن جاءُ ۔ ॥

ਦੂਜੀ ਜਾਇ ਨ ਸੁਝਈ
ਕਿਥੈ ਕੂਕਣ ਜਾਉ ॥

ਅਗਿਆਨ ਬਿਨਾਸਨ ਤਮ ਹਰਣ ਊਚੇ ਅਗਮ ਅਮਾਉ ॥	اگیان بِناسن تم ہرنٌ اوُچے اگم اماءُ ॥
ਮਨੁ ਵਿਛੁੜਿਆ ਹਰਿ ਮੇਲੀਐ ਨਾਨਕ ਏਹੁ ਸੁਆਉ ॥	منُ وِچھُڑِیا ہرِ میلیۓ نانک ایہُ سُیاءُ ॥
ਸਰਬ ਕਲਿਆਣਾ ਤਿਤੁ ਦਿਨਿ ਹਰਿ ਪਰਸੀ ਗੁਰ ਕੇ ਪਾਉ ॥੪॥੧॥	سرب کلیاٹا تِتُ دِنِ ہرِ پرسی گُر کے پاءُ ॥4॥1॥
ਵਾਰ ਮਾਝ ਕੀ ਤਥਾ ਸਲੋਕ ਮਹਲਾ ੧	وار ماجھ کی تتھا سلوک محلا 1
ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ ॥	ملک مُرِید تتھا چندّرہڑا سوہیا کی دھُنی گاونٹی ॥
੧ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥	۱ۃ ستِنامُ کرتا پُرکھُ گُرپرسادِ ॥
ਸਲੋਕੁ ਮਃ ੧ ॥	سلوکُ م: 1 ॥
ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ ॥	گُرُ داتا گُرُ ہِوے گھرُ گُرُ دیپکُ تہِ لوءِ ॥
ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ ॥੧॥	امر پدارتھُ نانکا منِ مانِۓ سُکھُ ہوءِ ॥1॥
ਮਃ ੧ ॥	م: 1 ॥
ਪਹਿਲੈ ਪਿਆਰਿ ਲਗਾ ਥਣ ਦੁਧਿ ॥	پہلےَ پیارِ لگا تھنٌ دُدھِ ॥
ਦੂਜੈ ਮਾਇ ਬਾਪ ਕੀ ਸੁਧਿ ॥	دوُجےَ ماءِ باپ کی سُدھِ ॥
ਤੀਜੈ ਭਯਾ ਭਾਭੀ ਬੇਬ ॥	تیجےَ بھیا بھابھی بیب ॥
ਚਉਥੈ ਪਿਆਰਿ ਉਪੰਨੀ ਖੇਡ ॥	چئُتھےَ پیارِ اُپنّنی کھیڈ ॥
ਪੰਜਵੈ ਖਾਣ ਪੀਅਣ ਕੀ ਧਾਤੁ ॥	پنّجوےَ کھانٌ پیئنٌ کی دھاتُ ॥
ਛਿਵੈ ਕਾਮੁ ਨ ਪੁਛੈ ਜਾਤਿ ॥	چھِوےَ کامُ ن پُچھےَ زاتِ ॥
ਸਤਵੈ ਸੰਜਿ ਕੀਆ ਘਰ ਵਾਸੁ ॥	ستوےَ سنّجِ کیِیا گھر واسُ ॥
ਅਠਵੈ ਕ੍ਰੋਧੁ ਹੋਆ ਤਨ ਨਾਸੁ ॥	اٹھوےَ کرودھُ ہویا تن ناسُ ॥

ਨਾਵੈ ਧਉਲੇ ਉਭੇ ਸਾਹ ॥	ناوےَ دھئُلے اُبھے ساہ ॥
ਦਸਵੈ ਦਧਾ ਹੋਆ ਸੁਆਹ ॥	دسوےَ ددھا ہویا سُیاہ ॥
ਗਏ ਸਿਗੀਤ ਪੁਕਾਰੀ ਧਾਹ ॥	گئے سِگیت پُکاری دھاہ ॥
ਉਡਿਆ ਹੰਸੁ ਦਸਾਏ ਰਾਹ ॥	اُڈِیا ہنّس دسائے راہ ॥
ਆਇਆ ਗਇਆ ਮੁਇਆ ਨਾਉ ॥	آئیا گئیا مُئیا ناءُ ॥
ਪਿਛੈ ਪਤਲਿ ਸਦਿਹੁ ਕਾਵ ॥	پچھےَ پتلِ سدِہُ کاو ॥
ਨਾਨਕ ਮਨਮੁਖਿ ਅੰਧੁ ਪਿਆਰੁ ॥	نانک منمُکھِ انّدھُ پِیارُ ॥
ਬਾਝੁ ਗੁਰੂ ਡੁਬਾ ਸੰਸਾਰੁ ॥੨॥	باجھُ گُروُ ڈُبا سنّسارُ ॥2॥
ਮਃ ੧ ॥	م: 1 ॥
ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ ॥	دس بالتنِ بیس روٹِ تیِسا کا سُنّدرُ کہاوےَ ॥
ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ ॥	چالیِسی پُرُ ہوءِ پچاسی پگُ کھِسےَ سٹھی کے بوڈھیپا آوےَ ॥
ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ ॥	ستِر کا متِہیِنُ اسیِہاں کا وِیُہارُ ن پاوےَ ॥
ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ ॥	نوےَ کا سِہجاسنٹی مُولِ ن جانٹےَ اپ بلُ ॥
ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ ॥੩॥	ڈھنڈھولِمُ ڈھوُڈھِمُ ڈِٹھُ مےَ نانک جگُ دھوُےَ کا دھولہرُ ॥3॥
ਪਉੜੀ ॥	پئُڑی ॥
ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ ॥	توُنّ کرتا پُرکھُ اگنّمُ ہےَ آپِ سّرِسٹِ اُپاتی ॥
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ ॥	رنگ پرنگ اُپارجنا بہُ بہُ بِدھِ بھاتی ॥

ਤੂੰ ਜਾਣਹਿ ਜਿਨਿ ਉਪਾਈਐ
ਸਭੁ ਖੇਲੁ ਤੁਮਾਤੀ ॥

تُوں جانہِ جِنِ اُپائیئے
سبھُ کھیلُ تُماتی ॥

ਇਕਿ ਆਵਹਿ ਇਕਿ ਜਾਹਿ ਉਠਿ
ਬਿਨੁ ਨਾਵੈ ਮਰਿ ਜਾਤੀ ॥

اِکِ آوہِ اِکِ جاہِ اُٹھِ
بِنُ ناوے مرِ جاتی ॥

ਗੁਰਮੁਖਿ ਰੰਗਿ ਚਲੂਲਿਆ
ਰੰਗਿ ਹਰਿ ਰੰਗਿ ਰਾਤੀ ॥

گُرمُکھِ رنگِ چلوُلیا
رنگِ ہرِ رنگِ راتی ॥

ਸੋ ਸੇਵਹੁ ਸਤਿ ਨਿਰੰਜਨੋ
ਹਰਿ ਪੁਰਖੁ ਬਿਧਾਤੀ ॥

سو سیوہُ ستِ نِرنجنو
ہرِ پُرکھُ بِدھاتی ॥

ਤੂੰ ਆਪੇ ਆਪਿ ਸੁਜਾਣੁ ਹੈ
ਵਡ ਪੁਰਖੁ ਵਡਾਤੀ ॥

تُوں آپے آپِ سُجانُ ہے
وڈ پُرکھُ وڈاتی ॥

ਜੋ ਮਨਿ ਚਿਤਿ ਤੁਧੁ ਧਿਆਇਦੇ ਮੇਰੇ ਸਚਿਆ
ਬਲਿ ਬਲਿ ਹਉ ਤਿਨ ਜਾਤੀ ॥੧॥

جو منِ چِتِ تُدھُ دھیائِدے میرے سچِیا
بلِ بلِ ہءُ تِن جاتی ॥1॥

ਸਲੋਕ ਮਃ ੧ ॥

سلوک م: 1 ॥

ਜੀਉ ਪਾਇ ਤਨੁ ਸਾਜਿਆ
ਰਖਿਆ ਬਣਤ ਬਣਾਇ ॥

جیءُ پاءِ تنُ ساجِیا
رکھِیا بنّت بنّاءِ ॥

ਅਖੀ ਦੇਖੈ ਜਿਹਵਾ ਬੋਲੈ
ਕੰਨੀ ਸੁਰਤਿ ਸਮਾਇ ॥

اکھی دیکھے جِہوا بولے
کنّنی سُرتِ سماءِ ॥

ਪੈਰੀ ਚਲੈ ਹਥੀ ਕਰਣਾ
ਦਿਤਾ ਪੈਨੈ ਖਾਇ ॥

پیَری چلے ہتھی کرنا
دِتا پینے کھاءِ ॥

ਜਿਨਿ ਰਚਿ ਰਚਿਆ ਤਿਸਹਿ ਨ ਜਾਣੈ
ਅੰਧਾ ਅੰਧੁ ਕਮਾਇ ॥

جِنِ رچِ رچِیا تِسہِ ن جانّے
اندھا اندھُ کماءِ ॥

ਜਾ ਭਜੈ ਤਾ ਠੀਕਰੁ ਹੋਵੈ
ਘਾੜਤ ਘੜੀ ਨ ਜਾਇ ॥

جا بھجے تا ٹھیکرُ ہووے
گھاڑت گھڑی ن جاءِ ॥

ਨਾਨਕ ਗੁਰ ਬਿਨੁ ਨਾਹਿ ਪਤਿ
ਪਤਿ ਵਿਣੁ ਪਾਰਿ ਨ ਪਾਇ ॥੧॥

نانک گُر بِنُ ناہِ پتِ
پتِ وِنُ پارِ ن پاءِ ॥1॥

ਮਃ ੨ ॥

ਦੇਂਦੇ ਥਾਵਹੁ ਦਿਤਾ ਚੰਗਾ
ਮਨਮੁਖਿ ਐਸਾ ਜਾਣੀਐ ॥

ਸੁਰਤਿ ਮਤਿ ਚਤੁਰਾਈ ਤਾ ਕੀ
ਕਿਆ ਕਰਿ ਆਖਿ ਵਖਾਣੀਐ ॥

ਅੰਤਰਿ ਬਹਿ ਕੈ ਕਰਮ ਕਮਾਵੈ
ਸੋ ਚਹੁ ਕੁੰਡੀ ਜਾਣੀਐ ॥

ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ
ਪਾਪਿ ਕਮਾਣੈ ਪਾਪੀ ਜਾਣੀਐ ॥

ਤੂੰ ਆਪੇ ਖੇਲ ਕਰਹਿ ਸਭਿ ਕਰਤੇ
ਕਿਆ ਦੂਜਾ ਆਖਿ ਵਖਾਣੀਐ ॥

ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ
ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥

ਨਾਨਕ ਗੁਰਮੁਖਿ ਨਦਰੀ ਆਇਆ
ਹਰਿ ਇਕੋ ਸੁਘੜੁ ਸੁਜਾਣੀਐ ॥੨॥

ਪਉੜੀ ॥

ਤੁਧੁ ਆਪੈ ਜਗਤੁ ਉਪਾਇ ਕੈ
ਤੁਧੁ ਆਪੈ ਧੰਧੈ ਲਾਇਆ ॥

ਮੋਹ ਠਗਉਲੀ ਪਾਇ ਕੈ
ਤੁਧੁ ਆਪਹੁ ਜਗਤੁ ਖੁਆਇਆ ॥

ਤਿਸਨਾ ਅੰਦਰਿ ਅਗਨਿ ਹੈ
ਨਹ ਤਿਪਤੈ ਭੁਖਾ ਤਿਹਾਇਆ ॥

ਸਹਸਾ ਇਹੁ ਸੰਸਾਰੁ ਹੈ
ਮਰਿ ਜੰਮੈ ਆਇਆ ਜਾਇਆ ॥

ਬਿਨੁ ਸਤਿਗੁਰ ਮੋਹੁ ਨ ਤੁਟਈ

م: 2 ॥

دینْدے تھاوہُ دِتا چنگا
منمُکھِ ایَسا جانْیَۓ ॥

سُرتِ متِ چترائی تا کی
کِیا کرِ آکھِ وکھانْیَۓ ۔ ॥

انترِ بہِ کے کرم کماوے
سو چہُ کُنڈی جانْیَۓ ॥

جو دھرمُ کماوے تِس دھرم ناءُ ہووے
پاپِ کمانْے پاپی جانْیَۓ ॥

توُنّ آپے کھیل کرہِ سبھِ کرتے
کِیا دوُجا آکھِ وکھانْیَۓ ۔ ॥

جِچرُ تیری جوتِ تِچرُ جوتی وِچ توُنّ بولہِ
وِنُ جوتی کوئی کچھُ کرہُ دِکھا سِیانْیَۓ ॥

نانک گُرمُکھِ ندری آئیا
ہرِ اِکو سُگھڑُ سُجانْیَۓ ॥2॥

پئُڑی ॥

تُدھُ آپے جگتُ اُپاءِ کے
تُدھُ آپے دھندّھے لائیا ॥

موہ ٹھگُلی پاءِ کے
تُدھُ آپہُ جگتُ کھُیائیا ॥

تِسنا اندرِ اگنِ ہے
نہ تِپتے بھکھا تِہائیا ॥

سہسا اِہُ سنّسارُ ہے
مرِ جنّمے آئیا جائیا ॥

بِنُ ستِگُر موہُ ن ٹُٹئی

ਸਭਿ ਥਕੇ ਕਰਮ ਕਮਾਇਆ ॥

سبھِ تھکے کرم کمائِیا ॥

ਗੁਰਮਤੀ ਨਾਮੁ ਧਿਆਈਐ
ਸੁਖਿ ਰਜਾ ਜਾ ਤੁਧੁ ਭਾਇਆ ॥

گُرمتی نامُ دھِیائِیَے
سُکھِ رجا جا تُدھُ بھائِیا ॥

ਕੁਲੁ ਉਧਾਰੇ ਆਪਣਾ
ਧੰਨੁ ਜਣੇਦੀ ਮਾਇਆ ॥

کُلُ اُدھارے آپنا
دھنّنُ جنّیدی مائِیا ॥

ਸੋਭਾ ਸੁਰਤਿ ਸੁਹਾਵਣੀ
ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥

سوبھا سُرتِ سُہاونّی
جِنِ ہرِ سیتی چِتُ لائِیا ॥2॥

ਸਲੋਕ ਮਃ ੨ ॥

سلوک م: 2 ॥

ਅਖੀ ਬਾਝਹੁ ਵੇਖਣਾ
ਵਿਣੁ ਕੰਨਾ ਸੁਨਣਾ ॥

اکھی باجھہُ ویکھنّا
وِنُ کنّنا سُنّنا ॥

ਪੈਰਾ ਬਾਝਹੁ ਚਲਣਾ
ਵਿਣੁ ਹਥਾ ਕਰਣਾ ॥

پیرا باجھہُ چلنّا
وِنُ ہتھا کرنّا ॥

ਜੀਭੈ ਬਾਝਹੁ ਬੋਲਣਾ
ਇਉ ਜੀਵਤ ਮਰਣਾ ॥

جیبھے باجھہُ بولنّا
اِءُ جیوت مرنّا ॥

ਨਾਨਕ ਹੁਕਮੁ ਪਛਾਣਿ ਕੈ
ਤਉ ਖਸਮੈ ਮਿਲਣਾ ॥੧॥

نانک حُکمُ پچھانِ کے
تءُ خصمے مِلنّا ॥1॥

ਮਃ ੨ ॥

م: 2 ॥

ਦਿਸੈ ਸੁਣੀਐ ਜਾਣੀਐ
ਸਾਉ ਨ ਪਾਇਆ ਜਾਇ ॥

دِسے سُنّیَے جانّیَے
ساءُ ن پائِیا جاءِ ॥

ਰੁਹਲਾ ਟੁੰਡਾ ਅੰਧੁਲਾ
ਕਿਉ ਗਲਿ ਲਗੈ ਧਾਇ ॥

رُہلا ٹُنڈا اندھُلا
کِءُ گلِ لگے دھاءِ ۔ ॥

ਭੈ ਕੇ ਚਰਣ ਕਰ ਭਾਵ ਕੇ
ਲੋਇਣ ਸੁਰਤਿ ਕਰੇਇ ॥

بھے کے چرنّ کر بھاو کے
لوئِنّ سُرتِ کرےءِ ॥

ਨਾਨਕ ਕਹੈ ਸਿਆਣੀਏ
ਇਵ ਕੰਤ ਮਿਲਾਵਾ ਹੋਇ ॥੨॥

نانک کہے سِیانّیے
اِو کنّت مِلاوا ہوءِ ॥2॥

ਪਉੜੀ ॥	پئُڑی ॥
ਸਦਾ ਸਦਾ ਤੂੰ ਏਕੁ ਹੈ ਤੁਧੁ ਦੂਜਾ ਖੇਲੁ ਰਚਾਇਆ ॥	سدا سدا توُنّ ایکُ ہےَ تُدھُ دوُجا کھیلُ رچائیا ॥
ਹਉਮੈ ਗਰਬੁ ਉਪਾਇ ਕੈ ਲੋਭੁ ਅੰਤਰਿ ਜੰਤਾ ਪਾਇਆ ॥	ہئُمےَ گربُ اُپاءِ کےَ لوبھُ انترِ جنّتا پائیا ॥
ਜਿਉ ਭਾਵੈ ਤਿਉ ਰਖੁ ਤੂ ਸਭ ਕਰੇ ਤੇਰਾ ਕਰਾਇਆ ॥	جِءُ بھاوےَ تِءُ رکھُ توُ سبھ کرے تیرا کرائیا ॥
ਇਕਨਾ ਬਖਸਹਿ ਮੇਲਿ ਲੈਹਿ ਗੁਰਮਤੀ ਤੁਧੈ ਲਾਇਆ ॥	اِکنا بخشہِ میلِ لیہِ گُرمتی تُدھےَ لائیا ॥
ਇਕਿ ਖੜੇ ਕਰਹਿ ਤੇਰੀ ਚਾਕਰੀ ਵਿਣੁ ਨਾਵੈ ਹੋਰੁ ਨ ਭਾਇਆ ॥	اِکِ کھڑے کرہِ تیری چاکری وِنُّ ناوےَ ہورُ ن بھائیا ॥
ਹੋਰੁ ਕਾਰ ਵੇਕਾਰ ਹੈ ਇਕਿ ਸਚੀ ਕਾਰੈ ਲਾਇਆ ॥	ہورُ کار ویکار ہےَ اِکِ سچی کارےَ لائیا ॥
ਪੁਤੁ ਕਲਤੁ ਕੁਟੰਬੁ ਹੈ ਇਕਿ ਅਲਿਪਤੁ ਰਹੇ ਜੋ ਤੁਧੁ ਭਾਇਆ ॥	پُتُ کلتُ کُٹنّبُ ہےَ اِکِ الپتُ رہے جو تُدھُ بھائیا ॥
ਓਹਿ ਅੰਦਰਹੁ ਬਾਹਰਹੁ ਨਿਰਮਲੇ ਸਚੈ ਨਾਇ ਸਮਾਇਆ ॥੩॥	اوہِ اندرہُ باہرہُ نِرملے سچےَ ناءِ سمائیا ॥3॥
ਸਲੋਕੁ ਮਃ ੧ ॥	سلوکُ م: 1 ॥
ਸੁਇਨੇ ਕੈ ਪਰਬਤਿ ਗੁਫਾ ਕਰੀ ਕੈ ਪਾਣੀ ਪਇਆਲਿ ॥	سُئنے کےَ پربتِ گُپھا کری کےَ پانیٔ پئیالِ ॥
ਕੈ ਵਿਚਿ ਧਰਤੀ ਕੈ ਆਕਾਸੀ ਉਰਧਿ ਰਹਾ ਸਿਰਿ ਭਾਰਿ ॥	کےَ وِچ دھرتی کےَ آکاسی اُردھِ رہا سِرِ بھارِ ॥
ਪੁਰੁ ਕਰਿ ਕਾਇਆ ਕਪੜੁ ਪਹਿਰਾ ਧੋਵਾ ਸਦਾ ਕਾਰਿ ॥	پُرُ کرِ کائیا کپڑُ پہرا دھووا سدا کارِ ॥
ਬਗਾ ਰਤਾ ਪੀਅਲਾ ਕਾਲਾ	بگا رتا پیئلا کالا

ਬੇਦਾ ਕਰੀ ਪੁਕਾਰ ॥	بیدا کری پُکار ॥
ਹੋਇ ਕੁਚੀਲੁ ਰਹਾ ਮਲੁ ਧਾਰੀ ਦੁਰਮਤਿ ਮਤਿ ਵਿਕਾਰ ॥	ہوءِ کچیلُ رہا ملُ دھاری دُرمتِ متِ وِکار ॥
ਨਾ ਹਉ ਨਾ ਮੈ ਨਾ ਹਉ ਹੋਵਾ ਨਾਨਕ ਸਬਦੁ ਵੀਚਾਰਿ ॥੧॥	نا ہءُ نا مے نا ہءُ ہووا نانک سبدُ ویچارِ ॥1॥
ਮਃ ੧ ॥	م: 1 ॥
ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ ॥	وستّر پکھالِ پکھالے کائیا آپے سنجَمِ ہووے ॥
ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ ॥	انّترِ میَلُ لگی نہی جانے باہرہُ ملِ ملِ دھووے ॥
ਅੰਧਾ ਭੂਲਿ ਪਇਆ ਜਮ ਜਾਲੇ ॥	اندھا بھولِ پئیا جم جالے ॥
ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ ॥	وستُ پرائی اپُنی کرِ جانے ہئُمے وِچ دُکھُ گھالے ॥
ਨਾਨਕ ਗੁਰਮੁਖਿ ਹਉਮੈ ਤੁਟੈ ਤਾ ਹਰਿ ਹਰਿ ਨਾਮੁ ਧਿਆਵੈ ॥	نانک گُرمُکھِ ہئُمے ٹُٹے تا ہرِ ہرِ نامُ دھیاوے ॥
ਨਾਮੁ ਜਪੇ ਨਾਮੋ ਆਰਾਧੇ ਨਾਮੇ ਸੁਖਿ ਸਮਾਵੈ ॥੨॥	نامُ جپے نامو آرادھے نامے سُکھِ سماوے ॥2॥
ਪਵੜੀ ॥	پوڑی ॥
ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ ॥	کائیا ہنّس سنجوگُ میلِ مِلائیا ॥
ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ ॥	تِن ہی کِیا وِجوگُ جِنِ اُپائیا ॥
ਮੂਰਖੁ ਭੋਗੇ ਭੋਗੁ ਦੁਖ ਸਬਾਇਆ ॥	مورکھُ بھوگے بھوگُ دُکھ سبائیا ॥
ਸੁਖਹੁ ਉਠੇ ਰੋਗ	سُکھہُ اُٹھے روگ

ਪਾਪ ਕਮਾਇਆ ॥	پاپ کمائیا ॥
ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ ॥	ہرکھہُ سوگُ وِجوگُ اُپاءِ کھپائیا ॥
ਮੂਰਖ ਗਣਤ ਗਣਾਇ ਝਗੜਾ ਪਾਇਆ ॥	مُورکھ گنّت گنّاءِ جھگڑا پائیا ॥
ਸਤਿਗੁਰ ਹਥਿ ਨਿਬੇੜੁ ਝਗੜੁ ਚੁਕਾਇਆ ॥	ستِگُر ہتھِ نِبیڑُ جھگڑُ چُکائیا ॥
ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ ॥੪॥	کرتا کرے سُ ہوگُ ن چلےَ چلائیا ॥4॥
ਸਲੋਕ ਮਃ ੧ ॥	سلوک م: 1 ॥
ਕੂੜੁ ਬੋਲਿ ਮੁਰਦਾਰੁ ਖਾਇ ॥	کوُڑُ بولِ مُردارُ کھاءِ ॥
ਅਵਰੀ ਨੋ ਸਮਝਾਵਣਿ ਜਾਇ ॥	اوری نو سمجھاونِ جاءِ ॥
ਮੁਠਾ ਆਪਿ ਮੁਹਾਏ ਸਾਥੈ ॥	مُٹھا آپِ مُہائے ساتھےَ ॥
ਨਾਨਕ ਐਸਾ ਆਗੂ ਜਾਪੈ ॥੧॥	نانک ایَسا آگُو جاپے ॥1॥
ਮਹਲਾ ੪ ॥	محلا 4 ॥
ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥	جِس دے اندرِ سچُ ہے سو سچا نامُ مُکھِ سچُ الائے ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ॥	اوہُ ہرِ مارگِ آپِ چلدا ہورنا نو ہرِ مارگِ پائے ॥
ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ ॥	جے اگے تیرتھُ ہوءِ تا مل لہے چھپڑِ ناتے سگوی مل لائے ॥
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥	تیرتھُ پوُرا ستِگُروُ جو اندِنُ ہرِ ہرِ نامُ دھیائے ॥
ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ ॥	اوہُ آپِ چھُٹا کُٹنّب سِءُ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) (ਰਾਜਾ ਸਾਹਿਬ) ਸਿਵਾ: ਭਾਈ ਮੰਜਿੰਦਰ ਸਿੰਘ ਜੀ | ਸਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦے 550ویں پرکاش پرب نوں سمرپت

دے ہرِ ہرِ نامُ سبھ سّرِسٹِ چھڈائے ॥

ਜਨ ਨਾਨਕ ਤਿਸੁ ਬਲਿਹਾਰਣੈ
ਜੋ ਆਪਿ ਜਪੈ ਅਵਰਾ ਨਾਮੁ ਜਪਾਏ ॥੨॥

جن نانک تِسُ بلِہارےٗ
جو آپِ جپے اورا نامُ جپائے ॥2॥

ਪਉੜੀ ॥

پُڑی ॥

ਇਕਿ ਕੰਦ ਮੂਲੁ ਚੁਣਿ ਖਾਹਿ
ਵਣ ਖੰਡਿ ਵਾਸਾ ॥

اِکِ کنّد مؤلُ چُنِ کھاہِ
ونِ کھنڈِ واسا ॥

ਇਕਿ ਭਗਵਾ ਵੇਸੁ ਕਰਿ ਫਿਰਹਿ
ਜੋਗੀ ਸੰਨਿਆਸਾ ॥

اِکِ بھگوا ویسُ کرِ پھِرہِ
جوگی سنّیاسا ॥

ਅੰਦਰਿ ਤ੍ਰਿਸਨਾ ਬਹੁਤੁ
ਛਾਦਨ ਭੋਜਨ ਕੀ ਆਸਾ ॥

انّدرِ ترِسنا بہُتُ
چھادن بھوجن کی آسا ॥

ਬਿਰਥਾ ਜਨਮੁ ਗਵਾਇ
ਨ ਗਿਰਹੀ ਨ ਉਦਾਸਾ ॥

برتھا جنمُ گواءِ
ن گرہی ن اُداسا ॥

ਜਮਕਾਲੁ ਸਿਰਹੁ ਨ ਉਤਰੈ
ਤ੍ਰਿਬਿਧਿ ਮਨਸਾ ॥

جمکالُ سِرہُ ن اُترے
ترِبِدھِ منسا ॥

ਗੁਰਮਤੀ ਕਾਲੁ ਨ ਆਵੈ ਨੇੜੈ
ਜਾ ਹੋਵੈ ਦਾਸਨਿ ਦਾਸਾ ॥

گُرمتی کالُ ن آوے نیڑے
جا ہووے داسنِ داسا ॥

ਸਚਾ ਸਬਦੁ ਸਚੁ ਮਨਿ
ਘਰ ਹੀ ਮਾਹਿ ਉਦਾਸਾ ॥

سچا سبدُ سچُ منِ
گھر ہی ماہِ اُداسا ॥

ਨਾਨਕ ਸਤਿਗੁਰੁ ਸੇਵਨਿ ਆਪਣਾ
ਸੇ ਆਸਾ ਤੇ ਨਿਰਾਸਾ ॥੫॥

نانک ستِگُرُ سیونِ آپنا
سے آسا تے نِراسا ॥5॥

ਸਲੋਕ ਮਃ ੧ ॥

سلوک م: 1 ॥

ਜੇ ਰਤੁ ਲਗੈ ਕਪੜੈ
ਜਾਮਾ ਹੋਇ ਪਲੀਤੁ ॥

جے رتُ لگے کپڑے
جاما ہوءِ پلیتُ ॥

ਜੋ ਰਤੁ ਪੀਵਹਿ ਮਾਣਸਾ
ਤਿਨ ਕਿਉ ਨਿਰਮਲੁ ਚੀਤੁ ॥

جو رتُ پیوہِ مانُسا
تِن کِءُ نِرملُ چیتُ ۔ ॥

ਨਾਨਕ ਨਾਉ ਖੁਦਾਇ ਕਾ	نانک ناءُ خُداءِ کا
ਦਿਲਿ ਹਛੈ ਮੁਖਿ ਲੇਹੁ ॥	دِلِ ہچھے مُکھِ لیہُ ॥
ਅਵਰਿ ਦਿਵਾਜੇ ਦੁਨੀ ਕੇ	اورِ دِواجے دُنی کے
ਝੂਠੇ ਅਮਲ ਕਰੇਹੁ ॥੧॥	جھوٹھے عمل کریہُ ॥1॥
ਮਃ ੧ ॥	م: 1 ॥
ਜਾ ਹਉ ਨਾਹੀ ਤਾ ਕਿਆ ਆਖਾ	جا ہءُ ناہی تا کِیا آکھا
ਕਿਹੁ ਨਾਹੀ ਕਿਆ ਹੋਵਾ ॥	کِہُ ناہی کِیا ہووا ۔ ॥
ਕੀਤਾ ਕਰਣਾ ਕਹਿਆ ਕਥਨਾ	کِیتا کرٹا کہِیا کتھنا
ਭਰਿਆ ਭਰਿ ਭਰਿ ਧੋਵਾਂ ॥	بھرِیا بھرِ بھرِ دھوواں ॥
ਆਪਿ ਨ ਬੁਝਾ ਲੋਕ ਬੁਝਾਈ	آپِ ن بُجھا لوک بُجھائی
ਐਸਾ ਆਗੂ ਹੋਵਾਂ ॥	ایَسا آگُو ہوواں ॥
ਨਾਨਕ ਅੰਧਾ ਹੋਇ ਕੈ ਦਸੇ ਰਾਹੈ	نانک اندھا ہوءِ کے دسے راہے
ਸਭਸੁ ਮੁਹਾਏ ਸਾਥੈ ॥	سبھسُ مُہائے ساتھے ॥
ਅਗੈ ਗਇਆ ਮੁਹੇ ਮੁਹਿ ਪਾਹਿ	اگے گئیا مُہے مُہِ پاہِ
ਸੁ ਐਸਾ ਆਗੂ ਜਾਪੈ ॥੨॥	سُ ایَسا آگُو جاپے ॥2॥
ਪਉੜੀ ॥	پئُڑی ॥
ਮਾਹਾ ਰੁਤੀ ਸਭ ਤੂੰ ਘੜੀ	ماہا رُتی سبھ توُنّ گھڑی
ਮੂਰਤ ਵੀਚਾਰਾ ॥	موُرت ویچارا ॥
ਤੂੰ ਗਣਤੈ ਕਿਨੈ ਨ ਪਾਇਓ	توُنّ گنٹتے کِنے ن پائیو
ਸਚੇ ਅਲਖ ਅਪਾਰਾ ॥	سچے الکھ اپارا ۔ ॥
ਪੜਿਆ ਮੂਰਖੁ ਆਖੀਐ	پڑِیا موُرکھُ آکھیئے
ਜਿਸੁ ਲਬੁ ਲੋਭੁ ਅਹੰਕਾਰਾ ॥	جِسُ لبُ لوبھُ اہنکارا ॥
ਨਾਉ ਪੜੀਐ ਨਾਉ ਬੁਝੀਐ	ناءُ پڑِیئے ناءُ بُجھیئے
ਗੁਰਮਤੀ ਵੀਚਾਰਾ ॥	گُرمتی ویچارا ॥
ਗੁਰਮਤੀ ਨਾਮੁ ਧਨੁ ਖਟਿਆ	گُرمتی نامُ دھنُ کھٹِیا

ਭਗਤੀ ਭਰੇ ਭੰਡਾਰਾ ॥	بھگتی بھرے بھنڈارا ॥
ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥	نِرملُ نامُ منّنِیا درِ سچے سچِیارا ॥
ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ ॥	جِس دا جیِءُ پراۃُ ہے انترِ جوتِ اپارا ॥
ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ ॥੬॥	سچا ساہُ اِکُ توُنَ ہورُ جگتُ وٹجارا ॥6॥
ਸਲੋਕੁ ਮਃ ੧ ॥	سلوکُ م: 1 ॥
ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥	مِہر مسیتِ صِدکُ مُصلا حقُ حلالُ قُراۃُ ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥	سرم سُنّنتِ سیِلُ روزا ہوہُ مُسلماۃُ ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥	کرنٹی کابا سچُ پیرُ کلما کرم نِواز ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥੧॥	تسبی سا تِسُ بھاوسی نانک رکھے لاج ॥1॥
ਮਃ ੧ ॥	م: 1 ॥
ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥	حقُ پرائیا نانکا اُس سوُئر اُس گاءِ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥	گُرُ پیرُ ہاما تا بھرے جا مُردارُ ن کھاءِ ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥	گلی بھِستِ ن جائیےَ چھُٹے سچُ کماءِ ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥	مارنٹ پاہِ حرام مہِ ہوءِ حلالُ ن جاءِ ॥

ਨਾਨਕ ਗਲੀ ਕੂੜੀਈ
ਕੂੜੋ ਪਲੈ ਪਾਇ ॥੨॥

نانک گلی کوڑِیئی
کوڑو پلےَ پاءِ ॥2॥

ਮਃ ੧ ॥

م: 1 ॥

ਪੰਜਿ ਨਿਵਾਜਾ ਵਖਤ ਪੰਜਿ
ਪੰਜਾ ਪੰਜੇ ਨਾਉ ॥

پنجِ نِوازا وکھت پنجِ
پنجا پنجے ناءُ ॥

ਪਹਿਲਾ ਸਚੁ ਹਲਾਲ ਦੁਇ
ਤੀਜਾ ਖੈਰ ਖੁਦਾਇ ॥

پہِلا سچُ حلال دُءِ
تیِجا خیرَ خُداءِ ॥

ਚਉਥੀ ਨੀਅਤਿ ਰਾਸਿ ਮਨੁ
ਪੰਜਵੀ ਸਿਫਤਿ ਸਨਾਇ ॥

چتُھی نِیئتِ راسِ منُ
پنجوی صِفتِ سناءِ ॥

ਕਰਣੀ ਕਲਮਾ ਆਖਿ ਕੈ
ਤਾ ਮੁਸਲਮਾਣੁ ਸਦਾਇ ॥

کرنی کلما آکھِ کے
تا مُسلماںُ سداءِ ॥

ਨਾਨਕ ਜੇਤੇ ਕੂੜਿਆਰ
ਕੂੜੈ ਕੂੜੀ ਪਾਇ ॥੩॥

نانک جیتے کوڑِیار
کوڑے کوڑی پاءِ ॥3॥

ਪਉੜੀ ॥

پئُڑی ॥

ਇਕਿ ਰਤਨ ਪਦਾਰਥ ਵਣਜਦੇ
ਇਕਿ ਕਚੈ ਦੇ ਵਾਪਾਰਾ ॥

اِکِ رتن پدارتھ وٹجدے
اِکِ کچےَ دے واپارا ॥

ਸਤਿਗੁਰਿ ਤੁਠੈ ਪਾਈਅਨਿ
ਅੰਦਰਿ ਰਤਨ ਭੰਡਾਰਾ ॥

ستِگُرِ تُٹھےَ پائیئنِ
اندرِ رتن بھنڈارا ॥

ਵਿਣੁ ਗੁਰ ਕਿਨੈ ਨ ਲਧਿਆ
ਅੰਧੇ ਭਉਕਿ ਮੁਏ ਕੂੜਿਆਰਾ ॥

وِنُ گُر کِنے ن لدھِیا
اندھے بھٹکِ مُےَ کوڑِیارا ॥

ਮਨਮੁਖ ਦੂਜੈ ਪਚਿ ਮੁਏ
ਨਾ ਬੂਝਹਿ ਵੀਚਾਰਾ ॥

منمکھ دوُجےَ پچِ مُےَ
نا بوُجھہِ ویچارا ॥

ਇਕਸੁ ਬਾਝਹੁ ਦੂਜਾ ਕੋ ਨਹੀ
ਕਿਸੁ ਅਗੈ ਕਰਹਿ ਪੁਕਾਰਾ ॥

اِکسُ باجھہُ دوُجا کو نہی
کِسُ اگےَ کرہِ پُکارا ۔ ॥

ਇਕਿ ਨਿਰਧਨ ਸਦਾ ਭਉਕਦੇ

اِکِ نِردھن سدا بھٹکدے

ਇਕਨਾ ਭਰੇ ਤੁਜਾਰਾ ॥	اِکنا بھرے تُجارا ॥
ਵਿਣੁ ਨਾਵੈ ਹੋਰੁ ਧਨੁ ਨਾਹੀ ਹੋਰੁ ਬਿਖਿਆ ਸਭੁ ਛਾਰਾ ॥	وِنُّ ناوے ہورُ دھنُ ناہی ہورُ بِکھیا سبھُ چھارا ॥
ਨਾਨਕ ਆਪਿ ਕਰਾਏ ਕਰੇ ਆਪਿ ਹੁਕਮਿ ਸਵਾਰਣਹਾਰਾ ॥੭॥	نانک آپِ کرائے کرے آپِ حُکمِ سوارنْہارا ॥7॥
ਸਲੋਕੁ ਮਃ ੧ ॥	سلوکُ م: 1 ॥
ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥	مُسلمانُّ کہاونُّ مُشکلُ جا ہوءِ تا مُسلمانُّ کہاوے ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥	اولِ اُلِ دِینُ کرِ مِٹھا مصقل مانا مالُ مُساوے ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥	ہوءِ مُسلِمُ دِین مُہانْے مرنْ جِیونْ کا بھرمُ چُکاوے ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥	رب کی رضاءِ منّنے سِر اُپرِ کرتا منّنے آپُ گواوے ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥੧॥	تءُ نانک سرب جِیا مِہرنّمتِ ہوءِ ت مُسلمانُّ کہاوے ॥1॥
ਮਹਲਾ ੪ ॥	محلا 4 ॥
ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ ॥	پرہرِ کام کرودھُ جھوٹھُ نِندا تجِ مائیا اہنکارُ چُکاوے ॥
ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥	تجِ کامُ کامِنی موہُ تجےَ تا انّجن ماہِ نِرنّجنُ پاوے ॥
ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ ਤਜਿ ਪਿਆਸ ਆਸ ਰਾਮ ਲਿਵ ਲਾਵੈ ॥	تجِ مانُ ابھِمانُ پّریتِ سُت دارا تجِ پِیاس آس رام لِو لاوے ॥
ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ ॥੨॥	نانک ساچا منِ وسےَ ساچ سبدِ ہرِ نامِ سماوے ॥2॥

ਪਉੜੀ ॥	پئڑی ॥
ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ ॥	راجے رہتِ سِکدار کوءِ ن رہسیئو ॥
ਹਟ ਪਟਣ ਬਾਜਾਰ ਹੁਕਮੀ ਢਹਸੀਓ ॥	ہٹ پٹڑ بازار حُکمی ڈھہسیئو ॥
ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ ॥	پکے بنک دُیار موُرکھُ جانڑے آپنڑے ॥
ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ ॥	دربِ بھرے بھنڈار ریتے اِکِ کھنڑے ॥
ਤਾਜੀ ਰਥ ਤੁਖਾਰ ਹਾਥੀ ਪਾਖਰੇ ॥	تازی رتھ تکھار ہاتھی پاکھرے ॥
ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ ॥	باغ مِلکھ گھر بار کِتھے سِ آپنڑے ۔ ॥
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ ॥	تنبُو پلنگھ نِوار سرائیچے لالتی ॥
ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ ॥੮॥	نانک سچ داتارُ سِناکھتُ قُدرتی ॥8॥
ਸਲੋਕੁ ਮਃ ੧ ॥	سلوکُ م: 1 ॥
ਨਦੀਆ ਹੋਵਹਿ ਧੇਣਵਾ ਸੁੰਮ ਹੋਵਹਿ ਦੁਧੁ ਘੀਉ ॥	ندیِیا ہووہِ دھینڑوا سُنّم ہووہِ دُدھُ گھیِءُ ॥
ਸਗਲੀ ਧਰਤੀ ਸਕਰ ਹੋਵੈ ਖੁਸੀ ਕਰੇ ਨਿਤ ਜੀਉ ॥	سگلی دھرتی سکر ہووے خُشی کرے نِت جیِءُ ॥
ਪਰਬਤੁ ਸੁਇਨਾ ਰੁਪਾ ਹੋਵੈ ਹੀਰੇ ਲਾਲ ਜੜਾਉ ॥	پربتُ سُئنا رُپا ہووے ہیِرے لال جڑاءُ ॥
ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ ॥੧॥	بھی توُنہے سالاحنا آکھڑ لہے ن چاءُ ॥1॥
ਮਃ ੧ ॥	م: 1 ॥
ਭਾਰ ਅਠਾਰਹ ਮੇਵਾ ਹੋਵੈ ਗਰੁੜਾ ਹੋਇ ਸੁਆਉ ॥	بھار اٹھارہ میوا ہووے گرُڑا ہوءِ سُیاءُ ॥
ਚੰਦੁ ਸੂਰਜੁ ਦੁਇ ਫਿਰਦੇ ਰਖੀਅਹਿ ਨਿਹਚਲੁ ਹੋਵੈ ਥਾਉ ॥	چنڈُ سوُرجُ دُءِ پھِردے رکھیِئہِ

ਨਿਹਚਲੁ ਹੋਵੈ ਤਾਣੁ ॥

ਭੀ ਤੂੰਹੈ ਸਾਲਾਹਣਾ
ਆਖਣ ਲਹੈ ਨ ਚਾਉ ॥੨॥

بھی توُنہے سالاحنا
آکھنؔ لہے ن چاءُ ॥2॥

ਮਃ ੧ ॥

م: 1 ॥

ਜੇ ਦੇਹੈ ਦੁਖੁ ਲਾਈਐ
ਪਾਪ ਗਰਹ ਦੁਇ ਰਾਹੁ ॥

جے دیہے دُکھُ لائیئے
پاپ گرہ دُءِ راہُ ॥

ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ
ਏਵੈ ਜਾਪੈ ਭਾਉ ॥

رتُ پیِنے راجے سِرے اُپرِ رکھیئہِ
ایوے جاپے بھاءُ ॥

ਭੀ ਤੂੰਹੈ ਸਾਲਾਹਣਾ
ਆਖਣ ਲਹੈ ਨ ਚਾਉ ॥੩॥

بھی توُنہے سالاحنا
آکھنؔ لہے ن چاءُ ॥3॥

ਮਃ ੧ ॥

م: 1 ॥

ਅਗੀ ਪਾਲਾ ਕਪੜੁ ਹੋਵੈ
ਖਾਣਾ ਹੋਵੈ ਵਾਉ ॥

اگی پالا کپڑُ ہووے
کھاٹا ہووے واءُ ॥

ਸੁਰਗੈ ਦੀਆ ਮੋਹਣੀਆ ਇਸਤਰੀਆ ਹੋਵਨਿ
ਨਾਨਕ ਸਭੋ ਜਾਉ ॥

سُرگے دیِیا موہنیِیا اِستریِیا ہوونِ
نانک سبھو جاءُ ॥

ਭੀ ਤੂਹੈ ਸਾਲਾਹਣਾ
ਆਖਣ ਲਹੈ ਨ ਚਾਉ ॥੪॥

بھی توُہے سالاحنا
آکھنؔ لہے ن چاءُ ॥4॥

ਪਵੜੀ ॥

پوڑی ॥

ਬਦਫੈਲੀ ਗੈਬਾਨਾ ਖਸਮੁ ਨ ਜਾਣਈ ॥

بدفیَلی غیَبانا خصمُ ن جانئی ॥

ਸੋ ਕਹੀਐ ਦੇਵਾਨਾ ਆਪੁ ਨ ਪਛਾਣਈ ॥

سو کہیِئے دیوانا آپُ ن پچھانئی ॥

ਕਲਹਿ ਬੁਰੀ ਸੰਸਾਰਿ ਵਾਦੇ ਖਪੀਐ ॥

کلہِ بُری سنّسارِ وادے کھپیِئے ॥

ਵਿਣੁ ਨਾਵੈ ਵੇਕਾਰਿ ਭਰਮੇ ਪਚੀਐ ॥

وِنُ ناوے ویکارِ بھرمے پچیِئے ॥

ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ ॥

راہ دووے اِکُ جانے سوئی سِجھسی ॥

ਕੁਫਰ ਗੋਅ ਕੁਫਰਾਣੈ ਪਇਆ ਦਝਸੀ ॥

کُپھر گوءِ کُپھرانے پیِیا دجھسی ॥

ਸਭ ਦੁਨੀਆ ਸੁਬਹਾਨੁ ਸਚਿ ਸਮਾਈਐ ॥	سبھ دُنِیا سُبحانُ سچِ سمائیَۓ ॥
ਸਿਝੈ ਦਰਿ ਦੀਵਾਨਿ ਆਪੁ ਗਵਾਈਐ ॥੯॥	سِجھےَ درِ دِیوانِ آپُ گوائیَۓ ॥9॥
ਮਃ ੧ ਸਲੋਕੁ ॥	م: 1 سلوکُ ॥
ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥	سو جیِویا جِسُ منِ وسِیا سوءِ ॥
ਨਾਨਕ ਅਵਰੁ ਨ ਜੀਵੈ ਕੋਇ ॥	نانک اورُ ن جیِوےَ کوءِ ॥
ਜੇ ਜੀਵੈ ਪਤਿ ਲਥੀ ਜਾਇ ॥	جے جیِوےَ پتِ لتھی جاءِ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥	سبھُ حرامُ جیتا کِچھُ کھاءِ ॥
ਰਾਜਿ ਰੰਗੁ ਮਾਲਿ ਰੰਗੁ ॥	راجِ رنگُ مالِ رنگُ ॥
ਰੰਗਿ ਰਤਾ ਨਚੈ ਨੰਗੁ ॥	رنگِ رتا نچےَ ننگُ ॥
ਨਾਨਕ ਠਗਿਆ ਮੁਠਾ ਜਾਇ ॥	نانک ٹھگیا مُٹھا جاءِ ॥
ਵਿਣੁ ਨਾਵੈ ਪਤਿ ਗਇਆ ਗਵਾਇ ॥੧॥	وِنُ ناوےَ پتِ گیَیا گواءِ ॥1॥
ਮਃ ੧ ॥	م: 1 ॥
ਕਿਆ ਖਾਧੈ ਕਿਆ ਪੈਧੈ ਹੋਇ ॥	کِیا کھادھےَ کِیا پیَدھےَ ہوءِ ۔ ॥
ਜਾ ਮਨਿ ਨਾਹੀ ਸਚਾ ਸੋਇ ॥	جا منِ ناہی سچا سوءِ ॥
ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ ॥	کِیا میوا کِیا گھِءُ گُڑُ مِٹھا کِیا میَدا کِیا ماسُ ۔ ॥
ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ ॥	کِیا کپڑُ کِیا سیج سُکھالی کیجہِ بھوگ بِلاس ॥
ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ ॥	کِیا لشکر کِیا نیب خواسی آوےَ محلی واسُ ॥
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ ॥੨॥	نانک سچے نام وِنُ سبھے ٹول وِٹاسُ ॥2॥
ਪਵੜੀ ॥	پوڑی ॥

ਜਾਤੀ ਦੈ ਕਿਆ ਹਥਿ ਸਚੁ ਪਰਖੀਐ ॥

زاتی دے کیا ہتھِ سچُ پرکھیئے ॥

ਮਹੁਰਾ ਹੋਵੈ ਹਥਿ
ਮਰੀਐ ਚਖੀਐ ॥

مہُرا ہووے ہتھِ
مریئے چکھیئے ॥

ਸਚੇ ਕੀ ਸਿਰਕਾਰ
ਜੁਗੁ ਜੁਗੁ ਜਾਣੀਐ ॥

سچے کی سِرکار
جُگ جُگ جانیئے ॥

ਹੁਕਮੁ ਮੰਨੇ ਸਿਰਦਾਰੁ
ਦਰਿ ਦੀਬਾਣੀਐ ॥

حُکمُ منّنے سِردارُ
درِ دیبانیئے ॥

ਫੁਰਮਾਨੀ ਹੈ ਕਾਰ
ਖਸਮਿ ਪਠਾਇਆ ॥

فُرمانی ہے کار
خصمِ پٹھائیا ॥

ਤਬਲਬਾਜ ਬੀਚਾਰ
ਸਬਦਿ ਸੁਣਾਇਆ ॥

طبلباز بیچار
سبدِ سُنائیا ॥

ਇਕਿ ਹੋਏ ਅਸਵਾਰ
ਇਕਨਾ ਸਾਖਤੀ ॥

اِکِ ہوئے اسوار
اِکنا ساختی ॥

ਇਕਨੀ ਬਧੇ ਭਾਰ
ਇਕਨਾ ਤਾਖਤੀ ॥੧੦॥

اِکنی بدھے بھار
اِکنا تاختی ॥ 10 ॥

ਸਲੋਕੁ ਮਃ ੧ ॥

سلوکُ م: 1 ॥

ਜਾ ਪਕਾ ਤਾ ਕਟਿਆ
ਰਹੀ ਸੁ ਪਲਰਿ ਵਾੜਿ ॥

جا پکا تا کٹیا
رہی سُ پلرِ واڑِ ॥

ਸਣੁ ਕੀਸਾਰਾ ਚਿਥਿਆ
ਕਣੁ ਲਇਆ ਤਨੁ ਝਾੜਿ ॥

سنُ کیسارا چِتھیا
کنُ لیِیا تنُ جھاڑِ ॥

ਦੁਇ ਪੁੜ ਚਕੀ ਜੋੜਿ ਕੈ
ਪੀਸਣ ਆਇ ਬਹਿਠੁ ॥

دُءِ پُڑ چکی جوڑِ کے
پیسنُ آءِ بہٹھُ ॥

ਜੋ ਦਰਿ ਰਹੇ ਸੁ ਉਬਰੇ
ਨਾਨਕ ਅਜਬੁ ਡਿਠੁ ॥੧॥

جو درِ رہے سُ اُبرے
نانک عجبُ ڈِٹھُ ॥1॥

ਮਃ ੧ ॥

م: 1 ॥

ਵੇਖੁ ਜਿ ਮਿਠਾ ਕਟਿਆ
ਕਟਿ ਕੁਟਿ ਬਧਾ ਪਾਇ ॥

ویکھُ جِ مِٹھا کٹِیا
کٹِ کُٹِ بدھا پاءِ ॥

ਖੁੰਢਾ ਅੰਦਰਿ ਰਖਿ ਕੈ
ਦੇਨਿ ਸੁ ਮਲ ਸਜਾਇ ॥

کھُنڈھا اندّرِ رکھِ کے
دینِ سُ مل سزاءِ ॥

ਰਸੁ ਕਸੁ ਟਟਰਿ ਪਾਈਐ
ਤਪੈ ਤੈ ਵਿਲਲਾਇ ॥

رسُ کسُ ٹٹرِ پائیئے
تپے تے وِللاءِ ॥

ਭੀ ਸੋ ਫੋਗੁ ਸਮਾਲੀਐ
ਦਿਚੈ ਅਗਿ ਜਾਲਾਇ ॥

بھی سو پھوگُ سمالیئے
دِچے اگِ جالاءِ ॥

ਨਾਨਕ ਮਿਠੈ ਪਤਰੀਐ
ਵੇਖਹੁ ਲੋਕਾ ਆਇ ॥੨॥

نانک مِٹھے پترِیئے
ویکھہُ لوکا آءِ ॥2॥

ਪਵੜੀ ॥

پوڑی ॥

ਇਕਨਾ ਮਰਣੁ ਨ ਚਿਤਿ ਆਸ ਘਣੇਰਿਆ ॥

اِکنا مرنُّ ن چِتِ آس گھنیریا ॥

ਮਰਿ ਮਰਿ ਜੰਮਹਿ ਨਿਤ ਕਿਸੈ ਨ ਕੇਰਿਆ ॥

مرِ مرِ جنمہِ نِت کِسے ن کیریا ॥

ਆਪਨੜੈ ਮਨਿ ਚਿਤਿ ਕਹਨਿ ਚੰਗੇਰਿਆ ॥

آپنڑے منِ چِتِ کہنِ چنگیریا ॥

ਜਮਰਾਜੈ ਨਿਤ ਨਿਤ ਮਨਮੁਖ ਹੇਰਿਆ ॥

جمراجے نِت نِت منمکھ ہیریا ॥

ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ ॥

منمکھ لوُنُ ہارام کیا ن جانِیا ॥

ਬਧੇ ਕਰਨਿ ਸਲਾਮ ਖਸਮ ਨ ਭਾਣਿਆ ॥

بدھے کرنِ سلام خصم ن بھانِیا ॥

ਸਚੁ ਮਿਲੈ ਮੁਖਿ ਨਾਮੁ ਸਾਹਿਬ ਭਾਵਸੀ ॥

سچُ مِلے مُکھِ نامُ صاحِب بھاوسی ॥

ਕਰਸਨਿ ਤਖਤਿ ਸਲਾਮੁ ਲਿਖਿਆ ਪਾਵਸੀ ॥੧੧॥

کرسنِ تخت سلامُ لِکھیا پاوسی ॥ 11 ॥

ਮਃ ੧ ਸਲੋਕੁ ॥

م: 1 سلوکُ ॥

ਮਛੀ ਤਾਰੂ ਕਿਆ ਕਰੇ
ਪੰਖੀ ਕਿਆ ਆਕਾਸੁ ॥

مچھی تارُو کیا کرے
پنکھی کیا آکاسُ ۔ ॥

ਪਥਰ ਪਾਲਾ ਕਿਆ ਕਰੇ
ਖੁਸਰੇ ਕਿਆ ਘਰ ਵਾਸੁ ॥

پتھر پالا کیا کرے
کھُسرے کیا گھر واسُ ۔ ॥

ਕੁਤੇ ਚੰਦਨੁ ਲਾਈਐ
ਭੀ ਸੋ ਕੁਤੀ ਧਾਤੁ ॥

کُتے چندَنُ لائیئے
بھی سو کُتی دھاتُ ॥

ਬੋਲਾ ਜੇ ਸਮਝਾਈਐ
ਪੜੀਅਹਿ ਸਿੰਮ੍ਰਿਤਿ ਪਾਠ ॥

بولا جے سمجھائیئے
پڑِیَہِ سِمرِتِ پاٹھ ॥

ਅੰਧਾ ਚਾਨਣਿ ਰਖੀਐ
ਦੀਵੇ ਬਲਹਿ ਪਚਾਸ ॥

اندھا چانڑِ رکھیئے
دِیوے بلہِ پچاس ॥

ਚਉਣੇ ਸੁਇਨਾ ਪਾਈਐ
ਚੁਣਿ ਚੁਣਿ ਖਾਵੈ ਘਾਸੁ ॥

چُنڑِ چُنڑِ کھاوے گھاسُ ॥

ਲੋਹਾ ਮਾਰਣਿ ਪਾਈਐ
ਢਹੈ ਨ ਹੋਇ ਕਪਾਸ ॥

لوہا مارڑِ پائیئے
ڈھہے ن ہوءِ کپاس ॥

ਨਾਨਕ ਮੂਰਖ ਏਹਿ ਗੁਣ
ਬੋਲੇ ਸਦਾ ਵਿਣਾਸੁ ॥੧॥

نانک مُورکھ ایہ گُڑ
بولے سدا وِناسُ ॥1॥

ਮਃ ੧ ॥

م: 1 ॥

ਕੈਹਾ ਕੰਚਨੁ ਤੁਟੈ ਸਾਰੁ ॥

کیَہا کنچَنُ ٹُٹے سارُ ॥

ਅਗਨੀ ਗੰਢੁ ਪਾਏ ਲੋਹਾਰੁ ॥

اگنی گنڈھُ پائے لوہارُ ॥

ਗੋਰੀ ਸੇਤੀ ਤੁਟੈ ਭਤਾਰੁ ॥

گوری سیتی ٹُٹے بھتارُ ॥

ਪੁਤੀਂ ਗੰਢੁ ਪਵੈ ਸੰਸਾਰਿ ॥

پُتیں گنڈھُ پوے سنّسارِ ॥

ਰਾਜਾ ਮੰਗੈ ਦਿਤੈ ਗੰਢੁ ਪਾਇ ॥

راجا منگَے دِتے گنڈھُ پاءِ ॥

ਭੁਖਿਆ ਗੰਢੁ ਪਵੈ ਜਾ ਖਾਇ ॥

بھُکھیا گنڈھُ پوے جا کھاءِ ॥

ਕਾਲਾ ਗੰਢੁ ਨਦੀਆ ਮੀਹ ਝੋਲ ॥

کالا گنڈھُ ندیِیا میہِ جھول ॥

ਗੰਢੁ ਪਰੀਤੀ ਮਿਠੇ ਬੋਲ ॥

گنڈھُ پریِتی مِٹھے بول ॥

ਬੇਦਾ ਗੰਢੁ ਬੋਲੇ ਸਚੁ ਕੋਇ ॥

بیدا گنڈھُ بولے سچُ کوءِ ॥

ਮੁਇਆ ਗੰਢੁ ਨੇਕੀ ਸਤੁ ਹੋਇ ॥

مُئیا گنڈھُ نیکی ستُ ہوءِ ॥

ਏਤੁ ਗੰਢਿ ਵਰਤੈ ਸੰਸਾਰੁ ॥

ایتُ گنڈھِ ورتے سنّسارُ ॥

ਮੂਰਖ ਗੰਢੁ ਪਵੈ ਮੁਹਿ ਮਾਰ ॥	مُورکھ گنڈھُ پوے مُہِ مار ॥
ਨਾਨਕੁ ਆਖੈ ਏਹੁ ਬੀਚਾਰੁ ॥	نانکُ آکھے ایہُ بیچارُ ॥
ਸਿਫਤੀ ਗੰਢੁ ਪਵੈ ਦਰਬਾਰਿ ॥੨॥	صِفتی گنڈھُ پوے دربارِ ॥2॥
ਪਉੜੀ ॥	پؤڑی ॥
ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ ॥	آپے قُدرتِ ساجِ کے آپے کرے بیچارُ ॥
ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ ॥	اِکِ کھوٹے اِکِ کھرے آپے پرکھنہارُ ॥
ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ ॥	کھرے خزانے پائیئہِ کھوٹے سٹیئہِ باہر وارِ ॥
ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ ॥	کھوٹے سچی درگہ سُٹیئہِ کِسُ آگے کرہِ پُکار ۔ ॥
ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ ॥	ستِگُر پچھے بھجِ پوہِ ایہا کرنی سارُ ॥
ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥	ستِگُرُ کھوٹِئہُ کھرے کرے سبدِ سوارنہارُ ॥
ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ ॥	سچی درگہ منّنیئنِ گُر کے پریم پیارِ ॥
ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ ॥੧੨॥	گنّت تِنا دی کو کیا کرے جو آپِ بخشے کرتارِ ॥ 12 ॥
ਸਲੋਕੁ ਮਃ ੧ ॥	سلوکُ م: 1 ॥
ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ ॥	ہم جیر زِمی دُنیا پیرا مشائِکا رائیا ॥
ਮੇ ਰਵਦਿ ਬਾਦਿਸਾਹਾ ਅਫਜੂ ਖੁਦਾਇ ॥	مے رودِ بادِشاہا نفزوُ خُداءِ ॥

ਏਕ ਤੂਹੀ ਏਕ ਤੁਹੀ ॥੧॥	ایک توُہی ایک تُہی ॥1॥
ਮਃ ੧ ॥	م: 1 ॥
ਨ ਦੇਵ ਦਾਨਵਾ ਨਰਾ ॥	ن دیو دانوا نرا ॥
ਨ ਸਿਧ ਸਾਧਿਕਾ ਧਰਾ ॥	ن سِدھ سادھِکا دھرا ॥
ਅਸਤਿ ਏਕ ਦਿਗਰਿ ਕੁਈ ॥	استِ ایک دِگرِ کُئی ॥
ਏਕ ਤੁਈ ਏਕ ਤੁਈ ॥੨॥	ایک تُئی ایک تُئی ॥2॥
ਮਃ ੧ ॥	م: 1 ॥
ਨ ਦਾਦੇ ਦਿਹੰਦ ਆਦਮੀ ॥	ن دادے دِہنّد آدمی ॥
ਨ ਸਪਤ ਜੇਰ ਜਿਮੀ ॥	ن سپت جیر زِمی ॥
ਅਸਤਿ ਏਕ ਦਿਗਰਿ ਕੁਈ ॥	استِ ایک دِگرِ کُئی ॥
ਏਕ ਤੁਈ ਏਕ ਤੁਈ ॥੩॥	ایک تُئی ایک تُئی ॥3॥
ਮਃ ੧ ॥	م: 1 ॥
ਨ ਸੂਰ ਸਸਿ ਮੰਡਲੋ ॥	ن سوُر سسِ منڈلو ॥
ਨ ਸਪਤ ਦੀਪ ਨਹ ਜਲੋ ॥	ن سپت دیپ نہ جلو ॥
ਅੰਨ ਪਉਣ ਥਿਰੁ ਨ ਕੁਈ ॥	انّن پئُنُ تھِرُ ن کُئی ॥
ਏਕੁ ਤੁਈ ਏਕੁ ਤੁਈ ॥੪॥	ایکُ تُئی ایکُ تُئی ॥4॥
ਮਃ ੧ ॥	م: 1 ॥
ਨ ਰਿਜਕੁ ਦਸਤ ਆ ਕਸੇ ॥	ن رِزقُ دست آ کسے ॥
ਹਮਾ ਰਾ ਏਕੁ ਆਸ ਵਸੇ ॥	ہما را ایکُ آس وسے ॥
ਅਸਤਿ ਏਕੁ ਦਿਗਰ ਕੁਈ ॥	استِ ایکُ دِگر کُئی ॥
ਏਕ ਤੁਈ ਏਕੁ ਤੁਈ ॥੫॥	ایک تُئی ایکُ تُئی ॥5॥
ਮਃ ੧ ॥	م: 1 ॥

ਪਰੰਦਏ ਨ ਗਿਰਾਹ ਜਰ ॥	پرندئے ن گِراہ زر ॥
ਦਰਖਤ ਆਬ ਆਸ ਕਰ ॥	درخت آب آس کر ॥
ਦਿਹੰਦ ਸੁਈ ॥	دِہندَ سُئی ॥
ਏਕ ਤੁਈ ਏਕ ਤੁਈ ॥੬॥	ایک تُئی ایک تُئی ॥6॥
ਮਃ ੧ ॥	م: 1 ॥
ਨਾਨਕ ਲਿਲਾਰਿ ਲਿਖਿਆ ਸੋਇ ॥	نانک لِلارِ لِکھیا سوءِ ॥
ਮੇਟਿ ਨ ਸਾਕੈ ਕੋਇ ॥	میٹِ ن ساکے کوءِ ॥
ਕਲਾ ਧਰੈ ਹਿਰੈ ਸੁਈ ॥	کلا دھرے ہِرے سُئی ॥
ਏਕੁ ਤੁਈ ਏਕੁ ਤੁਈ ॥੭॥	ایکُ تُئی ایکُ تُئی ॥7॥
ਪਉੜੀ ॥	پئُڑی ॥
ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ ॥	سچا تیرا حُکمُ گُرمُکھِ جاِنیا ॥
ਗੁਰਮਤੀ ਆਪੁ ਗਵਾਇ ਸਚੁ ਪਛਾਣਿਆ ॥	گُرمتی آپُ گواءِ سچُ پچھاِنیا ॥
ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ ॥	سچُ تیرا دربارُ سبدُ نِیشاِنیا ॥
ਸਚਾ ਸਬਦੁ ਵੀਚਾਰਿ ਸਚਿ ਸਮਾਣਿਆ ॥	سچا سبدُ ویچارِ سچِ سماِنیا ॥
ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ ॥	منمُکھ سدا کوُڑِیار بھرمِ بھُلاِنیا ॥
ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ ॥	وِسٹا اندَرِ واسُ سادُ ن جاِنیا ॥
ਵਿਣੁ ਨਾਵੈ ਦੁਖੁ ਪਾਇ ਆਵਣ ਜਾਣਿਆ ॥	وِنُ ناوے دُکھُ پاءِ آونُ جاِنیا ॥
ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ ॥੧੩॥	نانک پارکھُ آپِ جِنِ کھوٹا کھرا پچھاِنیا ॥ 13 ॥
ਸਲੋਕ ਮਃ ੧ ॥	سلوک م: 1 ॥
ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥	سیہا بازا چرغا کُہیِیا اینا کھوالے گھاہ ॥
ਘਾਹੁ ਖਾਨਿ ਤਿਨਾ ਮਾਸੁ ਖਵਾਲੇ	گھاہُ کھانِ تِنا ماسُ کھوالے

ਏਹਿ ਚਲਾਏ ਰਾਹ ॥	ایہِ چلائے راہ ॥
ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥	ندیِیا وِچ ٹِبے دیکھالے تھلی کرے اسگاہ ॥
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥	کیڑا تھاپِ دےءِ پاتِشاہی لشکر کرے سُیاہ ॥
ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ ॥	جیتے جیء جیوہِ لے ساہا جیوالے تا کِ اساہ ॥
ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ ॥੧॥	نانک جِءُ جِءُ سچے بھاوے تِءُ تِءُ دےءِ گِراہ ॥1॥
ਮਃ ੧ ॥	م: 1 ॥
ਇਕਿ ਮਾਸਹਾਰੀ ਇਕਿ ਤ੍ਰਿਣੁ ਖਾਹਿ ॥	اِکِ ماسہاری اِکِ ترِنُ کھاہِ ॥
ਇਕਨਾ ਛਤੀਹ ਅੰਮ੍ਰਿਤ ਪਾਹਿ ॥	اِکنا چھتیہِ انمّرِت پاہِ ॥
ਇਕਿ ਮਿਟੀਆ ਮਹਿ ਮਿਟੀਆ ਖਾਹਿ ॥	اِکِ مِٹیا مہِ مِٹیا کھاہِ ॥
ਇਕਿ ਪਉਣ ਸੁਮਾਰੀ ਪਉਣ ਸੁਮਾਰਿ ॥	اِکِ پنُنُ شُماری پنُنُ شُمارِ ॥
ਇਕਿ ਨਿਰੰਕਾਰੀ ਨਾਮ ਆਧਾਰਿ ॥	اِکِ نِرنکاری نام آدھارِ ॥
ਜੀਵੈ ਦਾਤਾ ਮਰੈ ਨ ਕੋਇ ॥	جیوے داتا مرے ن کوءِ ॥
ਨਾਨਕ ਮੁਠੇ ਜਾਹਿ ਨਾਹੀ ਮਨਿ ਸੋਇ ॥੨॥	نانک مُٹھے جاہِ ناہی منِ سوءِ ॥2॥
ਪਉੜੀ ॥	پئُڑی ॥
ਪੂਰੇ ਗੁਰ ਕੀ ਕਾਰ ਕਰਮਿ ਕਮਾਈਐ ॥	پوُرے گُر کی کار کرمِ کمائیئے ॥
ਗੁਰਮਤੀ ਆਪੁ ਗਵਾਇ ਨਾਮੁ ਧਿਆਈਐ ॥	گُرمتی آپُ گواءِ نامُ دھیائیئے ॥
ਦੂਜੀ ਕਾਰੈ ਲਗਿ ਜਨਮੁ ਗਵਾਈਐ ॥	دوُجی کارے لگِ جنمُ گوائیئے ॥
ਵਿਣੁ ਨਾਵੈ ਸਭ ਵਿਸੁ ਪੈਝੈ ਖਾਈਐ ॥	وِنُ ناوے سبھ وِسُ پیجھے کھائیئے ॥

ਸਚਾ ਸਬਦੁ ਸਾਲਾਹਿ ਸਚਿ ਸਮਾਈਐ ॥

سچا سبدُ سالاحِ سچِ سمائیَۓ ॥

ਵਿਣੁ ਸਤਿਗੁਰੁ ਸੇਵੇ ਨਾਹੀ ਸੁਖਿ ਨਿਵਾਸੁ
ਫਿਰਿ ਫਿਰਿ ਆਈਐ ॥

وِنُ ستِگُرُ سیوے ناہی سُکھِ نِواسُ
پھِرِ پھِرِ آئیَۓ ॥

ਦੁਨੀਆ ਖੋਟੀ ਰਾਸਿ ਕੂੜੁ ਕਮਾਈਐ ॥

دُنیا کھوٹی راسِ کوُڑُ کمائیَۓ ॥

ਨਾਨਕ ਸਚੁ ਖਰਾ ਸਾਲਾਹਿ
ਪਤਿ ਸਿਉ ਜਾਈਐ ॥੧੪॥

نانک سچُ کھرا سالاحِ
پتِ سِءُ جائیَۓ ॥ 14 ॥

ਸਲੋਕੁ ਮਃ ੧ ॥

سلوکُ م: 1 ॥

ਤੁਧੁ ਭਾਵੈ ਤਾ ਵਾਵਹਿ ਗਾਵਹਿ
ਤੁਧੁ ਭਾਵੈ ਜਲਿ ਨਾਵਹਿ ॥

تُدھُ بھاوے تا واوہِ گاوہِ
تُدھُ بھاوے جلِ ناوہِ ॥

ਜਾ ਤੁਧੁ ਭਾਵਹਿ ਤਾ ਕਰਹਿ ਬਿਭੂਤਾ
ਸਿੰਙੀ ਨਾਦੁ ਵਜਾਵਹਿ ॥

جا تُدھُ بھاوہِ تا کرہِ بِبھوُتا
سِنگّی نادُ وجاوہِ ॥

ਜਾ ਤੁਧੁ ਭਾਵੈ ਤਾ ਪੜਹਿ ਕਤੇਬਾ
ਮੁਲਾ ਸੇਖ ਕਹਾਵਹਿ ॥

جا تُدھُ بھاوے تا پڑہِ کتیبا
مُلا سیکھ کہاوہِ ॥

ਜਾ ਤੁਧੁ ਭਾਵੈ ਤਾ ਹੋਵਹਿ ਰਾਜੇ
ਰਸ ਕਸ ਬਹੁਤੁ ਕਮਾਵਹਿ ॥

جا تُدھُ بھاوے تا ہووہِ راجے
رس کس بہُتُ کماوہِ ॥

ਜਾ ਤੁਧੁ ਭਾਵੈ ਤੇਗ ਵਗਾਵਹਿ
ਸਿਰ ਮੁੰਡੀ ਕਟਿ ਜਾਵਹਿ ॥

جا تُدھُ بھاوے تیغ وگاوہِ
سِر مُنڈّی کٹِ جاوہِ ॥

ਜਾ ਤੁਧੁ ਭਾਵੈ ਜਾਹਿ ਦਿਸੰਤਰਿ
ਸੁਣਿ ਗਲਾ ਘਰਿ ਆਵਹਿ ॥

جا تُدھُ بھاوے جاہِ دِسنّترِ
سُنِ گلا گھرِ آوہِ ॥

ਜਾ ਤੁਧੁ ਭਾਵੈ ਨਾਇ ਰਚਾਵਹਿ
ਤੁਧੁ ਭਾਣੇ ਤੂੰ ਭਾਵਹਿ ॥

جا تُدھُ بھاوے ناءِ رچاوہِ
تُدھُ بھاٹے توُنّ بھاوہِ ॥

ਨਾਨਕੁ ਏਕ ਕਹੈ ਬੇਨੰਤੀ
ਹੋਰਿ ਸਗਲੇ ਕੂੜੁ ਕਮਾਵਹਿ ॥੧॥

نانکُ ایک کہے بینّتی
ہورِ سگلے کوُڑُ کماوہِ ॥ 1 ॥

ਮਃ ੧ ॥

م: 1 ॥

ਜਾ ਤੂੰ ਵਡਾ ਸਭਿ ਵਡਿਆਈਆ

جا توُنّ وڈا سبھِ وڈِیائیِیا

ਚੰਗੈ ਚੰਗਾ ਹੋਈ ॥	چنگےَ چنگا ہوئی ॥
ਜਾ ਤੂੰ ਸਚਾ ਤਾ ਸਭੁ ਕੋ ਸਚਾ ਕੂੜਾ ਕੋਇ ਨ ਕੋਈ ॥	جا توُنّ سچا تا سبھُ کو سچا کوُڑا کوءِ ن کوئی ॥
ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ ॥	آکھنُ ویکھنُ بولنُ چلنُ جیِونُ مرنّا دھاتُ ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ ॥੨॥	حُکمُ ساجِ حُکمےَ وِچ رکھےَ نانک سچا آپِ ॥2॥
ਪਉੜੀ ॥	پئُڑی ॥
ਸਤਿਗੁਰੁ ਸੇਵਿ ਨਿਸੰਗੁ ਭਰਮੁ ਚੁਕਾਈਐ ॥	ستِگُرُ سیوِ نِسنگُ بھرمُ چُکائیےَ ॥
ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ ॥	ستِگُرُ آکھےَ کار سُ کار کمائیےَ ॥
ਸਤਿਗੁਰੁ ਹੋਇ ਦਇਆਲੁ ਤ ਨਾਮੁ ਧਿਆਈਐ ॥	ستِگُرُ ہوءِ دئیالُ ت نامُ دھیائیےَ ॥
ਲਾਹਾ ਭਗਤਿ ਸੁ ਸਾਰੁ ਗੁਰਮੁਖਿ ਪਾਈਐ ॥	لاہا بھگتِ سُ سارُ گُرمُکھِ پائیےَ ॥
ਮਨਮੁਖਿ ਕੂੜੁ ਗੁਬਾਰੁ ਕੂੜ ਕਮਾਈਐ ॥	منمُکھِ کوُڑُ غُبارُ کوُڑ کمائیےَ ॥
ਸਚੇ ਦੈ ਦਰਿ ਜਾਇ ਸਚੁ ਚਵਾਂਈਐ ॥	سچے دےَ درِ جاءِ سچُ چوانئیےَ ॥
ਸਚੈ ਅੰਦਰਿ ਮਹਲਿ ਸਚਿ ਬੁਲਾਈਐ ॥	سچےَ اندَرِ محلِ سچِ بُلائیےَ ॥
ਨਾਨਕ ਸਚੁ ਸਦਾ ਸਚਿਆਰੁ ਸਚਿ ਸਮਾਈਐ ॥੧੫॥	نانک سچُ سدا سچیارُ سچِ سمائیےَ ॥ 15 ॥
ਸਲੋਕੁ ਮਃ ੧ ॥	سلوکُ م: 1 ॥
ਕਲਿ ਕਾਤੀ ਰਾਜੇ	کلِ کاتی راجے
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥	کوُڑُ اماوس سچُ چندّرما دیسےَ ناہی کہ چڑیا ۔ ॥
ਹਉ ਭਾਲਿ ਵਿਕੁੰਨੀ ਹੋਈ ॥	ہءُ بھالِ وِکُنّنی ہوئی ॥
ਆਧੇਰੈ ਰਾਹੁ ਨ ਕੋਈ ॥	آدھیرےَ راہُ ن کوئی ॥

ਵਿਚਿ ਹਉਮੈ ਕਰਿ ਦੁਖੁ ਰੋਈ ॥	وِچ ہئُمے کرِ دُکھُ روئی ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥	کہُ نانک کِنِ بِدھِ گتِ ہوئی ۔ ॥1॥
ਮਃ ੩ ॥	م: 3 ॥
ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ॥	کلِ کیرتِ پرگٹُ چانڑُ سنسارِ ॥
ਗੁਰਮੁਖਿ ਕੋਈ ਉਤਰੈ ਪਾਰਿ ॥	گُرمُکھِ کوئی اُترے پارِ ॥
ਜਿਸ ਨੋ ਨਦਰਿ ਕਰੇ ਤਿਸੁ ਦੇਵੈ ॥	جِس نو ندرِ کرے تِس دیوے ॥
ਨਾਨਕ ਗੁਰਮੁਖਿ ਰਤਨੁ ਸੋ ਲੇਵੈ ॥੨॥	نانک گُرمُکھِ رتنُ سو لیوے ॥2॥
ਪਉੜੀ ॥	پئُڑی ॥
ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥	بھگتا تے سیَسارِیا جوڑُ کدے ن آئیا ॥
ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥	کرتا آپِ ابھُلُ ہے ن بھُلے کِسے دا بھُلائیا ॥
ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥	بھگت آپے میلِئنُ جِنی سچو سچُ کمائیا ॥
ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥	سیَساری آپِ کھُیائِئنُ جِنی کوُڑُ بولِ بولِ بِکھُ کھائیا ॥
ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥	چلڑُ سار ن جاڑنی کامُ کرودھُ وِسُ ودھائیا ॥
ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥	بھگت کرنِ ہرِ چاکری جِنی اندِنُ نامُ دھِیائیا ॥
ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪਿ ਗਵਾਇਆ ॥	داسنِ داس ہوءِ کے جِنی وِچہُ آپِ گوائیا ॥
ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥	اونا خصمے کے درِ مُکھ اُجلے سچے سبدِ سُہائیا ॥ 16 ॥

ਸਲੋਕੁ ਮਃ ੧ ॥	سلوکُ م: 1 ॥
ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ॥	سباہی سالاح جِنی دھِیائِیا اِک منِ ॥
ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ ॥	سیئی پوُرے ساہ وکھتے اُپرِ لڑِ مُئے ॥
ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥	دوُجے بہُتے راہ من کِیا متی کھِنڈِیا ॥
ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥	بہُتُ پئے اسگاہ گوطے کھاہِ ن نِکلہِ ॥
ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ ॥	تیجے مُہی گِراہ بھکھ تِکھا دُءِ بھٹکِیا ॥
ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ ॥	کھادھا ہوءِ سُیاہ بھی کھانے سِءُ دوستی ॥
ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ ॥	چتُھے آئی اوُنگھ اکھی میٹِ پوارِ گئیا ॥
ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ ॥	بھی اُٹھِ رچئونُ وادُ سے ورّہیا کی پڑِ بدھی ॥
ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ ॥	سبھے ویلا وکھت سبھِ جے اٹھی بھءُ ہوءِ ॥
ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ ॥੧॥	نانک صاحِبُ منِ وسے سچا ناونُ ہوءِ ॥1॥
ਮਃ ੨ ॥	م: 2 ॥
ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ ॥	سیئی پوُرے ساہ جِنی پوُرا پائِیا ॥
ਅਠੀ ਵੇਪਰਵਾਹ ਰਹਨਿ ਇਕਤੈ ਰੰਗਿ ॥	اٹھی ویپرواہ رہنِ اِکتے رنگِ ॥
ਦਰਸਨਿ ਰੂਪਿ ਅਥਾਹ ਵਿਰਲੇ ਪਾਈਅਹਿ ॥	درسنِ روُپِ اتھاہ وِرلے پائیَہِ ॥

ਕਰਮਿ ਪੂਰੈ ਪੂਰਾ ਗੁਰੂ ਪੂਰਾ ਜਾ ਕਾ ਬੋਲੁ ॥	کرمِ پُورے پُورا گُرُو پُورا جا کا بولُ ॥
ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ ॥੨॥	نانک پُورا جے کرے گھٹے ناہی تولُ ॥2॥
ਪਉੜੀ ॥	پئڑی ॥
ਜਾ ਤੂੰ ਤਾ ਕਿਆ ਹੋਰਿ ਮੈ ਸਚੁ ਸੁਣਾਈਐ ॥	جا توُنّ تا کِیا ہورِ مے سچُ سُنائیئے ॥
ਮੁਠੀ ਧੰਧੈ ਚੋਰਿ ਮਹਲੁ ਨ ਪਾਈਐ ॥	مُٹھی دھندّھے چورِ محلُ ن پائیئے ॥
ਏਨੈ ਚਿਤਿ ਕਠੋਰਿ ਸੇਵ ਗਵਾਈਐ ॥	اینے چِتِ کٹھورِ سیو گوائیئے ॥
ਜਿਤੁ ਘਟਿ ਸਚੁ ਨ ਪਾਇ ਸੁ ਭੰਨਿ ਘੜਾਈਐ ॥	جِتُ گھٹِ سچُ ن پاءِ سُ بھنّنِ گھڑائیئے ॥
ਕਿਉ ਕਰਿ ਪੂਰੈ ਵਟਿ ਤੋਲਿ ਤੁਲਾਈਐ ॥	کِءُ کرِ پُورے وٹِ تولِ تُلائیئے ॥
ਕੋਇ ਨ ਆਖੈ ਘਟਿ ਹਉਮੈ ਜਾਈਐ ॥	کوءِ ن آکھے گھٹِ ہئمے جائیئے ॥
ਲਈਅਨਿ ਖਰੇ ਪਰਖਿ ਦਰਿ ਬੀਨਾਈਐ ॥	لئیئنِ کھرے پرکھِ درِ بِینائیئے ॥
ਸਉਦਾ ਇਕਤੁ ਹਟੁ ਪੂਰੈ ਗੁਰਿ ਪਾਈਐ ॥੧੭॥	سئُدا اِکتُ ہٹُ پُورے گُرِ پائیئے ॥ 17 ॥
ਸਲੋਕ ਮਃ ੨ ॥	سلوک م: 2 ॥
ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ ॥	اٹھی پہری اٹھ کھنّڈ ناوا کھنّڈُ سریرُ ॥
ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ ॥	تِسُ وِچِ نءُ نِدھِ نامُ ایکُ بھالہِ گُنّی گہیرُ ॥
ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ ॥	کرمونّتی سالاہِیا نانک کرِ گُرُ پیرُ ॥
ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥	چئُتھے پہرِ سباہ کے سُرتیا اُپجے چاءُ ॥

ਤਿਨਾ ਦਰੀਆਵਾ ਸਿਉ ਦੋਸਤੀ
ਮਨਿ ਮੁਖਿ ਸਚਾ ਨਾਉ ॥

تِنا دریِیاوا سِءُ دوستی
منِ مُکھِ سچا ناءُ ॥

ਓਥੈ ਅੰਮ੍ਰਿਤੁ ਵੰਡੀਐ
ਕਰਮੀ ਹੋਇ ਪਸਾਉ ॥

اوتھے انمرِتُ ونڈیِےً
کرمی ہوءِ پساءُ ॥

ਕੰਚਨ ਕਾਇਆ ਕਸੀਐ
ਵੰਨੀ ਚੜੈ ਚੜਾਉ ॥

کنچن کائیا کسیِےً
ونّنی چڑے چڑاءُ ॥

ਜੇ ਹੋਵੈ ਨਦਰਿ ਸਰਾਫ ਕੀ
ਬਹੁੜਿ ਨ ਪਾਈ ਤਾਉ ॥

جے ہووے ندرِ صراف کی
بہُڑِ ن پائی تاءُ ॥

ਸਤੀ ਪਹਰੀ ਸਤੁ ਭਲਾ
ਬਹੀਐ ਪੜਿਆ ਪਾਸਿ ॥

ستی پہری ستُ بھلا
بہیِےً پڑِیا پاسِ ॥

ਓਥੈ ਪਾਪੁ ਪੁੰਨੁ ਬੀਚਾਰੀਐ
ਕੂੜੈ ਘਟੈ ਰਾਸਿ ॥

اوتھے پاپُ پُنّنُ بیچاریِےً
کوُڑے گھٹے راسِ ॥

ਓਥੈ ਖੋਟੇ ਸਟੀਅਹਿ
ਖਰੇ ਕੀਚਹਿ ਸਾਬਾਸਿ ॥

اوتھے کھوٹے سٹیِنہِ
کھرے کیچہِ ساباسِ ॥

ਬੋਲਣੁ ਫਾਦਲੁ ਨਾਨਕਾ
ਦੁਖੁ ਸੁਖੁ ਖਸਮੈ ਪਾਸਿ ॥੧॥

بولنُّ پھادلُ نانکا
دُکھُ سُکھُ خصمے پاسِ ॥1॥

ਮਃ ੨ ॥

م: 2 ॥

ਪਉਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ ॥

پنُّ گُرو پانی پِتا
ماتا دھرتِ مہتُ ॥

ਦਿਨਸੁ ਰਾਤਿ ਦੁਇ ਦਾਈ ਦਾਇਆ
ਖੇਲੈ ਸਗਲ ਜਗਤੁ ॥

دِنسُ راتِ دُءِ دائی دائیا
کھیلےَ سگل جگتُ ॥

ਚੰਗਿਆਈਆ ਬੁਰਿਆਈਆ
ਵਾਚੇ ਧਰਮੁ ਹਦੂਰਿ ॥

چنگیائیِیا بُریائیِیا
واچے دھرمُ حدوُرِ ॥

ਕਰਮੀ ਆਪੋ ਆਪਣੀ
ਕੇ ਨੇੜੈ ਕੇ ਦੂਰਿ ॥

کرمی آپو آپنی
کے نیڑے کے دوُرِ ॥

ਜਿਨੀ ਨਾਮੁ ਧਿਆਇਆ
ਗਏ ਮਸਕਤਿ ਘਾਲਿ ॥

ਨਾਨਕ ਤੇ ਮੁਖ ਉਜਲੇ
ਹੋਰ ਕੇਤੀ ਛੁਟੀ ਨਾਲਿ ॥੨॥

ਪਉੜੀ ॥

ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥

ਸਚੇ ਹੀ ਪਤੀਆਇ ਸਚਿ ਵਿਗਸਿਆ ॥

ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥

ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥

ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥

ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥

ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥

ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥

ਸਲੋਕੁ ਮਃ ੧ ॥

ਪਹਿਰਾ ਅਗਨਿ ਹਿਵੈ ਘਰੁ ਬਾਧਾ
ਭੋਜਨੁ ਸਾਰੁ ਕਰਾਈ ॥

ਸਗਲੇ ਦੂਖ ਪਾਣੀ ਕਰਿ ਪੀਵਾ
ਧਰਤੀ ਹਾਕ ਚਲਾਈ ॥

ਧਰਿ ਤਾਰਾਜੀ ਅੰਬਰੁ ਤੋਲੀ
ਪਿਛੈ ਟੰਕੁ ਚੜਾਈ ॥

ਏਵਡੁ ਵਧਾ ਮਾਵਾ ਨਾਹੀ
ਸਭਸੈ ਨਥਿ ਚਲਾਈ ॥

ਏਤਾ ਤਾਣੁ ਹੋਵੈ ਮਨ ਅੰਦਰਿ
ਕਰੀ ਭਿ ਆਖਿ ਕਰਾਈ ॥

جِنی نامُ دھِیائیا
گئے مشقتِ گھالِ ॥

نانک تے مُکھ اُجلے
ہور کیتی چھُٹی نالِ ॥2॥

پئُڑی ॥

سچا بھوجنُ بھاءُ ستِگُرِ دسِیا ॥

سچے ہی پتِیاءِ سچِ وِگسِیا ॥

سچےَ کوٹِ گِرانءِ نج گھرِ وسِیا ॥

ستِگُرِ تُٹھےَ ناءُ پرِیمِ رہسِیا ॥

سچےَ دےَ دیِبانِ کوُڑِ ن جائیےَ ॥

جھوُٹھو جھوُٹھُ وکھانِ سُ محلُ کھُیائیےَ ॥

سچےَ سبدِ نیِشانِ ٹھاک ن پائیےَ ॥

سچُ سُنِ بُجھِ وکھانِ محلِ بُلائیےَ ॥ 18 ॥

سلوکُ م: 1 ॥

پہِرا اگنِ ہِوےَ گھرُ بادھا
بھوجنُ سارُ کرائی ॥

سگلے دوُکھ پانی کرِ پیِوا
دھرتی ہاک چلائی ॥

دھرِ تاراجی انبرُ تولی
پِچھےَ ٹنکُ چڑائی ॥

ایوڈُ ودھا ماوا ناہی
سبھسےَ نتھِ چلائی ॥

ایتا تانُ ہووےَ من اندرِ
کری بھِ آکھِ کرائی ॥

ਜੇਵਡੁ ਸਾਹਿਬੁ ਤੇਵਡ ਦਾਤੀ
ਦੇ ਦੇ ਕਰੇ ਰਜਾਈ ॥

جیوڈُ صاحِبُ تیوڈ داتی
دے دے کرے رضائی ॥

ਨਾਨਕ ਨਦਰਿ ਕਰੇ ਜਿਸੁ ਉਪਰਿ
ਸਚਿ ਨਾਮਿ ਵਡਿਆਈ ॥੧॥

نانک ندرِ کرے جِسُ اُپرِ
سچِ نامِ وڈِیائی ॥1॥

ਮਃ ੨ ॥

م: 2 ॥

ਆਖਣੁ ਆਖਿ ਨ ਰਜਿਆ
ਸੁਨਣਿ ਨ ਰਜੇ ਕੰਨ ॥

آکھنُ آکھِ ن رجِیا
سُننُ ن رجے کنّن ॥

ਅਖੀ ਦੇਖਿ ਨ ਰਜੀਆ
ਗੁਣ ਗਾਹਕ ਇਕ ਵੰਨ ॥

اکھی دیکھِ ن رجِیا
گُنُ گاہک اِک ونّن ॥

ਭੁਖਿਆ ਭੁਖ ਨ ਉਤਰੈ
ਗਲੀ ਭੁਖ ਨ ਜਾਇ ॥

بھُکھِیا بھُکھ ن اُترے
گلی بھُکھ ن جاءِ ॥

ਨਾਨਕ ਭੁਖਾ ਤਾ ਰਜੈ
ਜਾ ਗੁਣ ਕਹਿ ਗੁਣੀ ਸਮਾਇ ॥੨॥

نانک بھُکھا تا رجے
جا گُنُ کہِ گُنی سماءِ ॥2॥

ਪਉੜੀ ॥

پئُڑی ॥

ਵਿਣੁ ਸਚੇ ਸਭੁ ਕੂੜੁ ਕੂੜੁ ਕਮਾਈਐ ॥

وِنُ سچے سبھُ کوُڑُ کوُڑُ کمائیَے ॥

ਵਿਣੁ ਸਚੇ ਕੂੜਿਆਰੁ ਬੰਨਿ ਚਲਾਈਐ ॥

وِنُ سچے کوُڑِیارُ بنّنِ چلائیَے ॥

ਵਿਣੁ ਸਚੇ ਤਨੁ ਛਾਰੁ ਛਾਰੁ ਰਲਾਈਐ ॥

وِنُ سچے تنُ چھارُ چھارُ رلائیَے ॥

ਵਿਣੁ ਸਚੇ ਸਭ ਭੁਖ ਜਿ ਪੈਝੈ ਖਾਈਐ ॥

وِنُ سچے سبھ بھُکھ جِ پیَجھے کھائیَے ॥

ਵਿਣੁ ਸਚੇ ਦਰਬਾਰੁ ਕੂੜਿ ਨ ਪਾਈਐ ॥

وِنُ سچے دربارُ کوُڑِ ن پائیَے ॥

ਕੂੜੈ ਲਾਲਚਿ ਲਗਿ ਮਹਲੁ ਖੁਆਈਐ ॥

کوُڑے لالچِ لگِ محلُ کھُیائیَے ॥

ਸਭੁ ਜਗੁ ਠਗਿਓ ਠਗਿ ਆਈਐ ਜਾਈਐ ॥

سبھُ جگُ ٹھگِئو ٹھگِ آئیَے جائیَے ॥

ਤਨ ਮਹਿ ਤ੍ਰਿਸਨਾ ਅਗਿ ਸਬਦਿ ਬੁਝਾਈਐ ॥੧੯॥

تن مہِ ترِسنا اگِ سبدِ بُجھائیَے ॥ 19 ॥

ਸਲੋਕ ਮਃ ੧ ॥

سلوک م: 1 ॥

ਨਾਨਕ ਗੁਰੁ ਸੰਤੋਖੁ ਰੁਖੁ

نانک گُرُ سنتوکھُ رُکھُ

ਧਰਮੁ ਫੁਲੁ ਫਲ ਗਿਆਨੁ ॥	دھرمُ پھُلُ پھل گِیانُ ॥
ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ ॥	رسِ رسِیا ہرِیا سدا پکےَ کرمِ دھِیانِ ॥
ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ ॥੧॥	پتِ کے ساد کھادا لہےَ دانا کےَ سِرِ دانُ ॥1॥
ਮਃ ੧ ॥	م: 1 ॥
ਸੁਇਨੇ ਕਾ ਬਿਰਖੁ ਪਤ ਪਰਵਾਲਾ ਫੁਲ ਜਵੇਹਰ ਲਾਲ ॥	سُئِنے کا بِرکھُ پت پروالا پھُل جویہر لال ॥
ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ ॥	تِتُ پھل رتن لگہِ مُکھِ بھاکھِت ہِردےَ رِدےَ نِہالُ ॥
ਨਾਨਕ ਕਰਮੁ ਹੋਵੈ ਮੁਖਿ ਮਸਤਕਿ ਲਿਖਿਆ ਹੋਵੈ ਲੇਖੁ ॥	نانک کرمُ ہووےَ مُکھِ مستکِ لِکھِیا ہووےَ لیکھُ ॥
ਅਠਿਸਠਿ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ ॥	اٹھِسٹھِ تیرتھ گُر کی چرنٹی پوُجےَ سدا وِسیکھُ ॥
ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥	ہنّسُ ہیتُ لوبھُ کوپُ چارے ندِیا اگِ ॥
ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ॥੨॥	پوہِ دجھہِ نانکا ترِیےَ کرمی لگِ ॥2॥
ਪਉੜੀ ॥	پؤڑی ॥
ਜੀਵਦਿਆ ਮਰੁ ਮਾਰਿ ਨ ਪਛੋਤਾਈਐ ॥	جیودِیا مرُ مارِ ن پچھوتائیےَ ॥
ਝੂਠਾ ਇਹੁ ਸੰਸਾਰੁ ਕਿਨਿ ਸਮਝਾਈਐ ॥	جھوُٹھا اِہُ سنّسارُ کِنِ سمجھائیےَ ۔ ॥
ਸਚਿ ਨ ਧਰੇ ਪਿਆਰੁ ਧੰਧੈ ਧਾਈਐ ॥	سچِ ن دھرے پِیارُ دھنّدھےَ دھائیےَ ॥
ਕਾਲੁ ਬੁਰਾ ਖੈ ਕਾਲੁ ਸਿਰਿ ਦੁਨੀਆਈਐ ॥	کالُ بُرا کھےَ کالُ سِرِ دُنیائیےَ ॥

ਹੁਕਮੀ ਸਿਰਿ ਜੰਦਾਰੁ ਮਾਰੇ ਦਾਈਐ ॥	حُکمی سِرِ جنّدارُ مارے دائیےَ ॥
ਆਪੇ ਦੇਇ ਪਿਆਰੁ ਮੰਨਿ ਵਸਾਈਐ ॥	آپے دےءِ پیارُ منّنِ وسائیےَ ॥
ਮੁਹਤੁ ਨ ਚਸਾ ਵਿਲੰਮੁ ਭਰੀਐ ਪਾਈਐ ॥	مُہتُ ن چسا وِلنّمُ بھریےَ پائیےَ ॥
ਗੁਰ ਪਰਸਾਦੀ ਬੁਝਿ ਸਚਿ ਸਮਾਈਐ ॥੨੦॥	گُر پرسادی بُجھِ سچِ سمائیےَ ॥ 20 ॥
ਸਲੋਕੁ ਮਃ ੧ ॥	سلوکُ م: 1 ॥
ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ ॥	تُمی تُما وِسُ اکُ دھتوُرا نِمُ پھلُ ॥
ਮਨਿ ਮੁਖਿ ਵਸਹਿ ਤਿਸੁ ਜਿਸੁ ਤੂੰ ਚਿਤਿ ਨ ਆਵਹੀ ॥	منِ مُکھِ وسہِ تِسُ جِسُ توُنّ چِتِ ن آوہی ॥
ਨਾਨਕ ਕਹੀਐ ਕਿਸੁ ਹੰਢਨਿ ਕਰਮਾ ਬਾਹਰੇ ॥੧॥	نانک کہیےَ کِسُ ہنڈھنِ کرما باہرے ॥1॥
ਮਃ ੧ ॥	م: 1 ॥
ਮਤਿ ਪੰਖੇਰੂ ਕਿਰਤੁ ਸਾਥਿ ਕਬ ਉਤਮ ਕਬ ਨੀਚ ॥	متِ پنّکھیروُ کِرتُ ساتھِ کب اُتم کب نیچ ॥
ਕਬ ਚੰਦਨਿ ਕਬ ਅਕਿ ਡਾਲਿ ਕਬ ਉਚੀ ਪਰੀਤਿ ॥	کب چنّدنِ کب اکِ ڈالِ کب اُچی پریتِ ॥
ਨਾਨਕ ਹੁਕਮਿ ਚਲਾਈਐ ਸਾਹਿਬ ਲਗੀ ਰੀਤਿ ॥੨॥	نانک حُکمِ چلائیےَ صاہِب لگی ریتِ ॥2॥
ਪਉੜੀ ॥	پئُڑی ॥
ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ ॥	کیتے کہہِ وکھاڻ کہِ کہِ جاوٹا ॥
ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ ॥	وید کہہِ وکھیاڻ انّتُ ن پاوٹا ॥
ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥	پڑِےَ ناہی بھیدُ بُجھےَ پاوٹا ॥
ਖਟੁ ਦਰਸਨ ਕੈ ਭੇਖਿ ਕਿਸੈ ਸਚਿ ਸਮਾਵਣਾ ॥	کھٹُ درسن کے بھیکھِ کِسے سچِ سماوٹا ॥

	کسے سچ سماوٹا ॥
ਸਚਾ ਪੁਰਖੁ ਅਲਖੁ ਸਬਦਿ ਸੁਹਾਵਣਾ ॥	سچا پُرکھُ الکھُ سبدِ سُہاوٹا ॥
ਮੰਨੇ ਨਾਉ ਬਿਸੰਖ ਦਰਗਹ ਪਾਵਣਾ ॥	منّنے ناءُ بِسنکھ درگہ پاوٹا ॥
ਖਾਲਕ ਕਉ ਆਦੇਸੁ ਢਾਢੀ ਗਾਵਣਾ ॥	خالق کءُ آدیسُ ڈھاڈھی گاوٹا ॥
ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ ॥੨੧॥	نانک جُگُ جُگُ ایکُ منّنِ وساوٹا ॥ 21 ॥
ਸਲੋਕੁ ਮਹਲਾ ੨ ॥	سلوکُ محلا 2 ॥
ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ ॥	منّتری ہوءِ اٹھوہیا ناگی لگے جاءِ ॥
ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ ॥	آپڑ ہتھی آپنے دے کوُچا آپے لاءِ ॥
ਹੁਕਮੁ ਪਇਆ ਧੁਰਿ ਖਸਮ ਕਾ ਅਤੀ ਹੂ ਧਕਾ ਖਾਇ ॥	حُکمُ پئیا دھُرِ خصم کا اتی ہوُ دھکا کھاءِ ॥
ਗੁਰਮੁਖ ਸਿਉ ਮਨਮੁਖੁ ਅੜੈ ਡੁਬੈ ਹਕਿ ਨਿਆਇ ॥	گُرمُکھ سِءُ منمُکھُ اڑے ڈُبے حقِ نیاءِ ॥
ਦੁਹਾ ਸਿਰਿਆ ਆਪੇ ਖਸਮੁ ਵੇਖੈ ਕਰਿ ਵਿਉਪਾਇ ॥	دُہا سِریا آپے خصمُ ویکھے کرِ وِپُاءِ ॥
ਨਾਨਕ ਏਵੈ ਜਾਣੀਐ ਸਭ ਕਿਛੁ ਤਿਸਹਿ ਰਜਾਇ ॥੧॥	نانک ایوے جانئیے سبھ کِچھُ تِسہِ رضاءِ ॥ 1 ॥
ਮਹਲਾ ੨ ॥	محلا 2 ॥
ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ ॥	نانک پرکھے آپ کءُ تا پارکھُ جانُ ॥
ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥	روگُ دارُو دووے بُجھے تا ویدُ سُجانُ ॥
ਵਾਟ ਨ ਕਰਈ ਮਾਮਲਾ	واٹ ن کرئی مالا

ਜਾਣੈ ਮਿਹਮਾਣੂ ॥	جانٹے مِہمانُ ॥
ਮੂਲੁ ਜਾਣਿ ਗਲਾ ਕਰੇ ਹਾਣਿ ਲਾਏ ਹਾਣੂ ॥	مُولُ جانِ گلا کرے ہانِ لائے ہانُ ॥
ਲਬਿ ਨ ਚਲਈ ਸਚਿ ਰਹੈ ਸੋ ਵਿਸਟੁ ਪਰਵਾਣੂ ॥	لبِ ن چلئی سچِ رہے سو وِسٹُ پرواںُ ॥
ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੂ ॥	سرُ سندھے آگاس ک ءُ کِ ءُ پہُچے بانُ ۔ ॥
ਅਗੈ ਓਹੁ ਅਗੰਮੁ ਹੈ ਵਾਹੇਦੜੁ ਜਾਣੂ ॥੨॥	اگے اوہُ اگنّمُ ہے واہیدڑُ جانُ ॥2॥
ਪਉੜੀ ॥	پئڑی ॥
ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ ॥	ناری پُرکھ پِیارُ پریمِ سیگارییا ॥
ਕਰਨਿ ਭਗਤਿ ਦਿਨੁ ਰਾਤਿ ਨ ਰਹਨੀ ਵਾਰੀਆ ॥	کرنِ بھگتِ دِنُ راتِ ن رہنی واریِیا ॥
ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ ॥	محلا منجھِ نِواسُ سبدِ سواریِیا ॥
ਸਚੁ ਕਹਨਿ ਅਰਦਾਸਿ ਸੇ ਵੇਚਾਰੀਆ ॥	سچُ کہنِ عرداسِ سے ویچاریِیا ॥
ਸੋਹਨਿ ਖਸਮੈ ਪਾਸਿ ਹੁਕਮਿ ਸਿਧਾਰੀਆ ॥	سوہنِ خصےَ پاسِ حُکمِ سِدھاریِیا ॥
ਸਖੀ ਕਹਨਿ ਅਰਦਾਸਿ ਮਨਹੁ ਪਿਆਰੀਆ ॥	سکھی کہنِ عرداسِ منہُ پِیاریِیا ॥
ਬਿਨ ਨਾਵੈ ਧ੍ਰਿਗੁ ਵਾਸੁ ਫਿਟੁ ਸੁ ਜੀਵਿਆ ॥	بِن ناوےَ دھرِگُ واسُ پھِٹُ سُ جیِویا ॥
ਸਬਦਿ ਸਵਾਰੀਆਸੁ ਅੰਮ੍ਰਿਤੁ ਪੀਵਿਆ ॥੨੨॥	سبدِ سواریِیاسُ انمّرِتُ پیِویا ॥ 22 ॥
ਸਲੋਕੁ ਮਃ ੧ ॥	سلوکُ م: 1 ॥
ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ ॥	مارُو میہِ ن تّرپتیا اگی لہےَ ن بھُکھ ॥
ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿਸੁਕ ॥	راجا راجِ ن تّرپتیا

ਸਾਇਰ ਭਰੇ ਕਿਸਕ ॥

ਨਾਨਕ ਸਚੇ ਨਾਮ ਕੀ
ਕੇਤੀ ਪੁਛਾ ਪੁਛ ॥੧॥

نانک سچے نام کی
کیتی پُچھا پُچھ ॥1॥

ਮਹਲਾ ੨ ॥

محلا 2 ॥

ਨਿਹਫਲੰ ਤਸਿ ਜਨਮਸਿ
ਜਾਵਤੁ ਬ੍ਰਹਮ ਨ ਬਿੰਦਤੇ ॥

نِہپھلنّ تِس جنمسِ
جاوتُ برہم ن بِندتے ॥

ਸਾਗਰੰ ਸੰਸਾਰਸਿ
ਗੁਰ ਪਰਸਾਦੀ ਤਰਹਿ ਕੇ ॥

ساگرنّ سنّسارسِ
گُر پرسادی ترہِ کے ॥

ਕਰਣ ਕਾਰਣ ਸਮਰਥੁ ਹੈ
ਕਹੁ ਨਾਨਕ ਬੀਚਾਰਿ ॥

کرنّ کارنّ سمرتھُ ہے
کہُ نانک بیچارِ ॥

ਕਾਰਣੁ ਕਰਤੇ ਵਸਿ ਹੈ
ਜਿਨਿ ਕਲ ਰਖੀ ਧਾਰਿ ॥੨॥

کارنُ کرتے وسِ ہے
جِنِ کل رکھی دھارِ ॥2॥

ਪਉੜੀ ॥

پئڑی ॥

ਖਸਮੈ ਕੈ ਦਰਬਾਰਿ ਢਾਢੀ ਵਸਿਆ ॥

خصمے کے دربارِ ڈھاڈھی وسِیا ॥

ਸਚਾ ਖਸਮੁ ਕਲਾਣਿ ਕਮਲੁ ਵਿਗਸਿਆ ॥

سچا خصمُ کلانّ کملُ وِگسِیا ॥

ਖਸਮਹੁ ਪੂਰਾ ਪਾਇ ਮਨਹੁ ਰਹਸਿਆ ॥

کھسمہُ پوُرا پاءِ منہُ رہسِیا ॥

ਦੁਸਮਨ ਕਢੇ ਮਾਰਿ ਸਜਣ ਸਰਸਿਆ ॥

دُسمن کڈھے مارِ سجنّ سرسِیا ॥

ਸਚਾ ਸਤਿਗੁਰੁ ਸੇਵਨਿ ਸਚਾ ਮਾਰਗੁ ਦਸਿਆ ॥

سچا ستِگُر سیونِ سچا مارگُ دسِیا ॥

ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ ॥

سچا سبدُ بیچارِ کالُ وِدھسُّیا ॥

ਢਾਢੀ ਕਥੇ ਅਕਥੁ ਸਬਦਿ ਸਵਾਰਿਆ ॥

ڈھاڈھی کتھے اکتھُ سبدِ سوارِیا ॥

ਨਾਨਕ ਗੁਣ ਗਹਿ ਰਾਸਿ
ਹਰਿ ਜੀਉ ਮਿਲੇ ਪਿਆਰਿਆ ॥੨੩॥

نانک گُنّ گہِ راسِ
ہرِ جیِءُ مِلے پیارِیا ॥ 23 ॥

ਸਲੋਕੁ ਮਃ ੧ ॥

سلوکُ م: 1 ॥

ਖਤਿਅਹੁ ਜੰਮੇ ਖਤੇ ਕਰਨਿ

خطِئہُ جنّمے خطے کرنِ

ਤ ਖਤਿਆ ਵਿਚਿ ਪਾਹਿ ॥	ت خطِیا وِچ پاہِ ॥
ਧੋਤੇ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ ॥	دھوتے مولِ ن اُترہِ جے س ءُ دھووڻ پاہِ ॥
ਨਾਨਕ ਬਖਸੇ ਬਖਸੀਅਹਿ ਨਾਹਿ ਤ ਪਾਹੀ ਪਾਹਿ ॥੧॥	نانک بخشے بخشِیَہِ ناہِ ت پاہی پاہِ ॥1॥
ਮਃ ੧ ॥	م: 1 ॥
ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥	نانک بولڻُ جھکھٹا دُکھ چھڈِ منگِیَہِ سُکھ ॥
ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥	سُکھُ دُکھُ دُءِ درِ کپڑے پہِرہِ جاءِ منکھ ॥
ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥੨॥	جِتھے َبولڻِ ہارِیَے تِتھے َچنگی چُپ ॥2॥
ਪਉੜੀ ॥	پئڑی ॥
ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ ॥	چارے کُنڈا دیکھِ انّدرُ بھالیا ॥
ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ ॥	سچے َپُرکھِ الکھِ سِرجِ نِہالیا ॥
ਉਝੜਿ ਭੁਲੇ ਰਾਹ ਗੁਰਿ ਵੇਖਾਲਿਆ ॥	اُجھڑِ بھُلے راہ گُرِ ویکھالیا ॥
ਸਤਿਗੁਰ ਸਚੇ ਵਾਹੁ ਸਚੁ ਸਮਾਲਿਆ ॥	ستِگُر سچے واہُ سچُ سمالیا ॥
ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥	پائِیا رتنُ گھراہُ دِیوا بالیا ॥
ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ ॥	سچے َسبدِ سلاحِ سُکھیِے سچ والیا ॥

ਨਿਡਰਿਆ ਡਰੁ ਲਗਿ
ਗਰਬਿ ਸਿ ਗਾਲਿਆ ॥

نِڈریا ڈر لگِ
گربِ سِ گالیا ॥

ਨਾਵਹੁ ਭੁਲਾ ਜਗੁ
ਫਿਰੈ ਬੇਤਾਲਿਆ ॥੨੪॥

ناوہُ بھُلا جگُ
پھِرے بیتالیا ॥ 24 ॥

ਸਲੋਕੁ ਮਃ ੩ ॥

سلوکُ م: 3 ॥

ਭੈ ਵਿਚਿ ਜੰਮੈ ਭੈ ਮਰੈ
ਭੀ ਭਉ ਮਨ ਮਹਿ ਹੋਇ ॥

بھے وِچ جنمَے بھے مرے
بھی بھءُ من مہِ ہوءِ ॥

ਨਾਨਕ ਭੈ ਵਿਚਿ ਜੇ ਮਰੈ
ਸਹਿਲਾ ਆਇਆ ਸੋਇ ॥੧॥

نانک بھے وِچ جے مرے
سہِلا آئیا سوءِ ॥1॥

ਮਃ ੩ ॥

م: 3 ॥

ਭੈ ਵਿਣੁ ਜੀਵੈ ਬਹੁਤੁ ਬਹੁਤੁ
ਖੁਸੀਆ ਖੁਸੀ ਕਮਾਇ ॥

بھے وِنُ جیوے بہُتُ بہُتُ
کھُسیا خُشی کماءِ ॥

ਨਾਨਕ ਭੈ ਵਿਣੁ ਜੇ ਮਰੈ
ਮੁਹਿ ਕਾਲੈ ਉਠਿ ਜਾਇ ॥੨॥

نانک بھے وِنُ جے مرے
مُہِ کالے اُٹھِ جاءِ ॥2॥

ਪਉੜੀ ॥

پئُڑی ॥

ਸਤਿਗੁਰੁ ਹੋਇ ਦਇਆਲੁ
ਤ ਸਰਧਾ ਪੂਰੀਐ ॥

ستِگُر ہوءِ دئیالُ
ت سردھا پُوریۓ ॥

ਸਤਿਗੁਰੁ ਹੋਇ ਦਇਆਲੁ
ਨ ਕਬਹੂੰ ਝੂਰੀਐ ॥

ستِگُر ہوءِ دئیالُ
ن کبہوُنّ جھوُریۓ ॥

ਸਤਿਗੁਰੁ ਹੋਇ ਦਇਆਲੁ
ਤਾ ਦੁਖੁ ਨ ਜਾਣੀਐ ॥

ستِگُر ہوءِ دئیالُ
تا دُکھُ ن جانٹیۓ ॥

ਸਤਿਗੁਰੁ ਹੋਇ ਦਇਆਲੁ
ਤਾ ਹਰਿ ਰੰਗੁ ਮਾਣੀਐ ॥

ستِگُر ہوءِ دئیالُ
تا ہرِ رنگُ مانٹیۓ ॥

ਸਤਿਗੁਰੁ ਹੋਇ ਦਇਆਲੁ
ਤਾ ਜਮ ਕਾ ਡਰੁ ਕੇਹਾ ॥

ستِگُر ہوءِ دئیالُ
تا جم کا ڈرُ کیہا ۔ ॥

ਸਤਿਗੁਰੁ ਹੋਇ ਦਇਆਲੁ
ਤਾ ਸਦ ਹੀ ਸੁਖੁ ਦੇਹਾ ॥

ستِگُرُ ہوءِ دئیالُ
تا سد ہی سُکھُ دیہا ॥

ਸਤਿਗੁਰੁ ਹੋਇ ਦਇਆਲੁ
ਤਾ ਨਵ ਨਿਧਿ ਪਾਈਐ ॥

ستِگُرُ ہوءِ دئیالُ
تا نو نِدھِ پائیَۓ ॥

ਸਤਿਗੁਰੁ ਹੋਇ ਦਇਆਲੁ
ਤ ਸਚਿ ਸਮਾਈਐ ॥੨੫॥

ستِگُرُ ہوءِ دئیالُ
ت سچِ سمائیَۓ ॥ 25 ॥

ਸਲੋਕੁ ਮਃ ੧ ॥

سلوکُ م: 1 ॥

ਸਿਰੁ ਖੋਹਾਇ ਪੀਅਹਿ ਮਲਵਾਣੀ
ਜੂਠਾ ਮੰਗਿ ਮੰਗਿ ਖਾਹੀ ॥

سِرُ کھوہاءِ پیئہِ ملواٹی
جوُٹھا منگِ منگِ کھاہی ॥

ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ
ਪਾਣੀ ਦੇਖਿ ਸਗਾਹੀ ॥

پھولِ پھدیہتِ مُہِ لیَنِ بھڑاسا
پاٹی دیکھِ سگاہی ॥

ਭੇਡਾ ਵਾਗੀ ਸਿਰੁ ਖੋਹਾਇਨਿ
ਭਰੀਅਨਿ ਹਥ ਸੁਆਹੀ ॥

بھیڈا واگی سِرُ کھوہائِنِ
بھریئَنِ ہتھ سُیاہی ॥

ਮਾਉ ਪੀਉ ਕਿਰਤੁ ਗਵਾਇਨਿ
ਟਬਰ ਰੋਵਨਿ ਧਾਹੀ ॥

مائوُ پیئوُ کِرتُ گوائِنِ
ٹبر روونِ دھاہی ॥

ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ
ਮੁਏ ਕਿਥਾਊ ਪਾਹੀ ॥

اونا پِنڈُ ن پتلِ کِریا ن دیوا
مُۓ کِتھائوُ پاہی ॥

ਅਠਸਠਿ ਤੀਰਥ ਦੇਨਿ ਨ ਢੋਈ
ਬ੍ਰਹਮਣ ਅੰਨੁ ਨ ਖਾਹੀ ॥

اٹھسٹھِ تیرتھ دینِ ن ڈھوئی
برہمٹ انّنُ ن کھاہی ॥

ਸਦਾ ਕੁਚੀਲ ਰਹਹਿ ਦਿਨੁ ਰਾਤੀ
ਮਥੈ ਟਿਕੇ ਨਾਹੀ ॥

سدا کچیل رہہِ دِنُ راتی
متھےَ ٹِکے ناہی ॥

ਝੁੰਡੀ ਪਾਇ ਬਹਨਿ ਨਿਤਿ ਮਰਣੈ
ਦੜਿ ਦੀਬਾਣਿ ਨ ਜਾਹੀ ॥

جھُنڈی پاءِ بہنِ نِتِ مرنےَ
دڑِ دیِباٹِ ن جاہی ॥

ਲਕੀ ਕਾਸੇ ਹਥੀ ਫੂੰਮਣ
ਅਗੋ ਪਿਛੀ ਜਾਹੀ ॥

لکی کاسے ہتھی پھُنمَن
اگو پچھی جاہی ॥

ਨਾ ਓਇ ਜੋਗੀ ਨਾ ਓਇ ਜੰਗਮ
ਨਾ ਓਇ ਕਾਜੀ ਮੁੰਲਾ ॥

نا اوءِ جوگی نا اوءِ جنگم
نا اوءِ قاضی مُنّلا ॥

ਦਯਿ ਵਿਗੋਏ ਫਿਰਹਿ ਵਿਗੁਤੇ
ਫਿਟਾ ਵਤੈ ਗਲਾ ॥

دیِ وِگوئے پھِرہِ وِگُتے
پھِٹا وتے گلا ॥

ਜੀਆ ਮਾਰਿ ਜੀਵਾਲੇ ਸੋਈ
ਅਵਰੁ ਨ ਕੋਈ ਰਖੈ ॥

جیِیا مارِ جیِوالے سوئی
اورُ ن کوئی رکھےَ ॥

ਦਾਨਹੁ ਤੈ ਇਸਨਾਨਹੁ ਵੰਜੇ
ਭਸੁ ਪਈ ਸਿਰਿ ਖੁਥੈ ॥

دانہُ تےَ اِسنانہُ وںجے
بھسُ پئی سِرِ کھُتھےَ ॥

ਪਾਣੀ ਵਿਚਹੁ ਰਤਨ ਉਪੰਨੇ
ਮੇਰੁ ਕੀਆ ਮਾਧਾਣੀ ॥

پانّی وِچہُ رتن اُپنّنے
میرُ کیِیا مادھانّی ॥

ਅਠਸਠਿ ਤੀਰਥ ਦੇਵੀ ਥਾਪੇ
ਪੁਰਬੀ ਲਗੈ ਬਾਣੀ ॥

اٹھسٹھِ تیِرتھ دیوی تھاپے
پُربی لگےَ بانّی ॥

ਨਾਇ ਨਿਵਾਜਾ ਨਾਤੈ ਪੂਜਾ
ਨਾਵਨਿ ਸਦਾ ਸੁਜਾਣੀ ॥

ناءِ نِوازا ناتے پُوجا
ناونِ سدا سُجانّی ॥

ਮੁਇਆ ਜੀਵਦਿਆ ਗਤਿ ਹੋਵੈ
ਜਾਂ ਸਿਰਿ ਪਾਈਐ ਪਾਣੀ ॥

مُئیا جیِودیا گتِ ہووے
جاں سِرِ پائیئےَ پانّی ॥

ਨਾਨਕ ਸਿਰਖੁਥੇ ਸੈਤਾਨੀ
ਏਨਾ ਗਲ ਨ ਭਾਣੀ ॥

نانک سِرکھُتھے شیَطانی
اینا گل ن بھانّی ॥

ਵੁਠੈ ਹੋਇਐ ਹੋਇ ਬਿਲਾਵਲੁ
ਜੀਆ ਜੁਗਤਿ ਸਮਾਣੀ ॥

وُٹھےَ ہوئےَ ہوءِ بِلاولُ
جیِیا جُگتِ سمانّی ॥

ਵੁਠੈ ਅੰਨੁ ਕਮਾਦੁ ਕਪਾਹਾ
ਸਭਸੈ ਪੜਦਾ ਹੋਵੈ ॥

وُٹھےَ انّنُ کماد کپاہا
سبھسےَ پڑدا ہووے ॥

ਵੁਠੈ ਘਾਹੁ ਚਰਹਿ ਨਿਤਿ ਸੁਰਹੀ
ਸਾ ਧਨ ਦਹੀ ਵਿਲੋਵੈ ॥

وُٹھےَ گھاہُ چرہِ نِتِ سُرہی
سا دھن دہی وِلووے ॥

ਤਿਤੁ ਘਿਇ ਹੋਮ ਜਗ ਸਦ ਪੂਜਾ
ਪਇਐ ਕਾਰਜੁ ਸੋਹੈ ॥

تِتُ گھِءِ ہوم جگ سد پُوجا

پیئے کارجُ سوہے ॥

ਗੁਰੂ ਸਮੁੰਦੁ ਨਦੀ ਸਭਿ ਸਿਖੀ
ਨਾਤੈ ਜਿਤੁ ਵਡਿਆਈ ॥

گُرو سمُندُ ندی سبھِ سِکھی
ناتے جِتُ وڈِیائی ॥

ਨਾਨਕ ਜੇ ਸਿਰਖੁਥੇ ਨਾਵਨਿ ਨਾਹੀ
ਤਾ ਸਤ ਚਟੇ ਸਿਰਿ ਛਾਈ ॥੧॥

نانک جے سِرکھُتھے ناونِ ناہی
تا ست چٹے سِرِ چھائی ॥1॥

ਮਃ ੨ ॥

م: 2 ॥

ਅਗੀ ਪਾਲਾ ਕਿ ਕਰੇ
ਸੂਰਜ ਕੇਹੀ ਰਾਤਿ ॥

اگی پالا کِ کرے
سوُرج کیہی راتِ ۔ ॥

ਚੰਦ ਅਨੇਰਾ ਕਿ ਕਰੇ
ਪਉਣ ਪਾਣੀ ਕਿਆ ਜਾਤਿ ॥

چنّد انیرا کِ کرے
پُنّ پانی کیا زاتِ ۔ ॥

ਧਰਤੀ ਚੀਜੀ ਕਿ ਕਰੇ
ਜਿਸੁ ਵਿਚਿ ਸਭੁ ਕਿਛੁ ਹੋਇ ॥

دھرتی چیجی کِ کرے
جِس وِچ سبھُ کِچھُ ہوءِ ॥

ਨਾਨਕ ਤਾ ਪਤਿ ਜਾਣੀਐ
ਜਾ ਪਤਿ ਰਖੈ ਸੋਇ ॥੨॥

نانک تا پتِ جانیئے
جا پتِ رکھے سوءِ ॥2॥

ਪਉੜੀ ॥

پئڑی ॥

ਤੁਧੁ ਸਚੇ ਸੁਬਹਾਨੁ ਸਦਾ ਕਲਾਣਿਆ ॥

تُدھُ سچے سُبحانُ سدا کلانیا ॥

ਤੂੰ ਸਚਾ ਦੀਬਾਣੁ ਹੋਰਿ ਆਵਣ ਜਾਣਿਆ ॥

توُنّ سچا دیبانُ ہورِ آونُ جانیا ॥

ਸਚੁ ਜਿ ਮੰਗਹਿ ਦਾਨੁ ਸਿ ਤੁਧੈ ਜੇਹਿਆ ॥

سچُ جِ منگہِ دانُ سِ تُدھے جیہیا ॥

ਸਚੁ ਤੇਰਾ ਫੁਰਮਾਨੁ ਸਬਦੇ ਸੋਹਿਆ ॥

سچُ تیرا فُرمانُ سبدے سوہیا ॥

ਮੰਨਿਐ ਗਿਆਨੁ ਧਿਆਨੁ ਤੁਧੈ ਤੇ ਪਾਇਆ ॥

منّنے گیانُ دھیانُ تُدھے تے پائیا ॥

ਕਰਮਿ ਪਵੈ ਨੀਸਾਨੁ ਨ ਚਲੈ ਚਲਾਇਆ ॥

کرمِ پوے نیشانُ ن چلے چلائیا ॥

ਤੂੰ ਸਚਾ ਦਾਤਾਰੁ
ਨਿਤ ਦੇਵਹਿ ਚੜਹਿ ਸਵਾਇਆ ॥

توُنّ سچا داتارُ
نِت دیوہِ چڑھِ سوائیا ॥

ਨਾਨਕੁ ਮੰਗੈ ਦਾਨੁ ਜੋ ਤੁਧੁ ਭਾਇਆ ॥੨੬॥

نانکُ منگے دانُ جو تُدھُ بھائیا ॥ 26 ॥

ਸਲੋਕੁ ਮਃ ੨ ॥	سلوکُ م: 2 ॥
ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥	دِیکھیا آکھِ بُجھائِیا صِفتی سچِ سمیءُ ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥੧॥	تِن کءُ کیا اُپدیسیئے جِن گُرُ نانک دیءُ ॥1॥
ਮਃ ੧ ॥	م: 1 ॥
ਆਪਿ ਬੁਝਾਏ ਸੋਈ ਬੂਝੈ ॥	آپِ بُجھائے سوئی بُوجھے ॥
ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛੁ ਸੂਝੈ ॥	جِسُ آپِ سُجھائے تِسُ سبھُ کِچھُ سُوجھے ॥
ਕਹਿ ਕਹਿ ਕਥਨਾ ਮਾਇਆ ਲੂਝੈ ॥	کہِ کہِ کتھنا مائِیا لُوجھے ॥
ਹੁਕਮੀ ਸਗਲ ਕਰੇ ਆਕਾਰ ॥	حُکمی سگل کرے آکار ॥
ਆਪੇ ਜਾਣੈ ਸਰਬ ਵੀਚਾਰ ॥	آپے جانے سرب ویچار ॥
ਅਖਰ ਨਾਨਕ ਅਖਿਓ ਆਪਿ ॥	اکھر نانک اکھِئو آپِ ॥
ਲਹੈ ਭਰਾਤਿ ਹੋਵੈ ਜਿਸੁ ਦਾਤਿ ॥੨॥	لہے بھراتِ ہووے جِسُ داتِ ॥2॥
ਪਉੜੀ ॥	پئُڑی ॥
ਹਉ ਢਾਢੀ ਵੇਕਾਰੁ ਕਾਰੈ ਲਾਇਆ ॥	ہءُ ڈھاڈھی ویکارُ کارے لائِیا ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥	راتِ دِہے کے وار دھُرہُ فُرمائِیا ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥	ڈھاڈھی سچے محلِ خصمِ بُلائِیا ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥	سچی صِفتِ سالاح کپڑا پائِیا ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥	سچا انمّرِت نامُ بھوجنُ آئِیا ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥	گُرمتی کھادھا رجِ تِنِ سُکھُ پائِیا ॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥	ڈھاڈھی کرے پساءُ سبدُ وجائِیا ॥
ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ ਸੁਧੁ	نانک سچُ سالاحِ پُورا پائِیا ॥ 27 ॥ سُدھُ

ਰਾਗੁ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ	راگُ گئڑی گُیاریری محلا 1 چئُپدے دُپدے
ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	ੴ سِتنامُ کرتا پُرکھُ نِربھءُ نِرویرُ اکال مورتِ اجوُنی سیَبھنّ گُرپرّسادِ ॥
ਭਉ ਮੁਚੁ ਭਾਰਾ ਵਡਾ ਤੋਲੁ ॥	بھءُ مُچُ بھارا وڈا تولُ ॥
ਮਨ ਮਤਿ ਹਉਲੀ ਬੋਲੇ ਬੋਲੁ ॥	من متِ ہئُلی بولے بولُ ॥
ਸਿਰਿ ਧਰਿ ਚਲੀਐ ਸਹੀਐ ਭਾਰੁ ॥	سِرِ دھرِ چلیِۓ سہیِۓ بھارُ ॥
ਨਦਰੀ ਕਰਮੀ ਗੁਰ ਬੀਚਾਰੁ ॥੧॥	ندری کرمی گُر بیچارُ ॥1॥
ਭੈ ਬਿਨੁ ਕੋਇ ਨ ਲੰਘਸਿ ਪਾਰਿ ॥	بھےَ بِنُ کوءِ ن لنگھسِ پارِ ॥
ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥	بھےَ بھءُ راکھیا بھاءِ سوارِ ॥1॥ رہاءُ ॥
ਭੈ ਤਨਿ ਅਗਨਿ ਭਖੈ ਭੈ ਨਾਲਿ ॥	بھےَ تنِ اگنِ بھکھےَ بھےَ نالِ ॥
ਭੈ ਭਉ ਘੜੀਐ ਸਬਦਿ ਸਵਾਰਿ ॥	بھےَ بھءُ گھڑیِۓ سبدِ سوارِ ॥
ਭੈ ਬਿਨੁ ਘਾੜਤ ਕਚੁ ਨਿਕਚ ॥	بھےَ بِنُ گھاڑت کچُ نِکچ ॥
ਅੰਧਾ ਸਚਾ ਅੰਧੀ ਸਟ ॥੨॥	انّدھا سچا انّدھی سٹ ॥2॥
ਬੁਧੀ ਬਾਜੀ ਉਪਜੈ ਚਾਉ ॥	بُدھی بازی اُپجےَ چاءُ ॥
ਸਹਸ ਸਿਆਣਪ ਪਵੈ ਨ ਤਾਉ ॥	سہس سِیانپ پوےَ ن تاءُ ॥
ਨਾਨਕ ਮਨਮੁਖਿ ਬੋਲਣੁ ਵਾਉ ॥	نانک منمکھِ بولنُّ واءُ ॥
ਅੰਧਾ ਅਖਰੁ ਵਾਉ ਦੁਆਉ ॥੩॥੧॥	انّدھا اکھرُ واءُ دُیاءُ ॥3॥1॥
ਗਉੜੀ ਮਹਲਾ ੧ ॥	گئڑی محلا 1 ॥
ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ ॥	ڈرِ گھرُ گھرِ ڈرُ ڈرِ ڈرُ جاءِ ॥
ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ॥	سو ڈرُ کیہا جِتُ ڈرِ ڈرُ پاءِ ॥
ਤੁਧੁ ਬਿਨੁ ਦੂਜੀ ਨਾਹੀ ਜਾਇ ॥	تُدھُ بِنُ دوُجی ناہی جاءِ ॥
ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥੧॥	جو کچھُ ورتےَ سبھ تیری رضاءِ ॥1॥

ਡਰੀਐ ਜੇ ਡਰੁ ਹੋਵੈ ਹੋਰੁ ॥	ڈریئے جے ڈر ہووے ہورُ ॥
ਡਰਿ ਡਰਿ ਡਰਣਾ ਮਨ ਕਾ ਸੋਰੁ ॥੧॥ ਰਹਾਉ ॥	ڈرِ ڈرِ ڈرنا من کا سورُ ॥1॥ رہاءُ ॥
ਨ ਜੀਉ ਮਰੈ ਨ ਡੂਬੈ ਤਰੈ ॥	ن جیِءُ مرے ن ڈوُبے ترے ॥
ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥	جِنِ کِچھُ کیِیا سو کِچھُ کرے ॥
ਹੁਕਮੇ ਆਵੈ ਹੁਕਮੇ ਜਾਇ ॥	حُکمے آوے حُکمے جاءِ ॥
ਆਗੈ ਪਾਛੈ ਹੁਕਮਿ ਸਮਾਇ ॥੨॥	آگے پاچھے حُکمِ سماءِ ॥2॥
ਹੰਸੁ ਹੇਤੁ ਆਸਾ ਅਸਮਾਨੁ ॥	ہنَس ہیتُ آسا اسمانُ ॥
ਤਿਸੁ ਵਿਚਿ ਭੂਖ ਬਹੁਤੁ ਨੈ ਸਾਨੁ ॥	تِس وِچِ بھوُکھ بہُتُ نے سانُ ॥
ਭਉ ਖਾਣਾ ਪੀਣਾ ਆਧਾਰੁ ॥	بھءُ کھاٹا پیِٹا آدھارُ ॥
ਵਿਣੁ ਖਾਧੇ ਮਰਿ ਹੋਹਿ ਗਵਾਰ ॥੩॥	وِنُ کھادھے مرِ ہوہِ گوار ॥3॥
ਜਿਸ ਕਾ ਕੋਇ ਕੋਈ ਕੋਇ ਕੋਇ ॥	جِس کا کوءِ کوئی کوءِ کوءِ ॥
ਸਭੁ ਕੋ ਤੇਰਾ ਤੂੰ ਸਭਨਾ ਕਾ ਸੋਇ ॥	سبھُ کو تیرا توُنَ سبھنا کا سوءِ ॥
ਜਾ ਕੇ ਜੀਅ ਜੰਤ ਧਨੁ ਮਾਲੁ ॥	جا کے جیء جنّت دھنُ مالُ ॥
ਨਾਨਕ ਆਖਣੁ ਬਿਖਮੁ ਬੀਚਾਰੁ ॥੪॥੨॥	نانک آکھنُ بِکھمُ بیچارُ ॥4॥2॥
ਗਉੜੀ ਮਹਲਾ ੧ ॥	گئڑی محلا 1 ॥
ਮਾਤਾ ਮਤਿ ਪਿਤਾ ਸੰਤੋਖੁ ॥	ماتا متِ پِتا سنّتوکھُ ॥
ਸਤੁ ਭਾਈ ਕਰਿ ਏਹੁ ਵਿਸੇਖੁ ॥੧॥	ست بھائی کرِ ایہُ وِسیکھُ ॥1॥
ਕਹਣਾ ਹੈ ਕਿਛੁ ਕਹਣੁ ਨ ਜਾਇ ॥	کہنّا ہے کِچھُ کہنُ ن جاءِ ॥
ਤਉ ਕੁਦਰਤਿ ਕੀਮਤਿ ਨਹੀ ਪਾਇ ॥੧॥ ਰਹਾਉ ॥	تءُ قُدرتِ قیِمتِ نہی پاءِ ॥1॥ رہاءُ ॥
ਸਰਮ ਸੁਰਤਿ ਦੁਇ ਸਸੁਰ ਭਏ ॥	سرم سُرتِ دُءِ سسُر بھئے ॥
ਕਰਣੀ ਕਾਮਣਿ ਕਰਿ ਮਨ ਲਏ ॥੨॥	کرنّی کامنِ کرِ من لئے ॥2॥
ਸਾਹਾ ਸੰਜੋਗੁ ਵੀਆਹੁ ਵੀਜੋਗੁ ॥	ساہا سنّجوگُ وییاہُ ویِجوگُ ॥

ਸਚੁ ਸੰਤਤਿ ਕਹੁ ਨਾਨਕ ਜੋਗੁ ॥੩॥੩॥	سچُ سنّتتِ کہُ نانک جوگُ ॥3॥3॥
ਗਉੜੀ ਮਹਲਾ ੧ ॥	گئڑی محلا 1 ॥
ਪਉਣੈ ਪਾਣੀ ਅਗਨੀ ਕਾ ਮੇਲੁ ॥	پئُنے پانی اگنی کا میلُ ॥
ਚੰਚਲ ਚਪਲ ਬੁਧਿ ਕਾ ਖੇਲੁ ॥	چنچل چپل بُدھِ کا کھیلُ ॥
ਨਉ ਦਰਵਾਜੇ ਦਸਵਾ ਦੁਆਰੁ ॥	نءُ دروازے دسوا دُیارُ ॥
ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥	بُجھُ رے گیانی ایہُ بیچارُ ॥1॥
ਕਥਤਾ ਬਕਤਾ ਸੁਨਤਾ ਸੋਈ ॥	کتھتا بکتا سُنتا سوئی ॥
ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥	آپُ بیچارے سُ گیانی ہوئی ॥1॥ رہاءُ ॥
ਦੇਹੀ ਮਾਟੀ ਬੋਲੈ ਪਉਣੁ ॥	دیہی ماٹی بولے پئُنُ ॥
ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥	بُجھُ رے گیانی موُیا ہے کئُنُ ۔ ॥
ਮੂਈ ਸੁਰਤਿ ਬਾਦੁ ਅਹੰਕਾਰੁ ॥	موئی سُرتِ بادُ اہنکارُ ॥
ਓਹੁ ਨ ਮੂਆ ਜੋ ਦੇਖਣਹਾਰੁ ॥੨॥	اوہُ ن موُیا جو دیکھنہارُ ॥2॥
ਜੈ ਕਾਰਣਿ ਤਟਿ ਤੀਰਥ ਜਾਹੀ ॥	جے کارنِ تٹِ تیرتھ جاہی ॥
ਰਤਨ ਪਦਾਰਥ ਘਟ ਹੀ ਮਾਹੀ ॥	رتن پدارتھ گھٹ ہی ماہی ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥	پڑِ پڑِ پنڈِتُ بادُ وکھانے ॥
ਭੀਤਰਿ ਹੋਦੀ ਵਸਤੁ ਨ ਜਾਣੈ ॥੩॥	بھیترِ ہودی وستُ ن جانے ॥3॥
ਹਉ ਨ ਮੂਆ ਮੇਰੀ ਮੁਈ ਬਲਾਇ ॥	ہءُ ن موُیا میری مُئی بلاءِ ॥
ਓਹੁ ਨ ਮੂਆ ਜੋ ਰਹਿਆ ਸਮਾਇ ॥	اوہُ ن موُیا جو رہیا سماءِ ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥	کہُ نانک گُرِ برہمُ دِکھائیا ॥
ਮਰਤਾ ਜਾਤਾ ਨਦਰਿ ਨ ਆਇਆ ॥੪॥੪॥	مرتا جاتا ندرِ ن آئیا ॥4॥4॥
ਗਉੜੀ ਮਹਲਾ ੧ ਦਖਣੀ ॥	گئڑی محلا 1 دکھنی ॥
ਸੁਣਿ ਸੁਣਿ ਬੂਝੈ ਮਾਨੈ ਨਾਉ ॥	سُنِ سُنِ بوُجھے مانے ناءُ ॥

ਤਾ ਕੈ ਸਦ ਬਲਿਹਾਰੈ ਜਾਉ ॥	تا کے سد بلِہارے جاءُ ॥
ਆਪਿ ਭੁਲਾਏ ਠਉਰ ਨ ਠਾਉ ॥	آپِ بھُلائے ٹھُر ن ٹھاءُ ॥
ਤੂੰ ਸਮਝਾਵਹਿ ਮੇਲਿ ਮਿਲਾਉ ॥੧॥	توُنّ سمجھاوہِ میلِ مِلاءُ ॥1॥
ਨਾਮੁ ਮਿਲੈ ਚਲੈ ਮੈ ਨਾਲਿ ॥	نامُ مِلے چلے مے نالِ ॥
ਬਿਨੁ ਨਾਵੈ ਬਾਧੀ ਸਭ ਕਾਲਿ ॥੧॥ ਰਹਾਉ ॥	بِنُ ناوے بادھی سبھ کالِ ॥1॥ رہاءُ ॥
ਖੇਤੀ ਵਣਜੁ ਨਾਵੈ ਕੀ ਓਟ ॥	کھیتی وٹنجُ ناوے کی اوٹ ॥
ਪਾਪੁ ਪੁੰਨੁ ਬੀਜ ਕੀ ਪੋਟ ॥	پاپُ پُنّنُ بِیج کی پوٹ ॥
ਕਾਮੁ ਕ੍ਰੋਧੁ ਜੀਅ ਮਹਿ ਚੋਟ ॥	کامُ کرودھُ جیء مہِ چوٹ ॥
ਨਾਮੁ ਵਿਸਾਰਿ ਚਲੇ ਮਨਿ ਖੋਟ ॥੨॥	نامُ وِسارِ چلے منِ کھوٹ ॥2॥
ਸਾਚੇ ਗੁਰ ਕੀ ਸਾਚੀ ਸੀਖ ॥	ساچے گُر کی ساچی سِیکھ ॥
ਤਨੁ ਮਨੁ ਸੀਤਲੁ ਸਾਚੁ ਪਰੀਖ ॥	تنُ منُ سِیتلُ ساچُ پریکھ ॥
ਜਲ ਪੁਰਾਇਨਿ ਰਸ ਕਮਲ ਪਰੀਖ ॥	جل پُرائنِ رس کمل پریکھ ॥
ਸਬਦਿ ਰਤੇ ਮੀਠੇ ਰਸ ਈਖ ॥੩॥	سبدِ رتے مِٹھے رس ایکھ ॥3॥
ਹੁਕਮਿ ਸੰਜੋਗੀ ਗੜਿ ਦਸ ਦੁਆਰ ॥	حُکمِ سنجوگی گڑِ دس دُیار ॥
ਪੰਚ ਵਸਹਿ ਮਿਲਿ ਜੋਤਿ ਅਪਾਰ ॥	پنّچ وسہِ مِلِ جوتِ اپار ॥
ਆਪਿ ਤੁਲੈ ਆਪੇ ਵਣਜਾਰ ॥	آپِ تُلے آپے وٹنجار ॥
ਨਾਨਕ ਨਾਮਿ ਸਵਾਰਣਹਾਰ ॥੪॥੫॥	نانک نامِ سوارٹنہار ॥4॥5॥
ਗਉੜੀ ਮਹਲਾ ੧ ॥	گئڑی محلا 1 ॥
ਜਾਤੋ ਜਾਇ ਕਹਾ ਤੇ ਆਵੈ ॥	جاتو جاءِ کہا تے آوے ۔ ॥
ਕਹ ਉਪਜੈ ਕਹ ਜਾਇ ਸਮਾਵੈ ॥	کہ اُپجے کہ جاءِ سماوے ۔ ॥
ਕਿਉ ਬਾਧਿਓ ਕਿਉ ਮੁਕਤੀ ਪਾਵੈ ॥	کِءُ بادھِئو کِءُ مُکتی پاوے ۔ ॥
ਕਿਉ ਅਬਿਨਾਸੀ ਸਹਜਿ ਸਮਾਵੈ ॥੧॥	کِءُ ابِناسی سہجِ سماوے ۔ ॥1॥

ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥	نامُ رِدے انمرِتُ مُکھِ نامُ ॥
ਨਰਹਰ ਨਾਮੁ ਨਰਹਰ ਨਿਹਕਾਮੁ ॥੧॥ ਰਹਾਉ ॥	نرہر نامُ نرہر نِہکامُ ॥1॥ رہاءُ ॥
ਸਹਜੇ ਆਵੈ ਸਹਜੇ ਜਾਇ ॥	سہجے آوے سہجے جاءِ ॥
ਮਨ ਤੇ ਉਪਜੈ ਮਨ ਮਾਹਿ ਸਮਾਇ ॥	من تے اُپجے من ماہِ سماءِ ॥
ਗੁਰਮੁਖਿ ਮੁਕਤੋ ਬੰਧੁ ਨ ਪਾਇ ॥	گُرمُکھِ مُکتو بندھُ ن پاءِ ॥
ਸਬਦੁ ਬੀਚਾਰਿ ਛੁਟੈ ਹਰਿ ਨਾਇ ॥੨॥	سبدُ بیچارِ چھُٹے ہرِ ناءِ ॥2॥
ਤਰਵਰ ਪੰਖੀ ਬਹੁ ਨਿਸਿ ਬਾਸੁ ॥	ترور پنکھی بہُ نِس باسُ ॥
ਸੁਖ ਦੁਖੀਆ ਮਨਿ ਮੋਹ ਵਿਣਾਸੁ ॥	سُکھ دُکھِیا منِ موہ وِٹاسُ ॥
ਸਾਝ ਬਿਹਾਗ ਤਕਹਿ ਆਗਾਸੁ ॥	ساجھ بِہاگ تکہِ آگاسُ ॥
ਦਹ ਦਿਸਿ ਧਾਵਹਿ ਕਰਮਿ ਲਿਖਿਆਸੁ ॥੩॥	دہ دِس دھاوہِ کرمِ لِکھِیاسُ ॥3॥
ਨਾਮ ਸੰਜੋਗੀ ਗੋਇਲਿ ਥਾਟੁ ॥	نام سنجوگی گوئلِ تھاٹُ ॥
ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥	کام کرودھ پھوٹے بِکھُ ماٹُ ॥
ਬਿਨੁ ਵਖਰ ਸੂਨੋ ਘਰੁ ਹਾਟੁ ॥	بِنُ وکھر سُونو گھرُ ہاٹُ ॥
ਗੁਰ ਮਿਲਿ ਖੋਲੇ ਬਜਰ ਕਪਾਟ ॥੪॥	گُر مِلِ کھولے بجر کپاٹ ॥4॥
ਸਾਧੁ ਮਿਲੈ ਪੂਰਬ ਸੰਜੋਗ ॥	سادھُ مِلے پُورب سنجوگ ॥
ਸਚਿ ਰਹਸੇ ਪੂਰੇ ਹਰਿ ਲੋਗ ॥	سچِ رہسے پُورے ہرِ لوگ ॥
ਮਨੁ ਤਨੁ ਦੇ ਲੈ ਸਹਜਿ ਸੁਭਾਇ ॥	منُ تنُ دے لے سہجِ سُبھاءِ ॥
ਨਾਨਕ ਤਿਨ ਕੈ ਲਾਗਉ ਪਾਇ ॥੫॥੬॥	نانک تِن کے لاگءُ پاءِ ॥5॥6॥
ਗਉੜੀ ਮਹਲਾ ੧ ॥	گئڑی محلا 1 ॥
ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ॥	کامُ کرودھُ مائیا مہِ چیتُ ॥
ਝੂਠ ਵਿਕਾਰਿ ਜਾਗੈ ਹਿਤ ਚੀਤੁ ॥	جھوٹھ وِکارِ جاگے ہِت چیتُ ॥
ਪੂੰਜੀ ਪਾਪ ਲੋਭ ਕੀ ਕੀਤੁ ॥	پُونجی پاپ لوبھ کی کیتُ ॥

ਤਰੁ ਤਾਰੀ ਮਨਿ ਨਾਮੁ ਸੁਚੀਤੁ ॥੧॥	ترُ تاری منِ نامُ سُچیتُ ॥1॥
ਵਾਹੁ ਵਾਹੁ ਸਾਚੇ ਮੈ ਤੇਰੀ ਟੇਕ ॥	واہُ واہُ ساچے مے َتیری ٹیک ॥
ਹਉ ਪਾਪੀ ਤੂੰ ਨਿਰਮਲੁ ਏਕੁ ॥੧॥ ਰਹਾਉ ॥	ہءُ پاپی توُنّ نِرملُ ایکُ ॥1॥ رہاءُ ॥
ਅਗਨਿ ਪਾਣੀ ਬੋਲੈ ਭੜਵਾਉ ॥	اگنِ پانٹی بولے بھڑواءُ ॥
ਜਿਹਵਾ ਇੰਦ੍ਰੀ ਏਕੁ ਸੁਆਉ ॥	جِہوا اِنّدّری ایکُ سُیاءُ ॥
ਦਿਸਟਿ ਵਿਕਾਰੀ ਨਾਹੀ ਭਉ ਭਾਉ ॥	دِسٹِ وِکاری ناہی بھءُ بھاءُ ॥
ਆਪੁ ਮਾਰੇ ਤਾ ਪਾਏ ਨਾਉ ॥੨॥	آپُ مارے تا پائے ناءُ ॥2॥
ਸਬਦਿ ਮਰੈ ਫਿਰਿ ਮਰਣੁ ਨ ਹੋਇ ॥	سبدِ مرے پھِرِ مرنُّ ن ہوءِ ॥
ਬਿਨੁ ਮੂਏ ਕਿਉ ਪੂਰਾ ਹੋਇ ॥	بِنُ موُئے کِءُ پوُرا ہوءِ ۔ ॥
ਪਰਪੰਚਿ ਵਿਆਪਿ ਰਹਿਆ ਮਨੁ ਦੋਇ ॥	پرپنّچِ وِیاپِ رہِیا منُ دوءِ ॥
ਥਿਰੁ ਨਾਰਾਇਣੁ ਕਰੇ ਸੁ ਹੋਇ ॥੩॥	تھِرُ نارائِنُّ کرے سُ ہوءِ ॥3॥
ਬੋਹਿਥਿ ਚੜਉ ਜਾ ਆਵੈ ਵਾਰੁ ॥	بوہِتھِ چڑءُ جا آوے وارُ ॥
ਠਾਕੇ ਬੋਹਿਥ ਦਰਗਹ ਮਾਰ ॥	ٹھاکے بوہِتھ درگہ مار ॥
ਸਚੁ ਸਾਲਾਹੀ ਧੰਨੁ ਗੁਰਦੁਆਰੁ ॥	سچُ سالاحی دھنّنُ گُردُیارُ ॥
ਨਾਨਕ ਦਰਿ ਘਰਿ ਏਕੰਕਾਰੁ ॥੪॥੭॥	نانک درِ گھرِ ایکنّکارُ ॥4॥7॥
ਗਉੜੀ ਮਹਲਾ ੧ ॥	گئڑی محلا 1 ॥
ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥	اُلٹِئو کملُ برہمُ بیچارِ ॥
ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥	انمّرِت دھار گگنِ دس دُیارِ ॥
ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥	ترِبھونُّ بیدھِیا آپِ مُرارِ ॥1॥
ਰੇ ਮਨ ਮੇਰੇ ਭਰਮੁ ਨ ਕੀਜੈ ॥	رے من میرے بھرمُ ن کیجے َ ॥
ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥	منِ مانے َ انمّرِت رسُ پیجے َ ॥1॥ رہاءُ ॥
ਜਨਮੁ ਜੀਤਿ ਮਰਣਿ ਮਨੁ ਮਾਨਿਆ ॥	جنمُ جیتِ مرنّ منُ مانِیا ॥

ਆਪਿ ਮੂਆ ਮਨੁ ਮਨ ਤੇ ਜਾਨਿਆ ॥	آپِ موُیا منُ من تے جانِیا ॥
ਨਜਰਿ ਭਈ ਘਰੁ ਘਰ ਤੇ ਜਾਨਿਆ ॥੨॥	نظرِ بھئی گھرُ گھر تے جانِیا ॥2॥
ਜਤੁ ਸਤੁ ਤੀਰਥੁ ਮਜਨੁ ਨਾਮਿ ॥	جتُ ستُ تِیرتھُ مجنُ نامِ ॥
ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥	ادھِک بِتھارُ کرءُ کِسُ کامِ ۔ ॥
ਨਰ ਨਾਰਾਇਣ ਅੰਤਰਜਾਮਿ ॥੩॥	نر نارائِنُ انترجامِ ॥3॥
ਆਨ ਮਨਉ ਤਉ ਪਰ ਘਰ ਜਾਉ ॥	آن منءُ تءُ پر گھر جاءُ ॥
ਕਿਸੁ ਜਾਚਉ ਨਾਹੀ ਕੋ ਥਾਉ ॥	کِسُ جاچءُ ناہی کو تھاءُ ॥
ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥	نانک گُرمتِ سہجِ سماءُ ॥4॥8॥
ਗਉੜੀ ਮਹਲਾ ੧ ॥	گئڑی محلا 1 ॥
ਸਤਿਗੁਰੁ ਮਿਲੈ ਸੁ ਮਰਣੁ ਦਿਖਾਏ ॥	ستِگُرُ مِلےَ سُ مرنُ دِکھائے ॥
ਮਰਣੁ ਰਹਣ ਰਸੁ ਅੰਤਰਿ ਭਾਏ ॥	مرنُ رہنُ رسُ انترِ بھائے ॥
ਗਰਬੁ ਨਿਵਾਰਿ ਗਗਨ ਪੁਰੁ ਪਾਏ ॥੧॥	گربُ نِوارِ گگن پُرُ پائے ॥1॥
ਮਰਣੁ ਲਿਖਾਇ ਆਏ ਨਹੀ ਰਹਣਾ ॥	مرنُ لِکھاءِ آئے نہی رہنا ॥
ਹਰਿ ਜਪਿ ਜਾਪਿ ਰਹਣੁ ਹਰਿ ਸਰਣਾ ॥੧॥ ਰਹਾਉ ॥	ہرِ جپِ جاپِ رہنُ ہرِ سرنا ॥1॥ رہاءُ ॥
ਸਤਿਗੁਰੁ ਮਿਲੈ ਤ ਦੁਬਿਧਾ ਭਾਗੈ ॥	ستِگُرُ مِلےَ ت دُبِدھا بھاگے ॥
ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ ॥	کملُ بِگاسِ منُ ہرِ پربھ لاگے ॥
ਜੀਵਤੁ ਮਰੈ ਮਹਾ ਰਸੁ ਆਗੈ ॥੨॥	جیوتُ مرے مہا رسُ آگے ॥2॥
ਸਤਿਗੁਰਿ ਮਿਲਿਐ ਸਚ ਸੰਜਮਿ ਸੂਚਾ ॥	ستِگُرِ مِلےَ سچ سنجمِ سوُچا ॥
ਗੁਰ ਕੀ ਪਉੜੀ ਊਚੋ ਊਚਾ ॥	گُر کی پئڑی اوُچو اوُچا ॥
ਕਰਮਿ ਮਿਲੈ ਜਮ ਕਾ ਭਉ ਮੂਚਾ ॥੩॥	کرمِ مِلےَ جم کا بھءُ موُچا ॥3॥
ਗੁਰਿ ਮਿਲਿਐ ਮਿਲਿ ਅੰਕਿ ਸਮਾਇਆ ॥	گُرِ مِلےَ مِلِ انکِ سمائِیا ॥
ਕਰਿ ਕਿਰਪਾ ਘਰੁ ਮਹਲੁ ਦਿਖਾਇਆ ॥	کرِ کرِپا گھرُ محلُ دِکھائِیا ॥

ਨਾਨਕ ਹਉਮੈ ਮਾਰਿ ਮਿਲਾਇਆ ॥੪॥੯॥	نانک ہئمےَ مارِ مِلائیا ॥4॥9॥
ਗਉੜੀ ਮਹਲਾ ੧ ॥	گئڑی محلا 1 ॥
ਕਿਰਤੁ ਪਇਆ ਨਹ ਮੇਟੈ ਕੋਇ ॥	کِرتُ پئیا نہ میٹے کوءِ ॥
ਕਿਆ ਜਾਣਾ ਕਿਆ ਆਗੈ ਹੋਇ ॥	کِیا جاٹا کِیا آگے ہوءِ ۔ ॥
ਜੋ ਤਿਸੁ ਭਾਣਾ ਸੋਈ ਹੂਆ ॥	جو تِس بھاٹا سوئی ہوُیا ॥
ਅਵਰੁ ਨ ਕਰਣੈ ਵਾਲਾ ਦੂਆ ॥੧॥	اورُ ن کرنے والا دوُیا ॥1॥
ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥	نا جاٹا کرم کیوڈ تیری داتِ ॥
ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥੧॥ ਰਹਾਉ ॥	کرمُ دھرمُ تیرے نام کی زاتِ ॥1॥ رہاءُ ॥
ਤੂ ਏਵਡੁ ਦਾਤਾ ਦੇਵਣਹਾਰੁ ॥	توُ ایوڈُ داتا دیوٹہارُ ॥
ਤੋਟਿ ਨਾਹੀ ਤੁਧੁ ਭਗਤਿ ਭੰਡਾਰ ॥	توٹِ ناہی تُدھُ بھگتِ بھنڈار ॥
ਕੀਆ ਗਰਬੁ ਨ ਆਵੈ ਰਾਸਿ ॥	کِیا گربُ ن آوےَ راسِ ॥
ਜੀਉ ਪਿੰਡੁ ਸਭੁ ਤੇਰੈ ਪਾਸਿ ॥੨॥	جیِءُ پِنڈُ سبھُ تیرےَ پاسِ ॥2॥
ਤੂ ਮਾਰਿ ਜੀਵਾਲਹਿ ਬਖਸਿ ਮਿਲਾਇ ॥	توُ مارِ جیِوالہِ بخشِ مِلاءِ ॥
ਜਿਉ ਭਾਵੀ ਤਿਉ ਨਾਮੁ ਜਪਾਇ ॥	جِءُ بھاوی تِءُ نامُ جپاءِ ॥
ਤੂੰ ਦਾਨਾ ਬੀਨਾ ਸਾਚਾ ਸਿਰਿ ਮੇਰੈ ॥	توُنَ دانا بِینا ساچا سِرِ میرےَ ॥
ਗੁਰਮਤਿ ਦੇਇ ਭਰੋਸੈ ਤੇਰੈ ॥੩॥	گُرمتِ دےءِ بھروسےَ تیرےَ ॥3॥
ਤਨ ਮਹਿ ਮੈਲੁ ਨਾਹੀ ਮਨੁ ਰਾਤਾ ॥	تن مہِ میَلُ ناہی منُ راتا ॥
ਗੁਰ ਬਚਨੀ ਸਚੁ ਸਬਦਿ ਪਛਾਤਾ ॥	گُر بچنی سچُ سبدِ پچھاتا ॥
ਤੇਰਾ ਤਾਣੁ ਨਾਮ ਕੀ ਵਡਿਆਈ ॥	تیرا تانُ نام کی وڈِیائی ॥
ਨਾਨਕ ਰਹਣਾ ਭਗਤਿ ਸਰਣਾਈ ॥੪॥੧੦॥	نانک رہنا بھگتِ سرٹائی ॥4॥ 10 ॥
ਗਉੜੀ ਮਹਲਾ ੧ ॥	گئڑی محلا 1 ॥
ਜਿਨਿ ਅਕਥੁ ਕਹਾਇਆ ਅਪਿਓ ਪੀਆਇਆ ॥	جِنِ اکتھُ کہائیا اپِئو پِیائیا ॥

ਅਨ ਭੈ ਵਿਸਰੇ ਨਾਮਿ ਸਮਾਇਆ ॥੧॥	ان بھے وِسرے نامِ سمائیا ॥1॥
ਕਿਆ ਡਰੀਐ ਡਰੁ ਡਰਹਿ ਸਮਾਨਾ ॥	کِیا ڈریئے ڈر ڈرہِ سمانا ॥
ਪੂਰੇ ਗੁਰ ਕੈ ਸਬਦਿ ਪਛਾਨਾ ॥੧॥ ਰਹਾਉ ॥	پُورے گُر کے سبدِ پچھانا ॥1॥ رہاءُ ॥
ਜਿਸੁ ਨਰ ਰਾਮੁ ਰਿਦੈ ਹਰਿ ਰਾਸਿ ॥	جِسُ نر رامُ رِدے ہرِ راسِ ॥
ਸਹਜਿ ਸੁਭਾਇ ਮਿਲੇ ਸਾਬਾਸਿ ॥੨॥	سہجِ سُبھاءِ مِلے ساباسِ ॥2॥
ਜਾਹਿ ਸਵਾਰੈ ਸਾਝ ਬਿਆਲ ॥	جاہِ سوارے ساجھ بِیال ॥
ਇਤ ਉਤ ਮਨਮੁਖ ਬਾਧੇ ਕਾਲ ॥੩॥	اِت اُت منمکھ بادھے کال ॥3॥
ਅਹਿਨਿਸਿ ਰਾਮੁ ਰਿਦੈ ਸੇ ਪੂਰੇ ॥	اہِنِس رامُ رِدے سے پُورے ॥
ਨਾਨਕ ਰਾਮ ਮਿਲੇ ਭ੍ਰਮ ਦੂਰੇ ॥੪॥੧੧॥	نانک رام مِلے بھرم دُورے ॥4॥ 11 ॥
ਗਉੜੀ ਮਹਲਾ ੧ ॥	گئڑی محلا 1 ॥
ਜਨਮਿ ਮਰੈ ਤ੍ਰੈ ਗੁਣ ਹਿਤਕਾਰੁ ॥	جنمِ مرے ترے گُن ہِتکارُ ॥
ਚਾਰੇ ਬੇਦ ਕਥਹਿ ਆਕਾਰੁ ॥	چارے بید کتھہِ آکارُ ॥
ਤੀਨਿ ਅਵਸਥਾ ਕਹਹਿ ਵਖਿਆਨੁ ॥	تِینِ اوستھا کہہِ وکھیانُ ॥
ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ ॥੧॥	تُریاوستھا ستِگُر تے ہرِ جانُ ॥1॥
ਰਾਮ ਭਗਤਿ ਗੁਰ ਸੇਵਾ ਤਰਣਾ ॥	رام بھگتِ گُر سیوا ترنا ॥
ਬਾਹੁੜਿ ਜਨਮੁ ਨ ਹੋਇ ਹੈ ਮਰਣਾ ॥੧॥ ਰਹਾਉ ॥	باہُڑِ جنمُ ن ہوءِ ہے مرنا ॥1॥ رہاءُ ॥
ਚਾਰਿ ਪਦਾਰਥ ਕਹੈ ਸਭੁ ਕੋਈ ॥	چارِ پدارتھ کہے سبھُ کوئی ॥
ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ ॥	سِنّرِتِ ساست پنڈِت مُکھِ سوئی ॥
ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ ॥	بِنُ گُر ارتھُ بیچارُ ن پائیا ॥
ਮੁਕਤਿ ਪਦਾਰਥੁ ਭਗਤਿ ਹਰਿ ਪਾਇਆ ॥੨॥	مُکتِ پدارتھُ بھگتِ ہرِ پائیا ॥2॥
ਜਾ ਕੈ ਹਿਰਦੈ ਵਸਿਆ ਹਰਿ ਸੋਈ ॥	جا کے ہِردے وسِیا ہرِ سوئی ॥
ਗੁਰਮੁਖਿ ਭਗਤਿ ਪਰਾਪਤਿ ਹੋਈ ॥	گُرمُکھِ بھگتِ پراپتِ ہوئی ॥

ਹਰਿ ਕੀ ਭਗਤਿ ਮੁਕਤਿ ਆਨੰਦੁ ॥	ہرِ کی بھگتِ مُکتِ آنندُ ॥
ਗੁਰਮਤਿ ਪਾਏ ਪਰਮਾਨੰਦੁ ॥੩॥	گُرمتِ پائے پرمانندُ ॥3॥
ਜਿਨਿ ਪਾਇਆ ਗੁਰਿ ਦੇਖਿ ਦਿਖਾਇਆ ॥	جِنِ پائِیا گُرِ دیکھِ دِکھائِیا ॥
ਆਸਾ ਮਾਹਿ ਨਿਰਾਸੁ ਬੁਝਾਇਆ ॥	آسا ماہِ نِراسُ بُجھائِیا ॥
ਦੀਨਾ ਨਾਥੁ ਸਰਬ ਸੁਖਦਾਤਾ ॥	دِینا ناتھُ سرب سُکھداتا ॥
ਨਾਨਕ ਹਰਿ ਚਰਣੀ ਮਨੁ ਰਾਤਾ ॥੪॥੧੨॥	نانک ہرِ چرنٹی منُ راتا ॥4॥ 12 ॥
ਗਉੜੀ ਚੇਤੀ ਮਹਲਾ ੧ ॥	گئُڑی چیتی محلا 1 ॥
ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ ॥	اَنمّرِت کائِیا رہے سُکھالی بازی اِہُ سنّسارو ॥
ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥	لبُ لوبھُ مُچُ کوُڑُ کماوہِ بہُتُ اُٹھاوہِ بھارو ॥
ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥੧॥	توُنّ کائِیا مے رُلدی دیکھی جِءُ دھر اُپرِ چھارو ॥1॥
ਸੁਣਿ ਸੁਣਿ ਸਿਖ ਹਮਾਰੀ ॥	سُنِ سُنِ سِکھ ہماری ॥
ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ ॥੧॥ ਰਹਾਉ ॥	سُکّرِتُ کِیتا رہسی میرے جیئڑے بہُڑِ ن آوے واری ॥1॥ رہاءُ ॥
ਹਉ ਤੁਧੁ ਆਖਾ ਮੇਰੀ ਕਾਇਆ ਤੂੰ ਸੁਣਿ ਸਿਖ ਹਮਾਰੀ ॥	ہءُ تُدھُ آکھا میری کائِیا توُنّ سُنِ سِکھ ہماری ॥
ਨਿੰਦਾ ਚਿੰਦਾ ਕਰਹਿ ਪਰਾਈ ਝੂਠੀ ਲਾਇਤਬਾਰੀ ॥	نِندا چِندا کرہِ پرائی جھوُٹھی لائتِباری ॥
ਵੇਲਿ ਪਰਾਈ ਜੋਹਹਿ ਜੀਅੜੇ ਕਰਹਿ ਚੋਰੀ ਬੁਰਿਆਰੀ ॥	ویلِ پرائی جوہہِ جیئڑے کرہِ چوری بُریاری ॥
ਹੰਸੁ ਚਲਿਆ ਤੂੰ ਪਿਛੇ ਰਹੀਏਹਿ ਛੁਟੜਿ ਹੋਈਅਹਿ ਨਾਰੀ ॥੨॥	ہنّسُ چلِیا توُنّ پچھے رہیئیہِ چھُٹڑِ ہوئیئہِ ناری ॥2॥

ਤੂੰ ਕਾਇਆ ਰਹੀਅਹਿ ਸੁਪਨੰਤਰਿ
ਤੁਧੁ ਕਿਆ ਕਰਮ ਕਮਾਇਆ ॥

تُوں کائیا رہیئہِ سُپننّترِ
تُدھُ کِیا کرم کمائیا ۔ ॥

ਕਰਿ ਚੋਰੀ ਮੈ ਜਾ ਕਿਛੁ ਲੀਆ
ਤਾ ਮਨਿ ਭਲਾ ਭਾਇਆ ॥

کرِ چوری مے جا کِچھُ لِیا
تا منِ بھلا بھائیا ॥

ਹਲਤਿ ਨ ਸੋਭਾ ਪਲਤਿ ਨ ਢੋਈ
ਅਹਿਲਾ ਜਨਮੁ ਗਵਾਇਆ ॥੩॥

ہلتِ ن سوبھا پلتِ ن ڈھوئی
اہِلا جنمُ گوائیا ॥3॥

ਹਉ ਖਰੀ ਦੁਹੇਲੀ ਹੋਈ ਬਾਬਾ ਨਾਨਕ
ਮੇਰੀ ਬਾਤ ਨ ਪੁਛੈ ਕੋਈ ॥੧॥ ਰਹਾਉ ॥

ہءُ کھری دُہیلی ہوئی بابا نانک
میری بات ن پُچھے کوئی ॥1॥ رہاءُ ॥

ਤਾਜੀ ਤੁਰਕੀ ਸੁਇਨਾ ਰੁਪਾ
ਕਪੜ ਕੇਰੇ ਭਾਰਾ ॥

تازی تُرکی سُئنا رُپا
کپڑ کیرے بھارا ॥

ਕਿਸ ਹੀ ਨਾਲਿ ਨ ਚਲੇ ਨਾਨਕ
ਝੜਿ ਝੜਿ ਪਏ ਗਵਾਰਾ ॥

کِس ہی نالِ ن چلے نانک
جھڑِ جھڑِ پئے گوارا ۔ ॥

ਕੂਜਾ ਮੇਵਾ ਮੈ ਸਭ ਕਿਛੁ ਚਾਖਿਆ
ਇਕੁ ਅੰਮ੍ਰਿਤੁ ਨਾਮੁ ਤੁਮਾਰਾ ॥੪॥

کُوجا میوا مے سبھ کِچھُ چاکھِیا
اِکُ انمّرِتُ نامُ تُمارا ॥4॥

ਦੇ ਦੇ ਨੀਵ ਦਿਵਾਲ ਉਸਾਰੀ
ਭਸਮੰਦਰ ਕੀ ਢੇਰੀ ॥

دے دے نِیو دِوال اُساری
بھسمنّدر کی ڈھیری ॥

ਸੰਚੇ ਸੰਚਿ ਨ ਦੇਈ ਕਿਸ ਹੀ
ਅੰਧੁ ਜਾਣੈ ਸਭ ਮੇਰੀ ॥

سنچے سنچِ ن دیئی کِس ہی
انّدھُ جانے سبھ میری ॥

ਸੋਇਨ ਲੰਕਾ ਸੋਇਨ ਮਾੜੀ
ਸੰਪੈ ਕਿਸੈ ਨ ਕੇਰੀ ॥੫॥

سوئن لنکا سوئن ماڑی
سنپئے کِسے ن کیری ॥5॥

ਸੁਣਿ ਮੂਰਖ ਮੰਨ ਅਜਾਣਾ ॥

سُنِ مورکھ منّن اجانا ۔ ॥

ਹੋਗੁ ਤਿਸੈ ਕਾ ਭਾਣਾ ॥੧॥ ਰਹਾਉ ॥

ہوگُ تِسے کا بھانا ॥1॥ رہاءُ ॥

ਸਾਹੁ ਹਮਾਰਾ ਠਾਕੁਰੁ ਭਾਰਾ
ਹਮ ਤਿਸ ਕੇ ਵਣਜਾਰੇ ॥

ساہُ ہمارا ٹھاکُرُ بھارا
ہم تِس کے وٹجارے ॥

ਜੀਉ ਪਿੰਡੁ ਸਭ ਰਾਸਿ ਤਿਸੈ ਕੀ

جیِءُ پنڈُ سبھ راسِ تِسے کی

ਮਾਰਿ ਆਪੇ ਜੀਵਾਲੇ ॥੬॥੧॥੧੩॥

مارِ آپے جیوالے ॥6॥1॥ 13 ॥

ਗਉੜੀ ਚੇਤੀ ਮਹਲਾ ੧ ॥

گؤڑی چیتی محلا 1 ॥

ਅਵਰਿ ਪੰਚ ਹਮ ਏਕ ਜਨਾ
ਕਿਉ ਰਾਖਉ ਘਰ ਬਾਰੁ ਮਨਾ ॥

اورِ پنچ ہم ایک جنا
کِءُ راکھءُ گھر بارُ منا ۔ ॥

ਮਾਰਹਿ ਲੂਟਹਿ ਨੀਤ ਨੀਤ
ਕਿਸੁ ਆਗੈ ਕਰੀ ਪੁਕਾਰ ਜਨਾ ॥੧॥

مارہِ لوٹہِ نِیت نِیت
کِس آگے کری پُکار جنا ۔ ॥1॥

ਸ੍ਰੀ ਰਾਮ ਨਾਮਾ ਉਚਰੁ ਮਨਾ ॥

سّری رام نامـا اُچرُ منا ۔ ॥

ਆਗੈ ਜਮ ਦਲੁ
ਬਿਖਮੁ ਘਨਾ ॥੧॥ ਰਹਾਉ ॥

آگے جم دلُ
بِکھمُ گھنا ॥1॥ رہاءُ ॥

ਉਸਾਰਿ ਮੜੋਲੀ ਰਾਖੈ ਦੁਆਰਾ
ਭੀਤਰਿ ਬੈਠੀ ਸਾ ਧਨਾ ॥

اُسارِ مڑولی راکھےَ دُیارا
بھیترِ بیٹھی سا دھنا ॥

ਅੰਮ੍ਰਿਤ ਕੇਲ ਕਰੇ ਨਿਤ ਕਾਮਣਿ
ਅਵਰਿ ਲੁਟੇਨਿ ਸੁ ਪੰਚ ਜਨਾ ॥੨॥

انّمرِت کیل کرے نِت کامنِ
اورِ لُٹینِ سُ پنچ جنا ॥2॥

ਢਾਹਿ ਮੜੋਲੀ ਲੂਟਿਆ ਦੇਹੁਰਾ
ਸਾ ਧਨ ਪਕੜੀ ਏਕ ਜਨਾ ॥

ڈھاہِ مڑولی لوٹیا دیہُرا
سا دھن پکڑی ایک جنا ॥

ਜਮ ਡੰਡਾ ਗਲਿ ਸੰਗਲੁ ਪੜਿਆ
ਭਾਗਿ ਗਏ ਸੇ ਪੰਚ ਜਨਾ ॥੩॥

جم ڈنّڈا گلِ سنگلُ پڑیا
بھاگِ گئے سے پنچ جنا ॥3॥

ਕਾਮਣਿ ਲੋੜੈ ਸੁਇਨਾ ਰੁਪਾ
ਮਿਤ੍ਰ ਲੁੜੇਨਿ ਸੁ ਖਾਧਾਤਾ ॥

کامنِ لوڑے سُینا رُپا
مِتّر لُڑینِ سُ کھادھاتا ॥

ਨਾਨਕ ਪਾਪ ਕਰੇ ਤਿਨ ਕਾਰਣਿ
ਜਾਸੀ ਜਮ ਪੁਰਿ ਬਾਧਾਤਾ ॥੪॥੨॥੧੪॥

نانک پاپ کرے تِن کارنِ
جاسی جم پُرِ بادھاتا ॥4॥2॥ 14 ॥

ਗਉੜੀ ਚੇਤੀ ਮਹਲਾ ੧ ॥

گؤڑی چیتی محلا 1 ॥

ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ
ਕਾਂਇਆ ਕੀਜੈ ਖਿੰਥਾਤਾ ॥

مُنّدرا تے گھٹ بھیترِ مُنّدرا
کانئیا کیجےَ کھِنّتھاتا ॥

ਪੰਚ ਚੇਲੇ ਵਸਿ ਕੀਜਹਿ ਰਾਵਲ

پنچ چیلے وسِ کیجہِ راول

ਇਹੁ ਮਨੁ ਕੀਜੈ ਡੰਡਾਤਾ ॥੧॥
اِہُ منُ کیجے ڈنّڈاتا ॥1॥

ਜੋਗ ਜੁਗਤਿ ਇਵ ਪਾਵਸਿਤਾ ॥
جوگ جُگتِ اِو پاوسِتا ॥

ਏਕੁ ਸਬਦੁ ਦੂਜਾ ਹੋਰੁ ਨਾਸਤਿ
ਕੰਦ ਮੂਲਿ ਮਨੁ ਲਾਵਸਿਤਾ ॥੧॥ ਰਹਾਉ ॥
ایکُ سبدُ دوُجا ہورُ ناستِ
کنّد موُلِ منُ لاوسِتا ॥1॥ رہاءُ ॥

ਮੂੰਡਿ ਮੁੰਡਿਾਇਐ ਜੇ ਗੁਰੁ ਪਾਈਐ
ਹਮ ਗੁਰੁ ਕੀਨੀ ਗੰਗਾਤਾ ॥
موُنڈِ مُنڈِائیَے جے گُرُ پائیَے
ہم گُرُ کینی گنگاتا ॥

ਤ੍ਰਿਭਵਣ ਤਾਰਣਹਾਰੁ ਸੁਆਮੀ
ਏਕੁ ਨ ਚੇਤਸਿ ਅੰਧਾਤਾ ॥੨॥
تّرِبھونْ تارنْہارُ سُیامی
ایکُ ن چیتسِ انّدھاتا ॥2॥

ਕਰਿ ਪਟੰਬੁ ਗਲੀ ਮਨੁ ਲਾਵਸਿ
ਸੰਸਾ ਮੂਲਿ ਨ ਜਾਵਸਿਤਾ ॥
کرِ پٹنّبُ گلی منُ لاوسِ
سنّسا موُلِ ن جاوسِتا ॥

ਏਕਸੁ ਚਰਣੀ ਜੇ ਚਿਤੁ ਲਾਵਹਿ
ਲਬਿ ਲੋਭਿ ਕੀ ਧਾਵਸਿਤਾ ॥੩॥
ایکسُ چرنْی جے چِتُ لاوہِ
لبِ لوبھِ کی دھاوسِتا ۔ ॥3॥

ਜਪਸਿ ਨਿਰੰਜਨੁ ਰਚਸਿ ਮਨਾ ॥
جپسِ نِرنّجنُ رچسِ منا ॥

ਕਾਹੇ ਬੋਲਹਿ ਜੋਗੀ
ਕਪਟੁ ਘਨਾ ॥੧॥ ਰਹਾਉ ॥
کاہے بولہِ جوگی
کپٹُ گھنا ۔ ॥1॥ رہاءُ ॥

ਕਾਇਆ ਕਮਲੀ ਹੰਸੁ ਇਆਣਾ
ਮੇਰੀ ਮੇਰੀ ਕਰਤ ਬਿਹਾਣੀਤਾ ॥
کائیا کملی ہنّسُ اِیاٹا
میری میری کرت بِہاٹیِتا ॥

ਪ੍ਰਣਵਤਿ ਨਾਨਕੁ ਨਾਗੀ ਦਾਝੈ
ਫਿਰਿ ਪਾਛੈ ਪਛੁਤਾਣੀਤਾ ॥੪॥੩॥੧੫॥
پّرٹوتِ نانکُ ناگی داجھےَ
پھِرِ پاچھےَ پچھُتاٹیِتا ॥4॥3॥ 15 ॥

ਗਉੜੀ ਚੇਤੀ ਮਹਲਾ ੧ ॥
گئُڑی چیتی محلا 1 ॥

ਅਉਖਧ ਮੰਤ੍ਰ ਮੂਲੁ ਮਨ ਏਕੈ
ਜੇ ਕਰਿ ਦ੍ਰਿੜੁ ਚਿਤੁ ਕੀਜੈ ਰੇ ॥
انّکھدھ منّتر موُلُ من ایکےَ
جے کرِ دڑِڑُ چِتُ کیجےَ رے ॥

ਜਨਮ ਜਨਮ ਕੇ ਪਾਪ ਕਰਮ ਕੇ
ਕਾਟਨਹਾਰਾ ਲੀਜੈ ਰੇ ॥੧॥
جنم جنم کے پاپ کرم کے
کاٹنہارا لیجےَ رے ॥1॥

ਮਨ ਏਕੋ ਸਾਹਿਬੁ ਭਾਈ ਰੇ ॥
من ایکو صاحِبُ بھائی رے ۔ ॥

ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ
ਅਲਖੁ ਨ ਲਖਣਾ ਜਾਈ ਰੇ ॥੧॥ ਰਹਾਉ ॥

تیرے تِنِ گُنا سنّسارِ سماوہِ
الکھُ ن لکھنا جائی رے ॥1॥ رہاءُ ॥

ਸਕਰ ਖੰਡੁ ਮਾਇਆ ਤਨਿ ਮੀਠੀ
ਹਮ ਤਉ ਪੰਡ ਉਚਾਈ ਰੇ ॥

سکر کھنڈُ مائیا تنِ مِیٹھی
ہم تءُ پنڈ اُچائی رے ॥

ਰਾਤਿ ਅਨੇਰੀ ਸੂਝਸਿ ਨਾਹੀ
ਲਜੁ ਟੂਕਸਿ ਮੂਸਾ ਭਾਈ ਰੇ ॥੨॥

راتِ انیری سوُجھسِ ناہی
لجُ ٹوُکسِ موُسا بھائی رے ۔ ॥2॥

ਮਨਮੁਖਿ ਕਰਹਿ ਤੇਤਾ ਦੁਖੁ ਲਾਗੈ
ਗੁਰਮੁਖਿ ਮਿਲੈ ਵਡਾਈ ਰੇ ॥

منمُکھِ کرہِ تیتا دُکھُ لاگے
گُرمُکھِ مِلےَ وڈائی رے ॥

ਜੋ ਤਿਨਿ ਕੀਆ ਸੋਈ ਹੋਆ
ਕਿਰਤੁ ਨ ਮੇਟਿਆ ਜਾਈ ਰੇ ॥੩॥

جو تِنِ کِیا سوئی ہویا
کِرتُ ن میٹِیا جائی رے ॥3॥

ਸੁਭਰ ਭਰੇ ਨ ਹੋਵਹਿ ਊਣੇ
ਜੋ ਰਾਤੇ ਰੰਗੁ ਲਾਈ ਰੇ ॥

سُبھر بھرے ن ہووہِ اوُنے
جو راتے رنگُ لائی رے ॥

ਤਿਨ ਕੀ ਪੰਕ ਹੋਵੈ ਜੇ ਨਾਨਕੁ
ਤਉ ਮੂੜਾ ਕਿਛੁ ਪਾਈ ਰੇ ॥੪॥੪॥੧੬॥

تِن کی پنک ہووے جے نانکُ
تءُ موُڑا کِچھُ پائی رے ॥4॥4॥ 16 ॥

ਗਉੜੀ ਚੇਤੀ ਮਹਲਾ ੧ ॥

گوُڑی چیتی محلا 1 ॥

ਕਤ ਕੀ ਮਾਈ ਬਾਪੁ ਕਤ ਕੇਰਾ
ਕਿਦੂ ਥਾਵਹੁ ਹਮ ਆਏ ॥

کت کی مائی باپُ کت کیرا
کِدوُ تھاوہُ ہم آئے ۔ ॥

ਅਗਨਿ ਬਿੰਬ ਜਲ ਭੀਤਰਿ ਨਿਪਜੇ
ਕਾਹੇ ਕੰਮਿ ਉਪਾਏ ॥੧॥

اگنِ بِنّب جل بھِترِ نِپجے
کاہے کنّمِ اُپائے ۔ ॥1॥

ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ ॥

میرے صاحِبا کئُنُ جانے گُنُ تیرے ۔ ॥

ਕਹੇ ਨ ਜਾਨੀ ਅਉਗਣ ਮੇਰੇ ॥੧॥ ਰਹਾਉ ॥

کہے ن جانی انُگنُ میرے ॥1॥ رہاءُ ॥

ਕੇਤੇ ਰੁਖ ਬਿਰਖ ਹਮ ਚੀਨੇ
ਕੇਤੇ ਪਸੂ ਉਪਾਏ ॥

کیتے رُکھ بِرکھ ہم چِینے
کیتے پسوُ اُپائے ॥

ਕੇਤੇ ਨਾਗ ਕੁਲੀ ਮਹਿ ਆਏ
ਕੇਤੇ ਪੰਖ ਉਡਾਏ ॥੨॥

کیتے ناگ کُلی مہِ آئے
کیتے پنکھ اُڈائے ॥2॥

ਹਟ ਪਟਣ ਬਿਜ ਮੰਦਰ ਭੰਨੈ
ਕਰਿ ਚੋਰੀ ਘਰਿ ਆਵੈ ॥

ہٹ پٹّن بِج مندّر بھنّنے
کرِ چوری گھرِ آوے ॥

ਅਗਹੁ ਦੇਖੈ ਪਿਛਹੁ ਦੇਖੈ
ਤੁਝ ਤੇ ਕਹਾ ਛਪਾਵੈ ॥੩॥

اگہُ دیکھے پچھہُ دیکھے
تُجھ تے کہا چھپاوے ۔ ॥3॥

ਤਟ ਤੀਰਥ ਹਮ ਨਵ ਖੰਡ ਦੇਖੇ
ਹਟ ਪਟਣ ਬਾਜਾਰਾ ॥

تٹ تیرتھ ہم نو کھنڈ دیکھے
ہٹ پٹّن بازارا ॥

ਲੈ ਕੈ ਤਕੜੀ ਤੋਲਣਿ ਲਾਗਾ
ਘਟ ਹੀ ਮਹਿ ਵਣਜਾਰਾ ॥੪॥

لے کے تکڑی تولنِ لاگا
گھٹ ہی مہِ ونجارا ॥4॥

ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ
ਤੇਤੇ ਅਉਗਣ ਹਮਾਰੇ ॥

جیتا سمُندُ ساگرُ نیرِ بھریا
تیتے اگُن ہمارے ॥

ਦਇਆ ਕਰਹੁ ਕਿਛੁ ਮਿਹਰ ਉਪਾਵਹੁ
ਡੁਬਦੇ ਪਥਰ ਤਾਰੇ ॥੫॥

دئیا کرہُ کچھُ مِہر اُپاوہُ
ڈُبدے پتھر تارے ॥5॥

ਜੀਅੜਾ ਅਗਨਿ ਬਰਾਬਰਿ ਤਪੈ
ਭੀਤਰਿ ਵਗੈ ਕਾਤੀ ॥

جیئڑا اگنِ برابرِ تپے
بھیترِ وگے کاتی ॥

ਪ੍ਰਣਵਤਿ ਨਾਨਕੁ ਹੁਕਮੁ ਪਛਾਣੈ
ਸੁਖੁ ਹੋਵੈ ਦਿਨੁ ਰਾਤੀ ॥੬॥੫॥੧੭॥

پرّنوتِ نانکُ حُکمُ پچھاٹے
سُکھُ ہووے دِنُ راتی ॥6॥5॥ 17 ॥

ਗਉੜੀ ਬੈਰਾਗਣਿ ਮਹਲਾ ੧ ॥

گئڑی بیراگنِ محلا 1 ॥

ਰੈਣਿ ਗਵਾਈ ਸੋਇ ਕੈ
ਦਿਵਸੁ ਗਵਾਇਆ ਖਾਇ ॥

رَینِ گوائی سوءِ کے
دِوسُ گوائیا کھاءِ ॥

ਹੀਰੇ ਜੈਸਾ ਜਨਮੁ ਹੈ
ਕਉਡੀ ਬਦਲੇ ਜਾਇ ॥੧॥

ہیرے جیَسا جنمُ ہے
کئڈی بدلے جاءِ ॥1॥

ਨਾਮੁ ਨ ਜਾਨਿਆ ਰਾਮ ਕਾ ॥

نامُ ن جانیا رام کا ॥

ਮੂੜੇ ਫਿਰਿ ਪਾਛੈ ਪਛੁਤਾਹਿ ਰੇ ॥੧॥ ਰਹਾਉ ॥

مؤڑے پھرِ پاچھے پچھُتاہِ رے ॥1॥ رہاءُ ॥

ਅਨਤਾ ਧਨੁ ਧਰਣੀ ਧਰੇ
ਅਨਤ ਨ ਚਾਹਿਆ ਜਾਇ ॥

انتا دھنُ دھرنّی دھرے
انت ن چاہیا جاءِ ॥

ਅਨਤ ਕਉ ਚਾਹਨ ਜੋ ਗਏ
ਸੇ ਆਏ ਅਨਤ ਗਵਾਇ ॥੨॥

انت کءُ چاہن جو گئے
سے آئے انت گواءِ ॥2॥

ਆਪਣ ਲੀਆ ਜੇ ਮਿਲੈ
ਤਾ ਸਭੁ ਕੋ ਭਾਗਠੁ ਹੋਇ ॥

آپنّ لِیا جے مِلےَ
تا سبھُ کو بھاگٹھُ ہوءِ ॥

ਕਰਮਾ ਉਪਰਿ ਨਿਬੜੈ
ਜੇ ਲੋਚੈ ਸਭੁ ਕੋਇ ॥੩॥

کرما اُپرِ نِبڑے
جے لوچےَ سبھُ کوءِ ॥3॥

ਨਾਨਕ ਕਰਣਾ ਜਿਨਿ ਕੀਆ
ਸੋਈ ਸਾਰ ਕਰੇਇ ॥

نانک کرتا جِنِ کِیا
سوئی سار کرےءِ ॥

ਹੁਕਮੁ ਨ ਜਾਪੀ ਖਸਮ ਕਾ
ਕਿਸੈ ਵਡਾਈ ਦੇਇ ॥੪॥੧॥੧੮॥

حُکمُ ن جاپی خصم کا
کِسےَ وڈائی دےءِ ॥4॥1॥ 18 ॥

ਗਉੜੀ ਬੈਰਾਗਣਿ ਮਹਲਾ ੧ ॥

گئڑی بیراگنِ محلا 1 ॥

ਹਰਣੀ ਹੋਵਾ ਬਨਿ ਬਸਾ
ਕੰਦ ਮੂਲ ਚੁਣਿ ਖਾਉ ॥

ہرنّی ہووا بنِ بسا
کنَد موُل چُنّ کھاءُ ॥

ਗੁਰ ਪਰਸਾਦੀ ਮੇਰਾ ਸਹੁ ਮਿਲੈ
ਵਾਰਿ ਵਾਰਿ ਹਉ ਜਾਉ ਜੀਉ ॥੧॥

گُر پرسادی میرا سہُ مِلےَ
وارِ وارِ ہءُ جاءُ جیءُ ॥1॥

ਮੈ ਬਨਜਾਰਨਿ ਰਾਮ ਕੀ ॥

مےَ بنجارنِ رام کی ॥

ਤੇਰਾ ਨਾਮੁ ਵਖਰੁ ਵਾਪਾਰੁ ਜੀ ॥੧॥ ਰਹਾਉ ॥

تیرا نامُ وکھرُ واپارُ جی ॥1॥ رہاءُ ॥

ਕੋਕਿਲ ਹੋਵਾ ਅੰਬਿ ਬਸਾ
ਸਹਜਿ ਸਬਦ ਬੀਚਾਰੁ ॥

کوکِل ہووا انّبِ بسا
سہجِ سبد بیچارُ ॥

ਸਹਜਿ ਸੁਭਾਇ ਮੇਰਾ ਸਹੁ ਮਿਲੈ
ਦਰਸਨਿ ਰੂਪਿ ਅਪਾਰੁ ॥੨॥

سہجِ سُبھاءِ میرا سہُ مِلےَ
درسنِ روُپِ اپارُ ॥2॥

ਮਛੁਲੀ ਹੋਵਾ ਜਲਿ ਬਸਾ
ਜੀਅ ਜੰਤ ਸਭਿ ਸਾਰਿ ॥

مچھُلی ہووا جلِ بسا
جیء جنّت سبھِ سارِ ॥

ਉਰਵਾਰਿ ਪਾਰਿ ਮੇਰਾ ਸਹੁ ਵਸੈ
ਹਉ ਮਿਲਉਗੀ ਬਾਹ ਪਸਾਰਿ ॥੩॥

اُروارِ پارِ میرا سہُ وسےَ
ہءُ مِلنّگی باہ پسارِ ॥3॥

ਨਾਗਨਿ ਹੋਵਾ ਧਰ ਵਸਾ
ਸਬਦੁ ਵਸੈ ਭਉ ਜਾਇ ॥

ناگنِ ہووا دھر وسا
سبدُ وسے بھءُ جاءِ ॥

ਨਾਨਕ ਸਦਾ ਸੋਹਾਗਣੀ
ਜਿਨ ਜੋਤੀ ਜੋਤਿ ਸਮਾਇ ॥੪॥੨॥੧੯॥

نانک سدا سوہاگنی
جِن جوتی جوتِ سماءِ ॥4॥2॥ 19 ॥

ਗਉੜੀ ਪੂਰਬੀ ਦੀਪਕੀ ਮਹਲਾ ੧

گئڑی پوُربی دیپکی محلا 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਜੈ ਘਰਿ ਕੀਰਤਿ ਆਖੀਐ
ਕਰਤੇ ਕਾ ਹੋਇ ਬੀਚਾਰੋ ॥

جے گھرِ کیرتِ آکھیئے
کرتے کا ہوءِ بیچارو ॥

ਤਿਤੁ ਘਰਿ ਗਾਵਹੁ ਸੋਹਿਲਾ
ਸਿਵਰਹੁ ਸਿਰਜਣਹਾਰੋ ॥੧॥

تِتُ گھرِ گاوہُ سوہِلا
سِورہُ سِرجنّہارو ॥1॥

ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥

تُم گاوہُ میرے نِربھءُ کا سوہِلا ॥

ਹਉ ਵਾਰੀ ਜਾਉ ਜਿਤੁ ਸੋਹਿਲੈ
ਸਦਾ ਸੁਖੁ ਹੋਇ ॥੧॥ ਰਹਾਉ ॥

ہءُ واری جاءُ جِتُ سوہِلے
سدا سُکھُ ہوءِ ॥1॥ رہاءُ ॥

ਨਿਤ ਨਿਤ ਜੀਅੜੇ ਸਮਾਲੀਅਨਿ
ਦੇਖੈਗਾ ਦੇਵਣਹਾਰੁ ॥

نِت نِت جیئڑے سمالیئنِ
دیکھیگا دیوٹہارُ ॥

ਤੇਰੇ ਦਾਨੈ ਕੀਮਤਿ ਨ ਪਵੈ
ਤਿਸੁ ਦਾਤੇ ਕਵਣੁ ਸੁਮਾਰੁ ॥੨॥

تیرے دانے قِیمتِ ن پوے
تِس داتے کونُ شُمارُ ۔ ॥2॥

ਸੰਬਤਿ ਸਾਹਾ ਲਿਖਿਆ
ਮਿਲਿ ਕਰਿ ਪਾਵਹੁ ਤੇਲੁ ॥

سنّبتِ ساہا لِکھیا
مِلِ کرِ پاوہُ تیلُ ॥

ਦੇਹੁ ਸਜਣ ਆਸੀਸੜੀਆ
ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥

دیہُ سجنّ آسیسڑییا
جِءُ ہووے صاحِب سِءُ میلُ ॥3॥

ਘਰਿ ਘਰਿ ਏਹੋ ਪਾਹੁਚਾ
ਸਦੜੇ ਨਿਤ ਪਵੰਨਿ ॥

گھرِ گھرِ ایہو پاہُچا
صدڑے نِت پونّنِ ॥

ਸਦਣਹਾਰਾ ਸਿਮਰੀਐ
ਨਾਨਕ ਸੇ ਦਿਹ ਅਵੰਨਿ ॥੪॥੧॥੨੦॥

سدنّہارا سِمریئے
نانک سے دِہ اونّنِ ॥4॥1॥ 20 ॥

ਰਾਗੁ ਗਉੜੀ ਗੁਆਰੇਰੀ ॥	راگُ گئڑی گُیاریری ॥
ਮਹਲਾ ੩ ਚਉਪਦੇ ॥	محلا 3 چئُپدے ॥
੧ੴ ਸਤਿਗੁਰ ਪ੍ਰਸਾਦਿ ॥	۱ۃ ستِگُر پرّسادِ ॥
ਗੁਰਿ ਮਿਲਿਐ ਹਰਿ ਮੇਲਾ ਹੋਈ ॥	گُرِ مِلِئے ہرِ میلا ہوئی ॥
ਆਪੇ ਮੇਲਿ ਮਿਲਾਵੈ ਸੋਈ ॥	آپے میلِ مِلاوے سوئی ॥
ਮੇਰਾ ਪ੍ਰਭੁ ਸਭ ਬਿਧਿ ਆਪੇ ਜਾਣੈ ॥	میرا پرّبھُ سبھ بِدھِ آپے جانے ॥
ਹੁਕਮੇ ਮੇਲੇ ਸਬਦਿ ਪਛਾਣੈ ॥੧॥	ہُکمے میلے سبدِ پچھانے ॥1॥
ਸਤਿਗੁਰ ਕੈ ਭਇ ਭ੍ਰਮੁ ਭਉ ਜਾਇ ॥	ستِگُر کے بھءِ بھرّمُ بھءُ جاءِ ॥
ਭੈ ਰਾਚੈ ਸਚ ਰੰਗਿ ਸਮਾਇ ॥੧॥ ਰਹਾਉ ॥	بھے راچے سچ رنگِ سماءِ ॥1॥ رہاءُ ॥
ਗੁਰਿ ਮਿਲਿਐ ਹਰਿ ਮਨਿ ਵਸੈ ਸੁਭਾਇ ॥	گُرِ مِلِئے ہرِ منِ وسے سُبھاءِ ॥
ਮੇਰਾ ਪ੍ਰਭੁ ਭਾਰਾ ਕੀਮਤਿ ਨਹੀ ਪਾਇ ॥	میرا پرّبھُ بھارا قیمتِ نہی پاءِ ॥
ਸਬਦਿ ਸਾਲਾਹੈ ਅੰਤੁ ਨ ਪਾਰਾਵਾਰੁ ॥	سبدِ سالاہے انّتُ ن پاراوارُ ॥
ਮੇਰਾ ਪ੍ਰਭੁ ਬਖਸੇ ਬਖਸਣਹਾਰੁ ॥੨॥	میرا پرّبھُ بخشے بخشنہارُ ॥2॥
ਗੁਰਿ ਮਿਲਿਐ ਸਭ ਮਤਿ ਬੁਧਿ ਹੋਇ ॥	گُرِ مِلِئے سبھ متِ بُدھِ ہوءِ ॥
ਮਨਿ ਨਿਰਮਲਿ ਵਸੈ ਸਚੁ ਸੋਇ ॥	منِ نِرملِ وسے سچُ سوءِ ॥
ਸਾਚਿ ਵਸਿਐ ਸਾਚੀ ਸਭ ਕਾਰ ॥	ساچِ وسِئے ساچی سبھ کار ॥
ਊਤਮ ਕਰਣੀ ਸਬਦ ਬੀਚਾਰ ॥੩॥	اوُتم کرنی سبد بیچار ॥3॥
ਗੁਰ ਤੇ ਸਾਚੀ ਸੇਵਾ ਹੋਇ ॥	گُر تے ساچی سیوا ہوءِ ॥
ਗੁਰਮੁਖਿ ਨਾਮੁ ਪਛਾਣੈ ਕੋਇ ॥	گُرمُکھِ نامُ پچھانے کوءِ ॥
ਜੀਵੈ ਦਾਤਾ ਦੇਵਣਹਾਰੁ ॥	جیوے داتا دیونہارُ ॥
ਨਾਨਕ ਹਰਿ ਨਾਮੇ ਲਗੈ ਪਿਆਰੁ ॥੪॥੧॥੨੧॥	نانک ہرِ نامے لگے پیارُ ॥4॥1॥ 21 ॥
ਗਉੜੀ ਗੁਆਰੇਰੀ ਮਹਲਾ ੩ ॥	گئڑی گُیاریری محلا 3 ॥

ਗੁਰ ਤੇ ਗਿਆਨੁ ਪਾਏ ਜਨੁ ਕੋਇ ॥	گُر تے گیانُ پائے جنُ کوءِ ॥
ਗੁਰ ਤੇ ਬੂਝੈ ਸੀਝੈ ਸੋਇ ॥	گُر تے بوُجھے سیجھے سوءِ ॥
ਗੁਰ ਤੇ ਸਹਜੁ ਸਾਚੁ ਬੀਚਾਰੁ ॥	گُر تے سہجُ ساچُ بیچارُ ॥
ਗੁਰ ਤੇ ਪਾਏ ਮੁਕਤਿ ਦੁਆਰੁ ॥੧॥	گُر تے پائے مُکتِ دُیارُ ॥1॥
ਪੂਰੈ ਭਾਗਿ ਮਿਲੈ ਗੁਰੁ ਆਇ ॥	پوُرے بھاگِ ملے گُر آءِ ॥
ਸਾਚੈ ਸਹਜਿ ਸਾਚਿ ਸਮਾਇ ॥੧॥ ਰਹਾਉ ॥	ساچے سہجِ ساچِ سماءِ ॥1॥ رہاءُ ॥
ਗੁਰਿ ਮਿਲਿਐ ਤ੍ਰਿਸਨਾ ਅਗਨਿ ਬੁਝਾਏ ॥	گُرِ ملیئے ترِسنا اگنِ بُجھائے ॥
ਗੁਰ ਤੇ ਸਾਂਤਿ ਵਸੈ ਮਨਿ ਆਏ ॥	گُر تے سانتِ وسے منِ آئے ॥
ਗੁਰ ਤੇ ਪਵਿਤ ਪਾਵਨ ਸੁਚਿ ਹੋਇ ॥	گُر تے پوِت پاون سُچِ ہوءِ ॥
ਗੁਰ ਤੇ ਸਬਦਿ ਮਿਲਾਵਾ ਹੋਇ ॥੨॥	گُر تے سبدِ ملاوا ہوءِ ॥2॥
ਬਾਝੁ ਗੁਰੂ ਸਭ ਭਰਮਿ ਭੁਲਾਈ ॥	باجھُ گُرو سبھ بھرمِ بھُلائی ॥
ਬਿਨੁ ਨਾਵੈ ਬਹੁਤਾ ਦੁਖੁ ਪਾਈ ॥	بِنُ ناوے بہُتا دُکھُ پائی ॥
ਗੁਰਮੁਖਿ ਹੋਵੈ ਸੁ ਨਾਮੁ ਧਿਆਈ ॥	گُرمُکھِ ہووے سُ نامُ دھیائی ॥
ਦਰਸਨਿ ਸਚੈ ਸਚੀ ਪਤਿ ਹੋਈ ॥੩॥	درسنِ سچے سچی پتِ ہوئی ॥3॥
ਕਿਸ ਨੋ ਕਹੀਐ ਦਾਤਾ ਇਕੁ ਸੋਈ ॥	کِس نو کہیئے داتا اِکُ سوئی ॥
ਕਿਰਪਾ ਕਰੇ ਸਬਦਿ ਮਿਲਾਵਾ ਹੋਈ ॥	کِرپا کرے سبدِ ملاوا ہوئی ॥
ਮਿਲਿ ਪ੍ਰੀਤਮ ਸਾਚੇ ਗੁਣ ਗਾਵਾ ॥	مِلِ پریتم ساچے گُن گاوا ॥
ਨਾਨਕ ਸਾਚੇ ਸਾਚਿ ਸਮਾਵਾ ॥੪॥੨॥੨੨॥	نانک ساچے ساچِ سماوا ॥4॥2॥ 22 ॥
ਗਉੜੀ ਗੁਆਰੇਰੀ ਮਹਲਾ ੩ ॥	گئڑی گیارِیری محلا 3 ॥
ਸੁ ਥਾਉ ਸਚੁ ਮਨੁ ਨਿਰਮਲੁ ਹੋਇ ॥	سُ تھاءُ سچُ منُ نِرملُ ہوءِ ॥
ਸਚਿ ਨਿਵਾਸੁ ਕਰੇ ਸਚੁ ਸੋਇ ॥	سچِ نِواسُ کرے سچُ سوءِ ॥
ਸਚੀ ਬਾਣੀ ਜੁਗ ਚਾਰੇ ਜਾਪੈ ॥	سچی بانٹی جُگ چارے جاپے ॥

ਸਭੁ ਕਿਛੁ ਸਾਚਾ ਆਪੇ ਆਪੈ ॥੧॥	سبھُ کچھُ ساچا آپے آپے ॥1॥
ਕਰਮੁ ਹੋਵੈ ਸਤਸੰਗਿ ਮਿਲਾਏ ॥	کرمُ ہووے ستسنگِ مِلائے ॥
ਹਰਿ ਗੁਣ ਗਾਵੈ ਬੈਸਿ ਸੁ ਥਾਏ ॥੧॥ ਰਹਾਉ ॥	ہرِ گُنؔ گاوے بیَس سُ تھائے ॥1॥ رہاءُ ॥
ਜਲਉ ਇਹ ਜਿਹਵਾ ਦੂਜੈ ਭਾਇ ॥	جل ءُ اِہ جِہوا دوُجےَ بھاءِ ॥
ਹਰਿ ਰਸੁ ਨ ਚਾਖੈ ਫੀਕਾ ਆਲਾਇ ॥	ہرِ رسُ ن چاکھےَ پھِیکا آلاءِ ॥
ਬਿਨੁ ਬੂਝੇ ਤਨੁ ਮਨੁ ਫੀਕਾ ਹੋਇ ॥	بِنُ بوُجھے تنُ منُ پھِیکا ہوءِ ॥
ਬਿਨੁ ਨਾਵੈ ਦੁਖੀਆ ਚਲਿਆ ਰੋਇ ॥੨॥	بِنُ ناوے دُکھِیا چلِیا روءِ ॥2॥
ਰਸਨਾ ਹਰਿ ਰਸੁ ਚਾਖਿਆ ਸਹਜਿ ਸੁਭਾਇ ॥	رسنا ہرِ رسُ چاکھِیا سہجِ سُبھاءِ ॥
ਗੁਰ ਕਿਰਪਾ ਤੇ ਸਚਿ ਸਮਾਇ ॥	گُر کِرپا تے سچِ سماءِ ॥
ਸਾਚੇ ਰਾਤੀ ਗੁਰ ਸਬਦੁ ਵੀਚਾਰ ॥	ساچے راتی گُر سبدُ ویچار ॥
ਅੰਮ੍ਰਿਤੁ ਪੀਵੈ ਨਿਰਮਲ ਧਾਰ ॥੩॥	انّمرِتُ پیوے نِرمل دھار ॥3॥
ਨਾਮਿ ਸਮਾਵੈ ਜੋ ਭਾਡਾ ਹੋਇ ॥	نامِ سماوے جو بھاڈا ہوءِ ॥
ਊਂਧੈ ਭਾਂਡੈ ਟਿਕੈ ਨ ਕੋਇ ॥	اوُندھےَ بھانڈے ٹِکےَ ن کوءِ ॥
ਗੁਰ ਸਬਦੀ ਮਨਿ ਨਾਮਿ ਨਿਵਾਸੁ ॥	گُر سبدی منِ نامِ نِواسُ ॥
ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ ॥੪॥੩॥੨੩॥	نانک سچُ بھانڈا جِسُ سبد پِیاس ॥4॥3॥ 23 ॥
ਗਉੜੀ ਗੁਆਰੇਰੀ ਮਹਲਾ ੩ ॥	گئڑی گُیارِیری محلا 3 ॥
ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥	اِکِ گاوت رہے منِ سادُ ن پاءِ ॥
ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥	ہئمےَ وِچِ گاوہِ برِتھا جاءِ ॥
ਗਾਵਣਿ ਗਾਵਹਿ ਜਿਨ ਨਾਮ ਪਿਆਰੁ ॥	گاونِؔ گاوہِ جِن نام پِیارُ ॥
ਸਾਚੀ ਬਾਣੀ ਸਬਦ ਬੀਚਾਰੁ ॥੧॥	ساچی باٹی سبد بیچارُ ॥1॥
ਗਾਵਤ ਰਹੈ ਜੇ ਸਤਿਗੁਰ ਭਾਵੈ ॥	گاوت رہےَ جے ستِگُر بھاوے ॥
ਮਨੁ ਤਨੁ ਰਾਤਾ ਨਾਮਿ ਸੁਹਾਵੈ ॥੧॥ ਰਹਾਉ ॥	منُ تنُ راتا نامِ سُہاوے ॥1॥ رہاءُ ॥

ਇਕਿ ਗਾਵਹਿ ਇਕਿ ਭਗਤਿ ਕਰੇਹਿ ॥	اِکِ گاوہِ اِکِ بھگتِ کریہِ ॥
ਨਾਮੁ ਨ ਪਾਵਹਿ ਬਿਨੁ ਅਸਨੇਹ ॥	نامُ ن پاوہِ بِنُ اسنیہ ॥
ਸਚੀ ਭਗਤਿ ਗੁਰ ਸਬਦ ਪਿਆਰਿ ॥	سچی بھگتِ گُر سبد پیارِ ॥
ਅਪਨਾ ਪਿਰੁ ਰਾਖਿਆ ਸਦਾ ਉਰਿ ਧਾਰਿ ॥੨॥	اپنا پِرُ راکھیا سدا اُرِ دھارِ ॥2॥
ਭਗਤਿ ਕਰਹਿ ਮੂਰਖ ਆਪੁ ਜਣਾਵਹਿ ॥	بھگتِ کرہِ مؤرکھ آپُ جتاوہِ ॥
ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ ॥	نچِ نچِ ٹپہِ بہُتُ دُکھُ پاوہِ ॥
ਨਚਿਐ ਟਪਿਐ ਭਗਤਿ ਨ ਹੋਇ ॥	نچِئے ٹپِئے بھگتِ ن ہوءِ ॥
ਸਬਦਿ ਮਰੈ ਭਗਤਿ ਪਾਏ ਜਨੁ ਸੋਇ ॥੩॥	سبدِ مرے بھگتِ پائے جنُ سوءِ ॥3॥
ਭਗਤਿ ਵਛਲੁ ਭਗਤਿ ਕਰਾਏ ਸੋਇ ॥	بھگتِ وچھلُ بھگتِ کرائے سوءِ ॥
ਸਚੀ ਭਗਤਿ ਵਿਚਹੁ ਆਪੁ ਖੋਇ ॥	سچی بھگتِ وِچہُ آپُ کھوءِ ॥
ਮੇਰਾ ਪ੍ਰਭੁ ਸਾਚਾ ਸਭ ਬਿਧਿ ਜਾਣੈ ॥	میرا پربھُ ساچا سبھ بِدھِ جانےٗ ॥
ਨਾਨਕ ਬਖਸੇ ਨਾਮੁ ਪਛਾਣੈ ॥੪॥੪॥੨੪॥	نانک بخشے نامُ پچھانےٗ ॥4॥4॥ 24 ॥
ਗਉੜੀ ਗੁਆਰੇਰੀ ਮਹਲਾ ੩ ॥	گئڑی گُیاریری محلا 3 ॥
ਮਨੁ ਮਾਰੇ ਧਾਤੁ ਮਰਿ ਜਾਇ ॥	منُ مارے دھاتُ مرِ جاءِ ॥
ਬਿਨੁ ਮੂਏ ਕੈਸੇ ਹਰਿ ਪਾਇ ॥	بِنُ مؤئے کیسے ہرِ پاءِ ۔ ॥
ਮਨੁ ਮਰੈ ਦਾਰੂ ਜਾਣੈ ਕੋਇ ॥	منُ مرے دارؤ جانےٗ کوءِ ॥
ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥	منُ سبدِ مرے بوُجھے جنُ سوءِ ॥1॥
ਜਿਸ ਨੋ ਬਖਸੇ ਦੇ ਵਡਿਆਈ ॥	جِس نو بخشے دے وڈیائی ॥
ਗੁਰ ਪਰਸਾਦਿ ਹਰਿ ਵਸੈ ਮਨਿ ਆਈ ॥੧॥ ਰਹਾਉ ॥	گُر پرسادِ ہرِ وسے منِ آئی ॥1॥ رہاءُ ॥
ਗੁਰਮੁਖਿ ਕਰਣੀ ਕਾਰ ਕਮਾਵੈ ॥	گُرمُکھِ کرنیٰ کار کماوے ॥
ਤਾ ਇਸੁ ਮਨ ਕੀ ਸੋਝੀ ਪਾਵੈ ॥	تا اِسُ من کی سوجھی پاوے ॥
ਮਨੁ ਮੈ ਮਤੁ ਮੈਗਲ ਮਿਕਦਾਰਾ ॥	منُ مے مت میَگل مِکدارا ॥

ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥੨॥	گُرُ انکُس مارِ جیوالنہارا ॥2॥
ਮਨੁ ਅਸਾਧੁ ਸਾਧੈ ਜਨੁ ਕੋਇ ॥	منُ اسادھُ سادھے جنُ کوءِ ॥
ਅਚਰੁ ਚਰੈ ਤਾ ਨਿਰਮਲੁ ਹੋਇ ॥	اچرُ چرے تا نِرملُ ہوءِ ॥
ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥	گُرمُکھِ اِہُ منُ لئیا سوارِ ॥
ਹਉਮੈ ਵਿਚਹੁ ਤਜੇ ਵਿਕਾਰ ॥੩॥	ہئمےَ وِچہُ تجے وِکار ॥3॥
ਜੋ ਧੁਰਿ ਰਾਖਿਅਨੁ ਮੇਲਿ ਮਿਲਾਇ ॥	جو دھُرِ راکھِئنُ میلِ مِلاءِ ॥
ਕਦੇ ਨ ਵਿਛੁੜਹਿ ਸਬਦਿ ਸਮਾਇ ॥	کدے ن وِچھُڑہِ سبدِ سماءِ ॥
ਆਪਣੀ ਕਲਾ ਆਪੇ ਹੀ ਜਾਣੈ ॥	آپنئی کلا آپے ہی جانئے ॥
ਨਾਨਕ ਗੁਰਮੁਖਿ ਨਾਮੁ ਪਛਾਣੈ ॥੪॥੫॥੨੫॥	نانک گُرمُکھِ نامُ پچھانئے ॥4॥5॥ 25 ॥
ਗਉੜੀ ਗੁਆਰੇਰੀ ਮਹਲਾ ੩ ॥	گئڑی گیاریری محلا 3 ॥
ਹਉਮੈ ਵਿਚਿ ਸਭੁ ਜਗੁ ਬਉਰਾਨਾ ॥	ہئمےَ وِچِ سبھُ جگُ بئرانا ॥
ਦੂਜੈ ਭਾਇ ਭਰਮਿ ਭੁਲਾਨਾ ॥	دوُجےَ بھاءِ بھرمِ بھُلانا ॥
ਬਹੁ ਚਿੰਤਾ ਚਿਤਵੈ ਆਪੁ ਨ ਪਛਾਨਾ ॥	بہُ چِنتا چِتوے آپُ ن پچھانا ॥
ਧੰਧਾ ਕਰਤਿਆ ਅਨਦਿਨੁ ਵਿਹਾਨਾ ॥੧॥	دھندھا کرتیا اندِنُ وِہانا ॥1॥
ਹਿਰਦੈ ਰਾਮੁ ਰਮਹੁ ਮੇਰੇ ਭਾਈ ॥	ہِردے رامُ رمہُ میرے بھائی ۔ ॥
ਗੁਰਮੁਖਿ ਰਸਨਾ ਹਰਿ ਰਸਨ ਰਸਾਈ ॥੧॥ ਰਹਾਉ ॥	گُرمُکھِ رسنا ہرِ رسن رسائی ॥1॥ رہاءُ ॥
ਗੁਰਮੁਖਿ ਹਿਰਦੈ ਜਿਨਿ ਰਾਮੁ ਪਛਾਤਾ ॥	گُرمُکھِ ہِردے جِنِ رامُ پچھاتا ॥
ਜਗਜੀਵਨੁ ਸੇਵਿ ਜੁਗ ਚਾਰੇ ਜਾਤਾ ॥	جگجیونُ سیوِ جُگ چارے جاتا ॥
ਹਉਮੈ ਮਾਰਿ ਗੁਰ ਸਬਦਿ ਪਛਾਤਾ ॥	ہئمےَ مارِ گُر سبدِ پچھاتا ॥
ਕ੍ਰਿਪਾ ਕਰੇ ਪ੍ਰਭ ਕਰਮ ਬਿਧਾਤਾ ॥੨॥	کرِپا کرے پربھ کرم بِدھاتا ॥2॥
ਸੇ ਜਨ ਸਚੇ ਜੋ ਗੁਰ ਸਬਦਿ ਮਿਲਾਏ ॥	سے جن سچے جو گُر سبدِ مِلائے ॥
ਧਾਵਤ ਵਰਜੇ ਠਾਕਿ ਰਹਾਏ ॥	دھاوت ورجے ٹھاکِ رہائے ॥

ਨਾਮੁ ਨਵ ਨਿਧਿ ਗੁਰ ਤੇ ਪਾਏ ॥	نامُ نو نِدھِ گُر تے پائے ॥
ਹਰਿ ਕਿਰਪਾ ਤੇ ਹਰਿ ਵਸੈ ਮਨਿ ਆਏ ॥੩॥	ہرِ کِرپا تے ہرِ وسے منِ آئے ॥3॥
ਰਾਮ ਰਾਮ ਕਰਤਿਆ ਸੁਖੁ ਸਾਂਤਿ ਸਰੀਰ ॥	رام رام کرتیا سُکھُ سانْتِ سریر ॥
ਅੰਤਰਿ ਵਸੈ ਨ ਲਾਗੈ ਜਮ ਪੀਰ ॥	انترِ وسے ن لاگے جم پیر ॥
ਆਪੇ ਸਾਹਿਬੁ ਆਪਿ ਵਜੀਰ ॥	آپے صاحِبُ آپِ وزیر ॥
ਨਾਨਕ ਸੇਵਿ ਸਦਾ ਹਰਿ ਗੁਣੀ ਗਹੀਰ ॥੪॥੬॥੨੬॥	نانک سیوِ سدا ہرِ گُنی گہیر ॥4॥6॥ 26 ॥
ਗਉੜੀ ਗੁਆਰੇਰੀ ਮਹਲਾ ੩ ॥	گئڑی گُیاریری محلا 3 ॥
ਸੋ ਕਿਉ ਵਿਸਰੈ ਜਿਸ ਕੇ ਜੀਅ ਪਰਾਨਾ ॥	سو کِءُ وِسرے جِس کے جیء پرانا ॥
ਸੋ ਕਿਉ ਵਿਸਰੈ ਸਭ ਮਾਹਿ ਸਮਾਨਾ ॥	سو کِءُ وِسرے سبھ ماہِ سمانا ॥
ਜਿਤੁ ਸੇਵਿਐ ਦਰਗਹ ਪਤਿ ਪਰਵਾਨਾ ॥੧॥	جِتُ سیوِئے درگہ پتِ پروانا ॥1॥
ਹਰਿ ਕੇ ਨਾਮ ਵਿਟਹੁ ਬਲਿ ਜਾਉ ॥	ہرِ کے نام وِٹہُ بلِ جاءُ ॥
ਤੂੰ ਵਿਸਰਹਿ ਤਦਿ ਹੀ ਮਰਿ ਜਾਉ ॥੧॥ ਰਹਾਉ ॥	توُنّ وِسرہِ تدِ ہی مرِ جاءُ ॥1॥ رہاءُ ॥
ਤਿਨ ਤੂੰ ਵਿਸਰਹਿ ਜਿ ਤੁਧੁ ਆਪਿ ਭੁਲਾਏ ॥	تِن توُنّ وِسرہِ جِ تُدھُ آپِ بھُلائے ॥
ਤਿਨ ਤੂੰ ਵਿਸਰਹਿ ਜਿ ਦੂਜੈ ਭਾਏ ॥	تِن توُنّ وِسرہِ جِ دوُجے بھائے ॥
ਮਨਮੁਖ ਅਗਿਆਨੀ ਜੋਨੀ ਪਾਏ ॥੨॥	منمُکھ اگیانی جونی پائے ॥2॥
ਜਿਨ ਇਕ ਮਨਿ ਤੁਠਾ ਸੇ ਸਤਿਗੁਰ ਸੇਵਾ ਲਾਏ ॥	جِن اِک منِ تُٹھا سے ستِگُر سیوا لائے ॥
ਜਿਨ ਇਕ ਮਨਿ ਤੁਠਾ ਤਿਨ ਹਰਿ ਮੰਨਿ ਵਸਾਏ ॥	جِن اِک منِ تُٹھا تِن ہرِ منّنِ وسائے ॥
ਗੁਰਮਤੀ ਹਰਿ ਨਾਮਿ ਸਮਾਏ ॥੩॥	گُرمتی ہرِ نامِ سمائے ॥3॥
ਜਿਨਾ ਪੋਤੈ ਪੁੰਨੁ ਸੇ ਗਿਆਨ ਬੀਚਾਰੀ ॥	جِنا پوتے پُنّنُ سے گیان بیچاری ॥
ਜਿਨਾ ਪੋਤੈ ਪੁੰਨੁ ਤਿਨ ਹਉਮੈ ਮਾਰੀ ॥	جِنا پوتے پُنّنُ تِن ہئُمے ماری ॥
ਨਾਨਕ ਜੋ ਨਾਮਿ ਰਤੇ	نانک جو نامِ رتے

ਤਿਨ ਕਉ ਬਲਿਹਾਰੀ ॥੪॥੭॥੨੭॥	تِن کءُ بلِہاری ॥4॥7॥ 27 ॥
ਗਉੜੀ ਗੁਆਰੇਰੀ ਮਹਲਾ ੩ ॥	گئڑی گُیاریری محلا 3 ॥
ਤੂੰ ਅਕਥੁ ਕਿਉ ਕਥਿਆ ਜਾਹਿ ॥	توُنّ اکتھُ کِءُ کتھِیا جاہِ ۔ ॥
ਗੁਰ ਸਬਦੁ ਮਾਰਣੁ ਮਨ ਮਾਹਿ ਸਮਾਹਿ ॥	گُر سبدُ مارنُّ من ماہِ سماہِ ॥
ਤੇਰੇ ਗੁਣ ਅਨੇਕ ਕੀਮਤਿ ਨਹ ਪਾਹਿ ॥੧॥	تیرے گُنّ انیک قِیمتِ نہ پاہِ ॥1॥
ਜਿਸ ਕੀ ਬਾਣੀ ਤਿਸੁ ਮਾਹਿ ਸਮਾਣੀ ॥	جِس کی باٹی تِسُ ماہِ سماٹی ॥
ਤੇਰੀ ਅਕਥ ਕਥਾ ਗੁਰ ਸਬਦਿ ਵਖਾਣੀ ॥੧॥ ਰਹਾਉ ॥	تیری اکتھ کتھا گُر سبدِ وکھاٹی ॥1॥ رہاءُ ॥
ਜਹ ਸਤਿਗੁਰੁ ਤਹ ਸਤਸੰਗਤਿ ਬਣਾਈ ॥	جہ ستِگُرُ تہ ستسنگتِ بٹائی ॥
ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ ॥	جہ ستِگُرُ سہجے ہرِ گُنّ گائی ॥
ਜਹ ਸਤਿਗੁਰੁ ਤਹਾ ਹਉਮੈ ਸਬਦਿ ਜਲਾਈ ॥੨॥	جہ ستِگُرُ تہا ہئُمےَ سبدِ جلائی ॥2॥
ਗੁਰਮੁਖਿ ਸੇਵਾ ਮਹਲੀ ਥਾਉ ਪਾਏ ॥	گُرمُکھِ سیوا محلی تھاءُ پائے ॥
ਗੁਰਮੁਖਿ ਅੰਤਰਿ ਹਰਿ ਨਾਮੁ ਵਸਾਏ ॥	گُرمُکھِ انترِ ہرِ نامُ وسائے ॥
ਗੁਰਮੁਖਿ ਭਗਤਿ ਹਰਿ ਨਾਮਿ ਸਮਾਏ ॥੩॥	گُرمُکھِ بھگتِ ہرِ نامِ سمائے ॥3॥
ਆਪੇ ਦਾਤਿ ਕਰੇ ਦਾਤਾਰੁ ॥	آپے داتِ کرے داتارُ ॥
ਪੂਰੇ ਸਤਿਗੁਰ ਸਿਉ ਲਗੈ ਪਿਆਰੁ ॥	پوُرے ستِگُر سِءُ لگےَ پِیارُ ॥
ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥੪॥੮॥੨੮॥	نانک نامِ رتے تِن کءُ جیَکارُ ॥4॥8॥ 28 ॥
ਗਉੜੀ ਗੁਆਰੇਰੀ ਮਹਲਾ ੩ ॥	گئڑی گُیاریری محلا 3 ॥
ਏਕਸੁ ਤੇ ਸਭਿ ਰੂਪ ਹਹਿ ਰੰਗਾ ॥	ایکسُ تے سبھِ روُپ ہہِ رنّگا ॥
ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗਾ ॥	پئُنُّ پاٹی بیَسنّترُ سبھِ سہلنّگا ॥
ਭਿੰਨ ਭਿੰਨ ਵੇਖੈ ਹਰਿ ਪ੍ਰਭੁ ਰੰਗਾ ॥੧॥	بھِنّ بھِنّن ویکھےَ ہرِ پرّبھُ رنّگا ॥1॥
ਏਕੁ ਅਚਰਜੁ ਏਕੋ ਹੈ ਸੋਈ ॥	ایکُ اچرجُ ایکو ہے سوئی ॥

ਗੁਰਮੁਖਿ ਵੀਚਾਰੇ ਵਿਰਲਾ ਕੋਈ ॥੧॥ ਰਹਾਉ ॥	گُرمُکھِ ویچارے وِرلا کوئی ॥1॥ رہاءُ ॥
ਸਹਜਿ ਭਵੈ ਪ੍ਰਭੁ ਸਭਨੀ ਥਾਈ ॥	سہجِ بھوے پربھُ سبھنی تھائی ॥
ਕਹਾ ਗੁਪਤੁ ਪ੍ਰਗਟੁ ਪ੍ਰਭਿ ਬਣਤ ਬਣਾਈ ॥	کہا گُپت پرگٹُ پربھِ بنّت بنائی ॥
ਆਪੇ ਸੁਤਿਆ ਦੇਇ ਜਗਾਈ ॥੨॥	آپے سُتیا دےءِ جگائی ॥2॥
ਤਿਸ ਕੀ ਕੀਮਤਿ ਕਿਨੈ ਨ ਹੋਈ ॥	تِس کی قِیمتِ کِنے ن ہوئی ॥
ਕਹਿ ਕਹਿ ਕਥਨੁ ਕਹੈ ਸਭੁ ਕੋਈ ॥	کہِ کہِ کتھنُ کہے سبھُ کوئی ॥
ਗੁਰ ਸਬਦਿ ਸਮਾਵੈ ਬੂਝੈ ਹਰਿ ਸੋਈ ॥੩॥	گُر سبدِ سماوے بوُجھے ہرِ سوئی ॥3॥
ਸੁਣਿ ਸੁਣਿ ਵੇਖੈ ਸਬਦਿ ਮਿਲਾਏ ॥	سُنِ سُنِ ویکھے سبدِ مِلائے ॥
ਵਡੀ ਵਡਿਆਈ ਗੁਰ ਸੇਵਾ ਤੇ ਪਾਏ ॥	وڈی وڈیائی گُر سیوا تے پائے ॥
ਨਾਨਕ ਨਾਮਿ ਰਤੇ ਹਰਿ ਨਾਮਿ ਸਮਾਏ ॥੪॥੯॥੨੯॥	نانک نامِ رتے ہرِ نامِ سمائے ॥4॥9॥ 29 ॥
ਗਉੜੀ ਗੁਆਰੇਰੀ ਮਹਲਾ ੩ ॥	گئڑی گیاریری محلا 3 ॥
ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥	منمُکھِ سوُتا مائیا موہِ پیارِ ॥
ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥	گُرمُکھِ جاگے گُنِ گیان بیچارِ ॥
ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥	سے جن جاگے جِن نام پیارِ ॥1॥
ਸਹਜੇ ਜਾਗੈ ਸਵੈ ਨ ਕੋਇ ॥	سہجے جاگے سوے ن کوءِ ॥
ਪੂਰੇ ਗੁਰ ਤੇ ਬੂਝੈ ਜਨੁ ਕੋਇ ॥੧॥ ਰਹਾਉ ॥	پوُرے گُر تے بوُجھے جنُ کوءِ ॥1॥ رہاءُ ॥
ਅਸੰਤੁ ਅਨਾੜੀ ਕਦੇ ਨ ਬੂਝੈ ॥	اسنّتُ اناڑی کدے ن بوُجھے ॥
ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥	کتھنی کرے تے مائیا نالِ لوُجھے ॥
ਅੰਧੁ ਅਗਿਆਨੀ ਕਦੇ ਨ ਸੀਝੈ ॥੨॥	اندھُ اگیانی کدے ن سیجھے ॥2॥
ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ ॥	اِس جُگ مہِ رام نامِ نِستارا ॥

ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ ॥	وِرلا کو پائے گُر سبدِ ویچارا ॥
ਆਪਿ ਤਰੈ ਸਗਲੇ ਕੁਲ ਉਧਾਰਾ ॥੩॥	آپِ ترے سگلے کُل اُدھارا ॥3॥
ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥	اِسُ کلِجُگ مہِ کرم دھرمُ ن کوئی ॥
ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥	کلی کا جنمُ چنڈال کے گھرِ ہوئی ॥
ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥੪॥੧੦॥੩੦॥	نانک نام بِنا کو مُکتِ ن ہوئی ॥4॥ 10 ॥ 30 ॥
ਗਉੜੀ ਮਹਲਾ ੩ ਗੁਆਰੇਰੀ ॥	گئُڑی محلا 3 گُیارِیری ॥
ਸਚਾ ਅਮਰੁ ਸਚਾ ਪਾਤਿਸਾਹੁ ॥	سچا امرُ سچا پاتِشاہُ ॥
ਮਨਿ ਸਾਚੈ ਰਾਤੇ ਹਰਿ ਵੇਪਰਵਾਹੁ ॥	منِ ساچے َ راتے ہرِ ویپرواہُ ॥
ਸਚੈ ਮਹਲਿ ਸਚਿ ਨਾਮਿ ਸਮਾਹੁ ॥੧॥	سچے َ محلِ سچِ نامِ سماہُ ॥1॥
ਸੁਣਿ ਮਨ ਮੇਰੇ ਸਬਦੁ ਵੀਚਾਰਿ ॥	سُنِ من میرے سبدُ ویچارِ ॥
ਰਾਮ ਜਪਹੁ ਭਵਜਲੁ ਉਤਰਹੁ ਪਾਰਿ ॥੧॥ ਰਹਾਉ ॥	رام جپہُ بھوجلُ اُترہُ پارِ ॥1॥ رہاءُ ॥
ਭਰਮੇ ਆਵੈ ਭਰਮੇ ਜਾਇ ॥	بھرمے آوے َ بھرمے جاءِ ॥
ਇਹੁ ਜਗੁ ਜਨਮਿਆ ਦੂਜੈ ਭਾਇ ॥	اِہُ جگُ جنمِیا دوُجے َ بھاءِ ॥
ਮਨਮੁਖਿ ਨ ਚੇਤੈ ਆਵੈ ਜਾਇ ॥੨॥	منمُکھِ ن چیتے آوے َ جاءِ ॥2॥
ਆਪਿ ਭੁਲਾ ਕਿ ਪ੍ਰਭਿ ਆਪਿ ਭੁਲਾਇਆ ॥	آپِ بھُلا کِ پربھِ آپِ بھُلائِیا ۔ ॥
ਇਹੁ ਜੀਉ ਵਿਡਾਣੀ ਚਾਕਰੀ ਲਾਇਆ ॥	اِہُ جیِءُ وِڈاٹی چاکری لائِیا ॥
ਮਹਾ ਦੁਖੁ ਖਟੇ ਬਿਰਥਾ ਜਨਮੁ ਗਵਾਇਆ ॥੩॥	مہا دُکھُ کھٹے بِرتھا جنمُ گوائِیا ॥3॥
ਕਿਰਪਾ ਕਰਿ ਸਤਿਗੁਰੂ ਮਿਲਾਏ ॥	کِرپا کرِ ستِگُرو مِلائے ॥
ਏਕੋ ਨਾਮੁ ਚੇਤੇ ਵਿਚਹੁ ਭਰਮੁ ਚੁਕਾਏ ॥	ایکو نامُ چیتے وِچہُ بھرمُ چُکائے ॥
ਨਾਨਕ ਨਾਮੁ ਜਪੇ ਨਾਉ ਨਉ ਨਿਧਿ ਪਾਏ ॥੪॥੧੧॥੩੧॥	نانک نامُ جپے ناءُ نءُ نِدھِ پائے ॥4॥ 11 ॥ 31 ॥
ਗਉੜੀ ਗੁਆਰੇਰੀ ਮਹਲਾ ੩ ॥	گئُڑی گُیارِیری محلا 3 ॥

ਜਿਨਾ ਗੁਰਮੁਖਿ ਧਿਆਇਆ ਤਿਨ ਪੂਛਉ ਜਾਇ ॥	جِنا گُرمُکھِ دھِیائیا تِن پُوچھ ءُ جاءِ ॥
ਗੁਰ ਸੇਵਾ ਤੇ ਮਨੁ ਪਤੀਆਇ ॥	گُر سیوا تے منُ پتیِیاءِ ॥
ਸੇ ਧਨਵੰਤ ਹਰਿ ਨਾਮੁ ਕਮਾਇ ॥	سے دھنونّت ہرِ نامُ کماءِ ॥
ਪੂਰੇ ਗੁਰ ਤੇ ਸੋਝੀ ਪਾਇ ॥੧॥	پُورے گُر تے سوجھی پاءِ ॥1॥
ਹਰਿ ਹਰਿ ਨਾਮੁ ਜਪਹੁ ਮੇਰੇ ਭਾਈ ॥	ہرِ ہرِ نامُ جپہُ میرے بھائی ۔ ॥
ਗੁਰਮੁਖਿ ਸੇਵਾ ਹਰਿ ਘਾਲ ਥਾਇ ਪਾਈ ॥੧॥ ਰਹਾਉ ॥	گُرمُکھِ سیوا ہرِ گھال تھاءِ پائی ॥1॥ رہاءُ ॥
ਆਪੁ ਪਛਾਣੈ ਮਨੁ ਨਿਰਮਲੁ ਹੋਇ ॥	آپُ پچھاٹےَ منُ نِرملُ ہوءِ ॥
ਜੀਵਨ ਮੁਕਤਿ ਹਰਿ ਪਾਵੈ ਸੋਇ ॥	جیِون مُکتِ ہرِ پاوےَ سوءِ ॥
ਹਰਿ ਗੁਣ ਗਾਵੈ ਮਤਿ ਊਤਮ ਹੋਇ ॥	ہرِ گُنؤ گاوےَ متِ اوُتم ہوءِ ॥
ਸਹਜੇ ਸਹਜਿ ਸਮਾਵੈ ਸੋਇ ॥੨॥	سہجے سہجِ سماوےَ سوءِ ॥2॥
ਦੂਜੈ ਭਾਇ ਨ ਸੇਵਿਆ ਜਾਇ ॥	دوُجےَ بھاءِ ن سیویا جاءِ ॥
ਹਉਮੈ ਮਾਇਆ ਮਹਾ ਬਿਖੁ ਖਾਇ ॥	ہئُمےَ مائیا مہا بِکھُ کھاءِ ॥
ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ ॥	پُتِ کُٹنّبِ گرِہِ موہِیا ماءِ ॥
ਮਨਮੁਖਿ ਅੰਧਾ ਆਵੈ ਜਾਇ ॥੩॥	منمُکھِ انّدھا آوےَ جاءِ ॥3॥
ਹਰਿ ਹਰਿ ਨਾਮੁ ਦੇਵੈ ਜਨੁ ਸੋਇ ॥	ہرِ ہرِ نامُ دیوےَ جنُ سوءِ ॥
ਅਨਦਿਨੁ ਭਗਤਿ ਗੁਰ ਸਬਦੀ ਹੋਇ ॥	اندِنُ بھگتِ گُر سبدی ہوءِ ॥
ਗੁਰਮਤਿ ਵਿਰਲਾ ਬੂਝੈ ਕੋਇ ॥	گُرمتِ وِرلا بوُجھےَ کوءِ ॥
ਨਾਨਕ ਨਾਮਿ ਸਮਾਵੈ ਸੋਇ ॥੪॥੧੨॥੩੨॥	نانک نامِ سماوےَ سوءِ ॥4॥ 12 ॥ 32 ॥
ਗਉੜੀ ਗੁਆਰੇਰੀ ਮਹਲਾ ੩ ॥	گئُڑی گُیارِیری محلا 3 ॥
ਗੁਰ ਸੇਵਾ ਜੁਗ ਚਾਰੇ ਹੋਈ ॥	گُر سیوا جُگ چارے ہوئی ॥
ਪੂਰਾ ਜਨੁ ਕਾਰ ਕਮਾਵੈ ਕੋਈ ॥	پُورا جنُ کار کماوےَ کوئی ॥
ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ ॥	اکھُٹُ نام دھنُ ہرِ توٹِ ن ہوئی ॥

ਐਥੈ ਸਦਾ ਸੁਖੁ ਦਰਿ ਸੋਭਾ ਹੋਈ ॥੧॥	ایتھے سدا سُکھُ درِ سوبھا ہوئی ॥1॥
ਏ ਮਨ ਮੇਰੇ ਭਰਮੁ ਨ ਕੀਜੈ ॥	اے من میرے بھرمُ ن کیجے ॥
ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥	گُرمُکھِ سیوا انمّرِت رسُ پیجے ॥1॥ رہاءُ ॥
ਸਤਿਗੁਰੁ ਸੇਵਹਿ ਸੇ ਮਹਾ ਪੁਰਖ ਸੰਸਾਰੇ ॥	ستِگُرُ سیوہِ سے مہا پُرکھ سنّسارے ॥
ਆਪਿ ਉਧਰੇ ਕੁਲ ਸਗਲ ਨਿਸਤਾਰੇ ॥	آپِ اُدھرے کُل سگل نِستارے ॥
ਹਰਿ ਕਾ ਨਾਮੁ ਰਖਹਿ ਉਰ ਧਾਰੇ ॥	ہرِ کا نامُ رکھہِ اُر دھارے ॥
ਨਾਮਿ ਰਤੇ ਭਉਜਲ ਉਤਰਹਿ ਪਾਰੇ ॥੨॥	نامِ رتے بھجُل اُترہِ پارے ॥2॥
ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥	ستِگُرُ سیوہِ سدا منِ داسا ॥
ਹਉਮੈ ਮਾਰਿ ਕਮਲੁ ਪਰਗਾਸਾ ॥	ہئے مارِ کملُ پرگاسا ॥
ਅਨਹਦੁ ਵਾਜੈ ਨਿਜ ਘਰਿ ਵਾਸਾ ॥	انہدُ واجے نِج گھرِ واسا ॥
ਨਾਮਿ ਰਤੇ ਘਰ ਮਾਹਿ ਉਦਾਸਾ ॥੩॥	نامِ رتے گھر ماہِ اُداسا ॥3॥
ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ ॥	ستِگُرُ سیوہِ تِن کی سچی باٹی ॥
ਜੁਗੁ ਜੁਗੁ ਭਗਤੀ ਆਖਿ ਵਖਾਣੀ ॥	جُگ جُگ بھگتی آکھِ وکھاٹی ॥
ਅਨਦਿਨੁ ਜਪਹਿ ਹਰਿ ਸਾਰੰਗਪਾਣੀ ॥	اندِنُ جپہِ ہرِ سارنگپاٹی ॥
ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ ॥੪॥੧੩॥੩੩॥	نانک نامِ رتے نِہکیول نِرباٹی ॥4॥ 13 ॥ 33 ॥
ਗਉੜੀ ਗੁਆਰੇਰੀ ਮਹਲਾ ੩ ॥	گئڑی گیاریری محلا 3 ॥
ਸਤਿਗੁਰੁ ਮਿਲੈ ਵਡਭਾਗਿ ਸੰਜੋਗ ॥	ستِگُرُ ملے وڈبھاگِ سنجوگ ॥
ਹਿਰਦੈ ਨਾਮੁ ਨਿਤ ਹਰਿ ਰਸ ਭੋਗ ॥੧॥	ہِردے نامُ نِت ہرِ رس بھوگ ॥1॥
ਗੁਰਮੁਖਿ ਪ੍ਰਾਣੀ ਨਾਮੁ ਹਰਿ ਧਿਆਇ ॥	گُرمُکھِ پّراٹی نامُ ہرِ دھیاءِ ॥
ਜਨਮੁ ਜੀਤਿ ਲਾਹਾ ਨਾਮੁ ਪਾਇ ॥੧॥ ਰਹਾਉ ॥	جنمُ جیتِ لاہا نامُ پاءِ ॥1॥ رہاءُ ॥
ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥	گیانُ دھیانُ گُر سبدُ ہے میٹھا ॥
ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥੨॥	گُر کِرپا تے کِنے وِرلے چکھِ ڈیٹھا ॥2॥

ਕਰਮ ਕਾਂਡ ਬਹੁ ਕਰਹਿ ਅਚਾਰ ॥	کرم کانڈ بہُ کرہِ اچار ॥
ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥੩॥	بِنُ ناوے دھّرِگُ دھّرِگُ اہنکار ॥3॥
ਬੰਧਨਿ ਬਾਧਿਓ ਮਾਇਆ ਫਾਸ ॥	بندھنِ بادھیو مائیا پھاس ॥
ਜਨ ਨਾਨਕ ਛੂਟੈ ਗੁਰ ਪਰਗਾਸ ॥੪॥੧੪॥੩੪॥	جن نانک چھوٹے گُر پرگاس ॥4॥ 14 ॥ 34 ॥
ਮਹਲਾ ੩ ਗਉੜੀ ਬੈਰਾਗਣਿ ॥	محلا 3 گؤڑی بیراگنِ ॥
ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀ ॥	جیَسی دھرتی اوُپرِ میگھُلا برستُ ہے کِیا دھرتی مدھے پانیٔ ناہی ۔ ॥
ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ ਪਗਾ ਵਰਸਤ ਫਿਰਾਹੀ ॥੧॥	جیَسے دھرتی مدھے پانیٔ پرگاسِیا بِنُ پگا ورست پھِراہی ॥1॥
ਬਾਬਾ ਤੂੰ ਐਸੇ ਭਰਮੁ ਚੁਕਾਹੀ ॥	بابا توُنَ ایَسے بھرمُ چُکاہی ॥
ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ ਤੈਸੇ ਜਾਇ ਸਮਾਹੀ ॥੧॥ ਰਹਾਉ ॥	جوِ کِچھُ کرتُ ہے سوئی کوئی ہے رے تیَسے جاءِ سماہی ॥1॥ رہاءُ ॥
ਇਸਤਰੀ ਪੁਰਖ ਹੋਇ ਕੈ ਕਿਆ ਓਇ ਕਰਮ ਕਮਾਹੀ ॥	اِستری پُرکھ ہوءِ کے کِیا اوءِ کرم کماہی ۔ ॥
ਨਾਨਾ ਰੂਪ ਸਦਾ ਹਹਿ ਤੇਰੇ ਤੁਝ ਹੀ ਮਾਹਿ ਸਮਾਹੀ ॥੨॥	نانا روُپ سدا ہہِ تیرے تُجھ ہی ماہِ سماہی ॥2॥
ਇਤਨੇ ਜਨਮ ਭੂਲਿ ਪਰੇ ਸੇ ਜਾ ਪਾਇਆ ਤਾ ਭੂਲੇ ਨਾਹੀ ॥	اِتنے جنم بھوُلِ پرے سے جا پائیا تا بھوُلے ناہی ॥
ਜਾ ਕਾ ਕਾਰਜੁ ਸੋਈ ਪਰੁ ਜਾਣੈ ਜੇ ਗੁਰ ਕੈ ਸਬਦਿ ਸਮਾਹੀ ॥੩॥	جا کا کارجُ سوئی پرُ جانے جے گُر کے سبدِ سماہی ॥3॥
ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾ ਹੀ ॥	تیرا سبدُ توُنہَے ہہِ آپے بھرمُ کہا ہی ۔ ॥
ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ ॥੪॥੧॥੧੫॥੩੫॥	نانک تتُ تت سِءُ مِلیا پُنرپِ جنمِ ن آہی ॥4॥1॥ 15 ॥ 35 ॥

ਗਉੜੀ ਬੈਰਾਗਣਿ ਮਹਲਾ ੩ ॥

گئڑی بیراگنِ محلا 3 ॥

ਸਭੁ ਜਗੁ ਕਾਲੈ ਵਸਿ ਹੈ
ਬਾਧਾ ਦੂਜੈ ਭਾਇ ॥

سبھُ جگُ کالے وسِ ہے
بادھا دوُجے بھاءِ ॥

ਹਉਮੈ ਕਰਮ ਕਮਾਵਦੇ
ਮਨਮੁਖਿ ਮਿਲੈ ਸਜਾਇ ॥੧॥

ہئُمے کرم کماودے
منمُکھِ ملے سزاءِ ॥1॥

ਮੇਰੇ ਮਨ ਗੁਰ ਚਰਣੀ ਚਿਤੁ ਲਾਇ ॥

میرے من گُر چرنٹی چِتُ لاءِ ॥

ਗੁਰਮੁਖਿ ਨਾਮੁ ਨਿਧਾਨੁ ਲੈ
ਦਰਗਹ ਲਏ ਛਡਾਇ ॥੧॥ ਰਹਾਉ ॥

گُرمُکھِ نامُ نِدھانُ لے
درگہ لے چھڈاءِ ॥1॥ رہاءُ ॥

ਲਖ ਚਉਰਾਸੀਹ ਭਰਮਦੇ
ਮਨਹਠਿ ਆਵੈ ਜਾਇ ॥

لکھ چئُراسیہ بھرمدے
منہٹھِ آوے جاءِ ॥

ਗੁਰ ਕਾ ਸਬਦੁ ਨ ਚੀਨਿਓ
ਫਿਰਿ ਫਿਰਿ ਜੋਨੀ ਪਾਇ ॥੨॥

گُر کا سبدُ ن چینِئو
پھِرِ پھِرِ جونی پاءِ ॥2॥

ਗੁਰਮੁਖਿ ਆਪੁ ਪਛਾਣਿਆ
ਹਰਿ ਨਾਮੁ ਵਸਿਆ ਮਨਿ ਆਇ ॥

گُرمُکھِ آپُ پچھاٹیا
ہرِ نامُ وسِیا منِ آءِ ॥

ਅਨਦਿਨੁ ਭਗਤੀ ਰਤਿਆ
ਹਰਿ ਨਾਮੇ ਸੁਖਿ ਸਮਾਇ ॥੩॥

اندِنُ بھگتی رتیا
ہرِ نامے سُکھِ سماءِ ॥3॥

ਮਨੁ ਸਬਦਿ ਮਰੈ ਪਰਤੀਤਿ ਹੋਇ
ਹਉਮੈ ਤਜੇ ਵਿਕਾਰ ॥

منُ سبدِ مرے پرتیتِ ہوءِ
ہئُمے تجے وِکار ॥

ਜਨ ਨਾਨਕ ਕਰਮੀ ਪਾਈਅਨਿ
ਹਰਿ ਨਾਮਾ ਭਗਤਿ ਭੰਡਾਰ ॥੪॥੨॥੧੬॥੩੬॥

جن نانک کرمی پائیَنِ
ہرِ نامًا بھگتِ بھنڈار ॥4॥2॥16॥36॥

ਗਉੜੀ ਬੈਰਾਗਣਿ ਮਹਲਾ ੩ ॥

گئڑی بیراگنِ محلا 3 ॥

ਪੇਈਅੜੈ ਦਿਨ ਚਾਰਿ ਹੈ
ਹਰਿ ਹਰਿ ਲਿਖਿ ਪਾਇਆ ॥

پیئیڑے دِن چارِ ہے
ہرِ ہرِ لِکھِ پائیا ॥

ਸੋਭਾਵੰਤੀ ਨਾਰਿ ਹੈ
ਗੁਰਮੁਖਿ ਗੁਣ ਗਾਇਆ ॥

سوبھاونتی نارِ ہے
گُرمُکھِ گُنٹ گائیا ॥

ਪੇਵਕੜੈ ਗੁਣ ਸੰਮਲੈ
ਸਾਹੁਰੈ ਵਾਸੁ ਪਾਇਆ ॥

ਗੁਰਮੁਖਿ ਸਹਜਿ ਸਮਾਣੀਆ
ਹਰਿ ਹਰਿ ਮਨਿ ਭਾਇਆ ॥੧॥

ਸਸੁਰੈ ਪੇਈਐ ਪਿਰੁ ਵਸੈ
ਕਹੁ ਕਿਤੁ ਬਿਧਿ ਪਾਈਐ ॥

ਆਪਿ ਨਿਰੰਜਨੁ ਅਲਖੁ ਹੈ
ਆਪੇ ਮੇਲਾਈਐ ॥੧॥ ਰਹਾਉ ॥

ਆਪੇ ਹੀ ਪ੍ਰਭੁ ਦੇਹਿ ਮਤਿ
ਹਰਿ ਨਾਮੁ ਧਿਆਈਐ ॥

ਵਡਭਾਗੀ ਸਤਿਗੁਰੁ ਮਿਲੈ
ਮੁਖਿ ਅੰਮ੍ਰਿਤੁ ਪਾਈਐ ॥

ਹਉਮੈ ਦੁਬਿਧਾ ਬਿਨਸਿ ਜਾਇ
ਸਹਜੇ ਸੁਖਿ ਸਮਾਈਐ ॥

ਸਭੁ ਆਪੇ ਆਪਿ ਵਰਤਦਾ
ਆਪੇ ਨਾਇ ਲਾਈਐ ॥੨॥

ਮਨਮੁਖਿ ਗਰਬਿ ਨ ਪਾਇਓ
ਅਗਿਆਨ ਇਆਣੇ ॥

ਸਤਿਗੁਰ ਸੇਵਾ ਨਾ ਕਰਹਿ
ਫਿਰਿ ਫਿਰਿ ਪਛੁਤਾਣੇ ॥

ਗਰਭ ਜੋਨੀ ਵਾਸੁ ਪਾਇਦੇ
ਗਰਭੇ ਗਲਿ ਜਾਣੇ ॥

ਮੇਰੇ ਕਰਤੇ ਏਵੈ ਭਾਵਦਾ
ਮਨਮੁਖ ਭਰਮਾਣੇ ॥੨॥

ਮੇਰੈ ਹਰਿ ਪ੍ਰਭਿ ਲੇਖੁ ਲਿਖਾਇਆ
ਧੁਰਿ ਮਸਤਕਿ ਪੂਰਾ ॥

پیوکڑے گُڑ سنملے
ساہُرے واسُ پائیا ॥

گُرمُکھِ سہجِ سماٹیا
ہرِ ہرِ منِ بھائیا ॥1॥

سسُرے پیئے پرُ وسے
کہُ کِت بِدھِ پائیے ۔ ॥

آپِ نِرنجنُ الکھُ ہے
آپے میلائیے ॥1॥ رہاءُ ॥

آپے ہی پربھُ دیہِ متِ
ہرِ نامُ دھیائیے ॥

وڈبھاگی ستِگُرُ ملے
مُکھِ انمرِتُ پائیے ॥

ہئُمے دُبِدھا بِنس جاءِ
سہجے سُکھِ سمائیے ॥

سبھُ آپے آپِ ورتدا
آپے ناءِ لائیے ॥2॥

منمُکھِ گربِ ن پائیو
اگیان ایانے ॥

ستِگُر سیوا نا کرہِ
پھرِ پھرِ پچھُتانے ॥

گربھ جونی واسُ پائِدے
گربھے گلِ جانے ॥

میرے کرتے ایوے بھاودا
منمُکھ بھرمانے ॥2॥

میرے ہرِ پربھِ لیکھُ لِکھائیا

دھُرِ مستکِ پوُرا ॥

ਹਰਿ ਹਰਿ ਨਾਮੁ ਧਿਆਇਆ
ਭੇਟਿਆ ਗੁਰੁ ਸੂਰਾ ॥

ہرِ ہرِ نامُ دھِیائِیا
بھیٹِیا گُرُ سوُرا ॥

ਮੇਰਾ ਪਿਤਾ ਮਾਤਾ ਹਰਿ ਨਾਮੁ ਹੈ
ਹਰਿ ਬੰਧਪੁ ਬੀਰਾ ॥

میرا پِتا ماتا ہرِ نامُ ہے
ہرِ بنّدھپُ بیِرا ॥

ਹਰਿ ਹਰਿ ਬਖਸਿ ਮਿਲਾਇ ਪ੍ਰਭ
ਜਨੁ ਨਾਨਕੁ ਕੀਰਾ ॥੪॥੩॥੧੭॥੩੭॥

ہرِ ہرِ بخشِ مِلاءِ پّربھ
جنُ نانکُ کیِرا ॥4॥3॥ 17 ॥ 37 ॥

ਗਉੜੀ ਬੈਰਾਗਣਿ ਮਹਲਾ ੩ ॥

گئُڑی بیَراگنِ محلا 3 ॥

ਸਤਿਗੁਰ ਤੇ ਗਿਆਨੁ ਪਾਇਆ
ਹਰਿ ਤਤੁ ਬੀਚਾਰਾ ॥

ستِگُر تے گیِانُ پائِیا
ہرِ تتُ بیِچارا ॥

ਮਤਿ ਮਲੀਣ ਪਰਗਟੁ ਭਈ
ਜਪਿ ਨਾਮੁ ਮੁਰਾਰਾ ॥

متِ ملیِنْ پرگٹُ بھئی
جپِ نامُ مُرارا ॥

ਸਿਵਿ ਸਕਤਿ ਮਿਟਾਈਆ
ਚੂਕਾ ਅੰਧਿਆਰਾ ॥

سِوِ سکتِ مِٹائِیا
چوُکا انّدھِیارا ॥

ਧੁਰਿ ਮਸਤਕਿ ਜਿਨ ਕਉ ਲਿਖਿਆ
ਤਿਨ ਹਰਿ ਨਾਮੁ ਪਿਆਰਾ ॥੧॥

دھُرِ مستکِ جِن کءُ لِکھِیا
تِن ہرِ نامُ پیِارا ॥1॥

ਹਰਿ ਕਿਤੁ ਬਿਧਿ ਪਾਈਐ ਸੰਤ ਜਨਹੁ
ਜਿਸੁ ਦੇਖਿ ਹਉ ਜੀਵਾ ॥

ہرِ کِتُ بِدھِ پائیِئے سنّت جنہُ
جِسُ دیکھِ ہءُ جیِوا ॥

ਹਰਿ ਬਿਨੁ ਚਸਾ ਨ ਜੀਵਤੀ
ਗੁਰ ਮੇਲਿਹੁ ਹਰਿ ਰਸੁ ਪੀਵਾ ॥੧॥ ਰਹਾਉ ॥

ہرِ بِنُ چسا ن جیِوتی
گُر میلہُ ہرِ رسُ پیِوا ॥1॥ رہاءُ ॥

ਹਉ ਹਰਿ ਗੁਣ ਗਾਵਾ ਨਿਤ ਹਰਿ ਸੁਣੀ
ਹਰਿ ਹਰਿ ਗਤਿ ਕੀਨੀ ॥

ہءُ ہرِ گُنْ گاوا نِت ہرِ سُنّی
ہرِ ہرِ گتِ کیِنی ॥

ਹਰਿ ਰਸੁ ਗੁਰ ਤੇ ਪਾਇਆ
ਮੇਰਾ ਮਨੁ ਤਨੁ ਲੀਨੀ ॥

ہرِ رسُ گُر تے پائِیا
میرا منُ تنُ لیِنی ॥

ਧਨੁ ਧਨੁ ਗੁਰੁ ਸਤ ਪੁਰਖੁ ਹੈ

دھنُ دھنُ گُرُ ست پُرکھُ ہے

ਜਿਨਿ ਭਗਤਿ ਹਰਿ ਦੀਨੀ ॥	جِنِ بھگتِ ہرِ دینی ॥
ਜਿਸੁ ਗੁਰ ਤੇ ਹਰਿ ਪਾਇਆ ਸੋ ਗੁਰੁ ਹਮ ਕੀਨੀ ॥੨॥	جِسُ گُر تے ہرِ پائیا سو گُرُ ہم کِینی ॥2॥
ਗੁਣਦਾਤਾ ਹਰਿ ਰਾਇ ਹੈ ਹਮ ਅਵਗਣਿਆਰੇ ॥	گُنڈاتا ہرِ راءِ ہے ہم اوگُنِیارے ॥
ਪਾਪੀ ਪਾਥਰ ਡੂਬਦੇ ਗੁਰਮਤਿ ਹਰਿ ਤਾਰੇ ॥	پاپی پاتھر ڈُوبدے گُرمتِ ہرِ تارے ॥
ਤੂੰ ਗੁਣਦਾਤਾ ਨਿਰਮਲਾ ਹਮ ਅਵਗਣਿਆਰੇ ॥	توُنّ گُنڈاتا نِرملا ہم اوگُنِیارے ॥
ਹਰਿ ਸਰਣਾਗਤਿ ਰਾਖਿ ਲੇਹੁ ਮੂੜ ਮੁਗਧ ਨਿਸਤਾਰੇ ॥੩॥	ہرِ سرٹاگتِ راکھِ لیہُ موُڑ مُگدھ نِستارے ॥3॥
ਸਹਜੁ ਅਨੰਦੁ ਸਦਾ ਗੁਰਮਤੀ ਹਰਿ ਹਰਿ ਮਨਿ ਧਿਆਇਆ ॥	سہجُ اننْدُ سدا گُرمتی ہرِ ہرِ منِ دھیائیا ॥
ਸਜਣੁ ਹਰਿ ਪ੍ਰਭੁ ਪਾਇਆ ਘਰਿ ਸੋਹਿਲਾ ਗਾਇਆ ॥	سجنُ ہرِ پربھُ پائیا گھرِ سوہِلا گائیا ॥
ਹਰਿ ਦਇਆ ਧਾਰਿ ਪ੍ਰਭ ਬੇਨਤੀ ਹਰਿ ਹਰਿ ਚੇਤਾਇਆ ॥	ہرِ دئیا دھارِ پربھ بینتی ہرِ ہرِ چیتائیا ॥
ਜਨ ਨਾਨਕੁ ਮੰਗੈ ਧੂੜਿ ਤਿਨ ਜਿਨ ਸਤਿਗੁਰੁ ਪਾਇਆ ॥੪॥੪॥੧੮॥੩੮॥	جن نانکُ منگےَ دھوُڑِ تِن جِن ستِگُر پائیا ॥4॥4॥ 18 ॥ 38 ॥
ਗਉੜੀ ਗੁਆਰੇਰੀ ਮਹਲਾ ੪ ਚਉਥਾ ਚਉਪਦੇ	گُڑی گُیاریری محلا 4 چنُتھا چنُپدے
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرسادِ ॥
ਪੰਡਿਤੁ ਸਾਸਤ ਸਿਮ੍ਰਿਤਿ ਪੜਿਆ ॥	پنّڈِتُ ساست سِمرِتِ پڑِیا ॥
ਜੋਗੀ ਗੋਰਖੁ ਗੋਰਖੁ ਕਰਿਆ ॥	جوگی گورکھُ گورکھُ کرِیا ॥
ਮੈ ਮੂਰਖ ਹਰਿ ਹਰਿ ਜਪੁ ਪੜਿਆ ॥੧॥	مےَ موُرکھ ہرِ ہرِ جپُ پڑِیا ॥1॥

ਨਾ ਜਾਨਾ ਕਿਆ ਗਤਿ ਰਾਮ ਹਮਾਰੀ ॥	نا جانا کِیا گتِ رام ہماری ۔ ॥
ਹਰਿ ਭਜੁ ਮਨ ਮੇਰੇ ਤਰੁ ਭਉਜਲੁ ਤੂ ਤਾਰੀ ॥੧॥ ਰਹਾਉ ॥	ہرِ بھجُ من میرے ترُ بھجُّلُ توُ تاری ॥1॥ رہاءُ ॥
ਸੰਨਿਆਸੀ ਬਿਭੂਤ ਲਾਇ ਦੇਹ ਸਵਾਰੀ ॥	سنّیاسی بِبھوُت لاءِ دیہ سواری ॥
ਪਰ ਤ੍ਰਿਅ ਤਿਆਗੁ ਕਰੀ ਬ੍ਰਹਮਚਾਰੀ ॥	پر تّرِءِ تیاگ کری برّہمچاری ॥
ਮੈ ਮੂਰਖ ਹਰਿ ਆਸ ਤੁਮਾਰੀ ॥੨॥	مے مُورکھ ہرِ آس تُماری ॥2॥
ਖਤ੍ਰੀ ਕਰਮ ਕਰੇ ਸੂਰਤਣੁ ਪਾਵੈ ॥	کھتّری کرم کرے سوُرتنُ پاوے ॥
ਸੂਦੁ ਵੈਸੁ ਪਰ ਕਿਰਤਿ ਕਮਾਵੈ ॥	سوُدُ ویَس پر کِرتِ کماوے ॥
ਮੈ ਮੂਰਖ ਹਰਿ ਨਾਮੁ ਛਡਾਵੈ ॥੩॥	مے مُورکھ ہرِ نامُ چھڈاوے ॥3॥
ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ ॥	سبھ تیری سّرِسٹِ توُنَ آپِ رہِیا سمائی ॥
ਗੁਰਮੁਖਿ ਨਾਨਕ ਦੇ ਵਡਿਆਈ ॥	گُرمُکھِ نانک دے وڈِیائی ॥
ਮੈ ਅੰਧੁਲੇ ਹਰਿ ਟੇਕ ਟਿਕਾਈ ॥੪॥੧॥੩੯॥	مے اندھُلے ہرِ ٹیک ٹِکائی ॥4॥1॥ 39 ॥
ਗਉੜੀ ਗੁਆਰੇਰੀ ਮਹਲਾ ੪ ॥	گئوڑی گُیاریری محلا 4 ॥
ਨਿਰਗੁਣ ਕਥਾ ਕਥਾ ਹੈ ਹਰਿ ਕੀ ॥	نِرگُنْ کتھا کتھا ہے ہرِ کی ॥
ਭਜੁ ਮਿਲਿ ਸਾਧੂ ਸੰਗਤਿ ਜਨ ਕੀ ॥	بھجُ مِلِ سادھوُ سنگتِ جن کی ॥
ਤਰੁ ਭਉਜਲੁ ਅਕਥ ਕਥਾ ਸੁਨਿ ਹਰਿ ਕੀ ॥੧॥	ترُ بھجُّلُ اکتھ کتھا سُنِ ہرِ کی ॥1॥
ਗੋਬਿੰਦ ਸਤਸੰਗਤਿ ਮੇਲਾਇ ॥	گوبِندَ ستسنگتِ میلاءِ ॥
ਹਰਿ ਰਸੁ ਰਸਨਾ ਰਾਮ ਗੁਨ ਗਾਇ ॥੧॥ ਰਹਾਉ ॥	ہرِ رسُ رسنا رام گُن گاءِ ॥1॥ رہاءُ ॥
ਜੋ ਜਨ ਧਿਆਵਹਿ ਹਰਿ ਹਰਿ ਨਾਮਾ ॥	جو جن دھیاوہِ ہرِ ہرِ ناما ॥
ਤਿਨ ਦਾਸਨਿ ਦਾਸ ਕਰਹੁ ਹਮ ਰਾਮਾ ॥	تِن داسنِ داس کرہُ ہم راما ۔ ॥
ਜਨ ਕੀ ਸੇਵਾ ਉਤਮ ਕਾਮਾ ॥੨॥	جن کی سیوا اُتم کاما ॥2॥
ਜੋ ਹਰਿ ਕੀ ਹਰਿ ਕਥਾ ਸੁਣਾਵੈ ॥	جو ہرِ کی ہرِ کتھا سُناوے ॥
ਸੋ ਜਨੁ ਹਮਰੈ ਮਨਿ ਚਿਤਿ ਭਾਵੈ ॥	سو جنُ ہمرے مَنِ چِتِ بھاوے ॥

ਜਨ ਪਗ ਰੇਣੁ ਵਡਭਾਗੀ ਪਾਵੈ ॥੩॥

جن پگ ریُنُ وڈبھاگی پاوے ॥3॥

ਸੰਤ ਜਨ ਸਿਉ ਪ੍ਰੀਤਿ ਬਨਿ ਆਈ ॥

سنّت جن سِءُ پّریتِ بنِ آئی ॥

ਜਿਨ ਕਉ ਲਿਖਤੁ ਲਿਖਿਆ ਧੁਰਿ ਪਾਈ ॥

جِن کءُ لِکھتُ لِکھیا دھُرِ پائی ॥

ਤੇ ਜਨ ਨਾਨਕ ਨਾਮਿ ਸਮਾਈ ॥੪॥੨॥੪੦॥

تے جن نانک نامِ سمائی ॥4॥2॥ 40 ॥

ਗਉੜੀ ਗੁਆਰੇਰੀ ਮਹਲਾ ੪ ॥

گئڑی گُیاریری محلا 4 ॥

ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥

ماتا پّریتِ کرے پُتُ کھاءِ ॥

ਮੀਨੇ ਪ੍ਰੀਤਿ ਭਈ ਜਲਿ ਨਾਇ ॥

مِینے پّریتِ بھئی جلِ ناءِ ॥

ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥੧॥

ستِگُر پّریتِ گُرسِکھ مُکھِ پاءِ ॥1॥

ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ ॥

تے ہرِ جن ہرِ میلہُ ہم پِیارے ॥

ਜਿਨ ਮਿਲਿਆ ਦੁਖ ਜਾਹਿ ਹਮਾਰੇ ॥੧॥ ਰਹਾਉ ॥

جِن مِلیا دُکھ جاہِ ہمارے ॥1॥ رہاءُ ॥

ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ ॥

جِءُ مِلِ بچھرے گئوُ پّریتِ لگاوے ॥

ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ ॥

کامنِ پّریتِ جا پِرُ گھرِ آوے ॥

ਹਰਿ ਜਨ ਪ੍ਰੀਤਿ ਜਾ ਹਰਿ ਜਸੁ ਗਾਵੈ ॥੨॥

ہرِ جن پّریتِ جا ہرِ جسُ گاوے ॥2॥

ਸਾਰਿੰਗ ਪ੍ਰੀਤਿ ਬਸੈ ਜਲ ਧਾਰਾ ॥

سارِنگ پّریتِ بسے جل دھارا ॥

ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ ॥

نرپتِ پّریتِ مائیا دیکھِ پسارا ॥

ਹਰਿ ਜਨ ਪ੍ਰੀਤਿ ਜਪੈ ਨਿਰੰਕਾਰਾ ॥੩॥

ہرِ جن پّریتِ جپے نِرنّکارا ॥3॥

ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ ॥

نر پّراٹی پّریتِ مائیا دھنُ کھاٹے ॥

ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ ॥

گُرسِکھ پّریتِ گُرُ مِلے گلاٹے ॥

ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ ॥੪॥੩॥੪੧॥

جن نانک پّریتِ سادھ پگ چاٹے ॥4॥3॥ 41 ॥

ਗਉੜੀ ਗੁਆਰੇਰੀ ਮਹਲਾ ੪ ॥

گئڑی گُیاریری محلا 4 ॥

ਭੀਖਕ ਪ੍ਰੀਤਿ ਭੀਖ ਪ੍ਰਭ ਪਾਇ ॥

بھِیکھک پّریتِ بھِیکھ پّربھ پاءِ ॥

ਭੂਖੇ ਪ੍ਰੀਤਿ ਹੋਵੈ ਅੰਨੁ ਖਾਇ ॥

بھوُکھے پّریتِ ہووے انّنُ کھاءِ ॥

ਗੁਰਸਿਖ ਪ੍ਰੀਤਿ ਗੁਰ ਮਿਲਿ ਆਘਾਇ ॥੧॥	گُرسِکھ پّریتِ گُر مِلِ آگھاءِ ॥1॥
ਹਰਿ ਦਰਸਨੁ ਦੇਹੁ ਹਰਿ ਆਸ ਤੁਮਾਰੀ ॥	ہرِ درسنُ دیہُ ہرِ آس تُماری ॥
ਕਰਿ ਕਿਰਪਾ ਲੋਚ ਪੂਰਿ ਹਮਾਰੀ ॥੧॥ ਰਹਾਉ ॥	کرِ کرِپا لوچ پوُرِ ہماری ॥1॥ رہاءُ ॥
ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ ॥	چکوی پّریتِ سوُرجُ مُکھِ لاگے ॥
ਮਿਲੈ ਪਿਆਰੇ ਸਭ ਦੁਖ ਤਿਆਗੈ ॥	مِلےَ پِیارے سبھ دُکھ تِیاگے ॥
ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਗੈ ॥੨॥	گُرسِکھ پّریتِ گُروُ مُکھِ لاگے ॥2॥
ਬਛਰੇ ਪ੍ਰੀਤਿ ਖੀਰੁ ਮੁਖਿ ਖਾਇ ॥	بچھرے پّریتِ کھیِرُ مُکھِ کھاءِ ॥
ਹਿਰਦੈ ਬਿਗਸੈ ਦੇਖੈ ਮਾਇ ॥	ہِردےَ بِگسےَ دیکھےَ ماءِ ॥
ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਇ ॥੩॥	گُرسِکھ پّریتِ گُروُ مُکھِ لاءِ ॥3॥
ਹੋਰੁ ਸਭ ਪ੍ਰੀਤਿ ਮਾਇਆ ਮੁਹੁ ਕਾਚਾ ॥	ہورُ سبھ پّریتِ مائیا مُہُ کاچا ॥
ਬਿਨਸਿ ਜਾਇ ਕੂਰਾ ਕਚੁ ਪਾਚਾ ॥	بِنسِ جاءِ کوُرا کچُ پاچا ॥
ਜਨ ਨਾਨਕ ਪ੍ਰੀਤਿ ਤ੍ਰਿਪਤਿ ਗੁਰੁ ਸਾਚਾ ॥੪॥੪॥੪੨॥	جن نانک پّریتِ تّرِپتِ گُرُ ساچا ॥4॥4॥ 42 ॥
ਗਉੜੀ ਗੁਆਰੇਰੀ ਮਹਲਾ ੪ ॥	گئوڑی گُیارےری محلا 4 ॥
ਸਤਿਗੁਰ ਸੇਵਾ ਸਫਲ ਹੈ ਬਣੀ ॥	ستِگُر سیوا سپھل ہےَ بنّی ॥
ਜਿਤੁ ਮਿਲਿ ਹਰਿ ਨਾਮੁ ਧਿਆਇਆ ਹਰਿ ਧਣੀ ॥	جِتُ مِلِ ہرِ نامُ دھیِائیا ہرِ دھنّی ॥
ਜਿਨ ਹਰਿ ਜਪਿਆ ਤਿਨ ਪੀਛੈ ਛੂਟੀ ਘਣੀ ॥੧॥	جِن ہرِ جپیا تِن پیچھےَ چھوُٹی گھنّی ॥1॥
ਗੁਰਸਿਖ ਹਰਿ ਬੋਲਹੁ ਮੇਰੇ ਭਾਈ ॥	گُرسِکھ ہرِبولہُ میرے بھائی ۔ ॥
ਹਰਿ ਬੋਲਤ ਸਭ ਪਾਪ ਲਹਿ ਜਾਈ ॥੧॥ ਰਹਾਉ ॥	ہرِبولت سبھ پاپ لہِ جائی ॥1॥ رہاءُ ॥
ਜਬ ਗੁਰੁ ਮਿਲਿਆ ਤਬ ਮਨੁ ਵਸਿ ਆਇਆ ॥	جب گُرُ مِلیا تب منُ وسِ آئیا ॥
ਧਾਵਤ ਪੰਚ ਰਹੇ ਹਰਿ ਧਿਆਇਆ ॥	دھاوت پنّچ رہے ہرِ دھیِائیا ॥
ਅਨਦਿਨੁ ਨਗਰੀ ਹਰਿ ਗੁਣ ਗਾਇਆ ॥੨॥	اندِنُ نگری ہرِ گُنؔ گائیا ॥2॥
ਸਤਿਗੁਰ ਪਗ ਧੂਰਿ ਜਿਨਾ ਮੁਖਿ ਲਾਈ ॥	ستِگُر پگ دھوُرِ جِنا مُکھِ لائی ॥

ਤਿਨ ਕੂੜ ਤਿਆਗੇ ਹਰਿ ਲਿਵ ਲਾਈ ॥	تِن کوڑ تیاگے ہرِ لِو لائی ॥
ਤੇ ਹਰਿ ਦਰਗਹ ਮੁਖ ਊਜਲ ਭਾਈ ॥੩॥	تے ہرِ درگہ مُکھ اوُجل بھائی ॥3॥
ਗੁਰੁ ਸੇਵਾ ਆਪਿ ਹਰਿ ਭਾਵੈ ॥	گُرُ سیوا آپِ ہرِ بھاوے ॥
ਕ੍ਰਿਸਨੁ ਬਲਭਦ੍ਰੁ ਗੁਰ ਪਗ ਲਗਿ ਧਿਆਵੈ ॥	کرِسنُ بلبھدّرُ گُر پگ لگِ دھیاوے ॥
ਨਾਨਕ ਗੁਰਮੁਖਿ ਹਰਿ ਆਪਿ ਤਰਾਵੈ ॥੪॥੫॥੪੩॥	نانک گُرمُکھِ ہرِ آپِ تراوے ॥4॥5॥ 43 ॥
ਗਉੜੀ ਗੁਆਰੇਰੀ ਮਹਲਾ ੪ ॥	گئڑی گُیارِیری محلا 4 ॥
ਹਰਿ ਆਪੇ ਜੋਗੀ ਡੰਡਾਧਾਰੀ ॥	ہرِ آپے جوگی ڈنڈادھاری ॥
ਹਰਿ ਆਪੇ ਰਵਿ ਰਹਿਆ ਬਨਵਾਰੀ ॥	ہرِ آپے روِ رہِیا بنواری ॥
ਹਰਿ ਆਪੇ ਤਪੁ ਤਾਪੈ ਲਾਇ ਤਾਰੀ ॥੧॥	ہرِ آپے تپُ تاپے لاءِ تاری ॥1॥
ਐਸਾ ਮੇਰਾ ਰਾਮੁ ਰਹਿਆ ਭਰਪੂਰਿ ॥	ایَسا میرا رامُ رہِیا بھرپوُرِ ॥
ਨਿਕਟਿ ਵਸੈ ਨਾਹੀ ਹਰਿ ਦੂਰਿ ॥੧॥ ਰਹਾਉ ॥	نِکٹِ وسے ناہی ہرِ دوُرِ ॥1॥ رہاءُ ॥
ਹਰਿ ਆਪੇ ਸਬਦੁ ਸੁਰਤਿ ਧੁਨਿ ਆਪੇ ॥	ہرِ آپے سبدُ سُرتِ دھُنِ آپے ॥
ਹਰਿ ਆਪੇ ਵੇਖੈ ਵਿਗਸੈ ਆਪੇ ॥	ہرِ آپے ویکھے وِگسے آپے ॥
ਹਰਿ ਆਪਿ ਜਪਾਇ ਆਪੇ ਹਰਿ ਜਾਪੇ ॥੨॥	ہرِ آپِ جپاءِ آپے ہرِ جاپے ॥2॥
ਹਰਿ ਆਪੇ ਸਾਰਿੰਗ ਅੰਮ੍ਰਿਤਧਾਰਾ ॥	ہرِ آپے سارنگ انمّرِتدھارا ॥
ਹਰਿ ਅੰਮ੍ਰਿਤੁ ਆਪਿ ਪੀਆਵਣਹਾਰਾ ॥	ہرِ انمّرِتُ آپِ پیِاوٹہارا ॥
ਹਰਿ ਆਪਿ ਕਰੇ ਆਪੇ ਨਿਸਤਾਰਾ ॥੩॥	ہرِ آپِ کرے آپے نِستارا ॥3॥
ਹਰਿ ਆਪੇ ਬੇੜੀ ਤੁਲਹਾ ਤਾਰਾ ॥	ہرِ آپے بیڑی ٹُلہا تارا ॥
ਹਰਿ ਆਪੇ ਗੁਰਮਤੀ ਨਿਸਤਾਰਾ ॥	ہرِ آپے گُرمتی نِستارا ॥
ਹਰਿ ਆਪੇ ਨਾਨਕ ਪਾਵੈ ਪਾਰਾ ॥੪॥੬॥੪੪॥	ہرِ آپے نانک پاوے پارا ॥4॥6॥ 44 ॥
ਗਉੜੀ ਬੈਰਾਗਣਿ ਮਹਲਾ ੪ ॥	گئڑی بیَراگنِ محلا 4 ॥
ਸਾਹੁ ਹਮਾਰਾ ਤੂੰ ਧਣੀ	ساہُ ہمارا توُنّ دھنّی
ਜੈਸੀ ਤੂੰ ਰਾਸਿ ਦੇਹਿ ਤੈਸੀ ਹਮ ਲੇਹਿ ॥	جیَسی توُنّ راسِ دیہِ تیَسی ہم لیہِ ॥

ਹਰਿ ਨਾਮੁ ਵਣੰਜਹ ਰੰਗ ਸਿਉ
ਜੇ ਆਪਿ ਦਇਆਲੁ ਹੋਇ ਦੇਹਿ ॥੧॥

ہرِ نامُ وٹنجہ رنگ سِ ءُ
جے آپِ دئیالُ ہوءِ دیہِ ॥1॥

ਹਮ ਵਣਜਾਰੇ ਰਾਮ ਕੇ ॥

ہم وٹنجارے رام کے ॥

ਹਰਿ ਵਣਜੁ ਕਰਾਵੈ ਦੇ ਰਾਸਿ ਰੇ ॥੧॥ ਰਹਾਉ ॥

ہرِ وٹنجُ کراوےَ دے راسِ رے ॥1॥ رہاءُ ॥

ਲਾਹਾ ਹਰਿ ਭਗਤਿ ਧਨੁ ਖਟਿਆ
ਹਰਿ ਸਚੇ ਸਾਹ ਮਨਿ ਭਾਇਆ ॥

لاہا ہرِ بھگتِ دھنُ کھٹیا
ہرِ سچے ساہ منِ بھائیا ॥

ਹਰਿ ਜਪਿ ਹਰਿ ਵਖਰੁ ਲਦਿਆ
ਜਮੁ ਜਾਗਾਤੀ ਨੇੜਿ ਨ ਆਇਆ ॥੨॥

ہرِ جپِ ہرِ وکھرُ لدِیا
جمُ جاگاتی نیڑِ ن آئیا ॥2॥

ਹੋਰੁ ਵਣਜੁ ਕਰਹਿ ਵਾਪਾਰੀਏ
ਅਨੰਤੁ ਤਰੰਗੀ ਦੁਖੁ ਮਾਇਆ ॥

ہورُ وٹنجُ کرہِ واپارِیے
اننتُ ترنگی دُکھُ مائیا ॥

ਓਇ ਜੇਹੈ ਵਣਜਿ ਹਰਿ ਲਾਇਆ
ਫਲੁ ਤੇਹਾ ਤਿਨ ਪਾਇਆ ॥੩॥

اوءِ جیہے وٹنجِ ہرِ لائیا
پھلُ تیہا تِن پائیا ॥3॥

ਹਰਿ ਹਰਿ ਵਣਜੁ ਸੋ ਜਨੁ ਕਰੇ
ਜਿਸੁ ਕ੍ਰਿਪਾਲੁ ਹੋਇ ਪ੍ਰਭੁ ਦੇਈ ॥

ہرِ ہرِ وٹنجُ سو جنُ کرے
جِسُ کرپالُ ہوءِ پربھُ دیئی ॥

ਜਨ ਨਾਨਕ ਸਾਹੁ ਹਰਿ ਸੇਵਿਆ
ਫਿਰਿ ਲੇਖਾ ਮੂਲਿ ਨ ਲੇਈ ॥੪॥੧॥੭॥੪੫॥

جن نانک ساہُ ہرِ سیویا
پھِرِ لیکھا مولِ ن لیئی ॥4॥1॥7॥ 45 ॥

ਗਉੜੀ ਬੈਰਾਗਣਿ ਮਹਲਾ ੪ ॥

گئڑی بیراگنِ محلا 4 ॥

ਜਿਉ ਜਨਨੀ ਗਰਭੁ ਪਾਲਤੀ
ਸੁਤ ਕੀ ਕਰਿ ਆਸਾ ॥

جِءُ جننی گربھُ پالتی
سُت کی کرِ آسا ॥

ਵਡਾ ਹੋਇ ਧਨੁ ਖਾਟਿ ਦੇਇ
ਕਰਿ ਭੋਗ ਬਿਲਾਸਾ ॥

وڈا ہوءِ دھنُ کھاٹِ دےءِ
کرِ بھوگ بِلاسا ॥

ਤਿਉ ਹਰਿ ਜਨ ਪ੍ਰੀਤਿ ਹਰਿ ਰਾਖਦਾ
ਦੇ ਆਪਿ ਹਥਾਸਾ ॥੧॥

تِءُ ہرِ جن پریتِ ہرِ راکھدا
دے آپِ ہتھاسا ॥1॥

ਮੇਰੇ ਰਾਮ ਮੈ ਮੂਰਖ
ਹਰਿ ਰਾਖੁ ਮੇਰੇ ਗੁਸਈਆ ॥

میرے رام مےَ مورکھ
ہرِ راکھُ میرے گُسئیا ۔ ॥

ਜਨ ਕੀ ਉਪਮਾ ਤੁਝਹਿ ਵਡਈਆ ॥੧॥ ਰਹਾਉ ॥

جن کی اُپما تُجھہِ وڈئیا ॥1॥ رہاءُ ॥

ਮੰਦਰਿ ਘਰਿ ਆਨੰਦੁ ਹਰਿ
ਹਰਿ ਜਸੁ ਮਨਿ ਭਾਵੈ ॥

مندَرِ گھرِ آنندُ ہرِ
ہرِ جسُ منِ بھاوےَ ॥

ਸਭ ਰਸ ਮੀਠੇ ਮੁਖਿ ਲਗਹਿ
ਜਾ ਹਰਿ ਗੁਣ ਗਾਵੈ ॥

سبھ رس میٹھے مُکھِ لگہِ
جا ہرِ گُنؤ گاوےَ ॥

ਹਰਿ ਜਨੁ ਪਰਵਾਰੁ ਸਧਾਰੁ ਹੈ
ਇਕੀਹ ਕੁਲੀ ਸਭੁ ਜਗਤੁ ਛਡਾਵੈ ॥੨॥

ہرِ جنُ پروارُ سدھارُ ہےَ
اِکیہ کُلی سبھُ جگتُ چھڈاوےَ ॥2॥

ਜੋ ਕਿਛੁ ਕੀਆ ਸੋ ਹਰਿ ਕੀਆ
ਹਰਿ ਕੀ ਵਡਿਆਈ ॥

جو کِچھُ کِیا سو ہرِ کِیا
ہرِ کی وڈِیائی ॥

ਹਰਿ ਜੀਅ ਤੇਰੇ ਤੂੰ ਵਰਤਦਾ
ਹਰਿ ਪੂਜ ਕਰਾਈ ॥

ہرِ جیء تیرے توُنّ ورتدا
ہرِ پوُج کرائی ॥

ਹਰਿ ਭਗਤਿ ਭੰਡਾਰ ਲਹਾਇਦਾ
ਆਪੇ ਵਰਤਾਈ ॥੩॥

ہرِ بھگتِ بھنڈار لہائِدا
آپے ورتائی ॥3॥

ਲਾਲਾ ਹਾਟਿ ਵਿਹਾਝਿਆ
ਕਿਆ ਤਿਸੁ ਚਤੁਰਾਈ ॥

لالا ہاٹِ وِہاجھِیا
کِیا تِسُ چترُائی ۔ ॥

ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ
ਘਾਸੀ ਕਉ ਹਰਿ ਨਾਮੁ ਕਢਾਈ ॥

جے راجِ بہالے تا ہرِ غُلامُ
گھاسی کءُ ہرِ نامُ کڈھائی ॥

ਜਨੁ ਨਾਨਕੁ ਹਰਿ ਕਾ ਦਾਸੁ ਹੈ
ਹਰਿ ਕੀ ਵਡਿਆਈ ॥੪॥੨॥੮॥੪੬॥

جنُ نانکُ ہرِ کا داسُ ہےَ
ہرِ کی وڈِیائی ॥4॥2॥8॥ 46 ॥

ਗਉੜੀ ਗੁਆਰੇਰੀ ਮਹਲਾ ੪ ॥

گئڑی گُیارِیری محلا 4 ॥

ਕਿਰਸਾਣੀ ਕਿਰਸਾਣੁ ਕਰੇ
ਲੋਚੈ ਜੀਉ ਲਾਇ ॥

کِرسانیٔ کِرسانُ کرے
لوچےَ جیِءُ لاءِ ॥

ਹਲੁ ਜੋਤੈ ਉਦਮੁ ਕਰੇ
ਮੇਰਾ ਪੁਤੁ ਧੀ ਖਾਇ ॥

ہلُ جوتےَ اُدمُ کرے
میرا پُتُ دھی کھاءِ ॥

ਤਿਉ ਹਰਿ ਜਨੁ ਹਰਿ ਹਰਿ ਜਪੁ ਕਰੇ

تِءُ ہرِ جنُ ہرِ ہرِ جپُ کرے

ਹਰਿ ਅੰਤਿ ਛਡਾਇ ॥੧॥	ہرِ انّتِ چھڈاءِ ॥1॥
ਮੈ ਮੂਰਖ ਕੀ ਗਤਿ ਕੀਜੈ ਮੇਰੇ ਰਾਮ ॥	مے مُورکھ کی گتِ کیجے میرے رام ۔ ॥
ਗੁਰ ਸਤਿਗੁਰ ਸੇਵਾ ਹਰਿ ਲਾਇ ਹਮ ਕਾਮ ॥੧॥ ਰਹਾਉ ॥	گُر ستِگُر سیوا ہرِ لاءِ ہم کام ॥1॥ رہاءُ ॥
ਲੈ ਤੁਰੇ ਸਉਦਾਗਰੀ ਸਉਦਾਗਰੁ ਧਾਵੈ ॥	لے تُرے سئُداگری سئُداگرُ دھاوے ॥
ਧਨੁ ਖਟੈ ਆਸਾ ਕਰੈ ਮਾਇਆ ਮੋਹੁ ਵਧਾਵੈ ॥	دھنُ کھٹے آسا کرے مائیا موہُ ودھاوے ॥
ਤਿਉ ਹਰਿ ਜਨੁ ਹਰਿ ਹਰਿ ਬੋਲਤਾ ਹਰਿ ਬੋਲਿ ਸੁਖੁ ਪਾਵੈ ॥੨॥	تِءُ ہرِ جنُ ہرِ ہرِ بولتا ہرِ بولِ سُکھُ پاوے ॥2॥
ਬਿਖੁ ਸੰਚੈ ਹਟਵਾਣੀਆ ਬਹਿ ਹਾਟਿ ਕਮਾਇ ॥	بِکھُ سنچّے ہٹواٹیا بہِ ہاٹِ کماءِ ॥
ਮੋਹ ਝੂਠੁ ਪਸਾਰਾ ਝੂਠ ਕਾ ਝੂਠੇ ਲਪਟਾਇ ॥	موہ جھوُٹھُ پسارا جھوُٹھ کا جھوُٹھے لپٹاءِ ॥
ਤਿਉ ਹਰਿ ਜਨਿ ਹਰਿ ਧਨੁ ਸੰਚਿਆ ਹਰਿ ਖਰਚੁ ਲੈ ਜਾਇ ॥੩॥	تِءُ ہرِ جنِ ہرِ دھنُ سنچّیا ہرِ کھرچُ لے جاءِ ॥3॥
ਇਹੁ ਮਾਇਆ ਮੋਹ ਕੁਟੰਬੁ ਹੈ ਭਾਇ ਦੂਜੈ ਫਾਸ ॥	اِہُ مائیا موہ کُٹنّبُ ہے بھاءِ دوُجے پھاس ॥
ਗੁਰਮਤੀ ਸੋ ਜਨੁ ਤਰੈ ਜੋ ਦਾਸਨਿ ਦਾਸ ॥	گُرمتی سو جنُ ترے جو داسنِ داس ॥
ਜਨਿ ਨਾਨਕਿ ਨਾਮੁ ਧਿਆਇਆ ਗੁਰਮੁਖਿ ਪਰਗਾਸ ॥੪॥੩॥੯॥੪੭॥	جنِ نانکِ نامُ دھیائیا گُرمُکھِ پرگاس ॥4॥3॥9॥ 47 ॥
ਗਉੜੀ ਬੈਰਾਗਣਿ ਮਹਲਾ ੪ ॥	گئڑی بیراگنِ محلا 4 ॥
ਨਿਤ ਦਿਨਸੁ ਰਾਤਿ ਲਾਲਚੁ ਕਰੇ	نِت دِنسُ راتِ لالچُ کرے

ਭਰਮੈ ਭਰਮਾਇਆ ॥

بھرمے بھرمائیا ॥

ਵੇਗਾਰਿ ਫਿਰੈ ਵੇਗਾਰੀਆ
ਸਿਰਿ ਭਾਰੁ ਉਠਾਇਆ ॥

ویگارِ پھرے ویگاریا
سِرِ بھارُ اُٹھائیا ॥

ਜੋ ਗੁਰ ਕੀ ਜਨੁ ਸੇਵਾ ਕਰੇ
ਸੋ ਘਰ ਕੈ ਕੰਮਿ ਹਰਿ ਲਾਇਆ ॥੧॥

جو گُر کی جنُ سیوا کرے
سو گھر کے کنّمِ ہرِ لائیا ॥1॥

ਮੇਰੇ ਰਾਮ ਤੋੜਿ ਬੰਧਨ ਮਾਇਆ
ਘਰ ਕੈ ਕੰਮਿ ਲਾਇ ॥

میرے رام توڑِ بندھن مائیا
گھر کے کنّمِ لائِ ॥

ਨਿਤ ਹਰਿ ਗੁਣ ਗਾਵਹ
ਹਰਿ ਨਾਮਿ ਸਮਾਇ ॥੧॥ ਰਹਾਉ ॥

نِت ہرِ گُنؤ گاوہ
ہرِ نامِ سماءِ ॥1॥ رہاءُ ॥

ਨਰੁ ਪ੍ਰਾਣੀ ਚਾਕਰੀ ਕਰੇ
ਨਰਪਤਿ ਰਾਜੇ ਅਰਥਿ ਸਭ ਮਾਇਆ ॥

نرُ پرّانی چاکری کرے
نرپتِ راجے ارتھِ سبھ مائیا ॥

ਕੈ ਬੰਧੈ ਕੈ ਡਾਨਿ ਲੇਇ
ਕੈ ਨਰਪਤਿ ਮਰਿ ਜਾਇਆ ॥

کے بندھے کے ڈانِ لےءِ
کے نرپتِ مرِ جائیا ॥

ਧੰਨੁ ਧਨੁ ਸੇਵਾ ਸਫਲ ਸਤਿਗੁਰੂ ਕੀ
ਜਿਤੁ ਹਰਿ ਹਰਿ ਨਾਮੁ ਜਪਿ ਹਰਿ ਸੁਖੁ ਪਾਇਆ ॥੨॥

دھنّنُ دھنُ سیوا سپھل ستِگُرو کی
جِتُ ہرِ ہرِ نامُ جپِ ہرِ سُکھُ پائیا ॥2॥

ਨਿਤ ਸਉਦਾ ਸੂਦੁ ਕੀਚੈ ਬਹੁ ਭਾਤਿ ਕਰਿ
ਮਾਇਆ ਕੈ ਤਾਈ ॥

نِت سئدا سوُدُ کیچے بہُ بھاتِ کرِ
مائیا کے تائی ॥

ਜਾ ਲਾਹਾ ਦੇਇ ਤਾ ਸੁਖੁ ਮਨੇ
ਤੋਟੈ ਮਰਿ ਜਾਈ ॥

جا لاہا دےءِ تا سُکھُ منے
توٹے مرِ جائی ॥

ਜੋ ਗੁਣ ਸਾਝੀ ਗੁਰ ਸਿਉ ਕਰੇ
ਨਿਤ ਨਿਤ ਸੁਖੁ ਪਾਈ ॥੩॥

جو گُنؤ ساجھی گُر سِءُ کرے
نِت نِت سُکھُ پائی ॥3॥

ਜਿਤਨੀ ਭੂਖ ਅਨ ਰਸ ਸਾਦ ਹੈ
ਤਿਤਨੀ ਭੂਖ ਫਿਰਿ ਲਾਗੈ ॥

جِتنی بھوُکھ ان رس ساد ہے
تِتنی بھوُکھ پھِرِ لاگے ॥

ਜਿਸੁ ਹਰਿ ਆਪਿ ਕ੍ਰਿਪਾ ਕਰੇ
ਸੋ ਵੇਚੇ ਸਿਰੁ ਗੁਰ ਆਗੈ ॥

جِسُ ہرِ آپِ کرِپا کرے
سو ویچے سِرُ گُر آگے ॥

ਜਨ ਨਾਨਕ ਹਰਿ ਰਸਿ ਤ੍ਰਿਪਤਿਆ
ਫਿਰਿ ਭੂਖ ਨ ਲਾਗੈ ॥੪॥੪॥੧੦॥੪੮॥

جن نانک ہرِ رسِ ترِپتیا
پھِرِ بھوُکھ ن لاگے ॥4॥4॥ 10 ॥ 48 ॥

ਗਉੜੀ ਬੈਰਾਗਣਿ ਮਹਲਾ ੪ ॥

گئڑی بیَراگنِ محلا 4 ॥

ਹਮਰੈ ਮਨਿ ਚਿਤਿ ਹਰਿ ਆਸ ਨਿਤ
ਕਿਉ ਦੇਖਾ ਹਰਿ ਦਰਸੁ ਤੁਮਾਰਾ ॥

ہمرے مَنِ چِتِ ہرِ آس نِت
کِءُ دیکھا ہرِ درسُ تُمارا ॥

ਜਿਨਿ ਪ੍ਰੀਤਿ ਲਾਈ ਸੋ ਜਾਣਤਾ
ਹਮਰੈ ਮਨਿ ਚਿਤਿ ਹਰਿ ਬਹੁਤੁ ਪਿਆਰਾ ॥

جِنِ پریِت لائی سو جانتا
ہمرے مَنِ چِتِ ہرِ بہُتُ پیارا ॥

ਹਉ ਕੁਰਬਾਨੀ ਗੁਰ ਆਪਣੇ
ਜਿਨਿ ਵਿਛੁੜਿਆ ਮੇਲਿਆ ਮੇਰਾ ਸਿਰਜਨਹਾਰਾ ॥੧॥

ہءُ قُربانی گُر آپنے
جِنِ وِچھُڑیا میلیا میرا سِرجنہارا ॥1॥

ਮੇਰੇ ਰਾਮ ਹਮ ਪਾਪੀ
ਸਰਣਿ ਪਰੇ ਹਰਿ ਦੁਆਰਿ ॥

میرے رام ہم پاپی
سرنِ پرے ہرِ دُیارِ ॥

ਮਤੁ ਨਿਰਗੁਣ ਹਮ ਮੇਲੈ
ਕਬਹੂੰ ਅਪੁਨੀ ਕਿਰਪਾ ਧਾਰਿ ॥੧॥ ਰਹਾਉ ॥

مت نِرگُنُ ہم میلےَ
کبہوُنّ اپُنی کِرپا دھارِ ॥1॥ رہاءُ ॥

ਹਮਰੇ ਅਵਗੁਣ ਬਹੁਤੁ ਬਹੁਤੁ ਹੈ
ਬਹੁ ਬਾਰ ਬਾਰ ਹਰਿ ਗਣਤ ਨ ਆਵੈ ॥

ہمرے اوگُنُ بہُتُ بہُتُ ہےَ
بہُ بار بار ہرِ گنُت ن آوےَ ॥

ਤੂੰ ਗੁਣਵੰਤਾ ਹਰਿ ਹਰਿ ਦਇਆਲੁ
ਹਰਿ ਆਪੇ ਬਖਸਿ ਲੈਹਿ ਹਰਿ ਭਾਵੈ ॥

توُنّ گُنُونتا ہرِ ہرِ دئیالُ
ہرِ آپے بخشِ لیہِ ہرِ بھاوےَ ॥

ਹਮ ਅਪਰਾਧੀ ਰਾਖੇ ਗੁਰ ਸੰਗਤੀ
ਉਪਦੇਸੁ ਦੀਓ ਹਰਿ ਨਾਮੁ ਛਡਾਵੈ ॥੨॥

ہم اپرادھی راکھے گُر سنگتی
اُپدیسُ دیئو ہرِ نامُ چھڈاوےَ ॥2॥

ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ
ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ ॥

تُمرے گُنُ کِیا کہا میرے ستِگُرا
جب گُرُ بولہ تب بِسمُ ہوءِ جاءِ ॥

ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ
ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ ॥

ہم جیَسے اپرادھی اورُ کوئی راکھےَ
جیَسے ہم ستِگُرِ راکھِ لیئے چھڈاءِ ॥

ਤੂੰ ਗੁਰੁ ਪਿਤਾ ਤੂੰਹੈ ਗੁਰੁ ਮਾਤਾ
ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ ॥੩॥

توُنّ گُرُ پِتا توُنہےَ گُرُ ماتا
توُنّ گُرُ بندھپُ میرا سکھا سکھاءِ ॥3॥

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ
ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥

جو ہمری بِدھِ ہوتی میرے ستِگُرا
سا بِدھِ تُم ہرِ جانُہ آپے ॥

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥

ہم رُلتے پھِرتے کوئی بات ن پُوچھتا
گُر ستِگُر سنگِ کِیرے ہم تھاپے ॥

ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ
ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥੪॥੫॥੧੧॥੪੯॥

دھنّنُ دھنّنُ گُرُو نانک جن کیرا
جِتُ مِلِےَ چُوکے سبھِ سوگ سنّتاپے ॥4॥5॥ 11 ॥ 49 ॥

ਗਉੜੀ ਬੈਰਾਗਣਿ ਮਹਲਾ ੪ ॥

گئُڑی بیَراگنِ محلا 4 ॥

ਕੰਚਨ ਨਾਰੀ ਮਹਿ ਜੀਉ ਲੁਭਤੁ ਹੈ
ਮੋਹੁ ਮੀਠਾ ਮਾਇਆ ॥

کنّچن ناری مہِ جیِءُ لُبھتُ ہےَ
موہُ میٹھا مائیا ॥

ਘਰ ਮੰਦਰ ਘੋੜੇ ਖੁਸੀ
ਮਨੁ ਅਨ ਰਸਿ ਲਾਇਆ ॥

گھر منّدر گھوڑے خُشی
منُ ان رسِ لائیا ॥

ਹਰਿ ਪ੍ਰਭੁ ਚਿਤਿ ਨ ਆਵਈ
ਕਿਉ ਛੁਟਾ ਮੇਰੇ ਹਰਿ ਰਾਇਆ ॥੧॥

ہرِ پربھُ چِتِ ن آوئی
کِءُ چھُٹا میرے ہرِ رائیا ۔ ॥1॥

ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ ॥

میرے رام اِہ نیچ کرم ہرِ میرے ॥

ਗੁਣਵੰਤਾ ਹਰਿ ਹਰਿ ਦਇਆਲੁ
ਕਰਿ ਕਿਰਪਾ ਬਖਸਿ ਅਵਗਣ ਸਭਿ ਮੇਰੇ ॥੧॥ ਰਹਾਉ ॥

گُنّونتا ہرِ ہرِ دئیالُ
کرِ کرِپا بخشِ اوگُن سبھِ میرے ॥1॥ رہاءُ ॥

ਕਿਛੁ ਰੂਪੁ ਨਹੀ ਕਿਛੁ ਜਾਤਿ ਨਾਹੀ
ਕਿਛੁ ਢੰਗੁ ਨ ਮੇਰਾ ॥

کِچھُ روُپُ نہی کِچھُ زاتِ ناہی
کِچھُ ڈھنگُ ن میرا ॥

ਕਿਆ ਮੁਹੁ ਲੈ ਬੋਲਹ ਗੁਣ ਬਿਹੂਨ
ਨਾਮੁ ਜਪਿਆ ਨ ਤੇਰਾ ॥

کِیا مُہُ لے بولہ گُن بِہوُن
نامُ جپیا ن تیرا ॥

ਹਮ ਪਾਪੀ ਸੰਗਿ ਗੁਰ ਉਬਰੇ
ਪੁੰਨੁ ਸਤਿਗੁਰ ਕੇਰਾ ॥੨॥

ہم پاپی سنگِ گُر اُبرے
پُنّنُ ستِگُر کیرا ॥2॥

ਸਭੁ ਜੀਉ ਪਿੰਡੁ ਮੁਖੁ ਨਕੁ ਦੀਆ
ਵਰਤਣ ਕਉ ਪਾਣੀ ॥

سبھُ جیِءُ پِنّڈُ مُکھُ نکُ دیِیا
ورتّن کءُ پانّی ॥

ਅੰਨੁ ਖਾਣਾ ਕਪੜੁ ਪੈਨਣੁ ਦੀਆ

انّنُ کھاٹا کپڑُ پیَنّنُ دیِیا

ਰਸ ਅਨਿ ਭੋਗਾਣੀ ॥	رس انِ بھوگانٹی ॥
ਜਿਨਿ ਦੀਏ ਸੁ ਚਿਤਿ ਨ ਆਵਈ ਪਸੂ ਹਉ ਕਰਿ ਜਾਣੀ ॥੩॥	جِنِ دیے سُ چِتِ ن آوئی پسوُ ہءُ کرِ جانٹی ॥3॥
ਸਭੁ ਕੀਤਾ ਤੇਰਾ ਵਰਤਦਾ ਤੂੰ ਅੰਤਰਜਾਮੀ ॥	سبھُ کِیتا تیرا ورتدا توُنّ انترجامی ॥
ਹਮ ਜੰਤ ਵਿਚਾਰੇ ਕਿਆ ਕਰਹ ਸਭੁ ਖੇਲੁ ਤੁਮ ਸੁਆਮੀ ॥	ہم جنّت وِچارے کِیا کرہ سبھُ کھیلُ تُم سُیامی ۔ ॥
ਜਨੁ ਨਾਨਕੁ ਹਾਟਿ ਵਿਹਾਝਿਆ ਹਰਿ ਗੁਲਮ ਗੁਲਾਮੀ ॥੪॥੬॥੧੨॥੫੦॥	جنُ نانکُ ہاٹِ وِہاجھیا ہرِ گُلم غُلامی ॥4॥6॥ 12 ॥ 50 ॥
ਗਉੜੀ ਬੈਰਾਗਣਿ ਮਹਲਾ ੪ ॥	گئڑی بیراگنِ محلا 4 ॥
ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ ॥	جِءُ جننی سُتُ جنِّ پالتی راکھےَ ندرِ مجھارِ ॥
ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ ॥	انترِ باہرِ مُکھِ دے گِراسُ کھِنُ کھِنُ پوچارِ ॥
ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ ॥੧॥	تِءُ ستِگُرُ گُرسِکھ راکھتا ہرِ پّریتِ پیارِ ॥1॥
ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥	میرے رام ہم بارِک ہرِ پّربھ کے ہےَ اِیانٹے ॥
ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥੧॥ ਰਹਾਉ ॥	دھنّنُ دھنّنُ گُرُو گُرُ ستِگُرُ پادھا جِنِ ہرِ اُپدیسُ دے کیِےَ سِیانٹے ॥1॥ رہاءُ ॥
ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ ॥	جیَسی گگنِ پھرنّتی اوُڈتی کپرے باگے والی ॥
ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ ॥	اوہ راکھےَ چِیتُ پیچھےَ بِچِ بچرے نِت ہِردےَ سارِ سمالی ॥
ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ	تِءُ ستِگُر سِکھ پّریتِ ہرِ ہرِ کی

ਗੁਰੁ ਸਿਖ ਰਖੈ ਜੀਅ ਨਾਲੀ ॥੨॥

گُرُ سِکھ رکھے جیء نالی ॥2॥

ਜੈਸੇ ਕਾਤੀ ਤੀਸ ਬਤੀਸ ਹੈ
ਵਿਚਿ ਰਾਖੈ ਰਸਨਾ ਮਾਸ ਰਤੁ ਕੇਰੀ ॥

جیسے کاتی تِیس بتِیس ہے
وِچ راکھے رسنا ماس رتُ کیری ॥

ਕੋਈ ਜਾਣਹੁ ਮਾਸ ਕਾਤੀ ਕੈ ਕਿਛੁ ਹਾਥਿ ਹੈ
ਸਭ ਵਸਗਤਿ ਹੈ ਹਰਿ ਕੇਰੀ ॥

کوئی جانہُ ماس کاتی کے کِچھُ ہاتھِ ہے
سبھ وسگتِ ہے ہرِ کیری ॥

ਤਿਉ ਸੰਤ ਜਨਾ ਕੀ ਨਰ ਨਿੰਦਾ ਕਰਹਿ
ਹਰਿ ਰਾਖੈ ਪੈਜ ਜਨ ਕੇਰੀ ॥੩॥

تِءُ سنّت جنا کی نر نِندا کرہِ
ہرِ راکھے پیج جن کیری ॥3॥

ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ
ਸਭ ਕਰੇ ਕਰਾਇਆ ॥

بھائی مت کوئی جانہُ کِسی کے کِچھُ ہاتھِ ہے
سبھ کرے کرائیا ॥

ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ
ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ ॥

جرا مرا تاپُ سِرتِ ساپُ سبھُ ہرِ کے وِس ہے
کوئی لاگِ ن سکے بِنُ ہرِ کا لائیا ॥

ਐਸਾ ਹਰਿ ਨਾਮੁ ਮਨਿ ਚਿਤਿ ਨਿਤਿ ਧਿਆਵਹੁ ਜਨ ਨਾਨਕ
ਜੋ ਅੰਤੀ ਅਉਸਰਿ ਲਏ ਛਡਾਇਆ ॥੪॥੭॥੧੩॥੫੧॥

ایسا ہرِ نامُ منِ چِتِ نِتِ دھیاوہُ جن نانک
جو انتی اُسرِ لے چھڈائیا ॥4॥7॥ 13 ॥ 51 ॥

ਗਉੜੀ ਬੈਰਾਗਣਿ ਮਹਲਾ ੪ ॥

گئڑی بیراگنِ محلا 4 ॥

ਜਿਸੁ ਮਿਲਿਐ ਮਨਿ ਹੋਇ ਅਨੰਦੁ
ਸੋ ਸਤਿਗੁਰੁ ਕਹੀਐ ॥

جِسُ مِلے منِ ہوءِ انندُ
سو ستِگُرُ کہیے ॥

ਮਨ ਕੀ ਦੁਬਿਧਾ ਬਿਨਸਿ ਜਾਇ
ਹਰਿ ਪਰਮ ਪਦੁ ਲਹੀਐ ॥੧॥

من کی دُبدھا بِنس جاءِ
ہرِ پرم پدُ لہیے ॥1॥

ਮੇਰਾ ਸਤਿਗੁਰੁ ਪਿਆਰਾ ਕਿਤੁ ਬਿਧਿ ਮਿਲੈ ॥

میرا ستِگُرُ پیارا کِتُ بِدھِ مِلے ۔ ॥

ਹਉ ਖਿਨੁ ਖਿਨੁ ਕਰੀ ਨਮਸਕਾਰੁ
ਮੇਰਾ ਗੁਰੁ ਪੂਰਾ ਕਿਉ ਮਿਲੈ ॥੧॥ ਰਹਾਉ ॥

ہءُ کھِنُ کھِنُ کری نمسکارُ
میرا گُرُ پوُرا کِءُ مِلے ۔ ॥1॥ رہاءُ ॥

ਕਰਿ ਕਿਰਪਾ ਹਰਿ ਮੇਲਿਆ
ਮੇਰਾ ਸਤਿਗੁਰੁ ਪੂਰਾ ॥

کرِ کِرپا ہرِ میلیا
میرا ستِگُرُ پوُرا ॥

ਇਛ ਪੁੰਨੀ ਜਨ ਕੇਰੀਆ
ਲੇ ਸਤਿਗੁਰ ਧੂਰਾ ॥੨॥

اِچھ پُنّنی جن کیریا
لے ستِگُر دھوُرا ॥2॥

ਹਰਿ ਭਗਤਿ ਦ੍ਰਿੜਾਵੈ ਹਰਿ ਭਗਤਿ ਸੁਣੈ
ਤਿਸੁ ਸਤਿਗੁਰ ਮਿਲੀਐ ॥

ہرِ بھگتِ دڑِڑاوے ہرِ بھگتِ سُنّے
تِس ستِگُر مِلیئے ॥

ਤੋਟਾ ਮੂਲਿ ਨ ਆਵਈ
ਹਰਿ ਲਾਭੁ ਨਿਤਿ ਦ੍ਰਿੜੀਐ ॥੩॥

توٹا مُولِ ن آوئی
ہرِ لابھُ نِتِ دڑِڑیئے ॥3॥

ਜਿਸ ਕਉ ਰਿਦੈ ਵਿਗਾਸੁ ਹੈ
ਭਾਉ ਦੂਜਾ ਨਾਹੀ ॥

جِس کءُ رِدے وِگاس ہے
بھاءُ دوُجا ناہی ॥

ਨਾਨਕ ਤਿਸੁ ਗੁਰ ਮਿਲਿ ਉਧਰੈ
ਹਰਿ ਗੁਣ ਗਾਵਾਹੀ ॥੪॥੮॥੧੪॥੫੨॥

نانک تِس گُر مِلِ اُدھرے
ہرِ گُن گاواہی ॥4॥8॥ 14 ॥ 52 ॥

ਮਹਲਾ ੪ ਗਉੜੀ ਪੂਰਬੀ ॥

محلا 4 گئڑی پوُربی ॥

ਹਰਿ ਦਇਆਲਿ ਦਇਆ ਪ੍ਰਭਿ ਕੀਨੀ
ਮੇਰੈ ਮਨਿ ਤਨਿ ਮੁਖਿ ਹਰਿ ਬੋਲੀ ॥

ہرِ دئیالِ دئیا پربھِ کینی
میرے منِ تنِ مُکھِ ہرِ بولی ॥

ਗੁਰਮੁਖਿ ਰੰਗੁ ਭਇਆ ਅਤਿ ਗੂੜਾ
ਹਰਿ ਰੰਗਿ ਭੀਨੀ ਮੇਰੀ ਚੋਲੀ ॥੧॥

گُرمُکھِ رنگُ بھئیا اتِ گوُڑا
ہرِ رنگِ بھینی میری چولی ॥1॥

ਅਪੁਨੇ ਹਰਿ ਪ੍ਰਭ ਕੀ ਹਉ ਗੋਲੀ ॥

اپُنے ہرِ پربھ کی ہءُ گولی ॥

ਜਬ ਹਮ ਹਰਿ ਸੇਤੀ ਮਨੁ ਮਾਨਿਆ
ਕਰਿ ਦੀਨੋ ਜਗਤੁ ਸਭੁ ਗੋਲ ਅਮੋਲੀ ॥੧॥ ਰਹਾਉ ॥

جب ہم ہرِ سیتی منُ مانِیا
کرِ دینو جگتُ سبھُ گول امولی ॥1॥ رہاءُ ॥

ਕਰਹੁ ਬਿਬੇਕੁ ਸੰਤ ਜਨ ਭਾਈ
ਖੋਜਿ ਹਿਰਦੈ ਦੇਖਿ ਢੰਢੋਲੀ ॥

کرہُ بِبیکُ سنّت جن بھائی
کھوجِ ہِردے دیکھِ ڈھنڈھولی ॥

ਹਰਿ ਹਰਿ ਰੂਪੁ ਸਭ ਜੋਤਿ ਸਬਾਈ
ਹਰਿ ਨਿਕਟਿ ਵਸੈ ਹਰਿ ਕੋਲੀ ॥੧॥

ہرِ ہرِ روُپُ سبھ جوتِ سبائی
ہرِ نِکٹِ وسے ہرِ کولی ॥1॥

ਹਰਿ ਹਰਿ ਨਿਕਟਿ ਵਸੈ ਸਭ ਜਗ ਕੈ
ਅਪਰੰਪਰ ਪੁਰਖੁ ਅਤੋਲੀ ॥

ہرِ ہرِ نِکٹِ وسے سبھ جگ کے
اپرنپر پُرکھُ اتولی ॥

ਹਰਿ ਹਰਿ ਪ੍ਰਗਟੁ ਕੀਓ ਗੁਰਿ ਪੂਰੈ
ਸਿਰੁ ਵੇਚਿਓ ਗੁਰ ਪਹਿ ਮੋਲੀ ॥੩॥

ہرِ ہرِ پرگٹُ کینو گُرِ پوُرے
سِرُ ویچِیو گُر پہِ مولی ॥3॥

ਹਰਿ ਜੀ ਅੰਤਰਿ ਬਾਹਰਿ ਤੁਮ ਸਰਣਾਗਤਿ

ہرِ جی انترِ باہرِ تُم سرناگتِ

ਤੁਮ ਵਡ ਪੁਰਖ ਵਡੋਲੀ ॥

تُم وڈ پُرکھ وڈولی ॥

ਜਨੁ ਨਾਨਕੁ ਅਨਦਿਨੁ ਹਰਿ ਗੁਣ ਗਾਵੈ
ਮਿਲਿ ਸਤਿਗੁਰ ਗੁਰ ਵੇਚੋਲੀ ॥੪॥੧॥੧੫॥੫੩॥

جنُ نانکُ اندِنُ ہرِ گُنؔ گاوے
مِلِ ستِگُر گُر ویچولی ॥4॥1॥ 15 ॥ 53 ॥

ਗਉੜੀ ਪੂਰਬੀ ਮਹਲਾ ੪ ॥

گئُڑی پوُربی محلا 4 ॥

ਜਗਜੀਵਨ ਅਪਰੰਪਰ ਸੁਆਮੀ
ਜਗਦੀਸੁਰ ਪੁਰਖ ਬਿਧਾਤੇ ॥

جگجِیون اپرنّپر سُیامی
جگدیسُر پُرکھ بِدھاتے ۔ ॥

ਜਿਤੁ ਮਾਰਗਿ ਤੁਮ ਪ੍ਰੇਰਹੁ ਸੁਆਮੀ
ਤਿਤੁ ਮਾਰਗਿ ਹਮ ਜਾਤੇ ॥੧॥

جِتُ مارگِ تُم پّریرہُ سُیامی
تِتُ مارگِ ہم جاتے ॥1॥

ਰਾਮ ਮੇਰਾ ਮਨੁ ਹਰਿ ਸੇਤੀ ਰਾਤੇ ॥

رام میرا منُ ہرِ سیتی راتے ॥

ਸਤਸੰਗਤਿ ਮਿਲਿ ਰਾਮ ਰਸੁ ਪਾਇਆ
ਹਰਿ ਰਾਮੈ ਨਾਮਿ ਸਮਾਤੇ ॥੧॥ ਰਹਾਉ ॥

ستسنگتِ مِلِ رام رسُ پایَیا
ہرِ رامےَ نامِ سماتے ॥1॥ رہاءُ ॥

ਹਰਿ ਹਰਿ ਨਾਮੁ ਹਰਿ ਹਰਿ ਜਗਿ ਅਵਖਧੁ
ਹਰਿ ਹਰਿ ਨਾਮੁ ਹਰਿ ਸਾਤੇ ॥

ہرِ ہرِ نامُ ہرِ ہرِ جگِ اوکھدھُ
ہرِ ہرِ نامُ ہرِ ساتے ॥

ਤਿਨ ਕੇ ਪਾਪ ਦੋਖ ਸਭਿ ਬਿਨਸੇ
ਜੋ ਗੁਰਮਤਿ ਰਾਮ ਰਸੁ ਖਾਤੇ ॥੨॥

تِن کے پاپ دوکھ سبھِ بِنسے
جو گُرمتِ رام رسُ کھاتے ॥2॥

ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ
ਤੇ ਗੁਰ ਸੰਤੋਖ ਸਰਿ ਨਾਤੇ ॥

جِن کءُ لِکھتُ لِکھے دھُرِ مستکِ
تے گُر سنّتوکھ سرِ ناتے ॥

ਦੁਰਮਤਿ ਮੈਲੁ ਗਈ ਸਭ ਤਿਨ ਕੀ
ਜੋ ਰਾਮ ਨਾਮ ਰੰਗਿ ਰਾਤੇ ॥੩॥

دُرمتِ میَلُ گئی سبھ تِن کی
جو رام نام رنگِ راتے ॥3॥

ਰਾਮ ਤੁਮ ਆਪੇ ਆਪਿ ਆਪਿ ਪ੍ਰਭੁ ਠਾਕੁਰ
ਤੁਮ ਜੇਵਡ ਅਵਰੁ ਨ ਦਾਤੇ ॥

رام تُم آپے آپِ آپِ پّربھُ ٹھاکُر
تُم جیوڈ اورُ ن داتے ॥

ਜਨੁ ਨਾਨਕੁ ਨਾਮੁ ਲਏ ਤਾਂ ਜੀਵੈ
ਹਰਿ ਜਪੀਐ ਹਰਿ ਕਿਰਪਾ ਤੇ ॥੪॥੨॥੧੬॥੫੪॥

جنُ نانکُ نامُ لے تاں جیوے
ہرِ جپیئے ہرِ کِرپا تے ॥4॥2॥ 16 ॥ 54 ॥

ਗਉੜੀ ਪੂਰਬੀ ਮਹਲਾ ੪ ॥

گئُڑی پوُربی محلا 4 ॥

ਕਰਹੁ ਕ੍ਰਿਪਾ ਜਗਜੀਵਨ ਦਾਤੇ

کرہُ کّرِپا جگجِیون داتے

ਮੇਰਾ ਮਨੁ ਹਰਿ ਸੇਤੀ ਰਾਚੇ ॥

ਸਤਿਗੁਰਿ ਬਚਨੁ ਦੀਓ ਅਤਿ ਨਿਰਮਲੁ
ਜਪਿ ਹਰਿ ਹਰਿ ਹਰਿ ਮਨੁ ਮਾਚੇ ॥੧॥

ਰਾਮ ਮੇਰਾ ਮਨੁ ਤਨੁ
ਬੇਧਿ ਲੀਓ ਹਰਿ ਸਾਚੇ ॥

ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਸਿਆ
ਗੁਰ ਸਤਿਗੁਰ ਕੈ ਬਚਨਿ ਹਰਿ ਹਮ ਬਾਚੇ ॥੧॥ ਰਹਾਉ ॥

ਜਿਨ ਕਉ ਪ੍ਰੀਤਿ ਨਾਹੀ ਹਰਿ ਸੇਤੀ
ਤੇ ਸਾਕਤ ਮੂੜ ਨਰ ਕਾਚੇ ॥

ਤਿਨ ਕਉ ਜਨਮੁ ਮਰਣੁ ਅਤਿ ਭਾਰੀ
ਵਿਚਿ ਵਿਸਟਾ ਮਰਿ ਮਰਿ ਪਾਚੇ ॥੨॥

ਤੁਮ ਦਇਆਲ ਸਰਣਿ ਪ੍ਰਤਿਪਾਲਕ
ਮੋ ਕਉ ਦੀਜੈ ਦਾਨੁ ਹਰਿ ਹਮ ਜਾਚੇ ॥

ਹਰਿ ਕੇ ਦਾਸ ਦਾਸ ਹਮ ਕੀਜੈ
ਮਨੁ ਨਿਰਤਿ ਕਰੇ ਕਰਿ ਨਾਚੇ ॥੩॥

ਆਪੇ ਸਾਹ ਵਡੇ ਪ੍ਰਭ ਸੁਆਮੀ
ਹਮ ਵਣਜਾਰੇ ਹਹਿ ਤਾ ਚੇ ॥

ਮੇਰਾ ਮਨੁ ਤਨੁ ਜੀਉ ਰਾਸਿ ਸਭ ਤੇਰੀ
ਜਨ ਨਾਨਕ ਕੇ ਸਾਹ ਪ੍ਰਭ ਸਾਚੇ ॥੪॥੩॥੧੭॥੫੫॥

ਗਉੜੀ ਪੂਰਬੀ ਮਹਲਾ ੪ ॥

ਤੁਮ ਦਇਆਲ ਸਰਬ ਦੁਖ ਭੰਜਨ
ਇਕ ਬਿਨਉ ਸੁਨਹੁ ਦੇ ਕਾਨੇ ॥

ਜਿਸ ਤੇ ਤੁਮ ਹਰਿ ਜਾਨੇ ਸੁਆਮੀ
ਸੋ ਸਤਿਗੁਰੁ ਮੇਲਿ ਮੇਰਾ ਪ੍ਰਾਨੇ ॥੧॥

ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ॥

میرا منُ ہرِ سیتی راچے ॥

ستِگُرِ بچنُ دیئو اتِ نِرملُ
جپِ ہرِ ہرِ ہرِ منُ ماچے ॥1॥

رام میرا منُ تنُ
بیدھِ لِیئو ہرِ ساچے ॥

جِہ کال کے مُکھِ جگتُ سبھُ گرسِیا
گُر ستِگُر کے بچنِ ہرِ ہم باچے ॥1॥ رہاءُ ॥

جِن کءُ پریتِ ناہی ہرِ سیتی
تے ساکت موڑ نر کاچے ॥

تِن کءُ جنمُ مرنُ اتِ بھاری
وِچِ وِسٹا مرِ مرِ پاچے ॥2॥

تُم دئیال سرنِ پرتپالک
مو کءُ دیجے دانُ ہرِ ہم جاچے ॥

ہرِ کے داس داس ہم کیجے
منُ نِرتِ کرے کرِ ناچے ॥3॥

آپے ساہ وڈے پربھ سُیامی
ہم ونجارے ہہِ تا چے ॥

میرا منُ تنُ جیءُ راسِ سبھ تیری
جن نانک کے ساہ پربھ ساچے ۔ ॥4॥3॥ 17 ॥ 55 ॥

گئڑی پوربی محلا 4 ॥

تُم دئیال سرب دُکھ بھنجن
اِک بِنءُ سُننہُ دے کانے ॥

جِس تے تُم ہرِ جانے سُیامی
سو ستِگُرُ میلِ میرا پرانے ॥1॥

رام ہم ستِگُر پاربرہم کرِ مانے ॥

ਹਮ ਮੂੜ ਮੁਗਧ ਅਸੁਧ ਮਤਿ ਹੋਤੇ
ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ ॥੧॥ ਰਹਾਉ ॥

ہم مُوڑ مُگدھ اسُدھ متِ ہوتے
گُر ستِگُر کے بچنِ ہرِ ہم جانے ॥1॥ رہاءُ ॥

ਜਿਤਨੇ ਰਸ ਅਨ ਰਸ ਹਮ ਦੇਖੇ
ਸਭ ਤਿਤਨੇ ਫੀਕ ਫੀਕਾਨੇ ॥

جِتنے رس ان رس ہم دیکھے
سبھ تِتنے پھِیک پھِیکانے ॥

ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ
ਮਿਲਿ ਸਤਿਗੁਰ ਮੀਠ ਰਸ ਗਾਨੇ ॥੨॥

ہرِ کا نامُ انّمرِت رسُ چاکھِیا
مِلِ ستِگُر مِیٹھ رس گانے ॥2॥

ਜਿਨ ਕਉ ਗੁਰੁ ਸਤਿਗੁਰੁ ਨਹੀ ਭੇਟਿਆ
ਤੇ ਸਾਕਤ ਮੂੜ ਦਿਵਾਨੇ ॥

جِن کءُ گُرُ ستِگُرُ نہی بھیٹِیا
تے ساکت مُوڑ دِوانے ॥

ਤਿਨ ਕੇ ਕਰਮਹੀਨ ਧੁਰਿ ਪਾਏ
ਦੇਖਿ ਦੀਪਕੁ ਮੋਹਿ ਪਚਾਨੇ ॥੩॥

تِن کے کرمہِین دھُرِ پائے
دیکھِ دیپکُ موہِ پچانے ॥3॥

ਜਿਨ ਕਉ ਤੁਮ ਦਇਆ ਕਰਿ ਮੇਲਹੁ
ਤੇ ਹਰਿ ਹਰਿ ਸੇਵ ਲਗਾਨੇ ॥

جِن کءُ تُم دئیا کرِ میلہُ
تے ہرِ ہرِ سیو لگانے ॥

ਜਨ ਨਾਨਕ ਹਰਿ ਹਰਿ ਹਰਿ ਜਪਿ ਪ੍ਰਗਟੇ
ਮਤਿ ਗੁਰਮਤਿ ਨਾਮਿ ਸਮਾਨੇ ॥੪॥੪॥੧੮॥੫੬॥

جن نانک ہرِ ہرِ ہرِ جپِ پرگٹے
متِ گُرمتِ نامِ سمانے ॥4॥4॥ 18 ॥ 56 ॥

ਗਉੜੀ ਪੂਰਬੀ ਮਹਲਾ ੪ ॥

گئُڑی پُوربی محلا 4 ॥

ਮੇਰੇ ਮਨ ਸੋ ਪ੍ਰਭੁ ਸਦਾ ਨਾਲਿ ਹੈ ਸੁਆਮੀ
ਕਹੁ ਕਿਥੈ ਹਰਿ ਪਹੁ ਨਸੀਐ ॥

میرے من سو پربھُ سدا نالِ ہے سُیامی
کہُ کِتھے ہرِ پہُ نسیئے ۔ ॥

ਹਰਿ ਆਪੇ ਬਖਸਿ ਲਏ ਪ੍ਰਭੁ ਸਾਚਾ
ਹਰਿ ਆਪਿ ਛਡਾਏ ਛੁਟੀਐ ॥੧॥

ہرِ آپے بخشِ لئے پربھُ ساچا
ہرِ آپِ چھڈائے چھُٹیئے ॥1॥

ਮੇਰੇ ਮਨ ਜਪਿ ਹਰਿ ਹਰਿ
ਹਰਿ ਮਨਿ ਜਪੀਐ ॥

میرے من جپِ ہرِ ہرِ
ہرِ منِ جپیئے ॥

ਸਤਿਗੁਰ ਕੀ ਸਰਣਾਈ ਭਜਿ ਪਉ ਮੇਰੇ ਮਨਾ
ਗੁਰ ਸਤਿਗੁਰ ਪੀਛੈ ਛੁਟੀਐ ॥੧॥ ਰਹਾਉ ॥

ستِگُر کی سرٹائی بھجِ پءُ میرے منا
گُر ستِگُر پیچھے چھُٹیئے ॥1॥ رہاءُ ॥

ਮੇਰੇ ਮਨ ਸੇਵਹੁ ਸੋ ਪ੍ਰਭ ਸ੍ਰਬ ਸੁਖਦਾਤਾ
ਜਿਤੁ ਸੇਵਿਐ ਨਿਜ ਘਰਿ ਵਸੀਐ ॥

میرے من سیوہُ سو پربھ سرب سُکھداتا
جِتُ سیوِئے نج گھرِ وسیئے ॥

ਗੁਰਮੁਖਿ ਜਾਇ ਲਹਹੁ ਘਰੁ ਅਪਨਾ
ਘਸਿ ਚੰਦਨੁ ਹਰਿ ਜਸੁ ਘਸੀਐ ॥੨॥

گُرمُکھِ جاءِ لہہُ گھرُ اپنا
گھسِ چنّدنُ ہرِ جسُ گھسیئے ॥2॥

ਮੇਰੇ ਮਨ ਹਰਿ ਹਰਿ ਹਰਿ ਹਰਿ ਹਰਿ ਜਸੁ ਊਤਮੁ
ਲੈ ਲਾਹਾ ਹਰਿ ਮਨਿ ਹਸੀਐ ॥

میرے من ہرِ ہرِ ہرِ ہرِ ہرِ جسُ اوُتمُ
لے لاہا ہرِ منِ ہسیئے ॥

ਹਰਿ ਹਰਿ ਆਪਿ ਦਇਆ ਕਰਿ ਦੇਵੈ
ਤਾ ਅੰਮ੍ਰਿਤੁ ਹਰਿ ਰਸੁ ਚਖੀਐ ॥੩॥

ہرِ ہرِ آپِ دئیا کرِ دیوے
تا انّمرِتُ ہرِ رسُ چکھیئے ॥3॥

ਮੇਰੇ ਮਨ ਨਾਮ ਬਿਨਾ ਜੋ ਦੂਜੈ ਲਾਗੇ
ਤੇ ਸਾਕਤ ਨਰ ਜਮਿ ਘੁਟੀਐ ॥

میرے من نام بِنا جو دوُجے لاگے
تے ساکت نر جمِ گھُٹیئے ॥

ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ
ਮਨ ਤਿਨ ਕੈ ਨਿਕਟਿ ਨ ਭਿਟੀਐ ॥੪॥

تے ساکت چور جِنا نامُ وِسارِیا
من تِن کے نِکٹِ ن بھِٹیئے ॥4॥

ਮੇਰੇ ਮਨ ਸੇਵਹੁ ਅਲਖ ਨਿਰੰਜਨ ਨਰਹਰਿ
ਜਿਤੁ ਸੇਵਿਐ ਲੇਖਾ ਛੁਟੀਐ ॥

میرے من سیوہُ الکھ نِرنّجن نرہرِ
جِتُ سیوِئے لیکھا چھُٹیئے ॥

ਜਨ ਨਾਨਕ ਹਰਿ ਪ੍ਰਭਿ ਪੂਰੇ ਕੀਏ
ਖਿਨੁ ਮਾਸਾ ਤੋਲੁ ਨ ਘਟੀਐ ॥੫॥੫॥੧੯॥੫੭॥

جن نانک ہرِ پربھِ پوُرے کیئے
کھِنُ ماشا تولُ ن گھٹیئے ॥5॥5॥ 19 ॥ 57 ॥

ਗਉੜੀ ਪੂਰਬੀ ਮਹਲਾ ੪ ॥

گئڑی پوُربی محلا 4 ॥

ਹਮਰੇ ਪ੍ਰਾਨ ਵਸਗਤਿ ਪ੍ਰਭ ਤੁਮਰੈ
ਮੇਰਾ ਜੀਉ ਪਿੰਡੁ ਸਭ ਤੇਰੀ ॥

ہمرے پران وسگتِ پربھ تُمرے
میرا جیءُ پنڈُ سبھ تیری ॥

ਦਇਆ ਕਰਹੁ ਹਰਿ ਦਰਸੁ ਦਿਖਾਵਹੁ
ਮੇਰੈ ਮਨਿ ਤਨਿ ਲੋਚ ਘਣੇਰੀ ॥੧॥

دئیا کرہُ ہرِ درسُ دِکھاوہُ
میرے منِ تنِ لوچ گھنیری ॥1॥

ਰਾਮ ਮੇਰੈ ਮਨਿ ਤਨਿ ਲੋਚ
ਮਿਲਣ ਹਰਿ ਕੇਰੀ ॥

رام میرے منِ تنِ لوچ
ملِن ہرِ کیری ॥

ਗੁਰ ਕ੍ਰਿਪਾਲਿ ਕ੍ਰਿਪਾ ਕਿੰਚਤ ਗੁਰਿ ਕੀਨੀ
ਹਰਿ ਮਿਲਿਆ ਆਇ ਪ੍ਰਭੁ ਮੇਰੀ ॥੧॥ ਰਹਾਉ ॥

گُر کرپالِ کرپا کِنچت گُرِ کینی
ہرِ ملیا آءِ پربھُ میری ॥1॥ رہاءُ ॥

ਜੋ ਹਮਰੇ ਮਨ ਚਿਤਿ ਹੈ ਸੁਆਮੀ
ਸਾ ਬਿਧਿ ਤੁਮ ਹਰਿ ਜਾਨਹੁ ਮੇਰੀ ॥

جو ہمرے من چِتِ ہے سُیامی
سا بِدھِ تُم ہرِ جانہُ میری ॥

ਅਨਦਿਨੁ ਨਾਮੁ ਜਪੀ ਸੁਖੁ ਪਾਈ
ਨਿਤ ਜੀਵਾ ਆਸ ਹਰਿ ਤੇਰੀ ॥੨॥

اندِنُ نامُ جپی سُکھُ پائی
نِت جیِوا آس ہرِ تیری ॥2॥

ਗੁਰਿ ਸਤਿਗੁਰਿ ਦਾਤੈ ਪੰਥੁ ਬਤਾਇਆ
ਹਰਿ ਮਿਲਿਆ ਆਇ ਪ੍ਰਭੁ ਮੇਰੀ ॥

گُرِ ستِگُرِ داتے پنّتھُ بتائِیا
ہرِ ملِیا آءِ پربھُ میری ॥

ਅਨਦਿਨੁ ਅਨਦੁ ਭਇਆ ਵਡਭਾਗੀ
ਸਭ ਆਸ ਪੁਜੀ ਜਨ ਕੇਰੀ ॥੩॥

اندِنُ اندُ بھئیا وڈبھاگی
سبھ آس پُجی جن کیری ॥3॥

ਜਗੰਨਾਥ ਜਗਦੀਸੁਰ ਕਰਤੇ
ਸਭ ਵਸਗਤਿ ਹੈ ਹਰਿ ਕੇਰੀ ॥

جگنّناتھ جگدیسُر کرتے
سبھ وسگتِ ہے ہرِ کیری ॥

ਜਨ ਨਾਨਕ ਸਰਣਾਗਤਿ ਆਏ
ਹਰਿ ਰਾਖਹੁ ਪੈਜ ਜਨ ਕੇਰੀ ॥੪॥੬॥੨੦॥੫੮॥

جن نانک سرٹاگتِ آئے
ہرِ راکھہُ پیَج جن کیری ॥4॥6॥ 20 ॥ 58 ॥

ਗਉੜੀ ਪੂਰਬੀ ਮਹਲਾ ੪ ॥

گئڑی پُوربی محلا 4 ॥

ਇਹੁ ਮਨੂਆ ਖਿਨੁ ਨ ਟਿਕੈ ਬਹੁ ਰੰਗੀ
ਦਹ ਦਹ ਦਿਸਿ ਚਲਿ ਚਲਿ ਹਾਢੇ ॥

اِہُ منوُیا کھِنُ ن ٹِکے بہُ رنگی
دہ دہ دِس چلِ چلِ ہاڈھے ॥

ਗੁਰੁ ਪੂਰਾ ਪਾਇਆ ਵਡਭਾਗੀ
ਹਰਿ ਮੰਤ੍ਰੁ ਦੀਆ ਮਨੁ ਠਾਢੇ ॥੧॥

گُرُ پُورا پائِیا وڈبھاگی
ہرِ منّتر دیِیا منُ ٹھاڈھے ॥1॥

ਰਾਮ ਹਮ ਸਤਿਗੁਰ ਲਾਲੇ ਕਾਂਢੇ ॥੧॥ ਰਹਾਉ ॥

رام ہم ستِگُر لالے کانڈھے ॥1॥ رہاءُ ॥

ਹਮਰੈ ਮਸਤਕਿ ਦਾਗੁ ਦਗਾਨਾ
ਹਮ ਕਰਜ ਗੁਰੂ ਬਹੁ ਸਾਢੇ ॥

ہمرے مستکِ داگُ دگانا
ہم قرض گُرُو بہُ ساڈھے ॥

ਪਰਉਪਕਾਰੁ ਪੁੰਨੁ ਬਹੁ ਕੀਆ
ਭਉ ਦੁਤਰੁ ਤਾਰਿ ਪਰਾਢੇ ॥੨॥

پرُپُکارُ پُنّنُ بہُ کیِیا
بھءُ دُترُ تارِ پراڈھے ॥2॥

ਜਿਨ ਕਉ ਪ੍ਰੀਤਿ ਰਿਦੈ ਹਰਿ ਨਾਹੀ
ਤਿਨ ਕੂਰੇ ਗਾਢਨ ਗਾਢੇ ॥

جِن کءُ پرّیِت رِدے ہرِ ناہی
تِن کوُرے گاڈھن گاڈھے ॥

ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ
ਤਿਉ ਮਨਮੁਖ ਗਰਭਿ ਗਲਾਢੇ ॥੩॥

جِءُ پانٹی کاگدُ بِنِس جات ہے
تِءُ منمُکھ گربھِ گلاڈھے ॥3॥

ਹਮ ਜਾਨਿਆ ਕਛੂ ਨ ਜਾਨਹ ਆਗੈ

ہم جانِیا کچھوُ ن جانہ آگے

ਜਿਉ ਹਰਿ ਰਾਖੈ ਤਿਉ ਠਾਢੇ ॥

ہم بھوُل چوُک گُر کِرپا دھارہُ
جن نانک کُترے کاڈھے ॥4॥7॥21॥59॥

ਹਮ ਭੂਲ ਚੂਕ ਗੁਰ ਕਿਰਪਾ ਧਾਰਹੁ
ਜਨ ਨਾਨਕ ਕੁਤਰੇ ਕਾਢੇ ॥੪॥੭॥੨੧॥੫੯॥

ਗਉੜੀ ਪੂਰਬੀ ਮਹਲਾ ੪ ॥

گنُڑی پوُربی محلا 4 ॥

ਕਾਮਿ ਕਰੋਧਿ ਨਗਰੁ ਬਹੁ ਭਰਿਆ
ਮਿਲਿ ਸਾਧੂ ਖੰਡਲ ਖੰਡਾ ਹੇ ॥

کامِ کرودھِ نگرُ بہُ بھرِیا
مِلِ سادھوُ کھنڈل کھنڈا ہے ॥

ਪੂਰਬਿ ਲਿਖਤ ਲਿਖੇ ਗੁਰੁ ਪਾਇਆ
ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥

پوُربِ لِکھت لِکھے گُرُ پائیا
منِ ہرِ لِو منڈل منڈا ہے ॥1॥

ਕਰਿ ਸਾਧੂ ਅੰਜੁਲੀ
ਪੁੰਨੁ ਵਡਾ ਹੇ ॥

کرِ سادھوُ انجلی
پُنّنُ وڈا ہے ॥

ਕਰਿ ਡੰਡਉਤ
ਪੁਨੁ ਵਡਾ ਹੇ ॥੧॥ ਰਹਾਉ ॥

کرِ ڈنڈُت
پُنُ وڈا ہے ॥1॥ رہاءُ ॥

ਸਾਕਤ ਹਰਿ ਰਸ ਸਾਦੁ ਨ ਜਾਨਿਆ
ਤਿਨ ਅੰਤਰਿ ਹਉਮੈ ਕੰਡਾ ਹੇ ॥

ساکت ہرِ رس سادُ ن جانِیا
تِن انترِ ہئُمے کنڈا ہے ॥

ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ
ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥

جِءُ جِءُ چلہِ چُبھے دُکھُ پاوہِ
جمکالُ سہہِ سِرِ ڈنڈا ہے ॥2॥

ਹਰਿ ਜਨ ਹਰਿ ਹਰਿ ਨਾਮਿ ਸਮਾਣੇ
ਦੁਖੁ ਜਨਮ ਮਰਣ ਭਵ ਖੰਡਾ ਹੇ ॥

ہرِ جن ہرِ ہرِ نامِ سماٹے
دُکھُ جنم مرنُ بھو کھنڈا ہے ॥

ਅਬਿਨਾਸੀ ਪੁਰਖੁ ਪਾਇਆ ਪਰਮੇਸਰੁ
ਬਹੁ ਸੋਭ ਖੰਡ ਬ੍ਰਹਮੰਡਾ ਹੇ ॥੩॥

اِبناسی پُرکھُ پائیا پریسرُ
بہُ سوبھ کھنڈ برہمنڈا ہے ॥3॥

ਹਮ ਗਰੀਬ ਮਸਕੀਨ ਪ੍ਰਭ ਤੇਰੇ
ਹਰਿ ਰਾਖੁ ਰਾਖੁ ਵਡ ਵਡਾ ਹੇ ॥

ہم غریب مسکِین پربھ تیرے
ہرِ راکھُ راکھُ وڈ وڈا ہے ॥

ਜਨ ਨਾਨਕ ਨਾਮੁ ਅਧਾਰੁ ਟੇਕ ਹੈ
ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੮॥੨੨॥੬੦॥

جن نانک نامُ ادھارُ ٹیک ہےَ
ہرِ نامے ہی سُکھُ منڈا ہے ॥4॥8॥22॥60॥

ਗਉੜੀ ਪੂਰਬੀ ਮਹਲਾ ੪ ॥

گنُڑی پوُربی محلا 4 ॥

ਇਸੁ ਗੜ ਮਹਿ ਹਰਿ ਰਾਮ ਰਾਇ ਹੈ
ਕਿਛੁ ਸਾਦੁ ਨ ਪਾਵੈ ਧੀਠਾ ॥

اِسُ گڑ مہِ ہرِ رام راءِ ہےَ
کِچھُ سادُ ن پاوےَ دھِیٹھا ॥

ਹਰਿ ਦੀਨ ਦਇਆਲਿ ਅਨੁਗ੍ਰਹੁ ਕੀਆ
ਹਰਿ ਗੁਰ ਸਬਦੀ ਚਖਿ ਡੀਠਾ ॥੧॥

ہرِ دِین دیَیالِ انگّرہُ کِیا
ہرِ گُر سبدی چکھِ ڈیٹھا ॥1॥

ਰਾਮ ਹਰਿ ਕੀਰਤਨੁ ਗੁਰ ਲਿਵ ਮੀਠਾ ॥੧॥ ਰਹਾਉ ॥

رام ہرِ کیرتنُ گُر لِو میٹھا ॥1॥ رہاءُ ॥

ਹਰਿ ਅਗਮੁ ਅਗੋਚਰੁ ਪਾਰਬ੍ਰਹਮੁ ਹੈ
ਮਿਲਿ ਸਤਿਗੁਰ ਲਾਗਿ ਬਸੀਠਾ ॥

ہرِ اگمُ اگوچرُ پاربرّہمُ ہےَ
مِلِ ستِگُر لاگِ بسیٹھا ॥

ਜਿਨ ਗੁਰ ਬਚਨ ਸੁਖਾਨੈ ਹੀਅਰੈ
ਤਿਨ ਆਗੈ ਆਣਿ ਪਰੀਠਾ ॥੨॥

جِن گُر بچن سُکھانےَ ہیئرےَ
تِن آگےَ آنِ پریٹھا ॥2॥

ਮਨਮੁਖ ਹੀਅਰਾ ਅਤਿ ਕਠੋਰੁ ਹੈ
ਤਿਨ ਅੰਤਰਿ ਕਾਰ ਕਰੀਠਾ ॥

منمُکھ ہیئرا اتِ کٹھورُ ہےَ
تِن انترِ کار کریٹھا ॥

ਬਿਸੀਅਰ ਕਉ ਬਹੁ ਦੂਧੁ ਪੀਆਈਐ
ਬਿਖੁ ਨਿਕਸੈ ਫੋਲਿ ਫੁਲੀਠਾ ॥੩॥

بِسیئر کءُ بہُ دوُدھُ پیِیائیئےَ
بِکھُ نِکسےَ پھولِ پھُلیٹھا ॥3॥

ਹਰਿ ਪ੍ਰਭ ਆਨਿ ਮਿਲਾਵਹੁ ਗੁਰੁ ਸਾਧੂ
ਘਸਿ ਗਰੁੜੁ ਸਬਦੁ ਮੁਖਿ ਲੀਠਾ ॥

ہرِ پربھ آنِ مِلاوہُ گُرُ سادھوُ
گھسِ گرُڑُ سبدُ مُکھِ لِیٹھا ॥

ਜਨ ਨਾਨਕ ਗੁਰ ਕੇ ਲਾਲੇ ਗੋਲੇ
ਲਗਿ ਸੰਗਤਿ ਕਰੂਆ ਮੀਠਾ ॥੪॥੯॥੨੩॥੬੧॥

جن نانک گُر کے لالے گولے
لگِ سنگتِ کروُیا میٹھا ॥4॥9॥ 23 ॥ 61 ॥

ਗਉੜੀ ਪੂਰਬੀ ਮਹਲਾ ੪ ॥

گئڑی پوُربی محلا 4 ॥

ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ
ਪੂਰੇ ਗੁਰ ਕੈ ਆਗੇ ॥

ہرِ ہرِ ارتھِ سریُر ہم بیچیا
پوُرے گُر کےَ آگے ॥

ਸਤਿਗੁਰ ਦਾਤੈ ਨਾਮੁ ਦਿੜਾਇਆ
ਮੁਖਿ ਮਸਤਕਿ ਭਾਗ ਸਭਾਗੇ ॥੧॥

ستِگُر داتےَ نامُ دِڑائیا
مُکھِ مستکِ بھاگ سبھاگے ॥1॥

ਰਾਮ ਗੁਰਮਤਿ ਹਰਿ ਲਿਵ ਲਾਗੇ ॥੧॥ ਰਹਾਉ ॥

رام گُرمتِ ہرِ لِو لاگے ॥1॥ رہاءُ ॥

ਘਟਿ ਘਟਿ ਰਮਈਆ ਰਮਤ ਰਾਮ ਰਾਇ
ਗੁਰ ਸਬਦਿ ਗੁਰੂ ਲਿਵ ਲਾਗੇ ॥

گھٹِ گھٹِ رمئیا رمت رام راءِ
گُر سبدِ گُروُ لِو لاگے ॥

ਹਉ ਮਨੁ ਤਨੁ ਦੇਵਉ ਕਾਟਿ ਗੁਰੂ ਕਉ
ਮੇਰਾ ਭ੍ਰਮੁ ਭਉ ਗੁਰ ਬਚਨੀ ਭਾਗੇ ॥੨॥

ہءُ منُ تنُ دیوءُ کاٹِ گُرو ک ءُ
میرا بھرمُ بھءُ گُر بچنی بھاگے ॥2॥

ਅੰਧਿਆਰੈ ਦੀਪਕ ਆਨਿ ਜਲਾਏ
ਗੁਰ ਗਿਆਨਿ ਗੁਰੂ ਲਿਵ ਲਾਗੇ ॥

انّدھیارے دیپک آنِ جلائے
گُر گیانِ گُرو لِو لاگے ॥

ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ
ਘਰਿ ਵਸਤੁ ਲਹੀ ਮਨ ਜਾਗੇ ॥੩॥

اگیانُ انّدھیرا بِنسِ بِناسِئو
گھرِ وستُ لہی من جاگے ॥3॥

ਸਾਕਤ ਬਧਿਕ ਮਾਇਆਧਾਰੀ
ਤਿਨ ਜਮ ਜੋਹਨਿ ਲਾਗੇ ॥

ساکت بدھِک مائیادھاری
تِن جم جوہنِ لاگے ॥

ਉਨ ਸਤਿਗੁਰ ਆਗੈ ਸੀਸੁ ਨ ਬੇਚਿਆ
ਓਇ ਆਵਹਿ ਜਾਹਿ ਅਭਾਗੇ ॥੪॥

اُن ستِگُر آگے سیسُ ن بیچیا
اوءِ آوہِ جاہِ ابھاگے ॥4॥

ਹਮਰਾ ਬਿਨਉ ਸੁਨਹੁ ਪ੍ਰਭ ਠਾਕੁਰ
ਹਮ ਸਰਣਿ ਪ੍ਰਭੂ ਹਰਿ ਮਾਗੇ ॥

ہمرا بِنءُ سُنہُ پربھ ٹھاکُر
ہم سرنِ پربھوُ ہرِ ماگے ॥

ਜਨ ਨਾਨਕ ਕੀ ਲਜ ਪਾਤਿ ਗੁਰੂ ਹੈ
ਸਿਰੁ ਬੇਚਿਓ ਸਤਿਗੁਰ ਆਗੇ ॥੫॥੧੦॥੨੪॥੬੨॥

جن نانک کی لج پاتِ گُرو ہے
سِرُ بیچیئو ستِگُر آگے ॥5॥ 10 ॥ 24 ॥ 62 ॥

ਗਉੜੀ ਪੂਰਬੀ ਮਹਲਾ ੪ ॥

گئڑی پوُربی محلا 4 ॥

ਹਮ ਅਹੰਕਾਰੀ ਅਹੰਕਾਰ ਅਗਿਆਨ ਮਤਿ
ਗੁਰਿ ਮਿਲਿਐ ਆਪੁ ਗਵਾਇਆ ॥

ہم اہنکاری اہنکار اگیان متِ
گُرِ ملِئے آپُ گوائیا ॥

ਹਉਮੈ ਰੋਗੁ ਗਇਆ ਸੁਖੁ ਪਾਇਆ
ਧਨੁ ਧੰਨੁ ਗੁਰੂ ਹਰਿ ਰਾਇਆ ॥੧॥

ہئُمے روگُ گئیا سُکھُ پائیا
دھنُ دھنّنُ گُرو ہرِ رائیا ॥1॥

ਰਾਮ ਗੁਰ ਕੈ ਬਚਨਿ ਹਰਿ ਪਾਇਆ ॥੧॥ ਰਹਾਉ ॥

رام گُر کے بچنِ ہرِ پائیا ॥1॥ رہاءُ ॥

ਮੇਰੈ ਹੀਅਰੈ ਪ੍ਰੀਤਿ ਰਾਮ ਰਾਇ ਕੀ
ਗੁਰਿ ਮਾਰਗੁ ਪੰਥੁ ਬਤਾਇਆ ॥

میرے ہیئرے پریتِ رام راءِ کی
گُرِ مارگُ پنّتھُ بتائیا ॥

ਮੇਰਾ ਜੀਉ ਪਿੰਡੁ ਸਭੁ ਸਤਿਗੁਰ ਆਗੈ
ਜਿਨਿ ਵਿਛੁੜਿਆ ਹਰਿ ਗਲਿ ਲਾਇਆ ॥੨॥

میرا جیءُ پنڈُ سبھُ ستِگُر آگے
جِنِ وِچھُڑیا ہرِ گلِ لائیا ॥2॥

ਮੇਰੈ ਅੰਤਿਰ ਪ੍ਰੀਤਿ ਲਗੀ ਦੇਖਨ ਕਉ

میرے انتر پریتِ لگی دیکھن ک ءُ

ਗੁਰਿ ਹਿਰਦੈ ਨਾਲਿ ਦਿਖਾਇਆ ॥

ਸਹਜ ਅਨੰਦੁ ਭਇਆ ਮਨਿ ਮੋਰੈ
ਗੁਰ ਆਗੈ ਆਪੁ ਵੇਚਾਇਆ ॥੩॥

ਹਮ ਅਪਰਾਧ ਪਾਪ ਬਹੁ ਕੀਨੇ
ਕਰਿ ਦੁਸਟੀ ਚੋਰ ਚੁਰਾਇਆ ॥

ਅਬ ਨਾਨਕ ਸਰਣਾਗਤਿ ਆਏ
ਹਰਿ ਰਾਖਹੁ ਲਾਜ ਹਰਿ ਭਾਇਆ ॥੪॥੧੧॥੨੫॥੬੩॥

ਗਉੜੀ ਪੂਰਬੀ ਮਹਲਾ ੪ ॥

ਗੁਰਮਤਿ ਬਾਜੈ ਸਬਦੁ ਅਨਾਹਦੁ
ਗੁਰਮਤਿ ਮਨੂਆ ਗਾਵੈ ॥

ਵਡਭਾਗੀ ਗੁਰ ਦਰਸਨੁ ਪਾਇਆ
ਧਨੁ ਧੰਨੁ ਗੁਰੂ ਲਿਵ ਲਾਵੈ ॥੧॥

ਗੁਰਮੁਖਿ ਹਰਿ ਲਿਵ ਲਾਵੈ ॥੧॥ ਰਹਾਉ ॥

ਹਮਰਾ ਠਾਕੁਰੁ ਸਤਿਗੁਰੁ ਪੂਰਾ
ਮਨੁ ਗੁਰ ਕੀ ਕਾਰ ਕਮਾਵੈ ॥

ਹਮ ਮਲਿ ਮਲਿ ਧੋਵਹ ਪਾਵ ਗੁਰੂ ਕੇ
ਜੋ ਹਰਿ ਹਰਿ ਕਥਾ ਸੁਨਾਵੈ ॥੨॥

ਹਿਰਦੈ ਗੁਰਮਤਿ ਰਾਮ ਰਸਾਇਣੁ
ਜਿਹਵਾ ਹਰਿ ਗੁਣ ਗਾਵੈ ॥

ਮਨ ਰਸਕਿ ਰਸਕਿ ਹਰਿ ਰਸਿ ਆਘਾਨੇ
ਫਿਰਿ ਬਹੁਰਿ ਨ ਭੂਖ ਲਗਾਵੈ ॥੩॥

ਕੋਈ ਕਰੈ ਉਪਾਵ ਅਨੇਕ ਬਹੁਤੇਰੇ
ਬਿਨੁ ਕਿਰਪਾ ਨਾਮੁ ਨ ਪਾਵੈ ॥

ਜਨ ਨਾਨਕ ਕਉ ਹਰਿ ਕਿਰਪਾ ਧਾਰੀ
ਮਤਿ ਗੁਰਮਤਿ ਨਾਮੁ ਦ੍ਰਿੜਾਵੈ ॥੪॥੧੨॥੨੬॥੬੪॥

گُرِ ہِردے نالِ دِکھائِیا ॥

سہج انَدُ بھئِیا منِ مورے
گُر آگے آپُ ویچائِیا ॥3॥

ہم اپرادھ پاپ بہُ کِینے
کرِ دُسٹی چور چُرائِیا ॥

اب نانک سرٹاگتِ آئے
ہرِ راکھہُ لاج ہرِ بھائِیا ॥4॥ 11 ॥ 25 ॥ 63 ॥

گئُڑی پُوربی محلا 4 ॥

گُرمتِ باجےَ سبدُ اناہدُ
گُرمتِ منوُیا گاوے ॥

وڈبھاگی گُر درسنُ پائِیا
دھنُ دھنّنُ گُروُ لِو لاوے ॥1॥

گُرمُکھِ ہرِ لِو لاوے ॥1॥ رہاءُ ॥

ہمرا ٹھاکُرُ ستِگُرُ پُورا
منُ گُر کی کار کماوے ॥

ہم مِلِ مِلِ دھووہ پاو گُروُ کے
جو ہرِ ہرِ کتھا سُناوے ॥2॥

ہِردے گُرمتِ رام رسائِنُ
جِہوا ہرِ گُنؤ گاوے ॥

من رسکِ رسکِ ہرِ رِس آگھانے
پھِرِ بہُرِ ن بھوُکھ لگاوے ॥3॥

کوئی کرے اُپاو انیک بہتیرے
بِنُ کِرپا نامُ ن پاوے ॥

جن نانک کءُ ہرِ کِرپا دھاری
متِ گُرمتِ نامُ دّرِڑاوے ॥4॥ 12 ॥ 26 ॥ 64 ॥

ਰਾਗੁ ਗਉੜੀ ਮਾਝ ਮਹਲਾ ੪ ॥	راگُ گئڑی ماجھ محلا 4 ॥
ਗੁਰਮੁਖਿ ਜਿੰਦੂ ਜਪਿ ਨਾਮੁ ਕਰੰਮਾ ॥	گُرمُکھِ جِنّدوُ جپِ نامُ کرنّما ॥
ਮਤਿ ਮਾਤਾ ਮਤਿ ਜੀਉ ਨਾਮੁ ਮੁਖਿ ਰਾਮਾ ॥	متِ ماتا متِ جیِءُ نامُ مُکھِ راما ॥
ਸੰਤੋਖੁ ਪਿਤਾ ਕਰਿ ਗੁਰੁ ਪੁਰਖੁ ਅਜਨਮਾ ॥	سنّتوکھُ پِتا کرِ گُرُ پُرکھُ اجنما ॥
ਵਡਭਾਗੀ ਮਿਲੁ ਰਾਮਾ ॥੧॥	وڈبھاگی مِلُ راما ॥1॥
ਗੁਰੁ ਜੋਗੀ ਪੁਰਖੁ ਮਿਲਿਆ ਰੰਗੁ ਮਾਣੀ ਜੀਉ ॥	گُرُ جوگی پُرکھُ مِلیا رنّگُ ماڻی جیِءُ ॥
ਗੁਰੁ ਹਰਿ ਰੰਗਿ ਰਤੜਾ ਸਦਾ ਨਿਰਬਾਣੀ ਜੀਉ ॥	گُرُ ہرِ رنّگِ رتڑا سدا نِربانڻی جیِءُ ॥
ਵਡਭਾਗੀ ਮਿਲੁ ਸੁਘੜ ਸੁਜਾਣੀ ਜੀਉ ॥	وڈبھاگی مِلُ سُگھڑ سُجانڻی جیِءُ ॥
ਮੇਰਾ ਮਨੁ ਤਨੁ ਹਰਿ ਰੰਗਿ ਭਿੰਨਾ ॥੨॥	میرا منُ تنُ ہرِ رنّگِ بھِنّنا ॥2॥
ਆਵਹੁ ਸੰਤਹੁ ਮਿਲਿ ਨਾਮੁ ਜਪਾਹਾ ॥	آوہُ سنّتہٗ مِلِ نامُ جپاہا ॥
ਵਿਚਿ ਸੰਗਤਿ ਨਾਮੁ ਸਦਾ ਲੈ ਲਾਹਾ ਜੀਉ ॥	وِچِ سنّگتِ نامُ سدا لے لاہا جیِءُ ॥
ਕਰਿ ਸੇਵਾ ਸੰਤਾ ਅੰਮ੍ਰਿਤੁ ਮੁਖਿ ਪਾਹਾ ਜੀਉ ॥	کرِ سیوا سنّتا انّمرِتُ مُکھِ پاہا جیِءُ ॥
ਮਿਲੁ ਪੂਰਬਿ ਲਿਖਿਅੜੇ ਧੁਰਿ ਕਰਮਾ ॥੩॥	مِلُ پوُربِ لِکھِئڑے دھُرِ کرما ॥3॥
ਸਾਵਣਿ ਵਰਸੁ ਅੰਮ੍ਰਿਤਿ ਜਗੁ ਛਾਇਆ ਜੀਉ ॥	ساونڻِ ورسُ انّمرِتِ جگُ چھائیا جیِءُ ॥
ਮਨੁ ਮੋਰੁ ਕੁਹੁਕਿਅੜਾ ਸਬਦੁ ਮੁਖਿ ਪਾਇਆ ॥	منُ مورُ کُہکِئڑا سبدُ مُکھِ پائیا ॥
ਹਰਿ ਅੰਮ੍ਰਿਤੁ ਵੂਠੜਾ ਮਿਲਿਆ ਹਰਿ ਰਾਇਆ ਜੀਉ ॥	ہرِ انّمرِتُ وُٹھڑا مِلیا ہرِ رائیا جیِءُ ॥
ਜਨ ਨਾਨਕ ਪ੍ਰੇਮਿ ਰਤੰਨਾ ॥੪॥੧॥੨੭॥੬੫॥	جن نانک پریمِ رتنّنا ॥4॥1॥ 27 ॥ 65 ॥
ਗਉੜੀ ਮਾਝ ਮਹਲਾ ੪ ॥	گئڑی ماجھ محلا 4 ॥
ਆਉ ਸਖੀ ਗੁਣ ਕਾਮਣ ਕਰੀਹਾ ਜੀਉ ॥	آءُ سکھی گُنڻ کامڻ کریہا جیِءُ ॥
ਮਿਲਿ ਸੰਤ ਜਨਾ ਰੰਗੁ ਮਾਣਿਹ ਰਲੀਆ ਜੀਉ ॥	مِلِ سنّت جنا رنّگُ ماڻہٗ رلیا جیِءُ ॥
ਗੁਰ ਦੀਪਕੁ ਗਿਆਨੁ ਸਦਾ ਮਨਿ ਬਲੀਆ ਜੀਉ ॥	گُر دیپکُ گیانُ سدا منِ بلیا جیِءُ ॥
ਹਰਿ ਤੁਠੈ ਢੁਲਿ ਢੁਲਿ ਮਿਲੀਆ ਜੀਉ ॥੧॥	ہرِ تُٹھے ڈھُلِ ڈھُلِ مِلیا جیِءُ ॥1॥
ਮੇਰੈ ਮਨਿ ਤਨਿ	میرے منِ تنِ

ਪ੍ਰੇਮੁ ਲਗਾ ਹਰਿ ਢੋਲੇ ਜੀਉ ॥
ميں پريمُ لگا ہرِ ڈھولے جيءُ ॥

ਮੈ ਮੇਲੇ ਮਿਤ੍ਰੁ ਸਤਿਗੁਰੁ ਵੇਚੋਲੇ ਜੀਉ ॥
مے ميلے مِترّ ستگُرُ ويچولے جيءُ ॥

ਮਨੁ ਦੇਵਾਂ ਸੰਤਾ ਮੇਰਾ ਪ੍ਰਭੁ ਮੇਲੇ ਜੀਉ ॥
منُ ديواں سنّتا ميرا پربھُ ميلے جيءُ ॥

ਹਰਿ ਵਿਟੜਿਅਹੁ ਸਦਾ ਘੋਲੇ ਜੀਉ ॥੨॥
ہرِ وِٹڑِيہُ سدا گھولے جيءُ ॥2॥

ਵਸੁ ਮੇਰੇ ਪਿਆਰਿਆ ਵਸੁ ਮੇਰੇ ਗੋਵਿਦਾ
ਹਰਿ ਕਰਿ ਕਿਰਪਾ ਮਨਿ ਵਸੁ ਜੀਉ ॥
وسُ ميرے پِيارِيا وسُ ميرے گووِدا
ہرِ کرِ کِرپا منِ وسُ جيءُ ॥

ਮਨਿ ਚਿੰਦਿਅੜਾ ਫਲੁ ਪਾਇਆ ਮੇਰੇ ਗੋਵਿੰਦਾ
ਗੁਰੁ ਪੂਰਾ ਵੇਖਿ ਵਿਗਸੁ ਜੀਉ ॥
منِ چِنّدِيڑا پھلُ پائِيا ميرے گووِنّدا
گُرُ پُورا ويکھِ وِگسُ جيءُ ॥

ਹਰਿ ਨਾਮੁ ਮਿਲਿਆ ਸੋਹਾਗਣੀ ਮੇਰੇ ਗੋਵਿੰਦਾ
ਮਨਿ ਅਨਦਿਨੁ ਅਨਦੁ ਰਹਸੁ ਜੀਉ ॥
ہرِ نامُ مِليا سوہاگنّی ميرے گووِنّدا
منِ اندِنُ اندُ رہسُ جيءُ ॥

ਹਰਿ ਪਾਇਅੜਾ ਵਡਭਾਗੀਈ ਮੇਰੇ ਗੋਵਿੰਦਾ
ਨਿਤ ਲੈ ਲਾਹਾ ਮਨਿ ਹਸੁ ਜੀਉ ॥੩॥
ہرِ پائِيڑا وڈبھاگِيئی ميرے گووِنّدا
نِت لے لاہا منِ ہسُ جيءُ ॥3॥

ਹਰਿ ਆਪਿ ਉਪਾਏ ਹਰਿ ਆਪੇ ਵੇਖੈ
ਹਰਿ ਆਪੇ ਕਾਰੈ ਲਾਇਆ ਜੀਉ ॥
ہرِ آپِ اُپائے ہرِ آپے ويکھے
ہرِ آپے کارے لائِيا جيءُ ॥

ਇਕਿ ਖਾਵਹਿ ਬਖਸ ਤੋਟਿ ਨ ਆਵੈ
ਇਕਨਾ ਫਕਾ ਪਾਇਆ ਜੀਉ ॥
اِکِ کھاوہِ بخش توٹِ ن آوے
اِکنا فقا پائِيا جيءُ ॥

ਇਕਿ ਰਾਜੇ ਤਖਤਿ ਬਹਹਿ ਨਿਤ ਸੁਖੀਏ
ਇਕਨਾ ਭਿਖ ਮੰਗਾਇਆ ਜੀਉ ॥
اِکِ راجے تخت بہہِ نِت سُکھيئے
اِکنا بھِکھ منگائِيا جيءُ ॥

ਸਭੁ ਇਕੋ ਸਬਦੁ ਵਰਤਦਾ ਮੇਰੇ ਗੋਵਿਦਾ
ਜਨ ਨਾਨਕ ਨਾਮੁ ਧਿਆਇਆ ਜੀਉ ॥੪॥੨॥੨੮॥੬੬॥
سبھُ اِکو سبدُ ورتدا ميرے گووِدا
جن نانک نامُ دھِيائِيا جيءُ ॥4॥2॥ 28 ॥ 66 ॥

ਗਉੜੀ ਮਾਝ ਮਹਲਾ ੪ ॥
گئڑی ماجھ محلا 4 ॥

ਮਨ ਮਾਹੀ ਮਨ ਮਾਹੀ ਮੇਰੇ ਗੋਵਿੰਦਾ
ਹਰਿ ਰੰਗਿ ਰਤਾ ਮਨ ਮਾਹੀ ਜੀਉ ॥
من ماہی من ماہی ميرے گووِنّدا
ہرِ رنگِ رتا من ماہی جيءُ ॥

ਹਰਿ ਰੰਗੁ ਨਾਲਿ ਨ ਲਖੀਐ ਮੇਰੇ ਗੋਵਿਦਾ
ਗੁਰੁ ਪੂਰਾ ਅਲਖੁ ਲਖਾਹੀ ਜੀਉ ॥
ہرِ رنگُ نالِ ن لکھيئے ميرے گووِدا
گُرُ پُورا الکھُ لکھاہی جيءُ ॥

ਹਰਿ ਹਰਿ ਨਾਮੁ ਪਰਗਾਸਿਆ ਮੇਰੇ ਗੋਵਿੰਦਾ
ਸਭ ਦਾਲਦ ਦੁਖ ਲਹਿ ਜਾਹੀ ਜੀਉ ॥

ہرِ ہرِ نامُ پرگاسِیا میرے گووِنّدا
سبھ دالد دُکھ لہِ جاہی جیِءُ ॥

ਹਰਿ ਪਦੁ ਊਤਮੁ ਪਾਇਆ ਮੇਰੇ ਗੋਵਿੰਦਾ
ਵਡਭਾਗੀ ਨਾਮਿ ਸਮਾਹੀ ਜੀਉ ॥੧॥

ہرِپدُ اوُتمُ پائِیا میرے گووِنّدا
وڈبھاگی نامِ سماہی جیِءُ ॥1॥

ਨੈਣੀ ਮੇਰੇ ਪਿਆਰਿਆ ਨੈਣੀ ਮੇਰੇ ਗੋਵਿਦਾ
ਕਿਨੈ ਹਰਿ ਪ੍ਰਭੁ ਡਿਠੜਾ ਨੈਣੀ ਜੀਉ ॥

نیَنّی میرے پِیارِیا نیَنّی میرے گووِدا
کِنے ہرِپّربھُ ڈِٹھڑا نیَنّی جیِءُ ॥

ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਮੇਰੇ ਗੋਵਿੰਦਾ
ਹਰਿ ਬਾਝਹੁ ਧਨ ਕੁਮਲੈਣੀ ਜੀਉ ॥

میرا منُ تنُ بہُتُ بیَراگیا میرے گووِنّدا
ہرِ باجھہُ دھن کُملیَنّی جیِءُ ॥

ਸੰਤ ਜਨਾ ਮਿਲਿ ਪਾਇਆ ਮੇਰੇ ਗੋਵਿਦਾ
ਮੇਰਾ ਹਰਿ ਪ੍ਰਭੁ ਸਜਣੁ ਸੈਣੀ ਜੀਉ ॥

سنّت جنا مِلِ پائِیا میرے گووِدا
میرا ہرِپّربھُ سجنُ سیَنّی جیِءُ ॥

ਹਰਿ ਆਇ ਮਿਲਿਆ ਜਗਜੀਵਨੁ ਮੇਰੇ ਗੋਵਿੰਦਾ
ਮੈ ਸੁਖਿ ਵਿਹਾਣੀ ਰੈਣੀ ਜੀਉ ॥੨॥

ہرِ آءِ مِلیا جگجیونُ میرے گووِنّدا
مے سُکھِ وِہانی ریَنّی جیِءُ ॥2॥

ਮੈ ਮੇਲਹੁ ਸੰਤ ਮੇਰਾ ਹਰਿ ਪ੍ਰਭੁ ਸਜਣੁ
ਮੈ ਮਨਿ ਤਨਿ ਭੁਖ ਲਗਾਈਆ ਜੀਉ ॥

مے میلہُ سنّت میرا ہرِپّربھُ سجنُ
مے منِ تنِ بھُکھ لگائِیا جیِءُ ॥

ਹਉ ਰਹਿ ਨ ਸਕਉ ਬਿਨੁ ਦੇਖੇ ਮੇਰੇ ਪ੍ਰੀਤਮ
ਮੈ ਅੰਤਰਿ ਬਿਰਹੁ ਹਰਿ ਲਾਈਆ ਜੀਉ ॥

ہءُ رہِ ن سکءُ بِنُ دیکھے میرے پّریتم
مے انترِ بِرہُ ہرِ لائِیا جیِءُ ॥

ਹਰਿ ਰਾਇਆ ਮੇਰਾ ਸਜਣੁ ਪਿਆਰਾ
ਗੁਰੁ ਮੇਲੇ ਮੇਰਾ ਮਨੁ ਜੀਵਾਈਆ ਜੀਉ ॥

ہرِ رائِیا میرا سجنُ پِیارا
گُرُ میلے میرا منُ جیِوائِیا جیِءُ ॥

ਮੇਰੈ ਮਨਿ ਤਨਿ ਆਸਾ ਪੂਰੀਆ ਮੇਰੇ ਗੋਵਿੰਦਾ
ਹਰਿ ਮਿਲਿਆ ਮਨਿ ਵਾਧਾਈਆ ਜੀਉ ॥੩॥

میرے منِ تنِ آسا پوُرِیا میرے گووِنّدا
ہرِ مِلیا منِ وادھائِیا جیِءُ ॥3॥

ਵਾਰੀ ਮੇਰੇ ਗੋਵਿੰਦਾ ਵਾਰੀ ਮੇਰੇ ਪਿਆਰਿਆ
ਹਉ ਤੁਧੁ ਵਿਟੜਿਅਹੁ ਸਦ ਵਾਰੀ ਜੀਉ ॥

واری میرے گووِنّدا واری میرے پِیارِیا
ہءُ تُدھُ وِٹڑِیہُ سد واری جیِءُ ॥

ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਮੇਰੇ ਗੋਵਿਦਾ
ਹਰਿ ਪੂੰਜੀ ਰਾਖੁ ਹਮਾਰੀ ਜੀਉ ॥

میرے منِ تنِ پّریمُ پرنّم کا میرے گووِدا
ہرِپونّجی راکھُ ہماری جیِءُ ॥

ਸਤਿਗੁਰੁ ਵਿਸਟੁ ਮੇਲਿ ਮੇਰੇ ਗੋਵਿੰਦਾ
ਹਰਿ ਮੇਲੇ ਕਰਿ ਰੈਬਾਰੀ ਜੀਉ ॥

ستِگُرُ وِسٹُ میلِ میرے گووِنّدا

ਹਰਿ ਨਾਮੁ ਦਇਆ ਕਰਿ ਪਾਇਆ ਮੇਰੇ ਗੋਵਿੰਦਾ
ਜਨ ਨਾਨਕੁ ਸਰਣਿ ਤੁਮਾਰੀ ਜੀਉ ॥੪॥੩॥੨੯॥੬੭॥

ਗਉੜੀ ਮਾਝ ਮਹਲਾ ੪ ॥

ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ
ਹਰਿ ਪ੍ਰਭੁ ਮੇਰਾ ਚੋਜੀ ਜੀਉ ॥

ਹਰਿ ਆਪੇ ਕਾਨ੍ਹ ਉਪਾਇਦਾ ਮੇਰੇ ਗੋਵਿਦਾ
ਹਰਿ ਆਪੇ ਗੋਪੀ ਖੋਜੀ ਜੀਉ ॥

ਹਰਿ ਆਪੇ ਸਭ ਘਟ ਭੋਗਦਾ ਮੇਰੇ ਗੋਵਿੰਦਾ
ਆਪੇ ਰਸੀਆ ਭੋਗੀ ਜੀਉ ॥

ਹਰਿ ਸੁਜਾਣੁ ਨ ਭੁਲਈ ਮੇਰੇ ਗੋਵਿੰਦਾ
ਆਪੇ ਸਤਿਗੁਰੁ ਜੋਗੀ ਜੀਉ ॥੧॥

ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ
ਹਰਿ ਆਪਿ ਖੇਲੈ ਬਹੁ ਰੰਗੀ ਜੀਉ ॥

ਇਕਨਾ ਭੋਗ ਭੋਗਾਇਦਾ ਮੇਰੇ ਗੋਵਿੰਦਾ
ਇਕਿ ਨਗਨ ਫਿਰਹਿ ਨੰਗ ਨੰਗੀ ਜੀਉ ॥

ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ
ਹਰਿ ਦਾਨੁ ਦੇਵੈ ਸਭ ਮੰਗੀ ਜੀਉ ॥

ਭਗਤਾ ਨਾਮੁ ਆਧਾਰੁ ਹੈ ਮੇਰੇ ਗੋਵਿੰਦਾ
ਹਰਿ ਕਥਾ ਮੰਗਹਿ ਹਰਿ ਚੰਗੀ ਜੀਉ ॥੨॥

ਹਰਿ ਆਪੇ ਭਗਤਿ ਕਰਾਇਦਾ ਮੇਰੇ ਗੋਵਿੰਦਾ
ਹਰਿ ਭਗਤਾ ਲੋਚ ਮਨਿ ਪੂਰੀ ਜੀਉ ॥

ਆਪੇ ਜਲਿ ਥਲਿ ਵਰਤਦਾ ਮੇਰੇ ਗੋਵਿਦਾ
ਰਵਿ ਰਹਿਆ ਨਹੀ ਦੂਰੀ ਜੀਉ ॥

ਹਰਿ ਅੰਤਰਿ ਬਾਹਰਿ ਆਪਿ ਹੈ ਮੇਰੇ ਗੋਵਿਦਾ

ہرِ میلے کرِ ریَباری جیِءُ ॥

ہرِ نامُ دیَیا کرِ پائیا میرے گووِنّدا
جن نانکُ سرنِٔ تُماری جیِءُ ॥4॥3॥29॥67॥

گئُڑی ماجھ محلا 4 ॥

چوجی میرے گووِنّدا چوجی میرے پِیارِیا
ہرِ پرّبھُ میرا چوجی جیِءُ ॥

ہرِ آپے کانّہٗ اُپائِندا میرے گووِدا
ہرِ آپے گوپی کھوجی جیِءُ ॥

ہرِ آپے سبھ گھٹ بھوگدا میرے گووِنّدا
آپے رسِیا بھوگی جیِءُ ॥

ہرِ سُجانُ ن بھُلئی میرے گووِنّدا
آپے ستِگُرُ جوگی جیِءُ ॥1॥

آپے جگتُ اُپائِندا میرے گووِدا
ہرِ آپِ کھیلےَ بہُ رنگی جیِءُ ॥

اِکنا بھوگ بھوگائِندا میرے گووِنّدا
اِکِ نگن پھِرہِ ننگ ننگی جیِءُ ॥

آپے جگتُ اُپائِندا میرے گووِدا
ہرِ دانُ دیوےَ سبھ منگی جیِءُ ॥

بھگتا نامُ آدھارُ ہےَ میرے گووِنّدا
ہرِ کتھا منگہِ ہرِ چنگی جیِءُ ॥2॥

ہرِ آپے بھگتِ کرائِندا میرے گووِنّدا
ہرِ بھگتا لوچ منِ پوُری جیِءُ ॥

آپے جلِ تھلِ ورتدا میرے گووِدا
روِ رہِیا نہی دوُری جیِءُ ॥

ہرِ انترِ باہرِ آپِ ہےَ میرے گووِدا

ਹਰਿ ਆਪਿ ਰਹਿਆ ਭਰਪੂਰੀ ਜੀਉ ॥
ہرِ آپِ رہِیا بھرپوُری جیِءُ ॥

ਹਰਿ ਆਤਮ ਰਾਮੁ ਪਸਾਰਿਆ ਮੇਰੇ ਗੋਵਿੰਦਾ
ہرِ آتم رامُ پسارِیا میرے گووِنّدا

ਹਰਿ ਵੇਖੈ ਆਪਿ ਹਦੂਰੀ ਜੀਉ ॥੩॥
ہرِ ویکھےَ آپِ حدوُری جیِءُ ॥3॥

ਹਰਿ ਅੰਤਰਿ ਵਾਜਾ ਪਉਣੁ ਹੈ ਮੇਰੇ ਗੋਵਿੰਦਾ
ہرِ انترِ واجا پُنُّ ہےَ میرے گووِنّدا

ਹਰਿ ਆਪਿ ਵਜਾਏ ਤਿਉ ਵਾਜੈ ਜੀਉ ॥
ہرِ آپِ وجائے تِءُ واجےَ جیِءُ ॥

ਹਰਿ ਅੰਤਰਿ ਨਾਮੁ ਨਿਧਾਨੁ ਹੈ ਮੇਰੇ ਗੋਵਿੰਦਾ
ہرِ انترِ نامُ نِدھانُ ہےَ میرے گووِنّدا

ਗੁਰ ਸਬਦੀ ਹਰਿ ਪ੍ਰਭੁ ਗਾਜੈ ਜੀਉ ॥
گُر سبدی ہرِ پّربھُ گاجےَ جیِءُ ॥

ਆਪੇ ਸਰਣਿ ਪਵਾਇਦਾ ਮੇਰੇ ਗੋਵਿੰਦਾ
آپے سرنِ پوائِدا میرے گووِنّدا

ਹਰਿ ਭਗਤ ਜਨਾ ਰਾਖੁ ਲਾਜੈ ਜੀਉ ॥
ہرِ بھگت جنا راکھُ لاجےَ جیِءُ ॥

ਵਡਭਾਗੀ ਮਿਲੁ ਸੰਗਤੀ ਮੇਰੇ ਗੋਵਿੰਦਾ
وڈبھاگی مِلُ سنگتی میرے گووِنّدا

ਜਨ ਨਾਨਕ ਨਾਮ ਸਿਧਿ ਕਾਜੈ ਜੀਉ ॥੪॥੪॥੩੦॥੬੮॥
جن نانک نام سِدھِ کاجےَ جیِءُ ॥4॥4॥ 30 ॥ 68 ॥

ਗਉੜੀ ਮਾਝ ਮਹਲਾ ੪ ॥
گئڑی ماجھ محلا 4 ॥

ਮੈ ਹਰਿ ਨਾਮੈ ਹਰਿ ਬਿਰਹੁ ਲਗਾਈ ਜੀਉ ॥
مےَ ہرِ نامےَ ہرِ بِرہُ لگائی جیِءُ ॥

ਮੇਰਾ ਹਰਿ ਪ੍ਰਭੁ ਮਿਤੁ ਮਿਲੈ
ਸੁਖੁ ਪਾਈ ਜੀਉ ॥
میرا ہرِ پّربھُ مِتُ مِلےَ
سُکھُ پائی جیِءُ ॥

ਹਰਿ ਪ੍ਰਭੁ ਦੇਖਿ ਜੀਵਾ ਮੇਰੀ ਮਾਈ ਜੀਉ ॥
ہرِ پّربھُ دیکھِ جیِوا میری مائی جیِءُ ॥

ਮੇਰਾ ਨਾਮੁ ਸਖਾ ਹਰਿ ਭਾਈ ਜੀਉ ॥੧॥
میرا نامُ سکھا ہرِ بھائی جیِءُ ॥1॥

ਗੁਣ ਗਾਵਹੁ ਸੰਤ ਜੀਉ
ਮੇਰੇ ਹਰਿ ਪ੍ਰਭ ਕੇਰੇ ਜੀਉ ॥
گُنُ گاوہُ سنّت جیِءُ
میرے ہرِ پّربھ کیرے جیِءُ ॥

ਜਪਿ ਗੁਰਮੁਖਿ ਨਾਮੁ ਜੀਉ ਭਾਗ ਵਡੇਰੇ ਜੀਉ ॥
جپِ گُرمُکھِ نامُ جیِءُ بھاگ وڈیرے جیِءُ ॥

ਹਰਿ ਹਰਿ ਨਾਮੁ ਜੀਉ
ਪ੍ਰਾਨ ਹਰਿ ਮੇਰੇ ਜੀਉ ॥
ہرِ ہرِ نامُ جیِءُ
پّران ہرِ میرے جیِءُ ॥

ਫਿਰਿ ਬਹੁੜਿ ਨ ਭਵਜਲ ਫੇਰੇ ਜੀਉ ॥੨॥
پھرِ بہُڑِ ن بھوجل پھیرے جیِءُ ॥2॥

ਕਿਉ ਹਰਿ ਪ੍ਰਭ ਵੇਖਾ
ਮੇਰੈ ਮਨਿ ਤਨਿ ਚਾਉ ਜੀਉ ॥
کِءُ ہرِ پّربھ ویکھا

	میرے منِ تنِ چاءُ جیءُ ॥
ਹਰਿ ਮੇਲਹੁ ਸੰਤ ਜੀਉ ਮਨਿ ਲਗਾ ਭਾਉ ਜੀਉ ॥	ہرِ میلہُ سنّت جیءُ منِ لگا بھاءُ جیءُ ॥
ਗੁਰ ਸਬਦੀ ਪਾਈਐ ਹਰਿ ਪ੍ਰੀਤਮ ਰਾਉ ਜੀਉ ॥	گُر سبدی پائیئے ہرِ پریتم راءُ جیءُ ॥
ਵਡਭਾਗੀ ਜਪਿ ਨਾਉ ਜੀਉ ॥੩॥	وڈبھاگی جپِ ناءُ جیءُ ॥3॥
ਮੇਰੈ ਮਨਿ ਤਨਿ ਵਡੜੀ ਗੋਵਿੰਦ ਪ੍ਰਭ ਆਸਾ ਜੀਉ ॥	میرے منِ تنِ وڈڑی گووِنّد پربھ آسا جیءُ ॥
ਹਰਿ ਮੇਲਹੁ ਸੰਤ ਜੀਉ ਗੋਵਿਦ ਪ੍ਰਭ ਪਾਸਾ ਜੀਉ ॥	ہرِ میلہُ سنّت جیءُ گووِد پربھ پاسا جیءُ ॥
ਸਤਿਗੁਰ ਮਤਿ ਨਾਮੁ ਸਦਾ ਪਰਗਾਸਾ ਜੀਉ ॥	ستِگُر متِ نامُ سدا پرگاسا جیءُ ॥
ਜਨ ਨਾਨਕ ਪੂਰਿਅੜੀ ਮਨਿ ਆਸਾ ਜੀਉ ॥੪॥੫॥੩੧॥੬੯॥	جن نانک پوُرِئڑی منِ آسا جیءُ ॥4॥5॥ 31 ॥ 69 ॥
ਗਉੜੀ ਮਾਝ ਮਹਲਾ ੪ ॥	گئڑی ماجھ محلا 4 ॥
ਮੇਰਾ ਬਿਰਹੀ ਨਾਮੁ ਮਿਲੈ ਤਾ ਜੀਵਾ ਜੀਉ ॥	میرا بِرہی نامُ ملےَ تا جیِوا جیءُ ॥
ਮਨ ਅੰਦਰਿ ਅੰਮ੍ਰਿਤੁ ਗੁਰਮਤਿ ਹਰਿ ਲੀਵਾ ਜੀਉ ॥	من اندرِ انمّرِتُ گُرمتِ ہرِ لیِوا جیءُ ॥
ਮਨੁ ਹਰਿ ਰੰਗਿ ਰਤੜਾ ਹਰਿ ਰਸੁ ਸਦਾ ਪੀਵਾ ਜੀਉ ॥	منُ ہرِ رنگِ رتڑا ہرِ رسُ سدا پیِوا جیءُ ॥
ਹਰਿ ਪਾਇਅੜਾ ਮਨਿ ਜੀਵਾ ਜੀਉ ॥੧॥	ہرِ پائیئڑا منِ جیِوا جیءُ ॥1॥
ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਬਾਣੁ ਜੀਉ ॥	میرے منِ تنِ پریمُ لگا ہرِ باںُ جیءُ ॥
ਮੇਰਾ ਪ੍ਰੀਤਮੁ ਮਿਤ੍ਰੁ ਹਰਿ ਪੁਰਖੁ ਸੁਜਾਣੁ ਜੀਉ ॥	میرا پریتمُ مِتّر ہرِ پُرکھُ سُجاںُ جیءُ ॥
ਗੁਰੁ ਮੇਲੇ ਸੰਤ ਹਰਿ ਸੁਘੜੁ ਸੁਜਾਣੁ ਜੀਉ ॥	گُرُ میلے سنّت ہرِ سُگھڑُ سُجاںُ جیءُ ॥
ਹਉ ਨਾਮ ਵਿਟਹੁ ਕੁਰਬਾਣੁ ਜੀਉ ॥੨॥	ہءُ نام وِٹہٗ قُرباںُ جیءُ ॥2॥
ਹਉ ਹਰਿ ਹਰਿ ਸਜਣੁ ਹਰਿ ਮੀਤੁ ਦਸਾਈ ਜੀਉ ॥	ہءُ ہرِ ہرِ سجںُ

ਹਰਿ ਦਸਹੁ ਸੰਤਹੁ ਜੀ
ਹਰਿ ਖੋਜੁ ਪਵਾਈ ਜੀਉ ॥

ਸਤਿਗੁਰੁ ਤੁਠੜਾ ਦਸੇ ਹਰਿ ਪਾਈ ਜੀਉ ॥

ਹਰਿ ਨਾਮੇ ਨਾਮਿ ਸਮਾਈ ਜੀਉ ॥੩॥

ਮੈ ਵੇਦਨ ਪ੍ਰੇਮੁ ਹਰਿ ਬਿਰਹੁ ਲਗਾਈ ਜੀਉ ॥

ਗੁਰ ਸਰਧਾ ਪੂਰਿ ਅੰਮ੍ਰਿਤੁ ਮੁਖਿ ਪਾਈ ਜੀਉ ॥

ਹਰਿ ਹੋਹੁ ਦਇਆਲੁ ਹਰਿ ਨਾਮੁ ਧਿਆਈ ਜੀਉ ॥

ਜਨ ਨਾਨਕ ਹਰਿ ਰਸੁ ਪਾਈ ਜੀਉ
॥੪॥੬॥੨੦॥੧੮॥੩੨॥੭੦॥

ਮਹਲਾ ੫ ਰਾਗੁ ਗਉੜੀ ਗੁਆਰੇਰੀ ਚਉਪਦੇ

ੴ ਸਤਿਗੁਰ ਪ੍ਰਸਾਦਿ ॥

ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ ॥

ਕਿਉ ਪਾਈਐ ਹਰਿ ਰਾਮ ਸਹਾਈ ॥੧॥ ਰਹਾਉ ॥

ਕੁਸਲੁ ਨ ਗ੍ਰਿਹਿ ਮੇਰੀ ਸਭ ਮਾਇਆ ॥

ਊਚੇ ਮੰਦਰ ਸੁੰਦਰ ਛਾਇਆ ॥

ਝੂਠੇ ਲਾਲਚਿ ਜਨਮੁ ਗਵਾਇਆ ॥੧॥

ਹਸਤੀ ਘੋੜੇ ਦੇਖਿ ਵਿਗਾਸਾ ॥

ਲਸਕਰ ਜੋੜੇ ਨੇਬ ਖਵਾਸਾ ॥

ਗਲਿ ਜੇਵੜੀ ਹਉਮੈ ਕੇ ਫਾਸਾ ॥੨॥

ਰਾਜੁ ਕਮਾਵੈ ਦਹ ਦਿਸ ਸਾਰੀ ॥

ਮਾਣੈ ਰੰਗ ਭੋਗ ਬਹੁ ਨਾਰੀ ॥

ਜਿਉ ਨਰਪਤਿ ਸੁਪਨੈ ਭੇਖਾਰੀ ॥੩॥

ہرِ مِیٹ دسائی جیِءُ ॥

ہرِ دسہُ سنّتہُ جی
ہرِ کھوجُ پوائی جیِءُ ॥

ستِگُرُ تُٹھڑا دسے ہرِ پائی جیِءُ ॥

ہرِ نامے نامِ سمائی جیِءُ ॥3॥

مے ویدن پّریمُ ہرِ برہُ لگائی جیِءُ ॥

گُر سردھا پُورِ انّمرِتُ مُکھِ پائی جیِءُ ॥

ہرِ ہوہُ دئیالُ ہرِ نامُ دھِیائی جیِءُ ॥

جن نانک ہرِ رسُ پائی جیِءُ ॥4॥6॥ 20 ॥ 18 ॥ 32 ॥ 70 ॥

محلا 5 راگُ گئڑی گیاریری چئُپدے

ੴ ستِگُر پّرسادِ ॥

کِن بِدھِ کُسلُ ہوت میرے بھائی ۔ ॥

کِءُ پائیّےَ ہرِ رام سہائی ॥1॥ رہاءُ ॥

کُسلُ ن گّرِہِ میری سبھ مائیا ॥

اُوچے مندّر سُندّر چھائیا ॥

جھوٹھے لالچِ جنمُ گوائیا ॥1॥

ہستی گھوڑے دیکھِ وِگاسا ॥

لشکر جوڑے نیب خواسا ॥

گلِ جیوڑی ہئُےَ کے پھاسا ॥2॥

راجُ کماوےَ دہ دِس ساری ॥

ماۓَ رنگ بھوگ بہُ ناری ॥

جِءُ نرپتِ سُپنے بھیکھاری ॥3॥

ਏਕੁ ਕੁਸਲੁ ਮੋ ਕਉ ਸਤਿਗੁਰੂ ਬਤਾਇਆ ॥	ایکُ کُسلُ مو ک ءُ ستِگُرو بتائیا ॥
ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ ॥	ہرِ جو کچھُ کرے سُ ہرِ کیا بھگتا بھائیا ॥
ਜਨ ਨਾਨਕ ਹਉਮੈ ਮਾਰਿ ਸਮਾਇਆ ॥੪॥	جن نانک ہئمےَ مارِ سمائیا ॥4॥
ਇਨ ਬਿਧਿ ਕੁਸਲ ਹੋਤ ਮੇਰੇ ਭਾਈ ॥	اِن بِدھِ کُسل ہوت میرے بھائی ۔ ॥
ਇਉ ਪਾਈਐ ਹਰਿ ਰਾਮ ਸਹਾਈ ॥੧॥ ਰਹਾਉ ਦੂਜਾ ॥	اِءُ پائیئے ہرِ رام سہائی ॥1॥ رہاءُ دوُجا ॥
ਗਉੜੀ ਗੁਆਰੇਰੀ ਮਹਲਾ ੫ ॥	گئُڑی گیاریری محلا 5 ॥
ਕਿਉ ਭ੍ਰਮੀਐ ਭ੍ਰਮੁ ਕਿਸ ਕਾ ਹੋਈ ॥	کِءُ بھرمیئے بھرمُ کِس کا ہوئی ۔ ॥
ਜਾ ਜਲਿ ਥਲਿ ਮਹੀਅਲਿ ਰਵਿਆ ਸੋਈ ॥	جا جلِ تھلِ مہیئلِ روِیا سوئی ॥
ਗੁਰਮੁਖਿ ਉਬਰੇ ਮਨਮੁਖ ਪਤਿ ਖੋਈ ॥੧॥	گُرمُکھِ اُبرے منمُکھ پتِ کھوئی ॥1॥
ਜਿਸੁ ਰਾਖੈ ਆਪਿ ਰਾਮੁ ਦਇਆਰਾ ॥	جِسُ راکھےَ آپِ رامُ دیئارا ॥
ਤਿਸੁ ਨਹੀ ਦੂਜਾ ਕੋ ਪਹੁਚਨਹਾਰਾ ॥੧॥ ਰਹਾਉ ॥	تِسُ نہی دوُجا کو پہُچنہارا ॥1॥ رہاءُ ॥
ਸਭ ਮਹਿ ਵਰਤੈ ਏਕੁ ਅਨੰਤਾ ॥	سبھ مہِ ورتےَ ایکُ انتّا ॥
ਤਾ ਤੂੰ ਸੁਖਿ ਸੋਉ ਹੋਇ ਅਚਿੰਤਾ ॥	تا توُنَ سُکھِ سوءُ ہوءِ اچِنّتا ॥
ਓਹੁ ਸਭੁ ਕਿਛੁ ਜਾਣੈ ਜੋ ਵਰਤੰਤਾ ॥੨॥	اوہُ سبھُ کچھُ جاٹےَ جو ورتنّتا ॥2॥
ਮਨਮੁਖ ਮੁਏ ਜਿਨ ਦੂਜੀ ਪਿਆਸਾ ॥	منمُکھ مےُ جِن دوُجی پیاسا ॥
ਬਹੁ ਜੋਨੀ ਭਵਹਿ ਧੁਰਿ ਕਿਰਤਿ ਲਿਖਿਆਸਾ ॥	بہُ جونی بھوہِ دھُرِ کِرتِ لِکھیاسا ॥
ਜੈਸਾ ਬੀਜਹਿ ਤੈਸਾ ਖਾਸਾ ॥੩॥	جیَسا بیجہِ تیَسا کھاسا ॥3॥
ਦੇਖਿ ਦਰਸੁ ਮਨਿ ਭਇਆ ਵਿਗਾਸਾ ॥	دیکھِ درسُ منِ بھئیا وِگاسا ॥
ਸਭੁ ਨਦਰੀ ਆਇਆ ਬ੍ਰਹਮੁ ਪਰਗਾਸਾ ॥	سبھُ ندری آئیا برہمُ پرگاسا ॥
ਜਨ ਨਾਨਕ ਕੀ ਹਰਿ ਪੂਰਨ ਆਸਾ ॥੪॥੨॥੭੧॥	جن نانک کی ہرِپوُرن آسا ॥4॥2॥ 71 ॥
ਗਉੜੀ ਗੁਆਰੇਰੀ ਮਹਲਾ ੫ ॥	گئُڑی گیاریری محلا 5 ॥
ਕਈ ਜਨਮ ਭਏ ਕੀਟ ਪਤੰਗਾ ॥	کئی جنم بھےَ کیٹ پتنگا ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پرب نوں سمرپت|سیوا: بھائی بلجندر سنگھ جی (راڑا صاہب)

ਕਈ ਜਨਮ ਗਜ ਮੀਨ ਕੁਰੰਗਾ ॥	کئی جنم گج مِین کُرنگا ॥
ਕਈ ਜਨਮ ਪੰਖੀ ਸਰਪ ਹੋਇਓ ॥	کئی جنم پنکھی سرپ ہوئیو ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥	کئی جنم ہیور برِکھ جوئیو ॥1॥
ਮਿਲੁ ਜਗਦੀਸ ਮਿਲਨ ਕੀ ਬਰੀਆ ॥	مِلُ جگدیس مِلن کی بریا ॥
ਚਿਰੰਕਾਲ ਇਹ ਦੇਹ ਸੰਜਰੀਆ ॥੧॥ ਰਹਾਉ ॥	چِرنکال اِہ دیہ سنجریا ॥1॥ رہاءُ ॥
ਕਈ ਜਨਮ ਸੈਲ ਗਿਰਿ ਕਰਿਆ ॥	کئی جنم سیَل گِرِ کریا ॥
ਕਈ ਜਨਮ ਗਰਭ ਹਿਰਿ ਖਰਿਆ ॥	کئی جنم گربھ ہِرِ کھریا ॥
ਕਈ ਜਨਮ ਸਾਖ ਕਰਿ ਉਪਾਇਆ ॥	کئی جنم ساکھ کرِ اُپائیا ॥
ਲਖ ਚਉਰਾਸੀਹ ਜੋਨਿ ਭ੍ਰਮਾਇਆ ॥੨॥	لکھ چُراسیہ جونِ بھرمائیا ॥2॥
ਸਾਧਸੰਗਿ ਭਇਓ ਜਨਮੁ ਪਰਾਪਤਿ ॥	سادھسنگِ بھئیو جنمُ پراپتِ ॥
ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥	کرِ سیوا بھجُ ہرِ ہرِ گُرمتِ ॥
ਤਿਆਗਿ ਮਾਨੁ ਝੂਠੁ ਅਭਿਮਾਨੁ ॥	تِیاگِ مانُ جھوٹھُ ابھمانُ ॥
ਜੀਵਤ ਮਰਹਿ ਦਰਗਹ ਪਰਵਾਨੁ ॥੩॥	جیوت مرہِ درگہ پروانُ ॥3॥
ਜੋ ਕਿਛੁ ਹੋਆ ਸੁ ਤੁਝ ਤੇ ਹੋਗੁ ॥	جو کِچھُ ہویا سُ تُجھ تے ہوگُ ॥
ਅਵਰੁ ਨ ਦੂਜਾ ਕਰਣੈ ਜੋਗੁ ॥	اورُ ن دوُجا کرنے جوگُ ॥
ਤਾ ਮਿਲੀਐ ਜਾ ਲੈਹਿ ਮਿਲਾਇ ॥	تا مِلیئے جا لیہِ مِلاءِ ॥
ਕਹੁ ਨਾਨਕ ਹਰਿ ਹਰਿ ਗੁਣ ਗਾਇ ॥੪॥੩॥੭੨॥	کہُ نانک ہرِ ہرِ گُن گاءِ ॥4॥3॥ 72 ॥
ਗਉੜੀ ਗੁਆਰੇਰੀ ਮਹਲਾ ੫ ॥	گئڑی گُیاریری محلا 5 ॥
ਕਰਮ ਭੂਮਿ ਮਹਿ ਬੋਅਹੁ ਨਾਮੁ ॥	کرم بھوُمِ مہِ بوئہُ نامُ ॥
ਪੂਰਨ ਹੋਇ ਤੁਮਾਰਾ ਕਾਮੁ ॥	پوُرن ہوءِ تُمارا کامُ ॥
ਫਲ ਪਾਵਹਿ ਮਿਟੈ ਜਮ ਤ੍ਰਾਸ ॥	پھل پاوہِ مِٹے جم تّراس ॥
ਨਿਤ ਗਾਵਹਿ ਹਰਿ ਹਰਿ ਗੁਣ ਜਾਸ ॥੧॥	نِت گاوہِ ہرِ ہرِ گُن جاس ॥1॥

ਹਰਿ ਹਰਿ ਨਾਮੁ ਅੰਤਰਿ ਉਰਿ ਧਾਰਿ ॥	ہرِ ہرِ نامُ انترِ اُرِ دھارِ ॥
ਸੀਘਰ ਕਾਰਜੁ ਲੇਹੁ ਸਵਾਰਿ ॥੧॥ ਰਹਾਉ ॥	سِیگھر کارجُ لیہُ سوارِ ॥1॥ رہاءُ ॥
ਅਪਨੇ ਪ੍ਰਭ ਸਿਉ ਹੋਹੁ ਸਾਵਧਾਨੁ ॥	اپنے پربھ سِ ءُ ہوہُ ساودھانُ ॥
ਤਾ ਤੂੰ ਦਰਗਹ ਪਾਵਹਿ ਮਾਨੁ ॥	تا توُنّ درگہ پاوہِ مانُ ॥
ਉਕਤਿ ਸਿਆਣਪ ਸਗਲੀ ਤਿਆਗੁ ॥	اُکتِ سِیانپ سگلی تِیاگُ ॥
ਸੰਤ ਜਨਾ ਕੀ ਚਰਣੀ ਲਾਗੁ ॥੨॥	سنّت جنا کی چرنی لاگُ ॥2॥
ਸਰਬ ਜੀਅ ਹਹਿ ਜਾ ਕੈ ਹਾਥਿ ॥	سرب جی ء ہہِ جا کے ہاتھِ ॥
ਕਦੇ ਨ ਵਿਛੁੜੈ ਸਭ ਕੈ ਸਾਥਿ ॥	کدے ن وِچھُڑے سبھ کے ساتھِ ॥
ਉਪਾਵ ਛੋਡਿ ਗਹੁ ਤਿਸ ਕੀ ਓਟ ॥	اُپاو چھوڈِ گہُ تِس کی اوٹ ॥
ਨਿਮਖ ਮਾਹਿ ਹੋਵੈ ਤੇਰੀ ਛੋਟਿ ॥੩॥	نِمکھ ماہِ ہووے تیری چھوٹِ ॥3॥
ਸਦਾ ਨਿਕਟਿ ਕਰਿ ਤਿਸ ਨੋ ਜਾਣੁ ॥	سدا نِکٹِ کرِ تِس نو جانُ ॥
ਪ੍ਰਭ ਕੀ ਆਗਿਆ ਸਤਿ ਕਰਿ ਮਾਨੁ ॥	پربھ کی آگیا ستِ کرِ مانُ ॥
ਗੁਰ ਕੈ ਬਚਨਿ ਮਿਟਾਵਹੁ ਆਪੁ ॥	گُر کے بچنِ مِٹاوہُ آپُ ॥
ਹਰਿ ਹਰਿ ਨਾਮੁ ਨਾਨਕ ਜਪਿ ਜਾਪੁ ॥੪॥੪॥੭੩॥	ہرِ ہرِ نامُ نانک جپِ جاپُ ॥4॥4॥ 73 ॥
ਗਉੜੀ ਗੁਆਰੇਰੀ ਮਹਲਾ ੫ ॥	گئڑی گُیارِیری محلا 5 ॥
ਗੁਰ ਕਾ ਬਚਨੁ ਸਦਾ ਅਬਿਨਾਸੀ ॥	گُر کا بچنُ سدا اِبناسی ॥
ਗੁਰ ਕੈ ਬਚਨਿ ਕਟੀ ਜਮ ਫਾਸੀ ॥	گُر کے بچنِ کٹی جم پھاسی ॥
ਗੁਰ ਕਾ ਬਚਨੁ ਜੀਅ ਕੈ ਸੰਗਿ ॥	گُر کا بچنُ جی ء کے سنگِ ॥
ਗੁਰ ਕੈ ਬਚਨਿ ਰਚੈ ਰਾਮ ਕੈ ਰੰਗਿ ॥੧॥	گُر کے بچنِ رچے رام کے رنگِ ॥1॥
ਜੋ ਗੁਰਿ ਦੀਆ ਸੁ ਮਨ ਕੈ ਕਾਮਿ ॥	جو گُرِ دِیِیا سُ من کے کامِ ॥
ਸੰਤ ਕਾ ਕੀਆ ਸਤਿ ਕਰਿ ਮਾਨਿ ॥੧॥ ਰਹਾਉ ॥	سنّت کا کِیِیا ستِ کرِ مانِ ॥1॥ رہاءُ ॥
ਗੁਰ ਕਾ ਬਚਨੁ ਅਟਲ ਅਛੇਦ ॥	گُر کا بچنُ اٹل اچھید ॥

ਗੁਰ ਕੈ ਬਚਨਿ ਕਟੇ ਭ੍ਰਮ ਭੇਦ ॥	گُر کے بچنِ کٹے بھرّم بھید ॥
ਗੁਰ ਕਾ ਬਚਨੁ ਕਤਹੁ ਨ ਜਾਇ ॥	گُر کا بچنُ کتہٗ ن جاءِ ॥
ਗੁਰ ਕੈ ਬਚਨਿ ਹਰਿ ਕੇ ਗੁਣ ਗਾਇ ॥੨॥	گُر کے بچنِ ہرِ کے گُن گاءِ ॥2॥
ਗੁਰ ਕਾ ਬਚਨੁ ਜੀਅ ਕੈ ਸਾਥ ॥	گُر کا بچنُ جیء کے ساتھ ॥
ਗੁਰ ਕਾ ਬਚਨੁ ਅਨਾਥ ਕੋ ਨਾਥ ॥	گُر کا بچنُ اناتھ کو ناتھ ॥
ਗੁਰ ਕੈ ਬਚਨਿ ਨਰਕਿ ਨ ਪਵੈ ॥	گُر کے بچنِ نرکِ ن پوے ॥
ਗੁਰ ਕੈ ਬਚਨਿ ਰਸਨਾ ਅੰਮ੍ਰਿਤੁ ਰਵੈ ॥੩॥	گُر کے بچنِ رسنا انمّرِتُ روے ॥3॥
ਗੁਰ ਕਾ ਬਚਨੁ ਪਰਗਟੁ ਸੰਸਾਰਿ ॥	گُر کا بچنُ پرگٹُ سنّسارِ ॥
ਗੁਰ ਕੈ ਬਚਨਿ ਨ ਆਵੈ ਹਾਰਿ ॥	گُر کے بچنِ ن آوے ہارِ ॥
ਜਿਸੁ ਜਨ ਹੋਏ ਆਪਿ ਕ੍ਰਿਪਾਲ ॥	جِسُ جن ہوئے آپِ کرِپال ॥
ਨਾਨਕ ਸਤਿਗੁਰ ਸਦਾ ਦਇਆਲ ॥੪॥੫॥੭੪॥	نانک ستِگُر سدا دیَال ॥4॥5॥ 74 ॥
ਗਉੜੀ ਗੁਆਰੇਰੀ ਮਹਲਾ ੫ ॥	گئُڑی گُیارِیری محلا 5 ॥
ਜਿਨਿ ਕੀਤਾ ਮਾਟੀ ਤੇ ਰਤਨੁ ॥	جِنِ کِیتا ماٹی تے رتنُ ॥
ਗਰਭ ਮਹਿ ਰਾਖਿਆ ਜਿਨਿ ਕਰਿ ਜਤਨੁ ॥	گربھ مہِ راکھیا جِنِ کرِ جتنُ ॥
ਜਿਨਿ ਦੀਨੀ ਸੋਭਾ ਵਡਿਆਈ ॥	جِنِ دینی سوبھا وڈیائی ॥
ਤਿਸੁ ਪ੍ਰਭ ਕਉ ਆਠ ਪਹਰ ਧਿਆਈ ॥੧॥	تِسُ پربھ کءُ آٹھ پہر دھِیائی ॥1॥
ਰਮਈਆ ਰੇਨੁ ਸਾਧੁ ਜਨ ਪਾਵਉ ॥	رمئیا رینُ سادھُ جن پاوءُ ॥
ਗੁਰ ਮਿਲਿ ਅਪੁਨਾ ਖਸਮੁ ਧਿਆਵਉ ॥੧॥ ਰਹਾਉ ॥	گُر مِلِ اپُنا خصمُ دھِیاوءُ ॥1॥ رہاءُ ॥
ਜਿਨਿ ਕੀਤਾ ਮੂੜ ਤੇ ਬਕਤਾ ॥	جِنِ کِیتا موُڑ تے بکتا ॥
ਜਿਨਿ ਕੀਤਾ ਬੇਸੁਰਤ ਤੇ ਸੁਰਤਾ ॥	جِنِ کِیتا بیسُرت تے سُرتا ॥
ਜਿਸੁ ਪਰਸਾਦਿ ਨਵੈ ਨਿਧਿ ਪਾਈ ॥	جِسُ پرسادِ نوے نِدھِ پائی ॥
ਸੋ ਪ੍ਰਭੁ ਮਨ ਤੇ ਬਿਸਰਤ ਨਾਹੀ ॥੨॥	سو پربھُ من تے بِسرت ناہی ॥2॥

ਜਿਨਿ ਦੀਆ ਨਿਥਾਵੇ ਕਉ ਥਾਨੁ ॥	جِنِ دِیِیا نِتھاوے کءُ تھانُ ॥
ਜਿਨਿ ਦੀਆ ਨਿਮਾਨੇ ਕਉ ਮਾਨੁ ॥	جِنِ دِیِیا نِمانے کءُ مانُ ॥
ਜਿਨਿ ਕੀਨੀ ਸਭ ਪੂਰਨ ਆਸਾ ॥	جِنِ کِینی سبھ پُورن آسا ॥
ਸਿਮਰਉ ਦਿਨੁ ਰੈਨਿ ਸਾਸ ਗਿਰਾਸਾ ॥੩॥	سِمرءُ دِنُ رَینِ ساس گِراسا ॥3॥
ਜਿਸੁ ਪ੍ਰਸਾਦਿ ਮਾਇਆ ਸਿਲਕ ਕਾਟੀ ॥	جِسُ پّرسادِ مائِیا سِلک کاٹی ॥
ਗੁਰ ਪ੍ਰਸਾਦਿ ਅੰਮ੍ਰਿਤੁ ਬਿਖੁ ਖਾਟੀ ॥	گُر پّرسادِ انّمّرِتُ بِکھُ کھاٹی ॥
ਕਹੁ ਨਾਨਕ ਇਸ ਤੇ ਕਿਛੁ ਨਾਹੀ ॥	کہُ نانک اِس تے کِچھُ ناہی ॥
ਰਾਖਨਹਾਰੇ ਕਉ ਸਾਲਾਹੀ ॥੪॥੬॥੭੫॥	راکھنہارے کءُ سالاحی ॥4॥6॥ 75 ॥
ਗਉੜੀ ਗੁਆਰੇਰੀ ਮਹਲਾ ੫ ॥	گئُڑی گُیارِیری محلا 5 ॥
ਤਿਸ ਕੀ ਸਰਣਿ ਨਾਹੀ ਭਉ ਸੋਗੁ ॥	تِس کی سرنِ ناہی بھءُ سوگُ ॥
ਉਸ ਤੇ ਬਾਹਰਿ ਕਛੂ ਨ ਹੋਗੁ ॥	اُس تے باہرِ کچھوُ ن ہوگُ ॥
ਤਜੀ ਸਿਆਣਪ ਬਲ ਬੁਧਿ ਬਿਕਾਰ ॥	تجی سِیانپ بل بُدھِ بِکار ॥
ਦਾਸ ਅਪਨੇ ਕੀ ਰਾਖਨਹਾਰ ॥੧॥	داس اپنے کی راکھنہار ॥1॥
ਜਪਿ ਮਨ ਮੇਰੇ ਰਾਮ ਰਾਮ ਰੰਗਿ ॥	جپِ من میرے رام رام رنگِ ॥
ਘਰਿ ਬਾਹਰਿ ਤੇਰੈ ਸਦ ਸੰਗਿ ॥੧॥ ਰਹਾਉ ॥	گھرِ باہرِ تیرے سد سنگِ ॥1॥ رہاءُ ॥
ਤਿਸ ਕੀ ਟੇਕ ਮਨੈ ਮਹਿ ਰਾਖੁ ॥	تِس کی ٹیک منے مہِ راکھُ ॥
ਗੁਰ ਕਾ ਸਬਦੁ ਅੰਮ੍ਰਿਤ ਰਸੁ ਚਾਖੁ ॥	گُر کا سبدُ انّمّرِت رسُ چاکھُ ॥
ਅਵਰਿ ਜਤਨ ਕਹਹੁ ਕਉਨ ਕਾਜ ॥	اورِ جتن کہہُ کئُن کاج ۔ ॥
ਕਰਿ ਕਿਰਪਾ ਰਾਖੈ ਆਪਿ ਲਾਜ ॥੨॥	کرِ کرِپا راکھےَ آپِ لاج ॥2॥
ਕਿਆ ਮਾਨੁਖ ਕਹਹੁ ਕਿਆ ਜੋਰੁ ॥	کِیا مانُکھ کہہُ کِیا زورُ ۔ ॥
ਝੂਠਾ ਮਾਇਆ ਕਾ ਸਭੁ ਸੋਰੁ ॥	جھوُٹھا مائِیا کا سبھُ سورُ ॥
ਕਰਣ ਕਰਾਵਨਹਾਰ ਸੁਆਮੀ ॥	کرنٌ کراونہار سُیامی ॥

ਸਗਲ ਘਟਾ ਕੇ ਅੰਤਰਜਾਮੀ ॥੩॥	سگل گھٹا کے انترجامی ॥3॥
ਸਰਬ ਸੁਖਾ ਸੁਖੁ ਸਾਚਾ ਏਹੁ ॥	سرب سُکھا سُکھُ ساچا ایہُ ॥
ਗੁਰ ਉਪਦੇਸੁ ਮਨੈ ਮਹਿ ਲੇਹੁ ॥	گُر اُپدیسُ منے مہِ لیہُ ॥
ਜਾ ਕਉ ਰਾਮ ਨਾਮ ਲਿਵ ਲਾਗੀ ॥	جا ک ءُ رام نام لِو لاگی ॥
ਕਹੁ ਨਾਨਕ ਸੋ ਧੰਨੁ ਵਡਭਾਗੀ ॥੪॥੭॥੭੬॥	کہُ نانک سو دھنّنُ وڈبھاگی ॥4॥7॥ 76 ॥
ਗਉੜੀ ਗੁਆਰੇਰੀ ਮਹਲਾ ੫ ॥	گئُڑی گُیاریری محلا 5 ॥
ਸੁਣਿ ਹਰਿ ਕਥਾ ਉਤਾਰੀ ਮੈਲੁ ॥	سُنِ ہرِ کتھا اُتاری میَلُ ॥
ਮਹਾ ਪੁਨੀਤ ਭਏ ਸੁਖ ਸੈਲੁ ॥	مہا پُنِیت بھےَ سُکھ سیَلُ ॥
ਵਡੈ ਭਾਗਿ ਪਾਇਆ ਸਾਧਸੰਗੁ ॥	وڈے بھاگِ پائیا سادھسنگُ ॥
ਪਾਰਬ੍ਰਹਮ ਸਿਉ ਲਾਗੋ ਰੰਗੁ ॥੧॥	پاربرّہم سِ ءُ لاگو رنگُ ॥1॥
ਹਰਿ ਹਰਿ ਨਾਮੁ ਜਪਤ ਜਨੁ ਤਾਰਿਓ ॥	ہرِ ہرِ نامُ جپت جنُ تارِئو ॥
ਅਗਨਿ ਸਾਗਰੁ ਗੁਰਿ ਪਾਰਿ ਉਤਾਰਿਓ ॥੧॥ ਰਹਾਉ ॥	اگنِ ساگرُ گُرِ پارِ اُتارِئو ॥1॥ رہاءُ ॥
ਕਰਿ ਕੀਰਤਨੁ ਮਨ ਸੀਤਲ ਭਏ ॥	کرِ کیرتنُ من سِیتل بھےَ ॥
ਜਨਮ ਜਨਮ ਕੇ ਕਿਲਵਿਖ ਗਏ ॥	جنم جنم کے کِلوِکھ گئے ॥
ਸਰਬ ਨਿਧਾਨ ਪੇਖੇ ਮਨ ਮਾਹਿ ॥	سرب نِدھان پیکھے من ماہِ ॥
ਅਬ ਢੂਢਨ ਕਾਹੇ ਕਉ ਜਾਹਿ ॥੨॥	اب ڈھوُڈھن کاہے ک ءُ جاہِ ۔ ॥2॥
ਪ੍ਰਭ ਅਪੁਨੇ ਜਬ ਭਏ ਦਇਆਲ ॥	پربھ اپُنے جب بھےَ دئیال ॥
ਪੂਰਨ ਹੋਈ ਸੇਵਕ ਘਾਲ ॥	پوُرن ہوئی سیوک گھال ॥
ਬੰਧਨ ਕਾਟਿ ਕੀਏ ਅਪਨੇ ਦਾਸ ॥	بندھن کاٹِ کیئے اپنے داس ॥
ਸਿਮਰਿ ਸਿਮਰਿ ਸਿਮਰਿ ਗੁਣਤਾਸ ॥੩॥	سِمرِ سِمرِ سِمرِ گُنتاس ॥3॥
ਏਕੋ ਮਨਿ ਏਕੋ ਸਭ ਠਾਇ ॥	ایکو منِ ایکو سبھ ٹھاءِ ॥
ਪੂਰਨ ਪੂਰਿ ਰਹਿਓ ਸਭ ਜਾਇ ॥	پوُرن پوُرِ رہئو سبھ جاءِ ॥

ਗੁਰਿ ਪੂਰੈ ਸਭੁ ਭਰਮੁ ਚੁਕਾਇਆ ॥	گُرِ پوُرے سبھُ بھرمُ چُکائیا ॥
ਹਰਿ ਸਿਮਰਤ ਨਾਨਕ ਸੁਖੁ ਪਾਇਆ ॥੪॥੮॥੭੭॥	ہرِ سِمرت نانک سُکھُ پائیا ॥4॥8॥ 77 ॥
ਗਉੜੀ ਗੁਆਰੇਰੀ ਮਹਲਾ ੫ ॥	گئڑی گُیارِیری محلا 5 ॥
ਅਗਲੇ ਮੁਏ ਸਿ ਪਾਛੈ ਪਰੇ ॥	اگلے مُۓ سِ پاچھےَ پرے ॥
ਜੋ ਉਬਰੇ ਸੇ ਬੰਧਿ ਲਕੁ ਖਰੇ ॥	جو اُبرے سے بنّدھِ لکُ کھرے ॥
ਜਿਹ ਧੰਧੇ ਮਹਿ ਓਇ ਲਪਟਾਏ ॥	جِہ دھنّدھے مہِ اوءِ لپٹائے ॥
ਉਨ ਤੇ ਦੁਗੁਣ ਦਿੜੀ ਉਨ ਮਾਏ ॥੧॥	اُن تے دُگُن دِڑی اُن مائے ॥1॥
ਓਹ ਬੇਲਾ ਕਛੁ ਚੀਤਿ ਨ ਆਵੈ ॥	اوہ بیلا کچھُ چیتِ ن آوےَ ॥
ਬਿਨਸਿ ਜਾਇ ਤਾਹੂ ਲਪਟਾਵੈ ॥੧॥ ਰਹਾਉ ॥	بِنسِ جاءِ تاہوُ لپٹاوےَ ॥1॥ رہاءُ ॥
ਆਸਾ ਬੰਧੀ ਮੂਰਖ ਦੇਹ ॥	آسا بنّدھی موُرکھ دیہ ॥
ਕਾਮ ਕ੍ਰੋਧ ਲਪਟਿਓ ਅਸਨੇਹ ॥	کام کرودھ لپٹئو اسنیہ ॥
ਸਿਰ ਉਪਰਿ ਠਾਢੋ ਧਰਮ ਰਾਇ ॥	سِر اُپرِ ٹھاڈھو دھرم راءِ ॥
ਮੀਠੀ ਕਰਿ ਕਰਿ ਬਿਖਿਆ ਖਾਇ ॥੧॥	میٹھی کرِ کرِ بِکھیا کھاءِ ॥1॥
ਹਉ ਬੰਧਉ ਹਉ ਸਾਧਉ ਬੈਰੁ ॥	ہءُ بنّدھءُ ہءُ سادھءُ بیرُ ॥
ਹਮਰੀ ਭੂਮਿ ਕਉਣੁ ਘਾਲੈ ਪੈਰੁ ॥	ہمری بھوُمِ کئُنُ گھالےَ پیرُ۔ ॥
ਹਉ ਪੰਡਿਤੁ ਹਉ ਚਤੁਰੁ ਸਿਆਣਾ ॥	ہءُ پنّڈِتُ ہءُ چترُ سِیاٹا ॥
ਕਰਣੈਹਾਰੁ ਨ ਬੁਝੈ ਬਿਗਾਨਾ ॥੨॥	کرٹیَہارُ ن بُجھےَ بِگانا ॥2॥
ਅਪੁਨੀ ਗਤਿ ਮਿਤਿ ਆਪੇ ਜਾਨੈ ॥	اپُنی گتِ مِتِ آپے جانےَ ॥
ਕਿਆ ਕੋ ਕਹੈ ਕਿ ਆਖਿ ਵਖਾਨੈ ॥	کِیا کو کہےَ کِ آکھِ وکھانےَ۔ ॥
ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥	جِتُ جِتُ لاوہِ تِتُ تِتُ لگنا ॥
ਅਪਨਾ ਭਲਾ ਸਭ ਕਾਹੂ ਮੰਗਨਾ ॥੩॥	اپنا بھلا سبھ کاہوُ منگّنا ॥3॥
ਸਭ ਕਿਛੁ ਤੇਰਾ ਤੂੰ ਕਰਣੈਹਾਰੁ ॥	سبھ کِچھُ تیرا توُنّ کرٹیَہارُ ॥

ਅੰਤੁ ਨਾਹੀ ਕਿਛੁ ਪਾਰਾਵਾਰੁ ॥	انتُ ناہی کچھُ پاراوارُ ॥
ਦਾਸ ਅਪਨੇ ਕਉ ਦੀਜੈ ਦਾਨੁ ॥	داس اپنے ک ءُ دیجےَ دانُ ॥
ਕਬਹੂ ਨ ਵਿਸਰੈ ਨਾਨਕ ਨਾਮੁ ॥੫॥੯॥੭੮॥	کبہوُ ن وِسرے نانک نامُ ॥ 5 ॥ 9 ॥ 78 ॥
ਗਉੜੀ ਗੁਆਰੇਰੀ ਮਹਲਾ ੫ ॥	گئڑی گُیاریری محلا 5 ॥
ਅਨਿਕ ਜਤਨ ਨਹੀ ਹੋਤ ਛੁਟਾਰਾ ॥	انِک جتن نہی ہوت چھُٹارا ॥
ਬਹੁਤੁ ਸਿਆਣਪ ਆਗਲ ਭਾਰਾ ॥	بہُتُ سِیانپ آگل بھارا ॥
ਹਰਿ ਕੀ ਸੇਵਾ ਨਿਰਮਲ ਹੇਤ ॥	ہرِ کی سیوا نِرمل ہیت ॥
ਪ੍ਰਭ ਕੀ ਦਰਗਹ ਸੋਭਾ ਸੇਤ ॥੧॥	پربھ کی درگہ سوبھا سیت ॥ 1 ॥
ਮਨ ਮੇਰੇ ਗਹੁ ਹਰਿ ਨਾਮ ਕਾ ਓਲਾ ॥	من میرے گہُ ہرِ نام کا اولا ॥
ਤੁਝੈ ਨ ਲਾਗੈ ਤਾਤਾ ਝੋਲਾ ॥੧॥ ਰਹਾਉ ॥	تُجھےَ ن لاگے تاتا جھولا ॥ 1 ॥ رہاءُ ॥
ਜਿਉ ਬੋਹਿਥੁ ਭੈ ਸਾਗਰ ਮਾਹਿ ॥	جِ ءُ بوہِتھُ بھےَ ساگر ماہِ ॥
ਅੰਧਕਾਰ ਦੀਪਕ ਦੀਪਾਹਿ ॥	اندھکار دیپک دیپاہِ ॥
ਅਗਨਿ ਸੀਤ ਕਾ ਲਾਹਸਿ ਦੂਖ ॥	اگنِ سیت کا لاہسِ دوُکھ ॥
ਨਾਮੁ ਜਪਤ ਮਨਿ ਹੋਵਤ ਸੂਖ ॥੨॥	نامُ جپت منِ ہووت سوُکھ ॥ 2 ॥
ਉਤਰਿ ਜਾਇ ਤੇਰੇ ਮਨ ਕੀ ਪਿਆਸ ॥	اُترِ جاءِ تیرے من کی پیاس ॥
ਪੂਰਨ ਹੋਵੈ ਸਗਲੀ ਆਸ ॥	پوُرن ہووے سگلی آس ॥
ਡੋਲੈ ਨਾਹੀ ਤੁਮਰਾ ਚੀਤੁ ॥	ڈولے ناہی تُمرا چیتُ ॥
ਅੰਮ੍ਰਿਤ ਨਾਮੁ ਜਪਿ ਗੁਰਮੁਖਿ ਮੀਤ ॥੩॥	انمّرِت نامُ جپِ گُرمُکھِ میت ۔ ॥ 3 ॥
ਨਾਮੁ ਅਉਖਧੁ ਸੋਈ ਜਨੁ ਪਾਵੈ ॥	نامُ اُکھدھُ سوئی جنُ پاوے ॥
ਕਰਿ ਕਿਰਪਾ ਜਿਸੁ ਆਪਿ ਦਿਵਾਵੈ ॥	کرِ کرپا جِسُ آپِ دِواوے ॥
ਹਰਿ ਹਰਿ ਨਾਮੁ ਜਾ ਕੈ ਹਿਰਦੈ ਵਸੈ ॥	ہرِ ہرِ نامُ جا کےَ ہِردے وسے ॥
ਦੂਖੁ ਦਰਦੁ ਤਿਹ ਨਾਨਕ ਨਸੈ ॥੪॥੧੦॥੭੯॥	دوُکھُ دردُ تہِ نانک نسے ॥ 4 ॥ 10 ॥ 79 ॥

ਗਉੜੀ ਗੁਆਰੇਰੀ ਮਹਲਾ ੫ ॥	گئڑی گُیاریری محلا 5 ॥
ਬਹੁਤੁ ਦਰਬੁ ਕਰਿ ਮਨੁ ਨ ਅਘਾਨਾ ॥	بہُتُ دربُ کرِ منُ ن اگھانا ॥
ਅਨਿਕ ਰੂਪ ਦੇਖਿ ਨਹ ਪਤੀਆਨਾ ॥	انِک روُپ دیکھِ نہ پتیِیانا ॥
ਪੁਤ੍ਰ ਕਲਤ੍ਰ ਉਰਝਿਓ ਜਾਨਿ ਮੇਰੀ ॥	پُتّر کلتّر اُرجھِئو جانِ میری ॥
ਓਹ ਬਿਨਸੈ ਓਇ ਭਸਮੈ ਢੇਰੀ ॥੧॥	اوہ بِنسے اوءِ بھسمےَ ڈھیری ॥1॥
ਬਿਨੁ ਹਰਿ ਭਜਨ ਦੇਖਉ ਬਿਲਲਾਤੇ ॥	بِنُ ہرِ بھجن دیکھءُ بِللاتے ॥
ਧ੍ਰਿਗੁ ਤਨੁ ਧ੍ਰਿਗੁ ਧਨੁ ਮਾਇਆ ਸੰਗਿ ਰਾਤੇ ॥੧॥ ਰਹਾਉ ॥	دھّرِگُ تنُ دھّرِگُ دھنُ مائیا سنگِ راتے ॥1॥ رہاءُ ॥
ਜਿਉ ਬਿਗਾਰੀ ਕੈ ਸਿਰਿ ਦੀਜਹਿ ਦਾਮ ॥	جِءُ بِگاری کےَ سِرِ دیجہِ دام ॥
ਓਇ ਖਸਮੈ ਕੈ ਗ੍ਰਿਹਿ ਉਨ ਦੂਖ ਸਹਾਮ ॥	اوءِ خصمےَ کےَ گرِہِ اُن دوُکھ سہام ॥
ਜਿਉ ਸੁਪਨੈ ਹੋਇ ਬੈਸਤ ਰਾਜਾ ॥	جِءُ سُپنے ہوءِ بیَست راجا ॥
ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ ॥੨॥	نیتّر پسارےَ تا نِرارتھ کاجا ॥2॥
ਜਿਉ ਰਾਖਾ ਖੇਤ ਊਪਰਿ ਪਰਾਏ ॥	جِءُ راکھا کھیت اوُپرِ پرائے ॥
ਖੇਤੁ ਖਸਮ ਕਾ ਰਾਖਾ ਉਠਿ ਜਾਏ ॥	کھیتُ خصم کا راکھا اُٹھِ جائے ॥
ਉਸੁ ਖੇਤ ਕਾਰਣਿ ਰਾਖਾ ਕੜੈ ॥	اُس کھیت کارنِ راکھا کڑےَ ॥
ਤਿਸ ਕੈ ਪਾਲੈ ਕਛੂ ਨ ਪੜੈ ॥੩॥	تِس کےَ پالےَ کچھوُ ن پڑےَ ॥3॥
ਜਿਸ ਕਾ ਰਾਜੁ ਤਿਸੈ ਕਾ ਸੁਪਨਾ ॥	جِس کا راجُ تِسےَ کا سُپنا ॥
ਜਿਨਿ ਮਾਇਆ ਦੀਨੀ ਤਿਨਿ ਲਾਈ ਤ੍ਰਿਸਨਾ ॥	جِنِ مائیا دِینی تِنِ لائی تّرِسنا ॥
ਆਪਿ ਬਿਨਾਹੇ ਆਪਿ ਕਰੇ ਰਾਸਿ ॥	آپِ بِناہے آپِ کرے راسِ ॥
ਨਾਨਕ ਪ੍ਰਭ ਆਗੈ ਅਰਦਾਸਿ ॥੪॥੧੧॥੮੦॥	نانک پّربھ آگےَ عرداسِ ॥4॥ 11 ॥ 80 ॥
ਗਉੜੀ ਗੁਆਰੇਰੀ ਮਹਲਾ ੫ ॥	گئڑی گُیاریری محلا 5 ॥
ਬਹੁ ਰੰਗ ਮਾਇਆ ਬਹੁ ਬਿਧਿ ਪੇਖੀ ॥	بہُ رنگ مائیا بہُ بِدھِ پیکھی ॥
ਕਲਮ ਕਾਗਦ ਸਿਆਨਪ ਲੇਖੀ ॥	قلم کاگد سِیانپ لیکھی ॥

ਮਹਰ ਮਲੂਕ ਹੋਇ ਦੇਖਿਆ ਖਾਨ ॥	مہر ملوُک ہوءِ دیکھیا خان ॥
ਤਾ ਤੇ ਨਾਹੀ ਮਨੁ ਤ੍ਰਿਪਤਾਨ ॥੧॥	تا تے ناہی منُ تّرِپتان ॥1॥
ਸੋ ਸੁਖੁ ਮੋ ਕਉ ਸੰਤ ਬਤਾਵਹੁ ॥	سو سُکھُ مو ک ءُ سنّت بتاوہُ ॥
ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ ॥੧॥ ਰਹਾਉ ॥	تّرِسنا بوُجھےَ منُ تّرِپتاوہُ ॥1॥ رہاءُ ॥
ਅਸੁ ਪਵਨ ਹਸਤਿ ਅਸਵਾਰੀ ॥	اسُ پون ہستِ اسواری ॥
ਚੋਆ ਚੰਦਨੁ ਸੇਜ ਸੁੰਦਰਿ ਨਾਰੀ ॥	چویا چنّدنُ سیج سُنّدرِ ناری ॥
ਨਟ ਨਾਟਿਕ ਆਖਾਰੇ ਗਾਇਆ ॥	نٹ ناٹِک آکھارے گائیا ॥
ਤਾ ਮਹਿ ਮਨਿ ਸੰਤੋਖੁ ਨ ਪਾਇਆ ॥੨॥	تا مہِ منِ سنّتوکھُ ن پائیا ॥2॥
ਤਖਤੁ ਸਭਾ ਮੰਡਨ ਦੋਲੀਚੇ ॥	تخت سبھا منّڈن دولیچے ॥
ਸਗਲ ਮੇਵੇ ਸੁੰਦਰ ਬਾਗੀਚੇ ॥	سگل میوے سُنّدر باگیچے ॥
ਆਖੇੜ ਬਿਰਤਿ ਰਾਜਨ ਕੀ ਲੀਲਾ ॥	آکھیڑ برتِ راجن کی لِیلا ॥
ਮਨੁ ਨ ਸੁਹੇਲਾ ਪਰਪੰਚੁ ਹੀਲਾ ॥੩॥	منُ ن سُہیلا پرپنّچُ ہیلا ॥3॥
ਕਰਿ ਕਿਰਪਾ ਸੰਤਨ ਸਚੁ ਕਹਿਆ ॥	کرِ کرپا سنّتن سچُ کہیا ॥
ਸਰਬ ਸੂਖ ਇਹੁ ਆਨੰਦੁ ਲਹਿਆ ॥	سرب سوُکھ اِہُ آننّدُ لہیا ॥
ਸਾਧਸੰਗਿ ਹਰਿ ਕੀਰਤਨੁ ਗਾਈਐ ॥	سادھسنگِ ہرِ کیرتنُ گائیےَ ॥
ਕਹੁ ਨਾਨਕ ਵਡਭਾਗੀ ਪਾਈਐ ॥੪॥	کہُ نانک وڈبھاگی پائیےَ ॥4॥
ਜਾ ਕੈ ਹਰਿ ਧਨੁ ਸੋਈ ਸੁਹੇਲਾ ॥	جا کےَ ہرِ دھنُ سوئی سُہیلا ॥
ਪ੍ਰਭ ਕਿਰਪਾ ਤੇ ਸਾਧਸੰਗਿ ਮੇਲਾ ॥੧॥ ਰਹਾਉ ਦੂਜਾ ॥੧੨॥੮੧॥	پربھ کرِپا تے سادھسنگِ میلا ॥1॥ رہاءُ دوُجا ॥ 12 ॥ 81 ॥
ਗਉੜੀ ਗੁਆਰੇਰੀ ਮਹਲਾ ੫ ॥	گئڑی گیاریری محلا 5 ॥
ਪ੍ਰਾਣੀ ਜਾਣੈ ਇਹੁ ਤਨੁ ਮੇਰਾ ॥	پّرانّی جانّےَ اِہُ تنُ میرا ॥
ਬਹੁਰਿ ਬਹੁਰਿ ਉਆਹੂ ਲਪਟੇਰਾ ॥	بہُرِ بہُرِ اُیاہوُ لپٹیرا ॥
ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ ॥	پُتّر کلتّر گرِست کا پھاسا ॥

ਹੋਨੁ ਨ ਪਾਈਐ ਰਾਮ ਕੇ ਦਾਸਾ ॥੧॥	ہونُ ن پائیئے رام کے داسا ॥1॥
ਕਵਨ ਸੁ ਬਿਧਿ ਜਿਤੁ ਰਾਮ ਗੁਣ ਗਾਇ ॥	کون سُ بِدھِ جِتُ رام گُنؤ گاءِ ॥
ਕਵਨ ਸੁ ਮਤਿ ਜਿਤੁ ਤਰੈ ਇਹ ਮਾਇ ॥੧॥ ਰਹਾਉ ॥	کون سُ متِ جِتُ ترے اِہ ماءِ ॥1॥ رہاءُ ॥
ਜੋ ਭਲਾਈ ਸੋ ਬੁਰਾ ਜਾਨੈ ॥	جو بھلائی سو بُرا جانے ॥
ਸਾਚੁ ਕਹੈ ਸੋ ਬਿਖੈ ਸਮਾਨੈ ॥	ساچُ کہے سو بِکھے سمانے ॥
ਜਾਣੈ ਨਾਹੀ ਜੀਤ ਅਰੁ ਹਾਰ ॥	جانے ناہی جیت ارُ ہار ॥
ਇਹੁ ਵਲੇਵਾ ਸਾਕਤ ਸੰਸਾਰ ॥੨॥	اِہُ ولیوا ساکت سنّسار ॥2॥
ਜੋ ਹਲਾਹਲ ਸੋ ਪੀਵੈ ਬਉਰਾ ॥	جو ہلاہل سو پیوے بئرا ॥
ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ ॥	انمرِتُ نامُ جانے کرِ کئرا ॥
ਸਾਧਸੰਗ ਕੈ ਨਾਹੀ ਨੇਰਿ ॥	سادھسنگ کے ناہی نیرِ ॥
ਲਖ ਚਉਰਾਸੀਹ ਭ੍ਰਮਤਾ ਫੇਰਿ ॥੩॥	لکھ چئراسیہ بھرمتا پھیرِ ॥3॥
ਏਕੈ ਜਾਲਿ ਫਹਾਏ ਪੰਖੀ ॥	ایکے جالِ پھہائے پنکھی ॥
ਰਸਿ ਰਸਿ ਭੋਗ ਕਰਹਿ ਬਹੁ ਰੰਗੀ ॥	رسِ رسِ بھوگ کرہِ بہُ رنگی ॥
ਕਹੁ ਨਾਨਕ ਜਿਸੁ ਭਏ ਕ੍ਰਿਪਾਲ ॥	کہُ نانک جِسُ بھے کرپال ॥
ਗੁਰਿ ਪੂਰੈ ਤਾ ਕੇ ਕਾਟੇ ਜਾਲ ॥੪॥੧੩॥੮੨॥	گُرِ پوُرے تا کے کاٹے جال ॥4॥ 13 ॥ 82 ॥
ਗਉੜੀ ਗੁਆਰੇਰੀ ਮਹਲਾ ੫ ॥	گئڑی گیاریری محلا 5 ॥
ਤਉ ਕਿਰਪਾ ਤੇ ਮਾਰਗੁ ਪਾਈਐ ॥	تءُ کرپا تے مارگُ پائیئے ॥
ਪ੍ਰਭ ਕਿਰਪਾ ਤੇ ਨਾਮੁ ਧਿਆਈਐ ॥	پربھ کرپا تے نامُ دھیائیئے ॥
ਪ੍ਰਭ ਕਿਰਪਾ ਤੇ ਬੰਧਨ ਛੁਟੈ ॥	پربھ کرپا تے بندھن چھُٹے ॥
ਤਉ ਕਿਰਪਾ ਤੇ ਹਉਮੈ ਤੁਟੈ ॥੧॥	تءُ کرپا تے ہئمے ٹُٹے ॥1॥
ਤੁਮ ਲਾਵਹੁ ਤਉ ਲਾਗਹ ਸੇਵ ॥	تُم لاوہُ تءُ لاگہ سیو ॥

ਹਮ ਤੇ	ہم تے
ਕਛੂ ਨ ਹੋਵੈ ਦੇਵ ॥੧॥ ਰਹਾਉ ॥	کچھوُ ن ہووے دیو ۔ ॥1॥ رہاءُ ॥
ਤੁਧੁ ਭਾਵੈ ਤਾ ਗਾਵਾ ਬਾਣੀ ॥	تُدھُ بھاوے تا گاوا باٹی ॥
ਤੁਧੁ ਭਾਵੈ ਤਾ ਸਚੁ ਵਖਾਣੀ ॥	تُدھُ بھاوے تا سچُ وکھاٹی ॥
ਤੁਧੁ ਭਾਵੈ ਤਾ ਸਤਿਗੁਰ ਮਇਆ ॥	تُدھُ بھاوے تا ستِگُر مِیا ॥
ਸਰਬ ਸੁਖਾ ਪ੍ਰਭ ਤੇਰੀ ਦਇਆ ॥੨॥	سرب سُکھا پربھ تیری دیا ॥2॥
ਜੋ ਤੁਧੁ ਭਾਵੈ ਸੋ ਨਿਰਮਲ ਕਰਮਾ ॥	جو تُدھُ بھاوے سو نِرمل کرما ॥
ਜੋ ਤੁਧੁ ਭਾਵੈ ਸੋ ਸਚੁ ਧਰਮਾ ॥	جو تُدھُ بھاوے سو سچُ دھرما ॥
ਸਰਬ ਨਿਧਾਨ ਗੁਣ ਤੁਮ ਹੀ ਪਾਸਿ ॥	سرب نِدھان گُن تُم ہی پاسِ ॥
ਤੂੰ ਸਾਹਿਬੁ ਸੇਵਕ ਅਰਦਾਸਿ ॥੩॥	توُنّ صاحِبُ سیوک عرداسِ ॥3॥
ਮਨੁ ਤਨੁ ਨਿਰਮਲੁ ਹੋਇ ਹਰਿ ਰੰਗਿ ॥	منُ تنُ نِرملُ ہوءِ ہرِ رنگِ ॥
ਸਰਬ ਸੁਖਾ ਪਾਵਉ ਸਤਸੰਗਿ ॥	سرب سُکھا پاوءُ ستسنگِ ॥
ਨਾਮਿ ਤੇਰੈ ਰਹੈ ਮਨੁ ਰਾਤਾ ॥	نامِ تیرے رہے منُ راتا ॥
ਇਹੁ ਕਲਿਆਣੁ ਨਾਨਕ ਕਰਿ ਜਾਤਾ ॥੪॥੧੪॥੮੩॥	اِہُ کلیانُ نانک کرِ جاتا ॥4॥ 14 ॥ 83 ॥
ਗਉੜੀ ਗੁਆਰੇਰੀ ਮਹਲਾ ੫ ॥	گئڑی گُیاریری محلا 5 ॥
ਆਨ ਰਸਾ ਜੇਤੇ ਤੈ ਚਾਖੇ ॥	آن رسا جیتے تے چاکھے ॥
ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥	نِمکھ ن تّرِسنا تیری لاتھے ॥
ਹਰਿ ਰਸ ਕਾ ਤੂੰ ਚਾਖਹਿ ਸਾਦੁ ॥	ہرِ رس کا توُنّ چاکھہِ سادُ ॥
ਚਾਖਤ ਹੋਇ ਰਹਹਿ ਬਿਸਮਾਦੁ ॥੧॥	چاکھت ہوءِ رہہِ بِسمادُ ॥1॥
ਅੰਮ੍ਰਿਤੁ ਰਸਨਾ ਪੀਉ ਪਿਆਰੀ ॥	انّمرِتُ رسنا پِیءُ پیاری ۔ ॥
ਇਹ ਰਸ ਰਾਤੀ ਹੋਇ ਤ੍ਰਿਪਤਾਰੀ ॥੧॥ ਰਹਾਉ ॥	اِہ رس راتی ہوءِ تّرِپتاری ॥1॥ رہاءُ ॥
ਹੇ ਜਿਹਵੇ ਤੂੰ ਰਾਮ ਗੁਣ ਗਾਉ ॥	ہے جِہوے توُنّ رام گُن گاءُ ॥
ਨਿਮਖ ਨਿਮਖ ਹਰਿ ਹਰਿ ਹਰਿ ਧਿਆਉ ॥	نِمکھ نِمکھ ہرِ ہرِ ہرِ دھیاءُ ॥

ਆਨ ਨ ਸੁਨੀਐ ਕਤਹੂੰ ਜਾਈਐ ॥	آن ن سُنیئے کتہوُنَ جائیئے ॥
ਸਾਧਸੰਗਤਿ ਵਡਭਾਗੀ ਪਾਈਐ ॥੨॥	سادھسنگتِ وڈبھاگی پائیئے ॥2॥
ਆਠ ਪਹਰ ਜਿਹਵੇ ਆਰਾਧਿ ॥	آٹھ پہر جِہوے آرادھِ ॥
ਪਾਰਬ੍ਰਹਮ ਠਾਕੁਰ ਆਗਾਧਿ ॥	پاربّرہم ٹھاکُر آگادھِ ॥
ਈਹਾ ਊਹਾ ਸਦਾ ਸੁਹੇਲੀ ॥	ایِہا اوُہا سدا سُہیلی ॥
ਹਰਿ ਗੁਣ ਗਾਵਤ ਰਸਨ ਅਮੋਲੀ ॥੩॥	ہرِ گُنؤ گاوت رسن امولی ॥3॥
ਬਨਸਪਤਿ ਮਉਲੀ ਫਲ ਫੁਲ ਪੇਡੇ ॥	بنسپتِ مئُلی پھل پھُل پیڈے ॥
ਇਹ ਰਸ ਰਾਤੀ ਬਹੁਰਿ ਨ ਛੋਡੇ ॥	اِہ رس راتی بہُرِ ن چھوڈے ॥
ਆਨ ਨ ਰਸ ਕਸ ਲਵੈ ਨ ਲਾਈ ॥	آن ن رس کس لوے ن لائی ॥
ਕਹੁ ਨਾਨਕ ਗੁਰ ਭਏ ਹੈ ਸਹਾਈ ॥੪॥੧੫॥੮੪॥	کہُ نانک گُر بھئے ہے سہائی ॥4॥ 15 ॥ 84 ॥
ਗਉੜੀ ਗੁਆਰੇਰੀ ਮਹਲਾ ੫ ॥	گئوڑی گُیاریری محلا 5 ॥
ਮਨੁ ਮੰਦਰੁ ਤਨੁ ਸਾਜੀ ਬਾਰਿ ॥	منُ مندَرُ تنُ ساجی بارِ ॥
ਇਸ ਹੀ ਮਧੇ ਬਸਤੁ ਅਪਾਰ ॥	اِس ہی مدھے بست اپار ॥
ਇਸ ਹੀ ਭੀਤਰਿ ਸੁਨੀਅਤ ਸਾਹੁ ॥	اِس ہی بھیترِ سُنیئت ساہُ ॥
ਕਵਨੁ ਬਾਪਾਰੀ ਜਾ ਕਾ ਊਹਾ ਵਿਸਾਹੁ ॥੧॥	کونُ باپاری جا کا اوُہا وِساہُ ॥1॥
ਨਾਮ ਰਤਨ ਕੋ ਕੋ ਬਿਉਹਾਰੀ ॥	نام رتن کو کو بِہُاری ॥
ਅੰਮ੍ਰਿਤ ਭੋਜਨੁ ਕਰੇ ਆਹਾਰੀ ॥੧॥ ਰਹਾਉ ॥	انمّرِت بھوجنُ کرے آہاری ॥1॥ رہاءُ ॥
ਮਨੁ ਤਨੁ ਅਰਪੀ ਸੇਵ ਕਰੀਜੈ ॥	منُ تنُ ارپی سیو کریجے ॥
ਕਵਨ ਸੁ ਜੁਗਤਿ ਜਿਤੁ ਕਰਿ ਭੀਜੈ ॥	کون سُ جُگتِ جِتُ کرِ بھیجے ॥
ਪਾਇ ਲਗਉ ਤਜਿ ਮੇਰਾ ਤੇਰੈ ॥	پاءِ لگءُ تجِ میرا تیرے ॥
ਕਵਨੁ ਸੁ ਜਨੁ ਜੋ ਸਉਦਾ ਜੋਰੈ ॥੨॥	کونُ سُ جنُ جو سئُدا جورے ॥2॥
ਮਹਲੁ ਸਾਹ ਕਾ ਕਿਨ ਬਿਧਿ ਪਾਵੈ ॥	محلُ ساہ کا کِن بِدھِ پاوے ۔ ॥

ਕਵਨ ਸੁ ਬਿਧਿ ਜਿਤੁ ਭੀਤਰਿ ਬੁਲਾਵੈ ॥	کون سُ بِدھِ جِتُ بھیترِ بُلاوے ॥
ਤੂੰ ਵਡ ਸਾਹੁ	توُنّ وڈ ساہُ
ਜਾ ਕੇ ਕੋਟਿ ਵਣਜਾਰੇ ॥	جا کے کوٹِ وَنجارے ॥
ਕਵਨੁ ਸੁ ਦਾਤਾ ਲੇ ਸੰਚਾਰੇ ॥੨॥	کونُ سُ داتا لے سنچارے ॥2॥
ਖੋਜਤ ਖੋਜਤ ਨਿਜ ਘਰੁ ਪਾਇਆ ॥	کھوجت کھوجت نِج گھرُ پائیا ॥
ਅਮੋਲ ਰਤਨੁ ਸਾਚੁ ਦਿਖਲਾਇਆ ॥	امول رتنُ ساچُ دِکھلائیا ॥
ਕਰਿ ਕਿਰਪਾ ਜਬ ਮੇਲੇ ਸਾਹਿ ॥	کرِ کِرپا جب میلے ساہِ ॥
ਕਹੁ ਨਾਨਕ ਗੁਰ ਕੈ ਵੇਸਾਹਿ ॥੪॥੧੬॥੮੫॥	کہُ نانک گُر کے ویساہِ ॥4॥ 16 ॥ 85 ॥
ਗਉੜੀ ਮਹਲਾ ੫ ਗੁਆਰੇਰੀ ॥	گئڑی محلا 5 گُیاریری ॥
ਰੈਣਿ ਦਿਨਸੁ ਰਹੈ ਇਕ ਰੰਗਾ ॥	رَینِ دِنُس رہے اِک رنگا ॥
ਪ੍ਰਭ ਕਉ ਜਾਣੈ ਸਦ ਹੀ ਸੰਗਾ ॥	پربھ ک ءُ جانے سد ہی سنگا ॥
ਠਾਕੁਰ ਨਾਮੁ ਕੀਓ ਉਨਿ ਵਰਤਨਿ ॥	ٹھاکُر نامُ کِیئو اُنِ ورتنِ ॥
ਤ੍ਰਿਪਤਿ ਅਘਾਵਨੁ ਹਰਿ ਕੈ ਦਰਸਨਿ ॥੧॥	ترِپتِ اگھاونُ ہرِ کے درسنِ ॥1॥
ਹਰਿ ਸੰਗਿ ਰਾਤੇ ਮਨ ਤਨ ਹਰੇ ॥	ہرِ سنگِ راتے من تن ہرے ॥
ਗੁਰ ਪੂਰੇ ਕੀ ਸਰਨੀ ਪਰੇ ॥੧॥ ਰਹਾਉ ॥	گُرپوُرے کی سرنی پرے ॥1॥ رہاءُ ॥
ਚਰਣ ਕਮਲ ਆਤਮ ਆਧਾਰ ॥	چرنُ کمل آتم آدھار ॥
ਏਕੁ ਨਿਹਾਰਹਿ ਆਗਿਆਕਾਰ ॥	ایکُ نِہارہِ آگیاکار ॥
ਏਕੋ ਬਨਜੁ ਏਕੋ ਬਿਉਹਾਰੀ ॥	ایکو بنجُ ایکو بِیُہاری ॥
ਅਵਰੁ ਨ ਜਾਨਹਿ ਬਿਨੁ ਨਿਰੰਕਾਰੀ ॥੨॥	اورُ ن جانہِ بِنُ نِرنکاری ॥2॥
ਹਰਖ ਸੋਗ ਦੁਹਹੂੰ ਤੇ ਮੁਕਤੇ ॥	ہرکھ سوگ دُہہوُنّ تے مُکتے ॥
ਸਦਾ ਅਲਿਪਤੁ ਜੋਗ ਅਰੁ ਜੁਗਤੇ ॥	سدا الپتُ جوگ ارُ جُگتے ॥
ਦੀਸਹਿ ਸਭ ਮਹਿ ਸਭ ਤੇ ਰਹਤੇ ॥	دِیسہِ سبھ مہِ سبھ تے رہتے ॥
ਪਾਰਬ੍ਰਹਮ ਕਾ ਓਇ ਧਿਆਨੁ ਧਰਤੇ ॥੩॥	پاربرّہم کا اوءِ دھِیانُ دھرتے ॥3॥

ਸੰਤਨ ਕੀ ਮਹਿਮਾ ਕਵਨ ਵਖਾਨਉ ॥	سنّتن کی مہِما کون وکھانءُ ۔ ॥
ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ ॥	اگادھِ بودھِ کچھُ مِتِ نہی جانءُ ॥
ਪਾਰਬ੍ਰਹਮ ਮੋਹਿ ਕਿਰਪਾ ਕੀਜੈ ॥	پاربّرہم موہِ کِرپا کیجے ॥
ਧੂਰਿ ਸੰਤਨ ਕੀ ਨਾਨਕ ਦੀਜੈ ॥੪॥੧੭॥੮੬॥	دھوُرِ سنّتن کی نانک دیجے ॥4॥ 17 ॥ 86 ॥
ਗਉੜੀ ਗੁਆਰੇਰੀ ਮਹਲਾ ੫ ॥	گئُڑی گُیارِیری محلا 5 ॥
ਤੂੰ ਮੇਰਾ ਸਖਾ ਤੂੰਹੀ ਮੇਰਾ ਮੀਤੁ ॥	توُنّ میرا سکھا توُنّہی میرا مِیتُ ॥
ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ ॥	توُنّ میرا پّریتمُ تُم سنگِ ہیِتُ ॥
ਤੂੰ ਮੇਰੀ ਪਤਿ ਤੂਹੈ ਮੇਰਾ ਗਹਣਾ ॥	توُنّ میری پتِ توُہے میرا گہنّا ॥
ਤੁਝ ਬਿਨੁ ਨਿਮਖੁ ਨ ਜਾਈ ਰਹਣਾ ॥੧॥	تُجھ بِنُ نِمکھُ ن جائی رہنّا ॥1॥
ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ ॥	توُنّ میرے لالن توُنّ میرے پّران ॥
ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ ॥੧॥ ਰਹਾਉ ॥	توُنّ میرے صاحِب توُنّ میرے خان ॥1॥ رہاءُ ॥
ਜਿਉ ਤੁਮ ਰਾਖਹੁ ਤਿਵ ਹੀ ਰਹਨਾ ॥	جِءُ تُم راکھہُ تِو ہی رہنا ॥
ਜੋ ਤੁਮ ਕਹਹੁ ਸੋਈ ਮੋਹਿ ਕਰਨਾ ॥	جو تُم کہہُ سوئی موہِ کرنا ॥
ਜਹ ਪੇਖਉ ਤਹਾ ਤੁਮ ਬਸਨਾ ॥	جہ پیکھءُ تہا تُم بسنا ॥
ਨਿਰਭਉ ਨਾਮੁ ਜਪਉ ਤੇਰਾ ਰਸਨਾ ॥੨॥	نِربھءُ نامُ جپءُ تیرا رسنا ॥2॥
ਤੂੰ ਮੇਰੀ ਨਵ ਨਿਧਿ ਤੂੰ ਭੰਡਾਰੁ ॥	توُنّ میری نو نِدھِ توُنّ بھنّڈارُ ॥
ਰੰਗ ਰਸਾ ਤੂੰ ਮਨਹਿ ਅਧਾਰੁ ॥	رنگ رسا توُنّ منہِ ادھارُ ॥
ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ ॥	توُنّ میری سوبھا تُم سنگِ رچِیا ॥
ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ ॥੩॥	توُنّ میری اوٹ توُنّ ہے میرا تکِیا ॥3॥
ਮਨ ਤਨ ਅੰਤਰਿ ਤੁਹੀ ਧਿਆਇਆ ॥	من تن انتّرِ تُہی دھِیائیا ॥
ਮਰਮੁ ਤੁਮਾਰਾ ਗੁਰ ਤੇ ਪਾਇਆ ॥	مرمُ تُمارا گُر تے پائیا ॥
ਸਤਿਗੁਰ ਤੇ ਦ੍ਰਿੜਿਆ ਇਕੁ ਏਕੈ ॥	ستِگُر تے دّرِڑیا اِکُ ایکے ॥

ਨਾਨਕ ਦਾਸ ਹਰਿ ਹਰਿ ਹਰਿ ਟੇਕੈ ॥੪॥੧੮॥੮੭॥	نانک داس ہرِ ہرِ ہرِ ٹیکے ॥4॥ 18 ॥ 87 ॥
ਗਉੜੀ ਗੁਆਰੇਰੀ ਮਹਲਾ ੫ ॥	گئڑی گُیاریری محلا 5 ॥
ਬਿਆਪਤ ਹਰਖ ਸੋਗ ਬਿਸਥਾਰ ॥	بِیاپت ہرکھ سوگ بِستھار ॥
ਬਿਆਪਤ ਸੁਰਗ ਨਰਕ ਅਵਤਾਰ ॥	بِیاپت سُرگ نرک اوتار ॥
ਬਿਆਪਤ ਧਨ ਨਿਰਧਨ ਪੇਖਿ ਸੋਭਾ ॥	بِیاپت دھن نِردھن پیکھِ سوبھا ॥
ਮੂਲੁ ਬਿਆਧੀ ਬਿਆਪਸਿ ਲੋਭਾ ॥੧॥	مؤلُ بِیادھی بِیاپسِ لوبھا ॥1॥
ਮਾਇਆ ਬਿਆਪਤ ਬਹੁ ਪਰਕਾਰੀ ॥	مائیا بِیاپت بہُ پرکاری ॥
ਸੰਤ ਜੀਵਹਿ ਪ੍ਰਭ ਓਟ ਤੁਮਾਰੀ ॥੧॥ ਰਹਾਉ ॥	سنّت جیوہِ پربھ اوٹ تُماری ॥1॥ رہاءُ ॥
ਬਿਆਪਤ ਅਹੰਬੁਧਿ ਕਾ ਮਾਤਾ ॥	بِیاپت اہنّبدھِ کا ماتا ॥
ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ ॥	بِیاپت پُتّر کلتّر سنگِ راتا ॥
ਬਿਆਪਤ ਹਸਤਿ ਘੋੜੇ ਅਰੁ ਬਸਤਾ ॥	بِیاپت ہستِ گھوڑے ارُ بستا ॥
ਬਿਆਪਤ ਰੂਪ ਜੋਬਨ ਮਦ ਮਸਤਾ ॥੨॥	بِیاپت روُپ جوبن مد مستا ॥2॥
ਬਿਆਪਤ ਭੂਮਿ ਰੰਕ ਅਰੁ ਰੰਗਾ ॥	بِیاپت بھوُمِ رنک ارُ رنگا ॥
ਬਿਆਪਤ ਗੀਤ ਨਾਦ ਸੁਣਿ ਸੰਗਾ ॥	بِیاپت گِیت ناد سُنِ سنگا ॥
ਬਿਆਪਤ ਸੇਜ ਮਹਲ ਸੀਗਾਰ ॥	بِیاپت سیج محل سیِگار ॥
ਪੰਚ ਦੂਤ ਬਿਆਪਤ ਅੰਧਿਆਰ ॥੩॥	پنّچ دوُت بِیاپت اندھِیار ॥3॥
ਬਿਆਪਤ ਕਰਮ ਕਰੈ ਹਉ ਫਾਸਾ ॥	بِیاپت کرم کرے ہءُ پھاسا ॥
ਬਿਆਪਤਿ ਗਿਰਸਤ ਬਿਆਪਤ ਉਦਾਸਾ ॥	بِیاپتِ گِرست بِیاپت اُداسا ॥
ਆਚਾਰ ਬਿਉਹਾਰ ਬਿਆਪਤ ਇਹ ਜਾਤਿ ॥	آچار بِہُار بِیاپت اِہ زاتِ ॥
ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ ॥੪॥	سبھ کِچھُ بِیاپت بِنُ ہرِ رنگ رات ॥4॥
ਸੰਤਨ ਕੇ ਬੰਧਨ ਕਾਟੇ ਹਰਿ ਰਾਇ ॥	سنّتن کے بندھن کاٹے ہرِ راءِ ॥
ਤਾ ਕਉ ਕਹਾ ਬਿਆਪੈ ਮਾਇ ॥	تا کءُ کہا بِیاپے ماءِ ۔ ॥

ਕਹੁ ਨਾਨਕ ਜਿਨਿ ਧੂਰਿ ਸੰਤ ਪਾਈ ॥	کہُ نانک جِنِ دھوُرِ سنّت پائی ॥
ਤਾ ਕੈ ਨਿਕਟਿ ਨ ਆਵੈ ਮਾਈ ॥੫॥੧੯॥੮੮॥	تا کے نِکٹِ ن آوے مائی ॥5॥ 19 ॥ 88 ॥
ਗਉੜੀ ਗੁਆਰੇਰੀ ਮਹਲਾ ੫ ॥	گئڑی گُیارِیری محلا 5 ॥
ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥	نینَہُ نِید پر دّرِسٹِ وِکار ॥
ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥	سّروٹ سوئے سُنٹِ نِنّد ویچار ॥
ਰਸਨਾ ਸੋਈ ਲੋਭਿ ਮੀਠੈ ਸਾਦਿ ॥	رسنا سوئی لوبھِ میٹھے سادِ ॥
ਮਨੁ ਸੋਇਆ ਮਾਇਆ ਬਿਸਮਾਦਿ ॥੧॥	منُ سوئیا مائیا بِسمادِ ॥1॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥	اِسُ گّرِہ مہِ کوئی جاگٹ رہے ॥
ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥	سابٹ وسٹ اوہُ اپنی لہے ॥1॥ رہاءُ ॥
ਸਗਲ ਸਹੇਲੀ ਅਪਨੈ ਰਸ ਮਾਤੀ ॥	سگل سہیلی اپنے رس ماتی ॥
ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥	گّرِہ اپُنے کی خبرِ ن جاتی ॥
ਮੁਸਨਹਾਰ ਪੰਚ ਬਟਵਾਰੇ ॥	مُسنہار پنّچ بٹوارے ॥
ਸੂਨੇ ਨਗਰਿ ਪਰੇ ਠਗਹਾਰੇ ॥੨॥	سوُنے نگرِ پرے ٹھگہارے ॥2॥
ਉਨ ਤੇ ਰਾਖੈ ਬਾਪੁ ਨ ਮਾਈ ॥	اُن تے راکھے باپُ ن مائی ॥
ਉਨ ਤੇ ਰਾਖੈ ਮੀਤੁ ਨ ਭਾਈ ॥	اُن تے راکھے مِیٹ ن بھائی ॥
ਦਰਬਿ ਸਿਆਣਪ ਨਾ ਓਇ ਰਹਤੇ ॥	دربِ سِیاٹپ نا اوءِ رہتے ॥
ਸਾਧਸੰਗਿ ਓਇ ਦੁਸਟ ਵਸਿ ਹੋਤੇ ॥੩॥	سادھسنگِ اوءِ دُسٹ وسِ ہوتے ॥3॥
ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥	کرِ کرِپا موہِ سارِنگپاٹِ ۔ ॥
ਸੰਤਨ ਧੂਰਿ ਸਰਬ ਨਿਧਾਨ ॥	سنّتن دھوُرِ سرب نِدھان ॥
ਸਾਬਤੁ ਪੂੰਜੀ ਸਤਿਗੁਰ ਸੰਗਿ ॥	سابٹ پوُنّجی ستِگُر سنگِ ॥
ਨਾਨਕ ਜਾਗੈ ਪਾਰਬ੍ਰਹਮ ਕੈ ਰੰਗਿ ॥੪॥	نانک جاگے پاربّرہم کے رنگِ ॥4॥
ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥	سو جاگے جِسُ پربھُ کِرپالُ ॥

ਇਹ ਪੂੰਜੀ ਸਾਬਤੁ ਧਨੁ ਮਾਲੁ ॥੧॥ ਰਹਾਉ ਦੂਜਾ ॥੨੦॥੮੯॥	اِہ پونجی سابتُ دھنُ مالُ ॥1॥ رہاءُ دوُجا ॥ 20 ॥ 89 ॥
ਗਉੜੀ ਗੁਆਰੇਰੀ ਮਹਲਾ ੫ ॥	گئڑی گُیاریری محلا 5 ॥
ਜਾ ਕੈ ਵਸਿ ਖਾਨ ਸੁਲਤਾਨ ॥	جا کے وسِ خان سُلطان ॥
ਜਾ ਕੈ ਵਸਿ ਹੈ ਸਗਲ ਜਹਾਨ ॥	جا کے وسِ ہے سگل جہان ॥
ਜਾ ਕਾ ਕੀਆ ਸਭੁ ਕਿਛੁ ਹੋਇ ॥	جا کا کِیا سبھُ کچھُ ہوءِ ॥
ਤਿਸ ਤੇ ਬਾਹਰਿ ਨਾਹੀ ਕੋਇ ॥੧॥	تِس تے باہرِ ناہی کوءِ ॥1॥
ਕਹੁ ਬੇਨੰਤੀ ਅਪੁਨੇ ਸਤਿਗੁਰ ਪਾਹਿ ॥	کہُ بینتی اپُنے ستِگُر پاہِ ॥
ਕਾਜ ਤੁਮਾਰੇ ਦੇਇ ਨਿਬਾਹਿ ॥੧॥ ਰਹਾਉ ॥	کاج تُمارے دےءِ نِباہِ ॥1॥ رہاءُ ॥
ਸਭ ਤੇ ਊਚ ਜਾ ਕਾ ਦਰਬਾਰੁ ॥	سبھ تے اوُچ جا کا دربارُ ॥
ਸਗਲ ਭਗਤ ਜਾ ਕਾ ਨਾਮੁ ਅਧਾਰੁ ॥	سگل بھگت جا کا نامُ ادھارُ ॥
ਸਰਬੁ ਬਿਆਪਿਤ ਪੂਰਨ ਧਨੀ ॥	سربُ بِیاپت پوُرن دھنی ॥
ਜਾ ਕੀ ਸੋਭਾ ਘਟਿ ਘਟਿ ਬਨੀ ॥੨॥	جا کی سوبھا گھٹِ گھٹِ بنی ॥2॥
ਜਿਸੁ ਸਿਮਰਤ ਦੁਖ ਡੇਰਾ ਢਹੈ ॥	جِسُ سِمرت دُکھ ڈیرا ڈھہے ॥
ਜਿਸੁ ਸਿਮਰਤ ਜਮੁ ਕਿਛੁ ਨ ਕਹੈ ॥	جِسُ سِمرت جمُ کچھوُ ن کہے ॥
ਜਿਸੁ ਸਿਮਰਤ ਹੋਤ ਸੂਕੇ ਹਰੇ ॥	جِسُ سِمرت ہوت سوُکے ہرے ॥
ਜਿਸ ਸਿਮਰਤ ਡੂਬਤ ਪਾਹਨ ਤਰੇ ॥੩॥	جِس سِمرت ڈوُبت پاہن ترے ॥3॥
ਸੰਤ ਸਭਾ ਕਉ ਸਦਾ ਜੈਕਾਰੁ ॥	سنّت سبھا کءُ سدا جیَکارُ ॥
ਹਰਿ ਹਰਿ ਨਾਮੁ ਜਨ ਪ੍ਰਾਨ ਅਧਾਰੁ ॥	ہرِ ہرِ نامُ جن پّران ادھارُ ॥
ਕਹੁ ਨਾਨਕ ਮੇਰੀ ਸੁਣੀ ਅਰਦਾਸਿ ॥	کہُ نانک میری سُنّی عرداسِ ॥
ਸੰਤ ਪ੍ਰਸਾਦਿ ਮੋ ਕਉ ਨਾਮ ਨਿਵਾਸ ॥੪॥੨੧॥੯੦॥	سنّت پّرسادِ موکءُ نام نِواس ॥4॥ 21 ॥ 90 ॥
ਗਉੜੀ ਗੁਆਰੇਰੀ ਮਹਲਾ ੫ ॥	گئڑی گُیاریری محلا 5 ॥
ਸਤਿਗੁਰ ਦਰਸਨਿ ਅਗਨਿ ਨਿਵਾਰੀ ॥	ستِگُر درسنِ اگنِ نِواری ॥

ਸਤਿਗੁਰ ਭੇਟਤ ਹਉਮੈ ਮਾਰੀ ॥	ستِگُر بھیٹت ہئُے ماری ॥
ਸਤਿਗੁਰ ਸੰਗਿ ਨਾਹੀ ਮਨੁ ਡੋਲੈ ॥	ستِگُر سنگِ ناہی منُ ڈولے ॥
ਅੰਮ੍ਰਿਤ ਬਾਣੀ ਗੁਰਮੁਖਿ ਬੋਲੈ ॥੧॥	انمرِت باڻی گُرمُکھِ بولے ॥1॥
ਸਭੁ ਜਗੁ ਸਾਚਾ ਜਾ ਸਚ ਮਹਿ ਰਾਤੇ ॥	سبھُ جگُ ساچا جا سچ مہِ راتے ॥
ਸੀਤਲ ਸਾਤਿ ਗੁਰ ਤੇ ਪ੍ਰਭ ਜਾਤੇ ॥੧॥ ਰਹਾਉ ॥	سِیتل ساتِ گُر تے پربھ جاتے ॥1॥ رہاءُ ॥
ਸੰਤ ਪ੍ਰਸਾਦਿ ਜਪੈ ਹਰਿ ਨਾਉ ॥	سنّت پرسادِ جپے ہرِ ناءُ ॥
ਸੰਤ ਪ੍ਰਸਾਦਿ ਹਰਿ ਕੀਰਤਨੁ ਗਾਉ ॥	سنّت پرسادِ ہرِ کیرتنُ گاءُ ॥
ਸੰਤ ਪ੍ਰਸਾਦਿ ਸਗਲ ਦੁਖ ਮਿਟੇ ॥	سنّت پرسادِ سگل دُکھ مِٹے ॥
ਸੰਤ ਪ੍ਰਸਾਦਿ ਬੰਧਨ ਤੇ ਛੁਟੇ ॥੨॥	سنّت پرسادِ بندھن تے چھُٹے ॥2॥
ਸੰਤ ਕ੍ਰਿਪਾ ਤੇ ਮਿਟੇ ਮੋਹ ਭਰਮ ॥	سنّت کرِپا تے مِٹے موہ بھرم ॥
ਸਾਧ ਰੇਣ ਮਜਨ ਸਭਿ ਧਰਮ ॥	سادھ رینُ مجن سبھِ دھرم ॥
ਸਾਧ ਕ੍ਰਿਪਾਲ ਦਇਆਲ ਗੋਵਿੰਦੁ ॥	سادھ کرِپال دئیال گووِندُ ॥
ਸਾਧਾ ਮਹਿ ਇਹ ਹਮਰੀ ਜਿੰਦੁ ॥੩॥	سادھا مہِ اِہ ہمری جِندُ ॥3॥
ਕਿਰਪਾ ਨਿਧਿ ਕਿਰਪਾਲ ਧਿਆਵਉ ॥	کِرپا نِدھِ کِرپال دھِیاوءُ ॥
ਸਾਧਸੰਗਿ ਤਾ ਬੈਠਣੁ ਪਾਵਉ ॥	سادھسنگِ تا بیٹھنُ پاوءُ ॥
ਮੋਹਿ ਨਿਰਗੁਣ ਕਉ ਪ੍ਰਭਿ ਕੀਨੀ ਦਇਆ ॥	موہِ نِرگُنڻ کءُ پربھِ کِینی دئیا ॥
ਸਾਧਸੰਗਿ ਨਾਨਕ ਨਾਮੁ ਲਇਆ ॥੪॥੨੨॥੯੧॥	سادھسنگِ نانک نامُ لئیا ॥4॥ 22 ॥ 91 ॥
ਗਉੜੀ ਗੁਆਰੇਰੀ ਮਹਲਾ ੫ ॥	گئڑی گُیاریری محلا 5 ॥
ਸਾਧਸੰਗਿ ਜਪਿਓ ਭਗਵੰਤੁ ॥	سادھسنگِ جپئو بھگونّتُ ॥
ਕੇਵਲ ਨਾਮੁ ਦੀਓ ਗੁਰਿ ਮੰਤੁ ॥	کیول نامُ دیئو گُرِ منّتُ ॥
ਤਜਿ ਅਭਿਮਾਨ ਭਏ ਨਿਰਵੈਰ ॥	تجِ ابھِمان بھئے نِرویَر ॥
ਆਠ ਪਹਰ ਪੂਜਹੁ ਗੁਰ ਪੈਰ ॥੧॥	آٹھ پہر پوُجہُ گُر پیَر ॥1॥

ਅਬ ਮਤਿ ਬਿਨਸੀ ਦੁਸਟ ਬਿਗਾਨੀ ॥	اب متِ بِنسی دُسٹ بِگانی ॥
ਜਬ ਤੇ ਸੁਣਿਆ ਹਰਿ ਜਸੁ ਕਾਨੀ ॥੧॥ ਰਹਾਉ ॥	جب تے سُنّیا ہرِ جسُ کانی ॥1॥ رہاءُ ॥
ਸਹਜ ਸੂਖ ਆਨੰਦ ਨਿਧਾਨ ॥	سہج سوُکھ آنند نِدھان ॥
ਰਾਖਨਹਾਰ ਰਖਿ ਲੇਇ ਨਿਦਾਨ ॥	راکھنہار رکھِ لےءِ نِدان ॥
ਦੂਖ ਦਰਦ ਬਿਨਸੇ ਭੈ ਭਰਮ ॥	دوُکھ دردِ بِنسے بھےَ بھرم ॥
ਆਵਣ ਜਾਣ ਰਖੇ ਕਰਿ ਕਰਮ ॥੨॥	آونّ جانّ رکھے کرِ کرم ॥2॥
ਪੇਖੈ ਬੋਲੈ ਸੁਣੈ ਸਭੁ ਆਪਿ ॥	پیکھےَ بولےَ سُنّےَ سبھُ آپِ ॥
ਸਦਾ ਸੰਗਿ ਤਾ ਕਉ ਮਨ ਜਾਪਿ ॥	سدا سنگِ تا کءُ من جاپِ ॥
ਸੰਤ ਪ੍ਰਸਾਦਿ ਭਇਓ ਪਰਗਾਸੁ ॥	سنّت پرّسادِ بھئیو پرگاسُ ॥
ਪੂਰਿ ਰਹੇ ਏਕੈ ਗੁਣਤਾਸੁ ॥੩॥	پوُرِ رہے ایکےَ گُنّتاسُ ॥3॥
ਕਹਤ ਪਵਿਤ੍ਰ ਸੁਣਤ ਪੁਨੀਤ ॥	کہت پوِتّر سُنّت پُنیت ॥
ਗੁਣ ਗੋਵਿੰਦ ਗਾਵਹਿ ਨਿਤ ਨੀਤ ॥	گُنّ گووِند گاوہِ نِت نیت ॥
ਕਹੁ ਨਾਨਕ ਜਾ ਕਉ ਹੋਹੁ ਕ੍ਰਿਪਾਲ ॥	کہُ نانک جا کءُ ہوہُ کرِپال ॥
ਤਿਸੁ ਜਨ ਕੀ ਸਭ ਪੂਰਨ ਘਾਲ ॥੪॥੨੩॥੯੨॥	تِسُ جن کی سبھ پوُرن گھال ॥4॥ 23 ॥ 92 ॥
ਗਉੜੀ ਗੁਆਰੇਰੀ ਮਹਲਾ ੫ ॥	گئوڑی گُیاریری محلا 5 ॥
ਬੰਧਨ ਤੋੜਿ ਬੋਲਾਵੈ ਰਾਮੁ ॥	بندھن توڑِ بولاوےَ رامُ ॥
ਮਨ ਮਹਿ ਲਾਗੈ ਸਾਚੁ ਧਿਆਨੁ ॥	من مہِ لاگےَ ساچُ دھیانُ ॥
ਮਿਟਹਿ ਕਲੇਸ ਸੁਖੀ ਹੋਇ ਰਹੀਐ ॥	مِٹہِ کلیس سُکھی ہوءِ رہیےَ ॥
ਐਸਾ ਦਾਤਾ ਸਤਿਗੁਰੁ ਕਹੀਐ ॥੧॥	ایَسا داتا ستِگُرُ کہیےَ ॥1॥
ਸੋ ਸੁਖਦਾਤਾ ਜਿ ਨਾਮੁ ਜਪਾਵੈ ॥	سو سُکھداتا جِ نامُ جپاوےَ ॥
ਕਰਿ ਕਿਰਪਾ ਤਿਸੁ ਸੰਗਿ ਮਿਲਾਵੈ ॥੧॥ ਰਹਾਉ ॥	کرِ کرِپا تِسُ سنگِ مِلاوےَ ॥1॥ رہاءُ ॥
ਜਿਸੁ ਹੋਇ ਦਇਆਲੁ ਤਿਸੁ ਆਪਿ ਮਿਲਾਵੈ ॥	جِسُ ہوءِ دیَیالُ تِسُ آپِ مِلاوےَ ॥

ਸਰਬ ਨਿਧਾਨ ਗੁਰੂ ਤੇ ਪਾਵੈ ॥	سرب نِدھان گُرو تے پاوے ॥
ਆਪੁ ਤਿਆਗਿ ਮਿਟੈ ਆਵਣ ਜਾਣਾ ॥	آپُ تِیاگِ مِٹے آونُ جاٹا ॥
ਸਾਧ ਕੈ ਸੰਗਿ ਪਾਰਬ੍ਰਹਮੁ ਪਛਾਣਾ ॥੨॥	سادھ کے سنگِ پاربّرہمُ پچھاٹا ॥2॥
ਜਨ ਊਪਰਿ ਪ੍ਰਭ ਭਏ ਦਇਆਲ ॥	جن اوُپر پربھ بھے دئیال ॥
ਜਨ ਕੀ ਟੇਕ ਏਕ ਗੋਪਾਲ ॥	جن کی ٹیک ایک گوپال ॥
ਏਕਾ ਲਿਵ ਏਕੋ ਮਨਿ ਭਾਉ ॥	ایکا لِو ایکو منِ بھاءُ ॥
ਸਰਬ ਨਿਧਾਨ ਜਨ ਕੈ ਹਰਿ ਨਾਉ ॥੩॥	سرب نِدھان جن کے ہرِ ناءُ ॥3॥
ਪਾਰਬ੍ਰਹਮ ਸਿਉ ਲਾਗੀ ਪ੍ਰੀਤਿ ॥	پاربّرہم سِءُ لاگی پریتِ ॥
ਨਿਰਮਲ ਕਰਣੀ ਸਾਚੀ ਰੀਤਿ ॥	نِرمل کرنیٰ ساچی ریتِ ॥
ਗੁਰਿ ਪੂਰੈ ਮੇਟਿਆ ਅੰਧਿਆਰਾ ॥	گُرِ پوُرے میٹیا اندھیارا ॥
ਨਾਨਕ ਕਾ ਪ੍ਰਭੁ ਅਪਰ ਅਪਾਰਾ ॥੪॥੨੪॥੯੩॥	نانک کا پربھُ اپر اپارا ॥4॥ 24 ॥ 93 ॥
ਗਉੜੀ ਗੁਆਰੇਰੀ ਮਹਲਾ ੫ ॥	گئڑی گیاریری محلا 5 ॥
ਜਿਸੁ ਮਨਿ ਵਸੈ ਤਰੈ ਜਨੁ ਸੋਇ ॥	جِسُ منِ وسے ترے جنُ سوءِ ॥
ਜਾ ਕੈ ਕਰਮਿ ਪਰਾਪਤਿ ਹੋਇ ॥	جا کے کرمِ پراپتِ ہوءِ ॥
ਦੂਖੁ ਰੋਗੁ ਕਛੁ ਭਉ ਨ ਬਿਆਪੈ ॥	دوُکھُ روگُ کچھُ بھءُ ن بِیاپے ॥
ਅੰਮ੍ਰਿਤ ਨਾਮੁ ਰਿਦੈ ਹਰਿ ਜਾਪੈ ॥੧॥	انمّرِت نامُ رِدے ہرِ جاپے ॥1॥
ਪਾਰਬ੍ਰਹਮ ਪਰਮੇਸੁਰੁ ਧਿਆਈਐ ॥	پاربّرہم پرمیسُرُ دھیائیئے ॥
ਗੁਰ ਪੂਰੇ ਤੇ ਇਹ ਮਤਿ ਪਾਈਐ ॥੧॥ ਰਹਾਉ ॥	گُر پوُرے تے اِہ متِ پائیئے ॥1॥ رہاءُ ॥
ਕਰਣ ਕਰਾਵਨਹਾਰ ਦਇਆਲ ॥	کرنُ کراونہار دئیال ॥
ਜੀਅ ਜੰਤ ਸਗਲੇ ਪ੍ਰਤਿਪਾਲ ॥	جیء جنّت سگلے پرتپال ॥
ਅਗਮ ਅਗੋਚਰ ਸਦਾ ਬੇਅੰਤਾ ॥	اگم اگوچر سدا بیئنّتا ॥
ਸਿਮਰਿ ਮਨਾ ਪੂਰੇ ਗੁਰ ਮੰਤਾ ॥੨॥	سِمرِ منا پوُرے گُر منّتا ॥2॥

ਜਾ ਕੀ ਸੇਵਾ ਸਰਬ ਨਿਧਾਨੁ ॥	جا کی سیوا سرب نِدھانُ ॥
ਪ੍ਰਭ ਕੀ ਪੂਜਾ ਪਾਈਐ ਮਾਨੁ ॥	پربھ کی پوُجا پائیئے مانُ ॥
ਜਾ ਕੀ ਟਹਲ ਨ ਬਿਰਥੀ ਜਾਇ ॥	جا کی ٹہل ن برتھی جاءِ ॥
ਸਦਾ ਸਦਾ ਹਰਿ ਕੇ ਗੁਣ ਗਾਇ ॥੩॥	سدا سدا ہرِ کے گُن گاءِ ॥3॥
ਕਰਿ ਕਿਰਪਾ ਪ੍ਰਭ ਅੰਤਰਜਾਮੀ ॥	کرِ کرپا پربھ انترجامی ۔ ॥
ਸੁਖ ਨਿਧਾਨ ਹਰਿ ਅਲਖ ਸੁਆਮੀ ॥	سُکھ نِدھان ہرِ الکھ سُیامی ۔ ॥
ਜੀਅ ਜੰਤ ਤੇਰੀ ਸਰਣਾਈ ॥	جیء جنّت تیری سرٹائی ॥
ਨਾਨਕ ਨਾਮੁ ਮਿਲੈ ਵਡਿਆਈ ॥੪॥੨੫॥੯੪॥	نانک نامُ ملےَ وڈیائی ॥4॥ 25 ॥ 94 ॥
ਗਉੜੀ ਗੁਆਰੇਰੀ ਮਹਲਾ ੫ ॥	گئڑی گُیاریری محلا 5 ॥
ਜੀਅ ਜੁਗਤਿ ਜਾ ਕੈ ਹੈ ਹਾਥ ॥	جیء جُگتِ جا کے ہےَ ہاتھ ॥
ਸੋ ਸਿਮਰਹੁ ਅਨਾਥ ਕੋ ਨਾਥੁ ॥	سو سِمرہُ اناتھ کو ناتھُ ॥
ਪ੍ਰਭ ਚਿਤਿ ਆਏ ਸਭੁ ਦੁਖੁ ਜਾਇ ॥	پربھ چِتِ آئے سبھُ دُکھُ جاءِ ॥
ਭੈ ਸਭ ਬਿਨਸਹਿ ਹਰਿ ਕੈ ਨਾਇ ॥੧॥	بھےَ سبھ بِنسہِ ہرِ کے ناءِ ॥1॥
ਬਿਨੁ ਹਰਿ ਭਉ ਕਾਹੇ ਕਾ ਮਾਨਹਿ ॥	بِنُ ہرِ بھءُ کاہے کا مانہِ ۔ ॥
ਹਰਿ ਬਿਸਰਤ ਕਾਹੇ ਸੁਖੁ ਜਾਨਹਿ ॥੧॥ ਰਹਾਉ ॥	ہرِ بِسرت کاہے سُکھُ جانہِ ۔ ॥1॥ رہاءُ ॥
ਜਿਨਿ ਧਾਰੇ ਬਹੁ ਧਰਣਿ ਅਗਾਸ ॥	جِنِ دھارے بہُ دھرنِٹ اگاس ॥
ਜਾ ਕੀ ਜੋਤਿ ਜੀਅ ਪਰਗਾਸ ॥	جا کی جوتِ جیء پرگاس ॥
ਜਾ ਕੀ ਬਖਸ ਨ ਮੇਟੈ ਕੋਇ ॥	جا کی بخش ن میٹے کوءِ ॥
ਸਿਮਰਿ ਸਿਮਰਿ ਪ੍ਰਭੁ ਨਿਰਭਉ ਹੋਇ ॥੨॥	سِمرِ سِمرِ پربھُ نربھءُ ہوءِ ॥2॥
ਆਠ ਪਹਰ ਸਿਮਰਹੁ ਪ੍ਰਭ ਨਾਮੁ ॥	آٹھ پہر سِمرہُ پربھ نامُ ॥
ਅਨਿਕ ਤੀਰਥ ਮਜਨੁ ਇਸਨਾਨੁ ॥	انِک تیرتھ مجنُ اِسنانُ ॥
ਪਾਰਬ੍ਰਹਮ ਕੀ ਸਰਣੀ ਪਾਹਿ ॥	پاربرہم کی سرنٹی پاہِ ॥

ਕੋਟਿ ਕਲੰਕ ਖਿਨ ਮਹਿ ਮਿਟਿ ਜਾਹਿ ॥੩॥	کوٹِ کلنک کھِن مہِ مِٹِ جاہِ ॥3॥
ਬੇਮੁਹਤਾਜੁ ਪੂਰਾ ਪਾਤਿਸਾਹੁ ॥	بیمُہتاجُ پُورا پاتِشاہُ ॥
ਪ੍ਰਭ ਸੇਵਕ ਸਾਚਾ ਵੇਸਾਹੁ ॥	پربھ سیوک ساچا ویساہُ ॥
ਗੁਰਿ ਪੂਰੈ ਰਾਖੇ ਦੇ ਹਾਥ ॥	گُرِ پُورے راکھے دے ہاتھ ॥
ਨਾਨਕ ਪਾਰਬ੍ਰਹਮ ਸਮਰਾਥ ॥੪॥੨੬॥੯੫॥	نانک پاربرہم سمراتھ ॥4॥ 26 ॥ 95 ॥
ਗਉੜੀ ਗੁਆਰੇਰੀ ਮਹਲਾ ੫ ॥	گئوڑی گُیارِیری محلا 5 ॥
ਗੁਰ ਪਰਸਾਦਿ ਨਾਮਿ ਮਨੁ ਲਾਗਾ ॥	گُر پرسادِ نامِ منُ لاگا ॥
ਜਨਮ ਜਨਮ ਕਾ ਸੋਇਆ ਜਾਗਾ ॥	جنم جنم کا سوئیا جاگا ॥
ਅੰਮ੍ਰਿਤ ਗੁਣ ਉਚਰੈ ਪ੍ਰਭ ਬਾਣੀ ॥	انمّرِت گُنؔ اُچرے پربھ باؤنی ॥
ਪੂਰੇ ਗੁਰ ਕੀ ਸੁਮਤਿ ਪਰਾਣੀ ॥੧॥	پُورے گُر کی سُمتِ پراؤنی ॥1॥
ਪ੍ਰਭ ਸਿਮਰਤ ਕੁਸਲ ਸਭਿ ਪਾਏ ॥	پربھ سِمرت کُسل سبھِ پائے ॥
ਘਰਿ ਬਾਹਰਿ ਸੁਖ ਸਹਜ ਸਬਾਏ ॥੧॥ ਰਹਾਉ ॥	گھرِ باہرِ سُکھ سہج سبائے ॥1॥ رہاءُ ॥
ਸੋਈ ਪਛਾਤਾ ਜਿਨਹਿ ਉਪਾਇਆ ॥	سوئی پچھاتا جِنہِ اُپائیا ॥
ਕਰਿ ਕਿਰਪਾ ਪ੍ਰਭਿ ਆਪਿ ਮਿਲਾਇਆ ॥	کرِ کِرپا پربھِ آپِ مِلائیا ॥
ਬਾਹ ਪਕਰਿ ਲੀਨੋ ਕਰਿ ਅਪਨਾ ॥	باہ پکرِ لِینو کرِ اپنا ॥
ਹਰਿ ਹਰਿ ਕਥਾ ਸਦਾ ਜਪੁ ਜਪਨਾ ॥੨॥	ہرِ ہرِ کتھا سدا جپُ جپنا ॥2॥
ਮੰਤ੍ਰੁ ਤੰਤ੍ਰੁ ਅਉਖਧੁ ਪੁਨਹਚਾਰੁ ॥	منّتر تنّتر انکھدھُ پُنہچارُ ॥
ਹਰਿ ਹਰਿ ਨਾਮੁ ਜੀਅ ਪ੍ਰਾਨ ਅਧਾਰੁ ॥	ہرِ ہرِ نامُ جیء پران ادھارُ ॥
ਸਾਚਾ ਧਨੁ ਪਾਇਓ ਹਰਿ ਰੰਗਿ ॥	ساچا دھنُ پائیو ہرِ رنگِ ॥
ਦੁਤਰੁ ਤਰੇ ਸਾਧ ਕੈ ਸੰਗਿ ॥੩॥	دُتّر ترے سادھ کے سنگِ ॥3॥
ਸੁਖਿ ਬੈਸਹੁ ਸੰਤ ਸਜਨ ਪਰਵਾਰੁ ॥	سُکھِ بیَسہُ سنّت سجن پروارُ ॥
ਹਰਿ ਧਨੁ ਖਟਿਓ ਜਾ ਕਾ ਨਾਹਿ ਸੁਮਾਰੁ ॥	ہرِ دھنُ کھٹیو جا کا ناہِ شُمارُ ॥

ਜਿਸਹਿ ਪਰਾਪਤਿ ਤਿਸੁ ਗੁਰੁ ਦੇਇ ॥	جِسہِ پراپتِ تِسُ گُرُ دےءِ ॥
ਨਾਨਕ ਬਿਰਥਾ ਕੋਇ ਨ ਹੋਇ ॥੪॥੨੭॥੯੬॥	نانک برتھا کوءِ ن ہےءِ ॥4॥ 27 ॥ 96 ॥
ਗਉੜੀ ਗੁਆਰੇਰੀ ਮਹਲਾ ੫ ॥	گئُڑی گیاریری محلا 5 ॥
ਹਸਤ ਪੁਨੀਤ ਹੋਹਿ ਤਤਕਾਲ ॥	ہست پُنیت ہوہِ تتکال ॥
ਬਿਨਸਿ ਜਾਹਿ ਮਾਇਆ ਜੰਜਾਲ ॥	بِنسِ جاہِ مائیا زنجال ॥
ਰਸਨਾ ਰਮਹੁ ਰਾਮ ਗੁਣ ਨੀਤ ॥	رسنا رمہُ رام گُڑ نیت ॥
ਸੁਖੁ ਪਾਵਹੁ ਮੇਰੇ ਭਾਈ ਮੀਤ ॥੧॥	سُکھُ پاوہُ میرے بھائی میت ۔ ॥1॥
ਲਿਖੁ ਲੇਖਣਿ ਕਾਗਦਿ ਮਸਵਾਣੀ ॥	لِکھُ لیکھنِ کاگدِ مسوانی ॥
ਰਾਮ ਨਾਮ ਹਰਿ ਅੰਮ੍ਰਿਤ ਬਾਣੀ ॥੧॥ ਰਹਾਉ ॥	رام نام ہرِ انمّرت بانی ॥1॥ رہاءُ ॥
ਇਹ ਕਾਰਜਿ ਤੇਰੇ ਜਾਹਿ ਬਿਕਾਰ ॥	اِہ کارجِ تیرے جاہِ بِکار ॥
ਸਿਮਰਤ ਰਾਮ ਨਾਹੀ ਜਮ ਮਾਰ ॥	سِمرت رام ناہی جم مار ॥
ਧਰਮ ਰਾਇ ਕੇ ਦੂਤ ਨ ਜੋਹੈ ॥	دھرم راءِ کے دوُت ن جوہےَ ॥
ਮਾਇਆ ਮਗਨ ਨ ਕਛੂਐ ਮੋਹੈ ॥੨॥	مائیا مگن ن کچھوُئے موہےَ ॥2॥
ਉਧਰਹਿ ਆਪਿ ਤਰੈ ਸੰਸਾਰੁ ॥	اُدھرہِ آپِ ترےَ سنّسارُ ॥
ਰਾਮ ਨਾਮ ਜਪਿ ਏਕੰਕਾਰੁ ॥	رام نام جپِ ایکنکارُ ॥
ਆਪਿ ਕਮਾਉ ਅਵਰਾ ਉਪਦੇਸ ॥	آپِ کماءُ اورا اُپدیس ॥
ਰਾਮ ਨਾਮ ਹਿਰਦੈ ਪਰਵੇਸ ॥੩॥	رام نام ہِردےَ پرویس ॥3॥
ਜਾ ਕੈ ਮਾਥੈ ਏਹੁ ਨਿਧਾਨੁ ॥	جا کےَ ماتھےَ ایہُ نِدھانُ ॥
ਸੋਈ ਪੁਰਖੁ ਜਪੈ ਭਗਵਾਨੁ ॥	سوئی پُرکھُ جپےَ بھگوانُ ॥
ਆਠ ਪਹਰ ਹਰਿ ਹਰਿ ਗੁਣ ਗਾਉ ॥	آٹھ پہر ہرِ ہرِ گُڑ گاءُ ॥
ਕਹੁ ਨਾਨਕ ਹਉ ਤਿਸੁ ਬਲਿ ਜਾਉ ॥੪॥੨੮॥੯੭॥	کہُ نانک ہءُ تِسُ بلِ جاءُ ॥4॥ 28 ॥ 97 ॥
ਰਾਗੁ ਗਉੜੀ ਗੁਆਰੇਰੀ ਮਹਲਾ ੫ ਚਉਪਦੇ ਦੁਪਦੇ	راگُ گئُڑی گیاریری محلا 5 چئُپدے دُپدے

੧ੴ ਸਤਿਗੁਰ ਪ੍ਰਸਾਦਿ ॥	۱ۃ ستِگُر پرّسادِ ॥
ਜੋ ਪਰਾਇਓ ਸੋਈ ਅਪਨਾ ॥	جو پرائیو سوئی اپنا ॥
ਜੋ ਤਜਿ ਛੋਡਨ ਤਿਸੁ ਸਿਉ ਮਨੁ ਰਚਨਾ ॥੧॥	جو تجِ چھوڈن تِس سِءُ منُ رچنا ॥1॥
ਕਹਹੁ ਗੁਸਾਈ ਮਿਲੀਐ ਕੇਹ ॥	کہہُ گُسائی مِلیئے کیہ ۔ ॥
ਜੋ ਬਿਬਰਜਤ ਤਿਸ ਸਿਉ ਨੇਹ ॥੧॥ ਰਹਾਉ ॥	جو بِبرجت تِس سِءُ نیہ ॥1॥ رہاءُ ॥
ਝੂਠੁ ਬਾਤ ਸਾ ਸਚੁ ਕਰਿ ਜਾਤੀ ॥	جھوٹھُ بات سا سچُ کرِ جاتی ॥
ਸਤਿ ਹੋਵਨੁ ਮਨਿ ਲਗੈ ਨ ਰਾਤੀ ॥੨॥	ستِ ہوونُ منِ لگے َن راتی ॥2॥
ਬਾਵੈ ਮਾਰਗੁ ਟੇਢਾ ਚਲਨਾ ॥	باوے مارگُ ٹیڈھا چلنا ॥
ਸੀਧਾ ਛੋਡਿ ਅਪੂਠਾ ਬੁਨਨਾ ॥੩॥	سیِدھا چھوڈِ اپوٹھا بُننا ॥3॥
ਦੁਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ ॥	دُہا سِریا کا خصمُ پربھُ سوئی ॥
ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ ॥੪॥੨੯॥੯੮॥	جِس میلے نانک سو مُکتا ہوئی ॥4॥ 29 ॥ 98 ॥
ਗਉੜੀ ਗੁਆਰੇਰੀ ਮਹਲਾ ੫ ॥	گئڑی گُیاریری محلا 5 ॥
ਕਲਿਜੁਗ ਮਹਿ ਮਿਲਿ ਆਏ ਸੰਜੋਗ ॥	کلِجُگ مہِ مِلِ آئے سنجوگ ॥
ਜਿਚਰੁ ਆਗਿਆ ਤਿਚਰੁ ਭੋਗਹਿ ਭੋਗ ॥੧॥	جِچرُ آگِیا تِچرُ بھوگہِ بھوگ ॥1॥
ਜਲੈ ਨ ਪਾਈਐ ਰਾਮ ਸਨੇਹੀ ॥	جلے َن پائیئے رام سنیہی ॥
ਕਿਰਤਿ ਸੰਜੋਗਿ ਸਤੀ ਉਠਿ ਹੋਈ ॥੧॥ ਰਹਾਉ ॥	کِرتِ سنجوگِ ستی اُٹھِ ہوئی ॥1॥ رہاءُ ॥
ਦੇਖਾ ਦੇਖੀ ਮਨਹਠਿ ਜਲਿ ਜਾਈਐ ॥	دیکھا دیکھی منہٹھِ جلِ جائیئے ॥
ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ ॥੨॥	پرِء سنگُ ن پاوے بہُ جونِ بھوائیئے ॥2॥
ਸੀਲ ਸੰਜਮਿ ਪ੍ਰਿਅ ਆਗਿਆ ਮਾਨੈ ॥	سیِل سنجمِ پرِء آگِیا مانے ॥
ਤਿਸੁ ਨਾਰੀ ਕਉ ਦੁਖੁ ਨ ਜਮਾਨੈ ॥੩॥	تِس ناری ک ءُ دُکھُ ن جمانے ॥3॥
ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ ॥	کہُ نانک جِنِ پرِءُ پرمیسرُ کرِ جانیا ॥
ਧੰਨੁ ਸਤੀ ਦਰਗਹ ਪਰਵਾਨਿਆ ॥੪॥੩੦॥੯੯॥	دھنّنُ ستی درگہ پروانیا ॥4॥ 30 ॥ 99 ॥

ਗਉੜੀ ਗੁਆਰੇਰੀ ਮਹਲਾ ੫ ॥	گئڑی گُیاریری محلا 5 ॥
ਹਮ ਧਨਵੰਤ ਭਾਗਠ ਸਚ ਨਾਇ ॥	ہم دھنونَت بھاگٹھ سچ ناءِ ॥
ਹਰਿ ਗੁਣ ਗਾਵਹ ਸਹਜਿ ਸੁਭਾਇ ॥੧॥ ਰਹਾਉ ॥	ہرِ گُنؤ گاوہ سہجِ سُبھاءِ ॥1॥ رہاءُ ॥
ਪੀਉ ਦਾਦੇ ਕਾ ਖੋਲਿ ਡਿਠਾ ਖਜਾਨਾ ॥	پِیئو دادے کا کھولِ ڈِٹھا خزانا ॥
ਤਾ ਮੇਰੈ ਮਨਿ ਭਇਆ ਨਿਧਾਨਾ ॥੧॥	تا میرے منِ بھئیا نِدھانا ॥1॥
ਰਤਨ ਲਾਲ ਜਾ ਕਾ ਕਛੂ ਨ ਮੋਲੁ ॥	رتن لال جا کا کچھوُ ن مولُ ॥
ਭਰੇ ਭੰਡਾਰ ਅਖੂਟ ਅਤੋਲ ॥੨॥	بھرے بھنڈار اکھوُٹ اتول ॥2॥
ਖਾਵਹਿ ਖਰਚਹਿ ਰਲਿ ਮਿਲਿ ਭਾਈ ॥	کھاوہِ خرچہِ رلِ مِلِ بھائی ॥
ਤੋਟਿ ਨ ਆਵੈ ਵਧਦੋ ਜਾਈ ॥੩॥	توٹِ ن آوے ودھدو جائی ॥3॥
ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ ॥	کہُ نانک جِسُ مستکِ لیکھُ لِکھاءِ ॥
ਸੁ ਏਤੁ ਖਜਾਨੈ ਲਇਆ ਰਲਾਇ ॥੪॥੩੧॥੧੦੦॥	سُ ایتُ خزانے لِئیا رلاءِ ॥4॥ 31 ॥ 100 ॥
ਗਉੜੀ ਮਹਲਾ ੫ ॥	گئڑی محلا 5 ॥
ਡਰਿ ਡਰਿ ਮਰਤੇ ਜਬ ਜਾਨੀਐ ਦੂਰਿ ॥	ڈرِ ڈرِ مرتے جب جانیئے دوُرِ ॥
ਡਰੁ ਚੂਕਾ ਦੇਖਿਆ ਭਰਪੂਰਿ ॥੧॥	ڈر چوُکا دیکھیا بھرپوُرِ ॥1॥
ਸਤਿਗੁਰ ਅਪੁਨੇ ਕਉ ਬਲਿਹਾਰੈ ॥	ستِگُر اپُنے کءُ بلِہارے ॥
ਛੋਡਿ ਨ ਜਾਈ ਸਰਪਰ ਤਾਰੈ ॥੧॥ ਰਹਾਉ ॥	چھوڈِ ن جائی سرپر تارے ॥1॥ رہاءُ ॥
ਦੂਖੁ ਰੋਗੁ ਸੋਗੁ ਬਿਸਰੈ ਜਬ ਨਾਮੁ ॥	دوُکھُ روگُ سوگُ بِسرے جب نامُ ॥
ਸਦਾ ਅਨੰਦੁ ਜਾ ਹਰਿ ਗੁਣ ਗਾਮੁ ॥੨॥	سدا انندُ جا ہرِ گُنؤ گامُ ॥2॥
ਬੁਰਾ ਭਲਾ ਕੋਈ ਨ ਕਹੀਜੈ ॥	بُرا بھلا کوئی ن کہیجے ॥
ਛੋਡਿ ਮਾਨੁ ਹਰਿ ਚਰਨ ਗਹੀਜੈ ॥੩॥	چھوڈِ مانُ ہرِ چرن گہیجے ॥3॥
ਕਹੁ ਨਾਨਕ ਗੁਰ ਮੰਤ੍ਰੁ ਚਿਤਾਰਿ ॥	کہُ نانک گُر منّترُ چِتارِ ॥
ਸੁਖੁ ਪਾਵਹਿ ਸਾਚੈ ਦਰਬਾਰਿ ॥੪॥੩੨॥੧੦੧॥	سُکھُ پاوہِ ساچے دربارِ ॥4॥ 32 ॥ 101 ॥

ਗਉੜੀ ਮਹਲਾ ੫ ॥	گئڑی محلا 5 ॥
ਜਾ ਕਾ ਮੀਤੁ ਸਾਜਨੁ ਹੈ ਸਮੀਆ ॥	جا کا میِت ساجنُ ہے سمیِیا ॥
ਤਿਸੁ ਜਨ ਕਉ ਕਹੁ ਕਾ ਕੀ ਕਮੀਆ ॥੧॥	تِس جن ک ءُ کہُ کا کی کمیِیا ۔ ॥1॥
ਜਾ ਕੀ ਪ੍ਰੀਤਿ ਗੋਬਿੰਦ ਸਿਉ ਲਾਗੀ ॥	جا کی پرّیتِ گوبِنّد سِ ءُ لاگی ॥
ਦੂਖੁ ਦਰਦੁ ਭ੍ਰਮੁ ਤਾ ਕਾ ਭਾਗੀ ॥੧॥ ਰਹਾਉ ॥	دوُکھُ دردُ بھرّمُ تا کا بھاگی ॥1॥ رہاءُ ॥
ਜਾ ਕਉ ਰਸੁ ਹਰਿ ਰਸੁ ਹੈ ਆਇਓ ॥	جا ک ءُ رسُ ہرِ رسُ ہے آئیئو ॥
ਸੋ ਅਨ ਰਸ ਨਾਹੀ ਲਪਟਾਇਓ ॥੨॥	سو ان رس ناہی لپٹائیئو ॥2॥
ਜਾ ਕਾ ਕਹਿਆ ਦਰਗਹ ਚਲੈ ॥	جا کا کہِیا درگہ چلےَ ॥
ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥੩॥	سو کِس ک ءُ ندرِ لےَ آوے تلےَ ۔ ॥3॥
ਜਾ ਕਾ ਸਭੁ ਕਿਛੁ ਤਾ ਕਾ ਹੋਇ ॥	جا کا سبھُ کِچھُ تا کا ہوءِ ॥
ਨਾਨਕ ਤਾ ਕਉ ਸਦਾ ਸੁਖੁ ਹੋਇ ॥੪॥੩੩॥੧੦੨॥	نانک تا ک ءُ سدا سُکھُ ہوءِ ॥4॥ 33 ॥ 102 ॥
ਗਉੜੀ ਮਹਲਾ ੫ ॥	گئڑی محلا 5 ॥
ਜਾ ਕੈ ਦੁਖੁ ਸੁਖੁ ਸਮ ਕਰਿ ਜਾਪੈ ॥	جا کےَ دُکھُ سُکھُ سم کرِ جاپےَ ॥
ਤਾ ਕਉ ਕਾੜਾ ਕਹਾ ਬਿਆਪੈ ॥੧॥	تا ک ءُ کاڑا کہا بِیاپےَ ۔ ॥1॥
ਸਹਜ ਅਨੰਦ ਹਰਿ ਸਾਧੂ ਮਾਹਿ ॥	سہج انّند ہرِ سادھوُ ماہِ ॥
ਆਗਿਆਕਾਰੀ ਹਰਿ ਹਰਿ ਰਾਇ ॥੧॥ ਰਹਾਉ ॥	آگیاکاری ہرِ ہرِ راءِ ॥1॥ رہاءُ ॥
ਜਾ ਕੈ ਅਚਿੰਤੁ ਵਸੈ ਮਨਿ ਆਇ ॥	جا کےَ اچِنّتُ وسےَ منِ آءِ ॥
ਤਾ ਕਉ ਚਿੰਤਾ ਕਤਹੂੰ ਨਾਹਿ ॥੨॥	تا ک ءُ چِنّتا کتہوُنّ ناہِ ॥2॥
ਜਾ ਕੈ ਬਿਨਸਿਓ ਮਨ ਤੇ ਭਰਮਾ ॥	جا کےَ بِنسِیئو من تے بھرما ॥
ਤਾ ਕੈ ਕਛੂ ਨਾਹੀ ਡਰੁ ਜਮਾ ॥੩॥	تا کےَ کچھوُ ناہی ڈر جما ॥3॥
ਜਾ ਕੈ ਹਿਰਦੈ ਦੀਓ ਗੁਰਿ ਨਾਮਾ ॥	جا کےَ ہِردےَ دیِئو گُرِ نامَا ॥

ਕਹੁ ਨਾਨਕ ਤਾ ਕੈ ਸਗਲ ਨਿਧਾਨਾ ॥੪॥੩੪॥੧੦੩॥	کہُ نانک تا کے سگل نِدھانا ॥4॥ 34 ॥ 103 ॥
ਗਉੜੀ ਮਹਲਾ ੫ ॥	گئُڑی محلا 5 ॥
ਅਗਮ ਰੂਪ ਕਾ ਮਨ ਮਹਿ ਥਾਨਾ ॥	اگم روُپ کا من مہِ تھانا ॥
ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ ॥੧॥	گُر پرّسادِ کِنے وِرلے جانا ॥1॥
ਸਹਜ ਕਥਾ ਕੇ ਅੰਮ੍ਰਿਤ ਕੁੰਟਾ ॥	سہج کتھا کے انمّرِت کُنّٹا ॥
ਜਿਸਹਿ ਪਰਾਪਤਿ ਤਿਸੁ ਲੈ ਭੁੰਚਾ ॥੧॥ ਰਹਾਉ ॥	جِسہِ پراپتِ تِسُ لے بھُنچّا ॥1॥ رہاءُ ॥
ਅਨਹਤ ਬਾਣੀ ਥਾਨੁ ਨਿਰਾਲਾ ॥	انہت باٹی تھانُ نِرالا ॥
ਤਾ ਕੀ ਧੁਨਿ ਮੋਹੇ ਗੋਪਾਲਾ ॥੨॥	تا کی دھُنِ موہے گوپالا ॥2॥
ਤਹ ਸਹਜ ਅਖਾਰੇ ਅਨੇਕ ਅਨੰਤਾ ॥	تہ سہج اکھارے انیک انتّا ॥
ਪਾਰਬ੍ਰਹਮ ਕੇ ਸੰਗੀ ਸੰਤਾ ॥੩॥	پاربّرہم کے سنگی سنّتا ॥3॥
ਹਰਖ ਅਨੰਤੁ ਸੋਗ ਨਹੀ ਬੀਆ ॥	ہرکھ اننّتُ سوگ نہی بِیا ॥
ਸੋ ਘਰੁ ਗੁਰਿ ਨਾਨਕ ਕਉ ਦੀਆ ॥੪॥੩੫॥੧੦੪॥	سو گھرُ گُرِ نانک کءُ دِیِیا ॥4॥ 35 ॥ 104 ॥
ਗਉੜੀ ਮਃ ੫ ॥	گئُڑی م: 5 ॥
ਕਵਨ ਰੂਪੁ ਤੇਰਾ ਆਰਾਧਉ ॥	کون روُپُ تیرا آرادھءُ ॥
ਕਵਨ ਜੋਗ ਕਾਇਆ ਲੇ ਸਾਧਉ ॥੧॥	کون جوگ کائیا لے سادھءُ ॥1॥
ਕਵਨ ਗੁਨੁ ਜੋ ਤੁਝੁ ਲੈ ਗਾਵਉ ॥	کون گُنُ جو تُجھُ لے گاوءُ ॥
ਕਵਨ ਬੋਲ ਪਾਰਬ੍ਰਹਮ ਰੀਝਾਵਉ ॥੧॥ ਰਹਾਉ ॥	کون بول پاربّرہم ریجھاوءُ ॥1॥ رہاءُ ॥
ਕਵਨ ਸੁ ਪੂਜਾ ਤੇਰੀ ਕਰਉ ॥	کون سُ پوُجا تیری کرءُ ॥
ਕਵਨ ਸੁ ਬਿਧਿ ਜਿਤੁ ਭਵਜਲ ਤਰਉ ॥੨॥	کون سُ بِدھِ جِتُ بھوجل ترءُ ॥2॥
ਕਵਨ ਤਪੁ ਜਿਤੁ ਤਪੀਆ ਹੋਇ ॥	کون تپُ جِتُ تپِیا ہوءِ ॥
ਕਵਨੁ ਸੁ ਨਾਮੁ ਹਉਮੈ ਮਲੁ ਖੋਇ ॥੩॥	کونُ سُ نامُ ہئُمےَ ملُ کھوءِ ॥3॥
ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥	گُن پوُجا گیان دھیان نانک سگل گھال ॥

ਜਿਸ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥

جِس کرِ کِرپا ستِگُر مِلے دیَیال ॥4॥

ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥

تِس ہی گُنُ تِن ہی پربھُ جاتا ॥

ਜਿਸ ਕੀ ਮਾਨਿ ਲੇਇ ਸੁਖਦਾਤਾ ॥੧॥ ਰਹਾਉ ਦੂਜਾ ॥੩੬॥੧੦੫॥

جِس کی مانِ لےءِ سُکھداتا ॥1॥ رہاءُ دوُجا ॥ 36 ॥ 105 ॥

ਗਉੜੀ ਮਹਲਾ ੫ ॥

گئڑی محلا 5 ॥

ਆਪਨ ਤਨੁ ਨਹੀ ਜਾ ਕੋ ਗਰਬਾ ॥

آپن تنُ نہی جا کو گربا ॥

ਰਾਜ ਮਿਲਖ ਨਹੀ ਆਪਨ ਦਰਬਾ ॥੧॥

راج مِلکھ نہی آپن دربا ॥1॥

ਆਪਨ ਨਹੀ ਕਾ ਕਉ ਲਪਟਾਇਓ ॥

آپن نہی کا کءُ لپٹائیو ۔ ॥

ਆਪਨ ਨਾਮੁ ਸਤਿਗੁਰ ਤੇ ਪਾਇਓ ॥੧॥ ਰਹਾਉ ॥

آپن نامُ ستِگُر تے پائیو ॥1॥ رہاءُ ॥

ਸੁਤ ਬਨਿਤਾ ਆਪਨ ਨਹੀ ਭਾਈ ॥

سُت بِنتا آپن نہی بھائی ॥

ਇਸਟ ਮੀਤ ਆਪ ਬਾਪੁ ਨ ਮਾਈ ॥੨॥

اِسٹ میت آپ باپُ ن مائی ॥2॥

ਸੁਇਨਾ ਰੂਪਾ ਫੁਨਿ ਨਹੀ ਦਾਮ ॥

سُینا روُپا پھُنِ نہی دام ॥

ਹੈਵਰ ਗੈਵਰ ਆਪਨ ਨਹੀ ਕਾਮ ॥੩॥

ہیَور گیَور آپن نہی کام ॥3॥

ਕਹੁ ਨਾਨਕ ਜੋ ਗੁਰਿ ਬਖਸਿ ਮਿਲਾਇਆ ॥

کہُ نانک جو گُرِ بخشِ مِلائیا ॥

ਤਿਸ ਕਾ ਸਭੁ ਕਿਛੁ ਜਿਸ ਕਾ ਹਰਿ ਰਾਇਆ ॥੪॥੩੭॥੧੦੬॥

تِس کا سبھُ کِچھُ جِس کا ہرِ رائیا ॥4॥ 37 ॥ 106 ॥

ਗਉੜੀ ਮਹਲਾ ੫ ॥

گئڑی محلا 5 ॥

ਗੁਰ ਕੇ ਚਰਣ ਊਪਰਿ ਮੇਰੇ ਮਾਥੇ ॥

گُر کے چرنؔ اوُپر میرے ماتھے ॥

ਤਾ ਤੇ ਦੁਖ ਮੇਰੇ ਸਗਲੇ ਲਾਥੇ ॥੧॥

تا تے دُکھ میرے سگلے لاتھے ॥1॥

ਸਤਿਗੁਰ ਅਪੁਨੇ ਕਉ ਕੁਰਬਾਨੀ ॥

ستِگُر اپُنے کءُ قُربانی ॥

ਆਤਮ ਚੀਨਿ ਪਰਮ ਰੰਗ ਮਾਨੀ ॥੧॥ ਰਹਾਉ ॥

آتم چینِ پرم رنگ مانی ॥1॥ رہاءُ ॥

ਚਰਣ ਰੇਣੁ ਗੁਰ ਕੀ ਮੁਖਿ ਲਾਗੀ ॥

چرنؔ رینُ گُر کی مُکھِ لاگی ॥

ਅਹੰਬੁਧਿ ਤਿਨਿ ਸਗਲ ਤਿਆਗੀ ॥੨॥

اہنبُدھِ تِنِ سگل تِیاگی ॥2॥

ਗੁਰ ਕਾ ਸਬਦੁ ਲਗੋ ਮਨਿ ਮੀਠਾ ॥	گُر کا سبدُ لگو منِ میٹھا ॥
ਪਾਰਬ੍ਰਹਮੁ ਤਾ ਤੇ ਮੋਹਿ ਡੀਠਾ ॥੩॥	پاربّرہمُ تا تے موہِ ڈیٹھا ॥3॥
ਗੁਰੁ ਸੁਖਦਾਤਾ ਗੁਰੁ ਕਰਤਾਰੁ ॥	گُرُ سُکھداتا گُرُ کرتارُ ॥
ਜੀਅ ਪ੍ਰਾਣ ਨਾਨਕ ਗੁਰੁ ਅਧਾਰੁ ॥੪॥੩੮॥੧੦੭॥	جیء پّراڻ نانک گُرُ ادھارُ ॥4॥ 38 ॥ 107 ॥
ਗਉੜੀ ਮਹਲਾ ੫ ॥	گئڑی محلا 5 ॥
ਰੇ ਮਨ ਮੇਰੇ ਤੂੰ ਤਾ ਕਉ ਆਹਿ ॥	رے من میرے توُنّ تا کءُ آہِ ॥
ਜਾ ਕੈ ਊਣਾ ਕਛਹੂ ਨਾਹਿ ॥੧॥	جا کے اوُٹا لچھہوُ ناہِ ॥1॥
ਹਰਿ ਸਾ ਪ੍ਰੀਤਮੁ ਕਰਿ ਮਨ ਮੀਤ ॥	ہرِ سا پّریتمُ کرِ من میت ۔ ॥
ਪ੍ਰਾਨ ਅਧਾਰੁ ਰਾਖਹੁ ਸਦ ਚੀਤ ॥੧॥ ਰਹਾਉ ॥	پّران ادھارُ راکھہُ سد چیت ॥1॥ رہاءُ ॥
ਰੇ ਮਨ ਮੇਰੇ ਤੂੰ ਤਾ ਕਉ ਸੇਵਿ ॥	رے من میرے توُنّ تا کءُ سیوِ ॥
ਆਦਿ ਪੁਰਖ ਅਪਰੰਪਰ ਦੇਵ ॥੨॥	آدِ پُرکھ اپرنّپر دیو ॥2॥
ਤਿਸੁ ਊਪਰਿ ਮਨ ਕਰਿ ਤੂੰ ਆਸਾ ॥	تِسُ اوُپرِ من کرِ توُنّ آسا ॥
ਆਦਿ ਜੁਗਾਦਿ ਜਾ ਕਾ ਭਰਵਾਸਾ ॥੩॥	آدِ جُگادِ جا کا بھرواسا ॥3॥
ਜਾ ਕੀ ਪ੍ਰੀਤਿ ਸਦਾ ਸੁਖੁ ਹੋਇ ॥	جا کی پّریتِ سدا سُکھُ ہوءِ ॥
ਨਾਨਕੁ ਗਾਵੈ ਗੁਰ ਮਿਲਿ ਸੋਇ ॥੪॥੩੯॥੧੦੮॥	نانکُ گاوے گُر ملِ سوءِ ॥4॥ 39 ॥ 108 ॥
ਗਉੜੀ ਮਹਲਾ ੫ ॥	گئڑی محلا 5 ॥
ਮੀਤੁ ਕਰੈ ਸੋਈ ਹਮ ਮਾਨਾ ॥	میتُ کرے سوئی ہم مانا ॥
ਮੀਤ ਕੇ ਕਰਤਬ ਕੁਸਲ ਸਮਾਨਾ ॥੧॥	میت کے کرتب کُسل سمانا ॥1॥
ਏਕਾ ਟੇਕ ਮੇਰੇ ਮਨਿ ਚੀਤ ॥	ایکا ٹیک میرے منِ چیت ॥
ਜਿਸੁ ਕਿਛੁ ਕਰਣਾ ਸੁ ਹਮਰਾ ਮੀਤ ॥੧॥ ਰਹਾਉ ॥	جِسُ کِچھُ کرنا سُ ہمرا میت ॥1॥ رہاءُ ॥
ਮੀਤੁ ਹਮਾਰਾ ਵੇਪਰਵਾਹਾ ॥	میتُ ہمارا ویپرواہا ॥
ਗੁਰ ਕਿਰਪਾ ਤੇ ਮੋਹਿ ਅਸਨਾਹਾ ॥੨॥	گُر کِرپا تے موہِ اسناہا ॥2॥

ਮੀਤੁ ਹਮਾਰਾ ਅੰਤਰਜਾਮੀ ॥	مِیتُ ہمارا انترجامی ॥
ਸਮਰਥ ਪੁਰਖੁ ਪਾਰਬ੍ਰਹਮੁ ਸੁਆਮੀ ॥੩॥	سمرتھ پُرکھُ پاربّرہمُ سُیامی ॥3॥
ਹਮ ਦਾਸੇ ਤੁਮ ਠਾਕੁਰ ਮੇਰੇ ॥	ہم داسے تُم ٹھاکُر میرے ॥
ਮਾਨੁ ਮਹਤੁ ਨਾਨਕ ਪ੍ਰਭੁ ਤੇਰੇ ॥੪॥੪੦॥੧੦੯॥	مانُ مہتُ نانک پربھُ تیرے ॥4॥ 40 ॥ 109 ॥
ਗਉੜੀ ਮਹਲਾ ੫ ॥	گئڑی محلا 5 ॥
ਜਾ ਕਉ ਤੁਮ ਭਏ ਸਮਰਥ ਅੰਗਾ ॥	جا ک ءُ تُم بھئے سمرتھ انگا ॥
ਤਾ ਕਉ ਕਛੁ ਨਾਹੀ ਕਾਲੰਗਾ ॥੧॥	تا ک ءُ کچھُ ناہی کالنگا ॥1॥
ਮਾਧਉ ਜਾ ਕਉ ਹੈ ਆਸ ਤੁਮਾਰੀ ॥	مادھ ءُ جا ک ءُ ہے آس تُماری ॥
ਤਾ ਕਉ ਕਛੁ ਨਾਹੀ ਸੰਸਾਰੀ ॥੧॥ ਰਹਾਉ ॥	تا ک ءُ کچھُ ناہی سنّساری ॥1॥ رہاءُ ॥
ਜਾ ਕੈ ਹਿਰਦੈ ਠਾਕੁਰੁ ਹੋਇ ॥	جا کے ہِردے ٹھاکُرُ ہوءِ ॥
ਤਾ ਕਉ ਸਹਸਾ ਨਾਹੀ ਕੋਇ ॥੨॥	تا ک ءُ سہسا ناہی کوءِ ॥2॥
ਜਾ ਕਉ ਤੁਮ ਦੀਨੀ ਪ੍ਰਭ ਧੀਰ ॥	جا ک ءُ تُم دینی پربھ دھیر ॥
ਤਾ ਕੈ ਨਿਕਟਿ ਨ ਆਵੈ ਪੀਰ ॥੩॥	تا کے نِکٹِ ن آوے پیر ॥3॥
ਕਹੁ ਨਾਨਕ ਮੈ ਸੋ ਗੁਰੁ ਪਾਇਆ ॥	کہُ نانک مے سو گُرُ پائیا ॥
ਪਾਰਬ੍ਰਹਮ ਪੂਰਨ ਦੇਖਾਇਆ ॥੪॥੪੧॥੧੧੦॥	پاربّرہم پوُرن دیکھائیا ॥4॥ 41 ॥ 110 ॥
ਗਉੜੀ ਮਹਲਾ ੫ ॥	گئڑی محلا 5 ॥
ਦੁਲਭ ਦੇਹ ਪਾਈ ਵਡਭਾਗੀ ॥	دُلبھ دیہ پائی وڈبھاگی ॥
ਨਾਮੁ ਨ ਜਪਹਿ ਤੇ ਆਤਮ ਘਾਤੀ ॥੧॥	نامُ ن جپہِ تے آتم گھاتی ॥1॥
ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥	مرِ ن جاہی جِنا بِسرت رام ॥
ਨਾਮ ਬਿਹੂਨ ਜੀਵਨ ਕਉਨ ਕਾਮ ॥੧॥ ਰਹਾਉ ॥	نام بِہوُن جیِون کنُن کام ۔ ॥1॥ رہاءُ ॥
ਖਾਤ ਪੀਤ ਖੇਲਤ ਹਸਤ ਬਿਸਥਾਰ ॥	کھات پیِت کھیلت ہست بِستھار ॥
ਕਵਨ ਅਰਥ ਮਿਰਤਕ ਸੀਗਾਰ ॥੨॥	کون ارتھ مِرتک سیِگار ॥2॥

ਜੋ ਨ ਸੁਨਹਿ ਜਸੁ ਪਰਮਾਨੰਦਾ ॥	جو ن سُنہِ جسُ پرمانندا ॥
ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥੩॥	پسُ پنکھی ترِگد جونِ تے مندا ॥3॥
ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥	کہُ نانک گُرِ منّتر دّرِڑائیا ॥
ਕੇਵਲ ਨਾਮੁ ਰਿਦ ਮਾਹਿ ਸਮਾਇਆ ॥੪॥੪੨॥੧੧੧॥	کیول نامُ رِد ماہِ سمائیا ॥4॥ 42 ॥ 111 ॥
ਗਉੜੀ ਮਹਲਾ ੫ ॥	گئڑی محلا 5 ॥
ਕਾ ਕੀ ਮਾਈ ਕਾ ਕੋ ਬਾਪ ॥	کا کی مائی کا کو باپ ۔ ॥
ਨਾਮ ਧਾਰੀਕ ਝੂਠੇ ਸਭਿ ਸਾਕ ॥੧॥	نام دھاریک جھوُٹھے سبھِ ساک ॥1॥
ਕਾਹੇ ਕਉ ਮੂਰਖ ਭਖਲਾਇਆ ॥	کاہے ک ءُ موُرکھ بھکھلائیا ॥
ਮਿਲਿ ਸੰਜੋਗਿ ਹੁਕਮਿ ਤੂੰ ਆਇਆ ॥੧॥ ਰਹਾਉ ॥	مِلِ سنجوگِ حُکمِ توُنّ آئیا ॥1॥ رہاءُ ॥
ਏਕਾ ਮਾਟੀ ਏਕਾ ਜੋਤਿ ॥	ایکا ماٹی ایکا جوتِ ॥
ਏਕੋ ਪਵਨੁ ਕਹਾ ਕਉਨੁ ਰੋਤਿ ॥੨॥	ایکو پونُ کہا کئُنُ روتِ ۔ ॥2॥
ਮੇਰਾ ਮੇਰਾ ਕਰਿ ਬਿਲਲਾਹੀ ॥	میرا میرا کرِ بِللاہی ॥
ਮਰਣਹਾਰੁ ਇਹੁ ਜੀਅਰਾ ਨਾਹੀ ॥੩॥	مرٹہارُ اِہُ جیئرا ناہی ॥3॥
ਕਹੁ ਨਾਨਕ ਗੁਰਿ ਖੋਲੇ ਕਪਾਟ ॥	کہُ نانک گُرِ کھولے کپاٹ ॥
ਮੁਕਤੁ ਭਏ ਬਿਨਸੇ ਭ੍ਰਮ ਥਾਟ ॥੪॥੪੩॥੧੧੨॥	مُکتُ بھئے بِنسے بھرم تھاٹ ॥4॥ 43 ॥ 112 ॥
ਗਉੜੀ ਮਹਲਾ ੫ ॥	گئڑی محلا 5 ॥
ਵਡੇ ਵਡੇ ਜੋ ਦੀਸਹਿ ਲੋਗ ॥	وڈے وڈے جو دیسہِ لوگ ॥
ਤਿਨ ਕਉ ਬਿਆਪੈ ਚਿੰਤਾ ਰੋਗ ॥੧॥	تِن ک ءُ بیاپے چِنّتا روگ ॥1॥
ਕਉਨ ਵਡਾ ਮਾਇਆ ਵਡਿਆਈ ॥	کئُن وڈا مائیا وڈیائی ॥
ਸੋ ਵਡਾ ਜਿਨਿ ਰਾਮ ਲਿਵ ਲਾਈ ॥੧॥ ਰਹਾਉ ॥	سو وڈا جِنِ رام لِو لائی ॥1॥ رہاءُ ॥
ਭੂਮੀਆ ਭੂਮਿ ਊਪਰਿ ਨਿਤ ਲੁਝੈ ॥	بھوُمیا بھوُمِ اوُپرِ نِت لجھے ॥
ਛੋਡਿ ਚਲੈ ਤ੍ਰਿਸਨਾ ਨਹੀ ਬੁਝੈ ॥੨॥	چھوڈِ چلے ترِسنا نہی بُجھے ॥2॥

ਕਹੁ ਨਾਨਕ ਇਹੁ ਤਤੁ ਬੀਚਾਰਾ ॥	کہُ نانک اِہُ تتُ بیچارا ॥
ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥੩॥੪੪॥੧੧੩॥	بِنُ ہرِ بھجن ناہی چھُٹکارا ॥3॥ 44 ॥ 113 ॥
ਗਉੜੀ ਮਹਲਾ ੫ ॥	گئڑی محلا 5 ॥
ਪੂਰਾ ਮਾਰਗੁ ਪੂਰਾ ਇਸਨਾਨੁ ॥	پوُرا مارگُ پوُرا اِسنانُ ॥
ਸਭੁ ਕਿਛੁ ਪੂਰਾ ਹਿਰਦੈ ਨਾਮੁ ॥੧॥	سبھُ کِچھُ پوُرا ہِردے نامُ ॥1॥
ਪੂਰੀ ਰਹੀ ਜਾ ਪੂਰੈ ਰਾਖੀ ॥	پوُری رہی جا پوُرے راکھی ॥
ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੧॥ ਰਹਾਉ ॥	پاربرّہم کی سرنِ جن تاکی ॥1॥ رہاءُ ॥
ਪੂਰਾ ਸੁਖੁ ਪੂਰਾ ਸੰਤੋਖੁ ॥	پوُرا سُکھُ پوُرا سنّتوکھُ ॥
ਪੂਰਾ ਤਪੁ ਪੂਰਨ ਰਾਜੁ ਜੋਗੁ ॥੨॥	پوُرا تپُ پوُرن راجُ جوگُ ॥2॥
ਹਰਿ ਕੈ ਮਾਰਗਿ ਪਤਿਤ ਪੁਨੀਤ ॥	ہرِ کے مارگِ پتِت پُنیت ॥
ਪੂਰੀ ਸੋਭਾ ਪੂਰਾ ਲੋਕੀਕ ॥੩॥	پوُری سوبھا پوُرا لوکِیک ॥3॥
ਕਰਣਹਾਰੁ ਸਦ ਵਸੈ ਹਦੂਰਾ ॥	کرنّہارُ سد وسے ہدوُرا ॥
ਕਹੁ ਨਾਨਕ ਮੇਰਾ ਸਤਿਗੁਰੁ ਪੂਰਾ ॥੪॥੪੫॥੧੧੪॥	کہُ نانک میرا ستِگُرُ پوُرا ॥4॥ 45 ॥ 114 ॥
ਗਉੜੀ ਮਹਲਾ ੫ ॥	گئڑی محلا 5 ॥
ਸੰਤ ਕੀ ਧੂਰਿ ਮਿਟੇ ਅਘ ਕੋਟ ॥	سنّت کی دھوُرِ مِٹے اگھ کوٹ ॥
ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ ॥੧॥	سنّت پرّسادِ جنم مرنّ تے چھوٹ ॥1॥
ਸੰਤ ਕਾ ਦਰਸੁ ਪੂਰਨ ਇਸਨਾਨੁ ॥	سنّت کا درسُ پوُرن اِسنانُ ॥
ਸੰਤ ਕ੍ਰਿਪਾ ਤੇ ਜਪੀਐ ਨਾਮੁ ॥੧॥ ਰਹਾਉ ॥	سنّت کرِپا تے جپیئے نامُ ॥1॥ رہاءُ ॥
ਸੰਤ ਕੈ ਸੰਗਿ ਮਿਟਿਆ ਅਹੰਕਾਰੁ ॥	سنّت کے سنگِ مِٹیا اہنکارُ ॥
ਦ੍ਰਿਸਟਿ ਆਵੈ ਸਭੁ ਏਕੰਕਾਰੁ ॥੨॥	دّرِسٹِ آوے سبھُ ایکنکارُ ॥2॥
ਸੰਤ ਸੁਪ੍ਰਸੰਨ ਆਏ ਵਸਿ ਪੰਚਾ ॥	سنّت سُپرّسنّن آئے وسِ پنچّا ॥
ਅੰਮ੍ਰਿਤੁ ਨਾਮੁ ਰਿਦੈ ਲੈ ਸੰਚਾ ॥੩॥	انمّرِتُ نامُ رِدے لے سنچّا ॥3॥

ਕਹੁ ਨਾਨਕ ਜਾ ਕਾ ਪੂਰਾ ਕਰਮ ॥	کہُ نانک جا کا پوُرا کرم ॥
ਤਿਸੁ ਭੇਟੇ ਸਾਧੂ ਕੇ ਚਰਨ ॥੪॥੪੬॥੧੧੫॥	تِسُ بھیٹے سادھوُ کے چرن ॥4॥ 46 ॥ 115 ॥
ਗਉੜੀ ਮਹਲਾ ੫ ॥	گئوڑی محلا 5 ॥
ਹਰਿ ਗੁਣ ਜਪਤ ਕਮਲੁ ਪਰਗਾਸੈ ॥	ہرِ گُنؤ جپت کملُ پرگاسے ॥
ਹਰਿ ਸਿਮਰਤ ਤ੍ਰਾਸ ਸਭ ਨਾਸੈ ॥੧॥	ہرِ سِمرت ترّاس سبھ ناسے ॥1॥
ਸਾ ਮਤਿ ਪੂਰੀ ਜਿਤੁ ਹਰਿ ਗੁਣ ਗਾਵੈ ॥	سا متِ پوُری جِتُ ہرِ گُنؤ گاوے ॥
ਵਡੈ ਭਾਗਿ ਸਾਧੂ ਸੰਗੁ ਪਾਵੈ ॥੧॥ ਰਹਾਉ ॥	وڈے بھاگِ سادھوُ سنگُ پاوے ॥1॥ رہاءُ ॥
ਸਾਧਸੰਗਿ ਪਾਈਐ ਨਿਧਿ ਨਾਮਾ ॥	سادھسنگِ پائیئے نِدھِ نانا ॥
ਸਾਧਸੰਗਿ ਪੂਰਨ ਸਭਿ ਕਾਮਾ ॥੨॥	سادھسنگِ پوُرن سبھِ کانا ॥2॥
ਹਰਿ ਕੀ ਭਗਤਿ ਜਨਮੁ ਪਰਵਾਣੁ ॥	ہرِ کی بھگتِ جنمُ پرواۃُ ॥
ਗੁਰ ਕਿਰਪਾ ਤੇ ਨਾਮੁ ਵਖਾਣੁ ॥੩॥	گُر کِرپا تے نامُ وکھاۃُ ॥3॥
ਕਹੁ ਨਾਨਕ ਸੋ ਜਨੁ ਪਰਵਾਨੁ ॥	کہُ نانک سو جنُ پروانُ ॥
ਜਾ ਕੈ ਰਿਦੈ ਵਸੈ ਭਗਵਾਨੁ ॥੪॥੪੭॥੧੧੬॥	جا کے رِدے وسے بھگوانُ ॥4॥ 47 ॥ 116 ॥
ਗਉੜੀ ਮਹਲਾ ੫ ॥	گئوڑی محلا 5 ॥
ਏਕਸੁ ਸਿਉ ਜਾ ਕਾ ਮਨੁ ਰਾਤਾ ॥	ایکسُ سِءُ جا کا منُ راتا ॥
ਵਿਸਰੀ ਤਿਸੈ ਪਰਾਈ ਤਾਤਾ ॥੧॥	وِسری تِسے پرائی تاتا ॥1॥
ਬਿਨੁ ਗੋਬਿੰਦ ਨ ਦੀਸੈ ਕੋਈ ॥	بِنُ گوبِند ن دیسے کوئی ॥
ਕਰਨ ਕਰਾਵਨ ਕਰਤਾ ਸੋਈ ॥੧॥ ਰਹਾਉ ॥	کرن کراون کرتا سوئی ॥1॥ رہاءُ ॥
ਮਨਹਿ ਕਮਾਵੈ ਮੁਖਿ ਹਰਿ ਹਰਿ ਬੋਲੈ ॥	منہِ کماوے مُکھِ ہرِ ہرِ بولے ॥
ਸੋ ਜਨੁ ਇਤ ਉਤ ਕਤਹਿ ਨ ਡੋਲੈ ॥੨॥	سو جنُ اِت اُت کتہِ ن ڈولے ॥2॥
ਜਾ ਕੈ ਹਰਿ ਧਨੁ ਸੋ ਸਚ ਸਾਹੁ ॥	جا کے ہرِ دھنُ سو سچ ساہُ ॥
ਗੁਰਿ ਪੂਰੈ ਕਰਿ ਦੀਨੋ ਵਿਸਾਹੁ ॥੩॥	گُرِ پوُرے کرِ دینو وِساہُ ॥3॥

ਜੀਵਨ ਪੁਰਖੁ ਮਿਲਿਆ ਹਰਿ ਰਾਇਆ ॥
ਕਹੁ ਨਾਨਕ ਪਰਮ ਪਦੁ ਪਾਇਆ ॥੪॥੪੮॥੧੧੭॥

جیون پُرکھُ مِلیا ہرِ رائیا ॥
کہُ نانک پرم پدُ پائیا ॥4॥ 48 ॥ 117 ॥

ਗਉੜੀ ਮਹਲਾ ੫ ॥

گؤڑی محلا 5 ॥

ਨਾਮੁ ਭਗਤ ਕੈ ਪ੍ਰਾਨ ਅਧਾਰੁ ॥
ਨਾਮੋ ਧਨੁ ਨਾਮੋ ਬਿਉਹਾਰੁ ॥੧॥

نامُ بھگت کے پّران ادھارُ ॥
نامو دھنُ نامو بِہُہارُ ॥1॥

ਨਾਮ ਵਡਾਈ ਜਨੁ ਸੋਭਾ ਪਾਏ ॥
ਕਰਿ ਕਿਰਪਾ ਜਿਸੁ ਆਪਿ ਦਿਵਾਏ ॥੧॥ ਰਹਾਉ ॥

نام وڈائی جنُ سوبھا پائے ॥
کرِ کرِپا جِسُ آپِ دِوائے ॥1॥ رہاءُ ॥

ਨਾਮੁ ਭਗਤ ਕੈ ਸੁਖ ਅਸਥਾਨੁ ॥
ਨਾਮ ਰਤੁ ਸੋ ਭਗਤੁ ਪਰਵਾਨੁ ॥੨॥

نامُ بھگت کے سُکھ استھانُ ॥
نام رتُ سو بھگتُ پروانُ ॥2॥

ਹਰਿ ਕਾ ਨਾਮੁ ਜਨ ਕਉ ਧਾਰੈ ॥
ਸਾਸਿ ਸਾਸਿ ਜਨੁ ਨਾਮੁ ਸਮਾਰੈ ॥੩॥

ہرِ کا نامُ جن کءُ دھارے ॥
ساسِ ساسِ جنُ نامُ سمارے ॥3॥

ਕਹੁ ਨਾਨਕ ਜਿਸੁ ਪੂਰਾ ਭਾਗੁ ॥
ਨਾਮ ਸੰਗਿ ਤਾ ਕਾ ਮਨੁ ਲਾਗੁ ॥੪॥੪੯॥੧੧੮॥

کہُ نانک جِسُ پوُرا بھاگُ ॥
نام سنگِ تا کا منُ لاگُ ॥4॥ 49 ॥ 118 ॥

ਗਉੜੀ ਮਹਲਾ ੫ ॥

گؤڑی محلا 5 ॥

ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ॥
ਤਬ ਤੇ ਧਾਵਤੁ ਮਨੁ ਤ੍ਰਿਪਤਾਇਆ ॥੧॥

سنّت پّرسادِ ہرِ نامُ دھِیائیا ॥
تب تے دھاوتُ منُ تّرِپتائیا ॥1॥

ਸੁਖ ਬਿਸ੍ਰਾਮੁ ਪਾਇਆ ਗੁਣ ਗਾਇ ॥
ਸ੍ਰਮੁ ਮਿਟਿਆ ਮੇਰੀ ਹਤੀ ਬਲਾਇ ॥੧॥ ਰਹਾਉ ॥

سُکھ بِسّرامُ پائیا گُنؤ گاءِ ॥
سّرمُ مِٹیا میری ہتی بلاءِ ॥1॥ رہاءُ ॥

ਚਰਨ ਕਮਲ ਅਰਾਧਿ ਭਗਵੰਤਾ ॥
ਹਰਿ ਸਿਮਰਨ ਤੇ ਮਿਟੀ ਮੇਰੀ ਚਿੰਤਾ ॥੨॥

چرن کمل ارادھِ بھگونّتا ॥
ہرِ سِمرن تے مِٹی میری چِنّتا ॥2॥

ਸਭ ਤਜਿ ਅਨਾਥੁ ਏਕ ਸਰਣਿ ਆਇਓ ॥
ਊਚ ਅਸਥਾਨੁ ਤਬ ਸਹਜੇ ਪਾਇਓ ॥੩॥

سبھ تجِ اناتھُ ایک سرنِؤ آئیئو ॥
اوُچ استھانُ تب سہجے پائیئو ॥3॥

ਦੂਖੁ ਦਰਦੁ ਭਰਮੁ ਭਉ ਨਸਿਆ ॥	دوُکھُ دردُ بھرمُ بھءُ نسِیا ॥
ਕਰਣਹਾਰੁ ਨਾਨਕ ਮਨਿ ਬਸਿਆ ॥੪॥੫੦॥੧੧੯॥	کرنہارُ نانک منِ بسِیا ॥4॥ 50 ॥ 119 ॥
ਗਉੜੀ ਮਹਲਾ ੫ ॥	گئڑی محلا 5 ॥
ਕਰ ਕਰਿ ਟਹਲ ਰਸਨਾ ਗੁਣ ਗਾਵਉ ॥	کر کرِ ٹہل رسنا گُن گاوءُ ॥
ਚਰਨ ਠਾਕੁਰ ਕੈ ਮਾਰਗਿ ਧਾਵਉ ॥੧॥	چرن ٹھاکُر کے مارگِ دھاوءُ ॥1॥
ਭਲੋ ਸਮੋ ਸਿਮਰਨ ਕੀ ਬਰੀਆ ॥	بھلو سمو سِمرن کی بریِیا ॥
ਸਿਮਰਤ ਨਾਮੁ ਭੈ ਪਾਰਿ ਉਤਰੀਆ ॥੧॥ ਰਹਾਉ ॥	سِمرت نامُ بھے پارِ اُتریِیا ॥1॥ رہاءُ ॥
ਨੇਤ੍ਰ ਸੰਤਨ ਕਾ ਦਰਸਨੁ ਪੇਖੁ ॥	نیتّر سنّتن کا درسنُ پیکھُ ॥
ਪ੍ਰਭ ਅਵਿਨਾਸੀ ਮਨ ਮਹਿ ਲੇਖੁ ॥੨॥	پربھ اوِناسی من مہِ لیکھُ ॥2॥
ਸੁਣਿ ਕੀਰਤਨੁ ਸਾਧ ਪਹਿ ਜਾਇ ॥	سُنِ کیرتنُ سادھ پہِ جاءِ ॥
ਜਨਮ ਮਰਣ ਕੀ ਤ੍ਰਾਸ ਮਿਟਾਇ ॥੩॥	جنم مرنُ کی تّراس مِٹاءِ ॥3॥
ਚਰਣ ਕਮਲ ਠਾਕੁਰ ਉਰਿ ਧਾਰਿ ॥	چرنُ کمل ٹھاکُر اُرِ دھارِ ॥
ਦੁਲਭ ਦੇਹ ਨਾਨਕ ਨਿਸਤਾਰਿ ॥੪॥੫੧॥੧੨੦॥	دُلبھ دیہ نانک نِستارِ ॥4॥ 51 ॥ 120 ॥
ਗਉੜੀ ਮਹਲਾ ੫ ॥	گئڑی محلا 5 ॥
ਜਾ ਕਉ ਅਪਨੀ ਕਿਰਪਾ ਧਾਰੈ ॥	جا کءُ اپنی کِرپا دھارے ॥
ਸੋ ਜਨੁ ਰਸਨਾ ਨਾਮੁ ਉਚਾਰੈ ॥੧॥	سو جنُ رسنا نامُ اُچارے ॥1॥
ਹਰਿ ਬਿਸਰਤ ਸਹਸਾ ਦੁਖੁ ਬਿਆਪੈ ॥	ہرِ بِسرت سہسا دُکھُ بِیاپے ॥
ਸਿਮਰਤ ਨਾਮੁ ਭਰਮੁ ਭਉ ਭਾਗੈ ॥੧॥ ਰਹਾਉ ॥	سِمرت نامُ بھرمُ بھءُ بھاگے ॥1॥ رہاءُ ॥
ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ॥	ہرِ کیرتنُ سُنے ہرِ کیرتنُ گاوے ॥
ਤਿਸੁ ਜਨ ਦੂਖੁ ਨਿਕਟਿ ਨਹੀ ਆਵੈ ॥੨॥	تِس جن دوُکھُ نِکٹِ نہی آوے ॥2॥
ਹਰਿ ਕੀ ਟਹਲ ਕਰਤ ਜਨੁ ਸੋਹੈ ॥	ہرِ کی ٹہل کرت جنُ سوہے ॥
ਤਾ ਕਉ ਮਾਇਆ ਅਗਨਿ ਨ ਪੋਹੈ ॥੩॥	تا کءُ مائیا اگنِ ن پوہے ॥3॥

ਮਨਿ ਤਨਿ ਮੁਖਿ ਹਰਿ ਨਾਮੁ ਦਇਆਲ ॥	مَن تَن مُکھِ ہرِ نامُ دیَال ॥
ਨਾਨਕ ਤਜੀਅਲੇ ਅਵਰਿ ਜੰਜਾਲ ॥੪॥੫੨॥੧੨੧॥	نانک تجیئلے اورِ زنجال ॥4॥ 52 ॥ 121 ॥
ਗਉੜੀ ਮਹਲਾ ੫ ॥	گئڑی محلا 5 ॥
ਛਾਡਿ ਸਿਆਨਪ ਬਹੁ ਚਤੁਰਾਈ ॥	چھاڈِ سیانپ بہُ چترائی ॥
ਗੁਰ ਪੂਰੇ ਕੀ ਟੇਕ ਟਿਕਾਈ ॥੧॥	گُرپُورے کی ٹیک ٹِکائی ॥1॥
ਦੁਖ ਬਿਨਸੇ ਸੁਖ ਹਰਿ ਗੁਣ ਗਾਇ ॥	دُکھ بِنسے سُکھ ہرِ گُن گاءِ ॥
ਗੁਰੁ ਪੂਰਾ ਭੇਟਿਆ ਲਿਵ ਲਾਇ ॥੧॥ ਰਹਾਉ ॥	گُرپُورا بھیٹیا لِو لاءِ ॥1॥ رہاءُ ॥
ਹਰਿ ਕਾ ਨਾਮੁ ਦੀਓ ਗੁਰਿ ਮੰਤ੍ਰੁ ॥	ہرِ کا نامُ دیئو گُرِ منتّرُ ॥
ਮਿਟੇ ਵਿਸੂਰੇ ਉਤਰੀ ਚਿੰਤ ॥੨॥	مِٹے وِسوُرے اُتری چِنّت ॥2॥
ਅਨਦ ਭਏ ਗੁਰ ਮਿਲਤ ਕ੍ਰਿਪਾਲ ॥	اند بھئے گُر مِلت کِرپال ॥
ਕਰਿ ਕਿਰਪਾ ਕਾਟੇ ਜਮ ਜਾਲ ॥੩॥	کرِ کِرپا کاٹے جم جال ॥3॥
ਕਹੁ ਨਾਨਕ ਗੁਰੁ ਪੂਰਾ ਪਾਇਆ ॥	کہُ نانک گُرپُورا پائیا ॥
ਤਾ ਤੇ ਬਹੁਰਿ ਨ ਬਿਆਪੈ ਮਾਇਆ ॥੪॥੫੩॥੧੨੨॥	تا تے بہُرِ ن بیاپے مائیا ॥4॥ 53 ॥ 122 ॥
ਗਉੜੀ ਮਹਲਾ ੫ ॥	گئڑی محلا 5 ॥
ਰਾਖਿ ਲੀਆ ਗੁਰਿ ਪੂਰੈ ਆਪਿ ॥	راکھِ لِیا گُرِپُورے آپِ ॥
ਮਨਮੁਖ ਕਉ ਲਾਗੋ ਸੰਤਾਪੁ ॥੧॥	منمُکھ کءُ لاگو سنتاپُ ॥1॥
ਗੁਰੂ ਗੁਰੂ ਜਪਿ ਮੀਤ ਹਮਾਰੇ ॥	گُرُو گُرُو جپِ میت ہمارے ۔ ॥
ਮੁਖ ਊਜਲ ਹੋਵਹਿ ਦਰਬਾਰੇ ॥੧॥ ਰਹਾਉ ॥	مُکھ اوُجل ہووہِ دربارے ॥1॥ رہاءُ ॥
ਗੁਰ ਕੇ ਚਰਣ ਹਿਰਦੈ ਵਸਾਇ ॥	گُر کے چرنؔ ہِردے وساءِ ॥
ਦੁਖ ਦੁਸਮਨ ਤੇਰੀ ਹਤੈ ਬਲਾਇ ॥੨॥	دُکھ دُسمن تیری ہتے بلاءِ ॥2॥
ਗੁਰ ਕਾ ਸਬਦੁ ਤੇਰੈ ਸੰਗਿ ਸਹਾਈ ॥	گُر کا سبدُ تیرے سنگِ سہائی ॥
ਦਇਆਲ ਭਏ ਸਗਲੇ ਜੀਅ ਭਾਈ ॥੩॥	دیَال بھئے سگلے جیء بھائی ۔ ॥3॥

ਗੁਰਿ ਪੂਰੈ ਜਬ ਕਿਰਪਾ ਕਰੀ ॥	گُرِ پوُرے جب کِرپا کری ॥
ਭਨਤਿ ਨਾਨਕ ਮੇਰੀ ਪੂਰੀ ਪਰੀ ॥੪॥੫੪॥੧੨੩॥	بھنتِ نانک میری پوُری پری ॥4॥ 54 ॥ 123 ॥
ਗਉੜੀ ਮਹਲਾ ੫ ॥	گئوڑی محلا 5 ॥
ਅਨਿਕ ਰਸਾ ਖਾਏ ਜੈਸੇ ਢੋਰ ॥	اِنک رسا کھائے جیَسے ڈھور ॥
ਮੋਹ ਕੀ ਜੇਵਰੀ ਬਾਧਿਓ ਚੋਰ ॥੧॥	موہ کی جیوری بادھِئو چور ॥1॥
ਮਿਰਤਕ ਦੇਹ ਸਾਧਸੰਗ ਬਿਹੂਨਾ ॥	مِرتک دیہ سادھسنگ بِہوُنا ॥
ਆਵਤ ਜਾਤ ਜੋਨੀ ਦੁਖ ਖੀਨਾ ॥੧॥ ਰਹਾਉ ॥	آوت جات جونی دُکھ کھِینا ॥1॥ رہاءُ ॥
ਅਨਿਕ ਬਸਤ੍ਰ ਸੁੰਦਰ ਪਹਿਰਾਇਆ ॥	اِنک بستّر سُندر پہِرائیا ॥
ਜਿਉ ਡਰਨਾ ਖੇਤ ਮਾਹਿ ਡਰਾਇਆ ॥੨॥	جِءُ ڈرنا کھیت ماہِ ڈرائیا ॥2॥
ਸਗਲ ਸਰੀਰ ਆਵਤ ਸਭ ਕਾਮ ॥	سگل سرِیر آوت سبھ کام ॥
ਨਿਹਫਲ ਮਾਨੁਖੁ ਜਪੈ ਨਹੀ ਨਾਮ ॥੩॥	نِہپھل مانکھُ جپےَ نہی نام ॥3॥
ਕਹੁ ਨਾਨਕ ਜਾ ਕਉ ਭਏ ਦਇਆਲਾ ॥	کہُ نانک جا ک ءُ بھئے دئیالا ॥
ਸਾਧਸੰਗਿ ਮਿਲਿ ਭਜਹਿ ਗੋਪਾਲਾ ॥੪॥੫੫॥੧੨੪॥	سادھسنگِ مِلِ بھجہِ گوپالا ॥4॥ 55 ॥ 124 ॥
ਗਉੜੀ ਮਹਲਾ ੫ ॥	گئوڑی محلا 5 ॥
ਕਲਿ ਕਲੇਸ ਗੁਰ ਸਬਦਿ ਨਿਵਾਰੇ ॥	کلِ کلیس گُر سبدِ نِوارے ॥
ਆਵਣ ਜਾਣ ਰਹੇ ਸੁਖ ਸਾਰੇ ॥੧॥	آونّ جانّ رہے سُکھ سارے ॥1॥
ਭੈ ਬਿਨਸੇ ਨਿਰਭਉ ਹਰਿ ਧਿਆਇਆ ॥	بھےَ بِنسے نِربھ ءُ ہرِ دھیائیا ॥
ਸਾਧਸੰਗਿ ਹਰਿ ਕੇ ਗੁਣ ਗਾਇਆ ॥੧॥ ਰਹਾਉ ॥	سادھسنگِ ہرِ کے گُنّ گائیا ॥1॥ رہاءُ ॥
ਚਰਨ ਕਵਲ ਰਿਦ ਅੰਤਰਿ ਧਾਰੇ ॥	چرن کول رِد انترِ دھارے ॥
ਅਗਨਿ ਸਾਗਰ ਗੁਰਿ ਪਾਰਿ ਉਤਾਰੇ ॥੨॥	اگنِ ساگر گُرِ پارِ اُتارے ॥2॥
ਬੂਡਤ ਜਾਤ ਪੂਰੈ ਗੁਰਿ ਕਾਢੇ ॥	بوُڈت جات پوُرے گُرِ کاڈھے ॥
ਜਨਮ ਜਨਮ ਕੇ ਟੂਟੇ ਗਾਢੇ ॥੩॥	جنم جنم کے ٹوُٹے گاڈھے ॥3॥

ਕਹੁ ਨਾਨਕ ਤਿਸੁ ਗੁਰ ਬਲਿਹਾਰੀ ॥	کہُ نانک تِسُ گُر بلِہاری ॥
ਜਿਸੁ ਭੇਟਤ ਗਤਿ ਭਈ ਹਮਾਰੀ ॥੪॥੫੬॥੧੨੫॥	جِسُ بھیٹت گتِ بھئی ہماری ॥4॥ 56 ॥ 125 ॥
ਗਉੜੀ ਮਹਲਾ ੫ ॥	گئڑی محلا 5 ॥
ਸਾਧਸੰਗਿ ਤਾ ਕੀ ਸਰਨੀ ਪਰਹੁ ॥	سادھسنگِ تا کی سرنی پرہُ ॥
ਮਨੁ ਤਨੁ ਅਪਨਾ ਆਗੈ ਧਰਹੁ ॥੧॥	منُ تنُ اپنا آگے دھرہُ ॥1॥
ਅੰਮ੍ਰਿਤ ਨਾਮੁ ਪੀਵਹੁ ਮੇਰੇ ਭਾਈ ॥	انّمرِت نامُ پیوہُ میرے بھائی ۔ ॥
ਸਿਮਰਿ ਸਿਮਰਿ ਸਭ ਤਪਤਿ ਬੁਝਾਈ ॥੧॥ ਰਹਾਉ ॥	سِمرِ سِمرِ سبھ تپتِ بُجھائی ॥1॥ رہاءُ ॥
ਤਜਿ ਅਭਿਮਾਨੁ ਜਨਮ ਮਰਣੁ ਨਿਵਾਰਹੁ ॥	تجِ ابھمانُ جنم مرنُّ نِوارہُ ॥
ਹਰਿ ਕੇ ਦਾਸ ਕੇ ਚਰਣ ਨਮਸਕਾਰਹੁ ॥੨॥	ہرِ کے داس کے چرنُ نمسکارہُ ॥2॥
ਸਾਸਿ ਸਾਸਿ ਪ੍ਰਭੁ ਮਨਹਿ ਸਮਾਲੇ ॥	ساسِ ساسِ پربھُ منہِ سمالے ॥
ਸੋ ਧਨੁ ਸੰਚਹੁ ਜੋ ਚਾਲੈ ਨਾਲੇ ॥੩॥	سو دھنُ سنچہُ جو چالے نالے ॥3॥
ਤਿਸਹਿ ਪਰਾਪਤਿ ਜਿਸੁ ਮਸਤਕਿ ਭਾਗੁ ॥	تِسہِ پراپتِ جِسُ مستکِ بھاگُ ॥
ਕਹੁ ਨਾਨਕ ਤਾ ਕੀ ਚਰਣੀ ਲਾਗੁ ॥੪॥੫੭॥੧੨੬॥	کہُ نانک تا کی چرنّی لاگُ ॥4॥ 57 ॥ 126 ॥
ਗਉੜੀ ਮਹਲਾ ੫ ॥	گئڑی محلا 5 ॥
ਸੂਕੇ ਹਰੇ ਕੀਏ ਖਿਨ ਮਾਹੇ ॥	سُوکے ہرے کیئے کھِن ماہے ॥
ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ ॥੧॥	انّمرِت درِسٹِ سنچِ جیوائے ॥1॥
ਕਾਟੇ ਕਸਟ ਪੂਰੇ ਗੁਰਦੇਵ ॥	کاٹے کسٹ پُورے گُردیو ॥
ਸੇਵਕ ਕਉ ਦੀਨੀ ਅਪੁਨੀ ਸੇਵ ॥੧॥ ਰਹਾਉ ॥	سیوک کءُ دینی اپُنی سیو ॥1॥ رہاءُ ॥
ਮਿਟਿ ਗਈ ਚਿੰਤ ਪੁਨੀ ਮਨ ਆਸਾ ॥	مِٹ گئی چِنّت پُنی من آسا ॥
ਕਰੀ ਦਇਆ ਸਤਿਗੁਰਿ ਗੁਣਤਾਸਾ ॥੨॥	کری دئیا ستِگُرِ گُنّتاسا ॥2॥
ਦੁਖ ਨਾਠੇ ਸੁਖ ਆਇ ਸਮਾਏ ॥	دُکھ ناٹھے سُکھ آءِ سمائے ॥
ਢੀਲ ਨ ਪਰੀ ਜਾ ਗੁਰਿ ਫੁਰਮਾਏ ॥੩॥	ڈھیِل ن پری جا گُرِ فُرمائے ॥3॥

ਇਛ ਪੁਨੀ ਪੂਰੇ ਗੁਰ ਮਿਲੇ ॥	اِچھ پُنی پُورے گُر مِلے ॥
ਨਾਨਕ ਤੇ ਜਨ ਸੁਫਲ ਫਲੇ ॥੪॥੫੮॥੧੨੭॥	نانک تے جن سُپھل پھلے ॥4॥ 58 ॥ 127 ॥
ਗਉੜੀ ਮਹਲਾ ੫ ॥	گؤڑی محلا 5 ॥
ਤਾਪ ਗਏ ਪਾਈ ਪ੍ਰਭਿ ਸਾਂਤਿ ॥	تاپ گئے پائی پربھِ سانتِ ॥
ਸੀਤਲ ਭਏ ਕੀਨੀ ਪ੍ਰਭ ਦਾਤਿ ॥੧॥	سِیتل بھئے کِینی پربھ داتِ ॥1॥
ਪ੍ਰਭ ਕਿਰਪਾ ਤੇ ਭਏ ਸੁਹੇਲੇ ॥	پربھ کِرپا تے بھئے سُہیلے ॥
ਜਨਮ ਜਨਮ ਕੇ ਬਿਛੁਰੇ ਮੇਲੇ ॥੧॥ ਰਹਾਉ ॥	جنم جنم کے بِچھُڑے میلے ॥1॥ رہاءُ ॥
ਸਿਮਰਤ ਸਿਮਰਤ ਪ੍ਰਭ ਕਾ ਨਾਉ ॥	سِمرت سِمرت پربھ کا ناءُ ॥
ਸਗਲ ਰੋਗ ਕਾ ਬਿਨਸਿਆ ਥਾਉ ॥੨॥	سگل روگ کا بِنسِیا تھاءُ ॥2॥
ਸਹਜਿ ਸੁਭਾਇ ਬੋਲੈ ਹਰਿ ਬਾਣੀ ॥	سہجِ سُبھاءِ بولے ہرِ باٹی ॥
ਆਠ ਪਹਰ ਪ੍ਰਭ ਸਿਮਰਹੁ ਪ੍ਰਾਣੀ ॥੩॥	آٹھ پہر پربھ سِمرہُ پراٹی ۔ ॥3॥
ਦੂਖੁ ਦਰਦੁ ਜਮੁ ਨੇੜਿ ਨ ਆਵੈ ॥	دوُکھُ دردُ جمُ نیڑِ ن آوے ॥
ਕਹੁ ਨਾਨਕ ਜੋ ਹਰਿ ਗੁਨ ਗਾਵੈ ॥੪॥੫੯॥੧੨੮॥	کہُ نانک جو ہرِ گُن گاوے ॥4॥ 59 ॥ 128 ॥
ਗਉੜੀ ਮਹਲਾ ੫ ॥	گؤڑی محلا 5 ॥
ਭਲੇ ਦਿਨਸ ਭਲੇ ਸੰਜੋਗ ॥	بھلے دِنس بھلے سنجوگ ॥
ਜਿਤੁ ਭੇਟੇ ਪਾਰਬ੍ਰਹਮ ਨਿਰਜੋਗ ॥੧॥	جِتُ بھیٹے پاربرہم نِرجوگ ॥1॥
ਓਹ ਬੇਲਾ ਕਉ ਹਉ ਬਲਿ ਜਾਉ ॥	اوہ بیلا ک ءُ ہءُ بلِ جاءُ ॥
ਜਿਤੁ ਮੇਰਾ ਮਨੁ ਜਪੈ ਹਰਿ ਨਾਉ ॥੧॥ ਰਹਾਉ ॥	جِتُ میرا منُ جپے ہرِ ناءُ ॥1॥ رہاءُ ॥
ਸਫਲ ਮੂਰਤੁ ਸਫਲ ਓਹ ਘਰੀ ॥	سپھل موُرتُ سپھل اوہ گھری ॥
ਜਿਤੁ ਰਸਨਾ ਉਚਰੈ ਹਰਿ ਹਰੀ ॥੨॥	جِتُ رسنا اُچرے ہرِ ہری ॥2॥
ਸਫਲੁ ਓਹੁ ਮਾਥਾ ਸੰਤ ਨਮਸਕਾਰਸਿ ॥	سپھلُ اوہُ ماتھا سنّت نمسکارسِ ॥
ਚਰਣ ਪੁਨੀਤ ਚਲਹਿ ਹਰਿ ਮਾਰਗਿ ॥੩॥	چرنٹ پُنیت چلہِ ہرِ مارگِ ॥3॥

ਕਹੁ ਨਾਨਕ ਭਲਾ ਮੇਰਾ ਕਰਮ ॥	کہُ نانک بھلا میرا کرم ॥
ਜਿਤੁ ਭੇਟੇ ਸਾਧੂ ਕੇ ਚਰਨ ॥੪॥੬੦॥੧੨੯॥	جِتُ بھیٹے سادھوُ کے چرن ॥4॥ 60 ॥ 129 ॥
ਗਉੜੀ ਮਹਲਾ ੫ ॥	گئڑی محلا 5 ॥
ਗੁਰ ਕਾ ਸਬਦੁ ਰਾਖੁ ਮਨ ਮਾਹਿ ॥	گُر کا سبدُ راکھُ من ماہِ ॥
ਨਾਮੁ ਸਿਮਰਿ ਚਿੰਤਾ ਸਭ ਜਾਹਿ ॥੧॥	نامُ سِمرِ چِنّتا سبھ جاہِ ॥1॥
ਬਿਨੁ ਭਗਵੰਤ ਨਾਹੀ ਅਨ ਕੋਇ ॥	بِنُ بھگونّت ناہی ان کوءِ ॥
ਮਾਰੈ ਰਾਖੈ ਏਕੋ ਸੋਇ ॥੧॥ ਰਹਾਉ ॥	مارے راکھے ایکو سوءِ ॥1॥ رہاءُ ॥
ਗੁਰ ਕੇ ਚਰਣ ਰਿਦੈ ਉਰਿ ਧਾਰਿ ॥	گُر کے چرنْ رِدے اُرِ دھارِ ॥
ਅਗਨਿ ਸਾਗਰੁ ਜਪਿ ਉਤਰਹਿ ਪਾਰਿ ॥੨॥	اگنِ ساگرُ جپِ اُترہِ پارِ ॥2॥
ਗੁਰ ਮੂਰਤਿ ਸਿਉ ਲਾਇ ਧਿਆਨੁ ॥	گُر مورتِ سِءُ لاءِ دھیانُ ॥
ਈਹਾ ਊਹਾ ਪਾਵਹਿ ਮਾਨੁ ॥੩॥	ایہا اوُہا پاوہِ مانُ ॥3॥
ਸਗਲ ਤਿਆਗਿ ਗੁਰ ਸਰਣੀ ਆਇਆ ॥	سگل تِیاگِ گُر سرنْی آئیا ॥
ਮਿਟੇ ਅੰਦੇਸੇ ਨਾਨਕ ਸੁਖੁ ਪਾਇਆ ॥੪॥੬੧॥੧੩੦॥	مِٹے اندیسے نانک سُکھُ پائیا ॥4॥ 61 ॥ 130 ॥
ਗਉੜੀ ਮਹਲਾ ੫ ॥	گئڑی محلا 5 ॥
ਜਿਸੁ ਸਿਮਰਤ ਦੂਖੁ ਸਭੁ ਜਾਇ ॥	جِسُ سِمرت دوُکھُ سبھُ جاءِ ॥
ਨਾਮੁ ਰਤਨੁ ਵਸੈ ਮਨਿ ਆਇ ॥੧॥	نامُ رتنُ وسے منِ آءِ ॥1॥
ਜਪਿ ਮਨ ਮੇਰੇ ਗੋਵਿੰਦ ਕੀ ਬਾਣੀ ॥	جپِ من میرے گووِند کی بانْی ॥
ਸਾਧੂ ਜਨ ਰਾਮੁ ਰਸਨ ਵਖਾਣੀ ॥੧॥ ਰਹਾਉ ॥	سادھوُ جن رامُ رسن وکھانْی ॥1॥ رہاءُ ॥
ਇਕਸੁ ਬਿਨੁ ਨਾਹੀ ਦੂਜਾ ਕੋਇ ॥	اِکسُ بِنُ ناہی دوُجا کوءِ ॥
ਜਾ ਕੀ ਦ੍ਰਿਸਟਿ ਸਦਾ ਸੁਖੁ ਹੋਇ ॥੨॥	جا کی دْرِسٹِ سدا سُکھُ ہوءِ ॥2॥
ਸਾਜਨੁ ਮੀਤੁ ਸਖਾ ਕਰਿ ਏਕੁ ॥	ساجنُ میتُ سکھا کرِ ایکُ ॥
ਹਰਿ ਹਰਿ ਅਖਰ ਮਨ ਮਹਿ ਲੇਖੁ ॥੩॥	ہرِ ہرِ اکھر من مہِ لیکھُ ॥3॥

ਰਵਿ ਰਹਿਆ ਸਰਬਤ ਸੁਆਮੀ ॥	روِ رہِیا سربت سُیامی ॥
ਗੁਣ ਗਾਵੈ ਨਾਨਕੁ ਅੰਤਰਜਾਮੀ ॥੪॥੬੨॥੧੩੧॥	گُنؔ گاوےَ نانکُ انتَرجامی ॥4॥ 62 ॥ 131 ॥
ਗਉੜੀ ਮਹਲਾ ੫ ॥	گؤڑی محلا 5 ॥
ਭੈ ਮਹਿ ਰਚਿਓ ਸਭੁ ਸੰਸਾਰਾ ॥	بھےَ مہِ رچِئو سبھُ سنّسارا ॥
ਤਿਸੁ ਭਉ ਨਾਹੀ ਜਿਸੁ ਨਾਮੁ ਅਧਾਰਾ ॥੧॥	تِسُ بھءُ ناہی جِسُ نامُ ادھارا ॥1॥
ਭਉ ਨ ਵਿਆਪੈ ਤੇਰੀ ਸਰਣਾ ॥	بھءُ ن وِیاپےَ تیری سرٹا ॥
ਜੋ ਤੁਧੁ ਭਾਵੈ ਸੋਈ ਕਰਣਾ ॥੧॥ ਰਹਾਉ ॥	جو تُدھُ بھاوےَ سوئی کرٹا ॥1॥ رہاءُ ॥
ਸੋਗ ਹਰਖ ਮਹਿ ਆਵਣ ਜਾਣਾ ॥	سوگ ہرکھ مہِ آونؔ جاٹا ॥
ਤਿਨਿ ਸੁਖੁ ਪਾਇਆ ਜੋ ਪ੍ਰਭ ਭਾਣਾ ॥੨॥	تِنِ سُکھُ پائیا جو پربھ بھاٹا ॥2॥
ਅਗਨਿ ਸਾਗਰੁ ਮਹਾ ਵਿਆਪੈ ਮਾਇਆ ॥	اگنِ ساگرُ مہا وِیاپےَ مائیا ॥
ਸੇ ਸੀਤਲ ਜਿਨ ਸਤਿਗੁਰੁ ਪਾਇਆ ॥੩॥	سے سیتل جِن ستِگُرُ پائیا ॥3॥
ਰਾਖਿ ਲੇਇ ਪ੍ਰਭੁ ਰਾਖਨਹਾਰਾ ॥	راکھِ لےءِ پربھُ راکھنہارا ॥
ਕਹੁ ਨਾਨਕ ਕਿਆ ਜੰਤ ਵਿਚਾਰਾ ॥੪॥੬੩॥੧੩੨॥	کہُ نانک کِیا جنّت وِچارا ۔ ॥4॥ 63 ॥ 132 ॥
ਗਉੜੀ ਮਹਲਾ ੫ ॥	گؤڑی محلا 5 ॥
ਤੁਮਰੀ ਕ੍ਰਿਪਾ ਤੇ ਜਪੀਐ ਨਾਉ ॥	تُمری کرِپا تے جپیئےَ ناءُ ॥
ਤੁਮਰੀ ਕ੍ਰਿਪਾ ਤੇ ਦਰਗਹ ਥਾਉ ॥੧॥	تُمری کرِپا تے درگہ تھاءُ ॥1॥
ਤੁਝ ਬਿਨੁ ਪਾਰਬ੍ਰਹਮ ਨਹੀ ਕੋਇ ॥	تُجھ بِنُ پاربّرہم نہی کوءِ ॥
ਤੁਮਰੀ ਕ੍ਰਿਪਾ ਤੇ ਸਦਾ ਸੁਖੁ ਹੋਇ ॥੧॥ ਰਹਾਉ ॥	تُمری کرِپا تے سدا سُکھُ ہوءِ ॥1॥ رہاءُ ॥
ਤੁਮ ਮਨਿ ਵਸੇ ਤਉ ਦੂਖੁ ਨ ਲਾਗੈ ॥	تُم منِ وسے تءُ دوُکھُ ن لاگےَ ॥
ਤੁਮਰੀ ਕ੍ਰਿਪਾ ਤੇ ਭ੍ਰਮੁ ਭਉ ਭਾਗੈ ॥੨॥	تُمری کرِپا تے بھرّمُ بھءُ بھاگے ॥2॥
ਪਾਰਬ੍ਰਹਮ ਅਪਰੰਪਰ ਸੁਆਮੀ ॥	پاربّرہم اپرنّپر سُیامی ۔ ॥
ਸਗਲ ਘਟਾ ਕੇ ਅੰਤਰਜਾਮੀ ॥੩॥	سگل گھٹا کے انتَرجامی ۔ ॥3॥

ਕਰਉ ਅਰਦਾਸਿ ਅਪਨੇ ਸਤਿਗੁਰ ਪਾਸਿ ॥	کرءُ عرداسِ اپنے ستِگُر پاسِ ॥
ਨਾਨਕ ਨਾਮੁ ਮਿਲੈ ਸਚੁ ਰਾਸਿ ॥੪॥੬੪॥੧੩੩॥	نانک نامُ مِلےَ سچُ راسِ ॥4॥ 64 ॥ 133 ॥
ਗਉੜੀ ਮਹਲਾ ੫ ॥	گئڑی محلا 5 ॥
ਕਣ ਬਿਨਾ ਜੈਸੇ ਥੋਥਰ ਤੁਖਾ ॥	کنْ بِنا جیَسے تھوتھر تُکھا ॥
ਨਾਮ ਬਿਹੂਨ ਸੂਨੇ ਸੇ ਮੁਖਾ ॥੧॥	نام بِہوُن سوُنے سے مُکھا ॥1॥
ਹਰਿ ਹਰਿ ਨਾਮੁ ਜਪਹੁ ਨਿਤ ਪ੍ਰਾਣੀ ॥	ہرِ ہرِ نامُ جپہُ نِت پرّانیٰ ۔ ॥
ਨਾਮ ਬਿਹੂਨ ਧ੍ਰਿਗੁ ਦੇਹ ਬਿਗਾਨੀ ॥੧॥ ਰਹਾਉ ॥	نام بِہوُن دھرِگُ دیہ بِگانی ॥1॥ رہاءُ ॥
ਨਾਮ ਬਿਨਾ ਨਾਹੀ ਮੁਖਿ ਭਾਗੁ ॥	نام بِنا ناہی مُکھِ بھاگُ ॥
ਭਰਤ ਬਿਹੂਨ ਕਹਾ ਸੋਹਾਗੁ ॥੨॥	بھرت بِہوُن کہا سوہاگُ ۔ ॥2॥
ਨਾਮੁ ਬਿਸਾਰਿ ਲਗੈ ਅਨ ਸੁਆਇ ॥	نامُ بِسارِ لگےَ ان سُیاءِ ॥
ਤਾ ਕੀ ਆਸ ਨ ਪੂਜੈ ਕਾਇ ॥੩॥	تا کی آس ن پوُجےَ کاءِ ॥3॥
ਕਰਿ ਕਿਰਪਾ ਪ੍ਰਭ ਅਪਨੀ ਦਾਤਿ ॥	کرِ کرِپا پرّبھ اپنی داتِ ॥
ਨਾਨਕ ਨਾਮੁ ਜਪੈ ਦਿਨ ਰਾਤਿ ॥੪॥੬੫॥੧੩੪॥	نانک نامُ جپےَ دِن راتِ ॥4॥ 65 ॥ 134 ॥
ਗਉੜੀ ਮਹਲਾ ੫ ॥	گئڑی محلا 5 ॥
ਤੂੰ ਸਮਰਥੁ ਤੂੰਹੈ ਮੇਰਾ ਸੁਆਮੀ ॥	توُنَ سمرتھُ توُنہےَ میرا سُیامی ॥
ਸਭੁ ਕਿਛੁ ਤੁਮ ਤੇ ਤੂੰ ਅੰਤਰਜਾਮੀ ॥੧॥	سبھُ کِچھُ تُم تے توُنَ انترجامی ॥1॥
ਪਾਰਬ੍ਰਹਮ ਪੂਰਨ ਜਨ ਓਟ ॥	پاربّرہم پوُرن جن اوٹ ॥
ਤੇਰੀ ਸਰਣਿ ਉਧਰਹਿ ਜਨ ਕੋਟਿ ॥੧॥ ਰਹਾਉ ॥	تیری سرنِ اُدھرہِ جن کوٹِ ॥1॥ رہاءُ ॥
ਜੇਤੇ ਜੀਅ ਤੇਤੇ ਸਭਿ ਤੇਰੇ ॥	جیتے جیء تیتے سبھِ تیرے ॥
ਤੁਮਰੀ ਕ੍ਰਿਪਾ ਤੇ ਸੂਖ ਘਨੇਰੇ ॥੨॥	تُمری کرِپا تے سوُکھ گھنیرے ॥2॥
ਜੋ ਕਿਛੁ ਵਰਤੈ ਸਭ ਤੇਰਾ ਭਾਣਾ ॥	جو کِچھُ ورتے سبھ تیرا بھاٹا ॥
ਹੁਕਮੁ ਬੂਝੈ ਸੋ ਸਚਿ ਸਮਾਣਾ ॥੩॥	حُکمُ بوُجھےَ سو سچِ سماٹا ॥3॥

ਕਰਿ ਕਿਰਪਾ ਦੀਜੈ ਪ੍ਰਭ ਦਾਨੁ ॥	کرِ کرپا دیجے پربھ دانُ ॥
ਨਾਨਕ ਸਿਮਰੈ ਨਾਮੁ ਨਿਧਾਨੁ ॥੪॥੬੬॥੧੩੫॥	نانک سِمرے نامُ نِدھانُ ॥4॥ 66 ॥ 135 ॥
ਗਉੜੀ ਮਹਲਾ ੫ ॥	گئڑی محلا 5 ॥
ਤਾ ਕਾ ਦਰਸੁ ਪਾਈਐ ਵਡਭਾਗੀ ॥	تا کا درسُ پائیے وڈبھاگی ॥
ਜਾ ਕੀ ਰਾਮ ਨਾਮਿ ਲਿਵ ਲਾਗੀ ॥੧॥	جا کی رام نامِ لِو لاگی ॥1॥
ਜਾ ਕੈ ਹਰਿ ਵਸਿਆ ਮਨ ਮਾਹੀ ॥	جا کے ہرِ وسِیا من ماہی ॥
ਤਾ ਕਉ ਦੁਖੁ ਸੁਪਨੈ ਭੀ ਨਾਹੀ ॥੧॥ ਰਹਾਉ ॥	تا کءُ دُکھُ سُپنے بھی ناہی ॥1॥ رہاءُ ॥
ਸਰਬ ਨਿਧਾਨ ਰਾਖੇ ਜਨ ਮਾਹਿ ॥	سرب نِدھان راکھے جن ماہِ ॥
ਤਾ ਕੈ ਸੰਗਿ ਕਿਲਵਿਖ ਦੁਖ ਜਾਹਿ ॥੨॥	تا کے سنگِ کِلوِکھ دُکھ جاہِ ॥2॥
ਜਨ ਕੀ ਮਹਿਮਾ ਕਥੀ ਨ ਜਾਇ ॥	جن کی مہِما کتھی ن جاءِ ॥
ਪਾਰਬ੍ਰਹਮੁ ਜਨੁ ਰਹਿਆ ਸਮਾਇ ॥੩॥	پاربّرہمُ جنُ رہِیا سماءِ ॥3॥
ਕਰਿ ਕਿਰਪਾ ਪ੍ਰਭ ਬਿਨਉ ਸੁਨੀਜੈ ॥	کرِ کرپا پربھ بِنءُ سُنیجے ॥
ਦਾਸ ਕੀ ਧੂਰਿ ਨਾਨਕ ਕਉ ਦੀਜੈ ॥੪॥੬੭॥੧੩੬॥	داس کی دھوُرِ نانک کءُ دیجے ॥4॥ 67 ॥ 136 ॥
ਗਉੜੀ ਮਹਲਾ ੫ ॥	گئڑی محلا 5 ॥
ਹਰਿ ਸਿਮਰਤ ਤੇਰੀ ਜਾਇ ਬਲਾਇ ॥	ہرِ سِمرت تیری جاءِ بلاءِ ॥
ਸਰਬ ਕਲਿਆਣ ਵਸੈ ਮਨਿ ਆਇ ॥੧॥	سرب کلیاڻ وسے منِ آءِ ॥1॥
ਭਜੁ ਮਨ ਮੇਰੇ ਏਕੋ ਨਾਮ ॥	بھجُ من میرے ایکو نام ॥
ਜੀਅ ਤੇਰੇ ਕੈ ਆਵੈ ਕਾਮ ॥੧॥ ਰਹਾਉ ॥	جیء تیرے کے آوے کام ॥1॥ رہاءُ ॥
ਰੈਣਿ ਦਿਨਸੁ ਗੁਣ ਗਾਉ ਅਨੰਤਾ ॥	رَیَڻِ دِنسُ گُڻ گاءُ انتّا ॥
ਗੁਰ ਪੂਰੇ ਕਾ ਨਿਰਮਲ ਮੰਤਾ ॥੨॥	گُر پوُرے کا نِرمل منّتا ॥2॥
ਛੋਡਿ ਉਪਾਵ ਏਕ ਟੇਕ ਰਾਖੁ ॥	چھوڈِ اُپاو ایک ٹیک راکھُ ॥
ਮਹਾ ਪਦਾਰਥੁ ਅੰਮ੍ਰਿਤ ਰਸੁ ਚਾਖੁ ॥੩॥	مہا پدارتھُ انمّرِت رسُ چاکھُ ॥3॥

ਬਿਖਮ ਸਾਗਰੁ ਤੇਈ ਜਨ ਤਰੇ ॥	بِکھم ساگرُ تیئی جن ترے ॥
ਨਾਨਕ ਜਾ ਕਉ ਨਦਰਿ ਕਰੇ ॥੪॥੬੮॥੧੩੭॥	نانک جا ک ءُ ندرِ کرے ॥4॥ 68 ॥ 137 ॥
ਗਉੜੀ ਮਹਲਾ ੫ ॥	گئڑی محلا 5 ॥
ਹਿਰਦੈ ਚਰਨ ਕਮਲ ਪ੍ਰਭ ਧਾਰੇ ॥	ہِردے چرن کمل پربھ دھارے ॥
ਪੂਰੇ ਸਤਿਗੁਰ ਮਿਲਿ ਨਿਸਤਾਰੇ ॥੧॥	پُورے ستِگُر مِلِ نِستارے ॥1॥
ਗੋਵਿੰਦ ਗੁਣ ਗਾਵਹੁ ਮੇਰੇ ਭਾਈ ॥	گووِندَ گُنؤ گاوہُ میرے بھائی ۔ ॥
ਮਿਲਿ ਸਾਧੂ ਹਰਿ ਨਾਮੁ ਧਿਆਈ ॥੧॥ ਰਹਾਉ ॥	مِلِ سادھوُ ہرِ نامُ دھِیائی ॥1॥ رہاءُ ॥
ਦੁਲਭ ਦੇਹ ਹੋਈ ਪਰਵਾਨੁ ॥	دُلبھ دیہ ہوئی پروانُ ॥
ਸਤਿਗੁਰ ਤੇ ਪਾਇਆ ਨਾਮ ਨੀਸਾਨੁ ॥੨॥	ستِگُر تے پائیا نام نِیشانُ ॥2॥
ਹਰਿ ਸਿਮਰਤ ਪੂਰਨ ਪਦੁ ਪਾਇਆ ॥	ہرِ سِمرت پُورن پدُ پائیا ॥
ਸਾਧਸੰਗਿ ਭੈ ਭਰਮ ਮਿਟਾਇਆ ॥੩॥	سادھسنگِ بھے بھرم مِٹائیا ॥3॥
ਜਤ ਕਤ ਦੇਖਉ ਤਤ ਰਹਿਆ ਸਮਾਇ ॥	جت کت دیکھ ءُ تت رہِیا سماءِ ॥
ਨਾਨਕ ਦਾਸ ਹਰਿ ਕੀ ਸਰਣਾਇ ॥੪॥੬੯॥੧੩੮॥	نانک داس ہرِ کی سرٹاءِ ॥4॥ 69 ॥ 138 ॥
ਗਉੜੀ ਮਹਲਾ ੫ ॥	گئڑی محلا 5 ॥
ਗੁਰ ਜੀ ਕੇ ਦਰਸਨ ਕਉ ਬਲਿ ਜਾਉ ॥	گُر جی کے درسن ک ءُ بلِ جاءُ ॥
ਜਪਿ ਜਪਿ ਜੀਵਾ ਸਤਿਗੁਰ ਨਾਉ ॥੧॥	جپِ جپِ جیِوا ستِگُر ناءُ ॥1॥
ਪਾਰਬ੍ਰਹਮ ਪੂਰਨ ਗੁਰਦੇਵ ॥	پاربّرہم پُورن گُردیو ۔ ॥
ਕਰਿ ਕਿਰਪਾ ਲਾਗਉ ਤੇਰੀ ਸੇਵ ॥੧॥ ਰਹਾਉ ॥	کرِ کِرپا لاگ ءُ تیری سیو ॥1॥ رہاءُ ॥
ਚਰਨ ਕਮਲ ਹਿਰਦੈ ਉਰ ਧਾਰੀ ॥	چرن کمل ہِردے اُر دھاری ॥
ਮਨ ਤਨ ਧਨ ਗੁਰ ਪ੍ਰਾਨ ਅਧਾਰੀ ॥੨॥	من تن دھن گُر پّران ادھاری ॥2॥
ਸਫਲ ਜਨਮੁ ਹੋਵੈ ਪਰਵਾਣੁ ॥	سپھل جنمُ ہووے پروانُ ॥
ਗੁਰੁ ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥੩॥	گُرُ پاربّرہمُ نِکٹِ کرِ جانُ ॥3॥

ਸੰਤ ਧੂਰਿ ਪਾਈਐ ਵਡਭਾਗੀ ॥	سنّت دھوُرِ پائیئے وڈبھاگی ॥
ਨਾਨਕ ਗੁਰ ਭੇਟਤ ਹਰਿ ਸਿਉ ਲਿਵ ਲਾਗੀ ॥੪॥੭੦॥੧੩੯॥	نانک گُر بھیٹت ہرِ سِ ءُ لِو لاگی ॥4॥ 70 ॥ 139 ॥
ਗਉੜੀ ਮਹਲਾ ੫ ॥	گئڑی محلا 5 ॥
ਕਰੈ ਦੁਹਕਰਮ ਦਿਖਾਵੈ ਹੋਰੁ ॥	کرے دُہکرم دِکھاوے ہورُ ॥
ਰਾਮ ਕੀ ਦਰਗਹ ਬਾਧਾ ਚੋਰੁ ॥੧॥	رام کی درگہ بادھا چورُ ॥1॥
ਰਾਮੁ ਰਮੈ ਸੋਈ ਰਾਮਾਣਾ ॥	رامُ رمے سوئی راماٹا ॥
ਜਲਿ ਥਲਿ ਮਹੀਅਲਿ ਏਕੁ ਸਮਾਣਾ ॥੧॥ ਰਹਾਉ ॥	جلِ تھلِ مہیئلِ ایکُ سماٹا ॥1॥ رہاءُ ॥
ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ ॥	انّترِ بِکھُ مُکھِ انمّرِتُ سُٹاوے ॥
ਜਮ ਪੁਰਿ ਬਾਧਾ ਚੋਟਾ ਖਾਵੈ ॥੨॥	جم پُرِ بادھا چوٹا کھاوے ॥2॥
ਅਨਿਕ ਪੜਦੇ ਮਹਿ ਕਮਾਵੈ ਵਿਕਾਰ ॥	انِک پڑدے مہِ کماوے وِکار ॥
ਖਿਨ ਮਹਿ ਪ੍ਰਗਟ ਹੋਹਿ ਸੰਸਾਰ ॥੩॥	کھِن مہِ پرگٹ ہوہِ سنّسار ॥3॥
ਅੰਤਰਿ ਸਾਚਿ ਨਾਮਿ ਰਸਿ ਰਾਤਾ ॥	انّترِ ساچِ نامِ رسِ راتا ॥
ਨਾਨਕ ਤਿਸੁ ਕਿਰਪਾਲੁ ਬਿਧਾਤਾ ॥੪॥੭੧॥੧੪੦॥	نانک تِس کرپالُ بِدھاتا ॥4॥ 71 ॥ 140 ॥
ਗਉੜੀ ਮਹਲਾ ੫ ॥	گئڑی محلا 5 ॥
ਰਾਮ ਰੰਗੁ ਕਦੇ ਉਤਰਿ ਨ ਜਾਇ ॥	رام رنگُ کدے اُترِ ن جاءِ ॥
ਗੁਰੁ ਪੂਰਾ ਜਿਸੁ ਦੇਇ ਬੁਝਾਇ ॥੧॥	گُرُ پوُرا جِس دے ءِ بُجھاءِ ॥1॥
ਹਰਿ ਰੰਗਿ ਰਾਤਾ ਸੋ ਮਨੁ ਸਾਚਾ ॥	ہرِ رنگِ راتا سو منُ ساچا ॥
ਲਾਲ ਰੰਗ ਪੂਰਨ ਪੁਰਖੁ ਬਿਧਾਤਾ ॥੧॥ ਰਹਾਉ ॥	لال رنگ پوُرن پُرکھُ بِدھاتا ॥1॥ رہاءُ ॥
ਸੰਤਹ ਸੰਗਿ ਬੈਸਿ ਗੁਨ ਗਾਇ ॥	سنّتہ سنگِ بیَس گُن گاءِ ॥
ਤਾ ਕਾ ਰੰਗੁ ਨ ਉਤਰੈ ਜਾਇ ॥੨॥	تا کا رنگُ ن اُترے جاءِ ॥2॥
ਬਿਨੁ ਹਰਿ ਸਿਮਰਨ ਸੁਖੁ ਨਹੀ ਪਾਇਆ ॥	بِنُ ہرِ سِمرن سُکھُ نہی پائیا ॥
ਆਨ ਰੰਗ ਫੀਕੇ ਸਭ ਮਾਇਆ ॥੩॥	آن رنگ پھیکے سبھ مائیا ॥3॥

ਗੁਰਿ ਰੰਗੇ ਸੇ ਭਏ ਨਿਹਾਲ ॥	گُرِ رنگے سے بھئے نِہال ॥
ਕਹੁ ਨਾਨਕ ਗੁਰ ਭਏ ਹੈ ਦਇਆਲ ॥੪॥੭੨॥੧੪੧॥	کہُ نانک گُر بھئے ہے دئیال ॥4॥ 72 ॥ 141 ॥
ਗਉੜੀ ਮਹਲਾ ੫ ॥	گئوڑی محلا 5 ॥
ਸਿਮਰਤ ਸੁਆਮੀ ਕਿਲਵਿਖ ਨਾਸੇ ॥	سِمرت سُیامی کِلوِکھ ناسے ॥
ਸੂਖ ਸਹਜ ਆਨੰਦ ਨਿਵਾਸੇ ॥੧॥	سوُکھ سہج آنندِ نِواسے ॥1॥
ਰਾਮ ਜਨਾ ਕਉ ਰਾਮ ਭਰੋਸਾ ॥	رام جنا ک ءُ رام بھروسا ॥
ਨਾਮੁ ਜਪਤ ਸਭੁ ਮਿਟਿਓ ਅੰਦੇਸਾ ॥੧॥ ਰਹਾਉ ॥	نامُ جپت سبھُ مِٹِئو اندیسا ॥1॥ رہاءُ ॥
ਸਾਧਸੰਗਿ ਕਛੁ ਭਉ ਨ ਭਰਾਤੀ ॥	سادھسنگِ کچھُ بھءُ ن بھراتی ॥
ਗੁਣ ਗੋਪਾਲ ਗਾਈਅਹਿ ਦਿਨੁ ਰਾਤੀ ॥੨॥	گُنؔ گوپال گائیئہِ دِنُ راتی ॥2॥
ਕਰਿ ਕਿਰਪਾ ਪ੍ਰਭ ਬੰਧਨ ਛੋਟ ॥	کرِ کرِپا پربھ بندھن چھوٹ ॥
ਚਰਣ ਕਮਲ ਕੀ ਦੀਨੀ ਓਟ ॥੩॥	چرنؔ کمل کی دینی اوٹ ॥3॥
ਕਹੁ ਨਾਨਕ ਮਨਿ ਭਈ ਪਰਤੀਤਿ ॥	کہُ نانک منِ بھئی پرتیتِ ॥
ਨਿਰਮਲ ਜਸੁ ਪੀਵਹਿ ਜਨ ਨੀਤਿ ॥੪॥੭੩॥੧੪੨॥	نِرمل جسُ پیوہِ جن نیتِ ॥4॥ 73 ॥ 142 ॥
ਗਉੜੀ ਮਹਲਾ ੫ ॥	گئوڑی محلا 5 ॥
ਹਰਿ ਚਰਣੀ ਜਾ ਕਾ ਮਨੁ ਲਾਗਾ ॥	ہرِ چرنؔی جا کا منُ لاگا ॥
ਦੂਖੁ ਦਰਦੁ ਭ੍ਰਮੁ ਤਾ ਕਾ ਭਾਗਾ ॥੧॥	دوُکھُ دردُ بھرؔمُ تا کا بھاگا ॥1॥
ਹਰਿ ਧਨ ਕੋ ਵਾਪਾਰੀ ਪੂਰਾ ॥	ہرِ دھن کو واپاری پوُرا ॥
ਜਿਸਹਿ ਨਿਵਾਜੇ ਸੋ ਜਨੁ ਸੂਰਾ ॥੧॥ ਰਹਾਉ ॥	جِسہِ نِوازے سو جنُ سوُرا ॥1॥ رہاءُ ॥
ਜਾ ਕਉ ਭਏ ਕ੍ਰਿਪਾਲ ਗੁਸਾਈ ॥	جا ک ءُ بھئے کرِپال گُسائی ॥
ਸੇ ਜਨ ਲਾਗੇ ਗੁਰ ਕੀ ਪਾਈ ॥੨॥	سے جن لاگے گُر کی پائی ॥2॥
ਸੂਖ ਸਹਜ ਸਾਂਤਿ ਆਨੰਦਾ ॥	سوُکھ سہج سانتِ آنندا ॥
ਜਪਿ ਜਪਿ ਜੀਵੇ ਪਰਮਾਨੰਦਾ ॥੩॥	جپِ جپِ جیوے پرمانندا ॥3॥

ਨਾਮ ਰਾਸਿ ਸਾਧ ਸੰਗਿ ਖਾਟੀ ॥	نام راسِ سادھ سنگِ کھاٹی ॥
ਕਹੁ ਨਾਨਕ ਪ੍ਰਭਿ ਅਪਦਾ ਕਾਟੀ ॥੪॥੭੪॥੧੪੩॥	کہُ نانک پربھِ اپدا کاٹی ॥4॥ 74 ॥ 143 ॥
ਗਉੜੀ ਮਹਲਾ ੫ ॥	گئڑی محلا 5 ॥
ਹਰਿ ਸਿਮਰਤ ਸਭਿ ਮਿਟਹਿ ਕਲੇਸ ॥	ہرِ سِمرت سبھِ مِٹہِ کلیس ॥
ਚਰਣ ਕਮਲ ਮਨ ਮਹਿ ਪਰਵੇਸ ॥੧॥	چرنؔ کمل من مہِ پرویس ॥1॥
ਉਚਰਹੁ ਰਾਮ ਨਾਮੁ ਲਖ ਬਾਰੀ ॥	اُچرہُ رام نامُ لکھ باری ॥
ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥੧॥ ਰਹਾਉ ॥	انمّرِت رسُ پیوہُ پربھ پیاری ۔ ॥1॥ رہاءُ ॥
ਸੂਖ ਸਹਜ ਰਸ ਮਹਾ ਅਨੰਦਾ ॥	سوُکھ سہج رس مہا انندا ॥
ਜਪਿ ਜਪਿ ਜੀਵੇ ਪਰਮਾਨੰਦਾ ॥੨॥	جپِ جپِ جیوے پرمانندا ॥2॥
ਕਾਮ ਕ੍ਰੋਧ ਲੋਭ ਮਦ ਖੋਏ ॥	کام کرودھ لوبھ مد کھوئے ॥
ਸਾਧ ਕੈ ਸੰਗਿ ਕਿਲਬਿਖ ਸਭ ਧੋਏ ॥੩॥	سادھ کے سنگِ کِلبِکھ سبھ دھوئے ॥3॥
ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥	کرِ کرپا پربھ دِین دئیالا ۔ ॥
ਨਾਨਕ ਦੀਜੈ ਸਾਧ ਰਵਾਲਾ ॥੪॥੭੫॥੧੪੪॥	نانک دیجئے سادھ روالا ॥4॥ 75 ॥ 144 ॥
ਗਉੜੀ ਮਹਲਾ ੫ ॥	گئڑی محلا 5 ॥
ਜਿਸ ਕਾ ਦੀਆ ਪੈਨੈ ਖਾਇ ॥	جِس کا دیِیا پینئے کھاءِ ॥
ਤਿਸੁ ਸਿਉ ਆਲਸੁ ਕਿਉ ਬਨੈ ਮਾਇ ॥੧॥	تِس سِءُ آلسُ کِءُ بنے ماءِ ۔ ॥1॥
ਖਸਮੁ ਬਿਸਾਰਿ ਆਨ ਕੰਮਿ ਲਾਗਹਿ ॥	خصمُ بِسارِ آن کنّمِ لاگہِ ॥
ਕਉਡੀ ਬਦਲੇ ਰਤਨੁ ਤਿਆਗਹਿ ॥੧॥ ਰਹਾਉ ॥	کئڈی بدلے رتنُ تِیاگہِ ॥1॥ رہاءُ ॥
ਪ੍ਰਭੂ ਤਿਆਗ ਲਾਗਤ ਅਨ ਲੋਭਾ ॥	پربھوُ تِیاگ لاگت ان لوبھا ॥
ਦਾਸਿ ਸਲਾਮੁ ਕਰਤ ਕਤ ਸੋਭਾ ॥੨॥	داسِ سلامُ کرت کت سوبھا ۔ ॥2॥
ਅੰਮ੍ਰਿਤ ਰਸੁ ਖਾਵਹਿ ਖਾਨ ਪਾਨ ॥	انمّرِت رسُ کھاوہِ کھان پان ॥
ਜਿਨਿ ਦੀਏ ਤਿਸਹਿ ਨ ਜਾਨਹਿ ਸੁਆਨ ॥੩॥	جِنِ دیئے تِسہِ ن جانہِ سُیان ॥3॥

ਕਹੁ ਨਾਨਕ ਹਮ ਲੂਣ ਹਰਾਮੀ ॥	کہُ نانک ہم لوُنٹ حرامی ॥
ਬਖਸਿ ਲੇਹੁ ਪ੍ਰਭ ਅੰਤਰਜਾਮੀ ॥੪॥੭੬॥੧੪੫॥	بخشِ لیہُ پربھ انترجامی ۔ ॥4॥ 76 ॥ 145 ॥
ਗਉੜੀ ਮਹਲਾ ੫ ॥	گئوڑی محلا 5 ॥
ਪ੍ਰਭ ਕੇ ਚਰਨ ਮਨ ਮਾਹਿ ਧਿਆਨੁ ॥	پربھ کے چرن من ماہِ دھیانُ ॥
ਸਗਲ ਤੀਰਥ ਮਜਨ ਇਸਨਾਨੁ ॥੧॥	سگل تیرتھ مجن اِسنانُ ॥1॥
ਹਰਿ ਦਿਨੁ ਹਰਿ ਸਿਮਰਨੁ ਮੇਰੇ ਭਾਈ ॥	ہرِ دِنُ ہرِ سِمرنُ میرے بھائی ۔ ॥
ਕੋਟਿ ਜਨਮ ਕੀ ਮਲੁ ਲਹਿ ਜਾਈ ॥੧॥ ਰਹਾਉ ॥	کوٹِ جنم کی ملُ لہِ جائی ॥1॥ رہاءُ ॥
ਹਰਿ ਕੀ ਕਥਾ ਰਿਦ ਮਾਹਿ ਬਸਾਈ ॥	ہرِ کی کتھا رِد ماہِ بسائی ॥
ਮਨ ਬਾਂਛਤ ਸਗਲੇ ਫਲ ਪਾਈ ॥੨॥	من بانْچھت سگلے پھل پائی ॥2॥
ਜੀਵਨ ਮਰਣੁ ਜਨਮੁ ਪਰਵਾਨੁ ॥	جیِون مرنُ جنمُ پروانُ ॥
ਜਾ ਕੈ ਰਿਦੈ ਵਸੈ ਭਗਵਾਨੁ ॥੩॥	جا کے رِدے وسے بھگوانُ ॥3॥
ਕਹੁ ਨਾਨਕ ਸੇਈ ਜਨ ਪੂਰੇ ॥	کہُ نانک سیئی جن پوُرے ॥
ਜਿਨਾ ਪਰਾਪਤਿ ਸਾਧੂ ਧੂਰੇ ॥੪॥੭੭॥੧੪੬॥	جِنا پراپتِ سادھوُ دھوُرے ॥4॥ 77 ॥ 146 ॥
ਗਉੜੀ ਮਹਲਾ ੫ ॥	گئوڑی محلا 5 ॥
ਖਾਦਾ ਪੈਨਦਾ ਮੂਕਰਿ ਪਾਇ ॥	کھادا پینَدا موُکرِ پاءِ ॥
ਤਿਸ ਨੋ ਜੋਹਹਿ ਦੂਤ ਧਰਮਰਾਇ ॥੧॥	تِس نو جوہہِ دوُت دھرمراءِ ॥1॥
ਤਿਸੁ ਸਿਉ ਬੇਮੁਖੁ ਜਿਨਿ ਜੀਉ ਪਿੰਡੁ ਦੀਨਾ ॥	تِس سِءُ بیمُکھُ جِنِ جیِءُ پِنڈُ دِینا ॥
ਕੋਟਿ ਜਨਮ ਭਰਮਹਿ ਬਹੁ ਜੂਨਾ ॥੧॥ ਰਹਾਉ ॥	کوٹِ جنم بھرمہِ بہُ جوُنا ॥1॥ رہاءُ ॥
ਸਾਕਤ ਕੀ ਐਸੀ ਹੈ ਰੀਤਿ ॥	ساکت کی ایَسی ہے ریتِ ॥
ਜੋ ਕਿਛੁ ਕਰੈ ਸਗਲ ਬਿਪਰੀਤਿ ॥੨॥	جو کِچھُ کرے سگل بِپریتِ ॥2॥
ਜੀਉ ਪ੍ਰਾਣ ਜਿਨਿ ਮਨੁ ਤਨੁ ਧਾਰਿਆ ॥	جیِءُ پرانٹُ جِنِ منُ تنُ دھارِیا ॥
ਸੋਈ ਠਾਕੁਰੁ ਮਨਹੁ ਬਿਸਾਰਿਆ ॥੩॥	سوئی ٹھاکُرُ منہُ بِسارِیا ॥3॥

ਬਧੇ ਬਿਕਾਰ ਲਿਖੇ ਬਹੁ ਕਾਗਰ ॥	بدھے بِکار لِکھے بہُ کاگر ॥
ਨਾਨਕ ਉਧਰੁ ਕ੍ਰਿਪਾ ਸੁਖ ਸਾਗਰ ॥੪॥	نانک اُدھرُ کرِپا سُکھ ساگر ॥4॥
ਪਾਰਬ੍ਰਹਮ ਤੇਰੀ ਸਰਣਾਇ ॥	پاربّرہم تیری سرٹاءِ ॥
ਬੰਧਨ ਕਾਟਿ ਤਰੈ ਹਰਿ ਨਾਇ ॥੧॥ ਰਹਾਉ ਦੂਜਾ ॥੭੮॥੧੪੭॥	بنّدھن کاٹِ ترے ہرِ ناءِ ॥1॥ رہاءُ دوُجا ॥ 78 ॥ 147 ॥
ਗਉੜੀ ਮਹਲਾ ੫ ॥	گئڑی محلا 5 ॥
ਅਪਨੇ ਲੋਭ ਕਉ ਕੀਨੋ ਮੀਤੁ ॥	اپنے لوبھ کءُ کِینو میِتُ ॥
ਸਗਲ ਮਨੋਰਥ ਮੁਕਤਿ ਪਦੁ ਦੀਤੁ ॥੧॥	سگل منورتھ مُکتِ پدُ دیِتُ ॥1॥
ਐਸਾ ਮੀਤੁ ਕਰਹੁ ਸਭੁ ਕੋਇ ॥	ایَسا میِتُ کرہُ سبھُ کوءِ ॥
ਜਾ ਤੇ ਬਿਰਥਾ ਕੋਇ ਨ ਹੋਇ ॥੧॥ ਰਹਾਉ ॥	جا تے بِرتھا کوءِ ن ہوءِ ॥1॥ رہاءُ ॥
ਅਪੁਨੈ ਸੁਆਇ ਰਿਦੈ ਲੈ ਧਾਰਿਆ ॥	اپُنے سُیاءِ رِدے لے دھارِیا ॥
ਦੂਖ ਦਰਦ ਰੋਗ ਸਗਲ ਬਿਦਾਰਿਆ ॥੨॥	دوُکھ درد روگ سگل بِدارِیا ॥2॥
ਰਸਨਾ ਗੀਧੀ ਬੋਲਤ ਰਾਮ ॥	رسنا گیِدھی بولت رام ॥
ਪੂਰਨ ਹੋਏ ਸਗਲੇ ਕਾਮ ॥੩॥	پوُرن ہوئے سگلے کام ॥3॥
ਅਨਿਕ ਬਾਰ ਨਾਨਕ ਬਲਿਹਾਰਾ ॥	اِنک بار نانک بلِہارا ॥
ਸਫਲ ਦਰਸਨੁ ਗੋਬਿੰਦੁ ਹਮਾਰਾ ॥੪॥੭੯॥੧੪੮॥	سپھل درسنُ گوبِنّدُ ہمارا ॥4॥ 79 ॥ 148 ॥
ਗਉੜੀ ਮਹਲਾ ੫ ॥	گئڑی محلا 5 ॥
ਕੋਟਿ ਬਿਘਨ ਹਿਰੇ ਖਿਨ ਮਾਹਿ ॥	کوٹِ بِگھن ہِرے کھِن ماہِ ॥
ਹਰਿ ਹਰਿ ਕਥਾ ਸਾਧਸੰਗਿ ਸੁਨਾਹਿ ॥੧॥	ہرِ ہرِ کتھا سادھسنگِ سُناہِ ॥1॥
ਪੀਵਤ ਰਾਮ ਰਸੁ ਅੰਮ੍ਰਿਤ ਗੁਣ ਜਾਸੁ ॥	پیِوت رام رسُ انمّرِت گُنٹ جاسُ ॥
ਜਪਿ ਹਰਿ ਚਰਣ ਮਿਟੀ ਖੁਧਿ ਤਾਸੁ ॥੧॥ ਰਹਾਉ ॥	جپِ ہرِ چرنٹ مِٹی کھُدھِ تاسُ ॥1॥ رہاءُ ॥
ਸਰਬ ਕਲਿਆਣ ਸੁਖ ਸਹਜ ਨਿਧਾਨ ॥	سرب کلِیانٹ سُکھ سہج نِدھان ॥
ਜਾ ਕੈ ਰਿਦੈ ਵਸਹਿ ਭਗਵਾਨ ॥੨॥	جا کے رِدے وسہِ بھگوان ॥2॥

ਅਉਖਧ ਮੰਤ੍ਰ ਤੰਤ ਸਭਿ ਛਾਰੁ ॥

اَئکھدھ منّتر تنّت سبھِ چھارُ ॥

ਕਰਣੈਹਾਰੁ ਰਿਦੇ ਮਹਿ ਧਾਰੁ ॥੩॥

کرنّیہارُ رِدے مہِ دھارُ ॥3॥

ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥

تجِ سبھِ بھرم بھجِئو پاربّرہمُ ॥

ਕਹੁ ਨਾਨਕ ਅਟਲ ਇਹੁ ਧਰਮੁ ॥੪॥੮੦॥੧੪੯॥

کہُ نانک اٹل اِہُ دھرمُ ॥4॥ 80 ॥ 149 ॥

ਗਉੜੀ ਮਹਲਾ ੫ ॥

گئڑی محلا 5 ॥

ਕਰਿ ਕਿਰਪਾ ਭੇਟੇ ਗੁਰ ਸੋਈ ॥

کرِ کِرپا بھیٹے گُر سوئی ॥

ਤਿਤੁ ਬਲਿ ਰੋਗੁ ਨ ਬਿਆਪੈ ਕੋਈ ॥੧॥

تِتُ بلِ روگُ ن بِیاپے کوئی ॥1॥

ਰਾਮ ਰਮਣ ਤਰਣ ਭੈ ਸਾਗਰ ॥

رام رمنُ ترنُ بھے سا گر ॥

ਸਰਣਿ ਸੂਰ ਫਾਰੇ ਜਮ ਕਾਗਰ ॥੧॥ ਰਹਾਉ ॥

سرنِ سوُر پھارے جم کاگر ॥1॥ رہاءُ ॥

ਸਤਿਗੁਰਿ ਮੰਤ੍ਰੁ ਦੀਉ ਹਰਿ ਨਾਮ ॥

ستِگُرِ منّتر دیِءُ ہرِ نام ॥

ਇਹ ਆਸਰ ਪੂਰਨ ਭਏ ਕਾਮ ॥੨॥

اِہ آسر پوُرن بھئے کام ॥2॥

ਜਪ ਤਪ ਸੰਜਮ ਪੂਰੀ ਵਡਿਆਈ ॥

جپ تپ سنجم پوُری وڈِیائی ॥

ਗੁਰ ਕਿਰਪਾਲ ਹਰਿ ਭਏ ਸਹਾਈ ॥੩॥

گُر کِرپال ہرِ بھئے سہائی ॥3॥

ਮਾਨ ਮੋਹ ਖੋਏ ਗੁਰਿ ਭਰਮ ॥

مان موہ کھوئے گُرِ بھرم ॥

ਪੇਖੁ ਨਾਨਕ ਪਸਰੇ ਪਾਰਬ੍ਰਹਮ ॥੪॥੮੧॥੧੫੦॥

پیکھُ نانک پسرے پاربّرہم ॥4॥ 81 ॥ 150 ॥

ਗਉੜੀ ਮਹਲਾ ੫ ॥

گئڑی محلا 5 ॥

ਬਿਖੈ ਰਾਜ ਤੇ ਅੰਧੁਲਾ ਭਾਰੀ ॥

بِکھے راج تے اندھُلا بھاری ॥

ਦੁਖਿ ਲਾਗੈ ਰਾਮ ਨਾਮੁ ਚਿਤਾਰੀ ॥੧॥

دُکھِ لاگے رام نامُ چِتاری ॥1॥

ਤੇਰੇ ਦਾਸ ਕਉ ਤੁਹੀ ਵਡਿਆਈ ॥

تیرے داس کءُ تُہی وڈِیائی ॥

ਮਾਇਆ ਮਗਨੁ ਨਰਕਿ ਲੈ ਜਾਈ ॥੧॥ ਰਹਾਉ ॥

مائیا مگنُ نرکِ لے جائی ॥1॥ رہاءُ ॥

ਰੋਗ ਗਿਰਸਤ ਚਿਤਾਰੇ ਨਾਉ ॥

روگ گِرست چِتارے ناءُ ॥

ਬਿਖੁ ਮਾਤੇ ਕਾ ਠਉਰ ਨ ਠਾਉ ॥੨॥

بِکھُ ماتے کا ٹھئُر ن ٹھاءُ ॥2॥

ਚਰਨ ਕਮਲ ਸਿਉ ਲਾਗੀ ਪ੍ਰੀਤਿ ॥	چرن کمل سِءُ لاگی پرِیتِ ॥
ਆਨ ਸੁਖਾ ਨਹੀ ਆਵਹਿ ਚੀਤਿ ॥੩॥	آن سُکھا نہی آوہِ چیتِ ॥3॥
ਸਦਾ ਸਦਾ ਸਿਮਰਉ ਪ੍ਰਭ ਸੁਆਮੀ ॥	سدا سدا سِمرءُ پربھ سُیامی ॥
ਮਿਲੁ ਨਾਨਕ ਹਰਿ ਅੰਤਰਜਾਮੀ ॥੪॥੮੨॥੧੫੧॥	مِلُ نانک ہرِ انترجامی ॥4॥ 82 ॥ 151 ॥
ਗਉੜੀ ਮਹਲਾ ੫ ॥	گئڑی محلا 5 ॥
ਆਠ ਪਹਰ ਸੰਗੀ ਬਟਵਾਰੇ ॥	آٹھ پہر سنگی بٹوارے ॥
ਕਰਿ ਕਿਰਪਾ ਪ੍ਰਭਿ ਲਏ ਨਿਵਾਰੇ ॥੧॥	کرِ کرِپا پربھِ لئے نِوارے ॥1॥
ਐਸਾ ਹਰਿ ਰਸੁ ਰਮਹੁ ਸਭੁ ਕੋਇ ॥	ایَسا ہرِ رسُ رمہُ سبھُ کوءِ ॥
ਸਰਬ ਕਲਾ ਪੂਰਨ ਪ੍ਰਭੁ ਸੋਇ ॥੧॥ ਰਹਾਉ ॥	سرب کلا پوُرن پربھُ سوءِ ॥1॥ رہاءُ ॥
ਮਹਾ ਤਪਤਿ ਸਾਗਰ ਸੰਸਾਰ ॥	مہا تپتِ ساگر سنّسار ॥
ਪ੍ਰਭ ਖਿਨ ਮਹਿ ਪਾਰਿ ਉਤਾਰਣਹਾਰ ॥੨॥	پربھ کھِن مہِ پارِ اُتارنہار ॥2॥
ਅਨਿਕ ਬੰਧਨ ਤੋਰੇ ਨਹੀ ਜਾਹਿ ॥	انِک بنّدھن تورے نہی جاہِ ॥
ਸਿਮਰਤ ਨਾਮ ਮੁਕਤਿ ਫਲ ਪਾਹਿ ॥੩॥	سِمرت نام مُکتِ پھل پاہِ ॥3॥
ਉਕਤਿ ਸਿਆਨਪ ਇਸ ਤੇ ਕਛੁ ਨਾਹਿ ॥	اُکتِ سِیانپ اِس تے کچھُ ناہِ ॥
ਕਰਿ ਕਿਰਪਾ ਨਾਨਕ ਗੁਣ ਗਾਹਿ ॥੪॥੮੩॥੧੫੨॥	کرِ کرِپا نانک گُن گاہِ ॥4॥ 83 ॥ 152 ॥
ਗਉੜੀ ਮਹਲਾ ੫ ॥	گئڑی محلا 5 ॥
ਥਾਤੀ ਪਾਈ ਹਰਿ ਕੋ ਨਾਮ ॥	تھاتی پائی ہرِ کو نام ॥
ਬਿਚਰੁ ਸੰਸਾਰ ਪੂਰਨ ਸਭਿ ਕਾਮ ॥੧॥	بِچرُ سنّسار پوُرن سبھِ کام ॥1॥
ਵਡਭਾਗੀ ਹਰਿ ਕੀਰਤਨੁ ਗਾਈਐ ॥	وڈبھاگی ہرِ کیرتنُ گائیئے ॥
ਪਾਰਬ੍ਰਹਮ ਤੂੰ ਦੇਹਿ ਤ ਪਾਈਐ ॥੧॥ ਰਹਾਉ ॥	پاربرّہم توُنَ دیہِ ت پائیئے ॥1॥ رہاءُ ॥
ਹਰਿ ਕੇ ਚਰਣ ਹਿਰਦੈ ਉਰਿ ਧਾਰਿ ॥	ہرِ کے چرنؔ ہِردے اُرِ دھارِ ॥
ਭਵ ਸਾਗਰੁ ਚੜਿ ਉਤਰਹਿ ਪਾਰਿ ॥੨॥	بھو ساگرُ چڑِ اُترہِ پارِ ॥2॥

ਸਾਧੂ ਸੰਗੁ ਕਰਹੁ ਸਭੁ ਕੋਇ ॥	سادھوُ سنگُ کرہُ سبھُ کوءِ ॥
ਸਦਾ ਕਲਿਆਣ ਫਿਰਿ ਦੂਖੁ ਨ ਹੋਇ ॥੩॥	سدا کلیاںؤ پھِرِ دوُکھُ ن ہوءِ ॥3॥
ਪ੍ਰੇਮ ਭਗਤਿ ਭਜੁ ਗੁਣੀ ਨਿਧਾਨੁ ॥	پّریم بھگتِ بھجُ گُنی نِدھانُ ॥
ਨਾਨਕ ਦਰਗਹ ਪਾਈਐ ਮਾਨੁ ॥੪॥੮੪॥੧੫੩॥	نانک درگہ پائیےَ مانُ ॥4॥ 84 ॥ 153 ॥
ਗਉੜੀ ਮਹਲਾ ੫ ॥	گئڑی محلا 5 ॥
ਜਲਿ ਥਲਿ ਮਹੀਅਲਿ ਪੂਰਨ ਹਰਿ ਮੀਤ ॥	جلِ تھلِ مہیئلِ پوُرن ہرِ میت ॥
ਭ੍ਰਮ ਬਿਨਸੇ ਗਾਏ ਗੁਣ ਨੀਤ ॥੧॥	بھّرم بِنسے گائے گُںؤ نِیت ॥1॥
ਊਠਤ ਸੋਵਤ ਹਰਿ ਸੰਗਿ ਪਹਰੂਆ ॥	اوُٹھت سووت ہرِ سنگِ پہروُیا ॥
ਜਾ ਕੈ ਸਿਮਰਣਿ ਜਮ ਨਹੀ ਡਰੂਆ ॥੧॥ ਰਹਾਉ ॥	جا کے سِمرںؤ جم نہی ڈروُیا ॥1॥ رہاءُ ॥
ਚਰਣ ਕਮਲ ਪ੍ਰਭ ਰਿਦੈ ਨਿਵਾਸੁ ॥	چرںؤ کمل پّربھ رِدے نِواسُ ॥
ਸਗਲ ਦੂਖ ਕਾ ਹੋਇਆ ਨਾਸੁ ॥੨॥	سگل دوُکھ کا ہوئیا ناسُ ॥2॥
ਆਸਾ ਮਾਣੁ ਤਾਣੁ ਧਨੁ ਏਕ ॥	آسا مانُ تانُ دھنُ ایک ॥
ਸਾਚੇ ਸਾਹ ਕੀ ਮਨ ਮਹਿ ਟੇਕ ॥੩॥	ساچے ساہ کی من مہِ ٹیک ॥3॥
ਮਹਾ ਗਰੀਬ ਜਨ ਸਾਧ ਅਨਾਥ ॥	مہا غریب جن سادھ اناتھ ॥
ਨਾਨਕ ਪ੍ਰਭਿ ਰਾਖੇ ਦੇ ਹਾਥ ॥੪॥੮੫॥੧੫੪॥	نانک پّربھِ راکھے دے ہاتھ ॥4॥ 85 ॥ 154 ॥
ਗਉੜੀ ਮਹਲਾ ੫ ॥	گئڑی محلا 5 ॥
ਹਰਿ ਹਰਿ ਨਾਮਿ ਮਜਨੁ ਕਰਿ ਸੂਚੇ ॥	ہرِ ہرِ نامِ مجنُ کرِ سوُچے ॥
ਕੋਟਿ ਗ੍ਰਹਣ ਪੁੰਨ ਫਲ ਮੂਚੇ ॥੧॥ ਰਹਾਉ ॥	کوٹِ گرہںؤ پُنّن پھل موُچے ॥1॥ رہاءُ ॥
ਹਰਿ ਕੇ ਚਰਣ ਰਿਦੇ ਮਹਿ ਬਸੇ ॥	ہرِ کے چرںؤ رِدے مہِ بسے ॥
ਜਨਮ ਜਨਮ ਕੇ ਕਿਲਵਿਖ ਨਸੇ ॥੧॥	جنم جنم کے کِلوِکھ نسے ॥1॥
ਸਾਧਸੰਗਿ ਕੀਰਤਨ ਫਲੁ ਪਾਇਆ ॥	سادھسنگِ کیرتن پھلُ پائیا ॥
ਜਮ ਕਾ ਮਾਰਗੁ ਦ੍ਰਿਸਟਿ ਨ ਆਇਆ ॥੨॥	جم کا مارگُ دّرِسٹِ ن آئیا ॥2॥

ਮਨ ਬਚ ਕ੍ਰਮ ਗੋਵਿੰਦ ਅਧਾਰੁ ॥	من بچ کرم گووِنّد ادھارُ ॥
ਤਾ ਤੇ ਛੁਟਿਓ ਬਿਖੁ ਸੰਸਾਰੁ ॥੩॥	تا تے چھُٹِئو بِکھُ سنّسارُ ॥3॥
ਕਰਿ ਕਿਰਪਾ ਪ੍ਰਭਿ ਕੀਨੋ ਅਪਨਾ ॥	کرِ کرِپا پربھِ کِینو اپنا ॥
ਨਾਨਕ ਜਾਪੁ ਜਪੇ ਹਰਿ ਜਪਨਾ ॥੪॥੮੬॥੧੫੫॥	نانک جاپُ جپے ہرِ جپنا ॥4॥ 86 ॥ 155 ॥
ਗਉੜੀ ਮਹਲਾ ੫ ॥	گئڑی محلا 5 ॥
ਪਉ ਸਰਣਾਈ ਜਿਨਿ ਹਰਿ ਜਾਤੇ ॥	پ ءُ سرٹائی جِنِ ہرِ جاتے ॥
ਮਨੁ ਤਨੁ ਸੀਤਲੁ ਚਰਣ ਹਰਿ ਰਾਤੇ ॥੧॥	منُ تنُ سِیتلُ چرنؒ ہرِ راتے ॥1॥
ਭੈ ਭੰਜਨ ਪ੍ਰਭ ਮਨਿ ਨ ਬਸਾਹੀ ॥	بھے بھنّجن پربھ منِ ن بساہی ॥
ਡਰਪਤ ਡਰਪਤ ਜਨਮ ਬਹੁਤੁ ਜਾਹੀ ॥੧॥ ਰਹਾਉ ॥	ڈرپت ڈرپت جنم بہُتُ جاہی ॥1॥ رہاءُ ॥
ਜਾ ਕੈ ਰਿਦੈ ਬਸਿਓ ਹਰਿ ਨਾਮ ॥	جا کے رِدے بسِئو ہرِ نام ॥
ਸਗਲ ਮਨੋਰਥ ਤਾ ਕੇ ਪੂਰਨ ਕਾਮ ॥੨॥	سگل منورتھ تا کے پُورن کام ॥2॥
ਜਨਮੁ ਜਰਾ ਮਿਰਤੁ ਜਿਸੁ ਵਾਸਿ ॥	جنمُ جرا مِرتُ جِسُ واسِ ॥
ਸੋ ਸਮਰਥੁ ਸਿਮਰਿ ਸਾਸਿ ਗਿਰਾਸਿ ॥੩॥	سو سمرتھُ سِمرِ ساسِ گِراسِ ॥3॥
ਮੀਤੁ ਸਾਜਨੁ ਸਖਾ ਪ੍ਰਭੁ ਏਕ ॥	میِتُ ساجنُ سکھا پربھُ ایک ॥
ਨਾਮੁ ਸੁਆਮੀ ਕਾ ਨਾਨਕ ਟੇਕ ॥੪॥੮੭॥੧੫੬॥	نامُ سُیامی کا نانک ٹیک ॥4॥ 87 ॥ 156 ॥
ਗਉੜੀ ਮਹਲਾ ੫ ॥	گئڑی محلا 5 ॥
ਬਾਹਰਿ ਰਾਖਿਓ ਰਿਦੈ ਸਮਾਲਿ ॥	باہرِ راکھِئو رِدے سمالِ ॥
ਘਰਿ ਆਏ ਗੋਵਿੰਦੁ ਲੈ ਨਾਲਿ ॥੧॥	گھرِ آئے گووِنّدُ لے نالِ ॥1॥
ਹਰਿ ਹਰਿ ਨਾਮੁ ਸੰਤਨ ਕੈ ਸੰਗਿ ॥	ہرِ ہرِ نامُ سنّتن کے سنگِ ॥
ਮਨੁ ਤਨੁ ਰਾਤਾ ਰਾਮ ਕੈ ਰੰਗਿ ॥੧॥ ਰਹਾਉ ॥	منُ تنُ راتا رام کے رنگِ ॥1॥ رہاءُ ॥
ਗੁਰ ਪਰਸਾਦੀ ਸਾਗਰੁ ਤਰਿਆ ॥	گُر پرسادی ساگرُ تریا ॥
ਜਨਮ ਜਨਮ ਕੇ ਕਿਲਵਿਖ ਸਭਿ ਹਿਰਿਆ ॥੨॥	جنم جنم کے کِلوِکھ سبھِ ہرِیا ॥2॥

ਸੋਭਾ ਸੁਰਤਿ ਨਾਮਿ ਭਗਵੰਤੁ ॥	سوبھا سُرتِ نامِ بھگونتُ ॥
ਪੂਰੇ ਗੁਰ ਕਾ ਨਿਰਮਲ ਮੰਤੁ ॥੩॥	پُورے گُر کا نِرمل منتُ ॥3॥
ਚਰਣ ਕਮਲ ਹਿਰਦੇ ਮਹਿ ਜਾਪੁ ॥	چرنؔ کمل ہِردے مہِ جاپُ ॥
ਨਾਨਕੁ ਪੇਖਿ ਜੀਵੈ ਪਰਤਾਪੁ ॥੪॥੮੮॥੧੫੭॥	نانکُ پیکھِ جیِوے پرتاپُ ॥4॥ 88 ॥ 157 ॥
ਗਉੜੀ ਮਹਲਾ ੫ ॥	گئُڑی محلا 5 ॥
ਧੰਨੁ ਇਹੁ ਥਾਨੁ ਗੋਵਿੰਦ ਗੁਣ ਗਾਏ ॥	دھنّ اِہُ تھانُ گووِنّد گُنؔ گائے ॥
ਕੁਸਲ ਖੇਮ ਪ੍ਰਭਿ ਆਪਿ ਬਸਾਏ ॥੧॥ ਰਹਾਉ ॥	کُسل کھیم پربھِ آپِ بسائے ॥1॥ رہاءُ ॥
ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ ॥	بِپتِ تہا جہا ہرِ سِمرنُ ناہی ॥
ਕੋਟਿ ਅਨੰਦ ਜਹ ਹਰਿ ਗੁਨ ਗਾਹੀ ॥੨॥	کوٹِ انند جہ ہرِ گُن گاہی ॥2॥
ਹਰਿ ਬਿਸਰਿਐ ਦੁਖ ਰੋਗ ਘਨੇਰੇ ॥	ہرِ بِسرِئے دُکھ روگ گھنیرے ॥
ਪ੍ਰਭ ਸੇਵਾ ਜਮੁ ਲਗੈ ਨ ਨੇਰੇ ॥੩॥	پربھ سیوا جمُ لگےَ ن نیرے ॥3॥
ਸੋ ਵਡਭਾਗੀ ਨਿਹਚਲ ਥਾਨੁ ॥	سو وڈبھاگی نِہچل تھانُ ॥
ਜਹ ਜਪੀਐ ਪ੍ਰਭ ਕੇਵਲ ਨਾਮੁ ॥੪॥	جہ جپیئے پربھ کیول نامُ ॥4॥
ਜਹ ਜਾਈਐ ਤਹ ਨਾਲਿ ਮੇਰਾ ਸੁਆਮੀ ॥	جہ جائیئے تہ نالِ میرا سُیامی ॥
ਨਾਨਕ ਕਉ ਮਿਲਿਆ ਅੰਤਰਜਾਮੀ ॥੪॥੮੯॥੧੫੮॥	نانک کءُ مِلیا انترجامی ॥4॥ 89 ॥ 158 ॥
ਗਉੜੀ ਮਹਲਾ ੫ ॥	گئُڑی محلا 5 ॥
ਜੋ ਪ੍ਰਾਣੀ ਗੋਵਿੰਦੁ ਧਿਆਵੈ ॥	جو پرّانی گووِنّدُ دھیاوے ॥
ਪੜਿਆ ਅਣਪੜਿਆ ਪਰਮ ਗਤਿ ਪਾਵੈ ॥੧॥	پڑیا انپڑیا پرم گتِ پاوے ॥1॥
ਸਾਧੂ ਸੰਗਿ ਸਿਮਰਿ ਗੋਪਾਲ ॥	سادھوُ سنگِ سِمرِ گوپال ॥
ਬਿਨੁ ਨਾਵੈ ਝੂਠਾ ਧਨੁ ਮਾਲੁ ॥੧॥ ਰਹਾਉ ॥	بِنُ ناوے جھوُٹھا دھنُ مالُ ॥1॥ رہاءُ ॥
ਰੂਪਵੰਤੁ ਸੋ ਚਤੁਰੁ ਸਿਆਣਾ ॥	روُپونتُ سو چترُ سِیاٹا ॥
ਜਿਨਿ ਜਨਿ ਮਾਨਿਆ ਪ੍ਰਭ ਕਾ ਭਾਣਾ ॥੨॥	جِنِ جنِ مانِیا پربھ کا بھاٹا ॥2॥

ਜਗ ਮਹਿ ਆਇਆ ਸੋ ਪਰਵਾਣੁ ॥	جگ مہِ آئیا سو پرواۃُ ॥
ਘਟਿ ਘਟਿ ਅਪਣਾ ਸੁਆਮੀ ਜਾਣੁ ॥੩॥	گھٹِ گھٹِ اپنّا سُیامی جاۃُ ॥3॥
ਕਹੁ ਨਾਨਕ ਜਾ ਕੇ ਪੂਰਨ ਭਾਗ ॥	کہُ نانک جا کے پوُرن بھاگ ॥
ਹਰਿ ਚਰਣੀ ਤਾ ਕਾ ਮਨੁ ਲਾਗ ॥੪॥੯੦॥੧੫੯॥	ہرِ چرنّی تا کا منُ لاگ ॥4॥ 90 ॥ 159 ॥
ਗਉੜੀ ਮਹਲਾ ੫ ॥	گئڑی محلا 5 ॥
ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ ॥	ہرِ کے داس سِءُ ساکت نہی سنگُ ॥
ਓਹੁ ਬਿਖਈ ਓਸੁ ਰਾਮ ਕੋ ਰੰਗੁ ॥੧॥ ਰਹਾਉ ॥	اوہُ بِکھئی اوسُ رام کو رنگُ ॥1॥ رہاءُ ॥
ਮਨ ਅਸਵਾਰ ਜੈਸੇ ਤੁਰੀ ਸੀਗਾਰੀ ॥	من اسوار جیَسے تُری سیِگاری ॥
ਜਿਉ ਕਾਪੁਰਖੁ ਪੁਚਾਰੈ ਨਾਰੀ ॥੧॥	جِءُ کاپُرکھُ پُچارے ناری ॥1॥
ਬੈਲ ਕਉ ਨੇਤ੍ਰਾ ਪਾਇ ਦੁਹਾਵੈ ॥	بیَل کءُ نیتّرا پاءِ دُہاوے ॥
ਗਊ ਚਰਿ ਸਿੰਘ ਪਾਛੈ ਪਾਵੈ ॥੨॥	گئوَ چرِ سِنگھ پاچھےَ پاوے ॥2॥
ਗਾਡਰ ਲੇ ਕਾਮਧੇਨੁ ਕਰਿ ਪੂਜੀ ॥	گاڈر لے کامدھینُ کرِ پوُجی ॥
ਸਉਦੇ ਕਉ ਧਾਵੈ ਬਿਨੁ ਪੂੰਜੀ ॥੩॥	سئُدے کءُ دھاوےَ بِنُ پوُنّجی ॥3॥
ਨਾਨਕ ਰਾਮ ਨਾਮੁ ਜਪਿ ਚੀਤ ॥	نانک رام نامُ جپِ چیِت ॥
ਸਿਮਰਿ ਸੁਆਮੀ ਹਰਿ ਸਾ ਮੀਤ ॥੪॥੯੧॥੧੬੦॥	سِمرِ سُیامی ہرِ سا میِت ॥4॥ 91 ॥ 160 ॥
ਗਉੜੀ ਮਹਲਾ ੫ ॥	گئڑی محلا 5 ॥
ਸਾ ਮਤਿ ਨਿਰਮਲ ਕਹੀਅਤ ਧੀਰ ॥	سا متِ نِرمل کہیِئت دھیِر ॥
ਰਾਮ ਰਸਾਇਣੁ ਪੀਵਤ ਬੀਰ ॥੧॥	رام رسائِنُ پیِوت بیِر ॥1॥
ਹਰਿ ਕੇ ਚਰਣ ਹਿਰਦੈ ਕਰਿ ਓਟ ॥	ہرِ کے چرنُ ہِردےَ کرِ اوٹ ॥
ਜਨਮ ਮਰਣ ਤੇ ਹੋਵਤ ਛੋਟ ॥੧॥ ਰਹਾਉ ॥	جنم مرنُ تے ہووت چھوٹ ॥1॥ رہاءُ ॥
ਸੋ ਤਨੁ ਨਿਰਮਲੁ ਜਿਤੁ ਉਪਜੈ ਨ ਪਾਪੁ ॥	سو تنُ نِرملُ جِتُ اُپجےَ ن پاپُ ॥
ਰਾਮ ਰੰਗਿ ਨਿਰਮਲ ਪਰਤਾਪੁ ॥੨॥	رام رنگِ نِرمل پرتاپُ ॥2॥

ਸਾਧਸੰਗਿ ਮਿਟਿ ਜਾਤ ਬਿਕਾਰ ॥	سادھسنگِ مِٹ جات بِکار ॥
ਸਭ ਤੇ ਊਚ ਏਹੋ ਉਪਕਾਰ ॥੩॥	سبھ تے اوُچ ایہو اُپکار ॥3॥
ਪ੍ਰੇਮ ਭਗਤਿ ਰਾਤੇ ਗੋਪਾਲ ॥	پرّیم بھگتِ راتے گوپال ॥
ਨਾਨਕ ਜਾਚੈ ਸਾਧ ਰਵਾਲ ॥੪॥੯੨॥੧੬੧॥	نانک جاچےَ سادھ روال ॥4॥ 92 ॥ 161 ॥
ਗਉੜੀ ਮਹਲਾ ੫ ॥	گئڑی محلا 5 ॥
ਐਸੀ ਪ੍ਰੀਤਿ ਗੋਵਿੰਦ ਸਿਉ ਲਾਗੀ ॥	ایَسی پرّیتِ گووِند سِ ءُ لاگی ॥
ਮੇਲਿ ਲਏ ਪੂਰਨ ਵਡਭਾਗੀ ॥੧॥ ਰਹਾਉ ॥	میلِ لئے پوُرن وڈبھاگی ॥1॥ رہاءُ ॥
ਭਰਤਾ ਪੇਖਿ ਬਿਗਸੈ ਜਿਉ ਨਾਰੀ ॥	بھرتا پیکھِ بِگسےَ جِ ءُ ناری ॥
ਤਿਉ ਹਰਿ ਜਨੁ ਜੀਵੈ ਨਾਮੁ ਚਿਤਾਰੀ ॥੧॥	تِ ءُ ہرِ جنُ جیوےَ نامُ چِتاری ॥1॥
ਪੂਤ ਪੇਖਿ ਜਿਉ ਜੀਵਤ ਮਾਤਾ ॥	پوُت پیکھِ جِ ءُ جیوت ماتا ॥
ਓਤਿ ਪੋਤਿ ਜਨੁ ਹਰਿ ਸਿਉ ਰਾਤਾ ॥੨॥	اوتِ پوتِ جنُ ہرِ سِ ءُ راتا ॥2॥
ਲੋਭੀ ਅਨਦੁ ਕਰੈ ਪੇਖਿ ਧਨਾ ॥	لوبھی اندُ کرےَ پیکھِ دھنا ॥
ਜਨ ਚਰਨ ਕਮਲ ਸਿਉ ਲਾਗੋ ਮਨਾ ॥੩॥	جن چرن کمل سِ ءُ لاگو منا ॥3॥
ਬਿਸਰੁ ਨਹੀ ਇਕੁ ਤਿਲੁ ਦਾਤਾਰ ॥	بِسرُ نہی اِکُ تِلُ داتار ۔ ॥
ਨਾਨਕ ਕੇ ਪ੍ਰਭ ਪ੍ਰਾਨ ਅਧਾਰ ॥੪॥੯੩॥੧੬੨॥	نانک کے پرّبھ پرّان ادھار ۔ ॥4॥ 93 ॥ 162 ॥
ਗਉੜੀ ਮਹਲਾ ੫ ॥	گئڑی محلا 5 ॥
ਰਾਮ ਰਸਾਇਣਿ ਜੋ ਜਨ ਗੀਧੇ ॥	رام رسائِنِ جو جن گیدھے ॥
ਚਰਨ ਕਮਲ ਪ੍ਰੇਮ ਭਗਤੀ ਬੀਧੇ ॥੧॥ ਰਹਾਉ ॥	چرن کمل پرّیم بھگتی بیدھے ॥1॥ رہاءُ ॥
ਆਨ ਰਸਾ ਦੀਸਹਿ ਸਭਿ ਛਾਰੁ ॥	آن رسا دیسہِ سبھِ چھارُ ॥
ਨਾਮ ਬਿਨਾ ਨਿਹਫਲ ਸੰਸਾਰ ॥੧॥	نام بِنا نِہپھل سنسار ॥1॥
ਅੰਧ ਕੂਪ ਤੇ ਕਾਢੇ ਆਪਿ ॥	اندھ کوُپ تے کاڈھے آپِ ॥
ਗੁਣ ਗੋਵਿੰਦ ਅਚਰਜ ਪਰਤਾਪ ॥੨॥	گُنڻ گووِند اچرج پرتاپ ॥2॥

ਵਣਿ ਤ੍ਰਿਣਿ ਤ੍ਰਿਭਵਣਿ ਪੂਰਨ ਗੋਪਾਲ ॥	وَنِ تَرِنِ تِربھونِ پُورن گوپال ॥
ਬ੍ਰਹਮ ਪਸਾਰੁ ਜੀਅ ਸੰਗਿ ਦਇਆਲ ॥੩॥	برہم پسارُ جیء سنگِ دیَال ॥3॥
ਕਹੁ ਨਾਨਕ ਸਾ ਕਥਨੀ ਸਾਰੁ ॥	کہُ نانک سا کتھنی سارُ ॥
ਮਾਨਿ ਲੇਤੁ ਜਿਸੁ ਸਿਰਜਨਹਾਰੁ ॥੪॥੯੪॥੧੬੩॥	مانِ لیتُ جِسُ سِرجنہارُ ॥4॥ 94 ॥ 163 ॥
ਗਉੜੀ ਮਹਲਾ ੫ ॥	گئڑی محلا 5 ॥
ਨਿਤਪ੍ਰਤਿ ਨਾਵਣੁ ਰਾਮ ਸਰਿ ਕੀਜੈ ॥	نِتپرتِ ناونُ رام سرِ کیجے ॥
ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ ॥੧॥ ਰਹਾਉ ॥	جھولِ مہا رسُ ہرِ انمرِتُ پیجے ॥1॥ رہاءُ ॥
ਨਿਰਮਲ ਉਦਕੁ ਗੋਵਿੰਦ ਕਾ ਨਾਮ ॥	نِرمل اُدکُ گووِند کا نام ॥
ਮਜਨੁ ਕਰਤ ਪੂਰਨ ਸਭਿ ਕਾਮ ॥੧॥	مجنُ کرت پُورن سبھِ کام ॥1॥
ਸੰਤਸੰਗਿ ਤਹ ਗੋਸਟਿ ਹੋਇ ॥	سنتسنگِ تہ گوسٹِ ہوءِ ॥
ਕੋਟਿ ਜਨਮ ਕੇ ਕਿਲਵਿਖ ਖੋਇ ॥੨॥	کوٹِ جنم کے کِلوِکھ کھوءِ ॥2॥
ਸਿਮਰਹਿ ਸਾਧ ਕਰਹਿ ਆਨੰਦੁ ॥	سِمرہِ سادھ کرہِ آننَدُ ॥
ਮਨਿ ਤਨਿ ਰਵਿਆ ਪਰਮਾਨੰਦੁ ॥੩॥	منِ تنِ رویا پرمانَندُ ॥3॥
ਜਿਸਹਿ ਪਰਾਪਤਿ ਹਰਿ ਚਰਣ ਨਿਧਾਨ ॥	جِسہِ پراپتِ ہرِ چرنُ نِدھان ॥
ਨਾਨਕ ਦਾਸ ਤਿਸਹਿ ਕੁਰਬਾਨ ॥੪॥੯੫॥੧੬੪॥	نانک داس تِسہِ قُربان ॥4॥ 95 ॥ 164 ॥
ਗਉੜੀ ਮਹਲਾ ੫ ॥	گئڑی محلا 5 ॥
ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥	سو کِچھُ کرِ جِتُ میَلُ ن لاگے ॥
ਹਰਿ ਕੀਰਤਨ ਮਹਿ ਏਹੁ ਮਨੁ ਜਾਗੈ ॥੧॥ ਰਹਾਉ ॥	ہرِ کیرتن مہِ ایہُ منُ جاگے ॥1॥ رہاءُ ॥
ਏਕੋ ਸਿਮਰਿ ਨ ਦੂਜਾ ਭਾਉ ॥	ایکو سِمرِ ن دوُجا بھاءُ ॥
ਸੰਤਸੰਗਿ ਜਪਿ ਕੇਵਲ ਨਾਉ ॥੧॥	سنتسنگِ جپِ کیول ناءُ ॥1॥
ਕਰਮ ਧਰਮ ਨੇਮ ਬ੍ਰਤ ਪੂਜਾ ॥	کرم دھرم نیم برت پوُجا ॥
ਪਾਰਬ੍ਰਹਮ ਬਿਨੁ ਜਾਨੁ ਨ ਦੂਜਾ ॥੨॥	پاربرہم بِنُ جانُ ن دوُجا ॥2॥

ਤਾ ਕੀ ਪੂਰਨ ਹੋਈ ਘਾਲ ॥	تا کی پُورن ہوئی گھال ॥
ਜਾ ਕੀ ਪ੍ਰੀਤਿ ਅਪੁਨੇ ਪ੍ਰਭ ਨਾਲਿ ॥੩॥	جا کی پّریِتِ اپُنے پّربھ نالِ ॥3॥
ਸੋ ਬੈਸਨੋ ਹੈ ਅਪਰ ਅਪਾਰੁ ॥	سو بیَسنو ہے اپر اپارُ ॥
ਕਹੁ ਨਾਨਕ ਜਿਨਿ ਤਜੇ ਬਿਕਾਰ ॥੪॥੯੬॥੧੬੫॥	کہُ نانک جِنِ تجے بِکار ॥4॥ 96 ॥ 165 ॥
ਗਉੜੀ ਮਹਲਾ ੫ ॥	گئڑی محلا 5 ॥
ਜੀਵਤ ਛਾਡਿ ਜਾਹਿ ਦੇਵਾਨੇ ॥	جیِوت چھاڈِ جاہِ دیوانے ۔ ॥
ਮੁਇਆ ਉਨ ਤੇ ਕੋ ਵਰਸਾਂਨੇ ॥੧॥	مُئیا اُن تے کو ورساںنے ۔ ॥1॥
ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ ॥	سِمرِ گووِنّدُ منِ تنِ دھُرِ لِکھیا ॥
ਕਾਹੂ ਕਾਜ ਨ ਆਵਤ ਬਿਖਿਆ ॥੧॥ ਰਹਾਉ ॥	کاہوُ کاج ن آوت بِکھیا ॥1॥ رہاءُ ॥
ਬਿਖੈ ਠਗਉਰੀ ਜਿਨਿ ਜਿਨਿ ਖਾਈ ॥	بِکھےَ ٹھگئُری جِنِ جِنِ کھائی ॥
ਤਾ ਕੀ ਤ੍ਰਿਸਨਾ ਕਬਹੂੰ ਨ ਜਾਈ ॥੨॥	تا کی تّرِسنا کبہوُنّ ن جائی ॥2॥
ਦਾਰਨ ਦੁਖ ਦੁਤਰ ਸੰਸਾਰੁ ॥	دارن دُکھ دُتّر سنّسارُ ॥
ਰਾਮ ਨਾਮ ਬਿਨੁ ਕੈਸੇ ਉਤਰਸਿ ਪਾਰਿ ॥੩॥	رام نام بِنُ کیَسے اُترسِ پارِ ۔ ॥3॥
ਸਾਧ ਸੰਗਿ ਮਿਲਿ ਦੁਇ ਕੁਲ ਸਾਧਿ ॥	سادھ سنگِ مِلِ دُءِ کُل سادھِ ॥
ਰਾਮ ਨਾਮ ਨਾਨਕ ਆਰਾਧਿ ॥੪॥੯੭॥੧੬੬॥	رام نام نانک آرادھِ ॥4॥ 97 ॥ 166 ॥
ਗਉੜੀ ਮਹਲਾ ੫ ॥	گئڑی محلا 5 ॥
ਗਰੀਬਾ ਉਪਰਿ ਜਿ ਖਿੰਜੈ ਦਾੜੀ ॥	غریبا اُپرِ جِ کھِنجّےَ داڑی ॥
ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥੧॥	پاربّرہمِ سا اگنِ مہِ ساڑی ॥1॥
ਪੂਰਾ ਨਿਆਉ ਕਰੇ ਕਰਤਾਰੁ ॥	پوُرا نِیاءُ کرے کرتارُ ॥
ਅਪੁਨੇ ਦਾਸ ਕਉ ਰਾਖਨਹਾਰੁ ॥੧॥ ਰਹਾਉ ॥	اپُنے داس ک ءُ راکھنہارُ ॥1॥ رہاءُ ॥
ਆਦਿ ਜੁਗਾਦਿ ਪ੍ਰਗਟਿ ਪਰਤਾਪੁ ॥	آدِ جُگادِ پّرگٹِ پرتاپُ ॥
ਨਿੰਦਕੁ ਮੁਆ ਉਪਜਿ ਵਡ ਤਾਪੁ ॥੨॥	نِنّدکُ مُیا اُپجِ وڈ تاپُ ॥2॥

ਤਿਨਿ ਮਾਰਿਆ ਜਿ ਰਖੈ ਨ ਕੋਇ ॥	تِنِ مارِیا جِ رکھے َن کوءِ ॥
ਆਗੈ ਪਾਛੈ ਮੰਦੀ ਸੋਇ ॥੩॥	آگے پاچھے َمندی سوءِ ॥3॥
ਅਪੁਨੇ ਦਾਸ ਰਾਖੈ ਕੰਠਿ ਲਾਇ ॥	اپُنے داس راکھے َکنٹھِ لاءِ ॥
ਸਰਣਿ ਨਾਨਕ ਹਰਿ ਨਾਮੁ ਧਿਆਇ ॥੪॥੯੮॥੧੬੭॥	سرنِ نانک ہرِ نامُ دھِیاءِ ॥4॥ 98 ॥ 167 ॥
ਗਉੜੀ ਮਹਲਾ ੫ ॥	گئڑی محلا 5 ॥
ਮਹਜਰੁ ਝੂਠਾ ਕੀਤੋਨੁ ਆਪਿ ॥	محضرُ جھوُٹھا کِیتونُ آپِ ॥
ਪਾਪੀ ਕਉ ਲਾਗਾ ਸੰਤਾਪੁ ॥੧॥	پاپی ک ءُ لاگا سنّتاپُ ॥1॥
ਜਿਸਹਿ ਸਹਾਈ ਗੋਬਿਦੁ ਮੇਰਾ ॥	جِسہِ سہائی گوبِدُ میرا ॥
ਤਿਸੁ ਕਉ ਜਮੁ ਨਹੀ ਆਵੈ ਨੇਰਾ ॥੧॥ ਰਹਾਉ ॥	تِس ک ءُ جمُ نہی آوے َنیرا ॥1॥ رہاءُ ॥
ਸਾਚੀ ਦਰਗਹ ਬੋਲੈ ਕੂੜੁ ॥	ساچی درگہ بولے َکوُڑُ ॥
ਸਿਰੁ ਹਾਥ ਪਛੋੜੈ ਅੰਧਾ ਮੂੜੁ ॥੨॥	سِرُ ہاتھ پچھوڑے َاندھا موُڑُ ॥2॥
ਰੋਗ ਬਿਆਪੇ ਕਰਦੇ ਪਾਪ ॥	روگ بِیاپے کردے پاپ ॥
ਅਦਲੀ ਹੋਇ ਬੈਠਾ ਪ੍ਰਭੁ ਆਪਿ ॥੩॥	عدلی ہوءِ بیٹھا پربھُ آپِ ॥3॥
ਅਪਨ ਕਮਾਇਐ ਆਪੇ ਬਾਧੇ ॥	اپن کمائے َآپے بادھے ॥
ਦਰਬੁ ਗਇਆ ਸਭੁ ਜੀਅ ਕੈ ਸਾਥੈ ॥੪॥	دربُ گئیا سبھُ جی ء کے َساتھے َ॥4॥
ਨਾਨਕ ਸਰਨਿ ਪਰੇ ਦਰਬਾਰਿ ॥	نانک سرنِ پرے دربارِ ॥
ਰਾਖੀ ਪੈਜ ਮੇਰੈ ਕਰਤਾਰਿ ॥੫॥੯੯॥੧੬੮॥	راکھی پیج میرے َکرتارِ ॥5॥ 99 ॥ 168 ॥
ਗਉੜੀ ਮਹਲਾ ੫ ॥	گئڑی محلا 5 ॥
ਜਨ ਕੀ ਧੂਰਿ ਮਨ ਮੀਠ ਖਟਾਨੀ ॥	جن کی دھوُرِ من میٹھ کھٹانی ॥
ਪੂਰਬਿ ਕਰਮਿ ਲਿਖਿਆ ਧੁਰਿ ਪ੍ਰਾਨੀ ॥੧॥ ਰਹਾਉ ॥	پوُربِ کرمِ لِکھیا دھُرِ پرّانی ॥1॥ رہاءُ ॥
ਅਹੰਬੁਧਿ ਮਨ ਪੂਰਿ ਬਿਧਾਈ ॥	اہنّدھِ من پوُرِ تھِدھائی ॥
ਸਾਧ ਧੂਰਿ ਕਰਿ ਸੁਧ ਮੰਜਾਈ ॥੧॥	سادھ دھوُرِ کرِ سُدھ منجّائی ॥1॥

ਅਨਿਕ ਜਲਾ ਜੇ ਧੋਵੈ ਦੇਹੀ ॥	انِک جلا جے دھووے دیہی ॥
ਮੈਲੁ ਨ ਉਤਰੈ ਸੁਧੁ ਨ ਤੇਹੀ ॥੨॥	میَلُ ن اُترے سُدھُ ن تیہی ॥2॥
ਸਤਿਗੁਰੁ ਭੇਟਿਓ ਸਦਾ ਕ੍ਰਿਪਾਲ ॥	ستِگُرُ بھیٹِیو سدا کرِپال ॥
ਹਰਿ ਸਿਮਰਿ ਸਿਮਰਿ ਕਾਟਿਆ ਭਉ ਕਾਲ ॥੩॥	ہرِ سِمرِ سِمرِ کاٹِیا بھءُ کال ॥3॥
ਮੁਕਤਿ ਭੁਗਤਿ ਜੁਗਤਿ ਹਰਿ ਨਾਉ ॥	مُکتِ بھگتِ جُگتِ ہرِ ناءُ ॥
ਪ੍ਰੇਮ ਭਗਤਿ ਨਾਨਕ ਗੁਣ ਗਾਉ ॥੪॥੧੦੦॥੧੬੯॥	پرّیم بھگتِ نانک گُن گاءُ ॥4॥ 100 ॥ 169 ॥
ਗਉੜੀ ਮਹਲਾ ੫ ॥	گئڑی محلا 5 ॥
ਜੀਵਨ ਪਦਵੀ ਹਰਿ ਕੇ ਦਾਸ ॥	جیِون پدوی ہرِ کے داس ॥
ਜਿਨ ਮਿਲਿਆ ਆਤਮ ਪਰਗਾਸੁ ॥੧॥	جِن مِلیا آتم پرگاسُ ॥1॥
ਹਰਿ ਕਾ ਸਿਮਰਨੁ ਸੁਨਿ ਮਨ ਕਾਨੀ ॥	ہرِ کا سِمرنُ سُنِ من کانی ॥
ਸੁਖੁ ਪਾਵਹਿ ਹਰਿ ਦੁਆਰ ਪਰਾਨੀ ॥੧॥ ਰਹਾਉ ॥	سُکھُ پاوہِ ہرِ دُیار پرانی ۔ ॥1॥ رہاءُ ॥
ਆਠ ਪਹਰ ਧਿਆਈਐ ਗੋਪਾਲੁ ॥	آٹھ پہر دھِیائیئے گوپالُ ॥
ਨਾਨਕ ਦਰਸਨੁ ਦੇਖਿ ਨਿਹਾਲੁ ॥੨॥੧੦੧॥੧੭੦॥	نانک درسنُ دیکھِ نِہالُ ॥2॥ 101 ॥ 170 ॥
ਗਉੜੀ ਮਹਲਾ ੫ ॥	گئڑی محلا 5 ॥
ਸਾਂਤਿ ਭਈ ਗੁਰ ਗੋਬਿਦਿ ਪਾਈ ॥	سانتِ بھئی گُر گوبِدِ پائی ॥
ਤਾਪ ਪਾਪ ਬਿਨਸੇ ਮੇਰੇ ਭਾਈ ॥੧॥ ਰਹਾਉ ॥	تاپ پاپ بِنسے میرے بھائی ۔ ॥1॥ رہاءُ ॥
ਰਾਮ ਨਾਮੁ ਨਿਤ ਰਸਨ ਬਖਾਨ ॥	رام نامُ نِت رسن بکھان ॥
ਬਿਨਸੇ ਰੋਗ ਭਏ ਕਲਿਆਨ ॥੧॥	بِنسے روگ بھئے کلیان ॥1॥
ਪਾਰਬ੍ਰਹਮ ਗੁਣ ਅਗਮ ਬੀਚਾਰ ॥	پاربّرہم گُن اگم بیچار ॥
ਸਾਧੂ ਸੰਗਮਿ ਹੈ ਨਿਸਤਾਰ ॥੨॥	سادھوُ سنگمِ ہے نِستار ॥2॥
ਨਿਰਮਲ ਗੁਣ ਗਾਵਹੁ ਨਿਤ ਨੀਤ ॥	نِرمل گُن گاوہُ نِت نیت ॥
ਗਈ ਬਿਆਧਿ ਉਬਰੇ ਜਨ ਮੀਤ ॥੩॥	گئی بیادھِ اُبرے جن میت ۔ ॥3॥

ਮਨ ਬਚ ਕ੍ਰਮ ਪ੍ਰਭੁ ਅਪਨਾ ਧਿਆਈ ॥	من بچ کرم پربھُ اپنا دھیائی ॥
ਨਾਨਕ ਦਾਸ ਤੇਰੀ ਸਰਣਾਈ ॥੪॥੧੦੨॥੧੭੧॥	نانک داس تیری سرٹائی ॥4॥ 102 ॥ 171 ॥
ਗਉੜੀ ਮਹਲਾ ੫ ॥	گئڑی محلا 5 ॥
ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥	نیتّر پرگاسُ کیا گُردیو ॥
ਭਰਮ ਗਏ ਪੂਰਨ ਭਈ ਸੇਵ ॥੧॥ ਰਹਾਉ ॥	بھرم گئے پوُرن بھئی سیو ॥1॥ رہاءُ ॥
ਸੀਤਲਾ ਤੇ ਰਖਿਆ ਬਿਹਾਰੀ ॥	سیِتلا تے رکھیا بِہاری ॥
ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥੧॥	پاربرّہم پربھ کِرپا دھاری ॥1॥
ਨਾਨਕ ਨਾਮੁ ਜਪੈ ਸੋ ਜੀਵੈ ॥	نانک نامُ جپے سو جیِوے ॥
ਸਾਧਸੰਗਿ ਹਰਿ ਅੰਮ੍ਰਿਤੁ ਪੀਵੈ ॥੨॥੧੦੩॥੧੭੨॥	سادھسنگِ ہرِ انمّرِتُ پیِوے ॥2॥ 103 ॥ 172 ॥
ਗਉੜੀ ਮਹਲਾ ੫ ॥	گئڑی محلا 5 ॥
ਧਨੁ ਓਹੁ ਮਸਤਕੁ ਧਨੁ ਤੇਰੇ ਨੇਤ ॥	دھنُ اوہُ مستکُ دھنُ تیرے نیت ॥
ਧਨੁ ਓਇ ਭਗਤ ਜਿਨ ਤੁਮ ਸੰਗਿ ਹੇਤ ॥੧॥	دھنُ اوءِ بھگت جِن تُم سنگِ ہیت ॥1॥
ਨਾਮ ਬਿਨਾ ਕੈਸੇ ਸੁਖੁ ਲਹੀਐ ॥	نام بِنا کیَسے سُکھُ لہیِئے ۔ ॥
ਰਸਨਾ ਰਾਮ ਨਾਮ ਜਸੁ ਕਹੀਐ ॥੧॥ ਰਹਾਉ ॥	رسنا رام نام جسُ کہیِئے ॥1॥ رہاءُ ॥
ਤਿਨ ਊਪਰਿ ਜਾਈਐ ਕੁਰਬਾਣੁ ॥	تِن اوُپر جائیِئے قُربانُ ॥
ਨਾਨਕ ਜਿਨਿ ਜਪਿਆ ਨਿਰਬਾਣੁ ॥੨॥੧੦੪॥੧੭੩॥	نانک جِنِ جپیا نِربانُ ॥2॥ 104 ॥ 173 ॥
ਗਉੜੀ ਮਹਲਾ ੫ ॥	گئڑی محلا 5 ॥
ਤੂੰਹੈ ਮਸਲਤਿ ਤੂੰਹੈ ਨਾਲਿ ॥	توُنہے مصلتِ توُنہے نالِ ॥
ਤੂਹੈ ਰਾਖਹਿ ਸਾਰਿ ਸਮਾਲਿ ॥੧॥	توُہے راکھِ سارِ سمالِ ॥1॥
ਐਸਾ ਰਾਮੁ ਦੀਨ ਦੁਨੀ ਸਹਾਈ ॥	ایَسا رامُ دِین دُنی سہائی ॥
ਦਾਸ ਕੀ ਪੈਜ ਰਖੈ ਮੇਰੇ ਭਾਈ ॥੧॥ ਰਹਾਉ ॥	داس کی پیَج رکھے میرے بھائی ۔ ॥1॥ رہاءُ ॥
ਆਗੈ ਆਪਿ ਇਹੁ ਥਾਨੁ ਵਸਿ ਜਾ ਕੈ ॥	آگے آپِ اِہُ تھانُ وسِ جا کے ॥

ਆਠ ਪਹਰ ਮਨੁ ਹਰਿ ਕਉ ਜਾਪੈ ॥੨॥	آٹھ پہر منُ ہرِ کءُ جاپے ॥2॥
ਪਤਿ ਪਰਵਾਣੁ ਸਚੁ ਨੀਸਾਣੁ ॥	پتِ پرواۃُ سچُ نِیشاۃُ ॥
ਜਾ ਕਉ ਆਪਿ ਕਰਹਿ ਫੁਰਮਾਨੁ ॥੩॥	جا کءُ آپِ کرہِ فُرمانُ ॥3॥
ਆਪੇ ਦਾਤਾ ਆਪਿ ਪ੍ਰਤਿਪਾਲਿ ॥	آپے داتا آپِ پرتپالِ ॥
ਨਿਤ ਨਿਤ ਨਾਨਕ ਰਾਮ ਨਾਮੁ ਸਮਾਲਿ ॥੪॥੧੦੫॥੧੭੪॥	نِت نِت نانک رام نامُ سمالِ ॥4॥ 105 ॥ 174 ॥
ਗਉੜੀ ਮਹਲਾ ੫ ॥	گئڑی محلا 5 ॥
ਸਤਿਗੁਰੁ ਪੂਰਾ ਭਇਆ ਕ੍ਰਿਪਾਲੁ ॥	ستِگُرُ پوُرا بھئیا کرِپالُ ॥
ਹਿਰਦੈ ਵਸਿਆ ਸਦਾ ਗੁਪਾਲੁ ॥੧॥	ہِردے وسِیا سدا گُپالُ ॥1॥
ਰਾਮੁ ਰਵਤ ਸਦ ਹੀ ਸੁਖੁ ਪਾਇਆ ॥	رامُ روت سد ہی سُکھُ پائیا ॥
ਮਇਆ ਕਰੀ ਪੂਰਨ ਹਰਿ ਰਾਇਆ ॥੧॥ ਰਹਾਉ ॥	مِئیا کری پوُرن ہرِ رائیا ॥1॥ رہاءُ ॥
ਕਹੁ ਨਾਨਕ ਜਾ ਕੇ ਪੂਰੇ ਭਾਗ ॥	کہُ نانک جا کے پوُرے بھاگ ॥
ਹਰਿ ਹਰਿ ਨਾਮੁ ਅਸਥਿਰੁ ਸੋਹਾਗੁ ॥੨॥੧੦੬॥	ہرِ ہرِ نامُ استھِرُ سوہاگُ ॥2॥ 106 ॥
ਗਉੜੀ ਮਹਲਾ ੫ ॥	گئڑی محلا 5 ॥
ਧੋਤੀ ਖੋਲਿ ਵਿਛਾਏ ਹੇਠਿ ॥	دھوتی کھولِ وِچھائے ہیٹھِ ॥
ਗਰਧਪ ਵਾਂਗੂ ਲਾਹੇ ਪੇਟਿ ॥੧॥	گردھپ وانگوُ لاہے پیٹِ ॥1॥
ਬਿਨੁ ਕਰਤੂਤੀ ਮੁਕਤਿ ਨ ਪਾਈਐ ॥	بِنُ کرتوُتی مُکتِ ن پائیَےَ ॥
ਮੁਕਤਿ ਪਦਾਰਥੁ ਨਾਮੁ ਧਿਆਈਐ ॥੧॥ ਰਹਾਉ ॥	مُکتِ پدارتھُ نامُ دھیائیَےَ ॥1॥ رہاءُ ॥
ਪੂਜਾ ਤਿਲਕ ਕਰਤ ਇਸਨਾਨਾਂ ॥	پوُجا تِلک کرت اِسناناں ॥
ਛੁਰੀ ਕਾਢਿ ਲੇਵੈ ਹਥਿ ਦਾਨਾ ॥੨॥	چھُری کاڈھِ لیوے ہتھِ دانا ॥2॥
ਬੇਦੁ ਪੜੈ ਮੁਖਿ ਮੀਠੀ ਬਾਣੀ ॥	بیدُ پڑے مُکھِ میٹھی بانٹی ॥
ਜੀਆ ਕੁਹਤ ਨ ਸੰਗੈ ਪਰਾਣੀ ॥੩॥	جیِیا کُہت ن سنگَے پرانٹی ॥3॥
ਕਹੁ ਨਾਨਕ ਜਿਸੁ ਕਿਰਪਾ ਧਾਰੈ ॥	کہُ نانک جِسُ کرِپا دھارے ॥

ਹਿਰਦਾ ਸੁਧੁ ਬ੍ਰਹਮੁ ਬੀਚਾਰੈ ॥੪॥੧੦੭॥	ہِردا سُدھُ برہمُ بیچارے ॥4॥ 107 ॥
ਗਉੜੀ ਮਹਲਾ ੫ ॥	گئڑی محلا 5 ॥
ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥	تھِرُ گھرِ بیَسہُ ہرِ جن پیارے ۔ ॥
ਸਤਿਗੁਰਿ ਤੁਮਰੇ ਕਾਜ ਸਵਾਰੇ ॥੧॥ ਰਹਾਉ ॥	ستِگُرِ تُمرے کاج سوارے ॥1॥ رہاءُ ॥
ਦੁਸਟ ਦੂਤ ਪਰਮੇਸਰਿ ਮਾਰੇ ॥	دُسٹ دوُت پرمیسرِ مارے ॥
ਜਨ ਕੀ ਪੈਜ ਰਖੀ ਕਰਤਾਰੇ ॥੧॥	جن کی پیَج رکھی کرتارے ॥1॥
ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ ॥	بادِشاہ ساہ سبھ وسِ کرِ دینے ॥
ਅੰਮ੍ਰਿਤ ਨਾਮ ਮਹਾ ਰਸ ਪੀਨੇ ॥੨॥	انمّرِت نام مہا رس پینے ॥2॥
ਨਿਰਭਉ ਹੋਇ ਭਜਹੁ ਭਗਵਾਨ ॥	نِربھءُ ہوءِ بھجہُ بھگوان ॥
ਸਾਧਸੰਗਤਿ ਮਿਲਿ ਕੀਨੋ ਦਾਨੁ ॥੩॥	سادھسنگتِ مِلِ کِینو دانُ ॥3॥
ਸਰਣਿ ਪਰੇ ਪ੍ਰਭ ਅੰਤਰਜਾਮੀ ॥	سرنِٹ پرے پربھ انترجامی ॥
ਨਾਨਕ ਓਟ ਪਕਰੀ ਪ੍ਰਭ ਸੁਆਮੀ ॥੪॥੧੦੮॥	نانک اوٹ پکری پربھ سُیامی ॥4॥ 108 ॥
ਗਉੜੀ ਮਹਲਾ ੫ ॥	گئڑی محلا 5 ॥
ਹਰਿ ਸੰਗਿ ਰਾਤੇ ਭਾਹਿ ਨ ਜਲੈ ॥	ہرِ سنگِ راتے بھاہِ ن جلےَ ॥
ਹਰਿ ਸੰਗਿ ਰਾਤੇ ਮਾਇਆ ਨਹੀ ਛਲੈ ॥	ہرِ سنگِ راتے مائیا نہی چھلےَ ॥
ਹਰਿ ਸੰਗਿ ਰਾਤੇ ਨਹੀ ਡੂਬੈ ਜਲਾ ॥	ہرِ سنگِ راتے نہی ڈوُبےَ جلا ॥
ਹਰਿ ਸੰਗਿ ਰਾਤੇ ਸੁਫਲ ਫਲਾ ॥੧॥	ہرِ سنگِ راتے سُپھل پھلا ॥1॥
ਸਭ ਭੈ ਮਿਟਹਿ ਤੁਮਾਰੈ ਨਾਇ ॥	سبھ بھےَ مِٹہِ تُمارے ناءِ ॥
ਭੇਟਤ ਸੰਗਿ ਹਰਿ ਹਰਿ ਗੁਨ ਗਾਇ ॥ ਰਹਾਉ ॥	بھیٹت سنگِ ہرِ ہرِ گُن گاءِ ॥ رہاءُ ॥
ਹਰਿ ਸੰਗਿ ਰਾਤੇ ਮਿਟੈ ਸਭ ਚਿੰਤਾ ॥	ہرِ سنگِ راتے مِٹے سبھ چِنّتا ॥
ਹਰਿ ਸਿਉ ਸੋ ਰਚੈ ਜਿਸੁ ਸਾਧ ਕਾ ਮੰਤਾ ॥	ہرِ سِءُ سو رچےَ جِسُ سادھ کا منّتا ॥
ਹਰਿ ਸੰਗਿ ਰਾਤੇ ਜਮ ਕੀ ਨਹੀ ਤ੍ਰਾਸ ॥	ہرِ سنگِ راتے جم کی نہی ترّاس ॥

ਹਰਿ ਸੰਗਿ ਰਾਤੇ ਪੂਰਨ ਆਸ ॥੨॥	ہرِ سنگِ راتے پوُرن آس ॥2॥
ਹਰਿ ਸੰਗਿ ਰਾਤੇ ਦੂਖੁ ਨ ਲਾਗੈ ॥	ہرِ سنگِ راتے دوُکھُ ن لاگے ॥
ਹਰਿ ਸੰਗਿ ਰਾਤਾ ਅਨਦਿਨੁ ਜਾਗੈ ॥	ہرِ سنگِ راتا اندِنُ جاگے ॥
ਹਰਿ ਸੰਗਿ ਰਾਤਾ ਸਹਜ ਘਰਿ ਵਸੈ ॥	ہرِ سنگِ راتا سہج گھرِ وسے ॥
ਹਰਿ ਸੰਗਿ ਰਾਤੇ ਭ੍ਰਮੁ ਭਉ ਨਸੈ ॥੩॥	ہرِ سنگِ راتے بھرّمُ بھءُ نسے ॥3॥
ਹਰਿ ਸੰਗਿ ਰਾਤੇ ਮਤਿ ਊਤਮ ਹੋਇ ॥	ہرِ سنگِ راتے متِ اوُتم ہوءِ ॥
ਹਰਿ ਸੰਗਿ ਰਾਤੇ ਨਿਰਮਲ ਸੋਇ ॥	ہرِ سنگِ راتے نِرمل سوءِ ॥
ਕਹੁ ਨਾਨਕ ਤਿਨ ਕਉ ਬਲਿ ਜਾਈ ॥	کہُ نانک تِن کءُ بلِ جائی ॥
ਜਿਨ ਕਉ ਪ੍ਰਭੁ ਮੇਰਾ ਬਿਸਰਤ ਨਾਹੀ ॥੪॥੧੦੯॥	جِن کءُ پربھُ میرا بِسرت ناہی ॥4॥ 109 ॥
ਗਉੜੀ ਮਹਲਾ ੫ ॥	گئڑی محلا 5 ॥
ਉਦਮੁ ਕਰਤ ਸੀਤਲ ਮਨ ਭਏ ॥	اُدمُ کرت سیتل من بھے ॥
ਮਾਰਗਿ ਚਲਤ ਸਗਲ ਦੁਖ ਗਏ ॥	مارگِ چلت سگل دُکھ گے ॥
ਨਾਮੁ ਜਪਤ ਮਨਿ ਭਏ ਅਨੰਦ ॥	نامُ جپت منِ بھے انند ॥
ਰਸਿ ਗਾਏ ਗੁਨ ਪਰਮਾਨੰਦ ॥੧॥	رسِ گائے گُن پرمانند ॥1॥
ਖੇਮ ਭਇਆ ਕੁਸਲ ਘਰਿ ਆਏ ॥	کھیم بھئیا کسل گھرِ آئے ॥
ਭੇਟਤ ਸਾਧਸੰਗਿ ਗਈ ਬਲਾਏ ॥ ਰਹਾਉ ॥	بھیٹت سادھسنگِ گئی بلائے ॥ رہاءُ ॥
ਨੇਤ੍ਰ ਪੁਨੀਤ ਪੇਖਤ ਹੀ ਦਰਸ ॥	نیتّر پُنیت پیکھت ہی درس ॥
ਧਨਿ ਮਸਤਕ ਚਰਨ ਕਮਲ ਹੀ ਪਰਸ ॥	دھنِ مستک چرن کمل ہی پرس ॥
ਗੋਬਿੰਦ ਕੀ ਟਹਲ ਸਫਲ ਇਹ ਕਾਂਇਆ ॥	گوبِند کی ٹہل سپھل اِہ کانئیا ॥
ਸੰਤ ਪ੍ਰਸਾਦਿ ਪਰਮ ਪਦੁ ਪਾਇਆ ॥੨॥	سنّت پرّسادِ پرم پدُ پائیا ॥2॥
ਜਨ ਕੀ ਕੀਨੀ ਆਪਿ ਸਹਾਇ ॥	جن کی کِینی آپِ سہاءِ ॥
ਸੁਖੁ ਪਾਇਆ ਲਗਿ ਦਾਸਹ ਪਾਇ ॥	سُکھُ پائیا لگِ داسہ پاءِ ॥

ਆਪੁ ਗਇਆ ਤਾ ਆਪਹਿ ਭਏ ॥	آپُ گئیا تا آپہِ بھئے ॥
ਕ੍ਰਿਪਾ ਨਿਧਾਨ ਕੀ ਸਰਨੀ ਪਏ ॥੩॥	کرِپا نِدھان کی سرنی پئے ॥3॥
ਜੋ ਚਾਹਤ ਸੋਈ ਜਬ ਪਾਇਆ ॥	جو چاہت سوئی جب پائیا ॥
ਤਬ ਢੂੰਢਨ ਕਹਾ ਕੋ ਜਾਇਆ ॥	تب ڈھوُنڈھن کہا کو جائیا ۔ ॥
ਅਸਥਿਰ ਭਏ ਬਸੇ ਸੁਖ ਆਸਨ ॥	استھِر بھئے بسے سُکھ آسن ॥
ਗੁਰ ਪ੍ਰਸਾਦਿ ਨਾਨਕ ਸੁਖ ਬਾਸਨ ॥੪॥੧੧੦॥	گُر پرّسادِ نانک سُکھ باسن ॥4॥ 110 ॥
ਗਉੜੀ ਮਹਲਾ ੫ ॥	گئڑی محلا 5 ॥
ਕੋਟਿ ਮਜਨ ਕੀਨੋ ਇਸਨਾਨ ॥	کوٹِ مجن کِینو اِسنان ॥
ਲਾਖ ਅਰਬ ਖਰਬ ਦੀਨੋ ਦਾਨੁ ॥	لاکھ ارب کھرب دِینو دانُ ॥
ਜਾ ਮਨਿ ਵਸਿਓ ਹਰਿ ਕੋ ਨਾਮੁ ॥੧॥	جا منِ وسِئو ہرِ کو نامُ ॥1॥
ਸਗਲ ਪਵਿਤ ਗੁਨ ਗਾਇ ਗੁਪਾਲ ॥	سگل پوِت گُن گاءِ گُپال ॥
ਪਾਪ ਮਿਟਹਿ ਸਾਧੂ ਸਰਨਿ ਦਇਆਲ ॥ ਰਹਾਉ ॥	پاپ مِٹہِ سادھوُ سرنِ دئیال ॥ رہاءُ ॥
ਬਹੁਤੁ ਉਰਧ ਤਪ ਸਾਧਨ ਸਾਧੇ ॥	بہُتُ اُردھ تپ سادھن سادھے ॥
ਅਨਿਕ ਲਾਭ ਮਨੋਰਥ ਲਾਧੇ ॥	انِک لابھ منورتھ لادھے ॥
ਹਰਿ ਹਰਿ ਨਾਮ ਰਸਨ ਆਰਾਧੇ ॥੨॥	ہرِ ہرِ نام رسن آرادھے ॥2॥
ਸਿੰਮ੍ਰਿਤਿ ਸਾਸਤ ਬੇਦ ਬਖਾਨੇ ॥	سِنمّرِتِ ساست بید بکھانے ॥
ਜੋਗ ਗਿਆਨ ਸਿਧ ਸੁਖ ਜਾਨੇ ॥	جوگ گِیان سِدھ سُکھ جانے ॥
ਨਾਮੁ ਜਪਤ ਪ੍ਰਭ ਸਿਉ ਮਨ ਮਾਨੇ ॥੩॥	نامُ جپت پربھ سِءُ من مانے ॥3॥
ਅਗਾਧਿ ਬੋਧਿ ਹਰਿ ਅਗਮ ਅਪਾਰੇ ॥	اگادھِ بودھِ ہرِ اگم اپارے ॥
ਨਾਮੁ ਜਪਤ ਨਾਮੁ ਰਿਦੇ ਬੀਚਾਰੇ ॥	نامُ جپت نامُ رِدے بیچارے ॥
ਨਾਨਕ ਕਉ ਪ੍ਰਭ ਕਿਰਪਾ ਧਾਰੇ ॥੪॥੧੧੧॥	نانک کءُ پربھ کِرپا دھارے ॥4॥ 111 ॥
ਗਉੜੀ ਮਃ ੫ ॥	گئڑی م: 5 ॥

ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ॥	سِمرِ سِمرِ سِمرِ سُکھُ پائیا ॥
ਚਰਨ ਕਮਲ ਗੁਰ ਰਿਦੈ ਬਸਾਇਆ ॥੧॥	چرن کمل گُر رِدے بسائیا ॥1॥
ਗੁਰ ਗੋਬਿੰਦੁ ਪਾਰਬ੍ਰਹਮੁ ਪੂਰਾ ॥	گُر گوبِندُ پاربرہمُ پوُرا ॥
ਤਿਸਹਿ ਅਰਾਧਿ ਮੇਰਾ ਮਨੁ ਧੀਰਾ ॥ ਰਹਾਉ ॥	تِسہِ ارادھِ میرا منُ دھیرا ॥ رہاءُ ॥
ਅਨਦਿਨੁ ਜਪਉ ਗੁਰੂ ਗੁਰ ਨਾਮ ॥	اندِنُ جپ ءُ گُروُ گُر نام ॥
ਤਾ ਤੇ ਸਿਧਿ ਭਏ ਸਗਲ ਕਾਂਮ ॥੨॥	تا تے سِدھِ بھےَ سگل کانْم ॥2॥
ਦਰਸਨ ਦੇਖਿ ਸੀਤਲ ਮਨ ਭਏ ॥	درسن دیکھِ سیتل من بھےَ ॥
ਜਨਮ ਜਨਮ ਕੇ ਕਿਲਬਿਖ ਗਏ ॥੩॥	جنم جنم کے کِلبِکھ گےَ ॥3॥
ਕਹੁ ਨਾਨਕ ਕਹਾ ਭੈ ਭਾਈ ॥	کہُ نانک کہا بھےَ بھائی ۔ ॥
ਅਪਨੇ ਸੇਵਕ ਕੀ ਆਪਿ ਪੈਜ ਰਖਾਈ ॥੪॥੧੧੨॥	اپنے سیوک کی آپِ پیَج رکھائی ॥4॥ 112 ॥
ਗਉੜੀ ਮਹਲਾ ੫ ॥	گئڑی محلا 5 ॥
ਅਪਨੇ ਸੇਵਕ ਕਉ ਆਪਿ ਸਹਾਈ ॥	اپنے سیوک کءُ آپِ سہائی ॥
ਨਿਤ ਪ੍ਰਤਿਪਾਰੈ ਬਾਪ ਜੈਸੇ ਮਾਈ ॥੧॥	نِت پرتپارے باپ جیَسے مائی ॥1॥
ਪ੍ਰਭ ਕੀ ਸਰਨਿ ਉਬਰੈ ਸਭ ਕੋਇ ॥	پربھ کی سرنِ اُبرے سبھ کوءِ ॥
ਕਰਨ ਕਰਾਵਨ ਪੂਰਨ ਸਚੁ ਸੋਇ ॥ ਰਹਾਉ ॥	کرن کراون پوُرن سچُ سوءِ ॥ رہاءُ ॥
ਅਬ ਮਨਿ ਬਸਿਆ ਕਰਨੈਹਾਰਾ ॥	اب منِ بسِیا کرنیَہارا ॥
ਭੈ ਬਿਨਸੇ ਆਤਮ ਸੁਖ ਸਾਰਾ ॥੨॥	بھےَ بِنسے آتم سُکھ سارا ॥2॥
ਕਰਿ ਕਿਰਪਾ ਅਪਨੇ ਜਨ ਰਾਖੇ ॥	کرِ کرِپا اپنے جن راکھے ॥
ਜਨਮ ਜਨਮ ਕੇ ਕਿਲਬਿਖ ਲਾਥੇ ॥੩॥	جنم جنم کے کِلبِکھ لاتھے ॥3॥
ਕਹਨੁ ਨ ਜਾਇ ਪ੍ਰਭ ਕੀ ਵਡਿਆਈ ॥	کہنُ ن جاءِ پربھ کی وڈِیائی ॥
ਨਾਨਕ ਦਾਸ ਸਦਾ ਸਰਨਾਈ ॥੪॥੧੧੩॥	نانک داس سدا سرنائی ॥4॥ 113 ॥
ਰਾਗੁ ਗਉੜੀ ਚੇਤੀ ਮਹਲਾ ੫ ਦੁਪਦੇ	راگُ گئڑی چیتی محلا 5 دُپدے

ੴ ਸਤਿਗੁਰ ਪ੍ਰਸਾਦਿ ॥	۞ ستِگُر پرسادِ ॥
ਰਾਮ ਕੋ ਬਲੁ ਪੂਰਨ ਭਾਈ ॥	رام کو بلُ پُورن بھائی ۔ ॥
ਤਾ ਤੇ ਬ੍ਰਿਥਾ ਨ ਬਿਆਪੈ ਕਾਈ ॥੧॥ ਰਹਾਉ ॥	تا تے بِرتھا ن بیاپے کائی ॥1॥ رہاءُ ॥
ਜੋ ਜੋ ਚਿਤਵੇ ਦਾਸੁ ਹਰਿ ਮਾਈ ॥	جو جو چِتوے داسُ ہرِ مائی ۔ ॥
ਸੋ ਸੋ ਕਰਤਾ ਆਪਿ ਕਰਾਈ ॥੧॥	سو سو کرتا آپِ کرائی ॥1॥
ਨਿੰਦਕ ਕੀ ਪ੍ਰਭਿ ਪਤਿ ਗਵਾਈ ॥	نِندک کی پربھِ پتِ گوائی ॥
ਨਾਨਕ ਹਰਿ ਗੁਣ ਨਿਰਭਉ ਗਾਈ ॥੨॥੧੧੪॥	نانک ہرِ گُن نربھءُ گائی ॥2॥ 114 ॥
ਗਉੜੀ ਮਹਲਾ ੫ ॥	گئڑی محلا 5 ॥
ਭੁਜ ਬਲ ਬੀਰ ਬ੍ਰਹਮ ਸੁਖ ਸਾਗਰ ਗਰਤ ਪਰਤ ਗਹਿ ਲੇਹੁ ਅੰਗੁਰੀਆ ॥੧॥ ਰਹਾਉ ॥	بھُج بل بیر برہم سُکھ ساگر گرت پرت گہِ لیہُ انگُریا ॥1॥ رہاءُ ॥
ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ ਆਰਤ ਦੁਆਰਿ ਰਟਤ ਪਿੰਗੁਰੀਆ ॥੧॥	سّرونِ ن سُرتِ نین سُندر نہی آرت دُیارِ رٹت پِنگُریا ॥1॥
ਦੀਨਾ ਨਾਥ ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ ਮਹਤਰੀਆ ॥	دِینا ناتھ اناتھ کرُٹا مے ساجن میت پِتا مہتریا ۔ ॥
ਚਰਨ ਕਵਲ ਹਿਰਦੈ ਗਹਿ ਨਾਨਕ ਭੈ ਸਾਗਰ ਸੰਤ ਪਾਰਿ ਉਤਰੀਆ ॥੨॥੨॥੧੧੫॥	چرن کول ہِردے گہِ نانک بھے ساگر سنّت پارِ اُتریا ॥2॥2॥ 115 ॥
ਰਾਗੁ ਗਉੜੀ ਬੈਰਾਗਣਿ ਮਹਲਾ ੫	راگُ گئڑی بیراگنِ محلا 5
ੴ ਸਤਿਗੁਰ ਪ੍ਰਸਾਦਿ ॥	۞ ستِگُر پرسادِ ॥
ਦਯ ਗੁਸਾਈ ਮੀਤੁਲਾ ਤੂੰ ਸੰਗਿ ਹਮਾਰੈ ਬਾਸੁ ਜੀਉ ॥੧॥ ਰਹਾਉ ॥	دیِ گُسائی مِیتُلا توُنّ سنگِ ہمارے باسُ جیءُ ॥1॥ رہاءُ ॥
ਤੁਝ ਬਿਨੁ ਘਰੀ ਨ ਜੀਵਨਾ ਧ੍ਰਿਗੁ ਰਹਣਾ ਸੰਸਾਰਿ ॥	تُجھ بِنُ گھری ن جیِونا دھرِگُ رہنّا سنّسارِ ॥
ਜੀਅ ਪ੍ਰਾਣ ਸੁਖਦਾਤਿਆ ਨਿਮਖ ਨਿਮਖ ਬਲਿਹਾਰਿ ਜੀ ॥੧॥	جیء پراٹ سُکھداتیا نِمکھ نِمکھ بلِہارِ جی ॥1॥
ਹਸਤ ਅਲੰਬਨੁ ਦੇਹੁ ਪ੍ਰਭ	ہست النّبنُ دیہُ پربھ

ਗਰਤਹੁ ਉਧਰੁ ਗੋਪਾਲ ॥	گرتہٗ اُدھرُ گوپال ۔ ॥
ਮੋਹਿ ਨਿਰਗੁਨ ਮਤਿ ਥੋਰੀਆ ਤੂੰ ਸਦ ਹੀ ਦੀਨ ਦਇਆਲ ॥੨॥	موہِ نِرگُن متِ تھوریِیا توُنّ سد ہی دِین دیَیال ॥2॥
ਕਿਆ ਸੁਖ ਤੇਰੇ ਸੰਮਲਾ ਕਵਨ ਬਿਧੀ ਬੀਚਾਰ ॥	کِیا سُکھ تیرے سنّملا کون بِدھی بیچار ۔ ॥
ਸਰਣਿ ਸਮਾਈ ਦਾਸ ਹਿਤ ਊਚੇ ਅਗਮ ਅਪਾਰ ॥੩॥	سرنِ سمائی داس ہِت اوُچے اگم اپار ॥3॥
ਸਗਲ ਪਦਾਰਥ ਅਸਟ ਸਿਧਿ ਨਾਮ ਮਹਾ ਰਸ ਮਾਹਿ ॥	سگل پدارتھ اسٹ سِدھِ نام مہا رس ماہِ ॥
ਸੁਪ੍ਰਸੰਨ ਭਏ ਕੇਸਵਾ ਸੇ ਜਨ ਹਰਿ ਗੁਣ ਗਾਹਿ ॥੪॥	سُپرّسنّن بھئے کیسوا سے جن ہرِ گُن گاہِ ॥4॥
ਮਾਤ ਪਿਤਾ ਸੁਤ ਬੰਧਪੋ ਤੂੰ ਮੇਰੇ ਪ੍ਰਾਣ ਅਧਾਰ ॥	مات پِتا سُت بنّدھپو توُنّ میرے پرّانٹ ادھار ॥
ਸਾਧਸੰਗਿ ਨਾਨਕੁ ਭਜੈ ਬਿਖੁ ਤਰਿਆ ਸੰਸਾਰੁ ॥੫॥੧॥੧੧੬॥	سادھسنگِ نانکُ بھجےَ بِکھُ تریا سنّسارُ ॥5॥1॥ 116 ॥
ਗਉੜੀ ਬੈਰਾਗਣਿ ਰਹੋਏ ਕੇ ਛੰਤ ਕੇ ਘਰਿ ਮਃ ੫	گئڑی بیَراگنِ رہوئے کے چھنّت کے گھرِ م: 5
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਹੈ ਕੋਈ ਰਾਮ ਪਿਆਰੋ ਗਾਵੈ ॥	ہےَ کوئی رام پِیارو گاوےَ ॥
ਸਰਬ ਕਲਿਆਣ ਸੂਖ ਸਚੁ ਪਾਵੈ ॥ ਰਹਾਉ ॥	سرب کلیانٹ سوُکھ سچُ پاوےَ ॥ رہاءُ ॥
ਬਨੁ ਬਨੁ ਖੋਜਤ ਫਿਰਤ ਬੈਰਾਗੀ ॥	بنُ بنُ کھوجت پھِرت بیَراگی ॥
ਬਿਰਲੇ ਕਾਹੂ ਏਕ ਲਿਵ ਲਾਗੀ ॥	بِرلے کاہوُ ایک لِو لاگی ॥
ਜਿਨਿ ਹਰਿ ਪਾਇਆ ਸੇ ਵਡਭਾਗੀ ॥੧॥	جِنِ ہرِ پائِیا سے وڈبھاگی ॥1॥
ਬ੍ਰਹਮਾਦਿਕ ਸਨਕਾਦਿਕ ਚਾਹੈ ॥	برّہمادِک سنکادِک چاہےَ ॥
ਜੋਗੀ ਜਤੀ ਸਿਧ ਹਰਿ ਆਹੈ ॥	جوگی جتی سِدھ ہرِ آہےَ ॥

ਜਿਸਹਿ ਪਰਾਪਤਿ ਸੋ ਹਰਿ ਗੁਣ ਗਾਹੈ ॥੨॥

جِسہِ پراپتِ سو ہرِ گُنؔ گاہے ॥2॥

ਤਾ ਕੀ ਸਰਣਿ ਜਿਨ ਬਿਸਰਤ ਨਾਹੀ ॥

تا کی سرنؔ جِن بِسرت ناہی ॥

ਵਡਭਾਗੀ ਹਰਿ ਸੰਤ ਮਿਲਾਹੀ ॥

وڈبھاگی ہرِ سنّت مِلاہی ॥

ਜਨਮ ਮਰਣ ਤਿਹ ਮੂਲੇ ਨਾਹੀ ॥੩॥

جنم مرنؔ تہِ مؤلے ناہی ॥3॥

ਕਰਿ ਕਿਰਪਾ ਮਿਲੁ ਪ੍ਰੀਤਮ ਪਿਆਰੇ ॥

کرِ کرپا مِلُ پرِیتم پیارے ۔ ॥

ਬਿਨਉ ਸੁਨਹੁ ਪ੍ਰਭ ਊਚ ਅਪਾਰੇ ॥

بِن ءُ سُنہُ پربھ اوُچ اپارے ۔ ॥

ਨਾਨਕੁ ਮਾਂਗਤੁ ਨਾਮੁ ਅਧਾਰੇ ॥੪॥੧॥੧੧੭॥

نانکُ مانگتُ نامُ ادھارے ॥4॥1॥ 117 ॥

ਰਾਗੁ ਗਉੜੀ ਪੂਰਬੀ ਮਹਲਾ ੫

راگُ گؤڑی پوُربی محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਕਵਨ ਗੁਨ ਪ੍ਰਾਨਪਤਿ ਮਿਲਉ
ਮੇਰੀ ਮਾਈ ॥੧॥ ਰਹਾਉ ॥

کون گُن پرانپتِ مِل ءُ
میری مائی ۔ ॥1॥ رہاءُ ॥

ਰੂਪ ਹੀਨ ਬੁਧਿ ਬਲ ਹੀਨੀ
ਮੋਹਿ ਪਰਦੇਸਨਿ ਦੂਰ ਤੇ ਆਈ ॥੧॥

روُپ ہِین بُدھِ بل ہِینی
موہِ پردیسنِ دوُر تے آئی ॥1॥

ਨਾਹਿਨ ਦਰਬੁ ਨ ਜੋਬਨ ਮਾਤੀ
ਮੋਹਿ ਅਨਾਥ ਕੀ ਕਰਹੁ ਸਮਾਈ ॥੨॥

ناہِن دربُ ن جوبن ماتی
موہِ اناتھ کی کرہُ سمائی ॥2॥

ਖੋਜਤ ਖੋਜਤ ਭਈ ਬੈਰਾਗਨਿ
ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥੩॥

کھوجت کھوجت بھئی بیَراگنِ
پربھ درسن ک ءُ ہءُ پھِرت تِسائی ॥3॥

ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ
ਸਾਧਸੰਗਿ ਮੇਰੀ ਜਲਨਿ ਬੁਝਾਈ ॥੪॥੧॥੧੧੮॥

دِین دیَیال کرِپال پربھ نانک
سادھسنگِ میری جلنِ بُجھائی ॥4॥1॥ 118 ॥

ਗਉੜੀ ਮਹਲਾ ੫ ॥

گؤڑی محلا 5 ॥

ਪ੍ਰਭ ਮਿਲਬੇ ਕਉ
ਪ੍ਰੀਤਿ ਮਨਿ ਲਾਗੀ ॥

پربھ مِلبے ک ءُ
پرِیتِ منِ لاگی ॥

ਪਾਇ ਲਗਉ ਮੋਹਿ ਕਰਉ ਬੇਨਤੀ
ਕੋਊ ਸੰਤੁ ਮਿਲੈ ਬਡਭਾਗੀ ॥੧॥ ਰਹਾਉ ॥

پاءِ لگ ءُ موہِ کرءُ بینتی
کوؤ سنّتُ مِلےَ بڈبھاگی ॥1॥ رہاءُ ॥

ਮਨੁ ਅਰਪਉ ਧਨੁ ਰਾਖਉ ਆਗੈ
ਮਨ ਕੀ ਮਤਿ ਮੋਹਿ ਸਗਲ ਤਿਆਗੀ ॥

ਜੋ ਪ੍ਰਭ ਕੀ ਹਰਿ ਕਥਾ ਸੁਨਾਵੈ
ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥੧॥

ਪੂਰਬ ਕਰਮ ਅੰਕੁਰ ਜਬ ਪ੍ਰਗਟੇ
ਭੇਟਿਓ ਪੁਰਖੁ ਰਸਿਕ ਬੈਰਾਗੀ ॥

ਮਿਟਿਓ ਅੰਧੇਰੁ ਮਿਲਤ ਹਰਿ ਨਾਨਕ
ਜਨਮ ਜਨਮ ਕੀ ਸੋਈ ਜਾਗੀ ॥੨॥੨॥੧੧੯॥

ਗਉੜੀ ਮਹਲਾ ੫ ॥

ਨਿਕਸੁ ਰੇ ਪੰਖੀ ਸਿਮਰਿ ਹਰਿ ਪਾਂਖ ॥

ਮਿਲਿ ਸਾਧੂ ਸਰਣਿ ਗਹੁ ਪੂਰਨ
ਰਾਮ ਰਤਨੁ ਹੀਅਰੇ ਸੰਗਿ ਰਾਖੁ ॥੧॥ ਰਹਾਉ ॥

ਭ੍ਰਮ ਕੀ ਕੂਈ ਤ੍ਰਿਸਨਾ ਰਸ ਪੰਕਜ
ਅਤਿ ਤੀਖ੍ਣ ਮੋਹ ਕੀ ਫਾਸ ॥

ਕਾਟਨਹਾਰ ਜਗਤ ਗੁਰ ਗੋਬਿਦ
ਚਰਨ ਕਮਲ ਤਾ ਕੇ ਕਰਹੁ ਨਿਵਾਸ ॥੧॥

ਕਰਿ ਕਿਰਪਾ ਗੋਬਿੰਦ ਪ੍ਰਭ ਪ੍ਰੀਤਮ
ਦੀਨਾ ਨਾਥ ਸੁਨਹੁ ਅਰਦਾਸਿ ॥

ਕਰੁ ਗਹਿ ਲੇਹੁ ਨਾਨਕ ਕੇ ਸੁਆਮੀ
ਜੀਉ ਪਿੰਡੁ ਸਭੁ ਤੁਮਰੀ ਰਾਸਿ ॥੨॥੩॥੧੨੦॥

ਗਉੜੀ ਮਹਲਾ ੫ ॥

ਹਰਿ ਪੇਖਨ ਕਉ ਸਿਮਰਤ ਮਨੁ ਮੇਰਾ ॥

ਆਸ ਪਿਆਸੀ ਚਿਤਵਉ ਦਿਨੁ ਰੈਨੀ
ਹੈ ਕੋਈ ਸੰਤੁ ਮਿਲਾਵੈ ਨੇਰਾ ॥੧॥ ਰਹਾਉ ॥

ਸੇਵਾ ਕਰਉ ਦਾਸ ਦਾਸਨ ਕੀ

منُ ارپءُ دھنُ راکھءُ آگے
من کی متِ موہِ سگل تِیاگی ॥

جو پربھ کی ہرِ کتھا سُناوے
اندِنُ پھرءُ تِس پِچھے وِراگی ॥1॥

پُورب کرم انکُر جب پرگٹے
بھیٹِئو پُرکھُ رسِک بیراگی ॥

مِٹئو اندھیرُ مِلت ہرِ نانک
جنم جنم کی سوئی جاگی ॥2॥2॥ 119 ॥

گئڑی محلا 5 ॥

نِکسُ رے پنکھی سِمرِ ہرِ پانکھ ॥

مِلِ سادھوُ سرنِ گہُ پُورن
رام رتنُ ہِیئرے سنگِ راکھُ ॥1॥ رہاءُ ॥

بھرم کی کوئی ترِسنا رس پنکج
اتِ تِیکھنُ موہ کی پھاس ॥

کاٹنہار جگت گُر گوبِد
چرن کمل تا کے کرہُ نِواس ॥1॥

کرِ کرِپا گوبِند پربھ پریتم
دِینا ناتھ سُنہُ عرداسِ ॥

کرُ گہِ لیہُ نانک کے سُیامی
جیءُ پِنڈُ سبھُ تُمری راسِ ॥2॥3॥ 120 ॥

گئڑی محلا 5 ॥

ہرِ پیکھن کءُ سِمرت منُ میرا ॥

آس پیاسی چِتوءُ دِنُ رینی
ہے کوئی سنتُ مِلاوے نیرا ॥1॥ رہاءُ ॥

سیوا کرءُ داس داسن کی

ਅਨਿਕ ਭਾਂਤਿ ਤਿਸੁ ਕਰਉ ਨਿਹੋਰਾ ॥

ਤੁਲਾ ਧਾਰਿ ਤੋਲੇ ਸੁਖ ਸਗਲੇ
ਬਿਨੁ ਹਰਿ ਦਰਸ ਸਭੋ ਹੀ ਥੋਰਾ ॥੧॥

ਸੰਤ ਪ੍ਰਸਾਦਿ ਗਾਏ ਗੁਨ ਸਾਗਰ
ਜਨਮ ਜਨਮ ਕੋ ਜਾਤ ਬਹੋਰਾ ॥

ਆਨਦ ਸੂਖ ਭੇਟਤ ਹਰਿ ਨਾਨਕ
ਜਨਮੁ ਕ੍ਰਿਤਾਰਥੁ ਸਫਲੁ ਸਵੇਰਾ ॥੨॥੪॥੧੨੧॥

ਰਾਗੁ ਗਉੜੀ ਪੂਰਬੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

ਕਿਨ ਬਿਧਿ ਮਿਲੈ ਗੁਸਾਈ
ਮੇਰੇ ਰਾਮ ਰਾਇ ॥

ਕੋਈ ਐਸਾ ਸੰਤੁ ਸਹਜ ਸੁਖਦਾਤਾ
ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥

ਅੰਤਰਿ ਅਲਖੁ ਨ ਜਾਈ ਲਖਿਆ
ਵਿਚਿ ਪਰਦਾ ਹਉਮੈ ਪਾਈ ॥

ਮਾਇਆ ਮੋਹਿ ਸਭੋ ਜਗੁ ਸੋਇਆ
ਇਹੁ ਭਰਮੁ ਕਹਹੁ ਕਿਉ ਜਾਈ ॥੧॥

ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ
ਮਿਲਿ ਬਾਤ ਨ ਕਰਤੇ ਭਾਈ ॥

ਏਕ ਬਸਤੁ ਬਿਨੁ ਪੰਚ ਦੁਹੇਲੇ
ਓਹ ਬਸਤੁ ਅਗੋਚਰ ਠਾਈ ॥੨॥

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ
ਕੁੰਜੀ ਗੁਰ ਸਉਪਾਈ ॥

ਅਨਿਕ ਉਪਾਵ ਕਰੇ ਨਹੀ ਪਾਵੈ
ਬਿਨੁ ਸਤਿਗੁਰ ਸਰਣਾਈ ॥੩॥

انِک بھانتِ تِس کرءُ نِہورا ॥

تُلا دھارِ تولے سُکھ سگلے
بِنُ ہرِ درس سبھو ہی تھورا ॥1॥

سنّت پرسادِ گائے گُن ساگر
جنم جنم کو جات بہورا ॥

آند سوُکھ بھیٹت ہرِ نانک
جنمُ کرِتارتھُ سپھلُ سویرا ॥2॥4॥ 121 ॥

راگُ گرُڑی پوُربی محلا 5

ॐ ستِگُر پرسادِ ॥

کِن بِدھِ مِلےَ گُسائی
میرے رام راءِ ۔ ॥

کوئی ایَسا سنّتُ سہج سُکھداتا
موہِ مارگُ دےءِ بتائی ॥1॥ رہاءُ ॥

انترِ الکھُ ن جائی لکھیا
وِچِ پڑدا ہئُمےَ پائی ॥

مائیا موہِ سبھو جگُ سوئیا
اِہُ بھرمُ کہہُ کِءُ جائی ۔ ॥1॥

ایکا سنگتِ اِکتُ گرِہِ بستے
مِلِ بات ن کرتے بھائی ۔ ॥

ایک بستُ بِنُ پنچ دُہیلے
اوہ بستُ اگوچر ٹھائی ॥2॥

جِس کا گرِہُ تِنِ دِیا تالا
کُنجی گُر سپُائی ॥

انِک اُپاو کرے نہی پاوےَ
بِنُ ستِگُر سرٹائی ॥3॥

ਜਿਨ ਕੇ ਬੰਧਨ ਕਾਟੇ ਸਤਿਗੁਰ
ਤਿਨ ਸਾਧਸੰਗਤਿ ਲਿਵ ਲਾਈ ॥

جِن کے بنّدھن کاٹے ستِگُر
تِن سادھسنگتِ لِو لائی ॥

ਪੰਚ ਜਨਾ ਮਿਲਿ ਮੰਗਲੁ ਗਾਇਆ
ਹਰਿ ਨਾਨਕ ਭੇਦੁ ਨ ਭਾਈ ॥੪॥

پنّچ جنا مِلِ منگلُ گائیا
ہرِ نانک بھیدُ ن بھائی ॥4॥

ਮੇਰੇ ਰਾਮ ਰਾਇ
ਇਨ ਬਿਧਿ ਮਿਲੈ ਗੁਸਾਈ ॥

میرے رام راءِ
اِن بِدھِ مِلےَ گُسائی ॥

ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ
ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥

سہجُ بھئیا بھّرمُ کھِن مہِ ناٹھا
مِلِ جوتی جوتِ سمائی ॥1॥ رہاءُ دوُجا ॥1॥ 122 ॥

ਗਉੜੀ ਮਹਲਾ ੫ ॥

گئُڑی محلا 5 ॥

ਐਸੋ ਪਰਚਉ ਪਾਇਓ ॥

ایَسو پرچءُ پائِئو ॥

ਕਰੀ ਕ੍ਰਿਪਾ ਦਇਆਲ ਬੀਠੁਲੈ
ਸਤਿਗੁਰ ਮੁਝਹਿ ਬਤਾਇਓ ॥੧॥ ਰਹਾਉ ॥

کری کِرپا دئیال بیٹھُلےَ
ستِگُر مُجھہِ بتائِئو ॥1॥ رہاءُ ॥

ਜਤ ਕਤ ਦੇਖਉ ਤਤ ਤਤ ਤੁਮ ਹੀ
ਮੋਹਿ ਇਹੁ ਬਿਸੁਆਸੁ ਹੋਇ ਆਇਓ ॥

جت کت دیکھءُ تت تت تُم ہی
موہِ اِہُ بِسُیاسُ ہوءِ آئِئو ॥

ਕੈ ਪਹਿ ਕਰਉ ਅਰਦਾਸਿ ਬੇਨਤੀ
ਜਉ ਸੁਨਤੋ ਹੈ ਰਘੁਰਾਇਓ ॥੧॥

کے پہِ کرءُ عرداسِ بینتی
جءُ سُنتو ہےَ رگھُرائِئو ॥1॥

ਲਹਿਓ ਸਹਸਾ ਬੰਧਨ ਗੁਰਿ ਤੋਰੇ
ਤਾਂ ਸਦਾ ਸਹਜ ਸੁਖੁ ਪਾਇਓ ॥

لہِئو سہسا بنّدھن گُرِ تورے
تاں سدا سہج سُکھُ پائِئو ॥

ਹੋਣਾ ਸਾ ਸੋਈ ਫੁਨਿ ਹੋਸੀ
ਸੁਖੁ ਦੁਖੁ ਕਹਾ ਦਿਖਾਇਓ ॥੨॥

ہوٹا سا سوئی پھُنِ ہوسی
سُکھُ دُکھُ کہا دِکھائِئو ۔ ॥2॥

ਖੰਡ ਬ੍ਰਹਮੰਡ ਕਾ ਏਕੋ ਠਾਣਾ
ਗੁਰਿ ਪਰਦਾ ਖੋਲਿ ਦਿਖਾਇਓ ॥

کھنّڈ برہمنّڈ کا ایکو ٹھاٹا
گُرِ پردا کھولِ دِکھائِئو ॥

ਨਉ ਨਿਧਿ ਨਾਮੁ ਨਿਧਾਨੁ ਇਕ ਠਾਈ
ਤਉ ਬਾਹਰਿ ਕੈਠੈ ਜਾਇਓ ॥੩॥

نءُ نِدھِ نامُ نِدھانُ اِک ٹھائی
تءُ باہرِ کیٹھےَ جائِئو ۔ ॥3॥

ਏਕੈ ਕਨਿਕ ਅਨਿਕ ਭਾਤਿ ਸਾਜੀ

ایکےَ کَنِک انِک بھاتِ ساجی

ਬਹੁ ਪਰਕਾਰ ਰਚਾਇਓ ॥

بہُ پرکار رچائیو ॥

ਕਹੁ ਨਾਨਕ ਭਰਮੁ ਗੁਰਿ ਖੋਈ ਹੈ
ਇਵ ਤਤੈ ਤਤੁ ਮਿਲਾਇਓ ॥੪॥੨॥੧੨੩॥

کہُ نانک بھرمُ گُرِ کھوئی ہے
اِو تتے تتُ مِلائیو ॥4॥2॥ 123 ॥

ਗਉੜੀ ਮਹਲਾ ੫ ॥

گئڑی محلا 5 ॥

ਅਉਧ ਘਟੈ ਦਿਨਸੁ ਰੈਨਾਰੇ ॥

اُدھ گھٹے دِنُس رینارے ॥

ਮਨ ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ ॥

من گُر مِلِ کاج سوارے ॥1॥ رہاءُ ॥

ਕਰਉ ਬੇਨੰਤੀ ਸੁਨਹੁ ਮੇਰੇ ਮੀਤਾ
ਸੰਤ ਟਹਲ ਕੀ ਬੇਲਾ ॥

کرءُ بینتی سُنہُ میرے میتا
سنت ٹہل کی بیلا ॥

ਈਹਾ ਖਾਟਿ ਚਲਹੁ ਹਰਿ ਲਾਹਾ
ਆਗੈ ਬਸਨੁ ਸੁਹੇਲਾ ॥੧॥

ایہا کھاٹِ چلہُ ہرِ لاہا
آگے بسنُ سُہیلا ॥1॥

ਇਹੁ ਸੰਸਾਰੁ ਬਿਕਾਰੁ ਸਹਸੇ ਮਹਿ
ਤਰਿਓ ਬ੍ਰਹਮ ਗਿਆਨੀ ॥

اِہُ سنسارُ بِکارُ سہسے مہِ
ترِئو برہم گیانی ॥

ਜਿਸਹਿ ਜਗਾਏ ਪੀਆਏ ਹਰਿ ਰਸੁ
ਅਕਥ ਕਥਾ ਤਿਨਿ ਜਾਨੀ ॥੨॥

جِسہِ جگائے پِیائے ہرِ رسُ
اکتھ کتھا تِنِ جانی ॥2॥

ਜਾ ਕਉ ਆਏ ਸੋਈ ਵਿਹਾਝਹੁ
ਹਰਿ ਗੁਰ ਤੇ ਮਨਹਿ ਬਸੇਰਾ ॥

جا کءُ آئے سوئی وِہاجھہُ
ہرِ گُر تے منہِ بسیرا ॥

ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ
ਬਹੁਰਿ ਨ ਹੋਇਗੋ ਫੇਰਾ ॥੩॥

نِج گھرِ محلُ پاوہُ سُکھ سہجے
بہُرِ ن ہوئِگو پھیرا ॥3॥

ਅੰਤਰਜਾਮੀ ਪੁਰਖ ਬਿਧਾਤੇ
ਸਰਧਾ ਮਨ ਕੀ ਪੂਰੇ ॥

انترجامی پُرکھ بِدھاتے
سردھا من کی پُورے ॥

ਨਾਨਕੁ ਦਾਸੁ ਇਹੀ ਸੁਖੁ ਮਾਗੈ
ਮੋ ਕਉ ਕਰਿ ਸੰਤਨ ਕੀ ਧੂਰੇ ॥੪॥੩॥੧੨੪॥

نانکُ داسُ اِہی سُکھُ ماگے
مو کءُ کرِ سنتن کی دھوُرے ॥4॥3॥ 124 ॥

ਗਉੜੀ ਮਹਲਾ ੫ ॥

گئڑی محلا 5 ॥

ਰਾਖੁ ਪਿਤਾ ਪ੍ਰਭ ਮੇਰੇ ॥

راکھُ پِتا پربھ میرے ۔ ॥

ਮੋਹਿ ਨਿਰਗੁਨੁ ਸਭ ਗੁਨ ਤੇਰੇ ॥੧॥ ਰਹਾਉ ॥

موہِ نِرگُنُ سبھ گُن تیرے ॥1॥ رہاءُ ॥

ਪੰਚ ਬਿਖਾਦੀ ਏਕੁ ਗਰੀਬਾ
ਰਾਖਹੁ ਰਾਖਨਹਾਰੇ ॥

پنچ بِکھادی ایکُ غریبا
راکھہُ راکھنہارے ॥

ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ
ਆਇਓ ਸਰਨਿ ਤੁਹਾਰੇ ॥੧॥

کھیدُ کرہِ ارُ بہُتُ سنتاوہِ
آئیئو سرنِ تُہارے ॥1॥

ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ
ਛੋਡਹਿ ਕਤਹੂੰ ਨਾਹੀ ॥

کرِ کرِ ہارِئو انِک بہُ بھاتی
چھوڈہِ کتہوُنّ ناہی ॥

ਏਕ ਬਾਤ ਸੁਨਿ ਤਾਕੀ ਓਟਾ
ਸਾਧਸੰਗਿ ਮਿਟਿ ਜਾਹੀ ॥੨॥

ایک بات سُنِ تاکی اوٹا
سادھسنگِ مِٹِ جاہی ॥2॥

ਕਰਿ ਕਿਰਪਾ ਸੰਤ ਮਿਲੇ ਮੋਹਿ
ਤਿਨ ਤੇ ਧੀਰਜੁ ਪਾਇਆ ॥

کرِ کِرپا سنّت مِلے موہِ
تِن تے دھیِرجُ پائیا ॥

ਸੰਤੀ ਮੰਤੁ ਦੀਓ ਮੋਹਿ ਨਿਰਭਉ
ਗੁਰ ਕਾ ਸਬਦੁ ਕਮਾਇਆ ॥੩॥

سنّتی منّتُ دیئو موہِ نِربھءُ
گُر کا سبدُ کمائیا ॥3॥

ਜੀਤਿ ਲਏ ਓਇ ਮਹਾ ਬਿਖਾਦੀ
ਸਹਜ ਸੁਹੇਲੀ ਬਾਣੀ ॥

جیِتِ لے اوءِ مہا بِکھادی
سہج سُہیلی باٹی ॥

ਕਹੁ ਨਾਨਕ ਮਨਿ ਭਇਆ ਪਰਗਾਸਾ
ਪਾਇਆ ਪਦੁ ਨਿਰਬਾਣੀ ॥੪॥੪॥੧੨੫॥

کہُ نانک منِ بھئیا پرگاسا
پائیا پدُ نِربانٹی ॥4॥4॥ 125 ॥

ਗਉੜੀ ਮਹਲਾ ੫ ॥

گئڑی محلا 5 ॥

ਓਹੁ ਅਬਿਨਾਸੀ ਰਾਇਆ ॥

اوہُ اِبناسی رائیا ॥

ਨਿਰਭਉ ਸੰਗਿ ਤੁਮਾਰੈ ਬਸਤੇ
ਇਹੁ ਡਰਨੁ ਕਹਾ ਤੇ ਆਇਆ ॥੧॥ ਰਹਾਉ ॥

نِربھءُ سنگِ تُمارے بستے
اِہُ ڈرنُ کہا تے آئیا ۔ ॥1॥ رہاءُ ॥

ਏਕ ਮਹਲਿ ਤੂੰ ਹੋਹਿ ਅਫਾਰੋ
ਏਕ ਮਹਲਿ ਨਿਮਾਨੋ ॥

ایک محلِ توُنّ ہوہِ اپھارو
ایک محلِ نِمانو ॥

ਏਕ ਮਹਲਿ ਤੂੰ ਆਪੇ ਆਪੇ
ਏਕ ਮਹਲਿ ਗਰੀਬਾਨੋ ॥੧॥

ایک محلِ توُنّ آپے آپے
ایک محلِ غریبانو ॥1॥

ਏਕ ਮਹਲਿ ਤੂੰ ਪੰਡਿਤੁ ਬਕਤਾ
ਏਕ ਮਹਲਿ ਖਲੁ ਹੋਤਾ ॥

ایک محلِ توُنّ پنڈِتُ بکتا
ایک محلِ کھلُ ہوتا ॥

ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ
ਏਕ ਮਹਲਿ ਕਛੂ ਨ ਲੇਤਾ ॥੨॥

ایک محلِ توُنّ سبھُ کِچھُ گراہجُ
ایک محلِ کچھوُ ن لیتا ॥2॥

ਕਾਠ ਕੀ ਪੁਤਰੀ ਕਹਾ ਕਰੈ ਬਪੁਰੀ
ਖਿਲਾਵਨਹਾਰੋ ਜਾਨੈ ॥

کاٹھ کی پُتری کہا کرے بپُری
کھِلاونہارو جانے ॥

ਜੈਸਾ ਭੇਖੁ ਕਰਾਵੈ ਬਾਜੀਗਰੁ
ਓਹੁ ਤੈਸੋ ਹੀ ਸਾਜੁ ਆਨੈ ॥੩॥

جیَسا بھیکھُ کراوے بازیگرُ
اوہُ تیَسو ہی ساجُ آنے ॥3॥

ਅਨਿਕ ਕੋਠਰੀ ਬਹੁਤੁ ਭਾਤਿ ਕਰੀਆ
ਆਪਿ ਹੋਆ ਰਖਵਾਰਾ ॥

انِک کوٹھری بہُتُ بھاتِ کریِیا
آپِ ہویا رکھوارا ॥

ਜੈਸੇ ਮਹਲਿ ਰਾਖੈ ਤੈਸੇ ਰਹਨਾ
ਕਿਆ ਇਹੁ ਕਰੈ ਬਿਚਾਰਾ ॥੪॥

جیَسے محلِ راکھےَ تیَسے رہنا
کِیا اِہُ کرے بِچارا ۔ ॥4॥

ਜਿਨਿ ਕਿਛੁ ਕੀਆ ਸੋਈ ਜਾਨੈ
ਜਿਨਿ ਇਹ ਸਭ ਬਿਧਿ ਸਾਜੀ ॥

جِنِ کِچھُ کِیا سوئی جانے
جِنِ اِہ سبھ بِدھِ ساجی ॥

ਕਹੁ ਨਾਨਕ ਅਪਰੰਪਰ ਸੁਆਮੀ
ਕੀਮਤਿ ਅਪੁਨੇ ਕਾਜੀ ॥੫॥੫॥੧੨੬॥

کہُ نانک اپرنّپر سُیامی
قِیمتِ اپُنے قاضی ॥5॥5॥ 126 ॥

ਗਉੜੀ ਮਹਲਾ ੫ ॥

گئُڑی محلا 5 ॥

ਛੋਡਿ ਛੋਡਿ ਰੇ ਬਿਖਿਆ ਕੇ ਰਸੂਆ ॥

چھوڈِ چھوڈِ رے بِکھیا کے رسوُیا ॥

ਉਰਝਿ ਰਹਿਓ ਰੇ ਬਾਵਰ ਗਾਵਰ
ਜਿਉ ਕਿਰਖੈ ਹਰਿਆਇਓ ਪਸੂਆ ॥੧॥ ਰਹਾਉ ॥

اُرجھِ رہِئو رے باور گاور
جِءُ کِرکھےَ ہرِیائِئو پسوُیا ॥1॥ رہاءُ ॥

ਜੋ ਜਾਨਹਿ ਤੂੰ ਅਪੁਨੇ ਕਾਜੈ
ਸੋ ਸੰਗਿ ਨ ਚਾਲੈ ਤੇਰੈ ਤਸੂਆ ॥

جو جانہِ توُنّ اپُنے کاجےَ
سو سنگِ ن چالے تیرے تسوُیا ॥

ਨਾਗੋ ਆਇਓ ਨਾਗ ਸਿਧਾਸੀ
ਫੇਰਿ ਫਿਰਿਓ ਅਰੁ ਕਾਲਿ ਗਰਸੂਆ ॥੧॥

ناگو آئِئو ناگ سِدھاسی
پھیرِ پھرِئو ارُ کالِ گرسوُیا ॥1॥

ਪੇਖਿ ਪੇਖਿ ਰੇ ਕਸੁੰਭ ਕੀ ਲੀਲਾ

پیکھِ پیکھِ رے کسُنبھ کی لِیلا

ਰਾਚਿ ਮਾਚਿ ਤਿਨਹੂੰ ਲਉ ਹਸੂਆ ॥

راچِ ماچِ تِنہوُنَ ل ءُ ہسوُیا ॥

ਛੀਜਤ ਡੋਰਿ ਦਿਨਸੁ ਅਰੁ ਰੈਨੀ
ਜੀਅ ਕੋ ਕਾਜੁ ਨ ਕੀਨੋ ਕਛੂਆ ॥੨॥

چھیجت ڈورِ دِنُس ارُ ریَنی
جی ء کو کاجُ ن کِینو کچھوُیا ॥2॥

ਕਰਤ ਕਰਤ ਇਵ ਹੀ ਬਿਰਧਾਨੋ
ਹਾਰਿਓ ਉਕਤੇ ਤਨੁ ਖੀਨਸੂਆ ॥

کرت کرت اِو ہی بِردھانو
ہارِئو اُکتے تنُ کھِینسوُیا ॥

ਜਿਉ ਮੋਹਿਓ ਉਨਿ ਮੋਹਨੀ ਬਾਲਾ
ਉਸ ਤੇ ਘਟੈ ਨਾਹੀ ਰੁਚ ਚਸੂਆ ॥੩॥

جِءُ موہِئو اُنِ موہنی بالا
اُس تے گھٹے ناہی رُچ چسوُیا ॥3॥

ਜਗੁ ਐਸਾ ਮੋਹਿ ਗੁਰਹਿ ਦਿਖਾਇਓ
ਤਉ ਸਰਣਿ ਪਰਿਓ ਤਜਿ ਗਰਬਸੂਆ ॥

جگُ ایَسا موہِ گُرہِ دِکھائِئو
ت ءُ سرنِ پرِئو تجِ گربسوُیا ॥

ਮਾਰਗੁ ਪ੍ਰਭ ਕੋ ਸੰਤਿ ਬਤਾਇਓ
ਦ੍ਰਿੜੀ ਨਾਨਕ ਦਾਸ ਭਗਤਿ ਹਰਿ ਜਸੂਆ ॥੪॥੬॥੧੨੭॥

مارگُ پربھ کو سنتِ بتائِئو
دّرِڑی نانک داس بھگتِ ہرِ جسوُیا ॥4॥6॥ 127 ॥

ਗਉੜੀ ਮਹਲਾ ੫ ॥

گئڑی محلا 5 ॥

ਤੁਝ ਬਿਨੁ ਕਵਨੁ ਹਮਾਰਾ ॥

تُجھ بِنُ کونُ ہمارا ۔ ॥

ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥੧॥ ਰਹਾਉ ॥

میرے پرّیتم پران ادھارا ۔ ॥1॥ رہاءُ ॥

ਅੰਤਰ ਕੀ ਬਿਧਿ ਤੁਮ ਹੀ ਜਾਨੀ
ਤੁਮ ਹੀ ਸਜਨ ਸੁਹੇਲੇ ॥

انتر کی بِدھِ تُم ہی جانی
تُم ہی سجن سُہیلے ॥

ਸਰਬ ਸੁਖਾ ਮੈ ਤੁਝ ਤੇ ਪਾਏ
ਮੇਰੇ ਠਾਕੁਰ ਅਗਹ ਅਤੋਲੇ ॥੧॥

سرب سُکھا مےَ تُجھ تے پائے
میرے ٹھاکُر اگہ اتولے ۔ ॥1॥

ਬਰਨਿ ਨ ਸਾਕਉ ਤੁਮਰੇ ਰੰਗਾ
ਗੁਣ ਨਿਧਾਨ ਸੁਖਦਾਤੇ ॥

برنِ ن ساک ءُ تُمرے رنگا
گُنڑ نِدھان سُکھداتے ۔ ॥

ਅਗਮ ਅਗੋਚਰ ਪ੍ਰਭ ਅਬਿਨਾਸੀ
ਪੂਰੇ ਗੁਰ ਤੇ ਜਾਤੇ ॥੨॥

اگم اگوچر پربھ اِبناسی
پوُرے گُر تے جاتے ॥2॥

ਭ੍ਰਮੁ ਭਉ ਕਾਟਿ ਕੀਏ ਨਿਹਕੇਵਲ
ਜਬ ਤੇ ਹਉਮੈ ਮਾਰੀ ॥

بھرّمُ بھ ءُ کاٹِ کیئے نِہکیول
جب تے ہئُمےَ ماری ॥

ਜਨਮ ਮਰਣ ਕੋ ਚੂਕੋ ਸਹਸਾ

جنم مرنُ کو چوُکو سہسا

ਸਾਧਸੰਗਤਿ ਦਰਸਾਰੀ ॥੩॥

ساد ھسنگتِ درساری ॥3॥

ਚਰਣ ਪਖਾਰਿ ਕਰਉ ਗੁਰ ਸੇਵਾ
ਬਾਰਿ ਜਾਉ ਲਖ ਬਰੀਆ ॥

چرنؔ پکھارِ کرءُ گُر سیوا
بارِ جاءُ لکھ برِیا ॥

ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ
ਜਨ ਨਾਨਕ ਪ੍ਰਿਅ ਸੰਗਿ ਮਿਰੀਆ ॥੪॥੭॥੧੨੮॥

جِہ پرّسادِ اِہُ بھنُجلُ ترِیا
جن نانک پرّء سنگِ مِرِیا ॥4॥7॥ 128 ॥

ਗਉੜੀ ਮਹਲਾ ੫ ॥

گئڑی محلا 5 ॥

ਤੁਝ ਬਿਨੁ ਕਵਨੁ ਰੀਝਾਵੈ ਤੋਹੀ ॥

تُجھ بِنُ کونُ ریجھاوےَ توہی ۔ ॥

ਤੇਰੋ ਰੂਪੁ ਸਗਲ ਦੇਖਿ ਮੋਹੀ ॥੧॥ ਰਹਾਉ ॥

تیرو روُپُ سگل دیکھِ موہی ॥1॥ رہاءُ ॥

ਸੁਰਗ ਪਇਆਲ ਮਿਰਤ ਭੂਅ ਮੰਡਲ
ਸਰਬ ਸਮਾਨੋ ਏਕੈ ਓਹੀ ॥

سُرگ پئیال مِرت بھوُء منڈل
سرب سمانو ایکےَ اوہی ॥

ਸਿਵ ਸਿਵ ਕਰਤ ਸਗਲ ਕਰ ਜੋਰਹਿ
ਸਰਬ ਮਇਆ ਠਾਕੁਰ ਤੇਰੀ ਦੋਹੀ ॥੧॥

سِو سِو کرت سگل کر جورہِ
سرب مئیا ٹھاکُر تیری دوہی ॥1॥

ਪਤਿਤ ਪਾਵਨ ਠਾਕੁਰ ਨਾਮੁ ਤੁਮਰਾ
ਸੁਖਦਾਈ ਨਿਰਮਲ ਸੀਤਲੋਹੀ ॥

پتِت پاون ٹھاکُر نامُ تُمرا
سُکھدائی نِرمل سِیتلوہی ॥

ਗਿਆਨ ਧਿਆਨ ਨਾਨਕ ਵਡਿਆਈ
ਸੰਤ ਤੇਰੇ ਸਿਉ ਗਾਲ ਗਲੋਹੀ ॥੨॥੮॥੧੨੯॥

گیان دھیان نانک وڈیائی
سنّت تیرے سِءُ گال گلوہی ॥2॥8॥ 129 ॥

ਗਉੜੀ ਮਹਲਾ ੫ ॥

گئڑی محلا 5 ॥

ਮਿਲਹੁ ਪਿਆਰੇ ਜੀਆ ॥

مِلہُ پِیارے جیِیا ۔ ॥

ਪ੍ਰਭ ਕੀਆ ਤੁਮਾਰਾ ਥੀਆ ॥੧॥ ਰਹਾਉ ॥

پربھ کِیا تُمارا تھِیا ॥1॥ رہاءُ ॥

ਅਨਿਕ ਜਨਮ ਬਹੁ ਜੋਨੀ ਭ੍ਰਮਿਆ
ਬਹੁਰਿ ਬਹੁਰਿ ਦੁਖੁ ਪਾਇਆ ॥

انِک جنم بہُ جونی بھرّمِیا
بہُرِ بہُرِ دُکھُ پائِیا ॥

ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ
ਦੇਹੁ ਦਰਸੁ ਹਰਿ ਰਾਇਆ ॥੧॥

تُمری کرِپا تے مانُکھ دیہ پائی ہےَ
دیہُ درسُ ہرِ رائِیا ॥1॥

ਸੋਈ ਹੋਆ ਜੋ ਤਿਸੁ ਭਾਣਾ
ਅਵਰੁ ਨ ਕਿਨ ਹੀ ਕੀਤਾ ॥

سوئی ہویا جو تِسُ بھاٹا

ਤੁਮਰੈ ਭਾਣੈ ਭਰਮਿ ਮੋਹਿ ਮੋਹਿਆ
ਜਾਗਤੁ ਨਾਹੀ ਸੂਤਾ ॥੨॥

تمرے بھانے بھرمِ موہِ موہیا
جاگتُ ناہی سوُتا ॥2॥

ਬਿਨਉ ਸੁਨਹੁ ਤੁਮ ਪ੍ਰਾਨਪਤਿ ਪਿਆਰੇ
ਕਿਰਪਾ ਨਿਧਿ ਦਇਆਲਾ ॥

بِن ءُ سُننہُ تُم پرانپتِ پیارے
کِرپا نِدھِ دیئالا ۔ ॥

ਰਾਖਿ ਲੇਹੁ ਪਿਤਾ ਪ੍ਰਭ ਮੇਰੇ
ਅਨਾਥਹ ਕਰਿ ਪ੍ਰਤਿਪਾਲਾ ॥੩॥

راکھِ لیہُ پِتا پربھ میرے
اناتھہ کرِ پرتپالا ॥3॥

ਜਿਸ ਨੋ ਤੁਮਹਿ ਦਿਖਾਇਓ ਦਰਸਨੁ
ਸਾਧਸੰਗਤਿ ਕੈ ਪਾਛੈ ॥

جِس نو تُمہِ دِکھائیو درسنُ
سادھسنگتِ کے پاچھے ॥

ਕਰਿ ਕਿਰਪਾ ਧੂਰਿ ਦੇਹੁ ਸੰਤਨ ਕੀ
ਸੁਖੁ ਨਾਨਕੁ ਇਹੁ ਬਾਛੈ ॥੪॥੯॥੧੩੦॥

کرِ کِرپا دھوُرِ دیہُ سنتن کی
سُکھُ نانکُ اِہُ باچھے ॥4॥9॥ 130 ॥

ਗਉੜੀ ਮਹਲਾ ੫ ॥

گئڑی محلا 5 ॥

ਹਉ ਤਾ ਕੈ ਬਲਿਹਾਰੀ ॥

ہءُ تا کے بلِہاری ॥

ਜਾ ਕੈ ਕੇਵਲ ਨਾਮੁ ਅਧਾਰੀ ॥੧॥ ਰਹਾਉ ॥

جا کے کیول نامُ ادھاری ॥1॥ رہاءُ ॥

ਮਹਿਮਾ ਤਾ ਕੀ ਕੇਤਕ ਗਨੀਐ
ਜਨ ਪਾਰਬ੍ਰਹਮ ਰੰਗਿ ਰਾਤੇ ॥

مہِما تا کی کیتک گنیئے
جن پاربرہم رنگِ راتے ॥

ਸੂਖ ਸਹਜ ਆਨੰਦ ਤਿਨਾ ਸੰਗਿ
ਉਨ ਸਮਸਰਿ ਅਵਰ ਨ ਦਾਤੇ ॥੧॥

سوُکھ سہج آنند تِنا سنگِ
اُن سمسرِ اور ن داتے ॥1॥

ਜਗਤ ਉਧਾਰਣ ਸੇਈ ਆਏ
ਜੋ ਜਨ ਦਰਸ ਪਿਆਸਾ ॥

جگت اُدھارنُ سیئی آئے
جو جن درس پِیاسا ॥

ਉਨ ਕੀ ਸਰਣਿ ਪਰੈ ਸੋ ਤਰਿਆ
ਸੰਤਸੰਗਿ ਪੂਰਨ ਆਸਾ ॥੨॥

اُن کی سرنُ پرے سو تریا
سنتسنگِ پوُرن آسا ॥2॥

ਤਾ ਕੈ ਚਰਣਿ ਪਰਉ ਤਾ ਜੀਵਾ
ਜਨ ਕੈ ਸੰਗਿ ਨਿਹਾਲਾ ॥

تا کے چرنُ پرءُ تا جیِوا
جن کے سنگِ نِہالا ॥

ਭਗਤਨ ਕੀ ਰੇਨੂ ਹੋਇ ਮਨੁ ਮੇਰਾ

بھگتن کی رینُ ہوءِ منُ میرا

ਹੋਹੁ ਪ੍ਰਭੂ ਕਿਰਪਾਲਾ ॥੩॥

ہوہُ پربھُو کِرپالا ॥3॥

ਰਾਜੁ ਜੋਬਨੁ ਅਵਧ ਜੋ ਦੀਸੈ
ਸਭੁ ਕਿਛੁ ਜੁਗ ਮਹਿ ਘਾਟਿਆ ॥

راجُ جوبنُ اودھ جو دِسے
سبھُ کِچھُ جُگ مہِ گھاٹِیا ॥

ਨਾਮੁ ਨਿਧਾਨੁ ਸਦ ਨਵਤਨੁ ਨਿਰਮਲੁ
ਇਹੁ ਨਾਨਕ ਹਰਿ ਧਨੁ ਖਾਟਿਆ ॥੪॥੧੦॥੧੩੧॥

نامُ نِدھانُ سد نوتنُ نِرملُ
اِہُ نانک ہرِ دھنُ کھاٹِیا ॥4॥ 10 ॥ 131 ॥

ਗਉੜੀ ਮਹਲਾ ੫ ॥

گئُڑی محلا 5 ॥

ਜੋਗ ਜੁਗਤਿ ਸੁਨਿ ਆਇਓ ਗੁਰ ਤੇ ॥

جوگ جُگتِ سُنِ آئِئو گُر تے ॥

ਮੋ ਕਉ ਸਤਿਗੁਰ ਸਬਦਿ ਬੁਝਾਇਓ ॥੧॥ ਰਹਾਉ ॥

مو ک ءُ ستِگُر سبدِ بُجھائِئو ॥1॥ رہاءُ ॥

ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ
ਨਿਮਖ ਨਿਮਖ ਨਮਸਕਾਰਾ ॥

ن ءُ کھنڈ پرتھمی اِسُ تن مہِ رویا
نِمکھ نِمکھ نمسکارا ॥

ਦੀਖਿਆ ਗੁਰ ਕੀ ਮੁੰਦ੍ਰਾ ਕਾਨੀ
ਦ੍ਰਿੜਿਓ ਏਕੁ ਨਿਰੰਕਾਰਾ ॥੧॥

دیکھیا گُر کی مُندّرا کانی
دڑِڑِئو ایکُ نِرنکارا ॥1॥

ਪੰਚ ਚੇਲੇ ਮਿਲਿ ਭਏ ਇਕਤ੍ਰਾ
ਏਕਸੁ ਕੈ ਵਸਿ ਕੀਏ ॥

پنچ چیلے مِلِ بھے اِکتّرا
ایکسُ کے وسِ کیے ॥

ਦਸ ਬੈਰਾਗਨਿ ਆਗਿਆਕਾਰੀ
ਤਬ ਨਿਰਮਲ ਜੋਗੀ ਥੀਏ ॥੨॥

دس بیراگنِ آگیاکاری
تب نِرمل جوگی تھیے ॥2॥

ਭਰਮੁ ਜਰਾਇ ਚਰਾਈ ਬਿਭੂਤਾ
ਪੰਥੁ ਏਕੁ ਕਰਿ ਪੇਖਿਆ ॥

بھرمُ جراءِ چرائی بھوُتا
پنتھُ ایکُ کرِ پیکھیا ॥

ਸਹਜ ਸੂਖ ਸੋ ਕੀਨੀ ਭੁਗਤਾ
ਜੋ ਠਾਕੁਰਿ ਮਸਤਕਿ ਲੇਖਿਆ ॥੩॥

سہج سوُکھ سو کِینی بھُگتا
جو ٹھاکُرِ مستکِ لیکھیا ॥3॥

ਜਹ ਭਉ ਨਾਹੀ ਤਹਾ ਆਸਨੁ ਬਾਧਿਓ
ਸਿੰਗੀ ਅਨਹਤ ਬਾਨੀ ॥

جہ بھ ءُ ناہی تہا آسنُ بادھِئو
سِنگی انہت بانی ॥

ਤਤੁ ਬੀਚਾਰੁ ਡੰਡਾ ਕਰਿ ਰਾਖਿਓ
ਜੁਗਤਿ ਨਾਮੁ ਮਨਿ ਭਾਨੀ ॥੪॥

تتُ بیچارُ ڈنڈا کرِ راکھِئو
جُگتِ نامُ منِ بھانی ॥4॥

ਐਸਾ ਜੋਗੀ ਵਡਭਾਗੀ ਭੇਟੈ

ایَسا جوگی وڈبھاگی بھیٹے

ਮਾਇਆ ਕੇ ਬੰਧਨ ਕਾਟੈ ॥

ماۓیا کے بندھن کاٹے ॥

ਸੇਵਾ ਪੂਜ ਕਰਉ ਤਿਸੁ ਮੂਰਤਿ ਕੀ
ਨਾਨਕੁ ਤਿਸੁ ਪਗ ਚਾਟੈ ॥੫॥੧੧॥੧੩੨॥

سیوا پوُج کرءُ تِس موُرتِ کی
نانکُ تِس پگ چاٹے ॥5॥ 11 ॥ 132 ॥

ਗਉੜੀ ਮਹਲਾ ੫ ॥

گوڑی محلا 5 ॥

ਅਨੂਪ ਪਦਾਰਥੁ ਨਾਮੁ ਸੁਨਹੁ
ਸਗਲ ਧਿਆਇਲੇ ਮੀਤਾ ॥

انوُپ پدارتھُ نامُ سُننہُ
سگل دھیاۓلے مِیتا ۔ ॥

ਹਰਿ ਅਉਖਧੁ ਜਾ ਕਉ ਗੁਰਿ ਦੀਆ
ਤਾ ਕੇ ਨਿਰਮਲ ਚੀਤਾ ॥੧॥ ਰਹਾਉ ॥

ہرِ اَئکھدھُ جا کءُ گُرِ دیِیا
تا کے نِرمل چیِتا ॥1॥ رہاءُ ॥

ਅੰਧਕਾਰੁ ਮਿਟਿਓ ਤਿਹ ਤਨ ਤੇ
ਗੁਰਿ ਸਬਦਿ ਦੀਪਕੁ ਪਰਗਾਸਾ ॥

اندھکارُ مِٹیو تہ تن تے
گُرِ سبدِ دیپکُ پرگاسا ॥

ਭ੍ਰਮ ਕੀ ਜਾਲੀ ਤਾ ਕੀ ਕਾਟੀ
ਜਾ ਕਉ ਸਾਧਸੰਗਤਿ ਬਿਸ੍ਵਾਸਾ ॥੧॥

بھرم کی جالی تا کی کاٹی
جا کءُ سادھسنگتِ بِسّواسا ॥1॥

ਤਾਰੀਲੇ ਭਵਜਲੁ ਤਾਰੂ ਬਿਖੜਾ
ਬੋਹਿਥ ਸਾਧੂ ਸੰਗਾ ॥

تاریِلے بھوجلُ تارو بِکھڑا
بوہِتھ سادھوُ سنگا ॥

ਪੂਰਨ ਹੋਈ ਮਨ ਕੀ ਆਸਾ
ਗੁਰੁ ਭੇਟਿਓ ਹਰਿ ਰੰਗਾ ॥੨॥

پوُرن ہوئی من کی آسا
گُرُ بھیٹیو ہرِ رنگا ॥2॥

ਨਾਮ ਖਜਾਨਾ ਭਗਤੀ ਪਾਇਆ
ਮਨ ਤਨ ਤ੍ਰਿਪਤਿ ਅਘਾਏ ॥

نام خزانا بھگتی پاۓیا
من تن ترِپتِ اگھاۓے ॥

ਨਾਨਕ ਹਰਿ ਜੀਉ ਤਾ ਕਉ ਦੇਵੈ
ਜਾ ਕਉ ਹੁਕਮੁ ਮਨਾਏ ॥੩॥੧੨॥੧੩੩॥

نانک ہرِ جیِءُ تا کءُ دیوے
جا کءُ حُکمُ منائے ॥3॥ 12 ॥ 133 ॥

ਗਉੜੀ ਮਹਲਾ ੫ ॥

گوڑی محلا 5 ॥

ਦਇਆ ਮਇਆ ਕਰਿ ਪ੍ਰਾਨਪਤਿ ਮੋਰੇ
ਮੋਹਿ ਅਨਾਥ ਸਰਣਿ ਪ੍ਰਭ ਤੋਰੀ ॥

دئیا مئیا کرِ پرانپتِ مورے
موہِ اناتھ سرنِ پربھ توری ॥

ਅੰਧ ਕੂਪ ਮਹਿ ਹਾਥ ਦੇ ਰਾਖਹੁ
ਕਛੂ ਸਿਆਨਪ ਉਕਤਿ ਨ ਮੋਰੀ ॥੧॥ ਰਹਾਉ ॥

اندھ کوُپ مہِ ہاتھ دے راکھہُ
کچھوُ سِیانپ اُکتِ ن موری ॥1॥ رہاءُ ॥

ਕਰਨ ਕਰਾਵਨ ਸਭ ਕਿਛੁ ਤੁਮ ਹੀ
ਤੁਮ ਸਮਰਥ ਨਾਹੀ ਅਨ ਹੋਰੀ ॥

ਤੁਮਰੀ ਗਤਿ ਮਿਤਿ ਤੁਮ ਹੀ ਜਾਨੀ
ਸੇ ਸੇਵਕ ਜਿਨ ਭਾਗ ਮਥੋਰੀ ॥੧॥

ਅਪੁਨੇ ਸੇਵਕ ਸੰਗਿ ਤੁਮ ਪ੍ਰਭ ਰਾਤੇ
ਓਤਿ ਪੋਤਿ ਭਗਤਨ ਸੰਗਿ ਜੋਰੀ ॥

ਪ੍ਰਿਉ ਪ੍ਰਿਉ ਨਾਮੁ ਤੇਰਾ ਦਰਸਨੁ ਚਾਹੈ
ਜੈਸੇ ਦ੍ਰਿਸਟਿ ਓਹ ਚੰਦ ਚਕੋਰੀ ॥

ਰਾਮ ਸੰਤ ਮਹਿ ਭੇਦੁ ਕਿਛੁ ਨਾਹੀ
ਏਕੁ ਜਨੁ ਕਈ ਮਹਿ ਲਾਖ ਕਰੋਰੀ ॥

ਜਾ ਕੈ ਹੀਐ ਪ੍ਰਗਟੁ ਪ੍ਰਭੁ ਹੋਆ
ਅਨਦਿਨੁ ਕੀਰਤਨੁ ਰਸਨ ਰਮੋਰੀ ॥੩॥

ਤੁਮ ਸਮਰਥ ਅਪਾਰ ਅਤਿ ਊਚੇ
ਸੁਖਦਾਤੇ ਪ੍ਰਭ ਪ੍ਰਾਨ ਅਧੋਰੀ ॥

ਨਾਨਕ ਕਉ ਪ੍ਰਭ ਕੀਜੈ ਕਿਰਪਾ
ਉਨ ਸੰਤਨ ਕੈ ਸੰਗਿ ਸੰਗੋਰੀ ॥੪॥੧੩॥੧੩੪॥

ਗਉੜੀ ਮਹਲਾ ੫ ॥

ਤੁਮ ਹਰਿ ਸੇਤੀ ਰਾਤੇ ਸੰਤਹੁ ॥

ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ
ਓੜਿ ਪਹੁਚਾਵਹੁ ਦਾਤੇ ॥੧॥ ਰਹਾਉ ॥

ਤੁਮਰਾ ਮਰਮੁ ਤੁਮਾ ਹੀ ਜਾਨਿਆ
ਤੁਮ ਪੂਰਨ ਪੁਰਖ ਬਿਧਾਤੇ ॥

ਰਾਖਹੁ ਸਰਣਿ ਅਨਾਥ ਦੀਨ ਕਉ
ਕਰਹੁ ਹਮਾਰੀ ਗਾਤੇ ॥੧॥

ਤਰਣ ਸਾਗਰ ਬੋਹਿਥ ਚਰਣ ਤੁਮਾਰੇ

کرن کراون سبھ کچھُ تُم ہی
تُم سمرتھ ناہی ان ہوری ॥

تُمری گتِ مِتِ تُم ہی جانی
سے سیوک جِن بھاگ متھوری ॥1॥

اپُنے سیوک سنگِ تُم پربھ راتے
اوتِ پوتِ بھگتن سنگِ جوری ॥

پرءُ پرءُ نامُ تیرا درسنُ چاہے
جیسے درِسٹِ اوہ چندّ چکوری ॥

رام سنّت مہِ بھیدُ کچھُ ناہی
ایکُ جنُ کئی مہِ لاکھ کروری ॥

جا کے ہیئے پرگٹُ پربھُ ہویا
اندِنُ کیرتنُ رسن رموری ॥3॥

تُم سمرتھ اپار اتِ اوُچے
سُکھداتے پربھ پران ادھوری ۔ ॥

نانک کءُ پربھ کیجے کرپا
اُن سنّتن کے سنگِ سنگوری ॥4॥ 13 ॥ 134 ॥

گئڑی محلا 5 ॥

تُم ہرِ سیتی راتے سنّتہ ۔ ॥

نِباہِ لیہُ مو کءُ پُرکھ بِدھاتے
اوڑِ پہُچاوہُ داتے ۔ ॥1॥ رہاءُ ॥

تُمرا مرمُ تُما ہی جانِیا
تُم پوُرن پُرکھ بِدھاتے ۔ ॥

راکھہُ سرنِ اناتھ دِین کءُ
کرہُ ہماری گاتے ॥1॥

ترنُ ساگر بوہِتھ چرنُ تُمارے

ਤੁਮ ਜਾਨਹੁ ਅਪੁਨੀ ਭਾਤੇ ॥

تُم جانہُ اپُنی بھاتے ॥

ਕਰਿ ਕਿਰਪਾ ਜਿਸੁ ਰਾਖਹੁ ਸੰਗੇ
ਤੇ ਤੇ ਪਾਰਿ ਪਰਾਤੇ ॥੨॥

کرِ کرِپا جِسُ راکھہُ سنگے
تے تے پارِ پراتے ॥2॥

ਈਤ ਊਤ ਪ੍ਰਭ ਤੁਮ ਸਮਰਥਾ
ਸਭੁ ਕਿਛੁ ਤੁਮਰੈ ਹਾਥੇ ॥

ایت اوُت پربھ تُم سمرتھا
سبھُ کِچھُ تُمرے ہاتھے ॥

ਐਸਾ ਨਿਧਾਨੁ ਦੇਹੁ ਮੋ ਕਉ
ਹਰਿ ਜਨ ਚਲੈ ਹਮਾਰੈ ਸਾਥੇ ॥੩॥

ایَسا نِدھانُ دیہُ مو ک ءُ
ہرِ جن چلے ہمارے ساتھے ॥3॥

ਨਿਰਗੁਨੀਆਰੇ ਕਉ ਗੁਨੁ ਕੀਜੈ
ਹਰਿ ਨਾਮੁ ਮੇਰਾ ਮਨੁ ਜਾਪੇ ॥

نِرگُنیارے ک ءُ گُنُ کیجے
ہرِ نامُ میرا منُ جاپے ॥

ਸੰਤ ਪ੍ਰਸਾਦਿ ਨਾਨਕ ਹਰਿ ਭੇਟੇ
ਮਨ ਤਨ ਸੀਤਲ ਧ੍ਰਾਪੇ ॥੪॥੧੪॥੧੩੫॥

سنّت پرّسادِ نانک ہرِ بھیٹے
من تن سِیتل دھرّاپے ॥4॥ 14 ॥ 135 ॥

ਗਉੜੀ ਮਹਲਾ ੫ ॥

گئڑی محلا 5 ॥

ਸਹਜਿ ਸਮਾਇਓ ਦੇਵ ॥

سہجِ سمائیو دیو ॥

ਮੋ ਕਉ ਸਤਿਗੁਰ ਭਏ ਦਇਆਲ ਦੇਵ ॥੧॥ ਰਹਾਉ ॥

مو ک ءُ ستِگُر بھے دئیال دیو ॥1॥ رہاءُ ॥

ਕਾਟਿ ਜੇਵਰੀ ਕੀਓ ਦਾਸਰੋ
ਸੰਤਨ ਟਹਲਾਇਓ ॥

کاٹِ جیوری کِیئو داسرو
سنّتن ٹہلائیو ॥

ਏਕ ਨਾਮ ਕੋ ਥੀਓ ਪੂਜਾਰੀ
ਮੋ ਕਉ ਅਚਰਜੁ ਗੁਰਹਿ ਦਿਖਾਇਓ ॥੧॥

ایک نام کو تھیئو پوُجاری
مو ک ءُ اچرجُ گُرہِ دِکھائیو ॥1॥

ਭਇਓ ਪ੍ਰਗਾਸੁ ਸਰਬ ਉਜੀਆਰਾ
ਗੁਰ ਗਿਆਨੁ ਮਨਹਿ ਪ੍ਰਗਟਾਇਓ ॥

بھئیو پرّگاسُ سرب اُجِیارا
گُر گیانُ منہِ پرّگٹائیو ॥

ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ
ਅਨਭੈ ਠਹਰਾਇਓ ॥੨॥

انمّرِتُ نامُ پِیئو منُ ترّپتِیا
انبھے ٹھہرائیو ॥2॥

ਮਾਨਿ ਆਗਿਆ ਸਰਬ ਸੁਖ ਪਾਏ
ਦੂਖਹ ਠਾਉ ਗਵਾਇਓ ॥

مانِ آگیا سرب سُکھ پائے
دوُکھہ ٹھاءُ گوائیو ॥

ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ

ج ءُ سُپرّسنّن بھے پربھ ٹھاکُر

ਸਭੁ ਆਨਦ ਰੂਪੁ ਦਿਖਾਇਓ ॥੩॥

سبھُ آند روُپُ دِکھائیو ॥3॥

ਨਾ ਕਿਛੁ ਆਵਤ ਨਾ ਕਿਛੁ ਜਾਵਤ
ਸਭੁ ਖੇਲੁ ਕੀਓ ਹਰਿ ਰਾਇਓ ॥

نا کِچھُ آوت نا کِچھُ جاوت
سبھُ کھیلُ کِیئو ہرِ رائیو ॥

ਕਹੁ ਨਾਨਕ ਅਗਮ ਅਗਮ ਹੈ ਠਾਕੁਰ
ਭਗਤ ਟੇਕ ਹਰਿ ਨਾਇਓ ॥੪॥੧੫॥੧੩੬॥

کہُ نانک اگم اگم ہے ٹھاکُر
بھگت ٹیک ہرِ نائیو ॥4॥ 15 ॥ 136 ॥

ਗਉੜੀ ਮਹਲਾ ੫ ॥

گئُڑی محلا 5 ॥

ਪਾਰਬ੍ਰਹਮ ਪੂਰਨ ਪਰਮੇਸੁਰ
ਮਨ ਤਾ ਕੀ ਓਟ ਗਹੀਜੈ ਰੇ ॥

پاربّرہم پوُرن پرمیسُر
من تا کی اوٹ گہیجےَ رے ॥

ਜਿਨਿ ਧਾਰੇ ਬ੍ਰਹਮੰਡ ਖੰਡ ਹਰਿ
ਤਾ ਕੋ ਨਾਮੁ ਜਪੀਜੈ ਰੇ ॥੧॥ ਰਹਾਉ ॥

جِنِ دھارے بّرہمنڈ کھنڈ ہرِ
تا کو نامُ جپیجےَ رے ॥1॥ رہاءُ ॥

ਮਨ ਕੀ ਮਤਿ ਤਿਆਗਹੁ ਹਰਿ ਜਨ
ਹੁਕਮੁ ਬੂਝਿ ਸੁਖੁ ਪਾਈਐ ਰੇ ॥

من کی متِ تیاگہُ ہرِ جن
حُکمُ بوُجھِ سُکھُ پائیےَ رے ॥

ਜੋ ਪ੍ਰਭੁ ਕਰੈ ਸੋਈ ਭਲ ਮਾਨਹੁ
ਸੁਖਿ ਦੁਖਿ ਓਹੀ ਧਿਆਈਐ ਰੇ ॥੧॥

جو پّربھُ کرے سوئی بھل مانہُ
سُکھِ دُکھِ اوہی دھیائیےَ رے ॥1॥

ਕੋਟਿ ਪਤਿਤ ਉਧਾਰੇ ਖਿਨ ਮਹਿ
ਕਰਤੇ ਬਾਰ ਨ ਲਾਗੈ ਰੇ ॥

کوٹِ پتِت اُدھارے کھِن مہِ
کرتے بار ن لاگےَ رے ॥

ਦੀਨ ਦਰਦ ਦੁਖ ਭੰਜਨ ਸੁਆਮੀ
ਜਿਸੁ ਭਾਵੈ ਤਿਸਹਿ ਨਿਵਾਜੈ ਰੇ ॥੨॥

دِین درد دُکھ بھنّجن سُیامی
جِسُ بھاوےَ تِسہِ نِوازےَ رے ॥2॥

ਸਭ ਕੋ ਮਾਤ ਪਿਤਾ ਪ੍ਰਤਿਪਾਲਕ
ਜੀਅ ਪ੍ਰਾਨ ਸੁਖ ਸਾਗਰੁ ਰੇ ॥

سبھ کو مات پِتا پّرتپالک
جیء پّران سُکھ ساگرُ رے ॥

ਦੇਂਦੇ ਤੋਟਿ ਨਾਹੀ ਤਿਸੁ ਕਰਤੇ
ਪੂਰਿ ਰਹਿਓ ਰਤਨਾਗਰੁ ਰੇ ॥੩॥

دینْدے توٹِ ناہی تِسُ کرتے
پوُرِ رہیئو رتناگرُ رے ॥3॥

ਜਾਚਿਕੁ ਜਾਚੈ ਨਾਮੁ ਤੇਰਾ ਸੁਆਮੀ
ਘਟ ਘਟ ਅੰਤਰਿ ਸੋਈ ਰੇ ॥

جاچِکُ جاچےَ نامُ تیرا سُیامی
گھٹ گھٹ انترِ سوئی رے ॥

ਨਾਨਕ ਦਾਸੁ ਤਾ ਕੀ ਸਰਣਾਈ

نانک داسُ تا کی سرٹائی

ਜਾ ਤੇ ਬ੍ਰਿਥਾ ਨ ਕੋਈ ਰੇ ॥੪॥੧੬॥੧੩੭॥

جا تے بِرتھا ن کوئی رے ॥4॥ 16 ॥ 137 ॥

ਰਾਗੁ ਗਉੜੀ ਪੂਰਬੀ ਮਹਲਾ ੫

راگُ گؤڑی پُوربی محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਹਰਿ ਹਰਿ ਕਬਹੂ ਨ ਮਨਹੁ ਬਿਸਾਰੇ ॥

ہرِ ہرِ کبہُو ن منہُ بِسارے ॥

ਈਹਾ ਊਹਾ ਸਰਬ ਸੁਖਦਾਤਾ
ਸਗਲ ਘਟਾ ਪ੍ਰਤਿਪਾਰੇ ॥੧॥ ਰਹਾਉ ॥

ایہا اوُہا سرب سُکھداتا
سگل گھٹا پرتپارے ॥1॥ رہاءُ ॥

ਮਹਾ ਕਸਟ ਕਾਟੈ ਖਿਨ ਭੀਤਰਿ
ਰਸਨਾ ਨਾਮੁ ਚਿਤਾਰੇ ॥

مہا کسٹ کاٹے کھِن بھیترِ
رسنا نامُ چِتارے ॥

ਸੀਤਲ ਸਾਂਤਿ ਸੂਖ ਹਰਿ ਸਰਣੀ
ਜਲਤੀ ਅਗਨਿ ਨਿਵਾਰੇ ॥੧॥

سِیتل سانتِ سوُکھ ہرِ سرنی
جلتی اگنِ نِوارے ॥1॥

ਗਰਭ ਕੁੰਡ ਨਰਕ ਤੇ ਰਾਖੈ
ਭਵਜਲੁ ਪਾਰਿ ਉਤਾਰੇ ॥

گربھ کُنڈ نرک تے راکھے
بھوجلُ پارِ اُتارے ॥

ਚਰਨ ਕਮਲ ਆਰਾਧਤ ਮਨ ਮਹਿ
ਜਮ ਕੀ ਤ੍ਰਾਸ ਬਿਦਾਰੇ ॥੨॥

چرن کمل آرادھت من مہِ
جم کی تراس بِدارے ॥2॥

ਪੂਰਨ ਪਾਰਬ੍ਰਹਮ ਪਰਮੇਸੁਰ
ਊਚਾ ਅਗਮ ਅਪਾਰੇ ॥

پُورن پاربرہم پرمیسُر
اوُچا اگم اپارے ॥

ਗੁਣ ਗਾਵਤ ਧਿਆਵਤ ਸੁਖ ਸਾਗਰ
ਜੂਏ ਜਨਮੁ ਨ ਹਾਰੇ ॥੩॥

گُن گاوت دھیاوت سُکھ ساگر
جوُئے جنمُ ن ہارے ॥3॥

ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ
ਨਿਰਗੁਣ ਕੇ ਦਾਤਾਰੇ ॥

کامِ کرودھِ لوبھِ موہِ منُ لِینو
نِرگُن کے داتارے ۔ ॥

ਕਰਿ ਕਿਰਪਾ ਅਪੁਨੋ ਨਾਮੁ ਦੀਜੈ
ਨਾਨਕ ਸਦ ਬਲਿਹਾਰੇ ॥੪॥੧॥੧੩੮॥

کرِ کرپا اپُنو نامُ دیجے
نانک سد بلِہارے ॥4॥ 1 ॥ 138 ॥

ਰਾਗੁ ਗਉੜੀ ਚੇਤੀ ੧ ਮਹਲਾ ੫

راگُ گؤڑی چیتی 1 محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥	سُکھُ ناہی رے ہرِ بھگتِ بِنا ॥
ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧਸੰਗਤਿ ਜਪਿ ਇਕ ਖਿਨਾ ॥੧॥ ਰਹਾਉ ॥	جیتِ جنمُ اِہُ رتنُ امولکُ سادھسنگتِ جپِ اِک کھِنا ॥1॥ رہاءُ ॥
ਸੁਤ ਸੰਪਤਿ ਬਨਿਤਾ ਬਿਨੋਦ ॥	سُت سنّپتِ بنِتا بِنود ॥
ਛੋਡਿ ਗਏ ਬਹੁ ਲੋਗ ਭੋਗ ॥੧॥	چھوڈِ گئے بہُ لوگ بھوگ ॥1॥
ਹੈਵਰ ਗੈਵਰ ਰਾਜ ਰੰਗ ॥	ہیَور گیَور راج رنگ ॥
ਤਿਆਗਿ ਚਲਿਓ ਹੈ ਮੂੜ ਨੰਗ ॥੨॥	تِیاگِ چلِئو ہے موُڑ ننگ ॥2॥
ਚੋਆ ਚੰਦਨ ਦੇਹ ਫੂਲਿਆ ॥	چویا چندن دیہ پھوُلیا ॥
ਸੋ ਤਨੁ ਧਰ ਸੰਗਿ ਰੂਲਿਆ ॥੩॥	سو تنُ دھر سنگِ روُلیا ॥3॥
ਮੋਹਿ ਮੋਹਿਆ ਜਾਨੈ ਦੂਰਿ ਹੈ ॥	موہِ موہِیا جانے دوُرِ ہے ॥
ਕਹੁ ਨਾਨਕ ਸਦਾ ਹਦੂਰਿ ਹੈ ॥੪॥੧॥੧੩੯॥	کہُ نانک سدا حدوُرِ ہے ॥4॥1॥ 139 ॥
ਗਉੜੀ ਮਹਲਾ ੫ ॥	گئُڑی محلا 5 ॥
ਮਨ ਧਰ ਤਰਬੇ ਹਰਿ ਨਾਮ ਨੋ ॥	من دھر ترے ہرِ نام نو ॥
ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰ ਗਰਾਮਨੋ ॥੧॥ ਰਹਾਉ ॥	ساگر لہرِ سنّسا سنّسارُ گُرُ بوہِتھُ پار گرامنو ॥1॥ رہاءُ ॥
ਕਲਿ ਕਾਲਖ ਅੰਧਿਆਰੀਆ ॥	کلِ کالکھ اندھیارِیا ॥
ਗੁਰ ਗਿਆਨ ਦੀਪਕ ਉਜਿਆਰੀਆ ॥੧॥	گُر گیان دیپک اُجیارِیا ॥1॥
ਬਿਖੁ ਬਿਖਿਆ ਪਸਰੀ ਅਤਿ ਘਨੀ ॥	بِکھُ بِکھیا پسری اتِ گھنی ॥
ਉਬਰੇ ਜਪਿ ਜਪਿ ਹਰਿ ਗੁਨੀ ॥੨॥	اُبرے جپِ جپِ ہرِ گُنی ॥2॥
ਮਤਵਾਰੋ ਮਾਇਆ ਸੋਇਆ ॥	متوارو مائیا سوئیا ॥
ਗੁਰ ਭੇਟਤ ਭ੍ਰਮੁ ਭਉ ਖੋਇਆ ॥੩॥	گُر بھیٹت بھرّمُ بھءُ کھوئیا ॥3॥
ਕਹੁ ਨਾਨਕ ਏਕੁ ਧਿਆਇਆ ॥	کہُ نانک ایکُ دھیائیا ॥
ਘਟਿ ਘਟਿ ਨਦਰੀ ਆਇਆ ॥੪॥੨॥੧੪੦॥	گھٹِ گھٹِ ندری آئیا ॥4॥2॥ 140 ॥

ਗਉੜੀ ਮਹਲਾ ੫ ॥	گئڑی محلا 5 ॥
ਦੀਬਾਨੁ ਹਮਾਰੋ ਤੁਹੀ ਏਕ ॥	دِیبانُ ہمارو تُہی ایک ॥
ਸੇਵਾ ਥਾਰੀ ਗੁਰਹਿ ਟੇਕ ॥੧॥ ਰਹਾਉ ॥	سیوا تھاری گُرہِ ٹیک ॥1॥ رہاءُ ॥
ਅਨਿਕ ਜੁਗਤਿ ਨਹੀ ਪਾਇਆ ॥	اِنِک جُگتِ نہی پائیا ॥
ਗੁਰਿ ਚਾਕਰ ਲੈ ਲਾਇਆ ॥੧॥	گُرِ چاکر لے لائیا ॥1॥
ਮਾਰੇ ਪੰਚ ਬਿਖਾਦੀਆ ॥	مارے پنچ بِکھادِیا ॥
ਗੁਰ ਕਿਰਪਾ ਤੇ ਦਲੁ ਸਾਧਿਆ ॥੨॥	گُر کِرپا تے دلُ سادھِیا ॥2॥
ਬਖਸੀਸ ਵਜਹੁ ਮਿਲਿ ਏਕੁ ਨਾਮ ॥	بخشِیس وجہُ مِلِ ایکُ نام ॥
ਸੂਖ ਸਹਜ ਆਨੰਦ ਬਿਸ੍ਰਾਮ ॥੩॥	سوُکھ سہج آنند بِسّرام ॥3॥
ਪ੍ਰਭ ਕੇ ਚਾਕਰ ਸੇ ਭਲੇ ॥	پربھ کے چاکر سے بھلے ॥
ਨਾਨਕ ਤਿਨ ਮੁਖ ਊਜਲੇ ॥੪॥੩॥੧੪੧॥	نانک تِن مُکھ اوُجلے ॥4॥3॥ 141 ॥
ਗਉੜੀ ਮਹਲਾ ੫ ॥	گئڑی محلا 5 ॥
ਜੀਅਰੇ ਓਲ੍ਹਾ ਨਾਮ ਕਾ ॥	جِیئرے اولّہا نام کا ॥
ਅਵਰੁ ਜਿ ਕਰਨ ਕਰਾਵਨੋ ਤਿਨ ਮਹਿ ਭਉ ਹੈ ਜਾਮ ਕਾ ॥੧॥ ਰਹਾਉ ॥	اورُ جِ کرن کراونو تِن مہِ بھءُ ہے جام کا ॥1॥ رہاءُ ॥
ਅਵਰ ਜਤਨਿ ਨਹੀ ਪਾਈਐ ॥	اور جتنِ نہی پائیئے ॥
ਵਡੈ ਭਾਗਿ ਹਰਿ ਧਿਆਈਐ ॥੧॥	وڈے بھاگِ ہرِ دھِیائیئے ॥1॥
ਲਾਖ ਹਿਕਮਤੀ ਜਾਨੀਐ ॥	لاکھ حِکمتی جانیئے ॥
ਆਗੈ ਤਿਲੁ ਨਹੀ ਮਾਨੀਐ ॥੨॥	آگے تِلُ نہی مانیئے ॥2॥
ਅਹੰਬੁਧਿ ਕਰਮ ਕਮਾਵਨੇ ॥	اہنّبدھِ کرم کماونے ॥
ਗ੍ਰਿਹ ਬਾਲੂ ਨੀਰਿ ਬਹਾਵਨੇ ॥੩॥	گرّہِ بالوُ نیرِ بہاونے ॥3॥
ਪ੍ਰਭੁ ਕ੍ਰਿਪਾਲੁ ਕਿਰਪਾ ਕਰੈ ॥	پربھُ کرّپالُ کِرپا کرے ॥
ਨਾਮੁ ਨਾਨਕ ਸਾਧੂ ਸੰਗਿ ਮਿਲੈ ॥੪॥੪॥੧੪੨॥	نامُ نانک سادھوُ سنگِ مِلے ॥4॥4॥ 142 ॥

ਗਉੜੀ ਮਹਲਾ ੫ ॥	گئڑی محلا 5 ॥
ਬਾਰਨੈ ਬਲਿਹਾਰਨੈ ਲਖ ਬਰੀਆ ॥	بارنےَ بلِہارنے لکھ بریِیا ॥
ਨਾਮੋ ਹੋ ਨਾਮੁ ਸਾਹਿਬ ਕੋ ਪ੍ਰਾਨ ਅਧਰੀਆ ॥੧॥ ਰਹਾਉ ॥	نامو ہو نامُ صاہِب کو پّران ادھریِیا ॥1॥ رہاءُ ॥
ਕਰਨ ਕਰਾਵਨ ਤੁਹੀ ਏਕ ॥	کرن کراون تُہی ایک ॥
ਜੀਅ ਜੰਤ ਕੀ ਤੁਹੀ ਟੇਕ ॥੧॥	جیء جنّت کی تُہی ٹیک ॥1॥
ਰਾਜ ਜੋਬਨ ਪ੍ਰਭ ਤੂੰ ਧਨੀ ॥	راج جوبن پّربھ توُنّ دھنی ॥
ਤੂੰ ਨਿਰਗੁਨ ਤੂੰ ਸਰਗੁਨੀ ॥੨॥	توُنّ نِرگُن توُنّ سرگُنی ॥2॥
ਈਹਾ ਊਹਾ ਤੁਮ ਰਖੇ ॥	ایِہا اوُہا تُم رکھے ॥
ਗੁਰ ਕਿਰਪਾ ਤੇ ਕੋ ਲਖੇ ॥੩॥	گُر کِرپا تے کو لکھے ॥3॥
ਅੰਤਰਜਾਮੀ ਪ੍ਰਭ ਸੁਜਾਨੁ ॥	انتّرجامی پّربھ سُجانُ ۔ ॥
ਨਾਨਕ ਤਕੀਆ ਤੁਹੀ ਤਾਣੁ ॥੪॥੫॥੧੪੩॥	نانک تکِیا تُہی تانُ ॥4॥5॥ 143 ॥
ਗਉੜੀ ਮਹਲਾ ੫ ॥	گئڑی محلا 5 ॥
ਹਰਿ ਹਰਿ ਹਰਿ ਆਰਾਧੀਐ ॥	ہرِ ہرِ ہرِ آرادھیِئے ॥
ਸੰਤਸੰਗਿ ਹਰਿ ਮਨਿ ਵਸੈ ਭਰਮੁ ਮੋਹੁ ਭਉ ਸਾਧੀਐ ॥੧॥ ਰਹਾਉ ॥	سنتسنگِ ہرِ منِ وسےَ بھرمُ موہُ بھءُ سادھیِئے ॥1॥ رہاءُ ॥
ਬੇਦ ਪੁਰਾਣ ਸਿਮ੍ਰਿਤਿ ਭਨੇ ॥	بید پُراںُ سِمرّتِ بھنے ॥
ਸਭ ਊਚ ਬਿਰਾਜਿਤ ਜਨ ਸੁਨੇ ॥੧॥	سبھ اوُچ بِراجِت جن سُنے ॥1॥
ਸਗਲ ਅਸਥਾਨ ਭੈ ਭੀਤ ਚੀਨ ॥	سگل استھان بھےَ بھیِت چیِن ॥
ਰਾਮ ਸੇਵਕ ਭੈ ਰਹਤ ਕੀਨ ॥੨॥	رام سیوک بھےَ رہت کیِن ॥2॥
ਲਖ ਚਉਰਾਸੀਹ ਜੋਨਿ ਫਿਰਹਿ ॥	لکھ چئُراسیِہ جونِ پھِرہِ ॥
ਗੋਬਿੰਦ ਲੋਕ ਨਹੀ ਜਨਮਿ ਮਰਹਿ ॥੩॥	گوبِنّد لوک نہی جنمِ مرہِ ॥3॥

ਬਲ ਬੁਧਿ ਸਿਆਨਪ ਹਉਮੈ ਰਹੀ ॥
ہرِ سادھ سرنِ نانک گہی ॥4॥6॥ 144 ॥
بل بُدھِ سِیانپ ہئُمےَ رہی ॥

ਹਰਿ ਸਾਧ ਸਰਣਿ ਨਾਨਕ ਗਹੀ ॥੪॥੬॥੧੪੪॥

ਗਉੜੀ ਮਹਲਾ ੫ ॥
گنڑی محلا 5 ॥

ਮਨ ਰਾਮ ਨਾਮ ਗੁਨ ਗਾਈਐ ॥
من رام نام گُن گائیئے ॥

ਨੀਤ ਨੀਤ ਹਰਿ ਸੇਵੀਐ
ਸਾਸਿ ਸਾਸਿ ਹਰਿ ਧਿਆਈਐ ॥੧॥ ਰਹਾਉ ॥
نِیت نِیت ہرِ سیویئے
ساسِ ساسِ ہرِ دھیائیئے ॥1॥ رہاءُ ॥

ਸੰਤਸੰਗਿ ਹਰਿ ਮਨਿ ਵਸੈ ॥
سنتسنگِ ہرِ منِ وسےَ ॥

ਦੁਖੁ ਦਰਦੁ ਅਨੇਰਾ ਭ੍ਰਮੁ ਨਸੈ ॥੧॥
دُکھُ دردُ انیرا بھرمُ نسےَ ॥1॥

ਸੰਤ ਪ੍ਰਸਾਦਿ ਹਰਿ ਜਾਪੀਐ ॥
سنّت پرسادِ ہرِ جاپیئے ॥

ਸੋ ਜਨੁ ਦੂਖਿ ਨ ਵਿਆਪੀਐ ॥੨॥
سو جنُ دوُکھِ ن ویاپیئے ॥2॥

ਜਾ ਕਉ ਗੁਰੁ ਹਰਿ ਮੰਤ੍ਰੁ ਦੇ ॥
جا ک ءُ گُرُ ہرِ منّتر دے ॥

ਸੋ ਉਬਰਿਆ ਮਾਇਆ ਅਗਨਿ ਤੇ ॥੩॥
سو اُبریا مائیا اگنِ تے ॥3॥

ਨਾਨਕ ਕਉ ਪ੍ਰਭ ਮਇਆ ਕਰਿ ॥
نانک ک ءُ پربھ مئیا کرِ ॥

ਮੇਰੈ ਮਨਿ ਤਨਿ ਵਾਸੈ ਨਾਮੁ ਹਰਿ ॥੪॥੭॥੧੪੫॥
میرےَ منِ تنِ واسےَ نامُ ہرِ ॥4॥7॥ 145 ॥

ਗਉੜੀ ਮਹਲਾ ੫ ॥
گنڑی محلا 5 ॥

ਰਸਨਾ ਜਪੀਐ ਏਕੁ ਨਾਮ ॥
رسنا جپیئے ایکُ نام ॥

ਈਹਾ ਸੁਖੁ ਆਨੰਦੁ ਘਨਾ
ਆਗੈ ਜੀਅ ਕੈ ਸੰਗਿ ਕਾਮ ॥੧॥ ਰਹਾਉ ॥
ایہا سُکھُ آنندُ گھنا
آگے جیء کے سنگِ کام ॥1॥ رہاءُ ॥

ਕਟੀਐ ਤੇਰਾ ਅਹੰ ਰੋਗੁ ॥
کٹیئے تیرا اہنّ روگُ ॥

ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ ॥੧॥
توُنّ گُر پرسادِ کرِ راج جوگُ ॥1॥

ਹਰਿ ਰਸੁ ਜਿਨਿ ਜਨਿ ਚਾਖਿਆ ॥
ہرِ رسُ جِنِ جنِ چاکھیا ॥

ਤਾ ਕੀ ਤ੍ਰਿਸਨਾ ਲਾਥੀਆ ॥੨॥
تا کی ترِسنا لاتھیا ॥2॥

ਹਰਿ ਬਿਸ੍ਰਾਮ ਨਿਧਿ ਪਾਇਆ ॥
ہرِ بِسّرام نِدھِ پائیا ॥

ਸੋ ਬਹੁਰਿ ਨ ਕਤ ਹੀ ਧਾਇਆ ॥੩॥

سو بہُرِ ن کت ہی دھائیا ॥3॥

ਹਰਿ ਹਰਿ ਨਾਮੁ ਜਾ ਕਉ ਗੁਰਿ ਦੀਆ ॥

ہرِ ہرِ نامُ جا کءُ گُرِ دِیِیا ॥

ਨਾਨਕ ਤਾ ਕਾ ਭਉ ਗਇਆ ॥੪॥੮॥੧੪੬॥

نانک تا کا بھءُ گئیا ॥4॥8॥ 146 ॥

ਗਉੜੀ ਮਹਲਾ ੫ ॥

گئڑی محلا 5 ॥

ਜਾ ਕਉ ਬਿਸਰੈ ਰਾਮ ਨਾਮ
ਤਾਹੂ ਕਉ ਪੀਰ ॥

جا کءُ بِسرے رام نام
تاہوُ کءُ پیِر ॥

ਸਾਧਸੰਗਤਿ ਮਿਲਿ ਹਰਿ ਰਵਹਿ
ਸੇ ਗੁਣੀ ਗਹੀਰ ॥੧॥ ਰਹਾਉ ॥

سادھسنگتِ مِلِ ہرِ روہِ
سے گُنی گہیِر ॥1॥ رہاءُ ॥

ਜਾ ਕਉ ਗੁਰਮੁਖਿ ਰਿਦੈ ਬੁਧਿ ॥

جا کءُ گُرمُکھِ رِدے بُدھِ ॥

ਤਾ ਕੈ ਕਰ ਤਲ ਨਵ ਨਿਧਿ ਸਿਧਿ ॥੧॥

تا کے کر تل نو نِدھِ سِدھِ ॥1॥

ਜੋ ਜਾਨਹਿ ਹਰਿ ਪ੍ਰਭ ਧਨੀ ॥

جو جانہِ ہرِ پربھ دھنی ॥

ਕਿਛੁ ਨਾਹੀ ਤਾ ਕੈ ਕਮੀ ॥੨॥

کِچھُ ناہی تا کے کمی ॥2॥

ਕਰਣੈਹਾਰੁ ਪਛਾਨਿਆ ॥

کرنیَہارُ پچھانِیا ॥

ਸਰਬ ਸੂਖ ਰੰਗ ਮਾਣਿਆ ॥੩॥

سرب سوُکھ رنگ ماڑیا ॥3॥

ਹਰਿ ਧਨੁ ਜਾ ਕੈ ਗ੍ਰਿਹਿ ਵਸੈ ॥

ہرِ دھنُ جا کے گرِہِ وسے ॥

ਕਹੁ ਨਾਨਕ ਤਿਨ ਸੰਗਿ ਦੁਖੁ ਨਸੈ ॥੪॥੯॥੧੪੭॥

کہُ نانک تِن سنگِ دُکھُ نسے ॥4॥9॥ 147 ॥

ਗਉੜੀ ਮਹਲਾ ੫ ॥

گئڑی محلا 5 ॥

ਗਰਬੁ ਬਡੋ ਮੂਲੁ ਇਤਨੋ ॥

گربُ بڈھ موُلُ اِتنو ॥

ਰਹਨੁ ਨਹੀ ਗਹੁ ਕਿਤਨੋ ॥੧॥ ਰਹਾਉ ॥

رہنُ نہی گہُ کِتنو ॥1॥ رہاءُ ॥

ਬੇਬਰਜਤ ਬੇਦ ਸੰਤਨਾ
ਉਆਹੂ ਸਿਉ ਰੇ ਹਿਤਨੋ ॥

بیبرجت بید سنّتنا
اُیاہوُ سِءُ رے ہِتنو ॥

ਹਾਰ ਜੂਆਰ ਜੂਆ ਬਿਧੇ
ਇੰਦ੍ਰੀ ਵਸਿ ਲੈ ਜਿਤਨੋ ॥੧॥

ہار جوُیار جوُیا بِدھے
اِندّری وسِ لے جِتنو ॥1॥

ਹਰਨ ਭਰਨ ਸੰਪੂਰਨਾ
ਚਰਨ ਕਮਲ ਰੰਗਿ ਰਿਤਨੋ ॥

ہرن بھرن سنپُورنا
چرن کمل رنگِ رِتنو ॥

ਨਾਨਕ ਉਧਰੇ ਸਾਧਸੰਗਿ
ਕਿਰਪਾ ਨਿਧਿ ਮੈ ਦਿਤਨੋ ॥੨॥੧੦॥੧੪੮॥

نانک اُدھرے سادھسنگِ
کِرپا نِدھِ مے دِتنو ॥2॥ 10 ॥ 148 ॥

ਗਉੜੀ ਮਹਲਾ ੫ ॥

گئڑی محلا 5 ॥

ਮੋਹਿ ਦਾਸਰੋ ਠਾਕੁਰ ਕੋ ॥

موہِ داسرو ٹھاکُر کو ॥

ਧਾਨੁ ਪ੍ਰਭ ਕਾ ਖਾਨਾ ॥੧॥ ਰਹਾਉ ॥

دھانُ پربھ کا کھانا ॥1॥ رہاءُ ॥

ਐਸੋ ਹੈ ਰੇ ਖਸਮੁ ਹਮਾਰਾ ॥

ایسو ہے رے خصمُ ہمارا ॥

ਖਿਨ ਮਹਿ ਸਾਜਿ ਸਵਾਰਣਹਾਰਾ ॥੧॥

کھِن مہِ ساجِ سوارنہارا ॥1॥

ਕਾਮੁ ਕਰੀ ਜੇ ਠਾਕੁਰ ਭਾਵਾ ॥

کامُ کری جے ٹھاکُر بھاوا ॥

ਗੀਤ ਚਰਿਤ ਪ੍ਰਭ ਕੇ ਗੁਨ ਗਾਵਾ ॥੨॥

گیت چرِت پربھ کے گُن گاوا ॥2॥

ਸਰਣਿ ਪਰਿਓ ਠਾਕੁਰ ਵਜੀਰਾ ॥

سرنِ پرِئو ٹھاکُر وزیرا ॥

ਤਿਨਾ ਦੇਖਿ ਮੇਰਾ ਮਨੁ ਧੀਰਾ ॥੩॥

تِنا دیکھِ میرا منُ دھیرا ॥3॥

ਏਕ ਟੇਕ ਏਕੋ ਆਧਾਰਾ ॥

ایک ٹیک ایکو آدھارا ॥

ਜਨ ਨਾਨਕ ਹਰਿ ਕੀ ਲਾਗਾ ਕਾਰਾ ॥੪॥੧੧॥੧੪੯॥

جن نانک ہرِ کی لاگا کارا ॥4॥ 11 ॥ 149 ॥

ਗਉੜੀ ਮਹਲਾ ੫ ॥

گئڑی محلا 5 ॥

ਹੈ ਕੋਈ ਐਸਾ ਹਉਮੈ ਤੋਰੈ ॥

ہے کوئی ایسا ہئمے توریَ ॥

ਇਸੁ ਮੀਠੀ ਤੇ ਇਹੁ ਮਨੁ ਹੋਰੈ ॥੧॥ ਰਹਾਉ ॥

اِسُ میٹھی تے اِہُ منُ ہوریَ ॥1॥ رہاءُ ॥

ਅਗਿਆਨੀ ਮਾਨੁਖੁ ਭਇਆ
ਜੋ ਨਾਹੀ ਸੋ ਲੋਰੈ ॥

اگیانی مانکھُ بھئیا
جو ناہی سو لوریَ ॥

ਰੈਣਿ ਅੰਧਾਰੀ ਕਾਰੀਆ
ਕਵਨ ਜੁਗਤਿ ਜਿਤੁ ਭੋਰੈ ॥੧॥

رینِ اندھاری کاریا
کون جُگتِ جِتُ بھوریَ ॥1॥

ਭ੍ਰਮਤੋ ਭ੍ਰਮਤੋ ਹਾਰਿਆ
ਅਨਿਕ ਬਿਧੀ ਕਰਿ ਟੋਰੈ ॥

بھرمتو بھرمتو ہارِیا

انِک بِدھی کرِ ٹورے ॥

کہُ نانک کِرپا بھئی
ساد ھسنگتِ نِدھِ مورے ॥2॥ 12 ॥ 150 ॥

ਕਹੁ ਨਾਨਕ ਕਿਰਪਾ ਭਈ
ਸਾਧਸੰਗਤਿ ਨਿਧਿ ਮੋਰੈ ॥੨॥੧੨॥੧੫੦॥

گُڑی محلا 5 ॥

ਗਉੜੀ ਮਹਲਾ ੫ ॥

چِنتامنِٹ کرُتا مے ॥1॥ رہاءُ ॥

ਚਿੰਤਾਮਣਿ ਕਰੁਣਾ ਮਏ ॥੧॥ ਰਹਾਉ ॥

دِین دیَالا پاربّرہم ॥

ਦੀਨ ਦਇਆਲਾ ਪਾਰਬ੍ਰਹਮ ॥

جا کے سِمرنِٹ سُکھ بھے ॥1॥

ਜਾ ਕੈ ਸਿਮਰਣਿ ਸੁਖ ਭਏ ॥੧॥

اکال پُرکھ اگادھِ بودھ ॥

ਅਕਾਲ ਪੁਰਖ ਅਗਾਧਿ ਬੋਧ ॥

سُنت جسو کوٹِ اگھ کھے ॥2॥

ਸੁਨਤ ਜਸੋ ਕੋਟਿ ਅਘ ਖਏ ॥੨॥

کِرپا نِدھِ پربھ مِیا دھارِ ॥

ਕਿਰਪਾ ਨਿਧਿ ਪ੍ਰਭ ਮਇਆ ਧਾਰਿ ॥

نانک ہرِ ہرِ نام لے ॥3॥ 13 ॥ 151 ॥

ਨਾਨਕ ਹਰਿ ਹਰਿ ਨਾਮ ਲਏ ॥੩॥੧੩॥੧੫੧॥

گُڑی پُوربی محلا 5 ॥

ਗਉੜੀ ਪੂਰਬੀ ਮਹਲਾ ੫ ॥

میرے من سرنِٹ پربھوُ سُکھ پائے ॥

ਮੇਰੇ ਮਨ ਸਰਣਿ ਪ੍ਰਭੂ ਸੁਖ ਪਾਏ ॥

جا دِنِ بِسرے پران سُکھداتا
سو دِنُ جات اجائے ॥1॥ رہاءُ ॥

ਜਾ ਦਿਨਿ ਬਿਸਰੈ ਪ੍ਰਾਨ ਸੁਖਦਾਤਾ
ਸੋ ਦਿਨੁ ਜਾਤ ਅਜਾਏ ॥੧॥ ਰਹਾਉ ॥

ایک رینٹ کے پاہُن تُم آئے
بہُ جُگ آس بدھائے ॥

ਏਕ ਰੈਣ ਕੈ ਪਾਹੁਨ ਤੁਮ ਆਏ
ਬਹੁ ਜੁਗ ਆਸ ਬਧਾਏ ॥

گِرہ مندر سنپے جو دیسے
جِءُ ترور کی چھائے ॥1॥

ਗ੍ਰਿਹ ਮੰਦਰ ਸੰਪੈ ਜੋ ਦੀਸੈ
ਜਿਉ ਤਰਵਰ ਕੀ ਛਾਏ ॥੧॥

تنُ میرا سنپے سبھ میری
باغ مِلکھ سبھ جائے ॥

ਤਨੁ ਮੇਰਾ ਸੰਪੈ ਸਭ ਮੇਰੀ
ਬਾਗ ਮਿਲਖ ਸਭ ਜਾਏ ॥

دیونہارا بِسرِئو ٹھاکُرُ
کھِن مہِ ہوت پرائے ॥2॥

ਦੇਵਨਹਾਰਾ ਬਿਸਰਿਓ ਠਾਕੁਰੁ
ਖਿਨ ਮਹਿ ਹੋਤ ਪਰਾਏ ॥੨॥

پہِرے باگا کرِ اِسنانا

ਪਹਿਰੈ ਬਾਗਾ ਕਰਿ ਇਸਨਾਨਾ

ਚੋਆ ਚੰਦਨ ਲਾਏ ॥

چویا چندن لائے ॥

ਨਿਰਭਉ ਨਿਰੰਕਾਰ ਨਹੀ ਚੀਨਿਆ
ਜਿਉ ਹਸਤੀ ਨਾਵਾਏ ॥੩॥

نِربھ ءُ نِرنکار نہی چینیا
جِ ءُ ہستی ناوائے ॥3॥

ਜਉ ਹੋਇ ਕ੍ਰਿਪਾਲ ਤ ਸਤਿਗੁਰੁ ਮੇਲੈ
ਸਭਿ ਸੁਖ ਹਰਿ ਕੇ ਨਾਏ ॥

ج ءُ ہوءِ کرِپال ت ستِگُر میلےَ
سبھِ سُکھ ہرِ کے نائے ॥

ਮੁਕਤੁ ਭਇਆ ਬੰਧਨ ਗੁਰਿ ਖੋਲੇ
ਜਨ ਨਾਨਕ ਹਰਿ ਗੁਣ ਗਾਏ ॥੪॥੧੪॥੧੫੨॥

مُکت بھئیا بندھن گُرِ کھولے
جن نانک ہرِ گُن گائے ॥4॥ 14 ॥ 152 ॥

ਗਉੜੀ ਪੂਰਬੀ ਮਹਲਾ ੫ ॥

گئڑی پُوربی محلا 5 ॥

ਮੇਰੇ ਮਨ ਗੁਰੁ ਗੁਰੁ ਗੁਰੁ ਸਦ ਕਰੀਐ ॥

میرے من گُرُ گُرُ گُرُ سد کریئے ॥

ਰਤਨ ਜਨਮੁ ਸਫਲੁ ਗੁਰਿ ਕੀਆ
ਦਰਸਨ ਕਉ ਬਲਿਹਰੀਐ ॥੧॥ ਰਹਾਉ ॥

رتن جنمُ سپھلُ گُرِ کیا
درسن ک ءُ بلِہریئے ॥1॥ رہاءُ ॥

ਜੇਤੇ ਸਾਸ ਗ੍ਰਾਸ ਮਨੁ ਲੇਤਾ
ਤੇਤੇ ਹੀ ਗੁਨ ਗਾਈਐ ॥

جیتے ساس گراس منُ لیتا
تیتے ہی گُن گائیئے ॥

ਜਉ ਹੋਇ ਦੈਆਲੁ ਸਤਿਗੁਰੁ ਅਪੁਨਾ
ਤਾ ਇਹ ਮਤਿ ਬੁਧਿ ਪਾਈਐ ॥੧॥

ج ءُ ہوءِ دیئالُ ستِگُر اپُنا
تا اِہ متِ بُدھِ پائیئے ॥1॥

ਮੇਰੇ ਮਨ ਨਾਮਿ ਲਏ ਜਮ ਬੰਧ ਤੇ ਛੁਟਹਿ
ਸਰਬ ਸੁਖਾ ਸੁਖ ਪਾਈਐ ॥

میرے من نامِ لئے جم بندھ تے چھُٹہِ
سرب سُکھا سُکھ پائیئے ॥

ਸੇਵਿ ਸੁਆਮੀ ਸਤਿਗੁਰੁ ਦਾਤਾ
ਮਨ ਬੰਛਤ ਫਲ ਪਾਈਐ ॥੨॥

سیوِ سُیامی ستِگُر داتا
من بنچھت پھل پائیئے ॥2॥

ਨਾਮੁ ਇਸਟੁ ਮੀਤ ਸੁਤ ਕਰਤਾ
ਮਨ ਸੰਗਿ ਤੁਹਾਰੈ ਚਾਲੈ ॥

نامُ اِستُ میت سُت کرتا
من سنگِ تُہارے چالے ॥

ਕਰਿ ਸੇਵਾ ਸਤਿਗੁਰ ਅਪੁਨੇ ਕੀ
ਗੁਰ ਤੇ ਪਾਈਐ ਪਾਲੈ ॥੩॥

کرِ سیوا ستِگُر اپُنے کی
گُر تے پائیئے پالے ॥3॥

ਗੁਰਿ ਕਿਰਪਾਲਿ ਕ੍ਰਿਪਾ ਪ੍ਰਭਿ ਧਾਰੀ
ਬਿਨਸੇ ਸਰਬ ਅੰਦੇਸਾ ॥

گُرِ کرِپالِ کرِپا پربھِ دھاری
بِنسے سرب اندیسا ॥

ਨਾਨਕ ਸੁਖੁ ਪਾਇਆ ਹਰਿ ਕੀਰਤਨਿ
ਮਿਟਿਓ ਸਗਲ ਕਲੇਸਾ ॥੪॥੧੫॥੧੫੩॥

نانک سُکھُ پائیا ہرِ کیرتنِ
مِٹیو سگل کلیسا ॥4॥ 15 ॥ 153 ॥

ਰਾਗੁ ਗਉੜੀ ਮਹਲਾ ੫

راگُ گؤڑی محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧॥ ਰਹਾਉ ॥

ترِسنا بِرلے ہی کی بُجھی ہے ॥1॥ رہاءُ ॥

ਕੋਟਿ ਜੋਰੇ ਲਾਖ ਕ੍ਰੋਰੇ
ਮਨੁ ਨ ਹੋਰੇ ॥

کوٹِ جورے لاکھ کرورے
منُ ن ہورے ॥

ਪਰੈ ਪਰੈ ਹੀ ਕਉ ਲੁਝੀ ਹੇ ॥੧॥

پرےَ پرےَ ہی کءُ لجھی ہے ॥1॥

ਸੁੰਦਰ ਨਾਰੀ ਅਨਿਕ ਪਰਕਾਰੀ
ਪਰ ਗ੍ਰਿਹ ਬਿਕਾਰੀ ॥

سُندر ناری اِنک پرکاری
پر گرِہ بِکاری ॥

ਬੁਰਾ ਭਲਾ ਨਹੀ ਸੁਝੀ ਹੇ ॥੨॥

بُرا بھلا نہی سُجھی ہے ॥2॥

ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ
ਗੁਣ ਨਿਧਿ ਨਹੀ ਗਾਇਆ ॥

اِنک بندھن مائیا بھرمتُ بھرمائیا
گُن نِدھِ نہی گائیا ॥

ਮਨ ਬਿਖੈ ਹੀ ਮਹਿ ਲੁਝੀ ਹੇ ॥੩॥

من بِکھےَ ہی مہِ لجھی ہے ॥3॥

ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ
ਸਾਧਸੰਗਿ ਮਾਇਆ ਤਰੈ ॥

جا کءُ رے کِرپا کرےَ جِیوت سوئی مرےَ
سادھسنگِ مائیا ترےَ ॥

ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ ॥੪॥੧॥੧੫੪॥

نانک سو جنُ درِ ہرِ سِجھی ہے ॥4॥1॥ 154 ॥

ਗਉੜੀ ਮਹਲਾ ੫ ॥

گؤڑی محلا 5 ॥

ਸਭਹੂ ਕੋ ਰਸੁ ਹਰਿ ਹੋ ॥੧॥ ਰਹਾਉ ॥

سبھہُو کو رسُ ہرِ ہو ॥1॥ رہاءُ ॥

ਕਾਹੂ ਜੋਗ ਕਾਹੂ ਭੋਗ
ਕਾਹੂ ਗਿਆਨ ਕਾਹੂ ਧਿਆਨ ॥

کاہوُ جوگ کاہوُ بھوگ
کاہوُ گیان کاہوُ دھیان ॥

ਕਾਹੂ ਹੋ ਡੰਡ ਧਰਿ ਹੋ ॥੧॥

کاہوُ ہو ڈنڈ دھرِ ہو ॥1॥

ਕਾਹੂ ਜਾਪ ਕਾਹੂ ਤਾਪ
ਕਾਹੂ ਪੂਜਾ ਹੋਮ ਨੇਮ ॥

کاہوُ جاپ کاہوُ تاپ
کاہوُ پوُجا ہوم نیم ॥

ਕਾਹੂ ਹੋ ਗਉਨੁ ਕਰਿ ਹੋ ॥੨॥	کاہوُ ہو گئُنُ کرِ ہو ॥2॥
ਕਾਹੂ ਤੀਰ ਕਾਹੂ ਨੀਰ ਕਾਹੂ ਬੇਦ ਬੀਚਾਰ ॥	کاہوُ تیِر کاہوُ نیِر کاہوُ بید بیچار ॥
ਨਾਨਕਾ ਭਗਤਿ ਪ੍ਰਿਅ ਹੋ ॥੩॥੨॥੧੫੫॥	نانکا بھگتِ پرِء ہو ॥3॥2॥ 155 ॥
ਗਉੜੀ ਮਹਲਾ ੫ ॥	گئُڑی محلا 5 ॥
ਗੁਨ ਕੀਰਤਿ ਨਿਧਿ ਮੋਰੀ ॥੧॥ ਰਹਾਉ ॥	گُن کیِرتِ نِدھِ موری ॥1॥ رہاءُ ॥
ਤੂੰਹੀ ਰਸ ਤੂੰਹੀ ਜਸ ਤੂੰਹੀ ਰੂਪ ਤੂਹੀ ਰੰਗ ॥	توُنّہی رس توُنّہی جس توُنّہی روُپ توُہی رنگ ॥
ਆਸ ਓਟ ਪ੍ਰਭ ਤੋਰੀ ॥੧॥	آس اوٹ پربھ توری ॥1॥
ਤੂਹੀ ਮਾਨ ਤੂੰਹੀ ਧਾਨ ਤੂਹੀ ਪਤਿ ਤੂਹੀ ਪ੍ਰਾਨ ॥	توُہی مان توُنّہی دھان توُہی پتِ توُہی پران ॥
ਗੁਰਿ ਤੂਟੀ ਲੈ ਜੋਰੀ ॥੨॥	گُرِ توُٹی لے جوری ॥2॥
ਤੂਹੀ ਗ੍ਰਿਹਿ ਤੂਹੀ ਬਨਿ ਤੂਹੀ ਗਾਉ ਤੂਹੀ ਸੁਨਿ ॥	توُہی گرِہِ توُہی بنِ توُہی گاءُ توُہی سُنِ ॥
ਹੈ ਨਾਨਕ ਨੇਰ ਨੇਰੀ ॥੩॥੩॥੧੫੬॥	ہے نانک نیر نیری ॥3॥3॥ 156 ॥
ਗਉੜੀ ਮਹਲਾ ੫ ॥	گئُڑی محلا 5 ॥
ਮਾਤੋ ਹਰਿ ਰੰਗਿ ਮਾਤੋ ॥੧॥ ਰਹਾਉ ॥	ماتو ہرِ رنگِ ماتو ॥1॥ رہاءُ ॥
ਉਹੀ ਪੀਓ ਉਹੀ ਖੀਓ ਗੁਰਹਿ ਦੀਓ ਦਾਨੁ ਕੀਓ ॥	اوُہی پیِئو اوُہی کھیِئو گُرہِ دیِئو دانُ کیِئو ॥
ਉਆਹੂ ਸਿਉ ਮਨੁ ਰਾਤੋ ॥੧॥	اُیاہوُ سِءُ منُ راتو ॥1॥
ਉਹੀ ਭਾਠੀ ਉਹੀ ਪੋਚਾ ਉਹੀ ਪਿਆਰੋ ਉਹੀ ਰੂਚਾ ॥	اوُہی بھاٹھی اوُہی پوچا اُہی پیِارو اُہی روُچا ॥
ਮਨਿ ਓਹੋ ਸੁਖੁ ਜਾਤੋ ॥੨॥	منِ اوہو سُکھُ جاتو ॥2॥
ਸਹਜ ਕੇਲ ਅਨਦ ਖੇਲ	سہج کیل اند کھیل

ਰਹੇ ਫੇਰ ਭਏ ਮੇਲ ॥
رہے پھیر بھئے میل ॥

ਨਾਨਕ ਗੁਰ ਸਬਦਿ ਪਰਾਤੋ ॥੩॥੪॥੧੫੭॥
نانک گُر سبدِ پراتو ॥3॥4॥ 157 ॥

ਰਾਗੁ ਗੌੜੀ ਮਾਲਵਾ ਮਹਲਾ ੫
راگُ گوڑی مالوا محلا 5

ੴ ਸਤਿਗੁਰ ਪ੍ਰਸਾਦਿ ॥
ੴ ستِگُر پرّسادِ ॥

ਹਰਿ ਨਾਮੁ ਲੇਹੁ ਮੀਤਾ ਲੇਹੁ
ਆਗੈ ਬਿਖਮ ਪੰਥੁ ਭੈਆਨ ॥੧॥ ਰਹਾਉ ॥
ہرِ نامُ لیہُ مِیتا لیہُ
آگے بِکھم پنّتھُ بھیَان ॥1॥ رہاءُ ॥

ਸੇਵਤ ਸੇਵਤ ਸਦਾ ਸੇਵਿ
ਤੇਰੈ ਸੰਗਿ ਬਸਤੁ ਹੈ ਕਾਲੁ ॥
سیوت سیوت سدا سیوِ
تیرے سنگِ بست ہے کالُ ॥

ਕਰਿ ਸੇਵਾ ਤੂੰ ਸਾਧ ਕੀ
ਹੋ ਕਾਟੀਐ ਜਮ ਜਾਲੁ ॥੧॥
کرِ سیوا توُنّ سادھ کی
ہو کاٹیئے جم جالُ ॥1॥

ਹੋਮ ਜਗ ਤੀਰਥ ਕੀਏ
ਬਿਚਿ ਹਉਮੈ ਬਧੇ ਬਿਕਾਰ ॥
ہوم جگ تیرتھ کیئے
بِچ ہئمے بدھے بِکار ॥

ਨਰਕੁ ਸੁਰਗੁ ਦੁਇ ਭੁੰਚਨਾ
ਹੋਇ ਬਹੁਰਿ ਬਹੁਰਿ ਅਵਤਾਰ ॥੨॥
نرکُ سُرگُ دُءِ بھُنّچنا
ہوءِ بہُرِ بہُرِ اوتار ॥2॥

ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ
ਨਿਹਚਲੁ ਕੋ ਥਾਉ ਨਾਹਿ ॥
سِو پُری برہم اِندّر پُری
نِہچلُ کو تھاءُ ناہِ ॥

ਬਿਨੁ ਹਰਿ ਸੇਵਾ ਸੁਖੁ ਨਹੀ
ਹੋ ਸਾਕਤ ਆਵਹਿ ਜਾਹਿ ॥੩॥
بِنُ ہرِ سیوا سُکھُ نہی
ہو ساکت آوہِ جاہِ ॥3॥

ਜੈਸੋ ਗੁਰਿ ਉਪਦੇਸਿਆ
ਮੈ ਤੈਸੋ ਕਹਿਆ ਪੁਕਾਰਿ ॥
جیَسو گُرِ اُپدیسیا
مے تیَسو کہیا پُکارِ ॥

ਨਾਨਕ ਕਹੈ ਸੁਨਿ ਰੇ ਮਨਾ
ਕਰਿ ਕੀਰਤਨੁ ਹੋਇ ਉਧਾਰੁ ॥੪॥੧॥੧੫੮॥
نانک کہے سُنِ رے منا
کرِ کیرتنُ ہوءِ اُدھارُ ॥4॥1॥ 158 ॥

ਰਾਗੁ ਗਉੜੀ ਮਾਲਾ ਮਹਲਾ ੫
راگُ گئڑی مالا محلا 5

ੴ ਸਤਿਗੁਰ ਪ੍ਰਸਾਦਿ ॥
ੴ ستِگُر پرّسادِ ॥

ਪਾਇਓ ਬਾਲ ਬੁਧਿ ਸੁਖੁ ਰੇ ॥

پائیئو بال بُدھِ سُکھُ رے ॥

ਹਰਖ ਸੋਗ ਹਾਨਿ ਮਿਰਤੁ ਦੂਖ ਸੁਖ
ਚਿਤਿ ਸਮਸਰਿ ਗੁਰ ਮਿਲੇ ॥੧॥ ਰਹਾਉ ॥

ہرکھ سوگ ہانِ مِرتُ دوُکھ سُکھ
چِتِ سمسرِ گُر مِلے ॥1॥ رہاءُ ॥

ਜਉ ਲਉ ਹਉ ਕਿਛੁ ਸੋਚਉ ਚਿਤਵਉ
ਤਉ ਲਉ ਦੁਖਨੁ ਭਰੇ ॥

جءُ ل ءُ ہءُ کچھُ سوچءُ چِتوءُ
تءُ ل ءُ دُکھنُ بھرے ॥

ਜਉ ਕ੍ਰਿਪਾਲ ਗੁਰੁ ਪੂਰਾ ਭੇਟਿਆ
ਤਉ ਆਨਦ ਸਹਜੇ ॥੧॥

جءُ کِرپال گُرُ پوُرا بھیٹیا
تءُ آند سہجے ॥1॥

ਜੇਤੀ ਸਿਆਨਪ ਕਰਮ ਹਉ ਕੀਏ
ਤੇਤੇ ਬੰਧ ਪਰੇ ॥

جیتی سِیانپ کرم ہءُ کیئے
تیتے بنّدھ پرے ॥

ਜਉ ਸਾਧੂ ਕਰੁ ਮਸਤਕਿ ਧਰਿਓ
ਤਬ ਹਮ ਮੁਕਤ ਭਏ ॥੨॥

جءُ سادھوُ کرُ مستکِ دھرِئو
تب ہم مُکت بھئے ॥2॥

ਜਉ ਲਉ ਮੇਰੋ ਮੇਰੋ ਕਰਤੋ
ਤਉ ਲਉ ਬਿਖੁ ਘੇਰੇ ॥

جءُ ل ءُ میرو میرو کرتو
تءُ ل ءُ بِکھُ گھیرے ॥

ਮਨੁ ਤਨੁ ਬੁਧਿ ਅਰਪੀ ਠਾਕੁਰ ਕਉ
ਤਬ ਹਮ ਸਹਜਿ ਸੋਏ ॥੩॥

منُ تنُ بُدھِ ارپی ٹھاکُر کءُ
تب ہم سہجِ سوئے ॥3॥

ਜਉ ਲਉ ਪੋਟ ਉਠਾਈ ਚਲਿਅਉ
ਤਉ ਲਉ ਡਾਨ ਭਰੇ ॥

جءُ ل ءُ پوٹ اُٹھائی چلِیءُ
تءُ ل ءُ ڈان بھرے ॥

ਪੋਟ ਡਾਰਿ ਗੁਰੁ ਪੂਰਾ ਮਿਲਿਆ
ਤਉ ਨਾਨਕ ਨਿਰਭਏ ॥੪॥੧॥੧੫੯॥

پوٹ ڈارِ گُرُ پوُرا مِلیا
تءُ نانک نِربھئے ॥4॥1॥ 159 ॥

ਗਉੜੀ ਮਾਲਾ ਮਹਲਾ ੫ ॥

گئڑی مالا محلا 5 ॥

ਭਾਵਨੁ ਤਿਆਗਿਓ ਰੀ ਤਿਆਗਿਓ ॥

بھاونُ تِیاگِئو ری تِیاگِئو ॥

ਤਿਆਗਿਓ ਮੈ ਗੁਰ ਮਿਲਿ ਤਿਆਗਿਓ ॥

تِیاگِئو مے گُر مِلِ تِیاگِئو ॥

ਸਰਬ ਸੁਖ ਆਨੰਦ ਮੰਗਲ ਰਸ
ਮਾਨਿ ਗੋਬਿੰਦੈ ਆਗਿਓ ॥੧॥ ਰਹਾਉ ॥

سرب سُکھ آنند منگل رس
مانِ گوبِندے آگِئو ॥1॥ رہاءُ ॥

ਮਾਨੁ ਅਭਿਮਾਨੁ ਦੋਊ ਸਮਾਨੇ

مانُ ابھمانُ دوئو سمانے

ਮਸਤਕੁ ਡਾਰਿ ਗੁਰ ਪਾਗਿਓ ॥

مستکُ ڈارِ گُر پاگِئو ॥

ਸੰਪਤ ਹਰਖੁ ਨ ਆਪਤ ਦੂਖਾ
ਰੰਗ ਠਾਕੁਰੈ ਲਾਗਿਓ ॥੧॥

سنّپت ہرکھُ ن آپت دوُکھا
رنگ ٹھاکُرے لاگِئو ॥1॥

ਬਾਸ ਬਾਸਰੀ ਏਕੈ ਸੁਆਮੀ
ਉਦਿਆਨ ਦ੍ਰਿਸਟਾਗਿਓ ॥

باس باسری ایکے سُیامی
اُدِیان دّرِسٹاگِئو ॥

ਨਿਰਭਉ ਭਏ ਸੰਤ ਭ੍ਰਮੁ ਡਾਰਿਓ
ਪੂਰਨ ਸਰਬਾਗਿਓ ॥੨॥

نِربھءُ بھئے سنّت بھّرمُ ڈارِئو
پوُرن سرباگِئو ॥2॥

ਜੋ ਕਿਛੁ ਕਰਤੈ ਕਾਰਣੁ ਕੀਨੋ
ਮਨਿ ਬੁਰੋ ਨ ਲਾਗਿਓ ॥

جو کِچھُ کرتے کارنُ کِینو
منِ بُرو ن لاگِئو ॥

ਸਾਧਸੰਗਤਿ ਪਰਸਾਦਿ ਸੰਤਨ ਕੈ
ਸੋਇਓ ਮਨੁ ਜਾਗਿਓ ॥੩॥

سادھسنگتِ پرسادِ سنّتن کے
سوئِئو منُ جاگِئو ॥3॥

ਜਨ ਨਾਨਕ ਓਟਿ ਤੁਹਾਰੀ ਪਰਿਓ
ਆਇਓ ਸਰਣਾਗਿਓ ॥

جن نانک اوٹِ تُہاری پرِئو
آئِئو سرناگِئو ॥

ਨਾਮ ਰੰਗ ਸਹਜ ਰਸ ਮਾਣੇ
ਫਿਰਿ ਦੂਖੁ ਨ ਲਾਗਿਓ ॥੪॥੨॥੧੬੦॥

نام رنگ سہج رس ماٹے
پھِرِ دوُکھُ ن لاگِئو ॥4॥2॥ 160 ॥

ਗਉੜੀ ਮਾਲਾ ਮਹਲਾ ੫ ॥

گئڑی مالا محلا 5 ॥

ਪਾਇਆ ਲਾਲੁ ਰਤਨੁ ਮਨਿ ਪਾਇਆ ॥

پائِیا لالُ رتنُ منِ پائِیا ॥

ਤਨੁ ਸੀਤਲੁ ਮਨੁ ਸੀਤਲੁ ਥੀਆ
ਸਤਗੁਰ ਸਬਦਿ ਸਮਾਇਆ ॥੧॥ ਰਹਾਉ ॥

تنُ سِیتلُ منُ سِیتلُ تھِیا
ستگُر سبدِ سمائِیا ॥1॥ رہاءُ ॥

ਲਾਥੀ ਭੂਖ ਤ੍ਰਿਸਨ ਸਭ ਲਾਥੀ
ਚਿੰਤਾ ਸਗਲ ਬਿਸਾਰੀ ॥

لاتھی بھوُکھ تّرِسن سبھ لاتھی
چِنّتا سگل بِساری ॥

ਕਰੁ ਮਸਤਕਿ ਗੁਰਿ ਪੂਰੈ ਧਰਿਓ
ਮਨੁ ਜੀਤੋ ਜਗੁ ਸਾਰੀ ॥੧॥

کرُ مستکِ گُرِ پوُرے دھرِئو
منُ جیتو جگُ ساری ॥1॥

ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ
ਡੋਲਨ ਤੇ ਅਬ ਚੂਕੇ ॥

تّرِپتِ اگھاءِ رہے رِد انترِ
ڈولن تے اب چوُکے ॥

ਅਖੁਟੁ ਖਜਾਨਾ ਸਤਿਗੁਰਿ ਦੀਆ
ਤੋਟਿ ਨਹੀ ਰੇ ਮੂਕੇ ॥੨॥

اکھُٹ خزانا ستِگُرِ دِیِیا
توٹِ نہی رے مُوکے ॥2॥

ਅਚਰਜੁ ਏਕੁ ਸੁਨਹੁ ਰੇ ਭਾਈ
ਗੁਰਿ ਐਸੀ ਬੂਝ ਬੁਝਾਈ ॥

اچرجُ ایکُ سُنہُ رے بھائی
گُرِ ایَسی بوُجھ بُجھائی ॥

ਲਾਹਿ ਪਰਦਾ ਠਾਕੁਰੁ ਜਉ ਭੇਟਿਓ
ਤਉ ਬਿਸਰੀ ਤਾਤਿ ਪਰਾਈ ॥੩॥

لاہِ پردا ٹھاکُرُ جءُ بھیٹِئو
تءُ بِسری تاتِ پرائی ॥3॥

ਕਹਿਓ ਨ ਜਾਈ ਏਹੁ ਅਚੰਭਉ
ਸੋ ਜਾਨੈ ਜਿਨਿ ਚਾਖਿਆ ॥

کہِئو ن جائی ایہُ اچنّبھءُ
سو جانے جِنِ چاکھِیا ॥

ਕਹੁ ਨਾਨਕ ਸਚ ਭਏ ਬਿਗਾਸਾ
ਗੁਰਿ ਨਿਧਾਨੁ ਰਿਦੈ ਲੈ ਰਾਖਿਆ ॥੪॥੩॥੧੬੧॥

کہُ نانک سچ بھئے بِگاسا
گُرِ نِدھانُ رِدے لے راکھِیا ॥4॥3॥ 161 ॥

ਗਉੜੀ ਮਾਲਾ ਮਹਲਾ ੫ ॥

گئڑی مالا محلا 5 ॥

ਉਬਰਤ ਰਾਜਾ ਰਾਮ ਕੀ ਸਰਣੀ ॥

اُبرت راجا رام کی سرنّی ॥

ਸਰਬ ਲੋਕ ਮਾਇਆ ਕੇ ਮੰਡਲ
ਗਿਰਿ ਗਿਰਿ ਪਰਤੇ ਧਰਣੀ ॥੧॥ ਰਹਾਉ ॥

سرب لوک مائیا کے منڈل
گِرِ گِرِ پرتے دھرنّی ॥1॥ رہاءُ ॥

ਸਾਸਤ ਸਿੰਮ੍ਰਿਤਿ ਬੇਦ ਬੀਚਾਰੇ
ਮਹਾ ਪੁਰਖਨ ਇਉ ਕਹਿਆ ॥

ساست سِمّرِتِ بید بیچارے
مہا پُرکھن اِءُ کہِیا ॥

ਬਿਨੁ ਹਰਿ ਭਜਨ ਨਾਹੀ ਨਿਸਤਾਰਾ
ਸੂਖੁ ਨ ਕਿਨਹੂੰ ਲਹਿਆ ॥੧॥

بِنُ ہرِ بھجن ناہی نِستارا
سوُکھُ ن کِنہوُنّ لہِیا ॥1॥

ਤੀਨਿ ਭਵਨ ਕੀ ਲਖਮੀ ਜੋਰੀ
ਬੂਝਤ ਨਾਹੀ ਲਹਰੇ ॥

تِینِ بھون کی لکھمی جوری
بوُجھت ناہی لہرے ॥

ਬਿਨੁ ਹਰਿ ਭਗਤਿ ਕਹਾ ਥਿਤਿ ਪਾਵੈ
ਫਿਰਤੋ ਪਹਰੇ ਪਹਰੇ ॥੨॥

بِنُ ہرِ بھگتِ کہا تھِتِ پاوے
پھِرتو پہرے پہرے ॥2॥

ਅਨਿਕ ਬਿਲਾਸ ਕਰਤ ਮਨ ਮੋਹਨ
ਪੂਰਨ ਹੋਤ ਨ ਕਾਮਾ ॥

انِک بِلاس کرت من موہن
پوُرن ہوت ن کاما ॥

ਜਲਤੋ ਜਲਤੋ ਕਬਹੂ ਨ ਬੂਝਤ

جلتو جلتو کبہوُ ن بوُجھت

ਸਗਲ ਬ੍ਰਿਥੇ ਬਿਨੁ ਨਾਮਾ ॥੩॥

ہرِ کا نامُ جپہُ میرے مِیتا
اِہے سار سُکھُ پُورا ॥

ਹਰਿ ਕਾ ਨਾਮੁ ਜਪਹੁ ਮੇਰੇ ਮੀਤਾ
ਇਹੈ ਸਾਰ ਸੁਖੁ ਪੂਰਾ ॥

ساد ھسنگتِ جنم مرنُ نِوارے
نانک جن کی دھوُرا ॥4॥4॥ 162 ॥

ਸਾਧਸੰਗਤਿ ਜਨਮ ਮਰਣੁ ਨਿਵਾਰੈ
ਨਾਨਕ ਜਨ ਕੀ ਧੂਰਾ ॥੪॥੪॥੧੬੨॥

گئڑی مالا محلا 5 ॥

ਗਉੜੀ ਮਾਲਾ ਮਹਲਾ ੫ ॥

مو ک ءُ اِہ بِدھِ کو سمجھاوے ॥

ਮੋ ਕਉ ਇਹ ਬਿਧਿ ਕੋ ਸਮਝਾਵੈ ॥

کرتا ہوءِ جناوے ॥1॥ رہاءُ ॥

ਕਰਤਾ ਹੋਇ ਜਨਾਵੈ ॥੧॥ ਰਹਾਉ ॥

انجانت کِچھُ اِنہِ کمانو
جپ تپ کِچھوُ ن سادھا ॥

ਅਨਜਾਨਤ ਕਿਛੁ ਇਨਹਿ ਕਮਾਨੋ
ਜਪ ਤਪ ਕਛੂ ਨ ਸਾਧਾ ॥

دہ دِس لے اِہُ منُ دئُرائیو
کون کرم کرِ بادھا ۔ ॥1॥

ਦਹ ਦਿਸਿ ਲੈ ਇਹੁ ਮਨੁ ਦਉਰਾਇਓ
ਕਵਨ ਕਰਮ ਕਰਿ ਬਾਧਾ ॥੧॥

من تن دھن بھوُمِ کا ٹھاکُرُ
ہءُ اِس کا اِہُ میرا ॥

ਮਨ ਤਨ ਧਨ ਭੂਮਿ ਕਾ ਠਾਕੁਰੁ
ਹਉ ਇਸ ਕਾ ਇਹੁ ਮੇਰਾ ॥

بھرم موہ کِچھُ سوُجھسِ ناہی
اِہ پیکھر پئے پیرا ॥2॥

ਭਰਮ ਮੋਹ ਕਛੁ ਸੂਝਸਿ ਨਾਹੀ
ਇਹ ਪੈਖਰ ਪਏ ਪੈਰਾ ॥੨॥

تب اِہُ کہا کماون پریا
جب اِہُ کِچھوُ ن ہوتا ॥

ਤਬ ਇਹੁ ਕਹਾ ਕਮਾਵਨ ਪਰਿਆ
ਜਬ ਇਹੁ ਕਛੂ ਨ ਹੋਤਾ ॥

جب ایک نِرنجن نِرنکار پربھ
سبھُ کِچھُ آپہِ کرتا ॥3॥

ਜਬ ਏਕ ਨਿਰੰਜਨ ਨਿਰੰਕਾਰ ਪ੍ਰਭ
ਸਭੁ ਕਿਛੁ ਆਪਹਿ ਕਰਤਾ ॥੩॥

اپنے کرتب آپے جانے
جِنِ اِہُ رچنُ رچائیا ॥

ਅਪਨੇ ਕਰਤਬ ਆਪੇ ਜਾਨੈ
ਜਿਨਿ ਇਹੁ ਰਚਨੁ ਰਚਾਇਆ ॥

کہُ نانک کرنہارُ ہے آپے
ستِگُرِ بھرمُ چُکائیا ॥4॥5॥ 163 ॥

ਕਹੁ ਨਾਨਕ ਕਰਣਹਾਰੁ ਹੈ ਆਪੇ
ਸਤਿਗੁਰਿ ਭਰਮੁ ਚੁਕਾਇਆ ॥੪॥੫॥੧੬੩॥

گئڑی مالا محلا 5 ॥

ਗਉੜੀ ਮਾਲਾ ਮਹਲਾ ੫ ॥

ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥

ہرِ بِنُ اور کریا بِرتھے ॥

ਜਪ ਤਪ ਸੰਜਮ ਕਰਮ ਕਮਾਣੇ
ਇਹਿ ਓਰੈ ਮੂਸੇ ॥੧॥ ਰਹਾਉ ॥

جپ تپ سنجم کرم کماۓ
اِہ اورے موسے ॥1॥ رہاءُ ॥

ਬਰਤ ਨੇਮ ਸੰਜਮ ਮਹਿ ਰਹਤਾ
ਤਿਨ ਕਾ ਆਢੁ ਨ ਪਾਇਆ ॥

برت نیم سنجم مہِ رہتا
تِن کا آڈھُ ن پائیا ॥

ਆਗੈ ਚਲਣੁ ਅਉਰੁ ਹੈ ਭਾਈ
ਊਂਹਾ ਕਾਮਿ ਨ ਆਇਆ ॥੧॥

آگے چلنُ اُرُ ہے بھائی
اوُنہا کامِ ن آئیا ॥1॥

ਤੀਰਥਿ ਨਾਇ ਅਰੁ ਧਰਨੀ ਭ੍ਰਮਤਾ
ਆਗੈ ਠਉਰ ਨ ਪਾਵੈ ॥

تیرتھِ ناءِ اُر دھرنی بھرمتا
آگے ٹھُر ن پاوے ॥

ਊਹਾ ਕਾਮਿ ਨ ਆਵੈ ਇਹ ਬਿਧਿ
ਓਹੁ ਲੋਗਨ ਹੀ ਪਤੀਆਵੈ ॥੨॥

اوُہا کامِ ن آوے اِہ بِدھِ
اوہُ لوگن ہی پتیاوے ॥2॥

ਚਤੁਰ ਬੇਦ ਮੁਖ ਬਚਨੀ ਉਚਰੈ
ਆਗੈ ਮਹਲੁ ਨ ਪਾਈਐ ॥

چتُر بید مُکھ بچنی اُچرے
آگے محلُ ن پائیئے ॥

ਬੂਝੈ ਨਾਹੀ ਏਕੁ ਸੁਧਾਖਰੁ
ਓਹੁ ਸਗਲੀ ਝਾਖ ਝਖਾਈਐ ॥੩॥

بُوجھے ناہی ایکُ سُدھاکھرُ
اوہُ سگلی جھاکھ جھکھائیئے ॥3॥

ਨਾਨਕੁ ਕਹਤੋ ਇਹੁ ਬੀਚਾਰਾ
ਜਿ ਕਮਾਵੈ ਸੁ ਪਾਰ ਗਰਾਮੀ ॥

نانکُ کہتو اِہُ بیچارا
جِ کماوے سُ پار گرامی ॥

ਗੁਰੁ ਸੇਵਹੁ ਅਰੁ ਨਾਮੁ ਧਿਆਵਹੁ
ਤਿਆਗਹੁ ਮਨਹੁ ਗੁਮਾਨੀ ॥੪॥੬॥੧੬੪॥

گُرُ سیوہُ اُر نامُ دھیاوہُ
تِیاگہُ منہُ گُمانی ॥4॥6॥ 164 ॥

ਗਉੜੀ ਮਾਲਾ ੫ ॥

گئڑی مالا 5 ॥

ਮਾਧਉ ਹਰਿ ਹਰਿ ਹਰਿ ਮੁਖਿ ਕਹੀਐ ॥

مادھءُ ہرِ ہرِ ہرِ مُکھِ کہیئے ॥

ਹਮ ਤੇ ਕਛੂ ਨ ਹੋਵੈ ਸੁਆਮੀ
ਜਿਉ ਰਾਖਹੁ ਤਿਉ ਰਹੀਐ ॥੧॥ ਰਹਾਉ ॥

ہم تے کچھوُ ن ہووے سُیامی
جِءُ راکھہُ تِءُ رہیئے ॥1॥ رہاءُ ॥

ਕਿਆ ਕਿਛੁ ਕਰੈ ਕਿ ਕਰਣੈਹਾਰਾ
ਕਿਆ ਇਸੁ ਹਾਥਿ ਬਿਚਾਰੇ ॥

کِیا کچھُ کرے کِ کرنیہارا
کِیا اِسُ ہاتھِ بیچارے ۔ ॥

ਜਿਤੁ ਤੁਮ ਲਾਵਹੁ ਤਿਤ ਹੀ ਲਾਗਾ
ਪੂਰਨ ਖਸਮ ਹਮਾਰੇ ॥੧॥

جِتُ تُم لاوہُ تِت ہی لاگا
پُورن خصم ہمارے ॥1॥

ਕਰਹੁ ਕ੍ਰਿਪਾ ਸਰਬ ਕੇ ਦਾਤੇ
ਏਕ ਰੂਪ ਲਿਵ ਲਾਵਹੁ ॥

کرہُ کرِپا سرب کے داتے
ایک روُپ لِو لاوہُ ॥

ਨਾਨਕ ਕੀ ਬੇਨੰਤੀ ਹਰਿ ਪਹਿ
ਅਪੁਨਾ ਨਾਮੁ ਜਪਾਵਹੁ ॥੨॥੭॥੧੬੫॥

نانک کی بینتی ہرِ پہ
اپُنا نامُ جپاوہُ ॥2॥7॥ 165 ॥

ਰਾਗੁ ਗਉੜੀ ਮਾਝ ਮਹਲਾ ੫

راگُ گئڑی ماجھ محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਦੀਨ ਦਇਆਲ ਦਮੋਦਰ ਰਾਇਆ ਜੀਉ ॥

دِین دئیال دمودر رائیا جیءُ ॥

ਕੋਟਿ ਜਨਾ ਕਰਿ ਸੇਵ ਲਗਾਇਆ ਜੀਉ ॥

کوٹِ جنا کرِ سیو لگائیا جیءُ ॥

ਭਗਤ ਵਛਲੁ ਤੇਰਾ ਬਿਰਦੁ ਰਖਾਇਆ ਜੀਉ ॥

بھگت وچھلُ تیرا بِردُ رکھائیا جیءُ ॥

ਪੂਰਨ ਸਭਨੀ ਜਾਈ ਜੀਉ ॥੧॥

پُورن سبھنی جائی جیءُ ॥1॥

ਕਿਉ ਪੇਖਾ ਪ੍ਰੀਤਮੁ ਕਵਣ ਸੁਕਰਣੀ ਜੀਉ ॥

کِءُ پیکھا پرِیتمُ کوٹ سُکرٹی جیءُ ۔ ॥

ਸੰਤਾ ਦਾਸੀ ਸੇਵਾ ਚਰਣੀ ਜੀਉ ॥

سنّتا داسی سیوا چرٹی جیءُ ॥

ਇਹੁ ਜੀਉ ਵਤਾਈ ਬਲਿ ਬਲਿ ਜਾਈ ਜੀਉ ॥

اِہُ جیءُ وتائی بلِ بلِ جائی جیءُ ॥

ਤਿਸੁ ਨਿਵਿ ਨਿਵਿ ਲਾਗਉ ਪਾਈ ਜੀਉ ॥੨॥

تِسُ نِو نِو لاگءُ پائی جیءُ ॥2॥

ਪੋਥੀ ਪੰਡਿਤ ਬੇਦ ਖੋਜੰਤਾ ਜੀਉ ॥

پوتھی پنڈِت بید کھوجنّتا جیءُ ॥

ਹੋਇ ਬੈਰਾਗੀ ਤੀਰਥਿ ਨਾਵੰਤਾ ਜੀਉ ॥

ہوءِ بیَراگی تیرتھِ ناونّتا جیءُ ॥

ਗੀਤ ਨਾਦ ਕੀਰਤਨੁ ਗਾਵੰਤਾ ਜੀਉ ॥

گیت ناد کیرتنُ گاونّتا جیءُ ॥

ਹਰਿ ਨਿਰਭਉ ਨਾਮੁ ਧਿਆਈ ਜੀਉ ॥੩॥

ہرِ نربھءُ نامُ دھیائی جیءُ ॥3॥

ਭਏ ਕ੍ਰਿਪਾਲ ਸੁਆਮੀ ਮੇਰੇ ਜੀਉ ॥

بھئے کرِپال سُیامی میرے جیءُ ॥

ਪਤਿਤ ਪਵਿਤ ਲਗਿ ਗੁਰ ਕੇ ਪੈਰੇ ਜੀਉ ॥

پتِت پوِت لگِ گُر کے پیَرے جیءُ ॥

ਭ੍ਰਮੁ ਭਉ ਕਾਟਿ ਕੀਏ ਨਿਰਵੈਰੇ ਜੀਉ ॥

بھرّمُ بھءُ کاٹِ کیئے نِرویَرے جیءُ ॥

ਗੁਰ ਮਨ ਕੀ ਆਸ ਪੂਰਾਈ ਜੀਉ ॥੪॥	گُر من کی آس پُورائی جیِءُ ॥4॥
ਜਿਨਿ ਨਾਉ ਪਾਇਆ ਸੋ ਧਨਵੰਤਾ ਜੀਉ ॥	جِنِ ناءُ پائیا سو دھنونتا جیِءُ ॥
ਜਿਨਿ ਪ੍ਰਭੁ ਧਿਆਇਆ ਸੁ ਸੋਭਾਵੰਤਾ ਜੀਉ ॥	جِنِ پربھُ دھیائیا سُ سوبھاونتا جیِءُ ॥
ਜਿਸੁ ਸਾਧੂ ਸੰਗਤਿ ਤਿਸੁ ਸਭ ਸੁਕਰਣੀ ਜੀਉ ॥	جِسُ سادھوُ سنگتِ تِسُ سبھ سُکرنی جیِءُ ॥
ਜਨ ਨਾਨਕ ਸਹਜਿ ਸਮਾਈ ਜੀਉ ॥੫॥੧॥੧੬੬॥	جن نانک سہجِ سمائی جیِءُ ॥5॥1॥ 166 ॥
ਗਉੜੀ ਮਹਲਾ ੫ ਮਾਝ ॥	گئڑی محلا 5 ماجھ ॥
ਆਉ ਹਮਾਰੈ ਰਾਮ ਪਿਆਰੇ ਜੀਉ ॥	آءُ ہمارے رام پیارے جیِءُ ۔ ॥
ਰੈਣਿ ਦਿਨਸੁ ਸਾਸਿ ਸਾਸਿ ਚਿਤਾਰੇ ਜੀਉ ॥	رَیَنِ دِنُس ساسِ ساسِ چِتارے جیِءُ ॥
ਸੰਤ ਦੇਉ ਸੰਦੇਸਾ ਪੈ ਚਰਣਾਰੇ ਜੀਉ ॥	سنّت دیءُ سندیسا پے چرنارے جیِءُ ॥
ਤੁਧੁ ਬਿਨੁ ਕਿਤੁ ਬਿਧਿ ਤਰੀਐ ਜੀਉ ॥੧॥	تُدھُ بِنُ کِتُ بِدھِ ترِیَے جیِءُ ۔ ॥1॥
ਸੰਗਿ ਤੁਮਾਰੈ ਮੈ ਕਰੇ ਅਨੰਦਾ ਜੀਉ ॥	سنگِ تُمارے مے کرے انندا جیِءُ ॥
ਵਣਿ ਤਿਣਿ ਤ੍ਰਿਭਵਣਿ ਸੁਖ ਪਰਮਾਨੰਦਾ ਜੀਉ ॥	ونِ تِنِ ترِبھونِ سُکھ پرمانندا جیِءُ ॥
ਸੇਜ ਸੁਹਾਵੀ ਇਹੁ ਮਨੁ ਬਿਗਸੰਦਾ ਜੀਉ ॥	سیج سُہاوی اِہُ منُ بِگسندا جیِءُ ॥
ਪੇਖਿ ਦਰਸਨੁ ਇਹੁ ਸੁਖੁ ਲਹੀਐ ਜੀਉ ॥੨॥	پیکھِ درسنُ اِہُ سُکھُ لہیِےَ جیِءُ ॥2॥
ਚਰਣ ਪਖਾਰਿ ਕਰੀ ਨਿਤ ਸੇਵਾ ਜੀਉ ॥	چرنُ پکھارِ کری نِت سیوا جیِءُ ॥
ਪੂਜਾ ਅਰਚਾ ਬੰਦਨ ਦੇਵਾ ਜੀਉ ॥	پُوجا ارچا بندن دیوا جیِءُ ॥
ਦਾਸਨਿ ਦਾਸੁ ਨਾਮੁ ਜਪਿ ਲੇਵਾ ਜੀਉ ॥	داسنِ داسُ نامُ جپِ لیوا جیِءُ ॥
ਬਿਨਉ ਠਾਕੁਰ ਪਹਿ ਕਹੀਐ ਜੀਉ ॥੩॥	بِنءُ ٹھاکُر پہِ کہیِےَ جیِءُ ॥3॥
ਇਛ ਪੁੰਨੀ ਮੇਰੀ ਮਨੁ ਤਨੁ ਹਰਿਆ ਜੀਉ ॥	اِچھ پُنّنی میری منُ تنُ ہرِیا جیِءُ ॥
ਦਰਸਨ ਪੇਖਤ ਸਭ ਦੁਖ ਪਰਹਰਿਆ ਜੀਉ ॥	درسن پیکھت سبھ دُکھ پرہرِیا جیِءُ ॥
ਹਰਿ ਹਰਿ ਨਾਮੁ ਜਪੇ ਜਪਿ ਤਰਿਆ ਜੀਉ ॥	ہرِ ہرِ نامُ جپے جپِ ترِیا جیِءُ ॥
ਇਹ ਅਜਰੁ ਨਾਨਕ ਸੁਖੁ ਸਹੀਐ ਜੀਉ ॥੪॥੨॥੧੬੭॥	اِہ اجرُ نانک سُکھُ سہیِےَ جیِءُ ॥4॥2॥ 167 ॥

ਗਉੜੀ ਮਾਝ ਮਹਲਾ ੫ ॥	گؤڑی ماجھ محلا 5 ॥
ਸੁਣਿ ਸੁਣਿ ਸਾਜਨ ਮਨ ਮਿਤ ਪਿਆਰੇ ਜੀਉ ॥	سُنِ سُنِ ساجن من مِت پیارے جیِءُ ۔ ॥
ਮਨੁ ਤਨੁ ਤੇਰਾ ਇਹੁ ਜੀਉ ਭਿ ਵਾਰੇ ਜੀਉ ॥	منُ تنُ تیرا اِہُ جیِءُ بھِ وارے جیِءُ ॥
ਵਿਸਰੁ ਨਾਹੀ ਪ੍ਰਭ ਪ੍ਰਾਣ ਅਧਾਰੇ ਜੀਉ ॥	وِسرُ ناہی پربھ پرانؒ ادھارے جیِءُ ۔ ॥
ਸਦਾ ਤੇਰੀ ਸਰਣਾਈ ਜੀਉ ॥੧॥	سدا تیری سرٹائی جیِءُ ॥1॥
ਜਿਸੁ ਮਿਲਿਐ ਮਨੁ ਜੀਵੈ ਭਾਈ ਜੀਉ ॥	جِسُ مِلِئے منُ جیِوے بھائی جیِءُ ॥
ਗੁਰ ਪਰਸਾਦੀ ਸੋ ਹਰਿ ਹਰਿ ਪਾਈ ਜੀਉ ॥	گُر پرسادی سو ہرِ ہرِ پائی جیِءُ ॥
ਸਭੁ ਕਿਛੁ ਪ੍ਰਭ ਕਾ ਪ੍ਰਭ ਕੀਆ ਜਾਈ ਜੀਉ ॥	سبھُ کچھُ پربھ کا پربھ کیِیا جائی جیِءُ ॥
ਪ੍ਰਭ ਕਉ ਸਦ ਬਲਿ ਜਾਈ ਜੀਉ ॥੨॥	پربھ کءُ سد بلِ جائی جیِءُ ॥2॥
ਏਹੁ ਨਿਧਾਨੁ ਜਪੈ ਵਡਭਾਗੀ ਜੀਉ ॥	ایہُ نِدھانُ جپے وڈبھاگی جیِءُ ॥
ਨਾਮ ਨਿਰੰਜਨ ਏਕ ਲਿਵ ਲਾਗੀ ਜੀਉ ॥	نام نِرنجن ایک لِو لاگی جیِءُ ॥
ਗੁਰੁ ਪੂਰਾ ਪਾਇਆ ਸਭੁ ਦੁਖੁ ਮਿਟਾਇਆ ਜੀਉ ॥	گُرُ پوُرا پائیا سبھُ دُکھُ مِٹائیا جیِءُ ॥
ਆਠ ਪਹਰ ਗੁਣ ਗਾਇਆ ਜੀਉ ॥੩॥	آٹھ پہر گُنؒ گائیا جیِءُ ॥3॥
ਰਤਨ ਪਦਾਰਥ ਹਰਿ ਨਾਮੁ ਤੁਮਾਰਾ ਜੀਉ ॥	رتن پدارتھ ہرِ نامُ تُمارا جیِءُ ॥
ਤੂੰ ਸਚਾ ਸਾਹੁ ਭਗਤੁ ਵਣਜਾਰਾ ਜੀਉ ॥	توُنَ سچا ساہُ بھگتُ وتُجارا جیِءُ ॥
ਹਰਿ ਧਨੁ ਰਾਸਿ ਸਚੁ ਵਾਪਾਰਾ ਜੀਉ ॥	ہرِ دھنُ راسِ سچُ واپارا جیِءُ ॥
ਜਨ ਨਾਨਕ ਸਦ ਬਲਿਹਾਰਾ ਜੀਉ ॥੪॥੩॥੧੬੮॥	جن نانک سد بلِہارا جیِءُ ॥4॥3॥ 168 ॥
ਰਾਗੁ ਗਉੜੀ ਮਾਝ ਮਹਲਾ ੫	راگُ گؤڑی ماجھ محلا 5
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਤੂੰ ਮੇਰਾ ਬਹੁ ਮਾਣੁ ਕਰਤੇ ਤੂੰ ਮੇਰਾ ਬਹੁ ਮਾਣੁ ॥	توُنَ میرا بہُ ماںُ کرتے

ਜੋਰਿ ਤੁਮਾਰੈ ਸੁਖਿ ਵਸਾ
ਸਚੁ ਸਬਦੁ ਨੀਸਾਣੁ ॥੧॥ ਰਹਾਉ ॥

تونّ میرا بہُ ماںُ ॥
زورِ تُمارے سُکھِ وسا
سچُ سبدُ نِیشانُ ॥1॥ رہاءُ ॥

ਸਭੇ ਗਲਾ ਜਾਤੀਆ
ਸੁਣਿ ਕੈ ਚੁਪ ਕੀਆ ॥

سبھے گلا جاتِیا
سُنِّ کے چُپ کِیا ॥

ਕਦ ਹੀ ਸੁਰਤਿ ਨ ਲਧੀਆ
ਮਾਇਆ ਮੋਹੜਿਆ ॥੧॥

کد ہی سُرتِ ن لدھِیا
مائِیا موہڑِیا ॥1॥

ਦੇਇ ਬੁਝਾਰਤ ਸਾਰਤਾ
ਸੇ ਅਖੀ ਡਿਠੜਿਆ ॥

دےءِ بُجھارت سارتا
سے اکھی ڈِٹھڑِیا ॥

ਕੋਈ ਜਿ ਮੂਰਖੁ ਲੋਭੀਆ
ਮੂਲਿ ਨ ਸੁਣੀ ਕਹਿਆ ॥੨॥

کوئی جِ موُرکھُ لوبھِیا
موُلِ ن سُنّی کہِیا ॥2॥

ਇਕਸੁ ਦੂਹੁ ਚਹੁ ਕਿਆ ਗਣੀ
ਸਭ ਇਕਤੁ ਸਾਦਿ ਮੁਠੀ ॥

اِکسُ دُہُ چہُ کِیا گنّی
سبھ اِکتُ سادِ مُٹھی ॥

ਇਕੁ ਅਧੁ ਨਾਇ ਰਸੀਅੜਾ
ਕਾ ਵਿਰਲੀ ਜਾਇ ਵੁਠੀ ॥੩॥

اِکُ ادھُ ناءِ رسِیئڑا
کا وِرلی جاءِ وُٹھی ॥3॥

ਭਗਤ ਸਚੇ ਦਰਿ ਸੋਹਦੇ
ਅਨਦ ਕਰਹਿ ਦਿਨ ਰਾਤਿ ॥

بھگت سچے درِ سوہدے
اند کرہِ دِن راتِ ॥

ਰੰਗਿ ਰਤੇ ਪਰਮੇਸਰੈ
ਜਨ ਨਾਨਕ ਤਿਨ ਬਲਿ ਜਾਤ ॥੪॥੧॥੧੬੯॥

رنّگِ رتے پریسرے
جن نانک تِن بلِ جات ॥4॥1॥ 169 ॥

ਗਉੜੀ ਮਹਲਾ ੫ ਮਾਂਝ ॥

گئُڑی محلا 5 مانجھ ॥

ਦੁਖ ਭੰਜਨੁ ਤੇਰਾ ਨਾਮੁ ਜੀ
ਦੁਖ ਭੰਜਨੁ ਤੇਰਾ ਨਾਮੁ ॥

دُکھ بھنّجنُ تیرا نامُ جی
دُکھ بھنّجنُ تیرا نامُ ॥

ਆਠ ਪਹਰ ਆਰਾਧੀਐ
ਪੂਰਨ ਸਤਿਗੁਰ ਗਿਆਨੁ ॥੧॥ ਰਹਾਉ ॥

آٹھ پہر آرادھیئے
پوُرن ستِگُر گیانُ ॥1॥ رہاءُ ॥

ਜਿਤੁ ਘਟਿ ਵਸੈ ਪਾਰਬ੍ਰਹਮੁ

جِتُ گھٹِ وسے پاربرہمُ

ਸੋਈ ਸੁਹਾਵਾ ਥਾਉ ॥	سوئی سُہاوا تھاءُ ॥
ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ ॥੧॥	جم کنکرُ نیڑِ ن آوئی رسنا ہرِ گُنؤ گاءُ ॥1॥
ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ ॥	سیوا سُرتِ ن جانئیا نا جاپے آرادھِ ॥
ਓਟ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ ਅਗਾਧਿ ॥੨॥	اوٹ تیری جگجیونا میرے ٹھاکُر اگم اگادھِ ۔ ॥2॥
ਭਏ ਕ੍ਰਿਪਾਲ ਗੁਸਾਈਆ ਨਠੇ ਸੋਗ ਸੰਤਾਪ ॥	بھےٗ کرِپال گُسائیا نٹھے سوگ سنتاپ ॥
ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ ॥੩॥	تتی واءُ ن لگئی ستِگُرِ رکھے آپِ ॥3॥
ਗੁਰੁ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਣਹਾਰੁ ॥	گُرُ نارائِنُ دیُ گُرُ گُرُ سچا سِرجنہارُ ॥
ਗੁਰਿ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ ॥੪॥੨॥੧੭੦॥	گُرِ تُٹھے سبھ کِچھُ پائیا جن نانک سد بلِہار ॥4॥2॥ 170 ॥
ਗਉੜੀ ਮਾਝ ਮਹਲਾ ੫ ॥	گئڑی ماجھ محلا 5 ॥
ਹਰਿ ਰਾਮ ਰਾਮ ਰਾਮ ਰਾਮਾ ॥	ہرِ رام رام رام راما ॥
ਜਪਿ ਪੂਰਨ ਹੋਏ ਕਾਮਾ ॥੧॥ ਰਹਾਉ ॥	جپِ پوُرن ہوئے کاما ॥1॥ رہاءُ ॥
ਰਾਮ ਗੋਬਿੰਦ ਜਪੇਦਿਆ ਹੋਆ ਮੁਖੁ ਪਵਿਤ੍ਰੁ ॥	رام گوبِند جپیدِیا ہویا مُکھُ پوِتّرُ ॥
ਹਰਿ ਜਸੁ ਸੁਣੀਐ ਜਿਸ ਤੇ ਸੋਈ ਭਾਈ ਮਿਤ੍ਰੁ ॥੧॥	ہرِ جسُ سُنئیے جِس تے سوئی بھائی مِتّرُ ॥1॥
ਸਭਿ ਪਦਾਰਥ ਸਭਿ ਫਲਾ ਸਰਬ ਗੁਣਾ ਜਿਸੁ ਮਾਹਿ ॥	سبھِ پدارتھ سبھِ پھلا سرب گُنا جِسُ ماہِ ॥
ਕਿਉ ਗੋਬਿੰਦੁ ਮਨਹੁ ਵਿਸਾਰੀਐ	کِءُ گوبِندُ منہُ وِسارِیے

ਜਿਸੁ ਸਿਮਰਤ ਦੁਖ ਜਾਹਿ ॥੨॥	جِسُ سِمرت دُکھ جاہِ ॥2॥
ਜਿਸੁ ਲੜਿ ਲਗਿਐ ਜੀਵੀਐ ਭਵਜਲੁ ਪਈਐ ਪਾਰਿ ॥	جِسُ لڑِ لگِئے جِیویئے بھوجلُ پئیئے پارِ ॥
ਮਿਲਿ ਸਾਧੂ ਸੰਗਿ ਉਧਾਰੁ ਹੋਇ ਮੁਖ ਊਜਲ ਦਰਬਾਰਿ ॥੩॥	مِلِ سادھوُ سنگِ اُدھارُ ہوءِ مُکھ اوُجل دربارِ ॥3॥
ਜੀਵਨ ਰੂਪ ਗੋਪਾਲ ਜਸੁ ਸੰਤ ਜਨਾ ਕੀ ਰਾਸਿ ॥	جیون روُپ گوپال جسُ سنّت جنا کی راسِ ॥
ਨਾਨਕ ਉਬਰੇ ਨਾਮੁ ਜਪਿ ਦਰਿ ਸਚੈ ਸਾਬਾਸਿ ॥੪॥੩॥੧੭੧॥	نانک اُبرے نامُ جپِ درِ سچے ساباسِ ॥4॥3॥ 171 ॥
ਗਉੜੀ ਮਾਝ ਮਹਲਾ ੫ ॥	گئڑی ماجھ محلا 5 ॥
ਮੀਠੇ ਹਰਿ ਗੁਣ ਗਾਉ ਜਿੰਦੂ ਤੂੰ ਮੀਠੇ ਹਰਿ ਗੁਣ ਗਾਉ ॥	میٹھے ہرِ گُن گاءُ جِندوُ توُنّ میٹھے ہرِ گُن گاءُ ॥
ਸਚੇ ਸੇਤੀ ਰਤਿਆ ਮਿਲਿਆ ਨਿਥਾਵੇ ਥਾਉ ॥੧॥ ਰਹਾਉ ॥	سچے سیتی رتیا مِلیا نِتھاوے تھاءُ ॥1॥ رہاءُ ॥
ਹੋਰਿ ਸਾਦ ਸਭਿ ਫਿਕਿਆ ਤਨੁ ਮਨੁ ਫਿਕਾ ਹੋਇ ॥	ہورِ ساد سبھِ پھِکیا تنُ منُ پھِکا ہوءِ ॥
ਵਿਣੁ ਪਰਮੇਸਰ ਜੋ ਕਰੇ ਫਿਟੁ ਸੁ ਜੀਵਣੁ ਸੋਇ ॥੧॥	وِنُ پریسر جو کرے پھٹُ سُ جیونُ سوءِ ॥1॥
ਅੰਚਲੁ ਗਹਿ ਕੈ ਸਾਧ ਕਾ ਤਰਣਾ ਇਹੁ ਸੰਸਾਰੁ ॥	انچلُ گہِ کے سادھ کا ترنا اِہُ سنسارُ ॥
ਪਾਰਬ੍ਰਹਮੁ ਆਰਾਧੀਐ ਉਧਰੈ ਸਭ ਪਰਵਾਰੁ ॥੨॥	پاربرہمُ آرادھیئے اُدھرے سبھ پروارُ ॥2॥
ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ ॥	ساجنُ بندھُ سُمِتّرُ سو ہرِ نامُ ہِردے دےءِ ॥
ਅਉਗਣ ਸਭ ਮਿਟਾਇ ਕੈ	انگُن سبھ مِٹاءِ کے

ਪਰਉਪਕਾਰੁ ਕਰੇਇ ॥੩॥

پرُپکارُ کرے ॥3॥

ਮਾਲੁ ਖਜਾਨਾ ਥੇਹੁ ਘਰੁ
ਹਰਿ ਕੇ ਚਰਣ ਨਿਧਾਨ ॥

مالُ خزانا تھیہُ گھرُ
ہرِ کے چرنؒ نِدھان ॥

ਨਾਨਕ ਜਾਚਕੁ ਦਰਿ ਤੇਰੈ
ਪ੍ਰਭ ਤੁਧਨੋ ਮੰਗੈ ਦਾਨੁ ॥੪॥੪॥੧੭੨॥

نانک جاچکُ درِ تیرے
پربھ تُدھنو منگَے دانُ ॥4॥4॥ 172 ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਰਾਗੁ ਗਉੜੀ ਮਹਲਾ ੯ ॥

راگُ گئڑی محلا 9 ॥

ਸਾਧੋ ਮਨ ਕਾ ਮਾਨੁ ਤਿਆਗਉ ॥

سادھو من کا مانُ تِیاگ ॥

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ
ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥

کامُ کرودھُ سنگتِ دُرجن کی
تا تے اہِنِس بھاگ ॥1॥ رہاءُ ॥

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ
ਅਉਰੁ ਮਾਨੁ ਅਪਮਾਨਾ ॥

سُکھُ دُکھُ دونو سم کرِ جانے
اَرُ مانُ اپمانا ॥

ਹਰਖ ਸੋਗ ਤੇ ਰਹੈ ਅਤੀਤਾ
ਤਿਨਿ ਜਗਿ ਤਤੁ ਪਛਾਨਾ ॥੧॥

ہرکھ سوگ تے رہے اتِیتا
تِنِ جگِ تتُ پچھانا ॥1॥

ਉਸਤਤਿ ਨਿੰਦਾ ਦੋਊ ਤਿਆਗੈ
ਖੋਜੈ ਪਦੁ ਨਿਰਬਾਨਾ ॥

اُستتِ نِندا دوئُو تِیاگے
کھوجے پدُ نِربانا ॥

ਜਨ ਨਾਨਕ ਇਹੁ ਖੇਲੁ ਕਠਨੁ ਹੈ
ਕਿਨਹੂੰ ਗੁਰਮੁਖਿ ਜਾਨਾ ॥੨॥੧॥

جن نانک اِہُ کھیلُ کٹھنُ ہے
کِنہوُنَ گُرمُکھِ جانا ॥2॥1॥

ਗਉੜੀ ਮਹਲਾ ੯ ॥

گئڑی محلا 9 ॥

ਸਾਧੋ ਰਚਨਾ ਰਾਮ ਬਨਾਈ ॥

سادھو رچنا رام بنائی ॥

ਇਕਿ ਬਿਨਸੈ ਇਕ ਅਸਥਿਰੁ ਮਾਨੈ
ਅਚਰਜੁ ਲਖਿਓ ਨ ਜਾਈ ॥੧॥ ਰਹਾਉ ॥

اِکِ بِنسے اِک استھِرُ مانے
اچرجُ لکھِئو ن جائی ॥1॥ رہاءُ ॥

ਕਾਮ ਕ੍ਰੋਧ ਮੋਹ ਬਸਿ ਪ੍ਰਾਨੀ
ਹਰਿ ਮੂਰਤਿ ਬਿਸਰਾਈ ॥

کام کرودھ موہ بسِ پرانی
ہرِ مورتِ بِسرائی ॥

ਝੂਠਾ ਤਨੁ ਸਾਚਾ ਕਰਿ ਮਾਨਿਓ

جھوُٹھا تنُ ساچا کرِ مانِئو

ਜਿਉ ਸੁਪਨਾ ਰੈਨਾਈ ॥੧॥

جِءُ سُپنا رینائی ॥1॥

ਜੋ ਦੀਸੈ ਸੋ ਸਗਲ ਬਿਨਾਸੈ
ਜਿਉ ਬਾਦਰ ਕੀ ਛਾਈ ॥

جو دیسے سو سگل بِناسے
جِءُ بادر کی چھائی ॥

ਜਨ ਨਾਨਕ ਜਗੁ ਜਾਨਿਓ ਮਿਥਿਆ
ਰਹਿਓ ਰਾਮ ਸਰਨਾਈ ॥੨॥੨॥

جن نانک جگ جانِئو مِتھیا
رہِئو رام سرنائی ॥2॥2॥

ਗਉੜੀ ਮਹਲਾ ੯ ॥

گئڑی محلا 9 ॥

ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ ॥

پّرانی ک ءُ ہرِ جسُ منِ نہی آوے ॥

ਅਹਿਨਿਸਿ ਮਗਨੁ ਰਹੈ ਮਾਇਆ ਮੈ
ਕਹੁ ਕੈਸੇ ਗੁਨ ਗਾਵੈ ॥੧॥ ਰਹਾਉ ॥

اِہنِس مگنُ رہے مائیا مے
کہُ کیسے گُن گاوے ۔ ॥1॥ رہاءُ ॥

ਪੂਤ ਮੀਤ ਮਾਇਆ ਮਮਤਾ ਸਿਉ
ਇਹ ਬਿਧਿ ਆਪੁ ਬੰਧਾਵੈ ॥

پوُت میت مائیا ممتا سِءُ
اِہ بِدھِ آپُ بندھاوے ॥

ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ
ਦੇਖਿ ਤਾਸਿ ਉਠਿ ਧਾਵੈ ॥੧॥

مّرگ تّرِسنا جِءُ جھوُٹھو اِہُ جگ
دیکھِ تاسِ اُٹھِ دھاوے ॥1॥

ਭੁਗਤਿ ਮੁਕਤਿ ਕਾ ਕਾਰਨੁ ਸੁਆਮੀ
ਮੂੜ ਤਾਹਿ ਬਿਸਰਾਵੈ ॥

بھُگتِ مُکتِ کا کارنُ سُیامی
موُڑ تاہِ بِسراوے ॥

ਜਨ ਨਾਨਕ ਕੋਟਨ ਮੈ ਕੋਊ
ਭਜਨ ਰਾਮ ਕੋ ਪਾਵੈ ॥੨॥੩॥

جن نانک کوٹن مے کوئو
بھجن رام کو پاوے ॥2॥3॥

ਗਉੜੀ ਮਹਲਾ ੯ ॥

گئڑی محلا 9 ॥

ਸਾਧੋ ਇਹੁ ਮਨੁ ਗਹਿਓ ਨ ਜਾਈ ॥

سادھو اِہُ منُ گہِئو ن جائی ॥

ਚੰਚਲ ਤ੍ਰਿਸਨਾ ਸੰਗਿ ਬਸਤੁ ਹੈ
ਯਾ ਤੇ ਥਿਰੁ ਨ ਰਹਾਈ ॥੧॥ ਰਹਾਉ ॥

چنچّل تّرِسنا سنگِ بست ہے
یا تے تھِرُ ن رہائی ॥1॥ رہاءُ ॥

ਕਠਨ ਕਰੋਧ ਘਟ ਹੀ ਕੇ ਭੀਤਰਿ
ਜਿਹ ਸੁਧਿ ਸਭ ਬਿਸਰਾਈ ॥

کٹھن کرودھ گھٹ ہی کے بھیترِ
جِہ سُدھِ سبھ بِسرائی ॥

ਰਤਨੁ ਗਿਆਨੁ ਸਭ ਕੋ ਹਿਰਿ ਲੀਨਾ
ਤਾ ਸਿਉ ਕਛੁ ਨ ਬਸਾਈ ॥੧॥

رتنُ گیانُ سبھ کو ہرِ لینا
تا سِءُ کچھُ ن بسائی ॥1॥

ਜੋਗੀ ਜਤਨ ਕਰਤ ਸਭਿ ਹਾਰੇ
ਗੁਨੀ ਰਹੇ ਗੁਨ ਗਾਈ ॥

جوگی جتن کرت سبھِ ہارے
گُنی رہے گُن گائی ॥

ਜਨ ਨਾਨਕ ਹਰਿ ਭਏ ਦਇਆਲਾ
ਤਉ ਸਭ ਬਿਧਿ ਬਨਿ ਆਈ ॥੨॥੪॥

جن نانک ہرِ بھےٗ دئیالا
تءُ سبھ بِدھِ بنِ آئی ॥2॥4॥

ਗਉੜੀ ਮਹਲਾ ੯ ॥

گئڑی محلا 9 ॥

ਸਾਧੋ ਗੋਬਿੰਦ ਕੇ ਗੁਨ ਗਾਵਉ ॥

سادھو گوبِند کے گُن گاوءُ ॥

ਮਾਨਸ ਜਨਮੁ ਅਮੋਲਕੁ ਪਾਇਓ
ਬਿਰਥਾ ਕਾਹਿ ਗਵਾਵਉ ॥੧॥ ਰਹਾਉ ॥

مانس جنمُ امولکُ پائیو
بِرتھا کاہِ گواوءُ ۔ ॥1॥ رہاءُ ॥

ਪਤਿਤ ਪੁਨੀਤ ਦੀਨ ਬੰਧ ਹਰਿ
ਸਰਨਿ ਤਾਹਿ ਤੁਮ ਆਵਉ ॥

پتِت پُنیت دِین بندھ ہرِ
سرنِ تاہِ تُم آوءُ ॥

ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ
ਤੁਮ ਕਾਹੇ ਬਿਸਰਾਵਉ ॥੧॥

گج کو ترّاسُ مِٹیو جِہ سِمرت
تُم کاہے بِسراوءُ ۔ ॥1॥

ਤਜਿ ਅਭਿਮਾਨ ਮੋਹ ਮਾਇਆ ਫੁਨਿ
ਭਜਨ ਰਾਮ ਚਿਤੁ ਲਾਵਉ ॥

تجِ ابھِمان موہ مائیا پھُنِ
بھجن رام چِتُ لاوءُ ॥

ਨਾਨਕ ਕਹਤ ਮੁਕਤਿ ਪੰਥ ਇਹੁ
ਗੁਰਮੁਖਿ ਹੋਇ ਤੁਮ ਪਾਵਉ ॥੨॥੫॥

نانک کہت مُکتِ پنّتھ اِہُ
گُرمُکھِ ہوءِ تُم پاوءُ ॥2॥5॥

ਗਉੜੀ ਮਹਲਾ ੯ ॥

گئڑی محلا 9 ॥

ਕੋਊ ਮਾਈ ਭੂਲਿਓ ਮਨੁ ਸਮਝਾਵੈ ॥

کوئو مائی بھوُلیو منُ سمجھاوے ॥

ਬੇਦ ਪੁਰਾਨ ਸਾਧ ਮਗ ਸੁਨਿ ਕਰਿ
ਨਿਮਖ ਨ ਹਰਿ ਗੁਨ ਗਾਵੈ ॥੧॥ ਰਹਾਉ ॥

بید پُران سادھ مگ سُنِ کرِ
نِمکھ ن ہرِ گُن گاوے ॥1॥ رہاءُ ॥

ਦੁਰਲਭ ਦੇਹ ਪਾਇ ਮਾਨਸ ਕੀ
ਬਿਰਥਾ ਜਨਮੁ ਸਿਰਾਵੈ ॥

دُرلبھ دیہ پاءِ مانس کی
بِرتھا جنمُ سِراوے ॥

ਮਾਇਆ ਮੋਹ ਮਹਾ ਸੰਕਟ ਬਨ
ਤਾ ਸਿਉ ਰੁਚ ਉਪਜਾਵੈ ॥੧॥

مائیا موہ مہا سنکٹ بن
تا سِءُ رُچ اُپجاوے ॥1॥

ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ

انتّرِ باہرِ سدا سنگِ پربھُ

ਤਾ ਸਿਉ ਨੇਹੁ ਨ ਲਾਵੈ ॥
تا سِ ءُ نیہُ ن لاوے ॥

ਨਾਨਕ ਮੁਕਤਿ ਤਾਹਿ ਤੁਮ ਮਾਨਹੁ
ਜਿਹ ਘਟਿ ਰਾਮੁ ਸਮਾਵੈ ॥੨॥੬॥

نانک مُکتِ تاہِ تُم مانہُ
جِہ گھٹِ رامُ سماوے ॥2॥6॥

ਗਉੜੀ ਮਹਲਾ ੯ ॥
گئڑی محلا 9 ॥

ਸਾਧੋ ਰਾਮ ਸਰਨਿ ਬਿਸਰਾਮਾ ॥
سادھو رام سرنِ بِسراما ॥

ਬੇਦ ਪੁਰਾਨ ਪੜੇ ਕੋ ਇਹ ਗੁਨ
ਸਿਮਰੇ ਹਰਿ ਕੋ ਨਾਮਾ ॥੧॥ ਰਹਾਉ ॥

بید پُران پڑے کو اِہ گُن
سِمرے ہرِ کو نانا ॥1॥ رہاءُ ॥

ਲੋਭ ਮੋਹ ਮਾਇਆ ਮਮਤਾ ਫੁਨਿ
ਅਉ ਬਿਖਿਅਨ ਕੀ ਸੇਵਾ ॥

لوبھ موہ مائیا ممتا پھُنِ
اءُ بِکھِیَن کی سیوا ॥

ਹਰਖ ਸੋਗ ਪਰਸੈ ਜਿਹ ਨਾਹਨਿ
ਸੋ ਮੂਰਤਿ ਹੈ ਦੇਵਾ ॥੧॥

ہرکھ سوگ پرسے جِہ ناہنِ
سو مُورتِ ہے دیوا ॥1॥

ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ
ਤਿਉ ਕੰਚਨ ਅਰੁ ਪੈਸਾ ॥

سُرگ نرک انمّرِت بِکھُ اے سبھ
تِءُ کنچن ارُ پیَسا ॥

ਉਸਤਤਿ ਨਿੰਦਾ ਏ ਸਮ ਜਾ ਕੈ
ਲੋਭੁ ਮੋਹੁ ਫੁਨਿ ਤੈਸਾ ॥੨॥

اُستتِ نِندا اے سم جا کے
لوبھُ موہُ پھُنِ تیَسا ॥2॥

ਦੁਖੁ ਸੁਖੁ ਏ ਬਾਧੇ ਜਿਹ ਨਾਹਨਿ
ਤਿਹ ਤੁਮ ਜਾਨਉ ਗਿਆਨੀ ॥

دُکھُ سُکھُ اے بادھے جِہ ناہنِ
تِہ تُم جان ءُ گیانی ॥

ਨਾਨਕ ਮੁਕਤਿ ਤਾਹਿ ਤੁਮ ਮਾਨਉ
ਇਹ ਬਿਧਿ ਕੋ ਜੋ ਪ੍ਰਾਨੀ ॥੩॥੭॥

نانک مُکتِ تاہِ تُم مان ءُ
اِہ بِدھِ کو جو پّرانی ॥3॥7॥

ਗਉੜੀ ਮਹਲਾ ੯ ॥
گئڑی محلا 9 ॥

ਮਨ ਰੇ ਕਹਾ ਭਇਓ ਤੈ ਬਉਰਾ ॥
من رے کہا بھئیو تے بئرا ۔ ॥

ਅਹਿਨਿਸਿ ਅਉਧ ਘਟੈ ਨਹੀ ਜਾਨੈ
ਭਇਓ ਲੋਭ ਸੰਗਿ ਹਉਰਾ ॥੧॥ ਰਹਾਉ ॥

اِہنِس اُدھ گھٹے نہی جانے
بھئیو لوبھ سنگِ ہئرا ॥1॥ رہاءُ ॥

ਜੋ ਤਨ ਤੈ ਅਪਨੋ ਕਰਿ ਮਾਨਿਓ
ਅਰੁ ਸੁੰਦਰ ਗ੍ਰਿਹ ਨਾਰੀ ॥

جو تن تے اپنو کرِ مانیو
ارُ سُندر گرِہ ناری ॥

ਇਨ ਮੈਂ ਕਛੁ ਤੇਰੋ ਰੇ ਨਾਹਨਿ
ਦੇਖੋ ਸੋਚ ਬਿਚਾਰੀ ॥੧॥

اِن میَں کچھُ تیرو رے ناہنِ
دیکھو سوچ بِچاری ॥1॥

ਰਤਨ ਜਨਮੁ ਅਪਨੋ ਤੈ ਹਾਰਿਓ
ਗੋਬਿੰਦ ਗਤਿ ਨਹੀ ਜਾਨੀ ॥

رتن جنمُ اپنو تے ہارِئو
گوبِنّد گتِ نہی جانی ॥

ਨਿਮਖ ਨ ਲੀਨ ਭਇਓ ਚਰਨਨ ਸਿੰਉ
ਬਿਰਥਾ ਅਉਧ ਸਿਰਾਨੀ ॥੨॥

نِمکھ ن لِین بھِئو چرنن سِنْ ءُ
بِرتھا اُدھ سِرانی ॥2॥

ਕਹੁ ਨਾਨਕ ਸੋਈ ਨਰੁ ਸੁਖੀਆ
ਰਾਮ ਨਾਮ ਗੁਨ ਗਾਵੈ ॥

کہُ نانک سوئی نرُ سُکھیا
رام نام گُن گاوے ॥

ਅਉਰ ਸਗਲ ਜਗੁ ਮਾਇਆ ਮੋਹਿਆ
ਨਿਰਭੈ ਪਦੁ ਨਹੀ ਪਾਵੈ ॥੩॥੮॥

اُر سگل جگُ مائیا موہیا
نِربھے پدُ نہی پاوے ॥3॥8॥

ਗਉੜੀ ਮਹਲਾ ੯ ॥

گئڑی محلا 9 ॥

ਨਰ ਅਚੇਤ ਪਾਪ ਤੇ ਡਰੁ ਰੇ ॥

نر اچیت پاپ تے ڈرُ رے ॥

ਦੀਨ ਦਇਆਲ ਸਗਲ ਭੈ ਭੰਜਨ
ਸਰਨਿ ਤਾਹਿ ਤੁਮ ਪਰੁ ਰੇ ॥੧॥ ਰਹਾਉ ॥

دِین دئیال سگل بھے بھنّجن
سرنِ تاہِ تُم پرُ رے ॥1॥ رہاءُ ॥

ਬੇਦ ਪੁਰਾਨ ਜਾਸ ਗੁਨ ਗਾਵਤ
ਤਾ ਕੋ ਨਾਮੁ ਹੀਐ ਮੋ ਧਰੁ ਰੇ ॥

بید پُران جاس گُن گاوت
تا کو نامُ ہیئے مو دھرُ رے ॥

ਪਾਵਨ ਨਾਮੁ ਜਗਤਿ ਮੈ ਹਰਿ ਕੋ
ਸਿਮਰਿ ਸਿਮਰਿ ਕਸਮਲ ਸਭ ਹਰੁ ਰੇ ॥੧॥

پاون نامُ جگتِ مے ہرِ کو
سِمرِ سِمرِ کسمل سبھ ہرُ رے ॥1॥

ਮਾਨਸ ਦੇਹ ਬਹੁਰਿ ਨਹ ਪਾਵੈ
ਕਛੂ ਉਪਾਉ ਮੁਕਤਿ ਕਾ ਕਰੁ ਰੇ ॥

مانس دیہ بہُرِ نہ پاوے
کچھوُ اُپاءُ مُکتِ کا کرُ رے ॥

ਨਾਨਕ ਕਹਤ ਗਾਇ ਕਰੁਨਾ ਮੈ
ਭਵਸਾਗਰ ਕੈ ਪਾਰਿ ਉਤਰੁ ਰੇ ॥੨॥੯॥੨੫੧॥

نانک کہت گاءِ کرُنا مے
بھوساگر کے پارِ اُترُ رے ॥2॥9॥ 251 ॥

ਰਾਗੁ ਗਉੜੀ ਅਸਟਪਦੀਆ ਮਹਲਾ ੧ ਗਉੜੀ ਗੁਆਰੇਰੀ

راگُ گئڑی اسٹپدیا محلا 1 گئڑی گُیاریری

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥

ੴ ستِنامُ کرتا پُرکھُ گُرپرّسادِ ॥

ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥

نِدھِ سِدھِ نِرمل نامُ بیچارُ ॥

ਪੂਰਨ ਪੂਰਿ ਰਹਿਆ ਬਿਖੁ ਮਾਰਿ ॥	پُورن پُورِ رہِیا بِکھُ مارِ ॥
ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥	ترِکُٹی چھوٹی بِمل مجھارِ ॥
ਗੁਰਿ ਕੀ ਮਤਿ ਜੀਇ ਆਈ ਕਾਰਿ ॥੧॥	گُرِ کی متِ جیِءِ آئی کارِ ॥1॥
ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥	اِن بِدھِ رام رمت منُ مانِیا ॥
ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥੧॥ ਰਹਾਉ ॥	گِیان انجنُ گُر سبدِ پچھانِیا ॥1॥ رہاءُ ॥
ਇਕੁ ਸੁਖੁ ਮਾਨਿਆ ਸਹਜਿ ਮਿਲਾਇਆ ॥	اِکُ سُکھُ مانِیا سہجِ مِلائِیا ॥
ਨਿਰਮਲ ਬਾਣੀ ਭਰਮੁ ਚੁਕਾਇਆ ॥	نِرمل باٹی بھرمُ چُکائِیا ॥
ਲਾਲ ਭਏ ਸੂਹਾ ਰੰਗੁ ਮਾਇਆ ॥	لال بھۓ سوُہا رنگُ مائِیا ॥
ਨਦਰਿ ਭਈ ਬਿਖੁ ਠਾਕਿ ਰਹਾਇਆ ॥੨॥	ندرِ بھئی بِکھُ ٹھاکِ رہائِیا ॥2॥
ਉਲਟ ਭਈ ਜੀਵਤ ਮਰਿ ਜਾਗਿਆ ॥	اُلٹ بھئی جیوت مرِ جاگِیا ॥
ਸਬਦਿ ਰਵੇ ਮਨੁ ਹਰਿ ਸਿਉ ਲਾਗਿਆ ॥	سبدِ روے منُ ہرِ سِءُ لاگِیا ॥
ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ ॥	رسُ سنگّرہِ بِکھُ پرہرِ تِیاگِیا ॥
ਭਾਇ ਬਸੇ ਜਮ ਕਾ ਭਉ ਭਾਗਿਆ ॥੩॥	بھاءِ بسے جم کا بھءُ بھاگِیا ॥3॥
ਸਾਦ ਰਹੇ ਬਾਦੰ ਅਹੰਕਾਰਾ ॥	ساد رہے بادنَ اہنکارا ॥
ਚਿਤੁ ਹਰਿ ਸਿਉ ਰਾਤਾ ਹੁਕਮਿ ਅਪਾਰਾ ॥	چِتُ ہرِ سِءُ راتا حُکمِ اپارا ॥
ਜਾਤਿ ਰਹੇ ਪਤਿ ਕੇ ਆਚਾਰਾ ॥	زاتِ رہے پتِ کے آچارا ॥
ਦ੍ਰਿਸਟਿ ਭਈ ਸੁਖੁ ਆਤਮ ਧਾਰਾ ॥੪॥	دّرِسٹِ بھئی سُکھُ آتم دھارا ॥4॥
ਤੁਝ ਬਿਨੁ ਕੋਇ ਨ ਦੇਖਉ ਮੀਤੁ ॥	تُجھ بِنُ کوءِ ن دیکھءُ میِتُ ॥
ਕਿਸੁ ਸੇਵਉ ਕਿਸੁ ਦੇਵਉ ਚੀਤੁ ॥	کِسُ سیوءُ کِسُ دیوءُ چیِتُ ۔ ॥
ਕਿਸੁ ਪੂਛਉ ਕਿਸੁ ਲਾਗਉ ਪਾਇ ॥	کِسُ پُوچھءُ کِسُ لاگءُ پاءِ ۔ ॥
ਕਿਸੁ ਉਪਦੇਸਿ ਰਹਾ ਲਿਵ ਲਾਇ ॥੫॥	کِسُ اُپدیسِ رہا لِو لاءِ ॥5॥
ਗੁਰ ਸੇਵੀ ਗੁਰ ਲਾਗਉ ਪਾਇ ॥	گُر سیوی گُر لاگءُ پاءِ ॥

ਭਗਤਿ ਕਰੀ ਰਾਚਉ ਹਰਿ ਨਾਇ ॥	بھگتِ کری راچ ءُ ہرِ ناءِ ॥
ਸਿਖਿਆ ਦੀਖਿਆ ਭੋਜਨ ਭਾਉ ॥	سِکھیا دیکھیا بھوجن بھاءُ ॥
ਹੁਕਮਿ ਸੰਜੋਗੀ ਨਿਜ ਘਰਿ ਜਾਉ ॥੬॥	حُکمِ سنجوگی نِج گھرِ جاءُ ॥6॥
ਗਰਬ ਗਤੰ ਸੁਖ ਆਤਮ ਧਿਆਨਾ ॥	گرب گتنّ سُکھ آتم دھیانا ॥
ਜੋਤਿ ਭਈ ਜੋਤੀ ਮਾਹਿ ਸਮਾਨਾ ॥	جوتِ بھئی جوتی ماہِ سمانا ॥
ਲਿਖਤੁ ਮਿਟੈ ਨਹੀ ਸਬਦੁ ਨੀਸਾਨਾ ॥	لِکھتُ مِٹے نہی سبدُ نِیشانا ॥
ਕਰਤਾ ਕਰਣਾ ਕਰਤਾ ਜਾਨਾ ॥੭॥	کرتا کرٹا کرتا جانا ॥7॥
ਨਹ ਪੰਡਿਤੁ ਨਹ ਚਤੁਰੁ ਸਿਆਨਾ ॥	نہ پنّڈِتُ نہ چترُ سِیانا ॥
ਨਹ ਭੂਲੋ ਨਹ ਭਰਮਿ ਭੁਲਾਨਾ ॥	نہ بھوُلو نہ بھرمِ بھُلانا ॥
ਕਥਉ ਨ ਕਥਨੀ ਹੁਕਮੁ ਪਛਾਨਾ ॥	کتھءُ ن کتھنی حُکمُ پچھانا ॥
ਨਾਨਕ ਗੁਰਮਤਿ ਸਹਜਿ ਸਮਾਨਾ ॥੯॥੧॥	نانک گُرمتِ سہجِ سمانا ॥9॥1॥
ਗਉੜੀ ਗੁਆਰੇਰੀ ਮਹਲਾ ੧ ॥	گئڑی گیاریری محلا 1 ॥
ਮਨੁ ਕੁੰਚਰੁ ਕਾਇਆ ਉਦਿਆਨੈ ॥	منُ کُنچرُ کائیا اُدیانے ॥
ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥	گُرُ انکُس سچُ سبدُ نِیشانے ॥
ਰਾਜ ਦੁਆਰੈ ਸੋਭ ਸੁ ਮਾਨੈ ॥੧॥	راج دُیارے سوبھ سُ مانے ॥1॥
ਚਤੁਰਾਈ ਨਹ ਚੀਨਿਆ ਜਾਇ ॥	چترائی نہ چینیا جاءِ ॥
ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥	بِنُ مارے کِءُ قیمتِ پاءِ ۔ ॥1॥ رہاءُ ॥
ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥	گھر مہِ انمّرِتُ تسکرُ لیئی ॥
ਨੰਨਾਕਾਰੁ ਨ ਕੋਇ ਕਰੇਈ ॥	ننّاکارُ ن کوءِ کریئی ॥
ਰਾਖੈ ਆਪਿ ਵਡਿਆਈ ਦੇਈ ॥੨॥	راکھے آپِ وڈیائی دیئی ॥2॥
ਨੀਲ ਅਨੀਲ ਅਗਨਿ ਇਕ ਠਾਈ ॥	نِیل انیل اگنِ اِک ٹھائی ॥
ਜਲਿ ਨਿਵਰੀ ਗੁਰਿ ਬੂਝ ਬੁਝਾਈ ॥	جلِ نِوری گُرِ بوُجھ بُجھائی ॥

ਮਨੁ ਦੇ ਲੀਆ ਰਹਸਿ ਗੁਣ ਗਾਈ ॥੩॥	منُ دے لِیا رہسِ گُنؔ گائی ॥3॥
ਜੈਸਾ ਘਰਿ ਬਾਹਰਿ ਸੋ ਤੈਸਾ ॥	جیَسا گھرِ باہرِ سو تیَسا ॥
ਬੈਸਿ ਗੁਫਾ ਮਹਿ ਆਖਉ ਕੈਸਾ ॥	بیَسِ گُپھا مہِ آکھءُ کیَسا ۔ ॥
ਸਾਗਰਿ ਡੂਗਰਿ ਨਿਰਭਉ ਐਸਾ ॥੪॥	ساگرِ ڈُوگرِ نِربھءُ ایَسا ॥4॥
ਮੂਏ ਕਉ ਕਹੁ ਮਾਰੇ ਕਉਨੁ ॥	موُئے کءُ کہُ مارے کنُؔن ۔ ॥
ਨਿਡਰੇ ਕਉ ਕੈਸਾ ਡਰੁ ਕਵਨੁ ॥	نِڈرے کءُ کیَسا ڈرُ کونُ ۔ ॥
ਸਬਦਿ ਪਛਾਨੈ ਤੀਨੇ ਭਉਨ ॥੫॥	سبدِ پچھانے تِینے بھنؔ ॥5॥
ਜਿਨਿ ਕਹਿਆ ਤਿਨਿ ਕਹਨੁ ਵਖਾਨਿਆ ॥	جِنِ کہِیا تِنِ کہنُ وکھانِیا ॥
ਜਿਨਿ ਬੂਝਿਆ ਤਿਨਿ ਸਹਜਿ ਪਛਾਨਿਆ ॥	جِنِ بوُجھِیا تِنِ سہجِ پچھانِیا ॥
ਦੇਖਿ ਬੀਚਾਰਿ ਮੇਰਾ ਮਨੁ ਮਾਨਿਆ ॥੬॥	دیکھِ بیچارِ میرا منُ مانِیا ॥6॥
ਕੀਰਤਿ ਸੂਰਤਿ ਮੁਕਤਿ ਇਕ ਨਾਈ ॥	کیرتِ صوُرتِ مُکتِ اِک نائی ॥
ਤਹੀ ਨਿਰੰਜਨੁ ਰਹਿਆ ਸਮਾਈ ॥	تہی نِرنّجنُ رہِیا سمائی ॥
ਨਿਜ ਘਰਿ ਬਿਆਪਿ ਰਹਿਆ ਨਿਜ ਠਾਈ ॥੭॥	نِج گھرِ بیاپِ رہِیا نِج ٹھائی ॥7॥
ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ ॥	اُستتِ کرہِ کیتے مُنِ پرّیتِ ॥
ਤਨਿ ਮਨਿ ਸੂਚੈ ਸਾਚੁ ਸੁ ਚੀਤਿ ॥	تنِ منِ سوُچےَ ساچُ سُ چیتِ ॥
ਨਾਨਕ ਹਰਿ ਭਜੁ ਨੀਤਾ ਨੀਤਿ ॥੮॥੨॥	نانک ہرِ بھجُ نِیتا نِیتِ ॥8॥2॥
ਗਉੜੀ ਗੁਆਰੇਰੀ ਮਹਲਾ ੧ ॥	گئڑی گُیارِیری محلا 1 ॥
ਨਾ ਮਨੁ ਮਰੈ ਨ ਕਾਰਜੁ ਹੋਇ ॥	نا منُ مرےَ ن کارجُ ہوءِ ॥
ਮਨੁ ਵਸਿ ਦੂਤਾ ਦੁਰਮਤਿ ਦੋਇ ॥	منُ وسِ دوُتا دُرمتِ دوءِ ॥
ਮਨੁ ਮਾਨੈ ਗੁਰ ਤੇ ਇਕੁ ਹੋਇ ॥੧॥	منُ مانے گُر تے اِکُ ہوءِ ॥1॥
ਨਿਰਗੁਣ ਰਾਮੁ ਗੁਣਹ ਵਸਿ ਹੋਇ ॥	نِرگُنؔ رامُ گُنہ وسِ ہوءِ ॥
ਆਪੁ ਨਿਵਾਰਿ ਬੀਚਾਰੇ ਸੋਇ ॥੧॥ ਰਹਾਉ ॥	آپُ نِوارِ بیچارے سوءِ ॥1॥ رہاءُ ॥

ਮਨੁ ਭੂਲੋ ਬਹੁ ਚਿਤੈ ਵਿਕਾਰੁ ॥	منُ بھوُلو بہُ چِتے وِکارُ ॥
ਮਨੁ ਭੂਲੋ ਸਿਰਿ ਆਵੈ ਭਾਰੁ ॥	منُ بھوُلو سِرِ آوے بھارُ ॥
ਮਨੁ ਮਾਨੈ ਹਰਿ ਏਕੰਕਾਰੁ ॥੨॥	منُ مانے ہرِ ایکنکارُ ॥2॥
ਮਨੁ ਭੂਲੋ ਮਾਇਆ ਘਰਿ ਜਾਇ ॥	منُ بھوُلو مائیا گھرِ جاءِ ॥
ਕਾਮਿ ਬਿਰੂਧਉ ਰਹੈ ਨ ਠਾਇ ॥	کامِ بِروُدھءُ رہے ن ٹھاءِ ॥
ਹਰਿ ਭਜੁ ਪ੍ਰਾਣੀ ਰਸਨ ਰਸਾਇ ॥੩॥	ہرِ بھجُ پّرانّی رسن رساءِ ॥3॥
ਗੈਵਰ ਹੈਵਰ ਕੰਚਨ ਸੁਤ ਨਾਰੀ ॥੪॥	گیَور ہیَور کنّچن سُت ناری ॥4॥
ਬਹੁ ਚਿੰਤਾ ਪਿੜ ਚਾਲੈ ਹਾਰੀ ॥	بہُ چِنّتا پڑِ چالے ہاری ॥
ਜੂਐ ਖੇਲਣੁ ਕਾਚੀ ਸਾਰੀ ॥੪॥	جوُئے کھیلنُ کاچی ساری ॥4॥
ਸੰਪਉ ਸੰਚੀ ਭਏ ਵਿਕਾਰ ॥	سنّپءُ سنّچی بھئے وِکار ॥
ਹਰਖ ਸੋਕ ਉਭੇ ਦਰਵਾਰਿ ॥	ہرکھ سوک اُبھے دروارِ ॥
ਸੁਖੁ ਸਹਜੇ ਜਪਿ ਰਿਦੈ ਮੁਰਾਰਿ ॥੫॥	سُکھُ سہجے جپِ رِدے مُرارِ ॥5॥
ਨਦਰਿ ਕਰੇ ਤਾ ਮੇਲਿ ਮਿਲਾਏ ॥	ندرِ کرے تا میلِ مِلائے ॥
ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥	گُنڑ سنگّرہِ اَنگُنڑ سبدِ جلائے ॥
ਗੁਰਮੁਖਿ ਨਾਮੁ ਪਦਾਰਥੁ ਪਾਏ ॥੬॥	گُرمُکھِ نامُ پدارتھُ پائے ॥6॥
ਬਿਨੁ ਨਾਵੈ ਸਭ ਦੂਖ ਨਿਵਾਸੁ ॥	بِنُ ناوے سبھ دوُکھ نِواسُ ॥
ਮਨਮੁਖ ਮੂੜ ਮਾਇਆ ਚਿਤ ਵਾਸੁ ॥	منمُکھ موُڑ مائیا چِت واسُ ॥
ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥੭॥	گُرمُکھِ گیانُ دھُرِ کرمِ لِکھیاسُ ॥7॥
ਮਨੁ ਚੰਚਲੁ ਧਾਵਤੁ ਫੁਨਿ ਧਾਵੈ ॥	منُ چنّچلُ دھاوتُ پھُنِ دھاوے ॥
ਸਾਚੇ ਸੂਚੇ ਮੈਲੁ ਨ ਭਾਵੈ ॥	ساچے سوُچے میَلُ ن بھاوے ॥
ਨਾਨਕ ਗੁਰਮੁਖਿ ਹਰਿ ਗੁਣ ਗਾਵੈ ॥੮॥੩॥	نانک گُرمُکھِ ہرِ گُنڑ گاوے ॥8॥3॥
ਗਉੜੀ ਗੁਆਰੇਰੀ ਮਹਲਾ ੧ ॥	گئڑی گُیاریری محلا 1 ॥

ਹਉਮੈ ਕਰਤਿਆ ਨਹ ਸੁਖੁ ਹੋਇ ॥	ہئُمے کرتیا نہ سُکھُ ہوءِ ॥
ਮਨਮਤਿ ਝੂਠੀ ਸਚਾ ਸੋਇ ॥	منمتِ جھوُٹھی سچا سوءِ ॥
ਸਗਲ ਬਿਗੂਤੇ ਭਾਵੈ ਦੋਇ ॥	سگل بِگوُتے بھاوے دوءِ ॥
ਸੋ ਕਮਾਵੈ ਧੁਰਿ ਲਿਖਿਆ ਹੋਇ ॥੧॥	سو کماوے دھُرِ لِکھیا ہوءِ ॥1॥
ਐਸਾ ਜਗੁ ਦੇਖਿਆ ਜੂਆਰੀ ॥	ایَسا جگُ دیکھیا جوُیاری ॥
ਸਭਿ ਸੁਖ ਮਾਗੈ ਨਾਮੁ ਬਿਸਾਰੀ ॥੧॥ ਰਹਾਉ ॥	سبھِ سُکھ ماگے نامُ بِساری ॥1॥ رہاءُ ॥
ਅਦਿਸਟੁ ਦਿਸੈ ਤਾ ਕਹਿਆ ਜਾਇ ॥	اِدِسٹُ دِسے تا کہیا جاءِ ॥
ਬਿਨੁ ਦੇਖੇ ਕਹਣਾ ਬਿਰਥਾ ਜਾਇ ॥	بِنُ دیکھے کہنّا بِرتھا جاءِ ॥
ਗੁਰਮੁਖਿ ਦੀਸੈ ਸਹਜਿ ਸੁਭਾਇ ॥	گُرمُکھِ دیسے سہجِ سُبھاءِ ॥
ਸੇਵਾ ਸੁਰਤਿ ਏਕ ਲਿਵ ਲਾਇ ॥੨॥	سیوا سُرتِ ایک لِو لاءِ ॥2॥
ਸੁਖੁ ਮਾਂਗਤ ਦੁਖੁ ਆਗਲ ਹੋਇ ॥	سُکھُ مانگت دُکھُ آگل ہوءِ ॥
ਸਗਲ ਵਿਕਾਰੀ ਹਾਰੁ ਪਰੋਇ ॥	سگل وِکاری ہارُ پروءِ ॥
ਏਕ ਬਿਨਾ ਝੂਠੇ ਮੁਕਤਿ ਨ ਹੋਇ ॥	ایک بِنا جھوُٹھے مُکتِ ن ہوءِ ॥
ਕਰਿ ਕਰਿ ਕਰਤਾ ਦੇਖੈ ਸੋਇ ॥੩॥	کرِ کرِ کرتا دیکھے سوءِ ॥3॥
ਤ੍ਰਿਸਨਾ ਅਗਨਿ ਸਬਦਿ ਬੁਝਾਏ ॥	ترِسنا اگنِ سبدِ بُجھائے ॥
ਦੂਜਾ ਭਰਮੁ ਸਹਜਿ ਸੁਭਾਏ ॥	دوُجا بھرمُ سہجِ سُبھائے ॥
ਗੁਰਮਤੀ ਨਾਮੁ ਰਿਦੈ ਵਸਾਏ ॥	گُرمتی نامُ رِدے وسائے ॥
ਸਾਚੀ ਬਾਣੀ ਹਰਿ ਗੁਣ ਗਾਏ ॥੪॥	ساچی باٹی ہرِ گُٹ گائے ॥4॥
ਤਨ ਮਹਿ ਸਾਚੋ ਗੁਰਮੁਖਿ ਭਾਉ ॥	تن مہِ ساچو گُرمُکھِ بھاءُ ॥
ਨਾਮ ਬਿਨਾ ਨਾਹੀ ਨਿਜ ਠਾਉ ॥	نام بِنا ناہی نِج ٹھاءُ ॥
ਪ੍ਰੇਮ ਪਰਾਇਣ ਪ੍ਰੀਤਮ ਰਾਉ ॥	پریم پرائنٹ پریتم راءُ ॥
ਨਦਰਿ ਕਰੈ ਤਾ ਬੂਝੈ ਨਾਉ ॥੫॥	ندرِ کرے تا بوُجھے ناءُ ॥5॥

ਮਾਇਆ ਮੋਹੁ ਸਰਬ ਜੰਜਾਲਾ ॥	مائیا موہُ سرب زنجالا ॥
ਮਨਮੁਖ ਕੁਚੀਲ ਕੁਛਿਤ ਬਿਕਰਾਲਾ ॥	منمُکھ کچیل کچھِت بِکرالا ॥
ਸਤਿਗੁਰੁ ਸੇਵੇ ਚੂਕੈ ਜੰਜਾਲਾ ॥	ستِگُرُ سیوے چوُکے زنجالا ॥
ਅੰਮ੍ਰਿਤ ਨਾਮੁ ਸਦਾ ਸੁਖੁ ਨਾਲਾ ॥੬॥	انمّرِت نامُ سدا سُکھُ نالا ॥6॥
ਗੁਰਮੁਖਿ ਬੂਝੈ ਏਕ ਲਿਵ ਲਾਏ ॥	گُرمُکھِ بوُجھےَ ایک لِو لائے ॥
ਨਿਜ ਘਰਿ ਵਾਸੈ ਸਾਚਿ ਸਮਾਏ ॥	نِج گھرِ واسےَ ساچِ سمائے ॥
ਜੰਮਣੁ ਮਰਣਾ ਠਾਕਿ ਰਹਾਏ ॥	جنمّنُ مرٹا ٹھاکِ رہائے ॥
ਪੂਰੈ ਗੁਰ ਤੇ ਇਹ ਮਤਿ ਪਾਏ ॥੧॥	پوُرے گُر تے اِہ متِ پائے ॥1॥
ਕਥਨੀ ਕਥਉ ਨ ਆਵੈ ਓਰੁ ॥	کتھنی کتھءُ ن آوےَ اورُ ॥
ਗੁਰੁ ਪੁਛਿ ਦੇਖਿਆ ਨਾਹੀ ਦਰੁ ਹੋਰੁ ॥	گُرُ پُچھِ دیکھیا ناہی درُ ہورُ ॥
ਦੁਖੁ ਸੁਖੁ ਭਾਣੈ ਤਿਸੈ ਰਜਾਇ ॥	دُکھُ سُکھُ بھاٹےَ تِسےَ رضاءِ ॥
ਨਾਨਕੁ ਨੀਚੁ ਕਹੈ ਲਿਵ ਲਾਇ ॥੮॥੪॥	نانکُ نِیچُ کہےَ لِو لاءِ ॥8॥4॥
ਗਉੜੀ ਮਹਲਾ ੧ ॥	گئڑی محلا 1 ॥
ਦੂਜੀ ਮਾਇਆ ਜਗਤ ਚਿਤ ਵਾਸੁ ॥	دوُجی مائیا جگت چِت واسُ ॥
ਕਾਮ ਕ੍ਰੋਧ ਅਹੰਕਾਰ ਬਿਨਾਸੁ ॥੧॥	کام کرودھ اہنکار بِناسُ ॥1॥
ਦੂਜਾ ਕਉਣੁ ਕਹਾ ਨਹੀ ਕੋਈ ॥	دوُجا کنُّ کہا نہی کوئی ॥
ਸਭ ਮਹਿ ਏਕੁ ਨਿਰੰਜਨੁ ਸੋਈ ॥੧॥ ਰਹਾਉ ॥	سبھ مہِ ایکُ نِرنّجنُ سوئی ॥1॥ رہاءُ ॥
ਦੂਜੀ ਦੁਰਮਤਿ ਆਖੈ ਦੋਇ ॥੧॥	دوُجی دُرمتِ آکھےَ دوءِ ॥1॥
ਆਵੈ ਜਾਇ ਮਰਿ ਦੂਜਾ ਹੋਇ ॥੨॥	آوےَ جاءِ مرِ دوُجا ہوءِ ॥2॥
ਧਰਣਿ ਗਗਨ ਨਹ ਦੇਖਉ ਦੋਇ ॥	دھرنِ گگن نہ دیکھءُ دوءِ ॥
ਨਾਰੀ ਪੁਰਖ ਸਬਾਈ ਲੋਇ ॥੩॥	ناری پُرکھ سبائی لوءِ ॥3॥
ਰਵਿ ਸਸਿ ਦੇਖਉ ਦੀਪਕ ਉਜਿਆਲਾ ॥	روِ سسِ دیکھءُ دیپک اُجیالا ॥

ਸਰਬ ਨਿਰੰਤਰਿ ਪ੍ਰੀਤਮੁ ਬਾਲਾ ॥੪॥	سرب نِرنترِ پریتمُ بالا ॥4॥
ਕਰਿ ਕਿਰਪਾ ਮੇਰਾ ਚਿਤੁ ਲਾਇਆ ॥	کرِ کرپا میرا چِتُ لائیا ॥
ਸਤਿਗੁਰਿ ਮੋ ਕਉ ਏਕੁ ਬੁਝਾਇਆ ॥੪॥	ستِگُرِ مو کءُ ایکُ بُجھائیا ॥4॥
ਏਕੁ ਨਿਰੰਜਨੁ ਗੁਰਮੁਖਿ ਜਾਤਾ ॥	ایکُ نِرنجنُ گُرمُکھِ جاتا ॥
ਦੂਜਾ ਮਾਰਿ ਸਬਦਿ ਪਛਾਤਾ ॥੬॥	دوُجا مارِ سبدِ پچھاتا ॥6॥
ਏਕੋ ਹੁਕਮੁ ਵਰਤੈ ਸਭ ਲੋਈ ॥	ایکو حُکمُ ورتے سبھ لوئی ॥
ਏਕਸੁ ਤੇ ਸਭ ਓਪਤਿ ਹੋਈ ॥੭॥	ایکسُ تے سبھ اوپتِ ہوئی ॥1॥
ਰਾਹ ਦੋਵੈ ਖਸਮੁ ਏਕੋ ਜਾਣੁ ॥	راہ دووے خصمُ ایکو جانُ ॥
ਗੁਰ ਕੈ ਸਬਦਿ ਹੁਕਮੁ ਪਛਾਣੁ ॥੮॥	گُر کے سبدِ حُکمُ پچھانُ ॥8॥
ਸਗਲ ਰੂਪ ਵਰਨ ਮਨ ਮਾਹੀ ॥	سگل روُپ ورن من ماہی ॥
ਕਹੁ ਨਾਨਕ ਏਕੋ ਸਾਲਾਹੀ ॥੯॥੫॥	کہُ نانک ایکو سالاحی ॥9॥5॥
ਗਉੜੀ ਮਹਲਾ ੧ ॥	گئڑی محلا 1 ॥
ਅਧਿਆਤਮ ਕਰਮ ਕਰੇ ਤਾ ਸਾਚਾ ॥	ادھیاتم کرم کرے تا ساچا ॥
ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥	مُکتِ بھیدُ کیا جانے کاچا ۔ ॥1॥
ਐਸਾ ਜੋਗੀ ਜੁਗਤਿ ਬੀਚਾਰੈ ॥	ایَسا جوگی جُگتِ بیچارے ॥
ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥	پنچ مارِ ساچُ اُرِ دھارے ॥1॥ رہاءُ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥	جِس کے انترِ ساچُ وساوے ॥
ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥	جوگ جُگتِ کی قِیمتِ پاوے ॥2॥
ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥	روِ سسِ ایکو گرِہ اُدیانے ॥
ਕਰਣੀ ਕੀਰਤਿ ਕਰਮ ਸਮਾਨੈ ॥੩॥	کرنی کیرتِ کرم سمانے ॥3॥
ਏਕ ਸਬਦ ਇਕ ਭਿਖਿਆ ਮਾਗੈ ॥	ایک سبد اِک بھِکھیا ماگے ॥
ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥	گیانُ دھیانُ جُگتِ سچُ جاگے ॥4॥

ਭੈ ਰਚਿ ਰਹੈ ਨ ਬਾਹਰਿ ਜਾਇ ॥	بھے رچِ رہے ن باہرِ جاءِ ॥
ਕੀਮਤਿ ਕਉਣ ਰਹੈ ਲਿਵ ਲਾਇ ॥੫॥	قِیمتِ کئُن رہے لِو لاءِ ॥5॥
ਆਪੇ ਮੇਲੇ ਭਰਮੁ ਚੁਕਾਏ ॥	آپے میلے بھرمُ چُکائے ॥
ਗੁਰ ਪਰਸਾਦਿ ਪਰਮ ਪਦੁ ਪਾਏ ॥੬॥	گُر پرسادِ پرم پدُ پائے ॥6॥
ਗੁਰ ਕੀ ਸੇਵਾ ਸਬਦੁ ਵੀਚਾਰੁ ॥	گُر کی سیوا سبدُ ویچارُ ॥
ਹਉਮੈ ਮਾਰੇ ਕਰਣੀ ਸਾਰੁ ॥੭॥	ہئُمے مارے کرنئی سارُ ॥7॥
ਜਪ ਤਪ ਸੰਜਮ ਪਾਠ ਪੁਰਾਣੁ ॥	جپ تپ سنّجم پاٹھ پُرانُ ॥
ਕਹੁ ਨਾਨਕ ਅਪਰੰਪਰ ਮਾਨੁ ॥੮॥੬॥	کہُ نانک اپرنّپر مانُ ॥8॥6॥
ਗਉੜੀ ਮਹਲਾ ੧ ॥	گئُڑی محلا 1 ॥
ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥	کھِما گہی برّت سِیل سنّتوکھنّ ॥
ਰੋਗੁ ਨ ਬਿਆਪੈ ਨਾ ਜਮ ਦੋਖੰ ॥	روگُ ن بِیاپے نا جم دوکھنّ ॥
ਮੁਕਤ ਭਏ ਪ੍ਰਭ ਰੂਪ ਨ ਰੇਖੰ ॥੧॥	مُکت بھئے پربھ روُپ ن ریکھنّ ॥1॥
ਜੋਗੀ ਕਉ ਕੈਸਾ ਡਰੁ ਹੋਇ ॥	جوگی کءُ کیَسا ڈر ہوءِ ۔ ॥
ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ ॥੧॥ ਰਹਾਉ ॥	روُکھِ برکھِ گرِہِ باہرِ سوءِ ॥1॥ رہاءُ ॥
ਨਿਰਭਉ ਜੋਗੀ ਨਿਰੰਜਨੁ ਧਿਆਵੈ ॥	نِربھءُ جوگی نِرنّجنُ دھیاوے ॥
ਅਨਦਿਨੁ ਜਾਗੈ ਸਚਿ ਲਿਵ ਲਾਵੈ ॥	اندِنُ جاگے سچِ لِو لاوے ॥
ਸੋ ਜੋਗੀ ਮੇਰੈ ਮਨਿ ਭਾਵੈ ॥੨॥	سو جوگی میرے منِ بھاوے ॥2॥
ਕਾਲੁ ਜਾਲੁ ਬ੍ਰਹਮ ਅਗਨੀ ਜਾਰੇ ॥	کالُ جالُ برہم اگنی جارے ॥
ਜਰਾ ਮਰਣ ਗਤੁ ਗਰਬੁ ਨਿਵਾਰੇ ॥	جرا مرنٹ گتُ گربُ نِوارے ॥
ਆਪਿ ਤਰੈ ਪਿਤਰੀ ਨਿਸਤਾਰੇ ॥੩॥	آپِ ترے پِتری نِستارے ॥3॥
ਸਤਿਗੁਰੁ ਸੇਵੇ ਸੋ ਜੋਗੀ ਹੋਇ ॥	ستِگُر سیوے سو جوگی ہوءِ ॥
ਭੈ ਰਚਿ ਰਹੈ ਸੁ ਨਿਰਭਉ ਹੋਇ ॥	بھے رچِ رہے سُ نِربھءُ ہوءِ ॥

ਜੈਸਾ ਸੇਵੈ ਤੈਸੋ ਹੋਇ ॥੪॥	جیَسا سیوے تیَسو ہوءِ ॥4॥
ਨਰ ਨਿਹਕੇਵਲ ਨਿਰਭਉ ਨਾਉ ॥	نر نِہکیول نِربھءُ ناءُ ॥
ਅਨਾਥਹ ਨਾਥ ਕਰੇ ਬਲਿ ਜਾਉ ॥	اناتھہ ناتھ کرے بلِ جاءُ ॥
ਪੁਨਰਪਿ ਜਨਮੁ ਨਾਹੀ ਗੁਣ ਗਾਉ ॥੫॥	پُنرپِ جنمُ ناہی گُن گاءُ ॥5॥
ਅੰਤਰਿ ਬਾਹਰਿ ਏਕੋ ਜਾਣੈ ॥	انّترِ باہرِ ایکو جانے ॥
ਗੁਰ ਕੈ ਸਬਦੇ ਆਪੁ ਪਛਾਣੈ ॥	گُر کے سبدے آپُ پچھانے ॥
ਸਾਚੈ ਸਬਦਿ ਦਰਿ ਨੀਸਾਣੈ ॥੬॥	ساچے سبدِ درِ نیِشانے ॥6॥
ਸਬਦਿ ਮਰੈ ਤਿਸੁ ਨਿਜ ਘਰਿ ਵਾਸਾ ॥	سبدِ مرے تِس نِج گھرِ واسا ॥
ਆਵੈ ਨ ਜਾਵੈ ਚੂਕੈ ਆਸਾ ॥	آوے ن جاوے چُوکے آسا ॥
ਗੁਰ ਕੈ ਸਬਦਿ ਕਮਲੁ ਪਰਗਾਸਾ ॥੨॥	گُر کے سبدِ کملُ پرگاسا ॥2॥
ਜੋ ਦੀਸੈ ਸੋ ਆਸ ਨਿਰਾਸਾ ॥	جو دیسے سو آس نِراسا ॥
ਕਾਮ ਕਰੋਧ ਬਿਖੁ ਭੂਖ ਪਿਆਸਾ ॥	کام کرودھ بِکھُ بھُوکھ پِیاسا ॥
ਨਾਨਕ ਬਿਰਲੇ ਮਿਲਹਿ ਉਦਾਸਾ ॥੮॥੭॥	نانک بِرلے مِلہِ اُداسا ॥8॥7॥
ਗਉੜੀ ਮਹਲਾ ੧ ॥	گئڑی محلا 1 ॥
ਐਸੋ ਦਾਸੁ ਮਿਲੈ ਸੁਖੁ ਹੋਈ ॥	ایَسو داسُ مِلے سُکھُ ہوئی ॥
ਦੁਖੁ ਵਿਸਰੈ ਪਾਵੈ ਸਚੁ ਸੋਈ ॥੧॥	دُکھُ وِسرے پاوے سچُ سوئی ॥1॥
ਦਰਸਨੁ ਦੇਖਿ ਭਈ ਮਤਿ ਪੂਰੀ ॥	درسنُ دیکھِ بھئی متِ پُوری ॥
ਅਠਸਠਿ ਮਜਨੁ ਚਰਨਹ ਧੂਰੀ ॥੧॥ ਰਹਾਉ ॥	اٹھسٹھِ مجنُ چرنہ دھوُری ॥1॥ رہاءُ ॥
ਨੇਤ੍ਰ ਸੰਤੋਖੇ ਏਕ ਲਿਵ ਤਾਰਾ ॥	نیتّر سنّتوکھے ایک لِو تارا ॥
ਜਿਹਵਾ ਸੂਚੀ ਹਰਿ ਰਸ ਸਾਰਾ ॥੨॥	جِہوا سوُچی ہرِ رس سارا ॥2॥
ਸਚੁ ਕਰਣੀ ਅਭ ਅੰਤਰਿ ਸੇਵਾ ॥	سچُ کرنّی ابھ انّترِ سیوا ॥
ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥੩॥	منُ تّرِپتاسِیا الکھ ابھیوا ॥3॥

ਜਹ ਜਹ ਦੇਖਉ ਤਹ ਤਹ ਸਾਚਾ ॥	جہ جہ دیکھ ءُ تہ تہ ساچا ॥
ਬਿਨ ਬੂਝੇ ਝਗਰਤ ਜਗੁ ਕਾਚਾ ॥੪॥	بِن بوُجھے جھگرت جگُ کاچا ॥4॥
ਗੁਰੁ ਸਮਝਾਵੈ ਸੋਝੀ ਹੋਈ ॥	گُرُ سمجھاوے سوجھی ہوئی ॥
ਗੁਰਮੁਖਿ ਵਿਰਲਾ ਬੂਝੈ ਕੋਈ ॥੫॥	گُرمُکھِ وِرلا بُجھے کوئی ॥5॥
ਕਰਿ ਕਿਰਪਾ ਰਾਖਹੁ ਰਖਵਾਲੇ ॥	کرِ کرپا راکھہُ رکھوالے ۔ ॥
ਬਿਨ ਬੂਝੇ ਪਸੂ ਭਏ ਬੇਤਾਲੇ ॥੬॥	بِن بوُجھے پسوُ بھے بیتالے ॥6॥
ਗੁਰਿ ਕਹਿਆ ਅਵਰੁ ਨਹੀ ਦੂਜਾ ॥	گُرِ کہیا اورُ نہی دوُجا ॥
ਕਿਸੁ ਕਹੁ ਦੇਖਿ ਕਰਉ ਅਨ ਪੂਜਾ ॥੭॥	کِسُ کہُ دیکھِ کرءُ ان پوُجا ॥7॥
ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥	سنّت ہیتِ پربھِ ترِبھوٗن دھارے ॥
ਆਤਮੁ ਚੀਨੈ ਸੁ ਤਤੁ ਬੀਚਾਰੇ ॥੮॥	آتمُ چینے سُ تتُ بیچارے ॥8॥
ਸਾਚੁ ਰਿਦੈ ਸਚੁ ਪ੍ਰੇਮ ਨਿਵਾਸ ॥	ساچُ رِدے سچُ پریم نِواس ॥
ਪ੍ਰਣਵਤਿ ਨਾਨਕ ਹਮ ਤਾ ਕੇ ਦਾਸ ॥੯॥੮॥	پرنوتِ نانک ہم تا کے داس ॥9॥8॥
ਗਉੜੀ ਮਹਲਾ ੧ ॥	گئڑی محلا 1 ॥
ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥	برہمے گربُ کیا نہی جانیا ॥
ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥	بید کی بپتِ پڑی پچھتانیا ॥
ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥੧॥	جہ پربھ سِمرے تہی منُ مانیا ॥1॥
ਐਸਾ ਗਰਬੁ ਬੁਰਾ ਸੰਸਾਰੈ ॥	ایسا گربُ بُرا سنسارے ॥
ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥੧॥ ਰਹਾਉ ॥	جِسُ گُرُ مِلے تِسُ گربُ نِوارے ॥1॥ رہاءُ ॥
ਬਲਿ ਰਾਜਾ ਮਾਇਆ ਅਹੰਕਾਰੀ ॥	بلِ راجا مائیا اہنکاری ॥
ਜਗਨ ਕਰੈ ਬਹੁ ਭਾਰ ਅਫਾਰੀ ॥	جگن کرے بہُ بھار اپھاری ॥
ਬਿਨੁ ਗੁਰ ਪੂਛੇ ਜਾਇ ਪਇਆਰੀ ॥੨॥	بِنُ گُر پوُچھے جاءِ پئیاری ॥2॥
ਹਰੀਚੰਦੁ ਦਾਨੁ ਕਰੈ ਜਸੁ ਲੇਵੈ ॥	ہریچندُ دانُ کرے جسُ لیوے ॥

ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥	بِنُ گُر انتُ ن پاءِ ابھیوے ॥
ਆਪਿ ਭੁਲਾਇ ਆਪੇ ਮਤਿ ਦੇਵੈ ॥੩॥	آپِ بھُلاءِ آپے متِ دیوے ॥3॥
ਦੁਰਮਤਿ ਹਰਣਾਖਸੁ ਦੁਰਾਚਾਰੀ ॥	دُرمتِ ہرٹاکھسُ دُراچاری ॥
ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥	پربھُ نارائِنُ گرب پرہاری ॥
ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥੪॥	پرہلاد اُدھارے کِرپا دھاری ॥4॥
ਭੂਲੋ ਰਾਵਣੁ ਮੁਗਧੁ ਅਚੇਤਿ ॥	بھُولو راونُ مُگدھُ اچیتِ ॥
ਲੂਟੀ ਲੰਕਾ ਸੀਸ ਸਮੇਤਿ ॥	لوٹی لنکا سیس سمیتِ ॥
ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥੫॥	گربِ گئیا بِنُ ستگُر ہیتِ ॥5॥
ਸਹਸਬਾਹੁ ਮਧੁ ਕੀਟ ਮਹਿਖਾਸਾ ॥	سہسباہُ مدھُ کیٹ مہِکھاسا ॥
ਹਰਣਾਖਸੁ ਲੇ ਨਖਹੁ ਬਿਧਾਸਾ ॥	ہرٹاکھسُ لے نکھہُ بِدھاسا ॥
ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥੬॥	دیَت سنگھارے بِنُ بھگتِ ابھیاسا ॥6॥
ਜਰਾਸੰਧਿ ਕਾਲਜਮੁਨ ਸੰਘਾਰੇ ॥	جراسندھِ کالجمُن سنگھارے ॥
ਰਕਤਬੀਜੁ ਕਾਲੁਨੇਮੁ ਬਿਦਾਰੇ ॥	رکتبیجُ کالنیمُ بِدارے ॥
ਦੈਤ ਸੰਘਾਰਿ ਸੰਤ ਨਿਸਤਾਰੇ ॥੭॥	دیَت سنگھارِ سنت نِستارے ॥7॥
ਆਪੇ ਸਤਿਗੁਰੁ ਸਬਦੁ ਬੀਚਾਰੇ ॥	آپے ستگُر سبدُ بیچارے ॥
ਦੂਜੈ ਭਾਇ ਦੈਤ ਸੰਘਾਰੇ ॥	دوُجے بھاءِ دیَت سنگھارے ॥
ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥੮॥	گُرمُکھِ ساچِ بھگتِ نِستارے ॥8॥
ਬੂਡਾ ਦੁਰਜੋਧਨੁ ਪਤਿ ਖੋਈ ॥	بوُڈا دُرجودھنُ پتِ کھوئی ॥
ਰਾਮੁ ਨ ਜਾਨਿਆ ਕਰਤਾ ਸੋਈ ॥	رامُ ن جانیا کرتا سوئی ॥
ਜਨ ਕਉ ਦੂਖਿ ਪਚੈ ਦੁਖੁ ਹੋਈ ॥੯॥	جن کءُ دوُکھِ پچے دُکھُ ہوئی ॥9॥
ਜਨਮੇਜੈ ਗੁਰ ਸਬਦੁ ਨ ਜਾਨਿਆ ॥	جنمیجے گُر سبدُ ن جانیا ॥
ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ॥	کِءُ سُکھُ پاوے بھرمِ بھُلانیا ॥

ਇਕੁ ਤਿਲੁ ਭੂਲੈ ਬਹੁਰਿ ਪਛੁਤਾਨਿਆ ॥੧੦॥	اِکُ تِلُ بھوُلے بہُرِ پچھُتانِیا ॥ 10 ॥
ਕੰਸੁ ਕੇਸੁ ਚਾਂਡੂਰੁ ਨ ਕੋਈ ॥	کنّسُ کیسُ چانڈوُرُ ن کوئی ॥
ਰਾਮੁ ਨ ਚੀਨਿਆ ਅਪਨੀ ਪਤਿ ਖੋਈ ॥	رامُ ن چینِیا اپنی پتِ کھوئی ॥
ਬਿਨੁ ਜਗਦੀਸ ਨ ਰਾਖੈ ਕੋਈ ॥੧੧॥	بِنُ جگدیس ن راکھے کوئی ॥ 11 ॥
ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥	بِنُ گُر گربُ ن میٹِیا جاءِ ॥
ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥	گُرمتِ دھرمُ دھیرجُ ہرِ ناءِ ॥
ਨਾਨਕ ਨਾਮੁ ਮਿਲੈ ਗੁਣ ਗਾਇ ॥੧੨॥੯॥	نانک نامُ ملے گُنْ گاءِ ॥ 12 ॥9॥
ਗਉੜੀ ਮਹਲਾ ੧ ॥	گئڑی محلا 1 ॥
ਚੋਆ ਚੰਦਨੁ ਅੰਕਿ ਚੜਾਵਉ ॥	چویا چندنُ انکِ چڑاوءُ ॥
ਪਾਟ ਪਟੰਬਰ ਪਹਿਰਿ ਹਢਾਵਉ ॥	پاٹ پٹنّبر پہرِ ہڈھاوءُ ॥
ਬਿਨੁ ਹਰਿ ਨਾਮ ਕਹਾ ਸੁਖੁ ਪਾਵਉ ॥੧॥	بِنُ ہرِ نام کہا سُکھُ پاوءُ ۔ ॥1॥
ਕਿਆ ਪਹਿਰਉ ਕਿਆ ਓਢਿ ਦਿਖਾਵਉ ॥	کِیا پہرءُ کِیا اوڈھِ دِکھاوءُ ۔ ॥
ਬਿਨੁ ਜਗਦੀਸ ਕਹਾ ਸੁਖੁ ਪਾਵਉ ॥੧॥ ਰਹਾਉ ॥	بِنُ جگدیس کہا سُکھُ پاوءُ ۔ ॥1॥ رہاءُ ॥
ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ ॥	کانی کُنڈل گلِ موتیَن کی مالا ॥
ਲਾਲ ਨਿਹਾਲੀ ਫੂਲ ਗੁਲਾਲਾ ॥	لال نِہالی پھوُل گُلالا ॥
ਬਿਨੁ ਜਗਦੀਸ ਕਹਾ ਸੁਖੁ ਭਾਲਾ ॥੨॥	بِنُ جگدیس کہا سُکھُ بھالا ۔ ॥2॥
ਨੈਨ ਸਲੋਨੀ ਸੁੰਦਰ ਨਾਰੀ ॥	نیَن سلونی سُندر ناری ॥
ਖੋੜ ਸੀਗਾਰ ਕਰੈ ਅਤਿ ਪਿਆਰੀ ॥	کھوڑ سیگار کرے اتِ پیاری ॥
ਬਿਨੁ ਜਗਦੀਸ ਭਜੇ ਨਿਤ ਖੁਆਰੀ ॥੩॥	بِنُ جگدیس بھجے نِت خُیاری ॥3॥
ਦਰ ਘਰ ਮਹਲਾ ਸੇਜ ਸੁਖਾਲੀ ॥	در گھر محلا سیج سُکھالی ॥
ਅਹਿਨਿਸਿ ਫੂਲ ਬਿਛਾਵੈ ਮਾਲੀ ॥	اہِنِس پھوُل بِچھاوے مالی ॥
ਬਿਨੁ ਹਰਿ ਨਾਮ ਸੁ ਦੇਹ ਦੁਖਾਲੀ ॥੪॥	بِنُ ہرِ نام سُ دیہ دُکھالی ॥4॥

ਹੈਵਰ ਗੈਵਰ ਨੇਜੇ ਵਾਜੇ ॥	ہیَور گیَورنیجے واجے ॥
ਲਸਕਰ ਨੇਬ ਖਵਾਸੀ ਪਾਜੇ ॥	لشکر نیب خواسی پاجے ॥
ਬਿਨੁ ਜਗਦੀਸ ਝੂਠੇ ਦਿਵਾਜੇ ॥੫॥	بِنُ جگدیِس جھوُٹھے دِواجے ॥5॥
ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ ॥	سِدھُ کہاوءُ رِدھِ سِدھِ بُلاوءُ ॥
ਤਾਜ ਕੁਲਹ ਸਿਰਿ ਛਤ੍ਰੁ ਬਨਾਵਉ ॥	تاج کُلہ سِرِ چھتّر بناوءُ ॥
ਬਿਨੁ ਜਗਦੀਸ ਕਹਾ ਸਚੁ ਪਾਵਉ ॥੬॥	بِنُ جگدیِس کہا سچُ پاوءُ ۔ ॥6॥
ਖਾਨੁ ਮਲੂਕੁ ਕਹਾਵਉ ਰਾਜਾ ॥	کھانُ ملوُکُ کہاوءُ راجا ॥
ਅਬੇ ਤਬੇ ਕੂੜੇ ਹੈ ਪਾਜਾ ॥	اِبے تبے کوُڑے ہےَ پاجا ॥
ਬਿਨੁ ਗੁਰ ਸਬਦ ਨ ਸਵਰਸਿ ਕਾਜਾ ॥੭॥	بِنُ گُر سبد ن سورسِ کاجا ॥7॥
ਹਉਮੈ ਮਮਤਾ ਗੁਰ ਸਬਦਿ ਵਿਸਾਰੀ ॥	ہئُمےَ ممتا گُر سبدِ وِساری ॥
ਗੁਰਮਤਿ ਜਾਨਿਆ ਰਿਦੈ ਮੁਰਾਰੀ ॥	گُرمتِ جانِیا رِدےَ مُراری ॥
ਪ੍ਰਣਵਤਿ ਨਾਨਕ ਸਰਣਿ ਤੁਮਾਰੀ ॥੮॥੧੦॥	پرنّوتِ نانک سرنِ تُماری ॥8॥ 10 ॥
ਗਉੜੀ ਮਹਲਾ ੧ ॥	گئوڑی محلا 1 ॥
ਸੇਵਾ ਏਕ ਨ ਜਾਨਸਿ ਅਵਰੇ ॥	سیوا ایک ن جانسِ اورے ॥
ਪਰਪੰਚ ਬਿਆਧਿ ਤਿਆਗੈ ਕਵਰੇ ॥	پرپنچّ بِیادھِ تِیاگےَ کورے ॥
ਭਾਇ ਮਿਲੈ ਸਚੁ ਸਾਚੈ ਸਚੁ ਰੇ ॥੧॥	بھاءِ مِلےَ سچُ ساچےَ سچُ رے ॥1॥
ਐਸਾ ਰਾਮ ਭਗਤੁ ਜਨੁ ਹੋਈ ॥	ایَسا رام بھگتُ جنُ ہوئی ॥
ਹਰਿ ਗੁਣ ਗਾਇ ਮਿਲੈ ਮਲੁ ਧੋਈ ॥੧॥ ਰਹਾਉ ॥	ہرِ گُنُ گاءِ مِلےَ مل دھوئی ॥1॥ رہاءُ ॥
ਊਂਧੋ ਕਵਲੁ ਸਗਲ ਸੰਸਾਰੈ ॥	اوُندھو کولُ سگل سنّسارےَ ॥
ਦੁਰਮਤਿ ਅਗਨਿ ਜਗਤ ਪਰਜਾਰੈ ॥	دُرمتِ اگنِ جگت پرجارےَ ॥
ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥	سو اُبرےَ گُر سبدُ بیچارےَ ॥2॥
ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ ॥	بھرّنگ پتنگُ کُنچّر ارُ مِینا ॥

ਮਿਰਗੁ ਮਰੈ ਸਹਿ ਅਪੁਨਾ ਕੀਨਾ ॥	مِرگُ مرے سہِ اپُنا کِینا ॥
ਤ੍ਰਿਸਨਾ ਰਾਚਿ ਤਤੁ ਨਹੀ ਬੀਨਾ ॥੩॥	ترِسنا راچِ تتُ نہی بِینا ॥3॥
ਕਾਮੁ ਚਿਤੈ ਕਾਮਣਿ ਹਿਤਕਾਰੀ ॥	کامُ چِتے کامنِ ہِتکاری ॥
ਕ੍ਰੋਧੁ ਬਿਨਾਸੈ ਸਗਲ ਵਿਕਾਰੀ ॥	کرودھُ بِناسے سگل وِکاری ॥
ਪਤਿ ਮਤਿ ਖੋਵਹਿ ਨਾਮੁ ਵਿਸਾਰੀ ॥੪॥	پتِ متِ کھووہِ نامُ وِساری ॥4॥
ਪਰ ਘਰਿ ਚੀਤੁ ਮਨਮੁਖਿ ਡੋਲਾਇ ॥	پر گھرِ چیتُ منمکھِ ڈولاءِ ॥
ਗਲਿ ਜੇਵਰੀ ਧੰਧੈ ਲਪਟਾਇ ॥	گلِ جیوری دھندھے لپٹاءِ ॥
ਗੁਰਮੁਖਿ ਛੂਟਸਿ ਹਰਿ ਗੁਣ ਗਾਇ ॥੫॥	گُرمُکھِ چھوٹسِ ہرِ گُنٔ گاءِ ॥5॥
ਜਿਉ ਤਨੁ ਬਿਧਵਾ ਪਰ ਕਉ ਦੇਈ ॥	جِءُ تنُ بِدھوا پر کءُ دیئی ॥
ਕਾਮਿ ਦਾਮਿ ਚਿਤੁ ਪਰ ਵਸਿ ਸੇਈ ॥	کامِ دامِ چِتُ پر وسِ سیئی ॥
ਬਿਨੁ ਪਿਰ ਤ੍ਰਿਪਤਿ ਨ ਕਬਹੂੰ ਹੋਈ ॥੬॥	بِنُ پر ترِپتِ ن کبہوُنّ ہوئی ॥6॥
ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ ॥	پڑِ پڑِ پوتھی سِمرِتِ پاٹھا ॥
ਬੇਦ ਪੁਰਾਣ ਪੜੈ ਸੁਣਿ ਥਾਟਾ ॥	بید پُراںٔ پڑے سُنٔ تھاٹا ॥
ਬਿਨੁ ਰਸ ਰਾਤੇ ਮਨੁ ਬਹੁ ਨਾਟਾ ॥੭॥	بِنُ رس راتے منُ بہُ ناٹا ॥7॥
ਜਿਉ ਚਾਤ੍ਰਿਕ ਜਲ ਪ੍ਰੇਮ ਪਿਆਸਾ ॥	جِءُ چاترِک جل پریم پیاسا ॥
ਜਿਉ ਮੀਨਾ ਜਲ ਮਾਹਿ ਉਲਾਸਾ ॥	جِءُ مِینا جل ماہِ اُلاسا ॥
ਨਾਨਕ ਹਰਿ ਰਸੁ ਪੀ ਤ੍ਰਿਪਤਾਸਾ ॥੮॥੧੧॥	نانک ہرِ رسُ پی ترِپتاسا ॥8॥ 11 ॥
ਗਉੜੀ ਮਹਲਾ ੧ ॥	گئڑی محلا 1 ॥
ਹਠੁ ਕਰਿ ਮਰੈ ਨ ਲੇਖੈ ਪਾਵੈ ॥	ہٹھُ کرِ مرے ن لیکھے پاوے ॥
ਵੇਸ ਕਰੈ ਬਹੁ ਭਸਮ ਲਗਾਵੈ ॥	ویس کرے بہُ بھسم لگاوے ॥
ਨਾਮੁ ਬਿਸਾਰਿ ਬਹੁਰਿ ਪਛੁਤਾਵੈ ॥੧॥	نامُ بِسارِ بہُرِ پچھُتاوے ॥1॥
ਤੂੰ ਮਨਿ ਹਰਿ ਜੀਉ ਤੂੰ ਮਨਿ ਸੂਖ ॥	توُنّ منِ ہرِ جیءُ توُنّ منِ سوُکھ ॥

ਨਾਮੁ ਬਿਸਾਰਿ ਸਹਹਿ ਜਮ ਦੂਖ ॥੧॥ ਰਹਾਉ ॥	نامُ بِسارِ سہہِ جم دوُکھ ॥1॥ رہاءُ ॥
ਚੋਆ ਚੰਦਨ ਅਗਰ ਕਪੂਰਿ ॥	چویا چنّدن اگر کپوُرِ ॥
ਮਾਇਆ ਮਗਨੁ ਪਰਮ ਪਦੁ ਦੂਰਿ ॥	مائیا مگنُ پرم پدُ دوُرِ ॥
ਨਾਮਿ ਬਿਸਾਰਿਐ ਸਭੁ ਕੂੜੋ ਕੂਰਿ ॥੨॥	نامِ بِسارِئے سبھُ کوُڑو کوُرِ ॥2॥
ਨੇਜੇ ਵਾਜੇ ਤਖਤਿ ਸਲਾਮੁ ॥	نیجے واجے تختِ سلامُ ॥
ਅਧਕੀ ਤ੍ਰਿਸਨਾ ਵਿਆਪੈ ਕਾਮੁ ॥	ادھکی تّرِسنا وِیاپے کامُ ॥
ਬਿਨੁ ਹਰਿ ਜਾਚੇ ਭਗਤਿ ਨ ਨਾਮੁ ॥੩॥	بِنُ ہرِ جاچے بھگتِ ن نامُ ॥3॥
ਵਾਦਿ ਅਹੰਕਾਰਿ ਨਾਹੀ ਪ੍ਰਭ ਮੇਲਾ ॥	وادِ اہنکارِ ناہی پّربھ میلا ॥
ਮਨੁ ਦੇ ਪਾਵਹਿ ਨਾਮੁ ਸੁਹੇਲਾ ॥	منُ دے پاوہِ نامُ سُہیلا ॥
ਦੂਜੈ ਭਾਇ ਅਗਿਆਨੁ ਦੁਹੇਲਾ ॥੪॥	دوُجے بھاءِ اگیانُ دُہیلا ॥4॥
ਬਿਨੁ ਦਮ ਕੇ ਸਉਦਾ ਨਹੀ ਹਾਟ ॥	بِنُ دم کے سئُدا نہی ہاٹ ॥
ਬਿਨੁ ਬੋਹਿਥ ਸਾਗਰ ਨਹੀ ਵਾਟ ॥	بِنُ بوہِتھ ساگر نہی واٹ ॥
ਬਿਨੁ ਗੁਰ ਸੇਵੇ ਘਾਟੇ ਘਾਟਿ ॥੫॥	بِنُ گُر سیوے گھاٹے گھاٹِ ॥5॥
ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ ॥	تِس کءُ واہُ واہُ جِ واٹ دِکھاوے ॥
ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ ॥	تِس کءُ واہُ واہُ جِ سبدُ سُناوے ॥
ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ ॥੬॥	تِس کءُ واہُ واہُ جِ میلِ مِلاوے ॥6॥
ਵਾਹੁ ਵਾਹੁ ਤਿਸ ਕਉ ਜਿਸ ਕਾ ਇਹੁ ਜੀਉ ॥	واہُ واہُ تِس کءُ جِس کا اِہُ جیءُ ॥
ਗੁਰ ਸਬਦੀ ਮਥਿ ਅੰਮ੍ਰਿਤੁ ਪੀਉ ॥	گُر سبدی متھِ انمّرِتُ پیِءُ ॥
ਨਾਮ ਵਡਾਈ ਤੁਧੁ ਭਾਣੈ ਦੀਉ ॥੭॥	نام وڈائی تُدھُ بھاٹے دیِءُ ॥7॥
ਨਾਮ ਬਿਨਾ ਕਿਉ ਜੀਵਾ ਮਾਇ ॥	نام بِنا کِءُ جیِوا ماءِ ۔ ॥
ਅਨਦਿਨੁ ਜਪਤੁ ਰਹਉ ਤੇਰੀ ਸਰਣਾਇ ॥	اندِنُ جپتُ رہءُ تیری سرٹاءِ ॥
ਨਾਨਕ ਨਾਮਿ ਰਤੇ ਪਤਿ ਪਾਇ ॥੮॥੧੨॥	نانک نامِ رتے پتِ پاءِ ॥8॥ 12 ॥

ਗਉੜੀ ਮਹਲਾ ੧ ॥	گئڑی محلا 1 ॥
ਹਉਮੈ ਕਰਤ ਭੇਖੀ ਨਹੀ ਜਾਨਿਆ ॥	ہئُمے کرت بھیکھی نہی جانِیا ॥
ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥੧॥	گُرمُکھِ بھگتِ وِرلے منُ مانِیا ॥1॥
ਹਉ ਹਉ ਕਰਤ ਨਹੀ ਸਚੁ ਪਾਈਐ ॥	ہءُ ہءُ کرت نہی سچُ پائیَے ॥
ਹਉਮੈ ਜਾਇ ਪਰਮ ਪਦੁ ਪਾਈਐ ॥੧॥ ਰਹਾਉ ॥	ہئُمے جاءِ پرم پدُ پائیَے ॥1॥ رہاءُ ॥
ਹਉਮੈ ਕਰਿ ਰਾਜੇ ਬਹੁ ਧਾਵਹਿ ॥	ہئُمے کرِ راجے بہُ دھاوہِ ॥
ਹਉਮੈ ਖਪਹਿ ਜਨਮਿ ਮਰਿ ਆਵਹਿ ॥੨॥	ہئُمے کھپہِ جنمِ مرِ آوہِ ॥2॥
ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥	ہئُمے نِورے گُر سبدُ ویچارے ॥
ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥	چنچل متِ تِیاگے پنچ سنگھارے ॥3॥
ਅੰਤਰਿ ਸਾਚੁ ਸਹਜ ਘਰਿ ਆਵਹਿ ॥	انترِ ساچُ سہج گھرِ آوہِ ॥
ਰਾਜਨੁ ਜਾਣਿ ਪਰਮ ਗਤਿ ਪਾਵਹਿ ॥੪॥	راجنُ جانِ پرم گتِ پاوہِ ॥4॥
ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥	سچُ کرنی گُرُ بھرمُ چُکاوے ॥
ਨਿਰਭਉ ਕੈ ਘਰਿ ਤਾੜੀ ਲਾਵੈ ॥੫॥	نِربھءُ کے گھرِ تاڑی لاوے ॥5॥
ਹਉ ਹਉ ਕਰਿ ਮਰਣਾ ਕਿਆ ਪਾਵੈ ॥	ہءُ ہءُ کرِ مرنا کیا پاوے ۔ ॥
ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥੬॥	پوُرا گُرُ بھیٹے سو جھگڑُ چُکاوے ॥6॥
ਜੇਤੀ ਹੈ ਤੇਤੀ ਕਿਹੁ ਨਾਹੀ ॥	جیتی ہے تیتی کِہُ ناہی ॥
ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥੨॥	گُرمُکھِ گیان بھیٹِ گُنُ گاہی ॥2॥
ਹਉਮੈ ਬੰਧਨ ਬੰਧਿ ਭਵਾਵੈ ॥	ہئُمے بندھن بندھِ بھواوے ॥
ਨਾਨਕ ਰਾਮ ਭਗਤਿ ਸੁਖੁ ਪਾਵੈ ॥੮॥੧੩॥	نانک رام بھگتِ سُکھُ پاوے ॥8॥ 13 ॥
ਗਉੜੀ ਮਹਲਾ ੧ ॥	گئڑی محلا 1 ॥
ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ ॥	پرتھمے برہما کالے گھرِ آئیا ॥
ਬ੍ਰਹਮ ਕਮਲੁ ਪਇਆਲਿ ਨ ਪਾਇਆ ॥	برہم کملُ پئیالِ ن پائیا ॥

ਆਗਿਆ ਨਹੀ ਲੀਨੀ ਭਰਮਿ ਭੁਲਾਇਆ ॥੧॥	آگیا نہی لِینی بھرمِ بھُلائیا ॥1॥
ਜੋ ਉਪਜੈ ਸੋ ਕਾਲਿ ਸੰਘਾਰਿਆ ॥	جو اُپجےَ سو کالِ سنگھارِیا ॥
ਹਮ ਹਰਿ ਰਾਖੇ	ہم ہرِ راکھے
ਗੁਰ ਸਬਦੁ ਬੀਚਾਰਿਆ ॥੧॥ ਰਹਾਉ ॥	گُر سبدُ بیچارِیا ॥1॥ رہاءُ ॥
ਮਾਇਆ ਮੋਹੇ ਦੇਵੀ ਸਭਿ ਦੇਵਾ ॥	مائِیا موہے دیوی سبھِ دیوا ॥
ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥	کالُ ن چھوڈےَ بِنُ گُر کی سیوا ॥
ਓਹੁ ਅਬਿਨਾਸੀ ਅਲਖ ਅਭੇਵਾ ॥੨॥	اوہُ ابِناسی الکھ ابھیوا ॥2॥
ਸੁਲਤਾਨ ਖਾਨ ਬਾਦਿਸਾਹ ਨਹੀ ਰਹਨਾ ॥	سُلطان خان بادِشاہ نہی رہنا ॥
ਨਾਮਹੁ ਭੂਲੈ ਜਮ ਕਾ ਦੁਖੁ ਸਹਨਾ ॥	نامہُ بھوُلےَ جم کا دُکھُ سہنا ॥
ਮੈ ਧਰ ਨਾਮੁ ਜਿਉ ਰਾਖਹੁ ਰਹਨਾ ॥੩॥	مےَ دھر نامُ جِءُ راکھہُ رہنا ॥3॥
ਚਉਧਰੀ ਰਾਜੇ ਨਹੀ ਕਿਸੈ ਮੁਕਾਮੁ ॥	چنُدھری راجے نہی کِسےَ مُقامُ ॥
ਸਾਹ ਮਰਹਿ ਸੰਚਹਿ ਮਾਇਆ ਦਾਮ ॥	ساہ مرہِ سنچّہِ مائِیا دام ॥
ਮੈ ਧਨੁ ਦੀਜੈ ਹਰਿ ਅੰਮ੍ਰਿਤ ਨਾਮੁ ॥੪॥	مےَ دھنُ دیجےَ ہرِ انمّرِت نامُ ॥4॥
ਰਯਤਿ ਮਹਰ ਮੁਕਦਮ ਸਿਕਦਾਰੈ ॥	رہتِ مہر مُقدم سِکدارےَ ॥
ਨਿਹਚਲੁ ਕੋਇ ਨ ਦਿਸੈ ਸੰਸਾਰੈ ॥	نِہچلُ کوءِ ن دِسےَ سنّسارےَ ॥
ਅਫਰਿਉ ਕਾਲੁ ਕੂੜੁ ਸਿਰਿ ਮਾਰੈ ॥੫॥	اپھرِءُ کالُ کوُڑُ سِرِ مارےَ ॥5॥
ਨਿਹਚਲੁ ਏਕੁ ਸਚਾ ਸਚ ਸੋਈ ॥	نِہچلُ ایکُ سچا سچ سوئی ॥
ਜਿਨਿ ਕਰਿ ਸਾਜੀ ਤਿਨਹਿ ਸਭ ਗੋਈ ॥	جِنِ کرِ ساجی تِنہِ سبھ گوئی ॥
ਓਹੁ ਗੁਰਮੁਖਿ ਜਾਪੈ ਤਾਂ ਪਤਿ ਹੋਈ ॥੩॥	اوہُ گُرمُکھِ جاپےَ تاں پتِ ہوئی ॥3॥
ਕਾਜੀ ਸੇਖ ਭੇਖ ਫਕੀਰਾ ॥	قاضی سیکھ بھیکھ فقیِرا ॥
ਵਡੇ ਕਹਾਵਹਿ ਹਉਮੈ ਤਨਿ ਪੀਰਾ ॥	وڈے کہاوہِ ہئُمےَ تنِ پیِرا ॥
ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ ॥੧॥	کالُ ن چھوڈےَ بِنُ ستِگُر کی دھیِرا ॥1॥
ਕਾਲੁ ਜਾਲੁ ਜਿਹਵਾ ਅਰੁ ਨੈਣੀ ॥	کالُ جالُ جِہوا ارُ نیَنّی ॥

ਕਾਨੀ ਕਾਲੁ ਸੁਣੈ ਬਿਖੁ ਬੈਣੀ ॥	کانی کالُ سُنّے بِکھُ بیَنّی ॥
ਬਿਨੁ ਸਬਦੈ ਮੂਠੇ ਦਿਨੁ ਰੈਣੀ ॥੮॥	بِنُ سبدے موُٹھے دِنُ ریَنّی ॥8॥
ਹਿਰਦੈ ਸਾਚੁ ਵਸੈ ਹਰਿ ਨਾਇ ॥	ہِردے ساچُ وسے ہرِ ناءِ ॥
ਕਾਲੁ ਨ ਜੋਹਿ ਸਕੈ ਗੁਣ ਗਾਇ ॥	کالُ ن جوہِ سکے گُنْ گاءِ ॥
ਨਾਨਕ ਗੁਰਮੁਖਿ ਸਬਦਿ ਸਮਾਇ ॥੯॥੧੪॥	نانک گُرمُکھِ سبدِ سماءِ ॥9॥ 14 ॥
ਗਉੜੀ ਮਹਲਾ ੧ ॥	گئڑی محلا 1 ॥
ਬੋਲਹਿ ਸਾਚੁ ਮਿਥਿਆ ਨਹੀ ਰਾਈ ॥	بولہِ ساچُ مِتھیا نہی رائی ॥
ਚਾਲਹਿ ਗੁਰਮੁਖਿ ਹੁਕਮਿ ਰਜਾਈ ॥	چالہِ گُرمُکھِ حُکمِ رضائی ॥
ਰਹਹਿ ਅਤੀਤ ਸਚੇ ਸਰਣਾਈ ॥੧॥	رہہِ اتیت سچے سرٹائی ॥1॥
ਸਚ ਘਰਿ ਬੈਸੈ ਕਾਲੁ ਨ ਜੋਹੈ ॥	سچ گھرِ بیَسے کالُ ن جوہے ॥
ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ ॥੧॥ ਰਹਾਉ ॥	منمُکھ ک ءُ آوت جاوت دُکھُ موہے ॥1॥ رہاءُ ॥
ਅਪਿਉ ਪੀਅਉ ਅਕਥੁ ਕਥਿ ਰਹੀਐ ॥	اپِ ءُ پیِ ءُ اکتھُ کتھِ رہیئے ॥
ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥	نِج گھرِ بیَس سہج گھرُ لہیئے ॥
ਹਰਿ ਰਸਿ ਮਾਤੇ ਇਹੁ ਸੁਖੁ ਕਹੀਐ ॥੨॥	ہرِ رسِ ماتے اِہُ سُکھُ کہیئے ॥2॥
ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥	گُرمتِ چال نِہچل نہی ڈولے ॥
ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥	گُرمتِ ساچِ سہجِ ہرِ بولے ॥
ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥੩॥	پیِوے انمّرِتُ تتُ وِرولے ॥3॥
ਸਤਿਗੁਰੁ ਦੇਖਿਆ ਦੀਖਿਆ ਲੀਨੀ ॥	ستِگُرُ دیکھیا دیکھیا لِینی ॥
ਮਨੁ ਤਨੁ ਅਰਪਿਓ ਅੰਤਰ ਗਤਿ ਕੀਨੀ ॥	منُ تنُ ارپِئو انتر گتِ کِینی ॥
ਗਤਿ ਮਿਤਿ ਪਾਈ ਆਤਮੁ ਚੀਨੀ ॥੪॥	گتِ مِتِ پائی آتمُ چینی ॥4॥
ਭੋਜਨੁ ਨਾਮੁ ਨਿਰੰਜਨ ਸਾਰੁ ॥	بھوجنُ نامُ نِرنّجن سارُ ॥
ਪਰਮ ਹੰਸੁ ਸਚੁ ਜੋਤਿ ਅਪਾਰ ॥	پرم ہنّس سچُ جوتِ اپار ॥

ਜਹ ਦੇਖਉ ਤਹ ਏਕੰਕਾਰੁ ॥੫॥	جہ دیکھءُ تہ ایکنکارُ ॥5॥
ਰਹੈ ਨਿਰਾਲਮੁ ਏਕਾ ਸਚੁ ਕਰਣੀ ॥	رہے نِرالمُ ایکا سچُ کرنّی ॥
ਪਰਮ ਪਦੁ ਪਾਇਆ ਸੇਵਾ ਗੁਰ ਚਰਣੀ ॥	پرم پدُ پائیا سیوا گُر چرنّی ॥
ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ ॥੬॥	من تے منُ مانِیا چوُکی اہنّ بھرّمنّی ॥6॥
ਇਨ ਬਿਧਿ ਕਉਣੁ ਕਉਣੁ ਨਹੀ ਤਾਰਿਆ ॥	اِن بِدھِ کنُّ کنُّ نہی تارِیا ۔ ॥
ਹਰਿ ਜਸਿ ਸੰਤ ਭਗਤ ਨਿਸਤਾਰਿਆ ॥	ہرِ جسِ سنّت بھگت نِستارِیا ॥
ਪ੍ਰਭ ਪਾਏ ਹਮ ਅਵਰੁ ਨ ਭਾਰਿਆ ॥੭॥	پربھ پائے ہم اورُ ن بھارِیا ॥7॥
ਸਾਚ ਮਹਲਿ ਗੁਰਿ ਅਲਖੁ ਲਖਾਇਆ ॥	ساچ محلِ گُرِ الکھُ لکھائِیا ॥
ਨਿਹਚਲ ਮਹਲੁ ਨਹੀ ਛਾਇਆ ਮਾਇਆ ॥	نہچل محلُ نہی چھائِیا مائِیا ॥
ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥	ساچِ سنّتوکھے بھرمُ چُکائِیا ॥8॥
ਜਿਨ ਕੈ ਮਨਿ ਵਸਿਆ ਸਚੁ ਸੋਈ ॥	جِن کے منِ وسِیا سچُ سوئی ॥
ਤਿਨ ਕੀ ਸੰਗਤਿ ਗੁਰਮੁਖਿ ਹੋਈ ॥	تِن کی سنگتِ گُرمُکھِ ہوئی ॥
ਨਾਨਕ ਸਾਚਿ ਨਾਮਿ ਮਲੁ ਖੋਈ ॥੯॥੧੫॥	نانک ساچِ نامِ ملُ کھوئی ॥9॥ 15 ॥
ਗਉੜੀ ਮਹਲਾ ੧ ॥	گئڑی محلا 1 ॥
ਰਾਮਿ ਨਾਮਿ ਚਿਤੁ ਰਾਪੈ ਜਾ ਕਾ ॥	رامِ نامِ چِتُ راپے جا کا ॥
ਉਪਜੰਪਿ ਦਰਸਨੁ ਕੀਜੈ ਤਾ ਕਾ ॥੧॥	اُپجنّپِ درسنُ کیجے تا کا ॥1॥
ਰਾਮ ਨ ਜਪਹੁ ਅਭਾਗੁ ਤੁਮਾਰਾ ॥	رام ن جپہُ ابھاگُ تُمارا ॥
ਜੁਗਿ ਜੁਗਿ ਦਾਤਾ ਪ੍ਰਭੁ ਰਾਮੁ ਹਮਾਰਾ ॥੧॥ ਰਹਾਉ ॥	جُگِ جُگِ داتا پربھُ رامُ ہمارا ॥1॥ رہاءُ ॥
ਗੁਰਮਤਿ ਰਾਮੁ ਜਪੈ ਜਨੁ ਪੂਰਾ ॥	گُرمتِ رامُ جپے جنُ پوُرا ॥
ਤਿਤੁ ਘਟ ਅਨਹਤ ਬਾਜੇ ਤੂਰਾ ॥੨॥	تِتُ گھٹ انہت باجے توُرا ॥2॥
ਜੋ ਜਨ ਰਾਮ ਭਗਤਿ ਹਰਿ ਪਿਆਰਿ ॥	جو جن رام بھگتِ ہرِ پیارِ ॥
ਸੇ ਪ੍ਰਭਿ ਰਾਖੇ ਕਿਰਪਾ ਧਾਰਿ ॥੩॥	سے پربھِ راکھے کِرپا دھارِ ॥3॥

ਜਿਨ ਕੈ ਹਿਰਦੈ ਹਰਿ ਹਰਿ ਸੋਈ ॥	جِن کے ہِردے ہرِ ہرِ سوئی ॥
ਤਿਨ ਕਾ ਦਰਸੁ ਪਰਸਿ ਸੁਖੁ ਹੋਈ ॥੪॥	تِن کا درسُ پرسِ سُکھُ ہوئی ॥4॥
ਸਰਬ ਜੀਆ ਮਹਿ ਏਕੋ ਰਵੈ ॥	سرب جِیا مہِ ایکو روے ॥
ਮਨਮੁਖਿ ਅਹੰਕਾਰੀ ਫਿਰਿ ਜੂਨੀ ਭਵੈ ॥੫॥	منمکھِ اہنکاری پھِرِ جُونی بھوے ॥5॥
ਸੋ ਬੂਝੈ ਜੋ ਸਤਿਗੁਰੁ ਪਾਏ ॥	سو بُوجھے جو ستِگُرُ پائے ॥
ਹਉਮੈ ਮਾਰੇ ਗੁਰ ਸਬਦੇ ਪਾਏ ॥੬॥	ہئُمے مارے گُر سبدے پائے ॥6॥
ਅਰਧ ਉਰਧ ਕੀ ਸੰਧਿ ਕਿਉ ਜਾਨੈ ॥	اردھ اُردھ کی سندھِ کِءُ جانے ۔ ॥
ਗੁਰਮੁਖਿ ਸੰਧਿ ਮਿਲੈ ਮਨੁ ਮਾਨੈ ॥੭॥	گُرمُکھِ سندھِ مِلے منُ مانے ॥7॥
ਹਮ ਪਾਪੀ ਨਿਰਗੁਣ ਕਉ ਗੁਣੁ ਕਰੀਐ ॥	ہم پاپی نِرگُن ک ءُ گُنُ کریے ॥
ਪ੍ਰਭ ਹੋਇ ਦਇਆਲੁ ਨਾਨਕ ਜਨ ਤਰੀਐ ॥੮॥੧੬॥	پربھ ہوءِ دیَیالُ نانک جن تریے ॥8॥ 16 ॥
ਸੋਲਹ ਅਸਟਪਦੀਆ ਗੁਆਰੇਰੀ ਗਉੜੀ ਕੀਆ ॥	سولہ اسٹپدیا گُیاریری گئُڑی کیا ॥
ਗਉੜੀ ਬੈਰਾਗਣਿ ਮਹਲਾ ੧	گئُڑی بیَراگنِ محلا 1
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرسادِ ॥
ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ ॥	جِءُ گائی ک ءُ گوئلی راکھہِ کرِ سارا ॥
ਅਹਿਨਿਸਿ ਪਾਲਹਿ ਰਾਖਿ ਲੇਹਿ ਆਤਮ ਸੁਖੁ ਧਾਰਾ ॥੧॥	اہِنِس پالہِ راکھِ لیہِ آتم سُکھُ دھارا ॥1॥
ਇਤ ਉਤ ਰਾਖਹੁ ਦੀਨ ਦਇਆਲਾ ॥	اِت اُت راکھہُ دِین دیَیالا ۔ ॥
ਤਉ ਸਰਣਾਗਤਿ ਨਦਰਿ ਨਿਹਾਲਾ ॥੧॥ ਰਹਾਉ ॥	ت ءُ سرٹاگتِ ندرِ نِہالا ॥1॥ رہاءُ ॥
ਜਹ ਦੇਖਉ ਤਹ ਰਵਿ ਰਹੇ ਰਖੁ ਰਾਖਨਹਾਰਾ ॥	جہ دیکھ ءُ تہ روِ رہے رکھُ راکھنہارا ॥
ਤੂੰ ਦਾਤਾ ਭੁਗਤਾ ਤੂੰਹੈ ਤੂੰ ਪ੍ਰਾਣ ਅਧਾਰਾ ॥੨॥	توُنّ داتا بھُگتا توُنّہے توُنّ پراٹ ادھارا ॥2॥

ਕਿਰਤੁ ਪਇਆ ਅਧ ਊਰਧੀ
ਬਿਨੁ ਗਿਆਨ ਬੀਚਾਰਾ ॥

کِرتُ پئیا ادھ اوُردھی
بِنُ گِیان بیچارا ॥

ਬਿਨੁ ਉਪਮਾ ਜਗਦੀਸ ਕੀ
ਬਿਨਸੈ ਨ ਅੰਧਿਆਰਾ ॥੩॥

بِنُ اُپما جگدِیس کی
بِنسے ن اندھِیارا ॥3॥

ਜਗੁ ਬਿਨਸਤ ਹਮ ਦੇਖਿਆ
ਲੋਭੇ ਅਹੰਕਾਰਾ ॥

جگُ بِنست ہم دیکھِیا
لوبھے اہنکارا ॥

ਗੁਰ ਸੇਵਾ ਪ੍ਰਭੁ ਪਾਇਆ
ਸਚੁ ਮੁਕਤਿ ਦੁਆਰਾ ॥੪॥

گُر سیوا پربھُ پائیا
سچُ مُکتِ دُیارا ॥4॥

ਨਿਜ ਘਰਿ ਮਹਲੁ ਅਪਾਰ ਕੋ
ਅਪਰੰਪਰੁ ਸੋਈ ॥

نِج گھرِ محلُ اپار کو
اپرنپرُ سوئی ॥

ਬਿਨੁ ਸਬਦੈ ਥਿਰੁ ਕੋ ਨਹੀ
ਬੂਝੈ ਸੁਖੁ ਹੋਈ ॥੫॥

بِنُ سبدے تھِرُ کو نہی
بوُجھے سُکھُ ہوئی ॥5॥

ਕਿਆ ਲੈ ਆਇਆ ਲੇ ਜਾਇ ਕਿਆ
ਫਾਸਹਿ ਜਮ ਜਾਲਾ ॥

کِیا لے آئیا لے جاءِ کِیا
پھاسہِ جم جالا ॥

ਡੋਲੁ ਬਧਾ ਕਸਿ ਜੇਵਰੀ
ਆਕਾਸਿ ਪਤਾਲਾ ॥੬॥

ڈولُ بدھا کسِ جیوری
آکاسِ پتالا ॥6॥

ਗੁਰਮਤਿ ਨਾਮੁ ਨ ਵੀਸਰੈ
ਸਹਜੇ ਪਤਿ ਪਾਈਐ ॥

گُرمتِ نامُ ن ویسرے
سہجے پتِ پائیئے ॥

ਅੰਤਰਿ ਸਬਦੁ ਨਿਧਾਨੁ ਹੈ
ਮਿਲਿ ਆਪੁ ਗਵਾਈਐ ॥੭॥

انترِ سبدُ نِدھانُ ہے
مِلِ آپُ گوائیئے ॥7॥

ਨਦਰਿ ਕਰੇ ਪ੍ਰਭੁ ਆਪਣੀ
ਗੁਣ ਅੰਕਿ ਸਮਾਵੈ ॥

ندرِ کرے پربھُ آپنی
گُن انکِ سماوے ॥

ਨਾਨਕ ਮੇਲੁ ਨ ਚੂਕਈ
ਲਾਹਾ ਸਚੁ ਪਾਵੈ ॥੮॥੧॥੧੭॥

نانک میلُ ن چوُکئی
لاہا سچُ پاوے ॥8॥1॥ 17 ॥

ਗਉੜੀ ਮਹਲਾ ੧ ॥

گئڑی محلا 1 ॥

ਗੁਰ ਪਰਸਾਦੀ ਬੂਝਿ ਲੇ
ਤਉ ਹੋਇ ਨਿਬੇਰਾ ॥

گُر پرسادی بُوجھِ لے
ت ءُ ہوءِ نِبیرا ॥

ਘਰਿ ਘਰਿ ਨਾਮੁ ਨਿਰੰਜਨਾ
ਸੋ ਠਾਕੁਰੁ ਮੇਰਾ ॥੧॥

گھرِ گھرِ نامُ نِرنجنا
سو ٹھاکُرُ میرا ॥1॥

ਬਿਨੁ ਗੁਰ ਸਬਦ ਨ ਛੂਟੀਐ
ਦੇਖਹੁ ਵੀਚਾਰਾ ॥

بِنُ گُر سبد ن چھوٹیئے
دیکھہُ ویچارا ॥

ਜੇ ਲਖ ਕਰਮ ਕਮਾਵਹੀ
ਬਿਨ ਗੁਰ ਅੰਧਿਆਰਾ ॥੧॥ ਰਹਾਉ ॥

جے لکھ کرم کماوہی
بِن گُر اندھیارا ॥1॥ رہاءُ ॥

ਅੰਧੇ ਅਕਲੀ ਬਾਹਰੇ
ਕਿਆ ਤਿਨ ਸਿਉ ਕਹੀਐ ॥

اندھے عقلی باہرے
کِیا تِن سِ ءُ کہیئے ۔ ॥

ਬਿਨੁ ਗੁਰ ਪੰਥੁ ਨ ਸੂਝਈ
ਕਿਤੁ ਬਿਧਿ ਨਿਰਬਹੀਐ ॥੨॥

بِنُ گُر پنتھُ ن سوُجھئی
کِتُ بِدھِ نِربہیئے ۔ ॥2॥

ਖੋਟੇ ਕਉ ਖਰਾ ਕਹੈ
ਖਰੇ ਸਾਰ ਨ ਜਾਣੈ ॥

کھوٹے ک ءُ کھرا کہے
کھرے سار ن جانے ॥

ਅੰਧੇ ਕਾ ਨਾਉ ਪਾਰਖੂ
ਕਲੀ ਕਾਲ ਵਿਡਾਣੈ ॥੩॥

اندھے کا ناءُ پارکھوُ
کلی کال وِڈانے ॥3॥

ਸੂਤੇ ਕਉ ਜਾਗਤੁ ਕਹੈ
ਜਾਗਤ ਕਉ ਸੂਤਾ ॥

سوُتے ک ءُ جاگتُ کہے
جاگت ک ءُ سوُتا ॥

ਜੀਵਤ ਕਉ ਮੂਆ ਕਹੈ
ਮੂਏ ਨਹੀ ਰੋਤਾ ॥੪॥

جیِوت ک ءُ موُیا کہے
موُئے نہی روتا ॥4॥

ਆਵਤ ਕਉ ਜਾਤਾ ਕਹੈ
ਜਾਤੇ ਕਉ ਆਇਆ ॥

آوت ک ءُ جاتا کہے
جاتے ک ءُ آئیا ॥

ਪਰ ਕੀ ਕਉ ਅਪੁਨੀ ਕਹੈ
ਅਪੁਨੋ ਨਹੀ ਭਾਇਆ ॥੫॥

پر کی ک ءُ اپُنی کہے
اپُنو نہی بھائیا ॥5॥

ਮੀਠੇ ਕਉ ਕਉੜਾ ਕਹੈ
ਕੜੂਏ ਕਉ ਮੀਠਾ ॥

مِٹھے ک ءُ کڑُا کہے

ਕੜੂਏ ਕ ੍ ਏ ਮੀਠਾ ॥

ਰਾਤੇ ਕੀ ਨਿੰਦਾ ਕਰਹਿ
ਐਸਾ ਕਲਿ ਮਹਿ ਡੀਠਾ ॥੬॥

راتے کی نِندا کرہِ
ایَسا کلِ مہِ ڈیٹھا ॥6॥

ਚੇਰੀ ਕੀ ਸੇਵਾ ਕਰਹਿ
ਠਾਕੁਰੁ ਨਹੀ ਦੀਸੈ ॥

چیری کی سیوا کرہِ
ٹھاکُرُ نہی دیسِے ॥

ਪੋਖਰੁ ਨੀਰੁ ਵਿਰੋਲੀਐ
ਮਾਖਨੁ ਨਹੀ ਰੀਸੈ ॥੭॥

پوکھرُ نیرُ وِرولیِۓ
ماکھنُ نہی ریسِے ॥7॥

ਇਸੁ ਪਦ ਜੋ ਅਰਥਾਇ ਲੇਇ
ਸੋ ਗੁਰੂ ਹਮਾਰਾ ॥

اِسُ پد جو ارتھاءِ لےءِ
سو گُرو ہمارا ॥

ਨਾਨਕ ਚੀਨੈ ਆਪ ਕਉ
ਸੋ ਅਪਰ ਅਪਾਰਾ ॥੮॥

نانک چینے آپ ک ے
سو اپر اپارا ॥8॥

ਸਭੁ ਆਪੇ ਆਪਿ ਵਰਤਦਾ
ਆਪੇ ਭਰਮਾਇਆ ॥

سبھُ آپے آپِ ورتدا
آپے بھرمائیا ॥

ਗੁਰ ਕਿਰਪਾ ਤੇ ਬੂਝੀਐ
ਸਭੁ ਬ੍ਰਹਮੁ ਸਮਾਇਆ ॥੯॥੨॥੧੮॥

گُر کِرپا تے بوُجھیِۓ
سبھُ برّہمُ سمائیا ॥9॥2॥ 18 ॥

ਰਾਗੁ ਗਉੜੀ ਗੁਆਰੇਰੀ ਮਹਲਾ ੩ ਅਸਟਪਦੀਆ

راگُ گئڑی گُیاریری محلا 3 اسٹپدیِیا

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਮਨ ਕਾ ਸੂਤਕੁ ਦੂਜਾ ਭਾਉ ॥

من کا سوُتکُ دوُجا بھاءُ ॥

ਭਰਮੇ ਭੂਲੇ ਆਵਉ ਜਾਉ ॥੧॥

بھرمے بھوُلے آوءُ جاءُ ॥1॥

ਮਨਮੁਖਿ ਸੂਤਕੁ ਕਬਹਿ ਨ ਜਾਇ ॥

منمُکھِ سوُتکُ کبہِ ن جاءِ ॥

ਜਿਚਰੁ ਸਬਦਿ ਨ ਭੀਜੈ
ਹਰਿ ਕੈ ਨਾਇ ॥੧॥ ਰਹਾਉ ॥

جِچرُ سبدِ ن بھیِجےَ
ہرِ کے ناءِ ॥1॥ رہاءُ ॥

ਸਭੋ ਸੂਤਕੁ ਜੇਤਾ ਮੋਹੁ ਆਕਾਰੁ ॥

سبھو سوُتکُ جیتا موہُ آکارُ ॥

ਮਰਿ ਮਰਿ ਜੰਮੈ ਵਾਰੋ ਵਾਰ ॥੨॥

مرِ مرِ جنّمےَ وارو وار ॥2॥

ਸੂਤਕਿ ਅਗਨਿ ਪਉਣੈ ਪਾਣੀ ਮਾਹਿ ॥	سوُتکِ اگنِ پئُنّے پانّی ماہِ ॥
ਸੂਤਕੁ ਭੋਜਨੁ ਜੇਤਾ ਕਿਛੁ ਖਾਹਿ ॥੩॥	سوُتکُ بھوجنُ جیتا کچھُ کھاہِ ॥3॥
ਸੂਤਕਿ ਕਰਮ ਨ ਪੂਜਾ ਹੋਇ ॥	سوُتکِ کرم ن پوُجا ہوءِ ॥
ਨਾਮਿ ਰਤੇ ਮਨੁ ਨਿਰਮਲੁ ਹੋਇ ॥੪॥	نامِ رتے منُ نِرملُ ہوءِ ॥4॥
ਸਤਿਗੁਰੁ ਸੇਵਿਐ ਸੂਤਕੁ ਜਾਇ ॥	ستِگُر سیوِئے سوُتکُ جاءِ ॥
ਮਰੈ ਨ ਜਨਮੈ ਕਾਲੁ ਨ ਖਾਇ ॥੫॥	مرے ن جنمے کالُ ن کھاءِ ॥5॥
ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ ॥	ساست سِمّرِتِ سودھِ دیکھہُ کوءِ ॥
ਵਿਣੁ ਨਾਵੈ ਕੋ ਮੁਕਤਿ ਨ ਹੋਇ ॥੬॥	وِنُ ناوے کو مُکتِ ن ہوءِ ॥6॥
ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥	جُگ چارے نامُ اُتمُ سبدُ بیچارِ ॥
ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥	کلِ مہِ گُرمُکھِ اُترسِ پارِ ॥7॥
ਸਾਚਾ ਮਰੈ ਨ ਆਵੈ ਜਾਇ ॥	ساچا مرے ن آوے جاءِ ॥
ਨਾਨਕ ਗੁਰਮੁਖਿ ਰਹੈ ਸਮਾਇ ॥੮॥੧॥	نانک گُرمُکھِ رہے سماءِ ॥8॥1॥
ਗਉੜੀ ਮਹਲਾ ੩ ॥	گئڑی محلا 3 ॥
ਗੁਰਮੁਖਿ ਸੇਵਾ ਪ੍ਰਾਨ ਅਧਾਰਾ ॥	گُرمُکھِ سیوا پّران ادھارا ॥
ਹਰਿ ਜੀਉ ਰਾਖਹੁ ਹਿਰਦੈ ਉਰ ਧਾਰਾ ॥	ہرِ جیِءُ راکھہُ ہِردے اُر دھارا ॥
ਗੁਰਮੁਖਿ ਸੋਭਾ ਸਾਚੁ ਦੁਆਰਾ ॥੧॥	گُرمُکھِ سوبھا ساچُ دُیارا ॥1॥
ਪੰਡਿਤ ਹਰਿ ਪੜੁ ਤਜਹੁ ਵਿਕਾਰਾ ॥	پنڈِت ہرِ پڑُ تجہُ وِکارا ॥
ਗੁਰਮੁਖਿ ਭਉਜਲੁ ਉਤਰਹੁ ਪਾਰਾ ॥੧॥ ਰਹਾਉ ॥	گُرمُکھِ بھجُلُ اُترہُ پارا ॥1॥ رہاءُ ॥
ਗੁਰਮੁਖਿ ਵਿਚਹੁ ਹਉਮੈ ਜਾਇ ॥	گُرمُکھِ وِچہُ ہئُمے جاءِ ॥
ਗੁਰਮੁਖਿ ਮੈਲੁ ਨ ਲਾਗੈ ਆਇ ॥	گُرمُکھِ میَلُ ن لاگے آءِ ॥
ਗੁਰਮੁਖਿ ਨਾਮੁ ਵਸੈ ਮਨਿ ਆਇ ॥੨॥	گُرمُکھِ نامُ وسے منِ آءِ ॥2॥
ਗੁਰਮੁਖਿ ਕਰਮ ਧਰਮ ਸਚਿ ਹੋਈ ॥	گُرمُکھِ کرم دھرم سچِ ہوئی ॥

ਗੁਰਮੁਖਿ ਅਹੰਕਾਰੁ ਜਲਾਏ ਦੋਈ ॥	گُرمُکھِ اہنکارُ جلائے دوئی ॥
ਗੁਰਮੁਖਿ ਨਾਮ ਰਤੇ ਸੁਖੁ ਹੋਈ ॥੩॥	گُرمُکھِ نام رتے سُکھُ ہوئی ॥3॥
ਆਪਣਾ ਮਨੁ ਪਰਬੋਧਹੁ ਬੂਝਹੁ ਸੋਈ ॥	آپنا منُ پربودھہُ بُوجھہُ سوئی ॥
ਲੋਕ ਸਮਝਾਵਹੁ ਸੁਣੇ ਨ ਕੋਈ ॥	لوک سمجھاوہُ سُنے ن کوئی ॥
ਗੁਰਮੁਖਿ ਸਮਝਹੁ ਸਦਾ ਸੁਖੁ ਹੋਈ ॥੪॥	گُرمُکھِ سمجھہُ سدا سُکھُ ہوئی ॥4॥
ਮਨਮੁਖਿ ਡੰਫੁ ਬਹੁਤੁ ਚਤੁਰਾਈ ॥	منمُکھِ ڈنّھُ بہُتُ چترائی ॥
ਜੋ ਕਿਛੁ ਕਮਾਵੈ ਸੁ ਥਾਇ ਨ ਪਾਈ ॥	جو کچھُ کماوے سُ تھاءِ ن پائی ॥
ਆਵੈ ਜਾਵੈ ਠਉਰ ਨ ਕਾਈ ॥੫॥	آوے جاوے ٹھئر ن کائی ॥5॥
ਮਨਮੁਖ ਕਰਮ ਕਰੇ ਬਹੁਤੁ ਅਭਿਮਾਨਾ ॥	منمُکھ کرم کرے بہُتُ ابھِمانا ॥
ਬਗ ਜਿਉ ਲਾਇ ਬਹੈ ਨਿਤ ਧਿਆਨਾ ॥	بگ جِءُ لاءِ بہے نِت دھیانا ॥
ਜਮਿ ਪਕੜਿਆ ਤਬ ਹੀ ਪਛੁਤਾਨਾ ॥੬॥	جمِ پکڑیا تب ہی پچھُتانا ॥6॥
ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥	بِنُ ستِگُر سیوے مُکتِ ن ہوئی ॥
ਗੁਰ ਪਰਸਾਦੀ ਮਿਲੈ ਹਰਿ ਸੋਈ ॥	گُر پرسادی مِلے ہرِ سوئی ॥
ਗੁਰੁ ਦਾਤਾ ਜੁਗ ਚਾਰੇ ਹੋਈ ॥੭॥	گُرُ داتا جُگ چارے ہوئی ॥7॥
ਗੁਰਮੁਖਿ ਜਾਤਿ ਪਤਿ ਨਾਮੇ ਵਡਿਆਈ ॥	گُرمُکھِ زاتِ پتِ نامے وڈیائی ॥
ਸਾਇਰ ਕੀ ਪੁਤ੍ਰੀ ਬਿਦਾਰਿ ਗਵਾਈ ॥	سائِر کی پُتّری بِدارِ گوائی ॥
ਨਾਨਕ ਬਿਨੁ ਨਾਵੈ ਝੂਠੀ ਚਤੁਰਾਈ ॥੮॥੨॥	نانک بِنُ ناوے جھوُٹھی چترائی ॥8॥2॥
ਗਉੜੀ ਮਃ ੩ ॥	گئڑی م: 3 ॥
ਇਸੁ ਜੁਗ ਕਾ ਧਰਮੁ ਪੜਹੁ ਤੁਮ ਭਾਈ ॥	اِسُ جُگ کا دھرمُ پڑہُ تُم بھائی ۔ ॥
ਪੂਰੈ ਗੁਰਿ ਸਭ ਸੋਝੀ ਪਾਈ ॥	پُورے گُرِ سبھ سوجھی پائی ॥
ਐਥੈ ਅਗੈ ਹਰਿ ਨਾਮੁ ਸਖਾਈ ॥੧॥	ایتھے اگے ہرِ نامُ سکھائی ॥1॥
ਰਾਮ ਪੜਹੁ ਮਨਿ ਕਰਹੁ ਬੀਚਾਰੁ ॥	رام پڑہُ منِ کرہُ بیچارُ ॥

ਗੁਰ ਪਰਸਾਦੀ ਮੈਲੁ ਉਤਾਰੁ ॥੧॥ ਰਹਾਉ ॥	گُر پرسادی میَلُ اُتارُ ॥1॥ رہاءُ ॥
ਵਾਦਿ ਵਿਰੋਧਿ ਨ ਪਾਇਆ ਜਾਇ ॥	وادِ وِرودھِ ن پائیا جاءِ ॥
ਮਨੁ ਤਨੁ ਫੀਕਾ ਦੂਜੈ ਭਾਇ ॥	منُ تنُ پھیکا دوُجے بھاءِ ॥
ਗੁਰ ਕੈ ਸਬਦਿ ਸਚਿ ਲਿਵ ਲਾਇ ॥੨॥	گُر کے سبدِ سچِ لِو لاءِ ॥2॥
ਹਉਮੈ ਮੈਲਾ ਇਹੁ ਸੰਸਾਰਾ ॥	ہئُمے میَلا اِہُ سنّسارا ॥
ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ ॥	نِت تیرتھِ ناوے ن جاءِ اہنکارا ॥
ਬਿਨ ਗੁਰ ਭੇਟੇ ਜਮੁ ਕਰੇ ਖੁਆਰਾ ॥੩॥	بِن گُر بھیٹے جمُ کرے خُیارا ॥3॥
ਸੋ ਜਨੁ ਸਾਚਾ ਜਿ ਹਉਮੈ ਮਾਰੈ ॥	سو جنُ ساچا جِ ہئُمے مارے ॥
ਗੁਰ ਕੈ ਸਬਦਿ ਪੰਚ ਸੰਘਾਰੈ ॥	گُر کے سبدِ پنچ سنگھارے ॥
ਆਪਿ ਤਰੈ ਸਗਲੇ ਕੁਲ ਤਾਰੈ ॥੪॥	آپِ ترے سگلے کُل تارے ॥4॥
ਮਾਇਆ ਮੋਹਿ ਨਟਿ ਬਾਜੀ ਪਾਈ ॥	مائیا موہِ نٹِ بازی پائی ॥
ਮਨਮੁਖ ਅੰਧ ਰਹੇ ਲਪਟਾਈ ॥	منمُکھ اندھ رہے لپٹائی ॥
ਗੁਰਮੁਖਿ ਅਲਿਪਤ ਰਹੇ ਲਿਵ ਲਾਈ ॥੫॥	گُرمُکھِ الپت رہے لِو لائی ॥5॥
ਬਹੁਤੇ ਭੇਖ ਕਰੈ ਭੇਖਧਾਰੀ ॥	بہُتے بھیکھ کرے بھیکھدھاری ॥
ਅੰਤਰਿ ਤਿਸਨਾ ਫਿਰੈ ਅਹੰਕਾਰੀ ॥	انترِ تِسنا پھرے اہنکاری ॥
ਆਪੁ ਨ ਚੀਨੈ ਬਾਜੀ ਹਾਰੀ ॥੬॥	آپُ ن چینے بازی ہاری ॥6॥
ਕਾਪੜ ਪਹਿਰਿ ਕਰੇ ਚਤੁਰਾਈ ॥	کاپڑ پہرِ کرے چترائی ॥
ਮਾਇਆ ਮੋਹਿ ਅਤਿ ਭਰਮਿ ਭੁਲਾਈ ॥	مائیا موہِ اتِ بھرمِ بھُلائی ॥
ਬਿਨੁ ਗੁਰ ਸੇਵੇ ਬਹੁਤੁ ਦੁਖੁ ਪਾਈ ॥੭॥	بِنُ گُر سیوے بہُتُ دُکھُ پائی ॥7॥
ਨਾਮਿ ਰਤੇ ਸਦਾ ਬੈਰਾਗੀ ॥	نامِ رتے سدا بیَراگی ॥
ਗ੍ਰਿਹੀ ਅੰਤਰਿ ਸਾਚਿ ਲਿਵ ਲਾਗੀ ॥	گرِہی انترِ ساچِ لِو لاگی ॥
ਨਾਨਕ ਸਤਿਗੁਰੁ ਸੇਵਹਿ ਸੇ ਵਡਭਾਗੀ ॥੮॥੩॥	نانک ستِگُرُ سیوہِ سے وڈبھاگی ॥8॥3॥

ਗਉੜੀ ਮਹਲਾ ੩ ॥	گئڑی محلا 3 ॥
ਬ੍ਰਹਮਾ ਮੂਲੁ ਵੇਦ ਅਭਿਆਸਾ ॥	بّرہما مُولُ وید ابھیاسا ॥
ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥	تِس تے اُپجے دیو موہ پِیاسا ॥
ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥੧॥	تّرے گُنْ بھرمے ناہی نج گھرِ واسا ॥1॥
ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥	ہم ہرِ راکھے ستِگُرو مِلائیا ॥
ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ ॥੧॥ ਰਹਾਉ ॥	اندِنُ بھگتِ ہرِ نامُ دّرِڑائیا ॥1॥ رہاءُ ॥
ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥	تّرے گُنْ باٹی بّرہم زنجّالا ॥
ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥	پڑِ وادُ وکھاٹہِ سِرِ مارے جمکالا ॥
ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥	تتُ ن چینہِ بنّنہِ پنّڈ پرالا ॥2॥
ਮਨਮੁਖ ਅਗਿਆਨਿ ਕੁਮਾਰਗਿ ਪਾਏ ॥	منمکھ اگیانِ کُمارگِ پائے ॥
ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥	ہرِ نامُ بِسارِیا بہُ کرم دّرِڑائے ॥
ਭਵਜਲਿ ਡੂਬੇ ਦੂਜੈ ਭਾਏ ॥੩॥	بھوجلِ ڈُوبے دوُجےَ بھائے ॥3॥
ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥	مائیا کا مُحتاجُ پنّڈِتُ کہاوےَ ॥
ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥	بِکھیا راتا بہُتُ دُکھُ پاوےَ ॥
ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥੪॥	جم کا گلِ جیوڑا نِت کالُ سنّتاوےَ ॥4॥
ਗੁਰਮੁਖਿ ਜਮਕਾਲ ਨੇੜਿ ਨ ਆਵੈ ॥	گُرمُکھِ جمکال نیڑِ ن آوےَ ॥
ਹਉਮੈ ਦੂਜਾ ਸਬਦਿ ਜਲਾਵੈ ॥	ہئُمےَ دوُجا سبدِ جلاوےَ ॥
ਨਾਮੇ ਰਾਤੇ ਹਰਿ ਗੁਣ ਗਾਵੈ ॥੫॥	نامے راتے ہرِ گُنْ گاوےَ ॥5॥
ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥	مائیا داسی بھگتا کی کار کماوےَ ॥
ਚਰਣੀ ਲਾਗੈ ਤਾ ਮਹਲੁ ਪਾਵੈ ॥	چرنّی لاگےَ تا محلُ پاوےَ ॥
ਸਦ ਹੀ ਨਿਰਮਲੁ ਸਹਜਿ ਸਮਾਵੈ ॥੬॥	سد ہی نِرملُ سہجِ سماوےَ ॥6॥
ਹਰਿ ਕਥਾ ਸੁਣਹਿ ਸੇ ਧਨਵੰਤ ਦਿਸਹਿ ਜੁਗ ਮਾਹੀ ॥	ہرِ کتھا سُنّہِ سے دھنونّت دِسہِ جُگ ماہی ॥

ਤਿਨ ਕਉ ਸਭਿ ਨਿਵਹਿ ਅਨਦਿਨੁ ਪੂਜ ਕਰਾਹੀ ॥	تِن ک ءُ سبھِ نِوہِ اندِنُ پوُج کراہی ॥
ਸਹਜੇ ਗੁਣ ਰਵਹਿ ਸਾਚੇ ਮਨ ਮਾਹੀ ॥੭॥	سہجے گُن روہِ ساچے من ماہی ॥7॥
ਪੂਰੈ ਸਤਿਗੁਰਿ ਸਬਦੁ ਸੁਣਾਇਆ ॥	پوُرے ستِگُرِ سبدُ سُنائیا ॥
ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥	ترے گُن میٹے چتُتھے چِتُ لائیا ॥
ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥੮॥੪॥	نانک ہئُمے مارِ برہم مِلائیا ॥8॥4॥
ਗਉੜੀ ਮਹਲਾ ੩ ॥	گئڑی محلا 3 ॥
ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥	برہما ویدُ پڑے وادُ وکھانے ॥
ਅੰਤਰਿ ਤਾਮਸੁ ਆਪੁ ਨ ਪਛਾਣੈ ॥	انترِ تامسُ آپُ ن پچھانے ॥
ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥	تا پربھُ پائے گُر سبدُ وکھانے ॥1॥
ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ ॥	گُر سیوا کرءُ پھِرِ کالُ ن کھاءِ ॥
ਮਨਮੁਖ ਖਾਧੇ ਦੂਜੈ ਭਾਇ ॥੧॥ ਰਹਾਉ ॥	منمکھ کھادھے دوُجے بھاءِ ॥1॥ رہاءُ ॥
ਗੁਰਮੁਖਿ ਪ੍ਰਾਣੀ ਅਪਰਾਧੀ ਸੀਧੇ ॥	گُرمُکھِ پرانی اپرادھی سیدھے ॥
ਗੁਰ ਕੈ ਸਬਦਿ ਅੰਤਰਿ ਸਹਜਿ ਰੀਧੇ ॥	گُر کے سبدِ انترِ سہجِ ریدھے ॥
ਮੇਰਾ ਪ੍ਰਭੁ ਪਾਇਆ ਗੁਰ ਕੈ ਸਬਦਿ ਸੀਧੇ ॥੨॥	میرا پربھُ پائیا گُر کے سبدِ سیدھے ॥2॥
ਸਤਿਗੁਰਿ ਮੇਲੇ ਪ੍ਰਭਿ ਆਪਿ ਮਿਲਾਏ ॥	ستِگُرِ میلے پربھِ آپِ مِلائے ॥
ਮੇਰੇ ਪ੍ਰਭ ਸਾਚੇ ਕੈ ਮਨਿ ਭਾਏ ॥	میرے پربھ ساچے کے منِ بھائے ॥
ਹਰਿ ਗੁਣ ਗਾਵਹਿ ਸਹਜਿ ਸੁਭਾਏ ॥੩॥	ہرِ گُن گاوہِ سہجِ سُبھائے ॥3॥
ਬਿਨੁ ਗੁਰ ਸਾਚੇ ਭਰਮਿ ਭੁਲਾਏ ॥	بِنُ گُر ساچے بھرمِ بھُلائے ॥
ਮਨਮੁਖ ਅੰਧੇ ਸਦਾ ਬਿਖੁ ਖਾਏ ॥	منمکھ اندھے سدا بِکھُ کھائے ॥
ਜਮ ਡੰਡੁ ਸਹਹਿ ਸਦਾ ਦੁਖੁ ਪਾਏ ॥੪॥	جم ڈنڈُ سہہِ سدا دُکھُ پائے ॥4॥
ਜਮੂਆ ਨ ਜੋਹੈ ਹਰਿ ਕੀ ਸਰਣਾਈ ॥	جموُیا ن جوہے ہرِ کی سرٹائی ॥
ਹਉਮੈ ਮਾਰਿ ਸਚਿ ਲਿਵ ਲਾਈ ॥	ہئُمے مارِ سچِ لِو لائی ॥

ਸਦਾ ਰਹੈ ਹਰਿ ਨਾਮਿ ਲਿਵ ਲਾਈ ॥੫॥	سدا رہے ہرِ نامِ لِو لائی ॥5॥
ਸਤਿਗੁਰੁ ਸੇਵਹਿ ਸੇ ਜਨ ਨਿਰਮਲ ਪਵਿਤਾ ॥	ستِگُرُ سیوہِ سے جن نِرمل پوِتا ॥
ਮਨ ਸਿਉ ਮਨੁ ਮਿਲਾਇ ਸਭੁ ਜਗੁ ਜੀਤਾ ॥	من سِءُ منُ مِلاءِ سبھُ جگُ جیِتا ॥
ਇਨ ਬਿਧਿ ਕੁਸਲੁ ਤੇਰੈ ਮੇਰੇ ਮੀਤਾ ॥੬॥	اِن بِدھِ کُسلُ تیرے میرے مِیتا ۔ ॥6॥
ਸਤਿਗੁਰੂ ਸੇਵੇ ਸੋ ਫਲੁ ਪਾਏ ॥	ستِگُروُ سیوے سو پھلُ پائے ॥
ਹਿਰਦੈ ਨਾਮੁ ਵਿਚਹੁ ਆਪੁ ਗਵਾਏ ॥	ہِردے نامُ وِچہُ آپُ گوائے ॥
ਅਨਹਦ ਬਾਣੀ ਸਬਦੁ ਵਜਾਏ ॥੧॥	انہد باٹی سبدُ وجائے ॥1॥
ਸਤਿਗੁਰ ਤੇ	ستِگُر تے
ਕਵਨੁ ਕਵਨੁ ਨ ਸੀਧੋ ਮੇਰੇ ਭਾਈ ॥	کونُ کونُ ن سِیدھو میرے بھائی ۔ ॥
ਭਗਤੀ ਸੀਧੇ ਦਰਿ ਸੋਭਾ ਪਾਈ ॥	بھگتی سِیدھے درِ سوبھا پائی ॥
ਨਾਨਕ ਰਾਮ ਨਾਮਿ ਵਡਿਆਈ ॥੮॥੫॥	نانک رام نامِ وڈِیائی ॥8॥5॥
ਗਉੜੀ ਮਹਲਾ ੩ ॥	گئڑی محلا 3 ॥
ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥	ترے گُن وکھانے بھرمُ ن جاءِ ॥
ਬੰਧਨ ਨ ਤੂਟਹਿ ਮੁਕਤਿ ਨ ਪਾਇ ॥	بندھن ن توٹہِ مُکتِ ن پاءِ ॥
ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥	مُکتِ داتا ستِگُرُ جُگ ماہِ ॥1॥
ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥	گُرمُکھِ پرّانی بھرمُ گواءِ ॥
ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥	سہج دھُنِ اُپجے ہرِ لِو لاءِ ॥1॥ رہاءُ ॥
ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥	ترے گُن کالے کی سِرِ کارا ॥
ਨਾਮੁ ਨ ਚੇਤਹਿ ਉਪਾਵਣਹਾਰਾ ॥	نامُ ن چیتہِ اُپاوٹہارا ॥
ਮਰਿ ਜੰਮਹਿ ਫਿਰਿ ਵਾਰੋ ਵਾਰਾ ॥੨॥	مرِ جنّمہِ پھِرِ وارو وارا ॥2॥
ਅੰਧੇ ਗੁਰੂ ਤੇ ਭਰਮੁ ਨ ਜਾਈ ॥	اندھے گُروُ تے بھرمُ ن جائی ॥
ਮੂਲੁ ਛੋਡਿ ਲਾਗੇ ਦੂਜੈ ਭਾਈ ॥	موُلُ چھوڈِ لاگے دوُجے بھائی ॥
ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥	بِکھُ کا ماتا بِکھُ ماہِ سمائی ॥3॥

ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥	مائیا کرِ مولُ جنتّر بھرمائے ॥
ਹਰਿ ਜੀਉ ਵਿਸਰਿਆ ਦੂਜੈ ਭਾਏ ॥	ہرِ جیِءُ وِسریا دوُجےَ بھائے ॥
ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥	جِسُ ندرِ کرے سو پرم گتِ پائے ॥4॥
ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥	انترِ ساچُ باہرِ ساچُ ورتائے ॥
ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥	ساچُ ن چھپےَ جے کو رکھےَ چھپائے ॥
ਗਿਆਨੀ ਬੂਝਹਿ ਸਹਜਿ ਸੁਭਾਏ ॥੫॥	گیانی بوُجھہِ سہجِ سُبھائے ॥5॥
ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥	گُرمُکھِ ساچِ رہِیا لِو لائے ॥
ਹਉਮੈ ਮਾਇਆ ਸਬਦਿ ਜਲਾਏ ॥	ہئُمےَ مائیا سبدِ جلائے ॥
ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥	میرا پربھُ ساچا میلِ مِلائے ॥6॥
ਸਤਿਗੁਰੁ ਦਾਤਾ ਸਬਦੁ ਸੁਣਾਏ ॥	ستِگُرُ داتا سبدُ سُنائے ॥
ਧਾਵਤੁ ਰਾਖੈ ਠਾਕਿ ਰਹਾਏ ॥	دھاوتُ راکھےَ ٹھاکِ رہائے ॥
ਪੂਰੇ ਗੁਰ ਤੇ ਸੋਝੀ ਪਾਏ ॥੭॥	پوُرے گُر تے سوجھی پائے ॥7॥
ਆਪੇ ਕਰਤਾ ਸ੍ਰਿਸਟਿ ਸਿਰਜਿ ਜਿਨਿ ਗੋਈ ॥	آپے کرتا سّرِسٹِ سِرجِ جِنِ گوئی ॥
ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥	تِسُ بِنُ دوُجا اورُ ن کوئی ॥
ਨਾਨਕ ਗੁਰਮੁਖਿ ਬੂਝੈ ਕੋਈ ॥੮॥੬॥	نانک گُرمُکھِ بوُجھےَ کوئی ॥8॥6॥
ਗਉੜੀ ਮਹਲਾ ੩ ॥	گئڑی محلا 3 ॥
ਨਾਮੁ ਅਮੋਲਕੁ ਗੁਰਮੁਖਿ ਪਾਵੈ ॥	نامُ امولکُ گُرمُکھِ پاوےَ ॥
ਨਾਮੋ ਸੇਵੇ ਨਾਮਿ ਸਹਜਿ ਸਮਾਵੈ ॥	نامو سیوے نامِ سہجِ سماوےَ ॥
ਅੰਮ੍ਰਿਤੁ ਨਾਮੁ ਰਸਨਾ ਨਿਤ ਗਾਵੈ ॥	انّمرِتُ نامُ رسنا نِت گاوےَ ॥
ਜਿਸ ਨੋ ਕ੍ਰਿਪਾ ਕਰੇ ਸੋ ਹਰਿ ਰਸੁ ਪਾਵੈ ॥੧॥	جِس نو کرّپا کرے سو ہرِ رسُ پاوےَ ॥1॥
ਅਨਦਿਨੁ ਹਿਰਦੈ ਜਪਉ ਜਗਦੀਸਾ ॥	اندِنُ ہِردےَ جپ ءُ جگدیسا ॥
ਗੁਰਮੁਖਿ ਪਾਵਉ ਪਰਮ ਪਦੁ ਸੂਖਾ ॥੧॥ ਰਹਾਉ ॥	گُرمُکھِ پاوءُ پرم پدُ سوُکھا ॥1॥ رہاءُ ॥

ਹਿਰਦੈ ਸੂਖੁ ਭਇਆ ਪਰਗਾਸੁ ॥	ہِردے سوُکھُ بھئیا پرگاسُ ॥
ਗੁਰਮੁਖਿ ਗਾਵਹਿ ਸਚੁ ਗੁਣਤਾਸੁ ॥	گُرمُکھِ گاوہِ سچُ گُنتاسُ ॥
ਦਾਸਨਿ ਦਾਸ ਨਿਤ ਹੋਵਹਿ ਦਾਸੁ ॥	داسنِ داس نِت ہووہِ داسُ ॥
ਗ੍ਰਿਹ ਕੁਟੰਬ ਮਹਿ ਸਦਾ ਉਦਾਸੁ ॥੨॥	گرِہ کُٹنّب مہِ سدا اُداسُ ॥2॥
ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥	جیِون مُکتُ گُرمُکھِ کو ہوئی ॥
ਪਰਮ ਪਦਾਰਥੁ ਪਾਵੈ ਸੋਈ ॥	پرم پدارتھُ پاوے سوئی ॥
ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥	ترے گُن میٹے نِرملُ ہوئی ॥
ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥	سہجے ساچِ ملےَ پربھُ سوئی ॥3॥
ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ ॥	موہ کُٹنّب سِءُ پریتِ ن ہوءِ ॥
ਜਾ ਹਿਰਦੈ ਵਸਿਆ ਸਚੁ ਸੋਇ ॥	جا ہِردے وسِیا سچُ سوءِ ॥
ਗੁਰਮੁਖਿ ਮਨੁ ਬੇਧਿਆ ਅਸਥਿਰੁ ਹੋਇ ॥	گُرمُکھِ منُ بیدھِیا استھِرُ ہوءِ ॥
ਹੁਕਮੁ ਪਛਾਣੈ ਬੂਝੈ ਸਚੁ ਸੋਇ ॥੪॥	حُکمُ پچھاٹےَ بُوجھےَ سچُ سوءِ ॥4॥
ਤੂੰ ਕਰਤਾ ਮੈ ਅਵਰੁ ਨ ਕੋਇ ॥	توُنّ کرتا مےَ اورُ ن کوءِ ॥
ਤੁਝੁ ਸੇਵੀ ਤੁਝ ਤੇ ਪਤਿ ਹੋਇ ॥	تُجھُ سیوی تُجھ تے پتِ ہوءِ ॥
ਕਿਰਪਾ ਕਰਹਿ ਗਾਵਾ ਪ੍ਰਭੁ ਸੋਇ ॥	کِرپا کرہِ گاوا پربھُ سوءِ ॥
ਨਾਮ ਰਤਨੁ ਸਭ ਜਗ ਮਹਿ ਲੋਇ ॥੫॥	نام رتنُ سبھ جگ مہِ لوءِ ॥5॥
ਗੁਰਮੁਖਿ ਬਾਣੀ ਮੀਠੀ ਲਾਗੀ ॥	گُرمُکھِ باٹی میٹھی لاگی ॥
ਅੰਤਰੁ ਬਿਗਸੈ ਅਨਦਿਨੁ ਲਿਵ ਲਾਗੀ ॥	انترِ بِگسےَ اندِنُ لِو لاگی ॥
ਸਹਜੇ ਸਚੁ ਮਿਲਿਆ ਪਰਸਾਦੀ ॥	سہجے سچُ مِلیا پرسادی ॥
ਸਤਿਗੁਰੁ ਪਾਇਆ ਪੂਰੈ ਵਡਭਾਗੀ ॥੬॥	ستِگُرُ پائیا پوُرے وڈبھاگی ॥6॥
ਹਉਮੈ ਮਮਤਾ ਦੁਰਮਤਿ ਦੁਖ ਨਾਸੁ ॥	ہئمےَ ممتا دُرمتِ دُکھ ناسُ ॥
ਜਬ ਹਿਰਦੈ ਰਾਮ ਨਾਮ ਗੁਣਤਾਸੁ ॥	جب ہِردے رام نام گُنتاسُ ॥

ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ ॥	گُرمُکھِ بُدھِ پرگٹی پربھ جاسُ ॥
ਜਬ ਹਿਰਦੈ ਰਵਿਆ ਚਰਣ ਨਿਵਾਸੁ ॥੭॥	جب ہِردے رویا چرنؑ نِواسُ ॥7॥
ਜਿਸੁ ਨਾਮੁ ਦੇਇ ਸੋਈ ਜਨੁ ਪਾਏ ॥	جِسُ نامُ دےءِ سوئی جنُ پائے ॥
ਗੁਰਮੁਖਿ ਮੇਲੇ ਆਪੁ ਗਵਾਏ ॥	گُرمُکھِ میلے آپُ گوائے ॥
ਹਿਰਦੈ ਸਾਚਾ ਨਾਮੁ ਵਸਾਏ ॥	ہِردے ساچا نامُ وسائے ॥
ਨਾਨਕ ਸਹਜੇ ਸਾਚਿ ਸਮਾਏ ॥੮॥੭॥	نانک سہجے ساچِ سمائے ॥8॥7॥
ਗਉੜੀ ਮਹਲਾ ੩ ॥	گئڑی محلا 3 ॥
ਮਨ ਹੀ ਮਨੁ ਸਵਾਰਿਆ ਭੈ ਸਹਜਿ ਸੁਭਾਇ ॥	من ہی منُ سوارِیا بھے سہجِ سُبھاءِ ॥
ਸਬਦਿ ਮਨੁ ਰੰਗਿਆ ਲਿਵ ਲਾਇ ॥	سبدِ منُ رنگیا لِو لاءِ ॥
ਨਿਜ ਘਰਿ ਵਸਿਆ ਪ੍ਰਭ ਕੀ ਰਜਾਇ ॥੧॥	نِج گھرِ وسِیا پربھ کی رضاءِ ॥1॥
ਸਤਿਗੁਰੁ ਸੇਵਿਐ ਜਾਇ ਅਭਿਮਾਨੁ ॥	ستِگُرُ سیوِئے جاءِ ابھمانُ ॥
ਗੋਵਿਦੁ ਪਾਈਐ ਗੁਣੀ ਨਿਧਾਨੁ ॥੧॥ ਰਹਾਉ ॥	گووِدُ پائیئے گُنی نِدھانُ ॥1॥ رہاءُ ॥
ਮਨੁ ਬੈਰਾਗੀ ਜਾ ਸਬਦਿ ਭਉ ਖਾਇ ॥	منُ بیَراگی جا سبدِ بھءُ کھاءِ ॥
ਮੇਰਾ ਪ੍ਰਭੁ ਨਿਰਮਲਾ ਸਭ ਤੈ ਰਹਿਆ ਸਮਾਇ ॥	میرا پربھُ نِرملا سبھ تے رہِیا سماءِ ॥
ਗੁਰ ਕਿਰਪਾ ਤੇ ਮਿਲੈ ਮਿਲਾਇ ॥੨॥	گُر کِرپا تے مِلےَ مِلاءِ ॥2॥
ਹਰਿ ਦਾਸਨ ਕੋ ਦਾਸੁ ਸੁਖੁ ਪਾਏ ॥	ہرِ داسن کو داسُ سُکھُ پائے ॥
ਮੇਰਾ ਹਰਿ ਪ੍ਰਭੁ ਇਨ ਬਿਧਿ ਪਾਇਆ ਜਾਏ ॥	میرا ہرِ پربھُ اِن بِدھِ پائیا جائے ॥
ਹਰਿ ਕਿਰਪਾ ਤੇ ਰਾਮ ਗੁਣ ਗਾਏ ॥੩॥	ہرِ کِرپا تے رام گُنؑ گائے ॥3॥
ਧ੍ਰਿਗੁ ਬਹੁ ਜੀਵਣੁ ਜਿਤੁ ਹਰਿ ਨਾਮਿ ਨ ਲਗੈ ਪਿਆਰੁ ॥	دھرِگ بہُ جیِونُ جِتُ ہرِ نامِ ن لگےَ پیارُ ॥
ਧ੍ਰਿਗੁ ਸੇਜ ਸੁਖਾਲੀ ਕਾਮਣਿ ਮੋਹ ਗੁਬਾਰੁ ॥	دھرِگ سیج سُکھالی کامنؑ موہ غُبارُ ॥
ਤਿਨ ਸਫਲੁ ਜਨਮੁ ਜਿਨ ਨਾਮੁ ਅਧਾਰੁ ॥੪॥	تِن سپھلُ جنمُ جِن نامُ ادھارُ ॥4॥
ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ	دھرِگ دھرِگ گرِہُ کُٹنّبُ

ਜਿਤੁ ਹਰਿ ਪ੍ਰੀਤਿ ਨ ਹੋਇ ॥
جِتُ ہرِ پرِیتِ ن ہوءِ ॥

ਸੋਈ ਹਮਾਰਾ ਮੀਤੁ
ਜੋ ਹਰਿ ਗੁਣ ਗਾਵੈ ਸੋਇ ॥
سوئی ہمارا میِتُ
جو ہرِ گُنؤ گاوے سوءِ ॥

ਹਰਿ ਨਾਮ ਬਿਨਾ ਮੈ ਅਵਰੁ ਨ ਕੋਇ ॥੫॥
ہرِ نام بِنا مے اورُ ن کوءِ ॥5॥

ਸਤਿਗੁਰ ਤੇ ਹਮ ਗਤਿ ਪਤਿ ਪਾਈ ॥
ستِگُر تے ہم گتِ پتِ پائی ॥

ਹਰਿ ਨਾਮੁ ਧਿਆਇਆ ਦੂਖੁ ਸਗਲ ਮਿਟਾਈ ॥
ہرِ نامُ دھیایِیا دوُکھُ سگل مِٹائی ॥

ਸਦਾ ਅਨੰਦੁ ਹਰਿ ਨਾਮਿ ਲਿਵ ਲਾਈ ॥੬॥
سدا انندُ ہرِ نامِ لِو لائی ॥6॥

ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ ॥
گُرِ مِلِےَ ہم ک ءُ سریر سُدھِ بھئی ॥

ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥
ہئُمے تّرِسنا سبھ اگنِ بُجھئی ॥

ਬਿਨਸੇ ਕ੍ਰੋਧ ਖਿਮਾ ਗਹਿ ਲਈ ॥੭॥
بِنسے کّروھ کھِما گہِ لئی ॥7॥

ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ ॥
ہرِ آپے کّرِپا کرے نامُ دیوے ॥

ਗੁਰਮੁਖਿ ਰਤਨੁ ਕੋ ਵਿਰਲਾ ਲੇਵੈ ॥
گُرمُکھِ رتنُ کو وِرلا لیوے ॥

ਨਾਨਕੁ ਗੁਣ ਗਾਵੈ
ਹਰਿ ਅਲਖ ਅਭੇਵੈ ॥੮॥੮॥
نانکُ گُنؤ گاوے
ہرِ الکھ ابھیوے ॥8॥8॥

ੴ ਸਤਿਗੁਰ ਪ੍ਰਸਾਦਿ ॥
ੴ ستِگُر پرّسادِ ॥

ਰਾਗੁ ਗਉੜੀ ਬੈਰਾਗਣਿ ਮਹਲਾ ੩ ॥
راگُ گئڑی بیَراگنِؤ محلا 3 ॥

ਸਤਿਗੁਰ ਤੇ ਜੋ ਮੁਹ ਫੇਰੇ
ਤੇ ਵੇਮੁਖ ਬੁਰੇ ਦਿਸੰਨਿ ॥
ستِگُر تے جو مُہ پھیرے
تے ویمُکھ بُرے دِسنّنِ ॥

ਅਨਦਿਨੁ ਬਧੇ ਮਾਰੀਅਨਿ
ਫਿਰਿ ਵੇਲਾ ਨਾ ਲਹੰਨਿ ॥੧॥
اندِنُ بدھے مارِیئنِ
پھِرِ ویلا نا لہنّنِ ॥1॥

ਹਰਿ ਹਰਿ ਰਾਖਹੁ ਕ੍ਰਿਪਾ ਧਾਰਿ ॥
ہرِ ہرِ راکھہُ کّرِپا دھارِ ॥

ਸਤਸੰਗਤਿ ਮੇਲਾਇ ਪ੍ਰਭ
ਹਰਿ ਹਿਰਦੈ ਹਰਿ ਗੁਣ ਸਾਰਿ ॥੧॥ ਰਹਾਉ ॥
ستسنّگتِ میلاءِ پّربھ
ہرِ ہِردے ہرِ گُنؤ سارِ ॥1॥ رہاءُ ॥

ਸੇ ਭਗਤ ਹਰਿ ਭਾਵਦੇ
سے بھگت ہرِ بھاودے

ਜੋ ਗੁਰਮੁਖਿ ਭਾਇ ਚਲੰਨਿ ॥
جو گُرمُکھِ بھاءِ چلنّنِ ॥

ਆਪੁ ਛੋਡਿ ਸੇਵਾ ਕਰਨਿ
ਜੀਵਤ ਮੁਏ ਰਹੰਨਿ ॥੨॥
آپُ چھوڈِ سیوا کرنِ
جیوت مُۓ رہنّنِ ॥2॥

ਜਿਸ ਦਾ ਪਿੰਡੁ ਪਰਾਣ ਹੈ
ਤਿਸ ਕੀ ਸਿਰਿ ਕਾਰ ॥
جِس دا پِنڈُ پراٹ ہے
تِس کی سِرِ کار ॥

ਓਹੁ ਕਿਉ ਮਨਹੁ ਵਿਸਾਰੀਐ
ਹਰਿ ਰਖੀਐ ਹਿਰਦੈ ਧਾਰਿ ॥੩॥
اوہُ کِءُ منہُ وِسارِیۓ
ہرِ رکھیۓ ہِردے دھارِ ॥3॥

ਨਾਮਿ ਮਿਲਿਐ ਪਤਿ ਪਾਈਐ
ਨਾਮਿ ਮੰਨਿਐ ਸੁਖੁ ਹੋਇ ॥
نامِ مِلِۓ پت پائیۓ
نامِ منّیۓ سُکھُ ہوءِ ॥

ਸਤਿਗੁਰ ਤੇ ਨਾਮੁ ਪਾਈਐ
ਕਰਮਿ ਮਿਲੈ ਪ੍ਰਭੁ ਸੋਇ ॥੪॥
ستِگُر تے نامُ پائیۓ
کرمِ مِلے پربھُ سوءِ ॥4॥

ਸਤਿਗੁਰ ਤੇ ਜੋ ਮੁਹੁ ਫੇਰੇ
ਓਇ ਭ੍ਰਮਦੇ ਨਾ ਟਿਕੰਨਿ ॥
ستِگُر تے جو مُہُ پھیرے
اوءِ بھرمدے نا ٹِکنّنِ ॥

ਧਰਤਿ ਅਸਮਾਨੁ ਨ ਝਲਈ
ਵਿਚਿ ਵਿਸਟਾ ਪਏ ਪਚੰਨਿ ॥੫॥
دھرتِ اسمانُ ن جھلئی
وِچِ وِسٹا پۓ پچنّنِ ॥5॥

ਇਹੁ ਜਗੁ ਭਰਮਿ ਭੁਲਾਇਆ
ਮੋਹ ਠਗਉਲੀ ਪਾਇ ॥
اِہُ جگُ بھرمِ بھُلائیا
موہ ٹھگئُلی پاءِ ॥

ਜਿਨਾ ਸਤਿਗੁਰੁ ਭੇਟਿਆ
ਤਿਨ ਨੇੜਿ ਨ ਭਿਟੈ ਮਾਇ ॥੬॥
جِنا ستِگُرُ بھیٹیا
تِن نیڑِ ن بھٹے ماءِ ॥6॥

ਸਤਿਗੁਰੁ ਸੇਵਨਿ ਸੋ ਸੋਹਣੇ
ਹਉਮੈ ਮੈਲੁ ਗਵਾਇ ॥
ستِگُرُ سیونِ سو سوہنے
ہئمےَ میَلُ گواءِ ॥

ਸਬਦਿ ਰਤੇ ਸੇ ਨਿਰਮਲੇ
ਚਲਹਿ ਸਤਿਗੁਰ ਭਾਇ ॥੭॥
سبدِ رتے سے نِرملے
چلہِ ستِگُر بھاءِ ॥7॥

ਹਰਿ ਪ੍ਰਭ ਦਾਤਾ ਏਕੁ ਤੂੰ
ਤੂੰ ਆਪੇ ਬਖਸਿ ਮਿਲਾਇ ॥
ہرِ پربھ داتا ایکُ توُنّ
توُنّ آپے بخشِ مِلاءِ ॥

ਜਨੁ ਨਾਨਕੁ ਸਰਣਾਗਤੀ
ਜਿਉ ਭਾਵੈ ਤਿਵੈ ਛਡਾਇ ॥੮॥੧॥੯॥

جنُ نانکُ سرٹاگتی
جِءُ بھاوے تِوے چھڈاءِ ॥8॥1॥9॥

ਰਾਗੁ ਗਉੜੀ ਪੂਰਬੀ ਮਹਲਾ ੪ ਕਰਹਲੇ

راگُ گؤڑی پوُربی محلا 4 کرہلے

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਕਰਹਲੇ ਮਨ ਪਰਦੇਸੀਆ
ਕਿਉ ਮਿਲੀਐ ਹਰਿ ਮਾਇ ॥

کرہلے من پردیسِیا
کِءُ مِلیئے ہرِ ماءِ ॥

ਗੁਰੁ ਭਾਗਿ ਪੂਰੈ ਪਾਇਆ
ਗਲਿ ਮਿਲਿਆ ਪਿਆਰਾ ਆਇ ॥੧॥

گُرُ بھاگِ پوُرے پائیا
گلِ ملیا پیارا آءِ ॥1॥

ਮਨ ਕਰਹਲਾ ਸਤਿਗੁਰੁ ਪੁਰਖੁ ਧਿਆਇ ॥੧॥ ਰਹਾਉ ॥

من کرہلا ستِگُرُ پُرکھُ دھِیاءِ ॥1॥ رہاءُ ॥

ਮਨ ਕਰਹਲਾ ਵੀਚਾਰੀਆ
ਹਰਿ ਰਾਮ ਨਾਮ ਧਿਆਇ ॥

من کرہلا ویچارِیا
ہرِ رام نام دھِیاءِ ॥

ਜਿਥੈ ਲੇਖਾ ਮੰਗੀਐ
ਹਰਿ ਆਪੇ ਲਏ ਛਡਾਇ ॥੨॥

جِتھے لیکھا منگیئے
ہرِ آپے لئے چھڈاءِ ॥2॥

ਮਨ ਕਰਹਲਾ ਅਤਿ ਨਿਰਮਲਾ
ਮਲੁ ਲਾਗੀ ਹਉਮੈ ਆਇ ॥

من کرہلا اتِ نِرملا
مل لاگی ہئُمے آءِ ॥

ਪਰਤਖਿ ਪਿਰੁ ਘਰਿ ਨਾਲਿ ਪਿਆਰਾ
ਵਿਛੁੜਿ ਚੋਟਾ ਖਾਇ ॥੩॥

پرتکھِ پِرُ گھرِ نالِ پیارا
وِچھُڑِ چوٹا کھاءِ ॥3॥

ਮਨ ਕਰਹਲਾ ਮੇਰੇ ਪ੍ਰੀਤਮਾ
ਹਰਿ ਰਿਦੈ ਭਾਲਿ ਭਾਲਾਇ ॥

من کرہلا میرے پرّیتما
ہرِ ردے بھالِ بھالاءِ ॥

ਉਪਾਇ ਕਿਤੈ ਨ ਲਭਈ
ਗੁਰੁ ਹਿਰਦੈ ਹਰਿ ਦੇਖਾਇ ॥੪॥

اُپاءِ کِتے ن لبھئی
گُرُ ہِردے ہرِ دیکھاءِ ॥4॥

ਮਨ ਕਰਹਲਾ ਮੇਰੇ ਪ੍ਰੀਤਮਾ
ਦਿਨੁ ਰੈਣਿ ਹਰਿ ਲਿਵ ਲਾਇ ॥

من کرہلا میرے پرّیتما
دِنُ ریَنِ ہرِ لِو لاءِ ॥

ਘਰੁ ਜਾਇ ਪਾਵਹਿ ਰੰਗ ਮਹਲੀ
ਗੁਰੁ ਮੇਲੇ ਹਰਿ ਮੇਲਾਇ ॥੫॥

گھرُ جاءِ پاوہِ رنگ محلی
گُرُ میلے ہرِ میلاءِ ॥5॥

ਮਨ ਕਰਹਲਾ ਤੂੰ ਮੀਤੁ ਮੇਰਾ
ਪਾਖੰਡੁ ਲੋਭੁ ਤਜਾਇ ॥

من کرہلا توُنّ مِیتُ میرا
پاکھنّڈُ لوبھُ تجاءِ ॥

ਪਾਖੰਡਿ ਲੋਭੀ ਮਾਰੀਐ
ਜਮ ਡੰਡੁ ਦੇਇ ਸਜਾਇ ॥੬॥

پاکھنّڈِ لوبھی مارِیۓ
جم ڈنّڈُ دےءِ سزاءِ ॥6॥

ਮਨ ਕਰਹਲਾ ਮੇਰੇ ਪ੍ਰਾਨ ਤੂੰ
ਮੈਲੁ ਪਾਖੰਡੁ ਭਰਮੁ ਗਵਾਇ ॥

من کرہلا میرے پّران توُنّ
میَلُ پاکھنّڈُ بھرمُ گواءِ ॥

ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ
ਮਿਲਿ ਸੰਗਤੀ ਮਲੁ ਲਹਿ ਜਾਇ ॥੭॥

ہرِ انّمرِت سرُ گُرِ پوُریا
مِلِ سنگتی مل لہِ جاءِ ॥7॥

ਮਨ ਕਰਹਲਾ ਮੇਰੇ ਪਿਆਰਿਆ
ਇਕ ਗੁਰ ਕੀ ਸਿਖ ਸੁਣਾਇ ॥

من کرہلا میرے پِیارِیا
اِک گُر کی سِکھ سُنّاءِ ॥

ਇਹੁ ਮੋਹੁ ਮਾਇਆ ਪਸਰਿਆ
ਅੰਤਿ ਸਾਥਿ ਨ ਕੋਈ ਜਾਇ ॥੮॥

اِہُ موہُ مائِیا پسرِیا
انّتِ ساتھِ ن کوئی جاءِ ॥8॥

ਮਨ ਕਰਹਲਾ ਮੇਰੇ ਸਾਜਨਾ
ਹਰਿ ਖਰਚੁ ਲੀਆ ਪਤਿ ਪਾਇ ॥

من کرہلا میرے ساجنا
ہرِ کھرچُ لِیِیا پتِ پاءِ ॥

ਹਰਿ ਦਰਗਹ ਪੈਨਾਇਆ
ਹਰਿ ਆਪਿ ਲਇਆ ਗਲਿ ਲਾਇ ॥੯॥

ہرِ درگہ پینائِیا
ہرِ آپِ لِئیا گلِ لاءِ ॥9॥

ਮਨ ਕਰਹਲਾ ਗੁਰਿ ਮੰਨਿਆ
ਗੁਰਮੁਖਿ ਕਾਰ ਕਮਾਇ ॥

من کرہلا گُرِ منّنِیا
گُرمُکھِ کار کماءِ ॥

ਗੁਰ ਆਗੈ ਕਰਿ ਜੋਦੜੀ
ਜਨ ਨਾਨਕ ਹਰਿ ਮੇਲਾਇ ॥੧੦॥੧॥

گُر آگےَ کرِ جودڑی
جن نانک ہرِ میلاءِ ॥ 10 ॥1॥

ਗਉੜੀ ਮਹਲਾ ੪ ॥

گئوڑی محلا 4 ॥

ਮਨ ਕਰਹਲਾ ਵੀਚਾਰੀਆ
ਵੀਚਾਰਿ ਦੇਖੁ ਸਮਾਲਿ ॥

من کرہلا ویچارِیا
ویچارِ دیکھُ سمالِ ॥

ਬਨ ਫਿਰਿ ਥਕੇ ਬਨ ਵਾਸੀਆ
ਪਿਰੁ ਗੁਰਮਤਿ ਰਿਦੈ ਨਿਹਾਲਿ ॥੧॥

بن پھِرِ تھکے بن واسِیا
پِرُ گُرمتِ رِدےَ نِہالِ ॥1॥

ਮਨ ਕਰਹਲਾ ਗੁਰ ਗੋਵਿੰਦੁ ਸਮਾਲਿ ॥੧॥ ਰਹਾਉ ॥

من کرہلا گُر گووِندُ سمالِ ॥1॥ رہاءُ ॥

ਮਨ ਕਰਹਲਾ ਵੀਚਾਰੀਆ
ਮਨਮੁਖ ਫਾਥਿਆ ਮਹਾ ਜਾਲਿ ॥

من کرہلا ویچاریا
منمُکھ پھاتھیا مہا جالِ ॥

ਗੁਰਮੁਖਿ ਪ੍ਰਾਣੀ ਮੁਕਤੁ ਹੈ
ਹਰਿ ਹਰਿ ਨਾਮੁ ਸਮਾਲਿ ॥੨॥

گُرمُکھِ پّراٹی مُکت ہے
ہرِ ہرِ نامُ سمالِ ॥2॥

ਮਨ ਕਰਹਲਾ ਮੇਰੇ ਪਿਆਰਿਆ
ਸਤਸੰਗਤਿ ਸਤਿਗੁਰੁ ਭਾਲਿ ॥

من کرہلا میرے پِیارِیا
ستسنگتِ ستِگُر بھالِ ॥

ਸਤਸੰਗਤਿ ਲਗਿ ਹਰਿ ਧਿਆਈਐ
ਹਰਿ ਹਰਿ ਚਲੈ ਤੇਰੈ ਨਾਲਿ ॥੩॥

ستسنگتِ لگِ ہرِ دھیائیئے
ہرِ ہرِ چلے تیرے نالِ ॥3॥

ਮਨ ਕਰਹਲਾ ਵਡਭਾਗੀਆ
ਹਰਿ ਏਕ ਨਦਰਿ ਨਿਹਾਲਿ ॥

من کرہلا وڈبھاگیا
ہرِ ایک ندرِ نِہالِ ॥

ਆਪਿ ਛਡਾਏ ਛੁਟੀਐ
ਸਤਿਗੁਰ ਚਰਣ ਸਮਾਲਿ ॥੪॥

آپِ چھڈائے چھُٹیئے
ستِگُر چرنؔ سمالِ ॥4॥

ਮਨ ਕਰਹਲਾ ਮੇਰੇ ਪਿਆਰਿਆ
ਵਿਚਿ ਦੇਹੀ ਜੋਤਿ ਸਮਾਲਿ ॥

من کرہلا میرے پِیارِیا
وِچ دیہی جوتِ سمالِ ॥

ਗੁਰਿ ਨਉ ਨਿਧਿ ਨਾਮੁ ਵਿਖਾਲਿਆ
ਹਰਿ ਦਾਤਿ ਕਰੀ ਦਇਆਲਿ ॥੫॥

گُرِ نءُ نِدھِ نامُ وِکھالیا
ہرِ داتِ کری دئیالِ ॥5॥

ਮਨ ਕਰਹਲਾ ਤੂੰ ਚੰਚਲਾ
ਚਤੁਰਾਈ ਛਡਿ ਵਿਕਰਾਲਿ ॥

من کرہلا توُنّ چنچّلا
چترائی چھڈِ وِکرالِ ॥

ਹਰਿ ਹਰਿ ਨਾਮੁ ਸਮਾਲਿ ਤੂੰ
ਹਰਿ ਮੁਕਤਿ ਕਰੇ ਅੰਤ ਕਾਲਿ ॥੬॥

ہرِ ہرِ نامُ سمالِ توُنّ
ہرِ مُکتِ کرے انّت کالِ ॥6॥

ਮਨ ਕਰਹਲਾ ਵਡਭਾਗੀਆ
ਤੂੰ ਗਿਆਨੁ ਰਤਨੁ ਸਮਾਲਿ ॥

من کرہلا وڈبھاگیا
توُنّ گیانُ رتنُ سمالِ ॥

ਗੁਰ ਗਿਆਨੁ ਖੜਗੁ ਹਥਿ ਧਾਰਿਆ
ਜਮੁ ਮਾਰਿਅੜਾ ਜਮਕਾਲਿ ॥੭॥

گُر گیانُ کھڑگُ ہتھِ دھارِیا
جمُ مارِئڑا جمکالِ ॥7॥

ਅੰਤਰਿ ਨਿਧਾਨੁ ਮਨ ਕਰਹਲੇ
ਭ੍ਰਮਿ ਭਵਹਿ ਬਾਹਰਿ ਭਾਲਿ ॥

اَنترِ نِدھانُ من کرہلے
بھرمِ بھوہِ باہرِ بھالِ ॥

ਗੁਰੁ ਪੁਰਖੁ ਪੂਰਾ ਭੇਟਿਆ
ਹਰਿ ਸਜਣੁ ਲਧੜਾ ਨਾਲਿ ॥੭॥

گُرُ پُرکھُ پوُرا بھیٹیا
ہرِ سجنُ لدھڑا نالِ ॥7॥

ਰੰਗਿ ਰਤੜੇ ਮਨ ਕਰਹਲੇ
ਹਰਿ ਰੰਗੁ ਸਦਾ ਸਮਾਲਿ ॥

رنگِ رتڑے من کرہلے
ہرِ رنگُ سدا سمالِ ॥

ਹਰਿ ਰੰਗੁ ਕਦੇ ਨ ਉਤਰੈ
ਗੁਰ ਸੇਵਾ ਸਬਦੁ ਸਮਾਲਿ ॥੯॥

ہرِ رنگُ کدے ن اُترے
گُر سیوا سبدُ سمالِ ॥9॥

ਹਮ ਪੰਖੀ ਮਨ ਕਰਹਲੇ
ਹਰਿ ਤਰਵਰੁ ਪੁਰਖੁ ਅਕਾਲਿ ॥

ہم پنکھی من کرہلے
ہرِ تروُرُ پُرکھُ اکالِ ॥

ਵਡਭਾਗੀ ਗੁਰਮੁਖਿ ਪਾਇਆ
ਜਨ ਨਾਨਕ ਨਾਮੁ ਸਮਾਲਿ ॥੧੦॥੨॥

وڈبھاگی گُرمُکھِ پایَا
جن نانک نامُ سمالِ ॥ 10 ॥2॥

ਰਾਗੁ ਗਉੜੀ ਗੁਆਰੇਰੀ ਮਹਲਾ ੫ ਅਸਟਪਦੀਆ

راگُ گئڑی گُیاریری محلا 5 اسٹپدیِیا

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥

ੴ ستِنامُ کرتا پُرکھُ گُرپرّسادِ ॥

ਜਬ ਇਹੁ ਮਨ ਮਹਿ ਕਰਤ ਗੁਮਾਨਾ ॥

جب اِہُ من مہِ کرت گُمانا ॥

ਤਬ ਇਹੁ ਬਾਵਰੁ ਫਿਰਤ ਬਿਗਾਨਾ ॥

تب اِہُ باورُ پھِرت بِگانا ॥

ਜਬ ਇਹੁ ਹੂਆ
ਸਗਲ ਕੀ ਰੀਨਾ ॥

جب اِہُ ہوُیا
سگل کی رینا ॥

ਤਾ ਤੇ ਰਮਈਆ ਘਟਿ ਘਟਿ ਚੀਨਾ ॥੧॥

تا تے رمئیا گھٹِ گھٹِ چینا ॥1॥

ਸਹਜ ਸੁਹੇਲਾ ਫਲੁ ਮਸਕੀਨੀ ॥

سہج سُہیلا پھلُ مسکِینی ॥

ਸਤਿਗੁਰ ਅਪੁਨੈ ਮੋਹਿ ਦਾਨੁ ਦੀਨੀ ॥੧॥ ਰਹਾਉ ॥

ستِگُر اپُنے موہِ دانُ دینی ॥1॥ رہاءُ ॥

ਜਬ ਕਿਸ ਕਉ ਇਹੁ ਜਾਨਸਿ ਮੰਦਾ ॥

جب کِس کءُ اِہُ جانِس منّدا ॥

ਤਬ ਸਗਲੇ ਇਸੁ ਮੇਲਹਿ ਫੰਦਾ ॥

تب سگلے اِسُ میلہِ پھنّدا ॥

ਮੇਰ ਤੇਰ ਜਬ ਇਨਹਿ ਚੁਕਾਈ ॥

میر تیر جب اِنہِ چُکائی ॥

ਤਾ ਤੇ ਇਸੁ ਸੰਗਿ ਨਹੀ ਬੈਰਾਈ ॥੨॥	تا تے اِس سنگِ نہی بیرائی ॥2॥
ਜਬ ਇਨਿ ਅਪੁਨੀ ਅਪਨੀ ਧਾਰੀ ॥	جب اِنِ اپُنی اپنی دھاری ॥
ਤਬ ਇਸ ਕਉ ਹੈ ਮੁਸਕਲੁ ਭਾਰੀ ॥	تب اِس ک ءُ ہے مُشکُل بھاری ॥
ਜਬ ਇਨਿ ਕਰਣੈਹਾਰੁ ਪਛਾਤਾ ॥	جب اِنِ کرنیہارُ پچھاتا ॥
ਤਬ ਇਸ ਨੋ ਨਾਹੀ ਕਿਛੁ ਤਾਤਾ ॥੩॥	تب اِس نو ناہی کِچھُ تاتا ॥3॥
ਜਬ ਇਨਿ ਅਪੁਨੋ ਬਾਧਿਓ ਮੋਹਾ ॥	جب اِنِ اپُنو بادھِئو موہا ॥
ਆਵੈ ਜਾਇ ਸਦਾ ਜਮਿ ਜੋਹਾ ॥	آوے جاءِ سدا جمِ جوہا ॥
ਜਬ ਇਸ ਤੇ ਸਭ ਬਿਨਸੇ ਭਰਮਾ ॥	جب اِس تے سبھ بِنسے بھرما ॥
ਭੇਦੁ ਨਾਹੀ ਹੈ ਪਾਰਬ੍ਰਹਮਾ ॥੪॥	بھیدُ ناہی ہے پاربّرہما ॥4॥
ਜਬ ਇਨਿ ਕਿਛੁ ਕਰਿ ਮਾਨੇ ਭੇਦਾ ॥	جب اِنِ کِچھُ کرِ مانے بھیدا ॥
ਤਬ ਤੇ ਦੂਖ ਡੰਡ ਅਰੁ ਖੇਦਾ ॥	تب تے دوُکھ ڈنّڈ ارُ کھیدا ॥
ਜਬ ਇਨਿ ਏਕੋ ਏਕੀ ਬੂਝਿਆ ॥	جب اِنِ ایکو ایکی بوُجھیا ॥
ਤਬ ਤੇ ਇਸ ਨੋ ਸਭੁ ਕਿਛੁ ਸੂਝਿਆ ॥੫॥	تب تے اِس نو سبھُ کِچھُ سوُجھیا ॥5॥
ਜਬ ਇਹੁ ਧਾਵੈ ਮਾਇਆ ਅਰਥੀ ॥	جب اِہُ دھاوے مائیا ارتھی ॥
ਨਹ ਤ੍ਰਿਪਤਾਵੈ ਨਹ ਤਿਸ ਲਾਥੀ ॥	نہ تّرِپتاوے نہ تِس لاتھی ॥
ਜਬ ਇਸ ਤੇ ਇਹੁ ਹੋਇਓ ਜਉਲਾ ॥	جب اِس تے اِہُ ہوئِئو جئُلا ॥
ਪੀਛੈ ਲਾਗਿ ਚਲੀ ਉਠਿ ਕਉਲਾ ॥੬॥	پیچھے لاگِ چلی اُٹھِ کئُلا ॥6॥
ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ॥	کرِ کرِپا ج ءُ ستِگُرُ مِلِئو ॥
ਮਨ ਮੰਦਰ ਮਹਿ ਦੀਪਕੁ ਜਲਿਓ ॥	من مندّر مہِ دیپکُ جلِئو ॥
ਜੀਤ ਹਾਰ ਕੀ ਸੋਝੀ ਕਰੀ ॥	جیِت ہار کی سوجھی کری ॥
ਤਉ ਇਸੁ ਘਰ ਕੀ ਕੀਮਤਿ ਪਰੀ ॥੭॥	ت ءُ اِسُ گھر کی قیِمتِ پری ॥7॥
ਕਰਨ ਕਰਾਵਨ ਸਭੁ ਕਿਛੁ ਏਕੈ ॥	کرن کراون سبھُ کِچھُ ایکے ॥

ਆਪੇ ਬੁਧਿ ਬੀਚਾਰਿ ਬਿਬੇਕੈ ॥	آپے بُدھِ بیچارِ بِبیکے ॥
ਦੂਰਿ ਨ ਨੇਰੈ ਸਭ ਕੈ ਸੰਗਾ ॥	دوُرِ ن نیرے سبھ کے سنگا ॥
ਸਚੁ ਸਾਲਾਹਣੁ ਨਾਨਕ ਹਰਿ ਰੰਗਾ ॥੮॥੧॥	سچُ سالاحنُ نانک ہرِ رنگا ॥8॥1॥
ਗਉੜੀ ਮਹਲਾ ੫ ॥	گئڑی محلا 5 ॥
ਗੁਰ ਸੇਵਾ ਤੇ ਨਾਮੇ ਲਾਗਾ ॥	گُر سیوا تے نامے لاگا ॥
ਤਿਸ ਕਉ ਮਿਲਿਆ ਜਿਸੁ ਮਸਤਕਿ ਭਾਗਾ ॥	تِس ک ءُ مِلیا جِسُ مستکِ بھاگا ॥
ਤਿਸ ਕੈ ਹਿਰਦੈ ਰਵਿਆ ਸੋਇ ॥	تِس کے ہِردے روِیا سوءِ ॥
ਮਨੁ ਤਨੁ ਸੀਤਲੁ ਨਿਹਚਲੁ ਹੋਇ ॥੧॥	منُ تنُ سِیتلُ نہچلُ ہوءِ ॥1॥
ਐਸਾ ਕੀਰਤਨੁ ਕਰਿ ਮਨ ਮੇਰੇ ॥	ایَسا کیِرتنُ کرِ من میرے ۔ ॥
ਈਹਾ ਊਹਾ ਜੋ ਕਾਮਿ ਤੇਰੈ ॥੧॥ ਰਹਾਉ ॥	ایِہا اوُہا جو کامِ تیرے ॥1॥ رہاءُ ॥
ਜਾਸੁ ਜਪਤ ਭਉ ਅਪਦਾ ਜਾਇ ॥	جاسُ جپت بھءُ اپدا جاءِ ॥
ਧਾਵਤ ਮਨੂਆ ਆਵੈ ਠਾਇ ॥	دھاوت منوُیا آوے ٹھاءِ ॥
ਜਾਸੁ ਜਪਤ ਫਿਰਿ ਦੂਖੁ ਨ ਲਾਗੈ ॥	جاسُ جپت پھِرِ دوُکھُ ن لاگے ॥
ਜਾਸੁ ਜਪਤ ਇਹ ਹਉਮੈ ਭਾਗੈ ॥੨॥	جاسُ جپت اِہ ہئمُے بھاگے ॥2॥
ਜਾਸੁ ਜਪਤ ਵਸਿ ਆਵਹਿ ਪੰਚਾ ॥	جاسُ جپت وسِ آوہِ پنچا ॥
ਜਾਸੁ ਜਪਤ ਰਿਦੈ ਅੰਮ੍ਰਿਤੁ ਸੰਚਾ ॥	جاسُ جپت رِدے انمرِتُ سنچا ॥
ਜਾਸੁ ਜਪਤ ਇਹ ਤ੍ਰਿਸਨਾ ਬੂਝੈ ॥	جاسُ جپت اِہ ترِسنا بوُجھے ॥
ਜਾਸੁ ਜਪਤ ਹਰਿ ਦਰਗਹ ਸਿਝੈ ॥੩॥	جاسُ جپت ہرِ درگہ سِجھے ॥3॥
ਜਾਸੁ ਜਪਤ ਕੋਟਿ ਮਿਟਹਿ ਅਪਰਾਧ ॥	جاسُ جپت کوٹِ مِٹہِ اپرادھ ॥
ਜਾਸੁ ਜਪਤ ਹਰਿ ਹੋਵਹਿ ਸਾਧ ॥	جاسُ جپت ہرِ ہووہِ سادھ ॥
ਜਾਸੁ ਜਪਤ ਮਨੁ ਸੀਤਲੁ ਹੋਵੈ ॥	جاسُ جپت منُ سِیتلُ ہووے ॥
ਜਾਸੁ ਜਪਤ ਮਲੁ ਸਗਲੀ ਖੋਵੈ ॥੪॥	جاسُ جپت ملُ سگلی کھووے ॥4॥

ਜਾਸੁ ਜਪਤ ਰਤਨੁ ਹਰਿ ਮਿਲੈ ॥	جاسُ جپت رتنُ ہرِ ملےَ ॥
ਬਹੁਰਿ ਨ ਛੋਡੈ ਹਰਿ ਸੰਗਿ ਹਿਲੈ ॥	بہُرِ ن چھوڈے ہرِ سنگِ ہِلےَ ॥
ਜਾਸੁ ਜਪਤ ਕਈ ਬੈਕੁੰਠ ਵਾਸੁ ॥	جاسُ جپت کئی بیکُنٹھ واسُ ॥
ਜਾਸੁ ਜਪਤ ਸੁਖ ਸਹਜਿ ਨਿਵਾਸੁ ॥੫॥	جاسُ جپت سُکھ سہجِ نِواسُ ॥5॥
ਜਾਸੁ ਜਪਤ ਇਹ ਅਗਨਿ ਨ ਪੋਹਤ ॥	جاسُ جپت اِہ اگنِ ن پوہت ॥
ਜਾਸੁ ਜਪਤ ਇਹੁ ਕਾਲੁ ਨ ਜੋਹਤ ॥	جاسُ جپت اِہُ کالُ ن جوہت ॥
ਜਾਸੁ ਜਪਤ ਤੇਰਾ ਨਿਰਮਲ ਮਾਥਾ ॥	جاسُ جپت تیرا نِرمل ماتھا ॥
ਜਾਸ ਜਪਤ ਸਗਲਾ ਦੁਖੁ ਲਾਥਾ ॥੬॥	جاس جپت سگلا دُکھُ لاتھا ॥6॥
ਜਾਸੁ ਜਪਤ ਮੁਸਕਲੁ ਕਛੂ ਨ ਬਨੈ ॥	جاسُ جپت مُشکلُ کچھوُ ن بنے ॥
ਜਾਸੁ ਜਪਤ ਸੁਣਿ ਅਨਹਤ ਧੁਨੈ ॥	جاسُ جپت سُنِّ انہت دھُنے ॥
ਜਾਸੁ ਜਪਤ ਇਹ ਨਿਰਮਲ ਸੋਇ ॥	جاسُ جپت اِہ نِرمل سوءِ ॥
ਜਾਸੁ ਜਪਤ ਕਮਲੁ ਸੀਧਾ ਹੋਇ ॥੭॥	جاسُ جپت کملُ سیِدھا ہوءِ ॥7॥
ਗੁਰਿ ਸੁਭ ਦ੍ਰਿਸਟਿ ਸਭ ਊਪਰਿ ਕਰੀ ॥	گُرِ سُبھ دِرسٹِ سبھ اوُپر کری ॥
ਜਿਸ ਕੈ ਹਿਰਦੈ ਮੰਤ੍ਰੁ ਦੇ ਹਰੀ ॥	جِس کے ہِردے منّتر دے ہری ॥
ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥	اکھنڈ کیرتنُ تِنِ بھوجنُ چوُرا ॥
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥੮॥੨॥	کہُ نانک جِسُ ستِگُرُ پوُرا ॥8॥2॥
ਗਉੜੀ ਮਹਲਾ ੫ ॥	گئڑی محلا 5 ॥
ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥	گُر کا سبدُ رِد انترِ دھارے ॥
ਪੰਚ ਜਨਾ ਸਿਉ ਸੰਗੁ ਨਿਵਾਰੈ ॥	پنچ جنا سِءُ سنگُ نِوارے ॥
ਦਸ ਇੰਦ੍ਰੀ ਕਰਿ ਰਾਖੈ ਵਾਸਿ ॥	دس اِندّری کرِ راکھےَ واسِ ॥
ਤਾ ਕੈ ਆਤਮੈ ਹੋਇ ਪਰਗਾਸੁ ॥੧॥	تا کے آتمےَ ہوءِ پرگاسُ ॥1॥
ਐਸੀ ਦ੍ਰਿੜਤਾ ਤਾ ਕੈ ਹੋਇ ॥	ایَسی دِرڑتا تا کے ہوءِ ॥

ਜਾ ਕਉ ਦਇਆ ਮਇਆ ਪ੍ਰਭ ਸੋਇ ॥੧॥ ਰਹਾਉ ॥	جا ک ءُ دئیا مئیا پربھ سوءِ ॥1॥ رہاءُ ॥
ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥	ساجنُ دُسٹُ جا کے ایک سمانے ॥
ਜੇਤਾ ਬੋਲਣੁ ਤੇਤਾ ਗਿਆਨੈ ॥	جیتا بولنُ تیتا گیانے ॥
ਜੇਤਾ ਸੁਨਣਾ ਤੇਤਾ ਨਾਮੁ ॥	جیتا سُنٹا تیتا نامُ ॥
ਜੇਤਾ ਪੇਖਨੁ ਤੇਤਾ ਧਿਆਨੁ ॥੨॥	جیتا پیکھنُ تیتا دھیانُ ॥2॥
ਸਹਜੇ ਜਾਗਣੁ ਸਹਜੇ ਸੋਇ ॥	سہجے جاگنُ سہجے سوءِ ॥
ਸਹਜੇ ਹੋਤਾ ਜਾਇ ਸੁ ਹੋਇ ॥	سہجے ہوتا جاءِ سُ ہوءِ ॥
ਸਹਜਿ ਬੈਰਾਗੁ ਸਹਜੇ ਹੀ ਹਸਨਾ ॥	سہجِ بیَراگُ سہجے ہی ہسنا ॥
ਸਹਜੇ ਚੁਪ ਸਹਜੇ ਹੀ ਜਪਨਾ ॥੩॥	سہجے چوُپ سہجے ہی جپنا ॥3॥
ਸਹਜੇ ਭੋਜਨੁ ਸਹਜੇ ਭਾਉ ॥	سہجے بھوجنُ سہجے بھاءُ ॥
ਸਹਜੇ ਮਿਟਿਓ ਸਗਲ ਦੁਰਾਉ ॥	سہجے مِٹئو سگل دُراءُ ॥
ਸਹਜੇ ਹੋਆ ਸਾਧੂ ਸੰਗੁ ॥	سہجے ہویا سادھوُ سنگُ ॥
ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ ॥੪॥	سہجِ مِلئو پاربّرہمُ نِسنگُ ॥4॥
ਸਹਜੇ ਗ੍ਰਿਹ ਮਹਿ ਸਹਜਿ ਉਦਾਸੀ ॥	سہجے گّرِہ مہِ سہجِ اُداسی ॥
ਸਹਜੇ ਦੁਬਿਧਾ ਤਨ ਕੀ ਨਾਸੀ ॥	سہجے دُبِدھا تن کی ناسی ॥
ਜਾ ਕੈ ਸਹਜਿ ਮਨਿ ਭਇਆ ਅਨੰਦੁ ॥	جا کے سہجِ منِ بھئیا انندُ ॥
ਤਾ ਕਉ ਭੇਟਿਆ ਪਰਮਾਨੰਦੁ ॥੫॥	تا ک ءُ بھیٹیا پرمانندُ ॥5॥
ਸਹਜੇ ਅੰਮ੍ਰਿਤੁ ਪੀਓ ਨਾਮੁ ॥	سہجے انمّرِتُ پِیئو نامُ ॥
ਸਹਜੇ ਕੀਨੋ ਜੀਅ ਕੋ ਦਾਨੁ ॥	سہجے کِینو جی ء کو دانُ ॥
ਸਹਜ ਕਥਾ ਮਹਿ ਆਤਮੁ ਰਸਿਆ ॥	سہج کتھا مہِ آتمُ رسِیا ॥
ਤਾ ਕੈ ਸੰਗਿ ਅਬਿਨਾਸੀ ਵਸਿਆ ॥੬॥	تا کے سنگِ اِبناسی وسِیا ॥6॥
ਸਹਜੇ ਆਸਣੁ ਅਸਥਿਰੁ ਭਾਇਆ ॥	سہجے آسنُ استھِرُ بھائیا ॥

ਸਹਜੇ ਅਨਹਤ ਸਬਦੁ ਵਜਾਇਆ ॥	سہجے انہت سبدُ وجائیا ॥
ਸਹਜੇ ਰੁਣ ਝੁਣਕਾਰੁ ਸੁਹਾਇਆ ॥	سہجے رُنٹ جھُنکارُ سُہائیا ॥
ਤਾ ਕੈ ਘਰਿ ਪਾਰਬ੍ਰਹਮੁ ਸਮਾਇਆ ॥੬॥	تا کے گھرِ پاربّرہمُ سمائیا ॥6॥
ਸਹਜੇ ਜਾ ਕਉ ਪਰਿਓ ਕਰਮਾ ॥	سہجے جا کءُ پرِئو کرما ॥
ਸਹਜੇ ਗੁਰੁ ਭੇਟਿਓ ਸਚੁ ਧਰਮਾ ॥	سہجے گُرُ بھیٹِئو سچُ دھرما ॥
ਜਾ ਕੈ ਸਹਜੁ ਭਇਆ ਸੋ ਜਾਣੈ ॥	جا کے سہجُ بھئیا سو جانٹے ॥
ਨਾਨਕ ਦਾਸ ਤਾ ਕੈ ਕੁਰਬਾਣੈ ॥੮॥੩॥	نانک داس تا کے قُربانٹے ॥8॥3॥
ਗਉੜੀ ਮਹਲਾ ੫ ॥	گئڑی محلا 5 ॥
ਪ੍ਰਥਮੇ ਗਰਭ ਵਾਸ ਤੇ ਟਰਿਆ ॥	پرتھمے گربھ واس تے ٹریا ॥
ਪੁਤ੍ਰ ਕਲਤ੍ਰ ਕੁਟੰਬ ਸੰਗਿ ਜੁਰਿਆ ॥	پُتّر کلتّر کُٹنّب سنگِ جُریا ॥
ਭੋਜਨ ਅਨਿਕ ਪ੍ਰਕਾਰ ਬਹੁ ਕਪਰੇ ॥	بھوجن انِک پرّکار بہُ کپرے ॥
ਸਰਪਰ ਗਵਨੁ ਕਰਹਿਗੇ ਬਪੁਰੇ ॥੧॥	سرپر گونُ کرہِگے بپُرے ॥1॥
ਕਵਨੁ ਅਸਥਾਨੁ ਜੋ ਕਬਹੁ ਨ ਟਰੈ ॥	کونُ استھانُ جو کبہُ ن ٹرے ॥
ਕਵਨੁ ਸਬਦੁ ਜਿਤੁ ਦੁਰਮਤਿ ਹਰੈ ॥੧॥ ਰਹਾਉ ॥	کونُ سبدُ جِتُ دُرمتِ ہرے ॥1॥ رہاءُ ॥
ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥	اِندّر پُری مہِ سرپر مرٹا ॥
ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥	برہم پُری نہچلُ نہی رہٹا ॥
ਸਿਵ ਪੁਰੀ ਕਾ ਹੋਇਗਾ ਕਾਲਾ ॥	سِو پُری کا ہوئِگا کالا ॥
ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥੨॥	ترے گُنٹ مائیا بِنسِ بِتالا ॥2॥
ਗਿਰਿ ਤਰ ਧਰਣਿ ਗਗਨ ਅਰੁ ਤਾਰੇ ॥	گِرِ تر دھرنٹِ گگن ارُ تارے ॥
ਰਵਿ ਸਸਿ ਪਵਣੁ ਪਾਵਕੁ ਨੀਰਾਰੇ ॥	روِ سسِ پونٹُ پاوکُ نیِرارے ॥
ਦਿਨਸੁ ਰੈਣਿ ਬਰਤ ਅਰੁ ਭੇਦਾ ॥	دِنسُ ریَنٹِ برت ارُ بھیدا ॥
ਸਾਸਤ ਸਿੰਮ੍ਰਿਤਿ ਬਿਨਸਹਿਗੇ ਬੇਦਾ ॥੩॥	ساست سِمّرِتِ بِنسہِگے بیدا ॥3॥

ਤੀਰਥ ਦੇਵ ਦੇਹੁਰਾ ਪੋਥੀ ॥	تِیرتھ دیو دیہُرا پوتھی ॥
ਮਾਲਾ ਤਿਲਕੁ ਸੋਚ ਪਾਕ ਹੋਤੀ ॥	مالا تِلکُ سوچ پاک ہوتی ॥
ਧੋਤੀ ਡੰਡਉਤਿ ਪਰਸਾਦਨ ਭੋਗਾ ॥	دھوتی ڈنّڈُتِ پرسادن بھوگا ॥
ਗਵਨੁ ਕਰੈਗੋ ਸਗਲੋ ਲੋਗਾ ॥੪॥	گونُ کریگو سگلو لوگا ॥4॥
ਜਾਤਿ ਵਰਨ ਤੁਰਕ ਅਰੁ ਹਿੰਦੂ ॥	زاتِ ورن تُرک ارُ ہِندُوُ ॥
ਪਸੁ ਪੰਖੀ ਅਨਿਕ ਜੋਨਿ ਜਿੰਦੂ ॥	پسُ پنکھی انِک جونِ جِندُوُ ॥
ਸਗਲ ਪਾਸਾਰੁ ਦੀਸੈ ਪਾਸਾਰਾ ॥	سگل پاسارُ دیسِیَے پاسارا ॥
ਬਿਨਸਿ ਜਾਇਗੋ ਸਗਲ ਆਕਾਰਾ ॥੫॥	بِنسِ جائِگو سگل آکارا ॥5॥
ਸਹਜ ਸਿਫਤਿ ਭਗਤਿ ਤਤੁ ਗਿਆਨਾ ॥	سہج صِفتِ بھگتِ تتُ گیانا ॥
ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥	سدا انندُ نہچلُ سچُ تھانا ॥
ਤਹਾ ਸੰਗਤਿ ਸਾਧ ਗੁਣ ਰਸੈ ॥	تہا سنگتِ سادھ گُن رسیَے ॥
ਅਨਭਉ ਨਗਰੁ ਤਹਾ ਸਦ ਵਸੈ ॥੬॥	انبھءُ نگرُ تہا سد وسیَے ॥6॥
ਤਹ ਭਉ ਭਰਮਾ ਸੋਗੁ ਨ ਚਿੰਤਾ ॥	تہ بھءُ بھرما سوگُ ن چِنّتا ॥
ਆਵਣੁ ਜਾਵਣੁ ਮਿਰਤੁ ਨ ਹੋਤਾ ॥	آونُ جاونُ مِرتُ ن ہوتا ॥
ਤਹ ਸਦਾ ਅਨੰਦ ਅਨਹਤ ਆਖਾਰੇ ॥	تہ سدا انند انہت آکھارے ॥
ਭਗਤ ਵਸਹਿ ਕੀਰਤਨ ਆਧਾਰੇ ॥੭॥	بھگت وسہِ کِیرتن آدھارے ॥7॥
ਪਾਰਬ੍ਰਹਮ ਕਾ ਅੰਤੁ ਨ ਪਾਰੁ ॥	پاربّرہم کا انتُ ن پارُ ॥
ਕਉਣੁ ਕਰੈ ਤਾ ਕਾ ਬੀਚਾਰੁ ॥	کئُنُ کرے تا کا بیچارُ ॥
ਕਹੁ ਨਾਨਕ ਜਿਸੁ ਕਿਰਪਾ ਕਰੈ ॥	کہُ نانک جِسُ کِرپا کرے ॥
ਨਿਹਚਲ ਥਾਨੁ ਸਾਧਸੰਗਿ ਤਰੈ ॥੮॥੪॥	نِہچل تھانُ سادھسنگِ ترے ॥8॥4॥
ਗਉੜੀ ਮਹਲਾ ੫ ॥	گئُڑی محلا 5 ॥
ਜੋ ਇਸੁ ਮਾਰੇ ਸੋਈ ਸੂਰਾ ॥	جو اِسُ مارے سوئی سوُرا ॥

ਜੋ ਇਸੁ ਮਾਰੇ ਸੋਈ ਪੂਰਾ ॥	جو اِسُ مارے سوئی پوُرا ॥
ਜੋ ਇਸੁ ਮਾਰੇ ਤਿਸਹਿ ਵਡਿਆਈ ॥	جو اِسُ مارے تِسہِ وڈِیائی ॥
ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥	جو اِسُ مارے تِس کا دُکھُ جائی ॥1॥
ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥	ایَسا کوءِ جِ دُبِدھا مارِ گواوے ॥
ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥	اِسہِ مارِ راج جوگُ کماوے ॥1॥ رہاءُ ॥
ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥	جو اِسُ مارے تِس کءُ بھءُ ناہِ ॥
ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥	جو اِسُ مارے سُ نامِ سماہِ ॥
ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥	جو اِسُ مارے تِس کی تّرِسنا بُجھےَ ॥
ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥	جو اِسُ مارے سُ درگہ سِجھےَ ॥2॥
ਜੋ ਇਸੁ ਮਾਰੇ ਸੋ ਧਨਵੰਤਾ ॥	جو اِسُ مارے سو دھنوَنّتا ॥
ਜੋ ਇਸੁ ਮਾਰੇ ਸੋ ਪਤਿਵੰਤਾ ॥	جو اِسُ مارے سو پتِوَنّتا ॥
ਜੋ ਇਸੁ ਮਾਰੇ ਸੋਈ ਜਤੀ ॥	جو اِسُ مارے سوئی جتی ॥
ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥	جو اِسُ مارے تِسُ ہووے گتی ॥3॥
ਜੋ ਇਸੁ ਮਾਰੇ ਤਿਸ ਕਾ ਆਇਆ ਗਨੀ ॥	جو اِسُ مارے تِس کا آئیا گنی ॥
ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥	جو اِسُ مارے سُ نِہچلُ دھنی ॥
ਜੋ ਇਸੁ ਮਾਰੇ ਸੋ ਵਡਭਾਗਾ ॥	جو اِسُ مارے سو وڈبھاگا ॥
ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥੪॥	جو اِسُ مارے سُ اندِنُ جاگا ॥4॥
ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥	جو اِسُ مارے سُ جیِون مُکتا ॥
ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥	جو اِسُ مارے تِس کی نِرمل جُگتا ॥
ਜੋ ਇਸੁ ਮਾਰੇ ਸੋਈ ਸੁਗਿਆਨੀ ॥	جو اِسُ مارے سوئی سُگیانی ॥
ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥	جو اِسُ مارے سُ سہج دھِیانی ॥5॥
ਇਸੁ ਮਾਰੀ ਬਿਨੁ ਥਾਇ ਨ ਪਰੈ ॥	اِسُ ماری بِنُ تھاءِ ن پرےَ ॥

ਕੋਟਿ ਕਰਮ ਜਾਪ ਤਪ ਕਰੈ ॥	کوٹِ کرم جاپ تپ کرے ॥
ਇਸੁ ਮਾਰੀ ਬਿਨੁ ਜਨਮ ਨ ਮਿਟੈ ॥	اِس ماری بِنُ جنم ن مِٹے ॥
ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥	اِس ماری بِنُ جم تے نہی چھُٹے ॥6॥
ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥	اِس ماری بِنُ گیانُ ن ہوئی ॥
ਇਸੁ ਮਾਰੀ ਬਿਨੁ ਜੂਠਿ ਨ ਧੋਈ ॥	اِس ماری بِنُ جوٹھِ ن دھوئی ॥
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥	اِس ماری بِنُ سبھُ کِچھُ میَلا ॥
ਇਸ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥	اِس ماری بِنُ سبھُ کِچھُ جئُلا ॥7॥
ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥	جا ک ءُ بھے کرِپال کرِپا نِدھِ ॥
ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥	تِس بھئی خلاسی ہوئی سگل سِدھِ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥	گُرِ دُبِدھا جا کی ہے ماری ॥
ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥	کہُ نانک سو برہم بیچاری ॥8॥5॥
ਗਉੜੀ ਮਹਲਾ ੫ ॥	گئڑی محلا 5 ॥
ਹਰਿ ਸਿਉ ਜੁਰੈ ਤਾ ਸਭੁ ਕੋ ਮੀਤੁ ॥	ہرِ سِءُ جُرے تا سبھُ کو میِتُ ॥
ਹਰਿ ਸਿਉ ਜੁਰੈ ਤ ਨਿਹਚਲੁ ਚੀਤੁ ॥	ہرِ سِءُ جُرے ت نِہچلُ چیِتُ ॥
ਹਰਿ ਸਿਉ ਜੁਰੈ ਨ ਵਿਆਪੈ ਕਾੜਾ ॥	ہرِ سِءُ جُرے ن وِیاپے کاڑہا ॥
ਹਰਿ ਸਿਉ ਜੁਰੈ ਤ ਹੋਇ ਨਿਸਤਾਰਾ ॥੧॥	ہرِ سِءُ جُرے ت ہوءِ نِستارا ॥1॥
ਰੇ ਮਨ ਮੇਰੇ ਤੂੰ ਹਰਿ ਸਿਉ ਜੋਰੁ ॥	رے من میرے توُنَ ہرِ سِءُ جورُ ॥
ਕਾਜਿ ਤੁਹਾਰੈ ਨਾਹੀ ਹੋਰੁ ॥੧॥ ਰਹਾਉ ॥	کاجِ تُہارے ناہی ہورُ ॥1॥ رہاءُ ॥
ਵਡੇ ਵਡੇ ਜੋ ਦੁਨੀਆਦਾਰ ॥	وڈے وڈے جو دُنیادار ॥
ਕਾਹੂ ਕਾਜਿ ਨਾਹੀ ਗਾਵਾਰ ॥	کاہوُ کاجِ ناہی گاوار ॥
ਹਰਿ ਕਾ ਦਾਸੁ ਨੀਚ ਕੁਲੁ ਸੁਣਹਿ ॥	ہرِ کا داسُ نیچ کُلُ سُنہِ ॥
ਤਿਸ ਕੈ ਸੰਗਿ ਖਿਨ ਮਹਿ ਉਧਰਹਿ ॥੨॥	تِس کے سنگِ کھِن مہِ اُدھرہِ ॥2॥

ਕੋਟਿ ਮਜਨ ਜਾ ਕੈ ਸੁਣਿ ਨਾਮ ॥	کوٹِ مجن جا کے سُنِ نام ॥
ਕੋਟਿ ਪੂਜਾ ਜਾ ਕੈ ਹੈ ਧਿਆਨ ॥	کوٹِ پوُجا جا کے ہے دھِیان ॥
ਕੋਟਿ ਪੁੰਨ ਸੁਣਿ ਹਰਿ ਕੀ ਬਾਣੀ ॥	کوٹِ پُنّن سُنِ ہرِ کی باٹی ॥
ਕੋਟਿ ਫਲਾ ਗੁਰ ਤੇ ਬਿਧਿ ਜਾਣੀ ॥੩॥	کوٹِ پھلا گُر تے بِدھِ جاٹی ॥3॥
ਮਨ ਅਪੁਨੇ ਮਹਿ ਫਿਰਿ ਫਿਰਿ ਚੇਤ ॥	من اپُنے مہِ پھِرِ پھِرِ چیت ॥
ਬਿਨਸਿ ਜਾਹਿ ਮਾਇਆ ਕੇ ਹੇਤ ॥	بِنسِ جاہِ مائیا کے ہیت ॥
ਹਰਿ ਅਬਿਨਾਸੀ ਤੁਮਰੈ ਸੰਗਿ ॥	ہرِ ابِناسی تُمرے سنگِ ॥
ਮਨ ਮੇਰੇ ਰਚੁ ਰਾਮ ਕੈ ਰੰਗਿ ॥੪॥	من میرے رچُ رام کے رنگِ ॥4॥
ਜਾ ਕੈ ਕਾਮਿ ਉਤਰੈ ਸਭ ਭੂਖ ॥	جا کے کامِ اُترے سبھ بھوُکھ ॥
ਜਾ ਕੈ ਕਾਮਿ ਨ ਜੋਹਹਿ ਦੂਤ ॥	جا کے کامِ ن جوہہِ دوُت ॥
ਜਾ ਕੈ ਕਾਮਿ ਤੇਰਾ ਵਡ ਗਮਰੁ ॥	جا کے کامِ تیرا وڈ غمرُ ॥
ਜਾ ਕੈ ਕਾਮਿ ਹੋਵਹਿ ਤੂੰ ਅਮਰੁ ॥੫॥	جا کے کامِ ہووہِ توُنّ امرُ ॥5॥
ਜਾ ਕੇ ਚਾਕਰ ਕਉ ਨਹੀ ਡਾਨ ॥	جا کے چاکر کءُ نہی ڈان ॥
ਜਾ ਕੇ ਚਾਕਰ ਕਉ ਨਹੀ ਬਾਨ ॥	جا کے چاکر کءُ نہی بان ॥
ਜਾ ਕੈ ਦਫਤਰਿ ਪੁਛੈ ਨ ਲੇਖਾ ॥	جا کے دفترِ پُچھے ن لیکھا ॥
ਤਾ ਕੀ ਚਾਕਰੀ ਕਰਹੁ ਬਿਸੇਖਾ ॥੬॥	تا کی چاکری کرہُ بِسیکھا ॥6॥
ਜਾ ਕੈ ਊਨ ਨਾਹੀ ਕਾਹੂ ਬਾਤ ॥	جا کے اوُن ناہی کاہوُ بات ॥
ਏਕਹਿ ਆਪਿ ਅਨੇਕਹਿ ਭਾਤਿ ॥	ایکہِ آپِ انیکہِ بھاتِ ॥
ਜਾ ਕੀ ਦ੍ਰਿਸਟਿ ਹੋਇ ਸਦਾ ਨਿਹਾਲ ॥	جا کی دّرِسٹِ ہوءِ سدا نِہال ॥
ਮਨ ਮੇਰੇ ਕਰਿ ਤਾ ਕੀ ਘਾਲ ॥੭॥	من میرے کرِ تا کی گھال ॥7॥
ਨਾ ਕੋ ਚਤੁਰੁ ਨਾਹੀ ਕੋ ਮੂੜਾ ॥	نا کو چترُ ناہی کو موُڑا ॥
ਨਾ ਕੋ ਹੀਣੁ ਨਾਹੀ ਕੋ ਸੂਰਾ ॥	نا کو ہیِنُ ناہی کو سوُرا ॥

ਜਿਤੁ ਕੋ ਲਾਇਆ ਤਿਤ ਹੀ ਲਾਗਾ ॥	جِتُ کو لائیا تِت ہی لاگا ॥
ਸੋ ਸੇਵਕੁ ਨਾਨਕ ਜਿਸੁ ਭਾਗਾ ॥੮॥੬॥	سو سیوکُ نانک جِسُ بھاگا ॥8॥6॥
ਗਉੜੀ ਮਹਲਾ ੫ ॥	گؤڑی محلا 5 ॥
ਬਿਨੁ ਸਿਮਰਨ ਜੈਸੇ ਸਰਪ ਆਰਜਾਰੀ ॥	بِنُ سِمرن جیَسے سرپ آرجاری ॥
ਤਿਉ ਜੀਵਹਿ ਸਾਕਤ ਨਾਮੁ ਬਿਸਾਰੀ ॥੧॥	تِءُ جیوہِ ساکت نامُ بِساری ॥1॥
ਏਕ ਨਿਮਖ ਜੋ ਸਿਮਰਨ ਮਹਿ ਜੀਆ ॥	ایک نِمکھ جو سِمرن مہِ جِیا ॥
ਕੋਟਿ ਦਿਨਸ ਲਾਖ ਸਦਾ ਥਿਰੁ ਥੀਆ ॥੧॥ ਰਹਾਉ ॥	کوٹِ دِنس لاکھ سدا تھِرُ تھِیا ॥1॥ رہاءُ ॥
ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ ॥	بِنُ سِمرن دھرِگُ کرم کراس ॥
ਕਾਗ ਬਤਨ ਬਿਸਟਾ ਮਹਿ ਵਾਸ ॥੨॥	کاگ بتن بِسٹا مہِ واس ॥2॥
ਬਿਨੁ ਸਿਮਰਨ ਭਏ ਕੂਕਰ ਕਾਮ ॥	بِنُ سِمرن بھےَ کُوکر کام ॥
ਸਾਕਤ ਬੇਸੁਆ ਪੂਤ ਨਿਨਾਮ ॥੩॥	ساکت بیسُیا پوُت نِنام ॥3॥
ਬਿਨੁ ਸਿਮਰਨ ਜੈਸੇ ਸੀਕ੍ਹ ਛਤਾਰਾ ॥	بِنُ سِمرن جیَسے سیِگ چھتارا ॥
ਬੋਲਹਿ ਕੂਰੁ ਸਾਕਤ ਮੁਖੁ ਕਾਰਾ ॥੪॥	بولہِ کوُرُ ساکت مُکھُ کارا ॥4॥
ਬਿਨੁ ਸਿਮਰਨ ਗਰਧਭ ਕੀ ਨਿਆਈ ॥	بِنُ سِمرن گردھبھ کی نِیائیَ ॥
ਸਾਕਤ ਥਾਨ ਭਰਿਸਟ ਫਿਰਾਹੀ ॥੫॥	ساکت تھان بھرِسٹ پھِراہی ॥5॥
ਬਿਨੁ ਸਿਮਰਨ ਕੂਕਰ ਹਰਕਾਇਆ ॥	بِنُ سِمرن کوُکر ہرکائیا ॥
ਸਾਕਤ ਲੋਭੀ ਬੰਧੁ ਨ ਪਾਇਆ ॥੬॥	ساکت لوبھی بندھُ ن پائیا ॥6॥
ਬਿਨੁ ਸਿਮਰਨ ਹੈ ਆਤਮ ਘਾਤੀ ॥	بِنُ سِمرن ہےَ آتم گھاتی ॥
ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ ॥੭॥	ساکت نِیچ تِسُ کُلُ نہی زاتی ॥7॥
ਜਿਸੁ ਭਇਆ ਕ੍ਰਿਪਾਲੁ ਤਿਸੁ ਸਤਸੰਗਿ ਮਿਲਾਇਆ ॥	جِسُ بھئیا کرِپالُ تِسُ ستسنگِ مِلائیا ॥
ਕਹੁ ਨਾਨਕ ਗੁਰਿ ਜਗਤੁ ਤਰਾਇਆ ॥੮॥੭॥	کہُ نانک گُرِ جگتُ ترائیا ॥8॥7॥
ਗਉੜੀ ਮਹਲਾ ੫ ॥	گؤڑی محلا 5 ॥

ਗੁਰ ਕੈ ਬਚਨਿ ਮੋਹਿ ਪਰਮ ਗਤਿ ਪਾਈ ॥	گُر کے بچنِ موہِ پرم گتِ پائی ॥
ਗੁਰਿ ਪੂਰੈ ਮੇਰੀ ਪੈਜ ਰਖਾਈ ॥੧॥	گُرِ پُورے میری پیج رکھائی ॥1॥
ਗੁਰ ਕੈ ਬਚਨਿ ਧਿਆਇਓ ਮੋਹਿ ਨਾਉ ॥	گُر کے بچنِ دھیائیو موہِ ناءُ ॥
ਗੁਰ ਪਰਸਾਦਿ ਮੋਹਿ ਮਿਲਿਆ ਥਾਉ ॥੧॥ ਰਹਾਉ ॥	گُر پرسادِ موہِ ملیا تھاءُ ॥1॥ رہاءُ ॥
ਗੁਰ ਕੈ ਬਚਨਿ ਸੁਣਿ ਰਸਨ ਵਖਾਣੀ ॥	گُر کے بچنِ سُنِ رسن وکھانی ॥
ਗੁਰ ਕਿਰਪਾ ਤੇ ਅੰਮ੍ਰਿਤ ਮੇਰੀ ਬਾਣੀ ॥੨॥	گُر کِرپا تے انمّرِت میری بانی ॥2॥
ਗੁਰ ਕੈ ਬਚਨਿ ਮਿਟਿਆ ਮੇਰਾ ਆਪੁ ॥	گُر کے بچنِ مِٹیا میرا آپُ ॥
ਗੁਰ ਕੀ ਦਇਆ ਤੇ ਮੇਰਾ ਵਡ ਪਰਤਾਪੁ ॥੩॥	گُر کی دئیا تے میرا وڈ پرتاپُ ॥3॥
ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ ॥	گُر کے بچنِ مِٹیا میرا بھرمُ ॥
ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ ॥੪॥	گُر کے بچنِ پیکھیو سبھُ برہمُ ॥4॥
ਗੁਰ ਕੈ ਬਚਨਿ ਕੀਨੋ ਰਾਜੁ ਜੋਗੁ ॥	گُر کے بچنِ کینو راجُ جوگُ ॥
ਗੁਰ ਕੈ ਸੰਗਿ ਤਰਿਆ ਸਭੁ ਲੋਗੁ ॥੫॥	گُر کے سنگِ تریا سبھُ لوگُ ॥5॥
ਗੁਰ ਕੈ ਬਚਨਿ ਮੇਰੇ ਕਾਰਜ ਸਿਧਿ ॥	گُر کے بچنِ میرے کارج سِدھِ ॥
ਗੁਰ ਕੈ ਬਚਨਿ ਪਾਇਆ ਨਾਉ ਨਿਧਿ ॥੬॥	گُر کے بچنِ پائیا ناءُ نِدھِ ॥6॥
ਜਿਨਿ ਜਿਨਿ ਕੀਨੀ ਮੇਰੇ ਗੁਰ ਕੀ ਆਸਾ ॥	جِنِ جِنِ کینی میرے گُر کی آسا ॥
ਤਿਸ ਕੀ ਕਟੀਐ ਜਮ ਕੀ ਫਾਸਾ ॥੭॥	تِس کی کٹیئے جم کی پھاسا ॥7॥
ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ ॥	گُر کے بچنِ جاگیا میرا کرمُ ॥
ਨਾਨਕ ਗੁਰੁ ਭੇਟਿਆ ਪਾਰਬ੍ਰਹਮੁ ॥੮॥੮॥	نانک گُرُ بھیٹیا پاربرہمُ ॥8॥8॥
ਗਉੜੀ ਮਹਲਾ ੫ ॥	گئڑی محلا 5 ॥
ਤਿਸੁ ਗੁਰ ਕਉ ਸਿਮਰਉ ਸਾਸਿ ਸਾਸਿ ॥	تِسُ گُر کءُ سِمرءُ ساسِ ساسِ ॥
ਗੁਰੁ ਮੇਰੇ ਪ੍ਰਾਣ ਸਤਿਗੁਰੁ ਮੇਰੀ ਰਾਸਿ ॥੧॥ ਰਹਾਉ ॥	گُرُ میرے پّراڻ ستِگُرُ میری راسِ ॥1॥ رہاءُ ॥
ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ ॥	گُر کا درسنُ دیکھِ دیکھِ جیوا ॥

ਗੁਰ ਕੇ ਚਰਣ ਧੋਇ ਧੋਇ ਪੀਵਾ ॥੧॥	گُر کے چرنؔ دھوءِ دھوءِ پیِوا ॥1॥
ਗੁਰ ਕੀ ਰੇਣੁ ਨਿਤ ਮਜਨੁ ਕਰਉ ॥	گُر کی ریِنُ نِت مجنُ کرءُ ॥
ਜਨਮ ਜਨਮ ਕੀ ਹਉਮੈ ਮਲੁ ਹਰਉ ॥੨॥	جنم جنم کی ہئُمےَ ملُ ہرءُ ॥2॥
ਤਿਸੁ ਗੁਰ ਕਉ ਝੂਲਾਵਉ ਪਾਖਾ ॥	تِسُ گُر ک ءُ جھوُلاوءُ پاکھا ॥
ਮਹਾ ਅਗਨਿ ਤੇ ਹਾਥੁ ਦੇ ਰਾਖਾ ॥੩॥	مہا اگنِ تے ہاتھُ دے راکھا ॥3॥
ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ ॥	تِسُ گُر کےَ گرِہِ ڈھووءُ پانیٚ ॥
ਜਿਸੁ ਗੁਰ ਤੇ ਅਕਲ ਗਤਿ ਜਾਣੀ ॥੪॥	جِسُ گُر تے اکل گتِ جانیٚ ॥4॥
ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ ॥	تِسُ گُر کےَ گرِہِ پیِس ءُ نِیت ॥
ਜਿਸੁ ਪਰਸਾਦਿ ਵੈਰੀ ਸਭ ਮੀਤ ॥੫॥	جِسُ پرسادِ ویَری سبھ میِت ॥5॥
ਜਿਨਿ ਗੁਰਿ ਮੋ ਕਉ ਦੀਨਾ ਜੀਉ ॥	جِنِ گُرِ مو ک ءُ دیِنا جیِءُ ॥
ਆਪੁਨਾ ਦਾਸਰਾ ਆਪੇ ਮੁਲਿ ਲੀਉ ॥੬॥	آپُنا داسرا آپے مُلِ لیِءُ ॥6॥
ਆਪੇ ਲਾਇਓ ਅਪਨਾ ਪਿਆਰੁ ॥	آپے لائیَو اپنا پیِارُ ॥
ਸਦਾ ਸਦਾ ਤਿਸੁ ਗੁਰ ਕਉ ਕਰੀ ਨਮਸਕਾਰੁ ॥੭॥	سدا سدا تِسُ گُر ک ءُ کری نمسکارُ ॥7॥
ਕਲਿ ਕਲੇਸ ਭੈ ਭ੍ਰਮ ਦੁਖ ਲਾਥਾ ॥	کلِ کلیس بھےَ بھّرم دُکھ لاتھا ॥
ਕਹੁ ਨਾਨਕ ਮੇਰਾ ਗੁਰੁ ਸਮਰਾਥਾ ॥੮॥੯॥	کہُ نانک میرا گُرُ سمراتھا ॥8॥9॥
ਗਉੜੀ ਮਹਲਾ ੫ ॥	گئُڑی محلا 5 ॥
ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ ॥	مِلُ میرے گوبِنّد اپنا نامُ دیہُ ॥
ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ ॥੧॥ ਰਹਾਉ ॥	نام بِنا دھّرِگُ دھّرِگُ اسنیہُ ॥1॥ رہاءُ ॥
ਨਾਮ ਬਿਨਾ ਜੋ ਪਹਿਰੈ ਖਾਇ ॥	نام بِنا جو پہِرے کھاءِ ॥
ਜਿਉ ਕੂਕਰ ਜੂਠਨ ਮਹਿ ਪਾਇ ॥੧॥	جِءُ کوُکر جوُٹھن مہِ پاءِ ॥1॥
ਨਾਮ ਬਿਨਾ ਜੇਤਾ ਬਿਉਹਾਰੁ ॥	نام بِنا جیتا بِہُارُ ॥
ਜਿਉ ਮਿਰਤਕ ਮਿਥਿਆ ਸੀਗਾਰੁ ॥੨॥	جِءُ مِرتک مِتھیا سیِگارُ ॥2॥

ਨਾਮੁ ਬਿਸਾਰਿ ਕਰੇ ਰਸ ਭੋਗ ॥	نامُ بِسارِ کرے رس بھوگ ॥
ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥੩॥	سُکھُ سُپنے نہی تن مہِ روگ ॥3॥
ਨਾਮੁ ਤਿਆਗਿ ਕਰੇ ਅਨ ਕਾਜ ॥	نامُ تِیاگِ کرے ان کاج ॥
ਬਿਨਸਿ ਜਾਇ ਝੂਠੇ ਸਭਿ ਪਾਜ ॥੪॥	بِنسِ جاءِ جھوُٹھے سبھِ پاج ॥4॥
ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥	نام سنگِ منِ پرِیتِ ن لاوے ॥
ਕੋਟਿ ਕਰਮ ਕਰਤੋ ਨਰਕਿ ਜਾਵੈ ॥੫॥	کوٹِ کرم کرتو نرکِ جاوے ॥5॥
ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ ॥	ہرِ کا نامُ جِنِ منِ ن آرادھا ॥
ਚੋਰ ਕੀ ਨਿਆਈ ਜਮ ਪੁਰਿ ਬਾਧਾ ॥੬॥	چور کی نِیائی جم پُر بادھا ॥6॥
ਲਾਖ ਅਡੰਬਰ ਬਹੁਤੁ ਬਿਸਥਾਰਾ ॥	لاکھ اڈنّبر بہُتُ بِستھارا ॥
ਨਾਮ ਬਿਨਾ ਝੂਠੇ ਪਾਸਾਰਾ ॥੭॥	نام بِنا جھوُٹھے پاسارا ॥7॥
ਹਰਿ ਕਾ ਨਾਮੁ ਸੋਈ ਜਨੁ ਲੇਇ ॥	ہرِ کا نامُ سوئی جنُ لےءِ ॥
ਕਰਿ ਕਿਰਪਾ ਨਾਨਕ ਜਿਸੁ ਦੇਇ ॥੮॥੧੦॥	کرِ کِرپا نانک جِسُ دےءِ ॥8॥ 10 ॥
ਗਉੜੀ ਮਹਲਾ ੫ ॥	گئڑی محلا 5 ॥
ਆਦਿ ਮਧਿ ਜੋ ਅੰਤਿ ਨਿਬਾਹੈ ॥	آدِ مدھِ جو انّتِ نِباہے ॥
ਸੋ ਸਾਜਨੁ ਮੇਰਾ ਮਨੁ ਚਾਹੈ ॥੧॥	سو ساجنُ میرا منُ چاہے ॥1॥
ਹਰਿ ਕੀ ਪ੍ਰੀਤਿ ਸਦਾ ਸੰਗਿ ਚਾਲੈ ॥	ہرِ کی پرِیتِ سدا سنگِ چالے ॥
ਦਇਆਲ ਪੁਰਖ ਪੂਰਨ ਪ੍ਰਤਿਪਾਲੈ ॥੧॥ ਰਹਾਉ ॥	دئیال پُرکھ پوُرن پرتپالے ॥1॥ رہاءُ ॥
ਬਿਨਸਤ ਨਾਹੀ ਛੋਡਿ ਨ ਜਾਇ ॥	بِنست ناہی چھوڈِ ن جاءِ ॥
ਜਹ ਪੇਖਾ ਤਹ ਰਹਿਆ ਸਮਾਇ ॥੨॥	جہ پیکھا تہ رہِیا سماءِ ॥2॥
ਸੁੰਦਰੁ ਸੁਘੜੁ ਚਤੁਰੁ ਜੀਅ ਦਾਤਾ ॥	سُندرُ سُگھڑُ چترُ جیء داتا ॥
ਭਾਈ ਪੂਤੁ ਪਿਤਾ ਪ੍ਰਭੁ ਮਾਤਾ ॥੩॥	بھائی پوُتُ پِتا پربھُ ماتا ॥3॥
ਜੀਵਨ ਪ੍ਰਾਨ ਅਧਾਰ ਮੇਰੀ ਰਾਸਿ ॥	جیِون پران ادھار میری راسِ ॥

ਪ੍ਰੀਤਿ ਲਾਈ ਕਰਿ ਰਿਦੈ ਨਿਵਾਸਿ ॥੪॥	پرّیتِ لائی کرِ ردے نِواسِ ॥4॥
ਮਾਇਆ ਸਿਲਕ ਕਾਟੀ ਗੋਪਾਲਿ ॥	مایا سِلک کاٹی گوپالِ ॥
ਕਰਿ ਅਪੁਨਾ ਲੀਨੋ ਨਦਰਿ ਨਿਹਾਲਿ ॥੫॥	کرِ اپُنا لِینو ندرِ نِہالِ ॥5॥
ਸਿਮਰਿ ਸਿਮਰਿ ਕਾਟੇ ਸਭਿ ਰੋਗ ॥	سِمرِ سِمرِ کاٹے سبھِ روگ ॥
ਚਰਣ ਧਿਆਨ ਸਰਬ ਸੁਖ ਭੋਗ ॥੬॥	چرنؔ دھیان سرب سُکھ بھوگ ॥6॥
ਪੂਰਨ ਪੁਰਖੁ ਨਵਤਨੁ ਨਿਤ ਬਾਲਾ ॥	پوُرن پُرکھُ نوتنُ نِت بالا ॥
ਹਰਿ ਅੰਤਰਿ ਬਾਹਰਿ ਸੰਗਿ ਰਖਵਾਲਾ ॥੭॥	ہرِ انترِ باہرِ سنگِ رکھوالا ॥7॥
ਕਹੁ ਨਾਨਕ ਹਰਿ ਹਰਿ ਪਦੁ ਚੀਨ ॥	کہُ نانک ہرِ ہرِ پدُ چینِ ॥
ਸਰਬਸੁ ਨਾਮੁ ਭਗਤ ਕਉ ਦੀਨ ॥੮॥੧੧॥	سربسُ نامُ بھگت کءُ دِین ॥8॥ 11 ॥
ਰਾਗੁ ਗਉੜੀ ਮਾਝ ਮਹਲਾ ੫	راگُ گئڑی ماجھ محلا 5
੧ੴ ਸਤਿਗੁਰ ਪ੍ਰਸਾਦਿ ॥	۱ۅ ستِگُر پرّسادِ ॥
ਖੋਜਤ ਫਿਰੇ ਅਸੰਖ ਅੰਤੁ ਨ ਪਾਰੀਆ ॥	کھوجت پھرے اسنکھ انتُ ن پارِیا ॥
ਸੇਈ ਹੋਏ ਭਗਤ ਜਿਨਾ ਕਿਰਪਾਰੀਆ ॥੧॥	سیئی ہوئے بھگت جِنا کرِپارِیا ॥1॥
ਹਉ ਵਾਰੀਆ ਹਰਿ ਵਾਰੀਆ ॥੧॥ ਰਹਾਉ ॥	ہءُ وارِیا ہرِ وارِیا ۔ ॥1॥ رہاءُ ॥
ਸੁਣਿ ਸੁਣਿ ਪੰਥੁ ਡਰਾਉ ਬਹੁਤੁ ਭੈਹਾਰੀਆ ॥	سُنِ سُنِ پنّتھُ ڈراءُ بہُتُ بھیَہارِیا ॥
ਮੈ ਤਕੀ ਓਟ ਸੰਤਾਹ ਲੇਹੁ ਉਬਾਰੀਆ ॥੨॥	مے تکی اوٹ سنّتاہ لیہُ اُبارِیا ॥2॥
ਮੋਹਨ ਲਾਲ ਅਨੂਪ ਸਰਬ ਸਾਧਾਰੀਆ ॥	موہن لال انوُپ سرب سادھارِیا ॥
ਗੁਰ ਨਿਵਿ ਨਿਵਿ ਲਾਗਉ ਪਾਇ ਦੇਹੁ ਦਿਖਾਰੀਆ ॥੩॥	گُرِ نِوِ نِوِ لاگءُ پاءِ دیہُ دِکھارِیا ॥3॥
ਮੈ ਕੀਏ ਮਿਤ੍ਰ ਅਨੇਕ ਇਕਸੁ ਬਲਿਹਾਰੀਆ ॥	مے کیئے مِترّ انیک اِکسُ بلِہارِیا ॥
ਸਭ ਗੁਣ ਕਿਸ ਹੀ ਨਾਹਿ ਹਰਿ ਪੂਰ ਭੰਡਾਰੀਆ ॥੪॥	سبھ گُنؔ کِس ہی ناہِ ہرِ پوُر بھنڈارِیا ॥4॥
ਚਹੁ ਦਿਸਿ ਜਪੀਐ ਨਾਉ ਸੂਖਿ ਸਵਾਰੀਆ ॥	چہُ دِس جپیئے ناءُ سوُکھِ سوارِیا ॥
ਮੈ ਆਹੀ ਓੜਿ ਤੁਹਾਰਿ ਨਾਨਕ ਬਲਿਹਾਰੀਆ ॥੫॥	مے آہی اوڑِ تُہارِ نانک بلِہارِیا ॥5॥

ਗੁਰਿ ਕਾਢਿਓ ਭੁਜਾ ਪਸਾਰਿ ਮੋਹ ਕੂਪਾਰੀਆ ॥	گُرِ کاڈھیو بھُجا پسارِ موہ کوُپارِیا ॥
ਮੈ ਜੀਤਿਓ ਜਨਮੁ ਅਪਾਰੁ ਬਹੁਰਿ ਨ ਹਾਰੀਆ ॥੬॥	مے جیتیو جنمُ اپارُ بہُرِ ن ہارِیا ॥6॥
ਮੈ ਪਾਇਓ ਸਰਬ ਨਿਧਾਨੁ ਅਕਥੁ ਕਥਾਰੀਆ ॥	مے پائیو سرب نِدھانُ اکتھُ کتھارِیا ॥
ਹਰਿ ਦਰਗਹ ਸੋਭਾਵੰਤ ਬਾਹ ਲੁਡਾਰੀਆ ॥੭॥	ہرِ درگہ سوبھاونّت باہ لُڈارِیا ॥7॥
ਜਨ ਨਾਨਕ ਲਧਾ ਰਤਨੁ ਅਮੋਲੁ ਅਪਾਰੀਆ ॥	جن نانک لدھا رتنُ امولُ اپارِیا ॥
ਗੁਰ ਸੇਵਾ ਭਉਜਲੁ ਤਰੀਐ ਕਹਉ ਪੁਕਾਰੀਆ ॥੮॥੧੨॥	گُر سیوا بھجُلُ ترِیَے کہءُ پُکارِیا ॥8॥ 12 ॥
ਗਉੜੀ ਮਹਲਾ ੫	گئڑی محلا 5
੧ੴ ਸਤਿਗੁਰ ਪ੍ਰਸਾਦਿ ॥	۱ۅ ستِگُر پرّسادِ ॥
ਨਾਰਾਇਣ ਹਰਿ ਰੰਗ ਰੰਗੋ ॥	نارائنّ ہرِ رنگ رنگو ॥
ਜਪਿ ਜਿਹਵਾ ਹਰਿ ਏਕ ਮੰਗੋ ॥੧॥ ਰਹਾਉ ॥	جپِ جِہوا ہرِ ایک منگو ॥1॥ رہاءُ ॥
ਤਜਿ ਹਉਮੈ ਗੁਰ ਗਿਆਨ ਭਜੋ ॥	تجِ ہئُمے گُر گیان بھجو ॥
ਮਿਲਿ ਸੰਗਤਿ ਧੁਰਿ ਕਰਮ ਲਿਖਿਓ ॥੧॥	مِلِ سنگتِ دھُرِ کرم لِکھیو ॥1॥
ਜੋ ਦੀਸੈ ਸੋ ਸੰਗਿ ਨ ਗਇਓ ॥	جو دیسے سو سنگِ ن گئیو ॥
ਸਾਕਤੁ ਮੂੜੁ ਲਗੇ ਪਚਿ ਮੁਇਓ ॥੨॥	ساکتُ موڑُ لگے پچِ مُئیو ॥2॥
ਮੋਹਨ ਨਾਮੁ ਸਦਾ ਰਵਿ ਰਹਿਓ ॥	موہن نامُ سدا روِ رہیو ॥
ਕੋਟਿ ਮਧੇ ਕਿਨੈ ਗੁਰਮੁਖਿ ਲਹਿਓ ॥੩॥	کوٹِ مدھے کِنے گُرمُکھِ لہیو ॥3॥
ਹਰਿ ਸੰਤਨ ਕਰਿ ਨਮੋ ਨਮੋ ॥	ہرِ سنّتن کرِ نمو نمو ॥
ਨਉ ਨਿਧਿ ਪਾਵਹਿ ਅਤੁਲੁ ਸੁਖੋ ॥੪॥	نءُ نِدھِ پاوہِ اتُلُ سُکھو ॥4॥
ਨੈਨ ਅਲੋਵਉ ਸਾਧ ਜਨੋ ॥	نیَن الووءُ سادھ جنو ॥
ਹਿਰਦੈ ਗਾਵਹੁ ਨਾਮ ਨਿਧੋ ॥੫॥	ہِردے گاوہُ نام نِدھو ॥5॥
ਕਾਮ ਕ੍ਰੋਧ ਲੋਭੁ ਮੋਹੁ ਤਜੋ ॥	کام کرودھ لوبھُ موہُ تجو ॥
ਜਨਮ ਮਰਨ ਦੁਹੁ ਤੇ ਰਹਿਓ ॥੬॥	جنم مرن دُہُ تے رہیو ॥6॥

ਦੂਖੁ ਅੰਧੇਰਾ ਘਰ ਤੇ ਮਿਟਿਓ ॥
دوُکھُ انّدھیرا گھر تے مِٹّیو ॥

ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥੭॥
گُرِ گیانُ دڑِڑائیو دیپ بلِیو ॥7॥

ਜਿਨਿ ਸੇਵਿਆ ਸੋ ਪਾਰਿ ਪਰਿਓ ॥
جِنِ سیویا سو پارِ پرِیو ॥

ਜਨ ਨਾਨਕ ਗੁਰਮੁਖਿ ਜਗਤੁ ਤਰਿਓ ॥੮॥੧॥੧੩॥
جن نانک گُرمُکھِ جگتُ ترِیو ॥8॥1॥ 13 ॥

ਮਹਲਾ ੫ ਗਉੜੀ ॥
محلا 5 گئڑی ॥

ਹਰਿ ਹਰਿ ਗੁਰ ਗੁਰ ਕਰਤ ਭਰਮ ਗਏ ॥
ہرِ ہرِ گُر گُر کرت بھرم گئے ॥

ਮੇਰੈ ਮਨਿ ਸਭਿ ਸੁਖ ਪਾਇਓ ॥੧॥ ਰਹਾਉ ॥
میرے منِ سبھِ سُکھ پائیو ॥1॥ رہاءُ ॥

ਬਲਤੋ ਜਲਤੋ ਤਉਕਿਆ
ਗੁਰ ਚੰਦਨੁ ਸੀਤਲਾਇਓ ॥੧॥
بلتو جلتو تئکیا
گُر چنّدنُ سیتلائیو ॥1॥

ਅਗਿਆਨ ਅੰਧੇਰਾ ਮਿਟਿ ਗਇਆ
ਗੁਰ ਗਿਆਨੁ ਦੀਪਾਇਓ ॥੨॥
اگیان انّدھیرا مِٹ گیا
گُر گیانُ دیپائیو ॥2॥

ਪਾਵਕੁ ਸਾਗਰੁ ਗਹਰੋ
ਚਰਿ ਸੰਤਨ ਨਾਵ ਤਰਾਇਓ ॥੩॥
پاوکُ ساگرُ گہرو
چرِ سنّتن ناو ترائیو ॥3॥

ਨਾ ਹਮ ਕਰਮ ਨ ਧਰਮ ਸੁਚ
ਪ੍ਰਭ ਗਹਿ ਭੁਜਾ ਆਪਾਇਓ ॥੪॥
نا ہم کرم ن دھرم سُچ
پربھ گہِ بھُجا آپائیو ॥4॥

ਭਉ ਖੰਡਨੁ ਦੁਖ ਭੰਜਨੋ
ਭਗਤਿ ਵਛਲ ਹਰਿ ਨਾਇਓ ॥੫॥
بھءُ کھنّڈنُ دُکھ بھنّجنو
بھگتِ وچھل ہرِ نائیو ॥5॥

ਅਨਾਥਹ ਨਾਥ ਕ੍ਰਿਪਾਲ ਦੀਨ
ਸੰਮ੍ਰਿਥ ਸੰਤ ਓਟਾਇਓ ॥੬॥
اناتھ ناتھ کرپال دین
سمّرتھ سنّت اوٹائیو ॥6॥

ਨਿਰਗੁਨੀਆਰੇ ਕੀ ਬੇਨਤੀ
ਦੇਹੁ ਦਰਸੁ ਹਰਿ ਰਾਇਓ ॥੭॥
نِرگُنیارے کی بینتی
دیہُ درسُ ہرِ رائیو ۔ ॥7॥

ਨਾਨਕ ਸਰਨਿ ਤੁਹਾਰੀ ਠਾਕੁਰ
ਸੇਵਕੁ ਦੁਆਰੇ ਆਇਓ ॥੮॥੨॥੧੪॥
نانک سرنِ تُہاری ٹھاکُر
سیوکُ دُیارے آئیو ॥8॥2॥ 14 ॥

ਗਉੜੀ ਮਹਲਾ ੫ ॥
گئڑی محلا 5 ॥

ਰੰਗਿ ਸੰਗਿ ਬਿਖਿਆ ਕੇ ਭੋਗਾ ਇਨ ਸੰਗਿ ਅੰਧ ਨ ਜਾਨੀ ॥੧॥	رنگِ سنگِ بِکھیا کے بھوگا اِن سنگِ انّدھ ن جانی ॥1॥
ਹਉ ਸੰਚਉ ਹਉ ਖਾਟਤਾ ਸਗਲੀ ਅਵਧ ਬਿਹਾਨੀ ॥ ਰਹਾਉ ॥	ہءُ سنچءُ ہءُ کھاٹتا سگلی اودھ بِہانی ॥ رہاءُ ॥
ਹਉ ਸੂਰਾ ਪਰਧਾਨੁ ਹਉ ਕੋ ਨਾਹੀ ਮੁਝਹਿ ਸਮਾਨੀ ॥੨॥	ہءُ سوُرا پردھانُ ہءُ کو ناہی مُجھہِ سمانی ॥2॥
ਜੋਬਨਵੰਤ ਅਚਾਰ ਕੁਲੀਨਾ ਮਨ ਮਹਿ ਹੋਇ ਗੁਮਾਨੀ ॥੩॥	جوبنونّت اچار کُلِینا من مہِ ہوءِ گُمانی ॥3॥
ਜਿਉ ਉਲਝਾਇਓ ਬਾਧ ਬੁਧਿ ਕਾ ਮਰਤਿਆ ਨਹੀ ਬਿਸਰਾਨੀ ॥੪॥	جِءُ اُلجھائیو بادھ بُدھِ کا مرتیا نہی بِسرانی ॥4॥
ਭਾਈ ਮੀਤ ਬੰਧਪ ਸਖੇ ਪਾਛੇ ਤਿਨਹੂ ਕਉ ਸੰਪਾਨੀ ॥੫॥	بھائی میت بنّدھپ سکھے پاچھے تِنہوُ کءُ سنپّانی ॥5॥
ਜਿਤੁ ਲਾਗੋ ਮਨੁ ਬਾਸਨਾ ਅੰਤਿ ਸਾਈ ਪ੍ਰਗਟਾਨੀ ॥੬॥	جِتُ لاگو منُ باسنا انّتِ سائی پرّگٹانی ॥6॥
ਅਹੰਬੁਧਿ ਸੁਚਿ ਕਰਮ ਕਰਿ ਇਹ ਬੰਧਨ ਬੰਧਾਨੀ ॥੭॥	اہنّبُدھِ سُچِ کرم کرِ اِہ بنّدھن بنّدھانی ॥7॥
ਦਇਆਲ ਪੁਰਖ ਕਿਰਪਾ ਕਰਹੁ ਨਾਨਕ ਦਾਸ ਦਸਾਨੀ ॥੮॥੩॥੧੫॥੪੪॥ ਜੁਮਲਾ	دئیال پُرکھ کِرپا کرہُ نانک داس دسانی ॥8॥3॥15॥44॥ جُملا
੧ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥	۱ۏ ستِنامُ کرتا پُرکھُ گُرپّرسادِ ॥
ਰਾਗੁ ਗਉੜੀ ਪੂਰਬੀ ਛੰਤ ਮਹਲਾ ੧ ॥	راگُ گئڑی پوُربی چھنّت محلا 1 ॥
ਮੁੰਧ ਰੈਣਿ ਦੁਹੇਲੜੀਆ ਜੀਉ ਨੀਦ ਨ ਆਵੈ ॥	مُنّدھ ریَنِ دُہیلڑییا جیءُ نیِد ن آوے ॥
ਸਾ ਧਨ ਦੁਬਲੀਆ ਜੀਉ ਪਿਰ ਕੈ ਹਾਵੈ ॥	سا دھن دُبلِیا جیءُ پِر کے ہاوے ॥
ਧਨ ਥੀਈ ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਏ ॥	دھن تھیئی دُبلِ کنّت ہاوے کیو نینّی دیکھئے ॥
ਸੀਗਾਰ ਮਿਠ ਰਸ ਭੋਗ ਭੋਜਨ	سیِگار مِٹھ رس بھوگ بھوجن

ਸਭੁ ਝੂਠੁ ਕਿਤੈ ਨ ਲੇਖਏ ॥

سبھُ جھوُٹھُ کِتے ن لیکھےَ ॥

ਮੈ ਮਤ ਜੋਬਨਿ ਗਰਬਿ ਗਾਲੀ
ਦੁਧਾ ਥਣੀ ਨ ਆਵਏ ॥

مے َ مت جوبنِ گربِ گالی
دُدھا تھنّی ن آوئے ॥

ਨਾਨਕ ਸਾ ਧਨ ਮਿਲੈ ਮਿਲਾਈ
ਬਿਨੁ ਪਿਰ ਨੀਦ ਨ ਆਵਏ ॥੧॥

نانک سا دھن مِلے َ مِلائی
بِنُ پِر نِید ن آوئے ॥1॥

ਮੁੰਧ ਨਿਮਾਨੜੀਆ ਜੀਉ ਬਿਨੁ ਧਨੀ ਪਿਆਰੇ ॥

مُنّدھ نِمانڑِیا جیِءُ بِنُ دھنی پِیارے ॥

ਕਿਉ ਸੁਖੁ ਪਾਵੈਗੀ ਬਿਨੁ ਉਰ ਧਾਰੇ ॥

کِ ءُ سُکھُ پاویگی بِنُ اُر دھارے ॥

ਨਾਹ ਬਿਨੁ ਘਰ ਵਾਸੁ ਨਾਹੀ
ਪੁਛਹੁ ਸਖੀ ਸਹੇਲੀਆ ॥

ناہ بِنُ گھر واسُ ناہی
پُچھہُ سکھی سہیلِیا ॥

ਬਿਨੁ ਨਾਮ ਪ੍ਰੀਤਿ ਪਿਆਰੁ ਨਾਹੀ
ਵਸਹਿ ਸਾਚਿ ਸੁਹੇਲੀਆ ॥

بِنُ نام پّریتِ پِیارُ ناہی
وسہِ ساچِ سُہیلِیا ॥

ਸਚੁ ਮਨਿ ਸਜਨ ਸੰਤੋਖਿ ਮੇਲਾ
ਗੁਰਮਤੀ ਸਹੁ ਜਾਣਿਆ ॥

سچُ منِ سجن سنّتوکھِ میلا
گُرمتی سہُ جاٹِیا ॥

ਨਾਨਕ ਨਾਮੁ ਨ ਛੋਡੈ ਸਾ ਧਨ
ਨਾਮਿ ਸਹਜਿ ਸਮਾਣੀਆ ॥੨॥

نانک نامُ ن چھوڈے َ سا دھن
نامِ سہجِ سماٹِیا ॥2॥

ਮਿਲੁ ਸਖੀ ਸਹੇਲੜੀਹੋ ਹਮ ਪਿਰੁ ਰਾਵੇਹਾ ॥

مِلُ سکھی سہیلڑِیہو ہم پِرُ راویہا ॥

ਗੁਰ ਪੁਛਿ ਲਿਖਉਗੀ ਜੀਉ ਸਬਦਿ ਸਨੇਹਾ ॥

گُر پُچھِ لِکھنگی جیِءُ سبدِ سنیہا ॥

ਸਬਦੁ ਸਾਚਾ ਗੁਰਿ ਦਿਖਾਇਆ
ਮਨਮੁਖੀ ਪਛੁਤਾਣੀਆ ॥

سبدُ ساچا گُرِ دِکھائِیا
منمُکھی پچھُتاٹِیا ॥

ਨਿਕਸਿ ਜਾਤਉ ਰਹੈ ਅਸਥਿਰੁ
ਜਾਮਿ ਸਚੁ ਪਛਾਣਿਆ ॥

نِکسِ جات ءُ رہے َ استھِرُ
جامِ سچُ پچھاٹِیا ॥

ਸਾਚ ਕੀ ਮਤਿ ਸਦਾ ਨਉਤਨ
ਸਬਦਿ ਨੇਹੁ ਨਵੇਲਓ ॥

ساچ کی متِ سدا نئتن
سبدِ نیہُ نویلئو ॥

ਨਾਨਕ ਨਦਰੀ ਸਹਜਿ ਸਾਚਾ
ਮਿਲਹੁ ਸਖੀ ਸਹੇਲੀਹੋ ॥੩॥

نانک ندری سہجِ ساچا
مِلہُ سکھی سہیلِیہو ۔ ॥3॥

ਮੇਰੀ ਇਛ ਪੁਨੀ ਜੀਉ
ਹਮ ਘਰਿ ਸਾਜਨੁ ਆਇਆ ॥

میری اِچھ پُنی جیِءُ
ہم گھرِ ساجنُ آئیا ॥

ਮਿਲਿ ਵਰੁ ਨਾਰੀ
ਮੰਗਲੁ ਗਾਇਆ ॥

مِلِ ورُ ناری
منگلُ گائیا ॥

ਗੁਣ ਗਾਇ ਮੰਗਲੁ ਪ੍ਰੇਮਿ ਰਹਸੀ
ਮੁੰਧ ਮਨਿ ਓਮਾਹਓ ॥

گُنؔ گاءِ منگلُ پرّیمِ رہسی
مُندھ منِ اوماہئو ॥

ਸਾਜਨ ਰਹੰਸੇ ਦੁਸਟ ਵਿਆਪੇ
ਸਾਚੁ ਜਪਿ ਸਚੁ ਲਾਹਓ ॥

ساجن رہنّسے دُسٹ وِیاپے
ساچُ جپِ سچُ لاہئو ॥

ਕਰ ਜੋੜਿ ਸਾ ਧਨ ਕਰੈ ਬਿਨਤੀ
ਰੈਣਿ ਦਿਨੁ ਰਸਿ ਭਿੰਨੀਆ ॥

کر جوڑِ سا دھن کرے بِنتی
ریَنؔ دِنُ رسِ بھِنّنِیا ॥

ਨਾਨਕ ਪਿਰੁ ਧਨ ਕਰਹਿ ਰਲੀਆ
ਇਛ ਮੇਰੀ ਪੁੰਨੀਆ ॥੪॥੧॥

نانک پِرُ دھن کرہِ رلِیا
اِچھ میری پُنّنِیا ॥4॥1॥

ਗਉੜੀ ਛੰਤ ਮਹਲਾ ੧ ॥

گؤڑی چھنّت محلا 1 ॥

ਸੁਣਿ ਨਾਹ ਪ੍ਰਭੂ ਜੀਉ
ਏਕਲੜੀ ਬਨ ਮਾਹੇ ॥

سُنؔ ناہ پرّبھوُ جیِءُ
ایکلڑی بن ماہے ॥

ਕਿਉ ਧੀਰੈਗੀ ਨਾਹ ਬਿਨਾ
ਪ੍ਰਭ ਵੇਪਰਵਾਹੇ ॥

کِءُ دھیرِیگی ناہ بِنا
پرّبھ ویپرواہے ۔ ॥

ਧਨ ਨਾਹ ਬਾਝਹੁ ਰਹਿ ਨ ਸਾਕੈ
ਬਿਖਮ ਰੈਣਿ ਘਣੇਰੀਆ ॥

دھن ناہ باجھہُ رہِ ن ساکے
بِکھم ریَنؔ گھنیریا ॥

ਨਹ ਨੀਦ ਆਵੈ ਪ੍ਰੇਮ ਭਾਵੈ
ਸੁਣਿ ਬੇਨੰਤੀ ਮੇਰੀਆ ॥

نہ نِید آوے پرّیم بھاوے
سُنؔ بینّتی میریا ॥

ਬਾਝਹੁ ਪਿਆਰੇ ਕੋਇ ਨ ਸਾਰੇ
ਏਕਲੜੀ ਕੁਰਲਾਏ ॥

باجھہُ پیارے کوءِ ن سارے
ایکلڑی کُرلائے ॥

ਨਾਨਕ ਸਾ ਧਨ ਮਿਲੈ ਮਿਲਾਈ
ਬਿਨੁ ਪ੍ਰੀਤਮ ਦੁਖੁ ਪਾਏ ॥੧॥

نانک سا دھن مِلے مِلائی
بِنُ پرّیتم دُکھُ پائے ॥1॥

ਪਿਰਿ ਛੋਡਿਅੜੀ ਜੀਉ ਕਵਣੁ ਮਿਲਾਵੈ ॥
پِر چھوڈِیڑی جیِءُ کونُ مِلاوے ۔ ॥

ਰਸਿ ਪ੍ਰੇਮਿ ਮਿਲੀ ਜੀਉ ਸਬਦਿ ਸੁਹਾਵੈ ॥
رسِ پریمِ مِلی جیِءُ سبدِ سُہاوے ॥

ਸਬਦੇ ਸੁਹਾਵੈ ਤਾ ਪਤਿ ਪਾਵੈ
ਦੀਪਕ ਦੇਹ ਉਜਾਰੈ ॥
سبدے سُہاوے تا پتِ پاوے
دیپک دیہ اُجارے ॥

ਸੁਣਿ ਸਖੀ ਸਹੇਲੀ ਸਾਚਿ ਸੁਹੇਲੀ
ਸਾਚੇ ਕੇ ਗੁਣ ਸਾਰੈ ॥
سُنِ سکھی سہیلی ساچِ سُہیلی
ساچے کے گُن سارے ॥

ਸਤਿਗੁਰਿ ਮੇਲੀ ਤਾ ਪਿਰਿ ਰਾਵੀ
ਬਿਗਸੀ ਅੰਮ੍ਰਿਤ ਬਾਣੀ ॥
ستِگُرِ میلی تا پِر راوی
بِگسی انمّرِت بانی ॥

ਨਾਨਕ ਸਾ ਧਨ ਤਾ ਪਿਰੁ ਰਾਵੇ
ਜਾ ਤਿਸ ਕੈ ਮਨਿ ਭਾਣੀ ॥੨॥
نانک سا دھن تا پِرُ راوے
جا تِس کے منِ بھانی ॥2॥

ਮਾਇਆ ਮੋਹਣੀ ਨੀਘਰੀਆ ਜੀਉ
ਕੂੜਿ ਮੁਠੀ ਕੂੜਿਆਰੇ ॥
مائیا موہنی نِیگھریِیا جیِءُ
کوُڑِ مُٹھی کوُڑِیارے ॥

ਕਿਉ ਖੂਲੈ ਗਲ ਜੇਵੜੀਆ ਜੀਉ
ਬਿਨੁ ਗੁਰ ਅਤਿ ਪਿਆਰੇ ॥
کِءُ کھوُلے گل جیوڑِیِیا جیِءُ
بِنُ گُر اتِ پِیارے ॥

ਹਰਿ ਪ੍ਰੀਤਿ ਪਿਆਰੇ ਸਬਦਿ ਵੀਚਾਰੇ
ਤਿਸ ਹੀ ਕਾ ਸੋ ਹੋਵੈ ॥
ہرِ پریتِ پِیارے سبدِ ویچارے
تِس ہی کا سو ہووے ॥

ਪੁੰਨ ਦਾਨ ਅਨੇਕ ਨਾਵਣ
ਕਿਉ ਅੰਤਰ ਮਲੁ ਧੋਵੈ ॥
پُنّن دان انیک ناونْ
کِءُ انتر مَلُ دھووے ۔ ॥

ਨਾਮ ਬਿਨਾ ਗਤਿ ਕੋਇ ਨ ਪਾਵੈ
ਹਠਿ ਨਿਗ੍ਰਹਿ ਬੇਬਾਣੈ ॥
نام بِنا گتِ کوءِ ن پاوے
ہٹھِ نِگّرہِ بیبانے ॥

ਨਾਨਕ ਸਚ ਘਰੁ ਸਬਦਿ ਸਿਵਾਪੈ
ਦੁਬਿਧਾ ਮਹਲੁ ਕਿ ਜਾਣੈ ॥੩॥
نانک سچ گھرُ سبدِ سِچاپے
دُبِدھا محلُ کِ جانے ۔ ॥3॥

ਤੇਰਾ ਨਾਮੁ ਸਚਾ ਜੀਉ
ਸਬਦੁ ਸਚਾ ਵੀਚਾਰੋ ॥
تیرا نامُ سچا جیِءُ
سبدُ سچا ویچارو ॥

ਤੇਰਾ ਮਹਲੁ ਸਚਾ ਜੀਉ
تیرا محلُ سچا جیِءُ

ਨਾਮੁ ਸਚਾ ਵਾਪਾਰੋ ॥

نامُ سچا واپارو ॥

ਨਾਮ ਕਾ ਵਾਪਾਰੁ ਮੀਠਾ
ਭਗਤਿ ਲਾਹਾ ਅਨਦਿਨੋ ॥

نام کا واپارُ مِیٹھا
بھگتِ لاہا اندِنو ॥

ਤਿਸੁ ਬਾਝੁ ਵਖਰੁ ਕੋਇ ਨ ਸੂਝੈ
ਨਾਮੁ ਲੇਵਹੁ ਖਿਨੁ ਖਿਨੋ ॥

تِس باجھُ وکھرُ کوءِ ن سوُجھے
نامُ لیوہُ کھِنُ کھِنو ॥

ਪਰਖਿ ਲੇਖਾ ਨਦਰਿ ਸਾਚੀ
ਕਰਮਿ ਪੂਰੈ ਪਾਇਆ ॥

پرکھِ لیکھا ندرِ ساچی
کرمِ پوُرے پائیا ॥

ਨਾਨਕ ਨਾਮੁ ਮਹਾ ਰਸੁ ਮੀਠਾ
ਗੁਰਿ ਪੂਰੈ ਸਚੁ ਪਾਇਆ ॥੪॥੨॥

نانک نامُ مہا رسُ مِیٹھا
گُرِ پوُرے سچُ پائیا ॥4॥2॥

ਰਾਗੁ ਗਉੜੀ ਪੂਰਬੀ ਛੰਤ ਮਹਲਾ ੩

راگُ گئڑی پوُربی چھنّت محلا 3

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥

ੴ ستِنامُ کرتا پُرکھُ گُرپرّساد ॥

ਸਾ ਧਨ ਬਿਨਉ ਕਰੇ ਜੀਉ
ਹਰਿ ਕੇ ਗੁਣ ਸਾਰੇ ॥

سا دھن بِنءُ کرے جیِءُ
ہرِ کے گُنٹ سارے ॥

ਖਿਨੁ ਪਲੁ ਰਹਿ ਨ ਸਕੈ ਜੀਉ
ਬਿਨੁ ਹਰਿ ਪਿਆਰੇ ॥

کھِنُ پلُ رہِ ن سکے جیِءُ
بِنُ ہرِ پیارے ॥

ਬਿਨੁ ਹਰਿ ਪਿਆਰੇ ਰਹਿ ਨ ਸਾਕੈ
ਗੁਰ ਬਿਨੁ ਮਹਲੁ ਨ ਪਾਈਐ ॥

بِنُ ہرِ پیارے رہِ ن ساکے
گُر بِنُ محلُ ن پائیئے ॥

ਜੋ ਗੁਰੁ ਕਹੈ ਸੋਈ ਪਰੁ ਕੀਜੈ
ਤਿਸਨਾ ਅਗਨਿ ਬੁਝਾਈਐ ॥

جو گُرُ کہے سوئی پرُ کیجے
تِسنا اگنِ بُجھائیئے ॥

ਹਰਿ ਸਾਚਾ ਸੋਈ ਤਿਸੁ ਬਿਨੁ ਅਵਰੁ ਨ ਕੋਈ
ਬਿਨੁ ਸੇਵਿਐ ਸੁਖੁ ਨ ਪਾਏ ॥

ہرِ ساچا سوئی تِس بِنُ اورُ ن کوئی
بِنُ سیوِئے سُکھُ ن پائے ॥

ਨਾਨਕ ਸਾ ਧਨ ਮਿਲੈ ਮਿਲਾਈ
ਜਿਸ ਨੋ ਆਪਿ ਮਿਲਾਏ ॥੧॥

نانک سا دھن مِلے مِلائی
جِس نو آپِ مِلائے ॥1॥

ਧਨ ਰੈਣਿ ਸੁਹੇਲੜੀਏ ਜੀਉ
ਹਰਿ ਸਿਉ ਚਿਤੁ ਲਾਏ ॥

دھن رینٹِ سُہیلڑیے جیِءُ
ہرِ سِءُ چِتُ لائے ॥

ਸਤਿਗੁਰੁ ਸੇਵੇ ਭਾਉ ਕਰੇ ਜੀਉ
ਵਿਚਹੁ ਆਪੁ ਗਵਾਏ ॥

ستگُرُ سیوے بھاءُ کرے جیِءُ
وِچہُ آپُ گوائے ॥

ਵਿਚਹੁ ਆਪੁ ਗਵਾਏ ਹਰਿ ਗੁਣ ਗਾਏ
ਅਨਦਿਨੁ ਲਾਗਾ ਭਾਓ ॥

وِچہُ آپُ گوائے ہرِ گُڻ گائے
اندِنُ لاگا بھائو ॥

ਸੁਣਿ ਸਖੀ ਸਹੇਲੀ ਜੀਅ ਕੀ ਮੇਲੀ
ਗੁਰ ਕੈ ਸਬਦਿ ਸਮਾਓ ॥

سُڻِ سکھی سہیلی جیء کی میلی
گُر کے سبدِ سمائو ॥

ਹਰਿ ਗੁਣ ਸਾਰੀ ਤਾ ਕੰਤ ਪਿਆਰੀ
ਨਾਮੇ ਧਰੀ ਪਿਆਰੋ ॥

ہرِ گُڻ ساری تا کنّت پِیاری
نامے دھری پِیارو ॥

ਨਾਨਕ ਕਾਮਣਿ ਨਾਹ ਪਿਆਰੀ
ਰਾਮ ਨਾਮੁ ਗਲਿ ਹਾਰੋ ॥੨॥

نانک کامڻِ ناہ پِیاری
رام نامُ گلِ ہارو ॥2॥

ਧਨ ਏਕਲੜੀ ਜੀਉ ਬਿਨੁ ਨਾਹ ਪਿਆਰੇ ॥

دھن ایکلڑی جیِءُ بِنُ ناہ پِیارے ॥

ਦੂਜੈ ਭਾਇ ਮੁਠੀ ਜੀਉ
ਬਿਨੁ ਗੁਰ ਸਬਦ ਕਰਾਰੇ ॥

دُوجے بھاءِ مُٹھی جیِءُ
بِنُ گُر سبد کرارے ॥

ਬਿਨੁ ਸਬਦ ਪਿਆਰੇ ਕਉਣੁ ਦੁਤਰੁ ਤਾਰੇ
ਮਾਇਆ ਮੋਹਿ ਖੁਆਈ ॥

بِنُ سبد پِیارے کُنُڻُ دُتّرُ تارے
مائیا موہِ کھُیائی ॥

ਕੂੜਿ ਵਿਗੁਤੀ ਤਾ ਪਿਰਿ ਮੁਤੀ
ਸਾ ਧਨ ਮਹਲੁ ਨ ਪਾਈ ॥

کوُڑِ وِگُتی تا پِرِ مُتی
سا دھن محلُ ن پائی ॥

ਗੁਰ ਸਬਦੇ ਰਾਤੀ ਸਹਜੇ ਮਾਤੀ
ਅਨਦਿਨੁ ਰਹੈ ਸਮਾਏ ॥

گُر سبدے راتی سہجے ماتی
اندِنُ رہے سمائے ॥

ਨਾਨਕ ਕਾਮਣਿ ਸਦਾ ਰੰਗਿ ਰਾਤੀ
ਹਰਿ ਜੀਉ ਆਪਿ ਮਿਲਾਏ ॥੩॥

نانک کامڻِ سدا رنگِ راتی
ہرِ جیِءُ آپِ مِلائے ॥3॥

ਤਾ ਮਿਲੀਐ ਹਰਿ ਮੇਲੇ ਜੀਉ
ਹਰਿ ਬਿਨੁ ਕਵਣੁ ਮਿਲਾਏ ॥

تا مِلیئے ہرِ میلے جیِءُ
ہرِ بِنُ کونُ مِلائے ۔ ॥

ਬਿਨੁ ਗੁਰ ਪ੍ਰੀਤਮ ਆਪਣੇ ਜੀਉ
ਕਉਣੁ ਭਰਮੁ ਚੁਕਾਏ ॥

بِنُ گُر پریتم آپنے جیِءُ
کُنُڻُ بھرمُ چُکائے ۔ ॥

ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ
ਤਾ ਸਾ ਧਨ ਸੁਖੁ ਪਾਏ ॥

گُرُ بھرمُ چُکائے اِءُ مِلیئے مائے
تا سا دھن سُکھُ پائے ॥

ਗੁਰ ਸੇਵਾ ਬਿਨੁ ਘੋਰ ਅੰਧਾਰੁ
ਬਿਨੁ ਗੁਰ ਮਗੁ ਨ ਪਾਏ ॥

گُر سیوا بِنُ گھور اندھارُ
بِنُ گُر مگُ ن پائے ॥

ਕਾਮਣਿ ਰੰਗਿ ਰਾਤੀ ਸਹਜੇ ਮਾਤੀ
ਗੁਰ ਕੈ ਸਬਦਿ ਵੀਚਾਰੇ ॥

کامنِ رنگِ راتی سہجے ماتی
گُر کے سبدِ ویچارے ॥

ਨਾਨਕ ਕਾਮਣਿ ਹਰਿ ਵਰੁ ਪਾਇਆ
ਗੁਰ ਕੈ ਭਾਇ ਪਿਆਰੇ ॥੪॥੧॥

نانک کامنِ ہرِ ورُ پائیا
گُر کے بھاءِ پیارے ॥4॥1॥

ਗਉੜੀ ਮਹਲਾ ੩ ॥

گئڑی محلا 3 ॥

ਪਿਰ ਬਿਨੁ ਖਰੀ ਨਿਮਾਣੀ ਜੀਉ
ਬਿਨੁ ਪਿਰ ਕਿਉ ਜੀਵਾ ਮੇਰੀ ਮਾਈ ॥

پِر بِنُ کھری نِماڻی جیءُ
بِنُ پِر کِءُ جیوا میری مائی ۔ ॥

ਪਿਰ ਬਿਨੁ ਨੀਦ ਨ ਆਵੈ ਜੀਉ
ਕਾਪੜੁ ਤਨਿ ਨ ਸੁਹਾਈ ॥

پِر بِنُ نید ن آوے جیءُ
کاپڑُ تنِ ن سُہائی ॥

ਕਾਪਰੁ ਤਨਿ ਸੁਹਾਵੈ ਜਾ ਪਿਰ ਭਾਵੈ
ਗੁਰਮਤੀ ਚਿਤੁ ਲਾਈਐ ॥

کاپڑُ تنِ سُہاوے جا پِر بھاوے
گُرمتی چِتُ لائیئے ॥

ਸਦਾ ਸੁਹਾਗਣਿ ਜਾ ਸਤਿਗੁਰੁ ਸੇਵੇ
ਗੁਰ ਕੈ ਅੰਕਿ ਸਮਾਈਐ ॥

سدا سُہاگنِ جا ستِگُرُ سیوے
گُر کے انکِ سمائیئے ॥

ਗੁਰ ਸਬਦੈ ਮੇਲਾ ਤਾ ਪਿਰੁ ਰਾਵੀ
ਲਾਹਾ ਨਾਮੁ ਸੰਸਾਰੇ ॥

گُر سبدے میلا تا پِرُ راوی
لاہا نامُ سنّسارے ॥

ਨਾਨਕ ਕਾਮਣਿ ਨਾਹ ਪਿਆਰੀ
ਜਾ ਹਰਿ ਕੇ ਗੁਣ ਸਾਰੇ ॥੧॥

نانک کامنِ ناہ پیاری
جا ہرِ کے گُڻ سارے ॥1॥

ਸਾ ਧਨ ਰੰਗੁ ਮਾਣੇ ਜੀਉ
ਆਪਣੇ ਨਾਲਿ ਪਿਆਰੇ ॥

سا دھن رنگُ ماڻے جیءُ
آپڻے نالِ پیارے ॥

ਅਹਿਨਿਸਿ ਰੰਗਿ ਰਾਤੀ ਜੀਉ
ਗੁਰ ਸਬਦੁ ਵੀਚਾਰੇ ॥

اہِنِس رنگِ راتی جیءُ
گُر سبدُ ویچارے ॥

ਗੁਰ ਸਬਦੁ ਵੀਚਾਰੇ ਹਉਮੈ ਮਾਰੇ
ਇਨ ਬਿਧਿ ਮਿਲਹੁ ਪਿਆਰੇ ॥

گُر سبدُ ویچارے ہئُمےَ مارے
اِن بِدھِ مِلہُ پِیارے ॥

ਸਾ ਧਨ ਸੋਹਾਗਣਿ ਸਦਾ ਰੰਗਿ ਰਾਤੀ
ਸਾਚੈ ਨਾਮਿ ਪਿਆਰੇ ॥

سا دھن سوہاگنِ سدا رنگِ راتی
ساچےَ نامِ پِیارے ॥

ਅਪੁਨੇ ਗੁਰ ਮਿਲਿ ਰਹੀਐ ਅੰਮ੍ਰਿਤੁ ਗਹੀਐ
ਦੁਬਿਧਾ ਮਾਰਿ ਨਿਵਾਰੇ ॥

اپُنے گُر مِلِ رہیئےَ انمّرِتُ گہیئےَ
دُبِدھا مارِ نِوارے ॥

ਨਾਨਕ ਕਾਮਣਿ ਹਰਿ ਵਰੁ ਪਾਇਆ
ਸਗਲੇ ਦੂਖ ਵਿਸਾਰੇ ॥੨॥

نانک کامنِ ہرِ ورُ پایئیا
سگلے دوُکھ وِسارے ॥2॥

ਕਾਮਣਿ ਪਿਰਹੁ ਭੁਲੀ ਜੀਉ
ਮਾਇਆ ਮੋਹਿ ਪਿਆਰੇ ॥

کامنِ پِرہُ بھُلی جیِءُ
مایئیا موہِ پِیارے ॥

ਝੂਠੀ ਝੂਠਿ ਲਗੀ ਜੀਉ
ਕੂੜਿ ਮੁਠੀ ਕੂੜਿਆਰੇ ॥

جھوُٹھی جھوُٹھِ لگی جیِءُ
کوُڑِ مُٹھی کوُڑِیارے ॥

ਕੂੜੁ ਨਿਵਾਰੇ ਗੁਰਮਤਿ ਸਾਰੇ
ਜੂਐ ਜਨਮੁ ਨ ਹਾਰੇ ॥

کوُڑُ نِوارے گُرمتِ سارے
جوُئےَ جنمُ ن ہارے ॥

ਗੁਰ ਸਬਦੁ ਸੇਵੇ ਸਚਿ ਸਮਾਵੈ
ਵਿਚਹੁ ਹਉਮੈ ਮਾਰੇ ॥

گُر سبدُ سیوے سچِ سماوےَ
وِچہُ ہئُمےَ مارے ॥

ਹਰਿ ਕਾ ਨਾਮੁ ਰਿਦੈ ਵਸਾਏ
ਐਸਾ ਕਰੇ ਸੀਗਾਰੋ ॥

ہرِ کا نامُ رِدےَ وسائے
ایَسا کرے سیِگارو ॥

ਨਾਨਕ ਕਾਮਣਿ ਸਹਜਿ ਸਮਾਣੀ
ਜਿਸੁ ਸਾਚਾ ਨਾਮੁ ਅਧਾਰੋ ॥੩॥

نانک کامنِ سہجِ سمانّی
جِسُ ساچا نامُ ادھارو ॥3॥

ਮਿਲੁ ਮੇਰੇ ਪ੍ਰੀਤਮਾ ਜੀਉ
ਤੁਧੁ ਬਿਨੁ ਖਰੀ ਨਿਮਾਣੀ ॥

مِلُ میرے پرّیتما جیِءُ
تُدھُ بِنُ کھری نِمانّی ॥

ਮੈ ਨੈਣੀ ਨੀਦ ਨ ਆਵੈ ਜੀਉ
ਭਾਵੈ ਅੰਨੁ ਨ ਪਾਣੀ ॥

مےَ نینّی نِید ن آوےَ جیِءُ
بھاوےَ انّنُ ن پانّی ॥

ਪਾਣੀ ਅੰਨੁ ਨ ਭਾਵੈ ਮਰੀਐ ਹਾਵੈ
ਬਿਨੁ ਪਿਰ ਕਿਉ ਸੁਖੁ ਪਾਈਐ ॥

پانّی انّنُ ن بھاوےَ مریئےَ ہاوےَ

ਗੁਰ ਆਗੈ ਕਰਉ ਬਿਨੰਤੀ ਜੇ ਗੁਰ ਭਾਵੈ
ਜਿਉ ਮਿਲੈ ਤਿਵੈ ਮਿਲਾਈਐ ॥

ਆਪੇ ਮੇਲਿ ਲਏ ਸੁਖਦਾਤਾ
ਆਪਿ ਮਿਲਿਆ ਘਰਿ ਆਏ ॥

ਨਾਨਕ ਕਾਮਣਿ ਸਦਾ ਸੁਹਾਗਣਿ
ਨਾ ਪਿਰੁ ਮਰੈ ਨ ਜਾਏ ॥੪॥੨॥

ਗਉੜੀ ਮਹਲਾ ੩ ॥

ਕਾਮਣਿ ਹਰਿ ਰਸਿ ਬੇਧੀ ਜੀਉ
ਹਰਿ ਕੈ ਸਹਜਿ ਸੁਭਾਏ ॥

ਮਨੁ ਮੋਹਨਿ ਮੋਹਿ ਲੀਆ ਜੀਉ
ਦੁਬਿਧਾ ਸਹਜਿ ਸਮਾਏ ॥

ਦੁਬਿਧਾ ਸਹਜਿ ਸਮਾਏ ਕਾਮਣਿ ਵਰੁ ਪਾਏ
ਗੁਰਮਤੀ ਰੰਗੁ ਲਾਏ ॥

ਇਹੁ ਸਰੀਰੁ ਕੂੜਿ ਕੁਸਤਿ ਭਰਿਆ
ਗਲ ਤਾਈ ਪਾਪ ਕਮਾਏ ॥

ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ
ਬਿਨੁ ਭਗਤੀ ਮੈਲੁ ਨ ਜਾਏ ॥

ਨਾਨਕ ਕਾਮਣਿ ਪਿਰਹਿ ਪਿਆਰੀ
ਵਿਚਹੁ ਆਪੁ ਗਵਾਏ ॥੧॥

ਕਾਮਣਿ ਪਿਰੁ ਪਾਇਆ ਜੀਉ
ਗੁਰ ਕੈ ਭਾਇ ਪਿਆਰੇ ॥

ਰੈਣਿ ਸੁਖਿ ਸੁਤੀ ਜੀਉ
ਅੰਤਰਿ ਉਰਿ ਧਾਰੇ ॥

ਅੰਤਰਿ ਉਰਿ ਧਾਰੇ ਮਿਲੀਐ ਪਿਆਰੇ

بِنُ پِر کِءُ سُکھُ پائیَۓ ۔ ॥

گُر آگے کرءُ بِنَنتی جے گُر بھاوے
جِءُ مِلے تِوے مِلائیَۓ ॥

آپے میلِ لۓ سُکھداتا
آپِ مِلیا گھرِ آئے ॥

نانک کامنِ سدا سُہاگنِ
نا پِرُ مرے ن جائے ॥4॥2॥

گئُڑی محلا 3 ॥

کامنِ ہرِ رسِ بیدھی جیِءُ
ہرِ کے سہجِ سُبھائے ॥

منُ موہنِ موہِ لِیا جیِءُ
دُبِدھا سہجِ سمائے ॥

دُبِدھا سہجِ سمائے کامنِ ورُ پائے
گُرمتی رنگُ لائے ॥

اِہُ سریرُ کوُڑِ کُستِ بھریا
گل تائی پاپ کمائے ॥

گُرمُکھِ بھگتِ جِتُ سہج دھُنِ اُپجے
بِنُ بھگتی میَلُ ن جائے ॥

نانک کامنِ پِرہِ پِیاری
وِچہُ آپُ گوائے ॥1॥

کامنِ پِرُ پائیا جیِءُ
گُر کے بھاءِ پِیارے ॥

رینِ سُکھِ سُتی جیِءُ
انترِ اُرِ دھارے ॥

انترِ اُرِ دھارے مِلیِۓ پِیارے

ਅਨਦਿਨੁ ਦੁਖੁ ਨਿਵਾਰੇ ॥

اندِنُ دُکھُ نِوارے ॥

ਅੰਤਰਿ ਮਹਲੁ ਪਿਰੁ ਰਾਵੇ ਕਾਮਣਿ
ਗੁਰਮਤੀ ਵੀਚਾਰੇ ॥

انترِ محلُ پِرُ راوے کامنِٹ
گُرمتی ویچارے ॥

ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ
ਦੁਬਿਧਾ ਮਾਰਿ ਨਿਵਾਰੇ ॥

انمّرِتُ نامُ پِیا دِن راتی
دُبِدھا مارِ نِوارے ॥

ਨਾਨਕ ਸਚਿ ਮਿਲੀ ਸੋਹਾਗਣਿ
ਗੁਰ ਕੈ ਹੇਤਿ ਅਪਾਰੇ ॥੨॥

نانک سچِ مِلی سوہاگنٹِ
گُر کے ہیتِ اپارے ॥2॥

ਆਵਹੁ ਦਇਆ ਕਰੇ ਜੀਉ
ਪ੍ਰੀਤਮ ਅਤਿ ਪਿਆਰੇ ॥

آوہُ دئیا کرے جیِءُ
پّریتم اتِ پِیارے ۔ ॥

ਕਾਮਣਿ ਬਿਨਉ ਕਰੇ ਜੀਉ
ਸਚਿ ਸਬਦਿ ਸੀਗਾਰੇ ॥

کامنِٹ بِنءُ کرے جیِءُ
سچِ سبدِ سیِگارے ॥

ਸਚਿ ਸਬਦਿ ਸੀਗਾਰੇ ਹਉਮੈ ਮਾਰੇ
ਗੁਰਮੁਖਿ ਕਾਰਜ ਸਵਾਰੇ ॥

سچِ سبدِ سیِگارے ہئُمےَ مارے
گُرمُکھِ کارج سوارے ॥

ਜੁਗਿ ਜੁਗਿ ਏਕੋ ਸਚਾ ਸੋਈ
ਬੂਝੈ ਗੁਰ ਬੀਚਾਰੇ ॥

جُگِ جُگِ ایکو سچا سوئی
بُوجھےَ گُر بیچارے ॥

ਮਨਮੁਖਿ ਕਾਮਿ ਵਿਆਪੀ ਮੋਹਿ ਸੰਤਾਪੀ
ਕਿਸੁ ਆਗੈ ਜਾਇ ਪੁਕਾਰੇ ॥

منمُکھِ کامِ ویاپی موہِ سنّتاپی
کِسُ آگے جاءِ پُکارے ۔ ॥

ਨਾਨਕ ਮਨਮੁਖਿ ਥਾਉ ਨ ਪਾਏ
ਬਿਨੁ ਗੁਰ ਅਤਿ ਪਿਆਰੇ ॥੩॥

نانک منمُکھِ تھاءُ ن پائے
بِنُ گُر اتِ پِیارے ॥3॥

ਮੁੰਧ ਇਆਣੀ ਭੋਲੀ ਨਿਗੁਣੀਆ ਜੀਉ
ਪਿਰੁ ਅਗਮ ਅਪਾਰਾ ॥

مُندھ اِیانٹی بھولی نِگُنٹیا جیِءُ
پِرُ اگم اپارا ॥

ਆਪੇ ਮੇਲਿ ਮਿਲੀਐ ਜੀਉ ਆਪੇ ਬਖਸਣਹਾਰਾ ॥

آپے میلِ مِلیِےَ جیِءُ آپے بخشنہارا ॥

ਅਵਗਣ ਬਖਸਣਹਾਰਾ ਕਾਮਣਿ ਕੰਤੁ ਪਿਆਰਾ
ਘਟਿ ਘਟਿ ਰਹਿਆ ਸਮਾਈ ॥

اوگُنٹ بخشنہارا کامنِٹ کنّتُ پِیارا
گھٹِ گھٹِ رہِیا سمائی ॥

ਪ੍ਰੇਮ ਪ੍ਰੀਤਿ ਭਾਇ ਭਗਤੀ ਪਾਈਐ

پّریم پّریتِ بھاءِ بھگتی پائیےَ

ਸਤਿਗੁਰ ਬੂਝ ਬੁਝਾਈ ॥

ستگُر بوُجھ بُجھائی ॥

ਸਦਾ ਅਨੰਦਿ ਰਹੈ ਦਿਨ ਰਾਤੀ
ਅਨਦਿਨੁ ਰਹੈ ਲਿਵ ਲਾਈ ॥

سدا انندِ رہے دِن راتی
اندِنُ رہے لِو لائی ॥

ਨਾਨਕ ਸਹਜੇ ਹਰਿ ਵਰੁ ਪਾਇਆ
ਸਾ ਧਨ ਨਉ ਨਿਧਿ ਪਾਈ ॥੪॥੩॥

نانک سہجے ہرِ ورُ پائیا
سا دھن نءُ نِدھِ پائی ॥4॥3॥

ਗਉੜੀ ਮਹਲਾ ੩ ॥

گئُڑی محلا 3 ॥

ਮਾਇਆ ਸਰੁ ਸਬਲੁ ਵਰਤੈ ਜੀਉ
ਕਿਉ ਕਰਿ ਦੁਤਰੁ ਤਰਿਆ ਜਾਇ ॥

مائیا سرُ سبلُ ورتے جیءُ
کِءُ کرِ دُتّرُ تریا جاءِ ۔ ॥

ਰਾਮ ਨਾਮੁ ਕਰਿ ਬੋਹਿਥਾ ਜੀਉ
ਸਬਦੁ ਖੇਵਟੁ ਵਿਚਿ ਪਾਇ ॥

رام نامُ کرِ بوہتھا جیءُ
سبدُ کھیوٹُ وِچِ پاءِ ॥

ਸਬਦੁ ਖੇਵਟੁ ਵਿਚਿ ਪਾਏ ਹਰਿ ਆਪਿ ਲਘਾਏ
ਇਨ ਬਿਧਿ ਦੁਤਰੁ ਤਰੀਐ ॥

سبدُ کھیوٹُ وِچِ پائے ہرِ آپِ لگھائے
اِن بِدھِ دُتّرُ تریئے ॥

ਗੁਰਮੁਖਿ ਭਗਤਿ ਪਰਾਪਤਿ ਹੋਵੈ
ਜੀਵਤਿਆ ਇਉ ਮਰੀਐ ॥

گُرمُکھِ بھگتِ پراپتِ ہووے
جیوتیا اِءُ مریئے ॥

ਖਿਨ ਮਹਿ ਰਾਮ ਨਾਮਿ ਕਿਲਵਿਖ ਕਾਟੇ
ਭਏ ਪਵਿਤੁ ਸਰੀਰਾ ॥

کھِن مہِ رام نامِ کِلوِکھ کاٹے
بھئے پوِتُ سریرا ॥

ਨਾਨਕ ਰਾਮ ਨਾਮਿ ਨਿਸਤਾਰਾ
ਕੰਚਨ ਭਏ ਮਨੂਰਾ ॥੧॥

نانک رام نامِ نِستارا
کنچن بھئے منوُرا ॥1॥

ਇਸਤਰੀ ਪੁਰਖ ਕਾਮਿ ਵਿਆਪੇ ਜੀਉ
ਰਾਮ ਨਾਮ ਕੀ ਬਿਧਿ ਨਹੀ ਜਾਣੀ ॥

اِستری پُرکھ کامِ ویاپے جیءُ
رام نام کی بِدھِ نہی جاتی ॥

ਮਾਤ ਪਿਤਾ ਸੁਤ ਭਾਈ ਖਰੇ ਪਿਆਰੇ ਜੀਉ
ਡੂਬਿ ਮੁਏ ਬਿਨੁ ਪਾਣੀ ॥

مات پِتا سُت بھائی کھرے پیارے جیءُ
ڈُوبِ مُئے بِنُ پانی ॥

ਡੂਬਿ ਮੁਏ ਬਿਨੁ ਪਾਣੀ ਗਤਿ ਨਹੀ ਜਾਣੀ
ਹਉਮੈ ਧਾਤੁ ਸੰਸਾਰੇ ॥

ڈُوبِ مُئے بِنُ پانی گتِ نہی جانی
ہئُمے دھاتُ سنّسارے ॥

ਜੋ ਆਇਆ ਸੋ ਸਭੁ ਕੋ ਜਾਸੀ

جو آئیا سو سبھُ کو جاسی

ਉਬਰੇ ਗੁਰ ਵੀਚਾਰੇ ॥

اُبرے گُر ویچارے ॥

ਗੁਰਮੁਖਿ ਹੋਵੈ ਰਾਮ ਨਾਮੁ ਵਖਾਣੈ
ਆਪਿ ਤਰੈ ਕੁਲ ਤਾਰੇ ॥

گُرمُکھِ ہووے رام نامُ وکھاٹے
آپِ ترے کُل تارے ॥

ਨਾਨਕ ਨਾਮੁ ਵਸੈ ਘਟ ਅੰਤਰਿ
ਗੁਰਮਤਿ ਮਿਲੇ ਪਿਆਰੇ ॥੨॥

نانک نامُ وسے گھٹ انترِ
گُرمتِ مِلے پِیارے ॥2॥

ਰਾਮ ਨਾਮ ਬਿਨੁ ਕੋ ਥਿਰੁ ਨਾਹੀ ਜੀਉ
ਬਾਜੀ ਹੈ ਸੰਸਾਰਾ ॥

رام نام بِنُ کو تھِرُ ناہی جیِءُ
بازی ہے سنّسارا ॥

ਦ੍ਰਿੜੁ ਭਗਤਿ ਸਚੀ ਜੀਉ ਰਾਮ ਨਾਮੁ ਵਾਪਾਰਾ ॥

ڈرِڑُ بھگتِ سچی جیِءُ رام نامُ واپارا ॥

ਰਾਮ ਨਾਮੁ ਵਾਪਾਰਾ ਅਗਮ ਅਪਾਰਾ
ਗੁਰਮਤੀ ਧਨੁ ਪਾਈਐ ॥

رام نامُ واپارا اگم اپارا
گُرمتی دھنُ پائیئے ॥

ਸੇਵਾ ਸੁਰਤਿ ਭਗਤਿ ਇਹ ਸਾਚੀ
ਵਿਚਹੁ ਆਪੁ ਗਵਾਈਐ ॥

سیوا سُرتِ بھگتِ اِہ ساچی
وِچہُ آپُ گوائیئے ॥

ਹਮ ਮਤਿ ਹੀਣ ਮੂਰਖ ਮੁਗਧ ਅੰਧੇ
ਸਤਿਗੁਰਿ ਮਾਰਗਿ ਪਾਏ ॥

ہم متِ ہیِنْ مُورکھ مُگدھ اندھے
ستِگُرِ مارگِ پائے ॥

ਨਾਨਕ ਗੁਰਮੁਖਿ ਸਬਦਿ ਸੁਹਾਵੇ
ਅਨਦਿਨੁ ਹਰਿ ਗੁਣ ਗਾਏ ॥੩॥

نانک گُرمُکھِ سبدِ سُہاوے
اندِنُ ہرِ گُنْ گائے ॥3॥

ਆਪਿ ਕਰਾਏ ਕਰੇ ਆਪਿ ਜੀਉ
ਆਪੇ ਸਬਦਿ ਸਵਾਰੇ ॥

آپِ کرائے کرے آپِ جیِءُ
آپے سبدِ سوارے ॥

ਆਪੇ ਸਤਿਗੁਰੁ ਆਪਿ ਸਬਦੁ ਜੀਉ
ਜੁਗੁ ਜੁਗੁ ਭਗਤ ਪਿਆਰੇ ॥

آپے ستِگُرُ آپِ سبدُ جیِءُ
جُگُ جُگُ بھگت پِیارے ॥

ਜੁਗੁ ਜੁਗ ਭਗਤ ਪਿਆਰੇ ਹਰਿ ਆਪਿ ਸਵਾਰੇ
ਆਪੇ ਭਗਤੀ ਲਾਏ ॥

جُگُ جُگ بھگت پِیارے ہرِ آپِ سوارے
آپے بھگتی لائے ॥

ਆਪੇ ਦਾਨਾ ਆਪੇ ਬੀਨਾ
ਆਪੇ ਸੇਵ ਕਰਾਏ ॥

آپے دانا آپے بِینا
آپے سیو کرائے ॥

ਆਪੇ ਗੁਣਦਾਤਾ ਅਵਗੁਣ ਕਾਟੇ

آپے گُنڈاتا اوگُنْ کاٹے

ਹਿਰਦੈ ਨਾਮੁ ਵਸਾਏ ॥

ہِردے نامُ وسائے ॥

ਨਾਨਕ ਸਦ ਬਲਿਹਾਰੀ ਸਚੇ ਵਿਟਹੁ
ਆਪੇ ਕਰੇ ਕਰਾਏ ॥੪॥੪॥

نانک سد بلِہاری سچے وِٹہُ
آپے کرے کرائے ॥4॥4॥

ਗਉੜੀ ਮਹਲਾ ੩ ॥

گئُڑی محلا 3 ॥

ਗੁਰ ਕੀ ਸੇਵਾ ਕਰਿ ਪਿਰਾ ਜੀਉ
ਹਰਿ ਨਾਮੁ ਧਿਆਏ ॥

گُر کی سیوا کرِ پِرا جیِءُ
ہرِ نامُ دھِیائے ॥

ਮੰਞਹੁ ਦੂਰਿ ਨ ਜਾਹਿ ਪਿਰਾ ਜੀਉ
ਘਰਿ ਬੈਠਿਆ ਹਰਿ ਪਾਏ ॥

منّجہُ دوُرِ ن جاہِ پِرا جیِءُ
گھرِ بیٹھیا ہرِ پائے ॥

ਘਰਿ ਬੈਠਿਆ ਹਰਿ ਪਾਏ ਸਦਾ ਚਿਤੁ ਲਾਏ
ਸਹਜੇ ਸਤਿ ਸੁਭਾਏ ॥

گھرِ بیٹھیا ہرِ پائے سدا چِتُ لائے
سہجے ستِ سُبھائے ॥

ਗੁਰ ਕੀ ਸੇਵਾ ਖਰੀ ਸੁਖਾਲੀ
ਜਿਸ ਨੋ ਆਪਿ ਕਰਾਏ ॥

گُر کی سیوا کھری سُکھالی
جِس نو آپِ کرائے ॥

ਨਾਮੋ ਬੀਜੇ ਨਾਮੋ ਜੰਮੈ
ਨਾਮੋ ਮੰਨਿ ਵਸਾਏ ॥

نامو بیِجے نامو جنّمَے
نامو منّنِ وسائے ॥

ਨਾਨਕ ਸਚਿ ਨਾਮਿ ਵਡਿਆਈ
ਪੂਰਬਿ ਲਿਖਿਆ ਪਾਏ ॥੧॥

نانک سچِ نامِ وڈِیائی
پوُربِ لِکھِیا پائے ॥1॥

ਹਰਿ ਕਾ ਨਾਮੁ ਮੀਠਾ ਪਿਰਾ ਜੀਉ
ਜਾ ਚਾਖਹਿ ਚਿਤੁ ਲਾਏ ॥

ہرِ کا نامُ مِیٹھا پِرا جیِءُ
جا چاکھہِ چِتُ لائے ॥

ਰਸਨਾ ਹਰਿ ਰਸੁ ਚਾਖੁ ਮੁਯੇ ਜੀਉ
ਅਨ ਰਸ ਸਾਦ ਗਵਾਏ ॥

رسنا ہرِ رسُ چاکھُ مُیے جیِءُ
ان رس ساد گوائے ॥

ਸਦਾ ਹਰਿ ਰਸੁ ਪਾਏ ਜਾ ਹਰਿ ਭਾਏ
ਰਸਨਾ ਸਬਦਿ ਸੁਹਾਏ ॥

سدا ہرِ رسُ پائے جا ہرِ بھائے
رسنا سبدِ سُہائے ॥

ਨਾਮੁ ਧਿਆਏ ਸਦਾ ਸੁਖੁ ਪਾਏ
ਨਾਮਿ ਰਹੈ ਲਿਵ ਲਾਏ ॥

نامُ دھِیائے سدا سُکھُ پائے
نامِ رہے لِو لائے ॥

ਨਾਮੇ ਉਪਜੈ ਨਾਮੇ ਬਿਨਸੈ

نامے اُپجے نامے بِنسے

ਨਾਮੇ ਸਚਿ ਸਮਾਏ ॥

نامے سچِ سمائے ॥

ਨਾਨਕ ਨਾਮੁ ਗੁਰਮਤੀ ਪਾਈਐ
ਆਪੇ ਲਏ ਲਵਾਏ ॥੨॥

نانک نامُ گُرمتی پائیئے
آپے لئے لوائے ॥2॥

ਏਹ ਵਿਡਾਣੀ ਚਾਕਰੀ ਪਿਰਾ ਜੀਉ
ਧਨ ਛੋਡਿ ਪਰਦੇਸਿ ਸਿਧਾਏ ॥

ایہ وِڈانّی چاکری پِرا جیِءُ
دھن چھوڈِ پردیسِ سِدھائے ॥

ਦੂਜੈ ਕਿਨੈ ਸੁਖੁ ਨ ਪਾਇਓ ਪਿਰਾ ਜੀਉ
ਬਿਖਿਆ ਲੋਭਿ ਲੁਭਾਏ ॥

دوُجے کِنے سُکھُ ن پائیئو پِرا جیِءُ
بِکھیا لوبھِ لُبھائے ॥

ਬਿਖਿਆ ਲੋਭਿ ਲੁਭਾਏ ਭਰਮਿ ਭੁਲਾਏ
ਓਹੁ ਕਿਉ ਕਰਿ ਸੁਖੁ ਪਾਏ ॥

بِکھیا لوبھِ لُبھائے بھرمِ بھُلائے
اوہُ کِءُ کرِ سُکھُ پائے ۔ ॥

ਚਾਕਰੀ ਵਿਡਾਣੀ ਖਰੀ ਦੁਖਾਲੀ
ਆਪੁ ਵੇਚਿ ਧਰਮੁ ਗਵਾਏ ॥

چاکری وِڈانّی کھری دُکھالی
آپُ ویچِ دھرمُ گوائے ॥

ਮਾਇਆ ਬੰਧਨ ਟਿਕੈ ਨਾਹੀ
ਖਿਨੁ ਖਿਨੁ ਦੁਖੁ ਸੰਤਾਏ ॥

مائیا بنّدھن ٹِکے ناہی
کھِنُ کھِنُ دُکھُ سنّتائے ॥

ਨਾਨਕ ਮਾਇਆ ਕਾ ਦੁਖੁ ਤਦੇ ਚੂਕੈ
ਜਾ ਗੁਰ ਸਬਦੀ ਚਿਤੁ ਲਾਏ ॥੩॥

نانک مائیا کا دُکھُ تدے چھُوکے
جا گُر سبدی چِتُ لائے ॥3॥

ਮਨਮੁਖ ਮੁਗਧ ਗਾਵਾਰੁ ਪਿਰਾ ਜੀਉ
ਸਬਦੁ ਮਨਿ ਨ ਵਸਾਏ ॥

منمُکھ مُگدھ گاوارُ پِرا جیِءُ
سبدُ منِ ن وسائے ॥

ਮਾਇਆ ਕਾ ਭ੍ਰਮੁ ਅੰਧੁ ਪਿਰਾ ਜੀਉ
ਹਰਿ ਮਾਰਗੁ ਕਿਉ ਪਾਏ ॥

مائیا کا بھرّمُ انّدھُ پِرا جیِءُ
ہرِ مارگُ کِءُ پائے ۔ ॥

ਕਿਉ ਮਾਰਗੁ ਪਾਏ ਬਿਨੁ ਸਤਿਗੁਰ ਭਾਏ
ਮਨਮੁਖਿ ਆਪੁ ਗਣਾਏ ॥

کِءُ مارگُ پائے بِنُ ستِگُر بھائے
منمُکھِ آپُ گنّائے ॥

ਹਰਿ ਕੇ ਚਾਕਰ ਸਦਾ ਸੁਹੇਲੇ
ਗੁਰ ਚਰਣੀ ਚਿਤੁ ਲਾਏ ॥

ہرِ کے چاکر سدا سُہیلے
گُر چرنّی چِتُ لائے ॥

ਜਿਸ ਨੋ ਹਰਿ ਜੀਉ ਕਰੇ ਕਿਰਪਾ
ਸਦਾ ਹਰਿ ਕੇ ਗੁਣ ਗਾਏ ॥

جِس نو ہرِ جیِءُ کرے کِرپا
سدا ہرِ کے گُنّ گائے ॥

ਨਾਨਕ ਨਾਮੁ ਰਤਨੁ ਜਗਿ ਲਾਹਾ
ਗੁਰਮੁਖਿ ਆਪਿ ਬੁਝਾਏ ॥੪॥੫॥੭॥

نانک نامُ رتنُ جگِ لاہا
گُرمُکھِ آپِ بُجھائے ॥4॥5॥7॥

ਰਾਗੁ ਗਉੜੀ ਛੰਤ ਮਹਲਾ ੫

راگُ گئُڑی چھنّت محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਮੇਰੈ ਮਨਿ ਬੈਰਾਗੁ ਭਇਆ ਜੀਉ
ਕਿਉ ਦੇਖਾ ਪ੍ਰਭ ਦਾਤੇ ॥

میرے منِ بیَراگُ بھئیا جیِءُ
کِءُ دیکھا پرّبھ داتے ۔ ॥

ਮੇਰੇ ਮੀਤ ਸਖਾ ਹਰਿ ਜੀਉ
ਗੁਰ ਪੁਰਖ ਬਿਧਾਤੇ ॥

میرے میت سکھا ہرِ جیِءُ
گُر پُرکھ بِدھاتے ॥

ਪੁਰਖੋ ਬਿਧਾਤਾ ਏਕੁ ਸ੍ਰੀਧਰੁ
ਕਿਉ ਮਿਲਹ ਤੁਝੈ ਉਡੀਣੀਆ ॥

پُرکھو بِدھاتا ایکُ سّرِیدھرُ
کِءُ مِلہ تُجھے اُڈِیٹِیا ॥

ਕਰ ਕਰਹਿ ਸੇਵਾ ਸੀਸੁ ਚਰਣੀ
ਮਨਿ ਆਸ ਦਰਸ ਨਿਮਾਣੀਆ ॥

کر کرہِ سیوا سیِسُ چرنّی
منِ آس درس نِماٹِیا ॥

ਸਾਸਿ ਸਾਸਿ ਨ ਘੜੀ ਵਿਸਰੈ
ਪਲੁ ਮੂਰਤੁ ਦਿਨੁ ਰਾਤੇ ॥

ساسِ ساسِ ن گھڑی وِسرے
پلُ مورتُ دِنُ راتے ॥

ਨਾਨਕ ਸਾਰਿੰਗ ਜਿਉ ਪਿਆਸੇ
ਕਿਉ ਮਿਲੀਐ ਪ੍ਰਭ ਦਾਤੇ ॥੧॥

نانک سارِنگ جِءُ پیاسے
کِءُ مِلیئے پرّبھ داتے ۔ ॥1॥

ਇਕ ਬਿਨਉ ਕਰਉ ਜੀਉ
ਸੁਣਿ ਕੰਤ ਪਿਆਰੇ ॥

اِک بِنءُ کرءُ جیِءُ
سُنِ کنّت پِیارے ۔ ॥

ਮੇਰਾ ਮਨੁ ਤਨੁ ਮੋਹਿ ਲੀਆ ਜੀਉ
ਦੇਖਿ ਚਲਤ ਤੁਮਾਰੇ ॥

میرا منُ تنُ موہِ لِیا جیِءُ
دیکھِ چلت تُمارے ॥

ਚਲਤਾ ਤੁਮਾਰੇ ਦੇਖਿ ਮੋਹੀ
ਉਦਾਸ ਧਨ ਕਿਉ ਧੀਰਏ ॥

چلتا تُمارے دیکھِ موہی
اُداس دھن کِءُ دھیرئے ۔ ॥

ਗੁਣਵੰਤ ਨਾਹ ਦਇਆਲੁ ਬਾਲਾ
ਸਰਬ ਗੁਣ ਭਰਪੂਰਏ ॥

گُنّونت ناہ دئیالُ بالا
سرب گُنّ بھرپُورئے ॥

ਪਿਰ ਦੋਸੁ ਨਾਹੀ ਸੁਖਹ ਦਾਤੇ

پِر دوسُ ناہی سُکھ داتے

ਹਉ ਵਿਛੁੜੀ ਬੁਰਿਆਰੇ ॥

ہءُ وِچھُڑی بُریارے ॥

ਬਿਨਵੰਤਿ ਨਾਨਕ ਦਇਆ ਧਾਰਹੁ
ਘਰਿ ਆਵਹੁ ਨਾਹ ਪਿਆਰੇ ॥੨॥

بِنونَتِ نانک دئیا دھارہُ
گھرِ آوہُ ناہ پِیارے ۔ ॥2॥

ਹਉ ਮਨੁ ਅਰਪੀ ਸਭੁ ਤਨੁ ਅਰਪੀ
ਅਰਪੀ ਸਭਿ ਦੇਸਾ ॥

ہءُ منُ ارپی سبھُ تنُ ارپی
ارپی سبھِ دیسا ॥

ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ
ਜੋ ਪ੍ਰਭ ਦੇਇ ਸਦੇਸਾ ॥

ہءُ سِرُ ارپی تِسُ مِیت پِیارے
جو پربھ دےءِ سدیسا ॥

ਅਰਪਿਆ ਤ ਸੀਸੁ ਸੁਥਾਨਿ ਗੁਰ ਪਹਿ
ਸੰਗਿ ਪ੍ਰਭੂ ਦਿਖਾਇਆ ॥

ارپیا ت سیسُ سُتھانِ گُر پہِ
سنگِ پربھوُ دِکھائیا ॥

ਖਿਨ ਮਾਹਿ ਸਗਲਾ ਦੂਖੁ ਮਿਟਿਆ
ਮਨਹੁ ਚਿੰਦਿਆ ਪਾਇਆ ॥

کھِن ماہِ سگلا دوُکھُ مِٹیا
منہُ چِنّدیا پائیا ॥

ਦਿਨੁ ਰੈਣਿ ਰਲੀਆ ਕਰੈ ਕਾਮਣਿ
ਮਿਟੇ ਸਗਲ ਅੰਦੇਸਾ ॥

دِنُ رَیَنِ رلیا کرے کامنِ
مِٹے سگل اندیسا ॥

ਬਿਨਵੰਤਿ ਨਾਨਕੁ ਕੰਤੁ ਮਿਲਿਆ
ਲੋੜਤੇ ਹਮ ਜੈਸਾ ॥੩॥

بِنونَتِ نانکُ کنتُ مِلیا
لوڑتے ہم جیَسا ॥3॥

ਮੇਰੈ ਮਨਿ ਅਨਦੁ ਭਇਆ ਜੀਉ
ਵਜੀ ਵਾਧਾਈ ॥

میرے منِ اندُ بھئیا جیِءُ
وجی وادھائی ॥

ਘਰਿ ਲਾਲੁ ਆਇਆ ਪਿਆਰਾ
ਸਭ ਤਿਖਾ ਬੁਝਾਈ ॥

گھرِ لالُ آئیا پِیارا
سبھ تِکھا بُجھائی ॥

ਮਿਲਿਆ ਤ ਲਾਲੁ ਗੁਪਾਲੁ ਠਾਕੁਰੁ
ਸਖੀ ਮੰਗਲੁ ਗਾਇਆ ॥

مِلیا ت لالُ گُپالُ ٹھاکُرُ
سکھی منگلُ گائیا ॥

ਸਭ ਮੀਤ ਬੰਧਪ ਹਰਖੁ ਉਪਜਿਆ
ਦੂਤ ਥਾਉ ਗਵਾਇਆ ॥

سبھ مِیت بندھپ ہرکھُ اُپجیا
دوُت تھاءُ گوائیا ॥

ਅਨਹਤ ਵਾਜੇ ਵਜਹਿ ਘਰ ਮਹਿ
ਪਿਰ ਸੰਗਿ ਸੇਜ ਵਿਛਾਈ ॥

انہت واجے وجہِ گھر مہِ
پِر سنگِ سیج وِچھائی ॥

ਬਿਨਵੰਤਿ ਨਾਨਕੁ ਸਹਜਿ ਰਹੈ
ਹਰਿ ਮਿਲਿਆ ਕੰਤੁ ਸੁਖਦਾਈ ॥੪॥੧॥

بِنونتِ نانکُ سہجِ رہے
ہرِ مِلیا کنّتُ سُکھدائی ॥4॥1॥

ਗਉੜੀ ਮਹਲਾ ੫ ॥

گئڑی محلا 5 ॥

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥

موہن تیرے اوُچے منّدر محل اپارا ॥

ਮੋਹਨ ਤੇਰੇ ਸੋਹਨਿ ਦੁਆਰ ਜੀਉ
ਸੰਤ ਧਰਮ ਸਾਲਾ ॥

موہن تیرے سوہنِ دُیار جیِءُ
سنّت دھرم سالا ॥

ਧਰਮ ਸਾਲ ਅਪਾਰ ਦੈਆਰ ਠਾਕੁਰ
ਸਦਾ ਕੀਰਤਨੁ ਗਾਵਹੇ ॥

دھرم سال اپار دیَیار ٹھاکُر
سدا کیِرتنُ گاوہے ॥

ਜਹ ਸਾਧ ਸੰਤ ਇਕਤ੍ਰ ਹੋਵਹਿ
ਤਹਾ ਤੁਝਹਿ ਧਿਆਵਹੇ ॥

جہ سادھ سنّت اِکتّر ہووہِ
تہا تُجھہِ دھِیاوہے ॥

ਕਰਿ ਦਇਆ ਮਇਆ ਦਇਆਲ ਸੁਆਮੀ
ਹੋਹੁ ਦੀਨ ਕ੍ਰਿਪਾਰਾ ॥

کرِ دیَیا مِیَا دیَیال سُیامی
ہوہُ دِین کرِپارا ॥

ਬਿਨਵੰਤਿ ਨਾਨਕ ਦਰਸ ਪਿਆਸੇ
ਮਿਲਿ ਦਰਸਨ ਸੁਖੁ ਸਾਰਾ ॥੧॥

بِنونتِ نانک درس پیاسے
مِلِ درسن سُکھُ سارا ॥1॥

ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ ॥

موہن تیرے بچن انوُپ چال نِرالی ॥

ਮੋਹਨ ਤੂੰ ਮਾਨਹਿ ਏਕੁ ਜੀ
ਅਵਰ ਸਭ ਰਾਲੀ ॥

موہن توُنّ مانہِ ایکُ جی
اور سبھ رالی ॥

ਮਾਨਹਿ ਤ ਏਕੁ ਅਲੇਖੁ ਠਾਕੁਰੁ
ਜਿਨਹਿ ਸਭ ਕਲ ਧਾਰੀਆ ॥

مانہِ ت ایکُ الیکھُ ٹھاکُرُ
جِنہِ سبھ کل دھارِیا ॥

ਤੁਧੁ ਬਚਨਿ ਗੁਰ ਕੈ ਵਸਿ ਕੀਆ
ਆਦਿ ਪੁਰਖੁ ਬਨਵਾਰੀਆ ॥

تُدھُ بچنِ گُر کے وسِ کیِیا
آدِ پُرکھُ بنوارِیا ॥

ਤੂੰ ਆਪਿ ਚਲਿਆ ਆਪਿ ਰਹਿਆ
ਆਪਿ ਸਭ ਕਲ ਧਾਰੀਆ ॥

توُنّ آپِ چلِیا آپِ رہِیا
آپِ سبھ کل دھارِیا ॥

ਬਿਨਵੰਤਿ ਨਾਨਕ ਪੈਜ ਰਾਖਹੁ
ਸਭ ਸੇਵਕ ਸਰਨਿ ਤੁਮਾਰੀਆ ॥੨॥

بِنونتِ نانک پیَج راکھہُ
سبھ سیوک سرنِ تُمارِیا ॥2॥

ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ ॥
موہن تُدھُ ستسنگتِ دھِیاوے درس دھِیانا ॥

ਮੋਹਨ ਜਮੁ ਨੇੜਿ ਨ ਆਵੈ
ਤੁਧੁ ਜਪਹਿ ਨਿਦਾਨਾ ॥
موہن جمُ نیڑِ ن آوے
تُدھُ جپہِ نِدانا ॥

ਜਮਕਾਲੁ ਤਿਨ ਕਉ ਲਗੈ ਨਾਹੀ
ਜੋ ਇਕ ਮਨਿ ਧਿਆਵਹੇ ॥
جمکالُ تِن ک ءُ لگے ناہی
جو اِک منِ دھِیاوہے ॥

ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ
ਸੇ ਸਭੇ ਫਲ ਪਾਵਹੇ ॥
منِ بچنِ کرمِ جِ تُدھُ ارادھہِ
سے سبھے پھل پاوہے ॥

ਮਲ ਮੂਤ ਮੂੜ ਜਿ ਮੁਗਧ ਹੋਤੇ
ਸਿ ਦੇਖਿ ਦਰਸੁ ਸੁਗਿਆਨਾ ॥
مل موُت موُڑ جِ مُگدھ ہوتے
سِ دیکھِ درسُ سُگیانا ॥

ਬਿਨਵੰਤਿ ਨਾਨਕ ਰਾਜੁ ਨਿਹਚਲੁ
ਪੂਰਨ ਪੁਰਖ ਭਗਵਾਨਾ ॥੩॥
بِنونّتِ نانک راجُ نِہچلُ
پوُرن پُرکھ بھگوانا ॥3॥

ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ ॥
موہن توُنّ سُپھلُ پھلِیا سنُ پروارے ॥

ਮੋਹਨ ਪੁਤ੍ਰ ਮੀਤ ਭਾਈ
ਕੁਟੰਬ ਸਭਿ ਤਾਰੇ ॥
موہن پُتّر میت بھائی
کُٹنّب سبھِ تارے ॥

ਤਾਰਿਆ ਜਹਾਨੁ ਲਹਿਆ ਅਭਿਮਾਨੁ
ਜਿਨੀ ਦਰਸਨੁ ਪਾਇਆ ॥
تارِیا جہانُ لہِیا ابھِمانُ
جِنی درسنُ پائِیا ॥

ਜਿਨੀ ਤੁਧ ਨੋ ਧੰਨੁ ਕਹਿਆ
ਤਿਨ ਜਮੁ ਨੇੜਿ ਨ ਆਇਆ ॥
جِنی تُدھ نو دھنّنُ کہِیا
تِن جمُ نیڑِ ن آئِیا ॥

ਬੇਅੰਤ ਗੁਣ ਤੇਰੇ ਕਥੇ ਨ ਜਾਹੀ
ਸਤਿਗੁਰ ਪੁਰਖ ਮੁਰਾਰੇ ॥
بیئنّت گُنؤ تیرے کتھے ن جاہی
ستِگُر پُرکھ مُرارے ۔ ॥

ਬਿਨਵੰਤਿ ਨਾਨਕ ਟੇਕ ਰਾਖੀ
ਜਿਤੁ ਲਗਿ ਤਰਿਆ ਸੰਸਾਰੇ ॥੪॥੨॥
بِنونّتِ نانک ٹیک راکھی
جِتُ لگِ ترِیا سنّسارے ॥4॥2॥

ਗਉੜੀ ਮਹਲਾ ੫ ॥
گئوڑی محلا 5 ॥

ਸਲੋਕੁ ॥
سلوکُ ॥

ਪਤਿਤ ਅਸੰਖ ਪੁਨੀਤ ਕਰਿ
پتِت اسنکھ پُنِیت کرِ

ਪੁਨਹ ਪੁਨਹ ਬਲਿਹਾਰ ॥

پُنہ پُنہ بلِہار ॥

ਨਾਨਕ ਰਾਮ ਨਾਮੁ ਜਪਿ ਪਾਵਕੋ
ਤਿਨ ਕਿਲਬਿਖ ਦਾਹਨਹਾਰ ॥੧॥

نانک رام نامُ جپِ پاوکو
تِن کِلبِکھ داہنہار ॥1॥

ਛੰਤ ॥

چھنّت ॥

ਜਪਿ ਮਨਾ ਤੂੰ ਰਾਮ ਨਰਾਇਣੁ
ਗੋਵਿੰਦਾ ਹਰਿ ਮਾਧੋ ॥

جپِ منا توُنّ رام نرائِنُ
گووِنّدا ہرِ مادھو ॥

ਧਿਆਇ ਮਨਾ ਮੁਰਾਰਿ ਮੁਕੰਦੇ
ਕਟੀਐ ਕਾਲ ਦੁਖ ਫਾਧੋ ॥

دھیاءِ منا مُرارِ مُکنّدے
کٹیئے کال دُکھ پھادھو ॥

ਦੁਖਹਰਣ ਦੀਨ ਸਰਣ ਸ੍ਰੀਧਰ
ਚਰਨ ਕਮਲ ਅਰਾਧੀਐ ॥

دُکھہرنُ دِین سرنُ سّرِیدھر
چرن کمل ارادھیئے ॥

ਜਮ ਪੰਥੁ ਬਿਖੜਾ ਅਗਨਿ ਸਾਗਰੁ
ਨਿਮਖ ਸਿਮਰਤ ਸਾਧੀਐ ॥

جم پنّتھُ بِکھڑا اگنِ ساگرُ
نِمکھ سِمرت سادھیئے ॥

ਕਲਿਮਲਹ ਦਹਤਾ ਸੁਧੁ ਕਰਤਾ
ਦਿਨਸੁ ਰੈਣਿ ਅਰਾਧੋ ॥

کِلمِلہ دہتا سُدھُ کرتا
دِنُس رینِ ارادھو ॥

ਬਿਨਵੰਤਿ ਨਾਨਕ ਕਰਹੁ ਕਿਰਪਾ
ਗੋਪਾਲ ਗੋਬਿੰਦ ਮਾਧੋ ॥੧॥

بِنونّتِ نانک کرہُ کِرپا
گوپال گوبِنّد مادھو ۔ ॥1॥

ਸਿਮਰਿ ਮਨਾ ਦਾਮੋਦਰੁ ਦੁਖਹਰੁ
ਭੈ ਭੰਜਨੁ ਹਰਿ ਰਾਇਆ ॥

سِمرِ منا دامودرُ دُکھہرُ
بھے بھنّجنُ ہرِ رائیا ॥

ਸ੍ਰੀਰੰਗੋ ਦਇਆਲ ਮਨੋਹਰੁ
ਭਗਤਿ ਵਛਲੁ ਬਿਰਦਾਇਆ ॥

سّریرنگو دیئال منوہرُ
بھگتِ وچھلُ بِردائیا ॥

ਭਗਤਿ ਵਛਲ ਪੁਰਖ ਪੂਰਨ
ਮਨਹਿ ਚਿੰਦਿਆ ਪਾਈਐ ॥

بھگتِ وچھل پُرکھ پوُرن
منہِ چِنّدیا پائیئے ॥

ਤਮ ਅੰਧ ਕੂਪ ਤੇ ਉਧਾਰੈ
ਨਾਮੁ ਮੰਨਿ ਵਸਾਈਐ ॥

تم انّدھ کوُپ تے اُدھارے
نامُ منّنِ وسائیئے ॥

ਸੁਰ ਸਿਧ ਗਣ ਗੰਧਰਬ ਮੁਨਿ ਜਨ

سُر سِدھ گنُ گنّدھرب مُنِ جن

ਗੁਣ ਅਨਿਕ ਭਗਤੀ ਗਾਇਆ ॥

گُنؔ انِک بھگتی گائیا ॥

ਬਿਨਵੰਤਿ ਨਾਨਕ ਕਰਹੁ ਕਿਰਪਾ
ਪਾਰਬ੍ਰਹਮ ਹਰਿ ਰਾਇਆ ॥੨॥

بِنونَتِ نانک کرہُ کِرپا
پارؔبرہم ہرِ رائیا ۔ ॥2॥

ਚੇਤਿ ਮਨਾ ਪਾਰਬ੍ਰਹਮੁ ਪਰਮੇਸਰੁ
ਸਰਬ ਕਲਾ ਜਿਨਿ ਧਾਰੀ ॥

چیتِ منا پارؔبرہمُ پریسرُ
سرب کلا جِنِ دھاری ॥

ਕਰੁਣਾ ਮੈ ਸਮਰਥੁ ਸੁਆਮੀ
ਘਟ ਘਟ ਪ੍ਰਾਣ ਅਧਾਰੀ ॥

کرُنّا مے سمرتھُ سُیامی
گھٹ گھٹ پرؔانؔ ادھاری ॥

ਪ੍ਰਾਣ ਮਨ ਤਨ ਜੀਅ ਦਾਤਾ
ਬੇਅੰਤ ਅਗਮ ਅਪਾਰੋ ॥

پرؔانؔ من تن جیء داتا
بیئنَت اگم اپارو ॥

ਸਰਣਿ ਜੋਗੁ ਸਮਰਥੁ ਮੋਹਨੁ
ਸਰਬ ਦੋਖ ਬਿਦਾਰੋ ॥

سرنِؔ جوگُ سمرتھُ موہنُ
سرب دوکھ بِدارو ॥

ਰੋਗ ਸੋਗ ਸਭਿ ਦੋਖ ਬਿਨਸਹਿ
ਜਪਤ ਨਾਮੁ ਮੁਰਾਰੀ ॥

روگ سوگ سبھِ دوکھ بِنسہِ
جپت نامُ مُراری ॥

ਬਿਨਵੰਤਿ ਨਾਨਕ ਕਰਹੁ ਕਿਰਪਾ
ਸਮਰਥ ਸਭ ਕਲ ਧਾਰੀ ॥੩॥

بِنونَتِ نانک کرہُ کِرپا
سمرتھ سبھ کل دھاری ۔ ॥3॥

ਗੁਣ ਗਾਉ ਮਨਾ ਅਚੁਤ ਅਬਿਨਾਸੀ
ਸਭ ਤੇ ਊਚ ਦਇਆਲਾ ॥

گُنؔ گاءُ منا اچُت اِبناسی
سبھ تے اوُچ دئیالا ॥

ਬਿਸੰਭਰੁ ਦੇਵਨ ਕਉ ਏਕੈ
ਸਰਬ ਕਰੈ ਪ੍ਰਤਿਪਾਲਾ ॥

بِسنّبھرُ دیون کءُ ایکےَ
سرب کرے پرؔتپالا ॥

ਪ੍ਰਤਿਪਾਲ ਮਹਾ ਦਇਆਲ ਦਾਨਾ
ਦਇਆ ਧਾਰੇ ਸਭ ਕਿਸੈ ॥

پرؔتپال مہا دئیال دانا
دئیا دھارے سبھ کِسےَ ॥

ਕਾਲੁ ਕੰਟਕੁ ਲੋਭੁ ਮੋਹੁ ਨਾਸੈ
ਜੀਅ ਜਾ ਕੈ ਪ੍ਰਭੁ ਬਸੈ ॥

کالُ کنٹکُ لوبھُ موہُ ناسےَ
جیء جا کے پرؔبھُ بسےَ ॥

ਸੁਪ੍ਰਸੰਨ ਦੇਵਾ ਸਫਲ ਸੇਵਾ
ਭਈ ਪੂਰਨ ਘਾਲਾ ॥

سُپرؔسنّن دیوا سپھل سیوا
بھئی پوُرن گھالا ॥

ਬਿਨਵੰਤਿ ਨਾਨਕ ਇਛ ਪੁਨੀ
ਜਪਤ ਦੀਨ ਦੈਆਲਾ ॥੪॥੩॥

بِنونتِ نانک اِچھ پُنی
جپت دِین دیَالا ॥4॥3॥

ਗਉੜੀ ਮਹਲਾ ੫ ॥

گئوڑی محلا 5 ॥

ਸੁਣਿ ਸਖੀਏ ਮਿਲਿ ਉਦਮੁ ਕਰੇਹਾ
ਮਨਾਇ ਲੈਹਿ ਹਰਿ ਕੰਤੈ ॥

سُنِ سکھیے مِلِ اُدمُ کریہا
مناءِ لیَہِ ہرِ کنّتے ॥

ਮਾਨੁ ਤਿਆਗਿ ਕਰਿ ਭਗਤਿ ਠਗਉਰੀ
ਮੋਹਹ ਸਾਧੂ ਮੰਤੈ ॥

مانُ تیاگِ کرِ بھگتِ ٹھگئری
موہہ سادھوُ منّتے ॥

ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ
ਇਹ ਰੀਤਿ ਭਲੀ ਭਗਵੰਤੈ ॥

سکھی وسِ آئیا پھِرِ چھوڈِ ن جائی
اِہ ریتِ بھلی بھگونّتے ॥

ਨਾਨਕ ਜਰਾ ਮਰਣ ਭੈ ਨਰਕ ਨਿਵਾਰੈ
ਪੁਨੀਤ ਕਰੈ ਤਿਸੁ ਜੰਤੈ ॥੧॥

نانک جرا مرنُ بھے نرک نِوارے
پُنیت کرے تِس جنّتے ॥1॥

ਸੁਣਿ ਸਖੀਏ ਇਹ ਭਲੀ ਬਿਨੰਤੀ
ਏਹੁ ਮਤਾਂਤੁ ਪਕਾਈਐ ॥

سُنِ سکھیے اِہ بھلی بِنّتی
ایہُ متانتُ پکائیے ॥

ਸਹਜਿ ਸੁਭਾਇ ਉਪਾਧਿ ਰਹਤ ਹੋਇ
ਗੀਤ ਗੋਵਿੰਦਹਿ ਗਾਈਐ ॥

سہجِ سُبھاءِ اُپادھِ رہت ہوءِ
گیت گووِندہِ گائیے ॥

ਕਲਿ ਕਲੇਸ ਮਿਟਹਿ ਭ੍ਰਮ ਨਾਸਹਿ
ਮਨਿ ਚਿੰਦਿਆ ਫਲੁ ਪਾਈਐ ॥

کلِ کلیس مِٹہِ بھرّم ناسہِ
منِ چِنّدِیا پھلُ پائیے ॥

ਪਾਰਬ੍ਰਹਮ ਪੂਰਨ ਪਰਮੇਸਰ
ਨਾਨਕ ਨਾਮੁ ਧਿਆਈਐ ॥੨॥

پاربرّہم پوُرن پریسر
نانک نامُ دھیائیے ॥2॥

ਸਖੀ ਇਛ ਕਰੀ ਨਿਤ ਸੁਖ ਮਨਾਈ
ਪ੍ਰਭ ਮੇਰੀ ਆਸ ਪੁਜਾਏ ॥

سکھی اِچھ کری نِت سُکھ منائی
پربھ میری آس پُجائے ॥

ਚਰਨ ਪਿਆਸੀ ਦਰਸ ਬੈਰਾਗਨਿ
ਪੇਖਉ ਥਾਨ ਸਬਾਏ ॥

چرن پیاسی درس بیَراگنِ
پیکھءُ تھان سبائے ॥

ਖੋਜਿ ਲਹਉ ਹਰਿ ਸੰਤ ਜਨਾ ਸੰਗੁ
ਸੰਮ੍ਰਿਥ ਪੁਰਖ ਮਿਲਾਏ ॥

کھوجِ لہءُ ہرِ سنّت جنا سنگُ
سمّرتھ پُرکھ مِلائے ॥

ਨਾਨਕ ਤਿਨ ਮਿਲਿਆ ਸੁਰਿਜਨੁ ਸੁਖਦਾਤਾ
ਸੇ ਵਡਭਾਗੀ ਮਾਏ ॥੩॥

نانک تِن مِلِیا سُرِجنُ سُکھداتا
سے وڈبھاگی مائے ॥3॥

ਸਖੀ ਨਾਲਿ ਵਸਾ ਅਪੁਨੇ ਨਾਹ ਪਿਆਰੇ
ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ ॥

سکھی نالِ وسا اپُنے ناہ پِیارے
میرا منُ تنُ ہرِ سنگِ ہِلِیا ॥

ਸੁਣਿ ਸਖੀਏ ਮੇਰੀ ਨੀਦ ਭਲੀ
ਮੈ ਆਪਨੜਾ ਪਿਰੁ ਮਿਲਿਆ ॥

سُنِ سکھیئے میری نِید بھلی
مے آپنڑا پِرُ مِلِیا ॥

ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ
ਪਰਗਾਸੁ ਭਇਆ ਕਉਲੁ ਖਿਲਿਆ ॥

بھرّمُ کھوئیو سانتِ سہجِ سُیامی
پرگاسُ بھئیا کئُلُ کھِلِیا ॥

ਵਰੁ ਪਾਇਆ ਪ੍ਰਭੁ ਅੰਤਰਜਾਮੀ
ਨਾਨਕ ਸੋਹਾਗੁ ਨ ਟਲਿਆ ॥੪॥੪॥੨॥੫॥੧੧॥

ورُ پائیا پربھُ انترجامی
نانک سوہاگُ ن ٹلِیا ॥4॥4॥2॥5॥ 11 ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਗਉੜੀ ਬਾਵਨ ਅਖਰੀ ਮਹਲਾ ੫ ॥

گئڑی باون اکھری محلا 5 ॥

ਸਲੋਕੁ ॥

سلوکُ ॥

ਗੁਰਦੇਵ ਮਾਤਾ ਗੁਰਦੇਵ ਪਿਤਾ
ਗੁਰਦੇਵ ਸੁਆਮੀ ਪਰਮੇਸੁਰਾ ॥

گُردیو ماتا گُردیو پِتا
گُردیو سُیامی پرمیسُرا ॥

ਗੁਰਦੇਵ ਸਖਾ ਅਗਿਆਨ ਭੰਜਨੁ
ਗੁਰਦੇਵ ਬੰਧਿਪ ਸਹੋਦਰਾ ॥

گُردیو سکھا اگیان بھنّجنُ
گُردیو بندھِپ سہودرا ॥

ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ
ਗੁਰਦੇਵ ਮੰਤੁ ਨਿਰੋਧਰਾ ॥

گُردیو داتا ہرِ نامُ اُپدیسے
گُردیو منّتُ نِروِدھرا ॥

ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ
ਗੁਰਦੇਵ ਪਾਰਸ ਪਰਸ ਪਰਾ ॥

گُردیو سانتِ ستِ بُدھِ مُورتِ
گُردیو پارس پرس پرا ॥

ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ
ਗੁਰ ਗਿਆਨ ਮਜਨੁ ਅਪਰੰਪਰਾ ॥

گُردیو تیرتھُ انمّرت سروورُ
گُر گیان مجنُ اپرنّپرا ॥

ਗੁਰਦੇਵ ਕਰਤਾ ਸਭਿ ਪਾਪ ਹਰਤਾ
ਗੁਰਦੇਵ ਪਤਿਤ ਪਵਿਤ ਕਰਾ ॥

گُردیو کرتا سبھِ پاپ ہرتا
گُردیو پتِت پوِت کرا ॥

ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥	گُردیو آدِ جُگادِ جُگُ جُگُ گُردیو منتُ ہرِ جپِ اُدھرا ॥
ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥	گُردیو سنگتِ پربھ میلِ کرِ کرپا ہم موڑ پاپی جِتُ لگِ ترا ॥
ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥੧॥	گُردیو ستِگُرُ پاربرہمُ پریسرُ گُردیو نانک ہرِ نمسکرا ॥1॥
ਸਲੋਕੁ ॥	سلوکُ ॥
ਆਪਹਿ ਕੀਆ ਕਰਾਇਆ ਆਪਹਿ ਕਰਨੈ ਜੋਗੁ ॥	آپہِ کیا کرائیا آپہِ کرنے جوگُ ॥
ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ ॥੧॥	نانک ایکو روِ رہیا دوُسر ہویا ن ہوگُ ॥1॥
ਪਉੜੀ ॥	پئُڑی ॥
ਓਅੰ ਸਾਧ ਸਤਿਗੁਰ ਨਮਸਕਾਰੰ ॥	اوئنَ سادھ ستِگُر نمسکارنَ ॥
ਆਦਿ ਮਧਿ ਅੰਤਿ ਨਿਰੰਕਾਰੰ ॥	آدِ مدھِ انتِ نِرنکارنَ ॥
ਆਪਹਿ ਸੁੰਨ ਆਪਹਿ ਸੁਖ ਆਸਨ ॥	آپہِ سُنّ آپہِ سُکھ آسن ॥
ਆਪਹਿ ਸੁਨਤ ਆਪ ਹੀ ਜਾਸਨ ॥	آپہِ سُنت آپ ہی جاسن ॥
ਆਪਨ ਆਪੁ ਆਪਹਿ ਉਪਾਇਓ ॥	آپن آپُ آپہِ اُپائیو ॥
ਆਪਹਿ ਬਾਪ ਆਪ ਹੀ ਮਾਇਓ ॥	آپہِ باپ آپ ہی مائیو ॥
ਆਪਹਿ ਸੂਖਮ ਆਪਹਿ ਅਸਥੂਲਾ ॥	آپہِ سوُکھم آپہِ استھوُلا ॥
ਲਖੀ ਨ ਜਾਈ ਨਾਨਕ ਲੀਲਾ ॥੧॥	لکھی ن جائی نانک لیلا ॥1॥
ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥	کرِ کرپا پربھ دین دئیالا ۔ ॥
ਤੇਰੇ ਸੰਤਨ ਕੀ ਮਨੁ ਹੋਇ ਰਵਾਲਾ ॥ ਰਹਾਉ ॥	تیرے سنتن کی منُ ہوءِ روالا ॥ رہاءُ ॥
ਸਲੋਕੁ ॥	سلوکُ ॥
ਨਿਰੰਕਾਰ ਆਕਾਰ ਆਪਿ	نِرنکار آکار آپِ

ਨਿਰਗੁਨ ਸਰਗੁਨ ਏਕ ॥	نِرگُن سرگُن ایک ॥
ਏਕਹਿ ਏਕ ਬਖਾਨਨੋ	ایکہِ ایک بکھاننو
ਨਾਨਕ ਏਕ ਅਨੇਕ ॥੧॥	نانک ایک انیک ॥1॥
ਪਉੜੀ ॥	پؤڑی ॥
ਓਅੰ ਗੁਰਮੁਖਿ ਕੀਓ ਅਕਾਰਾ ॥	اوئنّ گُرمُکھِ کیِنو اکارا ॥
ਏਕਹਿ ਸੂਤਿ ਪਰੋਵਨਹਾਰਾ ॥	ایکہِ سوُتِ پروونہارا ॥
ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ ॥	بھِنّن بھِنّن ترّے گُن بِستھارنّ ॥
ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥	نِرگُن تے سرگُن دڑِسٹارنّ ॥
ਸਗਲ ਭਾਤਿ ਕਰਿ ਕਰਹਿ ਉਪਾਇਓ ॥	سگل بھاتِ کرِ کرہِ اُپائیو ॥
ਜਨਮ ਮਰਨ ਮਨ ਮੋਹੁ ਬਢਾਇਓ ॥	جنم مرن من موہُ بڈھائیو ॥
ਦੁਹੂ ਭਾਤਿ ਤੇ ਆਪਿ ਨਿਰਾਰਾ ॥	دُہوُ بھاتِ تے آپِ نِرارا ॥
ਨਾਨਕ ਅੰਤੁ ਨ ਪਾਰਾਵਾਰਾ ॥੨॥	نانک انتُ ن پاراوارا ॥2॥
ਸਲੋਕੁ ॥	سلوکُ ॥
ਸੇਈ ਸਾਹ ਭਗਵੰਤ ਸੇ	سیئی ساہ بھگونّت سے
ਸਚੁ ਸੰਪੈ ਹਰਿ ਰਾਸਿ ॥	سچُ سنّپے ہرِ راسِ ॥
ਨਾਨਕ ਸਚੁ ਸੁਚਿ ਪਾਈਐ	نانک سچُ سُچِ پائیے
ਤਿਹ ਸੰਤਨ ਕੈ ਪਾਸਿ ॥੧॥	تِہ سنّتن کے پاسِ ॥1॥
ਪਵੜੀ ॥	پوڑی ॥
ਸਸਾ ਸਤਿ ਸਤਿ ਸਤਿ ਸੋਊ ॥	سسا ستِ ستِ ستِ سوئوُ ॥
ਸਤਿ ਪੁਰਖ ਤੇ ਭਿੰਨ ਨ ਕੋਊ ॥	ستِ پُرکھ تے بھِنّن ن کوئوُ ॥
ਸੋਊ ਸਰਨਿ ਪਰੈ ਜਿਹ ਪਾਯੰ ॥	سوئوُ سرنِ پرے جِہ پایِنّ ॥
ਸਿਮਰਿ ਸਿਮਰਿ ਗੁਨ ਗਾਇ ਸੁਨਾਯੰ ॥	سِمرِ سِمرِ گُن گاءِ سُنایِنّ ॥
ਸੰਸੈ ਭਰਮੁ ਨਹੀ ਕਛੁ ਬਿਆਪਤ ॥	سنّسے بھرمُ نہی کچھُ بِیاپت ॥

ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ ॥	پرّگٹ پرّتاپُ تاہوُ کو جاپت ॥
ਸੋ ਸਾਧੂ ਇਹ ਪਹੁਚਨਹਾਰਾ ॥	سو سادھوُ اِہ پہُچنہارا ॥
ਨਾਨਕ ਤਾ ਕੈ ਸਦ ਬਲਿਹਾਰਾ ॥੩॥	نانک تا کے سد بلِہارا ॥3॥
ਸਲੋਕੁ ॥	سلوکُ ॥
ਧਨੁ ਧਨੁ ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ ॥	دھنُ دھنُ کہا پُکارتے مائیا موہ سبھ کوُر ॥
ਨਾਮ ਬਿਹੂਨੇ ਨਾਨਕਾ ਹੋਤ ਜਾਤ ਸਭੁ ਧੂਰ ॥੧॥	نام بِہوُنے نانکا ہوت جات سبھُ دھوُر ॥1॥
ਪਵੜੀ ॥	پوڑی ॥
ਧਧਾ ਧੂਰਿ ਪੁਨੀਤ ਤੇਰੇ ਜਨੂਆ ॥	دھدھا دھوُرِ پُنِیت تیرے جنوُیا ॥
ਧਨਿ ਤੇਊ ਜਿਹ ਰੁਚ ਇਆ ਮਨੂਆ ॥	دھنِ تیئوُ جِہ رُچ اِیا منوُیا ॥
ਧਨੁ ਨਹੀ ਬਾਛਹਿ ਸੁਰਗ ਨ ਆਛਹਿ ॥	دھنُ نہی باچھہِ سُرگ ن آچھہِ ॥
ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ ॥	اتِ پرِء پرّیتِ سادھ رج راچہِ ॥
ਧੰਧੇ ਕਹਾ ਬਿਆਪਹਿ ਤਾਹੂ ॥	دھندّھے کہا بِیاپہِ تاہوُ ۔ ॥
ਜੋ ਏਕ ਛਾਡਿ ਅਨ ਕਤਹਿ ਨ ਜਾਹੂ ॥	جو ایک چھاڈِ ان کتہِ ن جاہوُ ॥
ਜਾ ਕੈ ਹੀਐ ਦੀਓ ਪ੍ਰਭ ਨਾਮ ॥	جا کے ہیئے دیئو پرّبھ نام ॥
ਨਾਨਕ ਸਾਧ ਪੂਰਨ ਭਗਵਾਨ ॥੪॥	نانک سادھ پوُرن بھگوان ॥4॥
ਸਲੋਕ ॥	سلوک ॥
ਅਨਿਕ ਭੇਖ ਅਰੁ ਭ੍ਰਿਆਨ ਧਿਆਨ ਮਨਹਠਿ ਮਿਲਿਅਉ ਨ ਕੋਇ ॥	اِنک بھیکھ ارُ گیّان دھیان منہٹھِ مِلِئءُ ن کوءِ ॥
ਕਹੁ ਨਾਨਕ ਕਿਰਪਾ ਭਈ ਭਗਤੁ ਭ੍ਰਿਆਨੀ ਸੋਇ ॥੧॥	کہُ نانک کِرپا بھئی بھگتُ گیّانی سوءِ ॥1॥
ਪਉੜੀ ॥	پئڑی ॥
ਭੰਭਾ ਭ੍ਰਿਆਨੁ ਨਹੀ ਮੁਖ ਬਾਤਉ ॥	گنّگا گیّانُ نہی مُکھ باتءُ ॥

ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ ॥	انِک جُگتِ ساستّر کرِ بھاتءُ ॥
ਕ੍ਰਿਆਨੀ ਸੋਇ ਜਾ ਕੈ ਦ੍ਰਿੜ ਸੋਊ ॥	کِریانی سوءِ جا کے دّرِڑ سوئُو ॥
ਕਹਤ ਸੁਨਤ ਕਛੁ ਜੋਗੁ ਨ ਹੋਊ ॥	کہت سُنت کچھُ جوگُ ن ہوئُو ॥
ਕ੍ਰਿਆਨੀ ਰਹਤ ਆਗਿਆ ਦ੍ਰਿੜੁ ਜਾ ਕੈ ॥	کِریانی رہت آگیا دّرِڑُ جا کے ॥
ਉਸਨ ਸੀਤ ਸਮਸਰਿ ਸਭ ਤਾ ਕੈ ॥	اُسن سِیت سمسرِ سبھ تا کے ॥
ਕ੍ਰਿਆਨੀ ਤਤੁ ਗੁਰਮੁਖਿ ਬੀਚਾਰੀ ॥	کِریانی تتُ گُرمُکھِ بیچاری ॥
ਨਾਨਕ ਜਾ ਕਉ ਕਿਰਪਾ ਧਾਰੀ ॥੫॥	نانک جا کءُ کِرپا دھاری ॥5॥
ਸਲੋਕੁ ॥	سلوکُ ॥
ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥	آون آئے سّرِسٹِ مہِ بِنُ بوُجھے پسُ ڈھور ॥
ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥੧॥	نانک گُرمُکھِ سو بُجھے جا کے بھاگ متھور ॥1॥
ਪਉੜੀ ॥	پئُڑی ॥
ਯਾ ਜੁਗ ਮਹਿ ਏਕਹਿ ਕਉ ਆਇਆ ॥	یا جُگ مہِ ایکہِ کءُ آئیا ॥
ਜਨਮਤ ਮੋਹਿਓ ਮੋਹਨੀ ਮਾਇਆ ॥	جنمت موہِئو موہنی مائیا ॥
ਗਰਭ ਕੁੰਟ ਮਹਿ ਉਰਧ ਤਪ ਕਰਤੇ ॥	گربھ کُنّٹ مہِ اُردھ تپ کرتے ॥
ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥	ساسِ ساسِ سِمرت پربھُ رہتے ॥
ਉਰਝਿ ਪਰੇ ਜੋ ਛੋਡਿ ਛਡਾਨਾ ॥	اُرجھِ پرے جو چھوڈِ چھڈانا ॥
ਦੇਵਨਹਾਰੁ ਮਨਹਿ ਬਿਸਰਾਨਾ ॥	دیونہارُ منہِ بِسرانا ॥
ਧਾਰਹੁ ਕਿਰਪਾ ਜਿਸਹਿ ਗੁਸਾਈ ॥	دھارہُ کِرپا جِسہِ گُسائی ۔ ॥
ਇਤ ਉਤ ਨਾਨਕ ਤਿਸੁ ਬਿਸਰਹੁ ਨਾਹੀ ॥੬॥	اِت اُت نانک تِسُ بِسرہُ ناہی ॥6॥
ਸਲੋਕੁ ॥	سلوکُ ॥
ਆਵਤ ਹੁਕਮਿ ਬਿਨਾਸ ਹੁਕਮਿ	آوت حُکمِ بِناس حُکمِ

ਆਗਿਆ ਭਿੰਨ ਨ ਕੋਇ ॥
آگیا بھِنّ ن کوءِ ॥

ਆਵਨ ਜਾਨਾ ਤਿਹ ਮਿਟੈ
ਨਾਨਕ ਜਿਹ ਮਨਿ ਸੋਇ ॥੧॥
آون جانا تِہ مِٹے
نانک جِہ منِ سوءِ ॥1॥

ਪਉੜੀ ॥
پؤڑی ॥

ਏਉ ਜੀਅ ਬਹੁਤੁ ਗ੍ਰਭ ਵਾਸੇ ॥
ایئو جیء بہُت گربھ واسے ॥

ਮੋਹ ਮਗਨ ਮੀਠ ਜੋਨਿ ਫਾਸੇ ॥
موہ مگن میٹھ جونِ پھاسے ॥

ਇਨਿ ਮਾਇਆ ਤ੍ਰੈ ਗੁਣ ਬਸਿ ਕੀਨੇ ॥
اِنِ مائیا ترّے گُڑ بسِ کِینے ॥

ਆਪਨ ਮੋਹ ਘਟੇ ਘਟਿ ਦੀਨੇ ॥
آپن موہ گھٹے گھٹِ دِینے ॥

ਏ ਸਾਜਨ ਕਛੁ ਕਹਹੁ ਉਪਾਇਆ ॥
اے ساجن کچھُ کہہُ اُپائیا ॥

ਜਾ ਤੇ ਤਰਉ ਬਿਖਮ ਇਹ ਮਾਇਆ ॥
جا تے ترءُ بِکھم اِہ مائیا ॥

ਕਰਿ ਕਿਰਪਾ ਸਤਸੰਗਿ ਮਿਲਾਏ ॥
کرِ کِرپا ستسنگِ مِلائے ॥

ਨਾਨਕ ਤਾ ਕੈ ਨਿਕਟਿ ਨ ਮਾਏ ॥੭॥
نانک تا کے نِکٹِ ن مائے ॥7॥

ਸਲੋਕੁ ॥
سلوکُ ॥

ਕਿਰਤ ਕਮਾਵਨ ਸੁਭ ਅਸੁਭ
ਕੀਨੇ ਤਿਨਿ ਪ੍ਰਭਿ ਆਪਿ ॥
کِرت کماون سُبھ اسُبھ
کِینے تِنِ پربھِ آپِ ॥

ਪਸੁ ਆਪਨ ਹਉ ਹਉ ਕਰੈ
ਨਾਨਕ ਬਿਨੁ ਹਰਿ ਕਹਾ ਕਮਾਤਿ ॥੧॥
پسُ آپن ہءُ ہءُ کرے
نانک بِنُ ہرِ کہا کماتِ ۔ ॥1॥

ਪਉੜੀ ॥
پؤڑی ॥

ਏਕਹਿ ਆਪਿ ਕਰਾਵਨਹਾਰਾ ॥
ایکہِ آپِ کراونہارا ॥

ਆਪਹਿ ਪਾਪ ਪੁੰਨ ਬਿਸਥਾਰਾ ॥
آپہِ پاپ پُنّن بِستھارا ॥

ਇਆ ਜੁਗ ਜਿਤੁ ਜਿਤੁ ਆਪਹਿ ਲਾਇਓ ॥
اِیا جُگ جِتُ جِتُ آپہِ لائیو ॥

ਸੋ ਸੋ ਪਾਇਓ ਜੁ ਆਪਿ ਦਿਵਾਇਓ ॥
سو سو پائیو جُ آپِ دِوائیو ॥

ਉਆ ਕਾ ਅੰਤੁ ਨ ਜਾਨੈ ਕੋਊ ॥
اُیا کا انّتُ ن جانے کوئو ॥

ਜੋ ਜੋ ਕਰੈ ਸੋਊ ਫੁਨਿ ਹੋਊ ॥
جو جو کرے سوئو پھُنِ ہوئو ॥

ਏਕਹਿ ਤੇ ਸਗਲਾ ਬਿਸਥਾਰਾ ॥
ایکہِ تے سگلا بِستھارا ॥

ਨਾਨਕ ਆਪਿ ਸਵਾਰਨਹਾਰਾ ॥੮॥
نانک آپِ سوارنہارا ॥8॥

ਸਲੋਕੁ ॥
سلوکُ ॥

ਰਾਚਿ ਰਹੇ ਬਨਿਤਾ ਬਿਨੋਦ
ਕੁਸਮ ਰੰਗ ਬਿਖ ਸੋਰ ॥
راچِ رہے بنِتا بِنود
کُسم رنگ بِکھ سور ॥

ਨਾਨਕ ਤਿਹ ਸਰਨੀ ਪਰਉ
ਬਿਨਸਿ ਜਾਇ ਮੈ ਮੋਰ ॥੧॥
نانک تِہ سرنی پرءُ
بِنسِ جاءِ مے مور ॥1॥

ਪਉੜੀ ॥
پئُڑی ॥

ਰੇ ਮਨ ਬਿਨੁ ਹਰਿ ਜਹ ਰਚਹੁ
ਤਹ ਤਹ ਬੰਧਨ ਪਾਹਿ ॥
رے من بِنُ ہرِ جہ رچہُ
تہ تہ بندھن پاہِ ॥

ਜਿਹ ਬਿਧਿ ਕਤਹੂ ਨ ਛੂਟੀਐ
ਸਾਕਤ ਤੇਊ ਕਮਾਹਿ ॥
جِہ بِدھِ کتہُو ن چھوٹیئے
ساکت تیئو کماہِ ॥

ਹਉ ਹਉ ਕਰਤੇ ਕਰਮ ਰਤ
ਤਾ ਕੋ ਭਾਰੁ ਅਫਾਰ ॥
ہءُ ہءُ کرتے کرم رت
تا کو بھارُ اپھار ॥

ਪ੍ਰੀਤਿ ਨਹੀ ਜਉ ਨਾਮ ਸਿਉ
ਤਉ ਏਊ ਕਰਮ ਬਿਕਾਰ ॥
پریتِ نہی جءُ نام سِءُ
تءُ ایئو کرم بِکار ॥

ਬਾਧੇ ਜਮ ਕੀ ਜੇਵਰੀ
ਮੀਠੀ ਮਾਇਆ ਰੰਗ ॥
بادھے جم کی جیوری
مِیٹھی مائیا رنگ ॥

ਭ੍ਰਮ ਕੇ ਮੋਹੇ ਨਹ ਬੁਝਹਿ
ਸੋ ਪ੍ਰਭੁ ਸਦਹੂ ਸੰਗ ॥
بھرم کے موہے نہ بُجھہِ
سو پربھُ سدہُو سنگ ॥

ਲੇਖੈ ਗਣਤ ਨ ਛੂਟੀਐ
ਕਾਚੀ ਭੀਤਿ ਨ ਸੁਧਿ ॥
لیکھے گنت ن چھوٹیئے
کاچی بھیتِ ن سُدھِ ॥

ਜਿਸਹਿ ਬੁਝਾਏ ਨਾਨਕਾ
ਤਿਹ ਗੁਰਮੁਖਿ ਨਿਰਮਲ ਬੁਧਿ ॥੯॥
جِسہِ بُجھائے نانکا
تِہ گُرمُکھِ نِرمل بُدھِ ॥9॥

ਸਲੋਕੁ ॥

ٹُوٹے بندھن جاسُ کے
ہویا سادھوُ سنگُ ॥

ਟੂਟੇ ਬੰਧਨ ਜਾਸੁ ਕੇ
ਹੋਆ ਸਾਧੂ ਸੰਗੁ ॥

جو راتے رنگ ایک کے
نانک گوُڑا رنگُ ॥1॥

ਜੋ ਰਾਤੇ ਰੰਗ ਏਕ ਕੈ
ਨਾਨਕ ਗੂੜਾ ਰੰਗੁ ॥੧॥

ਪਉੜੀ ॥

پئُڑی ॥

ਰਾਰਾ ਰੰਗਹੁ ਇਆ ਮਨੁ ਅਪਨਾ ॥

رارا رنگہُ اِیا منُ اپنا ॥

ਹਰਿ ਹਰਿ ਨਾਮੁ ਜਪਹੁ ਜਪੁ ਰਸਨਾ ॥

ہرِ ہرِ نامُ جپہُ جپُ رسنا ॥

ਰੇ ਰੇ ਦਰਗਹ ਕਹੈ ਨ ਕੋਊ ॥

رے رے درگہ کہے ن کوئوُ ॥

ਆਉ ਬੈਠੁ ਆਦਰੁ ਸੁਭ ਦੇਊ ॥

آءُ بیٹھُ آدرُ سُبھ دیئوُ ॥

ਉਆ ਮਹਲੀ ਪਾਵਹਿ ਤੂ ਬਾਸਾ ॥

اُیا محلی پاوہِ توُ باسا ॥

ਜਨਮ ਮਰਨ ਨਹ ਹੋਇ ਬਿਨਾਸਾ ॥

جنم مرن نہ ہوءِ بِناسا ॥

ਮਸਤਕਿ ਕਰਮੁ ਲਿਖਿਓ ਧੁਰਿ ਜਾ ਕੈ ॥

مستکِ کرمُ لِکھِئو دھُرِ جا کے ॥

ਹਰਿ ਸੰਪੈ ਨਾਨਕ ਘਰਿ ਤਾ ਕੈ ॥੧੦॥

ہرِ سنّپے نانک گھرِ تا کے ॥ 10 ॥

ਸਲੋਕੁ ॥

سلوکُ ॥

ਲਾਲਚ ਝੂਠ ਬਿਕਾਰ ਮੋਹ
ਬਿਆਪਤ ਮੂੜੇ ਅੰਧ ॥

لالچ جھوُٹھ بِکار موہ
بِیاپت موُڑے انّدھ ॥

ਲਾਗਿ ਪਰੇ ਦੁਰਗੰਧ ਸਿਉ
ਨਾਨਕ ਮਾਇਆ ਬੰਧ ॥੧॥

لاگِ پرے دُرگنّدھ سِءُ
نانک مائیا بنّدھ ॥1॥

ਪਉੜੀ ॥

پئُڑی ॥

ਲਲਾ ਲਪਟਿ ਬਿਖੈ ਰਸ ਰਾਤੇ ॥

للا لپٹِ بِکھے رس راتے ॥

ਅਹੰਬੁਧਿ ਮਾਇਆ ਮਦ ਮਾਤੇ ॥

اہنّبدھِ مائیا مد ماتے ॥

ਇਆ ਮਾਇਆ ਮਹਿ ਜਨਮਹਿ ਮਰਨਾ ॥

اِیا مائیا مہِ جنمہِ مرنا ॥

ਜਿਉ ਜਿਉ ਹੁਕਮੁ ਤਿਵੈ ਤਿਉ ਕਰਨਾ ॥
جِءُ جِءُ حُکمُ تِوے تِءُ کرنا ॥

ਕੋਊ ਊਨ ਨ ਕੋਊ ਪੂਰਾ ॥
کوئُو اوُن ن کوئُو پُورا ॥

ਕੋਊ ਸੁਘਰੁ ਨ ਕੋਊ ਮੂਰਾ ॥
کوئُو سُگھرُ ن کوئُو موُرا ॥

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥
جِتُ جِتُ لاوہُ تِتُ تِتُ لگنا ॥

ਨਾਨਕ ਠਾਕੁਰ ਸਦਾ ਅਲਿਪਨਾ ॥੧੧॥
نانک ٹھاکُر سدا الِپنا ॥ 11 ॥

ਸਲੋਕੁ ॥
سلوکُ ॥

ਲਾਲ ਗੁਪਾਲ ਗੋਬਿੰਦ ਪ੍ਰਭ
ਗਹਿਰ ਗੰਭੀਰ ਅਥਾਹ ॥
لال گُپال گوبِنّد پرّبھ
گہِر گنبھیِر اتھاہ ॥

ਦੂਸਰ ਨਾਹੀ ਅਵਰ ਕੋ
ਨਾਨਕ ਬੇਪਰਵਾਹ ॥੧॥
دوُسر ناہی اور کو
نانک بیپرواہ ॥1॥

ਪਉੜੀ ॥
پئڑی ॥

ਲਲਾ ਤਾ ਕੈ ਲਵੈ ਨ ਕੋਊ ॥
للا تا کے لوے ن کوئُو ॥

ਏਕਹਿ ਆਪਿ ਅਵਰ ਨਹ ਹੋਊ ॥
ایکہِ آپِ اور نہ ہوئُو ॥

ਹੋਵਨਹਾਰੁ ਹੋਤ ਸਦ ਆਇਆ ॥
ہوونہارُ ہوت سد آئیا ॥

ਉਆ ਕਾ ਅੰਤੁ ਨ ਕਾਹੂ ਪਾਇਆ ॥
اُیا کا انّتُ ن کاہوُ پائیا ॥

ਕੀਟ ਹਸਤਿ ਮਹਿ ਪੂਰ ਸਮਾਨੇ ॥
کیِٹ ہستِ مہِ پوُر سمانے ॥

ਪ੍ਰਗਟ ਪੁਰਖ ਸਭ ਠਾਊ ਜਾਨੇ ॥
پرّگٹ پُرکھ سبھ ٹھائوُ جانے ॥

ਜਾ ਕਉ ਦੀਨੋ ਹਰਿ ਰਸੁ ਅਪਨਾ ॥
جا کءُ دینو ہرِ رسُ اپنا ॥

ਨਾਨਕ ਗੁਰਮਖਿ ਹਰਿ ਹਰਿ ਤਿਹ ਜਪਨਾ ॥੧੨॥
نانک گُرمکھِ ہرِ ہرِ تہِ جپنا ॥ 12 ॥

ਸਲੋਕੁ ॥
سلوکُ ॥

ਆਤਮ ਰਸੁ ਜਿਹ ਜਾਨਿਆ
ਹਰਿ ਰੰਗ ਸਹਜੇ ਮਾਣੁ ॥
آتم رسُ جِہ جانِیا
ہرِ رنگ سہجے ماںُ ॥

ਨਾਨਕ ਧਨਿ ਧਨਿ ਧੰਨਿ ਜਨ
ਆਏ ਤੇ ਪਰਵਾਣੁ ॥੧॥
نانک دھنِ دھنِ دھنّنِ جن

	آئے تے پروانُ ॥1॥
ਪਉੜੀ ॥	پئُڑی ॥
ਆਇਆ ਸਫਲ ਤਾਹੂ ਕੋ ਗਨੀਐ ॥	آئیا سپھل تاہوُ کو گنیئے ॥
ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥	جاسُ رسن ہرِ ہرِ جسُ بھنیئے ॥
ਆਇ ਬਸਹਿ ਸਾਧੂ ਕੈ ਸੰਗੈ ॥	آءِ بسہِ سادھوُ کے سنگے ॥
ਅਨਦਿਨੁ ਨਾਮ ਧਿਆਵਹਿ ਰੰਗੇ ॥	اندِنُ نام دھیاوہِ رنگے ॥
ਆਵਤ ਸੋ ਜਨੁ ਨਾਮਹਿ ਰਾਤਾ ॥	آوت سو جنُ نامہِ راتا ॥
ਜਾ ਕਉ ਦਇਆ ਮਇਆ ਬਿਧਾਤਾ ॥	جا کءُ دئیا مئیا بِدھاتا ॥
ਏਕਹਿ ਆਵਨ ਫਿਰਿ ਜੋਨਿ ਨ ਆਇਆ ॥	ایکہِ آون پھِرِ جونِ ن آئیا ॥
ਨਾਨਕ ਹਰਿ ਕੈ ਦਰਸਿ ਸਮਾਇਆ ॥੧੩॥	نانک ہرِ کے درسِ سمائیا ॥ 13 ॥
ਸਲੋਕੁ ॥	سلوکُ ॥
ਯਾਸੁ ਜਪਤ ਮਨਿ ਹੋਇ ਅਨੰਦੁ ਬਿਨਸੈ ਦੂਜਾ ਭਾਉ ॥	یاسُ جپت منِ ہوءِ انندُ بِنسے دوُجا بھاءُ ॥
ਦੂਖੁ ਦਰਦ ਤ੍ਰਿਸਨਾ ਬੁਝੈ ਨਾਨਕ ਨਾਮਿ ਸਮਾਉ ॥੧॥	دوُکھُ درد تّرِسنا بُجھے نانک نامِ سماءُ ॥1॥
ਪਉੜੀ ॥	پئُڑی ॥
ਯਯਾ ਜਾਰਉ ਦੁਰਮਤਿ ਦੋਊ ॥	یَیا جارءُ دُرمتِ دوئوُ ॥
ਤਿਸਹਿ ਤਿਆਗਿ ਸੁਖ ਸਹਜੇ ਸੋਊ ॥	تِسہِ تِیاگِ سُکھ سہجے سوئوُ ॥
ਯਯਾ ਜਾਇ ਪਰਹੁ ਸੰਤ ਸਰਨਾ ॥	یَیا جاءِ پرہُ سنّت سرنا ॥
ਜਿਹ ਆਸਰ ਇਆ ਭਵਜਲੁ ਤਰਨਾ ॥	جِہ آسر اِیا بھوجلُ ترنا ॥
ਯਯਾ ਜਨਮਿ ਨ ਆਵੈ ਸੋਊ ॥	یَیا جنمِ ن آوے سوئوُ ॥
ਏਕ ਨਾਮ ਲੇ ਮਨਹਿ ਪਰੋਊ ॥	ایک نام لے منہِ پروئوُ ॥
ਯਯਾ ਜਨਮੁ ਨ ਹਾਰੀਐ	یَیا جنمُ ن ہارِیئے

ਗੁਰ ਪੂਰੇ ਕੀ ਟੇਕ ॥

ਨਾਨਕ ਤਿਹ ਸੁਖੁ ਪਾਇਆ
ਜਾ ਕੈ ਹੀਅਰੈ ਏਕ ॥੧੪॥

ਸਲੋਕੁ ॥

ਅੰਤਰਿ ਮਨ ਤਨ ਬਸਿ ਰਹੇ
ਈਤ ਊਤ ਕੇ ਮੀਤ ॥

ਗੁਰਿ ਪੂਰੈ ਉਪਦੇਸਿਆ
ਨਾਨਕ ਜਪੀਐ ਨੀਤ ॥੧॥

ਪਉੜੀ ॥

ਅਨਦਿਨੁ ਸਿਮਰਹੁ ਤਾਸੁ ਕਉ
ਜੋ ਅੰਤਿ ਸਹਾਈ ਹੋਇ ॥

ਇਹ ਬਿਖਿਆ ਦਿਨ ਚਾਰਿ ਛਿਅ
ਛਾਡਿ ਚਲਿਓ ਸਭੁ ਕੋਇ ॥

ਕਾ ਕੋ ਮਾਤ ਪਿਤਾ ਸੁਤ ਧੀਆ ॥

ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ ॥

ਐਸੀ ਸੰਚਿ ਜੁ ਬਿਨਸਤ ਨਾਹੀ ॥

ਪਤਿ ਸੇਤੀ ਅਪੁਨੈ ਘਰਿ ਜਾਹੀ ॥

ਸਾਧਸੰਗਿ ਕਲਿ ਕੀਰਤਨੁ ਗਾਇਆ ॥

ਨਾਨਕ ਤੇ ਤੇ
ਬਹੁਰਿ ਨ ਆਇਆ ॥੧੫॥

ਸਲੋਕੁ ॥

ਅਤਿ ਸੁੰਦਰ ਕੁਲੀਨ ਚਤੁਰ
ਮੁਖਿ ਙਿਆਨੀ ਧਨਵੰਤ ॥

ਮਿਰਤਕ ਕਹੀਅਹਿ ਨਾਨਕਾ
ਜਿਹ ਪ੍ਰੀਤਿ ਨਹੀ ਭਗਵੰਤ ॥੧॥

گُر پُورے کی ٹیک ॥

نانک تِہ سُکھُ پائِیا
جا کے ہِیئرے ایک ॥ 14 ॥

سلوکُ ॥

انترِ من تن بسِ رہے
ایت اوُت کے میت ॥

گُرِ پُورے اُپدیسِیا
نانک جپیئے نِیت ॥ 1 ॥

پئڑی ॥

اندِنُ سِمرہُ تاسُ کءُ
جو انتِ سہائی ہوءِ ॥

اِہ بِکھیا دِن چارِ چھِء
چھاڈِ چلِئو سبھُ کوءِ ॥

کا کو مات پِتا سُت دھیِیا ۔ ॥

گرِہ بِنِتا کچھُ سنگِ ن لِیِیا ॥

ایَسی سنچِ جُ بِنست ناہی ॥

پتِ سیتی اپُنے گھرِ جاہی ॥

سادھسنگِ کلِ کیِرتنُ گائِیا ॥

نانک تے تے
بہُرِ ن آئِیا ॥ 15 ॥

سلوکُ ॥

اتِ سُنّدر کُلیِن چتُر
مُکھِ گیّانی دھنونّت ॥

مِرتک کہیِئہِ نانکا
جِہ پریت نہی بھگوونت ॥ ۱ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نُوں سمرپت | سیوا: بھائی بلجِندر سنگھ جی (راڑا صاہب)

جِہ پریتِ نہی بھگونت ॥1॥

ਪਉੜੀ ॥

پُڑی ॥

ਛੰਛਾ ਖਟੁ ਸਾਸਤ੍ਰ ਹੋਇ ਛਿਆਤਾ ॥

گنگا کھٹُ ساستر ہوءِ گیاتا ॥

ਪੂਰਕੁ ਕੁੰਭਕ ਰੇਚਕ ਕਰਮਾਤਾ ॥

پوُرکُ کنبھک ریچک کرماتا ॥

ਛਿਆਨ ਧਿਆਨ ਤੀਰਥ ਇਸਨਾਨੀ ॥

گیان دھیان تیرتھ اِسنانی ॥

ਸੋਮਪਾਕ ਅਪਰਸ ਉਦਿਆਨੀ ॥

سومپاک اپرس اُدیانی ॥

ਰਾਮ ਨਾਮ ਸੰਗਿ ਮਨਿ ਨਹੀ ਹੇਤਾ ॥

رام نام سنگِ منِ نہی ہیتا ॥

ਜੋ ਕਛੁ ਕੀਨੋ ਸੋਊ ਅਨੇਤਾ ॥

جو کچھُ کِینو سوئوُ انیتا ॥

ਉਆ ਤੇ ਊਤਮੁ ਗਨਉ ਚੰਡਾਲਾ ॥

اُیا تے اوُتمُ گنءُ چنڈالا ॥

ਨਾਨਕ ਜਿਹ ਮਨਿ ਬਸਹਿ ਗੁਪਾਲਾ ॥੧੬॥

نانک جِہ منِ بسہِ گُپالا ॥ 16 ॥

ਸਲੋਕੁ ॥

سلوکُ ॥

ਕੁੰਟ ਚਾਰਿ ਦਹ ਦਿਸਿ ਭ੍ਰਮੇ
ਕਰਮ ਕਿਰਤਿ ਕੀ ਰੇਖ ॥

کُنٹ چارِ دہ دِس بھرمے
کرم کِرتِ کی ریکھ ॥

ਸੂਖ ਦੂਖ ਮੁਕਤਿ ਜੋਨਿ
ਨਾਨਕ ਲਿਖਿਓ ਲੇਖ ॥੧॥

سوُکھ دوُکھ مُکتِ جونِ
نانک لِکھِئو لیکھ ॥1॥

ਪਵੜੀ ॥

پوڑی ॥

ਕਕਾ ਕਾਰਨ ਕਰਤਾ ਸੋਊ ॥

ککا کارن کرتا سوئوُ ॥

ਲਿਖਿਓ ਲੇਖੁ ਨ ਮੇਟਤ ਕੋਊ ॥

لِکھِئو لیکھُ ن میٹت کوئوُ ॥

ਨਹੀ ਹੋਤ ਕਛੁ ਦੋਊ ਬਾਰਾ ॥

نہی ہوت کچھُ دوئوُ بارا ॥

ਕਰਨੈਹਾਰੁ ਨ ਭੂਲਨਹਾਰਾ ॥

کرنیہارُ ن بھوُلنہارا ॥

ਕਾਹੂ ਪੰਥੁ ਦਿਖਾਰੈ ਆਪੈ ॥

کاہوُ پنتھُ دِکھارے آپے ॥

ਕਾਹੂ ਉਦਿਆਨ ਭ੍ਰਮਤ ਪਛੁਤਾਪੈ ॥

کاہوُ اُدیان بھرمت پچھُتاپے ॥

ਆਪਨ ਖੇਲੁ ਆਪ ਹੀ ਕੀਨੋ ॥

آپن کھیلُ آپ ہی کِینو ॥

ਜੋ ਜੋ ਦੀਨੋ ਸੁ ਨਾਨਕ ਲੀਨੋ ॥੧੭॥

جو جو دینو سُ نانک لینو ॥ 17 ॥

ਸਲੋਕੁ ॥

سلوکُ ॥

ਖਾਤ ਖਰਚਤ ਬਿਲਛਤ ਰਹੇ
ਟੂਟਿ ਨ ਜਾਹਿ ਭੰਡਾਰ ॥

کھات خرچت بلچھت رہے
ٹوٹِ ن جاہِ بھنڈار ॥

ਹਰਿ ਹਰਿ ਜਪਤ ਅਨੇਕ ਜਨ
ਨਾਨਕ ਨਾਹਿ ਸੁਮਾਰ ॥੧॥

ہرِ ہرِ جپت انیک جن
نانک ناہِ شُمار ॥ 1 ॥

ਪਉੜੀ ॥

پؤڑی ॥

ਖਖਾ ਖੂਨਾ ਕਛੁ ਨਹੀ
ਤਿਸੁ ਸੰਮ੍ਰਥ ਕੈ ਪਾਹਿ ॥

کھکھا کھونا کچھُ نہی
تِسُ سمّرتھ کے پاہِ ॥

ਜੋ ਦੇਨਾ ਸੋ ਦੇ ਰਹਿਓ
ਭਾਵੈ ਤਹ ਤਹ ਜਾਹਿ ॥

جو دینا سو دے رہیئو
بھاوے تہ تہ جاہِ ॥

ਖਰਚੁ ਖਜਾਨਾ ਨਾਮ ਧਨੁ
ਇਆ ਭਗਤਨ ਕੀ ਰਾਸਿ ॥

کھرچُ خزانا نام دھنُ
اِیا بھگتن کی راسِ ॥

ਖਿਮਾ ਗਰੀਬੀ ਅਨਦ ਸਹਜ
ਜਪਤ ਰਹਹਿ ਗੁਣਤਾਸ ॥

کھِما غریبی اند سہج
جپت رہہِ گُنتاس ॥

ਖੇਲਹਿ ਬਿਗਸਹਿ ਅਨਦ ਸਿਉ
ਜਾ ਕਉ ਹੋਤ ਕ੍ਰਿਪਾਲ ॥

کھیلہِ بِگسہِ اند سِءُ
جا کءُ ہوت کرِپال ॥

ਸਦੀਵ ਗਨੀਵ ਸੁਹਾਵਨੇ
ਰਾਮ ਨਾਮ ਗ੍ਰਿਹਿ ਮਾਲ ॥

سدیو غنیو سُہاونے
رام نام گرِہِ مال ॥

ਖੇਦੁ ਨ ਦੂਖੁ ਨ ਡਾਨੁ ਤਿਹ
ਜਾ ਕਉ ਨਦਰਿ ਕਰੀ ॥

کھیدُ ن دوُکھُ ن ڈانُ تِہ
جا کءُ ندرِ کری ॥

ਨਾਨਕ ਜੋ ਪ੍ਰਭ ਭਾਣਿਆ
ਪੂਰੀ ਤਿਨਾ ਪਰੀ ॥੧੮॥

نانک جو پربھ بھاٹیا
پوُری تِنا پری ॥ 18 ॥

ਸਲੋਕੁ ॥

سلوکُ ॥

ਗਨਿ ਮਿਨਿ ਦੇਖਹੁ ਮਨੈ ਮਾਹਿ

گنِ مِنِ دیکھہُ منے ماہِ

ਸਰਪਰ ਚਲਨੋ ਲੋਗ ॥
سرپر چلنو لوگ ॥

ਆਸ ਅਨਿਤ ਗੁਰਮੁਖਿ ਮਿਟੈ
ਨਾਨਕ ਨਾਮ ਅਰੋਗ ॥੧॥
آس انِت گُرمُکھِ مِٹے
نانک نام اروگ ॥1॥

ਪਉੜੀ ॥
پُڑی ॥

ਗਗਾ ਗੋਬਿਦ ਗੁਣ ਰਵਹੁ
ਸਾਸਿ ਸਾਸਿ ਜਪਿ ਨੀਤ ॥
گگا گوبِد گُن روہُ
ساسِ ساسِ جپِ نِیت ॥

ਕਹਾ ਬਿਸਾਸਾ ਦੇਹ ਕਾ
ਬਿਲਮ ਨ ਕਰਿਹੋ ਮੀਤ ॥
کہا بِساسا دیہ کا
بِلم ن کرِہو میت ۔ ॥

ਨਹ ਬਾਰਿਕ ਨਹ ਜੋਬਨੈ
ਨਹ ਬਿਰਧੀ ਕਛੁ ਬੰਧੁ ॥
نہ بارِک نہ جوبنے
نہ بِردھی کچھُ بندھُ ॥

ਓਹ ਬੇਰਾ ਨਹ ਬੂਝੀਐ
ਜਉ ਆਇ ਪਰੈ ਜਮ ਫੰਧੁ ॥
اوہ بیرا نہ بُوجھیئے
جءُ آءِ پرے جم پھندھُ ॥

ਗਿਆਨੀ ਧਿਆਨੀ ਚਤੁਰ ਪੇਖਿ
ਰਹਨੁ ਨਹੀ ਇਹ ਠਾਇ ॥
گیانی دھیانی چتُر پیکھِ
رہنُ نہی اِہ ٹھاءِ ॥

ਛਾਡਿ ਛਾਡਿ ਸਗਲੀ ਗਈ
ਮੂੜ ਤਹਾ ਲਪਟਾਹਿ ॥
چھاڈِ چھاڈِ سگلی گئی
موُڑ تہا لپٹاہِ ॥

ਗੁਰ ਪ੍ਰਸਾਦਿ ਸਿਮਰਤ ਰਹੈ
ਜਾਹੂ ਮਸਤਕਿ ਭਾਗ ॥
گُر پرّسادِ سِمرت رہے
جاہوُ مستکِ بھاگ ॥

ਨਾਨਕ ਆਏ ਸਫਲ ਤੇ
ਜਾ ਕਉ ਪ੍ਰਿਅਹਿ ਸੁਹਾਗ ॥੧੯॥
نانک آئے سپھل تے
جا کءُ پرِیَہِ سُہاگ ॥ 19 ॥

ਸਲੋਕੁ ॥
سلوکُ ॥

ਘੋਖੇ ਸਾਸਤ੍ਰ ਬੇਦ ਸਭ
ਆਨ ਨ ਕਥਤਉ ਕੋਇ ॥
گھوکھے ساسترّ بید سبھ
آن ن کتھت ءُ کوءِ ॥

ਆਦਿ ਜੁਗਾਦੀ ਹੁਣਿ ਹੋਵਤ
ਨਾਨਕ ਏਕੈ ਸੋਇ ॥੧॥
آدِ جُگادی ہُنڑِ ہووت
نانک ایکے سوءِ ॥1॥

ਪਉੜੀ ॥	پٹڑی ॥
ਘਘਾ ਘਾਲਹੁ ਮਨਹਿ ਏਹ ਬਿਨੁ ਹਰਿ ਦੂਸਰ ਨਾਹਿ ॥	گھگھا گھالہُ منہِ ایہ بِنُ ہرِ دوُسر ناہِ ॥
ਨਹ ਹੋਆ ਨਹ ਹੋਵਨਾ ਜਤ ਕਤ ਓਹੀ ਸਮਾਹਿ ॥	نہ ہویا نہ ہوونا جت کت اوہی سماہِ ॥
ਘੂਲਹਿ ਤਉ ਮਨ ਜਉ ਆਵਹਿ ਸਰਨਾ ॥	گھوُلہِ تءُ من جءُ آوہِ سرنا ॥
ਨਾਮ ਤਤੁ ਕਲਿ ਮਹਿ ਪੁਨਹਚਰਨਾ ॥	نام تتُ کلِ مہِ پُنہچرنا ॥
ਘਾਲਿ ਘਾਲਿ ਅਨਿਕ ਪਛੁਤਾਵਹਿ ॥	گھالِ گھالِ انِک پچھُتاوہِ ॥
ਬਿਨੁ ਹਰਿ ਭਗਤਿ ਕਹਾ ਥਿਤਿ ਪਾਵਹਿ ॥	بِنُ ہرِ بھگتِ کہا تھِتِ پاوہِ۔ ॥
ਘੋਲਿ ਮਹਾ ਰਸੁ ਅੰਮ੍ਰਿਤੁ ਤਿਹ ਪੀਆ ॥	گھولِ مہا رسُ انّمرِتُ تہِ پیِیا ॥
ਨਾਨਕ ਹਰਿ ਗੁਰਿ ਜਾ ਕਉ ਦੀਆ ॥੨੦॥	نانک ہرِ گُرِ جا کءُ دیِیا ॥ 20 ॥
ਸਲੋਕੁ ॥	سلوکُ ॥
ਛਣਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ ॥	گنّٹِ گھالے سبھ دِوس ساس نہ بڈھن گھٹن تِلُ سار ॥
ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ ॥੧॥	جیِون لورہِ بھرم موہ نانک تیئوُ گوار ॥ 1 ॥
ਪਉੜੀ ॥	پٹڑی ॥
ਙੰਙਾ ਙ੍ਰਾਸੈ ਕਾਲੁ ਤਿਹ ਜੋ ਸਾਕਤ ਪ੍ਰਭਿ ਕੀਨ ॥	گنّگا گرّاسے کالُ تہِ جو ساکت پربھِ کیِن ॥
ਅਨਿਕ ਜੋਨਿ ਜਨਮਹਿ ਮਰਹਿ ਆਤਮ ਰਾਮੁ ਨ ਚੀਨ ॥	انِک جونِ جنمہِ مرہِ آتم رامُ ن چیِن ॥
ਙਿਆਨ ਧਿਆਨ ਤਾਹੂ ਕਉ ਆਏ ॥	گیِان دھیِان تاہوُ کءُ آئے ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پُرب نوُن سمرپت|سیوا: بھائی بلجیندر سنگھ جی (راتا صاہب)

ਕਰਿ ਕਿਰਪਾ ਜਿਹ ਆਪਿ ਦਿਵਾਏ ॥	کرِ کرِپا جِہ آپِ دِوائے ॥
ਛਣਤੀ ਛਣੀ ਨਹੀ ਕੋਊ ਛੂਟੈ ॥	گنّتی گنّی نہی کوئُو چھوُٹے ॥
ਕਾਚੀ ਗਾਗਰਿ ਸਰਪਰ ਫੂਟੈ ॥	کاچی گاگرِ سرپر پھوُٹے ॥
ਸੋ ਜੀਵਤ ਜਿਹ ਜੀਵਤ ਜਪਿਆ ॥	سو جِیوت جِہ جِیوت جپِیا ॥
ਪ੍ਰਗਟ ਭਏ ਨਾਨਕ ਨਹ ਛਪਿਆ ॥੨੧॥	پرّگٹ بھئے نانک نہ چھپِیا ॥ 21 ॥
ਸਲੋਕੁ ॥	سلوکُ ॥
ਚਿਤਿ ਚਿਤਵਉ ਚਰਣਾਰਬਿੰਦ ਊਧ ਕਵਲ ਬਿਗਸਾਂਤ ॥	چِتِ چِتوءُ چرٹارِبنّد اوُدھ کول بِگسانْت ॥
ਪ੍ਰਗਟ ਭਏ ਆਪਹਿ ਗੋਬਿੰਦ ਨਾਨਕ ਸੰਤ ਮਤਾਂਤ ॥੧॥	پرّگٹ بھئے آپہِ گوبِنّد نانک سنّت متانْت ॥ 1 ॥
ਪਉੜੀ ॥	پئُڑی ॥
ਚਚਾ ਚਰਨ ਕਮਲ ਗੁਰ ਲਾਗਾ ॥	چچا چرن کمل گُر لاگا ॥
ਧਨਿ ਧਨਿ ਉਆ ਦਿਨ ਸੰਜੋਗ ਸਭਾਗਾ ॥	دھنِ دھنِ اُیا دِن سنّجوگ سبھاگا ॥
ਚਾਰਿ ਕੁੰਟ ਦਹ ਦਿਸਿ ਭ੍ਰਮਿ ਆਇਓ ॥	چارِ کُنّٹ دہ دِس بھرّمِ آئیئو ॥
ਭਈ ਕ੍ਰਿਪਾ ਤਬ ਦਰਸਨੁ ਪਾਇਓ ॥	بھئی کرِپا تب درسنُ پائیئو ॥
ਚਾਰ ਬਿਚਾਰ ਬਿਨਸਿਓ ਸਭ ਦੂਆ ॥	چار بِچار بِنسِیئو سبھ دوُیا ॥
ਸਾਧਸੰਗਿ ਮਨੁ ਨਿਰਮਲ ਹੂਆ ॥	سادھسنگِ منُ نِرمل ہوُیا ॥
ਚਿੰਤ ਬਿਸਾਰੀ ਏਕ ਦ੍ਰਿਸਟੇਤਾ ॥	چِنّت بِساری ایک دّرِسٹیتا ॥
ਨਾਨਕ ਗਿਆਨ ਅੰਜਨੁ ਜਿਹ ਨੇਤ੍ਰਾ ॥੨੨॥	نانک گیان انّجنُ جِہ نیتّرا ॥ 22 ॥
ਸਲੋਕੁ ॥	سلوکُ ॥
ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ ॥	چھاتی سِیتل منُ سُکھی چھنّت گوبِد گُن گاءِ ॥
ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ ॥੧॥	ایَسی کرِپا کرہُ پربھ

	نانک داس دساءِ ॥1॥
ਪਉੜੀ ॥	پئڑی ॥
ਛਛਾ ਛੋਹਰੇ ਦਾਸ ਤੁਮਾਰੇ ॥	چھچھا چھوہرے داس تُمارے ॥
ਦਾਸ ਦਾਸਨ ਕੇ ਪਾਨੀਹਾਰੇ ॥	داس داسن کے پانیہارے ॥
ਛਛਾ ਛਾਰੁ ਹੋਤ ਤੇਰੇ ਸੰਤਾ ॥	چھچھا چھارُ ہوت تیرے سنّتا ॥
ਅਪਨੀ ਕ੍ਰਿਪਾ ਕਰਹੁ ਭਗਵੰਤਾ ॥	اپنی کرِپا کرہُ بھگونّتا ۔ ॥
ਛਾਡਿ ਸਿਆਨਪ ਬਹੁ ਚਤੁਰਾਈ ॥	چھاڈِ سِیانپ بہُ چترائی ॥
ਸੰਤਨ ਕੀ ਮਨ ਟੇਕ ਟਿਕਾਈ ॥	سنّتن کی من ٹیک ٹِکائی ॥
ਛਾਰੁ ਕੀ ਪੁਤਰੀ ਪਰਮ ਗਤਿ ਪਾਈ ॥	چھارُ کی پُتری پرم گتِ پائی ॥
ਨਾਨਕ ਜਾ ਕਉ ਸੰਤ ਸਹਾਈ ॥੨੩॥	نانک جا کءُ سنّت سہائی ॥ 23 ॥
ਸਲੋਕੁ ॥	سلوکُ ॥
ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ ॥	زور ظُلم پھوُلہِ گھنو کاچی دیہ بِکار ॥
ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ ॥੧॥	اہنّبُدھِ بنّدھن پرے نانک نام چھُٹار ॥1॥
ਪਉੜੀ ॥	پئڑی ॥
ਜਜਾ ਜਾਨੈ ਹਉ ਕਛੁ ਹੂਆ ॥	ججا جانے ہءُ کچھُ ہوُیا ॥
ਬਾਧਿਓ ਜਿਉ ਨਲਿਨੀ ਭ੍ਰਮਿ ਸੂਆ ॥	بادھِئو جِءُ نلِنی بھّرمِ سوُیا ॥
ਜਉ ਜਾਨੈ ਹਉ ਭਗਤੁ ਗਿਆਨੀ ॥	جءُ جانے ہءُ بھگتُ گیانی ॥
ਆਗੈ ਠਾਕੁਰਿ ਤਿਲੁ ਨਹੀ ਮਾਨੀ ॥	آگے ٹھاکُرِ تِلُ نہی مانی ॥
ਜਉ ਜਾਨੈ ਮੈ ਕਥਨੀ ਕਰਤਾ ॥	جءُ جانے مے کتھنی کرتا ॥
ਬਿਆਪਾਰੀ ਬਸੁਧਾ ਜਿਉ ਫਿਰਤਾ ॥	بِیاپاری بسُدھا جِءُ پھِرتا ॥
ਸਾਧਸੰਗਿ ਜਿਹ ਹਉਮੈ ਮਾਰੀ ॥	سادھسنگِ جِہ ہئُمے ماری ॥

ਨਾਨਕ ਤਾ ਕਉ ਮਿਲੇ ਮੁਰਾਰੀ ॥੨੪॥	نانک تا کءُ مِلے مُراری ॥ 24 ॥
ਸਲੋਕੁ ॥	سلوکُ ॥
ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥	جھالا گھے اُٹھِ نامُ جپِ نِسِ باسُر آرادھِ ॥
ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥੧॥	کارّہا تُجھے ن بِیاپئی نانک مِٹے اُپادھِ ॥1॥
ਪਉੜੀ ॥	پؤڑی ॥
ਝਝਾ ਝੂਰਨੁ ਮਿਟੈ ਤੁਮਾਰੋ ॥	جھجھا جھوُرنُ مِٹے تُمارو ॥
ਰਾਮ ਨਾਮ ਸਿਉ ਕਰਿ ਬਿਉਹਾਰੋ ॥	رام نام سِءُ کرِ بِہُارو ॥
ਝੂਰਤ ਝੂਰਤ ਸਾਕਤ ਮੂਆ ॥	جھوُرت جھوُرت ساکت موُیا ॥
ਜਾ ਕੈ ਰਿਦੈ ਹੋਤ ਭਾਉ ਬੀਆ ॥	جا کے رِدے ہوت بھاءُ بِیِیا ॥
ਝਰਹਿ ਕਸੰਮਲ ਪਾਪ ਤੇਰੇ ਮਨੂਆ ॥	جھرہِ کسمّل پاپ تیرے منوُیا ۔ ॥
ਅੰਮ੍ਰਿਤ ਕਥਾ ਸੰਤਸੰਗਿ ਸੁਨੂਆ ॥	انمّرِت کتھا سنّتسنگِ سُنوُیا ॥
ਝਰਹਿ ਕਾਮ ਕ੍ਰੋਧ ਦੂਸਟਾਈ ॥	جھرہِ کام کرودھ دُرّسٹائی ॥
ਨਾਨਕ ਜਾ ਕਉ ਕ੍ਰਿਪਾ ਗੁਸਾਈ ॥੨੫॥	نانک جا کءُ کرِپا گُسائی ॥ 25 ॥
ਸਲੋਕੁ ॥	سلوکُ ॥
ਵਤਨ ਕਰਹੁ ਤੁਮ ਅਨਿਕ ਬਿਧਿ ਰਹਨੁ ਨ ਪਾਵਹੁ ਮੀਤ ॥	چتن کرہُ تُم انِک بِدھِ رہنُ ن پاوہُ میت ۔ ॥
ਜੀਵਤ ਰਹਹੁ ਹਰਿ ਹਰਿ ਭਜਹੁ ਨਾਨਕ ਨਾਮ ਪਰੀਤਿ ॥੧॥	جیوت رہہُ ہرِ ہرِ بھجہُ نانک نام پریتِ ॥1॥
ਪਵੜੀ ॥	پوڑی ॥
ਵੰਞਾ ਵਾਣਹੁ ਦ੍ਰਿੜੁ ਸਹੀ ਬਿਨਸਿ ਜਾਤ ਏਹ ਹੇਤ ॥	ہنجّا چاٹہُ دڑِڑُ صہی بِنسِ جات ایہ ہیت ॥
ਗਣਤੀ ਗਣਉ ਨ ਗਣਿ ਸਕਉ	گنّتی گنّءُ ن گنِ سکءُ

ਊਠਿ ਸਿਧਾਰੇ ਕੇਤ ॥

اوُٹھِ سِدھارے کیت ۔ ॥

ਵੋ ਪੇਖਉ ਸੋ ਬਿਨਸਤਉ
ਕਾ ਸਿਉ ਕਰੀਐ ਸੰਗੁ ॥

جو پیکھءُ سو بِنستءُ
کا سِءُ کریئے سنگُ ۔ ॥

ਵਾਣਹੁ ਇਆ ਬਿਧਿ ਸਹੀ ਚਿਤ
ਝੂਠਉ ਮਾਇਆ ਰੰਗੁ ॥

جاٹہُ ایا بِدھِ صہی چِت
جھوُٹھءُ مائیا رنگُ ॥

ਵਾਣਤ ਸੋਈ ਸੰਤੁ ਸੁਇ
ਭ੍ਰਮ ਤੇ ਕੀਚਿਤ ਭਿੰਨ ॥

جانّت سوئی سنّتُ سُءِ
بھرّم تے کیچِت بھِنّن ॥

ਅੰਧ ਕੂਪ ਤੇ ਤਿਹ ਕਢਹੁ
ਜਿਹ ਹੋਵਹੁ ਸੁਪ੍ਰਸੰਨ ॥

اندھ کوُپ تے تِہ کڈھہُ
جِہ ہووہُ سُپرّسنّن ॥

ਵਾ ਕੈ ਹਾਥਿ ਸਮਰਥ ਤੇ
ਕਾਰਨ ਕਰਨੈ ਜੋਗ ॥

جا کے ہاتھِ سمرتھ تے
کارن کرنے جوگ ॥

ਨਾਨਕ ਤਿਹ ਉਸਤਤਿ ਕਰਉ
ਵਾਹੂ ਕੀਓ ਸੰਜੋਗ ॥੨੬॥

نانک تِہ اُستتِ کرءُ
چاہوُ کِیئو سنّجوگ ॥ 26 ॥

ਸਲੋਕੁ ॥

سلوکُ ॥

ਟੂਟੇ ਬੰਧਨ ਜਨਮ ਮਰਨ
ਸਾਧ ਸੇਵ ਸੁਖੁ ਪਾਇ ॥

ٹوُٹے بنّدھن جنم مرن
سادھ سیو سُکھُ پاءِ ॥

ਨਾਨਕ ਮਨਹੁ ਨ ਬੀਸਰੈ
ਗੁਣ ਨਿਧਿ ਗੋਬਿਦ ਰਾਇ ॥੧॥

نانک منہُ ن بیسرے
گُن نِدھِ گوبِد راءِ ॥ 1 ॥

ਪਉੜੀ ॥

پئڑی ॥

ਟਹਲ ਕਰਹੁ ਤਉ ਏਕ ਕੀ
ਜਾ ਤੇ ਬ੍ਰਿਥਾ ਨ ਕੋਇ ॥

ٹہل کرہُ تءُ ایک کی
جا تے برِتھا ن کوءِ ॥

ਮਨਿ ਤਨਿ ਮੁਖਿ ਹੀਐ ਬਸੈ
ਜੋ ਚਾਹਹੁ ਸੋ ਹੋਇ ॥

منِ تنِ مُکھِ ہیئے بسے
جو چاہہُ سو ہوءِ ॥

ਟਹਲ ਮਹਲ ਤਾ ਕਉ ਮਿਲੈ
ਜਾ ਕਉ ਸਾਧ ਕ੍ਰਿਪਾਲ ॥

ٹہل مہل تا کءُ مِلے
جا کءُ سادھ کرِپال ॥

ਸਾਧੂ ਸੰਗਤਿ ਤਉ ਬਸੈ
ਜਉ ਆਪਨ ਹੋਹਿ ਦਇਆਲ ॥

ساد ھوُ سنگتِ ت ءُ بسے
ج ءُ آپن ہوہِ دئیال ॥

ਟੋਹੇ ਟਾਹੇ ਬਹੁ ਭਵਨ
ਬਿਨੁ ਨਾਵੈ ਸੁਖੁ ਨਾਹਿ ॥

ٹوہے ٹاہے بہُ بھون
بِنُ ناوے سُکھُ ناہِ ॥

ਟਲਹਿ ਜਾਮ ਕੇ ਦੂਤ ਤਿਹ
ਜੁ ਸਾਧੂ ਸੰਗਿ ਸਮਾਹਿ ॥

ٹلہِ جام کے دوُت تِہ
جُ سادھوُ سنگِ سماہِ ॥

ਬਾਰਿ ਬਾਰਿ ਜਾਉ ਸੰਤ ਸਦਕੇ ॥

بارِ بارِ جاءُ سنّت صدقے ॥

ਨਾਨਕ ਪਾਪ ਬਿਨਾਸੇ ਕਦਿ ਕੇ ॥੨੭॥

نانک پاپ بِناسے کدِ کے ॥ 27 ॥

ਸਲੋਕੁ ॥

سلوکُ ॥

ਠਾਕ ਨ ਹੋਤੀ ਤਿਨਹੁ ਦਰਿ
ਜਿਹ ਹੋਵਹੁ ਸੁਪ੍ਰਸੰਨ ॥

ٹھاک ن ہوتی تِنہُ درِ
جِہ ہووہُ سُپرّسنّن ॥

ਜੋ ਜਨ ਪ੍ਰਭਿ ਅਪੁਨੇ ਕਰੇ
ਨਾਨਕ ਤੇ ਧਨਿ ਧੰਨਿ ॥੧॥

جو جن پرّبھِ اپُنے کرے
نانک تے دھنِ دھنّنِ ॥ 1 ॥

ਪਉੜੀ ॥

پئُڑی ॥

ਠਠਾ ਮਨੂਆ ਠਾਹਹਿ ਨਾਹੀ ॥

ٹھٹھا منوُیا ٹھاہہِ ناہی ॥

ਜੋ ਸਗਲ ਤਿਆਗਿ ਏਕਹਿ ਲਪਟਾਹੀ ॥

جو سگل تِیاگِ ایکہِ لپٹاہی ॥

ਠਹਕਿ ਠਹਕਿ ਮਾਇਆ ਸੰਗਿ ਮੂਏ ॥

ٹھہکِ ٹھہکِ مائیا سنگِ موُئے ॥

ਉਆ ਕੈ ਕੁਸਲ ਨ ਕਤਹੂ ਹੂਏ ॥

اُیا کے کُسل ن کتہوُ ہوُئے ॥

ਠਾਂਢਿ ਪਰੀ ਸੰਤਹ ਸੰਗਿ ਬਸਿਆ ॥

ٹھانڈھِ پری سنّتہ سنگِ بسِیا ॥

ਅੰਮ੍ਰਿਤ ਨਾਮੁ ਤਹਾ ਜੀਅ ਰਸਿਆ ॥

انمّرِت نامُ تہا جی ء رسِیا ॥

ਠਾਕੁਰ ਅਪੁਨੇ ਜੋ ਜਨੁ ਭਾਇਆ ॥

ٹھاکُر اپُنے جو جنُ بھائیا ॥

ਨਾਨਕ ਉਆ ਕਾ ਮਨੁ ਸੀਤਲਾਇਆ ॥੨੮॥

نانک اُیا کا منُ سِیتلائیا ॥ 28 ॥

ਸਲੋਕੁ ॥

سلوکُ ॥

ਡੰਡਉਤਿ ਬੰਦਨ ਅਨਿਕ ਬਾਰ

ڈنّڈئُتِ بندن انِک بار

ਸਰਬ ਕਲਾ ਸਮਰਥ ॥
سرب کلا سمرتھ ۔ ॥

ਡੋਲਨ ਤੇ ਰਾਖਹੁ ਪ੍ਰਭੂ
ਨਾਨਕ ਦੇ ਕਰਿ ਹਥ ॥੧॥
ڈولن تے راکھہُ پربھوُ
نانک دے کرِ ہتھ ॥1॥

ਪਉੜੀ ॥
پئُڑی ॥

ਡਡਾ ਡੇਰਾ ਇਹੁ ਨਹੀ
ਜਹ ਡੇਰਾ ਤਹ ਜਾਨੁ ॥
ڈڈا ڈیرا اِہُ نہی
جہ ڈیرا تہ جانُ ॥

ਉਆ ਡੇਰਾ ਕਾ ਸੰਜਮੋ
ਗੁਰ ਕੈ ਸਬਦਿ ਪਛਾਨੁ ॥
اُیا ڈیرا کا سنجَمو
گُر کے سبدِ پچھانُ ॥

ਇਆ ਡੇਰਾ ਕਉ ਸ੍ਰਮੁ ਕਰਿ ਘਾਲੈ ॥
اِیا ڈیرا کءُ سّرمُ کرِ گھالے ॥

ਜਾ ਕਾ ਤਸੂ ਨਹੀ ਸੰਗਿ ਚਾਲੈ ॥
جا کا تسوُ نہی سنگِ چالے ॥

ਉਆ ਡੇਰਾ ਕੀ ਸੋ ਮਿਤਿ ਜਾਨੈ ॥
اُیا ڈیرا کی سو مِتِ جانے ॥

ਜਾ ਕਉ ਦ੍ਰਿਸਟਿ ਪੂਰਨ ਭਗਵਾਨੈ ॥
جا کءُ دّرِسٹِ پوُرن بھگوانے ॥

ਡੇਰਾ ਨਿਹਚਲੁ ਸਚੁ ਸਾਧਸੰਗ ਪਾਇਆ ॥
ڈیرا نِہچلُ سچُ سادھسنگ پائیا ॥

ਨਾਨਕ ਤੇ ਜਨ ਨਹ ਡੋਲਾਇਆ ॥੨੯॥
نانک تے جن نہ ڈولائیا ॥ 29 ॥

ਸਲੋਕੁ ॥
سلوکُ ॥

ਢਾਹਨ ਲਾਗੇ ਧਰਮ ਰਾਇ
ਕਿਨਹਿ ਨ ਘਾਲਿਓ ਬੰਧ ॥
ڈھاہن لاگے دھرم راءِ
کِنہِ ن گھالِئو بنّدھ ॥

ਨਾਨਕ ਉਬਰੇ ਜਪਿ ਹਰੀ
ਸਾਧਸੰਗਿ ਸਨਬੰਧ ॥੧॥
نانک اُبرے جپِ ہری
سادھسنگِ سنبنّدھ ॥1॥

ਪਉੜੀ ॥
پئُڑی ॥

ਢਢਾ ਢੂਢਤ ਕਹ ਫਿਰਹੁ
ਢੂਢਨੁ ਇਆ ਮਨ ਮਾਹਿ ॥
ڈھڈھا ڈھوُڈھت کہ پھِرہُ
ڈھوُڈھنُ اِیا من ماہِ ॥

ਸੰਗਿ ਤੁਹਾਰੈ ਪ੍ਰਭੁ ਬਸੈ
ਬਨੁ ਬਨੁ ਕਹਾ ਫਿਰਾਹਿ ॥
سنگِ تُہارے پربھُ بسے
بنُ بنُ کہا پھِراہِ ۔ ॥

ਢੇਰੀ ਢਾਹਹੁ ਸਾਧਸੰਗਿ
ਅਹੰਬੁਧਿ ਬਿਕਰਾਲ ॥

ڈھیری ڈھاہہُ سادھسنگِ
اہنّبدھِ بِکرال ॥

ਸੁਖੁ ਪਾਵਹੁ ਸਹਜੇ ਬਸਹੁ
ਦਰਸਨੁ ਦੇਖਿ ਨਿਹਾਲ ॥

سُکھُ پاوہُ سہجے بسہُ
درسنُ دیکھِ نِہال ॥

ਢੇਰੀ ਜਾਮੈ ਜਮਿ ਮਰੈ
ਗਰਭ ਜੋਨਿ ਦੁਖ ਪਾਇ ॥

ڈھیری جامےَ جمِ مرے
گربھ جونِ دُکھ پاءِ ॥

ਮੋਹ ਮਗਨ ਲਪਟਤ ਰਹੈ
ਹਉ ਹਉ ਆਵੈ ਜਾਇ ॥

موہ مگن لپٹت رہے
ہءُ ہءُ آوے جاءِ ॥

ਢਹਤ ਢਹਤ ਅਬ ਢਹਿ ਪਰੇ
ਸਾਧ ਜਨਾ ਸਰਨਾਇ ॥

ڈھہت ڈھہت اب ڈھہِ پرے
سادھ جنا سرناءِ ॥

ਦੁਖ ਕੇ ਫਾਹੇ ਕਾਟਿਆ
ਨਾਨਕ ਲੀਏ ਸਮਾਇ ॥੩੦॥

دُکھ کے پھاہے کاٹیا
نانک لیے سماءِ ॥ 30 ॥

ਸਲੋਕੁ ॥

سلوکُ ॥

ਜਹ ਸਾਧੂ ਗੋਬਿਦ ਭਜਨੁ
ਕੀਰਤਨੁ ਨਾਨਕ ਨੀਤ ॥

جہ سادھوُ گوبِد بھجنُ
کیرتنُ نانک نِیت ॥

ਣਾ ਹਉ ਣਾ ਤੂੰ ਣਹ ਛੁਟਹਿ
ਨਿਕਟਿ ਨ ਜਾਈਅਹੁ ਦੂਤ ॥੧॥

ٹا ہءُ ٹا توُنّ ٹہ چھُٹہِ
نِکٹِ ن جائیئہُ دوُت ۔ ॥ 1 ॥

ਪਉੜੀ ॥

پؤڑی ॥

ਣਾਣਾ ਰਣ ਤੇ ਸੀਝੀਐ
ਆਤਮ ਜੀਤੈ ਕੋਇ ॥

ٹاٹا رنّ تے سیجھیے
آتم جیتے کوءِ ॥

ਹਉਮੈ ਅਨ ਸਿਉ ਲਰਿ ਮਰੈ
ਸੋ ਸੋਭਾ ਦੂ ਹੋਇ ॥

ہئُمےَ ان سِءُ لرِ مرے
سو سوبھا دوُ ہوءِ ॥

ਮਣੀ ਮਿਟਾਇ ਜੀਵਤ ਮਰੈ
ਗੁਰ ਪੂਰੇ ਉਪਦੇਸ ॥

منی مِٹاءِ جیوت مرے
گُرپوُرے اُپدیس ॥

ਮਨੂਆ ਜੀਤੈ ਹਰਿ ਮਿਲੈ

منوُیا جیتے ہرِ ملےَ

ਤਿਹ ਸੂਰਤਣ ਵੇਸ ॥

تِہ سوُرتنْ ویس ॥

ਣਾ ਕੋ ਜਾਣੈ ਆਪਣੋ
ਏਕਹਿ ਟੇਕ ਅਧਾਰ ॥

ٹا کو جانْے آپنْو
ایکہِ ٹیک ادھار ॥

ਰੈਣਿ ਦਿਣਸੁ ਸਿਮਰਤ ਰਹੈ
ਸੋ ਪ੍ਰਭੁ ਪੁਰਖੁ ਅਪਾਰ ॥

رَینْ دِنْس سِمرت رہے
سو پربھُ پُرکھُ اپار ॥

ਰੇਣ ਸਗਲ ਇਆ ਮਨੁ ਕਰੈ
ਏਊ ਕਰਮ ਕਮਾਇ ॥

رینْ سگل اِیا منُ کرے
ایئوُ کرم کماءِ ॥

ਹੁਕਮੈ ਬੂਝੈ ਸਦਾ ਸੁਖੁ
ਨਾਨਕ ਲਿਖਿਆ ਪਾਇ ॥੩੧॥

حُکمے بوُجھے سدا سُکھُ
نانک لِکھیا پاءِ ॥ 31 ॥

ਸਲੋਕੁ ॥

سلوکُ ॥

ਤਨੁ ਮਨੁ ਧਨੁ ਅਰਪਉ ਤਿਸੈ
ਪ੍ਰਭੂ ਮਿਲਾਵੈ ਮੋਹਿ ॥

تنُ منُ دھنُ ارپءُ تِسے
پربھوُ مِلاوے موہِ ॥

ਨਾਨਕ ਭ੍ਰਮ ਭਉ ਕਾਟੀਐ
ਚੂਕੈ ਜਮ ਕੀ ਜੋਹ ॥੧॥

نانک بھرم بھءُ کاٹیئے
چوُکے جم کی جوہ ॥ 1 ॥

ਪਉੜੀ ॥

پئڑی ॥

ਤਤਾ ਤਾ ਸਿਉ ਪ੍ਰੀਤਿ ਕਰਿ
ਗੁਣ ਨਿਧਿ ਗੋਬਿਦ ਰਾਇ ॥

تتا تا سِءُ پریتِ کرِ
گُنْ نِدھِ گوبِد راءِ ॥

ਫਲ ਪਾਵਹਿ ਮਨ ਬਾਛਤੇ
ਤਪਤਿ ਤੁਹਾਰੀ ਜਾਇ ॥

پھل پاوہِ من باچھتے
تپتِ تُہاری جاءِ ॥

ਤ੍ਰਾਸ ਮਿਟੈ ਜਮ ਪੰਥ ਕੀ
ਜਾਸੁ ਬਸੈ ਮਨਿ ਨਾਉ ॥

ترّاس مِٹے جم پنّتھ کی
جاسُ بسے منِ ناءُ ॥

ਗਤਿ ਪਾਵਹਿ ਮਤਿ ਹੋਇ ਪ੍ਰਗਾਸ
ਮਹਲੀ ਪਾਵਹਿ ਠਾਉ ॥

گتِ پاوہِ متِ ہوءِ پرگاس
محلی پاوہِ ٹھاءُ ॥

ਤਾਹੂ ਸੰਗਿ ਨ ਧਨੁ ਚਲੈ
ਗ੍ਰਿਹ ਜੋਬਨ ਨਹ ਰਾਜ ॥

تاہوُ سنگِ ن دھنُ چلے
گرِہ جوبن نہ راج ॥

ਸੰਤਸੰਗਿ ਸਿਮਰਤ ਰਹਹੁ
ਇਹੈ ਤੁਹਾਰੈ ਕਾਜ ॥

سنتسنگِ سِمرت رہہُ
اِہے تُہارے کاج ॥

ਤਾਤਾ ਕਛੂ ਨ ਹੋਈ ਹੈ
ਜਉ ਤਾਪ ਨਿਵਾਰੈ ਆਪ ॥

تاتا کچھوُ ن ہوئی ہے
جءُ تاپ نِوارے آپ ॥

ਪ੍ਰਤਿਪਾਲੈ ਨਾਨਕ ਹਮਹਿ
ਆਪਹਿ ਮਾਈ ਬਾਪ ॥੩੨॥

پّرتپالے نانک ہمہِ
آپہِ مائی باپ ॥ 32 ॥

ਸਲੋਕੁ ॥

سلوکُ ॥

ਥਾਕੇ ਬਹੁ ਬਿਧਿ ਘਾਲਤੇ
ਤ੍ਰਿਪਤਿ ਨ ਤ੍ਰਿਸਨਾ ਲਾਥ ॥

تھاکے بہُ بِدھِ گھالتے
تّرِپتِ ن تّرِسنا لاتھ ॥

ਸੰਚਿ ਸੰਚਿ ਸਾਕਤ ਮੂਏ
ਨਾਨਕ ਮਾਇਆ ਨ ਸਾਥ ॥੧॥

سنچّ سنچّ ساکت موُئے
نانک مائیا ن ساتھ ॥ 1 ॥

ਪਉੜੀ ॥

پئُڑی ॥

ਥਥਾ ਥਿਰੁ ਕੋਊ ਨਹੀ
ਕਾਇ ਪਸਾਰਹੁ ਪਾਵ ॥

تھتھا تھِرُ کوئوُ نہی
کاءِ پسارہُ پاو ۔ ॥

ਅਨਿਕ ਬੰਚ ਬਲ ਛਲ ਕਰਹੁ
ਮਾਇਆ ਏਕ ਉਪਾਵ ॥

اِنک بنّچ بل چھل کرہُ
مائیا ایک اُپاو ॥

ਥੈਲੀ ਸੰਚਹੁ ਸ੍ਰਮੁ ਕਰਹੁ
ਥਾਕਿ ਪਰਹੁ ਗਾਵਾਰ ॥

تھیَلی سنچّہُ سّرمُ کرہُ
تھاکِ پرہُ گاوار ॥

ਮਨ ਕੈ ਕਾਮਿ ਨ ਆਵਈ
ਅੰਤੇ ਅਉਸਰ ਬਾਰ ॥

من کے کامِ ن آوئی
انّتے اُسربار ॥

ਥਿਤਿ ਪਾਵਹੁ ਗੋਬਿਦ ਭਜਹੁ
ਸੰਤਹ ਕੀ ਸਿਖ ਲੇਹੁ ॥

تھِتِ پاوہُ گوبِد بھجہُ
سنّتہ کی سِکھ لیہُ ॥

ਪ੍ਰੀਤਿ ਕਰਹੁ ਸਦ ਏਕ ਸਿਉ
ਇਆ ਸਾਚਾ ਅਸਨੇਹੁ ॥

پّریتِ کرہُ سد ایک سِءُ
اِیا ساچا اسنیہُ ॥

ਕਾਰਨ ਕਰਨ ਕਰਾਵਨੋ

کارن کرن کراونو

ਸਭ ਬਿਧਿ ਏਕੈ ਹਾਥ ॥

سبھ بِدھِ ایکے ہاتھ ॥

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ
ਨਾਨਕ ਜੰਤ ਅਨਾਥ ॥੩੩॥

جِتُ جِتُ لاوہُ تِتُ تِتُ لگہِ
نانک جنّت اناتھ ॥ 33 ॥

ਸਲੋਕੁ ॥

سلوکُ ॥

ਦਾਸਹ ਏਕੁ ਨਿਹਾਰਿਆ
ਸਭੁ ਕਛੁ ਦੇਵਨਹਾਰ ॥

داسہ ایکُ نِہارِیا
سبھُ کچھُ دیونہار ॥

ਸਾਸਿ ਸਾਸਿ ਸਿਮਰਤ ਰਹਹਿ
ਨਾਨਕ ਦਰਸ ਅਧਾਰ ॥੧॥

ساسِ ساسِ سِمرت رہہِ
نانک درس ادھار ॥ 1 ॥

ਪਉੜੀ ॥

پؤڑی ॥

ਦਦਾ ਦਾਤਾ ਏਕੁ ਹੈ
ਸਭ ਕਉ ਦੇਵਨਹਾਰ ॥

ددا داتا ایکُ ہے
سبھ کءُ دیونہار ॥

ਦੇਂਦੇ ਤੋਟਿ ਨ ਆਵਈ
ਅਗਨਤ ਭਰੇ ਭੰਡਾਰ ॥

دیندے توٹِ ن آوئی
اگنت بھرے بھنڈار ॥

ਦੈਨਹਾਰੁ ਸਦ ਜੀਵਨਹਾਰਾ ॥

دیَنہارُ سد جیِونہارا ॥

ਮਨ ਮੂਰਖ ਕਿਉ ਤਾਹਿ ਬਿਸਾਰਾ ॥

من مؤرکھ کِءُ تاہِ بِسارا ۔ ॥

ਦੋਸੁ ਨਹੀ ਕਾਹੂ ਕਉ ਮੀਤਾ ॥

دوسُ نہی کاہوُ کءُ مِیتا ۔ ॥

ਮਾਇਆ ਮੋਹ ਬੰਧੁ ਪ੍ਰਭਿ ਕੀਤਾ ॥

مائیا موہ بندھُ پربھِ کیِتا ॥

ਦਰਦ ਨਿਵਾਰਹਿ ਜਾ ਕੇ ਆਪੇ ॥

دردِ نِوارہِ جا کے آپے ॥

ਨਾਨਕ ਤੇ ਤੇ ਗੁਰਮੁਖਿ ਧ੍ਰਾਪੇ ॥੩੪॥

نانک تے تے گُرمُکھِ دھراپے ॥ 34 ॥

ਸਲੋਕੁ ॥

سلوکُ ॥

ਧਰ ਜੀਅਰੇ ਇਕ ਟੇਕ ਤੂ
ਲਾਹਿ ਬਿਡਾਨੀ ਆਸ ॥

دھر جیئرے اِک ٹیک توُ
لاہِ بِڈانی آس ॥

ਨਾਨਕ ਨਾਮੁ ਧਿਆਈਐ
ਕਾਰਜੁ ਆਵੈ ਰਾਸਿ ॥੧॥

نانک نامُ دھیائیئے
کارجُ آوے راسِ ॥ 1 ॥

ਪਉੜੀ ॥	پئُڑی ॥
ਧਧਾ ਧਾਵਤ ਤਉ ਮਿਟੈ ਸੰਤਸੰਗਿ ਹੋਇ ਬਾਸੁ ॥	دھدھا دھاوت تءُ مِٹے سنتسنگِ ہوءِ باسُ ॥
ਧੁਰ ਤੇ ਕਿਰਪਾ ਕਰਹੁ ਆਪਿ ਤਉ ਹੋਇ ਮਨਹਿ ਪਰਗਾਸੁ ॥	دھُر تے کِرپا کرہُ آپِ تءُ ہوءِ منہِ پرگاسُ ॥
ਧਨੁ ਸਾਚਾ ਤੇਊ ਸਚ ਸਾਹਾ ॥	دھنُ ساچا تیئوُ سچ ساہا ॥
ਹਰਿ ਹਰਿ ਪੂੰਜੀ ਨਾਮ ਬਿਸਾਹਾ ॥	ہرِ ہرِ پوُنجی نام بِساہا ॥
ਧੀਰਜੁ ਜਸੁ ਸੋਭਾ ਤਿਹ ਬਨਿਆ ॥	دھیِرجُ جسُ سوبھا تہِ بنِیا ॥
ਹਰਿ ਹਰਿ ਨਾਮੁ ਸ੍ਰਵਨ ਜਿਹ ਸੁਨਿਆ ॥	ہرِ ہرِ نامُ سّرون جِہ سُنِیا ॥
ਗੁਰਮੁਖਿ ਜਿਹ ਘਟਿ ਰਹੇ ਸਮਾਈ ॥	گُرمُکھِ جِہ گھٹِ رہے سمائی ॥
ਨਾਨਕ ਤਿਹ ਜਨ ਮਿਲੀ ਵਡਾਈ ॥੩੫॥	نانک تِہ جن مِلی وڈائی ॥ 35 ॥
ਸਲੋਕੁ ॥	سلوکُ ॥
ਨਾਨਕ ਨਾਮੁ ਨਾਮੁ ਜਪੁ ਜਪਿਆ ਅੰਤਰਿ ਬਾਹਰਿ ਰੰਗਿ ॥	نانک نامُ نامُ جپُ جپِیا انّترِ باہرِ رنگِ ॥
ਗੁਰਿ ਪੂਰੈ ਉਪਦੇਸਿਆ ਨਰਕੁ ਨਾਹਿ ਸਾਧਸੰਗਿ ॥੧॥	گُرِ پوُرے اُپدیسِیا نرکُ ناہِ سادھسنگِ ॥ 1 ॥
ਪਉੜੀ ॥	پئُڑی ॥
ਨੰਨਾ ਨਰਕਿ ਪਰਹਿ ਤੇ ਨਾਹੀ ॥	ننّا نرکِ پرہِ تے ناہی ॥
ਜਾ ਕੈ ਮਨਿ ਤਨਿ ਨਾਮੁ ਬਸਾਹੀ ॥	جا کے منِ تنِ نامُ بساہی ॥
ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥	نامُ نِدھانُ گُرمُکھِ جو جپتے ॥
ਬਿਖੁ ਮਾਇਆ ਮਹਿ ਨਾ ਓਇ ਖਪਤੇ ॥	بِکھُ مائِیا مہِ نا اوءِ کھپتے ॥
ਨੰਨਾਕਾਰੁ ਨ ਹੋਤਾ ਤਾ ਕਹੁ ॥	ننّاکارُ ن ہوتا تا کہُ ॥

ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ ॥
نامُ منّترُ گُرِ دینو جا کہُ ॥

ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ ॥
نِدھِ نِدھان ہرِ انمّرِت پوُرے ॥

ਤਹ ਬਾਜੇ ਨਾਨਕ ਅਨਹਦ ਤੂਰੇ ॥੩੬॥
تہ باجے نانک انہد توُرے ॥ 36 ॥

ਸਲੋਕੁ ॥
سلوکُ ॥

ਪਤਿ ਰਾਖੀ ਗੁਰਿ ਪਾਰਬ੍ਰਹਮ
ਤਜਿ ਪਰਪੰਚ ਮੋਹ ਬਿਕਾਰ ॥
پتِ راکھی گُرِ پاربرّہم
تجِ پرپنچ موہ بِکار ॥

ਨਾਨਕ ਸੋਊ ਆਰਾਧੀਐ
ਅੰਤੁ ਨ ਪਾਰਾਵਾਰੁ ॥੧॥
نانک سوئوُ آرادھیئے
انتُ ن پاراوارُ ॥ 1 ॥

ਪਉੜੀ ॥
پئڑی ॥

ਪਪਾ ਪਰਮਿਤਿ ਪਾਰੁ ਨ ਪਾਇਆ ॥
پپا پرمِتِ پارُ ن پائیا ॥

ਪਤਿਤ ਪਾਵਨ ਅਗਮ ਹਰਿ ਰਾਇਆ ॥
پتِت پاون اگم ہرِ رائیا ॥

ਹੋਤ ਪੁਨੀਤ ਕੋਟ ਅਪਰਾਧੂ ॥
ہوت پُنیت کوٹ اپرادھوُ ॥

ਅੰਮ੍ਰਿਤ ਨਾਮੁ ਜਪਹਿ ਮਿਲਿ ਸਾਧੂ ॥
انمّرِت نامُ جپہِ مِلِ سادھوُ ॥

ਪਰਪਚ ਧ੍ਰੋਹ ਮੋਹ ਮਿਟਨਾਈ ॥
پرپچ دھرّوہ موہ مِٹنائی ॥

ਜਾ ਕਉ ਰਾਖਹੁ ਆਪਿ ਗੁਸਾਈ ॥
جا کءُ راکھہُ آپِ گُسائی ۔ ॥

ਪਾਤਿਸਾਹੁ ਛਤ੍ਰੁ ਸਿਰ ਸੋਊ ॥
پاتِشاہُ چھتّر سِر سوئوُ ॥

ਨਾਨਕ ਦੂਸਰ ਅਵਰੁ ਨ ਕੋਊ ॥੩੭॥
نانک دوُسر اورُ ن کوئوُ ॥ 37 ॥

ਸਲੋਕੁ ॥
سلوکُ ॥

ਫਾਹੇ ਕਾਟੇ ਮਿਟੇ ਗਵਨ
ਫਤਿਹ ਭਈ ਮਨਿ ਜੀਤ ॥
پھاہے کاٹے مِٹے گون
فتح بھئی منِ جیت ॥

ਨਾਨਕ ਗੁਰ ਤੇ ਥਿਤ ਪਾਈ
ਫਿਰਨ ਮਿਟੇ ਨਿਤ ਨੀਤ ॥੧॥
نانک گُر تے تھِت پائی
پھِرن مِٹے نِت نیت ॥ 1 ॥

ਪਉੜੀ ॥
پئڑی ॥

ਫਫਾ ਫਿਰਤ ਫਿਰਤ ਤੂ ਆਇਆ ॥	پھپھا پھِرت پھِرت توُ آئیا ॥
ਦ੍ਰੁਲਭ ਦੇਹ ਕਲਿਜੁਗ ਮਹਿ ਪਾਇਆ ॥	دُرلبھ دیہ کلِجُگ مہِ پائیا ॥
ਫਿਰਿ ਇਆ ਅਉਸਰੁ ਚਰੈ ਨ ਹਾਥਾ ॥	پھِرِ اِیا اُنسرُ چرے ن ہاتھا ॥
ਨਾਮੁ ਜਪਹੁ ਤਉ ਕਟੀਅਹਿ ਫਾਸਾ ॥	نامُ جپہُ تءُ کٹیئہِ پھاسا ॥
ਫਿਰਿ ਫਿਰਿ ਆਵਨ ਜਾਨੁ ਨ ਹੋਈ ॥	پھِرِ پھِرِ آون جانُ ن ہوئی ॥
ਏਕਹਿ ਏਕ ਜਪਹੁ ਜਪੁ ਸੋਈ ॥	ایکہِ ایک جپہُ جپُ سوئی ॥
ਕਰਹੁ ਕ੍ਰਿਪਾ ਪ੍ਰਭ ਕਰਨੈਹਾਰੇ ॥	کرہُ کرِپا پربھ کرنیہارے ۔ ॥
ਮੇਲਿ ਲੇਹੁ ਨਾਨਕ ਬੇਚਾਰੇ ॥੩੮॥	میلِ لیہُ نانک بیچارے ॥ 38 ॥
ਸਲੋਕੁ ॥	سلوکُ ॥
ਬਿਨਉ ਸੁਨਹੁ ਤੁਮ ਪਾਰਬ੍ਰਹਮ ਦੀਨ ਦਇਆਲ ਗੁਪਾਲ ॥	بِنءُ سُنہُ تُم پاربرہم دِین دئیال گُپال ۔ ॥
ਸੁਖ ਸੰਪੈ ਬਹੁ ਭੋਗ ਰਸ ਨਾਨਕ ਸਾਧ ਰਵਾਲ ॥੧॥	سُکھ سنپے بہُ بھوگ رس نانک سادھ روال ॥ 1 ॥
ਪਉੜੀ ॥	پئڑی ॥
ਬਬਾ ਬ੍ਰਹਮੁ ਜਾਨਤ ਤੇ ਬ੍ਰਹਮਾ ॥	ببا برہمُ جانت تے برہما ॥
ਬੈਸਨੋ ਤੇ ਗੁਰਮੁਖਿ ਸੁਚ ਧਰਮਾ ॥	بیَسنو تے گُرمُکھِ سُچ دھرما ॥
ਬੀਰਾ ਆਪਨ ਬੁਰਾ ਮਿਟਾਵੈ ॥	بیِرا آپن بُرا مِٹاوے ॥
ਤਾਹੂ ਬੁਰਾ ਨਿਕਟਿ ਨਹੀ ਆਵੈ ॥	تاہوُ بُرا نِکٹِ نہی آوے ॥
ਬਾਧਿਓ ਆਪਨ ਹਉ ਹਉ ਬੰਧਾ ॥	بادھِئو آپن ہءُ ہءُ بندھا ॥
ਦੋਸੁ ਦੇਤ ਆਗਹ ਕਉ ਅੰਧਾ ॥	دوسُ دیت آگہ کءُ اندھا ॥
ਬਾਤ ਚੀਤ ਸਭ ਰਹੀ ਸਿਆਨਪ ॥	بات چیت سبھ رہی سِیانپ ॥
ਜਿਸਹਿ ਜਨਾਵਹੁ ਸੋ ਜਾਨੈ ਨਾਨਕ ॥੩੯॥	جِسہِ جناوہُ سو جانے نانک ॥ 39 ॥
ਸਲੋਕੁ ॥	سلوکُ ॥

ਭੈ ਭੰਜਨ ਅਘ ਦੂਖ ਨਾਸ ਮਨਿਹ ਅਰਾਧਿ ਹਰੇ ॥	بھے بھنّجن اگھ دوُکھ ناس منِہ ارادھِ ہرے ॥
ਸੰਤਸੰਗ ਜਿਹ ਰਿਦ ਬਸਿਓ ਨਾਨਕ ਤੇ ਨ ਭ੍ਰਮੇ ॥੧॥	سنّتسنگ جِہ رِد بسِئو نانک تے ن بھّرمے ॥1॥
ਪਉੜੀ ॥	پؤڑی ॥
ਭਭਾ ਭਰਮੁ ਮਿਟਾਵਹੁ ਅਪਨਾ ॥	بھبھا بھرمُ مِٹاوہُ اپنا ॥
ਇਆ ਸੰਸਾਰੁ ਸਗਲ ਹੈ ਸੁਪਨਾ ॥	اِیا سنّسارُ سگل ہے سُپنا ॥
ਭਰਮੇ ਸੁਰਿ ਨਰ ਦੇਵੀ ਦੇਵਾ ॥	بھرمے سُرِ نر دیوی دیوا ॥
ਭਰਮੇ ਸਿਧ ਸਾਧਿਕ ਬ੍ਰਹਮੇਵਾ ॥	بھرمے سِدھ سادھِک برّہمیوا ॥
ਭਰਮਿ ਭਰਮਿ ਮਾਨੁਖ ਡਹਕਾਏ ॥	بھرمِ بھرمِ مانُکھ ڈہکائے ॥
ਦੁਤਰ ਮਹਾ ਬਿਖਮ ਇਹ ਮਾਏ ॥	دُتر مہا بِکھم اِہ مائے ॥
ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥	گُرمُکھِ بھّرم بھے موہ مِٹائیا ॥
ਨਾਨਕ ਤੇਹ ਪਰਮ ਸੁਖ ਪਾਇਆ ॥੪੦॥	نانک تیہ پرم سُکھ پائیا ॥ 40 ॥
ਸਲੋਕੁ ॥	سلوکُ ॥
ਮਾਇਆ ਡੋਲੈ ਬਹੁ ਬਿਧੀ ਮਨੁ ਲਪਟਿਓ ਤਿਹ ਸੰਗ ॥	مائیا ڈولے بہُ بِدھی منُ لپٹِئو تِہ سنگ ॥
ਮਾਗਨ ਤੇ ਜਿਹ ਤੁਮ ਰਖਹੁ ਸੁ ਨਾਨਕ ਨਾਮਹਿ ਰੰਗ ॥੧॥	ماگن تے جِہ تُم رکھہُ سُ نانک نامہِ رنگ ॥1॥
ਪਉੜੀ ॥	پؤڑی ॥
ਮਮਾ ਮਾਗਨਹਾਰ ਇਆਨਾ ॥	مما ماگنہار اِیانا ॥
ਦੇਨਹਾਰ ਦੇ ਰਹਿਓ ਸੁਜਾਨਾ ॥	دینہار دے رہِئو سُجانا ॥
ਜੋ ਦੀਨੋ ਸੋ ਏਕਹਿ ਬਾਰ ॥	جو دِینو سو ایکہِ بار ॥
ਮਨ ਮੂਰਖ ਕਹ ਕਰਹਿ ਪੁਕਾਰ ॥	من مؤرکھ کہ کرہِ پُکار۔ ॥

ਜਉ ਮਾਗਹਿ ਤਉ ਮਾਗਹਿ ਬੀਆ ॥	جءُ ماگہِ تءُ ماگہِ بِیِیا ॥
ਜਾ ਤੇ ਕੁਸਲ ਨ ਕਾਹੂ ਥੀਆ ॥	جا تے کُسل ن کاہوُ تھِیِا ॥
ਮਾਗਨਿ ਮਾਗ ਤ ਏਕਹਿ ਮਾਗ ॥	ماگنِ ماگ ت ایکہِ ماگ ॥
ਨਾਨਕ ਜਾ ਤੇ ਪਰਹਿ ਪਰਾਗ ॥੪੧॥	نانک جا تے پرہِ پراگ ॥ 41 ॥
ਸਲੋਕੁ ॥	سلوکُ ॥
ਮਤਿ ਪੂਰੀ ਪਰਧਾਨ ਤੇ ਗੁਰ ਪੂਰੇ ਮਨ ਮੰਤ ॥	مت پوُری پردھان تے گُرپوُرے من منّت ॥
ਜਿਹ ਜਾਨਿਓ ਪ੍ਰਭੁ ਆਪੁਨਾ ਨਾਨਕ ਤੇ ਭਗਵੰਤ ॥੧॥	جِہ جانِئو پربھُ آپُنا نانک تے بھگونّت ॥ 1 ॥
ਪਉੜੀ ॥	پئڑی ॥
ਮਮਾ ਜਾਹੂ ਮਰਮੁ ਪਛਾਨਾ ॥	مما جاہوُ مرمُ پچھانا ॥
ਭੇਟਤ ਸਾਧਸੰਗ ਪਤੀਆਨਾ ॥	بھیٹت سادھسنگ پتیِیانا ॥
ਦੁਖ ਸੁਖ ਉਆ ਕੈ ਸਮਤ ਬੀਚਾਰਾ ॥	دُکھ سُکھ اُیا کے سمت بیچارا ॥
ਨਰਕ ਸੁਰਗ ਰਹਤ ਅਉਤਾਰਾ ॥	نرک سُرگ رہت اُتارا ॥
ਤਾਹੂ ਸੰਗ ਤਾਹੂ ਨਿਰਲੇਪਾ ॥	تاہوُ سنگ تاہوُ نِرلیپا ॥
ਪੂਰਨ ਘਟ ਘਟ ਪੁਰਖ ਬਿਸੇਖਾ ॥	پوُرن گھٹ گھٹ پُرکھ بِسیکھا ॥
ਉਆ ਰਸ ਮਹਿ ਉਆਹੂ ਸੁਖੁ ਪਾਇਆ ॥	اُیا رس مہِ اُیاہوُ سُکھُ پائِیا ॥
ਨਾਨਕ ਲਿਪਤ ਨਹੀ ਤਿਹ ਮਾਇਆ ॥੪੨॥	نانک لپت نہی تِہ مائِیا ॥ 42 ॥
ਸਲੋਕੁ ॥	سلوکُ ॥
ਯਾਰ ਮੀਤ ਸੁਨਿ ਸਾਜਨਹੁ ਬਿਨੁ ਹਰਿ ਛੂਟਨੁ ਨਾਹਿ ॥	یار میت سُنِ ساجنہُ بِنُ ہرِ چھوُٹنُ ناہِ ॥
ਨਾਨਕ ਤਿਹ ਬੰਧਨ ਕਟੇ ਗੁਰ ਕੀ ਚਰਨੀ ਪਾਹਿ ॥੧॥	نانک تِہ بندھن کٹے گُر کی چرنی پاہِ ॥ 1 ॥

ਪਵੜੀ ॥	پوڑی ॥
ਯਯਾ ਜਤਨ ਕਰਤ ਬਹੁ ਬਿਧੀਆ ॥	یا جتن کرت بہُ بِدھِیا ॥
ਏਕ ਨਾਮ ਬਿਨੁ ਕਹ ਲਉ ਸਿਧੀਆ ॥	ایک نام بِنُ کہ لءُ سِدھِیا ۔ ॥
ਯਾਹੂ ਜਤਨ ਕਰਿ ਹੋਤ ਛੁਟਾਰਾ ॥	یاہوُ جتن کرِ ہوت چھُٹارا ॥
ਉਆਹੂ ਜਤਨ ਸਾਧ ਸੰਗਾਰਾ ॥	اُیاہوُ جتن سادھ سنگارا ॥
ਯਾ ਉਬਰਨ ਧਾਰੈ ਸਭੁ ਕੋਊ ॥	یا اُبرن دھارے سبھُ کوئوُ ॥
ਉਆਹਿ ਜਪੇ ਬਿਨੁ ਉਬਰ ਨ ਹੋਊ ॥	اُیاہِ جپے بِنُ اُبر ن ہوئوُ ॥
ਯਾਹੂ ਤਰਨ ਤਾਰਨ ਸਮਰਾਥਾ ॥	یاہوُ ترن تارن سمراتھا ॥
ਰਾਖਿ ਲੇਹੁ ਨਿਰਗੁਨ ਨਰਨਾਥਾ ॥	راکھِ لیہُ نِرگُن نرناتھا ۔ ॥
ਮਨ ਬਚ ਕ੍ਰਮ ਜਿਹ ਆਪਿ ਜਨਾਈ ॥	من بچ کرم جِہ آپِ جنائی ॥
ਨਾਨਕ ਤਿਹ ਮਤਿ ਪ੍ਰਗਟੀ ਆਈ ॥੪੩॥	نانک تِہ متِ پرگٹی آئی ॥ 43 ॥
ਸਲੋਕੁ ॥	سلوکُ ॥
ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ ॥	روسُ ن کاہوُ سنگ کرہُ آپن آپُ بیچارِ ॥
ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ ॥੧॥	ہوءِ نِمانا جگِ رہہُ نانک ندری پارِ ॥ 1 ॥
ਪਉੜੀ ॥	پئُڑی ॥
ਰਾਰਾ ਰੇਨ ਹੋਤ ਸਭ ਜਾ ਕੀ ॥	رارا رین ہوت سبھ جا کی ॥
ਤਜਿ ਅਭਿਮਾਨੁ ਛੁਟੈ ਤੇਰੀ ਬਾਕੀ ॥	تجِ ابھمانُ چھُٹے تیری باکی ॥
ਰਣਿ ਦਰਗਹਿ ਤਉ ਸੀਝਹਿ ਭਾਈ ॥	رنِّ درگہِ تءُ سیجھہِ بھائی ॥
ਜਉ ਗੁਰਮੁਖਿ ਰਾਮ ਨਾਮ ਲਿਵ ਲਾਈ ॥	جءُ گُرمُکھِ رام نام لِو لائی ॥
ਰਹਤ ਰਹਤ ਰਹਿ ਜਾਹਿ ਬਿਕਾਰਾ ॥	رہت رہت رہِ جاہِ بِکارا ॥
ਗੁਰ ਪੂਰੇ ਕੈ ਸਬਦਿ ਅਪਾਰਾ ॥	گُر پوُرے کے سبدِ اپارا ॥

ਰਾਤੇ ਰੰਗ ਨਾਮ ਰਸ ਮਾਤੇ ॥
نانک ہرِ گُر کِینی داتے ॥ 44 ॥

ਨਾਨਕ ਹਰਿ ਗੁਰ ਕੀਨੀ ਦਾਤੇ ॥੪੪॥

ਸਲੋਕੁ ॥
سلوکُ ॥

ਲਾਲਚ ਝੂਠ ਬਿਖੈ ਬਿਆਧਿ
ਇਆ ਦੇਹੀ ਮਹਿ ਬਾਸ ॥
لالچ جھوُٹھ بِکھے بِیادھِ
اِیا دیہی مہِ باس ॥

ਹਰਿ ਹਰਿ ਅੰਮ੍ਰਿਤੁ ਗੁਰਮੁਖਿ ਪੀਆ
ਨਾਨਕ ਸੂਖਿ ਨਿਵਾਸ ॥੧॥
ہرِ ہرِ انّمرِتُ گُرمُکھِ پِیا
نانک سوُکھِ نِواس ॥ 1 ॥

ਪਉੜੀ ॥
پؤڑی ॥

ਲਲਾ ਲਾਵਉ ਅਉਖਧ ਜਾਹੂ ॥
للا لاوءُ انُکھدھ جاہوُ ॥

ਦੂਖ ਦਰਦ ਤਿਹ ਮਿਟਹਿ ਖਿਨਾਹੂ ॥
دوُکھ درد تِہ مِٹہِ کھِناہوُ ॥

ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥
نام انُکھدھُ جِہ رِدے ہِتاوے ॥

ਤਾਹਿ ਰੋਗੁ ਸੁਪਨੈ ਨਹੀ ਆਵੈ ॥
تاہِ روگُ سُپنے نہی آوے ॥

ਹਰਿ ਅਉਖਧੁ ਸਭ ਘਟ ਹੈ ਭਾਈ ॥
ہرِ انُکھدھُ سبھ گھٹ ہے بھائی ۔ ॥

ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥
گُر پوُرے بِنُ بِدھِ ن بنائی ॥

ਗੁਰਿ ਪੂਰੈ ਸੰਜਮੁ ਕਰਿ ਦੀਆ ॥
گُرِ پوُرے سنّجمُ کرِ دِیا ॥

ਨਾਨਕ ਤਉ ਫਿਰਿ ਦੂਖ ਨ ਥੀਆ ॥੪੫॥
نانک تءُ پھِرِ دوُکھ ن تھِیا ॥ 45 ॥

ਸਲੋਕੁ ॥
سلوکُ ॥

ਵਾਸੁਦੇਵ ਸਰਬਤ੍ਰ ਮੈ
ਊਨ ਨ ਕਤਹੂ ਠਾਇ ॥
واسُدیو سربتّر مے
اوُن ن کتہوُ ٹھاءِ ॥

ਅੰਤਰਿ ਬਾਹਰਿ ਸੰਗਿ ਹੈ
ਨਾਨਕ ਕਾਇ ਦੁਰਾਇ ॥੧॥
انتّرِ باہرِ سنگِ ہے
نانک کاءِ دُراءِ ۔ ॥ 1 ॥

ਪਉੜੀ ॥
پؤڑی ॥

ਵਵਾ ਵੈਰੁ ਨ ਕਰੀਐ ਕਾਹੂ ॥
ووا ویرُ ن کریئے کاہوُ ॥

ਘਟ ਘਟ ਅੰਤਰਿ ਬ੍ਰਹਮ ਸਮਾਹੂ ॥	گھٹ گھٹ انتر برہم سماہوُ ॥
ਵਾਸੁਦੇਵ ਜਲ ਥਲ ਮਹਿ ਰਵਿਆ ॥	واسُدیو جل تھل مہِ روِیا ॥
ਗੁਰ ਪ੍ਰਸਾਦਿ ਵਿਰਲੈ ਹੀ ਗਵਿਆ ॥	گُر پرّسادِ وِرلے ہی گوِیا ॥
ਵੈਰ ਵਿਰੋਧ ਮਿਟੇ ਤਿਹ ਮਨ ਤੇ ॥	ویَر وِرودھ مِٹے تِہ من تے ॥
ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ॥	ہرِ کیِرتنُ گُرمُکھِ جو سُنتے ॥
ਵਰਨ ਚਿਹਨ ਸਗਲਹ ਤੇ ਰਹਤਾ ॥	ورن چِہن سگلہ تے رہتا ॥
ਨਾਨਕ ਹਰਿ ਹਰਿ ਗੁਰਮੁਖਿ ਜੋ ਕਹਤਾ ॥੪੬॥	نانک ہرِ ہرِ گُرمُکھِ جو کہتا ॥ 46 ॥
ਸਲੋਕੁ ॥	سلوکُ ॥
ਹਉ ਹਉ ਕਰਤ ਬਿਹਾਨੀਆ ਸਾਕਤ ਮੁਗਧ ਅਜਾਨ ॥	ہءُ ہءُ کرت بِہانیِیا ساکت مُگدھ اجان ॥
ੜੜਕਿ ਮੁਏ ਜਿਉ ਤ੍ਰਿਖਾਵੰਤ ਨਾਨਕ ਕਿਰਤਿ ਕਮਾਨ ॥੧॥	ڑڑکِ مُے جِءُ ترِکھاونّت نانک کِرتِ کمان ॥ 1 ॥
ਪਉੜੀ ॥	پئُڑی ॥
ੜਾੜਾ ੜਾੜਿ ਮਿਟੈ ਸੰਗਿ ਸਾਧੂ ॥	ڑاڑا ڑاڑِ مِٹے سنگِ سادھوُ ॥
ਕਰਮ ਧਰਮ ਤਤੁ ਨਾਮ ਅਰਾਧੂ ॥	کرم دھرم تتُ نام ارادھوُ ॥
ਰੂੜੋ ਜਿਹ ਬਸਿਓ ਰਿਦ ਮਾਹੀ ॥	روُڑو جِہ بسِئو رِد ماہی ॥
ਉਆ ਕੀ ੜਾੜਿ ਮਿਟਤ ਬਿਨਸਾਹੀ ॥	اُیا کی ڑاڑِ مِٹت بِنساہی ॥
ੜਾੜਿ ਕਰਤ ਸਾਕਤ ਗਾਵਾਰਾ ॥	ڑاڑِ کرت ساکت گاوارا ॥
ਜੇਹ ਹੀਐ ਅਹੰਬੁਧਿ ਬਿਕਾਰਾ ॥	جیہ ہیئے اہنّبُدھِ بِکارا ॥
ੜਾੜਾ ਗੁਰਮੁਖਿ ੜਾੜਿ ਮਿਟਾਈ ॥	ڑاڑا گُرمُکھِ ڑاڑِ مِٹائی ॥
ਨਿਮਖ ਮਾਹਿ ਨਾਨਕ ਸਮਝਾਈ ॥੪੭॥	نِمکھ ماہِ نانک سمجھائی ॥ 47 ॥
ਸਲੋਕੁ ॥	سلوکُ ॥
ਸਾਧੂ ਕੀ ਮਨ ਓਟ ਗਹੁ	سادھوُ کی من اوٹ گہُ

ਉਕਤਿ ਸਿਆਨਪ ਤਿਆਗੁ ॥	اُکتِ سِیانپ تِیاگُ ॥
ਗੁਰ ਦੀਖਿਆ ਜਿਹ ਮਨਿ ਬਸੈ ਨਾਨਕ ਮਸਤਕਿ ਭਾਗੁ ॥੧॥	گُر دیکھیا جِہ منِ بسےَ نانک مستکِ بھاگُ ॥1॥
ਪਉੜੀ ॥	پؤڑی ॥
ਸਸਾ ਸਰਨਿ ਪਰੇ ਅਬ ਹਾਰੇ ॥	سسا سرنِ پرے اب ہارے ॥
ਸਾਸਤ੍ਰ ਸਿਮ੍ਰਿਤਿ ਬੇਦ ਪੂਕਾਰੇ ॥	ساستّر سِمرِتِ بید پوُکارے ॥
ਸੋਧਤ ਸੋਧਤ ਸੋਧਿ ਬੀਚਾਰਾ ॥	سودھت سودھت سودھِ بیچارا ॥
ਬਿਨੁ ਹਰ ਭਜਨ ਨਹੀ ਛੁਟਕਾਰਾ ॥	بِنُ ہر بھجن نہی چھُٹکارا ॥
ਸਾਸਿ ਸਾਸਿ ਹਮ ਭੂਲਨਹਾਰੇ ॥	ساسِ ساسِ ہم بھوُلنہارے ॥
ਤੁਮ ਸਮਰਥ ਅਗਨਤ ਅਪਾਰੇ ॥	تُم سمرتھ اگنت اپارے ॥
ਸਰਨਿ ਪਰੇ ਕੀ ਰਾਖੁ ਦਇਆਲਾ ॥	سرنِ پرے کی راکھُ دیَیالا ۔ ॥
ਨਾਨਕ ਤੁਮਰੇ ਬਾਲ ਗੁਪਾਲਾ ॥੪੮॥	نانک تُمرے بال گُپالا ॥ 48 ॥
ਸਲੋਕੁ ॥	سلوکُ ॥
ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥	خُدی مِٹی تب سُکھ بھےَ من تن بھےَ اروگ ॥
ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ ॥੧॥	نانک دّرِسٹی آئیا اُستتِ کرنے جوگُ ॥1॥
ਪਉੜੀ ॥	پؤڑی ॥
ਖਖਾ ਖਰਾ ਸਰਾਹਉ ਤਾਹੂ ॥	کھکھا کھرا سراہءُ تاہوُ ॥
ਜੋ ਖਿਨ ਮਹਿ ਊਨੇ ਸੁਭਰ ਭਰਾਹੂ ॥	جو کھِن مہِ اوُنے سُبھر بھراہوُ ॥
ਖਰਾ ਨਿਮਾਨਾ ਹੋਤ ਪਰਾਨੀ ॥	کھرا نِمانا ہوت پرانی ॥
ਅਨਦਿਨੁ ਜਾਪੈ ਪ੍ਰਭ ਨਿਰਬਾਨੀ ॥	اندِنُ جاپے پّربھ نِربانی ॥
ਭਾਵੈ ਖਸਮ ਤ ਉਆ ਸੁਖੁ ਦੇਤਾ ॥	بھاوےَ خصم ت اُیا سُکھُ دیتا ॥

ਪਾਰਬ੍ਰਹਮੁ ਐਸੋ ਆਗਨਤਾ ॥	پاربّرہمُ ایَسو آگنتا ॥
ਅਸੰਖ ਖਤੇ ਖਿਨ ਬਖਸਨਹਾਰਾ ॥	اسنکھ خطے کھِن بخشنہارا ॥
ਨਾਨਕ ਸਾਹਿਬ ਸਦਾ ਦਇਆਰਾ ॥੪੯॥	نانک صاحِب سدا دیَیارا ॥ 49 ॥
ਸਲੋਕੁ ॥	سلوکُ ॥
ਸਤਿ ਕਹਉ ਸੁਨਿ ਮਨ ਮੇਰੇ ਸਰਨਿ ਪਰਹੁ ਹਰਿ ਰਾਇ ॥	ستِ کہءُ سُنِ من میرے سرنِ پرہُ ہرِ راءِ ॥
ਉਕਤਿ ਸਿਆਨਪ ਸਗਲ ਤਿਆਗਿ ਨਾਨਕ ਲਏ ਸਮਾਇ ॥੧॥	اُکتِ سِیانپ سگل تِیاگِ نانک لے سماءِ ॥ 1 ॥
ਪਉੜੀ ॥	پؤڑی ॥
ਸਸਾ ਸਿਆਨਪ ਛਾਡੁ ਇਆਨਾ ॥	سسا سِیانپ چھاڈُ اِیانا ॥
ਹਿਕਮਤਿ ਹੁਕਮਿ ਨ ਪ੍ਰਭੁ ਪਤੀਆਨਾ ॥	حِکمتِ حُکمِ ن پربھُ پتیِیانا ॥
ਸਹਸ ਭਾਤਿ ਕਰਹਿ ਚਤੁਰਾਈ ॥	سہس بھاتِ کرہِ چترُائی ॥
ਸੰਗਿ ਤੁਹਾਰੈ ਏਕ ਨ ਜਾਈ ॥	سنگِ تُہارے ایک ن جائی ॥
ਸੋਊ ਸੋਊ ਜਪਿ ਦਿਨ ਰਾਤੀ ॥	سوئُو سوئُو جپِ دِن راتی ॥
ਰੇ ਜੀਅ ਚਲੈ ਤੁਹਾਰੈ ਸਾਥੀ ॥	رے جیء چلےَ تُہارے ساتھی ॥
ਸਾਧ ਸੇਵਾ ਲਾਵੈ ਜਿਹ ਆਪੈ ॥	سادھ سیوا لاوے جِہ آپے ॥
ਨਾਨਕ ਤਾ ਕਉ ਦੂਖੁ ਨ ਬਿਆਪੈ ॥੫੦॥	نانک تا کءُ دوُکھُ ن بیاپے ॥ 50 ॥
ਸਲੋਕੁ ॥	سلوکُ ॥
ਹਰਿ ਹਰਿ ਮੁਖ ਤੇ ਬੋਲਨਾ ਮਨਿ ਵੂਠੈ ਸੁਖੁ ਹੋਇ ॥	ہرِ ہرِ مُکھ تے بولنا منِ ووُٹھے سُکھُ ہوءِ ॥
ਨਾਨਕ ਸਭ ਮਹਿ ਰਵਿ ਰਹਿਆ ਥਾਨ ਥਨੰਤਰਿ ਸੋਇ ॥੧॥	نانک سبھ مہِ روِ رہِیا تھان تھنّترِ سوءِ ॥ 1 ॥
ਪਉੜੀ ॥	پؤڑی ॥

ਹੇਰਉ ਘਟਿ ਘਟਿ ਸਗਲ ਕੈ
ਪੂਰਿ ਰਹੇ ਭਗਵਾਨ ॥

ہیرءُ گھٹِ گھٹِ سگل کے
پوُرِ رہے بھگوان ॥

ਹੋਵਤ ਆਏ ਸਦ ਸਦੀਵ
ਦੁਖ ਭੰਜਨ ਗੁਰ ਗਿਆਨ ॥

ہووت آئے سد سدیِو
دُکھ بھنّجن گُر گِیان ॥

ਹਉ ਛੁਟਕੈ ਹੋਇ ਅਨੰਦੁ ਤਿਹ
ਹਉ ਨਾਹੀ ਤਹ ਆਪਿ ॥

ہءُ چھُٹکے ہوءِ انندُ تِہ
ہءُ ناہی تہ آپِ ॥

ਹਤੇ ਦੂਖ ਜਨਮਹ ਮਰਨ
ਸੰਤਸੰਗ ਪਰਤਾਪ ॥

ہتے دوُکھ جنمہ مرن
سنتسنگ پرتاپ ॥

ਹਿਤ ਕਰਿ ਨਾਮ ਦ੍ਰਿੜੈ ਦਇਆਲਾ ॥

ہِت کرِ نام دڑِڑے دئیالا ॥

ਸੰਤਹ ਸੰਗਿ ਹੋਤ ਕਿਰਪਾਲਾ ॥

سنّتہ سنگِ ہوت کِرپالا ॥

ਓਰੈ ਕਛੂ ਨ ਕਿਨਹੂ ਕੀਆ ॥

اورے کچھوُ ن کِنہوُ کِیا ॥

ਨਾਨਕ ਸਭੁ ਕਛੁ ਪ੍ਰਭ ਤੇ ਹੂਆ ॥੫੧॥

نانک سبھُ کچھُ پربھ تے ہوُیا ॥ 51 ॥

ਸਲੋਕੁ ॥

سلوکُ ॥

ਲੇਖੈ ਕਤਹਿ ਨ ਛੂਟੀਐ
ਖਿਨੁ ਖਿਨੁ ਭੂਲਨਹਾਰ ॥

لیکھے کتہِ ن چھوُٹیئے
کھِنُ کھِنُ بھوُلنہار ॥

ਬਖਸਨਹਾਰ ਬਖਸਿ ਲੈ
ਨਾਨਕ ਪਾਰਿ ਉਤਾਰ ॥੧॥

بخشنہار بخشِ لے
نانک پارِ اُتار ॥ 1 ॥

ਪਉੜੀ ॥

پئڑی ॥

ਲੂਣ ਹਰਾਮੀ ਗੁਨਹਗਾਰ
ਬੇਗਾਨਾ ਅਲਪ ਮਤਿ ॥

لوُنُ حرامی گُنہگار
بیگانا الپ متِ ॥

ਜੀਉ ਪਿੰਡੁ ਜਿਨਿ ਸੁਖ ਦੀਏ
ਤਾਹਿ ਨ ਜਾਨਤ ਤਤ ॥

جیِءُ پِنڈُ جِنِ سُکھ دیِے
تاہِ ن جانت تت ॥

ਲਾਹਾ ਮਾਇਆ ਕਾਰਨੇ
ਦਹ ਦਿਸਿ ਢੂਢਨ ਜਾਇ ॥

لاہا مائیا کارنے
دہ دِس ڈھوُڈھن جاءِ ॥

ਦੇਵਨਹਾਰ ਦਾਤਾਰ ਪ੍ਰਭ

دیونہار داتار پربھ

ਨਿਮਖ ਨ ਮਨਹਿ ਬਸਾਇ ॥

نِمکھ ن منہِ بساءِ ॥

ਲਾਲਚ ਝੂਠ ਬਿਕਾਰ ਮੋਹ
ਇਆ ਸੰਪੈ ਮਨ ਮਾਹਿ ॥

لالچ جھوُٹھ بِکار موہ
اِیا سنّپے من ماہِ ॥

ਲੰਪਟ ਚੋਰ ਨਿੰਦਕ ਮਹਾ
ਤਿਨਹੂ ਸੰਗਿ ਬਿਹਾਇ ॥

لنّپٹ چور نِندک مہا
تِنہوُ سنگِ بِہاءِ ॥

ਤੁਧੁ ਭਾਵੈ ਤਾ ਬਖਸਿ ਲੈਹਿ
ਖੋਟੇ ਸੰਗਿ ਖਰੇ ॥

تُدھُ بھاوے تا بخشِ لیَہِ
کھوٹے سنگِ کھرے ॥

ਨਾਨਕ ਭਾਵੈ ਪਾਰਬ੍ਰਹਮ
ਪਾਹਨ ਨੀਰਿ ਤਰੇ ॥੫੨॥

نانک بھاوے پاربّرہم
پاہن نیرِ ترے ॥ 52 ॥

ਸਲੋਕੁ ॥

سلوکُ ॥

ਖਾਤ ਪੀਤ ਖੇਲਤ ਹਸਤ
ਭਰਮੇ ਜਨਮ ਅਨੇਕ ॥

کھات پیت کھیلت ہست
بھرمے جنم انیک ॥

ਭਵਜਲ ਤੇ ਕਾਢਹੁ ਪ੍ਰਭੂ
ਨਾਨਕ ਤੇਰੀ ਟੇਕ ॥੧॥

بھوجل تے کاڈھہُ پربھوُ
نانک تیری ٹیک ॥ 1 ॥

ਪਉੜੀ ॥

پؤڑی ॥

ਖੇਲਤ ਖੇਲਤ ਆਇਓ
ਅਨਿਕ ਜੋਨਿ ਦੁਖ ਪਾਇ ॥

کھیلت کھیلت آئیو
انِک جونِ دُکھ پاءِ ॥

ਖੇਦ ਮਿਟੇ ਸਾਧੂ ਮਿਲਤ
ਸਤਿਗੁਰ ਬਚਨ ਸਮਾਇ ॥

کھید مِٹے سادھوُ مِلت
ستِگُر بچن سماءِ ॥

ਖਿਮਾ ਗਹੀ ਸਚੁ ਸੰਚਿਓ
ਖਾਇਓ ਅੰਮ੍ਰਿਤੁ ਨਾਮ ॥

کھِما گہی سچُ سنچِیو
کھائیو انّمرِتُ نام ॥

ਖਰੀ ਕ੍ਰਿਪਾ ਠਾਕੁਰ ਭਈ
ਅਨਦ ਸੂਖ ਬਿਸ੍ਰਾਮ ॥

کھری کرِپا ٹھاکُر بھئی
اند سوُکھ بِسّرام ॥

ਖੇਪ ਨਿਬਾਹੀ ਬਹੁਤੁ ਲਾਭ
ਘਰਿ ਆਏ ਪਤਿਵੰਤ ॥

کھیپ نِباہی بہُتُ لابھ
گھرِ آئے پتِونّت ॥

ਖਰਾ ਦਿਲਾਸਾ ਗੁਰਿ ਦੀਆ ਆਇ ਮਿਲੇ ਭਗਵੰਤ ॥	کھرا دِلاسا گُرِ دِیِیا آءِ مِلے بھگونّت ॥
ਆਪਨ ਕੀਆ ਕਰਹਿ ਆਪਿ ਆਗੈ ਪਾਛੈ ਆਪਿ ॥	آپن کِیِیا کرہِ آپِ آگے پاچھے آپِ ॥
ਨਾਨਕ ਸੋਊ ਸਰਾਹੀਐ ਜਿ ਘਟਿ ਘਟਿ ਰਹਿਆ ਬਿਆਪਿ ॥੫੩॥	نانک سوئُو سراہیئے جِ گھٹِ گھٹِ رہِیا بِیاپِ ॥ 53 ॥
ਸਲੋਕੁ ॥	سلوکُ ॥
ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ ॥	آئے پربھ سرناگتی کِرپا نِدھِ دیئال ۔ ॥
ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥੧॥	ایک اکھرُ ہرِ منِ بست نانک ہوت نِہال ॥1॥
ਪਉੜੀ ॥	پئُڑی ॥
ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥	اکھر مہِ ترِبھون پربھِ دھارے ॥
ਅਖਰ ਕਰਿ ਕਰਿ ਬੇਦ ਬੀਚਾਰੇ ॥	اکھر کرِ کرِ بید بیچارے ॥
ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥	اکھر ساستّر سِمرِتِ پُرانا ॥
ਅਖਰ ਨਾਦ ਕਥਨ ਵਖ੍ਯਾਨਾ ॥	اکھر ناد کتھن وکھیانا ॥
ਅਖਰ ਮੁਕਤਿ ਜੁਗਤਿ ਭੈ ਭਰਮਾ ॥	اکھر مُکتِ جُگتِ بھےَ بھرما ॥
ਅਖਰ ਕਰਮ ਕਿਰਤਿ ਸੁਚ ਧਰਮਾ ॥	اکھر کرم کِرتِ سُچ دھرما ॥
ਦ੍ਰਿਸਟਿਮਾਨ ਅਖਰ ਹੈ ਜੇਤਾ ॥	دّرِسٹِمان اکھر ہے جیتا ॥
ਨਾਨਕ ਪਾਰਬ੍ਰਹਮ ਨਿਰਲੇਪਾ ॥੫੪॥	نانک پاربّرہم نِرلیپا ॥ 54 ॥
ਸਲੋਕੁ ॥	سلوکُ ॥
ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ ॥	ہتھِ کلنّم اگنّم مستکِ لِکھاوتی ॥
ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥	اُرجھِ رہِئو سبھ سنگِ انوپ روُپاوتی ॥

ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥
ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥੧॥

ਪਉੜੀ ॥

ਹੇ ਅਚੁਤ ਹੇ ਪਾਰਬ੍ਰਹਮ
ਅਬਿਨਾਸੀ ਅਘਨਾਸ ॥

ਹੇ ਪੂਰਨ ਹੇ ਸਰਬ ਮੈ
ਦੁਖ ਭੰਜਨ ਗੁਣਤਾਸ ॥

ਹੇ ਸੰਗੀ ਹੇ ਨਿਰੰਕਾਰ
ਹੇ ਨਿਰਗੁਣ ਸਭ ਟੇਕ ॥

ਹੇ ਗੋਬਿਦ ਹੇ ਗੁਣ ਨਿਧਾਨ
ਜਾ ਕੈ ਸਦਾ ਬਿਬੇਕ ॥

ਹੇ ਅਪਰੰਪਰ ਹਰਿ ਹਰੇ
ਹਹਿ ਭੀ ਹੋਵਨਹਾਰ ॥

ਹੇ ਸੰਤਹ ਕੈ ਸਦਾ ਸੰਗਿ
ਨਿਧਾਰਾ ਆਧਾਰ ॥

ਹੇ ਠਾਕੁਰ ਹਉ ਦਾਸਰੋ
ਮੈ ਨਿਰਗੁਨ ਗੁਨੁ ਨਹੀ ਕੋਇ ॥

ਨਾਨਕ ਦੀਜੈ ਨਾਮ ਦਾਨੁ
ਰਾਖਉ ਹੀਐ ਪਰੋਇ ॥੫੫॥

ਸਲੋਕੁ ॥

ਗੁਰਦੇਵ ਮਾਤਾ ਗੁਰਦੇਵ ਪਿਤਾ
ਗੁਰਦੇਵ ਸੁਆਮੀ ਪਰਮੇਸੁਰਾ ॥

ਗੁਰਦੇਵ ਸਖਾ ਅਗਿਆਨ ਭੰਜਨੁ
ਗੁਰਦੇਵ ਬੰਧਪਿ ਸਹੋਦਰਾ ॥

ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ

اُستتِ کہنُ ن جاءِ مُکھہُ تُہاریا ॥
موہی دیکھِ درسُ نانک بلِہاریا ॥1॥

پئڑی ॥

ہے اچُت ہے پاربّرہم
ابِناسی اگھناس ۔ ॥

ہے پُورن ہے سرب مےَ
دُکھ بھنّجن گُنّتاس ॥

ہے سنگی ہے نِرنّکار
ہے نِرگُنّ سبھ ٹیک ॥

ہے گوبِد ہے گُنّ نِدھان
جا کےَ سدا بِبیک ॥

ہے اپرنّپر ہرِ ہرے
ہہِ بھی ہوونہار ॥

ہے سنّتہ کےَ سدا سنگِ
نِدھارا آدھار ۔ ॥

ہے ٹھاکُر ہءُ داسرہ
مےَ نِرگُن گُنُ نہی کوءِ ॥

نانک دیجےَ نام دانُ
راکھءُ ہیئےَ پروءِ ॥ 55 ॥

سلوکُ ॥

گُردیو ماتا گُردیو پِتا
گُردیو سُیامی پریسُرا ॥

گُردیو سکھا اگیان بھنّجنُ
گُردیو بنّدھپِ سہودرا ॥

گُردیو داتا ہرِ نامُ اُپدیسےَ

ਗੁਰਦੇਵ ਮੰਤੁ ਨਿਰੋਧਰਾ ॥	گُردیو منتُ نِرودھرا ॥
ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥	گُردیو سانتِ ستِ بُدھِ مورتِ گُردیو پارس پرس پرا ॥
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥	گُردیو تیرتھُ انمّرت سروورُ گُر گیان مجنُ اپرنّپرا ॥
ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥	گُردیو کرتا سبھِ پاپ ہرتا گُردیو پتت پوِت کرا ॥
ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥	گُردیو آدِ جُگادِ جُگُ جُگُ گُردیو منتُ ہرِ جپِ اُدھرا ॥
ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥	گُردیو سنگتِ پربھ میلِ کرِ کرِپا ہم موڑ پاپی جِتُ لگِ ترا ॥
ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥੧॥	گُردیو ستِگُرُ پاربّرہمُ پریسرُ گُردیو نانک ہرِ نمسکرا ॥1॥
ਏਹੁ ਸਲੋਕੁ ਆਦਿ ਅੰਤਿ ਪੜਣਾ ॥	ایہُ سلوکُ آدِ انّتِ پڑٹا ॥
ਗਉੜੀ ਸੁਖਮਨੀ ਮਃ ੫ ॥	گئڑی سُکھمنی م: 5 ॥
ਸਲੋਕੁ ॥	سلوکُ ॥
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਆਦਿ ਗੁਰਏ ਨਮਹ ॥	آدِ گُرئے نمہ ॥
ਜੁਗਾਦਿ ਗੁਰਏ ਨਮਹ ॥	جُگادِ گُرئے نمہ ॥
ਸਤਿਗੁਰਏ ਨਮਹ ॥	ستِگُرئے نمہ ॥
ਸ੍ਰੀ ਗੁਰਦੇਵਏ ਨਮਹ ॥੧॥	سّری گُردیوئے نمہ ॥1॥
ਅਸਟਪਦੀ ॥	اسٹپدی ॥
ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥	سِمرءُ سِمرِ سِمرِ سُکھُ پاوءُ ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥	کلِ کلیس تن ماہِ مِٹاوءُ ॥

ਸਿਮਰਉ ਜਾਸੁ ਬਿਸੁੰਭਰ ਏਕੈ ॥	سِمرءُ جاسُ بِسُنبھر ایکےَ ॥
ਨਾਮੁ ਜਪਤ ਅਗਨਤ ਅਨੇਕੈ ॥	نامُ جپت اگنت انیکےَ ॥
ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਰਰ ॥	بید پُران سِمرّتِ سُدھاکھّر ॥
ਕੀਨੇ ਰਾਮ ਨਾਮ ਇਕ ਆਖ੍ਰਰ ॥	کِینے رام نام اِک آکھّر ॥
ਕਿਨਕਾ ਏਕ ਜਿਸੁ ਜੀਅ ਬਸਾਵੈ ॥	کِنکا ایک جِسُ جیء بساوےَ ॥
ਤਾ ਕੀ ਮਹਿਮਾ ਗਨੀ ਨ ਆਵੈ ॥	تا کی مہِما گنی ن آوےَ ॥
ਕਾਂਖੀ ਏਕੈ ਦਰਸ ਤੁਹਾਰੋ ॥	کانکھی ایکےَ درس تُہارو ॥
ਨਾਨਕ ਉਨ ਸੰਗਿ ਮੋਹਿ ਉਧਾਰੋ ॥੧॥	نانک اُن سنگِ موہِ اُدھارو ॥1॥
ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥	سُکھمنی سُکھ انمّرِت پربھ نامُ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥	بھگت جنا کےَ منِ بِسّرام ॥ رہاءُ ॥
ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥	پربھ کےَ سِمرنِ گربھِ ن بسےَ ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥	پربھ کےَ سِمرنِ دوُکھُ جمُ نسےَ ॥
ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥	پربھ کےَ سِمرنِ کالُ پرہرےَ ॥
ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥	پربھ کےَ سِمرنِ دُسمنُ ٹرےَ ॥
ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥	پربھ سِمرت کچھُ بِگھنُ ن لاگےَ ॥
ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥	پربھ کےَ سِمرنِ اندِنُ جاگےَ ॥
ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥	پربھ کےَ سِمرنِ بھءُ ن بِیاپےَ ॥
ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥	پربھ کےَ سِمرنِ دُکھُ ن سنّتاپےَ ॥
ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥	پربھ کا سِمرنُ سادھ کےَ سنگِ ॥
ਸਰਬ ਨਿਧਾਨ ਨਾਨਕ ਹਰਿ ਰੰਗਿ ॥੨॥	سرب نِدھان نانک ہرِ رنگِ ॥2॥
ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥	پربھ کےَ سِمرنِ رِدھِ سِدھِ نءُ نِدھِ ॥
ਪ੍ਰਭ ਕੈ ਸਿਮਰਨਿ	پربھ کےَ سِمرنِ

ਗਿਆਨੁ ਧਿਆਨੁ ਤਤੁ ਬੁਧਿ ॥	گیانُ دھیانُ تتُ بُدھِ ॥
ਪ੍ਰਭ ਕੈ ਸਿਮਰਨਿ	پربھ کے سِمرنِ
ਜਪ ਤਪ ਪੂਜਾ ॥	جپ تپ پوُجا ॥
ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥	پربھ کے سِمرنِ بِنسے دوُجا ॥
ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥	پربھ کے سِمرنِ تیرتھ اِسنانی ॥
ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥	پربھ کے سِمرنِ درگہ مانی ॥
ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥	پربھ کے سِمرنِ ہوءِ سُ بھلا ॥
ਪ੍ਰਭ ਕੈ ਸਿਮਰਨਿ ਸੁਫਲ ਫਲਾ ॥	پربھ کے سِمرنِ سُپھل پھلا ॥
ਸੇ ਸਿਮਰਹਿ ਜਿਨ ਆਪਿ ਸਿਮਰਾਏ ॥	سے سِمرہِ جِن آپِ سِمرائے ॥
ਨਾਨਕ ਤਾ ਕੈ ਲਾਗਉ ਪਾਏ ॥੩॥	نانک تا کے لاگءُ پائے ॥3॥
ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥	پربھ کا سِمرنُ سبھ تے اوُچا ॥
ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥	پربھ کے سِمرنِ اُدھرے موُچا ॥
ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥	پربھ کے سِمرنِ ترِسنا بُجھے ॥
ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥	پربھ کے سِمرنِ سبھُ کِچھُ سُجھے ॥
ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥	پربھ کے سِمرنِ ناہی جم ترّاسا ॥
ਪ੍ਰਭ ਕੈ ਸਿਮਰਨਿ ਪੂਰਨ ਆਸਾ ॥	پربھ کے سِمرنِ پوُرن آسا ॥
ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥	پربھ کے سِمرنِ من کی مل جاءِ ॥
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥	انمّرِت نامُ رِد ماہِ سماءِ ॥
ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥	پربھ جی بسہِ سادھ کی رسنا ॥
ਨਾਨਕ ਜਨ ਕਾ ਦਾਸਨਿ ਦਸਨਾ ॥੪॥	نانک جن کا داسنِ دسنا ॥4॥
ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥	پربھ کءُ سِمرہِ سے دھنونّتے ॥
ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥	پربھ کءُ سِمرہِ سے پتِونّتے ॥
ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥	پربھ کءُ سِمرہِ سے جن پروان ॥

ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥	پربھ ک ءُ سِمرہِ سے پُرکھ پردھان ॥
ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥	پربھ ک ءُ سِمرہِ سِ بیمُہتاجے ॥
ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥	پربھ ک ءُ سِمرہِ سِ سرب کے راجے ॥
ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥	پربھ ک ءُ سِمرہِ سے سُکھواسی ॥
ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥	پربھ ک ءُ سِمرہِ سدا اِبناسی ॥
ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥	سِمرن تے لاگے جِن آپِ دئیالا ॥
ਨਾਨਕ ਜਨ ਕੀ ਮੰਗੈ ਰਵਾਲਾ ॥੫॥	نانک جن کی منگےَ روالا ॥5॥
ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥	پربھ ک ءُ سِمرہِ سے پرُپکاری ॥
ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ ॥	پربھ ک ءُ سِمرہِ تِن سد بلِہاری ॥
ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ ॥	پربھ ک ءُ سِمرہِ سے مُکھ سُہاوے ॥
ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ ॥	پربھ ک ءُ سِمرہِ تِن سوُکھِ بِہاوےَ ॥
ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥	پربھ ک ءُ سِمرہِ تِن آتمُ جیِتا ॥
ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥	پربھ ک ءُ سِمرہِ تِن نِرمل ریِتا ॥
ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ ॥	پربھ ک ءُ سِمرہِ تِن اند گھنیرے ॥
ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥	پربھ ک ءُ سِمرہِ بسہِ ہرِ نیرے ॥
ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥	سنّت کرِپا تے اندِنُ جاگِ ॥
ਨਾਨਕ ਸਿਮਰਨੁ ਪੂਰੇ ਭਾਗਿ ॥੬॥	نانک سِمرنُ پوُرے بھاگِ ॥6॥
ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥	پربھ کے سِمرنِ کارج پوُرے ॥
ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ ॥	پربھ کے سِمرنِ کبہُ ن جھوُرے ॥
ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ ॥	پربھ کے سِمرنِ ہرِ گُن بانی ॥
ਪ੍ਰਭ ਕੈ ਸਿਮਰਨਿ ਸਹਜਿ ਸਮਾਨੀ ॥	پربھ کے سِمرنِ سہِج سمانی ॥
ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥	پربھ کے سِمرنِ نہچل آسنُ ॥

ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥	پربھ کے سِمرنِ کمل بِگاسنُ ॥
ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥	پربھ کے سِمرنِ انہد جھُنکار ॥
ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥	سُکھُ پربھ سِمرن کا انتُ ن پار ॥
ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ ॥	سِمرہِ سے جن جِن ک ءُ پربھ مِئیا ॥
ਨਾਨਕ ਤਿਨ ਜਨ ਸਰਨੀ ਪਇਆ ॥੭॥	نانک تِن جن سرنی پئیا ॥7॥
ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥	ہرِ سِمرنُ کرِ بھگت پرگٹائے ॥
ਹਰਿ ਸਿਮਰਨਿ ਲਗਿ ਬੇਦ ਉਪਾਏ ॥	ہرِ سِمرنِ لگِ بید اُپائے ॥
ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥	ہرِ سِمرنِ بھئے سِدھ جتی داتے ॥
ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥	ہرِ سِمرنِ نیچ چہُ کُنٹ جاتے ॥
ਹਰਿ ਸਿਮਰਨਿ ਧਾਰੀ ਸਭ ਧਰਨਾ ॥	ہرِ سِمرنِ دھاری سبھ دھرنا ॥
ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥	سِمرِ سِمرِ ہرِ کارن کرنا ॥
ਹਰਿ ਸਿਮਰਨਿ ਕੀਓ ਸਗਲ ਅਕਾਰਾ ॥	ہرِ سِمرنِ کیئو سگل اکارا ॥
ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥	ہرِ سِمرن مہِ آپِ نِرنکارا ॥
ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥	کرِ کِرپا جِسُ آپِ بُجھائیا ॥
ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥੮॥੧॥	نانک گُرمُکھِ ہرِ سِمرنُ تِنِ پائیا ॥8॥1॥
ਸਲੋਕੁ ॥	سلوکُ ॥
ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ ॥	دِین درد دُکھ بھنجّنا گھٹِ گھٹِ ناتھ اناتھ ۔ ॥
ਸਰਣਿ ਤੁਮ੍ਹਾਰੀ ਆਇਓ ਨਾਨਕ ਕੇ ਪ੍ਰਭ ਸਾਥ ॥੧॥	سرنِ تُمہّاری آئیو نانک کے پربھ ساتھ ۔ ॥1॥
ਅਸਟਪਦੀ ॥	اسٹپدی ॥
ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥	جہ مات پِتا

ਸੁਤ ਮੀਤ ਨ ਭਾਈ ॥ سُت میت ن بھائی ॥

ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ من اوُہا نامُ تیرے سنگِ سہائی ॥

ਜਹ ਮਹਾ ਭਇਆਨ ਦੂਤ ਜਮ ਦਲੈ ॥ جہ مہا بھیَان دوُت جم دلے ॥

ਤਹਿ ਕੇਵਲ ਨਾਮੁ ਸੰਗਿ ਤੇਰੈ ਚਲੈ ॥ تہِ کیول نامُ سنگِ تیرے چلےَ ॥

ਜਹ ਮੁਸਕਲ ਹੋਵੈ ਅਤਿ ਭਾਰੀ ॥ جہ مُشکل ہووے اتِ بھاری ॥

ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ ہرِ کو نامُ کھِن ماہِ اُدھاری ॥

ਅਨਿਕ ਪੁਨਹਚਰਨ ਕਰਤ ਨਹੀ ਤਰੈ ॥ انِک پُنہچرن کرت نہی ترے ॥

ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥ ہرِ کو نامُ کوٹِ پاپ پرہرے ॥

ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥ گُرمُکھِ نامُ جپہُ من میرے ۔ ॥

ਨਾਨਕ ਪਾਵਹੁ ਸੂਖ ਘਨੇਰੇ ॥੧॥ نانک پاوہُ سوُکھ گھنیرے ॥1॥

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥ سگل سّرِسٹِ کو راجا دُکھِیا ॥

ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥ ہرِ کا نامُ جپت ہوءِ سُکھِیا ॥

ਲਾਖ ਕਰੋਰੀ ਬੰਧੁ ਨ ਪਰੈ ॥ لاکھ کروری بنّدھُ ن پرے ॥

ਹਰਿ ਕਾ ਨਾਮੁ ਜਪਤ ਨਿਸਤਰੈ ॥ ہرِ کا نامُ جپت نِسترے ॥

ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥ انِک مائیا رنگ تِکھ ن بُجھاوے ॥

ਹਰਿ ਕਾ ਨਾਮੁ ਜਪਤ ਆਘਾਵੈ ॥ ہرِ کا نامُ جپت آگھاوے ॥

ਜਿਹ ਮਾਰਗਿ ਇਹੁ ਜਾਤ ਇਕੇਲਾ ॥ جِہ مارگِ اِہُ جات اِکیلا ॥

ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥ تہ ہرِ نامُ سنگِ ہوت سُہیلا ॥

ਐਸਾ ਨਾਮੁ ਮਨ ਸਦਾ ਧਿਆਈਐ ॥ ایَسا نامُ من سدا دھِیائیےَ ॥

ਨਾਨਕ ਗੁਰਮੁਖਿ ਪਰਮ ਗਤਿ ਪਾਈਐ ॥੨॥ نانک گُرمُکھِ پرم گتِ پائیےَ ॥2॥

ਛੂਟਤ ਨਹੀ ਕੋਟਿ ਲਖ ਬਾਹੀ ॥ چھوُٹت نہی کوٹِ لکھ باہی ॥

ਨਾਮੁ ਜਪਤ ਤਹ ਪਾਰਿ ਪਰਾਹੀ ॥ نامُ جپت تہ پارِ پراہی ॥

ਅਨਿਕ ਬਿਘਨ ਜਹ ਆਇ ਸੰਘਾਰੈ ॥	انِک بِگھن جہ آءِ سنگھارے ॥
ਹਰਿ ਕਾ ਨਾਮੁ ਤਤਕਾਲ ਉਧਾਰੈ ॥	ہرِ کا نامُ تتکال اُدھارے ॥
ਅਨਿਕ ਜੋਨਿ ਜਨਮੈ ਮਰਿ ਜਾਮ ॥	انِک جوِنِ جنمےَ مرِ جام ॥
ਨਾਮੁ ਜਪਤ ਪਾਵੈ ਬਿਸ੍ਰਾਮ ॥	نامُ جپت پاوے بِسّرام ॥
ਹਉ ਮੈਲਾ ਮਲੁ ਕਬਹੁ ਨ ਧੋਵੈ ॥	ہءُ میَلا ملُ کبہُ ن دھووے ॥
ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥	ہرِ کا نامُ کوٹِ پاپ کھووے ॥
ਐਸਾ ਨਾਮੁ ਜਪਹੁ ਮਨ ਰੰਗਿ ॥	ایَسا نامُ جپہُ من رنگِ ॥
ਨਾਨਕ ਪਾਈਐ ਸਾਧ ਕੈ ਸੰਗਿ ॥੩॥	نانک پائیئے سادھ کے سنگِ ॥3॥
ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥	جِہ مارگ کے گنے جاہِ ن کوسا ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥	ہرِ کا نامُ اوُہا سنگِ توشا ॥
ਜਿਹ ਪੈਡੈ ਮਹਾ ਅੰਧ ਗੁਬਾਰਾ ॥	جِہ پیَڈے مہا انّدھ غُبارا ॥
ਹਰਿ ਕਾ ਨਾਮੁ ਸੰਗਿ ਉਜੀਆਰਾ ॥	ہرِ کا نامُ سنگِ اُجیارا ॥
ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥	جہا پنّتھِ تیرا کو ن سِجانوُ ॥
ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥	ہرِ کا نامُ تہ نالِ پچھانوُ ॥
ਜਹ ਮਹਾ ਭਇਆਨ ਤਪਤਿ ਬਹੁ ਘਾਮ ॥	جہ مہا بھئیان تپتِ بہُ گھام ॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥	تہ ہرِ کے نام کی تُم اوُپرِ چھام ॥
ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥	جہا تّرِکھا من تُجھُ آکرکھےَ ॥
ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥੪॥	تہ نانک ہرِ ہرِ انّمرِتُ برکھےَ ॥4॥
ਭਗਤ ਜਨਾ ਕੀ ਬਰਤਨਿ ਨਾਮੁ ॥	بھگت جنا کی برتنِ نامُ ॥
ਸੰਤ ਜਨਾ ਕੈ ਮਨਿ ਬਿਸ੍ਰਾਮੁ ॥	سنّت جنا کے منِ بِسّرامُ ॥
ਹਰਿ ਕਾ ਨਾਮੁ ਦਾਸ ਕੀ ਓਟ ॥	ہرِ کا نامُ داس کی اوٹ ॥
ਹਰਿ ਕੈ ਨਾਮਿ ਉਧਰੇ ਜਨ ਕੋਟਿ ॥	ہرِ کے نامِ اُدھرے جن کوٹِ ॥

ਹਰਿ ਜਸੁ ਕਰਤ ਸੰਤ ਦਿਨੁ ਰਾਤਿ ॥	ہرِ جسُ کرت سنّت دِنُ راتِ ॥
ਹਰਿ ਹਰਿ ਅਉਖਧੁ ਸਾਧ ਕਮਾਤਿ ॥	ہرِ ہرِ انکھدھُ سادھ کماتِ ॥
ਹਰਿ ਜਨ ਕੈ ਹਰਿ ਨਾਮੁ ਨਿਧਾਨੁ ॥	ہرِ جن کے ہرِ نامُ نِدھانُ ॥
ਪਾਰਬ੍ਰਹਮਿ ਜਨ ਕੀਨੋ ਦਾਨ ॥	پاربّرہمِ جن کِینو دان ॥
ਮਨ ਤਨ ਰੰਗਿ ਰਤੇ ਰੰਗ ਏਕੈ ॥	من تن رنگِ رتے رنگ ایکےَ ॥
ਨਾਨਕ ਜਨ ਕੈ ਬਿਰਤਿ ਬਿਬੇਕੈ ॥੫॥	نانک جن کے برتِ بِبیکےَ ॥5॥
ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ ॥	ہرِ کا نامُ جن کءُ مُکتِ جُگتِ ॥
ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ ॥	ہرِ کےَ نامِ جن کءُ ترِپتِ بھُگتِ ॥
ਹਰਿ ਕਾ ਨਾਮੁ ਜਨ ਕਾ ਰੂਪ ਰੰਗੁ ॥	ہرِ کا نامُ جن کا روُپ رنگُ ॥
ਹਰਿ ਨਾਮੁ ਜਪਤ ਕਬ ਪਰੈ ਨ ਭੰਗੁ ॥	ہرِ نامُ جپت کب پرےَ ن بھنگُ ॥
ਹਰਿ ਕਾ ਨਾਮੁ ਜਨ ਕੀ ਵਡਿਆਈ ॥	ہرِ کا نامُ جن کی وڈِیائی ॥
ਹਰਿ ਕੈ ਨਾਮਿ ਜਨ ਸੋਭਾ ਪਾਈ ॥	ہرِ کےَ نامِ جن سوبھا پائی ॥
ਹਰਿ ਕਾ ਨਾਮੁ ਜਨ ਕਉ ਭੋਗ ਜੋਗ ॥	ہرِ کا نامُ جن کءُ بھوگ جوگ ॥
ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ ॥	ہرِ نامُ جپت کچھُ ناہِ بِئوگُ ॥
ਜਨੁ ਰਾਤਾ ਹਰਿ ਨਾਮ ਕੀ ਸੇਵਾ ॥	جنُ راتا ہرِ نام کی سیوا ॥
ਨਾਨਕ ਪੂਜੈ ਹਰਿ ਹਰਿ ਦੇਵਾ ॥੬॥	نانک پوُجےَ ہرِ ہرِ دیوا ॥6॥
ਹਰਿ ਹਰਿ ਜਨ ਕੈ ਮਾਲੁ ਖਜੀਨਾ ॥	ہرِ ہرِ جن کے مالُ خزینا ॥
ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ ॥	ہرِ دھنُ جن کءُ آپِ پربھِ دینا ॥
ਹਰਿ ਹਰਿ ਜਨ ਕੈ ਓਟ ਸਤਾਣੀ ॥	ہرِ ہرِ جن کے اوٹ ستانیٔ ॥
ਹਰਿ ਪ੍ਰਤਾਪਿ ਜਨ ਅਵਰ ਨ ਜਾਣੀ ॥	ہرِ پرتاپِ جن اور ن جانیٔ ॥
ਓਤਿ ਪੋਤਿ ਜਨ ਹਰਿ ਰਸਿ ਰਾਤੇ ॥	اوتِ پوتِ جن ہرِ رسِ راتے ॥
ਸੁੰਨ ਸਮਾਧਿ ਨਾਮ ਰਸ ਮਾਤੇ ॥	سُنّن سمادھِ نام رس ماتے ॥

ਆਠ ਪਹਰ ਜਨੁ ਹਰਿ ਹਰਿ ਜਪੈ ॥	آٹھ پہر جنُ ہرِ ہرِ جپے ॥
ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥	ہرِ کا بھگتُ پرّگٹ نہی چھپے ॥
ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥	ہرِ کی بھگتِ مُکتِ بہُ کرے ॥
ਨਾਨਕ ਜਨ ਸੰਗਿ ਕੇਤੇ ਤਰੇ ॥੭॥	نانک جن سنگِ کیتے ترے ॥7॥
ਪਾਰਜਾਤੁ ਇਹੁ ਹਰਿ ਕੋ ਨਾਮ ॥	پارجاتُ اِہُ ہرِ کو نام ॥
ਕਾਮਧੇਨ ਹਰਿ ਹਰਿ ਗੁਣ ਗਾਮ ॥	کامدھین ہرِ ہرِ گُنؤ گام ॥
ਸਭ ਤੇ ਊਤਮ ਹਰਿ ਕੀ ਕਥਾ ॥	سبھ تے اوُتم ہرِ کی کتھا ॥
ਨਾਮੁ ਸੁਨਤ ਦਰਦ ਦੁਖ ਲਥਾ ॥	نامُ سُنت درد دُکھ لتھا ॥
ਨਾਮ ਕੀ ਮਹਿਮਾ ਸੰਤ ਰਿਦ ਵਸੈ ॥	نام کی مہِما سنّت رِد وسے ॥
ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥	سنّت پرّتاپِ دُرتُ سبھُ نسے ॥
ਸੰਤ ਕਾ ਸੰਗੁ ਵਡਭਾਗੀ ਪਾਈਐ ॥	سنّت کا سنگُ وڈبھاگی پائیئے ॥
ਸੰਤ ਕੀ ਸੇਵਾ ਨਾਮੁ ਧਿਆਈਐ ॥	سنّت کی سیوا نامُ دھیائیئے ॥
ਨਾਮ ਤੁਲਿ ਕਛੁ ਅਵਰੁ ਨ ਹੋਇ ॥	نام تُلِ کچھُ اورُ ن ہوءِ ॥
ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥੮॥੨॥	نانک گُرمُکھِ نامُ پاوے جنُ کوءِ ॥8॥2॥
ਸਲੋਕੁ ॥	سلوکُ ॥
ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥	بہُ ساسترّ بہُ سِمرّتی پیکھے سرب ڈھڈھولِ ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥	پوُجسِ ناہی ہرِ ہرے نانک نام امول ॥1॥
ਅਸਟਪਦੀ ॥	اسٹپدی ॥
ਜਾਪ ਤਾਪ ਗਿਆਨ ਸਭਿ ਧਿਆਨ ॥	جاپ تاپ گیان سبھِ دھیان ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥	کھٹ ساسترّ سِمرّتِ وکھیان ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥	جوگ ابھیاس کرم دھرّم کِریا ॥

ਸਗਲ ਤਿਆਗਿ ਬਨ ਮਧੇ ਫਿਰਿਆ ॥	سگل تِیاگِ بن مدھے پھرِیا ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥	انِک پرّکار کیئے بہُ جتنا ॥
ਪੁੰਨ ਦਾਨ ਹੋਮੇ ਬਹੁ ਰਤਨਾ ॥	پُنّن دان ہومے بہُ رتنا ॥
ਸਰੀਰੁ ਕਟਾਇ ਹੋਮੈ ਕਰਿ ਰਾਤੀ ॥	سرِیرُ کٹاءِ ہومےَ کرِ راتی ॥
ਵਰਤ ਨੇਮ ਕਰੈ ਬਹੁ ਭਾਤੀ ॥	ورت نیم کرے بہُ بھاتی ॥
ਨਹੀ ਤੁਲਿ ਰਾਮ ਨਾਮ ਬੀਚਾਰ ॥	نہی تُلِ رام نام بیچار ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥	نانک گُرمُکھِ نامُ جپیئے اِک بار ॥1॥
ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥	ن ءُ کھنڈ پرِتھمی پھرے چِرُ جیوے ॥
ਮਹਾ ਉਦਾਸੁ ਤਪੀਸਰੁ ਥੀਵੈ ॥	مہا اُداسُ تپِیسرُ تھیوے ॥
ਅਗਨਿ ਮਾਹਿ ਹੋਮਤ ਪਰਾਨ ॥	اگنِ ماہِ ہومت پران ॥
ਕਨਿਕ ਅਸ੍ਵ ਹੈਵਰ ਭੂਮਿ ਦਾਨ ॥	کنِک اسّو ہیَور بھوُمِ دان ॥
ਨਿਉਲੀ ਕਰਮ ਕਰੈ ਬਹੁ ਆਸਨ ॥	نِئُلی کرم کرے بہُ آسن ॥
ਜੈਨ ਮਾਰਗ ਸੰਜਮ ਅਤਿ ਸਾਧਨ ॥	جینَ مارگ سنجَم اتِ سادھن ॥
ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥	نِمکھ نِمکھ کرِ سرِیرُ کٹاوے ॥
ਤਉ ਭੀ ਹਉਮੈ ਮੈਲੁ ਨ ਜਾਵੈ ॥	ت ءُ بھی ہئُمےَ میَلُ ن جاوے ॥
ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥	ہرِ کے نام سمسرِ کچھُ ناہِ ॥
ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥੨॥	نانک گُرمُکھِ نامُ جپت گتِ پاہِ ॥2॥
ਮਨ ਕਾਮਨਾ ਤੀਰਥ ਦੇਹ ਛੁਟੈ ॥	من کامنا تیِرتھ دیہ چھُٹے ॥
ਗਰਬੁ ਗੁਮਾਨੁ ਨ ਮਨ ਤੇ ਹੁਟੈ ॥	گربُ گُمانُ ن من تے ہُٹے ॥
ਸੋਚ ਕਰੈ ਦਿਨਸੁ ਅਰੁ ਰਾਤਿ ॥	سوچ کرے دِنسُ ارُ راتِ ॥
ਮਨ ਕੀ ਮੈਲੁ ਨ ਤਨ ਤੇ ਜਾਤਿ ॥	من کی میَلُ ن تن تے جاتِ ॥
ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥	اِسُ دیہی ک ءُ بہُ سادھنا کرے ॥

ਮਨ ਤੇ ਕਬਹੂ ਨ ਬਿਖਿਆ ਟਰੈ ॥	من تے کبہوُ ن بِکھیا ٹرے ॥
ਜਲਿ ਧੋਵੈ ਬਹੁ ਦੇਹ ਅਨੀਤਿ ॥	جلِ دھووے بہُ دیہ انیتِ ॥
ਸੁਧ ਕਹਾ ਹੋਇ ਕਾਚੀ ਭੀਤਿ ॥	سُدھ کہا ہوءِ کاچی بھیتِ ॥
ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥	من ہرِ کے نام کی مہِما اوُچ ॥
ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ ॥੩॥	نانک نامِ اُدھرے پتت بہُ موُچ ॥3॥
ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥	بہُتُ سِیانپ جم کا بھءُ بِیاپے ॥
ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ ॥	انِک جتن کرِ ترِسن نا دھراپے ॥
ਭੇਖ ਅਨੇਕ ਅਗਨਿ ਨਹੀ ਬੁਝੈ ॥	بھیکھ انیک اگنِ نہی بُجھے ॥
ਕੋਟਿ ਉਪਾਵ ਦਰਗਹ ਨਹੀ ਸਿਝੈ ॥	کوٹِ اُپاو درگہ نہی سِجھے ॥
ਛੂਟਸਿ ਨਾਹੀ ਊਭ ਪਇਆਲਿ ॥	چھوُٹسِ ناہی اوُبھ پئیالِ ॥
ਮੋਹਿ ਬਿਆਪਹਿ ਮਾਇਆ ਜਾਲਿ ॥	موہِ بِیاپہِ مائیا جالِ ॥
ਅਵਰ ਕਰਤੂਤਿ ਸਗਲੀ ਜਮੁ ਡਾਨੈ ॥	اور کرتوُتِ سگلی جمُ ڈانے ॥
ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥	گووِند بھجن بِنُ تِلُ نہی مانے ॥
ਹਰਿ ਕਾ ਨਾਮੁ ਜਪਤ ਦੁਖੁ ਜਾਇ ॥	ہرِ کا نامُ جپت دُکھُ جاءِ ॥
ਨਾਨਕ ਬੋਲੈ ਸਹਜਿ ਸੁਭਾਇ ॥੪॥	نانک بولے سہجِ سُبھاءِ ॥4॥
ਚਾਰਿ ਪਦਾਰਥ ਜੇ ਕੋ ਮਾਗੈ ॥	چارِ پدارتھ جے کو ماگے ॥
ਸਾਧ ਜਨਾ ਕੀ ਸੇਵਾ ਲਾਗੈ ॥	سادھ جنا کی سیوا لاگے ॥
ਜੇ ਕੋ ਆਪੁਨਾ ਦੂਖੁ ਮਿਟਾਵੈ ॥	جے کو آپُنا دوُکھُ مِٹاوے ॥
ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥	ہرِ ہرِ نامُ رِدے سد گاوے ॥
ਜੇ ਕੋ ਆਪੁਨੀ ਸੋਭਾ ਲੋਰੈ ॥	جے کو آپُنی سوبھا لورے ॥
ਸਾਧਸੰਗਿ ਇਹ ਹਉਮੈ ਛੋਰੈ ॥	سادھسنگِ اِہ ہئمےَ چھورے ॥
ਜੇ ਕੋ ਜਨਮ ਮਰਣ ਤੇ ਡਰੈ ॥	جے کو جنم مرنُ تے ڈرے ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پُرب نوں سمرپت | سیوا: بھائی بلجیندر سنگھ جی (راڑا صاہب)

ਸਾਧ ਜਨਾ ਕੀ ਸਰਨੀ ਪਰੈ ॥	سادھ جنا کی سرنی پرے ॥
ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥	جِسُ جن کءُ پربھ درس پیاسا ॥
ਨਾਨਕ ਤਾ ਕੈ ਬਲਿ ਬਲਿ ਜਾਸਾ ॥੫॥	نانک تا کے بلِ بلِ جاسا ॥5॥
ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥	سگل پُرکھ مہِ پُرکھُ پردھانُ ॥
ਸਾਧਸੰਗਿ ਜਾ ਕਾ ਮਿਟੈ ਅਭਿਮਾਨੁ ॥	سادھسنگِ جا کا مِٹے ابھِمانُ ॥
ਆਪਸ ਕਉ ਜੋ ਜਾਣੈ ਨੀਚਾ ॥	آپس کءُ جو جانے نیچا ॥
ਸੋਊ ਗਨੀਐ ਸਭ ਤੇ ਊਚਾ ॥	سوئُو گنیئے سبھ تے اوُچا ॥
ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥	جا کا منُ ہوءِ سگل کی رینا ॥
ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥	ہرِ ہرِ نامُ تِنِ گھٹِ گھٹِ چینا ॥
ਮਨ ਅਪੁਨੇ ਤੇ ਬੁਰਾ ਮਿਟਾਨਾ ॥	من اپُنے تے بُرا مِٹانا ॥
ਪੇਖੈ ਸਗਲ ਸ੍ਰਿਸਟਿ ਸਾਜਨਾ ॥	پیکھے سگل سرِسٹِ ساجنا ॥
ਸੂਖ ਦੂਖ ਜਨ ਸਮ ਦ੍ਰਿਸਟੇਤਾ ॥	سوُکھ دوُکھ جن سم دڑِسٹیتا ॥
ਨਾਨਕ ਪਾਪ ਪੁੰਨ ਨਹੀ ਲੇਪਾ ॥੬॥	نانک پاپ پُنّن نہی لیپا ॥6॥
ਨਿਰਧਨ ਕਉ ਧਨੁ ਤੇਰੋ ਨਾਉ ॥	نِردھن کءُ دھنُ تیرو ناءُ ॥
ਨਿਥਾਵੇ ਕਉ ਨਾਉ ਤੇਰਾ ਥਾਉ ॥	نِتھاوے کءُ ناءُ تیرا تھاءُ ॥
ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥	نِمانے کءُ پربھ تیرو مانُ ॥
ਸਗਲ ਘਟਾ ਕਉ ਦੇਵਹੁ ਦਾਨੁ ॥	سگل گھٹا کءُ دیوہُ دانُ ॥
ਕਰਨ ਕਰਾਵਨਹਾਰ ਸੁਆਮੀ ॥	کرن کراونہار سُیامی ۔ ॥
ਸਗਲ ਘਟਾ ਕੇ ਅੰਤਰਜਾਮੀ ॥	سگل گھٹا کے انترجامی ۔ ॥
ਅਪਨੀ ਗਤਿ ਮਿਤਿ ਜਾਨਹੁ ਆਪੇ ॥	اپنی گتِ مِتِ جانہُ آپے ॥
ਆਪਨ ਸੰਗਿ ਆਪਿ ਪ੍ਰਭ ਰਾਤੇ ॥	آپن سنگِ آپِ پربھ راتے ॥
ਤੁਮ੍ਰੀ ਉਸਤਤਿ ਤੁਮ ਤੇ ਹੋਇ ॥	تُمہری اُستتِ تُم تے ہوءِ ॥

ਨਾਨਕ ਅਵਰੁ ਨ ਜਾਨਸਿ ਕੋਇ ॥੭॥	نانک اورُ ن جانسِ کوءِ ॥7॥
ਸਰਬ ਧਰਮ ਮਹਿ ਸ੍ਰੇਸਟ ਧਰਮੁ ॥	سرب دھرم مہِ سّریسٹ دھرمُ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥	ہرِ کو نامُ جپِ نِرمل کرمُ ॥
ਸਗਲ ਕ੍ਰਿਆ ਮਹਿ ਊਤਮ ਕਿਰਿਆ ॥	سگل کّریا مہِ اوُتم کِریا ॥
ਸਾਧਸੰਗਿ ਦੁਰਮਤਿ ਮਲੁ ਹਿਰਿਆ ॥	سادھسنگِ دُرمتِ ملُ ہِریا ॥
ਸਗਲ ਉਦਮ ਮਹਿ ਉਦਮੁ ਭਲਾ ॥	سگل اُدم مہِ اُدمُ بھلا ॥
ਹਰਿ ਕਾ ਨਾਮੁ ਜਪਹੁ ਜੀਅ ਸਦਾ ॥	ہرِ کا نامُ جپہُ جیء سدا ॥
ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥	سگل بانی مہِ انمّرِت بانی ॥
ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥	ہرِ کو جسُ سُنِ رسن بکھانی ॥
ਸਗਲ ਥਾਨ ਤੇ ਓਹੁ ਊਤਮ ਥਾਨੁ ॥	سگل تھان تے اوہُ اوُتم تھانُ ॥
ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥੮॥੩॥	نانک جِہ گھٹِ وسے ہرِ نامُ ॥8॥3॥
ਸਲੋਕੁ ॥	سلوکُ ॥
ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ ॥	نِرگُنیار اِیانِیا سو پّربھُ سدا سمالِ ॥
ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ ॥੧॥	جِنِ کِیا تِسُ چیتِ رکھُ نانک نِبہی نالِ ॥1॥
ਅਸਟਪਦੀ ॥	اسٹپدی ॥
ਰਮਈਆ ਕੇ ਗੁਨ ਚੇਤਿ ਪਰਾਨੀ ॥	رمئیا کے گُن چیتِ پرانی ۔ ॥
ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥	کون موُل تے کون دّرسٹانی ۔ ॥
ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥	جِنِ توُنّ ساجِ سوارِ سیگارِیا ॥
ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥	گربھ اگنِ مہِ جِنہِ اُبارِیا ॥
ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥	بار بِوستھا تُجھہِ پِیارے دوُدھ ॥
ਭਰਿ ਜੋਬਨ ਭੋਜਨ ਸੁਖ ਸੂਧ ॥	بھرِ جوبن بھوجن سُکھ سوُدھ ॥

ਬਿਰਧਿ ਭਇਆ ਊਪਰਿ ਸਾਕ ਸੈਨ ॥	بِردھِ بھئیا اوُپرِ ساک سینَ ॥
ਮੁਖਿ ਅਪਿਆਉ ਬੈਠ ਕਉ ਦੈਨ ॥	مُکھِ اپیاءُ بیٹھ ک ءُ دینَ ॥
ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥	اِہُ نِرگُنُ گُنُ کچھوُ ن بوُجھےَ ॥
ਬਖਸਿ ਲੇਹੁ ਤਉ ਨਾਨਕ ਸੀਝੈ ॥੧॥	بخشِ لیہُ ت ءُ نانک سیجھےَ ॥1॥
ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ ॥	جِہ پرّسادِ دھر اوُپرِ سُکھِ بسہِ ॥
ਸੁਤ ਭ੍ਰਾਤ ਮੀਤ ਬਨਿਤਾ ਸੰਗਿ ਹਸਹਿ ॥	سُت بھّرات میت بِنتا سنگِ ہسہِ ॥
ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ ॥	جِہ پرّسادِ پیوہِ سیتل جلا ॥
ਸੁਖਦਾਈ ਪਵਨੁ ਪਾਵਕੁ ਅਮੁਲਾ ॥	سُکھدائی پونُ پاوکُ املا ॥
ਜਿਹ ਪ੍ਰਸਾਦਿ ਭੋਗਹਿ ਸਭਿ ਰਸਾ ॥	جِہ پرّسادِ بھوگہِ سبھِ رسا ॥
ਸਗਲ ਸਮਗ੍ਰੀ ਸੰਗਿ ਸਾਥਿ ਬਸਾ ॥	سگل سمگّری سنگِ ساتھِ بسا ॥
ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ ॥	دینے ہست پاو کرن نیتّر رسنا ॥
ਤਿਸਹਿ ਤਿਆਗਿ ਅਵਰ ਸੰਗਿ ਰਚਨਾ ॥	تِسہِ تیاگِ اور سنگِ رچنا ॥
ਐਸੇ ਦੋਖ ਮੂੜ ਅੰਧ ਬਿਆਪੇ ॥	ایَسے دوکھ موُڑ اندھ بِیاپے ॥
ਨਾਨਕ ਕਾਢਿ ਲੇਹੁ ਪ੍ਰਭ ਆਪੇ ॥੨॥	نانک کاڈھِ لیہُ پربھ آپے ॥2॥
ਆਦਿ ਅੰਤਿ ਜੋ ਰਾਖਨਹਾਰੁ ॥	آدِ انتِ جو راکھنہارُ ॥
ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ ॥	تِس سِ ءُ پرّیتِ ن کرےَ گوارُ ॥
ਜਾ ਕੀ ਸੇਵਾ ਨਵ ਨਿਧਿ ਪਾਵੈ ॥	جا کی سیوا نو نِدھِ پاوےَ ॥
ਤਾ ਸਿਉ ਮੂੜਾ ਮਨੁ ਨਹੀ ਲਾਵੈ ॥	تا سِ ءُ موُڑا منُ نہی لاوےَ ॥
ਜੋ ਠਾਕੁਰੁ ਸਦ ਸਦਾ ਹਜੂਰੇ ॥	جو ٹھاکُرُ سد سدا حضوُرے ॥
ਤਾ ਕਉ ਅੰਧਾ ਜਾਨਤ ਦੂਰੇ ॥	تا ک ءُ اندھا جانت دوُرے ॥
ਜਾ ਕੀ ਟਹਲ ਪਾਵੈ ਦਰਗਹ ਮਾਨੁ ॥	جا کی ٹہل پاوےَ درگہ مانُ ॥
ਤਿਸਹਿ ਬਿਸਾਰੈ ਮੁਗਧੁ ਅਜਾਨੁ ॥	تِسہِ بِسارےَ مُگدھُ اجانُ ॥

ਸਦਾ ਸਦਾ ਇਹੁ ਭੂਲਨਹਾਰੁ ॥	سدا سدا اِہُ بھوُلنہارُ ॥
ਨਾਨਕ ਰਾਖਨਹਾਰੁ ਅਪਾਰੁ ॥੩॥	نانک راکھنہارُ اپارُ ॥3॥
ਰਤਨੁ ਤਿਆਗਿ ਕਉਡੀ ਸੰਗਿ ਰਚੈ ॥	رتنُ تِیاگِ کنُڈی سنگِ رچےَ ॥
ਸਾਚੁ ਛੋਡਿ ਝੂਠ ਸੰਗਿ ਮਚੈ ॥	ساچُ چھوڈِ جھوُٹھ سنگِ مچےَ ॥
ਜੋ ਛਡਨਾ ਸੁ ਅਸਥਿਰੁ ਕਰਿ ਮਾਨੈ ॥	جو چھڈنا سُ استھِرُ کرِ مانےَ ॥
ਜੋ ਹੋਵਨੁ ਸੋ ਦੂਰਿ ਪਰਾਨੈ ॥	جو ہوونُ سو دوُرِ پرانےَ ॥
ਛੋਡਿ ਜਾਇ ਤਿਸ ਕਾ ਸ੍ਰਮੁ ਕਰੈ ॥	چھوڈِ جاءِ تِس کا سّرمُ کرےَ ॥
ਸੰਗਿ ਸਹਾਈ ਤਿਸੁ ਪਰਹਰੈ ॥	سنگِ سہائی تِسُ پرہرےَ ॥
ਚੰਦਨ ਲੇਪੁ ਉਤਾਰੈ ਧੋਇ ॥	چنّدن لیپُ اُتارےَ دھوءِ ॥
ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥	گردھب پّریتِ بھسم سنگِ ہوءِ ॥
ਅੰਧ ਕੂਪ ਮਹਿ ਪਤਿਤ ਬਿਕਰਾਲ ॥	انّدھ کوُپ مہِ پتِت بِکرال ॥
ਨਾਨਕ ਕਾਢਿ ਲੇਹੁ ਪ੍ਰਭ ਦਇਆਲ ॥੪॥	نانک کاڈھِ لیہُ پّربھ دیَیال ۔ ॥4॥
ਕਰਤੂਤਿ ਪਸੂ ਕੀ ਮਾਨਸ ਜਾਤਿ ॥	کرتوُتِ پسوُ کی مانس زاتِ ॥
ਲੋਕ ਪਚਾਰਾ ਕਰੈ ਦਿਨੁ ਰਾਤਿ ॥	لوِک پچارا کرےَ دِنُ راتِ ॥
ਬਾਹਰਿ ਭੇਖ ਅੰਤਰਿ ਮਲੁ ਮਾਇਆ ॥	باہرِ بھیکھ انترِ ملُ مائیَا ॥
ਛਪਸਿ ਨਾਹਿ ਕਛੁ ਕਰੈ ਛਪਾਇਆ ॥	چھپسِ ناہِ کچھُ کرےَ چھپائیَا ॥
ਬਾਹਰਿ ਗਿਆਨ ਧਿਆਨ ਇਸਨਾਨ ॥	باہرِ گیان دھیان اِسنان ॥
ਅੰਤਰਿ ਬਿਆਪੈ ਲੋਭੁ ਸੁਆਨੁ ॥	انترِ بیاپےَ لوبھُ سُیانُ ॥
ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥	انترِ اگنِ باہرِ تنُ سُیاہ ॥
ਗਲਿ ਪਾਥਰ ਕੈਸੇ ਤਰੈ ਅਥਾਹ ॥	گلِ پاتھر کیَسے ترےَ اتھاہ ۔ ॥
ਜਾ ਕੈ ਅੰਤਰਿ ਬਸੈ ਪ੍ਰਭੁ ਆਪਿ ॥	جا کےَ انترِ بسےَ پّربھُ آپِ ॥
ਨਾਨਕ ਤੇ ਜਨ ਸਹਜਿ ਸਮਾਤਿ ॥੫॥	نانک تے جن سہجِ سماتِ ॥5॥

ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥	سُنِ اندھا کیسے مارگ پاوے ۔ ॥
ਕਰੁ ਗਹਿ ਲੇਹੁ ਓੜਿ ਨਿਬਹਾਵੈ ॥	کرُ گہِ لیہُ اوڑِ نبہاوے ॥
ਕਹਾ ਬੁਝਾਰਤਿ ਬੂਝੈ ਡੋਰਾ ॥	کہا بُجھارتِ بوُجھے ڈورا ۔ ॥
ਨਿਸਿ ਕਹੀਐ ਤਉ ਸਮਝੈ ਭੋਰਾ ॥	نِس کہیئے ت ءُ سمجھے بھورا ॥
ਕਹਾ ਬਿਸਨਪਦ ਗਾਵੈ ਗੁੰਗ ॥	کہا بِسنپد گاوے گُنگ ॥
ਜਤਨ ਕਰੈ ਤਉ ਭੀ ਸੁਰ ਭੰਗ ॥	جتن کرے ت ءُ بھی سُر بھنگ ॥
ਕਹ ਪਿੰਗੁਲ ਪਰਬਤ ਪਰ ਭਵਨ ॥	کہ پِنگُل پربت پر بھون ॥
ਨਹੀ ਹੋਤ ਊਹਾ ਉਸੁ ਗਵਨ ॥	نہی ہوت اوُہا اُس گون ॥
ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ ॥	کرتار کرُنا مے دِینُ بینتی کرے ॥
ਨਾਨਕ ਤੁਮਰੀ ਕਿਰਪਾ ਤਰੈ ॥੬॥	نانک تُمری کِرپا ترے ॥6॥
ਸੰਗਿ ਸਹਾਈ ਸੁ ਆਵੈ ਨ ਚੀਤਿ ॥	سنگِ سہائی سُ آوے ن چیتِ ॥
ਜੋ ਬੈਰਾਈ ਤਾ ਸਿਉ ਪ੍ਰੀਤਿ ॥	جو بیَرائی تا سِ ءُ پرّیتِ ॥
ਬਲੂਆ ਕੇ ਗ੍ਰਿਹ ਭੀਤਰਿ ਬਸੈ ॥	بلوُیا کے گرّہِ بھیترِ بسے ॥
ਅਨਦ ਕੇਲ ਮਾਇਆ ਰੰਗਿ ਰਸੈ ॥	اند کیل مائیا رنگِ رسے ॥
ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥	دّرڑُ کرِ مانے منہِ پرّتیتِ ॥
ਕਾਲੁ ਨ ਆਵੈ ਮੂੜੇ ਚੀਤਿ ॥	کالُ ن آوے موُڑے چیتِ ॥
ਬੈਰ ਬਿਰੋਧ ਕਾਮ ਕ੍ਰੋਧ ਮੋਹ ॥	بیَر بِرودھ کام کّرودھ موہ ॥
ਝੂਠ ਬਿਕਾਰ ਮਹਾ ਲੋਭ ਧ੍ਰੋਹ ॥	جھوُٹھ بِکار مہا لوبھ دھّروہ ॥
ਇਆਹੂ ਜੁਗਤਿ ਬਿਹਾਨੇ ਕਈ ਜਨਮ ॥	اِیاہوُ جُگتِ بِہانے کئی جنم ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥੭॥	نانک راکھِ لیہُ آپن کرِ کرم ॥7॥
ਤੂ ਠਾਕੁਰੁ ਤੁਮ ਪਹਿ ਅਰਦਾਸਿ ॥	توُ ٹھاکُرُ تُم پہِ عرداسِ ॥
ਜੀਉ ਪਿੰਡੁ ਸਭੁ ਤੇਰੀ ਰਾਸਿ ॥	جیِ ءُ پِنڈُ سبھُ تیری راسِ ॥

ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥	تُم ماتِ پِتا ہم بارِک تیرے ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥	تُمری کرِپا مہِ سوُکھ گھنیرے ॥
ਕੋਇ ਨ ਜਾਨੈ ਤੁਮਰਾ ਅੰਤੁ ॥	کوءِ ن جانے تُمرا انتُ ॥
ਊਚੇ ਤੇ ਊਚਾ ਭਗਵੰਤ ॥	اوُچے تے اوُچا بھگونت ۔ ॥
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥	سگل سمگری تُمرے سوُتّرِ دھاری ॥
ਤੁਮ ਤੇ ਹੋਇ ਸੁ ਆਗਿਆਕਾਰੀ ॥	تُم تے ہوءِ سُ آگیاکاری ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥	تُمری گتِ مِتِ تُم ہی جانی ॥
ਨਾਨਕ ਦਾਸ ਸਦਾ ਕੁਰਬਾਨੀ ॥੮॥੪॥	نانک داس سدا قُربانی ॥8॥4॥
ਸਲੋਕੁ ॥	سلوکُ ॥
ਦੇਨਹਾਰੁ ਪ੍ਰਭੁ ਛੋਡਿ ਕੈ ਲਾਗਹਿ ਆਨ ਸੁਆਇ ॥	دینہارُ پربھ چھوڈِ کے لاگہِ آن سُیاءِ ॥
ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ ॥੧॥	نانک کہوُ ن سیجھئی بِنُ ناوے پتِ جاءِ ॥1॥
ਅਸਟਪਦੀ ॥	اسٹپدی ॥
ਦਸ ਬਸਤੂ ਲੇ ਪਾਛੈ ਪਾਵੈ ॥	دس بستوُ لے پاچھےَ پاوے ॥
ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥	ایک بستُ کارنِ بِکھوٹِ گواوے ॥
ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥	ایک بھی ن دےءِ دس بھی ہِرِ لےءِ ॥
ਤਉ ਮੂੜਾ ਕਹੁ ਕਹਾ ਕਰੇਇ ॥	تءُ موُڑا کہُ کہا کرےءِ ۔ ॥
ਜਿਸੁ ਠਾਕੁਰ ਸਿਉ ਨਾਹੀ ਚਾਰਾ ॥	جِسُ ٹھاکُر سِءُ ناہی چارا ॥
ਤਾ ਕਉ ਕੀਜੈ ਸਦ ਨਮਸਕਾਰਾ ॥	تا کءُ کیجےَ سد نمسکارا ॥
ਜਾ ਕੈ ਮਨਿ ਲਾਗਾ ਪ੍ਰਭੁ ਮੀਠਾ ॥	جا کے منِ لاگا پربھُ میٹھا ॥
ਸਰਬ ਸੂਖ ਤਾਹੂ ਮਨਿ ਵੂਠਾ ॥	سرب سوُکھ تاہوُ منِ وڈھا ॥

ਜਿਸੁ ਜਨ ਅਪਨਾ ਹੁਕਮੁ ਮਨਾਇਆ ॥	جِسُ جن اپنا حُکمُ منائیا ॥
ਸਰਬ ਥੋਕ ਨਾਨਕ ਤਿਨਿ ਪਾਇਆ ॥੧॥	سرب تھوک نانک تِنِ پائیا ॥1॥
ਅਗਨਤ ਸਾਹੁ ਅਪਨੀ ਦੇ ਰਾਸਿ ॥	اگنت ساہُ اپنی دے راسِ ॥
ਖਾਤ ਪੀਤ ਬਰਤੈ ਅਨਦ ਉਲਾਸਿ ॥	کھات پیت برتے اند اُلاسِ ॥
ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ ॥	اپُنی امان کچھُ بہُرِ ساہُ لےءِ ॥
ਅਗਿਆਨੀ ਮਨਿ ਰੋਸੁ ਕਰੇਇ ॥	اگیانی منِ روسُ کرےءِ ॥
ਅਪਨੀ ਪਰਤੀਤਿ ਆਪ ਹੀ ਖੋਵੈ ॥	اپنی پرتیتِ آپ ہی کھووے ॥
ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ ॥	بہُرِ اُس کا بِسّواسُ ن ہووے ॥
ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥	جِس کی بست تِسُ آگے راکھے ॥
ਪ੍ਰਭ ਕੀ ਆਗਿਆ ਮਾਨੈ ਮਾਥੈ ॥	پربھ کی اگیا مانے ماتھے ॥
ਉਸ ਤੇ ਚਉਗੁਨ ਕਰੈ ਨਿਹਾਲੁ ॥	اُس تے چنگُن کرے نِہالُ ॥
ਨਾਨਕ ਸਾਹਿਬੁ ਸਦਾ ਦਇਆਲੁ ॥੨॥	نانک صاحِبُ سدا دئیالُ ॥2॥
ਅਨਿਕ ਭਾਤਿ ਮਾਇਆ ਕੇ ਹੇਤ ॥	انِک بھاتِ مائیا کے ہیت ॥
ਸਰਪਰ ਹੋਵਤ ਜਾਨੁ ਅਨੇਤ ॥	سرپر ہووت جانُ انیت ॥
ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥	برکھ کی چھائیا سِءُ رنگُ لاوے ॥
ਓਹ ਬਿਨਸੈ ਉਹੁ ਮਨਿ ਪਛੁਤਾਵੈ ॥	اوہ بِنسے اُہُ منِ پچھُتاوے ॥
ਜੋ ਦੀਸੈ ਸੋ ਚਾਲਨਹਾਰੁ ॥	جو دیسے سو چالنہارُ ॥
ਲਪਟਿ ਰਹਿਓ ਤਹ ਅੰਧ ਅੰਧਾਰੁ ॥	لپٹِ رہئو تہ اندھ اندھارُ ॥
ਬਟਾਊ ਸਿਉ ਜੋ ਲਾਵੈ ਨੇਹ ॥	بٹائوُ سِءُ جو لاوے نیہ ॥
ਤਾ ਕਉ ਹਾਥਿ ਨ ਆਵੈ ਕੇਹ ॥	تا کءُ ہاتھِ ن آوے کیہ ॥
ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ ॥	من ہرِ کے نام کی پریتِ سُکھدائی ॥
ਕਰਿ ਕਿਰਪਾ ਨਾਨਕ ਆਪਿ ਲਏ ਲਾਈ ॥੩॥	کرِ کرپا نانک آپِ لے لائی ॥3॥

ਮਿਥਿਆ ਤਨੁ ਧਨੁ ਕੁਟੰਬੁ ਸਬਾਇਆ ॥	مِتھیا تنُ دھنُ کُٹنّبُ سبائیا ॥
ਮਿਥਿਆ ਹਉਮੈ ਮਮਤਾ ਮਾਇਆ ॥	مِتھیا ہئُمے ممتا مائیا ॥
ਮਿਥਿਆ ਰਾਜ ਜੋਬਨ ਧਨ ਮਾਲ ॥	مِتھیا راج جوبن دھن مال ॥
ਮਿਥਿਆ ਕਾਮ ਕ੍ਰੋਧ ਬਿਕਰਾਲ ॥	مِتھیا کام کرودھ بِکرال ॥
ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ ॥	مِتھیا رتھ ہستی اسّو بستّرا ॥
ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ ॥	مِتھیا رنگ سنگِ مائیا پیکھِ ہستا ॥
ਮਿਥਿਆ ਧ੍ਰੋਹ ਮੋਹ ਅਭਿਮਾਨੁ ॥	مِتھیا دھّروہ موہ ابھِمانُ ॥
ਮਿਥਿਆ ਆਪਸ ਊਪਰਿ ਕਰਤ ਗੁਮਾਨੁ ॥	مِتھیا آپس اوُپرِ کرت گُمانُ ॥
ਅਸਥਿਰੁ ਭਗਤਿ ਸਾਧ ਕੀ ਸਰਨ ॥	استھِرُ بھگتِ سادھ کی سرن ॥
ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ ॥੪॥	نانک جپِ جپِ جیوے ہرِ کے چرن ॥4॥
ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥	مِتھیا سّرون پر نِندا سُنہِ ॥
ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥	مِتھیا ہست پر درب کءُ ہِرہِ ॥
ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥	مِتھیا نیتّر پیکھت پر تّرِء روُپاد ॥
ਮਿਥਿਆ ਰਸਨਾ ਭੋਜਨ ਅਨ ਸ੍ਵਾਦ ॥	مِتھیا رسنا بھوجن ان سّواد ॥
ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥	مِتھیا چرن پر بِکار کءُ دھاوہِ ॥
ਮਿਥਿਆ ਮਨ ਪਰ ਲੋਭ ਲੁਭਾਵਹਿ ॥	مِتھیا من پر لوبھ لُبھاوہِ ॥
ਮਿਥਿਆ ਤਨ ਨਹੀ ਪਰਉਪਕਾਰਾ ॥	مِتھیا تن نہی پرئُپکارا ॥
ਮਿਥਿਆ ਬਾਸੁ ਲੇਤ ਬਿਕਾਰਾ ॥	مِتھیا باسُ لیت بِکارا ॥
ਬਿਨੁ ਬੂਝੇ ਮਿਥਿਆ ਸਭ ਭਏ ॥	بِنُ بوُجھے مِتھیا سبھ بھئے ॥
ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥੫॥	سپھل دیہ نانک ہرِ ہرِ نام لئے ॥5॥
ਬਿਰਥੀ ਸਾਕਤ ਕੀ ਆਰਜਾ ॥	بِرتھی ساکت کی آرجا ॥
ਸਾਚ ਬਿਨਾ ਕਹ ਹੋਵਤ ਸੂਚਾ ॥	ساچ بِنا کہ ہووت سوُچا ۔ ॥

ਬਿਰਥਾ ਨਾਮ ਬਿਨਾ ਤਨੁ ਅੰਧ ॥	برتھا نام بِنا تنُ انّدھ ॥
ਮੁਖਿ ਆਵਤ ਤਾ ਕੈ ਦੁਰਗੰਧ ॥	مُکھِ آوت تا کے دُرگنّدھ ॥
ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥	بِنُ سِمرن دِنُ ریَنِ برِتھا بِہاءِ ॥
ਮੇਘ ਬਿਨਾ ਜਿਉ ਖੇਤੀ ਜਾਇ ॥	میگھ بِنا جِءُ کھیتی جاءِ ॥
ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥	گوبِد بھجن بِنُ برِتھے سبھ کام ॥
ਜਿਉ ਕਿਰਪਨ ਕੇ ਨਿਰਾਰਥ ਦਾਮ ॥	جِءُ کِرپن کے نِرارتھ دام ॥
ਧੰਨਿ ਧੰਨਿ ਤੇ ਜਨ ਜਿਹ ਘਟਿ ਬਸਿਓ ਹਰਿ ਨਾਉ ॥	دھنّنِ دھنّنِ تے جن جِہ گھٹِ بسِئو ہرِ ناءُ ॥
ਨਾਨਕ ਤਾ ਕੈ ਬਲਿ ਬਲਿ ਜਾਉ ॥੬॥	نانک تا کے بلِ بلِ جاءُ ॥6॥
ਰਹਤ ਅਵਰ ਕਛੁ ਅਵਰ ਕਮਾਵਤ ॥	رہت اور کچھُ اور کماوت ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥	منِ نہی پّریتِ مُکھہُ گنڈھ لاوت ॥
ਜਾਨਨਹਾਰ ਪ੍ਰਭੂ ਪਰਬੀਨ ॥	جاننہار پّربھوُ پربِین ॥
ਬਾਹਿਰ ਭੇਖ ਨ ਕਾਹੂ ਭੀਨ ॥	باہِر بھیکھ ن کاہوُ بھیِن ॥
ਅਵਰ ਉਪਦੇਸੈ ਆਪਿ ਨ ਕਰੈ ॥	اور اُپدیسے آپِ ن کرے ॥
ਆਵਤ ਜਾਵਤ ਜਨਮੈ ਮਰੈ ॥	آوت جاوت جنمے مرے ॥
ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥	جِس کے انترِ بسے نِرنکارُ ॥
ਤਿਸ ਕੀ ਸੀਖ ਤਰੈ ਸੰਸਾਰੁ ॥	تِس کی سیکھ ترے سنّسارُ ॥
ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ ॥	جو تُم بھانے تِن پّربھُ جاتا ॥
ਨਾਨਕ ਉਨ ਜਨ ਚਰਨ ਪਰਾਤਾ ॥੭॥	نانک اُن جن چرن پراتا ॥7॥
ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ ॥	کرءُ بینتی پاربّرہمُ سبھُ جانے ॥
ਅਪਨਾ ਕੀਆ ਆਪਹਿ ਮਾਨੈ ॥	اپنا کیِیا آپہِ مانے ॥
ਆਪਹਿ ਆਪ ਆਪਿ ਕਰਤ ਨਿਬੇਰਾ ॥	آپہِ آپ آپِ کرت نِبیرا ॥
ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ ॥	کِسے دوُرِ جناوت کِسے بُجھاوت نیرا ॥

ਉਪਾਵ ਸਿਆਨਪ ਸਗਲ ਤੇ ਰਹਤ ॥	اُپاو سِیانپ سگل تے رہت ॥
ਸਭੁ ਕਛੁ ਜਾਨੈ ਆਤਮ ਕੀ ਰਹਤ ॥	سبھُ کچھُ جانے آتم کی رہت ॥
ਜਿਸੁ ਭਾਵੈ ਤਿਸੁ ਲਏ ਲੜਿ ਲਾਇ ॥	جِسُ بھاوے تِسُ لے لڑِ لاءِ ॥
ਥਾਨ ਥਨੰਤਰਿ ਰਹਿਆ ਸਮਾਇ ॥	تھان تھننّترِ رہِیا سماءِ ॥
ਸੋ ਸੇਵਕੁ ਜਿਸੁ ਕਿਰਪਾ ਕਰੀ ॥	سو سیوکُ جِسُ کِرپا کری ॥
ਨਿਮਖ ਨਿਮਖ ਜਪਿ ਨਾਨਕ ਹਰੀ ॥੮॥੫॥	نِمکھ نِمکھ جپِ نانک ہری ॥8॥5॥
ਸਲੋਕੁ ॥	سلوکُ ॥
ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥	کام کرودھ ارُ لوبھ موہ بِنسِ جاءِ اہنّمیو ॥
ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥੧॥	نانک پربھ سرناگتی کرِ پرسادُ گُردیو ۔ ॥1॥
ਅਸਟਪਦੀ ॥	اسٹپدی ॥
ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥	جِہ پرسادِ چھتیہ انّمرِت کھاہِ ॥
ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥	تِسُ ٹھاکُر ک ءُ رکھُ من ماہِ ॥
ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ ॥	جِہ پرسادِ سُگندھت تنِ لاوہِ ॥
ਤਿਸ ਕਉ ਸਿਮਰਤ ਪਰਮ ਗਤਿ ਪਾਵਹਿ ॥	تِس ک ءُ سِمرت پرم گتِ پاوہِ ॥
ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥	جِہ پرسادِ بسہِ سُکھ مندّرِ ॥
ਤਿਸਹਿ ਧਿਆਇ ਸਦਾ ਮਨ ਅੰਦਰਿ ॥	تِسہِ دھِیاءِ سدا من اندّرِ ॥
ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥	جِہ پرسادِ گرِہ سنگِ سُکھ بسنا ॥
ਆਠ ਪਹਰ ਸਿਮਰਹੁ ਤਿਸੁ ਰਸਨਾ ॥	آٹھ پہر سِمرہُ تِسُ رسنا ॥
ਜਿਹ ਪ੍ਰਸਾਦਿ ਰੰਗ ਰਸ ਭੋਗ ॥	جِہ پرسادِ رنگ رس بھوگ ॥
ਨਾਨਕ ਸਦਾ ਧਿਆਈਐ ਧਿਆਵਨ ਜੋਗ ॥੧॥	نانک سدا دھِیائیئے دھیاون جوگ ॥1॥
ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ ॥	جِہ پرسادِ پاٹ پٹنّبر ہڈھاوہِ ॥

ਤਿਸਹਿ ਤਿਆਗਿ ਕਤ ਅਵਰ ਲੁਭਾਵਹਿ ॥ تِسہِ تیاگِ کت اور لُبھاوہِ ۔ ॥

ਜਿਹ ਪ੍ਰਸਾਦਿ ਸੁਖ ਸੇਜ ਸੋਈਜੈ ॥ جِہ پرسادِ سُکھ سیج سوئیجے ॥

ਮਨ ਆਠ ਪਹਰ ਤਾ ਕਾ ਜਸੁ ਗਾਵੀਜੈ ॥ من آٹھ پہر تا کا جسُ گاویجے ॥

ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ ॥ جِہ پرسادِ تُجھُ سبھُ کوئُو مانے ॥

ਮੁਖਿ ਤਾ ਕੋ ਜਸੁ ਰਸਨ ਬਖਾਨੈ ॥ مُکھِ تا کو جسُ رسن بکھانے ॥

ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ ॥ جِہ پرسادِ تیرو رہتا دھرمُ ॥

ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ ॥ من سدا دھیاءِ کیول پاربرہمُ ॥

ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ ॥ پربھ جی جپت درگہ مانُ پاوہِ ॥

ਨਾਨਕ ਪਤਿ ਸੇਤੀ ਘਰਿ ਜਾਵਹਿ ॥੨॥ نانک پتِ سیتی گھرِ جاوہِ ॥2॥

ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥ جِہ پرسادِ آروگ کنچن دیہی ॥

ਲਿਵ ਲਾਵਹੁ ਤਿਸੁ ਰਾਮ ਸਨੇਹੀ ॥ لِو لاوہُ تِس رام سنیہی ॥

ਜਿਹ ਪ੍ਰਸਾਦਿ ਤੇਰਾ ਓਲਾ ਰਹਤ ॥ جِہ پرسادِ تیرا اولا رہت ॥

ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ ॥ من سُکھُ پاوہِ ہرِ ہرِ جسُ کہت ॥

ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ ॥ جِہ پرسادِ تیرے سگل چھِدّر ڈھاکے ॥

ਮਨ ਸਰਨੀ ਪਰੁ ਠਾਕੁਰ ਪ੍ਰਭ ਤਾ ਕੈ ॥ من سرنی پرُ ٹھاکُر پربھ تا کے ॥

ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ ॥ جِہ پرسادِ تُجھُ کو ن پہوُچے ॥

ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ ॥ من ساسِ ساسِ سِمرہُ پربھ اوُچے ॥

ਜਿਹ ਪ੍ਰਸਾਦਿ ਪਾਈ ਦੁਲਭ ਦੇਹ ॥ جِہ پرسادِ پائی دُرلبھ دیہ ॥

ਨਾਨਕ ਤਾ ਕੀ ਭਗਤਿ ਕਰੇਹ ॥੩॥ نانک تا کی بھگتِ کریہ ॥3॥

ਜਿਹ ਪ੍ਰਸਾਦਿ ਆਭੂਖਨ ਪਹਿਰੀਜੈ ॥ جِہ پرسادِ آبھوُکھن پہریجے ॥

ਮਨ ਤਿਸੁ ਸਿਮਰਤ ਕਿਉ ਆਲਸੁ ਕੀਜੈ ॥ من تِس سِمرت کِءُ آلسُ کیجے ۔ ॥

ਜਿਹ ਪ੍ਰਸਾਦਿ ਅਸ੍ਵ ਹਸਤਿ ਅਸਵਾਰੀ ॥ جِہ پرسادِ اسّو ہستِ اسواری ॥

ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ ॥	من تِس پربھ ک ءُ کبہُو ن بِساری ॥
ਜਿਹ ਪ੍ਰਸਾਦਿ ਬਾਗ ਮਿਲਖ ਧਨਾ ॥	جِہ پرسادِ باغ مِلکھ دھنا ॥
ਰਾਖੁ ਪਰੋਇ ਪ੍ਰਭੁ ਅਪੁਨੇ ਮਨਾ ॥	راکھُ پروءِ پربھُ اپُنے منا ॥
ਜਿਨਿ ਤੇਰੀ ਮਨ ਬਨਤ ਬਨਾਈ ॥	جِنِ تیری من بنت بنائی ॥
ਊਠਤ ਬੈਠਤ ਸਦ ਤਿਸਹਿ ਧਿਆਈ ॥	اوُٹھت بیٹھت سد تِسہِ دھِیائی ॥
ਤਿਸਹਿ ਧਿਆਇ ਜੋ ਏਕ ਅਲਖੈ ॥	تِسہِ دھِیاءِ جو ایک الکھےَ ॥
ਈਹਾ ਊਹਾ ਨਾਨਕ ਤੇਰੀ ਰਖੈ ॥੪॥	ایہا اوُہا نانک تیری رکھےَ ॥4॥
ਜਿਹ ਪ੍ਰਸਾਦਿ ਕਰਹਿ ਪੁੰਨ ਬਹੁ ਦਾਨ ॥	جِہ پرسادِ کرہِ پُنّن بہُ دان ॥
ਮਨ ਆਠ ਪਹਰ ਕਰਿ ਤਿਸ ਕਾ ਧਿਆਨ ॥	من آٹھ پہر کرِ تِس کا دھِیان ॥
ਜਿਹ ਪ੍ਰਸਾਦਿ ਤੂ ਆਚਾਰ ਬਿਉਹਾਰੀ ॥	جِہ پرسادِ توُ آچار بِہُاری ॥
ਤਿਸੁ ਪ੍ਰਭ ਕਉ ਸਾਸਿ ਸਾਸਿ ਚਿਤਾਰੀ ॥	تِس پربھ ک ءُ ساسِ ساسِ چِتاری ॥
ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ ॥	جِہ پرسادِ تیرا سُندر روُپ ॥
ਸੋ ਪ੍ਰਭੁ ਸਿਮਰਹੁ ਸਦਾ ਅਨੂਪੁ ॥	سو پربھُ سِمرہُ سدا انوُپ ॥
ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ ॥	جِہ پرسادِ تیری نِیکی زاتِ ॥
ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ ॥	سو پربھُ سِمرِ سدا دِن راتِ ॥
ਜਿਹ ਪ੍ਰਸਾਦਿ ਤੇਰੀ ਪਤਿ ਰਹੈ ॥	جِہ پرسادِ تیری پتِ رہےَ ॥
ਗੁਰ ਪ੍ਰਸਾਦਿ ਨਾਨਕ ਜਸੁ ਕਹੈ ॥੫॥	گُر پرسادِ نانک جسُ کہےَ ॥5॥
ਜਿਹ ਪ੍ਰਸਾਦਿ ਸੁਨਹਿ ਕਰਨ ਨਾਦ ॥	جِہ پرسادِ سُنہِ کرن ناد ॥
ਜਿਹ ਪ੍ਰਸਾਦਿ ਪੇਖਹਿ ਬਿਸਮਾਦ ॥	جِہ پرسادِ پیکھہِ بِسماد ॥
ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ ॥	جِہ پرسادِ بولہِ انمّرِت رسنا ॥
ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ ॥	جِہ پرسادِ سُکھِ سہجے بسنا ॥
ਜਿਹ ਪ੍ਰਸਾਦਿ ਹਸਤ ਕਰ ਚਲਹਿ ॥	جِہ پرسادِ ہست کر چلہِ ॥

ਜਿਹ ਪ੍ਰਸਾਦਿ ਸੰਪੂਰਨ ਫਲਹਿ ॥	جِہ پرسادِ سنپُورن پھلہِ ॥
ਜਿਹ ਪ੍ਰਸਾਦਿ ਪਰਮ ਗਤਿ ਪਾਵਹਿ ॥	جِہ پرسادِ پرم گتِ پاوہِ ॥
ਜਿਹ ਪ੍ਰਸਾਦਿ ਸੁਖਿ ਸਹਜਿ ਸਮਾਵਹਿ ॥	جِہ پرسادِ سُکھِ سہجِ سماوہِ ॥
ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ ॥	ایَسا پربھُ تِیاگِ اور کت لاگہُ ۔ ॥
ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ ॥੬॥	گُر پرسادِ نانک منِ جاگہُ ॥6॥
ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ ॥	جِہ پرسادِ توُنّ پرگٹُ سنسارِ ॥
ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ ॥	تِسُ پربھ کءُ مولِ ن منہُ بِسارِ ॥
ਜਿਹ ਪ੍ਰਸਾਦਿ ਤੇਰਾ ਪਰਤਾਪੁ ॥	جِہ پرسادِ تیرا پرتاپُ ॥
ਰੇ ਮਨ ਮੂੜ ਤੂ ਤਾ ਕਉ ਜਾਪੁ ॥	رے من موُڑ توُ تا کءُ جاپُ ॥
ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ ॥	جِہ پرسادِ تیرے کارج پوُرے ॥
ਤਿਸਹਿ ਜਾਨੁ ਮਨ ਸਦਾ ਹਜੂਰੇ ॥	تِسہِ جانُ من سدا حضوُرے ॥
ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ ॥	جِہ پرسادِ توُنّ پاوہِ ساچُ ॥
ਰੇ ਮਨ ਮੇਰੇ ਤੂੰ ਤਾ ਸਿਉ ਰਾਚੁ ॥	رے من میرے توُنّ تا سِءُ راچُ ॥
ਜਿਹ ਪ੍ਰਸਾਦਿ ਸਭ ਕੀ ਗਤਿ ਹੋਇ ॥	جِہ پرسادِ سبھ کی گتِ ہوءِ ॥
ਨਾਨਕ ਜਾਪੁ ਜਪੈ ਜਪੁ ਸੋਇ ॥੭॥	نانک جاپُ جپےَ جپُ سوءِ ॥7॥
ਆਪਿ ਜਪਾਏ ਜਪੈ ਸੋ ਨਾਉ ॥	آپِ جپائے جپےَ سو ناءُ ॥
ਆਪਿ ਗਾਵਾਏ ਸੁ ਹਰਿ ਗੁਨ ਗਾਉ ॥	آپِ گاوائے سُ ہرِ گُن گاءُ ॥
ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥	پربھ کِرپا تے ہوءِ پرگاسُ ॥
ਪ੍ਰਭੂ ਦਇਆ ਤੇ ਕਮਲ ਬਿਗਾਸੁ ॥	پربھوُ دئیا تے کمل بِگاسُ ॥
ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ ॥	پربھ سُپرسنّن بسےَ منِ سوءِ ॥
ਪ੍ਰਭ ਦਇਆ ਤੇ ਮਤਿ ਊਤਮ ਹੋਇ ॥	پربھ دئیا تے متِ اوُتم ہوءِ ॥
ਸਰਬ ਨਿਧਾਨ ਪ੍ਰਭ ਤੇਰੀ ਮਇਆ ॥	سرب نِدھان پربھ تیری مئیا ॥

ਆਪਹੁ ਕਛੂ ਨ ਕਿਨਹੂ ਲਇਆ ॥	آپہُ کچھوُ ن کِنہوُ لئیا ॥
ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ ॥	جِتُ جِتُ لاوہُ تِتُ لگہِ ہرِ ناتھ ۔ ॥
ਨਾਨਕ ਇਨ ਕੈ ਕਛੂ ਨ ਹਾਥ ॥੮॥੬॥	نانک اِن کے کچھوُ ن ہاتھ ॥8॥6॥
ਸਲੋਕੁ ॥	سلوکُ ॥
ਅਗਮ ਅਗਾਧਿ ਪਾਰਬ੍ਰਹਮੁ ਸੋਇ ॥	اگم اگادھِ پاربّرہمُ سوءِ ॥
ਜੋ ਜੋ ਕਹੈ ਸੁ ਮੁਕਤਾ ਹੋਇ ॥	جو جو کہے سُ مُکتا ہوءِ ॥
ਸੁਨਿ ਮੀਤਾ ਨਾਨਕੁ ਬਿਨਵੰਤਾ ॥	سُنِ مِیتا نانکُ بِنوَنتا ॥
ਸਾਧ ਜਨਾ ਕੀ ਅਚਰਜ ਕਥਾ ॥੧॥	سادھ جنا کی اچرج کتھا ॥1॥
ਅਸਟਪਦੀ ॥	اسٹپدی ॥
ਸਾਧ ਕੈ ਸੰਗਿ ਮੁਖ ਊਜਲ ਹੋਤ ॥	سادھ کے سنگِ مُکھ اوُجل ہوت ॥
ਸਾਧਸੰਗਿ ਮਲੁ ਸਗਲੀ ਖੋਤ ॥	سادھسنگِ مل سگلی کھوت ॥
ਸਾਧ ਕੈ ਸੰਗਿ ਮਿਟੈ ਅਭਿਮਾਨੁ ॥	سادھ کے سنگِ مِٹے ابھمانُ ॥
ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ॥	سادھ کے سنگِ پرّگٹے سُگیانُ ॥
ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ ॥	سادھ کے سنگِ بُجھے پرّبھُ نیرا ॥
ਸਾਧਸੰਗਿ ਸਭੁ ਹੋਤ ਨਿਬੇਰਾ ॥	سادھسنگِ سبھُ ہوت نِبیرا ॥
ਸਾਧ ਕੈ ਸੰਗਿ ਪਾਏ ਨਾਮ ਰਤਨੁ ॥	سادھ کے سنگِ پائے نام رتنُ ॥
ਸਾਧ ਕੈ ਸੰਗਿ ਏਕ ਊਪਰਿ ਜਤਨੁ ॥	سادھ کے سنگِ ایک اوُپرِ جتنُ ॥
ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ॥	سادھ کی مہِما برنے کنُّنُ پرّانی ۔ ॥
ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ॥੧॥	نانک سادھ کی سوبھا پرّبھ ماہِ سمانی ॥1॥
ਸਾਧ ਕੈ ਸੰਗਿ ਅਗੋਚਰੁ ਮਿਲੈ ॥	سادھ کے سنگِ اگوچرُ مِلے ॥
ਸਾਧ ਕੈ ਸੰਗਿ ਸਦਾ ਪਰਫੁਲੈ ॥	سادھ کے سنگِ سدا پرپھُلے ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پُرب نوں سمرپت|سیوا: بھائی بلجندر سنگھ جی (راڑا صاہب)

ਸਾਧ ਕੈ ਸੰਗਿ ਆਵਹਿ ਬਸਿ ਪੰਚਾ ॥	سادھ کے سنگِ آوہِ بسِ پنچّا ॥
ਸਾਧਸੰਗਿ ਅੰਮ੍ਰਿਤ ਰਸੁ ਭੁੰਚਾ ॥	سادھسنگِ انمّرِت رسُ بھُنچّا ॥
ਸਾਧਸੰਗਿ ਹੋਇ ਸਭ ਕੀ ਰੇਨ ॥	سادھسنگِ ہوءِ سبھ کی رین ॥
ਸਾਧ ਕੈ ਸੰਗਿ ਮਨੋਹਰ ਬੈਨ ॥	سادھ کے سنگِ منوہر بیَن ॥
ਸਾਧ ਕੈ ਸੰਗਿ ਨ ਕਤਹੂੰ ਧਾਵੈ ॥	سادھ کے سنگِ ن کتہوُنّ دھاوے ॥
ਸਾਧਸੰਗਿ ਅਸਥਿਤਿ ਮਨੁ ਪਾਵੈ ॥	سادھسنگِ استھِتِ منُ پاوے ॥
ਸਾਧ ਕੈ ਸੰਗਿ ਮਾਇਆ ਤੇ ਭਿੰਨ ॥	سادھ کے سنگِ مائیا تے بھِنّ ॥
ਸਾਧਸੰਗਿ ਨਾਨਕ ਪ੍ਰਭ ਸੁਪ੍ਰਸੰਨ ॥੨॥	سادھسنگِ نانک پربھ سُپرسنّن ॥2॥
ਸਾਧਸੰਗਿ ਦੁਸਮਨ ਸਭਿ ਮੀਤ ॥	سادھسنگِ دُسمن سبھِ میت ॥
ਸਾਧੂ ਕੈ ਸੰਗਿ ਮਹਾ ਪੁਨੀਤ ॥	سادھوُ کے سنگِ مہا پُنیت ॥
ਸਾਧਸੰਗਿ ਕਿਸ ਸਿਉ ਨਹੀ ਬੈਰੁ ॥	سادھسنگِ کِس سِ ءُ نہی بیرَ ॥
ਸਾਧ ਕੈ ਸੰਗਿ ਨ ਬੀਗਾ ਪੈਰੁ ॥	سادھ کے سنگِ ن بیِگا پیرَ ॥
ਸਾਧ ਕੈ ਸੰਗਿ ਨਾਹੀ ਕੋ ਮੰਦਾ ॥	سادھ کے سنگِ ناہی کو منّدا ॥
ਸਾਧਸੰਗਿ ਜਾਨੇ ਪਰਮਾਨੰਦਾ ॥	سادھسنگِ جانے پرمانندا ॥
ਸਾਧ ਕੈ ਸੰਗਿ ਨਾਹੀ ਹਉ ਤਾਪੁ ॥	سادھ کے سنگِ ناہی ہءُ تاپُ ॥
ਸਾਧ ਕੈ ਸੰਗਿ ਤਜੈ ਸਭੁ ਆਪੁ ॥	سادھ کے سنگِ تجےَ سبھُ آپُ ॥
ਆਪੇ ਜਾਨੈ ਸਾਧ ਬਡਾਈ ॥	آپے جانے سادھ بڈائی ॥
ਨਾਨਕ ਸਾਧ ਪ੍ਰਭੂ ਬਨਿ ਆਈ ॥੩॥	نانک سادھ پربھوُ بنِ آئی ॥3॥
ਸਾਧ ਕੈ ਸੰਗਿ ਨ ਕਬਹੂ ਧਾਵੈ ॥	سادھ کے سنگِ ن کبہوُ دھاوے ॥
ਸਾਧ ਕੈ ਸੰਗਿ ਸਦਾ ਸੁਖੁ ਪਾਵੈ ॥	سادھ کے سنگِ سدا سُکھُ پاوے ॥
ਸਾਧਸੰਗਿ ਬਸਤੁ ਅਗੋਚਰ ਲਹੈ ॥	سادھسنگِ بست اگوچر لہے ॥
ਸਾਧੂ ਕੈ ਸੰਗਿ ਅਜਰੁ ਸਹੈ ॥	سادھوُ کے سنگِ اجرُ سہے ॥

ਸਾਧ ਕੈ ਸੰਗਿ ਬਸੈ ਥਾਨਿ ਊਚੈ ॥	سادھ کے سنگِ بسے تھانِ اوُچے ॥
ਸਾਧੂ ਕੈ ਸੰਗਿ ਮਹਲਿ ਪਹੂਚੈ ॥	سادھوُ کے سنگِ محلِ پہوُچے ॥
ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ ॥	سادھ کے سنگِ دڑِڑے سبھِ دھرم ॥
ਸਾਧ ਕੈ ਸੰਗਿ ਕੇਵਲ ਪਾਰਬ੍ਰਹਮ ॥	سادھ کے سنگِ کیول پاربرہم ॥
ਸਾਧ ਕੈ ਸੰਗਿ ਪਾਏ ਨਾਮ ਨਿਧਾਨ ॥	سادھ کے سنگِ پائے نام نِدھان ॥
ਨਾਨਕ ਸਾਧੂ ਕੈ ਕੁਰਬਾਨ ॥੪॥	نانک سادھوُ کے قُربان ॥4॥
ਸਾਧ ਕੈ ਸੰਗਿ ਸਭ ਕੁਲ ਉਧਾਰੈ ॥	سادھ کے سنگِ سبھ کُل اُدھارے ॥
ਸਾਧਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ ॥	سادھسنگِ ساجن میت کُٹنب نِستارے ॥
ਸਾਧੂ ਕੈ ਸੰਗਿ ਸੋ ਧਨੁ ਪਾਵੈ ॥	سادھوُ کے سنگِ سو دھنُ پاوے ॥
ਜਿਸੁ ਧਨ ਤੇ ਸਭੁ ਕੋ ਵਰਸਾਵੈ ॥	جِسُ دھن تے سبھُ کو ورساوے ॥
ਸਾਧਸੰਗਿ ਧਰਮ ਰਾਇ ਕਰੇ ਸੇਵਾ ॥	سادھسنگِ دھرم راءِ کرے سیوا ॥
ਸਾਧ ਕੈ ਸੰਗਿ ਸੋਭਾ ਸੁਰਦੇਵਾ ॥	سادھ کے سنگِ سوبھا سُردیوا ॥
ਸਾਧੂ ਕੈ ਸੰਗਿ ਪਾਪ ਪਲਾਇਨ ॥	سادھوُ کے سنگِ پاپ پلائِن ॥
ਸਾਧਸੰਗਿ ਅੰਮ੍ਰਿਤ ਗੁਨ ਗਾਇਨ ॥	سادھسنگِ انمّرِت گُن گائِن ॥
ਸਾਧ ਕੈ ਸੰਗਿ ਸ੍ਰਬ ਥਾਨ ਗੰਮਿ ॥	سادھ کے سنگِ سّرب تھان گنّمِ ॥
ਨਾਨਕ ਸਾਧ ਕੈ ਸੰਗਿ ਸਫਲ ਜਨੰਮ ॥੫॥	نانک سادھ کے سنگِ سپھل جنمّم ॥5॥
ਸਾਧ ਕੈ ਸੰਗਿ ਨਹੀ ਕਛੁ ਘਾਲ ॥	سادھ کے سنگِ نہی کچھُ گھال ॥
ਦਰਸਨੁ ਭੇਟਤ ਹੋਤ ਨਿਹਾਲ ॥	درسنُ بھیٹت ہوت نِہال ॥
ਸਾਧ ਕੈ ਸੰਗਿ ਕਲੁਖਤ ਹਰੈ ॥	سادھ کے سنگِ کلوُکھت ہرے ॥
ਸਾਧ ਕੈ ਸੰਗਿ ਨਰਕ ਪਰਹਰੈ ॥	سادھ کے سنگِ نرک پرہرے ॥
ਸਾਧ ਕੈ ਸੰਗਿ ਈਹਾ ਊਹਾ ਸੁਹੇਲਾ ॥	سادھ کے سنگِ ایہا اوُہا سُہیلا ॥
ਸਾਧਸੰਗਿ ਬਿਛੁਰਤ ਹਰਿ ਮੇਲਾ ॥	سادھسنگِ بچھُرت ہرِ میلا ॥

ਜੋ ਇਛੈ ਸੋਈ ਫਲੁ ਪਾਵੈ ॥	جو اِچھے سوئی پھلُ پاوے ॥
ਸਾਧ ਕੈ ਸੰਗਿ ਨ ਬਿਰਥਾ ਜਾਵੈ ॥	سادھ کے سنگِ ن برتھا جاوے ॥
ਪਾਰਬ੍ਰਹਮੁ ਸਾਧ ਰਿਦ ਬਸੈ ॥	پاربرہمُ سادھ رِد بسے ॥
ਨਾਨਕ ਉਧਰੈ ਸਾਧ ਸੁਨਿ ਰਸੈ ॥੬॥	نانک اُدھرے سادھ سُنِ رسے ॥6॥
ਸਾਧ ਕੈ ਸੰਗਿ ਸੁਨਉ ਹਰਿ ਨਾਉ ॥	سادھ کے سنگِ سُنءُ ہرِ ناءُ ॥
ਸਾਧਸੰਗਿ ਹਰਿ ਕੇ ਗੁਨ ਗਾਉ ॥	سادھسنگِ ہرِ کے گُن گاءُ ॥
ਸਾਧ ਕੈ ਸੰਗਿ ਨ ਮਨ ਤੇ ਬਿਸਰੈ ॥	سادھ کے سنگِ ن من تے بِسرے ॥
ਸਾਧਸੰਗਿ ਸਰਪਰ ਨਿਸਤਰੈ ॥	سادھسنگِ سرپر نِسترے ॥
ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥	سادھ کے سنگِ لگے پربھُ میٹھا ॥
ਸਾਧੂ ਕੈ ਸੰਗਿ ਘਟਿ ਘਟਿ ਡੀਠਾ ॥	سادھوُ کے سنگِ گھٹِ گھٹِ ڈیٹھا ॥
ਸਾਧਸੰਗਿ ਭਏ ਆਗਿਆਕਾਰੀ ॥	سادھسنگِ بھئے آگیاکاری ॥
ਸਾਧਸੰਗਿ ਗਤਿ ਭਈ ਹਮਾਰੀ ॥	سادھسنگِ گتِ بھئی ہماری ॥
ਸਾਧ ਕੈ ਸੰਗਿ ਮਿਟੇ ਸਭਿ ਰੋਗ ॥	سادھ کے سنگِ مِٹے سبھِ روگ ॥
ਨਾਨਕ ਸਾਧ ਭੇਟੇ ਸੰਜੋਗ ॥੭॥	نانک سادھ بھیٹے سنجوگ ॥7॥
ਸਾਧ ਕੀ ਮਹਿਮਾ ਬੇਦ ਨ ਜਾਨਹਿ ॥	سادھ کی مہِما بید ن جانہِ ॥
ਜੇਤਾ ਸੁਨਹਿ ਤੇਤਾ ਬਖਿਆਨਹਿ ॥	جیتا سُنہِ تیتا بکھیانہِ ॥
ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥	سادھ کی اُپما تِہُ گُن تے دوُرِ ॥
ਸਾਧ ਕੀ ਉਪਮਾ ਰਹੀ ਭਰਪੂਰਿ ॥	سادھ کی اُپما رہی بھرپوُرِ ॥
ਸਾਧ ਕੀ ਸੋਭਾ ਕਾ ਨਾਹੀ ਅੰਤ ॥	سادھ کی سوبھا کا ناہی انّت ॥
ਸਾਧ ਕੀ ਸੋਭਾ ਸਦਾ ਬੇਅੰਤ ॥	سادھ کی سوبھا سدا بیئنّت ॥
ਸਾਧ ਕੀ ਸੋਭਾ ਊਚ ਤੇ ਊਚੀ ॥	سادھ کی سوبھا اوُچ تے اوُچی ॥
ਸਾਧ ਕੀ ਸੋਭਾ ਮੂਚ ਤੇ ਮੂਚੀ ॥	سادھ کی سوبھا موُچ تے موُچی ॥

ਸਾਧ ਕੀ ਸੋਭਾ ਸਾਧ ਬਨਿ ਆਈ ॥	سادھ کی سوبھا سادھ بنِ آئی ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥੮॥੭॥	نانک سادھ پربھ بھیدُ ن بھائی ۔ ॥8॥7॥
ਸਲੋਕੁ ॥	سلوکُ ॥
ਮਨਿ ਸਾਚਾ ਮੁਖਿ ਸਾਚਾ ਸੋਇ ॥	منِ ساچا مُکھِ ساچا سوءِ ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥	اورُ ن پیکھےَ ایکسُ بِنُ کوءِ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥੧॥	نانک اِہ لچھنُ برہم گیانی ہوءِ ॥1॥
ਅਸਟਪਦੀ ॥	اسٹپدی ॥
ਬ੍ਰਹਮ ਗਿਆਨੀ ਸਦਾ ਨਿਰਲੇਪ ॥	برہم گیانی سدا نِرلیپ ॥
ਜੈਸੇ ਜਲ ਮਹਿ ਕਮਲ ਅਲੇਪ ॥	جیَسے جل مہِ کمل الیپ ॥
ਬ੍ਰਹਮ ਗਿਆਨੀ ਸਦਾ ਨਿਰਦੋਖ ॥	برہم گیانی سدا نِردوکھ ॥
ਜੈਸੇ ਸੂਰੁ ਸਰਬ ਕਉ ਸੋਖ ॥	جیَسے سوُرُ سرب کءُ سوکھ ॥
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥	برہم گیانی کےَ دڑِسٹِ سمانِ ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥	جیَسے راج رنک کءُ لاگےَ تُلِ پوان ॥
ਬ੍ਰਹਮ ਗਿਆਨੀ ਕੈ ਧੀਰਜੁ ਏਕ ॥	برہم گیانی کے دھیرجُ ایک ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥	جِءُ بسُدھا کوئوُ کھودےَ کوئوُ چندَن لیپ ॥
ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥	برہم گیانی کا اِہےَ گُناءُ ॥
ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥੧॥	نانک جِءُ پاوک کا سہج سُبھاءُ ॥1॥
ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥	برہم گیانی نِرمل تے نِرملا ॥
ਜੈਸੇ ਮੈਲੁ ਨ ਲਾਗੈ ਜਲਾ ॥	جیَسے میَلُ ن لاگےَ جلا ॥
ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥	برہم گیانی کےَ منِ ہوءِ پرگاسُ ॥
ਜੈਸੇ ਧਰ ਊਪਰਿ ਆਕਾਸੁ ॥	جیَسے دھر اوُپرِ آکاسُ ॥
ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ ॥	برہم گیانی کےَ مِتّر ستّرُ سمانِ ॥

ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥	بّرہم گِیانی کے ناہی ابھِمان ॥
ਬ੍ਰਹਮ ਗਿਆਨੀ ਊਚ ਤੇ ਊਚਾ ॥	بّرہم گِیانی اوُچ تے اوُچا ॥
ਮਨਿ ਅਪਨੈ ਹੈ ਸਭ ਤੇ ਨੀਚਾ ॥	منِ اپنے ہے سبھ تے نِیچا ॥
ਬ੍ਰਹਮ ਗਿਆਨੀ ਸੇ ਜਨ ਭਏ ॥	بّرہم گِیانی سے جن بھےَ॥
ਨਾਨਕ ਜਿਨ ਪ੍ਰਭੁ ਆਪਿ ਕਰੇਇ ॥੨॥	نانک جِن پربھُ آپِ کرےءِ ॥2॥
ਬ੍ਰਹਮ ਗਿਆਨੀ ਸਗਲ ਕੀ ਰੀਨਾ ॥	بّرہم گِیانی سگل کی رِینا ॥
ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥	آتم رسُ بّرہم گِیانی چِینا ॥
ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ ॥	بّرہم گِیانی کی سبھ اوُپرِ مئیا ॥
ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥	بّرہم گِیانی تے کچھُ بُرا ن بھئیا ॥
ਬ੍ਰਹਮ ਗਿਆਨੀ ਸਦਾ ਸਮਦਰਸੀ ॥	بّرہم گِیانی سدا سمدرسی ॥
ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥	بّرہم گِیانی کی دّرِسٹِ انمّرِتُ برسی ॥
ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥	بّرہم گِیانی بنّدھن تے مُکتا ॥
ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥	بّرہم گِیانی کی نِرمل جُگتا ॥
ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥	بّرہم گِیانی کا بھوجنُ گِیان ॥
ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥੩॥	نانک بّرہم گِیانی کا بّرہم دھِیانُ ॥3॥
ਬ੍ਰਹਮ ਗਿਆਨੀ ਏਕ ਊਪਰਿ ਆਸ ॥	بّرہم گِیانی ایک اوُپرِ آس ॥
ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥	بّرہم گِیانی کا نہی بِناس ॥
ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥	بّرہم گِیانی کے غرِیبی سماہا ॥
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥	بّرہم گِیانی پرُپکار اُماہا ॥
ਬ੍ਰਹਮ ਗਿਆਨੀ ਕੈ ਨਾਹੀ ਧੰਧਾ ॥	بّرہم گِیانی کے ناہی دھنّدھا ॥
ਬ੍ਰਹਮ ਗਿਆਨੀ ਲੇ ਧਾਵਤੁ ਬੰਧਾ ॥	بّرہم گِیانی لے دھاوتُ بنّدھا ॥
ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥	بّرہم گِیانی کے ہوءِ سُ بھلا ॥

ਬ੍ਰਹਮ ਗਿਆਨੀ ਸੁਫਲ ਫਲਾ ॥	بّرہم گِیانی سُپھل پھلا ॥
ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ ॥	بّرہم گِیانی سنگِ سگل اُدھارُ ॥
ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ ॥੪॥	نانک بّرہم گِیانی جپے سگل سنّسارُ ॥4॥
ਬ੍ਰਹਮ ਗਿਆਨੀ ਕੈ ਏਕੈ ਰੰਗ ॥	بّرہم گِیانی کے ایکے رنگ ॥
ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ ॥	بّرہم گِیانی کے بسے پّربھُ سنگ ॥
ਬ੍ਰਹਮ ਗਿਆਨੀ ਕੈ ਨਾਮੁ ਆਧਾਰੁ ॥	بّرہم گِیانی کے نامُ آدھارُ ॥
ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ ॥	بّرہم گِیانی کے نامُ پروارُ ॥
ਬ੍ਰਹਮ ਗਿਆਨੀ ਸਦਾ ਸਦ ਜਾਗਤ ॥	بّرہم گِیانی سدا سد جاگت ॥
ਬ੍ਰਹਮ ਗਿਆਨੀ ਅਹੰਬੁਧਿ ਤਿਆਗਤ ॥	بّرہم گِیانی اہنّبُدھِ تِیاگت ॥
ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ ॥	بّرہم گِیانی کے منِ پرمانند ॥
ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥	بّرہم گِیانی کے گھرِ سدا انند ॥
ਬ੍ਰਹਮ ਗਿਆਨੀ ਸੁਖ ਸਹਜ ਨਿਵਾਸ ॥	بّرہم گِیانی سُکھ سہج نِواس ॥
ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥੫॥	نانک بّرہم گِیانی کا نہی بِناس ॥5॥
ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ ॥	بّرہم گِیانی بّرہم کا بیتا ॥
ਬ੍ਰਹਮ ਗਿਆਨੀ ਏਕ ਸੰਗਿ ਹੇਤਾ ॥	بّرہم گِیانی ایک سنگِ ہیتا ॥
ਬ੍ਰਹਮ ਗਿਆਨੀ ਕੈ ਹੋਇ ਅਚਿੰਤ ॥	بّرہم گِیانی کے ہوءِ اچِنّت ॥
ਬ੍ਰਹਮ ਗਿਆਨੀ ਕਾ ਨਿਰਮਲ ਮੰਤ ॥	بّرہم گِیانی کا نِرمل منّت ॥
ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ ॥	بّرہم گِیانی جِسُ کرے پّربھُ آپِ ॥
ਬ੍ਰਹਮ ਗਿਆਨੀ ਕਾ ਬਡ ਪਰਤਾਪ ॥	بّرہم گِیانی کا بڈ پرتاپ ॥
ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ ॥	بّرہم گِیانی کا درسُ بڈبھاگی پائیئے ॥
ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ ॥	بّرہم گِیانی ک ءُ بلِ بلِ جائیئے ॥
ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥	بّرہم گِیانی ک ءُ کھوجہِ مہیسُر ॥

ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥੬॥	نانک برہم گیانی آپِ پریسُر ॥6॥
ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥	برہم گیانی کی قیمتِ ناہِ ॥
ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ ॥	برہم گیانی کے سگل من ماہِ ॥
ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥	برہم گیانی کا کنُن جانے بھیدُ ۔ ॥
ਬ੍ਰਹਮ ਗਿਆਨੀ ਕਉ ਸਦਾ ਅਦੇਸੁ ॥	برہم گیانی کءُ سدا ادیسُ ॥
ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਰਰੁ ॥	برہم گیانی کا کتھیا ن جاءِ ادھاکھّرُ ॥
ਬ੍ਰਹਮ ਗਿਆਨੀ ਸਰਬ ਕਾ ਠਾਕੁਰੁ ॥	برہم گیانی سرب کا ٹھاکُرُ ॥
ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥	برہم گیانی کی مِتِ کنُنُ بکھانے ۔ ॥
ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥	برہم گیانی کی گتِ برہم گیانی جانے ॥
ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥	برہم گیانی کا انتُ ن پارُ ॥
ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ ॥੭॥	نانک برہم گیانی کءُ سدا نمسکارُ ॥7॥
ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥	برہم گیانی سبھ سرِسٹِ کا کرتا ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥	برہم گیانی سد جیوے نہی مرتا ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥	برہم گیانی مُکتِ جُگتِ جیء کا داتا ॥
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥	برہم گیانی پُورن پُرکھُ بِدھاتا ॥
ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥	برہم گیانی اناتھ کا ناتھُ ॥
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥	برہم گیانی کا سبھ اوُپرِ ہاتھُ ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥	برہم گیانی کا سگل اکارُ ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥	برہم گیانی آپِ نرنکارُ ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥	برہم گیانی کی سوبھا برہم گیانی بنی ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥੮॥	نانک برہم گیانی سرب کا دھنی ॥8॥8॥
ਸਲੋਕੁ ॥	سلوکُ ॥

ਉਰਿ ਧਾਰੈ ਜੋ ਅੰਤਰਿ ਨਾਮੁ ॥	اُرِ دھارے جو انتر نامُ ॥
ਸਰਬ ਮੈ ਪੇਖੈ ਭਗਵਾਨੁ ॥	سرب مے پیکھے بھگوانُ ॥
ਨਿਮਖ ਨਿਮਖ ਠਾਕੁਰ ਨਮਸਕਾਰੈ ॥	نِمکھ نِمکھ ٹھاکُر نمسکارے ॥
ਨਾਨਕ ਓਹੁ ਅਪਰਸੁ ਸਗਲ ਨਿਸਤਾਰੈ ॥੧॥	نانک اوہُ اپرسُ سگل نِستارے ॥1॥
ਅਸਟਪਦੀ ॥	اسٹپدی ॥
ਮਿਥਿਆ ਨਾਹੀ ਰਸਨਾ ਪਰਸ ॥	مِتھیا ناہی رسنا پرس ॥
ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥	من مہِ پریتِ نِرنجن درس ॥
ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥	پر ترِء روُپُ ن پیکھے نیتر ॥
ਸਾਧ ਕੀ ਟਹਲ ਸੰਤਸੰਗਿ ਹੇਤ ॥	سادھ کی ٹہل سنتسنگِ ہیت ॥
ਕਰਨ ਨ ਸੁਨੈ ਕਾਹੂ ਕੀ ਨਿੰਦਾ ॥	کرن ن سُنے کاہوُ کی نِندا ॥
ਸਭ ਤੇ ਜਾਨੈ ਆਪਸ ਕਉ ਮੰਦਾ ॥	سبھ تے جانے آپس کءُ مندا ॥
ਗੁਰ ਪ੍ਰਸਾਦਿ ਬਿਖਿਆ ਪਰਹਰੈ ॥	گُر پرسادِ بِکھیا پرہرے ॥
ਮਨ ਕੀ ਬਾਸਨਾ ਮਨ ਤੇ ਟਰੈ ॥	من کی باسنا من تے ٹرے ॥
ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥	اِندری جِت پنچ دوکھ تے رہت ॥
ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥੧॥	نانک کوٹِ مدھے کو ایسا اپرس ॥1॥
ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ ॥	بیسنو سو جِسُ اوُپر سُپرسنّن ॥
ਬਿਸਨ ਕੀ ਮਾਇਆ ਤੇ ਹੋਇ ਭਿੰਨ ॥	بِسن کی مائیا تے ہوءِ بھِنّن ॥
ਕਰਮ ਕਰਤ ਹੋਵੈ ਨਿਹਕਰਮ ॥	کرم کرت ہووے نِہکرم ॥
ਤਿਸੁ ਬੈਸਨੋ ਕਾ ਨਿਰਮਲ ਧਰਮ ॥	تِسُ بیسنو کا نِرمل دھرم ॥
ਕਾਹੂ ਫਲ ਕੀ ਇਛਾ ਨਹੀ ਬਾਛੈ ॥	کاہوُ پھل کی اِچھا نہی باچھے ॥
ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥	کیول بھگتِ کیرتن سنگِ راچے ॥
ਮਨ ਤਨ ਅੰਤਰਿ ਸਿਮਰਨ ਗੋਪਾਲ ॥	من تن انترِ سِمرن گوپال ॥

ਸਭ ਊਪਰਿ ਹੋਵਤ ਕਿਰਪਾਲ ॥	سبھ اوُپرِ ہووت کِرپال ॥
ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥	آپِ دڑِڑے اورہ نامُ جپاوے ॥
ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ ॥੨॥	نانک اوہُ بیَسنو پرم گتِ پاوے ॥2॥
ਭਗਉਤੀ ਭਗਵੰਤ ਭਗਤਿ ਕਾ ਰੰਗੁ ॥	بھگئُتی بھگونّت بھگتِ کا رنگُ ॥
ਸਗਲ ਤਿਆਗੈ ਦੁਸਟ ਕਾ ਸੰਗੁ ॥	سگل تِیاگے دُسٹ کا سنگُ ॥
ਮਨ ਤੇ ਬਿਨਸੈ ਸਗਲਾ ਭਰਮੁ ॥	من تے بِنسے سگلا بھرمُ ॥
ਕਰਿ ਪੂਜੈ ਸਗਲ ਪਾਰਬ੍ਰਹਮੁ ॥	کرِ پوُجے سگل پاربرّہمُ ॥
ਸਾਧਸੰਗਿ ਪਾਪਾ ਮਲੁ ਖੋਵੈ ॥	سادھسنگِ پاپا ملُ کھووے ॥
ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥	تِس بھگئُتی کی متِ اوُتم ہووے ॥
ਭਗਵੰਤ ਕੀ ਟਹਲ ਕਰੈ ਨਿਤ ਨੀਤਿ ॥	بھگونّت کی ٹہل کرے نِت نیتِ ॥
ਮਨੁ ਤਨੁ ਅਰਪੈ ਬਿਸਨ ਪਰੀਤਿ ॥	منُ تنُ ارپے بِسن پریتِ ॥
ਹਰਿ ਕੇ ਚਰਨ ਹਿਰਦੈ ਬਸਾਵੈ ॥	ہرِ کے چرن ہِردے بساوے ॥
ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥੩॥	نانک ایَسا بھگئُتی بھگونّت کءُ پاوے ॥3॥
ਸੋ ਪੰਡਿਤੁ ਜੋ ਮਨੁ ਪਰਬੋਧੈ ॥	سو پنڈِتُ جو منُ پربودھے ॥
ਰਾਮ ਨਾਮੁ ਆਤਮ ਮਹਿ ਸੋਧੈ ॥	رام نامُ آتم مہِ سودھے ॥
ਰਾਮ ਨਾਮ ਸਾਰੁ ਰਸੁ ਪੀਵੈ ॥	رام نام سارُ رسُ پیوے ॥
ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥	اُس پنڈِت کے اُپدیسِ جگُ جیوے ॥
ਹਰਿ ਕੀ ਕਥਾ ਹਿਰਦੈ ਬਸਾਵੈ ॥	ہرِ کی کتھا ہِردے بساوے ॥
ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥	سو پنڈِتُ پھِرِ جونِ ن آوے ॥
ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ ॥	بید پُران سِمرّتِ بوُجھے مول ॥
ਸੂਖਮ ਮਹਿ ਜਾਨੈ ਅਸਥੂਲੁ ॥	سوُکھم مہِ جانے استھوُلُ ॥
ਚਹੁ ਵਰਨਾ ਕਉ ਦੇ ਉਪਦੇਸੁ ॥	چہُ ورنا کءُ دے اُپدیسُ ॥

ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥੪॥	نانک اُس پنڈِت ک ءُ سدا ادیسُ ॥4॥
ਬੀਜ ਮੰਤ੍ਰੁ ਸਰਬ ਕੋ ਗਿਆਨੁ ॥	بیج منّتر سرب کو گیانُ ॥
ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥	چہُ ورنا مہِ جپے کوئوُ نامُ ॥
ਜੋ ਜੋ ਜਪੈ ਤਿਸ ਕੀ ਗਤਿ ਹੋਇ ॥	جو جو جپے تِس کی گتِ ہوءِ ॥
ਸਾਧਸੰਗਿ ਪਾਵੈ ਜਨੁ ਕੋਇ ॥	سادھسنگِ پاوے جنُ کوءِ ॥
ਕਰਿ ਕਿਰਪਾ ਅੰਤਰਿ ਉਰ ਧਾਰੈ ॥	کرِ کرِپا انترِ اُر دھارے ॥
ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ ॥	پسُ پریت مُگھد پاتھر ک ءُ تارے ॥
ਸਰਬ ਰੋਗ ਕਾ ਅਉਖਦੁ ਨਾਮੁ ॥	سرب روگ کا اُکھدُ نامُ ॥
ਕਲਿਆਣ ਰੂਪ ਮੰਗਲ ਗੁਣ ਗਾਮ ॥	کلیانُ روُپ منگل گُنُ گام ॥
ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ ॥	کاہوُ جُگتِ کِتے ن پائیے دھرمِ ॥
ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ ॥੫॥	نانک تِس ملے جِس لِکھیا دھُرِ کرمِ ॥5॥
ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ ॥	جِس کے منِ پاربّرہم کا نِواسُ ॥
ਤਿਸ ਕਾ ਨਾਮੁ ਸਤਿ ਰਾਮਦਾਸੁ ॥	تِس کا نامُ ستِ رامداسُ ॥
ਆਤਮ ਰਾਮੁ ਤਿਸੁ ਨਦਰੀ ਆਇਆ ॥	آتم رامُ تِس ندری آئیا ॥
ਦਾਸ ਦਸੰਤਣ ਭਾਇ ਤਿਨਿ ਪਾਇਆ ॥	داس دسنّتنُ بھاءِ تِنِ پائیا ॥
ਸਦਾ ਨਿਕਟਿ ਨਿਕਟਿ ਹਰਿ ਜਾਨੁ ॥	سدا نِکٹِ نِکٹِ ہرِ جانُ ॥
ਸੋ ਦਾਸੁ ਦਰਗਹ ਪਰਵਾਨੁ ॥	سو داسُ درگہ پروانُ ॥
ਅਪੁਨੇ ਦਾਸ ਕਉ ਆਪਿ ਕਿਰਪਾ ਕਰੈ ॥	اپُنے داس ک ءُ آپِ کِرپا کرے ॥
ਤਿਸੁ ਦਾਸ ਕਉ ਸਭ ਸੋਝੀ ਪਰੈ ॥	تِس داس ک ءُ سبھ سوجھی پرے ॥
ਸਗਲ ਸੰਗਿ ਆਤਮ ਉਦਾਸੁ ॥	سگل سنگِ آتم اُداسُ ॥
ਐਸੀ ਜੁਗਤਿ ਨਾਨਕ ਰਾਮਦਾਸੁ ॥੬॥	ایَسی جُگتِ نانک رامداسُ ॥6॥
ਪ੍ਰਭ ਕੀ ਆਗਿਆ ਆਤਮ ਹਿਤਾਵੈ ॥	پربھ کی آگیا آتم ہِتاوے ॥

ਜੀਵਨ ਮੁਕਤਿ ਸੋਊ ਕਹਾਵੈ ॥	جیِون مُکتِ سوئُو کہاوے ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥	تیَسا ہرکھُ تیَسا اُس سوگُ ॥
ਸਦਾ ਅਨੰਦੁ ਤਹ ਨਹੀ ਬਿਓਗੁ ॥	سدا انندُ تہ نہی بِئوگُ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥	تیَسا سُورنُ تیَسی اُس ماٹی ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥	تیَسا انمّرِتُ تیَسی بِکھُ کھاٹی ॥
ਤੈਸਾ ਮਾਨੁ ਤੈਸਾ ਅਭਿਮਾਨੁ ॥	تیَسا مانُ تیَسا ابھِمانُ ॥
ਤੈਸਾ ਰੰਕੁ ਤੈਸਾ ਰਾਜਾਨੁ ॥	تیَسا رنکُ تیَسا راجانُ ॥
ਜੋ ਵਰਤਾਏ ਸਾਈ ਜੁਗਤਿ ॥	جو ورتائے سائی جُگتِ ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥	نانک اوہُ پُرکھُ کہیئے جیِون مُکتِ ॥7॥
ਪਾਰਬ੍ਰਹਮ ਕੇ ਸਗਲੇ ਠਾਉ ॥	پاربّرہم کے سگلے ٹھاءُ ॥
ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥	جِتُ جِتُ گھرِ راکھے تیَسا تِن ناءُ ॥
ਆਪੇ ਕਰਨ ਕਰਾਵਨ ਜੋਗੁ ॥	آپے کرن کراون جوگُ ॥
ਪ੍ਰਭ ਭਾਵੈ ਸੋਈ ਫੁਨਿ ਹੋਗੁ ॥	پربھ بھاوے سوئی پھُنِ ہوگُ ॥
ਪਸਰਿਓ ਆਪਿ ਹੋਇ ਅਨਤ ਤਰੰਗ ॥	پسرِئو آپِ ہوءِ انت ترنگ ॥
ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥	لکھے ن جاہِ پاربّرہم کے رنگ ॥
ਜੈਸੀ ਮਤਿ ਦੇਇ ਤੈਸਾ ਪਰਗਾਸ ॥	جیَسی متِ دےءِ تیَسا پرگاس ॥
ਪਾਰਬ੍ਰਹਮੁ ਕਰਤਾ ਅਬਿਨਾਸ ॥	پاربّرہمُ کرتا ابِناس ॥
ਸਦਾ ਸਦਾ ਸਦਾ ਦਇਆਲ ॥	سدا سدا سدا دیَال ॥
ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥੮॥੯॥	سِمرِ سِمرِ نانک بھئے نِہال ॥8॥9॥
ਸਲੋਕੁ ॥	سلوکُ ॥
ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ ॥	اُستتِ کرہِ انیک جن انّتُ ن پاراوار ॥
ਨਾਨਕ ਰਚਨਾ ਪ੍ਰਭਿ ਰਚੀ	نانک رچنا پربھِ رچی

ਬਹੁ ਬਿਧਿ ਅਨਿਕ ਪ੍ਰਕਾਰ ॥੧॥	بہُ بِدھِ انِک پرّکار ॥1॥
ਅਸਟਪਦੀ ॥	اسٹپدی ॥
ਕਈ ਕੋਟਿ ਹੋਏ ਪੂਜਾਰੀ ॥	کئی کوٹِ ہوئے پُوجاری ॥
ਕਈ ਕੋਟਿ ਆਚਾਰ ਬਿਉਹਾਰੀ ॥	کئی کوٹِ آچار بِہُاری ॥
ਕਈ ਕੋਟਿ ਭਏ ਤੀਰਥ ਵਾਸੀ ॥	کئی کوٹِ بھئے تِیرتھ واسی ॥
ਕਈ ਕੋਟਿ ਬਨ ਭ੍ਰਮਹਿ ਉਦਾਸੀ ॥	کئی کوٹِ بن بھّرمہِ اُداسی ॥
ਕਈ ਕੋਟਿ ਬੇਦ ਕੇ ਸ੍ਰੋਤੇ ॥	کئی کوٹِ بید کے سّروتے ॥
ਕਈ ਕੋਟਿ ਤਪੀਸੁਰ ਹੋਤੇ ॥	کئی کوٹِ تپِیسُر ہوتے ॥
ਕਈ ਕੋਟਿ ਆਤਮ ਧਿਆਨੁ ਧਾਰਹਿ ॥	کئی کوٹِ آتم دھِیانُ دھارہِ ॥
ਕਈ ਕੋਟਿ ਕਬਿ ਕਾਬਿ ਬੀਚਾਰਹਿ ॥	کئی کوٹِ کبِ کابِ بیچارہِ ॥
ਕਈ ਕੋਟਿ ਨਵਤਨ ਨਾਮ ਧਿਆਵਹਿ ॥	کئی کوٹِ نوتن نام دھِیاوہِ ॥
ਨਾਨਕ ਕਰਤੇ ਕਾ ਅੰਤੁ ਨ ਪਾਵਹਿ ॥੧॥	نانک کرتے کا انّتُ ن پاوہِ ॥1॥
ਕਈ ਕੋਟਿ ਭਏ ਅਭਿਮਾਨੀ ॥	کئی کوٹِ بھئے ابھِمانی ॥
ਕਈ ਕੋਟਿ ਅੰਧ ਅਗਿਆਨੀ ॥	کئی کوٹِ اندھ اگِیانی ॥
ਕਈ ਕੋਟਿ ਕਿਰਪਨ ਕਠੋਰ ॥	کئی کوٹِ کِرپن کٹھور ॥
ਕਈ ਕੋਟਿ ਅਭਿਗ ਆਤਮ ਨਿਕੋਰ ॥	کئی کوٹِ ابھِگ آتم نِکور ॥
ਕਈ ਕੋਟਿ ਪਰ ਦਰਬ ਕਉ ਹਿਰਹਿ ॥	کئی کوٹِ پر درب کءُ ہِرہِ ॥
ਕਈ ਕੋਟਿ ਪਰ ਦੂਖਨਾ ਕਰਹਿ ॥	کئی کوٹِ پر دوُکھنا کرہِ ॥
ਕਈ ਕੋਟਿ ਮਾਇਆ ਸ੍ਰਮ ਮਾਹਿ ॥	کئی کوٹِ مائیا سّرم ماہِ ॥
ਕਈ ਕੋਟਿ ਪਰਦੇਸ ਭ੍ਰਮਾਹਿ ॥	کئی کوٹِ پردیس بھّرماہِ ॥
ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥	جِتُ جِتُ لاوہُ تِتُ تِتُ لگنا ॥
ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ ॥੨॥	نانک کرتے کی جانے کرتا رچنا ॥2॥

ਕਈ ਕੋਟਿ ਸਿਧ ਜਤੀ ਜੋਗੀ ॥	کئی کوٹِ سِدھ جتی جوگی ॥
ਕਈ ਕੋਟਿ ਰਾਜੇ ਰਸ ਭੋਗੀ ॥	کئی کوٹِ راجے رس بھوگی ॥
ਕਈ ਕੋਟਿ ਪੰਖੀ ਸਰਪ ਉਪਾਏ ॥	کئی کوٹِ پنکھی سرپ اُپائے ॥
ਕਈ ਕੋਟਿ ਪਾਥਰ ਬਿਰਖ ਨਿਪਜਾਏ ॥	کئی کوٹِ پاتھر برِکھ نِپجائے ॥
ਕਈ ਕੋਟਿ ਪਵਣ ਪਾਣੀ ਬੈਸੰਤਰ ॥	کئی کوٹِ پون پانی بیسنتر ॥
ਕਈ ਕੋਟਿ ਦੇਸ ਭੂ ਮੰਡਲ ॥	کئی کوٹِ دیس بھوُ منڈل ॥
ਕਈ ਕੋਟਿ ਸਸੀਅਰ ਸੂਰ ਨਖ੍ਯ੍ਤ੍ਰ ॥	کئی کوٹِ سسیئر سوُر نکھتّر ॥
ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ ॥	کئی کوٹِ دیو دانو اِندّر سِر چھتّر ॥
ਸਗਲ ਸਮਗ੍ਰੀ ਅਪਨੈ ਸੂਤਿ ਧਾਰੈ ॥	سگل سمگّری اپنے سوُتِ دھارے ॥
ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ ॥੩॥	نانک جِسُ جِسُ بھاوے تِسُ تِسُ نِستارے ॥3॥
ਕਈ ਕੋਟਿ ਰਾਜਸ ਤਾਮਸ ਸਾਤਕ ॥	کئی کوٹِ راجس تامس ساتک ॥
ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ ॥	کئی کوٹِ بید پُران سِمرّتِ ارُ ساست ॥
ਕਈ ਕੋਟਿ ਕੀਏ ਰਤਨ ਸਮੁਦ ॥	کئی کوٹِ کیئے رتن سمُد ॥
ਕਈ ਕੋਟਿ ਨਾਨਾ ਪ੍ਰਕਾਰ ਜੰਤ ॥	کئی کوٹِ نانا پرّکار جنّت ॥
ਕਈ ਕੋਟਿ ਕੀਏ ਚਿਰ ਜੀਵੇ ॥	کئی کوٹِ کیئے چِر جیوے ॥
ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ ॥	کئی کوٹِ گِری میر سُورن تھیوے ॥
ਕਈ ਕੋਟਿ ਜਖ੍ਯ ਕਿੰਨਰ ਪਿਸਾਚ ॥	کئی کوٹِ جکھّی کِنّر پِساچ ॥
ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥	کئی کوٹِ بھوُت پریت سوُکر مرِگاچ ॥
ਸਭ ਤੇ ਨੇਰੈ ਸਭਹੂ ਤੇ ਦੂਰਿ ॥	سبھ تے نیرے سبھہوُ تے دوُرِ ॥
ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ ॥੪॥	نانک آپِ الپتُ رہیا بھرپوُرِ ॥4॥
ਕਈ ਕੋਟਿ ਪਾਤਾਲ ਕੇ ਵਾਸੀ ॥	کئی کوٹِ پاتال کے واسی ॥
ਕਈ ਕੋਟਿ ਨਰਕ ਸੁਰਗ ਨਿਵਾਸੀ ॥	کئی کوٹِ نرک سُرگ نِواسی ॥

ਕਈ ਕੋਟਿ ਜਨਮਹਿ ਜੀਵਹਿ ਮਰਹਿ ॥
کئی کوٹِ جنمہِ جیوہِ مرہِ ॥

ਕਈ ਕੋਟਿ ਬਹੁ ਜੋਨੀ ਫਿਰਹਿ ॥
کئی کوٹِ بہُ جونی پھِرہِ ॥

ਕਈ ਕੋਟਿ ਬੈਠਤ ਹੀ ਖਾਹਿ ॥
کئی کوٹِ بیٹھت ہی کھاہِ ॥

ਕਈ ਕੋਟਿ ਘਾਲਹਿ ਥਕਿ ਪਾਹਿ ॥
کئی کوٹِ گھالہِ تھکِ پاہِ ॥

ਕਈ ਕੋਟਿ ਕੀਏ ਧਨਵੰਤ ॥
کئی کوٹِ کیۓ دھنونّت ॥

ਕਈ ਕੋਟਿ ਮਾਇਆ ਮਹਿ ਚਿੰਤ ॥
کئی کوٹِ مائیا مہِ چِنّت ॥

ਜਹ ਜਹ ਭਾਣਾ ਤਹ ਤਹ ਰਾਖੇ ॥
جہ جہ بھاٹا تہ تہ راکھے ॥

ਨਾਨਕ ਸਭੁ ਕਿਛੁ ਪ੍ਰਭ ਕੈ ਹਾਥੈ ॥੫॥
نانک سبھُ کِچھُ پربھ کے ہاتھے ॥5॥

ਕਈ ਕੋਟਿ ਭਏ ਬੈਰਾਗੀ ॥
کئی کوٹِ بھۓ بیراگی ॥

ਰਾਮ ਨਾਮ ਸੰਗਿ ਤਿਨਿ ਲਿਵ ਲਾਗੀ ॥
رام نام سنگِ تِنِ لِو لاگی ॥

ਕਈ ਕੋਟਿ ਪ੍ਰਭ ਕਉ ਖੋਜੰਤੇ ॥
کئی کوٹِ پربھ کءُ کھوجنّتے ॥

ਆਤਮ ਮਹਿ ਪਾਰਬ੍ਰਹਮੁ ਲਹੰਤੇ ॥
آتم مہِ پاربرہمُ لہنّتے ॥

ਕਈ ਕੋਟਿ ਦਰਸਨ ਪ੍ਰਭ ਪਿਆਸ ॥
کئی کوٹِ درسن پربھ پِیاس ॥

ਤਿਨ ਕਉ ਮਿਲਿਓ ਪ੍ਰਭੁ ਅਬਿਨਾਸ ॥
تِن کءُ مِلیئو پربھُ ابِناس ॥

ਕਈ ਕੋਟਿ ਮਾਗਹਿ ਸਤਸੰਗੁ ॥
کئی کوٹِ ماگہِ ستسنگُ ॥

ਪਾਰਬ੍ਰਹਮ ਤਿਨ ਲਾਗਾ ਰੰਗੁ ॥
پاربرہم تِن لاگا رنگُ ॥

ਜਿਨ ਕਉ ਹੋਏ ਆਪਿ ਸੁਪ੍ਰਸੰਨ ॥
جِن کءُ ہوۓ آپِ سُپرسنّن ॥

ਨਾਨਕ ਤੇ ਜਨ ਸਦਾ ਧਨਿ ਧੰਨਿ ॥੬॥
نانک تے جن سدا دھنِ دھنّنِ ॥6॥

ਕਈ ਕੋਟਿ ਖਾਣੀ ਅਰੁ ਖੰਡ ॥
کئی کوٹِ کھانیٔ ارُ کھنّڈ ॥

ਕਈ ਕੋਟਿ ਅਕਾਸ ਬ੍ਰਹਮੰਡ ॥
کئی کوٹِ اکاس برہمنّڈ ॥

ਕਈ ਕੋਟਿ ਹੋਏ ਅਵਤਾਰ ॥
کئی کوٹِ ہوۓ اوتار ॥

ਕਈ ਜੁਗਤਿ ਕੀਨੋ ਬਿਸਥਾਰ ॥
کئی جُگتِ کِینو بِستھار ॥

ਕਈ ਬਾਰ ਪਸਰਿਓ ਪਾਸਾਰ ॥	کئی بار پسرِئو پاسار ॥
ਸਦਾ ਸਦਾ ਇਕੁ ਏਕੰਕਾਰ ॥	سدا سدا اِکُ ایکنکار ॥
ਕਈ ਕੋਟਿ ਕੀਨੇ ਬਹੁ ਭਾਤਿ ॥	کئی کوٹِ کِینے بہُ بھاتِ ॥
ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥	پربھ تے ہوئے پربھ ماہِ سماتِ ॥
ਤਾ ਕਾ ਅੰਤੁ ਨ ਜਾਨੈ ਕੋਇ ॥	تا کا انتُ ن جانے کوءِ ॥
ਆਪੇ ਆਪਿ ਨਾਨਕ ਪ੍ਰਭੁ ਸੋਇ ॥੭॥	آپے آپِ نانک پربھُ سوءِ ॥7॥
ਕਈ ਕੋਟਿ ਪਾਰਬ੍ਰਹਮ ਕੇ ਦਾਸ ॥	کئی کوٹِ پاربرہم کے داس ॥
ਤਿਨ ਹੋਵਤ ਆਤਮ ਪਰਗਾਸ ॥	تِن ہووت آتم پرگاس ॥
ਕਈ ਕੋਟਿ ਤਤ ਕੇ ਬੇਤੇ ॥	کئی کوٹِ تت کے بیتے ॥
ਸਦਾ ਨਿਹਾਰਹਿ ਏਕੋ ਨੇਤ੍ਰੇ ॥	سدا نِہارہِ ایکو نیتّرے ॥
ਕਈ ਕੋਟਿ ਨਾਮ ਰਸੁ ਪੀਵਹਿ ॥	کئی کوٹِ نام رسُ پیوہِ ॥
ਅਮਰ ਭਏ ਸਦ ਸਦ ਹੀ ਜੀਵਹਿ ॥	امر بھئے سد سد ہی جیوہِ ॥
ਕਈ ਕੋਟਿ ਨਾਮ ਗੁਨ ਗਾਵਹਿ ॥	کئی کوٹِ نام گُن گاوہِ ॥
ਆਤਮ ਰਸਿ ਸੁਖਿ ਸਹਜਿ ਸਮਾਵਹਿ ॥	آتم رسِ سُکھِ سہجِ سماوہِ ॥
ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ ॥	اپُنے جن کءُ ساسِ ساسِ سمارے ॥
ਨਾਨਕ ਓਇ ਪਰਮੇਸੁਰ ਕੇ ਪਿਆਰੇ ॥੮॥੧੦॥	نانک اوءِ پریسُر کے پِیارے ॥8॥ 10 ॥
ਸਲੋਕੁ ॥	سلوکُ ॥
ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥	کرنْ کارنْ پربھُ ایکُ ہے دوُسر ناہی کوءِ ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥੧॥	نانک تِس بلِہارنےٗ جلِ تھلِ مہیئلِ سوءِ ॥1॥
ਅਸਟਪਦੀ ॥	اسٹپدی ॥
ਕਰਨ ਕਰਾਵਨ ਕਰਨੈ ਜੋਗੁ ॥	کرن کراون کرنے جوگُ ॥

ਜੋ ਤਿਸੁ ਭਾਵੈ ਸੋਈ ਹੋਗੁ ॥	جو تِسُ بھاوے سوئی ہوگُ ॥
ਖਿਨ ਮਹਿ ਥਾਪਿ ਉਥਾਪਨਹਾਰਾ ॥	کھِن مہِ تھاپِ اُتھاپنہارا ॥
ਅੰਤੁ ਨਹੀ ਕਿਛੁ ਪਾਰਾਵਾਰਾ ॥	انّتُ نہی کِچھُ پاراوارا ॥
ਹੁਕਮੇ ਧਾਰਿ ਅਧਰ ਰਹਾਵੈ ॥	حُکمے دھارِ ادھر رہاوے ॥
ਹੁਕਮੇ ਉਪਜੈ ਹੁਕਮਿ ਸਮਾਵੈ ॥	حُکمے اُپجے حُکمِ سماوے ॥
ਹੁਕਮੇ ਊਚ ਨੀਚ ਬਿਉਹਾਰ ॥	حُکمے اوُچ نِیچ بِہُار ॥
ਹੁਕਮੇ ਅਨਿਕ ਰੰਗ ਪਰਕਾਰ ॥	حُکمے انِک رنگ پرکار ॥
ਕਰਿ ਕਰਿ ਦੇਖੈ ਅਪਨੀ ਵਡਿਆਈ ॥	کرِ کرِ دیکھے اپنی وڈِیائی ॥
ਨਾਨਕ ਸਭ ਮਹਿ ਰਹਿਆ ਸਮਾਈ ॥੧॥	نانک سبھ مہِ رہِیا سمائی ॥1॥
ਪ੍ਰਭ ਭਾਵੈ ਮਾਨੁਖ ਗਤਿ ਪਾਵੈ ॥	پربھ بھاوے مانُکھ گتِ پاوے ॥
ਪ੍ਰਭ ਭਾਵੈ ਤਾ ਪਾਥਰ ਤਰਾਵੈ ॥	پربھ بھاوے تا پاتھر تراوے ॥
ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥	پربھ بھاوے بِنُ ساس تے راکھے ॥
ਪ੍ਰਭ ਭਾਵੈ ਤਾ ਹਰਿ ਗੁਣ ਭਾਖੈ ॥	پربھ بھاوے تا ہرِ گُنؤ بھاکھے ॥
ਪ੍ਰਭ ਭਾਵੈ ਤਾ ਪਤਿਤ ਉਧਾਰੈ ॥	پربھ بھاوے تا پتِت اُدھارے ॥
ਆਪਿ ਕਰੈ ਆਪਨ ਬੀਚਾਰੈ ॥	آپِ کرے آپن بیچارے ॥
ਦੁਹਾ ਸਿਰਿਆ ਕਾ ਆਪਿ ਸੁਆਮੀ ॥	دُہا سِریا کا آپِ سُیامی ॥
ਖੇਲੈ ਬਿਗਸੈ ਅੰਤਰਜਾਮੀ ॥	کھیلے بِگسے انترجامی ॥
ਜੋ ਭਾਵੈ ਸੋ ਕਾਰ ਕਰਾਵੈ ॥	جو بھاوے سو کار کراوے ॥
ਨਾਨਕ ਦ੍ਰਿਸਟੀ ਅਵਰੁ ਨ ਆਵੈ ॥੨॥	نانک دِرسٹی اورُ ن آوے ॥2॥
ਕਹੁ ਮਾਨੁਖ ਤੇ ਕਿਆ ਹੋਇ ਆਵੈ ॥	کہُ مانُکھ تے کِیا ہوءِ آوے ۔ ॥
ਜੋ ਤਿਸੁ ਭਾਵੈ ਸੋਈ ਕਰਾਵੈ ॥	جو تِسُ بھاوے سوئی کراوے ॥
ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ ॥	اِس کے ہاتھِ ہوءِ تا سبھُ کِچھُ لےءِ ॥

ਜੋ ਤਿਸੁ ਭਾਵੈ ਸੋਈ ਕਰੇਇ ॥	جو تِس بھاوے سوئی کرے ءِ ॥
ਅਨਜਾਨਤ ਬਿਖਿਆ ਮਹਿ ਰਚੈ ॥	انجانت بِکھیا مہِ رچے ॥
ਜੇ ਜਾਨਤ ਆਪਨ ਆਪ ਬਚੈ ॥	جے جانت آپن آپ بچے ॥
ਭਰਮੇ ਭੂਲਾ ਦਹ ਦਿਸਿ ਧਾਵੈ ॥	بھرمے بھوُلا دہ دِس دھاوے ॥
ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ ॥	نِمکھ ماہِ چارِ کُنٹ پھِرِ آوے ॥
ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ ॥	کرِ کِرپا جِس اپنی بھگتِ دے ءِ ॥
ਨਾਨਕ ਤੇ ਜਨ ਨਾਮਿ ਮਿਲੇਇ ॥੩॥	نانک تے جن نامِ ملے ءِ ॥3॥
ਖਿਨ ਮਹਿ ਨੀਚ ਕੀਟ ਕਉ ਰਾਜ ॥	کھِن مہِ نیچ کیٹ ک ءُ راج ॥
ਪਾਰਬ੍ਰਹਮ ਗਰੀਬ ਨਿਵਾਜ ॥	پاربّرہم غریب نِواز ॥
ਜਾ ਕਾ ਦ੍ਰਿਸਟਿ ਕਛੂ ਨ ਆਵੈ ॥	جا کا دّرِسٹِ کچھوُ ن آوے ॥
ਤਿਸੁ ਤਤਕਾਲ ਦਹ ਦਿਸ ਪ੍ਰਗਟਾਵੈ ॥	تِس تتکال دہ دِس پّرگٹاوے ॥
ਜਾ ਕਉ ਅਪੁਨੀ ਕਰੈ ਬਖਸੀਸ ॥	جا ک ءُ اپُنی کرے بخشیس ॥
ਤਾ ਕਾ ਲੇਖਾ ਨ ਗਨੈ ਜਗਦੀਸ ॥	تا کا لیکھا ن گنے جگدیس ॥
ਜੀਉ ਪਿੰਡੁ ਸਭ ਤਿਸ ਕੀ ਰਾਸਿ ॥	جِیءُ پِنڈُ سبھ تِس کی راسِ ॥
ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ ॥	گھٹِ گھٹِ پوُرن بّرہم پّرگاس ॥
ਅਪਨੀ ਬਣਤ ਆਪਿ ਬਨਾਈ ॥	اپنی بنّت آپِ بنائی ॥
ਨਾਨਕ ਜੀਵੈ ਦੇਖਿ ਬਡਾਈ ॥੪॥	نانک جیوے دیکھِ بڈائی ॥4॥
ਇਸ ਕਾ ਬਲੁ ਨਾਹੀ ਇਸੁ ਹਾਥ ॥	اِس کا بلُ ناہی اِسُ ہاتھ ॥
ਕਰਨ ਕਰਾਵਨ ਸਰਬ ਕੋ ਨਾਥ ॥	کرن کراون سرب کو ناتھ ॥
ਆਗਿਆਕਾਰੀ ਬਪੁਰਾ ਜੀਉ ॥	آگیاکاری بپُرا جِیءُ ॥
ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥	جو تِس بھاوے سوئی پھُنِ تھیِءُ ॥
ਕਬਹੂ ਊਚ ਨੀਚ ਮਹਿ ਬਸੈ ॥	کبہوُ اوُچ نیچ مہِ بسے ॥

ਕਬਹੂ ਸੋਗ ਹਰਖ ਰੰਗਿ ਹਸੈ ॥	کبہُو سوگ ہرکھ رنگِ ہسے ॥
ਕਬਹੂ ਨਿੰਦ ਚਿੰਦ ਬਿਉਹਾਰ ॥	کبہُو نِندِ چِندِ بِہُار ॥
ਕਬਹੂ ਊਭ ਅਕਾਸ ਪਇਆਲ ॥	کبہُو اوُبھ اکاس پئیال ॥
ਕਬਹੂ ਬੇਤਾ ਬ੍ਰਹਮ ਬੀਚਾਰ ॥	کبہُو بیتا برہم بیچار ॥
ਨਾਨਕ ਆਪਿ ਮਿਲਾਵਣਹਾਰ ॥੫॥	نانک آپِ مِلاوٹہار ॥5॥
ਕਬਹੂ ਨਿਰਤਿ ਕਰੈ ਬਹੁ ਭਾਤਿ ॥	کبہُو نِرتِ کرے بہُ بھاتِ ॥
ਕਬਹੂ ਸੋਇ ਰਹੈ ਦਿਨੁ ਰਾਤਿ ॥	کبہُو سوءِ رہے دِنُ راتِ ॥
ਕਬਹੂ ਮਹਾ ਕ੍ਰੋਧ ਬਿਕਰਾਲ ॥	کبہُو مہا کرودھ بِکرال ॥
ਕਬਹੂੰ ਸਰਬ ਕੀ ਹੋਤ ਰਵਾਲ ॥	کبہُونّ سرب کی ہوت روال ॥
ਕਬਹੂ ਹੋਇ ਬਹੈ ਬਡ ਰਾਜਾ ॥	کبہُو ہوءِ بہے بڈ راجا ॥
ਕਬਹੁ ਭੇਖਾਰੀ ਨੀਚ ਕਾ ਸਾਜਾ ॥	کبہُ بھیکھاری نِیچ کا ساجا ॥
ਕਬਹੂ ਅਪਕੀਰਤਿ ਮਹਿ ਆਵੈ ॥	کبہُو اپکیرتِ مہِ آوے ॥
ਕਬਹੂ ਭਲਾ ਭਲਾ ਕਹਾਵੈ ॥	کبہُو بھلا بھلا کہاوے ॥
ਜਿਉ ਪ੍ਰਭੁ ਰਾਖੈ ਤਿਵ ਹੀ ਰਹੈ ॥	جِءُ پربھُ راکھے تِو ہی رہے ॥
ਗੁਰ ਪ੍ਰਸਾਦਿ ਨਾਨਕ ਸਚੁ ਕਹੈ ॥੬॥	گُر پرسادِ نانک سچُ کہے ॥6॥
ਕਬਹੂ ਹੋਇ ਪੰਡਿਤੁ ਕਰੇ ਬਖ੍ਯਾਨੁ ॥	کبہُو ہوءِ پنڈِتُ کرے بکھیانُ ॥
ਕਬਹੂ ਮੋਨਿਧਾਰੀ ਲਾਵੈ ਧਿਆਨੁ ॥	کبہُو مونِدھاری لاوے دھیانُ ॥
ਕਬਹੂ ਤਟ ਤੀਰਥ ਇਸਨਾਨ ॥	کبہُو تٹ تیرتھ اِسنان ॥
ਕਬਹੂ ਸਿਧ ਸਾਧਿਕ ਮੁਖਿ ਗਿਆਨ ॥	کبہُو سِدھ سادھِک مُکھِ گیان ॥
ਕਬਹੂ ਕੀਟ ਹਸਤਿ ਪਤੰਗ ਹੋਇ ਜੀਆ ॥	کبہُو کیٹ ہستِ پتنگ ہوءِ جیا ॥
ਅਨਿਕ ਜੋਨਿ ਭਰਮੈ ਭਰਮੀਆ ॥	انِک جونِ بھرمے بھرمیا ॥
ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ ॥	نانا روُپ جِءُ سّواگی دِکھاوے ॥

ਜਿਉ ਪ੍ਰਭ ਭਾਵੈ ਤਿਵੈ ਨਚਾਵੈ ॥	جِءُ پربھ بھاوے تِوے نچاوے ॥
ਜੋ ਤਿਸੁ ਭਾਵੈ ਸੋਈ ਹੋਇ ॥	جو تِس بھاوے سوئی ہوءِ ॥
ਨਾਨਕ ਦੂਜਾ ਅਵਰੁ ਨ ਕੋਇ ॥੭॥	نانک دوُجا اورُ ن کوءِ ॥7॥
ਕਬਹੂ ਸਾਧਸੰਗਤਿ ਇਹੁ ਪਾਵੈ ॥	کبہوُ سادھسنگتِ اِہُ پاوے ॥
ਉਸੁ ਅਸਥਾਨ ਤੇ ਬਹੁਰਿ ਨ ਆਵੈ ॥	اُس استھان تے بہُرِ ن آوے ॥
ਅੰਤਰਿ ਹੋਇ ਗਿਆਨ ਪਰਗਾਸੁ ॥	انترِ ہوءِ گیان پرگاس ॥
ਉਸੁ ਅਸਥਾਨ ਕਾ ਨਹੀ ਬਿਨਾਸੁ ॥	اُس استھان کا نہی بِناس ॥
ਮਨ ਤਨ ਨਾਮਿ ਰਤੇ ਇਕ ਰੰਗਿ ॥	من تن نامِ رتے اِک رنگِ ॥
ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥	سدا بسہِ پاربّرہم کے سنگِ ॥
ਜਿਉ ਜਲ ਮਹਿ ਜਲੁ ਆਇ ਖਟਾਨਾ ॥	جِءُ جل مہِ جلُ آءِ کھٹانا ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥	تِءُ جوتی سنگِ جوتِ سمانا ॥
ਮਿਟਿ ਗਏ ਗਵਨ ਪਾਏ ਬਿਸ੍ਰਾਮ ॥	مِٹِ گئے گون پائے بِسّرام ॥
ਨਾਨਕ ਪ੍ਰਭ ਕੈ ਸਦ ਕੁਰਬਾਨ ॥੮॥੧੧॥	نانک پربھ کے سد قُربان ॥8॥ 11 ॥
ਸਲੋਕੁ ॥	سلوکُ ॥
ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥	سُکھی بسے مسکینیا آپُ نِوارِ تلے ॥
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ॥੧॥	بڈے بڈے اہنکارِیا نانک گربِ گلے ॥1॥
ਅਸਟਪਦੀ ॥	اسٹپدی ॥
ਜਿਸ ਕੈ ਅੰਤਰਿ ਰਾਜ ਅਭਿਮਾਨੁ ॥	جِس کے انترِ راج ابھمانُ ॥
ਸੋ ਨਰਕਪਾਤੀ ਹੋਵਤ ਸੁਆਨੁ ॥	سو نرکپاتی ہووت سُیانُ ॥
ਜੋ ਜਾਨੈ ਮੈ ਜੋਬਨਵੰਤੁ ॥	جو جانے مے جوبنونّتُ ॥
ਸੋ ਹੋਵਤ ਬਿਸਟਾ ਕਾ ਜੰਤੁ ॥	سو ہووت بِسٹا کا جنّتُ ॥

ਆਪਸ ਕਉ ਕਰਮਵੰਤੁ ਕਹਾਵੈ ॥	آپس ک ءُ کرمونتُ کہاوے ॥
ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥	جنمِ مرے بہُ جونِ بھرماوے ॥
ਧਨ ਭੂਮਿ ਕਾ ਜੋ ਕਰੈ ਗੁਮਾਨੁ ॥	دھن بھومِ کا جو کرے گُمانُ ॥
ਸੋ ਮੂਰਖੁ ਅੰਧਾ ਅਗਿਆਨੁ ॥	سو مُورکھُ اندھا اگیانُ ॥
ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥	کرِ کرپا جِس کے ہِردے غریبی بساوے ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥੧॥	نانک ایہا مُکتُ آگے سُکھُ پاوے ॥1॥
ਧਨਵੰਤਾ ਹੋਇ ਕਰਿ ਗਰਬਾਵੈ ॥	دھنونتا ہوءِ کرِ گرباوے ॥
ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥	ترِنُ سمانِ کچھُ سنگِ ن جاوے ॥
ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥	بہُ لشکر مانُکھ اوُپرِ کرے آس ॥
ਪਲ ਭੀਤਰਿ ਤਾ ਕਾ ਹੋਇ ਬਿਨਾਸ ॥	پل بھیترِ تا کا ہوءِ بِناس ॥
ਸਭ ਤੇ ਆਪ ਜਾਨੈ ਬਲਵੰਤੁ ॥	سبھ تے آپ جانے بلونتُ ॥
ਖਿਨ ਮਹਿ ਹੋਇ ਜਾਇ ਭਸਮੰਤੁ ॥	کھِن مہِ ہوءِ جاءِ بھسمنتُ ॥
ਕਿਸੈ ਨ ਬਦੈ ਆਪਿ ਅਹੰਕਾਰੀ ॥	کِسے ن بدے آپِ اہنکاری ॥
ਧਰਮ ਰਾਇ ਤਿਸੁ ਕਰੇ ਖੁਆਰੀ ॥	دھرم راءِ تِس کرے خُیاری ॥
ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥	گُر پرسادِ جا کا مِٹے ابھمانُ ॥
ਸੋ ਜਨੁ ਨਾਨਕ ਦਰਗਹ ਪਰਵਾਨੁ ॥੨॥	سو جنُ نانک درگہ پروانُ ॥2॥
ਕੋਟਿ ਕਰਮ ਕਰੈ ਹਉ ਧਾਰੇ ॥	کوٹِ کرم کرے ہءُ دھارے ॥
ਸ੍ਰਮੁ ਪਾਵੈ ਸਗਲੇ ਬਿਰਥਾਰੇ ॥	سرمُ پاوے سگلے برتھارے ॥
ਅਨਿਕ ਤਪਸਿਆ ਕਰੇ ਅਹੰਕਾਰ ॥	انِک تپسیا کرے اہنکار ॥
ਨਰਕ ਸੁਰਗ ਫਿਰਿ ਫਿਰਿ ਅਵਤਾਰ ॥	نرک سُرگ پھِرِ پھِرِ اوتار ॥
ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥	انِک جتن کرِ آتم نہی دّروے ॥
ਹਰਿ ਦਰਗਹ ਕਹੁ ਕੈਸੇ ਗਵੈ ॥	ہرِ درگہ کہُ کیسے گوے ۔ ॥

ਆਪਸ ਕਉ ਜੋ ਭਲਾ ਕਹਾਵੈ ॥	آپس ک ءُ جو بھلا کہاوے ॥
ਤਿਸਹਿ ਭਲਾਈ ਨਿਕਟਿ ਨ ਆਵੈ ॥	تِسہِ بھلائی نِکٹِ ن آوے ॥
ਸਰਬ ਕੀ ਰੇਨ ਜਾ ਕਾ ਮਨੁ ਹੋਇ ॥	سرب کی رین جا کا منُ ہوءِ ॥
ਕਹੁ ਨਾਨਕ ਤਾ ਕੀ ਨਿਰਮਲ ਸੋਇ ॥੩॥	کہُ نانک تا کی نِرمل سوءِ ॥3॥
ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥	جب لگُ جانے مُجھ تے کچھُ ہوءِ ॥
ਤਬ ਇਸ ਕਉ ਸੁਖੁ ਨਾਹੀ ਕੋਇ ॥	تب اِس ک ءُ سُکھُ ناہی کوءِ ॥
ਜਬ ਇਹ ਜਾਨੈ ਮੈ ਕਿਛੁ ਕਰਤਾ ॥	جب اِہ جانے مے کچھُ کرتا ॥
ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥	تب لگُ گربھ جونِ مہِ پھرتا ॥
ਜਬ ਧਾਰੈ ਕੋਊ ਬੈਰੀ ਮੀਤੁ ॥	جب دھارے کوئُو بیَری میِتُ ॥
ਤਬ ਲਗੁ ਨਿਹਚਲੁ ਨਾਹੀ ਚੀਤੁ ॥	تب لگُ نہچلُ ناہی چیِتُ ॥
ਜਬ ਲਗੁ ਮੋਹ ਮਗਨ ਸੰਗਿ ਮਾਇ ॥	جب لگُ موہ مگن سنگِ ماءِ ॥
ਤਬ ਲਗੁ ਧਰਮੁ ਰਾਇ ਦੇਇ ਸਜਾਇ ॥	تب لگُ دھرمُ راءِ دےءِ سزاءِ ॥
ਪ੍ਰਭ ਕਿਰਪਾ ਤੇ ਬੰਧਨ ਤੂਟੈ ॥	پربھ کِرپا تے بندھن توٹے ॥
ਗੁਰ ਪ੍ਰਸਾਦਿ ਨਾਨਕ ਹਉ ਛੂਟੈ ॥੪॥	گُر پرسادِ نانک ہءُ چھوٹے ॥4॥
ਸਹਸ ਖਟੇ ਲਖ ਕਉ ਉਠਿ ਧਾਵੈ ॥	سہس کھٹے لکھ ک ءُ اُٹھِ دھاوے ॥
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥	ترِپتِ ن آوے مائیا پاچھے پاوے ॥
ਅਨਿਕ ਭੋਗ ਬਿਖਿਆ ਕੇ ਕਰੈ ॥	انِک بھوگ بِکھیا کے کرے ॥
ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥	نہ ترِپتاوے کھپِ کھپِ مرے ॥
ਬਿਨਾ ਸੰਤੋਖ ਨਹੀ ਕੋਊ ਰਾਜੈ ॥	بِنا سنتوکھ نہی کوئُو راجے ॥
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥	سُپن منورتھ برِتھے سبھ کاجے ॥
ਨਾਮ ਰੰਗਿ ਸਰਬ ਸੁਖੁ ਹੋਇ ॥	نام رنگِ سرب سُکھُ ہوءِ ॥
ਬਡਭਾਗੀ ਕਿਸੈ ਪਰਾਪਤਿ ਹੋਇ ॥	بڈبھاگی کِسے پراپتِ ہوءِ ॥

ਕਰਨ ਕਰਾਵਨ ਆਪੇ ਆਪਿ ॥	کرن کراون آپے آپِ ॥
ਸਦਾ ਸਦਾ ਨਾਨਕ ਹਰਿ ਜਾਪਿ ॥੫॥	سدا سدا نانک ہرِ جاپِ ॥5॥
ਕਰਨ ਕਰਾਵਨ ਕਰਨੈਹਾਰੁ ॥	کرن کراون کرنیَہارُ ॥
ਇਸ ਕੈ ਹਾਥਿ ਕਹਾ ਬੀਚਾਰੁ ॥	اِس کے ہاتھِ کہا بیچارُ ۔ ॥
ਜੈਸੀ ਦ੍ਰਿਸਟਿ ਕਰੇ ਤੈਸਾ ਹੋਇ ॥	جیَسی دّرِسٹِ کرے تیَسا ہوءِ ॥
ਆਪੇ ਆਪਿ ਆਪਿ ਪ੍ਰਭੁ ਸੋਇ ॥	آپے آپِ آپِ پّربھُ سوءِ ॥
ਜੋ ਕਿਛੁ ਕੀਨੋ ਸੁ ਅਪਨੈ ਰੰਗਿ ॥	جو کِچھُ کِینھو سُ اپنے رنگِ ॥
ਸਭ ਤੇ ਦੂਰਿ ਸਭਹੂ ਕੈ ਸੰਗਿ ॥	سبھ تے دوُرِ سبھہُو کے سنگِ ॥
ਬੂਝੈ ਦੇਖੈ ਕਰੈ ਬਿਬੇਕ ॥	بوُجھے دیکھے کرے بِبیک ॥
ਆਪਹਿ ਏਕ ਆਪਹਿ ਅਨੇਕ ॥	آپہِ ایک آپہِ انیک ॥
ਮਰੈ ਨ ਬਿਨਸੈ ਆਵੈ ਨ ਜਾਇ ॥	مرے ن بِنسے آوے ن جاءِ ॥
ਨਾਨਕ ਸਦ ਹੀ ਰਹਿਆ ਸਮਾਇ ॥੬॥	نانک سد ہی رہِیا سماءِ ॥6॥
ਆਪਿ ਉਪਦੇਸੈ ਸਮਝੈ ਆਪਿ ॥	آپِ اُپدیسے سمجھے آپِ ॥
ਆਪੇ ਰਚਿਆ ਸਭ ਕੈ ਸਾਥਿ ॥	آپے رچِیا سبھ کے ساتھِ ॥
ਆਪਿ ਕੀਨੋ ਆਪਨ ਬਿਸਥਾਰੁ ॥	آپِ کِینھو آپن بِستھارُ ॥
ਸਭੁ ਕਛੁ ਉਸ ਕਾ ਓਹੁ ਕਰਨੈਹਾਰੁ ॥	سبھُ کچھُ اُس کا اوہُ کرنیَہارُ ॥
ਉਸ ਤੇ ਭਿੰਨ ਕਹਹੁ ਕਿਛੁ ਹੋਇ ॥	اُس تے بھِنّ کہہُ کِچھُ ہوءِ ॥
ਥਾਨ ਥਨੰਤਰਿ ਏਕੈ ਸੋਇ ॥	تھان تھنّتر ایکے سوءِ ॥
ਅਪੁਨੇ ਚਲਿਤ ਆਪਿ ਕਰਣੈਹਾਰ ॥	اپُنے چلِت آپِ کرنّیہار ॥
ਕਉਤਕ ਕਰੈ ਰੰਗ ਆਪਾਰ ॥	کوُتک کرے رنگ آپار ॥
ਮਨ ਮਹਿ ਆਪਿ ਮਨ ਅਪੁਨੇ ਮਾਹਿ ॥	من مہِ آپِ من اپُنے ماہِ ॥
ਨਾਨਕ ਕੀਮਤਿ ਕਹਨੁ ਨ ਜਾਇ ॥੭॥	نانک قِیمتِ کہنُ ن جاءِ ॥7॥

ਸਤਿ ਸਤਿ ਸਤਿ ਪ੍ਰਭੁ ਸੁਆਮੀ ॥	ستِ ستِ ستِ پربھُ سُیامی ॥
ਗੁਰ ਪਰਸਾਦਿ ਕਿਨੈ ਵਖਿਆਨੀ ॥	گُر پرسادِ کِنے وکھیانی ॥
ਸਚੁ ਸਚੁ ਸਚੁ ਸਭੁ ਕੀਨਾ ॥	سچُ سچُ سچُ سبھُ کِینا ॥
ਕੋਟਿ ਮਧੇ ਕਿਨੈ ਬਿਰਲੈ ਚੀਨਾ ॥	کوٹِ مدھے کِنے بِرلے چِینا ॥
ਭਲਾ ਭਲਾ ਭਲਾ ਤੇਰਾ ਰੂਪ ॥	بھلا بھلا بھلا تیرا روُپ ॥
ਅਤਿ ਸੁੰਦਰ ਅਪਾਰ ਅਨੂਪ ॥	اتِ سُندر اپار انوُپ ॥
ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ ॥	نِرمل نِرمل نِرمل تیری باٹی ॥
ਘਟਿ ਘਟਿ ਸੁਨੀ ਸ੍ਰਵਨ ਬਖ੍ਯਾਣੀ ॥	گھٹِ گھٹِ سُنی سّرون بکھّیاٹی ॥
ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ ॥	پوِتّر پوِتّر پوِتّر پُنیت ॥
ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥੮॥੧੨॥	نامُ جپے نانک منِ پّریتِ ॥8॥ 12 ॥
ਸਲੋਕੁ ॥	سلوکُ ॥
ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ ॥	سنّت سرنِ جو جنُ پرے سو جنُ اُدھرنہار ॥
ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ ॥੧॥	سنّت کی نِندا نانکا بہُرِ بہُرِ اوتار ॥1॥
ਅਸਟਪਦੀ ॥	اسٹپدی ॥
ਸੰਤ ਕੈ ਦੂਖਨਿ ਆਰਜਾ ਘਟੈ ॥	سنّت کے دوُکھنِ آرجا گھٹے ॥
ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ ॥	سنّت کے دوُکھنِ جم تے نہی چھُٹے ॥
ਸੰਤ ਕੈ ਦੂਖਨਿ ਸੁਖੁ ਸਭੁ ਜਾਇ ॥	سنّت کے دوُکھنِ سُکھُ سبھُ جاءِ ॥
ਸੰਤ ਕੈ ਦੂਖਨਿ ਨਰਕ ਮਹਿ ਪਾਇ ॥	سنّت کے دوُکھنِ نرک مہِ پاءِ ॥
ਸੰਤ ਕੈ ਦੂਖਨਿ ਮਤਿ ਹੋਇ ਮਲੀਨ ॥	سنّت کے دوُکھنِ متِ ہوءِ ملِین ॥
ਸੰਤ ਕੈ ਦੂਖਨਿ ਸੋਭਾ ਤੇ ਹੀਨ ॥	سنّت کے دوُکھنِ سوبھا تے ہِین ॥
ਸੰਤ ਕੇ ਹਤੇ ਕਉ ਰਖੈ ਨ ਕੋਇ ॥	سنّت کے ہتے کءُ رکھے ن کوءِ ॥

ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ ॥	سنّت کے دوُکھنِ تھان بھرسٹُ ہوءِ ॥
ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ॥	سنّت کرِپال کرِپا جے کرے ॥
ਨਾਨਕ ਸੰਤਸੰਗਿ ਨਿੰਦਕੁ ਭੀ ਤਰੈ ॥੧॥	نانک سنّتسنگِ نِندکُ بھی ترے ॥1॥
ਸੰਤ ਕੇ ਦੂਖਨ ਤੇ ਮੁਖੁ ਭਵੈ ॥	سنّت کے دوُکھن تے مُکھُ بھوے ॥
ਸੰਤਨ ਕੈ ਦੂਖਨਿ ਕਾਗ ਜਿਉ ਲਵੈ ॥	سنّتن کے دوُکھنِ کاگ جِءُ لوے ॥
ਸੰਤਨ ਕੈ ਦੂਖਨਿ ਸਰਪ ਜੋਨਿ ਪਾਇ ॥	سنّتن کے دوُکھنِ سرپ جونِ پاءِ ॥
ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥	سنّت کے دوُکھنِ ترِگد جونِ کرِماءِ ॥
ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ ॥	سنّتن کے دوُکھنِ ترِسنا مہِ جلے ॥
ਸੰਤ ਕੈ ਦੂਖਨਿ ਸਭੁ ਕੋ ਛਲੈ ॥	سنّت کے دوُکھنِ سبھُ کو چھلے ॥
ਸੰਤ ਕੈ ਦੂਖਨਿ ਤੇਜੁ ਸਭੁ ਜਾਇ ॥	سنّت کے دوُکھنِ تیجُ سبھُ جاءِ ॥
ਸੰਤ ਕੈ ਦੂਖਨਿ ਨੀਚੁ ਨੀਚਾਇ ॥	سنّت کے دوُکھنِ نیچُ نیچاءِ ॥
ਸੰਤ ਦੋਖੀ ਕਾ ਥਾਉ ਕੋ ਨਾਹਿ ॥	سنّت دوکھی کا تھاءُ کو ناہِ ॥
ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ ॥੨॥	نانک سنّت بھاوے تا اوءِ بھی گتِ پاہِ ॥2॥
ਸੰਤ ਕਾ ਨਿੰਦਕੁ ਮਹਾ ਅਤਤਾਈ ॥	سنّت کا نِندکُ مہا اتتائی ॥
ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ ॥	سنّت کا نِندکُ کھِنُ ٹِکنُ ن پائی ॥
ਸੰਤ ਕਾ ਨਿੰਦਕੁ ਮਹਾ ਹਤਿਆਰਾ ॥	سنّت کا نِندکُ مہا ہتیارا ॥
ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥	سنّت کا نِندکُ پرمیسُرِ مارا ॥
ਸੰਤ ਕਾ ਨਿੰਦਕੁ ਰਾਜ ਤੇ ਹੀਨੁ ॥	سنّت کا نِندکُ راج تے ہینُ ॥
ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ ॥	سنّت کا نِندکُ دُکھیا ارُ دینُ ॥
ਸੰਤ ਕੇ ਨਿੰਦਕ ਕਉ ਸਰਬ ਰੋਗ ॥	سنّت کے نِندک کءُ سرب روگ ॥
ਸੰਤ ਕੇ ਨਿੰਦਕ ਕਉ ਸਦਾ ਬਿਜੋਗ ॥	سنّت کے نِندک کءُ سدا بِجوگ ॥
ਸੰਤ ਕੀ ਨਿੰਦਾ ਦੋਖ ਮਹਿ ਦੋਖੁ ॥	سنّت کی نِندا دوکھ مہِ دوکھُ ॥

ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ ॥੩॥	نانک سنّت بھاوےَ تا اُس کا بھی ہوءِ موکھُ ॥3॥
ਸੰਤ ਕਾ ਦੋਖੀ ਸਦਾ ਅਪਵਿਤੁ ॥	سنّت کا دوکھی سدا اپوِتُ ॥
ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ ॥	سنّت کا دوکھی کِسےَ کا نہی مِتُ ॥
ਸੰਤ ਕੇ ਦੋਖੀ ਕਉ ਡਾਨੁ ਲਾਗੈ ॥	سنّت کے دوکھی کءُ ڈانُ لاگےَ ॥
ਸੰਤ ਕੇ ਦੋਖੀ ਕਉ ਸਭ ਤਿਆਗੈ ॥	سنّت کے دوکھی کءُ سبھ تِیاگےَ ॥
ਸੰਤ ਕਾ ਦੋਖੀ ਮਹਾ ਅਹੰਕਾਰੀ ॥	سنّت کا دوکھی مہا اہنکاری ॥
ਸੰਤ ਕਾ ਦੋਖੀ ਸਦਾ ਬਿਕਾਰੀ ॥	سنّت کا دوکھی سدا بِکاری ॥
ਸੰਤ ਕਾ ਦੋਖੀ ਜਨਮੈ ਮਰੈ ॥	سنّت کا دوکھی جنمےَ مرےَ ॥
ਸੰਤ ਕੀ ਦੂਖਨਾ ਸੁਖ ਤੇ ਟਰੈ ॥	سنّت کی دوُکھنا سُکھ تے ٹرےَ ॥
ਸੰਤ ਕੇ ਦੋਖੀ ਕਉ ਨਾਹੀ ਠਾਉ ॥	سنّت کے دوکھی کءُ ناہی ٹھاءُ ॥
ਨਾਨਕ ਸੰਤ ਭਾਵੈ ਤਾ ਲਏ ਮਿਲਾਇ ॥੪॥	نانک سنّت بھاوےَ تا لےَ مِلاءِ ॥4॥
ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥	سنّت کا دوکھی ادھ بِیچ تے ٹوُٹےَ ॥
ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ ॥	سنّت کا دوکھی کِتےَ کاجِ ن پہوُچےَ ॥
ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ ॥	سنّت کے دوکھی کءُ اُدِیان بھرّمائیےَ ॥
ਸੰਤ ਕਾ ਦੋਖੀ ਉਝੜਿ ਪਾਈਐ ॥	سنّت کا دوکھی اُجھڑِ پائیےَ ॥
ਸੰਤ ਕਾ ਦੋਖੀ ਅੰਤਰ ਤੇ ਥੋਥਾ ॥	سنّت کا دوکھی انتر تے تھوتھا ॥
ਜਿਉ ਸਾਸ ਬਿਨਾ ਮਿਰਤਕ ਕੀ ਲੋਥਾ ॥	جِءُ ساس بِنا مِرتک کی لوتھا ॥
ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥	سنّت کے دوکھی کی جڑ کِچھُ ناہِ ॥
ਆਪਨ ਬੀਜਿ ਆਪੇ ਹੀ ਖਾਹਿ ॥	آپن بِیجِ آپے ہی کھاہِ ॥
ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ ॥	سنّت کے دوکھی کءُ اورُ ن راکھنہارُ ॥
ਨਾਨਕ ਸੰਤ ਭਾਵੈ	نانک سنّت بھاوےَ

ਤਾ ਲਏ ਉਬਾਰਿ ॥੫॥	تا لۓ اُبارِ ॥5॥
ਸੰਤ ਕਾ ਦੋਖੀ ਇਉ ਬਿਲਲਾਇ ॥	سنّت کا دوکھی اِءُ بِللاءِ ॥
ਜਿਉ ਜਲ ਬਿਹੂਨ ਮਛੁਲੀ ਤੜਫੜਾਇ ॥	جِءُ جل بِہوُن مچھُلی تڑپھڑاءِ ॥
ਸੰਤ ਕਾ ਦੋਖੀ ਭੂਖਾ ਨਹੀ ਰਾਜੈ ॥	سنّت کا دوکھی بھوُکھا نہی راجےَ ॥
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ॥	جِءُ پاوکُ ایدھنِ نہی دھّراپے ॥
ਸੰਤ ਕਾ ਦੋਖੀ ਛੁਟੈ ਇਕੇਲਾ ॥	سنّت کا دوکھی چھُٹے اِکیلا ॥
ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ ॥	جِءُ بوُیاڑُ تِلُ کھیت ماہِ دُہیلا ॥
ਸੰਤ ਕਾ ਦੋਖੀ ਧਰਮ ਤੇ ਰਹਤ ॥	سنّت کا دوکھی دھرم تے رہت ॥
ਸੰਤ ਕਾ ਦੋਖੀ ਸਦ ਮਿਥਿਆ ਕਹਤ ॥	سنّت کا دوکھی سد مِتھیا کہت ॥
ਕਿਰਤੁ ਨਿੰਦਕ ਕਾ ਧੁਰਿ ਹੀ ਪਇਆ ॥	کِرتُ نِندک کا دھُرِ ہی پئیا ॥
ਨਾਨਕ ਜੋ ਤਿਸੁ ਭਾਵੈ ਸੋਈ ਥਿਆ ॥੬॥	نانک جو تِس بھاوے سوئی تھیا ॥6॥
ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ ॥	سنّت کا دوکھی بِگڑ روُپُ ہوءِ جاءِ ॥
ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ ॥	سنّت کے دوکھی ک ءُ درگہ مِلےَ سزاءِ ॥
ਸੰਤ ਕਾ ਦੋਖੀ ਸਦਾ ਸਹਕਾਈਐ ॥	سنّت کا دوکھی سدا سہکائیئے ॥
ਸੰਤ ਕਾ ਦੋਖੀ ਨ ਮਰੈ ਨ ਜੀਵਾਈਐ ॥	سنّت کا دوکھی ن مرے ن جیوائیئے ॥
ਸੰਤ ਕੇ ਦੋਖੀ ਕੀ ਪੁਜੈ ਨ ਆਸਾ ॥	سنّت کے دوکھی کی پُجےَ ن آسا ॥
ਸੰਤ ਕਾ ਦੋਖੀ ਉਠਿ ਚਲੈ ਨਿਰਾਸਾ ॥	سنّت کا دوکھی اُٹھِ چلےَ نِراسا ॥
ਸੰਤ ਕੈ ਦੋਖਿ ਨ ਤ੍ਰਿਸਟੈ ਕੋਇ ॥	سنّت کے دوکھِ ن تّرِسٹے کوءِ ॥
ਜੈਸਾ ਭਾਵੈ ਤੈਸਾ ਕੋਈ ਹੋਇ ॥	جیَسا بھاوے تیَسا کوئی ہوءِ ॥
ਪਇਆ ਕਿਰਤੁ ਨ ਮੇਟੈ ਕੋਇ ॥	پئیا کِرتُ ن میٹے کوءِ ॥
ਨਾਨਕ ਜਾਨੈ ਸਚਾ ਸੋਇ ॥੭॥	نانک جانے سچا سوءِ ॥7॥
ਸਭ ਘਟ ਤਿਸ ਕੇ ਓਹੁ ਕਰਨੈਹਾਰੁ ॥	سبھ گھٹ تِس کے اوہُ کرنیہارُ ॥

ਸਦਾ ਸਦਾ ਤਿਸ ਕਉ ਨਮਸਕਾਰੁ ॥	سدا سدا تِس کءُ نمسکارُ ॥
ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ ॥	پربھ کی اُستتِ کرہُ دِنُ راتِ ॥
ਤਿਸਹਿ ਧਿਆਵਹੁ ਸਾਸਿ ਗਿਰਾਸਿ ॥	تِسہِ دھیاوہُ ساسِ گِراسِ ॥
ਸਭੁ ਕਛੁ ਵਰਤੈ ਤਿਸ ਕਾ ਕੀਆ ॥	سبھُ کچھُ ورتے تِس کا کِیا ॥
ਜੈਸਾ ਕਰੇ ਤੈਸਾ ਕੋ ਥੀਆ ॥	جیَسا کرے تیَسا کو تھِیا ॥
ਅਪਨਾ ਖੇਲੁ ਆਪਿ ਕਰਨੈਹਾਰੁ ॥	اپنا کھیلُ آپِ کرنیَہارُ ॥
ਦੂਸਰ ਕਉਨੁ ਕਹੈ ਬੀਚਾਰੁ ॥	دوُسر کنُنُ کہے بیچارُ ۔ ॥
ਜਿਸ ਨੋ ਕ੍ਰਿਪਾ ਕਰੈ ਤਿਸੁ ਆਪਨ ਨਾਮੁ ਦੇਇ ॥	جِس نو کرِپا کرے تِسُ آپن نامُ دے ءِ ॥
ਬਡਭਾਗੀ ਨਾਨਕ ਜਨ ਸੇਇ ॥੮॥੧੩॥	بڈبھاگی نانک جن سے ءِ ॥8॥ 13 ॥
ਸਲੋਕੁ ॥	سلوکُ ॥
ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ ॥	تجہُ سِیانپ سُرِ جنہُ سِمرہُ ہرِ ہرِ راءِ ॥
ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ ॥੧॥	ایک آس ہرِ منِ رکھہُ نانک دوُکھُ بھرمُ بھءُ جاءِ ॥1॥
ਅਸਟਪਦੀ ॥	اسٹپدی ॥
ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥	مانُکھ کی ٹیک برِتھی سبھ جانُ ॥
ਦੇਵਨ ਕਉ ਏਕੈ ਭਗਵਾਨੁ ॥	دیون کءُ ایکے بھگوانُ ॥
ਜਿਸ ਕੈ ਦੀਐ ਰਹੈ ਅਘਾਇ ॥	جِس کے دیے رہے اگھاءِ ॥
ਬਹੁਰਿ ਨ ਤ੍ਰਿਸਨਾ ਲਾਗੈ ਆਇ ॥	بہُرِ ن ترِسنا لاگے آءِ ॥
ਮਾਰੈ ਰਾਖੈ ਏਕੋ ਆਪਿ ॥	مارے راکھے ایکو آپِ ॥
ਮਾਨੁਖ ਕੈ ਕਿਛੁ ਨਾਹੀ ਹਾਥਿ ॥	مانُکھ کے کچھُ ناہی ہاتھِ ॥
ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ॥	تِس کا حُکمُ بوُجھِ سُکھُ ہوءِ ॥

ਤਿਸ ਕਾ ਨਾਮੁ ਰਖੁ ਕੰਠਿ ਪਰੋਇ ॥	تِس کا نامُ رکھُ کنٹھِ پروءِ ॥
ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥	سِمرِ سِمرِ سِمرِ پربھُ سوءِ ॥
ਨਾਨਕ ਬਿਘਨੁ ਨ ਲਾਗੈ ਕੋਇ ॥੧॥	نانک بِگھنُ ن لاگے کوءِ ॥1॥
ਉਸਤਤਿ ਮਨ ਮਹਿ ਕਰਿ ਨਿਰੰਕਾਰ ॥	اُستتِ من مہِ کرِ نِرنکار ॥
ਕਰਿ ਮਨ ਮੇਰੇ ਸਤਿ ਬਿਉਹਾਰ ॥	کرِ من میرے ستِ بِیُہار ॥
ਨਿਰਮਲ ਰਸਨਾ ਅੰਮ੍ਰਿਤੁ ਪੀਉ ॥	نِرمل رسنا انّمرِتُ پیِءُ ॥
ਸਦਾ ਸੁਹੇਲਾ ਕਰਿ ਲੇਹਿ ਜੀਉ ॥	سدا سُہیلا کرِ لیہِ جیِءُ ॥
ਨੈਨਹੁ ਪੇਖੁ ਠਾਕੁਰ ਕਾ ਰੰਗੁ ॥	نینہُ پیکھُ ٹھاکُر کا رنگُ ॥
ਸਾਧਸੰਗਿ ਬਿਨਸੈ ਸਭ ਸੰਗੁ ॥	سادھسنگِ بِنسے سبھ سنگُ ॥
ਚਰਨ ਚਲਉ ਮਾਰਗਿ ਗੋਬਿੰਦ ॥	چرن چلءُ مارگِ گوبِندّ ॥
ਮਿਟਹਿ ਪਾਪ ਜਪੀਐ ਹਰਿ ਬਿੰਦ ॥	مِٹہِ پاپ جپیئے ہرِ بِندّ ॥
ਕਰ ਹਰਿ ਕਰਮ ਸ੍ਰਵਨਿ ਹਰਿ ਕਥਾ ॥	کر ہرِ کرم سّرونِ ہرِ کتھا ॥
ਹਰਿ ਦਰਗਹ ਨਾਨਕ ਊਜਲ ਮਥਾ ॥੨॥	ہرِ درگہ نانک اوُجل متھا ॥2॥
ਬਡਭਾਗੀ ਤੇ ਜਨ ਜਗ ਮਾਹਿ ॥	بڈبھاگی تے جن جگ ماہِ ॥
ਸਦਾ ਸਦਾ ਹਰਿ ਕੇ ਗੁਨ ਗਾਹਿ ॥	سدا سدا ہرِ کے گُن گاہِ ॥
ਰਾਮ ਨਾਮ ਜੋ ਕਰਹਿ ਬੀਚਾਰ ॥	رام نام جو کرہِ بیچار ॥
ਸੇ ਧਨਵੰਤ ਗਨੀ ਸੰਸਾਰ ॥	سے دھنونّت گنی سنّسار ॥
ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ ॥	منِ تنِ مُکھِ بولہِ ہرِ مُکھی ॥
ਸਦਾ ਸਦਾ ਜਾਨਹੁ ਤੇ ਸੁਖੀ ॥	سدا سدا جانہُ تے سُکھی ॥
ਏਕੋ ਏਕੁ ਏਕੁ ਪਛਾਨੈ ॥	ایکو ایکُ ایکُ پچھانے ॥
ਇਤ ਉਤ ਕੀ ਓਹੁ ਸੋਝੀ ਜਾਨੈ ॥	اِت اُت کی اوہُ سوجھی جانے ॥
ਨਾਮ ਸੰਗਿ ਜਿਸ ਕਾ ਮਨੁ ਮਾਨਿਆ ॥	نام سنگِ جِس کا منُ مانیا ॥

ਨਾਨਕ ਤਿਨਹਿ ਨਿਰੰਜਨੁ ਜਾਨਿਆ ॥੩॥

نانک تِنہِ نِرنجنُ جانِیا ॥3॥

ਗੁਰ ਪ੍ਰਸਾਦਿ ਆਪਨ ਆਪੁ ਸੁਝੈ ॥

گُر پرسادِ آپن آپُ سُجھے ॥

ਤਿਸ ਕੀ ਜਾਨਹੁ ਤ੍ਰਿਸਨਾ ਬੁਝੈ ॥

تِس کی جانہُ ترسنا بُجھے ॥

ਸਾਧਸੰਗਿ ਹਰਿ ਹਰਿ ਜਸੁ ਕਹਤ ॥

سادھسنگِ ہرِ ہرِ جسُ کہت ॥

ਸਰਬ ਰੋਗ ਤੇ ਓਹੁ ਹਰਿ ਜਨੁ ਰਹਤ ॥

سرب روگ تے اوہُ ہرِ جنُ رہت ॥

ਅਨਦਿਨੁ ਕੀਰਤਨੁ ਕੇਵਲ ਬਖ੍ਯਾਨੁ ॥

اندِنُ کیرتنُ کیول بکھیانُ ॥

ਗ੍ਰਿਹਸਤ ਮਹਿ ਸੋਈ ਨਿਰਬਾਨੁ ॥

گرِہست مہِ سوئی نِربانُ ॥

ਏਕ ਊਪਰਿ ਜਿਸੁ ਜਨ ਕੀ ਆਸਾ ॥

ایک اوُپرِ جِسُ جن کی آسا ॥

ਤਿਸ ਕੀ ਕਟੀਐ ਜਮ ਕੀ ਫਾਸਾ ॥

تِس کی کٹیئے جم کی پھاسا ॥

ਪਾਰਬ੍ਰਹਮ ਕੀ ਜਿਸੁ ਮਨਿ ਭੂਖ ॥

پاربرہم کی جِسُ منِ بھوُکھ ॥

ਨਾਨਕ ਤਿਸਹਿ ਨ ਲਾਗਹਿ ਦੂਖ ॥੪॥

نانک تِسہِ ن لاگہِ دوُکھ ॥4॥

ਜਿਸ ਕਉ ਹਰਿ ਪ੍ਰਭੁ ਮਨਿ ਚਿਤਿ ਆਵੈ ॥

جِس کءُ ہرِ پربھُ منِ چِتِ آوے ॥

ਸੋ ਸੰਤੁ ਸੁਹੇਲਾ ਨਹੀ ਡੁਲਾਵੈ ॥

سو سنتُ سُہیلا نہی ڈُلاوے ॥

ਜਿਸੁ ਪ੍ਰਭੁ ਅਪੁਨਾ ਕਿਰਪਾ ਕਰੈ ॥

جِسُ پربھُ اپُنا کِرپا کرے ॥

ਸੋ ਸੇਵਕੁ ਕਹੁ ਕਿਸ ਤੇ ਡਰੈ ॥

سو سیوکُ کہُ کِس تے ڈرے ۔ ॥

ਜੈਸਾ ਸਾ ਤੈਸਾ ਦ੍ਰਿਸਟਾਇਆ ॥

جیَسا سا تیَسا دِرسٹائیا ॥

ਅਪੁਨੇ ਕਾਰਜ ਮਹਿ ਆਪਿ ਸਮਾਇਆ ॥

اپُنے کارج مہِ آپِ سمائیا ॥

ਸੋਧਤ ਸੋਧਤ ਸੋਧਤ ਸੀਝਿਆ ॥

سودھت سودھت سودھت سیجھیا ॥

ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥

گُر پرسادِ تتُ سبھُ بوُجھیا ॥

ਜਬ ਦੇਖਉ ਤਬ ਸਭੁ ਕਿਛੁ ਮੂਲੁ ॥

جب دیکھءُ تب سبھُ کِچھُ موُلُ ॥

ਨਾਨਕ ਸੋ ਸੂਖਮੁ
ਸੋਈ ਅਸਥੂਲੁ ॥੫॥

نانک سو سوُکھمُ
سوئی استھوُلُ ॥5॥

ਨਹ ਕਿਛੁ ਜਨਮੈ ਨਹ ਕਿਛੁ ਮਰੈ ॥

نہ کِچھُ جنمے نہ کِچھُ مرے ॥

ਆਪਨ ਚਲਿਤੁ ਆਪ ਹੀ ਕਰੈ ॥	آپن چلِتُ آپ ہی کرے ॥
ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥	آونُ جاونُ دْرِسٹِ اندْرِسٹِ ॥
ਆਗਿਆਕਾਰੀ ਧਾਰੀ ਸਭ ਸ੍ਰਿਸਟਿ ॥	آگیاکاری دھاری سبھ سْرِسٹِ ॥
ਆਪੇ ਆਪਿ ਸਗਲ ਮਹਿ ਆਪਿ ॥	آپے آپِ سگل مہِ آپِ ॥
ਅਨਿਕ ਜੁਗਤਿ ਰਚਿ ਥਾਪਿ ਉਥਾਪਿ ॥	اِنِک جُگتِ رچِ تھاپِ اُتھاپِ ॥
ਅਬਿਨਾਸੀ ਨਾਹੀ ਕਿਛੁ ਖੰਡ ॥	اِبناسی ناہی کِچھُ کھنڈ ॥
ਧਾਰਣ ਧਾਰਿ ਰਹਿਓ ਬ੍ਰਹਮੰਡ ॥	دھارنْ دھارِ رہِئو برہمنڈ ॥
ਅਲਖ ਅਭੇਵ ਪੁਰਖ ਪਰਤਾਪ ॥	الکھ ابھیو پُرکھ پرتاپ ॥
ਆਪਿ ਜਪਾਏ ਤ ਨਾਨਕ ਜਾਪ ॥੬॥	آپِ جپائے ت نانک جاپ ॥6॥
ਜਿਨ ਪ੍ਰਭੁ ਜਾਤਾ ਸੁ ਸੋਭਾਵੰਤ ॥	جِن پربھُ جاتا سُ سوبھاونْت ॥
ਸਗਲ ਸੰਸਾਰੁ ਉਧਰੈ ਤਿਨ ਮੰਤ ॥	سگل سنْسارُ اُدھرے تِن منْت ॥
ਪ੍ਰਭ ਕੇ ਸੇਵਕ ਸਗਲ ਉਧਾਰਨ ॥	پربھ کے سیوک سگل اُدھارن ॥
ਪ੍ਰਭ ਕੇ ਸੇਵਕ ਦੂਖ ਬਿਸਾਰਨ ॥	پربھ کے سیوک دوُکھ بِسارن ॥
ਆਪੇ ਮੇਲਿ ਲਏ ਕਿਰਪਾਲ ॥	آپے میلِ لئے کِرپال ॥
ਗੁਰ ਕਾ ਸਬਦੁ ਜਪਿ ਭਏ ਨਿਹਾਲ ॥	گُر کا سبدُ جپِ بھئے نِہال ॥
ਉਨ ਕੀ ਸੇਵਾ ਸੋਈ ਲਾਗੈ ॥	اُن کی سیوا سوئی لاگے ॥
ਜਿਸ ਨੋ ਕ੍ਰਿਪਾ ਕਰਹਿ ਬਡਭਾਗੈ ॥	جِس نو کرِپا کرہِ بڈبھاگے ॥
ਨਾਮੁ ਜਪਤ ਪਾਵਹਿ ਬਿਸ੍ਰਾਮੁ ॥	نامُ جپت پاوہِ بِسْرامُ ॥
ਨਾਨਕ ਤਿਨ ਪੁਰਖ ਕਉ ਊਤਮ ਕਰਿ ਮਾਨੁ ॥੭॥	نانک تِن پُرکھ ک ءُ اوُتم کرِ مانُ ॥7॥
ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ ॥	جو کِچھُ کرے سُ پربھ کے رنگِ ॥
ਸਦਾ ਸਦਾ ਬਸੈ ਹਰਿ ਸੰਗਿ ॥	سدا سدا بسے ہرِ سنگِ ॥
ਸਹਜ ਸੁਭਾਇ ਹੋਵੈ ਸੋ ਹੋਇ ॥	سہج سُبھاءِ ہووے سو ہوءِ ॥

ਕਰਣੈਹਾਰੁ ਪਛਾਣੈ ਸੋਇ ॥	کرنیہارُ پچھانے سوءِ ॥
ਪ੍ਰਭ ਕਾ ਕੀਆ ਜਨ ਮੀਠ ਲਗਾਨਾ ॥	پربھ کا کِیا جن میٹھ لگانا ॥
ਜੈਸਾ ਸਾ ਤੈਸਾ ਦ੍ਰਿਸਟਾਨਾ ॥	جیَسا سا تیَسا دِرسٹانا ॥
ਜਿਸ ਤੇ ਉਪਜੇ ਤਿਸੁ ਮਾਹਿ ਸਮਾਏ ॥	جِس تے اُپجے تِس ماہِ سمائے ॥
ਓਇ ਸੁਖ ਨਿਧਾਨ ਉਨਹੂ ਬਨਿ ਆਏ ॥	اوءِ سُکھ نِدھان اُنہوُ بنِ آئے ॥
ਆਪਸ ਕਉ ਆਪਿ ਦੀਨੋ ਮਾਨੁ ॥	آپس ک ءُ آپِ دینو مانُ ॥
ਨਾਨਕ ਪ੍ਰਭ ਜਨੁ ਏਕੋ ਜਾਨੁ ॥੮॥੧੪॥	نانک پربھ جنُ ایکو جانُ ॥8॥ 14 ॥
ਸਲੋਕੁ ॥	سلوکُ ॥
ਸਰਬ ਕਲਾ ਭਰਪੂਰ ਪ੍ਰਭ ਬਿਰਥਾ ਜਾਨਨਹਾਰ ॥	سرب کلا بھرپوُر پربھ بِرتھا جاننہار ॥
ਜਾ ਕੈ ਸਿਮਰਨਿ ਉਧਰੀਐ ਨਾਨਕ ਤਿਸੁ ਬਲਿਹਾਰ ॥੧॥	جا کے سِمرنِ اُدھریئے نانک تِس بلِہار ॥1॥
ਅਸਟਪਦੀ ॥	اسٹپدی ॥
ਟੂਟੀ ਗਾਢਨਹਾਰ ਗੋਪਾਲ ॥	ٹوٹی گاڈھنہار گوپال ॥
ਸਰਬ ਜੀਆ ਆਪੇ ਪ੍ਰਤਿਪਾਲ ॥	سرب جیِیا آپے پرتپال ॥
ਸਗਲ ਕੀ ਚਿੰਤਾ ਜਿਸੁ ਮਨ ਮਾਹਿ ॥	سگل کی چِنّتا جِسُ من ماہِ ॥
ਤਿਸ ਤੇ ਬਿਰਥਾ ਕੋਈ ਨਾਹਿ ॥	تِس تے بِرتھا کوئی ناہِ ॥
ਰੇ ਮਨ ਮੇਰੇ ਸਦਾ ਹਰਿ ਜਾਪਿ ॥	رے من میرے سدا ہرِ جاپِ ॥
ਅਬਿਨਾਸੀ ਪ੍ਰਭੁ ਆਪੇ ਆਪਿ ॥	اِبناسی پربھُ آپے آپِ ॥
ਆਪਨ ਕੀਆ ਕਛੂ ਨ ਹੋਇ ॥	آپن کِیا کچھوُ ن ہوءِ ॥
ਜੇ ਸਉ ਪ੍ਰਾਨੀ ਲੋਚੈ ਕੋਇ ॥	جے س ءُ پرّانی لوچے کوءِ ॥
ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ ॥	تِس بِنُ ناہی تیرے کِچھُ کام ॥

ਗਤਿ ਨਾਨਕ ਜਪਿ ਏਕ ਹਰਿ ਨਾਮ ॥੧॥	گتِ نانک جپِ ایک ہرِ نام ॥1॥
ਰੂਪਵੰਤੁ ਹੋਇ ਨਾਹੀ ਮੋਹੈ ॥	روُپونّتُ ہوءِ ناہی موہے ॥
ਪ੍ਰਭ ਕੀ ਜੋਤਿ ਸਗਲ ਘਟ ਸੋਹੈ ॥	پّربھ کی جوتِ سگل گھٹ سوہے ॥
ਧਨਵੰਤਾ ਹੋਇ ਕਿਆ ਕੋ ਗਰਬੈ ॥	دھنونّتا ہوءِ کِیا کو گربے ۔ ॥
ਜਾ ਸਭੁ ਕਿਛੁ ਤਿਸ ਕਾ ਦੀਆ ਦਰਬੈ ॥	جا سبھُ کِچھُ تِس کا دیِیا دربے ॥
ਅਤਿ ਸੂਰਾ ਜੇ ਕੋਊ ਕਹਾਵੈ ॥	اتِ سوُرا جے کوئوُ کہاوے ॥
ਪ੍ਰਭ ਕੀ ਕਲਾ ਬਿਨਾ ਕਹ ਧਾਵੈ ॥	پّربھ کی کلا بِنا کہ دھاوے ۔ ॥
ਜੇ ਕੋ ਹੋਇ ਬਹੈ ਦਾਤਾਰੁ ॥	جے کو ہوءِ بہے داتارُ ॥
ਤਿਸੁ ਦੇਨਹਾਰੁ ਜਾਨੈ ਗਾਵਾਰੁ ॥	تِس دینہارُ جانے گاوارُ ॥
ਜਿਸੁ ਗੁਰ ਪ੍ਰਸਾਦਿ ਤੂਟੈ ਹਉ ਰੋਗੁ ॥	جِسُ گُر پّرسادِ توُٹے ہءُ روگُ ॥
ਨਾਨਕ ਸੋ ਜਨੁ ਸਦਾ ਅਰੋਗੁ ॥੨॥	نانک سو جنُ سدا اروگُ ॥2॥
ਜਿਉ ਮੰਦਰ ਕਉ ਥਾਮੈ ਥੰਮਨੁ ॥	جِءُ منّدر کءُ تھامے تھنّمنُ ॥
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥	تِءُ گُر کا سبدُ منہِ استھنّمنُ ॥
ਜਿਉ ਪਾਖਾਣੁ ਨਾਵ ਚੜਿ ਤਰੈ ॥	جِءُ پاکھانُ ناو چڑِ ترے ॥
ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥	پّرانی گُر چرنُ لگتُ نِسترے ॥
ਜਿਉ ਅੰਧਕਾਰ ਦੀਪਕ ਪਰਗਾਸੁ ॥	جِءُ انّدھکار دیپک پرگاسُ ॥
ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ ॥	گُر درسنُ دیکھِ منِ ہوءِ بِگاسُ ॥
ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥	جِءُ مہا اُدِیان مہِ مارگُ پاوے ॥
ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥	تِءُ سادھوُ سنگِ مِلِ جوتِ پّرگٹاوے ॥
ਤਿਨ ਸੰਤਨ ਕੀ ਬਾਛਉ ਧੂਰਿ ॥	تِن سنّتن کی باچھءُ دھوُرِ ॥
ਨਾਨਕ ਕੀ ਹਰਿ ਲੋਚਾ ਪੂਰਿ ॥੩॥	نانک کی ہرِ لوچا پوُرِ ॥3॥
ਮਨ ਮੂਰਖ ਕਾਹੇ ਬਿਲਲਾਈਐ ॥	من موُرکھ کاہے بِللائیئے ۔ ॥

ਪੁਰਬ ਲਿਖੇ ਕਾ ਲਿਖਿਆ ਪਾਈਐ ॥	پُرب لِکھے کا لِکھیا پائیَۓ ॥
ਦੂਖ ਸੂਖ ਪ੍ਰਭ ਦੇਵਨਹਾਰੁ ॥	دوُکھ سوُکھ پربھ دیونہارُ ॥
ਅਵਰ ਤਿਆਗਿ ਤੂ ਤਿਸਹਿ ਚਿਤਾਰੁ ॥	اور تِیاگِ توُ تِسہِ چِتارُ ॥
ਜੋ ਕਛੁ ਕਰੈ ਸੋਈ ਸੁਖੁ ਮਾਨੁ ॥	جو کچھُ کرے سوئی سُکھُ مانُ ॥
ਭੂਲਾ ਕਾਹੇ ਫਿਰਹਿ ਅਜਾਨ ॥	بھوُلا کاہے پھِرہِ اجان ۔ ॥
ਕਉਨ ਬਸਤੁ ਆਈ ਤੇਰੈ ਸੰਗ ॥	کئُن بستُ آئی تیرے سنگ ॥
ਲਪਟਿ ਰਹਿਓ ਰਸਿ ਲੋਭੀ ਪਤੰਗ ॥	لپٹِ رہِئو رسِ لوبھی پتنگ ۔ ॥
ਰਾਮ ਨਾਮ ਜਪਿ ਹਿਰਦੇ ਮਾਹਿ ॥	رام نام جپِ ہِردے ماہِ ॥
ਨਾਨਕ ਪਤਿ ਸੇਤੀ ਘਰਿ ਜਾਹਿ ॥੪॥	نانک پتِ سیتی گھرِ جاہِ ॥4॥
ਜਿਸੁ ਵਖਰ ਕਉ ਲੈਨਿ ਤੂ ਆਇਆ ॥	جِسُ وکھر کءُ لیَنِ توُ آئیا ॥
ਰਾਮ ਨਾਮੁ ਸੰਤਨ ਘਰਿ ਪਾਇਆ ॥	رام نامُ سنّتن گھرِ پائیا ॥
ਤਜਿ ਅਭਿਮਾਨੁ ਲੇਹੁ ਮਨ ਮੋਲਿ ॥	تجِ ابھِمانُ لیہُ من مولِ ॥
ਰਾਮ ਨਾਮੁ ਹਿਰਦੇ ਮਹਿ ਤੋਲਿ ॥	رام نامُ ہِردے مہِ تولِ ॥
ਲਾਦਿ ਖੇਪ ਸੰਤਹ ਸੰਗਿ ਚਾਲੁ ॥	لادِ کھیپ سنّتہ سنگِ چالُ ॥
ਅਵਰ ਤਿਆਗਿ ਬਿਖਿਆ ਜੰਜਾਲ ॥	اور تِیاگِ بِکھیا زنّجال ॥
ਧੰਨਿ ਧੰਨਿ ਕਹੈ ਸਭੁ ਕੋਇ ॥	دھنّنِ دھنّنِ کہے سبھُ کوءِ ॥
ਮੁਖ ਊਜਲ ਹਰਿ ਦਰਗਹ ਸੋਇ ॥	مُکھ اوُجل ہرِ درگہ سوءِ ॥
ਇਹੁ ਵਾਪਾਰੁ ਵਿਰਲਾ ਵਾਪਾਰੈ ॥	اِہُ واپارُ وِرلا واپارے ॥
ਨਾਨਕ ਤਾ ਕੈ ਸਦ ਬਲਿਹਾਰੈ ॥੫॥	نانک تا کے سد بلِہارے ॥5॥
ਚਰਨ ਸਾਧ ਕੇ ਧੋਇ ਧੋਇ ਪੀਉ ॥	چرن سادھ کے دھوءِ دھوءِ پِیءُ ॥
ਅਰਪਿ ਸਾਧ ਕਉ ਅਪਨਾ ਜੀਉ ॥	ارپِ سادھ کءُ اپنا جیءُ ॥
ਸਾਧ ਕੀ ਧੂਰਿ ਕਰਹੁ ਇਸਨਾਨੁ ॥	سادھ کی دھوُرِ کرہُ اِسنانُ ॥

ਸਾਧ ਊਪਰਿ ਜਾਈਐ ਕੁਰਬਾਨੁ ॥	سادھ اوُپرِ جائیئے قُربانُ ॥
ਸਾਧ ਸੇਵਾ ਵਡਭਾਗੀ ਪਾਈਐ ॥	سادھ سیوا وڈبھاگی پائیئے ॥
ਸਾਧਸੰਗਿ ਹਰਿ ਕੀਰਤਨੁ ਗਾਈਐ ॥	سادھسنگِ ہرِ کیرتنُ گائیئے ॥
ਅਨਿਕ ਬਿਘਨ ਤੇ ਸਾਧੂ ਰਾਖੈ ॥	انِک بِگھن تے سادھوُ راکھے ॥
ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥	ہرِ گُن گاءِ انمّرِت رسُ چاکھے ॥
ਓਟ ਗਹੀ ਸੰਤਹ ਦਰਿ ਆਇਆ ॥	اوٹ گہی سنّتہ درِ آئیا ॥
ਸਰਬ ਸੂਖ ਨਾਨਕ ਤਿਹ ਪਾਇਆ ॥੬॥	سرب سوُکھ نانک تِہ پائیا ॥6॥
ਮਿਰਤਕ ਕਉ ਜੀਵਾਲਨਹਾਰ ॥	مِرتک کءُ جیِوالنہار ॥
ਭੂਖੇ ਕਉ ਦੇਵਤ ਅਧਾਰ ॥	بھوُکھے کءُ دیوت ادھار ॥
ਸਰਬ ਨਿਧਾਨ ਜਾ ਕੀ ਦ੍ਰਿਸਟੀ ਮਾਹਿ ॥	سرب نِدھان جا کی دّرِسٹی ماہِ ॥
ਪੁਰਬ ਲਿਖੇ ਕਾ ਲਹਣਾ ਪਾਹਿ ॥	پُرب لِکھے کا لہنّا پاہِ ॥
ਸਭੁ ਕਿਛੁ ਤਿਸ ਕਾ ਓਹੁ ਕਰਨੈ ਜੋਗੁ ॥	سبھُ کِچھُ تِس کا اوہُ کرنے جوگُ ॥
ਤਿਸੁ ਬਿਨੁ ਦੂਸਰ ਹੋਆ ਨ ਹੋਗੁ ॥	تِس بِنُ دوُسر ہویا ن ہوگُ ॥
ਜਪਿ ਜਨ ਸਦਾ ਸਦਾ ਦਿਨੁ ਰੈਣੀ ॥	جپِ جن سدا سدا دِنُ رینّی ॥
ਸਭ ਤੇ ਊਚ ਨਿਰਮਲ ਇਹ ਕਰਣੀ ॥	سبھ تے اوُچ نِرمل اِہ کرنّی ॥
ਕਰਿ ਕਿਰਪਾ ਜਿਸ ਕਉ ਨਾਮੁ ਦੀਆ ॥	کرِ کِرپا جِس کءُ نامُ دیِیا ॥
ਨਾਨਕ ਸੋ ਜਨੁ ਨਿਰਮਲੁ ਥੀਆ ॥੭॥	نانک سو جنُ نِرملُ تھیِیا ॥7॥
ਜਾ ਕੈ ਮਨਿ ਗੁਰ ਕੀ ਪਰਤੀਤਿ ॥	جا کے منِ گُر کی پرتیِتِ ॥
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥	تِس جن آوے ہرِ پربھُ چیِتِ ॥
ਭਗਤੁ ਭਗਤੁ ਸੁਨੀਐ ਤਿਹੁ ਲੋਇ ॥	بھگتُ بھگتُ سُنیئے تِہ لوءِ ॥
ਜਾ ਕੈ ਹਿਰਦੈ ਏਕੋ ਹੋਇ ॥	جا کے ہِردے ایکو ہوءِ ॥
ਸਚੁ ਕਰਣੀ ਸਚੁ ਤਾ ਕੀ ਰਹਤ ॥	سچُ کرنّی سچُ تا کی رہت ॥

ਸਚੁ ਹਿਰਦੈ ਸਤਿ ਮੁਖਿ ਕਹਤ ॥	سچُ ہِردے ستِ مُکھِ کہت ॥
ਸਾਚੀ ਦ੍ਰਿਸਟਿ ਸਾਚਾ ਆਕਾਰੁ ॥	ساچی دّرِسٹِ ساچا آکارُ ॥
ਸਚੁ ਵਰਤੈ ਸਾਚਾ ਪਾਸਾਰੁ ॥	سچُ ورتے ساچا پاسارُ ॥
ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ ॥	پاربّرہمُ جِنِ سچُ کرِ جاتا ॥
ਨਾਨਕ ਸੋ ਜਨੁ ਸਚਿ ਸਮਾਤਾ ॥੮॥੧੫॥	نانک سو جنُ سچِ سماتا ॥8॥ 15 ॥
ਸਲੋਕੁ ॥	سلوکُ ॥
ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥	روُپُ ن ریکھ ن رنگُ کِچھُ تّرِہُ گُنْ تے پّربھ بھِنّن ॥
ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥੧॥	تِسہِ بُجھائے نانکا جِسُ ہووے سُپّرسنّن ॥1॥
ਅਸਟਪਦੀ ॥	اسٹپدی ॥
ਅਬਿਨਾਸੀ ਪ੍ਰਭੁ ਮਨ ਮਹਿ ਰਾਖੁ ॥	اِبناسی پّربھُ من مہِ راکھُ ॥
ਮਾਨੁਖ ਕੀ ਤੂ ਪ੍ਰੀਤਿ ਤਿਆਗੁ ॥	مانُکھ کی توُ پّریتِ تِیاگُ ॥
ਤਿਸ ਤੇ ਪਰੈ ਨਾਹੀ ਕਿਛੁ ਕੋਇ ॥	تِس تے پرے ناہی کِچھُ کوءِ ॥
ਸਰਬ ਨਿਰੰਤਰਿ ਏਕੋ ਸੋਇ ॥	سرب نِرنّترِ ایکو سوءِ ॥
ਆਪੇ ਬੀਨਾ ਆਪੇ ਦਾਨਾ ॥	آپے بِینا آپے دانا ॥
ਗਹਿਰ ਗੰਭੀਰੁ ਗਹੀਰੁ ਸੁਜਾਨਾ ॥	گہِر گنّبھیرُ گہیرُ سُجانا ॥
ਪਾਰਬ੍ਰਹਮ ਪਰਮੇਸੁਰ ਗੋਬਿੰਦ ॥	پاربّرہم پرمیسُر گوبِنّد ۔ ॥
ਕ੍ਰਿਪਾ ਨਿਧਾਨ ਦਇਆਲ ਬਖਸੰਦ ॥	کّرِپا نِدھان دئیال بخشنّد ۔ ॥
ਸਾਧ ਤੇਰੇ ਕੀ ਚਰਨੀ ਪਾਉ ॥	سادھ تیرے کی چرنی پاءُ ॥
ਨਾਨਕ ਕੈ ਮਨਿ ਇਹੁ ਅਨਰਾਉ ॥੧॥	نانک کے منِ اِہُ انراءُ ॥1॥
ਮਨਸਾ ਪੂਰਨ ਸਰਨਾ ਜੋਗ ॥	منسا پوُرن سرنا جوگ ॥
ਜੋ ਕਰਿ ਪਾਇਆ ਸੋਈ ਹੋਗੁ ॥	جو کرِ پائیا سوئی ہوگُ ॥

ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥	ہرن بھرن جا کا نیتّر پھورُ ॥
ਤਿਸ ਕਾ ਮੰਤ੍ਰੁ ਨ ਜਾਨੈ ਹੋਰੁ ॥	تِس کا منّتر ن جانے ہورُ ॥
ਅਨਦ ਰੂਪ ਮੰਗਲ ਸਦ ਜਾ ਕੈ ॥	اند روُپ منگل سد جا کے ॥
ਸਰਬ ਥੋਕ ਸੁਨੀਅਹਿ ਘਰਿ ਤਾ ਕੈ ॥	سرب تھوک سُنیئہِ گھرِ تا کے ॥
ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥	راج مہِ راجُ جوگ مہِ جوگی ॥
ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥	تپ مہِ تپیسرُ گرِہست مہِ بھوگی ॥
ਧਿਆਇ ਧਿਆਇ ਭਗਤਹ ਸੁਖੁ ਪਾਇਆ ॥	دھِیاءِ دھِیاءِ بھگتہ سُکھُ پائیا ॥
ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥੨॥	نانک تِس پُرکھ کا کِنے انتُ ن پائیا ॥2॥
ਜਾ ਕੀ ਲੀਲਾ ਕੀ ਮਿਤਿ ਨਾਹਿ ॥	جا کی لِیلا کی مِتِ ناہِ ॥
ਸਗਲ ਦੇਵ ਹਾਰੇ ਅਵਗਾਹਿ ॥	سگل دیو ہارے اوگاہِ ॥
ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥	پِتا کا جنمُ کِ جانے پوُتُ ۔ ॥
ਸਗਲ ਪਰੋਈ ਅਪੁਨੈ ਸੂਤਿ ॥	سگل پروئی اپُنے سوُتِ ॥
ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥	سُمتِ گیانُ دھِیانُ جِن دےءِ ॥
ਜਨ ਦਾਸ ਨਾਮੁ ਧਿਆਵਹਿ ਸੇਇ ॥	جن داس نامُ دھِیاوہِ سےءِ ॥
ਤਿਹੁ ਗੁਣ ਮਹਿ ਜਾ ਕਉ ਭਰਮਾਏ ॥	تِہُ گُنْ مہِ جا کءُ بھرمائے ॥
ਜਨਮਿ ਮਰੈ ਫਿਰਿ ਆਵੈ ਜਾਏ ॥	جنمِ مرے پھِرِ آوے جائے ॥
ਊਚ ਨੀਚ ਤਿਸ ਕੇ ਅਸਥਾਨ ॥	اوُچ نِیچ تِس کے استھان ॥
ਜੈਸਾ ਜਨਾਵੈ ਤੈਸਾ ਨਾਨਕ ਜਾਨ ॥੩॥	جیَسا جناوے تیَسا نانک جان ॥3॥
ਨਾਨਾ ਰੂਪ ਨਾਨਾ ਜਾ ਕੇ ਰੰਗ ॥	نانا روُپ نانا جا کے رنگ ॥
ਨਾਨਾ ਭੇਖ ਕਰਹਿ ਇਕ ਰੰਗ ॥	نانا بھیکھ کرہِ اِک رنگ ॥
ਨਾਨਾ ਬਿਧਿ ਕੀਨੋ ਬਿਸਥਾਰੁ ॥	نانا بِدھِ کِینو بِستھارُ ॥
ਪ੍ਰਭੁ ਅਬਿਨਾਸੀ ਏਕੰਕਾਰੁ ॥	پربھُ ابِناسی ایکنکارُ ॥

ਨਾਨਾ ਚਲਿਤ ਕਰੇ ਖਿਨ ਮਾਹਿ ॥	نانا چلِت کرے کھِن ماہِ ॥
ਪੂਰਿ ਰਹਿਓ ਪੂਰਨੁ ਸਭ ਠਾਇ ॥	پوُرِ رہِئو پوُرنُ سبھ ٹھاءِ ॥
ਨਾਨਾ ਬਿਧਿ ਕਰਿ ਬਨਤ ਬਨਾਈ ॥	نانا بِدھِ کرِ بنت بنائی ॥
ਅਪਨੀ ਕੀਮਤਿ ਆਪੇ ਪਾਈ ॥	اپنی قِیمتِ آپے پائی ॥
ਸਭ ਘਟ ਤਿਸ ਕੇ ਸਭ ਤਿਸ ਕੇ ਠਾਉ ॥	سبھ گھٹ تِس کے سبھ تِس کے ٹھاءُ ॥
ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥੪॥	جپِ جپِ جیِوےَ نانک ہرِ ناءُ ॥4॥
ਨਾਮ ਕੇ ਧਾਰੇ ਸਗਲੇ ਜੰਤ ॥	نام کے دھارے سگلے جنّت ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥	نام کے دھارے کھنّڈ برہمنّڈ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥	نام کے دھارے سِمرِتِ بید پُران ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥	نام کے دھارے سُنن گِیان دھِیان ॥
ਨਾਮ ਕੇ ਧਾਰੇ ਆਗਾਸ ਪਾਤਾਲ ॥	نام کے دھارے آگاس پاتال ॥
ਨਾਮ ਕੇ ਧਾਰੇ ਸਗਲ ਆਕਾਰ ॥	نام کے دھارے سگل آکار ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥	نام کے دھارے پُرِیا سبھ بھون ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥	نام کے سنگِ اُدھرے سُنِ سّرون ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥	کرِ کِرپا جِسُ آپنے نامِ لائے ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥	نانک چتُھے پد مہِ سو جنُ گتِ پائے ॥5॥
ਰੂਪੁ ਸਤਿ ਜਾ ਕਾ ਸਤਿ ਅਸਥਾਨੁ ॥	روُپُ ستِ جا کا ستِ استھانُ ॥
ਪੁਰਖੁ ਸਤਿ ਕੇਵਲ ਪਰਧਾਨੁ ॥	پُرکھُ ستِ کیول پردھانُ ॥
ਕਰਤੂਤਿ ਸਤਿ ਸਤਿ ਜਾ ਕੀ ਬਾਣੀ ॥	کرتوُتِ ستِ ستِ جا کی باٹی ॥
ਸਤਿ ਪੁਰਖ ਸਭ ਮਾਹਿ ਸਮਾਣੀ ॥	ستِ پُرکھ سبھ ماہِ سماٹی ॥
ਸਤਿ ਕਰਮੁ ਜਾ ਕੀ ਰਚਨਾ ਸਤਿ ॥	ستِ کرمُ جا کی رچنا ستِ ॥

ਮੂਲੁ ਸਤਿ ਸਤਿ ਉਤਪਤਿ ॥	مُولُ ستِ ستِ اُتپتِ ॥
ਸਤਿ ਕਰਣੀ ਨਿਰਮਲ ਨਿਰਮਲੀ ॥	ستِ کرنّی نِرمل نِرملی ॥
ਜਿਸਹਿ ਬੁਝਾਏ ਤਿਸਹਿ ਸਭ ਭਲੀ ॥	جِسہِ بُجھائے تِسہِ سبھ بھلی ॥
ਸਤਿ ਨਾਮੁ ਪ੍ਰਭ ਕਾ ਸੁਖਦਾਈ ॥	ستِ نامُ پربھ کا سُکھدائی ॥
ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥੬॥	بِسّواسُ ستِ نانک گُر تے پائی ॥6॥
ਸਤਿ ਬਚਨ ਸਾਧੂ ਉਪਦੇਸ ॥	ستِ بچن سادھوُ اُپدیس ॥
ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ ॥	ستِ تے جن جا کے رِدے پرویس ॥
ਸਤਿ ਨਿਰਤਿ ਬੂਝੈ ਜੇ ਕੋਇ ॥	ستِ نِرتِ بوُجھے جے کوءِ ॥
ਨਾਮੁ ਜਪਤ ਤਾ ਕੀ ਗਤਿ ਹੋਇ ॥	نامُ جپت تا کی گتِ ہوءِ ॥
ਆਪਿ ਸਤਿ ਕੀਆ ਸਭੁ ਸਤਿ ॥	آپِ ستِ کِیا سبھُ ستِ ॥
ਆਪੇ ਜਾਨੈ ਅਪਨੀ ਮਿਤਿ ਗਤਿ ॥	آپے جانے اپنی مِتِ گتِ ॥
ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥	جِس کی سرِسٹِ سُ کرنّیہارُ ॥
ਅਵਰ ਨ ਬੂਝਿ ਕਰਤ ਬੀਚਾਰੁ ॥	اور ن بوُجھِ کرت بیچارُ ॥
ਕਰਤੇ ਕੀ ਮਿਤਿ ਨ ਜਾਨੈ ਕੀਆ ॥	کرتے کی مِتِ ن جانے کِیا ॥
ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥੭॥	نانک جو تِس بھاوے سو ورتِیا ॥7॥
ਬਿਸਮਨ ਬਿਸਮ ਭਏ ਬਿਸਮਾਦ ॥	بِسمن بِسم بھئے بِسماد ॥
ਜਿਨਿ ਬੂਝਿਆ ਤਿਸੁ ਆਇਆ ਸ੍ਵਾਦ ॥	جِنِ بوُجھیا تِس آئیا سّواد ॥
ਪ੍ਰਭ ਕੈ ਰੰਗਿ ਰਾਚਿ ਜਨ ਰਹੇ ॥	پربھ کے رنگِ راچِ جن رہے ॥
ਗੁਰ ਕੈ ਬਚਨਿ ਪਦਾਰਥ ਲਹੇ ॥	گُر کے بچنِ پدارتھ لہے ॥
ਓਇ ਦਾਤੇ ਦੁਖ ਕਾਟਨਹਾਰ ॥	اوءِ داتے دُکھ کاٹنہار ॥
ਜਾ ਕੈ ਸੰਗਿ ਤਰੈ ਸੰਸਾਰ ॥	جا کے سنگِ ترے سنّسار ॥
ਜਨ ਕਾ ਸੇਵਕੁ ਸੋ ਵਡਭਾਗੀ ॥	جن کا سیوکُ سو وڈبھاگی ॥

ਜਨ ਕੈ ਸੰਗਿ ਏਕ ਲਿਵ ਲਾਗੀ ॥	جن کے سنگِ ایک لِو لاگی ॥
ਗੁਨ ਗੋਬਿਦ ਕੀਰਤਨੁ ਜਨੁ ਗਾਵੈ ॥	گُن گوبِد کیرتنُ جنُ گاوے ॥
ਗੁਰ ਪ੍ਰਸਾਦਿ ਨਾਨਕ ਫਲੁ ਪਾਵੈ ॥੮॥੧੬॥	گُر پرّسادِ نانک پھلُ پاوے ॥8॥ 16 ॥
ਸਲੋਕੁ ॥	سلوکُ ॥
ਆਦਿ ਸਚੁ ਜੁਗਾਦਿ ਸਚੁ ॥	آدِ سچُ جُگادِ سچُ ॥
ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥੧॥	ہے بھِ سچُ نانک ہوسی بھِ سچُ ॥1॥
ਅਸਟਪਦੀ ॥	اسٹپدی ॥
ਚਰਨ ਸਤਿ ਸਤਿ ਪਰਸਨਹਾਰ ॥	چرن ستِ ستِ پرسنہار ॥
ਪੂਜਾ ਸਤਿ ਸਤਿ ਸੇਵਦਾਰ ॥	پُوجا ستِ ستِ سیودار ॥
ਦਰਸਨੁ ਸਤਿ ਸਤਿ ਪੇਖਨਹਾਰ ॥	درسنُ ستِ ستِ پیکھنہار ॥
ਨਾਮੁ ਸਤਿ ਸਤਿ ਧਿਆਵਨਹਾਰ ॥	نامُ ستِ ستِ دھیاونہار ॥
ਆਪਿ ਸਤਿ ਸਤਿ ਸਭ ਧਾਰੀ ॥	آپِ ستِ ستِ سبھ دھاری ॥
ਆਪੇ ਗੁਣ ਆਪੇ ਗੁਣਕਾਰੀ ॥	آپے گُنٌ آپے گُنکاری ॥
ਸਬਦੁ ਸਤਿ ਸਤਿ ਪ੍ਰਭੁ ਬਕਤਾ ॥	سبدُ ستِ ستِ پربھُ بکتا ॥
ਸੁਰਤਿ ਸਤਿ ਸਤਿ ਜਸੁ ਸੁਨਤਾ ॥	سُرتِ ستِ ستِ جسُ سُنتا ॥
ਬੁਝਨਹਾਰ ਕਉ ਸਤਿ ਸਭ ਹੋਇ ॥	بُجھنہار کءُ ستِ سبھ ہوءِ ॥
ਨਾਨਕ ਸਤਿ ਸਤਿ ਪ੍ਰਭੁ ਸੋਇ ॥੧॥	نانک ستِ ستِ پربھُ سوءِ ॥1॥
ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥	ستِ سروُپُ رِدے جِنِ مانِیا ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥	کرن کراون تِنِ مؤلُ پچھانِیا ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥	جا کے رِدے بِسّواسُ پربھ آئیا ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥	تتُ گیانُ تِسُ منِ پرّگٹائیا ॥
ਭੈ ਤੇ ਨਿਰਭਉ ਹੋਇ ਬਸਾਨਾ ॥	بھے تے نربھءُ ہوءِ بسانا ॥

ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥	جِس تے اُپجیا تِس ماہِ سمانا ॥
ਬਸਤੁ ਮਾਹਿ ਲੇ ਬਸਤੁ ਗਡਾਈ ॥	بست ماہِ لے بست گڈائی ॥
ਤਾ ਕਉ ਭਿੰਨ ਨ ਕਹਨਾ ਜਾਈ ॥	تا کءُ بھِنّ ن کہنا جائی ॥
ਬੂਝੈ ਬੂਝਨਹਾਰੁ ਬਿਬੇਕ ॥	بُوجھے بُوجھنہارُ بِبیک ॥
ਨਾਰਾਇਨ ਮਿਲੇ ਨਾਨਕ ਏਕ ॥੨॥	نارائِن مِلے نانک ایک ॥2॥
ਠਾਕੁਰ ਕਾ ਸੇਵਕੁ ਆਗਿਆਕਾਰੀ ॥	ٹھاکُر کا سیوکُ آگیاکاری ॥
ਠਾਕੁਰ ਕਾ ਸੇਵਕੁ ਸਦਾ ਪੂਜਾਰੀ ॥	ٹھاکُر کا سیوکُ سدا پُوجاری ॥
ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥	ٹھاکُر کے سیوک کے مَنِ پرتیتِ ॥
ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ ॥	ٹھاکُر کے سیوک کی نِرمل ریتِ ॥
ਠਾਕੁਰ ਕਉ ਸੇਵਕੁ ਜਾਨੈ ਸੰਗਿ ॥	ٹھاکُر کءُ سیوکُ جانے سنگِ ॥
ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥	پربھ کا سیوکُ نام کے رنگِ ॥
ਸੇਵਕ ਕਉ ਪ੍ਰਭ ਪਾਲਨਹਾਰਾ ॥	سیوک کءُ پربھ پالنہارا ॥
ਸੇਵਕ ਕੀ ਰਾਖੈ ਨਿਰੰਕਾਰਾ ॥	سیوک کی راکھے نِرنکارا ॥
ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ ॥	سو سیوکُ جِس دئیا پربھُ دھارے ॥
ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ ॥੩॥	نانک سو سیوکُ ساسِ ساسِ سمارے ॥3॥
ਅਪੁਨੇ ਜਨ ਕਾ ਪਰਦਾ ਢਾਕੈ ॥	اپُنے جن کا پردا ڈھاکے ॥
ਅਪਨੇ ਸੇਵਕ ਕੀ ਸਰਪਰ ਰਾਖੈ ॥	اپنے سیوک کی سرپر راکھے ॥
ਅਪਨੇ ਦਾਸ ਕਉ ਦੇਇ ਵਡਾਈ ॥	اپنے داس کءُ دےءِ وڈائی ॥
ਅਪਨੇ ਸੇਵਕ ਕਉ ਨਾਮੁ ਜਪਾਈ ॥	اپنے سیوک کءُ نامُ جپائی ॥
ਅਪਨੇ ਸੇਵਕ ਕੀ ਆਪਿ ਪਤਿ ਰਾਖੈ ॥	اپنے سیوک کی آپِ پتِ راکھے ॥
ਤਾ ਕੀ ਗਤਿ ਮਿਤਿ ਕੋਇ ਨ ਲਾਖੈ ॥	تا کی گتِ مِتِ کوءِ ن لاکھے ॥
ਪ੍ਰਭ ਕੇ ਸੇਵਕ ਕਉ ਕੋ ਨ ਪਹੂਚੈ ॥	پربھ کے سیوک کءُ کو ن پہوُچے ॥

ਪ੍ਰਭ ਕੇ ਸੇਵਕ ਊਚ ਤੇ ਊਚੇ ॥	پربھ کے سیوک اوُچ تے اوُچے ॥
ਜੋ ਪ੍ਰਭਿ ਅਪਨੀ ਸੇਵਾ ਲਾਇਆ ॥	جو پربھِ اپنی سیوا لائیا ॥
ਨਾਨਕ ਸੋ ਸੇਵਕੁ	نانک سو سیوکُ
ਦਹ ਦਿਸਿ ਪ੍ਰਗਟਾਇਆ ॥੪॥	دہ دِس پرگٹائیا ॥4॥
ਨੀਕੀ ਕੀਰੀ ਮਹਿ ਕਲ ਰਾਖੈ ॥	نِیکی کیِری مہِ کل راکھےَ ॥
ਭਸਮ ਕਰੈ ਲਸਕਰ ਕੋਟਿ ਲਾਖੈ ॥	بھسم کرے لشکر کوٹِ لاکھےَ ॥
ਜਿਸ ਕਾ ਸਾਸੁ ਨ ਕਾਢਤ ਆਪਿ ॥	جِس کا ساسُ ن کاڈھت آپِ ॥
ਤਾ ਕਉ ਰਾਖਤ ਦੇ ਕਰਿ ਹਾਥ ॥	تا کءُ راکھت دے کرِ ہاتھ ॥
ਮਾਨਸ ਜਤਨ ਕਰਤ ਬਹੁ ਭਾਤਿ ॥	مانس جتن کرت بہُ بھاتِ ॥
ਤਿਸ ਕੇ ਕਰਤਬ ਬਿਰਥੇ ਜਾਤਿ ॥	تِس کے کرتب بِرتھے جاتِ ॥
ਮਾਰੈ ਨ ਰਾਖੈ ਅਵਰੁ ਨ ਕੋਇ ॥	مارےَ ن راکھےَ اورُ ن کوءِ ॥
ਸਰਬ ਜੀਆ ਕਾ ਰਾਖਾ ਸੋਇ ॥	سرب جِیا کا راکھا سوءِ ॥
ਕਾਹੇ ਸੋਚ ਕਰਹਿ ਰੇ ਪ੍ਰਾਣੀ ॥	کاہے سوچ کرہِ رے پرّانٹی ۔ ॥
ਜਪਿ ਨਾਨਕ ਪ੍ਰਭ ਅਲਖ ਵਿਡਾਣੀ ॥੫॥	جپِ نانک پربھ الکھ وِڈانٹی ॥5॥
ਬਾਰੰ ਬਾਰ ਬਾਰ ਪ੍ਰਭੁ ਜਪੀਐ ॥	بارنَ بار بار پربھُ جپیئےَ ॥
ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥	پی انمّرِتُ اِہُ منُ تنُ دھرپیئےَ ॥
ਨਾਮ ਰਤਨੁ ਜਿਨਿ ਗੁਰਮੁਖਿ ਪਾਇਆ ॥	نام رتنُ جِنِ گُرمُکھِ پائیا ॥
ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ ॥	تِس کِچھُ اورُ ناہی دِرسٹائیا ॥
ਨਾਮੁ ਧਨੁ ਨਾਮੋ ਰੂਪੁ ਰੰਗੁ ॥	نامُ دھنُ نامو روُپُ رنگُ ॥
ਨਾਮੋ ਸੁਖੁ ਹਰਿ ਨਾਮ ਕਾ ਸੰਗੁ ॥	نامو سُکھُ ہرِ نام کا سنگُ ॥
ਨਾਮ ਰਸਿ ਜੋ ਜਨ ਤ੍ਰਿਪਤਾਨੇ ॥	نام رسِ جو جن ترِپتانے ॥
ਮਨ ਤਨ ਨਾਮਹਿ ਨਾਮਿ ਸਮਾਨੇ ॥	من تن نامہِ نامِ سمانے ॥
ਊਠਤ ਬੈਠਤ ਸੋਵਤ ਨਾਮ ॥	اوُٹھت بیٹھت سووت نام ॥

ਕਹੁ ਨਾਨਕ ਜਨ ਕੈ ਸਦ ਕਾਮ ॥੬॥	کہُ نانک جن کے سد کام ॥6॥
ਬੋਲਹੁ ਜਸੁ ਜਿਹਬਾ ਦਿਨੁ ਰਾਤਿ ॥	بولہُ جسُ جِہبا دِنُ راتِ ॥
ਪ੍ਰਭਿ ਅਪਨੈ ਜਨ ਕੀਨੀ ਦਾਤਿ ॥	پربھِ اپنے جن کِینی داتِ ॥
ਕਰਹਿ ਭਗਤਿ ਆਤਮ ਕੈ ਚਾਇ ॥	کرہِ بھگتِ آتم کے چاءِ ॥
ਪ੍ਰਭ ਅਪਨੇ ਸਿਉ ਰਹਹਿ ਸਮਾਇ ॥	پربھ اپنے سِءُ رہہِ سماءِ ॥
ਜੋ ਹੋਆ ਹੋਵਤ ਸੋ ਜਾਨੈ ॥	جو ہویا ہووت سو جانے ॥
ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥	پربھ اپنے کا حُکمُ پچھانے ॥
ਤਿਸ ਕੀ ਮਹਿਮਾ ਕਉਨ ਬਖਾਨਉ ॥	تِس کی مہِما کنُن بکھانءُ ۔ ॥
ਤਿਸ ਕਾ ਗੁਨੁ ਕਹਿ ਏਕ ਨ ਜਾਨਉ ॥	تِس کا گُنُ کہِ ایک ن جانءُ ॥
ਆਠ ਪਹਰ ਪ੍ਰਭ ਬਸਹਿ ਹਜੂਰੇ ॥	آٹھ پہر پربھ بسہِ حضوُرے ॥
ਕਹੁ ਨਾਨਕ ਸੇਈ ਜਨ ਪੂਰੇ ॥੭॥	کہُ نانک سیئی جن پوُرے ॥7॥
ਮਨ ਮੇਰੇ ਤਿਨ ਕੀ ਓਟ ਲੇਹਿ ॥	من میرے تِن کی اوٹ لیہِ ॥
ਮਨੁ ਤਨੁ ਅਪਨਾ ਤਿਨ ਜਨ ਦੇਹਿ ॥	منُ تنُ اپنا تِن جن دیہِ ॥
ਜਿਨਿ ਜਨਿ ਅਪਨਾ ਪ੍ਰਭੂ ਪਛਾਤਾ ॥	جِنِ جنِ اپنا پربھوُ پچھاتا ॥
ਸੋ ਜਨੁ ਸਰਬ ਥੋਕ ਕਾ ਦਾਤਾ ॥	سو جنُ سرب تھوک کا داتا ॥
ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥	تِس کی سرنِ سرب سُکھ پاوہِ ॥
ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ॥	تِس کے درسِ سبھ پاپ مِٹاوہِ ॥
ਅਵਰ ਸਿਆਨਪ ਸਗਲੀ ਛਾਡੁ ॥	اور سِیانپ سگلی چھاڈُ ॥
ਤਿਸੁ ਜਨ ਕੀ ਤੂ ਸੇਵਾ ਲਾਗੁ ॥	تِسُ جن کی توُ سیوا لاگُ ॥
ਆਵਨੁ ਜਾਨੁ ਨ ਹੋਵੀ ਤੇਰਾ ॥	آونُ جانُ ن ہووی تیرا ॥
ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥੮॥੧੭॥	نانک تِسُ جن کے پوُجہُ سد پیرا ॥8॥ 17 ॥
ਸਲੋਕੁ ॥	سلوکُ ॥
ਸਤਿ ਪੁਰਖੁ ਜਿਨਿ ਜਾਨਿਆ	ستِ پُرکھُ جِنِ جانیا

ਸਤਿਗੁਰੁ ਤਿਸ ਕਾ ਨਾਉ ॥	ستِگُر تِس کا ناءُ ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥੧॥	تِس کے سنگِ سِکھُ اُدھرے نانک ہرِ گُن گاءُ ॥1॥
ਅਸਟਪਦੀ ॥	اسٹپدی ॥
ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥	ستِگُر سِکھ کی کرے پرتپال ॥
ਸੇਵਕ ਕਉ ਗੁਰੁ ਸਦਾ ਦਇਆਲ ॥	سیوک کءُ گُر سدا دئیال ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥	سِکھ کی گُر دُرمتِ ملُ ہرے ॥
ਗੁਰ ਬਚਨੀ ਹਰਿ ਨਾਮੁ ਉਚਰੈ ॥	گُر بچنی ہرِ نامُ اُچرے ॥
ਸਤਿਗੁਰੁ ਸਿਖ ਕੇ ਬੰਧਨ ਕਾਟੈ ॥	ستِگُر سِکھ کے بندھن کاٹے ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥	گُر کا سِکھُ بِکار تے ہاٹے ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥	ستِگُر سِکھ کءُ نام دھنُ دےءِ ॥
ਗੁਰ ਕਾ ਸਿਖੁ ਵਡਭਾਗੀ ਹੇ ॥	گُر کا سِکھُ وڈبھاگی ہے ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥	ستِگُر سِکھ کا ہلت پلت سوارے ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥	نانک ستِگُر سِکھ کءُ جیء نالِ سمارے ॥1॥
ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥	گُر کے گرِہِ سیوکُ جو رہے ॥
ਗੁਰ ਕੀ ਆਗਿਆ ਮਨ ਮਹਿ ਸਹੈ ॥	گُر کی آگیا من مہِ سہے ॥
ਆਪਸ ਕਉ ਕਰਿ ਕਛੁ ਨ ਜਨਾਵੈ ॥	آپس کءُ کرِ کچھُ ن جناوے ॥
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥	ہرِ ہرِ نامُ رِدے سد دھیاوے ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥	منُ بیچے ستِگُر کے پاسِ ॥
ਤਿਸੁ ਸੇਵਕ ਕੇ ਕਾਰਜ ਰਾਸਿ ॥	تِس سیوک کے کارج راسِ ॥
ਸੇਵਾ ਕਰਤ ਹੋਇ ਨਿਹਕਾਮੀ ॥	سیوا کرت ہوءِ نِہکامی ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥	تِس کءُ ہوت پراپتِ سُیامی ॥

ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥	اپنی کرِپا جِسُ آپِ کرے ॥
ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥	نانک سو سیوکُ گُر کی متِ لے ॥2॥
ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥	بِیس بِسوے گُر کا منُ مانے ॥
ਸੋ ਸੇਵਕੁ ਪਰਮੇਸਰੁ ਕੀ ਗਤਿ ਜਾਨੈ ॥	سو سیوکُ پریسرُ کی گتِ جانے ॥
ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥	سو ستِگُرُ جِسُ رِدے ہرِ ناءُ ॥
ਅਨਿਕ ਬਾਰ ਗੁਰ ਕਉ ਬਲਿ ਜਾਉ ॥	اِنک بار گُر کءُ بلِ جاءُ ॥
ਸਰਬ ਨਿਧਾਨ ਜੀਅ ਕਾ ਦਾਤਾ ॥	سرب نِدھان جیء کا داتا ॥
ਆਠ ਪਹਰ ਪਾਰਬ੍ਰਹਮ ਰੰਗਿ ਰਾਤਾ ॥	آٹھ پہر پاربّرہم رنگِ راتا ॥
ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥	بّرہم مہِ جنُ جن مہِ پاربّرہمُ ॥
ਏਕਹਿ ਆਪਿ ਨਹੀ ਕਛੁ ਭਰਮੁ ॥	ایکہِ آپِ نہی کچھُ بھرمُ ॥
ਸਹਸ ਸਿਆਨਪ ਲਇਆ ਨ ਜਾਈਐ ॥	سہس سِیانپ لِئیا ن جائیئے ॥
ਨਾਨਕ ਐਸਾ ਗੁਰੁ ਬਡਭਾਗੀ ਪਾਈਐ ॥੩॥	نانک ایَسا گُرُ بڈبھاگی پائیئے ॥3॥
ਸਫਲ ਦਰਸਨੁ ਪੇਖਤ ਪੁਨੀਤ ॥	سپھل درسنُ پیکھت پُنیت ॥
ਪਰਸਤ ਚਰਨ ਗਤਿ ਨਿਰਮਲ ਰੀਤਿ ॥	پرست چرن گتِ نِرمل ریتِ ॥
ਭੇਟਤ ਸੰਗਿ ਰਾਮ ਗੁਨ ਰਵੇ ॥	بھیٹت سنگِ رام گُن روے ॥
ਪਾਰਬ੍ਰਹਮ ਕੀ ਦਰਗਹ ਗਵੇ ॥	پاربّرہم کی درگہ گوے ॥
ਸੁਨਿ ਕਰਿ ਬਚਨ ਕਰਨ ਆਘਾਨੇ ॥	سُنِ کرِ بچن کرن آگھانے ॥
ਮਨਿ ਸੰਤੋਖੁ ਆਤਮ ਪਤੀਆਨੇ ॥	منِ سنّتوکھُ آتم پتیِیانے ॥
ਪੂਰਾ ਗੁਰੁ ਅਖਉ ਜਾ ਕਾ ਮੰਤ੍ਰੁ ॥	پوُرا گُرُ اکھیئو جا کا منّتر ॥
ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥	انّمرِت دّرِستِ پیکھے ہوءِ سنّت ॥
ਗੁਣ ਬਿਅੰਤ ਕੀਮਤਿ ਨਹੀ ਪਾਇ ॥	گُن بِئنّت قِیمتِ نہی پاءِ ॥
ਨਾਨਕ ਜਿਸੁ ਭਾਵੈ	نانک جِسُ بھاوے

ਤਿਸੁ ਲਏ ਮਿਲਾਇ ॥4॥	تِس لے مِلاءِ ॥4॥
ਜਿਹਬਾ ਏਕ ਉਸਤਤਿ ਅਨੇਕ ॥	جِہبا ایک اُستتِ انیک ॥
ਸਤਿ ਪੁਰਖ ਪੂਰਨ ਬਿਬੇਕ ॥	ستِ پُرکھ پوُرن بِبیک ॥
ਕਾਹੂ ਬੋਲ ਨ ਪਹੁਚਤ ਪ੍ਰਾਨੀ ॥	کاہوُ بول ن پہُچت پّرانی ॥
ਅਗਮ ਅਗੋਚਰ ਪ੍ਰਭ ਨਿਰਬਾਨੀ ॥	اگم اگوچر پّربھ نِربانی ॥
ਨਿਰਾਹਾਰ ਨਿਰਵੈਰ ਸੁਖਦਾਈ ॥	نِراہار نِرویَر سُکھدائیَ ॥
ਤਾ ਕੀ ਕੀਮਤਿ ਕਿਨੈ ਨ ਪਾਈ ॥	تا کی قِیمتِ کِنے ن پائی ॥
ਅਨਿਕ ਭਗਤ ਬੰਦਨ ਨਿਤ ਕਰਹਿ ॥	اِنِک بھگت بندن نِت کرہِ ॥
ਚਰਨ ਕਮਲ ਹਿਰਦੈ ਸਿਮਰਹਿ ॥	چرن کمل ہِردے سِمرہِ ॥
ਸਦ ਬਲਿਹਾਰੀ ਸਤਿਗੁਰ ਅਪਨੇ ॥	سد بلِہاری ستِگُر اپنے ॥
ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ ॥੫॥	نانک جِسُ پّرسادِ ایَسا پّربھُ جپنے ॥5॥
ਇਹੁ ਹਰਿ ਰਸੁ ਪਾਵੈ ਜਨੁ ਕੋਇ ॥	اِہُ ہرِ رسُ پاوے جنُ کوءِ ॥
ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥	انّمرِتُ پیِوے امرُ سو ہوءِ ॥
ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥	اُسُ پُرکھ کا ناہی کدے بِناس ॥
ਜਾ ਕੈ ਮਨਿ ਪ੍ਰਗਟੇ ਗੁਨਤਾਸ ॥	جا کے منِ پّرگٹے گُنتاس ॥
ਆਠ ਪਹਰ ਹਰਿ ਕਾ ਨਾਮੁ ਲੇਇ ॥	آٹھ پہر ہرِ کا نامُ لےءِ ॥
ਸਚੁ ਉਪਦੇਸੁ ਸੇਵਕ ਕਉ ਦੇਇ ॥	سچُ اُپدیسُ سیوک کءُ دےءِ ॥
ਮੋਹ ਮਾਇਆ ਕੈ ਸੰਗਿ ਨ ਲੇਪੁ ॥	موہ مائیا کے سنگِ ن لیپُ ॥
ਮਨ ਮਹਿ ਰਾਖੈ ਹਰਿ ਹਰਿ ਏਕੁ ॥	من مہِ راکھے ہرِ ہرِ ایکُ ॥
ਅੰਧਕਾਰ ਦੀਪਕ ਪਰਗਾਸੇ ॥	انّدھکار دیپک پرگاسے ॥
ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥੬॥	نانک بھرم موہ دُکھ تہ تے ناسے ॥6॥
ਤਪਤਿ ਮਾਹਿ ਠਾਢਿ ਵਰਤਾਈ ॥	تپتِ ماہِ ٹھاڈھِ ورتائیَ ॥

ਅਨਦੁ ਭਇਆ ਦੁਖ ਨਾਠੇ ਭਾਈ ॥	اندُ بھئیا دُکھ ناٹھے بھائی ॥
ਜਨਮ ਮਰਨ ਕੇ ਮਿਟੇ ਅੰਦੇਸੇ ॥	جنم مرن کے مِٹے اندیسے ॥
ਸਾਧੂ ਕੇ ਪੂਰਨ ਉਪਦੇਸੇ ॥	سادھوُ کے پوُرن اُپدیسے ॥
ਭਉ ਚੂਕਾ ਨਿਰਭਉ ਹੋਇ ਬਸੇ ॥	بھ ءُ چوُکا نِربھ ءُ ہوءِ بسے ॥
ਸਗਲ ਬਿਆਧਿ ਮਨ ਤੇ ਖੈ ਨਸੇ ॥	سگل بِیادھِ من تے کھےَ نسے ॥
ਜਿਸ ਕਾ ਸਾ ਤਿਨਿ ਕਿਰਪਾ ਧਾਰੀ ॥	جِس کا سا تِنِ کِرپا دھاری ॥
ਸਾਧਸੰਗਿ ਜਪਿ ਨਾਮੁ ਮੁਰਾਰੀ ॥	سادھسنگِ جپِ نامُ مُراری ॥
ਥਿਤਿ ਪਾਈ ਚੂਕੇ ਭ੍ਰਮ ਗਵਨ ॥	تھِتِ پائی چوُکے بھّرم گون ॥
ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ ॥੭॥	سُنِ نانک ہرِ ہرِ جسُ سّرون ॥7॥
ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥	نِرگُنُ آپِ سرگُنُ بھی اوہی ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥	کلا دھارِ جِنِ سگلی موہی ॥
ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥	اپنے چرِت پربھِ آپِ بنائے ॥
ਅਪੁਨੀ ਕੀਮਤਿ ਆਪੇ ਪਾਏ ॥	اپُنی قِیمتِ آپے پائے ॥
ਹਰਿ ਬਿਨੁ ਦੂਜਾ ਨਾਹੀ ਕੋਇ ॥	ہرِ بِنُ دوُجا ناہی کوءِ ॥
ਸਰਬ ਨਿਰੰਤਰਿ ਏਕੋ ਸੋਇ ॥	سرب نِرنترِ ایکو سوءِ ॥
ਓਤਿ ਪੋਤਿ ਰਵਿਆ ਰੂਪ ਰੰਗ ॥	اوتِ پوتِ روِیا روُپ رنگ ॥
ਭਏ ਪ੍ਰਗਾਸ ਸਾਧ ਕੈ ਸੰਗ ॥	بھےَ پرگاس سادھ کے سنگ ॥
ਰਚਿ ਰਚਨਾ ਅਪਨੀ ਕਲ ਧਾਰੀ ॥	رچِ رچنا اپنی کل دھاری ॥
ਅਨਿਕ ਬਾਰ ਨਾਨਕ ਬਲਿਹਾਰੀ ॥੮॥੧੮॥	اِنک بار نانک بلِہاری ॥8॥ 18 ॥
ਸਲੋਕੁ ॥	سلوکُ ॥
ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥	ساتھِ ن چالے بِنُ بھجن بِکھیا سگلی چھارُ ॥
ਹਰਿ ਹਰਿ ਨਾਮੁ ਕਮਾਵਨਾ	ہرِ ہرِ نامُ کماونا

ਨਾਨਕ ਇਹੁ ਧਨੁ ਸਾਰੁ ॥੧॥	نانک اِہُ دھنُ سارُ ॥1॥
ਅਸਟਪਦੀ ॥	اسٹپدی ॥
ਸੰਤ ਜਨਾ ਮਿਲਿ ਕਰਹੁ ਬੀਚਾਰੁ ॥	سنّت جنا مِلِ کرہُ بیچارُ ॥
ਏਕੁ ਸਿਮਰਿ ਨਾਮ ਆਧਾਰੁ ॥	ایکُ سِمرِ نام آدھارُ ॥
ਅਵਰਿ ਉਪਾਵ ਸਭਿ ਮੀਤ ਬਿਸਾਰਹੁ ॥	اورِ اُپاو سبھِ میت بِسارہُ ॥
ਚਰਨ ਕਮਲ ਰਿਦ ਮਹਿ ਉਰਿ ਧਾਰਹੁ ॥	چرن کمل رِد مہِ اُرِ دھارہُ ॥
ਕਰਨ ਕਾਰਨ ਸੋ ਪ੍ਰਭੁ ਸਮਰਥੁ ॥	کرن کارن سو پربھُ سمرتھُ ॥
ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ ॥	دّرِڑُ کرِ گہہُ نامُ ہرِ وتھُ ॥
ਇਹੁ ਧਨੁ ਸੰਚਹੁ ਹੋਵਤੁ ਭਗਵੰਤ ॥	اِہُ دھنُ سنچّہُ ہووتُ بھگونّت ॥
ਸੰਤ ਜਨਾ ਕਾ ਨਿਰਮਲ ਮੰਤ ॥	سنّت جنا کا نِرمل منّت ॥
ਏਕ ਆਸ ਰਾਖਹੁ ਮਨ ਮਾਹਿ ॥	ایک آس راکھہُ من ماہِ ॥
ਸਰਬ ਰੋਗ ਨਾਨਕ ਮਿਟਿ ਜਾਹਿ ॥੧॥	سرب روگ نانک مِٹِ جاہِ ॥1॥
ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ ॥	جِسُ دھن کءُ چارِ کُنّٹ اُٹھِ دھاوہِ ॥
ਸੋ ਧਨੁ ਹਰਿ ਸੇਵਾ ਤੇ ਪਾਵਹਿ ॥	سو دھنُ ہرِ سیوا تے پاوہِ ॥
ਜਿਸੁ ਸੁਖ ਕਉ ਨਿਤ ਬਾਛਹਿ ਮੀਤ ॥	جِسُ سُکھ کءُ نِت باچھہِ میت ۔ ॥
ਸੋ ਸੁਖੁ ਸਾਧੂ ਸੰਗਿ ਪਰੀਤਿ ॥	سو سُکھُ سادھوُ سنگِ پریتِ ॥
ਜਿਸੁ ਸੋਭਾ ਕਉ ਕਰਹਿ ਭਲੀ ਕਰਨੀ ॥	جِسُ سوبھا کءُ کرہِ بھلی کرنی ॥
ਸਾ ਸੋਭਾ ਭਜੁ ਹਰਿ ਕੀ ਸਰਨੀ ॥	سا سوبھا بھجُ ہرِ کی سرنی ॥
ਅਨਿਕ ਉਪਾਵੀ ਰੋਗੁ ਨ ਜਾਇ ॥	انِک اُپاوی روگُ ن جاءِ ॥
ਰੋਗੁ ਮਿਟੈ ਹਰਿ ਅਵਖਧੁ ਲਾਇ ॥	روگُ مِٹے ہرِ اوکھدھُ لاءِ ॥
ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ ॥	سرب نِدھان مہِ ہرِ نامُ نِدھانُ ॥
ਜਪਿ ਨਾਨਕ ਦਰਗਹਿ ਪਰਵਾਨੁ ॥੨॥	جپِ نانک درگہِ پروانُ ॥2॥

ਮਨੁ ਪਰਬੋਧਹੁ ਹਰਿ ਕੈ ਨਾਇ ॥	منُ پربودھہُ ہرِ کے ناءِ ॥
ਦਹ ਦਿਸਿ ਧਾਵਤ ਆਵੈ ਠਾਇ ॥	دہ دِسِ دھاوت آوے ٹھاءِ ॥
ਤਾ ਕਉ ਬਿਘਨੁ ਨ ਲਾਗੈ ਕੋਇ ॥	تا ک ءُ بِگھنُ ن لاگے کوءِ ॥
ਜਾ ਕੈ ਰਿਦੈ ਬਸੈ ਹਰਿ ਸੋਇ ॥	جا کے رِدے بسے ہرِ سوءِ ॥
ਕਲਿ ਤਾਤੀ ਠਾਂਢਾ ਹਰਿ ਨਾਉ ॥	کلِ تاتی ٹھانڈھا ہرِ ناءُ ॥
ਸਿਮਰਿ ਸਿਮਰਿ ਸਦਾ ਸੁਖ ਪਾਉ ॥	سِمرِ سِمرِ سدا سُکھ پاءُ ॥
ਭਉ ਬਿਨਸੈ ਪੂਰਨ ਹੋਇ ਆਸ ॥	بھ ءُ بِنسے پوُرن ہوءِ آس ॥
ਭਗਤਿ ਭਾਇ ਆਤਮ ਪਰਗਾਸ ॥	بھگتِ بھاءِ آتم پرگاس ॥
ਤਿਤੁ ਘਰਿ ਜਾਇ ਬਸੈ ਅਬਿਨਾਸੀ ॥	تِتُ گھرِ جاءِ بسے اِبناسی ॥
ਕਹੁ ਨਾਨਕ ਕਾਟੀ ਜਮ ਫਾਸੀ ॥੩॥	کہُ نانک کاٹی جم پھاسی ॥3॥
ਤਤੁ ਬੀਚਾਰੁ ਕਹੈ ਜਨੁ ਸਾਚਾ ॥	تتُ بیچارُ کہے جنُ ساچا ॥
ਜਨਮਿ ਮਰੈ ਸੋ ਕਾਚੋ ਕਾਚਾ ॥	جنمِ مرے سو کاچو کاچا ॥
ਆਵਾ ਗਵਨੁ ਮਿਟੈ ਪ੍ਰਭ ਸੇਵ ॥	آوا گونُ مِٹے پربھ سیو ॥
ਆਪੁ ਤਿਆਗਿ ਸਰਨਿ ਗੁਰਦੇਵ ॥	آپُ تِیاگِ سرنِ گُردیو ॥
ਇਉ ਰਤਨ ਜਨਮ ਕਾ ਹੋਇ ਉਧਾਰੁ ॥	اِءُ رتن جنم کا ہوءِ اُدھارُ ॥
ਹਰਿ ਹਰਿ ਸਿਮਰਿ ਪ੍ਰਾਨ ਆਧਾਰੁ ॥	ہرِ ہرِ سِمرِ پران آدھارُ ॥
ਅਨਿਕ ਉਪਾਵ ਨ ਛੂਟਨਹਾਰੇ ॥	انِک اُپاو ن چھوٹنہارے ॥
ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥	سِمرِتِ ساست بید بیچارے ॥
ਹਰਿ ਕੀ ਭਗਤਿ ਕਰਹੁ ਮਨੁ ਲਾਇ ॥	ہرِ کی بھگتِ کرہُ منُ لاءِ ॥
ਮਨਿ ਬੰਛਤ ਨਾਨਕ ਫਲ ਪਾਇ ॥੪॥	منِ بنچھت نانک پھل پاءِ ॥4॥
ਸੰਗਿ ਨ ਚਾਲਸਿ ਤੇਰੈ ਧਨਾ ॥	سنگِ ن چالسِ تیرے دھنا ॥
ਤੂੰ ਕਿਆ ਲਪਟਾਵਹਿ ਮੂਰਖ ਮਨਾ ॥	توّن کِیا لپٹاوہِ موُرکھ منا ۔ ॥

ਸੁਤ ਮੀਤ ਕੁਟੰਬ ਅਰੁ ਬਨਿਤਾ ॥	سُت میت کُٹنّب ارُ بنِتا ॥
ਇਨ ਤੇ ਕਹਹੁ ਤੁਮ ਕਵਨ ਸਨਾਥਾ ॥	اِن تے کہہُ تُم کون سناتھا ۔ ॥
ਰਾਜ ਰੰਗ ਮਾਇਆ ਬਿਸਥਾਰ ॥	راج رنگ مائیا بِستھار ॥
ਇਨ ਤੇ ਕਹਹੁ ਕਵਨ ਛੁਟਕਾਰ ॥	اِن تے کہہُ کون چھُٹکار ۔ ॥
ਅਸੁ ਹਸਤੀ ਰਥ ਅਸਵਾਰੀ ॥	اسُ ہستی رتھ اسواری ॥
ਝੂਠਾ ਡੰਫੁ ਝੂਠੁ ਪਾਸਾਰੀ ॥	جھوُٹھا ڈنّپھُ جھوُٹھُ پاساری ॥
ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ ॥	جِنِ دیئے تِسُ بُجھے ن بِگانا ॥
ਨਾਮੁ ਬਿਸਾਰਿ ਨਾਨਕ ਪਛੁਤਾਨਾ ॥੫॥	نامُ بِسارِ نانک پچھُتانا ॥5॥
ਗੁਰ ਕੀ ਮਤਿ ਤੂੰ ਲੇਹਿ ਇਆਨੇ ॥	گُر کی متِ توُنّ لیہِ اِیانے ۔ ॥
ਭਗਤਿ ਬਿਨਾ ਬਹੁ ਡੂਬੇ ਸਿਆਨੇ ॥	بھگتِ بِنا بہُ ڈوُبے سِیانے ॥
ਹਰਿ ਕੀ ਭਗਤਿ ਕਰਹੁ ਮਨ ਮੀਤ ॥	ہرِ کی بھگتِ کرہُ من میت ۔ ॥
ਨਿਰਮਲ ਹੋਇ ਤੁਮ੍ਾਰੋ ਚੀਤ ॥	نِرمل ہوءِ تُمہّارو چیت ॥
ਚਰਨ ਕਮਲ ਰਾਖਹੁ ਮਨ ਮਾਹਿ ॥	چرن کمل راکھہُ من ماہِ ॥
ਜਨਮ ਜਨਮ ਕੇ ਕਿਲਬਿਖ ਜਾਹਿ ॥	جنم جنم کے کِلبِکھ جاہِ ॥
ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥	آپِ جپہُ اورا نامُ جپاوہُ ॥
ਸੁਨਤ ਕਹਤ ਰਹਤ ਗਤਿ ਪਾਵਹੁ ॥	سُنت کہت رہت گتِ پاوہُ ॥
ਸਾਰ ਭੂਤ ਸਤਿ ਹਰਿ ਕੋ ਨਾਉ ॥	سار بھوُت ستِ ہرِ کو ناءُ ॥
ਸਹਜਿ ਸੁਭਾਇ ਨਾਨਕ ਗੁਨ ਗਾਉ ॥੬॥	سہجِ سُبھاءِ نانک گُن گاءُ ॥6॥
ਗੁਨ ਗਾਵਤ ਤੇਰੀ ਉਤਰਸਿ ਮੈਲੁ ॥	گُن گاوت تیری اُترسِ میَلُ ॥
ਬਿਨਸਿ ਜਾਇ ਹਉਮੈ ਬਿਖੁ ਫੈਲੁ ॥	بِنسِ جاءِ ہئُمے بِکھُ پھیَلُ ॥
ਹੋਹਿ ਅਚਿੰਤੁ ਬਸੈ ਸੁਖ ਨਾਲਿ ॥	ہوہِ اچِنّتُ بسے سُکھ نالِ ॥
ਸਾਸਿ ਗ੍ਾਸਿ ਹਰਿ ਨਾਮੁ ਸਮਾਲਿ ॥	ساسِ گّراسِ ہرِ نامُ سمالِ ॥

ਛਾਡਿ ਸਿਆਨਪ ਸਗਲੀ ਮਨਾ ॥	چھاڈِ سِیانپ سگلی منا ॥
ਸਾਧਸੰਗਿ ਪਾਵਹਿ ਸਚੁ ਧਨਾ ॥	سادھسنگِ پاوہِ سچُ دھنا ॥
ਹਰਿ ਪੂੰਜੀ ਸੰਚਿ ਕਰਹੁ ਬਿਉਹਾਰੁ ॥	ہرِ پونجی سنچِ کرہُ بِیُہارُ ॥
ਈਹਾ ਸੁਖੁ ਦਰਗਹ ਜੈਕਾਰੁ ॥	ایہا سُکھُ درگہ جیکارُ ॥
ਸਰਬ ਨਿਰੰਤਰਿ ਏਕੋ ਦੇਖੁ ॥	سرب نِرنترِ ایکو دیکھُ ॥
ਕਹੁ ਨਾਨਕ ਜਾ ਕੈ ਮਸਤਕਿ ਲੇਖੁ ॥੭॥	کہُ نانک جا کے مستکِ لیکھُ ॥7॥
ਏਕੋ ਜਪਿ ਏਕੋ ਸਾਲਾਹਿ ॥	ایکو جپِ ایکو سالاہِ ॥
ਏਕੁ ਸਿਮਰਿ ਏਕੋ ਮਨ ਆਹਿ ॥	ایکُ سِمرِ ایکو من آہِ ॥
ਏਕਸ ਕੇ ਗੁਨ ਗਾਉ ਅਨੰਤੁ ॥	ایکس کے گُن گاءُ اننّتُ ॥
ਮਨਿ ਤਨਿ ਜਾਪਿ ਏਕ ਭਗਵੰਤ ॥	منِ تنِ جاپِ ایک بھگونّت ॥
ਏਕੋ ਏਕੁ ਏਕੁ ਹਰਿ ਆਪਿ ॥	ایکو ایکُ ایکُ ہرِ آپِ ॥
ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥	پوُرن پوُرِ رہِئو پربھُ بِیاپِ ॥
ਅਨਿਕ ਬਿਸਥਾਰ ਏਕ ਤੇ ਭਏ ॥	انِک بِستھار ایک تے بھےَ ॥
ਏਕੁ ਅਰਾਧਿ ਪਰਾਛਤ ਗਏ ॥	ایکُ ارادھِ پراچھت گےَ ॥
ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥	من تن انترِ ایکُ پربھُ راتا ॥
ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥੮॥੧੯॥	گُر پرسادِ نانک اِکُ جاتا ॥8॥ 19 ॥
ਸਲੋਕੁ ॥	سلوکُ ॥
ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥	پھِرت پھِرت پربھ آئیا پریا تءُ سرناءِ ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥੧॥	نانک کی پربھ بینتی اپنی بھگتی لاءِ ॥1॥
ਅਸਟਪਦੀ ॥	اسٹپدی ॥
ਜਾਚਕ ਜਨੁ ਜਾਚੈ ਪ੍ਰਭ ਦਾਨੁ ॥	جاچک جنُ جاچےَ پربھ دانُ ॥

ਕਰਿ ਕਿਰਪਾ ਦੇਵਹੁ ਹਰਿ ਨਾਮੁ ॥	کرِ کرپا دیوہُ ہرِ نامُ ॥
ਸਾਧ ਜਨਾ ਕੀ ਮਾਗਉ ਧੂਰਿ ॥	سادھ جنا کی ماگ ءُ دھوُرِ ॥
ਪਾਰਬ੍ਰਹਮੁ ਮੇਰੀ ਸਰਧਾ ਪੂਰਿ ॥	پاربّرہمُ میری سردھا پوُرِ ॥
ਸਦਾ ਸਦਾ ਪ੍ਰਭ ਕੇ ਗੁਨ ਗਾਵਉ ॥	سدا سدا پّربھ کے گُن گاوءُ ॥
ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ ॥	ساسِ ساسِ پّربھ تُمہِ دھیاوءُ ॥
ਚਰਨ ਕਮਲ ਸਿਉ ਲਾਗੈ ਪ੍ਰੀਤਿ ॥	چرن کمل سِءُ لاگے پّریتِ ॥
ਭਗਤਿ ਕਰਉ ਪ੍ਰਭ ਕੀ ਨਿਤ ਨੀਤਿ ॥	بھگتِ کرءُ پّربھ کی نِت نیتِ ॥
ਏਕ ਓਟ ਏਕੋ ਆਧਾਰੁ ॥	ایک اوٹ ایکو آدھارُ ॥
ਨਾਨਕੁ ਮਾਗੈ ਨਾਮੁ ਪ੍ਰਭ ਸਾਰੁ ॥੧॥	نانکُ ماگے نامُ پّربھ سارُ ॥1॥
ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ ॥	پّربھ کی دّرِسٹِ مہا سُکھُ ہوءِ ॥
ਹਰਿ ਰਸੁ ਪਾਵੈ ਬਿਰਲਾ ਕੋਇ ॥	ہرِ رسُ پاوے بِرلا کوءِ ॥
ਜਿਨ ਚਾਖਿਆ ਸੇ ਜਨ ਤ੍ਰਿਪਤਾਨੇ ॥	جِن چاکھِیا سے جن تّرِپتانے ॥
ਪੂਰਨ ਪੁਰਖ ਨਹੀ ਡੋਲਾਨੇ ॥	پوُرن پُرکھ نہی ڈولانے ॥
ਸੁਭਰ ਭਰੇ ਪ੍ਰੇਮ ਰਸ ਰੰਗਿ ॥	سُبھر بھرے پّریم رس رنگِ ॥
ਉਪਜੈ ਚਾਉ ਸਾਧ ਕੈ ਸੰਗਿ ॥	اُپجے چاءُ سادھ کے سنگِ ॥
ਪਰੇ ਸਰਨਿ ਆਨ ਸਭ ਤਿਆਗਿ ॥	پرے سرنِ آن سبھ تِیاگِ ॥
ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ ॥	انتّرِ پّرگاس اندِنُ لِو لاگِ ॥
ਬਡਭਾਗੀ ਜਪਿਆ ਪ੍ਰਭੁ ਸੋਇ ॥	بڈبھاگی جپیا پّربھُ سوءِ ॥
ਨਾਨਕ ਨਾਮਿ ਰਤੇ ਸੁਖੁ ਹੋਇ ॥੨॥	نانک نامِ رتے سُکھُ ہوءِ ॥2॥
ਸੇਵਕ ਕੀ ਮਨਸਾ ਪੂਰੀ ਭਈ ॥	سیوک کی منسا پوُری بھئی ॥
ਸਤਿਗੁਰ ਤੇ ਨਿਰਮਲ ਮਤਿ ਲਈ ॥	ستِگُر تے نِرمل متِ لئی ॥
ਜਨ ਕਉ ਪ੍ਰਭੁ ਹੋਇਓ ਦਇਆਲੁ ॥	جن کءُ پّربھُ ہوئتو دئیالُ ॥

ਸੇਵਕੁ ਕੀਨੋ ਸਦਾ ਨਿਹਾਲੁ ॥	سیوکُ کِینو سدا نِہالُ ॥
ਬੰਧਨ ਕਾਟਿ ਮੁਕਤਿ ਜਨੁ ਭਇਆ ॥	بندھن کاٹِ مُکتِ جنُ بھئیا ॥
ਜਨਮ ਮਰਨ ਦੂਖੁ ਭ੍ਰਮੁ ਗਇਆ ॥	جنم مرن دوُکھُ بھرّمُ گئیا ॥
ਇਛ ਪੁਨੀ ਸਰਧਾ ਸਭ ਪੂਰੀ ॥	اِچھ پُنی سردھا سبھ پوُری ॥
ਰਵਿ ਰਹਿਆ ਸਦ ਸੰਗਿ ਹਜੂਰੀ ॥	روِ رہِیا سد سنگِ حضوُری ॥
ਜਿਸ ਕਾ ਸਾ ਤਿਨਿ ਲੀਆ ਮਿਲਾਇ ॥	جِس کا سا تِنِ لِیا مِلاءِ ॥
ਨਾਨਕ ਭਗਤੀ ਨਾਮਿ ਸਮਾਇ ॥੩॥	نانک بھگتی نامِ سماءِ ॥3॥
ਸੋ ਕਿਉ ਬਿਸਰੈ ਜਿ ਘਾਲ ਨ ਭਾਨੈ ॥	سو کِءُ بِسرے جِ گھال ن بھانے ॥
ਸੋ ਕਿਉ ਬਿਸਰੈ ਜਿ ਕੀਆ ਜਾਨੈ ॥	سو کِءُ بِسرے جِ کِیا جانے ॥
ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ ॥	سو کِءُ بِسرے جِنِ سبھُ کِچھُ دِیا ॥
ਸੋ ਕਿਉ ਬਿਸਰੈ ਜਿ ਜੀਵਨ ਜੀਆ ॥	سو کِءُ بِسرے جِ جِیون جِیا ॥
ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ ॥	سو کِءُ بِسرے جِ اگنِ مہِ راکھے ॥
ਗੁਰ ਪ੍ਰਸਾਦਿ ਕੋ ਬਿਰਲਾ ਲਾਖੈ ॥	گُر پرّسادِ کو بِرلا لاکھے ॥
ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ ॥	سو کِءُ بِسرے جِ بِکھُ تے کاڈھے ॥
ਜਨਮ ਜਨਮ ਕਾ ਟੂਟਾ ਗਾਢੈ ॥	جنم جنم کا ٹوٹا گاڈھے ॥
ਗੁਰਿ ਪੂਰੈ ਤਤੁ ਇਹੈ ਬੁਝਾਇਆ ॥	گُرِ پوُرے تتُ اِہے بُجھائیا ॥
ਪ੍ਰਭੁ ਅਪਨਾ ਨਾਨਕ ਜਨ ਧਿਆਇਆ ॥੪॥	پربھُ اپنا نانک جن دھیائیا ॥4॥
ਸਾਜਨ ਸੰਤ ਕਰਹੁ ਇਹੁ ਕਾਮੁ ॥	ساجن سنّت کرہُ اِہُ کامُ ॥
ਆਨ ਤਿਆਗਿ ਜਪਹੁ ਹਰਿ ਨਾਮੁ ॥	آن تِیاگِ جپہُ ہرِ نامُ ॥
ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ ॥	سِمرِ سِمرِ سِمرِ سُکھ پاوہُ ॥
ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥	آپِ جپہُ اورہ نامُ جپاوہُ ॥
ਭਗਤਿ ਭਾਇ ਤਰੀਐ ਸੰਸਾਰੁ ॥	بھگتِ بھاءِ ترِیے سنّسارُ ॥

ਬਿਨੁ ਭਗਤੀ ਤਨੁ ਹੋਸੀ ਛਾਰੁ ॥	بِنُ بھگتی تنُ ہوسی چھارُ ॥
ਸਰਬ ਕਲਿਆਣ ਸੂਖ ਨਿਧਿ ਨਾਮੁ ॥	سرب کلیاںؤ سوُکھ نِدھِ نامُ ॥
ਬੂਡਤ ਜਾਤ ਪਾਏ ਬਿਸ੍ਰਾਮੁ ॥	بوُڈت جات پائے بِسّرامُ ॥
ਸਗਲ ਦੂਖ ਕਾ ਹੋਵਤ ਨਾਸੁ ॥	سگل دوُکھ کا ہووت ناسُ ॥
ਨਾਨਕ ਨਾਮੁ ਜਪਹੁ ਗੁਨਤਾਸੁ ॥੫॥	نانک نامُ جپہُ گُنتاسُ ॥5॥
ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ ॥	اُپجی پّریتِ پّریم رسُ چاءُ ॥
ਮਨ ਤਨ ਅੰਤਰਿ ਇਹੀ ਸੁਆਉ ॥	من تن انتّرِ اِہی سُیاءُ ॥
ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ ॥	نیتّرہُ پیکھِ درسُ سُکھُ ہوءِ ॥
ਮਨੁ ਬਿਗਸੈ ਸਾਧ ਚਰਨ ਧੋਇ ॥	منُ بِگسے سادھ چرن دھوءِ ॥
ਭਗਤ ਜਨਾ ਕੈ ਮਨਿ ਤਨਿ ਰੰਗੁ ॥	بھگت جنا کے منِ تنِ رنگُ ॥
ਬਿਰਲਾ ਕੋਊ ਪਾਵੈ ਸੰਗੁ ॥	بِرلا کوئوُ پاوے سنگُ ॥
ਏਕ ਬਸਤੁ ਦੀਜੈ ਕਰਿ ਮਇਆ ॥	ایک بست دیجے کرِ مئیا ॥
ਗੁਰ ਪ੍ਰਸਾਦਿ ਨਾਮੁ ਜਪਿ ਲਇਆ ॥	گُر پّرسادِ نامُ جپِ لئیا ॥
ਤਾ ਕੀ ਉਪਮਾ ਕਹੀ ਨ ਜਾਇ ॥	تا کی اُپما کہی ن جاءِ ॥
ਨਾਨਕ ਰਹਿਆ ਸਰਬ ਸਮਾਇ ॥੬॥	نانک رہِیا سرب سماءِ ॥6॥
ਪ੍ਰਭ ਬਖਸੰਦ ਦੀਨ ਦਇਆਲ ॥	پّربھ بخشنّد دِین دئیال ۔ ॥
ਭਗਤਿ ਵਛਲ ਸਦਾ ਕਿਰਪਾਲ ॥	بھگتِ وچھل سدا کِرپال ۔ ॥
ਅਨਾਥ ਨਾਥ ਗੋਬਿੰਦ ਗੁਪਾਲ ॥	اناتھ ناتھ گوبِنّد گُپال ۔ ॥
ਸਰਬ ਘਟਾ ਕਰਤ ਪ੍ਰਤਿਪਾਲ ॥	سرب گھٹا کرت پّرتپال ۔ ॥
ਆਦਿ ਪੁਰਖ ਕਾਰਣ ਕਰਤਾਰ ॥	آدِ پُرکھ کارنؤ کرتار ۔ ॥
ਭਗਤ ਜਨਾ ਕੇ ਪ੍ਰਾਨ ਅਧਾਰ ॥	بھگت جنا کے پّران ادھار ۔ ॥
ਜੋ ਜੋ ਜਪੈ ਸੁ ਹੋਇ ਪੁਨੀਤ ॥	جو جو جپے سُ ہوءِ پُنیت ॥

ਭਗਤਿ ਭਾਇ ਲਾਵੈ ਮਨ ਹੀਤ ॥	بھگتِ بھاءِ لاوے من ہیت ॥
ਹਮ ਨਿਰਗੁਨੀਆਰ ਨੀਚ ਅਜਾਨ ॥	ہم نِرگُنیارِ نیچ اجان ॥
ਨਾਨਕ ਤੁਮਰੀ ਸਰਨਿ ਪੁਰਖ ਭਗਵਾਨ ॥੭॥	نانک تُمری سرنِ پُرکھ بھگوان ۔ ॥7॥
ਸਰਬ ਬੈਕੁੰਠ ਮੁਕਤਿ ਮੋਖ ਪਾਏ ॥	سرب بیکُنٹھ مُکتِ موکھ پائے ॥
ਏਕ ਨਿਮਖ ਹਰਿ ਕੇ ਗੁਨ ਗਾਏ ॥	ایک نِمکھ ہرِ کے گُن گائے ॥
ਅਨਿਕ ਰਾਜ ਭੋਗ ਬਡਿਆਈ ॥	انِک راج بھوگ بڈیائی ॥
ਹਰਿ ਕੇ ਨਾਮ ਕੀ ਕਥਾ ਮਨਿ ਭਾਈ ॥	ہرِ کے نام کی کتھا منِ بھائی ॥
ਬਹੁ ਭੋਜਨ ਕਾਪਰ ਸੰਗੀਤ ॥	بہُ بھوجن کاپر سنگیت ॥
ਰਸਨਾ ਜਪਤੀ ਹਰਿ ਹਰਿ ਨੀਤ ॥	رسنا جپتی ہرِ ہرِ نیت ॥
ਭਲੀ ਸੁ ਕਰਨੀ ਸੋਭਾ ਧਨਵੰਤ ॥	بھلی سُ کرنی سوبھا دھنونّت ॥
ਹਿਰਦੈ ਬਸੇ ਪੂਰਨ ਗੁਰ ਮੰਤ ॥	ہِردے بسے پوُرن گُر منّت ॥
ਸਾਧਸੰਗਿ ਪ੍ਰਭ ਦੇਹੁ ਨਿਵਾਸ ॥	سادھسنگِ پربھ دیہُ نِواس ॥
ਸਰਬ ਸੂਖ ਨਾਨਕ ਪਰਗਾਸ ॥੮॥੨੦॥	سرب سوُکھ نانک پرگاس ॥8॥ 20 ॥
ਸਲੋਕੁ ॥	سلوکُ ॥
ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥	سرگُن نِرگُن نِرنّکار سُنّن سمادھی آپِ ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥੧॥	آپن کِیا نانکا آپے ہی پھِرِ جاپِ ॥1॥
ਅਸਟਪਦੀ ॥	اسٹپدی ॥
ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥	جب اکارُ اِہُ کچھُ ن دِرسٹیتا ॥
ਪਾਪ ਪੁੰਨ ਤਬ ਕਹ ਤੇ ਹੋਤਾ ॥	پاپ پُنّن تب کہ تے ہوتا ۔ ॥
ਜਬ ਧਾਰੀ ਆਪਨ ਸੁੰਨ ਸਮਾਧਿ ॥	جب دھاری آپن سُنّن سمادھِ ॥
ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥	تب بیَر برودھ کِسُ سنگِ کماتِ ۔ ॥

ਜਬ ਇਸ ਕਾ ਬਰਨੁ ਚਿਹਨੁ ਨ ਜਾਪਤ ॥
جب اِس کا برنُ چِہنُ ن جاپت ॥

ਤਬ ਹਰਖ ਸੋਗ
ਕਹੁ ਕਿਸਹਿ ਬਿਆਪਤ ॥
تب ہرکھ سوگ
کہُ کِسہِ بِیاپت ۔ ॥

ਜਬ ਆਪਨ ਆਪ ਆਪਿ ਪਾਰਬ੍ਰਹਮ ॥
جب آپن آپ آپِ پاربّرہم ॥

ਤਬ ਮੋਹ ਕਹਾ ਕਿਸੁ ਹੋਵਤ ਭਰਮ ॥
تب موہ کہا کِسُ ہووت بھرم ۔ ॥

ਆਪਨ ਖੇਲੁ ਆਪਿ ਵਰਤੀਜਾ ॥
آپن کھیلُ آپِ ورتیجا ॥

ਨਾਨਕ ਕਰਨੈਹਾਰੁ ਨ ਦੂਜਾ ॥੧॥
نانک کرنیَہارُ ن دوُجا ॥1॥

ਜਬ ਹੋਵਤ ਪ੍ਰਭ ਕੇਵਲ ਧਨੀ ॥
جب ہووت پّربھ کیول دھنی ॥

ਤਬ ਬੰਧ ਮੁਕਤਿ
ਕਹੁ ਕਿਸ ਕਉ ਗਨੀ ॥
تب بنّدھ مُکتِ
کہُ کِس ک ءُ گنی ۔ ॥

ਜਬ ਏਕਹਿ ਹਰਿ ਅਗਮ ਅਪਾਰ ॥
جب ایکہِ ہرِ اگم اپار ॥

ਤਬ ਨਰਕ ਸੁਰਗ
ਕਹੁ ਕਉਨ ਅਉਤਾਰ ॥
تب نرک سُرگ
کہُ کئُن اُتار ۔ ॥

ਜਬ ਨਿਰਗੁਨ ਪ੍ਰਭ ਸਹਜ ਸੁਭਾਇ ॥
جب نِرگُن پّربھ سہج سُبھاءِ ॥

ਤਬ ਸਿਵ ਸਕਤਿ
ਕਹਹੁ ਕਿਤੁ ਠਾਇ ॥
تب سِو سکتِ
کہہُ کِتُ ٹھاءِ ۔ ॥

ਜਬ ਆਪਹਿ ਆਪਿ ਅਪਨੀ ਜੋਤਿ ਧਰੈ ॥
جب آپہِ آپِ اپنی جوتِ دھرے ॥

ਤਬ ਕਵਨ ਨਿਡਰੁ ਕਵਨ ਕਤ ਡਰੈ ॥
تب کون نِڈّر کون کت ڈرے ۔ ॥

ਆਪਨ ਚਲਿਤ ਆਪਿ ਕਰਨੈਹਾਰ ॥
آپن چلِت آپِ کرنیَہار ॥

ਨਾਨਕ ਠਾਕੁਰ ਅਗਮ ਅਪਾਰ ॥੨॥
نانک ٹھاکُر اگم اپار ॥2॥

ਅਬਿਨਾਸੀ ਸੁਖ ਆਪਨ ਆਸਨ ॥
ابِناسی سُکھ آپن آسن ॥

ਤਹ ਜਨਮ ਮਰਨ
ਕਹੁ ਕਹਾ ਬਿਨਾਸਨ ॥
تہ جنم مرن
کہُ کہا بِناسن ۔ ॥

ਜਬ ਪੂਰਨ ਕਰਤਾ ਪ੍ਰਭੁ ਸੋਇ ॥
جب پُورن کرتا پربھُ سوءِ ॥

ਤਬ ਜਮ ਕੀ ਤ੍ਰਾਸ
ਕਹਹੁ ਕਿਸੁ ਹੋਇ ॥
تب جم کی تراس
کہہُ کِسُ ہوءِ ۔ ॥

ਜਬ ਅਬਿਗਤ ਅਗੋਚਰ ਪ੍ਰਭ ਏਕਾ ॥
جب ابِگت اگوچر پربھ ایکا ॥

ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ ॥
تب چِتّر گُپت کِسُ پُوچھت لیکھا ۔ ॥

ਜਬ ਨਾਥ ਨਿਰੰਜਨ ਅਗੋਚਰ ਅਗਾਧੇ ॥
جب ناتھ نِرنجن اگوچر اگادھے ॥

ਤਬ ਕਉਨ ਛੁਟੇ ਕਉਨ ਬੰਧਨ ਬਾਧੇ ॥
تب کُنُن چھُٹے کُنُن بندھن بادھے ۔ ॥

ਆਪਨ ਆਪ ਆਪ ਹੀ ਅਚਰਜਾ ॥
آپن آپ آپ ہی اچرجا ॥

ਨਾਨਕ ਆਪਨ ਰੂਪ ਆਪ ਹੀ ਉਪਰਜਾ ॥੩॥
نانک آپن روُپ آپ ہی اُپرجا ॥3॥

ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ ॥
جہ نِرمل پُرکھُ پُرکھ پتِ ہوتا ॥

ਤਹ ਬਿਨੁ ਮੈਲੁ ਕਹਹੁ ਕਿਆ ਧੋਤਾ ॥
تہ بِنُ میَلُ کہہُ کِیا دھوتا ۔ ॥

ਜਹ ਨਿਰੰਜਨ ਨਿਰੰਕਾਰ ਨਿਰਬਾਨ ॥
جہ نِرنجن نِرنکار نِربان ॥

ਤਹ ਕਉਨ ਕਉ ਮਾਨ ਕਉਨ ਅਭਿਮਾਨ ॥
تہ کُنُن کءُ مان کُنُن ابھِمان ۔ ॥

ਜਹ ਸਰੂਪ ਕੇਵਲ ਜਗਦੀਸ ॥
جہ سروُپ کیول جگدیس ॥

ਤਹ ਛਲ ਛਿਦ੍ਰ ਲਗਤ ਕਹੁ ਕੀਸ ॥
تہ چھل چھِدّر لگت کہُ کِیس ॥

ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ ॥
جہ جوتِ سروُپی جوتِ سنگِ سماوے ॥

ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ ॥
تہ کِسہِ بھوُکھ کونُ ترِپتاوے ۔ ॥

ਕਰਨ ਕਰਾਵਨ ਕਰਨੈਹਾਰੁ ॥
کرن کراون کرنیَہارُ ॥

ਨਾਨਕ ਕਰਤੇ ਕਾ ਨਾਹਿ ਸੁਮਾਰੁ ॥੪॥
نانک کرتے کا ناہِ شُمارُ ॥4॥

ਜਬ ਅਪਨੀ ਸੋਭਾ ਆਪਨ ਸੰਗਿ ਬਨਾਈ ॥
جب اپنی سوبھا آپن سنگِ بنائی ॥

ਤਬ ਕਵਨ ਮਾਇ ਬਾਪ ਮਿਤ੍ਰ ਸੁਤ ਭਾਈ ॥
تب کون ماءِ باپ مِتّر سُت بھائی ॥

ਜਹ ਸਰਬ ਕਲਾ ਆਪਹਿ ਪਰਬੀਨ ॥
جہ سرب کلا آپہِ پربِین ॥

ਤਹ ਬੇਦ ਕਤੇਬ ਕਹਾ ਕੋਊ ਚੀਨ ॥
تہ بید کتیب کہا کوئُو چِین ۔ ॥

ਜਬ ਆਪਨ ਆਪੁ ਆਪਿ ਉਰਿ ਧਾਰੈ ॥	جب آپن آپُ آپِ اُرِ دھارے ॥
ਤਉ ਸਗਨ ਅਪਸਗਨ ਕਹਾ ਬੀਚਾਰੈ ॥	تءُ سگن اپسگن کہا بیچارے ۔ ॥
ਜਹ ਆਪਨ ਊਚ ਆਪਨ ਆਪਿ ਨੇਰਾ ॥	جہ آپن اوُچ آپن آپِ نیرا ॥
ਤਹ ਕਉਨ ਠਾਕੁਰੁ ਕਉਨੁ ਕਹੀਐ ਚੇਰਾ ॥	تہ کنُن ٹھاکُرُ کنُنُ کہیےَ چیرا ۔ ॥
ਬਿਸਮਨ ਬਿਸਮ ਰਹੇ ਬਿਸਮਾਦ ॥	بِسمن بِسم رہے بِسماد ॥
ਨਾਨਕ ਅਪਨੀ ਗਤਿ ਜਾਨਹੁ ਆਪਿ ॥੫॥	نانک اپنی گتِ جانہُ آپِ ॥5॥
ਜਹ ਅਛਲ ਅਛੇਦ ਅਭੇਦ ਸਮਾਇਆ ॥	جہ اچھل اچھید ابھید سمائیا ॥
ਊਹਾ ਕਿਸਹਿ ਬਿਆਪਤ ਮਾਇਆ ॥	اوُہا کِسہِ بیاپت مائیا ۔ ॥
ਆਪਸ ਕਉ ਆਪਹਿ ਆਦੇਸੁ ॥	آپس کءُ آپہِ آدیسُ ॥
ਤਿਹੁ ਗੁਣ ਕਾ ਨਾਹੀ ਪਰਵੇਸੁ ॥	تِہِ گُنْ کا ناہی پرویسُ ॥
ਜਹ ਏਕਹਿ ਏਕ ਏਕ ਭਗਵੰਤਾ ॥	جہ ایکہِ ایک ایک بھگونتا ॥
ਤਹ ਕਉਨੁ ਅਚਿੰਤੁ ਕਿਸੁ ਲਾਗੈ ਚਿੰਤਾ ॥	تہ کنُنُ اچنّتُ کِسُ لاگےَ چِنّتا ۔ ॥
ਜਹ ਆਪਨ ਆਪੁ ਆਪਿ ਪਤੀਆਰਾ ॥	جہ آپن آپُ آپِ پتیارا ॥
ਤਹ ਕਉਨੁ ਕਥੈ ਕਉਨੁ ਸੁਨਨੈਹਾਰਾ ॥	تہ کنُنُ کتھےَ کنُنُ سُننیہارا ۔ ॥
ਬਹੁ ਬੇਅੰਤ ਊਚ ਤੇ ਊਚਾ ॥	بہُ بیئنّت اوُچ تے اوُچا ॥
ਨਾਨਕ ਆਪਸ ਕਉ ਆਪਹਿ ਪਹੂਚਾ ॥੬॥	نانک آپس کءُ آپہِ پہوُچا ॥6॥
ਜਹ ਆਪਿ ਰਚਿਓ ਪਰਪੰਚੁ ਅਕਾਰੁ ॥	جہ آپِ رچیَو پرپنچُ اکارُ ॥
ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥	تِہِ گُنْ مہِ کِینو بِستھارُ ॥
ਪਾਪੁ ਪੁੰਨੁ ਤਹ ਭਈ ਕਹਾਵਤ ॥	پاپُ پُنّنُ تہ بھئی کہاوت ॥
ਕੋਊ ਨਰਕ ਕੋਊ ਸੁਰਗ ਬੰਛਾਵਤ ॥	کوئوُ نرک کوئوُ سُرگ بنّچھاوت ॥
ਆਲ ਜਾਲ ਮਾਇਆ ਜੰਜਾਲ ॥	آل جال مائیا زنّجال ॥
ਹਉਮੈ ਮੋਹ ਭਰਮ ਭੈ ਭਾਰ ॥	ہئُمےَ موہ بھرم بھےَ بھار ॥

ਦੂਖ ਸੂਖ ਮਾਨ ਅਪਮਾਨ ॥	دوُکھ سوُکھ مان اپمان ॥
ਅਨਿਕ ਪ੍ਰਕਾਰ ਕੀਓ ਬਖ੍ਯਾਨ ॥	انِک پرّکار کِیئو بکھّیان ॥
ਆਪਨ ਖੇਲੁ ਆਪਿ ਕਰਿ ਦੇਖੈ ॥	آپن کھیلُ آپِ کرِ دیکھے ॥
ਖੇਲੁ ਸੰਕੋਚੈ ਤਉ ਨਾਨਕ ਏਕੈ ॥੭॥	کھیلُ سنکوچے تءُ نانک ایکے ॥7॥
ਜਹ ਅਬਿਗਤੁ ਭਗਤੁ ਤਹ ਆਪਿ ॥	جہ ابِگتُ بھگتُ تہ آپِ ॥
ਜਹ ਪਸਰੈ ਪਾਸਾਰੁ ਸੰਤ ਪਰਤਾਪਿ ॥	جہ پسرے پاسارُ سنّت پرتاپِ ॥
ਦੁਹੂ ਪਾਖ ਕਾ ਆਪਹਿ ਧਨੀ ॥	دُہوُ پاکھ کا آپہِ دھنی ॥
ਉਨ ਕੀ ਸੋਭਾ ਉਨਹੂ ਬਨੀ ॥	اُن کی سوبھا اُنہوُ بنی ॥
ਆਪਹਿ ਕਉਤਕ ਕਰੈ ਅਨਦ ਚੋਜ ॥	آپہِ کتُّک کرے اند چوج ॥
ਆਪਹਿ ਰਸ ਭੋਗਨ ਨਿਰਜੋਗ ॥	آپہِ رس بھوگن نِرجوگ ॥
ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ ॥	جِسُ بھاوے تِسُ آپن ناءِ لاوے ॥
ਜਿਸੁ ਭਾਵੈ ਤਿਸੁ ਖੇਲ ਖਿਲਾਵੈ ॥	جِسُ بھاوے تِسُ کھیل کھِلاوے ॥
ਬੇਸੁਮਾਰ ਅਥਾਹ ਅਗਨਤ ਅਤੋਲੈ ॥	بیشُمار اتھاہ اگنت اتولے ॥
ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥੮॥੨੧॥	جِءُ بُلاوہُ تِءُ نانک داس بولے ॥8॥ 21 ॥
ਸਲੋਕੁ ॥	سلوکُ ॥
ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ ॥	جیء جنّت کے ٹھاکُرا آپے ورتنہار ॥
ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ ॥੧॥	نانک ایکو پسریا دوُجا کہ دِرسٹار ۔ ॥1॥
ਅਸਟਪਦੀ ॥	اسٹپدی ॥
ਆਪਿ ਕਥੈ ਆਪਿ ਸੁਨਨੈਹਾਰੁ ॥	آپِ کتھے آپِ سُننیہارُ ॥
ਆਪਹਿ ਏਕੁ ਆਪਿ ਬਿਸਥਾਰੁ ॥	آپہِ ایکُ آپِ بِستھارُ ॥
ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥	جا تِسُ بھاوے تا سرِسٹِ اُپائے ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نوں سمرپت | سیوا: بھائی بلجندر سنگھ جی (راڑا صاہب)

ਆਪਨੈ ਭਾਣੈ ਲਏ ਸਮਾਏ ॥	آپنے بھانے لے سمائے ॥
ਤੁਮ ਤੇ ਭਿੰਨ ਨਹੀ ਕਿਛੁ ਹੋਇ ॥	تُم تے بھِنّ نہی کِچھُ ہوءِ ॥
ਆਪਨ ਸੂਤਿ ਸਭੁ ਜਗਤੁ ਪਰੋਇ ॥	آپن سوُتِ سبھُ جگتُ پروءِ ॥
ਜਾ ਕਉ ਪ੍ਰਭ ਜੀਉ ਆਪਿ ਬੁਝਾਏ ॥	جا ک ءُ پربھ جیِءُ آپِ بُجھائے ॥
ਸਚੁ ਨਾਮੁ ਸੋਈ ਜਨੁ ਪਾਏ ॥	سچُ نامُ سوئی جنُ پائے ॥
ਸੋ ਸਮਦਰਸੀ ਤਤ ਕਾ ਬੇਤਾ ॥	سو سمدرسی تت کا بیتا ॥
ਨਾਨਕ ਸਗਲ ਸ੍ਰਿਸਟਿ ਕਾ ਜੇਤਾ ॥੧॥	نانک سگل سرِسٹِ کا جیتا ॥1॥
ਜੀਅ ਜੰਤ੍ਰ ਸਭ ਤਾ ਕੈ ਹਾਥ ॥	جیء جنّتر سبھ تا کے ہاتھ ॥
ਦੀਨ ਦਇਆਲ ਅਨਾਥ ਕੋ ਨਾਥੁ ॥	دِین دئیال اناتھ کو ناتھُ ॥
ਜਿਸੁ ਰਾਖੈ ਤਿਸੁ ਕੋਇ ਨ ਮਾਰੈ ॥	جِسُ راکھے تِسُ کوءِ ن مارے ॥
ਸੋ ਮੂਆ ਜਿਸੁ ਮਨਹੁ ਬਿਸਾਰੈ ॥	سو موُیا جِسُ منہُ بِسارے ॥
ਤਿਸੁ ਤਜਿ ਅਵਰ ਕਹਾ ਕੋ ਜਾਇ ॥	تِسُ تجِ اور کہا کو جاءِ ۔ ॥
ਸਭ ਸਿਰਿ ਏਕੁ ਨਿਰੰਜਨ ਰਾਇ ॥	سبھ سِرِ ایکُ نِرنّجن راءِ ॥
ਜੀਅ ਕੀ ਜੁਗਤਿ ਜਾ ਕੈ ਸਭ ਹਾਥਿ ॥	جیء کی جُگتِ جا کے سبھ ہاتھِ ॥
ਅੰਤਰਿ ਬਾਹਰਿ ਜਾਨਹੁ ਸਾਥਿ ॥	انتر باہرِ جانہُ ساتھِ ॥
ਗੁਨ ਨਿਧਾਨ ਬੇਅੰਤ ਅਪਾਰ ॥	گُن نِدھان بیئنّت اپار ॥
ਨਾਨਕ ਦਾਸ ਸਦਾ ਬਲਿਹਾਰ ॥੨॥	نانک داس سدا بلِہار ॥2॥
ਪੂਰਨ ਪੂਰਿ ਰਹੇ ਦਇਆਲ ॥	پوُرن پوُرِ رہے دئیال ॥
ਸਭ ਊਪਰਿ ਹੋਵਤ ਕਿਰਪਾਲ ॥	سبھ اوُپر ہووت کِرپال ॥
ਅਪਨੇ ਕਰਤਬ ਜਾਨੈ ਆਪਿ ॥	اپنے کرتب جانے آپِ ॥
ਅੰਤਰਜਾਮੀ ਰਹਿਓ ਬਿਆਪਿ ॥	انترجامی رہِئو بیاپِ ॥
ਪ੍ਰਤਿਪਾਲੈ ਜੀਅਨ ਬਹੁ ਭਾਤਿ ॥	پرتپالے جیئن بہُ بھاتِ ॥

ਜੋ ਜੋ ਰਚਿਓ ਸੁ ਤਿਸਹਿ ਧਿਆਤਿ ॥	جو جو رچیؤ سُ تِسہِ دھیاتِ ॥
ਜਿਸੁ ਭਾਵੈ ਤਿਸੁ ਲਏ ਮਿਲਾਇ ॥	جِسُ بھاوے تِسُ لے مِلاءِ ॥
ਭਗਤਿ ਕਰਹਿ ਹਰਿ ਕੇ ਗੁਣ ਗਾਇ ॥	بھگتِ کرہِ ہرِ کے گُن گاءِ ॥
ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥	من انترِ بِسّواسُ کرِ مانیا ॥
ਕਰਨਹਾਰੁ ਨਾਨਕ ਇਕੁ ਜਾਨਿਆ ॥੩॥	کرنہارُ نانک اِکُ جانیا ॥3॥
ਜਨੁ ਲਾਗਾ ਹਰਿ ਏਕੈ ਨਾਇ ॥	جنُ لاگا ہرِ ایکے ناءِ ॥
ਤਿਸ ਕੀ ਆਸ ਨ ਬਿਰਥੀ ਜਾਇ ॥	تِس کی آس ن بِرتھی جاءِ ॥
ਸੇਵਕ ਕਉ ਸੇਵਾ ਬਨਿ ਆਈ ॥	سیوک کءُ سیوا بنِ آئی ॥
ਹੁਕਮੁ ਬੂਝਿ ਪਰਮ ਪਦੁ ਪਾਈ ॥	حُکمُ بوُجھِ پرم پدُ پائی ॥
ਇਸ ਤੇ ਊਪਰਿ ਨਹੀ ਬੀਚਾਰੁ ॥	اِس تے اوُپر نہی بیچارُ ॥
ਜਾ ਕੈ ਮਨਿ ਬਸਿਆ ਨਿਰੰਕਾਰੁ ॥	جا کے منِ بسیا نرنّکارُ ॥
ਬੰਧਨ ਤੋਰਿ ਭਏ ਨਿਰਵੈਰ ॥	بندھن تورِ بھئے نرویَر ॥
ਅਨਦਿਨੁ ਪੂਜਹਿ ਗੁਰ ਕੇ ਪੈਰ ॥	اندِنُ پوُجہِ گُر کے پیَر ॥
ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥	اِہ لوک سُکھیئے پرلوک سُہیلے ॥
ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥	نانک ہرِ پربھِ آپہِ میلے ॥4॥
ਸਾਧਸੰਗਿ ਮਿਲਿ ਕਰਹੁ ਅਨੰਦ ॥	سادھسنگِ مِلِ کرہُ انند ॥
ਗੁਨ ਗਾਵਹੁ ਪ੍ਰਭ ਪਰਮਾਨੰਦ ॥	گُن گاوہُ پربھ پرمانند ॥
ਰਾਮ ਨਾਮ ਤਤੁ ਕਰਹੁ ਬੀਚਾਰੁ ॥	رام نام تتُ کرہُ بیچارُ ॥
ਦੁਲਭ ਦੇਹ ਕਾ ਕਰਹੁ ਉਧਾਰੁ ॥	دُرلبھ دیہ کا کرہُ اُدھارُ ॥
ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥	انمرِت بچن ہرِ کے گُن گاءُ ॥
ਪ੍ਰਾਨ ਤਰਨ ਕਾ ਇਹੈ ਸੁਆਉ ॥	پران ترن کا اِہے سُیاءُ ॥
ਆਠ ਪਹਰ ਪ੍ਰਭ ਪੇਖਹੁ ਨੇਰਾ ॥	آٹھ پہر پربھ پیکھہُ نیرا ॥

ਮਿਟੈ ਅਗਿਆਨੁ ਬਿਨਸੈ ਅੰਧੇਰਾ ॥	مِٹے اگیانُ بِنسے اندھیرا ॥
ਸੁਨਿ ਉਪਦੇਸੁ ਹਿਰਦੈ ਬਸਾਵਹੁ ॥	سُنِ اُپدیسُ ہِردے بساوہُ ॥
ਮਨ ਇਛੇ ਨਾਨਕ ਫਲ ਪਾਵਹੁ ॥੫॥	من اِچھے نانک پھل پاوہُ ॥5॥
ਹਲਤੁ ਪਲਤੁ ਦੁਇ ਲੇਹੁ ਸਵਾਰਿ ॥	ہلتُ پلتُ دُءِ لیہُ سوارِ ॥
ਰਾਮ ਨਾਮੁ ਅੰਤਰਿ ਉਰਿ ਧਾਰਿ ॥	رام نامُ انترِ اُرِ دھارِ ॥
ਪੂਰੇ ਗੁਰ ਕੀ ਪੂਰੀ ਦੀਖਿਆ ॥	پوُرے گُر کی پوُری دیکھیا ॥
ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥	جِسُ منِ بسے تِسُ ساچُ پریکھیا ॥
ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥	منِ تنِ نامُ جپہُ لِو لاءِ ॥
ਦੂਖੁ ਦਰਦੁ ਮਨ ਤੇ ਭਉ ਜਾਇ ॥	دوُکھُ دردُ من تے بھءُ جاءِ ॥
ਸਚੁ ਵਾਪਾਰੁ ਕਰਹੁ ਵਾਪਾਰੀ ॥	سچُ واپارُ کرہُ واپاری ۔ ॥
ਦਰਗਹ ਨਿਬਹੈ ਖੇਪ ਤੁਮਾਰੀ ॥	درگہ نِبہے کھیپ تُماری ॥
ਏਕਾ ਟੇਕ ਰਖਹੁ ਮਨ ਮਾਹਿ ॥	ایکا ٹیک رکھہُ من ماہِ ॥
ਨਾਨਕ ਬਹੁਰਿ ਨ ਆਵਹਿ ਜਾਹਿ ॥੬॥	نانک بہُرِ ن آوہِ جاہِ ॥6॥
ਤਿਸ ਤੇ ਦੂਰਿ ਕਹਾ ਕੋ ਜਾਇ ॥	تِس تے دوُرِ کہا کو جاءِ ۔ ॥
ਉਬਰੈ ਰਾਖਨਹਾਰੁ ਧਿਆਇ ॥	اُبرے راکھنہارُ دھیاءِ ॥
ਨਿਰਭਉ ਜਪੈ ਸਗਲ ਭਉ ਮਿਟੈ ॥	نِربھءُ جپے سگل بھءُ مِٹے ॥
ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥	پربھ کِرپا تے پرانی چھُٹے ॥
ਜਿਸੁ ਪ੍ਰਭੁ ਰਾਖੈ ਤਿਸੁ ਨਾਹੀ ਦੂਖ ॥	جِسُ پربھُ راکھے تِس ناہی دوُکھ ॥
ਨਾਮੁ ਜਪਤ ਮਨਿ ਹੋਵਤ ਸੂਖ ॥	نامُ جپت منِ ہووت سوُکھ ॥
ਚਿੰਤਾ ਜਾਇ ਮਿਟੈ ਅਹੰਕਾਰੁ ॥	چِنتا جاءِ مِٹے اہنکارُ ॥
ਤਿਸੁ ਜਨ ਕਉ ਕੋਇ ਨ ਪਹੁਚਨਹਾਰੁ ॥	تِس جن کءُ کوءِ ن پہُچنہارُ ॥
ਸਿਰ ਊਪਰਿ ਠਾਢਾ ਗੁਰੁ ਸੂਰਾ ॥	سِر اوُپر ٹھاڈھا گُرُ سوُرا ॥

ਨਾਨਕ ਤਾ ਕੇ ਕਾਰਜ ਪੂਰਾ ॥੭॥	نانک تا کے کارج پوُرا ॥7॥
ਮਤਿ ਪੂਰੀ ਅੰਮ੍ਰਿਤੁ ਜਾ ਕੀ ਦ੍ਰਿਸਟਿ ॥	متِ پوُری انمّرِتُ جا کی دّرِسٹِ ॥
ਦਰਸਨੁ ਪੇਖਤ ਉਧਰਤ ਸ੍ਰਿਸਟਿ ॥	درسنُ پیکھت اُدھرت سّرِسٹِ ॥
ਚਰਨ ਕਮਲ ਜਾ ਕੇ ਅਨੂਪ ॥	چرن کمل جا کے انوُپ ॥
ਸਫਲ ਦਰਸਨੁ ਸੁੰਦਰ ਹਰਿ ਰੂਪ ॥	سپھل درسنُ سُندّر ہرِ روُپ ॥
ਧੰਨੁ ਸੇਵਾ ਸੇਵਕੁ ਪਰਵਾਨੁ ॥	دھنّنُ سیوا سیوکُ پروانُ ॥
ਅੰਤਰਜਾਮੀ ਪੁਰਖੁ ਪ੍ਰਧਾਨੁ ॥	انترجامی پُرکھُ پّردھانُ ॥
ਜਿਸੁ ਮਨਿ ਬਸੈ ਸੁ ਹੋਤ ਨਿਹਾਲੁ ॥	جِسُ منِ بسے سُ ہوت نِہالُ ॥
ਤਾ ਕੈ ਨਿਕਟਿ ਨ ਆਵਤ ਕਾਲੁ ॥	تا کے نِکٹِ ن آوت کالُ ॥
ਅਮਰ ਭਏ ਅਮਰਾ ਪਦੁ ਪਾਇਆ ॥	امر بھئے امرا پدُ پائیا ॥
ਸਾਧਸੰਗਿ ਨਾਨਕ ਹਰਿ ਧਿਆਇਆ ॥੮॥੨੨॥	سادھسنگِ نانک ہرِ دھیائیا ॥8॥ 22 ॥
ਸਲੋਕੁ ॥	سلوکُ ॥
ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥	گیان انجّنُ گُرِ دیِیا اگیان اندھیر بِناسُ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥੧॥	ہرِ کِرپا تے سنّت بھیٹیا نانک منِ پرگاسُ ॥1॥
ਅਸਟਪਦੀ ॥	اسٹپدی ॥
ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥	سنتسنگِ انترِ پّربھُ ڈیٹھا ॥
ਨਾਮੁ ਪ੍ਰਭੂ ਕਾ ਲਾਗਾ ਮੀਠਾ ॥	نامُ پّربھوُ کا لاگا مِیٹھا ॥
ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥	سگل سمِگّری ایکسُ گھٹ ماہِ ॥
ਅਨਿਕ ਰੰਗ ਨਾਨਾ ਦ੍ਰਿਸਟਾਹਿ ॥	انِک رنگ نانا دّرِسٹاہِ ॥
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥	نءُ نِدھِ انمّرِتُ پّربھ کا نامُ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥	دیہی مہِ اِس کا بِسّرامُ ॥

ਸੁੰਨ ਸਮਾਧਿ ਅਨਹਤ ਤਹ ਨਾਦ ॥	سُنّن سمادھِ انہت تہ ناد ॥
ਕਹਨੁ ਨ ਜਾਈ ਅਚਰਜ ਬਿਸਮਾਦ ॥	کہنُ ن جائی اچرج بِسماد ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥	تِنِ دیکھیا جِسُ آپِ دِکھائے ॥
ਨਾਨਕ ਤਿਸੁ ਜਨ ਸੋਝੀ ਪਾਏ ॥੧॥	نانک تِسُ جن سوجھی پائے ॥1॥
ਸੋ ਅੰਤਰਿ ਸੋ ਬਾਹਰਿ ਅਨੰਤੁ ॥	سو انترِ سو باہرِ اننّتُ ॥
ਘਟਿ ਘਟਿ ਬਿਆਪਿ ਰਹਿਆ ਭਗਵੰਤ ॥	گھٹِ گھٹِ بیاپِ رہیا بھگونّت ॥
ਧਰਨਿ ਮਾਹਿ ਆਕਾਸ ਪਇਆਲ ॥	دھرنِ ماہِ آکاس پئیال ॥
ਸਰਬ ਲੋਕ ਪੂਰਨ ਪ੍ਰਤਿਪਾਲ ॥	سرب لوک پوُرن پرتپال ॥
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥	بنِ تِنِ پربتِ ہے پاربرہمُ ॥
ਜੈਸੀ ਆਗਿਆ ਤੈਸਾ ਕਰਮੁ ॥	جیَسی آگیا تیَسا کرمُ ॥
ਪਉਣ ਪਾਣੀ ਬੈਸੰਤਰ ਮਾਹਿ ॥	پئُنّ پانّی بیَسنّتر ماہِ ॥
ਚਾਰਿ ਕੁੰਟ ਦਹ ਦਿਸੇ ਸਮਾਹਿ ॥	چارِ کُنّٹ دہ دِسے سماہِ ॥
ਤਿਸ ਤੇ ਭਿੰਨ ਨਹੀ ਕੋ ਠਾਉ ॥	تِس تے بھِنّن نہی کو ٹھاءُ ॥
ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥੨॥	گُر پرسادِ نانک سُکھُ پاءُ ॥2॥
ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥	بید پُران سِنمّرِتِ مہِ دیکھُ ॥
ਸਸੀਅਰ ਸੂਰ ਨਖ੍ਯ੍ਤ੍ਰ ਮਹਿ ਏਕੁ ॥	سسیئر سوُر نکھّتّر مہِ ایکُ ॥
ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥	بانّی پربھ کی سبھُ کو بولے ॥
ਆਪਿ ਅਡੋਲੁ ਨ ਕਬਹੂ ਡੋਲੈ ॥	آپِ اڈولُ ن کبہوُ ڈولے ॥
ਸਰਬ ਕਲਾ ਕਰਿ ਖੇਲੈ ਖੇਲ ॥	سرب کلا کرِ کھیلے کھیل ॥
ਮੋਲਿ ਨ ਪਾਈਐ ਗੁਣਹ ਅਮੋਲ ॥	مولِ ن پائیئے گُنہ امول ॥
ਸਰਬ ਜੋਤਿ ਮਹਿ ਜਾ ਕੀ ਜੋਤਿ ॥	سرب جوتِ مہِ جا کی جوتِ ॥
ਧਾਰਿ ਰਹਿਓ ਸੁਆਮੀ ਓਤਿ ਪੋਤਿ ॥	دھارِ رہیئو سُیامی اوتِ پوتِ ॥

ਗੁਰ ਪਰਸਾਦਿ ਭਰਮ ਕਾ ਨਾਸੁ ॥	گُر پرسادِ بھرم کا ناسُ ॥
ਨਾਨਕ ਤਿਨ ਮਹਿ ਏਹੁ ਬਿਸਾਸੁ ॥੩॥	نانک تِن مہِ ایہُ بِساسُ ॥3॥
ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ ॥	سنّت جنا کا پیکھنُ سبھُ برہم ॥
ਸੰਤ ਜਨਾ ਕੈ ਹਿਰਦੈ ਸਭਿ ਧਰਮ ॥	سنّت جنا کے ہِردے سبھِ دھرم ॥
ਸੰਤ ਜਨਾ ਸੁਨਹਿ ਸੁਭ ਬਚਨ ॥	سنّت جنا سُنہِ سُبھ بچن ॥
ਸਰਬ ਬਿਆਪੀ ਰਾਮ ਸੰਗਿ ਰਚਨ ॥	سرب بِیاپی رام سنگِ رچن ॥
ਜਿਨਿ ਜਾਤਾ ਤਿਸ ਕੀ ਇਹ ਰਹਤ ॥	جِنِ جاتا تِس کی اِہ رہت ॥
ਸਤਿ ਬਚਨ ਸਾਧੂ ਸਭਿ ਕਹਤ ॥	ستِ بچن سادھوُ سبھِ کہت ॥
ਜੋ ਜੋ ਹੋਇ ਸੋਈ ਸੁਖੁ ਮਾਨੈ ॥	جو جو ہوءِ سوئی سُکھُ مانے ॥
ਕਰਨ ਕਰਾਵਨਹਾਰੁ ਪ੍ਰਭੁ ਜਾਨੈ ॥	کرن کراونہارُ پربھُ جانے ॥
ਅੰਤਰਿ ਬਸੇ ਬਾਹਰਿ ਭੀ ਓਹੀ ॥	انترِ بسے باہرِ بھی اوہی ॥
ਨਾਨਕ ਦਰਸਨੁ ਦੇਖਿ ਸਭ ਮੋਹੀ ॥੪॥	نانک درسنُ دیکھِ سبھ موہی ॥4॥
ਆਪਿ ਸਤਿ ਕੀਆ ਸਭੁ ਸਤਿ ॥	آپِ ستِ کِیا سبھُ ستِ ॥
ਤਿਸੁ ਪ੍ਰਭ ਤੇ ਸਗਲੀ ਉਤਪਤਿ ॥	تِس پربھ تے سگلی اُتپتِ ॥
ਤਿਸੁ ਭਾਵੈ ਤਾ ਕਰੇ ਬਿਸਥਾਰੁ ॥	تِس بھاوے تا کرے بِستھارُ ॥
ਤਿਸੁ ਭਾਵੈ ਤਾ ਏਕੰਕਾਰੁ ॥	تِس بھاوے تا ایکنکارُ ॥
ਅਨਿਕ ਕਲਾ ਲਖੀ ਨਹ ਜਾਇ ॥	انِک کلا لکھی نہ جاءِ ॥
ਜਿਸੁ ਭਾਵੈ ਤਿਸੁ ਲਏ ਮਿਲਾਇ ॥	جِس بھاوے تِس لے مِلاءِ ॥
ਕਵਨ ਨਿਕਟਿ ਕਵਨ ਕਹੀਐ ਦੂਰਿ ॥	کون نِکٹِ کون کہیئے دوُرِ ۔ ॥
ਆਪੇ ਆਪਿ ਆਪ ਭਰਪੂਰਿ ॥	آپے آپِ آپ بھرپوُرِ ॥
ਅੰਤਰਗਤਿ ਜਿਸੁ ਆਪਿ ਜਨਾਏ ॥	انترگتِ جِس آپِ جنائے ॥
ਨਾਨਕ ਤਿਸੁ ਜਨ ਆਪਿ ਬੁਝਾਏ ॥੫॥	نانک تِس جن آپِ بُجھائے ॥5॥

ਸਰਬ ਭੂਤ ਆਪਿ ਵਰਤਾਰਾ ॥	سرب بھوُت آپِ ورتارا ॥
ਸਰਬ ਨੈਨ ਆਪਿ ਪੇਖਨਹਾਰਾ ॥	سرب نیَن آپِ پیکھنہارا ॥
ਸਗਲ ਸਮਗ੍ਰੀ ਜਾ ਕਾ ਤਨਾ ॥	سگل سمگّری جا کا تنا ॥
ਆਪਨ ਜਸੁ ਆਪ ਹੀ ਸੁਨਾ ॥	آپن جسُ آپ ہی سُنا ॥
ਆਵਨ ਜਾਨੁ ਇਕੁ ਖੇਲੁ ਬਨਾਇਆ ॥	آون جانُ اِکُ کھیلُ بنائِیا ॥
ਆਗਿਆਕਾਰੀ ਕੀਨੀ ਮਾਇਆ ॥	آگِیاکاری کِینی مائِیا ॥
ਸਭ ਕੈ ਮਧਿ ਅਲਿਪਤੋ ਰਹੈ ॥	سبھ کے مدھِ الپتو رہےَ ॥
ਜੋ ਕਿਛੁ ਕਹਣਾ ਸੁ ਆਪੇ ਕਹੈ ॥	جو کچھُ کہنّا سُ آپے کہےَ ॥
ਆਗਿਆ ਆਵੈ ਆਗਿਆ ਜਾਇ ॥	آگِیا آوےَ آگِیا جاءِ ॥
ਨਾਨਕ ਜਾ ਭਾਵੈ ਤਾ ਲਏ ਸਮਾਇ ॥੬॥	نانک جا بھاوےَ تا لےَ سماءِ ॥6॥
ਇਸ ਤੇ ਹੋਇ ਸੁ ਨਾਹੀ ਬੁਰਾ ॥	اِس تے ہوءِ سُ ناہی بُرا ॥
ਓਰੈ ਕਹਹੁ ਕਿਨੈ ਕਛੁ ਕਰਾ ॥	اورےَ کہہُ کِنےَ کچھُ کرا ۔ ॥
ਆਪਿ ਭਲਾ ਕਰਤੂਤਿ ਅਤਿ ਨੀਕੀ ॥	آپِ بھلا کرتوُتِ اتِ نیِکی ॥
ਆਪੇ ਜਾਨੈ ਅਪਨੇ ਜੀ ਕੀ ॥	آپے جانےَ اپنے جی کی ॥
ਆਪਿ ਸਾਚੁ ਧਾਰੀ ਸਭ ਸਾਚੁ ॥	آپِ ساچُ دھاری سبھ ساچُ ॥
ਓਤਿ ਪੋਤਿ ਆਪਨ ਸੰਗਿ ਰਾਚੁ ॥	اوتِ پوتِ آپن سنگِ راچُ ॥
ਤਾ ਕੀ ਗਤਿ ਮਿਤਿ ਕਹੀ ਨ ਜਾਇ ॥	تا کی گتِ مِتِ کہی ن جاءِ ॥
ਦੂਸਰ ਹੋਇ ਤ ਸੋਝੀ ਪਾਇ ॥	دوُسر ہوءِ ت سوجھی پاءِ ॥
ਤਿਸ ਕਾ ਕੀਆ ਸਭੁ ਪਰਵਾਨੁ ॥	تِس کا کِیا سبھُ پروانُ ॥
ਗੁਰ ਪ੍ਰਸਾਦਿ ਨਾਨਕ ਇਹੁ ਜਾਨੁ ॥੭॥	گُر پرّسادِ نانک اِہُ جانُ ॥7॥
ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥	جو جانے تِسُ سدا سُکھُ ہوءِ ॥
ਆਪਿ ਮਿਲਾਇ ਲਏ ਪ੍ਰਭੁ ਸੋਇ ॥	آپِ مِلاءِ لےَ پرّبھُ سوءِ ॥

ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥	اوہُ دھنونتُ کُلونتُ پتِونتُ ॥
ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥	جِیون مُکتِ جِسُ رِدے بھگونتُ ॥
ਧੰਨੁ ਧੰਨੁ ਧੰਨੁ ਜਨੁ ਆਇਆ ॥	دھنّ دھنّ دھنّ جنُ آئیا ॥
ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥	جِسُ پرسادِ سبھُ جگتُ ترائیا ॥
ਜਨ ਆਵਨ ਕਾ ਇਹੈ ਸੁਆਉ ॥	جن آون کا اِہے سُیاءُ ॥
ਜਨ ਕੈ ਸੰਗਿ ਚਿਤਿ ਆਵੈ ਨਾਉ ॥	جن کے سنگِ چِتِ آوے ناءُ ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥	آپِ مُکتُ مُکتُ کرے سنسارُ ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥੨੩॥	نانک تِسُ جن ک ءُ سدا نمسکارُ ॥8॥ 23 ॥
ਸਲੋਕੁ ॥	سلوکُ ॥
ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥	پوُرا پربھُ آرادھیا پوُرا جا کا ناءُ ॥
ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥੧॥	نانک پوُرا پائیا پوُرے کے گُن گاءُ ॥1॥
ਅਸਟਪਦੀ ॥	اسٹپدی ॥
ਪੂਰੇ ਗੁਰ ਕਾ ਸੁਨਿ ਉਪਦੇਸੁ ॥	پوُرے گُر کا سُنِ اُپدیسُ ॥
ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥	پاربرہمُ نِکٹِ کرِ پیکھُ ॥
ਸਾਸਿ ਸਾਸਿ ਸਿਮਰਹੁ ਗੋਬਿੰਦ ॥	ساسِ ساسِ سِمرہُ گوبِنّد ॥
ਮਨ ਅੰਤਰ ਕੀ ਉਤਰੈ ਚਿੰਦ ॥	من انتر کی اُترے چِنّد ॥
ਆਸ ਅਨਿਤ ਤਿਆਗਹੁ ਤਰੰਗ ॥	آس انِت تِیاگہُ ترنگ ॥
ਸੰਤ ਜਨਾ ਕੀ ਧੂਰਿ ਮਨ ਮੰਗ ॥	سنّت جنا کی دھوُرِ من منگ ॥
ਆਪੁ ਛੋਡਿ ਬੇਨਤੀ ਕਰਹੁ ॥	آپُ چھوڈِ بینتی کرہُ ॥
ਸਾਧਸੰਗਿ ਅਗਨਿ ਸਾਗਰੁ ਤਰਹੁ ॥	سادھسنگِ اگنِ ساگرُ ترہُ ॥
ਹਰਿ ਧਨ ਕੇ ਭਰਿ ਲੇਹੁ ਭੰਡਾਰ ॥	ہرِ دھن کے بھرِ لیہُ بھنّڈار ॥

ਨਾਨਕ ਗੁਰ ਪੂਰੇ ਨਮਸਕਾਰ ॥੧॥	نانک گُرپُورے نمسکار ॥1॥
ਖੇਮ ਕੁਸਲ ਸਹਜ ਆਨੰਦ ॥	کھیم کُسل سہج آنند ॥
ਸਾਧਸੰਗਿ ਭਜੁ ਪਰਮਾਨੰਦ ॥	سادھسنگِ بھجُ پرمانند ॥
ਨਰਕ ਨਿਵਾਰਿ ਉਧਾਰਹੁ ਜੀਉ ॥	نرک نِوارِ اُدھارہُ جیِءُ ॥
ਗੁਨ ਗੋਬਿੰਦ ਅੰਮ੍ਰਿਤ ਰਸੁ ਪੀਉ ॥	گُن گوبِند انّمرِت رسُ پیِءُ ॥
ਚਿਤਿ ਚਿਤਵਹੁ ਨਾਰਾਇਣ ਏਕ ॥	چِتِ چِتوہُ نارائِنؔ ایک ॥
ਏਕ ਰੂਪ ਜਾ ਕੇ ਰੰਗ ਅਨੇਕ ॥	ایک روُپ جا کے رنگ انیک ॥
ਗੋਪਾਲ ਦਾਮੋਦਰ ਦੀਨ ਦਇਆਲ ॥	گوپال دامودر دِین دئیال ॥
ਦੁਖ ਭੰਜਨ ਪੂਰਨ ਕਿਰਪਾਲ ॥	دُکھ بھنّجن پوُرن کِرپال ॥
ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥	سِمرِ سِمرِ نامُ بارنؔ بار ॥
ਨਾਨਕ ਜੀਅ ਕਾ ਇਹੈ ਅਧਾਰ ॥੨॥	نانک جیِء کا اِہےَ ادھار ॥2॥
ਉਤਮ ਸਲੋਕ ਸਾਧ ਕੇ ਬਚਨ ॥	اُتم سلوک سادھ کے بچن ॥
ਅਮੁਲੀਕ ਲਾਲ ਏਹਿ ਰਤਨ ॥	املِیک لال ایہِ رتن ॥
ਸੁਨਤ ਕਮਾਵਤ ਹੋਤ ਉਧਾਰ ॥	سُنت کماوت ہوت اُدھار ॥
ਆਪਿ ਤਰੈ ਲੋਕਹ ਨਿਸਤਾਰ ॥	آپِ ترےَ لوکہ نِستار ॥
ਸਫਲ ਜੀਵਨੁ ਸਫਲੁ ਤਾ ਕਾ ਸੰਗੁ ॥	سپھل جیِونُ سپھلُ تا کا سنگُ ॥
ਜਾ ਕੈ ਮਨਿ ਲਾਗਾ ਹਰਿ ਰੰਗੁ ॥	جا کےَ منِ لاگا ہرِ رنگُ ॥
ਜੈ ਜੈ ਸਬਦੁ ਅਨਾਹਦੁ ਵਾਜੈ ॥	جےَ جےَ سبدُ اناہدُ واجےَ ॥
ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ ॥	سُنِ سُنِ اند کرے پربھُ گاجےَ ॥
ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ ॥	پرگٹے گُپال مہانت کےَ ماتھے ॥
ਨਾਨਕ ਉਧਰੇ ਤਿਨ ਕੈ ਸਾਥੇ ॥੩॥	نانک اُدھرے تِن کےَ ساتھے ॥3॥
ਸਰਨਿ ਜੋਗੁ ਸੁਨਿ ਸਰਨੀ ਆਏ ॥	سرنِ جوگُ سُنِ سرنی آئے ॥

ਕਰਿ ਕਿਰਪਾ ਪ੍ਰਭ ਆਪ ਮਿਲਾਏ ॥	کرِ کرپا پربھ آپ مِلائے ॥
ਮਿਟਿ ਗਏ ਬੈਰ ਭਏ ਸਭ ਰੇਨ ॥	مِٹ گئے بیَر بھئے سبھ رین ॥
ਅੰਮ੍ਰਿਤ ਨਾਮੁ ਸਾਧਸੰਗਿ ਲੈਨ ॥	انمّرِت نامُ سادھسنگِ لیَن ॥
ਸੁਪ੍ਰਸੰਨ ਭਏ ਗੁਰਦੇਵ ॥	سُپرّسنّن بھئے گُردیو ॥
ਪੂਰਨ ਹੋਈ ਸੇਵਕ ਕੀ ਸੇਵ ॥	پوُرن ہوئی سیوک کی سیو ॥
ਆਲ ਜੰਜਾਲ ਬਿਕਾਰ ਤੇ ਰਹਤੇ ॥	آل زنجّال بِکار تے رہتے ॥
ਰਾਮ ਨਾਮ ਸੁਨਿ ਰਸਨਾ ਕਹਤੇ ॥	رام نام سُنِ رسنا کہتے ॥
ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ ॥	کرِ پرّساد دئیا پربھِ دھاری ॥
ਨਾਨਕ ਨਿਬਹੀ ਖੇਪ ਹਮਾਰੀ ॥੪॥	نانک نِبہی کھیپ ہماری ॥4॥
ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥	پربھ کی اُستتِ کرہُ سنّت میت ۔ ॥
ਸਾਵਧਾਨ ਏਕਾਗਰ ਚੀਤ ॥	ساودھان ایکاگر چیت ॥
ਸੁਖਮਨੀ ਸਹਜ ਗੋਬਿੰਦ ਗੁਨ ਨਾਮ ॥	سُکھمنی سہج گوبِندّ گُن نام ॥
ਜਿਸੁ ਮਨਿ ਬਸੈ ਸੁ ਹੋਤ ਨਿਧਾਨ ॥	جِسُ منِ بسےَ سُ ہوت نِدھان ॥
ਸਰਬ ਇਛਾ ਤਾ ਕੀ ਪੂਰਨ ਹੋਇ ॥	سرب اِچھا تا کی پوُرن ہوءِ ॥
ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥	پرّدھان پُرکھُ پرّگٹُ سبھ لوءِ ॥
ਸਭ ਤੇ ਊਚ ਪਾਏ ਅਸਥਾਨੁ ॥	سبھ تے اوُچ پائے استھانُ ॥
ਬਹੁਰਿ ਨ ਹੋਵੈ ਆਵਨ ਜਾਨੁ ॥	بہُرِ ن ہووےَ آون جانُ ॥
ਹਰਿ ਧਨੁ ਖਾਟਿ ਚਲੈ ਜਨੁ ਸੋਇ ॥	ہرِ دھنُ کھاٹِ چلےَ جنُ سوءِ ॥
ਨਾਨਕ ਜਿਸਹਿ ਪਰਾਪਤਿ ਹੋਇ ॥੫॥	نانک جِسہِ پراپتِ ہوءِ ॥5॥
ਖੇਮ ਸਾਂਤਿ ਰਿਧਿ ਨਵ ਨਿਧਿ ॥	کھیم سانتِ رِدھِ نو نِدھِ ॥
ਬੁਧਿ ਗਿਆਨੁ ਸਰਬ ਤਹ ਸਿਧਿ ॥	بُدھِ گیانُ سرب تہ سِدھِ ॥
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥	بِدیا تپُ جوگُ پربھ دھیانُ ॥

ਗਿਆਨੁ ਸ੍ਰੇਸਟ ਊਤਮ ਇਸਨਾਨੁ ॥	گیانُ سّریسٹ اوُتم اِسنانُ ॥
ਚਾਰਿ ਪਦਾਰਥ ਕਮਲ ਪ੍ਰਗਾਸ ॥	چارِ پدارتھ کمل پّرگاس ॥
ਸਭ ਕੈ ਮਧਿ ਸਗਲ ਤੇ ਉਦਾਸ ॥	سبھ کے مدھِ سگل تے اُداس ॥
ਸੁੰਦਰੁ ਚਤੁਰੁ ਤਤ ਕਾ ਬੇਤਾ ॥	سُنّدرُ چتُر تت کا بیتا ॥
ਸਮਦਰਸੀ ਏਕ ਦ੍ਰਿਸਟੇਤਾ ॥	سمدرسی ایک دّرِسٹیتا ॥
ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥	اِہ پھل تِسُ جن کے مُکھِ بھنے ॥
ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥੬॥	گُر نانک نام بچن منِ سُنے ॥6॥
ਇਹੁ ਨਿਧਾਨੁ ਜਪੈ ਮਨਿ ਕੋਇ ॥	اِہُ نِدھانُ جپے منِ کوءِ ॥
ਸਭ ਜੁਗ ਮਹਿ ਤਾ ਕੀ ਗਤਿ ਹੋਇ ॥	سبھ جُگ مہِ تا کی گتِ ہوءِ ॥
ਗੁਣ ਗੋਬਿੰਦ ਨਾਮ ਧੁਨਿ ਬਾਣੀ ॥	گُنّ گوبِنّد نام دھُنِ باٹی ॥
ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥	سِمرّتِ ساستّر بید بکھاٹی ॥
ਸਗਲ ਮਤਾਂਤ ਕੇਵਲ ਹਰਿ ਨਾਮ ॥	سگل متانْت کیول ہرِ نام ॥
ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥	گوبِنّد بھگت کے منِ بِسّرام ॥
ਕੋਟਿ ਅਪ੍ਰਾਧ ਸਾਧਸੰਗਿ ਮਿਟੈ ॥	کوٹِ اپّرادھ سادھسنگِ مِٹے ॥
ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥	سنّت کّرپا تے جم تے چھُٹے ॥
ਜਾ ਕੈ ਮਸਤਕਿ ਕਰਮ ਪ੍ਰਭਿ ਪਾਏ ॥	جا کے مستکِ کرم پّربھِ پائے ॥
ਸਾਧ ਸਰਣਿ ਨਾਨਕ ਤੇ ਆਏ ॥੭॥	سادھ سرنِ نانک تے آئے ॥7॥
ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ॥	جِسُ منِ بسے سُنے لاءِ پّریتِ ॥
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥	تِسُ جن آوے ہرِ پّربھُ چیتِ ॥
ਜਨਮ ਮਰਨ ਤਾ ਕਾ ਦੂਖੁ ਨਿਵਾਰੈ ॥	جنم مرن تا کا دوُکھُ نِوارے ॥
ਦੁਲਭ ਦੇਹ ਤਤਕਾਲ ਉਧਾਰੈ ॥	دُلبھ دیہ تتکال اُدھارے ॥
ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ ॥	نِرمل سوبھا انّمرّت تا کی بانی ॥

ਏਕੁ ਨਾਮੁ ਮਨ ਮਾਹਿ ਸਮਾਨੀ ॥	ایکُ نامُ من ماہِ سمانی ॥
ਦੂਖ ਰੋਗ ਬਿਨਸੇ ਭੈ ਭਰਮ ॥	دوُکھ روگ بِنسے بھےَ بھرم ॥
ਸਾਧ ਨਾਮ ਨਿਰਮਲ ਤਾ ਕੇ ਕਰਮ ॥	سادھ نام نِرمل تا کے کرم ॥
ਸਭ ਤੇ ਊਚ ਤਾ ਕੀ ਸੋਭਾ ਬਨੀ ॥	سبھ تے اوُچ تا کی سوبھا بنی ॥
ਨਾਨਕ ਇਹ ਗੁਣਿ ਨਾਮੁ ਸੁਖਮਨੀ ॥੮॥੨੪॥	نانک اِہ گُنِ نامُ سُکھمنی ॥8॥ 24 ॥
ਥਿਤੀ ਗਉੜੀ ਮਹਲਾ ੫ ॥	تھِتی گئڑی محلا 5 ॥
ਸਲੋਕੁ ॥	سلوکُ ॥
ੴ ਸਤਿਗੁਰ ਪ੍ਰਸਾਦਿ ॥	۱ۄ ستِگُر پرّسادِ ॥
ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥	جلِ تھلِ مہیئلِ پوُرِیا سُیامی سِرجنہارُ ॥
ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥੧॥	اِنک بھانتِ ہوءِ پسرِیا نانک ایکنکارُ ॥1॥
ਪਉੜੀ ॥	پئڑی ॥
ਏਕਮ ਏਕੰਕਾਰੁ ਪ੍ਰਭੁ ਕਰਉ ਬੰਦਨਾ ਧਿਆਇ ॥	ایکم ایکنکارُ پربھُ کرءُ بندنا دھِیاءِ ॥
ਗੁਣ ਗੋਬਿੰਦ ਗੁਪਾਲ ਪ੍ਰਭ ਸਰਨਿ ਪਰਉ ਹਰਿ ਰਾਇ ॥	گُنؤ گوبِندّ گُپال پربھ سرنِ پرءُ ہرِ راءِ ॥
ਤਾ ਕੀ ਆਸ ਕਲਿਆਣ ਸੁਖ ਜਾ ਤੇ ਸਭੁ ਕਛੁ ਹੋਇ ॥	تا کی آس کلیانؤ سُکھ جا تے سبھُ کچھُ ہوءِ ॥
ਚਾਰਿ ਕੁੰਟ ਦਹ ਦਿਸਿ ਭ੍ਰਮਿਓ ਤਿਸੁ ਬਿਨੁ ਅਵਰੁ ਨ ਕੋਇ ॥	چارِ کُنٹ دہ دِس بھرّمِئو تِس بِنُ اورُ ن کوءِ ॥
ਬੇਦ ਪੁਰਾਨ ਸਿਮ੍ਰਿਤਿ ਸੁਨੇ ਬਹੁ ਬਿਧਿ ਕਰਉ ਬੀਚਾਰੁ ॥	بید پُران سِمرّتِ سُنے بہُ بِدھِ کرءُ بیچارُ ॥

ਪਤਿਤ ਉਧਾਰਨ ਭੈ ਹਰਨ
ਸੁਖ ਸਾਗਰ ਨਿਰੰਕਾਰ ॥

پتت اُدھارن بھے ہرن
سُکھ ساگر نِرنکار ॥

ਦਾਤਾ ਭੁਗਤਾ ਦੇਨਹਾਰੁ
ਤਿਸੁ ਬਿਨੁ ਅਵਰੁ ਨ ਜਾਇ ॥

داتا بھگتا دینہارُ
تِس بِنُ اورُ ن جاءِ ॥

ਜੋ ਚਾਹਹਿ ਸੋਈ ਮਿਲੈ
ਨਾਨਕ ਹਰਿ ਗੁਨ ਗਾਇ ॥੧॥

جو چاہہِ سوئی مِلے
نانک ہرِ گُن گاءِ ॥1॥

ਗੋਬਿੰਦ ਜਸੁ ਗਾਈਐ ਹਰਿ ਨੀਤ ॥

گوبِنّد جسُ گائیے ہرِ نیت ॥

ਮਿਲਿ ਭਜੀਐ ਸਾਧਸੰਗਿ
ਮੇਰੇ ਮੀਤ ॥੧॥ ਰਹਾਉ ॥

مِلِ بھجیئے سادھسنگِ
میرے میت ۔ ॥1॥ رہاءُ ॥

ਸਲੋਕੁ ॥

سلوکُ ॥

ਕਰਉ ਬੰਦਨਾ ਅਨਿਕ ਵਾਰ
ਸਰਨਿ ਪਰਉ ਹਰਿ ਰਾਇ ॥

کرءُ بندنا انِک وار
سرنِ پرءُ ہرِ راءِ ॥

ਭ੍ਰਮੁ ਕਟੀਐ ਨਾਨਕ ਸਾਧਸੰਗਿ
ਦੁਤੀਆ ਭਾਉ ਮਿਟਾਇ ॥੨॥

بھرمُ کٹیئے نانک سادھسنگِ
دُتیا بھاءُ مِٹاءِ ॥2॥

ਪਉੜੀ ॥

پُنڑی ॥

ਦੁਤੀਆ ਦੁਰਮਤਿ ਦੂਰਿ ਕਰਿ
ਗੁਰ ਸੇਵਾ ਕਰਿ ਨੀਤ ॥

دُتیا دُرمتِ دوُرِ کرِ
گُر سیوا کرِ نیت ॥

ਰਾਮ ਰਤਨੁ ਮਨਿ ਤਨਿ ਬਸੈ
ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥

رام رتنُ منِ تنِ بسے
تجِ کامُ کرودھُ لوبھُ میت ۔ ॥

ਮਰਣੁ ਮਿਟੈ ਜੀਵਨੁ ਮਿਲੈ
ਬਿਨਸਹਿ ਸਗਲ ਕਲੇਸ ॥

مرنُ مِٹے جیونُ مِلے
بِنسہِ سگل کلیس ॥

ਆਪੁ ਤਜਹੁ ਗੋਬਿੰਦ ਭਜਹੁ
ਭਾਉ ਭਗਤਿ ਪਰਵੇਸ ॥

آپُ تجہُ گوبِنّد بھجہُ
بھاءُ بھگتِ پرویس ॥

ਲਾਭੁ ਮਿਲੈ ਤੋਟਾ ਹਿਰੈ
ਹਰਿ ਦਰਗਹ ਪਤਿਵੰਤ ॥

لابھُ مِلے توٹا ہِرے
ہرِ درگہ پتونّت ॥

ਰਾਮ ਨਾਮ ਧਨੁ ਸੰਚਵੈ
ਸਾਚ ਸਾਹ ਭਗਵੰਤ ॥

رام نام دھنُ سنچوے
ساچ ساہ بھگونّت ॥

ਊਠਤ ਬੈਠਤ ਹਰਿ ਭਜਹੁ
ਸਾਧੂ ਸੰਗਿ ਪਰੀਤਿ ॥

اوُٹھت بیٹھت ہرِ بھجہُ
سادھوُ سنگِ پریتِ ॥

ਨਾਨਕ ਦੁਰਮਤਿ ਛੁਟਿ ਗਈ
ਪਾਰਬ੍ਰਹਮ ਬਸੇ ਚੀਤਿ ॥੨॥

نانک دُرمتِ چھُٹِ گئی
پاربّرہم بسے چیتِ ॥2॥

ਸਲੋਕੁ ॥

سلوکُ ॥

ਤੀਨਿ ਬਿਆਪਹਿ ਜਗਤ ਕਉ
ਤੁਰੀਆ ਪਾਵੈ ਕੋਇ ॥

تِینِ بیاپہِ جگت کءُ
تُریا پاوے کوءِ ॥

ਨਾਨਕ ਸੰਤ ਨਿਰਮਲ ਭਏ
ਜਿਨ ਮਨਿ ਵਸਿਆ ਸੋਇ ॥੩॥

نانک سنّت نِرمل بھئے
جِن منِ وسِیا سوءِ ॥3॥

ਪਉੜੀ ॥

پئُڑی ॥

ਤ੍ਰਿਤੀਆ ਤ੍ਰੈ ਗੁਣ ਬਿਖੈ ਫਲ
ਕਬ ਉਤਮ ਕਬ ਨੀਚੁ ॥

تّرِتیا تّرے گُنْ بِکھے پھل
کب اُتم کب نِیچُ ॥

ਨਰਕ ਸੁਰਗ ਭ੍ਰਮਤਉ ਘਣੋ
ਸਦਾ ਸੰਘਾਰੈ ਮੀਚੁ ॥

نرک سُرگ بھّرمت ءُ گھنُو
سدا سنگھارے میچُ ॥

ਹਰਖ ਸੋਗ ਸਹਸਾ ਸੰਸਾਰੁ
ਹਉ ਹਉ ਕਰਤ ਬਿਹਾਇ ॥

ہرکھ سوگ سہسا سنّسارُ
ہءُ ہءُ کرت بِہاءِ ॥

ਜਿਨਿ ਕੀਏ ਤਿਸਹਿ ਨ ਜਾਣਨੀ
ਚਿਤਵਹਿ ਅਨਿਕ ਉਪਾਇ ॥

جِنِ کیئے تِسہِ ن جانّنی
چِتوہِ انِک اُپاءِ ॥

ਆਧਿ ਬਿਆਧਿ ਉਪਾਧਿ ਰਸ
ਕਬਹੁ ਨ ਤੂਟੈ ਤਾਪ ॥

آدھِ بِیادھِ اُپادھِ رس
کبہُ ن توٹے تاپ ॥

ਪਾਰਬ੍ਰਹਮ ਪੂਰਨ ਧਨੀ
ਨਹ ਬੂਝੈ ਪਰਤਾਪ ॥

پاربّرہم پوُرن دھنی
نہ بوُجھے پرتاپ ॥

ਮੋਹ ਭਰਮ ਬੂਡਤ ਘਣੋ

موہ بھرم بوُڈت گھنُو

ਮਹਾ ਨਰਕ ਮਹਿ ਵਾਸ ॥
مہا نرک مہِ واس ॥

ਕਰਿ ਕਿਰਪਾ ਪ੍ਰਭ ਰਾਖਿ ਲੇਹੁ
ਨਾਨਕ ਤੇਰੀ ਆਸ ॥੩॥
کرِ کرِپا پربھ راکھِ لیہُ
نانک تیری آس ॥3॥

ਸਲੋਕੁ ॥
سلوکُ ॥

ਚਤੁਰ ਸਿਆਣਾ ਸੁਘੜੁ ਸੋਇ
ਜਿਨਿ ਤਜਿਆ ਅਭਿਮਾਨੁ ॥
چترُ سِیاٹا سُگھڑُ سوءِ
جِنِ تجِیا ابھِمانُ ॥

ਚਾਰਿ ਪਦਾਰਥ ਅਸਟ ਸਿਧਿ
ਭਜੁ ਨਾਨਕ ਹਰਿ ਨਾਮੁ ॥੪॥
چارِ پدارتھ اسٹ سِدھِ
بھجُ نانک ہرِ نامُ ॥4॥

ਪਉੜੀ ॥
پؤڑی ॥

ਚਤੁਰਥਿ ਚਾਰੇ ਬੇਦ ਸੁਣਿ
ਸੋਧਿਓ ਤਤੁ ਬੀਚਾਰੁ ॥
چترتھِ چارے بید سُنِ
سودھِئو تتُ بیچارُ ॥

ਸਰਬ ਖੇਮ ਕਲਿਆਣ ਨਿਧਿ
ਰਾਮ ਨਾਮੁ ਜਪਿ ਸਾਰੁ ॥
سرب کھیم کلیانْ نِدھِ
رام نامُ جپِ سارُ ॥

ਨਰਕ ਨਿਵਾਰੈ ਦੁਖ ਹਰੈ
ਤੂਟਹਿ ਅਨਿਕ ਕਲੇਸ ॥
نرک نِوارے دُکھ ہرے
توٹہِ انِک کلیس ॥

ਮੀਚੁ ਹੁਟੈ ਜਮ ਤੇ ਛੁਟੈ
ਹਰਿ ਕੀਰਤਨ ਪਰਵੇਸ ॥
میچُ ہُٹے جم تے چھُٹے
ہرِ کیرتن پرویس ॥

ਭਉ ਬਿਨਸੈ ਅੰਮ੍ਰਿਤੁ ਰਸੈ
ਰੰਗਿ ਰਤੇ ਨਿਰੰਕਾਰ ॥
بھءُ بِنسے انّمرِتُ رسے
رنگِ رتے نِرنّکار ॥

ਦੁਖ ਦਾਰਿਦ ਅਪਵਿਤ੍ਰਤਾ
ਨਾਸਹਿ ਨਾਮ ਅਧਾਰ ॥
دُکھ دارِد اپوِتّرتا
ناسہِ نام ادھار ॥

ਸੁਰਿ ਨਰ ਮੁਨਿ ਜਨ ਖੋਜਤੇ
ਸੁਖ ਸਾਗਰ ਗੋਪਾਲ ॥
سُرِ نر مُنِ جن کھوجتے
سُکھ ساگر گوپال ॥

ਮਨੁ ਨਿਰਮਲੁ ਮੁਖੁ ਊਜਲਾ
ਹੋਇ ਨਾਨਕ ਸਾਧ ਰਵਾਲ ॥੪॥
منُ نِرملُ مُکھُ اوُجلا
ہوءِ نانک سادھ روال ॥4॥

ਸਲੋਕੁ ॥

پنچ بِکار من مہِ بسے
راچے مائیا سنگِ ॥

ਪੰਚ ਬਿਕਾਰ ਮਨ ਮਹਿ ਬਸੇ
ਰਾਚੇ ਮਾਇਆ ਸੰਗਿ ॥

ساد ھسنگِ ہوءِ نِرملا
نانک پربھ کے رنگِ ॥5॥

ਸਾਧਸੰਗਿ ਹੋਇ ਨਿਰਮਲਾ
ਨਾਨਕ ਪ੍ਰਭ ਕੈ ਰੰਗਿ ॥੫॥

ਪਉੜੀ ॥

پنچمِ پنچ پردھان تے
جِہ جانِئو پرپنچُ ॥

ਪੰਚਮਿ ਪੰਚ ਪ੍ਰਧਾਨ ਤੇ
ਜਿਹ ਜਾਨਿਓ ਪਰਪੰਚੁ ॥

کسم باس بہُ رنگُ گھنو
سبھ مِتھیا بلبنچُ ॥

ਕੁਸਮ ਬਾਸ ਬਹੁ ਰੰਗੁ ਘਣੋ
ਸਭ ਮਿਥਿਆ ਬਲਬੰਚੁ ॥

نہ جاپے نہ بوُجھیئے
نہ کچھُ کرت بیچارُ ॥

ਨਹ ਜਾਪੈ ਨਹ ਬੂਝੀਐ
ਨਹ ਕਛੁ ਕਰਤ ਬੀਚਾਰੁ ॥

سُیاد موہ رس بیدھئو
اگیانِ رچئو سنسارُ ॥

ਸੁਆਦ ਮੋਹ ਰਸ ਬੇਧਿਓ
ਅਗਿਆਨਿ ਰਚਿਓ ਸੰਸਾਰੁ ॥

جنم مرنُ بہُ جونِ بھرمنُ
کینے کرم انیک ॥

ਜਨਮ ਮਰਣ ਬਹੁ ਜੋਨਿ ਭ੍ਰਮਣ
ਕੀਨੇ ਕਰਮ ਅਨੇਕ ॥

رچنہارُ نہ سِمرِئو
من ن بیچارِ بِبیک ॥

ਰਚਨਹਾਰੁ ਨਹ ਸਿਮਰਿਓ
ਮਨਿ ਨ ਬੀਚਾਰਿ ਬਿਬੇਕ ॥

بھاءُ بھگتِ بھگوان سنگِ
مائیا لپت ن رنچ ॥

ਭਾਉ ਭਗਤਿ ਭਗਵਾਨ ਸੰਗਿ
ਮਾਇਆ ਲਿਪਤ ਨ ਰੰਚ ॥

نانک بِرلے پائیئہِ
جو ن رچہِ پرپنچ ॥5॥

ਨਾਨਕ ਬਿਰਲੇ ਪਾਈਅਹਿ
ਜੋ ਨ ਰਚਹਿ ਪਰਪੰਚ ॥੫॥

ਸਲੋਕੁ ॥

سلوکُ ॥

کھٹ ساستر اوُچو کہہِ
انتُ ن پاراوار ॥

ਖਟ ਸਾਸਤ੍ਰ ਊਚੌ ਕਹਹਿ
ਅੰਤੁ ਨ ਪਾਰਾਵਾਰ ॥

ਭਗਤ ਸੋਹਹਿ ਗੁਣ ਗਾਵਤੇ
ਨਾਨਕ ਪ੍ਰਭ ਕੈ ਦੁਆਰ ॥੬॥

بھگت سوہہِ گُنؤ گاوتے
نانک پربھ کے دُیار ॥6॥

ਪਉੜੀ ॥

پئُڑی ॥

ਖਸਟਮਿ ਖਟ ਸਾਸਤ੍ਰ ਕਹਹਿ
ਸਿੰਮ੍ਰਿਤਿ ਕਥਹਿ ਅਨੇਕ ॥

کھسٹمِ کھٹ ساستّر کہہِ
سِمرِتِ کتھہِ انیک ॥

ਊਤਮੁ ਊਚੌ ਪਾਰਬ੍ਰਹਮੁ
ਗੁਣ ਅੰਤੁ ਨ ਜਾਣਹਿ ਸੇਖ ॥

اوُتمُ اوُچوَ پاربرّہمُ
گُنؤ انتُ ن جاٹہِ سیکھ ॥

ਨਾਰਦ ਮੁਨਿ ਜਨ ਸੁਕ ਬਿਆਸ
ਜਸੁ ਗਾਵਤ ਗੋਬਿੰਦ ॥

نارد مُنِ جن سُک بِیاس
جسُ گاوت گوبِندّ ॥

ਰਸ ਗੀਧੇ ਹਰਿ ਸਿਉ ਬੀਧੇ
ਭਗਤ ਰਚੇ ਭਗਵੰਤ ॥

رس گیِدھے ہرِ سِءُ بیِدھے
بھگت رچے بھگونّت ॥

ਮੋਹ ਮਾਨ ਭ੍ਰਮੁ ਬਿਨਸਿਓ
ਪਾਈ ਸਰਨਿ ਦਇਆਲ ॥

موہ مان بھّرمُ بِنسِئو
پائی سرنِ دیئال ॥

ਚਰਨ ਕਮਲ ਮਨਿ ਤਨਿ ਬਸੇ
ਦਰਸਨੁ ਦੇਖਿ ਨਿਹਾਲ ॥

چرن کمل منِ تنِ بسے
درسنُ دیکھِ نِہال ॥

ਲਾਭੁ ਮਿਲੈ ਤੋਟਾ ਹਿਰੈ
ਸਾਧਸੰਗਿ ਲਿਵ ਲਾਇ ॥

لابھُ مِلےَ توٹا ہِرےَ
سادھسنگِ لِو لاءِ ॥

ਖਾਟਿ ਖਜਾਨਾ ਗੁਣ ਨਿਧਿ ਹਰੇ
ਨਾਨਕ ਨਾਮੁ ਧਿਆਇ ॥੬॥

کھاٹِ خزانا گُنؤ نِدھِ ہرے
نانک نامُ دھِیاءِ ॥6॥

ਸਲੋਕੁ ॥

سلوکُ ॥

ਸੰਤ ਮੰਡਲ ਹਰਿ ਜਸੁ ਕਥਹਿ
ਬੋਲਹਿ ਸਤਿ ਸੁਭਾਇ ॥

سنّت منّڈل ہرِ جسُ کتھہِ
بولہِ ستِ سُبھاءِ ॥

ਨਾਨਕ ਮਨੁ ਸੰਤੋਖੀਐ
ਏਕਸੁ ਸਿਉ ਲਿਵ ਲਾਇ ॥੭॥

نانک منُ سنّتوکھیِئے
ایکسُ سِءُ لِو لاءِ ॥7॥

ਪਉੜੀ ॥

پئُڑی ॥

ਸਪਤਮਿ ਸੰਚਹੁ ਨਾਮ ਧਨੁ
ਟੂਟਿ ਨ ਜਾਹਿ ਭੰਡਾਰ ॥

ਸੰਤਸੰਗਤਿ ਮਹਿ ਪਾਈਐ
ਅੰਤੁ ਨ ਪਾਰਾਵਾਰ ॥

ਆਪੁ ਤਜਹੁ ਗੋਬਿੰਦ ਭਜਹੁ
ਸਰਨਿ ਪਰਹੁ ਹਰਿ ਰਾਇ ॥

ਦੂਖ ਹਰੈ ਭਵਜਲੁ ਤਰੇ
ਮਨ ਚਿੰਦਿਆ ਫਲੁ ਪਾਇ ॥

ਆਠ ਪਹਰ ਮਨਿ ਹਰਿ ਜਪੈ
ਸਫਲੁ ਜਨਮੁ ਪਰਵਾਣੁ ॥

ਅੰਤਰਿ ਬਾਹਰਿ ਸਦਾ ਸੰਗਿ
ਕਰਨੈਹਾਰੁ ਪਛਾਣੁ ॥

ਸੋ ਸਾਜਨੁ ਸੋ ਸਖਾ ਮੀਤੁ
ਜੋ ਹਰਿ ਕੀ ਮਤਿ ਦੇਇ ॥

ਨਾਨਕ ਤਿਸੁ ਬਲਿਹਾਰਣੈ
ਹਰਿ ਹਰਿ ਨਾਮੁ ਜਪੇਇ ॥੭॥

ਸਲੋਕੁ ॥

ਆਠ ਪਹਰ ਗੁਨ ਗਾਈਅਹਿ
ਤਜੀਅਹਿ ਅਵਰਿ ਜੰਜਾਲ ॥

ਜਮਕੰਕਰੁ ਜੋਹਿ ਨ ਸਕਈ
ਨਾਨਕ ਪ੍ਰਭੂ ਦਇਆਲ ॥੮॥

ਪਉੜੀ ॥

ਅਸਟਮੀ ਅਸਟ ਸਿਧਿ ਨਵ ਨਿਧਿ ॥

ਸਗਲ ਪਦਾਰਥ ਪੂਰਨ ਬੁਧਿ ॥

ਕਵਲ ਪ੍ਰਗਾਸ ਸਦਾ ਆਨੰਦ ॥

سپتمِ سنچہُ نام دھنُ
ٹوُٹِ ن جاہِ بھنڈار ॥

سنتسنگتِ مہِ پائیئے
انتُ ن پاراوار ॥

آپُ تجہُ گوبِند بھجہُ
سرنِ پرہُ ہرِ راءِ ॥

دوُکھ ہرے بھوجلُ ترے
من چِنڈیا پھلُ پاءِ ॥

آٹھ پہر منِ ہرِ جپے
سپھلُ جنمُ پرواںُ ॥

انترِ باہرِ سدا سنگِ
کرنیہارُ پچھانُ ॥

سو ساجنُ سو سکھا میتُ
جو ہرِ کی متِ دےءِ ॥

نانک تِس بلِہارےٗ
ہرِ ہرِ نامُ جپےءِ ॥7॥

سلوکُ ॥

آٹھ پہر گُن گائیئہِ
تجیئہِ اورِ زنجال ॥

جمکنکرُ جوہِ ن سکئی
نانک پربھوُ دئیال ॥8॥

پوڑی ॥

اسٹمی اسٹ سِدھِ نو نِدھِ ॥

سگل پدارتھ پوُرن بُدھِ ॥

کول پرگاس سدا آنند ॥

ਨਿਰਮਲ ਰੀਤਿ ਨਿਰੋਧਰ ਮੰਤ ॥
نِرمل ریتِ نِرودھر منّت ॥

ਸਗਲ ਧਰਮ ਪਵਿਤ੍ਰ ਇਸਨਾਨੁ ॥
سگل دھرم پوِتّر اِسنانُ ॥

ਸਭ ਮਹਿ ਊਚ ਬਿਸੇਖ ਗਿਆਨੁ ॥
سبھ مہِ اوُچ بِسیکھ گِیانُ ॥

ਹਰਿ ਹਰਿ ਭਜਨੁ ਪੂਰੇ ਗੁਰ ਸੰਗਿ ॥
ہرِ ہرِ بھجنُ پوُرے گُر سنگِ ॥

ਜਪਿ ਤਰੀਐ ਨਾਨਕ ਨਾਮ ਹਰਿ ਰੰਗਿ ॥੮॥
جپِ ترِیۂ نانک نام ہرِ رنگِ ॥8॥

ਸਲੋਕੁ ॥
سلوکُ ॥

ਨਾਰਾਇਣੁ ਨਹ ਸਿਮਰਿਓ
ਮੋਹਿਓ ਸੁਆਦ ਬਿਕਾਰ ॥
نارائنُ نہ سِمرِئو
موہِئو سُیاد بِکار ॥

ਨਾਨਕ ਨਾਮਿ ਬਿਸਾਰਿਐ
ਨਰਕ ਸੁਰਗ ਅਵਤਾਰ ॥੯॥
نانک نامِ بِسارِۂ
نرک سُرگ اوتار ॥9॥

ਪਉੜੀ ॥
پئڑی ॥

ਨਉਮੀ ਨਵੇ ਛਿਦ੍ਰ ਅਪਵੀਤ ॥
نئمی نوے چھِدّر اپویِت ॥

ਹਰਿ ਨਾਮੁ ਨ ਜਪਹਿ ਕਰਤ ਬਿਪਰੀਤਿ ॥
ہرِ نامُ ن جپہِ کرت بِپریتِ ॥

ਪਰ ਤ੍ਰਿਅ ਰਮਹਿ ਬਕਹਿ ਸਾਧ ਨਿੰਦ ॥
پر تّرِء رمہِ بکہِ سادھ نِندّ ॥

ਕਰਨ ਨ ਸੁਨਹੀ ਹਰਿ ਜਸੁ ਬਿੰਦ ॥
کرن ن سُنہی ہرِ جسُ بِندّ ॥

ਹਿਰਹਿ ਪਰ ਦਰਬੁ ਉਦਰ ਕੈ ਤਾਈ ॥
ہِرہِ پر دربُ اُدر کے تائی ॥

ਅਗਨਿ ਨ ਨਿਵਰੈ ਤ੍ਰਿਸਨਾ ਨ ਬੁਝਾਈ ॥
اگنِ ن نِورے تّرِسنا ن بُجھائی ॥

ਹਰਿ ਸੇਵਾ ਬਿਨੁ ਏਹ ਫਲ ਲਾਗੇ ॥
ہرِ سیوا بِنُ ایہ پھل لاگے ॥

ਨਾਨਕ ਪ੍ਰਭ ਬਿਸਰਤ
ਮਰਿ ਜਮਹਿ ਅਭਾਗੇ ॥੯॥
نانک پربھ بِسرت
مرِ جمہِ ابھاگے ॥9॥

ਸਲੋਕੁ ॥
سلوکُ ॥

ਦਸ ਦਿਸ ਖੋਜਤ ਮੈ ਫਿਰਿਓ
ਜਤ ਦੇਖਉ ਤਤ ਸੋਇ ॥
دس دِس کھوجت مے پھِرِئو
جت دیکھءُ تت سوءِ ॥

ਮਨੁ ਬਸਿ ਆਵੈ ਨਾਨਕਾ
ਜੇ ਪੂਰਨ ਕਿਰਪਾ ਹੋਇ ॥੧੦॥

من بِس آوے نانکا
جے پوُرن کِرپا ہوءِ ॥ 10 ॥

ਪਉੜੀ ॥

پئُڑی ॥

ਦਸਮੀ ਦਸ ਦੁਆਰ ਬਸਿ ਕੀਨੇ ॥
ਮਨਿ ਸੰਤੋਖੁ ਨਾਮ ਜਪਿ ਲੀਨੇ ॥
ਕਰਨੀ ਸੁਨੀਐ ਜਸੁ ਗੋਪਾਲ ॥
ਨੈਨੀ ਪੇਖਤ ਸਾਧ ਦਇਆਲ ॥
ਰਸਨਾ ਗੁਨ ਗਾਵੈ ਬੇਅੰਤ ॥
ਮਨ ਮਹਿ ਚਿਤਵੈ ਪੂਰਨ ਭਗਵੰਤ ॥
ਹਸਤ ਚਰਨ ਸੰਤ ਟਹਲ ਕਮਾਈਐ ॥
ਨਾਨਕ ਇਹੁ ਸੰਜਮੁ
ਪ੍ਰਭ ਕਿਰਪਾ ਪਾਈਐ ॥੧੦॥

دسمی دس دُیار بِس کِینے ॥
مِن سنّتوکھُ نام جپِ لِینے ॥
کرنی سُنیئے جسُ گوپال ॥
نینَی پیکھت سادھ دیَیال ॥
رسنا گُن گاوے بیئنّت ॥
من مہِ چِتوے پوُرن بھگونّت ॥
ہست چرن سنّت ٹہل کمائیئے ॥
نانک اِہُ سنجّمُ
پّربھ کِرپا پائیئے ॥ 10 ॥

ਸਲੋਕੁ ॥

سلوکُ ॥

ਏਕੋ ਏਕੁ ਬਖਾਨੀਐ
ਬਿਰਲਾ ਜਾਣੈ ਸ੍ਵਾਦੁ ॥
ਗੁਣ ਗੋਬਿੰਦ ਨ ਜਾਣੀਐ
ਨਾਨਕ ਸਭੁ ਬਿਸਮਾਦੁ ॥੧੧॥

ایکو ایکُ بکھانیئے
بِرلا جانے سّوادُ ॥
گُن گوبِند ن جانیئے
نانک سبھُ بِسمادُ ॥ 11 ॥

ਪਉੜੀ ॥

پئُڑی ॥

ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ ॥
ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ ॥
ਮਨਿ ਸੰਤੋਖ ਸਰਬ ਜੀਅ ਦਇਆ ॥
ਇਨ ਬਿਧਿ ਬਰਤੁ ਸੰਪੂਰਨ ਭਇਆ ॥
ਧਾਵਤ ਮਨੁ ਰਾਖੈ ਇਕ ਠਾਇ ॥

ایکادسی نِکٹِ پیکھہُ ہرِ رامُ ॥
اِنّدری بِس کرِ سُنّہُ ہرِ نامُ ॥
مِن سنّتوکھ سرب جیء دیَیا ॥
اِن بِدھِ برتُ سنپّوُرن بھئیا ॥
دھاوت منُ راکھے اِک ٹھاءِ ॥

ਮਨੁ ਤਨੁ ਸੁਧੁ ਜਪਤ ਹਰਿ ਨਾਇ ॥
من تنُ سُدھُ جپت ہرِ ناءِ ॥

ਸਭ ਮਹਿ ਪੂਰਿ ਰਹੇ ਪਾਰਬ੍ਰਹਮ ॥
سبھ مہِ پُورِ رہے پاربّرہم ॥

ਨਾਨਕ ਹਰਿ ਕੀਰਤਨੁ ਕਰਿ
ਅਟਲ ਏਹੁ ਧਰਮ ॥੧੧॥
نانک ہرِ کیرتنُ کرِ
اٹل ایہُ دھرم ॥ 11 ॥

ਸਲੋਕੁ ॥
سلوکُ ॥

ਦੁਰਮਤਿ ਹਰੀ ਸੇਵਾ ਕਰੀ
ਭੇਟੇ ਸਾਧ ਕ੍ਰਿਪਾਲ ॥
دُرمتِ ہری سیوا کری
بھیٹے سادھ کرِپال ॥

ਨਾਨਕ ਪ੍ਰਭ ਸਿਉ ਮਿਲਿ ਰਹੇ
ਬਿਨਸੇ ਸਗਲ ਜੰਜਾਲ ॥੧੨॥
نانک پربھ سِ ءُ مِلِ رہے
بِنسے سگل زنجال ॥ 12 ॥

ਪਉੜੀ ॥
پئڑی ॥

ਦੁਆਦਸੀ ਦਾਨੁ ਨਾਮੁ ਇਸਨਾਨੁ ॥
دُیادسی دانُ نامُ اِسنانُ ॥

ਹਰਿ ਕੀ ਭਗਤਿ ਕਰਹੁ ਤਜਿ ਮਾਨੁ ॥
ہرِ کی بھگتِ کرہُ تجِ مانُ ॥

ਹਰਿ ਅੰਮ੍ਰਿਤ ਪਾਨ ਕਰਹੁ ਸਾਧਸੰਗਿ ॥
ہرِ انّمرِت پان کرہُ سادھسنگِ ॥

ਮਨ ਤ੍ਰਿਪਤਾਸੈ ਕੀਰਤਨ ਪ੍ਰਭ ਰੰਗਿ ॥
من ترِپتاسے کیرتن پربھ رنگِ ॥

ਕੋਮਲ ਬਾਣੀ ਸਭ ਕਉ ਸੰਤੋਖੈ ॥
کومل باٹی سبھ کءُ سنتوکھے ॥

ਪੰਚ ਭੂ ਆਤਮਾ ਹਰਿ ਨਾਮ ਰਸਿ ਪੋਖੈ ॥
پنچ بھوُ آتما ہرِ نام رسِ پوکھے ॥

ਗੁਰ ਪੂਰੇ ਤੇ ਏਹ ਨਿਹਚਉ ਪਾਈਐ ॥
گُرپُورے تے ایہ نِہچءُ پائیئے ॥

ਨਾਨਕ ਰਾਮ ਰਮਤ
ਫਿਰਿ ਜੋਨਿ ਨ ਆਈਐ ॥੧੨॥
نانک رام رمت
پھِرِ جونِ ن آئیئے ॥ 12 ॥

ਸਲੋਕੁ ॥
سلوکُ ॥

ਤੀਨਿ ਗੁਣਾ ਮਹਿ ਬਿਆਪਿਆ
ਪੂਰਨ ਹੋਤ ਨ ਕਾਮ ॥
تینِ گُٹا مہِ بیاپیا
پُورن ہوت ن کام ॥

ਪਤਿਤ ਉਧਾਰਣੁ ਮਨਿ ਬਸੈ
ਨਾਨਕ ਛੂਟੈ ਨਾਮ ॥੧੩॥
پتت اُدھارنُ منِ بسے
نانک چھوٹے نام ॥ 13 ॥

ਪਉੜੀ ॥	پئڑی ॥
ਤ੍ਰਿਉਦਸੀ ਤੀਨਿ ਤਾਪ ਸੰਸਾਰ ॥	ترئُدسی تِینِ تاپ سنّسار ॥
ਆਵਤ ਜਾਤ ਨਰਕ ਅਵਤਾਰ ॥	آوت جات نرک اوتار ॥
ਹਰਿ ਹਰਿ ਭਜਨੁ ਨ ਮਨ ਮਹਿ ਆਇਓ ॥	ہرِ ہرِ بھجنُ ن من مہِ آئِئو ॥
ਸੁਖ ਸਾਗਰ ਪ੍ਰਭੁ ਨਿਮਖ ਨ ਗਾਇਓ ॥	سُکھ ساگر پربھُ نِمکھ ن گائِئو ॥
ਹਰਖ ਸੋਗ ਕਾ ਦੇਹ ਕਰਿ ਬਾਧਿਓ ॥	ہرکھ سوگ کا دیہ کرِ بادھِئو ॥
ਦੀਰਘ ਰੋਗੁ ਮਾਇਆ ਆਸਾਧਿਓ ॥	دیِرگھ روگُ مائِیا آسادھِئو ॥
ਦਿਨਹਿ ਬਿਕਾਰ ਕਰਤ ਸ੍ਰਮੁ ਪਾਇਓ ॥	دِنہِ بِکار کرت سّرمُ پائِئو ॥
ਨੈਨੀ ਨੀਦ ਸੁਪਨ ਬਰੜਾਇਓ ॥	نیَنی نِید سُپن برڑائِئو ॥
ਹਰਿ ਬਿਸਰਤ ਹੋਵਤ ਏਹ ਹਾਲ ॥	ہرِ بِسرت ہووت ایہ حال ॥
ਸਰਨਿ ਨਾਨਕ ਪ੍ਰਭ ਪੁਰਖ ਦਇਆਲ ॥੧੩॥	سرنِ نانک پربھ پُرکھ دئیال ॥ 13 ॥
ਸਲੋਕੁ ॥	سلوکُ ॥
ਚਾਰਿ ਕੁੰਟ ਚਉਦਹ ਭਵਨ ਸਗਲ ਬਿਆਪਤ ਰਾਮ ॥	چارِ کُنّٹ چئُدہ بھون سگل بِیاپت رام ॥
ਨਾਨਕ ਊਨ ਨ ਦੇਖੀਐ ਪੂਰਨ ਤਾ ਕੇ ਕਾਮ ॥੧੪॥	نانک اوُن ن دیکھیئے پوُرن تا کے کام ॥ 14 ॥
ਪਉੜੀ ॥	پئڑی ॥
ਚਉਦਹਿ ਚਾਰਿ ਕੁੰਟ ਪ੍ਰਭ ਆਪ ॥	چئُدہِ چارِ کُنّٹ پربھ آپ ॥
ਸਗਲ ਭਵਨ ਪੂਰਨ ਪਰਤਾਪ ॥	سگل بھون پوُرن پرتاپ ॥
ਦਸੇ ਦਿਸਾ ਰਵਿਆ ਪ੍ਰਭੁ ਏਕੁ ॥	دسے دِسا روِیا پربھُ ایکُ ॥
ਧਰਨਿ ਅਕਾਸ ਸਭ ਮਹਿ ਪ੍ਰਭ ਪੇਖੁ ॥	دھرنِ اکاس سبھ مہِ پربھ پیکھُ ॥
ਜਲ ਥਲ ਬਨ ਪਰਬਤ ਪਾਤਾਲ ॥	جل تھل بن پربت پاتال ॥

ਪਰਮੇਸ੍ਵਰ ਤਹ ਬਸਹਿ ਦਇਆਲ ॥
پرمیسّور تہ بسہِ دئیال ॥

ਸੂਖਮ ਅਸਥੂਲ ਸਗਲ ਭਗਵਾਨ ॥
سوُکھم استھوُل سگل بھگوان ॥

ਨਾਨਕ ਗੁਰਮੁਖਿ ਬ੍ਰਹਮੁ ਪਛਾਨ ॥੧੪॥
نانک گُرمُکھِ برہمُ پچھان ॥ 14 ॥

ਸਲੋਕੁ ॥
سلوکُ ॥

ਆਤਮੁ ਜੀਤਾ ਗੁਰਮਤੀ
ਗੁਣ ਗਾਏ ਗੋਬਿੰਦ ॥
آتمُ جیتا گُرمتی
گُنؤ گائے گوبِنّد ॥

ਸੰਤ ਪ੍ਰਸਾਦੀ ਭੈ ਮਿਟੇ
ਨਾਨਕ ਬਿਨਸੀ ਚਿੰਦ ॥੧੫॥
سنّت پرسادی بھے مِٹے
نانک بِنسی چِنّد ॥ 15 ॥

ਪਉੜੀ ॥
پؤڑی ॥

ਅਮਾਵਸ ਆਤਮ ਸੁਖੀ ਭਏ
ਸੰਤੋਖੁ ਦੀਆ ਗੁਰਦੇਵ ॥
اماوس آتم سُکھی بھے
سنّتوکھُ دِیا گُردیو ॥

ਮਨੁ ਤਨੁ ਸੀਤਲੁ ਸਾਂਤਿ ਸਹਜ
ਲਾਗਾ ਪ੍ਰਭ ਕੀ ਸੇਵ ॥
منُ تنُ سِیتلُ سانتِ سہج
لاگا پربھ کی سیو ॥

ਟੂਟੇ ਬੰਧਨ ਬਹੁ ਬਿਕਾਰ
ਸਫਲ ਪੂਰਨ ਤਾ ਕੇ ਕਾਮ ॥
ٹوٹے بندھن بہُ بِکار
سپھل پوُرن تا کے کام ॥

ਦੁਰਮਤਿ ਮਿਟੀ ਹਉਮੈ ਛੁਟੀ
ਸਿਮਰਤ ਹਰਿ ਕੋ ਨਾਮ ॥
دُرمتِ مِٹی ہئمےَ چھُٹی
سِمرت ہرِ کو نام ॥

ਸਰਨਿ ਗਹੀ ਪਾਰਬ੍ਰਹਮ ਕੀ
ਮਿਟਿਆ ਆਵਾ ਗਵਨ ॥
سرنِ گہی پاربرہم کی
مِٹیا آوا گون ॥

ਆਪਿ ਤਰਿਆ ਕੁਟੰਬ ਸਿਉ
ਗੁਣ ਗੁਬਿੰਦ ਪ੍ਰਭ ਰਵਨ ॥
آپِ تریا کُٹنّب سِءُ
گُنؤ گُبِنّد پربھ رون ॥

ਹਰਿ ਕੀ ਟਹਲ ਕਮਾਵਣੀ
ਜਪੀਐ ਪ੍ਰਭ ਕਾ ਨਾਮੁ ॥
ہرِ کی ٹہل کماونّی
جپیئےَ پربھ کا نامُ ॥

ਗੁਰ ਪੂਰੇ ਤੇ ਪਾਇਆ
ਨਾਨਕ ਸੁਖ ਬਿਸ੍ਰਾਮੁ ॥੧੫॥
گُر پوُرے تے پائیا
نانک سُکھ بِسّرامُ ॥ 15 ॥

ਸਲੋਕੁ ॥

ਪੂਰਨੁ ਕਬਹੁ ਨ ਡੋਲਤਾ
ਪੂਰਾ ਕੀਆ ਪ੍ਰਭ ਆਪਿ ॥

ਦਿਨੁ ਦਿਨੁ ਚੜੈ ਸਵਾਇਆ
ਨਾਨਕ ਹੋਤ ਨ ਘਾਟਿ ॥੧੬॥

ਪਉੜੀ ॥

ਪੂਰਨਮਾ ਪੂਰਨ ਪ੍ਰਭ ਏਕੁ
ਕਰਣ ਕਾਰਣ ਸਮਰਥੁ ॥

ਜੀਅ ਜੰਤ ਦਇਆਲ ਪੁਰਖੁ
ਸਭ ਊਪਰਿ ਜਾ ਕਾ ਹਥੁ ॥

ਗੁਣ ਨਿਧਾਨ ਗੋਬਿੰਦ ਗੁਰ
ਕੀਆ ਜਾ ਕਾ ਹੋਇ ॥

ਅੰਤਰਜਾਮੀ ਪ੍ਰਭੁ ਸੁਜਾਨੁ
ਅਲਖ ਨਿਰੰਜਨ ਸੋਇ ॥

ਪਾਰਬ੍ਰਹਮੁ ਪਰਮੇਸਰੋ
ਸਭ ਬਿਧਿ ਜਾਨਣਹਾਰ ॥

ਸੰਤ ਸਹਾਈ ਸਰਨਿ ਜੋਗੁ
ਆਠ ਪਹਰ ਨਮਸਕਾਰ ॥

ਅਕਥ ਕਥਾ ਨਹ ਬੂਝੀਐ
ਸਿਮਰਹੁ ਹਰਿ ਕੇ ਚਰਨ ॥

ਪਤਿਤ ਉਧਾਰਨ ਅਨਾਥ ਨਾਥ
ਨਾਨਕ ਪ੍ਰਭ ਕੀ ਸਰਨ ॥੧੬॥

ਸਲੋਕੁ ॥

ਦੁਖ ਬਿਨਸੇ ਸਹਸਾ ਗਇਓ
ਸਰਨਿ ਗਹੀ ਹਰਿ ਰਾਇ ॥

سلوکُ ॥

پوُرنُ کبہُ ن ڈولتا
پوُرا کِیا پربھ آپِ ॥

دِنُ دِنُ چڑے سوائیا
نانک ہوت ن گھاٹِ ॥ 16 ॥

پڑی ॥

پوُرنما پوُرن پربھ ایکُ
کرنٹ کارنٹ سمرتھُ ॥

جیء جنّت دیئال پُرکھُ
سبھ اوُپرِ جا کا ہتھُ ॥

گُنٹ نِدھان گوبِنّد گُر
کِیا جا کا ہوءِ ॥

انترجامی پربھُ سُجانُ
الکھ نِرنجن سوءِ ॥

پاربرہمُ پریسرو
سبھ بِدھِ جانٹہار ॥

سنّت سہائی سرنِ جوگُ
آٹھ پہر نمسکار ॥

اکتھ کتھا نہ بوُجھیئے
سِمرہُ ہرِ کے چرن ॥

پتِت اُدھارن اناتھ ناتھ
نانک پربھ کی سرن ॥ 16 ॥

سلوکُ ॥

دُکھ بِنسے سہسا گِئیو
سرنِ گہی ہرِ راءِ ॥

ਮਨਿ ਚਿੰਦੇ ਫਲ ਪਾਇਆ
ਨਾਨਕ ਹਰਿ ਗੁਨ ਗਾਇ ॥੧੭॥

من چِنّدے پھل پائیا
نانک ہرِ گُن گاءِ ॥ 17 ॥

ਪਉੜੀ ॥

پئُڑی ॥

ਕੋਈ ਗਾਵੈ ਕੋ ਸੁਣੈ
ਕੋਈ ਕਰੈ ਬੀਚਾਰੁ ॥

کوئی گاوے کو سُنے
کوئی کرے بیچارُ ॥

ਕੋ ਉਪਦੇਸੈ ਕੋ ਦ੍ਰਿੜੈ
ਤਿਸ ਕਾ ਹੋਇ ਉਧਾਰੁ ॥

کو اُپدیسے کو دڑِڑے
تِس کا ہوءِ اُدھارُ ॥

ਕਿਲਬਿਖ ਕਾਟੈ ਹੋਇ ਨਿਰਮਲਾ
ਜਨਮ ਜਨਮ ਮਲੁ ਜਾਇ ॥

کِلبِکھ کاٹے ہوءِ نِرملا
جنم جنم مل جاءِ ॥

ਹਲਤਿ ਪਲਤਿ ਮੁਖੁ ਊਜਲਾ
ਨਹ ਪੋਹੈ ਤਿਸੁ ਮਾਇ ॥

ہلتِ پلتِ مُکھ اوُجلا
نہ پوہے تِس ماءِ ॥

ਸੋ ਸੁਰਤਾ ਸੋ ਬੈਸਨੋ
ਸੋ ਗਿਆਨੀ ਧਨਵੰਤੁ ॥

سو سُرتا سو بیَسنو
سو گیانی دھنونّتُ ॥

ਸੋ ਸੂਰਾ ਕੁਲਵੰਤੁ ਸੋਇ
ਜਿਨਿ ਭਜਿਆ ਭਗਵੰਤੁ ॥

سو سوُرا کُلونّتُ سوءِ
جِنِ بھجیا بھگونّتُ ॥

ਖਤ੍ਰੀ ਬ੍ਰਾਹਮਣੁ ਸੂਦੁ ਬੈਸੁ
ਉਧਰੈ ਸਿਮਰਿ ਚੰਡਾਲ ॥

کھتّری برہامنُ سوُدُ بیَس
اُدھرے سِمرِ چنّڈال ॥

ਜਿਨਿ ਜਾਨਿਓ ਪ੍ਰਭੁ ਆਪਨਾ
ਨਾਨਕ ਤਿਸਹਿ ਰਵਾਲ ॥੧੭॥

جِنِ جانِئو پربھُ آپنا
نانک تِسہِ روال ॥ 17 ॥

ਗਉੜੀ ਕੀ ਵਾਰ ਮਹਲਾ ੪ ॥

گئڑی کی وار محلا 4 ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਸਲੋਕ ਮਃ ੪ ॥

سلوک م: 4 ॥

ਸਤਿਗੁਰੁ ਪੁਰਖੁ ਦਇਆਲੁ ਹੈ
ਜਿਸ ਨੋ ਸਮਤੁ ਸਭੁ ਕੋਇ ॥

ستِگُر پُرکھُ دیَیالُ ہے
جِس نو سمتُ سبھُ کوءِ ॥

ਏਕ ਦ੍ਰਿਸਟਿ ਕਰਿ ਦੇਖਦਾ

ایک دڑِسٹِ کرِ دیکھدا

ਮਨ ਭਾਵਨੀ ਤੇ ਸਿਧਿ ਹੋਇ ॥

من بھاونی تے سِدھِ ہوءِ ॥

ਸਤਿਗੁਰ ਵਿਚਿ ਅੰਮ੍ਰਿਤੁ ਹੈ
ਹਰਿ ਉਤਮੁ ਹਰਿ ਪਦੁ ਸੋਇ ॥

ستِگُر وِچ انمّرِتُ ہے
ہرِ اُتمُ ہرِ پدُ سوءِ ॥

ਨਾਨਕ ਕਿਰਪਾ ਤੇ ਹਰਿ ਧਿਆਈਐ
ਗੁਰਮੁਖਿ ਪਾਵੈ ਕੋਇ ॥੧॥

نانک کرِپا تے ہرِ دھیائیئے
گُرمُکھِ پاوے کوءِ ॥1॥

ਮਃ ੪ ॥

م: 4 ॥

ਹਉਮੈ ਮਾਇਆ ਸਭ ਬਿਖੁ ਹੈ
ਨਿਤ ਜਗਿ ਤੋਟਾ ਸੰਸਾਰਿ ॥

ہئُمےَ مائیا سبھ بِکھُ ہے
نِت جگِ توٹا سنّسارِ ॥

ਲਾਹਾ ਹਰਿ ਧਨੁ ਖਟਿਆ
ਗੁਰਮੁਖਿ ਸਬਦੁ ਵੀਚਾਰਿ ॥

لاہا ہرِ دھنُ کھٹیا
گُرمُکھِ سبدُ ویچارِ ॥

ਹਉਮੈ ਮੈਲੁ ਬਿਖੁ ਉਤਰੈ
ਹਰਿ ਅੰਮ੍ਰਿਤੁ ਹਰਿ ਉਰ ਧਾਰਿ ॥

ہئُمےَ میَلُ بِکھُ اُترے
ہرِ انمّرِتُ ہرِ اُر دھارِ ॥

ਸਭਿ ਕਾਰਜ ਤਿਨ ਕੇ ਸਿਧਿ ਹਹਿ
ਜਿਨ ਗੁਰਮੁਖਿ ਕਿਰਪਾ ਧਾਰਿ ॥

سبھِ کارج تِن کے سِدھِ ہہِ
جِن گُرمُکھِ کِرپا دھارِ ॥

ਨਾਨਕ ਜੋ ਧੁਰਿ ਮਿਲੇ ਸੇ ਮਿਲਿ ਰਹੇ
ਹਰਿ ਮੇਲੇ ਸਿਰਜਣਹਾਰਿ ॥੨॥

نانک جو دھُرِ ملے سے مِلِ رہے
ہرِ میلے سِرجنّہارِ ॥2॥

ਪਉੜੀ ॥

پئُڑی ॥

ਤੂ ਸਚਾ ਸਾਹਿਬੁ ਸਚੁ ਹੈ
ਸਚੁ ਸਚਾ ਗੋਸਾਈ ॥

توُ سچا صاحِبُ سچُ ہے
سچُ سچا گوسائی ॥

ਤੁਧੁਨੋ ਸਭ ਧਿਆਇਦੀ
ਸਭ ਲਗੈ ਤੇਰੀ ਪਾਈ ॥

تُدھُنو سبھ دھیائِدی
سبھ لگےَ تیری پائی ॥

ਤੇਰੀ ਸਿਫਤਿ ਸੁਆਲਿਉ ਸਰੂਪ ਹੈ
ਜਿਨਿ ਕੀਤੀ ਤਿਸੁ ਪਾਰਿ ਲਘਾਈ ॥

تیری صِفتِ سُیالِءُ سروُپ ہے
جِنِ کِیتی تِس پارِ لگھائی ॥

ਗੁਰਮੁਖਾ ਨੋ ਫਲੁ ਪਾਇਦਾ
ਸਚਿ ਨਾਮਿ ਸਮਾਈ ॥

گُرمُکھا نو پھلُ پائِدا
سچِ نامِ سمائی ॥

ਵਡੇ ਮੇਰੇ ਸਾਹਿਬਾ
ਵਡੀ ਤੇਰੀ ਵਡਿਆਈ ॥੧॥

وڈے میرے صاحِبا
وڈی تیری وڈِیائی ॥1॥

ਸਲੋਕ ਮਃ ੪ ॥

سلوک م: 4 ॥

ਵਿਣੁ ਨਾਵੈ ਹੋਰੁ ਸਲਾਹਣਾ
ਸਭੁ ਬੋਲਣੁ ਫਿਕਾ ਸਾਦੁ ॥

وِنُ ناوے ہورُ سلاحنا
سبھُ بولنُ پھِکا سادُ ॥

ਮਨਮੁਖ ਅਹੰਕਾਰੁ ਸਲਾਹਦੇ
ਹਉਮੈ ਮਮਤਾ ਵਾਦੁ ॥

منمُکھ اہنکارُ سلاحدے
ہئُمے ممتا وادُ ॥

ਜਿਨ ਸਾਲਾਹਨਿ ਸੇ ਮਰਹਿ
ਖਪਿ ਜਾਵੈ ਸਭੁ ਅਪਵਾਦੁ ॥

جِن سالاحنِ سے مرہِ
کھپِ جاوے سبھُ اپوادُ ॥

ਜਨ ਨਾਨਕ ਗੁਰਮੁਖਿ ਉਬਰੇ
ਜਪਿ ਹਰਿ ਹਰਿ ਪਰਮਾਨਾਦੁ ॥੧॥

جن نانک گُرمُکھِ اُبرے
جپِ ہرِ ہرِ پرماناد ُ ॥1॥

ਮਃ ੪ ॥

م: 4 ॥

ਸਤਿਗੁਰ ਹਰਿ ਪ੍ਰਭੁ ਦਸਿ
ਨਾਮੁ ਧਿਆਈ ਮਨਿ ਹਰੀ ॥

ستِگُر ہرِ پربھُ دسِ
نامُ دھِیائی منِ ہری ॥

ਨਾਨਕ ਨਾਮੁ ਪਵਿਤੁ ਹਰਿ
ਮੁਖਿ ਬੋਲੀ ਸਭਿ ਦੁਖ ਪਰਹਰੀ ॥੨॥

نانک نامُ پوِتُ ہرِ
مُکھِ بولی سبھِ دُکھ پرہری ॥2॥

ਪਉੜੀ ॥

پئُڑی ॥

ਤੂ ਆਪੇ ਆਪਿ ਨਿਰੰਕਾਰੁ ਹੈ
ਨਿਰੰਜਨ ਹਰਿ ਰਾਇਆ ॥

توُ آپے آپِ نِرنکارُ ہے
نِرنجن ہرِ رائیا ॥

ਜਿਨੀ ਤੂ ਇਕ ਮਨਿ ਸਚੁ ਧਿਆਇਆ
ਤਿਨ ਕਾ ਸਭੁ ਦੁਖੁ ਗਵਾਇਆ ॥

جِنی توُ اِک منِ سچُ دھِیائیا
تِن کا سبھُ دُکھُ گوائیا ॥

ਤੇਰਾ ਸਰੀਕੁ ਕੋ ਨਾਹੀ
ਜਿਸ ਨੋ ਲਵੈ ਲਾਇ ਸੁਣਾਇਆ ॥

تیرا شریکُ کو ناہی
جِس نو لوے لاءِ سُنائیا ॥

ਤੁਧੁ ਜੇਵਡੁ ਦਾਤਾ ਤੂਹੈ ਨਿਰੰਜਨਾ
ਤੂਹੈ ਸਚੁ ਮੇਰੈ ਮਨਿ ਭਾਇਆ ॥

تُدھُ جیوڈُ داتا توُہے نِرنجنا
توُہے سچُ میرے منِ بھائیا ॥

ਸਚੇ ਮੇਰੇ ਸਾਹਿਬਾ ਸਚੇ ਸਚੁ ਨਾਇਆ ॥੨॥

سچے میرے صاحِبا سچے سچُ نائیا ॥2॥

ਸਲੋਕ ਮਃ ੪ ॥

سلوک م: 4 ॥

ਮਨ ਅੰਤਰਿ ਹਉਮੈ ਰੋਗੁ ਹੈ
ਭ੍ਰਮਿ ਭੂਲੇ ਮਨਮੁਖ ਦੁਰਜਨਾ ॥

من انتر ہئمے روگُ ہے
بھرمِ بھولے منمکھ دُرجنا ॥

ਨਾਨਕ ਰੋਗੁ ਗਵਾਇ
ਮਿਲਿ ਸਤਿਗੁਰ ਸਾਧੂ ਸਜਨਾ ॥੧॥

نانک روگُ گواءِ
مِلِ ستِگُر سادھوُ سجنا ॥1॥

ਮਃ ੪ ॥

م: 4 ॥

ਮਨੁ ਤਨੁ ਰਤਾ ਰੰਗ ਸਿਉ
ਗੁਰਮੁਖਿ ਹਰਿ ਗੁਣਤਾਸੁ ॥

منُ تنُ رتا رنگ سِءُ
گُرمُکھِ ہرِ گُنتاسُ ॥

ਜਨ ਨਾਨਕ ਹਰਿ ਸਰਣਾਗਤੀ
ਹਰਿ ਮੇਲੇ ਗੁਰ ਸਾਬਾਸਿ ॥

جن نانک ہرِ سرناگتی
ہرِ میلے گُر ساباسِ ॥

ਪਉੜੀ ॥

پئُڑی ॥

ਤੂ ਕਰਤਾ ਪੁਰਖੁ ਅਗੰਮੁ ਹੈ
ਕਿਸੁ ਨਾਲਿ ਤੂ ਵੜੀਐ ॥

توُ کرتا پُرکھُ اگنمُ ہے
کِسُ نالِ توُ وڑیئے ۔ ॥

ਤੁਧੁ ਜੇਵਡੁ ਹੋਇ ਸੁ ਆਖੀਐ
ਤੁਧੁ ਜੇਹਾ ਤੂਹੈ ਪੜੀਐ ॥

تُدھُ جیوڈُ ہوءِ سُ آکھیئے
تُدھُ جیہا توُہے پڑیئے ॥

ਤੂ ਘਟਿ ਘਟਿ ਇਕੁ ਵਰਤਦਾ
ਗੁਰਮੁਖਿ ਪਰਗੜੀਐ ॥

توُ گھٹِ گھٹِ اِکُ ورتدا
گُرمُکھِ پرگڑیئے ॥

ਤੂ ਸਚਾ ਸਭਸ ਦਾ ਖਸਮੁ ਹੈ
ਸਭ ਦੂ ਤੂ ਚੜੀਐ ॥

توُ سچا سبھس دا خصمُ ہے
سبھ دوُ توُ چڑیئے ॥

ਤੂ ਕਰਹਿ ਸੁ ਸਚੇ ਹੋਇਸੀ
ਤਾ ਕਾਇਤੁ ਕੜੀਐ ॥੩॥

توُ کرہِ سُ سچے ہوئسی
تا کائتُ کڑیئے ॥3॥

ਸਲੋਕ ਮਃ ੪ ॥

سلوک م: 4 ॥

ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ
ਅਠੇ ਪਹਰ ਲਗੰਨਿ ॥

مے منِ تنِ پریمُ پرنم کا
اٹھے پہر لگنّنِ ॥

ਜਨ ਨਾਨਕ ਕਿਰਪਾ ਧਾਰਿ ਪ੍ਰਭ
ਸਤਿਗੁਰ ਸੁਖਿ ਵਸੰਨਿ ॥੧॥

جن نانک کِرپا دھارِ پربھ
ستِگُر سُکھِ وسنّنِ ॥1॥

ਮਃ ੪ ॥

م: 4 ॥

ਜਿਨ ਅੰਦਰਿ ਪ੍ਰੀਤਿ ਪਿਰੰਮ ਕੀ
ਜਿਉ ਬੋਲਨਿ ਤਿਵੈ ਸੋਹੰਨਿ ॥

جِن اندرِ پریتِ پرنم کی
جِءُ بولنِ توے سوہنّنِ ॥

ਨਾਨਕ ਹਰਿ ਆਪੇ ਜਾਣਦਾ
ਜਿਨਿ ਲਾਈ ਪ੍ਰੀਤਿ ਪਿਰੰਨਿ ॥੨॥

نانک ہرِ آپے جاڈدا
جِنِ لائی پریتِ پرنّنِ ॥2॥

ਪਉੜੀ ॥

پئڑی ॥

ਤੂ ਕਰਤਾ ਆਪਿ ਅਭੁਲੁ ਹੈ
ਭੁਲਣ ਵਿਚਿ ਨਾਹੀ ॥

توُ کرتا آپِ ابھُلُ ہے
بھُلڻ وِچِ ناہی ॥

ਤੂ ਕਰਹਿ ਸੁ ਸਚੇ ਭਲਾ ਹੈ
ਗੁਰ ਸਬਦਿ ਬੁਝਾਹੀ ॥

توُ کرہِ سُ سچے بھلا ہے
گُر سبدِ بُجھاہی ॥

ਤੂ ਕਰਣ ਕਾਰਣ ਸਮਰਥੁ ਹੈ
ਦੂਜਾ ਕੋ ਨਾਹੀ ॥

توُ کرڻ کارڻ سمرتھُ ہے
دوُجا کو ناہی ॥

ਤੂ ਸਾਹਿਬੁ ਅਗਮੁ ਦਇਆਲੁ ਹੈ
ਸਭਿ ਤੁਧੁ ਧਿਆਹੀ ॥

توُ صاحِبُ اگمُ دئیالُ ہے
سبھِ تُدھُ دھیاہی ॥

ਸਭਿ ਜੀਅ ਤੇਰੇ ਤੂ ਸਭਸ ਦਾ
ਤੂ ਸਭ ਛਡਾਹੀ ॥੪॥

سبھِ جیء تیرے توُ سبھس دا
توُ سبھ چھڈاہی ॥4॥

ਸਲੋਕ ਮਃ ੪ ॥

سلوک م: 4 ॥

ਸੁਣਿ ਸਾਜਨ ਪ੍ਰੇਮ ਸੰਦੇਸਰਾ
ਅਖੀ ਤਾਰ ਲਗੰਨਿ ॥

سُنِ ساجن پریم سندیسرا
اکھی تار لگنّنِ ॥

ਗੁਰਿ ਤੁਠੈ ਸਜਣੁ ਮੇਲਿਆ
ਜਨ ਨਾਨਕ ਸੁਖਿ ਸਵੰਨਿ ॥੧॥

گُرِ تُٹھے سجڻُ میلیا
جن نانک سُکھِ سونّنِ ॥1॥

ਮਃ ੪ ॥

م: 4 ॥

ਸਤਿਗੁਰੁ ਦਾਤਾ ਦਇਆਲੁ ਹੈ

ستِگُر داتا دئیالُ ہے

ਜਿਸ ਨੋ ਦਇਆ ਸਦਾ ਹੋਇ ॥

جِس نو دئیا سدا ہوءِ ॥

ਸਤਿਗੁਰੁ ਅੰਦਰਹੁ ਨਿਰਵੈਰੁ ਹੈ
ਸਭੁ ਦੇਖੈ ਬ੍ਰਹਮੁ ਇਕੁ ਸੋਇ ॥

ستِگُر اندرہُ نِرویرُ ہے
سبھُ دیکھے برہمُ اِکُ سوءِ ॥

ਨਿਰਵੈਰਾ ਨਾਲਿ ਜਿ ਵੈਰੁ ਚਲਾਇਦੇ
ਤਿਨ ਵਿਚਹੁ ਤਿਸਟਿਆ ਨ ਕੋਇ ॥

نِرویرا نالِ جِ ویرُ چلائِدے
تِن وِچہُ تِسٹیا ن کوءِ ॥

ਸਤਿਗੁਰੁ ਸਭਨਾ ਦਾ ਭਲਾ ਮਨਾਇਦਾ
ਤਿਸ ਦਾ ਬੁਰਾ ਕਿਉ ਹੋਇ ॥

ستِگُر سبھنا دا بھلا منائِدا
تِس دا بُرا کِءُ ہوءِ ۔ ॥

ਸਤਿਗੁਰ ਨੋ ਜੇਹਾ ਕੋ ਇਛਦਾ
ਤੇਹਾ ਫਲੁ ਪਾਏ ਕੋਇ ॥

ستِگُر نو جیہا کو اِچھدا
تیہا پھلُ پائے کوءِ ॥

ਨਾਨਕ ਕਰਤਾ ਸਭੁ ਕਿਛੁ ਜਾਣਦਾ
ਜਿਦੂ ਕਿਛੁ ਗੁਝਾ ਨ ਹੋਇ ॥੨॥

نانک کرتا سبھُ کچھُ جانڈا
جِدوُ کچھُ گُجھا ن ہوءِ ॥2॥

ਪਉੜੀ ॥

پئُڑی ॥

ਜਿਸ ਨੋ ਸਾਹਿਬੁ ਵਡਾ ਕਰੇ
ਸੋਈ ਵਡ ਜਾਣੀ ॥

جِس نو صاحِبُ وڈا کرے
سوئی وڈ جانٹی ॥

ਜਿਸੁ ਸਾਹਿਬ ਭਾਵੈ ਤਿਸੁ ਬਖਸਿ ਲਏ
ਸੋ ਸਾਹਿਬ ਮਨਿ ਭਾਣੀ ॥

جِسُ صاحِب بھاوے تِسُ بخشِ لے
سو صاحِب منِ بھانٹی ॥

ਜੇ ਕੋ ਓਸ ਦੀ ਰੀਸ ਕਰੇ
ਸੋ ਮੂੜ ਅਜਾਣੀ ॥

جے کو اوس دی ریس کرے
سو موُڑ اجانٹی ॥

ਜਿਸ ਨੋ ਸਤਿਗੁਰੁ ਮੇਲੇ ਸੁ ਗੁਣ ਰਵੈ
ਗੁਣ ਆਖਿ ਵਖਾਣੀ ॥

جِس نو ستِگُر میلے سُ گُنؔ روے
گُنؔ آکھِ وکھانٹی ॥

ਨਾਨਕ ਸਚਾ ਸਚੁ ਹੈ
ਬੁਝਿ ਸਚੁ ਸਮਾਣੀ ॥੫॥

نانک سچا سچُ ہے
بُجھِ سچُ سمانٹی ॥5॥

ਸਲੋਕ ਮਃ ੪ ॥

سلوک م: 4 ॥

ਹਰਿ ਸਤਿ ਨਿਰੰਜਨ ਅਮਰੁ ਹੈ
ਨਿਰਭਉ ਨਿਰਵੈਰੁ ਨਿਰੰਕਾਰੁ ॥

ہرِ ستِ نِرنجن امرُ ہے
نِربھءُ نِرویرُ نِرنکارُ ॥

ਜਿਨ ਜਪਿਆ ਇਕ ਮਨਿ ਇਕ ਚਿਤਿ
ਤਿਨ ਲਥਾ ਹਉਮੈ ਭਾਰੁ ॥

جِن جپیا اِک منِ اِک چِتِ
تِن لتھا ہئُمے بھارُ ॥

ਜਿਨ ਗੁਰਮੁਖਿ ਹਰਿ ਆਰਾਧਿਆ
ਤਿਨ ਸੰਤ ਜਨਾ ਜੈਕਾਰੁ ॥

جِن گُرمُکھِ ہرِ آرادھیا
تِن سنّت جنا جیَکارُ ॥

ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ
ਤਿਸ ਨੋ ਫਿਟੁ ਫਿਟੁ ਕਹੈ ਸਭ ਸੰਸਾਰੁ ॥

کوئی نِندا کرے پُورے ستِگُرو کی
تِس نو پھِٹُ پھِٹُ کہے سبھ سنّسارُ ॥

ਸਤਿਗੁਰ ਵਿਚਿ ਆਪਿ ਵਰਤਦਾ
ਹਰਿ ਆਪੇ ਰਖਣਹਾਰੁ ॥

ستِگُر وِچِ آپِ ورتدا
ہرِ آپے رکھنّہارُ ॥

ਧੰਨੁ ਧੰਨੁ ਗੁਰੂ ਗੁਣ ਗਾਵਦਾ
ਤਿਸ ਨੋ ਸਦਾ ਸਦਾ ਨਮਸਕਾਰੁ ॥

دھنّنُ دھنّنُ گُرو گُنؤ گاودا
تِس نو سدا سدا نمسکارُ ॥

ਜਨ ਨਾਨਕ ਤਿਨ ਕਉ ਵਾਰਿਆ
ਜਿਨ ਜਪਿਆ ਸਿਰਜਣਹਾਰੁ ॥੧॥

جن نانک تِن کءُ وارِیا
جِن جپیا سِرجنّہارُ ॥1॥

ਮਃ ੪ ॥

م: 4 ॥

ਆਪੇ ਧਰਤੀ ਸਾਜੀਅਨੁ
ਆਪੇ ਆਕਾਸੁ ॥

آپے دھرتی ساجیئنُ
آپے آکاسُ ॥

ਵਿਚਿ ਆਪੇ ਜੰਤ ਉਪਾਇਅਨੁ
ਮੁਖਿ ਆਪੇ ਦੇਇ ਗਿਰਾਸੁ ॥

وِچِ آپے جنّت اُپائیئنُ
مُکھِ آپے دےءِ گِراسُ ॥

ਸਭ ਆਪੇ ਆਪਿ ਵਰਤਦਾ
ਆਪੇ ਹੀ ਗੁਣਤਾਸੁ ॥

سبھ آپے آپِ ورتدا
آپے ہی گُنتاسُ ॥

ਜਨ ਨਾਨਕ ਨਾਮੁ ਧਿਆਇ ਤੂ
ਸਭਿ ਕਿਲਵਿਖ ਕਟੇ ਤਾਸੁ ॥੨॥

جن نانک نامُ دھیاءِ توُ
سبھِ کِلوِکھ کٹے تاسُ ॥2॥

ਪਉੜੀ ॥

پئُڑی ॥

ਤੂ ਸਚਾ ਸਾਹਿਬੁ ਸਚੁ ਹੈ
ਸਚੁ ਸਚੇ ਭਾਵੈ ॥

توُ سچا صاحِبُ سچُ ہےَ
سچُ سچے بھاوےَ ॥

ਜੋ ਤੁਧੁ ਸਚੁ ਸਲਾਹਦੇ

جو تُدھُ سچُ سلاحدے

ਤਿਨ ਜਮ ਕੰਕਰੁ ਨੇੜਿ ਨ ਆਵੈ ॥

تِن جم کنکُر نیڑِ ن آوے ॥

ਤਿਨ ਕੇ ਮੁਖ ਦਰਿ ਉਜਲੇ
ਜਿਨ ਹਰਿ ਹਿਰਦੈ ਸਚਾ ਭਾਵੈ ॥

تِن کے مُکھ درِ اُجلے
جِن ہرِ ہِردے سچا بھاوے ॥

ਕੂੜਿਆਰ ਪਿਛਾਹਾ ਸਟੀਅਨਿ
ਕੂੜੁ ਹਿਰਦੈ ਕਪਟੁ ਮਹਾ ਦੁਖੁ ਪਾਵੈ ॥

کوُڑِیار پِچھاہا سٹیئنِ
کوُڑُ ہِردے کپٹُ مہا دُکھُ پاوے ॥

ਮੁਹ ਕਾਲੇ ਕੂੜਿਆਰੀਆ
ਕੂੜਿਆਰ ਕੂੜੋ ਹੋਇ ਜਾਵੈ ॥੬॥

مُہ کالے کوُڑِیارییا
کوُڑِیار کوُڑو ہوءِ جاوے ॥6॥

ਸਲੋਕ ਮਃ ੪ ॥

سلوک م: 4 ॥

ਸਤਿਗੁਰੁ ਧਰਤੀ ਧਰਮ ਹੈ
ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਇ ॥

ستِگُرُ دھرتی دھرم ہے
تِس وِچ جیہا کو بیجے تیہا پھلُ پاءِ ॥

ਗੁਰਸਿਖੀ ਅੰਮ੍ਰਿਤੁ ਬੀਜਿਆ
ਤਿਨ ਅੰਮ੍ਰਿਤ ਫਲੁ ਹਰਿ ਪਾਏ ॥

گُرسِکھی انّمرِتُ بیجیا
تِن انّمرِت پھلُ ہرِ پائے ॥

ਓਨਾ ਹਲਤਿ ਪਲਤਿ ਮੁਖ ਉਜਲੇ
ਓਇ ਹਰਿ ਦਰਗਹ ਸਚੀ ਪੈਨਾਏ ॥

اونا ہلتِ پلتِ مُکھ اُجلے
اوءِ ہرِ درگہ سچی پینائے ॥

ਇਕਨ੍ਾ ਅੰਦਰਿ ਖੋਟੁ ਨਿਤ ਖੋਟੁ ਕਮਾਵਹਿ
ਓਹੁ ਜੇਹਾ ਬੀਜੇ ਤੇਹਾ ਫਲੁ ਖਾਏ ॥

اِکنّہا اندرِ کھوٹُ نِت کھوٹُ کماوہِ
اوہُ جیہا بیجے تیہا پھلُ کھائے ॥

ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ
ਸੁਆਵਗੀਰ ਸਭਿ ਉਘੜਿ ਆਏ ॥

جا ستِگُرُ صرافُ ندرِ کرِ دیکھے
سُیاوگیر سبھِ اوُگھڑِ آئے ॥

ਓਇ ਜੇਹਾ ਚਿਤਵਹਿ ਨਿਤ ਤੇਹਾ ਪਾਇਨਿ
ਓਇ ਤੇਹੋ ਜੇਹੇ ਦਯਿ ਵਜਾਏ ॥

اوءِ جیہا چِتوہِ نِت تیہا پائِنِ
اوءِ تیہو جیہے دیِ وجائے ॥

ਨਾਨਕ ਦੁਹੀ ਸਿਰੀ ਖਸਮੁ ਆਪੇ ਵਰਤੈ
ਨਿਤ ਕਰਿ ਕਰਿ ਦੇਖੈ ਚਲਤ ਸਬਾਏ ॥੧॥

نانک دُہی سِری خصمُ آپے ورتے
نِت کرِ کرِ دیکھے چلت سبائے ॥1॥

ਮਃ ੪ ॥

م: 4 ॥

ਇਕੁ ਮਨੁ ਇਕੁ ਵਰਤਦਾ
ਜਿਤੁ ਲਗੈ ਸੋ ਥਾਇ ਪਾਇ ॥

اِکُ منُ اِکُ ورتدا
جِتُ لگے سو تھاءِ پاءِ ॥

ਕੋਈ ਗਲਾ ਕਰੇ ਘਨੇਰੀਆ
ਜਿ ਘਰਿ ਵਥੁ ਹੋਵੈ ਸਾਈ ਖਾਇ ॥

کوئی گلا کرے گھنیریا
جِ گھرِ وتھُ ہووے سائی کھاءِ ॥

ਬਿਨੁ ਸਤਿਗੁਰ ਸੋਝੀ ਨਾ ਪਵੈ
ਅਹੰਕਾਰੁ ਨ ਵਿਚਹੁ ਜਾਇ ॥

بِنُ ستِگُر سوجھی نا پوے
اہنکارُ ن وِچہُ جاءِ ॥

ਅਹੰਕਾਰੀਆ ਨੋ ਦੁਖ ਭੁਖ ਹੈ
ਹਥੁ ਤਡਹਿ ਘਰਿ ਘਰਿ ਮੰਗਾਇ ॥

اہنکاریا نو دُکھ بھُکھ ہے
ہتھُ تڈہِ گھرِ گھرِ منگاءِ ॥

ਕੂੜੁ ਠਗੀ ਗੁਝੀ ਨਾ ਰਹੈ
ਮੁਲੰਮਾ ਪਾਜੁ ਲਹਿ ਜਾਇ ॥

کوڑُ ٹھگی لجھی نا رہے
مُلنّما پاجُ لہِ جاءِ ॥

ਜਿਸੁ ਹੋਵੈ ਪੂਰਬਿ ਲਿਖਿਆ
ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ ॥

جِسُ ہووے پُورب لِکھیا
تِسُ ستِگُر مِلے پربھُ آءِ ॥

ਜਿਉ ਲੋਹਾ ਪਾਰਸਿ ਭੇਟੀਐ
ਮਿਲਿ ਸੰਗਤਿ ਸੁਵਰਨੁ ਹੋਇ ਜਾਇ ॥

جِءُ لوہا پارس بھیٹیئے
مِلِ سنگتِ سُورنُ ہوءِ جاءِ ॥

ਜਨ ਨਾਨਕ ਕੇ ਪ੍ਰਭ ਤੂ ਧਣੀ
ਜਿਉ ਭਾਵੈ ਤਿਵੈ ਚਲਾਇ ॥੨॥

جن نانک کے پربھ توُ دھنّی
جِءُ بھاوے تِوے چلاءِ ॥2॥

ਪਉੜੀ ॥

پئُڑی ॥

ਜਿਨ ਹਰਿ ਹਿਰਦੈ ਸੇਵਿਆ
ਤਿਨ ਹਰਿ ਆਪਿ ਮਿਲਾਏ ॥

جِن ہرِ ہِردے سیویا
تِن ہرِ آپِ مِلائے ॥

ਗੁਣ ਕੀ ਸਾਝਿ ਤਿਨ ਸਿਉ ਕਰੀ
ਸਭਿ ਅਵਗਣ ਸਬਦਿ ਜਲਾਏ ॥

گُنّ کی ساجھِ تِن سِءُ کری
سبھِ اوگُنّ سبدِ جلائے ॥

ਅਉਗਣ ਵਿਕਣਿ ਪਲਰੀ
ਜਿਸੁ ਦੇਹਿ ਸੁ ਸਚੇ ਪਾਏ ॥

اَئگُنّ وِکنِ پلری
جِسُ دیہِ سُ سچے پائے ॥

ਬਲਿਹਾਰੀ ਗੁਰ ਆਪਣੇ
ਜਿਨਿ ਅਉਗਣ ਮੇਟਿ ਗੁਣ ਪਰਗਟੀਆਏ ॥

بلِہاری گُر آپنے
جِنِ اَئگُنّ میٹِ گُنّ پرگٹیائے ॥

ਵਡੀ ਵਡਿਆਈ ਵਡੇ ਕੀ
ਗੁਰਮੁਖਿ ਆਲਾਏ ॥੭॥

وڈی وڈیائی وڈے کی
گُرمُکھِ آلائے ॥7॥

ਸਲੋਕ ਮਃ ੪ ॥

ਸਤਿਗੁਰ ਵਿਚਿ ਵਡਿਆਈ
ਜੋ ਅਨਦਿਨੁ ਹਰਿ ਹਰਿ ਨਾਮੁ ਧਿਆਵੈ ॥

ਹਰਿ ਹਰਿ ਨਾਮੁ ਰਮਤ ਸੁਚ ਸੰਜਮੁ
ਹਰਿ ਨਾਮੇ ਹੀ ਤ੍ਰਿਪਤਾਵੈ ॥

ਹਰਿ ਨਾਮੁ ਤਾਣੁ ਹਰਿ ਨਾਮੁ ਦੀਬਾਣੁ
ਹਰਿ ਨਾਮੋ ਰਖ ਕਰਾਵੈ ॥

ਜੋ ਚਿਤੁ ਲਾਇ ਪੂਜੇ ਗੁਰ ਮੂਰਤਿ
ਸੋ ਮਨ ਇਛੇ ਫਲ ਪਾਵੈ ॥

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ
ਤਿਸੁ ਕਰਤਾ ਮਾਰ ਦਿਵਾਵੈ ॥

ਫੇਰਿ ਓਹ ਵੇਲਾ ਓਸੁ ਹਥਿ ਨ ਆਵੈ
ਓਹੁ ਆਪਣਾ ਬੀਜਿਆ ਆਪੇ ਖਾਵੈ ॥

ਨਰਕਿ ਘੋਰਿ ਮੁਹਿ ਕਾਲੈ ਖੜਿਆ
ਜਿਉ ਤਸਕਰੁ ਪਾਇ ਗਲਾਵੈ ॥

ਫਿਰਿ ਸਤਿਗੁਰ ਕੀ ਸਰਣੀ ਪਵੈ ਤਾ ਉਬਰੈ
ਜਾ ਹਰਿ ਹਰਿ ਨਾਮੁ ਧਿਆਵੈ ॥

ਹਰਿ ਬਾਤਾ ਆਖਿ ਸੁਣਾਏ ਨਾਨਕੁ
ਹਰਿ ਕਰਤੇ ਏਵੈ ਭਾਵੈ ॥੧॥

ਮਃ ੪ ॥

ਪੂਰੇ ਗੁਰ ਕਾ ਹੁਕਮੁ ਨ ਮੰਨੈ
ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥

ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ
ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ ॥

ਓਹੁ ਗਲ ਫਰੋਸੀ ਕਰੇ ਬਹੁਤੇਰੀ

سلوک م: 4 ॥

ستِگُر وِچ وڈِیائی
جو اندِنُ ہرِ ہرِ نامُ دھِیاوے ॥

ہرِ ہرِ نامُ رمت سُچ سنجَمُ
ہرِ نامے ہی تِرِپتاوے ॥

ہرِ نامُ تانُ ہرِ نامُ دِیبانُ
ہرِ نامو رکھ کراوے ॥

جو چِتُ لائِ پُوجے گُر مُورتِ
سو من اِچھے پھل پاوے ॥

جو نِندا کرے ستِگُر پُورے کی
تِسُ کرتا مار دِواوے ॥

پھیرِ اوہ ویلا اوسُ ہتھِ ن آوے
اوہُ آپٹا بِیجِیا آپے کھاوے ॥

نرکِ گھورِ مُہِ کالے کھڑِیا
جِءُ تسکرُ پائِ گلاوے ॥

پھِرِ ستِگُر کی سرنٹی پوے تا اُبرے
جا ہرِ ہرِ نامُ دھِیاوے ॥

ہرِ باتا آکھِ سُنٹائے نانکُ
ہرِ کرتے ایوے بھاوے ॥1॥

م: 4 ॥

پُورے گُر کا حُکمُ ن منّنے
اوہُ منمُکھُ اگیانُ مُٹھا بِکھُ مائِیا ॥

اوسُ اندرِ کوُڑُ کوُڑو کرِ بُجھے
انّہودے جھگڑے دیِ اوس دے گلِ پائِیا ॥

اوہُ گل فروشی کرے بہتیری

ਓਸ ਦਾ ਬੋਲਿਆ ਕਿਸੈ ਨ ਭਾਇਆ ॥

اوس دا بولیا کِسے ن بھائیا ॥

ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋਹਾਗਣਿ
ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ ॥

اوہُ گھرِ گھرِ ہنڈھے جِءُ رنّن دوہاگنِ
اوسُ نالِ مُہُ جوڑے اوسُ بھی لچھُ لائیا ॥

ਗੁਰਮੁਖਿ ਹੋਇ ਸੁ ਅਲਿਪਤੋ ਵਰਤੈ
ਓਸ ਦਾ ਪਾਸੁ ਛਡਿ ਗੁਰ ਪਾਸਿ ਬਹਿ ਜਾਇਆ ॥

گُرمُکھِ ہوءِ سُ الپتو ورتے
اوس دا پاسُ چھڈِ گُر پاسِ بہِ جائیا ॥

ਜੋ ਗੁਰੁ ਗੋਪੇ ਆਪਣਾ
ਸੁ ਭਲਾ ਨਾਹੀ ਪੰਚਹੁ
ਓਨਿ ਲਾਹਾ ਮੂਲੁ ਸਭੁ ਗਵਾਇਆ ॥

جو گُرُ گوپے آپڑا
سُ بھلا ناہی پنچہُ
اونِ لاہا مولُ سبھُ گوائیا ॥

ਪਹਿਲਾ ਆਗਮੁ ਨਿਗਮੁ ਨਾਨਕੁ ਆਖਿ ਸੁਣਾਏ
ਪੂਰੇ ਗੁਰ ਕਾ ਬਚਨੁ ਉਪਰਿ ਆਇਆ ॥

پہِلا آگمُ نِگمُ نانکُ آکھِ سُٹائے
پُورے گُر کا بچنُ اُپرِ آئیا ॥

ਗੁਰਸਿਖਾ ਵਡਿਆਈ ਭਾਵੈ ਗੁਰ ਪੂਰੇ ਕੀ
ਮਨਮੁਖਾ ਓਹ ਵੇਲਾ ਹਥਿ ਨ ਆਇਆ ॥੨॥

گُرسِکھا وڈِیائی بھاوے گُر پُورے کی
منمُکھا اوہ ویلا ہتھِ ن آئیا ॥2॥

ਪਉੜੀ ॥

پئُڑی ॥

ਸਚੁ ਸਚਾ ਸਭ ਦੂ ਵਡਾ ਹੈ
ਸੋ ਲਏ ਜਿਸੁ ਸਤਿਗੁਰੁ ਟਿਕੇ ॥

سچُ سچا سبھ دوُ وڈا ہے
سو لے جِسُ ستِگُرُ ٹِکے ॥

ਸੋ ਸਤਿਗੁਰੁ ਜਿ ਸਚੁ ਧਿਆਇਦਾ
ਸਚੁ ਸਚਾ ਸਤਿਗੁਰੁ ਇਕੇ ॥

سو ستِگُرُ جِ سچُ دھیائِدا
سچُ سچا ستِگُرُ اِکے ॥

ਸੋਈ ਸਤਿਗੁਰੁ ਪੁਰਖੁ ਹੈ
ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥

سوئی ستِگُرُ پُرکھُ ہے
جِنِ پنجے دوُت کِیتے وسِ چھِکے ॥

ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ
ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ ॥

جِ بِنُ ستِگُر سیوے آپُ گٹائِدے
تِن اندَرِ کوُڑُ پھِٹُ پھِٹُ مُہ پھِکے ॥

ਓਇ ਬੋਲੇ ਕਿਸੈ ਨ ਭਾਵਨੀ
ਮੁਹ ਕਾਲੇ ਸਤਿਗੁਰ ਤੇ ਚੁਕੇ ॥੮॥

اوءِ بولے کِسے ن بھاونی
مُہ کالے ستِگُر تے چُکے ॥8॥

ਸਲੋਕ ਮਃ ੪ ॥

سلوک م: 4 ॥

ਹਰਿ ਪ੍ਰਭ ਕਾ ਸਭੁ ਖੇਤੁ ਹੈ

ہرِ پربھ کا سبھُ کھیتُ ہے

ਹਰਿ ਆਪਿ ਕਿਰਸਾਣੀ ਲਾਇਆ ॥

ہرِ آپِ کِرساٹی لائیا ॥

ਗੁਰਮੁਖਿ ਬਖਸਿ ਜਮਾਈਅਨੁ
ਮਨਮੁਖੀ ਮੂਲੁ ਗਵਾਇਆ ॥

گُرمُکھِ بخشِ جمائیَنُ
منمُکھی مؤلُ گوائیا ॥

ਸਭੁ ਕੋ ਬੀਜੇ ਆਪਣੇ ਭਲੇ ਨੋ
ਹਰਿ ਭਾਵੈ ਸੋ ਖੇਤੁ ਜਮਾਇਆ ॥

سبھُ کو بیجے آپنے بھلے نو
ہرِ بھاوے سو کھیتُ جمائیا ॥

ਗੁਰਸਿਖੀ ਹਰਿ ਅੰਮ੍ਰਿਤੁ ਬੀਜਿਆ
ਹਰਿ ਅੰਮ੍ਰਿਤ ਨਾਮੁ ਫਲੁ ਅੰਮ੍ਰਿਤੁ ਪਾਇਆ ॥

گُرسِکھی ہرِ انمّرِتُ بیجیا
ہرِ انمّرِت نامُ پھلُ انمّرِتُ پائیا ॥

ਜਮੁ ਚੂਹਾ ਕਿਰਸ ਨਿਤ ਕੁਰਕਦਾ
ਹਰਿ ਕਰਤੈ ਮਾਰਿ ਕਢਾਇਆ ॥

جمُ چوہا کِرس نِت کُرکدا
ہرِ کرتے مارِ کڈھائیا ॥

ਕਿਰਸਾਣੀ ਜੰਮੀ ਭਾਉ ਕਰਿ
ਹਰਿ ਬੋਹਲ ਬਖਸ ਜਮਾਇਆ ॥

کِرساٹی جنمّی بھاءُ کرِ
ہرِ بوہل بخش جمائیا ॥

ਤਿਨ ਕਾ ਕਾੜਾ ਅੰਦੇਸਾ ਸਭੁ ਲਾਹਿਓਨੁ
ਜਿਨੀ ਸਤਿਗੁਰੁ ਪੁਰਖੁ ਧਿਆਇਆ ॥

تِن کا کاڑا انّدیسا سبھُ لاہِئونُ
جِنی ستِگُرُ پُرکھُ دھِیائیا ॥

ਜਨ ਨਾਨਕ ਨਾਮੁ ਅਰਾਧਿਆ
ਆਪਿ ਤਰਿਆ ਸਭੁ ਜਗਤੁ ਤਰਾਇਆ ॥੧॥

جن نانک نامُ ارادھیا
آپِ تریا سبھُ جگتُ ترائیا ॥1॥

ਮਃ ੪ ॥

م: 4 ॥

ਸਾਰਾ ਦਿਨੁ ਲਾਲਚਿ ਅਟਿਆ
ਮਨਮੁਖਿ ਹੋਰੇ ਗਲਾ ॥

سارا دِنُ لالچِ اٹیا
منمُکھِ ہورے گلا ॥

ਰਾਤੀ ਊਘੈ ਦਬਿਆ
ਨਵੇ ਸੋਤ ਸਭਿ ਢਿਲਾ ॥

راتی اوُگھے دبِیا
نوے سوت سبھِ ڈھِلا ॥

ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ
ਨਿਤ ਦੇਵਹਿ ਭਲਾ ॥

منمُکھا دے سِرِ جورا امرُ ہے
نِت دیوہِ بھلا ॥

ਜੋਰਾ ਦਾ ਆਖਿਆ ਪੁਰਖ ਕਮਾਵਦੇ
ਸੇ ਅਪਵਿਤ ਅਮੇਧ ਖਲਾ ॥

جورا دا آکھیا پُرکھ کماودے
سے اپوِت امیدھ کھلا ॥

ਕਾਮਿ ਵਿਆਪੇ ਕੁਸੁਧ ਨਰ

کامِ ویاپے کُسُدھ نر

ਸੇ ਜੋਰਾ ਪੁਛਿ ਚਲਾ ॥

سے جورا پُچھِ چلا ॥

ਸਤਿਗੁਰ ਕੈ ਆਖਿਐ ਜੋ ਚਲੈ
ਸੋ ਸਤਿ ਪੁਰਖੁ ਭਲ ਭਲਾ ॥

ستِگُر کے آکھِئے جو چلے
سو ستِ پُرکھُ بھل بھلا ॥

ਜੋਰਾ ਪੁਰਖ ਸਭਿ ਆਪਿ ਉਪਾਇਅਨੁ
ਹਰਿ ਖੇਲ ਸਭਿ ਖਿਲਾ ॥

جورا پُرکھ سبھِ آپِ اُپائینُ
ہرِ کھیل سبھِ کھِلا ॥

ਸਭ ਤੇਰੀ ਬਣਤ ਬਣਾਵਣੀ
ਨਾਨਕ ਭਲ ਭਲਾ ॥੨॥

سبھ تیری بنّت بنّاونّی
نانک بھل بھلا ॥2॥

ਪਉੜੀ ॥

پئُڑی ॥

ਤੂ ਵੇਪਰਵਾਹੁ ਅਥਾਹੁ ਹੈ
ਅਤੁਲੁ ਕਿਉ ਤੁਲੀਐ ॥

توُ ویپرواہُ اتھاہُ ہے
اتُلُ کِءُ تُلیئے ۔ ॥

ਸੇ ਵਡਭਾਗੀ ਜਿ ਤੁਧੁ ਧਿਆਇਦੇ
ਜਿਨ ਸਤਿਗੁਰੁ ਮਿਲੀਐ ॥

سے وڈبھاگی جِ تُدھُ دھیائِدے
جِن ستِگُر مِلیئے ॥

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ
ਗੁਰਬਾਣੀ ਬਣੀਐ ॥

ستِگُر کی بانّی ستِ سروُپ ہے
گُربانّی بنّیئے ॥

ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ
ਸੇ ਕੂੜਿਆਰ ਕੂੜੇ ਝੜਿ ਪੜੀਐ ॥

ستِگُر کی ریسے ہورِ کچُ پچُ بولدے
سے کوُڑِیار کوُڑے جھڑِ پڑیئے ॥

ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ
ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥੯॥

اونّہا اندّرِ ہورُ مُکھِ ہورُ ہے
بِکھُ مائیا نو جھکھِ مردے کڑیئے ॥9॥

ਸਲੋਕ ਮਃ ੪ ॥

سلوک م: 4 ॥

ਸਤਿਗੁਰ ਕੀ ਸੇਵਾ ਨਿਰਮਲੀ
ਨਿਰਮਲ ਜਨੁ ਹੋਇ ਸੁ ਸੇਵਾ ਘਾਲੇ ॥

ستِگُر کی سیوا نِرملی
نِرمل جنُ ہوءِ سُ سیوا گھالے ॥

ਜਿਨ ਅੰਦਰਿ ਕਪਟੁ ਵਿਕਾਰੁ ਝੂਠੁ
ਓਇ ਆਪੇ ਸਚੈ ਵਖਿ ਕਢੇ ਜਜਮਾਲੇ ॥

جِن اندّرِ کپٹُ وِکارُ جھوُٹھُ
اوءِ آپے سچے وکھِ کڈھے جمالے ॥

ਸਚਿਆਰ ਸਿਖ ਬਹਿ ਸਤਿਗੁਰ ਪਾਸਿ ਘਾਲਨਿ
ਕੂੜਿਆਰ ਨ ਲਭਨੀ ਕਿਤੈ ਥਾਇ ਭਾਲੇ ॥

سچِیار سِکھ بہِ ستِگُر پاسِ گھالنِ
کوُڑِیار ن لبھنی کِتے تھاءِ بھالے ॥

ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ
ਤਿਨਾ ਮੁਹ ਭਲੇਰੇ ਫਿਰਹਿ ਦਯਿ ਗਾਲੇ ॥

جِنا ستِگُر کا آکھیا سُکھاوے ناہی
تِنا مُہ بھلیرے پھِرہِ دیِ گالے ॥

ਜਿਨ ਅੰਦਰਿ ਪ੍ਰੀਤਿ ਨਹੀ ਹਰਿ ਕੇਰੀ
ਸੇ ਕਿਚਰਕੁ ਵੇਰਾਈਅਨਿ ਮਨਮੁਖ ਬੇਤਾਲੇ ॥

جِن انّدرِ پرِیتِ نہی ہرِ کیری
سے کِچرکُ ویرائیَنِ منمُکھ بیتالے ॥

ਸਤਿਗੁਰ ਨੋ ਮਿਲੈ ਸੁ ਆਪਣਾ ਮਨੁ ਥਾਇ ਰਖੈ
ਓਹੁ ਆਪਿ ਵਰਤੈ ਆਪਣੀ ਵਥੁ ਨਾਲੇ ॥

ستِگُر نو مِلے سُ آپنا منُ تھاءِ رکھے
اوہُ آپِ ورتے آپنی وتھُ نالے ॥

ਜਨ ਨਾਨਕ ਇਕਨਾ ਗੁਰੁ ਮੇਲਿ ਸੁਖੁ ਦੇਵੈ
ਇਕਿ ਆਪੇ ਵਖਿ ਕਢੈ ਠਗਵਾਲੇ ॥੧॥

جن نانک اِکنا گُرُ میلِ سُکھُ دیوے
اِکِ آپے وکھِ کڈھے ٹھگوالے ॥1॥

ਮਃ ੪ ॥

م: 4 ॥

ਜਿਨਾ ਅੰਦਰਿ ਨਾਮੁ ਨਿਧਾਨੁ ਹਰਿ
ਤਿਨ ਕੇ ਕਾਜ ਦਯਿ ਆਦੇ ਰਾਸਿ ॥

جِنا انّدرِ نامُ نِدھانُ ہرِ
تِن کے کاج دیِ آدے راسِ ॥

ਤਿਨ ਚੂਕੀ ਮੁਹਤਾਜੀ ਲੋਕਨ ਕੀ
ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ ॥

تِن چوُکی مُحتاجی لوکن کی
ہرِ پربھُ انگُ کرِ بیٹھا پاسِ ॥

ਜਾਂ ਕਰਤਾ ਵਲਿ ਤਾ ਸਭੁ ਕੋ ਵਲਿ
ਸਭਿ ਦਰਸਨੁ ਦੇਖਿ ਕਰਹਿ ਸਾਬਾਸਿ ॥

جاں کرتا ولِ تا سبھُ کو ولِ
سبھِ درسنُ دیکھِ کرہِ ساباسِ ॥

ਸਾਹੁ ਪਾਤਿਸਾਹੁ ਸਭੁ ਹਰਿ ਕਾ ਕੀਆ
ਸਭਿ ਜਨ ਕਉ ਆਇ ਕਰਹਿ ਰਹਰਾਸਿ ॥

ساہُ پاتِشاہُ سبھُ ہرِ کا کیِیا
سبھِ جن کءُ آءِ کرہِ رہراسِ ॥

ਗੁਰ ਪੂਰੇ ਕੀ ਵਡੀ ਵਡਿਆਈ
ਹਰਿ ਵਡਾ ਸੇਵਿ ਅਤੁਲੁ ਸੁਖੁ ਪਾਇਆ ॥

گُر پوُرے کی وڈی وڈِیائی
ہرِ وڈا سیوِ اتُلُ سُکھُ پائیا ॥

ਗੁਰਿ ਪੂਰੈ ਦਾਨੁ ਦੀਆ ਹਰਿ ਨਿਹਚਲੁ
ਨਿਤ ਬਖਸੇ ਚੜੈ ਸਵਾਇਆ ॥

گُرِ پوُرے دانُ دیِیا ہرِ نِہچلُ
نِت بخشے چڑے سوائیا ॥

ਕੋਈ ਨਿੰਦਕੁ ਵਡਿਆਈ ਦੇਖਿ ਨ ਸਕੈ
ਸੋ ਕਰਤੈ ਆਪਿ ਪਚਾਇਆ ॥

کوئی نِندکُ وڈِیائی دیکھِ ن سکے
سو کرتے آپِ پچائیا ॥

ਜਨੁ ਨਾਨਕੁ ਗੁਣ ਬੋਲੈ ਕਰਤੇ ਕੇ
ਭਗਤਾ ਨੋ ਸਦਾ ਰਖਦਾ ਆਇਆ ॥੨॥

جنُ نانکُ گُنؤ بولے کرتے کے
بھگتا نو سدا رکھدا آئیا ॥2॥

ਪਉੜੀ ॥

ਤੂ ਸਾਹਿਬੁ ਅਗਮ ਦਇਆਲੁ ਹੈ
ਵਡ ਦਾਤਾ ਦਾਣਾ ॥

ਤੁਧੁ ਜੇਵਡੁ ਮੈ ਹੋਰੁ ਕੋ ਦਿਸਿ ਨਾ ਆਵਈ
ਤੂਹੈਂ ਸੁਘੜੁ ਮੇਰੈ ਮਨਿ ਭਾਣਾ ॥

ਮੋਹੁ ਕੁਟੰਬੁ ਦਿਸਿ ਆਵਦਾ
ਸਭੁ ਚਲਣਹਾਰਾ ਆਵਣ ਜਾਣਾ ॥

ਜੋ ਬਿਨੁ ਸਚੇ ਹੋਰਤੁ ਚਿਤੁ ਲਾਇਦੇ
ਸੇ ਕੂੜਿਆਰ ਕੂੜਾ ਤਿਨ ਮਾਣਾ ॥

ਨਾਨਕ ਸਚੁ ਧਿਆਇ ਤੂ
ਬਿਨੁ ਸਚੇ ਪਚਿ ਪਚਿ ਮੁਏ ਅਜਾਣਾ ॥੧੦॥

ਸਲੋਕ ਮਃ ੪ ॥

ਅਗੋ ਦੇ ਸਤ ਭਾਉ ਨ ਦਿਚੈ
ਪਿਛੋ ਦੇ ਆਖਿਆ ਕੰਮਿ ਨ ਆਵੈ ॥

ਅਧ ਵਿਚਿ ਫਿਰੈ ਮਨਮੁਖੁ ਵੇਚਾਰਾ
ਗਲੀ ਕਿਉ ਸੁਖੁ ਪਾਵੈ ॥

ਜਿਸੁ ਅੰਦਰਿ ਪ੍ਰੀਤਿ ਨਹੀ ਸਤਿਗੁਰ ਕੀ
ਸੁ ਕੂੜੀ ਆਵੈ ਕੂੜੀ ਜਾਵੈ ॥

ਜੇ ਕ੍ਰਿਪਾ ਕਰੇ ਮੇਰਾ ਹਰਿ ਪ੍ਰਭੁ ਕਰਤਾ
ਤਾਂ ਸਤਿਗੁਰੁ ਪਾਰਬ੍ਰਹਮੁ ਨਦਰੀ ਆਵੈ ॥

ਤਾ ਅਪਿਉ ਪੀਵੈ ਸਬਦੁ ਗੁਰ ਕੇਰਾ
ਸਭੁ ਕਾੜਾ ਅੰਦੇਸਾ ਭਰਮੁ ਚੁਕਾਵੈ ॥

ਸਦਾ ਅਨੰਦਿ ਰਹੈ ਦਿਨੁ ਰਾਤੀ
ਜਨ ਨਾਨਕ ਅਨਦਿਨੁ ਹਰਿ ਗੁਣ ਗਾਵੈ ॥੧॥

ਮਃ ੪ ॥

پئڑی ॥

توُ صاحِبُ اگم دئیالُ ہے
وڈ داتا داٹا ॥

تُدھُ جیوڈُے ہورُ کو دِس نا آوئی
توُہیں سُگھڑُ میرے منِ بھاٹا ॥

موہُ کُٹنّبُ دِس آودا
سبھُ چلنّہارا آونٌ جاٹا ॥

جو بِنُ سچے ہورتُ چِتُ لائِدے
سے کوُڑِیار کوُڑا تِن ماٹا ॥

نانک سچُ دھِیاءِ توُ
بِنُ سچے پچِ پچِ مُے اجاٹا ॥ 10 ॥

سلوک م: 4 ॥

اگو دے ست بھاءُ ن دِچے
پِچھو دے آکھیا کنّمِ ن آوے ॥

ادھ وِچِ پھِرے منمُکھُ ویچارا
گلی کِءُ سُکھُ پاوے ۔ ॥

جِسُ اندرِ پریتِ نہی ستِگُر کی
سُ کوُڑی آوے کوُڑی جاوے ॥

جے کرِپا کرے میرا ہرِ پربھُ کرتا
تاں ستِگُرُ پاربرہمُ ندری آوے ॥

تا اپِءُ پیوے سبدُ گُر کیرا
سبھُ کاڑا اندیسا بھرمُ چُکاوے ॥

سدا انندِ رہے دِنُ راتی
جن نانک اندِنُ ہرِ گُنٌ گاوے ॥1॥

م: 4 ॥

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥

ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥

ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥

ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

ਪਉੜੀ ॥

ਜੋ ਤੁਧੁ ਸਚੁ ਧਿਆਇਦੇ
ਸੇ ਵਿਰਲੇ ਥੋੜੇ ॥

ਜੋ ਮਨਿ ਚਿਤਿ ਇਕੁ ਅਰਾਧਦੇ
ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥

ਤੁਧੁਨੋ ਸਭ ਧਿਆਇਦੀ
ਸੇ ਥਾਇ ਪਏ ਜੋ ਸਾਹਿਬ ਲੋੜੇ ॥

ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ
ਸੇ ਮੁਏ ਮਰਿ ਜੰਮੇ ਕੋੜ੍ਹੇ ॥

ਓਇ ਹਾਜਰੁ ਮਿਠਾ ਬੋਲਦੇ
ਬਾਹਰਿ ਵਿਸੁ ਕਢਹਿ ਮੁਖਿ ਘੋਲੇ ॥

گُر ستِگُر کا جو سِکھُ اکھائے
سُ بھلکے اُٹھِ ہرِ نامُ دھِیاوے ॥

اُدمُ کرے بھلکے پربھاتی
اِسنانُ کرے انّمرِت سرِ ناوے ॥

اُپدیسِ گُرو ہرِ ہرِ جپُ جاپے
سبھِ کِلوِکھ پاپ دوکھ لہِ جاوے ॥

پھِرِ چڑے دِوسُ گُربانٔی گاوے
بہدِیا اُٹھدِیا ہرِ نامُ دھِیاوے ॥

جو ساسِ گِراسِ دھِیائے میرا ہرِ ہرِ
سو گُرسِکھُ گُرو منِ بھاوے ॥

جِس نو دیئالُ ہووے میرا سُیامی
تِسُ گُرسِکھ گُرو اُپدیسُ سُناوے ॥

جنُ نانکُ دھوُڑِ منگے تِسُ گُرسِکھ کی
جو آپِ جپے اورہ نامُ جپاوے ॥2॥

پٹُڑی ॥

جو تُدھُ سچُ دھِیائِدے
سے وِرلے تھوڑے ॥

جو منِ چِتِ اِکُ ارادھدے
تِن کی برکتِ کھاہِ اسنکھ کروڑے ॥

تُدھُنو سبھ دھِیائِدی
سے تھاءِ پے جو صاحِب لوڑے ॥

جو بِنُ ستِگُر سیوے کھادے پینَدے
سے مُے مرِ جنمے کوڑے ॥

اوءِ ہاجرُ مِٹھا بولدے
باہرِ وِسُ کڈھہِ مُکھِ گھولے ॥

ਮਨਿ ਖੋਟੇ ਦਯਿ ਵਿਛੋੜੇ ॥੧੧॥

من کھوٹے دیِ وِچھوڑے ॥ 11 ॥

ਸਲੋਕ ਮਃ ੪ ॥

سلوک م: 4 ॥

ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ
ਤਿਨਿ ਵੇਮੁਖਿ ਵੇਮੁਖੈ ਨੋ ਪਾਇਆ ॥

مل جوئی بھریا نیلا کالا کھِدھولڑا
تِنِ ویمُکھِ ویمُکھے نو پائیا ॥

ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ
ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ ॥

پاس ن دیئی کوئی بہنِ جگت مہِ
گُوہ پڑِ سگوی مل لاءِ منمُکھ آئیا ॥

ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ
ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ ॥

پرائی جو نِندا چُغلی نو ویمُکھ کرِ کے بھیجیا
اوتھے بھی مُہ کالا دُہا ویمُکھا دا کرائیا ॥

ਤੜ ਸੁਣਿਆ ਸਭਤੁ ਜਗਤ ਵਿਚਿ ਭਾਈ
ਵੇਮੁਖੁ ਸਣੈ ਨਫਰੈ ਪਉਲੀ ਪਉਦੀ
ਫਾਵਾ ਹੋਇ ਕੈ ਉਠਿ ਘਰਿ ਆਇਆ ॥

تڑ سُٹیا سبھتُ جگت وِچ بھائی
ویمُکھ سنے نفرے پئُلی پئُدی
فاوا ہوءِ کے اُٹھِ گھرِ آئیا ॥

ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ
ਤਾ ਵਹੁਟੀ ਭਤੀਜੀਂ ਫਿਰਿ ਆਣਿ ਘਰਿ ਪਾਇਆ ॥

اگے سنگتی کُڑمی ویمُکھ رلٹا ن مِلے
تا وہُٹی بھتیجیں پھِرِ آنِ گھرِ پائیا ॥

ਹਲਤੁ ਪਲਤੁ ਦੋਵੈ ਗਏ
ਨਿਤ ਭੁਖਾ ਕੂਕੇ ਤਿਹਾਇਆ ॥

ہلتُ پلتُ دووے گئے
نِت بھُکھا کُوکے تِہائیا ॥

ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ
ਜਿਨਿ ਨਿਆਉ ਸਚੁ ਬਹਿ ਆਪਿ ਕਰਾਇਆ ॥

دھنُ دھنُ سُیامی کرتا پُرکھُ ہے
جِنِ نیاءُ سچُ بہِ آپِ کرائیا ॥

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ
ਸੋ ਸਾਚੈ ਮਾਰਿ ਪਚਾਇਆ ॥

جو نِندا کرے ستِگُر پُورے کی
سو ساچے مارِ پچائیا ॥

ਏਹੁ ਅਖਰੁ ਤਿਨਿ ਆਖਿਆ
ਜਿਨਿ ਜਗਤੁ ਸਭੁ ਉਪਾਇਆ ॥੧॥

ایہُ اکھرُ تِنِ آکھیا
جِنِ جگتُ سبھُ اُپائیا ॥1॥

ਮਃ ੪ ॥

م: 4 ॥

ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ
ਤਿਸ ਦਾ ਨਫਰੁ ਕਿਥਹੁ ਰਜਿ ਖਾਏ ॥

صاحِبُ جِس کا ننگا بھُکھا ہووے
تِس دا نفرُ کِتھہُ رجِ کھائے ۔ ॥

ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ

جِ صاحِب کے گھرِ وتھُ ہووے سُ نفرے ہتھِ آوے

ਅਣਹੋਦੀ ਕਿਥਹੁ ਪਾਏ ॥

اٹھودی کِتھہُ پائے ۔ ॥

ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ
ਸਾ ਸੇਵਾ ਅਉਖੀ ਹੋਈ ॥

جِس دی سیوا کِیتی پھِرِ لیکھا منگِیئے
سا سیوا اُکھی ہوئی ॥

ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ
ਫਿਰਿ ਲੇਖਾ ਮੰਗੈ ਨ ਕੋਈ ॥੨॥

نانک سیوا کرہُ ہرِ گُر سپھل درسن کی
پھِرِ لیکھا منگے َن کوئی ॥2॥

ਪਉੜੀ ॥

پئُڑی ॥

ਨਾਨਕ ਵੀਚਾਰਹਿ ਸੰਤ ਜਨ
ਚਾਰਿ ਵੇਦ ਕਹੰਦੇ ॥

نانک ویچارہِ سنّت جن
چارِ وید کہنّدے ॥

ਭਗਤ ਮੁਖੈ ਤੇ ਬੋਲਦੇ
ਸੇ ਵਚਨ ਹੋਵੰਦੇ ॥

بھگت مُکھے َ تے بولدے
سے وچن ہوونّدے ॥

ਪ੍ਰਗਟ ਪਹਾਰਾ ਜਾਪਦਾ
ਸਭਿ ਲੋਕ ਸੁਣੰਦੇ ॥

پّرگٹ پہارا جاپدا
سبھِ لوک سُنّدے ॥

ਸੁਖੁ ਨ ਪਾਇਨਿ ਮੁਗਧ ਨਰ
ਸੰਤ ਨਾਲਿ ਖਹੰਦੇ ॥

سُکھُ ن پائِنِ مُگدھ نر
سنّت نالِ کھہنّدے ॥

ਓਇ ਲੋਚਨਿ ਓਨਾ ਗੁਣੈ ਨੋ
ਓਇ ਅਹੰਕਾਰਿ ਸੜੰਦੇ ॥

اوءِ لوچنِ اونا گُنّے نو
اوءِ اہنکارِ سڑنّدے ॥

ਓਇ ਵਿਚਾਰੇ ਕਿਆ ਕਰਹਿ
ਜਾ ਭਾਗ ਧੁਰਿ ਮੰਦੇ ॥

اوءِ وِچارے کِیا کرہِ
جا بھاگ دھُرِ منّدے ॥

ਜੋ ਮਾਰੇ ਤਿਨਿ ਪਾਰਬ੍ਰਹਮਿ
ਸੇ ਕਿਸੈ ਨ ਸੰਦੇ ॥

جو مارے تِنِ پاربّرہمِ
سے کِسے َ ن سنّدے ॥

ਵੈਰੁ ਕਰਹਿ ਨਿਰਵੈਰ ਨਾਲਿ
ਧਰਮ ਨਿਆਇ ਪਚੰਦੇ ॥

ویرُ کرہِ نِرویر نالِ
دھرم نِیاءِ پچنّدے ॥

ਜੋ ਜੋ ਸੰਤਿ ਸਰਾਪਿਆ
ਸੇ ਫਿਰਹਿ ਭਵੰਦੇ ॥

جو جو سنّتِ سراپیا
سے پھِرہِ بھونّدے ॥

ਪੇਡੁ ਮੁੰਢਾਹੂੰ ਕਟਿਆ

پیڈُ مُنّڈھا ہوُنّ کٹیا

ਤਿਸੁ ਡਾਲ ਸੁਕੰਦੇ ॥੧੨॥

تِس ڈال سُکندے ॥ 12 ॥

ਸਲੋਕ ਮਃ ੪ ॥

سلوک م: 4 ॥

ਅੰਤਰਿ ਹਰਿ ਗੁਰੂ ਧਿਆਇਦਾ
ਵਡੀ ਵਡਿਆਈ ॥

انتر ہرِ گُرو دھیائِدا
وڈی وڈِیائی ॥

ਤੁਸਿ ਦਿਤੀ ਪੂਰੈ ਸਤਿਗੁਰੂ
ਘਟੈ ਨਾਹੀ ਇਕੁ ਤਿਲੁ ਕਿਸੈ ਦੀ ਘਟਾਈ ॥

تُس دِتی پُورے ستِگُرو
گھٹے ناہی اِکُ تِلُ کِسے دی گھٹائی ॥

ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ
ਤਾਂ ਝਖਿ ਝਖਿ ਮਰੈ ਸਭ ਲੋਕਾਈ ॥

سچُ صاحِبُ ستِگُرو کے ولِ ہے
تاں جھکھِ جھکھِ مرے سبھ لوکائی ॥

ਨਿੰਦਕਾ ਕੇ ਮੁਹ ਕਾਲੇ ਕਰੇ
ਹਰਿ ਕਰਤੈ ਆਪਿ ਵਧਾਈ ॥

نِندکا کے مُہ کالے کرے
ہرِ کرتے آپِ ودھائی ॥

ਜਿਉ ਜਿਉ ਨਿੰਦਕ ਨਿੰਦ ਕਰਹਿ
ਤਿਉ ਤਿਉ ਨਿਤ ਨਿਤ ਚੜੈ ਸਵਾਈ ॥

جِءُ جِءُ نِندک نِند کرہِ
تِءُ تِءُ نِت نِت چڑے سوائی ॥

ਜਨ ਨਾਨਕ ਹਰਿ ਆਰਾਧਿਆ
ਤਿਨਿ ਪੈਰੀ ਆਣਿ ਸਭ ਪਾਈ ॥੧॥

جن نانک ہرِ آرادھیا
تِنِ پیَری آنِ سبھ پائی ॥ 1 ॥

ਮਃ ੪ ॥

م: 4 ॥

ਸਤਿਗੁਰ ਸੇਤੀ ਗਣਤ ਜਿ ਰਖੈ
ਹਲਤੁ ਪਲਤੁ ਸਭੁ ਤਿਸ ਕਾ ਗਇਆ ॥

ستِگُر سیتی گنّت جِ رکھے
ہلتُ پلتُ سبھُ تِس کا گئیا ॥

ਨਿਤ ਝਹੀਆ ਪਾਏ ਝਗੂ ਸੁਟੇ
ਝਖਦਾ ਝਖਦਾ ਝੜਿ ਪਇਆ ॥

نِت جھہیِیا پائے جھگُو سُٹے
جھکھدا جھکھدا جھڑِ پئیا ॥

ਨਿਤ ਉਪਾਵ ਕਰੈ ਮਾਇਆ ਧਨ ਕਾਰਣਿ
ਅਗਲਾ ਧਨੁ ਭੀ ਉਡਿ ਗਇਆ ॥

نِت اُپاو کرے مائیا دھن کارنِ
اگلا دھنُ بھی اُڈِ گئیا ॥

ਕਿਆ ਓਹੁ ਖਟੇ ਕਿਆ ਓਹੁ ਖਾਵੈ
ਜਿਸੁ ਅੰਦਰਿ ਸਹਸਾ ਦੁਖੁ ਪਇਆ ॥

کِیا اوہُ کھٹے کِیا اوہُ کھاوے
جِسُ اندرِ سہسا دُکھُ پئیا ॥

ਨਿਰਵੈਰੈ ਨਾਲਿ ਜਿ ਵੈਰੁ ਰਚਾਏ
ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ ॥

نِرویَرے نالِ جِ ویَرُ رچائے
سبھُ پاپُ جگتے کا تِنِ سِرِ لئیا ॥

ਓਸੁ ਅਗੈ ਪਿਛੈ ਢੋਈ ਨਾਹੀ
ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ ॥

اوُس اگے پِچھے ڈھوئی ناہی
جِس اندرِ نِندا مُہِ انّبُ پئیا ॥

ਜੇ ਸੁਇਨੇ ਨੋ ਓਹੁ ਹਥੁ ਪਾਏ
ਤਾ ਖੇਹੂ ਸੇਤੀ ਰਲਿ ਗਇਆ ॥

جے سُئنے نو اوہُ ہتھُ پائے
تا کھیہُو سیتی رلِ گئیا ॥

ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ
ਤਾ ਪਿਛਲੇ ਅਉਗਣ ਬਖਸਿ ਲਇਆ ॥

جے گُر کی سرنّی پھِرِ اوہُ آوے
تا پچھلے انگُن بخشِ لئیا ॥

ਜਨ ਨਾਨਕ ਅਨਦਿਨੁ ਨਾਮੁ ਧਿਆਇਆ
ਹਰਿ ਸਿਮਰਤ ਕਿਲਵਿਖ ਪਾਪ ਗਇਆ ॥੨॥

جن نانک اندِنُ نامُ دھِیائیا
ہرِ سِمرت کِلوِکھ پاپ گئیا ॥2॥

ਪਉੜੀ ॥

پئُڑی ॥

ਤੂਹੈ ਸਚਾ ਸਚੁ ਤੂ
ਸਭ ਦੂ ਉਪਰਿ ਤੂ ਦੀਬਾਣੁ ॥

توُہے سچا سچُ توُ
سبھ دوُ اُپرِ توُ دیِبانُ ॥

ਜੋ ਤੁਧੁ ਸਚੁ ਧਿਆਇਦੇ
ਸਚੁ ਸੇਵਨਿ ਸਚੇ ਤੇਰਾ ਮਾਣੁ ॥

جو تُدھُ سچُ دھِیائِدے
سچُ سیونِ سچے تیرا مانُ ॥

ਓਨਾ ਅੰਦਰਿ ਸਚੁ ਮੁਖ ਉਜਲੇ
ਸਚੁ ਬੋਲਨਿ ਸਚੇ ਤੇਰਾ ਤਾਣੁ ॥

اونا اندرِ سچُ مُکھ اُجلے
سچُ بولنِ سچے تیرا تانُ ॥

ਸੇ ਭਗਤ ਜਿਨੀ ਗੁਰਮੁਖਿ ਸਾਲਾਹਿਆ
ਸਚੁ ਸਬਦੁ ਨੀਸਾਣੁ ॥

سے بھگت جِنی گُرمُکھِ سالاحِیا
سچُ سبدُ نِیشانُ ॥

ਸਚੁ ਜਿ ਸਚੇ ਸੇਵਦੇ
ਤਿਨ ਵਾਰੀ ਸਦ ਕੁਰਬਾਣੁ ॥੧੩॥

سچُ جِ سچے سیودے
تِن واری سد قُربانُ ॥ 13 ॥

ਸਲੋਕ ਮਃ ੪ ॥

سلوک م: 4 ॥

ਧੁਰਿ ਮਾਰੇ ਪੂਰੈ ਸਤਿਗੁਰੂ
ਸੇਈ ਹੁਣਿ ਸਤਿਗੁਰਿ ਮਾਰੇ ॥

دھُرِ مارے پوُرے ستِگُروُ
سیئی ہُنِ ستِگُرِ مارے ॥

ਜੇ ਮੇਲਣ ਨੋ ਬਹੁਤੇਰਾ ਲੋਚੀਐ
ਨ ਦੇਈ ਮਿਲਣ ਕਰਤਾਰੇ ॥

جے میلنّ نو بہتیرا لوچیئے
ن دیئی مِلنّ کرتارے ॥

ਸਤਸੰਗਤਿ ਢੋਈ ਨਾ ਲਹਨਿ

ستسنگتِ ڈھوئی نا لہنِ

ਵਿਚਿ ਸੰਗਤਿ ਗੁਰਿ ਵੀਚਾਰੇ ॥

وِچ سنگتِ گُرِ ویچارے ॥

ਕੋਈ ਜਾਇ ਮਿਲੈ ਹੁਣਿ ਓਨਾ ਨੋ
ਤਿਸੁ ਮਾਰੇ ਜਮੁ ਜੰਦਾਰੇ ॥

کوئی جاءِ ملے ہُنڑِ اونا نو
تِس مارے جمُ جنّدارے ॥

ਗੁਰਿ ਬਾਬੈ ਫਿਟਕੇ ਸੇ ਫਿਟੇ
ਗੁਰਿ ਅੰਗਦਿ ਕੀਤੇ ਕੂੜਿਆਰੇ ॥

گُرِ بابے پھٹکے سے پھٹے
گُرِ انگدِ کیتے کوڑیارے ॥

ਗੁਰਿ ਤੀਜੀ ਪੀੜੀ ਵੀਚਾਰਿਆ
ਕਿਆ ਹਥਿ ਏਨਾ ਵੇਚਾਰੇ ॥

گُرِ تیجی پیڑی ویچاریا
کیا ہتھِ اینا ویچارے ۔ ॥

ਗੁਰੁ ਚਉਥੀ ਪੀੜੀ ਟਿਕਿਆ
ਤਿਨਿ ਨਿੰਦਕ ਦੁਸਟ ਸਭਿ ਤਾਰੇ ॥

گُرُ چتھی پیڑی ٹِکیا
تِنِ نِندک دُسٹ سبھِ تارے ॥

ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ
ਤਿਸੁ ਕਾਰਜ ਸਭਿ ਸਵਾਰੇ ॥

کوئی پُتُ سِکھُ سیوا کرے ستِگُرو کی
تِس کارج سبھِ سوارے ॥

ਜੋ ਇਛੈ ਸੋ ਫਲੁ ਪਾਇਸੀ
ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ ॥

جو اِچھے سو پھلُ پائسی
پُتُ دھنُ لکھمی کھڑِ میلے ہرِ نِستارے ॥

ਸਭਿ ਨਿਧਾਨ ਸਤਿਗੁਰੂ ਵਿਚਿ
ਜਿਸੁ ਅੰਦਰਿ ਹਰਿ ਉਰ ਧਾਰੇ ॥

سبھِ نِدھان ستِگُرو وِچِ
جِس اندرِ ہرِ اُر دھارے ॥

ਸੋ ਪਾਏ ਪੂਰਾ ਸਤਿਗੁਰੂ
ਜਿਸੁ ਲਿਖਿਆ ਲਿਖਤੁ ਲਿਲਾਰੇ ॥

سو پائے پُورا ستِگُرو
جِس لِکھیا لِکھتُ لِلارے ॥

ਜਨੁ ਨਾਨਕੁ ਮਾਗੈ ਧੂੜਿ ਤਿਨ
ਜੋ ਗੁਰਸਿਖ ਮਿਤ ਪਿਆਰੇ ॥੧॥

جنُ نانکُ ماگے دھوُڑِ تِن
جو گُرسِکھ مِت پیارے ॥1॥

ਮਃ ੪ ॥

م: 4 ॥

ਜਿਨ ਕਉ ਆਪਿ ਦੇਇ ਵਡਿਆਈ
ਜਗਤੁ ਭੀ ਆਪੇ ਆਣਿ ਤਿਨ ਕਉ ਪੈਰੀ ਪਾਏ ॥

جِن کءُ آپِ دےءِ وڈِیائی
جگتُ بھی آپے آنڑِ تِن کءُ پیَری پائے ॥

ਡਰੀਐ ਤਾਂ ਜੇ ਕਿਛੁ ਆਪ ਦੂ ਕੀਚੈ
ਸਭੁ ਕਰਤਾ ਆਪਣੀ ਕਲਾ ਵਧਾਏ ॥

ڈریئے تاں جے کِچھُ آپ دوُ کیچے
سبھُ کرتا آپنڑی کلا ودھائے ॥

ਦੇਖਹੁ ਭਾਈ ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ

دیکھہُ بھائی ایہُ اکھاڑا ہرِ پریتم سچے کا

ਜਿਨਿ ਆਪਣੈ ਜੋਰਿ ਸਭਿ ਆਣਿ ਨਿਵਾਏ ॥

جِنِ آپنے زورِ سبھِ آنِ نِوائے ॥

ਆਪਣਿਆ ਭਗਤਾ ਕੀ ਰਖ ਕਰੇ ਹਰਿ ਸੁਆਮੀ
ਨਿੰਦਕਾ ਦੁਸਟਾ ਕੇ ਮੁਹ ਕਾਲੇ ਕਰਾਏ ॥

آپنیا بھگتا کی رکھ کرے ہرِ سُیامی
نِندکا دُسٹا کے مُہ کالے کرائے ॥

ਸਤਿਗੁਰ ਕੀ ਵਡਿਆਈ ਨਿਤ ਚੜੈ ਸਵਾਈ
ਹਰਿ ਕੀਰਤਿ ਭਗਤਿ ਨਿਤ ਆਪਿ ਕਰਾਏ ॥

ستِگُر کی وڈیائی نِت چڑے سوائی
ہرِ کیرتِ بھگتِ نِت آپِ کرائے ॥

ਅਨਦਿਨੁ ਨਾਮੁ ਜਪਹੁ ਗੁਰਸਿਖਹੁ
ਹਰਿ ਕਰਤਾ ਸਤਿਗੁਰੁ ਘਰੀ ਵਸਾਏ ॥

اندِنُ نامُ جپہُ گُرسِکھہُ
ہرِ کرتا ستِگُرُ گھری وسائے ॥

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥

ستِگُر کی باٹی ستِ ستِ کرِ جاٹہُ گُرسِکھہُ
ہرِ کرتا آپِ مُہہُ کڈھائے ॥

ਗੁਰਸਿਖਾ ਕੇ ਮੁਹ ਉਜਲੇ ਕਰੇ ਹਰਿ ਪਿਆਰਾ
ਗੁਰ ਕਾ ਜੈਕਾਰੁ ਸੰਸਾਰਿ ਸਭਤੁ ਕਰਾਏ ॥

گُرسِکھا کے مُہ اُجلے کرے ہرِ پیارا
گُر کا جیَکارُ سنّسارِ سبھتُ کرائے ॥

ਜਨੁ ਨਾਨਕੁ ਹਰਿ ਕਾ ਦਾਸੁ ਹੈ
ਹਰਿ ਦਾਸਨ ਕੀ ਹਰਿ ਪੈਜ ਰਖਾਏ ॥੨॥

جنُ نانکُ ہرِ کا داسُ ہے
ہرِ داسن کی ہرِ پیَج رکھائے ॥2॥

ਪਉੜੀ ॥

پئُڑی ॥

ਤੂ ਸਚਾ ਸਾਹਿਬੁ ਆਪਿ ਹੈ
ਸਚੁ ਸਾਹ ਹਮਾਰੇ ॥

توُ سچا صاحِبُ آپِ ہے
سچُ ساہ ہمارے ॥

ਸਚੁ ਪੂਜੀ ਨਾਮੁ ਦ੍ਰਿੜਾਇ ਪ੍ਰਭ
ਵਣਜਾਰੇ ਥਾਰੇ ॥

سچُ پُوجی نامُ دّرِڑاءِ پربھ
وٹجارے تھارے ॥

ਸਚੁ ਸੇਵਹਿ ਸਚੁ ਵਣੰਜਿ ਲੈਹਿ
ਗੁਣ ਕਥਹ ਨਿਰਾਰੇ ॥

سچُ سیوہِ سچُ وٹنّجِ لیَہِ
گُن کتھہ نِرارے ॥

ਸੇਵਕ ਭਾਇ ਸੇ ਜਨ ਮਿਲੇ
ਗੁਰ ਸਬਦਿ ਸਵਾਰੇ ॥

سیوک بھاءِ سے جن مِلے
گُر سبدِ سوارے ॥

ਤੂ ਸਚਾ ਸਾਹਿਬੁ ਅਲਖੁ ਹੈ
ਗੁਰ ਸਬਦਿ ਲਖਾਰੇ ॥੧੪॥

توُ سچا صاحِبُ الکھُ ہے
گُر سبدِ لکھارے ॥ 14 ॥

ਸਲੋਕ ਮਃ ੪ ॥

سلوک م: 4 ॥

ਜਿਸੁ ਅੰਦਰਿ ਤਾਤਿ ਪਰਾਈ ਹੋਵੈ
ਤਿਸ ਕਾ ਕਦੇ ਨ ਹੋਵੀ ਭਲਾ ॥

ਓਸ ਦੈ ਆਖਿਐ ਕੋਈ ਨ ਲਗੈ
ਨਿਤ ਓਜਾੜੀ ਪੂਕਾਰੇ ਖਲਾ ॥

ਜਿਸੁ ਅੰਦਰਿ ਚੁਗਲੀ ਚੁਗਲੋ ਵਜੈ
ਕੀਤਾ ਕਰਤਿਆ ਓਸ ਦਾ ਸਭੁ ਗਇਆ ॥

ਨਿਤ ਚੁਗਲੀ ਕਰੇ ਅਣਹੋਦੀ ਪਰਾਈ
ਮੁਹੁ ਕਢਿ ਨ ਸਕੈ ਓਸ ਦਾ ਕਾਲਾ ਭਇਆ ॥

ਕਰਮ ਧਰਤੀ ਸਰੀਰੁ ਕਲਿਜੁਗ ਵਿਚਿ
ਜੇਹਾ ਕੋ ਬੀਜੇ ਤੇਹਾ ਕੋ ਖਾਏ ॥

ਗਲਾ ਉਪਰਿ ਤਪਾਵਸੁ ਨ ਹੋਈ
ਵਿਸੁ ਖਾਧੀ ਤਤਕਾਲ ਮਰਿ ਜਾਏ ॥

ਭਾਈ ਵੇਖਹੁ ਨਿਆਉ ਸਚੁ ਕਰਤੇ ਕਾ
ਜੇਹਾ ਕੋਈ ਕਰੇ ਤੇਹਾ ਕੋਈ ਪਾਏ ॥

ਜਨ ਨਾਨਕ ਕਉ ਸਭ ਸੋਝੀ ਪਾਈ
ਹਰਿ ਦਰ ਕੀਆ ਬਾਤਾ ਆਖਿ ਸੁਣਾਏ ॥੧॥

ਮਃ ੪ ॥

ਹੋਦੈ ਪਰਤਖਿ ਗੁਰੂ ਜੋ ਵਿਛੁੜੇ
ਤਿਨ ਕਉ ਦਰਿ ਢੋਹੀ ਨਾਹੀ ॥

ਕੋਈ ਜਾਇ ਮਿਲੈ ਤਿਨ ਨਿੰਦਕਾ
ਮੁਹ ਫਿਕੇ ਥੁਕ ਥੁਕ ਮੁਹਿ ਪਾਹੀ ॥

ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ
ਨਿਤ ਭੰਭਲ ਭੂਸੇ ਖਾਹੀ ॥

ਜਿਨ ਗੁਰੁ ਗੋਪਿਆ ਆਪਣਾ
ਸੇ ਲੈਦੇ ਢਹਾ ਫਿਰਾਹੀ ॥

جِسُ اندّرِ تاتِ پرائی ہووے
تِس کا کدے ن ہووی بھلا ॥

اوس دے آکھے کوئی ن لگے
نِت اوجاڑی پوُکارے کھلا ॥

جِسُ اندّرِ چُغلی چُغلو وجے
کِیتا کرتیا اوس دا سبھُ گیا ॥

نِت چُغلی کرے انّہودی پرائی
مُہُ کڈھِ ن سکے اوس دا کالا بھیا ॥

کرم دھرتی سریرُ کلِجُگ وِچ
جیہا کو بیجے تیہا کو کھائے ॥

گلا اُپر تپاوسُ ن ہوئی
وِسُ کھادھی تتکال مرِ جائے ॥

بھائی ویکھہُ نِیاءُ سچُ کرتے کا
جیہا کوئی کرے تیہا کوئی پائے ॥

جن نانک کءُ سبھ سوجھی پائی
ہرِ در کِیا باتا آکھِ سُٹائے ॥1॥

م: 4 ॥

ہودے پرتکھِ گُرو جو وِچھُڑے
تِن کءُ درِ ڈھوہی ناہی ॥

کوئی جاءِ ملے تِن نِندکا
مُہ پھِکے تھُک تھُک مُہِ پاہی ॥

جو ستِگُرِ پھِٹکے سے سبھ جگتِ پھِٹکے
نِت بھنّبھل بھوُسے کھاہی ॥

جِن گُرُ گوپِیا آپنا
سے لیدے ڈھہا پھِراہی ॥

ਤਿਨ ਕੀ ਭੁਖ ਕਦੇ ਨ ਉਤਰੈ
ਨਿਤ ਭੁਖਾ ਭੁਖ ਕੂਕਾਹੀ ॥

ਤِن کی بھُکھ کدے ن اُترے
نِت بھُکھا بھُکھ کوُکاہی ॥

ਓਨਾ ਦਾ ਆਖਿਆ ਕੋ ਨ ਸੁਣੈ
ਨਿਤ ਹਉਲੇ ਹਉਲਿ ਮਰਾਹੀ ॥

اونا دا آکھیا کو ن سُنے
نِت ہئلے ہئلِ مراہی ॥

ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ
ਓਨਾ ਅਗੈ ਪਿਛੈ ਥਾਉ ਨਾਹੀ ॥

ستِگُر کی وڈیائی ویکھِ ن سکنی
اونا اگے پِچھے تھاءُ ناہی ॥

ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ
ਰਹਦੀ ਖੁਹਦੀ ਸਭ ਪਤਿ ਗਵਾਹੀ ॥

جو ستِگُرِ مارے تِن جاءِ مِلہِ
رہدی کھُہدی سبھ پت گواہی ॥

ਓਇ ਅਗੈ ਕੁਸਟੀ ਗੁਰ ਕੇ ਫਿਟਕੇ
ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ ॥

اوءِ اگے کُسٹی گُر کے پھِٹکے
جِ اوسُ مِلے تِس کُسٹ اُٹھاہی ॥

ਹਰਿ ਤਿਨ ਕਾ ਦਰਸਨੁ ਨਾ ਕਰਹੁ
ਜੋ ਦੂਜੈ ਭਾਇ ਚਿਤੁ ਲਾਹੀ ॥

ہرِ تِن کا درسنُ نا کرہُ
جو دوُجے بھاءِ چِتُ لاہی ॥

ਧੁਰਿ ਕਰਤੈ ਆਪਿ ਲਿਖਿ ਪਾਇਆ
ਤਿਸੁ ਨਾਲਿ ਕਿਹੁ ਚਾਰਾ ਨਾਹੀ ॥

دھُرِ کرتے آپِ لِکھِ پائیا
تِس نالِ کِہُ چارا ناہی ॥

ਜਨ ਨਾਨਕ ਨਾਮੁ ਅਰਾਧਿ ਤੂ
ਤਿਸੁ ਅਪੜਿ ਕੋ ਨ ਸਕਾਹੀ ॥

جن نانک نامُ ارادھِ توُ
تِس اپڑِ کو ن سکاہی ॥

ਨਾਵੈ ਕੀ ਵਡਿਆਈ ਵਡੀ ਹੈ
ਨਿਤ ਸਵਾਈ ਚੜੈ ਚੜਾਹੀ ॥੨॥

ناوے کی وڈیائی وڈی ہے
نِت سوائی چڑے چڑاہی ॥2॥

ਮਃ ੪ ॥

م: 4 ॥

ਜਿ ਹੋਂਦੈ ਗੁਰੂ ਬਹਿ ਟਿਕਿਆ
ਤਿਸੁ ਜਨ ਕੀ ਵਡਿਆਈ ਵਡੀ ਹੋਈ ॥

جِ ہوندے گُرو بہِ ٹِکیا
تِس جن کی وڈیائی وڈی ہوئی ॥

ਤਿਸੁ ਕਉ ਜਗਤੁ ਨਿਵਿਆ ਸਭੁ ਪੈਰੀ ਪਇਆ
ਜਸੁ ਵਰਤਿਆ ਲੋਈ ॥

تِس ک ءُ جگتُ نِویا سبھُ پیری پئیا
جسُ ورتیا لوئی ॥

ਤਿਸ ਕਉ ਖੰਡ ਬ੍ਰਹਮੰਡ ਨਮਸਕਾਰੁ ਕਰਹਿ
ਜਿਸ ਕੈ ਮਸਤਕਿ ਹਥੁ ਧਰਿਆ ਗੁਰਿ ਪੂਰੈ
ਸੋ ਪੂਰਾ ਹੋਈ ॥

تِس ک ءُ کھنڈ برہمنڈ نمسکارُ کرہِ
جِس کے مستکِ ہتھُ دھریا گُرِ پوُرے

ਸੋ ਪੂਰਾ ਹੋਈ ॥

سو پُورا ہوئی ॥

ਗੁਰ ਕੀ ਵਡਿਆਈ ਨਿਤ ਚੜੈ ਸਵਾਈ
ਅਪੜਿ ਕੋ ਨ ਸਕੋਈ ॥

گُر کی وڈِیائی نِت چڑے سوائی
اپڑِ کو ن سکوئی ॥

ਜਨੁ ਨਾਨਕੁ ਹਰਿ ਕਰਤੈ ਆਪਿ ਬਹਿ ਟਿਕਿਆ
ਆਪੇ ਪੈਜ ਰਖੈ ਪ੍ਰਭੁ ਸੋਈ ॥੩॥

جنُ نانکُ ہرِ کرتے آپِ بہِ ٹِکیا
آپے پیَج رکھے پربھُ سوئی ॥3॥

ਪਉੜੀ ॥

پئڑی ॥

ਕਾਇਆ ਕੋਟੁ ਅਪਾਰੁ ਹੈ
ਅੰਦਰਿ ਹਟਨਾਲੇ ॥

کائیا کوٹُ اپارُ ہے
اندرِ ہٹنالے ॥

ਗੁਰਮੁਖਿ ਸਉਦਾ ਜੋ ਕਰੇ
ਹਰਿ ਵਸਤੁ ਸਮਾਲੇ ॥

گُرمُکھِ سئُدا جو کرے
ہرِ وستُ سمالے ॥

ਨਾਮੁ ਨਿਧਾਨੁ ਹਰਿ ਵਣਜੀਐ
ਹੀਰੇ ਪਰਵਾਲੇ ॥

نامُ نِدھانُ ہرِ ونجیئے
ہیرے پروالے ॥

ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ
ਸੇ ਮੂੜ ਬੇਤਾਲੇ ॥

وِنُ کائیا جِ ہور تھے دھنُ کھوجدے
سے موُڑ بیتالے ॥

ਸੇ ਉਝੜਿ ਭਰਮਿ ਭਵਾਈਅਹਿ
ਜਿਉ ਝਾੜ ਮਿਰਗੁ ਭਾਲੇ ॥੧੫॥

سے اُجھڑِ بھرمِ بھوائیَہِ
جِءُ جھاڑ مِرگُ بھالے ॥ 15 ॥

ਸਲੋਕ ਮਃ ੪ ॥

سلوک م: 4 ॥

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ
ਸੁ ਅਉਖਾ ਜਗ ਮਹਿ ਹੋਇਆ ॥

جو نِندا کرے ستِگُر پوُرے کی
سُ انکھا جگ مہِ ہوئیا ॥

ਨਰਕ ਘੋਰੁ ਦੁਖ ਖੂਹੁ ਹੈ
ਓਥੈ ਪਕੜਿ ਓਹੁ ਢੋਇਆ ॥

نرک گھورُ دُکھ کھوہُ ہے
اوتھے پکڑِ اوہُ ڈھوئیا ॥

ਕੂਕ ਪੁਕਾਰ ਕੋ ਨ ਸੁਣੇ
ਓਹੁ ਅਉਖਾ ਹੋਇ ਹੋਇ ਰੋਇਆ ॥

کوُک پُکار کو ن سُنے
اوہُ انکھا ہوءِ ہوءِ روئیا ॥

ਓਨਿ ਹਲਤੁ ਪਲਤੁ ਸਭੁ ਗਵਾਇਆ
ਲਾਹਾ ਮੂਲੁ ਸਭੁ ਖੋਇਆ ॥

اونِ ہلتُ پلتُ سبھُ گوائیا
لاہا موُلُ سبھُ کھوئیا ॥

ਓਹੁ ਤੇਲੀ ਸੰਦਾ ਬਲਦੁ ਕਰਿ
ਨਿਤ ਭਲਕੇ ਉਠਿ ਪ੍ਰਭਿ ਜੋਇਆ ॥

اوہُ تیلی سنّدا بلدُ کرِ
نِت بھلکے اُٹھِ پربھِ جوئیا ॥

ਹਰਿ ਵੇਖੈ ਸੁਣੈ ਨਿਤ ਸਭੁ ਕਿਛੁ
ਤਿਦੂ ਕਿਛੁ ਗੁਝਾ ਨ ਹੋਇਆ ॥

ہرِ ویکھے سُنے نِت سبھُ کِچھُ
تِدھُ کِچھُ گُجھا ن ہوئیا ॥

ਜੈਸਾ ਬੀਜੇ ਸੋ ਲੁਣੈ
ਜੇਹਾ ਪੁਰਬਿ ਕਿਨੈ ਬੋਇਆ ॥

جیَسا بیجے سو لُنے
جیہا پُربِ کِنے بوئیا ॥

ਜਿਸੁ ਕ੍ਰਿਪਾ ਕਰੇ ਪ੍ਰਭੁ ਆਪਣੀ
ਤਿਸੁ ਸਤਿਗੁਰ ਕੇ ਚਰਣ ਧੋਇਆ ॥

جِسُ کرِپا کرے پربھُ آپنی
تِسُ ستِگُر کے چرنؔ دھوئیا ॥

ਗੁਰ ਸਤਿਗੁਰ ਪਿਛੈ ਤਰਿ ਗਇਆ
ਜਿਉ ਲੋਹਾ ਕਾਠ ਸੰਗੋਇਆ ॥

گُر ستِگُر پچھے ترِ گئیا
جِءُ لوہا کاٹھ سنگوئیا ॥

ਜਨ ਨਾਨਕ ਨਾਮੁ ਧਿਆਇ ਤੂ
ਜਪਿ ਹਰਿ ਹਰਿ ਨਾਮਿ ਸੁਖੁ ਹੋਇਆ ॥੧॥

جن نانک نامُ دھیاءِ توُ
جپِ ہرِ ہرِ نامِ سُکھُ ہوئیا ॥1॥

ਮਃ ੪ ॥

م: 4 ॥

ਵਡਭਾਗੀਆ ਸੋਹਾਗਣੀ
ਜਿਨਾ ਗੁਰਮੁਖਿ ਮਿਲਿਆ ਹਰਿ ਰਾਇ ॥

وڈبھاگیا سوہاگنی
جِنا گُرمُکھِ مِلیا ہرِ راءِ ॥

ਅੰਤਰ ਜੋਤਿ ਪ੍ਰਗਾਸੀਆ
ਨਾਨਕ ਨਾਮਿ ਸਮਾਇ ॥੨॥

انتر جوتِ پرگاسیا
نانک نامِ سماءِ ॥2॥

ਪਉੜੀ ॥

پؤڑی ॥

ਇਹੁ ਸਰੀਰੁ ਸਭੁ ਧਰਮੁ ਹੈ
ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥

اِہُ سریرُ سبھُ دھرمُ ہے
جِسُ اندرِ سچے کی وِچِ جوتِ ॥

ਗੁਹਜ ਰਤਨ ਵਿਚਿ ਲੁਕਿ ਰਹੇ
ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥

گُہج رتن وِچِ لُکِ رہے
کوئی گُرمُکھِ سیوکُ کڈھے کھوتِ ॥

ਸਭੁ ਆਤਮ ਰਾਮੁ ਪਛਾਣਿਆ
ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥

سبھُ آتم رامُ پچھاتیا
تاں اِکُ رویا اِکو اوتِ پوتِ ॥

ਇਕੁ ਦੇਖਿਆ ਇਕੁ ਮੰਨਿਆ

اِکُ ویکھیا اِکُ منّیا

ਇਕੋ ਸੁਣਿਆ ਸ੍ਰਵਣ ਸਰੋਤਿ ॥

اِکو سُنّیا سّروٗنّ سروتِ ॥

ਜਨ ਨਾਨਕ ਨਾਮੁ ਸਲਾਹਿ ਤੂ
ਸਚੁ ਸਚੇ ਸੇਵਾ ਤੇਰੀ ਹੋਤਿ ॥੧੬॥

جن نانک نامُ سلاحِ توُ
سچُ سچے سیوا تیری ہوتِ ॥ 16 ॥

ਸਲੋਕ ਮਃ ੪ ॥

سلوک م: 4 ॥

ਸਭਿ ਰਸ ਤਿਨ ਕੈ ਰਿਦੈ ਹਹਿ
ਜਿਨ ਹਰਿ ਵਸਿਆ ਮਨ ਮਾਹਿ ॥

سبھِ رس تِن کے رِدے ہہِ
جِن ہرِ وسِیا من ماہِ ॥

ਹਰਿ ਦਰਗਹਿ ਤੇ ਮੁਖ ਉਜਲੇ
ਤਿਨ ਕਉ ਸਭਿ ਦੇਖਣ ਜਾਹਿ ॥

ہرِ درگہِ تے مُکھ اُجلے
تِن ک ءُ سبھِ دیکھنّ جاہِ ॥

ਜਿਨ ਨਿਰਭਉ ਨਾਮੁ ਧਿਆਇਆ
ਤਿਨ ਕਉ ਭਉ ਕੋਈ ਨਾਹਿ ॥

جِن نِربھ ءُ نامُ دھِیائِیا
تِن ک ءُ بھ ءُ کوئی ناہِ ॥

ਹਰਿ ਉਤਮੁ ਤਿਨੀ ਸਰੇਵਿਆ
ਜਿਨ ਕਉ ਧੁਰਿ ਲਿਖਿਆ ਆਹਿ ॥

ہرِ اُتمُ تِنی سریویا
جِن ک ءُ دھُرِ لِکھیا آہِ ॥

ਤੇ ਹਰਿ ਦਰਗਹਿ ਪੈਨਾਈਅਹਿ
ਜਿਨ ਹਰਿ ਵੁਠਾ ਮਨ ਮਾਹਿ ॥

تے ہرِ درگہِ پینائیئہِ
جِن ہرِ وُٹھا من ماہِ ॥

ਓਇ ਆਪਿ ਤਰੇ ਸਭ ਕੁਟੰਬ ਸਿਉ
ਤਿਨ ਪਿਛੈ ਸਭੁ ਜਗਤੁ ਛਡਾਹਿ ॥

اوءِ آپِ ترے سبھ کُٹنّب سِ ءُ
تِن پچھے سبھُ جگتُ چھڈاہِ ॥

ਜਨ ਨਾਨਕ ਕਉ ਹਰਿ ਮੇਲਿ ਜਨ
ਤਿਨ ਵੇਖਿ ਵੇਖਿ ਹਮ ਜੀਵਾਹਿ ॥੧॥

جن نانک ک ءُ ہرِ میلِ جن
تِن ویکھِ ویکھِ ہم جیِواہِ ॥ 1 ॥

ਮਃ ੪ ॥

م: 4 ॥

ਸਾ ਧਰਤੀ ਭਈ ਹਰੀਆਵਲੀ
ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥

سا دھرتی بھئی ہریاولی
جتھے میرا ستِگُرُ بیٹھا آءِ ॥

ਸੇ ਜੰਤ ਭਏ ਹਰੀਆਵਲੇ
ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥

سے جنّت بھئے ہریاولے
جِنی میرا ستِگُرُ دیکھیا جاءِ ॥

ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ
ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥

دھنُ دھنّنُ پِتا دھنُ دھنّنُ کُلُ
دھنُ دھنُ سُ جننی جِنِ گُرُو جنّیا ماءِ ॥

ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ
ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ ॥

دھنُ دھنّنُ گُرو جِنِ نامُ ارادھیا
آپِ تریا جِنی ڈِٹھا تِنا لۓ چھڈاءِ ॥

ਹਰਿ ਸਤਿਗੁਰੁ ਮੇਲਹੁ ਦਇਆ ਕਰਿ
ਜਨੁ ਨਾਨਕੁ ਧੋਵੈ ਪਾਇ ॥੨॥

ہرِ ستِگُر میلہُ دئیا کرِ
جنُ نانکُ دھووے پاءِ ॥2॥

ਪਉੜੀ ॥

پئُڑی ॥

ਸਚੁ ਸਚਾ ਸਤਿਗੁਰੁ ਅਮਰੁ ਹੈ
ਜਿਸੁ ਅੰਦਰਿ ਹਰਿ ਉਰਿ ਧਾਰਿਆ ॥

سچُ سچا ستِگُر امرُ ہے
جِسُ انّدرِ ہرِ اُرِ دھارِیا ॥

ਸਚੁ ਸਚਾ ਸਤਿਗੁਰੁ ਪੁਰਖੁ ਹੈ
ਜਿਨਿ ਕਾਮੁ ਕ੍ਰੋਧੁ ਬਿਖੁ ਮਾਰਿਆ ॥

سچُ سچا ستِگُرُ پُرکھُ ہے
جِنِ کامُ کرودھُ بِکھُ مارِیا ॥

ਜਾ ਡਿਠਾ ਪੂਰਾ ਸਤਿਗੁਰੂ
ਤਾਂ ਅੰਦਰਹੁ ਮਨੁ ਸਾਧਾਰਿਆ ॥

جا ڈِٹھا پوُرا ستِگُرو
تاں انّدرہُ منُ سادھارِیا ॥

ਬਲਿਹਾਰੀ ਗੁਰ ਆਪਣੇ
ਸਦਾ ਸਦਾ ਘੁਮਿ ਵਾਰਿਆ ॥

بلِہاری گُر آپنے
سدا سدا گھُمِ وارِیا ॥

ਗੁਰਮੁਖਿ ਜਿਤਾ
ਮਨਮੁਖਿ ਹਾਰਿਆ ॥੧੭॥

گُرمُکھِ جِتا
منمُکھِ ہارِیا ॥ 17 ॥

ਸਲੋਕ ਮਃ ੪ ॥

سلوک م: 4 ॥

ਕਰਿ ਕਿਰਪਾ ਸਤਿਗੁਰੁ ਮੇਲਿਓਨੁ
ਮੁਖਿ ਗੁਰਮੁਖਿ ਨਾਮੁ ਧਿਆਇਸੀ ॥

کرِ کرِپا ستِگُرُ میلئونُ
مُکھِ گُرمُکھِ نامُ دھِیائِسی ॥

ਸੋ ਕਰੇ ਜਿ ਸਤਿਗੁਰ ਭਾਵਸੀ
ਗੁਰੁ ਪੂਰਾ ਘਰੀ ਵਸਾਇਸੀ ॥

سو کرے جِ ستِگُر بھاوسی
گُرُ پوُرا گھری وسائِسی ॥

ਜਿਨ ਅੰਦਰਿ ਨਾਮੁ ਨਿਧਾਨੁ ਹੈ
ਤਿਨ ਕਾ ਭਉ ਸਭੁ ਗਵਾਇਸੀ ॥

جِن انّدرِ نامُ نِدھانُ ہے
تِن کا بھءُ سبھُ گوائِسی ॥

ਜਿਨ ਰਖਣ ਕਉ ਹਰਿ ਆਪਿ ਹੋਇ
ਹੋਰ ਕੇਤੀ ਝਖਿ ਝਖਿ ਜਾਇਸੀ ॥

جِن رکھنُ کءُ ہرِ آپِ ہوءِ
ہور کیتی جھکھِ جھکھِ جائِسی ॥

ਜਨ ਨਾਨਕ ਨਾਮੁ ਧਿਆਇ ਤੂ

جن نانک نامُ دھِیاءِ توُ

ਹਰਿ ਹਲਤਿ ਪਲਤਿ ਛੋਡਾਇਸੀ ॥੧॥

ہرِ ہلتِ پلتِ چھوڈائسی ॥1॥

ਮਃ ੪ ॥

م: 4 ॥

ਗੁਰਸਿਖਾ ਕੈ ਮਨਿ ਭਾਵਦੀ
ਗੁਰ ਸਤਿਗੁਰ ਕੀ ਵਡਿਆਈ ॥

گُرسِکھا کے منِ بھاودی
گُر ستِگُر کی وڈِیائی ॥

ਹਰਿ ਰਾਖਹੁ ਪੈਜ ਸਤਿਗੁਰੂ ਕੀ
ਨਿਤ ਚੜੈ ਸਵਾਈ ॥

ہرِ راکھُ پیج ستِگُرو کی
نِت چڑے سوائی ॥

ਗੁਰ ਸਤਿਗੁਰ ਕੈ ਮਨਿ ਪਾਰਬ੍ਰਹਮੁ ਹੈ
ਪਾਰਬ੍ਰਹਮੁ ਛਡਾਈ ॥

گُر ستِگُر کے منِ پاربّرہمُ ہے
پاربّرہمُ چھڈائی ॥

ਗੁਰ ਸਤਿਗੁਰੁ ਤਾਣੁ ਦੀਬਾਣੁ ਹਰਿ
ਤਿਨਿ ਸਭ ਆਣਿ ਨਿਵਾਈ ॥

گُر ستِگُرُ تاںُ دِیباںُ ہرِ
تِنِ سبھ آنِ نِوائی ॥

ਜਿਨੀ ਡਿਠਾ ਮੇਰਾ ਸਤਿਗੁਰੁ ਭਾਉ ਕਰਿ
ਤਿਨ ਕੇ ਸਭਿ ਪਾਪ ਗਵਾਈ ॥

جِنی ڈِٹھا میرا ستِگُرُ بھاءُ کرِ
تِن کے سبھِ پاپ گوائی ॥

ਹਰਿ ਦਰਗਹ ਤੇ ਮੁਖ ਉਜਲੇ
ਬਹੁ ਸੋਭਾ ਪਾਈ ॥

ہرِ درگہ تے مُکھ اُجلے
بہُ سوبھا پائی ॥

ਜਨੁ ਨਾਨਕੁ ਮੰਗੈ ਧੂੜਿ ਤਿਨ
ਜੋ ਗੁਰ ਕੇ ਸਿਖ ਮੇਰੇ ਭਾਈ ॥੨॥

جنُ نانکُ منگےَ دھوُڑِ تِن
جو گُر کے سِکھ میرے بھائی ॥2॥

ਪਉੜੀ ॥

پئُڑی ॥

ਹਉ ਆਖਿ ਸਲਾਹੀ ਸਿਫਤਿ ਸਚੁ
ਸਚੁ ਸਚੇ ਕੀ ਵਡਿਆਈ ॥

ہءُ آکھِ سلاحی صِفتِ سچُ
سچُ سچے کی وڈِیائی ॥

ਸਾਲਾਹੀ ਸਚੁ ਸਲਾਹ ਸਚੁ
ਸਚੁ ਕੀਮਤਿ ਕਿਨੈ ਨ ਪਾਈ ॥

سالاحی سچُ سلاح سچُ
سچُ قِیمتِ کِنے ن پائی ॥

ਸਚੁ ਸਚਾ ਰਸੁ ਜਿਨੀ ਚਖਿਆ
ਸੇ ਤ੍ਰਿਪਤਿ ਰਹੇ ਆਘਾਈ ॥

سچُ سچا رسُ جِنی چکھِیا
سے تّرِپتِ رہے آگھائی ॥

ਇਹੁ ਹਰਿ ਰਸੁ ਸੇਈ ਜਾਣਦੇ
ਜਿਉ ਗੂੰਗੈ ਮਿਠਿਆਈ ਖਾਈ ॥

اِہُ ہرِ رسُ سیئی جانڈے
جِءُ گوُنگےَ مِٹھیائی کھائی ॥

ਗੁਰਿ ਪੂਰੈ ਹਰਿ ਪ੍ਰਭੁ ਸੇਵਿਆ
ਮਨਿ ਵਜੀ ਵਾਧਾਈ ॥੧੮॥

گُرِ پوُرے ہرِ پربھُ سیوِیا
منِ وجی وادھائی ॥ 18 ॥

ਸਲੋਕ ਮਃ ੪ ॥

سلوک م: 4 ॥

ਜਿਨਾ ਅੰਦਰਿ ਉਮਰਥਲ
ਸੇਈ ਜਾਣਨਿ ਸੂਲੀਆ ॥

جِنا اندرِ اُمرتھل
سیئی جانَنِ سوُلِیا ॥

ਹਰਿ ਜਾਣਹਿ ਸੇਈ ਬਿਰਹੁ
ਹਉ ਤਿਨ ਵਿਟਹੁ ਸਦ ਘੁਮਿ ਘੋਲੀਆ ॥

ہرِ جانہِ سیئی بِرہُ
ہءُ تِن وِٹہُ سد گھُمِ گھولِیا ॥

ਹਰਿ ਮੇਲਹੁ ਸਜਣੁ ਪੁਰਖੁ
ਮੇਰਾ ਸਿਰੁ ਤਿਨ ਵਿਟਹੁ ਤਲ ਰੋਲੀਆ ॥

ہرِ میلہُ سجنُ پُرکھُ
میرا سِرُ تِن وِٹہُ تل رولِیا ॥

ਜੋ ਸਿਖ ਗੁਰ ਕਾਰ ਕਮਾਵਹਿ
ਹਉ ਗੁਲਮੁ ਤਿਨਾ ਕਾ ਗੋਲੀਆ ॥

جو سِکھ گُر کار کماوہِ
ہءُ گُلمُ تِنا کا گولِیا ॥

ਹਰਿ ਰੰਗਿ ਚਲੂਲੈ ਜੋ ਰਤੇ
ਤਿਨ ਭਿਨੀ ਹਰਿ ਰੰਗਿ ਚੋਲੀਆ ॥

ہرِ رنگِ چلوُلے جو رتے
تِن بھِنی ہرِ رنگِ چولِیا ॥

ਕਰਿ ਕਿਰਪਾ ਨਾਨਕ ਮੇਲਿ
ਗੁਰ ਪਹਿ ਸਿਰੁ ਵੇਚਿਆ ਮੋਲੀਆ ॥੧॥

کرِ کِرپا نانک میلِ
گُر پہِ سِرُ ویچِیا مولِیا ॥1॥

ਮਃ ੪ ॥

م: 4 ॥

ਅਉਗਣੀ ਭਰਿਆ ਸਰੀਰੁ ਹੈ
ਕਿਉ ਸੰਤਹੁ ਨਿਰਮਲੁ ਹੋਇ ॥

اَئگنی بھرِیا سریرُ ہے
کِءُ سنّتہُ نِرملُ ہوءِ ۔ ॥

ਗੁਰਮੁਖਿ ਗੁਣ ਵੇਹਾਝੀਅਹਿ
ਮਲੁ ਹਉਮੈ ਕਢੈ ਧੋਇ ॥

گُرمُکھِ گُنْ ویہاجھِیَہِ
مل ہمُے کڈھے دھوءِ ॥

ਸਚੁ ਵਣੰਜਹਿ ਰੰਗ ਸਿਉ
ਸਚੁ ਸਉਦਾ ਹੋਇ ॥

سچُ وَنْجَہِ رنگ سِءُ
سچُ سئُدا ہوءِ ॥

ਤੋਟਾ ਮੂਲਿ ਨ ਆਵਈ
ਲਾਹਾ ਹਰਿ ਭਾਵੈ ਸੋਇ ॥

توٹا موُلِ ن آوئی
لاہا ہرِ بھاوے سوءِ ॥

ਨਾਨਕ ਤਿਨ ਸਚੁ ਵਣੰਜਿਆ

نانک تِن سچُ وَنْجِیا

ਜਿਨਾ ਧੁਰਿ ਲਿਖਿਆ ਪਰਾਪਤਿ ਹੋਇ ॥੨॥

جِنا دھُرِ لِکھیا پراپت ہوءِ ॥2॥

ਪਉੜੀ ॥

پئُڑی ॥

ਸਾਲਾਹੀ ਸਚੁ ਸਾਲਾਹਣਾ
ਸਚੁ ਸਚਾ ਪੁਰਖੁ ਨਿਰਾਲੇ ॥

سالاحی سچُ سالاحنّا
سچُ سچا پُرکھُ نِرالے ॥

ਸਚੁ ਸੇਵੀ ਸਚੁ ਮਨਿ ਵਸੈ
ਸਚੁ ਸਚਾ ਹਰਿ ਰਖਵਾਲੇ ॥

سچُ سیوی سچُ منِ وسےَ
سچُ سچا ہرِ رکھوالے ॥

ਸਚੁ ਸਚਾ ਜਿਨੀ ਅਰਾਧਿਆ
ਸੇ ਜਾਇ ਰਲੇ ਸਚ ਨਾਲੇ ॥

سچُ سچا جِنی ارادھِیا
سے جاءِ رلے سچ نالے ॥

ਸਚੁ ਸਚਾ ਜਿਨੀ ਨ ਸੇਵਿਆ
ਸੇ ਮਨਮੁਖ ਮੂੜ ਬੇਤਾਲੇ ॥

سچُ سچا جِنی ن سیوِیا
سے منمُکھ موُڑ بیتالے ॥

ਓਹ ਆਲੁ ਪਤਾਲੁ ਮੁਹਹੁ ਬੋਲਦੇ
ਜਿਉ ਪੀਤੈ ਮਦਿ ਮਤਵਾਲੇ ॥੧੯॥

اوہ آلُ پتالُ مُہہُ بولدے
جِءُ پیتے مدِ متوالے ॥ 19 ॥

ਸਲੋਕ ਮਹਲਾ ੩ ॥

سلوک محلا 3 ॥

ਗਉੜੀ ਰਾਗਿ ਸੁਲਖਣੀ
ਜੇ ਖਸਮੈ ਚਿਤਿ ਕਰੇਇ ॥

گئُڑی راگِ سُلکھنّی
جے خصمےَ چِتِ کرےءِ ॥

ਭਾਣੈ ਚਲੈ ਸਤਿਗੁਰੂ ਕੈ
ਐਸਾ ਸੀਗਾਰੁ ਕਰੇਇ ॥

بھانّے چلےَ ستِگُرو کے
ایَسا سیِگارُ کرےءِ ॥

ਸਚਾ ਸਬਦੁ ਭਤਾਰੁ ਹੈ
ਸਦਾ ਸਦਾ ਰਾਵੇਇ ॥

سچا سبدُ بھتارُ ہےَ
سدا سدا راوےءِ ॥

ਜਿਉ ਉਬਲੀ ਮਜੀਠੈ ਰੰਗੁ ਗਹਗਹਾ
ਤਿਉ ਸਚੇ ਨੋ ਜੀਉ ਦੇਇ ॥

جِءُ اُبلی مجیٹھےَ رنگُ گہگہا
تِءُ سچے نو جیِءُ دےءِ ॥

ਰੰਗਿ ਚਲੂਲੈ ਅਤਿ ਰਤੀ
ਸਚੇ ਸਿਉ ਲਗਾ ਨੇਹੁ ॥

رنگِ چلوُلے اتِ رتی
سچے سِءُ لگا نیہُ ॥

ਕੂੜੁ ਠਗੀ ਗੁਝੀ ਨਾ ਰਹੈ
ਕੂੜੁ ਮੁਲੰਮਾ ਪਲੇਟਿ ਧਰੇਹੁ ॥

کوُڑُ ٹھگی لجھی نا رہےَ
کوُڑُ مُلنّما پلیٹِ دھریہُ ॥

ਕੂੜੀ ਕਰਨਿ ਵਡਾਈਆ
ਕੂੜੇ ਸਿਉ ਲਗਾ ਨੇਹੁ ॥

ਨਾਨਕ ਸਚਾ ਆਪਿ ਹੈ
ਆਪੇ ਨਦਰਿ ਕਰੇਇ ॥੧॥

ਮਃ ੪ ॥

ਸਤਸੰਗਤਿ ਮਹਿ ਹਰਿ ਉਸਤਤਿ ਹੈ
ਸੰਗਿ ਸਾਧੂ ਮਿਲੇ ਪਿਆਰਿਆ ॥

ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ
ਉਪਦੇਸੁ ਕਰਹਿ ਪਰਉਪਕਾਰਿਆ ॥

ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ
ਹਰਿ ਨਾਮੇ ਜਗੁ ਨਿਸਤਾਰਿਆ ॥

ਗੁਰ ਵੇਖਣ ਕਉ ਸਭੁ ਕੋਈ ਲੋਚੈ
ਨਵ ਖੰਡ ਜਗਤਿ ਨਮਸਕਾਰਿਆ ॥

ਤੁਧੁ ਆਪੇ ਆਪੁ ਰਖਿਆ ਸਤਿਗੁਰ ਵਿਚਿ
ਗੁਰੁ ਆਪੇ ਤੁਧੁ ਸਵਾਰਿਆ ॥

ਤੂ ਆਪੇ ਪੂਜਹਿ ਪੂਜ ਕਰਾਵਹਿ
ਸਤਿਗੁਰ ਕਉ ਸਿਰਜਣਹਾਰਿਆ ॥

ਕੋਈ ਵਿਛੁੜਿ ਜਾਇ ਸਤਿਗੁਰੂ ਪਾਸਹੁ
ਤਿਸੁ ਕਾਲਾ ਮੁਹੁ ਜਮਿ ਮਾਰਿਆ ॥

ਤਿਸੁ ਅਗੈ ਪਿਛੈ ਢੋਈ ਨਾਹੀ
ਗੁਰਸਿਖੀ ਮਨਿ ਵੀਚਾਰਿਆ ॥

ਸਤਿਗੁਰੂ ਨੋ ਮਿਲੇ ਸੇਈ ਜਨ ਉਬਰੇ
ਜਿਨ ਹਿਰਦੈ ਨਾਮੁ ਸਮਾਰਿਆ ॥

ਜਨ ਨਾਨਕ ਕੇ ਗੁਰਸਿਖ ਪੁਤਹਹੁ
ਹਰਿ ਜਪਿਅਹੁ ਹਰਿ ਨਿਸਤਾਰਿਆ ॥੨॥

کوُڑی کرنِ وڈائیِیا
کوُڑے سِءُ لگا نیہُ ॥

نانک سچا آپِ ہےَ
آپے ندرِ کرےءِ ॥1॥

م: 4 ॥

ستسنگتِ مہِ ہرِ اُستتِ ہےَ
سنگِ سادھوُ ملے پِیارِیا ॥

اوءِ پُرکھ پّرانٹی دھنّنِ جن ہہِ
اُپدیسُ کرہِ پرُپّکارِیا ॥

ہرِ نامُ دّرِڑاوہِ ہرِ نامُ سُنّاوہِ
ہرِ نامے جگُ نِستارِیا ॥

گُر ویکھنّ کءُ سبھُ کوئی لوچےَ
نو کھنّڈ جگتِ نمسکارِیا ॥

تُدھُ آپے آپُ رکھِیا ستِگُر وِچِ
گُرُ آپے تُدھُ سوارِیا ॥

توُ آپے پوُجہِ پوُج کراوہِ
ستِگُر کءُ سِرجنّہارِیا ॥

کوئی وِچھُڑِ جاءِ ستِگُروُ پاسہُ
تِسُ کالا مُہُ جمِ مارِیا ॥

تِسُ اگے پچھےَ ڈھوئی ناہی
گُرسِکھی منِ ویچارِیا ॥

ستِگُروُ نو مِلے سیئی جن اُبرے
جِن ہِردےَ نامُ سمارِیا ॥

جن نانک کے گُرسِکھ پُتہہُ
ہرِ جپِئہُ ہرِ نِستارِیا ॥2॥

ਮਹਲਾ ੩ ॥

ہوئے جگت بھُلائیا
دُرمتِ بِکھیا بِکار ॥

ਹਉਮੈ ਜਗਤੁ ਭੁਲਾਇਆ
ਦੁਰਮਤਿ ਬਿਖਿਆ ਬਿਕਾਰ ॥

ستِگُر ملے ت ندرِ ہوءِ
منمُکھ اندھ اندھیار ॥

ਸਤਿਗੁਰੁ ਮਿਲੈ ਤ ਨਦਰਿ ਹੋਇ
ਮਨਮੁਖ ਅੰਧ ਅੰਧਿਆਰ ॥

نانک آپے میلِ لے
جِس نو سبدِ لائے پِیارُ ॥3॥

ਨਾਨਕ ਆਪੇ ਮੇਲਿ ਲਏ
ਜਿਸ ਨੋ ਸਬਦਿ ਲਾਏ ਪਿਆਰੁ ॥੩॥

ਪਉੜੀ ॥

پئُڑی ॥

ਸਚੁ ਸਚੇ ਕੀ ਸਿਫਤਿ ਸਲਾਹ ਹੈ
ਸੋ ਕਰੇ ਜਿਸੁ ਅੰਦਰੁ ਭਿਜੈ ॥

سچُ سچے کی صِفتِ سلاح ہے
سو کرے جِس اندرُ بھِجے ॥

ਜਿਨੀ ਇਕ ਮਨਿ ਇਕੁ ਅਰਾਧਿਆ
ਤਿਨ ਕਾ ਕੰਧੁ ਨ ਕਬਹੂ ਛਿਜੈ ॥

جِنی اِک منِ اِکُ ارادھِیا
تِن کا کندھُ ن کبہُو چھِجے ॥

ਧਨੁ ਧਨੁ ਪੁਰਖ ਸਾਬਾਸਿ ਹੈ
ਜਿਨ ਸਚੁ ਰਸਨਾ ਅੰਮ੍ਰਿਤੁ ਪਿਜੈ ॥

دھنُ دھنُ پُرکھ ساباسِ ہے
جِن سچُ رسنا انمّرِتُ پِجے ॥

ਸਚੁ ਸਚਾ ਜਿਨ ਮਨਿ ਭਾਵਦਾ
ਸੇ ਮਨਿ ਸਚੀ ਦਰਗਹ ਲਿਜੈ ॥

سچُ سچا جِن منِ بھاودا
سے منِ سچی درگہ لِجے ॥

ਧਨੁ ਧੰਨੁ ਜਨਮੁ ਸਚਿਆਰੀਆ
ਮੁਖ ਉਜਲ ਸਚੁ ਕਰਿਜੈ ॥੨੦॥

دھنُ دھنّنُ جنمُ سچِیارِیا
مُکھ اُجل سچُ کرِجے ॥ 20 ॥

ਸਲੋਕ ਮਃ ੪ ॥

سلوک م: 4 ॥

ਸਾਕਤ ਜਾਇ ਨਿਵਹਿ ਗੁਰ ਆਗੈ
ਮਨਿ ਖੋਟੇ ਕੂੜਿ ਕੂੜਿਆਰੇ ॥

ساکت جاءِ نِوہِ گُر آگے
منِ کھوٹے کوُڑِ کوُڑِیارے ॥

ਜਾ ਗੁਰੁ ਕਹੈ ਉਠਹੁ ਮੇਰੇ ਭਾਈ
ਬਹਿ ਜਾਹਿ ਘੁਸਰਿ ਬਗੁਲਾਰੇ ॥

جا گُرُ کہے اُٹھہُ میرے بھائی
بہِ جاہِ گھُسرِ بگُلارے ॥

ਗੁਰਸਿਖਾ ਅੰਦਰਿ ਸਤਿਗੁਰੁ ਵਰਤੈ
ਚੁਣਿ ਕਢੇ ਲਧੋਵਾਰੇ ॥

گُرسِکھا اندرِ ستِگُرُ ورتے
چُنِ کڈھے لدھووارے ॥

ਓਇ ਅਗੈ ਪਿਛੈ ਬਹਿ ਮੁਹੁ ਛਪਾਇਨਿ
ਨ ਰਲਨੀ ਖੋਟੇਆਰੇ ॥

اوءِ اگے پچھے بہِ مُہُ چھپائِنِ
ن رلنی کھوٹیارے ॥

ਓਨਾ ਦਾ ਭਖੁ ਸੁ ਓਥੈ ਨਾਹੀ
ਜਾਇ ਕੂੜੁ ਲਹਨਿ ਭੇਡਾਰੇ ॥

اونا دا بھکھُ سُ اوتھے ناہی
جاءِ کوڑُ لہنِ بھیڈارے ॥

ਜੇ ਸਾਕਤੁ ਨਰੁ ਖਾਵਾਈਐ ਲੋਚੀਐ
ਬਿਖੁ ਕਢੈ ਮੁਖਿ ਉਗਲਾਰੇ ॥

جے ساکتُ نرُ کھاوائیئے لوچیئے
بِکھُ کڈھے مُکھِ اُگلارے ॥

ਹਰਿ ਸਾਕਤ ਸੇਤੀ ਸੰਗੁ ਨ ਕਰੀਅਹੁ
ਓਇ ਮਾਰੇ ਸਿਰਜਣਹਾਰੇ ॥

ہرِ ساکت سیتی سنگُ ن کریئہُ
اوءِ مارے سِرجنّہارے ॥

ਜਿਸ ਕਾ ਇਹੁ ਖੇਲੁ ਸੋਈ ਕਰਿ ਵੇਖੈ
ਜਨ ਨਾਨਕ ਨਾਮੁ ਸਮਾਰੇ ॥੧॥

جِس کا اِہُ کھیلُ سوئی کرِ ویکھے
جن نانک نامُ سمارے ॥1॥

ਮਃ ੪ ॥

م: 4 ॥

ਸਤਿਗੁਰੁ ਪੁਰਖੁ ਅਗੰਮੁ ਹੈ
ਜਿਸੁ ਅੰਦਰਿ ਹਰਿ ਉਰਿ ਧਾਰਿਆ ॥

ستِگُرُ پُرکھُ اگنّمُ ہے
جِسُ اندرِ ہرِ اُرِ دھارِیا ॥

ਸਤਿਗੁਰੂ ਨੋ ਅਪੜਿ ਕੋਇ ਨ ਸਕਈ
ਜਿਸੁ ਵਲਿ ਸਿਰਜਣਹਾਰਿਆ ॥

ستِگُروُ نو اپڑِ کوءِ ن سکئی
جِسُ ولِ سِرجنّہارِیا ॥

ਸਤਿਗੁਰੂ ਕਾ ਖੜਗੁ ਸੰਜੋਉ ਹਰਿ ਭਗਤਿ ਹੈ
ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ ॥

ستِگُروُ کا کھڑگُ سنجوءُ ہرِ بھگتِ ہے
جِتُ کالُ کنٹکُ مارِ وِڈارِیا ॥

ਸਤਿਗੁਰੂ ਕਾ ਰਖਣਹਾਰਾ ਹਰਿ ਆਪਿ ਹੈ
ਸਤਿਗੁਰੂ ਕੈ ਪਿਛੈ ਹਰਿ ਸਭਿ ਉਬਾਰਿਆ ॥

ستِگُروُ کا رکھنّہارا ہرِ آپِ ہے
ستِگُروُ کے پچھے ہرِ سبھِ اُبارِیا ॥

ਜੋ ਮੰਦਾ ਚਿਤਵੈ ਪੂਰੇ ਸਤਿਗੁਰੂ ਕਾ
ਸੋ ਆਪਿ ਉਪਾਵਣਹਾਰੈ ਮਾਰਿਆ ॥

جو منّدا چِتوے پُورے ستِگُروُ کا
سو آپِ اُپاونّہارے مارِیا ॥

ਏਹ ਗਲ ਹੋਵੈ ਹਰਿ ਦਰਗਹ ਸਚੇ ਕੀ
ਜਨ ਨਾਨਕ ਅਗਮੁ ਵੀਚਾਰਿਆ ॥੨॥

ایہ گل ہووے ہرِ درگہ سچے کی
جن نانک اگمُ ویچارِیا ॥2॥

ਪਉੜੀ ॥

پئُڑی ॥

ਸਚੁ ਸੁਤਿਆ ਜਿਨੀ ਅਰਾਧਿਆ

سچُ سُتیا جِنی ارادھیا

ਜਾ ਉਠੇ ਤਾ ਸਚੁ ਚਵੇ ॥

جا اُٹھے تا سچُ چوے ॥

ਸੇ ਵਿਰਲੇ ਜੁਗ ਮਹਿ ਜਾਣੀਅਹਿ
ਜੋ ਗੁਰਮੁਖਿ ਸਚੁ ਰਵੇ ॥

سے وِرلے جُگ مہِ جاٹیئہِ
جو گُرمُکھِ سچُ روے ॥

ਹਉ ਬਲਿਹਾਰੀ ਤਿਨ ਕਉ
ਜਿ ਅਨਦਿਨੁ ਸਚੁ ਲਵੇ ॥

ہءُ بلِہاری تِن کءُ
جِ اندِنُ سچُ لوے ॥

ਜਿਨ ਮਨਿ ਤਨਿ ਸਚਾ ਭਾਵਦਾ
ਸੇ ਸਚੀ ਦਰਗਹ ਗਵੇ ॥

جِن منِ تنِ سچا بھاودا
سے سچی درگہ گوے ॥

ਜਨੁ ਨਾਨਕੁ ਬੋਲੈ ਸਚੁ ਨਾਮੁ
ਸਚੁ ਸਚਾ ਸਦਾ ਨਵੇ ॥੨੧॥

جنُ نانکُ بولے سچُ نامُ
سچُ سچا سدا نوے ॥ 21 ॥

ਸਲੋਕੁ ਮਃ ੪ ॥

سلوکُ م: 4 ॥

ਕਿਆ ਸਵਣਾ ਕਿਆ ਜਾਗਣਾ
ਗੁਰਮੁਖਿ ਤੇ ਪਰਵਾਣੁ ॥

کِیا سوٹا کِیا جاگٹا
گُرمُکھِ تے پرواڻُ ॥

ਜਿਨਾ ਸਾਸਿ ਗਿਰਾਸਿ ਨ ਵਿਸਰੈ
ਸੇ ਪੂਰੇ ਪੁਰਖ ਪਰਧਾਨ ॥

جِنا ساسِ گِراسِ ن وِسرے
سے پُورے پُرکھ پردھان ॥

ਕਰਮੀ ਸਤਿਗੁਰੁ ਪਾਈਐ
ਅਨਦਿਨੁ ਲਗੈ ਧਿਆਨੁ ॥

کرمی ستِگُر پائیئے
اندِنُ لگے دھیانُ ॥

ਤਿਨ ਕੀ ਸੰਗਤਿ ਮਿਲਿ ਰਹਾ
ਦਰਗਹ ਪਾਈ ਮਾਨੁ ॥

تِن کی سنگتِ مِلِ رہا
درگہ پائی مانُ ॥

ਸਉਦੇ ਵਾਹੁ ਵਾਹੁ ਉਚਰਹਿ
ਉਠਦੇ ਭੀ ਵਾਹੁ ਕਰੇਨਿ ॥

سئُدے واہُ واہُ اُچرہِ
اُٹھدے بھی واہُ کرینِ ॥

ਨਾਨਕ ਤੇ ਮੁਖ ਉਜਲੇ
ਜਿ ਨਿਤ ਉਠਿ ਸੰਮਾਲੇਨਿ ॥੧॥

نانک تے مُکھ اُجلے
جِ نِت اُٹھِ سنّمالینِ ॥ 1 ॥

ਮਃ ੪ ॥

م: 4 ॥

ਸਤਿਗੁਰੁ ਸੇਵੀਐ ਆਪਣਾ
ਪਾਈਐ ਨਾਮੁ ਅਪਾਰੁ ॥

ستِگُر سیوِیے آپٹا
پائیئے نامُ اپارُ ॥

ਭਉਜਲਿ ਡੁਬਦਿਆ ਕਢਿ ਲਏ
ਹਰਿ ਦਾਤਿ ਕਰੇ ਦਾਤਾਰੁ ॥

بھجُلِ ڈُبدِیا کڈھِ لے
ہرِ داتِ کرے داتارُ ॥

ਧੰਨੁ ਧੰਨੁ ਸੇ ਸਾਹ ਹੈ
ਜਿ ਨਾਮਿ ਕਰਹਿ ਵਾਪਾਰੁ ॥

دھنّنُ دھنّنُ سے ساہ ہےَ
جِ نامِ کرہِ واپارُ ॥

ਵਣਜਾਰੇ ਸਿਖ ਆਵਦੇ
ਸਬਦਿ ਲਘਾਵਣਹਾਰੁ ॥

وَنجارے سِکھ آودے
سبدِ لگھاوٹہارُ ॥

ਜਨ ਨਾਨਕ ਜਿਨ ਕਉ ਕ੍ਰਿਪਾ ਭਈ
ਤਿਨ ਸੇਵਿਆ ਸਿਰਜਣਹਾਰੁ ॥੨॥

جن نانک جِن ک ءُ کرِپا بھئی
تِن سیوِیا سِرجٹہارُ ॥2॥

ਪਉੜੀ ॥

پؤڑی ॥

ਸਚੁ ਸਚੇ ਕੇ ਜਨ ਭਗਤ ਹਹਿ
ਸਚੁ ਸਚਾ ਜਿਨੀ ਅਰਾਧਿਆ ॥

سچُ سچے کے جن بھگت ہہِ
سچُ سچا جِنی ارادھِیا ॥

ਜਿਨ ਗੁਰਮੁਖਿ ਖੋਜਿ ਢੰਢੋਲਿਆ
ਤਿਨ ਅੰਦਰਹੁ ਹੀ ਸਚੁ ਲਾਧਿਆ ॥

جِن گُرمُکھِ کھوجِ ڈھنڈھولیا
تِن انّدرہُ ہی سچُ لادھِیا ॥

ਸਚੁ ਸਾਹਿਬੁ ਸਚੁ ਜਿਨੀ ਸੇਵਿਆ
ਕਾਲੁ ਕੰਟਕੁ ਮਾਰਿ ਤਿਨੀ ਸਾਧਿਆ ॥

سچُ صاحِبُ سچُ جِنی سیوِیا
کالُ کنٹکُ مارِ تِنی سادھِیا ॥

ਸਚੁ ਸਚਾ ਸਭ ਦੂ ਵਡਾ ਹੈ
ਸਚੁ ਸੇਵਨਿ ਸੇ ਸਚਿ ਰਲਾਧਿਆ ॥

سچُ سچا سبھ دوُ وڈا ہےَ
سچُ سیونِ سے سچِ رلادھِیا ॥

ਸਚੁ ਸਚੇ ਨੋ ਸਾਬਾਸਿ ਹੈ
ਸਚੁ ਸਚਾ ਸੇਵਿ ਫਲਾਧਿਆ ॥੨੨॥

سچُ سچے نو ساباسِ ہےَ
سچُ سچا سیوِ پھلادھِیا ॥ 22 ॥

ਸਲੋਕ ਮਃ ੪ ॥

سلوک م: 4 ॥

ਮਨਮੁਖ ਪ੍ਰਾਣੀ ਮੁਗਧੁ ਹੈ
ਨਾਮਹੀਣ ਭਰਮਾਇ ॥

منمُکھ پّراٹی مُگدھُ ہےَ
نامہیٖن بھرماءِ ॥

ਬਿਨ ਗੁਰ ਮਨੂਆ ਨਾ ਟਿਕੈ
ਫਿਰਿ ਫਿਰਿ ਜੂਨੀ ਪਾਇ ॥

بِن گُر منوُیا نا ٹِکےَ
پھِرِ پھِرِ جوُنی پاءِ ॥

ਹਰਿ ਪ੍ਰਭੁ ਆਪਿ ਦਇਆਲ ਹੋਹਿ

ہرِ پربھُ آپِ دیئال ہوہِ

ਤਾਂ ਸਤਿਗੁਰੁ ਮਿਲਿਆ ਆਇ ॥	تاں ستِگُر مِلیا آءِ ॥
ਜਨ ਨਾਨਕ ਨਾਮੁ ਸਲਾਹਿ ਤੂ ਜਨਮ ਮਰਣ ਦੁਖੁ ਜਾਇ ॥੧॥	جن نانک نامُ سلاحِ توُ جنم مرنُ دُکھُ جاءِ ॥1॥
ਮਃ ੪ ॥	م: 4 ॥
ਗੁਰੁ ਸਾਲਾਹੀ ਆਪਣਾ ਬਹੁ ਬਿਧਿ ਰੰਗਿ ਸੁਭਾਇ ॥	گُرُ سالاحی آپنا بہُ بِدھِ رنگِ سُبھاءِ ॥
ਸਤਿਗੁਰ ਸੇਤੀ ਮਨੁ ਰਤਾ ਰਖਿਆ ਬਣਤ ਬਣਾਇ ॥	ستِگُر سیتی منُ رتا رکھیا بنّت بنّاءِ ॥
ਜਿਹਵਾ ਸਾਲਾਹਿ ਨ ਰਜਈ ਹਰਿ ਪ੍ਰੀਤਮ ਚਿਤੁ ਲਾਇ ॥	جِہوا سالاحِ ن رجئی ہرِ پرِیتم چِتُ لاءِ ॥
ਨਾਨਕ ਨਾਵੈ ਕੀ ਮਨਿ ਭੁਖ ਹੈ ਮਨੁ ਤ੍ਰਿਪਤੈ ਹਰਿ ਰਸੁ ਖਾਇ ॥੨॥	نانک ناوے کی منِ بھُکھ ہے منُ ترِپتے ہرِ رسُ کھاءِ ॥2॥
ਪਉੜੀ ॥	پئڑی ॥
ਸਚੁ ਸਚਾ ਕੁਦਰਤਿ ਜਾਣੀਐ ਦਿਨੁ ਰਾਤੀ ਜਿਨਿ ਬਣਾਈਆ ॥	سچُ سچا قُدرتِ جانئیے دِنُ راتی جِنِ بنّائیا ॥
ਸੋ ਸਚੁ ਸਲਾਹੀ ਸਦਾ ਸਦਾ ਸਚੁ ਸਚੇ ਕੀਆ ਵਡਿਆਈਆ ॥	سو سچُ سلاحی سدا سدا سچُ سچے کیِیا وڈیائیا ॥
ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈਆ ॥	سالاحی سچُ سلاح سچُ سچُ قِیمتِ کِنے ن پائیا ॥
ਜਾ ਮਿਲਿਆ ਪੂਰਾ ਸਤਿਗੁਰੂ ਤਾ ਹਾਜਰੁ ਨਦਰੀ ਆਈਆ ॥	جا مِلیا پوُرا ستِگُرو تا ہاجرُ ندری آئیا ॥
ਸਚੁ ਗੁਰਮੁਖਿ ਜਿਨੀ ਸਲਾਹਿਆ ਤਿਨਾ ਭੁਖਾ ਸਭਿ ਗਵਾਈਆ ॥੨੩॥	سچُ گُرمُکھِ جِنی سلاحِیا تِنا بھُکھا سبھِ گوائیا ॥ 23 ॥
ਸਲੋਕ ਮਃ ੪ ॥	سلوک م: 4 ॥
ਮੈ ਮਨੁ ਤਨੁ ਖੋਜਿ ਖੋਜੇਦਿਆ	مے منُ تنُ کھوجِ کھوجیدِیا

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਸੋ ਪ੍ਰਭੁ ਲਧਾ ਲੋੜਿ ॥	سو پربھُ لدھا لوڑِ ॥
ਵਿਸਟੁ ਗੁਰੂ ਮੈ ਪਾਇਆ ਜਿਨਿ ਹਰਿ ਪ੍ਰਭੁ ਦਿਤਾ ਜੋੜਿ ॥੧॥	وِستُ گُرو مے پائیا جِنِ ہرِ پربھُ دِتا جوڑِ ॥1॥
ਮਃ ੩ ॥	م: 3 ॥
ਮਾਇਆਧਾਰੀ ਅਤਿ ਅੰਨਾ ਬੋਲਾ ॥	مائیادھاری اتِ انّنا بولا ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥	سبدُ ن سُنّئی بہُ رول گھچولا ॥
ਗੁਰਮੁਖਿ ਜਾਪੈ ਸਬਦਿ ਲਿਵ ਲਾਇ ॥	گُرمُکھِ جاپے سبدِ لِو لاءِ ॥
ਹਰਿ ਨਾਮੁ ਸੁਣਿ ਮੰਨੇ ਹਰਿ ਨਾਮਿ ਸਮਾਇ ॥	ہرِ نامُ سُنِ منّنے ہرِ نامِ سماءِ ॥
ਜੋ ਤਿਸੁ ਭਾਵੈ ਸੁ ਕਰੇ ਕਰਾਇਆ ॥	جو تِس بھاوے سُ کرے کرائیا ॥
ਨਾਨਕ ਵਜਦਾ ਜੰਤੁ ਵਜਾਇਆ ॥੨॥	نانک وجدا جنّتُ وجائیا ॥2॥
ਪਉੜੀ ॥	پئُڑی ॥
ਤੂ ਕਰਤਾ ਸਭੁ ਕਿਛੁ ਜਾਣਦਾ ਜੋ ਜੀਆ ਅੰਦਰਿ ਵਰਤੈ ॥	توُ کرتا سبھُ کچھُ جانڈا جو جیِیا اندّرِ ورتے ॥
ਤੂ ਕਰਤਾ ਆਪਿ ਅਗਣਤੁ ਹੈ ਸਭੁ ਜਗੁ ਵਿਚਿ ਗਣਤੈ ॥	توُ کرتا آپِ اگنّتُ ہے سبھُ جگُ وِچِ گنّتے ॥
ਸਭੁ ਕੀਤਾ ਤੇਰਾ ਵਰਤਦਾ ਸਭ ਤੇਰੀ ਬਣਤੈ ॥	سبھُ کیِتا تیرا ورتدا سبھ تیری بنّتے ॥
ਤੂ ਘਟਿ ਘਟਿ ਇਕੁ ਵਰਤਦਾ ਸਚੁ ਸਾਹਿਬ ਚਲਤੈ ॥	توُ گھٹِ گھٹِ اِکُ ورتدا سچُ صاہِب چلتے ॥
ਸਤਿਗੁਰ ਨੋ ਮਿਲੇ ਸੁ ਹਰਿ ਮਿਲੇ ਨਾਹੀ ਕਿਸੈ ਪਰਤੈ ॥੨੪॥	ستِگُر نو ملے سُ ہرِ ملے ناہی کسے پرتے ॥ 24 ॥
ਸਲੋਕੁ ਮਃ ੪ ॥	سلوکُ م: 4 ॥
ਇਹੁ ਮਨੂਆ ਦ੍ਰਿੜੁ ਕਰਿ ਰਖੀਐ ਗੁਰਮੁਖਿ ਲਾਈਐ ਚਿਤੁ ॥	اِہُ منوُیا دڑِڑُ کرِ رکھیئے گُرمُکھِ لائیئے چِتُ ॥

ਕਿਉ ਸਾਸਿ ਗਿਰਾਸਿ ਵਿਸਾਰੀਐ
ਬਹਦਿਆ ਉਠਦਿਆ ਨਿਤ ॥

ਮਰਣ ਜੀਵਣ ਕੀ ਚਿੰਤਾ ਗਈ
ਇਹੁ ਜੀਅੜਾ ਹਰਿ ਪ੍ਰਭ ਵਸਿ ॥

ਜਿਉ ਭਾਵੈ ਤਿਉ ਰਖੁ ਤੂ
ਜਨ ਨਾਨਕ ਨਾਮੁ ਬਖਸਿ ॥੧॥

ਮਃ ੩ ॥

ਮਨਮੁਖੁ ਅਹੰਕਾਰੀ ਮਹਲੁ ਨ ਜਾਣੈ
ਖਿਨੁ ਆਗੈ ਖਿਨੁ ਪੀਛੈ ॥

ਸਦਾ ਬੁਲਾਈਐ ਮਹਲਿ ਨ ਆਵੈ
ਕਿਉ ਕਰਿ ਦਰਗਹ ਸੀਝੈ ॥

ਸਤਿਗੁਰ ਕਾ ਮਹਲੁ ਵਿਰਲਾ ਜਾਣੈ
ਸਦਾ ਰਹੈ ਕਰ ਜੋੜਿ ॥

ਆਪਣੀ ਕ੍ਰਿਪਾ ਕਰੇ ਹਰਿ ਮੇਰਾ
ਨਾਨਕ ਲਏ ਬਹੋੜਿ ॥੨॥

ਪਉੜੀ ॥

ਸਾ ਸੇਵਾ ਕੀਤੀ ਸਫਲ ਹੈ
ਜਿਤੁ ਸਤਿਗੁਰ ਕਾ ਮਨੁ ਮੰਨੇ ॥

ਜਾ ਸਤਿਗੁਰ ਕਾ ਮਨੁ ਮੰਨਿਆ
ਤਾ ਪਾਪ ਕਸੰਮਲ ਭੰਨੇ ॥

ਉਪਦੇਸੁ ਜਿ ਦਿਤਾ ਸਤਿਗੁਰੂ
ਸੋ ਸੁਣਿਆ ਸਿਖੀ ਕੰਨੇ ॥

ਜਿਨ ਸਤਿਗੁਰ ਕਾ ਭਾਣਾ ਮੰਨਿਆ
ਤਿਨ ਚੜੀ ਚਵਗਣਿ ਵੰਨੇ ॥

ਇਹ ਚਾਲ ਨਿਰਾਲੀ ਗੁਰਮੁਖੀ

کِءُ ساسِ گِراسِ وِسارِیَّ
بہدِیا اُٹھدِیا نِت ॥

مرنُ جیونُ کی چِنّتا گئی
اِہُ جیئڑا ہرِ پربھ وسِ ॥

جِءُ بھاوے تِءُ رکھُ توُ
جن نانک نامُ بخشِ ॥1॥

م: 3 ॥

منمُکھُ اہنکاری محلُ ن جانّے
کھِنُ آگے کھِنُ پیچھے ॥

سدا بُلائیَّ محلِ ن آوے
کِءُ کرِ درگہ سیجھے ۔ ॥

ستِگُر کا محلُ وِرلا جانّے
سدا رہے کر جوڑِ ॥

آپنّی کِرپا کرے ہرِ میرا
نانک لے بہوڑِ ॥2॥

پئُڑی ॥

سا سیوا کیتی سپھل ہے
جِتُ ستِگُر کا منُ منّنے ॥

جا ستِگُر کا منُ منّنیا
تا پاپ کسنّمل بھنّنے ॥

اُپدیسُ جِ دِتا ستِگُروُ
سو سُنّیا سِکھی کنّنے ॥

جِن ستِگُر کا بھاٹا منّنیا
تِن چڑی چوگُنِ ونّنے ॥

اِہ چال نِرالی گُرمُکھی

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نُوں سمرپت | سیوا: بھائی بلجِندر سنگھ جی (راڑا صاہب)

ਗੁਰ ਦੀਖਿਆ ਸੁਣਿ ਮਨੁ ਭਿੰਨੇ ॥੨੫॥

گُر دیکھیا سُنِ منُ بھِنّے ॥ 25 ॥

ਸਲੋਕੁ ਮਃ ੩ ॥

سلوکُ م: 3 ॥

ਜਿਨਿ ਗੁਰੁ ਗੋਪਿਆ ਆਪਣਾ
ਤਿਸੁ ਠਉਰ ਨ ਠਾਉ ॥

جِنِ گُرُ گوپیا آپنا
تِس ٹھُر ن ٹھاءُ ॥

ਹਲਤੁ ਪਲਤੁ ਦੋਵੈ ਗਏ
ਦਰਗਹ ਨਾਹੀ ਥਾਉ ॥

ہلتُ پلتُ دووے گئے
درگہ ناہی تھاءُ ॥

ਓਹ ਵੇਲਾ ਹਥਿ ਨ ਆਵਈ
ਫਿਰਿ ਸਤਿਗੁਰ ਲਗਹਿ ਪਾਇ ॥

اوہ ویلا ہتھِ ن آوئی
پھِرِ ستِگُر لگہِ پاءِ ॥

ਸਤਿਗੁਰ ਕੀ ਗਣਤੈ ਘੁਸੀਐ
ਦੁਖੇ ਦੁਖਿ ਵਿਹਾਇ ॥

ستِگُر کی گنّتے گھُسیئے
دُکھے دُکھِ وِہاءِ ॥

ਸਤਿਗੁਰੁ ਪੁਰਖੁ ਨਿਰਵੈਰੁ ਹੈ
ਆਪੇ ਲਏ ਜਿਸੁ ਲਾਇ ॥

ستِگُرُ پُرکھُ نِرویرُ ہے
آپے لے جِس لاءِ ॥

ਨਾਨਕ ਦਰਸਨੁ ਜਿਨਾ ਵੇਖਾਲਿਓਨੁ
ਤਿਨਾ ਦਰਗਹ ਲਏ ਛਡਾਇ ॥੧॥

نانک درسنُ جِنا ویکھالِئونُ
تِنا درگہ لے چھڈاءِ ॥ 1 ॥

ਮਃ ੩ ॥

م: 3 ॥

ਮਨਮੁਖ ਅਗਿਆਨੁ ਦੁਰਮਤਿ ਅਹੰਕਾਰੀ ॥

منمُکھ اگیانُ دُرمتِ اہنکاری ॥

ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥

انترِ کرودھُ جوئے متِ ہاری ॥

ਕੂੜੁ ਕੁਸਤੁ ਓਹੁ ਪਾਪ ਕਮਾਵੈ ॥

کوڑُ کُستُ اوہُ پاپ کماوے ॥

ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ ॥

کِیا اوہُ سُنّے کِیا آکھِ سُناوے ۔ ॥

ਅੰਨਾ ਬੋਲਾ ਖੁਇ ਉਝੜਿ ਪਾਇ ॥

انّنا بولا کھُءِ اُجھڑِ پاءِ ॥

ਮਨਮੁਖ ਅੰਧਾ ਆਵੈ ਜਾਇ ॥

منمُکھ انّدھا آوے جاءِ ॥

ਬਿਨੁ ਸਤਿਗੁਰ ਭੇਟੇ ਥਾਇ ਨ ਪਾਇ ॥

بِنُ ستِگُر بھیٹے تھاءِ ن پاءِ ॥

ਨਾਨਕ ਪੂਰਬਿ ਲਿਖਿਆ ਕਮਾਇ ॥੨॥

نانک پُورب لِکھیا کماءِ ॥ 2 ॥

ਪਉੜੀ ॥

پئُڑی ॥

ਜਿਨ ਕੇ ਚਿਤ ਕਠੋਰ ਹਹਿ
ਸੇ ਬਹਹਿ ਨ ਸਤਿਗੁਰ ਪਾਸਿ ॥

جِن کے چِت کٹھور ہہِ
سے بہہِ ن ستِگُر پاسِ ॥

ਓਥੈ ਸਚੁ ਵਰਤਦਾ
ਕੂੜਿਆਰਾ ਚਿਤ ਉਦਾਸਿ ॥

اوتھے سچُ ورتدا
کوُڑِیارا چِت اُداسِ ॥

ਓਇ ਵਲੁ ਛਲੁ ਕਰਿ ਝਤਿ ਕਢਦੇ
ਫਿਰਿ ਜਾਇ ਬਹਹਿ ਕੂੜਿਆਰਾ ਪਾਸਿ ॥

اوءِ ولُ چھلُ کرِ جھتِ کڈھدے
پھِرِ جاءِ بہہِ کوُڑِیارا پاسِ ॥

ਵਿਚਿ ਸਚੇ ਕੂੜੁ ਨ ਗਡਈ
ਮਨਿ ਵੇਖਹੁ ਕੋ ਨਿਰਜਾਸਿ ॥

وِچِ سچے کوُڑُ ن گڈئی
منِ ویکھہُ کو نِرجاسِ ॥

ਕੂੜਿਆਰ ਕੂੜਿਆਰੀ ਜਾਇ ਰਲੇ
ਸਚਿਆਰ ਸਿਖ ਬੈਠੇ ਸਤਿਗੁਰ ਪਾਸਿ ॥੨੬॥

کوُڑِیار کوُڑِیاری جاءِ رلے
سچِیار سِکھ بیٹھے ستِگُر پاسِ ॥ 26 ॥

ਸਲੋਕੁ ਮਃ ੫ ॥

سلوکُ م: 5 ॥

ਰਹਦੇ ਖੁਹਦੇ ਨਿੰਦਕ ਮਾਰਿਅਨੁ
ਕਰਿ ਆਪੇ ਆਹਰੁ ॥

رہدے کھُہدے نِندک مارِئنُ
کرِ آپے آہرُ ॥

ਸੰਤ ਸਹਾਈ ਨਾਨਕਾ
ਵਰਤੈ ਸਭ ਜਾਹਰੁ ॥੧॥

سنّت سہائی نانکا
ورتے سبھ ظاہرُ ॥ 1 ॥

ਮਃ ੫ ॥

م: 5 ॥

ਮੁੰਢਹੁ ਭੁਲੇ ਮੁੰਢ ਤੇ
ਕਿਥੈ ਪਾਇਨਿ ਹਥੁ ॥

مُنڈھہُ بھُلے مُنڈھ تے
کِتھے پائِنِ ہتھُ ۔ ॥

ਤਿੰਨੈ ਮਾਰੇ ਨਾਨਕਾ
ਜਿ ਕਰਣ ਕਾਰਣ ਸਮਰਥੁ ॥੨॥

تِنّنے مارے نانکا
جِ کرنْ کارنْ سمرتھُ ॥ 2 ॥

ਪਉੜੀ ੫ ॥

پئڑی 5 ॥

ਲੈ ਫਾਹੇ ਰਾਤੀ ਤੁਰਹਿ
ਪ੍ਰਭੁ ਜਾਣੈ ਪ੍ਰਾਣੀ ॥

لے پھاہے راتی تُرہِ
پربھُ جانْے پرانْی ॥

ਤਕਹਿ ਨਾਰਿ ਪਰਾਈਆ
ਲੁਕਿ ਅੰਦਰਿ ਠਾਣੀ ॥

تکہِ نارِ پرائیا
لُکِ اندرِ ٹھانْی ॥

ਸੰਨ੍ਹੀ ਦੇਨ੍ਹਿ ਵਿਖੰਮ ਥਾਇ
ਮਿਠਾ ਮਦੁ ਮਾਣੀ ॥

ستنّہی دینّہِ وِکھنّم تھاءِ
مِٹھا مدُ ماٹی ॥

ਕਰਮੀ ਆਪੋ ਆਪਣੀ
ਆਪੇ ਪਛੁਤਾਣੀ ॥

کرمی آپو آپنٹی
آپے پچھُتاٹی ॥

ਅਜਰਾਈਲੁ ਫਰੇਸਤਾ
ਤਿਲ ਪੀੜੇ ਘਾਣੀ ॥੨੭॥

عزرائیلُ پھریستا
تِل پیڑے گھاٹی ॥ 27 ॥

ਸਲੋਕ ਮਃ ੫ ॥

سلوک م: 5 ॥

ਸੇਵਕ ਸਚੇ ਸਾਹ ਕੇ
ਸੇਈ ਪਰਵਾਣੁ ॥

سیوک سچے ساہ کے
سیئی پرواٹُ ॥

ਦੂਜਾ ਸੇਵਨਿ ਨਾਨਕਾ
ਸੇ ਪਚਿ ਪਚਿ ਮੁਏ ਅਜਾਣ ॥੧॥

دوُجا سیونِ نانکا
سے پچِ پچِ مُے اجاٹ ॥ 1 ॥

ਮਃ ੫ ॥

م: 5 ॥

ਜੋ ਧੁਰਿ ਲਿਖਿਆ ਲੇਖੁ ਪ੍ਰਭ
ਮੇਟਣਾ ਨ ਜਾਇ ॥

جو دھُرِ لِکھیا لیکھُ پربھ
میٹنّا ن جاءِ ॥

ਰਾਮ ਨਾਮੁ ਧਨੁ ਵਖਰੋ
ਨਾਨਕ ਸਦਾ ਧਿਆਇ ॥੨॥

رام نامُ دھنُ وکھرو
نانک سدا دھِیاءِ ॥ 2 ॥

ਪਉੜੀ ੫ ॥

پئڑی 5 ॥

ਨਾਰਾਇਣਿ ਲਇਆ ਨਾਠੂੰਗੜਾ
ਪੈਰ ਕਿਥੈ ਰਖੈ ॥

نارائنِ لئیا ناٹھونگڑا
پیر کتھے رکھے ۔ ॥

ਕਰਦਾ ਪਾਪ ਅਮਿਤਿਆ
ਨਿਤ ਵਿਸੋ ਚਖੈ ॥

کردا پاپ امِتیا
نِت وِسو چکھے ॥

ਨਿੰਦਾ ਕਰਦਾ ਪਚਿ ਮੁਆ
ਵਿਚਿ ਦੇਹੀ ਭਖੈ ॥

نِندا کردا پچِ مُیا
وِچ دیہی بھکھے ॥

ਸਚੈ ਸਾਹਿਬ ਮਾਰਿਆ
ਕਉਣੁ ਤਿਸ ਨੋ ਰਖੈ ॥

سچے صاحِب مارِیا
کئُنُ تِس نو رکھے ۔ ॥

ਨਾਨਕ ਤਿਸੁ ਸਰਣਾਗਤੀ
ਜੋ ਪੁਰਖੁ ਅਲਖੈ ॥੨੮॥

نانک تِس سرٹاگتی
جو پُرکھُ الکھےَ ॥ 28 ॥

ਸਲੋਕ ਮਃ ੫ ॥

سلوک م: 5 ॥

ਨਰਕ ਘੋਰ ਬਹੁ ਦੁਖ ਘਣੇ
ਅਕਿਰਤਘਣਾ ਕਾ ਥਾਨੁ ॥

نرک گھور بہُ دُکھ گھنے
اکِرتگھٹا کا تھانُ ॥

ਤਿਨਿ ਪ੍ਰਭਿ ਮਾਰੇ ਨਾਨਕਾ
ਹੋਇ ਹੋਇ ਮੁਏ ਹਰਾਮੁ ॥੧॥

تِنِ پربھِ مارے نانکا
ہوءِ ہوءِ مُےَ حرامُ ॥ 1 ॥

ਮਃ ੫ ॥

م: 5 ॥

ਅਵਖਧ ਸਭੇ ਕੀਤਿਅਨੁ
ਨਿੰਦਕ ਕਾ ਦਾਰੂ ਨਾਹਿ ॥

اوکھدھ سبھے کِیتِئنُ
نِندک کا داروُ ناہِ ॥

ਆਪਿ ਭੁਲਾਏ ਨਾਨਕਾ
ਪਚਿ ਪਚਿ ਜੋਨੀ ਪਾਹਿ ॥੨॥

آپِ بھُلائے نانکا
پچِ پچِ جونی پاہِ ॥ 2 ॥

ਪਉੜੀ ੫ ॥

پئڑی 5 ॥

ਤੁਸਿ ਦਿਤਾ ਪੂਰੈ ਸਤਿਗੁਰੂ
ਹਰਿ ਧਨੁ ਸਚੁ ਅਖੁਟੁ ॥

تُسِ دِتا پوُرے ستِگُروُ
ہرِ دھنُ سچُ اکھُٹُ ॥

ਸਭਿ ਅੰਦੇਸੇ ਮਿਟਿ ਗਏ
ਜਮ ਕਾ ਭਉ ਛੁਟੁ ॥

سبھِ اندیسے مِٹِ گئے
جم کا بھءُ چھُٹُ ॥

ਕਾਮ ਕ੍ਰੋਧ ਬੁਰਿਆਈਆ
ਸੰਗਿ ਸਾਧੂ ਤੁਟੁ ॥

کام کّرودھ بُریائیا
سنگِ سادھوُ تُٹُ ॥

ਵਿਣੁ ਸਚੇ ਦੂਜਾ ਸੇਵਦੇ
ਹੁਇ ਮਰਸਨਿ ਬੁਟੁ ॥

وِنُ سچے دوُجا سیودے
ہُءِ مرسنِ بُٹُ ॥

ਨਾਨਕ ਕਉ ਗੁਰਿ ਬਖਸਿਆ
ਨਾਮੈ ਸੰਗਿ ਜੁਟੁ ॥੨੯॥

نانک کءُ گُرِ بخشِیا
نامےَ سنگِ جُٹُ ॥ 29 ॥

ਸਲੋਕ ਮਃ ੪ ॥

سلوک م: 4 ॥

ਤਪਾ ਨ ਹੋਵੈ ਅੰਦ੍ਰਹੁ ਲੋਭੀ

تپا ن ہووے اندّرہُ لوبھی

ਨਿਤ ਮਾਇਆ ਨੋ ਫਿਰੈ ਜਜਮਾਲਿਆ ॥

نِت مائیا نو پھِرے ججمالیا ॥

ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ
ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ ॥

اگو دے سدیا ستے دی بھِکھیا لے ناہی
پِچھو دے پچھُتاءِ کے آنِ تپے پُت وِچ بہالیا ॥

ਪੰਚ ਲੋਗ ਸਭਿ ਹਸਣ ਲਗੇ
ਤਪਾ ਲੋਭਿ ਲਹਰਿ ਹੈ ਗਾਲਿਆ ॥

پنچ لوگ سبھِ ہسن لگے
تپا لوبھِ لہرِ ہے گالیا ॥

ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੇ ਨਾਹੀ
ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ ॥

جِتھے تھوڑا دھنُ ویکھے تِتھے تپا بھِٹے ناہی
دھنِ بہُتے ڈِٹھے تپے دھرمُ ہارِیا ॥

ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ
ਬਹਿ ਸਾਧ ਜਨਾ ਵੀਚਾਰਿਆ ॥

بھائی ایہُ تپا ن ہووی بگُلا ہے
بہِ سادھ جنا ویچارِیا ॥

ਸਤ ਪੁਰਖ ਕੀ ਤਪਾ ਨਿੰਦਾ ਕਰੈ
ਸੰਸਾਰੈ ਕੀ ਉਸਤਤੀ ਵਿਚਿ ਹੋਵੈ
ਏਤੁ ਦੋਖੈ ਤਪਾ ਦਯਿ ਮਾਰਿਆ ॥

ست پُرکھ کی تپا نِندا کرے
سنّسارے کی اُستتی وِچ ہووے
ایتُ دوکھے تپا دیِ مارِیا ॥

ਮਹਾ ਪੁਰਖਾਂ ਕੀ ਨਿੰਦਾ ਕਾ
ਵੇਖੁ ਜਿ ਤਪੇ ਨੋ ਫਲੁ ਲਗਾ
ਸਭੁ ਗਇਆ ਤਪੇ ਕਾ ਘਾਲਿਆ ॥

مہا پُرکھاں کی نِندا کا
ویکھُ جِ تپے نو پھلُ لگا
سبھُ گئیا تپے کا گھالیا ॥

ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ ॥

باہرِ بہے پنچّا وِچ تپا سدائے ॥

ਅੰਦਰਿ ਬਹੈ ਤਪਾ ਪਾਪ ਕਮਾਏ ॥

اندرِ بہے تپا پاپ کمائے ॥

ਹਰਿ ਅੰਦਰਲਾ ਪਾਪੁ
ਪੰਚਾ ਨੋ ਉਘਾ ਕਰਿ ਵੇਖਾਲਿਆ ॥

ہرِ اندرلا پاپُ
پنچّا نو اُگھا کرِ ویکھالیا ॥

ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ
ਏਸੁ ਤਪੇ ਨੋ ਤਿਥੈ ਖੜਿ ਪਾਇਹੁ
ਜਿਥੈ ਮਹਾ ਮਹਾਂ ਹਤਿਆਰਿਆ ॥

دھرم راءِ جمکنکرا نو آکھِ چھڈِیا
ایُس تپے نو تِتھے کھڑِ پائیہُ
جِتھے مہا مہاں ہتِیارِیا ॥

ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ
ਏਹੁ ਸਤਿਗੁਰਿ ਹੈ ਫਿਟਕਾਰਿਆ ॥

پھِرِ ایُس تپے دے مُہِ کوئی لگہُ ناہی
ایہُ ستِگُرِ ہے پھِٹکارِیا ॥

ਹਰਿ ਕੈ ਦਰਿ ਵਰਤਿਆ
ਸੁ ਨਾਨਕਿ ਆਖਿ ਸੁਣਾਇਆ ॥

ہرِ کے درِ ورتیا

ਸੋ ਬੂਝੈ ਜੁ ਦਯਿ ਸਵਾਰਿਆ ॥੧॥

ਮਃ ੪ ॥

ਹਰਿ ਭਗਤਾਂ ਹਰਿ ਆਰਾਧਿਆ
ਹਰਿ ਕੀ ਵਡਿਆਈ ॥

ਹਰਿ ਕੀਰਤਨੁ ਭਗਤ ਨਿਤ ਗਾਂਵਦੇ
ਹਰਿ ਨਾਮੁ ਸੁਖਦਾਈ ॥

ਹਰਿ ਭਗਤਾਂ ਨੋ ਨਿਤ ਨਾਵੈ ਦੀ ਵਡਿਆਈ ਬਖਸੀਅਨੁ
ਨਿਤ ਚੜੈ ਸਵਾਈ ॥

ਹਰਿ ਭਗਤਾਂ ਨੋ ਥਿਰੁ ਘਰੀ ਬਹਾਲਿਅਨੁ
ਅਪਣੀ ਪੈਜ ਰਖਾਈ ॥

ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ
ਬਹੁ ਦੇਇ ਸਜਾਈ ॥

ਜੇਹਾ ਨਿੰਦਕ ਅਪਣੈ ਜੀਇ ਕਮਾਵਦੇ
ਤੇਹੋ ਫਲੁ ਪਾਈ ॥

ਅੰਦਰਿ ਕਮਾਣਾ ਸਰਪਰ ਉਘੜੈ
ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ ॥

ਜਨ ਨਾਨਕੁ ਦੇਖਿ ਵਿਗਸਿਆ
ਹਰਿ ਕੀ ਵਡਿਆਈ ॥੨॥

ਪਉੜੀ ਮਃ ੫ ॥

ਭਗਤ ਜਨਾਂ ਕਾ ਰਾਖਾ ਹਰਿ ਆਪਿ ਹੈ
ਕਿਆ ਪਾਪੀ ਕਰੀਐ ॥

ਗੁਮਾਨੁ ਕਰਹਿ ਮੂੜ ਗੁਮਾਨੀਆ
ਵਿਸੁ ਖਾਧੀ ਮਰੀਐ ॥

ਆਇ ਲਗੇ ਨੀ ਦਿਹ ਥੋੜੜੇ

سُ نانکِ آکھِ سُٹائیا ॥

سو بُوجھےَ جُ دیِ سوارِیا ॥1॥

م: 4 ॥

ہرِ بھگتاں ہرِ آرادھِیا
ہرِ کی وڈِیائی ॥

ہرِ کیرتنُ بھگت نِت گانْودے
ہرِ نامُ سُکھدائی ॥

ہرِ بھگتاں نو نِت ناوےَ دی وڈِیائی بخشِیَنُ
نِت چڑےَ سوائی ॥

ہرِ بھگتاں نو تھِرُ گھری بہالِئنُ
اپنّی پیجَ رکھائی ॥

نِندکاں پاسہُ ہرِ لیکھا منگسی
بہُ دےءِ سزائی ॥

جیہا نِندک اپنّے جیِءِ کماودے
تیہو پھلُ پائی ॥

انّدرِ کماٹا سرپر اُگھڑےَ
بھاوےَ کوئی بہِ دھرتی وِچِ کمائی ॥

جن نانکُ دیکھِ وِگسِیا
ہرِ کی وڈِیائی ॥2॥

پئُڑی م: 5 ॥

بھگت جناں کا راکھا ہرِ آپِ ہےَ
کِیا پاپی کریےَ ۔ ॥

گُمانُ کرہِ موُڑ گُمانِیا
وِسُ کھادھی مریےَ ॥

آءِ لگے نی دِہ تھوڑڑے

ਜਿਉ ਪਕਾ ਖੇਤੁ ਲੁਣੀਐ ॥
جِءُ پکا کھیتُ لُنّیئے ॥

ਜੇਹੇ ਕਰਮ ਕਮਾਵਦੇ
ਤੇਵੇਹੋ ਭਣੀਐ ॥
جیہے کرم کماودے
تیویہو بھنّیئے ॥

ਜਨ ਨਾਨਕ ਕਾ ਖਸਮੁ ਵਡਾ ਹੈ
ਸਭਨਾ ਦਾ ਧਣੀਐ ॥੩੦॥
جن نانک کا خصمُ وڈا ہے
سبھنا دا دھنّیئے ॥ 30 ॥

ਸਲੋਕ ਮਃ ੪ ॥
سلوک م: 4 ॥

ਮਨਮੁਖ ਮੂਲਹੁ ਭੁਲਿਆ
ਵਿਚਿ ਲਬੁ ਲੋਭੁ ਅਹੰਕਾਰੁ ॥
منمکھ مؤلہُ بھُلیا
وِچ لبُ لوبھُ اہنکارُ ॥

ਝਗੜਾ ਕਰਦਿਆ ਅਨਦਿਨੁ ਗੁਦਰੈ
ਸਬਦਿ ਨ ਕਰਹਿ ਵੀਚਾਰੁ ॥
جھگڑا کردیا اندِنُ گُدرے
سبدِ ن کرہِ ویچارُ ॥

ਸੁਧਿ ਮਤਿ ਕਰਤੈ ਸਭ ਹਿਰਿ ਲਈ
ਬੋਲਨਿ ਸਭੁ ਵਿਕਾਰੁ ॥
سُدھِ متِ کرتے سبھ ہِرِ لئی
بولنِ سبھُ وِکارُ ॥

ਦਿਤੈ ਕਿਤੈ ਨ ਸੰਤੋਖੀਅਹਿ
ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ ॥
دِتے کِتے ن سنّتوکھیئہِ
انّترِ تِسنا بہُ اگیانُ اندھّیارُ ॥

ਨਾਨਕ ਮਨਮੁਖਾ ਨਾਲੋ ਤੁਟੀ ਭਲੀ
ਜਿਨ ਮਾਇਆ ਮੋਹ ਪਿਆਰੁ ॥੧॥
نانک منمکھا نالو ٹُٹی بھلی
جِن مائیا موہ پِیارُ ॥ 1 ॥

ਮਃ ੪ ॥
م: 4 ॥

ਜਿਨਾ ਅੰਦਰਿ ਦੂਜਾ ਭਾਉ ਹੈ
ਤਿਨ੍ਾ ਗੁਰਮੁਖਿ ਪ੍ਰੀਤਿ ਨ ਹੋਇ ॥
جِنا اندرِ دوُجا بھاءُ ہے
تِنّہا گُرمُکھِ پّریتِ ن ہوءِ ॥

ਓਹ ਆਵੈ ਜਾਇ ਭਵਾਈਐ
ਸੁਪਨੈ ਸੁਖੁ ਨ ਕੋਇ ॥
اوُہ آوے جاءِ بھوائیئے
سُپنے سُکھُ ن کوءِ ॥

ਕੂੜੁ ਕਮਾਵੈ ਕੂੜੁ ਉਚਰੈ
ਕੂੜਿ ਲਗਿਆ ਕੂੜੁ ਹੋਇ ॥
کوُڑُ کماوے کوُڑُ اُچرے
کوُڑِ لگیا کوُڑُ ہوءِ ॥

ਮਾਇਆ ਮੋਹੁ ਸਭੁ ਦੁਖੁ ਹੈ
ਦੁਖਿ ਬਿਨਸੈ ਦੁਖੁ ਰੋਇ ॥
مائیا موہُ سبھُ دُکھُ ہے
دُکھِ بِنسے دُکھُ روءِ ॥

ਨਾਨਕ ਧਾਤੁ ਲਿਵੈ ਜੋੜੁ ਨ ਆਵਈ
ਜੇ ਲੋਚੈ ਸਭੁ ਕੋਇ ॥

نانک دھاتُ لِوے جوڑُ ن آوئی
جے لوچے سبھُ کوءِ ॥

ਜਿਨ ਕਉ ਪੋਤੈ ਪੁੰਨੁ ਪਇਆ
ਤਿਨਾ ਗੁਰ ਸਬਦੀ ਸੁਖੁ ਹੋਇ ॥੨॥

جِن ک ءُ پوتے پُنّنُ پئیا
تِنا گُر سبدی سُکھُ ہوءِ ॥2॥

ਪਉੜੀ ਮਃ ੫ ॥

پئڑی م: 5 ॥

ਨਾਨਕ ਵੀਚਾਰਹਿ ਸੰਤ ਮੁਨਿ ਜਨਾਂ
ਚਾਰਿ ਵੇਦ ਕਹੰਦੇ ॥

نانک ویچارہِ سنّت مُنِ جناں
چارِ وید کہنّدے ॥

ਭਗਤ ਮੁਖੈ ਤੇ ਬੋਲਦੇ
ਸੇ ਵਚਨ ਹੋਵੰਦੇ ॥

بھگت مُکھے تے بولدے
سے وچن ہوونّدے ॥

ਪਰਗਟ ਪਾਹਾਰੈ ਜਾਪਦੇ
ਸਭਿ ਲੋਕ ਸੁਣੰਦੇ ॥

پرگٹ پاہارے جاپدے
سبھِ لوک سُنّدے ॥

ਸੁਖੁ ਨ ਪਾਇਨਿ ਮੁਗਧ
ਨਰ ਸੰਤ ਨਾਲਿ ਖਹੰਦੇ ॥

سُکھُ ن پائِنِ مُگدھ
نر سنّت نالِ کھہنّدے ॥

ਓਇ ਲੋਚਨਿ ਓਨਾ ਗੁਣਾ ਨੋ
ਓਇ ਅਹੰਕਾਰਿ ਸੜੰਦੇ ॥

اوءِ لوچنِ اونا گُنّا نو
اوءِ اہنکارِ سڑنّدے ॥

ਓਇ ਵੇਚਾਰੇ ਕਿਆ ਕਰਹਿ
ਜਾਂ ਭਾਗ ਧੁਰਿ ਮੰਦੇ ॥

اوءِ ویچارے کِیا کرہِ
جاں بھاگ دھُرِ منّدے ॥

ਜੋ ਮਾਰੇ ਤਿਨਿ ਪਾਰਬ੍ਰਹਮਿ
ਸੇ ਕਿਸੈ ਨ ਸੰਦੇ ॥

جو مارے تِنِ پاربّرہمِ
سے کِسے ن سنّدے ॥

ਵੈਰੁ ਕਰਨਿ ਨਿਰਵੈਰ ਨਾਲਿ
ਧਰਮਿ ਨਿਆਇ ਪਚੰਦੇ ॥

ویَرُ کرنِ نِرویَر نالِ
دھرمِ نِیاءِ پچنّدے ॥

ਜੋ ਜੋ ਸੰਤਿ ਸਰਾਪਿਆ
ਸੇ ਫਿਰਹਿ ਭਵੰਦੇ ॥

جو جو سنّتِ سراپیا
سے پھِرہِ بھونّدے ॥

ਪੇਡੁ ਮੁੰਢਾਹੂ ਕਟਿਆ
ਤਿਸੁ ਡਾਲ ਸੁਕੰਦੇ ॥੩੧॥

پیڈُ مُنّڈھاہوُ کٹیا
تِس ڈال سُکنّدے ॥ 31 ॥

ਸਲੋਕ ਮਃ ੫ ॥

ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ
ਭੰਨਣ ਘੜਣ ਸਮਰਥੁ ॥

ਪ੍ਰਭੁ ਸਦਾ ਸਮਾਲਹਿ ਮਿਤ੍ਰ ਤੂ
ਦੁਖੁ ਸਬਾਇਆ ਲਥੁ ॥੧॥

ਮਃ ੫ ॥

ਖੁਧਿਆਵੰਤੁ ਨ ਜਾਣਈ
ਲਾਜ ਕੁਲਾਜ ਕੁਬੋਲੁ ॥

ਨਾਨਕੁ ਮਾਂਗੈ ਨਾਮੁ ਹਰਿ
ਕਰਿ ਕਿਰਪਾ ਸੰਜੋਗੁ ॥੨॥

ਪਉੜੀ ॥

ਜੇਵੇਹੇ ਕਰਮ ਕਮਾਵਦਾ
ਤੇਵੇਹੇ ਫਲਤੇ ॥

ਚਬੇ ਤਤਾ ਲੋਹ ਸਾਰੁ
ਵਿਚਿ ਸੰਘੈ ਪਲਤੇ ॥

ਘਤਿ ਗਲਾਵਾਂ ਚਾਲਿਆ
ਤਿਨਿ ਦੂਤਿ ਅਮਲ ਤੇ ॥

ਕਾਈ ਆਸ ਨ ਪੁੰਨੀਆ
ਨਿਤ ਪਰ ਮਲੁ ਹਿਰਤੇ ॥

ਕੀਆ ਨ ਜਾਣੈ ਅਕਿਰਤਘਣ
ਵਿਚਿ ਜੋਨੀ ਫਿਰਤੇ ॥

ਸਭੇ ਧਿਰਾਂ ਨਿਖੁਟੀਅਸੁ
ਹਿਰਿ ਲਈਅਸੁ ਧਰ ਤੇ ॥

ਵਿਝਣ ਕਲਹ ਨ ਦੇਵਦਾ
ਤਾਂ ਲਇਆ ਕਰਤੇ ॥

سلوک م: 5 ॥

گُر نانک ہرِ نامُ دڑِڑائیا
بھنّنڑُ گھڑڑُ سمرتھُ ॥

پّربھُ سدا سمالہِ مِتّر توُ
دُکھُ سبائیا لتھُ ॥1॥

م: 5 ॥

کھُدھِیاونّتُ ن جانئی
لاج کُلاج کُبولُ ॥

نانکُ مانگےَ نامُ ہرِ
کرِ کرِپا سنّجوگُ ॥2॥

پڑی ॥

جیویہے کرم کماودا
تیویہے پھلتے ॥

چبے تتا لوہ سارُ
وِچِ سنگھےَ پلتے ॥

گھتِ گلاواں چالیا
تِنِ دوُتِ عمل تے ॥

کائی آس ن پُنّنیا
نِت پر ملُ ہِرتے ॥

کِیا ن جانّے اکِرتگھڑُ
وِچِ جونی پھِرتے ॥

سبھے دھِراں نِکھُٹیّسُ
ہِرِ لئیّسُ دھرتے ॥

وِجھڑُ کلہ ن دیودا
تاں لِئیا کرتے ॥

ਜੋ ਜੋ ਕਰਤੇ ਅਹੰਮੇਉ
ਝੜਿ ਧਰਤੀ ਪੜਤੇ ॥੩੨॥

جو جو کرتے اہنمیٔ
جھڑِ دھرتی پڑتے ॥ 32 ॥

ਸਲੋਕ ਮਃ ੩ ॥

سلوک م: 3 ॥

ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ ॥
ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ ॥
ਪਵਿਤੁ ਪਾਵਨੁ ਪਰਮ ਬੀਚਾਰੀ ॥
ਜਿ ਓਸੁ ਮਿਲੈ ਤਿਸੁ ਪਾਰਿ ਉਤਾਰੀ ॥
ਅੰਤਰਿ ਹਰਿ ਨਾਮੁ ਬਾਸਨਾ ਸਮਾਣੀ ॥
ਹਰਿ ਦਰਿ ਸੋਭਾ ਮਹਾ ਉਤਮ ਬਾਣੀ ॥
ਜਿ ਪੁਰਖੁ ਸੁਣੈ ਸੁ ਹੋਇ ਨਿਹਾਲੁ ॥
ਨਾਨਕ ਸਤਿਗੁਰ ਮਿਲਿਐ
ਪਾਇਆ ਨਾਮੁ ਧਨੁ ਮਾਲੁ ॥੧॥

گُرمُکھِ گیانُ بِبیک بُدھِ ہوءِ ॥
ہرِ گُنؔ گاوےَ ہِردےَ ہارُ پروءِ ॥
پوِتُ پاونُ پرم بیچاری ॥
جِ اوسُ مِلےَ تِسُ پارِ اُتاری ॥
انترِ ہرِ نامُ باسنا سماٹی ॥
ہرِ درِ سوبھا مہا اُتم باٹی ॥
جِ پُرکھُ سُنےَ سُ ہوءِ نِہالُ ॥
نانک ستِگُر مِلےَ
پائیا نامُ دھنُ مالُ ॥1॥

ਮਃ ੪ ॥

م: 4 ॥

ਸਤਿਗੁਰ ਕੇ ਜੀਅ ਕੀ ਸਾਰ ਨ ਜਾਪੈ
ਕਿ ਪੂਰੈ ਸਤਿਗੁਰ ਭਾਵੈ ॥

ستِگُر کے جیء کی سار ن جاپےَ
کِ پوُرےَ ستِگُر بھاوےَ ॥

ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ
ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥

گُرسِکھاں انّدرِ ستِگُروُ ورتےَ
جو سِکھاں نو لوچےَ سو گُر خُشی آوےَ ॥

ਸਤਿਗੁਰ ਆਖੈ ਸੁ ਕਾਰ ਕਮਾਵਨਿ ਸੁ ਜਪੁ ਕਮਾਵਹਿ
ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ ॥

ستِگُر آکھےَ سُ کار کماونِ سُ جپُ کماوہِ
گُرسِکھاں کی گھال سچا تھاءِ پاوےَ ॥

ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮੁ
ਕਰਾਇਆ ਲੋੜੇ
ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ ॥

وِنُ ستِگُر کے حُکمےَ جِ گُرسِکھاں پاسہُ کنّمُ کرائیا لوڑے
تِسُ گُرسِکھُ پھِرِ نیڑِ ن آوےَ ॥

ਗੁਰ ਸਤਿਗੁਰ ਅਗੈ ਕੋ ਜੀਉ ਲਾਇ ਘਾਲੈ
ਤਿਸੁ ਅਗੈ ਗੁਰਸਿਖੁ ਕਾਰ ਕਮਾਵੈ ॥

گُر ستِگُر اگےَ کو جیءُ لاءِ گھالے
تِسُ اگےَ گُرسِکھُ کار کماوےَ ॥

ਜਿ ਠਗੀ ਆਵੈ ਠਗੀ ਉਠਿ ਜਾਇ

جِ ٹھگی آوےَ ٹھگی اُٹھِ جاءِ

ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ ॥
ਬ੍ਰਹਮੁ ਬੀਚਾਰੁ ਨਾਨਕੁ ਆਖਿ ਸੁਣਾਵੈ ॥

ਜਿ ਵਿਣੁ ਸਤਿਗੁਰ ਕੇ ਮਨੁ ਮੰਨੇ ਕੰਮੁ ਕਰਾਏ
ਸੋ ਜੰਤੁ ਮਹਾ ਦੁਖੁ ਪਾਵੈ ॥੨॥

ਪਉੜੀ ॥

ਤੂੰ ਸਚਾ ਸਾਹਿਬੁ ਅਤਿ ਵਡਾ
ਤੁਹਿ ਜੇਵਡੁ ਤੂੰ ਵਡ ਵਡੇ ॥

ਜਿਸੁ ਤੂੰ ਮੇਲਹਿ ਸੋ ਤੁਧੁ ਮਿਲੈ
ਤੂੰ ਆਪੇ ਬਖਸਿ ਲੈਹਿ ਲੇਖਾ ਛਡੇ ॥

ਜਿਸ ਨੋ ਤੂੰ ਆਪਿ ਮਿਲਾਇਦਾ
ਸੋ ਸਤਿਗੁਰੁ ਸੇਵੇ ਮਨੁ ਗਡ ਗਡੇ ॥

ਤੂੰ ਸਚਾ ਸਾਹਿਬੁ ਸਚੁ ਤੂ
ਸਭੁ ਜੀਉ ਪਿੰਡੁ ਚੰਮੁ ਤੇਰਾ ਹਡੇ ॥

ਜਿਉ ਭਾਵੈ ਤਿਉ ਰਖੁ ਤੂੰ ਸਚਿਆ
ਨਾਨਕ ਮਨਿ ਆਸ ਤੇਰੀ ਵਡ ਵਡੇ ॥੩੩॥੧॥ ਸੁਧੁ ॥

ਗਉੜੀ ਕੀ ਵਾਰ ਮਹਲਾ ੫

ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ

ੴ ਸਤਿਗੁਰ ਪ੍ਰਸਾਦਿ ॥

ਸਲੋਕ ਮਃ ੫ ॥

ਹਰਿ ਹਰਿ ਨਾਮੁ ਜੋ ਜਨੁ ਜਪੈ
ਸੋ ਆਇਆ ਪਰਵਾਣੁ ॥

ਤਿਸੁ ਜਨ ਕੈ ਬਲਿਹਾਰਣੈ
ਜਿਨਿ ਭਜਿਆ ਪ੍ਰਭੁ ਨਿਰਬਾਣੁ ॥

ਜਨਮ ਮਰਨ ਦੁਖੁ ਕਟਿਆ
ਹਰਿ ਭੇਟਿਆ ਪੁਰਖੁ ਸੁਜਾਣੁ ॥

تِس نیڑے گُرسِکھ مُولِ ن آوے ॥
برہمُ بیچارُ نانکُ آکھِ سُٹاوے ॥

جِ وِنُ ستِگُر کے منُ منّنے کنّمُ کرائے
سو جنّتُ مہا دُکھُ پاوے ॥2॥

پیُڑی ॥

توُنّ سچا صاحِبُ اتِ وڈا
تُہِ جیوڈُ توُنّ وڈ وڈے ॥

جِسُ توُنّ میلہِ سو تُدھُ مِلے
توُنّ آپے بخشِ لیہِ لیکھا چھڈے ॥

جِس نو توُنّ آپِ مِلائِدا
سو ستِگُرُ سیوے منُ گڈ گڈے ॥

توُنّ سچا صاحِبُ سچُ توُ
سبھُ جیِءُ پِنڈُ چنّمُ تیرا ہڈے ॥

جِءُ بھاوے تِءُ رکھُ توُنّ سچیا
نانک منِ آس تیری وڈ وڈے ॥ 33 ॥1॥ سُدھُ ॥

گیُڑی کی وار محلا 5

راءِ کمالدی موجدی کی وار کی دھُنِ اُپرِ گاونّی

ੴ ستِگُر پرسادِ ॥

سلوک م: 5 ॥

ہرِ ہرِ نامُ جو جنُ جپے
سو آئیا پروانُ ॥

تِس جن کے بلِہارنے
جِنِ بھجیا پربھُ نِربانُ ॥

جنم مرن دُکھُ کٹیا

ਸੰਤ ਸੰਗਿ ਸਾਗਰੁ ਤਰੇ
ਜਨ ਨਾਨਕ ਸਚਾ ਤਾਣੁ ॥੧॥

ہرِ بھیٹیا پُرکھُ سُجانُ ॥
سنّت سنگِ ساگرُ ترے
جن نانک سچا تانُ ॥1॥

ਮਃ ੫ ॥

م: 5 ॥

ਭਲਕੇ ਉਠਿ ਪਰਾਹੁਣਾ
ਮੇਰੈ ਘਰਿ ਆਵਉ ॥

بھلکے اُٹھِ پراہُنّا
میرے گھرِ آوءُ ॥

ਪਾਉ ਪਖਾਲਾ ਤਿਸ ਕੇ
ਮਨਿ ਤਨਿ ਨਿਤ ਭਾਵਉ ॥

پاءُ پکھالا تِس کے
منِ تنِ نِت بھاوءُ ॥

ਨਾਮੁ ਸੁਣੇ ਨਾਮੁ ਸੰਗ੍ਰਹੈ
ਨਾਮੇ ਲਿਵ ਲਾਵਉ ॥

نامُ سُنّے نامُ سنگّرہے
نامے لِو لاوءُ ॥

ਗ੍ਰਿਹੁ ਧਨੁ ਸਭੁ ਪਵਿਤ੍ਰੁ ਹੋਇ
ਹਰਿ ਕੇ ਗੁਣ ਗਾਵਉ ॥

گرِہُ دھنُ سبھُ پوِتّرُ ہوءِ
ہرِ کے گُن گاوءُ ॥

ਹਰਿ ਨਾਮ ਵਾਪਾਰੀ ਨਾਨਕਾ
ਵਡਭਾਗੀ ਪਾਵਉ ॥੨॥

ہرِ نام واپاری نانکا
وڈبھاگی پاوءُ ॥2॥

ਪਉੜੀ ॥

پئُڑی ॥

ਜੋ ਤੁਧੁ ਭਾਵੈ ਸੋ ਭਲਾ
ਸਚੁ ਤੇਰਾ ਭਾਣਾ ॥

جو تُدھُ بھاوے سو بھلا
سچُ تیرا بھاٹا ॥

ਤੂ ਸਭ ਮਹਿ ਏਕੁ ਵਰਤਦਾ
ਸਭ ਮਾਹਿ ਸਮਾਣਾ ॥

توُ سبھ مہِ ایکُ ورتدا
سبھ ماہِ سماٹا ॥

ਥਾਨ ਥਨੰਤਰਿ ਰਵਿ ਰਹਿਆ
ਜੀਅ ਅੰਦਰਿ ਜਾਣਾ ॥

تھان تھنتّرِ روِ رہِیا
جیء اندّرِ جاٹا ॥

ਸਾਧਸੰਗਿ ਮਿਲਿ ਪਾਈਐ
ਮਨਿ ਸਚੇ ਭਾਣਾ ॥

سادھسنگِ مِلِ پائیئے
منِ سچے بھاٹا ॥

ਨਾਨਕ ਪ੍ਰਭ ਸਰਣਾਗਤੀ
ਸਦ ਸਦ ਕੁਰਬਾਣਾ ॥੧॥

نانک پربھ سرٹاگتی
سد سد قُرباٹا ॥1॥

ਸਲੋਕ ਮਃ ੫ ॥

چیتا ای تاں چیتِ
صاحِبُ سچا سو دھنّی ॥

ਚੇਤਾ ਈ ਤਾਂ ਚੇਤਿ
ਸਾਹਿਬੁ ਸਚਾ ਸੋ ਧਣੀ ॥

نانک ستِگُرُ سیوِ
چڑِ بوہِتھِ بھجُّلُ پارِ پ ءُ ॥1॥

ਨਾਨਕ ਸਤਿਗੁਰੁ ਸੇਵਿ
ਚੜਿ ਬੋਹਿਥਿ ਭਉਜਲੁ ਪਾਰਿ ਪਉ ॥੧॥

ਮਃ ੫ ॥

م: 5 ॥

وائُو سنّدے کپڑے
پہِرہِ گربِ گوار ॥

ਵਾਉ ਸੰਦੇ ਕਪੜੇ
ਪਹਿਰਹਿ ਗਰਬਿ ਗਵਾਰ ॥

نانک نالِ ن چلنی
جلِ بلِ ہوئے چھارُ ॥2॥

ਨਾਨਕ ਨਾਲਿ ਨ ਚਲਨੀ
ਜਲਿ ਬਲਿ ਹੋਏ ਛਾਰੁ ॥੨॥

ਪਉੜੀ ॥

پئُڑی ॥

سیئی اُبرے جگے وِچ
جو سچے رکھے ॥

ਸੇਈ ਉਬਰੇ ਜਗੈ ਵਿਚਿ
ਜੋ ਸਚੈ ਰਖੇ ॥

مُہِ ڈِٹھے تِن کے جیوے
ہرِ انمّرِتُ چکھے ॥

ਮੁਹਿ ਡਿਠੈ ਤਿਨ ਕੈ ਜੀਵੀਐ
ਹਰਿ ਅੰਮ੍ਰਿਤੁ ਚਖੇ ॥

کامُ کرودھُ لوبھُ موہُ
سنگِ سادھا بھکھے ॥

ਕਾਮੁ ਕ੍ਰੋਧੁ ਲੋਭੁ ਮੋਹੁ
ਸੰਗਿ ਸਾਧਾ ਭਖੇ ॥

کرِ کرِپا پربھِ آپنی
ہرِ آپِ پرکھے ॥

ਕਰਿ ਕਿਰਪਾ ਪ੍ਰਭਿ ਆਪਣੀ
ਹਰਿ ਆਪਿ ਪਰਖੇ ॥

نانک چلت ن جاپنی
کو سکے ن لکھے ॥2॥

ਨਾਨਕ ਚਲਤ ਨ ਜਾਪਨੀ
ਕੋ ਸਕੈ ਨ ਲਖੇ ॥੨॥

ਸਲੋਕ ਮਃ ੫ ॥

سلوک م: 5 ॥

نانک سوئی دِنسُ سُہاوڑا
جِتُ پربھُ آوے چِتِ ॥

ਨਾਨਕ ਸੋਈ ਦਿਨਸੁ ਸੁਹਾਵੜਾ
ਜਿਤੁ ਪ੍ਰਭੁ ਆਵੈ ਚਿਤਿ ॥

جِتُ دِنِ وِسرے پاربرہمُ

ਜਿਤੁ ਦਿਨਿ ਵਿਸਰੈ ਪਾਰਬ੍ਰਹਮੁ

ਫਿਟੁ ਭਲੇਰੀ ਰੁਤਿ ॥੧॥	پھِٹُ بھلیری رُتِ ॥1॥
ਮਃ ੫ ॥	م: 5 ॥
ਨਾਨਕ ਮਿਤ੍ਰਾਈ ਤਿਸੁ ਸਿਉ ਸਭ ਕਿਛੁ ਜਿਸ ਕੈ ਹਾਥਿ ॥	نانک مِتّرائی تِسُ سِءُ سبھ کِچھُ جِس کے ہاتھِ ॥
ਕੁਮਿਤ੍ਰਾ ਸੇਈ ਕਾਂਢੀਅਹਿ ਇਕ ਵਿਖ ਨ ਚਲਹਿ ਸਾਥਿ ॥	کُمِتّرا سیئی کانڈھیئہِ اِک وِکھ ن چلہِ ساتھِ ॥
ਪਉੜੀ ॥	پؤڑی ॥
ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥	انّمرِتُ نامُ نِدھانُ ہے مِلِ پیِوہُ بھائی ॥
ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ ॥	جِسُ سِمرت سُکھُ پائیئے سبھ تِکھا بُجھائی ॥
ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ ॥	کرِ سیوا پاربّرہم گُر بھُکھ رہے ن کائی ॥
ਸਗਲ ਮਨੋਰਥ ਪੁੰਨਿਆ ਅਮਰਾ ਪਦੁ ਪਾਈ ॥	سگل منورتھ پُنّنیا امرا پدُ پائی ॥
ਤੁਧੁ ਜੇਵਡੁ ਤੂਹੈ ਪਾਰਬ੍ਰਹਮ ਨਾਨਕ ਸਰਣਾਈ ॥੩॥	تُدھُ جیوڈُ توُہے پاربّرہم نانک سرٹائی ॥3॥
ਸਲੋਕ ਮਃ ੫ ॥	سلوک م: 5 ॥
ਡਿਠੜੋ ਹਭ ਠਾਇ ਊਣ ਨ ਕਾਈ ਜਾਇ ॥	ڈِٹھڑو ہبھ ٹھاءِ اوُنّ ن کائی جاءِ ॥
ਨਾਨਕ ਲਧਾ ਤਿਨ ਸੁਆਉ ਜਿਨਾ ਸਤਿਗੁਰੁ ਭੇਟਿਆ ॥੧॥	نانک لدھا تِن سُیاءُ جِنا ستِگُرُ بھیٹیا ॥1॥
ਮਃ ੫ ॥	م: 5 ॥
ਦਾਮਨੀ ਚਮਤਕਾਰ ਤਿਉ ਵਰਤਾਰਾ ਜਗ ਖੇ ॥	دامنی چمتکار تِءُ ورتارا جگ کھے ॥

ਵਥੁ ਸੁਹਾਵੀ ਸਾਇ	وتھُ سُہاوی ساءِ
ਨਾਨਕ ਨਾਉ ਜਪੰਦੋ ਤਿਸੁ ਧਣੀ ॥੨॥	نانک ناءُ جپنّدو تِسُ دھنّی ॥2॥
ਪਉੜੀ ॥	پؤڑی ॥
ਸਿਮ੍ਰਿਤਿ ਸਾਸਤ੍ਰ ਸੋਧਿ ਸਭਿ	سِمرِتِ ساستّر سودھِ سبھِ
ਕਿਨੈ ਕੀਮ ਨ ਜਾਣੀ ॥	کِنے قِیم ن جانّی ॥
ਜੋ ਜਨੁ ਭੇਟੈ ਸਾਧਸੰਗਿ	جو جنُ بھیٹے سادھسنگِ
ਸੋ ਹਰਿ ਰੰਗੁ ਮਾਣੀ ॥	سو ہرِ رنگُ مانّی ॥
ਸਚੁ ਨਾਮੁ ਕਰਤਾ ਪੁਰਖੁ	سچُ نامُ کرتا پُرکھُ
ਏਹ ਰਤਨਾ ਖਾਣੀ ॥	ایہ رتنا کھانّی ॥
ਮਸਤਕਿ ਹੋਵੈ ਲਿਖਿਆ	مستکِ ہووے لِکھیا
ਹਰਿ ਸਿਮਰਿ ਪਰਾਣੀ ॥	ہرِ سِمرِ پرانّی ॥
ਤੋਸਾ ਦਿਚੈ ਸਚੁ ਨਾਮੁ	توشا دِچے سچُ نامُ
ਨਾਨਕ ਮਿਹਮਾਣੀ ॥੪॥	نانک مِہمانّی ॥4॥
ਸਲੋਕ ਮਃ ੫ ॥	سلوک م: 5 ॥
ਅੰਤਰਿ ਚਿੰਤਾ ਨੈਣੀ ਸੁਖੀ	انترِ چِنّتا نینّی سُکھی
ਮੂਲਿ ਨ ਉਤਰੈ ਭੁਖ ॥	مؤلِ ن اُترے بھُکھ ॥
ਨਾਨਕ ਸਚੇ ਨਾਮ ਬਿਨੁ	نانک سچے نام بِنُ
ਕਿਸੈ ਨ ਲਥੋ ਦੁਖੁ ॥੧॥	کِسے ن لتھو دُکھُ ॥1॥
ਮਃ ੫ ॥	م: 5 ॥
ਮੁਠੜੇ ਸੇਈ ਸਾਥ	مُٹھڑے سیئی ساتھ
ਜਿਨੀ ਸਚੁ ਨ ਲਦਿਆ ॥	جِنی سچُ ن لدِیا ॥
ਨਾਨਕ ਸੇ ਸਾਬਾਸਿ	نانک سے سابّاسِ
ਜਿਨੀ ਗੁਰ ਮਿਲਿ ਇਕੁ ਪਛਾਣਿਆ ॥੨॥	جِنی گُر ملِ اِکُ پچھانّیا ॥2॥
ਪਉੜੀ ॥	پؤڑی ॥
ਜਿਥੈ ਬੈਸਨਿ ਸਾਧ ਜਨ	جِتھے بیَسنِ سادھ جن

ਸੋ ਥਾਨੁ ਸੁਹੰਦਾ ॥	سو تھانُ سُہنّدا ॥
ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ ॥	اوءِ سیونِ سمّرتھُ آپنّا بِنسے سبھُ منّدا ॥
ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ ॥	پتِت اُدھارنْ پاربرہم سنّت بیدُ کہنّدا ॥
ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ ॥	بھگتِ وچھلُ تیرا بِردُ ہے جُگِ جُگِ ورتنّدا ॥
ਨਾਨਕੁ ਜਾਚੈ ਏਕੁ ਨਾਮੁ ਮਨਿ ਤਨਿ ਭਾਵੰਦਾ ॥੫॥	نانکُ جاچے ایکُ نامُ منِ تنِ بھاونّدا ॥5॥
ਸਲੋਕ ਮਃ ੫ ॥	سلوک م: 5 ॥
ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ ॥	چڑی چُہکی پہُ پھُٹی وگنِ بہُتُ ترنگ ॥
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ॥੧॥	اچرج روُپ سنّتن رچے نانک نامہِ رنگ ॥1॥
ਮਃ ੫ ॥	م: 5 ॥
ਘਰ ਮੰਦਰ ਖੁਸੀਆ ਤਹੀ ਜਹ ਤੂ ਆਵਹਿ ਚਿਤਿ ॥	گھر منّدر کھُسیا تہی جہ توُ آوہِ چِتِ ॥
ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ ॥੨॥	دُنیا کیا وڈیائیا نانک سبھِ کُمِت ॥2॥
ਪਉੜੀ ॥	پئُڑی ॥
ਹਰਿ ਧਨੁ ਸਚੀ ਰਾਸਿ ਹੈ ਕਿਨੈ ਵਿਰਲੈ ਜਾਤਾ ॥	ہرِ دھنُ سچی راسِ ہے کِنے وِرلے جاتا ॥
ਤਿਸੈ ਪਰਾਪਤਿ ਭਾਇਰਹੁ ਜਿਸੁ ਦੇਇ ਬਿਧਾਤਾ ॥	تِسے پراپتِ بھائرہُ جِسُ دےءِ بِدھاتا ॥
ਮਨ ਤਨ ਭੀਤਰਿ ਮਉਲਿਆ	من تن بھیترِ مئُلیا

ਹਰਿ ਰੰਗਿ ਜਨੁ ਰਾਤਾ ॥	ہرِ رنگِ جنُ راتا ॥
ਸਾਧਸੰਗਿ ਗੁਣ ਗਾਇਆ ਸਭਿ ਦੋਖਹ ਖਾਤਾ ॥	سادھسنگِ گُن گائیا سبھِ دوکھ کھاتا ॥
ਨਾਨਕ ਸੋਈ ਜੀਵਿਆ ਜਿਨਿ ਇਕੁ ਪਛਾਤਾ ॥੬॥	نانک سوئی جیویا جِنِ اِکُ پچھاتا ॥6॥
ਸਲੋਕ ਮਃ ੫ ॥	سلوک م: 5 ॥
ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ ॥	کھکھڑییا سُہاویا لگڑییا اک کنٹھِ ॥
ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ ॥੧॥	برہ وِچھوڑا دھنّی سِءُ نانک سہسے گنٹھِ ॥1॥
ਮਃ ੫ ॥	م: 5 ॥
ਵਿਸਾਰੇਦੇ ਮਰਿ ਗਏ ਮਰਿ ਭਿ ਨ ਸਕਹਿ ਮੂਲਿ ॥	وِساریدے مرِ گئے مرِ بھِ ن سکہِ مولِ ॥
ਵੇਮੁਖ ਹੋਏ ਰਾਮ ਤੇ ਜਿਉ ਤਸਕਰ ਉਪਰਿ ਸੂਲਿ ॥੨॥	ویمُکھ ہوئے رام تے جِءُ تسکر اُپر سولِ ॥2॥
ਪਉੜੀ ॥	پئڑی ॥
ਸੁਖ ਨਿਧਾਨੁ ਪ੍ਰਭੁ ਏਕੁ ਹੈ ਅਬਿਨਾਸੀ ਸੁਣਿਆ ॥	سُکھ نِدھانُ پربھُ ایکُ ہے اِبناسی سُنّیا ॥
ਜਲਿ ਥਲਿ ਮਹੀਅਲਿ ਪੂਰਿਆ ਘਟਿ ਘਟਿ ਹਰਿ ਭਣਿਆ ॥	جلِ تھلِ مہیئلِ پوُریا گھٹِ گھٹِ ہرِ بھنّیا ॥
ਊਚ ਨੀਚ ਸਭ ਇਕ ਸਮਾਨਿ ਕੀਟ ਹਸਤੀ ਬਣਿਆ ॥	اوُچ نیچ سبھ اِک سمانِ کیٹ ہستی بنّیا ॥
ਮੀਤ ਸਖਾ ਸੁਤ ਬੰਧਿਪੋ ਸਭਿ ਤਿਸ ਦੇ ਜਣਿਆ ॥	میت سکھا سُت بندھپو سبھِ تِس دے جنّیا ॥
ਤੁਸਿ ਨਾਨਕੁ ਦੇਵੈ ਜਿਸੁ ਨਾਮੁ	تُسِ نانکُ دیوے جِسُ نامُ

ਤਿਨਿ ਹਰਿ ਰੰਗੁ ਮਣਿਆ ॥੭॥

تِنِ ہرِ رنگُ مِنّیا ॥7॥

ਸਲੋਕ ਮਃ ੫ ॥

سلوک م: 5 ॥

ਜਿਨਾ ਸਾਸਿ ਗਿਰਾਸਿ ਨ ਵਿਸਰੈ
ਹਰਿ ਨਾਮਾਂ ਮਨਿ ਮੰਤੁ ॥

جِنا ساسِ گِراسِ ن وِسرے
ہرِ ناماں منِ منّتُ ॥

ਧੰਨੁ ਸਿ ਸੇਈ ਨਾਨਕਾ
ਪੂਰਨੁ ਸੋਈ ਸੰਤੁ ॥੧॥

دھنّنُ سِ سیئی نانکا
پوُرنُ سوئی سنّتُ ॥1॥

ਮਃ ੫ ॥

م: 5 ॥

ਅਠੇ ਪਹਰ ਭਉਦਾ ਫਿਰੈ
ਖਾਵਣ ਸੰਦੜੈ ਸੂਲਿ ॥

اٹھے پہر بھئدا پھِرے
کھاونٹ سنّدڑے سوُلِ ॥

ਦੋਜਕਿ ਪਉਦਾ ਕਿਉ ਰਹੈ
ਜਾ ਚਿਤਿ ਨ ਹੋਇ ਰਸੂਲਿ ॥੨॥

دوزکِ پئدا کِءُ رہے
جا چِتِ ن ہوءِ رسوُلِ ॥2॥

ਪਉੜੀ ॥

پئڑی ॥

ਤਿਸੈ ਸਰੇਵਹੁ ਪ੍ਰਾਣੀਹੋ
ਜਿਸ ਦੈ ਨਾਉ ਪਲੈ ॥

تِسے سریوہُ پرّانیہو
جِس دے ناءُ پلے ॥

ਐਥੈ ਰਹਹੁ ਸੁਹੇਲਿਆ
ਅਗੈ ਨਾਲਿ ਚਲੈ ॥

ایتھے رہہُ سُہیلیا
اگے نالِ چلے ॥

ਘਰੁ ਬੰਧਹੁ ਸਚ ਧਰਮ ਕਾ
ਗਡਿ ਥੰਮੁ ਅਹਲੈ ॥

گھرُ بنّدھہُ سچ دھرم کا
گڈِ تھنّمُ اہلے ॥

ਓਟ ਲੈਹੁ ਨਾਰਾਇਣੈ
ਦੀਨ ਦੁਨੀਆ ਝਲੈ ॥

اوٹ لیہُ نارائنے
دِین دُنیا جھلے ॥

ਨਾਨਕ ਪਕੜੇ ਚਰਣ ਹਰਿ
ਤਿਸੁ ਦਰਗਹ ਮਲੈ ॥੮॥

نانک پکڑے چرنٹ ہرِ
تِس درگہ ملے ॥8॥

ਸਲੋਕ ਮਃ ੫ ॥

سلوک م: 5 ॥

ਜਾਚਕੁ ਮੰਗੈ ਦਾਨੁ
ਦੇਹਿ ਪਿਆਰਿਆ ॥

جاچکُ منگے دانُ
دیہِ پیارِیا ۔ ॥

ਦੇਵਣਹਾਰੁ ਦਾਤਾਰੁ	دیوٹہارُ داتارُ
ਮੈ ਨਿਤ ਚਿਤਾਰਿਆ ॥	مے نِت چِتارِیا ॥
ਨਿਖੁਟਿ ਨ ਜਾਈ ਮੂਲਿ	نِکھُٹِ ن جائی مُولِ
ਅਤੁਲ ਭੰਡਾਰਿਆ ॥	اتُل بھنڈارِیا ॥
ਨਾਨਕ ਸਬਦੁ ਅਪਾਰੁ	نانک سبدُ اپارُ
ਤਿਨਿ ਸਭੁ ਕਿਛੁ ਸਾਰਿਆ ॥੧॥	تِنِ سبھُ کِچھُ سارِیا ॥1॥
ਮਃ ੫ ॥	م: 5 ॥
ਸਿਖਹੁ ਸਬਦੁ ਪਿਆਰਿਹੋ	سِکھہُ سبدُ پیارِہو
ਜਨਮ ਮਰਨ ਕੀ ਟੇਕ ॥	جنم مرن کی ٹیک ॥
ਮੁਖ ਊਜਲ ਸਦਾ ਸੁਖੀ	مُکھ اوُجل سدا سُکھی
ਨਾਨਕ ਸਿਮਰਤ ਏਕ ॥੨॥	نانک سِمرت ایک ॥2॥
ਪਉੜੀ ॥	پؤڑی ॥
ਓਥੈ ਅੰਮ੍ਰਿਤੁ ਵੰਡੀਐ	اوتھے انّمرِتُ ونڈیِّے
ਸੁਖੀਆ ਹਰਿ ਕਰਣੇ ॥	سُکھیا ہرِ کرنے ॥
ਜਮ ਕੈ ਪੰਥਿ ਨ ਪਾਈਅਹਿ	جم کے پنّتھِ ن پائیَہِ
ਫਿਰਿ ਨਾਹੀ ਮਰਣੇ ॥	پھِرِ ناہی مرنے ॥
ਜਿਸ ਨੋ ਆਇਆ ਪ੍ਰੇਮ ਰਸੁ	جِس نو آئیا پریم رسُ
ਤਿਸੈ ਹੀ ਜਰਣੇ ॥	تِسے ہی جرنے ॥
ਬਾਣੀ ਉਚਰਹਿ ਸਾਧ ਜਨ	بانٹی اُچرہِ سادھ جن
ਅਮਿਉ ਚਲਹਿ ਝਰਣੇ ॥	امِءُ چلہِ جھرنے ॥
ਪੇਖਿ ਦਰਸਨੁ ਨਾਨਕੁ ਜੀਵਿਆ	پیکھِ درسنُ نانکُ جیویا
ਮਨ ਅੰਦਰਿ ਧਰਣੇ ॥੯॥	من انّدرِ دھرنے ॥9॥
ਸਲੋਕ ਮਃ ੫ ॥	سلوک م: 5 ॥
ਸਤਿਗੁਰਿ ਪੂਰੈ ਸੇਵਿਐ	ستِگُرِ پوُرے سیوِئے
ਦੂਖਾ ਕਾ ਹੋਇ ਨਾਸੁ ॥	دوُکھا کا ہوءِ ناسُ ॥

ਨਾਨਕ ਨਾਮਿ ਅਰਾਧਿਐ ਕਾਰਜੁ ਆਵੈ ਰਾਸਿ ॥੧॥	نانک نامِ ارادھےِّ کارجُ آوے راسِ ॥1॥
ਮਃ ੫ ॥	م: 5 ॥
ਜਿਸੁ ਸਿਮਰਤ ਸੰਕਟ ਛੁਟਹਿ ਅਨਦ ਮੰਗਲ ਬਿਸ੍ਰਾਮ ॥	جِسُ سِمرت سنکٹ چھُٹہِ اند منگل بِسّرام ॥
ਨਾਨਕ ਜਪੀਐ ਸਦਾ ਹਰਿ ਨਿਮਖ ਨ ਬਿਸਰਉ ਨਾਮੁ ॥੨॥	نانک جپیےِّ سدا ہرِ نِمکھ ن بِسرءُ نامُ ॥2॥
ਪਉੜੀ ॥	پؤڑی ॥
ਤਿਨ ਕੀ ਸੋਭਾ ਕਿਆ ਗਣੀ ਜਿਨੀ ਹਰਿ ਹਰਿ ਲਧਾ ॥	تِن کی سوبھا کِیا گنّی جِنی ہرِ ہرِ لدھا ॥
ਸਾਧਾ ਸਰਣੀ ਜੋ ਪਵੈ ਸੁ ਛੁਟੈ ਬਧਾ ॥	سادھا سرنّی جو پوے سُ چھُٹے بدھا ॥
ਗੁਣ ਗਾਵੈ ਅਬਿਨਾਸੀਐ ਜੋਨਿ ਗਰਭਿ ਨ ਦਧਾ ॥	گُنّ گاوے اِبناسیےِّ جونِ گربھِ ن ددھا ॥
ਗੁਰੁ ਭੇਟਿਆ ਪਾਰਬ੍ਰਹਮੁ ਹਰਿ ਪੜਿ ਬੁਝਿ ਸਮਧਾ ॥	گُرُ بھیٹیا پاربرہمُ ہرِ پڑِ بُجھِ سمدھا ॥
ਨਾਨਕ ਪਾਇਆ ਸੋ ਧਣੀ ਹਰਿ ਅਗਮ ਅਗਧਾ ॥੧੦॥	نانک پائیا سو دھنّی ہرِ اگم اگدھا ॥ 10 ॥
ਸਲੋਕ ਮਃ ੫ ॥	سلوک م: 5 ॥
ਕਾਮੁ ਨ ਕਰਹੀ ਆਪਣਾ ਫਿਰਹਿ ਅਵਤਾ ਲੋਇ ॥	کامُ ن کرہی آپنّا پھِرہِ اوتا لوءِ ॥
ਨਾਨਕ ਨਾਇ ਵਿਸਾਰਿਐ ਸੁਖੁ ਕਿਨੇਹਾ ਹੋਇ ॥੧॥	نانک ناءِ وِسارِےّ سُکھُ کِنیہا ہوءِ ۔ ॥1॥
ਮਃ ੫ ॥	م: 5 ॥
ਬਿਖੈ ਕਉੜਤਣਿ ਸਗਲ ਮਾਹਿ	بِکھےَ کئڑتنِ سگل ماہِ

ਜਗਤਿ ਰਹੀ ਲਪਟਾਇ ॥	جگتِ رہی لپٹاءِ ॥
ਨਾਨਕ ਜਨਿ ਵੀਚਾਰਿਆ ਮੀਠਾ ਹਰਿ ਕਾ ਨਾਉ ॥੨॥	نانک جنِ ویچارِیا مِیٹھا ہرِ کا ناءُ ॥2॥
ਪਉੜੀ ॥	پئڑی ॥
ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥	اِہ نِیشانی سادھ کی جِسُ بھیٹت ترِیۓ ॥
ਜਮਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ ॥	جمکنکرُ نیڑِ ن آوئی پھِرِ بہُڑِ ن مریۓ ॥
ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ ॥	بھو ساگرُ سنّسارُ بِکھُ سو پارِ اُتریۓ ॥
ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ ॥	ہرِ گُن گنّھہُ منِ مال ہرِ سبھ ملُ پرہریۓ ॥
ਨਾਨਕ ਪ੍ਰੀਤਮ ਮਿਲਿ ਰਹੇ ਪਾਰਬ੍ਰਹਮ ਨਰਹਰੀਐ ॥੧੧॥	نانک پریتم مِلِ رہے پاربرہم نرہریۓ ॥ 11 ॥
ਸਲੋਕ ਮਃ ੫ ॥	سلوک م: 5 ॥
ਨਾਨਕ ਆਏ ਸੇ ਪਰਵਾਣੁ ਹੈ ਜਿਨ ਹਰਿ ਵੁਠਾ ਚਿਤਿ ॥	نانک آئے سے پروانُ ہے جِن ہرِ وُٹھا چِتِ ॥
ਗਾਲ੍ਹੀ ਅਲ ਪਲਾਲੀਆ ਕੰਮਿ ਨ ਆਵਹਿ ਮਿਤ ॥੧॥	گالہی ال پلالِیا کنّمِ ن آوہِ مِت ۔ ॥1॥
ਮਃ ੫ ॥	م: 5 ॥
ਪਾਰਬ੍ਰਹਮੁ ਪ੍ਰਭੁ ਦ੍ਰਿਸਟੀ ਆਇਆ ਪੂਰਨ ਅਗਮ ਬਿਸਮਾਦ ॥	پاربرہمُ پربھُ دِرسٹی آئیا پوُرن اگم بِسماد ॥
ਨਾਨਕ ਰਾਮ ਨਾਮੁ ਧਨੁ ਕੀਤਾ ਪੂਰੇ ਗੁਰ ਪਰਸਾਦਿ ॥੨॥	نانک رام نامُ دھنُ کِیتا پوُرے گُر پرسادِ ॥2॥
ਪਉੜੀ ॥	پئڑی ॥

ਧੋਹੁ ਨ ਚਲੀ ਖਸਮ ਨਾਲਿ
ਲਬਿ ਮੋਹਿ ਵਿਗੁਤੇ ॥

دھوہُ ن چلی خصم نالِ
لبِ موہِ وِگُتے ॥

ਕਰਤਬ ਕਰਨਿ ਭਲੇਰਿਆ
ਮਦਿ ਮਾਇਆ ਸੁਤੇ ॥

کرتب کرنِ بھلیریا
مدِ مائیا سُتے ॥

ਫਿਰਿ ਫਿਰਿ ਜੂਨਿ ਭਵਾਈਅਨਿ
ਜਮ ਮਾਰਗਿ ਮੁਤੇ ॥

پھرِ پھرِ جوُنِ بھوائیئنِ
جم مارگِ مُتے ॥

ਕੀਤਾ ਪਾਇਨਿ ਆਪਣਾ
ਦੁਖ ਸੇਤੀ ਜੁਤੇ ॥

کِیتا پائنِ آپنّا
دُکھ سیتی جُتے ॥

ਨਾਨਕ ਨਾਇ ਵਿਸਾਰਿਐ
ਸਭ ਮੰਦੀ ਰੁਤੇ ॥੧੨॥

نانک ناءِ وِسارِئے
سبھ منّدی رُتے ॥ 12 ॥

ਸਲੋਕ ਮਃ ੫ ॥

سلوک م: 5 ॥

ਉਠੰਦਿਆ ਬਹੰਦਿਆ
ਸਵੰਦਿਆ ਸੁਖੁ ਸੋਇ ॥

اُٹھنّدیا بہنّدیا
سونّدیا سُکھُ سوءِ ॥

ਨਾਨਕ ਨਾਮਿ ਸਲਾਹਿਐ
ਮਨੁ ਤਨੁ ਸੀਤਲੁ ਹੋਇ ॥੧॥

نانک نامِ سلاہےِ
منُ تنُ سِیتلُ ہوءِ ॥ 1 ॥

ਮਃ ੫ ॥

م: 5 ॥

ਲਾਲਚਿ ਅਟਿਆ ਨਿਤ ਫਿਰੈ
ਸੁਆਰਥੁ ਕਰੇ ਨ ਕੋਇ ॥

لالچِ اٹیا نِت پھرے
سُیارتھُ کرے ن کوءِ ॥

ਜਿਸੁ ਗੁਰੁ ਭੇਟੈ ਨਾਨਕਾ
ਤਿਸੁ ਮਨਿ ਵਸਿਆ ਸੋਇ ॥੨॥

جِسُ گُرُ بھیٹے نانکا
تِسُ منِ وسِیا سوءِ ॥ 2 ॥

ਪਉੜੀ ॥

پئُڑی ॥

ਸਭੇ ਵਸਤੂ ਕਉੜੀਆ
ਸਚੇ ਨਾਉ ਮਿਠਾ ॥

سبھے وستوُ کئُڑییا
سچے ناءُ مِٹھا ॥

ਸਾਦੁ ਆਇਆ ਤਿਨ ਹਰਿ ਜਨਾਂ
ਚਖਿ ਸਾਧੀ ਡਿਠਾ ॥

سادُ آئیا تِن ہرِ جناں
چکھِ سادھی ڈِٹھا ॥

ਪਾਰਬ੍ਰਹਮਿ ਜਿਸੁ ਲਿਖਿਆ ਮਨਿ ਤਿਸੈ ਵੁਠਾ ॥	پاربّرہمِ جِسُ لِکھیا منِ تِسےَ وُٹھا ॥
ਇਕੁ ਨਿਰੰਜਨੁ ਰਵਿ ਰਹਿਆ ਭਾਉ ਦੁਯਾ ਕੁਠਾ ॥	اِکُ نِرنّجنُ روِ رہِیا بھاءُ دُیا کُٹھا ॥
ਹਰਿ ਨਾਨਕੁ ਮੰਗੈ ਜੋੜਿ ਕਰ ਪ੍ਰਭੁ ਦੇਵੈ ਤੁਠਾ ॥੧੩॥	ہرِ نانکُ منگےَ جوڑِ کر پّربھُ دیوے تُٹھا ॥ 13 ॥
ਸਲੋਕ ਮਃ ੫ ॥	سلوک م: 5 ॥
ਜਾਚੜੀ ਸਾ ਸਾਰੁ ਜੋ ਜਾਚੰਦੀ ਹੇਕੜੋ ॥	جاچڑی سا سارُ جو جاچنّدی ہیکڑو ॥
ਗਾਲ੍ਹੀ ਬਿਆ ਵਿਕਾਰ ਨਾਨਕ ਧਣੀ ਵਿਹੂਣੀਆ ॥੧॥	گالّہی بِیا وِکار نانک دھنّی وِہوُنّیا ॥1॥
ਮਃ ੫ ॥	م: 5 ॥
ਨੀਹਿ ਜਿ ਵਿਧਾ ਮੰਨੁ ਪਛਾਣੂ ਵਿਰਲੋ ਥਿਓ ॥	نیہِ جِ وِدھا منّنُ پچھانّوُ وِرلو تھِئو ॥
ਜੋੜਣਹਾਰਾ ਸੰਤੁ ਨਾਨਕ ਪਾਧਰੁ ਪਧਰੋ ॥੨॥	جوڑنّہارا سنّتُ نانک پادھرُ پدھرو ॥2॥
ਪਉੜੀ ॥	پئڑی ॥
ਸੋਈ ਸੇਵਿਹੁ ਜੀਅੜੇ ਦਾਤਾ ਬਖਸਿੰਦੁ ॥	سوئی سیوِہُ جیئڑے داتا بخشِنّدُ ॥
ਕਿਲਵਿਖ ਸਭਿ ਬਿਨਾਸੁ ਹੋਨਿ ਸਿਮਰਤ ਗੋਵਿੰਦੁ ॥	کِلوِکھ سبھِ بِناسُ ہونِ سِمرت گووِنّدُ ॥
ਹਰਿ ਮਾਰਗੁ ਸਾਧੂ ਦਸਿਆ ਜਪੀਐ ਗੁਰਮੰਤੁ ॥	ہرِ مارگُ سادھوُ دسِیا جپیئے گُرمنّتُ ॥
ਮਾਇਆ ਸੁਆਦ ਸਭਿ ਫਿਕਿਆ ਹਰਿ ਮਨਿ ਭਾਵੰਦੁ ॥	مائیا سُیاد سبھِ پھِکیا ہرِ منِ بھاونّدُ ॥
ਧਿਆਇ ਨਾਨਕ ਪਰਮੇਸਰੈ	دھیاءِ نانک پریسرے

ਜਿਨਿ ਦਿਤੀ ਜਿੰਦੁ ॥੧੪॥

جِنِ دِتی جِنّدُ ॥ 14 ॥

ਸਲੋਕ ਮਃ ੫ ॥

سلوک م: 5 ॥

ਵਤ ਲਗੀ ਸਚੇ ਨਾਮ ਕੀ
ਜੋ ਬੀਜੇ ਸੋ ਖਾਇ ॥

وت لگی سچے نام کی
جو بیجے سو کھاءِ ॥

ਤਿਸਹਿ ਪਰਾਪਤਿ ਨਾਨਕਾ
ਜਿਸ ਨੋ ਲਿਖਿਆ ਆਇ ॥੧॥

تِسہِ پراپتِ نانکا
جِس نو لِکھیا آءِ ॥1॥

ਮਃ ੫ ॥

م: 5 ॥

ਮੰਗਣਾ ਤ ਸਚੁ ਇਕੁ
ਜਿਸੁ ਤੁਸਿ ਦੇਵੈ ਆਪਿ ॥

منگّنا ت سچُ اِکُ
جِسُ تُسِ دیوے آپِ ॥

ਜਿਤੁ ਖਾਧੈ ਮਨੁ ਤ੍ਰਿਪਤੀਐ
ਨਾਨਕ ਸਾਹਿਬ ਦਾਤਿ ॥੨॥

جِتُ کھادھے منُ تّرپتیئے
نانک صاحِب داتِ ॥2॥

ਪਉੜੀ ॥

پئُڑی ॥

ਲਾਹਾ ਜਗ ਮਹਿ ਸੇ ਖਟਹਿ
ਜਿਨ ਹਰਿ ਧਨੁ ਰਾਸਿ ॥

لاہا جگ مہِ سے کھٹہِ
جِن ہرِ دھنُ راسِ ॥

ਦੁਤੀਆ ਭਾਉ ਨ ਜਾਣਨੀ
ਸਚੇ ਦੀ ਆਸ ॥

دُتّیا بھاءُ ن جاٹنی
سچے دی آس ॥

ਨਿਹਚਲੁ ਏਕੁ ਸਰੇਵਿਆ
ਹੋਰੁ ਸਭ ਵਿਣਾਸੁ ॥

نِہچلُ ایکُ سریویا
ہورُ سبھ وِٹاسُ ॥

ਪਾਰਬ੍ਰਹਮੁ ਜਿਸੁ ਵਿਸਰੈ
ਤਿਸੁ ਬਿਰਥਾ ਸਾਸੁ ॥

پاربّرہمُ جِسُ وِسرے
تِسُ بِرتھا ساسُ ॥

ਕੰਠਿ ਲਾਇ ਜਨ ਰਖਿਆ
ਨਾਨਕ ਬਲਿ ਜਾਸੁ ॥੧੫॥

کنّٹھِ لاءِ جن رکھیا
نانک بلِ جاسُ ॥ 15 ॥

ਸਲੋਕ ਮਃ ੫ ॥

سلوک م: 5 ॥

ਪਾਰਬ੍ਰਹਮਿ ਫੁਰਮਾਇਆ
ਮੀਹੁ ਵੁਠਾ ਸਹਜਿ ਸੁਭਾਇ ॥

پاربّرہمِ فُرمائیا
میہُ وُٹھا سہجِ سُبھاءِ ॥

ਅੰਨੁ ਧੰਨੁ ਬਹੁਤੁ ਉਪਜਿਆ
ਪ੍ਰਿਥਮੀ ਰਜੀ ਤਿਪਤਿ ਅਘਾਇ ॥

انّن دھنّن بہُت اُپجِیا
پرِتھمی رجی تِپتِ اگھاءِ ॥

ਸਦਾ ਸਦਾ ਗੁਣ ਉਚਰੈ
ਦੁਖੁ ਦਾਲਦੁ ਗਇਆ ਬਿਲਾਇ ॥

سدا سدا گُنؤ اُچرے
دُکھُ دالدُ گئیا بِلاءِ ॥

ਪੂਰਬਿ ਲਿਖਿਆ ਪਾਇਆ
ਮਿਲਿਆ ਤਿਸੈ ਰਜਾਇ ॥

پُورب لِکھیا پائیا
مِلیا تِسے رضاءِ ॥

ਪਰਮੇਸਰਿ ਜੀਵਾਲਿਆ
ਨਾਨਕ ਤਿਸੈ ਧਿਆਇ ॥੧॥

پرمیسرِ جیوالیا
نانک تِسے دھیاءِ ॥1॥

ਮਃ ੫ ॥

م: 5 ॥

ਜੀਵਨ ਪਦੁ ਨਿਰਬਾਣੁ
ਇਕੋ ਸਿਮਰੀਐ ॥

جیون پدُ نِربانُ
اِکو سِمریئے ॥

ਦੂਜੀ ਨਾਹੀ ਜਾਇ
ਕਿਨਿ ਬਿਧਿ ਧੀਰੀਐ ॥

دوُجی ناہی جاءِ
کِن بِدھِ دھیریئے ۔ ॥

ਡਿਠਾ ਸਭੁ ਸੰਸਾਰੁ
ਸੁਖੁ ਨ ਨਾਮ ਬਿਨੁ ॥

ڈِٹھا سبھُ سنّسارُ
سُکھُ ن نام بِنُ ॥

ਤਨੁ ਧਨੁ ਹੋਸੀ ਛਾਰੁ
ਜਾਣੈ ਕੋਇ ਜਨੁ ॥

تنُ دھنُ ہوسی چھارُ
جانے کوءِ جنُ ॥

ਰੰਗ ਰੂਪ ਰਸ ਬਾਦਿ
ਕਿ ਕਰਹਿ ਪਰਾਣੀਆ ॥

رنگ روُپ رس بادِ
کِ کرہِ پراٹیا ۔ ॥

ਜਿਸੁ ਭੁਲਾਏ ਆਪਿ
ਤਿਸੁ ਕਲ ਨਹੀ ਜਾਣੀਆ ॥

جِسُ بھُلائے آپِ
تِسُ کل نہی جاٹیا ॥

ਰੰਗਿ ਰਤੇ ਨਿਰਬਾਣੁ
ਸਚਾ ਗਾਵਹੀ ॥

رنگِ رتے نِربانُ
سچا گاوہی ॥

ਨਾਨਕ ਸਰਣਿ ਦੁਆਰਿ
ਜੇ ਤੁਧੁ ਭਾਵਹੀ ॥੨॥

نانک سرنؤِ دُیارِ
جے تُدھُ بھاوہی ॥2॥

ਪਉੜੀ ॥	پئڑی ॥
ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ ॥	جنمُ مرنُ ن تِنہ ک ءُ جو ہرِ لڑِ لاگے ॥
ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ ॥	جیوت سے پرواڻُ ہوئے ہرِ کیرتنِ جاگے ॥
ਸਾਧਸੰਗੁ ਜਿਨ ਪਾਇਆ ਸੇਈ ਵਡਭਾਗੇ ॥	سادھسنگُ جِن پائیا سیئی وڈبھاگے ॥
ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ ॥	ناءِ وِسرِئے دھرِگُ جیوڻا توٹے کچ دھاگے ॥
ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ ॥੧੬॥	نانک دھوڑِ پُنیت سادھ لکھ کوٹِ پراگے ॥ 16 ॥
ਸਲੋਕੁ ਮਃ ੫ ॥	سلوکُ م: 5 ॥
ਧਰਣਿ ਸੁਵੰਨੀ ਖੜ ਰਤਨ ਜੜਾਵੀ ਹਰਿ ਪ੍ਰੇਮ ਪੁਰਖੁ ਮਨਿ ਵੂਠਾ ॥	دھرڻِ سُونّنی کھڑ رتن جڑاوی ہرِ پریم پُرکھُ منِ وُٹھا ॥
ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰੁ ਤੁਠਾ ॥੧॥	سبھے کاج سُہیلڑے تھیئے گُرُ نانکُ ستِگُرُ ٹُٹھا ॥1॥
ਮਃ ੫ ॥	م: 5 ॥
ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ ॥	پھِردی پھِردی دہ دِسا جل پربت بنراءِ ॥
ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ ॥੨॥	جِتھے ڈِٹھا مِرتکو اِل بہِٹھی آءِ ॥2॥
ਪਉੜੀ ॥	پئڑی ॥
ਜਿਸੁ ਸਰਬ ਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਉ ॥	جِسُ سرب سُکھا پھل لوڑیئہِ سو سچُ کماوءُ ॥
ਨੇੜੈ ਦੇਖਉ ਪਾਰਬ੍ਰਹਮੁ	نیڑے دیکھءُ پاربرہمُ

ਇਕੁ ਨਾਮੁ ਧਿਆਵਉ ॥	اِکُ نامُ دھِیاوءُ ॥
ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥	ہوءِ سگل کی رینُکا ہرِ سنگِ سماوءُ ॥
ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥	دوُکھُ ن دیئی کِسے جیء پتِ سِءُ گھرِ جاوءُ ॥
ਪਤਿਤ ਪੁਨੀਤ ਕਰਤਾ ਪੁਰਖੁ ਨਾਨਕ ਸੁਣਾਵਉ ॥੧੭॥	پتِت پُنیت کرتا پُرکھُ نانک سُنّاوءُ ॥ 17 ॥
ਸਲੋਕ ਦੋਹਾ ਮਃ ੫ ॥	سلوک دوہا م: 5 ॥
ਏਕੁ ਜਿ ਸਾਜਨੁ ਮੈ ਕੀਆ ਸਰਬ ਕਲਾ ਸਮਰਥੁ ॥	ایکُ جِ ساجنُ مے کِیا سرب کلا سمرتھُ ॥
ਜੀਉ ਹਮਾਰਾ ਖੰਨੀਐ ਹਰਿ ਮਨ ਤਨ ਸੰਦੜੀ ਵਥੁ ॥੧॥	جیءُ ہمارا کھنّنیئے ہرِ من تن سندڑی وتھُ ॥1॥
ਮਃ ੫ ॥	م: 5 ॥
ਜੇ ਕਰੁ ਗਹਹਿ ਪਿਆਰੜੇ ਤੁਧੁ ਨ ਛੋਡਾ ਮੂਲਿ ॥	جے کرُ گہہِ پیارڑے تُدھُ ن چھوڈا مولِ ॥
ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ ॥੨॥	ہرِ چھوڈنِ سے دُرجنا پڑہِ دوزک کے سوُلِ ॥2॥
ਪਉੜੀ ॥	پئُڑی ॥
ਸਭਿ ਨਿਧਾਨ ਘਰਿ ਜਿਸ ਦੈ ਹਰਿ ਕਰੇ ਸੁ ਹੋਵੈ ॥	سبھِ نِدھان گھرِ جِس دے ہرِ کرے سُ ہووے ॥
ਜਪਿ ਜਪਿ ਜੀਵਹਿ ਸੰਤ ਜਨ ਪਾਪਾ ਮਲੁ ਧੋਵੈ ॥	جپِ جپِ جیوہِ سنّت جن پاپا ملُ دھووے ॥
ਚਰਨ ਕਮਲ ਹਿਰਦੈ ਵਸਹਿ ਸੰਕਟ ਸਭਿ ਖੋਵੈ ॥	چرن کمل ہِردے وسہِ سنکٹ سبھِ کھووے ॥
ਗੁਰੁ ਪੂਰਾ ਜਿਸੁ ਭੇਟੀਐ	گُرُ پوُرا جِسُ بھیٹیئے

ਮਰਿ ਜਨਮਿ ਨ ਰੋਵੈ ॥

مرِ جنمِ ن روے ॥

ਪ੍ਰਭ ਦਰਸ ਪਿਆਸ ਨਾਨਕ ਘਣੀ
ਕਿਰਪਾ ਕਰਿ ਦੇਵੈ ॥੧੮॥

پربھ درس پیاس نانک گھنی
کِرپا کرِ دیوے ॥ 18 ॥

ਸਲੋਕ ਡਖਣਾ ਮਃ ੫ ॥

سلوک ڈکھنا م: 5 ॥

ਭੋਰੀ ਭਰਮੁ ਵਞਾਇ
ਪਿਰੀ ਮੁਹਬਤਿ ਹਿਕੁ ਤੂ ॥

بھوری بھرمُ وِنجاءِ
پِری مُحبتِ ہِکُ توُ ॥

ਜਿਥਹੁ ਵੰਞੈ ਜਾਇ
ਤਿਥਾਊ ਮਉਜੂਦੁ ਸੋਇ ॥੧॥

جتھہُ ونجے جاءِ
تتھائو مئجُودُ سوءِ ॥ 1 ॥

ਮਃ ੫ ॥

م: 5 ॥

ਚੜਿ ਕੈ ਘੋੜੜੈ ਕੁੰਦੇ ਪਕੜਹਿ
ਖੂੰਡੀ ਦੀ ਖੇਡਾਰੀ ॥

چڑِ کے گھوڑڑے کُندے پکڑہِ
کھوُنڈی دی کھیڈاری ॥

ਹੰਸਾ ਸੇਤੀ ਚਿਤੁ ਉਲਾਸਹਿ
ਕੁਕੜ ਦੀ ਓਡਾਰੀ ॥੨॥

ہنّسا سیتی چِتُ اُلاسہِ
کُکڑ دی اوڈاری ॥ 2 ॥

ਪਉੜੀ ॥

پئڑی ॥

ਰਸਨਾ ਉਚਰੈ ਹਰਿ ਸ੍ਰਵਣੀ ਸੁਣੈ
ਸੋ ਉਧਰੈ ਮਿਤਾ ॥

رسنا اُچرے ہرِ سّروٹی سُنّے
سو اُدھرے مِتا ۔ ॥

ਹਰਿ ਜਸੁ ਲਿਖਹਿ ਲਾਇ ਭਾਵਨੀ
ਸੇ ਹਸਤ ਪਵਿਤਾ ॥

ہرِ جسُ لِکھہِ لاءِ بھاونی
سے ہست پوِتا ॥

ਅਠਸਠਿ ਤੀਰਥ ਮਜਨਾ
ਸਭਿ ਪੁੰਨ ਤਿਨਿ ਕਿਤਾ ॥

اٹھسٹھِ تیرتھ مجنا
سبھِ پُنّن تِنِ کِتا ॥

ਸੰਸਾਰ ਸਾਗਰ ਤੇ ਉਧਰੇ
ਬਿਖਿਆ ਗੜੁ ਜਿਤਾ ॥

سنّسار ساگر تے اُدھرے
بِکھیا گڑُ جِتا ॥

ਨਾਨਕ ਲੜਿ ਲਾਇ ਉਧਾਰਿਅਨੁ
ਦਯੁ ਸੇਵਿ ਅਮਿਤਾ ॥੧੯॥

نانک لڑِ لاءِ اُدھارِئنُ
دیُ سیوِ امِتا ॥ 19 ॥

ਸਲੋਕ ਮਃ ੫ ॥

سلوک م: 5 ॥

ਧੰਧੜੇ ਕੁਲਾਹ
ਚਿਤਿ ਨ ਆਵੈ ਹੇਕੜੋ ॥

ਨਾਨਕ ਸੇਈ ਤੰਨ ਫੁਟੰਨਿ
ਜਿਨਾ ਸਾਂਈ ਵਿਸਰੈ ॥੧॥

ਮਃ ੫ ॥

ਪਰੇਤਹੁ ਕੀਤੋਨੁ ਦੇਵਤਾ
ਤਿਨਿ ਕਰਣੈਹਾਰੇ ॥

ਸਭੇ ਸਿਖ ਉਬਾਰਿਅਨੁ
ਪ੍ਰਭਿ ਕਾਜ ਸਵਾਰੇ ॥

ਨਿੰਦਕ ਪਕੜਿ ਪਛਾੜਿਅਨੁ
ਝੂਠੇ ਦਰਬਾਰੇ ॥

ਨਾਨਕ ਕਾ ਪ੍ਰਭਿ ਵਡਾ ਹੈ
ਆਪਿ ਸਾਜਿ ਸਵਾਰੇ ॥੨॥

ਪਉੜੀ ॥

ਪ੍ਰਭੁ ਬੇਅੰਤੁ ਕਿਛੁ ਅੰਤੁ ਨਾਹਿ
ਸਭੁ ਤਿਸੈ ਕਰਣਾ ॥

ਅਗਮ ਅਗੋਚਰੁ ਸਾਹਿਬੋ
ਜੀਆ ਕਾ ਪਰਣਾ ॥

ਹਸਤ ਦੇਇ ਪ੍ਰਤਿਪਾਲਦਾ
ਭਰਣ ਪੋਖਣੁ ਕਰਣਾ ॥

ਮਿਹਰਵਾਨੁ ਬਖਸਿੰਦੁ ਆਪਿ
ਜਪਿ ਸਚੇ ਤਰਣਾ ॥

ਜੋ ਤੁਧੁ ਭਾਵੈ ਸੋ ਭਲਾ
ਨਾਨਕ ਦਾਸ ਸਰਣਾ ॥੨੦॥

ਸਲੋਕ ਮਃ ੫ ॥

دھنّدھڑے کُلاہ
چِتِ ن آوے ہیکڑو ॥

نانک سیئی تنّن پھُٹنّنِ
جِنا سائیں وِسرے ॥1॥

م: 5 ॥

پریتہُ کِیتوُنُ دیوتا
تِنِ کرنیہارے ॥

سبھے سِکھ اُبارِئنُ
پربھِ کاج سوارے ॥

نِندک پکڑِ پچھاڑِئنُ
جھوُٹھے دربارے ॥

نانک کا پربھِ وڈا ہے
آپِ ساجِ سوارے ॥2॥

پئڑی ॥

پربھُ بیئنّتُ کِچھُ انّتُ ناہِ
سبھُ تِسے کرنا ॥

اگم اگوچرُ صاحِبو
جِیا کا پرنا ॥

ہست دے ءِ پرتپالدا
بھرنُ پوکھنُ کرنا ॥

مِہروانُ بخشِنّدُ آپِ
جپِ سچے ترنا ॥

جو تُدھُ بھاوے سو بھلا
نانک داس سرنا ॥ 20 ॥

سلوک م: 5 ॥

ਤਿੰਨਾ ਭੁਖ ਨ ਕਾ ਰਹੀ ਜਿਸ ਦਾ ਪ੍ਰਭ ਹੈ ਸੋਇ ॥	تِنّنا بھُکھ ن کا رہی جِس دا پربھ ہے سوءِ ॥
ਨਾਨਕ ਚਰਣੀ ਲਗਿਆ ਉਧਰੈ ਸਭੋ ਕੋਇ ॥੧॥	نانک چرنی لگیا اُدھرے سبھو کوءِ ॥1॥
ਮਃ ੫ ॥	م: 5 ॥
ਜਾਚਿਕੁ ਮੰਗੈ ਨਿਤ ਨਾਮੁ ਸਾਹਿਬੁ ਕਰੇ ਕਬੂਲੁ ॥	جاچِکُ منگے نِت نامُ صاحِبُ کرے قبُولُ ॥
ਨਾਨਕ ਪਰਮੇਸਰੁ ਜਜਮਾਨੁ ਤਿਸਹਿ ਭੁਖ ਨ ਮੂਲਿ ॥੨॥	نانک پرمیسرُ ججمانُ تِسہِ بھُکھ ن مُولِ ॥2॥
ਪਉੜੀ ॥	پئڑی ॥
ਮਨੁ ਰਤਾ ਗੋਵਿੰਦ ਸੰਗਿ ਸਚੁ ਭੋਜਨੁ ਜੋੜੇ ॥	منُ رتا گووِند سنگِ سچُ بھوجنُ جوڑے ॥
ਪ੍ਰੀਤਿ ਲਗੀ ਹਰਿ ਨਾਮ ਸਿਉ ਏ ਹਸਤੀ ਘੋੜੇ ॥	پریتِ لگی ہرِ نام سِءُ اے ہستی گھوڑے ॥
ਰਾਜ ਮਿਲਖ ਖੁਸੀਆ ਘਣੀ ਧਿਆਇ ਮੁਖੁ ਨ ਮੋੜੇ ॥	راج مِلکھ کھُسیِیا گھنی دھِیاءِ مُکھُ ن موڑے ॥
ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋੜੇ ॥	ڈھاڈھی درِ پربھ منگنا درُ کدے ن چھوڑے ॥
ਨਾਨਕ ਮਨਿ ਤਨਿ ਚਾਉ ਏਹੁ ਨਿਤ ਪ੍ਰਭ ਕਉ ਲੋੜੇ ॥੨੧॥੧॥ ਸੁਧੁ ਕੀਚੇ	نانک منِ تنِ چاءُ ایہُ نِت پربھ کءُ لوڑے ॥ 21 ॥1॥ سُدھُ کِیچے
ਰਾਗੁ ਗਉੜੀ ਭਗਤਾਂ ਕੀ ਬਾਣੀ	راگُ گئڑی بھگتاں کی باٹی
ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥	۱ۅ ستِنامُ کرتا پُرکھُ گُرپرسادِ ॥
ਗਉੜੀ ਗੁਆਰੇਰੀ ਸ੍ਰੀ ਕਬੀਰ ਜੀਉ ਕੇ ਚਉਪਦੇ ੧੪ ॥	گئڑی گُیارِیری سری کبیرِ جیءُ کے چئُپدے 14 ॥
ਅਬ ਮੋਹਿ ਜਲਤ ਰਾਮ ਜਲੁ ਪਾਇਆ ॥	اب موہِ جلت رام جلُ پایِیا ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پُرب نوں سمرپت | سیوا: بھائی بلجِندر سنگھ جی (راڑا صاہب)

ਰਾਮ ਉਦਕਿ ਤਨੁ ਜਲਤ ਬੁਝਾਇਆ ॥੧॥ ਰਹਾਉ ॥	رام اُدکِ تنُ جلت بُجھائیا ॥1॥ رہاءُ ॥
ਮਨੁ ਮਾਰਣ ਕਾਰਣਿ ਬਨ ਜਾਈਐ ॥	منُ مارنؔ کارنؔ بن جائیےؔ ॥
ਸੋ ਜਲੁ ਬਿਨੁ ਭਗਵੰਤ ਨ ਪਾਈਐ ॥੧॥	سو جلُ بِنُ بھگونت ن پائیےؔ ॥1॥
ਜਿਹ ਪਾਵਕ ਸੁਰਿ ਨਰ ਹੈ ਜਾਰੇ ॥	جِہ پاوک سُرِ نر ہےؔ جارے ॥
ਰਾਮ ਉਦਕਿ ਜਨ ਜਲਤ ਉਬਾਰੇ ॥੨॥	رام اُدکِ جن جلت اُبارے ॥2॥
ਭਵ ਸਾਗਰ ਸੁਖ ਸਾਗਰ ਮਾਹੀ ॥	بھو ساگر سُکھ ساگر ماہی ॥
ਪੀਵਿ ਰਹੇ ਜਲ ਨਿਖੁਟਤ ਨਾਹੀ ॥੩॥	پیِوِ رہے جل نِکھُٹت ناہی ॥3॥
ਕਹਿ ਕਬੀਰ ਭਜੁ ਸਾਰਿੰਗਪਾਨੀ ॥	کہِ کبیِر بھجُ سارِنگپانی ॥
ਰਾਮ ਉਦਕਿ ਮੇਰੀ ਤਿਖਾ ਬੁਝਾਨੀ ॥੪॥੧॥	رام اُدکِ میری تِکھا بُجھانی ॥4॥1॥
ਗਉੜੀ ਕਬੀਰ ਜੀ ॥	گئُڑی کبیِر جی ॥
ਮਾਧਉ ਜਲ ਕੀ ਪਿਆਸ ਨ ਜਾਇ ॥	مادھءُ جل کی پِیاس ن جاءِ ॥
ਜਲ ਮਹਿ ਅਗਨਿ ਉਠੀ ਅਧਿਕਾਇ ॥੧॥ ਰਹਾਉ ॥	جل مہِ اگنِ اُٹھی ادھِکاءِ ॥1॥ رہاءُ ॥
ਤੂੰ ਜਲਨਿਧਿ ਹਉ ਜਲ ਕਾ ਮੀਨੁ ॥	توُنؔ جلنِدھِ ہءُ جل کا مِینُ ॥
ਜਲ ਮਹਿ ਰਹਉ ਜਲਹਿ ਬਿਨੁ ਖੀਨੁ ॥੧॥	جل مہِ رہءُ جلہِ بِنُ کھِینُ ॥1॥
ਤੂੰ ਪਿੰਜਰੁ ਹਉ ਸੂਅਟਾ ਤੋਰ ॥	توُنؔ پِنجؔرُ ہءُ سوُٹا تور ॥
ਜਮੁ ਮੰਜਾਰੁ ਕਹਾ ਕਰੈ ਮੋਰ ॥੨॥	جمُ منجؔارُ کہا کرےؔ مور ۔ ॥2॥
ਤੂੰ ਤਰਵਰੁ ਹਉ ਪੰਖੀ ਆਹਿ ॥	توُنؔ ترورُ ہءُ پنکھی آہِ ॥
ਮੰਦਭਾਗੀ ਤੇਰੋ ਦਰਸਨੁ ਨਾਹਿ ॥੩॥	منّدبھاگی تیرو درسنُ ناہِ ॥3॥
ਤੂੰ ਸਤਿਗੁਰੁ ਹਉ ਨਉਤਨੁ ਚੇਲਾ ॥	توُنؔ ستِگُرُ ہءُ نئُتنُ چیلا ॥
ਕਹਿ ਕਬੀਰ ਮਿਲੁ ਅੰਤ ਕੀ ਬੇਲਾ ॥੪॥੨॥	کہِ کبیِر مِلُ انّت کی بیلا ॥4॥2॥
ਗਉੜੀ ਕਬੀਰ ਜੀ ॥	گئُڑی کبیِر جی ॥
ਜਬ ਹਮ ਏਕੋ ਏਕੁ ਕਰਿ ਜਾਨਿਆ ॥	جب ہم ایکو ایکُ کرِ جانِیا ॥

ਤਬ ਲੋਗਹ ਕਾਹੇ ਦੁਖੁ ਮਾਨਿਆ ॥੧॥	تب لوگہ کاہے دُکھُ مانیا ۔ ॥1॥
ਹਮ ਅਪਤਹ ਅਪੁਨੀ ਪਤਿ ਖੋਈ ॥	ہم اپتہ اپُنی پتِ کھوئی ॥
ਹਮਰੈ ਖੋਜਿ ਪਰਹੁ ਮਤਿ ਕੋਈ ॥੧॥ ਰਹਾਉ ॥	ہمرے کھوجِ پرہُ متِ کوئی ॥1॥ رہاءُ ॥
ਹਮ ਮੰਦੇ ਮੰਦੇ ਮਨ ਮਾਹੀ ॥	ہم منّدے منّدے من ماہی ॥
ਸਾਝ ਪਾਤਿ ਕਾਹੂ ਸਿਉ ਨਾਹੀ ॥੨॥	ساجھ پاتِ کاہوُ سِ ءُ ناہی ॥2॥
ਪਤਿ ਅਪਤਿ ਤਾ ਕੀ ਨਹੀ ਲਾਜ ॥	پتِ اپتِ تا کی نہی لاج ॥
ਤਬ ਜਾਨਹੁਗੇ ਜਬ ਉਘਰੈਗੋ ਪਾਜ ॥੩॥	تب جانہُگے جب اُگھریگو پاج ॥3॥
ਕਹੁ ਕਬੀਰ ਪਤਿ ਹਰਿ ਪਰਵਾਨੁ ॥	کہُ کبیِر پتِ ہرِ پروانُ ॥
ਸਰਬ ਤਿਆਗਿ ਭਜੁ ਕੇਵਲ ਰਾਮੁ ॥੪॥੩॥	سرب تِیاگِ بھجُ کیول رامُ ॥4॥3॥
ਗਉੜੀ ਕਬੀਰ ਜੀ ॥	گئُڑی کبیِر جی ॥
ਨਗਨ ਫਿਰਤ ਜੌ ਪਾਈਐ ਜੋਗੁ ॥	نگن پھرت جوَ پائیئےَ جوگُ ॥
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥੧॥	بن کا مِرگُ مُکتِ سبھُ ہوگُ ॥1॥
ਕਿਆ ਨਾਗੇ ਕਿਆ ਬਾਧੇ ਚਾਮ ॥	کِیا ناگے کِیا بادھے چام ۔ ॥
ਜਬ ਨਹੀ ਚੀਨਸਿ ਆਤਮ ਰਾਮ ॥੧॥ ਰਹਾਉ ॥	جب نہی چینِسِ آتم رام ॥1॥ رہاءُ ॥
ਮੂਡ ਮੁੰਡਾਏ ਜੌ ਸਿਧਿ ਪਾਈ ॥	موُڈ مُنڈائے جوَ سِدھِ پائی ॥
ਮੁਕਤੀ ਭੇਡ ਨ ਗਈਆ ਕਾਈ ॥੨॥	مُکتی بھیڈ ن گئیِا کائی ۔ ॥2॥
ਬਿੰਦੁ ਰਾਖਿ ਜੌ ਤਰੀਐ ਭਾਈ ॥	بِندُ راکھِ جوَ ترِیےَ بھائی ॥
ਖੁਸਰੈ ਕਿਉ ਨ ਪਰਮ ਗਤਿ ਪਾਈ ॥੩॥	کھُسرے کِ ءُ ن پرم گتِ پائی ۔ ॥3॥
ਕਹੁ ਕਬੀਰ ਸੁਨਹੁ ਨਰ ਭਾਈ ॥	کہُ کبیِر سُنہُ نر بھائی ۔ ॥
ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥੪॥੪॥	رام نام بِنُ کِنِ گتِ پائی ۔ ॥4॥4॥
ਗਉੜੀ ਕਬੀਰ ਜੀ ॥	گئُڑی کبیِر جی ॥
ਸੰਧਿਆ ਪ੍ਰਾਤ ਇਸ਼੍ਨਾਨੁ ਕਰਾਹੀ ॥	سنّدھِیا پّرات اِسّنانُ کراہی ॥

ਜਿਉ ਭਏ ਦਾਦੁਰ ਪਾਨੀ ਮਾਹੀ ॥੧॥	جِءُ بھئے دادُر پانی ماہی ॥1॥
ਜਉ ਪੈ ਰਾਮ ਰਾਮ ਰਤਿ ਨਾਹੀ ॥	جءُ پے رام رام رتِ ناہی ॥
ਤੇ ਸਭਿ ਧਰਮ ਰਾਇ ਕੈ ਜਾਹੀ ॥੧॥ ਰਹਾਉ ॥	تے سبھِ دھرم راءِ کے جاہی ॥1॥ رہاءُ ॥
ਕਾਇਆ ਰਤਿ ਬਹੁ ਰੂਪ ਰਚਾਹੀ ॥	کائیا رتِ بہُ روُپ رچاہی ॥
ਤਿਨ ਕਉ ਦਇਆ ਸੁਪਨੈ ਭੀ ਨਾਹੀ ॥੨॥	تِن کءُ دئیا سُپنے بھی ناہی ॥2॥
ਚਾਰਿ ਚਰਨ ਕਹਹਿ ਬਹੁ ਆਗਰ ॥	چارِ چرن کہہِ بہُ آگر ॥
ਸਾਧੂ ਸੁਖੁ ਪਾਵਹਿ ਕਲਿ ਸਾਗਰ ॥੩॥	سادھوُ سُکھُ پاوہِ کلِ ساگر ॥3॥
ਕਹੁ ਕਬੀਰ ਬਹੁ ਕਾਇ ਕਰੀਜੈ ॥	کہُ کبیِر بہُ کاءِ کریجے ۔ ॥
ਸਰਬਸੁ ਛੋਡਿ ਮਹਾ ਰਸੁ ਪੀਜੈ ॥੪॥੫॥	سربسُ چھوڈِ مہا رسُ پیجے ॥4॥5॥
ਕਬੀਰ ਜੀ ਗਉੜੀ ॥	کبیِر جی گئُڑی ॥
ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥	کِیا جپُ کِیا تپُ کِیا برّت پوُجا ۔ ॥
ਜਾ ਕੈ ਰਿਦੈ ਭਾਉ ਹੈ ਦੂਜਾ ॥੧॥	جا کے رِدے بھاءُ ہے دوُجا ॥1॥
ਰੇ ਜਨ ਮਨੁ ਮਾਧਉ ਸਿਉ ਲਾਈਐ ॥	رے جن منُ مادھءُ سِءُ لائیے ॥
ਚਤੁਰਾਈ ਨ ਚਤੁਰਭੁਜੁ ਪਾਈਐ ॥ ਰਹਾਉ ॥	چترُائی ن چترُبھُجُ پائیے ॥ رہاءُ ॥
ਪਰਹਰੁ ਲੋਭੁ ਅਰੁ ਲੋਕਾਚਾਰੁ ॥	پرہرُ لوبھُ ارُ لوکاچارُ ॥
ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥੨॥	پرہرُ کامُ کرودھُ اہنکارُ ॥2॥
ਕਰਮ ਕਰਤ ਬਧੇ ਅਹੰਮੇਵ ॥	کرم کرت بدھے اہنّمیو ॥
ਮਿਲਿ ਪਾਥਰ ਕੀ ਕਰਹੀ ਸੇਵ ॥੩॥	مِلِ پاتھر کی کرہی سیو ॥3॥
ਕਹੁ ਕਬੀਰ ਭਗਤਿ ਕਰਿ ਪਾਇਆ ॥	کہُ کبیِر بھگتِ کرِ پائیا ॥
ਭੋਲੇ ਭਾਇ ਮਿਲੇ ਰਘੁਰਾਇਆ ॥੪॥੬॥	بھولے بھاءِ ملے رگھُرائیا ॥4॥6॥
ਗਉੜੀ ਕਬੀਰ ਜੀ ॥	گئُڑی کبیِر جی ॥
ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥	گربھ واس مہِ کُلُ نہی زاتی ॥

ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥੧॥	بّرہم بِنّدُ تے سبھ اُتپاتی ॥1॥
ਕਹੁ ਰੇ ਪੰਡਿਤ	کہُ رے پنّڈِت
ਬਾਮਨ ਕਬ ਕੇ ਹੋਏ ॥	بامن کب کے ہوئے ۔ ॥
ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ ਰਹਾਉ ॥	بامن کہِ کہِ جنمُ مت کھوئے ॥1॥ رہاءُ ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥	جو توُنّ بّراہمنُ بّرہمنّی جائیا ॥
ਤਉ ਆਨ ਬਾਟ ਕਾਹੇ ਨਹੀ ਆਇਆ ॥੨॥	تءُ آن باٹ کاہے نہی آئیا ۔ ॥2॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥	تُم کت بّراہمنُ ہم کت سوُد ۔ ॥
ਹਮ ਕਤ ਲੋਹੂ ਤੁਮ ਕਤ ਦੂਧ ॥੩॥	ہم کت لوہوُ تُم کت دوُدھ ۔ ॥3॥
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥	کہُ کبیِر جو بّرہمُ بیچارے ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥	سو بّراہمنُ کہِیئتُ ہے ہمارے ॥4॥7॥
ਗਉੜੀ ਕਬੀਰ ਜੀ ॥	گئُڑی کبیِر جی ॥
ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥	انّدھکار سُکھِ کبہِ ن سوئی ہے ॥
ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥੧॥	راجا رنّکُ دوئوُ مِلِ روئی ہے ॥1॥
ਜਉ ਪੈ ਰਸਨਾ ਰਾਮੁ ਨ ਕਹਿਬੋ ॥	جءُ پے رسنا رامُ ن کہِبو ॥
ਉਪਜਤ ਬਿਨਸਤ ਰੋਵਤ ਰਹਿਬੋ ॥੧॥ ਰਹਾਉ ॥	اُپجت بِنست روِوت رہِبو ॥1॥ رہاءُ ॥
ਜਸ ਦੇਖੀਐ ਤਰਵਰ ਕੀ ਛਾਇਆ ॥	جس دیکھیِے ترور کی چھائیا ॥
ਪ੍ਰਾਨ ਗਏ ਕਹੁ ਕਾ ਕੀ ਮਾਇਆ ॥੨॥	پّران گئے کہُ کا کی مائیا ۔ ॥2॥
ਜਸ ਜੰਤੀ ਮਹਿ ਜੀਉ ਸਮਾਨਾ ॥	جس جنّتی مہِ جیِءُ سمانا ॥
ਮੂਏ ਮਰਮੁ ਕੋ ਕਾ ਕਰ ਜਾਨਾ ॥੩॥	موُئے مرمُ کو کا کر جانا ۔ ॥3॥
ਹੰਸਾ ਸਰਵਰੁ ਕਾਲੁ ਸਰੀਰ ॥	ہنّسا سروُر کالُ سریِر ॥
ਰਾਮ ਰਸਾਇਨ ਪੀਉ ਰੇ ਕਬੀਰ ॥੪॥੮॥	رام رسائنِ پیِءُ رے کبیِر ۔ ॥4॥8॥
ਗਉੜੀ ਕਬੀਰ ਜੀ ॥	گئُڑی کبیِر جی ॥
ਜੋਤਿ ਕੀ ਜਾਤਿ ਜਾਤਿ ਕੀ ਜੋਤੀ ॥	جوتِ کی جاتِ جاتِ کی جوتی ॥

ਤਿਤੁ ਲਾਗੇ ਕੰਚੂਆ ਫਲ ਮੋਤੀ ॥੧॥	تِتُ لاگے کنچُویا پھل موتی ॥1॥
ਕਵਨੁ ਸੁ ਘਰੁ ਜੋ ਨਿਰਭਉ ਕਹੀਐ ॥	کونُ سُ گھرُ جو نِربھءُ کہیئے ॥
ਭਉ ਭਜਿ ਜਾਇ ਅਭੈ ਹੋਇ ਰਹੀਐ ॥੧॥ ਰਹਾਉ ॥	بھءُ بھجِ جاءِ ابھےَ ہوءِ رہیئے ॥1॥ رہاءُ ॥
ਤਟਿ ਤੀਰਥਿ ਨਹੀ ਮਨੁ ਪਤੀਆਇ ॥	تٹِ تیرتھِ نہی منُ پتیاءِ ॥
ਚਾਰ ਅਚਾਰ ਰਹੇ ਉਰਝਾਇ ॥੨॥	چار اچار رہے اُرجھاءِ ॥2॥
ਪਾਪ ਪੁੰਨ ਦੁਇ ਏਕ ਸਮਾਨ ॥	پاپ پُنّن دُءِ ایک سمان ॥
ਨਿਜ ਘਰਿ ਪਾਰਸੁ ਤਜਹੁ ਗੁਨ ਆਨ ॥੩॥	نِج گھرِ پارسُ تجہُ گُن آن ॥3॥
ਕਬੀਰ ਨਿਰਗੁਣ ਨਾਮ ਨ ਰੋਸੁ ॥	کبیرِ نِرگُنؤ نام ن روسُ ॥
ਇਸੁ ਪਰਚਾਇ ਪਰਚਿ ਰਹੁ ਏਸੁ ॥੪॥੯॥	اِسُ پرچاءِ پرچِ رہُ ایسُ ॥4॥9॥
ਗਉੜੀ ਕਬੀਰ ਜੀ ॥	گئُڑی کبیرِ جی ॥
ਜੋ ਜਨ ਪਰਮਿਤਿ ਪਰਮਨੁ ਜਾਨਾ ॥	جو جن پرمِتِ پرمنُ جانا ॥
ਬਾਤਨ ਹੀ ਬੈਕੁੰਠ ਸਮਾਨਾ ॥੧॥	باتن ہی بیکُنٹھ سمانا ॥1॥
ਨਾ ਜਾਨਾ ਬੈਕੁੰਠ ਕਹਾ ਹੀ ॥	نا جانا بیکُنٹھ کہا ہی ۔ ॥
ਜਾਨੁ ਜਾਨੁ ਸਭਿ ਕਹਹਿ ਤਹਾ ਹੀ ॥੧॥ ਰਹਾਉ ॥	جانُ جانُ سبھِ کہہِ تہا ہی ॥1॥ رہاءُ ॥
ਕਹਨ ਕਹਾਵਨ ਨਹ ਪਤੀਅਈ ਹੈ ॥	کہن کہاون نہ پتیئیَ ہےَ ॥
ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ ॥੨॥	تءُ منُ مانے جا تے ہئُمےَ جئی ہےَ ॥2॥
ਜਬ ਲਗੁ ਮਨਿ ਬੈਕੁੰਠ ਕੀ ਆਸ ॥	جب لگُ منِ بیکُنٹھ کی آس ॥
ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥੩॥	تب لگُ ہوءِ نہی چرن نِواسُ ॥3॥
ਕਹੁ ਕਬੀਰ ਇਹ ਕਹੀਐ ਕਾਹਿ ॥	کہُ کبیرِ اِہ کہیئے کاہِ ۔ ॥
ਸਾਧਸੰਗਤਿ ਬੈਕੁੰਠੈ ਆਹਿ ॥੪॥੧੦॥	سادھسنگتِ بیکُنٹھےَ آہِ ॥4॥ 10 ॥
ਗਉੜੀ ਕਬੀਰ ਜੀ ॥	گئُڑی کبیرِ جی ॥
ਉਪਜੈ ਨਿਪਜੈ ਨਿਪਜਿ ਸਮਾਈ ॥	اُپجےَ نِپجےَ نِپجِ سمائی ॥

ਨੈਨਹ ਦੇਖਤ ਇਹੁ ਜਗੁ ਜਾਈ ॥੧॥	نینہ دیکھت اِہُ جگُ جائی ॥1॥
ਲਾਜ ਨ ਮਰਹੁ ਕਹਹੁ ਘਰੁ ਮੇਰਾ ॥	لاج ن مرہُ کہہُ گھرُ میرا ॥
ਅੰਤ ਕੀ ਬਾਰ ਨਹੀ ਕਛੁ ਤੇਰਾ ॥੧॥ ਰਹਾਉ ॥	انّت کی بار نہی کچھُ تیرا ॥1॥ رہاءُ ॥
ਅਨਿਕ ਜਤਨ ਕਰਿ ਕਾਇਆ ਪਾਲੀ ॥	اِنک جتن کرِ کائیا پالی ॥
ਮਰਤੀ ਬਾਰ ਅਗਨਿ ਸੰਗਿ ਜਾਲੀ ॥੨॥	مرتی بار اگنِ سنگِ جالی ॥2॥
ਚੋਆ ਚੰਦਨੁ ਮਰਦਨ ਅੰਗਾ ॥	چویا چندنُ مردن انگا ॥
ਸੋ ਤਨੁ ਜਲੈ ਕਾਠ ਕੈ ਸੰਗਾ ॥੩॥	سو تنُ جلےَ کاٹھ کے سنگا ॥3॥
ਕਹੁ ਕਬੀਰ ਸੁਨਹੁ ਰੇ ਗੁਨੀਆ ॥	کہُ کبیرِ سُننہُ رے گُنیِیا ۔ ॥
ਬਿਨਸੈਗੋ ਰੂਪੁ ਦੇਖੈ ਸਭ ਦੁਨੀਆ ॥੪॥੧੧॥	بِنسیگو روُپُ دیکھےَ سبھ دُنیِیا ॥4॥ 11 ॥
ਗਉੜੀ ਕਬੀਰ ਜੀ ॥	گئڑی کبیرِ جی ॥
ਅਵਰ ਮੂਏ ਕਿਆ ਸੋਗੁ ਕਰੀਜੈ ॥	اور موُئے کِیا سوگُ کریجےَ ۔ ॥
ਤਉ ਕੀਜੈ ਜਉ ਆਪਨ ਜੀਜੈ ॥੧॥	تءُ کیجےَ جءُ آپن جیجےَ ॥1॥
ਮੈ ਨ ਮਰਉ ਮਰਿਬੋ ਸੰਸਾਰਾ ॥	مےَ ن مرءُ مربو سنّسارا ॥
ਅਬ ਮੋਹਿ ਮਿਲਿਓ ਹੈ ਜੀਆਵਨਹਾਰਾ ॥੧॥ ਰਹਾਉ ॥	اب موہِ مِلِئو ہےَ جیِیاونہارا ॥1॥ رہاءُ ॥
ਇਆ ਦੇਹੀ ਪਰਮਲ ਮਹਕੰਦਾ ॥	اِیا دیہی پرمل مہکنّدا ॥
ਤਾ ਸੁਖ ਬਿਸਰੇ ਪਰਮਾਨੰਦਾ ॥੨॥	تا سُکھ بِسرے پرمانّندا ॥2॥
ਕੂਅਟਾ ਏਕੁ ਪੰਚ ਪਨਿਹਾਰੀ ॥	کوُٹٹا ایکُ پنّچ پنہاری ॥
ਟੂਟੀ ਲਾਜੁ ਭਰੈ ਮਤਿ ਹਾਰੀ ॥੩॥	ٹوُٹی لاجُ بھرےَ متِ ہاری ॥3॥
ਕਹੁ ਕਬੀਰ ਇਕ ਬੁਧਿ ਬੀਚਾਰੀ ॥	کہُ کبیرِ اِک بُدھِ بیچاری ॥
ਨਾ ਓਹੁ ਕੂਅਟਾ ਨਾ ਪਨਿਹਾਰੀ ॥੪॥੧੨॥	نا اوہُ کوُٹٹا نا پنہاری ॥4॥ 12 ॥
ਗਉੜੀ ਕਬੀਰ ਜੀ ॥	گئڑی کبیرِ جی ॥
ਅਸਥਾਵਰ ਜੰਗਮ ਕੀਟ ਪਤੰਗਾ ॥	استھاور جنگم کیٹ پتنگا ॥

ਅਨਿਕ ਜਨਮ ਕੀਏ ਬਹੁ ਰੰਗਾ ॥੧॥	انِک جنم کیئے بہُ رنگا ॥1॥
ਐਸੇ ਘਰ ਹਮ ਬਹੁਤੁ ਬਸਾਏ ॥	ایَسے گھر ہم بہُتُ بسائے ॥
ਜਬ ਹਮ ਰਾਮ ਗਰਭ ਹੋਇ ਆਏ ॥੧॥ ਰਹਾਉ ॥	جب ہم رام گربھ ہوءِ آئے ॥1॥ رہاءُ ॥
ਜੋਗੀ ਜਤੀ ਤਪੀ ਬ੍ਰਹਮਚਾਰੀ ॥	جوگی جتی تپی برہمچاری ॥
ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ ॥੨॥	کبہوُ راجا چھتّرپتِ کبہوُ بھیکھاری ॥2॥
ਸਾਕਤ ਮਰਹਿ ਸੰਤ ਸਭਿ ਜੀਵਹਿ ॥	ساکت مرہِ سنّت سبھِ جیِوہِ ॥
ਰਾਮ ਰਸਾਇਨੁ ਰਸਨਾ ਪੀਵਹਿ ॥੩॥	رام رسائنُ رسنا پیِوہِ ॥3॥
ਕਹੁ ਕਬੀਰ ਪ੍ਰਭ ਕਿਰਪਾ ਕੀਜੈ ॥	کہُ کبیِر پربھ کرِپا کیِجےَ ॥
ਹਾਰਿ ਪਰੇ ਅਬ ਪੂਰਾ ਦੀਜੈ ॥੪॥੧੩॥	ہارِ پرے اب پوُرا دیِجےَ ॥4॥ 13 ॥
ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫ ॥	گئُڑی کبیِر جی کی نالِ رلاءِ لِکھیا محلا 5 ॥
ਐਸੋ ਅਚਰਜੁ ਦੇਖਿਓ ਕਬੀਰ ॥	ایَسو اچرجُ دیکھِئو کبیِر ॥
ਦਧਿ ਕੈ ਭੋਲੈ ਬਿਰੋਲੈ ਨੀਰੁ ॥੧॥ ਰਹਾਉ ॥	ددھِ کے بھولے برولے نیِرُ ॥1॥ رہاءُ ॥
ਹਰੀ ਅੰਗੂਰੀ ਗਦਹਾ ਚਰੈ ॥	ہری انگوُری گدہا چرے ॥
ਨਿਤ ਉਠਿ ਹਾਸੈ ਹੀਗੈ ਮਰੈ ॥੧॥	نِت اُٹھِ ہاسےَ ہیِگےَ مرے ॥1॥
ਮਾਤਾ ਭੈਸਾ ਅੰਮ੍ਰਹਾ ਜਾਇ ॥	ماتا بھیَسا انمُہا جاءِ ॥
ਕੁਦਿ ਕੁਦਿ ਚਰੈ ਰਸਾਤਲਿ ਪਾਇ ॥੨॥	کُدِ کُدِ چرے رساتلِ پاءِ ॥2॥
ਕਹੁ ਕਬੀਰ ਪਰਗਟੁ ਭਈ ਖੇਡ ॥	کہُ کبیِر پرگٹُ بھئی کھیڈ ॥
ਲੇਲੇ ਕਉ ਚੂਘੈ ਨਿਤ ਭੇਡ ॥੩॥	لیلے ک ءُ چوُگھےَ نِت بھیڈ ॥3॥
ਰਾਮ ਰਮਤ ਮਤਿ ਪਰਗਟੀ ਆਈ ॥	رام رمت متِ پرگٹی آئی ॥
ਕਹੁ ਕਬੀਰ ਗੁਰਿ ਸੋਝੀ ਪਾਈ ॥੪॥੧॥੧੪॥	کہُ کبیِر گُرِ سوجھی پائی ॥4॥1॥ 14 ॥
ਗਉੜੀ ਕਬੀਰ ਜੀ ਪੰਚਪਦੇ ॥	گئُڑی کبیِر جی پنچپدے ॥
ਜਿਉ ਜਲ ਛੋਡਿ ਬਾਹਰਿ ਭਇਓ ਮੀਨਾ ॥	جِءُ جل چھوڈِ باہرِ بھئِئو مِینا ॥

ਪੂਰਬ ਜਨਮ ਹਉ ਤਪ ਕਾ ਹੀਨਾ ॥੧॥	پوُرب جنم ہءُ تپ کا ہِینا ॥1॥
ਅਬ ਕਹੁ ਰਾਮ ਕਵਨ ਗਤਿ ਮੋਰੀ ॥	اب کہُ رام کون گتِ موری ۔ ॥
ਤਜੀ ਲੇ ਬਨਾਰਸ ਮਤਿ ਭਈ ਥੋਰੀ ॥੧॥ ਰਹਾਉ ॥	تجی لے بنارس متِ بھئی تھوری ॥1॥ رہاءُ ॥
ਸਗਲ ਜਨਮੁ ਸਿਵ ਪੁਰੀ ਗਵਾਇਆ ॥	سگل جنمُ سِو پُری گوائیا ॥
ਮਰਤੀ ਬਾਰ ਮਗਹਰਿ ਉਠਿ ਆਇਆ ॥੨॥	مرتی بار مگہرِ اُٹھِ آئیا ॥2॥
ਬਹੁਤੁ ਬਰਸ ਤਪੁ ਕੀਆ ਕਾਸੀ ॥	بہُتُ برس تپُ کِیا کاسی ॥
ਮਰਨੁ ਭਇਆ ਮਗਹਰ ਕੀ ਬਾਸੀ ॥੩॥	مرنُ بھئیا مگہر کی باسی ॥3॥
ਕਾਸੀ ਮਗਹਰ ਸਮ ਬੀਚਾਰੀ ॥	کاسی مگہر سم بیچاری ॥
ਓਛੀ ਭਗਤਿ ਕੈਸੇ ਉਤਰਸਿ ਪਾਰੀ ॥੪॥	اوچھی بھگتِ کیسے اُترسِ پاری ۔ ॥4॥
ਕਹੁ ਗੁਰ ਗਜ ਸਿਵ ਸਭੁ ਕੋ ਜਾਨੈ ॥	کہُ گُرگج سِو سبھُ کو جانے ॥
ਮੁਆ ਕਬੀਰੁ ਰਮਤ ਸ੍ਰੀ ਰਾਮੈ ॥੫॥੧੫॥	مُیا کبیرُ رمت سّری رامےَ ॥5॥ 15 ॥
ਗਉੜੀ ਕਬੀਰ ਜੀ ॥	گئڑی کبیر جی ॥
ਚੋਆ ਚੰਦਨ ਮਰਦਨ ਅੰਗਾ ॥	چویا چندن مردن انگا ॥
ਸੋ ਤਨੁ ਜਲੈ ਕਾਠ ਕੈ ਸੰਗਾ ॥੧॥	سو تنُ جلےَ کاٹھ کے سنگا ॥1॥
ਇਸੁ ਤਨ ਧਨ ਕੀ ਕਵਨ ਬਡਾਈ ॥	اِسُ تن دھن کی کون بڈائی ۔ ॥
ਧਰਨਿ ਪਰੈ ਉਰਵਾਰਿ ਨ ਜਾਈ ॥੧॥ ਰਹਾਉ ॥	دھرنِ پرے اُروارِ ن جائی ॥1॥ رہاءُ ॥
ਰਾਤਿ ਜਿ ਸੋਵਹਿ ਦਿਨ ਕਰਹਿ ਕਾਮ ॥	راتِ جِ سووہِ دِن کرہِ کام ॥
ਇਕੁ ਖਿਨੁ ਲੇਹਿ ਨ ਹਰਿ ਕੋ ਨਾਮ ॥੨॥	اِکُ کھِنُ لیہِ ن ہرِ کو نام ॥2॥
ਹਾਥਿ ਤ ਡੋਰ ਮੁਖਿ ਖਾਇਓ ਤੰਬੋਰ ॥	ہاتھِ ت ڈور مُکھِ کھائیو تنّبور ॥
ਮਰਤੀ ਬਾਰ ਕਸਿ ਬਾਧਿਓ ਚੋਰ ॥੩॥	مرتی بار کِس بادھیو چور ॥3॥
ਗੁਰਮਤਿ ਰਸਿ ਰਸਿ ਹਰਿ ਗੁਨ ਗਾਵੈ ॥	گُرمتِ رسِ رسِ ہرِ گُن گاوےَ ॥
ਰਾਮੈ ਰਾਮ ਰਮਤ ਸੁਖੁ ਪਾਵੈ ॥੪॥	رامےَ رام رمت سُکھُ پاوےَ ॥4॥

ਕਿਰਪਾ ਕਰਿ ਕੈ ਨਾਮੁ ਦ੍ਰਿੜਾਈ ॥	کِرپا کرِ کے نامُ دڑِڑائی ॥
ਹਰਿ ਹਰਿ ਬਾਸੁ ਸੁਗੰਧ ਬਸਾਈ ॥੫॥	ہرِ ہرِ باسُ سُگندھ بسائی ॥5॥
ਕਹਤ ਕਬੀਰ ਚੇਤਿ ਰੇ ਅੰਧਾ ॥	کہت کبیرِ چیتِ رے اندھا ۔ ॥
ਸਤਿ ਰਾਮੁ ਝੂਠਾ ਸਭੁ ਧੰਧਾ ॥੬॥੧੬॥	ستِ رامُ جھوٹھا سبھُ دھندھا ॥6॥ 16 ॥
ਗਉੜੀ ਕਬੀਰ ਜੀ ਤਿਪਦੇ ਚਾਰਤੁਕੇ ॥	گئڑی کبیرِ جی تِپدے چارتُکے ॥
ਜਮ ਤੇ ਉਲਟਿ ਭਏ ਹੈ ਰਾਮ ॥	جم تے اُلٹِ بھئے ہے رام ॥
ਦੁਖ ਬਿਨਸੇ ਸੁਖ ਕੀਓ ਬਿਸਰਾਮ ॥	دُکھ بِنسے سُکھ کِینو بِسرام ॥
ਬੈਰੀ ਉਲਟਿ ਭਏ ਹੈ ਮੀਤਾ ॥	بیَری اُلٹِ بھئے ہے مِیتا ॥
ਸਾਕਤ ਉਲਟਿ ਸੁਜਨ ਭਏ ਚੀਤਾ ॥੧॥	ساکت اُلٹِ سُجن بھئے چِیتا ॥1॥
ਅਬ ਮੋਹਿ ਸਰਬ ਕੁਸਲ ਕਰਿ ਮਾਨਿਆ ॥	اب موہِ سرب کُسل کرِ مانِیا ॥
ਸਾਂਤਿ ਭਈ ਜਬ ਗੋਬਿਦੁ ਜਾਨਿਆ ॥੧॥ ਰਹਾਉ ॥	سانتِ بھئی جب گوبِدُ جانِیا ॥1॥ رہاءُ ॥
ਤਨ ਮਹਿ ਹੋਤੀ ਕੋਟਿ ਉਪਾਧਿ ॥	تن مہِ ہوتی کوٹِ اُپادھِ ॥
ਉਲਟਿ ਭਈ ਸੁਖ ਸਹਜਿ ਸਮਾਧਿ ॥	اُلٹِ بھئی سُکھ سہجِ سمادھِ ॥
ਆਪੁ ਪਛਾਨੈ ਆਪੈ ਆਪ ॥	آپُ پچھانے آپے آپ ॥
ਰੋਗੁ ਨ ਬਿਆਪੈ ਤੀਨੌ ਤਾਪ ॥੨॥	روگُ ن بِیاپے تِینوٗ تاپ ॥2॥
ਅਬ ਮਨੁ ਉਲਟਿ ਸਨਾਤਨੁ ਹੂਆ ॥	اب منُ اُلٹِ سناتنُ ہوُیا ॥
ਤਬ ਜਾਨਿਆ ਜਬ ਜੀਵਤ ਮੂਆ ॥	تب جانِیا جب جِیوت موُیا ॥
ਕਹੁ ਕਬੀਰ ਸੁਖਿ ਸਹਜਿ ਸਮਾਵਉ ॥	کہُ کبیرِ سُکھِ سہجِ سماوءُ ॥
ਆਪਿ ਨ ਡਰਉ ਨ ਅਵਰ ਡਰਾਵਉ ॥੩॥੧੭॥	آپِ ن ڈرءُ ن اور ڈراوءُ ॥3॥ 17 ॥
ਗਉੜੀ ਕਬੀਰ ਜੀ ॥	گئڑی کبیرِ جی ॥
ਪਿੰਡਿ ਮੂਐ ਜੀਉ ਕਿਹ ਘਰਿ ਜਾਤਾ ॥	پِنڈِ موُئے جِیءُ کِہ گھرِ جاتا ۔ ॥
ਸਬਦਿ ਅਤੀਤਿ ਅਨਾਹਦਿ ਰਾਤਾ ॥	سبدِ اتِیتِ اناہِد راتا ॥

ਜਿਨਿ ਰਾਮੁ ਜਾਨਿਆ ਤਿਨਹਿ ਪਛਾਨਿਆ ॥	جِنِ رامُ جانِیا تِنہِ پچھانِیا ॥
ਜਿਉ ਗੂੰਗੇ ਸਾਕਰ ਮਨੁ ਮਾਨਿਆ ॥੧॥	جِءُ گُونگے ساکر منُ مانِیا ॥1॥
ਐਸਾ ਗਿਆਨੁ ਕਥੈ ਬਨਵਾਰੀ ॥	ایَسا گیانُ کتھےَ بنواری ॥
ਮਨ ਰੇ ਪਵਨ ਦ੍ਰਿੜ ਸੁਖਮਨ ਨਾਰੀ ॥੧॥ ਰਹਾਉ ॥	من رے پون دّرِڑ سُکھمن ناری ॥1॥ رہاءُ ॥
ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ ॥	سو گُرُ کرہُ جِ بہُرِ ن کرنا ॥
ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ ॥	سو پدُ روہُ جِ بہُرِ ن رونا ॥
ਸੋ ਧਿਆਨੁ ਧਰਹੁ ਜਿ ਬਹੁਰਿ ਨ ਧਰਨਾ ॥	سو دھِیانُ دھرہُ جِ بہُرِ ن دھرنا ॥
ਐਸੇ ਮਰਹੁ ਜਿ ਬਹੁਰਿ ਨ ਮਰਨਾ ॥੨॥	ایَسے مرہُ جِ بہُرِ ن مرنا ॥2॥
ਉਲਟੀ ਗੰਗਾ ਜਮੁਨ ਮਿਲਾਵਉ ॥	اُلٹی گنگا جمُن مِلاوءُ ॥
ਬਿਨੁ ਜਲ ਸੰਗਮ ਮਨ ਮਹਿ ਨ੍ਾਵਉ ॥	بِنُ جل سنگم من مہِ نّہاوءُ ॥
ਲੋਚਾ ਸਮਸਰਿ ਇਹੁ ਬਿਉਹਾਰਾ ॥	لوچا سمسرِ اِہُ بِہُارا ॥
ਤਤੁ ਬੀਚਾਰਿ ਕਿਆ ਅਵਰਿ ਬੀਚਾਰਾ ॥੩॥	تتُ بیچارِ کیا اورِ بیچارا ۔ ॥3॥
ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ ॥	اپُ تیجُ باءِ پرِتھمی آکاسا ॥
ਐਸੀ ਰਹਤ ਰਹਉ ਹਰਿ ਪਾਸਾ ॥	ایَسی رہت رہءُ ہرِ پاسا ॥
ਕਹੈ ਕਬੀਰ ਨਿਰੰਜਨ ਧਿਆਵਉ ॥	کہےَ کبیرِ نرنّجن دھِیاوءُ ॥
ਤਿਤੁ ਘਰਿ ਜਾਉ ਜਿ ਬਹੁਰਿ ਨ ਆਵਉ ॥੪॥੧੮॥	تِتُ گھرِ جاءُ جِ بہُرِ ن آوءُ ॥4॥ 18 ॥
ਗਉੜੀ ਕਬੀਰ ਜੀ ਤਿਪਦੇ ॥	گئڑی کبیرِ جی تِپدے ॥
ਕੰਚਨ ਸਿਉ ਪਾਈਐ ਨਹੀ ਤੋਲਿ ॥	کنّچن سِءُ پائیئےَ نہی تولِ ॥
ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥	منُ دے رامُ لِیا ہےَ مولِ ॥1॥
ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ ॥	اب موہِ رامُ اپُنا کرِ جانِیا ॥
ਸਹਜ ਸੁਭਾਇ ਮੇਰਾ ਮਨੁ ਮਾਨਿਆ ॥੧॥ ਰਹਾਉ ॥	سہج سُبھاءِ میرا منُ مانِیا ॥1॥ رہاءُ ॥
ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥	برہمےَ کتھِ کتھِ انّتُ ن پائیا ॥

ਰਾਮ ਭਗਤਿ ਬੈਠੇ ਘਰਿ ਆਇਆ ॥੨॥	رام بھگتِ بیٹھے گھرِ آئیا ॥2॥
ਕਹੁ ਕਬੀਰ ਚੰਚਲ ਮਤਿ ਤਿਆਗੀ ॥	کہُ کبیرِ چنچل متِ تیاگی ॥
ਕੇਵਲ ਰਾਮ ਭਗਤਿ ਨਿਜ ਭਾਗੀ ॥੩॥੧॥੧੯॥	کیول رام بھگتِ نِج بھاگی ॥3॥1॥ 19 ॥
ਗਉੜੀ ਕਬੀਰ ਜੀ ॥	گئڑی کبیرِ جی ॥
ਜਿਹ ਮਰਨੈ ਸਭੁ ਜਗਤੁ ਤਰਾਸਿਆ ॥	جِہ مرنے سبھُ جگتُ تراسِیا ॥
ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥	سو مرنا گُر سبدِ پرّگاسِیا ॥1॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥	اب کیسے مرءُ مرنِ منُ مانِیا ॥
ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥੧॥ ਰਹਾਉ ॥	مرِ مرِ جاتے جِن رامُ ن جانِیا ॥1॥ رہاءُ ॥
ਮਰਨੋ ਮਰਨੁ ਕਹੈ ਸਭੁ ਕੋਈ ॥	مرنو مرنُ کہے سبھُ کوئی ॥
ਸਹਜੇ ਮਰੈ ਅਮਰੁ ਹੋਇ ਸੋਈ ॥੨॥	سہجے مرے امرُ ہوءِ سوئی ॥2॥
ਕਹੁ ਕਬੀਰ ਮਨਿ ਭਇਆ ਅਨੰਦਾ ॥	کہُ کبیرِ منِ بھئیا اننّدا ॥
ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥	گئیا بھرمُ رہِیا پرمانندا ॥3॥ 20 ॥
ਗਉੜੀ ਕਬੀਰ ਜੀ ॥	گئڑی کبیرِ جی ॥
ਕਤ ਨਹੀ ਠਉਰ ਮੂਲੁ ਕਤ ਲਾਵਉ ॥	کت نہی ٹھُر مؤلُ کت لاوءُ ۔ ॥
ਖੋਜਤ ਤਨ ਮਹਿ ਠਉਰ ਨ ਪਾਵਉ ॥੧॥	کھوجت تن مہِ ٹھُر ن پاوءُ ॥1॥
ਲਾਗੀ ਹੋਇ ਸੁ ਜਾਨੈ ਪੀਰ ॥	لاگی ہوءِ سُ جانے پیرِ ॥
ਰਾਮ ਭਗਤਿ ਅਨੀਆਲੇ ਤੀਰ ॥੧॥ ਰਹਾਉ ॥	رام بھگتِ انیالے تیرِ ॥1॥ رہاءُ ॥
ਏਕ ਭਾਇ ਦੇਖਉ ਸਭ ਨਾਰੀ ॥	ایک بھاءِ دیکھءُ سبھ ناری ॥
ਕਿਆ ਜਾਨਉ ਸਹ ਕਉਨ ਪਿਆਰੀ ॥੨॥	کِیا جانءُ سہ کنُن پیاری ۔ ॥2॥
ਕਹੁ ਕਬੀਰ ਜਾ ਕੈ ਮਸਤਕਿ ਭਾਗੁ ॥	کہُ کبیرِ جا کے مستکِ بھاگُ ॥
ਸਭ ਪਰਹਰਿ ਤਾ ਕਉ ਮਿਲੈ ਸੁਹਾਗੁ ॥੩॥੨੧॥	سبھ پرہرِ تا کءُ ملے سُہاگُ ॥3॥ 21 ॥
ਗਉੜੀ ਕਬੀਰ ਜੀ ॥	گئڑی کبیرِ جی ॥

ਜਾ ਕੈ ਹਰਿ ਸਾ ਠਾਕੁਰੁ ਭਾਈ ॥	جا کے ہرِ سا ٹھاکُرُ بھائی ۔ ॥
ਮੁਕਤਿ ਅਨੰਤੁ ਪੁਕਾਰਣਿ ਜਾਈ ॥੧॥	مُکتِ اننّتُ پُکارنِ جائی ॥1॥
ਅਬ ਕਹੁ ਰਾਮ ਭਰੋਸਾ ਤੋਰਾ ॥	اب کہُ رام بھروسا توِرا ॥
ਤਬ ਕਾਹੂ ਕਾ ਕਵਨੁ ਨਿਹੋਰਾ ॥੧॥ ਰਹਾਉ ॥	تب کاہوُ کا کونُ نِہورا ۔ ॥1॥ رہاءُ ॥
ਤੀਨਿ ਲੋਕ ਜਾ ਕੈ ਹਹਿ ਭਾਰ ॥	تِینِ لوک جا کے ہہِ بھار ॥
ਸੋ ਕਾਹੇ ਨ ਕਰੈ ਪ੍ਰਤਿਪਾਰ ॥੨॥	سو کاہے ن کرے پّرتپار ۔ ॥2॥
ਕਹੁ ਕਬੀਰ ਇਕ ਬੁਧਿ ਬੀਚਾਰੀ ॥	کہُ کبیرِ اِک بُدھِ بیچاری ॥
ਕਿਆ ਬਸੁ ਜਉ ਬਿਖੁ ਦੇ ਮਹਤਾਰੀ ॥੩॥੨੨॥	کِیا بسُ جءُ بِکھُ دے مہتاری ॥3॥ 22 ॥
ਗਉੜੀ ਕਬੀਰ ਜੀ ॥	گئُڑی کبیرِ جی ॥
ਬਿਨੁ ਸਤ ਸਤੀ ਹੋਇ ਕੈਸੇ ਨਾਰਿ ॥	بِنُ ست ستی ہوءِ کیَسے نارِ ۔ ॥
ਪੰਡਿਤ ਦੇਖਹੁ ਰਿਦੈ ਬੀਚਾਰਿ ॥੧॥	پنڈِت دیکھہُ رِدے بیچارِ ॥1॥
ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ ॥	پّریتِ بِنا کیَسے بدھےَ سنیہُ ۔ ॥
ਜਬ ਲਗੁ ਰਸੁ ਤਬ ਲਗੁ ਨਹੀ ਨੇਹੁ ॥੧॥ ਰਹਾਉ ॥	جب لگُ رسُ تب لگُ نہی نیہُ ॥1॥ رہاءُ ॥
ਸਾਹਨਿ ਸਤੁ ਕਰੈ ਜੀਅ ਅਪਨੈ ॥	ساہنِ ستُ کرے جیء اپنے ॥
ਸੋ ਰਮਯੇ ਕਉ ਮਿਲੈ ਨ ਸੁਪਨੈ ॥੨॥	سو رمیے کءُ مِلےَ ن سُپنے ॥2॥
ਤਨੁ ਮਨੁ ਧਨੁ ਗ੍ਰਿਹੁ ਸਉਪਿ ਸਰੀਰੁ ॥	تنُ منُ دھنُ گّرِہُ سئُپِ سریرُ ॥
ਸੋਈ ਸੁਹਾਗਨਿ ਕਹੈ ਕਬੀਰੁ ॥੩॥੨੩॥	سوئی سُہاگنِ کہے کبیرُ ॥3॥ 23 ॥
ਗਉੜੀ ਕਬੀਰ ਜੀ ॥	گئُڑی کبیرِ جی ॥
ਬਿਖਿਆ ਬਿਆਪਿਆ ਸਗਲ ਸੰਸਾਰੁ ॥	بِکھیا بِیاپیا سگل سنّسارُ ॥
ਬਿਖਿਆ ਲੈ ਡੂਬੀ ਪਰਵਾਰੁ ॥੧॥	بِکھیا لے ڈوُبی پروارُ ॥1॥
ਰੇ ਨਰ ਨਾਵ ਚਉੜਿ ਕਤ ਬੋੜੀ ॥	رے نر ناو چئُڑِ کت بوڑی ۔ ॥
ਹਰਿ ਸਿਉ ਤੋੜਿ ਬਿਖਿਆ ਸੰਗਿ ਜੋੜੀ ॥੧॥ ਰਹਾਉ ॥	ہرِ سِءُ توڑِ بِکھیا سنگِ جوڑی ॥1॥ رہاءُ ॥

ਸੁਰਿ ਨਰ ਦਾਧੇ ਲਾਗੀ ਆਗਿ ॥	سُرِ نر دادھے لاگی آگِ ॥
ਨਿਕਟਿ ਨੀਰੁ ਪਸੁ ਪੀਵਸਿ ਨ ਝਾਗਿ ॥੨॥	نِکٹِ نیرُ پسُ پیوسِ ن جھاگِ ॥2॥
ਚੇਤਤ ਚੇਤਤ ਨਿਕਸਿਓ ਨੀਰੁ ॥	چیتت چیتت نِکسِئو نیرُ ॥
ਸੋ ਜਲੁ ਨਿਰਮਲੁ ਕਥਤ ਕਬੀਰੁ ॥੩॥੨੪॥	سو جلُ نِرملُ کتھت کبیرُ ॥3॥ 24 ॥
ਗਉੜੀ ਕਬੀਰ ਜੀ ॥	گئڑی کبیر جی ॥
ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥	جِہ کُلِ پوُت ن گِیان بیچاری ॥
ਬਿਧਵਾ ਕਸ ਨ ਭਈ ਮਹਤਾਰੀ ॥੧॥	بِدھوا کس ن بھئی مہتاری ॥1॥
ਜਿਹ ਨਰ ਰਾਮ ਭਗਤਿ ਨਹਿ ਸਾਧੀ ॥	جِہ نر رام بھگتِ نہِ سادھی ॥
ਜਨਮਤ ਕਸ ਨ ਮੁਓ ਅਪਰਾਧੀ ॥੧॥ ਰਹਾਉ ॥	جنمت کس ن مُئو اپرادھی ॥1॥ رہاءُ ॥
ਮੁਚੁ ਮੁਚੁ ਗਰਭ ਗਏ ਕੀਨ ਬਚਿਆ ॥	مُچُ مُچُ گربھ گئے کِین بچِیا ॥
ਬੁਡਭੁਜ ਰੂਪ ਜੀਵੇ ਜਗ ਮਝਿਆ ॥੨॥	بُڈبھُج روُپ جیِوے جگ مجھِیا ॥2॥
ਕਹੁ ਕਬੀਰ ਜੈਸੇ ਸੁੰਦਰ ਸਰੂਪ ॥	کہُ کبیِر جیَسے سُنَدر سروُپ ॥
ਨਾਮ ਬਿਨਾ ਜੈਸੇ ਕੁਬਜ ਕੁਰੂਪ ॥੩॥੨੫॥	نام بِنا جیَسے کُبج کُروُپ ॥3॥ 25 ॥
ਗਉੜੀ ਕਬੀਰ ਜੀ ॥	گئڑی کبیِر جی ॥
ਜੋ ਜਨ ਲੇਹਿ ਖਸਮ ਕਾ ਨਾਉ ॥	جو جن لیہِ خصم کا ناءُ ॥
ਤਿਨ ਕੈ ਸਦ ਬਲਿਹਾਰੈ ਜਾਉ ॥੧॥	تِن کے سد بلِہارے جاءُ ॥1॥
ਸੋ ਨਿਰਮਲੁ ਨਿਰਮਲ ਹਰਿ ਗੁਨ ਗਾਵੈ ॥	سو نِرملُ نِرمل ہرِ گُن گاوے ॥
ਸੋ ਭਾਈ ਮੇਰੈ ਮਨਿ ਭਾਵੈ ॥੧॥ ਰਹਾਉ ॥	سو بھائی میرے منِ بھاوے ॥1॥ رہاءُ ॥
ਜਿਹ ਘਟ ਰਾਮੁ ਰਹਿਆ ਭਰਪੂਰਿ ॥	جِہ گھٹ رامُ رہِیا بھرپوُرِ ॥
ਤਿਨ ਕੀ ਪਗ ਪੰਕਜ ਹਮ ਧੂਰਿ ॥੨॥	تِن کی پگ پنکج ہم دھوُرِ ॥2॥
ਜਾਤਿ ਜੁਲਾਹਾ ਮਤਿ ਕਾ ਧੀਰੁ ॥	زاتِ جُلاہا متِ کا دھیِرُ ॥
ਸਹਜਿ ਸਹਜਿ ਗੁਣ ਰਮੈ ਕਬੀਰੁ ॥੩॥੨੬॥	سہجِ سہجِ گُڑ رمے کبیِرُ ॥3॥ 26 ॥

ਗਉੜੀ ਕਬੀਰ ਜੀ ॥	گئڑی کبیر جی ॥
ਗਗਨਿ ਰਸਾਲ ਚੁਐ ਮੇਰੀ ਭਾਠੀ ॥	گگنِ رسال چُۓ میری بھاٹھی ॥
ਸੰਚਿ ਮਹਾ ਰਸੁ ਤਨੁ ਭਇਆ ਕਾਠੀ ॥੧॥	سنچِ مہا رسُ تنُ بھئیا کاٹھی ॥1॥
ਉਆ ਕਉ ਕਹੀਐ ਸਹਜ ਮਤਵਾਰਾ ॥	اُیا ک ءُ کہیۓ سہج متوارا ॥
ਪੀਵਤ ਰਾਮ ਰਸੁ ਗਿਆਨ ਬੀਚਾਰਾ ॥੧॥ ਰਹਾਉ ॥	پیوت رام رسُ گیان بیچارا ॥1॥ رہاءُ ॥
ਸਹਜ ਕਲਾਲਨਿ ਜਉ ਮਿਲਿ ਆਈ ॥	سہج کلالنِ ج ءُ مِلِ آئی ॥
ਆਨੰਦਿ ਮਾਤੇ ਅਨਦਿਨੁ ਜਾਈ ॥੨॥	آنندِ ماتے اندِنُ جائی ॥2॥
ਚੀਨਤ ਚੀਤੁ ਨਿਰੰਜਨ ਲਾਇਆ ॥	چینت چیتُ نِرنجن لائیا ॥
ਕਹੁ ਕਬੀਰ ਤੌ ਅਨਭਉ ਪਾਇਆ ॥੩॥੨੭॥	کہُ کبیر توَ انبھ ءُ پائیا ॥3॥ 27 ॥
ਗਉੜੀ ਕਬੀਰ ਜੀ ॥	گئڑی کبیر جی ॥
ਮਨ ਕਾ ਸੁਭਾਉ ਮਨਹਿ ਬਿਆਪੀ ॥	من کا سُبھاءُ منہِ بیاپی ॥
ਮਨਹਿ ਮਾਰਿ ਕਵਨ ਸਿਧਿ ਥਾਪੀ ॥੧॥	منہِ مارِ کون سِدھِ تھاپی ۔ ॥1॥
ਕਵਨੁ ਸੁ ਮੁਨਿ ਜੋ ਮਨੁ ਮਾਰੈ ॥	کونُ سُ مُنِ جو منُ مارے ॥
ਮਨ ਕਉ ਮਾਰਿ ਕਹਹੁ ਕਿਸੁ ਤਾਰੈ ॥੧॥ ਰਹਾਉ ॥	من ک ءُ مارِ کہہُ کِسُ تارے ۔ ॥1॥ رہاءُ ॥
ਮਨ ਅੰਤਰਿ ਬੋਲੈ ਸਭੁ ਕੋਈ ॥	من انترِ بولے سبھُ کوئی ॥
ਮਨ ਮਾਰੇ ਬਿਨੁ ਭਗਤਿ ਨ ਹੋਈ ॥੨॥	من مارے بِنُ بھگتِ ن ہوئی ॥2॥
ਕਹੁ ਕਬੀਰ ਜੋ ਜਾਨੈ ਭੇਉ ॥	کہُ کبیر جو جانے بھی ءُ ॥
ਮਨੁ ਮਧੁਸੂਦਨੁ ਤ੍ਰਿਭਵਣ ਦੇਉ ॥੩॥੨੮॥	منُ مدھُسُودنُ ترِبھونٌ دی ءُ ॥3॥ 28 ॥
ਗਉੜੀ ਕਬੀਰ ਜੀ ॥	گئڑی کبیر جی ॥
ਓਇ ਜੁ ਦੀਸਹਿ ਅੰਬਰਿ ਤਾਰੇ ॥	اوءِ جُ دیسہِ انبرِ تارے ॥
ਕਿਨਿ ਓਇ ਚੀਤੇ ਚੀਤਨਹਾਰੇ ॥੧॥	کِنِ اوءِ چیتے چیتنہارے ॥1॥
ਕਹੁ ਰੇ ਪੰਡਿਤ	کہُ رے پنڈِت

ਅੰਬਰੁ ਕਾ ਸਿਉ ਲਾਗਾ ॥	انبَرُ کا سِءُ لاگا ۔ ॥
ਬੂਝੈ ਬੂਝਨਹਾਰੁ ਸਭਾਗਾ ॥੧॥ ਰਹਾਉ ॥	بُوجھے بُوجھنہارُ سبھاگا ॥1॥ رہاءُ ॥
ਸੂਰਜ ਚੰਦੁ ਕਰਹਿ ਉਜੀਆਰਾ ॥	سُورج چنّدُ کرہِ اُجیارا ॥
ਸਭ ਮਹਿ ਪਸਰਿਆ ਬ੍ਰਹਮ ਪਸਾਰਾ ॥੨॥	سبھ مہِ پسریا برہم پسارا ॥2॥
ਕਹੁ ਕਬੀਰ ਜਾਨੈਗਾ ਸੋਇ ॥	کہُ کبیر جانیگا سوءِ ॥
ਹਿਰਦੈ ਰਾਮੁ ਮੁਖਿ ਰਾਮੈ ਹੋਇ ॥੩॥੨੯॥	ہِردے رامُ مُکھِ رامے ہوءِ ॥3॥ 29 ॥
ਗਉੜੀ ਕਬੀਰ ਜੀ ॥	گئُڑی کبیر جی ॥
ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥	بید کی پُتّری سِمرِتِ بھائی ॥
ਸਾਂਕਲ ਜੇਵਰੀ ਲੈ ਹੈ ਆਈ ॥੧॥	سانکل جیوری لے ہے آئی ॥1॥
ਆਪਨ ਨਗਰੁ ਆਪ ਤੇ ਬਾਧਿਆ ॥	آپن نگرُ آپ تے بادھیا ॥
ਮੋਹ ਕੈ ਫਾਧਿ ਕਾਲ ਸਰੁ ਸਾਂਧਿਆ ॥੧॥ ਰਹਾਉ ॥	موہ کے پھادھِ کال سرُ سانْدھیا ॥1॥ رہاءُ ॥
ਕਟੀ ਨ ਕਟੈ ਤੁਟਿ ਨਹ ਜਾਈ ॥	کٹی ن کٹے توُٹِ نہ جائی ॥
ਸਾ ਸਾਪਨਿ ਹੋਇ ਜਗ ਕਉ ਖਾਈ ॥੨॥	سا ساپنِ ہوءِ جگ کءُ کھائی ॥2॥
ਹਮ ਦੇਖਤ ਜਿਨਿ ਸਭੁ ਜਗੁ ਲੂਟਿਆ ॥	ہم دیکھت جِنِ سبھُ جگُ لوُٹیا ॥
ਕਹੁ ਕਬੀਰ ਮੈ ਰਾਮ ਕਹਿ ਛੂਟਿਆ ॥੩॥੩੦॥	کہُ کبیر مے رام کہِ چھوُٹیا ॥3॥ 30 ॥
ਗਉੜੀ ਕਬੀਰ ਜੀ ॥	گئُڑی کبیر جی ॥
ਦੇਇ ਮੁਹਾਰ ਲਗਾਮੁ ਪਹਿਰਾਵਉ ॥	دےءِ مُہار لگامُ پہِراوءُ ॥
ਸਗਲ ਤਜੀਨੁ ਗਗਨ ਦਉਰਾਵਉ ॥੧॥	سگل تجینُ گگن دئُراوءُ ॥1॥
ਅਪਨੈ ਬੀਚਾਰਿ ਅਸਵਾਰੀ ਕੀਜੈ ॥	اپنے بیچارِ اسواری کیجے ॥
ਸਹਜ ਕੈ ਪਾਵੜੈ ਪਗੁ ਧਰਿ ਲੀਜੈ ॥੧॥ ਰਹਾਉ ॥	سہج کے پاوڑے پگُ دھرِ لیجے ॥1॥ رہاءُ ॥
ਚਲੁ ਰੇ ਬੈਕੁੰਠ ਤੁਝਹਿ ਲੇ ਤਾਰਉ ॥	چلُ رے بیکُنٹھ تُجھہِ لے تارءُ ॥
ਹਿਚਹਿ ਤ ਪ੍ਰੇਮ ਕੈ ਚਾਬੁਕ ਮਾਰਉ ॥੨॥	ہِچہِ ت پریم کے چابُک مارءُ ॥2॥

કહત કબીર ભલે અસવારા ॥	کہت کبیِر بھلے اسوارا ॥
બેદ કતેબ તે રહહિ નિરારા ॥૩॥૩૧॥	بید کتیب تے رہہِ نِرارا ॥3॥ 31 ॥
ગઉડી કબીર જી ॥	گئڑی کبیِر جی ॥
જિહ મુખિ પાંચઉ અંમ્રિત ખાએ ॥	جِہ مُکھِ پانْچءُ انّمرِت کھائے ॥
તિહ મુખ દેખત લુકટ લાએ ॥૧॥	تِہ مُکھ دیکھت لوُکٹ لائے ॥1॥
ઇકુ દુખુ રામ રાઇ કાટહુ મેરા ॥	اِکُ دُکھُ رام راءِ کاٹہُ میرا ॥
અગનિ દહૈ અરુ ગરભ બસેરા ॥૧॥ રહાઉ ॥	اگنِ دہےَ ارُ گربھ بسیرا ॥1॥ رہاءُ ॥
કાઇઆ બિગુતી બહુ બિધિ ભાતી ॥	کائیا بِگوُتی بہُ بِدھِ بھاتی ॥
કો જારે કો ગડિ લે માટી ॥૨॥	کو جارے کو گڈِ لے ماٹی ॥2॥
કહુ કબીર હરિ ચરણ દિખાવહુ ॥	کہُ کبیِر ہرِ چرنْ دِکھاوہُ ॥
પા�ૈ તે જમુ કિઉ ન પઠાવહુ ॥૩॥૩૨॥	پاچھےَ تے جمُ کِءُ ن پٹھاوہُ ॥3॥ 32 ॥
ગઉડી કબીર જી ॥	گئڑی کبیِر جی ॥
આપે પાવકુ આપે પવના ॥	آپے پاوکُ آپے پونا ॥
જારૈ ખસમુ ત રાખૈ કવના ॥૧॥	جارےَ خصمُ ت راکھےَ کونا ۔ ॥1॥
રામ જપત તનુ જરિ કી ન જાઇ ॥	رام جپت تنُ جرِ کی ن جاءِ ۔ ॥
રામ નામ ચિતુ રહિઆ સમાઇ ॥૧॥ રહાઉ ॥	رام نام چِتُ رہِیا سماءِ ॥1॥ رہاءُ ॥
કા કો જરૈ કાહિ હોઇ હાનિ ॥	کا کو جرےَ کاہِ ہوءِ ہانِ ۔ ॥
નટ વટ ખેલૈ સારિગપાનિ ॥૨॥	نٹ وٹ کھیلےَ سارِگپانِ ॥2॥
કહુ કબીર અખર દુઇ ભાખિ ॥	کہُ کبیِر اکھر دُءِ بھاکھِ ॥
હોઇગા ખસમુ ત લેઇગા રાખિ ॥૩॥૩૩॥	ہوئگا خصمُ ت لیئگا راکھِ ॥3॥ 33 ॥
ગઉડી કબીર જી દુપદે ॥	گئڑی کبیِر جی دُپدے ॥
ના મે જોગ ધિઆન ચિતુ લાઇઆ ॥	نا مےَ جوگ دھِیان چِتُ لائیا ॥

ਬਿਨੁ ਬੈਰਾਗ ਨ ਛੂਟਸਿ ਮਾਇਆ ॥੧॥	بِنُ بیَراگ ن چھوُٹسِ مائیَا ॥1॥
ਕੈਸੇ ਜੀਵਨੁ ਹੋਇ ਹਮਾਰਾ ॥	کیَسے جیِونُ ہوءِ ہمارا ۔ ॥
ਜਬ ਨ ਹੋਇ ਰਾਮ ਨਾਮ ਅਧਾਰਾ ॥੧॥ ਰਹਾਉ ॥	جب ن ہوءِ رام نام ادھارا ॥1॥ رہاءُ ॥
ਕਹੁ ਕਬੀਰ ਖੋਜਉ ਅਸਮਾਨ ॥	کہُ کبیِر کھوجءُ اسمان ॥
ਰਾਮ ਸਮਾਨ ਨ ਦੇਖਉ ਆਨ ॥੨॥੩੪॥	رام سمان ن دیکھءُ آن ॥2॥ 34 ॥
ਗਉੜੀ ਕਬੀਰ ਜੀ ॥	گئُڑی کبیِر جی ॥
ਜਿਹ ਸਿਰਿ ਰਚਿ ਰਚਿ ਬਾਧਤ ਪਾਗ ॥	جِہ سِرِ رچِ رچِ بادھت پاگ ॥
ਸੋ ਸਿਰੁ ਚੁੰਚ ਸਵਾਰਹਿ ਕਾਗ ॥੧॥	سو سِرُ چُنچّ سوارہِ کاگ ॥1॥
ਇਸੁ ਤਨ ਧਨ ਕੋ ਕਿਆ ਗਰਬਈਆ ॥	اِسُ تن دھن کو کِیا گربئیِیا ۔ ॥
ਰਾਮ ਨਾਮੁ ਕਾਹੇ ਨ ਦ੍ਰਿੜੀਆ ॥੧॥ ਰਹਾਉ ॥	رام نامُ کاہے ن دڑِڑیِیا ۔ ॥1॥ رہاءُ ॥
ਕਹਤ ਕਬੀਰ ਸੁਨਹੁ ਮਨ ਮੇਰੇ ॥	کہت کبیِر سُنہُ من میرے ۔ ॥
ਇਹੀ ਹਵਾਲ ਹੋਹਿਗੇ ਤੇਰੇ ॥੨॥੩੫॥	اِہی حوال ہوہِگے تیرے ॥2॥ 35 ॥
ਗਉੜੀ ਗੁਆਰੇਰੀ ਕੇ ਪਦੇ ਪੈਤੀਸ ॥	گئُڑی گیُاریری کے پدے پیتَیِس ॥
ਰਾਗ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ	راگ گئُڑی گیُاریری اسٹپدی کبیِر جی کی
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਸੁਖੁ ਮਾਂਗਤ ਦੁਖੁ ਆਗੈ ਆਵੈ ॥	سُکھُ مانگت دُکھُ آگے آوے ॥
ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥	سو سُکھُ ہمہُ ن مانگیا بھاوے ॥1॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥	بِکھیا اجہُ سُرتِ سُکھ آسا ॥
ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥	کیَسے ہوئی ہے راجا رام نِواسا ॥1॥ رہاءُ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥	اِسُ سُکھ تے سِو برّہم ڈرانا ॥
ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥	سو سُکھُ ہمہُ ساچُ کرِ جانا ॥2॥
ਸਨਕਾਦਿਕ ਨਾਰਦ ਮੁਨਿ ਸੇਖਾ ॥	سنکادِک نارد مُنِ سیکھا ॥

ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥	تِن بھی تن مہِ منُ نہی پیکھا ॥3॥
ਇਸੁ ਮਨ ਕਉ ਕੋਈ ਖੋਜਹੁ ਭਾਈ ॥	اِسُ من کءُ کوئی کھوجہُ بھائی ॥
ਤਨ ਛੂਟੇ ਮਨੁ ਕਹਾ ਸਮਾਈ ॥੪॥	تن چھوٹے منُ کہا سمائی ۔ ॥4॥
ਗੁਰ ਪਰਸਾਦੀ ਜੈਦੇਉ ਨਾਮਾਂ ॥	گُر پرسادی جیَدیءُ ناماں ॥
ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥	بھگتِ کے پّریم اِن ہی ہے جاناں ॥5॥
ਇਸੁ ਮਨ ਕਉ ਨਹੀ ਆਵਨ ਜਾਨਾ ॥	اِسُ من کءُ نہی آون جانا ॥
ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥	جِس کا بھرمُ گئیا تِنِ ساچُ پچھانا ॥6॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥	اِسُ من کءُ روُپُ ن ریکھیا کائی ॥
ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥	حُکمے ہوئیا حُکمُ بوُجھِ سمائی ॥7॥
ਇਸ ਮਨ ਕਾ ਕੋਈ ਜਾਨੈ ਭੇਉ ॥	اِس من کا کوئی جانے بھیءُ ॥
ਇਹ ਮਨਿ ਲੀਣ ਭਏ ਸੁਖਦੇਉ ॥੮॥	اِہ منِ لیِنٌ بھئے سُکھدیءُ ॥8॥
ਜੀਉ ਏਕੁ ਅਰੁ ਸਗਲ ਸਰੀਰਾ ॥	جیِءُ ایکُ ارُ سگل سریِرا ॥
ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥	اِسُ من کءُ روِ رہے کبیِرا ॥9॥1॥ 36 ॥
ਗਉੜੀ ਗੁਆਰੇਰੀ ॥	گئُڑی گیُاریری ॥
ਅਹਿਨਿਸਿ ਏਕ ਨਾਮ ਜੋ ਜਾਗੇ ॥	اہِنِس ایک نام جو جاگے ॥
ਕੇਤਕ ਸਿਧ ਭਏ ਲਿਵ ਲਾਗੇ ॥੧॥ ਰਹਾਉ ॥	کیتک سِدھ بھئے لِو لاگے ॥1॥ رہاءُ ॥
ਸਾਧਕ ਸਿਧ ਸਗਲ ਮੁਨਿ ਹਾਰੇ ॥	سادھک سِدھ سگل مُنِ ہارے ॥
ਏਕ ਨਾਮ ਕਲਿਪ ਤਰ ਤਾਰੇ ॥੧॥	ایک نام کلِپ تر تارے ॥1॥
ਜੋ ਹਰਿ ਹਰੇ ਸੁ ਹੋਹਿ ਨ ਆਨਾ ॥	جو ہرِ ہرے سُ ہوہِ ن آنا ॥
ਕਹਿ ਕਬੀਰ ਰਾਮ ਨਾਮ ਪਛਾਨਾ ॥੨॥੩੭॥	کہِ کبیِر رام نام پچھانا ॥2॥ 37 ॥
ਗਉੜੀ ਭੀ ਸੋਰਠਿ ਭੀ ॥	گئُڑی بھی سورٹھِ بھی ॥
ਰੇ ਜੀਅ ਨਿਲਜ ਲਾਜ ਤੋਹਿ ਨਾਹੀ ॥	رے جیءِ نلِج لاج توہِ ناہی ॥

ਹਰਿ ਤਜਿ	ہرِ تجِ
ਕਤ ਕਾਹੂ ਕੇ ਜਾਂਹੀ ॥੧॥ ਰਹਾਉ ॥	کت کاہوُ کے جانہی ۔ ॥1॥ رہاءُ ॥
ਜਾ ਕੋ ਠਾਕੁਰੁ ਊਚਾ ਹੋਈ ॥	جا کو ٹھاکُرُ اوُچا ہوئی ॥
ਸੋ ਜਨੁ ਪਰ ਘਰ ਜਾਤ ਨ ਸੋਹੀ ॥੧॥	سو جنُ پر گھر جات ن سوہی ॥1॥
ਸੋ ਸਾਹਿਬੁ ਰਹਿਆ ਭਰਪੂਰਿ ॥	سو صاحِبُ رہِیا بھرپوُرِ ॥
ਸਦਾ ਸੰਗਿ ਨਾਹੀ ਹਰਿ ਦੂਰਿ ॥੨॥	سدا سنگِ ناہی ہرِ دوُرِ ॥2॥
ਕਵਲਾ ਚਰਨ ਸਰਨ ਹੈ ਜਾ ਕੇ ॥	کولا چرن سرن ہےَ جا کے ॥
ਕਹੁ ਜਨ	کہُ جن
ਕਾ ਨਾਹੀ ਘਰ ਤਾ ਕੇ ॥੩॥	کا ناہی گھر تا کے ۔ ॥3॥
ਸਭੁ ਕੋਊ ਕਹੈ ਜਾਸੁ ਕੀ ਬਾਤਾ ॥	سبھُ کوئوُ کہےَ جاسُ کی باتا ॥
ਸੋ ਸੰਮ੍ਰਥੁ ਨਿਜ ਪਤਿ ਹੈ ਦਾਤਾ ॥੪॥	سو سمّرتھُ نج پتِ ہےَ داتا ॥4॥
ਕਹੈ ਕਬੀਰੁ ਪੂਰਨ ਜਗ ਸੋਈ ॥	کہےَ کبیرُ پوُرن جگ سوئی ॥
ਜਾ ਕੇ ਹਿਰਦੈ ਅਵਰੁ ਨ ਹੋਈ ॥੫॥੩੮॥	جا کے ہِردےَ اورُ ن ہوئی ॥5॥ 38 ॥
ਕਉਨੁ ਕੋ ਪੂਤੁ	کنُن کو پوُتُ
ਪਿਤਾ ਕੋ ਕਾ ਕੋ ॥	پِتا کو کا کو ۔ ॥
ਕਉਨੁ ਮਰੈ ਕੋ ਦੇਇ ਸੰਤਾਪੋ ॥੧॥	کنُن مرےَ کو دےءِ سنتاپو ۔ ॥1॥
ਹਰਿ ਠਗ ਜਗ ਕਉ ਠਗਉਰੀ ਲਾਈ ॥	ہرِ ٹھگ جگ کءُ ٹھگنُری لائی ॥
ਹਰਿ ਕੇ ਬਿਓਗ	ہرِ کے بِئوگ
ਕੈਸੇ ਜੀਅਉ ਮੇਰੀ ਮਾਈ ॥੧॥ ਰਹਾਉ ॥	کیَسے جیِئءُ میری مائی ۔ ॥1॥ رہاءُ ॥
ਕਉਨ ਕੋ ਪੁਰਖੁ ਕਉਨ ਕੀ ਨਾਰੀ ॥	کنُن کو پُرکھُ کنُن کی ناری ۔ ॥
ਇਆ ਤਤ ਲੇਹੁ ਸਰੀਰ ਬਿਚਾਰੀ ॥੨॥	اِیا تت لیہُ سریِر بِچاری ॥2॥
ਕਹਿ ਕਬੀਰ ਠਗ ਸਿਉ ਮਨੁ ਮਾਨਿਆ ॥	کہِ کبیِر ٹھگ سِءُ منُ مانِیا ॥
ਗਈ ਠਗਉਰੀ ਠਗੁ ਪਹਿਚਾਨਿਆ ॥੩॥੩੯॥	گئی ٹھگنُری ٹھگُ پہچانِیا ॥3॥ 39 ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راتا صاہب)

ਅਬ ਮੋ ਕਉ ਭਏ ਰਾਜਾ ਰਾਮ ਸਹਾਈ ॥	اب موکءُ بھئے راجا رام سہائی ॥
ਜਨਮ ਮਰਨ ਕਟਿ ਪਰਮ ਗਤਿ ਪਾਈ ॥੧॥ ਰਹਾਉ ॥	جنم مرن کٹِ پرم گتِ پائی ॥1॥ رہاءُ ॥
ਸਾਧੂ ਸੰਗਤਿ ਦੀਓ ਰਲਾਇ ॥	سادھوُ سنگتِ دیئو رلاءِ ॥
ਪੰਚ ਦੂਤ ਤੇ ਲੀਓ ਛਡਾਇ ॥	پنچ دوُت تے لیئو چھڈاءِ ॥
ਅੰਮ੍ਰਿਤ ਨਾਮੁ ਜਪਉ ਜਪੁ ਰਸਨਾ ॥	انمّرِت نامُ جپءُ جپُ رسنا ॥
ਅਮੋਲ ਦਾਸੁ ਕਰਿ ਲੀਨੋ ਅਪਨਾ ॥੧॥	امول داسُ کرِ لینو اپنا ॥1॥
ਸਤਿਗੁਰ ਕੀਨੋ ਪਰਉਪਕਾਰੁ ॥	ستِگُر کینو پرئُپکارُ ॥
ਕਾਢਿ ਲੀਨ ਸਾਗਰ ਸੰਸਾਰ ॥	کاڈھِ لین ساگر سنسار ॥
ਚਰਨ ਕਮਲ ਸਿਉ ਲਾਗੀ ਪ੍ਰੀਤਿ ॥	چرن کمل سِءُ لاگی پّریتِ ॥
ਗੋਬਿੰਦੁ ਬਸੈ ਨਿਤਾ ਨਿਤ ਚੀਤ ॥੨॥	گوبِندُ بسے نِتا نِت چیت ॥2॥
ਮਾਇਆ ਤਪਤਿ ਬੁਝਿਆ ਅੰਗਿਆਰੁ ॥	مائیا تپتِ بُجھیا انگیارُ ॥
ਮਨਿ ਸੰਤੋਖੁ ਨਾਮੁ ਆਧਾਰੁ ॥	منِ سنّتوکھُ نامُ آدھارُ ॥
ਜਲਿ ਥਲਿ ਪੂਰਿ ਰਹੇ ਪ੍ਰਭ ਸੁਆਮੀ ॥	جلِ تھلِ پوُرِ رہے پّربھ سُیامی ॥
ਜਤ ਪੇਖਉ ਤਤ ਅੰਤਰਜਾਮੀ ॥੩॥	جت پیکھءُ تت انترجامی ॥3॥
ਅਪਨੀ ਭਗਤਿ ਆਪ ਹੀ ਦ੍ਰਿੜਾਈ ॥	اپنی بھگتِ آپ ہی ڈّرِڑائی ॥
ਪੂਰਬ ਲਿਖਤੁ ਮਿਲਿਆ ਮੇਰੇ ਭਾਈ ॥	پوُرب لِکھتُ مِلیا میرے بھائی ۔ ॥
ਜਿਸੁ ਕ੍ਰਿਪਾ ਕਰੇ ਤਿਸੁ ਪੂਰਨ ਸਾਜ ॥	جِسُ کّرِپا کرے تِسُ پوُرن ساج ॥
ਕਬੀਰ ਕੋ ਸੁਆਮੀ ਗਰੀਬ ਨਿਵਾਜ ॥੪॥੪੦॥	کبیِر کو سُیامی غریِب نِواز ॥4॥ 40 ॥
ਜਲਿ ਹੈ ਸੂਤਕੁ ਥਲਿ ਹੈ ਸੂਤਕੁ ਸੂਤਕ ਓਪਤਿ ਹੋਈ ॥	جلِ ہے سوُتکُ تھلِ ہے سوُتکُ سوُتک اوپتِ ہوئی ॥
ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ ਪਰਜ ਬਿਗੋਈ ॥੧॥	جنمے سوُتکُ موُئے پھُنِ سوُتکُ سوُتک پرج بِگوئی ॥1॥
ਕਹੁ ਰੇ ਪੰਡੀਆ ਕਉਨ ਪਵੀਤਾ ॥	کہُ رے پنڈّیا کنُن پویتا ۔ ॥

ਐਸਾ ਗਿਆਨੁ ਜਪਹੁ ਮੇਰੇ ਮੀਤਾ ॥੧॥ ਰਹਾਉ ॥	ایَسا گِیانُ جپہُ میرے مِیتا ۔ ॥1॥ رہاءُ ॥
ਨੈਨਹੁ ਸੂਤਕੁ ਬੈਨਹੁ ਸੂਤਕੁ ਸੂਤਕੁ ਸ੍ਰਵਨੀ ਹੋਈ ॥	نینہُ سوُتکُ بینہُ سوُتکُ سوُتکُ سّرونی ہوئی ॥
ਊਠਤ ਬੈਠਤ ਸੂਤਕੁ ਲਾਗੈ ਸੂਤਕੁ ਪਰੈ ਰਸੋਈ ॥੨॥	اوُٹھت بیٹھت سوُتکُ لاگے سوُتکُ پرے رسوئی ॥2॥
ਫਾਸਨ ਕੀ ਬਿਧਿ ਸਭੁ ਕੋਉ ਜਾਨੈ ਛੂਟਨ ਕੀ ਇਕੁ ਕੋਈ ॥	پھاسن کی بِدھِ سبھُ کوءُ جانے چھوُٹن کی اِکُ کوئی ॥
ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ ॥੩॥੪੧॥	کہِ کبیِر رامُ رِدے بِچارے سوُتکُ تِنے ن ہوئی ॥3॥ 41 ॥
ਗਉੜੀ ॥	گئڑی ॥
ਝਗਰਾ ਏਕੁ ਨਿਬੇਰਹੁ ਰਾਮ ॥	جھگرا ایکُ نِبیرہُ رام ۔ ॥
ਜਉ ਤੁਮ ਅਪਨੇ ਜਨ ਸੌ ਕਾਮੁ ॥੧॥ ਰਹਾਉ ॥	جءُ تُم اپنے جن سوَ کامُ ॥1॥ رہاءُ ॥
ਇਹੁ ਮਨੁ ਬਡਾ ਕਿ ਜਾ ਸਉ ਮਨੁ ਮਾਨਿਆ ॥	اِہُ منُ بڈا کِ جا سءُ منُ مانِیا ۔ ॥
ਰਾਮੁ ਬਡਾ ਕੈ ਰਾਮਹਿ ਜਾਨਿਆ ॥੧॥	رامُ بڈا کے رامہِ جانِیا ۔ ॥1॥
ਬ੍ਰਹਮਾ ਬਡਾ ਕਿ ਜਾਸੁ ਉਪਾਇਆ ॥	بّرہما بڈا کِ جاسُ اُپائِیا ۔ ॥
ਬੇਦੁ ਬਡਾ ਕਿ ਜਹਾਂ ਤੇ ਆਇਆ ॥੨॥	بیدُ بڈا کِ جہاں تے آئِیا ۔ ॥2॥
ਕਹਿ ਕਬੀਰ ਹਉ ਭਇਆ ਉਦਾਸੁ ॥	کہِ کبیِر ہءُ بھئِیا اُداسُ ॥
ਤੀਰਥੁ ਬਡਾ ਕਿ ਹਰਿ ਕਾ ਦਾਸੁ ॥੩॥੪੨॥	تِیرتھُ بڈا کِ ہرِ کا داسُ ۔ ॥3॥ 42 ॥
ਰਾਗੁ ਗਉੜੀ ਚੇਤੀ ॥	راگُ گئڑی چیتی ॥
ਦੇਖੌ ਭਾਈ ਗ੍ਯਾਨ ਕੀ ਆਈ ਆਧੀ ॥	دیکھوَ بھائی گّیان کی آئی آدھی ॥
ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ ॥੧॥ ਰਹਾਉ ॥	سبھے اُڈانی بھّرم کی ٹاٹی رہے ن مائِیا باندھی ॥1॥ رہاءُ ॥
ਦੁਚਿਤੇ ਕੀ ਦੁਇ ਥੂਨਿ ਗਿਰਾਨੀ	دُچِتے کی دُءِ تھوُنِ گِرانی

ਮੋਹ ਬਲੇਡਾ ਟੂਟਾ ॥

موہ بلیڈا ٹوٹا ॥

ਤਿਸਨਾ ਛਾਨਿ ਪਰੀ ਧਰ ਊਪਰਿ
ਦੁਰਮਤਿ ਭਾਂਡਾ ਫੂਟਾ ॥੧॥

تِسنا چھانِ پری دھر اوُپرِ
دُرمتِ بھانڈا پھوٹا ॥1॥

ਆਧੀ ਪਾਛੇ ਜੋ ਜਲੁ ਬਰਖੈ
ਤਿਹਿ ਤੇਰਾ ਜਨੁ ਭੀਨਾਂ ॥

آدھی پاچھے جو جلُ برکھےَ
تہِ تیرا جنُ بھِیناں ॥

ਕਹਿ ਕਬੀਰ ਮਨਿ ਭਇਆ ਪ੍ਰਗਾਸਾ
ਉਦੈ ਭਾਨੁ ਜਬ ਚੀਨਾ ॥੨॥੪੩॥

کہِ کبیِر منِ بھئیا پرّگاسا
اُدےَ بھانُ جب چِینا ॥2॥ 43 ॥

ਗਉੜੀ ਚੇਤੀ

گئڑی چیتی

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥

ہرِ جسُ سُنہِ ن ہرِ گُن گاوہِ ॥

ਬਾਤਨ ਹੀ ਅਸਮਾਨੁ ਗਿਰਾਵਹਿ ॥੧॥

باتن ہی اسمانُ گِراوہِ ॥1॥

ਐਸੇ ਲੋਗਨ ਸਿਉ ਕਿਆ ਕਹੀਐ ॥

ایَسے لوگن سِءُ کِیا کہیےَ ۔ ॥

ਜੋ ਪ੍ਰਭ ਕੀਏ ਭਗਤਿ ਤੇ ਬਾਹਜ
ਤਿਨ ਤੇ ਸਦਾ ਡਰਾਨੇ ਰਹੀਐ ॥੧॥ ਰਹਾਉ ॥

جو پرّبھ کیِےَ بھگتِ تے باہج
تِن تے سدا ڈرانے رہیےَ ॥1॥ رہاءُ ॥

ਆਪਿ ਨ ਦੇਹਿ ਚੁਰੂ ਭਰਿ ਪਾਨੀ ॥

آپِ ن دیہِ چُرہُ بھرِ پانی ॥

ਤਿਹ ਨਿੰਦਹਿ ਜਿਹ ਗੰਗਾ ਆਨੀ ॥੨॥

تہِ نِندہِ جِہ گنگا آنی ॥2॥

ਬੈਠਤ ਉਠਤ ਕੁਟਿਲਤਾ ਚਾਲਹਿ ॥

بیٹھت اُٹھت کُٹِلتا چالہِ ॥

ਆਪੁ ਗਏ ਅਉਰਨ ਹੂ ਘਾਲਹਿ ॥੩॥

آپُ گئے اُرن ہوُ گھالہِ ॥3॥

ਛਾਡਿ ਕੁਚਰਚਾ ਆਨ ਨ ਜਾਨਹਿ ॥

چھاڈِ کُچرچا آن ن جانہِ ॥

ਬ੍ਰਹਮਾ ਹੂ ਕੋ ਕਹਿਓ ਨ ਮਾਨਹਿ ॥੪॥

برّہما ہوُ کو کہِئو ن مانہِ ॥4॥

ਆਪੁ ਗਏ ਅਉਰਨ ਹੂ ਖੋਵਹਿ ॥

آپُ گئے اُرن ہوُ کھووہِ ॥

ਆਗਿ ਲਗਾਇ ਮੰਦਰ ਮੈ ਸੋਵਹਿ ॥੫॥

آگِ لگاءِ مندر مےَ سووہِ ॥5॥

ਅਵਰਨ ਹਸਤ ਆਪ ਹਹਿ ਕਾਂਨੇ ॥

اورن ہست آپ ہہِ کانّنے ॥

ਤਿਨ ਕਉ ਦੇਖਿ ਕਬੀਰ ਲਜਾਨੇ ॥੬॥੧॥੪੪॥

تِن ک ءُ دیکھِ کبیِر لجانے ॥6॥1॥ 44 ॥

ਰਾਗ ਗਉੜੀ ਬੈਰਾਗਣਿ ਕਬੀਰ ਜੀ

راگ گئڑی بیَراگنِ کبیِر جی

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਜੀਵਤ ਪਿਤਰ ਨ ਮਾਨੈ ਕੋਊ
ਮੂਏਂ ਸਿਰਾਧ ਕਰਾਹੀ ॥

جیِوت پِتر ن مانے کوئُو
مؤئیں سِرادھ کراہی ॥

ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ
ਕਊਆ ਕੂਕਰ ਖਾਹੀ ॥੧॥

پِتر بھی بپُرے کہُ کِ ءُ پاوہِ
کئوُیا کوُکر کھاہی ॥1॥

ਮੋ ਕਉ ਕੁਸਲੁ ਬਤਾਵਹੁ ਕੋਈ ॥

مو ک ءُ کُسلُ بتاوہُ کوئی ॥

ਕੁਸਲੁ ਕੁਸਲੁ ਕਰਤੇ ਜਗੁ ਬਿਨਸੈ
ਕੁਸਲੁ ਭੀ ਕੈਸੇ ਹੋਈ ॥੧॥ ਰਹਾਉ ॥

کُسلُ کُسلُ کرتے جگُ بِنسے
کُسلُ بھی کیَسے ہوئی ۔ ॥1॥ رہاءُ ॥

ਮਾਟੀ ਕੇ ਕਰਿ ਦੇਵੀ ਦੇਵਾ
ਤਿਸੁ ਆਗੈ ਜੀਉ ਦੇਹੀ ॥

ماٹی کے کرِ دیوی دیوا
تِس آگے جیِ ءُ دیہی ॥

ਐਸੇ ਪਿਤਰ ਤੁਮਾਰੇ ਕਹੀਅਹਿ
ਆਪਨ ਕਹਿਆ ਨ ਲੇਹੀ ॥੨॥

ایَسے پِتر تُمارے کہیئہِ
آپن کہِیا ن لیہی ॥2॥

ਸਰਜੀਉ ਕਾਟਹਿ ਨਿਰਜੀਉ ਪੂਜਹਿ
ਅੰਤ ਕਾਲ ਕਉ ਭਾਰੀ ॥

سرجیِ ءُ کاٹہِ نِرجیِ ءُ پوُجہِ
انّت کال ک ءُ بھاری ॥

ਰਾਮ ਨਾਮ ਕੀ ਗਤਿ ਨਹੀ ਜਾਨੀ
ਭੈ ਡੂਬੇ ਸੰਸਾਰੀ ॥੩॥

رام نام کی گتِ نہی جانی
بھےَ ڈوُبے سنّساری ॥3॥

ਦੇਵੀ ਦੇਵਾ ਪੂਜਹਿ ਡੋਲਹਿ
ਪਾਰਬ੍ਰਹਮ ਨਹੀ ਜਾਨਾ ॥

دیوی دیوا پوُجہِ ڈولہِ
پاربّرہم نہی جانا ॥

ਕਹਤ ਕਬੀਰ ਅਕੁਲੁ ਨਹੀ ਚੇਤਿਆ
ਬਿਖਿਆ ਸਿਉ ਲਪਟਾਨਾ ॥੪॥੧॥੪੫॥

کہت کبیِر اکُلُ نہی چیتِیا
بِکھیا سِ ءُ لپٹانا ॥4॥1॥ 45 ॥

ਗਉੜੀ ॥

گئڑی ॥

ਜੀਵਤ ਮਰੈ ਮਰੈ ਫੁਨਿ ਜੀਵੈ
ਐਸੇ ਸੁੰਨਿ ਸਮਾਇਆ ॥

جیِوت مرے مرے پھُنِ جیِوے
ایَسے سُنّنِ سمائیا ॥

ਅੰਜਨ ਮਾਹਿ ਨਿਰੰਜਨਿ ਰਹੀਐ
ਬਹੁੜਿ ਨ ਭਵਜਲਿ ਪਾਇਆ ॥੧॥

انجن ماہِ نِرنجنِ رہیئے
بہُڑِ ن بھوجلِ پائیا ॥1॥

ਮੇਰੇ ਰਾਮ ਐਸਾ ਖੀਰੁ ਬਿਲੋਈਐ ॥

میرے رام ایَسا کھیِرُ بِلوئیئے ॥

ਗੁਰਮਤਿ ਮਨੂਆ ਅਸਥਿਰੁ ਰਾਖਹੁ
ਇਨ ਬਿਧਿ ਅੰਮ੍ਰਿਤੁ ਪੀਓਈਐ ॥੧॥ ਰਹਾਉ ॥

گُرمتِ منوُیا استھِرُ راکھہُ
اِن بِدھِ انمّرِتُ پیئوئیئے ॥1॥ رہاءُ ॥

ਗੁਰ ਕੈ ਬਾਣਿ ਬਜਰ ਕਲ ਛੇਦੀ
ਪ੍ਰਗਟਿਆ ਪਦੁ ਪਰਗਾਸਾ ॥

گُر کے باںِ بجر کل چھیدی
پّرگٹیا پدُ پرگاسا ॥

ਸਕਤਿ ਅਧੇਰ ਜੇਵੜੀ ਭ੍ਰਮੁ ਚੂਕਾ
ਨਿਹਚਲੁ ਸਿਵ ਘਰਿ ਬਾਸਾ ॥੨॥

سکتِ ادھیر جیوڑی بھّرمُ چوُکا
نِہچلُ سِو گھرِ باسا ॥2॥

ਤਿਨਿ ਬਿਨੁ ਬਾਣੈ ਧਨਖੁ ਚਢਾਈਐ
ਇਹੁ ਜਗੁ ਬੇਧਿਆ ਭਾਈ ॥

تِنِ بِنُ باںٹے دھنکھُ چڑھائیئے
اِہُ جگُ بیدھِیا بھائی ॥

ਦਹ ਦਿਸ ਬੂਡੀ ਪਵਨੁ ਝੁਲਾਵੈ
ਡੋਰਿ ਰਹੀ ਲਿਵ ਲਾਈ ॥੩॥

دہ دِس بوُڈی پونُ جھُلاوے
ڈورِ رہی لِو لائی ॥3॥

ਉਨਮਨਿ ਮਨੂਆ ਸੁੰਨਿ ਸਮਾਨਾ
ਦੁਬਿਧਾ ਦੁਰਮਤਿ ਭਾਗੀ ॥

اُنمنِ منوُیا سُنّنِ سمانا
دُبِدھا دُرمتِ بھاگی ॥

ਕਹੁ ਕਬੀਰ ਅਨਭਉ ਇਕੁ ਦੇਖਿਆ
ਰਾਮ ਨਾਮਿ ਲਿਵ ਲਾਗੀ ॥੪॥੨॥੪੬॥

کہُ کبیِر انبھءُ اِکُ دیکھیا
رام نامِ لِو لاگی ॥4॥2॥ 46 ॥

ਗਉੜੀ ਬੈਰਾਗਣਿ ਤਿਪਦੇ ॥

گئڑی بیَراگنِ تِپدے ॥

ਉਲਟਤ ਪਵਨ ਚਕ੍ਰ ਖਟੁ ਭੇਦੇ
ਸੁਰਤਿ ਸੁੰਨ ਅਨਰਾਗੀ ॥

اُلٹت پون چکّر کھٹُ بھیدے
سُرتِ سُنّن انراگی ॥

ਆਵੈ ਨ ਜਾਇ ਮਰੈ ਨ ਜੀਵੈ
ਤਾਸੁ ਖੋਜੁ ਬੈਰਾਗੀ ॥੧॥

آوے ن جاءِ مرے ن جیِوے
تاسُ کھوجُ بیَراگی ॥1॥

ਮੇਰੇ ਮਨ ਮਨ ਹੀ ਉਲਟਿ ਸਮਾਨਾ ॥

میرے من من ہی اُلٹِ سمانا ॥

ਗੁਰ ਪਰਸਾਦਿ ਅਕਲਿ ਭਈ ਅਵਰੈ
ਨਾਤਰੁ ਥਾ ਬੇਗਾਨਾ ॥੧॥ ਰਹਾਉ ॥

گُر پرسادِ عقلِ بھئی اورے
ناترُ تھا بیگانا ॥1॥ رہاءُ ॥

ਨਿਵਰੈ ਦੂਰਿ ਦੂਰਿ ਫੁਨਿ ਨਿਵਰੈ
ਜਿਨਿ ਜੈਸਾ ਕਰਿ ਮਾਨਿਆ ॥

ਅਲਉਤੀ ਕਾ ਜੈਸੇ ਭਇਆ ਬਰੇਡਾ
ਜਿਨਿ ਪੀਆ ਤਿਨਿ ਜਾਨਿਆ ॥੨॥

ਤੇਰੀ ਨਿਰਗੁਨ ਕਥਾ ਕਾਇ ਸਿਉ ਕਹੀਐ
ਐਸਾ ਕੋਇ ਬਿਬੇਕੀ ॥

ਕਹੁ ਕਬੀਰ ਜਿਨਿ ਦੀਆ ਪਲੀਤਾ
ਤਿਨਿ ਤੈਸੀ ਝਲ ਦੇਖੀ ॥੩॥੩॥੪੭॥

ਗਉੜੀ ॥

ਤਹ ਪਾਵਸ ਸਿੰਧੁ ਧੂਪ ਨਹੀ ਛਹੀਆ
ਤਹ ਉਤਪਤਿ ਪਰਲਉ ਨਾਹੀ ॥

ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ
ਸੁੰਨ ਸਮਾਧਿ ਦੋਊ ਤਹ ਨਾਹੀ ॥੧॥

ਸਹਜ ਕੀ ਅਕਥ ਕਥਾ ਹੈ ਨਿਰਾਰੀ ॥

ਤੁਲਿ ਨਹੀ ਚਢੈ ਜਾਇ ਨ ਮੁਕਾਤੀ
ਹਲੁਕੀ ਲਗੈ ਨ ਭਾਰੀ ॥੧॥ ਰਹਾਉ ॥

ਅਰਧ ਉਰਧ ਦੋਊ ਤਹ ਨਾਹੀ
ਰਾਤਿ ਦਿਨਸੁ ਤਹ ਨਾਹੀ ॥

ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ
ਸਤਿਗੁਰ ਤਹਾ ਸਮਾਹੀ ॥੨॥

ਅਗਮ ਅਗੋਚਰੁ ਰਹੈ ਨਿਰੰਤਰਿ
ਗੁਰ ਕਿਰਪਾ ਤੇ ਲਹੀਐ ॥

ਕਹੁ ਕਬੀਰ ਬਲਿ ਜਾਉ ਗੁਰ ਅਪੁਨੇ
ਸਤਸੰਗਤਿ ਮਿਲਿ ਰਹੀਐ ॥੩॥੪॥੪੮॥

ਗਉੜੀ ॥

نِورے دوُرِ دوُرِ پھُنِ نِورے
جِنِ جیَسا کرِ مانِیا ॥

النُتی کا جیَسے بھیَیا بریڈا
جِنِ پِیا تِنِ جانِیا ॥2॥

تیری نِرگُن کتھا کاءِ سِءُ کہیئے
ایَسا کوءِ بِبیکی ॥

کہُ کبیرِ جِنِ دِیِیا پلیِتا
تِنِ تیَسی جھل دیکھی ॥3॥3॥ 47 ॥

گُڑی ॥

تہ پاوس سِنّدھُ دھوُپ نہی چھہِیا
تہ اُتپتِ پرل ءُ ناہی ॥

جیِون مِرتُ ن دُکھُ سُکھُ بِیاپے
سُنّن سمادھِ دوئوُ تہ ناہی ॥1॥

سہج کی اکتھ کتھا ہے نِراری ॥

تُلِ نہی چڑھے جاءِ ن مُکاتی
ہُلکی لگے ن بھاری ॥1॥ رہاءُ ॥

اردھ اُردھ دوئوُ تہ ناہی
راتِ دِنُس تہ ناہی ॥

جلُ نہی پونُ پاوکُ پھُنِ ناہی
ستِگُر تہا سماہی ॥2॥

اگم اگوچرُ رہے نِرنتر
گُر کِرپا تے لہیئے ॥

کہُ کبیرِ بلِ جاءُ گُر اپُنے
ستسنگتِ مِلِ رہیئے ॥3॥4॥ 48 ॥

گُڑی ॥

ਪਾਪੁ ਪੁੰਨੁ ਦੁਇ ਬੈਲ ਬਿਸਾਹੇ
ਪਵਨੁ ਪੂਜੀ ਪਰਗਾਸਿਓ ॥

ਤ੍ਰਿਸਨਾ ਗੂਣਿ ਭਰੀ ਘਟ ਭੀਤਰਿ
ਇਨ ਬਿਧਿ ਟਾਂਡ ਬਿਸਾਹਿਓ ॥੧॥

ਐਸਾ ਨਾਇਕੁ ਰਾਮੁ ਹਮਾਰਾ ॥

ਸਗਲ ਸੰਸਾਰੁ ਕੀਓ ਬਨਜਾਰਾ ॥੧॥ ਰਹਾਉ ॥

ਕਾਮੁ ਕ੍ਰੋਧੁ ਦੁਇ ਭਏ ਜਗਾਤੀ
ਮਨ ਤਰੰਗ ਬਟਵਾਰਾ ॥

ਪੰਚ ਤਤੁ ਮਿਲਿ ਦਾਨੁ ਨਿਬੇਰਹਿ
ਟਾਂਡਾ ਉਤਰਿਓ ਪਾਰਾ ॥੨॥

ਕਹਤ ਕਬੀਰੁ ਸੁਨਹੁ ਰੇ ਸੰਤਹੁ
ਅਬ ਐਸੀ ਬਨਿ ਆਈ ॥

ਘਾਟੀ ਚਢਤ ਬੈਲੁ ਇਕੁ ਥਾਕਾ
ਚਲੋ ਗੋਨਿ ਛਿਟਕਾਈ ॥੩॥੫॥੪੯॥

ਗਉੜੀ ਪੰਚਪਦਾ ॥

ਪੇਵਕੜੈ ਦਿਨ ਚਾਰਿ ਹੈ
ਸਾਹੁਰੜੈ ਜਾਣਾ ॥

ਅੰਧਾ ਲੋਕੁ ਨ ਜਾਣਈ
ਮੂਰਖੁ ਏਆਣਾ ॥੧॥

ਕਹੁ ਡਡੀਆ ਬਾਧੈ ਧਨ ਖੜੀ ॥

ਪਾਹੂ ਘਰਿ ਆਏ ਮੁਕਲਾਊ ਆਏ ॥੧॥ ਰਹਾਉ ॥

ਓਹ ਜਿ ਦਿਸੈ ਖੂਹੜੀ
ਕਉਨ ਲਾਜੁ ਵਹਾਰੀ ॥

ਲਾਜੁ ਘੜੀ ਸਿਉ ਤੂਟਿ ਪੜੀ
ਉਠਿ ਚਲੀ ਪਨਿਹਾਰੀ ॥੨॥

پاپ پُنّن دُءِ بیَل بِساہے
پون پُوجی پرگاسِئو ॥

تّرِسنا گُونٹِ بھری گھٹ بھِتر
اِن بِدھِ ٹانڈ بِساہِئو ॥1॥

ایَسا نائِکُ رامُ ہمارا ॥

سگل سنّسارُ کِیئو بنجارا ॥1॥ رہاءُ ॥

کامُ کّرودھُ دُءِ بھئے جگاتی
من ترنگ بٹوارا ॥

پنّچ تتُ مِلِ دانُ نِبیرہِ
ٹانڈا اُترِئو پارا ॥2॥

کہت کبیِرُ سُنہُ رے سنّتہُ
اب ایَسی بنِ آئی ॥

گھاٹی چڑھت بیَلُ اِکُ تھاکا
چلو گونِ چھِٹکائی ॥3॥5॥ 49 ॥

گئُڑی پنّچپدا ॥

پیوکڑے دِن چارِ ہے
ساہُرڑے جاٹا ॥

اندھا لوکُ ن جانئی
موُرکھُ ایِیاٹا ॥1॥

کہُ ڈڈیِیا بادھے دھن کھڑی ॥

پاہوُ گھرِ آئے مُکلائوُ آئے ॥1॥ رہاءُ ॥

اوہ جِ دِسے کھوُہڑی
کئُن لاجُ وہاری ۔ ॥

لاجُ گھڑی سِءُ توُٹِ پڑی
اُٹھِ چلی پنہاری ॥2॥

ਸਾਹਿਬੁ ਹੋਇ ਦਇਆਲੁ ਕ੍ਰਿਪਾ ਕਰੇ
ਅਪੁਨਾ ਕਾਰਜੁ ਸਵਾਰੇ ॥

صاحِبُ ہوءِ دیَیالُ کرِپا کرے
اپُنا کارجُ سوارے ॥

ਤਾ ਸੋਹਾਗਣਿ ਜਾਣੀਐ
ਗੁਰ ਸਬਦੁ ਬੀਚਾਰੇ ॥੩॥

تا سوہاگنِ جانیَے
گُر سبدُ بیچارے ॥3॥

ਕਿਰਤ ਕੀ ਬਾਂਧੀ ਸਭ ਫਿਰੈ
ਦੇਖਹੁ ਬੀਚਾਰੀ ॥

کِرت کی باندھی سبھ پھِرے
دیکھہُ بیچاری ॥

ਏਸ ਨੋ ਕਿਆ ਆਖੀਐ
ਕਿਆ ਕਰੇ ਵਿਚਾਰੀ ॥੪॥

ایس نو کیا آکھیَے
کِیا کرے وِچاری ۔ ॥4॥

ਭਈ ਨਿਰਾਸੀ ਉਠਿ ਚਲੀ
ਚਿਤ ਬੰਧਿ ਨ ਧੀਰਾ ॥

بھئی نِراسی اُٹھِ چلی
چِت بنّدھِ ن دھیِرا ॥

ਹਰਿ ਕੀ ਚਰਣੀ ਲਾਗਿ ਰਹੁ
ਭਜੁ ਸਰਣਿ ਕਬੀਰਾ ॥੫॥੬॥੫੦॥

ہرِ کی چرنّی لاگِ رہُ
بھجُ سرنِ کبیِرا ॥5॥6॥ 50 ॥

ਗਉੜੀ ॥

گئڑی ॥

ਜੋਗੀ ਕਹਹਿ ਜੋਗੁ ਭਲ ਮੀਠਾ
ਅਵਰੁ ਨ ਦੂਜਾ ਭਾਈ ॥

جوگی کہہِ جوگُ بھل میٹھا
اورُ ن دوُجا بھائی ॥

ਰੁੰਡਿਤ ਮੁੰਡਿਤ ਏਕੈ ਸਬਦੀ
ਏਇ ਕਹਹਿ ਸਿਧਿ ਪਾਈ ॥੧॥

رُنڈِت مُنڈِت ایکےَ سبدی
ایءِ کہہِ سِدھِ پائی ॥1॥

ਹਰਿ ਬਿਨੁ ਭਰਮਿ ਭੁਲਾਨੇ ਅੰਧਾ ॥

ہرِ بِنُ بھرمِ بھُلانے اندھا ॥

ਜਾ ਪਹਿ ਜਾਉ ਆਪੁ ਛੁਟਕਾਵਨਿ
ਤੇ ਬਾਧੇ ਬਹੁ ਫੰਧਾ ॥੧॥ ਰਹਾਉ ॥

جا پہِ جاءُ آپُ چھُٹکاونِ
تے بادھے بہُ پھنّدھا ॥1॥ رہاءُ ॥

ਜਹ ਤੇ ਉਪਜੀ ਤਹੀ ਸਮਾਨੀ
ਇਹ ਬਿਧਿ ਬਿਸਰੀ ਤਬ ਹੀ ॥

جہ تے اُپجی تہی سمانی
اِہ بِدھِ بِسری تب ہی ॥

ਪੰਡਿਤ ਗੁਣੀ ਸੂਰ ਹਮ ਦਾਤੇ
ਏਹਿ ਕਹਹਿ ਬਡ ਹਮ ਹੀ ॥੨॥

پنّڈِت گُنّی سوُر ہم داتے
ایہِ کہہِ بڈ ہم ہی ॥2॥

ਜਿਸਹਿ ਬੁਝਾਏ ਸੋਈ ਬੂਝੈ

جِسہِ بُجھائے سوئی بوُجھے

ਬਿਨੁ ਬੂਝੇ ਕਿਉ ਰਹੀਐ ॥

بِنُ بوُجھے کِءُ رہیئے ۔ ॥

ਸਤਿਗੁਰੁ ਮਿਲੈ ਅੰਧੇਰਾ ਚੂਕੈ
ਇਨ ਬਿਧਿ ਮਾਣਕੁ ਲਹੀਐ ॥੩॥

ستِگُر مِلے اَندھیرا چوُکے
اِن بِدھِ ماٹکُ لہیئے ॥3॥

ਤਜਿ ਬਾਵੇ ਦਾਹਨੇ ਬਿਕਾਰਾ
ਹਰਿ ਪਦੁ ਦ੍ਰਿੜੁ ਕਰਿ ਰਹੀਐ ॥

تجِ باوے داہنے بِکارا
ہرِ پدُ دّرِڑُ کرِ رہیئے ॥

ਕਹੁ ਕਬੀਰ ਗੂੰਗੈ ਗੁੜੁ ਖਾਇਆ
ਪੂਛੇ ਤੇ ਕਿਆ ਕਹੀਐ ॥੪॥੭॥੫੧॥

کہُ کبیِر گوُنگے گُڑُ کھائیا
پوُچھے تے کِیا کہیئے ۔ ॥4॥7॥ 51 ॥

ਰਾਗੁ ਗਉੜੀ ਪੂਰਬੀ ਕਬੀਰ ਜੀ ॥

راگُ گرُڑی پوُربی کبیِر جی ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پّرساد ॥

ਜਹ ਕਛੁ ਅਹਾ ਤਹਾ ਕਿਛੁ ਨਾਹੀ
ਪੰਚ ਤਤੁ ਤਹ ਨਾਹੀ ॥

جہ کچھُ اہا تہا کِچھُ ناہی
پنّچ تتُ تہ ناہی ॥

ਇੜਾ ਪਿੰਗੁਲਾ ਸੁਖਮਨ ਬੰਦੇ
ਏ ਅਵਗਨ ਕਤ ਜਾਹੀ ॥੧॥

اِڑا پِنگُلا سُکھمن بندے
اے اوگن کت جاہی ۔ ॥1॥

ਤਾਗਾ ਤੂਟਾ ਗਗਨੁ ਬਿਨਸਿ ਗਇਆ
ਤੇਰਾ ਬੋਲਤੁ ਕਹਾ ਸਮਾਈ ॥

تاگا توُٹا گگنُ بِنسِ گیِیا
تیرا بولتُ کہا سمائی ۔ ॥

ਏਹ ਸੰਸਾ ਮੋ ਕਉ ਅਨਦਿਨੁ ਬਿਆਪੈ
ਮੋ ਕਉ ਕੋ ਨ ਕਹੈ ਸਮਝਾਈ ॥੧॥ ਰਹਾਉ ॥

ایہ سنّسا مو کءُ اندِنُ بِیاپے
مو کءُ کو ن کہے سمجھائی ॥1॥ رہاءُ ॥

ਜਹ ਬਰਭੰਡੁ ਪਿੰਡੁ ਤਹ ਨਾਹੀ
ਰਚਨਹਾਰੁ ਤਹ ਨਾਹੀ ॥

جہ بربھنّڈُ پِنّڈُ تہ ناہی
رچنہارُ تہ ناہی ॥

ਜੋੜਨਹਾਰੋ ਸਦਾ ਅਤੀਤਾ
ਇਹ ਕਹੀਐ ਕਿਸੁ ਮਾਹੀ ॥੨॥

جوڑنہارو سدا اتیِتا
اِہ کہیئے کِسُ ماہی ۔ ॥2॥

ਜੋੜੀ ਜੁੜੈ ਨ ਤੋੜੀ ਤੂਟੈ
ਜਬ ਲਗੁ ਹੋਇ ਬਿਨਾਸੀ ॥

جوڑی جُڑے ن توڑی توُٹے
جب لگُ ہوءِ بِناسی ॥

ਕਾ ਕੋ ਠਾਕੁਰੁ ਕਾ ਕੋ ਸੇਵਕੁ
ਕੋ ਕਾਹੂ ਕੈ ਜਾਸੀ ॥੩॥

کا کو ٹھاکُرُ کا کو سیوکُ
کو کاہوُ کے جاسی ۔ ॥3॥

ਕਹੁ ਕਬੀਰ ਲਿਵ ਲਾਗਿ ਰਹੀ ਹੈ
ਜਹਾ ਬਸੇ ਦਿਨ ਰਾਤੀ ॥

ਉਆ ਕਾ ਮਰਮੁ ਓਹੀ ਪਰੁ ਜਾਨੈ
ਓਹੁ ਤਉ ਸਦਾ ਅਬਿਨਾਸੀ ॥੪॥੧॥੫੨॥

ਗਉੜੀ ॥

ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ
ਪਰਮਿਤਿ ਬਾਹਰਿ ਖਿੰਥਾ ॥

ਸੁੰਨ ਗੁਫਾ ਮਹਿ ਆਸਣੁ ਬੈਸਣੁ
ਕਲਪ ਬਿਬਰਜਿਤ ਪੰਥਾ ॥੧॥

ਮੇਰੇ ਰਾਜਨ ਮੈ ਬੈਰਾਗੀ ਜੋਗੀ ॥

ਮਰਤ ਨ ਸੋਗ ਬਿਓਗੀ ॥੧॥ ਰਹਾਉ ॥

ਖੰਡ ਬ੍ਰਹਮੰਡ ਮਹਿ ਸਿੰਙੀ
ਮੇਰਾ ਬਟੂਆ ਸਭੁ ਜਗੁ ਭਸਮਾਧਾਰੀ ॥

ਤਾੜੀ ਲਾਗੀ ਤ੍ਰਿਪਲੁ ਪਲਟੀਐ
ਛੂਟੈ ਹੋਇ ਪਸਾਰੀ ॥੨॥

ਮਨੁ ਪਵਨੁ ਦੁਇ ਤੂੰਬਾ ਕਰੀ ਹੈ
ਜੁਗ ਜੁਗ ਸਾਰਦ ਸਾਜੀ ॥

ਥਿਰੁ ਭਈ ਤੰਤੀ ਤੂਟਸਿ ਨਾਹੀ
ਅਨਹਦ ਕਿੰਗੁਰੀ ਬਾਜੀ ॥੩॥

ਸੁਨਿ ਮਨ ਮਗਨ ਭਏ ਹੈ ਪੂਰੇ
ਮਾਇਆ ਡੋਲ ਨ ਲਾਗੀ ॥

ਕਹੁ ਕਬੀਰ ਤਾ ਕਉ ਪੁਨਰਪਿ ਜਨਮੁ ਨਹੀ
ਖੇਲਿ ਗਇਓ ਬੈਰਾਗੀ ॥੪॥੨॥੫੩॥

ਗਉੜੀ ॥

ਗਜ ਨਵ ਗਜ ਦਸ ਗਜ ਇਕੀਸ

کہُ کبیرِ لِو لاگِ رہی ہےَ
جہا بسے دِن راتی ॥

اُیا کا مرمُ اوہی پُر جانے
اوہُ تءُ سدا اِبناسی ॥4॥1॥ 52 ॥

گئُڑی ॥

سُرتِ سِمرّتِ دُءِ کنّنی مُندا
پرمِتِ باہرِ کھِنّتھا ॥

سُنّن گُپھا مہِ آسنُ بیَسنُ
کلپ بِبرجِت پنّتھا ॥1॥

میرے راجن مےَ بیَراگی جوگی ॥

مرت ن سوگ بِئوگی ॥1॥ رہاءُ ॥

کھنڈ برّہمنڈ مہِ سِنّگی
میرا بٹُویا سبھُ جگُ بھسمادھاری ॥

تاڑی لاگی ترّپلُ پلٹیےَّ
چھوُٹے ہوءِ پساری ॥2॥

منُ پونُ دُءِ توُنبا کری ہےَ
جُگ جُگ سارد ساجی ॥

تھِرُ بھئی تنّتی توُٹسِ ناہی
انہد کِنگُری باجی ॥3॥

سُنِ من مگن بھےَ ہےَ پوُرے
مائیا ڈول ن لاگی ॥

کہُ کبیرِ تا کءُ پُنرپِ جنمُ نہی
کھیلِ گئِئو بیَراگی ॥4॥2॥ 53 ॥

گئُڑی ॥

گج نو گج دس گج اِکیس

ਪੁਰੀਆ ਏਕ ਤਨਾਈ ॥

پُرییا ایک تنائی ॥

ਸਾਠ ਸੂਤ ਨਵ ਖੰਡ ਬਹਤਰਿ
ਪਾਟੂ ਲਗੋ ਅਧਿਕਾਈ ॥੧॥

ساٹھ سوُت نو کھنڈ بہترِ
پاٹُ لگو ادھِکائی ॥1॥

ਗਈ ਬੁਨਾਵਨ ਮਾਹੋ ॥

گئی بُناون ماہو ॥

ਘਰ ਛੋਡਿਐ ਜਾਇ ਜੁਲਾਹੋ ॥੧॥ ਰਹਾਉ ॥

گھر چھوڈِئے جاءِ جُلاہو ॥1॥ رہاءُ ॥

ਗਜੀ ਨ ਮਿਨੀਐ ਤੋਲਿ ਨ ਤੁਲੀਐ
ਪਾਚਨੁ ਸੇਰ ਅਢਾਈ ॥

گزی ن مِنیئے تولِ ن تُلیئے
پاچنُ سیر اڈھائی ॥

ਜੌ ਕਰਿ ਪਾਚਨੁ ਬੇਗਿ ਨ ਪਾਵੈ
ਝਗਰੁ ਕਰੈ ਘਰਹਾਈ ॥੨॥

جو کرِ پاچنُ بیگِ ن پاوے
جھگڑُ کرے گھرہائی ॥2॥

ਦਿਨ ਕੀ ਬੈਠ ਖਸਮ ਕੀ ਬਰਕਸ
ਇਹ ਬੇਲਾ ਕਤ ਆਈ ॥

دِن کی بیٹھ خصم کی برکس
اِہ بیلا کت آئی ۔ ॥

ਛੂਟੇ ਕੂੰਡੇ ਭੀਗੈ ਪੁਰੀਆ
ਚਲਿਓ ਜੁਲਾਹੋ ਰੀਸਾਈ ॥੩॥

چھوُٹے کوُنڈے بھیگے پُرییا
چلِئو جُلاہو ریسائی ॥3॥

ਛੋਛੀ ਨਲੀ ਤੰਤੁ ਨਹੀ ਨਿਕਸੈ
ਨਤਰ ਰਹੀ ਉਰਝਾਈ ॥

چھوچھی نلی تنتُ نہی نِکسے
نتر رہی اُرجھائی ॥

ਛੋਡਿ ਪਸਾਰੁ ਈਹਾ ਰਹੁ ਬਪੁਰੀ
ਕਹੁ ਕਬੀਰ ਸਮਝਾਈ ॥੪॥੩॥੫੪॥

چھوڈِ پسارُ ایہا رہُ بپُری
کہُ کبیِر سمجھائی ॥4॥3॥ 54 ॥

ਗਉੜੀ ॥

گئڑی ॥

ਏਕ ਜੋਤਿ ਏਕਾ ਮਿਲੀ
ਕਿੰਬਾ ਹੋਇ ਮਹੋਇ ॥

ایک جوتِ ایکا مِلی
کِنّبا ہوءِ مہوءِ ॥

ਜਿਤੁ ਘਟਿ ਨਾਮੁ ਨ ਊਪਜੈ
ਫੂਟਿ ਮਰੈ ਜਨੁ ਸੋਇ ॥੧॥

جِتُ گھٹِ نامُ ن اوُپجے
پھوُٹِ مرے جنُ سوءِ ॥1॥

ਸਾਵਲ ਸੁੰਦਰ ਰਾਮਈਆ ॥

ساول سُنّدر رامئیا ۔ ॥

ਮੇਰਾ ਮਨੁ ਲਾਗਾ ਤੋਹਿ ॥੧॥ ਰਹਾਉ ॥

میرا منُ لاگا توہِ ॥1॥ رہاءُ ॥

ਸਾਧੁ ਮਿਲੈ ਸਿਧਿ ਪਾਈਐ

سادھُ مِلے سِدھِ پائیے

ਕਿ ਏਹੁ ਜੋਗੁ ਕਿ ਭੋਗੁ ॥

کِ ایہُ جوگُ کِ بھوگُ ॥

ਦੁਹੁ ਮਿਲਿ ਕਾਰਜੁ ਊਪਜੈ
ਰਾਮ ਨਾਮ ਸੰਜੋਗੁ ॥੨॥

دُہُ مِلِ کارجُ اوُپجے
رام نام سنجوگُ ॥2॥

ਲੋਗੁ ਜਾਨੈ ਇਹੁ ਗੀਤੁ ਹੈ
ਇਹੁ ਤਉ ਬ੍ਰਹਮ ਬੀਚਾਰ ॥

لوگُ جانے اِہُ گیتُ ہے
اِہُ تءُ برہم بیچار ॥

ਜਿਉ ਕਾਸੀ ਉਪਦੇਸੁ ਹੋਇ
ਮਾਨਸ ਮਰਤੀ ਬਾਰ ॥੩॥

جِءُ کاسی اُپدیسُ ہوءِ
مانس مرتی بار ॥3॥

ਕੋਈ ਗਾਵੈ ਕੋ ਸੁਣੈ
ਹਰਿ ਨਾਮਾ ਚਿਤੁ ਲਾਇ ॥

کوئی گاوے کو سُنے
ہرِ ناما چِتُ لاءِ ॥

ਕਹੁ ਕਬੀਰ ਸੰਸਾ ਨਹੀ
ਅੰਤਿ ਪਰਮ ਗਤਿ ਪਾਇ ॥੪॥੧॥੪॥੫੫॥

کہُ کبیر سنسا نہی
انتِ پرم گتِ پاءِ ॥4॥1॥4॥ 55 ॥

ਗਉੜੀ ॥

گئڑی ॥

ਜੇਤੇ ਜਤਨ ਕਰਤ ਤੇ ਡੂਬੇ
ਭਵ ਸਾਗਰੁ ਨਹੀ ਤਾਰਿਓ ਰੇ ॥

جیتے جتن کرت تے ڈوُبے
بھو ساگرُ نہی تارِئو رے ॥

ਕਰਮ ਧਰਮ ਕਰਤੇ ਬਹੁ ਸੰਜਮ
ਅਹੰਬੁਧਿ ਮਨੁ ਜਾਰਿਓ ਰੇ ॥੧॥

کرم دھرم کرتے بہُ سنجم
اہنبدھِ منُ جارِئو رے ॥1॥

ਸਾਸ ਗ੍ਰਾਸ ਕੋ ਦਾਤੋ ਠਾਕੁਰੁ
ਸੋ ਕਿਉ ਮਨਹੁ ਬਿਸਾਰਿਓ ਰੇ ॥

ساس گراس کو داتو ٹھاکُرُ
سو کِءُ منہُ بِسارِئو رے ۔ ॥

ਹੀਰਾ ਲਾਲੁ ਅਮੋਲੁ ਜਨਮੁ ਹੈ
ਕਉਡੀ ਬਦਲੈ ਹਾਰਿਓ ਰੇ ॥੧॥ ਰਹਾਉ ॥

ہیرا لالُ امولُ جنمُ ہے
کئڈی بدلے ہارِئو رے ॥1॥ رہاءُ ॥

ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ
ਹਿਰਦੈ ਨਾਹਿ ਬੀਚਾਰਿਓ ਰੇ ॥

ترِسنا ترِکھا بھوُکھ بھرمِ لاگی
ہِردے ناہِ بیچارِئو رے ॥

ਉਨਮਤ ਮਾਨ ਹਿਰਿਓ
ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ ॥੨॥

اُنمت مان ہِرِئو
من ماہی گُر کا سبدُ ن دھارِئو رے ॥2॥

ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ

سُیاد لُبھت اِندّری رس پّریرِئو

ਮਦ ਰਸ ਲੈਤ ਬਿਕਾਰਿਓ ਰੇ ॥

مد رس لیَت بِکارِئو رے ॥

ਕਰਮ ਭਾਗ ਸੰਤਨ ਸੰਗਾਨੇ
ਕਾਸਟ ਲੋਹ ਉਧਾਰਿਓ ਰੇ ॥੩॥

کرم بھاگ سنّتن سنگانے
کاسٹ لوہ اُدھارِئو رے ॥3॥

ਧਾਵਤ ਜੋਨਿ ਜਨਮ ਭ੍ਰਮਿ ਥਾਕੇ
ਅਬ ਦੁਖ ਕਰਿ ਹਮ ਹਾਰਿਓ ਰੇ ॥

دھاوت جونِ جنم بھرّمِ تھاکے
اب دُکھ کرِ ہم ہارِئو رے ॥

ਕਹਿ ਕਬੀਰ ਗੁਰ ਮਿਲਤ ਮਹਾ ਰਸੁ
ਪ੍ਰੇਮ ਭਗਤਿ ਨਿਸਤਾਰਿਓ ਰੇ ॥੪॥੧॥੫॥੫੬॥

کہِ کبیِر گُر مِلت مہا رسُ
پّریم بھگتِ نِستارِئو رے ॥4॥1॥5॥ 56 ॥

ਗਉੜੀ ॥

گئڑی ॥

ਕਾਲਬੂਤ ਕੀ ਹਸਤਨੀ ਮਨ ਬਉਰਾ ਰੇ
ਚਲਤੁ ਰਚਿਓ ਜਗਦੀਸ ॥

کالبوُت کی ہستنی من بئرا رے
چلتُ رچئو جگدیِس ॥

ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾ ਰੇ
ਅੰਕਸੁ ਸਹਿਓ ਸੀਸ ॥੧॥

کام سُیاءِ گج بسِ پرے من بئرا رے
انکُس سہئو سیِس ॥1॥

ਬਿਖੈ ਬਾਚੁ ਹਰਿ ਰਾਚੁ
ਸਮਝੁ ਮਨ ਬਉਰਾ ਰੇ ॥

بِکھےَ باچُ ہرِ راچُ
سمجھُ من بئرا رے ۔ ॥

ਨਿਰਭੈ ਹੋਇ ਨ ਹਰਿ ਭਜੇ ਮਨ ਬਉਰਾ ਰੇ
ਗਹਿਓ ਨ ਰਾਮ ਜਹਾਜੁ ॥੧॥ ਰਹਾਉ ॥

نِربھےَ ہوءِ ن ہرِ بھجے من بئرا رے
گہئو ن رام جہازُ ॥1॥ رہاءُ ॥

ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ
ਲੀਨੀ ਹਾਥੁ ਪਸਾਰਿ ॥

مرکٹ مُشٹی اناج کی من بئرا رے
لِینی ہاتھُ پسارِ ॥

ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ
ਨਾਚਿਓ ਘਰ ਘਰ ਬਾਰਿ ॥੨॥

چھوُٹن کو سہسا پریا من بئرا رے
ناچئو گھر گھر بارِ ॥2॥

ਜਿਉ ਨਲਨੀ ਸੂਅਟਾ ਗਹਿਓ ਮਨ ਬਉਰਾ ਰੇ
ਮਾਯਾ ਇਹੁ ਬਿਉਹਾਰੁ ॥

جِءُ نلنی سوُئٹا گہئو من بئرا رے
مایا اِہُ بِہُارُ ॥

ਜੈਸਾ ਰੰਗੁ ਕਸੁੰਭ ਕਾ ਮਨ ਬਉਰਾ ਰੇ
ਤਿਉ ਪਸਰਿਓ ਪਾਸਾਰੁ ॥੩॥

جیَسا رنگُ کسُنّبھ کا من بئرا رے
تِءُ پسرِئو پاسارُ ॥3॥

ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ

ناون کءُ تیِرتھ گھنے من بئرا رے

ਪੂਜਨ ਕਉ ਬਹੁ ਦੇਵ ॥

پوُجن ک ءُ بہُ دیو ॥

ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ
ਛੂਟਨੁ ਹਰਿ ਕੀ ਸੇਵ ॥੪॥੧॥੬॥੫੭॥

کہُ کبیِر چھوُٹنُ نہی من بئُرا رے
چھوُٹنُ ہرِ کی سیو ॥4॥1॥6॥ 57 ॥

ਗਉੜੀ ॥

گئُڑی ॥

ਅਗਨਿ ਨ ਦਹੈ ਪਵਨੁ ਨਹੀ ਮਗਨੈ
ਤਸਕਰੁ ਨੇਰਿ ਨ ਆਵੈ ॥

اگنِ ن دہےَ پونُ نہی مگنئے
تسکرُ نیرِ ن آوےَ ॥

ਰਾਮ ਨਾਮ ਧਨੁ ਕਰਿ ਸੰਚਉਨੀ
ਸੋ ਧਨੁ ਕਤ ਹੀ ਨ ਜਾਵੈ ॥੧॥

رام نام دھنُ کرِ سنچئُنی
سو دھنُ کت ہی ن جاوےَ ॥1॥

ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ
ਇਹੈ ਸਾਰ ਧਨੁ ਕਹੀਐ ॥

ہمرا دھنُ مادھ ءُ گوبِندُ دھرنیِدھرُ
اِہےَ سار دھنُ کہیئے ॥

ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ
ਸੋ ਸੁਖੁ ਰਾਜਿ ਨ ਲਹੀਐ ॥੧॥ ਰਹਾਉ ॥

جو سُکھُ پربھ گوبِندّ کی سیوا
سو سُکھُ راجِ ن لہیئے ॥1॥ رہاءُ ॥

ਇਸੁ ਧਨ ਕਾਰਣਿ ਸਿਵ ਸਨਕਾਦਿਕ
ਖੋਜਤ ਭਏ ਉਦਾਸੀ ॥

اِسُ دھن کارنِ سِو سنکادِک
کھوجت بھئے اُداسی ॥

ਮਨਿ ਮੁਕੰਦੁ ਜਿਹਬਾ ਨਾਰਾਇਨੁ
ਪਰੈ ਨ ਜਮ ਕੀ ਫਾਸੀ ॥੨॥

منِ مُکندُ جِہبا نارائنُ
پرےَ ن جم کی پھاسی ॥2॥

ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ
ਤਾਸੁ ਸੁਮਤਿ ਮਨੁ ਲਾਗਾ ॥

نِج دھنُ گیانُ بھگتِ گُرِ دینی
تاسُ سُمتِ منُ لاگا ॥

ਜਲਤ ਅੰਭ ਥੰਭਿ ਮਨੁ ਧਾਵਤ
ਭਰਮ ਬੰਧਨ ਭਉ ਭਾਗਾ ॥੩॥

جلت انبھ تھنبھِ منُ دھاوت
بھرم بندھن بھ ءُ بھاگا ॥3॥

ਕਹੈ ਕਬੀਰੁ ਮਦਨ ਕੇ ਮਾਤੇ
ਹਿਰਦੈ ਦੇਖੁ ਬੀਚਾਰੀ ॥

کہےَ کبیِرُ مدن کے ماتے
ہِردےَ دیکھُ بیچاری ॥

ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ
ਹਮ ਘਰਿ ਏਕੁ ਮੁਰਾਰੀ ॥੪॥੧॥੭॥੫੮॥

تُم گھرِ لاکھ کوٹِ اسّو ہستی
ہم گھرِ ایکُ مُراری ॥4॥1॥7॥ 58 ॥

ਗਉੜੀ ॥

گئُڑی ॥

ਜਿਉ ਕਪਿ ਕੇ ਕਰ ਮੁਸਟਿ ਚਨਨ ਕੀ
ਲੁਬਧਿ ਨ ਤਿਆਗੁ ਦਇਓ ॥

جِءُ کپِ کے کر مُشٹِ چنن کی
لُبدھِ ن تِیاگُ دئیو ॥

ਜੋ ਜੋ ਕਰਮ ਕੀਏ ਲਾਲਚ ਸਿਉ
ਤੇ ਫਿਰਿ ਗਰਹਿ ਪਰਿਓ ॥੧॥

جو جو کرم کیئے لالچ سِءُ
تے پھِرِ گرہِ پرئو ॥1॥

ਭਗਤਿ ਬਿਨੁ ਬਿਰਥੇ ਜਨਮੁ ਗਇਓ ॥

بھگتِ بِنُ بِرتھے جنمُ گئیو ॥

ਸਾਧਸੰਗਤਿ ਭਗਵਾਨ ਭਜਨ ਬਿਨੁ
ਕਹੀ ਨ ਸਚੁ ਰਹਿਓ ॥੧॥ ਰਹਾਉ ॥

سادھسنگتِ بھگوان بھجن بِنُ
کہی ن سچُ رہئو ॥1॥ رہاءُ ॥

ਜਿਉ ਉਦਿਆਨ ਕੁਸਮ ਪਰਫੁਲਿਤ
ਕਿਨਹਿ ਨ ਘ੍ਰਾਉ ਲਇਓ ॥

جِءُ اُدِیان کسم پرپھُلِت
کِنہِ ن گھّراءُ لِئیو ॥

ਤੈਸੇ ਭ੍ਰਮਤ ਅਨੇਕ ਜੋਨਿ ਮਹਿ
ਫਿਰਿ ਫਿਰਿ ਕਾਲ ਹਇਓ ॥੨॥

تیَسے بھّرمت انیک جونِ مہِ
پھِرِ پھِرِ کال ہئیو ॥2॥

ਇਆ ਧਨ ਜੋਬਨ ਅਰੁ ਸੁਤ ਦਾਰਾ
ਪੇਖਨ ਕਉ ਜੁ ਦਇਓ ॥

اِیا دھن جوبن ارُ سُت دارا
پیکھن کءُ جُ دئیو ॥

ਤਿਨ ਹੀ ਮਾਹਿ ਅਟਕਿ ਜੋ ਉਰਝੇ
ਇੰਦ੍ਰੀ ਪ੍ਰੇਰਿ ਲਇਓ ॥੩॥

تِن ہی ماہِ اٹکِ جو اُرجھے
اِنّدّری پّریرِ لِئیو ॥3॥

ਅਉਧ ਅਨਲ ਤਨੁ ਤਿਨ ਕੋ ਮੰਦਰੁ
ਚਹੁ ਦਿਸ ਠਾਟੁ ਠਇਓ ॥

اُندھ انل تنُ تِن کو منّدرُ
چہُ دِس ٹھاٹُ ٹھئیو ॥

ਕਹਿ ਕਬੀਰ ਭੈ ਸਾਗਰ ਤਰਨ ਕਉ
ਮੈ ਸਤਿਗੁਰ ਓਟ ਲਇਓ ॥੪॥੧॥੮॥੫੯॥

کہِ کبیِر بھےَ ساگر ترن کءُ
مے َ ستِگُر اوٹ لِئیو ॥4॥1॥8॥ 59 ॥

ਗਉੜੀ ॥

گئڑی ॥

ਪਾਨੀ ਮੈਲਾ ਮਾਟੀ ਗੋਰੀ ॥

پانی میَلا ماٹی گوری ॥

ਇਸ ਮਾਟੀ ਕੀ ਪੁਤਰੀ ਜੋਰੀ ॥੧॥

اِس ماٹی کی پُتری جوری ॥1॥

ਮੈ ਨਾਹੀ ਕਛੁ ਆਹਿ ਨ ਮੋਰਾ ॥

مے َناہی کچھُ آہِ ن مورا ॥

ਤਨੁ ਧਨੁ ਸਭੁ ਰਸੁ ਗੋਬਿੰਦ ਤੋਰਾ ॥੧॥ ਰਹਾਉ ॥

تنُ دھنُ سبھُ رسُ گوبِنّد تورا ॥1॥ رہاءُ ॥

ਇਸ ਮਾਟੀ ਮਹਿ ਪਵਨੁ ਸਮਾਇਆ ॥	اِس ماٹی مہِ پونُ سمائیا ॥
ਝੂਠਾ ਪਰਪੰਚੁ ਜੋਰਿ ਚਲਾਇਆ ॥੨॥	جھوُٹھا پرپنچُ جورِ چلائیا ॥2॥
ਕਿਨਹੂ ਲਾਖ ਪਾਂਚ ਕੀ ਜੋਰੀ ॥	کِنہوُ لاکھ پانچ کی جوری ॥
ਅੰਤ ਕੀ ਬਾਰ ਗਗਰੀਆ ਫੋਰੀ ॥੩॥	انّت کی بار گگریِیا پھوری ॥3॥
ਕਹਿ ਕਬੀਰ ਇਕ ਨੀਵ ਉਸਾਰੀ ॥	کہِ کبیِر اِک نیِو اُساری ॥
ਖਿਨ ਮਹਿ ਬਿਨਸਿ ਜਾਇ ਅਹੰਕਾਰੀ ॥੪॥੧॥੯॥੬੦॥	کھِن مہِ بِنسِ جاءِ اہنکاری ۔ ॥4॥1॥9॥ 60 ॥
ਗਉੜੀ ॥	گئڑی ॥
ਰਾਮ ਜਪਉ ਜੀ ਐਸੇ ਐਸੇ ॥	رام جپ ءُ جی ایَسے ایَسے ॥
ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥	دھّرُو پّرہِلاد جپِئو ہرِ جیَسے ॥1॥
ਦੀਨ ਦਇਆਲ ਭਰੋਸੇ ਤੇਰੇ ॥	دِین دیئال بھروسے تیرے ॥
ਸਭੁ ਪਰਵਾਰੁ ਚੜਾਇਆ ਬੇੜੇ ॥੧॥ ਰਹਾਉ ॥	سبھُ پروارُ چڑائیا بیڑے ॥1॥ رہاءُ ॥
ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥	جا تِس بھاوے تا حُکمُ مناوے ॥
ਇਸ ਬੇੜੇ ਕਉ ਪਾਰਿ ਲਘਾਵੈ ॥੨॥	اِس بیڑے کءُ پارِ لگھاوے ॥2॥
ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥	گُر پرسادِ ایَسی بُدھِ سمانی ॥
ਚੂਕਿ ਗਈ ਫਿਰਿ ਆਵਨ ਜਾਨੀ ॥੩॥	چوُکِ گئی پھِرِ آون جانی ॥3॥
ਕਹੁ ਕਬੀਰ ਭਜੁ ਸਾਰਿਗਪਾਨੀ ॥	کہُ کبیِر بھجُ سارِگپانی ॥
ਉਰਵਾਰਿ ਪਾਰਿ ਸਭ ਏਕੋ ਦਾਨੀ ॥੪॥੨॥੧੦॥੬੧॥	اُروارِ پارِ سبھ ایکو دانی ॥4॥2॥ 10 ॥ 61 ॥
ਗਉੜੀ ੯ ॥	گئڑی 9 ॥
ਜੋਨਿ ਛਾਡਿ ਜਉ ਜਗ ਮਹਿ ਆਇਓ ॥	جونِ چھاڈِ جءُ جگ مہِ آئِئو ॥
ਲਾਗਤ ਪਵਨ ਖਸਮੁ ਬਿਸਰਾਇਓ ॥੧॥	لاگت پون خصمُ بِسرائِئو ॥1॥
ਜੀਅਰਾ ਹਰਿ ਕੇ ਗੁਨਾ ਗਾਉ ॥੧॥ ਰਹਾਉ ॥	جیِئرا ہرِ کے گُنا گاءُ ॥1॥ رہاءُ ॥
ਗਰਭ ਜੋਨਿ ਮਹਿ ਉਰਧ ਤਪੁ ਕਰਤਾ ॥	گربھ جونِ مہِ اُردھ تپُ کرتا ॥

ਤਉ ਜਠਰ ਅਗਨਿ ਮਹਿ ਰਹਤਾ ॥੨॥

ت ءُ جٹھر اگنِ مہِ رہتا ॥2॥

ਲਖ ਚਉਰਾਸੀਹ ਜੋਨਿ ਭ੍ਰਮਿ ਆਇਓ ॥

لکھ چرُاسیہِ جونِ بھرّمِ آئیو ॥

ਅਬ ਕੇ ਛੁਟਕੇ ਠਉਰ ਨ ਠਾਇਓ ॥੩॥

اب کے چھُٹکے ٹھرُ ن ٹھائیو ॥3॥

ਕਹੁ ਕਬੀਰ ਭਜੁ ਸਾਰਿਗਪਾਨੀ ॥

کہُ کبیر بھجُ سارِگپانی ॥

ਆਵਤ ਦੀਸੈ ਜਾਤ ਨ ਜਾਨੀ ॥੪॥੧॥੧੧॥੬੨॥

آوت دیسے جات ن جانی ॥4॥1॥ 11 ॥ 62 ॥

ਗਉੜੀ ਪੂਰਬੀ ॥

گئڑی پوُربی ॥

ਸੁਰਗ ਬਾਸੁ ਨ ਬਾਛੀਐ
ਡਰੀਐ ਨ ਨਰਕਿ ਨਿਵਾਸੁ ॥

سُرگ باسُ ن باچھیئے
ڈریئے ن نرکِ نِواسُ ॥

ਹੋਨਾ ਹੈ ਸੋ ਹੋਈ ਹੈ
ਮਨਹਿ ਨ ਕੀਜੈ ਆਸ ॥੧॥

ہونا ہے سو ہوئی ہے
منہِ ن کیجے آس ॥1॥

ਰਮਈਆ ਗੁਨ ਗਾਈਐ ॥

رمئیا گُن گائیئے ॥

ਜਾ ਤੇ ਪਾਈਐ ਪਰਮ ਨਿਧਾਨੁ ॥੧॥ ਰਹਾਉ ॥

جا تے پائیئے پرم نِدھانُ ॥1॥ رہاءُ ॥

ਕਿਆ ਜਪੁ ਕਿਆ ਤਪੁ ਸੰਜਮੋ
ਕਿਆ ਬਰਤੁ ਕਿਆ ਇਸਨਾਨੁ ॥

کیا جپُ کیا تپُ سنجمو
کیا برتُ کیا اِسنانُ ۔ ॥

ਜਬ ਲਗੁ ਜੁਗਤਿ ਨ ਜਾਨੀਐ
ਭਾਉ ਭਗਤਿ ਭਗਵਾਨ ॥੨॥

جب لگُ جُگتِ ن جانیئے
بھاءُ بھگتِ بھگوان ॥2॥

ਸੰਪੈ ਦੇਖਿ ਨ ਹਰਖੀਐ
ਬਿਪਤਿ ਦੇਖਿ ਨ ਰੋਇ ॥

سنپئے دیکھِ ن ہرکھیئے
بِپتِ دیکھِ ن روءِ ॥

ਜਿਉ ਸੰਪੈ ਤਿਉ ਬਿਪਤਿ ਹੈ
ਬਿਧ ਨੇ ਰਚਿਆ ਸੋ ਹੋਇ ॥੩॥

جِ ءُ سنپئے تِ ءُ بِپتِ ہے
بِدھ نے رچیا سو ہوءِ ॥3॥

ਕਹਿ ਕਬੀਰ ਅਬ ਜਾਨਿਆ
ਸੰਤਨ ਰਿਦੈ ਮਝਾਰਿ ॥

کہِ کبیر اب جانیا
سنتن رِدے مجھارِ ॥

ਸੇਵਕ ਸੋ ਸੇਵਾ ਭਲੇ
ਜਿਹ ਘਟ ਬਸੈ ਮੁਰਾਰਿ ॥੪॥੧॥੧੨॥੬੩॥

سیوک سو سیوا بھلے
جِہ گھٹ بسے مُرارِ ॥4॥1॥ 12 ॥ 63 ॥

ਗਉੜੀ ॥	گئڑی ॥
ਰੇ ਮਨ ਤੇਰੋ ਕੋਇ ਨਹੀ ਖਿੰਚਿ ਲੇਇ ਜਿਨਿ ਭਾਰੁ ॥	رے من تیرو کوءِ نہی کھینچِ لےءِ جِن بھارُ ॥
ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ ॥੧॥	برکھ بسیرو پنکھِ کو تیَسو اِہُ سنّسارُ ॥1॥
ਰਾਮ ਰਸੁ ਪੀਆ ਰੇ ॥	رام رسُ پیِیا رے ۔ ॥
ਜਿਹ ਰਸ ਬਿਸਰਿ ਗਏ ਰਸ ਅਉਰ ॥੧॥ ਰਹਾਉ ॥	جِہ رس بِسرِ گئے رس اُر ॥1॥ رہاءُ ॥
ਅਉਰ ਮੁਏ ਕਿਆ ਰੋਈਐ ਜਉ ਆਪਾ ਥਿਰੁ ਨ ਰਹਾਇ ॥	اُر مُے کیا روئیَے جءُ آپا تھِرُ ن رہاءِ ॥
ਜੋ ਉਪਜੈ ਸੋ ਬਿਨਸਿ ਹੈ ਦੁਖੁ ਕਰਿ ਰੋਵੈ ਬਲਾਇ ॥੨॥	جو اُپجےَ سو بِنِس ہے دُکھُ کرِ رووے بلاءِ ॥2॥
ਜਹ ਕੀ ਉਪਜੀ ਤਹ ਰਚੀ ਪੀਵਤ ਮਰਦਨ ਲਾਗ ॥	جہ کی اُپجی تہ رچی پیِوت مردن لاگ ॥
ਕਹਿ ਕਬੀਰ ਚਿਤਿ ਚੇਤਿਆ ਰਾਮ ਸਿਮਰਿ ਬੈਰਾਗ ॥੩॥੨॥੧੩॥੬੪॥	کہِ کبیِر چِتِ چیتِیا رام سِمرِ بیَراگ ॥3॥2॥ 13 ॥ 64 ॥
ਰਾਗੁ ਗਉੜੀ ॥	راگُ گئڑی ॥
ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥	پنّتھُ نِہارے کامنی لوچن بھری لے اُساسا ॥
ਉਰ ਨਾ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ ॥੧॥	اُر نا بھیجےَ پگُ ن کھِسے ہرِ درسن کی آسا ॥1॥
ਉਡਹੁ ਨ ਕਾਗਾ ਕਾਰੇ ॥	اُڈہُ ن کاگا کارے ۔ ॥
ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥੧॥ ਰਹਾਉ ॥	بیگِ مِلیجےَ اپُنے رام پِیارے ॥1॥ رہاءُ ॥
ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ ॥	کہِ کبیِر جیِون پد کارنِ ہرِ کی بھگتِ کریجےَ ॥
ਏਕੁ ਆਧਾਰੁ ਨਾਮੁ ਨਾਰਾਇਨ	ایکُ آدھارُ نامُ نارائِن

ਰਸਨਾ ਰਾਮੁ ਰਵੀਜੈ ॥੨॥੧॥੧੪॥੬੫॥

رسنا رامُ رویجےَ ॥2॥1॥ 14 ॥ 65 ॥

ਰਾਗੁ ਗਉੜੀ ੧੧ ॥

راگُ گئڑی 11 ॥

ਆਸ ਪਾਸ ਘਨ ਤੁਰਸੀ ਕਾ ਬਿਰਵਾ
ਮਾਝ ਬਨਾ ਰਸਿ ਗਾਊਂ ਰੇ ॥

آس پاس گھن ترسی کا بِروا
ماجھ بنا رسِ گائوں رے ॥

ਉਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ
ਮੋ ਕਉ ਛੋਡਿ ਨ ਆਉ ਨ ਜਾਹੂ ਰੇ ॥੧॥

اُیا کا سروُپ دیکھِ موہی گُیارنِ
مو کءُ چھوڈِ ن آءُ ن جاہوُ رے ॥1॥

ਤੋਹਿ ਚਰਨ ਮਨੁ ਲਾਗੋ ਸਾਰਿੰਗਧਰ ॥

توہِ چرن منُ لاگو سارِنگدھر ۔ ॥

ਸੋ ਮਿਲੈ ਜੋ ਬਡਭਾਗੋ ॥੧॥ ਰਹਾਉ ॥

سو مِلےَ جو بڈبھاگو ॥1॥ رہاءُ ॥

ਬਿੰਦ੍ਰਾਬਨ ਮਨ ਹਰਨ ਮਨੋਹਰ
ਕ੍ਰਿਸਨ ਚਰਾਵਤ ਗਾਊ ਰੇ ॥

بِندّرابن من ہرن منوہر
کّرِسن چراوت گائوُ رے ॥

ਜਾ ਕਾ ਠਾਕੁਰੁ ਤੁਹੀ ਸਾਰਿੰਗਧਰ
ਮੋਹਿ ਕਬੀਰਾ ਨਾਊ ਰੇ ॥੨॥੨॥੧੫॥੬੬॥

جا کا ٹھاکُرُ تُہی سارِنگدھر
موہِ کبیِرا نائوُ رے ॥2॥2॥ 15 ॥ 66 ॥

ਗਉੜੀ ਪੂਰਬੀ ੧੨ ॥

گئڑی پوُربی 12 ॥

ਬਿਪਲ ਬਸਤ੍ਰ ਕੇਤੇ ਹੈ ਪਹਿਰੇ
ਕਿਆ ਬਨ ਮਧੇ ਬਾਸਾ ॥

بِپل بسّتر کیتے ہےَ پہِرے
کِیا بن مدھے باسا ۔ ॥

ਕਹਾ ਭਇਆ ਨਰ ਦੇਵਾ ਧੋਖੇ
ਕਿਆ ਜਲਿ ਬੋਰਿਓ ਗਿਆਤਾ ॥੧॥

کہا بھئیا نر دیوا دھوکھے
کِیا جلِ بورِئوہِ گیاتا ۔ ॥1॥

ਜੀਅਰੇ ਜਾਹਿਗਾ ਮੈ ਜਾਨਾਂ ॥

جیئرے جاہِگا مےَ جاناں ॥

ਅਬਿਗਤ ਸਮਝੁ ਇਆਨਾ ॥

ابِگت سمجھُ اِیانا ۔ ॥

ਜਤ ਜਤ ਦੇਖਉ ਬਹੁਰਿ ਨ ਪੇਖਉ
ਸੰਗਿ ਮਾਇਆ ਲਪਟਾਨਾ ॥੧॥ ਰਹਾਉ ॥

جت جت دیکھءُ بہُرِ ن پیکھءُ
سنگِ مائیا لپٹانا ॥1॥ رہاءُ ॥

ਗਿਆਨੀ ਧਿਆਨੀ ਬਹੁ ਉਪਦੇਸੀ
ਇਹੁ ਜਗੁ ਸਗਲੋ ਧੰਧਾ ॥

گِیانی دھِیانی بہُ اُپدیسی
اِہُ جگُ سگلو دھنّدھا ॥

ਕਹਿ ਕਬੀਰ ਇਕ ਰਾਮ ਨਾਮ ਬਿਨੁ
ਇਆ ਜਗੁ ਮਾਇਆ ਅੰਧਾ ॥੨॥੧॥੧੬॥੬੭॥

کہِ کبیِر اِک رام نام بِنُ

ਗਉੜੀ ੧੨ ॥

ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ ਨਾਚਹੁ
ਇਆ ਮਾਇਆ ਕੇ ਡਾਂਡੇ ॥

ਸੂਰੁ ਕਿ ਸਨਮੁਖ ਰਨ ਤੇ ਡਰਪੈ
ਸਤੀ ਕਿ ਸਾਂਚੈ ਭਾਂਡੇ ॥੧॥

ਡਗਮਗ ਛਾਡਿ ਰੇ ਮਨ ਬਉਰਾ ॥

ਅਬ ਤਉ ਜਰੇ ਮਰੇ ਸਿਧਿ ਪਾਈਐ
ਲੀਨੋ ਹਾਥਿ ਸੰਧਉਰਾ ॥੧॥ ਰਹਾਉ ॥

ਕਾਮ ਕ੍ਰੋਧ ਮਾਇਆ ਕੇ ਲੀਨੇ
ਇਆ ਬਿਧਿ ਜਗਤੁ ਬਿਗੂਤਾ ॥

ਕਹਿ ਕਬੀਰ ਰਾਜਾ ਰਾਮ ਨ ਛੋਡਉ
ਸਗਲ ਊਚ ਤੇ ਊਚਾ ॥੨॥੨॥੧੭॥੬੮॥

ਗਉੜੀ ੧੩ ॥

ਫੁਰਮਾਨੁ ਤੇਰਾ ਸਿਰੈ ਊਪਰਿ
ਫਿਰਿ ਨ ਕਰਤ ਬੀਚਾਰ ॥

ਤੁਹੀ ਦਰੀਆ ਤੁਹੀ ਕਰੀਆ
ਤੁਝੈ ਤੇ ਨਿਸਤਾਰ ॥੧॥

ਬੰਦੇ ਬੰਦਗੀ ਇਕਤੀਆਰ ॥

ਸਾਹਿਬੁ ਰੋਸੁ ਧਰਉ ਕਿ ਪਿਆਰੁ ॥੧॥ ਰਹਾਉ ॥

ਨਾਮੁ ਤੇਰਾ ਆਧਾਰੁ ਮੇਰਾ
ਜਿਉ ਫੂਲੁ ਜਈ ਹੈ ਨਾਰਿ ॥

ਕਹਿ ਕਬੀਰ ਗੁਲਾਮੁ ਘਰ ਕਾ
ਜੀਆਇ ਭਾਵੈ ਮਾਰਿ ॥੨॥੧੮॥੬੯॥

اِیا جگُ مائیا اندھا ॥2॥1॥ 16 ॥ 67 ॥

گنڑی 12 ॥

من رے چھاڈہُ بھرمُ پرّگٹ ہوءِ ناچہُ
اِیا مائیا کے ڈانڈے ॥

سوُرُ کِ سنمُکھ رن تے ڈرپے
ستی کِ سانچےَ بھانڈے ॥1॥

ڈگمگ چھاڈِ رے من بنُرا ۔ ॥

اب تءُ جرے مرے سِدھِ پائیےَ
لِینو ہاتھِ سندھرُا ॥1॥ رہاءُ ॥

کام کرودھ مائیا کے لِینے
اِیا بِدھِ جگتُ بِگوُتا ॥

کہِ کبیر راجا رام ن چھوڈءُ
سگل اوُچ تے اوُچا ॥2॥2॥ 17 ॥ 68 ॥

گنڑی 13 ॥

فُرمانُ تیرا سِرے اوُپرِ
پھرِ ن کرت بیچار ॥

تُہی دریا تُہی کریا
تُجھےَ تے نِستار ॥1॥

بندے بندگی اِکتیار ॥

صاحِبُ روسُ دھرءُ کِ پیارُ ॥1॥ رہاءُ ॥

نامُ تیرا آدھارُ میرا
جِءُ پھوُلُ جئی ہے نارِ ॥

کہِ کبیر غُلامُ گھر کا
جیِیاءِ بھاوے مارِ ॥2॥ 18 ॥ 69 ॥

ਗਉੜੀ ॥

ਲਖ ਚਉਰਾਸੀਹ ਜੀਅ ਜੋਨਿ ਮਹਿ
ਭ੍ਰਮਤ ਨੰਦ ਬਹੁ ਥਾਕੋ ਰੇ ॥

ਭਗਤਿ ਹੇਤਿ ਅਵਤਾਰੁ ਲੀਓ ਹੈ
ਭਾਗੁ ਬਡੋ ਬਪੁਰਾ ਕੋ ਰੇ ॥੧॥

ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ
ਨੰਦ ਸੁ ਨੰਦਨੁ ਕਾ ਕੋ ਰੇ ॥

ਧਰਨਿ ਅਕਾਸੁ ਦਸੋ ਦਿਸ ਨਾਹੀ
ਤਬ ਇਹੁ ਨੰਦੁ ਕਹਾ ਥੋ ਰੇ ॥੧॥ ਰਹਾਉ ॥

ਸੰਕਟਿ ਨਹੀ ਪਰੈ ਜੋਨਿ ਨਹੀ ਆਵੈ
ਨਾਮੁ ਨਿਰੰਜਨ ਜਾ ਕੋ ਰੇ ॥

ਕਬੀਰ ਕੋ ਸੁਆਮੀ ਐਸੋ ਠਾਕੁਰੁ
ਜਾ ਕੈ ਮਾਈ ਨ ਬਾਪੋ ਰੇ ॥੨॥੧੯॥੭੦॥

ਗਉੜੀ ॥

ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥

ਨਿੰਦਾ ਜਨ ਕਉ ਖਰੀ ਪਿਆਰੀ ॥

ਨਿੰਦਾ ਬਾਪੁ ਨਿੰਦਾ ਮਹਤਾਰੀ ॥੧॥ ਰਹਾਉ ॥

ਨਿੰਦਾ ਹੋਇ ਤ ਬੈਕੁੰਠਿ ਜਾਈਐ ॥

ਨਾਮੁ ਪਦਾਰਥੁ ਮਨਹਿ ਬਸਾਈਐ ॥

ਰਿਦੈ ਸੁਧ ਜਉ ਨਿੰਦਾ ਹੋਇ ॥

ਹਮਰੇ ਕਪਰੇ ਨਿੰਦਕੁ ਧੋਇ ॥੧॥

ਨਿੰਦਾ ਕਰੈ ਸੁ ਹਮਰਾ ਮੀਤੁ ॥

ਨਿੰਦਕ ਮਾਹਿ ਹਮਾਰਾ ਚੀਤੁ ॥

ਨਿੰਦਕੁ ਸੋ ਜੋ ਨਿੰਦਾ ਹੋਰੈ ॥

گُڑی ॥

لکھ چُراسیہ جیء جونِ مہِ
بھرمت نند بہُ تھاکو رے ॥

بھگتِ ہیتِ اوتارُ لِیئو ہے
بھاگُ بڈو بپُرا کو رے ॥1॥

تُمہ جُ کہت ہءُ نند کو نندنُ
نند سُ نندنُ کا کو رے ۔ ॥

دھرنِ اکاسُ دسو دِس ناہی
تب اِہُ نندُ کہا تھو رے ۔ ॥1॥ رہاءُ ॥

سنکٹِ نہی پرے جونِ نہی آوے
نامُ نِرنجن جا کو رے ॥

کبیر کو سُیامی ایسو ٹھاکُر
جا کے مائی ن باپو رے ॥2॥ 19 ॥ 70 ॥

گُڑی ॥

نِندءُ نِندءُ مو کءُ لوگُ نِندءُ ॥

نِندا جن کءُ کھری پیاری ॥

نِندا باپُ نِندا مہتاری ॥1॥ رہاءُ ॥

نِندا ہوءِ ت بیکُنٹھِ جائیئے ॥

نامُ پدارتھُ منہِ بسائیئے ॥

رِدے سُدھ جءُ نِندا ہوءِ ॥

ہمرے کپرے نِندکُ دھوءِ ॥1॥

نِندا کرے سُ ہمرا میتُ ॥

نِندک ماہِ ہمارا چیتُ ॥

نِندکُ سو جو نِندا ہورے ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجیندر سنگھ جی (راڑا صاہب)

ਹਮਰਾ ਜੀਵਨੁ ਨਿੰਦਕੁ ਲੋਰੈ ॥੨॥	ہمرا جیونُ نِندکُ لورے ॥2॥
ਨਿੰਦਾ ਹਮਰੀ ਪ੍ਰੇਮ ਪਿਆਰੁ ॥	نِندا ہمری پریم پیارُ ॥
ਨਿੰਦਾ ਹਮਰਾ ਕਰੈ ਉਧਾਰੁ ॥	نِندا ہمرا کرے اُدھارُ ॥
ਜਨ ਕਬੀਰ ਕਉ ਨਿੰਦਾ ਸਾਰੁ ॥	جن کبیر کءُ نِندا سارُ ॥
ਨਿੰਦਕੁ ਡੂਬਾ ਹਮ ਉਤਰੇ ਪਾਰਿ ॥੩॥੨੦॥੭੧॥	نِندکُ ڈوُبا ہم اُترے پارِ ॥3॥ 20 ॥ 71 ॥
ਰਾਜਾ ਰਾਮ ਤੂੰ ਐਸਾ ਨਿਰਭਉ ਤਰਨ ਤਾਰਨ ਰਾਮ ਰਾਇਆ ॥੧॥ ਰਹਾਉ ॥	راجا رام توُنّ ایَسا نِربھءُ ترن تارن رام رایَیا ۔ ॥1॥ رہاءُ ॥
ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥	جب ہم ہوتے تب تُم ناہی اب تُم ہہُ ہم ناہی ॥
ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ ॥੧॥	اب ہم تُم ایک بھئے ہہِ ایکےَ دیکھت منُ پتیِیاہی ॥1॥
ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ ॥	جب بُدھِ ہوتی تب بلُ کیَسا اب بُدھِ بلُ ن کھٹائی ॥
ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥੨॥੨੧॥੭੨॥	کہِ کبیِر بُدھِ ہرِ لئی میری بُدھِ بدلی سِدھِ پائی ॥2॥ 21 ॥ 72 ॥
ਗਉੜੀ ॥	گئُڑی ॥
ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ ॥	کھٹ نیم کرِ کوٹھڑی باندھی بستُ انوُپُ بِیچ پائی ॥
ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ ॥੧॥	کنّجی قُلفُ پّران کرِ راکھے کرتے بار ن لائی ॥1॥
ਅਬ ਮਨ ਜਾਗਤ ਰਹੁ ਰੇ ਭਾਈ ॥	اب من جاگت رہُ رے بھائی ۔ ॥
ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥੧॥ ਰਹਾਉ ॥	غافلُ ہوءِ کےَ جنمُ گوائیو چورُ مُسے گھرُ جائی ॥1॥ رہاءُ ॥
ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ ॥	پنّچ پہرؤیا در مہِ رہتے

ਤਿਨ ਕਾ ਨਹੀ ਪਤਿਆਰਾ ॥

ਚੇਤਿ ਸੁਚੇਤ ਚਿਤ ਹੋਇ ਰਹੁ
ਤਉ ਲੈ ਪਰਗਾਸੁ ਉਜਾਰਾ ॥੨॥

ਨਉ ਘਰ ਦੇਖਿ ਜੁ ਕਾਮਨਿ ਭੂਲੀ
ਬਸਤੁ ਅਨੂਪ ਨ ਪਾਈ ॥

ਕਹਤੁ ਕਬੀਰ ਨਵੈ ਘਰ ਮੂਸੇ
ਦਸਵੈਂ ਤਤੁ ਸਮਾਈ ॥੩॥੨੨॥੭੩॥

ਗਉੜੀ ॥

ਮਾਈ ਮੋਹਿ ਅਵਰੁ ਨ ਜਾਨਿਓ ਆਨਾਨਾਂ ॥

ਸਿਵ ਸਨਕਾਦਿ ਜਾਸੁ ਗੁਨ ਗਾਵਹਿ
ਤਾਸੁ ਬਸਹਿ ਮੋਰੇ ਪ੍ਰਾਨਾਨਾਂ ॥ ਰਹਾਉ ॥

ਹਿਰਦੇ ਪ੍ਰਗਾਸੁ ਗਿਆਨ ਗੁਰ ਗੰਮਿਤ
ਗਗਨ ਮੰਡਲ ਮਹਿ ਧਿਆਨਾਨਾਂ ॥

ਬਿਖੈ ਰੋਗ ਭੈ ਬੰਧਨ ਭਾਗੇ
ਮਨ ਨਿਜ ਘਰਿ ਸੁਖੁ ਜਾਨਾਨਾ ॥੧॥

ਏਕ ਸੁਮਤਿ ਰਤਿ ਜਾਨਿ ਮਾਨਿ ਪ੍ਰਭ
ਦੂਸਰ ਮਨਹਿ ਨ ਆਨਾਨਾ ॥

ਚੰਦਨ ਬਾਸੁ ਭਏ ਮਨ ਬਾਸਨ
ਤਿਆਗਿ ਘਟਿਓ ਅਭਿਮਾਨਾਨਾ ॥੨॥

ਜੋ ਜਨ ਗਾਇ ਧਿਆਇ ਜਸੁ ਠਾਕੁਰ
ਤਾਸੁ ਪ੍ਰਭੂ ਹੈ ਥਾਨਾਨਾਂ ॥

ਤਿਹ ਬਡ ਭਾਗ ਬਸਿਓ ਮਨਿ ਜਾ ਕੈ
ਕਰਮ ਪ੍ਰਧਾਨ ਮਥਾਨਾਨਾ ॥੩॥

ਕਾਟਿ ਸਕਤਿ ਸਿਵ ਸਹਜੁ ਪ੍ਰਗਾਸਿਓ
ਏਕੈ ਏਕ ਸਮਾਨਾਨਾ ॥

تِن کا نہی پتیارا ॥

چیتِ سُچیت چِت ہوءِ رہُ
ت ءُ لے پرگاسُ اُجارا ॥2॥

ن ءُ گھر دیکھِ جُ کامنِ بھوُلی
بست انوُپ ن پائی ॥

کہتُ کبیرِ نوے گھر موُسے
دسویَں تتُ سمائی ॥3॥ 22 ॥ 73 ॥

گُڑی ॥

مائی موہِ اورُ ن جانِئو آناناں ॥

سِو سنکادِ جاسُ گُن گاوہِ
تاسُ بسہِ مورے پّراناناں ॥ رہاءُ ॥

ہِردے پّرگاسُ گِیان گُر گنمِت
گگن منڈل مہِ دھِیاناناں ॥

بِکھے روگ بھے بَندھن بھاگے
من نِج گھرِ سُکھُ جاناناں ॥1॥

ایک سُمتِ رتِ جانِ مانِ پّربھ
دوُسر منہِ ن آناناں ॥

چنّدن باسُ بھےَ من باسن
تِیاگِ گھٹِئو ابھِماناناں ॥2॥

جو جن گاءِ دھِیاءِ جسُ ٹھاکُر
تاسُ پّربھوُ ہےَ تھاناناں ॥

تہِ بڈ بھاگ بسِئو منِ جا کے
کرم پّردھان متھاناناں ॥3॥

کاٹِ سکتِ سِو سہجُ پّرگاسِئو
ایکے ایک سماناناں ॥

ਕਹਿ ਕਬੀਰ ਗੁਰ ਭੇਟਿ ਮਹਾ ਸੁਖ
ਭ੍ਰਮਤ ਰਹੇ ਮਨੁ ਮਾਨਾਨਾਂ ॥੪॥੨੩॥੭੪॥

کہِ کبیرِ گُر بھیٹِ مہا سُکھ
بھرمت رہے منُ ماناناں ॥4॥ 23 ॥ 74 ॥

ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ

راگُ گئڑی پوُربی باون اکھری کبیرِ جیِءُ کی

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥

ੴ ستِنامُ کرتا پُرکھُ گُرپرّساد ॥

ਬਾਵਨ ਅਛਰ ਲੋਕ ਤ੍ਰੈ
ਸਭੁ ਕਛੁ ਇਨ ਹੀ ਮਾਹਿ ॥

باون اچھر لوک ترّے
سبھُ کچھُ اِن ہی ماہِ ॥

ਏ ਅਖਰ ਖਿਰਿ ਜਾਹਿਗੇ
ਓਇ ਅਖਰ ਇਨ ਮਹਿ ਨਾਹਿ ॥੧॥

اے اکھر کھِرِ جاہِگے
اوءِ اکھر اِن مہِ ناہِ ॥1॥

ਜਹਾ ਬੋਲਿ ਤਹ ਅਛਰ ਆਵਾ ॥

جہا بولِ تہ اچھر آوا ॥

ਜਹ ਅਬੋਲ ਤਹ ਮਨੁ ਨ ਰਹਾਵਾ ॥

جہ ابول تہ منُ ن رہاوا ॥

ਬੋਲ ਅਬੋਲ ਮਧਿ ਹੈ ਸੋਈ ॥

بول ابول مدھِ ہے سوئی ॥

ਜਸ ਓਹੁ ਹੈ ਤਸ ਲਖੈ ਨ ਕੋਈ ॥੨॥

جس اوہُ ہے تس لکھے ن کوئی ॥2॥

ਅਲਹ ਲਹਉ ਤਉ ਕਿਆ ਕਹਉ
ਕਹਉ ਤ ਕੋ ਉਪਕਾਰ ॥

الہ لہءُ ت ءُ کیا کہءُ
کہءُ ت کو اُپکار ॥

ਬਟਕ ਬੀਜ ਮਹਿ ਰਵਿ ਰਹਿਓ
ਜਾ ਕੋ ਤੀਨਿ ਲੋਕ ਬਿਸਥਾਰ ॥੩॥

بٹک بیج مہِ روِ رہِئو
جا کو تِینِ لوک بِستھار ॥3॥

ਅਲਹ ਲਹੰਤਾ ਭੇਦ ਛੈ
ਕਛੁ ਕਛੁ ਪਾਇਓ ਭੇਦ ॥

الہ لہنّتا بھید چھےَ
کچھُ کچھُ پائِئو بھید ॥

ਉਲਟਿ ਭੇਦ ਮਨੁ ਬੇਧਿਓ
ਪਾਇਓ ਅਭੰਗ ਅਛੇਦ ॥੪॥

اُلٹِ بھید منُ بیدھِئو
پائِئو ابھنگ اچھید ॥4॥

ਤੁਰਕ ਤਰੀਕਤਿ ਜਾਨੀਐ
ਹਿੰਦੂ ਬੇਦ ਪੁਰਾਨ ॥

تُرک طریقتِ جانیےَ
ہِندّوُ بید پُران ॥

ਮਨ ਸਮਝਾਵਨ ਕਾਰਨੇ
ਕਛੂਅਕ ਪੜੀਐ ਗਿਆਨ ॥੫॥

من سمجھاون کارنے
کچھوُنک پڑیےَ گیان ॥5॥

ਓਅੰਕਾਰ ਆਦਿ ਮੈ ਜਾਨਾ ॥	اوئنکار آدِ مے جانا ॥
ਲਿਖਿ ਅਰੁ ਮੇਟੈ ਤਾਹਿ ਨ ਮਾਨਾ ॥	لِکھِ ارُ میٹے تاہِ ن مانا ॥
ਓਅੰਕਾਰ ਲਖੈ ਜਉ ਕੋਈ ॥	اوئنکار لکھے جءُ کوئی ॥
ਸੋਈ ਲਖਿ ਮੇਟਣਾ ਨ ਹੋਈ ॥੬॥	سوئی لکھِ میٹنا ن ہوئی ॥6॥
ਕਕਾ ਕਿਰਣਿ ਕਮਲ ਮਹਿ ਪਾਵਾ ॥	ککا کِرنِ کمل مہِ پاوا ॥
ਸਸਿ ਬਿਗਾਸ ਸੰਪਟ ਨਹੀ ਆਵਾ ॥	سِس بِگاس سنّپٹ نہی آوا ॥
ਅਰੁ ਜੇ ਤਹਾ ਕੁਸਮ ਰਸੁ ਪਾਵਾ ॥	ارُ جے تہا کسم رسُ پاوا ॥
ਅਕਹ ਕਹਾ ਕਹਿ ਕਾ ਸਮਝਾਵਾ ॥੭॥	اکہ کہا کہِ کا سمجھاوا ۔ ॥7॥
ਖਖਾ ਇਹੈ ਖੋੜਿ ਮਨ ਆਵਾ ॥	کھکھا اِہے کھوڑِ من آوا ॥
ਖੋੜੇ ਛਾਡਿ ਨ ਦਹ ਦਿਸ ਧਾਵਾ ॥	کھوڑے چھاڈِ ن دہ دِس دھاوا ॥
ਖਸਮਹਿ ਜਾਣਿ ਖਿਮਾ ਕਰਿ ਰਹੈ ॥	کھسمہِ جانِ کھما کرِ رہے ॥
ਤਉ ਹੋਇ ਨਿਖਿਅਉ ਅਖੈ ਪਦੁ ਲਹੈ ॥੮॥	تءُ ہوءِ نِکھیءُ اکھے پدُ لہے ॥8॥
ਗਗਾ ਗੁਰ ਕੇ ਬਚਨ ਪਛਾਨਾ ॥	گگا گُر کے بچن پچھانا ॥
ਦੂਜੀ ਬਾਤ ਨ ਧਰਈ ਕਾਨਾ ॥	دوُجی بات ن دھرئی کانا ॥
ਰਹੈ ਬਿਹੰਗਮ ਕਤਹਿ ਨ ਜਾਈ ॥	رہے بِہنگم کتہِ ن جائی ॥
ਅਗਹ ਗਹੈ ਗਹਿ ਗਗਨ ਰਹਾਈ ॥੯॥	اگہ گہے گہِ گگن رہائی ॥9॥
ਘਘਾ ਘਟਿ ਘਟਿ ਨਿਮਸੈ ਸੋਈ ॥	گھگھا گھٹِ گھٹِ نمسے سوئی ॥
ਘਟ ਫੂਟੇ ਘਟਿ ਕਬਹਿ ਨ ਹੋਈ ॥	گھٹ پھوٹے گھٹِ کبہِ ن ہوئی ॥
ਤਾ ਘਟ ਮਾਹਿ ਘਾਟ ਜਉ ਪਾਵਾ ॥	تا گھٹ ماہِ گھاٹ جءُ پاوا ॥
ਸੋ ਘਟੁ ਛਾਡਿ ਅਵਘਟ ਕਤ ਧਾਵਾ ॥੧੦॥	سو گھٹُ چھاڈِ اوگھٹ کت دھاوا ۔ ॥ 10 ॥
ਙੰਙਾ ਨਿਗ੍ਰਹਿ ਸਨੇਹੁ ਕਰਿ ਨਿਰਵਾਰੋ ਸੰਦੇਹ ॥	گنّگا نِگرہِ سنیہُ کرِ نِروارو سندیہ ॥
ਨਾਹੀ ਦੇਖਿ ਨ ਭਾਜੀਐ	ناہی دیکھِ ن بھاجیئے

ਪਰਮ ਸਿਆਨਪ ਏਹ ॥੧੧॥

پرم سِیانپ ایہ ॥ 11 ॥

ਚਚਾ ਰਚਿਤ ਚਿਤ੍ਰ ਹੈ ਭਾਰੀ ॥

چچا رچِت چِتّر ہے بھاری ॥

ਤਜਿ ਚਿਤ੍ਰੈ ਚੇਤਹੁ ਚਿਤਕਾਰੀ ॥

تجِ چِتّرے چیتہُ چِتکاری ॥

ਚਿਤ੍ਰ ਬਚਿਤ੍ਰ ਇਹੈ ਅਵਝੇਰਾ ॥

چِتّر بچِتّر اِہے اوجھیرا ॥

ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ ॥੧੨॥

تجِ چِتّرے چِتُ راکھِ چِتیرا ॥ 12 ॥

ਛਛਾ ਇਹੈ ਛਤ੍ਰਪਤਿ ਪਾਸਾ ॥

چھچھا اِہے چھتّرپتِ پاسا ॥

ਛਕਿ ਕਿ ਨ ਰਹਹੁ
ਛਾਡਿ ਕਿ ਨ ਆਸਾ ॥

چھکِ کِ ن رہہُ
چھاڈِ کِ ن آسا ॥

ਰੇ ਮਨ ਮੈ ਤਉ ਛਿਨ ਛਿਨ ਸਮਝਾਵਾ ॥

رے من مے َت ءُ چھِن چھِن سمجھاوا ॥

ਤਾਹਿ ਛਾਡਿ ਕਤ ਆਪੁ ਬਧਾਵਾ ॥੧੩॥

تاہِ چھاڈِ کت آپُ بدھاوا ۔ ॥ 13 ॥

ਜਜਾ ਜਉ ਤਨ ਜੀਵਤ ਜਰਾਵੈ ॥

ججا ج ءُ تن جیوت جراوے ॥

ਜੋਬਨ ਜਾਰਿ ਜੁਗਤਿ ਸੋ ਪਾਵੈ ॥

جوبن جارِ جُگتِ سو پاوے ॥

ਅਸ ਜਰਿ ਪਰ ਜਰਿ
ਜਰਿ ਜਬ ਰਹੈ ॥

اس زرِ پر زرِ
جرِ جب رہے ॥

ਤਬ ਜਾਇ ਜੋਤਿ ਉਜਾਰਉ ਲਹੈ ॥੧੪॥

تب جاءِ جوتِ اُجارءُ لہے ॥ 14 ॥

ਝਝਾ ਉਰਝਿ ਸੁਰਝਿ ਨਹੀ ਜਾਨਾ ॥

جھجھا اُرجھِ سُرجھِ نہی جانا ॥

ਰਹਿਓ ਝਝਕਿ ਨਾਹੀ ਪਰਵਾਨਾ ॥

رہِئو جھجھکِ ناہی پروانا ॥

ਕਤ ਝਖਿ ਝਖਿ ਅਉਰਨ ਸਮਝਾਵਾ ॥

کت جھکھِ جھکھِ اُرن سمجھاوا ۔ ॥

ਝਗਰੁ ਕੀਏ ਝਗਰਉ ਹੀ ਪਾਵਾ ॥੧੫॥

جھگڑُ کیے جھگرءُ ہی پاوا ॥ 15 ॥

ਞੰਞਾ ਨਿਕਟਿ ਜੁ ਘਟ ਰਹਿਓ
ਦੂਰਿ ਕਹਾ ਤਜਿ ਜਾਇ ॥

ञنجا نِکٹِ جُ گھٹ رہِئو
دوُرِ کہا تجِ جاءِ ۔ ॥

ਜਾ ਕਾਰਣਿ ਜਗੁ ਢੂਢਿਅਉ
ਨੇਰਉ ਪਾਇਅਉ ਤਾਹਿ ॥੧੬॥

جا کارنِ جگُ ڈھوُڈھیءُ
نیرءُ پائیءُ تاہِ ॥ 16 ॥

ਟਟਾ ਬਿਕਟ ਘਾਟ ਘਟ ਮਾਹੀ ॥	ٹٹا بِکٹ گھاٹ گھٹ ماہی ॥
ਖੋਲਿ ਕਪਾਟ ਮਹਲਿ ਕਿ ਨ ਜਾਹੀ ॥	کھولِ کپاٹ محلِ کِ ن جاہی ॥
ਦੇਖਿ ਅਟਲ ਟਲਿ ਕਤਹਿ ਨ ਜਾਵਾ ॥	دیکھِ اٹل ٹلِ کتہِ ن جاوا ॥
ਰਹੈ ਲਪਟਿ ਘਟ ਪਰਚਉ ਪਾਵਾ ॥੧੭॥	رہے لپٹِ گھٹ پرچ ءُ پاوا ॥ 17 ॥
ਠਠਾ ਇਹੈ ਦੂਰਿ ਠਗ ਨੀਰਾ ॥	ٹھٹھا اِہے دوُرِ ٹھگ نیِرا ॥
ਨੀਠਿ ਨੀਠਿ ਮਨੁ ਕੀਆ ਧੀਰਾ ॥	نیِٹھِ نیِٹھِ منُ کیِیا دھیِرا ॥
ਜਿਨਿ ਠਗਿ ਠਗਿਆ ਸਗਲ ਜਗੁ ਖਾਵਾ ॥	جِنِ ٹھگِ ٹھگِیا سگل جگُ کھاوا ॥
ਸੋ ਠਗੁ ਠਗਿਆ ਠਉਰ ਮਨੁ ਆਵਾ ॥੧੮॥	سو ٹھگُ ٹھگِیا ٹھئُر منُ آوا ॥ 18 ॥
ਡਡਾ ਡਰ ਉਪਜੇ ਡਰੁ ਜਾਈ ॥	ڈڈا ڈر اُپجے ڈرُ جائی ॥
ਤਾ ਡਰ ਮਹਿ ਡਰੁ ਰਹਿਆ ਸਮਾਈ ॥	تا ڈر مہِ ڈرُ رہِیا سمائی ॥
ਜਉ ਡਰ ਡਰੈ ਤਾ ਫਿਰਿ ਡਰੁ ਲਾਗੈ ॥	ج ءُ ڈر ڈرے تا پھِرِ ڈرُ لاگے ॥
ਨਿਡਰ ਹੂਆ ਡਰੁ ਉਰ ਹੋਇ ਭਾਗੈ ॥੧੯॥	نِڈر ہوُیا ڈرُ اُر ہوءِ بھاگے ॥ 19 ॥
ਢਢਾ ਢਿਗ ਢੂਢਹਿ ਕਤ ਆਨਾ ॥	ڈھڈھا ڈھِگ ڈھوُڈھہِ کت آنا ۔ ॥
ਢੂਢਤ ਹੀ ਢਹਿ ਗਏ ਪਰਾਨਾ ॥	ڈھوُڈھت ہی ڈھہِ گئے پرانا ॥
ਚੜਿ ਸੁਮੇਰਿ ਢੂਢਿ ਜਬ ਆਵਾ ॥	چڑِ سُمیرِ ڈھوُڈھِ جب آوا ॥
ਜਿਹ ਗੜੁ ਗੜਿਓ ਸੁ ਗੜ ਮਹਿ ਪਾਵਾ ॥੨੦॥	جِہ گڑُ گڑِئوہ سُ گڑ مہِ پاوا ॥ 20 ॥
ਣਾਣਾ ਰਣਿ ਰੂਤਉ ਨਰ ਨੇਹੀ ਕਰੈ ॥	ٹاٹا رنِ روُت ءُ نر نیہی کرے ॥
ਨਾ ਨਿਵੈ ਨਾ ਫੁਨਿ ਸੰਚਰੈ ॥	نا نِوے نا پھُنِ سنچَرے ॥
ਧੰਨਿ ਜਨਮੁ ਤਾਹੀ ਕੋ ਗਣੈ ॥	دھنّنِ جنمُ تاہی کو گنئے ॥
ਮਾਰੈ ਏਕਹਿ ਤਜਿ ਜਾਇ ਘਣੈ ॥੨੧॥	مارے ایکہِ تجِ جاءِ گھنئے ॥ 21 ॥
ਤਤਾ ਅਤਰ ਤਰਿਓ ਨਹ ਜਾਈ ॥	تتا اتر ترِئوہ نہ جائی ॥
ਤਨ ਤ੍ਰਿਭਵਣ ਮਹਿ ਰਹਿਓ ਸਮਾਈ ॥	تن ترِبھوٹ مہِ رہِئو سمائی ॥

ਜਉ ਤ੍ਰਿਭਵਣ ਤਨ ਮਾਹਿ ਸਮਾਵਾ ॥	ج ءُ ترِبھوٗن تن ماہِ سماوا ॥
ਤਉ ਤਤਹਿ ਤਤ ਮਿਲਿਆ ਸਚੁ ਪਾਵਾ ॥੨੨॥	ت ءُ تتہِ تت مِلِیا سچُ پاوا ॥ 22 ॥
ਥਥਾ ਅਥਾਹ ਥਾਹ ਨਹੀ ਪਾਵਾ ॥	تھتھا اتھاہ تھاہ نہی پاوا ॥
ਓਹੁ ਅਥਾਹ ਇਹੁ ਥਿਰੁ ਨ ਰਹਾਵਾ ॥	اوہُ اتھاہ اِہُ تھِرُ ن رہاوا ॥
ਥੋੜੈ ਥਲਿ ਥਾਨਕ ਆਰੰਭੈ ॥	تھوڑےَ تھلِ تھانک آرنبھےَ ॥
ਬਿਨੁ ਹੀ ਥਾਭਹ ਮੰਦਿਰੁ ਥੰਭੈ ॥੨੩॥	بِنُ ہی تھابھہ مندِرُ تھنّبھےَ ॥ 23 ॥
ਦਦਾ ਦੇਖਿ ਜੁ ਬਿਨਸਨਹਾਰਾ ॥	ددا دیکھِ جُ بِنسنہارا ॥
ਜਸ ਅਦੇਖਿ ਤਸ ਰਾਖਿ ਬਿਚਾਰਾ ॥	جس ادیکھِ تس راکھِ بِچارا ॥
ਦਸਵੈ ਦੁਆਰਿ ਕੁੰਚੀ ਜਬ ਦੀਜੈ ॥	دسوےَ دُیارِ کُنّچی جب دیجےَ ॥
ਤਉ ਦਇਆਲ ਕੋ ਦਰਸਨੁ ਕੀਜੈ ॥੨੪॥	ت ءُ دئیال کو درسنُ کیجےَ ॥ 24 ॥
ਧਧਾ ਅਰਧਹਿ ਉਰਧ ਨਿਬੇਰਾ ॥	دھدھا اردھِ اُردھ نِبیرا ॥
ਅਰਧਹਿ ਉਰਧਹ ਮੰਝਿ ਬਸੇਰਾ ॥	اردھِ اُردھ منجّھِ بسیرا ॥
ਅਰਧਹ ਛਾਡਿ ਉਰਧ ਜਉ ਆਵਾ ॥	اردھ چھاڈِ اُردھ ج ءُ آوا ॥
ਤਉ ਅਰਧਹਿ ਉਰਧ ਮਿਲਿਆ ਸੁਖ ਪਾਵਾ ॥੨੫॥	ت ءُ اردھِ اُردھ مِلِیا سُکھ پاوا ॥ 25 ॥
ਨੰਨਾ ਨਿਸਿ ਦਿਨੁ ਨਿਰਖਤ ਜਾਈ ॥	ننّا نِس دِنُ نِرکھت جائی ॥
ਨਿਰਖਤ ਨੈਨ ਰਹੇ ਰਤਵਾਈ ॥	نِرکھت نیَن رہے رتوائی ॥
ਨਿਰਖਤ ਨਿਰਖਤ ਜਬ ਜਾਇ ਪਾਵਾ ॥	نِرکھت نِرکھت جب جاءِ پاوا ॥
ਤਬ ਲੇ ਨਿਰਖਹਿ ਨਿਰਖ ਮਿਲਾਵਾ ॥੨੬॥	تب لے نِرکھِ نِرکھ مِلاوا ॥ 26 ॥
ਪਪਾ ਅਪਰ ਪਾਰੁ ਨਹੀ ਪਾਵਾ ॥	پپا اپر پارُ نہی پاوا ॥
ਪਰਮ ਜੋਤਿ ਸਿਉ ਪਰਚਉ ਲਾਵਾ ॥	پرم جوتِ سِ ءُ پرچ ءُ لاوا ॥
ਪਾਂਚਉ ਇੰਦ੍ਰੀ ਨਿਗ੍ਰਹ ਕਰਈ ॥	پانچ ءُ اِندّری نِگّرہ کرئی ॥
ਪਾਪੁ ਪੁੰਨੁ ਦੋਊ ਨਿਰਵਰਈ ॥੨੭॥	پاپُ پُنّنُ دوئوُ نِروریَ ॥ 27 ॥

ਫਫਾ ਬਿਨੁ ਫੂਲਹ ਫਲੁ ਹੋਈ ॥
پھپھا بِنُ پھوُلہ پھلُ ہوئی ॥

ਤਾ ਫਲ ਫੰਕ ਲਖੈ ਜਉ ਕੋਈ ॥
تا پھل پھنک لکھے َ ج ءُ کوئی ॥

ਦੂਣਿ ਨ ਪਰਈ ਫੰਕ ਬਿਚਾਰੈ ॥
دوُنِ ن پرئی پھنک بِچارے َ ॥

ਤਾ ਫਲ ਫੰਕ ਸਭੈ ਤਨ ਫਾਰੈ ॥੨੮॥
تا پھل پھنک سبھے َ تن پھارے َ ॥ 28 ॥

ਬਬਾ ਬਿੰਦਹਿ ਬਿੰਦ ਮਿਲਾਵਾ ॥
ببا بِندہِ بِند مِلاوا ॥

ਬਿੰਦਹਿ ਬਿੰਦਿ ਨ ਬਿਛੁਰਨ ਪਾਵਾ ॥
بِندہِ بِندِ ن بچھُرن پاوا ॥

ਬੰਦਉ ਹੋਇ ਬੰਦਗੀ ਗਹੈ ॥
بندءُ ہوءِ بندگی گہے َ ॥

ਬੰਦਕ ਹੋਇ ਬੰਧ ਸੁਧਿ ਲਹੈ ॥੨੯॥
بندک ہوءِ بندھ سُدھِ لہے َ ॥ 29 ॥

ਭਭਾ ਭੇਦਹਿ ਭੇਦ ਮਿਲਾਵਾ ॥
بھبھا بھیدہِ بھید مِلاوا ॥

ਅਬ ਭਉ ਭਾਨਿ ਭਰੋਸਉ ਆਵਾ ॥
اب بھءُ بھانِ بھروسءُ آوا ॥

ਜੋ ਬਾਹਰਿ ਸੋ ਭੀਤਰਿ ਜਾਨਿਆ ॥
جو باہرِ سو بھیترِ جانِیا ॥

ਭਇਆ ਭੇਦੁ ਭੂਪਤਿ ਪਹਿਚਾਨਿਆ ॥੩੦॥
بھئیا بھیدُ بھوُپتِ پہچانِیا ॥ 30 ॥

ਮਮਾ ਮੂਲ ਗਹਿਆ ਮਨੁ ਮਾਨੈ ॥
مما موُل گہیا منُ مانے َ ॥

ਮਰਮੀ ਹੋਇ ਸੁ ਮਨ ਕਉ ਜਾਨੈ ॥
مرمی ہوءِ سُ من کءُ جانے َ ॥

ਮਤ ਕੋਈ ਮਨ ਮਿਲਤਾ ਬਿਲਮਾਵੈ ॥
مت کوئی من مِلتا بِلماوے َ ॥

ਮਗਨ ਭਇਆ ਤੇ ਸੋ ਸਚੁ ਪਾਵੈ ॥੩੧॥
مگن بھئیا تے سو سچُ پاوے َ ॥ 31 ॥

ਮਮਾ ਮਨ ਸਿਉ ਕਾਜੁ ਹੈ
ਮਨ ਸਾਧੇ ਸਿਧਿ ਹੋਇ ॥
مما من سِءُ کاجُ ہے َ
من سادھے سِدھِ ہوءِ ॥

ਮਨ ਹੀ ਮਨ ਸਿਉ ਕਹੈ ਕਬੀਰਾ
ਮਨ ਸਾ ਮਿਲਿਆ ਨ ਕੋਇ ॥੩੨॥
من ہی من سِءُ کہے َ کبیِرا
من سا مِلیا ن کوءِ ॥ 32 ॥

ਇਹੁ ਮਨੁ ਸਕਤੀ ਇਹੁ ਮਨੁ ਸੀਉ ॥
اِہُ منُ سکتی اِہُ منُ سیِءُ ॥

ਇਹੁ ਮਨੁ ਪੰਚ ਤਤ ਕੋ ਜੀਉ ॥
اِہُ منُ پنچّ تت کو جیِءُ ॥

ਇਹੁ ਮਨੁ ਲੇ ਜਉ ਉਨਮਨਿ ਰਹੈ ॥
اِہُ منُ لے ج ءُ اُنمنِ رہے َ ॥

ਤਉ ਤੀਨਿ ਲੋਕ ਕੀ ਬਾਤੈ ਕਹੈ ॥੩੩॥

ت ءُ تِنِ لوک کی باتے کہے ॥ 33 ॥

ਯਯਾ ਜਉ ਜਾਨਹਿ ਤਉ ਦੁਰਮਤਿ ਹਨਿ
ਕਰਿ ਬਸਿ ਕਾਇਆ ਗਾਉ ॥

یا ج ءُ جانہِ ت ءُ دُرمتِ ہنِ
کرِ بسِ کائیا گاءُ ॥

ਰਣਿ ਰੂਤਉ ਭਾਜੈ ਨਹੀ
ਸੂਰਉ ਥਾਰਉ ਨਾਉ ॥੩੪॥

رنِّ روُت ءُ بھاجے نہی
سوُرءُ تھارءُ ناءُ ॥ 34 ॥

ਰਾਰਾ ਰਸੁ ਨਿਰਸ ਕਰਿ ਜਾਨਿਆ ॥

رارا رسُ نِرس کرِ جانِیا ॥

ਹੋਇ ਨਿਰਸ ਸੁ ਰਸੁ ਪਹਿਚਾਨਿਆ ॥

ہوءِ نِرس سُ رسُ پہچانِیا ॥

ਇਹ ਰਸ ਛਾਡੇ ਉਹ ਰਸੁ ਆਵਾ ॥

اِہ رس چھاڈے اُہ رسُ آوا ॥

ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥੩੫॥

اُہ رسُ پیِیا اِہ رسُ نہی بھاوا ॥ 35 ॥

ਲਲਾ ਐਸੇ ਲਿਵ ਮਨੁ ਲਾਵੈ ॥

للا ایَسے لِو منُ لاوے ॥

ਅਨਤ ਨ ਜਾਇ ਪਰਮ ਸਚੁ ਪਾਵੈ ॥

انت ن جاءِ پرم سچُ پاوے ॥

ਅਰੁ ਜਉ ਤਹਾ ਪ੍ਰੇਮ ਲਿਵ ਲਾਵੈ ॥

ارُ ج ءُ تہا پریم لِو لاوے ॥

ਤਉ ਅਲਹ ਲਹੈ ਲਹਿ ਚਰਨ ਸਮਾਵੈ ॥੩੬॥

ت ءُ الہ لہے لہِ چرن سماوے ॥ 36 ॥

ਵਵਾ ਬਾਰ ਬਾਰ ਬਿਸਨ ਸਮ੍ਹਾਰਿ ॥

ووا بار بار بِسن سمہّارِ ॥

ਬਿਸਨ ਸੰਮ੍ਹਾਰਿ ਨ ਆਵੈ ਹਾਰਿ ॥

بِسن سمّہارِ ن آوے ہارِ ॥

ਬਲਿ ਬਲਿ ਜੇ ਬਿਸਨਤਨਾ ਜਸੁ ਗਾਵੈ ॥

بلِ بلِ جے بِسنتنا جسُ گاوے ॥

ਵਿਸਨ ਮਿਲੇ ਸਭ ਹੀ ਸਚੁ ਪਾਵੈ ॥੩੭॥

وِسن مِلے سبھ ہی سچُ پاوے ॥ 37 ॥

ਵਾਵਾ ਵਾਹੀ ਜਾਨੀਐ
ਵਾ ਜਾਨੇ ਇਹੁ ਹੋਇ ॥

واوا واہی جانیِئے
وا جانے اِہُ ہوءِ ॥

ਇਹੁ ਅਰੁ ਓਹੁ ਜਬ ਮਿਲੈ
ਤਬ ਮਿਲਤ ਨ ਜਾਨੈ ਕੋਇ ॥੩੮॥

اِہُ ارُ اوہُ جب مِلے
تب مِلت ن جانے کوءِ ॥ 38 ॥

ਸਸਾ ਸੋ ਨੀਕਾ ਕਰਿ ਸੋਧਹੁ ॥

سسا سو نیِکا کرِ سودھہُ ॥

ਘਟ ਪਰਚਾ ਕੀ ਬਾਤ ਨਿਰੋਧਹੁ ॥

گھٹ پرچا کی بات نِرودھہُ ॥

ਘਟ ਪਰਚੈ ਜਉ ਉਪਜੈ ਭਾਉ ॥
ਪੂਰਿ ਰਹਿਆ ਤਹ ਤ੍ਰਿਭਵਣ ਰਾਉ ॥੩੯॥

گھٹ پرچے ج ءُ اُپجے بھاءُ ॥
پوُرِ رہِیا تہ تّرِبھونٹ راءُ ॥ 39 ॥

ਖਖਾ ਖੋਜਿ ਪਰੈ ਜਉ ਕੋਈ ॥
ਜੋ ਖੋਜੈ ਸੋ ਬਹੁਰਿ ਨ ਹੋਈ ॥

کھکھا کھوجِ پرے ج ءُ کوئی ॥
جو کھوجے سو بہُرِ ن ہوئی ॥

ਖੋਜ ਬੂਝਿ ਜਉ ਕਰੈ ਬੀਚਾਰਾ ॥
ਤਉ ਭਵਜਲ ਤਰਤ ਨ ਲਾਵੈ ਬਾਰਾ ॥੪੦॥

کھوج بوُجھِ ج ءُ کرے بیچارا ॥
ت ءُ بھوجل ترت ن لاوے بارا ॥ 40 ॥

ਸਸਾ ਸੋ ਸਹ ਸੇਜ ਸਵਾਰੈ ॥
ਸੋਈ ਸਹੀ ਸੰਦੇਹ ਨਿਵਾਰੈ ॥

سسا سو سہ سیج سوارے ॥
سوئی سہی سندیہ نِوارے ॥

ਅਲਪ ਸੁਖ ਛਾਡਿ ਪਰਮ ਸੁਖ ਪਾਵਾ ॥
ਤਬ ਇਹ ਤ੍ਰੀਅ ਓਹੁ ਕੰਤੁ ਕਹਾਵਾ ॥੪੧॥

الپ سُکھ چھاڈِ پرم سُکھ پاوا ॥
تب اِہ تّری ء اوُہُ کنّٹ کہاوا ॥ 41 ॥

ਹਾਹਾ ਹੋਤ ਹੋਇ ਨਹੀ ਜਾਨਾ ॥
ਜਬ ਹੀ ਹੋਇ ਤਬਹਿ ਮਨੁ ਮਾਨਾ ॥

ہاہا ہوت ہوءِ نہی جانا ॥
جب ہی ہوءِ تبہِ منُ مانا ॥

ਹੈ ਤਉ ਸਹੀ ਲਖੈ ਜਉ ਕੋਈ ॥
ਤਬ ਓਹੀ ਉਹੁ ਏਹੁ ਨ ਹੋਈ ॥੪੨॥

ہے ت ءُ سہی لکھے ج ءُ کوئی ॥
تب اوہی اُہُ ایہُ ن ہوئی ॥ 42 ॥

ਲਿੰਉ ਲਿੰਉ ਕਰਤ ਫਿਰੈ ਸਭੁ ਲੋਗੁ ॥
ਤਾ ਕਾਰਣਿ ਬਿਆਪੈ ਬਹੁ ਸੋਗੁ ॥

لِنَ ءُ لِنَ ءُ کرت پھِرے سبھُ لوگُ ॥
تا کارنِ بِیاپے بہُ سوگُ ॥

ਲਖਿਮੀ ਬਰ ਸਿਉ ਜਉ ਲਿਉ ਲਾਵੈ ॥
ਸੋਗੁ ਮਿਟੈ ਸਭ ਹੀ ਸੁਖ ਪਾਵੈ ॥੪੩॥

لکھِمی بر سِ ءُ ج ءُ لِ ءُ لاوے ॥
سوگُ مِٹے سبھ ہی سُکھ پاوے ॥ 43 ॥

ਖਖਾ ਖਿਰਤ ਖਪਤ ਗਏ ਕੇਤੇ ॥
ਖਿਰਤ ਖਪਤ ਅਜਹੂੰ ਨਹ ਚੇਤੇ ॥

کھکھا کھِرت کھپت گئے کیتے ॥
کھِرت کھپت اجہوُنَ نہ چیتے ॥

ਅਬ ਜਗੁ ਜਾਨਿ ਜਉ ਮਨਾ ਰਹੈ ॥
ਜਹ ਕਾ ਬਿਛੁਰਾ ਤਹ ਥਿਰੁ ਲਹੈ ॥੪੪॥

اب جگُ جانِ ج ءُ منا رہے ॥
جہ کا بچھُرا تہ تھِرُ لہے ॥ 44 ॥

ਬਾਵਨ ਅਖਰ ਜੋਰੇ ਆਨਿ ॥	باون اکھر جورے آنِ ॥
ਸਕਿਆ ਨ ਅਖਰੁ ਏਕੁ ਪਛਾਨਿ ॥	سکیا ن اکھرُ ایکُ پچھانِ ॥
ਸਤ ਕਾ ਸਬਦੁ ਕਬੀਰਾ ਕਹੈ ॥	ست کا سبدُ کبیِرا کہےَ ॥
ਪੰਡਿਤ ਹੋਇ ਸੁ ਅਨਭੈ ਰਹੈ ॥	پنڈِت ہوءِ سُ انبھےَ رہےَ ॥
ਪੰਡਿਤ ਲੋਗਹ ਕਉ ਬਿਉਹਾਰ ॥	پنڈِت لوگہ ک ءُ بِہُار ॥
ਗਿਆਨਵੰਤ ਕਉ ਤਤੁ ਬੀਚਾਰ ॥	گِیانونَت ک ءُ تتُ بیچار ॥
ਜਾ ਕੈ ਜੀਅ ਜੈਸੀ ਬੁਧਿ ਹੋਈ ॥	جا کےَ جی ء جیَسی بُدھِ ہوئی ॥
ਕਹਿ ਕਬੀਰ ਜਾਨੈਗਾ ਸੋਈ ॥੪੫॥	کہِ کبیِر جانیَگا سوئی ॥ 45 ॥
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਰਾਗੁ ਗਉੜੀ ਥਿਤੀ ਕਬੀਰ ਜੀ ਕੀ ॥	راگُ گئُڑی تھِتینّ کبیِر جی کینّ ॥
ਸਲੋਕੁ ॥	سلوکُ ॥
ਪੰਦ੍ਰਹ ਥਿਤੀ ਸਾਤ ਵਾਰ ॥	پنڈّرہ تھِتینّ سات وار ॥
ਕਹਿ ਕਬੀਰ ਉਰਵਾਰ ਨ ਪਾਰ ॥	کہِ کبیِر اُروار ن پار ॥
ਸਾਧਿਕ ਸਿਧ ਲਖੈ ਜਉ ਭੇਉ ॥	سادھِک سِدھ لکھےَ ج ءُ بھی ءُ ॥
ਆਪੇ ਕਰਤਾ ਆਪੇ ਦੇਉ ॥੧॥	آپے کرتا آپے دی ءُ ॥ 1 ॥
ਥਿਤੀ ॥	تھِتینّ ॥
ਅੰਮਾਵਸ ਮਹਿ ਆਸ ਨਿਵਾਰਹੁ ॥	انّماوس مہِ آس نِوارہُ ॥
ਅੰਤਰਜਾਮੀ ਰਾਮੁ ਸਮਾਰਹੁ ॥	انترجامی رامُ سمارہُ ॥
ਜੀਵਤ ਪਾਵਹੁ ਮੋਖ ਦੁਆਰ ॥	جیِوت پاوہُ موکھ دُیار ॥
ਅਨਭਉ ਸਬਦੁ ਤਤੁ ਨਿਜੁ ਸਾਰ ॥੧॥	انبھ ءُ سبدُ تتُ نِجُ سار ॥ 1 ॥
ਚਰਨ ਕਮਲ ਗੋਬਿੰਦ ਰੰਗੁ ਲਾਗਾ ॥	چرن کمل گوبِنّد رنگُ لاگا ॥
ਸੰਤ ਪ੍ਰਸਾਦਿ ਭਏ ਮਨ ਨਿਰਮਲ ਹਰਿ ਕੀਰਤਨ ਮਹਿ ਅਨਦਿਨੁ ਜਾਗਾ ॥੧॥ ਰਹਾਉ ॥	سنّت پرّسادِ بھےَ من نِرمل ہرِ کیِرتن مہِ اندِنُ جاگا ॥ 1 ॥ رہاءُ ॥

ਪਰਿਵਾ ਪ੍ਰੀਤਮ ਕਰਹੁ ਬੀਚਾਰ ॥	پرِوا پرِیتم کرہُ بیچار ॥
ਘਟ ਮਹਿ ਖੇਲੈ ਅਘਟ ਅਪਾਰ ॥	گھٹ مہِ کھیلےَ اگھٹ اپار ॥
ਕਾਲ ਕਲਪਨਾ ਕਦੇ ਨ ਖਾਇ ॥	کال کلپنا کدے ن کھاءِ ॥
ਆਦਿ ਪੁਰਖ ਮਹਿ ਰਹੈ ਸਮਾਇ ॥੨॥	آدِ پُرکھ مہِ رہےَ سماءِ ॥2॥
ਦੁਤੀਆ ਦੁਹ ਕਰਿ ਜਾਨੈ ਅੰਗ ॥	دُتیا دُہ کرِ جانے انگ ॥
ਮਾਇਆ ਬ੍ਰਹਮ ਰਮੈ ਸਭ ਸੰਗ ॥	مائیا برہم رمےَ سبھ سنگ ॥
ਨਾ ਓਹੁ ਬਢੈ ਨ ਘਟਤਾ ਜਾਇ ॥	نا اوہُ بڈھےَ ن گھٹتا جاءِ ॥
ਅਕੁਲ ਨਿਰੰਜਨ ਏਕੈ ਭਾਇ ॥੩॥	اُکل نِرنجن ایکےَ بھاءِ ॥3॥
ਤ੍ਰਿਤੀਆ ਤੀਨੇ ਸਮ ਕਰਿ ਲਿਆਵੈ ॥	ترِتیا تِینے سم کرِ لیاوےَ ॥
ਆਨਦ ਮੂਲ ਪਰਮ ਪਦੁ ਪਾਵੈ ॥	آند مول پرم پدُ پاوےَ ॥
ਸਾਧਸੰਗਤਿ ਉਪਜੈ ਬਿਸ੍ਵਾਸ ॥	سادھسنگتِ اُپجےَ بِسواس ॥
ਬਾਹਰਿ ਭੀਤਰਿ ਸਦਾ ਪ੍ਰਗਾਸ ॥੪॥	باہرِ بھیترِ سدا پرگاس ॥4॥
ਚਉਥਹਿ ਚੰਚਲ ਮਨ ਕਉ ਗਹਹੁ ॥	چتھہِ چنچل من کءُ گہہُ ॥
ਕਾਮ ਕ੍ਰੋਧ ਸੰਗਿ ਕਬਹੁ ਨ ਬਹਹੁ ॥	کام کرودھ سنگِ کبہُ ن بہہُ ॥
ਜਲ ਥਲ ਮਾਹੇ ਆਪਹਿ ਆਪ ॥	جل تھل ماہے آپہِ آپ ॥
ਆਪੈ ਜਪਹੁ ਆਪਨਾ ਜਾਪ ॥੫॥	آپےَ جپہُ آپنا جاپ ॥5॥
ਪਾਂਚੈ ਪੰਚ ਤਤ ਬਿਸਥਾਰ ॥	پانچےَ پنچ تت بِستھار ॥
ਕਨਿਕ ਕਾਮਿਨੀ ਜੁਗ ਬਿਉਹਾਰ ॥	کنِک کامِنی جُگ بِہُار ॥
ਪ੍ਰੇਮ ਸੁਧਾ ਰਸੁ ਪੀਵੈ ਕੋਇ ॥	پریم سُدھا رسُ پیوےَ کوءِ ॥
ਜਰਾ ਮਰਣ ਦੁਖੁ ਫੇਰਿ ਨ ਹੋਇ ॥੬॥	جرا مرنُ دُکھُ پھیرِ ن ہوءِ ॥6॥
ਛਠਿ ਖਟੁ ਚਕ੍ਰ ਛਹੂੰ ਦਿਸ ਧਾਇ ॥	چھٹھِ کھٹُ چکّر چھہوُنَ دِس دھاءِ ॥
ਬਿਨੁ ਪਰਚੈ ਨਹੀ ਥਿਰਾ ਰਹਾਇ ॥	بِنُ پرچےَ نہی تھِرا رہاءِ ॥

ਦੁਬਿਧਾ ਮੇਟਿ ਖਿਮਾ ਗਹਿ ਰਹਹੁ ॥ دُبدھا میٹِ کھِما گہِ رہہُ ॥

ਕਰਮ ਧਰਮ ਕੀ ਸੂਲ ਨ ਸਹਹੁ ॥ کرم دھرم کی سُول ن سہہُ ॥

ਸਾਤੈਂ ਸਤਿ ਕਰਿ ਬਾਚਾ ਜਾਣਿ ॥ ساتیَں ستِ کرِ باچا جانِ ॥

ਆਤਮ ਰਾਮੁ ਲੇਹੁ ਪਰਵਾਣਿ ॥ آتم رامُ لیہُ پرواڑِ ॥

ਛੂਟੈ ਸੰਸਾ ਮਿਟਿ ਜਾਇ ਦੁਖ ॥ چھوُٹے سنّسا مِٹ جاءِ دُکھ ॥

ਸੁੰਨ ਸਰੋਵਰਿ ਪਾਵਹੁ ਸੁਖ ॥੮॥ سُنّن سروورِ پاوہُ سُکھ ॥8॥

ਅਸਟਮੀ ਅਸਟ ਧਾਤੁ ਕੀ ਕਾਇਆ ॥ اسٹمی اسٹ دھاتُ کی کائیا ॥

ਤਾ ਮਹਿ ਅਕੁਲ ਮਹਾ ਨਿਧਿ ਰਾਇਆ ॥ تا مہِ اُکل مہا نِدھِ رائیا ॥

ਗੁਰ ਗਮ ਗਿਆਨ ਬਤਾਵੈ ਭੇਦ ॥ گُر گم گیان بتاوے بھید ॥

ਉਲਟਾ ਰਹੈ ਅਭੰਗ ਅਛੇਦ ॥੯॥ اُلٹا رہے ابھنگ اچھید ॥9॥

ਨਉਮੀ ਨਵੈ ਦੁਆਰ ਕਉ ਸਾਧਿ ॥ نمُی نوے دُیار کءُ سادھِ ॥

ਬਹਤੀ ਮਨਸਾ ਰਾਖਹੁ ਬਾਂਧਿ ॥ بہتی منسا راکھہُ باندھِ ॥

ਲੋਭ ਮੋਹ ਸਭ ਬੀਸਰਿ ਜਾਹੁ ॥ لوبھ موہ سبھ بِیسرِ جاہُ ॥

ਜੁਗੁ ਜੁਗੁ ਜੀਵਹੁ ਅਮਰ ਫਲ ਖਾਹੁ ॥੧੦॥ جُگ جُگ جیوہُ امر پھل کھاہُ ॥ 10 ॥

ਦਸਮੀ ਦਹ ਦਿਸ ਹੋਇ ਅਨੰਦ ॥ دسمی دہ دِس ہوءِ انند ॥

ਛੂਟੈ ਭਰਮੁ ਮਿਲੈ ਗੋਬਿੰਦ ॥ چھوُٹے بھرمُ مِلے گوبِند ॥

ਜੋਤਿ ਸਰੂਪੀ ਤਤ ਅਨੂਪ ॥ جوتِ سروُپی تت انوُپ ॥

ਅਮਲ ਨ ਮਲ ਨ ਛਾਹ ਨਹੀ ਧੂਪ ॥੧੧॥ امل ن مل ن چھاہ نہی دھوُپ ॥ 11 ॥

ਏਕਾਦਸੀ ਏਕ ਦਿਸ ਧਾਵੈ ॥ ایکادسی ایک دِس دھاوے ॥

ਤਉ ਜੋਨੀ ਸੰਕਟ ਬਹੁਰਿ ਨ ਆਵੈ ॥ تءُ جونی سنکٹ بہُرِ ن آوے ॥

ਸੀਤਲ ਨਿਰਮਲ ਭਇਆ ਸਰੀਰਾ ॥ سِیتل نِرمل بھئیا سریرا ॥

ਦੂਰਿ ਬਤਾਵਤ ਪਾਇਆ ਨੀਰਾ ॥੧੨॥ دوُرِ بتاوت پائیا نیِرا ॥ 12 ॥

ਬਾਰਸਿ ਬਾਰਹ ਉਗਵੈ ਸੂਰ ॥	بارسِ بارہ اُگوے سوُر ॥
ਅਹਿਨਿਸਿ ਬਾਜੇ ਅਨਹਦ ਤੂਰ ॥	اِہنِس باجے انہد توُر ॥
ਦੇਖਿਆ ਤਿਹੂੰ ਲੋਕ ਕਾ ਪੀਉ ॥	دیکھیا تِہوُنَ لوک کا پِیءُ ॥
ਅਚਰਜੁ ਭਇਆ ਜੀਵ ਤੇ ਸੀਉ ॥੧੩॥	اچرجُ بھئیا جیِو تے سیِءُ ॥ 13 ॥
ਤੇਰਸਿ ਤੇਰਹ ਅਗਮ ਬਖਾਣਿ ॥	تیرسِ تیرہ اگم بکھانِ ॥
ਅਰਧ ਉਰਧ ਬਿਚਿ ਸਮ ਪਹਿਚਾਣਿ ॥	اردھ اُردھ بِچِ سم پہچانِ ॥
ਨੀਚ ਊਚ ਨਹੀ ਮਾਨ ਅਮਾਨ ॥	نِیچ اوُچ نہی مان امان ॥
ਬਿਆਪਿਕ ਰਾਮ ਸਗਲ ਸਾਮਾਨ ॥੧੪॥	بِیاپِک رام سگل سامان ॥ 14 ॥
ਚਉਦਸਿ ਚਉਦਹ ਲੋਕ ਮਝਾਰਿ ॥	چئُدسِ چئُدہ لوک مجھارِ ॥
ਰੋਮ ਰੋਮ ਮਹਿ ਬਸਹਿ ਮੁਰਾਰਿ ॥	روم روم مہِ بسہِ مُرارِ ॥
ਸਤ ਸੰਤੋਖ ਕਾ ਧਰਹੁ ਧਿਆਨ ॥	ست سنّتوکھ کا دھرہُ دھِیان ॥
ਕਥਨੀ ਕਥੀਐ ਬ੍ਰਹਮ ਗਿਆਨ ॥੧੫॥	کتھنی کتھیےِ برّہم گِیان ॥ 15 ॥
ਪੂਨਿਉ ਪੂਰਾ ਚੰਦ ਅਕਾਸ ॥	پوُنِءُ پوُرا چندّ اکاس ॥
ਪਸਰਹਿ ਕਲਾ ਸਹਜ ਪਰਗਾਸ ॥	پسرہِ کلا سہج پرگاس ॥
ਆਦਿ ਅੰਤਿ ਮਧਿ ਹੋਇ ਰਹਿਆ ਥੀਰ ॥	آدِ انّتِ مدھِ ہوءِ رہِیا تھیِر ॥
ਸੁਖ ਸਾਗਰ ਮਹਿ ਰਮਹਿ ਕਬੀਰ ॥੧੬॥	سُکھ ساگر مہِ رمہِ کبیِر ॥ 16 ॥
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਰਾਗੁ ਗਉੜੀ ਵਾਰ ਕਬੀਰ ਜੀਉ ਕੇ ੭ ॥	راگُ گئُڑی وار کبیِر جیِءُ کے 7 ॥
ਬਾਰ ਬਾਰ ਹਰਿ ਕੇ ਗੁਨ ਗਾਵਉ ॥	بار بار ہرِ کے گُن گاوءُ ॥
ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ ॥੧॥ ਰਹਾਉ ॥	گُر گمِ بھیدُ سُ ہرِ کا پاوءُ ॥ 1 ॥ رہاءُ ॥
ਆਦਿਤ ਕਰੈ ਭਗਤਿ ਆਰੰਭ ॥	آدِت کرے بھگتِ آرنّبھ ॥
ਕਾਇਆ ਮੰਦਰ ਮਨਸਾ ਥੰਭ ॥	کائیا مندّر منسا تھنّبھ ॥

ਅਹਿਨਿਸਿ ਅਖੰਡ ਸੁਰਹੀ ਜਾਇ ॥	اِہنِس اکھنڈ سُرہی جاءِ ॥
ਤਉ ਅਨਹਦ ਬੇਣੁ ਸਹਜ ਮਹਿ ਬਾਇ ॥੧॥	تءُ انہد بینُ سہج مہِ باءِ ॥1॥
ਸੋਮਵਾਰਿ ਸਸਿ ਅੰਮ੍ਰਿਤੁ ਝਰੈ ॥	سوموارِ سسِ انمّرِتُ جھرے ॥
ਚਾਖਤ ਬੇਗਿ ਸਗਲ ਬਿਖ ਹਰੈ ॥	چاکھت بیگِ سگل بِکھ ہرے ॥
ਬਾਣੀ ਰੋਕਿਆ ਰਹੈ ਦੁਆਰ ॥	باٹی روکیا رہے دُیار ॥
ਤਉ ਮਨੁ ਮਤਵਾਰੋ ਪੀਵਨਹਾਰ ॥੨॥	تءُ منُ متوارہ پیِونہار ॥2॥
ਮੰਗਲਵਾਰੇ ਲੇ ਮਾਹੀਤਿ ॥	منگلوارے لے ماہیتِ ॥
ਪੰਚ ਚੋਰ ਕੀ ਜਾਣੈ ਰੀਤਿ ॥	پنّچ چور کی جانے ریتِ ॥
ਘਰ ਛੋਡੇਂ ਬਾਹਰਿ ਜਿਨਿ ਜਾਇ ॥	گھر چھوڈیں باہرِ جنِ جاءِ ॥
ਨਾਤਰੁ ਖਰਾ ਰਿਸੈ ਹੈ ਰਾਇ ॥੩॥	ناترُ کھرا رِسے ہے راءِ ॥3॥
ਬੁਧਵਾਰਿ ਬੁਧਿ ਕਰੈ ਪ੍ਰਗਾਸ ॥	بُدھوارِ بُدھِ کرے پرّگاس ॥
ਹਿਰਦੈ ਕਮਲ ਮਹਿ ਹਰਿ ਕਾ ਬਾਸ ॥	ہِردے کمل مہِ ہرِ کا باس ॥
ਗੁਰ ਮਿਲਿ ਦੋਊ ਏਕ ਸਮ ਧਰੈ ॥	گُر مِلِ دوئُو ایک سم دھرے ॥
ਉਰਧ ਪੰਕ ਲੈ ਸੂਧਾ ਕਰੈ ॥੪॥	اُردھ پنک لے سُودھا کرے ॥4॥
ਬ੍ਰਿਹਸਪਤਿ ਬਿਖਿਆ ਦੇਇ ਬਹਾਇ ॥	برِہسپتِ بِکھیا دےءِ بہاءِ ॥
ਤੀਨਿ ਦੇਵ ਏਕ ਸੰਗਿ ਲਾਇ ॥	تینِ دیو ایک سنگِ لاءِ ॥
ਤੀਨਿ ਨਦੀ ਤਹ ਤ੍ਰਿਕੁਟੀ ਮਾਹਿ ॥	تینِ ندی تہ ترّکُٹی ماہِ ॥
ਅਹਿਨਿਸਿ ਕਸਮਲ ਧੋਵਹਿ ਨਾਹਿ ॥੫॥	اِہنِس کسمل دھووہِ ناہِ ॥5॥
ਸੁਕ੍ਰਿਤੁ ਸਹਾਰੈ ਸੁ ਇਹ ਬ੍ਰਤਿ ਚੜੈ ॥	سُکّرِتُ سہارے سُ اِہ برّتِ چڑے ॥
ਅਨਦਿਨ ਆਪਿ ਆਪ ਸਿਉ ਲੜੈ ॥	اندِن آپِ آپ سِءُ لڑے ॥
ਸੁਰਖੀ ਪਾਂਚਉ ਰਾਖੈ ਸਬੈ ॥	سُرکھی پانچءُ راکھے سبے ॥
ਤਉ ਦੂਜੀ ਦ੍ਰਿਸਟਿ ਨ ਪੈਸੈ ਕਬੈ ॥੬॥	تءُ دوُجی دّرِسٹِ ن پیَسے کبے ॥6॥

ਥਾਵਰ ਥਿਰੁ ਕਰਿ ਰਾਖੈ ਸੋਇ ॥	تھاور تھِرُ کرِ راکھےَ سوءِ ॥
ਜੋਤਿ ਦੀ ਵਟੀ ਘਟ ਮਹਿ ਜੋਇ ॥	جوتِ دی وٹی گھٹ مہِ جوءِ ॥
ਬਾਹਰਿ ਭੀਤਰਿ ਭਇਆ ਪ੍ਰਗਾਸੁ ॥	باہرِ بھیترِ بھئیا پرّگاسُ ॥
ਤਬ ਹੂਆ ਸਗਲ ਕਰਮ ਕਾ ਨਾਸੁ ॥੭॥	تب ہوُیا سگل کرم کا ناسُ ॥7॥
ਜਬ ਲਗੁ ਘਟ ਮਹਿ ਦੂਜੀ ਆਨ ॥	جب لگُ گھٹ مہِ دوُجی آن ॥
ਤਉ ਲਉ ਮਹਲਿ ਨ ਲਾਭੈ ਜਾਨ ॥	تءُ لءُ محلِ ن لابھےَ جان ॥
ਰਮਤ ਰਾਮ ਸਿਉ ਲਾਗੋ ਰੰਗੁ ॥	رمت رام سِءُ لاگو رنگُ ॥
ਕਹਿ ਕਬੀਰ ਤਬ ਨਿਰਮਲ ਅੰਗ ॥੮॥੧॥	کہِ کبیرِ تب نِرمل انگ ॥8॥1॥
ਰਾਗੁ ਗਉੜੀ ਚੇਤੀ ਬਾਣੀ ਨਾਮਦੇਉ ਜੀਉ ਕੀ	راگُ گئڑی چیتی باٹی نامدیءُ جیِءُ کی
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਦੇਵਾ ਪਾਹਨ ਤਾਰੀਅਲੇ ॥	دیوا پاہن تارِیئلے ॥
ਰਾਮ ਕਹਤ ਜਨ ਕਸ ਨ ਤਰੇ ॥੧॥ ਰਹਾਉ ॥	رام کہت جن کس ن ترے ۔ ॥1॥ رہاءُ ॥
ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ ॥	تارِیلے گنِکا بِنُ روُپ کُبِجا بِیادھِ اجاملُ تارِیئلے ॥
ਚਰਨ ਬਧਿਕ ਜਨ ਤੇਊ ਮੁਕਤਿ ਭਏ ॥	چرن بدھِک جن تینئوُ مُکتِ بھےَ ॥
ਹਉ ਬਲਿ ਬਲਿ ਜਿਨ ਰਾਮ ਕਹੇ ॥੧॥	ہءُ بلِ بلِ جِن رام کہے ॥1॥
ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ ॥	داسی سُت جنُ بِدرُ سُداما اُگرسیَن کءُ راج دیِےَ ॥
ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ ॥੨॥੧॥	جپ ہِین تپ ہِین کُل ہِین کرم ہِین نامے کے سُیامی تینئوُ ترے ॥2॥1॥
ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ	راگُ گئڑی روِداس جی کے پدے گئڑی گیاریری
੧ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥	੧ੴ ستِنامُ کرتا پُرکھُ گُرپرّسادِ ॥

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥	میری سنگتِ پوچ سوچ دِنُ راتی ॥
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥੧॥	میرا کرمُ کُٹِلتا جنمُ کُبھانتی ॥1॥
ਰਾਮ ਗੁਸਈਆ ਜੀਅ ਕੇ ਜੀਵਨਾ ॥	رام گُسئیِیا جیء کے جِیونا ۔ ॥
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥੧॥ ਰਹਾਉ ॥	موہِ ن بِسارہُ مے َجنُ تیرا ॥1॥ رہاءُ ॥
ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥	میری ہرہُ بِپتِ جن کرہُ سُبھائی ॥
ਚਰਣ ਨ ਛਾਡਉ ਸਰੀਰ ਕਲ ਜਾਈ ॥੨॥	چرنْ ن چھاڈءُ سریر کل جائی ॥2॥
ਕਹੁ ਰਵਿਦਾਸ ਪਰਉ ਤੇਰੀ ਸਾਭਾ ॥	کہُ روِداس پرءُ تیری سابھا ॥
ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥੩॥੧॥	بیگِ مِلہُ جن کرِ ن بِلانْبا ॥3॥1॥
ਬੇਗਮਪੁਰਾ ਸਹਰ ਕੋ ਨਾਉ ॥	بیغمپُرا سہر کو ناءُ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥	دوُکھُ اندوہُ نہی تِہِ ٹھاءُ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥	ناں تسویِش کھِراجُ ن مالُ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥	کھئُپھُ ن خطا ن ترسُ زوالُ ॥1॥
ਅਬ ਮੋਹਿ ਖੂਬ ਵਤਨ ਗਹ ਪਾਈ ॥	اب موہِ خوُب وطن گہ پائی ॥
ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥	اوُہاں کھیَرِ سدا میرے بھائی ۔ ॥1॥ رہاءُ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥	قائمُ دائمُ سدا پاتِشاہی ॥
ਦੋਮ ਨ ਸੇਮ ਏਕ ਸੋ ਆਹੀ ॥	دوم ن سیم ایک سو آہی ॥
ਆਬਾਦਾਨੁ ਸਦਾ ਮਸਹੂਰ ॥	آبادانُ سدا مشہوُر ॥
ਊਹਾਂ ਗਨੀ ਬਸਹਿ ਮਾਮੂਰ ॥੨॥	اوُہاں غنی بسہِ مامُور ॥2॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥	تِءُ تِءُ سیَل کرہِ جِءُ بھاوے ॥
ਮਹਰਮ ਮਹਲ ਨ ਕੋ ਅਟਕਾਵੈ ॥	محرم محل ن کو اٹکاوے ॥
ਕਹਿ ਰਵਿਦਾਸ ਖਲਾਸ ਚਮਾਰਾ ॥	کہِ روِداس خلاس چمارا ॥
ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥	جو ہم سہری سُ میِتُ ہمارا ॥3॥2॥

ੴ ਸਤਿਗੁਰ ਪ੍ਰਸਾਦਿ ॥

ੴ ستگُر پرسادِ ॥

ਗਉੜੀ ਬੈਰਾਗਣਿ ਰਵਿਦਾਸ ਜੀਉ ॥

گئڑی بیراگنِ رِوداس جیِءُ ॥

ਘਟ ਅਵਘਟ ਡੂਗਰ ਘਣਾ
ਇਕੁ ਨਿਰਗੁਣੁ ਬੈਲੁ ਹਮਾਰ ॥

گھٹ اوگھٹ ڈُوگر گھٹا
اِکُ نِرگُنُ بیَلُ ہمار ॥

ਰਮਈਏ ਸਿਉ ਇਕ ਬੇਨਤੀ
ਮੇਰੀ ਪੂੰਜੀ ਰਾਖੁ ਮੁਰਾਰਿ ॥੧॥

رمئیے سِءُ اِک بینتی
میری پُونجی راکھُ مُرارِ ۔ ॥1॥

ਕੋ ਬਨਜਾਰੋ ਰਾਮ ਕੋ
ਮੇਰਾ ਟਾਂਡਾ ਲਾਦਿਆ ਜਾਇ ਰੇ ॥੧॥ ਰਹਾਉ ॥

کو بنجارو رام کو
میرا ٹانڈا لادِیا جاءِ رے ۔ ॥1॥ رہاءُ ॥

ਹਉ ਬਨਜਾਰੋ ਰਾਮ ਕੋ
ਸਹਜ ਕਰਉ ਬ੍ਯਾਪਾਰੁ ॥

ہءُ بنجارو رام کو
سہج کرءُ بیاپارُ ॥

ਮੈ ਰਾਮ ਨਾਮ ਧਨੁ ਲਾਦਿਆ
ਬਿਖੁ ਲਾਦੀ ਸੰਸਾਰਿ ॥੨॥

مے رام نام دھنُ لادِیا
بِکھُ لادی سنّسارِ ॥2॥

ਉਰਵਾਰ ਪਾਰ ਕੇ ਦਾਨੀਆ
ਲਿਖਿ ਲੇਹੁ ਆਲ ਪਤਾਲੁ ॥

اُروار پار کے دانِیا
لِکھِ لیہُ آل پتالُ ॥

ਮੋਹਿ ਜਮ ਡੰਡੁ ਨ ਲਾਗਈ
ਤਜੀਲੇ ਸਰਬ ਜੰਜਾਲ ॥੩॥

موہِ جم ڈنّڈُ ن لاگئی
تجیلے سرب زنّجال ॥3॥

ਜੈਸਾ ਰੰਗੁ ਕਸੁੰਭ ਕਾ
ਤੈਸਾ ਇਹੁ ਸੰਸਾਰੁ ॥

جیَسا رنگُ کسُنّبھ کا
تیَسا اِہُ سنّسارُ ॥

ਮੇਰੇ ਰਮਈਏ ਰੰਗੁ ਮਜੀਠ ਕਾ
ਕਹੁ ਰਵਿਦਾਸ ਚਮਾਰ ॥੪॥੧॥

میرے رمئیے رنگُ مجیٹھ کا
کہُ رِوداس چمار ॥4॥1॥

ਗਉੜੀ ਪੂਰਬੀ ਰਵਿਦਾਸ ਜੀਉ

گئڑی پُوربی رِوداس جیِءُ

ੴ ਸਤਿਗੁਰ ਪ੍ਰਸਾਦਿ ॥

ੴ ستگُر پرسادِ ॥

ਕੂਪੁ ਭਰਿਓ ਜੈਸੇ ਦਾਦਿਰਾ
ਕਛੂ ਦੇਸੁ ਬਿਦੇਸੁ ਨ ਬੂਝ ॥

کوُپُ بھرِیُو جیَسے دادِرا
کچھُ دیسُ بِدیسُ ن بوُجھ ॥

ਐਸੇ ਮੇਰਾ ਮਨੁ ਬਿਖਿਆ ਬਿਮੋਹਿਆ

ایَسے میرا منُ بِکھیا بِموہِیا

ਕਛੁ ਆਰਾ ਪਾਰੁ ਨ ਸੂਝ ॥੧॥

کچھُ آرا پارُ ن سوُجھ ॥1॥

ਸਗਲ ਭਵਨ ਕੇ ਨਾਇਕਾ
ਇਕੁ ਛਿਨੁ ਦਰਸੁ ਦਿਖਾਇ ਜੀ ॥੧॥ ਰਹਾਉ ॥

سگل بھون کے نائِکا
اِکُ چھِنُ درسُ دِکھاءِ جی ۔ ॥1॥ رہاءُ ॥

ਮਲਿਨ ਭਈ ਮਤਿ ਮਾਧਵਾ
ਤੇਰੀ ਗਤਿ ਲਖੀ ਨ ਜਾਇ ॥

مِلن بھئی متِ مادھوا
تیری گتِ لکھی ن جاءِ ॥

ਕਰਹੁ ਕ੍ਰਿਪਾ ਭ੍ਰਮੁ ਚੂਕਈ
ਮੈ ਸੁਮਤਿ ਦੇਹੁ ਸਮਝਾਇ ॥੨॥

کرہُ کرِپا بھرّمُ چوُکئی
مے سُمتِ دیہُ سمجھاءِ ॥2॥

ਜੋਗੀਸਰ ਪਾਵਹਿ ਨਹੀ
ਤੁਅ ਗੁਣ ਕਥਨੁ ਅਪਾਰ ॥

جوگیسر پاوہِ نہی
تُء گُن کتھنُ اپار ॥

ਪ੍ਰੇਮ ਭਗਤਿ ਕੈ ਕਾਰਣੈ
ਕਹੁ ਰਵਿਦਾਸ ਚਮਾਰ ॥੩॥੧॥

پّریم بھگتِ کے کارنے
کہُ روِداس چمار ॥3॥1॥

ਗਉੜੀ ਬੈਰਾਗਣਿ

گئڑی بیَراگنِ

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਸਤਜੁਗਿ ਸਤੁ ਤੇਤਾ ਜਗੀ
ਦੁਆਪਰਿ ਪੂਜਾਚਾਰ ॥

ستجُگِ ستُ تیتا جگی
دُیاپرِ پوُجاچار ॥

ਤੀਨੌ ਜੁਗ ਤੀਨੌ ਦਿੜੇ
ਕਲਿ ਕੇਵਲ ਨਾਮ ਅਧਾਰ ॥੧॥

تِینوَ جُگ تِینوَ دِڑے
کلِ کیول نام ادھار ॥1॥

ਪਾਰੁ ਕੈਸੇ ਪਾਇਬੋ ਰੇ ॥

پارُ کیَسے پائبو رے ۔ ॥

ਮੋ ਸਉ ਕੋਊ ਨ ਕਹੈ ਸਮਝਾਇ ॥

مو سءُ کوئوُ ن کہے سمجھاءِ ॥

ਜਾ ਤੇ ਆਵਾ ਗਵਨੁ ਬਿਲਾਇ ॥੧॥ ਰਹਾਉ ॥

جا تے آوا گونُ بِلاءِ ॥1॥ رہاءُ ॥

ਬਹੁ ਬਿਧਿ ਧਰਮ ਨਿਰੂਪੀਐ
ਕਰਤਾ ਦੀਸੈ ਸਭ ਲੋਇ ॥

بہُ بِدھِ دھرم نِروُپیئے
کرتا دیسے سبھ لوءِ ॥

ਕਵਨ ਕਰਮ ਤੇ ਛੂਟੀਐ
ਜਿਹ ਸਾਧੇ ਸਭ ਸਿਧਿ ਹੋਇ ॥੨॥

کون کرم تے چھوُٹیئے
جِہ سادھے سبھ سِدھِ ہوءِ ॥2॥

ਕਰਮ ਅਕਰਮ ਬਿਚਾਰੀਐ

کرم اکرم بچاریئے

ਸੰਕਾ ਸੁਨਿ ਬੇਦ ਪੁਰਾਨ ॥
سنکا سُنِ بید پُران ॥

ਸੰਸਾ ਸਦ ਹਿਰਦੈ ਬਸੈ
ਕਉਨੁ ਹਿਰੈ ਅਭਿਮਾਨੁ ॥੩॥
سنّسا سد ہِردے بسے
کُنُن ہِرے ابھمانُ ۔ ॥3॥

ਬਾਹਰੁ ਉਦਕਿ ਪਖਾਰੀਐ
ਘਟ ਭੀਤਰਿ ਬਿਬਿਧਿ ਬਿਕਾਰ ॥
باہرُ اُدکِ پکھارِیے
گھٹ بھیترِ بِبدھِ بِکار ॥

ਸੁਧ ਕਵਨ ਪਰ ਹੋਇਬੋ
ਸੁਚ ਕੁੰਚਰ ਬਿਧਿ ਬਿਉਹਾਰ ॥੪॥
سُدھ کون پر ہوئبو
سُچ کُنچر بِدھِ بِہُار ॥4॥

ਰਵਿ ਪ੍ਰਗਾਸ ਰਜਨੀ ਜਥਾ ਗਤਿ
ਜਾਨਤ ਸਭ ਸੰਸਾਰ ॥
روِ پرّگاس رجنی جتھا گتِ
جانت سبھ سنّسار ॥

ਪਾਰਸ ਮਾਨੋ ਤਾਬੋ ਛੁਏ
ਕਨਕ ਹੋਤ ਨਹੀ ਬਾਰ ॥੫॥
پارس مانو تابو چھُے
کنک ہوت نہی بار ॥5॥

ਪਰਮ ਪਰਸ ਗੁਰੁ ਭੇਟੀਐ
ਪੂਰਬ ਲਿਖਤ ਲਿਲਾਟ ॥
پرم پرس گُرُ بھیٹیے
پوُرب لِکھت لِلاٹ ॥

ਉਨਮਨ ਮਨ ਮਨ ਹੀ ਮਿਲੇ
ਛੁਟਕਤ ਬਜਰ ਕਪਾਟ ॥੬॥
اُنمن من من ہی مِلے
چھُٹکت بجر کپاٹ ॥6॥

ਭਗਤਿ ਜੁਗਤਿ ਮਤਿ ਸਤਿ ਕਰੀ
ਭ੍ਰਮ ਬੰਧਨ ਕਾਟਿ ਬਿਕਾਰ ॥
بھگتِ جُگتِ متِ ستِ کری
بھّرم بنّدھن کاٹِ بِکار ॥

ਸੋਈ ਬਸਿ ਰਸਿ ਮਨ ਮਿਲੇ
ਗੁਨ ਨਿਰਗੁਨ ਏਕ ਬਿਚਾਰ ॥੭॥
سوئی بسِ رسِ من مِلے
گُن نِرگُن ایک بِچار ॥7॥

ਅਨਿਕ ਜਤਨ ਨਿਗ੍ਰਹ ਕੀਏ
ਟਾਰੀ ਨ ਟਰੈ ਭ੍ਰਮ ਫਾਸ ॥
انِک جتن نِگّرہ کیے
ٹاری ن ٹرے بھّرم پھاس ॥

ਪ੍ਰੇਮ ਭਗਤਿ ਨਹੀ ਊਪਜੈ
ਤਾ ਤੇ ਰਵਿਦਾਸ ਉਦਾਸ ॥੮॥੧॥
پّریم بھگتِ نہی اوُپجے
تا تے روِداس اُداس ॥8॥1॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ
ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥
ੴ ستِنامُ کرتا پُرکھُ نِربھءُ نِرویرُ اکال مورتِ اجونی سیبھنّ گُرپّرسادِ
॥

ਰਾਗੁ ਆਸਾ ਮਹਲਾ ੧ ਘਰੁ ੧ ਸੋ ਦਰੁ ॥

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ
ਜਿਤੁ ਬਹਿ ਸਰਬ ਸਮ੍ਾਲੇ ॥

ਵਾਜੇ ਤੇਰੇ ਨਾਦ ਅਨੇਕ ਅਸੰਖਾ
ਕੇਤੇ ਤੇਰੇ ਵਾਵਣਹਾਰੇ ॥

ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ
ਕੇਤੇ ਤੇਰੇ ਗਾਵਣਹਾਰੇ ॥

ਗਾਵਨ੍ਿ ਤੁਧਨੋ ਪਉਣੁ ਪਾਣੀ ਬੈਸੰਤਰੁ
ਗਾਵੈ ਰਾਜਾ ਧਰਮ ਦੁਆਰੇ ॥

ਗਾਵਨ੍ਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ
ਲਿਖਿ ਲਿਖਿ ਧਰਮੁ ਵੀਚਾਰੇ ॥

ਗਾਵਨ੍ਿ ਤੁਧਨੋ ਈਸਰੁ ਬ੍ਰਹਮਾ ਦੇਵੀ
ਸੋਹਨਿ ਤੇਰੇ ਸਦਾ ਸਵਾਰੇ ॥

ਗਾਵਨ੍ਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ
ਦੇਵਤਿਆ ਦਰਿ ਨਾਲੇ ॥

ਗਾਵਨ੍ਿ ਤੁਧਨੋ ਸਿਧ ਸਮਾਧੀ ਅੰਦਰਿ
ਗਾਵਨ੍ਿ ਤੁਧਨੋ ਸਾਧ ਬੀਚਾਰੇ ॥

ਗਾਵਨ੍ਿ ਤੁਧਨੋ ਜਤੀ ਸਤੀ ਸੰਤੋਖੀ
ਗਾਵਨਿ ਤੁਧਨੋ ਵੀਰ ਕਰਾਰੇ ॥

ਗਾਵਨਿ ਤੁਧਨੋ ਪੰਡਿਤ ਪੜੇ ਰਖੀਸੁਰ
ਜੁਗੁ ਜੁਗੁ ਬੇਦਾ ਨਾਲੇ ॥

ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ
ਸੁਰਗੁ ਮਛੁ ਪਇਆਲੇ ॥

ਗਾਵਨ੍ਿ ਤੁਧਨੋ ਰਤਨ ਉਪਾਏ ਤੇਰੇ ਜੇਤੇ
ਅਠਸਠਿ ਤੀਰਥ ਨਾਲੇ ॥

راگُ آسا محلا 1 گھرُ 1 سو دُر ॥

سو دُر تیرا کیہا سو گھرُ کیہا
جِتُ بہِ سرب سمّہالے ॥

واجے تیرے ناد انیک اسنکھا
کیتے تیرے واوٹہارے ॥

کیتے تیرے راگ پری سِءُ کہِیئہِ
کیتے تیرے گاوٹہارے ॥

گاونّہِ تُدھنو پَوُنُ پانی بیَسنّترُ
گاوے راجا دھرم دُیارے ॥

گاونّہِ تُدھنو چِتُ گُپتُ لِکھِ جانّنِ
لِکھِ لِکھِ دھرمُ وِیچارے ॥

گاونّہِ تُدھنو ایسرُ برّہما دیوی
سوہنِ تیرے سدا سوارے ॥

گاونّہِ تُدھنو اِندّر اِندّراسنِّ بیٹھے
دیوتِیا درِ نالے ॥

گاونّہِ تُدھنو سِدھ سمادھی اندّرِ
گاونّہِ تُدھنو سادھ بیچارے ॥

گاونّہِ تُدھنو جتی ستی سنّتوکھی
گاونِ تُدھنو وِیر کرارے ॥

گاونِ تُدھنو پنّڈِت پڑے رکھِیسُر
جُگُ جُگُ بیدا نالے ॥

گاونِ تُدھنو موہنّیا منُ موہنِ
سُرگُ مچھُ پِیَالے ॥

گاونّہِ تُدھنو رتن اُپائے تیرے جیتے
اٹھسٹھِ تیرتھ نالے ॥

ਗਾਵਨ੍ਿ ਤੁਧਨੋ ਜੋਧ ਮਹਾਬਲ ਸੂਰਾ
ਗਾਵਨ੍ਿ ਤੁਧਨੋ ਖਾਣੀ ਚਾਰੇ ॥

گاونّہِ تُدھنو جودھ مہابل سُورا
گاونّہِ تُدھنو کھانٹی چارے ॥

ਗਾਵਨ੍ਿ ਤੁਧਨੋ ਖੰਡ ਮੰਡਲ ਬ੍ਰਹਮੰਡਾ
ਕਰਿ ਕਰਿ ਰਖੇ ਤੇਰੇ ਧਾਰੇ ॥

گاونّہِ تُدھنو کھنڈ منڈل برہمنڈا
کرِ کرِ رکھے تیرے دھارے ॥

ਸੇਈ ਤੁਧਨੋ ਗਾਵਨ੍ਿ ਜੋ ਤੁਧੁ ਭਾਵਨ੍ਿ
ਰਤੇ ਤੇਰੇ ਭਗਤ ਰਸਾਲੇ ॥

سیئی تُدھنو گاونّہِ جو تُدھُ بھاونّہِ
رتے تیرے بھگت رسالے ॥

ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ
ਨਾਨਕੁ ਕਿਆ ਬੀਚਾਰੇ ॥

ہورِ کیتے تُدھنو گاونِ سے مے چِتِ ن آونِ
نانکُ کِیا بیچارے ۔ ॥

ਸੋਈ ਸੋਈ ਸਦਾ ਸਚੁ
ਸਾਹਿਬੁ ਸਾਚਾ ਸਾਚੀ ਨਾਈ ॥

سوئی سوئی سدا سچُ
صاحِبُ ساچا ساچی نائی ॥

ਹੈ ਭੀ ਹੋਸੀ ਜਾਇ ਨ ਜਾਸੀ
ਰਚਨਾ ਜਿਨਿ ਰਚਾਈ ॥

ہے بھی ہوسی جاءِ ن جاسی
رچنا جِنِ رچائی ॥

ਰੰਗੀ ਰੰਗੀ ਭਾਤੀ ਜਿਨਸੀ
ਮਾਇਆ ਜਿਨਿ ਉਪਾਈ ॥

رنگی رنگی بھاتی جِنسی
مائیا جِنِ اُپائی ॥

ਕਰਿ ਕਰਿ ਦੇਖੈ ਕੀਤਾ ਅਪਣਾ
ਜਿਉ ਤਿਸ ਦੀ ਵਡਿਆਈ ॥

کرِ کرِ دیکھے کِیتا اپنّا
جِءُ تِس دی وڈِیائی ॥

ਜੋ ਤਿਸੁ ਭਾਵੈ ਸੋਈ ਕਰਸੀ
ਫਿਰਿ ਹੁਕਮੁ ਨ ਕਰਣਾ ਜਾਈ ॥

جو تِسُ بھاوے سوئی کرسی
پھِرِ حُکمُ ن کرنّا جائی ॥

ਸੋ ਪਾਤਿਸਾਹੁ ਸਾਹਾ ਪਤਿ ਸਾਹਿਬੁ
ਨਾਨਕ ਰਹਣੁ ਰਜਾਈ ॥੧॥੧॥

سو پاتِشاہُ ساہا پتِ صاحِبُ
نانک رہنُّ رضائی ॥1॥1॥

ਆਸਾ ਮਹਲਾ ੪ ॥

آسا محلا 4 ॥

ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ
ਹਰਿ ਅਗਮਾ ਅਗਮ ਅਪਾਰਾ ॥

سو پُرکھُ نِرنجنُ ہرِ پُرکھُ نِرنجنُ
ہرِ اگما اگم اپارا ॥

ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ
ਹਰਿ ਸਚੇ ਸਿਰਜਣਹਾਰਾ ॥

سبھِ دھِیاوہِ سبھِ دھِیاوہِ تُدھُ جی
ہرِ سچے سِرجنّہارا ॥

ਸਭਿ ਜੀਅ ਤੁਮਾਰੇ ਜੀ
ਤੂੰ ਜੀਆ ਕਾ ਦਾਤਾਰਾ ॥

ہر دھیاوہُ سنّتہٗ جی
سبھِ دوُکھ وِسارنہارا ॥

ਹਰਿ ਧਿਆਵਹੁ ਸੰਤਹੁ ਜੀ
ਸਭਿ ਦੂਖ ਵਿਸਾਰਣਹਾਰਾ ॥

ہرِ آپے ٹھاکُرُ ہرِ آپے سیوکُ جی
کِیا نانک جنّت وِچارا ۔ ॥1॥

ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ
ਕਿਆ ਨਾਨਕ ਜੰਤ ਵਿਚਾਰਾ ॥੧॥

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ
ਹਰਿ ਏਕੋ ਪੁਰਖੁ ਸਮਾਣਾ ॥

تونّ گھٹ گھٹ انتر سرب نِرنتر جی
ہرِ ایکو پُرکھُ سماٹا ॥

ਇਕਿ ਦਾਤੇ ਇਕਿ ਭੇਖਾਰੀ ਜੀ
ਸਭਿ ਤੇਰੇ ਚੋਜ ਵਿਡਾਣਾ ॥

اِکِ داتے اِکِ بھیکھاری جی
سبھِ تیرے چوج وِڈاٹا ॥

ਤੂੰ ਆਪੇ ਦਾਤਾ ਆਪੇ ਭੁਗਤਾ ਜੀ
ਹਉ ਤੁਧੁ ਬਿਨੁ ਅਵਰੁ ਨ ਜਾਣਾ ॥

تونّ آپے داتا آپے بھُگتا جی
ہءُ تُدھُ بِنُ اورُ ن جاٹا ॥

ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ
ਤੇਰੇ ਕਿਆ ਗੁਣ ਆਖਿ ਵਖਾਣਾ ॥

تونّ پاربرہمُ بیئنّتُ بیئنّتُ جی
تیرے کِیا گُڑ آکھِ وکھاٹا ۔ ॥

ਜੋ ਸੇਵਹਿ ਜੋ ਸੇਵਹਿ ਤੁਧੁ ਜੀ
ਜਨੁ ਨਾਨਕੁ ਤਿਨ੍ ਕੁਰਬਾਣਾ ॥੨॥

جو سیوہِ جو سیوہِ تُدھُ جی
جنُ نانکُ تِنّہ قُرباٹا ॥2॥

ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ
ਸੇ ਜਨ ਜੁਗ ਮਹਿ ਸੁਖ ਵਾਸੀ ॥

ہرِ دھیاوہِ ہرِ دھیاوہِ تُدھُ جی
سے جن جُگ مہِ سُکھ واسی ॥

ਸੇ ਮੁਕਤੁ ਸੇ ਮੁਕਤੁ ਭਏ ਜਿਨ੍ ਹਰਿ ਧਿਆਇਆ ਜੀਉ
ਤਿਨ ਟੂਟੀ ਜਮ ਕੀ ਫਾਸੀ ॥

سے مُکتُ سے مُکتُ بھۓ جِنّہ ہرِ دھیائیا جیءُ
تِن ٹوُٹی جم کی پھاسی ॥

ਜਿਨ ਨਿਰਭਉ ਜਿਨ੍ ਹਰਿ ਨਿਰਭਉ ਧਿਆਇਆ ਜੀਉ
ਤਿਨ ਕਾ ਭਉ ਸਭੁ ਗਵਾਸੀ ॥

جِن نِربھءُ جِنّہ ہرِ نِربھءُ دھیائیا جیءُ
تِن کا بھءُ سبھُ گواسی ॥

ਜਿਨ੍ ਸੇਵਿਆ ਜਿਨ੍ ਸੇਵਿਆ ਮੇਰਾ ਹਰਿ ਜੀਉ
ਤੇ ਹਰਿ ਹਰਿ ਰੂਪਿ ਸਮਾਸੀ ॥

جِنّہ سیویا جِنّہ سیویا میرا ہرِ جیءُ
تے ہرِ ہرِ روُپِ سماسی ॥

ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀਉ
ਜਨੁ ਨਾਨਕੁ ਤਿਨ ਬਲਿ ਜਾਸੀ ॥੩॥

سے دھنّنُ سے دھنّنُ جِن ہرِ دھیائیا جیءُ

جنُ نانکُ تِن بلِ جاسی ॥3॥

ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ
ਭਰੇ ਬੇਅੰਤ ਬੇਅੰਤਾ ॥

تیری بھگتِ تیری بھگتِ بھنڈار جی
بھرے بیئنّت بیئنّتا ॥

ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ
ਹਰਿ ਅਨਿਕ ਅਨੇਕ ਅਨੰਤਾ ॥

تیرے بھگت تیرے بھگت سلاحنِ تُدھُ جی
ہرِ انِک انیک اننّتا ॥

ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ
ਤਪੁ ਤਾਪਹਿ ਜਪਹਿ ਬੇਅੰਤਾ ॥

تیری انِک تیری انِک کرہِ ہرِپوُجا جی
تپُ تاپہِ جپہِ بیئنّتا ॥

ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿੰਮ੍ਰਿਤਿ ਸਾਸਤ ਜੀ
ਕਰਿ ਕਿਰਿਆ ਖਟੁ ਕਰਮ ਕਰੰਤਾ ॥

تیرے انیک تیرے انیک پڑہِ بہُ سِمرِتِ ساست جی
کرِ کِریا کھٹُ کرم کرنّتا ॥

ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ
ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥

سے بھگت سے بھگت بھلے جن نانک جی
جو بھاوہِ میرے ہرِ بھگونّتا ॥4॥

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ
ਤੁਧੁ ਜੇਵਡੁ ਅਵਰੁ ਨ ਕੋਈ ॥

توُنَ آدِ پُرکھُ اپرنّپرُ کرتا جی
تُدھُ جیوڈُ اورُ ن کوئی ॥

ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ
ਤੂੰ ਨਿਹਚਲੁ ਕਰਤਾ ਸੋਈ ॥

توُنَ جُگُ جُگُ ایکو سدا سدا توُنَ ایکو جی
توُنَ نِہچلُ کرتا سوئی ॥

ਤੁਧੁ ਆਪੇ ਭਾਵੈ ਸੋਈ ਵਰਤੈ ਜੀ
ਤੂੰ ਆਪੇ ਕਰਹਿ ਸੁ ਹੋਈ ॥

تُدھُ آپے بھاوے سوئی ورتے جی
توُنَ آپے کرہِ سُ ہوئی ॥

ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ
ਤੁਧੁ ਆਪੇ ਸਿਰਜਿ ਸਭ ਗੋਈ ॥

تُدھُ آپے سرِسٹِ سبھ اُپائی جی
تُدھُ آپے سِرجِ سبھ گوئی ॥

ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ
ਜੋ ਸਭਸੈ ਕਾ ਜਾਣੋਈ ॥੫॥੨॥

جنُ نانکُ گُنؤ گاوے کرتے کے جی
جو سبھسے کا جانوئی ॥5॥2॥

ੴ ਸਤਿਗੁਰ ਪ੍ਰਸਾਦਿ ॥

ؤ ستِگُر پرسادِ ॥

ਰਾਗੁ ਆਸਾ ਮਹਲਾ ੧ ਚਉਪਦੇ ਘਰੁ ੨ ॥

راگُ آسا محلا 1 چپُدے گھرُ 2 ॥

ਸੁਣਿ ਵਡਾ ਆਖੈ ਸਭੁ ਕੋਈ ॥

سُنِ وڈا آکھے سبھ کوئی ॥

ਕੇਵਡੁ ਵਡਾ ਡੀਠਾ ਹੋਈ ॥

کیوڈُ وڈا ڈیٹھا ہوئی ॥

ਕੀਮਤਿ ਪਾਇ ਨ ਕਹਿਆ ਜਾਇ ॥	قِیمتِ پاءِ ن کہِیا جاءِ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥	کہنّے والے تیرے رہے سماءِ ॥1॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥	وڈے میرے صاحِبا گہِر گنبھیرا گُنی گہیرا ۔ ॥
ਕੋਈ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥	کوئی ن جانّے تیرا کیتا کیوڈُ چیرا ۔ ॥1॥ رہاءُ ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥	سبھِ سُرتی مِلِ سُرتِ کمائی ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥	سبھ قِیمتِ مِلِ قِیمتِ پائی ॥
ਗਿਆਨੀ ਧਿਆਨੀ ਗੁਰ ਗੁਰ ਹਾਈ ॥	گیانی دھیانی گُر گُر ہائی ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥	کہنُ ن جائی تیری تِلُ وڈِیائی ॥2॥
ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥	سبھِ ست سبھِ تپ سبھِ چنگیائیِیا ॥
ਸਿਧਾ ਪੁਰਖਾ ਕੀਆ ਵਡਿਆਈਆ ॥	سِدھا پُرکھا کیِیا وڈِیائیِیا ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥	تُدھُ وِنُ سِدھی کِنّے ن پائیِیا ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥	کرمِ مِلےَ ناہی ٹھاکِ رہائیِیا ॥3॥
ਆਖਣ ਵਾਲਾ ਕਿਆ ਬੇਚਾਰਾ ॥	آکھنُ والا کِیا بیچارا ۔ ॥
ਸਿਫਤੀ ਭਰੇ ਤੇਰੇ ਭੰਡਾਰਾ ॥	صِفتی بھرے تیرے بھنڈارا ॥
ਜਿਸੁ ਤੂੰ ਦੇਹਿ ਤਿਸੈ ਕਿਆ ਚਾਰਾ ॥	جِسُ توُنّ دیہِ تِسےَ کِیا چارا ۔ ॥
ਨਾਨਕ ਸਚੁ ਸਵਾਰਣਹਾਰਾ ॥੪॥੧॥	نانک سچُ سوارنّہارا ॥4॥1॥
ਆਸਾ ਮਹਲਾ ੧ ॥	آسا محلا 1 ॥
ਆਖਾ ਜੀਵਾ ਵਿਸਰੈ ਮਰਿ ਜਾਉ ॥	آکھا جیِوا وِسرےَ مرِ جاءُ ॥
ਆਖਣਿ ਅਉਖਾ ਸਾਚਾ ਨਾਉ ॥	آکھنِ اُکھا ساچا ناءُ ॥
ਸਾਚੇ ਨਾਮ ਕੀ ਲਾਗੈ ਭੂਖ ॥	ساچے نام کی لاگےَ بھوُکھ ॥
ਤਿਤੁ ਭੂਖੈ ਖਾਇ ਚਲੀਅਹਿ ਦੂਖ ॥੧॥	تِتُ بھوُکھےَ کھاءِ چلیِئہِ دوُکھ ॥1॥

ਸੋ ਕਿਉ ਵਿਸਰੈ ਮੇਰੀ ਮਾਇ ॥	سو کِ ءُ وِسرے میری ماءِ ۔ ॥
ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥	ساچا صاحِبُ ساچے ناءِ ॥1॥ رہاءُ ॥
ਸਾਚੇ ਨਾਮ ਕੀ ਤਿਲੁ ਵਡਿਆਈ ॥	ساچے نام کی تِلُ وڈِیائی ॥
ਆਖਿ ਥਕੇ ਕੀਮਤਿ ਨਹੀ ਪਾਈ ॥	آکھِ تھکے قِیمتِ نہی پائی ॥
ਜੇ ਸਭਿ ਮਿਲਿ ਕੈ ਆਖਣ ਪਾਹਿ ॥	جے سبھِ مِلِ کے آکھنْ پاہِ ॥
ਵਡਾ ਨ ਹੋਵੈ ਘਾਟਿ ਨ ਜਾਇ ॥੨॥	وڈا ن ہووے گھاٹِ ن جاءِ ॥2॥
ਨਾ ਓਹੁ ਮਰੈ ਨ ਹੋਵੈ ਸੋਗੁ ॥	نا اوہُ مرے ن ہووے سوگُ ॥
ਦੇਂਦਾ ਰਹੈ ਨ ਚੂਕੈ ਭੋਗੁ ॥	دینْدا رہے ن چوُکے بھوگُ ॥
ਗੁਣੁ ਏਹੋ ਹੋਰੁ ਨਾਹੀ ਕੋਇ ॥	گُنُ ایہو ہورُ ناہی کوءِ ॥
ਨਾ ਕੋ ਹੋਆ ਨਾ ਕੋ ਹੋਇ ॥੩॥	نا کو ہویا نا کو ہوءِ ॥3॥
ਜੇਵਡੁ ਆਪਿ ਤੇਵਡ ਤੇਰੀ ਦਾਤਿ ॥	جیوڈُ آپِ تیوڈ تیری داتِ ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥	جِنِ دِنُ کرِ کے کِیتی راتِ ॥
ਖਸਮੁ ਵਿਸਾਰਹਿ ਤੇ ਕਮਜਾਤਿ ॥	خصمُ وِسارہِ تے کمجاتِ ॥
ਨਾਨਕ ਨਾਵੈ ਬਾਝੁ ਸਨਾਤਿ ॥੪॥੨॥	نانک ناوے باجھُ سناتِ ॥4॥2॥
ਆਸਾ ਮਹਲਾ ੧ ॥	آسا محلا 1 ॥
ਜੇ ਦਰਿ ਮਾਂਗਤੁ ਕੂਕ ਕਰੇ ਮਹਲੀ ਖਸਮੁ ਸੁਣੇ ॥	جے درِ مانگتُ کوُک کرے محلی خصمُ سُنے ॥
ਭਾਵੈ ਧੀਰਕ ਭਾਵੈ ਧਕੇ ਏਕ ਵਡਾਈ ਦੇਇ ॥੧॥	بھاوے دھیِرک بھاوے دھکے ایک وڈائی دےءِ ॥1॥
ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥੧॥ ਰਹਾਉ ॥	جاٹہُ جوتِ ن پوُچھہُ زاتی آگے زاتِ ن ہے ॥1॥ رہاءُ ॥
ਆਪਿ ਕਰਾਏ ਆਪਿ ਕਰੇਇ ॥	آپِ کرائے آپِ کرےءِ ॥
ਆਪਿ ਉਲਾਮੇ ਚਿਤਿ ਧਰੇਇ ॥	آپِ اُلامّے چِتِ دھرےءِ ॥

ਜਾ ਤੂੰ ਕਰਣਹਾਰੁ ਕਰਤਾਰੁ ॥	جا توُنَ کرنہارُ کرتارُ ۔ ॥
ਕਿਆ ਮੁਹਤਾਜੀ ਕਿਆ ਸੰਸਾਰੁ ॥੨॥	کِیا مُحتاجی کِیا سنّسارُ ۔ ॥2॥
ਆਪਿ ਉਪਾਏ ਆਪੇ ਦੇਇ ॥	آپِ اُپائے آپے دےءِ ॥
ਆਪੇ ਦੁਰਮਤਿ ਮਨਹਿ ਕਰੇਇ ॥	آپے دُرمتِ منہِ کرےءِ ॥
ਗੁਰ ਪਰਸਾਦਿ ਵਸੈ ਮਨਿ ਆਇ ॥	گُر پرسادِ وسے منِ آءِ ॥
ਦੁਖੁ ਅਨ੍ਹੇਰਾ ਵਿਚਹੁ ਜਾਇ ॥੩॥	دُکھُ انّہیرا وِچہُ جاءِ ॥3॥
ਸਾਚੁ ਪਿਆਰਾ ਆਪਿ ਕਰੇਇ ॥	ساچُ پِیارا آپِ کرےءِ ॥
ਅਵਰੀ ਕਉ ਸਾਚੁ ਨ ਦੇਇ ॥	اوری کءُ ساچُ ن دےءِ ॥
ਜੇ ਕਿਸੈ ਦੇਇ ਵਖਾਣੈ ਨਾਨਕੁ ਆਗੈ ਪੂਛ ਨ ਲੇਇ ॥੪॥੩॥	جے کِسے دےءِ وکھانّے نانکُ آگے پُوچھ ن لےءِ ॥4॥3॥
ਆਸਾ ਮਹਲਾ ੧ ॥	آسا محلا 1 ॥
ਤਾਲ ਮਦੀਰੇ ਘਟ ਕੇ ਘਾਟ ॥	تال مدیرے گھٹ کے گھاٹ ॥
ਦੋਲਕ ਦੁਨੀਆ ਵਾਜਹਿ ਵਾਜ ॥	دولک دُنِیا واجہِ واج ॥
ਨਾਰਦੁ ਨਾਚੈ ਕਲਿ ਕਾ ਭਾਉ ॥	نارد ُ ناچےَ کلِ کا بھاءُ ॥
ਜਤੀ ਸਤੀ ਕਹ ਰਾਖਹਿ ਪਾਉ ॥੧॥	جتی ستی کہ راکھہِ پاءُ ۔ ॥1॥
ਨਾਨਕ ਨਾਮ ਵਿਟਹੁ ਕੁਰਬਾਣੁ ॥	نانک نام وِٹہُ قُربانُ ॥
ਅੰਧੀ ਦੁਨੀਆ ਸਾਹਿਬੁ ਜਾਣੁ ॥੧॥ ਰਹਾਉ ॥	انّدھی دُنِیا صاحِبُ جانُ ॥1॥ رہاءُ ॥
ਗੁਰੂ ਪਾਸਹੁ ਫਿਰਿ ਚੇਲਾ ਖਾਇ ॥	گُرو پاسہُ پھِرِ چیلا کھاءِ ॥
ਤਾਮਿ ਪਰੀਤਿ ਵਸੈ ਘਰਿ ਆਇ ॥	تامِ پریتِ وسے گھرِ آءِ ॥
ਜੇ ਸਉ ਵਰ੍ਹਿਆ ਜੀਵਣ ਖਾਣੁ ॥	جے سءُ ورّہیا جیوُنُ کھانُ ॥
ਖਸਮ ਪਛਾਣੈ ਸੋ ਦਿਨੁ ਪਰਵਾਣੁ ॥੨॥	خصم پچھانّے سو دِنُ پرواںُ ॥2॥
ਦਰਸਨਿ ਦੇਖਿਐ ਦਇਆ ਨ ਹੋਇ ॥	درسنِ دیکھےَّ دئیا ن ہوءِ ॥
ਲਏ ਦਿਤੇ ਵਿਣੁ ਰਹੈ ਨ ਕੋਇ ॥	لےَ دِتے وِنُ رہےَ ن کوءِ ॥

ਰਾਜਾ ਨਿਆਉ ਕਰੇ ਹਥਿ ਹੋਇ ॥	راجا نِیاءُ کرے ہتھِ ہوءِ ॥
ਕਹੈ ਖੁਦਾਇ ਨ ਮਾਨੈ ਕੋਇ ॥੩॥	کہے خُداءِ ن مانے کوءِ ॥3॥
ਮਾਣਸ ਮੂਰਤਿ ਨਾਨਕੁ ਨਾਮੁ ॥	مانُس مورتِ نانکُ نامُ ॥
ਕਰਣੀ ਕੁਤਾ ਦਰਿ ਫੁਰਮਾਨੁ ॥	کرنی کُتا درِ فُرمانُ ॥
ਗੁਰ ਪਰਸਾਦਿ ਜਾਣੈ ਮਿਹਮਾਨੁ ॥	گُر پرسادِ جانے مِہمانُ ॥
ਤਾ ਕਿਛੁ ਦਰਗਹ ਪਾਵੈ ਮਾਨੁ ॥੪॥੪॥	تا کِچھُ درگہ پاوے مانُ ॥4॥4॥
ਆਸਾ ਮਹਲਾ ੧ ॥	آسا محلا 1 ॥
ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ॥	جیتا سبدُ سُرتِ دھُنِ تیتی جیتا روُپُ کائیا تیری ॥
ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ॥੧॥	توُنَ آپے رسنا آپے بسنا اورُ ن دوُجا کہءُ مائی ۔ ॥1॥
ਸਾਹਿਬੁ ਮੇਰਾ ਏਕੋ ਹੈ ॥	صاحِبُ میرا ایکو ہے ॥
ਏਕੋ ਹੈ ਭਾਈ ਏਕੋ ਹੈ ॥੧॥ ਰਹਾਉ ॥	ایکو ہے بھائی ایکو ہے ॥1॥ رہاءُ ॥
ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ ॥	آپے مارے آپے چھوڈے آپے لیوے دےءِ ॥
ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ ॥੨॥	آپے ویکھے آپے وِگسے آپے ندرِ کرےءِ ॥2॥
ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ ॥	جو کِچھُ کرٹا سو کرِ رہیا اورُ ن کرٹا جائی ॥
ਜੈਸਾ ਵਰਤੈ ਤੈਸੋ ਕਹੀਐ ਸਭ ਤੇਰੀ ਵਡਿਆਈ ॥੩॥	جیَسا ورتے تیَسو کہیئے سبھ تیری وڈِیائی ॥3॥
ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ ॥	کلِ کلوالی مائیا مدُ میٹھا منُ متوالا پیوتُ رہے ॥
ਆਪੇ ਰੂਪ ਕਰੇ ਬਹੁ ਭਾਂਤੀਂ ਨਾਨਕੁ ਬਪੁੜਾ ਏਵ ਕਹੈ ॥੪॥੫॥	آپے روُپ کرے بہُ بھانتیں

	نانکُ بپڑا ایو کہے ॥4॥5॥
ਆਸਾ ਮਹਲਾ ੧ ॥	آسا محلا 1 ॥
ਵਾਜਾ ਮਤਿ ਪਖਾਵਜੁ ਭਾਉ ॥	واجا متِ پکھاوجُ بھاءُ ॥
ਹੋਇ ਅਨੰਦੁ ਸਦਾ ਮਨਿ ਚਾਉ ॥	ہوءِ انندُ سدا منِ چاءُ ॥
ਏਹਾ ਭਗਤਿ ਏਹੋ ਤਪ ਤਾਉ ॥	ایہا بھگتِ ایہو تپ تاءُ ॥
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੨॥	اِتُ رنگِ ناچہُ رکھِ رکھِ پاءُ ॥2॥
ਪੂਰੇ ਤਾਲ ਜਾਣੈ ਸਾਲਾਹ ॥	پوُرے تال جانے سالاح ॥
ਹੋਰੁ ਨਚਣਾ ਖੁਸੀਆ ਮਨ ਮਾਹ ॥੧॥ ਰਹਾਉ ॥	ہورُ نچنا کھُسیا من ماہ ॥1॥ رہاءُ ॥
ਸਤੁ ਸੰਤੋਖੁ ਵਜਹਿ ਦੁਇ ਤਾਲ ॥	ست سنتوکھُ وجہِ دُءِ تال ॥
ਪੈਰੀ ਵਾਜਾ ਸਦਾ ਨਿਹਾਲ ॥	پیَری واجا سدا نِہال ॥
ਰਾਗੁ ਨਾਦੁ ਨਹੀ ਦੂਜਾ ਭਾਉ ॥	راگُ نادُ نہی دوُجا بھاءُ ॥
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੨॥	اِتُ رنگِ ناچہُ رکھِ رکھِ پاءُ ॥2॥
ਭਉ ਫੇਰੀ ਹੋਵੈ ਮਨ ਚੀਤਿ ॥	بھءُ پھیری ہووے من چیتِ ॥
ਬਹਦਿਆ ਉਠਦਿਆ ਨੀਤਾ ਨੀਤਿ ॥	بہدیا اُٹھدیا نیتا نیتِ ॥
ਲੇਟਣਿ ਲੇਟਿ ਜਾਣੈ ਤਨੁ ਸੁਆਹੁ ॥	لیٹنِ لیٹِ جانے تنُ سُیاہُ ॥
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੩॥	اِتُ رنگِ ناچہُ رکھِ رکھِ پاءُ ॥3॥
ਸਿਖ ਸਭਾ ਦੀਖਿਆ ਕਾ ਭਾਉ ॥	سِکھ سبھا دیکھیا کا بھاءُ ॥
ਗੁਰਮੁਖਿ ਸੁਣਣਾ ਸਾਚਾ ਨਾਉ ॥	گُرمُکھِ سُنّنا ساچا ناءُ ॥
ਨਾਨਕ ਆਖਣੁ ਵੇਰਾ ਵੇਰ ॥	نانک آکھنُ ویرا ویر ॥
ਇਤੁ ਰੰਗਿ ਨਾਚਹੁ ਰਖਿ ਰਖਿ ਪੈਰ ॥੪॥੬॥	اِتُ رنگِ ناچہُ رکھِ رکھِ پیَر ॥4॥6॥
ਆਸਾ ਮਹਲਾ ੧ ॥	آسا محلا 1 ॥
ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ॥	پنُنُ اُپاءِ دھری سبھ دھرتی جل اگنی کا بندھُ کیِیا ॥

ਅੰਧੁਲੈ ਦਹਸਿਰਿ ਮੂੰਡੁ ਕਟਾਇਆ
ਰਾਵਣੁ ਮਾਰਿ ਕਿਆ ਵਡਾ ਭਇਆ ॥੧॥

ਕਿਆ ਉਪਮਾ ਤੇਰੀ ਆਖੀ ਜਾਇ ॥

ਤੂੰ ਸਰਬੇ ਪੂਰਿ ਰਹਿਆ ਲਿਵ ਲਾਇ ॥੧॥ ਰਹਾਉ ॥

ਜੀਅ ਉਪਾਇ ਜੁਗਤਿ ਹਥਿ ਕੀਨੀ
ਕਾਲੀ ਨਥਿ ਕਿਆ ਵਡਾ ਭਇਆ ॥

ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ
ਸਰਬ ਨਿਰੰਤਰਿ ਰਵਿ ਰਹਿਆ ॥੨॥

ਨਾਲਿ ਕੁਟੰਬੁ ਸਾਥਿ ਵਰਦਾਤਾ
ਬ੍ਰਹਮਾ ਭਾਲਣ ਸ੍ਰਿਸਟਿ ਗਇਆ ॥

ਆਗੈ ਅੰਤੁ ਨ ਪਾਇਓ ਤਾ ਕਾ
ਕੰਸੁ ਛੇਦਿ ਕਿਆ ਵਡਾ ਭਇਆ ॥੩॥

ਰਤਨ ਉਪਾਇ ਧਰੇ ਖੀਰੁ ਮਥਿਆ
ਹੋਰਿ ਭਖਲਾਏ ਜਿ ਅਸੀ ਕੀਆ ॥

ਕਹੈ ਨਾਨਕੁ ਛਪੈ ਕਿਉ ਛਪਿਆ
ਏਕੀ ਏਕੀ ਵੰਡਿ ਦੀਆ ॥੪॥੭॥

ਆਸਾ ਮਹਲਾ ੧ ॥

ਕਰਮ ਕਰਤੂਤਿ ਬੇਲਿ ਬਿਸਥਾਰੀ
ਰਾਮ ਨਾਮੁ ਫਲੁ ਹੂਆ ॥

ਤਿਸੁ ਰੂਪੁ ਨ ਰੇਖ ਅਨਾਹਦੁ ਵਾਜੈ
ਸਬਦੁ ਨਿਰੰਜਨਿ ਕੀਆ ॥੧॥

ਕਰੇ ਵਖਿਆਣੁ ਜਾਣੈ ਜੇ ਕੋਈ ॥

ਅੰਮ੍ਰਿਤੁ ਪੀਵੈ ਸੋਈ ॥੧॥ ਰਹਾਉ ॥

ਜਿਨ੍ਹ ਪੀਆ ਸੇ ਮਸਤ ਭਏ ਹੈ
ਤੂਟੇ ਬੰਧਨ ਫਾਹੇ ॥

اندھُلے دہسِر مؤنڈُ کٹائیا
راونُ مارِ کیا وڈا بھئیا ۔ ॥1॥

کِیا اُپما تیری آکھی جاءِ ۔ ॥

توُنّ سربے پوُرِ رہِیا لِو لاءِ ॥1॥ رہاءُ ॥

جیء اُپاءِ جُگتِ ہتھِ کِینی
کالی نتھِ کیا وڈا بھئیا ۔ ॥

کِسُ توُنّ پُرکھُ جورُو کتُنّ کہیئے
سرب نِرنّترِ روِ رہِیا ॥2॥

نالِ کُٹنّبُ ساتھِ ورداتا
برہما بھالنّ سرِسٹِ گئیا ॥

آگے انتُ ن پائیو تا کا
کنّس چھیدِ کیا وڈا بھئیا ۔ ॥3॥

رتن اُپاءِ دھرے کھیرُ متھیا
ہورِ بھکھلائے جِ اسی کِیا ॥

کہے نانکُ چھپے کِءُ چھپیا
ایکی ایکی ونڈِ دِیا ॥4॥7॥

آسا محلا 1 ॥

کرم کرتوتِ بیلِ بِستھاری
رام نامُ پھلُ ہوُیا ॥

تِسُ روُپُ ن ریکھ اناہدُ واجے
سبدُ نِرنجنِ کِیا ॥1॥

کرے وکھیانُ جانے جے کوئی ॥

انمرِتُ پیوے سوئی ॥1॥ رہاءُ ॥

جِنّہ پِیا سے مست بھئے ہے
توٹے بنّدھن پھاہے ॥

ਜੋਤੀ ਜੋਤਿ ਸਮਾਣੀ ਭੀਤਰਿ ਤਾ ਛੋਡੇ ਮਾਇਆ ਕੇ ਲਾਹੇ ॥੨॥	جوتی جوتِ سمانی بھیترِ تا چھوڑے مائیا کے لاہے ॥2॥
ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ ॥	سرب جوتِ روُپُ تیرا دیکھیا سگل بھون تیری مائیا ॥
ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ ॥੩॥	رارے روُپِ نِرالمُ بیٹھا ندرِ کرے وِچِ چھائیا ॥3॥
ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ ॥	بِیٹا سبدُ وجاوے جوگی درسنِ روُپِ اپارا ॥
ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ ॥੪॥੮॥	سبدِ اناہدِ سو سہُ راتا نانکُ کہے وِچارا ॥4॥8॥
ਆਸਾ ਮਹਲਾ ੧ ॥	آسا محلا 1 ॥
ਮੈ ਗੁਣ ਗਲਾ ਕੇ ਸਿਰਿ ਭਾਰ ॥	مے گُنْ گلا کے سِرِ بھار ॥
ਗਲੀ ਗਲਾ ਸਿਰਜਣਹਾਰ ॥	گلی گلا سِرجنہار ॥
ਖਾਣਾ ਪੀਣਾ ਹਸਣਾ ਬਾਦਿ ॥	کھاٹا پِیٹا ہسٹا بادِ ॥
ਜਬ ਲਗੁ ਰਿਦੈ ਨ ਆਵਹਿ ਯਾਦਿ ॥੧॥	جب لگُ رِدے ن آوہِ یادِ ॥1॥
ਤਉ ਪਰਵਾਹ ਕੇਹੀ ਕਿਆ ਕੀਜੈ ॥	تءُ پرواہ کیہی کِیا کِیجے ۔ ॥
ਜਨਮਿ ਜਨਮਿ ਕਿਛੁ ਲੀਜੀ ਲੀਜੈ ॥੧॥ ਰਹਾਉ ॥	جنمِ جنمِ کِچھُ لیجی لِیجے ॥1॥ رہاءُ ॥
ਮਨ ਕੀ ਮਤਿ ਮਤਾਗਲੁ ਮਤਾ ॥	من کی متِ متاگلُ متا ॥
ਜੋ ਕਿਛੁ ਬੋਲੀਐ ਸਭੁ ਖਤੋ ਖਤਾ ॥	جو کِچھُ بولیِے سبھُ کھتو خطا ॥
ਕਿਆ ਮੁਹੁ ਲੈ ਕੀਚੈ ਅਰਦਾਸਿ ॥	کِیا مُہُ لے کِیچے عرداسِ ॥
ਪਾਪੁ ਪੁੰਨੁ ਦੁਇ ਸਾਖੀ ਪਾਸਿ ॥੨॥	پاپُ پُنْنُ دُءِ ساکھی پاسِ ॥2॥
ਜੈਸਾ ਤੂੰ ਕਰਹਿ ਤੈਸਾ ਕੋ ਹੋਇ ॥	جیَسا توُنَ کرہِ تیَسا کو ہوءِ ॥
ਤੁਝ ਬਿਨੁ ਦੂਜਾ ਨਾਹੀ ਕੋਇ ॥	تُجھ بِنُ دوُجا ناہی کوءِ ॥

ਜੇਹੀ ਤੂੰ ਮਤਿ ਦੇਹਿ ਤੇਹੀ ਕੋ ਪਾਵੈ ॥	جیہی توُنّ متِ دیہِ تیہی کو پاوےَ ॥
ਤੁਧੁ ਆਪੇ ਭਾਵੈ ਤਿਵੈ ਚਲਾਵੈ ॥੩॥	تُدھُ آپے بھاوےَ تِوےَ چلاوےَ ॥3॥
ਰਾਗ ਰਤਨ ਪਰੀਆ ਪਰਵਾਰ ॥	راگ رتن پریِیا پروار ॥
ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ ॥	تِسُ وِچِ اُپجےَ انمّرِتُ سار ॥
ਨਾਨਕ ਕਰਤੇ ਕਾ ਇਹੁ ਧਨੁ ਮਾਲੁ ॥	نانک کرتے کا اِہُ دھنُ مالُ ॥
ਜੇ ਕੋ ਬੂਝੈ ਏਹੁ ਬੀਚਾਰੁ ॥੪॥੯॥	جے کو بوُجھےَ ایہُ بیچارُ ॥4॥9॥
ਆਸਾ ਮਹਲਾ ੧ ॥	آسا محلا 1 ॥
ਕਰਿ ਕਿਰਪਾ ਅਪਨੈ ਘਰਿ ਆਇਆ ਤਾ ਮਿਲਿ ਸਖੀਆ ਕਾਜੁ ਰਚਾਇਆ ॥	کرِ کرِپا اپنےَ گھرِ آئیا تا مِلِ سکھیِیا کاجُ رچائیا ॥
ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ ॥੧॥	کھیلُ دیکھِ منِ اندُ بھئیا سہُ ویِیاہنٌ آئیا ॥1॥
ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ ॥	گاوہُ گاوہُ کامنٹی بِبیک بیچارُ ॥
ਹਮਰੈ ਘਰਿ ਆਇਆ ਜਗਜੀਵਨੁ ਭਤਾਰੁ ॥੧॥ ਰਹਾਉ ॥	ہمرےَ گھرِ آئیا جگجیِونُ بھتارُ ॥1॥ رہاءُ ॥
ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ ॥	گُرہُ دُیارےَ ہمرا ویِیاہُ جِ ہویا جاں سہُ مِلیا تاں جانِیا ॥
ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ ॥੨॥	تِہِ لوکا مہِ سبدُ روِیا ہےَ آپُ گئیا منُ مانِیا ॥2॥
ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ ॥	آپٹا کارجُ آپِ سوارے ہورنِ کارجُ ن ہوئی ॥
ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ ॥੩॥	جِتُ کارجِ ستُ سنّتوکھُ دئیا دھرمُ ہےَ گُرمُکھِ بوُجھےَ کوئی ॥3॥
ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ ॥	بھنتِ نانکُ سبھنا کا پِرُ ایکو سوءِ ॥
ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥੪॥੧੦॥	جِس نو ندرِ کرے

	سا سوہاگنِ ہوءِ ॥4॥ 10 ॥
ਆਸਾ ਮਹਲਾ ੧ ॥	آسا محلا 1 ॥
ਗ੍ਰਿਹੁ ਬਨੁ ਸਮਸਰਿ ਸਹਜਿ ਸੁਭਾਇ ॥	گرِہُ بنُ سمسرِ سہجِ سُبھاءِ ॥
ਦੁਰਮਤਿ ਗਤੁ ਭਈ ਕੀਰਤਿ ਠਾਇ ॥	دُرمتِ گتُ بھئی کیرتِ ٹھاءِ ॥
ਸਚ ਪਉੜੀ ਸਾਚਉ ਮੁਖਿ ਨਾਂਉ ॥	سچ پئڑی ساچءُ مُکھِ نانءُ ॥
ਸਤਿਗੁਰੁ ਸੇਵਿ ਪਾਏ ਨਿਜ ਥਾਉ ॥੧॥	ستِگُرُ سیوِ پائے نِج تھاءُ ॥1॥
ਮਨ ਚੂਰੇ ਖਟੁ ਦਰਸਨ ਜਾਣੁ ॥	من چُورے کھٹُ درسن جانُ ॥
ਸਰਬ ਜੋਤਿ ਪੂਰਨ ਭਗਵਾਨੁ ॥੧॥ ਰਹਾਉ ॥	سرب جوتِ پُورن بھگوانُ ॥1॥ رہاءُ ॥
ਅਧਿਕ ਤਿਆਸ ਭੇਖ ਬਹੁ ਕਰੈ ॥	ادھِک تِیاس بھیکھ بہُ کرے ॥
ਦੁਖੁ ਬਿਖਿਆ ਸੁਖੁ ਤਨਿ ਪਰਹਰੈ ॥	دُکھُ بِکھیا سُکھُ تنِ پرہرے ॥
ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ ॥	کامُ کرودھُ انترِ دھنُ ہِرے ॥
ਦੁਬਿਧਾ ਛੋਡਿ ਨਾਮਿ ਨਿਸਤਰੈ ॥੨॥	دُبِدھا چھوڈِ نامِ نِسترے ॥2॥
ਸਿਫਤਿ ਸਲਾਹਣੁ ਸਹਜ ਅਨੰਦ ॥	صِفتِ سلاحنُ سہج انند ॥
ਸਖਾ ਸੈਨੁ ਪ੍ਰੇਮੁ ਗੋਬਿੰਦ ॥	سکھا سینُ پریمُ گوبِند ॥
ਆਪੇ ਕਰੇ ਆਪੇ ਬਖਸਿੰਦੁ ॥	آپے کرے آپے بخشِندُ ॥
ਤਨੁ ਮਨੁ ਹਰਿ ਪਹਿ ਆਗੈ ਜਿੰਦੁ ॥੩॥	تنُ منُ ہرِ پہِ آگے جِندُ ॥3॥
ਝੂਠ ਵਿਕਾਰ ਮਹਾ ਦੁਖੁ ਦੇਹ ॥	جھوُٹھ وِکار مہا دُکھُ دیہ ॥
ਭੇਖ ਵਰਨ ਦੀਸਹਿ ਸਭਿ ਖੇਹ ॥	بھیکھ ورن دیسہِ سبھِ کھیہ ॥
ਜੋ ਉਪਜੈ ਸੋ ਆਵੈ ਜਾਇ ॥	جو اُپجے سو آوے جاءِ ॥
ਨਾਨਕ ਅਸਥਿਰੁ ਨਾਮੁ ਰਜਾਇ ॥੪॥੧੧॥	نانک استھِرُ نامُ رضاءِ ॥4॥ 11 ॥
ਆਸਾ ਮਹਲਾ ੧ ॥	آسا محلا 1 ॥
ਏਕੋ ਸਰਵਰੁ ਕਮਲ ਅਨੂਪ ॥	ایکو سرورُ کمل انوپ ॥

ਸਦਾ ਬਿਗਾਸੈ ਪਰਮਲ ਰੂਪ ॥	سدا بِگاسے پرمل روُپ ॥
ਊਜਲ ਮੋਤੀ ਚੂਗਹਿ ਹੰਸ ॥	اوُجل موتی چوُگہِ ہنّس ॥
ਸਰਬ ਕਲਾ ਜਗਦੀਸੈ ਅੰਸ ॥੧॥	سرب کلا جگدیسے انّس ॥1॥
ਜੋ ਦੀਸੈ ਸੋ ਉਪਜੈ ਬਿਨਸੈ ॥	جو دیسے سو اُپجے بِنسے ॥
ਬਿਨੁ ਜਲ ਸਰਵਰਿ ਕਮਲੁ ਨ ਦੀਸੈ ॥੧॥ ਰਹਾਉ ॥	بِنُ جل سرورِ کملُ ن دیسے ॥1॥ رہاءُ ॥
ਬਿਰਲਾ ਬੂਝੈ ਪਾਵੈ ਭੇਦੁ ॥	بِرلا بوُجھے پاوے بھیدُ ॥
ਸਾਖਾ ਤੀਨਿ ਕਹੈ ਨਿਤ ਬੇਦੁ ॥	ساکھا تینِ کہے نِت بیدُ ॥
ਨਾਦ ਬਿੰਦ ਕੀ ਸੁਰਤਿ ਸਮਾਇ ॥	نادِ بِندّ کی سُرتِ سماءِ ॥
ਸਤਿਗੁਰੁ ਸੇਵਿ ਪਰਮ ਪਦੁ ਪਾਇ ॥੨॥	ستِگُرُ سیوِ پرم پدُ پاءِ ॥2॥
ਮੁਕਤੋ ਰਾਤਉ ਰੰਗਿ ਰਵਾਂਤਉ ॥	مُکتو راتءُ رنگِ روانتءُ ॥
ਰਾਜਨ ਰਾਜਿ ਸਦਾ ਬਿਗਸਾਂਤਉ ॥	راجن راجِ سدا بِگسانتءُ ॥
ਜਿਸੁ ਤੂੰ ਰਾਖਹਿ ਕਿਰਪਾ ਧਾਰਿ ॥	جِسُ توُنّ راکھہِ کِرپا دھارِ ॥
ਬੂਡਤ ਪਾਹਨ ਤਾਰਹਿ ਤਾਰਿ ॥੩॥	بوُڈت پاہن تارہِ تارِ ॥3॥
ਤ੍ਰਿਭਵਣ ਮਹਿ ਜੋਤਿ ਤ੍ਰਿਭਵਣ ਮਹਿ ਜਾਣਿਆ ॥	تّرِبھونٹ مہِ جوتِ تّرِبھونٹ مہِ جانٹیا ॥
ਉਲਟ ਭਈ ਘਰੁ ਘਰ ਮਹਿ ਆਣਿਆ ॥	اُلٹ بھئی گھرُ گھر مہِ آنٹیا ॥
ਅਹਿਨਿਸਿ ਭਗਤਿ ਕਰੇ ਲਿਵ ਲਾਇ ॥	اہِنِس بھگتِ کرے لِو لاءِ ॥
ਨਾਨਕੁ ਤਿਨ ਕੈ ਲਾਗੈ ਪਾਇ ॥੪॥੧੨॥	نانکُ تِن کے لاگے پاءِ ॥4॥ 12 ॥
ਆਸਾ ਮਹਲਾ ੧ ॥	آسا محلا 1 ॥
ਗੁਰਮਤਿ ਸਾਚੀ ਹੁਜਤਿ ਦੂਰਿ ॥	گُرمتِ ساچی حُجتِ دوُرِ ॥
ਬਹੁਤੁ ਸਿਆਣਪ ਲਾਗੈ ਧੂਰਿ ॥	بہُتُ سِیانپ لاگے دھوُرِ ॥
ਲਾਗੀ ਮੈਲੁ ਮਿਟੈ ਸਚ ਨਾਇ ॥	لاگی میَلُ مِٹے سچ ناءِ ॥
ਗੁਰ ਪਰਸਾਦਿ ਰਹੈ ਲਿਵ ਲਾਇ ॥੧॥	گُر پرسادِ رہے لِو لاءِ ॥1॥

ਹੈ ਹਜੂਰਿ ਹਾਜਰੁ ਅਰਦਾਸਿ ॥	ہے حضوُرِ ہاجرُ عرداسِ ॥
ਦੁਖੁ ਸੁਖੁ ਸਾਚੁ ਕਰਤੇ ਪ੍ਰਭ ਪਾਸਿ ॥੧॥ ਰਹਾਉ ॥	دُکھُ سُکھُ ساچُ کرتے پربھ پاسِ ॥1॥ رہاءُ ॥
ਕੂੜੁ ਕਮਾਵੈ ਆਵੈ ਜਾਵੈ ॥	کوڑُ کماوے آوے جاوے ॥
ਕਹਣਿ ਕਥਨਿ ਵਾਰਾ ਨਹੀ ਆਵੈ ॥	کہنِ کتھنِ وارا نہی آوے ॥
ਕਿਆ ਦੇਖਾ ਸੂਝ ਬੂਝ ਨ ਪਾਵੈ ॥	کِیا دیکھا سوُجھ بوُجھ ن پاوے ॥
ਬਿਨੁ ਨਾਵੈ ਮਨਿ ਤ੍ਰਿਪਤਿ ਨ ਆਵੈ ॥੨॥	بِنُ ناوے منِ ترِپتِ ن آوے ॥2॥
ਜੋ ਜਨਮੇ ਸੇ ਰੋਗਿ ਵਿਆਪੇ ॥	جو جنمے سے روگِ وِیاپے ॥
ਹਉਮੈ ਮਾਇਆ ਦੂਖਿ ਸੰਤਾਪੇ ॥	ہئُمے مائیا دوُکھِ سنتاپے ॥
ਸੇ ਜਨ ਬਾਚੇ ਜੋ ਪ੍ਰਭਿ ਰਾਖੇ ॥੩॥	سے جن باچے جو پربھِ راکھے ॥3॥
ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ ॥੩॥	ستِگُرُ سیوِ انمرِت رسُ چاکھے ॥3॥
ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ ॥	چلت ءُ منُ راکھے انمرِتُ چاکھے ॥
ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ ॥	ستِگُر سیوِ انمرِت سبدُ بھاکھے ॥
ਸਾਚੈ ਸਬਦਿ ਮੁਕਤਿ ਗਤਿ ਪਾਏ ॥	ساچے سبدِ مُکتِ گتِ پائے ॥
ਨਾਨਕ ਵਿਚਹੁ ਆਪੁ ਗਵਾਏ ॥੪॥੧੩॥	نانک وِچہُ آپُ گوائے ॥4॥ 13 ॥
ਆਸਾ ਮਹਲਾ ੧ ॥	آسا محلا 1 ॥
ਜੋ ਤਿਨਿ ਕੀਆ ਸੋ ਸਚੁ ਥੀਆ ॥	جو تِنِ کِیا سو سچُ تھِیا ॥
ਅੰਮ੍ਰਿਤ ਨਾਮੁ ਸਤਿਗੁਰਿ ਦੀਆ ॥	انمرِت نامُ ستِگُرِ دِیا ॥
ਹਿਰਦੈ ਨਾਮੁ ਨਾਹੀ ਮਨਿ ਭੰਗੁ ॥	ہِردے نامُ ناہی منِ بھنگُ ॥
ਅਨਦਿਨੁ ਨਾਲਿ ਪਿਆਰੇ ਸੰਗੁ ॥੧॥	اندِنُ نالِ پیارے سنگُ ॥1॥
ਹਰਿ ਜੀਉ ਰਾਖਹੁ ਅਪਨੀ ਸਰਣਾਈ ॥	ہرِ جیِءُ راکھہُ اپنی سرٹائی ॥
ਗੁਰ ਪਰਸਾਦੀ ਹਰਿ ਰਸੁ ਪਾਇਆ ਨਾਮੁ ਪਦਾਰਥੁ ਨਉ ਨਿਧਿ ਪਾਈ ॥੧॥ ਰਹਾਉ ॥	گُر پرسادی ہرِ رسُ پائیا نامُ پدارتھُ نءُ نِدھِ پائی ॥1॥ رہاءُ ॥
ਕਰਮ ਧਰਮ ਸਚੁ ਸਾਚਾ ਨਾਉ ॥	کرم دھرم سچُ ساچا ناءُ ॥

ਤਾ ਕੈ ਸਦ ਬਲਿਹਾਰੈ ਜਾਉ ॥	تا کے سد بلِہارے جاءُ ॥
ਜੋ ਹਰਿ ਰਾਤੇ ਸੇ ਜਨ ਪਰਵਾਣੁ ॥	جو ہرِ راتے سے جن پرواڻُ ॥
ਤਿਨ ਕੀ ਸੰਗਤਿ ਪਰਮ ਨਿਧਾਨੁ ॥੨॥	تِن کی سنگتِ پرم نِدھانُ ॥2॥
ਹਰਿ ਵਰੁ ਜਿਨਿ ਪਾਇਆ ਧਨ ਨਾਰੀ ॥	ہرِ ورُ جِنِ پائیا دھن ناری ॥
ਹਰਿ ਸਿਉ ਰਾਤੀ ਸਬਦੁ ਵੀਚਾਰੀ ॥	ہرِ سِءُ راتی سبدُ ویچاری ॥
ਆਪਿ ਤਰੈ ਸੰਗਤਿ ਕੁਲ ਤਾਰੈ ॥	آپِ ترے سنگتِ کُل تارے ॥
ਸਤਿਗੁਰੁ ਸੇਵਿ ਤਤੁ ਵੀਚਾਰੈ ॥੩॥	ستِگُرُ سیوِ تتُ ویچارے ॥3॥
ਹਮਰੀ ਜਾਤਿ ਪਤਿ ਸਚੁ ਨਾਉ ॥	ہمری زاتِ پتِ سچُ ناءُ ॥
ਕਰਮ ਧਰਮ ਸੰਜਮੁ ਸਤ ਭਾਉ ॥	کرم دھرم سنجَمُ ست بھاءُ ॥
ਨਾਨਕ ਬਖਸੇ ਪੂਛ ਨ ਹੋਇ ॥	نانک بخشے پُوچھ ن ہوءِ ॥
ਦੂਜਾ ਮੇਟੇ ਏਕੋ ਸੋਇ ॥੪॥੧੪॥	دوُجا میٹے ایکو سوءِ ॥4॥ 14 ॥
ਆਸਾ ਮਹਲਾ ੧ ॥	آسا محلا 1 ॥
ਇਕਿ ਆਵਹਿ ਇਕਿ ਜਾਵਹਿ ਆਈ ॥	اِکِ آوہِ اِکِ جاوہِ آئی ॥
ਇਕਿ ਹਰਿ ਰਾਤੇ ਰਹਹਿ ਸਮਾਈ ॥	اِکِ ہرِ راتے رہہِ سمائی ॥
ਇਕਿ ਧਰਨਿ ਗਗਨ ਮਹਿ ਠਉਰ ਨ ਪਾਵਹਿ ॥	اِکِ دھرنِ گگن مہِ ٹھئُر ن پاوہِ ॥
ਸੇ ਕਰਮਹੀਣ ਹਰਿ ਨਾਮੁ ਨ ਧਿਆਵਹਿ ॥੧॥	سے کرمہیڻ ہرِ نامُ ن دھیاوہِ ॥1॥
ਗੁਰ ਪੂਰੇ ਤੇ ਗਤਿ ਮਿਤਿ ਪਾਈ ॥	گُرپوُرے تے گتِ مِتِ پائی ॥
ਇਹੁ ਸੰਸਾਰੁ ਬਿਖੁ ਵਤ ਅਤਿ ਭਉਜਲੁ ਗੁਰ ਸਬਦੀ ਹਰਿ ਪਾਰਿ ਲੰਘਾਈ ॥੧॥ ਰਹਾਉ ॥	اِہُ سنّسارُ بِکھُ وت اتِ بھئُجلُ گُر سبدی ہرِ پارِ لنگھائی ॥1॥ رہاءُ ॥
ਜਿਨ੍ ਕਉ ਆਪ ਲਏ ਪ੍ਰਭੁ ਮੇਲਿ ॥	جِنّہ ک ءُ آپ لے پربھُ میلِ ॥
ਤਿਨ ਕਉ ਕਾਲੁ ਨ ਸਾਕੈ ਪੇਲਿ ॥	تِن ک ءُ کالُ ن ساکے پیلِ ॥
ਗੁਰਮੁਖਿ ਨਿਰਮਲ ਰਹਹਿ ਪਿਆਰੇ ॥	گُرمُکھِ نِرمل رہہِ پیارے ॥
ਜਿਉ ਜਲ ਅੰਭ ਊਪਰਿ ਕਮਲ ਨਿਰਾਰੇ ॥੨॥	جِ ءُ جل انبھ اوُپرِ کمل نِرارے ॥2॥

ਬੁਰਾ ਭਲਾ ਕਹੁ ਕਿਸ ਨੋ ਕਹੀਐ ॥	بُرا بھلا کہُ کِس نو کہیئے۔ ॥
ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ ॥	دیسے برہمُ گُرمُکھِ سچُ لہیئے ॥
ਅਕਥੁ ਕਥਉ ਗੁਰਮਤਿ ਵੀਚਾਰੁ ॥	اکتھُ کتھءُ گُرمتِ ویچارُ ॥
ਮਿਲਿ ਗੁਰ ਸੰਗਤਿ ਪਾਵਉ ਪਾਰੁ ॥੩॥	مِلِ گُر سنگتِ پاوءُ پارُ ॥3॥
ਸਾਸਤ ਬੇਦ ਸਿੰਮ੍ਰਿਤਿ ਬਹੁ ਭੇਦ ॥	ساست بید سِمرتِ بہُ بھید ॥
ਅਠਸਠਿ ਮਜਨੁ ਹਰਿ ਰਸੁ ਰੇਦ ॥	اٹھسٹھِ مجنُ ہرِ رسُ رید ॥
ਗੁਰਮੁਖਿ ਨਿਰਮਲੁ ਮੈਲੁ ਨ ਲਾਗੈ ॥	گُرمُکھِ نِرملُ میَلُ ن لاگے ॥
ਨਾਨਕ ਹਿਰਦੈ ਨਾਮੁ ਵਡੇ ਧੁਰਿ ਭਾਗੈ ॥੪॥੧੫॥	نانک ہِردے نامُ وڈے دھُرِ بھاگے ॥4॥ 15 ॥
ਆਸਾ ਮਹਲਾ ੧ ॥	آسا محلا 1 ॥
ਨਿਵਿ ਨਿਵਿ ਪਾਇ ਲਗਉ ਗੁਰ ਅਪੁਨੇ ਆਤਮ ਰਾਮੁ ਨਿਹਾਰਿਆ ॥	نِو نِو پاءِ لگءُ گُر اپُنے آتم رامُ نہارِیا ॥
ਕਰਤ ਬੀਚਾਰੁ ਹਿਰਦੈ ਹਰਿ ਰਵਿਆ ਹਿਰਦੈ ਦੇਖਿ ਬੀਚਾਰਿਆ ॥੧॥	کرت بیچارُ ہِردے ہرِ رویا ہِردے دیکھِ بیچارِیا ॥1॥
ਬੋਲਹੁ ਰਾਮੁ ਕਰੇ ਨਿਸਤਾਰਾ ॥	بولہُ رامُ کرے نِستارا ॥
ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ ॥੧॥ ਰਹਾਉ ॥	گُر پرسادِ رتنُ ہرِ لابھے مِٹے اگیانُ ہوءِ اُجیارا ॥1॥ رہاءُ ॥
ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ ॥	رونی روے بندھن نہی توٹہِ وِچِ ہئمے بھرمُ ن جائی ॥
ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ ॥੨॥	ستگُر مِلے ت ہئومے توٹے تا کو لیکھے پائی ॥2॥
ਹਰਿ ਹਰਿ ਨਾਮੁ ਭਗਤਿ ਪ੍ਰਿਅ ਪ੍ਰੀਤਮੁ ਸੁਖ ਸਾਗਰੁ ਉਰ ਧਾਰੇ ॥	ہرِ ہرِ نامُ بھگتِ پریءِ پریتمُ سُکھ ساگرُ اُر دھارے ॥
ਭਗਤਿ ਵਛਲੁ ਜਗਜੀਵਨੁ ਦਾਤਾ ਮਤਿ ਗੁਰਮਤਿ ਹਰਿ ਨਿਸਤਾਰੇ ॥੩॥	بھگتِ وچھلُ جگجیونُ داتا متِ گُرمتِ ہرِ نِستارے ॥3॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نُوں سمرپت | سیوا: بھائی بلجندر سنگھ جی (راڑا صاہب)

ਮਨ ਸਿਉ ਜੂਝਿ ਮਰੈ ਪ੍ਰਭੁ ਪਾਏ
ਮਨਸਾ ਮਨਹਿ ਸਮਾਏ ॥

من سِ ءُ جوُجھِ مرے پّربھُ پائے
منسا منہِ سمائے ॥

ਨਾਨਕ ਕ੍ਰਿਪਾ ਕਰੇ ਜਗਜੀਵਨੁ
ਸਹਜ ਭਾਇ ਲਿਵ ਲਾਏ ॥੪॥੧੬॥

نانک کرِپا کرے جگجِیونُ
سہج بھاءِ لِو لائے ॥4॥ 16 ॥

ਆਸਾ ਮਹਲਾ ੧ ॥

آسا محلا 1 ॥

ਕਿਸ ਕਉ ਕਹਹਿ ਸੁਣਾਵਹਿ ਕਿਸ ਕਉ
ਕਿਸੁ ਸਮਝਾਵਹਿ ਸਮਝਿ ਰਹੇ ॥

کِس ک ءُ کہہِ سُٹاوہِ کِس ک ءُ
کِسُ سمجھاوہِ سمجھِ رہے ॥

ਕਿਸੈ ਪੜਾਵਹਿ ਪੜਿ ਗੁਣਿ ਬੂਝੇ
ਸਤਿਗੁਰ ਸਬਦਿ ਸੰਤੋਖਿ ਰਹੇ ॥੧॥

کِسے پڑاوہِ پڑِ گُنِ بوُجھے
ستِگُر سبدِ سنّتوکھِ رہے ॥1॥

ਐਸਾ ਗੁਰਮਤਿ ਰਮਤੁ ਸਰੀਰਾ ॥

ایَسا گُرمتِ رمتُ سریِرا ॥

ਹਰਿ ਭਜੁ ਮੇਰੇ ਮਨ ਗਹਿਰ ਗੰਭੀਰਾ ॥੧॥ ਰਹਾਉ ॥

ہرِ بھجُ میرے من گہِر گنّبھیرا ॥1॥ رہاءُ ॥

ਅਨਤ ਤਰੰਗ ਭਗਤਿ ਹਰਿ ਰੰਗਾ ॥

انت ترنگ بھگتِ ہرِ رنگا ॥

ਅਨਦਿਨੁ ਸੂਚੇ ਹਰਿ ਗੁਣ ਸੰਗਾ ॥

اندِنُ سوُچے ہرِ گُنِ سنگا ॥

ਮਿਥਿਆ ਜਨਮੁ ਸਾਕਤ ਸੰਸਾਰਾ ॥

مِتھیا جنمُ ساکت سنّسارا ॥

ਰਾਮ ਭਗਤਿ ਜਨੁ ਰਹੈ ਨਿਰਾਰਾ ॥੨॥

رام بھگتِ جنُ رہے نِرارا ॥2॥

ਸੂਚੀ ਕਾਇਆ ਹਰਿ ਗੁਣ ਗਾਇਆ ॥

سوُچی کائیا ہرِ گُنِ گائیا ॥

ਆਤਮੁ ਚੀਨਿ ਰਹੈ ਲਿਵ ਲਾਇਆ ॥

آتمُ چینِ رہے لِو لائیا ॥

ਆਦਿ ਅਪਾਰੁ ਅਪਰੰਪਰੁ ਹੀਰਾ ॥

آدِ اپارُ اپرنّپرُ ہیرا ॥

ਲਾਲਿ ਰਤਾ ਮੇਰਾ ਮਨੁ ਧੀਰਾ ॥੩॥

لالِ رتا میرا منُ دھیرا ॥3॥

ਕਥਨੀ ਕਹਹਿ ਕਹਹਿ ਸੇ ਮੂਏ ॥

کتھنی کہہِ کہہِ سے موُئے ॥

ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ ॥

سو پّربھُ دوُرِ ناہی پّربھُ توُنّ ہے ॥

ਸਭੁ ਜਗੁ ਦੇਖਿਆ ਮਾਇਆ ਛਾਇਆ ॥

سبھُ جگُ دیکھیا مائیا چھائیا ॥

ਨਾਨਕ ਗੁਰਮਤਿ ਨਾਮੁ ਧਿਆਇਆ ॥੪॥੧੭॥

نانک گُرمتِ نامُ دھیائیا ॥4॥ 17 ॥

ਆਸਾ ਮਹਲਾ ੧ ਤਿਤੁਕਾ ॥	آسا محلا 1 تِتُکا ॥
ਕੋਈ ਭੀਖਕੁ ਭੀਖਿਆ ਖਾਇ ॥	کوئی بھِیکھکُ بھِیکھیا کھاءِ ॥
ਕੋਈ ਰਾਜਾ ਰਹਿਆ ਸਮਾਇ ॥	کوئی راجا رہِیا سماءِ ॥
ਕਿਸ ਹੀ ਮਾਨੁ ਕਿਸੈ ਅਪਮਾਨੁ ॥	کِس ہی مانُ کِسے اپمانُ ॥
ਢਾਹਿ ਉਸਾਰੇ ਧਰੇ ਧਿਆਨੁ ॥	ڈھاہِ اُسارے دھرے دھِیانُ ॥
ਤੁਝ ਤੇ ਵਡਾ ਨਾਹੀ ਕੋਇ ॥	تُجھ تے وڈا ناہی کوءِ ॥
ਕਿਸੁ ਵੇਖਾਲੀ ਚੰਗਾ ਹੋਇ ॥੧॥	کِس ویکھالی چنگا ہوءِ ॥1॥
ਮੈ ਤਾਂ ਨਾਮੁ ਤੇਰਾ ਆਧਾਰੁ ॥	مے تاں نامُ تیرا آدھارُ ॥
ਤੂੰ ਦਾਤਾ ਕਰਣਹਾਰੁ ਕਰਤਾਰੁ ॥੧॥ ਰਹਾਉ ॥	توُنّ داتا کرنّہارُ کرتارُ ॥1॥ رہاءُ ॥
ਵਾਟ ਨ ਪਾਵਉ ਵੀਗਾ ਜਾਉ ॥	واٹ ن پاوءُ ویگا جاءُ ॥
ਦਰਗਹ ਬੈਸਣ ਨਾਹੀ ਥਾਉ ॥	درگہ بیَسنّ ناہی تھاءُ ॥
ਮਨ ਕਾ ਅੰਧੁਲਾ ਮਾਇਆ ਕਾ ਬੰਧੁ ॥	من کا انّدھُلا مائیا کا بنّدھُ ॥
ਖੀਨ ਖਰਾਬੁ ਹੋਵੈ ਨਿਤ ਕੰਧੁ ॥	کھِین کھرابُ ہووے نِت کنّدھُ ॥
ਖਾਣ ਜੀਵਣ ਕੀ ਬਹੁਤੀ ਆਸ ॥	کھانّ جیِونّ کی بہُتی آس ॥
ਲੇਖੈ ਤੇਰੈ ਸਾਸ ਗਿਰਾਸ ॥੨॥	لیکھے تیرے ساس گِراس ॥2॥
ਅਹਿਨਿਸਿ ਅੰਧੁਲੇ ਦੀਪਕੁ ਦੇਇ ॥	اہِنِس انّدھُلے دیپکُ دےءِ ॥
ਭਉਜਲ ਡੂਬਤ ਚਿੰਤ ਕਰੇਇ ॥	بھجُل ڈوُبت چِنّت کرےءِ ॥
ਕਹਹਿ ਸੁਣਹਿ ਜੋ ਮਾਨਹਿ ਨਾਉ ॥	کہہِ سُنّہِ جو مانہِ ناءُ ॥
ਹਉ ਬਲਿਹਾਰੈ ਤਾ ਕੈ ਜਾਉ ॥	ہءُ بلِہارے تا کے جاءُ ॥
ਨਾਨਕੁ ਏਕ ਕਹੈ ਅਰਦਾਸਿ ॥	نانکُ ایک کہے عرداسِ ॥
ਜੀਉ ਪਿੰਡੁ ਸਭ ਤੇਰੈ ਪਾਸਿ ॥੩॥	جیِءُ پِنّڈُ سبھ تیرے پاسِ ॥3॥
ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥	جاں توُنّ دیہِ جپی تیرا ناءُ ॥

ਦਰਗਹ ਬੈਸਣ ਹੋਵੈ ਥਾਉ ॥
درگہ بیَسنُ ہووے تھاءُ ॥

ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥
جاں تُدھُ بھاوے تا دُرمتِ جاءِ ॥

ਗਿਆਨ ਰਤਨੁ ਮਨਿ ਵਸੈ ਆਇ ॥
گِیان رتنُ منِ وسے آءِ ॥

ਨਦਰਿ ਕਰੇ ਤਾ ਸਤਿਗੁਰੁ ਮਿਲੈ ॥
ندرِ کرے تا ستِگُرُ مِلے ॥

ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥
پرنُوتِ نانکُ بھوجلُ ترے ॥4॥ 18 ॥

ਆਸਾ ਮਹਲਾ ੧ ਪੰਚਪਦੇ ॥
آسا محلا 1 پنچپدے ॥

ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ
ਜਲ ਬਿਨੁ ਉਤਭੁਜ ਕਾਮਿ ਨਾਹੀ ॥
دُدھ بِنُ دھینُ پنکھ بِنُ پنکھی
جل بِنُ اُتبھُج کامِ ناہی ॥

ਕਿਆ ਸੁਲਤਾਨੁ ਸਲਾਮ ਵਿਹੂਣਾ
ਅੰਧੀ ਕੋਠੀ ਤੇਰਾ ਨਾਮੁ ਨਾਹੀ ॥੧॥
کِیا سُلطانُ سلام وِہُوٹا
اندھی کوٹھی تیرا نامُ ناہی ॥1॥

ਕੀ ਵਿਸਰਹਿ ਦੁਖੁ ਬਹੁਤਾ ਲਾਗੈ ॥
کی وِسرہِ دُکھُ بہُتا لاگے ॥

ਦੁਖੁ ਲਾਗੈ ਤੂੰ ਵਿਸਰੁ ਨਾਹੀ ॥੧॥ ਰਹਾਉ ॥
دُکھُ لاگے توَنَ وِسرُ ناہی ॥1॥ رہاءُ ॥

ਅਖੀ ਅੰਧੁ ਜੀਭ ਰਸੁ ਨਾਹੀ
ਕੰਨੀ ਪਵਣੁ ਨ ਵਾਜੈ ॥
اکھی اندھُ جِبھ رسُ ناہی
کنّنی پونُ ن واجے ॥

ਚਰਣੀ ਚਲੈ ਪਜੂਤਾ ਆਗੈ
ਵਿਣੁ ਸੇਵਾ ਫਲ ਲਾਗੇ ॥੨॥
چرنی چلے پجوُتا آگے
وِنُ سیوا پھل لاگے ॥2॥

ਅਖਰ ਬਿਰਖ ਬਾਗ ਭੁਇ ਚੋਖੀ
ਸਿੰਚਿਤ ਭਾਉ ਕਰੇਹੀ ॥
اکھر بِرکھ باغ بھُءِ چوکھی
سِنچِت بھاءُ کریہی ॥

ਸਭਨਾ ਫਲੁ ਲਾਗੈ ਨਾਮੁ ਏਕੋ
ਬਿਨੁ ਕਰਮਾ ਕੈਸੇ ਲੇਹੀ ॥੩॥
سبھنا پھلُ لاگے نامُ ایکو
بِنُ کرما کیَسے لیہی ۔ ॥3॥

ਜੇਤੇ ਜੀਅ ਤੇਤੇ ਸਭਿ ਤੇਰੇ
ਵਿਣੁ ਸੇਵਾ ਫਲੁ ਕਿਸੈ ਨਾਹੀ ॥
جیتے جیء تیتے سبھِ تیرے
وِنُ سیوا پھلُ کِسے ناہی ॥

ਦੁਖੁ ਸੁਖੁ ਭਾਣਾ ਤੇਰਾ ਹੋਵੈ
ਵਿਣੁ ਨਾਵੈ ਜੀਉ ਰਹੈ ਨਾਹੀ ॥
دُکھُ سُکھُ بھاٹا تیرا ہووے
وِنُ ناوے جیءُ رہے ناہی ॥

ਮਤਿ ਵਿਚਿ ਮਰਣੁ ਜੀਵਣੁ ਹੋਰੁ ਕੈਸਾ
ਜਾ ਜੀਵਾ ਤਾਂ ਜੁਗਤਿ ਨਾਹੀ ॥

ਕਹੈ ਨਾਨਕੁ ਜੀਵਾਲੇ ਜੀਆ
ਜਹ ਭਾਵੈ ਤਹ ਰਾਖੁ ਤੁਹੀ ॥੫॥੧੯॥

ਆਸਾ ਮਹਲਾ ੧ ॥

ਕਾਇਆ ਬ੍ਰਹਮਾ ਮਨੁ ਹੈ ਧੋਤੀ ॥

ਗਿਆਨੁ ਜਨੇਊ ਧਿਆਨੁ ਕੁਸਪਾਤੀ ॥

ਹਰਿ ਨਾਮਾ ਜਸੁ ਜਾਚਉ ਨਾਉ ॥

ਗੁਰ ਪਰਸਾਦੀ ਬ੍ਰਹਮਿ ਸਮਾਉ ॥੧॥

ਪਾਂਡੇ ਐਸਾ ਬ੍ਰਹਮ ਬੀਚਾਰੁ ॥

ਨਾਮੇ ਸੁਚਿ ਨਾਮੋ ਪੜਉ
ਨਾਮੇ ਚਜੁ ਆਚਾਰੁ ॥੧॥ ਰਹਾਉ ॥

ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥

ਧੋਤੀ ਟਿਕਾ ਨਾਮੁ ਸਮਾਲਿ ॥

ਐਥੈ ਓਥੈ ਨਿਬਹੀ ਨਾਲਿ ॥

ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥੨॥

ਪੂਜਾ ਪ੍ਰੇਮ ਮਾਇਆ ਪਰਜਾਲਿ ॥

ਏਕੋ ਵੇਖਹੁ ਅਵਰੁ ਨ ਭਾਲਿ ॥

ਚੀਨ੍ਹੈ ਤਤੁ ਗਗਨ ਦਸ ਦੁਆਰ ॥

ਹਰਿ ਮੁਖਿ ਪਾਠ ਪੜੈ ਬੀਚਾਰ ॥੩॥

ਭੋਜਨੁ ਭਾਉ ਭਰਮੁ ਭਉ ਭਾਗੈ ॥

ਫਾਹਰੁਆਰਾ ਛਬਿ ਚੋਰੁ ਨ ਲਾਗੈ ॥

ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥

مت وِچ مرنُ جیونُ ہورُ کیَسا
جا جیِوا تاں جُگتِ ناہی ॥

کہے نانکُ جیِوالے جیِیا
جہ بھاوے تہ راکھُ تُہی ॥5॥ 19 ॥

آسا محلا 1 ॥

کائیا برہما منُ ہے دھوتی ॥

گیانُ جنیئوُ دھیانُ کُسپاتی ॥

ہرِ نامُ جسُ جاچ ءُ ناءُ ॥

گُر پرسادی برہمِ سماءُ ॥1॥

پانڈے ایَسا برہم بیچارُ ॥

نامے سُچِ نامو پڑءُ
نامے چجُ آچارُ ॥1॥ رہاءُ ॥

باہرِ جنیئوُ جچرُ جوتِ ہے نالِ ॥

دھوتی ٹِکا نامُ سمالِ ॥

ایَتھے اوتھے نِبہی نالِ ॥

وِنُ ناوے ہورِ کرم ن بھالِ ॥2॥

پوُجا پریم مائیا پرجالِ ॥

ایکو ویکھُ اورُ ن بھالِ ॥

چینِہے تتُ گگن دس دُیار ॥

ہرِ مُکھِ پاٹھ پڑے بیچار ॥3॥

بھوجنُ بھاءُ بھرمُ بھءُ بھاگے ॥

پھاہرؤُرا چھبِ چورُ ن لاگے ॥

تِلکُ لِلاٹِ جانے پربھُ ایکُ ॥

ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥	بُوجھے برہمُ انترِ بیبکُ ॥4॥
ਆਚਾਰੀ ਨਹੀ ਜੀਤਿਆ ਜਾਇ ॥	آچاری نہی جیتیا جاءِ ॥
ਪਾਠ ਪੜੈ ਨਹੀ ਕੀਮਤਿ ਪਾਇ ॥	پاٹھ پڑے نہی قیمتِ پاءِ ॥
ਅਸਟ ਦਸੀ ਚਹੁ ਭੇਦੁ ਨ ਪਾਇਆ ॥	اسٹ دسی چہُ بھیدُ ن پائیا ॥
ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥੫॥੨੦॥	نانک ستِگُرِ برہمُ دِکھائیا ॥5॥ 20 ॥
ਆਸਾ ਮਹਲਾ ੧ ॥	آسا محلا 1 ॥
ਸੇਵਕੁ ਦਾਸੁ ਭਗਤੁ ਜਨੁ ਸੋਈ ॥	سیوکُ داسُ بھگتُ جنُ سوئی ॥
ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥	ٹھاکُر کا داسُ گُرمُکھِ ہوئی ॥
ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ ॥	جِنِ سِرِ ساجی تِنِ پھُنِ گوئی ॥
ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥੧॥	تِسُ بِنُ دوُجا اورُ ن کوئی ॥1॥
ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥	ساچُ نامُ گُر سبدِ ویچارِ ॥
ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥	گُرمُکھِ ساچے ساچےَ دربارِ ॥1॥ رہاءُ ॥
ਸਚਾ ਅਰਜੁ ਸਚੀ ਅਰਦਾਸਿ ॥	سچا عرضُ سچی عرداسِ ॥
ਮਹਲੀ ਖਸਮੁ ਸੁਣੇ ਸਾਬਾਸਿ ॥	محلی خصمُ سُنٹے ساباسِ ॥
ਸਚੈ ਤਖਤਿ ਬੁਲਾਵੈ ਸੋਇ ॥	سچےَ تختِ بُلاوے سوءِ ॥
ਦੇ ਵਡਿਆਈ ਕਰੇ ਸੁ ਹੋਇ ॥੨॥	دے وڈیائی کرے سُ ہوءِ ॥2॥
ਤੇਰਾ ਤਾਣੁ ਤੂਹੈ ਦੀਬਾਣੁ ॥	تیرا تانُ توُہے دیبانُ ॥
ਗੁਰ ਕਾ ਸਬਦੁ ਸਚੁ ਨੀਸਾਣੁ ॥	گُر کا سبدُ سچُ نیشانُ ॥
ਮੰਨੇ ਹੁਕਮੁ ਸੁ ਪਰਗਟੁ ਜਾਇ ॥	منّے حُکمُ سُ پرگٹُ جاءِ ॥
ਸਚੁ ਨੀਸਾਣੈ ਠਾਕ ਨ ਪਾਇ ॥੩॥	سچُ نیشانےٗ ٹھاک ن پاءِ ॥3॥
ਪੰਡਿਤ ਪੜਹਿ ਵਖਾਣਹਿ ਵੇਦੁ ॥	پنڈِت پڑہِ وکھانہِ ویدُ ॥
ਅੰਤਰਿ ਵਸਤੁ ਨ ਜਾਣਹਿ ਭੇਦੁ ॥	انترِ وستُ ن جانہِ بھیدُ ॥

ਗੁਰ ਬਿਨੁ ਸੋਝੀ ਬੂਝ ਨ ਹੋਇ ॥
ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥

ਕਿਆ ਹਉ ਆਖਾ ਆਖਿ ਵਖਾਣੀ ॥
ਤੂੰ ਆਪੇ ਜਾਣਹਿ ਸਰਬ ਵਿਡਾਣੀ ॥

ਨਾਨਕ ਏਕੋ ਦਰੁ ਦੀਬਾਣੁ ॥
ਗੁਰਮੁਖਿ ਸਾਚੁ ਤਹਾ ਗੁਦਰਾਣੁ ॥੫॥੨੧॥

ਆਸਾ ਮਹਲਾ ੧ ॥

ਕਾਚੀ ਗਾਗਰਿ ਦੇਹ ਦੁਹੇਲੀ
ਉਪਜੈ ਬਿਨਸੈ ਦੁਖੁ ਪਾਈ ॥

ਇਹੁ ਜਗੁ ਸਾਗਰੁ ਦੁਤਰੁ ਕਿਉ ਤਰੀਐ
ਬਿਨੁ ਹਰਿ ਗੁਰ ਪਾਰਿ ਨ ਪਾਈ ॥੧॥

ਤੁਝ ਬਿਨੁ ਅਵਰੁ ਨ ਕੋਈ ਮੇਰੇ ਪਿਆਰੇ
ਤੁਝ ਬਿਨੁ ਅਵਰੁ ਨ ਕੋਇ ਹਰੇ ॥

ਸਰਬੀ ਰੰਗੀ ਰੂਪੀ ਤੂੰਹੈ
ਤਿਸੁ ਬਖਸੇ ਜਿਸੁ ਨਦਰਿ ਕਰੇ ॥੧॥ ਰਹਾਉ ॥

ਸਾਸੁ ਬੁਰੀ ਘਰਿ ਵਾਸੁ ਨ ਦੇਵੈ
ਪਿਰ ਸਿਉ ਮਿਲਣ ਨ ਦੇਇ ਬੁਰੀ ॥

ਸਖੀ ਸਾਜਨੀ ਕੇ ਹਉ ਚਰਨ ਸਰੇਵਉ
ਹਰਿ ਗੁਰ ਕਿਰਪਾ ਤੇ ਨਦਰਿ ਧਰੀ ॥੨॥

ਆਪੁ ਬੀਚਾਰਿ ਮਾਰਿ ਮਨੁ ਦੇਖਿਆ
ਤੁਮ ਸਾ ਮੀਤੁ ਨ ਅਵਰੁ ਕੋਈ ॥

ਜਿਉ ਤੂੰ ਰਾਖਹਿ ਤਿਵ ਹੀ ਰਹਣਾ
ਦੁਖੁ ਸੁਖੁ ਦੇਵਹਿ ਕਰਹਿ ਸੋਈ ॥੩॥

ਆਸਾ ਮਨਸਾ ਦੋਊ ਬਿਨਾਸਤ
ਤ੍ਰਿਹੁ ਗੁਣ ਆਸ ਨਿਰਾਸ ਭਈ ॥

گُر بِنُ سوجھی بوُجھ ن ہوءِ ॥
ساچا روِ رہِیا پربھُ سوءِ ॥4॥

کِیا ہءُ آکھا آکھِ وکھانیٔ ॥
توُنّ آپے جانہِ سرب وِڈانیٔ ॥

نانک ایکو درُ دیِبانُ ॥
گُرمُکھِ ساچُ تہا گُدرانُ ॥5॥ 21 ॥

آسا محلا 1 ॥

کاچی گاگرِ دیہ دُہیلی
اُپجےَ بِنسےَ دُکھُ پائی ॥

اِہُ جگُ ساگرُ دُتّرُ کِءُ ترِیےَ
بِنُ ہرِ گُر پارِ ن پائی ॥1॥

تُجھ بِنُ اورُ ن کوئی میرے پِیارے
تُجھ بِنُ اورُ ن کوءِ ہرے ۔ ॥

سربی رنگی روُپی توُنہےَ
تِسُ بخشے جِسُ ندرِ کرے ॥1॥ رہاءُ ॥

ساسُ بُری گھرِ واسُ ن دیوےَ
پِر سِءُ مِلنُ ن دےءِ بُری ॥

سکھی ساجنی کے ہءُ چرن سریوءُ
ہرِ گُر کِرپا تے ندرِ دھری ॥2॥

آپُ بیچارِ مارِ منُ دیکھیا
تُم سا میِتُ ن اورُ کوئی ॥

جِءُ توُنّ راکھہِ تِو ہی رہنٹا
دُکھُ سُکھُ دیوہِ کرہِ سوئی ॥3॥

آسا منسا دوئوُ بِناست

	تِرہُ گُنؤ آس نِراس بھئی ॥
ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ ॥੪॥	تُریاوستھا گُرمُکھِ پائیَے سنّت سبھا کی اوٹ لہی ॥4॥
ਗਿਆਨ ਧਿਆਨ ਸਗਲੇ ਸਭਿ ਜਪ ਤਪ ਜਿਸੁ ਹਰਿ ਹਿਰਦੈ ਅਲਖ ਅਭੇਵਾ ॥	گیان دھیان سگلے سبھِ جپ تپ جِسُ ہرِ ہِردے الکھ ابھیوا ॥
ਨਾਨਕ ਰਾਮ ਨਾਮਿ ਮਨੁ ਰਾਤਾ ਗੁਰਮਤਿ ਪਾਏ ਸਹਜ ਸੇਵਾ ॥੫॥੨੨॥	نانک رام نامِ منُ راتا گُرمتِ پائے سہج سیوا ॥5॥ 22 ॥
ਆਸਾ ਮਹਲਾ ੧ ਪੰਚਪਦੇ ॥	آسا محلا 1 پنچپدے ॥
ਮੋਹੁ ਕੁਟੰਬੁ ਮੋਹੁ ਸਭ ਕਾਰ ॥	موہُ کُٹنّبُ موہُ سبھ کار ॥
ਮੋਹੁ ਤੁਮ ਤਜਹੁ ਸਗਲ ਵੇਕਾਰ ॥੧॥	موہُ تُم تجہُ سگل ویکار ॥1॥
ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ ॥	موہُ ارُ بھرمُ تجہُ تُمّہ بیر ॥
ਸਾਚੁ ਨਾਮੁ ਰਿਦੇ ਰਵੈ ਸਰੀਰ ॥੧॥ ਰਹਾਉ ॥	ساچُ نامُ رِدے روے سریر ॥1॥ رہاءُ ॥
ਸਚੁ ਨਾਮੁ ਜਾ ਨਵ ਨਿਧਿ ਪਾਈ ॥	سچُ نامُ جا نو نِدھِ پائی ॥
ਰੋਵੈ ਪੂਤੁ ਨ ਕਲਪੈ ਮਾਈ ॥੨॥	روے پُوتُ ن کلپے مائی ॥2॥
ਏਤੁ ਮੋਹਿ ਡੂਬਾ ਸੰਸਾਰੁ ॥	ایتُ موہِ ڈُوبا سنّسارُ ॥
ਗੁਰਮੁਖਿ ਕੋਈ ਉਤਰੈ ਪਾਰ ॥੩॥	گُرمُکھِ کوئی اُترے پار ॥3॥
ਏਤੁ ਮੋਹਿ ਫਿਰਿ ਜੂਨੀ ਪਾਹਿ ॥	ایتُ موہِ پھِرِ جُونی پاہِ ॥
ਮੋਹੇ ਲਾਗਾ ਜਮ ਪੁਰਿ ਜਾਹਿ ॥੪॥	موہے لاگا جم پُرِ جاہِ ॥4॥
ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥	گُر دیکھیا لے جپُ تپُ کماہِ ॥
ਨਾ ਮੋਹੁ ਤੂਟੈ ਨਾ ਥਾਇ ਪਾਹਿ ॥੫॥	نا موہُ توٹے نا تھاءِ پاہِ ॥5॥
ਨਦਰਿ ਕਰੇ ਤਾ ਏਹੁ ਮੋਹੁ ਜਾਇ ॥	ندرِ کرے تا ایہُ موہُ جاءِ ॥
ਨਾਨਕ ਹਰਿ ਸਿਉ ਰਹੈ ਸਮਾਇ ॥੬॥੨੩॥	نانک ہرِ سِءُ رہے سماءِ ॥6॥ 23 ॥
ਆਸਾ ਮਹਲਾ ੧ ॥	آسا محلا 1 ॥

ਆਪਿ ਕਰੇ ਸਚੁ ਅਲਖ ਅਪਾਰੁ ॥	آپِ کرے سچُ الکھ اپارُ ॥
ਹਉ ਪਾਪੀ ਤੂੰ ਬਖਸਣਹਾਰੁ ॥੧॥	ہءُ پاپی توُنَ بخشنہارُ ॥1॥
ਤੇਰਾ ਭਾਣਾ ਸਭੁ ਕਿਛੁ ਹੋਵੈ ॥	تیرا بھاٹا سبھُ کچھُ ہووے ॥
ਮਨਹਠਿ ਕੀਚੈ ਅੰਤਿ ਵਿਗੋਵੈ ॥੧॥ ਰਹਾਉ ॥	منہٹھِ کیچےَ انّتِ وِگووے ॥1॥ رہاءُ ॥
ਮਨਮੁਖ ਕੀ ਮਤਿ ਕੂੜਿ ਵਿਆਪੀ ॥	منمکھ کی متِ کوُڑِ وِیاپی ॥
ਬਿਨੁ ਹਰਿ ਸਿਮਰਣ ਪਾਪਿ ਸੰਤਾਪੀ ॥੨॥	بِنُ ہرِ سِمرنٹ پاپِ سنّتاپی ॥2॥
ਦੁਰਮਤਿ ਤਿਆਗਿ ਲਾਹਾ ਕਿਛੁ ਲੇਵਹੁ ॥	دُرمتِ تِیاگِ لاہا کچھُ لیوہُ ॥
ਜੋ ਉਪਜੈ ਸੋ ਅਲਖ ਅਭੇਵਹੁ ॥	جو اُپجےَ سو الکھ ابھیوہُ ॥
ਐਸਾ ਹਮਰਾ ਸਖਾ ਸਹਾਈ ॥	ایَسا ہمرا سکھا سہائی ॥
ਗੁਰ ਹਰਿ ਮਿਲਿਆ ਭਗਤਿ ਦ੍ਰਿੜਾਈ ॥੪॥	گُر ہرِ مِلیا بھگتِ دّرِڑائی ॥4॥
ਸਗਲੀ ਸਉਦੀ ਤੋਟਾ ਆਵੈ ॥	سگلیِں سئُدیِں توٹا آوےَ ॥
ਨਾਨਕ ਰਾਮ ਨਾਮੁ ਮਨਿ ਭਾਵੈ ॥੫॥੨੪॥	نانک رام نامُ منِ بھاوےَ ॥5॥ 24 ॥
ਆਸਾ ਮਹਲਾ ੧ ਚਉਪਦੇ ॥	آسا محلا 1 چئُپدے ॥
ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥	وِدیا ویچاری تاں پرئُپکاری ॥
ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥੧॥	جاں پنّچ راسی تاں تیِرتھ واسی ॥1॥
ਘੁੰਘਰੂ ਵਾਜੈ ਜੇ ਮਨੁ ਲਾਗੈ ॥	گھُنگھرہُ واجےَ جے منُ لاگے ॥
ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥੧॥ ਰਹਾਉ ॥	تءُ جمُ کہا کرے موسِءُ آگے۔ ॥1॥ رہاءُ ॥
ਆਸ ਨਿਰਾਸੀ ਤਉ ਸੰਨਿਆਸੀ ॥	آس نِراسی تءُ سنّنیاسی ॥
ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥੨॥	جاں جتُ جوگی تاں کائیا بھوگی ॥2॥
ਦਇਆ ਦਿਗੰਬਰੁ ਦੇਹ ਬੀਚਾਰੀ ॥	دئیا دِگنّبرُ دیہ بیچاری ॥
ਆਪਿ ਮਰੈ ਅਵਰਾ ਨਹ ਮਾਰੀ ॥੩॥	آپِ مرےَ اورا نہ ماری ॥3॥
ਏਕੁ ਤੂ ਹੋਰਿ ਵੇਸ ਬਹੁਤੇਰੇ ॥	ایکُ توُ ہورِ ویس بہتّیرے ॥

ਨਾਨਕੁ ਜਾਣੈ ਚੋਜ ਨ ਤੇਰੇ ॥੪॥੨੫॥	نانکُ جانٹے چوج ن تیرے ॥4॥ 25 ॥
ਆਸਾ ਮਹਲਾ ੧ ॥	آسا محلا 1 ॥
ਏਕ ਨ ਭਰੀਆ ਗੁਣ ਕਰਿ ਧੋਵਾ ॥	ایک ن بھریا گُن کرِ دھووا ॥
ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ ॥੧॥	میرا سہُ جاگے ہءُ نِس بھرِ سووا ॥1॥
ਇਉ ਕਿਉ ਕੰਤ ਪਿਆਰੀ ਹੋਵਾ ॥	اِءُ کِءُ کنّت پیاری ہووا ۔ ॥
ਸਹੁ ਜਾਗੈ ਹਉ ਨਿਸ ਭਰਿ ਸੋਵਾ ॥੧॥ ਰਹਾਉ ॥	سہُ جاگے ہءُ نِس بھرِ سووا ॥1॥ رہاءُ ॥
ਆਸ ਪਿਆਸੀ ਸੇਜੈ ਆਵਾ ॥	آس پیاسی سیجے آوا ॥
ਆਗੈ ਸਹ ਭਾਵਾ ਕਿ ਨ ਭਾਵਾ ॥੨॥	آگے سہ بھاوا کِ ن بھاوا ॥2॥
ਕਿਆ ਜਾਨਾ ਕਿਆ ਹੋਇਗਾ ਰੀ ਮਾਈ ॥	کِیا جانا کِیا ہوئگا ری مائی ۔ ॥
ਹਰਿ ਦਰਸਨ ਬਿਨੁ ਰਹਨੁ ਨ ਜਾਈ ॥੧॥ ਰਹਾਉ ॥	ہرِ درسن بِنُ رہنُ ن جائی ॥1॥ رہاءُ ॥
ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ ॥	پریمُ ن چاکھیا میری تِس ن بُجھانی ॥
ਗਇਆ ਸੁ ਜੋਬਨੁ ਧਨ ਪਛੁਤਾਨੀ ॥੩॥	گئیا سُ جوبنُ دھن پچھُتانی ॥3॥
ਅਜੈ ਸੁ ਜਾਗਉ ਆਸ ਪਿਆਸੀ ॥	اجے سُ جاگءُ آس پیاسی ॥
ਭਈਲੇ ਉਦਾਸੀ ਰਹਉ ਨਿਰਾਸੀ ॥੧॥ ਰਹਾਉ ॥	بھئیلے اُداسی رہءُ نِراسی ॥1॥ رہاءُ ॥
ਹਉਮੈ ਖੋਇ ਕਰੇ ਸੀਗਾਰੁ ॥	ہئُمے کھوءِ کرے سیگارُ ॥
ਤਉ ਕਾਮਣਿ ਸੇਜੈ ਰਵੈ ਭਤਾਰੁ ॥੪॥	تءُ کامنِ سیجے روے بھتارُ ॥4॥
ਤਉ ਨਾਨਕ ਕੰਤੈ ਮਨਿ ਭਾਵੈ ॥	تءُ نانک کنّتے منِ بھاوے ॥
ਛੋਡਿ ਵਡਾਈ ਅਪਣੇ ਖਸਮ ਸਮਾਵੈ ॥੧॥ ਰਹਾਉ ॥੨੬॥	چھوڈِ وڈائی اپنے خصم سماوے ॥1॥ رہاءُ ॥ 26 ॥
ਆਸਾ ਮਹਲਾ ੧ ॥	آسا محلا 1 ॥
ਪੇਵਕੜੈ ਧਨ ਖਰੀ ਇਆਣੀ ॥	پیوکڑے دھن کھری اِیانٹی ॥
ਤਿਸੁ ਸਹ ਕੀ ਮੈ ਸਾਰ ਨ ਜਾਣੀ ॥੧॥	تِس سہ کی مے سار ن جانٹی ॥1॥
ਸਹੁ ਮੇਰਾ ਏਕੁ ਦੂਜਾ ਨਹੀ ਕੋਈ ॥	سہُ میرا ایکُ دوُجا نہی کوئی ॥

ਨਦਰਿ ਕਰੇ ਮੇਲਾਵਾ ਹੋਈ ॥੧॥ ਰਹਾਉ ॥	ندرِ کرے میلاوا ہوئی ॥1॥ رہاءُ ॥
ਸਾਹੁਰੜੈ ਧਨ ਸਾਚੁ ਪਛਾਣਿਆ ॥	ساہُرڑے دھن ساچُ پچھاڑیا ॥
ਸਹਜਿ ਸੁਭਾਇ ਅਪਣਾ ਪਿਰੁ ਜਾਣਿਆ ॥੨॥	سہجِ سُبھاءِ اپڑا پِرُ جاڑیا ॥2॥
ਗੁਰ ਪਰਸਾਦੀ ਐਸੀ ਮਤਿ ਆਵੈ ॥	گُر پرسادی ایَسی متِ آوے ॥
ਤਾਂ ਕਾਮਣਿ ਕੰਤੈ ਮਨਿ ਭਾਵੈ ॥੩॥	تاں کامڑِ کنّتے منِ بھاوے ॥3॥
ਕਹਤੁ ਨਾਨਕੁ ਭੈ ਭਾਵ ਕਾ ਕਰੇ ਸੀਗਾਰੁ ॥	کہتُ نانکُ بھے َ بھاو کا کرے سیِگارُ ॥
ਸਦ ਹੀ ਸੇਜੈ ਰਵੈ ਭਤਾਰੁ ॥੪॥੨੭॥	سد ہی سیجے َ روے َ بھتارُ ॥4॥ 27 ॥
ਆਸਾ ਮਹਲਾ ੧ ॥	آسا محلا 1 ॥
ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥	ن کِس کا پوُتُ ن کِس کی مائی ॥
ਝੂਠੈ ਮੋਹਿ ਭਰਮਿ ਭੁਲਾਈ ॥੧॥	جھوُٹھے َ موہِ بھرمِ بھُلائی ॥1॥
ਮੇਰੇ ਸਾਹਿਬ ਹਉ ਕੀਤਾ ਤੇਰਾ ॥	میرے صاحِب ہءُ کیِتا تیرا ॥
ਜਾਂ ਤੂੰ ਦੇਹਿ ਜਪੀ ਨਾਉ ਤੇਰਾ ॥੧॥ ਰਹਾਉ ॥	جاں توُنّ دیہِ جپی ناءُ تیرا ॥1॥ رہاءُ ॥
ਬਹੁਤੇ ਅਉਗਣ ਕੂਕੈ ਕੋਈ ॥	بہُتے انگُڑ کوُکے َ کوئی ॥
ਜਾ ਤਿਸੁ ਭਾਵੈ ਬਖਸੇ ਸੋਈ ॥੨॥	جا تِس بھاوے َ بخشے سوئی ॥2॥
ਗੁਰ ਪਰਸਾਦੀ ਦੁਰਮਤਿ ਖੋਈ ॥	گُر پرسادی دُرمتِ کھوئی ॥
ਜਹ ਦੇਖਾ ਤਹ ਏਕੋ ਸੋਈ ॥੩॥	جہ دیکھا تہ ایکو سوئی ॥3॥
ਕਹਤ ਨਾਨਕ ਐਸੀ ਮਤਿ ਆਵੈ ॥	کہت نانک ایَسی متِ آوے ॥
ਤਾਂ ਕੋ ਸਚੇ ਸਚਿ ਸਮਾਵੈ ॥੪॥੨੮॥	تاں کو سچے سچِ سماوے ॥4॥ 28 ॥
ਆਸਾ ਮਹਲਾ ੧ ਦੁਪਦੇ ॥	آسا محلا 1 دُپدے ॥
ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥	تِتُ سرورڑے َ بھئیلے نِواسا پاڑی پاوکُ تِنہِ کیِیا ॥
ਪੰਕਜੁ ਮੋਹ ਪਗੁ ਨਹੀ ਚਾਲੈ	پنکجُ موہ پگُ نہی چالے

ਹਮ ਦੇਖਾ ਤਹ ਡੂਬੀਅਲੇ ॥੧॥	ہم دیکھا تہ ڈُوبیئلے ॥1॥
ਮਨ ਏਕੁ ਨ ਚੇਤਸਿ ਮੂੜ ਮਨਾ ॥	من ایکُ ن چیتسِ موُڑ منا ۔ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥	ہرِ بِسرت تیرے گُن گلِیا ॥1॥ رہاءُ ॥
ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ ॥	نا ہءُ جتی ستی نہی پڑیا موُرکھ مُگدھا جنمُ بھئیا ॥
ਪ੍ਰਣਵਤਿ ਨਾਨਕ ਤਿਨ੍ ਕੀ ਸਰਣਾ ਜਿਨ੍ ਤੂੰ ਨਾਹੀ ਵੀਸਰਿਆ ॥੨॥੨੯॥	پرّنوتِ نانک تِنّہ کی سرنّا جِنّہ توُنّ ناہی ویسرِیا ॥2॥ 29 ॥
ਆਸਾ ਮਹਲਾ ੧ ॥	آسا محلا 1 ॥
ਛਿਅ ਘਰ ਛਿਅ ਗੁਰ ਛਿਅ ਉਪਦੇਸ ॥	چھِء گھر چھِء گُر چھِء اُپدیس ॥
ਗੁਰ ਗੁਰੁ ਏਕੋ ਵੇਸ ਅਨੇਕ ॥੧॥	گُر گُرُ ایکو ویس انیک ॥1॥
ਜੈ ਘਰਿ ਕਰਤੇ ਕੀਰਤਿ ਹੋਇ ॥	جےَ گھرِ کرتے کیرتِ ہوءِ ॥
ਸੋ ਘਰੁ ਰਾਖੁ ਵਡਾਈ ਤੋਹਿ ॥੧॥ ਰਹਾਉ ॥	سو گھرُ راکھُ وڈائیَ توہِ ॥1॥ رہاءُ ॥
ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਭਇਆ ॥	وِسُئے چسِیا گھڑِییا پہرا تھِتی واری ماہُ بھئیا ॥
ਸੂਰਜੁ ਏਕੋ ਰੁਤਿ ਅਨੇਕ ॥	سوُرجُ ایکو رُتِ انیک ॥
ਨਾਨਕ ਕਰਤੇ ਕੇ ਕੇਤੇ ਵੇਸ ॥੨॥੩੦॥	نانک کرتے کے کیتے ویس ॥2॥ 30 ॥
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਆਸਾ ਘਰੁ ੩ ਮਹਲਾ ੧ ॥	آسا گھرُ 3 محلا 1 ॥
ਲਖ ਲਸਕਰ ਲਖ ਵਾਜੇ ਨੇਜੇ ਲਖ ਉਠਿ ਕਰਹਿ ਸਲਾਮੁ ॥	لکھ لشکر لکھ واجے نیجے لکھ اُٹھِ کرہِ سلامُ ॥
ਲਖਾ ਉਪਰਿ ਫੁਰਮਾਇਸਿ ਤੇਰੀ ਲਖ ਉਠਿ ਰਾਖਹਿ ਮਾਨੁ ॥	لکھا اُپرِ فُرمائِس تیری لکھ اُٹھِ راکھہِ مانُ ॥
ਜਾਂ ਪਤਿ ਲੇਖੈ ਨਾ ਪਵੈ	جاں پتِ لیکھےَ نا پوےَ

ਤਾਂ ਸਭਿ ਨਿਰਾਫਲ ਕਾਮ ॥੧॥

تاں سبھِ نِراپھل کام ॥1॥

ਹਰਿ ਕੇ ਨਾਮ ਬਿਨਾ ਜਗੁ ਧੰਧਾ ॥

ہرِ کے نام بِنا جگُ دھندّھا ॥

ਜੇ ਬਹੁਤਾ ਸਮਝਾਈਐ ਭੋਲਾ
ਭੀ ਸੋ ਅੰਧੋ ਅੰਧਾ ॥੧॥ ਰਹਾਉ ॥

جے بہُتا سمجھائیَے بھولا
بھی سو انّدھو انّدھا ॥1॥ رہاءُ ॥

ਲਖ ਖਟੀਅਹਿ ਲਖ ਸੰਜੀਅਹਿ ਖਾਜਹਿ
ਲਖ ਆਵਹਿ ਲਖ ਜਾਹਿ ॥

لکھ کھٹیئہِ لکھ سنجیئہِ کھاجہِ
لکھ آوہِ لکھ جاہِ ॥

ਜਾਂ ਪਤਿ ਲੇਖੈ ਨਾ ਪਵੈ
ਤਾਂ ਜੀਅ ਕਿਥੈ ਫਿਰਿ ਪਾਹਿ ॥੨॥

جاں پتِ لیکھےَ نا پوے
تاں جیء کِتھےَ پھِرِ پاہِ ۔ ॥2॥

ਲਖ ਸਾਸਤ ਸਮਝਾਵਣੀ
ਲਖ ਪੰਡਿਤ ਪੜਹਿ ਪੁਰਾਣ ॥

لکھ ساست سمجھاونٹی
لکھ پنّڈِت پڑہِ پُراڑ ॥

ਜਾਂ ਪਤਿ ਲੇਖੈ ਨਾ ਪਵੈ
ਤਾਂ ਸਭੇ ਕੁਪਰਵਾਣ ॥੩॥

جاں پتِ لیکھےَ نا پوے
تاں سبھے کُپرواڑ ॥3॥

ਸਚ ਨਾਮਿ ਪਤਿ ਊਪਜੈ
ਕਰਮਿ ਨਾਮੁ ਕਰਤਾਰੁ ॥

سچ نامِ پتِ اوُپجےَ
کرمِ نامُ کرتارُ ॥

ਅਹਿਨਿਸਿ ਹਿਰਦੈ ਜੇ ਵਸੈ
ਨਾਨਕ ਨਦਰੀ ਪਾਰੁ ॥੪॥੧॥੩੧॥

اہِنِس ہِردے جے وسےَ
نانک ندری پارُ ॥4॥1॥ 31 ॥

ਆਸਾ ਮਹਲਾ ੧ ॥

آسا محلا 1 ॥

ਦੀਵਾ ਮੇਰਾ ਏਕੁ ਨਾਮੁ
ਦੁਖੁ ਵਿਚਿ ਪਾਇਆ ਤੇਲੁ ॥

دیِوا میرا ایکُ نامُ
دُکھُ وِچِ پائیَا تیلُ ॥

ਉਨਿ ਚਾਨਣਿ ਓਹੁ ਸੋਖਿਆ
ਚੂਕਾ ਜਮ ਸਿਉ ਮੇਲੁ ॥੧॥

اُنِ چانڑِ اوہُ سوکھیا
چوُکا جم سِءُ میلُ ॥1॥

ਲੋਕਾ ਮਤ ਕੋ ਫਕੜਿ ਪਾਇ ॥

لوکا مت کو پھکڑِ پاءِ ॥

ਲਖ ਮੜਿਆ ਕਰਿ ਏਕਠੇ
ਏਕ ਰਤੀ ਲੇ ਭਾਹਿ ॥੧॥ ਰਹਾਉ ॥

لکھ مڑِیا کرِ ایکٹھے
ایک رتی لے بھاہِ ॥1॥ رہاءُ ॥

ਪਿੰਡੁ ਪਤਲਿ ਮੇਰੀ ਕੇਸਉ ਕਿਰਿਆ

پِنڈُ پتلِ میری کیسءُ کِریا

ਸਚੁ ਨਾਮੁ ਕਰਤਾਰੁ ॥	سچُ نامُ کرتارُ ॥
ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ ॥੨॥	ایَتھےَ اوتھےَ آگے پاچھےَ ایہُ میرا آدھارُ ॥2॥
ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ॥	گنگ بنارسِ صِفتِ تُماری ناوےَ آتم راءُ ॥
ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ॥੩॥	سچا ناونُ تاں تھیِۓ جاں اہِنِس لاگےَ بھاءُ ॥3॥
ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥	اِک لوکی ہورُ چھمچھری بّراہمنُ وٹِ پِنّڈُ کھاءِ ॥
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੁਟਸਿ ਨਾਹਿ ॥੪॥੨॥੩੨॥	نانک پِنّڈُ بخشیِس کا کبہوُنّ نِکھوُٹسِ ناہِ ॥4॥2॥ 32 ॥
ਆਸਾ ਘਰੁ ੪ ਮਹਲਾ ੧	آسا گھرُ 4 محلا 1
੧ੴ ਸਤਿਗੁਰ ਪ੍ਰਸਾਦਿ ॥	۱ۃ ستِگُر پّرسادِ ॥
ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥	دیوتِیا درسن کےَ تائی دوُکھ بھوُکھ تیِرتھ کیِۓ ॥
ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥੧॥	جوگی جتی جُگتِ مہِ رہتے کرِ کرِ بھگوے بھیکھ بھےَ ॥1॥
ਤਉ ਕਾਰਣਿ ਸਾਹਿਬਾ ਰੰਗਿ ਰਤੇ ॥	تءُ کارنِ صاحِبا رنگِ رتے ॥
ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥੧॥ ਰਹਾਉ ॥	تیرے نام انیکا روُپ اننّتا کہنُ ن جاہی تیرے گُنّ کیتے ॥1॥ رہاءُ ॥
ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥	در گھر محلا ہستی گھوڑے چھوڈِ وِلائتِ دیس گےَ ॥
ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥੨॥	پیِر پیکانبر سالِک صادِق چھوڈی دُنیا تھاءِ پےَ ॥2॥
ਸਾਦ ਸਹਜ ਸੁਖ ਰਸ ਕਸ ਤਜੀਅਲੇ	ساد سہج سُکھ رس کس تجِیَلے

ਕਾਪੜ ਛੋਡੇ ਚਮੜ ਲੀਏ ॥

کاپڑ چھوڈے چمڑ لیئے ॥

ਦੁਖੀਏ ਦਰਦਵੰਦ ਦਰਿ ਤੇਰै
ਨਾਮਿ ਰਤे ਦਰਵेਸ ਭਏ ॥३॥

دُکھیئے دردوند درِ تیرے
نامِ رتے درویش بھئے ॥3॥

ਖਲੜੀ ਖਪਰੀ ਲਕੜੀ ਚਮੜੀ
ਸਿਖਾ ਸੂਤੁ ਧੋਤੀ ਕੀਨ੍ਹੀ ॥

کھلڑی کھپری لکڑی چمڑی
سِکھا سوُتُ دھوتی کِینّہی ॥

ਤੂੰ ਸਾਹਿਬੁ ਹਉ ਸਾਂਗੀ ਤेਰा
ਪ੍ਰਣवै ਨਾਨਕੁ ਜਾਤਿ ਕैਸੀ ॥४॥१॥३३॥

توُنّ صاحِبُ ہءُ سانگی تیرا
پرّنوے نانکُ زاتِ کیَسی ۔ ॥4॥1॥ 33 ॥

ਆਸਾ ਘਰੁ ੫ ਮਹਲਾ ੧

آسا گھرُ 5 محلا 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਭੀਤਰਿ ਪੰਚ ਗੁਪਤ ਮਨਿ ਵਾਸे ॥

بھیترِ پنّچ گُپت منِ واسے ॥

ਥिਰु ਨ ਰਹਹि ਜैसे ਭवहि ਉਦਾਸे ॥੧॥

تھِرُ ن رہہِ جیَسے بھوہِ اُداسے ॥1॥

ਮਨੁ ਮेਰा ਦਇਆਲ ਸेਤੀ
ਥिਰु ਨ ਰਹै ॥

منُ میرا دئیال سیتی
تھِرُ ن رہے ॥

ਲोਭੀ ਕਪਟੀ ਪਾਪੀ ਪਾਖੰਡੀ
ਮਾਇਆ ਅਧिਕ ਲਗै ॥੧॥ ਰਹਾਉ ॥

لوبھی کپٹی پاپی پاکھنڈی
مائیا ادھِک لگے ॥1॥ رہاءُ ॥

ਫੂਲ ਮਾਲਾ ਗਲਿ ਪਹिਰਉਗी ਹਾਰੋ ॥

پھوُل مالا گلِ پہِرنُگی ہارو ॥

ਮिਲैਗा ਪ੍ਰੀਤਮੁ ਤਬ ਕਰਉਗी ਸੀਗਾਰੋ ॥੨॥

مِلیگا پرِیتمُ تب کرنُگی سیِگارو ॥2॥

ਪੰਚ ਸਖी ਹਮ ਏਕੁ ਭਤਾਰੋ ॥

پنّچ سکھی ہم ایکُ بھتارو ॥

ਪेਡि ਲਗी ਹै ਜीਅੜा ਚਾਲਣहारो ॥੩॥

پیڈِ لگی ہے جیئڑا چالنہارو ॥3॥

ਪंਚ ਸਖी ਮिਲि ਰुਦनु ਕरेहा ॥

پنّچ سکھی مِلِ رُدنُ کریہا ॥

ਸाहु ਪਜੂਤा
ਪ੍ਰਣवति ਨਾਨਕ ਲेਖा ਦेहा ॥४॥१॥३४॥

ساہُ پجھوُتا
پرّنوتِ نانک لیکھا دیہا ॥4॥1॥ 34 ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਆਸਾ ਘਰੁ ੬ ਮਹਲਾ ੧ ॥

آسا گھرُ 6 محلا 1 ॥

ਮਨੁ ਮੋਤੀ ਜੇ ਗਹਣਾ ਹੋਵੈ
ਪਉਣੁ ਹੋਵੈ ਸੂਤ ਧਾਰੀ ॥

ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ
ਰਾਵੈ ਲਾਲ ਪਿਆਰੀ ॥੧॥

ਲਾਲ ਬਹੁ ਗੁਣਿ ਕਾਮਣਿ ਮੋਹੀ ॥

ਤੇਰੇ ਗੁਣ ਹੋਹਿ ਨ ਅਵਰੀ ॥੧॥ ਰਹਾਉ ॥

ਹਰਿ ਹਰਿ ਹਾਰੁ ਕੰਠਿ ਲੇ ਪਹਿਰੈ
ਦਾਮੋਦਰੁ ਦੰਤੁ ਲੇਈ ॥

ਕਰ ਕਰਿ ਕਰਤਾ ਕੰਗਨ ਪਹਿਰੈ
ਇਨ ਬਿਧਿ ਚਿਤੁ ਧਰੇਈ ॥੨॥

ਮਧੁਸੂਦਨੁ ਕਰ ਮੁੰਦਰੀ ਪਹਿਰੈ
ਪਰਮੇਸਰੁ ਪਟੁ ਲੇਈ ॥

ਧੀਰਜੁ ਧੜੀ ਬੰਧਾਵੈ ਕਾਮਣਿ
ਸ੍ਰੀਰੰਗੁ ਸੁਰਮਾ ਦੇਈ ॥੩॥

ਮਨ ਮੰਦਰਿ ਜੇ ਦੀਪਕੁ ਜਾਲੇ
ਕਾਇਆ ਸੇਜ ਕਰੇਈ ॥

ਗਿਆਨ ਰਾਉ ਜਬ ਸੇਜੈ ਆਵੈ
ਤ ਨਾਨਕ ਭੋਗੁ ਕਰੇਈ ॥੪॥੧॥੩੫॥

ਆਸਾ ਮਹਲਾ ੧ ॥

ਕੀਤਾ ਹੋਵੈ ਕਰੇ ਕਰਾਇਆ
ਤਿਸੁ ਕਿਆ ਕਹੀਐ ਭਾਈ ॥

ਜੋ ਕਿਛੁ ਕਰਣਾ ਸੋ ਕਰਿ ਰਹਿਆ
ਕੀਤੇ ਕਿਆ ਚਤੁਰਾਈ ॥੧॥

ਤੇਰਾ ਹੁਕਮੁ ਭਲਾ ਤੁਧੁ ਭਾਵੈ ॥

ਨਾਨਕ ਤਾ ਕਉ ਮਿਲੈ ਵਡਾਈ

مَنُ موتی جے گہنا ہووے
پُنُّ ہووے سوُت دھاری ॥

کھِما سیِگارُ کامنِّ تنِ پہِرے
راوے لال پِیاری ॥1॥

لال بہُ گُنِّ کامنِّ موہی ॥

تیرے گُن ہوہِ ن اوری ॥1॥ رہاءُ ॥

ہرِ ہرِ ہارُ کنٹھِ لے پہِرے
دامودرُ دنّتُ لیئی ॥

کر کرِ کرتا کنگن پہِرے
اِن بِدھِ چِتُ دھریئی ॥2॥

مدھسُودنُ کر مُندری پہِرے
پریسرُ پٹُ لیئی ॥

دھیِرجُ دھڑی بنّدھاوے کامنِّ
سّرپرنگُ سُرما دیئی ॥3॥

من مندّرِ جے دیِپکُ جالے
کائیا سیج کریئی ॥

گیان راءُ جب سیجے آوے
ت نانک بھوگُ کریئی ॥4॥1॥ 35 ॥

آسا محلا 1 ॥

کیِتا ہووے کرے کرائیا
تِسُ کیا کہیِئے بھائی ۔ ॥

جو کچھُ کرنا سو کرِ رہیا
کیِتے کیا چترُائی ۔ ॥1॥

تیرا حُکمُ بھلا تُدھُ بھاوے ॥

نانک تا ک ءُ مِلے وڈائی

ਸਾਚੇ ਨਾਮਿ ਸਮਾਵੈ ॥੧॥ ਰਹਾਉ ॥

ساچے نامِ سماوےَ ॥1॥ رہاءُ ॥

ਕਿਰਤੁ ਪਇਆ ਪਰਵਾਣਾ ਲਿਖਿਆ
ਬਾਹੁੜਿ ਹੁਕਮੁ ਨ ਹੋਈ ॥

کِرتُ پئیا پرواٹا لِکھیا
باہُڑِ حُکمُ ن ہوئی ॥

ਜੈਸਾ ਲਿਖਿਆ ਤੈਸਾ ਪੜਿਆ
ਮੇਟਿ ਨ ਸਕੈ ਕੋਈ ॥੨॥

جیَسا لِکھیا تیَسا پڑِیا
میٹِ ن سکےَ کوئی ॥2॥

ਜੇ ਕੋ ਦਰਗਹ ਬਹੁਤਾ ਬੋਲੈ
ਨਾਉ ਪਵੈ ਬਾਜਾਰੀ ॥

جے کو درگہ بہُتا بولے
ناءُ پوےَ بازاری ॥

ਸਤਰੰਜ ਬਾਜੀ ਪਕੈ ਨਾਹੀ
ਕਚੀ ਆਵੈ ਸਾਰੀ ॥੩॥

شطرنّج بازی پکےَ ناہی
کچی آوےَ ساری ॥3॥

ਨਾ ਕੋ ਪੜਿਆ ਪੰਡਿਤੁ ਬੀਨਾ
ਨਾ ਕੋ ਮੂਰਖੁ ਮੰਦਾ ॥

نا کو پڑِیا پنڈِتُ بِینا
نا کو مُورکھُ منّدا ॥

ਬੰਦੀ ਅੰਦਰਿ ਸਿਫਤਿ ਕਰਾਏ
ਤਾ ਕਉ ਕਹੀਐ ਬੰਦਾ ॥੪॥੨॥੩੬॥

بنّدی انّدرِ صِفتِ کرائے
تا کءُ کہیےَ بنّدا ॥4॥2॥ 36 ॥

ਆਸਾ ਮਹਲਾ ੧ ॥

آسا محلا 1 ॥

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ
ਖਿੰਥਾ ਖਿਮਾ ਹਢਾਵਉ ॥

گُر کا سبدُ منے مہِ مُنّدّرا
کھِنّتھا کھِما ہڈھاوءُ ॥

ਜੋ ਕਿਛੁ ਕਰੈ ਭਲਾ ਕਰਿ ਮਾਨਉ
ਸਹਜ ਜੋਗ ਨਿਧਿ ਪਾਵਉ ॥੧॥

جو کِچھُ کرے بھلا کرِ مانءُ
سہج جوگ نِدھِ پاوءُ ॥1॥

ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ
ਪਰਮ ਤੰਤ ਮਹਿ ਜੋਗੰ ॥

بابا جُگتا جیِءُ جُگہ جُگ جوگی
پرم تنّت مہِ جوگنّ ॥

ਅੰਮ੍ਰਿਤੁ ਨਾਮੁ ਨਿਰੰਜਨ ਪਾਇਆ
ਗਿਆਨ ਕਾਇਆ ਰਸ ਭੋਗੰ ॥੧॥ ਰਹਾਉ ॥

انمّرِتُ نامُ نِرنّجن پائیا
گیان کائیا رس بھوگنّ ॥1॥ رہاءُ ॥

ਸਿਵ ਨਗਰੀ ਮਹਿ ਆਸਣਿ ਬੈਸਉ
ਕਲਪ ਤਿਆਗੀ ਬਾਦੰ ॥

سِو نگری مہِ آسنِ بیَسءُ
کلپ تِیاگی بادنّ ॥

ਸਿੰਙੀ ਸਬਦੁ ਸਦਾ ਧੁਨਿ ਸੋਹੈ

سِنگّی سبدُ سدا دھُنِ سوہےَ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پُرب نوں سمرپت|سیوا: بھائی بلجِندر سنگھ جی (راڑا صاہِب)

ਅਹਿਨਿਸਿ ਪੂਰੈ ਨਾਦੰ ॥੨॥

اہِنِس پوُرے نادنّ ॥2॥

ਪਤੁ ਵੀਚਾਰੁ ਗਿਆਨ ਮਤਿ ਡੰਡਾ
ਵਰਤਮਾਨ ਬਿਭੂਤੰ ॥

پتُ ویچارُ گیان متِ ڈنڈا
ورتمان بِبھوُتنّ ॥

ਹਰਿ ਕੀਰਤਿ ਰਹਰਾਸਿ ਹਮਾਰੀ
ਗੁਰਮੁਖਿ ਪੰਥੁ ਅਤੀਤੰ ॥੩॥

ہرِ کیرتِ رہراسِ ہماری
گُرمُکھِ پنّتھُ اتیتنّ ॥3॥

ਸਗਲੀ ਜੋਤਿ ਹਮਾਰੀ ਸੰਮਿਆ
ਨਾਨਾ ਵਰਨ ਅਨੇਕੰ ॥

سگلی جوتِ ہماری سنّمیا
نانا ورن انیکنّ ॥

ਕਹੁ ਨਾਨਕ ਸੁਣਿ ਭਰਥਰਿ ਜੋਗੀ
ਪਾਰਬ੍ਰਹਮ ਲਿਵ ਏਕੰ ॥੪॥੩॥੩੭॥

کہُ نانک سُنِ بھرتھرِ جوگی
پاربّرہم لِو ایکنّ ॥4॥3॥ 37 ॥

ਆਸਾ ਮਹਲਾ ੧ ॥

آسا محلا 1 ॥

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ
ਕਰਿ ਕਰਣੀ ਕਸੁ ਪਾਈਐ ॥

گُڑُ کرِ گیانُ دھیانُ کرِ دھاوے
کرِ کرنی کسُ پائیئے ॥

ਭਾਠੀ ਭਵਨੁ ਪ੍ਰੇਮ ਕਾ ਪੋਚਾ
ਇਤੁ ਰਸਿ ਅਮਿਉ ਚੁਆਈਐ ॥੧॥

بھاٹھی بھونُ پریم کا پوچا
اِتُ رسِ امِءُ چُیائیئے ॥1॥

ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ
ਸਹਜ ਰੰਗ ਰਚਿ ਰਹਿਆ ॥

بابا منُ متوارو نام رسُ پیوے
سہج رنگ رچِ رہیا ॥

ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ
ਸਬਦੁ ਅਨਾਹਦ ਗਹਿਆ ॥੧॥ ਰਹਾਉ ॥

اہِنِس بنی پریم لِو لاگی
سبدُ اناہد گہیا ॥1॥ رہاءُ ॥

ਪੂਰਾ ਸਾਚੁ ਪਿਆਲਾ ਸਹਜੇ
ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥

پوُرا ساچُ پیالا سہجے
تِسہِ پیائے جا کءُ ندرِ کرے ॥

ਅੰਮ੍ਰਿਤ ਕਾ ਵਾਪਾਰੀ ਹੋਵੈ
ਕਿਆ ਮਦਿ ਛੂਛੈ ਭਾਉ ਧਰੇ ॥੨॥

انمّرِت کا واپاری ہووے
کِیا مدِ چھوُچھے بھاءُ دھرے ۔ ॥2॥

ਗੁਰ ਕੀ ਸਾਖੀ ਅੰਮ੍ਰਿਤ ਬਾਣੀ
ਪੀਵਤ ਹੀ ਪਰਵਾਣੁ ਭਇਆ ॥

گُر کی ساکھی انمّرِت باٹی
پیوت ہی پرواڻُ بھئیا ॥

ਦਰ ਦਰਸਨ ਕਾ ਪ੍ਰੀਤਮੁ ਹੋਵੈ

در درسن کا پریتمُ ہووے

ਮੁਕਤਿ ਬੈਕੁੰਠੈ ਕਰੈ ਕਿਆ ॥੩॥

مُکتِ بیکنٹھے کرے کِیا ۔ ॥3॥

ਸਿਫਤੀ ਰਤਾ ਸਦ ਬੈਰਾਗੀ
ਜੂਐ ਜਨਮੁ ਨ ਹਾਰੈ ॥

صِفتی رتا سد بیَراگی
جُوئے جنمُ ن ہارے ॥

ਕਹੁ ਨਾਨਕ ਸੁਣਿ ਭਰਥਰਿ ਜੋਗੀ
ਖੀਵਾ ਅੰਮ੍ਰਿਤ ਧਾਰੈ ॥੪॥੪॥੩੮॥

کہُ نانک سُنِ بھرتھرِ جوگی
کھِیوا انّمرِت دھارے ॥4॥4॥ 38 ॥

ਆਸਾ ਮਹਲਾ ੧ ॥

آسا محلا 1 ॥

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ ॥

کھُراسان خصمانا کِیا
ہِنّدُستانُ ڈرائیا ॥

ਆਪੈ ਦੋਸੁ ਨ ਦੇਈ ਕਰਤਾ
ਜਮੁ ਕਰਿ ਮੁਗਲੁ ਚੜਾਇਆ ॥

آپے دوسُ ن دیئی کرتا
جمُ کرِ مُغلُ چڑائیا ॥

ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦੁ ਨ ਆਇਆ ॥੧॥

ایتی مار پئی کرلاٹے
تیَں کی دردُ ن آئیا ۔ ॥1॥

ਕਰਤਾ ਤੂੰ ਸਭਨਾ ਕਾ ਸੋਈ ॥

کرتا توَنّ سبھنا کا سوئی ॥

ਜੇ ਸਕਤਾ ਸਕਤੇ ਕਉ ਮਾਰੇ
ਤਾ ਮਨਿ ਰੋਸੁ ਨ ਹੋਈ ॥੧॥ ਰਹਾਉ ॥

جے سکتا سکتے کءُ مارے
تا منِ روسُ ن ہوئی ॥1॥ رہاءُ ॥

ਸਕਤਾ ਸੀਹੁ ਮਾਰੇ ਪੈ ਵਗੈ
ਖਸਮੈ ਸਾ ਪੁਰਸਾਈ ॥

سکتا سیہُ مارے پے وگے
خصمے سا پُرسائی ॥

ਰਤਨ ਵਿਗਾੜਿ ਵਿਗੋਏ ਕੁਤੀ
ਮੁਇਆ ਸਾਰ ਨ ਕਾਈ ॥

رتن وِگاڑِ وِگوئے کُتیں
مُئیا سار ن کائی ॥

ਆਪੇ ਜੋੜਿ ਵਿਛੋੜੇ ਆਪੇ
ਵੇਖੁ ਤੇਰੀ ਵਡਿਆਈ ॥੨॥

آپے جوڑِ وِچھوڑے آپے
ویکھُ تیری وڈِیائی ॥2॥

ਜੇ ਕੋ ਨਾਉ ਧਰਾਏ ਵਡਾ
ਸਾਦ ਕਰੇ ਮਨਿ ਭਾਣੇ ॥

جے کو ناءُ دھرائے وڈا
ساد کرے منِ بھاٹے ॥

ਖਸਮੈ ਨਦਰੀ ਕੀੜਾ ਆਵੈ
ਜੇਤੇ ਚੁਗੈ ਦਾਣੇ ॥

خصمے ندری کیڑا آوے
جیتے چُگے داٹے ॥

ਮਰਿ ਮਰਿ ਜੀਵੈ ਤਾ ਕਿਛੁ ਪਾਏ
ਨਾਨਕ ਨਾਮੁ ਵਖਾਣੇ ॥੩॥੫॥੩੯॥

مرِ مرِ جیوے تا کچھُ پائے
نانک نامُ وکھانے ॥3॥5॥ 39 ॥

ਰਾਗੁ ਆਸਾ ਘਰੁ ੨ ਮਹਲਾ ੩

راگُ آسا گھرُ 2 محلا 3

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਹਰਿ ਦਰਸਨੁ ਪਾਵੈ ਵਡਭਾਗਿ ॥

ہرِ درسنُ پاوے وڈبھاگِ ॥

ਗੁਰ ਕੈ ਸਬਦਿ ਸਚੈ ਬੈਰਾਗਿ ॥

گُر کے سبدِ سچے بیَراگِ ॥

ਖਟੁ ਦਰਸਨੁ ਵਰਤੈ ਵਰਤਾਰਾ ॥

کھٹُ درسنُ ورتے ورتارا ॥

ਗੁਰ ਕਾ ਦਰਸਨੁ ਅਗਮ ਅਪਾਰਾ ॥੧॥

گُر کا درسنُ اگم اپارا ॥1॥

ਗੁਰ ਕੈ ਦਰਸਨਿ ਮੁਕਤਿ ਗਤਿ ਹੋਇ ॥

گُر کے درسنِ مُکتِ گتِ ہوءِ ॥

ਸਾਚਾ ਆਪਿ ਵਸੈ ਮਨਿ ਸੋਇ ॥੧॥ ਰਹਾਉ ॥

ساچا آپِ وسے منِ سوءِ ॥1॥ رہاءُ ॥

ਗੁਰ ਦਰਸਨਿ ਉਧਰੈ ਸੰਸਾਰਾ ॥

گُر درسنِ اُدھرے سنّسارا ॥

ਜੇ ਕੋ ਲਾਏ ਭਾਉ ਪਿਆਰਾ ॥

جے کو لائے بھاءُ پِیارا ॥

ਭਾਉ ਪਿਆਰਾ ਲਾਏ ਵਿਰਲਾ ਕੋਇ ॥

بھاءُ پِیارا لائے وِرلا کوءِ ॥

ਗੁਰ ਕੈ ਦਰਸਨਿ ਸਦਾ ਸੁਖੁ ਹੋਇ ॥੨॥

گُر کے درسنِ سدا سُکھُ ہوءِ ॥2॥

ਗੁਰ ਕੈ ਦਰਸਨਿ ਮੋਖ ਦੁਆਰੁ ॥

گُر کے درسنِ موکھ دُیارُ ॥

ਸਤਿਗੁਰੁ ਸੇਵੈ ਪਰਵਾਰ ਸਾਧਾਰੁ ॥

ستِگُرُ سیوے پروار سادھارُ ॥

ਨਿਗੁਰੇ ਕਉ ਗਤਿ ਕਾਈ ਨਾਹੀ ॥

نِگُرے کءُ گتِ کائی ناہی ॥

ਅਵਗਣਿ ਮੁਠੇ ਚੋਟਾ ਖਾਹੀ ॥੩॥

اوگنِ مُٹھے چوٹا کھاہی ॥3॥

ਗੁਰ ਕੈ ਸਬਦਿ ਸੁਖੁ ਸਾਂਤਿ ਸਰੀਰ ॥

گُر کے سبدِ سُکھُ سانتِ سریر ॥

ਗੁਰਮੁਖਿ ਤਾ ਕਉ ਲਗੈ ਨ ਪੀਰ ॥

گُرمُکھِ تا کءُ لگے ن پیِر ॥

ਜਮਕਾਲੁ ਤਿਸੁ ਨੇੜਿ ਨ ਆਵੈ ॥

جمکالُ تِسُ نیڑِ ن آوے ॥

ਨਾਨਕ ਗੁਰਮੁਖਿ ਸਾਚਿ ਸਮਾਵੈ ॥੪॥੧॥੪੦॥

نانک گُرمُکھِ ساچِ سماوے ॥4॥1॥ 40 ॥

ਆਸਾ ਮਹਲਾ ੩ ॥

آسا محلا 3 ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਸਬਦਿ ਮੁਆ ਵਿਚਹੁ ਆਪੁ ਗਵਾਇ ॥	سبدِ مُیا وِچہُ آپُ گواءِ ॥
ਸਤਿਗੁਰੁ ਸੇਵੇ ਤਿਲੁ ਨ ਤਮਾਇ ॥	ستِگُر سیوے تِلُ ن طماعِ ॥
ਨਿਰਭਉ ਦਾਤਾ ਸਦਾ ਮਨਿ ਹੋਇ ॥	نِربھءُ داتا سدا منِ ہوءِ ॥
ਸਚੀ ਬਾਣੀ ਪਾਏ ਭਾਗਿ ਕੋਇ ॥੧॥	سچی باٹی پائے بھاگِ کوءِ ॥1॥
ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ॥	گُن سنگّرہُ وِچہُ انگُن جاہِ ॥
ਪੂਰੇ ਗੁਰ ਕੈ ਸਬਦਿ ਸਮਾਹਿ ॥੧॥ ਰਹਾਉ ॥	پوُرے گُر کے سبدِ سماہِ ॥1॥ رہاءُ ॥
ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥	گُنّا کا گاہکُ ہووے سو گُن جانّے ॥
ਅੰਮ੍ਰਿਤ ਸਬਦਿ ਨਾਮੁ ਵਖਾਣੈ ॥	انمّرِت سبدِ نامُ وکھانّے ॥
ਸਾਚੀ ਬਾਣੀ ਸੂਚਾ ਹੋਇ ॥	ساچی باٹی سوُچا ہوءِ ॥
ਗੁਣ ਤੇ ਨਾਮੁ ਪਰਾਪਤਿ ਹੋਇ ॥੨॥	گُن تے نامُ پراپتِ ہوءِ ॥2॥
ਗੁਣ ਅਮੋਲਕ ਪਾਏ ਨ ਜਾਹਿ ॥	گُن امولک پائے ن جاہِ ॥
ਮਨਿ ਨਿਰਮਲ ਸਾਚੈ ਸਬਦਿ ਸਮਾਹਿ ॥	منِ نِرمل ساچےَ سبدِ سماہِ ॥
ਸੇ ਵਡਭਾਗੀ ਜਿਨ੍ ਨਾਮੁ ਧਿਆਇਆ ॥	سے وڈبھاگی جِنّہ نامُ دھیائیا ॥
ਸਦਾ ਗੁਣਦਾਤਾ ਮੰਨਿ ਵਸਾਇਆ ॥੩॥	سدا گُنداتا منّنِ وسائیا ॥3॥
ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ ॥	جو گُن سنگّرہے تِنّہ بلِہارے جاءُ ॥
ਦਰਿ ਸਾਚੈ ਸਾਚੇ ਗੁਣ ਗਾਉ ॥	درِ ساچےَ ساچے گُن گاءُ ॥
ਆਪੇ ਦੇਵੈ ਸਹਜਿ ਸੁਭਾਇ ॥	آپے دیوے سہجِ سُبھاءِ ॥
ਨਾਨਕ ਕੀਮਤਿ ਕਹਣੁ ਨ ਜਾਇ ॥੪॥੨॥੪੧॥	نانک قِیمتِ کہنُ ن جاءِ ॥4॥2॥ 41 ॥
ਆਸਾ ਮਹਲਾ ੩ ॥	آسا محلا 3 ॥
ਸਤਿਗੁਰ ਵਿਚਿ ਵਡੀ ਵਡਿਆਈ ॥	ستِگُر وِچ وڈی وڈیائی ॥
ਚਿਰੀ ਵਿਛੁੰਨੇ ਮੇਲਿ ਮਿਲਾਈ ॥	چِری وِچھُنّے میلِ مِلائی ॥
ਆਪੇ ਮੇਲੇ ਮੇਲਿ ਮਿਲਾਏ ॥	آپے میلے میلِ مِلائے ॥

ਆਪਣੀ ਕੀਮਤਿ ਆਪੇ ਪਾਏ ॥੧॥	آپنّی قِیمتِ آپے پائے ॥1॥
ਹਰਿ ਕੀ ਕੀਮਤਿ ਕਿਨ ਬਿਧਿ ਹੋਇ ॥	ہرِ کی قِیمتِ کِن بِدھِ ہوءِ ۔ ॥
ਹਰਿ ਅਪਰੰਪਰੁ ਅਗਮ ਅਗੋਚਰੁ ਗੁਰ ਕੈ ਸਬਦਿ ਮਿਲੈ ਜਨੁ ਕੋਇ ॥੧॥ ਰਹਾਉ ॥	ہرِ اپرنّپرُ اگم اگوچرُ گُر کے سبدِ مِلے جنُ کوءِ ॥1॥ رہاءُ ॥
ਗੁਰਮੁਖਿ ਕੀਮਤਿ ਜਾਣੈ ਕੋਇ ॥	گُرمُکھِ قِیمتِ جانّے کوءِ ॥
ਵਿਰਲੇ ਕਰਮਿ ਪਰਾਪਤਿ ਹੋਇ ॥	وِرلے کرمِ پراپتِ ہوءِ ॥
ਊਚੀ ਬਾਣੀ ਊਚਾ ਹੋਇ ॥	اوُچی بانّی اوُچا ہوءِ ॥
ਗੁਰਮੁਖਿ ਸਬਦਿ ਵਖਾਣੈ ਕੋਇ ॥੨॥	گُرمُکھِ سبدِ وکھانّے کوءِ ॥2॥
ਵਿਣੁ ਨਾਵੈ ਦੁਖੁ ਦਰਦੁ ਸਰੀਰਿ ॥	وِنُ ناوے دُکھُ دردُ سریرِ ॥
ਸਤਿਗੁਰੁ ਭੇਟੇ ਤਾ ਉਤਰੈ ਪੀਰ ॥	ستِگُرُ بھیٹے تا اُترے پیرِ ॥
ਬਿਨੁ ਗੁਰ ਭੇਟੇ ਦੁਖੁ ਕਮਾਇ ॥	بِنُ گُر بھیٹے دُکھُ کماءِ ॥
ਮਨਮੁਖਿ ਬਹੁਤੀ ਮਿਲੈ ਸਜਾਇ ॥੩॥	منمُکھِ بہُتی مِلے سزاءِ ॥3॥
ਹਰਿ ਕਾ ਨਾਮੁ ਮੀਠਾ ਅਤਿ ਰਸੁ ਹੋਇ ॥	ہرِ کا نامُ میٹھا اتِ رسُ ہوءِ ॥
ਪੀਵਤ ਰਹੈ ਪੀਆਏ ਸੋਇ ॥	پیوت رہے پیائے سوءِ ॥
ਗੁਰ ਕਿਰਪਾ ਤੇ ਹਰਿ ਰਸੁ ਪਾਏ ॥	گُر کِرپا تے ہرِ رسُ پائے ॥
ਨਾਨਕ ਨਾਮਿ ਰਤੇ ਗਤਿ ਪਾਏ ॥੪॥੩॥੪੨॥	نانک نامِ رتے گتِ پائے ॥4॥3॥ 42 ॥
ਆਸਾ ਮਹਲਾ ੩ ॥	آسا محلا 3 ॥
ਮੇਰਾ ਪ੍ਰਭੁ ਸਾਚਾ ਗਹਿਰ ਗੰਭੀਰ ॥	میرا پربھُ ساچا گہِر گنبھیرِ ॥
ਸੇਵਤ ਹੀ ਸੁਖੁ ਸਾਂਤਿ ਸਰੀਰ ॥	سیوت ہی سُکھُ سانتِ سریرِ ॥
ਸਬਦਿ ਤਰੇ ਜਨ ਸਹਜਿ ਸੁਭਾਇ ॥	سبدِ ترے جن سہجِ سُبھاءِ ॥
ਤਿਨ ਕੈ ਹਮ ਸਦ ਲਾਗਹ ਪਾਇ ॥੧॥	تِن کے ہم سد لاگہ پاءِ ॥1॥
ਜੋ ਮਨਿ ਰਾਤੇ ਹਰਿ ਰੰਗੁ ਲਾਇ ॥	جو منِ راتے ہرِ رنگُ لاءِ ॥
ਤਿਨ ਕਾ ਜਨਮ ਮਰਣ ਦੁਖੁ ਲਾਥਾ	تِن کا جنم مرنّ دُکھُ لاتھا

ਤੇ ਹਰਿ ਦਰਗਹ ਮਿਲੇ ਸੁਭਾਇ ॥੧॥ ਰਹਾਉ ॥	تے ہرِ درگہ مِلے سُبھاءِ ॥1॥ رہاءُ ॥
ਸਬਦੁ ਚਾਖੈ ਸਾਚਾ ਸਾਦੁ ਪਾਏ ॥	سبدُ چاکھے سچا سادُ پائے ॥
ਹਰਿ ਕਾ ਨਾਮੁ ਮੰਨਿ ਵਸਾਏ ॥	ہرِ کا نامُ منّنِ وسائے ॥
ਹਰ ਪ੍ਰਭੁ ਸਦਾ ਰਹਿਆ ਭਰਪੂਰਿ ॥	ہر پربھُ سدا رہِیا بھرپُورِ ॥
ਆਪੇ ਨੇੜੈ ਆਪੇ ਦੂਰਿ ॥੨॥	آپے نیڑے آپے دوُرِ ॥2॥
ਆਖਣਿ ਆਖੈ ਬਕੈ ਸਭੁ ਕੋਇ ॥	آکھنِ آکھے بکے سبھُ کوءِ ॥
ਆਪੇ ਬਖਸਿ ਮਿਲਾਏ ਸੋਇ ॥	آپے بخشِ مِلائے سوءِ ॥
ਕਹਣੈ ਕਥਨਿ ਨ ਪਾਇਆ ਜਾਇ ॥	کہنّے کتھنِ ن پائیا جاءِ ॥
ਗੁਰ ਪਰਸਾਦਿ ਵਸੈ ਮਨਿ ਆਇ ॥੩॥	گُر پرسادِ وسے منِ آءِ ॥3॥
ਗੁਰਮੁਖਿ ਵਿਚਹੁ ਆਪ ਗਵਾਇ ॥	گُرمُکھِ وِچہُ آپ گواءِ ॥
ਹਰਿ ਰੰਗਿ ਰਾਤੇ ਮੋਹੁ ਚੁਕਾਇ ॥	ہرِ رنگِ راتے موہُ چُکاءِ ॥
ਅਤਿ ਨਿਰਮਲੁ ਗੁਰ ਸਬਦ ਵੀਚਾਰ ॥	اتِ نِرملُ گُر سبد ویچار ॥
ਨਾਨਕ ਨਾਮਿ ਸਵਾਰਣਹਾਰ ॥੪॥੪॥੪੩॥	نانک نامِ سوارنّہار ॥4॥4॥ 43 ॥
ਆਸਾ ਮਹਲਾ ੩ ॥	آسا محلا 3 ॥
ਦੂਜੈ ਭਾਇ ਲਗੇ ਦੁਖੁ ਪਾਇਆ ॥	دوُجے بھاءِ لگے دُکھُ پائیا ॥
ਬਿਨੁ ਸਬਦੈ ਬਿਰਥਾ ਜਨਮੁ ਗਵਾਇਆ ॥	بِنُ سبدے برتھا جنمُ گوائیا ॥
ਸਤਿਗੁਰੁ ਸੇਵੈ ਸੋਝੀ ਹੋਇ ॥	ستِگُرُ سیوے سوجھی ہوءِ ॥
ਦੂਜੈ ਭਾਇ ਨ ਲਾਗੈ ਕੋਇ ॥੧॥	دوُجے بھاءِ ن لاگے کوءِ ॥1॥
ਮੂਲਿ ਲਾਗੇ ਸੇ ਜਨ ਪਰਵਾਣੁ ॥	موُلِ لاگے سے جن پرواںُ ॥
ਅਨਦਿਨੁ ਰਾਮ ਨਾਮੁ ਜਪਿ ਹਿਰਦੈ ਗੁਰ ਸਬਦੀ ਹਰਿ ਏਕੋ ਜਾਣੁ ॥੧॥ ਰਹਾਉ ॥	اندِنُ رام نامُ جپِ ہِردے گُر سبدی ہرِ ایکو جاںُ ॥1॥ رہاءُ ॥
ਡਾਲੀ ਲਾਗੈ ਨਿਹਫਲੁ ਜਾਇ ॥	ڈالی لاگے نِہپھلُ جاءِ ॥
ਅੰਧੀ ਕੰਮੀ ਅੰਧ ਸਜਾਇ ॥	انّدھیں کنّمی انّدھ سزاءِ ॥

ਮਨਮੁਖੁ ਅੰਧਾ ਠਉਰ ਨ ਪਾਇ ॥	منمُکھ انّدھا ٹھُر ن پاءِ ॥
ਬਿਸਟਾ ਕਾ ਕੀੜਾ ਬਿਸਟਾ ਮਾਹਿ ਪਚਾਇ ॥੨॥	بِسٹا کا کیڑا بِسٹا ماہِ پچاءِ ॥2॥
ਗੁਰ ਕੀ ਸੇਵਾ ਸਦਾ ਸੁਖੁ ਪਾਏ ॥	گُر کی سیوا سدا سُکھُ پائے ॥
ਸੰਤਸੰਗਤਿ ਮਿਲਿ ਹਰਿ ਗੁਣ ਗਾਏ ॥	سنتسنگتِ مِلِ ہرِ گُنؔ گائے ॥
ਨਾਮੇ ਨਾਮਿ ਕਰੇ ਵੀਚਾਰੁ ॥	نامے نامِ کرے ویچارُ ॥
ਆਪਿ ਤਰੈ ਕੁਲ ਉਧਰਣਹਾਰੁ ॥੩॥	آپِ ترے کُل اُدھرنْہارُ ॥3॥
ਗੁਰ ਕੀ ਬਾਣੀ ਨਾਮਿ ਵਜਾਏ ॥	گُر کی بانؔی نامِ وجائے ॥
ਨਾਨਕ ਮਹਲੁ ਸਬਦਿ ਘਰੁ ਪਾਏ ॥	نانک محلُ سبدِ گھرُ پائے ॥
ਗੁਰਮਤਿ ਸਤ ਸਰਿ ਹਰਿ ਜਲਿ ਨਾਇਆ ॥	گُرمتِ ست سرِ ہرِ جلِ نائیا ॥
ਦੁਰਮਤਿ ਮੈਲੁ ਸਭੁ ਦੁਰਤੁ ਗਵਾਇਆ ॥੪॥੫॥੪੪॥	دُرمتِ میَلُ سبھُ دُرتُ گوائیا ॥4॥5॥ 44 ॥
ਆਸਾ ਮਹਲਾ ੩ ॥	آسا محلا 3 ॥
ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ ॥	منمُکھ مرہِ مرِ مرنُؔ وِگاڑہِ ॥
ਦੂਜੈ ਭਾਇ ਆਤਮ ਸੰਘਾਰਹਿ ॥	دوُجےَ بھاءِ آتم سنگھارہِ ॥
ਮੇਰਾ ਮੇਰਾ ਕਰਿ ਕਰਿ ਵਿਗੂਤਾ ॥	میرا میرا کرِ کرِ وِگوُتا ॥
ਆਤਮੁ ਨ ਚੀਨ੍ਹੈ ਭਰਮੈ ਵਿਚਿ ਸੂਤਾ ॥੧॥	آتمُ ن چِینْہےَ بھرمےَ وِچِ سوُتا ॥1॥
ਮਰੁ ਮੁਇਆ ਸਬਦੇ ਮਰਿ ਜਾਇ ॥	مرُ مُئیا سبدے مرِ جاءِ ॥
ਉਸਤਤਿ ਨਿੰਦਾ ਗੁਰਿ ਸਮ ਜਾਣਾਈ ਇਸੁ ਜੁਗ ਮਹਿ ਲਾਹਾ ਹਰਿ ਜਪਿ ਲੈ ਜਾਇ ॥੧॥ ਰਹਾਉ ॥	اُستتِ نِندا گُرِ سم جاٹائی اِسُ جُگ مہِ لاہا ہرِ جپِ لے جاءِ ॥1॥ رہاءُ ॥
ਨਾਮ ਵਿਹੂਣ ਗਰਭ ਗਲਿ ਜਾਇ ॥	نام وِہوُنؔ گربھ گلِ جاءِ ॥
ਬਿਰਥਾ ਜਨਮੁ ਦੂਜੈ ਲੋਭਾਇ ॥	برِتھا جنمُ دوُجےَ لوبھاءِ ॥
ਨਾਮ ਬਿਹੂਣੀ ਦੁਖਿ ਜਲੈ ਸਬਾਈ ॥	نام بِہوُنؔی دُکھِ جلےَ سبائی ॥
ਸਤਿਗੁਰਿ ਪੂਰੈ ਬੂਝ ਬੁਝਾਈ ॥੨॥	ستِگُرِ پوُرے بوُجھ بُجھائی ॥2॥
ਮਨੁ ਚੰਚਲੁ ਬਹੁ ਚੋਟਾ ਖਾਇ ॥	منُ چنچؔلُ بہُ چوٹا کھاءِ ॥

ਏਥਹੁ ਛੁੜਕਿਆ ਠਉਰ ਨ ਪਾਇ ॥	ایتھہُ چھُڑکیا ٹھئر ن پاءِ ॥
ਗਰਭ ਜੋਨਿ ਵਿਸਟਾ ਕਾ ਵਾਸੁ ॥	گربھ جونِ وِسٹا کا واسُ ॥
ਤਿਤੁ ਘਰਿ ਮਨਮੁਖੁ ਕਰੇ ਨਿਵਾਸੁ ॥੩॥	تِتُ گھرِ منمکھُ کرے نِواسُ ॥3॥
ਅਪੁਨੇ ਸਤਿਗੁਰ ਕਉ ਸਦਾ ਬਲਿ ਜਾਈ ॥	اپُنے ستِگُر کءُ سدا بلِ جائی ॥
ਗੁਰਮੁਖਿ ਜੋਤੀ ਜੋਤਿ ਮਿਲਾਈ ॥	گُرمُکھِ جوتی جوتِ مِلائی ॥
ਨਿਰਮਲ ਬਾਣੀ ਨਿਜ ਘਰਿ ਵਾਸਾ ॥	نِرمل باٹی نج گھرِ واسا ॥
ਨਾਨਕ ਹਉਮੈ ਮਾਰੇ ਸਦਾ ਉਦਾਸਾ ॥੪॥੬॥੪੫॥	نانک ہئُمےَ مارے سدا اُداسا ॥4॥6॥ 45 ॥
ਆਸਾ ਮਹਲਾ ੩ ॥	آسا محلا 3 ॥
ਲਾਲੈ ਆਪਣੀ ਜਾਤਿ ਗਵਾਈ ॥	لالے آپنٹی زاتِ گوائی ॥
ਤਨੁ ਮਨੁ ਅਰਪੇ ਸਤਿਗੁਰ ਸਰਣਾਈ ॥	تنُ منُ ارپے ستِگُر سرٹائی ॥
ਹਿਰਦੈ ਨਾਮੁ ਵਡੀ ਵਡਿਆਈ ॥	ہِردے نامُ وڈی وڈِیائی ॥
ਸਦਾ ਪ੍ਰੀਤਮੁ ਪ੍ਰਭੁ ਹੋਇ ਸਖਾਈ ॥੧॥	سدا پرِیتمُ پربھُ ہوءِ سکھائی ॥1॥
ਸੋ ਲਾਲਾ ਜੀਵਤੁ ਮਰੈ ॥	سو لالا جیِوتُ مرے ॥
ਸੋਗੁ ਹਰਖੁ ਦੁਇ ਸਮ ਕਰਿ ਜਾਣੈ ਗੁਰ ਪਰਸਾਦੀ ਸਬਦਿ ਉਧਰੈ ॥੧॥ ਰਹਾਉ ॥	سوگُ ہرکھُ دُءِ سم کرِ جانٹے گُر پرسادی سبدِ اُدھرے ॥1॥ رہاءُ ॥
ਕਰਣੀ ਕਾਰ ਧੁਰਹੁ ਫੁਰਮਾਈ ॥	کرنٹی کار دھُرہُ فُرمائی ॥
ਬਿਨੁ ਸਬਦੈ ਕੋ ਥਾਇ ਨ ਪਾਈ ॥	بِنُ سبدے کو تھاءِ ن پائی ॥
ਕਰਣੀ ਕੀਰਤਿ ਨਾਮੁ ਵਸਾਈ ॥	کرنٹی کیِرتِ نامُ وسائی ॥
ਆਪੇ ਦੇਵੈ ਢਿਲ ਨ ਪਾਈ ॥੨॥	آپے دیوے ڈھِل ن پائی ॥2॥
ਮਨਮੁਖਿ ਭਰਮਿ ਭੁਲੈ ਸੰਸਾਰੁ ॥	منمکھِ بھرمِ بھُلےَ سنّسارُ ॥
ਬਿਨੁ ਰਾਸੀ ਕੂੜਾ ਕਰੇ ਵਾਪਾਰੁ ॥	بِنُ راسی کوُڑا کرے واپارُ ॥
ਵਿਣੁ ਰਾਸੀ ਵਖਰੁ ਪਲੈ ਨ ਪਾਇ ॥	وِنُ راسی وکھرُ پلےَ ن پاءِ ॥
ਮਨਮੁਖਿ ਭੁਲਾ ਜਨਮੁ ਗਵਾਇ ॥੩॥	منمکھِ بھُلا جنمُ گواءِ ॥3॥

ਸਤਿਗੁਰੁ ਸੇਵੇ ਸੁ ਲਾਲਾ ਹੋਇ ॥	ستِگُر سیوے سُ لالا ہوءِ ॥
ਊਤਮ ਜਾਤੀ ਊਤਮੁ ਸੋਇ ॥	اوُتم زاتی اوُتمُ سوءِ ॥
ਗੁਰ ਪਉੜੀ ਸਭ ਦੂ ਊਚਾ ਹੋਇ ॥	گُر پئڑی سبھ دوُ اوُچا ہوءِ ॥
ਨਾਨਕ ਨਾਮਿ ਵਡਾਈ ਹੋਇ ॥੪॥੭॥੪੬॥	نانک نامِ وڈائی ہوءِ ॥4॥7॥ 46 ॥
ਆਸਾ ਮਹਲਾ ੩ ॥	آسا محلا 3 ॥
ਮਨਮੁਖਿ ਝੂਠੋ ਝੂਠੁ ਕਮਾਵੈ ॥	منمُکھِ جھوُٹھو جھوُٹھُ کماوےَ ॥
ਖਸਮੈ ਕਾ ਮਹਲੁ ਕਦੇ ਨ ਪਾਵੈ ॥	خصمےَ کا محلُ کدے ن پاوےَ ॥
ਦੂਜੈ ਲਗੀ ਭਰਮਿ ਭੁਲਾਵੈ ॥	دوُجےَ لگی بھرمِ بھُلاوےَ ॥
ਮਮਤਾ ਬਾਧਾ ਆਵੈ ਜਾਵੈ ॥੧॥	ممتا بادھا آوےَ جاوےَ ॥1॥
ਦੋਹਾਗਣੀ ਕਾ ਮਨ ਦੇਖੁ ਸੀਗਾਰੁ ॥	دوہاگنّی کا من دیکھُ سیِگارُ ॥
ਪੁਤ੍ਰ ਕਲਤਿ ਧਨਿ ਮਾਇਆ ਚਿਤੁ ਲਾਏ ਝੂਠੁ ਮੋਹੁ ਪਾਖੰਡ ਵਿਕਾਰੁ ॥ ਰਹਾਉ ॥	پُتّر کلتِ دھنِ مائیا چِتُ لائے جھوُٹھُ موہُ پاکھنڈُ وِکارُ ॥ رہاءُ ॥
ਸਦਾ ਸੋਹਾਗਣਿ ਜੋ ਪ੍ਰਭ ਭਾਵੈ ॥	سدا سوہاگنِ جو پربھ بھاوےَ ॥
ਗੁਰ ਸਬਦੀ ਸੀਗਾਰੁ ਬਣਾਵੈ ॥	گُر سبدی سیِگارُ بنّاوےَ ॥
ਸੇਜ ਸੁਖਾਲੀ ਅਨਦਿਨੁ ਹਰਿ ਰਾਵੈ ॥	سیج سُکھالی اندِنُ ہرِ راوےَ ॥
ਮਿਲਿ ਪ੍ਰੀਤਮ ਸਦਾ ਸੁਖੁ ਪਾਵੈ ॥੨॥	مِلِ پریتم سدا سُکھُ پاوےَ ॥2॥
ਸਾ ਸੋਹਾਗਣਿ ਸਾਚੀ ਜਿਸੁ ਸਾਚਿ ਪਿਆਰੁ ॥	سا سوہاگنِ ساچی جِسُ ساچِ پیارُ ॥
ਆਪਣਾ ਪਿਰੁ ਰਾਖੈ ਸਦਾ ਉਰ ਧਾਰਿ ॥	آپنّا پِرُ راکھےَ سدا اُر دھارِ ॥
ਨੇੜੈ ਵੇਖੈ ਸਦਾ ਹਦੂਰਿ ॥	نیڑےَ ویکھےَ سدا حدوُرِ ॥
ਮੇਰਾ ਪ੍ਰਭੁ ਸਰਬ ਰਹਿਆ ਭਰਪੂਰਿ ॥੩॥	میرا پربھُ سرب رہیا بھرپوُرِ ॥3॥
ਆਗੈ ਜਾਤਿ ਰੂਪੁ ਨ ਜਾਇ ॥	آگےَ زاتِ روُپُ ن جاءِ ॥
ਤੇਹਾ ਹੋਵੈ ਜੇਹੇ ਕਰਮ ਕਮਾਇ ॥	تیہا ہووےَ جیہے کرم کماءِ ॥
ਸਬਦੇ ਊਚੋ ਊਚਾ ਹੋਇ ॥	سبدے اوُچو اوُچا ہوءِ ॥

ਨਾਨਕ ਸਾਚਿ ਸਮਾਵੈ ਸੋਇ ॥੪॥੮॥੪੭॥

نانک ساچِ سماوےَ سوءِ ॥4॥8॥ 47 ॥

ਆਸਾ ਮਹਲਾ ੩ ॥

آسا محلا 3 ॥

ਭਗਤਿ ਰਤਾ ਜਨੁ ਸਹਜਿ ਸੁਭਾਇ ॥

بھگتِ رتا جنُ سہجِ سُبھاءِ ॥

ਗੁਰ ਕੈ ਭੈ ਸਾਚੈ ਸਾਚਿ ਸਮਾਇ ॥

گُر کے بھےَ ساچےَ ساچِ سماءِ ॥

ਬਿਨੁ ਗੁਰ ਪੂਰੇ ਭਗਤਿ ਨ ਹੋਇ ॥

بِنُ گُرپوُرے بھگتِ ن ہوءِ ॥

ਮਨਮੁਖ ਰੁੰਨੇ ਅਪਨੀ ਪਤਿ ਖੋਇ ॥੧॥

منمُکھ رُنّنے اپنی پتِ کھوءِ ॥1॥

ਮੇਰੇ ਮਨ ਹਰਿ ਜਪਿ ਸਦਾ ਧਿਆਇ ॥

میرے من ہرِ جپِ سدا دھِیاءِ ॥

ਸਦਾ ਅਨੰਦੁ ਹੋਵੈ ਦਿਨੁ ਰਾਤੀ
ਜੋ ਇਛੈ ਸੋਈ ਫਲੁ ਪਾਇ ॥੧॥ ਰਹਾਉ ॥

سدا انندُ ہووےَ دِنُ راتی
جو اِچھےَ سوئی پھلُ پاءِ ॥1॥ رہاءُ ॥

ਗੁਰ ਪੂਰੇ ਤੇ ਪੂਰਾ ਪਾਏ ॥

گُرپوُرے تے پوُرا پائے ॥

ਹਿਰਦੈ ਸਬਦੁ ਸਚੁ ਨਾਮੁ ਵਸਾਇ ॥

ہِردےَ سبدُ سچُ نامُ وساءِ ॥

ਅੰਤਰੁ ਨਿਰਮਲੁ ਅੰਮ੍ਰਿਤ ਸਰਿ ਨਾਏ ॥

انتر نِرملُ انمّرِت سرِ نائے ॥

ਸਦਾ ਸੂਚੇ ਸਾਚਿ ਸਮਾਏ ॥੨॥

سدا سوُچے ساچِ سمائے ॥2॥

ਹਰਿ ਪ੍ਰਭੁ ਵੇਖੈ ਸਦਾ ਹਜੂਰਿ ॥

ہرِ پربھُ ویکھےَ سدا حضوُرِ ॥

ਗੁਰ ਪਰਸਾਦਿ ਰਹਿਆ ਭਰਪੂਰਿ ॥

گُر پرسادِ رہِیا بھرپوُرِ ॥

ਜਹਾ ਜਾਉ ਤਹ ਵੇਖਾ ਸੋਇ ॥

جہا جاءُ تہ ویکھا سوءِ ॥

ਗੁਰ ਬਿਨੁ ਦਾਤਾ ਅਵਰੁ ਨ ਕੋਇ ॥੩॥

گُر بِنُ داتا اورُ ن کوءِ ॥3॥

ਗੁਰੁ ਸਾਗਰੁ ਪੂਰਾ ਭੰਡਾਰ ॥

گُرُ ساگرُ پوُرا بھنڈار ॥

ਊਤਮ ਰਤਨ ਜਵਾਹਰ ਅਪਾਰ ॥

اوُتم رتن جواہر اپار ॥

ਗੁਰ ਪਰਸਾਦੀ ਦੇਵਣਹਾਰੁ ॥

گُر پرسادی دیونہارُ ॥

ਨਾਨਕ ਬਖਸੇ ਬਖਸਣਹਾਰੁ ॥੪॥੪੮॥

نانک بخشے بخشنہارُ ॥4॥ 48 ॥

ਆਸਾ ਮਹਲਾ ੩ ॥

آسا محلا 3 ॥

ਗੁਰੁ ਸਾਇਰੁ ਸਤਿਗੁਰੁ ਸਚੁ ਸੋਇ ॥

گُرُ سائرُ ستِگُرُ سچُ سوءِ ॥

ਪੂਰੈ ਭਾਗਿ ਗੁਰ ਸੇਵਾ ਹੋਇ ॥	پُورے بھاگِ گُر سیوا ہوءِ ॥
ਸੋ ਬੂਝੈ ਜਿਸੁ ਆਪਿ ਬੁਝਾਏ ॥	سو بُوجھے جِس آپِ بُجھائے ॥
ਗੁਰ ਪਰਸਾਦੀ ਸੇਵ ਕਰਾਏ ॥੧॥	گُر پرسادی سیو کرائے ॥1॥
ਗਿਆਨ ਰਤਨਿ ਸਭ ਸੋਝੀ ਹੋਇ ॥	گِیان رتنِ سبھ سوجھی ہوءِ ॥
ਗੁਰ ਪਰਸਾਦਿ ਅਗਿਆਨੁ ਬਿਨਾਸੈ ਅਨਦਿਨੁ ਜਾਗੈ ਵੇਖੈ ਸਚੁ ਸੋਇ ॥੧॥ ਰਹਾਉ ॥	گُر پرسادِ اگیانُ بِناسے اندِنُ جاگے ویکھے سچُ سوءِ ॥1॥ رہاءُ ॥
ਮੋਹੁ ਗੁਮਾਨੁ ਗੁਰ ਸਬਦਿ ਜਲਾਏ ॥	موہُ گُمانُ گُر سبدِ جلائے ॥
ਪੂਰੇ ਗੁਰ ਤੇ ਸੋਝੀ ਪਾਏ ॥	پُورے گُر تے سوجھی پائے ॥
ਅੰਤਰਿ ਮਹਲੁ ਗੁਰ ਸਬਦਿ ਪਛਾਣੈ ॥	انترِ محلُ گُر سبدِ پچھانے ॥
ਆਵਣ ਜਾਣੁ ਰਹੈ ਥਿਰੁ ਨਾਮਿ ਸਮਾਣੇ ॥੨॥	آونُ جانُ رہے تھِرُ نامِ سمانے ॥2॥
ਜੰਮਣੁ ਮਰਣਾ ਹੈ ਸੰਸਾਰੁ ॥	جنّمنُ مرنا ہے سنسارُ ॥
ਮਨਮੁਖੁ ਅਚੇਤੁ ਮਾਇਆ ਮੋਹੁ ਗੁਬਾਰੁ ॥	منمکھُ اچیتُ مائیا موہُ غُبارُ ॥
ਪਰ ਨਿੰਦਾ ਬਹੁ ਕੂੜੁ ਕਮਾਵੈ ॥	پر نِندا بہُ کوڑُ کماوے ॥
ਵਿਸਟਾ ਕਾ ਕੀੜਾ ਵਿਸਟਾ ਮਾਹਿ ਸਮਾਵੈ ॥੩॥	وِسٹا کا کیڑا وِسٹا ماہِ سماوے ॥3॥
ਸਤਸੰਗਤਿ ਮਿਲਿ ਸਭ ਸੋਝੀ ਪਾਏ ॥	ستسنگتِ مِلِ سبھ سوجھی پائے ॥
ਗੁਰ ਕਾ ਸਬਦੁ ਹਰਿ ਭਗਤਿ ਦ੍ਰਿੜਾਏ ॥	گُر کا سبدُ ہرِ بھگتِ دڑاے ॥
ਭਾਣਾ ਮੰਨੇ ਸਦਾ ਸੁਖੁ ਹੋਇ ॥	بھاٹا منّنے سدا سُکھُ ہوءِ ॥
ਨਾਨਕ ਸਚਿ ਸਮਾਵੈ ਸੋਇ ॥੪॥੧੦॥੪੯॥	نانک سچِ سماوے سوءِ ॥4॥ 10 ॥ 49 ॥
ਆਸਾ ਮਹਲਾ ੩ ਪੰਚਪਦੇ ॥	آسا محلا 3 پنچپدے ॥
ਸਬਦਿ ਮਰੈ ਤਿਸੁ ਸਦਾ ਅਨੰਦ ॥	سبدِ مرے تِس سدا انّند ॥
ਸਤਿਗੁਰ ਭੇਟੇ ਗੁਰ ਗੋਬਿੰਦ ॥	ستِگُر بھیٹے گُر گوبِنّد ॥
ਨਾ ਫਿਰਿ ਮਰੈ ਨ ਆਵੈ ਜਾਇ ॥	نا پھِرِ مرے ن آوے جاءِ ॥
ਪੂਰੇ ਗੁਰ ਤੇ ਸਾਚਿ ਸਮਾਇ ॥੧॥	پُورے گُر تے ساچِ سماءِ ॥1॥

ਜਿਨ੍ ਕਉ ਨਾਮੁ ਲਿਖਿਆ ਧੁਰਿ ਲੇਖੁ ॥	جِنّہ ک ءُ نامُ لِکھیا دھُرِ لیکھُ ॥
ਤੇ ਅਨਦਿਨੁ ਨਾਮੁ ਸਦਾ ਧਿਆਵਹਿ ਗੁਰ ਪੂਰੇ ਤੇ ਭਗਤਿ ਵਿਸੇਖੁ ॥੧॥ ਰਹਾਉ ॥	تے اندِنُ نامُ سدا دھِیاوہِ گُرپوُرے تے بھگتِ وِسیکھُ ॥1॥ رہاءُ ॥
ਜਿਨ੍ ਕਉ ਹਰਿ ਪ੍ਰਭੁ ਲਏ ਮਿਲਾਇ ॥	جِنّہ ک ءُ ہرِ پرّبھُ لے مِلاءِ ॥
ਤਿਨ੍ ਕੀ ਗਹਣ ਗਤਿ ਕਹੀ ਨ ਜਾਇ ॥	تِنّہ کی گہنْ گتِ کہی ن جاءِ ॥
ਪੂਰੇ ਸਤਿਗੁਰ ਦਿਤੀ ਵਡਿਆਈ ॥	پوُرے ستِگُر دِتی وڈِیائی ॥
ਊਤਮ ਪਦਵੀ ਹਰਿ ਨਾਮਿ ਸਮਾਈ ॥੨॥	اوُتم پدوی ہرِ نامِ سمائی ॥2॥
ਜੋ ਕਿਛੁ ਕਰੇ ਸੁ ਆਪੇ ਆਪਿ ॥	جو کِچھُ کرے سُ آپے آپِ ॥
ਏਕ ਘੜੀ ਮਹਿ ਥਾਪਿ ਉਥਾਪਿ ॥	ایک گھڑی مہِ تھاپِ اُتھاپِ ॥
ਕਹਿ ਕਹਿ ਕਹਣਾ ਆਖਿ ਸੁਣਾਏ ॥	کہِ کہِ کہنّا آکھِ سُنّائے ॥
ਜੇ ਸਉ ਘਾਲੇ ਥਾਇ ਨ ਪਾਏ ॥੩॥	جے س ءُ گھالے تھاءِ ن پائے ॥3॥
ਜਿਨ੍ ਕੈ ਪੋਤੈ ਪੁੰਨੁ ਤਿਨ੍ਾ ਗੁਰੂ ਮਿਲਾਏ ॥	جِنّہ کے پوتے پُنّنُ تِنّہا گُرو مِلائے ॥
ਸਚੁ ਬਾਣੀ ਗੁਰੁ ਸਬਦੁ ਸੁਣਾਏ ॥	سچُ باٹی گُرُ سبدُ سُنّائے ॥
ਜਹਾਂ ਸਬਦੁ ਵਸੈ ਤਹਾਂ ਦੁਖੁ ਜਾਏ ॥	جہاں سبدُ وسے تہاں دُکھُ جائے ॥
ਗਿਆਨਿ ਰਤਨਿ ਸਾਚੈ ਸਹਜਿ ਸਮਾਏ ॥੪॥	گِیانِ رتنِ ساچے سہجِ سمائے ॥4॥
ਨਾਵੈ ਜੇਵਡੁ ਹੋਰੁ ਧਨੁ ਨਾਹੀ ਕੋਇ ॥	ناوے جیوڈُ ہورُ دھنُ ناہی کوءِ ॥
ਜਿਸ ਨੋ ਬਖਸੇ ਸਾਚਾ ਸੋਇ ॥	جِس نو بخشے ساچا سوءِ ॥
ਪੂਰੈ ਸਬਦਿ ਮੰਨਿ ਵਸਾਏ ॥	پوُرے سبدِ منّنِ وسائے ॥
ਨਾਨਕ ਨਾਮਿ ਰਤੇ ਸੁਖੁ ਪਾਏ ॥੫॥੧੧॥੫੦॥	نانک نامِ رتے سُکھُ پائے ॥5॥ 11 ॥ 50 ॥
ਆਸਾ ਮਹਲਾ ੩ ॥	آسا محلا 3 ॥
ਨਿਰਤਿ ਕਰੇ ਬਹੁ ਵਾਜੇ ਵਜਾਏ ॥	نِرتِ کرے بہُ واجے وجائے ॥
ਇਹੁ ਮਨੁ ਅੰਧਾ ਬੋਲਾ ਹੈ ਕਿਸੁ ਆਖਿ ਸੁਣਾਏ ॥	اِہُ منُ انّدھا بولا ہے کِسُ آکھِ سُنّائے ۔ ॥

ਅੰਤਰਿ ਲੋਭੁ ਭਰਮੁ ਅਨਲ ਵਾਉ ॥	انترِ لوبھُ بھرمُ انل واءُ ॥
ਦੀਵਾ ਬਲੈ ਨ ਸੋਝੀ ਪਾਇ ॥੧॥	دِیوا بلےَ ن سوجھی پاءِ ॥1॥
ਗੁਰਮੁਖਿ ਭਗਤਿ ਘਟਿ ਚਾਨਣੁ ਹੋਇ ॥	گُرمُکھِ بھگتِ گھٹِ چانڻُ ہوءِ ॥
ਆਪੁ ਪਛਾਣਿ ਮਿਲੈ ਪ੍ਰਭੁ ਸੋਇ ॥੧॥ ਰਹਾਉ ॥	آپُ پچھاڻِ مِلےَ پّربھُ سوءِ ॥1॥ رہاءُ ॥
ਗੁਰਮੁਖਿ ਨਿਰਤਿ ਹਰਿ ਲਾਗੈ ਭਾਉ ॥	گُرمُکھِ نِرتِ ہرِ لاگےَ بھاءُ ॥
ਪੂਰੇ ਤਾਲ ਵਿਚਹੁ ਆਪੁ ਗਵਾਇ ॥	پُورے تال وِچہُ آپُ گواءِ ॥
ਮੇਰਾ ਪ੍ਰਭੁ ਸਾਚਾ ਆਪੇ ਜਾਣੁ ॥	میرا پّربھُ ساچا آپے جانڻُ ॥
ਗੁਰ ਕੈ ਸਬਦਿ ਅੰਤਰਿ ਬ੍ਰਹਮੁ ਪਛਾਣੁ ॥੨॥	گُر کےَ سبدِ انترِ برہمُ پچھاڻُ ॥2॥
ਗੁਰਮੁਖਿ ਭਗਤਿ ਅੰਤਰਿ ਪ੍ਰੀਤਿ ਪਿਆਰੁ ॥	گُرمُکھِ بھگتِ انترِ پّریتِ پیارُ ॥
ਗੁਰ ਕਾ ਸਬਦੁ ਸਹਜਿ ਵੀਚਾਰੁ ॥	گُر کا سبدُ سہجِ ویچارُ ॥
ਗੁਰਮੁਖਿ ਭਗਤਿ ਜੁਗਤਿ ਸਚੁ ਸੋਇ ॥	گُرمُکھِ بھگتِ جُگتِ سچُ سوءِ ॥
ਪਾਖੰਡਿ ਭਗਤਿ ਨਿਰਤਿ ਦੁਖੁ ਹੋਇ ॥੩॥	پاکھنڈِ بھگتِ نِرتِ دُکھُ ہوءِ ॥3॥
ਏਹਾ ਭਗਤਿ ਜਨੁ ਜੀਵਤ ਮਰੈ ॥	ایہا بھگتِ جنُ جیوت مرےَ ॥
ਗੁਰ ਪਰਸਾਦੀ ਭਵਜਲੁ ਤਰੈ ॥	گُر پرسادی بھوجلُ ترےَ ॥
ਗੁਰ ਕੈ ਬਚਨਿ ਭਗਤਿ ਥਾਇ ਪਾਇ ॥	گُر کےَ بچنِ بھگتِ تھاءِ پاءِ ॥
ਹਰਿ ਜੀਉ ਆਪਿ ਵਸੈ ਮਨਿ ਆਇ ॥੪॥	ہرِ جیِءُ آپِ وسےَ منِ آءِ ॥4॥
ਹਰਿ ਕ੍ਰਿਪਾ ਕਰੇ ਸਤਿਗੁਰੂ ਮਿਲਾਏ ॥	ہرِ کّرِپا کرے ستِگُرو مِلائے ॥
ਨਿਹਚਲ ਭਗਤਿ ਹਰਿ ਸਿਉ ਚਿਤੁ ਲਾਏ ॥	نِہچل بھگتِ ہرِ سِءُ چِتُ لائے ॥
ਭਗਤਿ ਰਤੇ ਤਿਨ੍ ਸਚੀ ਸੋਇ ॥	بھگتِ رتے تِنّہ سچی سوءِ ॥
ਨਾਨਕ ਨਾਮਿ ਰਤੇ ਸੁਖੁ ਹੋਇ ॥੫॥੧੨॥੫੧॥	نانک نامِ رتے سُکھُ ہوءِ ॥5॥ 12 ॥ 51 ॥
ਆਸਾ ਘਰੁ ੮ ਕਾਫੀ ਮਹਲਾ ੩	آسا گھرُ 8 کافی محلا 3
ੴ ਸਤਿਗੁਰ ਪ੍ਰਸਾਦਿ ॥	ੴ ستِگُر پّرسادِ ॥
ਹਰਿ ਕੈ ਭਾਣੈ ਸਤਿਗੁਰੁ ਮਿਲੈ	ہرِ کےَ بھاڻےَ ستِگُرُ مِلےَ

ਸਚੁ ਸੋਝੀ ਹੋਈ ॥

سچُ سوجھی ہوئی ॥

ਗੁਰ ਪਰਸਾਦੀ ਮਨਿ ਵਸੈ
ਹਰਿ ਬੂਝੈ ਸੋਈ ॥੧॥

گُر پرسادی منِ وسے
ہرِ بُوجھے سوئی ॥1॥

ਮੈ ਸਹੁ ਦਾਤਾ ਏਕੁ ਹੈ
ਅਵਰੁ ਨਾਹੀ ਕੋਈ ॥

مے سہُ داتا ایکُ ہے
اورُ ناہی کوئی ॥

ਗੁਰ ਕਿਰਪਾ ਤੇ ਮਨਿ ਵਸੈ
ਤਾ ਸਦਾ ਸੁਖੁ ਹੋਈ ॥੧॥ ਰਹਾਉ ॥

گُر کِرپا تے منِ وسے
تا سدا سُکھُ ہوئی ॥1॥ رہاءُ ॥

ਇਸੁ ਜੁਗ ਮਹਿ ਨਿਰਭਉ ਹਰਿ ਨਾਮੁ ਹੈ
ਪਾਈਐ ਗੁਰ ਵੀਚਾਰਿ ॥

اِسُ جُگ مہِ نِربھءُ ہرِ نامُ ہے
پائیئے گُر ویچارِ ॥

ਬਿਨੁ ਨਾਵੈ ਜਮ ਕੈ ਵਸਿ ਹੈ
ਮਨਮੁਖਿ ਅੰਧ ਗਵਾਰਿ ॥੨॥

بِنُ ناوے جم کے وسِ ہے
منمُکھِ اندھ گوارِ ॥2॥

ਹਰਿ ਕੈ ਭਾਣੈ ਜਨੁ ਸੇਵਾ ਕਰੈ
ਬੂਝੈ ਸਚੁ ਸੋਈ ॥

ہرِ کے بھانے جنُ سیوا کرے
بُوجھے سچُ سوئی ॥

ਹਰਿ ਕੈ ਭਾਣੈ ਸਾਲਾਹੀਐ
ਭਾਣੈ ਮੰਨਿਐ ਸੁਖੁ ਹੋਈ ॥੩॥

ہرِ کے بھانے سالاہیئے
بھانے منّیئے سُکھُ ہوئی ॥3॥

ਹਰਿ ਕੈ ਭਾਣੈ ਜਨਮੁ ਪਦਾਰਥੁ ਪਾਇਆ
ਮਤਿ ਊਤਮ ਹੋਈ ॥

ہرِ کے بھانے جنمُ پدارتھُ پائیا
متِ اوُتم ہوئی ॥

ਨਾਨਕ ਨਾਮੁ ਸਲਾਹਿ ਤੂੰ
ਗੁਰਮੁਖਿ ਗਤਿ ਹੋਈ ॥੪॥੩੯॥੧੩॥੫੨॥

نانک نامُ سلاہِ توُنّ
گُرمُکھِ گتِ ہوئی ॥4॥ 39 ॥ 13 ॥ 52 ॥

ਆਸਾ ਮਹਲਾ ੪ ਘਰੁ ੨

آسا محلا 4 گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥

توُنّ کرتا سچیارُ میڈا سانئی ॥

ਜੋ ਤਉ ਭਾਵੈ ਸੋਈ ਥੀਸੀ
ਜੋ ਤੂੰ ਦੇਹਿ ਸੋਈ ਹਉ ਪਾਈ ॥੧॥ ਰਹਾਉ ॥

جو تءُ بھاوے سوئی تھیسی
جو توُنّ دیہِ سوئی ہءُ پائی ॥1॥ رہاءُ ॥

ਸਭ ਤੇਰੀ ਤੂੰ ਸਭਨੀ ਧਿਆਇਆ ॥

سبھ تیری توُنّ سبھنی دھیائیا ॥

ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥	جِس نو کرِپا کرہِ تِنِ نام رتنُ پائیا ॥
ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥	گُرمُکھِ لادھا منمُکھِ گوائیا ॥
ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥	تُدھُ آپِ وِچھوڑِیا آپِ مِلائیا ॥1॥
ਤੂੰ ਦਰੀਆਉ ਸਭ ਤੁਝ ਹੀ ਮਾਹਿ ॥	توُنّ دریِیاءُ سبھ تُجھ ہی ماہِ ॥
ਤੁਝ ਬਿਨੁ ਦੂਜਾ ਕੋਈ ਨਾਹਿ ॥	تُجھ بِنُ دوُجا کوئی ناہِ ॥
ਜੀਅ ਜੰਤ ਸਭਿ ਤੇਰਾ ਖੇਲੁ ॥	جی ء جنّت سبھِ تیرا کھیلُ ॥
ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥	وِجوگِ مِلِ وِچھُڑِیا سنّجوگی میلُ ॥2॥
ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥	جِس نو توُ جاٹائیہِ سوئی جنُ جانّے ॥
ਹਰਿ ਗੁਣ ਸਦ ਹੀ ਆਖਿ ਵਖਾਣੈ ॥	ہرِ گُنّ سد ہی آکھِ وکھانّے ॥
ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥	جِنِ ہرِ سیویا تِنِ سُکھُ پائیا ॥
ਸਹਜੇ ਹੀ ਹਰਿ ਨਾਮਿ ਸਮਾਇਆ ॥੩॥	سہجے ہی ہرِ نامِ سمائیا ॥3॥
ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥	توُ آپے کرتا تیرا کیِیا سبھُ ہوءِ ॥
ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥	تُدھُ بِنُ دوُجا اورُ ن کوءِ ॥
ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥	توُ کرِ کرِ ویکھہِ جاٹہِ سوءِ ॥
ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੧॥੫੩॥	جن نانک گُرمُکھِ پرگٹُ ہوءِ ॥4॥1॥ 53 ॥
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਰਾਗੁ ਆਸਾ ਘਰੁ ੨ ਮਹਲਾ ੪ ॥	راگُ آسا گھرُ 2 محلا 4 ॥
ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ ॥	کِس ہی دھڑا کیِیا مِترّ سُت نالِ بھائی ॥
ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ ॥	کِس ہی دھڑا کیِیا کُڑم سکے نالِ جوائی ॥
ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ ॥	کِس ہی دھڑا کیِیا سِکدار چنُدھری نالِ آپنّے سُیائی ॥

ਹਮਾਰਾ ਧੜਾ ਹਰਿ ਰਹਿਆ ਸਮਾਈ ॥੧॥

ہمارا دھڑا ہرِ رہیا سمائی ॥1॥

ਹਮ ਹਰਿ ਸਿਉ ਧੜਾ ਕੀਆ
ਮੇਰੀ ਹਰਿ ਟੇਕ ॥

ہم ہرِ سِءُ دھڑا کِیا
میری ہرِ ٹیک ॥

ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ
ਹਉ ਹਰਿ ਗੁਣ ਗਾਵਾ ਅਸੰਖ ਅਨੇਕ ॥੧॥ ਰਹਾਉ ॥

مے ہرِ بِنُ پکھُ دھڑا اورُ ن کوئی
ہءُ ہرِ گُنؔ گاوا اسنکھ انیک ॥1॥ رہاءُ ॥

ਜਿਨ੍ ਸਿਉ ਧੜੇ ਕਰਹਿ ਸੇ ਜਾਹਿ ॥

جِنّہ سِءُ دھڑے کرہِ سے جاہِ ॥

ਝੂਠੁ ਧੜੇ ਕਰਿ ਪਛੋਤਾਹਿ ॥

جھوُٹھُ دھڑے کرِ پچھوتاہِ ॥

ਥਿਰੁ ਨ ਰਹਹਿ ਮਨਿ ਖੋਟੁ ਕਮਾਹਿ ॥

تھِرُ ن رہہِ منِ کھوٹُ کماہِ ॥

ਹਮ ਹਰਿ ਸਿਉ ਧੜਾ ਕੀਆ
ਜਿਸ ਕਾ ਕੋਈ ਸਮਰਥੁ ਨਾਹਿ ॥੨॥

ہم ہرِ سِءُ دھڑا کِیا
جِس کا کوئی سمرتھُ ناہِ ॥2॥

ਏਹ ਸਭਿ ਧੜੇ ਮਾਇਆ ਮੋਹ ਪਸਾਰੀ ॥

ایہ سبھِ دھڑے مائیا موہ پساری ॥

ਮਾਇਆ ਕਉ ਲੂਝਹਿ ਗਾਵਾਰੀ ॥

مائیا کءُ لوُجھہِ گاواری ॥

ਜਨਮਿ ਮਰਹਿ ਜੂਐ ਬਾਜੀ ਹਾਰੀ ॥

جنمِ مرہِ جوُئے بازی ہاری ॥

ਹਮਰੈ ਹਰਿ ਧੜਾ
ਜਿ ਹਲਤੁ ਪਲਤੁ ਸਭੁ ਸਵਾਰੀ ॥੩॥

ہمرے ہرِ دھڑا
جِ ہلتُ پلتُ سبھُ سواری ॥3॥

ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ ॥

کلِجُگ مہِ دھڑے پنچ چور جھگڑائے ॥

ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ ॥

کامُ کرودھُ لوبھُ موہُ ابھِمانُ ودھائے ॥

ਜਿਸ ਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ ॥

جِس نو کرِپا کرے تِسُ ستسنگِ مِلائے ॥

ਹਮਰਾ ਹਰਿ ਧੜਾ
ਜਿਨਿ ਏਹ ਧੜੇ ਸਭਿ ਗਵਾਏ ॥੪॥

ہمرا ہرِ دھڑا
جِنِ ایہ دھڑے سبھِ گوائے ॥4॥

ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ ॥

مِتھیا دوُجا بھاءُ دھڑے بہِ پاوے ॥

ਪਰਾਇਆ ਛਿਦ੍ਰੁ ਅਟਕਲੈ ਆਪਣਾ ਅਹੰਕਾਰੁ ਵਧਾਵੈ ॥

پرائیا چھِدّر اٹکلے آپنا اہنکارُ ودھاوے ॥

ਜੈਸਾ ਬੀਜੈ ਤੈਸਾ ਖਾਵੈ ॥

جیَسا بیجے تیَسا کھاوے ॥

ਜਨ ਨਾਨਕ ਕਾ ਹਰਿ ਧੜਾ ਧਰਮੁ

جن نانک کا ہرِ دھڑا دھرمُ

ਸਭ ਸ੍ਰਿਸਟਿ ਜਿਣਿ ਆਵੈ ॥੫॥੨॥੫੪॥

سبھ سرِسٹِ جِنِ آوے ॥5॥2॥ 54 ॥

ਆਸਾ ਮਹਲਾ ੪ ॥

آسا محلا 4 ॥

ਹਿਰਦੈ ਸੁਣਿ ਸੁਣਿ ਮਨਿ ਅੰਮ੍ਰਿਤੁ ਭਾਇਆ ॥

ہِردے سُنِ سُنِ منِ انمّرِتُ بھائیا ॥

ਗੁਰਬਾਣੀ ਹਰਿ ਅਲਖੁ ਲਖਾਇਆ ॥੧॥

گُربانی ہرِ الکھُ لکھائیا ॥1॥

ਗੁਰਮੁਖਿ ਨਾਮੁ ਸੁਨਹੁ ਮੇਰੀ ਭੈਨਾ ॥

گُرمُکھِ نامُ سُننہُ میری بھینا ۔ ॥

ਏਕੋ ਰਵਿ ਰਹਿਆ ਘਟ ਅੰਤਰਿ
ਮੁਖਿ ਬੋਲਹੁ ਗੁਰ ਅੰਮ੍ਰਿਤ ਬੈਨਾ ॥੧॥ ਰਹਾਉ ॥

ایکو روِ رہِیا گھٹ انترِ
مُکھِ بولہُ گُر انمّرِت بینا ॥1॥ رہاءُ ॥

ਮੈ ਮਨਿ ਤਨਿ ਪ੍ਰੇਮੁ ਮਹਾ ਬੈਰਾਗੁ ॥

مے منِ تنِ پریمُ مہا بیراگُ ॥

ਸਤਿਗੁਰੁ ਪੁਰਖੁ ਪਾਇਆ ਵਡਭਾਗੁ ॥੨॥

ستِگُرُ پُرکھُ پائیا وڈبھاگُ ॥2॥

ਦੂਜੈ ਭਾਇ ਭਵਹਿ ਬਿਖੁ ਮਾਇਆ ॥

دوُجے بھاءِ بھوہِ بِکھُ مائیا ॥

ਭਾਗਹੀਨ ਨਹੀ ਸਤਿਗੁਰੁ ਪਾਇਆ ॥੩॥

بھاگہین نہی ستِگُرُ پائیا ॥3॥

ਅੰਮ੍ਰਿਤੁ ਹਰਿ ਰਸੁ ਹਰਿ ਆਪ ਪੀਆਇਆ ॥

انمّرِتُ ہرِ رسُ ہرِ آپ پِیائیا ॥

ਗੁਰਿ ਪੂਰੈ ਨਾਨਕ ਹਰਿ ਪਾਇਆ ॥੪॥੩॥੫੫॥

گُرِ پوُرے نانک ہرِ پائیا ॥4॥3॥ 55 ॥

ਆਸਾ ਮਹਲਾ ੪ ॥

آسا محلا 4 ॥

ਮੇਰੈ ਮਨਿ ਤਨਿ ਪ੍ਰੇਮੁ ਨਾਮੁ ਆਧਾਰੁ ॥

میرے منِ تنِ پریمُ نامُ آدھارُ ॥

ਨਾਮੁ ਜਪੀ ਨਾਮੋ ਸੁਖ ਸਾਰੁ ॥੧॥

نامُ جپی نامو سُکھ سارُ ॥1॥

ਨਾਮੁ ਜਪਹੁ ਮੇਰੇ ਸਾਜਨ ਸੈਨਾ ॥

نامُ جپہُ میرے ساجن سینا ۔ ॥

ਨਾਮ ਬਿਨਾ ਮੈ ਅਵਰੁ ਨ ਕੋਈ
ਵਡੈ ਭਾਗਿ ਗੁਰਮੁਖਿ ਹਰਿ ਲੈਨਾ ॥੧॥ ਰਹਾਉ ॥

نام بِنا مے اورُ ن کوئی
وڈے بھاگِ گُرمُکھِ ہرِ لینا ॥1॥ رہاءُ ॥

ਨਾਮ ਬਿਨਾ ਨਹੀ ਜੀਵਿਆ ਜਾਇ ॥

نام بِنا نہی جیِویا جاءِ ॥

ਵਡੈ ਭਾਗਿ ਗੁਰਮੁਖਿ ਹਰਿ ਪਾਇ ॥੨॥

وڈے بھاگِ گُرمُکھِ ہرِ پاءِ ॥2॥

ਨਾਮਹੀਨ ਕਾਲਖ ਮੁਖਿ ਮਾਇਆ ॥

نامہین کالکھ مُکھِ مائیا ॥

ਨਾਮ ਬਿਨਾ ਧ੍ਰਿਗੁ ਧ੍ਰਿਗੁ ਜੀਵਾਇਆ ॥੩॥

نام بِنا دھرِگُ دھرِگُ جیِوائیا ॥3॥

ਵਡਾ ਵਡਾ ਹਰਿ ਭਾਗ ਕਰਿ ਪਾਇਆ ॥	وڈا وڈا ہرِ بھاگ کرِ پائیا ॥
ਨਾਨਕ ਗੁਰਮੁਖਿ ਨਾਮੁ ਦਿਵਾਇਆ ॥੪॥੪॥੫੬॥	نانک گُرمُکھِ نامُ دِوائیا ॥4॥4॥ 56 ॥
ਆਸਾ ਮਹਲਾ ੪ ॥	آسا محلا 4 ॥
ਗੁਣ ਗਾਵਾ ਗੁਣ ਬੋਲੀ ਬਾਣੀ ॥	گُنڻ گاوا گُنڻ بولی بانڻی ॥
ਗੁਰਮੁਖਿ ਹਰਿ ਗੁਣ ਆਖਿ ਵਖਾਣੀ ॥੧॥	گُرمُکھِ ہرِ گُنڻ آکھِ وکھانڻی ॥1॥
ਜਪਿ ਜਪਿ ਨਾਮੁ ਮਨਿ ਭਇਆ ਅਨੰਦਾ ॥	جپِ جپِ نامُ منِ بھئیا انندا ॥
ਸਤਿ ਸਤਿ ਸਤਿਗੁਰਿ ਨਾਮੁ ਦਿੜਾਇਆ ਰਸਿ ਗਾਏ ਗੁਣ ਪਰਮਾਨੰਦਾ ॥੧॥ ਰਹਾਉ ॥	ستِ ستِ ستِگُرِ نامُ دِڑائیا رسِ گائے گُنڻ پرمانندا ॥1॥ رہاءُ ॥
ਹਰਿ ਗੁਣ ਗਾਵੈ ਹਰਿ ਜਨ ਲੋਗਾ ॥	ہرِ گُنڻ گاوے ہرِ جن لوگا ॥
ਵਡੈ ਭਾਗਿ ਪਾਏ ਹਰਿ ਨਿਰਜੋਗਾ ॥੨॥	وڈے بھاگِ پائے ہرِ نِرجوگا ॥2॥
ਗੁਣ ਵਿਹੂਣ ਮਾਇਆ ਮਲੁ ਧਾਰੀ ॥	گُنڻ وِہوُنڻ مائیا مل دھاری ॥
ਵਿਣੁ ਗੁਣ ਜਨਮਿ ਮੁਏ ਅਹੰਕਾਰੀ ॥੩॥	وِنُ گُنڻ جنمِ مُے اہنکاری ॥3॥
ਸਰੀਰਿ ਸਰੋਵਰਿ ਗੁਣ ਪਰਗਟਿ ਕੀਏ ॥	سرِیر سروورِ گُنڻ پرگٹِ کیئے ॥
ਨਾਨਕ ਗੁਰਮੁਖਿ ਮਤਿ ਤਤੁ ਕਢੀਏ ॥੪॥੫॥੫੭॥	نانک گُرمُکھِ متِ تتُ کڈھیئے ॥4॥5॥ 57 ॥
ਆਸਾ ਮਹਲਾ ੪ ॥	آسا محلا 4 ॥
ਨਾਮੁ ਸੁਣੀ ਨਾਮੋ ਮਨਿ ਭਾਵੈ ॥	نامُ سُنڻی نامو منِ بھاوے ॥
ਵਡੈ ਭਾਗਿ ਗੁਰਮੁਖਿ ਹਰਿ ਪਾਵੈ ॥੧॥	وڈے بھاگِ گُرمُکھِ ہرِ پاوے ॥1॥
ਨਾਮ ਜਪਹੁ ਗੁਰਮੁਖਿ ਪਰਗਾਸਾ ॥	نام جپہُ گُرمُکھِ پرگاسا ॥
ਨਾਮ ਬਿਨਾ ਮੈ ਧਰ ਨਹੀ ਕਾਈ ਨਾਮੁ ਰਵਿਆ ਸਭ ਸਾਸ ਗਿਰਾਸਾ ॥੧॥ ਰਹਾਉ ॥	نام بِنا مے دھر نہی کائی نامُ رویا سبھ ساس گِراسا ॥1॥ رہاءُ ॥
ਨਾਮੈ ਸੁਰਤਿ ਸੁਨੀ ਮਨਿ ਭਾਈ ॥	نامے سُرتِ سُنی منِ بھائی ॥
ਜੋ ਨਾਮੁ ਸੁਨਾਵੈ ਸੋ ਮੇਰਾ ਮੀਤੁ ਸਖਾਈ ॥੨॥	جو نامُ سُناوے سو میرا میتُ سکھائی ॥2॥
ਨਾਮਹੀਣ ਗਏ ਮੂੜ ਨੰਗਾ ॥	نامہیڻ گئے موڑ ننگا ॥

ਪਚਿ ਪਚਿ ਮੁਏ ਬਿਖੁ ਦੇਖਿ ਪਤੰਗਾ ॥੩॥	پچِ پچِ مُےَ بِکھُ دیکھِ پتنگا ॥3॥
ਆਪੇ ਥਾਪੇ ਥਾਪਿ ਉਥਾਪੇ ॥	آپے تھاپے تھاپِ اُتھاپے ॥
ਨਾਨਕ ਨਾਮੁ ਦੇਵੈ ਹਰਿ ਆਪੇ ॥੪॥੬॥੫੮॥	نانک نامُ دیوےَ ہرِ آپے ॥4॥6॥ 58 ॥
ਆਸਾ ਮਹਲਾ ੪ ॥	آسا محلا 4 ॥
ਗੁਰਮੁਖਿ ਹਰਿ ਹਰਿ ਵੇਲਿ ਵਧਾਈ ॥	گُرمُکھِ ہرِ ہرِ ویلِ ودھائی ॥
ਫਲ ਲਾਗੇ ਹਰਿ ਰਸਕ ਰਸਾਈ ॥੧॥	پھل لاگے ہرِ رسک رسائی ॥1॥
ਹਰਿ ਹਰਿ ਨਾਮੁ ਜਪਿ ਅਨਤ ਤਰੰਗਾ ॥	ہرِ ہرِ نامُ جپِ انت ترنگا ॥
ਜਪਿ ਜਪਿ ਨਾਮੁ ਗੁਰਮਤਿ ਸਾਲਾਹੀ ਮਾਰਿਆ ਕਾਲੁ ਜਮਕੰਕਰ ਭੁਇਅੰਗਾ ॥੧॥ ਰਹਾਉ ॥	جپِ جپِ نامُ گُرمتِ سالاحی مارِیا کالُ جمکنکر بھُئنگا ॥1॥ رہاءُ ॥
ਹਰਿ ਹਰਿ ਗੁਰ ਮਹਿ ਭਗਤਿ ਰਖਾਈ ॥	ہرِ ہرِ گُر مہِ بھگتِ رکھائی ॥
ਗੁਰੁ ਤੁਠਾ ਸਿਖ ਦੇਵੈ ਮੇਰੇ ਭਾਈ ॥੨॥	گُرُ تُٹھا سِکھ دیوےَ میرے بھائی ۔ ॥2॥
ਹਉਮੈ ਕਰਮ ਕਿਛੁ ਬਿਧਿ ਨਹੀ ਜਾਣੈ ॥	ہئمےَ کرم کِچھُ بِدھِ نہی جانے ॥
ਜਿਉ ਕੁੰਚਰੁ ਨਾਇ ਖਾਕੁ ਸਿਰਿ ਛਾਣੈ ॥੩॥	جِءُ کُنچرُ ناءِ خاکُ سِرِ چھانے ॥3॥
ਜੇ ਵਡ ਭਾਗ ਹੋਵਹਿ ਵਡ ਊਚੇ ॥	جے وڈ بھاگ ہووہِ وڈ اوُچے ॥
ਨਾਨਕ ਨਾਮੁ ਜਪਹਿ ਸਚਿ ਸੂਚੇ ॥੪॥੭॥੫੯॥	نانک نامُ جپہِ سچِ سوُچے ॥4॥7॥ 59 ॥
ਆਸਾ ਮਹਲਾ ੪ ॥	آسا محلا 4 ॥
ਹਰਿ ਹਰਿ ਨਾਮ ਕੀ ਮਨਿ ਭੂਖ ਲਗਾਈ ॥	ہرِ ہرِ نام کی منِ بھوُکھ لگائی ॥
ਨਾਮਿ ਸੁਨਿਐ ਮਨੁ ਤ੍ਰਿਪਤੈ ਮੇਰੇ ਭਾਈ ॥੧॥	نامِ سُنِئے منُ ترِپتے میرے بھائی ۔ ॥1॥
ਨਾਮੁ ਜਪਹੁ ਮੇਰੇ ਗੁਰਸਿਖ ਮੀਤਾ ॥	نامُ جپہُ میرے گُرسِکھ مِیتا ۔ ॥
ਨਾਮੁ ਜਪਹੁ ਨਾਮੇ ਸੁਖੁ ਪਾਵਹੁ ਨਾਮੁ ਰਖਹੁ ਗੁਰਮਤਿ ਮਨਿ ਚੀਤਾ ॥੧॥ ਰਹਾਉ ॥	نامُ جپہُ نامے سُکھُ پاوہُ نامُ رکھہُ گُرمتِ منِ چیتا ॥1॥ رہاءُ ॥
ਨਾਮੋ ਨਾਮੁ ਸੁਣੀ ਮਨੁ ਸਰਸਾ ॥	نامو نامُ سُنی منُ سرسا ॥
ਨਾਮੁ ਲਾਹਾ ਲੈ ਗੁਰਮਤਿ ਬਿਗਸਾ ॥੨॥	نامُ لاہا لے گُرمتِ بِگسا ॥2॥

ਨਾਮ ਬਿਨਾ ਕੁਸਟੀ ਮੋਹ ਅੰਧਾ ॥	نام بِنا کُسٹی موہ اندّھا ॥
ਸਭ ਨਿਹਫਲ ਕਰਮ ਕੀਏ ਦੁਖੁ ਧੰਧਾ ॥੩॥	سبھ نِہپھل کرم کیۓ دُکھُ دھندّھا ॥3॥
ਹਰਿ ਹਰਿ ਹਰਿ ਜਸੁ ਜਪੈ ਵਡਭਾਗੀ ॥	ہرِ ہرِ ہرِ جسُ جپےَ وڈبھاگی ॥
ਨਾਨਕ ਗੁਰਮਤਿ ਨਾਮਿ ਲਿਵ ਲਾਗੀ ॥੪॥੮॥੬੦॥	نانک گُرمتِ نامِ لِو لاگی ॥4॥8॥ 60 ॥
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਮਹਲਾ ੪ ਰਾਗੁ ਆਸਾ ਘਰੁ ੬ ਕੇ ੩ ॥	محلا 4 راگُ آسا گھرُ 6 کے 3 ॥
ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ ॥	ہتھِ کرِ تنّتُ وجاوےَ جوگی تھوتھر واجےَ بین ॥
ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ ॥੧॥	گُرمتِ ہرِ گُنؔ بولہُ جوگی اِہُ منوُیا ہرِ رنگِ بھین ॥1॥
ਜੋਗੀ ਹਰਿ ਦੇਹੁ ਮਤੀ ਉਪਦੇਸੁ ॥	جوگی ہرِ دیہُ متی اُپدیسُ ॥
ਜੁਗੁ ਜੁਗੁ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ ॥੧॥ ਰਹਾਉ ॥	جُگُ جُگُ ہرِ ہرِ ایکو ورتے تِس آگے ہم آدیسُ ॥1॥ رہاءُ ॥
ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ ॥	گاوہِ راگ بھاتِ بہُ بولہِ اِہُ منوُیا کھیلےَ کھیل ॥
ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ ॥੨॥	جووہِ کوُپ سِنچّن کءُ بسُدھا اُٹھِ بیَل گۓ چرِ بیل ॥2॥
ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ ॥	کائیا نگر مہِ کرم ہرِ بووہُ ہرِ جامےَ ہریا کھیتُ ॥
ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ ॥੩॥	منوُیا استھِرُ بیَلُ منُ جووہُ ہرِ سِنچّہُ گُرمتِ جیتُ ॥3॥
ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚੇਲ ॥	جوگی جنگم سّرِسٹِ سبھ تُمری جو دیہُ متی تِتُ چیل ॥
ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲ ॥੪॥੯॥੬੧॥	جن نانک کے پّربھ انتّرجامی

ਹਰ ਲਾਹੁ ਮਨੂਆ ਪੀਲ ॥4॥9॥ 61 ॥

ਆਸਾ ਮਹਲਾ ੪ ॥

آسا محلا 4 ॥

ਕਬ ਕੋ ਭਾਲੈ ਘੁੰਘਰੂ ਤਾਲਾ
ਕਬ ਕੋ ਬਜਾਵੈ ਰਬਾਬੁ ॥

کب کو بھالے گھُنگھرُو تالا
کب کو بجاوے ربابُ ॥

ਆਵਤ ਜਾਤ ਬਾਰ ਖਿਨੁ ਲਾਗੈ
ਹਉ ਤਬ ਲਗੁ ਸਮਾਰਉ ਨਾਮੁ ॥੧॥

آوت جات بار کھِنُ لاگے
ہءُ تب لگُ سمارءُ نامُ ॥1॥

ਮੇਰੈ ਮਨਿ ਐਸੀ ਭਗਤਿ ਬਨਿ ਆਈ ॥

میرے منِ ایسی بھگتِ بنِ آئی ॥

ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ
ਜੈਸੇ ਜਲ ਬਿਨੁ ਮੀਨੁ ਮਰਿ ਜਾਈ ॥੧॥ ਰਹਾਉ ॥

ہءُ ہرِ بِنُ کھِنُ پلُ رہِ ن سکءُ
جیسے جل بِنُ مِینُ مرِ جائی ॥1॥ رہاءُ ॥

ਕਬ ਕੋਊ ਮੇਲੈ ਪੰਚ ਸਤ ਗਾਇਣ
ਕਬ ਕੋ ਰਾਗ ਧੁਨਿ ਉਠਾਵੈ ॥

کب کوئو میلے پنچ ست گائنُ
کب کو راگ دھُنِ اُٹھاوے ॥

ਮੇਲਤ ਚੁਨਤ ਖਿਨੁ ਪਲੁ ਚਸਾ ਲਾਗੈ
ਤਬ ਲਗੁ ਮੇਰਾ ਮਨੁ ਰਾਮ ਗੁਨ ਗਾਵੈ ॥੨॥

میلت چُنت کھِنُ پلُ چسا لاگے
تب لگُ میرا منُ رام گُن گاوے ॥2॥

ਕਬ ਕੋ ਨਾਚੈ ਪਾਵ ਪਸਾਰੈ
ਕਬ ਕੋ ਹਾਥ ਪਸਾਰੈ ॥

کب کو ناچے پاو پسارے
کب کو ہاتھ پسارے ॥

ਹਾਥ ਪਾਵ ਪਸਾਰਤ ਬਿਲਮੁ ਤਿਲੁ ਲਾਗੈ
ਤਬ ਲਗੁ ਮੇਰਾ ਮਨੁ ਰਾਮ ਸਮ੍ਾਰੈ ॥੩॥

ہاتھ پاو پسارت بِلمُ تِلُ لاگے
تب لگُ میرا منُ رام سمّہارے ॥3॥

ਕਬ ਕੋਊ ਲੋਗਨ ਕਉ ਪਤੀਆਵੈ
ਲੋਕਿ ਪਤੀਣੈ ਨਾ ਪਤਿ ਹੋਇ ॥

کب کوئو لوگن کءُ پتیاوے
لوکِ پتیئے نا پتِ ہوءِ ॥

ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ
ਤਾ ਜੈ ਜੈ ਕਰੇ ਸਭੁ ਕੋਇ ॥੪॥੧੦॥੬੨॥

جن نانک ہرِ ہِردے سد دھِیاوہُ
تا جے جے کرے سبھُ کوءِ ॥4॥ 10 ॥ 62 ॥

ਆਸਾ ਮਹਲਾ ੪ ॥

آسا محلا 4 ॥

ਸਤਸੰਗਤਿ ਮਿਲੀਐ ਹਰਿ ਸਾਧੂ
ਮਿਲਿ ਸੰਗਤਿ ਹਰਿ ਗੁਣ ਗਾਇ ॥

ستسنگتِ ملیئے ہرِ سادھوُ
مِلِ سنگتِ ہرِ گُنُ گاءِ ॥

ਗਿਆਨ ਰਤਨੁ ਬਲਿਆ ਘਟਿ ਚਾਨਣੁ

گیان رتنُ بلیا گھٹِ چانُ

ਅਗਿਆਨੁ ਅੰਧੇਰਾ ਜਾਇ ॥੧॥

اگیانُ اندھیرا جاءِ ॥1॥

ਹਰਿ ਜਨ ਨਾਚਹੁ ਹਰਿ ਹਰਿ ਧਿਆਇ ॥

ہرِ جن ناچہُ ہرِ ہرِ دھیاءِ ॥

ਐਸੇ ਸੰਤ ਮਿਲਹਿ ਮੇਰੇ ਭਾਈ
ਹਮ ਜਨ ਕੇ ਧੋਵਹ ਪਾਇ ॥੧॥ ਰਹਾਉ ॥

ایسے سنّت مِلہِ میرے بھائی
ہم جن کے دھووہ پاءِ ॥1॥ رہاءُ ॥

ਹਰਿ ਹਰਿ ਨਾਮੁ ਜਪਹੁ ਮਨ ਮੇਰੇ
ਅਨਦਿਨੁ ਹਰਿ ਲਿਵ ਲਾਇ ॥

ہرِ ہرِ نامُ جپہُ من میرے
اندِنُ ہرِ لِو لاءِ ॥

ਜੋ ਇਛਹੁ ਸੋਈ ਫਲੁ ਪਾਵਹੁ
ਫਿਰਿ ਭੂਖ ਨ ਲਾਗੈ ਆਇ ॥੨॥

جو اِچھہُ سوئی پھلُ پاوہُ
پھِرِ بھوُکھ ن لاگے آءِ ॥2॥

ਆਪੇ ਹਰਿ ਅਪਰੰਪਰੁ ਕਰਤਾ
ਹਰਿ ਆਪੇ ਬੋਲਿ ਬੁਲਾਇ ॥

آپے ہرِ اپرنّپرُ کرتا
ہرِ آپے بولِ بُلاءِ ॥

ਸੇਈ ਸੰਤ ਭਲੇ ਤੁਧੁ ਭਾਵਹਿ
ਜਿਨ੍ ਕੀ ਪਤਿ ਪਾਵਹਿ ਥਾਇ ॥੩॥

سیئی سنّت بھلے تُدھُ بھاوہِ
جِنّہ کی پتِ پاوہِ تھاءِ ॥3॥

ਨਾਨਕੁ ਆਖਿ ਨ ਰਾਜੈ ਹਰਿ ਗੁਣ
ਜਿਉ ਆਖੈ ਤਿਉ ਸੁਖੁ ਪਾਇ ॥

نانکُ آکھِ ن راجےَ ہرِ گُنّ
جِءُ آکھےَ تِءُ سُکھُ پاءِ ॥

ਭਗਤਿ ਭੰਡਾਰ ਦੀਏ ਹਰਿ ਅਪੁਨੇ
ਗੁਣ ਗਾਹਕੁ ਵਣਜਿ ਲੈ ਜਾਇ ॥੪॥੧੧॥੬੩॥

بھگتِ بھنڈار دیے ہرِ اپُنے
گُنّ گاہکُ ونّجِ لے جاءِ ॥4॥ 11 ॥ 63 ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਰਾਗੁ ਆਸਾ ਘਰੁ ੮ ਕੇ ਕਾਫੀ ਮਹਲਾ ੪ ॥

راگُ آسا گھرُ 8 کے کاپھی محلا 4 ॥

ਆਇਆ ਮਰਣੁ ਧੁਰਾਹੁ ਹਉਮੈ ਰੋਈਐ ॥

آئیا مرنُّ دھُراہُ ہئُمےَ روئیےَّ ॥

ਗੁਰਮੁਖਿ ਨਾਮੁ ਧਿਆਇ ਅਸਥਿਰੁ ਹੋਈਐ ॥੧॥

گُرمُکھِ نامُ دھیاءِ استھِرُ ہوئیےَّ ॥1॥

ਗੁਰ ਪੂਰੇ ਸਾਬਾਸਿ ਚਲਣੁ ਜਾਣਿਆ ॥

گُر پوُرے ساباسِ چلنُّ جانّیا ॥

ਲਾਹਾ ਨਾਮੁ ਸੁ ਸਾਰੁ ਸਬਦਿ ਸਮਾਣਿਆ ॥੧॥ ਰਹਾਉ ॥

لاہا نامُ سُ سارُ سبدِ سمانّیا ॥1॥ رہاءُ ॥

ਪੂਰਬਿ ਲਿਖੇ ਡੇਹ ਸਿ ਆਏ ਮਾਇਆ ॥

پوُربِ لِکھے ڈیہ سِ آئے مائیا ॥

ਚਲਣੁ ਅਜੁ ਕਿ ਕਲ੍ਿ ਧੁਰਹੁ ਫੁਰਮਾਇਆ ॥੨॥

چلنُّ اجُ کِ کلّہِ دھُرہُ فُرمائیا ॥2॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਬਿਰਥਾ ਜਨਮੁ ਤਿਨਾ ਜਿਨ੍ਹੀ ਨਾਮੁ ਵਿਸਾਰਿਆ ॥	برتھا جنمُ تِنا جِنّہی نامُ وِسارِیا ॥
ਜੂਐ ਖੇਲਣੁ ਜਗਿ ਕਿ ਇਹੁ ਮਨੁ ਹਾਰਿਆ ॥੩॥	جوُئے کھیلنُ جگ کِ اِہُ منُ ہارِیا ॥3॥
ਜੀਵਣਿ ਮਰਣਿ ਸੁਖੁ ਹੋਇ ਜਿਨ੍ਹਾ ਗੁਰੁ ਪਾਇਆ ॥	جیِونِ مرنِ سُکھُ ہوءِ جِنّہا گُرُ پائِیا ॥
ਨਾਨਕ ਸਚੇ ਸਚਿ ਸਚਿ ਸਮਾਇਆ ॥੪॥੧੨॥੬੪॥	نانک سچے سچِ سچِ سمائِیا ॥4॥ 12 ॥ 64 ॥
ਆਸਾ ਮਹਲਾ ੪ ॥	آسا محلا 4 ॥
ਜਨਮੁ ਪਦਾਰਥੁ ਪਾਇ ਨਾਮੁ ਧਿਆਇਆ ॥	جنمُ پدارتھُ پاءِ نامُ دھِیائِیا ॥
ਗੁਰ ਪਰਸਾਦੀ ਬੁਝਿ ਸਚਿ ਸਮਾਇਆ ॥੧॥	گُر پرسادی بُجھِ سچِ سمائِیا ॥1॥
ਜਿਨ੍ ਧੁਰਿ ਲਿਖਿਆ ਲੇਖੁ ਤਿਨ੍ੀ ਨਾਮੁ ਕਮਾਇਆ ॥	جِنّہ دھُرِ لِکھِیا لیکھُ تِنّہی نامُ کمائِیا ॥
ਦਰਿ ਸਚੈ ਸਚਿਆਰ ਮਹਲਿ ਬੁਲਾਇਆ ॥੧॥ ਰਹਾਉ ॥	درِ سچے سچِیار محلِ بُلائِیا ॥1॥ رہاءُ ॥
ਅੰਤਰਿ ਨਾਮੁ ਨਿਧਾਨੁ ਗੁਰਮੁਖਿ ਪਾਈਐ ॥	انترِ نامُ نِدھانُ گُرمُکھِ پائیئے ॥
ਅਨਦਿਨੁ ਨਾਮੁ ਧਿਆਇ ਹਰਿ ਗੁਣ ਗਾਈਐ ॥੨॥	اندِنُ نامُ دھِیاءِ ہرِ گُنُ گائیئے ॥2॥
ਅੰਤਰਿ ਵਸਤੁ ਅਨੇਕ ਮਨਮੁਖਿ ਨਹੀ ਪਾਈਐ ॥	انترِ وستُ انیک منمُکھِ نہی پائیئے ॥
ਹਉਮੈ ਗਰਬੈ ਗਰਬੁ ਆਪਿ ਖੁਆਈਐ ॥੩॥	ہئمےَ گربے گربُ آپِ کھُیائیئے ॥3॥
ਨਾਨਕ ਆਪੇ ਆਪਿ ਆਪਿ ਖੁਆਈਐ ॥	نانک آپے آپِ آپِ کھُیائیئے ॥
ਗੁਰਮਤਿ ਮਨਿ ਪਰਗਾਸੁ ਸਚਾ ਪਾਈਐ ॥੪॥੧੩॥੬੫॥	گُرمتِ منِ پرگاسُ سچا پائیئے ॥4॥ 13 ॥ 65 ॥
ਰਾਗੁ ਆਸਾਵਰੀ ਘਰੁ ੧੬ ਕੇ ੨ ਮਹਲਾ ੪ ਸੁਧੰਗ	راگُ آساوری گھرُ 16 کے 2 محلا 4 سُدھنگ
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ ॥	ہءُ اندِنُ ہرِ نامُ کیرتنُ کرءُ ॥
ਸਤਿਗੁਰਿ ਮੋ ਕਉ ਹਰਿ ਨਾਮੁ ਬਤਾਇਆ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ॥੧॥ ਰਹਾਉ ॥	ستِگُرِ مو کءُ ہرِ نامُ بتائِیا ہءُ ہرِ بِنُ کھِنُ پلُ رہِ ن سکءُ ॥1॥ رہاءُ ॥
ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ ॥	ہمرے سّرونُ سِمرنُ ہرِ کیرتنُ

ہءُ ہرِ بِنُ رہِ ن سکءُ ہءُ اِکُ کھِنُ ॥

ਜੈਸੇ ਹੰਸੁ ਸਰਵਰ ਬਿਨੁ ਰਹਿ ਨ ਸਕੈ
ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ ॥੧॥

جیَسے ہنَسُ سرور بِنُ رہِ ن سکےَ
تیَسے ہرِ جنُ کِءُ رہےَ ہرِ سیوا بِنُ ۔ ॥1॥

ਕਿਨਹੂੰ ਪ੍ਰੀਤਿ ਲਾਈ ਦੂਜਾ ਭਾਉ ਰਿਦ ਧਾਰਿ
ਕਿਨਹੂੰ ਪ੍ਰੀਤਿ ਲਾਈ ਮੋਹ ਅਪਮਾਨ ॥

ਹਰਿ ਜਨ ਪ੍ਰੀਤਿ ਲਾਈ ਹਰਿ ਨਿਰਬਾਣ ਪਦ
ਨਾਨਕ ਸਿਮਰਤ ਹਰਿ ਹਰਿ ਭਗਵਾਨ ॥੨॥੧੪॥੬੬॥

کِنہوُنّ پّریِت لائی دوُجا بھاءُ رِد دھارِ
کِنہوُنّ پّریِت لائی موہ اپمان ॥

ہرِ جن پّریِت لائی ہرِ نِربانُ پد
نانک سِمرت ہرِ ہرِ بھگوان ॥2॥ 14 ॥ 66 ॥

ਆਸਾਵਰੀ ਮਹਲਾ ੪ ॥

آساوری محلا 4 ॥

ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ
ਰੀ ਮਾਈ ॥

مائی مورو پّریتمُ رامُ بتاوہُ
ری مائی ۔ ॥

ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ
ਜੈਸੇ ਕਰਹਲੁ ਬੇਲਿ ਰੀਝਾਈ ॥੧॥ ਰਹਾਉ ॥

ہءُ ہرِ بِنُ کھِنُ پلُ رہِ ن سکءُ
جیَسے کرہلُ بیلِ ریجھائی ॥1॥ رہاءُ ॥

ਹਮਰਾ ਮਨੁ ਬੈਰਾਗ ਬਿਰਕਤੁ ਭਇਓ
ਹਰਿ ਦਰਸਨ ਮੀਤ ਕੈ ਤਾਈ ॥

ہمرا منُ بیَراگ بِرکتُ بھیَئو
ہرِ درسن میِت کےَ تائی ॥

ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ
ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ ॥੧॥

جیَسے الِ کملا بِنُ رہِ ن سکےَ
تیَسے موہِ ہرِ بِنُ رہنُ ن جائی ॥1॥

ਰਾਖੁ ਸਰਣਿ ਜਗਦੀਸੁਰ ਪਿਆਰੇ
ਮੋਹਿ ਸਰਧਾ ਪੂਰਿ ਹਰਿ ਗੁਸਾਈ ॥

راکھُ سرنِ جگدیسُر پیارے
موہِ سردھا پوُرِ ہرِ گُسائی ۔ ॥

ਜਨ ਨਾਨਕ ਕੈ ਮਨਿ ਅਨਦੁ ਹੋਤ ਹੈ
ਹਰਿ ਦਰਸਨੁ ਨਿਮਖ ਦਿਖਾਈ ॥੨॥੩੯॥੧੩॥੧੫॥੬੭॥

جن نانک کےَ منِ اندُ ہوت ہےَ
ہرِ درسنُ نِمکھ دِکھائی ॥2॥ 39 ॥ 13 ॥ 15 ॥ 67 ॥

ਰਾਗੁ ਆਸਾ ਘਰੁ ੨ ਮਹਲਾ ੫

راگُ آسا گھرُ 2 محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ ॥

جِنِ لائی پّریِت سوئی پھِرِ کھائیا ॥

ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ ॥

جِنِ سُکھِ بیٹھالی تِس بھءُ بہُتُ دِکھائیا ॥

ਭਾਈ ਮੀਤ ਕੁਟੰਬ ਦੇਖਿ ਬਿਬਾਦੇ ॥	بھائی مِیت کُٹنّب دیکھِ بِبادے ॥
ਹਮ ਆਈ ਵਸਗਤਿ ਗੁਰ ਪਰਸਾਦੇ ॥੧॥	ہم آئی وسگتِ گُر پرسادے ॥1॥
ਐਸਾ ਦੇਖਿ ਬਿਮੋਹਿਤ ਹੋਏ ॥	ایَسا دیکھِ بِموہِت ہوئے ॥
ਸਾਧਿਕ ਸਿਧ ਸੁਰਦੇਵ ਮਨੁਖਾ ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ ॥੧॥ ਰਹਾਉ ॥	سادھِک سِدھ سُردیو منکھا بِنُ سادھوُ سبھِ دھّروہنِ دھّروہے ॥1॥ رہاءُ ॥
ਇਕਿ ਫਿਰਹਿ ਉਦਾਸੀ ਤਿਨ੍ ਕਾਮਿ ਵਿਆਪੈ ॥	اِکِ پھِرہِ اُداسی تِنّہ کامِ وِیاپے ॥
ਇਕਿ ਸੰਚਹਿ ਗਿਰਹੀ ਤਿਨ੍ ਹੋਇ ਨ ਆਪੈ ॥	اِکِ سنچّہِ گِرہی تِنّہ ہوءِ ن آپے ॥
ਇਕਿ ਸਤੀ ਕਹਾਵਹਿ ਤਿਨ੍ ਬਹੁਤੁ ਕਲਪਾਵੈ ॥	اِکِ ستی کہاوہِ تِنّہ بہُتُ کلپاوے ॥
ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ ॥੨॥	ہم ہرِ راکھے لگِ ستِگُر پاوے ॥2॥
ਤਪੁ ਕਰਤੇ ਤਪਸੀ ਭੂਲਾਏ ॥	تپُ کرتے تپسی بھوُلائے ॥
ਪੰਡਿਤ ਮੋਹੇ ਲੋਭਿ ਸਬਾਏ ॥	پنڈِت موہے لوبھِ سبائے ॥
ਤ੍ਰੈ ਗੁਣ ਮੋਹੇ ਮੋਹਿਆ ਆਕਾਸੁ ॥	ترّے گُن موہے موہِیا آکاسُ ॥
ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ॥੩॥	ہم ستِگُر راکھے دے کرِ ہاتھُ ॥3॥
ਗਿਆਨੀ ਕੀ ਹੋਇ ਵਰਤੀ ਦਾਸਿ ॥	گِیانی کی ہوءِ ورتی داسِ ॥
ਕਰ ਜੋੜੇ ਸੇਵਾ ਕਰੇ ਅਰਦਾਸਿ ॥	کر جوڑے سیوا کرے عرداسِ ॥
ਜੋ ਤੂੰ ਕਹਹਿ ਸੁ ਕਾਰ ਕਮਾਵਾ ॥	جو توُنّ کہہِ سُ کار کماوا ॥
ਜਨ ਨਾਨਕ ਗੁਰਮੁਖ ਨੇੜਿ ਨ ਆਵਾ ॥੪॥੧॥	جن نانک گُرمُکھ نیڑِ ن آوا ॥4॥1॥
ਆਸਾ ਮਹਲਾ ੫ ॥	آسا محلا 5 ॥
ਸਸੂ ਤੇ ਪਿਰਿ ਕੀਨੀ ਵਾਖਿ ॥	سسوُ تے پِرِ کِینی واکھِ ॥
ਦੇਰ ਜਿਠਾਣੀ ਮੁਈ ਦੂਖਿ ਸੰਤਾਪਿ ॥	دیر جِٹھانی مُئی دوُکھِ سنّتاپِ ॥
ਘਰ ਕੇ ਜਿਠੇਰੇ ਕੀ ਚੂਕੀ ਕਾਣਿ ॥	گھر کے جِٹھیرے کی چوُکی کانِ ॥
ਪਿਰਿ ਰਖਿਆ ਕੀਨੀ ਸੁਘੜ ਸੁਜਾਣਿ ॥੧॥	پِرِ رکھِیا کِینی سُگھڑ سُجانِ ॥1॥
ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ ॥	سُنہُ لوکا مے پّریم رسُ پائیا ॥

ਦੂਰਜਨ ਮਾਰੇ ਵੈਰੀ ਸੰਘਾਰੇ ਸਤਿਗੁਰਿ ਮੋ ਕਉ ਹਰਿ ਨਾਮੁ ਦਿਵਾਇਆ ॥੧॥ ਰਹਾਉ ॥	دُرجن مارے ویَری سنگھارے ستِگُرِ موکءُ ہرِ نامُ دِوائیا ॥1॥ رہاءُ ॥
ਪ੍ਰਥਮੇ ਤਿਆਗੀ ਹਉਮੈ ਪ੍ਰੀਤਿ ॥	پرتھمے تِیاگی ہئُمےَ پرِیتِ ॥
ਦੁਤੀਆ ਤਿਆਗੀ ਲੋਗਾ ਰੀਤਿ ॥	دُتیا تِیاگی لوگا ریتِ ॥
ਤ੍ਰੈ ਗੁਣ ਤਿਆਗਿ ਦੂਰਜਨ ਮੀਤ ਸਮਾਨੇ ॥	ترےَ گُن تِیاگِ دُرجن مِیت سمانے ॥
ਤੁਰੀਆ ਗੁਣੁ ਮਿਲਿ ਸਾਧ ਪਛਾਨੇ ॥੨॥	تُریا گُنُ مِلِ سادھ پچھانے ॥2॥
ਸਹਜ ਗੁਫਾ ਮਹਿ ਆਸਣੁ ਬਾਧਿਆ ॥	سہج گُپھا مہِ آسنُ بادھیا ॥
ਜੋਤਿ ਸਰੂਪ ਅਨਾਹਦੁ ਵਾਜਿਆ ॥	جوتِ سروُپ اناہدُ واجِیا ॥
ਮਹਾ ਅਨੰਦੁ ਗੁਰ ਸਬਦੁ ਵੀਚਾਰਿ ॥	مہا اننَدُ گُر سبدُ ویچارِ ॥
ਪ੍ਰਿਅ ਸਿਉ ਰਾਤੀ ਧਨ ਸੋਹਾਗਣਿ ਨਾਰਿ ॥੩॥	پرِء سِءُ راتی دھن سوہاگنِ نارِ ॥3॥
ਜਨ ਨਾਨਕੁ ਬੋਲੇ ਬ੍ਰਹਮ ਬੀਚਾਰੁ ॥	جن نانکُ بولے برہم بیچارُ ॥
ਜੋ ਸੁਣੇ ਕਮਾਵੈ ਸੁ ਉਤਰੈ ਪਾਰਿ ॥	جو سُنے کماوےَ سُ اُترےَ پارِ ॥
ਜਨਮਿ ਨ ਮਰੈ ਨ ਆਵੈ ਨ ਜਾਇ ॥	جنمِ ن مرےَ ن آوےَ ن جاءِ ॥
ਹਰਿ ਸੇਤੀ ਓਹੁ ਰਹੈ ਸਮਾਇ ॥੪॥੨॥	ہرِ سیتی اوہُ رہےَ سماءِ ॥4॥2॥
ਆਸਾ ਮਹਲਾ ੫ ॥	آسا محلا 5 ॥
ਨਿਜ ਭਗਤੀ ਸੀਲਵੰਤੀ ਨਾਰਿ ॥	نِج بھگتی سیلونتی نارِ ॥
ਰੂਪਿ ਅਨੂਪ ਪੂਰੀ ਆਚਾਰਿ ॥	روُپِ انوُپ پوُری آچارِ ॥
ਜਿਤੁ ਗ੍ਰਿਹਿ ਵਸੈ ਸੋ ਗ੍ਰਿਹੁ ਸੋਭਾਵੰਤਾ ॥	جِتُ گرِہِ وسےَ سو گرِہُ سوبھاونتا ॥
ਗੁਰਮੁਖਿ ਪਾਈ ਕਿਨੈ ਵਿਰਲੈ ਜੰਤਾ ॥੧॥	گُرمُکھِ پائی کِنےَ وِرلے جنتا ॥1॥
ਸੁਕਰਣੀ ਕਾਮਣਿ ਗੁਰ ਮਿਲਿ ਹਮ ਪਾਈ ॥	سُکرنی کامنِ گُر مِلِ ہم پائی ॥
ਜਜਿ ਕਾਜਿ ਪਰਥਾਇ ਸੁਹਾਈ ॥੧॥ ਰਹਾਉ ॥	ججِ کاجِ پرتھاءِ سُہائی ॥1॥ رہاءُ ॥
ਜਿਚਰੁ ਵਸੀ ਪਿਤਾ ਕੈ ਸਾਥਿ ॥	جِچرُ وسی پِتا کے ساتھِ ॥
ਤਿਚਰੁ ਕੰਤੁ ਬਹੁ ਫਿਰੈ ਉਦਾਸਿ ॥	تِچرُ کنتُ بہُ پھِرےَ اُداسِ ॥

ਕਰਿ ਸੇਵਾ ਸਤ ਪੁਰਖੁ ਮਨਾਇਆ ॥	کرِ سیوا ست پُرکھ منائیا ॥
ਗੁਰਿ ਆਣੀ ਘਰ ਮਹਿ ਤਾ ਸਰਬ ਸੁਖ ਪਾਇਆ ॥੨॥	گُرِ آنٹی گھر مہِ تا سرب سُکھ پائیا ॥2॥
ਬਤੀਹ ਸੁਲਖਣੀ ਸਚੁ ਸੰਤਤਿ ਪੂਤ ॥	بتیہ سُلکھنٹی سچُ سنّتتِ پوُت ॥
ਆਗਿਆਕਾਰੀ ਸੁਘੜ ਸਰੂਪ ॥	آگیاکاری سُگھڑ سروُپ ॥
ਇਛ ਪੂਰੇ ਮਨ ਕੰਤ ਸੁਆਮੀ ॥	اِچھ پوُرے من کنّت سُیامی ॥
ਸਗਲ ਸੰਤੋਖੀ ਦੇਰ ਜੇਠਾਨੀ ॥੩॥	سگل سنّتوکھی دیر جیٹھانی ॥3॥
ਸਭ ਪਰਵਾਰੈ ਮਾਹਿ ਸਰੇਸਟ ॥	سبھ پروارے ماہِ سریسٹ ॥
ਮਤੀ ਦੇਵੀ ਦੇਵਰ ਜੇਸਟ ॥	متی دیوی دیور جیسٹ ॥
ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ ॥	دھنّنُ سُ گرِہُ جِتُ پرّگٹی آءِ ॥
ਜਨ ਨਾਨਕ ਸੁਖੇ ਸੁਖਿ ਵਿਹਾਇ ॥੪॥੩॥	جن نانک سُکھے سُکھِ وِہاءِ ॥4॥3॥
ਆਸਾ ਮਹਲਾ ੫ ॥	آسا محلا 5 ॥
ਮਤਾ ਕਰਉ ਸੋ ਪਕਨਿ ਨ ਦੇਈ ॥	متا کرءُ سو پکنِ ن دیئی ॥
ਸੀਲ ਸੰਜਮ ਕੈ ਨਿਕਟਿ ਖਲੋਈ ॥	سیِل سنجّم کے نِکٹِ کھلوئی ॥
ਵੇਸ ਕਰੇ ਬਹੁ ਰੂਪ ਦਿਖਾਵੈ ॥	ویس کرے بہُ روُپ دِکھاوے ॥
ਗ੍ਰਿਹਿ ਬਸਨਿ ਨ ਦੇਈ ਵਖਿ ਵਖਿ ਭਰਮਾਵੈ ॥੧॥	گرّہِ بسنِ ن دیئی وکھِ وکھِ بھرماوے ॥1॥
ਘਰ ਕੀ ਨਾਇਕਿ ਘਰ ਵਾਸੁ ਨ ਦੇਵੈ ॥	گھر کی نائِکِ گھر واسُ ن دیوے ॥
ਜਤਨ ਕਰਉ ਉਰਝਾਇ ਪਰੇਵੈ ॥੧॥ ਰਹਾਉ ॥	جتن کرءُ اُرجھاءِ پریوے ॥1॥ رہاءُ ॥
ਧੁਰ ਕੀ ਭੇਜੀ ਆਈ ਆਮਰਿ ॥	دھُر کی بھیجی آئی آمرِ ॥
ਨਉ ਖੰਡ ਜੀਤੇ ਸਭਿ ਥਾਨ ਥਨੰਤਰ ॥	نءُ کھنڈ جیتے سبھِ تھان تھننّتر ॥
ਤਟਿ ਤੀਰਥਿ ਨ ਛੋਡੈ ਜੋਗ ਸੰਨਿਆਸ ॥	تٹِ تیرتھِ ن چھوڈے جوگ سنّیاس ॥
ਪੜਿ ਥਾਕੇ ਸਿੰਮ੍ਰਿਤਿ ਬੇਦ ਅਭਿਆਸ ॥੨॥	پڑِ تھاکے سِمّرِتِ بید ابھیاس ॥2॥

ਜਹ ਬੈਸਉ ਤਹ ਨਾਲੇ ਬੈਸੈ ॥	جہ بیَس ءُ تہ نالے بیَسے ॥
ਸਗਲ ਭਵਨ ਮਹਿ ਸਬਲ ਪ੍ਰਵੇਸੈ ॥	سگل بھون مہِ سبل پرویسے ॥
ਹੋਛੀ ਸਰਣਿ ਪਇਆ ਰਹਣੁ ਨ ਪਾਈ ॥	ہوچھی سرنِ پئیا رہنُ ن پائی ॥
ਕਹੁ ਮੀਤਾ ਹਉ ਕੈ ਪਹਿ ਜਾਈ ॥੩॥	کہُ میتا ہءُ کے پہِ جائی ۔ ॥3॥
ਸੁਣਿ ਉਪਦੇਸੁ ਸਤਿਗੁਰ ਪਹਿ ਆਇਆ ॥	سُنِ اُپدیسُ ستگُر پہِ آئیا ॥
ਗੁਰਿ ਹਰਿ ਹਰਿ ਨਾਮੁ ਮੋਹਿ ਮੰਤ੍ਰੁ ਦ੍ਰਿੜਾਇਆ ॥	گُرِ ہرِ ہرِ نامُ موہِ منّتر دّرِڑائیا ॥
ਨਿਜ ਘਰਿ ਵਸਿਆ ਗੁਣ ਗਾਇ ਅਨੰਤਾ ॥	نِج گھرِ وسیا گُنُ گاءِ اننّتا ॥
ਪ੍ਰਭੁ ਮਿਲਿਓ ਨਾਨਕ ਭਏ ਅਚਿੰਤਾ ॥੪॥	پّربھُ مِلیُو نانک بھے اچنّتا ॥4॥
ਘਰੁ ਮੇਰਾ ਇਹ ਨਾਇਕਿ ਹਮਾਰੀ ॥	گھرُ میرا اِہ نائکِ ہماری ॥
ਇਹ ਆਮਰਿ ਹਮ ਗੁਰਿ ਕੀਏ ਦਰਬਾਰੀ ॥੧॥ ਰਹਾਉ ਦੂਜਾ॥੪॥੪॥	اِہ آمرِ ہم گُرِ کیئے درباری ॥1॥ رہاءُ دوُجا ॥4॥4॥
ਆਸਾ ਮਹਲਾ ੫ ॥	آسا محلا 5 ॥
ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥	پّرتھمے متا جِ پتّری چلاوءُ ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥	دُتیئے متا دُءِ مانُکھ پہُچاوءُ ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥	تّرتیئے متا کِچھُ کرءُ اُپائیا ॥
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥੧॥	مے سبھُ کِچھُ چھوڈِ پّربھ تُہی دھیائیا ॥1॥
ਮਹਾ ਅਨੰਦ ਅਚਿੰਤ ਸਹਜਾਇਆ ॥	مہا اننّد اچنّت سہجائیا ॥
ਦੁਸਮਨ ਦੂਤ ਮੁਏ ਸੁਖੁ ਪਾਇਆ ॥੧॥ ਰਹਾਉ ॥	دُسمن دوُت مُے سُکھُ پائیا ॥1॥ رہاءُ ॥
ਸਤਿਗੁਰਿ ਮੋ ਕਉ ਦੀਆ ਉਪਦੇਸੁ ॥	ستگُرِ مو کءُ دیِیا اُپدیسُ ॥
ਜੀਉ ਪਿੰਡੁ ਸਭੁ ਹਰਿ ਕਾ ਦੇਸੁ ॥	جیِءُ پِنڈُ سبھُ ہرِ کا دیسُ ॥
ਜੋ ਕਿਛੁ ਕਰੀ ਸੁ ਤੇਰਾ ਤਾਣੁ ॥	جو کِچھُ کری سُ تیرا تانُ ॥
ਤੂੰ ਮੇਰੀ ਓਟ ਤੂੰਹੈ ਦੀਬਾਣੁ ॥੨॥	توُنَ میری اوٹ توُنہے دیِبانُ ॥2॥

ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ ॥	تُدھنو چھوڈِ جائیئے پربھ کیَں دھرِ ॥
ਆਨ ਨ ਬੀਆ ਤੇਰੀ ਸਮਸਰਿ ॥	آن ن بِیا تیری سمسرِ ॥
ਤੇਰੇ ਸੇਵਕ ਕਉ ਕਿਸ ਕੀ ਕਾਣਿ ॥	تیرے سیوک ک ءُ کِس کی کانِ۔ ॥
ਸਾਕਤੁ ਭੂਲਾ ਫਿਰੈ ਬੇਬਾਣਿ ॥੩॥	ساکتُ بھوُلا پھِرے بیبانِ ॥3॥
ਤੇਰੀ ਵਡਿਆਈ ਕਹੀ ਨ ਜਾਇ ॥	تیری وڈِیائی کہی ن جاءِ ॥
ਜਹ ਕਹ ਰਾਖਿ ਲੈਹਿ ਗਲਿ ਲਾਇ ॥	جہ کہ راکھِ لیَہِ گلِ لاءِ ॥
ਨਾਨਕ ਦਾਸ ਤੇਰੀ ਸਰਣਾਈ ॥	نانک داس تیری سرٹائی ॥
ਪ੍ਰਭਿ ਰਾਖੀ ਪੈਜ ਵਜੀ ਵਾਧਾਈ ॥੪॥੫॥	پربھِ راکھی پیَج وجی وادھائی ॥4॥5॥
ਆਸਾ ਮਹਲਾ ੫ ॥	آسا محلا 5 ॥
ਪਰਦੇਸੁ ਝਾਗਿ ਸਉਦੇ ਕਉ ਆਇਆ ॥	پردیسُ جھاگِ سئُدے ک ءُ آئیا ॥
ਵਸਤੁ ਅਨੂਪ ਸੁਣੀ ਲਾਭਾਇਆ ॥	وستُ انوُپ سُنّی لابھائیا ॥
ਗੁਣ ਰਾਸਿ ਬੰਨ੍ਹਿ ਪਲੈ ਆਨੀ ॥	گُنّ راسِ بنّھِ پلےَ آنی ॥
ਦੇਖਿ ਰਤਨੁ ਇਹੁ ਮਨੁ ਲਪਟਾਨੀ ॥੧॥	دیکھِ رتنُ اِہُ منُ لپٹانی ॥1॥
ਸਾਹ ਵਾਪਾਰੀ ਦੁਆਰੈ ਆਏ ॥	ساہ واپاری دُیارے آئے ॥
ਵਖਰੁ ਕਾਢਹੁ ਸਉਦਾ ਕਰਾਏ ॥੧॥ ਰਹਾਉ ॥	وکھرُ کاڈھہُ سئُدا کرائے ॥1॥ رہاءُ ॥
ਸਾਹਿ ਪਠਾਇਆ ਸਾਹੈ ਪਾਸਿ ॥	ساہِ پٹھائیا ساہےَ پاسِ ॥
ਅਮੋਲ ਰਤਨ ਅਮੋਲਾ ਰਾਸਿ ॥	امول رتن امولا راسِ ॥
ਵਿਸਟੁ ਸੁਭਾਈ ਪਾਇਆ ਮੀਤ ॥	وِستُ سُبھائی پائیا میت ॥
ਸਉਦਾ ਮਿਲਿਆ ਨਿਹਚਲ ਚੀਤ ॥੨॥	سئُدا مِلیا نِہچل چیت ॥2॥
ਭਉ ਨਹੀ ਤਸਕਰ ਪਉਣ ਨ ਪਾਨੀ ॥	بھ ءُ نہی تسکر پئُنّ ن پانی ॥
ਸਹਜਿ ਵਿਹਾਝੀ ਸਹਜਿ ਲੈ ਜਾਨੀ ॥	سہجِ وِہاجھی سہجِ لے جانی ॥
ਸਤ ਕੈ ਖਟਿਐ ਦੁਖੁ ਨਹੀ ਪਾਇਆ ॥	ست کے کھٹےّ دُکھُ نہی پائیا ॥

ਸਹੀ ਸਲਾਮਤਿ ਘਰਿ ਲੈ ਆਇਆ ॥੩॥	صہی سلامتِ گھرِ لے آئیا ॥3॥
ਮਿਲਿਆ ਲਾਹਾ ਭਏ ਅਨੰਦ ॥	مِلیا لاہا بھئے انندَ ॥
ਧੰਨੁ ਸਾਹ ਪੂਰੇ ਬਖਸਿੰਦ ॥	دھنّ ساہ پُورے بخشِندَ ॥
ਇਹੁ ਸਉਦਾ ਗੁਰਮੁਖਿ ਕਿਨੈ ਵਿਰਲੈ ਪਾਇਆ ॥	اِہُ سئُدا گُرمُکھِ کِنے وِرلے پائیا ॥
ਸਹਲੀ ਖੇਪ ਨਾਨਕੁ ਲੈ ਆਇਆ ॥੪॥੬॥	سہلی کھیپ نانکُ لے آئیا ॥4॥6॥
ਆਸਾ ਮਹਲਾ ੫ ॥	آسا محلا 5 ॥
ਗੁਨੁ ਅਵਗਨੁ ਮੇਰੋ ਕਛੁ ਨ ਬੀਚਾਰੋ ॥	گُنُ اوگُنُ میرو کچھُ ن بیچارو ॥
ਨਹ ਦੇਖਿਓ ਰੂਪ ਰੰਗ ਸੀਗਾਰੋ ॥	نہ دیکھِئو روُپ رنگ سِینگارو ॥
ਚਜ ਅਚਾਰ ਕਿਛੁ ਬਿਧਿ ਨਹੀ ਜਾਨੀ ॥	چج اچار کچھُ بِدھِ نہی جانی ॥
ਬਾਹ ਪਕਰਿ ਪ੍ਰਿਅ ਸੇਜੈ ਆਨੀ ॥੧॥	باہ پکرِ پرِء سیجے آنی ॥1॥
ਸੁਨਿਬੋ ਸਖੀ ਕੰਤਿ ਹਮਾਰੋ ਕੀਅਲੋ ਖਸਮਾਨਾ ॥	سُنِبو سکھی کنّتِ ہمارو کِیئلو کھسمانا ॥
ਕਰੁ ਮਸਤਕਿ ਧਾਰਿ ਰਾਖਿਓ ਕਰਿ ਅਪੁਨਾ ਕਿਆ ਜਾਨੈ ਇਹੁ ਲੋਕੁ ਅਜਾਨਾ ॥੧॥ ਰਹਾਉ ॥	کرُ مستکِ دھارِ راکھِئو کرِ اپُنا کِیا جانے اِہُ لوکُ اجانا ۔ ॥1॥ رہاءُ ॥
ਸੁਹਾਗੁ ਹਮਾਰੋ ਅਬ ਹੁਣਿ ਸੋਹਿਓ ॥	سُہاگُ ہمارو اب ہُنڑِ سوہِئو ॥
ਕੰਤੁ ਮਿਲਿਓ ਮੇਰੋ ਸਭੁ ਦੁਖੁ ਜੋਹਿਓ ॥	کنّتُ مِلِئو میرو سبھُ دُکھُ جوہِئو ॥
ਆਗਨਿ ਮੇਰੈ ਸੋਭਾ ਚੰਦ ॥	آگنِ میرے سوبھا چندَ ॥
ਨਿਸਿ ਬਾਸੁਰ ਪ੍ਰਿਅ ਸੰਗਿ ਅਨੰਦ ॥੨॥	نِس باسُر پرِء سنگِ انندَ ॥2॥
ਬਸਤ੍ਰ ਹਮਾਰੇ ਰੰਗਿ ਚਲੂਲ ॥	بسترّ ہمارے رنگِ چلوُل ॥
ਸਗਲ ਆਭਰਣ ਸੋਭਾ ਕੰਠਿ ਫੂਲ ॥	سگل آبھرنڑ سوبھا کنّٹھِ پھوُل ॥
ਪ੍ਰਿਅ ਪੇਖੀ ਦ੍ਰਿਸਟਿ ਪਾਏ ਸਗਲ ਨਿਧਾਨ ॥	پرِء پیکھی دڑِسٹِ پائے سگل نِدھان ॥
ਦੁਸਟ ਦੂਤ ਕੀ ਚੂਕੀ ਕਾਨਿ ॥੩॥	دُسٹ دوُت کی چوُکی کانِ ॥3॥
ਸਦ ਖੁਸੀਆ ਸਦਾ ਰੰਗ ਮਾਣੇ ॥	سد کھُسیِیا سدا رنگ ماٹے ॥
ਨਉ ਨਿਧਿ ਨਾਮੁ ਗ੍ਰਿਹ ਮਹਿ ਤ੍ਰਿਪਤਾਨੇ ॥	نءُ نِدھِ نامُ گرِہ مہِ تّرِپتانے ॥

ਕਹੁ ਨਾਨਕ ਜਉ ਪਿਰਹਿ ਸੀਗਾਰੀ ॥	کہُ نانک جءُ پِرہِ سیِگاری ॥
ਥਿਰੁ ਸੋਹਾਗਨਿ ਸੰਗਿ ਭਤਾਰੀ ॥੪॥੭॥	تھِرُ سوہاگنِ سنگِ بھتاری ॥4॥7॥
ਆਸਾ ਮਹਲਾ ੫ ॥	آسا محلا 5 ॥
ਦਾਨੁ ਦੇਇ ਕਰਿ ਪੂਜਾ ਕਰਨਾ ॥	دانُ دےءِ کرِ پوُجا کرنا ॥
ਲੈਤ ਦੇਤ ਉਨ੍ਹ ਮੂਕਰਿ ਪਰਨਾ ॥	لیَت دیت اُنہ موُکرِ پرنا ॥
ਜਿਤੁ ਦਰਿ ਤੁਮ੍ਹ ਹੈ ਬ੍ਰਾਹਮਣ ਜਾਣਾ ॥	جِتُ درِ تُمہ ہےَ برّاہمنُ جاٹا ॥
ਤਿਤੁ ਦਰਿ ਤੂੰਹੀ ਹੈ ਪਛੁਤਾਣਾ ॥੧॥	تِتُ درِ توُنہی ہے پچھُتاٹا ॥1॥
ਐਸੇ ਬ੍ਰਾਹਮਣ ਡੂਬੇ ਭਾਈ ॥	ایَسے برّاہمنُ ڈوُبے بھائی ۔ ॥
ਨਿਰਾਪਰਾਧ ਚਿਤਵਹਿ ਬੁਰਿਆਈ ॥੧॥ ਰਹਾਉ ॥	نِراپرادھ چِتوہِ بُریائی ॥1॥ رہاءُ ॥
ਅੰਤਰਿ ਲੋਭੁ ਫਿਰਹਿ ਹਲਕਾਏ ॥	انترِ لوبھُ پھِرہِ ہلکائے ॥
ਨਿੰਦਾ ਕਰਹਿ ਸਿਰਿ ਭਾਰੁ ਉਠਾਏ ॥	نِندا کرہِ سِرِ بھارُ اُٹھائے ॥
ਮਾਇਆ ਮੂਠਾ ਚੇਤੈ ਨਾਹੀ ॥	مائیا موُٹھا چیتے ناہی ॥
ਭਰਮੇ ਭੂਲਾ ਬਹੁਤੀ ਰਾਹੀ ॥੨॥	بھرمے بھوُلا بہُتی راہی ॥2॥
ਬਾਹਰਿ ਭੇਖ ਕਰਹਿ ਘਨੇਰੇ ॥	باہرِ بھیکھ کرہِ گھنیرے ॥
ਅੰਤਰਿ ਬਿਖਿਆ ਉਤਰੀ ਘੇਰੇ ॥	انترِ بِکھیا اُتری گھیرے ॥
ਅਵਰ ਉਪਦੇਸੈ ਆਪਿ ਨ ਬੂਝੈ ॥	اور اُپدیسےَ آپِ ن بوُجھےَ ॥
ਐਸਾ ਬ੍ਰਾਹਮਣੁ ਕਹੀ ਨ ਸੀਝੈ ॥੩॥	ایَسا برّاہمنُ کہی ن سیِجھےَ ॥3॥
ਮੂਰਖ ਬਾਮਣ ਪ੍ਰਭੂ ਸਮਾਲਿ ॥	موُرکھ بامنُ پربھوُ سمالِ ॥
ਦੇਖਤ ਸੁਨਤ ਤੇਰੈ ਹੈ ਨਾਲਿ ॥	دیکھت سُنت تیرےَ ہےَ نالِ ॥
ਕਹੁ ਨਾਨਕ ਜੇ ਹੋਵੀ ਭਾਗੁ ॥	کہُ نانک جے ہووی بھاگُ ॥
ਮਾਨੁ ਛੋਡਿ ਗੁਰ ਚਰਣੀ ਲਾਗੁ ॥੪॥੮॥	مانُ چھوڈِ گُر چرنی لاگُ ॥4॥8॥
ਆਸਾ ਮਹਲਾ ੫ ॥	آسا محلا 5 ॥
ਦੂਖ ਰੋਗ ਭਏ ਗਤੁ ਤਨ ਤੇ	دوُکھ روگ بھےَ گتُ تن تے

ਮਨੁ ਨਿਰਮਲੁ ਹਰਿ ਹਰਿ ਗੁਣ ਗਾਇ ॥

ਭਏ ਅਨੰਦ ਮਿਲਿ ਸਾਧੂ ਸੰਗਿ
ਅਬ ਮੇਰਾ ਮਨੁ ਕਤ ਹੀ ਨ ਜਾਇ ॥੧॥

ਤਪਤਿ ਬੁਝੀ ਗੁਰ ਸਬਦੀ ਮਾਇ ॥

ਬਿਨਸਿ ਗਇਓ ਤਾਪ ਸਭ ਸਹਸਾ
ਗੁਰੁ ਸੀਤਲੁ ਮਿਲਿਓ ਸਹਜਿ ਸੁਭਾਇ ॥੧॥ ਰਹਾਉ ॥

ਧਾਵਤ ਰਹੇ ਏਕੁ ਇਕੁ ਬੂਝਿਆ
ਆਇ ਬਸੇ ਅਬ ਨਿਹਚਲੁ ਥਾਇ ॥

ਜਗਤੁ ਉਧਾਰਨ ਸੰਤ ਤੁਮਾਰੇ
ਦਰਸਨੁ ਪੇਖਤ ਰਹੇ ਅਘਾਇ ॥

ਜਨਮ ਦੋਖ ਪਰੇ ਮੇਰੇ ਪਾਛੈ
ਅਬ ਪਕਰੇ ਨਿਹਚਲੁ ਸਾਧੂ ਪਾਇ ॥

ਸਹਜ ਧੁਨਿ ਗਾਵੈ ਮੰਗਲ ਮਨੂਆ
ਅਬ ਤਾ ਕਉ ਫੁਨਿ ਕਾਲੁ ਨ ਖਾਇ ॥੩॥

ਕਰਨ ਕਾਰਨ ਸਮਰਥ ਹਮਾਰੇ
ਸੁਖਦਾਈ ਮੇਰੇ ਹਰਿ ਹਰਿ ਰਾਇ ॥

ਨਾਮੁ ਤੇਰਾ ਜਪਿ ਜੀਵੈ ਨਾਨਕੁ
ਓਤਿ ਪੋਤਿ ਮੇਰੈ ਸੰਗਿ ਸਹਾਇ ॥੪॥੯॥

ਆਸਾ ਮਹਲਾ ੫ ॥

ਅਰੜਾਵੈ ਬਿਲਲਾਵੈ ਨਿੰਦਕੁ ॥

ਪਾਰਬ੍ਰਹਮੁ ਪਰਮੇਸਰੁ ਬਿਸਰਿਆ
ਅਪਣਾ ਕੀਤਾ ਪਾਵੈ ਨਿੰਦਕੁ ॥੧॥ ਰਹਾਉ ॥

ਜੇ ਕੋਈ ਉਸ ਕਾ ਸੰਗੀ ਹੋਵੈ
ਨਾਲੇ ਲਏ ਸਿਧਾਵੈ ॥

ਅਣਹੋਦਾ ਅਜਗਰੁ ਭਾਰੁ ਉਠਾਏ

مَنُ نِرملُ ہرِ ہرِ گُنؤ گاءِ ॥

بھئے انند مِلِ سادھوُ سنگِ
اب میرا منُ کت ہی ن جاءِ ॥1॥

تپتِ بُجھی گُر سبدی ماءِ ۔ ॥

بِنسِ گئیو تاپ سبھ سہسا
گُرُ سیتلُ مِلیو سہجِ سُبھاءِ ॥1॥ رہاءُ ॥

دھاوت رہے ایکُ اِکُ بُوجھیا
آءِ بسے اب نِہچلُ تھاءِ ॥

جگتُ اُدھارن سنّت تُمارے
درسنُ پیکھت رہے اگھاءِ ॥

جنم دوکھ پرے میرے پاچھے
اب پکرے نِہچلُ سادھوُ پاءِ ॥

سہج دھُنِ گاوے منگل منوُیا
اب تا کءُ پھُنِ کالُ ن کھاءِ ॥3॥

کرن کارن سمرتھ ہمارے
سُکھدائی میرے ہرِ ہرِ راءِ ॥

نامُ تیرا جپِ جیوے نانکُ
اوتِ پوتِ میرے سنگِ سہاءِ ॥4॥9॥

آسا محلا 5 ॥

ارڑاوے بِللاوے نِندکُ ॥

پاربرّہمُ پرمیسرُ بِسریا
اپنا کیتا پاوے نِندکُ ॥1॥ رہاءُ ॥

جے کوئی اُس کا سنگی ہووے
نالے لئے سِدھاوے ॥

انّہودا اجگرُ بھارُ اُٹھائے

ਨਿੰਦਕੁ ਅਗਨੀ ਮਾਹਿ ਜਲਾਵੈ ॥੧॥	نِندکُ اگنی ماہِ جلاوے ॥1॥
ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ ॥	پرمیسر کے دُیارے جِ ہوءِ بِتیتے سُ نانکُ آکھِ سُنّاوے ॥
ਭਗਤ ਜਨਾ ਕਉ ਸਦਾ ਅਨੰਦੁ ਹੈ ਹਰਿ ਕੀਰਤਨੁ ਗਾਇ ਬਿਗਸਾਵੈ ॥੨॥੧੦॥	بھگت جنا کءُ سدا انندُ ہے ہرِ کیرتنُ گاءِ بِگساوے ॥2॥ 10 ॥
ਆਸਾ ਮਹਲਾ ੫ ॥	آسا محلا 5 ॥
ਜਉ ਮੈ ਕੀਓ ਸਗਲ ਸੀਗਾਰਾ ॥	جءُ مے کِیئو سگل سِیگارا ॥
ਤਉ ਭੀ ਮੇਰਾ ਮਨੁ ਨ ਪਤੀਆਰਾ ॥	تءُ بھی میرا منُ ن پتیارا ॥
ਅਨਿਕ ਸੁਗੰਧਤ ਤਨ ਮਹਿ ਲਾਵਉ ॥	انِک سُگندھت تن مہِ لاوءُ ॥
ਓਹੁ ਸੁਖੁ ਤਿਲੁ ਸਮਾਨਿ ਨਹੀ ਪਾਵਉ ॥	اوہُ سُکھُ تِلُ سمانِ نہی پاوءُ ॥
ਮਨ ਮਹਿ ਚਿਤਵਉ ਐਸੀ ਆਸਾਈ ॥	من مہِ چِتوءُ ایَسی آسائی ॥
ਪ੍ਰਿਅ ਦੇਖਤ ਜੀਵਉ ਮੇਰੀ ਮਾਈ ॥੧॥	پّرِء دیکھت جیِوءُ میری مائی ۔ ॥1॥
ਮਾਈ ਕਹਾ ਕਰਉ ਇਹੁ ਮਨੁ ਨ ਧੀਰੈ ॥	مائی کہا کرءُ اِہُ منُ ن دھیِرے ॥
ਪ੍ਰਿਅ ਪ੍ਰੀਤਮ ਬੈਰਾਗੁ ਹਿਰੈ ॥੧॥ ਰਹਾਉ ॥	پّرِء پّریتم بیَراگُ ہِرے ॥1॥ رہاءُ ॥
ਬਸਤ੍ਰ ਬਿਭੂਖਨ ਸੁਖ ਬਹੁਤ ਬਿਸੇਖੈ ॥	بستّر بِبھوُکھن سُکھ بہُت بِسیکھے ॥
ਓਇ ਭੀ ਜਾਨਉ ਕਿਤੈ ਨ ਲੇਖੈ ॥	اوءِ بھی جانءُ کِتے ن لیکھے ॥
ਪਤਿ ਸੋਭਾ ਅਰੁ ਮਾਨੁ ਮਹਤੁ ॥	پتِ سوبھا ارُ مانُ مہتُ ॥
ਆਗਿਆਕਾਰੀ ਸਗਲ ਜਗਤੁ ॥	آگیاکاری سگل جگتُ ॥
ਗ੍ਰਿਹੁ ਐਸਾ ਹੈ ਸੁੰਦਰ ਲਾਲ ॥	گّرِہُ ایَسا ہے سُندر لال ॥
ਪ੍ਰਭ ਭਾਵਾ ਤਾ ਸਦਾ ਨਿਹਾਲ ॥੨॥	پّربھ بھاوا تا سدا نِہال ॥2॥
ਬਿੰਜਨ ਭੋਜਨ ਅਨਿਕ ਪਰਕਾਰ ॥	بِنّجن بھوجن انِک پرکار ॥
ਰੰਗ ਤਮਾਸੇ ਬਹੁਤੁ ਬਿਸਥਾਰ ॥	رنگ تماشے بہُتُ بِستھار ॥
ਰਾਜ ਮਿਲਖ ਅਰੁ ਬਹੁਤੁ ਫੁਰਮਾਇਸਿ ॥	راج مِلکھ ارُ بہُتُ فُرمائِس ॥

ਮਨੁ ਨਹੀ ਧ੍ਰਾਪੈ ਤ੍ਰਿਸਨਾ ਨਾ ਜਾਇਸਿ ॥	مَنُ نہی دھّراپے تّرِسنا نا جائِس ॥
ਬਿਨੁ ਮਿਲਬੇ ਇਹੁ ਦਿਨੁ ਨ ਬਿਹਾਵੈ ॥	بِنُ مِلبے اِہُ دِنُ ن بِہاوے ॥
ਮਿਲੈ ਪ੍ਰਭੂ ਤਾ ਸਭ ਸੁਖ ਪਾਵੈ ॥੩॥	مِلے پّربھوُ تا سبھ سُکھ پاوے ॥3॥
ਖੋਜਤ ਖੋਜਤ ਸੁਨੀ ਇਹ ਸੋਇ ॥	کھوجت کھوجت سُنی اِہ سوءِ ॥
ਸਾਧਸੰਗਤਿ ਬਿਨੁ ਤਰਿਓ ਨ ਕੋਇ ॥	سادھسنگتِ بِنُ ترِئو ن کوءِ ॥
ਜਿਸੁ ਮਸਤਕਿ ਭਾਗੁ ਤਿਨਿ ਸਤਿਗੁਰੁ ਪਾਇਆ ॥	جِسُ مستکِ بھاگُ تِنِ ستِگُرُ پائیا ॥
ਪੂਰੀ ਆਸਾ ਮਨੁ ਤ੍ਰਿਪਤਾਇਆ ॥	پوُری آسا منُ تّرِپتائیا ॥
ਪ੍ਰਭ ਮਿਲਿਆ ਤਾ ਚੂਕੀ ਡੰਝਾ ॥	پّربھ مِلیا تا چوُکی ڈنّجھا ॥
ਨਾਨਕ ਲਧਾ ਮਨ ਤਨ ਮੰਝਾ ॥੪॥੧੧॥	نانک لدھا من تن منّجھا ॥4॥ 11 ॥
ਆਸਾ ਮਹਲਾ ੫ ਪੰਚਪਦੇ ॥	آسا محلا 5 پنّچپدے ॥
ਪ੍ਰਥਮੇ ਤੇਰੀ ਨੀਕੀ ਜਾਤਿ ॥	پّرتھمے تیری نیِکی زاتِ ॥
ਦੁਤੀਆ ਤੇਰੀ ਮਨੀਐ ਪਾਂਤਿ ॥	دُتّیا تیری منیِئے پانْتِ ॥
ਤ੍ਰਿਤੀਆ ਤੇਰਾ ਸੁੰਦਰ ਥਾਨੁ ॥	تّرِتّیا تیرا سُندّر تھانُ ॥
ਬਿਗੜ ਰੂਪੁ ਮਨ ਮਹਿ ਅਭਿਮਾਨੁ ॥੧॥	بِگڑ روُپُ من مہِ ابھِمانُ ॥1॥
ਸੋਹਨੀ ਸਰੂਪਿ ਸੁਜਾਣਿ ਬਿਚਖਨਿ ॥	سوہنی سروُپِ سُجانٹِ بچکھنِ ॥
ਅਤਿ ਗਰਬੈ ਮੋਹਿ ਫਾਕੀ ਤੂੰ ॥੧॥ ਰਹਾਉ ॥	اتِ گربے موہِ پھاکی توُنّ ॥1॥ رہاءُ ॥
ਅਤਿ ਸੂਚੀ ਤੇਰੀ ਪਾਕਸਾਲ ॥	اتِ سوُچی تیری پاکسال ॥
ਕਰਿ ਇਸਨਾਨੁ ਪੂਜਾ ਤਿਲਕੁ ਲਾਲ ॥	کرِ اِسنانُ پوُجا تِلکُ لال ॥
ਗਲੀ ਗਰਬਹਿ ਮੁਖਿ ਗੋਵਹਿ ਗਿਆਨ ॥	گلی گربہِ مُکھِ گووہِ گیان ॥
ਸਭਿ ਬਿਧਿ ਖੋਈ ਲੋਭਿ ਸੁਆਨ ॥੨॥	سبھِ بِدھِ کھوئی لوبھِ سُیان ॥2॥
ਕਾਪਰ ਪਹਿਰਹਿ ਭੋਗਹਿ ਭੋਗ ॥	کاپر پہِرہِ بھوگہِ بھوگ ॥
ਆਚਾਰ ਕਰਹਿ ਸੋਭਾ ਮਹਿ ਲੋਗ ॥	آچار کرہِ سوبھا مہِ لوگ ॥

ਚੋਆ ਚੰਦਨ ਸੁਗੰਧ ਬਿਸਥਾਰ ॥	چویا چنّدن سُگنّدھ بِستھار ॥
ਸੰਗੀ ਖੋਟਾ ਕ੍ਰੋਧੁ ਚੰਡਾਲ ॥੩॥	سنگی کھوٹا کرودھُ چنڈال ॥3॥
ਅਵਰ ਜੋਨਿ ਤੇਰੀ ਪਨਿਹਾਰੀ ॥	اور جونِ تیری پنہاری ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥	اِسُ دھرتی مہِ تیری سِکداری ॥
ਸੁਇਨਾ ਰੂਪਾ ਤੁਝ ਪਹਿ ਦਾਮ ॥	سُنِنا روُپا تُجھ پہِ دام ॥
ਸੀਲੁ ਬਿਗਾਰਿਓ ਤੇਰਾ ਕਾਮ ॥੪॥	سیِلُ بِگارِئو تیرا کام ॥4॥
ਜਾ ਕਉ ਦ੍ਰਿਸਟਿ ਮਇਆ ਹਰਿ ਰਾਇ ॥	جا ک ءُ دّرِسٹِ مئیا ہرِ راءِ ॥
ਸਾ ਬੰਦੀ ਤੇ ਲਈ ਛਡਾਇ ॥	سا بنّدی تے لئی چھڈاءِ ॥
ਸਾਧਸੰਗਿ ਮਿਲਿ ਹਰਿ ਰਸੁ ਪਾਇਆ ॥	سادھسنگِ مِلِ ہرِ رسُ پائیا ॥
ਕਹੁ ਨਾਨਕ ਸਫਲ ਓਹ ਕਾਇਆ ॥੫॥	کہُ نانک سپھل اوہ کائیا ॥5॥
ਸਭਿ ਰੂਪ ਸਭਿ ਸੁਖ ਬਨੇ ਸੁਹਾਗਨਿ ॥	سبھِ روُپ سبھِ سُکھ بنے سُہاگنِ ॥
ਅਤਿ ਸੁੰਦਰਿ ਬਿਚਖਨਿ ਤੂੰ ॥੧॥ ਰਹਾਉ ਦੂਜਾ ॥੧੨॥	اتِ سُنّدرِ بِچکھنِ توُنّ ॥1॥ رہاءُ دوُجا ॥ 12 ॥
ਆਸਾ ਮਹਲਾ ੫ ਇਕਤੁਕੇ ੨ ॥	آسا محلا 5 اِکتُکے 2 ॥
ਜੀਵਤ ਦੀਸੈ ਤਿਸੁ ਸਰਪਰ ਮਰਣਾ ॥	جیِوت دیسےَ تِسُ سرپر مرٹا ॥
ਮੁਆ ਹੋਵੈ ਤਿਸੁ ਨਿਹਚਲੁ ਰਹਣਾ ॥੧॥	مُیا ہووے تِسُ نِہچلُ رہنٹا ॥1॥
ਜੀਵਤ ਮੁਏ ਮੁਏ ਸੇ ਜੀਵੇ ॥	جیِوت مُےَ مُےَ سے جیِوے ॥
ਹਰਿ ਹਰਿ ਨਾਮੁ ਅਵਖਧੁ ਮੁਖਿ ਪਾਇਆ ਗੁਰ ਸਬਦੀ ਰਸੁ ਅੰਮ੍ਰਿਤੁ ਪੀਵੇ ॥੧॥ ਰਹਾਉ ॥	ہرِ ہرِ نامُ اوکھدھُ مُکھِ پائیا گُر سبدی رسُ انّمرِتُ پیِوے ॥1॥ رہاءُ ॥
ਕਾਚੀ ਮਟੁਕੀ ਬਿਨਸਿ ਬਿਨਾਸਾ ॥	کاچی مٹکی بِنسِ بِناسا ॥
ਜਿਸੁ ਛੂਟੈ ਤ੍ਰਿਕੁਟੀ ਤਿਸੁ ਨਿਜ ਘਰਿ ਵਾਸਾ ॥੨॥	جِسُ چھوُٹے ترِکُٹی تِسُ نِج گھرِ واسا ॥2॥
ਊਚਾ ਚੜੈ ਸੁ ਪਵੈ ਪਇਆਲਾ ॥	اوُچا چڑےَ سُ پوےَ پئیالا ॥
ਧਰਨਿ ਪੜੈ ਤਿਸੁ ਲਗੈ ਨ ਕਾਲਾ ॥੩॥	دھرنِ پڑےَ تِسُ لگےَ ن کالا ॥3॥
ਭ੍ਰਮਤ ਫਿਰੇ ਤਿਨ ਕਿਛੂ ਨ ਪਾਇਆ ॥	بھّرمت پھِرے تِن کِچھوُ ن پائیا ॥

ਸੇ ਅਸਥਿਰ ਜਿਨ ਗੁਰ ਸਬਦੁ ਕਮਾਇਆ ॥੪॥	سے استھِر جِن گُر سبدُ کمائیا ॥4॥
ਜੀਉ ਪਿੰਡ ਸਭੁ ਹਰਿ ਕਾ ਮਾਲੁ ॥	جیِءُ پنڈ سبھُ ہرِ کا مالُ ॥
ਨਾਨਕ ਗੁਰ ਮਿਲਿ ਭਏ ਨਿਹਾਲ ॥੫॥੧੩॥	نانک گُر مِلِ بھئے نِہال ॥5॥ 13 ॥
ਆਸਾ ਮਹਲਾ ੫ ॥	آسا محلا 5 ॥
ਪੁਤਰੀ ਤੇਰੀ ਬਿਧਿ ਕਰਿ ਥਾਟੀ ॥	پُتری تیری بِدھِ کرِ تھاٹی ॥
ਜਾਨੁ ਸਤਿ ਕਰਿ ਹੋਇਗੀ ਮਾਟੀ ॥੧॥	جانُ ستِ کرِ ہوئگی ماٹی ॥1॥
ਮੂਲੁ ਸਮਾਲਹੁ ਅਚੇਤ ਗਵਾਰਾ ॥	مؤلُ سمالہُ اچیت گوارا ۔ ॥
ਇਤਨੇ ਕਉ ਤੁਮ੍ ਕਿਆ ਗਰਬੇ ॥੧॥ ਰਹਾਉ ॥	اِتنے کءُ تُمہ کِیا گربے ۔ ॥1॥ رہاءُ ॥
ਤੀਨਿ ਸੇਰ ਕਾ ਦਿਹਾੜੀ ਮਿਹਮਾਨੁ ॥	تِینِ سیر کا دِہاڑی مِہمانُ ॥
ਅਵਰ ਵਸਤੁ ਤੁਝ ਪਾਹਿ ਅਮਾਨ ॥੨॥	اور وستُ تُجھ پاہِ امان ॥2॥
ਬਿਸਟਾ ਅਸਤ ਰਕਤੁ ਪਰੇਟੇ ਚਾਮ ॥	بِسٹا است رکتُ پریٹے چام ॥
ਇਸੁ ਊਪਰਿ ਲੇ ਰਾਖਿਓ ਗੁਮਾਨ ॥੩॥	اِسُ اوُپرِ لے راکھِئو گُمان ॥3॥
ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥	ایک وستُ بوُجھِ تا ہووہِ پاک ॥
ਬਿਨੁ ਬੂਝੇ ਤੂੰ ਸਦਾ ਨਾਪਾਕ ॥੪॥	بِنُ بوُجھے توُنّ سدا ناپاک ॥4॥
ਕਹੁ ਨਾਨਕ ਗੁਰ ਕਉ ਕੁਰਬਾਨੁ ॥	کہُ نانک گُر کءُ قُربانُ ॥
ਜਿਸ ਤੇ ਪਾਈਐ ਹਰਿ ਪੁਰਖੁ ਸੁਜਾਨੁ ॥੫॥੧੪॥	جِس تے پائیئے ہرِ پُرکھُ سُجانُ ॥5॥ 14 ॥
ਆਸਾ ਮਹਲਾ ੫ ਇਕਤੁਕੇ ਚਉਪਦੇ ॥	آسا محلا 5 اِکتُکے چئُپدے ॥
ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ ॥	اِک گھڑی دِنسُ مو کءُ بہُتُ دِہارے ॥
ਮਨੁ ਨ ਰਹੈ ਕੈਸੇ ਮਿਲਉ ਪਿਆਰੇ ॥੧॥	منُ ن رہے کیسے مِلءُ پِیارے ۔ ॥1॥
ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ ॥	اِکُ پلُ دِنسُ مو کءُ کبہُ ن بِہاوے ॥
ਦਰਸਨ ਕੀ ਮਨਿ ਆਸ ਘਨੇਰੀ ਕੋਈ ਐਸਾ ਸੰਤੁ ਮੋ ਕਉ ਪਿਰਹਿ ਮਿਲਾਵੈ ॥੧॥ ਰਹਾਉ ॥	درسن کی منِ آس گھنیری کوئی ایَسا سنّتُ مو کءُ پِرہِ مِلاوے ॥1॥ رہاءُ ॥

ਚਾਰਿ ਪਹਰ ਚਹੁ ਜੁਗਹ ਸਮਾਨੇ ॥	چارِ پہر چہُ جُگہ سمانے ॥
ਰੈਣਿ ਭਈ ਤਬ ਅੰਤੁ ਨ ਜਾਨੇ ॥੨॥	رَیَنِ بھئی تب انّتُ ن جانے ॥2॥
ਪੰਚ ਦੂਤ ਮਿਲਿ ਪਿਰਹੁ ਵਿਛੋੜੀ ॥	پنچ دوُت مِلِ پِرہُ وِچھوڑی ॥
ਭ੍ਰਮਿ ਭ੍ਰਮਿ ਰੋਵੈ ਹਾਥ ਪਛੋੜੀ ॥੩॥	بھرّمِ بھرّمِ رووے ہاتھ پچھوڑی ॥3॥
ਜਨ ਨਾਨਕ ਕਉ ਹਰਿ ਦਰਸੁ ਦਿਖਾਇਆ ॥	جن نانک کءُ ہرِ درسُ دِکھائیا ॥
ਆਤਮੁ ਚੀਨ੍ਹਿ ਪਰਮ ਸੁਖੁ ਪਾਇਆ ॥੪॥੧੫॥	آتمُ چینّہِ پرم سُکھُ پائیا ॥4॥ 15 ॥
ਆਸਾ ਮਹਲਾ ੫ ॥	آسا محلا 5 ॥
ਹਰਿ ਸੇਵਾ ਮਹਿ ਪਰਮ ਨਿਧਾਨੁ ॥	ہرِ سیوا مہِ پرم نِدھانُ ॥
ਹਰਿ ਸੇਵਾ ਮੁਖਿ ਅੰਮ੍ਰਿਤ ਨਾਮੁ ॥੧॥	ہرِ سیوا مُکھِ انمّرِت نامُ ॥1॥
ਹਰਿ ਮੇਰਾ ਸਾਥੀ ਸੰਗਿ ਸਖਾਈ ॥	ہرِ میرا ساتھی سنگِ سکھائی ॥
ਦੁਖਿ ਸੁਖਿ ਸਿਮਰੀ ਤਹ ਮਉਜੂਦੁ ਜਮੁ ਬਪੁਰਾ ਮੋ ਕਉ ਕਹਾ ਡਰਾਈ ॥੧॥ ਰਹਾਉ ॥	دُکھِ سُکھِ سِمری تہ مئجُودُ جمُ بپُرا مو کءُ کہا ڈرائی ۔ ॥1॥ رہاءُ ॥
ਹਰਿ ਮੇਰੀ ਓਟ ਮੈ ਹਰਿ ਕਾ ਤਾਣੁ ॥	ہرِ میری اوٹ مے ہرِ کا تانُ ॥
ਹਰਿ ਮੇਰਾ ਸਖਾ ਮਨ ਮਾਹਿ ਦੀਬਾਣੁ ॥੨॥	ہرِ میرا سکھا من ماہِ دیبانُ ॥2॥
ਹਰਿ ਮੇਰੀ ਪੂੰਜੀ ਮੇਰਾ ਹਰਿ ਵੇਸਾਹੁ ॥	ہرِ میری پونّجی میرا ہرِ ویساہُ ॥
ਗੁਰਮੁਖਿ ਧਨੁ ਖਟੀ ਹਰਿ ਮੇਰਾ ਸਾਹੁ ॥੩॥	گُرمُکھِ دھنُ کھٹی ہرِ میرا ساہُ ॥3॥
ਗੁਰ ਕਿਰਪਾ ਤੇ ਇਹ ਮਤਿ ਆਵੈ ॥	گُر کِرپا تے اِہ متِ آوے ॥
ਜਨ ਨਾਨਕੁ ਹਰਿ ਕੈ ਅੰਕਿ ਸਮਾਵੈ ॥੪॥੧੬॥	جن نانکُ ہرِ کے انکِ سماوے ॥4॥ 16 ॥
ਆਸਾ ਮਹਲਾ ੫ ॥	آسا محلا 5 ॥
ਪ੍ਰਭੁ ਹੋਇ ਕ੍ਰਿਪਾਲੁ ਤ ਇਹੁ ਮਨੁ ਲਾਈ ॥	پربھُ ہوءِ کرِپالُ ت اِہُ منُ لائی ॥
ਸਤਿਗੁਰੁ ਸੇਵਿ ਸਭੈ ਫਲ ਪਾਈ ॥੧॥	ستِگُرُ سیوِ سبھے پھل پائی ॥1॥
ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ ॥	من کِءُ بیراگُ کرہِگا ستِگُرُ میرا پوُرا ॥

ਮਨਸਾ ਕਾ ਦਾਤਾ ਸਭ ਸੁਖ ਨਿਧਾਨੁ
ਅੰਮ੍ਰਿਤ ਸਰਿ ਸਦ ਹੀ ਭਰਪੂਰਾ ॥੧॥ ਰਹਾਉ ॥

منسا کا داتا سبھ سُکھ نِدھانُ
انّمرِت سرِ سد ہی بھرپُورا ॥1॥ رہاءُ ॥

ਚਰਣ ਕਮਲ ਰਿਦ ਅੰਤਰਿ ਧਾਰੇ ॥
ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ॥੨॥

چرنؔ کمل رِد انتر دھارے ॥
پرؔگٹی جوتِ مِلے رام پِیارے ॥2॥

ਪੰਚ ਸਖੀ ਮਿਲਿ ਮੰਗਲੁ ਗਾਇਆ ॥
ਅਨਹਦ ਬਾਣੀ ਨਾਦੁ ਵਜਾਇਆ ॥੩॥

پنچؔ سکھی مِلِ منگلُ گائِیا ॥
انہد باؤں نادُ وجائِیا ॥3॥

ਗੁਰੁ ਨਾਨਕੁ ਤੁਠਾ ਮਿਲਿਆ ਹਰਿ ਰਾਇ ॥
ਸੁਖਿ ਰੈਣਿ ਵਿਹਾਣੀ ਸਹਜਿ ਸੁਭਾਇ ॥੪॥੧੭॥

گُرُ نانکُ تُٹھا مِلِیا ہرِ راءِ ॥
سُکھِ رینؔ وِہانؔی سہجِ سُبھاءِ ॥4॥ 17 ॥

ਆਸਾ ਮਹਲਾ ੫ ॥

آسا محلا 5 ॥

ਕਰਿ ਕਿਰਪਾ ਹਰਿ ਪਰਗਟੀ ਆਇਆ ॥
ਮਿਲਿ ਸਤਿਗੁਰ ਧਨੁ ਪੂਰਾ ਪਾਇਆ ॥੧॥

کرِ کِرپا ہرِ پرگٹی آئِیا ॥
مِلِ ستِگُر دھنُ پُورا پائِیا ॥1॥

ਐਸਾ ਹਰਿ ਧਨੁ ਸੰਚੀਐ ਭਾਈ ॥
ਭਾਹਿ ਨ ਜਾਲੈ ਜਲਿ ਨਹੀ ਡੂਬੈ
ਸੰਗੁ ਛੋਡਿ ਕਰਿ ਕਤਹੁ ਨ ਜਾਈ ॥੧॥ ਰਹਾਉ ॥

ایَسا ہرِ دھنُ سنچِیےؔ بھائی ۔ ॥
بھاہِ ن جالے جلِ نہی ڈُوبے
سنگُ چھوڈِ کرِ کتہٗ ن جائی ॥1॥ رہاءُ ॥

ਤੋਟਿ ਨ ਆਵੈ ਨਿਖੁਟਿ ਨ ਜਾਇ ॥
ਖਾਇ ਖਰਚਿ ਮਨੁ ਰਹਿਆ ਅਘਾਇ ॥੨॥

توٹِ ن آوے نِکھُٹِ ن جاءِ ॥
کھاءِ خرچِ منُ رہِیا اگھاءِ ॥2॥

ਸੋ ਸਚੁ ਸਾਹੁ
ਜਿਸੁ ਘਰਿ ਹਰਿ ਧਨੁ ਸੰਚਾਣਾ ॥
ਇਸੁ ਧਨ ਤੇ ਸਭੁ ਜਗੁ ਵਰਸਾਣਾ ॥੩॥

سو سچُ ساہُ
جِسُ گھرِ ہرِ دھنُ سنچّاٹا ॥
اِسُ دھن تے سبھُ جگُ ورساٹا ॥3॥

ਤਿਨਿ ਹਰਿ ਧਨੁ ਪਾਇਆ
ਜਿਸੁ ਪੁਰਬ ਲਿਖੇ ਕਾ ਲਹਣਾ ॥
ਜਨ ਨਾਨਕ ਅੰਤਿ ਵਾਰ ਨਾਮੁ ਗਹਣਾ ॥੪॥੧੮॥

تِنِ ہرِ دھنُ پائِیا
جِسُ پُرب لِکھے کا لہٹا ॥
جن نانک انّتِ وار نامُ گہٹا ॥4॥ 18 ॥

ਆਸਾ ਮਹਲਾ ੫ ॥

آسا محلا 5 ॥

ਜੈਸੇ ਕਿਰਸਾਣੁ ਬੋਵੈ ਕਿਰਸਾਨੀ ॥	جیَسے کِرساںُ بووےَ کِرسانی ॥
ਕਾਚੀ ਪਾਕੀ ਬਾਢਿ ਪਰਾਨੀ ॥੧॥	کاچی پاکی باڈھِ پرانی ॥1॥
ਜੋ ਜਨਮੈ ਸੋ ਜਾਨਹੁ ਮੂਆ ॥	جو جنمےَ سو جانہُ موُیا ॥
ਗੋਵਿੰਦ ਭਗਤੁ ਅਸਥਿਰੁ ਹੈ ਥੀਆ ॥੧॥ ਰਹਾਉ ॥	گووِنّد بھگتُ استھِرُ ہےَ تھِیا ॥1॥ رہاءُ ॥
ਦਿਨ ਤੇ ਸਰਪਰ ਪਉਸੀ ਰਾਤਿ ॥	دِن تے سرپر پئُسی راتِ ॥
ਰੈਣਿ ਗਈ ਫਿਰਿ ਹੋਇ ਪਰਭਾਤਿ ॥੨॥	ریَںِ گئی پھِرِ ہوءِ پربھاتِ ॥2॥
ਮਾਇਆ ਮੋਹਿ ਸੋਇ ਰਹੇ ਅਭਾਗੇ ॥	مائیا موہِ سوءِ رہے ابھاگے ॥
ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥	گُر پرّسادِ کو وِرلا جاگے ॥3॥
ਕਹੁ ਨਾਨਕ ਗੁਣ ਗਾਈਅਹਿ ਨੀਤ ॥	کہُ نانک گُںُ گائیئہِ نِیت ॥
ਮੁਖ ਊਜਲ ਹੋਇ ਨਿਰਮਲ ਚੀਤ ॥੪॥੧੯॥	مُکھ اوُجل ہوءِ نِرمل چِیت ॥4॥ 19 ॥
ਆਸਾ ਮਹਲਾ ੫ ॥	آسا محلا 5 ॥
ਨਉ ਨਿਧਿ ਤੇਰੈ ਸਗਲ ਨਿਧਾਨ ॥	نءُ نِدھِ تیرےَ سگل نِدھان ॥
ਇਛਾ ਪੂਰਕੁ ਰਖੈ ਨਿਦਾਨ ॥੧॥	اِچھا پوُرکُ رکھےَ نِدان ॥1॥
ਤੂੰ ਮੇਰੋ ਪਿਆਰੋ ਤਾ ਕੈਸੀ ਭੂਖਾ ॥	توُںَ میرو پِیارو تا کیَسی بھوُکھا ۔ ॥
ਤੂੰ ਮਨਿ ਵਸਿਆ ਲਗੈ ਨ ਦੂਖਾ ॥੧॥ ਰਹਾਉ ॥	توُںّ منِ وسِیا لگےَ ن دوُکھا ॥1॥ رہاءُ ॥
ਜੋ ਤੂੰ ਕਰਹਿ ਸੋਈ ਪਰਵਾਣੁ ॥	جو توُںَ کرہِ سوئی پروانںُ ॥
ਸਾਚੇ ਸਾਹਿਬ ਤੇਰਾ ਸਚੁ ਫੁਰਮਾਣੁ ॥੨॥	ساچے صاحِب تیرا سچُ فُرمانںُ ॥2॥
ਜਾ ਤੁਧੁ ਭਾਵੈ ਤਾ ਹਰਿ ਗੁਣ ਗਾਉ ॥	جا ٹدھُ بھاوےَ تا ہرِ گُںُ گاءُ ॥
ਤੇਰੈ ਘਰਿ ਸਦਾ ਸਦਾ ਹੈ ਨਿਆਉ ॥੩॥	تیرےَ گھرِ سدا سدا ہےَ نِیاءُ ॥3॥
ਸਾਚੇ ਸਾਹਿਬ ਅਲਖ ਅਭੇਵ ॥	ساچے صاحِب الکھ ابھیو ॥
ਨਾਨਕ ਲਾਇਆ ਲਾਗਾ ਸੇਵ ॥੪॥੨੦॥	نانک لائیا لاگا سیو ॥4॥ 20 ॥
ਆਸਾ ਮਹਲਾ ੫ ॥	آسا محلا 5 ॥

ਨਿਕਟਿ ਜੀਅ ਕੈ ਸਦ ਹੀ ਸੰਗਾ ॥	نِکٹِ جیء کے سد ہی سنگا ॥
ਕੁਦਰਤਿ ਵਰਤੈ ਰੂਪ ਅਰੁ ਰੰਗਾ ॥੧॥	قُدرتِ ورتے روُپ ارُ رنگا ॥1॥
ਕਰ੍ਹੈ ਨ ਝੁਰੈ ਨਾ ਮਨੁ ਰੋਵਨਹਾਰਾ ॥	کرّہے ن جھُرے نا منُ روونہارا ॥
ਅਵਿਨਾਸੀ ਅਵਿਗਤੁ ਅਗੋਚਰੁ ਸਦਾ ਸਲਾਮਤਿ ਖਸਮੁ ਹਮਾਰਾ ॥੧॥ ਰਹਾਉ ॥	اوِناسی اوِگتُ اگوچرُ سدا سلامتِ خصمُ ہمارا ॥1॥ رہاءُ ॥
ਤੇਰੇ ਦਾਸਰੇ ਕਉ ਕਿਸ ਕੀ ਕਾਣਿ ॥	تیرے داسرے ک ءُ کِس کی کانِ ۔ ॥
ਜਿਸ ਕੀ ਮੀਰਾ ਰਾਖੈ ਆਣਿ ॥੨॥	جِس کی میِرا راکھے آنِ ॥2॥
ਜੋ ਲਉਡਾ ਪ੍ਰਭਿ ਕੀਆ ਅਜਾਤਿ ॥	جو لئُڈا پربھِ کیِیا نرّاتِ ॥
ਤਿਸੁ ਲਉਡੇ ਕਉ ਕਿਸ ਕੀ ਤਾਤਿ ॥੩॥	تِس لئُڈے ک ءُ کِس کی تاتِ ۔ ॥3॥
ਵੇਮੁਹਤਾਜਾ ਵੇਪਰਵਾਹੁ ॥	ویمُہتاجا ویپرواہُ ॥
ਨਾਨਕ ਦਾਸ ਕਹਹੁ ਗੁਰ ਵਾਹੁ ॥੪॥੨੧॥	نانک داس کہہُ گُر واہُ ॥4॥ 21 ॥
ਆਸਾ ਮਹਲਾ ੫ ॥	آسا محلا 5 ॥
ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥	ہرِ رسُ چھوڈِ ہوچھے رسِ ماتا ॥
ਘਰ ਮਹਿ ਵਸਤੁ ਬਾਹਰਿ ਉਠਿ ਜਾਤਾ ॥੧॥	گھر مہِ وستُ باہرِ اُٹھِ جاتا ॥1॥
ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ ॥	سُنی ن جائی سچُ انمّرِت کاتھا ॥
ਰਾਰਿ ਕਰਤ ਝੂਠੀ ਲਗਿ ਗਾਥਾ ॥੧॥ ਰਹਾਉ ॥	رارِ کرت جھوُٹھی لگِ گاتھا ॥1॥ رہاءُ ॥
ਵਜਹੁ ਸਾਹਿਬ ਕਾ ਸੇਵ ਬਿਰਾਨੀ ॥	وجہُ صاحِب کا سیو بِرانی ॥
ਐਸੇ ਗੁਨਹ ਅਛਾਦਿਓ ਪ੍ਰਾਨੀ ॥੨॥	ایَسے گُنہ اچھادِئو پرّانی ॥2॥
ਤਿਸੁ ਸਿਉ ਲੂਕ ਜੋ ਸਦ ਹੀ ਸੰਗੀ ॥	تِس سِ ءُ لوُک جو سد ہی سنگی ॥
ਕਾਮਿ ਨ ਆਵੈ ਸੋ ਫਿਰਿ ਫਿਰਿ ਮੰਗੀ ॥੩॥	کامِ ن آوے سو پھِرِ پھِرِ منگی ॥3॥
ਕਹੁ ਨਾਨਕ ਪ੍ਰਭ ਦੀਨ ਦਇਆਲਾ ॥	کہُ نانک پربھ دیِن دیَالا ۔ ॥
ਜਿਉ ਭਾਵੈ ਤਿਉ ਕਰਿ ਪ੍ਰਤਿਪਾਲਾ ॥੪॥੨੨॥	جِءُ بھاوے تِءُ کرِ پرتپالا ॥4॥ 22 ॥
ਆਸਾ ਮਹਲਾ ੫ ॥	آسا محلا 5 ॥

ਜੀਅ ਪ੍ਰਾਨ ਧਨੁ ਹਰਿ ਕੋ ਨਾਮੁ ॥	جیء پّران دھنُ ہرِ کو نامُ ॥
ਈਹਾ ਊਹਾਂ ਉਨ ਸੰਗਿ ਕਾਮੁ ॥੧॥	اِیہا اوُہاں اُن سنگِ کامُ ॥1॥
ਬਿਨੁ ਹਰਿ ਨਾਮ ਅਵਰੁ ਸਭੁ ਥੋਰਾ ॥	بِنُ ہرِ نام اورُ سبھُ تھورا ॥
ਤ੍ਰਿਪਤਿ ਅਘਾਵੈ ਹਰਿ ਦਰਸਨਿ ਮਨੁ ਮੋਰਾ ॥੧॥ ਰਹਾਉ ॥	تّرِپتِ اگھاوے ہرِ درسنِ منُ مورا ॥1॥ رہاءُ ॥
ਭਗਤਿ ਭੰਡਾਰ ਗੁਰਬਾਣੀ ਲਾਲ ॥	بھگتِ بھنڈار گُربانیٔ لال ॥
ਗਾਵਤ ਸੁਨਤ ਕਮਾਵਤ ਨਿਹਾਲ ॥੨॥	گاوت سُنت کماوت نِہال ॥2॥
ਚਰਣ ਕਮਲ ਸਿਉ ਲਾਗੋ ਮਾਨੁ ॥	چرنؔ کمل سِءُ لاگو مانُ ॥
ਸਤਿਗੁਰਿ ਤੂਠੈ ਕੀਨੋ ਦਾਨੁ ॥੩॥	ستِگُرِ توُٹھے کِینو دانُ ॥3॥
ਨਾਨਕ ਕਉ ਗੁਰਿ ਦੀਖਿਆ ਦੀਨ੍ ॥	نانک کءُ گُرِ دیکھیا دِینّہ ॥
ਪ੍ਰਭ ਅਬਿਨਾਸੀ ਘਟਿ ਘਟਿ ਚੀਨ੍ ॥੪॥੨੩॥	پّربھ ابِناسی گھٹِ گھٹِ چینّہ ॥4॥ 23 ॥
ਆਸਾ ਮਹਲਾ ੫ ॥	آسا محلا 5 ॥
ਅਨਦ ਬਿਨੋਦ ਭਰੇਪੁਰਿ ਧਾਰਿਆ ॥	اند بِنود بھریپُرِ دھارِیا ॥
ਅਪੁਨਾ ਕਾਰਜੁ ਆਪਿ ਸਵਾਰਿਆ ॥੧॥	اپُنا کارجُ آپِ سوارِیا ॥1॥
ਪੂਰ ਸਮਗ੍ਰੀ ਪੂਰੇ ਠਾਕੁਰ ਕੀ ॥	پوُر سمگّری پوُرے ٹھاکُر کی ॥
ਭਰਿਪੁਰਿ ਧਾਰਿ ਰਹੀ ਸੋਭ ਜਾ ਕੀ ॥੧॥ ਰਹਾਉ ॥	بھرِپُرِ دھارِ رہی سوبھ جا کی ॥1॥ رہاءُ ॥
ਨਾਮੁ ਨਿਧਾਨੁ ਜਾ ਕੀ ਨਿਰਮਲ ਸੋਇ ॥	نامُ نِدھانُ جا کی نِرمل سوءِ ॥
ਆਪੇ ਕਰਤਾ ਅਵਰੁ ਨ ਕੋਇ ॥੨॥	آپے کرتا اورُ ن کوءِ ॥2॥
ਜੀਅ ਜੰਤ ਸਭਿ ਤਾ ਕੈ ਹਾਥਿ ॥	جیء جنّت سبھِ تا کے ہاتھِ ॥
ਰਵਿ ਰਹਿਆ ਪ੍ਰਭੁ ਸਭ ਕੈ ਸਾਥਿ ॥੩॥	روِ رہِیا پّربھُ سبھ کے ساتھِ ॥3॥
ਪੂਰਾ ਗੁਰੁ ਪੂਰੀ ਬਣਤ ਬਣਾਈ ॥	پوُرا گُرُ پوُری بنّت بنّائی ॥
ਨਾਨਕ ਭਗਤ ਮਿਲੀ ਵਡਿਆਈ ॥੪॥੨੪॥	نانک بھگت مِلی وڈِیائی ॥4॥ 24 ॥
ਆਸਾ ਮਹਲਾ ੫ ॥	آسا محلا 5 ॥

ਗੁਰ ਕੈ ਸਬਦਿ ਬਨਾਵਹੁ ਇਹੁ ਮਨੁ ॥	گُر کے سبدِ بناوہُ اِہُ منُ ॥
ਗੁਰ ਕਾ ਦਰਸਨੁ ਸੰਚਹੁ ਹਰਿ ਧਨੁ ॥੧॥	گُر کا درسنُ سنچّہُ ہرِ دھنُ ॥1॥
ਊਤਮ ਮਤਿ ਮੇਰੈ ਰਿਦੈ ਤੂੰ ਆਉ ॥	اوُتم متِ میرے رِدے توُنّ آءُ ॥
ਧਿਆਵਉ ਗਾਵਉ ਗੁਣ ਗੋਵਿੰਦਾ ਅਤਿ ਪ੍ਰੀਤਮ ਮੋਹਿ ਲਾਗੈ ਨਾਉ ॥੧॥ ਰਹਾਉ ॥	دھیاوءُ گاوءُ گُڑ گووِندا اتِ پرِیتم موہِ لاگے ناءُ ॥1॥ رہاءُ ॥
ਤ੍ਰਿਪਤਿ ਅਘਾਵਨੁ ਸਾਚੈ ਨਾਇ ॥	ترِپتِ اگھاونُ ساچے ناءِ ॥
ਅਠਸਠਿ ਮਜਨੁ ਸੰਤ ਧੂਰਾਇ ॥੨॥	اٹھسٹھِ مجنُ سنّت دھوُراءِ ॥2॥
ਸਭ ਮਹਿ ਜਾਨਉ ਕਰਤਾ ਏਕ ॥	سبھ مہِ جانءُ کرتا ایک ॥
ਸਾਧਸੰਗਤਿ ਮਿਲਿ ਬੁਧਿ ਬਿਬੇਕ ॥੩॥	سادھسنگتِ مِلِ بُدھِ بِبیک ॥3॥
ਦਾਸੁ ਸਗਲ ਕਾ ਛੋਡਿ ਅਭਿਮਾਨੁ ॥	داسُ سگل کا چھوڈِ ابھِمانُ ॥
ਨਾਨਕ ਕਉ ਗੁਰਿ ਦੀਨੋ ਦਾਨੁ ॥੪॥੨੫॥	نانک کءُ گُرِ دینو دانُ ॥4॥ 25 ॥
ਆਸਾ ਮਹਲਾ ੫ ॥	آسا محلا 5 ॥
ਬੁਧਿ ਪ੍ਰਗਾਸ ਭਈ ਮਤਿ ਪੂਰੀ ॥	بُدھِ پرّگاس بھئی متِ پوُری ॥
ਤਾ ਤੇ ਬਿਨਸੀ ਦੁਰਮਤਿ ਦੂਰੀ ॥੧॥	تا تے بِنسی دُرمتِ دوُری ॥1॥
ਐਸੀ ਗੁਰਮਤਿ ਪਾਈਅਲੇ ॥	ایَسی گُرمتِ پائیئلے ॥
ਬੂਡਤ ਘੋਰ ਅੰਧ ਕੂਪ ਮਹਿ ਨਿਕਸਿਓ ਮੇਰੇ ਭਾਈ ਰੇ ॥੧॥ ਰਹਾਉ ॥	بوُڈت گھور اندھ کوُپ مہِ نِکسِئو میرے بھائی رے ۔ ॥1॥ رہاءُ ॥
ਮਹਾ ਅਗਾਹ ਅਗਨਿ ਕਾ ਸਾਗਰੁ ॥	مہا اگاہ اگنِ کا ساگرُ ॥
ਗੁਰੁ ਬੋਹਿਥੁ ਤਾਰੇ ਰਤਨਾਗਰੁ ॥੨॥	گُرُ بوہِتھُ تارے رتناگرُ ॥2॥
ਦੁਤਰ ਅੰਧ ਬਿਖਮ ਇਹ ਮਾਇਆ ॥	دُتر اندھ بِکھم اِہ مائیا ॥
ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ ॥੩॥	گُرِ پوُرے پرگٹُ مارگُ دِکھائیا ॥3॥
ਜਾਪ ਤਾਪ ਕਛੁ ਉਕਤਿ ਨ ਮੋਰੀ ॥	جاپ تاپ کچھُ اُکتِ ن موری ॥
ਗੁਰ ਨਾਨਕ ਸਰਣਾਗਤਿ ਤੋਰੀ ॥੪॥੨੬॥	گُر نانک سرناگتِ توری ॥4॥ 26 ॥

ਆਸਾ ਮਹਲਾ ੫ ਤਿਪਦੇ ੨ ॥	آسا محلا 5 تِپدے 2 ॥
ਹਰਿ ਰਸੁ ਪੀਵਤ ਸਦ ਹੀ ਰਾਤਾ ॥	ہرِ رسُ پیوت سد ہی راتا ॥
ਆਨ ਰਸਾ ਖਿਨ ਮਹਿ ਲਹਿ ਜਾਤਾ ॥	آن رسا کھِن مہِ لہِ جاتا ॥
ਹਰਿ ਰਸੁ ਕੇ ਮਾਤੇ ਮਨਿ ਸਦਾ ਅਨੰਦ ॥	ہرِ رسُ کے ماتے منِ سدا انند ॥
ਆਨ ਰਸਾ ਮਹਿ ਵਿਆਪੈ ਚਿੰਦ ॥੧॥	آن رسا مہِ وِیاپے چِنّد ॥ 1 ॥
ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ॥	ہرِ رسُ پیوے المست متوارا ॥
ਆਨ ਰਸਾ ਸਭਿ ਹੋਛੇ ਰੇ ॥੧॥ ਰਹਾਉ ॥	آن رسا سبھِ ہوچھے رے ॥ 1 ॥ رہاءُ ॥
ਹਰਿ ਰਸ ਕੀ ਕੀਮਤਿ ਕਹੀ ਨ ਜਾਇ ॥	ہرِ رس کی قِیمتِ کہی ن جاءِ ॥
ਹਰਿ ਰਸੁ ਸਾਧੂ ਹਾਟਿ ਸਮਾਇ ॥	ہرِ رسُ سادھوُ ہاٹِ سماءِ ॥
ਲਾਖ ਕਰੋਰੀ ਮਿਲੈ ਨ ਕੇਹ ॥	لاکھ کروری مِلے ن کیہ ॥
ਜਿਸਹਿ ਪਰਾਪਤਿ ਤਿਸ ਹੀ ਦੇਹਿ ॥੨॥	جِسہِ پراپتِ تِس ہی دیہِ ॥ 2 ॥
ਨਾਨਕ ਚਾਖਿ ਭਏ ਬਿਸਮਾਦੁ ॥	نانک چاکھِ بھے بِسماد ॥
ਨਾਨਕ ਗੁਰ ਤੇ ਆਇਆ ਸਾਦੁ ॥	نانک گُر تے آئیا سادُ ॥
ਈਤ ਊਤ ਕਤ ਛੋਡਿ ਨ ਜਾਇ ॥	ایت اوُت کت چھوڈِ ن جاءِ ॥
ਨਾਨਕ ਗੀਧਾ ਹਰਿ ਰਸ ਮਾਹਿ ॥੩॥੨੭॥	نانک گیدھا ہرِ رس ماہِ ॥ 3 ॥ 27 ॥
ਆਸਾ ਮਹਲਾ ੫ ॥	آسا محلا 5 ॥
ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥	کامُ کرودھُ لوبھُ موہُ مِٹاوے چھُٹکے دُرمتِ اپنی دھاری ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥	ہوءِ نِمانی سیو کماوہِ تا پریتم ہووہِ منِ پیاری ॥ 1 ॥
ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥	سُنِ سُندرِ سادھوُ بچن اُدھاری ॥
ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥੧॥ ਰਹਾਉ ॥	دوُکھ بھوُکھ مِٹے تیرو سہسا سُکھ پاوہِ توُنَ سُکھمنِ ناری ۔ ॥ 1 ॥ رہاءُ ॥

ਚਰਣ ਪਖਾਰਿ ਕਰਉ ਗੁਰ ਸੇਵਾ
ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥

چرنؔ پکھارِ کرءُ گُر سیوا
آتم سُدھُ بِکھُ تِیاس نِواری ॥

ਦਾਸਨ ਕੀ ਹੋਇ ਦਾਸਿ ਦਾਸਰੀ
ਤਾ ਪਾਵਹਿ ਸੋਭਾ ਹਰਿ ਦੁਆਰੀ ॥੨॥

داسن کی ہوءِ داسِ داسری
تا پاوہِ سوبھا ہرِ دُیاری ॥2॥

ਇਹੀ ਅਚਾਰ ਇਹੀ ਬਿਉਹਾਰਾ
ਆਗਿਆ ਮਾਨਿ ਭਗਤਿ ਹੋਇ ਤੁਮ੍ਾਰੀ ॥

اِہی اچار اِہی بِہُارا
آگیا مانِ بھگتِ ہوءِ تُمّہاری ॥

ਜੋ ਇਹੁ ਮੰਤ੍ਰੁ ਕਮਾਵੈ ਨਾਨਕ
ਸੋ ਭਉਜਲੁ ਪਾਰਿ ਉਤਾਰੀ ॥੩॥੨੮॥

جو اِہُ منّترُ کماوے نانک
سو بھجُلُ پارِ اُتاری ॥3॥ 28 ॥

ਆਸਾ ਮਹਲਾ ੫ ਦੁਪਦੇ ॥

آسا محلا 5 دُپدے ॥

ਭਈ ਪਰਾਪਤਿ ਮਾਨੁਖ ਦੇਹੁਰੀਆ ॥

بھئی پراپتِ مانُکھ دیہُرییا ॥

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

گوبِنّد مِلنؔ کی اِہ تیری بریِیا ॥

ਅਵਰਿ ਕਾਜ ਤੇਰੈ ਕਿਤੈ ਨ ਕਾਮ ॥

اورِ کاج تیرے کِتےؔ ن کام ॥

ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥

مِلُ سادھسنگتِ بھجؔ کیول نام ॥1॥

ਸਰੰਜਾਮਿ ਲਾਗੁ ਭਵਜਲ ਤਰਨ ਕੈ ॥

سرنجّامِ لاگُ بھوجل ترن کے ॥

ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥

جنمُ برِتھا جات رنگِ مائیا کے ॥1॥ رہاءُ ॥

ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥

جپُ تپُ سنجّمُ دھرمُ ن کمائیا ॥

ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥

سیوا سادھ ن جانیا ہرِ رائیا ॥

ਕਹੁ ਨਾਨਕ ਹਮ ਨੀਚ ਕਰੰਮਾ ॥

کہُ نانک ہم نِیچ کرنّما ॥

ਸਰਣਿ ਪਰੇ ਕੀ ਰਾਖਹੁ ਸਰਮਾ ॥੨॥੨੯॥

سرنؔ پرے کی راکھہُ سرما ॥2॥ 29 ॥

ਆਸਾ ਮਹਲਾ ੫ ॥

آسا محلا 5 ॥

ਤੁਝ ਬਿਨੁ ਅਵਰੁ ਨਾਹੀ ਮੈ ਦੂਜਾ
ਤੂੰ ਮੇਰੇ ਮਨ ਮਾਹੀ ॥

تُجھ بِنُ اورُ ناہی مےَ دوُجا
توُنّ میرے من ماہی ॥

ਤੂੰ ਸਾਜਨੁ ਸੰਗੀ ਪ੍ਰਭੁ ਮੇਰਾ
ਕਾਹੇ ਜੀਅ ਡਰਾਹੀ ॥੧॥

توُنّ ساجنُ سنگی پربھُ میرا
کاہے جیء ڈراہی ۔ ॥1॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਤੁਮਰੀ ਓਟ ਤੁਮਾਰੀ ਆਸਾ ॥	تُمری اوٹ تُماری آسا ॥
ਬੈਠਤ ਊਠਤ ਸੋਵਤ ਜਾਗਤ ਵਿਸਰੁ ਨਾਹੀ ਤੂੰ ਸਾਸ ਗਿਰਾਸਾ ॥੧॥ ਰਹਾਉ ॥	بیٹھت اوٹھت سووت جاگت وِسرُ ناہی توُنّ ساس گِراسا ॥1॥ رہاءُ ॥
ਰਾਖੁ ਰਾਖੁ ਸਰਣਿ ਪ੍ਰਭ ਅਪਨੀ ਅਗਨਿ ਸਾਗਰ ਵਿਕਰਾਲਾ ॥	راکھُ راکھُ سرنِ پربھ اپنی اگنِ ساگر وِکرالا ॥
ਨਾਨਕ ਕੇ ਸੁਖਦਾਤੇ ਸਤਿਗੁਰ ਹਮ ਤੁਮਰੇ ਬਾਲ ਗੁਪਾਲਾ ॥੨॥੩੦॥	نانک کے سُکھداتے ستِگُر ہم تُمرے بال گُپالا ॥2॥ 30 ॥
ਆਸਾ ਮਹਲਾ ੫ ॥	آسا محلا 5 ॥
ਹਰਿ ਜਨ ਲੀਨੇ ਪ੍ਰਭੂ ਛਡਾਇ ॥	ہرِ جن لِینے پربھوُ چھڈاءِ ॥
ਪ੍ਰੀਤਮ ਸਿਉ ਮੇਰੋ ਮਨੁ ਮਾਨਿਆ ਤਾਪੁ ਮੁਆ ਬਿਖੁ ਖਾਇ ॥੧॥ ਰਹਾਉ ॥	پریتم سِءُ میرو منُ مانیا تاپُ مُیا بِکھُ کھاءِ ॥1॥ رہاءُ ॥
ਪਾਲਾ ਤਾਊ ਕਛੂ ਨ ਬਿਆਪੈ ਰਾਮ ਨਾਮ ਗੁਨ ਗਾਇ ॥	پالا تائوُ کچھوُ ن بیاپے رام نام گُن گاءِ ॥
ਡਾਕੀ ਕੋ ਚਿਤਿ ਕਛੂ ਨ ਲਾਗੈ ਚਰਨ ਕਮਲ ਸਰਨਾਇ ॥੧॥	ڈاکی کو چِتِ کچھوُ ن لاگے چرن کمل سرناءِ ॥1॥
ਸੰਤ ਪ੍ਰਸਾਦਿ ਭਏ ਕਿਰਪਾਲਾ ਹੋਏ ਆਪਿ ਸਹਾਇ ॥	سنّت پرسادِ بھئے کِرپالا ہوئے آپِ سہاءِ ॥
ਗੁਨ ਨਿਧਾਨ ਨਿਤਿ ਗਾਵੈ ਨਾਨਕੁ ਸਹਸਾ ਦੁਖੁ ਮਿਟਾਇ ॥੨॥੩੧॥	گُن نِدھان نِتِ گاوے نانکُ سہسا دُکھُ مِٹاءِ ॥2॥ 31 ॥
ਆਸਾ ਮਹਲਾ ੫ ॥	آسا محلا 5 ॥
ਅਉਖਧੁ ਖਾਇਓ ਹਰਿ ਕੋ ਨਾਉ ॥	انکھدھُ کھائیو ہرِ کو ناءُ ॥
ਸੁਖ ਪਾਏ ਦੁਖ ਬਿਨਸਿਆ ਥਾਉ ॥੧॥	سُکھ پائے دُکھ بِنسیا تھاءُ ॥1॥
ਤਾਪੁ ਗਇਆ ਬਚਨਿ ਗੁਰ ਪੂਰੇ ॥	تاپُ گئیا بچنِ گُر پوُرے ॥
ਅਨਦੁ ਭਇਆ ਸਭਿ ਮਿਟੇ ਵਿਸੂਰੇ ॥੧॥ ਰਹਾਉ ॥	اندُ بھئیا سبھِ مِٹے وِسوُرے ॥1॥ رہاءُ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نوں سمرپت|سیوا: بھائی بلجِندر سنگھ جی (راڑا صاہب)

ਜੀਅ ਜੰਤ ਸਗਲ ਸੁਖੁ ਪਾਇਆ ॥	جیء جنّت سگل سُکھُ پائیا ॥
ਪਾਰਬ੍ਰਹਮੁ ਨਾਨਕ ਮਨਿ ਧਿਆਇਆ ॥੨॥੩੨॥	پاربّرہمُ نانک منِ دھیائیا ॥2॥ 32 ॥
ਆਸਾ ਮਹਲਾ ੫ ॥	آسا محلا 5 ॥
ਬਾਂਛਤ ਨਾਹੀ ਸੁ ਬੇਲਾ ਆਈ ॥	بانچھت ناہی سُ بیلا آئی ॥
ਬਿਨੁ ਹੁਕਮੈ ਕਿਉ ਬੁਝੈ ਬੁਝਾਈ ॥੧॥	بِنُ حُکمے کِءُ بُجھے بُجھائی ۔ ॥1॥
ਠੰਢੀ ਤਾਤੀ ਮਿਟੀ ਖਾਈ ॥	ٹھنڈھی تاتی مِٹی کھائی ॥
ਓਹੁ ਨ ਬਾਲਾ ਬੂਢਾ ਭਾਈ ॥੧॥ ਰਹਾਉ ॥	اوہُ ن بالا بُوڈھا بھائی ॥1॥ رہاءُ ॥
ਨਾਨਕ ਦਾਸ ਸਾਧ ਸਰਣਾਈ ॥	نانک داس سادھ سرٹائی ॥
ਗੁਰ ਪ੍ਰਸਾਦਿ ਭਉ ਪਾਰਿ ਪਰਾਈ ॥੨॥੩੩॥	گُر پرّسادِ بھءُ پارِ پرائی ॥2॥ 33 ॥
ਆਸਾ ਮਹਲਾ ੫ ॥	آسا محلا 5 ॥
ਸਦਾ ਸਦਾ ਆਤਮ ਪਰਗਾਸੁ ॥	سدا سدا آتم پرگاسُ ॥
ਸਾਧਸੰਗਤਿ ਹਰਿ ਚਰਣ ਨਿਵਾਸੁ ॥੧॥	سادھسنگتِ ہرِ چرنْ نِواسُ ॥1॥
ਰਾਮ ਨਾਮ ਨਿਤਿ ਜਪਿ ਮਨ ਮੇਰੇ ॥	رام نام نِتِ جپِ من میرے ۔ ॥
ਸੀਤਲ ਸਾਂਤਿ ਸਦਾ ਸੁਖ ਪਾਵਹਿ ਕਿਲਵਿਖ ਜਾਹਿ ਸਭੇ ਮਨ ਤੇਰੇ ॥੧॥ ਰਹਾਉ ॥	سِیتل سانْتِ سدا سُکھ پاوہِ کِلوِکھ جاہِ سبھے من تیرے ॥1॥ رہاءُ ॥
ਕਹੁ ਨਾਨਕ ਜਾ ਕੇ ਪੂਰਨ ਕਰਮ ॥	کہُ نانک جا کے پوُرن کرم ॥
ਸਤਿਗੁਰ ਭੇਟੇ ਪੂਰਨ ਪਾਰਬ੍ਰਹਮ ॥੨॥੩੪॥	ستِگُر بھیٹے پوُرن پاربّرہم ॥2॥ 34 ॥
ਦੂਜੇ ਘਰ ਕੇ ਚਉਤੀਸ ॥	دوُجے گھر کے چتُّیس ॥
ਆਸਾ ਮਹਲਾ ੫ ॥	آسا محلا 5 ॥
ਜਾ ਕਾ ਹਰਿ ਸੁਆਮੀ ਪ੍ਰਭੁ ਬੇਲੀ ॥	جا کا ہرِ سُیامی پّربھُ بیلی ॥
ਪੀੜ ਗਈ ਫਿਰਿ ਨਹੀ ਦੁਹੇਲੀ ॥੧॥ ਰਹਾਉ ॥	پیڑ گئی پھِرِ نہی دُہیلی ॥1॥ رہاءُ ॥
ਕਰਿ ਕਿਰਪਾ ਚਰਨ ਸੰਗਿ ਮੇਲੀ ॥	کرِ کرِپا چرن سنگِ میلی ॥
ਸੂਖ ਸਹਜ ਆਨੰਦ ਸੁਹੇਲੀ ॥੧॥	سوُکھ سہج آنند سُہیلی ॥1॥

ਸਾਧਸੰਗਿ ਗੁਣ ਗਾਇ ਅਤੋਲੀ ॥
ساد ھسنگِ گُنڑ گاءِ اتولی ॥

ਹਰਿ ਸਿਮਰਤ ਨਾਨਕ ਭਈ ਅਮੋਲੀ ॥੨॥੩੫॥
ہرِ سِمرت نانک بھئی امولی ॥2॥ 35 ॥

ਆਸਾ ਮਹਲਾ ੫ ॥
آسا محلا 5 ॥

ਕਾਮ ਕ੍ਰੋਧ ਮਾਇਆ ਮਦ ਮਤਸਰ
ਏ ਖੇਲਤ ਸਭਿ ਜੂਐ ਹਾਰੇ ॥
کام کرودھ مائیا مد متسر
اے کھیلت سبھِ جوُئے ہارے ॥

ਸਤੁ ਸੰਤੋਖੁ ਦਇਆ ਧਰਮੁ ਸਚੁ
ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ॥੧॥
ست سنتوکھُ دئیا دھرمُ سچُ
اِہ اپُنے گرِہ بھیترِ وارے ॥1॥

ਜਨਮ ਮਰਨ ਚੂਕੇ ਸਭਿ ਭਾਰੇ ॥
جنم مرن چوُکے سبھِ بھارے ॥

ਮਿਲਤ ਸੰਗਿ ਭਇਓ ਮਨੁ ਨਿਰਮਲੁ
ਗੁਰਿ ਪੂਰੈ ਲੈ ਖਿਨ ਮਹਿ ਤਾਰੇ ॥੧॥ ਰਹਾਉ ॥
مِلت سنگِ بھئیو منُ نِرملُ
گُرِ پوُرے لے کھِن مہِ تارے ॥1॥ رہاءُ ॥

ਸਭ ਕੀ ਰੇਨੁ ਹੋਇ ਰਹੈ ਮਨੂਆ
ਸਗਲੇ ਦੀਸਹਿ ਮੀਤ ਪਿਆਰੇ ॥
سبھ کی رینُ ہوءِ رہے منوُیا
سگلے دیسہِ میت پیارے ॥

ਸਭ ਮਧੇ ਰਵਿਆ ਮੇਰਾ ਠਾਕੁਰੁ
ਦਾਨੁ ਦੇਤ ਸਭਿ ਜੀਅ ਸਮ੍ਾਰੇ ॥੨॥
سبھ مدھے روِیا میرا ٹھاکُرُ
دانُ دیت سبھِ جیء سمّہارے ॥2॥

ਏਕੋ ਏਕੁ ਆਪਿ ਇਕੁ ਏਕੈ
ਏਕੈ ਹੈ ਸਗਲਾ ਪਾਸਾਰੇ ॥
ایکو ایکُ آپِ اِکُ ایکےَ
ایکےَ ہےَ سگلا پاسارے ॥

ਜਪਿ ਜਪਿ ਹੋਏ ਸਗਲ ਸਾਧ ਜਨ
ਏਕੁ ਨਾਮੁ ਧਿਆਇ ਬਹੁਤੁ ਉਧਾਰੇ ॥੩॥
جپِ جپِ ہوئے سگل سادھ جن
ایکُ نامُ دھِیاءِ بہُتُ اُدھارے ॥3॥

ਗਹਿਰ ਗੰਭੀਰ ਬਿਅੰਤ ਗੁਸਾਈ
ਅੰਤੁ ਨਹੀ ਕਿਛੁ ਪਾਰਾਵਾਰੇ ॥
گہِر گنبھیر بِئنت گُسائی
انتُ نہی کِچھُ پاراوارے ॥

ਤੁਮ੍ਰੀ ਕ੍ਰਿਪਾ ਤੇ ਗੁਨ ਗਾਵੈ ਨਾਨਕ
ਧਿਆਇ ਧਿਆਇ ਪ੍ਰਭ ਕਉ ਨਮਸਕਾਰੇ ॥੪॥੩੬॥
تُمہری کرِپا تے گُن گاوےَ نانک
دھِیاءِ دھِیاءِ پربھ کءُ نمسکارے ॥4॥ 36 ॥

ਆਸਾ ਮਹਲਾ ੫ ॥
آسا محلا 5 ॥

ਤੂ ਬਿਅੰਤੁ ਅਵਿਗਤੁ ਅਗੋਚਰੁ
ਇਹੁ ਸਭੁ ਤੇਰਾ ਆਕਾਰੁ ॥
توُ بِئنتُ اوِگتُ اگوچرُ
اِہُ سبھُ تیرا آکارُ ॥

ਕਿਆ ਹਮ ਜੰਤ ਕਰਹ ਚਤੁਰਾਈ
ਜਾਂ ਸਭੁ ਕਿਛੁ ਤੁਝੈ ਮਝਾਰਿ ॥੧॥

ਮੇਰੇ ਸਤਿਗੁਰ ਅਪਨੇ ਬਾਲਿਕ ਰਾਖਹੁ ਲੀਲਾ ਧਾਰਿ ॥

ਦੇਹੁ ਸੁਮਤਿ ਸਦਾ ਗੁਣ ਗਾਵਾ
ਮੇਰੇ ਠਾਕੁਰ ਅਗਮ ਅਪਾਰ ॥੧॥ ਰਹਾਉ ॥

ਜੈਸੇ ਜਨਨਿ ਜਠਰ ਮਹਿ ਪ੍ਰਾਨੀ
ਓਹੁ ਰਹਤਾ ਨਾਮ ਅਧਾਰਿ ॥

ਅਨਦੁ ਕਰੈ ਸਾਸਿ ਸਾਸਿ ਸਮ੍ਹਾਰੈ
ਨਾ ਪੋਹੈ ਅਗਨਾਰਿ ॥੨॥

ਪਰ ਧਨ ਪਰ ਦਾਰਾ ਪਰ ਨਿੰਦਾ
ਇਨ ਸਿਉ ਪ੍ਰੀਤਿ ਨਿਵਾਰਿ ॥

ਚਰਨ ਕਮਲ ਸੇਵੀ ਰਿਦ ਅੰਤਰਿ
ਗੁਰ ਪੂਰੇ ਕੈ ਆਧਾਰਿ ॥੩॥

ਗ੍ਰਿਹੁ ਮੰਦਰ ਮਹਲਾ ਜੋ ਦੀਸਹਿ
ਨਾ ਕੋਈ ਸੰਗਾਰਿ ॥

ਜਬ ਲਗੁ ਜੀਵਹਿ ਕਲੀ ਕਾਲ ਮਹਿ
ਜਨ ਨਾਨਕ ਨਾਮੁ ਸਮ੍ਹਾਰਿ ॥੪॥੩੭॥

ਆਸਾ ਘਰੁ ੩ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

ਰਾਜ ਮਿਲਕ ਜੋਬਨ ਗ੍ਰਿਹ ਸੋਭਾ
ਰੂਪਵੰਤੁ ਜੋਆਨੀ ॥

ਬਹੁਤੁ ਦਰਬੁ ਹਸਤੀ ਅਰੁ ਘੋੜੇ
ਲਾਲ ਲਾਖ ਬੈ ਆਨੀ ॥

ਆਗੈ ਦਰਗਹਿ ਕਾਮਿ ਨ ਆਵੈ
ਛੋਡਿ ਚਲੈ ਅਭਿਮਾਨੀ ॥੧॥

کیا ہم جنت کرہ چترائی
جاں سبھُ کچھُ تُجھے مجھارِ ॥1॥

میرے ستِگُر اپنے بالِک راکھہُ لیلا دھارِ ॥

دیہُ سُمتِ سدا گُن گاوا
میرے ٹھاکُر اگم اپار۔ ॥1॥ رہاءُ ॥

جیسے جننِ جٹھر مہِ پرّانی
اوہُ رہتا نام ادھارِ ॥

اندُ کرے ساسِ ساسِ سمہّارے
نا پوہے اگنارِ ॥2॥

پر دھن پر دارا پر نِندا
اِن سِءُ پریت نِوارِ ॥

چرن کمل سیوی رِد انترِ
گُر پوُرے کے آدھارِ ॥3॥

گرِہُ مندر محلا جو دیسہِ
نا کوئی سنگارِ ॥

جب لگُ جیوہِ کلی کال مہِ
جن نانک نامُ سمہّارِ ॥4॥ 37 ॥

آسا گھرُ 3 محلا 5

ؤ ستِگُر پرسادِ ॥

راج مِلک جوبن گرِہ سوبھا
روُپونتُ جویانی ॥

بہُتُ دربُ ہستی ارُ گھوڑے
لال لاکھ بے آنی ॥

آگے درگہِ کامِ ن آوے
چھوڈِ چلے ابھِمانی ॥1॥

ਕਾਹੇ ਏਕ ਬਿਨਾ ਚਿਤੁ ਲਾਈਐ ॥

کاہے ایک بِنا چِتُ لائیئے ۔ ॥

ਊਠਤ ਬੈਠਤ ਸੋਵਤ ਜਾਗਤ
ਸਦਾ ਸਦਾ ਹਰਿ ਧਿਆਈਐ ॥੧॥ ਰਹਾਉ ॥

اوُٹھت بیٹھت سووت جاگت
سدا سدا ہرِ دھیائیئے ॥1॥ رہاءُ ॥

ਮਹਾ ਬਚਿਤ੍ਰ ਸੁੰਦਰ ਆਖਾੜੇ
ਰਣ ਮਹਿ ਜਿਤੇ ਪਵਾੜੇ ॥

مہا بچِتّر سُندر اکھاڑے
رنّ مہِ جِتے پواڑے ॥

ਹਉ ਮਾਰਉ ਹਉ ਬੰਧਉ ਛੋਡਉ
ਮੁਖ ਤੇ ਏਵ ਬਬਾੜੇ ॥

ہءُ مارءُ ہءُ بندھءُ چھوڈءُ
مُکھ تے ایو ببھاڑے ॥

ਆਇਆ ਹੁਕਮੁ ਪਾਰਬ੍ਰਹਮ ਕਾ
ਛੋਡਿ ਚਲਿਆ ਏਕ ਦਿਹਾੜੇ ॥੨॥

آئیا حُکمُ پاربرّہم کا
چھوڈِ چلیا ایک دِہاڑے ॥2॥

ਕਰਮ ਧਰਮ ਜੁਗਤਿ ਬਹੁ ਕਰਤਾ
ਕਰਣੈਹਾਰੁ ਨ ਜਾਨੈ ॥

کرم دھرم جُگتِ بہُ کرتا
کرنیَہارُ ن جانے ॥

ਉਪਦੇਸੁ ਕਰੈ ਆਪਿ ਨ ਕਮਾਵੈ
ਤਤੁ ਸਬਦੁ ਨ ਪਛਾਨੈ ॥

اُپدیسُ کرے آپِ ن کماوے
تتُ سبدُ ن پچھانے ॥

ਨਾਂਗਾ ਆਇਆ ਨਾਂਗੋ ਜਾਸੀ
ਜਿਉ ਹਸਤੀ ਖਾਕੁ ਛਾਨੈ ॥੩॥

نانگا آئیا نانگو جاسی
جِءُ ہستی خاکُ چھانے ॥3॥

ਸੰਤ ਸਜਨ ਸੁਨਹੁ ਸਭਿ ਮੀਤਾ
ਝੂਠਾ ਏਹੁ ਪਸਾਰਾ ॥

سنّت سجن سُنہُ سبھِ مِیتا
جھوُٹھا ایہُ پسارا ॥

ਮੇਰੀ ਮੇਰੀ ਕਰਿ ਕਰਿ ਡੂਬੇ
ਖਪਿ ਖਪਿ ਮੁਏ ਗਵਾਰਾ ॥

میری میری کرِ کرِ ڈوُبے
کھپِ کھپِ مُئے گوارا ॥

ਗੁਰ ਮਿਲਿ ਨਾਨਕ ਨਾਮੁ ਧਿਆਇਆ
ਸਾਚਿ ਨਾਮਿ ਨਿਸਤਾਰਾ ॥੪॥੧॥੩੮॥

گُر مِلِ نانک نامُ دھیائیا
ساچِ نامِ نِستارا ॥4॥1॥ 38 ॥

ਰਾਗੁ ਆਸਾ ਘਰੁ ੫ ਮਹਲਾ ੫

راگُ آسا گھرُ 5 محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਭ੍ਰਮ ਮਹਿ ਸੋਈ ਸਗਲ ਜਗਤ ਧੰਧ ਅੰਧ ॥

بھرّم مہِ سوئی سگل جگت دھندھ اندھ ॥

ਕੋਊ ਜਾਗੈ ਹਰਿ ਜਨੁ ॥੧॥

کوئو جاگے ہرِ جنُ ॥1॥

ਮਹਾ ਮੋਹਨੀ ਮਗਨ ਪ੍ਰਿਅ ਪ੍ਰੀਤਿ ਪ੍ਰਾਨ ॥	مہا موہنی مگن پرِء پریتِ پران ॥
ਕੋਊ ਤਿਆਗੈ ਵਿਰਲਾ ॥੨॥	کوئوُ تِیاگے وِرلا ॥2॥
ਚਰਨ ਕਮਲ ਆਨੂਪ ਹਰਿ ਸੰਤ ਮੰਤ ॥	چرن کمل آنوُپ ہرِ سنّت منّت ॥
ਕੋਊ ਲਾਗੈ ਸਾਧੂ ॥੩॥	کوئوُ لاگے سادھوُ ॥3॥
ਨਾਨਕ ਸਾਧੂ ਸੰਗਿ ਜਾਗੇ ਗਿਆਨ ਰੰਗਿ ॥	نانک سادھوُ سنگِ جاگے گِیان رنگِ ॥
ਵਡਭਾਗੇ ਕਿਰਪਾ ॥੪॥੧॥੩੯॥	وڈبھاگے کِرپا ॥4॥1॥ 39 ॥
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਰਾਗੁ ਆਸਾ ਘਰੁ ੬ ਮਹਲਾ ੫ ॥	راگُ آسا گھرُ 6 محلا 5 ॥
ਜੋ ਤੁਧੁ ਭਾਵੈ ਸੋ ਪਰਵਾਨਾ ਸੂਖੁ ਸਹਜੁ ਮਨਿ ਸੋਈ ॥	جو تُدھُ بھاوے سو پروانا سوُکھُ سہجُ منِ سوئی ॥
ਕਰਣ ਕਾਰਣ ਸਮਰਥ ਅਪਾਰਾ ਅਵਰੁ ਨਾਹੀ ਰੇ ਕੋਈ ॥੧॥	کرنْ کارنْ سمرتھ اپارا اورُ ناہی رے کوئی ॥1॥
ਤੇਰੇ ਜਨ ਰਸਕਿ ਰਸਕਿ ਗੁਣ ਗਾਵਹਿ ॥	تیرے جن رسکِ رسکِ گُنْ گاوہِ ॥
ਮਸਲਤਿ ਮਤਾ ਸਿਆਣਪ ਜਨ ਕੀ ਜੋ ਤੂੰ ਕਰਹਿ ਕਰਾਵਹਿ ॥੧॥ ਰਹਾਉ ॥	مصلتِ متا سِیانْپ جن کی جو توُنَ کرہِ کراوہِ ॥1॥ رہاءُ ॥
ਅੰਮ੍ਰਿਤੁ ਨਾਮੁ ਤੁਮਾਰਾ ਪਿਆਰੇ ਸਾਧਸੰਗਿ ਰਸੁ ਪਾਇਆ ॥	انمّرِتُ نامُ تُمارا پیارے سادھسنگِ رسُ پائیا ॥
ਤ੍ਰਿਪਤਿ ਅਘਾਇ ਸੇਈ ਜਨ ਪੂਰੇ ਸੁਖ ਨਿਧਾਨੁ ਹਰਿ ਗਾਇਆ ॥੨॥	ترِپتِ اگھاءِ سیئی جن پوُرے سُکھ نِدھانُ ہرِ گائیا ॥2॥
ਜਾ ਕਉ ਟੇਕ ਤੁਮ੍ਹਾਰੀ ਸੁਆਮੀ ਤਾ ਕਉ ਨਾਹੀ ਚਿੰਤਾ ॥	جا کءُ ٹیک تُمہاری سُیامی تا کءُ ناہی چِنّتا ॥
ਜਾ ਕਉ ਦਇਆ ਤੁਮਾਰੀ ਹੋਈ ਸੇ ਸਾਹ ਭਲੇ ਭਗਵੰਤਾ ॥੩॥	جا کءُ دئیا تُماری ہوئی سے ساہ بھلے بھگونّتا ॥3॥
ਭਰਮ ਮੋਹ ਧ੍ਰੋਹ ਸਭਿ ਨਿਕਸੇ ਜਬ ਕਾ ਦਰਸਨੁ ਪਾਇਆ ॥	بھرم موہ دھرّوہ سبھِ نِکسے

ਵਰਤਣਿ ਨਾਮੁ ਨਾਨਕ ਸਚੁ ਕੀਨਾ
ਹਰਿ ਨਾਮੇ ਰੰਗਿ ਸਮਾਇਆ ॥੪॥੧॥੪੦॥

جب کا درسنُ پائیا ॥
ورتنِ نامُ نانک سچُ کِینا
ہرِ نامے رنگِ سمائیا ॥4॥1॥ 40 ॥

ਆਸਾ ਮਹਲਾ ੫ ॥

آسا محلا 5 ॥

ਜਨਮ ਜਨਮ ਕੀ ਮਲੁ ਧੋਵੈ ਪਰਾਈ
ਆਪਣਾ ਕੀਤਾ ਪਾਵੈ ॥

جنم جنم کی ملُ دھووے پرائی
آپٹا کِیتا پاوے ॥

ਈਹਾ ਸੁਖੁ ਨਹੀ ਦਰਗਹ ਢੋਈ
ਜਮ ਪੁਰਿ ਜਾਇ ਪਚਾਵੈ ॥੧॥

ایہا سُکھُ نہی درگہ ڈھوئی
جم پُر جاءِ پچاوے ॥1॥

ਨਿੰਦਕਿ ਅਹਿਲਾ ਜਨਮੁ ਗਵਾਇਆ ॥

نِندکِ اہِلا جنمُ گوائیا ॥

ਪਹੁਚਿ ਨ ਸਾਕੈ ਕਾਹੂ ਬਾਤੈ
ਆਗੈ ਠਉਰ ਨ ਪਾਇਆ ॥੧॥ ਰਹਾਉ ॥

پہُچِ ن ساکے کاہوُ باتے
آگے ٹھُر ن پائیا ॥1॥ رہاءُ ॥

ਕਿਰਤੁ ਪਇਆ ਨਿੰਦਕ ਬਪੁਰੇ ਕਾ
ਕਿਆ ਓਹੁ ਕਰੈ ਬਿਚਾਰਾ ॥

کِرتُ پئیا نِندک بپُرے کا
کِیا اوہُ کرے بِچارا ۔ ॥

ਤਹਾ ਬਿਗੂਤਾ ਜਹ ਕੋਇ ਨ ਰਾਖੈ
ਓਹੁ ਕਿਸੁ ਪਹਿ ਕਰੇ ਪੁਕਾਰਾ ॥੨॥

تہا بِگوُتا جہ کوءِ ن راکھے
اوہُ کِسُ پہِ کرے پُکارا ۔ ॥2॥

ਨਿੰਦਕ ਕੀ ਗਤਿ ਕਤਹੂੰ ਨਾਹੀ
ਖਸਮੈ ਏਵੈ ਭਾਣਾ ॥

نِندک کی گتِ کتہوُنَ ناہی
خصمےَ ایوے بھاٹا ॥

ਜੋ ਜੋ ਨਿੰਦ ਕਰੇ ਸੰਤਨ ਕੀ
ਤਿਉ ਸੰਤਨ ਸੁਖੁ ਮਾਨਾ ॥੩॥

جو جو نِند کرے سنّتن کی
تِءُ سنّتن سُکھُ مانا ॥3॥

ਸੰਤਾ ਟੇਕ ਤੁਮਾਰੀ ਸੁਆਮੀ
ਤੂੰ ਸੰਤਨ ਕਾ ਸਹਾਈ ॥

سنّتا ٹیک تُماری سُیامی
توُنَ سنّتن کا سہائی ॥

ਕਹੁ ਨਾਨਕ ਸੰਤ ਹਰਿ ਰਾਖੇ
ਨਿੰਦਕ ਦੀਏ ਰੁੜਾਈ ॥੪॥੨॥੪੧॥

کہُ نانک سنّت ہرِ راکھے
نِندک دیے رُڑائی ॥4॥2॥ 41 ॥

ਆਸਾ ਮਹਲਾ ੫ ॥

آسا محلا 5 ॥

ਬਾਹਰੁ ਧੋਇ ਅੰਤਰੁ ਮਨੁ ਮੈਲਾ

باہرُ دھوءِ انتر منُ میَلا

ਦੁਇ ਠਉਰ ਅਪੁਨੇ ਖੋਏ ॥

دُءِ ٹھُر اپُنے کھوئے ॥

ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ
ਆਗੈ ਮੁਸਿ ਮੁਸਿ ਰੋਏ ॥੧॥

ایہا کامِ کرودھِ موہِ ویاپیا
آگے مُسِ مُسِ روئے ॥1॥

ਗੋਵਿੰਦ ਭਜਨ ਕੀ ਮਤਿ ਹੈ ਹੋਰਾ ॥

گووِنّد بھجن کی متِ ہے ہورا ॥

ਵਰਮੀ ਮਾਰੀ ਸਾਪੁ ਨ ਮਰਈ
ਨਾਮੁ ਨ ਸੁਨਈ ਡੋਰਾ ॥੧॥ ਰਹਾਉ ॥

ورمی ماری ساپُ ن مرئی
نامُ ن سُنئی ڈورا ॥1॥ رہاءُ ॥

ਮਾਇਆ ਕੀ ਕਿਰਤਿ ਛੋਡਿ ਗਵਾਈ
ਭਗਤੀ ਸਾਰ ਨ ਜਾਨੈ ॥

مائیا کی کِرتِ چھوڈِ گوائی
بھگتی سار ن جانے ॥

ਬੇਦ ਸਾਸਤ੍ਰ ਕਉ ਤਰਕਨਿ ਲਾਗਾ
ਤਤੁ ਜੋਗੁ ਨ ਪਛਾਨੈ ॥੨॥

بید ساستّر ک ءُ ترکنِ لاگا
تتُ جوگُ ن پچھانے ॥2॥

ਉਘਰਿ ਗਇਆ ਜੈਸਾ ਖੋਟਾ ਢਬੂਆ
ਨਦਰਿ ਸਰਾਫਾ ਆਇਆ ॥

اُگھرِ گئیا جیَسا کھوٹا ڈھبوُیا
ندرِ صرافا آئیا ॥

ਅੰਤਰਜਾਮੀ ਸਭੁ ਕਿਛੁ ਜਾਨੈ
ਉਸ ਤੇ ਕਹਾ ਛਪਾਇਆ ॥੩॥

انترجامی سبھُ کِچھُ جانے
اُس تے کہا چھپائیا ۔ ॥3॥

ਕੂੜਿ ਕਪਟਿ ਬੰਚਿ ਨਿੰਮੁਨੀਆਦਾ
ਬਿਨਸਿ ਗਇਆ ਤਤਕਾਲੇ ॥

کوُڑِ کپٹِ بنّچِ نِمّنیادا
بِنسِ گئیا تتکالے ॥

ਸਤਿ ਸਤਿ ਸਤਿ ਨਾਨਕਿ ਕਹਿਆ
ਅਪਨੈ ਹਿਰਦੈ ਦੇਖੁ ਸਮਾਲੇ ॥੪॥੩॥੪੨॥

ستِ ستِ ستِ نانکِ کہیا
اپنے ہِردے دیکھُ سمالے ॥4॥3॥ 42 ॥

ਆਸਾ ਮਹਲਾ ੫ ॥

آسا محلا 5 ॥

ਉਦਮੁ ਕਰਤ ਹੋਵੈ ਮਨੁ ਨਿਰਮਲੁ
ਨਾਚੈ ਆਪੁ ਨਿਵਾਰੇ ॥

اُدمُ کرت ہووے منُ نِرملُ
ناچےَ آپُ نِوارے ॥

ਪੰਚ ਜਨਾ ਲੇ ਵਸਗਤਿ ਰਾਖੈ
ਮਨ ਮਹਿ ਏਕੰਕਾਰੇ ॥੧॥

پنّچ جنا لے وسگتِ راکھےَ
من مہِ ایکنّکارے ॥1॥

ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ ॥

تیرا جنُ نِرتِ کرے گُن گاوے ॥

ਰਬਾਬੁ ਪਖਾਵਜ ਤਾਲ ਘੁੰਘਰੂ

ربابُ پکھاوج تال کھُنگھرُو

ਅਨਹਦ ਸਬਦੁ ਵਜਾਵੈ ॥੧॥ ਰਹਾਉ ॥

انہد سبدُ وجاوے ॥1॥ رہاءُ ॥

ਪ੍ਰਥਮੇ ਮਨੁ ਪਰਬੋਧੈ ਅਪਨਾ
ਪਾਛੈ ਅਵਰ ਰੀਝਾਵੈ ॥

پرتھمے منُ پربودھے اپنا
پاچھے اور ریجھاوے ॥

ਰਾਮ ਨਾਮ ਜਪੁ ਹਿਰਦੈ ਜਾਪੈ
ਮੁਖ ਤੇ ਸਗਲ ਸੁਨਾਵੈ ॥੨॥

رام نام جپُ ہِردے جاپے
مُکھ تے سگل سُناوے ॥2॥

ਕਰ ਸੰਗਿ ਸਾਧੂ ਚਰਨ ਪਖਾਰੈ
ਸੰਤ ਧੂਰਿ ਤਨਿ ਲਾਵੈ ॥

کر سنگِ سادھوُ چرن پکھارے
سنّت دھوُرِ تنِ لاوے ॥

ਮਨੁ ਤਨੁ ਅਰਪਿ ਧਰੇ ਗੁਰ ਆਗੈ
ਸਤਿ ਪਦਾਰਥੁ ਪਾਵੈ ॥੩॥

منُ تنُ ارپِ دھرے گُر آگے
ستِ پدارتھُ پاوے ॥3॥

ਜੋ ਜੋ ਸੁਨੈ ਪੇਖੈ ਲਾਇ ਸਰਧਾ
ਤਾ ਕਾ ਜਨਮ ਮਰਨ ਦੁਖੁ ਭਾਗੈ ॥

جو جو سُنے پیکھے لاءِ سردھا
تا کا جنم مرن دُکھُ بھاگے ॥

ਐਸੀ ਨਿਰਤਿ ਨਰਕ ਨਿਵਾਰੈ
ਨਾਨਕ ਗੁਰਮੁਖਿ ਜਾਗੈ ॥੪॥੪॥੪੩॥

ایَسی نِرتِ نرک نِوارے
نانک گُرمُکھِ جاگے ॥4॥4॥ 43 ॥

ਆਸਾ ਮਹਲਾ ੫ ॥

آسا محلا 5 ॥

ਅਧਮ ਚੰਡਾਲੀ ਭਈ ਬ੍ਰਹਮਣੀ
ਸੂਦੀ ਤੇ ਸ੍ਰੇਸਟਾਈ ਰੇ ॥

ادھم چنڈالی بھئی برہمنی
سوُدی تے سّریسٹائی رے ॥

ਪਾਤਾਲੀ ਆਕਾਸੀ ਸਖਨੀ
ਲਹਬਰ ਬੂਝੀ ਖਾਈ ਰੇ ॥੧॥

پاتالی آکاسی سکھنی
لہبر بوُجھی کھائی رے ॥1॥

ਘਰ ਕੀ ਬਿਲਾਈ ਅਵਰ ਸਿਖਾਈ
ਮੂਸਾ ਦੇਖਿ ਡਰਾਈ ਰੇ ॥

گھر کی بِلائی اور سِکھائی
موُسا دیکھِ ڈرائی رے ॥

ਅਜ ਕੈ ਵਸਿ ਗੁਰਿ ਕੀਨੋ ਕੇਹਰਿ
ਕੂਕਰ ਤਿਨਹਿ ਲਗਾਈ ਰੇ ॥੧॥ ਰਹਾਉ ॥

اج کے وسِ گُرِ کینو کیہرِ
کوُکر تِنہِ لگائی رے ॥1॥ رہاءُ ॥

ਬਾਝੁ ਥੂਨੀਆ ਛਪਰਾ ਥਾਮ੍ਹਿਆ
ਨੀਘਰਿਆ ਘਰੁ ਪਾਇਆ ਰੇ ॥

باجھُ تھوُنیا چھپرا تھامّہیا
نِیگھرِیا گھرُ پائیا رے ॥

ਬਿਨੁ ਜੜੀਏ ਲੈ ਜੜਿਓ ਜੜਾਵਾ

بِنُ جڑیے لے جڑِئو جڑاوا

ਥੇਵਾ ਅਚਰਜੁ ਲਾਇਆ ਰੇ ॥੨॥

تھیوا اچرجُ لائیا رے ॥2॥

ਦਾਦੀ ਦਾਦਿ ਨ ਪਹੁਚਨਹਾਰਾ
ਚੂਪੀ ਨਿਰਨਉ ਪਾਇਆ ਰੇ ॥

دادی دادِ ن پہُچنہارا
چوُپی نِرن ءُ پائیا رے ॥

ਮਾਲਿ ਦੁਲੀਚੈ ਬੈਠੀ ਲੇ ਮਿਰਤਕੁ
ਨੈਨ ਦਿਖਾਲਨੁ ਧਾਇਆ ਰੇ ॥੩॥

مالِ دُلیچے بیٹھی لے مِرتکُ
نیَن دِکھالنُ دھائیا رے ॥3॥

ਸੋਈ ਅਜਾਣੁ ਕਹੈ ਮੈ ਜਾਨਾ
ਜਾਨਣਹਾਰੁ ਨ ਛਾਨਾ ਰੇ ॥

سوئی اجانُ کہے مے جانا
جانٹہارُ ن چھانا رے ॥

ਕਹੁ ਨਾਨਕ ਗੁਰਿ ਅਮਿਉ ਪੀਆਇਆ
ਰਸਕਿ ਰਸਕਿ ਬਿਗਸਾਨਾ ਰੇ ॥੪॥੫॥੪੪॥

کہُ نانک گُرِ امِ ءُ پیائیا
رسکِ رسکِ بِگسانا رے ॥4॥5॥ 44 ॥

ਆਸਾ ਮਹਲਾ ੫ ॥

آسا محلا 5 ॥

ਬੰਧਨ ਕਾਟਿ ਬਿਸਾਰੇ ਅਉਗਨ
ਅਪਨਾ ਬਿਰਦੁ ਸਮ੍ਾਰਿਆ ॥

بنّدھن کاٹِ بِسارے اَگُن
اپنا بِردُ سمہّارِیا ॥

ਹੋਏ ਕ੍ਰਿਪਾਲ ਮਾਤ ਪਿਤ ਨਿਆਈ
ਬਾਰਿਕ ਜਿਉ ਪ੍ਰਤਿਪਾਰਿਆ ॥੧॥

ہوئے کرِپال مات پِت نِیائی
بارِک جِ ءُ پرتپارِیا ॥1॥

ਗੁਰਸਿਖ ਰਾਖੇ ਗੁਰ ਗੋਪਾਲਿ ॥

گُرسِکھ راکھے گُر گوپالِ ॥

ਕਾਢਿ ਲੀਏ ਮਹਾ ਭਵਜਲ ਤੇ
ਅਪਨੀ ਨਦਰਿ ਨਿਹਾਲਿ ॥੧॥ ਰਹਾਉ ॥

کاڈھِ لیئے مہا بھوجل تے
اپنی ندرِ نِہالِ ॥1॥ رہاءُ ॥

ਜਾ ਕੈ ਸਿਮਰਣਿ ਜਮ ਤੇ ਛੁਟੀਐ
ਹਲਤਿ ਪਲਤਿ ਸੁਖੁ ਪਾਈਐ ॥

جا کے سِمرنِ جم تے چھُٹیئے
ہلتِ پلتِ سُکھُ پائیئے ॥

ਸਾਸਿ ਗਿਰਾਸਿ ਜਪਹੁ ਜਪੁ ਰਸਨਾ
ਨੀਤ ਨੀਤ ਗੁਣ ਗਾਈਐ ॥੨॥

ساسِ گِراسِ جپہُ جپُ رسنا
نِیت نِیت گُن گائیئے ॥2॥

ਭਗਤਿ ਪ੍ਰੇਮ ਪਰਮ ਪਦੁ ਪਾਇਆ
ਸਾਧਸੰਗਿ ਦੁਖ ਨਾਠੇ ॥

بھگتِ پریم پرم پدُ پائیا
سادھسنگِ دُکھ ناٹھے ॥

ਛਿਜੈ ਨ ਜਾਇ ਕਿਛੁ ਭਉ ਨ ਬਿਆਪੇ
ਹਰਿ ਧਨੁ ਨਿਰਮਲੁ ਗਾਠੇ ॥੩॥

چھِجے ن جاءِ کچھُ بھ ءُ ن بِیاپے
ہرِ دھنُ نِرملُ گاٹھے ॥3॥

ਅੰਤਿ ਕਾਲ ਪ੍ਰਭ ਭਏ ਸਹਾਈ
ਇਤ ਉਤ ਰਾਖਨਹਾਰੇ ॥

ਪ੍ਰਾਨ ਮੀਤ ਹੀਤ ਧਨੁ ਮੇਰੈ
ਨਾਨਕ ਸਦ ਬਲਿਹਾਰੇ ॥੪॥੬॥੪੫॥

ਆਸਾ ਮਹਲਾ ੫ ॥

ਜਾ ਤੂੰ ਸਾਹਿਬੁ ਤਾ ਭਉ ਕੇਹਾ
ਹਉ ਤੁਧੁ ਬਿਨੁ ਕਿਸੁ ਸਾਲਾਹੀ ॥

ਏਕੁ ਤੂੰ ਤਾ ਸਭੁ ਕਿਛੁ ਹੈ
ਮੈ ਤੁਧੁ ਬਿਨੁ ਦੂਜਾ ਨਾਹੀ ॥੧॥

ਬਾਬਾ ਬਿਖੁ ਦੇਖਿਆ ਸੰਸਾਰੁ ॥

ਰਖਿਆ ਕਰਹੁ ਗੁਸਾਈ ਮੇਰੇ
ਮੈ ਨਾਮੁ ਤੇਰਾ ਆਧਾਰੁ ॥੧॥ ਰਹਾਉ ॥

ਜਾਣਹਿ ਬਿਰਥਾ ਸਭਾ ਮਨ ਕੀ
ਹੋਰੁ ਕਿਸੁ ਪਹਿ ਆਖਿ ਸੁਣਾਈਐ ॥

ਵਿਣੁ ਨਾਵੈ ਸਭੁ ਜਗੁ ਬਉਰਾਇਆ
ਨਾਮੁ ਮਿਲੈ ਸੁਖੁ ਪਾਈਐ ॥੨॥

ਕਿਆ ਕਹੀਐ ਕਿਸੁ ਆਖਿ ਸੁਣਾਈਐ
ਜਿ ਕਹਣਾ ਸੁ ਪ੍ਰਭ ਜੀ ਪਾਸਿ ॥

ਸਭੁ ਕਿਛੁ ਕੀਤਾ ਤੇਰਾ ਵਰਤੈ
ਸਦਾ ਸਦਾ ਤੇਰੀ ਆਸ ॥੩॥

ਜੇ ਦੇਹਿ ਵਡਿਆਈ ਤਾ ਤੇਰੀ ਵਡਿਆਈ
ਇਤ ਉਤ ਤੁਝਹਿ ਧਿਆਉ ॥

ਨਾਨਕ ਕੇ ਪ੍ਰਭ ਸਦਾ ਸੁਖਦਾਤੇ
ਮੈ ਤਾਣੁ ਤੇਰਾ ਇਕੁ ਨਾਉ ॥੪॥੭॥੪੬॥

ਆਸਾ ਮਹਲਾ ੫ ॥

انّتِ کال پربھ بھئے سہائی
اِت اُت راکھنہارے ॥

پران میت ہیت دھنُ میرے
نانک سد بلِہارے ॥4॥6॥ 45 ॥

آسا محلا 5 ॥

جا توُنّ صاحِبُ تا بھءُ کیہا
ہءُ تُدھُ بِنُ کِس سالاحی ۔ ॥

ایکُ توُنّ تا سبھُ کچھُ ہے
مے تُدھُ بِنُ دوُجا ناہی ॥1॥

بابا بِکھُ دیکھیا سنّسارُ ॥

رکھیا کرہُ گُسائی میرے
مے نامُ تیرا آدھارُ ॥1॥ رہاءُ ॥

جانہِ بِرتھا سبھا من کی
ہورُ کِس پہ آکھِ سُٹائیے ۔ ॥

وِنُ ناوے سبھُ جگُ بُرائیا
نامُ مِلے سُکھُ پائیے ॥2॥

کِیا کہیے کِس آکھِ سُٹائیے
جِ کہنّا سُ پربھ جی پاسِ ॥

سبھُ کچھُ کِیتا تیرا ورتے
سدا سدا تیری آس ॥3॥

جے دیہِ وڈِیائی تا تیری وڈِیائی
اِت اُت تُجھہِ دھِیاءُ ॥

نانک کے پربھ سدا سُکھداتے
مے تانُ تیرا اِکُ ناءُ ॥4॥7॥ 46 ॥

آسا محلا 5 ॥

ਅੰਮ੍ਰਿਤੁ ਨਾਮੁ ਤੁਮ੍ਹਾਰਾ ਠਾਕੁਰ
ਏਹੁ ਮਹਾ ਰਸੁ ਜਨਹਿ ਪੀਓ ॥

ਜਨਮ ਜਨਮ ਚੂਕੇ ਭੈ ਭਾਰੇ
ਦੁਰਤੁ ਬਿਨਾਸਿਓ ਭਰਮੁ ਬੀਓ ॥੧॥

ਦਰਸਨੁ ਪੇਖਤ ਮੈ ਜੀਓ ॥

ਸੁਨਿ ਕਰਿ ਬਚਨ ਤੁਮ੍ਹਾਰੇ ਸਤਿਗੁਰ
ਮਨੁ ਤਨੁ ਮੇਰਾ ਠਾਰੁ ਥੀਓ ॥੧॥ ਰਹਾਉ ॥

ਤੁਮ੍ਹਰੀ ਕ੍ਰਿਪਾ ਤੇ ਭਇਓ ਸਾਧਸੰਗੁ
ਏਹੁ ਕਾਜੁ ਤੁਮ੍ ਆਪਿ ਕੀਓ ॥

ਦਿੜੁ ਕਰਿ ਚਰਣ ਗਹੇ ਪ੍ਰਭ ਤੁਮ੍ਰੇ
ਸਹਜੇ ਬਿਖਿਆ ਭਈ ਖੀਓ ॥੨॥

ਸੁਖ ਨਿਧਾਨ ਨਾਮੁ ਪ੍ਰਭ ਤੁਮਰਾ
ਏਹੁ ਅਬਿਨਾਸੀ ਮੰਤ੍ਰੁ ਲੀਓ ॥

ਕਰਿ ਕਿਰਪਾ ਮੋਹਿ ਸਤਿਗੁਰਿ ਦੀਨਾ
ਤਾਪੁ ਸੰਤਾਪੁ ਮੇਰਾ ਬੈਰੁ ਗੀਓ ॥੩॥

ਧੰਨੁ ਸੁ ਮਾਣਸ ਦੇਹੀ ਪਾਈ
ਜਿਤੁ ਪ੍ਰਭਿ ਅਪਨੈ ਮੇਲਿ ਲੀਓ ॥

ਧੰਨੁ ਸੁ ਕਲਿਜੁਗੁ ਸਾਧਸੰਗਿ ਕੀਰਤਨੁ ਗਾਈਐ
ਨਾਨਕ ਨਾਮੁ ਅਧਾਰੁ ਹੀਓ ॥੪॥੮॥੪੭॥

ਆਸਾ ਮਹਲਾ ੫ ॥

ਆਗੈ ਹੀ ਤੇ ਸਭੁ ਕਿਛੁ ਹੂਆ
ਅਵਰੁ ਕਿ ਜਾਣੈ ਗਿਆਨਾ ॥

ਭੂਲ ਚੂਕ ਅਪਨਾ ਬਾਰਿਕੁ ਬਖਸਿਆ
ਪਾਰਬ੍ਰਹਮ ਭਗਵਾਨਾ ॥੧॥

ਸਤਿਗੁਰੁ ਮੇਰਾ ਸਦਾ ਦਇਆਲਾ

اَمرِتُ نامُ تُمہارا ٹھاکُر
ایہُ مہا رسُ جنہِ پِیئو ॥

جنم جنم چُوکے بھے بھارے
دُرتُ بِناسِئو بھرمُ بِیئو ॥1॥

درسنُ پیکھت مے جِیئو ॥

سُنِ کرِ بچن تُمہارے ستِگُر
منُ تنُ میرا ٹھارُ تھِیئو ॥1॥ رہاءُ ॥

تُمہری کرِپا تے بھئِو سادھسنگُ
ایہُ کاجُ تُمہ آپِ کِیئو ॥

دِڑُ کرِ چرنؒ گہے پربھ تُمہرے
سہجے بِکھیا بھئی کھِیئو ॥2॥

سُکھ نِدھان نامُ پربھ تُمرا
ایہُ ابِناسی منّتر لِیئو ॥

کرِ کرِپا موہِ ستِگُرِ دِینا
تاپُ سنّتاپُ میرا بیرُ گِیئو ॥3॥

دھنّنُ سُ ماٹُس دیہی پائی
جِتُ پربھِ اپنے میلِ لِیئو ॥

دھنّنُ سُ کلِجُگُ سادھسنگِ کیرتنُ گائیے
نانک نامُ ادھارُ ہِیئو ॥4॥8॥ 47 ॥

آسا محلا 5 ॥

آگے ہی تے سبھُ کِچھُ ہوُیا
اورُ کِ جانے گیانا ۔ ॥

بھوُل چوُک اپنا بارِکُ بخشِیا
پاربرہم بھگوانا ॥1॥

ستِگُرُ میرا سدا دیئالا

ਮੋਹਿ ਦੀਨ ਕਉ ਰਾਖਿ ਲੀਆ ॥

موہِ دِین کءُ راکھِ لِیا ॥

ਕਾਟਿਆ ਰੋਗੁ ਮਹਾ ਸੁਖੁ ਪਾਇਆ
ਹਰਿ ਅੰਮ੍ਰਿਤੁ ਮੁਖਿ ਨਾਮੁ ਦੀਆ ॥੧॥ ਰਹਾਉ ॥

کاٹِیا روگُ مہا سُکھُ پائِیا
ہرِ انمّرِتُ مُکھِ نامُ دِیِیا ॥1॥ رہاءُ ॥

ਅਨਿਕ ਪਾਪ ਮੇਰੇ ਪਰਹਰਿਆ
ਬੰਧਨ ਕਾਟੇ ਮੁਕਤ ਭਏ ॥

اِنک پاپ میرے پرہرِیا
بنّدھن کاٹے مُکت بھےَ ॥

ਅੰਧ ਕੂਪ ਮਹਾ ਘੋਰ ਤੇ
ਬਾਹ ਪਕਰਿ ਗੁਰਿ ਕਾਢਿ ਲੀਏ ॥੨॥

انّدھ کوُپ مہا گھور تے
باہ پکرِ گُرِ کاڈھِ لیۓ ॥2॥

ਨਿਰਭਉ ਭਏ ਸਗਲ ਭਉ ਮਿਟਿਆ
ਰਾਖੇ ਰਾਖਨਹਾਰੇ ॥

نِربھءُ بھےَ سگل بھءُ مِٹِیا
راکھے راکھنہارے ॥

ਐਸੀ ਦਾਤਿ ਤੇਰੀ ਪ੍ਰਭ ਮੇਰੇ
ਕਾਰਜ ਸਗਲ ਸਵਾਰੇ ॥੩॥

ایَسی داتِ تیری پربھ میرے
کارج سگل سوارے ॥3॥

ਗੁਣ ਨਿਧਾਨ ਸਾਹਿਬ ਮਨਿ ਮੇਲਾ ॥

گُنّ نِدھان صاہِب منِ میلا ॥

ਸਰਣਿ ਪਇਆ ਨਾਨਕ ਸੋਹੇਲਾ ॥੪॥੯॥੪੮॥

سرنِّ پئِیا نانک سوہیلا ॥4॥9॥ 48 ॥

ਆਸਾ ਮਹਲਾ ੫ ॥

آسا محلا 5 ॥

ਤੂੰ ਵਿਸਰਹਿ ਤਾਂ ਸਭੁ ਕੋ ਲਾਗੂ
ਚੀਤਿ ਆਵਹਿ ਤਾਂ ਸੇਵਾ ॥

توُنّ وِسرہِ تاں سبھُ کو لاگوُ
چیِتِ آوہِ تاں سیوا ॥

ਅਵਰੁ ਨ ਕੋਊ ਦੂਜਾ ਸੂਝੈ
ਸਾਚੇ ਅਲਖ ਅਭੇਵਾ ॥੧॥

اورُ ن کوئوُ دوُجا سوُجھےَ
ساچے الکھ ابھیوا ۔ ॥1॥

ਚੀਤਿ ਆਵੈ ਤਾਂ ਸਦਾ ਦਇਆਲਾ
ਲੋਗਨ ਕਿਆ ਵੇਚਾਰੇ ॥

چیِتِ آوےَ تاں سدا دئِیالا
لوگن کِیا ویچارے ۔ ॥

ਬੁਰਾ ਭਲਾ ਕਹੁ ਕਿਸ ਨੋ ਕਹੀਐ
ਸਗਲੇ ਜੀਅ ਤੁਮ੍ਾਰੇ ॥੧॥ ਰਹਾਉ ॥

بُرا بھلا کہُ کِس نو کہیۓ
سگلے جیء تُمّہارے ॥1॥ رہاءُ ॥

ਤੇਰੀ ਟੇਕ ਤੇਰਾ ਆਧਾਰਾ
ਹਾਥ ਦੇਇ ਤੂੰ ਰਾਖਹਿ ॥

تیری ٹیک تیرا آدھارا
ہاتھ دےءِ توُنّ راکھِ ॥

ਜਿਸੁ ਜਨ ਊਪਰਿ ਤੇਰੀ ਕਿਰਪਾ

جِسُ جن اوُپرِ تیری کِرپا

ਤਿਸ ਕਉ ਬਿਪੁ ਨ ਕੋਊ ਭਾਖੈ ॥੨॥

تِس ک ءُ بِپُ ن کوئُو بھاکھے ॥2॥

ਓਹੋ ਸੁਖੁ ਓਹਾ ਵਡਿਆਈ
ਜੋ ਪ੍ਰਭ ਜੀ ਮਨਿ ਭਾਣੀ ॥

اوہو سُکھُ اوہا وڈِیائی
جو پّربھ جی منِ بھانیٚ ॥

ਤੂੰ ਦਾਨਾ ਤੂੰ ਸਦ ਮਿਹਰਵਾਨਾ
ਨਾਮੁ ਮਿਲੈ ਰੰਗੁ ਮਾਣੀ ॥੩॥

توُنّ دانا توُنّ سد مِہروانا
نامُ مِلے رنگُ مانیٚ ॥3॥

ਤੁਧੁ ਆਗੈ ਅਰਦਾਸਿ ਹਮਾਰੀ
ਜੀਉ ਪਿੰਡੁ ਸਭੁ ਤੇਰਾ ॥

تُدھُ آگے عرداسِ ہماری
جِءُ پِنڈُ سبھُ تیرا ॥

ਕਹੁ ਨਾਨਕ ਸਭ ਤੇਰੀ ਵਡਿਆਈ
ਕੋਈ ਨਾਉ ਨ ਜਾਣੈ ਮੇਰਾ ॥੪॥੧੦॥੪੯॥

کہُ نانک سبھ تیری وڈِیائی
کوئی ناءُ ن جانے میرا ॥4॥ 10 ॥ 49 ॥

ਆਸਾ ਮਹਲਾ ੫ ॥

آسا محلا 5 ॥

ਕਰਿ ਕਿਰਪਾ ਪ੍ਰਭ ਅੰਤਰਜਾਮੀ
ਸਾਧਸੰਗਿ ਹਰਿ ਪਾਈਐ ॥

کرِ کِرپا پّربھ انترجامی
سادھسنگِ ہرِ پائیئے ॥

ਖੋਲਿ ਕਿਵਾਰ ਦਿਖਾਲੇ ਦਰਸਨੁ
ਪੁਨਰਪਿ ਜਨਮਿ ਨ ਆਈਐ ॥੧॥

کھولِ کِوار دِکھالے درسنُ
پُنرپِ جنمِ ن آئیئے ॥1॥

ਮਿਲਉ ਪਰੀਤਮ ਸੁਆਮੀ ਅਪੁਨੇ
ਸਗਲੇ ਦੂਖ ਹਰਉ ਰੇ ॥

مِل ءُ پریتم سُیامی اپُنے
سگلے دوُکھ ہرءُ رے ॥

ਪਾਰਬ੍ਰਹਮੁ ਜਿਨਿ੍ ਰਿਦੈ ਅਰਾਧਿਆ
ਤਾ ਕੈ ਸੰਗਿ ਤਰਉ ਰੇ ॥੧॥ ਰਹਾਉ ॥

پاربّرہمُ جِنّہِ رِدے ارادھیا
تا کے سنگِ ترءُ رے ॥1॥ رہاءُ ॥

ਮਹਾ ਉਦਿਆਨ ਪਾਵਕ ਸਾਗਰ ਭਏ
ਹਰਖ ਸੋਗ ਮਹਿ ਬਸਨਾ ॥

مہا اُدِیان پاوک ساگر بھے
ہرکھ سوگ مہِ بسنا ॥

ਸਤਿਗੁਰੁ ਭੇਟਿ ਭਇਆ ਮਨੁ ਨਿਰਮਲੁ
ਜਪਿ ਅੰਮ੍ਰਿਤੁ ਹਰਿ ਰਸਨਾ ॥੨॥

ستِگُرُ بھیٹِ بھئیا منُ نِرملُ
جپِ انمّرِتُ ہرِ رسنا ॥2॥

ਤਨੁ ਧਨੁ ਥਾਪਿ ਕੀਓ ਸਭੁ ਅਪਨਾ
ਕੋਮਲ ਬੰਧਨ ਬਾਂਧਿਆ ॥

تنُ دھنُ تھاپِ کِینّو سبھُ اپنا
کومل بنّدھن باندھیا ॥

ਗੁਰ ਪਰਸਾਦਿ ਭਏ ਜਨ ਮੁਕਤੇ

گُر پرسادِ بھے جن مُکتے

ਹਰਿ ਹਰਿ ਨਾਮੁ ਅਰਾਧਿਆ ॥੩॥

ہرِ ہرِ نامُ ارادھیا ॥3॥

ਰਾਖਿ ਲੀਏ ਪ੍ਰਭਿ ਰਾਖਨਹਾਰੈ
ਜੋ ਪ੍ਰਭ ਅਪੁਨੇ ਭਾਣੇ ॥

راکھِ لیئے پربھِ راکھنہارے
جو پربھ اپُنے بھانے ॥

ਜੀਉ ਪਿੰਡੁ ਸਭੁ ਤੁਮ੍ਹਾ ਦਾਤੇ
ਨਾਨਕ ਸਦ ਕੁਰਬਾਣੇ ॥੪॥੧੧॥੫੦॥

جیِءُ پِنڈُ سبھُ تُمہّرا داتے
نانک سد قُربانے ॥4॥ 11 ॥ 50 ॥

ਆਸਾ ਮਹਲਾ ੫ ॥

آسا محلا 5 ॥

ਮੋਹ ਮਲਨ ਨੀਦ ਤੇ ਛੁਟਕੀ
ਕਉਨੁ ਅਨੁਗ੍ਰਹੁ ਭਇਓ ਰੀ ॥

موہ ملن نِید تے چھُٹکی
کئُنُ انگّرہُ بھیئو ری ۔ ॥

ਮਹਾ ਮੋਹਨੀ ਤੁਧੁ ਨ ਵਿਆਪੈ
ਤੇਰਾ ਆਲਸੁ ਕਹਾ ਗਇਓ ਰੀ ॥੧॥ ਰਹਾਉ ॥

مہا موہنی تُدھُ ن وِیاپے
تیرا آلسُ کہا گیئو ری ۔ ॥1॥ رہاءُ ॥

ਕਾਮੁ ਕ੍ਰੋਧ ਅਹੰਕਾਰੁ ਗਾਖਰੋ
ਸੰਜਮਿ ਕਉਨ ਛੁਟਿਓ ਰੀ ॥

کامُ کرودھ اہنکارُ گاکھرو
سنجّمِ کئُن چھُٹیئو ری ۔ ॥

ਸੁਰਿ ਨਰ ਦੇਵ ਅਸੁਰ ਤ੍ਰੈ ਗੁਨੀਆ
ਸਗਲੋ ਭਵਨੁ ਲੁਟਿਓ ਰੀ ॥੧॥

سُرِ نر دیو اسُر ترّے گُنیا
سگلو بھونُ لُٹیئو ری ۔ ॥1॥

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ
ਕੋਈ ਹਰਿਆ ਬੂਟੁ ਰਹਿਓ ਰੀ ॥

داوا اگنِ بہُت ترِنُ جالے
کوئی ہریا بوٹُ رہیئو ری ۔ ॥

ਐਸੋ ਸਮਰਥੁ ਵਰਨਿ ਨ ਸਾਕਉ
ਤਾ ਕੀ ਉਪਮਾ ਜਾਤ ਨ ਕਹਿਓ ਰੀ ॥੨॥

ایَسو سمرتھُ ورنِ ن ساکءُ
تا کی اُپما جات ن کہیئو ری ۔ ॥2॥

ਕਾਜਰ ਕੋਠ ਮਹਿ ਭਈ ਨ ਕਾਰੀ
ਨਿਰਮਲ ਬਰਨੁ ਬਨਿਓ ਰੀ ॥

کاجر کوٹھ مہِ بھئی ن کاری
نِرمل برنُ بنیئو ری ۔ ॥

ਮਹਾ ਮੰਤ੍ਰੁ ਗੁਰ ਹਿਰਦੈ ਬਸਿਓ
ਅਚਰਜ ਨਾਮੁ ਸੁਨਿਓ ਰੀ ॥੩॥

مہا منّتر گُر ہِردے بسیئو
اچرج نامُ سُنیئو ری ۔ ॥3॥

ਕਰਿ ਕਿਰਪਾ ਪ੍ਰਭ ਨਦਰਿ ਅਵਲੋਕਨ
ਅਪੁਨੈ ਚਰਣਿ ਲਗਾਈ ॥

کرِ کرپا پربھ ندرِ اولوکن
اپُنے چرنِ لگائی ॥

ਪ੍ਰੇਮ ਭਗਤਿ ਨਾਨਕ ਸੁਖੁ ਪਾਇਆ

پریم بھگتِ نانک سُکھُ پایا

ਸਾਧੂ ਸੰਗਿ ਸਮਾਈ ॥੪॥੧੨॥੫੧॥	سادھوُ سنگِ سمائی ॥4॥ 12 ॥ 51 ॥
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਰਾਗੁ ਆਸਾ ਘਰੁ ੭ ਮਹਲਾ ੫ ॥	راگُ آسا گھرُ 7 محلا 5 ॥
ਲਾਲੁ ਚੋਲਨਾ ਤੈ ਤਨਿ ਸੋਹਿਆ ॥	لالُ چولنا تے تنِ سوہِیا ॥
ਸੁਰਿਜਨ ਭਾਨੀ ਤਾਂ ਮਨੁ ਮੋਹਿਆ ॥੧॥	سُرِجن بھانی تاں منُ موہِیا ॥1॥
ਕਵਨ ਬਨੀ ਰੀ ਤੇਰੀ ਲਾਲੀ ॥	کون بنی ری تیری لالی ۔ ॥
ਕਵਨ ਰੰਗਿ ਤੂੰ ਭਈ ਗੁਲਾਲੀ ॥੧॥ ਰਹਾਉ ॥	کون رنگِ توُنّ بھئی گُلالی ۔ ॥1॥ رہاءُ ॥
ਤੁਮ ਹੀ ਸੁੰਦਰਿ ਤੁਮਹਿ ਸੁਹਾਗੁ ॥	تُم ہی سُندرِ تُمہِ سُہاگُ ॥
ਤੁਮ ਘਰਿ ਲਾਲਨੁ ਤੁਮ ਘਰਿ ਭਾਗੁ ॥੨॥	تُم گھرِ لالنُ تُم گھرِ بھاگُ ॥2॥
ਤੂੰ ਸਤਵੰਤੀ ਤੂੰ ਪਰਧਾਨਿ ॥	توُنّ ستونتی توُنّ پردھانِ ॥
ਤੂੰ ਪ੍ਰੀਤਮ ਭਾਨੀ ਤੁਹੀ ਸੁਰ ਗਿਆਨਿ ॥੩॥	توُنّ پرّیتم بھانی تُہی سُر گِیانِ ॥3॥
ਪ੍ਰੀਤਮ ਭਾਨੀ ਤਾਂ ਰੰਗਿ ਗੁਲਾਲ ॥	پرّیتم بھانی تاں رنگِ گُلال ॥
ਕਹੁ ਨਾਨਕ ਸੁਭ ਦ੍ਰਿਸਟਿ ਨਿਹਾਲ ॥੪॥	کہُ نانک سُبھ دّرِسٹِ نِہال ॥4॥
ਸੁਨਿ ਰੀ ਸਖੀ ਇਹ ਹਮਰੀ ਘਾਲ ॥	سُنِ ری سکھی اِہ ہمری گھال ॥
ਪ੍ਰਭ ਆਪਿ ਸੀਗਾਰਿ ਸਵਾਰਨਹਾਰ ॥੧॥ ਰਹਾਉ ਦੂਜਾ ॥੧॥੫੨॥	پّربھ آپِ سیِگارِ سوارنہار ॥1॥ رہاءُ دوُجا ॥1॥ 52 ॥
ਆਸਾ ਮਹਲਾ ੫ ॥	آسا محلا 5 ॥
ਦੂਖੁ ਘਨੋ ਜਬ ਹੋਤੇ ਦੂਰਿ ॥	دوُکھُ گھنو جب ہوتے دوُرِ ॥
ਅਬ ਮਸਲਤਿ ਮੋਹਿ ਮਿਲੀ ਹਦੂਰਿ ॥੧॥	اب مصلتِ موہِ ملی حدوُرِ ॥1॥
ਚੁਕਾ ਨਿਹੋਰਾ ਸਖੀ ਸਹੇਰੀ ॥	چُکا نِہورا سکھی سہیری ॥
ਭਰਮੁ ਗਇਆ ਗੁਰਿ ਪਿਰ ਸੰਗਿ ਮੇਰੀ ॥੧॥ ਰਹਾਉ ॥	بھرمُ گیِیا گُرِ پِر سنگِ میری ॥1॥ رہاءُ ॥
ਨਿਕਟਿ ਆਨਿ ਪ੍ਰਿਅ ਸੇਜ ਧਰੀ ॥	نِکٹِ آنِ پّرِء سیج دھری ॥
ਕਾਣਿ ਕਢਨ ਤੇ ਛੂਟਿ ਪਰੀ ॥੨॥	کانِ کڈھن تے چھوُٹِ پری ॥2॥

ਮੰਦਰਿ ਮੇਰੈ ਸਬਦਿ ਉਜਾਰਾ ॥	مندّرِ میرے سبدِ اُجارا ॥
ਅਨਦ ਬਿਨੋਦੀ ਖਸਮੁ ਹਮਾਰਾ ॥੩॥	اند بِنودی خصمُ ہمارا ॥3॥
ਮਸਤਕਿ ਭਾਗੁ ਮੈ ਪਿਰੁ ਘਰਿ ਆਇਆ ॥	مستکِ بھاگُ مے پِرُ گھرِ آئیا ॥
ਥਿਰੁ ਸੋਹਾਗੁ ਨਾਨਕ ਜਨ ਪਾਇਆ ॥੪॥੨॥੫੩॥	تھِرُ سوہاگُ نانک جن پائیا ॥4॥2॥ 53 ॥
ਆਸਾ ਮਹਲਾ ੫ ॥	آسا محلا 5 ॥
ਸਾਚਿ ਨਾਮਿ ਮੇਰਾ ਮਨੁ ਲਾਗਾ ॥	ساچِ نامِ میرا منُ لاگا ॥
ਲੋਗਨ ਸਿਉ ਮੇਰਾ ਠਾਠਾ ਬਾਗਾ ॥੧॥	لوگن سِءُ میرا ٹھاٹھا باگا ॥1॥
ਬਾਹਰਿ ਸੂਤੁ ਸਗਲ ਸਿਉ ਮਉਲਾ ॥	باہرِ سوُتُ سگل سِءُ مئُلا ॥
ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ ॥੧॥ ਰਹਾਉ ॥	الپتُ رہءُ جیَسے جل مہِ کئُلا ॥1॥ رہاءُ ॥
ਮੁਖ ਕੀ ਬਾਤ ਸਗਲ ਸਿਉ ਕਰਤਾ ॥	مُکھ کی بات سگل سِءُ کرتا ॥
ਜੀਅ ਸੰਗਿ ਪ੍ਰਭੁ ਅਪੁਨਾ ਧਰਤਾ ॥੨॥	جیء سنگِ پربھُ اپُنا دھرتا ॥2॥
ਦੀਸਿ ਆਵਤ ਹੈ ਬਹੁਤੁ ਭੀਹਾਲਾ ॥	دیِس آوت ہےَ بہُتُ بھیِہالا ॥
ਸਗਲ ਚਰਨ ਕੀ ਇਹੁ ਮਨੁ ਰਾਲਾ ॥੩॥	سگل چرن کی اِہُ منُ رالا ॥3॥
ਨਾਨਕ ਜਨਿ ਗੁਰੁ ਪੂਰਾ ਪਾਇਆ ॥	نانک جنِ گُرُ پوُرا پائیا ॥
ਅੰਤਰਿ ਬਾਹਰਿ ਏਕੁ ਦਿਖਾਇਆ ॥੪॥੩॥੫੪॥	انّترِ باہرِ ایکُ دِکھائیا ॥4॥3॥ 54 ॥
ਆਸਾ ਮਹਲਾ ੫ ॥	آسا محلا 5 ॥
ਪਾਵਤੁ ਰਲੀਆ ਜੋਬਨਿ ਬਲੀਆ ॥	پاوتُ رلیِیا جوبنِ بلیِیا ॥
ਨਾਮ ਬਿਨਾ ਮਾਟੀ ਸੰਗਿ ਰਲੀਆ ॥੧॥	نام بِنا ماٹی سنگِ رلیِیا ॥1॥
ਕਾਨ ਕੁੰਡਲੀਆ ਬਸਤ੍ਰ ਓਢਲੀਆ ॥	کان کُنڈلیِیا بستّر اوڈھلیِیا ॥
ਸੇਜ ਸੁਖਲੀਆ ਮਨਿ ਗਰਬਲੀਆ ॥੧॥ ਰਹਾਉ ॥	سیج سُکھلیِیا منِ گربلیِیا ॥1॥ رہاءُ ॥
ਤਲੈ ਕੁੰਚਰੀਆ ਸਿਰਿ ਕਨਿਕ ਛਤਰੀਆ ॥	تلےَ کُنچّریِیا سِرِ کنِک چھتریِیا ॥
ਹਰਿ ਭਗਤਿ ਬਿਨਾ ਲੇ ਧਰਨਿ ਗਡਲੀਆ ॥੨॥	ہرِ بھگتِ بِنا لے دھرنِ گڈلیِیا ॥2॥

ਰੂਪ ਸੁੰਦਰੀਆ ਅਨਿਕ ਇਸਤਰੀਆ ॥	روُپ سُندریا انِک اِستریا ॥
ਹਰਿ ਰਸ ਬਿਨੁ ਸਭਿ ਸੁਆਦ ਫਿਕਰੀਆ ॥੩॥	ہرِ رس بِنُ سبھِ سُیاد پھِکریا ॥3॥
ਮਾਇਆ ਛਲੀਆ ਬਿਕਾਰ ਬਿਖਲੀਆ ॥	مایَا چھلیا بِکار بِکھلیا ॥
ਸਰਣਿ ਨਾਨਕ ਪ੍ਰਭ ਪੁਰਖ ਦਇਅਲੀਆ ॥੪॥੪॥੫੫॥	سرنِ نانک پربھ پُرکھ دئیلیا ॥4॥4॥ 55 ॥
ਆਸਾ ਮਹਲਾ ੫ ॥	آسا محلا 5 ॥
ਏਕੁ ਬਗੀਚਾ ਪੇਡ ਘਨ ਕਰਿਆ ॥	ایکُ بگیچا پیڈ گھن کریا ॥
ਅੰਮ੍ਰਿਤ ਨਾਮੁ ਤਹਾ ਮਹਿ ਫਲਿਆ ॥੧॥	انّمرِت نامُ تہا مہِ پھلیا ॥1॥
ਐਸਾ ਕਰਹੁ ਬੀਚਾਰੁ ਗਿਆਨੀ ॥	ایَسا کرہُ بیچارُ گیانی ۔ ॥
ਜਾ ਤੇ ਪਾਈਐ ਪਦੁ ਨਿਰਬਾਨੀ ॥	جا تے پائیئے پدُ نِربانی ॥
ਆਸਿ ਪਾਸਿ ਬਿਖੂਆ ਕੇ ਕੁੰਟਾ ਬੀਚਿ ਅੰਮ੍ਰਿਤੁ ਹੈ ਭਾਈ ਰੇ ॥੧॥ ਰਹਾਉ ॥	آسِ پاسِ بِکھوُیا کے کُنٹا بِیچ انّمرِتُ ہے بھائی رے ۔ ॥1॥ رہاءُ ॥
ਸਿੰਚਨਹਾਰੇ ਏਕੈ ਮਾਲੀ ॥	سِنچّنہارے ایکے مالی ॥
ਖਬਰਿ ਕਰਤੁ ਹੈ ਪਾਤ ਪਤ ਡਾਲੀ ॥੨॥	خبرِ کرتُ ہے پات پت ڈالی ॥2॥
ਸਗਲ ਬਨਸਪਤਿ ਆਣਿ ਜੜਾਈ ॥	سگل بنسپتِ آنِ جڑائی ॥
ਸਗਲੀ ਫੂਲੀ ਨਿਫਲ ਨ ਕਾਈ ॥੩॥	سگلی پھوُلی نِپھل ن کائی ॥3॥
ਅੰਮ੍ਰਿਤ ਫਲੁ ਨਾਮੁ ਜਿਨਿ ਗੁਰ ਤੇ ਪਾਇਆ ॥	انّمرِت پھلُ نامُ جِنِ گُر تے پایَا ॥
ਨਾਨਕ ਦਾਸ ਤਰੀ ਤਿਨਿ ਮਾਇਆ ॥੪॥੫॥੫੬॥	نانک داس تری تِنِ مایَا ॥4॥5॥ 56 ॥
ਆਸਾ ਮਹਲਾ ੫ ॥	آسا محلا 5 ॥
ਰਾਜ ਲੀਲਾ ਤੇਰੈ ਨਾਮਿ ਬਨਾਈ ॥	راج لِیلا تیرے نامِ بنائی ॥
ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥	جوگُ بنِیا تیرا کیرتنُ گائی ॥1॥
ਸਰਬ ਸੁਖਾ ਬਨੇ ਤੇਰੈ ਓਲ੍ਹੈ ॥	سرب سُکھا بنے تیرے اولّہے ॥
ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ ॥੧॥ ਰਹਾਉ ॥	بھرم کے پردے ستِگُر کھولّہے ॥1॥ رہاءُ ॥
ਹੁਕਮੁ ਬੂਝਿ ਰੰਗ ਰਸ ਮਾਣੇ ॥	حُکمُ بوُجھِ رنگ رس مانے ॥

ਸਤਿਗੁਰ ਸੇਵਾ ਮਹਾ ਨਿਰਬਾਣੇ ॥੨॥	ستِگُر سیوا مہا نِربانے ॥2॥
ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ ॥	جِنِ توُنّ جاتا سو گِرست اُداسی پرواڻُ ॥
ਨਾਮਿ ਰਤਾ ਸੋਈ ਨਿਰਬਾਣੁ ॥੨॥	نامِ رتا سوئی نِربانُ ॥2॥
ਜਾ ਕਉ ਮਿਲਿਓ ਨਾਮੁ ਨਿਧਾਨਾ ॥	جا ک ءُ مِلِئو نامُ نِدھانا ॥
ਭਨਤਿ ਨਾਨਕ ਤਾ ਕਾ ਪੂਰ ਖਜਾਨਾ ॥੪॥੬॥੫੭॥	بھنتِ نانک تا کا پوُر خزانا ॥4॥6॥ 57 ॥
ਆਸਾ ਮਹਲਾ ੫ ॥	آسا محلا 5 ॥
ਤੀਰਥਿ ਜਾਉ ਤ ਹਉ ਹਉ ਕਰਤੇ ॥	تِیرتھِ جاءُ ت ہءُ ہءُ کرتے ॥
ਪੰਡਿਤ ਪੂਛਉ ਤ ਮਾਇਆ ਰਾਤੇ ॥੧॥	پنڈِت پوُچھ ءُ ت مائیا راتے ॥1॥
ਸੋ ਅਸਥਾਨੁ ਬਤਾਵਹੁ ਮੀਤਾ ॥	سو استھانُ بتاوہُ مِیتا ۔ ॥
ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥੧॥ ਰਹਾਉ ॥	جا کے ہرِ ہرِ کیرتنُ نِیتا ॥1॥ رہاءُ ॥
ਸਾਸਤ੍ਰ ਬੇਦ ਪਾਪ ਪੁੰਨ ਵੀਚਾਰ ॥	ساستّر بید پاپ پُنّن ویچار ॥
ਨਰਕਿ ਸੁਰਗਿ ਫਿਰਿ ਫਿਰਿ ਅਉਤਾਰ ॥੨॥	نرکِ سُرگِ پھِرِ پھِرِ اُتار ॥2॥
ਗਿਰਸਤ ਮਹਿ ਚਿੰਤ ਉਦਾਸ ਅਹੰਕਾਰ ॥	گِرست مہِ چِنّت اُداس اہنکار ॥
ਕਰਮ ਕਰਤ ਜੀਅ ਕਉ ਜੰਜਾਰ ॥੩॥	کرم کرت جیء ک ءُ زنّجار ॥3॥
ਪ੍ਰਭ ਕਿਰਪਾ ਤੇ ਮਨੁ ਵਸਿ ਆਇਆ ॥	پربھ کِرپا تے منُ وسِ آئیا ॥
ਨਾਨਕ ਗੁਰਮੁਖਿ ਤਰੀ ਤਿਨਿ ਮਾਇਆ ॥੪॥	نانک گُرمُکھِ تری تِنِ مائیا ॥4॥
ਸਾਧਸੰਗਿ ਹਰਿ ਕੀਰਤਨੁ ਗਾਈਐ ॥	سادھسنگِ ہرِ کیرتنُ گائیئے ॥
ਇਹੁ ਅਸਥਾਨੁ ਗੁਰੂ ਤੇ ਪਾਈਐ ॥੧॥ ਰਹਾਉ ਦੂਜਾ ॥੭॥੫੮॥	اِہُ استھانُ گُرو تے پائیئے ॥1॥ رہاءُ دوُجا ॥7॥ 58 ॥
ਆਸਾ ਮਹਲਾ ੫ ॥	آسا محلا 5 ॥
ਘਰ ਮਹਿ ਸੂਖ ਬਾਹਰਿ ਫੁਨਿ ਸੂਖਾ ॥	گھر مہِ سوُکھ باہرِ پھُنِ سوُکھا ॥
ਹਰਿ ਸਿਮਰਤ ਸਗਲ ਬਿਨਾਸੇ ਦੂਖਾ ॥੧॥	ہرِ سِمرت سگل بِناسے دوُکھا ॥1॥
ਸਗਲ ਸੂਖ ਜਾਂ ਤੂੰ ਚਿਤਿ ਆਵੈਂ ॥	سگل سوُکھ جاں توُنّ چِتِ آویَں ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਸੋ ਨਾਮੁ ਜਪੈ	سو نامُ جپے
ਜੋ ਜਨੁ ਤੁਧੁ ਭਾਵੈ ॥੧॥ ਰਹਾਉ ॥	جو جنُ تُدھُ بھاوے ॥1॥ رہاءُ ॥
ਤਨੁ ਮਨੁ ਸੀਤਲੁ ਜਪਿ ਨਾਮੁ ਤੇਰਾ ॥	تنُ منُ سِیتلُ جپِ نامُ تیرا ॥
ਹਰਿ ਹਰਿ ਜਪਤ ਢਹੈ ਦੁਖ ਡੇਰਾ ॥੨॥	ہرِ ہرِ جپت ڈھہے دُکھ ڈیرا ॥2॥
ਹੁਕਮੁ ਬੂਝੈ ਸੋਈ ਪਰਵਾਨੁ ॥	حُکمُ بوُجھے سوئی پروانُ ॥
ਸਾਚੁ ਸਬਦੁ ਜਾ ਕਾ ਨੀਸਾਨੁ ॥੩॥	ساچُ سبدُ جا کا نِیشانُ ॥3॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥	گُرِ پوُرے ہرِ نامُ دّرِڑائیا ॥
ਭਨਤਿ ਨਾਨਕੁ ਮੇਰੈ ਮਨਿ ਸੁਖੁ ਪਾਇਆ ॥੪॥੮॥੫੯॥	بھنتِ نانکُ میرے منِ سُکھُ پائیا ॥4॥8॥ 59 ॥
ਆਸਾ ਮਹਲਾ ੫ ॥	آسا محلا 5 ॥
ਜਹਾ ਪਠਾਵਹੁ ਤਹ ਤਹ ਜਾਈਂ ॥	جہا پٹھاوہُ تہ تہ جائیں ॥
ਜੋ ਤੁਮ ਦੇਹੁ ਸੋਈ ਸੁਖੁ ਪਾਈਂ ॥੧॥	جو تُم دیہُ سوئی سُکھُ پائیں ॥1॥
ਸਦਾ ਚੇਰੇ ਗੋਵਿੰਦ ਗੋਸਾਈ ॥	سدا چیرے گووِند گوسائی ۔ ॥
ਤੁਮ੍ਰੀ ਕ੍ਰਿਪਾ ਤੇ ਤ੍ਰਿਪਤਿ ਅਘਾਈਂ ॥੧॥ ਰਹਾਉ ॥	تُمہری کرِپا تے ترِپتِ اگھائیں ॥1॥ رہاءُ ॥
ਤੁਮਰਾ ਦੀਆ ਪੈਨ੍ਹਉ ਖਾਈਂ ॥	تُمرا دِیا پینّہءُ کھائیں ॥
ਤਉ ਪ੍ਰਸਾਦਿ ਪ੍ਰਭ ਸੁਖੀ ਵਲਾਈਂ ॥੨॥	تءُ پرسادِ پربھ سُکھی ولائیں ॥2॥
ਮਨ ਤਨ ਅੰਤਰਿ ਤੁਝੈ ਧਿਆਈਂ ॥	من تن انترِ تُجھے دھیائیں ॥
ਤੁਮ੍ਰੈ ਲਵੈ ਨ ਕੋਊ ਲਾਈਂ ॥੩॥	تُمہرے لوے ن کوئوُ لائیں ॥3॥
ਕਹੁ ਨਾਨਕ ਨਿਤ ਇਵੈ ਧਿਆਈਂ ॥	کہُ نانک نِت اِوے دھیائیں ॥
ਗਤਿ ਹੋਵੈ ਸੰਤਹ ਲਗਿ ਪਾਈਂ ॥੪॥੯॥੬੦॥	گتِ ہووے سنتہ لگِ پائیں ॥4॥9॥ 60 ॥
ਆਸਾ ਮਹਲਾ ੫ ॥	آسا محلا 5 ॥
ਊਠਤ ਬੈਠਤ ਸੋਵਤ ਧਿਆਈਐ ॥	اوُٹھت بیٹھت سووت دھیائیئے ॥
ਮਾਰਗਿ ਚਲਤ ਹਰੇ ਹਰਿ ਗਾਈਐ ॥੧॥	مارگِ چلت ہرے ہرِ گائیئے ॥1॥
ਸ੍ਰਵਨ ਸੁਨੀਜੈ ਅੰਮ੍ਰਿਤ ਕਥਾ ॥	سّرون سُنیجے انمّرت کتھا ॥

ਜਾਸੁ ਸੁਨੀ ਮਨਿ ਹੋਇ ਅਨੰਦਾ ਦੂਖ ਰੋਗ ਮਨ ਸਗਲੇ ਲਥਾ ॥੧॥ ਰਹਾਉ ॥	جاسُ سُنی منِ ہوءِ انندا دوُکھ روگ من سگلے لتھا ॥1॥ رہاءُ ॥
ਕਾਰਜਿ ਕਾਮਿ ਬਾਟ ਘਾਟ ਜਪੀਜੈ ॥	کارجِ کامِ باٹ گھاٹ جپیجےَ ॥
ਗੁਰ ਪ੍ਰਸਾਦਿ ਹਰਿ ਅੰਮ੍ਰਿਤੁ ਪੀਜੈ ॥੨॥	گُر پرّسادِ ہرِ انمّرِتُ پیجےَ ॥2॥
ਦਿਨਸੁ ਰੈਨਿ ਹਰਿ ਕੀਰਤਨੁ ਗਾਈਐ ॥	دِنسُ ریَنِ ہرِ کیرتنُ گائیےَ ॥
ਸੋ ਜਨੁ ਜਮ ਕੀ ਵਾਟ ਨ ਪਾਈਐ ॥੩॥	سو جنُ جم کی واٹ ن پائیےَ ॥3॥
ਆਠ ਪਹਰ ਜਿਸੁ ਵਿਸਰਹਿ ਨਾਹੀ ॥	آٹھ پہر جِسُ وِسرہِ ناہی ॥
ਗਤਿ ਹੋਵੈ ਨਾਨਕ ਤਿਸੁ ਲਗਿ ਪਾਈ ॥੪॥੧੦॥੬੧॥	گتِ ہووےَ نانک تِسُ لگِ پائی ॥4॥ 10 ॥ 61 ॥
ਆਸਾ ਮਹਲਾ ੫ ॥	آسا محلا 5 ॥
ਜਾ ਕੈ ਸਿਮਰਨਿ ਸੂਖ ਨਿਵਾਸੁ ॥	جا کے سِمرنِ سوُکھ نِواسُ ॥
ਭਈ ਕਲਿਆਣ ਦੁਖ ਹੋਵਤ ਨਾਸੁ ॥੧॥	بھئی کلیاںٌ دُکھ ہووت ناسُ ॥1॥
ਅਨਦੁ ਕਰਹੁ ਪ੍ਰਭ ਕੇ ਗੁਨ ਗਾਵਹੁ ॥	اندُ کرہُ پّربھ کے گُن گاوہُ ॥
ਸਤਿਗੁਰੁ ਅਪਨਾ ਸਦ ਸਦਾ ਮਨਾਵਹੁ ॥੧॥ ਰਹਾਉ ॥	ستِگُرُ اپنا سد سدا مناوہُ ॥1॥ رہاءُ ॥
ਸਤਿਗੁਰ ਕਾ ਸਚੁ ਸਬਦੁ ਕਮਾਵਹੁ ॥	ستِگُر کا سچُ سبدُ کماوہُ ॥
ਥਿਰੁ ਘਰਿ ਬੈਠੇ ਪ੍ਰਭੁ ਅਪਨਾ ਪਾਵਹੁ ॥੨॥	تھِرُ گھرِ بیٹھے پّربھُ اپنا پاوہُ ॥2॥
ਪਰ ਕਾ ਬੁਰਾ ਨ ਰਾਖਹੁ ਚੀਤ ॥	پر کا بُرا ن راکھہُ چیت ॥
ਤੁਮ ਕਉ ਦੁਖੁ ਨਹੀ ਭਾਈ ਮੀਤ ॥੩॥	تُم کءُ دُکھُ نہی بھائی میت ۔ ॥3॥
ਹਰਿ ਹਰਿ ਤੰਤੁ ਮੰਤੁ ਗੁਰਿ ਦੀਨ੍ਹਾ ॥	ہرِ ہرِ تنّتُ منّتُ گُرِ دینّہا ॥
ਇਹੁ ਸੁਖੁ ਨਾਨਕ ਅਨਦਿਨੁ ਚੀਨ੍ਹਾ ॥੪॥੧੧॥੬੨॥	اِہُ سُکھُ نانک اندِنُ چینّہا ॥4॥ 11 ॥ 62 ॥
ਆਸਾ ਮਹਲਾ ੫ ॥	آسا محلا 5 ॥
ਜਿਸੁ ਨੀਚ ਕਉ ਕੋਈ ਨ ਜਾਨੈ ॥	جِسُ نیچ کءُ کوئی ن جانے ॥
ਨਾਮੁ ਜਪਤ ਉਹੁ ਚਹੁ ਕੁੰਟ ਮਾਨੈ ॥੧॥	نامُ جپت اُہُ چہُ کُنّٹ مانے ॥1॥
ਦਰਸਨੁ ਮਾਗਉ ਦੇਹਿ ਪਿਆਰੇ ॥	درسنُ ماگءُ دیہِ پیارے ۔ ॥

ਤੁਮਰੀ ਸੇਵਾ	ثُمری سیوا
ਕਉਨ ਕਉਨ ਨ ਤਾਰੇ ॥੧॥ ਰਹਾਉ ॥	کئُن کئُن ن تارے ۔ ॥1॥ رہاءُ ॥
ਜਾ ਕੈ ਨਿਕਟਿ ਨ ਆਵੈ ਕੋਈ ॥	جا کے نِکٹِ ن آوے کوئی ॥
ਸਗਲ ਸ੍ਰਿਸਟਿ ਉਆ ਕੇ ਚਰਨ ਮਲਿ ਧੋਈ ॥੨॥	سگل سرِسٹِ اُیا کے چرن ملِ دھوئی ॥2॥
ਜੋ ਪ੍ਰਾਨੀ ਕਾਹੂ ਨ ਆਵਤ ਕਾਮ ॥	جو پرانی کاہوُ ن آوت کام ॥
ਸੰਤ ਪ੍ਰਸਾਦਿ ਤਾ ਕੋ ਜਪੀਐ ਨਾਮ ॥੩॥	سنّت پرسادِ تا کو جپیئے نام ॥3॥
ਸਾਧਸੰਗਿ ਮਨ ਸੋਵਤ ਜਾਗੇ ॥	سادھسنگِ من سووت جاگے ॥
ਤਬ ਪ੍ਰਭ ਨਾਨਕ ਮੀਠੇ ਲਾਗੇ ॥੪॥੧੨॥੬੩॥	تب پربھ نانک میٹھے لاگے ॥4॥ 12 ॥ 63 ॥
ਆਸਾ ਮਹਲਾ ੫ ॥	آسا محلا 5 ॥
ਏਕੋ ਏਕੀ ਨੈਨ ਨਿਹਾਰਉ ॥	ایکو ایکی نین نِہارءُ ॥
ਸਦਾ ਸਦਾ ਹਰਿ ਨਾਮੁ ਸਮ੍ਹਾਰਉ ॥੧॥	سدا سدا ہرِ نامُ سمہارءُ ॥1॥
ਰਾਮ ਰਾਮਾ ਰਾਮਾ ਗੁਨ ਗਾਵਉ ॥	رام راما راما گُن گاوءُ ॥
ਸੰਤ ਪ੍ਰਤਾਪਿ ਸਾਧ ਕੈ ਸੰਗੇ ਹਰਿ ਹਰਿ ਨਾਮੁ ਧਿਆਵਉ ਰੇ ॥੧॥ ਰਹਾਉ ॥	سنّت پرتاپِ سادھ کے سنگے ہرِ ہرِ نامُ دھیاوءُ رے ۔ ॥1॥ رہاءُ ॥
ਸਗਲ ਸਮਗ੍ਰੀ ਜਾ ਕੈ ਸੂਤਿ ਪਰੋਈ ॥	سگل سمگری جا کے سوُتِ پروئی ॥
ਘਟ ਘਟ ਅੰਤਰਿ ਰਵਿਆ ਸੋਈ ॥੨॥	گھٹ گھٹ انترِ رویا سوئی ॥2॥
ਓਪਤਿ ਪਰਲਉ ਖਿਨ ਮਹਿ ਕਰਤਾ ॥	اوپتِ پرلءُ کھِن مہِ کرتا ॥
ਆਪਿ ਅਲੇਪਾ ਨਿਰਗੁਨੁ ਰਹਤਾ ॥੩॥	آپِ الیپا نِرگُنُ رہتا ॥3॥
ਕਰਨ ਕਰਾਵਨ ਅੰਤਰਜਾਮੀ ॥	کرن کراون انترجامی ॥
ਅਨੰਦ ਕਰੈ ਨਾਨਕ ਕਾ ਸੁਆਮੀ ॥੪॥੧੩॥੬੪॥	انند کرے نانک کا سُیامی ॥4॥ 13 ॥ 64 ॥
ਆਸਾ ਮਹਲਾ ੫ ॥	آسا محلا 5 ॥
ਕੋਟਿ ਜਨਮ ਕੇ ਰਹੇ ਭਵਾਰੇ ॥	کوٹِ جنم کے رہے بھوارے ॥
ਦੁਲਭ ਦੇਹ ਜੀਤੀ ਨਹੀ ਹਾਰੇ ॥੧॥	دُلبھ دیہ جیتی نہی ہارے ॥1॥

ਕਿਲਬਿਖ ਬਿਨਾਸੇ ਦੁਖ ਦਰਦ ਦੂਰਿ ॥	کِلبِکھ بِناسے دُکھ درد دوُرِ ॥
ਭਏ ਪੁਨੀਤ ਸੰਤਨ ਕੀ ਧੂਰਿ ॥੧॥ ਰਹਾਉ ॥	بھئے پُنیت سنّتن کی دھوُرِ ॥1॥ رہاءُ ॥
ਪ੍ਰਭ ਕੇ ਸੰਤ ਉਧਾਰਨ ਜੋਗ ॥	پربھ کے سنّت اُدھارن جوگ ॥
ਤਿਸੁ ਭੇਟੇ ਜਿਸੁ ਧੁਰਿ ਸੰਜੋਗ ॥੨॥	تِس بھیٹے جِس دھُرِ سنجوگ ॥2॥
ਮਨਿ ਆਨੰਦੁ ਮੰਤ੍ਰੁ ਗੁਰਿ ਦੀਆ ॥	منِ آنندُ منّترُ گُرِ دِیِیا ॥
ਤ੍ਰਿਸਨ ਬੁਝੀ ਮਨੁ ਨਿਹਚਲੁ ਥੀਆ ॥੩॥	ترِسن بُجھی منُ نِہچلُ تھِیا ॥3॥
ਨਾਮੁ ਪਦਾਰਥੁ ਨਉ ਨਿਧਿ ਸਿਧਿ ॥	نامُ پدارتھُ نءُ نِدھِ سِدھِ ॥
ਨਾਨਕ ਗੁਰ ਤੇ ਪਾਈ ਬੁਧਿ ॥੪॥੧੪॥੬੫॥	نانک گُر تے پائی بُدھِ ॥4॥ 14 ॥ 65 ॥
ਆਸਾ ਮਹਲਾ ੫ ॥	آسا محلا 5 ॥
ਮਿਟੀ ਤਿਆਸ ਅਗਿਆਨ ਅੰਧੇਰੇ ॥	مِٹی تِیاس اگیان اندھیرے ॥
ਸਾਧ ਸੇਵਾ ਅਘ ਕਟੇ ਘਨੇਰੇ ॥੧॥	سادھ سیوا اگھ کٹے گھنیرے ॥1॥
ਸੂਖ ਸਹਜ ਆਨੰਦੁ ਘਨਾ ॥	سوُکھ سہج آنندُ گھنا ॥
ਗੁਰ ਸੇਵਾ ਤੇ ਭਏ ਮਨ ਨਿਰਮਲ ਹਰਿ ਹਰਿ ਹਰਿ ਹਰਿ ਨਾਮੁ ਸੁਨਾ ॥੧॥ ਰਹਾਉ ॥	گُر سیوا تے بھئے من نِرمل ہرِ ہرِ ہرِ ہرِ نامُ سُنا ॥1॥ رہاءُ ॥
ਬਿਨਸਿਓ ਮਨ ਕਾ ਮੂਰਖੁ ਢੀਠਾ ॥	بِنسِئو من کا موُرکھُ ڈھیٹھا ॥
ਪ੍ਰਭ ਕਾ ਭਾਣਾ ਲਾਗਾ ਮੀਠਾ ॥੨॥	پربھ کا بھاٹا لاگا مِیٹھا ॥2॥
ਗੁਰ ਪੂਰੇ ਕੇ ਚਰਣ ਗਹੇ ॥	گُر پوُرے کے چرنؒ گہے ॥
ਕੋਟਿ ਜਨਮ ਕੇ ਪਾਪ ਲਹੇ ॥੩॥	کوٹِ جنم کے پاپ لہے ॥3॥
ਰਤਨ ਜਨਮੁ ਇਹੁ ਸਫਲ ਭਇਆ ॥	رتن جنمُ اِہُ سپھل بھئیا ॥
ਕਹੁ ਨਾਨਕ ਪ੍ਰਭ ਕਰੀ ਮਇਆ ॥੪॥੧੫॥੬੬॥	کہُ نانک پربھ کری مِئیا ॥4॥ 15 ॥ 66 ॥
ਆਸਾ ਮਹਲਾ ੫ ॥	آسا محلا 5 ॥
ਸਤਿਗੁਰੁ ਅਪਨਾ ਸਦ ਸਦਾ ਸਮ੍ਹਾਰੇ ॥	ستِگُرُ اپنا سد سدا سمہارے ॥
ਗੁਰ ਕੇ ਚਰਨ ਕੇਸ ਸੰਗਿ ਝਾਰੇ ॥੧॥	گُر کے چرن کیس سنگِ جھارے ॥1॥

ਜਾਗੁ ਰੇ ਮਨ ਜਾਗਨਹਾਰੇ ॥	جاگُ رے من جاگنہارے ॥
ਬਿਨੁ ਹਰਿ ਅਵਰੁ ਨ ਆਵਸਿ ਕਾਮਾ	بِنُ ہرِ اورُ ن آوسِ کاما
ਝੂਠਾ ਮੋਹੁ ਮਿਥਿਆ ਪਸਾਰੇ ॥੧॥ ਰਹਾਉ ॥	جھوُٹھا موہُ مِتھیا پسارے ॥1॥ رہاءُ ॥
ਗੁਰ ਕੀ ਬਾਣੀ ਸਿਉ ਰੰਗੁ ਲਾਇ ॥	گُر کی باٹی سِءُ رنگُ لاءِ ॥
ਗੁਰੁ ਕਿਰਪਾਲੁ ਹੋਇ ਦੁਖੁ ਜਾਇ ॥੨॥	گُرُ کِرپالُ ہوءِ دُکھُ جاءِ ॥2॥
ਗੁਰ ਬਿਨੁ ਦੂਜਾ ਨਾਹੀ ਥਾਉ ॥	گُر بِنُ دوُجا ناہی تھاءُ ॥
ਗੁਰੁ ਦਾਤਾ ਗੁਰੁ ਦੇਵੈ ਨਾਉ ॥੩॥	گُرُ داتا گُرُ دیوے ناءُ ॥3॥
ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ ॥	گُرُ پاربّرہمُ پرمیسرُ آپِ ॥
ਆਠ ਪਹਰ ਨਾਨਕ ਗੁਰ ਜਾਪਿ ॥੪॥੧੬॥੬੭॥	آٹھ پہر نانک گُر جاپِ ॥4॥ 16 ॥ 67 ॥
ਆਸਾ ਮਹਲਾ ੫ ॥	آسا محلا 5 ॥
ਆਪੇ ਪੇਡੁ ਬਿਸਥਾਰੀ ਸਾਖ ॥	آپے پیڈُ بِستھاری ساکھ ॥
ਅਪਨੀ ਖੇਤੀ ਆਪੇ ਰਾਖ ॥੧॥	اپنی کھیتی آپے راکھ ॥1॥
ਜਤ ਕਤ ਪੇਖਉ ਏਕੈ ਓਹੀ ॥	جت کت پیکھءُ ایکےَ اوہی ॥
ਘਟ ਘਟ ਅੰਤਰਿ ਆਪੇ ਸੋਈ ॥੧॥ ਰਹਾਉ ॥	گھٹ گھٹ انترِ آپے سوئی ॥1॥ رہاءُ ॥
ਆਪੇ ਸੂਰੁ ਕਿਰਣਿ ਬਿਸਥਾਰੁ ॥	آپے سوُرُ کِرنِ بِستھارُ ॥
ਸੋਈ ਗੁਪਤੁ ਸੋਈ ਆਕਾਰੁ ॥੨॥	سوئی گُپتُ سوئی آکارُ ॥2॥
ਸਰਗੁਣ ਨਿਰਗੁਣ ਥਾਪੈ ਨਾਉ ॥	سرگُنٌ نِرگُنٌ تھاپےَ ناءُ ॥
ਦੁਹ ਮਿਲਿ ਏਕੈ ਕੀਨੋ ਠਾਉ ॥੩॥	دُہ مِلِ ایکےَ کِینو ٹھاءُ ॥3॥
ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ ॥	کہُ نانک گُرِ بھرّمُ بھءُ کھوئیا ॥
ਅਨਦ ਰੂਪੁ ਸਭੁ ਨੈਨ ਅਲੋਇਆ ॥੪॥੧੭॥੬੮॥	اند روُپُ سبھُ نین الوئیا ॥4॥ 17 ॥ 68 ॥
ਆਸਾ ਮਹਲਾ ੫ ॥	آسا محلا 5 ॥
ਉਕਤਿ ਸਿਆਨਪ ਕਿਛੂ ਨ ਜਾਨਾ ॥	اُکتِ سِیانپ کچھوُ ن جانا ॥
ਦਿਨੁ ਰੈਣਿ ਤੇਰਾ ਨਾਮੁ ਵਖਾਨਾ ॥੧॥	دِنُ رینٌ تیرا نامُ وکھانا ॥1॥

ਮੈ ਨਿਰਗੁਨ ਗੁਣੁ ਨਾਹੀ ਕੋਇ ॥
ਕਰਨ ਕਰਾਵਨਹਾਰ ਪ੍ਰਭ ਸੋਇ ॥੧॥ ਰਹਾਉ ॥
ਮੂਰਖ ਮੁਗਧ ਅਗਿਆਨ ਅਵੀਚਾਰੀ ॥
ਨਾਮ ਤੇਰੇ ਕੀ ਆਸ ਮਨਿ ਧਾਰੀ ॥੨॥
ਜਪੁ ਤਪੁ ਸੰਜਮੁ ਕਰਮ ਨ ਸਾਧਾ ॥
ਨਾਮੁ ਪ੍ਰਭੂ ਕਾ ਮਨਹਿ ਅਰਾਧਾ ॥੩॥
ਕਿਛੂ ਨ ਜਾਨਾ ਮਤਿ ਮੇਰੀ ਥੋਰੀ ॥
ਬਿਨਵਤਿ ਨਾਨਕ ਓਟ ਪ੍ਰਭ ਤੋਰੀ ॥੪॥੧੮॥੬੯॥

ਆਸਾ ਮਹਲਾ ੫ ॥
ਹਰਿ ਹਰਿ ਅਖਰ ਦੁਇ ਇਹ ਮਾਲਾ ॥
ਜਪਤ ਜਪਤ ਭਏ ਦੀਨ ਦਇਆਲਾ ॥੧॥
ਕਰਉ ਬੇਨਤੀ ਸਤਿਗੁਰ ਅਪੁਨੀ ॥
ਕਰਿ ਕਿਰਪਾ ਰਾਖਹੁ ਸਰਣਾਈ
ਮੋ ਕਉ ਦੇਹੁ ਹਰੇ ਹਰਿ ਜਪਨੀ ॥੧॥ ਰਹਾਉ ॥
ਹਰਿ ਮਾਲਾ ਉਰ ਅੰਤਰਿ ਧਾਰੈ ॥
ਜਨਮ ਮਰਣ ਕਾ ਦੂਖੁ ਨਿਵਾਰੈ ॥੨॥
ਹਿਰਦੈ ਸਮਾਲੈ ਮੁਖਿ ਹਰਿ ਹਰਿ ਬੋਲੈ ॥
ਸੋ ਜਨੁ ਇਤ ਉਤ ਕਤਹਿ ਨ ਡੋਲੈ ॥੩॥
ਕਹੁ ਨਾਨਕ ਜੋ ਰਾਚੈ ਨਾਇ ॥
ਹਰਿ ਮਾਲਾ ਤਾ ਕੈ ਸੰਗਿ ਜਾਇ ॥੪॥੧੯॥੭੦॥

ਆਸਾ ਮਹਲਾ ੫ ॥
ਜਿਸ ਕਾ ਸਭੁ ਕਿਛੁ ਤਿਸ ਕਾ ਹੋਇ ॥
ਤਿਸ ਜਨ ਲੇਪੁ ਨ ਬਿਆਪੈ ਕੋਇ ॥੧॥

مے نِرگُن گُنُ ناہی کوءِ ॥
کرن کراونہار پربھ سوءِ ॥1॥ رہاءُ ॥
مُورکھ مُگدھ اگیان اوپچاری ॥
نام تیرے کی آس منِ دھاری ॥2॥
جپُ تپُ سنجمُ کرم ن سادھا ॥
نامُ پربھوُ کا منہِ ارادھا ॥3॥
کچھوُ ن جانا متِ میری تھوری ॥
بِنوتِ نانک اوٹ پربھ توری ॥4॥ 18 ॥ 69 ॥

آسا محلا 5 ॥
ہرِ ہرِ اکھر دُءِ اِہ مالا ॥
جپت جپت بھئے دِین دیَالا ॥1॥
کرءُ بینتی ستِگُر اپنی ॥
کرِ کرِپا راکھہُ سرٹائی
موکءُ دیہُ ہرے ہرِ جپنی ॥1॥ رہاءُ ॥
ہرِ مالا اُر انتر دھارے ॥
جنم مرنُ کا دوُکھُ نِوارے ॥2॥
ہِردے سمالے مُکھِ ہرِ ہرِ بولے ॥
سو جنُ اِت اُت کتہِ ن ڈولے ॥3॥
کہُ نانک جو راچے ناءِ ॥
ہرِ مالا تا کے سنگِ جاءِ ॥4॥ 19 ॥ 70 ॥

آسا محلا 5 ॥
جِس کا سبھُ کچھُ تِس کا ہوءِ ॥
تِس جن لیپُ ن بِیاپے کوءِ ॥1॥

ਹਰਿ ਕਾ ਸੇਵਕੁ ਸਦ ਹੀ ਮੁਕਤਾ ॥	ہرِ کا سیوکُ سد ہی مُکتا ॥
ਜੋ ਕਿਛੁ ਕਰੈ ਸੋਈ ਭਲ ਜਨ ਕੈ ਅਤਿ ਨਿਰਮਲ ਦਾਸ ਕੀ ਜੁਗਤਾ ॥੧॥ ਰਹਾਉ ॥	جو کچھُ کرے سوئی بھل جن کے اتِ نِرمل داس کی جُگتا ॥1॥ رہاءُ ॥
ਸਗਲ ਤਿਆਗਿ ਹਰਿ ਸਰਣੀ ਆਇਆ ॥	سگل تِیاگِ ہرِ سرنّی آئیا ॥
ਤਿਸੁ ਜਨ ਕਹਾ ਬਿਆਪੈ ਮਾਇਆ ॥੨॥	تِس جن کہا بیاپے مائیا ۔ ॥2॥
ਨਾਮੁ ਨਿਧਾਨੁ ਜਾ ਕੇ ਮਨ ਮਾਹਿ ॥	نامُ نِدھانُ جا کے من ماہِ ॥
ਤਿਸ ਕਉ ਚਿੰਤਾ ਸੁਪਨੈ ਨਾਹਿ ॥੩॥	تِس کءُ چِنّتا سُپنے ناہِ ॥3॥
ਕਹੁ ਨਾਨਕ ਗੁਰੁ ਪੂਰਾ ਪਾਇਆ ॥	کہُ نانک گُرُ پُورا پائیا ॥
ਭਰਮੁ ਮੋਹੁ ਸਗਲ ਬਿਨਸਾਇਆ ॥੪॥੨੦॥੭੧॥	بھرمُ موہُ سگل بِنسائیا ॥4॥ 20 ॥ 71 ॥
ਆਸਾ ਮਹਲਾ ੫ ॥	آسا محلا 5 ॥
ਜਉ ਸੁਪ੍ਰਸੰਨ ਹੋਇਓ ਪ੍ਰਭੁ ਮੇਰਾ ॥	جءُ سُپرّسنّن ہوئیو پربھُ میرا ॥
ਤਾਂ ਦੂਖੁ ਭਰਮੁ ਕਹੁ ਕੈਸੇ ਨੇਰਾ ॥੧॥	تاں دوُکھُ بھرمُ کہُ کیسے نیرا ۔ ॥1॥
ਸੁਨਿ ਸੁਨਿ ਜੀਵਾ ਸੋਇ ਤੁਮ੍ਾਰੀ ॥	سُنِ سُنِ جیِوا سوءِ تُمہّاری ॥
ਮੋਹਿ ਨਿਰਗੁਨ ਕਉ ਲੇਹੁ ਉਧਾਰੀ ॥੧॥ ਰਹਾਉ ॥	موہِ نِرگُن کءُ لیہُ اُدھاری ॥1॥ رہاءُ ॥
ਮਿਟਿ ਗਇਆ ਦੂਖੁ ਬਿਸਾਰੀ ਚਿੰਤਾ ॥	مِٹ گئیا دوُکھُ بِساری چِنّتا ॥
ਫਲੁ ਪਾਇਆ ਜਪਿ ਸਤਿਗੁਰ ਮੰਤਾ ॥੨॥	پھلُ پائیا جپِ ستِگُر منّتا ॥2॥
ਸੋਈ ਸਤਿ ਸਤਿ ਹੈ ਸੋਇ ॥	سوئی ستِ ستِ ہے سوءِ ॥
ਸਿਮਰਿ ਸਿਮਰਿ ਰਖੁ ਕੰਠਿ ਪਰੋਇ ॥੩॥	سِمرِ سِمرِ رکھُ کنٹھِ پروءِ ॥3॥
ਕਹੁ ਨਾਨਕ ਕਉਨ ਉਹ ਕਰਮਾ ॥	کہُ نانک کنُن اُہ کرما ۔ ॥
ਜਾ ਕੈ ਮਨਿ ਵਸਿਆ ਹਰਿ ਨਾਮਾ ॥੪॥੨੧॥੭੨॥	جا کے منِ وسِیا ہرِ نامًا ॥4॥ 21 ॥ 72 ॥
ਆਸਾ ਮਹਲਾ ੫ ॥	آسا محلا 5 ॥
ਕਾਮਿ ਕ੍ਰੋਧਿ ਅਹੰਕਾਰਿ ਵਿਗੂਤੇ ॥	کامِ کرودھِ اہنکارِ وِگوُتے ॥
ਹਰਿ ਸਿਮਰਨੁ ਕਰਿ ਹਰਿ ਜਨ ਛੂਟੇ ॥੧॥	ہرِ سِمرنُ کرِ ہرِ جن چھوُٹے ॥1॥

ਸੋਇ ਰਹੇ ਮਾਇਆ ਮਦ ਮਾਤੇ ॥	سوءِ رہے مائیا مد ماتے ॥
ਜਾਗਤ ਭਗਤ ਸਿਮਰਤ ਹਰਿ ਰਾਤੇ ॥੧॥ ਰਹਾਉ ॥	جاگت بھگت سِمرت ہرِ راتے ॥1॥ رہاءُ ॥
ਮੋਹ ਭਰਮਿ ਬਹੁ ਜੋਨਿ ਭਵਾਇਆ ॥	موہ بھرمِ بہُ جونِ بھوائیا ॥
ਅਸਥਿਰੁ ਭਗਤ ਹਰਿ ਚਰਣ ਧਿਆਇਆ ॥੨॥	استھِرُ بھگت ہرِ چرنؔ دھیائیا ॥2॥
ਬੰਧਨ ਅੰਧ ਕੂਪ ਗ੍ਰਿਹ ਮੇਰਾ ॥	بنّدھن انّدھ کوُپ گرِہ میرا ॥
ਮੁਕਤੇ ਸੰਤ ਬੁਝਹਿ ਹਰਿ ਨੇਰਾ ॥੩॥	مُکتے سنّت بُجھہِ ہرِ نیرا ॥3॥
ਕਹੁ ਨਾਨਕ ਜੋ ਪ੍ਰਭ ਸਰਣਾਈ ॥	کہُ نانک جو پربھ سرنّائی ॥
ਈਹਾ ਸੁਖੁ ਆਗੈ ਗਤਿ ਪਾਈ ॥੪॥੨੨॥੭੩॥	ایہا سُکھُ آگے گتِ پائی ॥4॥ 22 ॥ 73 ॥
ਆਸਾ ਮਹਲਾ ੫ ॥	آسا محلا 5 ॥
ਤੂ ਮੇਰਾ ਤਰੰਗੁ ਹਮ ਮੀਨ ਤੁਮਾਰੇ ॥	توُ میرا ترنگُ ہم مِین تُمارے ॥
ਤੂ ਮੇਰਾ ਠਾਕੁਰੁ ਹਮ ਤੇਰੈ ਦੁਆਰੇ ॥੧॥	توُ میرا ٹھاکُرُ ہم تیرے دُیارے ॥1॥
ਤੂੰ ਮੇਰਾ ਕਰਤਾ ਹਉ ਸੇਵਕੁ ਤੇਰਾ ॥	توُنّ میرا کرتا ہءُ سیوکُ تیرا ॥
ਸਰਣਿ ਗਹੀ ਪ੍ਰਭ ਗੁਨੀ ਗਹੇਰਾ ॥੧॥ ਰਹਾਉ ॥	سرنؔ گہی پربھ گُنی گہیرا ۔ ॥1॥ رہاءُ ॥
ਤੂ ਮੇਰਾ ਜੀਵਨੁ ਤੂ ਆਧਾਰੁ ॥	توُ میرا جیِونُ توُ آدھارُ ॥
ਤੁਝਹਿ ਪੇਖਿ ਬਿਗਸੈ ਕਉਲਾਰੁ ॥੨॥	تُجھہِ پیکھِ بِگسے کئلارُ ॥2॥
ਤੂ ਮੇਰੀ ਗਤਿ ਪਤਿ ਤੂ ਪਰਵਾਨੁ ॥	توُ میری گتِ پتِ توُ پروانُ ॥
ਤੂ ਸਮਰਥੁ ਮੈ ਤੇਰਾ ਤਾਣੁ ॥੩॥	توُ سمرتھُ مے تیرا تانُ ॥3॥
ਅਨਦਿਨੁ ਜਪਉ ਨਾਮ ਗੁਣਤਾਸਿ ॥	اندِنُ جپءُ نام گُنتاسِ ॥
ਨਾਨਕ ਕੀ ਪ੍ਰਭ ਪਹਿ ਅਰਦਾਸਿ ॥੪॥੨੩॥੭੪॥	نانک کی پربھ پہِ عرداسِ ॥4॥ 23 ॥ 74 ॥
ਆਸਾ ਮਹਲਾ ੫ ॥	آسا محلا 5 ॥
ਰੋਵਨਹਾਰੈ ਝੂਠੁ ਕਮਾਨਾ ॥	روونہارے جھوٹھُ کمانا ॥
ਹਸਿ ਹਸਿ ਸੋਗੁ ਕਰਤ ਬੇਗਾਨਾ ॥੧॥	ہسِ ہسِ سوگُ کرت بیگانا ॥1॥

ਕੋ ਮੂਆ ਕਾ ਕੈ ਘਰਿ ਗਾਵਨੁ ॥	کو مؤیا کا کے گھرِ گاونُ ॥
ਕੋ ਰੋਵੈ ਕੋ ਹਸਿ ਹਸਿ ਪਾਵਨੁ ॥੧॥ ਰਹਾਉ ॥	کو روویَ کو ہسِ ہسِ پاونُ ॥1॥ رہاءُ ॥
ਬਾਲ ਬਿਵਸਥਾ ਤੇ ਬਿਰਧਾਨਾ ॥	بال بِوستھا تے بِردھانا ॥
ਪਹੁਚਿ ਨ ਮੂਕਾ ਫਿਰਿ ਪਛੁਤਾਨਾ ॥੨॥	پہُچ ن مؤکا پھِرِ پچھُتانا ॥2॥
ਤ੍ਰਿਹੁ ਗੁਣ ਮਹਿ ਵਰਤੈ ਸੰਸਾਰਾ ॥	تِرِہُ گُنٌ مہِ ورتے سنّسارا ॥
ਨਰਕ ਸੁਰਗ ਫਿਰਿ ਫਿਰਿ ਅਉਤਾਰਾ ॥੩॥	نرک سُرگ پھِرِ پھِرِ اُتارا ॥3॥
ਕਹੁ ਨਾਨਕ ਜੋ ਲਾਇਆ ਨਾਮ ॥	کہُ نانک جو لائیا نام ॥
ਸਫਲ ਜਨਮੁ ਤਾ ਕਾ ਪਰਵਾਨ ॥੪॥੨੪॥੭੫॥	سپھل جنمُ تا کا پروان ॥4॥ 24 ॥ 75 ॥
ਆਸਾ ਮਹਲਾ ੫ ॥	آسا محلا 5 ॥
ਸੋਇ ਰਹੀ ਪ੍ਰਭ ਖਬਰਿ ਨ ਜਾਨੀ ॥	سوءِ رہی پربھ خبرِ ن جانی ॥
ਭੋਰੁ ਭਇਆ ਬਹੁਰਿ ਪਛੁਤਾਨੀ ॥੧॥	بھورُ بھئیا بہُرِ پچھُتانی ॥1॥
ਪ੍ਰਿਅ ਪ੍ਰੇਮ ਸਹਜਿ ਮਨਿ ਅਨਦੁ ਧਰਉ ਰੀ ॥	پرِء پریم سہجِ منِ اندُ دھرءُ ری ॥
ਪ੍ਰਭ ਮਿਲਬੇ ਕੀ ਲਾਲਸਾ ਤਾ ਤੇ ਆਲਸੁ ਕਹਾ ਕਰਉ ਰੀ ॥੧॥ ਰਹਾਉ ॥	پربھ مِلبے کی لالسا تا تے آلسُ کہا کرءُ ری ۔ ॥1॥ رہاءُ ॥
ਕਰ ਮਹਿ ਅੰਮ੍ਰਿਤੁ ਆਣਿ ਨਿਸਾਰਿਓ ॥	کر مہِ انمّرِتُ آنِٹِ نِسارِئو ॥
ਖਿਸਰਿ ਗਇਓ ਭੂਮ ਪਰਿ ਡਾਰਿਓ ॥੨॥	کھِسرِ گئِئو بھوُم پرِ ڈارِئو ॥2॥
ਸਾਦਿ ਮੋਹਿ ਲਾਦੀ ਅਹੰਕਾਰੇ ॥	سادِ موہِ لادی اہنکارے ॥
ਦੋਸੁ ਨਾਹੀ ਪ੍ਰਭ ਕਰਣੈਹਾਰੇ ॥੩॥	دوسُ ناہی پربھ کرنّیہارے ॥3॥
ਸਾਧਸੰਗਿ ਮਿਟੇ ਭਰਮ ਅੰਧਾਰੇ ॥	سادھسنگِ مِٹے بھرم اندھارے ॥
ਨਾਨਕ ਮੇਲੀ ਸਿਰਜਣਹਾਰੇ ॥੪॥੨੫॥੭੬॥	نانک میلی سِرجنّہارے ॥4॥ 25 ॥ 76 ॥
ਆਸਾ ਮਹਲਾ ੫ ॥	آسا محلا 5 ॥
ਚਰਨ ਕਮਲ ਕੀ ਆਸ ਪਿਆਰੇ ॥	چرن کمل کی آس پیارے ۔ ॥

ਜਮਕੰਕਰ ਨਸਿ ਗਏ ਵਿਚਾਰੇ ॥੧॥	جمکنکر نِس گئے وِچارے ॥1॥
ਤੂ ਚਿਤਿ ਆਵਹਿ ਤੇਰੀ ਮਇਆ ॥	توُ چِتِ آوہِ تیری مئیا ॥
ਸਿਮਰਤ ਨਾਮ ਸਗਲ ਰੋਗ ਖਇਆ ॥੧॥ ਰਹਾਉ ॥	سِمرت نام سگل روگ کھئیا ॥1॥ رہاءُ ॥
ਅਨਿਕ ਦੂਖ ਦੇਵਹਿ ਅਵਰਾ ਕਉ ॥	انِک دوُکھ دیوہِ اورا کءُ ॥
ਪਹੁਚਿ ਨ ਸਾਕਹਿ ਜਨ ਤੇਰੇ ਕਉ ॥੨॥	پہُچِ ن ساکہِ جن تیرے کءُ ॥2॥
ਦਰਸ ਤੇਰੇ ਕੀ ਪਿਆਸ ਮਨਿ ਲਾਗੀ ॥	درس تیرے کی پیاس منِ لاگی ॥
ਸਹਜ ਅਨੰਦ ਬਸੈ ਬੈਰਾਗੀ ॥੩॥	سہج انند بسےَ بیَراگی ॥3॥
ਨਾਨਕ ਕੀ ਅਰਦਾਸਿ ਸੁਣੀਜੈ ॥	نانک کی عرداسِ سُنیجےَ ॥
ਕੇਵਲ ਨਾਮੁ ਰਿਦੇ ਮਹਿ ਦੀਜੈ ॥੪॥੨੬॥੭੭॥	کیول نامُ رِدے مہِ دیجےَ ॥4॥ 26 ॥ 77 ॥
ਆਸਾ ਮਹਲਾ ੫ ॥	آسا محلا 5 ॥
ਮਨੁ ਤ੍ਰਿਪਤਾਨੋ ਮਿਟੇ ਜੰਜਾਲ ॥	منُ تّرِپتانو مِٹے زنّجال ॥
ਪ੍ਰਭੁ ਅਪੁਨਾ ਹੋਇਆ ਕਿਰਪਾਲ ॥੧॥	پّربھُ اپُنا ہوئیا کِرپال ॥1॥
ਸੰਤ ਪ੍ਰਸਾਦਿ ਭਲੀ ਬਨੀ ॥	سنّت پّرسادِ بھلی بنی ॥
ਜਾ ਕੈ ਗ੍ਰਿਹ ਸਭੁ ਕਿਛੁ ਹੈ ਪੂਰਨੁ ਸੋ ਭੇਟਿਆ ਨਿਰਭੈ ਧਨੀ ॥੧॥ ਰਹਾਉ ॥	جا کے گّرِہ سبھُ کچھُ ہے پوُرنُ سو بھیٹیا نِربھےَ دھنی ॥1॥ رہاءُ ॥
ਨਾਮੁ ਦ੍ਰਿੜਾਇਆ ਸਾਧ ਕ੍ਰਿਪਾਲ ॥	نامُ دّرِڑائیا سادھ کّرِپال ॥
ਮਿਟਿ ਗਈ ਭੂਖ ਮਹਾ ਬਿਕਰਾਲ ॥੨॥	مِٹِ گئی بھوُکھ مہا بِکرال ॥2॥
ਠਾਕੁਰਿ ਅਪੁਨੈ ਕੀਨੀ ਦਾਤਿ ॥	ٹھاکُرِ اپُنے کِینی داتِ ॥
ਜਲਨਿ ਬੁਝੀ ਮਨਿ ਹੋਈ ਸਾਂਤਿ ॥੩॥	جلنِ بُجھی منِ ہوئی سانتِ ॥3॥
ਮਿਟਿ ਗਈ ਭਾਲ ਮਨੁ ਸਹਜਿ ਸਮਾਨਾ ॥	مِٹِ گئی بھال منُ سہجِ سمانا ॥
ਨਾਨਕ ਪਾਇਆ ਨਾਮ ਖਜਾਨਾ ॥੪॥੨੭॥੭੮॥	نانک پائیا نام خزانا ॥4॥ 27 ॥ 78 ॥
ਆਸਾ ਮਹਲਾ ੫ ॥	آسا محلا 5 ॥
ਠਾਕੁਰ ਸਿਉ ਜਾ ਕੀ ਬਨਿ ਆਈ ॥	ٹھاکُر سِءُ جا کی بنِ آئی ॥

ਭੋਜਨ ਪੂਰਨ ਰਹੇ ਅਘਾਈ ॥੧॥	بھوجن پُورن رہے اگھائی ॥1॥
ਕਛੂ ਨ ਥੋਰਾ ਹਰਿ ਭਗਤਨ ਕਉ ॥	کچھوُ ن تھورا ہرِ بھگتن کءُ ॥
ਖਾਤ ਖਰਚਤ ਬਿਲਛਤ ਦੇਵਨ ਕਉ ॥੧॥ ਰਹਾਉ ॥	کھات خرچت بِلچھت دیون کءُ ॥1॥ رہاءُ ॥
ਜਾ ਕਾ ਧਨੀ ਅਗਮ ਗੁਸਾਈ ॥	جا کا دھنی اگم گُسائی ॥
ਮਾਨੁਖ ਕੀ ਕਹੁ ਕੇਤ ਚਲਾਈ ॥੨॥	مانُکھ کی کہُ کیت چلائی ۔ ॥2॥
ਜਾ ਕੀ ਸੇਵਾ ਦਸ ਅਸਟ ਸਿਧਾਈ ॥	جا کی سیوا دس اسٹ سِدھائی ॥
ਪਲਕ ਦਿਸਟਿ ਤਾ ਕੀ ਲਾਗਹੁ ਪਾਈ ॥੩॥	پلک دِسٹِ تا کی لاگہُ پائی ॥3॥
ਜਾ ਕਉ ਦਇਆ ਕਰਹੁ ਮੇਰੇ ਸੁਆਮੀ ॥	جا کءُ دئیا کرہُ میرے سُیامی ۔ ॥
ਕਹੁ ਨਾਨਕ ਨਾਹੀ ਤਿਨ ਕਾਮੀ ॥੪॥੨੮॥੭੯॥	کہُ نانک ناہی تِن کامی ॥4॥ 28 ॥ 79 ॥
ਆਸਾ ਮਹਲਾ ੫ ॥	آسا محلا 5 ॥
ਜਉ ਮੈ ਅਪੁਨਾ ਸਤਿਗੁਰੁ ਧਿਆਇਆ ॥	جءُ مے اپُنا ستِگُرُ دھیائیا ॥
ਤਬ ਮੇਰੈ ਮਨਿ ਮਹਾ ਸੁਖੁ ਪਾਇਆ ॥੧॥	تب میرے منِ مہا سُکھُ پائیا ॥1॥
ਮਿਟਿ ਗਈ ਗਣਤ ਬਿਨਾਸਿਉ ਸੰਸਾ ॥	مِٹِ گئی گنّت بِناسِءُ سنّسا ॥
ਨਾਮਿ ਰਤੇ ਜਨ ਭਏ ਭਗਵੰਤਾ ॥੧॥ ਰਹਾਉ ॥	نامِ رتے جن بھے بھگونتا ॥1॥ رہاءُ ॥
ਜਉ ਮੈ ਅਪੁਨਾ ਸਾਹਿਬੁ ਚੀਤਿ ॥	جءُ مے اپُنا صاحِبُ چیتِ ॥
ਤਉ ਭਉ ਮਿਟਿਓ ਮੇਰੇ ਮੀਤ ॥੨॥	تءُ بھءُ مِٹیو میرے میت ۔ ॥2॥
ਜਉ ਮੈ ਓਟ ਗਹੀ ਪ੍ਰਭ ਤੇਰੀ ॥	جءُ مے اوٹ گہی پربھ تیری ॥
ਤਾਂ ਪੂਰਨ ਹੋਈ ਮਨਸਾ ਮੇਰੀ ॥੩॥	تاں پُورن ہوئی منسا میری ॥3॥
ਦੇਖਿ ਚਲਿਤ ਮਨਿ ਭਏ ਦਿਲਾਸਾ ॥	دیکھِ چلِت منِ بھے دِلاسا ॥
ਨਾਨਕ ਦਾਸ ਤੇਰਾ ਭਰਵਾਸਾ ॥੪॥੨੯॥੮੦॥	نانک داس تیرا بھرواسا ॥4॥ 29 ॥ 80 ॥
ਆਸਾ ਮਹਲਾ ੫ ॥	آسا محلا 5 ॥
ਅਨਦਿਨੁ ਮੂਸਾ ਲਾਜੁ ਟੁਕਾਈ ॥	اندِنُ موُسا لاجُ ٹُکائی ॥

ਗਿਰਤ ਕੂਪ ਮਹਿ ਖਾਹਿ ਮਿਠਾਈ ॥੧॥	گِرت کوُپ مہِ کھاہِ مِٹھائی ॥1॥
ਸੋਚਤ ਸਾਚਤ ਰੈਨਿ ਬਿਹਾਨੀ ॥	سوچت ساچت ریَنِ بِہانی ॥
ਅਨਿਕ ਰੰਗ ਮਾਇਆ ਕੇ ਚਿਤਵਤ	انِک رنگ مائِیا کے چِتوت
ਕਬਹੂ ਨ ਸਿਮਰੈ ਸਾਰਿੰਗਪਾਨੀ ॥੧॥ ਰਹਾਉ ॥	کبہوُ ن سِمرے سارِنگپانی ॥1॥ رہاءُ ॥
ਦੂਮ ਕੀ ਛਾਇਆ ਨਿਹਚਲ ਗ੍ਰਿਹੁ ਬਾਂਧਿਆ ॥	دُرم کی چھائِیا نِہچل گرِہُ باندھِیا ॥
ਕਾਲ ਕੈ ਫਾਂਸਿ ਸਕਤ ਸਰੁ ਸਾਂਧਿਆ ॥੨॥	کال کے پھانسِ سکت سرُ سانْدھِیا ॥2॥
ਬਾਲੂ ਕਨਾਰਾ ਤਰੰਗ ਮੁਖਿ ਆਇਆ ॥	بالوُ کنارا ترنگ مُکھِ آئِیا ॥
ਸੋ ਥਾਨੁ ਮੂੜਿ ਨਿਹਚਲੁ ਕਰਿ ਪਾਇਆ ॥੩॥	سو تھانُ موُڑِ نِہچلُ کرِ پائِیا ॥3॥
ਸਾਧਸੰਗਿ ਜਪਿਓ ਹਰਿ ਰਾਇ ॥	سادھسنگِ جپِئو ہرِ راءِ ॥
ਨਾਨਕ ਜੀਵੈ ਹਰਿ ਗੁਣ ਗਾਇ ॥੪॥੩੦॥੮੧॥	نانک جِیوے ہرِ گُنْ گاءِ ॥4॥ 30 ॥ 81 ॥
ਆਸਾ ਮਹਲਾ ੫ ਦੁਤੁਕੇ ੯ ॥	آسا محلا 5 دُتُکے 9 ॥
ਉਨ ਕੈ ਸੰਗਿ ਤੂ ਕਰਤੀ ਕੇਲ ॥	اُن کے سنگِ توُ کرتی کیل ॥
ਉਨ ਕੈ ਸੰਗਿ ਹਮ ਤੁਮ ਸੰਗਿ ਮੇਲ ॥	اُن کے سنگِ ہم تُم سنگِ میل ॥
ਉਨ੍ਹ ਕੈ ਸੰਗਿ ਤੁਮ ਸਭੁ ਕੋਊ ਲੋਰੈ ॥	اُنّہ کے سنگِ تُم سبھُ کوئوُ لورے ॥
ਓਸੁ ਬਿਨਾ ਕੋਊ ਮੁਖੁ ਨਹੀ ਜੋਰੈ ॥੧॥	اوسُ بِنا کوئوُ مُکھُ نہی جورے ॥1॥
ਤੇ ਬੈਰਾਗੀ ਕਹਾ ਸਮਾਏ ॥	تے بیَراگی کہا سمائے ۔ ॥
ਤਿਸੁ ਬਿਨੁ ਤੁਹੀ ਦੁਹੇਰੀ ਰੀ ॥੧॥ ਰਹਾਉ ॥	تِسُ بِنُ تُہی دُہیری ری ۔ ॥1॥ رہاءُ ॥
ਉਨ੍ਹ ਕੈ ਸੰਗਿ ਤੂ ਗ੍ਰਿਹ ਮਹਿ ਮਾਹਰਿ ॥	اُنّہ کے سنگِ توُ گرِہ مہِ ماہرِ ॥
ਉਨ੍ਹ ਕੈ ਸੰਗਿ ਤੂ ਹੋਈ ਹੈ ਜਾਹਰਿ ॥	اُنّہ کے سنگِ توُ ہوئی ہے ظاہرِ ॥
ਉਨ੍ਹ ਕੈ ਸੰਗਿ ਤੂ ਰਖੀ ਪਪੋਲਿ ॥	اُنّہ کے سنگِ توُ رکھی پپولِ ॥
ਓਸੁ ਬਿਨਾ ਤੂੰ ਛੁਟਕੀ ਰੋਲਿ ॥੨॥	اوسُ بِنا توُنَ چھُٹکی رولِ ॥2॥
ਉਨ੍ਹ ਕੈ ਸੰਗਿ ਤੇਰਾ ਮਾਨੁ ਮਹਤੁ ॥	اُنّہ کے سنگِ تیرا مانُ مہتُ ॥
ਉਨ੍ਹ ਕੈ ਸੰਗਿ ਤੁਮ ਸਾਕੁ ਜਗਤੁ ॥	اُنّہ کے سنگِ تُم ساکُ جگتُ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پُرب نوُن سمرپت|سیوا: بھائی بلجِندر سنگھ جی (راتا صاہب)

ਉਨ੍ਕੈ ਸੰਗਿ ਤੇਰੀ ਸਭ ਬਿਧਿ ਥਾਟੀ ॥	اُنہ کے سنگِ تیری سبھ بِدھِ تھاٹی ॥
ਓਸੁ ਬਿਨਾ ਤੂੰ ਹੋਈ ਹੈ ਮਾਟੀ ॥੩॥	اوسُ بِنا توُنَ ہوئی ہے ماٹی ॥3॥
ਓਹੁ ਬੈਰਾਗੀ ਮਰੈ ਨ ਜਾਇ ॥	اوہُ بیَراگی مرے ن جاءِ ॥
ਹੁਕਮੇ ਬਾਧਾ ਕਾਰ ਕਮਾਇ ॥	حُکمے بادھا کار کماءِ ॥
ਜੋੜਿ ਵਿਛੋੜੇ ਨਾਨਕ ਥਾਪਿ ॥	جوڑِ وِچھوڑے نانک تھاپِ ॥
ਅਪਨੀ ਕੁਦਰਤਿ ਜਾਣੈ ਆਪਿ ॥੪॥੩੧॥੮੨॥	اپنی قُدرتِ جانے آپِ ॥4॥ 31 ॥ 82 ॥
ਆਸਾ ਮਹਲਾ ੫ ॥	آسا محلا 5 ॥
ਨਾ ਓਹੁ ਮਰਤਾ ਨਾ ਹਮ ਡਰਿਆ ॥	نا اوہُ مرتا نا ہم ڈرِیا ॥
ਨਾ ਓਹੁ ਬਿਨਸੈ ਨਾ ਹਮ ਕੜਿਆ ॥	نا اوہُ بِنسے نا ہم کڑِیا ॥
ਨਾ ਓਹੁ ਨਿਰਧਨੁ ਨਾ ਹਮ ਭੂਖੇ ॥	نا اوہُ نِردھنُ نا ہم بھوُکھے ॥
ਨਾ ਓਸੁ ਦੂਖੁ ਨ ਹਮ ਕਉ ਦੂਖੇ ॥੧॥	نا اوسُ دوُکھُ ن ہم کءُ دوُکھے ॥1॥
ਅਵਰੁ ਨ ਕੋਊ ਮਾਰਨਵਾਰਾ ॥	اورُ ن کوئوُ مارنوارا ॥
ਜੀਅਉ ਹਮਾਰਾ ਜੀਉ ਦੇਨਹਾਰਾ ॥੧॥ ਰਹਾਉ ॥	جیِئءُ ہمارا جیِءُ دینہارا ॥1॥ رہاءُ ॥
ਨਾ ਉਸੁ ਬੰਧਨ ਨਾ ਹਮ ਬਾਧੇ ॥	نا اُس بندھن نا ہم بادھے ॥
ਨਾ ਉਸੁ ਧੰਧਾ ਨਾ ਹਮ ਧਾਧੇ ॥	نا اُس دھندھا نا ہم دھادھے ॥
ਨਾ ਉਸੁ ਮੈਲੁ ਨ ਹਮ ਕਉ ਮੈਲਾ ॥	نا اُس میَلُ ن ہم کءُ میَلا ॥
ਓਸੁ ਅਨੰਦੁ ਤ ਹਮ ਸਦ ਕੇਲਾ ॥੨॥	اوسُ انندُ ت ہم سد کیلا ॥2॥
ਨਾ ਉਸੁ ਸੋਚੁ ਨ ਹਮ ਕਉ ਸੋਚਾ ॥	نا اُس سوچُ ن ہم کءُ سوچا ॥
ਨਾ ਉਸੁ ਲੇਪੁ ਨ ਹਮ ਕਉ ਪੋਚਾ ॥	نا اُس لیپُ ن ہم کءُ پوچا ॥
ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ ॥	نا اُس بھوُکھ ن ہم کءُ ترِسنا ॥
ਜਾ ਉਹੁ ਨਿਰਮਲੁ ਤਾਂ ਹਮ ਜਚਨਾ ॥੩॥	جا اُہُ نِرملُ تاں ہم جچنا ॥3॥
ਹਮ ਕਿਛੁ ਨਾਹੀ ਏਕੈ ਓਹੀ ॥	ہم کِچھُ ناہی ایکے اوہی ॥

ਆਗੈ ਪਾਛੈ ਏਕੋ ਸੋਈ ॥	آگے پاچھے ایکو سوئی ॥
ਨਾਨਕ ਗੁਰਿ ਖੋਏ ਭ੍ਰਮ ਭੰਗਾ ॥	نانک گُرِ کھوئے بھرم بھنگا ॥
ਹਮ ਓਇ ਮਿਲਿ ਹੋਏ ਇਕ ਰੰਗਾ ॥੪॥੩੨॥੮੩॥	ہم اوءِ مِلِ ہوئے اِک رنگا ॥4॥ 32 ॥ 83 ॥
ਆਸਾ ਮਹਲਾ ੫ ॥	آسا محلا 5 ॥
ਅਨਿਕ ਭਾਂਤਿ ਕਰਿ ਸੇਵਾ ਕਰੀਐ ॥	اَنِک بھانتِ کرِ سیوا کریئے ॥
ਜੀਉ ਪ੍ਰਾਨ ਧਨੁ ਆਗੈ ਧਰੀਐ ॥	جیءُ پران دھنُ آگے دھریئے ॥
ਪਾਨੀ ਪਖਾ ਕਰਉ ਤਜਿ ਅਭਿਮਾਨੁ ॥	پانی پکھا کرءُ تجِ ابھمانُ ॥
ਅਨਿਕ ਬਾਰ ਜਾਈਐ ਕੁਰਬਾਨੁ ॥੧॥	اَنِک بار جائیئے قُربانُ ॥1॥
ਸਾਈ ਸੁਹਾਗਣਿ ਜੋ ਪ੍ਰਭ ਭਾਈ ॥	سائی سُہاگنِ جو پربھ بھائی ॥
ਤਿਸ ਕੈ ਸੰਗਿ ਮਿਲਉ ਮੇਰੀ ਮਾਈ ॥੧॥ ਰਹਾਉ ॥	تِس کے سنگِ مِلءُ میری مائی ۔ ॥1॥ رہاءُ ॥
ਦਾਸਨਿ ਦਾਸੀ ਕੀ ਪਨਿਹਾਰਿ ॥	داسنِ داسی کی پنہارِ ॥
ਉਨ੍ਹ ਕੀ ਰੇਣੁ ਬਸੈ ਜੀਅ ਨਾਲਿ ॥	اُنّہ کی رینُ بسے جیء نالِ ॥
ਮਾਥੈ ਭਾਗੁ ਤ ਪਾਵਉ ਸੰਗੁ ॥	ماتھے بھاگ ت پاوءُ سنگُ ॥
ਮਿਲੈ ਸੁਆਮੀ ਅਪੁਨੈ ਰੰਗਿ ॥੨॥	مِلے سُیامی اپُنے رنگِ ॥2॥
ਜਾਪ ਤਾਪ ਦੇਵਉ ਸਭ ਨੇਮਾ ॥	جاپ تاپ دیوءُ سبھ نیما ॥
ਕਰਮ ਧਰਮ ਅਰਪਉ ਸਭ ਹੋਮਾ ॥	کرم دھرم ارپءُ سبھ ہوما ॥
ਗਰਬੁ ਮੋਹੁ ਤਜਿ ਹੋਵਉ ਰੇਨ ॥	گربُ موہُ تجِ ہووءُ رین ॥
ਉਨ੍ਹ ਕੈ ਸੰਗਿ ਦੇਖਉ ਪ੍ਰਭੁ ਨੈਨ ॥੩॥	اُنّہ کے سنگِ دیکھءُ پربھُ نین ॥3॥
ਨਿਮਖ ਨਿਮਖ ਏਹੀ ਆਰਾਧਉ ॥	نِمکھ نِمکھ ایہی آرادھءُ ॥
ਦਿਨਸੁ ਰੈਣਿ ਏਹ ਸੇਵਾ ਸਾਧਉ ॥	دِنس رینِ ایہ سیوا سادھءُ ॥
ਭਏ ਕ੍ਰਿਪਾਲ ਗੁਪਾਲ ਗੋਬਿੰਦ ॥	بھئے کرپال گُپال گوبِند ॥
ਸਾਧਸੰਗਿ ਨਾਨਕ ਬਖਸਿੰਦ ॥੪॥੩੩॥੮੪॥	سادھسنگِ نانک بخشِند ॥4॥ 33 ॥ 84 ॥

ਆਸਾ ਮਹਲਾ ੫ ॥	آسا محلا 5 ॥
ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ ॥	پربھ کی پریت سدا سُکھُ ہوءِ ॥
ਪ੍ਰਭ ਕੀ ਪ੍ਰੀਤਿ ਦੁਖੁ ਲਗੈ ਨ ਕੋਇ ॥	پربھ کی پریت دُکھُ لگے ن کوءِ ॥
ਪ੍ਰਭ ਕੀ ਪ੍ਰੀਤਿ ਹਉਮੈ ਮਲੁ ਖੋਇ ॥	پربھ کی پریت ہئُمے مل کھوءِ ॥
ਪ੍ਰਭ ਕੀ ਪ੍ਰੀਤਿ ਸਦ ਨਿਰਮਲ ਹੋਇ ॥੧॥	پربھ کی پریت سد نرمل ہوءِ ॥1॥
ਸੁਨਹੁ ਮੀਤ ਐਸਾ ਪ੍ਰੇਮ ਪਿਆਰੁ ॥	سُنہُ میت ایسا پریم پیارُ ॥
ਜੀਅ ਪ੍ਰਾਨ ਘਟ ਘਟ ਆਧਾਰੁ ॥੧॥ ਰਹਾਉ ॥	جیء پران گھٹ گھٹ آدھارُ ॥1॥ رہاءُ ॥
ਪ੍ਰਭ ਕੀ ਪ੍ਰੀਤਿ ਭਏ ਸਗਲ ਨਿਧਾਨ ॥	پربھ کی پریت بھے سگل ندھان ॥
ਪ੍ਰਭ ਕੀ ਪ੍ਰੀਤਿ ਰਿਦੈ ਨਿਰਮਲ ਨਾਮ ॥	پربھ کی پریت ردے نرمل نام ॥
ਪ੍ਰਭ ਕੀ ਪ੍ਰੀਤਿ ਸਦ ਸੋਭਾਵੰਤ ॥	پربھ کی پریت سد سوبھاونت ॥
ਪ੍ਰਭ ਕੀ ਪ੍ਰੀਤਿ ਸਭ ਮਿਟੀ ਹੈ ਚਿੰਤ ॥੨॥	پربھ کی پریت سبھ مٹی ہے چنت ॥2॥
ਪ੍ਰਭ ਕੀ ਪ੍ਰੀਤਿ ਇਹੁ ਭਵਜਲੁ ਤਰੈ ॥	پربھ کی پریت اِہُ بھوجلُ ترے ॥
ਪ੍ਰਭ ਕੀ ਪ੍ਰੀਤਿ ਜਮ ਤੇ ਨਹੀ ਡਰੈ ॥	پربھ کی پریت جم تے نہی ڈرے ॥
ਪ੍ਰਭ ਕੀ ਪ੍ਰੀਤਿ ਸਗਲ ਉਧਾਰੈ ॥	پربھ کی پریت سگل اُدھارے ॥
ਪ੍ਰਭ ਕੀ ਪ੍ਰੀਤਿ ਚਲੈ ਸੰਗਾਰੈ ॥੩॥	پربھ کی پریت چلے سنگارے ॥3॥
ਆਪਹੁ ਕੋਈ ਮਿਲੈ ਨ ਭੂਲੈ ॥	آپہُ کوئی ملے ن بھولے ॥
ਜਿਸੁ ਕ੍ਰਿਪਾਲੁ ਤਿਸੁ ਸਾਧਸੰਗਿ ਘੂਲੈ ॥	جِسُ کرپالُ تِس سادھسنگِ گھولے ॥
ਕਹੁ ਨਾਨਕ ਤੇਰੈ ਕੁਰਬਾਣੁ ॥	کہُ نانک تیرے قُربانُ ॥
ਸੰਤ ਓਟ ਪ੍ਰਭ ਤੇਰਾ ਤਾਣੁ ॥੪॥੩੪॥੮੫॥	سنت اوٹ پربھ تیرا تانُ ॥4॥ 34 ॥ 85 ॥
ਆਸਾ ਮਹਲਾ ੫ ॥	آسا محلا 5 ॥
ਭੂਪਤਿ ਹੋਇ ਕੈ ਰਾਜੁ ਕਮਾਇਆ ॥	بھوُپت ہوءِ کے راج کمائیا ॥
ਕਰਿ ਕਰਿ ਅਨਰਥ ਵਿਹਾਝੀ ਮਾਇਆ ॥	کرِ کرِ انرتھ وِہاجھی مائیا ॥

ਸੰਚਤ ਸੰਚਤ ਥੈਲੀ ਕੀਨ੍ਹੀ ॥	سنچت سنچت تھیلی کینہی ॥
ਪ੍ਰਭਿ ਉਸ ਤੇ ਡਾਰਿ ਅਵਰ ਕਉ ਦੀਨ੍ਹੀ ॥੧॥	پربھِ اُس تے ڈارِ اور کءُ دینہی ॥1॥
ਕਾਚ ਗਗਰੀਆ ਅੰਭ ਮਝਰੀਆ ॥	کاچ گگریا انبھ مجھریا ॥
ਗਰਬਿ ਗਰਬਿ ਉਆਹੂ ਮਹਿ ਪਰੀਆ ॥੧॥ ਰਹਾਉ ॥	گربِ گربِ اُیاہوُ مہِ پریا ॥1॥ رہاءُ ॥
ਨਿਰਭਉ ਹੋਇਓ ਭਇਆ ਨਿਹੰਗਾ ॥	نربھءُ ہوئیو بھیا نہنگا ॥
ਚੀਤਿ ਨ ਆਇਓ ਕਰਤਾ ਸੰਗਾ ॥	چیتِ ن آئیو کرتا سنگا ॥
ਲਸਕਰ ਜੋੜੇ ਕੀਆ ਸੰਬਾਹਾ ॥	لشکر جوڑے کیا سنباہا ॥
ਨਿਕਸਿਆ ਫੂਕ ਤ ਹੋਇ ਗਇਓ ਸੁਆਹਾ ॥੨॥	نکسیا پھوُک ت ہوءِ گئیو سُیاہا ॥2॥
ਊਚੇ ਮੰਦਰ ਮਹਲ ਅਰੁ ਰਾਨੀ ॥	اوُچے مندر محل ارُ رانی ॥
ਹਸਤਿ ਘੋੜੇ ਜੋੜੇ ਮਨਿ ਭਾਨੀ ॥	ہستِ گھوڑے جوڑے منِ بھانی ॥
ਵਡ ਪਰਵਾਰੁ ਪੂਤ ਅਰੁ ਧੀਆ ॥	وڈ پروارُ پوُت ارُ دھیا ॥
ਮੋਹਿ ਪਚੇ ਪਚਿ ਅੰਧਾ ਮੂਆ ॥੩॥	موہِ پچے پچِ اندھا موُیا ॥3॥
ਜਿਨਹਿ ਉਪਾਹਾ ਤਿਨਹਿ ਬਿਨਾਹਾ ॥	جِنہِ اُپاہا تِنہِ بِناہا ॥
ਰੰਗ ਰਸਾ ਜੈਸੇ ਸੁਪਨਾਹਾ ॥	رنگ رسا جیَسے سُپناہا ॥
ਸੋਈ ਮੁਕਤਾ ਤਿਸੁ ਰਾਜੁ ਮਾਲੁ ॥	سوئی مُکتا تِس راجُ مالُ ॥
ਨਾਨਕ ਦਾਸ ਜਿਸੁ ਖਸਮੁ ਦਇਆਲੁ ॥੪॥੩੫॥੮੬॥	نانک داس جِس خصمُ دیَیالُ ॥4॥ 35 ॥ 86 ॥
ਆਸਾ ਮਹਲਾ ੫ ॥	آسا محلا 5 ॥
ਇਨ੍ ਸਿਉ ਪ੍ਰੀਤਿ ਕਰੀ ਘਨੇਰੀ ॥	اِنہ سِءُ پریتِ کری گھنیری ॥
ਜਉ ਮਿਲੀਐ ਤਉ ਵਧੈ ਵਧੇਰੀ ॥	جءُ ملیےِ تءُ ودھےَ ودھیری ॥
ਗਲਿ ਚਮੜੀ ਜਉ ਛੋਡੈ ਨਾਹੀ ॥	گلِ چمڑی جءُ چھوڈےَ ناہی ॥
ਲਾਗਿ ਛੁਟੋ ਸਤਿਗੁਰ ਕੀ ਪਾਈ ॥੧॥	لاگِ چھُٹو ستِگُر کی پائی ॥1॥
ਜਗ ਮੋਹਨੀ ਹਮ ਤਿਆਗਿ ਗਵਾਈ ॥	جگ موہنی ہم تیاگِ گوائی ॥

ਨਿਰਗੁਨੁ ਮਿਲਿਓ ਵਜੀ ਵਧਾਈ ॥੧॥ ਰਹਾਉ ॥	نِرگُنُ مِلِئو وجی ودھائی ॥1॥ رہاءُ ॥
ਐਸੀ ਸੁੰਦਰਿ ਮਨ ਕਉ ਮੋਹੈ ॥	ایَسی سُنّدرِ من کءُ موہے ॥
ਬਾਟਿ ਘਾਟਿ ਗ੍ਰਿਹਿ ਬਨਿ ਬਨਿ ਜੋਹੈ ॥	باٹِ گھاٹِ گرِہِ بنِ بنِ جوہے ॥
ਮਨਿ ਤਨਿ ਲਾਗੈ ਹੋਇ ਕੈ ਮੀਠੀ ॥	منِ تنِ لاگے ہوءِ کے میٹھی ॥
ਗੁਰ ਪ੍ਰਸਾਦਿ ਮੈ ਖੋਟੀ ਡੀਠੀ ॥੨॥	گُر پرّسادِ مے کھوٹی ڈیٹھی ॥2॥
ਅਗਰਕ ਉਸ ਕੇ ਵਡੇ ਠਗਾਊ ॥	اگرک اُس کے وڈے ٹھگائوُ ॥
ਛੋਡਹਿ ਨਾਹੀ ਬਾਪ ਨ ਮਾਊ ॥	چھوڈہِ ناہی باپ ن مائوُ ॥
ਮੇਲੀ ਅਪਨੇ ਉਨਿ ਲੇ ਬਾਂਧੇ ॥	میلی اپنے اُنِ لے باندھے ॥
ਗੁਰ ਕਿਰਪਾ ਤੇ ਮੈ ਸਗਲੇ ਸਾਧੇ ॥੩॥	گُر کِرپا تے مے سگلے سادھے ॥3॥
ਅਬ ਮੋਰੈ ਮਨਿ ਭਇਆ ਅਨੰਦ ॥	اب مورے منِ بھئیا انّد ॥
ਭਉ ਚੂਕਾ ਟੂਟੇ ਸਭਿ ਫੰਦ ॥	بھءُ چوُکا ٹوُٹے سبھِ پھنّد ॥
ਕਹੁ ਨਾਨਕ ਜਾ ਸਤਿਗੁਰੁ ਪਾਇਆ ॥	کہُ نانک جا ستِگُرُ پائیا ॥
ਘਰੁ ਸਗਲਾ ਮੈ ਸੁਖੀ ਬਸਾਇਆ ॥੪॥੩੬॥੮੭॥	گھرُ سگلا مے سُکھی بسائیا ॥4॥ 36 ॥ 87 ॥
ਆਸਾ ਮਹਲਾ ੫ ॥	آسا محلا 5 ॥
ਆਠ ਪਹਰ ਨਿਕਟਿ ਕਰਿ ਜਾਨੈ ॥	آٹھ پہر نِکٹِ کرِ جانے ॥
ਪ੍ਰਭ ਕਾ ਕੀਆ ਮੀਠਾ ਮਾਨੈ ॥	پّربھ کا کِیا میٹھا مانے ॥
ਏਕੁ ਨਾਮੁ ਸੰਤਨ ਆਧਾਰੁ ॥	ایکُ نامُ سنّتن آدھارُ ॥
ਹੋਇ ਰਹੇ ਸਭ ਕੀ ਪਗ ਛਾਰੁ ॥੧॥	ہوءِ رہے سبھ کی پگ چھارُ ॥1॥
ਸੰਤ ਰਹਤ ਸੁਨਹੁ ਮੇਰੇ ਭਾਈ ॥	سنّت رہت سُنہُ میرے بھائی ۔ ॥
ਉਆ ਕੀ ਮਹਿਮਾ ਕਥਨੁ ਨ ਜਾਈ ॥੧॥ ਰਹਾਉ ॥	اُیا کی مہِما کتھنُ ن جائی ॥1॥ رہاءُ ॥
ਵਰਤਣਿ ਜਾ ਕੈ ਕੇਵਲ ਨਾਮ ॥	ورتنِ جا کے کیول نام ॥
ਅਨਦ ਰੂਪ ਕੀਰਤਨੁ ਬਿਸ੍ਰਾਮ ॥	اند روُپ کیرتنُ بسّرام ॥

ਮਿਤ੍ਰ ਸਤ੍ਰੂ ਜਾ ਕੈ ਏਕ ਸਮਾਨੈ ॥	مِتّر ستّرُ جا کے ایک سمانے ॥
ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥੨॥	پربھ اپُنے بِنُ اورُ ن جانے ॥2॥
ਕੋਟਿ ਕੋਟਿ ਅਘ ਕਾਟਨਹਾਰਾ ॥	کوٹِ کوٹِ اگھ کاٹنہارا ॥
ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥	دُکھ دوُرِ کرن جیء کے داتارا ॥
ਸੂਰਬੀਰ ਬਚਨ ਕੇ ਬਲੀ ॥	سوُربیر بچن کے بلی ॥
ਕਉਲਾ ਬਪੁਰੀ ਸੰਤੀ ਛਲੀ ॥੩॥	کئلا بپُری سنّتی چھلی ॥3॥
ਤਾ ਕਾ ਸੰਗੁ ਬਾਛਹਿ ਸੁਰਦੇਵ ॥	تا کا سنگُ باچھہِ سُردیو ॥
ਅਮੋਘ ਦਰਸੁ ਸਫਲ ਜਾ ਕੀ ਸੇਵ ॥	اموگھ درسُ سپھل جا کی سیو ॥
ਕਰ ਜੋੜਿ ਨਾਨਕੁ ਕਰੇ ਅਰਦਾਸਿ ॥	کر جوڑِ نانکُ کرے عرداسِ ॥
ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ॥੪॥੩੭॥੮੮॥	موہِ سنّتہ ٹہل دیجے گُنّتاسِ ۔ ॥4॥ 37 ॥ 88 ॥
ਆਸਾ ਮਹਲਾ ੫ ॥	آسا محلا 5 ॥
ਸਗਲ ਸੂਖ ਜਪਿ ਏਕੈ ਨਾਮ ॥	سگل سوُکھ جپِ ایکے نام ॥
ਸਗਲ ਧਰਮ ਹਰਿ ਕੇ ਗੁਣ ਗਾਮ ॥	سگل دھرم ہرِ کے گُن گام ॥
ਮਹਾ ਪਵਿਤ੍ਰ ਸਾਧ ਕਾ ਸੰਗੁ ॥	مہا پوِتّر سادھ کا سنگُ ॥
ਜਿਸੁ ਭੇਟਤ ਲਾਗੈ ਪ੍ਰਭ ਰੰਗੁ ॥੧॥	جِسُ بھیٹت لاگے پربھ رنگُ ॥1॥
ਗੁਰ ਪ੍ਰਸਾਦਿ ਓਇ ਆਨੰਦ ਪਾਵੈ ॥	گُر پرسادِ اوءِ آنند پاوے ॥
ਜਿਸੁ ਸਿਮਰਤ ਮਨਿ ਹੋਇ ਪ੍ਰਗਾਸਾ ਤਾ ਕੀ ਗਤਿ ਮਿਤਿ ਕਹਨੁ ਨ ਜਾਵੈ ॥੧॥ ਰਹਾਉ ॥	جِسُ سِمرت منِ ہوءِ پرگاسا تا کی گتِ مِتِ کہنُ ن جاوے ॥1॥ رہاءُ ॥
ਵਰਤ ਨੇਮ ਮਜਨ ਤਿਸੁ ਪੂਜਾ ॥	ورت نیم مجن تِس پوُجا ॥
ਬੇਦ ਪੁਰਾਨ ਤਿਨਿ ਸਿੰਮ੍ਰਿਤਿ ਸੁਨੀਜਾ ॥	بید پُران تِنِ سِمّرِتِ سُنیجا ॥
ਮਹਾ ਪੁਨੀਤ ਜਾ ਕਾ ਨਿਰਮਲ ਥਾਨੁ ॥	مہا پُنیت جا کا نِرمل تھانُ ॥
ਸਾਧਸੰਗਤਿ ਜਾ ਕੈ ਹਰਿ ਹਰਿ ਨਾਮੁ ॥੨॥	سادھسنگتِ جا کے ہرِ ہرِ نامُ ॥2॥
ਪ੍ਰਗਟਿਓ ਸੋ ਜਨੁ ਸਗਲੇ ਭਵਨ ॥	پرگٹیو سو جنُ سگلے بھون ॥

ਪਤਿਤ ਪੁਨੀਤ ਤਾ ਕੀ ਪਗ ਰੇਨ ॥	پتِت پُنِیت تا کی پگ رین ॥
ਜਾ ਕਉ ਭੇਟਿਓ ਹਰਿ ਹਰਿ ਰਾਇ ॥	جا کءُ بھیٹِئو ہرِ ہرِ راءِ ॥
ਤਾ ਕੀ ਗਤਿ ਮਿਤਿ ਕਥਨੁ ਨ ਜਾਇ ॥੩॥	تا کی گتِ مِتِ کتھنُ ن جاءِ ॥3॥
ਆਠ ਪਹਰ ਕਰ ਜੋੜਿ ਧਿਆਵਉ ॥	آٹھ پہر کر جوڑِ دھیاوءُ ॥
ਉਨ ਸਾਧਾ ਕਾ ਦਰਸਨੁ ਪਾਵਉ ॥	اُن سادھا کا درسنُ پاوءُ ॥
ਮੋਹਿ ਗਰੀਬ ਕਉ ਲੇਹੁ ਰਲਾਇ ॥	موہِ غریب کءُ لیہُ رلاءِ ॥
ਨਾਨਕ ਆਇ ਪਏ ਸਰਣਾਇ ॥੪॥੩੮॥੮੯॥	نانک آءِ پئے سرٹاءِ ॥4॥ 38 ॥ 89 ॥
ਆਸਾ ਮਹਲਾ ੫ ॥	آسا محلا 5 ॥
ਆਠ ਪਹਰ ਉਦਕ ਇਸਨਾਨੀ ॥	آٹھ پہر اُدک اِسنانی ॥
ਸਦ ਹੀ ਭੋਗੁ ਲਗਾਇ ਸੁਗਿਆਨੀ ॥	سد ہی بھوگُ لگاءِ سُگیانی ॥
ਬਿਰਥਾ ਕਾਹੂ ਛੋਡੈ ਨਾਹੀ ॥	برتھا کاہوُ چھوڈے ناہی ॥
ਬਹੁਰਿ ਬਹੁਰਿ ਤਿਸੁ ਲਾਗਹ ਪਾਈ ॥੧॥	بہُرِ بہُرِ تِس لاگہ پائی ॥1॥
ਸਾਲਗਿਰਾਮੁ ਹਮਾਰੈ ਸੇਵਾ ॥	سالگِرامُ ہمارے سیوا ॥
ਪੂਜਾ ਅਰਚਾ ਬੰਦਨ ਦੇਵਾ ॥੧॥ ਰਹਾਉ ॥	پوُجا ارچا بندن دیوا ॥1॥ رہاءُ ॥
ਘੰਟਾ ਜਾ ਕਾ ਸੁਨੀਐ ਚਹੁ ਕੁੰਟ ॥	گھنٹا جا کا سُنیئے چہُ کُنٹ ॥
ਆਸਨੁ ਜਾ ਕਾ ਸਦਾ ਬੈਕੁੰਠ ॥	آسنُ جا کا سدا بیکُنٹھ ॥
ਜਾ ਕਾ ਚਵਰੁ ਸਭੁ ਊਪਰਿ ਝੂਲੈ ॥	جا کا چورُ سبھُ اوُپرِ جھوُلے ॥
ਤਾ ਕਾ ਧੂਪੁ ਸਦਾ ਪਰਫੂਲੈ ॥੨॥	تا کا دھوُپُ سدا پرپھُلے ॥2॥
ਘਟਿ ਘਟਿ ਸੰਪਟੁ ਹੈ ਰੇ ਜਾ ਕਾ ॥	گھٹِ گھٹِ سنپٹُ ہے رے جا کا ॥
ਅਭਗ ਸਭਾ ਸੰਗਿ ਹੈ ਸਾਧਾ ॥	ابھگ سبھا سنگِ ہے سادھا ॥
ਆਰਤੀ ਕੀਰਤਨੁ ਸਦਾ ਅਨੰਦ ॥	آرتی کیرتنُ سدا انند ॥
ਮਹਿਮਾ ਸੁੰਦਰ ਸਦਾ ਬੇਅੰਤ ॥੩॥	مہِما سُندر سدا بیئنت ॥3॥

ਜਿਸਹਿ ਪਰਾਪਤਿ ਤਿਸ ਹੀ ਲਹਨਾ ॥	جِسہِ پراپت تِس ہی لہنا ॥
ਸੰਤ ਚਰਨ ਓਹੁ ਆਇਓ ਸਰਨਾ ॥	سنّت چرن اوہُ آئیو سرنا ॥
ਹਾਥਿ ਚੜਿਓ ਹਰਿ ਸਾਲਗਿਰਾਮੁ ॥	ہاتھِ چڑِیو ہرِ سالگِرامُ ॥
ਕਹੁ ਨਾਨਕ ਗੁਰਿ ਕੀਨੋ ਦਾਨੁ ॥੪॥੩੯॥੯੦॥	کہُ نانک گُرِ کِینو دانُ ॥4॥ 39 ॥ 90 ॥
ਆਸਾ ਮਹਲਾ ੫ ਪੰਚਪਦਾ ॥	آسا محلا 5 پنچپدا ॥
ਜਿਹ ਪੈਡੈ ਲੂਟੀ ਪਨਿਹਾਰੀ ॥	جِہ پیڈے لوٹی پنہاری ॥
ਸੋ ਮਾਰਗੁ ਸੰਤਨ ਦੂਰਾਰੀ ॥੧॥	سو مارگُ سنّتن دوُراری ॥1॥
ਸਤਿਗੁਰ ਪੂਰੈ ਸਾਚੁ ਕਹਿਆ ॥	ستِگُر پوُرے ساچُ کہِیا ॥
ਨਾਮ ਤੇਰੇ ਕੀ ਮੁਕਤੇ ਬੀਥੀ ਜਮ ਕਾ ਮਾਰਗੁ ਦੂਰਿ ਰਹਿਆ ॥੧॥ ਰਹਾਉ ॥	نام تیرے کی مُکتے بیتھی جم کا مارگُ دوُرِ رہِیا ॥1॥ رہاءُ ॥
ਜਹ ਲਾਲਚ ਜਾਗਾਤੀ ਘਾਟ ॥	جہ لالچ جاگاتی گھاٹ ॥
ਦੂਰਿ ਰਹੀ ਉਹ ਜਨ ਤੇ ਬਾਟ ॥੨॥	دوُرِ رہی اُہ جن تے باٹ ॥2॥
ਜਹ ਆਵਟੇ ਬਹੁਤ ਘਨ ਸਾਥ ॥	جہ آوٹے بہُت گھن ساتھ ॥
ਪਾਰਬ੍ਰਹਮ ਕੇ ਸੰਗੀ ਸਾਧ ॥੩॥	پاربّرہم کے سنگی سادھ ॥3॥
ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ॥	چِتّر گُپتُ سبھ لِکھتے لیکھا ॥
ਭਗਤ ਜਨਾ ਕਉ ਦ੍ਰਿਸਟਿ ਨ ਪੇਖਾ ॥੪॥	بھگت جنا کءُ دّرِسٹِ ن پیکھا ॥4॥
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥	کہُ نانک جِسُ ستِگُرُ پوُرا ॥
ਵਾਜੇ ਤਾ ਕੈ ਅਨਹਦ ਤੂਰਾ ॥੫॥੪੦॥੯੧॥	واجے تا کے انہد توُرا ॥5॥ 40 ॥ 91 ॥
ਆਸਾ ਮਹਲਾ ੫ ਦੁਪਦਾ ੧ ॥	آسا محلا 5 دُپدا 1 ॥
ਸਾਧੂ ਸੰਗਿ ਸਿਖਾਇਓ ਨਾਮੁ ॥	سادھوُ سنگِ سِکھائیو نامُ ॥
ਸਰਬ ਮਨੋਰਥ ਪੂਰਨ ਕਾਮ ॥	سرب منورتھ پوُرن کام ॥
ਬੁਝਿ ਗਈ ਤ੍ਰਿਸਨਾ ਹਰਿ ਜਸਹਿ ਅਘਾਨੇ ॥	بُجھِ گئی ترِسنا ہرِ جسہِ اگھانے ॥
ਜਪਿ ਜਪਿ ਜੀਵਾ ਸਾਰਿਗਪਾਨੇ ॥੧॥	جپِ جپِ جیِوا سارِگپانے ॥1॥

ਕਰਨ ਕਰਾਵਨ ਸਰਨਿ ਪਰਿਆ ॥	کرن کراون سرنِ پریا ॥
ਗੁਰ ਪਰਸਾਦਿ ਸਹਜ ਘਰੁ ਪਾਇਆ ਮਿਟਿਆ ਅੰਧੇਰਾ ਚੰਦੁ ਚੜਿਆ ॥੧॥ ਰਹਾਉ ॥	گُر پرسادِ سہج گھرُ پایَا مِٹیا اندھیرا چندُ چڑِیا ॥1॥ رہاءُ ॥
ਲਾਲ ਜਵੇਹਰ ਭਰੇ ਭੰਡਾਰ ॥	لال جویہر بھرے بھنڈار ॥
ਤੋਟਿ ਨ ਆਵੈ ਜਪਿ ਨਿਰੰਕਾਰ ॥	توٹِ ن آوَے جپِ نِرنکار ॥
ਅੰਮ੍ਰਿਤ ਸਬਦੁ ਪੀਵੈ ਜਨੁ ਕੋਇ ॥	انمّرِت سبدُ پیِوَے جنُ کوءِ ॥
ਨਾਨਕ ਤਾ ਕੀ ਪਰਮ ਗਤਿ ਹੋਇ ॥੨॥੪੧॥੯੨॥	نانک تا کی پرم گتِ ہوءِ ॥2॥ 41 ॥ 92 ॥
ਆਸਾ ਘਰੁ ੭ ਮਹਲਾ ੫ ॥	آسا گھرُ 7 محلا 5 ॥
ਹਰਿ ਕਾ ਨਾਮੁ ਰਿਦੈ ਨਿਤ ਧਿਆਈ ॥	ہرِ کا نامُ رِدَے نِت دھِیائی ॥
ਸੰਗੀ ਸਾਥੀ ਸਗਲ ਤਰਾਂਈ ॥੧॥	سنگی ساتھی سگل ترانئی ॥1॥
ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥	گُرُ میرے سنگِ سدا ہے نالے ॥
ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥੧॥ ਰਹਾਉ ॥	سِمرِ سِمرِ تِسُ سدا سمہالے ॥1॥ رہاءُ ॥
ਤੇਰਾ ਕੀਆ ਮੀਠਾ ਲਾਗੈ ॥	تیرا کِیا مِیٹھا لاگے ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥੪੨॥੯੩॥	ہرِ نامُ پدارتھُ نانکُ مانگے ॥2॥ 42 ॥ 93 ॥
ਆਸਾ ਮਹਲਾ ੫ ॥	آسا محلا 5 ॥
ਸਾਧੂ ਸੰਗਤਿ ਤਰਿਆ ਸੰਸਾਰੁ ॥	سادھوُ سنگتِ تریا سنسارُ ॥
ਹਰਿ ਕਾ ਨਾਮੁ ਮਨਹਿ ਆਧਾਰੁ ॥੧॥	ہرِ کا نامُ منہِ آدھارُ ॥1॥
ਚਰਨ ਕਮਲ ਗੁਰਦੇਵ ਪਿਆਰੇ ॥	چرن کمل گُردیو پیارے ॥
ਪੂਜਹਿ ਸੰਤ ਹਰਿ ਪ੍ਰੀਤਿ ਪਿਆਰੇ ॥੧॥ ਰਹਾਉ ॥	پوُجہِ سنّت ہرِ پرّیتِ پیارے ॥1॥ رہاءُ ॥
ਜਾ ਕੈ ਮਸਤਕਿ ਲਿਖਿਆ ਭਾਗੁ ॥	جا کے مستکِ لِکھیا بھاگُ ॥
ਕਹੁ ਨਾਨਕ ਤਾ ਕਾ ਥਿਰੁ ਸੋਹਾਗੁ ॥੨॥੪੩॥੯੪॥	کہُ نانک تا کا تھِرُ سوہاگُ ॥2॥ 43 ॥ 94 ॥
ਆਸਾ ਮਹਲਾ ੫ ॥	آسا محلا 5 ॥
ਮੀਠੀ ਆਗਿਆ ਪਿਰ ਕੀ ਲਾਗੀ ॥	مِیٹھی آگیا پِر کی لاگی ॥

ਸਉਕਨਿ ਘਰ ਕੀ ਕੰਤਿ ਤਿਆਗੀ ॥	سئکنِ گھر کی کنّتِ تِیاگی ॥
ਪ੍ਰਿਅ ਸੋਹਾਗਨਿ ਸੀਗਾਰਿ ਕਰੀ ॥	پرِء سوہاگنِ سیگارِ کری ॥
ਮਨ ਮੇਰੇ ਕੀ ਤਪਤਿ ਹਰੀ ॥੧॥	من میرے کی تپتِ ہری ॥1॥
ਭਲੋ ਭਇਓ ਪ੍ਰਿਅ ਕਹਿਆ ਮਾਨਿਆ ॥	بھلو بھئیو پرِء کہیا مانِیا ॥
ਸੂਖੁ ਸਹਜੁ ਇਸੁ ਘਰ ਕਾ ਜਾਨਿਆ ॥ ਰਹਾਉ ॥	سوُکھُ سہجُ اِس گھر کا جانِیا ॥ رہاءُ ॥
ਹਉ ਬੰਦੀ ਪ੍ਰਿਅ ਖਿਜਮਤਦਾਰ ॥	ہءُ بندی پرِء خِجمتدار ॥
ਓਹੁ ਅਬਿਨਾਸੀ ਅਗਮ ਅਪਾਰ ॥	اوہُ اِبناسی اگم اپار ॥
ਲੇ ਪਖਾ ਪ੍ਰਿਅ ਝਲਉ ਪਾਏ ॥	لے پکھا پرِء جھلءُ پائے ॥
ਭਾਗਿ ਗਏ ਪੰਚ ਦੂਤ ਲਾਵੇ ॥੨॥	بھاگِ گئے پنچ دوُت لاوے ॥2॥
ਨਾ ਮੈ ਕੁਲੁ ਨਾ ਸੋਭਾਵੰਤ ॥	نا مے کُلُ نا سوبھاونّت ॥
ਕਿਆ ਜਾਨਾ ਕਿਉ ਭਾਨੀ ਕੰਤ ॥	کِیا جانا کِءُ بھانی کنّت ۔ ॥
ਮੋਹਿ ਅਨਾਥ ਗਰੀਬ ਨਿਮਾਨੀ ॥	موہِ اناتھ غریب نِمانی ॥
ਕੰਤ ਪਕਰਿ ਹਮ ਕੀਨੀ ਰਾਨੀ ॥੩॥	کنّت پکرِ ہم کِینی رانی ॥3॥
ਜਬ ਮੁਖਿ ਪ੍ਰੀਤਮੁ ਸਾਜਨੁ ਲਾਗਾ ॥	جب مُکھِ پرِیتمُ ساجنُ لاگا ॥
ਸੂਖ ਸਹਜ ਮੇਰਾ ਧਨੁ ਸੋਹਾਗਾ ॥	سوُکھ سہج میرا دھنُ سوہاگا ॥
ਕਹੁ ਨਾਨਕ ਮੋਰੀ ਪੂਰਨ ਆਸਾ ॥	کہُ نانک موری پوُرن آسا ॥
ਸਤਿਗੁਰ ਮੇਲੀ ਪ੍ਰਭ ਗੁਣਤਾਸਾ ॥੪॥੧॥੯੫॥	ستِگُر میلی پربھ گُنتاسا ॥4॥1॥ 95 ॥
ਆਸਾ ਮਹਲਾ ੫ ॥	آسا محلا 5 ॥
ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ ॥	ماتھے تِرِکُٹی دِرسٹِ کروُرِ ॥
ਬੋਲੈ ਕਉੜਾ ਜਿਹਬਾ ਕੀ ਫੂੜਿ ॥	بولے کئڑا جِہبا کی پھوُڑِ ॥
ਸਦਾ ਭੂਖੀ ਪਿਰੁ ਜਾਨੈ ਦੂਰਿ ॥੧॥	سدا بھوُکھی پِرُ جانے دوُرِ ॥1॥
ਐਸੀ ਇਸਤ੍ਰੀ ਇਕ ਰਾਮਿ ਉਪਾਈ ॥	ایَسی اِستّری اِک رامِ اُپائی ॥
ਉਨਿ ਸਭੁ ਜਗੁ ਖਾਇਆ	اُنِ سبھُ جگُ کھائِیا

ਹਮ ਗੁਰਿ ਰਾਖੇ ਮੇਰੇ ਭਾਈ ॥ ਰਹਾਉ ॥	ہم گُرِ راکھے میرے بھائی ۔ ॥ رہاءُ ॥
ਪਾਇ ਠਗਉਲੀ ਸਭੁ ਜਗੁ ਜੋਹਿਆ ॥	پاءِ ٹھگئلی سبھُ جگُ جوہِیا ॥
ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥	برہما بِسنُ مہادیءُ موہِیا ॥
ਗੁਰਮੁਖਿ ਨਾਮਿ ਲਗੇ ਸੇ ਸੋਹਿਆ ॥੨॥	گُرمُکھِ نامِ لگے سے سوہِیا ॥2॥
ਵਰਤ ਨੇਮ ਕਰਿ ਥਾਕੇ ਪੁਨਹਚਰਨਾ ॥	ورت نیم کرِ تھاکے پُنہچرنا ॥
ਤਟ ਤੀਰਥ ਭਵੇ ਸਭ ਧਰਨਾ ॥	تٹ تیرتھ بھوے سبھ دھرنا ॥
ਸੇ ਉਬਰੇ ਜਿ ਸਤਿਗੁਰ ਕੀ ਸਰਨਾ ॥੩॥	سے اُبرے جِ ستِگُر کی سرنا ॥3॥
ਮਾਇਆ ਮੋਹਿ ਸਭੋ ਜਗੁ ਬਾਧਾ ॥	مائیا موہِ سبھو جگُ بادھا ॥
ਹਉਮੈ ਪਚੈ ਮਨਮੁਖ ਮੂਰਾਖਾ ॥	ہئُمےَ پچےَ منمُکھ موُراکھا ॥
ਗੁਰ ਨਾਨਕ ਬਾਹ ਪਕਰਿ ਹਮ ਰਾਖਾ ॥੪॥੨॥੯੬॥	گُر نانک باہ پکرِ ہم راکھا ॥4॥2॥ 96 ॥
ਆਸਾ ਮਹਲਾ ੫ ॥	آسا محلا 5 ॥
ਸਰਬ ਦੂਖ ਜਬ ਬਿਸਰਹਿ ਸੁਆਮੀ ॥	سرب دوُکھ جب بِسرہِ سُیامی ॥
ਈਹਾ ਊਹਾ ਕਾਮਿ ਨ ਪ੍ਰਾਨੀ ॥੧॥	ایہا اوُہا کامِ ن پّرانی ॥1॥
ਸੰਤ ਤ੍ਰਿਪਤਾਸੇ ਹਰਿ ਹਰਿ ਧ੍ਯਾਇ ॥	سنّت تّرِپتاسے ہرِ ہرِ دھّیاءِ ॥
ਕਰਿ ਕਿਰਪਾ ਅਪੁਨੈ ਨਾਇ ਲਾਏ ਸਰਬ ਸੂਖ ਪ੍ਰਭ ਤੁਮਰੀ ਰਜਾਇ ॥ ਰਹਾਉ ॥	کرِ کرِپا اپُنے ناءِ لائے سرب سوُکھ پّربھ تُمری رضاءِ ॥ رہاءُ ॥
ਸੰਗਿ ਹੋਵਤ ਕਉ ਜਾਨਤ ਦੂਰਿ ॥	سنگِ ہووت کءُ جانت دوُرِ ॥
ਸੋ ਜਨੁ ਮਰਤਾ ਨਿਤ ਨਿਤ ਝੂਰਿ ॥੨॥	سو جنُ مرتا نِت نِت جھوُرِ ॥2॥
ਜਿਨਿ ਸਭੁ ਕਿਛੁ ਦੀਆ ਤਿਸੁ ਚਿਤਵਤ ਨਾਹਿ ॥	جِنِ سبھُ کِچھُ دِیا تِس چِتوت ناہِ ॥
ਮਹਾ ਬਿਖਿਆ ਮਹਿ ਦਿਨੁ ਰੈਨਿ ਜਾਹਿ ॥੩॥	مہا بِکھِیا مہِ دِنُ ریَنِ جاہِ ॥3॥
ਕਹੁ ਨਾਨਕ ਪ੍ਰਭੁ ਸਿਮਰਹੁ ਏਕ ॥	کہُ نانک پّربھُ سِمرہُ ایک ॥
ਗਤਿ ਪਾਈਐ ਗੁਰ ਪੂਰੇ ਟੇਕ ॥੪॥੩॥੯੭॥	گتِ پائیےَ گُر پوُرے ٹیک ॥4॥3॥ 97 ॥
ਆਸਾ ਮਹਲਾ ੫ ॥	آسا محلا 5 ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نُوں سمرپت | سیوا: بھائی بلجِندر سنگھ جی (راڑا صاہب)

ਨਾਮੁ ਜਪਤ ਮਨੁ ਤਨੁ ਸਭੁ ਹਰਿਆ ॥	نامُ جپت منُ تنُ سبھُ ہریا ॥
ਕਲਮਲ ਦੋਖ ਸਗਲ ਪਰਹਰਿਆ ॥੧॥	کلمل دوکھ سگل پرہریا ॥1॥
ਸੋਈ ਦਿਵਸੁ ਭਲਾ ਮੇਰੇ ਭਾਈ ॥	سوئی دِوسُ بھلا میرے بھائی ۔ ॥
ਹਰਿ ਗੁਨ ਗਾਇ ਪਰਮ ਗਤਿ ਪਾਈ ॥ ਰਹਾਉ ॥	ہرِ گُن گاءِ پرم گتِ پائی ॥ رہاءُ ॥
ਸਾਧ ਜਨਾ ਕੇ ਪੂਜੇ ਪੈਰ ॥	سادھ جنا کے پوُجے پیرَ ॥
ਮਿਟੇ ਉਪਦ੍ਰਹ ਮਨ ਤੇ ਬੈਰ ॥੨॥	مِٹے اُپدّرہ من تے بیرَ ॥2॥
ਗੁਰ ਪੂਰੇ ਮਿਲਿ ਝਗਰੁ ਚੁਕਾਇਆ ॥	گُر پوُرے مِلِ جھگڑُ چُکائیا ॥
ਪੰਚ ਦੂਤ ਸਭਿ ਵਸਗਤਿ ਆਇਆ ॥੩॥	پنچ دوُت سبھِ وسگتِ آئیا ॥3॥
ਜਿਸੁ ਮਨਿ ਵਸਿਆ ਹਰਿ ਕਾ ਨਾਮੁ ॥	جِسُ منِ وسِیا ہرِ کا نامُ ॥
ਨਾਨਕ ਤਿਸੁ ਊਪਰਿ ਕੁਰਬਾਨ ॥੪॥੪॥੯੮॥	نانک تِسُ اوُپرِ قُربان ॥4॥4॥ 98 ॥
ਆਸਾ ਮਹਲਾ ੫ ॥	آسا محلا 5 ॥
ਗਾਵਿ ਲੇਹਿ ਤੂ ਗਾਵਨਹਾਰੇ ॥	گاوِ لیہِ توُ گاونہارے ॥
ਜੀਅ ਪਿੰਡ ਕੇ ਪ੍ਰਾਨ ਅਧਾਰੇ ॥	جیء پِنڈ کے پّران ادھارے ॥
ਜਾ ਕੀ ਸੇਵਾ ਸਰਬ ਸੁਖ ਪਾਵਹਿ ॥	جا کی سیوا سرب سُکھ پاوہِ ॥
ਅਵਰ ਕਾਹੂ ਪਹਿ ਬਹੁੜਿ ਨ ਜਾਵਹਿ ॥੧॥	اور کاہوُ پہِ بہُڑِ ن جاوہِ ॥1॥
ਸਦਾ ਅਨੰਦ ਅਨੰਦੀ ਸਾਹਿਬੁ ਗੁਨ ਨਿਧਾਨ ਨਿਤ ਨਿਤ ਜਾਪੀਐ ॥	سدا انند انندی صاحِبُ گُن نِدھان نِت نِت جاپیئے ॥
ਬਲਿਹਾਰੀ ਤਿਸੁ ਸੰਤ ਪਿਆਰੇ ਜਿਸੁ ਪ੍ਰਸਾਦਿ ਪ੍ਰਭੁ ਮਨਿ ਵਾਸੀਐ ॥ ਰਹਾਉ ॥	بلِہاری تِسُ سنّت پِیارے جِسُ پّرسادِ پّربھُ منِ واسیئے ॥ رہاءُ ॥
ਜਾ ਕਾ ਦਾਨੁ ਨਿਖੂਟੈ ਨਾਹੀ ॥	جا کا دانُ نِکھوُٹے ناہی ॥
ਭਲੀ ਭਾਤਿ ਸਭ ਸਹਜਿ ਸਮਾਹੀ ॥	بھلی بھاتِ سبھ سہجِ سماہی ॥
ਜਾ ਕੀ ਬਖਸ ਨ ਮੇਟੈ ਕੋਈ ॥	جا کی بخش ن میٹے کوئی ॥
ਮਨਿ ਵਾਸਾਈਐ ਸਾਚਾ ਸੋਈ ॥੨॥	منِ واسائیئے ساچا سوئی ॥2॥

ਸਗਲ ਸਮਗ੍ਰੀ ਗ੍ਰਿਹ ਜਾ ਕੈ ਪੂਰਨ ॥	سگل سمگری گرِہ جا کے پُورن ॥
ਪ੍ਰਭ ਕੇ ਸੇਵਕ ਦੂਖ ਨ ਝੂਰਨ ॥	پربھ کے سیوک دُوکھ ن جھُورن ॥
ਓਟਿ ਗਹੀ ਨਿਰਭਉ ਪਦੁ ਪਾਈਐ ॥	اوٹِ گہی نِربھءُ پدُ پائیَے ॥
ਸਾਸਿ ਸਾਸਿ ਸੋ ਗੁਨ ਨਿਧਿ ਗਾਈਐ ॥੩॥	ساسِ ساسِ سو گُن نِدھِ گائیَے ॥3॥
ਦੂਰਿ ਨ ਹੋਈ ਕਤਹੂ ਜਾਈਐ ॥	دُورِ ن ہوئی کتہُو جائیَے ॥
ਨਦਰਿ ਕਰੇ ਤਾ ਹਰਿ ਹਰਿ ਪਾਈਐ ॥	ندرِ کرے تا ہرِ ہرِ پائیَے ॥
ਅਰਦਾਸਿ ਕਰੀ ਪੂਰੇ ਗੁਰ ਪਾਸਿ ॥	عرداسِ کری پُورے گُر پاسِ ॥
ਨਾਨਕੁ ਮੰਗੈ ਹਰਿ ਧਨੁ ਰਾਸਿ ॥੪॥੫॥੯੯॥	نانکُ منگے ہرِ دھنُ راسِ ॥4॥5॥ 99 ॥
ਆਸਾ ਮਹਲਾ ੫ ॥	آسا محلا 5 ॥
ਪ੍ਰਥਮੇ ਮਿਟਿਆ ਤਨ ਕਾ ਦੂਖ ॥	پرتھمے مِٹیا تن کا دُوکھ ॥
ਮਨ ਸਗਲ ਕਉ ਹੋਆ ਸੂਖੁ ॥	من سگل کءُ ہویا سُوکھُ ॥
ਕਰਿ ਕਿਰਪਾ ਗੁਰ ਦੀਨੋ ਨਾਉ ॥	کرِ کرِپا گُر دینو ناءُ ॥
ਬਲਿ ਬਲਿ ਤਿਸੁ ਸਤਿਗੁਰ ਕਉ ਜਾਉ ॥੧॥	بلِ بلِ تِس ستِگُر کءُ جاءُ ॥1॥
ਗੁਰੁ ਪੂਰਾ ਪਾਇਓ ਮੇਰੇ ਭਾਈ ॥	گُرُ پُورا پائیو میرے بھائی ۔ ॥
ਰੋਗ ਸੋਗ ਸਭ ਦੂਖ ਬਿਨਾਸੇ ਸਤਿਗੁਰ ਕੀ ਸਰਣਾਈ ॥ ਰਹਾਉ ॥	روگ سوگ سبھ دُوکھ بِناسے ستِگُر کی سرٹائی ॥ رہاءُ ॥
ਗੁਰ ਕੇ ਚਰਨ ਹਿਰਦੈ ਵਸਾਏ ॥	گُر کے چرن ہِردے وسائے ॥
ਮਨ ਚਿੰਤਤ ਸਗਲੇ ਫਲ ਪਾਏ ॥	من چِنتت سگلے پھل پائے ॥
ਅਗਨਿ ਬੁਝੀ ਸਭ ਹੋਈ ਸਾਂਤਿ ॥	اگنِ بُجھی سبھ ہوئی سانتِ ॥
ਕਰਿ ਕਿਰਪਾ ਗੁਰਿ ਕੀਨੀ ਦਾਤਿ ॥੨॥	کرِ کرِپا گُرِ کینی داتِ ॥2॥
ਨਿਥਾਵੇ ਕਉ ਗੁਰਿ ਦੀਨੋ ਥਾਨੁ ॥	نِتھاوے کءُ گُرِ دینو تھانُ ॥
ਨਿਮਾਨੇ ਕਉ ਗੁਰਿ ਕੀਨੋ ਮਾਨੁ ॥	نِمانے کءُ گُرِ کینو مانُ ॥
ਬੰਧਨ ਕਾਟਿ ਸੇਵਕ ਕਰਿ ਰਾਖੇ ॥	بندھن کاٹِ سیوک کرِ راکھے ॥

ਅੰਮ੍ਰਿਤ ਬਾਨੀ ਰਸਨਾ ਚਾਖੇ ॥੩॥	انمرِت بانی رسنا چاکھے ॥3॥
ਵਡੈ ਭਾਗਿ ਪੂਜ ਗੁਰ ਚਰਨਾ ॥	وڈے بھاگِ پوُج گُر چرنا ॥
ਸਗਲ ਤਿਆਗਿ ਪਾਈ ਪ੍ਰਭ ਸਰਨਾ ॥	سگل تِیاگِ پائی پربھ سرنا ॥
ਗੁਰੁ ਨਾਨਕ ਜਾ ਕਉ ਭਇਆ ਦਇਆਲਾ ॥	گُرُ نانک جا کءُ بھئیا دئیالا ॥
ਸੋ ਜਨੁ ਹੋਆ ਸਦਾ ਨਿਹਾਲਾ ॥੪॥੬॥੧੦੦॥	سو جنُ ہویا سدا نِہالا ॥4॥6॥ 100 ॥
ਆਸਾ ਮਹਲਾ ੫ ॥	آسا محلا 5 ॥
ਸਤਿਗੁਰ ਸਾਚੈ ਦੀਆ ਭੇਜਿ ॥	ستِگُر ساچےَ دِیِیا بھیجِ ॥
ਚਿਰੁ ਜੀਵਨੁ ਉਪਜਿਆ ਸੰਜੋਗਿ ॥	چِرُ جیِونُ اُپجِیا سنجوگِ ॥
ਉਦਰੈ ਮਾਹਿ ਆਇ ਕੀਆ ਨਿਵਾਸੁ ॥	اُدرےَ ماہِ آءِ کِیِیا نِواسُ ॥
ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥	ماتا کےَ منِ بہُتُ بِگاسُ ॥1॥
ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥	جنّمِیا پوُتُ بھگتُ گووِنّد کا ॥
ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥	پرگٹِیا سبھ مہِ لِکھِیا دھُر کا ॥ رہاءُ ॥
ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥	دسی ماسی حُکمِ بالک جنمُ لِیِیا ॥
ਮਿਟਿਆ ਸੋਗੁ ਮਹਾ ਅਨੰਦੁ ਥੀਆ ॥	مِٹِیا سوگُ مہا اننّدُ تھِیِیا ॥
ਗੁਰਬਾਣੀ ਸਖੀ ਅਨੰਦੁ ਗਾਵੈ ॥	گُربانٹی سکھی اننّدُ گاوےَ ॥
ਸਾਚੇ ਸਾਹਿਬ ਕੈ ਮਨਿ ਭਾਵੈ ॥੨॥	ساچے صاحِب کےَ منِ بھاوےَ ॥2॥
ਵਧੀ ਵੇਲਿ ਬਹੁ ਪੀੜੀ ਚਾਲੀ ॥	ودھی ویلِ بہُ پیڑی چالی ॥
ਧਰਮ ਕਲਾ ਹਰਿ ਬੰਧਿ ਬਹਾਲੀ ॥	دھرم کلا ہرِ بنّدھِ بہالی ॥
ਮਨ ਚਿੰਦਿਆ ਸਤਿਗੁਰੂ ਦਿਵਾਇਆ ॥	من چِنّدِیا ستِگُروُ دِوائِیا ॥
ਭਏ ਅਚਿੰਤ ਏਕ ਲਿਵ ਲਾਇਆ ॥੩॥	بھےَ اچِنّت ایک لِو لائِیا ॥3॥
ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥	جِءُ بالکُ پِتا اوُپرِ کرے بہُ مانُ ॥
ਬੁਲਾਇਆ ਬੋਲੈ ਗੁਰ ਕੈ ਭਾਣਿ ॥	بُلائِیا بولےَ گُر کےَ بھانِ ॥

ਗੁਝੀ ਛੰਨੀ ਨਾਹੀ ਬਾਤ ॥	لجھی چھنّنی ناہی بات ॥
ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥੭॥੧੦੧॥	گُرُ نانکُ تُٹھا کِینی داتِ ॥4॥7॥ 101 ॥
ਆਸਾ ਮਹਲਾ ੫ ॥	آسا محلا 5 ॥
ਗੁਰ ਪੂਰੇ ਰਾਖਿਆ ਦੇ ਹਾਥ ॥	گُر پُورے راکھِیا دے ہاتھ ॥
ਪ੍ਰਗਟੁ ਭਇਆ ਜਨ ਕਾ ਪਰਤਾਪੁ ॥੧॥	پّرگٹُ بھئِیا جن کا پرتاپُ ॥1॥
ਗੁਰੁ ਗੁਰੁ ਜਪੀ ਗੁਰੂ ਗੁਰੁ ਧਿਆਈ ॥	گُرُ گُرُ جپی گُروُ گُرُ دھِیائی ॥
ਜੀਅ ਕੀ ਅਰਦਾਸਿ ਗੁਰੂ ਪਹਿ ਪਾਈ ॥ ਰਹਾਉ ॥	جی ء کی عرداسِ گُروُ پہِ پائی ॥ رہاءُ ॥
ਸਰਨਿ ਪਰੇ ਸਾਚੇ ਗੁਰਦੇਵ ॥	سرنِ پرے ساچے گُردیو ॥
ਪੂਰਨ ਹੋਈ ਸੇਵਕ ਸੇਵ ॥੨॥	پُورن ہوئی سیوک سیو ॥2॥
ਜੀਉ ਪਿੰਡੁ ਜੋਬਨੁ ਰਾਖੈ ਪ੍ਰਾਨ ॥	جِیءُ پِنّڈُ جوبنُ راکھے پّران ॥
ਕਹੁ ਨਾਨਕ ਗੁਰ ਕਉ ਕੁਰਬਾਨ ॥੩॥੮॥੧੦੨॥	کہُ نانک گُر کءُ قُربان ॥3॥8॥ 102 ॥
ਆਸਾ ਘਰੁ ੮ ਕਾਫੀ ਮਹਲਾ ੫	آسا گھرُ 8 کافی محلا 5
ੴ ਸਤਿਗੁਰ ਪ੍ਰਸਾਦਿ ॥	ੴ ستِگُر پّرسادِ ॥
ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ ॥	مے بندا بے خریدُ سچُ صاحِبُ میرا ॥
ਜੀਉ ਪਿੰਡੁ ਸਭੁ ਤਿਸ ਦਾ ਸਭੁ ਕਿਛੁ ਹੈ ਤੇਰਾ ॥੧॥	جِیءُ پِنّڈُ سبھُ تِس دا سبھُ کِچھُ ہے تیرا ॥1॥
ਮਾਣੁ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ ॥	ماںُ نِماںے توںّ دھنّی تیرا بھرواسا ॥
ਬਿਨੁ ਸਾਚੇ ਅਨ ਟੇਕ ਹੈ ਸੋ ਜਾਣਹੁ ਕਾਚਾ ॥੧॥ ਰਹਾਉ ॥	بِنُ ساچے ان ٹیک ہے سو جانہُ کاچا ॥1॥ رہاءُ ॥
ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਏ ॥	تیرا حُکمُ اپار ہے کوئی انتُ ن پائے ॥
ਜਿਸੁ ਗੁਰੁ ਪੂਰਾ ਭੇਟਸੀ	جِسُ گُرُ پُورا بھیٹسی

ਸੋ ਚਲੈ ਰਜਾਏ ॥੨॥

سو چلے رضائے ॥2॥

ਚਤੁਰਾਈ ਸਿਆਣਪਾ
ਕਿਤੈ ਕਾਮਿ ਨ ਆਈਐ ॥

چترائی سِیاٹپا
کِتے کامِ ن آئیے ॥

ਤੁਠਾ ਸਾਹਿਬੁ ਜੋ ਦੇਵੈ
ਸੋਈ ਸੁਖੁ ਪਾਈਐ ॥੩॥

تُٹھا صاحِبُ جو دیوے
سوئی سُکھُ پائیے ॥3॥

ਜੇ ਲਖ ਕਰਮ ਕਮਾਈਅਹਿ
ਕਿਛੁ ਪਵੈ ਨ ਬੰਧਾ ॥

جے لکھ کرم کمائیہِ
کچھُ پوے ن بنّدھا ॥

ਜਨ ਨਾਨਕ ਕੀਤਾ ਨਾਮੁ ਧਰ
ਹੋਰੁ ਛੋਡਿਆ ਧੰਧਾ ॥੪॥੧॥੧੦੩॥

جن نانک کِیتا نامُ دھر
ہورُ چھوڑِیا دھنّدھا ॥4॥1॥ 103 ॥

ਆਸਾ ਮਹਲਾ ੫ ॥

آسا محلا 5 ॥

ਸਰਬ ਸੁਖਾ ਮੈ ਭਾਲਿਆ
ਹਰਿ ਜੇਵਡੁ ਨ ਕੋਈ ॥

سرب سُکھا مے بھالیا
ہرِ جیوڈُ ن کوئی ॥

ਗੁਰ ਤੁਠੇ ਤੇ ਪਾਈਐ
ਸਚੁ ਸਾਹਿਬੁ ਸੋਈ ॥੧॥

گُر تُٹھے تے پائیے
سچُ صاحِبُ سوئی ॥1॥

ਬਲਿਹਾਰੀ ਗੁਰ ਆਪਣੇ
ਸਦ ਸਦ ਕੁਰਬਾਨਾ ॥

بلِہاری گُر آپنے
سد سد قُربانا ॥

ਨਾਮੁ ਨ ਵਿਸਰਉ ਇਕੁ ਖਿਨੁ ਚਸਾ
ਇਹੁ ਕੀਜੈ ਦਾਨਾ ॥੧॥ ਰਹਾਉ ॥

نامُ ن وِسرءُ اِکُ کھِنُ چسا
اِہُ کیجے دانا ॥1॥ رہاءُ ॥

ਭਾਗਠੁ ਸਚਾ ਸੋਇ ਹੈ
ਜਿਸੁ ਹਰਿ ਧਨੁ ਅੰਤਰਿ ॥

بھاگٹھُ سچا سوءِ ہے
جِسُ ہرِ دھنُ انترِ ॥

ਸੋ ਛੂਟੈ ਮਹਾ ਜਾਲ ਤੇ
ਜਿਸੁ ਗੁਰ ਸਬਦੁ ਨਿਰੰਤਰਿ ॥੨॥

سو چھوٹے مہا جال تے
جِسُ گُر سبدُ نِرنترِ ॥2॥

ਗੁਰ ਕੀ ਮਹਿਮਾ ਕਿਆ ਕਹਾ
ਗੁਰੁ ਬਿਬੇਕ ਸਤ ਸਰੁ ॥

گُر کی مہما کیا کہا
گُرُ بیبک ست سرُ ॥

ਓਹੁ ਆਦਿ ਜੁਗਾਦੀ ਜੁਗਹ ਜੁਗੁ

اوہُ آدِ جُگادی جُگہ جُگُ

ਪੂਰਾ ਪਰਮੇਸਰੁ ॥੩॥

پوُرا پرمیسرُ ॥3॥

ਨਾਮੁ ਧਿਆਵਹੁ ਸਦ ਸਦਾ
ਹਰਿ ਹਰਿ ਮਨੁ ਰੰਗੇ ॥

نامُ دھِیاوہُ سد سدا
ہرِ ہرِ منُ رنگے ॥

ਜੀਉ ਪ੍ਰਾਣ ਧਨੁ ਗੁਰੂ ਹੈ
ਨਾਨਕ ਕੈ ਸੰਗੇ ॥੪॥੨॥੧੦੪॥

جیِءُ پّراںٔ دھنُ گُرُو ہے
نانک کے سنگے ॥4॥2॥ 104 ॥

ਆਸਾ ਮਹਲਾ ੫ ॥

آسا محلا 5 ॥

ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ ॥

سائی الکھُ اپارُ بھوری منِ وسے ॥

ਦੂਖੁ ਦਰਦੁ ਰੋਗੁ ਮਾਇ ਮੈਡਾ ਹਭੁ ਨਸੈ ॥੧॥

دوُکھُ دردُ روگُ ماءِ میَڈا ہبھُ نسے ॥1॥

ਹਉ ਵੰਞਾ ਕੁਰਬਾਣੁ ਸਾਈ ਆਪਣੇ ॥

ہءُ ونّجا قُربانُٔ سائی آپنّے ॥

ਹੋਵੈ ਅਨਦੁ ਘਣਾ ਮਨਿ ਤਨਿ ਜਾਪਣੇ ॥੧॥ ਰਹਾਉ ॥

ہووے اندُ گھنّا منِ تنِ جاپنّے ॥1॥ رہاءُ ॥

ਬਿੰਦਕ ਗਾਲ੍ਿ ਸੁਣੀ ਸਚੇ ਤਿਸੁ ਧਣੀ ॥

بِندک گالّہِ سُنّی سچے تِس دھنّی ॥

ਸੂਖੀ ਹੂੰ ਸੁਖੁ ਪਾਇ
ਮਾਇ ਨ ਕੀਮ ਗਣੀ ॥੨॥

سوُکھی ہوُنّ سُکھُ پاءِ
ماءِ ن قیِم گنّی ॥2॥

ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ ॥

نیَںٔ پسندہ سوءِ پیکھِ مُشتاک بھئی ॥

ਮੈ ਨਿਰਗੁਣਿ ਮੇਰੀ ਮਾਇ
ਆਪਿ ਲੜਿ ਲਾਇ ਲਈ ॥੩॥

مے نِرگُںٔ میری ماءِ
آپِ لڑِ لاءِ لئی ॥3॥

ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ ॥

بید کتیب سنّسار ہبھا ہوُنّ باہرا ॥

ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥੪॥੩॥੧੦੫॥

نانک کا پاتِشاہُ دِسے ظاہرا ॥4॥3॥ 105 ॥

ਆਸਾ ਮਹਲਾ ੫ ॥

آسا محلا 5 ॥

ਲਾਖ ਭਗਤ ਆਰਾਧਹਿ ਜਪਤੇ ਪੀਉ ਪੀਉ ॥

لاکھ بھگت آرادھہِ جپتے پیِءُ پیِءُ ॥

ਕਵਨ ਜੁਗਤਿ ਮੇਲਾਵਉ
ਨਿਰਗੁਣ ਬਿਖਈ ਜੀਉ ॥੧॥

کون جُگتِ میلاوءُ
نِرگُںٔ بِکھئی جیِءُ ॥1॥

ਤੇਰੀ ਟੇਕ ਗੋਵਿੰਦ ਗੁਪਾਲ ਦਇਆਲ ਪ੍ਰਭ ॥

تیری ٹیک گووِندّ گُپال دیئال پّربھ ۔ ॥

ਤੂੰ ਸਭਨਾ ਕੇ ਨਾਥ

توُنّ سبھنا کے ناتھ

ਤੇਰੀ ਸ੍ਰਿਸਟਿ ਸਭ ॥੧॥ ਰਹਾਉ ॥	تیری سّرِسٹِ سبھ ॥1॥ رہاءُ ॥
ਸਦਾ ਸਹਾਈ ਸੰਤ ਪੇਖਹਿ ਸਦਾ ਹਜੂਰਿ ॥	سدا سہائی سنّت پیکھہِ سدا حضوُرِ ॥
ਨਾਮ ਬਿਹੂਨੜਿਆ ਸੇ ਮਰਨ੍ਿ ਵਿਸੂਰਿ ਵਿਸੂਰਿ ॥੨॥	نام بِہوُنڑِیا سے مرنّہِ وِسوُرِ وِسوُرِ ॥2॥
ਦਾਸ ਦਾਸਤਣ ਭਾਇ ਮਿਟਿਆ ਤਿਨਾ ਗਉਣੁ ॥	داس داستّن بھاءِ مِٹیا تِنا گئُنُّ ॥
ਵਿਸਰਿਆ ਜਿਨ੍ਾ ਨਾਮੁ ਤਿਨਾੜਾ ਹਾਲੁ ਕਉਣੁ ॥੩॥	وِسرِیا جِنّہا نامُ تِناڑا ہالُ کئُنُّ ۔ ॥3॥
ਜੈਸੇ ਪਸੁ ਹਰ੍ਿਆਉ ਤੈਸਾ ਸੰਸਾਰੁ ਸਭ ॥	جیَسے پسُ ہرِّیاءُ تیَسا سنّسارُ سبھ ॥
ਨਾਨਕ ਬੰਧਨ ਕਾਟਿ ਮਿਲਾਵਹੁ ਆਪਿ ਪ੍ਰਭ ॥੪॥੪॥੧੦੬॥	نانک بنّدھن کاٹِ مِلاوہُ آپِ پّربھ ॥4॥4॥ 106 ॥
ਆਸਾ ਮਹਲਾ ੫ ॥	آسا محلا 5 ॥
ਹਭੇ ਥੋਕ ਵਿਸਾਰਿ ਹਿਕੋ ਖਿਆਲੁ ਕਰਿ ॥	ہبھے تھوک وِسارِ ہِکو خِیالُ کرِ ॥
ਝੂਠਾ ਲਾਹਿ ਗੁਮਾਨੁ ਮਨੁ ਤਨੁ ਅਰਪਿ ਧਰਿ ॥੧॥	جھوُٹھا لاہِ گُمانُ منُ تنُ ارپِ دھرِ ॥1॥
ਆਠ ਪਹਰ ਸਾਲਾਹਿ ਸਿਰਜਨਹਾਰ ਤੂੰ ॥	آٹھ پہر سالاہِ سِرجنہار توُنّ ॥
ਜੀਵਾਂ ਤੇਰੀ ਦਾਤਿ ਕਿਰਪਾ ਕਰਹੁ ਮੂੰ ॥੧॥ ਰਹਾਉ ॥	جیِواں تیری داتِ کِرپا کرہُ موُنّ ॥1॥ رہاءُ ॥
ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ ॥	سوئی کنّمُ کماءِ جِتُ مُکھُ اُجلا ॥
ਸੋਈ ਲਗੈ ਸਚਿ ਜਿਸੁ ਤੂੰ ਦੇਹਿ ਅਲਾ ॥੨॥	سوئی لگےَ سچِ جِسُ توُنّ دیہِ الا ॥2॥
ਜੋ ਨ ਢਹੰਦੋ ਮੂਲਿ ਸੋ ਘਰੁ ਰਾਸਿ ਕਰਿ ॥	جو ن ڈھہنّدو موُلِ سو گھرُ راسِ کرِ ॥
ਹਿਕੋ ਚਿਤਿ ਵਸਾਇ ਕਦੇ ਨ ਜਾਇ ਮਰਿ ॥੩॥	ہِکو چِتِ وساءِ کدے ن جاءِ مرِ ॥3॥
ਤਿਨ੍ਾ ਪਿਆਰਾ ਰਾਮੁ ਜੋ ਪ੍ਰਭ ਭਾਣਿਆ ॥	تِنّہا پِیارا رامُ جو پّربھ بھاٹیا ॥
ਗੁਰ ਪਰਸਾਦਿ ਅਕਥੁ ਨਾਨਕਿ ਵਖਾਣਿਆ ॥੪॥੫॥੧੦੭॥	گُر پرسادِ اکتھُ نانکِ وکھاٹیا ॥4॥5॥ 107 ॥
ਆਸਾ ਮਹਲਾ ੫ ॥	آسا محلا 5 ॥
ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥	جِنّہا ن وِسرےَ نامُ سے کِنیہِیا ۔ ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥੧॥	بھیدُ ن جانہُ موُلِ سانئی جیہِیا ॥1॥
ਮਨੁ ਤਨੁ ਹੋਇ ਨਿਹਾਲੁ ਤੁਮ੍ ਸੰਗਿ ਭੇਟਿਆ ॥	منُ تنُ ہوءِ نہالُ تُمہ سنگِ بھیٹِیا ॥

ਸੁਖੁ ਪਾਇਆ ਜਨ ਪਰਸਾਦਿ
ਦੁਖੁ ਸਭੁ ਮੇਟਿਆ ॥੧॥ ਰਹਾਉ ॥

ਜੇਤੇ ਖੰਡ ਬ੍ਰਹਮੰਡ ਉਧਾਰੇ ਤਿੰਨ੍ ਖੇ ॥

ਜਿਨ੍ ਮਨਿ ਵੁਠਾ ਆਪਿ ਪੂਰੇ ਭਗਤ ਸੇ ॥੨॥

ਜਿਸ ਨੋ ਮੰਨੇ ਆਪਿ ਸੋਈ ਮਾਨੀਐ ॥

ਪ੍ਰਗਟ ਪੁਰਖੁ ਪਰਵਾਣੁ ਸਭ ਠਾਈ ਜਾਨੀਐ ॥੩॥

ਦਿਨਸੁ ਰੈਣਿ ਆਰਾਧਿ ਸਮ੍ਾਲੇ ਸਾਹ ਸਾਹ ॥

ਨਾਨਕ ਕੀ ਲੋਚਾ ਪੂਰਿ ਸਚੇ ਪਾਤਿਸਾਹ ॥੪॥੬॥੧੦੮॥

ਆਸਾ ਮਹਲਾ ੫ ॥

ਪੂਰਿ ਰਹਿਆ ਸ੍ਰਬ ਠਾਇ ਹਮਾਰਾ ਖਸਮੁ ਸੋਇ ॥

ਏਕੁ ਸਾਹਿਬੁ ਸਿਰਿ ਛਤੁ ਦੂਜਾ ਨਾਹਿ ਕੋਇ ॥੧॥

ਜਿਉ ਭਾਵੈ ਤਿਉ ਰਾਖੁ ਰਾਖਣਹਾਰਿਆ ॥

ਤੁਝ ਬਿਨੁ ਅਵਰੁ ਨ ਕੋਇ
ਨਦਰਿ ਨਿਹਾਰਿਆ ॥੧॥ ਰਹਾਉ ॥

ਪ੍ਰਤਿਪਾਲੇ ਪ੍ਰਭੁ ਆਪਿ ਘਟਿ ਘਟਿ ਸਾਰੀਐ ॥

ਜਿਸੁ ਮਨਿ ਵੁਠਾ ਆਪਿ ਤਿਸੁ ਨ ਵਿਸਾਰੀਐ ॥੨॥

ਜੋ ਕਿਛੁ ਕਰੇ ਸੁ ਆਪਿ ਆਪਣ ਭਾਣਿਆ ॥

ਭਗਤਾ ਕਾ ਸਹਾਈ ਜੁਗਿ ਜੁਗਿ ਜਾਣਿਆ ॥੩॥

ਜਪਿ ਜਪਿ ਹਰਿ ਕਾ ਨਾਮੁ
ਕਦੇ ਨ ਝੂਰੀਐ ॥

ਨਾਨਕ ਦਰਸ ਪਿਆਸ ਲੋਚਾ ਪੂਰੀਐ ॥੪॥੭॥੧੦੯॥

ਆਸਾ ਮਹਲਾ ੫ ॥

ਕਿਆ ਸੋਵਹਿ ਨਾਮੁ ਵਿਸਾਰਿ ਗਾਫਲ ਗਹਿਲਿਆ ॥

سُکھ پائیا جن پرسادِ
دُکھ سبھُ میٹیا ॥1॥ رہاءُ ॥

جیتے کھنڈ برہمنڈ اُدھارے تِنّہ کھے ॥

جِنّہ منِ وُٹھا آپِ پوُرے بھگت سے ॥2॥

جِس نو منّنے آپِ سوئی مانیئے ॥

پرگٹ پُرکھُ پروانُ سبھ ٹھائی جانیئے ॥3॥

دِنُس رینِٔ آرادھِ سمہالے ساہ ساہ ॥

نانک کی لوچا پوُرِ سچے پاتِشاہ ۔ ॥4॥6॥ 108 ॥

آسا محلا 5 ॥

پوُرِ رہیا سرب ٹھاءِ ہمارا خصمُ سوءِ ॥

ایکُ صاحِبُ سِرِ چھتُ دوُجا ناہِ کوءِ ॥1॥

جِءُ بھاوے تِءُ راکھُ راکھنہارِیا ۔ ॥

تُجھ بِنُ اورُ ن کوءِ
ندرِ نِہارِیا ॥1॥ رہاءُ ॥

پرتپالے پربھُ آپِ گھٹِ گھٹِ سارِیئے ॥

جِسُ منِ وُٹھا آپِ تِسُ ن وِسارِیئے ॥2॥

جو کِچھُ کرے سُ آپِ آپنٹ بھانٹیا ॥

بھگتا کا سہائی جُگِ جُگِ جانٹیا ॥3॥

جپِ جپِ ہرِ کا نامُ
کدے ن جھوُرِیئے ॥

نانک درس پیاس لوچا پوُرِیئے ॥4॥7॥ 109 ॥

آسا محلا 5 ॥

کِیا سووہِ نامُ وِسارِ غافل گہلِیا ۔ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਕਿਤੀ ਇਤੁ ਦਰੀਆਇ ਵੰਞਨਿ੍ ਵਹਦਿਆ ॥੧॥	کِتیں اِتُ دریِیاءِ ونجّنہِ وہدِیا ॥1॥
ਬੋਹਿਥੜਾ ਹਰਿ ਚਰਣ ਮਨ ਚੜਿ ਲੰਘੀਐ ॥	بوہتھڑا ہرِ چرنؔ من چڑِ لنگھیےً ॥
ਆਠ ਪਹਰ ਗੁਣ ਗਾਇ ਸਾਧੂ ਸੰਗੀਐ ॥੧॥ ਰਹਾਉ ॥	آٹھ پہر گُنؔ گاءِ سادھوُ سنگیےً ॥1॥ رہاءُ ॥
ਭੋਗਹਿ ਭੋਗ ਅਨੇਕ ਵਿਣੁ ਨਾਵੈ ਸੁੰਞਿਆ ॥	بھوگہِ بھوگ انیک وِنُ ناوے سُنجّیا ॥
ਹਰਿ ਕੀ ਭਗਤਿ ਬਿਨਾ ਮਰਿ ਮਰਿ ਰੁੰਨਿਆ ॥੨॥	ہرِ کی بھگتِ بِنا مرِ مرِ رُنّیا ॥2॥
ਕਪੜ ਭੋਗ ਸੁਗੰਧ ਤਨਿ ਮਰਦਨ ਮਾਲਣਾ ॥	کپڑ بھوگ سُگندھ تنِ مردن مالنّا ॥
ਬਿਨੁ ਸਿਮਰਨ ਤਨੁ ਛਾਰੁ ਸਰਪਰ ਚਾਲਣਾ ॥੩॥	بِنُ سِمرن تنُ چھارُ سرپر چالنّا ॥3॥
ਮਹਾ ਬਿਖਮੁ ਸੰਸਾਰੁ ਵਿਰਲੈ ਪੇਖਿਆ ॥	مہا بِکھمُ سنسارُ وِرلے پیکھیا ॥
ਛੂਟਨੁ ਹਰਿ ਕੀ ਸਰਣਿ ਲੇਖੁ ਨਾਨਕ ਲੇਖਿਆ ॥੪॥੮॥੧੧੦॥	چھوٹنُ ہرِ کی سرنؔ لیکھُ نانک لیکھیا ॥4॥8॥ 110 ॥
ਆਸਾ ਮਹਲਾ ੫ ॥	آسا محلا 5 ॥
ਕੋਇ ਨ ਕਿਸ ਹੀ ਸੰਗਿ ਕਾਹੇ ਗਰਬੀਐ ॥	کوءِ ن کِس ہی سنگِ کاہے گربیےً ۔ ॥
ਏਕੁ ਨਾਮੁ ਆਧਾਰੁ ਭਉਜਲੁ ਤਰਬੀਐ ॥੧॥	ایکُ نامُ آدھارُ بھجُلُ تربیےً ॥1॥
ਮੈ ਗਰੀਬ ਸਚੁ ਟੇਕ ਤੂੰ ਮੇਰੇ ਸਤਿਗੁਰ ਪੂਰੇ ॥	مے غریب سچُ ٹیک توُنّ میرے ستِگُر پوُرے ۔ ॥
ਦੇਖ ਤੁਮ੍ਾਰਾ ਦਰਸਨੋ ਮੇਰਾ ਮਨੁ ਧੀਰੇ ॥੧॥ ਰਹਾਉ ॥	دیکھ تُمہارا درسنو میرا منُ دھیرے ॥1॥ رہاءُ ॥
ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋ ॥	راجُ مالُ زنجّالُ کاجِ ن کِتے گنو ॥
ਹਰਿ ਕੀਰਤਨੁ ਆਧਾਰੁ ਨਿਹਚਲੁ ਏਹੁ ਧਨੋ ॥੨॥	ہرِ کیرتنُ آدھارُ نِہچلُ ایہُ دھنو ॥2॥
ਜੇਤੇ ਮਾਇਆ ਰੰਗ ਤੇਤ ਪਛਾਵਿਆ ॥	جیتے مائیا رنگ تیت پچھاویا ॥
ਸੁਖ ਕਾ ਨਾਮੁ ਨਿਧਾਨੁ ਗੁਰਮੁਖਿ ਗਾਵਿਆ ॥੩॥	سُکھ کا نامُ نِدھانُ گُرمُکھِ گاویا ॥3॥
ਸਚਾ ਗੁਣੀ ਨਿਧਾਨੁ ਤੂੰ ਪ੍ਰਭ ਗਹਿਰ ਗੰਭੀਰੇ ॥	سچا گُنی نِدھانُ توُنّ پربھ گہِر گنبھیرے ۔ ॥

ਆਸ ਭਰੋਸਾ ਖਸਮ ਕਾ ਨਾਨਕ ਕੇ ਜੀਅਰੇ ॥੪॥੯॥੧੧੧॥	آس بھروسا خصم کا نانک کے جیئرے ॥4॥9॥ 111 ॥
ਆਸਾ ਮਹਲਾ ੫ ॥	آسا محلا 5 ॥
ਜਿਸੁ ਸਿਮਰਤ ਦੁਖੁ ਜਾਇ ਸਹਜ ਸੁਖੁ ਪਾਈਐ ॥	جِسُ سِمرت دُکھُ جاءِ سہج سُکھُ پائیئے ॥
ਰੈਣਿ ਦਿਨਸੁ ਕਰ ਜੋੜਿ ਹਰਿ ਹਰਿ ਧਿਆਈਐ ॥੧॥	رَیَنِ دِنُس کر جوڑِ ہرِ ہرِ دھیائیئے ॥1॥
ਨਾਨਕ ਕਾ ਪ੍ਰਭੁ ਸੋਇ ਜਿਸ ਕਾ ਸਭੁ ਕੋਇ ॥	نانک کا پربھُ سوءِ جِس کا سبھُ کوءِ ॥
ਸਰਬ ਰਹਿਆ ਭਰਪੂਰਿ ਸਚਾ ਸਚੁ ਸੋਇ ॥੧॥ ਰਹਾਉ ॥	سرب رہِیا بھرپُورِ سچا سچُ سوءِ ॥1॥ رہاءُ ॥
ਅੰਤਰਿ ਬਾਹਰਿ ਸੰਗਿ ਸਹਾਈ ਗਿਆਨ ਜੋਗੁ ॥	انترِ باہرِ سنگِ سہائی گیان جوگُ ॥
ਤਿਸਹਿ ਅਰਾਧਿ ਮਨਾ ਬਿਨਾਸੈ ਸਗਲ ਰੋਗੁ ॥੨॥	تِسہِ ارادھِ منا بِناسے سگل روگُ ॥2॥
ਰਾਖਨਹਾਰੁ ਅਪਾਰੁ ਰਾਖੈ ਅਗਨਿ ਮਾਹਿ ॥	راکھنہارُ اپارُ راکھے اگنِ ماہِ ॥
ਸੀਤਲੁ ਹਰਿ ਹਰਿ ਨਾਮੁ ਸਿਮਰਤ ਤਪਤਿ ਜਾਇ ॥੩॥	سِیتلُ ہرِ ہرِ نامُ سِمرت تپتِ جاءِ ॥3॥
ਸੂਖ ਸਹਜ ਆਨੰਦ ਘਣਾ ਨਾਨਕ ਜਨ ਧੂਰਾ ॥	سُوکھ سہج آنند گھٹا نانک جن دھوُرا ॥
ਕਾਰਜ ਸਗਲੇ ਸਿਧਿ ਭਏ ਭੇਟਿਆ ਗੁਰੁ ਪੂਰਾ ॥੪॥੧੦॥੧੧੨॥	کارج سگلے سِدھِ بھئے بھیٹیا گُرُ پوُرا ॥4॥ 10 ॥ 112 ॥
ਆਸਾ ਮਹਲਾ ੫ ॥	آسا محلا 5 ॥
ਗੋਬਿੰਦੁ ਗੁਣੀ ਨਿਧਾਨੁ ਗੁਰਮੁਖਿ ਜਾਣੀਐ ॥	گوبِندُ گُنی نِدھانُ گُرمُکھِ جانیئے ॥
ਹੋਇ ਕ੍ਰਿਪਾਲੁ ਦਇਆਲੁ ਹਰਿ ਰੰਗੁ ਮਾਣੀਐ ॥੧॥	ہوءِ کرپالُ دیَیالُ ہرِ رنگُ مانیئے ॥1॥
ਆਵਹੁ ਸੰਤ ਮਿਲਾਹ ਹਰਿ ਕਥਾ ਕਹਾਣੀਆ ॥	آوہُ سنّت مِلاہ ہرِ کتھا کہانیِیا ॥
ਅਨਦਿਨੁ ਸਿਮਰਹ ਨਾਮੁ ਤਜਿ ਲਾਜ ਲੋਕਾਣੀਆ ॥੧॥ ਰਹਾਉ ॥	اندِنُ سِمرہ نامُ تجِ لاج لوکانیِیا ॥1॥ رہاءُ ॥
ਜਪਿ ਜਪਿ ਜੀਵਾ ਨਾਮੁ ਹੋਵੈ ਅਨਦੁ ਘਣਾ ॥	جپِ جپِ جیِوا نامُ ہووے اندُ گھٹا ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پُرب نوُن سمرپت|سیوا: بھائی بلجِندر سنگھ جی (راڑا صاہب)

ਮਿਥਿਆ ਮੋਹੁ ਸੰਸਾਰੁ ਝੂਠਾ ਵਿਣਸਣਾ ॥੨॥

ਚਰਣ ਕਮਲ ਸੰਗਿ ਨੇਹੁ ਕਿਨੈ ਵਿਰਲੈ ਲਾਇਆ ॥

ਧੰਨੁ ਸੁਹਾਵਾ ਮੁਖੁ ਜਿਨਿ ਹਰਿ ਧਿਆਇਆ ॥੩॥

ਜਨਮ ਮਰਣ ਦੁਖ ਕਾਲ ਸਿਮਰਤ ਮਿਟਿ ਜਾਵਈ ॥

ਨਾਨਕ ਕੈ ਸੁਖੁ ਸੋਇ ਜੋ ਪ੍ਰਭ ਭਾਵਈ ॥੪॥੧੧॥੧੧੩॥

ਆਸਾ ਮਹਲਾ ੫ ॥

ਆਵਹੁ ਮੀਤ ਇਕਤ੍ਰ ਹੋਇ
ਰਸ ਕਸ ਸਭਿ ਭੁੰਚਹ ॥

ਅੰਮ੍ਰਿਤ ਨਾਮੁ ਹਰਿ ਹਰਿ ਜਪਹ
ਮਿਲਿ ਪਾਪਾ ਮੁੰਚਹ ॥੧॥

ਤਤੁ ਵੀਚਾਰਹੁ ਸੰਤ ਜਨਹੁ
ਤਾ ਤੇ ਬਿਘਨੁ ਨ ਲਾਗੈ ॥

ਖੀਨ ਭਏ ਸਭਿ ਤਸਕਰਾ
ਗੁਰਮੁਖਿ ਜਨੁ ਜਾਗੈ ॥੧॥ ਰਹਾਉ ॥

ਬੁਧਿ ਗਰੀਬੀ ਖਰਚੁ ਲੈਹੁ
ਹਉਮੈ ਬਿਖੁ ਜਾਰਹੁ ॥

ਸਾਚਾ ਹਟੁ ਪੂਰਾ ਸਉਦਾ
ਵਖਰੁ ਨਾਮੁ ਵਾਪਾਰਹੁ ॥੨॥

ਜੀਉ ਪਿੰਡੁ ਧਨੁ ਅਰਪਿਆ
ਸੇਈ ਪਤਿਵੰਤੇ ॥

ਆਪਨੜੇ ਪ੍ਰਭ ਭਾਣਿਆ
ਨਿਤ ਕੇਲ ਕਰੰਤੇ ॥੩॥

ਦੁਰਮਤਿ ਮਦੁ ਜੋ ਪੀਵਤੇ
ਬਿਖਲੀ ਪਤਿ ਕਮਲੀ ॥

ਰਾਮ ਰਸਾਇਣਿ ਜੋ ਰਤੇ

مِتھیا موہُ سنسارُ جھوٹھا وِنسنا ॥2॥

چرنْ کمل سنگِ نیہُ کِنے وِرلے لائیا ॥

دھنّنُ سُہاوا مُکھُ جِنِ ہرِ دھیائیا ॥3॥

جنم مرنْ دُکھ کال سِمرت مِٹِ جاوئی ॥

نانک کے سُکھُ سوءِ جو پربھ بھاوئی ॥4॥ 11 ॥ 113 ॥

آسا محلا 5 ॥

آوہُ میت اِکتّر ہوءِ
رس کس سبھِ بھُنچّہ ॥

انمّرت نامُ ہرِ ہرِ جپہ
مِلِ پاپا مُنچّہ ॥1॥

تتُ ویچارہُ سنّت جنہُ
تا تے بِگھنُ ن لاگے ॥

کھِین بھے سبھِ تسکرا
گُرمُکھِ جنُ جاگے ॥1॥ رہاءُ ॥

بُدھِ غریبی کھرچُ لیہُ
ہمُئے بِکھُ جارہُ ॥

ساچا ہٹُ پُورا سئُدا
وکھرُ نامُ واپارہُ ॥2॥

جیءُ پِنّڈُ دھنُ ارپیا
سیئی پتِونّتے ॥

آپنڑے پربھ بھاٹیا
نِت کیل کرنّتے ॥3॥

دُرمتِ مدُ جو پیوتے
بِکھلی پتِ کملی ॥

رام رسائنِ جو رتے

ਨਾਨਕ ਸਚ ਅਮਲੀ ॥੪॥੧੨॥੧੧੪॥

نانک سچ املی ॥4॥ 12 ॥ 114 ॥

ਆਸਾ ਮਹਲਾ ੫ ॥

آسا محلا 5 ॥

ਉਦਮੁ ਕੀਆ ਕਰਾਇਆ
ਆਰੰਭੁ ਰਚਾਇਆ ॥

اُدمُ کیِیا کرائِیا
آرنبھُ رچائِیا ॥

ਨਾਮੁ ਜਪੇ ਜਪਿ ਜੀਵਣਾ
ਗੁਰਿ ਮੰਤ੍ਰੁ ਦ੍ਰਿੜਾਇਆ ॥੧॥

نامُ جپے جپِ جیِوٹا
گُرِ منّتر دّرِڑائِیا ॥1॥

ਪਾਇ ਪਰਹ ਸਤਿਗੁਰੂ ਕੈ
ਜਿਨਿ ਭਰਮੁ ਬਿਦਾਰਿਆ ॥

پاءِ پرہ ستِگُروُ کے
جِنِ بھرمُ بِدارِیا ॥

ਕਰਿ ਕਿਰਪਾ ਪ੍ਰਭਿ ਆਪਣੀ
ਸਚੁ ਸਾਜਿ ਸਵਾਰਿਆ ॥੧॥ ਰਹਾਉ ॥

کرِ کِرپا پربھِ آپنّی
سچُ ساجِ سوارِیا ॥1॥ رہاءُ ॥

ਕਰੁ ਗਹਿ ਲੀਨੇ ਆਪਣੇ
ਸਚੁ ਹੁਕਮਿ ਰਜਾਈ ॥

کرُ گہِ لِینے آپنّے
سچُ حُکمِ رضائی ॥

ਜੋ ਪ੍ਰਭਿ ਦਿਤੀ ਦਾਤਿ
ਸਾ ਪੂਰਨ ਵਡਿਆਈ ॥੨॥

جو پربھِ دِتی داتِ
سا پُورن وڈِیائی ॥2॥

ਸਦਾ ਸਦਾ ਗੁਣ ਗਾਈਅਹਿ
ਜਪਿ ਨਾਮੁ ਮੁਰਾਰੀ ॥

سدا سدا گُنؤ گائیئہِ
جپِ نامُ مُراری ॥

ਨੇਮੁ ਨਿਬਾਹਿਓ ਸਤਿਗੁਰੂ
ਪ੍ਰਭਿ ਕਿਰਪਾ ਧਾਰੀ ॥੩॥

نیمُ نِباہِئو ستِگُروُ
پربھِ کِرپا دھاری ॥3॥

ਨਾਮੁ ਧਨੁ ਗੁਣ ਗਾਉ
ਲਾਭੁ ਪੂਰੈ ਗੁਰਿ ਦਿਤਾ ॥

نامُ دھنُ گُنؤ گاءُ
لابھُ پُورے گُرِ دِتا ॥

ਵਣਜਾਰੇ ਸੰਤ ਨਾਨਕਾ
ਪ੍ਰਭੁ ਸਾਹੁ ਅਮਿਤਾ ॥੪॥੧੩॥੧੧੫॥

وٹجارے سنّت نانکا
پربھُ ساہُ امِتا ॥4॥ 13 ॥ 115 ॥

ਆਸਾ ਮਹਲਾ ੫ ॥

آسا محلا 5 ॥

ਜਾ ਕਾ ਠਾਕੁਰੁ ਤੁਹੀ ਪ੍ਰਭ
ਤਾ ਕੇ ਵਡਭਾਗਾ ॥

جا کا ٹھاکُرُ تُہی پربھ
تا کے وڈبھاگا ॥

ਓਹੁ ਸੁਹੇਲਾ ਸਦ ਸੁਖੀ
ਸਭੁ ਭ੍ਰਮੁ ਭਉ ਭਾਗਾ ॥੧॥

اوہُ سُہیلا سد سُکھی
سبھُ بھرمُ بھ ءُ بھاگا ॥1॥

ਹਮ ਚਾਕਰ ਗੋਬਿੰਦ ਕੇ
ਠਾਕੁਰੁ ਮੇਰਾ ਭਾਰਾ ॥

ہم چاکر گوبِنّد کے
ٹھاکُرُ میرا بھارا ॥

ਕਰਨ ਕਰਾਵਨ ਸਗਲ ਬਿਧਿ
ਸੋ ਸਤਿਗੁਰੂ ਹਮਾਰਾ ॥੧॥ ਰਹਾਉ ॥

کرن کراون سگل بِدھِ
سو ستِگُرو ہمارا ॥1॥ رہاءُ ॥

ਦੂਜਾ ਨਾਹੀ ਅਉਰੁ ਕੋ
ਤਾ ਕਾ ਭਉ ਕਰੀਐ ॥

دوُجا ناہی اُرُ کو
تا کا بھ ءُ کریِئے ॥

ਗੁਰ ਸੇਵਾ ਮਹਲੁ ਪਾਈਐ
ਜਗੁ ਦੁਤਰੁ ਤਰੀਐ ॥੨॥

گُر سیوا محلُ پائیِئے
جگُ دُتّر تریِئے ॥2॥

ਦ੍ਰਿਸਟਿ ਤੇਰੀ ਸੁਖੁ ਪਾਈਐ
ਮਨ ਮਾਹਿ ਨਿਧਾਨਾ ॥

دّرِسٹِ تیری سُکھُ پائیِئے
من ماہِ نِدھانا ॥

ਜਾ ਕਉ ਤੁਮ ਕਿਰਪਾਲ ਭਏ
ਸੇਵਕ ਸੇ ਪਰਵਾਨਾ ॥੩॥

جا ک ءُ تُم کِرپال بھئے
سیوک سے پروانا ॥3॥

ਅੰਮ੍ਰਿਤ ਰਸੁ ਹਰਿ ਕੀਰਤਨੋ
ਕੋ ਵਿਰਲਾ ਪੀਵੈ ॥

انّمرِت رسُ ہرِ کیرتنو
کو وِرلا پیِوے ॥

ਵਜਹੁ ਨਾਨਕ ਮਿਲੈ ਏਕੁ ਨਾਮੁ
ਰਿਦ ਜਪਿ ਜਪਿ ਜੀਵੈ ॥੪॥੧੪॥੧੧੬॥

وجہُ نانک مِلےَ ایکُ نامُ
رِد جپِ جپِ جیِوے ॥4॥ 14 ॥ 116 ॥

ਆਸਾ ਮਹਲਾ ੫ ॥

آسا محلا 5 ॥

ਜਾ ਪ੍ਰਭ ਕੀ ਹਉ ਚੇਰੁਲੀ
ਸੋ ਸਭ ਤੇ ਊਚਾ ॥

جا پّربھ کی ہ ءُ چیرُلی
سو سبھ تے اوُچا ॥

ਸਭੁ ਕਿਛੁ ਤਾ ਕਾ ਕਾਂਢੀਐ
ਥੋਰਾ ਅਰੁ ਮੂਚਾ ॥੧॥

سبھُ کچھُ تا کا کانڈھیِئے
تھورا ارُ موُچا ॥1॥

ਜੀਅ ਪ੍ਰਾਨ ਮੇਰਾ ਧਨੋ
ਸਾਹਿਬ ਕੀ ਮਨੀਆ ॥

جی ء پّران میرا دھنو
صاحِب کی منِیا ॥

ਨਾਮਿ ਜਿਸੈ ਕੈ ਊਜਲੀ
ਤਿਸੁ ਦਾਸੀ ਗਨੀਆ ॥੧॥ ਰਹਾਉ ॥

نامِ جِسےَ کے اوُجلی
تِس داسی گنِیا ॥1॥ رہاءُ ॥

ਵੇਪਰਵਾਹੁ ਅਨੰਦ ਮੈ
ਨਾਉ ਮਾਣਕ ਹੀਰਾ ॥

ویپرواہُ انند مے
ناءُ ماٹک ہیِرا ॥

ਰਜੀ ਧਾਈ ਸਦਾ ਸੁਖੁ
ਜਾ ਕਾ ਤੂੰ ਮੀਰਾ ॥੨॥

رجی دھائی سدا سُکھُ
جا کا توُنّ میِرا ॥2॥

ਸਖੀ ਸਹੇਰੀ ਸੰਗ ਕੀ
ਸੁਮਤਿ ਦ੍ਰਿੜਾਵਉ ॥

سکھی سہیری سنگ کی
سُمتِ دّرِڑاوءُ ॥

ਸੇਵਹੁ ਸਾਧੂ ਭਾਉ ਕਰਿ
ਤਉ ਨਿਧਿ ਹਰਿ ਪਾਵਉ ॥੩॥

سیوہُ سادھوُ بھاءُ کرِ
تءُ نِدھِ ہرِپاوءُ ॥3॥

ਸਗਲੀ ਦਾਸੀ ਠਾਕੁਰੈ
ਸਭ ਕਹਤੀ ਮੇਰਾ ॥

سگلی داسی ٹھاکُرےَ
سبھ کہتی میرا ॥

ਜਿਸਹਿ ਸੀਗਾਰੇ ਨਾਨਕਾ
ਤਿਸੁ ਸੁਖਹਿ ਬਸੇਰਾ ॥੪॥੧੫॥੧੧੭॥

جِسہِ سیِگارے نانکا
تِس سُکھہِ بسیرا ॥4॥ 15 ॥ 117 ॥

ਆਸਾ ਮਹਲਾ ੫ ॥

آسا محلا 5 ॥

ਸੰਤਾ ਕੀ ਹੋਇ ਦਾਸਰੀ
ਏਹੁ ਅਚਾਰਾ ਸਿਖੁ ਰੀ ॥

سنّتا کی ہوءِ داسری
ایہُ اچارا سِکھُ ری ۔ ॥

ਸਗਲ ਗੁਣਾ ਗੁਣ ਊਤਮੋ
ਭਰਤਾ ਦੂਰਿ ਨ ਪਿਖੁ ਰੀ ॥੧॥

سگل گُنا گُن اوُتمو
بھرتا دوُرِ ن پِکھُ ری ۔ ॥1॥

ਇਹੁ ਮਨੁ ਸੁੰਦਰਿ ਆਪਣਾ
ਹਰਿ ਨਾਮਿ ਮਜੀਠੈ ਰੰਗਿ ਰੀ ॥

اِہُ منُ سُندّرِ آپنّا
ہرِنامِ مجیٹھےَ رنگِ ری ۔ ॥

ਤਿਆਗਿ ਸਿਆਣਪ ਚਾਤੁਰੀ
ਤੂੰ ਜਾਣੁ ਗੁਪਾਲਹਿ ਸੰਗਿ ਰੀ ॥੧॥ ਰਹਾਉ ॥

تِیاگِ سِیانپ چاتُری
توُنّ جانُ گُپالہِ سنگِ ری ۔ ॥1॥ رہاءُ ॥

ਭਰਤਾ ਕਹੈ ਸੁ ਮਾਨੀਐ
ਏਹੁ ਸੀਗਾਰੁ ਬਣਾਇ ਰੀ ॥

بھرتا کہے سُ مانیئےَ
ایہُ سیِگارُ بنّاءِ ری ۔ ॥

ਦੂਜਾ ਭਾਉ ਵਿਸਾਰੀਐ
ਏਹੁ ਤੰਬੋਲਾ ਖਾਇ ਰੀ ॥੨॥

دوُجا بھاءُ وِسارِیۓ
ایہُ تنبّولا کھاءِ ری ۔ ॥2॥

ਗੁਰ ਕਾ ਸਬਦੁ ਕਰਿ ਦੀਪਕੋ
ਇਹ ਸਤ ਕੀ ਸੇਜ ਬਿਛਾਇ ਰੀ ॥

گُر کا سبدُ کرِ دیپکو
اِہ ست کی سیج بچھاءِ ری ۔ ॥

ਆਠ ਪਹਰ ਕਰ ਜੋੜਿ ਰਹੁ
ਤਉ ਭੇਟੈ ਹਰਿ ਰਾਇ ਰੀ ॥੩॥

آٹھ پہر کر جوڑِ رہُ
ت ءُ بھیٹے ہرِ راءِ ری ۔ ॥3॥

ਤਿਸ ਹੀ ਚਜੁ ਸੀਗਾਰੁ ਸਭੁ
ਸਾਈ ਰੂਪਿ ਅਪਾਰਿ ਰੀ ॥

تِس ہی چجُ سیِگارُ سبھُ
سائی روُپِ اپارِ ری ۔ ॥

ਸਾਈ ਸੋਹਾਗਣਿ ਨਾਨਕਾ
ਜੋ ਭਾਣੀ ਕਰਤਾਰਿ ਰੀ ॥੪॥੧੬॥੧੧੮॥

سائی سوہاگنِ نانکا
جو بھانٰی کرتارِ ری ۔ ॥4॥ 16 ॥ 118 ॥

ਆਸਾ ਮਹਲਾ ੫ ॥

آسا محلا 5 ॥

ਡੀਗਨ ਡੋਲਾ ਤਉ ਲਉ
ਜਉ ਮਨ ਕੇ ਭਰਮਾ ॥

ڈیِگن ڈولا تئو ل ءُ
ج ءُ من کے بھرما ॥

ਭ੍ਰਮ ਕਾਟੇ ਗੁਰਿ ਆਪਣੈ
ਪਾਏ ਬਿਸਰਾਮਾ ॥੧॥

بھرم کاٹے گُرِ آپنٹے
پائے بِسراما ॥1॥

ਓਇ ਬਿਖਾਦੀ ਦੋਖੀਆ
ਤੇ ਗੁਰ ਤੇ ਹੂਟੇ ॥

اوءِ بِکھادی دوکھیِیا
تے گُر تے ہوُٹے ॥

ਹਮ ਛੂਟੇ ਅਬ ਉਨ੍ਹ ਤੇ
ਓਇ ਹਮ ਤੇ ਛੂਟੇ ॥੧॥ ਰਹਾਉ ॥

ہم چھوُٹے اب اُنہا تے
اوءِ ہم تے چھوُٹے ॥1॥ رہاءُ ॥

ਮੇਰਾ ਤੇਰਾ ਜਾਨਤਾ
ਤਬ ਹੀ ਤੇ ਬੰਧਾ ॥

میرا تیرا جانتا
تب ہی تے بنّدھا ॥

ਗੁਰਿ ਕਾਟੀ ਅਗਿਆਨਤਾ
ਤਬ ਛੁਟਕੇ ਫੰਧਾ ॥੨॥

گُرِ کاٹی اگیانتا
تب چھُٹکے پھنّدھا ॥2॥

ਜਬ ਲਗੁ ਹੁਕਮੁ ਨ ਬੂਝਤਾ
ਤਬ ਹੀ ਲਉ ਦੁਖੀਆ ॥

جب لگُ حُکمُ ن بوُجھتا
تب ہی ل ءُ دُکھیِیا ॥

ਗੁਰ ਮਿਲਿ ਹੁਕਮੁ ਪਛਾਣਿਆ
ਤਬ ਹੀ ਤੇ ਸੁਖੀਆ ॥੩॥

گُر مِلِ حُکمُ پچھاٹیا
تب ہی تے سُکھیِا ॥3॥

ਨਾ ਕੋ ਦੁਸਮਨੁ ਦੋਖੀਆ
ਨਾਹੀ ਕੋ ਮੰਦਾ ॥

نا کو دُسمنُ دوکھیِا
ناہی کو منّدا ॥

ਗੁਰ ਕੀ ਸੇਵਾ ਸੇਵਕੋ
ਨਾਨਕ ਖਸਮੈ ਬੰਦਾ ॥੪॥੧੭॥੧੧੯॥

گُر کی سیوا سیوکو
نانک خصمےَ بنّدا ॥4॥ 17 ॥ 119 ॥

ਆਸਾ ਮਹਲਾ ੫ ॥

آسا محلا 5 ॥

ਸੂਖ ਸਹਜ ਆਨਦੁ ਘਣਾ
ਹਰਿ ਕੀਰਤਨੁ ਗਾਉ ॥

سوُکھ سہج آندُ گھٹا
ہرِ کیِرتنُ گاءُ ॥

ਗਰਹ ਨਿਵਾਰੇ ਸਤਿਗੁਰੂ
ਦੇ ਅਪਣਾ ਨਾਉ ॥੧॥

گرہ نِوارے ستِگُروُ
دے اپنّا ناءُ ॥1॥

ਬਲਿਹਾਰੀ ਗੁਰ ਆਪਣੇ
ਸਦ ਸਦ ਬਲਿ ਜਾਉ ॥

بلِہاری گُر آپنّے
سد سد بلِ جاءُ ॥

ਗੁਰੂ ਵਿਟਹੁ ਹਉ ਵਾਰਿਆ
ਜਿਸੁ ਮਿਲਿ ਸਚੁ ਸੁਆਉ ॥੧॥ ਰਹਾਉ ॥

گُروُ وِٹّہ ہءُ وارِیا
جِسُ مِلِ سچُ سُیاءُ ॥1॥ رہاءُ ॥

ਸਗੁਨ ਅਪਸਗੁਨ ਤਿਸ ਕਉ ਲਗਹਿ
ਜਿਸੁ ਚੀਤਿ ਨ ਆਵੈ ॥

سگُن اپسگُن تِس کءُ لگہِ
جِسُ چیِتِ ن آوےَ ॥

ਤਿਸੁ ਜਮੁ ਨੇੜਿ ਨ ਆਵਈ
ਜੋ ਹਰਿ ਪ੍ਰਭਿ ਭਾਵੈ ॥੨॥

تِسُ جمُ نیڑِ ن آوئی
جو ہرِ پرّبھِ بھاوےَ ॥2॥

ਪੁੰਨ ਦਾਨ ਜਪ ਤਪ ਜੇਤੇ
ਸਭ ਊਪਰਿ ਨਾਮੁ ॥

پُنّن دان جپ تپ جیتے
سبھ اوُپرِ نامُ ॥

ਹਰਿ ਹਰਿ ਰਸਨਾ ਜੋ ਜਪੈ
ਤਿਸੁ ਪੂਰਨ ਕਾਮੁ ॥੩॥

ہرِ ہرِ رسنا جو جپےَ
تِسُ پوُرن کامُ ॥3॥

ਭੈ ਬਿਨਸੇ ਭ੍ਰਮ ਮੋਹ ਗਏ
ਕੋ ਦਿਸੈ ਨ ਬੀਆ ॥

بھےَ بِنسے بھرّم موہ گئے
کو دِسےَ ن بیِیا ॥

ਨਾਨਕ ਰਾਖੇ ਪਾਰਬ੍ਰਹਮਿ
ਫਿਰਿ ਦੂਖੁ ਨ ਥੀਆ ॥੪॥੧੮॥੧੨੦॥

نانک راکھے پاربرّہمِ
پھِرِ دوُکھُ ن تھیِیا ॥4॥ 18 ॥ 120 ॥

ਆਸਾ ਘਰੁ ੯ ਮਹਲਾ ੫

آسا گھرُ 9 محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਚਿਤਵਉ ਚਿਤਵਿ ਸਰਬ ਸੁਖ ਪਾਵਉ
ਆਗੈ ਭਾਵਉ ਕਿ ਨ ਭਾਵਉ ॥

چِتوءُ چِتوِ سرب سُکھ پاوءُ
آگے بھاوءُ کِ ن بھاوءُ ॥

ਏਕੁ ਦਾਤਾਰੁ ਸਗਲ ਹੈ ਜਾਚਿਕ
ਦੂਸਰ ਕੈ ਪਹਿ ਜਾਵਉ ॥੧॥

ایکُ داتارُ سگل ہے جاچِک
دوُسر کے پہِ جاوءُ ۔ ॥1॥

ਹਉ ਮਾਗਉ ਆਨ ਲਜਾਵਉ ॥

ہءُ ماگءُ آن لجاوءُ ॥

ਸਗਲ ਛਤ੍ਰਪਤਿ ਏਕੋ ਠਾਕੁਰੁ
ਕਉਨੁ ਸਮਸਰਿ ਲਾਵਉ ॥੧॥ ਰਹਾਉ ॥

سگل چھتّرپتِ ایکو ٹھاکُرُ
کئُنُ سمسرِ لاوءُ ۔ ॥1॥ رہاءُ ॥

ਊਠਉ ਬੈਸਉ ਰਹਿ ਭਿ ਨ ਸਾਕਉ
ਦਰਸਨੁ ਖੋਜਿ ਖੋਜਾਵਉ ॥

اوُٹھءُ بیَسءُ رہِ بھِ ن ساکءُ
درسنُ کھوجِ کھوجاوءُ ॥

ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ
ਸਨਤਕੁਮਾਰ
ਤਿਨ੍ ਕਉ ਮਹਲੁ ਦੁਲਭਾਵਉ ॥੨॥

بّرہمادِک سنکادِک سنک سنندن سناتن سنتکُمار
تِنّہ کءُ محلُ دُلبھاوءُ ॥2॥

ਅਗਮ ਅਗਮ ਆਗਾਧਿ ਬੋਧ
ਕੀਮਤਿ ਪਰੈ ਨ ਪਾਵਉ ॥

اگم اگم آگادھِ بودھ
قِیمتِ پرے ن پاوءُ ॥

ਤਾਕੀ ਸਰਣਿ ਸਤਿ ਪੁਰਖ ਕੀ
ਸਤਿਗੁਰੁ ਪੁਰਖੁ ਧਿਆਵਉ ॥੩॥

تاکی سرنِ ستِ پُرکھ کی
ستِگُرُ پُرکھُ دھِیاوءُ ॥3॥

ਭਇਓ ਕ੍ਰਿਪਾਲੁ ਦਇਆਲੁ ਪ੍ਰਭੁ ਠਾਕੁਰੁ
ਕਾਟਿਓ ਬੰਧੁ ਗਰਾਵਉ ॥

بھئیو کرِپالُ دیَیالُ پربھُ ٹھاکُرُ
کاٹیو بندھُ گراوءُ ॥

ਕਹੁ ਨਾਨਕ ਜਉ ਸਾਧਸੰਗੁ ਪਾਇਓ
ਤਉ ਫਿਰਿ ਜਨਮਿ ਨ ਆਵਉ ॥੪॥੧॥੧੨੧॥

کہُ نانک جءُ سادھسنگُ پائیو
تءُ پھِرِ جنمِ ن آوءُ ॥4॥1॥ 121 ॥

ਆਸਾ ਮਹਲਾ ੫ ॥

آسا محلا 5 ॥

ਅੰਤਰਿ ਗਾਵਉ ਬਾਹਰਿ ਗਾਵਉ

انترِ گاوءُ باہرِ گاوءُ

ਗਾਵਉ ਜਾਗਿ ਸਵਾਰੀ ॥

گاوءُ جاگِ سواری ॥

ਸੰਗਿ ਚਲਨ ਕਉ ਤੋਸਾ ਦੀਨ੍ਹਾ
ਗੋਬਿੰਦ ਨਾਮ ਕੇ ਬਿਉਹਾਰੀ ॥੧॥

سنگِ چلن کءُ توشا دِینّہا
گوبِنّد نام کے بِیُہاری ॥1॥

ਅਵਰ ਬਿਸਾਰੀ ਬਿਸਾਰੀ ॥

اور بِساری بِساری ॥

ਨਾਮੁ ਦਾਨੁ ਗੁਰਿ ਪੂਰੈ ਦੀਓ
ਮੈ ਏਹੋ ਆਧਾਰੀ ॥੧॥ ਰਹਾਉ ॥

نامُ دانُ گُرِ پوُرے دِیئو
مے ایہو آدھاری ॥1॥ رہاءُ ॥

ਦੂਖਨਿ ਗਾਵਉ ਸੁਖਿ ਭੀ ਗਾਵਉ
ਮਾਰਗਿ ਪੰਥਿ ਸਮ੍ਾਰੀ ॥

دوُکھنِ گاوءُ سُکھِ بھی گاوءُ
مارگِ پنّتھِ سمّہاری ॥

ਨਾਮ ਦ੍ਰਿੜੁ ਗੁਰਿ ਮਨ ਮਹਿ ਦੀਆ
ਮੋਰੀ ਤਿਸਾ ਬੁਝਾਰੀ ॥੨॥

نام دّرِڑُ گُرِ من مہِ دیِیا
موری تِسا بُجھاری ॥2॥

ਦਿਨੁ ਭੀ ਗਾਵਉ ਰੈਨੀ ਗਾਵਉ
ਗਾਵਉ ਸਾਸਿ ਸਾਸਿ ਰਸਨਾਰੀ ॥

دِنُ بھی گاوءُ رینی گاوءُ
گاوءُ ساسِ ساسِ رسناری ॥

ਸਤਸੰਗਤਿ ਮਹਿ ਬਿਸਾਸੁ ਹੋਇ
ਹਰਿ ਜੀਵਤ ਮਰਤ ਸੰਗਾਰੀ ॥੩॥

ستسنگتِ مہِ بِساسُ ہوءِ
ہرِ جیِوت مرت سنگّاری ॥3॥

ਜਨ ਨਾਨਕ ਕਉ ਇਹੁ ਦਾਨੁ ਦੇਹੁ ਪ੍ਰਭ
ਪਾਵਉ ਸੰਤ ਰੇਨ ਉਰਿ ਧਾਰੀ ॥

جن نانک کءُ اِہُ دانُ دیہُ پّربھ
پاوءُ سنّت رین اُرِ دھاری ॥

ਸ੍ਰਵਨੀ ਕਥਾ ਨੈਨ ਦਰਸੁ ਪੇਖਉ
ਮਸਤਕੁ ਗੁਰ ਚਰਨਾਰੀ ॥੪॥੨॥੧੨੨॥

سّرونی کتھا نیَن درسُ پیکھءُ
مستکُ گُر چرناری ॥4॥2॥ 122 ॥

ੴ ਸਤਿਗੁਰ ਪ੍ਰਸਾਦਿ ॥

ۿ ستِگُر پّرسادِ ॥

ਆਸਾ ਘਰੁ ੧੦ ਮਹਲਾ ੫ ॥

آسا گھرُ 10 محلا 5 ॥

ਜਿਸ ਨੋ ਤੂੰ ਅਸਥਿਰੁ ਕਰਿ ਮਾਨਹਿ
ਤੇ ਪਾਹੁਨ ਦੋ ਦਾਹਾ ॥

جِس نو توُنّ استھِرُ کرِ مانہِ
تے پاہُن دو داہا ॥

ਪੁਤ੍ਰ ਕਲਤ੍ਰ ਗ੍ਰਿਹ ਸਗਲ ਸਮਗ੍ਰੀ
ਸਭ ਮਿਥਿਆ ਅਸਨਾਹਾ ॥੧॥

پُتّر کلتّر گرِہ سگل سمگّری
سبھ مِتھیا اسناہا ॥1॥

ਰੇ ਮਨ ਕਿਆ ਕਰਹਿ ਹੈ ਹਾ ਹਾ ॥

رے من کیا کرہِ ہے ہا ہا ॥

ਦ੍ਰਿਸਟਿ ਦੇਖੁ ਜੈਸੇ ਹਰਿਚੰਦਉਰੀ
ਇਕੁ ਰਾਮ ਭਜਨੁ ਲੈ ਲਾਹਾ ॥੧॥ ਰਹਾਉ ॥

دِرسٹِ دیکھُ جیَسے ہرِچندّ ئُری
اِکُ رام بھجنُ لے لاہا ॥1॥ رہاءُ ॥

ਜੈਸੇ ਬਸਤਰ ਦੇਹ ਓਢਾਨੇ
ਦਿਨ ਦੋਇ ਚਾਰਿ ਭੋਰਾਹਾ ॥

جیَسے بستر دیہ اوڈھانے
دِن دوءِ چارِ بھوراہا ॥

ਭੀਤਿ ਊਪਰੇ ਕੇਤਕੁ ਧਾਈਐ
ਅੰਤਿ ਓਰਕੋ ਆਹਾ ॥੨॥

بھیِتِ اوُپرے کیتکُ دھائیئے
انّتِ اورکو آہا ॥2॥

ਜੈਸੇ ਅੰਭੁ ਕੁੰਡ ਕਰਿ ਰਾਖਿਓ
ਪਰਤ ਸਿੰਧੁ ਗਲਿ ਜਾਹਾ ॥

جیَسے انّبھُ کُنڈ کرِ راکھِئو
پرت سِنّدھُ گلِ جاہا ॥

ਆਵਗਿ ਆਗਿਆ ਪਾਰਬ੍ਰਹਮ ਕੀ
ਉਠਿ ਜਾਸੀ ਮੁਹਤ ਚਸਾਹਾ ॥੩॥

آوگِ آگیا پاربّرہم کی
اُٹھِ جاسی مُہت چساہا ॥3॥

ਰੇ ਮਨ ਲੇਖੈ ਚਾਲਹਿ ਲੇਖੈ ਬੈਸਹਿ
ਲੇਖੈ ਲੈਦਾ ਸਾਹਾ ॥

رے من لیکھےَ چالہِ لیکھےَ بیَسہِ
لیکھےَ لیَدا ساہا ॥

ਸਦਾ ਕੀਰਤਿ ਕਰਿ ਨਾਨਕ ਹਰਿ ਕੀ
ਉਬਰੇ ਸਤਿਗੁਰ ਚਰਣ ਓਟਾਹਾ ॥੪॥੧॥੧੨੩॥

سدا کیِرتِ کرِ نانک ہرِ کی
اُبرے ستِگُر چرنؔ اوٹاہا ॥4॥1॥ 123 ॥

ਆਸਾ ਮਹਲਾ ੫ ॥

آسا محلا 5 ॥

ਅਪੁਸਟ ਬਾਤ ਤੇ ਭਈ ਸੀਧਰੀ
ਦੂਤ ਦੁਸਟ ਸਜਨਈ ॥

اپُسٹ بات تے بھئی سیِدھری
دوُت دُسٹ سجنئی ॥

ਅੰਧਕਾਰ ਮਹਿ ਰਤਨੁ ਪ੍ਰਗਾਸਿਓ
ਮਲੀਨ ਬੁਧਿ ਹਛਨਈ ॥੧॥

انّدھکار مہِ رتنُ پّرگاسِئو
ملِین بُدھِ ہچھنئی ॥1॥

ਜਉ ਕਿਰਪਾ ਗੋਬਿੰਦ ਭਈ ॥

ج ءُ کِرپا گوبِنّد بھئی ॥

ਸੁਖ ਸੰਪਤਿ ਹਰਿ ਨਾਮ ਫਲ
ਪਾਏ ਸਤਿਗੁਰ ਮਿਲਈ ॥੧॥ ਰਹਾਉ ॥

سُکھ سنپّتِ ہرِ نام پھل
پائے ستِگُر ملِئی ॥1॥ رہاءُ ॥

ਮੋਹਿ ਕਿਰਪਨ ਕਉ ਕੋਇ ਨ ਜਾਨਤ
ਸਗਲ ਭਵਨ ਪ੍ਰਗਟਈ ॥

موہِ کِرپن ک ءُ کوءِ ن جانت
سگل بھون پّرگٹئی ॥

ਸੰਗਿ ਬੈਠਨੋ ਕਹੀ ਨ ਪਾਵਤ

سنگِ بیٹھنو کہی ن پاوت

ਹੁਣਿ ਸਗਲ ਚਰਣ ਸੇਵਈ ॥੨॥

ہُنِ سگل چرنؔ سیوئی ॥2॥

ਆਢ ਆਢ ਕਉ ਫਿਰਤ ਢੂੰਢਤੇ
ਮਨ ਸਗਲ ਤ੍ਰਿਸਨ ਬੁਝਿ ਗਈ ॥

آڈھ آڈھ کءُ پھِرت ڈھوُنڈھتے
من سگل ترِسن بُجھِ گئی ॥

ਏਕੁ ਬੋਲੁ ਭੀ ਖਵਤੋ ਨਾਹੀ
ਸਾਧਸੰਗਤਿ ਸੀਤਲਈ ॥੩॥

ایکُ بولُ بھی کھوتو ناہی
سادھسنگتِ سیِتلئی ॥3॥

ਏਕ ਜੀਹ ਗੁਣ ਕਵਨ ਵਖਾਨੈ
ਅਗਮ ਅਗਮ ਅਗਮਈ ॥

ایک جیہِ گُنؔ کون وکھانے
اگم اگم اگمئی ॥

ਦਾਸੁ ਦਾਸ ਦਾਸ ਕੋ ਕਰੀਅਹੁ
ਜਨ ਨਾਨਕ ਹਰਿ ਸਰਣਈ ॥੪॥੨॥੧੨੪॥

داسُ داس داس کو کریئہُ
جن نانک ہرِ سرنئی ॥4॥2॥ 124 ॥

ਆਸਾ ਮਹਲਾ ੫ ॥

آسا محلا 5 ॥

ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ
ਤੋਟੇ ਕਉ ਬੇਗਿ ਧਾਇਆ ॥

رے موُڑے لاہے کءُ توُنؔ ڈھیِلا ڈھیِلا
توٹے کءُ بیگِ دھائیا ॥

ਸਸਤ ਵਖਰੁ ਤੂੰ ਘਿੰਨਹਿ ਨਾਹੀ
ਪਾਪੀ ਬਾਧਾ ਰੇਨਾਇਆ ॥੧॥

سست وکھرُ توُنؔ گھِنّہِ ناہی
پاپی بادھا رینائیا ॥1॥

ਸਤਿਗੁਰ ਤੇਰੀ ਆਸਾਇਆ ॥

ستِگُر تیری آسائیا ॥

ਪਤਿਤ ਪਾਵਨੁ ਤੇਰੋ ਨਾਮੁ ਪਾਰਬ੍ਰਹਮ
ਮੈ ਏਹਾ ਓਟਾਇਆ ॥੧॥ ਰਹਾਉ ॥

پتِت پاونُ تیرہ نامُ پاربرّہم
مےَ ایہا اوٹائیا ॥1॥ رہاءُ ॥

ਗੰਧਣ ਵੈਣ ਸੁਣਹਿ ਉਰਝਾਵਹਿ
ਨਾਮੁ ਲੈਤ ਅਲਕਾਇਆ ॥

گنّدھنؔ ویَنؔ سُنّہِ اُرجھاوہِ
نامُ لیَت الکائیا ॥

ਨਿੰਦ ਚਿੰਦ ਕਉ ਬਹੁਤੁ ਉਮਾਹਿਓ
ਬੂਝੀ ਉਲਟਾਇਆ ॥੨॥

نِندّ چِندّ کءُ بہُتُ اُماہِئو
بوُجھی اُلٹائیا ॥2॥

ਪਰ ਧਨ ਪਰ ਤਨ ਪਰ ਤੀ ਨਿੰਦਾ
ਅਖਾਧਿ ਖਾਹਿ ਹਰਕਾਇਆ ॥

پر دھن پر تن پر تی نِندّا
اکھادھِ کھاہِ ہرکائیا ॥

ਸਾਚ ਧਰਮ ਸਿਉ ਰੁਚਿ ਨਹੀ ਆਵੈ
ਸਤਿ ਸੁਨਤ ਛੋਹਾਇਆ ॥੩॥

ساچ دھرم سِءُ رُچِ نہی آوے
ستِ سُنت چھوہائیا ॥3॥

ਦੀਨ ਦਇਆਲ ਕ੍ਰਿਪਾਲ ਪ੍ਰਭ ਠਾਕੁਰ
ਭਗਤ ਟੇਕ ਹਰਿ ਨਾਇਆ ॥

ਨਾਨਕ ਆਹਿ ਸਰਣ ਪ੍ਰਭ ਆਇਓ
ਰਾਖੁ ਲਾਜ ਅਪਨਾਇਆ ॥੪॥੩॥੧੨੫॥

ਆਸਾ ਮਹਲਾ ੫ ॥

ਮਿਥਿਆ ਸੰਗਿ ਸੰਗਿ ਲਪਟਾਏ
ਮੋਹ ਮਾਇਆ ਕਰਿ ਬਾਧੇ ॥

ਜਹ ਜਾਨੋ ਸੋ ਚੀਤਿ ਨ ਆਵੈ
ਅਹੰਬੁਧਿ ਭਏ ਆਧੇ ॥੧॥

ਮਨ ਬੈਰਾਗੀ ਕਿਉ ਨ ਅਰਾਧੇ ॥

ਕਾਚ ਕੋਠਰੀ ਮਾਹਿ ਤੂੰ ਬਸਤਾ
ਸੰਗਿ ਸਗਲ ਬਿਖੈ ਕੀ ਬਿਆਧੇ ॥੧॥ ਰਹਾਉ ॥

ਮੇਰੀ ਮੇਰੀ ਕਰਤ ਦਿਨੁ ਰੈਨਿ ਬਿਹਾਵੈ
ਪਲੁ ਖਿਨੁ ਛੀਜੈ ਅਰਜਾਧੇ ॥

ਜੈਸੇ ਮੀਠੈ ਸਾਦਿ ਲੋਭਾਏ
ਝੂਠ ਧੰਧਿ ਦੁਰਗਾਧੇ ॥੨॥

ਕਾਮ ਕ੍ਰੋਧ ਅਰੁ ਲੋਭ ਮੋਹ
ਇਹ ਇੰਦ੍ਰੀ ਰਸਿ ਲਪਟਾਧੇ ॥

ਦੀਈ ਭਵਾਰੀ ਪੁਰਖਿ ਬਿਧਾਤੈ
ਬਹੁਰਿ ਬਹੁਰਿ ਜਨਮਾਧੇ ॥੩॥

ਜਉ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਤਉ ਗੁਰ ਮਿਲਿ ਸਭ ਸੁਖ ਲਾਧੇ ॥

ਕਹੁ ਨਾਨਕ ਦਿਨੁ ਰੈਨਿ ਧਿਆਵਉ
ਮਾਰਿ ਕਾਢੀ ਸਗਲ ਉਪਾਧੇ ॥੪॥

ਇਉ ਜਪਿਓ ਭਾਈ ਪੁਰਖੁ ਬਿਧਾਤੇ ॥

دِین دئیال کِرپال پربھ ٹھاکُر
بھگت ٹیک ہرِ نائیا ॥

نانک آہِ سرنٔ پربھ آئیو
راکھُ لاج اپنائیا ॥4॥3॥ 125 ॥

آسا محلا 5 ॥

مِتھیا سنگِ سنگِ لپٹائے
موہ مائیا کرِ بادھے ॥

جہ جانو سو چیتِ ن آوے
اہنُبُدھِ بھئے آدھے ॥1॥

من بیَراگی کِءُ ن ارادھے ۔ ॥

کاچ کوٹھری ماہِ توُنّ بستا
سنگِ سگل بِکھے کی بِیادھے ॥1॥ رہاءُ ॥

میری میری کرت دِنُ رینِ بِہاوے
پلُ کھِنُ چھیجے ارجادھے ॥

جیَسے مِٹھے سادِ لوبھائے
جھوُٹھ دھندھِ دُرگادھے ॥2॥

کام کرودھ ارُ لوبھ موہ
اِہ اِندّری رس لپٹادھے ॥

دیئی بھواری پُرکھِ بِدھاتے
بہُرِ بہُرِ جنمادھے ॥3॥

جءُ بھئیو کرِپالُ دِین دُکھ بھنجنُ
تءُ گُر مِلِ سبھ سُکھ لادھے ॥

کہُ نانک دِنُ رینِ دھیاوءُ
مارِ کاڈھی سگل اُپادھے ॥4॥

اِءُ جپیئو بھائی پُرکھُ بِدھاتے ॥

ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਜਨਮ ਮਰਣ ਦੁਖ ਲਾਥੇ ॥੧॥ ਰਹਾਉ ਦੂਜਾ ॥੪॥੪॥੧੨੬॥

بھئیئو کرپالُ دین دُکھ بھنجنُ
جنم مرنٌ دُکھ لاتھے ॥1॥ رہاءُ دوُجا ॥4॥4॥ 126 ॥

ਆਸਾ ਮਹਲਾ ੫ ॥

آسا محلا 5 ॥

ਨਿਮਖ ਕਾਮ ਸੁਆਦ ਕਾਰਣਿ
ਕੋਟਿ ਦਿਨਸ ਦੁਖੁ ਪਾਵਹਿ ॥

نِمکھ کام سُیاد کارنٌ
کوٹِ دِنس دُکھُ پاوہِ ॥

ਘਰੀ ਮੁਹਤ ਰੰਗ ਮਾਣਹਿ
ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥੧॥

گھری مُہت رنگ ماٹہِ
پھرِ بہُرِ بہُرِ پچھُتاوہِ ॥1॥

ਅੰਧੇ ਚੇਤਿ ਹਰਿ ਹਰਿ ਰਾਇਆ ॥

اندھے چیتِ ہرِ ہرِ رائیا ॥

ਤੇਰਾ ਸੋ ਦਿਨੁ ਨੇੜੈ ਆਇਆ ॥੧॥ ਰਹਾਉ ॥

تیرا سو دِنُ نیڑے آئیا ॥1॥ رہاءُ ॥

ਪਲਕ ਦ੍ਰਿਸਟਿ ਦੇਖਿ ਭੂਲੋ
ਆਕ ਨੀਮ ਕੋ ਤੂੰਮਰੁ ॥

پلک دّرِسٹِ دیکھِ بھوُلو
آک نیم کو توُنمّرُ ॥

ਜੈਸਾ ਸੰਗੁ ਬਿਸੀਅਰ ਸਿਉ ਹੈ ਰੇ
ਤੈਸੋ ਹੀ ਇਹੁ ਪਰ ਗ੍ਰਿਹੁ ॥੨॥

جیَسا سنگُ بِسیئر سِءُ ہے رے
تیَسو ہی اِہُ پر گّرِہُ ॥2॥

ਬੈਰੀ ਕਾਰਣਿ ਪਾਪ ਕਰਤਾ
ਬਸਤੁ ਰਹੀ ਅਮਾਨਾ ॥

بیَری کارنٌ پاپ کرتا
بستُ رہی امانا ॥

ਛੋਡਿ ਜਾਹਿ ਤਿਨ ਹੀ ਸਿਉ ਸੰਗੀ
ਸਾਜਨ ਸਿਉ ਬੈਰਾਨਾ ॥੩॥

چھوڈِ جاہِ تِن ہی سِءُ سنگی
ساجن سِءُ بیَرانا ॥3॥

ਸਗਲ ਸੰਸਾਰੁ ਇਹੈ ਬਿਧਿ ਬਿਆਪਿਓ
ਸੋ ਉਬਰਿਓ ਜਿਸੁ ਗੁਰੁ ਪੂਰਾ ॥

سگل سنّسارُ اِہے بِدھِ بِیاپیئو
سو اُبرِیئو جِسُ گُرُ پوُرا ॥

ਕਹੁ ਨਾਨਕ ਭਵ ਸਾਗਰੁ ਤਰਿਓ
ਭਏ ਪੁਨੀਤ ਸਰੀਰਾ ॥੪॥੫॥੧੨੭॥

کہُ نانک بھو ساگرُ ترِیئو
بھئے پُنیت سریرا ॥4॥5॥ 127 ॥

ਆਸਾ ਮਹਲਾ ੫ ਦੁਪਦੇ ॥

آسا محلا 5 دُپدے ॥

ਲੂਕਿ ਕਮਾਨੋ ਸੋਈ ਤੁਮ੍ ਪੇਖਿਓ
ਮੂੜ ਮੁਗਧ ਮੁਕਰਾਨੀ ॥

لوُکِ کمانو سوئی تُمّہ پیکھِیئو
موُڑ مُگدھ مُکرانی ॥

ਆਪ ਕਮਾਨੇ ਕਉ ਲੇ ਬਾਂਧੇ

آپ کمانے کءُ لے باندھے

ਫਿਰਿ ਪਾਛੈ ਪਛੁਤਾਨੀ ॥੧॥

پھِر پاچھے پچھُتانی ॥1॥

ਪ੍ਰਭ ਮੇਰੇ ਸਭ ਬਿਧਿ ਆਗੈ ਜਾਨੀ ॥

پربھ میرے سبھ بِدھِ آگے جانی ॥

ਭ੍ਰਮ ਕੇ ਮੂਸੇ ਤੂੰ ਰਾਖਤ ਪਰਦਾ
ਪਾਛੈ ਜੀਅ ਕੀ ਮਾਨੀ ॥੧॥ ਰਹਾਉ ॥

بھرم کے موسے توں راکھت پردا
پاچھے جیء کی مانی ॥1॥ رہاءُ ॥

ਜਿਤੁ ਜਿਤੁ ਲਾਏ ਤਿਤੁ ਤਿਤੁ ਲਾਗੇ
ਕਿਆ ਕੋ ਕਰੈ ਪਰਾਨੀ ॥

جِتُ جِتُ لائے تِتُ تِتُ لاگے
کِیا کو کرے پرانی ॥

ਬਖਸਿ ਲੈਹੁ ਪਾਰਬ੍ਰਹਮ ਸੁਆਮੀ
ਨਾਨਕ ਸਦ ਕੁਰਬਾਨੀ ॥੨॥੬॥੧੨੮॥

بخش لیہ پاربرہم سُیامی
نانک سد قُربانی ॥2॥6॥ 128 ॥

ਆਸਾ ਮਹਲਾ ੫ ॥

آسا محلا 5 ॥

ਅਪੁਨੇ ਸੇਵਕ ਕੀ ਆਪੇ ਰਾਖੈ
ਆਪੇ ਨਾਮੁ ਜਪਾਵੈ ॥

اپُنے سیوک کی آپے راکھے
آپے نامُ جپاوے ॥

ਜਹ ਜਹ ਕਾਜ ਕਿਰਤਿ ਸੇਵਕ ਕੀ
ਤਹਾ ਤਹਾ ਉਠਿ ਧਾਵੈ ॥੧॥

جہ جہ کاج کِرتِ سیوک کی
تہا تہا اُٹھِ دھاوے ॥1॥

ਸੇਵਕ ਕਉ ਨਿਕਟੀ ਹੋਇ ਦਿਖਾਵੈ ॥

سیوک کءُ نِکٹی ہوءِ دِکھاوے ॥

ਜੋ ਜੋ ਕਹੈ ਠਾਕੁਰ ਪਹਿ ਸੇਵਕੁ
ਤਤਕਾਲ ਹੋਇ ਆਵੈ ॥੧॥ ਰਹਾਉ ॥

جو جو کہے ٹھاکُر پہ سیوکُ
تتکال ہوءِ آوے ॥1॥ رہاءُ ॥

ਤਿਸੁ ਸੇਵਕ ਕੈ ਹਉ ਬਲਿਹਾਰੀ
ਜੋ ਅਪਨੇ ਪ੍ਰਭ ਭਾਵੈ ॥

تِس سیوک کے ہءُ بلِہاری
جو اپنے پربھ بھاوے ॥

ਤਿਸ ਕੀ ਸੋਇ ਸੁਣੀ ਮਨੁ ਹਰਿਆ
ਤਿਸੁ ਨਾਨਕ ਪਰਸਣਿ ਆਵੈ ॥੨॥੭॥੧੨੯॥

تِس کی سوءِ سُنّی منُ ہرِیا
تِس نانک پرسنِ آوے ॥2॥7॥ 129 ॥

ਆਸਾ ਘਰੁ ੧੧ ਮਹਲਾ ੫

آسا گھرُ 11 محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਨਟੂਆ ਭੇਖ ਦਿਖਾਵੈ ਬਹੁ ਬਿਧਿ
ਜੈਸਾ ਹੈ ਓਹੁ ਤੈਸਾ ਰੇ ॥

نٹوُیا بھیکھ دِکھاوے بہُ بِدھِ
جیَسا ہے اوہُ تیَسا رے ॥

ਅਨਿਕ ਜੋਨਿ ਭ੍ਰਮਿਓ ਭ੍ਰਮ ਭੀਤਰਿ

انِک جونِ بھرمِئو بھرم بھیتر

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਸੁਖਹਿ ਨਾਹੀ ਪਰਵੇਸਾ ਰੇ ॥੧॥

سُکھہِ ناہی پرویسا رے ॥1॥

ਸਾਜਨ ਸੰਤ ਹਮਾਰੇ ਮੀਤਾ
ਬਿਨੁ ਹਰਿ ਹਰਿ ਆਨੀਤਾ ਰੇ ॥

ساجن سنّت ہمارے مِیتا
بِنُ ہرِ ہرِ آنِیتا رے ॥

ਸਾਧਸੰਗਿ ਮਿਲਿ ਹਰਿ ਗੁਣ ਗਾਏ
ਇਹੁ ਜਨਮੁ ਪਦਾਰਥੁ ਜੀਤਾ ਰੇ ॥੧॥ ਰਹਾਉ ॥

سادھسنگِ مِلِ ہرِ گُنؤ گائے
اِہُ جنمُ پدارتھُ جِیتا رے ॥1॥ رہاءُ ॥

ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨ੍ਹੀ
ਕਹਹੁ ਕਵਨ ਬਿਧਿ ਤਰੀਐ ਰੇ ॥

ترّے گُنؤ مائیا برہم کی کِینّہی
کہہُ کون بِدھِ ترِیئے رے ॥

ਘੂਮਨ ਘੇਰ ਅਗਾਹ ਗਾਖਰੀ
ਗੁਰ ਸਬਦੀ ਪਾਰਿ ਉਤਰੀਐ ਰੇ ॥੨॥

گھومن گھیر اگاہ گاکھری
گُر سبدی پارِ اُتریئے رے ॥2॥

ਖੋਜਤ ਖੋਜਤ ਖੋਜਿ ਬੀਚਾਰਿਓ
ਤਤੁ ਨਾਨਕ ਇਹੁ ਜਾਨਾ ਰੇ ॥

کھوجت کھوجت کھوجِ بیچارِیو
تتُ نانک اِہُ جانا رے ॥

ਸਿਮਰਤ ਨਾਮੁ ਨਿਧਾਨੁ ਨਿਰਮੋਲਕੁ
ਮਨੁ ਮਾਣਕੁ ਪਤੀਆਨਾ ਰੇ ॥੩॥੧॥੧੩੦॥

سِمرت نامُ نِدھانُ نِرمولکُ
منُ ماٹکُ پتِیانا رے ॥3॥1॥ 130 ॥

ਆਸਾ ਮਹਲਾ ੫ ਦੁਪਦੇ ॥

آسا محلا 5 دُپدے ॥

ਗੁਰ ਪਰਸਾਦਿ ਮੇਰੈ ਮਨਿ ਵਸਿਆ
ਜੋ ਮਾਗਉ ਸੋ ਪਾਵਉ ਰੇ ॥

گُر پرسادِ میرے منِ وسِیا
جو ماگ ءُ سو پاوءُ رے ॥

ਨਾਮ ਰੰਗਿ ਇਹੁ ਮਨੁ ਤ੍ਰਿਪਤਾਨਾ
ਬਹੁਰਿ ਨ ਕਤਹੂੰ ਧਾਵਉ ਰੇ ॥੧॥

نام رنگِ اِہُ منُ ترِپتانا
بہُرِ ن کتہوُنّ دھاوءُ رے ॥1॥

ਹਮਰਾ ਠਾਕੁਰੁ ਸਭ ਤੇ ਊਚਾ
ਰੈਣਿ ਦਿਨਸੁ ਤਿਸੁ ਗਾਵਉ ਰੇ ॥

ہمرا ٹھاکُرُ سبھ تے اوُچا
رَیَنِ دِنُس تِسُ گاوءُ رے ॥

ਖਿਨ ਮਹਿ ਥਾਪਿ ਉਥਾਪਨਹਾਰਾ
ਤਿਸ ਤੇ ਤੁਝਹਿ ਡਰਾਵਉ ਰੇ ॥੧॥ ਰਹਾਉ ॥

کھِن مہِ تھاپِ اُتھاپنہارا
تِس تے تُجھہِ ڈراوءُ رے ॥1॥ رہاءُ ॥

ਜਬ ਦੇਖਉ ਪ੍ਰਭੁ ਅਪੁਨਾ ਸੁਆਮੀ
ਤਉ ਅਵਰਹਿ ਚੀਤਿ ਨ ਪਾਵਉ ਰੇ ॥

جب دیکھ ءُ پربھُ اپُنا سُیامی
ت ءُ اورہِ چیتِ ن پاوءُ رے ॥

ਨਾਨਕੁ ਦਾਸੁ ਪ੍ਰਭਿ ਆਪਿ ਪਹਿਰਾਇਆ

نانکُ داسُ پربھِ آپِ پہِرائیا

ਭ੍ਰਮੁ ਭਉ ਮੇਟਿ ਲਿਖਾਵਉ ਰੇ ॥੨॥੨॥੧੩੧॥

بھرمُ بھءُ میٹِ لِکھاوءُ رے ॥2॥2॥ 131 ॥

ਆਸਾ ਮਹਲਾ ੫ ॥

آسا محلا 5 ॥

ਚਾਰਿ ਬਰਨ ਚਉਹਾ ਕੇ ਮਰਦਨ
ਖਟੁ ਦਰਸਨ ਕਰ ਤਲੀ ਰੇ ॥

چارِ برن چئُہا کے مردن
کھٹُ درسن کر تلی رے ॥

ਸੁੰਦਰ ਸੁਘਰ ਸਰੂਪ ਸਿਆਨੇ
ਪੰਚਹੁ ਹੀ ਮੋਹਿ ਛਲੀ ਰੇ ॥੧॥

سُنّدر سُگھر سروُپ سِیانے
پنچہُ ہی موہِ چھلی رے ॥1॥

ਜਿਨਿ ਮਿਲਿ ਮਾਰੇ ਪੰਚ ਸੂਰਬੀਰ
ਐਸੋ ਕਉਨੁ ਬਲੀ ਰੇ ॥

جِنِ مِلِ مارے پنچ سوُربیر
ایَسو کنُ بلی رے ॥

ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ
ਸੋ ਪੂਰਾ ਇਹ ਕਲੀ ਰੇ ॥੧॥ ਰਹਾਉ ॥

جِنِ پنچ مارِ بِدارِ گُدارے
سو پوُرا اِہ کلی رے ॥1॥ رہاءُ ॥

ਵਡੀ ਕੋਮ ਵਸਿ ਭਾਗਹਿ ਨਾਹੀ
ਮੁਹਕਮ ਫਉਜ ਹਠਲੀ ਰੇ ॥

وڈی قوم وسِ بھاگہِ ناہی
مُحکم فئج ہٹھلی رے ॥

ਕਹੁ ਨਾਨਕ ਤਿਨਿ ਜਨਿ ਨਿਰਦਲਿਆ
ਸਾਧਸੰਗਤਿ ਕੈ ਝਲੀ ਰੇ ॥੨॥੩॥੧੩੨॥

کہُ نانک تِنِ جنِ نِردلیا
سادھسنگتِ کے جھلی رے ॥2॥3॥ 132 ॥

ਆਸਾ ਮਹਲਾ ੫ ॥

آسا محلا 5 ॥

ਨੀਕੀ ਜੀਅ ਕੀ ਹਰਿ ਕਥਾ ਊਤਮ
ਆਨ ਸਗਲ ਰਸ ਫੀਕੀ ਰੇ ॥੧॥ ਰਹਾਉ ॥

نِیکی جیء کی ہرِ کتھا اوُتم
آن سگل رس پھیِکی رے ॥1॥ رہاءُ ॥

ਬਹੁ ਗੁਨਿ ਧੁਨਿ ਮੁਨਿ ਜਨ ਖਟੁ ਬੇਤੇ
ਅਵਰੁ ਨ ਕਿਛੁ ਲਾਈਕੀ ਰੇ ॥੧॥

بہُ گُنِ دھُنِ مُنِ جن کھٹُ بیتے
اورُ ن کِچھُ لائیکی رے ॥1॥

ਬਿਖਾਰੀ ਨਿਰਾਰੀ ਅਪਾਰੀ ਸਹਜਾਰੀ
ਸਾਧਸੰਗਿ ਨਾਨਕ ਪੀਕੀ ਰੇ ॥੨॥੪॥੧੩੩॥

بِکھاری نِراری اپاری سہجاری
سادھسنگِ نانک پیِکی رے ॥2॥4॥ 133 ॥

ਆਸਾ ਮਹਲਾ ੫ ॥

آسا محلا 5 ॥

ਹਮਾਰੀ ਪਿਆਰੀ ਅੰਮ੍ਰਿਤ ਧਾਰੀ
ਗੁਰਿ ਨਿਮਖ ਨ ਮਨ ਤੇ ਟਾਰੀ ਰੇ ॥੧॥ ਰਹਾਉ ॥

ہماری پیِاری انّمرِت دھاری
گُرِ نِمکھ ن من تے ٹاری رے ॥1॥ رہاءُ ॥

ਦਰਸਨ ਪਰਸਨ ਸਰਸਨ ਹਰਸਨ

درسن پرسن سرسن ہرسن

ਰੰਗਿ ਰੰਗੀ ਕਰਤਾਰੀ ਰੇ ॥੧॥

رنگِ رنگی کرتاری رے ॥1॥

ਖਿਨੁ ਰਮ ਗੁਰ ਗਮ ਹਰਿ ਦਮ ਨਹ ਜਮ
ਹਰਿ ਕੰਠਿ ਨਾਨਕ ਉਰਿ ਹਾਰੀ ਰੇ ॥੨॥੫॥੧੩੪॥

کھِنُ رم گُر گم ہرِ دم نہ جم
ہرِ کنٹھِ نانک اُرِ ہاری رے ॥2॥5॥ 134 ॥

ਆਸਾ ਮਹਲਾ ੫ ॥

آسا محلا 5 ॥

ਨੀਕੀ ਸਾਧ ਸੰਗਾਨੀ ॥ ਰਹਾਉ ॥

نِیکی سادھ سنگانی ॥ رہاءُ ॥

ਪਹਰ ਮੂਰਤ ਪਲ ਗਾਵਤ ਗਾਵਤ
ਗੋਵਿੰਦ ਗੋਵਿੰਦ ਵਖਾਨੀ ॥੧॥

پہر مؤرت پل گاوت گاوت
گووِنّد گووِنّد وکھانی ॥1॥

ਚਾਲਤ ਬੈਸਤ ਸੋਵਤ ਹਰਿ ਜਸੁ
ਮਨਿ ਤਨਿ ਚਰਨ ਖਟਾਨੀ ॥੨॥

چالت بیَست سووت ہرِ جسُ
منِ تنِ چرن کھٹانی ॥2॥

ਹਉ ਹਉਰੋ ਤੂ ਠਾਕੁਰੁ ਗਉਰੋ
ਨਾਨਕ ਸਰਨਿ ਪਛਾਨੀ ॥੩॥੬॥੧੩੫॥

ہنءُ ہئرُو توُ ٹھاکُرُ گئرُو
نانک سرنِ پچھانی ॥3॥6॥ 135 ॥

ਰਾਗੁ ਆਸਾ ਮਹਲਾ ੫ ਘਰੁ ੧੨

راگُ آسا محلا 5 گھرُ 12

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਤਿਆਗਿ ਸਗਲ ਸਿਆਨਪਾ
ਭਜੁ ਪਾਰਬ੍ਰਹਮ ਨਿਰੰਕਾਰੁ ॥

تِیاگِ سگل سِیانپا
بھجُ پاربرہم نِرنکارُ ॥

ਏਕ ਸਾਚੇ ਨਾਮ ਬਾਝਹੁ
ਸਗਲ ਦੀਸੈ ਛਾਰੁ ॥੧॥

ایک ساچے نام باجھہُ
سگل دیسے چھارُ ॥1॥

ਸੋ ਪ੍ਰਭੁ ਜਾਣੀਐ ਸਦ ਸੰਗਿ ॥

سو پربھُ جانیئے سد سنگِ ॥

ਗੁਰ ਪ੍ਰਸਾਦੀ ਬੂਝੀਐ
ਏਕ ਹਰਿ ਕੈ ਰੰਗਿ ॥੧॥ ਰਹਾਉ ॥

گُر پرسادی بوُجھیے
ایک ہرِ کے رنگِ ॥1॥ رہاءُ ॥

ਸਰਣਿ ਸਮਰਥ ਏਕ ਕੇਰੀ
ਦੂਜਾ ਨਾਹੀ ਠਾਉ ॥

سرنِ سمرتھ ایک کیری
دوُجا ناہی ٹھاءُ ॥

ਮਹਾ ਭਉਜਲੁ ਲੰਘੀਐ
ਸਦਾ ਹਰਿ ਗੁਣ ਗਾਉ ॥੨॥

مہا بھجُل لنگھیے
سدا ہرِ گُن گاءُ ॥2॥

ਜਨਮ ਮਰਣੁ ਨਿਵਾਰੀਐ

جنم مرنُ نِوارِیے

ਦੁਖੁ ਨ ਜਮ ਪੁਰਿ ਹੋਇ ॥

دُکھُ ن جم پُرِ ہوءِ ॥

ਨਾਮੁ ਨਿਧਾਨੁ ਸੋਈ ਪਾਏ
ਕ੍ਰਿਪਾ ਕਰੇ ਪ੍ਰਭੁ ਸੋਇ ॥੩॥

نامُ نِدھانُ سوئی پائے
کرِپا کرے پربھُ سوءِ ॥3॥

ਏਕ ਟੇਕ ਅਧਾਰੁ ਏਕੋ
ਏਕ ਕਾ ਮਨਿ ਜੋਰੁ ॥

ایک ٹیک ادھارُ ایکو
ایک کا منِ زورُ ॥

ਨਾਨਕ ਜਪੀਐ ਮਿਲਿ ਸਾਧਸੰਗਤਿ
ਹਰਿ ਬਿਨੁ ਅਵਰੁ ਨ ਹੋਰੁ ॥੪॥੧॥੧੩੬॥

نانک جپیئے مِلِ سادھسنگتِ
ہرِ بِنُ اورُ ن ہورُ ॥4॥1॥ 136 ॥

ਆਸਾ ਮਹਲਾ ੫ ॥

آسا محلا 5 ॥

ਜੀਉ ਮਨੁ ਤਨੁ ਪ੍ਰਾਨ ਪ੍ਰਭ ਕੇ
ਦੀਏ ਸਭਿ ਰਸ ਭੋਗ ॥

جیءُ منُ تنُ پران پربھ کے
دیئے سبھِ رس بھوگ ॥

ਦੀਨ ਬੰਧਪ ਜੀਅ ਦਾਤਾ
ਸਰਣਿ ਰਾਖਣੂ ਜੋਗੁ ॥੧॥

دِین بندھپ جیء داتا
سرنِ راکھنُ جوگُ ॥1॥

ਮੇਰੇ ਮਨ ਧਿਆਇ ਹਰਿ ਹਰਿ ਨਾਉ ॥

میرے من دھیاءِ ہرِ ہرِ ناءُ ॥

ਹਲਤਿ ਪਲਤਿ ਸਹਾਇ ਸੰਗੇ
ਏਕ ਸਿਉ ਲਿਵ ਲਾਉ ॥੧॥ ਰਹਾਉ ॥

ہلتِ پلتِ سہاءِ سنگے
ایک سِءُ لِو لاءُ ॥1॥ رہاءُ ॥

ਬੇਦ ਸਾਸਤ੍ਰ ਜਨ ਧਿਆਵਹਿ
ਤਰਣ ਕਉ ਸੰਸਾਰੁ ॥

بید ساستّر جن دھیاوہِ
ترنُ کءُ سنّسارُ ॥

ਕਰਮ ਧਰਮ ਅਨੇਕ ਕਿਰਿਆ
ਸਭ ਊਪਰਿ ਨਾਮੁ ਅਚਾਰੁ ॥੨॥

کرم دھرم انیک کِریا
سبھ اوُپرِ نامُ اچارُ ॥2॥

ਕਾਮੁ ਕ੍ਰੋਧੁ ਅਹੰਕਾਰੁ ਬਿਨਸੈ
ਮਿਲੈ ਸਤਿਗੁਰ ਦੇਵ ॥

کامُ کرودھُ اہنکارُ بِنسے
مِلے ستِگُر دیو ॥

ਨਾਮੁ ਦ੍ਰਿੜੁ ਕਰਿ ਭਗਤਿ ਹਰਿ ਕੀ
ਭਲੀ ਪ੍ਰਭ ਕੀ ਸੇਵ ॥੩॥

نامُ دڑِڑُ کرِ بھگتِ ہرِ کی
بھلی پربھ کی سیو ॥3॥

ਚਰਣ ਸਰਣ ਦਇਆਲ ਤੇਰੀ
ਤੂੰ ਨਿਮਾਣੇ ਮਾਣੁ ॥

چرنُ سرنُ دئیال تیری
توُنَ نِمانے مانُ ॥

ਜੀਅ ਪ੍ਰਾਣ ਅਧਾਰੁ ਤੇਰਾ
ਨਾਨਕ ਕਾ ਪ੍ਰਭੁ ਤਾਣੁ ॥੪॥੨॥੧੩੭॥

جیء پّراںٔ ادھارُ تیرا
نانک کا پّربھُ تانُ ॥4॥2॥ 137 ॥

ਆਸਾ ਮਹਲਾ ੫ ॥

آسا محلا 5 ॥

ਡੋਲਿ ਡੋਲਿ ਮਹਾ ਦੁਖੁ ਪਾਇਆ
ਬਿਨਾ ਸਾਧੂ ਸੰਗ ॥

ڈولِ ڈولِ مہا دُکھُ پائیا
بِنا سادھوُ سنگ ॥

ਖਾਟਿ ਲਾਭੁ ਗੋਬਿੰਦ ਹਰਿ ਰਸੁ
ਪਾਰਬ੍ਰਹਮ ਇਕ ਰੰਗ ॥੧॥

کھاٹِ لابھُ گوبِنّد ہرِ رسُ
پاربّرہم اِک رنگ ॥1॥

ਹਰਿ ਕੋ ਨਾਮੁ ਜਪੀਐ ਨੀਤਿ ॥

ہرِ کو نامُ جپیئے نِیتِ ॥

ਸਾਸਿ ਸਾਸਿ ਧਿਆਇ ਸੋ ਪ੍ਰਭੁ
ਤਿਆਗਿ ਅਵਰ ਪਰੀਤਿ ॥੧॥ ਰਹਾਉ ॥

ساسِ ساسِ دھِیاءِ سو پّربھُ
تِیاگِ اور پریتِ ॥1॥ رہاءُ ॥

ਕਰਣ ਕਾਰਣ ਸਮਰਥ ਸੋ ਪ੍ਰਭੁ
ਜੀਅ ਦਾਤਾ ਆਪਿ ॥

کرنںٔ کارنںٔ سمرتھ سو پّربھُ
جیء داتا آپِ ॥

ਤਿਆਗਿ ਸਗਲ ਸਿਆਣਪਾ
ਆਠ ਪਹਰ ਪ੍ਰਭੁ ਜਾਪਿ ॥੨॥

تِیاگِ سگل سِیاٹپا
آٹھ پہر پّربھُ جاپِ ॥2॥

ਮੀਤੁ ਸਖਾ ਸਹਾਇ ਸੰਗੀ
ਊਚ ਅਗਮ ਅਪਾਰੁ ॥

میِتُ سکھا سہاءِ سنگی
اوُچ اگم اپارُ ॥

ਚਰਣ ਕਮਲ ਬਸਾਇ ਹਿਰਦੈ
ਜੀਅ ਕੋ ਆਧਾਰੁ ॥੩॥

چرنںٔ کمل بساءِ ہِردے
جیء کو آدھارُ ॥3॥

ਕਰਿ ਕਿਰਪਾ ਪ੍ਰਭ ਪਾਰਬ੍ਰਹਮ
ਗੁਣ ਤੇਰਾ ਜਸੁ ਗਾਉ ॥

کرِ کِرپا پّربھ پاربّرہم
گُنںٔ تیرا جسُ گاءُ ॥

ਸਰਬ ਸੂਖ ਵਡੀ ਵਡਿਆਈ
ਜਪਿ ਜੀਵੈ ਨਾਨਕੁ ਨਾਉ ॥੪॥੩॥੧੩੮॥

سرب سوُکھ وڈی وڈِیائی
جپِ جیِوے نانکُ ناءُ ॥4॥3॥ 138 ॥

ਆਸਾ ਮਹਲਾ ੫ ॥

آسا محلا 5 ॥

ਉਦਮੁ ਕਰਉ ਕਰਾਵਹੁ ਠਾਕੁਰ
ਪੇਖਤ ਸਾਧੂ ਸੰਗਿ ॥

اُدمُ کرءُ کراوہُ ٹھاکُر
پیکھت سادھوُ سنگِ ॥

ਹਰਿ ਹਰਿ ਨਾਮੁ ਚਰਾਵਹੁ ਰੰਗਨਿ
ਆਪੇ ਹੀ ਪ੍ਰਭ ਰੰਗਿ ॥੧॥

ہرِ ہرِ نامُ چراوہُ رنگنِ
آپے ہی پربھ رنگِ ॥1॥

ਮਨ ਮਹਿ ਰਾਮ ਨਾਮਾ ਜਾਪਿ ॥

من مہِ رام نامَا جاپِ ॥

ਕਰਿ ਕਿਰਪਾ ਵਸਹੁ ਮੇਰੈ ਹਿਰਦੈ
ਹੋਇ ਸਹਾਈ ਆਪਿ ॥੧॥ ਰਹਾਉ ॥

کرِ کرپا وسہُ میرے ہِردے
ہوءِ سہائی آپِ ॥1॥ رہاءُ ॥

ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ
ਪ੍ਰਭੁ ਪੇਖਨ ਕਾ ਚਾਉ ॥

سُنِ سُنِ نامُ تُمارا پریتم
پربھُ پیکھن کا چاءُ ॥

ਦਇਆ ਕਰਹੁ ਕਿਰਮ ਅਪੁਨੇ ਕਉ
ਇਹੈ ਮਨੋਰਥੁ ਸੁਆਉ ॥੨॥

دئیا کرہُ کِرم اپُنے کءُ
اِہے منورتھُ سُیاءُ ॥2॥

ਤਨੁ ਧਨੁ ਤੇਰਾ ਤੂੰ ਪ੍ਰਭੁ ਮੇਰਾ
ਹਮਰੈ ਵਸਿ ਕਿਛੁ ਨਾਹਿ ॥

تنُ دھنُ تیرا توُنَ پربھُ میرا
ہمرے وسِ کِچھُ ناہِ ॥

ਜਿਉ ਜਿਉ ਰਾਖਹਿ ਤਿਉ ਤਿਉ ਰਹਣਾ
ਤੇਰਾ ਦੀਆ ਖਾਹਿ ॥੩॥

جِءُ جِءُ راکھِ تِءُ تِءُ رہنّا
تیرا دیِیا کھاہِ ॥3॥

ਜਨਮ ਜਨਮ ਕੇ ਕਿਲਵਿਖ ਕਾਟੈ
ਮਜਨੁ ਹਰਿ ਜਨ ਧੂਰਿ ॥

جنم جنم کے کِلوِکھ کاٹے
مجنُ ہرِ جن دھوُرِ ॥

ਭਾਇ ਭਗਤਿ ਭਰਮ ਭਉ ਨਾਸੈ
ਹਰਿ ਨਾਨਕ ਸਦਾ ਹਜੂਰਿ ॥੪॥੪॥੧੩੯॥

بھاءِ بھگتِ بھرم بھءُ ناسے
ہرِ نانک سدا حضوُرِ ॥4॥4॥ 139 ॥

ਆਸਾ ਮਹਲਾ ੫ ॥

آسا محلا 5 ॥

ਅਗਮ ਅਗੋਚਰੁ ਦਰਸੁ ਤੇਰਾ
ਸੋ ਪਾਏ ਜਿਸੁ ਮਸਤਕਿ ਭਾਗੁ ॥

اگم اگوچرُ درسُ تیرا
سو پائے جِسُ مستکِ بھاگُ ॥

ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ
ਸਤਿਗੁਰਿ ਬਖਸਿਆ ਹਰਿ ਨਾਮੁ ॥੧॥

آپِ کرِپالِ کرِپا پربھِ دھاری
ستِگُرِ بخشِیا ہرِ نامُ ॥1॥

ਕਲਿਜੁਗੁ ਉਧਾਰਿਆ ਗੁਰਦੇਵ ॥

کلِجُگُ اُدھارِیا گُردیو ॥

ਮਲ ਮੂਤ ਮੂੜ ਜਿ ਮੁਘਦ ਹੋਤੇ
ਸਭਿ ਲਗੇ ਤੇਰੀ ਸੇਵ ॥੧॥ ਰਹਾਉ ॥

مل موُت موُڑ جِ مُگھد ہوتے
سبھِ لگے تیری سیو ॥1॥ رہاءُ ॥

ਤੂ ਆਪਿ ਕਰਤਾ ਸਭ ਸ੍ਰਿਸਟਿ ਧਰਤਾ
ਸਭ ਮਹਿ ਰਹਿਆ ਸਮਾਇ ॥

تُو آپِ کرتا سبھ سرِسٹِ دھرتا
سبھ مہِ رہِیا سماءِ ॥

ਧਰਮ ਰਾਜਾ ਬਿਸਮਾਦੁ ਹੋਆ
ਸਭ ਪਈ ਪੈਰੀ ਆਇ ॥੨॥

دھرم راجا بِسماد ہویا
سبھ پئی پیری آءِ ॥2॥

ਸਤਜੁਗੁ ਤ੍ਰੇਤਾ ਦੁਆਪਰੁ ਭਣੀਐ
ਕਲਿਜੁਗੁ ਊਤਮੋ ਜੁਗਾ ਮਾਹਿ ॥

ستجُگ ترّیتا دُیاپر بھنّیئے
کلِجُگ اوُتمو جُگا ماہِ ॥

ਅਹਿ ਕਰੁ ਕਰੇ ਸੁ ਅਹਿ ਕਰੁ ਪਾਏ
ਕੋਈ ਨ ਪਕੜੀਐ ਕਿਸੈ ਥਾਇ ॥੩॥

اہِ کرُ کرے سُ اہِ کرُ پائے
کوئی ن پکڑیئے کِسے تھاءِ ॥3॥

ਹਰਿ ਜੀਉ ਸੋਈ ਕਰਹਿ ਜਿ ਭਗਤ ਤੇਰੇ ਜਾਚਹਿ
ਏਹੁ ਤੇਰਾ ਬਿਰਦੁ ॥

ہرِ جیِءُ سوئی کرہِ جِ بھگت تیرے جاچہِ
ایہُ تیرا بِردُ ॥

ਕਰ ਜੋੜਿ ਨਾਨਕ ਦਾਨੁ ਮਾਗੈ
ਅਪਣਿਆ ਸੰਤਾ ਦੇਹਿ ਹਰਿ ਦਰਸੁ ॥੪॥੫॥੧੪੦॥

کر جوڑِ نانک دانُ ماگے
اپنّیا سنّتا دیہِ ہرِ درسُ ॥4॥5॥ 140 ॥

ਰਾਗੁ ਆਸਾ ਮਹਲਾ ੫ ਘਰੁ ੧੩

راگُ آسا محلا 5 گھرُ 13

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸਤਿਗੁਰ ਬਚਨ ਤੁਮ੍ਾਰੇ ॥

ستِگُر بچن تُمہّارے ॥

ਨਿਰਗੁਣ ਨਿਸਤਾਰੇ ॥੧॥ ਰਹਾਉ ॥

نِرگُن نِستارے ॥1॥ رہاءُ ॥

ਮਹਾ ਬਿਖਾਦੀ ਦੁਸਟ ਅਪਵਾਦੀ
ਤੇ ਪੁਨੀਤ ਸੰਗਾਰੇ ॥੧॥

مہا بِکھادی دُسٹ اپوادی
تے پُنیت سنگارے ॥1॥

ਜਨਮ ਭਵੰਤੇ ਨਰਕਿ ਪੜੰਤੇ
ਤਿਨ੍ ਕੇ ਕੁਲ ਉਧਾਰੇ ॥੨॥

جنم بھونّتے نرکِ پڑنّتے
تِنہ کے کُل اُدھارے ॥2॥

ਕੋਇ ਨ ਜਾਨੈ ਕੋਇ ਨ ਮਾਨੈ
ਸੇ ਪਰਗਟੁ ਹਰਿ ਦੁਆਰੇ ॥੩॥

کوءِ ن جانے کوءِ ن مانے
سے پرگٹُ ہرِ دُیارے ॥3॥

ਕਵਨ ਉਪਮਾ ਦੇਉ ਕਵਨ ਵਡਾਈ
ਨਾਨਕ ਖਿਨੁ ਖਿਨੁ ਵਾਰੇ ॥੪॥੧॥੧੪੧॥

کون اُپما دیءُ کون وڈائی
نانک کھِنُ کھِنُ وارے ॥4॥1॥ 141 ॥

ਆਸਾ ਮਹਲਾ ੫ ॥

آسا محلا 5 ॥

ਬਾਵਰ ਸੋਇ ਰਹੇ ॥੧॥ ਰਹਾਉ ॥

باور سوءِ رہے ॥1॥ رہاءُ ॥

ਮੋਹ ਕੁਟੰਬ ਬਿਖੈ ਰਸ ਮਾਤੇ
ਮਿਥਿਆ ਗਹਨ ਗਹੇ ॥੧॥

موہ کُٹنّب بِکھےَ رس ماتے
مِتھیا گہن گہے ॥1॥

ਮਿਥਨ ਮਨੋਰਥ ਸੁਪਨ ਆਨੰਦ ਉਲਾਸ
ਮਨਿ ਮੁਖਿ ਸਤਿ ਕਹੇ ॥੨॥

مِتھن منورتھ سُپن آنند اُلاس
منِ مُکھِ ستِ کہے ॥2॥

ਅੰਮ੍ਰਿਤੁ ਨਾਮੁ ਪਦਾਰਥੁ ਸੰਗੇ
ਤਿਲੁ ਮਰਮੁ ਨ ਲਹੇ ॥੩॥

انّمرِتُ نامُ پدارتھُ سنگے
تِلُ مرمُ ن لہے ॥3॥

ਕਰਿ ਕਿਰਪਾ ਰਾਖੇ ਸਤਸੰਗੇ
ਨਾਨਕ ਸਰਣਿ ਆਹੇ ॥੪॥੨॥੧੪੨॥

کرِ کِرپا راکھے ستسنگے
نانک سرنِ آہے ॥4॥2॥ 142 ॥

ਆਸਾ ਮਹਲਾ ੫ ਤਿਪਦੇ ॥

آسا محلا 5 تِپدے ॥

ਓਹਾ ਪ੍ਰੇਮ ਪਿਰੀ ॥੧॥ ਰਹਾਉ ॥

اوہا پّریم پِری ॥1॥ رہاءُ ॥

ਕਨਿਕ ਮਾਣਿਕ ਗਜ ਮੋਤੀਅਨ ਲਾਲਨ
ਨਹ ਨਾਹ ਨਹੀ ॥੧॥

کنِک مانِک گج موتیئن لالن
نہ ناہ نہی ॥1॥

ਰਾਜ ਨ ਭਾਗ ਨ
ਹੁਕਮ ਨ ਸਾਦ ਨ ॥

راج ن بھاگ ن
حُکم ن ساد ن ॥

ਕਿਛੁ ਕਿਛੁ ਨ ਚਾਹੀ ॥੨॥

کِچھُ کِچھُ ن چاہی ॥2॥

ਚਰਨਨ ਸਰਨਨ ਸੰਤਨ ਬੰਦਨ ॥

چرنن سرنن سنّتن بنّدن ॥

ਸੁਖੋ ਸੁਖੁ ਪਾਹੀ ॥

سُکھو سُکھُ پاہی ॥

ਨਾਨਕ ਤਪਤਿ ਹਰੀ ॥

نانک تپتِ ہری ॥

ਮਿਲੇ ਪ੍ਰੇਮ ਪਿਰੀ ॥੩॥੩॥੧੪੩॥

مِلے پّریم پِری ॥3॥3॥ 143 ॥

ਆਸਾ ਮਹਲਾ ੫ ॥

آسا محلا 5 ॥

ਗੁਰਹਿ ਦਿਖਾਇਓ ਲੋਇਨਾ ॥੧॥ ਰਹਾਉ ॥

گُرہِ دِکھائیئو لوئِنا ॥1॥ رہاءُ ॥

ਈਤਹਿ ਊਤਹਿ ਘਟਿ ਘਟਿ ਘਟਿ ਘਟਿ
ਤੂੰਹੀ ਤੂੰਹੀ ਮੋਹਿਨਾ ॥੧॥

ایتہِ اوُتہِ گھٹِ گھٹِ گھٹِ گھٹِ
توُنّہی توُنّہی موہِنا ॥1॥

ਕਾਰਨ ਕਰਨਾ ਧਾਰਨ ਧਰਨਾ
ਏਕੈ ਏਕੈ ਸੋਹਿਨਾ ॥੨॥

کارن کرنا دھارن دھرنا
ایکے ایکے سوہِنا ॥2॥

ਸੰਤਨ ਪਰਸਨ ਬਲਿਹਾਰੀ ਦਰਸਨ
ਨਾਨਕ ਸੁਖਿ ਸੁਖਿ ਸੋਇਨਾ ॥੩॥੪॥੧੪੪॥

سنّتن پرسن بلِہاری درسن
نانک سُکھِ سُکھِ سوئِنا ॥3॥4॥ 144 ॥

ਆਸਾ ਮਹਲਾ ੫ ॥

آسا محلا 5 ॥

ਹਰਿ ਹਰਿ ਨਾਮੁ ਅਮੋਲਾ ॥

ہرِ ہرِ نامُ امولا ॥

ਓਹੁ ਸਹਜਿ ਸੁਹੇਲਾ ॥੧॥ ਰਹਾਉ ॥

اوہُ سہجِ سُہیلا ॥1॥ رہاءُ ॥

ਸੰਗਿ ਸਹਾਈ ਛੋਡਿ ਨ ਜਾਈ
ਓਹੁ ਅਗਹ ਅਤੋਲਾ ॥੧॥

سنگِ سہائی چھوڈِ ن جائی
اوہُ اگہ اتولا ॥1॥

ਪ੍ਰੀਤਮੁ ਭਾਈ ਬਾਪੁ ਮੋਰੋ ਮਾਈ
ਭਗਤਨ ਕਾ ਓਲ੍ਹਾ ॥੨॥

پرِیتمُ بھائی باپُ مورو مائی
بھگتن کا اولّہا ॥2॥

ਅਲਖੁ ਲਖਾਇਆ ਗੁਰ ਤੇ ਪਾਇਆ
ਨਾਨਕ ਇਹੁ ਹਰਿ ਕਾ ਚੋਲ੍ਹਾ ॥੩॥੫॥੧੪੫॥

الکھُ لکھائیا گُر تے پائیا
نانک اِہُ ہرِ کا چولّہا ॥3॥5॥ 145 ॥

ਆਸਾ ਮਹਲਾ ੫ ॥

آسا محلا 5 ॥

ਅਪੁਨੀ ਭਗਤਿ ਨਿਬਾਹਿ ॥

اپُنی بھگتِ نِباہِ ॥

ਠਾਕੁਰ ਆਇਓ ਆਹਿ ॥੧॥ ਰਹਾਉ ॥

ٹھاکُر آئیو آہِ ॥1॥ رہاءُ ॥

ਨਾਮੁ ਪਦਾਰਥੁ ਹੋਇ ਸਕਾਰਥੁ
ਹਿਰਦੈ ਚਰਨ ਬਸਾਹਿ ॥੧॥

نامُ پدارتھُ ہوءِ سکارتھُ
ہِردے چرن بساہِ ॥1॥

ਏਹ ਮੁਕਤਾ ਏਹ ਜੁਗਤਾ
ਰਾਖਹੁ ਸੰਤ ਸੰਗਾਹਿ ॥੨॥

ایہ مُکتا ایہ جُگتا
راکھہُ سنّت سنگاہِ ॥2॥

ਨਾਮੁ ਧਿਆਵਉ ਸਹਜਿ ਸਮਾਵਉ
ਨਾਨਕ ਹਰਿ ਗੁਨ ਗਾਹਿ ॥੩॥੬॥੧੪੬॥

نامُ دھیاوءُ سہجِ سماوءُ
نانک ہرِ گُن گاہِ ॥3॥6॥ 146 ॥

ਆਸਾ ਮਹਲਾ ੫ ॥

آسا محلا 5 ॥

ਠਾਕੁਰ ਚਰਣ ਸੁਹਾਵੇ ॥

ٹھاکُر چرنؔ سُہاوے ॥

ਹਰਿ ਸੰਤਨ ਪਾਵੇ ॥੧॥ ਰਹਾਉ ॥

ہرِ سنّتن پاوے ॥1॥ رہاءُ ॥

ਆਪੁ ਗਵਾਇਆ ਸੇਵ ਕਮਾਇਆ
ਗੁਨ ਰਸਿ ਰਸਿ ਗਾਵੇ ॥੧॥

آپُ گوائِیا سیو کمائِیا
گُن رسِ رسِ گاوے ॥1॥

ਏਕਹਿ ਆਸਾ ਦਰਸ ਪਿਆਸਾ
ਆਨ ਨ ਭਾਵੇ ॥੨॥

ایکہِ آسا درس پِیاسا
آن ن بھاوے ॥2॥

ਦਇਆ ਤੁਹਾਰੀ ਕਿਆ ਜੰਤ ਵਿਚਾਰੀ
ਨਾਨਕ ਬਲਿ ਬਲਿ ਜਾਵੇ ॥੩॥੭॥੧੪੭॥

دئِیا تُہاری کِیا جنّت وِچاری
نانک بلِ بلِ جاوے ॥3॥7॥ 147 ॥

ਆਸਾ ਮਹਲਾ ੫ ॥

آسا محلا 5 ॥

ਏਕੁ ਸਿਮਰਿ ਮਨ ਮਾਹੀ ॥੧॥ ਰਹਾਉ ॥

ایکُ سِمرِ من ماہی ॥1॥ رہاءُ ॥

ਨਾਮੁ ਧਿਆਵਹੁ ਰਿਦੈ ਬਸਾਵਹੁ
ਤਿਸੁ ਬਿਨੁ ਕੋ ਨਾਹੀ ॥੧॥

نامُ دھِیاوہُ رِدے بساوہُ
تِس بِنُ کو ناہی ॥1॥

ਪ੍ਰਭ ਸਰਨੀ ਆਈਐ ਸਰਬ ਫਲ ਪਾਈਐ
ਸਗਲੇ ਦੁਖ ਜਾਹੀ ॥੨॥

پربھ سرنی آئیئے سرب پھل پائیئے
سگلے دُکھ جاہی ॥2॥

ਜੀਅਨ ਕੋ ਦਾਤਾ ਪੁਰਖੁ ਬਿਧਾਤਾ
ਨਾਨਕ ਘਟਿ ਘਟਿ ਆਹੀ ॥੩॥੮॥੧੪੮॥

جیئن کو داتا پُرکھُ بِدھاتا
نانک گھٹِ گھٹِ آہی ॥3॥8॥ 148 ॥

ਆਸਾ ਮਹਲਾ ੫ ॥

آسا محلا 5 ॥

ਹਰਿ ਬਿਸਰਤ ਸੋ ਮੂਆ ॥੧॥ ਰਹਾਉ ॥

ہرِ بِسرت سو موُیا ॥1॥ رہاءُ ॥

ਨਾਮੁ ਧਿਆਵੈ ਸਰਬ ਫਲ ਪਾਵੈ
ਸੋ ਜਨੁ ਸੁਖੀਆ ਹੂਆ ॥੧॥

نامُ دھِیاوے سرب پھل پاوے
سو جنُ سُکھِیا ہوُیا ॥1॥

ਰਾਜੁ ਕਹਾਵੈ ਹਉ ਕਰਮ ਕਮਾਵੈ
ਬਾਧਿਓ ਨਲਿਨੀ ਭ੍ਰਮਿ ਸੂਆ ॥੨॥

راجُ کہاوے ہءُ کرم کماوے
بادھِئو نلِنی بھرّمِ سوُیا ॥2॥

ਕਹੁ ਨਾਨਕ ਜਿਸੁ ਸਤਿਗੁਰੁ ਭੇਟਿਆ
ਸੋ ਜਨੁ ਨਿਹਚਲੁ ਥੀਆ ॥੩॥੯॥੧੪੯॥

کہُ نانک جِسُ ستِگُرُ بھیٹِیا
سو جنُ نِہچلُ تھِیا ॥3॥9॥ 149 ॥

ਆਸਾ ਮਹਲਾ ੫ ਘਰੁ ੧੪

آسا محلا 5 گھرُ 14

ੴ ਸਤਿਗੁਰ ਪ੍ਰਸਾਦਿ ॥	۞ ستِگُر پرسادِ ॥
ਓਹੁ ਨੇਹੁ ਨਵੇਲਾ ॥	اوہُ نیہُ نویلا ॥
ਅਪੁਨੇ ਪ੍ਰੀਤਮ ਸਿਉ ਲਾਗਿ ਰਹੈ ॥੧॥ ਰਹਾਉ ॥	اپُنے پریتم سِ ءُ لاگِ رہے ॥1॥ رہاءُ ॥
ਜੋ ਪ੍ਰਭ ਭਾਵੈ ਜਨਮਿ ਨ ਆਵੈ ॥	جو پربھ بھاوے جنمِ ن آوے ॥
ਹਰਿ ਪ੍ਰੇਮ ਭਗਤਿ ਹਰਿ ਪ੍ਰੀਤਿ ਰਚੈ ॥੧॥	ہرِ پریم بھگتِ ہرِ پریتِ رچے ॥1॥
ਪ੍ਰਭ ਸੰਗਿ ਮਿਲੀਜੈ ਇਹੁ ਮਨੁ ਦੀਜੈ ॥	پربھ سنگِ ملیجے اِہُ منُ دیجے ॥
ਨਾਨਕ ਨਾਮੁ ਮਿਲੈ ਅਪਨੀ ਦਇਆ ਕਰਹੁ ॥੨॥੧॥੧੫੦॥	نانک نامُ ملے اپنی دئیا کرہُ ॥2॥1॥ 150 ॥
ਆਸਾ ਮਹਲਾ ੫ ॥	آسا محلا 5 ॥
ਮਿਲੁ ਰਾਮ ਪਿਆਰੇ ਤੁਮ ਬਿਨੁ ਧੀਰਜੁ ਕੋ ਨ ਕਰੈ ॥੧॥ ਰਹਾਉ ॥	مِلُ رام پیارے تُم بِنُ دھیرجُ کو ن کرے ॥1॥ رہاءُ ॥
ਸਿੰਮ੍ਰਿਤਿ ਸਾਸਤ੍ਰ ਬਹੁ ਕਰਮ ਕਮਾਏ ਪ੍ਰਭ ਤੁਮਰੇ ਦਰਸ ਬਿਨੁ ਸੁਖੁ ਨਾਹੀ ॥੧॥	سِمرِتِ ساستّر بہُ کرم کمائے پربھ تُمرے درس بِنُ سُکھُ ناہی ॥1॥
ਵਰਤ ਨੇਮ ਸੰਜਮ ਕਰਿ ਥਾਕੇ ਨਾਨਕ ਸਾਧ ਸਰਨਿ ਪ੍ਰਭ ਸੰਗਿ ਵਸੈ ॥੨॥੨॥੧੫੧॥	ورت نیم سنجم کرِ تھاکے نانک سادھ سرنِ پربھ سنگِ وسے ॥2॥2॥ 151 ॥
ਆਸਾ ਮਹਲਾ ੫ ਘਰੁ ੧੫ ਪੜਤਾਲ	آسا محلا 5 گھرُ 15 پڑتال
ੴ ਸਤਿਗੁਰ ਪ੍ਰਸਾਦਿ ॥	۞ ستِگُر پرسادِ ॥
ਬਿਕਾਰ ਮਾਇਆ ਮਾਦਿ ਸੋਇਓ ਸੂਝ ਬੂਝ ਨ ਆਵੈ ॥	بِکار مائیا مادِ سوئیو سوُجھ بوُجھ ن آوے ॥
ਪਕਰਿ ਕੇਸ ਜਮਿ ਉਠਾਰਿਓ ਤਦ ਹੀ ਘਰਿ ਜਾਵੈ ॥੧॥	پکرِ کیس جمِ اُٹھارِئو تد ہی گھرِ جاوے ॥1॥
ਲੋਭ ਬਿਖਿਆ ਬਿਖੈ ਲਾਗੇ ਹਿਰਿ ਵਿਤ ਚਿਤ ਦੁਖਾਹੀ ॥	لوبھ بِکھیا بِکھے لاگے ہرِ وِت چِت دُکھاہی ॥
ਖਿਨ ਭੰਗੁਨਾ ਕੈ ਮਾਨਿ ਮਾਤੇ ਅਸੁਰ ਜਾਣਹਿ ਨਾਹੀ ॥੧॥ ਰਹਾਉ ॥	کھِن بھنگُنا کے مانِ ماتے اسُر جانہِ ناہی ॥1॥ رہاءُ ॥

ਬੇਦ ਸਾਸਤ੍ਰ ਜਨ ਪੁਕਾਰਹਿ
ਸੁਨੈ ਨਾਹੀ ਡੋਰਾ ॥

بید ساستّر جن پُکارہِ
سُنے ناہی ڈورا ॥

ਨਿਪਟਿ ਬਾਜੀ ਹਾਰਿ ਮੂਕਾ
ਪਛੁਤਾਇਓ ਮਨਿ ਭੋਰਾ ॥੨॥

نِپٹِ بازی ہارِ مُوکا
پچھُتائیو منِ بھورا ॥2॥

ਡਾਨੁ ਸਗਲ ਗੈਰ ਵਜਹਿ ਭਰਿਆ
ਦੀਵਾਨ ਲੇਖੈ ਨ ਪਰਿਆ ॥

ڈانُ سگل غیَر وجہِ بھریا
دیِوان لیکھے َن پریا ॥

ਜੇਂਹ ਕਾਰਜਿ ਰਹੈ ਓਲ੍ਹਾ
ਸੋਇ ਕਾਮੁ ਨ ਕਰਿਆ ॥੩॥

جینہٗ کارجِ رہے اولّہا
سوءِ کامُ ن کریا ॥3॥

ਐਸੋ ਜਗੁ ਮੋਹਿ ਗੁਰਿ ਦਿਖਾਇਓ
ਤਉ ਏਕ ਕੀਰਤਿ ਗਾਇਆ ॥

ایَسو جگُ موہِ گُرِ دِکھائیو
تءُ ایک کیِرتِ گائیا ॥

ਮਾਨੁ ਤਾਨੁ ਤਜਿ ਸਿਆਨਪ
ਸਰਣਿ ਨਾਨਕੁ ਆਇਆ ॥੪॥੧॥੧੫੨॥

مانُ تانُ تجِ سِیانپ
سرنِ نانکُ آئیا ॥4॥1॥ 152 ॥

ਆਸਾ ਮਹਲਾ ੫ ॥

آسا محلا 5 ॥

ਬਾਪਾਰਿ ਗੋਵਿੰਦ ਨਾਏ ॥

باپارِ گووِنّد نائے ॥

ਸਾਧ ਸੰਤ ਮਨਾਏ ਪ੍ਰਿਅ ਪਾਏ ਗੁਨ ਗਾਏ
ਪੰਚ ਨਾਦ ਤੂਰ ਬਜਾਏ ॥੧॥ ਰਹਾਉ ॥

سادھ سنّت منائے پّرِء پائے گُن گائے
پنّچ ناد تُور بجائے ॥1॥ رہاءُ ॥

ਕਿਰਪਾ ਪਾਏ ਸਹਜਾਏ ਦਰਸਾਏ
ਅਬ ਰਾਤਿਆ ਗੋਵਿੰਦ ਸਿਉ ॥

کِرپا پائے سہجائے درسائے
اب راتِیا گووِنّد سِءُ ॥

ਸੰਤ ਸੇਵਿ ਪ੍ਰੀਤਿ ਨਾਥ
ਰੰਗੁ ਲਾਲਨ ਲਾਏ ॥੧॥

سنّت سیوِ پّریتِ ناتھ
رنگُ لالن لائے ॥1॥

ਗੁਰ ਗਿਆਨੁ ਮਨਿ ਦ੍ਰਿੜਾਏ ਰਹਸਾਏ ਨਹੀ ਆਏ
ਸਹਜਾਏ ਮਨਿ ਨਿਧਾਨੁ ਪਾਏ ॥

گُر گِیانُ منِ ڈّرِڑائے رہسائے نہی آئے
سہجائے منِ نِدھانُ پائے ॥

ਸਭ ਤਜੀ ਮਨੈ ਕੀ ਕਾਮ ਕਰਾ ॥

سبھ تجی منے کی کام کرا ॥

ਚਿਰੁ ਚਿਰੁ ਚਿਰੁ ਚਿਰੁ ਭਇਆ
ਮਨਿ ਬਹੁਤੁ ਪਿਆਸ ਲਾਗੀ ॥

چِرُ چِرُ چِرُ چِرُ بھئیا
منِ بہُتُ پِیاس لاگی ॥

ਹਰਿ ਦਰਸਨੋ ਦਿਖਾਵਹੁ
ਮੋਹਿ ਤੁਮ ਬਤਾਵਹੁ ॥

ہرِ درسنو دِکھاوہُ
موہِ تُم بتاوہُ ॥

ਨਾਨਕ ਦੀਨ ਸਰਣਿ ਆਏ ਗਲਿ ਲਾਏ ॥੨॥੨॥੧੫੩॥

نانک دِین سرنِؔ آئے گلِ لائے ॥2॥2॥ 153 ॥

ਆਸਾ ਮਹਲਾ ੫ ॥

آسا محلا 5 ॥

ਕੋਊ ਬਿਖਮ ਗਾਰ ਤੋਰੈ ॥

کوئُو بِکھم گار توریَ ॥

ਆਸ ਪਿਆਸ ਧੋਹ ਮੋਹ
ਭਰਮ ਹੀ ਤੇ ਹੋਰੈ ॥੧॥ ਰਹਾਉ ॥

آس پِیاس دھوہ موہ
بھرم ہی تے ہورے ॥1॥ رہاءُ ॥

ਕਾਮ ਕ੍ਰੋਧ ਲੋਭ ਮਾਨ
ਇਹ ਬਿਆਧਿ ਛੋਰੈ ॥੧॥

کام کرودھ لوبھ مان
اِہ بِیادھِ چھورے ॥1॥

ਸੰਤਸੰਗਿ ਨਾਮ ਰੰਗਿ
ਗੁਨ ਗੋਵਿੰਦ ਗਾਵਉ ॥

سنتسنگِ نام رنگِ
گُن گووِند گاوءُ ॥

ਅਨਦਿਨੋ ਪ੍ਰਭ ਧਿਆਵਉ ॥

اندِنو پربھ دھیاوءُ ॥

ਭ੍ਰਮ ਭੀਤਿ ਜੀਤਿ ਮਿਟਾਵਉ ॥

بھرم بھیتِ جیتِ مِٹاوءُ ॥

ਨਿਧਿ ਨਾਮੁ ਨਾਨਕ ਮੋਰੈ ॥੨॥੩॥੧੫੪॥

نِدھِ نامُ نانک مورے ॥2॥3॥ 154 ॥

ਆਸਾ ਮਹਲਾ ੫ ॥

آسا محلا 5 ॥

ਕਾਮੁ ਕ੍ਰੋਧੁ ਲੋਭੁ ਤਿਆਗੁ ॥

کامُ کرودھُ لوبھُ تِیاگُ ॥

ਮਨਿ ਸਿਮਰਿ ਗੋਬਿੰਦ ਨਾਮ ॥

مَنِ سِمرِ گوبِنَد نام ॥

ਹਰਿ ਭਜਨ ਸਫਲ ਕਾਮ ॥੧॥ ਰਹਾਉ ॥

ہرِ بھجن سپھل کام ॥1॥ رہاءُ ॥

ਤਜਿ ਮਾਨ ਮੋਹ ਵਿਕਾਰ ਮਿਥਿਆ
ਜਪਿ ਰਾਮ ਰਾਮ ਰਾਮ ॥

تجِ مان موہ وِکار مِتھیا
جپِ رام رام رام ॥

ਮਨ ਸੰਤਨਾ ਕੈ ਚਰਨਿ ਲਾਗੁ ॥੧॥

من سنتنا کے چرنِ لاگُ ॥1॥

ਪ੍ਰਭ ਗੋਪਾਲ ਦੀਨ ਦਇਆਲ ਪਤਿਤ ਪਾਵਨ ਪਾਰਬ੍ਰਹਮ
ਹਰਿ ਚਰਣ ਸਿਮਰਿ ਜਾਗੁ ॥

پربھ گوپال دِین دیَیال پتِت پاون پاربرہم
ہرِ چرنؔ سِمرِ جاگُ ॥

ਕਰਿ ਭਗਤਿ ਨਾਨਕ ਪੂਰਨ ਭਾਗੁ ॥੨॥੪॥੧੫੫॥

کرِ بھگتِ نانک پوُرن بھاگُ ॥2॥4॥ 155 ॥

ਆਸਾ ਮਹਲਾ ੫ ॥	آسا محلا 5 ॥
ਹਰਖ ਸੋਗ ਬੈਰਾਗ ਅਨੰਦੀ ਖੇਲੁ ਰੀ ਦਿਖਾਇਓ ॥੧॥ ਰਹਾਉ ॥	ہرکھ سوگ بیَراگ انندی کھیلُ ری دِکھائِیو ॥1॥ رہاءُ ॥
ਖਿਨਹੂੰ ਭੈ ਨਿਰਭੈ ਖਿਨਹੂੰ ਖਿਨਹੂੰ ਉਠਿ ਧਾਇਓ ॥	کھِنہوُنّ بھےَ نِربھےَ کھِنہوُنّ کھِنہوُنّ اُٹھِ دھائِیو ॥
ਖਿਨਹੂੰ ਰਸ ਭੋਗਨ ਖਿਨਹੂੰ ਖਿਨਹੂ ਤਜਿ ਜਾਇਓ ॥੧॥	کھِنہوُنّ رس بھوگن کھِنہوُنّ کھِنہوُ تجِ جائِیو ॥1॥
ਖਿਨਹੂੰ ਜੋਗ ਤਾਪ ਬਹੁ ਪੂਜਾ ਖਿਨਹੂੰ ਭਰਮਾਇਓ ॥	کھِنہوُنّ جوگ تاپ بہُ پوُجا کھِنہوُنّ بھرمائِیو ॥
ਖਿਨਹੂੰ ਕਿਰਪਾ ਸਾਧੂ ਸੰਗ ਨਾਨਕ ਹਰਿ ਰੰਗੁ ਲਾਇਓ ॥੨॥੫॥੧੫੬॥	کھِنہوُنّ کِرپا سادھوُ سنگ نانک ہرِ رنگُ لائِیو ॥2॥5॥ 156 ॥
ਰਾਗੁ ਆਸਾ ਮਹਲਾ ੫ ਘਰੁ ੧੭ ਆਸਾਵਰੀ	راگُ آسا محلا 5 گھرُ 17 آساوری
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਗੋਬਿੰਦ ਗੋਬਿੰਦ ਕਰਿ ਹਾਂ ॥	گوبِنّد گوبِنّد کرِ ہاں ॥
ਹਰਿ ਹਰਿ ਮਨਿ ਪਿਆਰਿ ਹਾਂ ॥	ہرِ ہرِ منِ پیارِ ہاں ॥
ਗੁਰਿ ਕਹਿਆ ਸੁ ਚਿਤਿ ਧਰਿ ਹਾਂ ॥	گُرِ کہیا سُ چِتِ دھرِ ہاں ॥
ਅਨ ਸਿਉ ਤੋਰਿ ਫੇਰਿ ਹਾਂ ॥	ان سِءُ توِر پھیرِ ہاں ॥
ਐਸੇ ਲਾਲਨੁ ਪਾਇਓ ਰੀ ਸਖੀ ॥੧॥ ਰਹਾਉ ॥	ایَسے لالنُ پائِیو ری سکھی ۔ ॥1॥ رہاءُ ॥
ਪੰਕਜ ਮੋਹ ਸਰਿ ਹਾਂ ॥	پنکج موہ سرِ ہاں ॥
ਪਗੁ ਨਹੀ ਚਲੈ ਹਰਿ ਹਾਂ ॥	پگُ نہی چلےَ ہرِ ہاں ॥
ਗਹਡਿਓ ਮੂੜ ਨਰਿ ਹਾਂ ॥	گہڈِئو موُڑ نرِ ہاں ॥
ਅਨਿਨ ਉਪਾਵ ਕਰਿ ਹਾਂ ॥	انِن اُپاو کرِ ہاں ॥
ਤਉ ਨਿਕਸੈ ਸਰਨਿ ਪੈ ਰੀ ਸਖੀ ॥੧॥	ت ءُ نِکسےَ سرنِ پےَ ری سکھی ۔ ॥1॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਜਾ ਸਾਹਿਬ) سری گرُو نانک دیو جی مہاراج دے 550ویں پرکاش پُرب نوں سمرپت|سیوا: بھائی بلجِندر سنگھ جی (راجا صاہب)

ਥਿਰ ਥਿਰ ਚਿਤ ਥਿਰ ਹਾਂ ॥	تھِر تھِر چِت تھِرہاں ॥
ਬਨੁ ਗ੍ਰਿਹੁ ਸਮਸਰਿ ਹਾਂ ॥	بنُ گرِہُ سمسرِہاں ॥
ਅੰਤਰਿ ਏਕ ਪਿਰ ਹਾਂ ॥	انّترِ ایک پِر ہاں ॥
ਬਾਹਰਿ ਅਨੇਕ ਧਰਿ ਹਾਂ ॥	باہرِ انیک دھرِہاں ॥
ਰਾਜਨ ਜੋਗੁ ਕਰਿ ਹਾਂ ॥	راجن جوگُ کرِہاں ॥
ਕਹੁ ਨਾਨਕ ਲੋਗ ਅਲੋਗੀ ਰੀ ਸਖੀ ॥੨॥੧॥੧੫੭॥	کہُ نانک لوگ الوگی ری سکھی ۔ ॥2॥1॥ 157 ॥
ਆਸਾਵਰੀ ਮਹਲਾ ੫ ॥	آساوری محلا 5 ॥
ਮਨਸਾ ਏਕ ਮਾਨਿ ਹਾਂ ॥	منسا ایک مانِ ہاں ॥
ਗੁਰ ਸਿਉ ਨੇਤ ਧਿਆਨਿ ਹਾਂ ॥	گُر سِءُ نیت دھِیانِ ہاں ॥
ਦ੍ਰਿੜੁ ਸੰਤ ਮੰਤ ਗਿਆਨਿ ਹਾਂ ॥	دّرِڑُ سنّت منّت گِیانِ ہاں ॥
ਸੇਵਾ ਗੁਰ ਚਰਾਨਿ ਹਾਂ ॥	سیوا گُر چرانِ ہاں ॥
ਤਉ ਮਿਲੀਐ ਗੁਰ ਕ੍ਰਿਪਾਨਿ ਮੇਰੇ ਮਨਾ ॥੧॥ ਰਹਾਉ ॥	تءُ مِلیئے گُر کرِپانِ میرے منا ۔ ॥1॥ رہاءُ ॥
ਟੂਟੇ ਅਨ ਭਰਾਨਿ ਹਾਂ ॥	ٹوٹے ان بھرانِ ہاں ॥
ਰਵਿਓ ਸਰਬ ਥਾਨਿ ਹਾਂ ॥	روِئو سرب تھانِ ہاں ॥
ਲਹਿਓ ਜਮ ਭਇਆਨਿ ਹਾਂ ॥	لہِئو جم بھئیانِ ہاں ॥
ਪਾਇਓ ਪੇਡ ਥਾਨਿ ਹਾਂ ॥	پائِئو پیڈ تھانِ ہاں ॥
ਤਉ ਚੂਕੀ ਸਗਲ ਕਾਨਿ ॥੧॥	تءُ چوُکی سگل کانِ ॥1॥
ਲਹਨੋ ਜਿਸੁ ਮਥਾਨਿ ਹਾਂ ॥	لہنو جِسُ متھانِ ہاں ॥
ਭੈ ਪਾਵਕ ਪਾਰਿ ਪਰਾਨਿ ਹਾਂ ॥	بھے پاوک پارِ پرانِ ہاں ॥
ਨਿਜ ਘਰਿ ਤਿਸਹਿ ਥਾਨਿ ਹਾਂ ॥	نِج گھرِ تِسہِ تھانِ ہاں ॥
ਹਰਿ ਰਸ ਰਸਹਿ ਮਾਨਿ ਹਾਂ ॥	ہرِ رس رسہِ مانِ ہاں ॥

ਲਾਥੀ ਤਿਸ ਭੁਖਾਨਿ ਹਾਂ ॥	لاتھی تِس بھکھانِ ہاں ॥
ਨਾਨਕ ਸਹਜਿ ਸਮਾਇਓ ਰੇ ਮਨਾ ॥੨॥੨॥੧੫੮॥	نانک سہجِ سمائیو رے منا ۔ ॥2॥2॥ 158 ॥
ਆਸਾਵਰੀ ਮਹਲਾ ੫ ॥	آساوری محلا 5 ॥
ਹਰਿ ਹਰਿ ਹਰਿ ਗੁਨੀ ਹਾਂ ॥	ہرِ ہرِ ہرِ گُنی ہاں ॥
ਜਪੀਐ ਸਹਜ ਧੁਨੀ ਹਾਂ ॥	جپیئے سہج دھُنی ہاں ॥
ਸਾਧੂ ਰਸਨ ਭਨੀ ਹਾਂ ॥	سادھوُ رسن بھنی ہاں ॥
ਛੂਟਨ ਬਿਧਿ ਸੁਨੀ ਹਾਂ ॥	چھوٹن بِدھِ سُنی ہاں ॥
ਪਾਈਐ ਵਡ ਪੁਨੀ ਮੇਰੇ ਮਨਾ ॥੧॥ ਰਹਾਉ ॥	پائیئے وڈ پُنی میرے منا ۔ ॥1॥ رہاءُ ॥
ਖੋਜਹਿ ਜਨ ਮੁਨੀ ਹਾਂ ॥	کھوجہِ جن مُنی ہاں ॥
ਸ੍ਰਬ ਕਾ ਪ੍ਰਭ ਧਨੀ ਹਾਂ ॥	سّرب کا پّربھ دھنی ہاں ॥
ਦੁਲਭ ਕਲਿ ਦੁਨੀ ਹਾਂ ॥	دُلبھ کلِ دُنی ہاں ॥
ਦੂਖ ਬਿਨਾਸਨੀ ਹਾਂ ॥	دوُکھ بِناسنی ہاں ॥
ਪ੍ਰਭ ਪੂਰਨ ਆਸਨੀ ਮੇਰੇ ਮਨਾ ॥੧॥	پّربھ پوُرن آسنی میرے منا ۔ ॥1॥
ਮਨ ਸੋ ਸੇਵੀਐ ਹਾਂ ॥	من سو سیویئے ہاں ॥
ਅਲਖ ਅਭੇਵੀਐ ਹਾਂ ॥	الکھ ابھیویئے ہاں ॥
ਤਾਂ ਸਿਉ ਪ੍ਰੀਤਿ ਕਰਿ ਹਾਂ ॥	تاں سِءُ پّریتِ کرِ ہاں ॥
ਬਿਨਸਿ ਨ ਜਾਇ ਮਰਿ ਹਾਂ ॥	بِنسِ ن جاءِ مرِ ہاں ॥
ਗੁਰ ਤੇ ਜਾਨਿਆ ਹਾਂ ॥	گُر تے جانِیا ہاں ॥
ਨਾਨਕ ਮਨੁ ਮਾਨਿਆ ਮੇਰੇ ਮਨਾ ॥੨॥੩॥੧੫੯॥	نانک منُ مانِیا میرے منا ۔ ॥2॥3॥ 159 ॥
ਆਸਾਵਰੀ ਮਹਲਾ ੫ ॥	آساوری محلا 5 ॥
ਏਕਾ ਓਟ ਗਹੁ ਹਾਂ ॥	ایکا اوٹ گہُ ہاں ॥
ਗੁਰ ਕਾ ਸਬਦੁ ਕਹੁ ਹਾਂ ॥	گُر کا سبدُ کہُ ہاں ॥

ਆਗਿਆ ਸਤਿ ਸਹੁ ਹਾਂ ॥	آگیا ستِ سہُ ہاں ॥
ਮਨਹਿ ਨਿਧਾਨੁ ਲਹੁ ਹਾਂ ॥	منہِ نِدھانُ لہُ ہاں ॥
ਸੁਖਹਿ ਸਮਾਈਐ ਮੇਰੇ ਮਨਾ ॥੧॥ ਰਹਾਉ ॥	سُکھہِ سمائیئے میرے منا ۔ ॥1॥ رہاءُ ॥
ਜੀਵਤ ਜੋ ਮਰੈ ਹਾਂ ॥	جیِوت جو مرے ہاں ॥
ਦੁਤਰੁ ਸੋ ਤਰੈ ਹਾਂ ॥	دُتّرُ سو ترے ہاں ॥
ਸਭ ਕੀ ਰੇਨੁ ਹੋਇ ਹਾਂ ॥	سبھ کی رینُ ہوءِ ہاں ॥
ਨਿਰਭਉ ਕਹਉ ਸੋਇ ਹਾਂ ॥	نِربھءُ کہءُ سوءِ ہاں ॥
ਮਿਟੇ ਅੰਦੇਸਿਆ ਹਾਂ ॥	مِٹے انّدیسِیا ہاں ॥
ਸੰਤ ਉਪਦੇਸਿਆ ਮੇਰੇ ਮਨਾ ॥੧॥	سنّت اُپدیسِیا میرے منا ۔ ॥1॥
ਜਿਸੁ ਜਨ ਨਾਮ ਸੁਖੁ ਹਾਂ ॥	جِسُ جن نام سُکھُ ہاں ॥
ਤਿਸੁ ਨਿਕਟਿ ਨ ਕਦੇ ਦੁਖੁ ਹਾਂ ॥	تِسُ نِکٹِ ن کدے دُکھُ ہاں ॥
ਜੋ ਹਰਿ ਹਰਿ ਜਸੁ ਸੁਨੇ ਹਾਂ ॥	جو ہرِ ہرِ جسُ سُنے ہاں ॥
ਸਭੁ ਕੋ ਤਿਸੁ ਮੰਨੇ ਹਾਂ ॥	سبھُ کو تِسُ منّنے ہاں ॥
ਸਫਲੁ ਸੁ ਆਇਆ ਹਾਂ ॥	سپھلُ سُ آئیا ہاں ॥
ਨਾਨਕ ਪ੍ਰਭ ਭਾਇਆ ਮੇਰੇ ਮਨਾ ॥੨॥੪॥੧੬੦॥	نانک پربھ بھائیا میرے منا ۔ ॥2॥4॥ 160 ॥
ਆਸਾਵਰੀ ਮਹਲਾ ੫ ॥	آساوری محلا 5 ॥
ਮਿਲਿ ਹਰਿ ਜਸੁ ਗਾਈਐ ਹਾਂ ॥	مِلِ ہرِ جسُ گائیئے ہاں ॥
ਪਰਮ ਪਦੁ ਪਾਈਐ ਹਾਂ ॥	پرم پدُ پائیئے ہاں ॥
ਉਆ ਰਸ ਜੋ ਬਿਧੇ ਹਾਂ ॥	اُیا رس جو بِدھے ہاں ॥
ਤਾ ਕਉ ਸਗਲ ਸਿਧੇ ਹਾਂ ॥	تا کءُ سگل سِدھے ہاں ॥
ਅਨਦਿਨੁ ਜਾਗਿਆ ਹਾਂ ॥	اندِنُ جاگیا ہاں ॥
ਨਾਨਕ ਬਡਭਾਗਿਆ ਮੇਰੇ ਮਨਾ ॥੧॥ ਰਹਾਉ ॥	نانک بڈبھاگیا میرے منا ۔ ॥1॥ رہاءُ ॥

ਸੰਤ ਪਗ ਧੋਈਐ ਹਾਂ ॥	سنّت پگ دھوئیئے ہاں ॥
ਦੁਰਮਤਿ ਖੋਈਐ ਹਾਂ ॥	دُرمتِ کھوئیئے ہاں ॥
ਦਾਸਹ ਰੇਨੁ ਹੋਇ ਹਾਂ ॥	داسہ رینُ ہوءِ ہاں ॥
ਬਿਆਪੈ ਦੁਖੁ ਨ ਕੋਇ ਹਾਂ ॥	بِیاپے دُکھُ ن کوءِ ہاں ॥
ਭਗਤਾਂ ਸਰਨਿ ਪਰੁ ਹਾਂ ॥	بھگتاں سرنِ پرُ ہاں ॥
ਜਨਮਿ ਨ ਕਦੇ ਮਰੁ ਹਾਂ ॥	جنمِ ن کدے مرُ ہاں ॥
ਅਸਥਿਰੁ ਸੇ ਭਏ ਹਾਂ ॥	استھِرُ سے بھئے ہاں ॥
ਹਰਿ ਹਰਿ ਜਿਨ੍ ਜਪਿ ਲਏ ਮੇਰੇ ਮਨਾ ॥੧॥	ہرِ ہرِ جِنّہ جپِ لئے میرے منا ۔ ॥1॥
ਸਾਜਨੁ ਮੀਤੁ ਤੂੰ ਹਾਂ ॥	ساجنُ میِتُ توُنّ ہاں ॥
ਨਾਮੁ ਦ੍ਰਿੜਾਇ ਮੂੰ ਹਾਂ ॥	نامُ دّرِڑاءِ موُنّ ہاں ॥
ਤਿਸੁ ਬਿਨੁ ਨਾਹਿ ਕੋਇ ਹਾਂ ॥	تِسُ بِنُ ناہِ کوءِ ہاں ॥
ਮਨਹਿ ਅਰਾਧਿ ਸੋਇ ਹਾਂ ॥	منہِ ارادھِ سوءِ ہاں ॥
ਨਿਮਖ ਨ ਵੀਸਰੈ ਹਾਂ ॥	نِمکھ ن ویسرے ہاں ॥
ਤਿਸੁ ਬਿਨੁ ਕਿਉ ਸਰੈ ਹਾਂ ॥	تِسُ بِنُ کِءُ سرے ہاں ۔ ॥
ਗੁਰ ਕਉ ਕੁਰਬਾਨੁ ਜਾਉ ਹਾਂ ॥	گُر کءُ قُربانُ جاءُ ہاں ॥
ਨਾਨਕੁ ਜਪੇ ਨਾਉ ਮੇਰੇ ਮਨਾ ॥੨॥੫॥੧੬੧॥	نانکُ جپے ناءُ میرے منا ۔ ॥2॥5॥ 161 ॥
ਆਸਾਵਰੀ ਮਹਲਾ ੫ ॥	آساوری محلا 5 ॥
ਕਾਰਨ ਕਰਨ ਤੂੰ ਹਾਂ ॥	کارن کرن توُنّ ہاں ॥
ਅਵਰੁ ਨਾ ਸੁਝੈ ਮੂੰ ਹਾਂ ॥	اورُ نا سُجھے موُنّ ہاں ॥
ਕਰਹਿ ਸੁ ਹੋਈਐ ਹਾਂ ॥	کرہِ سُ ہوئیئے ہاں ॥
ਸਹਜਿ ਸੁਖਿ ਸੋਈਐ ਹਾਂ ॥	سہجِ سُکھِ سوئیئے ہاں ॥
ਧੀਰਜ ਮਨਿ ਭਏ ਹਾਂ ॥	دھیرج منِ بھئے ہاں ॥

ਪ੍ਰਭ ਕੈ ਦਰਿ ਪਏ	پربھ کے درِ پئے
ਮੇਰੇ ਮਨਾ ॥੧॥ ਰਹਾਉ ॥	میرے منا ۔ ॥1॥ رہاءُ ॥
ਸਾਧੂ ਸੰਗਮੇ ਹਾਂ ॥	سادھوُ سنگمے ہاں ॥
ਪੂਰਨ ਸੰਜਮੇ ਹਾਂ ॥	پوُرن سنجمے ہاں ॥
ਜਬ ਤੇ ਛੁਟੇ ਆਪ ਹਾਂ ॥	جب تے چھُٹے آپ ہاں ॥
ਤਬ ਤੇ ਮਿਟੇ ਤਾਪ ਹਾਂ ॥	تب تے مِٹے تاپ ہاں ॥
ਕਿਰਪਾ ਧਾਰੀਆ ਹਾਂ ॥	کِرپا دھارِییا ہاں ॥
ਪਤਿ ਰਖੁ ਬਨਵਾਰੀਆ ਮੇਰੇ ਮਨਾ ॥੧॥	پتِ رکھُ بنوارِییا میرے منا ۔ ॥1॥
ਇਹੁ ਸੁਖੁ ਜਾਨੀਐ ਹਾਂ ॥	اِہُ سُکھُ جانیئے ہاں ॥
ਹਰਿ ਕਰੇ ਸੁ ਮਾਨੀਐ ਹਾਂ ॥	ہرِ کرے سُ مانیئے ہاں ॥
ਮੰਦਾ ਨਾਹਿ ਕੋਇ ਹਾਂ ॥	منّدا ناہِ کوءِ ہاں ॥
ਸੰਤ ਕੀ ਰੇਨ ਹੋਇ ਹਾਂ ॥	سنّت کی رین ہوءِ ہاں ॥
ਆਪੇ ਜਿਸੁ ਰਖੈ ਹਾਂ ॥	آپے جِسُ رکھے ہاں ॥
ਹਰਿ ਅੰਮ੍ਰਿਤੁ ਸੋ ਚਖੈ ਮੇਰੇ ਮਨਾ ॥੨॥	ہرِ انمّرِتُ سو چکھے میرے منا ۔ ॥2॥
ਜਿਸ ਕਾ ਨਾਹਿ ਕੋਇ ਹਾਂ ॥	جِس کا ناہِ کوءِ ہاں ॥
ਤਿਸ ਕਾ ਪ੍ਰਭੂ ਸੋਇ ਹਾਂ ॥	تِس کا پربھوُ سوءِ ہاں ॥
ਅੰਤਰਗਤਿ ਬੁਝੈ ਹਾਂ ॥	انترگتِ بُجھے ہاں ॥
ਸਭੁ ਕਿਛੁ ਤਿਸੁ ਸੁਝੈ ਹਾਂ ॥	سبھُ کِچھُ تِسُ سُجھے ہاں ॥
ਪਤਿਤ ਉਧਾਰਿ ਲੇਹੁ ਹਾਂ ॥	پتِت اُدھارِ لیہُ ہاں ॥
ਨਾਨਕ ਅਰਦਾਸਿ ਏਹੁ ਮੇਰੇ ਮਨਾ ॥੩॥੬॥੧੬੨॥	نانک عرداسِ ایہُ میرے منا ۔ ॥3॥6॥ 162 ॥
ਆਸਾਵਰੀ ਮਹਲਾ ੫ ਇਕਤੁਕਾ ॥	آساوری محلا 5 اِکتُکا ॥
ਓਇ ਪਰਦੇਸੀਆ ਹਾਂ ॥	اوءِ پردیسِییا ہاں ॥
ਸੁਨਤ ਸੰਦੇਸਿਆ ਹਾਂ ॥੧॥ ਰਹਾਉ ॥	سُنت سنّدیسِیا ہاں ॥1॥ رہاءُ ॥

ਜਾ ਸਿਉ ਰਚਿ ਰਹੇ ਹਾਂ ॥	جا سِءُ رچِ رہے ہاں ॥
ਸਭ ਕਉ ਤਜਿ ਗਏ ਹਾਂ ॥	سبھ کءُ تجِ گئے ہاں ॥
ਸੁਪਨਾ ਜਿਉ ਭਏ ਹਾਂ ॥	سُپنا جِءُ بھئے ہاں ॥
ਹਰਿ ਨਾਮੁ ਜਿਨ੍ਿ ਲਏ ॥੧॥	ہرِ نامُ جِنّہِ لئے ॥1॥
ਹਰਿ ਤਜਿ ਅਨ ਲਗੇ ਹਾਂ ॥	ہرِ تجِ ان لگے ہاں ॥
ਜਨਮਹਿ ਮਰਿ ਭਗੇ ਹਾਂ ॥	جنمہِ مرِ بھگے ہاں ॥
ਹਰਿ ਹਰਿ ਜਨਿ ਲਹੇ ਹਾਂ ॥	ہرِ ہرِ جنِ لہے ہاں ॥
ਜੀਵਤ ਸੇ ਰਹੇ ਹਾਂ ॥	جیوت سے رہے ہاں ॥
ਜਿਸਹਿ ਕ੍ਰਿਪਾਲੁ ਹੋਇ ਹਾਂ ॥	جِسہِ کرِپالُ ہوءِ ہاں ॥
ਨਾਨਕ ਭਗਤੁ ਸੋਇ ॥੨॥੭॥੧੬੩॥੨੩੨॥	نانک بھگتُ سوءِ ॥2॥7॥ 163 ॥ 232 ॥
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਰਾਗੁ ਆਸਾ ਮਹਲਾ ੯ ॥	راگُ آسا محلا 9 ॥
ਬਿਰਥਾ ਕਹਉ ਕਉਨ ਸਿਉ ਮਨ ਕੀ ॥	برِتھا کہءُ کئُن سِءُ من کی ॥
ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥੧॥ ਰਹਾਉ ॥	لوبھِ گرسِئو دس ہوُ دِس دھاوت آسا لاگِئو دھن کی ॥1॥ رہاءُ ॥
ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥	سُکھ کے ہیتِ بہُتُ دُکھُ پاوت سیو کرت جن جن کی ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥੧॥	دُیارہِ دُیارِ سُیان جِءُ ڈولت نہ سُدھ رام بھجن کی ॥1॥
ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ ॥	مانس جنم اکارتھ کھووت لاج ن لوک ہسن کی ॥
ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ ॥੨॥੧॥੨੩੩॥	نانک ہرِ جسُ کِءُ نہی گاوت کُمتِ بِناسے تن کی ॥2॥1॥ 233 ॥

ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੨	راگُ آسا محلا 1 اسٹپدیِیا گھرُ 2
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਉਤਰਿ ਅਵਘਟਿ ਸਰਵਰਿ ਨ੍ਾਵੈ ॥	اُترِ اوگھٹِ سرورِ نہّاوے ॥
ਬਕੈ ਨ ਬੋਲੈ ਹਰਿ ਗੁਣ ਗਾਵੈ ॥	بکےَ ن بولےَ ہرِ گُنؔ گاوے ॥
ਜਲੁ ਆਕਾਸੀ ਸੁੰਨਿ ਸਮਾਵੈ ॥	جلُ آکاسی سُنّنِ سماوے ॥
ਰਸੁ ਸਤੁ ਝੋਲਿ ਮਹਾ ਰਸੁ ਪਾਵੈ ॥੧॥	رسُ ستُ جھولِ مہا رسُ پاوے ॥1॥
ਐਸਾ ਗਿਆਨੁ ਸੁਨਹੁ ਅਭ ਮੋਰੇ ॥	ایَسا گِیانُ سُنہُ ابھ مورے ॥
ਭਰਿਪੁਰਿ ਧਾਰਿ ਰਹਿਆ ਸਭ ਠਉਰੇ ॥੧॥ ਰਹਾਉ ॥	بھرِپُر دھارِ رہِیا سبھ ٹھُرے ॥1॥ رہاءُ ॥
ਸਚੁ ਬ੍ਰਤੁ ਨੇਮੁ ਨ ਕਾਲੁ ਸੰਤਾਵੈ ॥	سچُ برّتُ نیمُ ن کالُ سنّتاوے ॥
ਸਤਿਗੁਰ ਸਬਦਿ ਕਰੋਧੁ ਜਲਾਵੈ ॥	ستِگُر سبدِ کرودھُ جلاوے ॥
ਗਗਨਿ ਨਿਵਾਸਿ ਸਮਾਧਿ ਲਗਾਵੈ ॥	گگنِ نِواسِ سمادھِ لگاوے ॥
ਪਾਰਸੁ ਪਰਸਿ ਪਰਮ ਪਦੁ ਪਾਵੈ ॥੨॥	پارسُ پرسِ پرم پدُ پاوے ॥2॥
ਸਚੁ ਮਨ ਕਾਰਣਿ ਤਤੁ ਬਿਲੋਵੈ ॥	سچُ من کارنِؔ تتُ بِلووے ॥
ਸੁਭਰ ਸਰਵਰਿ ਮੈਲੁ ਨ ਧੋਵੈ ॥	سُبھر سرورِ میَلُ ن دھووے ॥
ਜੈ ਸਿਉ ਰਾਤਾ ਤੈਸੋ ਹੋਵੈ ॥	جےَ سِءُ راتا تیَسو ہووے ॥
ਆਪੇ ਕਰਤਾ ਕਰੇ ਸੁ ਹੋਵੈ ॥੩॥	آپے کرتا کرے سُ ہووے ॥3॥
ਗੁਰ ਹਿਵ ਸੀਤਲੁ ਅਗਨਿ ਬੁਝਾਵੈ ॥	گُر ہِو سِیتلُ اگنِ بُجھاوے ॥
ਸੇਵਾ ਸੁਰਤਿ ਬਿਭੂਤ ਚੜਾਵੈ ॥	سیوا سُرتِ بِبھوُت چڑاوے ॥
ਦਰਸਨੁ ਆਪਿ ਸਹਜ ਘਰਿ ਆਵੈ ॥	درسنُ آپِ سہج گھرِ آوے ॥
ਨਿਰਮਲ ਬਾਣੀ ਨਾਦੁ ਵਜਾਵੈ ॥੪॥	نِرمل باؤٰی نادُ وجاوے ॥4॥
ਅੰਤਰਿ ਗਿਆਨੁ ਮਹਾ ਰਸੁ ਸਾਰਾ ॥	انترِ گِیانُ مہا رسُ سارا ॥
ਤੀਰਥ ਮਜਨੁ ਗੁਰ ਵੀਚਾਰਾ ॥	تِیرتھ مجنُ گُر ویِچارا ॥

ਅੰਤਰਿ ਪੂਜਾ ਥਾਨੁ ਮੁਰਾਰਾ ॥	انترِ پوُجا تھانُ مُرارا ॥
ਜੋਤੀ ਜੋਤਿ ਮਿਲਾਵਣਹਾਰਾ ॥੫॥	جوتی جوتِ مِلاوٹہارا ॥5॥
ਰਸਿ ਰਸਿਆ ਮਤਿ ਏਕੈ ਭਾਇ ॥	رسِ رسِیا متِ ایکےَ بھاءِ ॥
ਤਖਤ ਨਿਵਾਸੀ ਪੰਚ ਸਮਾਇ ॥	تخت نِواسی پنچ سماءِ ॥
ਕਾਰ ਕਮਾਈ ਖਸਮ ਰਜਾਇ ॥	کار کمائی خصم رضاءِ ॥
ਅਵਿਗਤ ਨਾਥੁ ਨ ਲਖਿਆ ਜਾਇ ॥੬॥	اوِگت ناتھُ ن لکھیا جاءِ ॥6॥
ਜਲ ਮਹਿ ਉਪਜੈ ਜਲ ਤੇ ਦੂਰਿ ॥	جل مہِ اُپجےَ جل تے دوُرِ ॥
ਜਲ ਮਹਿ ਜੋਤਿ ਰਹਿਆ ਭਰਪੂਰਿ ॥	جل مہِ جوتِ رہِیا بھرپوُرِ ॥
ਕਿਸੁ ਨੇੜੈ ਕਿਸੁ ਆਖਾ ਦੂਰਿ ॥	کِسُ نیڑےَ کِسُ آکھا دوُرِ ۔ ॥
ਨਿਧਿ ਗੁਣ ਗਾਵਾ ਦੇਖਿ ਹਦੂਰਿ ॥੭॥	نِدھِ گُنٞ گاوا دیکھِ حدوُرِ ॥7॥
ਅੰਤਰਿ ਬਾਹਰਿ ਅਵਰੁ ਨ ਕੋਇ ॥	انترِ باہرِ اورُ ن کوءِ ॥
ਜੋ ਤਿਸੁ ਭਾਵੈ ਸੋ ਫੁਨਿ ਹੋਇ ॥	جو تِسُ بھاوےَ سو پھُنِ ہوءِ ॥
ਸੁਣਿ ਭਰਥਰਿ ਨਾਨਕੁ ਕਹੈ ਬੀਚਾਰੁ ॥	سُنٞ بھرتھرِ نانکُ کہے بیچارُ ॥
ਨਿਰਮਲ ਨਾਮੁ ਮੇਰਾ ਆਧਾਰੁ ॥੮॥੧॥	نِرمل نامُ میرا آدھارُ ॥8॥1॥
ਆਸਾ ਮਹਲਾ ੧ ॥	آسا محلا 1 ॥
ਸਭਿ ਜਪ ਸਭਿ ਤਪ ਸਭ ਚਤੁਰਾਈ ॥	سبھِ جپ سبھِ تپ سبھ چترٞائی ॥
ਊਝੜਿ ਭਰਮੈ ਰਾਹਿ ਨ ਪਾਈ ॥	اوُجھڑِ بھرمےَ راہِ ن پائی ॥
ਬਿਨੁ ਬੂਝੇ ਕੋ ਥਾਇ ਨ ਪਾਈ ॥	بِنُ بوُجھے کو تھاءِ ن پائی ॥
ਨਾਮ ਬਿਹੂਣੈ ਮਾਥੇ ਛਾਈ ॥੧॥	نام بِہوُٹے ماتھے چھائی ॥1॥
ਸਾਚ ਧਣੀ ਜਗੁ ਆਇ ਬਿਨਾਸਾ ॥	ساچ دھنٹی جگُ آءِ بِناسا ॥
ਛੂਟਸਿ ਪ੍ਰਾਣੀ ਗੁਰਮੁਖਿ ਦਾਸਾ ॥੧॥ ਰਹਾਉ ॥	چھوُٹسِ پرّانٹی گُرمُکھِ داسا ॥1॥ رہاءُ ॥
ਜਗੁ ਮੋਹਿ ਬਾਧਾ ਬਹੁਤੀ ਆਸਾ ॥	جگُ موہِ بادھا بہُتی آسا ॥

ਗੁਰਮਤੀ ਇਕਿ ਭਏ ਉਦਾਸਾ ॥	گُرمتی اِکِ بھۓ اُداسا ॥
ਅੰਤਰਿ ਨਾਮੁ ਕਮਲੁ ਪਰਗਾਸਾ ॥	انتَرِ نامُ کملُ پرگاسا ॥
ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ ॥੨॥	تِنّہ ک ۓُ ناہی جم کی تّراسا ॥2॥
ਜਗੁ ਤ੍ਰਿਅ ਜਿਤੁ ਕਾਮਣਿ ਹਿਤਕਾਰੀ ॥	جگُ تّرِء جِتُ کامنِ ہِتکاری ॥
ਪੁਤ੍ਰ ਕਲਤ੍ਰ ਲਗਿ ਨਾਮੁ ਵਿਸਾਰੀ ॥	پُتّر کلتّر لگِ نامُ وِساری ॥
ਬਿਰਥਾ ਜਨਮੁ ਗਵਾਇਆ ਬਾਜੀ ਹਾਰੀ ॥	بِرتھا جنمُ گوائیا بازی ہاری ॥
ਸਤਿਗੁਰੁ ਸੇਵੇ ਕਰਣੀ ਸਾਰੀ ॥੩॥	ستِگُر سیوے کرنّی ساری ॥3॥
ਬਾਹਰਹੁ ਹਉਮੈ ਕਹੈ ਕਹਾਏ ॥	باہرہُ ہئُمے کہۓ کہائے ॥
ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥	اندَرہُ مُکتُ لیپُ کدے ن لائے ॥
ਮਾਇਆ ਮੋਹੁ ਗੁਰ ਸਬਦਿ ਜਲਾਏ ॥	مائیا موہُ گُر سبدِ جلائے ॥
ਨਿਰਮਲ ਨਾਮੁ ਸਦ ਹਿਰਦੈ ਧਿਆਏ ॥੪॥	نِرمل نامُ سد ہِردے دھِیائے ॥4॥
ਧਾਵਤੁ ਰਾਖੈ ਠਾਕਿ ਰਹਾਏ ॥	دھاوتُ راکھے ٹھاکِ رہائے ॥
ਸਿਖ ਸੰਗਤਿ ਕਰਮਿ ਮਿਲਾਏ ॥	سِکھ سنگتِ کرمِ مِلائے ॥
ਗੁਰ ਬਿਨੁ ਭੂਲੋ ਆਵੈ ਜਾਏ ॥	گُر بِنُ بھُولو آوے جائے ॥
ਨਦਰਿ ਕਰੇ ਸੰਜੋਗਿ ਮਿਲਾਏ ॥੫॥	ندرِ کرے سنجوگِ مِلائے ॥5॥
ਰੂੜੋ ਕਹਉ ਨ ਕਹਿਆ ਜਾਈ ॥	روُڑو کہ ۓُ ن کہیا جائی ॥
ਅਕਥ ਕਥਉ ਨਹ ਕੀਮਤਿ ਪਾਈ ॥	اکتھ کتھ ۓُ نہ قیمتِ پائی ॥
ਸਭ ਦੁਖ ਤੇਰੇ ਸੂਖ ਰਜਾਈ ॥	سبھ دُکھ تیرے سوُکھ رضائی ॥
ਸਭਿ ਦੁਖ ਮੇਟੇ ਸਾਚੈ ਨਾਈ ॥੬॥	سبھِ دُکھ میٹے ساچے نائی ॥6॥
ਕਰ ਬਿਨੁ ਵਾਜਾ ਪਗ ਬਿਨੁ ਤਾਲਾ ॥	کر بِنُ واجا پگ بِنُ تالا ॥
ਜੇ ਸਬਦੁ ਬੁਝੈ ਤਾ ਸਚੁ ਨਿਹਾਲਾ ॥	جے سبدُ بُجھے تا سچُ نِہالا ॥
ਅੰਤਰਿ ਸਾਚੁ ਸਭੇ ਸੁਖ ਨਾਲਾ ॥	انتَرِ ساچُ سبھے سُکھ نالا ॥

ਨਦਰਿ ਕਰੇ ਰਾਖੈ ਰਖਵਾਲਾ ॥੭॥	ندرِ کرے راکھےَ رکھوالا ॥7॥
ਤ੍ਰਿਭਵਣ ਸੂਝੈ ਆਪੁ ਗਵਾਵੈ ॥	ترِبھونٞ سوُجھےَ آپُ گواوےَ ॥
ਬਾਣੀ ਬੂਝੈ ਸਚਿ ਸਮਾਵੈ ॥	باٹی بوُجھےَ سچِ سماوےَ ॥
ਸਬਦੁ ਵੀਚਾਰੇ ਏਕ ਲਿਵ ਤਾਰਾ ॥	سبدُ ویچارے ایک لِو تارا ॥
ਨਾਨਕ ਧੰਨੁ ਸਵਾਰਣਹਾਰਾ ॥੮॥੨॥	نانک دھنّنُ سوارٹہارا ॥8॥2॥
ਆਸਾ ਮਹਲਾ ੧ ॥	آسا محلا 1 ॥
ਲੇਖ ਅਸੰਖ ਲਿਖਿ ਲਿਖਿ ਮਾਨੁ ॥	لیکھ اسنکھ لِکھِ لِکھِ مانُ ॥
ਮਨਿ ਮਾਨਿਐ ਸਚੁ ਸੁਰਤਿ ਵਖਾਨੁ ॥	منِ مانےَ سچُ سُرتِ وکھانُ ॥
ਕਥਨੀ ਬਦਨੀ ਪੜਿ ਪੜਿ ਭਾਰੁ ॥	کتھنی بدنی پڑِ پڑِ بھارُ ॥
ਲੇਖ ਅਸੰਖ ਅਲੇਖੁ ਅਪਾਰੁ ॥੧॥	لیکھ اسنکھ الیکھُ اپارُ ॥1॥
ਐਸਾ ਸਾਚਾ ਤੂੰ ਏਕੋ ਜਾਣੁ ॥	ایَسا ساچا توُنّ ایکو جانُ ॥
ਜੰਮਣੁ ਮਰਣਾ ਹੁਕਮੁ ਪਛਾਣੁ ॥੧॥ ਰਹਾਉ ॥	جنّمنُ مرٹا حُکمُ پچھانُ ॥1॥ رہاءُ ॥
ਮਾਇਆ ਮੋਹਿ ਜਗੁ ਬਾਧਾ ਜਮਕਾਲਿ ॥	مائیا موہِ جگُ بادھا جمکالِ ॥
ਬਾਂਧਾ ਛੂਟੈ ਨਾਮੁ ਸਮ੍ਾਲਿ ॥	باندھا چھوُٹےَ نامُ سمّہالِ ॥
ਗੁਰੁ ਸੁਖਦਾਤਾ ਅਵਰੁ ਨ ਭਾਲਿ ॥	گُرُ سُکھداتا اورُ ن بھالِ ॥
ਹਲਤਿ ਪਲਤਿ ਨਿਬਹੀ ਤੁਧੁ ਨਾਲਿ ॥੨॥	ہلتِ پلتِ نِبہی تُدھُ نالِ ॥2॥
ਸਬਦਿ ਮਰੈ ਤਾਂ ਏਕ ਲਿਵ ਲਾਏ ॥	سبدِ مرےَ تاں ایک لِو لائے ॥
ਅਚਰੁ ਚਰੈ ਤਾਂ ਭਰਮੁ ਚੁਕਾਏ ॥	اچرُ چرےَ تاں بھرمُ چُکائے ॥
ਜੀਵਨ ਮੁਕਤੁ ਮਨਿ ਨਾਮੁ ਵਸਾਏ ॥	جیِون مُکتُ منِ نامُ وسائے ॥
ਗੁਰਮੁਖਿ ਹੋਇ ਤ ਸਚਿ ਸਮਾਏ ॥੩॥	گُرمُکھِ ہوءِ ت سچِ سمائے ॥3॥
ਜਿਨਿ ਧਰ ਸਾਜੀ ਗਗਨੁ ਅਕਾਸੁ ॥	جِنِ دھر ساجی گگنُ اکاسُ ॥
ਜਿਨਿ ਸਭ ਥਾਪੀ ਥਾਪਿ ਉਥਾਪਿ ॥	جِنِ سبھ تھاپی تھاپِ اُتھاپِ ॥

ਸਰਬ ਨਿਰੰਤਰਿ ਆਪੇ ਆਪਿ ॥	سرب نِرنتر آپے آپِ ॥
ਕਿਸੈ ਨ ਪੂਛੇ ਬਖਸੇ ਆਪਿ ॥੪॥	کِسے ن پُوچھے بخشے آپِ ॥4॥
ਤੂ ਪੁਰੁ ਸਾਗਰੁ ਮਾਣਕ ਹੀਰੁ ॥	توُ پُرُ ساگرُ ماٹک ہیرُ ॥
ਤੂ ਨਿਰਮਲੁ ਸਚੁ ਗੁਣੀ ਗਹੀਰੁ ॥	توُ نِرملُ سچُ گُنی گہیرُ ॥
ਸੁਖੁ ਮਾਨੈ ਭੇਟੈ ਗੁਰ ਪੀਰੁ ॥	سُکھُ مانے بھیٹے گُر پیرُ ॥
ਏਕੋ ਸਾਹਿਬੁ ਏਕੁ ਵਜੀਰੁ ॥੫॥	ایکو صاحِبُ ایکُ وزیرُ ॥5॥
ਜਗੁ ਬੰਦੀ ਮੁਕਤੇ ਹਉ ਮਾਰੀ ॥	جگُ بندی مُکتے ہءُ ماری ॥
ਜਗਿ ਗਿਆਨੀ ਵਿਰਲਾ ਆਚਾਰੀ ॥	جگِ گیانی وِرلا آچاری ॥
ਜਗਿ ਪੰਡਿਤੁ ਵਿਰਲਾ ਵੀਚਾਰੀ ॥	جگِ پنڈِتُ وِرلا ویچاری ॥
ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥੬॥	بِنُ ستِگُرُ بھیٹے سبھ پھِرے اہنکاری ॥6॥
ਜਗੁ ਦੁਖੀਆ ਸੁਖੀਆ ਜਨੁ ਕੋਇ ॥	جگُ دُکھِیا سُکھِیا جنُ کوءِ ॥
ਜਗੁ ਰੋਗੀ ਭੋਗੀ ਗੁਣ ਰੋਇ ॥	جگُ روگی بھوگی گُنُ روءِ ॥
ਜਗੁ ਉਪਜੈ ਬਿਨਸੈ ਪਤਿ ਖੋਇ ॥	جگُ اُپجے بِنسے پتِ کھوءِ ॥
ਗੁਰਮੁਖਿ ਹੋਵੈ ਬੂਝੈ ਸੋਇ ॥੭॥	گُرمُکھِ ہووے بُوجھے سوءِ ॥7॥
ਮਹਘੋ ਮੋਲਿ ਭਾਰਿ ਅਫਾਰੁ ॥	مہگھو مولِ بھارِ اپھارُ ॥
ਅਟਲ ਅਛਲੁ ਗੁਰਮਤੀ ਧਾਰੁ ॥	اٹل اچھلُ گُرمتی دھارُ ॥
ਭਾਇ ਮਿਲੈ ਭਾਵੈ ਭਇਕਾਰੁ ॥	بھاءِ مِلے بھاوے بھئِکارُ ॥
ਨਾਨਕੁ ਨੀਚੁ ਕਹੈ ਬੀਚਾਰੁ ॥੮॥੩॥	نانکُ نِچُ کہے بیچارُ ॥8॥3॥
ਆਸਾ ਮਹਲਾ ੧ ॥	آسا محلا 1 ॥
ਏਕੁ ਮਰੈ ਪੰਚੇ ਮਿਲਿ ਰੋਵਹਿ ॥	ایکُ مرے پنچے مِلِ روہِ ॥
ਹਉਮੈ ਜਾਇ ਸਬਦਿ ਮਲੁ ਧੋਵਹਿ ॥	ہئُمے جاءِ سبدِ ملُ دھوہِ ॥
ਸਮਝਿ ਸੂਝਿ ਸਹਜ ਘਰਿ ਹੋਵਹਿ ॥	سمجھِ سوُجھِ سہج گھرِ ہوہِ ॥

ਬਿਨੁ ਬੂਝੇ ਸਗਲੀ ਪਤਿ ਖੋਵਹਿ ॥੧॥	بِنُ بُوجھے سگلی پتِ کھووہِ ॥1॥
ਕਉਣੁ ਮਰੈ ਕਉਣੁ ਰੋਵੈ ਓਹੀ ॥	کئُنُ مرے کئُنُ رووے اوہی ۔ ॥
ਕਰਣ ਕਾਰਣ ਸਭਸੈ ਸਿਰਿ ਤੋਹੀ ॥੧॥ ਰਹਾਉ ॥	کرنُ کارنُ سبھسے سِرِ توہی ॥1॥ رہاءُ ॥
ਮੂਏ ਕਉ ਰੋਵੈ ਦੁਖੁ ਕੋਇ ॥	موئے ک ءُ رووے دُکھُ کوءِ ॥
ਸੋ ਰੋਵੈ ਜਿਸੁ ਬੇਦਨ ਹੋਇ ॥	سو رووے جِسُ بیدن ہوءِ ॥
ਜਿਸੁ ਬੀਤੀ ਜਾਣੈ ਪ੍ਰਭ ਸੋਇ ॥	جِسُ بِیتی جانے پربھ سوءِ ॥
ਆਪੇ ਕਰਤਾ ਕਰੇ ਸੁ ਹੋਇ ॥੨॥	آپے کرتا کرے سُ ہوءِ ॥2॥
ਜੀਵਤ ਮਰਣਾ ਤਾਰੇ ਤਰਣਾ ॥	جیوت مرنا تارے ترنا ॥
ਜੈ ਜਗਦੀਸ ਪਰਮ ਗਤਿ ਸਰਣਾ ॥	جے جگدیس پرم گتِ سرنا ॥
ਹਉ ਬਲਿਹਾਰੀ ਸਤਿਗੁਰ ਚਰਣਾ ॥	ہءُ بلِہاری ستِگُر چرنا ॥
ਗੁਰੁ ਬੋਹਿਥੁ ਸਬਦਿ ਭੈ ਤਰਣਾ ॥੩॥	گُرُ بوہتھُ سبدِ بھے ترنا ॥3॥
ਨਿਰਭਉ ਆਪਿ ਨਿਰੰਤਰਿ ਜੋਤਿ ॥	نِربھ ءُ آپِ نِرنترِ جوتِ ॥
ਬਿਨੁ ਨਾਵੈ ਸੂਤਕੁ ਜਗਿ ਛੋਤਿ ॥	بِنُ ناوے سوُتکُ جگِ چھوتِ ॥
ਦੁਰਮਤਿ ਬਿਨਸੈ ਕਿਆ ਕਹਿ ਰੋਤਿ ॥	دُرمتِ بِنسے کِیا کہِ روتِ ۔ ॥
ਜਨਮਿ ਮੂਏ ਬਿਨੁ ਭਗਤਿ ਸਰੋਤਿ ॥੪॥	جنمِ موئے بِنُ بھگتِ سروتِ ॥4॥
ਮੂਏ ਕਉ ਸਚੁ ਰੋਵਹਿ ਮੀਤ ॥	موئے ک ءُ سچُ رووہِ میت ॥
ਤ੍ਰੈ ਗੁਣ ਰੋਵਹਿ ਨੀਤਾ ਨੀਤ ॥	ترے گُنُ رووہِ نِیتا نِیت ॥
ਦੁਖੁ ਸੁਖੁ ਪਰਹਰਿ ਸਹਜਿ ਸੁਚੀਤ ॥	دُکھُ سُکھُ پرہرِ سہجِ سُچیت ॥
ਤਨੁ ਮਨੁ ਸਉਪਉ ਕ੍ਰਿਸਨ ਪਰੀਤਿ ॥੫॥	تنُ منُ سنپ ءُ کرِسن پریتِ ॥5॥
ਭੀਤਰਿ ਏਕੁ ਅਨੇਕ ਅਸੰਖ ॥	بھیترِ ایکُ انیک اسنکھ ॥
ਕਰਮ ਧਰਮ ਬਹੁ ਸੰਖ ਅਸੰਖ ॥	کرم دھرم بہُ سنکھ اسنکھ ॥
ਬਿਨੁ ਭੈ ਭਗਤੀ ਜਨਮੁ ਬਿਰੰਥ ॥	بِنُ بھے بھگتی جنمُ برنتھ ॥

ਹਰਿ ਗੁਣ ਗਾਵਹਿ ਮਿਲਿ ਪਰਮਾਰੰਥ ॥੬॥	ہرِ گُنؤ گاوہِ مِلِ پرمارنتھ ॥6॥
ਆਪਿ ਮਰੈ ਮਾਰੇ ਭੀ ਆਪਿ ॥	آپِ مرے مارے بھی آپِ ॥
ਆਪਿ ਉਪਾਏ ਥਾਪਿ ਉਥਾਪਿ ॥	آپِ اُپائے تھاپِ اُتھاپِ ॥
ਸ੍ਰਿਸਟਿ ਉਪਾਈ ਜੋਤੀ ਤੂ ਜਾਤਿ ॥	سرِسٹِ اُپائی جوتی توُ زاتِ ॥
ਸਬਦੁ ਵੀਚਾਰਿ ਮਿਲਣੁ ਨਹੀ ਭ੍ਰਾਂਤਿ ॥੭॥	سبدُ ویچارِ مِلنُؤ نہی بھرّاتِ ॥7॥
ਸੂਤਕੁ ਅਗਨਿ ਭਖੈ ਜਗੁ ਖਾਇ ॥	سوُتکُ اگنِ بھکھےَ جگُ کھاءِ ॥
ਸੂਤਕੁ ਜਲਿ ਥਲਿ ਸਭ ਹੀ ਥਾਇ ॥	سوُتکُ جلِ تھلِ سبھ ہی تھاءِ ॥
ਨਾਨਕ ਸੂਤਕਿ ਜਨਮਿ ਮਰੀਜੈ ॥	نانک سوُتکِ جنمِ مریجےَ ॥
ਗੁਰ ਪਰਸਾਦੀ ਹਰਿ ਰਸੁ ਪੀਜੈ ॥੮॥੪॥	گُر پرسادی ہرِ رسُ پیجےَ ॥8॥4॥
ਰਾਗੁ ਆਸਾ ਮਹਲਾ ੧ ॥	راگُ آسا محلا 1 ॥
ਆਪੁ ਵੀਚਾਰੈ ਸੁ ਪਰਖੇ ਹੀਰਾ ॥	آپُ ویچارے سُ پرکھے ہیرا ॥
ਏਕ ਦ੍ਰਿਸਟਿ ਤਾਰੇ ਗੁਰ ਪੂਰਾ ॥	ایک دّرِسٹِ تارے گُر پوُرا ॥
ਗੁਰੁ ਮਾਨੈ ਮਨ ਤੇ ਮਨੁ ਧੀਰਾ ॥੧॥	گُرُ مانے من تے منُ دھیرا ॥1॥
ਐਸਾ ਸਾਹੁ ਸਰਾਫੀ ਕਰੈ ॥	ایَسا ساہُ صرافی کرے ॥
ਸਾਚੀ ਨਦਰਿ ਏਕ ਲਿਵ ਤਰੈ ॥੧॥ ਰਹਾਉ ॥	ساچی ندرِ ایک لِو ترےَ ॥1॥ رہاءُ ॥
ਪੂੰਜੀ ਨਾਮੁ ਨਿਰੰਜਨ ਸਾਰੁ ॥	پوُنّجی نامُ نِرنّجن سارُ ॥
ਨਿਰਮਲੁ ਸਾਚਿ ਰਤਾ ਪੈਕਾਰੁ ॥	نِرملُ ساچِ رتا پیَکارُ ॥
ਸਿਫਤਿ ਸਹਜ ਘਰਿ ਗੁਰੁ ਕਰਤਾਰੁ ॥੨॥	صِفتِ سہج گھرِ گُرُ کرتارُ ॥2॥
ਆਸਾ ਮਨਸਾ ਸਬਦਿ ਜਲਾਏ ॥	آسا منسا سبدِ جلائے ॥
ਰਾਮ ਨਰਾਇਣੁ ਕਹੈ ਕਹਾਏ ॥	رام نرائنُؤ کہے کہائے ॥
ਗੁਰ ਤੇ ਵਾਟ ਮਹਲੁ ਘਰੁ ਪਾਏ ॥੩॥	گُر تے واٹ محلُ گھرُ پائے ॥3॥
ਕੰਚਨ ਕਾਇਆ ਜੋਤਿ ਅਨੂਪੁ ॥	کنّچن کائیا جوتِ انوُپ ॥

ਤ੍ਰਿਭਵਣ ਦੇਵਾ ਸਗਲ ਸਰੂਪੁ ॥	تِربھونٹ دیوا سگل سروُپ ॥
ਮੈ ਸੋ ਧਨੁ ਪਲੈ ਸਾਚੁ ਅਖੂਟੁ ॥੪॥	مے سو دھنُ پلے ساچُ اکھوُٹُ ॥4॥
ਪੰਚ ਤੀਨਿ ਨਵ ਚਾਰਿ ਸਮਾਵੈ ॥	پنچ تِینِ نو چارِ سماوے ॥
ਧਰਣਿ ਗਗਨੁ ਕਲ ਧਾਰਿ ਰਹਾਵੈ ॥	دھرنٹِ گگنُ کل دھارِ رہاوے ॥
ਬਾਹਰਿ ਜਾਤਉ ਉਲਟਿ ਪਰਾਵੈ ॥੫॥	باہرِ جات ءُ اُلٹِ پراوے ॥5॥
ਮੂਰਖੁ ਹੋਇ ਨ ਆਖੀ ਸੂਝੈ ॥	موُرکھُ ہوءِ ن آکھی سوُجھے ॥
ਜਿਹਵਾ ਰਸੁ ਨਹੀ ਕਹਿਆ ਬੂਝੈ ॥	جِہوا رسُ نہی کہِیا بوُجھے ॥
ਬਿਖੁ ਕਾ ਮਾਤਾ ਜਗ ਸਿਉ ਲੂਝੈ ॥੬॥	بِکھُ کا ماتا جگ سِءُ لوُجھے ॥6॥
ਊਤਮ ਸੰਗਤਿ ਊਤਮੁ ਹੋਵੈ ॥	اوُتم سنگتِ اوُتمُ ہووے ॥
ਗੁਣ ਕਉ ਧਾਵੈ ਅਵਗਣ ਧੋਵੈ ॥	گُنٹ کءُ دھاوے اوگنٹ دھووے ॥
ਬਿਨੁ ਗੁਰ ਸੇਵੇ ਸਹਜੁ ਨ ਹੋਵੈ ॥੭॥	بِنُ گُر سیوے سہجُ ن ہووے ॥7॥
ਹੀਰਾ ਨਾਮੁ ਜਵੇਹਰ ਲਾਲੁ ॥	ہیِرا نامُ جویہر لالُ ॥
ਮਨੁ ਮੋਤੀ ਹੈ ਤਿਸ ਕਾ ਮਾਲੁ ॥	منُ موتی ہے تِس کا مالُ ॥
ਨਾਨਕ ਪਰਖੈ ਨਦਰਿ ਨਿਹਾਲੁ ॥੮॥੫॥	نانک پرکھے ندرِ نہالُ ॥8॥5॥
ਆਸਾ ਮਹਲਾ ੧ ॥	آسا محلا 1 ॥
ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ ॥	گُرمُکھِ گیِانُ دھیِانُ منِ مانُ ॥
ਗੁਰਮੁਖਿ ਮਹਲੀ ਮਹਲੁ ਪਛਾਨੁ ॥	گُرمُکھِ محلی محلُ پچھانُ ॥
ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥੧॥	گُرمُکھِ سُرتِ سبدُ نیِشانُ ॥1॥
ਐਸੇ ਪ੍ਰੇਮ ਭਗਤਿ ਵੀਚਾਰੀ ॥	ایَسے پرّیم بھگتِ ویچاری ॥
ਗੁਰਮੁਖਿ ਸਾਚਾ ਨਾਮੁ ਮੁਰਾਰੀ ॥੧॥ ਰਹਾਉ ॥	گُرمُکھِ ساچا نامُ مُراری ॥1॥ رہاءُ ॥
ਅਹਿਨਿਸਿ ਨਿਰਮਲੁ ਥਾਨਿ ਸੁਥਾਨੁ ॥	اہِنِس نِرملُ تھانِ سُتھانُ ॥
ਤੀਨ ਭਵਨ ਨਿਹਕੇਵਲ ਗਿਆਨੁ ॥	تِین بھون نِہکیول گیِانُ ॥

ਸਾਚੇ ਗੁਰ ਤੇ ਹੁਕਮੁ ਪਛਾਨੁ ॥੨॥	ساچے گُر تے حُکمُ پچھانُ ॥2॥
ਸਾਚਾ ਹਰਖੁ ਨਾਹੀ ਤਿਸੁ ਸੋਗੁ ॥	ساچا ہرکھُ ناہی تِس سوگُ ॥
ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ ॥	انمّرِتُ گیانُ مہا رسُ بھوگُ ॥
ਪੰਚ ਸਮਾਈ ਸੁਖੀ ਸਭੁ ਲੋਗੁ ॥੩॥	پنچ سمائی سُکھی سبھُ لوگُ ॥3॥
ਸਗਲੀ ਜੋਤਿ ਤੇਰਾ ਸਭੁ ਕੋਈ ॥	سگلی جوتِ تیرا سبھُ کوئی ॥
ਆਪੇ ਜੋੜਿ ਵਿਛੋੜੇ ਸੋਈ ॥	آپے جوڑِ وِچھوڑے سوئی ॥
ਆਪੇ ਕਰਤਾ ਕਰੇ ਸੁ ਹੋਈ ॥੪॥	آپے کرتا کرے سُ ہوئی ॥4॥
ਢਾਹਿ ਉਸਾਰੇ ਹੁਕਮਿ ਸਮਾਵੈ ॥	ڈھاہِ اُسارے حُکمِ سماوے ॥
ਹੁਕਮੋ ਵਰਤੈ ਜੋ ਤਿਸੁ ਭਾਵੈ ॥	حُکمو ورتے جو تِس بھاوے ॥
ਗੁਰ ਬਿਨੁ ਪੂਰਾ ਕੋਇ ਨ ਪਾਵੈ ॥੫॥	گُر بِنُ پوُرا کوءِ ن پاوے ॥5॥
ਬਾਲਕ ਬਿਰਧਿ ਨ ਸੁਰਤਿ ਪਰਾਨਿ ॥	بالک بِردھِ ن سُرتِ پرانِ ॥
ਭਰਿ ਜੋਬਨਿ ਬੂਡੈ ਅਭਿਮਾਨਿ ॥	بھرِ جوبنِ بوُڈے ابھِمانِ ॥
ਬਿਨੁ ਨਾਵੈ ਕਿਆ ਲਹਸਿ ਨਿਦਾਨਿ ॥੬॥	بِنُ ناوے کِیا لہِس نِدانِ ॥6॥
ਜਿਸ ਕਾ ਅਨੁ ਧਨੁ ਸਹਜਿ ਨ ਜਾਨਾ ॥	جِس کا انُ دھنُ سہجِ ن جانا ॥
ਭਰਮਿ ਭੁਲਾਨਾ ਫਿਰਿ ਪਛੁਤਾਨਾ ॥	بھرمِ بھُلانا پھِرِ پچھُتانا ॥
ਗਲਿ ਫਾਹੀ ਬਉਰਾ ਬਉਰਾਨਾ ॥੭॥	گلِ پھاہی بئرا بئرانا ॥7॥
ਬੂਡਤ ਜਗੁ ਦੇਖਿਆ ਤਉ ਡਰਿ ਭਾਗੇ ॥	بوُڈت جگُ دیکھیا تءُ ڈرِ بھاگے ॥
ਸਤਿਗੁਰਿ ਰਾਖੇ ਸੇ ਵਡਭਾਗੇ ॥	ستِگُرِ راکھے سے وڈبھاگے ॥
ਨਾਨਕ ਗੁਰ ਕੀ ਚਰਣੀ ਲਾਗੇ ॥੮॥੬॥	نانک گُر کی چرنّی لاگے ॥8॥6॥
ਆਸਾ ਮਹਲਾ ੧ ॥	آسا محلا 1 ॥
ਗਾਵਹਿ ਗੀਤੇ ਚੀਤਿ ਅਨੀਤੇ ॥	گاوہِ گیتے چیتِ انیتے ॥
ਰਾਗ ਸੁਣਾਇ ਕਹਾਵਹਿ ਬੀਤੇ ॥	راگ سُناءِ کہاوہِ بیتے ॥

ਬਿਨੁ ਨਾਵੈ ਮਨਿ ਝੂਠੁ ਅਨੀਤੇ ॥੧॥	بِنُ ناوے منِ جھوُٹھُ انِیتے ॥1॥
ਕਹਾ ਚਲਹੁ ਮਨ ਰਹਹੁ ਘਰੇ ॥	کہا چلہُ من رہہُ گھرے ॥
ਗੁਰਮੁਖਿ ਰਾਮ ਨਾਮਿ ਤ੍ਰਿਪਤਾਸੇ ਖੋਜਤ ਪਾਵਹੁ ਸਹਜਿ ਹਰੇ ॥੧॥ ਰਹਾਉ ॥	گُرمُکھِ رام نامِ ترِپتاسے کھوجت پاوہُ سہجِ ہرے ॥1॥ رہاءُ ॥
ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ ॥	کامُ کرودھُ منِ موہُ سریرا ॥
ਲਬੁ ਲੋਭੁ ਅਹੰਕਾਰੁ ਸੁ ਪੀਰਾ ॥	لبُ لوبھُ اہنکارُ سُ پیرا ॥
ਰਾਮ ਨਾਮ ਬਿਨੁ ਕਿਉ ਮਨੁ ਧੀਰਾ ॥੨॥	رام نام بِنُ کِءُ منُ دھیرا ॥2॥
ਅੰਤਰਿ ਨਾਵਣੁ ਸਾਚੁ ਪਛਾਣੈ ॥	انترِ ناونُ ساچُ پچھانے ॥
ਅੰਤਰ ਕੀ ਗਤਿ ਗੁਰਮੁਖਿ ਜਾਣੈ ॥	انتر کی گتِ گُرمُکھِ جانے ॥
ਸਾਚ ਸਬਦ ਬਿਨੁ ਮਹਲੁ ਨ ਪਛਾਣੈ ॥੩॥	ساچ سبد بِنُ محلُ ن پچھانے ॥3॥
ਨਿਰੰਕਾਰ ਮਹਿ ਆਕਾਰੁ ਸਮਾਵੈ ॥	نِرنکار مہِ آکارُ سماوے ॥
ਅਕਲ ਕਲਾ ਸਚੁ ਸਾਚਿ ਟਿਕਾਵੈ ॥	اکل کلا سچُ ساچِ ٹِکاوے ॥
ਸੋ ਨਰੁ ਗਰਭ ਜੋਨਿ ਨਹੀ ਆਵੈ ॥੪॥	سو نرُ گربھ جونِ نہی آوے ॥4॥
ਜਹਾਂ ਨਾਮੁ ਮਿਲੈ ਤਹ ਜਾਉ ॥	جہاں نامُ مِلے تہ جاءُ ॥
ਗੁਰ ਪਰਸਾਦੀ ਕਰਮ ਕਮਾਉ ॥	گُر پرسادی کرم کماءُ ॥
ਨਾਮੇ ਰਾਤਾ ਹਰਿ ਗੁਣ ਗਾਉ ॥੫॥	نامے راتا ہرِ گُنؔ گاءُ ॥5॥
ਗੁਰ ਸੇਵਾ ਤੇ ਆਪੁ ਪਛਾਤਾ ॥	گُر سیوا تے آپُ پچھاتا ॥
ਅੰਮ੍ਰਿਤ ਨਾਮੁ ਵਸਿਆ ਸੁਖਦਾਤਾ ॥	انمّرِت نامُ وسِیا سُکھداتا ॥
ਅਨਦਿਨੁ ਬਾਣੀ ਨਾਮੇ ਰਾਤਾ ॥੬॥	اندِنُ بانیٔ نامے راتا ॥6॥
ਮੇਰਾ ਪ੍ਰਭੁ ਲਾਏ ਤਾ ਕੋ ਲਾਗੈ ॥	میرا پربھُ لائے تا کو لاگے ॥
ਹਉਮੈ ਮਾਰੇ ਸਬਦੇ ਜਾਗੈ ॥	ہئُمےَ مارے سبدے جاگے ॥
ਐਥੈ ਓਥੈ ਸਦਾ ਸੁਖੁ ਆਗੈ ॥੭॥	ایتھےَ اوتھےَ سدا سُکھُ آگے ॥7॥
ਮਨੁ ਚੰਚਲੁ ਬਿਧਿ ਨਾਹੀ ਜਾਣੈ ॥	منُ چنچلُ بِدھِ ناہی جانے ॥

ਮਨਮੁਖਿ ਮੈਲਾ ਸਬਦੁ ਨ ਪਛਾਣੈ ॥	منمُکھِ میَلا سبدُ ن پچھانے ॥
ਗੁਰਮੁਖਿ ਨਿਰਮਲੁ ਨਾਮੁ ਵਖਾਣੈ ॥੮॥	گُرمُکھِ نِرملُ نامُ وکھانے ॥8॥
ਹਰਿ ਜੀਉ ਆਗੈ ਕਰੀ ਅਰਦਾਸਿ ॥	ہرِ جیِءُ آگے کری عرداسِ ॥
ਸਾਧੂ ਜਨ ਸੰਗਤਿ ਹੋਇ ਨਿਵਾਸੁ ॥	سادھوُ جن سنگتِ ہوءِ نِواسُ ॥
ਕਿਲਵਿਖ ਦੁਖ ਕਾਟੇ ਹਰਿ ਨਾਮੁ ਪ੍ਰਗਾਸੁ ॥੯॥	کِلوِکھ دُکھ کاٹے ہرِ نامُ پرگاسُ ॥9॥
ਕਰਿ ਬੀਚਾਰੁ ਆਚਾਰੁ ਪਰਾਤਾ ॥	کرِ بیچارُ آچارُ پراتا ॥
ਸਤਿਗੁਰ ਬਚਨੀ ਏਕੋ ਜਾਤਾ ॥	ستِگُر بچنی ایکو جاتا ॥
ਨਾਨਕ ਰਾਮ ਨਾਮਿ ਮਨੁ ਰਾਤਾ ॥੧੦॥੭॥	نانک رام نامِ منُ راتا ॥ 10 ॥7॥
ਆਸਾ ਮਹਲਾ ੧ ॥	آسا محلا 1 ॥
ਮਨੁ ਮੈਗਲੁ ਸਾਕਤੁ ਦੇਵਾਨਾ ॥	منُ میَگلُ ساکتُ دیوانا ॥
ਬਨ ਖੰਡਿ ਮਾਇਆ ਮੋਹਿ ਹੈਰਾਨਾ ॥	بن کھنڈِ مائیا موہِ حیَرانا ॥
ਇਤ ਉਤ ਜਾਹਿ ਕਾਲ ਕੇ ਚਾਪੇ ॥	اِت اُت جاہِ کال کے چاپے ॥
ਗੁਰਮੁਖਿ ਖੋਜਿ ਲਹੈ ਘਰੁ ਆਪੇ ॥੧॥	گُرمُکھِ کھوجِ لہے گھرُ آپے ॥1॥
ਬਿਨੁ ਗੁਰ ਸਬਦੈ ਮਨੁ ਨਹੀ ਠਉਰਾ ॥	بِنُ گُر سبدے منُ نہی ٹھُرا ॥
ਸਿਮਰਹੁ ਰਾਮ ਨਾਮੁ ਅਤਿ ਨਿਰਮਲੁ ਅਵਰ ਤਿਆਗਹੁ ਹਉਮੈ ਕਉਰਾ ॥੧॥ ਰਹਾਉ ॥	سِمرہُ رام نامُ اتِ نِرملُ اور تِیاگہُ ہئمے کرُا ॥1॥ رہاءُ ॥
ਇਹੁ ਮਨੁ ਮੁਗਧੁ ਕਹਹੁ ਕਿਉ ਰਹਸੀ ॥	اِہُ منُ مُگدھُ کہہُ کِءُ رہسی ۔ ॥
ਬਿਨੁ ਸਮਝੇ ਜਮ ਕਾ ਦੁਖੁ ਸਹਸੀ ॥	بِنُ سمجھے جم کا دُکھُ سہسی ॥
ਆਪੇ ਬਖਸੇ ਸਤਿਗੁਰੁ ਮੇਲੈ ॥	آپے بخشے ستِگُرُ میلے ॥
ਕਾਲੁ ਕੰਟਕੁ ਮਾਰੇ ਸਚੁ ਪੇਲੈ ॥੨॥	کالُ کنٹکُ مارے سچُ پیلے ॥2॥
ਇਹੁ ਮਨੁ ਕਰਮਾ ਇਹੁ ਮਨੁ ਧਰਮਾ ॥	اِہُ منُ کرما اِہُ منُ دھرما ॥
ਇਹੁ ਮਨੁ ਪੰਚ ਤਤੁ ਤੇ ਜਨਮਾ ॥	اِہُ منُ پنچ تتُ تے جنما ॥
ਸਾਕਤੁ ਲੋਭੀ ਇਹੁ ਮਨੁ ਮੂੜਾ ॥	ساکتُ لوبھی اِہُ منُ موُڑا ॥

ਗੁਰਮੁਖਿ ਨਾਮੁ ਜਪੈ ਮਨੁ ਰੂੜਾ ॥੩॥	گُرمُکھِ نامُ جپے منُ روُڑا ॥3॥
ਗੁਰਮੁਖਿ ਮਨੁ ਅਸਥਾਨੇ ਸੋਈ ॥	گُرمُکھِ منُ استھانے سوئی ॥
ਗੁਰਮੁਖਿ ਤ੍ਰਿਭਵਣਿ ਸੋਝੀ ਹੋਈ ॥	گُرمُکھِ ترِبھوٹِ سوجھی ہوئی ॥
ਇਹੁ ਮਨੁ ਜੋਗੀ ਭੋਗੀ ਤਪੁ ਤਾਪੈ ॥	اِہُ منُ جوگی بھوگی تپُ تاپے ॥
ਗੁਰਮੁਖਿ ਚੀਨ੍ਹੈ ਹਰਿ ਪ੍ਰਭੁ ਆਪੈ ॥੪॥	گُرمُکھِ چِینہّے ہرِ پربھُ آپے ॥4॥
ਮਨੁ ਬੈਰਾਗੀ ਹਉਮੈ ਤਿਆਗੀ ॥	منُ بیَراگی ہئُمے تِیاگی ॥
ਘਟਿ ਘਟਿ ਮਨਸਾ ਦੁਬਿਧਾ ਲਾਗੀ ॥	گھٹِ گھٹِ منسا دُبِدھا لاگی ॥
ਰਾਮ ਰਸਾਇਣੁ ਗੁਰਮੁਖਿ ਚਾਖੈ ॥	رام رسائِنُ گُرمُکھِ چاکھے ॥
ਦਰਿ ਘਰਿ ਮਹਲੀ ਹਰਿ ਪਤਿ ਰਾਖੈ ॥੫॥	درِ گھرِ محلی ہرِ پتِ راکھے ॥5॥
ਇਹੁ ਮਨੁ ਰਾਜਾ ਸੂਰ ਸੰਗ੍ਰਾਮਿ ॥	اِہُ منُ راجا سوُر سنگّرامِ ॥
ਇਹੁ ਮਨੁ ਨਿਰਭਉ ਗੁਰਮੁਖਿ ਨਾਮਿ ॥	اِہُ منُ نِربھءُ گُرمُکھِ نامِ ॥
ਮਾਰੇ ਪੰਚ ਅਪੁਨੈ ਵਸਿ ਕੀਏ ॥	مارے پنّچ اپُنے وسِ کیے ॥
ਹਉਮੈ ਗ੍ਰਾਸਿ ਇਕਤੁ ਥਾਇ ਕੀਏ ॥੬॥	ہئُمے گّراسِ اِکتُ تھاءِ کیے ॥6॥
ਗੁਰਮੁਖਿ ਰਾਗ ਸੁਆਦ ਅਨ ਤਿਆਗੇ ॥	گُرمُکھِ راگ سُیاد ان تِیاگے ॥
ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥	گُرمُکھِ اِہُ منُ بھگتی جاگے ॥
ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ ॥	انہد سُنِ مانیا سبدُ ویچاری ॥
ਆਤਮੁ ਚੀਨ੍ਹਿ ਭਏ ਨਿਰੰਕਾਰੀ ॥੭॥	آتمُ چِینہِ بھئے نِرنکاری ॥7॥
ਇਹੁ ਮਨੁ ਨਿਰਮਲੁ ਦਰਿ ਘਰਿ ਸੋਈ ॥	اِہُ منُ نِرملُ درِ گھرِ سوئی ॥
ਗੁਰਮੁਖਿ ਭਗਤਿ ਭਾਉ ਧੁਨਿ ਹੋਈ ॥	گُرمُکھِ بھگتِ بھاءُ دھُنِ ہوئی ॥
ਅਹਿਨਿਸਿ ਹਰਿ ਜਸੁ ਗੁਰ ਪਰਸਾਦਿ ॥	اہِنِس ہرِ جسُ گُر پرسادِ ॥
ਘਟਿ ਘਟਿ ਸੋ ਪ੍ਰਭੁ ਆਦਿ ਜੁਗਾਦਿ ॥੮॥	گھٹِ گھٹِ سو پربھُ آدِ جُگادِ ॥8॥
ਰਾਮ ਰਸਾਇਣਿ ਇਹੁ ਮਨੁ ਮਾਤਾ ॥	رام رسائِنِ اِہُ منُ ماتا ॥

ਸਰਬ ਰਸਾਇਣੁ ਗੁਰਮੁਖਿ ਜਾਤਾ ॥	سرب رسائِنُ گُرمُکھِ جاتا ॥
ਭਗਤਿ ਹੇਤੁ ਗੁਰ ਚਰਣ ਨਿਵਾਸਾ ॥	بھگتِ ہیتُ گُر چرنُ نِواسا ॥
ਨਾਨਕ ਹਰਿ ਜਨ ਕੇ ਦਾਸਨਿ ਦਾਸਾ ॥੯॥੮॥	نانک ہرِ جن کے داسنِ داسا ॥9॥8॥
ਆਸਾ ਮਹਲਾ ੧ ॥	آسا محلا 1 ॥
ਤਨੁ ਬਿਨਸੈ ਧਨੁ ਕਾ ਕੋ ਕਹੀਐ ॥	تنُ بِنسے دھنُ کا کو کہیئے۔ ॥
ਬਿਨੁ ਗੁਰ ਰਾਮ ਨਾਮੁ ਕਤ ਲਹੀਐ ॥	بِنُ گُر رام نامُ کت لہیئے۔ ॥
ਰਾਮ ਨਾਮ ਧਨੁ ਸੰਗਿ ਸਖਾਈ ॥	رام نام دھنُ سنگِ سکھائی ॥
ਅਹਿਨਿਸਿ ਨਿਰਮਲੁ ਹਰਿ ਲਿਵ ਲਾਈ ॥੧॥	اِہنِس نِرملُ ہرِ لِو لائی ॥1॥
ਰਾਮ ਨਾਮ ਬਿਨੁ ਕਵਨੁ ਹਮਾਰਾ ॥	رام نام بِنُ کونُ ہمارا۔ ॥
ਸੁਖ ਦੁਖ ਸਮ ਕਰਿ ਨਾਮੁ ਨ ਛੋਡਉ ਆਪੇ ਬਖਸਿ ਮਿਲਾਵਣਹਾਰਾ ॥੧॥ ਰਹਾਉ ॥	سُکھ دُکھ سم کرِ نامُ ن چھوڈءُ آپے بخشِ مِلاوٹہارا ॥1॥ رہاءُ ॥
ਕਨਿਕ ਕਾਮਨੀ ਹੇਤੁ ਗਵਾਰਾ ॥	کنِک کامنی ہیتُ گوارا ॥
ਦੁਬਿਧਾ ਲਾਗੇ ਨਾਮੁ ਵਿਸਾਰਾ ॥	دُبِدھا لاگے نامُ وِسارا ॥
ਜਿਸੁ ਤੂੰ ਬਖਸਹਿ ਨਾਮੁ ਜਪਾਇ ॥	جِسُ توُنّ بخشہِ نامُ جپاءِ ॥
ਦੂਤੁ ਨ ਲਾਗਿ ਸਕੈ ਗੁਨ ਗਾਇ ॥੨॥	دوُتُ ن لاگِ سکے گُن گاءِ ॥2॥
ਹਰਿ ਗੁਰੁ ਦਾਤਾ ਰਾਮ ਗੁਪਾਲਾ ॥	ہرِ گُرُ داتا رام گُپالا ॥
ਜਿਉ ਭਾਵੈ ਤਿਉ ਰਾਖੁ ਦਇਆਲਾ ॥	جِءُ بھاوے تِءُ راکھُ دیئالا۔ ॥
ਗੁਰਮੁਖਿ ਰਾਮੁ ਮੇਰੈ ਮਨਿ ਭਾਇਆ ॥	گُرمُکھِ رامُ میرے منِ بھائیا ॥
ਰੋਗ ਮਿਟੇ ਦੁਖੁ ਠਾਕਿ ਰਹਾਇਆ ॥੩॥	روگ مِٹے دُکھُ ٹھاکِ رہائیا ॥3॥
ਅਵਰੁ ਨ ਅਉਖਧੁ ਤੰਤ ਨ ਮੰਤਾ ॥	اورُ ن اَکھدھُ تنّت ن منّتا ॥
ਹਰਿ ਹਰਿ ਸਿਮਰਣੁ ਕਿਲਵਿਖ ਹੰਤਾ ॥	ہرِ ہرِ سِمرنُ کِلوِکھ ہنّتا ॥
ਤੂੰ ਆਪਿ ਭੁਲਾਵਹਿ ਨਾਮੁ ਵਿਸਾਰਿ ॥	توُنّ آپِ بھُلاوہِ نامُ وِسارِ ॥
ਤੂੰ ਆਪੇ ਰਾਖਹਿ ਕਿਰਪਾ ਧਾਰਿ ॥੪॥	توُنّ آپے راکھہِ کِرپا دھارِ ॥4॥

ਰੋਗੁ ਭਰਮੁ ਭੇਦੁ ਮਨਿ ਦੂਜਾ ॥	روگُ بھرمُ بھیدُ منِ دوُجا ॥
ਗੁਰ ਬਿਨੁ ਭਰਮਿ ਜਪਹਿ ਜਪੁ ਦੂਜਾ ॥	گُر بِنُ بھرمِ جپہِ جپُ دوُجا ॥
ਆਦਿ ਪੁਰਖ ਗੁਰ ਦਰਸ ਨ ਦੇਖਹਿ ॥	آدِ پُرکھ گُر درس ن دیکھہِ ॥
ਵਿਣੁ ਗੁਰ ਸਬਦੈ ਜਨਮੁ ਕਿ ਲੇਖਹਿ ॥੫॥	وِنُ گُر سبدے جنمُ کِ لیکھہِ ॥5॥
ਦੇਖਿ ਅਚਰਜੁ ਰਹੇ ਬਿਸਮਾਦਿ ॥	دیکھِ اچرجُ رہے بِسمادِ ॥
ਘਟਿ ਘਟਿ ਸੁਰ ਨਰ ਸਹਜ ਸਮਾਧਿ ॥	گھٹِ گھٹِ سُر نر سہج سمادھِ ॥
ਭਰਿਪੁਰਿ ਧਾਰਿ ਰਹੇ ਮਨ ਮਾਹੀ ॥	بھرِپُر دھارِ رہے من ماہی ॥
ਤੁਮ ਸਮਸਰਿ ਅਵਰੁ ਕੋ ਨਾਹੀ ॥੬॥	تُم سمسرِ اورُ کو ناہی ॥6॥
ਜਾ ਕੀ ਭਗਤਿ ਹੇਤੁ ਮੁਖਿ ਨਾਮੁ ॥	جا کی بھگتِ ہیتُ مُکھِ نامُ ॥
ਸੰਤ ਭਗਤ ਕੀ ਸੰਗਤਿ ਰਾਮੁ ॥	سنّت بھگت کی سنگتِ رامُ ॥
ਬੰਧਨ ਤੋਰੇ ਸਹਜਿ ਧਿਆਨੁ ॥	بنّدھن تورے سہجِ دھیانُ ॥
ਛੂਟੈ ਗੁਰਮੁਖਿ ਹਰਿ ਗੁਰ ਗਿਆਨੁ ॥੭॥	چھوُٹے گُرمُکھِ ہرِ گُر گیانُ ॥7॥
ਨਾ ਜਮਦੂਤ ਦੂਖੁ ਤਿਸੁ ਲਾਗੈ ॥	نا جمدوُت دوُکھُ تِس لاگے ॥
ਜੋ ਜਨੁ ਰਾਮ ਨਾਮਿ ਲਿਵ ਜਾਗੈ ॥	جو جنُ رام نامِ لِو جاگے ॥
ਭਗਤਿ ਵਛਲੁ ਭਗਤਾ ਹਰਿ ਸੰਗਿ ॥	بھگتِ وچھلُ بھگتا ہرِ سنگِ ॥
ਨਾਨਕ ਮੁਕਤਿ ਭਏ ਹਰਿ ਰੰਗਿ ॥੮॥੯॥	نانک مُکتِ بھئے ہرِ رنگِ ॥8॥9॥
ਆਸਾ ਮਹਲਾ ੧ ਇਕਤੁਕੀ ॥	آسا محلا 1 اِکتُکی ॥
ਗੁਰ ਸੇਵੇ ਸੋ ਠਾਕੁਰ ਜਾਨੈ ॥	گُر سیوے سو ٹھاکُر جانے ॥
ਦੂਖੁ ਮਿਟੈ ਸਚੁ ਸਬਦਿ ਪਛਾਨੈ ॥੧॥	دوُکھُ مِٹے سچُ سبدِ پچھانے ॥1॥
ਰਾਮੁ ਜਪਹੁ ਮੇਰੀ ਸਖੀ ਸਖੈਨੀ ॥	رامُ جپہُ میری سکھی سکھینی ۔ ॥
ਸਤਿਗੁਰੁ ਸੇਵਿ ਦੇਖਹੁ ਪ੍ਰਭੁ ਨੈਨੀ ॥੧॥ ਰਹਾਉ ॥	ستِگُر سیوِ دیکھہُ پربھُ نینی ॥1॥ رہاءُ ॥
ਬੰਧਨ ਮਾਤ ਪਿਤਾ ਸੰਸਾਰਿ ॥	بنّدھن مات پِتا سنّسارِ ॥

ਬੰਧਨ ਸੁਤ ਕੰਨਿਆ ਅਰੁ ਨਾਰਿ ॥੨॥	بنّدھن سُت کنّیا ارُ نارِ ॥2॥
ਬੰਧਨ ਕਰਮ ਧਰਮ ਹਉ ਕੀਆ ॥	بنّدھن کرم دھرم ہءُ کیا ॥
ਬੰਧਨ ਪੁਤੁ ਕਲਤੁ ਮਨਿ ਬੀਆ ॥੩॥	بنّدھن پُتُ کلتُ منِ بیا ॥3॥
ਬੰਧਨ ਕਿਰਖੀ ਕਰਹਿ ਕਿਰਸਾਨੁ ॥	بنّدھن کِرکھی کرہِ کِرسانُ ॥
ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ ॥੪॥	ہئمےَ ڈنّنُ سہےَ راجا منگےَ دان ॥4॥
ਬੰਧਨ ਸਉਦਾ ਅਣਵੀਚਾਰੀ ॥	بنّدھن سئُدا انُوپچاری ॥
ਤਿਪਤਿ ਨਾਹੀ ਮਾਇਆ ਮੋਹ ਪਸਾਰੀ ॥੫॥	تِپتِ ناہی مائیا موہ پساری ॥5॥
ਬੰਧਨ ਸਾਹ ਸੰਚਹਿ ਧਨੁ ਜਾਇ ॥	بنّدھن ساہ سنچّہِ دھنُ جاءِ ॥
ਬਿਨੁ ਹਰਿ ਭਗਤਿ ਨ ਪਵਈ ਥਾਇ ॥੬॥	بِنُ ہرِ بھگتِ ن پوئی تھاءِ ॥6॥
ਬੰਧਨ ਬੇਦੁ ਬਾਦੁ ਅਹੰਕਾਰ ॥	بنّدھن بیدُ بادُ اہنکار ॥
ਬੰਧਨਿ ਬਿਨਸੈ ਮੋਹ ਵਿਕਾਰ ॥੭॥	بنّدھنِ بِنسےَ موہ وِکار ॥7॥
ਨਾਨਕ ਰਾਮ ਨਾਮ ਸਰਣਾਈ ॥	نانک رام نام سرٹائی ॥
ਸਤਿਗੁਰਿ ਰਾਖੇ ਬੰਧੁ ਨ ਪਾਈ ॥੮॥੧੦॥	ستِگُرِ راکھے بنّدھُ ن پائی ॥8॥ 10 ॥
ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੩	راگُ آسا محلا 1 اسٹپدیا گھرُ 3
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥	جِن سِرِ سوہنِ پٹّیا مانگی پاءِ سندھوُرُ ॥
ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ ॥	سے سِر کاتی مُنّینّہِ گل وِچِ آوےَ دھوُڑِ ॥
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ ॥੧॥	محلا اندرِ ہودیا ہُنِ بہنِ ن مِلنّہِ حدوُرِ ॥1॥
ਆਦੇਸੁ ਬਾਬਾ ਆਦੇਸੁ ॥	آدیسُ بابا آدیسُ ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥੧॥ ਰਹਾਉ ॥	آدِ پُرکھ تیرا انّتُ ن پائیا

کرِ کرِ دیکھہِ ویس ॥1॥ رہاءُ ॥

ਜਦਹੁ ਸੀਆ ਵੀਆਹੀਆ
ਲਾੜੇ ਸੋਹਨਿ ਪਾਸਿ ॥

جدہُ سیِیا ویِیاہِیا
لاڑے سوہنِ پاسِ ॥

ਹੀਡੋਲੀ ਚੜਿ ਆਈਆ
ਦੰਦ ਖੰਡ ਕੀਤੇ ਰਾਸਿ ॥

ہیِڈولی چڑِ آئیِیا
دنّد کھنّڈ کِیتے راسِ ॥

ਉਪਰਹੁ ਪਾਣੀ ਵਾਰੀਐ
ਝਲੇ ਝਿਮਕਨਿ ਪਾਸਿ ॥੨॥

اُپرہُ پانٹی وارِیۓ
جھلے جھِمکنِ پاسِ ॥2॥

ਇਕੁ ਲਖੁ ਲਹਨਿ੍ ਬਹਿਠੀਆ
ਲਖੁ ਲਹਨਿ੍ ਖੜੀਆ ॥

اِکُ لکھُ لہنّہِ بہِٹھیِیا
لکھُ لہنّہِ کھڑِیِیا ॥

ਗਰੀ ਛੁਹਾਰੇ ਖਾਂਦੀਆ
ਮਾਣਨਿ੍ ਸੇਜੜੀਆ ॥

گری چھُہارے کھاندِیِیا
ماٹنّہِ سیجڑِیِیا ॥

ਤਿਨ੍ ਗਲਿ ਸਿਲਕਾ ਪਾਈਆ
ਤੁਟਨਿ੍ ਮੋਤਸਰੀਆ ॥੩॥

تِنّہ گلِ سِلکا پائیِیا
تُٹنّہِ موتسرِیِیا ॥3॥

ਧਨੁ ਜੋਬਨੁ ਦੁਇ ਵੈਰੀ ਹੋਏ
ਜਿਨ੍ੀ ਰਖੇ ਰੰਗੁ ਲਾਇ ॥

دھنُ جوبنُ دُءِ ویَری ہوۓ
جِنّہی رکھے رنگُ لاءِ ॥

ਦੂਤਾ ਨੋ ਫੁਰਮਾਇਆ
ਲੈ ਚਲੇ ਪਤਿ ਗਵਾਇ ॥

دوُتا نو فُرمائیِا
لے چلے پتِ گواءِ ॥

ਜੇ ਤਿਸੁ ਭਾਵੈ ਦੇ ਵਡਿਆਈ
ਜੇ ਭਾਵੈ ਦੇਇ ਸਜਾਇ ॥੪॥

جے تِس بھاوے دے وڈِیائی
جے بھاوے دےءِ سزاءِ ॥4॥

ਅਗੋ ਦੇ ਜੇ ਚੇਤੀਐ
ਤਾਂ ਕਾਇਤੁ ਮਿਲੈ ਸਜਾਇ ॥

اگو دے جے چیتیِۓ
تاں کائتُ مِلےَ سزاءِ ॥

ਸਾਹਾਂ ਸੁਰਤਿ ਗਵਾਈਆ
ਰੰਗਿ ਤਮਾਸੈ ਚਾਇ ॥

ساہاں سُرتِ گوائیِیا
رنگِ تماشے چاءِ ॥

ਬਾਬਰਵਾਣੀ ਫਿਰਿ ਗਈ
ਕੁਇਰੁ ਨ ਰੋਟੀ ਖਾਇ ॥੫॥

بابروانٹی پھِرِ گئی
کُیئرُ ن روٹی کھاءِ ॥5॥

ਇਕਨਾ ਵਖਤ ਖੁਆਈਅਹਿ
ਇਕਨ੍ਾ ਪੂਜਾ ਜਾਇ ॥

اِکنا وکھت کھُیائیَہِ
اِکنّہا پوُجا جاءِ ॥

ਚਉਕੇ ਵਿਣੁ ਹਿੰਦਵਾਣੀਆ
ਕਿਉ ਟਿਕੇ ਕਢਹਿ ਨਾਇ ॥

چنُکے وِنُ ہِندواٹیا
کِءُ ٹِکے کڈھہِ ناءِ ۔ ॥

ਰਾਮੁ ਨ ਕਬਹੂ ਚੇਤਿਓ
ਹੁਣਿ ਕਹਣਿ ਨ ਮਿਲੈ ਖੁਦਾਇ ॥੬॥

رامُ ن کبہوُ چیتِئو
ہُنِ کہنِ ن مِلےَ خُداءِ ॥6॥

ਇਕਿ ਘਰਿ ਆਵਹਿ ਆਪਣੈ
ਇਕਿ ਮਿਲਿ ਮਿਲਿ ਪੁਛਹਿ ਸੁਖ ॥

اِکِ گھرِ آوہِ آپنٹے
اِکِ مِلِ مِلِ پُچھہِ سُکھ ॥

ਇਕਨ੍ਾ ਏਹੋ ਲਿਖਿਆ
ਬਹਿ ਬਹਿ ਰੋਵਹਿ ਦੁਖ ॥

اِکنّہا ایہو لِکھیا
بہِ بہِ روہِ دُکھ ॥

ਜੋ ਤਿਸੁ ਭਾਵੈ ਸੋ ਥੀਐ
ਨਾਨਕ ਕਿਆ ਮਾਨੁਖ ॥੭॥੧੧॥

جو تِسُ بھاوے سو تھیئے
نانک کِیا مانُکھ ۔ ॥7॥ 11 ॥

ਆਸਾ ਮਹਲਾ ੧ ॥

آسا محلا 1 ॥

ਕਹਾ ਸੁ ਖੇਲ ਤਬੇਲਾ ਘੋੜੇ
ਕਹਾ ਭੇਰੀ ਸਹਨਾਈ ॥

کہا سُ کھیل تبیلا گھوڑے
کہا بھیری شہنائی ۔ ॥

ਕਹਾ ਸੁ ਤੇਗਬੰਦ ਗਾਡੇਰੜਿ
ਕਹਾ ਸੁ ਲਾਲ ਕਵਾਈ ॥

کہا سُ تیغبنّد گاڈیرڑِ
کہا سُ لال قوائی ۔ ॥

ਕਹਾ ਸੁ ਆਰਸੀਆ ਮੁਹ ਬੰਕੈ
ਐਥੈ ਦਿਸਹਿ ਨਾਹੀ ॥੧॥

کہا سُ آرسیا مُہ بنکےَ
ایَتھےَ دِسہِ ناہی ॥1॥

ਇਹੁ ਜਗੁ ਤੇਰਾ ਤੂ ਗੋਸਾਈ ॥

اِہُ جگُ تیرا توُ گوسائی ॥

ਏਕ ਘੜੀ ਮਹਿ ਥਾਪਿ ਉਥਾਪੇ
ਜਰੁ ਵੰਡਿ ਦੇਵੈ ਭਾਂਈ ॥੧॥ ਰਹਾਉ ॥

ایک گھڑی مہِ تھاپِ اُتھاپے
زرُ ونڈِ دیوے بھائی ॥1॥ رہاءُ ॥

ਕਹਾਂ ਸੁ ਘਰ ਦਰ ਮੰਡਪ ਮਹਲਾ
ਕਹਾ ਸੁ ਬੰਕ ਸਰਾਈ ॥

کہاں سُ گھر در منڈپ محلا
کہا سُ بنک سرائی ۔ ॥

ਕਹਾਂ ਸੁ ਸੇਜ ਸੁਖਾਲੀ ਕਾਮਣਿ

کہاں سُ سیج سُکھالی کامنِ

ਜਿਸੁ ਵੇਖਿ ਨੀਦ ਨ ਪਾਈ ॥
جِسُ ویکھِ نِید ن پائی ॥

ਕਹਾ ਸੁ ਪਾਨ ਤੰਬੋਲੀ ਹਰਮਾ
ਹੋਈਆ ਛਾਈ ਮਾਈ ॥੨॥
کہا سُ پان تنّبولی حرما
ہوئیِیا چھائی مائی ॥2॥

ਇਸੁ ਜਰ ਕਾਰਣਿ ਘਣੀ ਵਿਗੁਤੀ
ਇਨਿ ਜਰ ਘਣੀ ਖੁਆਈ ॥
اِسُ زر کارنِ گھنّی وِگُتی
اِنِ زر گھنّی کھُیائی ॥

ਪਾਪਾ ਬਾਝਹੁ ਹੋਵੈ ਨਾਹੀ
ਮੁਇਆ ਸਾਥਿ ਨ ਜਾਈ ॥
پاپا باجھہُ ہووے ناہی
مُئیا ساتھِ ن جائی ॥

ਜਿਸ ਨੋ ਆਪਿ ਖੁਆਏ ਕਰਤਾ
ਖੁਸਿ ਲਏ ਚੰਗਿਆਈ ॥੩॥
جِس نو آپِ کھُیائے کرتا
کھُسِ لے چنگِیائی ॥3॥

ਕੋਟੀ ਹੂ ਪੀਰ ਵਰਜਿ ਰਹਾਏ
ਜਾ ਮੀਰੁ ਸੁਣਿਆ ਧਾਇਆ ॥
کوٹی ہوُ پیِر ورجِ رہائے
جا میرُ سُنّیا دھائیِا ॥

ਥਾਨ ਮੁਕਾਮ ਜਲੇ ਬਿਜ ਮੰਦਰ
ਮੁਛਿ ਮੁਛਿ ਕੁਇਰ ਰੁਲਾਇਆ ॥
تھان مُقام جلے بِج منّدر
مُچھِ مُچھِ کُیَر رُلائیِا ॥

ਕੋਈ ਮੁਗਲੁ ਨ ਹੋਆ ਅੰਧਾ
ਕਿਨੈ ਨ ਪਰਚਾ ਲਾਇਆ ॥੪॥
کوئی مُغلُ ن ہویا انّدھا
کِنے ن پرچا لائیِا ॥4॥

ਮੁਗਲ ਪਠਾਣਾ ਭਈ ਲੜਾਈ
ਰਣ ਮਹਿ ਤੇਗ ਵਗਾਈ ॥
مُغل پٹھاٹا بھئی لڑائی
رنّ مہِ تیغ وگائی ॥

ਓਨ੍ਹੀ ਤੁਪਕ ਤਾਣਿ ਚਲਾਈ
ਓਨ੍ਹੀ ਹਸਤਿ ਚਿੜਾਈ ॥
اونّہی تُپک تانِ چلائی
اونّہی ہستِ چِڑائی ॥

ਜਿਨ੍ਹ ਕੀ ਚੀਰੀ ਦਰਗਹ ਪਾਟੀ
ਤਿਨ੍ਹਾ ਮਰਣਾ ਭਾਈ ॥੫॥
جِنّہ کی چیِری درگہ پاٹی
تِنّہا مرنّا بھائی ۔ ॥5॥

ਇਕ ਹਿੰਦਵਾਣੀ ਅਵਰ ਤੁਰਕਾਣੀ
ਭਟਿਆਣੀ ਠਕੁਰਾਣੀ ॥
اِک ہِندّوانّی اور تُرکانّی
بھٹِیانّی ٹھکُرانّی ॥

ਇਕਨ੍ਹਾ ਪੇਰਣ ਸਿਰ ਖੁਰ ਪਾਟੇ
ਇਕਨ੍ਹਾ ਵਾਸੁ ਮਸਾਣੀ ॥
اِکنّہا پیرنّ سِر کھُر پاٹے
اِکنّہا واسُ مسانّی ॥

ਜਿਨ੍ਹ ਕੇ ਬੰਕੇ ਘਰੀ ਨ ਆਇਆ
ਤਿਨ੍ਹ ਕਿਉ ਰੈਣਿ ਵਿਹਾਣੀ ॥੬॥

جِنّہ کے بنکے گھری ن آئیا
تِنّہ کِءُ ریَنِ وِہانی ۔ ॥6॥

ਆਪੇ ਕਰੇ ਕਰਾਏ ਕਰਤਾ
ਕਿਸ ਨੋ ਆਖਿ ਸੁਣਾਈਐ ॥

آپے کرے کرائے کرتا
کِس نو آکھِ سُنائیئے ۔ ॥

ਦੁਖੁ ਸੁਖੁ ਤੇਰੈ ਭਾਣੈ ਹੋਵੈ
ਕਿਸ ਥੈ ਜਾਇ ਰੂਆਈਐ ॥

دُکھُ سُکھُ تیرے بھانے ہووے
کِس تھے جاءِ روُیائیئے ۔ ॥

ਹੁਕਮੀ ਹੁਕਮਿ ਚਲਾਏ ਵਿਗਸੈ
ਨਾਨਕ ਲਿਖਿਆ ਪਾਈਐ ॥੭॥੧੨॥

ہُکمی ہُکمِ چلائے وِگسے
نانک لِکھیا پائیئے ॥7॥ 12 ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਆਸਾ ਕਾਫੀ ਮਹਲਾ ੧ ਘਰੁ ੮ ਅਸਟਪਦੀਆ ॥

آسا کافی محلا 1 گھرُ 8 اسٹپدیا ॥

ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ ॥

جیَسے گوئِلِ گوئِلی تیَسے سنّسارا ॥

ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ॥੧॥

کوُڑُ کماوہِ آدمی باندھہِ گھر بارا ॥1॥

ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥੧॥ ਰਹਾਉ ॥

جاگہُ جاگہُ سوُتِہو چلیا وتّجارا ॥1॥ رہاءُ ॥

ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ ॥

نِیت نِیت گھر باندھیئہِ جے رہنّا ہوئی ॥

ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ ॥੨॥

پِنڈُ پوے جیِءُ چلسی جے جانّے کوئی ॥2॥

ਓਹੀ ਓਹੀ ਕਿਆ ਕਰਹੁ
ਹੈ ਹੋਸੀ ਸੋਈ ॥

اوہی اوہی کِیا کرہُ
ہے ہوسی سوئی ॥

ਤੁਮ ਰੋਵਹੁਗੇ ਓਸ ਨੋ
ਤੁਮ੍ਹ ਕਉ ਕਉਣੁ ਰੋਈ ॥੩॥

تُم روہگے اوس نو
تُمّہ کءُ کُنُ روئی ۔ ॥3॥

ਧੰਧਾ ਪਿਟਿਹੁ ਭਾਈਹੋ ਤੁਮ੍ਹ ਕੂੜੁ ਕਮਾਵਹੁ ॥

دھندّھا پِٹّہُ بھائیِہو تُمّہ کوُڑُ کماوہُ ॥

ਓਹੁ ਨ ਸੁਣਈ ਕਤ ਹੀ
ਤੁਮ੍ਹ ਲੋਕ ਸੁਣਾਵਹੁ ॥੪॥

اوہُ ن سُنّئی کت ہی
تُمّہ لوک سُناوہُ ॥4॥

ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥

جِس تے سُتا نانکا جاگائے سوئی ॥

ਜੇ ਘਰੁ ਬੂਝੈ ਆਪਣਾ
ਤਾਂ ਨੀਦ ਨ ਹੋਈ ॥੫॥

جے گھرُ بوُجھے آپنّا

ਤਾਂ ਨੀਦ ਨ ਹੋਈ ॥5॥
تاں نِید ن ہوئی ॥5॥

ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ ॥
جے چلدا لے چلِیا کِچھُ سنّپے نالے ॥

ਤਾ ਧਨੁ ਸੰਚਹੁ ਦੇਖਿ ਕੈ ਬੂਝਹੁ ਬੀਚਾਰੇ ॥੬॥
تا دھنُ سنّچہُ دیکھِ کے بُوجھہُ بیچارے ॥6॥

ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥
وَنّجُ کرہُ مکھسوُدُ لیَہُ مت پچھوتاوہُ ॥

ਅਉਗਣ ਛੋਡਹੁ ਗੁਣ ਕਰਹੁ
ਐਸੇ ਤਤੁ ਪਰਾਵਹੁ ॥੭॥
اَنگُنّ چھوڈہُ گُنّ کرہُ
ایَسے تتُ پراوہُ ॥7॥

ਧਰਮੁ ਭੂਮਿ ਸਤੁ ਬੀਜੁ ਕਰਿ
ਐਸੀ ਕਿਰਸ ਕਮਾਵਹੁ ॥
دھرمُ بھوُمِ ستُ بِیجُ کرِ
ایَسی کِرس کماوہُ ॥

ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥
تاں واپاری جانّیئہُ لاہا لے جاوہُ ॥8॥

ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥
کرمُ ہووے سِتگُرُ مِلے بُوجھے بیچارا ॥

ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ ॥੯॥
نامُ وکھانّے سُنّے نامُ نامے بِہُارا ॥9॥

ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ॥
جِءُ لاہا توٹا تِوے واٹ چلدی آئی ॥

ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ ॥੧੦॥੧੩॥
جو تِسُ بھاوے نانکا سائی وڈِیائی ॥ 10 ॥ 13 ॥

ਆਸਾ ਮਹਲਾ ੧ ॥
آسا محلا 1 ॥

ਚਾਰੇ ਕੁੰਡਾ ਢੂਢੀਆ
ਕੋ ਨੀਮ੍ਹੀ ਮੈਡਾ ॥
چارے کُنّڈا ڈھوُڈھِیا
کو نِیمّہی میَڈا ॥

ਜੇ ਤੁਧੁ ਭਾਵੈ ਸਾਹਿਬਾ
ਤੂ ਮੈ ਹਉ ਤੈਡਾ ॥੧॥
جے تُدھُ بھاوے صاحِبا
توُ مے َہءُ تیَڈا ॥1॥

ਦਰੁ ਬੀਭਾ ਮੈ ਨੀਮ੍ਹਿ ਕੋ
ਕੈ ਕਰੀ ਸਲਾਮੁ ॥
دُر بِیبھا مے َنِیمّہِ کو
کے َکری سلامُ ॥

ਹਿਕੋ ਮੈਡਾ ਤੂ ਧਣੀ
ਸਾਚਾ ਮੁਖਿ ਨਾਮੁ ॥੧॥ ਰਹਾਉ ॥
ہِکو میَڈا توُ دھنّی
ساچا مُکھِ نامُ ॥1॥ رہاءُ ॥

ਸਿਧਾ ਸੇਵਨਿ ਸਿਧ ਪੀਰ
ਮਾਗਹਿ ਰਿਧਿ ਸਿਧਿ ॥
سِدھا سیونِ سِدھ پیِر
ماگہِ رِدھِ سِدھِ ॥

ਮੈ ਇਕੁ ਨਾਮੁ ਨ ਵੀਸਰੈ
ਸਾਚੇ ਗੁਰ ਬੁਧਿ ॥੨॥

مے اِکُ نامُ ن ویسرے
ساچے گُر بُدھِ ॥2॥

ਜੋਗੀ ਭੋਗੀ ਕਾਪੜੀ
ਕਿਆ ਭਵਹਿ ਦਿਸੰਤਰ ॥

جوگی بھوگی کاپڑی
کِیا بھوہِ دِسنّتر ۔ ॥

ਗੁਰ ਕਾ ਸਬਦੁ ਨ ਚੀਨ੍ਹੀ
ਤਤੁ ਸਾਰੁ ਨਿਰੰਤਰ ॥੩॥

گُر کا سبدُ ن چِینّہی
تتُ سارُ نِرنّتر ॥3॥

ਪੰਡਿਤ ਪਾਧੇ ਜੋਇਸੀ
ਨਿਤ ਪੜ੍ਹਹਿ ਪੁਰਾਣਾ ॥

پنڈِت پادھے جوئِسی
نِت پڑّہہِ پُراٹا ॥

ਅੰਤਰਿ ਵਸਤੁ ਨ ਜਾਣਨ੍ਹੀ
ਘਟਿ ਬ੍ਰਹਮੁ ਲੁਕਾਣਾ ॥੪॥

انتّرِ وستُ ن جانّہی
گھٹِ برہمُ لُکاٹا ॥4॥

ਇਕਿ ਤਪਸੀ ਬਨ ਮਹਿ ਤਪੁ ਕਰਹਿ
ਨਿਤ ਤੀਰਥ ਵਾਸਾ ॥

اِکِ تپسی بن مہِ تپُ کرہِ
نِت تیرتھ واسا ॥

ਆਪੁ ਨ ਚੀਨਹਿ ਤਾਮਸੀ
ਕਾਹੇ ਭਏ ਉਦਾਸਾ ॥੫॥

آپُ ن چینہِ تامسی
کاہے بھئے اُداسا ۔ ॥5॥

ਇਕਿ ਬਿੰਦੁ ਜਤਨ ਕਰਿ ਰਾਖਦੇ
ਸੇ ਜਤੀ ਕਹਾਵਹਿ ॥

اِکِ بِندُ جتن کرِ راکھدے
سے جتی کہاوہِ ॥

ਬਿਨੁ ਗੁਰ ਸਬਦ ਨ ਛੂਟਹੀ
ਭ੍ਰਮਿ ਆਵਹਿ ਜਾਵਹਿ ॥੬॥

بِنُ گُر سبد ن چھوٹہی
بھرّمِ آوہِ جاوہِ ॥6॥

ਇਕਿ ਗਿਰਹੀ ਸੇਵਕ ਸਾਧਿਕਾ
ਗੁਰਮਤੀ ਲਾਗੇ ॥

اِکِ گِرہی سیوک سادھِکا
گُرمتی لاگے ॥

ਨਾਮੁ ਦਾਨੁ ਇਸਨਾਨੁ ਦ੍ਰਿੜੁ
ਹਰਿ ਭਗਤਿ ਸੁ ਜਾਗੇ ॥੭॥

نامُ دانُ اِسنانُ دڑِڑُ
ہرِ بھگتِ سُ جاگے ॥7॥

ਗੁਰ ਤੇ ਦਰੁ ਘਰੁ ਜਾਣੀਐ
ਸੋ ਜਾਇ ਸਿਵਾਣੈ ॥

گُر تے درُ گھرُ جانئیے
سو جاءِ سِچاٹے ॥

ਨਾਨਕ ਨਾਮੁ ਨ ਵੀਸਰੈ
ਸਾਚੇ ਮਨੁ ਮਾਨੈ ॥੮॥੧੪॥

نانک نامُ ن ویسرے

ساچے منُ مانے ॥8॥ 14 ॥

ਆਸਾ ਮਹਲਾ ੧ ॥

آسا محلا 1 ॥

ਮਨਸਾ ਮਨਹਿ ਸਮਾਇਲੇ
ਭਉਜਲੁ ਸਚਿ ਤਰਣਾ ॥

منسا منہِ سمائِلے
بھجُّلُ سچِ ترٹا ॥

ਆਦਿ ਜੁਗਾਦਿ ਦਇਆਲੁ ਤੂ
ਠਾਕੁਰ ਤੇਰੀ ਸਰਣਾ ॥੧॥

آدِ جُگادِ دیَیالُ توُ
ٹھاکُر تیری سرٹا ॥1॥

ਤੂ ਦਾਤੌ ਹਮ ਜਾਚਿਕਾ
ਹਰਿ ਦਰਸਨੁ ਦੀਜੈ ॥

توُ داتوَ ہم جاچِکا
ہرِ درسنُ دیجَے ॥

ਗੁਰਮੁਖਿ ਨਾਮੁ ਧਿਆਈਐ
ਮਨ ਮੰਦਰੁ ਭੀਜੈ ॥੧॥ ਰਹਾਉ ॥

گُرمُکھِ نامُ دھیائیَے
من منّدرُ بھیجَے ॥1॥ رہاءُ ॥

ਕੂੜਾ ਲਾਲਚੁ ਛੋਡੀਐ
ਤਉ ਸਾਚੁ ਪਛਾਣੈ ॥

کوُڑا لالچُ چھوڈیَے
تءُ ساچُ پچھاٹَے ॥

ਗੁਰ ਕੈ ਸਬਦਿ ਸਮਾਈਐ
ਪਰਮਾਰਥੁ ਜਾਣੈ ॥੨॥

گُر کے سبدِ سمائیَے
پرمارتھُ جاٹَے ॥2॥

ਇਹੁ ਮਨੁ ਰਾਜਾ ਲੋਭੀਆ
ਲੁਭਤਉ ਲੋਭਾਈ ॥

اِہُ منُ راجا لوبھیا
لُبھتءُ لوبھائی ॥

ਗੁਰਮੁਖਿ ਲੋਭੁ ਨਿਵਾਰੀਐ
ਹਰਿ ਸਿਉ ਬਣਿ ਆਈ ॥੩॥

گُرمُکھِ لوبھُ نِواریَے
ہرِ سِءُ بنِّ آئی ॥3॥

ਕਲਰਿ ਖੇਤੀ ਬੀਜੀਐ
ਕਿਉ ਲਾਹਾ ਪਾਵੈ ॥

کلرِ کھیتی بیجیَے
کِءُ لاہا پاوَے ۔ ॥

ਮਨਮੁਖੁ ਸਚਿ ਨ ਭੀਜਈ
ਕੂੜੁ ਕੂੜਿ ਗਡਾਵੈ ॥੪॥

منمکھُ سچِ ن بھیجئی
کوُڑُ کوُڑِ گڈاوَے ॥4॥

ਲਾਲਚੁ ਛੋਡਹੁ ਅੰਧਿਹੋ
ਲਾਲਚਿ ਦੁਖੁ ਭਾਰੀ ॥

لالچُ چھوڈہُ انّدھِہو
لالچِ دُکھُ بھاری ॥

ਸਾਚੌ ਸਾਹਿਬੁ ਮਨਿ ਵਸੈ

ساچوَ صاحِبُ منِ وسَے

ਹਉਮੈ ਬਿਖੁ ਮਾਰੀ ॥੫॥

ہئُمے بِکھُ ماری ॥5॥

ਦੁਬਿਧਾ ਛੋਡਿ ਕੁਵਾਟੜੀ
ਮੂਸਹੁਗੇ ਭਾਈ ॥

دُبِدھا چھوڈِ کُواٹڑی
موُسہُگے بھائی ۔ ॥

ਅਹਿਨਿਸਿ ਨਾਮੁ ਸਲਾਹੀਐ
ਸਤਿਗੁਰ ਸਰਣਾਈ ॥੬॥

اِہنِس نامُ سلاحیِۓ
ستِگُر سرٹائی ॥6॥

ਮਨਮੁਖ ਪਥਰੁ ਸੈਲੁ ਹੈ
ਧ੍ਰਿਗੁ ਜੀਵਣੁ ਫੀਕਾ ॥

منمُکھ پتھرُ سیَلُ ہے
دھّرِگُ جیِوںُ پھِیکا ॥

ਜਲ ਮਹਿ ਕੇਤਾ ਰਾਖੀਐ
ਅਭ ਅੰਤਰਿ ਸੂਕਾ ॥੭॥

جل مہِ کیتا راکھیِۓ
ابھ انّترِ سوُکا ॥7॥

ਹਰਿ ਕਾ ਨਾਮੁ ਨਿਧਾਨੁ ਹੈ
ਪੂਰੈ ਗੁਰਿ ਦੀਆ ॥

ہرِ کا نامُ نِدھانُ ہے
پوُرے گُرِ دیِیا ॥

ਨਾਨਕ ਨਾਮੁ ਨ ਵੀਸਰੈ
ਮਥਿ ਅੰਮ੍ਰਿਤੁ ਪੀਆ ॥੮॥੧੫॥

نانک نامُ ن ویِسرے
متھِ انمّرِتُ پیِیا ॥8॥ 15 ॥

ਆਸਾ ਮਹਲਾ ੧ ॥

آسا محلا 1 ॥

ਚਲੇ ਚਲਣਹਾਰ ਵਾਟ ਵਟਾਇਆ ॥

چلے چلنّہار واٹ وٹائیا ॥

ਧੰਧੁ ਪਿਟੇ ਸੰਸਾਰੁ ਸਚੁ ਨ ਭਾਇਆ ॥੧॥

دھندھُ پِٹے سنّسارُ سچُ ن بھائیا ॥1॥

ਕਿਆ ਭਵੀਐ ਕਿਆ ਢੂਢੀਐ
ਗੁਰ ਸਬਦਿ ਦਿਖਾਇਆ ॥

کِیا بھویِۓ کِیا ڈھوُڈھیِۓ
گُر سبدِ دِکھائیا ॥

ਮਮਤਾ ਮੋਹੁ ਵਿਸਰਜਿਆ
ਅਪਨੈ ਘਰਿ ਆਇਆ ॥੧॥ ਰਹਾਉ ॥

ممتا موہُ وِسرجِیا
اپنے گھرِ آئیا ॥1॥ رہاءُ ॥

ਸਚਿ ਮਿਲੈ ਸਚਿਆਰੁ ਕੂੜਿ ਨ ਪਾਈਐ ॥

سچِ مِلے سچِیارُ کوُڑِ ن پائیِۓ ॥

ਸਚੇ ਸਿਉ ਚਿਤੁ ਲਾਇ ਬਹੁੜਿ ਨ ਆਈਐ ॥੨॥

سچے سِءُ چِتُ لائِ بہُڑِ ن آئیِۓ ॥2॥

ਮੋਇਆ ਕਉ ਕਿਆ ਰੋਵਹੁ
ਰੋਇ ਨ ਜਾਣਹੂ ॥

موئیا کءُ کِیا روہُ
روءِ ن جانّہُو ॥

ਰੋਵਹੁ ਸਚੁ ਸਲਾਹਿ ਹੁਕਮੁ ਪਛਾਣਹੂ ॥੩॥	روہُ سچُ سلاحِ حُکمُ پچھاٹہُو ॥3॥
ਹੁਕਮੀ ਵਜਹੁ ਲਿਖਾਇ ਆਇਆ ਜਾਣੀਐ ॥	حُکمی وجہُ لِکھاءِ آئیا جاٹیِّے ॥
ਲਾਹਾ ਪਲੈ ਪਾਇ ਹੁਕਮੁ ਸਿਵਾਣੀਐ ॥੪॥	لاہا پلےَ پاءِ حُکمُ سِجاٹیِّے ॥4॥
ਹੁਕਮੀ ਪੈਧਾ ਜਾਇ ਦਰਗਹ ਭਾਣੀਐ ॥	حُکمی پیَدھا جاءِ درگہ بھاٹیِّے ॥
ਹੁਕਮੇ ਹੀ ਸਿਰਿ ਮਾਰ ਬੰਦਿ ਰਬਾਣੀਐ ॥੫॥	حُکمے ہی سِرِ مار بنّدِ رباٹیِّے ॥5॥
ਲਾਹਾ ਸਚੁ ਨਿਆਉ ਮਨਿ ਵਸਾਈਐ ॥	لاہا سچُ نِیاءُ منِ وساٹیِّے ॥
ਲਿਖਿਆ ਪਲੈ ਪਾਇ ਗਰਬੁ ਵਵਾਈਐ ॥੬॥	لِکھیا پلےَ پاءِ گربُ وِجاٹیِّے ॥6॥
ਮਨਮੁਖੀਆ ਸਿਰਿ ਮਾਰ ਵਾਦਿ ਖਪਾਈਐ ॥	منمُکھیا سِرِ مار وادِ کھپاٹیِّے ॥
ਠਗਿ ਮੁਠੀ ਕੂੜਿਆਰ ਬੰਨ੍ਹਿ ਚਲਾਈਐ ॥੭॥	ٹھگِ مُٹھی کوڑیار بنّہِ چلاٹیِّے ॥7॥
ਸਾਹਿਬੁ ਰਿਦੈ ਵਸਾਇ ਨ ਪਛੋਤਾਵਹੀ ॥	صاحِبُ رِدےَ وساءِ ن پچھوتاوہی ॥
ਗੁਨਹਾਂ ਬਖਸਣਹਾਰੁ ਸਬਦੁ ਕਮਾਵਹੀ ॥੮॥	گُنہاں بخشٹہارُ سبدُ کماوہی ॥8॥
ਨਾਨਕੁ ਮੰਗੈ ਸਚੁ ਗੁਰਮੁਖਿ ਘਾਲੀਐ ॥	نانکُ منگےَ سچُ گُرمُکھِ گھالیِّے ॥
ਮੈ ਤੁਝ ਬਿਨੁ ਅਵਰੁ ਨ ਕੋਇ ਨਦਰਿ ਨਿਹਾਲੀਐ ॥੯॥੧੬॥	مےَ تُجھ بِنُ اورُ ن کوءِ ندرِ نِہالیِّے ॥9॥ 16 ॥
ਆਸਾ ਮਹਲਾ ੧ ॥	آسا محلا 1 ॥
ਕਿਆ ਜੰਗਲੁ ਢੂਢੀ ਜਾਇ ਮੈ ਘਰਿ ਬਨੁ ਹਰੀਆਵਲਾ ॥	کِیا جنگُلُ ڈھوُڈھی جاءِ مےَ گھرِ بنُ ہریاوِلا ॥
ਸਚਿ ਟਿਕੈ ਘਰਿ ਆਇ ਸਬਦਿ ਉਤਾਵਲਾ ॥੧॥	سچِ ٹِکےَ گھرِ آءِ سبدِ اُتاولا ॥1॥
ਜਹ ਦੇਖਾ ਤਹ ਸੋਇ ਅਵਰੁ ਨ ਜਾਣੀਐ ॥	جہ دیکھا تہ سوءِ اورُ ن جاٹیِّے ॥
ਗੁਰ ਕੀ ਕਾਰ ਕਮਾਇ ਮਹਲੁ ਪਛਾਣੀਐ ॥੧॥ ਰਹਾਉ ॥	گُر کی کار کماءِ محلُ پچھاٹیِّے ॥1॥ رہاءُ ॥
ਆਪਿ ਮਿਲਾਵੈ ਸਚੁ ਤਾ ਮਨਿ ਭਾਵਈ ॥	آپِ مِلاوےَ سچُ تا منِ بھاوئی ॥
ਚਲੈ ਸਦਾ ਰਜਾਇ ਅੰਕਿ ਸਮਾਵਈ ॥੨॥	چلےَ سدا رضاءِ انکِ سماوئی ॥2॥
ਸਚਾ ਸਾਹਿਬੁ ਮਨਿ ਵਸੈ ਵਸਿਆ ਮਨਿ ਸੋਈ ॥	سچا صاحِبُ منِ وسےَ وسِیا منِ سوئی ॥

ਆਪੇ ਦੇ ਵਡਿਆਈਆ ਦੇ ਤੋਟਿ ਨ ਹੋਈ ॥੩॥

آپے دے وڈِیائیِیا دے توٹِ ن ہوئی ॥3॥

ਅਬੇ ਤਬੇ ਕੀ ਚਾਕਰੀ
ਕਿਉ ਦਰਗਹ ਪਾਵੈ ॥

ابے تبے کی چاکری
کِءُ درگہ پاوے ۔ ॥

ਪਥਰ ਕੀ ਬੇੜੀ ਜੇ ਚੜੈ
ਭਰ ਨਾਲਿ ਬੁਡਾਵੈ ॥੪॥

پتھر کی بیڑی جے چڑے
بھر نالِ بُڈاوے ॥4॥

ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ ॥
ਗੁਰਮੁਖਿ ਵਸਤੁ ਪਛਾਣੀਐ ਅਪਨਾ ਘਰੁ ਭਾਲੇ ॥੫॥

آپنڑا منُ ویچیِئے سِرُ دیِجے نالے ॥
گُرمُکھِ وستُ پچھاٹیِئے اپنا گھرُ بھالے ॥5॥

ਜੰਮਣੁ ਮਰਣਾ ਆਖੀਐ ਤਿਨਿ ਕਰਤੈ ਕੀਆ ॥
ਆਪੁ ਗਵਾਇਆ ਮਰਿ ਰਹੇ
ਫਿਰਿ ਮਰਣੁ ਨ ਥੀਆ ॥੬॥

جنّمُ مرٹا آکھیِئے تِنِ کرتے کِیا ॥
آپُ گوائیا مرِ رہے
پھِرِ مرٹُ ن تھِیا ॥6॥

ਸਾਈ ਕਾਰ ਕਮਾਵਣੀ ਧੁਰ ਕੀ ਫੁਰਮਾਈ ॥
ਜੇ ਮਨੁ ਸਤਿਗੁਰ ਦੇ ਮਿਲੈ
ਕਿਨਿ ਕੀਮਤਿ ਪਾਈ ॥੭॥

سائی کار کماوٹی دھُر کی فُرمائی ॥
جے منُ ستِگُر دے مِلے
کِنِ قِیمتِ پائی ۔ ॥7॥

ਰਤਨਾ ਪਾਰਖੁ ਸੋ ਧਣੀ ਤਿਨਿ ਕੀਮਤਿ ਪਾਈ ॥
ਨਾਨਕ ਸਾਹਿਬੁ ਮਨਿ ਵਸੈ ਸਚੀ ਵਡਿਆਈ ॥੮॥੧੭॥

رتنا پارکھُ سو دھنٹی تِنِ قِیمتِ پائی ॥
نانک صاحِبُ منِ وسے سچی وڈِیائی ॥8॥ 17 ॥

ਆਸਾ ਮਹਲਾ ੧ ॥

آسا محلا 1 ॥

ਜਿਨ੍ਹੀ ਨਾਮੁ ਵਿਸਾਰਿਆ ਦੂਜੈ ਭਰਮਿ ਭੁਲਾਈ ॥
ਮੂਲੁ ਛੋਡਿ ਡਾਲੀ ਲਗੇ
ਕਿਆ ਪਾਵਹਿ ਛਾਈ ॥੧॥

جِنّہی نامُ وِسارِیا دوُجے بھرمِ بھُلائی ॥
مؤلُ چھوڈِ ڈالی لگے
کِیا پاوہِ چھائی ۔ ॥1॥

ਬਿਨੁ ਨਾਵੈ ਕਿਉ ਛੂਟੀਐ
ਜੇ ਜਾਣੈ ਕੋਈ ॥
ਗੁਰਮੁਖਿ ਹੋਇ ਤ ਛੂਟੀਐ
ਮਨਮੁਖਿ ਪਤਿ ਖੋਈ ॥੧॥ ਰਹਾਉ ॥

بِنُ ناوے کِءُ چھوٹیِئے
جے جانے کوئی ॥
گُرمُکھِ ہوءِ ت چھوٹیِئے
منمُکھِ پتِ کھوئی ॥1॥ رہاءُ ॥

ਜਿਨ੍ਹੀ ਏਕੋ ਸੇਵਿਆ ਪੂਰੀ ਮਤਿ ਭਾਈ ॥

جِنّہی ایکو سیوِیا پوُری متِ بھائی ۔ ॥

ਆਦਿ ਜੁਗਾਦਿ ਨਿਰੰਜਨਾ ਜਨ ਹਰਿ ਸਰਣਾਈ ॥੨॥

آدِ جُگادِ نِرنجنا جن ہرِ سرٹائی ॥2॥

ਸਾਹਿਬੁ ਮੇਰਾ ਏਕੁ ਹੈ
ਅਵਰੁ ਨਹੀ ਭਾਈ ॥

صاحِبُ میرا ایکُ ہے
اورُ نہی بھائی ۔ ॥

ਕਿਰਪਾ ਤੇ ਸੁਖੁ ਪਾਇਆ ਸਾਚੇ ਪਰਥਾਈ ॥੩॥

کِرپا تے سُکھُ پائیا ساچے پرتھائی ॥3॥

ਗੁਰ ਬਿਨੁ ਕਿਨੈ ਨ ਪਾਇਓ
ਕੇਤੀ ਕਹੈ ਕਹਾਏ ॥

گُر بِنُ کِنے ن پائِئو
کیتی کہے کہائے ॥

ਆਪਿ ਦਿਖਾਵੈ ਵਾਟੜੀਂ ਸਚੀ ਭਗਤਿ ਦ੍ਰਿੜਾਏ ॥੪॥

آپِ دِکھاوے واٹڑیں سچی بھگتِ دڑِڑائے ॥4॥

ਮਨਮੁਖੁ ਜੇ ਸਮਝਾਈਐ ਭੀ ਉਝੜਿ ਜਾਏ ॥

منمُکھُ جے سمجھائیئے بھی اُجھڑِ جائے ॥

ਬਿਨੁ ਹਰਿ ਨਾਮ ਨ ਛੂਟਸੀ
ਮਰਿ ਨਰਕ ਸਮਾਏ ॥੫॥

بِنُ ہرِ نام ن چھوٹسی
مرِ نرک سمائے ॥5॥

ਜਨਮਿ ਮਰੈ ਭਰਮਾਈਐ ਹਰਿ ਨਾਮੁ ਨ ਲੇਵੈ ॥

جنمِ مرے بھرمائیئے ہرِ نامُ ن لیوے ॥

ਤਾ ਕੀ ਕੀਮਤਿ ਨਾ ਪਵੈ
ਬਿਨੁ ਗੁਰ ਕੀ ਸੇਵੈ ॥੬॥

تا کی قِیمتِ نا پوے
بِنُ گُر کی سیوے ॥6॥

ਜੇਹੀ ਸੇਵ ਕਰਾਈਐ ਕਰਣੀ ਭੀ ਸਾਈ ॥

جیہی سیو کرائیئے کرنٹی بھی سائی ॥

ਆਪਿ ਕਰੇ ਕਿਸੁ ਆਖੀਐ
ਵੇਖੈ ਵਡਿਆਈ ॥੭॥

آپِ کرے کِسُ آکھیئے
ویکھے وڈیائی ॥7॥

ਗੁਰ ਕੀ ਸੇਵਾ ਸੋ ਕਰੇ
ਜਿਸੁ ਆਪਿ ਕਰਾਏ ॥

گُر کی سیوا سو کرے
جِسُ آپِ کرائے ॥

ਨਾਨਕ ਸਿਰੁ ਦੇ ਛੂਟੀਐ
ਦਰਗਹ ਪਤਿ ਪਾਏ ॥੮॥੧੮॥

نانک سِرُ دے چھوٹیئے
درگہ پتِ پائے ॥8॥ 18 ॥

ਆਸਾ ਮਹਲਾ ੧ ॥

آسا محلا 1 ॥

ਰੂੜੋ ਠਾਕੁਰ ਮਾਹਰੋ ਰੂੜੀ ਗੁਰਬਾਣੀ ॥

رُوڑو ٹھاکُر ماہرو رُوڑی گُربانٹی ॥

ਵਡੈ ਭਾਗਿ ਸਤਿਗੁਰੁ ਮਿਲੈ
ਪਾਈਐ ਪਦੁ ਨਿਰਬਾਣੀ ॥੧॥

وڈے بھاگِ ستِگُر مِلے
پائیئے پدُ نِربانٹی ॥1॥

ਮੈ ਓਲ੍ਹਗੀਆ ਓਲ੍ਹਗੀ ਹਮ ਛੋਰੂ ਥਾਰੇ ॥

ਜਿਉ ਤੂੰ ਰਾਖਹਿ ਤਿਉ ਰਹਾ
ਮੁਖਿ ਨਾਮੁ ਹਮਾਰੇ ॥੧॥ ਰਹਾਉ ॥

ਦਰਸਨ ਕੀ ਪਿਆਸਾ ਘਣੀ ਭਾਣੈ ਮਨਿ ਭਾਈਐ ॥

ਮੇਰੇ ਠਾਕੁਰ ਹਾਥਿ ਵਡਿਆਈਆ ਭਾਣੈ ਪਤਿ ਪਾਈਐ ॥੨॥

ਸਾਚਉ ਦੂਰਿ ਨ ਜਾਣੀਐ ਅੰਤਰਿ ਹੈ ਸੋਈ ॥

ਜਹ ਦੇਖਾ ਤਹ ਰਵਿ ਰਹੇ
ਕਿਨਿ ਕੀਮਤਿ ਹੋਈ ॥੩॥

ਆਪਿ ਕਰੇ ਆਪੇ ਹਰੇ ਵੇਖੈ ਵਡਿਆਈ ॥

ਗੁਰਮੁਖਿ ਹੋਇ ਨਿਹਾਲੀਐ ਇਉ ਕੀਮਤਿ ਪਾਈ ॥੪॥

ਜੀਵਦਿਆ ਲਾਹਾ ਮਿਲੈ ਗੁਰ ਕਾਰ ਕਮਾਵੈ ॥

ਪੂਰਬਿ ਹੋਵੈ ਲਿਖਿਆ ਤਾ ਸਤਿਗੁਰੁ ਪਾਵੈ ॥੫॥

ਮਨਮੁਖ ਤੋਟਾ ਨਿਤ ਹੈ ਭਰਮਹਿ ਭਰਮਾਏ ॥

ਮਨਮੁਖੁ ਅੰਧੁ ਨ ਚੇਤਈ
ਕਿਉ ਦਰਸਨੁ ਪਾਏ ॥੬॥

ਤਾ ਜਗਿ ਆਇਆ ਜਾਣੀਐ ਸਾਚੈ ਲਿਵ ਲਾਏ ॥

ਗੁਰ ਭੇਟੇ ਪਾਰਸੁ ਭਏ ਜੋਤੀ ਜੋਤਿ ਮਿਲਾਏ ॥੭॥

ਅਹਿਨਿਸਿ ਰਹੈ ਨਿਰਾਲਮੋ ਕਾਰ ਧੁਰ ਕੀ ਕਰਣੀ ॥

ਨਾਨਕ ਨਾਮਿ ਸੰਤੋਖੀਆ ਰਾਤੇ ਹਰਿ ਚਰਣੀ ॥੮॥੧੯॥

ਆਸਾ ਮਹਲਾ ੧ ॥

ਕੇਤਾ ਆਖਣੁ ਆਖੀਐ
ਤਾ ਕੇ ਅੰਤ ਨ ਜਾਣਾ ॥

ਮੈ ਨਿਧਰਿਆ ਧਰ ਏਕ ਤੂੰ
ਮੈ ਤਾਣੁ ਸਤਾਣਾ ॥੧॥

مے اولہگیا اولہگی ہم چھورو تھارے ॥

جِءُ توُنّ راکھِ تِءُ رہا
مُکھِ نامُ ہمارے ॥1॥ رہاءُ ॥

درسن کی پیاسا گھنی بھاۓ من بھائیۓ ॥

میرے ٹھاکُر ہاتھِ وڈیائیا بھاۓ پت پائیۓ ॥2॥

ساچءُ دوُر ن جانیۓ انتر ہے سوئی ॥

جہ دیکھا تہ روِ رہے
کِنِ قیمت ہوئی ۔ ॥3॥

آپِ کرے آپے ہرے ویکھے وڈیائی ॥

گُرمُکھِ ہوءِ نہالیۓ اِءُ قیمت پائی ॥4॥

جیودیا لاہا مِلے گُر کار کماوے ॥

پوُربِ ہووے لِکھیا تا ستگُر پاوے ॥5॥

منمکھ توٹا نت ہے بھرمہِ بھرمائے ॥

منمکھُ انّدھُ ن چیتئی
کِءُ درسنُ پائے ۔ ॥6॥

تا جگِ آئیا جانیۓ ساچے لِو لائے ॥

گُر بھیٹے پارسُ بھے جوتی جوتِ مِلائے ॥7॥

اہِنِس رہے نِرالمو کار دھُر کی کرنی ॥

نانک نامِ سنتوکھیا راتے ہرِ چرنی ॥8॥ 19 ॥

آسا محلا 1 ॥

کیتا آکھنُ آکھیۓ
تا کے انّت ن جاٹا ॥

مے نِدھریا دھر ایک توُنّ

ਨਾਨਕ ਕੀ ਅਰਦਾਸਿ ਹੈ ਸਚਿ ਨਾਮਿ ਸੁਹੇਲਾ ॥

ਆਪੁ ਗਇਆ ਸੋਝੀ ਪਈ
ਗੁਰ ਸਬਦੀ ਮੇਲਾ ॥੧॥ ਰਹਾਉ ॥

ਹਉਮੈ ਗਰਬੁ ਗਵਾਈਐ ਪਾਈਐ ਵੀਚਾਰੁ ॥

ਸਾਹਿਬ ਸਿਉ ਮਨੁ ਮਾਨਿਆ ਦੇ ਸਾਚੁ ਅਧਾਰੁ ॥੨॥

ਅਹਿਨਿਸਿ ਨਾਮਿ ਸੰਤੋਖੀਆ ਸੇਵਾ ਸਚੁ ਸਾਈ ॥

ਤਾ ਕਉ ਬਿਘਨੁ ਨ ਲਾਗਈ
ਚਾਲੈ ਹੁਕਮਿ ਰਜਾਈ ॥੩॥

ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ॥

ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ ॥੪॥

ਨਿਤ ਨਿਤ ਖਰਾ ਸਮਾਲੀਐ ਸਚੁ ਸਉਦਾ ਪਾਈਐ ॥

ਖੋਟੇ ਨਦਰਿ ਨ ਆਵਨੀ ਲੇ ਅਗਨਿ ਜਲਾਈਐ ॥੫॥

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ ॥

ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ ॥੬॥

ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ ॥

ਤਿੰਨਾ ਭਰਮੁ ਨ ਭੇਦੁ ਹੈ
ਹਰਿ ਰਸਨ ਰਸਾਈ ॥੭॥

ਹੁਕਮਿ ਸੰਜੋਗੀ ਆਇਆ ਚਲੁ ਸਦਾ ਰਜਾਈ ॥

ਅਉਗਣਿਆਰੇ ਕਉ ਗੁਣੁ ਨਾਨਕੈ
ਸਚੁ ਮਿਲੈ ਵਡਾਈ ॥੮॥੨੦॥

ਆਸਾ ਮਹਲਾ ੧ ॥

ਮਨੁ ਰਾਤਉ ਹਰਿ ਨਾਇ ਸਚੁ ਵਖਾਣਿਆ ॥

مے تانُ ستاٹا ॥1॥

نانک کی عرداس ہے سچ نامِ سُہیلا ॥

آپُ گئیا سوجھی پئی
گُر سبدی میلا ॥1॥ رہاءُ ॥

ہئُمے گربُ گوائیے پائیے وِیچارُ ॥

صاحِب سِءُ منُ مانِیا دے ساچُ ادھارُ ॥2॥

اِنِس نامِ سنتوکھِیا سیوا سچُ سائی ॥

تا کءُ بِگھنُ ن لاگئی
چالے حُکمِ رضائی ॥3॥

حُکمِ رضائی جو چلے سو پوے خزانے ॥

کھوٹے ٹھور ن پائنی رلے جوٹھانے ॥4॥

نِت نِت کھرا سالیئے سچُ سئدا پائیے ॥

کھوٹے ندرِ ن آونی لے اگنِ جلائیے ॥5॥

جِنی آتمُ چینِیا پرماتمُ سوئی ॥

ایکو انمّرِت بِرکھُ ہے پھلُ انمّرِتُ ہوئی ॥6॥

انمّرِت پھلُ جِنی چاکھِیا سچِ رہے اگھائی ॥

تِنّا بھرمُ ن بھیدُ ہے
ہرِ رسن رسائی ॥7॥

حُکمِ سنجوگی آئیا چلُ سدا رضائی ॥

انگُنیارے کءُ گُنُ نانکے
سچُ مِلے وڈائی ॥8॥ 20 ॥

آسا محلا 1 ॥

منُ رات ءُ ہرِ ناءِ سچُ وکھانِیا ॥

ਲੋਕਾ ਦਾ ਕਿਆ ਜਾਇ
ਜਾ ਤੁਧੁ ਭਾਣਿਆ ॥੧॥

لوکا دا کِیا جاءِ
جا تُدھُ بھانِیا ॥1॥

ਜਉ ਲਗੁ ਜੀਉ ਪਰਾਣ ਸਚੁ ਧਿਆਈਐ ॥

جءُ لگُ جِیءُ پراںُ سچُ دھِیائیَے ॥

ਲਾਹਾ ਹਰਿ ਗੁਣ ਗਾਇ
ਮਿਲੈ ਸੁਖੁ ਪਾਈਐ ॥੧॥ ਰਹਾਉ ॥

لاہا ہرِ گُںُ گاءِ
مِلےَ سُکھُ پائیَے ॥1॥ رہاءُ ॥

ਸਚੀ ਤੇਰੀ ਕਾਰ ਦੇਹਿ ਦਇਆਲੁ ਤੂੰ ॥

سچی تیری کار دیہِ دئیالُ توُںَ ॥

ਹਉ ਜੀਵਾ ਤੁਧੁ ਸਾਲਾਹਿ
ਮੈ ਟੇਕ ਅਧਾਰੁ ਤੂੰ ॥੨॥

ہءُ جیِوا تُدھُ سالاہِ
مےَ ٹیک ادھارُ توُںَ ॥2॥

ਦਰਿ ਸੇਵਕੁ ਦਰਵਾਨੁ ਦਰਦੁ ਤੂੰ ਜਾਣਹੀ ॥

درِ سیوکُ دروانُ دردُ توُںَ جاںُہی ॥

ਭਗਤਿ ਤੇਰੀ ਹੈਰਾਨੁ ਦਰਦੁ ਗਵਾਵਹੀ ॥੩॥

بھگتِ تیری حیَرانُ دردُ گواوہی ॥3॥

ਦਰਗਹ ਨਾਮੁ ਹਦੂਰਿ ਗੁਰਮੁਖਿ ਜਾਣਸੀ ॥

درگہ نامُ حدوُرِ گُرمُکھِ جاںُسی ॥

ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ ॥੪॥

ویلا سچُ پرواںُ سبدُ پچھاںُسی ॥4॥

ਸਤੁ ਸੰਤੋਖੁ ਕਰਿ ਭਾਉ
ਤੋਸਾ ਹਰਿ ਨਾਮੁ ਸੇਇ ॥

ستُ سنّتوُکھُ کرِ بھاءُ
توشا ہرِ نامُ سےءِ ॥

ਮਨਹੁ ਛੋਡਿ ਵਿਕਾਰ ਸਚਾ ਸਚੁ ਦੇਇ ॥੫॥

منہُ چھوڈِ وِکار سچا سچُ دےءِ ॥5॥

ਸਚੇ ਸਚਾ ਨੇਹੁ ਸਚੈ ਲਾਇਆ ॥

سچے سچا نیہُ سچےَ لائیا ॥

ਆਪੇ ਕਰੇ ਨਿਆਉ ਜੋ ਤਿਸੁ ਭਾਇਆ ॥੬॥

آپے کرے نِیاءُ جو تِسُ بھائیا ॥6॥

ਸਚੇ ਸਚੀ ਦਾਤਿ ਦੇਹਿ ਦਇਆਲੁ ਹੈ ॥

سچے سچی داتِ دیہِ دئیالُ ہےَ ॥

ਤਿਸੁ ਸੇਵੀ ਦਿਨੁ ਰਾਤਿ ਨਾਮੁ ਅਮੋਲੁ ਹੈ ॥੭॥

تِسُ سیوی دِنُ راتِ نامُ امولُ ہےَ ॥7॥

ਤੂੰ ਉਤਮੁ ਹਉ ਨੀਚੁ ਸੇਵਕੁ ਕਾਂਢੀਆ ॥

توُںَ اُتمُ ہءُ نِیچُ سیوکُ کانڈھِیا ॥

ਨਾਨਕ ਨਦਰਿ ਕਰੇਹੁ ਮਿਲੈ ਸਚੁ ਵਾਂਢੀਆ ॥੮॥੨੧॥

نانک ندرِ کریہُ مِلےَ سچُ وانڈھِیا ॥8॥ 21 ॥

ਆਸਾ ਮਹਲਾ ੧ ॥

آسا محلا 1 ॥

ਆਵਣ ਜਾਣਾ ਕਿਉ ਰਹੈ
ਕਿਉ ਮੇਲਾ ਹੋਈ ॥

آوںُ جاٹا کِءُ رہےَ

ਜਨਮ ਮਰਣ ਕਾ ਦੁਖੁ ਘਣੋ
ਨਿਤ ਸਹਸਾ ਦੋਈ ॥੧॥

ਬਿਨੁ ਨਾਵੈ ਕਿਆ ਜੀਵਨਾ
ਫਿਟੁ ਧ੍ਰਿਗੁ ਚਤੁਰਾਈ ॥

ਸਤਿਗੁਰ ਸਾਧੁ ਨ ਸੇਵਿਆ
ਹਰਿ ਭਗਤਿ ਨ ਭਾਈ ॥੧॥ ਰਹਾਉ ॥

ਆਵਣੁ ਜਾਵਣੁ ਤਉ ਰਹੈ ਪਾਈਐ ਗੁਰੁ ਪੂਰਾ ॥

ਰਾਮ ਨਾਮੁ ਧਨੁ ਰਾਸਿ ਦੇਇ
ਬਿਨਸੈ ਭ੍ਰਮੁ ਕੂਰਾ ॥੨॥

ਸੰਤ ਜਨਾ ਕਉ ਮਿਲਿ ਰਹੈ
ਧਨੁ ਧਨੁ ਜਸੁ ਗਾਏ ॥

ਆਦਿ ਪੁਰਖੁ ਅਪਰੰਪਰਾ ਗੁਰਮੁਖਿ ਹਰਿ ਪਾਏ ॥੩॥

ਨਟੂਐ ਸਾਂਗੁ ਬਣਾਇਆ ਬਾਜੀ ਸੰਸਾਰਾ ॥

ਖਿਨੁ ਪਲੁ ਬਾਜੀ ਦੇਖੀਐ
ਉਝਰਤ ਨਹੀ ਬਾਰਾ ॥੪॥

ਹਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ ॥

ਸਭੁ ਜਗੁ ਹਾਰੈ ਸੋ ਜਿਣੈ
ਗੁਰ ਸਬਦੁ ਵੀਚਾਰਾ ॥੫॥

ਜਿਉ ਅੰਧੁਲੈ ਹਥਿ ਟੋਹਣੀ
ਹਰਿ ਨਾਮੁ ਹਮਾਰੈ ॥

ਰਾਮ ਨਾਮੁ ਹਰਿ ਟੇਕ ਹੈ
ਨਿਸਿ ਦਉਤ ਸਵਾਰੈ ॥੬॥

ਜਿਉ ਤੂੰ ਰਾਖਹਿ ਤਿਉ ਰਹਾ
ਹਰਿ ਨਾਮ ਅਧਾਰਾ ॥

کِءُ میلا ہوئی ۔ ॥

جنم مرنؤ کا دُکھُ گھنو
نِت سہسا دوئی ॥1॥

بِنُ ناوے کِیا جیِونا
پھِٹُ دھرِگُ چترُائی ॥

ستِگُر سادھُ ن سیوِیا
ہرِ بھگتِ ن بھائی ॥1॥ رہاءُ ॥

آونُ جاونُ تءُ رہے پائیئے گُرُ پوُرا ॥

رام نامُ دھنُ راسِ دےءِ
بِنسے بھرمُ کوُرا ॥2॥

سنّت جنا کءُ مِلِ رہے
دھنُ دھنُ جسُ گائے ॥

آدِ پُرکھُ اپرنّپرا گُرمُکھِ ہرِ پائے ॥3॥

نٹوُئے سانگُ بنائیا بازی سنّسارا ॥

کھِنُ پلُ بازی دیکھیئے
اُجھرت نہی بارا ॥4॥

ہئُمے چپُڑِ کھیلنا جھوُٹھے اہنکارا ॥

سبھُ جگُ ہارے سو جِنّے
گُر سبدُ ویچارا ॥5॥

جِءُ اندھُلے ہتھِ ٹوہنی
ہرِ نامُ ہمارے ॥

رام نامُ ہرِ ٹیک ہے
نِس دئُت سوارے ॥6॥

جِءُ توُنّ راکھےِ تِءُ رہا
ہرِ نام ادھارا ॥

ਅੰਤਿ ਸਖਾਈ ਪਾਇਆ ਜਨ ਮੁਕਤਿ ਦੁਆਰਾ ॥੭॥

انّتِ سکھائی پائیا جن مُکتِ دُیارا ॥7॥

ਜਨਮ ਮਰਣ ਦੁਖ ਮੇਟਿਆ ਜਪਿ ਨਾਮੁ ਮੁਰਾਰੇ ॥

جنم مرنؕ دُکھ میٹیا جپِ نامُ مُرارے ॥

ਨਾਨਕ ਨਾਮੁ ਨ ਵੀਸਰੈ ਪੂਰਾ ਗੁਰੁ ਤਾਰੇ ॥੮॥੨੨॥

نانک نامُ ن ویسرے پوُرا گُرُ تارے ॥8॥ 22 ॥

ਆਸਾ ਮਹਲਾ ੩ ਅਸਟਪਦੀਆ ਘਰੁ ੨

آسا محلا 3 اسٹپدیِیا گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸਾਸਤੁ ਬੇਦੁ ਸਿੰਮ੍ਰਿਤਿ ਸਰੁ ਤੇਰਾ
ਸੁਰਸਰੀ ਚਰਣ ਸਮਾਣੀ ॥

ساستُ بیدُ سِمّرِتِ سرُ تیرا
سُرسری چرنؕ سماؕنی ॥

ਸਾਖਾ ਤੀਨਿ ਮੂਲੁ ਮਤਿ ਰਾਵੈ
ਤੂੰ ਤਾਂ ਸਰਬ ਵਿਡਾਣੀ ॥੧॥

ساکھا تینِ موُلُ متِ راوے
توُنّ تاں سرب وِڈاؕنی ॥1॥

ਤਾ ਕੇ ਚਰਣ ਜਪੈ ਜਨੁ ਨਾਨਕੁ
ਬੋਲੇ ਅੰਮ੍ਰਿਤ ਬਾਣੀ ॥੧॥ ਰਹਾਉ ॥

تا کے چرنؕ جپے جنُ نانکُ
بولے انّمرِت باؕنی ॥1॥ رہاءُ ॥

ਤੇਤੀਸ ਕਰੋੜੀ ਦਾਸ ਤੁਮ੍ਹਾਰੇ
ਰਿਧਿ ਸਿਧਿ ਪ੍ਰਾਣ ਅਧਾਰੀ ॥

تیتیِس کروڑی داس تُمہّارے
رِدھِ سِدھِ پّراںؕ ادھاری ॥

ਤਾ ਕੇ ਰੂਪ ਨ ਜਾਹੀ ਲਖਣੇ
ਕਿਆ ਕਰਿ ਆਖਿ ਵੀਚਾਰੀ ॥੨॥

تا کے روُپ ن جاہی لکھنّے
کِیا کرِ آکھِ ویچاری ۔ ॥2॥

ਤੀਨਿ ਗੁਣਾ ਤੇਰੇ ਜੁਗ ਹੀ ਅੰਤਰਿ
ਚਾਰੇ ਤੇਰੀਆ ਖਾਣੀ ॥

تینِ گُنّا تیرے جُگ ہی انّترِ
چارے تیرییا کھاؕنی ॥

ਕਰਮੁ ਹੋਵੈ ਤਾ ਪਰਮ ਪਦੁ ਪਾਈਐ
ਕਥੇ ਅਕਥ ਕਹਾਣੀ ॥੩॥

کرمُ ہووے تا پرم پدُ پائیئے
کتھے اکتھ کہاؕنی ॥3॥

ਤੂੰ ਕਰਤਾ ਕੀਆ ਸਭੁ ਤੇਰਾ
ਕਿਆ ਕੋ ਕਰੇ ਪਰਾਣੀ ॥

توُنّ کرتا کِیا سبھُ تیرا
کِیا کو کرے پراؕنی ۔ ॥

ਜਾ ਕਉ ਨਦਰਿ ਕਰਹਿ ਤੂੰ ਅਪਣੀ
ਸਾਈ ਸਚਿ ਸਮਾਣੀ ॥੪॥

جا کءُ ندرِ کرہِ توُنّ اپنّی
ساؕئی سچِ سماؕنی ॥4॥

ਨਾਮੁ ਤੇਰਾ ਸਭੁ ਕੋਈ ਲੇਤੁ ਹੈ
ਜੇਤੀ ਆਵਣ ਜਾਣੀ ॥

نامُ تیرا سبھُ کوئی لیتُ ہے
جیتی آونؕ جاؕنی ॥

ਜਾ ਤੁਧੁ ਭਾਵੈ ਤਾ ਗੁਰਮੁਖਿ ਬੂਝੈ
ਹੋਰ ਮਨਮੁਖਿ ਫਿਰੈ ਇਆਣੀ ॥੫॥

جا تُدھُ بھاوے تا گُرمُکھِ بوُجھے
ہور منمُکھِ پھِرے اِیانی ॥5॥

ਚਾਰੇ ਵੇਦ ਬ੍ਰਹਮੇ ਕਉ ਦੀਏ
ਪੜਿ ਪੜਿ ਕਰੇ ਵੀਚਾਰੀ ॥

چارے وید برّہمے ک ءُ دیے
پڑِ پڑِ کرے وِیچاری ॥

ਤਾ ਕਾ ਹੁਕਮੁ ਨ ਬੂਝੈ ਬਪੁੜਾ
ਨਰਕਿ ਸੁਰਗਿ ਅਵਤਾਰੀ ॥੬॥

تا کا حُکمُ ن بوُجھے بپُڑا
نرکِ سُرگِ اوتاری ॥6॥

ਜੁਗਹ ਜੁਗਹ ਕੇ ਰਾਜੇ ਕੀਏ
ਗਾਵਹਿ ਕਰਿ ਅਵਤਾਰੀ ॥

جُگہ جُگہ کے راجے کیے
گاوہِ کرِ اوتاری ॥

ਤਿਨ ਭੀ ਅੰਤੁ ਨ ਪਾਇਆ ਤਾ ਕਾ
ਕਿਆ ਕਰਿ ਆਖਿ ਵੀਚਾਰੀ ॥੭॥

تِن بھی انّتُ ن پائیا تا کا
کِیا کرِ آکھِ وِیچاری ۔ ॥7॥

ਤੂੰ ਸਚਾ ਤੇਰਾ ਕੀਆ ਸਭੁ ਸਾਚਾ
ਦੇਹਿ ਤ ਸਾਚੁ ਵਖਾਣੀ ॥

توُنّ سچا تیرا کِیا سبھُ ساچا
دیہِ ت ساچُ وکھانی ॥

ਜਾ ਕਉ ਸਚੁ ਬੁਝਾਵਹਿ ਅਪਣਾ
ਸਹਜੇ ਨਾਮਿ ਸਮਾਣੀ ॥੮॥੧॥੨੩॥

جا ک ءُ سچُ بُجھاوہِ اپنا
سہجے نامِ سمانی ॥8॥1॥ 23 ॥

ਆਸਾ ਮਹਲਾ ੩ ॥

آسا محلا 3 ॥

ਸਤਿਗੁਰ ਹਮਰਾ ਭਰਮੁ ਗਵਾਇਆ ॥

ستِگُر ہمرا بھرمُ گوائیا ॥

ਹਰਿ ਨਾਮੁ ਨਿਰੰਜਨੁ ਮੰਨਿ ਵਸਾਇਆ ॥

ہرِ نامُ نِرنّجنُ منّنِ وسائیا ॥

ਸਬਦੁ ਚੀਨਿ ਸਦਾ ਸੁਖੁ ਪਾਇਆ ॥੧॥

سبدُ چینِ سدا سُکھُ پائیا ॥1॥

ਸੁਣਿ ਮਨ ਮੇਰੇ ਤਤੁ ਗਿਆਨੁ ॥

سُنِ من میرے تتُ گیانُ ॥

ਦੇਵਣ ਵਾਲਾ ਸਭ ਬਿਧਿ ਜਾਣੈ
ਗੁਰਮੁਖਿ ਪਾਈਐ ਨਾਮੁ ਨਿਧਾਨੁ ॥੧॥ ਰਹਾਉ ॥

دیونٹ والا سبھ بِدھِ جانٹے
گُرمُکھِ پائیئے نامُ نِدھانُ ॥1॥ رہاءُ ॥

ਸਤਿਗੁਰ ਭੇਟੇ ਕੀ ਵਡਿਆਈ ॥

ستِگُر بھیٹے کی وڈیائی ॥

ਜਿਨਿ ਮਮਤਾ ਅਗਨਿ ਤ੍ਰਿਸਨਾ ਬੁਝਾਈ ॥

جِنِ ممتا اگنِ ترِسنا بُجھائی ॥

ਸਹਜੇ ਮਾਤਾ ਹਰਿ ਗੁਣ ਗਾਈ ॥੨॥

سہجے ماتا ہرِ گُنٹ گائی ॥2॥

ਵਿਣੁ ਗੁਰ ਪੂਰੇ ਕੋਇ ਨ ਜਾਣੀ ॥	وِنُ گُر پُورے کوءِ ن جانٹی ॥
ਮਾਇਆ ਮੋਹਿ ਦੂਜੈ ਲੋਭਾਣੀ ॥	مائیا موہِ دوُجےَ لوبھانٹی ॥
ਗੁਰਮੁਖਿ ਨਾਮੁ ਮਿਲੈ ਹਰਿ ਬਾਣੀ ॥੩॥	گُرمُکھِ نامُ مِلےَ ہرِ بانٹی ॥3॥
ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥	گُر سیوا تپاں سِرِ تپُ سارُ ॥
ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ ॥	ہرِ جیِءُ منِ وسےَ سبھ دوُکھ وِسارنہارُ ॥
ਦਰਿ ਸਾਚੈ ਦੀਸੈ ਸਚਿਆਰੁ ॥੪॥	درِ ساچےَ دِسےَ سچِیارُ ॥4॥
ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ ॥	گُر سیوا تے ترِبھونٹ سوجھی ہوءِ ॥
ਆਪੁ ਪਛਾਣਿ ਹਰਿ ਪਾਵੈ ਸੋਇ ॥	آپُ پچھانٹِ ہرِ پاوےَ سوءِ ॥
ਸਾਚੀ ਬਾਣੀ ਮਹਲੁ ਪਰਾਪਤਿ ਹੋਇ ॥੫॥	ساچی بانٹی محلُ پراپتِ ہوءِ ॥5॥
ਗੁਰ ਸੇਵਾ ਤੇ ਸਭ ਕੁਲ ਉਧਾਰੇ ॥	گُر سیوا تے سبھ کُل اُدھارے ॥
ਨਿਰਮਲ ਨਾਮੁ ਰਖੈ ਉਰਿ ਧਾਰੇ ॥	نِرمل نامُ رکھےَ اُرِ دھارے ॥
ਸਾਚੀ ਸੋਭਾ ਸਾਚਿ ਦੁਆਰੇ ॥੬॥	ساچی سوبھا ساچِ دُیارے ॥6॥
ਸੇ ਵਡਭਾਗੀ ਜਿ ਗੁਰਿ ਸੇਵਾ ਲਾਏ ॥	سے وڈبھاگی جِ گُرِ سیوا لائے ॥
ਅਨਦਿਨੁ ਭਗਤਿ ਸਚੁ ਨਾਮੁ ਦ੍ਰਿੜਾਏ ॥	اندِنُ بھگتِ سچُ نامُ دڑِڑائے ॥
ਨਾਮੇ ਉਧਰੇ ਕੁਲ ਸਬਾਏ ॥੭॥	نامے اُدھرے کُل سبائے ॥7॥
ਨਾਨਕੁ ਸਾਚੁ ਕਹੈ ਵੀਚਾਰੁ ॥	نانکُ ساچُ کہےَ ویچارُ ॥
ਹਰਿ ਕਾ ਨਾਮੁ ਰਖਹੁ ਉਰਿ ਧਾਰਿ ॥	ہرِ کا نامُ رکھہُ اُرِ دھارِ ॥
ਹਰਿ ਭਗਤੀ ਰਾਤੇ ਮੋਖ ਦੁਆਰੁ ॥੮॥੨॥੨੪॥	ہرِ بھگتی راتے موکھ دُیارُ ॥8॥2॥ 24 ॥
ਆਸਾ ਮਹਲਾ ੩ ॥	آسا محلا 3 ॥
ਆਸਾ ਆਸ ਕਰੇ ਸਭੁ ਕੋਈ ॥	آسا آس کرے سبھُ کوئی ॥
ਹੁਕਮੈ ਬੂਝੈ ਨਿਰਾਸਾ ਹੋਈ ॥	حُکمےَ بوُجھےَ نِراسا ہوئی ॥
ਆਸਾ ਵਿਚਿ ਸੁਤੇ ਕਈ ਲੋਈ ॥	آسا وِچِ سُتے کئی لوئی ॥

ਸੋ ਜਾਗੈ ਜਾਗਾਵੈ ਸੋਈ ॥੧॥	سو جاگے جاگاوے سوئی ॥1॥
ਸਤਿਗੁਰਿ ਨਾਮੁ ਬੁਝਾਇਆ	ستِگُرِ نامُ بُجھائیا
ਵਿਣੁ ਨਾਵੈ ਭੁਖ ਨ ਜਾਈ ॥	وِنُ ناوے بھُکھ ن جائی ॥
ਨਾਮੇ ਤ੍ਰਿਸਨਾ ਅਗਨਿ ਬੁਝੈ	نامے ترِسنا اگنِ بُجھے
ਨਾਮੁ ਮਿਲੈ ਤਿਸੈ ਰਜਾਈ ॥੧॥ ਰਹਾਉ ॥	نامُ مِلے تِسے رضائی ॥1॥ رہاءُ ॥
ਕਲਿ ਕੀਰਤਿ ਸਬਦੁ ਪਛਾਨੁ ॥	کلِ کیرتِ سبدُ پچھانُ ॥
ਏਹਾ ਭਗਤਿ ਚੂਕੈ ਅਭਿਮਾਨੁ ॥	ایہا بھگتِ چوُکے ابھمانُ ॥
ਸਤਿਗੁਰੁ ਸੇਵਿਐ ਹੋਵੈ ਪਰਵਾਨੁ ॥	ستِگُرُ سیوِئے ہووے پروانُ ॥
ਜਿਨਿ ਆਸਾ ਕੀਤੀ ਤਿਸ ਨੋ ਜਾਨੁ ॥੨॥	جِنِ آسا کیتی تِس نو جانُ ॥2॥
ਤਿਸੁ ਕਿਆ ਦੀਜੈ ਜਿ ਸਬਦੁ ਸੁਣਾਏ ॥	تِسُ کیا دیجے جِ سبدُ سُنائے ॥
ਕਰਿ ਕਿਰਪਾ ਨਾਮੁ ਮੰਨਿ ਵਸਾਏ ॥	کرِ کرپا نامُ منّنِ وسائے ॥
ਇਹੁ ਸਿਰੁ ਦੀਜੈ ਆਪੁ ਗਵਾਏ ॥	اِہُ سِرُ دیجے آپُ گوائے ॥
ਹੁਕਮੈ ਬੂਝੈ ਸਦਾ ਸੁਖੁ ਪਾਏ ॥੩॥	حُکمے بُوجھے سدا سُکھُ پائے ॥3॥
ਆਪਿ ਕਰੇ ਤੈ ਆਪਿ ਕਰਾਏ ॥	آپِ کرے تے آپِ کرائے ॥
ਆਪੇ ਗੁਰਮੁਖਿ ਨਾਮੁ ਵਸਾਏ ॥	آپے گُرمُکھِ نامُ وسائے ॥
ਆਪਿ ਭੁਲਾਵੈ ਆਪਿ ਮਾਰਗਿ ਪਾਏ ॥	آپِ بھُلاوے آپِ مارگِ پائے ॥
ਸਚੈ ਸਬਦਿ ਸਚਿ ਸਮਾਏ ॥੪॥	سچے سبدِ سچِ سمائے ॥4॥
ਸਚਾ ਸਬਦੁ ਸਚੀ ਹੈ ਬਾਣੀ ॥	سچا سبدُ سچی ہے بانُی ॥
ਗੁਰਮੁਖਿ ਜੁਗਿ ਜੁਗਿ ਆਖਿ ਵਖਾਣੀ ॥	گُرمُکھِ جُگِ جُگِ آکھِ وکھانُی ॥
ਮਨਮੁਖਿ ਮੋਹਿ ਭਰਮਿ ਭੋਲਾਣੀ ॥	منمُکھِ موہِ بھرمِ بھولانُی ॥
ਬਿਨੁ ਨਾਵੈ ਸਭ ਫਿਰੈ ਬਉਰਾਣੀ ॥੫॥	بِنُ ناوے سبھ پھِرے بئرانُی ॥5॥
ਤੀਨਿ ਭਵਨ ਮਹਿ ਏਕਾ ਮਾਇਆ ॥	تِینِ بھون مہِ ایکا مائیا ॥
ਮੂਰਖਿ ਪੜਿ ਪੜਿ ਦੂਜਾ ਭਾਉ ਦ੍ਰਿੜਾਇਆ ॥	مُورکھِ پڑِ پڑِ دوُجا بھاءُ دڑِڑائیا ॥

ਬਹੁ ਕਰਮ ਕਮਾਵੈ ਦੁਖੁ ਸਬਾਇਆ ॥	بہُ کرم کماوے دُکھُ سبائیا ॥
ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ॥੬॥	ستِگُر سیوِ سدا سُکھُ پائیا ॥6॥
ਅੰਮ੍ਰਿਤੁ ਮੀਠਾ ਸਬਦੁ ਵੀਚਾਰਿ ॥	انّمرِتُ میٹھا سبدُ ویچارِ ॥
ਅਨਦਿਨੁ ਭੋਗੇ ਹਉਮੈ ਮਾਰਿ ॥	اندِنُ بھوگے ہئُمے مارِ ॥
ਸਹਜਿ ਅਨੰਦਿ ਕਿਰਪਾ ਧਾਰਿ ॥	سہجِ انندِ کرپا دھارِ ॥
ਨਾਮਿ ਰਤੇ ਸਦਾ ਸਚਿ ਪਿਆਰਿ ॥੭॥	نامِ رتے سدا سچِ پیارِ ॥7॥
ਹਰਿ ਜਪਿ ਪੜੀਐ ਗੁਰ ਸਬਦੁ ਵੀਚਾਰਿ ॥	ہرِ جپِ پڑیئے گُر سبدُ ویچارِ ॥
ਹਰਿ ਜਪਿ ਪੜੀਐ ਹਉਮੈ ਮਾਰਿ ॥	ہرِ جپِ پڑیئے ہئُمے مارِ ॥
ਹਰਿ ਜਪੀਐ ਭਇ ਸਚਿ ਪਿਆਰਿ ॥	ہرِ جپیئے بھءِ سچِ پیارِ ॥
ਨਾਨਕ ਨਾਮੁ ਗੁਰਮਤਿ ਉਰ ਧਾਰਿ ॥੮॥੩॥੨੫॥	نانک نامُ گُرمتِ اُر دھارِ ॥8॥3॥ 25 ॥
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਰਾਗੁ ਆਸਾ ਮਹਲਾ ੩ ਅਸਟਪਦੀਆ ਘਰੁ ੮ ਕਾਫੀ ॥	راگُ آسا محلا 3 اسٹپدیا گھرُ 8 کافی ॥
ਗੁਰ ਤੇ ਸਾਂਤਿ ਊਪਜੈ ਜਿਨਿ ਤ੍ਰਿਸਨਾ ਅਗਨਿ ਬੁਝਾਈ ॥	گُر تے سانتِ اوُپجے جِنِ ترِسنا اگنِ بُجھائی ॥
ਗੁਰ ਤੇ ਨਾਮੁ ਪਾਈਐ ਵਡੀ ਵਡਿਆਈ ॥੧॥	گُر تے نامُ پائیئے وڈی وڈیائی ॥1॥
ਏਕੋ ਨਾਮੁ ਚੇਤਿ ਮੇਰੇ ਭਾਈ ॥	ایکو نامُ چیتِ میرے بھائی ۔ ॥
ਜਗਤੁ ਜਲੰਦਾ ਦੇਖਿ ਕੈ ਭਜਿ ਪਏ ਸਰਣਾਈ ॥੧॥ ਰਹਾਉ ॥	جگتُ جلندا دیکھِ کے بھجِ پئے سرٹائی ॥1॥ رہاءُ ॥
ਗੁਰ ਤੇ ਗਿਆਨੁ ਊਪਜੈ ਮਹਾ ਤਤੁ ਬੀਚਾਰਾ ॥	گُر تے گیانُ اوُپجے مہا تتُ بیچارا ॥
ਗੁਰ ਤੇ ਘਰੁ ਦਰੁ ਪਾਇਆ ਭਗਤੀ ਭਰੇ ਭੰਡਾਰਾ ॥੨॥	گُر تے گھرُ درُ پائیا بھگتی بھرے بھنڈارا ॥2॥
ਗੁਰਮੁਖਿ ਨਾਮੁ ਧਿਆਈਐ	گُرمُکھِ نامُ دھیائیئے

ਬੂਝੈ ਵੀਚਾਰਾ ॥

بُوجھےَ ویچارا ॥

ਗੁਰਮੁਖਿ ਭਗਤਿ ਸਲਾਹ ਹੈ
ਅੰਤਰਿ ਸਬਦੁ ਅਪਾਰਾ ॥੩॥

گُرمُکھِ بھگتِ سلاح ہےَ
انّترِ سبدُ اپارا ॥3॥

ਗੁਰਮੁਖਿ ਸੁਖੁ ਊਪਜੈ
ਦੁਖੁ ਕਦੇ ਨ ਹੋਈ ॥

گُرمُکھِ سوُکھُ اوُپجےَ
دُکھُ کدے ن ہوئی ॥

ਗੁਰਮੁਖਿ ਹਉਮੈ ਮਾਰੀਐ
ਮਨੁ ਨਿਰਮਲੁ ਹੋਈ ॥੪॥

گُرمُکھِ ہئُمےَ مارِیےَ
منُ نِرملُ ہوئی ॥4॥

ਸਤਿਗੁਰਿ ਮਿਲਿਐ ਆਪੁ ਗਇਆ
ਤ੍ਰਿਭਵਣ ਸੋਝੀ ਪਾਈ ॥

ستِگُرِ مِلِےَ آپُ گئیا
ترِبھوٹ سوجھی پائی ॥

ਨਿਰਮਲ ਜੋਤਿ ਪਸਰਿ ਰਹੀ
ਜੋਤੀ ਜੋਤਿ ਮਿਲਾਈ ॥੫॥

نِرمل جوتِ پسرِ رہی
جوتی جوتِ مِلائی ॥5॥

ਪੂਰੈ ਗੁਰਿ ਸਮਝਾਇਆ
ਮਤਿ ਊਤਮ ਹੋਈ ॥

پوُرےَ گُرِ سمجھائیا
متِ اوُتم ہوئی ॥

ਅੰਤਰੁ ਸੀਤਲੁ ਸਾਂਤਿ ਹੋਇ
ਨਾਮੇ ਸੁਖੁ ਹੋਈ ॥੬॥

انّترُ سیِتلُ سانْتِ ہوءِ
نامے سُکھُ ہوئی ॥6॥

ਪੂਰਾ ਸਤਿਗੁਰੁ ਤਾਂ ਮਿਲੈ
ਜਾਂ ਨਦਰਿ ਕਰੇਈ ॥

پوُرا ستِگُرُ تاں مِلےَ
جاں ندرِ کریئی ॥

ਕਿਲਵਿਖ ਪਾਪ ਸਭ ਕਟੀਅਹਿ
ਫਿਰਿ ਦੁਖੁ ਬਿਘਨੁ ਨ ਹੋਈ ॥੭॥

کِلوِکھ پاپ سبھ کٹِیئہِ
پھِرِ دُکھُ بِگھنُ ن ہوئی ॥7॥

ਆਪਣੈ ਹਥਿ ਵਡਿਆਈਆ
ਦੇ ਨਾਮੇ ਲਾਏ ॥

آپنّے ہتھِ وڈِیائیِیا
دے نامے لائے ॥

ਨਾਨਕ ਨਾਮੁ ਨਿਧਾਨੁ ਮਨਿ ਵਸਿਆ
ਵਡਿਆਈ ਪਾਏ ॥੮॥੪॥੨੬॥

نانک نامُ نِدھانُ منِ وسِیا
وڈِیائی پائے ॥8॥4॥ 26 ॥

ਆਸਾ ਮਹਲਾ ੩ ॥

آسا محلا 3 ॥

ਸੁਣਿ ਮਨ ਮੰਨਿ ਵਸਾਇ ਤੂੰ

سُنِ من منّنِ وساءِ توُنّ

ਆਪੇ ਆਇ ਮਿਲੈ ਮੇਰੇ ਭਾਈ ॥	آپے آءِ مِلےَ میرے بھائی ۔ ॥
ਅਨਦਿਨੁ ਸਚੀ ਭਗਤਿ ਕਰਿ ਸਚੈ ਚਿਤੁ ਲਾਈ ॥੧॥	اندِنُ سچی بھگتِ کرِ سچےَ چِتُ لائی ॥1॥
ਏਕੋ ਨਾਮੁ ਧਿਆਇ ਤੂੰ ਸੁਖੁ ਪਾਵਹਿ ਮੇਰੇ ਭਾਈ ॥	ایکو نامُ دھیاءِ توُنّ سُکھُ پاوہِ میرے بھائی ۔ ॥
ਹਉਮੈ ਦੂਜਾ ਦੂਰਿ ਕਰਿ ਵਡੀ ਵਡਿਆਈ ॥੧॥ ਰਹਾਉ ॥	ہئُمےَ دوُجا دوُرِ کرِ وڈی وڈِیائی ॥1॥ رہاءُ ॥
ਇਸੁ ਭਗਤੀ ਨੋ ਸੁਰਿ ਨਰ ਮੁਨਿ ਜਨ ਲੋਚਦੇ ਵਿਣੁ ਸਤਿਗੁਰ ਪਾਈ ਨ ਜਾਇ ॥	اِسُ بھگتی نو سُرِ نر مُنِ جن لوچدے وِنُ ستِگُر پائی ن جاءِ ॥
ਪੰਡਿਤ ਪੜਦੇ ਜੋਤਿਕੀ ਤਿਨ ਬੂਝ ਨ ਪਾਇ ॥੨॥	پنڈِت پڑدے جوتِکی تِن بوُجھ ن پاءِ ॥2॥
ਆਪੈ ਥੈ ਸਭੁ ਰਖਿਓਨੁ ਕਿਛੁ ਕਹਣੁ ਨ ਜਾਈ ॥	آپے تھےَ سبھُ رکھِئونُ کِچھُ کہنُ ن جائی ॥
ਆਪੇ ਦੇਇ ਸੁ ਪਾਈਐ ਗੁਰਿ ਬੂਝ ਬੁਝਾਈ ॥੩॥	آپے دےءِ سُ پائیےَ گُرِ بوُجھ بُجھائی ॥3॥
ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ ॥	جیء جنّت سبھِ تِس دے سبھنا کا سوئی ॥
ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ ॥੪॥	منّدا کِس نو آکھیےَ جے دوُجا ہوئی ॥4॥
ਇਕੋ ਹੁਕਮੁ ਵਰਤਦਾ ਏਕਾ ਸਿਰਿ ਕਾਰਾ ॥	اِکو حُکمُ ورتدا ایکا سِرِ کارا ॥
ਆਪਿ ਭਵਾਲੀ ਦਿਤੀਅਨੁ ਅੰਤਰਿ ਲੋਭੁ ਵਿਕਾਰਾ ॥੫॥	آپِ بھوالی دِتیئنُ انترِ لوبھُ وِکارا ॥5॥
ਇਕ ਆਪੇ ਗੁਰਮੁਖਿ ਕੀਤਿਅਨੁ ਬੂਝਨਿ ਵੀਚਾਰਾ ॥	اِک آپے گُرمُکھِ کیتِئنُ بوُجھنِ ویچارا ॥
ਭਗਤਿ ਭੀ ਓਨਾ ਨੋ ਬਖਸੀਅਨੁ	بھگتِ بھی اونا نو بخشیئنُ

ਅੰਤਰਿ ਭੰਡਾਰਾ ॥੬॥

انتر بھنڈارا ॥6॥

ਗਿਆਨੀਆ ਨੋ ਸਭੁ ਸਚੁ ਹੈ
ਸਚੁ ਸੋਝੀ ਹੋਈ ॥

گیانیا نو سبھُ سچُ ہے
سچُ سوجھی ہوئی ॥

ਓਇ ਭੁਲਾਏ ਕਿਸੈ ਦੇ ਨ ਭੁਲਨੀ
ਸਚੁ ਜਾਣਨਿ ਸੋਈ ॥੭॥

اوءِ بھُلائے کِسے دے ن بھُلنّہی
سچُ جانّنِ سوئی ॥7॥

ਘਰ ਮਹਿ ਪੰਚ ਵਰਤਦੇ
ਪੰਚੇ ਵੀਚਾਰੀ ॥

گھر مہِ پنّچ ورتدے
پنّچے ویچاری ॥

ਨਾਨਕ ਬਿਨੁ ਸਤਿਗੁਰ ਵਸਿ ਨ ਆਵਨੀ
ਨਾਮਿ ਹਉਮੈ ਮਾਰੀ ॥੮॥੫॥੨੭॥

نانک بِنُ ستِگُر وسِ ن آونّہی
نامِ ہئُمےَ ماری ॥8॥5॥ 27 ॥

ਆਸਾ ਮਹਲਾ ੩ ॥

آسا محلا 3 ॥

ਘਰੈ ਅੰਦਰਿ ਸਭੁ ਵਥੁ ਹੈ
ਬਾਹਰਿ ਕਿਛੁ ਨਾਹੀ ॥

گھرے اندرِ سبھُ وتھُ ہے
باہرِ کچھُ ناہی ॥

ਗੁਰ ਪਰਸਾਦੀ ਪਾਈਐ
ਅੰਤਰਿ ਕਪਟ ਖੁਲਾਹੀ ॥੧॥

گُر پرسادی پائیئے
انترِ کپٹ کھُلاہی ॥1॥

ਸਤਿਗੁਰ ਤੇ ਹਰਿ ਪਾਈਐ ਭਾਈ ॥

ستِگُر تے ہرِ پائیئے بھائی ۔ ॥

ਅੰਤਰਿ ਨਾਮੁ ਨਿਧਾਨੁ ਹੈ
ਪੂਰੈ ਸਤਿਗੁਰਿ ਦੀਆ ਦਿਖਾਈ ॥੧॥ ਰਹਾਉ ॥

انترِ نامُ نِدھانُ ہے
پوُرے ستِگُرِ دیِیا دِکھائی ॥1॥ رہاءُ ॥

ਹਰਿ ਕਾ ਗਾਹਕੁ ਹੋਵੈ ਸੋ ਲਏ
ਪਾਏ ਰਤਨੁ ਵੀਚਾਰਾ ॥

ہرِ کا گاہکُ ہووے سو لے
پائے رتنُ ویچارا ॥

ਅੰਦਰੁ ਖੋਲੈ ਦਿਬ ਦਿਸਟਿ
ਦੇਖੈ ਮੁਕਤਿ ਭੰਡਾਰਾ ॥੨॥

اندرُ کھولے دِب دِسٹِ
دیکھے مُکتِ بھنڈارا ॥2॥

ਅੰਦਰਿ ਮਹਲ ਅਨੇਕ ਹਹਿ
ਜੀਉ ਕਰੇ ਵਸੇਰਾ ॥

اندرِ محل انیک ہہِ
جیِءُ کرے وسیرا ॥

ਮਨ ਚਿੰਦਿਆ ਫਲੁ ਪਾਇਸੀ
ਫਿਰਿ ਹੋਇ ਨ ਫੇਰਾ ॥੩॥

من چِنّدیا پھلُ پائسی
پھِرِ ہوءِ ن پھیرا ॥3॥

ਪਾਰਖੀਆ ਵਥੁ ਸਮਾਲਿ ਲਈ
ਗੁਰ ਸੋਝੀ ਹੋਈ ॥

پارکھِیا وتھُ سمالِ لئی
گُر سوجھی ہوئی ॥

ਨਾਮੁ ਪਦਾਰਥੁ ਅਮੁਲੁ ਸਾ
ਗੁਰਮੁਖਿ ਪਾਵੈ ਕੋਈ ॥੪॥

نامُ پدارتھُ امُلُ سا
گُرمُکھِ پاوے کوئی ॥4॥

ਬਾਹਰੁ ਭਾਲੇ ਸੁ ਕਿਆ ਲਹੈ
ਵਥੁ ਘਰੈ ਅੰਦਰਿ ਭਾਈ ॥

باہرُ بھالے سُ کِیا لہے
وتھُ گھرے اندرِ بھائی ۔ ॥

ਭਰਮੇ ਭੂਲਾ ਸਭੁ ਜਗੁ ਫਿਰੈ
ਮਨਮੁਖਿ ਪਤਿ ਗਵਾਈ ॥੫॥

بھرمے بھوُلا سبھُ جگُ پھرے
منمُکھِ پتِ گوائی ॥5॥

ਘਰੁ ਦਰੁ ਛੋਡੇ ਆਪਣਾ
ਪਰ ਘਰਿ ਝੂਠਾ ਜਾਈ ॥

گھرُ درُ چھوڈے آپنا
پر گھرِ جھوُٹھا جائی ॥

ਚੋਰੈ ਵਾਂਗੂ ਪਕੜੀਐ
ਬਿਨੁ ਨਾਵੈ ਚੋਟਾ ਖਾਈ ॥੬॥

چورے وانگوُ پکڑیئے
بِنُ ناوے چوٹا کھائی ॥6॥

ਜਿਨ੍ਹੀ ਘਰੁ ਜਾਤਾ ਆਪਣਾ
ਸੇ ਸੁਖੀਏ ਭਾਈ ॥

جِنّہی گھرُ جاتا آپنا
سے سُکھیئے بھائی ॥

ਅੰਤਰਿ ਬ੍ਰਹਮੁ ਪਛਾਣਿਆ
ਗੁਰ ਕੀ ਵਡਿਆਈ ॥੭॥

انترِ برہمُ پچھانِیا
گُر کی وڈِیائی ॥7॥

ਆਪੇ ਦਾਨੁ ਕਰੇ ਕਿਸੁ ਆਖੀਐ
ਆਪੇ ਦੇਇ ਬੁਝਾਈ ॥

آپے دانُ کرے کِسُ آکھیئے
آپے دےءِ بُجھائی ॥

ਨਾਨਕ ਨਾਮੁ ਧਿਆਇ ਤੂੰ
ਦਰਿ ਸਚੈ ਸੋਭਾ ਪਾਈ ॥੮॥੬॥੨੮॥

نانک نامُ دھِیاءِ توُنَ
درِ سچے سوبھا پائی ॥8॥6॥ 28 ॥

ਆਸਾ ਮਹਲਾ ੩ ॥

آسا محلا 3 ॥

ਆਪੈ ਆਪੁ ਪਛਾਣਿਆ
ਸਾਦੁ ਮੀਠਾ ਭਾਈ ॥

آپے آپُ پچھانِیا
سادُ مِیٹھا بھائی ॥

ਹਰਿ ਰਸਿ ਚਾਖਿਐ ਮੁਕਤੁ ਭਏ
ਜਿਨ੍ਹਾ ਸਾਚੋ ਭਾਈ ॥੧॥

ہرِ رس چاکھے مُکت بھے
جِنّہا ساچو بھائی ॥1॥

ਹਰਿ ਜੀਉ ਨਿਰਮਲ ਨਿਰਮਲਾ
ਨਿਰਮਲ ਮਨਿ ਵਾਸਾ ॥

ہرِ جیِءُ نِرمل نِرملا
نِرمل منِ واسا ॥

ਗੁਰਮਤੀ ਸਾਲਾਹੀਐ
ਬਿਖਿਆ ਮਾਹਿ ਉਦਾਸਾ ॥੧॥ ਰਹਾਉ ॥

گُرمتی سالاہیِےَ
بِکھیا ماہِ اُداسا ॥1॥ رہاءُ ॥

ਬਿਨੁ ਸਬਦੈ ਆਪੁ ਨ ਜਾਪਈ
ਸਭ ਅੰਧੀ ਭਾਈ ॥

بِنُ سبدے آپُ ن جاپئی
سبھ اندھی بھائی ॥

ਗੁਰਮਤੀ ਘਟਿ ਚਾਨਣਾ
ਨਾਮੁ ਅੰਤਿ ਸਖਾਈ ॥੨॥

گُرمتی گھٹِ چانٹا
نامُ انّتِ سکھائی ॥2॥

ਨਾਮੇ ਹੀ ਨਾਮਿ ਵਰਤਦੇ
ਨਾਮੇ ਵਰਤਾਰਾ ॥

نامے ہی نامِ ورتدے
نامے ورتارا ॥

ਅੰਤਰਿ ਨਾਮੁ ਮੁਖਿ ਨਾਮੁ ਹੈ
ਨਾਮੇ ਸਬਦਿ ਵੀਚਾਰਾ ॥੩॥

انّترِ نامُ مُکھِ نامُ ہےَ
نامے سبدِ ویچارا ॥3॥

ਨਾਮੁ ਸੁਣੀਐ ਨਾਮੁ ਮੰਨੀਐ
ਨਾਮੇ ਵਡਿਆਈ ॥

نامُ سُنّیِےَ نامُ منّیِےَ
نامے وڈیائی ॥

ਨਾਮੁ ਸਲਾਹੇ ਸਦਾ ਸਦਾ
ਨਾਮੇ ਮਹਲੁ ਪਾਈ ॥੪॥

نامُ سلاہے سدا سدا
نامے محلُ پائی ॥4॥

ਨਾਮੇ ਹੀ ਘਟਿ ਚਾਨਣਾ
ਨਾਮੇ ਸੋਭਾ ਪਾਈ ॥

نامے ہی گھٹِ چانٹا
نامے سوبھا پائی ॥

ਨਾਮੇ ਹੀ ਸੁਖੁ ਊਪਜੈ
ਨਾਮੇ ਸਰਣਾਈ ॥੫॥

نامے ہی سُکھُ اوُپجےَ
نامے سرٹائی ॥5॥

ਬਿਨੁ ਨਾਵੈ ਕੋਇ ਨ ਮੰਨੀਐ
ਮਨਮੁਖਿ ਪਤਿ ਗਵਾਈ ॥

بِنُ ناوےَ کوءِ ن منّیِےَ
منمُکھِ پتِ گوائی ॥

ਜਮ ਪੁਰਿ ਬਾਧੇ ਮਾਰੀਅਹਿ
ਬਿਰਥਾ ਜਨਮੁ ਗਵਾਈ ॥੬॥

جم پُر بادھے ماریئہِ
برتھا جنمُ گوائی ॥6॥

ਨਾਮੈ ਕੀ ਸਭ ਸੇਵਾ ਕਰੈ
ਗੁਰਮੁਖਿ ਨਾਮੁ ਬੁਝਾਈ ॥

نامےَ کی سبھ سیوا کرےَ

ਨਾਮਹੁ ਹੀ ਨਾਮੁ ਮੰਨੀਐ
ਨਾਮੇ ਵਡਿਆਈ ॥੭॥

نامہُ ہی نامُ منّنیئے
نامے وڈِیائی ॥7॥

ਜਿਸ ਨੋ ਦੇਵੈ ਤਿਸੁ ਮਿਲੈ
ਗੁਰਮਤੀ ਨਾਮੁ ਬੁਝਾਈ ॥

جِس نو دیوے تِس مِلے
گُرمتی نامُ بُجھائی ॥

ਨਾਨਕ ਸਭ ਕਿਛੁ ਨਾਵੈ ਕੈ ਵਸਿ ਹੈ
ਪੂਰੈ ਭਾਗਿ ਕੋ ਪਾਈ ॥੮॥੭॥੨੯॥

نانک سبھ کِچھُ ناوے کے وسِ ہے
پُورے بھاگِ کو پائی ॥8॥7॥ 29 ॥

ਆਸਾ ਮਹਲਾ ੩ ॥

آسا محلا 3 ॥

ਦੋਹਾਗਣੀ ਮਹਲੁ ਨ ਪਾਇਨ੍ਹੀ
ਨ ਜਾਣਨਿ ਪਿਰ ਕਾ ਸੁਆਉ ॥

دوہاگنّی محلُ ن پائنّہی
ن جانّنِ پِر کا سُیاءُ ॥

ਫਿਕਾ ਬੋਲਹਿ ਨਾ ਨਿਵਹਿ
ਦੂਜਾ ਭਾਉ ਸੁਆਉ ॥੧॥

پھِکا بولہِ نا نِوہِ
دوُجا بھاءُ سُیاءُ ॥1॥

ਇਹੁ ਮਨੂਆ ਕਿਉ ਕਰਿ ਵਸਿ ਆਵੈ ॥

اِہُ منوُیا کِءُ کرِ وسِ آوے ۔ ॥

ਗੁਰ ਪਰਸਾਦੀ ਠਾਕੀਐ
ਗਿਆਨ ਮਤੀ ਘਰਿ ਆਵੈ ॥੧॥ ਰਹਾਉ ॥

گُر پرسادی ٹھاکیئے
گِیان متی گھرِ آوے ॥1॥ رہاءُ ॥

ਸੋਹਾਗਣੀ ਆਪਿ ਸਵਾਰੀਓਨੁ
ਲਾਇ ਪ੍ਰੇਮ ਪਿਆਰੁ ॥

سوہاگنّی آپِ سوارِیئونُ
لاءِ پّریم پِیارُ ॥

ਸਤਿਗੁਰ ਕੈ ਭਾਣੈ ਚਲਦੀਆ
ਨਾਮੇ ਸਹਜਿ ਸੀਗਾਰੁ ॥੨॥

ستِگُر کے بھانّے چلدِیا
نامے سہجِ سِیگارُ ॥2॥

ਸਦਾ ਰਾਵਹਿ ਪਿਰੁ ਆਪਣਾ
ਸਚੀ ਸੇਜ ਸੁਭਾਇ ॥

سدا راوہِ پِرُ آپنّا
سچی سیج سُبھاءِ ॥

ਪਿਰ ਕੈ ਪ੍ਰੇਮਿ ਮੋਹੀਆ
ਮਿਲਿ ਪ੍ਰੀਤਮ ਸੁਖੁ ਪਾਇ ॥੩॥

پِر کے پّریمِ موہِیا
مِلِ پّریتم سُکھُ پاءِ ॥3॥

ਗਿਆਨ ਅਪਾਰੁ ਸੀਗਾਰੁ ਹੈ
ਸੋਭਾਵੰਤੀ ਨਾਰਿ ॥

گِیان اپارُ سِیگارُ ہے
سوبھاونتی نارِ ॥

ਸਾ ਸਭਰਾਈ ਸੁੰਦਰੀ
ਪਿਰ ਕੈ ਹੇਤਿ ਪਿਆਰਿ ॥੪॥

سا سبھرائی سُندری
پِر کے ہیتِ پیارِ ॥4॥

ਸੋਹਾਗਣੀ ਵਿਚਿ ਰੰਗੁ ਰਖਿਓਨੁ
ਸਚੈ ਅਲਖਿ ਅਪਾਰਿ ॥

سوہاگنی وِچ رنگُ رکھیئونُ
سچے الکھِ اپارِ ॥

ਸਤਿਗੁਰੁ ਸੇਵਨਿ ਆਪਣਾ
ਸਚੈ ਭਾਇ ਪਿਆਰਿ ॥੫॥

ستِگُرُ سیونِ آپنا
سچے بھاءِ پیارِ ॥5॥

ਸੋਹਾਗਣੀ ਸੀਗਾਰੁ ਬਣਾਇਆ
ਗੁਣ ਕਾ ਗਲਿ ਹਾਰੁ ॥

سوہاگنی سیگارُ بنائیا
گُن کا گلِ ہارُ ॥

ਪ੍ਰੇਮ ਪਿਰਮਲੁ ਤਨਿ ਲਾਵਣਾ
ਅੰਤਰਿ ਰਤਨੁ ਵੀਚਾਰੁ ॥੬॥

پریم پرملُ تنِ لاونا
انترِ رتنُ ویچارُ ॥6॥

ਭਗਤਿ ਰਤੇ ਸੇ ਊਤਮਾ
ਜਤਿ ਪਤਿ ਸਬਦੇ ਹੋਇ ॥

بھگتِ رتے سے اوُتما
جتِ پتِ سبدے ہوءِ ॥

ਬਿਨੁ ਨਾਵੈ ਸਭ ਨੀਚ ਜਾਤਿ ਹੈ
ਬਿਸਟਾ ਕਾ ਕੀੜਾ ਹੋਇ ॥੭॥

بِنُ ناوے سبھ نیچ زاتِ ہے
بِسٹا کا کیڑا ہوءِ ॥7॥

ਹਉ ਹਉ ਕਰਦੀ ਸਭ ਫਿਰੈ
ਬਿਨੁ ਸਬਦੈ ਹਉ ਨ ਜਾਇ ॥

ہءُ ہءُ کردی سبھ پھرے
بِنُ سبدے ہءُ ن جاءِ ॥

ਨਾਨਕ ਨਾਮਿ ਰਤੇ ਤਿਨ ਹਉਮੈ ਗਈ
ਸਚੈ ਰਹੇ ਸਮਾਇ ॥੮॥੮॥੩੦॥

نانک نامِ رتے تِن ہئُمے گئی
سچے رہے سماءِ ॥8॥8॥ 30 ॥

ਆਸਾ ਮਹਲਾ ੩ ॥

آسا محلا 3 ॥

ਸਚੇ ਰਤੇ ਸੇ ਨਿਰਮਲੇ
ਸਦਾ ਸਚੀ ਸੋਇ ॥

سچے رتے سے نِرملے
سدا سچی سوءِ ॥

ਐਥੈ ਘਰਿ ਘਰਿ ਜਾਪਦੇ
ਆਗੈ ਜੁਗਿ ਜੁਗਿ ਪਰਗਟੁ ਹੋਇ ॥੧॥

ایتھے گھرِ گھرِ جاپدے
آگے جُگِ جُگِ پرگٹُ ہوءِ ॥1॥

ਏ ਮਨ ਰੂੜੇ ਰੰਗੁਲੇ
ਤੂੰ ਸਚਾ ਰੰਗੁ ਚੜਾਇ ॥

اے من روُڑے رنگُلے
توُنّ سچا رنگُ چڑاءِ ॥

ਰੂੜੀ ਬਾਣੀ ਜੇ ਰਪੈ
ਨਾ ਇਹੁ ਰੰਗੁ ਲਹੈ ਨ ਜਾਇ ॥੧॥ ਰਹਾਉ ॥

ہم نیچ میلے اتِ ابھِمانی
دوُجے بھاءِ وِکار ॥

ਹਮ ਨੀਚ ਮੈਲੇ ਅਤਿ ਅਭਿਮਾਨੀ
ਦੂਜੈ ਭਾਇ ਵਿਕਾਰ ॥

ਗੁਰਿ ਪਾਰਸਿ ਮਿਲਿਐ ਕੰਚਨੁ ਹੋਏ
ਨਿਰਮਲ ਜੋਤਿ ਅਪਾਰ ॥੨॥

گُرِ پارسِ مِلِئے کنچنُ ہوئے
نِرمل جوتِ اپار ॥2॥

ਬਿਨੁ ਗੁਰ ਕੋਇ ਨ ਰੰਗੀਐ
ਗੁਰਿ ਮਿਲਿਐ ਰੰਗੁ ਚੜਾਉ ॥

بِنُ گُر کوءِ ن رنگیئے
گُرِ مِلِئے رنگُ چڑاءُ ॥

ਗੁਰ ਕੈ ਭੈ ਭਾਇ ਜੋ ਰਤੇ
ਸਿਫਤੀ ਸਚਿ ਸਮਾਉ ॥੩॥

گُر کے بھے بھاءِ جو رتے
صِفتی سچِ سماءُ ॥3॥

ਭੈ ਬਿਨੁ ਲਾਗਿ ਨ ਲਗਈ
ਨਾ ਮਨੁ ਨਿਰਮਲੁ ਹੋਇ ॥

بھے بِنُ لاگِ ن لگئی
نا منُ نِرملُ ہوءِ ॥

ਬਿਨੁ ਭੈ ਕਰਮ ਕਮਾਵਣੇ
ਝੂਠੇ ਠਾਉ ਨ ਕੋਇ ॥੪॥

بِنُ بھے کرم کماونے
جھوُٹھے ٹھاءُ ن کوءِ ॥4॥

ਜਿਸ ਨੋ ਆਪੇ ਰੰਗੇ ਸੁ ਰਪਸੀ
ਸਤਸੰਗਤਿ ਮਿਲਾਇ ॥

جِس نو آپے رنگے سُ رپسی
ستسنگتِ مِلاءِ ॥

ਪੂਰੇ ਗੁਰ ਤੇ ਸਤਸੰਗਤਿ ਊਪਜੈ
ਸਹਜੇ ਸਚਿ ਸੁਭਾਇ ॥੫॥

پوُرے گُر تے ستسنگتِ اوُپجے
سہجے سچِ سُبھاءِ ॥5॥

ਬਿਨੁ ਸੰਗਤੀ ਸਭਿ ਐਸੇ ਰਹਹਿ
ਜੈਸੇ ਪਸੁ ਢੋਰ ॥

بِنُ سنگتی سبھِ ایسے رہہِ
جیسے پسُ ڈھور ॥

ਜਿਨ੍ਹਿ ਕੀਤੇ ਤਿਸੈ ਨ ਜਾਣਨ੍ਹੀ
ਬਿਨੁ ਨਾਵੈ ਸਭਿ ਚੋਰ ॥੬॥

جِنّہِ کیتے تِسے ن جانّہی
بِنُ ناوے سبھِ چور ॥6॥

ਇਕਿ ਗੁਣ ਵਿਹਾਝਹਿ ਅਉਗਣ ਵਿਕਣਹਿ
ਗੁਰ ਕੈ ਸਹਜਿ ਸੁਭਾਇ ॥

اِکِ گُنُ وِہاجھہِ انگُنُ وِکنّہِ
گُر کے سہجِ سُبھاءِ ॥

ਗੁਰ ਸੇਵਾ ਤੇ ਨਾਉ ਪਾਇਆ
ਵੁਠਾ ਅੰਦਰਿ ਆਇ ॥੭॥

گُر سیوا تے ناءُ پائیا

	وُٹھا اندر آءِ ॥7॥
ਸਭਨਾ ਕਾ ਦਾਤਾ ਏਕੁ ਹੈ ਸਿਰਿ ਧੰਧੈ ਲਾਇ ॥	سبھنا کا داتا ایکُ ہے سِرِ دھندّھے لاءِ ॥
ਨਾਨਕ ਨਾਮੇ ਲਾਇ ਸਵਾਰਿਅਨੁ ਸਬਦੇ ਲਏ ਮਿਲਾਇ ॥੮॥੯॥੩੧॥	نانک نامے لاءِ سوارِئنُ سبدے لئے مِلاءِ ॥8॥9॥ 31 ॥
ਆਸਾ ਮਹਲਾ ੩ ॥	آسا محلا 3 ॥
ਸਭ ਨਾਵੈ ਨੋ ਲੋਚਦੀ ਜਿਸੁ ਕ੍ਰਿਪਾ ਕਰੇ ਸੋ ਪਾਏ ॥	سبھ ناوے نو لوچدی جِسُ کرِپا کرے سو پائے ॥
ਬਿਨੁ ਨਾਵੈ ਸਭੁ ਦੁਖੁ ਹੈ ਸੁਖੁ ਤਿਸੁ ਜਿਸੁ ਮੰਨਿ ਵਸਾਏ ॥੧॥	بِنُ ناوے سبھُ دُکھُ ہے سُکھُ تِسُ جِسُ منّنِ وسائے ॥1॥
ਤੂੰ ਬੇਅੰਤੁ ਦਇਆਲੁ ਹੈ ਤੇਰੀ ਸਰਣਾਈ ॥	توُنَ بیئنّتُ دیَیالُ ہے تیری سرٹائی ॥
ਗੁਰ ਪੂਰੇ ਤੇ ਪਾਈਐ ਨਾਮੇ ਵਡਿਆਈ ॥੧॥ ਰਹਾਉ ॥	گُر پوُرے تے پائیئے نامے وڈِیائی ॥1॥ رہاءُ ॥
ਅੰਤਰਿ ਬਾਹਰਿ ਏਕੁ ਹੈ ਬਹੁ ਬਿਧਿ ਸ੍ਰਿਸਟਿ ਉਪਾਈ ॥	انترِ باہرِ ایکُ ہے بہُ بِدھِ سّرِسٹِ اُپائی ॥
ਹੁਕਮੇ ਕਾਰ ਕਰਾਇਦਾ ਦੂਜਾ ਕਿਸੁ ਕਹੀਐ ਭਾਈ ॥੨॥	حُکمے کار کرائِدا دوُجا کِسُ کہیئے بھائی ۔ ॥2॥
ਬੁਝਣਾ ਅਬੁਝਣਾ ਤੁਧੁ ਕੀਆ ਇਹ ਤੇਰੀ ਸਿਰਿ ਕਾਰ ॥	بُجھنا ابُجھنا تُدھُ کیِیا اِہ تیری سِرِ کار ॥
ਇਕਨ੍ਹਾ ਬਖਸਿਹਿ ਮੇਲਿ ਲੈਹਿ ਇਕਿ ਦਰਗਹ ਮਾਰਿ ਕਢੇ ਕੂੜਿਆਰ ॥੩॥	اِکنّہا بخشِہِ میلِ لیَہِ اِکِ درگہ مارِ کڈھے کوُڑِیار ॥3॥
ਇਕਿ ਧੁਰਿ ਪਵਿਤ ਪਾਵਨ ਹਹਿ ਤੁਧੁ ਨਾਮੇ ਲਾਏ ॥	اِکِ دھُرِ پوِت پاون ہہِ تُدھُ نامے لائے ॥
ਗੁਰ ਸੇਵਾ ਤੇ ਸੁਖੁ ਊਪਜੈ	گُر سیوا تے سُکھُ اوُپجے

ਸਚੈ ਸਬਦਿ ਬੁਝਾਏ ॥੪॥

سچے سبدِ بُجھائے ॥4॥

ਇਕਿ ਕੁਚਲ ਕੁਚੀਲ ਵਿਖਲੀ ਪਤੇ
ਨਾਵਹੁ ਆਪਿ ਖੁਆਏ ॥

اِکِ کُچل کچیل وِکھلی پتے
ناوہُ آپِ کھُیائے ॥

ਨਾ ਓਨ ਸਿਧਿ ਨ ਬੁਧਿ ਹੈ
ਨ ਸੰਜਮੀ ਫਿਰਹਿ ਉਤਵਤਾਏ ॥੫॥

نا اون سِدھِ ن بُدھِ ہے
ن سنّجمی پھِرہِ اُتوتائے ॥5॥

ਨਦਰਿ ਕਰੇ ਜਿਸੁ ਆਪਣੀ
ਤਿਸ ਨੋ ਭਾਵਨੀ ਲਾਏ ॥

ندرِ کرے جِسُ آپنّی
تِس نو بھاونی لائے ॥

ਸਤੁ ਸੰਤੋਖੁ ਇਹ ਸੰਜਮੀ
ਮਨੁ ਨਿਰਮਲੁ ਸਬਦੁ ਸੁਣਾਏ ॥੬॥

ست سنّتوکھُ اِہ سنّجمی
منُ نِرملُ سبدُ سُنّائے ॥6॥

ਲੇਖਾ ਪੜਿ ਨ ਪਹੂਚੀਐ
ਕਥਿ ਕਹਣੈ ਅੰਤੁ ਨ ਪਾਇ ॥

لیکھا پڑِ ن پہوُچیئے
کتھِ کہنّے انتُ ن پاءِ ॥

ਗੁਰ ਤੇ ਕੀਮਤਿ ਪਾਈਐ
ਸਚਿ ਸਬਦਿ ਸੋਝੀ ਪਾਇ ॥੭॥

گُر تے قیمتِ پائیئے
سچِ سبدِ سوجھی پاءِ ॥7॥

ਇਹੁ ਮਨੁ ਦੇਹੀ ਸੋਧਿ ਤੂੰ
ਗੁਰ ਸਬਦਿ ਵੀਚਾਰਿ ॥

اِہُ منُ دیہی سودھِ توُنّ
گُر سبدِ ویچارِ ॥

ਨਾਨਕ ਇਸੁ ਦੇਹੀ ਵਿਚਿ ਨਾਮੁ ਨਿਧਾਨੁ ਹੈ
ਪਾਈਐ ਗੁਰ ਕੈ ਹੇਤਿ ਅਪਾਰਿ ॥੮॥੧੦॥੩੨॥

نانک اِسُ دیہی وِچ نامُ نِدھانُ ہے
پائیئے گُر کے ہیتِ اپارِ ॥8॥ 10 ॥ 32 ॥

ਆਸਾ ਮਹਲਾ ੩ ॥

آسا محلا 3 ॥

ਸਚਿ ਰਤੀਆ ਸੋਹਾਗਣੀ
ਜਿਨਾ ਗੁਰ ਕੈ ਸਬਦਿ ਸੀਗਾਰਿ ॥

سچِ رتیا سوہاگنّی
جِنا گُر کے سبدِ سیگارِ ॥

ਘਰ ਹੀ ਸੋ ਪਿਰੁ ਪਾਇਆ
ਸਚੈ ਸਬਦਿ ਵੀਚਾਰਿ ॥੧॥

گھر ہی سو پِرُ پائیا
سچے سبدِ ویچارِ ॥1॥

ਅਵਗਣ ਗੁਣੀ ਬਖਸਾਇਆ
ਹਰਿ ਸਿਉ ਲਿਵ ਲਾਈ ॥

اوگنّ گُنّی بخشائیا
ہرِ سِءُ لِو لائی ॥

ਹਰਿ ਵਰੁ ਪਾਇਆ ਕਾਮਣੀ

ہرِ ورُ پائیا کامنّی

ਗੁਰਿ ਮੇਲਿ ਮਿਲਾਈ ॥੧॥ ਰਹਾਉ ॥

گُرِ میلِ مِلائی ॥1॥ رہاءُ ॥

ਇਕਿ ਪਿਰੁ ਹਦੂਰਿ ਨ ਜਾਣਨ੍ਹੀ
ਦੂਜੈ ਭਰਮਿ ਭੁਲਾਇ ॥

اِکِ پِرُ حدوُرِ ن جانّنہی
دوُجےَ بھرمِ بھُلاءِ ॥

ਕਿਉ ਪਾਇਨ੍ਹਿ ਡੋਹਾਗਣੀ
ਦੁਖੀ ਰੈਣਿ ਵਿਹਾਇ ॥੨॥

کِءُ پائنّہِ ڈوہاگنّی
دُکھی رینّ وِہاءِ ॥2॥

ਜਿਨ ਕੈ ਮਨਿ ਸਚੁ ਵਸਿਆ
ਸਚੀ ਕਾਰ ਕਮਾਇ ॥

جِن کے منِ سچُ وسِیا
سچی کار کماءِ ॥

ਅਨਦਿਨੁ ਸੇਵਹਿ ਸਹਜ ਸਿਉ
ਸਚੇ ਮਾਹਿ ਸਮਾਇ ॥੩॥

اندِنُ سیوہِ سہج سِءُ
سچے ماہِ سماءِ ॥3॥

ਦੋਹਾਗਣੀ ਭਰਮਿ ਭੁਲਾਈਆ
ਕੂੜੁ ਬੋਲਿ ਬਿਖੁ ਖਾਹਿ ॥

دوہاگنّی بھرمِ بھُلائیا
کوُڑُ بولِ بِکھُ کھاہِ ॥

ਪਿਰੁ ਨ ਜਾਣਨਿ ਆਪਣਾ
ਸੁੰਞੀ ਸੇਜ ਦੁਖੁ ਪਾਹਿ ॥੪॥

پِرُ ن جانّنِ آپنّا
سُنّجی سیج دُکھُ پاہِ ॥4॥

ਸਚਾ ਸਾਹਿਬੁ ਏਕੁ ਹੈ
ਮਤੁ ਮਨ ਭਰਮਿ ਭੁਲਾਹਿ ॥

سچا صاحِبُ ایکُ ہےَ
متُ من بھرمِ بھُلاہِ ॥

ਗੁਰ ਪੂਛਿ ਸੇਵਾ ਕਰਹਿ
ਸਚੁ ਨਿਰਮਲੁ ਮੰਨਿ ਵਸਾਹਿ ॥੫॥

گُر پوُچھِ سیوا کرہِ
سچُ نِرملُ منّنِ وساہِ ॥5॥

ਸੋਹਾਗਣੀ ਸਦਾ ਪਿਰੁ ਪਾਇਆ
ਹਉਮੈ ਆਪੁ ਗਵਾਇ ॥

سوہاگنّی سدا پِرُ پائیا
ہئُمےَ آپُ گواءِ ॥

ਪਿਰ ਸੇਤੀ ਅਨਦਿਨੁ ਗਹਿ ਰਹੀ
ਸਚੀ ਸੇਜ ਸੁਖੁ ਪਾਇ ॥੬॥

پِر سیتی اندِنُ گہِ رہی
سچی سیج سُکھُ پاءِ ॥6॥

ਮੇਰੀ ਮੇਰੀ ਕਰਿ ਗਏ
ਪਲੈ ਕਿਛੁ ਨ ਪਾਇ ॥

میری میری کرِ گئے
پلےَ کچھُ ن پاءِ ॥

ਮਹਲੁ ਨਾਹੀ ਡੋਹਾਗਣੀ
ਅੰਤਿ ਗਈ ਪਛੁਤਾਇ ॥੭॥

محلُ ناہی ڈوہاگنّی
انّتِ گئی پچھُتاءِ ॥7॥

ਸੋ ਪਿਰੁ ਮੇਰਾ ਏਕੁ ਹੈ
ਏਕਸੁ ਸਿਉ ਲਿਵ ਲਾਇ ॥

ਨਾਨਕ ਜੇ ਸੁਖੁ ਲੋੜਹਿ ਕਾਮਣੀ
ਹਰਿ ਕਾ ਨਾਮੁ ਮੰਨਿ ਵਸਾਇ ॥੮॥੧੧॥੩੩॥

ਆਸਾ ਮਹਲਾ ੩ ॥

ਅੰਮ੍ਰਿਤੁ ਜਿਨ੍ਹਾ ਚਖਾਇਓਨੁ
ਰਸੁ ਆਇਆ ਸਹਜਿ ਸੁਭਾਇ ॥

ਸਚਾ ਵੇਪਰਵਾਹੁ ਹੈ
ਤਿਸ ਨੋ ਤਿਲੁ ਨ ਤਮਾਇ ॥੧॥

ਅੰਮ੍ਰਿਤੁ ਸਚਾ ਵਰਸਦਾ
ਗੁਰਮੁਖਾ ਮੁਖਿ ਪਾਇ ॥

ਮਨੁ ਸਦਾ ਹਰੀਆਵਲਾ
ਸਹਜੇ ਹਰਿ ਗੁਣ ਗਾਇ ॥੧॥ ਰਹਾਉ ॥

ਮਨਮੁਖਿ ਸਦਾ ਦੋਹਾਗਣੀ
ਦਰਿ ਖੜੀਆ ਬਿਲਲਾਹਿ ॥

ਜਿਨ੍ਹਾ ਪਿਰ ਕਾ ਸੁਆਦੁ ਨ ਆਇਓ
ਜੋ ਧੁਰਿ ਲਿਖਿਆ ਸੁ ਕਮਾਹਿ ॥੨॥

ਗੁਰਮੁਖਿ ਬੀਜੇ ਸਚੁ ਜਮੈ
ਸਚੁ ਨਾਮੁ ਵਾਪਾਰੁ ॥

ਜੋ ਇਤੁ ਲਾਹੈ ਲਾਇਅਨੁ
ਭਗਤੀ ਦੇਇ ਭੰਡਾਰ ॥੩॥

ਗੁਰਮੁਖਿ ਸਦਾ ਸੋਹਾਗਣੀ
ਭੈ ਭਗਤਿ ਸੀਗਾਰਿ ॥

ਅਨਦਿਨੁ ਰਾਵਹਿ ਪਿਰੁ ਆਪਣਾ
ਸਚੁ ਰਖਹਿ ਉਰ ਧਾਰਿ ॥੪॥

سو پِرُ میرا ایکُ ہے
ایکسُ سِ ءُ لِو لاءِ ॥

نانک جے سُکھُ لوڑہِ کامنّی
ہرِ کا نامُ منّنِ وساءِ ॥8॥ 11 ॥ 33 ॥

آسا محلا 3 ॥

انّمرِتُ جِنّہا چکھائیونُ
رسُ آئیا سہجِ سُبھاءِ ॥

سچا ویپرواہُ ہے
تِس نو تِلُ ن طماعِ ॥1॥

انّمرِتُ سچا ورسدا
گُرمُکھا مُکھِ پاءِ ॥

منُ سدا ہریاولا
سہجے ہرِ گُن گاءِ ॥1॥ رہاءُ ॥

منمُکھِ سدا دوہاگنی
درِ کھڑییا بِللاہِ ॥

جِنّہا پِر کا سُیادُ ن آئیو
جو دھُرِ لِکھیا سُ کماہِ ॥2॥

گُرمُکھِ بیجے سچُ جمے
سچُ نامُ واپارُ ॥

جو اِتُ لاہے لائیُنُ
بھگتی دےءِ بھنّڈار ॥3॥

گُرمُکھِ سدا سوہاگنی
بھے بھگتِ سیگارِ ॥

اندِنُ راوہِ پِرُ آپنا
سچُ رکھہِ اُر دھارِ ॥4॥

ਜਿਨ੍ਹਾ ਪਿਰੁ ਰਾਵਿਆ ਆਪਣਾ
ਤਿਨ੍ਹਾ ਵਿਟਹੁ ਬਲਿ ਜਾਉ ॥

جِنہّا پِرُ راوِیا آپنّا
تِنہّا وِٹہُ بلِ جاءُ ॥

ਸਦਾ ਪਿਰ ਕੈ ਸੰਗਿ ਰਹਹਿ
ਵਿਚਹੁ ਆਪੁ ਗਵਾਇ ॥੫॥

سدا پِر کے سنگِ رہہِ
وِچہُ آپُ گواءِ ॥5॥

ਤਨੁ ਮਨੁ ਸੀਤਲੁ ਮੁਖ ਉਜਲੇ
ਪਿਰ ਕੈ ਭਾਇ ਪਿਆਰਿ ॥

تنُ منُ سِیتلُ مُکھ اُجلے
پِر کے بھاءِ پِیارِ ॥

ਸੇਜ ਸੁਖਾਲੀ ਪਿਰੁ ਰਵੈ
ਹਉਮੈ ਤ੍ਰਿਸਨਾ ਮਾਰਿ ॥੬॥

سیج سُکھالی پِرُ روے
ہئُمے تّرِسنا مارِ ॥6॥

ਕਰਿ ਕਿਰਪਾ ਘਰਿ ਆਇਆ
ਗੁਰ ਕੈ ਹੇਤਿ ਅਪਾਰਿ ॥

کرِ کِرپا گھرِ آئیا
گُر کے ہیتِ اپارِ ॥

ਵਰੁ ਪਾਇਆ ਸੋਹਾਗਣੀ
ਕੇਵਲ ਏਕੁ ਮੁਰਾਰਿ ॥੭॥

ورُ پائیا سوہاگنّی
کیول ایکُ مُرارِ ॥7॥

ਸਭੇ ਗੁਨਹ ਬਖਸਾਇ ਲਇਓਨੁ
ਮੇਲੇ ਮੇਲਣਹਾਰਿ ॥

سبھے گُنہ بخشاءِ لئیونُ
میلے میلنہّارِ ॥

ਨਾਨਕ ਆਖਣੁ ਆਖੀਐ
ਜੇ ਸੁਣਿ ਧਰੇ ਪਿਆਰੁ ॥੮॥੧੨॥੩੪॥

نانک آکھنُ آکھیئے
جے سُنِ دھرے پِیارُ ॥8॥ 12 ॥ 34 ॥

ਆਸਾ ਮਹਲਾ ੩ ॥

آسا محلا 3 ॥

ਸਤਿਗੁਰ ਤੇ ਗੁਣ ਊਪਜੈ
ਜਾ ਪ੍ਰਭੁ ਮੇਲੈ ਸੋਇ ॥

ستِگُر تے گُنّ اوُپجے
جا پربھُ میلے سوءِ ॥

ਸਹਜੇ ਨਾਮੁ ਧਿਆਈਐ
ਗਿਆਨੁ ਪਰਗਟੁ ਹੋਇ ॥੧॥

سہجے نامُ دھیائیئے
گیانُ پرگٹُ ہوءِ ॥1॥

ਏ ਮਨ ਮਤ ਜਾਣਹਿ ਹਰਿ ਦੂਰਿ ਹੈ
ਸਦਾ ਵੇਖੁ ਹਦੂਰਿ ॥

اے من مت جانہِ ہرِ دوُرِ ہے
سدا ویکھُ حدوُرِ ॥

ਸਦ ਸੁਣਦਾ ਸਦ ਵੇਖਦਾ
ਸਬਦਿ ਰਹਿਆ ਭਰਪੂਰਿ ॥੧॥ ਰਹਾਉ ॥

سد سُنّدا سد ویکھدا
سبدِ رہیا بھرپوُرِ ॥1॥ رہاءُ ॥

ਗੁਰਮੁਖਿ ਆਪੁ ਪਛਾਣਿਆ
ਤਿਨ੍ਹੀ ਇਕ ਮਨਿ ਧਿਆਇਆ ॥

ਸਦਾ ਰਵਹਿ ਪਿਰੁ ਆਪਣਾ
ਸਚੈ ਨਾਮਿ ਸੁਖੁ ਪਾਇਆ ॥੨॥

ਏ ਮਨ ਤੇਰਾ ਕੋ ਨਹੀ
ਕਰਿ ਵੇਖੁ ਸਬਦਿ ਵੀਚਾਰੁ ॥

ਹਰਿ ਸਰਣਾਈ ਭਜਿ ਪਉ
ਪਾਇਹਿ ਮੋਖ ਦੁਆਰੁ ॥੩॥

ਸਬਦਿ ਸੁਣੀਐ ਸਬਦਿ ਬੁਝੀਐ
ਸਚਿ ਰਹੈ ਲਿਵ ਲਾਇ ॥

ਸਬਦੇ ਹਉਮੈ ਮਾਰੀਐ
ਸਚੈ ਮਹਲਿ ਸੁਖੁ ਪਾਇ ॥੪॥

ਇਸੁ ਜੁਗ ਮਹਿ ਸੋਭਾ ਨਾਮ ਕੀ
ਬਿਨੁ ਨਾਵੈ ਸੋਭ ਨ ਹੋਇ ॥

ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ
ਜਾਦੀ ਬਿਲਮੁ ਨ ਹੋਇ ॥੫॥

ਜਿਨੀ ਨਾਮੁ ਵਿਸਾਰਿਆ
ਸੇ ਮੁਏ ਮਰਿ ਜਾਹਿ ॥

ਹਰਿ ਰਸ ਸਾਦੁ ਨ ਆਇਓ
ਬਿਸਟਾ ਮਾਹਿ ਸਮਾਹਿ ॥੬॥

ਇਕਿ ਆਪੇ ਬਖਸਿ ਮਿਲਾਇਅਨੁ
ਅਨਦਿਨੁ ਨਾਮੇ ਲਾਇ ॥

ਸਚੁ ਕਮਾਵਹਿ ਸਚਿ ਰਹਹਿ
ਸਚੇ ਸਚਿ ਸਮਾਹਿ ॥੭॥

ਬਿਨੁ ਸਬਦੈ ਸੁਣੀਐ ਨ ਦੇਖੀਐ
ਜਗੁ ਬੋਲਾ ਅੰਨ੍ਹਾ ਭਰਮਾਇ ॥

گُرمُکھِ آپُ پچھاٹیا
تِنّہی اِک منِ دھیائیا ॥

سدا روہِ پِرُ آپٹا
سچے نامِ سُکھُ پائیا ॥2॥

اے من تیرا کو نہی
کرِ ویکھُ سبدِ ویچارُ ॥

ہرِ سرٹائی بھجِ پ ءُ
پائہِ موکھ دُیارُ ॥3॥

سبدِ سُنّیئے سبدِ بُجھیئے
سچِ رہئے لِو لاءِ ॥

سبدے ہئُمے ماریئے
سچے محلِ سُکھُ پاءِ ॥4॥

اِسُ جُگ مہِ سوبھا نام کی
بِنُ ناوے سوبھ ن ہوءِ ॥

اِہ مائیا کی سوبھا چارِ دِہاڑے
جادی بِلمُ ن ہوءِ ॥5॥

جِنی نامُ وِسارِیا
سے مُئے مرِ جاہِ ॥

ہرِ رس سادُ ن آئِئو
بِسٹا ماہِ سماہِ ॥6॥

اِکِ آپے بخشِ مِلائِئن
اندِنُ نامے لاءِ ॥

سچُ کماوہِ سچِ رہہِ
سچے سچِ سماہِ ॥7॥

بِنُ سبدے سُنّیئے ن دیکھیئے

ਬਿਨੁ ਨਾਵੈ ਦੁਖੁ ਪਾਇਸੀ
ਨਾਮੁ ਮਿਲੈ ਤਿਸੈ ਰਜਾਇ ॥੮॥

ਜਿਨ ਬਾਣੀ ਸਿਉ ਚਿਤੁ ਲਾਇਆ
ਸੇ ਜਨ ਨਿਰਮਲ ਪਰਵਾਣੁ ॥

ਨਾਨਕ ਨਾਮੁ ਤਿਨ੍ਹਾ ਕਦੇ ਨ ਵੀਸਰੈ
ਸੇ ਦਰਿ ਸਚੇ ਜਾਣੁ ॥੯॥੧੩॥੩੫॥

ਆਸਾ ਮਹਲਾ ੩ ॥

ਸਬਦੋਂ ਹੀ ਭਗਤ ਜਾਪਦੇ
ਜਿਨ੍ਹ ਕੀ ਬਾਣੀ ਸਚੀ ਹੋਇ ॥

ਵਿਚਹੁ ਆਪੁ ਗਇਆ ਨਾਉ ਮੰਨਿਆ
ਸਚਿ ਮਿਲਾਵਾ ਹੋਇ ॥੧॥

ਹਰਿ ਹਰਿ ਨਾਮੁ ਜਨ ਕੀ ਪਤਿ ਹੋਇ ॥

ਸਫਲੁ ਤਿਨ੍ਹਾ ਕਾ ਜਨਮੁ ਹੈ
ਤਿਨ੍ਹ ਮਾਨੈ ਸਭੁ ਕੋਇ ॥੧॥ ਰਹਾਉ ॥

ਹਉਮੈ ਮੇਰਾ ਜਾਤਿ ਹੈ
ਅਤਿ ਕ੍ਰੋਧੁ ਅਭਿਮਾਨੁ ॥

ਸਬਦਿ ਮਰੈ ਤਾ ਜਾਤਿ ਜਾਇ
ਜੋਤੀ ਜੋਤਿ ਮਿਲੈ ਭਗਵਾਨੁ ॥੨॥

ਪੂਰਾ ਸਤਿਗੁਰੁ ਭੇਟਿਆ
ਸਫਲ ਜਨਮੁ ਹਮਾਰਾ ॥

ਨਾਮੁ ਨਵੈ ਨਿਧਿ ਪਾਇਆ
ਭਰੇ ਅਖੁਟ ਭੰਡਾਰਾ ॥੩॥

ਆਵਹਿ ਇਸੁ ਰਾਸੀ ਕੇ ਵਾਪਾਰੀਏ
ਜਿਨ੍ਹਾ ਨਾਮੁ ਪਿਆਰਾ ॥

جگُ بولا انّہا بھرماءِ ॥

بِنُ ناوے دُکھُ پائسی
نامُ مِلے تِسے رضاءِ ॥8॥

جِن بانٹی سِءُ چِتُ لائیا
سے جن نِرمل پرواڻُ ॥

نانک نامُ تِنّہا کدے ن ویسرے
سے درِ سچے جاڻُ ॥9॥ 13 ॥ 35 ॥

آسا محلا 3 ॥

سبدوَ ہی بھگت جاپدے
جِنّہ کی بانٹی سچی ہوءِ ॥

وِچہُ آپُ گئیا ناءُ منّیا
سچِ مِلاوا ہوءِ ॥1॥

ہرِ ہرِ نامُ جن کی پتِ ہوءِ ॥

سپھلُ تِنّہا کا جنمُ ہے
تِنّہ مانے سبھُ کوءِ ॥1॥ رہاءُ ॥

ہئُمے میرا زاتِ ہے
اتِ کرودھُ ابھمانُ ॥

سبدِ مرے تا زاتِ جاءِ
جوتی جوتِ مِلے بھگوانُ ॥2॥

پوُرا ستِگُر بھیٹیا
سپھل جنمُ ہمارا ॥

نامُ نوے نِدھِ پائیا
بھرے اکھُٹ بھنڈارا ॥3॥

آوہِ اِس راسی کے واپاریے
جِنّہا نامُ پِیارا ॥

ਗੁਰਮੁਖਿ ਹੋਵੈ ਸੋ ਧਨੁ ਪਾਏ
ਤਿਨ੍ਹਾ ਅੰਤਰਿ ਸਬਦੁ ਵੀਚਾਰਾ ॥੪॥

ਭਗਤੀ ਸਾਰ ਨ ਜਾਣਨ੍ਹੀ
ਮਨਮੁਖ ਅਹੰਕਾਰੀ ॥

ਧੁਰਹੁ ਆਪਿ ਖੁਆਇਅਨੁ
ਜੂਐ ਬਾਜੀ ਹਾਰੀ ॥੫॥

ਬਿਨੁ ਪਿਆਰੈ ਭਗਤਿ ਨ ਹੋਵਈ
ਨਾ ਸੁਖੁ ਹੋਇ ਸਰੀਰਿ ॥

ਪ੍ਰੇਮ ਪਦਾਰਥੁ ਪਾਈਐ
ਗੁਰ ਭਗਤੀ ਮਨ ਧੀਰਿ ॥੬॥

ਜਿਸ ਨੋ ਭਗਤਿ ਕਰਾਏ ਸੋ ਕਰੇ
ਗੁਰ ਸਬਦ ਵੀਚਾਰਿ ॥

ਹਿਰਦੈ ਏਕੋ ਨਾਮੁ ਵਸੈ
ਹਉਮੈ ਦੁਬਿਧਾ ਮਾਰਿ ॥੭॥

ਭਗਤਾ ਕੀ ਜਤਿ ਪਤਿ ਏਕੋ ਨਾਮੁ ਹੈ
ਆਪੇ ਲਏ ਸਵਾਰਿ ॥

ਸਦਾ ਸਰਣਾਈ ਤਿਸ ਕੀ
ਜਿਉ ਭਾਵੈ ਤਿਉ ਕਾਰਜੁ ਸਾਰਿ ॥੮॥

ਭਗਤਿ ਨਿਰਾਲੀ ਅਲਾਹ ਦੀ
ਜਾਪੈ ਗੁਰ ਵੀਚਾਰਿ ॥

ਨਾਨਕ ਨਾਮੁ ਹਿਰਦੈ ਵਸੈ
ਭੈ ਭਗਤੀ ਨਾਮਿ ਸਵਾਰਿ ॥੯॥੧੪॥੩੬॥

ਆਸਾ ਮਹਲਾ ੩ ॥

ਅਨ ਰਸ ਮਹਿ ਭੋਲਾਇਆ
ਬਿਨੁ ਨਾਮੈ ਦੁਖ ਪਾਇ ॥

گُرمُکھِ ہووے سو دھنُ پائے
تِنّہا انتَرِ سبدُ وِیچارا ॥4॥

بھگتی سار ن جانّہی
منمُکھ اہنکاری ॥

دھُرہُ آپِ کھُیائِنُ
جُوئے بازی ہاری ॥5॥

بِنُ پِیارے بھگتِ ن ہووئی
نا سُکھُ ہوءِ سریرِ ॥

پّریم پدارتھُ پائیئے
گُر بھگتی من دھیرِ ॥6॥

جِس نو بھگتِ کرائے سو کرے
گُر سبد وِیچارِ ॥

ہِردے ایکو نامُ وسے
ہمئے دُبِدھا مارِ ॥7॥

بھگتا کی جتِ پتِ ایکو نامُ ہے
آپے لئے سوارِ ॥

سدا سرٹائی تِس کی
جِءُ بھاوے تِءُ کارجُ سارِ ॥8॥

بھگتِ نِرالی الاہ دی
جاپے گُر وِیچارِ ॥

نانک نامُ ہِردے وسے
بھے بھگتی نامِ سوارِ ॥9॥ 14 ॥ 36 ॥

آسا محلا 3 ॥

ان رس مہِ بھولائیا
بِنُ نامے دُکھ پاءِ ॥

ਸਤਿਗੁਰੁ ਪੁਰਖੁ ਨ ਭੇਟਿਓ
ਜਿ ਸਚੀ ਬੂਝ ਬੁਝਾਇ ॥੧॥

ستگُرُ پُرکھُ ن بھیٹیُو
جِ سچی بُوجھ بُجھاءِ ॥1॥

ਏ ਮਨ ਮੇਰੇ ਬਾਵਲੇ
ਹਰਿ ਰਸੁ ਚਖਿ ਸਾਦੁ ਪਾਇ ॥

اے من میرے باولے
ہرِ رسُ چکھِ سادُ پاءِ ॥

ਅਨ ਰਸਿ ਲਾਗਾ ਤੂੰ ਫਿਰਹਿ
ਬਿਰਥਾ ਜਨਮੁ ਗਵਾਇ ॥੧॥ ਰਹਾਉ ॥

ان رسِ لاگا توُنّ پھرہِ
برتھا جنمُ گواءِ ॥1॥ رہاءُ ॥

ਇਸੁ ਜੁਗ ਮਹਿ ਗੁਰਮੁਖ ਨਿਰਮਲੇ
ਸਚਿ ਨਾਮਿ ਰਹਹਿ ਲਿਵ ਲਾਇ ॥

اِسُ جُگ مہِ گُرمُکھ نِرملے
سچِ نامِ رہہِ لِو لاءِ ॥

ਵਿਣੁ ਕਰਮਾ ਕਿਛੁ ਪਾਈਐ ਨਹੀ
ਕਿਆ ਕਰਿ ਕਹਿਆ ਜਾਇ ॥੨॥

وِنُ کرما کِچھُ پائیئے نہی
کِیا کرِ کہیا جاءِ ۔ ॥2॥

ਆਪੁ ਪਛਾਣਹਿ ਸਬਦਿ ਮਰਹਿ
ਮਨਹੁ ਤਜਿ ਵਿਕਾਰ ॥

آپُ پچھانہِ سبدِ مرہِ
منہُ تجِ وِکار ॥

ਗੁਰ ਸਰਣਾਈ ਭਜਿ ਪਏ
ਬਖਸੇ ਬਖਸਣਹਾਰ ॥੩॥

گُر سرٹائی بھجِ پے
بخشے بخشنہار ॥3॥

ਬਿਨੁ ਨਾਵੈ ਸੁਖੁ ਨ ਪਾਈਐ
ਨਾ ਦੁਖੁ ਵਿਚਹੁ ਜਾਇ ॥

بِنُ ناوے سُکھُ ن پائیئے
نا دُکھُ وِچہُ جاءِ ॥

ਇਹੁ ਜਗੁ ਮਾਇਆ ਮੋਹਿ ਵਿਆਪਿਆ
ਦੂਜੈ ਭਰਮਿ ਭੁਲਾਇ ॥੪॥

اِہُ جگُ مائیا موہِ ویاپیا
دوُجے بھرمِ بھُلاءِ ॥4॥

ਦੋਹਾਗਣੀ ਪਿਰ ਕੀ ਸਾਰ ਨ ਜਾਣਹੀ
ਕਿਆ ਕਰਿ ਕਰਹਿ ਸੀਗਾਰੁ ॥

دوہاگنی پِر کی سار ن جانہی
کِیا کرِ کرہِ سیگارُ ۔ ॥

ਅਨਦਿਨੁ ਸਦਾ ਜਲਦੀਆ ਫਿਰਹਿ
ਸੇਜੈ ਰਵੈ ਨ ਭਤਾਰੁ ॥੫॥

اندِنُ سدا جلدیا پھرہِ
سیجے روے ن بھتارُ ॥5॥

ਸੋਹਾਗਣੀ ਮਹਲੁ ਪਾਇਆ
ਵਿਚਹੁ ਆਪੁ ਗਵਾਇ ॥

سوہاگنی محلُ پائیا
وِچہُ آپُ گواءِ ॥

ਗੁਰ ਸਬਦੀ ਸੀਗਾਰੀਆ
ਅਪਣੇ ਸਹਿ ਲਈਆ ਮਿਲਾਇ ॥੬॥

گُر سبدی سیگاریا

	اپنے سہِ لئیا مِلاءِ ॥6॥
ਮਰਣਾ ਮਨਹੁ ਵਿਸਾਰਿਆ ਮਾਇਆ ਮੋਹੁ ਗੁਬਾਰੁ ॥	مرٹا منہٗ وِسارِیا مائیا موہُ غُبارُ ॥
ਮਨਮੁਖ ਮਰਿ ਮਰਿ ਜੰਮਹਿ ਭੀ ਮਰਹਿ ਜਮ ਦਰਿ ਹੋਹਿ ਖੁਆਰੁ ॥੭॥	منمُکھ مرِ مرِ جنمَہِ بھی مرہِ جم درِ ہوہِ خُیارُ ॥7॥
ਆਪਿ ਮਿਲਾਇਅਨੁ ਸੇ ਮਿਲੇ ਗੁਰ ਸਬਦਿ ਵੀਚਾਰਿ ॥	آپِ مِلائیَنُ سے مِلے گُر سبدِ ویچارِ ॥
ਨਾਨਕ ਨਾਮਿ ਸਮਾਣੇ ਮੁਖ ਉਜਲੇ ਤਿਤੁ ਸਚੈ ਦਰਬਾਰਿ ॥੮॥੨੨॥੧੫॥੩੭॥	نانک نامِ سماٹے مُکھ اُجلے تِتُ سچے دربارِ ॥8॥ 22 ॥ 15 ॥ 37 ॥
ਆਸਾ ਮਹਲਾ ੫ ਅਸਟਪਦੀਆ ਘਰੁ ੨	آسا محلا 5 اسٹپدیِیا گھرُ 2
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਪੰਚ ਮਨਾਏ ਪੰਚ ਰੁਸਾਏ ॥	پنچ منائے پنچ رُسائے ॥
ਪੰਚ ਵਸਾਏ ਪੰਚ ਗਵਾਏ ॥੧॥	پنچ وسائے پنچ گوائے ॥1॥
ਇਨ੍ ਬਿਧਿ ਨਗਰੁ ਵੂਠਾ ਮੇਰੇ ਭਾਈ ॥	اِنّہ بِدھِ نگرُ وُٹھا میرے بھائی ۔ ॥
ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ ॥੧॥ ਰਹਾਉ ॥	دُرتُ گئیا گُرِ گیانُ دڑِڑائی ॥1॥ رہاءُ ॥
ਸਾਚ ਧਰਮ ਕੀ ਕਰਿ ਦੀਨੀ ਵਾਰਿ ॥	ساچ دھرم کی کرِ دینی وارِ ॥
ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ ॥੨॥	پھرہے مُحکم گُر گیانُ بیچارِ ॥2॥
ਨਾਮੁ ਖੇਤੀ ਬੀਜਹੁ ਭਾਈ ਮੀਤ ॥	نامُ کھیتی بیجہُ بھائی میت ۔ ॥
ਸਉਦਾ ਕਰਹੁ ਗੁਰੁ ਸੇਵਹੁ ਨੀਤ ॥੩॥	سئُدا کرہُ گُرُ سیوہُ نِیت ॥3॥
ਸਾਂਤਿ ਸਹਜ ਸੁਖ ਕੇ ਸਭਿ ਹਾਟ ॥	سانتِ سہج سُکھ کے سبھِ ہاٹ ॥
ਸਾਹ ਵਾਪਾਰੀ ਏਕੈ ਥਾਟ ॥੪॥	ساہ واپاری ایکے تھاٹ ॥4॥
ਜੇਜੀਆ ਡੰਨੁ ਕੋ ਲਏ ਨ ਜਗਾਤਿ ॥	جیزیِیا ڈنّنُ کو لئے ن جگاتِ ॥
ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ ॥੫॥	ستِگُرِ کرِ دینی دھُر کی چھاپ ॥5॥

ਵਖਰੁ ਨਾਮੁ ਲਦਿ ਖੇਪ ਚਲਾਵਹੁ ॥	وکھرُ نامُ لدِ کھیپ چلاوہُ ॥
ਲੈ ਲਾਹਾ ਗੁਰਮੁਖਿ ਘਰਿ ਆਵਹੁ ॥੬॥	لے لاہا گُرمُکھِ گھرِ آوہُ ॥6॥
ਸਤਿਗੁਰੁ ਸਾਹੁ ਸਿਖ ਵਣਜਾਰੇ ॥	ستِگُرُ ساہُ سِکھ وَنجارے ॥
ਪੂੰਜੀ ਨਾਮੁ ਲੇਖਾ ਸਾਚੁ ਸਮ੍ਹਾਰੇ ॥੭॥	پوُنجی نامُ لیکھا ساچُ سمہّارے ॥7॥
ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ ॥	سو وسے اِتُ گھرِ جِسُ گُرُ پوُرا سیو ॥
ਅਬਿਚਲ ਨਗਰੀ ਨਾਨਕ ਦੇਵ ॥੮॥੧॥	ابچل نگری نانک دیو ॥8॥1॥
ਆਸਾਵਰੀ ਮਹਲਾ ੫ ਘਰੁ ੩	آساوری محلا 5 گھرُ 3
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਮੇਰੇ ਮਨ ਹਰਿ ਸਿਉ ਲਾਗੀ ਪ੍ਰੀਤਿ ॥	میرے من ہرِ سِءُ لاگی پرّیتِ ॥
ਸਾਧਸੰਗਿ ਹਰਿ ਹਰਿ ਜਪਤ ਨਿਰਮਲ ਸਾਚੀ ਰੀਤਿ ॥੧॥ ਰਹਾਉ ॥	سادھسنگِ ہرِ ہرِ جپت نِرمل ساچی ریتِ ॥1॥ رہاءُ ॥
ਦਰਸਨ ਕੀ ਪਿਆਸ ਘਣੀ ਚਿਤਵਤ ਅਨਿਕ ਪ੍ਰਕਾਰ ॥	درسن کی پیاس گھنّی چِتوت انِک پرّکار ॥
ਕਰਹੁ ਅਨੁਗ੍ਰਹੁ ਪਾਰਬ੍ਰਹਮ ਹਰਿ ਕਿਰਪਾ ਧਾਰਿ ਮੁਰਾਰਿ ॥੧॥	کرہُ انگّرہُ پاربرّہم ہرِ کِرپا دھارِ مُرارِ ۔ ॥1॥
ਮਨੁ ਪਰਦੇਸੀ ਆਇਆ ਮਿਲਿਓ ਸਾਧ ਕੈ ਸੰਗਿ ॥	منُ پردیسی آئیا مِلیئو سادھ کے سنگِ ॥
ਜਿਸੁ ਵਖਰ ਕਉ ਚਾਹਤਾ ਸੋ ਪਾਇਓ ਨਾਮਹਿ ਰੰਗਿ ॥੨॥	جِسُ وکھر کءُ چاہتا سو پائیئو نامہِ رنگِ ॥2॥
ਜੇਤੇ ਮਾਇਆ ਰੰਗ ਰਸ ਬਿਨਸਿ ਜਾਹਿ ਖਿਨ ਮਾਹਿ ॥	جیتے مائیا رنگ رس بِنسِ جاہِ کھِن ماہِ ॥
ਭਗਤ ਰਤੇ ਤੇਰੇ ਨਾਮ ਸਿਉ ਸੁਖੁ ਭੁੰਚਹਿ ਸਭ ਠਾਇ ॥੩॥	بھگت رتے تیرے نام سِءُ سُکھُ بھُنچہِ سبھ ٹھاءِ ॥3॥

ਸਭੁ ਜਗੁ ਚਲਤਉ ਪੇਖੀਐ
ਨਿਹਚਲੁ ਹਰਿ ਕੋ ਨਾਉ ॥

سبھُ جگُ چلت ءُ پیکھیئے
نِہچلُ ہرِ کو ناءُ ॥

ਕਰਿ ਮਿਤ੍ਰਾਈ ਸਾਧ ਸਿਉ
ਨਿਹਚਲੁ ਪਾਵਹਿ ਠਾਉ ॥੪॥

کرِ مِتّرائی سادھ سِ ءُ
نِہچلُ پاوہِ ٹھاءُ ॥4॥

ਮੀਤ ਸਾਜਨ ਸੁਤ ਬੰਧਪਾ
ਕੋਊ ਹੋਤ ਨ ਸਾਥ ॥

میت ساجن سُت بنّدھپا
کوئُو ہوت ن ساتھ ॥

ਏਕੁ ਨਿਵਾਹੂ ਰਾਮ ਨਾਮ
ਦੀਨਾ ਕਾ ਪ੍ਰਭੁ ਨਾਥ ॥੫॥

ایکُ نِواہوُ رام نام
دِینا کا پّربھُ ناتھ ॥5॥

ਚਰਨ ਕਮਲ ਬੋਹਿਥ ਭਏ
ਲਗਿ ਸਾਗਰੁ ਤਰਿਓ ਤੇਹ ॥

چرن کمل بوہتھ بھے
لگِ ساگرُ ترِئو تیہ ॥

ਭੇਟਿਓ ਪੂਰਾ ਸਤਿਗੁਰੂ
ਸਾਚਾ ਪ੍ਰਭ ਸਿਉ ਨੇਹ ॥੬॥

بھیٹِئو پوُرا ستِگُروُ
ساچا پّربھ سِ ءُ نیہ ॥6॥

ਸਾਧ ਤੇਰੇ ਕੀ ਜਾਚਨਾ
ਵਿਸਰੁ ਨ ਸਾਸਿ ਗਿਰਾਸਿ ॥

سادھ تیرے کی جاچنا
وِسرُ ن ساسِ گِراسِ ॥

ਜੋ ਤੁਧੁ ਭਾਵੈ ਸੋ ਭਲਾ
ਤੇਰੈ ਭਾਣੈ ਕਾਰਜ ਰਾਸਿ ॥੭॥

جو تُدھُ بھاوے سو بھلا
تیرے بھانّے کارج راسِ ॥7॥

ਸੁਖ ਸਾਗਰ ਪ੍ਰੀਤਮ ਮਿਲੇ
ਉਪਜੇ ਮਹਾ ਅਨੰਦ ॥

سُکھ ساگر پّریتم مِلے
اُپجے مہا انّند ॥

ਕਹੁ ਨਾਨਕ ਸਭ ਦੁਖ ਮਿਟੇ
ਪ੍ਰਭ ਭੇਟੇ ਪਰਮਾਨੰਦ ॥੮॥੧॥੨॥

کہُ نانک سبھ دُکھ مِٹے
پّربھ بھیٹے پرمانّند ॥8॥1॥2॥

ਆਸਾ ਮਹਲਾ ੫ ਬਿਰਹੜੇ ਘਰੁ ੪ ਛੰਤਾ ਕੀ ਜਤਿ

آسا محلا 5 بِرہڑے گھرُ 4 چھنّتا کی جتِ

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਪਾਰਬ੍ਰਹਮੁ ਪ੍ਰਭੁ ਸਿਮਰੀਐ ਪਿਆਰੇ
ਦਰਸਨ ਕਉ ਬਲਿ ਜਾਉ ॥੧॥

پاربّرہمُ پّربھُ سِمریئے پِیارے
درسن ک ءُ بلِ جاءُ ॥1॥

ਜਿਸੁ ਸਿਮਰਤ ਦੁਖ ਬੀਸਰਹਿ ਪਿਆਰੇ

جِسُ سِمرت دُکھ بِسرہِ پِیارے

ਸੋ ਕਿਉ ਤਜਣਾ ਜਾਇ ॥੨॥

سو کِءُ تجنّا جاءِ ۔ ॥2॥

ਇਹੁ ਤਨੁ ਵੇਚੀ ਸੰਤ ਪਹਿ ਪਿਆਰੇ
ਪ੍ਰੀਤਮੁ ਦੇਇ ਮਿਲਾਇ ॥੩॥

اِہُ تنُ ویچی سنّت پہِ پیارے
پ٘رِیتمُ دےءِ مِلاءِ ॥3॥

ਸੁਖ ਸੀਗਾਰ ਬਿਖਿਆ ਕੇ ਫੀਕੇ
ਤਜਿ ਛੋਡੇ ਮੇਰੀ ਮਾਇ ॥੪॥

سُکھ سیِگار بِکھیا کے پھیکے
تجِ چھوڈے میری ماءِ ۔ ॥4॥

ਕਾਮੁ ਕ੍ਰੋਧੁ ਲੋਭੁ ਤਜਿ ਗਏ ਪਿਆਰੇ
ਸਤਿਗੁਰ ਚਰਨੀ ਪਾਇ ॥੫॥

کامُ کرودھُ لوبھُ تجِ گئے پیارے
ستِگُر چرنی پاءِ ॥5॥

ਜੋ ਜਨ ਰਾਤੇ ਰਾਮ ਸਿਉ ਪਿਆਰੇ
ਅਨਤ ਨ ਕਾਹੂ ਜਾਇ ॥੬॥

جو جن راتے رام سِءُ پیارے
انت ن کاہُو جاءِ ॥6॥

ਹਰਿ ਰਸੁ ਜਿਨ੍ਹੀ ਚਾਖਿਆ ਪਿਆਰੇ
ਤ੍ਰਿਪਤਿ ਰਹੇ ਆਘਾਇ ॥੭॥

ہرِ رسُ جِنّہی چاکھیا پیارے
تّرِپتِ رہے اگھاءِ ॥7॥

ਅੰਚਲੁ ਗਹਿਆ ਸਾਧ ਕਾ ਨਾਨਕ
ਭੈ ਸਾਗਰੁ ਪਾਰਿ ਪਰਾਇ ॥੮॥੧॥੩॥

انچّلُ گہیا سادھ کا نانک
بھےَ ساگرُ پارِ پراءِ ॥8॥1॥3॥

ਜਨਮ ਮਰਣ ਦੁਖੁ ਕਟੀਐ ਪਿਆਰੇ
ਜਬ ਭੇਟੈ ਹਰਿ ਰਾਇ ॥੧॥

جنم مرنّ دُکھُ کٹیئے پیارے
جب بھیٹے ہرِ راءِ ॥1॥

ਸੁੰਦਰੁ ਸੁਘਰੁ ਸੁਜਾਣੁ ਪ੍ਰਭੁ ਮੇਰਾ
ਜੀਵਨੁ ਦਰਸੁ ਦਿਖਾਇ ॥੨॥

سُندرُ سُگھرُ سُجانُ پ٘ربھُ میرا
جیِونُ درسُ دِکھاءِ ॥2॥

ਜੋ ਜੀਅ ਤੁਝ ਤੇ ਬੀਛੁਰੇ ਪਿਆਰੇ
ਜਨਮਿ ਮਰਹਿ ਬਿਖੁ ਖਾਇ ॥੩॥

جو جیء تُجھ تے بیچھُرے پیارے
جنمِ مرہِ بِکھُ کھاءِ ॥3॥

ਜਿਸੁ ਤੂੰ ਮੇਲਹਿ ਸੋ ਮਿਲੈ ਪਿਆਰੇ
ਤਿਸ ਕੈ ਲਾਗਉ ਪਾਇ ॥੪॥

جِسُ توُنّ میلہِ سو مِلےَ پیارے
تِس کے لاگءُ پاءِ ॥4॥

ਜੋ ਸੁਖੁ ਦਰਸਨੁ ਪੇਖਤੇ ਪਿਆਰੇ
ਮੁਖ ਤੇ ਕਹਣੁ ਨ ਜਾਇ ॥੫॥

جو سُکھُ درسنُ پیکھتے پیارے
مُکھ تے کہنُ ن جاءِ ॥5॥

ਸਾਚੀ ਪ੍ਰੀਤਿ ਨ ਤੁਟਈ ਪਿਆਰੇ
ਜੁਗੁ ਜੁਗੁ ਰਹੀ ਸਮਾਇ ॥੬॥

ساچی پ٘ریتِ ن ٹُٹئی پیارے
جُگُ جُگُ رہی سماءِ ॥6॥

ਜੋ ਤੁਧੁ ਭਾਵੈ ਸੋ ਭਲਾ ਪਿਆਰੇ
ਤੇਰੀ ਅਮਰੁ ਰਜਾਇ ॥੭॥

جو تُدھُ بھاوے سو بھلا پِیارے
تیری امرُ رضاءِ ॥7॥

ਨਾਨਕ ਰੰਗਿ ਰਤੇ ਨਾਰਾਇਣੈ ਪਿਆਰੇ
ਮਾਤੇ ਸਹਜਿ ਸੁਭਾਇ ॥੮॥੨॥੪॥

نانک رنگِ رتے نارائنَے پِیارے
ماتے سہجِ سُبھاءِ ॥8॥2॥4॥

ਸਭ ਬਿਧਿ ਤੁਮ ਹੀ ਜਾਨਤੇ ਪਿਆਰੇ
ਕਿਸੁ ਪਹਿ ਕਹਉ ਸੁਨਾਇ ॥੧॥

سبھ بِدھِ تُم ہی جانتے پِیارے
کِسُ پہ کہءُ سُناءِ ۔ ॥1॥

ਤੂੰ ਦਾਤਾ ਜੀਆ ਸਭਨਾ ਕਾ
ਤੇਰਾ ਦਿਤਾ ਪਹਿਰਹਿ ਖਾਇ ॥੨॥

توُنّ داتا جِیا سبھنا کا
تیرا دِتا پہِرہِ کھاءِ ॥2॥

ਸੁਖੁ ਦੁਖੁ ਤੇਰੀ ਆਗਿਆ ਪਿਆਰੇ
ਦੂਜੀ ਨਾਹੀ ਜਾਇ ॥੩॥

سُکھُ دُکھُ تیری آگیا پِیارے
دوُجی ناہی جاءِ ॥3॥

ਜੋ ਤੂੰ ਕਰਾਵਹਿ ਸੋ ਕਰੀ ਪਿਆਰੇ
ਅਵਰੁ ਕਿਛੁ ਕਰਣੁ ਨ ਜਾਇ ॥੪॥

جو توُنّ کراوہِ سو کری پِیارے
اورُ کچھُ کرنُ ن جاءِ ॥4॥

ਦਿਨੁ ਰੈਣਿ ਸਭ ਸੁਹਾਵਣੇ ਪਿਆਰੇ
ਜਿਤੁ ਜਪੀਐ ਹਰਿ ਨਾਉ ॥੫॥

دِنُ رَیَنِ سبھ سُہاونے پِیارے
جِتُ جپیئے ہرِ ناءُ ॥5॥

ਸਾਈ ਕਾਰ ਕਮਾਵਣੀ ਪਿਆਰੇ
ਧੁਰਿ ਮਸਤਕਿ ਲੇਖੁ ਲਿਖਾਇ ॥੬॥

سائی کار کماونی پِیارے
دھُرِ مستکِ لیکھُ لِکھاءِ ॥6॥

ਏਕੋ ਆਪਿ ਵਰਤਦਾ ਪਿਆਰੇ
ਘਟਿ ਘਟਿ ਰਹਿਆ ਸਮਾਇ ॥੭॥

ایکو آپِ ورتدا پِیارے
گھٹِ گھٹِ رہِیا سماءِ ॥7॥

ਸੰਸਾਰ ਕੂਪ ਤੇ ਉਧਰਿ ਲੈ ਪਿਆਰੇ
ਨਾਨਕ ਹਰਿ ਸਰਣਾਇ ॥੮॥੩॥੨੨॥੧੫॥੨॥੪੨॥

سنّسار کوُپ تے اُدھرِ لے پِیارے
نانک ہرِ سرنّاءِ ॥8॥3॥22॥15॥2॥42॥

ਰਾਗੁ ਆਸਾ ਮਹਲਾ ੧ ਪਟੀ ਲਿਖੀ

راگُ آسا محلا 1 پٹی لِکھی

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ
ਸਭਨਾ ਸਾਹਿਬੁ ਏਕੁ ਭਇਆ ॥

سسے سوءِ سرِسٹِ جِنِ ساجی
سبھنا صاحِبُ ایکُ بھئیا ॥

ਸੇਵਤ ਰਹੇ ਚਿਤੁ ਜਿਨ੍ਹ ਕਾ ਲਾਗਾ

سیوت رہے چِتُ جِنّہ کا لاگا

ਆਇਆ ਤਿਨ੍ਹ ਕਾ ਸਫਲੁ ਭਇਆ ॥੧॥

آئیا تِنّہ کا سپھلُ بھئیا ॥1॥

ਮਨ ਕਾਹੇ ਭੂਲੇ ਮੂੜ ਮਨਾ ॥

من کاہے بھُولے موُڑ منا ۔ ॥

ਜਬ ਲੇਖਾ ਦੇਵਹਿ ਬੀਰਾ
ਤਉ ਪੜਿਆ ॥੧॥ ਰਹਾਉ ॥

جب لیکھا دیوہِ بیِرا
تءُ پڑیا ॥1॥ رہاءُ ॥

ਈਵੜੀ ਆਦਿ ਪੁਰਖੁ ਹੈ ਦਾਤਾ
ਆਪੇ ਸਚਾ ਸੋਈ ॥

اِیوڑی آدِ پُرکھُ ہے داتا
آپے سچا سوئی ॥

ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ
ਤਿਸੁ ਸਿਰਿ ਲੇਖੁ ਨ ਹੋਈ ॥੨॥

اینا اکھرا مہِ جو گُرمُکھِ بوُجھے
تِس سِرِ لیکھُ ن ہوئی ॥2॥

ਊੜੈ ਉਪਮਾ ਤਾ ਕੀ ਕੀਜੈ
ਜਾ ਕਾ ਅੰਤੁ ਨ ਪਾਇਆ ॥

اوُڑے اُپما تا کی کیجے
جا کا انتُ ن پائیا ॥

ਸੇਵਾ ਕਰਹਿ ਸੇਈ ਫਲੁ ਪਾਵਹਿ
ਜਿਨ੍ਹੀ ਸਚੁ ਕਮਾਇਆ ॥੩॥

سیوا کرہِ سیئی پھلُ پاوہِ
جِنّہی سچُ کمائیا ॥3॥

ਙੰਙੈ ਙਿਆਨੁ ਬੂਝੈ ਜੋ ਕੋਈ
ਪੜਿਆ ਪੰਡਿਤੁ ਸੋਈ ॥

گنگے گیّانُ بوُجھے جو کوئی
پڑیا پنڈِتُ سوئی ॥

ਸਰਬ ਜੀਆ ਮਹਿ ਏਕੋ ਜਾਣੈ
ਤਾ ਹਉਮੈ ਕਹੈ ਨ ਕੋਈ ॥੪॥

سرب جیِیا مہِ ایکو جانے
تا ہئُمے کہے ن کوئی ॥4॥

ਕਕੈ ਕੇਸ ਪੁੰਡਰ ਜਬ ਹੂਏ
ਵਿਣੁ ਸਾਬੂਣੈ ਉਜਲਿਆ ॥

ککے کیس پُنڈر جب ہوُئے
وِنُ صابوُنے اُجلیا ॥

ਜਮ ਰਾਜੇ ਕੇ ਹੇਰੂ ਆਏ
ਮਾਇਆ ਕੈ ਸੰਗਲਿ ਬੰਧਿ ਲਇਆ ॥੫॥

جم راجے کے ہیرہُ آئے
مائیا کے سنگلِ بندھِ لئیا ॥5॥

ਖਖੈ ਖੁੰਦਕਾਰੁ ਸਾਹ ਆਲਮੁ
ਕਰਿ ਖਰੀਦਿ ਜਿਨਿ ਖਰਚੁ ਦੀਆ ॥

کھکھے خُندکارُ ساہ یا ٰلمُ
کرِ خریدِ جِنِ کھرچُ دیِیا ॥

ਬੰਧਨਿ ਜਾ ਕੈ ਸਭੁ ਜਗੁ ਬਾਧਿਆ
ਅਵਰੀ ਕਾ ਨਹੀ ਹੁਕਮੁ ਪਇਆ ॥੬॥

بندھنِ جا کے سبھُ جگُ بادھیا
اوری کا نہی حُکمُ پئیا ॥6॥

ਗਗੈ ਗੋਇ ਗਾਇ ਜਿਨਿ ਛੋਡੀ

گگے گوءِ گاءِ جِنِ چھوڈی

ਗਲੀ ਗੋਬਿਦੁ ਗਰਬਿ ਭਇਆ ॥

گلی گوبِدُ گربِ بھئیا ॥

ਘੜਿ ਭਾਂਡੇ ਜਿਨਿ ਆਵੀ ਸਾਜੀ
ਚਾੜਣ ਵਾਹੈ ਤਈ ਕੀਆ ॥੭॥

گھڑِ بھانڈے جِنِ آوی ساجی
چاڑنٗ واہے تئی کِیا ॥7॥

ਘਘੈ ਘਾਲ ਸੇਵਕੁ ਜੇ ਘਾਲੈ
ਸਬਦਿ ਗੁਰੂ ਕੈ ਲਾਗਿ ਰਹੈ ॥

گھگھے گھال سیوکُ جے گھالے
سبدِ گُرو کے لاگِ رہے ॥

ਬੁਰਾ ਭਲਾ ਜੇ ਸਮ ਕਰਿ ਜਾਣੈ
ਇਨ ਬਿਧਿ ਸਾਹਿਬੁ ਰਮਤੁ ਰਹੈ ॥੮॥

بُرا بھلا جے سم کرِ جانٹے
اِن بِدھِ صاحِبُ رمتُ رہے ॥8॥

ਚਚੈ ਚਾਰਿ ਵੇਦ ਜਿਨਿ ਸਾਜੇ
ਚਾਰੇ ਖਾਣੀ ਚਾਰਿ ਜੁਗਾ ॥

چچے چارِ وید جِنِ ساجے
چارے کھانٹی چارِ جُگا ॥

ਜੁਗੁ ਜੁਗੁ ਜੋਗੀ ਖਾਣੀ ਭੋਗੀ
ਪੜਿਆ ਪੰਡਿਤੁ ਆਪਿ ਥੀਆ ॥੯॥

جُگُ جُگُ جوگی کھانٹی بھوگی
پڑیا پنڈِتُ آپِ تھیا ॥9॥

ਛਛੈ ਛਾਇਆ ਵਰਤੀ ਸਭ ਅੰਤਰਿ
ਤੇਰਾ ਕੀਆ ਭਰਮੁ ਹੋਆ ॥

چھچھے چھائیا ورتی سبھ انترِ
تیرا کِیا بھرمُ ہویا ॥

ਭਰਮੁ ਉਪਾਇ ਭੁਲਾਈਅਨੁ ਆਪੇ
ਤੇਰਾ ਕਰਮੁ ਹੋਆ ਤਿਨ੍ ਗੁਰੂ ਮਿਲਿਆ ॥੧੦॥

بھرمُ اُپاءِ بھُلائیَنُ آپے
تیرا کرمُ ہویا تِنّہ گُرو مِلیا ॥ 10 ॥

ਜਜੈ ਜਾਨੁ ਮੰਗਤ ਜਨੁ ਜਾਚੈ
ਲਖ ਚਉਰਾਸੀਹ ਭੀਖ ਭਵਿਆ ॥

ججے جانُ منگت جنُ جاچے
لکھ چرُاسیہ بھِیکھ بھویا ॥

ਏਕੋ ਲੇਵੈ ਏਕੋ ਦੇਵੈ
ਅਵਰੁ ਨ ਦੂਜਾ ਮੈ ਸੁਣਿਆ ॥੧੧॥

ایکو لیوے ایکو دیوے
اورُ ن دوُجا مے سُنّیا ॥ 11 ॥

ਝਝੈ ਝੂਰਿ ਮਰਹੁ ਕਿਆ ਪ੍ਰਾਣੀ
ਜੋ ਕਿਛੁ ਦੇਣਾ ਸੁ ਦੇ ਰਹਿਆ ॥

جھجھے جھورِ مرہُ کیا پّرانٹی
جو کچھُ دینٹا سُ دے رہیا ॥

ਦੇ ਦੇ ਵੇਖੈ ਹੁਕਮੁ ਚਲਾਏ
ਜਿਉ ਜੀਆ ਕਾ ਰਿਜਕੁ ਪਇਆ ॥੧੨॥

دے دے ویکھے حُکمُ چلائے
جِءُ جِیا کا رِزقُ پئیا ॥ 12 ॥

ਞੰਞੈ ਨਦਰਿ ਕਰੇ ਜਾ ਦੇਖਾ
ਦੂਜਾ ਕੋਈ ਨਾਹੀ ॥

ننجے ندرِ کرے جا دیکھا
دوُجا کوئی ناہی ॥

ਏਕੋ ਰਵਿ ਰਹਿਆ ਸਭ ਥਾਈ
ਏਕੁ ਵਸਿਆ ਮਨ ਮਾਹੀ ॥੧੩॥

ایکو رو رہیا سبھ تھائی
ایکُ وسیا من ماہی ॥ 13 ॥

ਟਟੈ ਟੰਚੁ ਕਰਹੁ ਕਿਆ ਪ੍ਰਾਣੀ
ਘੜੀ ਕਿ ਮੁਹਤਿ ਕਿ ਉਠਿ ਚਲਣਾ ॥

ٹٹے ٹنچُ کرہُ کیا پّراٹی
گھڑی کِ مُہتِ کِ اُٹھِ چلٹا ॥

ਜੂਐ ਜਨਮੁ ਨ ਹਾਰਹੁ ਅਪਣਾ
ਭਾਜਿ ਪੜਹੁ ਤੁਮ ਹਰਿ ਸਰਣਾ ॥੧੪॥

جوُئے جنمُ ن ہارہُ اپٹا
بھاجِ پڑہُ تُم ہرِ سرٹا ॥ 14 ॥

ਠਠੈ ਠਾਢਿ ਵਰਤੀ ਤਿਨ ਅੰਤਰਿ
ਹਰਿ ਚਰਣੀ ਜਿਨ੍ ਕਾ ਚਿਤੁ ਲਾਗਾ ॥

ٹھٹھے ٹھاڈھِ ورتی تِن انّترِ
ہرِ چرٹی جِنّہ کا چِتُ لاگا ॥

ਚਿਤੁ ਲਾਗਾ ਸੇਈ ਜਨ ਨਿਸਤਰੇ
ਤਉ ਪਰਸਾਦੀ ਸੁਖੁ ਪਾਇਆ ॥੧੫॥

چِتُ لاگا سیئی جن نِسترے
تءُ پرسادی سُکھُ پائیا ॥ 15 ॥

ਡਡੈ ਡੰਫੁ ਕਰਹੁ ਕਿਆ ਪ੍ਰਾਣੀ
ਜੋ ਕਿਛੁ ਹੋਆ ਸੁ ਸਭੁ ਚਲਣਾ ॥

ڈڈے ڈنّپھُ کرہُ کیا پّراٹی
جو کِچھُ ہویا سُ سبھُ چلٹا ॥

ਤਿਸੈ ਸਰੇਵਹੁ ਤਾ ਸੁਖੁ ਪਾਵਹੁ
ਸਰਬ ਨਿਰੰਤਰਿ ਰਵਿ ਰਹਿਆ ॥੧੬॥

تِسے سریوہُ تا سُکھُ پاوہُ
سرب نِرنّترِ رو رہیا ॥ 16 ॥

ਢਢੈ ਢਾਹਿ ਉਸਾਰੈ ਆਪੇ
ਜਿਉ ਤਿਸੁ ਭਾਵੈ ਤਿਵੈ ਕਰੇ ॥

ڈھڈھے ڈھاہِ اُسارے آپے
جِءُ تِس بھاوے توے کرے ॥

ਕਰਿ ਕਰਿ ਵੇਖੈ ਹੁਕਮੁ ਚਲਾਏ
ਤਿਸੁ ਨਿਸਤਾਰੇ ਜਾ ਕਉ ਨਦਰਿ ਕਰੇ ॥੧੭॥

کرِ کرِ ویکھے حُکمُ چلائے
تِس نِستارے جا کءُ ندرِ کرے ॥ 17 ॥

ਣਾਣੈ ਰਵਤੁ ਰਹੈ ਘਟ ਅੰਤਰਿ
ਹਰਿ ਗੁਣ ਗਾਵੈ ਸੋਈ ॥

ٹاٹے روتُ رہے گھٹ انّترِ
ہرِ گُن گاوے سوئی ॥

ਆਪੇ ਆਪਿ ਮਿਲਾਏ ਕਰਤਾ
ਪੁਨਰਪਿ ਜਨਮੁ ਨ ਹੋਈ ॥੧੮॥

آپے آپِ مِلائے کرتا
پُنرپِ جنمُ ن ہوئی ॥ 18 ॥

ਤਤੈ ਤਾਰੂ ਭਵਜਲੁ ਹੋਆ
ਤਾ ਕਾ ਅੰਤੁ ਨ ਪਾਇਆ ॥

تتے تارُو بھوجلُ ہویا
تا کا انّتُ ن پائیا ॥

ਨਾ ਤਰ ਨਾ ਤੁਲਹਾ ਹਮ ਬੂਡਸਿ
ਤਾਰਿ ਲੇਹਿ ਤਾਰਣ ਰਾਇਆ ॥੧੯॥

نا تر نا تُلہا ہم بوُڈسِ

ਥਥੈ ਥਾਨਿ ਥਾਨੰਤਰਿ ਸੋਈ
ਜਾ ਕਾ ਕੀਆ ਸਭੁ ਹੋਆ ॥

ਕਿਆ ਭਰਮੁ ਕਿਆ ਮਾਇਆ ਕਹੀਐ
ਜੋ ਤਿਸੁ ਭਾਵੈ ਸੋਈ ਭਲਾ ॥੨੦॥

ਦਦੈ ਦੋਸੁ ਨ ਦੇਊ ਕਿਸੈ
ਦੋਸੁ ਕਰੰਮਾ ਆਪਣਿਆ ॥

ਜੋ ਮੈ ਕੀਆ ਸੋ ਮੈ ਪਾਇਆ
ਦੋਸੁ ਨ ਦੀਜੈ ਅਵਰ ਜਨਾ ॥੨੧॥

ਧਧੈ ਧਾਰਿ ਕਲਾ ਜਿਨਿ ਛੋਡੀ
ਹਰਿ ਚੀਜੀ ਜਿਨਿ ਰੰਗ ਕੀਆ ॥

ਤਿਸ ਦਾ ਦੀਆ ਸਭਨੀ ਲੀਆ
ਕਰਮੀ ਕਰਮੀ ਹੁਕਮੁ ਪਇਆ ॥੨੨॥

ਨੰਨੈ ਨਾਹ ਭੋਗ ਨਿਤ ਭੋਗੈ
ਨਾ ਡੀਠਾ ਨਾ ਸੰਮ੍ਹਲਿਆ ॥

ਗਲੀ ਹਉ ਸੋਹਾਗਣਿ ਭੈਣੇ
ਕੰਤੁ ਨ ਕਬਹੂੰ ਮੈ ਮਿਲਿਆ ॥੨੩॥

ਪਪੈ ਪਾਤਿਸਾਹੁ ਪਰਮੇਸਰੁ
ਵੇਖਣ ਕਉ ਪਰਪੰਚੁ ਕੀਆ ॥

ਦੇਖੈ ਬੂਝੈ ਸਭੁ ਕਿਛੁ ਜਾਣੈ
ਅੰਤਰਿ ਬਾਹਰਿ ਰਵਿ ਰਹਿਆ ॥੨੪॥

ਫਫੈ ਫਾਹੀ ਸਭੁ ਜਗੁ ਫਾਸਾ
ਜਮ ਕੈ ਸੰਗਲਿ ਬੰਧਿ ਲਇਆ ॥

ਗੁਰ ਪਰਸਾਦੀ ਸੇ ਨਰ ਉਬਰੇ
ਜਿ ਹਰਿ ਸਰਣਾਗਤਿ ਭਜਿ ਪਇਆ ॥੨੫॥

تارِ لیہِ تارنؤ رائیا ۔ ॥ 19 ॥

تھتھے تھانِ تھانَنترِ سوئی
جا کا کِیا سبھُ ہویا ॥

کِیا بھرمُ کِیا مائیا کہیئے
جو تِسُ بھاوے سوئی بھلا ॥ 20 ॥

ددے دوسُ ن دیئو کِسے
دوسُ کرنّما آپنِیا ॥

جو مے کِیا سو مے پائیا
دوسُ ن دیجے اور جنا ॥ 21 ॥

دھدھے دھارِ کلا جِنِ چھوڈی
ہرِ چیجی جِنِ رنگ کِیا ॥

تِس دا دِیا سبھنی لِیا
کرمی کرمی حُکمُ پئیا ॥ 22 ॥

ننّنے ناہ بھوگ نِت بھوگے
نا ڈیٹھا نا سنّہلیا ॥

گلی ہءُ سوہاگنِ بھینے
کنّتُ ن کبہوُنَ مے ملیا ॥ 23 ॥

پپے پاتِشاہُ پرمیسرُ
ویکھنُ کءُ پرپنچُ کِیا ॥

دیکھے بُوجھے سبھُ کچھُ جانے
انتر باہرِ روِ رہیا ॥ 24 ॥

پھپھے پھاہی سبھُ جگُ پھاسا
جم کے سنگلِ بندھِ لئیا ॥

گُر پرسادی سے نر اُبرے
جِ ہرِ سرٹاگتِ بھجِ پئیا ॥ 25 ॥

ਬਬੈ ਬਾਜੀ ਖੇਲਣ ਲਾਗਾ
ਚਉਪੜਿ ਕੀਤੇ ਚਾਰਿ ਜੁਗਾ ॥

ਜੀਅ ਜੰਤ ਸਭ ਸਾਰੀ ਕੀਤੇ
ਪਾਸਾ ਢਾਲਣਿ ਆਪਿ ਲਗਾ ॥੨੬॥

ਭਭੈ ਭਾਲਹਿ ਸੇ ਫਲੁ ਪਾਵਹਿ
ਗੁਰ ਪਰਸਾਦੀ ਜਿਨ੍ਹ ਕਉ ਭਉ ਪਇਆ ॥

ਮਨਮੁਖ ਫਿਰਹਿ ਨ ਚੇਤਹਿ ਮੂੜੇ
ਲਖ ਚਉਰਾਸੀਹ ਫੇਰੁ ਪਇਆ ॥੨੭॥

ਮੰਮੈ ਮੋਹੁ ਮਰਣੁ ਮਧੁਸੂਦਨੁ
ਮਰਣੁ ਭਇਆ ਤਬ ਚੇਤਵਿਆ ॥

ਕਾਇਆ ਭੀਤਰਿ ਅਵਰੋ ਪੜਿਆ
ਮੰਮਾ ਅਖਰੁ ਵੀਸਰਿਆ ॥੨੮॥

ਯਯੈ ਜਨਮੁ ਨ ਹੋਵੀ ਕਦ ਹੀ
ਜੇ ਕਰਿ ਸਚੁ ਪਛਾਣੈ ॥

ਗੁਰਮੁਖਿ ਆਖੈ ਗੁਰਮੁਖਿ ਬੂਝੈ
ਗੁਰਮੁਖਿ ਏਕੋ ਜਾਣੈ ॥੨੯॥

ਰਾਰੈ ਰਵਿ ਰਹਿਆ ਸਭ ਅੰਤਰਿ
ਜੇਤੇ ਕੀਏ ਜੰਤਾ ॥

ਜੰਤ ਉਪਾਇ ਧੰਧੈ ਸਭ ਲਾਏ
ਕਰਮੁ ਹੋਆ ਤਿਨ ਨਾਮੁ ਲਇਆ ॥੩੦॥

ਲਲੈ ਲਾਇ ਧੰਧੈ ਜਿਨਿ ਛੋਡੀ
ਮੀਠਾ ਮਾਇਆ ਮੋਹੁ ਕੀਆ ॥

ਖਾਣਾ ਪੀਣਾ ਸਮ ਕਰਿ ਸਹਣਾ
ਭਾਣੈ ਤਾ ਕੈ ਹੁਕਮੁ ਪਇਆ ॥੩੧॥

ਵਵੈ ਵਾਸੁਦੇਉ ਪਰਮੇਸਰੁ
ਵੇਖਣ ਕਉ ਜਿਨਿ ਵੇਸੁ ਕੀਆ ॥

بببے بازی کھیلنٹ لاگا
چپُڑِ کیتے چارِ جُگا ॥

جیء جنّت سبھ ساری کیتے
پاسا ڈھالنٹِ آپِ لگا ॥ 26 ॥

بھبھے بھالہِ سے پھلُ پاوہِ
گُر پرسادی جِنّہ کءُ بھءُ پیّیا ॥

ممّمکھ پھِرہِ ن چیتہِ موُڑے
لکھ چرُاسیہِ پھیرُ پیّیا ॥ 27 ॥

ممّے موہُ مرنُّ مدھُسوُدنُ
مرنُّ بھیّیا تب چیتویا ॥

کایّیا بھیترِ اورہ پڑیا
ممّا اکھرُ ویسریا ॥ 28 ॥

یے جنمُ ن ہووی کد ہی
جے کرِ سچُ پچھانّے ॥

گُرمُکھِ آکھےَ گُرمُکھِ بوُجھےَ
گُرمُکھِ ایکو جانّے ॥ 29 ॥

رارے روِ رہیا سبھ انترِ
جیتے کیے جنّتا ॥

جنّت اُپاءِ دھندّھےَ سبھ لائے
کرمُ ہویا تِن نامُ لیّیا ॥ 30 ॥

للےَ لاءِ دھندّھےَ جِنِ چھوڈی
میٹھا مایّیا موہُ کیِیا ॥

کھانّا پینّا سم کرِ سہنّا
بھانّے تا کے حُکمُ پیّیا ॥ 31 ॥

ووے واسُدیءُ پریسرُ

ਵੇਖੈ ਚਾਖੈ ਸਭੁ ਕਿਛੁ ਜਾਣੈ
ਅੰਤਰਿ ਬਾਹਰਿ ਰਵਿ ਰਹਿਆ ॥੩੨॥

ويکھڻ ک ءُ جِنِ ويسُ کِيا ॥
ويکھے چاکھے سبھُ کِچھُ جاڻے
انّترِ باہرِ روِ رہِيا ॥ 32 ॥

ਝਾੜੈ ਰਾੜਿ ਕਰਹਿ ਕਿਆ ਪ੍ਰਾਣੀ
ਤਿਸਹਿ ਧਿਆਵਹੁ ਜਿ ਅਮਰੁ ਹੋਆ ॥

ڙاڑے راڑِ کرہِ کِيا پّراڻی
تِسہِ دھِياوہُ جِ امرُ ہويا ॥

ਤਿਸਹਿ ਧਿਆਵਹੁ ਸਚਿ ਸਮਾਵਹੁ
ਓਸੁ ਵਿਟਹੁ ਕੁਰਬਾਣੁ ਕੀਆ ॥੩੩॥

تِسہِ دھِياوہُ سچِ سماوہُ
اوسُ وِٹہُ قُربانُ کِيا ॥ 33 ॥

ਹਾਹੈ ਹੋਰੁ ਨ ਕੋਈ ਦਾਤਾ
ਜੀਅ ਉਪਾਇ ਜਿਨਿ ਰਿਜਕੁ ਦੀਆ ॥

ہاہے ہورُ ن کوئی داتا
جی ء اُپاءِ جِنِ رِزقُ دِيِيا ॥

ਹਰਿ ਨਾਮੁ ਧਿਆਵਹੁ ਹਰਿ ਨਾਮਿ ਸਮਾਵਹੁ
ਅਨਦਿਨੁ ਲਾਹਾ ਹਰਿ ਨਾਮੁ ਲੀਆ ॥੩੪॥

ہرِ نامُ دھِياوہُ ہرِ نامِ سماوہُ
اندِنُ لاہا ہرِ نامُ لِيِيا ॥ 34 ॥

ਆਇੜੈ ਆਪਿ ਕਰੇ ਜਿਨਿ ਛੋਡੀ
ਜੋ ਕਿਛੁ ਕਰਣਾ ਸੁ ਕਰਿ ਰਹਿਆ ॥

آئڑے آپِ کرے جِنِ چھوڈی
جو کِچھُ کرڻا سُ کرِ رہِيا ॥

ਕਰੇ ਕਰਾਏ ਸਭ ਕਿਛੁ ਜਾਣੈ
ਨਾਨਕ ਸਾਇਰ ਇਵ ਕਹਿਆ ॥੩੫॥੧॥

کرے کرائے سبھ کِچھُ جاڻے
نانک سائِر اِو کہِيا ॥ 35 ॥ 1 ॥

ਰਾਗੁ ਆਸਾ ਮਹਲਾ ੩ ਪਟੀ

راگُ آسا محلا 3 پٹی

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਅਧੋ ਅੰਝੈ ਸਭੁ ਜਗੁ ਆਇਆ
ਕਾਧੈ ਘੰਝੈ ਕਾਲੁ ਭਇਆ ॥

اہو انّگے سبھُ جگُ آئِيا
کاکھے گھنّگے کالُ بھئِيا ॥

ਰੀਰੀ ਲਲੀ ਪਾਪ ਕਮਾਣੇ
ਪੜਿ ਅਵਗਣ ਗੁਣ ਵੀਸਰਿਆ ॥੧॥

ريری للی پاپ کماڻے
پڑِ اوگڻ گُڻ ويسرِيا ॥ 1 ॥

ਮਨ ਐਸਾ ਲੇਖਾ ਤੂੰ ਕੀ ਪੜਿਆ ॥

من ايَسا ليکھا توُنّ کی پڑِيا ॥

ਲੇਖਾ ਦੇਣਾ ਤੇਰੈ ਸਿਰਿ ਰਹਿਆ ॥੧॥ ਰਹਾਉ ॥

ليکھا دينّا تيرے سِرِ رہِيا ॥ 1 ॥ رہاءُ ॥

ਸਿਧੰਝਾਇਐ ਸਿਮਰਹਿ ਨਾਹੀ
ਨੰਨੈ ਨਾ ਤੁਧੁ ਨਾਮੁ ਲਇਆ ॥

سِدھنّگائے سِمرہِ ناہی
ننّنے نا تُدھُ نامُ لِئيا ॥

ਛਛੈ ਛੀਜਹਿ ਅਹਿਨਿਸਿ ਮੂੜੇ
ਕਿਉ ਛੁਟਹਿ ਜਮਿ ਪਾਕੜਿਆ ॥੨॥

چھچھے چھیجہِ اہِنِس موڑے
کِءُ چھُٹہِ جمِ پاکڑِیا ॥2॥

ਬਬੈ ਬੂਝਹਿ ਨਾਹੀ ਮੂੜੇ
ਭਰਮਿ ਭੁਲੇ ਤੇਰਾ ਜਨਮੁ ਗਇਆ ॥

ببے بُوجھہِ ناہی موڑے
بھرمِ بھُلے تیرا جنمُ گئیا ॥

ਅਣਹੋਦਾ ਨਾਉ ਧਰਾਇਓ ਪਾਧਾ
ਅਵਰਾ ਕਾ ਭਾਰੁ ਤੁਧੁ ਲਇਆ ॥੩॥

انہودا ناءُ دھرائِئو پادھا
اورا کا بھارُ تُدھُ لِئیا ॥3॥

ਜਜੈ ਜੋਤਿ ਹਿਰਿ ਲਈ ਤੇਰੀ ਮੂੜੇ
ਅੰਤਿ ਗਇਆ ਪਛੁਤਾਵਹਿਗਾ ॥

ججے جوتِ ہِرِ لئی تیری موڑے
انّتِ گئیا پچھُتاوہِگا ॥

ਏਕੁ ਸਬਦੁ ਤੂੰ ਚੀਨਹਿ ਨਾਹੀ
ਫਿਰਿ ਫਿਰਿ ਜੂਨੀ ਆਵਹਿਗਾ ॥੪॥

ایکُ سبدُ توُنّ چِینہِ ناہی
پھِرِ پھِرِ جوُنی آوہِگا ॥4॥

ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ
ਅਵਰਾ ਨੋ ਨ ਸਿਖਾਲਿ ਬਿਖਿਆ ॥

تُدھُ سِرِ لِکھِیا سو پڑُ پنڈِت
اورا نو ن سِکھالِ بِکھِیا ॥

ਪਹਿਲਾ ਫਾਹਾ ਪਇਆ ਪਾਧੇ
ਪਿਛੋ ਦੇ ਗਲਿ ਚਾਟੜਿਆ ॥੫॥

پہِلا پھاہا پئیا پادھے
پچھو دے گلِ چاٹڑِیا ॥5॥

ਸਸੈ ਸੰਜਮੁ ਗਇਓ ਮੂੜੇ
ਏਕੁ ਦਾਨੁ ਤੁਧੁ ਕੁਥਾਇ ਲਇਆ ॥

سسے سنجّمُ گئِئو موڑے
ایکُ دانُ تُدھُ کُتھاءِ لِئیا ॥

ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ
ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥੬॥

سائی پُتّری ججمان کی سا تیری
ایتُ دھانِ کھادھے تیرا جنمُ گئیا ॥6॥

ਮੰਮੈ ਮਤਿ ਹਿਰਿ ਲਈ ਤੇਰੀ ਮੂੜੇ
ਹਉਮੈ ਵਡਾ ਰੋਗੁ ਪਇਆ ॥

منّمے مت ہِرِ لئی تیری موڑے
ہئُمے وڈا روگُ پئیا ॥

ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ
ਮਾਇਆ ਕਾ ਮੁਹਤਾਜੁ ਭਇਆ ॥੭॥

انّتر آتمے برہمُ ن چِینّہِیا
مائیا کا مُحتاجُ بھئیا ॥7॥

ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ
ਮਮਤਾ ਲਾਗੇ ਤੁਧੁ ਹਰਿ ਵਿਸਰਿਆ ॥

ککے کامِ کرودھِ بھرمِئوہُ موڑے
ممتا لاگے تُدھُ ہرِ وِسریا ॥

ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ
ਵਿਣੁ ਬੂਝੇ ਤੂੰ ਡੂਬਿ ਮੁਆ ॥੮॥

پڑہِ گُنہِ توُنّ بہُتُ پُکارہِ

ਤਤੈ ਤਾਮਸਿ ਜਲਿਓਹੁ ਮੂੜੇ
ਥਥੈ ਥਾਨ ਭਰਿਸਟੁ ਹੋਆ ॥

ਘਘੈ ਘਰਿ ਘਰਿ ਫਿਰਹਿ ਤੂੰ ਮੂੜੇ
ਦਦੈ ਦਾਨੁ ਨ ਤੁਧੁ ਲਇਆ ॥੯॥

ਪਪੈ ਪਾਰਿ ਨ ਪਵਹੀ ਮੂੜੇ
ਪਰਪੰਚਿ ਤੂੰ ਪਲਚਿ ਰਹਿਆ ॥

ਸਚੈ ਆਪਿ ਖੁਆਇਓਹੁ ਮੂੜੇ
ਇਹੁ ਸਿਰਿ ਤੇਰੈ ਲੇਖੁ ਪਇਆ ॥੧੦॥

ਭਭੈ ਭਵਜਲਿ ਡੁਬੋਹੁ ਮੂੜੇ
ਮਾਇਆ ਵਿਚਿ ਗਲਤਾਨੁ ਭਇਆ ॥

ਗੁਰ ਪਰਸਾਦੀ ਏਕੋ ਜਾਣੈ
ਏਕ ਘੜੀ ਮਹਿ ਪਾਰਿ ਪਇਆ ॥੧੧॥

ਵਵੈ ਵਾਰੀ ਆਈਆ ਮੂੜੇ
ਵਾਸੁਦੇਉ ਤੁਧੁ ਵੀਸਰਿਆ ॥

ਏਹ ਵੇਲਾ ਨ ਲਹਸਹਿ ਮੂੜੇ
ਫਿਰਿ ਤੂੰ ਜਮ ਕੈ ਵਸਿ ਪਇਆ ॥੧੨॥

ਝਝੈ ਕਦੇ ਨ ਝੂਰਹਿ ਮੂੜੇ
ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ ॥

ਸਤਿਗੁਰ ਬਾਝਹੁ ਗੁਰੁ ਨਹੀ ਕੋਈ
ਨਿਗੁਰੇ ਕਾ ਹੈ ਨਾਉ ਬੁਰਾ ॥੧੩॥

ਧਧੈ ਧਾਵਤ ਵਰਜਿ ਰਖੁ ਮੂੜੇ
ਅੰਤਰਿ ਤੇਰੈ ਨਿਧਾਨੁ ਪਇਆ ॥

ਗੁਰਮੁਖਿ ਹੋਵਹਿ ਤਾ ਹਰਿ ਰਸੁ ਪੀਵਹਿ
ਜੁਗਾ ਜੁਗੰਤਰਿ ਖਾਹਿ ਪਇਆ ॥੧੪॥

وِنُّ بُوجھے توُنَ ڈُوبِ مُیا ॥8॥

تتے تامسِ جلِئوہُ موُڑے
تھتھے تھان بھرِسٹُ ہویا ॥

گھگھے گھرِ گھرِ پھرہِ توُنَ موُڑے
ددے دانُ ن تُدھُ لِئیا ॥9॥

پپے پارِ ن پوہی موُڑے
پرپنچِ توُنَ پلچِ رہِیا ॥

سچے آپِ کھُیائِئوہُ موُڑے
اِہُ سِرِ تیرے لیکھُ پئِیا ॥ 10 ॥

بھبھے بھوجلِ ڈُبوہُ موُڑے
مائِیا وِچِ غلطانُ بھئِیا ॥

گُر پرسادی ایکو جانےُ
ایک گھڑی مہِ پارِ پئِیا ॥ 11 ॥

ووے واری آئِیا موُڑے
واسُدیءُ تُدھُ ویسرِیا ॥

ایہ ویلا ن لہسہِ موُڑے
پھِرِ توُنَ جم کے وسِ پئِیا ॥ 12 ॥

جھجھے کدے ن جھوُرہِ موُڑے
ستِگُر کا اُپدیسُ سُنِ توُنَ وِکھا ॥

ستِگُر باجھہُ گُرُ نہی کوئی
نِگُرے کا ہےَ ناءُ بُرا ॥ 13 ॥

دھدھے دھاوت ورجِ رکھُ موُڑے
انّترِ تیرے نِدھانُ پئِیا ॥

گُرمُکھِ ہووہِ تا ہرِ رسُ پیوہِ
جُگا جُگنّترِ کھاہِ پئِیا ॥ 14 ॥

ਗਗੈ ਗੋਬਿਦੁ ਚਿਤਿ ਕਰਿ ਮੂੜੇ
ਗਲੀ ਕਿਨੈ ਨ ਪਾਇਆ ॥

گگے گوبِدُ چِتِ کرِ موُڑے
گلی کِنے ن پائیا ॥

ਗੁਰ ਕੇ ਚਰਨ ਹਿਰਦੈ ਵਸਾਇ ਮੂੜੇ
ਪਿਛਲੇ ਗੁਨਹ ਸਭ ਬਖਸਿ ਲਇਆ ॥੧੫॥

گُر کے چرن ہِردے وساءِ موُڑے
پچھلے گُنہ سبھ بخشِ لئیا ॥ 15 ॥

ਹਾਹੈ ਹਰਿ ਕਥਾ ਬੂਝੁ ਤੂੰ ਮੂੜੇ
ਤਾ ਸਦਾ ਸੁਖੁ ਹੋਈ ॥

ہاہے ہرِ کتھا بوُجھُ توُنّ موُڑے
تا سدا سُکھُ ہوئی ॥

ਮਨਮੁਖਿ ਪੜਹਿ ਤੇਤਾ ਦੁਖੁ ਲਾਗੈ
ਵਿਣੁ ਸਤਿਗੁਰ ਮੁਕਤਿ ਨ ਹੋਈ ॥੧੬॥

منمُکھِ پڑہِ تیتا دُکھُ لاگے
وِنُ ستِگُر مُکتِ ن ہوئی ॥ 16 ॥

ਰਾਰੈ ਰਾਮੁ ਚਿਤਿ ਕਰਿ ਮੂੜੇ
ਹਿਰਦੈ ਜਿਨ੍ ਕੈ ਰਵਿ ਰਹਿਆ ॥

رارے رامُ چِتِ کرِ موُڑے
ہِردے جِنّہ کے روِ رہِیا ॥

ਗੁਰ ਪਰਸਾਦੀ ਜਿਨ੍ੀ ਰਾਮੁ ਪਛਾਤਾ
ਨਿਰਗੁਣ ਰਾਮੁ ਤਿਨ੍ੀ ਬੂਝਿ ਲਹਿਆ ॥੧੭॥

گُر پرسادی جِنّہی رامُ پچھاتا
نِرگُنُ رامُ تِنّہی بوُجھِ لہِیا ॥ 17 ॥

ਤੇਰਾ ਅੰਤੁ ਨ ਜਾਈ ਲਖਿਆ
ਅਕਥੁ ਨ ਜਾਈ ਹਰਿ ਕਥਿਆ ॥

تیرا انتُ ن جائی لکھِیا
اکتھُ ن جائی ہرِ کتھِیا ॥

ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ
ਤਿਨ੍ ਕਾ ਲੇਖਾ ਨਿਬੜਿਆ ॥੧੮॥੧॥੨॥

نانک جِنّہ کءُ ستِگُرُ مِلیا
تِنّہ کا لیکھا نِبڑِیا ॥ 18 ॥ 1 ॥ 2 ॥

ਰਾਗੁ ਆਸਾ ਮਹਲਾ ੧ ਛੰਤ ਘਰੁ ੧

راگُ آسا محلا 1 چھنّت گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਮੁੰਧ ਜੋਬਨਿ ਬਾਲੜੀਏ
ਮੇਰਾ ਪਿਰੁ ਰਲੀਆਲਾ ਰਾਮ ॥

مُنّدھ جوبنِ بالڑِیے
میرا پِرُ رلِیالا رام ॥

ਧਨ ਪਿਰ ਨੇਹੁ ਘਣਾ
ਰਸਿ ਪ੍ਰੀਤਿ ਦਇਆਲਾ ਰਾਮ ॥

دھن پِر نیہُ گھٹا
رسِ پّریتِ دئیالا رام ॥

ਧਨ ਪਿਰਹਿ ਮੇਲਾ ਹੋਇ ਸੁਆਮੀ
ਆਪਿ ਪ੍ਰਭੁ ਕਿਰਪਾ ਕਰੇ ॥

دھن پِرہِ میلا ہوءِ سُیامی
آپِ پّربھُ کِرپا کرے ॥

ਸੇਜਾ ਸੁਹਾਵੀ ਸੰਗਿ ਪਿਰ ਕੈ

سیجا سُہاوی سنگِ پِر کے

ਸਾਤ ਸਰ ਅੰਮ੍ਰਿਤ ਭਰੇ ॥

سات سر انمّرِت بھرے ॥

ਕਰਿ ਦਇਆ ਮਇਆ ਦਇਆਲ ਸਾਚੇ
ਸਬਦਿ ਮਿਲਿ ਗੁਣ ਗਾਵਓ ॥

کرِ دئیا مئیا دئیال ساچے
سبدِ مِلِ گُنؔ گاوئو ॥

ਨਾਨਕਾ ਹਰਿ ਵਰੁ ਦੇਖਿ ਬਿਗਸੀ
ਮੁੰਧ ਮਨਿ ਓਮਾਹਓ ॥੧॥

نانکا ہرِ ورُ دیکھِ بِگسی
مُنّدھ منِ اوماہئو ॥1॥

ਮੁੰਧ ਸਹਜਿ ਸਲੋਨੜੀਏ
ਇਕ ਪ੍ਰੇਮ ਬਿਨੰਤੀ ਰਾਮ ॥

مُنّدھ سہجِ سلونڑیے
اِک پریم بِنّتی رام ॥

ਮੈ ਮਨਿ ਤਨਿ ਹਰਿ ਭਾਵੈ
ਪ੍ਰਭ ਸੰਗਮਿ ਰਾਤੀ ਰਾਮ ॥

مے منِ تنِ ہرِ بھاوے
پربھ سنگمِ راتی رام ॥

ਪ੍ਰਭ ਪ੍ਰੇਮਿ ਰਾਤੀ ਹਰਿ ਬਿਨੰਤੀ
ਨਾਮਿ ਹਰਿ ਕੈ ਸੁਖਿ ਵਸੈ ॥

پربھ پریمِ راتی ہرِ بِنّتی
نامِ ہرِ کے سُکھِ وسے ॥

ਤਉ ਗੁਣ ਪਛਾਣਹਿ ਤਾ ਪ੍ਰਭੁ ਜਾਣਹਿ
ਗੁਣਹ ਵਸਿ ਅਵਗਣ ਨਸੈ ॥

تءُ گُنؔ پچھاڑہِ تا پربھُ جاڑہِ
گُنہ وسِ اوگُنؔ نسے ॥

ਤੁਧੁ ਬਾਝੁ ਇਕੁ ਤਿਲੁ ਰਹਿ ਨ ਸਾਕਾ
ਕਹਣਿ ਸੁਨਣਿ ਨ ਧੀਜਏ ॥

ٹُدھُ باجھُ اِکُ تِلُ رہِ ن ساکا
کہنِؔ سُننِؔ ن دھیجے ॥

ਨਾਨਕਾ ਪ੍ਰਿਉ ਪ੍ਰਿਉ ਕਰਿ ਪੁਕਾਰੇ
ਰਸਨ ਰਸਿ ਮਨੁ ਭੀਜਏ ॥੨॥

نانکا پرءُ پرءُ کرِ پُکارے
رسن رسِ منُ بھیجے ॥2॥

ਸਖੀਹੋ ਸਹੇਲੜੀਹੋ
ਮੇਰਾ ਪਿਰੁ ਵਣਜਾਰਾ ਰਾਮ ॥

سکھیہو سہیلڑیہو
میرا پِرُ وٹجارا رام ॥

ਹਰਿ ਨਾਮੋ ਵਣੰਜੜਿਆ
ਰਸਿ ਮੋਲਿ ਅਪਾਰਾ ਰਾਮ ॥

ہرِ نامو وٹنّجڑِیا
رسِ مولِ اپارا رام ॥

ਮੋਲਿ ਅਮੋਲੋ ਸਚ ਘਰਿ ਢੋਲੋ
ਪ੍ਰਭ ਭਾਵੈ ਤਾ ਮੁੰਧ ਭਲੀ ॥

مولِ امولو سچ گھرِ ڈھولو
پربھ بھاوے تا مُنّدھ بھلی ॥

ਇਕਿ ਸੰਗਿ ਹਰਿ ਕੈ ਕਰਹਿ ਰਲੀਆ
ਹਉ ਪੁਕਾਰੀ ਦਰਿ ਖਲੀ ॥

اِکِ سنگِ ہرِ کے کرہِ رلیا
ہءُ پُکاری درِ کھلی ॥

ਕਰਣ ਕਾਰਣ ਸਮਰਥ ਸ੍ਰੀਧਰ
ਆਪਿ ਕਾਰਜੁ ਸਾਰਏ ॥

کرنؔ کارنؔ سمرتھ سرِیدھر
آپِ کارجُ سارئے ॥

ਨਾਨਕ ਨਦਰੀ ਧਨ ਸੋਹਾਗਣਿ
ਸਬਦੁ ਅਭ ਸਾਧਾਰਏ ॥੩॥

نانک ندری دھن سوہاگنِؔ
سبدُ ابھ سادھارئے ॥3॥

ਹਮ ਘਰਿ ਸਾਚਾ ਸੋਹਿਲੜਾ
ਪ੍ਰਭ ਆਇਅੜੇ ਮੀਤਾ ਰਾਮ ॥

ہم گھرِ ساچا سوہِلڑا
پربھ آئیڑے مِیتا رام ॥

ਰਾਵੇ ਰੰਗਿ ਰਾਤੜਿਆ
ਮਨੁ ਲੀਅੜਾ ਦੀਤਾ ਰਾਮ ॥

راوے رنگِ راتڑِیا
منُ لِیئڑا دِیتا رام ॥

ਆਪਣਾ ਮਨੁ ਦੀਆ ਹਰਿ ਵਰੁ ਲੀਆ
ਜਿਉ ਭਾਵੈ ਤਿਉ ਰਾਵਏ ॥

آپنا منُ دِیِیا ہرِ ورُ لِیِیا
جِءُ بھاوے تِءُ راوئے ॥

ਤਨੁ ਮਨੁ ਪਿਰ ਆਗੈ ਸਬਦਿ ਸਭਾਗੈ
ਘਰਿ ਅੰਮ੍ਰਿਤ ਫਲੁ ਪਾਵਏ ॥

تنُ منُ پِر آگے سبدِ سبھاگے
گھرِ انمّرِت پھلُ پاوئے ॥

ਬੁਧਿ ਪਾਠਿ ਨ ਪਾਈਐ ਬਹੁ ਚਤੁਰਾਈਐ
ਭਾਇ ਮਿਲੈ ਮਨਿ ਭਾਣੇ ॥

بُدھِ پاٹھِ ن پائیئےَ بہُ چترُائیئےَ
بھاءِ مِلےَ منِ بھاٹے ॥

ਨਾਨਕ ਠਾਕੁਰ ਮੀਤ ਹਮਾਰੇ
ਹਮ ਨਾਹੀ ਲੋਕਾਣੇ ॥੪॥੧॥

نانک ٹھاکُر میت ہمارے
ہم ناہی لوکاٹے ॥4॥1॥

ਆਸਾ ਮਹਲਾ ੧ ॥

آسا محلا 1 ॥

ਅਨਹਦੋ ਅਨਹਦੁ ਵਾਜੈ
ਰੁਣ ਝੁਣਕਾਰੇ ਰਾਮ ॥

انہدو انہدُ واجےَ
رُنؔ جھُنؔکارے رام ॥

ਮੇਰਾ ਮਨੋ ਮੇਰਾ ਮਨੁ ਰਾਤਾ
ਲਾਲ ਪਿਆਰੇ ਰਾਮ ॥

میرا منو میرا منُ راتا
لال پِیارے رام ॥

ਅਨਦਿਨੁ ਰਾਤਾ ਮਨੁ ਬੈਰਾਗੀ
ਸੁੰਨ ਮੰਡਲਿ ਘਰੁ ਪਾਇਆ ॥

اندِنُ راتا منُ بیَراگی
سُنّن منّڈلِ گھرُ پائیا ॥

ਆਦਿ ਪੁਰਖੁ ਅਪਰੰਪਰੁ ਪਿਆਰਾ
ਸਤਿਗੁਰਿ ਅਲਖੁ ਲਖਾਇਆ ॥

آدِ پُرکھُ اپرنّپرُ پِیارا
ستِگُرِ الکھُ لکھائیا ॥

ਆਸਣਿ ਬੈਸਣਿ ਥਿਰੁ ਨਾਰਾਇਣੁ
ਤਿਤੁ ਮਨੁ ਰਾਤਾ ਵੀਚਾਰੇ ॥

آسنِ بیَسنِ تھِرُ نارائنُ
تِتُ منُ راتا ویچارے ॥

ਨਾਨਕ ਨਾਮਿ ਰਤੇ ਬੈਰਾਗੀ
ਅਨਹਦ ਰੁਣ ਝੁਣਕਾਰੇ ॥੧॥

نانک نامِ رتے بیَراگی
انہد رُنُ جھُنکارے ॥1॥

ਤਿਤੁ ਅਗਮ ਤਿਤੁ ਅਗਮ ਪੁਰੇ
ਕਹੁ ਕਿਤੁ ਬਿਧਿ ਜਾਈਐ ਰਾਮ ॥

تِتُ اگم تِتُ اگم پُرے
کہُ کِتُ بِدھِ جائیئے رام ॥

ਸਚੁ ਸੰਜਮੋ ਸਾਰਿ ਗੁਣਾ
ਗੁਰ ਸਬਦੁ ਕਮਾਈਐ ਰਾਮ ॥

سچُ سنجمو سارِ گُنا
گُر سبدُ کمائیئے رام ॥

ਸਚੁ ਸਬਦੁ ਕਮਾਈਐ ਨਿਜ ਘਰਿ ਜਾਈਐ
ਪਾਈਐ ਗੁਣੀ ਨਿਧਾਨਾ ॥

سچُ سبدُ کمائیئے نج گھرِ جائیئے
پائیئے گُنی نِدھانا ॥

ਤਿਤੁ ਸਾਖਾ ਮੂਲੁ ਪਤੁ ਨਹੀ ਡਾਲੀ
ਸਿਰਿ ਸਭਨਾ ਪਰਧਾਨਾ ॥

تِتُ ساکھا موُلُ پتُ نہی ڈالی
سِرِ سبھنا پردھانا ॥

ਜਪੁ ਤਪੁ ਕਰਿ ਕਰਿ ਸੰਜਮ ਥਾਕੀ
ਹਠਿ ਨਿਗ੍ਰਹਿ ਨਹੀ ਪਾਈਐ ॥

جپُ تپُ کرِ کرِ سنجم تھاکی
ہٹھِ نِگرہِ نہی پائیئے ॥

ਨਾਨਕ ਸਹਜਿ ਮਿਲੇ ਜਗਜੀਵਨ
ਸਤਿਗੁਰ ਬੂਝ ਬੁਝਾਈਐ ॥੨॥

نانک سہجِ ملے جگجیون
ستِگُر بوُجھ بُجھائیئے ॥2॥

ਗੁਰ ਸਾਗਰੋ ਰਤਨਾਗਰੁ
ਤਿਤੁ ਰਤਨ ਘਣੇਰੇ ਰਾਮ ॥

گُر ساگرو رتناگرُ
تِتُ رتن گھنیرے رام ॥

ਕਰਿ ਮਜਨੋ ਸਪਤ ਸਰੇ
ਮਨ ਨਿਰਮਲ ਮੇਰੇ ਰਾਮ ॥

کرِ مجنو سپت سرے
من نِرمل میرے رام ॥

ਨਿਰਮਲ ਜਲਿ ਨ੍ਾਏ ਜਾ ਪ੍ਰਭ ਭਾਏ
ਪੰਚ ਮਿਲੇ ਵੀਚਾਰੇ ॥

نِرمل جلِ نہائے جا پربھ بھائے
پنچ ملے ویچارے ॥

ਕਾਮੁ ਕਰੋਧੁ ਕਪਟੁ ਬਿਖਿਆ ਤਜਿ
ਸਚੁ ਨਾਮੁ ਉਰਿ ਧਾਰੇ ॥

کامُ کرودھُ کپٹُ بِکھیا تجِ
سچُ نامُ اُرِ دھارے ॥

ਹਉਮੈ ਲੋਭ ਲਹਰਿ ਲਬ ਥਾਕੇ
ਪਾਏ ਦੀਨ ਦਇਆਲਾ ॥

ہئُمَے لوبھ لہرِ لب تھاکے

پائے دِین دیَیالا ॥

ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ
ਸਾਚੇ ਗੁਰ ਗੋਪਾਲਾ ॥੩॥

نانک گُر سمانِ تِیرتھُ نہی کوئی
ساچے گُر گوپالا ॥3॥

ਹਉ ਬਨੁ ਬਨੋ ਦੇਖਿ ਰਹੀ
ਤ੍ਰਿਣੁ ਦੇਖਿ ਸਬਾਇਆ ਰਾਮ ॥

ہءُ بنُ بنو دیکھِ رہی
تّرِنُ دیکھِ سبائِیا رام ॥

ਤ੍ਰਿਭਵਣੋ ਤੁਝਹਿ ਕੀਆ
ਸਭੁ ਜਗਤੁ ਸਬਾਇਆ ਰਾਮ ॥

تّرِبھونُو تُجھہِ کِیِیا
سبھُ جگتُ سبائِیا رام ॥

ਤੇਰਾ ਸਭੁ ਕੀਆ ਤੂੰ ਥਿਰੁ ਥੀਆ
ਤੁਧੁ ਸਮਾਨਿ ਕੋ ਨਾਹੀ ॥

تیرا سبھُ کِیِیا توُنّ تھِرُ تھِیِیا
تُدھُ سمانِ کو ناہی ॥

ਤੂੰ ਦਾਤਾ ਸਭ ਜਾਚਿਕ ਤੇਰੇ
ਤੁਧੁ ਬਿਨੁ ਕਿਸੁ ਸਾਲਾਹੀ ॥

توُنّ داتا سبھ جاچِک تیرے
تُدھُ بِنُ کِسُ سالاہی ۔ ॥

ਅਣਮੰਗਿਆ ਦਾਨੁ ਦੀਜੈ ਦਾਤੇ
ਤੇਰੀ ਭਗਤਿ ਭਰੇ ਭੰਡਾਰਾ ॥

اَنمنگِیا دانُ دیجَے داتے
تیری بھگتِ بھرے بھنڈارا ॥

ਰਾਮ ਨਾਮ ਬਿਨੁ ਮੁਕਤਿ ਨ ਹੋਈ
ਨਾਨਕੁ ਕਹੈ ਵੀਚਾਰਾ ॥੪॥੨॥

رام نام بِنُ مُکتِ ن ہوئی
نانکُ کہے وِیچارا ॥4॥2॥

ਆਸਾ ਮਹਲਾ ੧ ॥

آسا محلا 1 ॥

ਮੇਰਾ ਮਨੋ ਮੇਰਾ ਮਨੁ ਰਾਤਾ
ਰਾਮ ਪਿਆਰੇ ਰਾਮ ॥

میرا منو میرا منُ راتا
رام پِیارے رام ॥

ਸਚੁ ਸਾਹਿਬੋ ਆਦਿ ਪੁਰਖੁ
ਅਪਰੰਪਰੋ ਧਾਰੇ ਰਾਮ ॥

سچُ صاحِبو آدِ پُرکھُ
اپرنّپرو دھارے رام ॥

ਅਗਮ ਅਗੋਚਰੁ ਅਪਰ ਅਪਾਰਾ
ਪਾਰਬ੍ਰਹਮੁ ਪਰਧਾਨੋ ॥

اگم اگوچرُ اپر اپارا
پاربّرہمُ پردھانو ॥

ਆਦਿ ਜੁਗਾਦੀ ਹੈ ਭੀ ਹੋਸੀ
ਅਵਰੁ ਝੂਠਾ ਸਭੁ ਮਾਨੋ ॥

آدِ جُگادی ہے بھی ہوسی
اورُ جھوُٹھا سبھُ مانو ॥

ਕਰਮ ਧਰਮ ਕੀ ਸਾਰ ਨ ਜਾਣੈ

کرم دھرم کی سار ن جانےَ

ਸੁਰਤਿ ਮੁਕਤਿ ਕਿਉ ਪਾਈਐ ॥
سُرتِ مُکتِ کِءُ پائیئے ۔ ॥

ਨਾਨਕ ਗੁਰਮੁਖਿ ਸਬਦਿ ਪਛਾਣੈ
ਅਹਿਨਿਸਿ ਨਾਮੁ ਧਿਆਈਐ ॥੧॥
نانک گُرمُکھِ سبدِ پچھانے
اہِنِس نامُ دھیائیئے ॥1॥

ਮੇਰਾ ਮਨੋ ਮੇਰਾ ਮਨੁ ਮਾਨਿਆ
ਨਾਮੁ ਸਖਾਈ ਰਾਮ ॥
میرا منو میرا منُ مانیا
نامُ سکھائی رام ॥

ਹਉਮੈ ਮਮਤਾ ਮਾਇਆ
ਸੰਗਿ ਨ ਜਾਈ ਰਾਮ ॥
ہئُمے ممتا مائیا
سنگِ ن جائی رام ॥

ਮਾਤਾ ਪਿਤ ਭਾਈ ਸੁਤ ਚਤੁਰਾਈ
ਸੰਗਿ ਨ ਸੰਪੈ ਨਾਰੇ ॥
ماتا پِت بھائی سُت چتُرائی
سنگِ ن سنپّے نارے ॥

ਸਾਇਰ ਕੀ ਪੁਤ੍ਰੀ ਪਰਹਰਿ ਤਿਆਗੀ
ਚਰਣ ਤਲੈ ਵੀਚਾਰੇ ॥
سائر کی پُتّری پرہرِ تیاگی
چرنُ تلےَ ویچارے ॥

ਆਦਿ ਪੁਰਖਿ ਇਕੁ ਚਲਤੁ ਦਿਖਾਇਆ
ਜਹ ਦੇਖਾ ਤਹ ਸੋਈ ॥
آدِ پُرکھِ اِکُ چلتُ دِکھائیا
جہ دیکھا تہ سوئی ॥

ਨਾਨਕ ਹਰਿ ਕੀ ਭਗਤਿ ਨ ਛੋਡਉ
ਸਹਜੇ ਹੋਇ ਸੁ ਹੋਈ ॥੨॥
نانک ہرِ کی بھگتِ ن چھوڈءُ
سہجے ہوءِ سُ ہوئی ॥2॥

ਮੇਰਾ ਮਨੋ ਮੇਰਾ ਮਨੁ ਨਿਰਮਲੁ
ਸਾਚੁ ਸਮਾਲੇ ਰਾਮ ॥
میرا منو میرا منُ نِرملُ
ساچُ سمالے رام ॥

ਅਵਗਣ ਮੇਟਿ ਚਲੇ
ਗੁਣ ਸੰਗਮ ਨਾਲੇ ਰਾਮ ॥
اوگنُ میٹِ چلے
گُنُ سنگم نالے رام ॥

ਅਵਗਣ ਪਰਹਰਿ ਕਰਣੀ ਸਾਰੀ
ਦਰਿ ਸਚੈ ਸਚਿਆਰੋ ॥
اوگنُ پرہرِ کرنُی ساری
درِ سچےَ سچیارو ॥

ਆਵਣੁ ਜਾਵਣੁ ਠਾਕਿ ਰਹਾਏ
ਗੁਰਮੁਖਿ ਤਤੁ ਵੀਚਾਰੋ ॥
آونُ جاونُ ٹھاکِ رہائے
گُرمُکھِ تتُ ویچارو ॥

ਸਾਜਨੁ ਮੀਤੁ ਸੁਜਾਣੁ ਸਖਾ ਤੂੰ
ਸਚਿ ਮਿਲੈ ਵਡਿਆਈ ॥
ساجنُ میتُ سُجانُ سکھا توُنّ
سچِ ملےَ وڈیائی ॥

ਨਾਨਕ ਨਾਮੁ ਰਤਨੁ ਪਰਗਾਸਿਆ
ਐਸੀ ਗੁਰਮਤਿ ਪਾਈ ॥੩॥

نانک نامُ رتنُ پرگاسِیا
ایَسی گُرمتِ پائی ॥3॥

ਸਚੁ ਅੰਜਨੋ ਅੰਜਨੁ ਸਾਰਿ
ਨਿਰੰਜਨਿ ਰਾਤਾ ਰਾਮ ॥

سچُ انجنو انجنُ سارِ
نِرنجنِ راتا رام ॥

ਮਨਿ ਤਨਿ ਰਵਿ ਰਹਿਆ
ਜਗਜੀਵਨੋ ਦਾਤਾ ਰਾਮ ॥

منِ تنِ روِ رہِیا
جگجِیونو داتا رام ॥

ਜਗਜੀਵਨੁ ਦਾਤਾ ਹਰਿ ਮਨਿ ਰਾਤਾ
ਸਹਜਿ ਮਿਲੈ ਮੇਲਾਇਆ ॥

جگجِیونُ داتا ہرِ منِ راتا
سہجِ مِلےَ میلائِیا ॥

ਸਾਧ ਸਭਾ ਸੰਤਾ ਕੀ ਸੰਗਤਿ
ਨਦਰਿ ਪ੍ਰਭੂ ਸੁਖੁ ਪਾਇਆ ॥

سادھ سبھا سنّتا کی سنگتِ
ندرِ پربھوُ سُکھُ پائِیا ॥

ਹਰਿ ਕੀ ਭਗਤਿ ਰਤੇ ਬੈਰਾਗੀ
ਚੂਕੇ ਮੋਹ ਪਿਆਸਾ ॥

ہرِ کی بھگتِ رتے بیَراگی
چوُکے موہ پِیاسا ॥

ਨਾਨਕ ਹਉਮੈ ਮਾਰਿ ਪਤੀਣੇ
ਵਿਰਲੇ ਦਾਸ ਉਦਾਸਾ ॥੪॥੩॥

نانک ہئُمےَ مارِ پتیئے
وِرلے داس اُداسا ॥4॥3॥

ਰਾਗੁ ਆਸਾ ਮਹਲਾ ੧ ਛੰਤ ਘਰੁ ੨

راگُ آسا محلا 1 چھنّت گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਤੂੰ ਸਭਨੀ ਥਾਈ ਜਿਥੈ ਹਉ ਜਾਈ
ਸਾਚਾ ਸਿਰਜਣਹਾਰੁ ਜੀਉ ॥

توُنّ سبھنی تھائی جِتھےَ ہءُ جائی
ساچا سِرجنّہارُ جیِءُ ॥

ਸਭਨਾ ਕਾ ਦਾਤਾ ਕਰਮ ਬਿਧਾਤਾ
ਦੂਖ ਬਿਸਾਰਣਹਾਰੁ ਜੀਉ ॥

سبھنا کا داتا کرم بِدھاتا
دوُکھ بِسارنّہارُ جیِءُ ॥

ਦੂਖ ਬਿਸਾਰਣਹਾਰੁ ਸੁਆਮੀ
ਕੀਤਾ ਜਾ ਕਾ ਹੋਵੈ ॥

دوُکھ بِسارنّہارُ سُیامی
کِیتا جا کا ہووےَ ॥

ਕੋਟ ਕੋਟੰਤਰ ਪਾਪਾ ਕੇਰੇ
ਏਕ ਘੜੀ ਮਹਿ ਖੋਵੈ ॥

کوٹ کوٹنّتر پاپا کیرے
ایک گھڑی مہِ کھووےَ ॥

ਹੰਸ ਸਿ ਹੰਸਾ ਬਗ ਸਿ ਬਗਾ

ہنّس سِ ہنّسا بگ سِ بگا

ਘਟ ਘਟ ਕਰੇ ਬੀਚਾਰੁ ਜੀਉ ॥

گھٹ گھٹ کرے بیچارُ جیِءُ ॥

ਤੂੰ ਸਭਨੀ ਥਾਈ ਜਿਥੈ ਹਉ ਜਾਈ
ਸਾਚਾ ਸਿਰਜਣਹਾਰੁ ਜੀਉ ॥੧॥

توُنّ سبھنی تھائی جِتھے ہءُ جائی
ساچا سِرجنہارُ جیِءُ ॥1॥

ਜਿਨ੍ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ
ਤੇ ਵਿਰਲੇ ਸੰਸਾਰਿ ਜੀਉ ॥

جِنّہ اِک منِ دھِیائیا تِنّہ سُکھُ پائیا
تے وِرلے سنّسارِ جیِءُ ॥

ਤਿਨ ਜਮੁ ਨੇੜਿ ਨ ਆਵੈ ਗੁਰ ਸਬਦੁ ਕਮਾਵੈ
ਕਬਹੁ ਨ ਆਵਹਿ ਹਾਰਿ ਜੀਉ ॥

تِن جمُ نیڑِ ن آوے گُر سبدُ کماوے
کبہُ ن آوہِ ہارِ جیِءُ ॥

ਤੇ ਕਬਹੁ ਨ ਹਾਰਹਿ ਹਰਿ ਹਰਿ ਗੁਣ ਸਾਰਹਿ
ਤਿਨ੍ ਜਮੁ ਨੇੜਿ ਨ ਆਵੈ ॥

تے کبہُ ن ہارہِ ہرِ ہرِ گُنّ سارہِ
تِنّہ جمُ نیڑِ ن آوے ॥

ਜੰਮਣੁ ਮਰਣੁ ਤਿਨ੍ਾ ਕਾ ਚੂਕਾ
ਜੋ ਹਰਿ ਲਾਗੇ ਪਾਵੈ ॥

جنّمنُّ مرنُّ تِنّہا کا چوُکا
جو ہرِ لاگے پاوے ॥

ਗੁਰਮਤਿ ਹਰਿ ਰਸੁ ਹਰਿ ਫਲੁ ਪਾਇਆ
ਹਰਿ ਹਰਿ ਨਾਮੁ ਉਰ ਧਾਰਿ ਜੀਉ ॥

گُرمتِ ہرِ رسُ ہرِ پھلُ پائیا
ہرِ ہرِ نامُ اُر دھارِ جیِءُ ॥

ਜਿਨ੍ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ
ਤੇ ਵਿਰਲੇ ਸੰਸਾਰਿ ਜੀਉ ॥੨॥

جِنّہ اِک منِ دھِیائیا تِنّہ سُکھُ پائیا
تے وِرلے سنّسارِ جیِءُ ॥2॥

ਜਿਨਿ ਜਗਤੁ ਉਪਾਇਆ ਧੰਧੈ ਲਾਇਆ
ਤਿਸੈ ਵਿਟਹੁ ਕੁਰਬਾਣੁ ਜੀਉ ॥

جِنِ جگتُ اُپائیا دھندّھے لائیا
تِسے وِٹہُ قُربانُّ جیِءُ ॥

ਤਾ ਕੀ ਸੇਵ ਕਰੀਜੈ ਲਾਹਾ ਲੀਜੈ
ਹਰਿ ਦਰਗਹ ਪਾਈਐ ਮਾਣੁ ਜੀਉ ॥

تا کی سیو کریجے لاہا لیجے
ہرِ درگہ پائیئے مانُّ جیِءُ ॥

ਹਰਿ ਦਰਗਹ ਮਾਨੁ ਸੋਈ ਜਨੁ ਪਾਵੈ
ਜੋ ਨਰੁ ਏਕੁ ਪਛਾਣੈ ॥

ہرِ درگہ مانُ سوئی جنُ پاوے
جو نرُ ایکُ پچھانّے ॥

ਓਹੁ ਨਵ ਨਿਧਿ ਪਾਵੈ ਗੁਰਮਤਿ ਹਰਿ ਧਿਆਵੈ
ਨਿਤ ਹਰਿ ਗੁਣ ਆਖਿ ਵਖਾਣੈ ॥

اوہُ نو نِدھِ پاوے گُرمتِ ہرِ دھِیاوے
نِت ہرِ گُنّ آکھِ وکھانّے ॥

ਅਹਿਨਿਸਿ ਨਾਮੁ ਤਿਸੈ ਕਾ ਲੀਜੈ
ਹਰਿ ਉਤਮੁ ਪੁਰਖੁ ਪਰਧਾਨੁ ਜੀਉ ॥

اہِنِس نامُ تِسے کا لیجے
ہرِ اوُتمُ پُرکھُ پردھانُ جیِءُ ॥

ਜਿਨਿ ਜਗਤੁ ਉਪਾਇਆ ਧੰਧੈ ਲਾਇਆ
ਹਉ ਤਿਸੈ ਵਿਟਹੁ ਕੁਰਬਾਨੁ ਜੀਉ ॥੩॥

جِنِ جگتُ اُپائیا دھندّھے لائیا
ہءُ تِسے وِٹہُ قُربانُ جیِءُ ॥3॥

ਨਾਮੁ ਲੈਨਿ ਸਿ ਸੋਹਹਿ ਤਿਨ ਸੁਖ ਫਲ ਹੋਵਹਿ
ਮਾਨਹਿ ਸੇ ਜਿਣਿ ਜਾਹਿ ਜੀਉ ॥

نامُ لیَنِ سِ سوہہِ تِن سُکھ پھل ہووہِ
مانہِ سے جِنِّ جاہِ جیِءُ ॥

ਤਿਨ ਫਲ ਤੋਟਿ ਨ ਆਵੈ ਜਾ ਤਿਸੁ ਭਾਵੈ
ਜੇ ਜੁਗ ਕੇਤੇ ਜਾਹਿ ਜੀਉ ॥

تِن پھل توٹِ ن آوے جا تِسُ بھاوے
جے جُگ کیتے جاہِ جیِءُ ॥

ਜੇ ਜੁਗ ਕੇਤੇ ਜਾਹਿ ਸੁਆਮੀ
ਤਿਨ ਫਲ ਤੋਟਿ ਨ ਆਵੈ ॥

جے جُگ کیتے جاہِ سُیامی
تِن پھل توٹِ ن آوے ॥

ਤਿਨ੍ ਜਰਾ ਨ ਮਰਣਾ ਨਰਕਿ ਨ ਪਰਣਾ
ਜੋ ਹਰਿ ਨਾਮੁ ਧਿਆਵੈ ॥

تِنّہ جرا ن مرٹا نرکِ ن پرٹا
جو ہرِ نامُ دھِیاوے ॥

ਹਰਿ ਹਰਿ ਕਰਹਿ ਸਿ ਸੂਕਹਿ ਨਾਹੀ
ਨਾਨਕ ਪੀੜ ਨ ਖਾਹਿ ਜੀਉ ॥

ہرِ ہرِ کرہِ سِ سوُکہِ ناہی
نانک پیڑ ن کھاہِ جیِءُ ॥

ਨਾਮੁ ਲੈਨ੍ਹਿ ਸਿ ਸੋਹਹਿ ਤਿਨ੍ ਸੁਖ ਫਲ ਹੋਵਹਿ
ਮਾਨਹਿ ਸੇ ਜਿਣਿ ਜਾਹਿ ਜੀਉ ॥੪॥੧॥੪॥

نامُ لینّہِ سِ سوہہِ تِنّہ سُکھ پھل ہووہِ
مانہِ سے جِنِّ جاہِ جیِءُ ॥4॥1॥4॥

ੴ ਸਤਿਗੁਰ ਪ੍ਰਸਾਦਿ ॥

ۿ ستِگُر پرّسادِ ॥

ਆਸਾ ਮਹਲਾ ੧ ਛੰਤ ਘਰੁ ੩ ॥

آسا محلا 1 چھنّت گھرُ 3 ॥

ਤੂੰ ਸੁਣਿ ਹਰਣਾ ਕਾਲਿਆ
ਕੀ ਵਾੜੀਐ ਰਾਤਾ ਰਾਮ ॥

توُنّ سُنِّ ہرٹا کالیا
کی واڑیۓ راتا رام ॥

ਬਿਖੁ ਫਲੁ ਮੀਠਾ ਚਾਰਿ ਦਿਨ
ਫਿਰਿ ਹੋਵੈ ਤਾਤਾ ਰਾਮ ॥

بِکھُ پھلُ مِیٹھا چارِ دِن
پھِرِ ہووے تاتا رام ॥

ਫਿਰਿ ਹੋਇ ਤਾਤਾ ਖਰਾ ਮਾਤਾ
ਨਾਮ ਬਿਨੁ ਪਰਤਾਪਏ ॥

پھِرِ ہوءِ تاتا کھرا ماتا
نام بِنُ پرتاپۓ ॥

ਓਹੁ ਜੇਵ ਸਾਇਰ ਦੇਇ ਲਹਰੀ
ਬਿਜੁਲ ਜਿਵੈ ਚਮਕਏ ॥

اوہُ جیو سائِر دےءِ لہری
بِجُل جِوے چمکۓ ॥

ਹਰਿ ਬਾਝੁ ਰਾਖਾ ਕੋਇ ਨਾਹੀ

ہرِ باجھُ راکھا کوءِ ناہی

ਸੋਇ ਤੁਝਹਿ ਬਿਸਾਰਿਆ ॥

سوءِ تُجھہِ بِسارِیا ॥

ਸਚੁ ਕਹੈ ਨਾਨਕੁ ਚੇਤਿ ਰੇ ਮਨ
ਮਰਹਿ ਹਰਣਾ ਕਾਲਿਆ ॥੧॥

سچُ کہے نانکُ چیتِ رے من
مرہِ ہرنا کالیا ۔ ॥1॥

ਭਵਰਾ ਫੂਲਿ ਭਵੰਤਿਆ
ਦੁਖੁ ਅਤਿ ਭਾਰੀ ਰਾਮ ॥

بھورا پھُولِ بھونتیا
دُکھُ اتِ بھاری رام ॥

ਮੈ ਗੁਰੁ ਪੂਛਿਆ ਆਪਣਾ
ਸਾਚਾ ਬੀਚਾਰੀ ਰਾਮ ॥

مے گُرُ پُوچھیا آپنا
ساچا بیچاری رام ॥

ਬੀਚਾਰਿ ਸਤਿਗੁਰੁ ਮੁਝੈ ਪੂਛਿਆ
ਭਵਰੁ ਬੇਲੀ ਰਾਤਓ ॥

بیچارِ ستگُرُ مُجھے پُوچھیا
بھورُ بیلی راتئو ॥

ਸੂਰਜੁ ਚੜਿਆ ਪਿੰਡੁ ਪੜਿਆ
ਤੇਲੁ ਤਾਵਣਿ ਤਾਤਓ ॥

سُورجُ چڑیا پِنڈُ پڑیا
تیلُ تاونِ تاتئو ॥

ਜਮ ਮਗਿ ਬਾਧਾ ਖਾਹਿ ਚੋਟਾ
ਸਬਦ ਬਿਨੁ ਬੇਤਾਲਿਆ ॥

جم مگِ بادھا کھاہِ چوٹا
سبد بِنُ بیتالیا ॥

ਸਚੁ ਕਹੈ ਨਾਨਕੁ ਚੇਤਿ ਰੇ ਮਨ
ਮਰਹਿ ਭਵਰਾ ਕਾਲਿਆ ॥੨॥

سچُ کہے نانکُ چیتِ رے من
مرہِ بھورا کالیا ۔ ॥2॥

ਮੇਰੇ ਜੀਅੜਿਆ ਪਰਦੇਸੀਆ
ਕਿਤੁ ਪਵਹਿ ਜੰਜਾਲੇ ਰਾਮ ॥

میرے جیئڑیا پردیسیا
کِتُ پوہِ زنجالے رام ॥

ਸਾਚਾ ਸਾਹਿਬੁ ਮਨਿ ਵਸੈ
ਕੀ ਫਾਸਹਿ ਜਮ ਜਾਲੇ ਰਾਮ ॥

ساچا صاحِبُ منِ وسے
کی پھاسہِ جم جالے رام ॥

ਮਛੁਲੀ ਵਿਛੁੰਨੀ ਨੈਣ ਰੁੰਨੀ
ਜਾਲੁ ਬਧਿਕਿ ਪਾਇਆ ॥

مچھُلی وِچھُنّی نیَنْ رُنّی
جالُ بدھِکِ پائیا ॥

ਸੰਸਾਰੁ ਮਾਇਆ ਮੋਹੁ ਮੀਠਾ
ਅੰਤਿ ਭਰਮੁ ਚੁਕਾਇਆ ॥

سنّسارُ مائیا موہُ میٹھا
انّتِ بھرمُ چُکائیا ॥

ਭਗਤਿ ਕਰਿ ਚਿਤੁ ਲਾਇ ਹਰਿ ਸਿਉ
ਛੋਡਿ ਮਨਹੁ ਅੰਦੇਸਿਆ ॥

بھگتِ کرِ چِتُ لاءِ ہرِ سِءُ
چھوڈِ منہُ اندیسیا ॥

ਸਚੁ ਕਹੈ ਨਾਨਕੁ ਚੇਤਿ ਰੇ ਮਨ	سچُ کہے نانکُ چیتِ رے من
ਜੀਅੜਿਆ ਪਰਦੇਸੀਆ ॥੩॥	جیئڑیا پردیسیِیا ॥3॥
ਨਦੀਆ ਵਾਹ ਵਿਛੁੰਨਿਆ	ندیِیا واہ وِچھُنّیا
ਮੇਲਾ ਸੰਜੋਗੀ ਰਾਮ ॥	میلا سنجوگی رام ॥
ਜੁਗੁ ਜੁਗੁ ਮੀਠਾ ਵਿਸੁ ਭਰੇ	جُگ جُگ میٹھا وِسُ بھرے
ਕੋ ਜਾਣੈ ਜੋਗੀ ਰਾਮ ॥	کو جانے جوگی رام ॥
ਕੋਈ ਸਹਜਿ ਜਾਣੈ ਹਰਿ ਪਛਾਣੈ	کوئی سہجِ جانے ہرِ پچھانے
ਸਤਿਗੁਰੂ ਜਿਨਿ ਚੇਤਿਆ ॥	ستِگرُو جِنِ چیتِیا ॥
ਬਿਨੁ ਨਾਮ ਹਰਿ ਕੇ ਭਰਮਿ ਭੂਲੇ	بِنُ نام ہرِ کے بھرمِ بھوُلے
ਪਚਹਿ ਮੁਗਧ ਅਚੇਤਿਆ ॥	پچہِ مُگدھ اچیتِیا ॥
ਹਰਿ ਨਾਮੁ ਭਗਤਿ ਨ ਰਿਦੈ ਸਾਚਾ	ہرِ نامُ بھگتِ ن رِدے ساچا
ਸੇ ਅੰਤਿ ਧਾਹੀ ਰੁੰਨਿਆ ॥	سے انّتِ دھاہی رُنّیا ॥
ਸਚੁ ਕਹੈ ਨਾਨਕੁ ਸਬਦਿ ਸਾਚੈ	سچُ کہے نانکُ سبدِ ساچے
ਮੇਲਿ ਚਿਰੀ ਵਿਛੁੰਨਿਆ ॥੪॥੧॥੫॥	میلِ چِری وِچھُنّیا ॥4॥1॥5॥
੧ੴ ਸਤਿਗੁਰ ਪ੍ਰਸਾਦਿ ॥	۱ۅ ستِگُر پرّسادِ ॥
ਆਸਾ ਮਹਲਾ ੩ ਛੰਤ ਘਰੁ ੧ ॥	آسا محلا 3 چھنّت گھرُ 1 ॥
ਹਮ ਘਰੇ ਸਾਚਾ ਸੋਹਿਲਾ	ہم گھرے ساچا سوہِلا
ਸਾਚੈ ਸਬਦਿ ਸੁਹਾਇਆ ਰਾਮ ॥	ساچے سبدِ سُہائیا رام ॥
ਧਨ ਪਿਰ ਮੇਲੁ ਭਇਆ	دھن پِر میلُ بھیّا
ਪ੍ਰਭਿ ਆਪਿ ਮਿਲਾਇਆ ਰਾਮ ॥	پربھِ آپِ مِلائیا رام ॥
ਪ੍ਰਭਿ ਆਪਿ ਮਿਲਾਇਆ ਸਚੁ ਮੰਨਿ ਵਸਾਇਆ	پربھِ آپِ مِلائیا سچُ منّنِ وسائیا
ਕਾਮਣਿ ਸਹਜੇ ਮਾਤੀ ॥	کامنِ سہجے ماتی ॥
ਗੁਰ ਸਬਦਿ ਸੀਗਾਰੀ ਸਚਿ ਸਵਾਰੀ	گُر سبدِ سیِگاری سچِ سواری
ਸਦਾ ਰਾਵੇ ਰੰਗਿ ਰਾਤੀ ॥	سدا راوے رنگِ راتی ॥
ਆਪੁ ਗਵਾਏ ਹਰਿ ਵਰੁ ਪਾਏ	آپُ گوائے ہرِ ورُ پائے

ਤਾ ਹਰਿ ਰਸੁ ਮੰਨਿ ਵਸਾਇਆ ॥

تا ہرِ رسُ منّنِ وسائیا ॥

ਕਹੁ ਨਾਨਕ ਗੁਰ ਸਬਦਿ ਸਵਾਰੀ
ਸਫਲਿਉ ਜਨਮੁ ਸਬਾਇਆ ॥੧॥

کہُ نانک گُر سبدِ سواری
سپھلِءُ جنمُ سبائیا ॥1॥

ਦੂਜੜੈ ਕਾਮਣਿ ਭਰਮਿ ਭੁਲੀ
ਹਰਿ ਵਰੁ ਨ ਪਾਏ ਰਾਮ ॥

دوُجڑے کامنِٹ بھرمِ بھُلی
ہرِ ورُ ن پائے رام ॥

ਕਾਮਣਿ ਗੁਣੁ ਨਾਹੀ
ਬਿਰਥਾ ਜਨਮੁ ਗਵਾਏ ਰਾਮ ॥

کامنِٹ گُنُ ناہی
برِتھا جنمُ گوائے رام ॥

ਬਿਰਥਾ ਜਨਮੁ ਗਵਾਏ ਮਨਮੁਖਿ
ਇਆਣੀ ਅਉਗਣਵੰਤੀ ਝੂਰੇ ॥

برِتھا جنمُ گوائے منمُکھِ
اِیانی اُگنٹونتی جھوُرے ॥

ਆਪਣਾ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ
ਤਾ ਪਿਰੁ ਮਿਲਿਆ ਹਦੂਰੇ ॥

آپنا ستِگُرُ سیوِ سدا سُکھُ پائیا
تا پِرُ مِلیا حدوُرے ॥

ਦੇਖਿ ਪਿਰੁ ਵਿਗਸੀ ਅੰਦਰਹੁ ਸਰਸੀ
ਸਚੈ ਸਬਦਿ ਸੁਭਾਏ ॥

دیکھِ پِرُ وِگسی انّدرہُ سرسی
سچے سبدِ سُبھائے ॥

ਨਾਨਕ ਵਿਣੁ ਨਾਵੈ ਕਾਮਣਿ ਭਰਮਿ ਭੁਲਾਣੀ
ਮਿਲਿ ਪ੍ਰੀਤਮ ਸੁਖੁ ਪਾਏ ॥੨॥

نانک وِنُ ناوے کامنِٹ بھرمِ بھُلانٹی
مِلِ پرِیتم سُکھُ پائے ॥2॥

ਪਿਰੁ ਸੰਗਿ ਕਾਮਣਿ ਜਾਣਿਆ
ਗੁਰਿ ਮੇਲਿ ਮਿਲਾਈ ਰਾਮ ॥

پِرُ سنگِ کامنِٹ جانٹیا
گُرِ میلِ مِلائی رام ॥

ਅੰਤਰਿ ਸਬਦਿ ਮਿਲੀ
ਸਹਜੇ ਤਪਤਿ ਬੁਝਾਈ ਰਾਮ ॥

انترِ سبدِ مِلی
سہجے تپتِ بُجھائی رام ॥

ਸਬਦਿ ਤਪਤਿ ਬੁਝਾਈ ਅੰਤਰਿ ਸਾਂਤਿ ਆਈ
ਸਹਜੇ ਹਰਿ ਰਸੁ ਚਾਖਿਆ ॥

سبدِ تپتِ بُجھائی انترِ سانتِ آئی
سہجے ہرِ رسُ چاکھیا ॥

ਮਿਲਿ ਪ੍ਰੀਤਮ ਅਪਣੇ ਸਦਾ ਰੰਗੁ ਮਾਣੇ
ਸਚੈ ਸਬਦਿ ਸੁਭਾਖਿਆ ॥

مِلِ پرِیتم اپنے سدا رنگُ مانے
سچے سبدِ سُبھاکھیا ॥

ਪੜਿ ਪੜਿ ਪੰਡਿਤ ਮੋਨੀ ਥਾਕੇ
ਭੇਖੀ ਮੁਕਤਿ ਨ ਪਾਈ ॥

پڑِ پڑِ پنڈِت مونی تھاکے
بھیکھی مُکتِ ن پائی ॥

ਨਾਨਕ ਬਿਨੁ ਭਗਤੀ ਜਗੁ ਬਉਰਾਨਾ
ਸਚੈ ਸਬਦਿ ਮਿਲਾਈ ॥੩॥

نانک بِنُ بھگتی جگ بُرانا
سچے سبدِ مِلائی ॥3॥

ਸਾ ਧਨ ਮਨਿ ਅਨਦੁ ਭਇਆ
ਹਰਿ ਜੀਉ ਮੇਲਿ ਪਿਆਰੇ ਰਾਮ ॥

سا دھن منِ اندُ بھئیا
ہرِ جیِءُ میلِ پیارے رام ॥

ਸਾ ਧਨ ਹਰਿ ਕੈ ਰਸਿ ਰਸੀ
ਗੁਰ ਕੈ ਸਬਦਿ ਅਪਾਰੇ ਰਾਮ ॥

سا دھن ہرِ کے رِس رسی
گُر کے سبدِ اپارے رام ॥

ਸਬਦਿ ਅਪਾਰੇ ਮਿਲੇ ਪਿਆਰੇ
ਸਦਾ ਗੁਣ ਸਾਰੇ ਮਨਿ ਵਸੇ ॥

سبدِ اپارے مِلے پیارے
سدا گُنؤ سارے منِ وسے ॥

ਸੇਜ ਸੁਹਾਵੀ ਜਾ ਪਿਰਿ ਰਾਵੀ
ਮਿਲਿ ਪ੍ਰੀਤਮ ਅਵਗਣ ਨਸੇ ॥

سیج سُہاوی جا پِر راوی
مِلِ پریتم اوگُنؤ نسے ॥

ਜਿਤੁ ਘਰਿ ਨਾਮੁ ਹਰਿ ਸਦਾ ਧਿਆਈਐ
ਸੋਹਿਲੜਾ ਜੁਗ ਚਾਰੇ ॥

جِتُ گھرِ نامُ ہرِ سدا دھیائیئے
سوہِلڑا جُگ چارے ॥

ਨਾਨਕ ਨਾਮਿ ਰਤੇ ਸਦਾ ਅਨਦੁ ਹੈ
ਹਰਿ ਮਿਲਿਆ ਕਾਰਜ ਸਾਰੇ ॥੪॥੧॥੬॥

نانک نامِ رتے سدا اندُ ہے
ہرِ مِلیا کارج سارے ॥4॥1॥6॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਆਸਾ ਮਹਲਾ ੩ ਛੰਤ ਘਰੁ ੩ ॥

آسا محلا 3 چھنت گھرُ 3 ॥

ਸਾਜਨ ਮੇਰੇ ਪ੍ਰੀਤਮਹੁ
ਤੁਮ ਸਹ ਕੀ ਭਗਤਿ ਕਰੇਹੋ ॥

ساجن میرے پریتمہُ
تُم سہ کی بھگتِ کریہو ॥

ਗੁਰੁ ਸੇਵਹੁ ਸਦਾ ਆਪਣਾ
ਨਾਮੁ ਪਦਾਰਥੁ ਲੇਹੋ ॥

گُرُ سیوہُ سدا آپنا
نامُ پدارتھُ لیہو ॥

ਭਗਤਿ ਕਰਹੁ ਤੁਮ ਸਹੈ ਕੇਰੀ
ਜੋ ਸਹ ਪਿਆਰੇ ਭਾਵਏ ॥

بھگتِ کرہُ تُم سہے کیری
جو سہ پیارے بھاوئے ॥

ਆਪਣਾ ਭਾਣਾ ਤੁਮ ਕਰਹੁ
ਤਾ ਫਿਰਿ ਸਹ ਖੁਸੀ ਨ ਆਵਏ ॥

آپنا بھاٹا تُم کرہُ
تا پھِرِ سہ خُشی ن آوئے ॥

ਭਗਤਿ ਭਾਵ ਇਹੁ ਮਾਰਗੁ ਬਿਖੜਾ

بھگتِ بھاو اِہُ مارگُ بِکھڑا

ਗੁਰ ਦੁਆਰੈ ਕੋ ਪਾਵਏ ॥

گُر دُیارے کو پاوئے ॥

ਕਹੈ ਨਾਨਕੁ ਜਿਸੁ ਕਰੇ ਕਿਰਪਾ
ਸੋ ਹਰਿ ਭਗਤੀ ਚਿਤੁ ਲਾਵਏ ॥੧॥

کہے نانکُ جِسُ کرے کِرپا
سو ہرِ بھگتی چِتُ لاوئے ॥1॥

ਮੇਰੇ ਮਨ ਬੈਰਾਗੀਆ ਤੂੰ ਬੈਰਾਗੁ ਕਰਿ
ਕਿਸੁ ਦਿਖਾਵਹਿ ॥

میرے من بیَراگیِیا توُنّ بیَراگُ کرِ
کِسُ دِکھاوہِ ۔ ॥

ਹਰਿ ਸੋਹਿਲਾ ਤਿਨ੍ ਸਦ ਸਦਾ
ਜੋ ਹਰਿ ਗੁਣ ਗਾਵਹਿ ॥

ہرِ سوہِلا تِنّہ سد سدا
جو ہرِ گُنؔ گاوہِ ॥

ਕਰਿ ਬੈਰਾਗੁ ਤੂੰ ਛੋਡਿ ਪਾਖੰਡੁ
ਸੋ ਸਹੁ ਸਭੁ ਕਿਛੁ ਜਾਣਏ ॥

کرِ بیَراگُ توُنّ چھوڈِ پاکھنڈُ
سو سہُ سبھُ کِچھُ جانئے ॥

ਜਲਿ ਥਲਿ ਮਹੀਅਲਿ ਏਕੋ ਸੋਈ
ਗੁਰਮੁਖਿ ਹੁਕਮੁ ਪਛਾਣਏ ॥

جلِ تھلِ مہِیَلِ ایکو سوئی
گُرمُکھِ حُکمُ پچھانئے ॥

ਜਿਨਿ ਹੁਕਮੁ ਪਛਾਤਾ ਹਰੀ ਕੇਰਾ
ਸੋਈ ਸਰਬ ਸੁਖ ਪਾਵਏ ॥

جِنِ حُکمُ پچھاتا ہری کیرا
سوئی سرب سُکھ پاوئے ॥

ਇਵ ਕਹੈ ਨਾਨਕੁ ਸੋ ਬੈਰਾਗੀ
ਅਨਦਿਨੁ ਹਰਿ ਲਿਵ ਲਾਵਏ ॥੨॥

اِو کہے نانکُ سو بیَراگی
اندِنُ ہرِ لِو لاوئے ॥2॥

ਜਹ ਜਹ ਮਨ ਤੂੰ ਧਾਵਦਾ
ਤਹ ਤਹ ਹਰਿ ਤੇਰੈ ਨਾਲੇ ॥

جہ جہ من توُنّ دھاودا
تہ تہ ہرِ تیرے نالے ॥

ਮਨ ਸਿਆਣਪ ਛੋਡੀਐ
ਗੁਰ ਕਾ ਸਬਦੁ ਸਮਾਲੇ ॥

من سِیانپ چھوڈیِئے
گُر کا سبدُ سمالے ॥

ਸਾਥਿ ਤੇਰੈ ਸੋ ਸਹੁ ਸਦਾ ਹੈ
ਇਕੁ ਖਿਨੁ ਹਰਿ ਨਾਮੁ ਸਮਾਲਹੇ ॥

ساتھِ تیرے سو سہُ سدا ہے
اِکُ کھِنُ ہرِ نامُ سمالہے ॥

ਜਨਮ ਜਨਮ ਕੇ ਤੇਰੇ ਪਾਪ ਕਟੇ
ਅੰਤਿ ਪਰਮ ਪਦੁ ਪਾਵਹੇ ॥

جنم جنم کے تیرے پاپ کٹے
انّتِ پرم پدُ پاوہے ॥

ਸਾਚੇ ਨਾਲਿ ਤੇਰਾ ਗੰਢੁ ਲਾਗੈ
ਗੁਰਮੁਖਿ ਸਦਾ ਸਮਾਲੇ ॥

ساچے نالِ تیرا گنڈھُ لاگے
گُرمُکھِ سدا سمالے ॥

ਇਉ ਕਹੈ ਨਾਨਕੁ ਜਹ ਮਨ ਤੂੰ ਧਾਵਦਾ
ਤਹ ਹਰਿ ਤੇਰੈ ਸਦਾ ਨਾਲੇ ॥੩॥

اِءُ کہے نانکُ جہ من توُنّ دھاودا
تہ ہرِ تیرے سدا نالے ॥3॥

ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ
ਨਿਜ ਘਰਿ ਵਸਿਆ ਆਏ ॥

ستِگُر مِلےَ دھاوتُ تھمّہِیا
نِج گھرِ وسِیا آئے ॥

ਨਾਮੁ ਵਿਹਾਝੇ ਨਾਮੁ ਲਏ
ਨਾਮਿ ਰਹੇ ਸਮਾਏ ॥

نامُ وِہاجھے نامُ لےَ
نامِ رہے سمائے ॥

ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ
ਦਸਵਾ ਦੁਆਰੁ ਪਾਇਆ ॥

دھاوتُ تھمّہِیا ستِگُرِ مِلےَ
دسوا دُیارُ پائِیا ॥

ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ
ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥

تِتھےَ انمّرِت بھوجنُ سہج دھُنِ اُپجےَ
جِتُ سبدِ جگتُ تھمّہِ رہائِیا ॥

ਤਹ ਅਨੇਕ ਵਾਜੇ ਸਦਾ ਅਨਦੁ ਹੈ
ਸਚੇ ਰਹਿਆ ਸਮਾਏ ॥

تہ انیک واجے سدا اندُ ہےَ
سچے رہِیا سمائے ॥

ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ
ਨਿਜ ਘਰਿ ਵਸਿਆ ਆਏ ॥੪॥

اِءُ کہے نانکُ ستِگُرِ مِلےَ دھاوتُ تھمّہِیا
نِج گھرِ وسِیا آئے ॥4॥

ਮਨ ਤੂੰ ਜੋਤਿ ਸਰੂਪੁ ਹੈ
ਆਪਣਾ ਮੂਲੁ ਪਛਾਣੁ ॥

من توُنّ جوتِ سروُپُ ہےَ
آپنّا موُلُ پچھانُ ॥

ਮਨ ਹਰਿ ਜੀ ਤੇਰੈ ਨਾਲਿ ਹੈ
ਗੁਰਮਤੀ ਰੰਗੁ ਮਾਣੁ ॥

من ہرِ جی تیرے نالِ ہےَ
گُرمتی رنگُ مانُ ॥

ਮੂਲੁ ਪਛਾਣਹਿ ਤਾਂ ਸਹੁ ਜਾਣਹਿ
ਮਰਣ ਜੀਵਣ ਕੀ ਸੋਝੀ ਹੋਈ ॥

موُلُ پچھاتہِ تاں سہُ جاتہِ
مرنّ جیِونّ کی سوجھی ہوئی ॥

ਗੁਰ ਪਰਸਾਦੀ ਏਕੋ ਜਾਣਹਿ
ਤਾਂ ਦੂਜਾ ਭਾਉ ਨ ਹੋਈ ॥

گُر پرسادی ایکو جاتہِ
تاں دوُجا بھاءُ ن ہوئی ॥

ਮਨਿ ਸਾਂਤਿ ਆਈ ਵਜੀ ਵਧਾਈ
ਤਾ ਹੋਆ ਪਰਵਾਣੁ ॥

منِ سانتِ آئی وجی ودھائی
تا ہویا پروانُ ॥

ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ
ਅਪਣਾ ਮੂਲੁ ਪਛਾਣੁ ॥੫॥

اِءُ کہے نانکُ من توُنّ جوتِ سروُپُ ہےَ

ਮਨ ਤੂੰ ਗਾਰਬਿ ਅਟਿਆ
ਗਾਰਬਿ ਲਦਿਆ ਜਾਹਿ ॥

ਮਾਇਆ ਮੋਹਣੀ ਮੋਹਿਆ
ਫਿਰਿ ਫਿਰਿ ਜੂਨੀ ਭਵਾਹਿ ॥

ਗਾਰਬਿ ਲਾਗਾ ਜਾਹਿ ਮੁਗਧ ਮਨ
ਅੰਤਿ ਗਇਆ ਪਛੁਤਾਵਹੇ ॥

ਅਹੰਕਾਰੁ ਤਿਸਨਾ ਰੋਗੁ ਲਗਾ
ਬਿਰਥਾ ਜਨਮੁ ਗਵਾਵਹੇ ॥

ਮਨਮੁਖ ਮੁਗਧ ਚੇਤਹਿ ਨਾਹੀ
ਅਗੈ ਗਇਆ ਪਛੁਤਾਵਹੇ ॥

ਇਉ ਕਹੈ ਨਾਨਕੁ ਮਨ ਤੂੰ ਗਾਰਬਿ ਅਟਿਆ
ਗਾਰਬਿ ਲਦਿਆ ਜਾਵਹੇ ॥੬॥

ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ
ਗੁਰਮੁਖਿ ਨਿਮਾਣਾ ਹੋਹੁ ॥

ਅੰਤਰਿ ਅਗਿਆਨੁ ਹਉ ਬੁਧਿ ਹੈ
ਸਚਿ ਸਬਦਿ ਮਲੁ ਖੋਹੁ ॥

ਹੋਹੁ ਨਿਮਾਣਾ ਸਤਿਗੁਰੂ ਅਗੈ
ਮਤ ਕਿਛੁ ਆਪੁ ਲਖਾਵਹੇ ॥

ਆਪਣੈ ਅਹੰਕਾਰਿ ਜਗਤੁ ਜਲਿਆ
ਮਤ ਤੂੰ ਆਪਣਾ ਆਪੁ ਗਵਾਵਹੇ ॥

ਸਤਿਗੁਰ ਕੈ ਭਾਣੈ ਕਰਹਿ ਕਾਰ
ਸਤਿਗੁਰ ਕੈ ਭਾਣੈ ਲਾਗਿ ਰਹੁ ॥

ਇਉ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ
ਮਨ ਨਿਮਾਣਾ ਹੋਇ ਰਹੁ ॥੭॥

اپنا مُول پچھانُ ॥5॥

من توُنّ گاربِ اٹیا
گاربِ لدِیا جاہِ ॥

مائیا موہنی موہِیا
پھِرِ پھِرِ جوُنی بھواہِ ॥

گاربِ لاگا جاہِ مُگدھ من
انّتِ گئیا پچھُتاوہے ॥

اہنکارُ تِسنا روگُ لگا
بِرتھا جنمُ گواوہے ॥

منمُکھ مُگدھ چیتہِ ناہی
اگے گئیا پچھُتاوہے ॥

اِءُ کہے نانکُ من توُنّ گاربِ اٹیا
گاربِ لدِیا جاوہے ॥6॥

من توُنّ مت مانُ کرہِ جِ ہءُ کچھُ جانڈا
گُرمُکھِ نِماٹا ہوہُ ॥

انترِ اگیانُ ہءُ بُدھِ ہے
سچِ سبدِ مُلُ کھوہُ ॥

ہوہُ نِماٹا ستِگُروُ اگے
مت کچھُ آپُ لکھاوہے ॥

آپنّے اہنکارِ جگتُ جلِیا
مت توُنّ آپنّا آپُ گواوہے ॥

ستِگُر کے بھانّے کرہِ کار
ستِگُر کے بھانّے لاگِ رہُ ॥

اِءُ کہے نانکُ آپُ چھڈِ سُکھ پاوہِ
من نِماٹا ہوءِ رہُ ॥7॥

ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ
ਸੋ ਸਹੁ ਚਿਤਿ ਆਇਆ ॥

ਮਹਾ ਅਨੰਦੁ ਸਹਜੁ ਭਇਆ
ਮਨਿ ਤਨਿ ਸੁਖੁ ਪਾਇਆ ॥

ਸੋ ਸਹੁ ਚਿਤਿ ਆਇਆ ਮੰਨਿ ਵਸਾਇਆ
ਅਵਗਣ ਸਭਿ ਵਿਸਾਰੇ ॥

ਜਾ ਤਿਸੁ ਭਾਣਾ ਗੁਣ ਪਰਗਟ ਹੋਏ
ਸਤਿਗੁਰ ਆਪਿ ਸਵਾਰੇ ॥

ਸੇ ਜਨ ਪਰਵਾਣੁ ਹੋਏ ਜਿਨ੍ਹੀ ਇਕੁ ਨਾਮੁ ਦਿੜਿਆ
ਦੁਤੀਆ ਭਾਉ ਚੁਕਾਇਆ ॥

ਇਉ ਕਹੈ ਨਾਨਕੁ ਧੰਨੁ ਸੁ ਵੇਲਾ
ਜਿਤੁ ਮੈ ਸਤਿਗੁਰੁ ਮਿਲਿਆ ਸੋ ਸਹੁ ਚਿਤਿ ਆਇਆ ॥੮॥

ਇਕਿ ਜੰਤ ਭਰਮਿ ਭੁਲੇ
ਤਿਨਿ ਸਹਿ ਆਪਿ ਭੁਲਾਏ ॥

ਦੂਜੈ ਭਾਇ ਫਿਰਹਿ
ਹਉਮੈ ਕਰਮ ਕਮਾਏ ॥

ਤਿਨਿ ਸਹਿ ਆਪਿ ਭੁਲਾਏ ਕੁਮਾਰਗਿ ਪਾਏ
ਤਿਨ ਕਾ ਕਿਛੁ ਨ ਵਸਾਈ ॥

ਤਿਨ ਕੀ ਗਤਿ ਅਵਗਤਿ ਤੂੰਹੈ ਜਾਣਹਿ
ਜਿਨਿ ਇਹ ਰਚਨ ਰਚਾਈ ॥

ਹੁਕਮੁ ਤੇਰਾ ਖਰਾ ਭਾਰਾ
ਗੁਰਮੁਖਿ ਕਿਸੈ ਬੁਝਾਏ ॥

ਇਉ ਕਹੈ ਨਾਨਕੁ ਕਿਆ ਜੰਤ ਵਿਚਾਰੇ
ਜਾ ਤੁਧੁ ਭਰਮਿ ਭੁਲਾਏ ॥੯॥

ਸਚੇ ਮੇਰੇ ਸਾਹਿਬਾ ਸਚੀ ਤੇਰੀ ਵਡਿਆਈ ॥

دھنّ سُ ویلا جِتُ مے ستِگُر مِلیا
سو سہُ چِتِ آئیا ॥

مہا انندُ سہجُ بھئیا
منِ تنِ سُکھُ پائیا ॥

سو سہُ چِتِ آئیا منّ وسائیا
اوگُن سبھِ وِسارے ॥

جا تِسُ بھاٹا گُن پرگٹ ہوئے
ستِگُر آپِ سوارے ॥

سے جن پرواڻُ ہوئے جِنّہی اِکُ نامُ دِڑِیا
دُتِیا بھاءُ چُکائیا ॥

اِءُ کہے نانکُ دھنّ سُ ویلا
جِتُ مے ستِگُر مِلیا سو سہُ چِتِ آئیا ॥8॥

اِکِ جنّت بھرمِ بھُلے
تِنِ سہِ آپِ بھُلائے ॥

دُوجے بھاءِ پھِرہِ
ہیُمے کرم کمائے ॥

تِنِ سہِ آپِ بھُلائے کُمارگِ پائے
تِن کا کِچھُ ن وسائی ॥

تِن کی گتِ اوگتِ توُنہے جاڻہِ
جِنِ اِہ رچن رچائی ॥

حُکمُ تیرا کھرا بھارا
گُرمُکھِ کِسے بُجھائے ॥

اِءُ کہے نانکُ کِیا جنّت وِچارے
جا تُدھُ بھرمِ بھُلائے ॥9॥

سچے میرے صاحِبا سچی تیری وڈِیائی ॥

ਤੂੰ ਪਾਰਬ੍ਰਹਮੁ ਬੇਅੰਤੁ ਸੁਆਮੀ
ਤੇਰੀ ਕੁਦਰਤਿ ਕਹਣੂ ਨ ਜਾਈ ॥

تُوں پاربرہمُ بیئنتُ سُیامی
تیری قُدرتِ کہنُّ ن جائی ॥

ਸਚੀ ਤੇਰੀ ਵਡਿਆਈ ਜਾ ਕਉ ਤੁਧੁ ਮੰਨਿ ਵਸਾਈ
ਸਦਾ ਤੇਰੇ ਗੁਣ ਗਾਵਹੇ ॥

سچی تیری وڈِیائی جا کءُ تُدھُ منّنِ وسائی
سدا تیرے گُنُّ گاوہے ॥

ਤੇਰੇ ਗੁਣ ਗਾਵਹਿ ਜਾ ਤੁਧੁ ਭਾਵਹਿ
ਸਚੇ ਸਿਉ ਚਿਤੁ ਲਾਵਹੇ ॥

تیرے گُنُّ گاوہِ جا تُدھُ بھاوہِ
سچے سِءُ چِتُ لاوہے ॥

ਜਿਸ ਨੋ ਤੂੰ ਆਪੇ ਮੇਲਹਿ
ਸੁ ਗੁਰਮੁਖਿ ਰਹੈ ਸਮਾਈ ॥

جِس نو توُں آپے میلہِ
سُ گُرمُکھِ رہے سمائی ॥

ਇਉ ਕਹੈ ਨਾਨਕੁ ਸਚੇ ਮੇਰੇ ਸਾਹਿਬਾ
ਸਚੀ ਤੇਰੀ ਵਡਿਆਈ ॥੧੦॥੨॥੭॥੫॥੨॥੭॥

اِءُ کہے نانکُ سچے میرے صاحِبا
سچی تیری وڈِیائی ॥ 10 ॥2॥7॥5॥2॥7॥

ਰਾਗੁ ਆਸਾ ਛੰਤ ਮਹਲਾ ੪ ਘਰੁ ੧

راگُ آسا چھنّت محلا 4 گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਜੀਵਨੋ ਮੈ ਜੀਵਨੁ ਪਾਇਆ
ਗੁਰਮੁਖਿ ਭਾਏ ਰਾਮ ॥

جیِونو مے جیِونُ پائیا
گُرمُکھِ بھائے رام ॥

ਹਰਿ ਨਾਮੋ ਹਰਿ ਨਾਮੁ ਦੇਵੈ
ਮੇਰੈ ਪ੍ਰਾਨਿ ਵਸਾਏ ਰਾਮ ॥

ہرِ نامو ہرِ نامُ دیوے
میرے پّرانِ وسائے رام ॥

ਹਰਿ ਹਰਿ ਨਾਮੁ ਮੇਰੈ ਪ੍ਰਾਨਿ ਵਸਾਏ
ਸਭੁ ਸੰਸਾ ਦੂਖੁ ਗਵਾਇਆ ॥

ہرِ ہرِ نامُ میرے پّرانِ وسائے
سبھُ سنّسا دوُکھُ گوائیا ॥

ਅਦਿਸਟੁ ਅਗੋਚਰੁ ਗੁਰ ਬਚਨਿ ਧਿਆਇਆ
ਪਵਿਤ੍ਰ ਪਰਮ ਪਦੁ ਪਾਇਆ ॥

اِدِسٹُ اگوچرُ گُر بچنِ دھِیائیا
پوِتّر پرم پدُ پائیا ॥

ਅਨਹਦ ਧੁਨਿ ਵਾਜਹਿ ਨਿਤ ਵਾਜੇ
ਗਾਈ ਸਤਿਗੁਰ ਬਾਣੀ ॥

انہد دھُنِ واجہِ نِت واجے
گائی ستِگُر بانّی ॥

ਨਾਨਕ ਦਾਤਿ ਕਰੀ ਪ੍ਰਭਿ ਦਾਤੈ
ਜੋਤੀ ਜੋਤਿ ਸਮਾਣੀ ॥੧॥

نانک داتِ کری پربھِ داتے
جوتی جوتِ سمانّی ॥1॥

ਮਨਮੁਖਾ ਮਨਮੁਖਿ ਮੁਏ

منمُکھا منمُکھِ مُے

ਮੇਰੀ ਕਰਿ ਮਾਇਆ ਰਾਮ ॥

میری کرِ مائیا رام ॥

ਖਿਨੁ ਆਵੈ ਖਿਨੁ ਜਾਵੈ
ਦੁਰਗੰਧ ਮੜੈ ਚਿਤੁ ਲਾਇਆ ਰਾਮ ॥

کھِنُ آوے کھِنُ جاوے
دُرگندھ مڑے چِتُ لائیا رام ॥

ਲਾਇਆ ਦੁਰਗੰਧ ਮੜੈ ਚਿਤੁ ਲਾਗਾ
ਜਿਉ ਰੰਗੁ ਕਸੁੰਭ ਦਿਖਾਇਆ ॥

لائیا دُرگندھ مڑے چِتُ لاگا
جِءُ رنگُ کسُنبھ دِکھائیا ॥

ਖਿਨੁ ਪੂਰਬਿ ਖਿਨੁ ਪਛਮਿ ਛਾਏ
ਜਿਉ ਚਕੁ ਕੁਮ੍ਹਿਆਰਿ ਭਵਾਇਆ ॥

کھِنُ پوُربِ کھِنُ پچھمِ چھائے
جِءُ چکُ کُمہیارِ بھوائیا ॥

ਦੁਖੁ ਖਾਵਹਿ ਦੁਖੁ ਸੰਚਹਿ ਭੋਗਹਿ
ਦੁਖ ਕੀ ਬਿਰਧਿ ਵਧਾਈ ॥

دُکھُ کھاوہِ دُکھُ سنچہِ بھوگہِ
دُکھ کی بِردھِ ودھائیؔ ॥

ਨਾਨਕ ਬਿਖਮੁ ਸੁਹੇਲਾ ਤਰੀਐ
ਜਾ ਆਵੈ ਗੁਰ ਸਰਣਾਈ ॥੨॥

نانک بِکھمُ سُہیلا تریئے
جا آوے گُر سرنائیؔ ॥2॥

ਮੇਰਾ ਠਾਕੁਰੋ ਠਾਕੁਰੁ ਨੀਕਾ
ਅਗਮ ਅਥਾਹਾ ਰਾਮ ॥

میرا ٹھاکُرو ٹھاکُرُ نیکا
اگم اتھاہا رام ॥

ਹਰਿ ਪੂਜੀ ਹਰਿ ਪੂਜੀ ਚਾਹੀ
ਮੇਰੇ ਸਤਿਗੁਰ ਸਾਹਾ ਰਾਮ ॥

ہرِپوُجی ہرِپوُجی چاہی
میرے ستِگُر ساہا رام ॥

ਹਰਿ ਪੂਜੀ ਚਾਹੀ ਨਾਮੁ ਬਿਸਾਹੀ
ਗੁਣ ਗਾਵੈ ਗੁਣ ਭਾਵੈ ॥

ہرِپوُجی چاہی نامُ بِساہی
گُنؔ گاوے گُنؔ بھاوے ॥

ਨੀਦ ਭੂਖ ਸਭ ਪਰਹਰਿ ਤਿਆਗੀ
ਸੁੰਨੇ ਸੁੰਨਿ ਸਮਾਵੈ ॥

نِید بھوُکھ سبھ پرہرِ تیاگی
سُنّے سُنّنِ سماوے ॥

ਵਣਜਾਰੇ ਇਕ ਭਾਤੀ ਆਵਹਿ
ਲਾਹਾ ਹਰਿ ਨਾਮੁ ਲੈ ਜਾਹੇ ॥

ونجارے اِک بھاتی آوہِ
لاہا ہرِ نامُ لے جاہے ॥

ਨਾਨਕ ਮਨੁ ਤਨੁ ਅਰਪਿ ਗੁਰ ਆਗੈ
ਜਿਸੁ ਪ੍ਰਾਪਤਿ ਸੋ ਪਾਏ ॥੩॥

نانک منُ تنُ ارپِ گُر آگے
جِسُ پّراپتِ سو پائے ॥3॥

ਰਤਨਾ ਰਤਨ ਪਦਾਰਥ
ਬਹੁ ਸਾਗਰੁ ਭਰਿਆ ਰਾਮ ॥

رتنا رتن پدارتھ
بہُ ساگرُ بھریا رام ॥

ਬਾਣੀ ਗੁਰਬਾਣੀ ਲਾਗੇ
ਤਿਨ੍ ਹਥਿ ਚੜਿਆ ਰਾਮ ॥

ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ
ਨਿਰਮੋਲਕੁ ਰਤਨੁ ਅਪਾਰਾ ॥

ਹਰਿ ਹਰਿ ਨਾਮੁ ਅਤੋਲਕੁ ਪਾਇਆ
ਤੇਰੀ ਭਗਤਿ ਭਰੇ ਭੰਡਾਰਾ ॥

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ
ਇਕ ਵਸਤੁ ਅਨੂਪ ਦਿਖਾਈ ॥

ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ
ਨਾਨਕ ਭੇਦੁ ਨ ਭਾਈ ॥੪॥੧॥੮॥

ਆਸਾ ਮਹਲਾ ੪ ॥

ਝਿਮਿ ਝਿਮੇ ਝਿਮਿ ਝਿਮਿ ਵਰਸੈ
ਅੰਮ੍ਰਿਤ ਧਾਰਾ ਰਾਮ ॥

ਗੁਰਮੁਖੇ ਗੁਰਮੁਖਿ ਨਦਰੀ
ਰਾਮੁ ਪਿਆਰਾ ਰਾਮ ॥

ਰਾਮ ਨਾਮੁ ਪਿਆਰਾ ਜਗਤ ਨਿਸਤਾਰਾ
ਰਾਮ ਨਾਮਿ ਵਡਿਆਈ ॥

ਕਲਿਜੁਗਿ ਰਾਮ ਨਾਮੁ ਬੋਹਿਥਾ
ਗੁਰਮੁਖਿ ਪਾਰਿ ਲਘਾਈ ॥

ਹਲਤਿ ਪਲਤਿ ਰਾਮ ਨਾਮਿ ਸੁਹੇਲੇ
ਗੁਰਮੁਖਿ ਕਰਣੀ ਸਾਰੀ ॥

ਨਾਨਕ ਦਾਤਿ ਦਇਆ ਕਰਿ ਦੇਵੈ
ਰਾਮ ਨਾਮਿ ਨਿਸਤਾਰੀ ॥੧॥

ਰਾਮੋ ਰਾਮ ਨਾਮੁ ਜਪਿਆ
ਦੁਖ ਕਿਲਵਿਖ ਨਾਸ ਗਵਾਇਆ ਰਾਮ ॥

بانی گُربانی لاگے
تِنّہ ہتھِ چڑِیا رام ॥

گُربانی لاگے تِنّہ ہتھِ چڑِیا
نِرمولکُ رتنُ اپارا ॥

ہرِ ہرِ نامُ اتولکُ پائِیا
تیری بھگتِ بھرے بھنڈارا ॥

سمُنّدُ وِرولِ سرِیرُ ہم دیکھِیا
اِک وستُ انوُپ دِکھائی ॥

گُر گووِنّدُ گووِنّدُ گُرو ہے
نانک بھیدُ ن بھائی ॥4॥1॥8॥

آسا محلا 4 ॥

جھِمِ جھِمے جھِمِ جھِمِ ورسے
انمّرِت دھارا رام ॥

گُرمُکھے گُرمُکھِ ندری
رامُ پِیارا رام ॥

رام نامُ پِیارا جگت نِستارا
رام نامِ وڈِیائی ॥

کلِجُگِ رام نامُ بوہِتھا
گُرمُکھِ پارِ لگھائی ॥

ہلتِ پلتِ رام نامِ سُہیلے
گُرمُکھِ کرنی ساری ॥

نانک داتِ دئیا کرِ دیوے
رام نامِ نِستاری ॥1॥

رامو رام نامُ جپِیا
دُکھ کِلوِکھ ناس گوائِیا رام ॥

ਗੁਰ ਪਰਚੈ ਗੁਰ ਪਰਚੈ ਧਿਆਇਆ
ਮੈ ਹਿਰਦੈ ਰਾਮੁ ਰਵਾਇਆ ਰਾਮ ॥

گُر پرچے گُر پرچے دھیائیا
مے ہِردے رامُ روائیا رام ॥

ਰਵਿਆ ਰਾਮੁ ਹਿਰਦੈ ਪਰਮ ਗਤਿ ਪਾਈ
ਜਾ ਗੁਰ ਸਰਣਾਈ ਆਏ ॥

روِیا رامُ ہِردے پرم گتِ پائی
جا گُر سرٹائی آئے ॥

ਲੋਭ ਵਿਕਾਰ ਨਾਵ ਡੁਬਦੀ ਨਿਕਲੀ
ਜਾ ਸਤਿਗੁਰਿ ਨਾਮੁ ਦਿੜਾਏ ॥

لوبھ وِکار ناو ڈُبدی نِکلی
جا ستِگُرِ نامُ دِڑائے ॥

ਜੀਅ ਦਾਨੁ ਗੁਰਿ ਪੂਰੈ ਦੀਆ
ਰਾਮ ਨਾਮਿ ਚਿਤੁ ਲਾਏ ॥

جیء دانُ گُرِ پُورے دِیِیا
رام نامِ چِتُ لائے ॥

ਆਪਿ ਕ੍ਰਿਪਾਲੁ ਕ੍ਰਿਪਾ ਕਰਿ ਦੇਵੈ
ਨਾਨਕ ਗੁਰ ਸਰਣਾਏ ॥੨॥

آپِ کرِپالُ کرِپا کرِ دیوے
نانک گُر سرٹائے ॥2॥

ਬਾਣੀ ਰਾਮ ਨਾਮ ਸੁਣੀ
ਸਿਧਿ ਕਾਰਜ ਸਭਿ ਸੁਹਾਏ ਰਾਮ ॥

بانٹی رام نام سُنٹی
سِدھِ کارج سبھِ سُہائے رام ॥

ਰੋਮੇ ਰੋਮਿ ਰੋਮਿ ਰੋਮੇ
ਮੈ ਗੁਰਮੁਖਿ ਰਾਮੁ ਧਿਆਏ ਰਾਮ ॥

رومے رومِ رومِ رومے
مے گُرمُکھِ رامُ دھیائے رام ॥

ਰਾਮ ਨਾਮੁ ਧਿਆਏ ਪਵਿਤੁ ਹੋਇ ਆਏ
ਤਿਸੁ ਰੂਪੁ ਨ ਰੇਖਿਆ ਕਾਈ ॥

رام نامُ دھیائے پوِتُ ہوءِ آئے
تِسُ روُپُ ن ریکھِیا کائی ॥

ਰਾਮੋ ਰਾਮੁ ਰਵਿਆ ਘਟ ਅੰਤਰਿ
ਸਭ ਤ੍ਰਿਸਨਾ ਭੂਖ ਗਵਾਈ ॥

رامو رامُ روِیا گھٹ انترِ
سبھ ترِسنا بھوُکھ گوائی ॥

ਮਨੁ ਤਨੁ ਸੀਤਲੁ ਸੀਗਾਰੁ ਸਭੁ ਹੋਆ
ਗੁਰਮਤਿ ਰਾਮੁ ਪ੍ਰਗਾਸਾ ॥

منُ تنُ سِیتلُ سِیگارُ سبھُ ہویا
گُرمتِ رامُ پرگاسا ॥

ਨਾਨਕ ਆਪਿ ਅਨੁਗ੍ਰਹੁ ਕੀਆ
ਹਮ ਦਾਸਨਿ ਦਾਸਨਿ ਦਾਸਾ ॥੩॥

نانک آپِ انگرہُ کِیِیا
ہم داسنِ داسنِ داسا ॥3॥

ਜਿਨੀ ਰਾਮੋ ਰਾਮ ਨਾਮੁ ਵਿਸਾਰਿਆ
ਸੇ ਮਨਮੁਖ ਮੂੜ ਅਭਾਗੀ ਰਾਮ ॥

جِنی رامو رام نامُ وِسارِیا
سے منمُکھ موُڑ ابھاگی رام ॥

ਤਿਨ ਅੰਤਰੇ ਮੋਹੁ ਵਿਆਪੈ ਖਿਨੁ ਖਿਨੁ
ਮਾਇਆ ਲਾਗੀ ਰਾਮ ॥

تِن انترے موہُ وِیاپے کھِنُ کھِنُ

ਮਾਇਆ ਮਲੁ ਲਾਗੀ ਮੂੜ ਭਏ ਅਭਾਗੀ
ਜਿਨ ਰਾਮ ਨਾਮੁ ਨਹ ਭਾਇਆ ॥

ਅਨੇਕ ਕਰਮ ਕਰਹਿ ਅਭਿਮਾਨੀ
ਹਰਿ ਰਾਮੋ ਨਾਮੁ ਚੋਰਾਇਆ ॥

ਮਹਾ ਬਿਖਮੁ ਜਮ ਪੰਥੁ ਦੁਹੇਲਾ
ਕਾਲੂਖਤ ਮੋਹ ਅੰਧਿਆਰਾ ॥

ਨਾਨਕ ਗੁਰਮੁਖਿ ਨਾਮੁ ਧਿਆਇਆ
ਤਾ ਪਾਏ ਮੋਖ ਦੁਆਰਾ ॥੪॥

ਰਾਮੋ ਰਾਮ ਨਾਮੁ ਗੁਰੂ
ਰਾਮੁ ਗੁਰਮੁਖੇ ਜਾਣੈ ਰਾਮ ॥

ਇਹੁ ਮਨੂਆ ਖਿਨੁ ਊਭ ਪਇਆਲੀ ਭਰਮਦਾ
ਇਕਤੁ ਘਰਿ ਆਣੈ ਰਾਮ ॥

ਮਨੁ ਇਕਤੁ ਘਰਿ ਆਣੈ ਸਭ ਗਤਿ ਮਿਤਿ ਜਾਣੈ
ਹਰਿ ਰਾਮੋ ਨਾਮੁ ਰਸਾਏ ॥

ਜਨ ਕੀ ਪੈਜ ਰਖੈ ਰਾਮ ਨਾਮਾ
ਪ੍ਰਹਿਲਾਦ ਉਧਾਰਿ ਤਰਾਏ ॥

ਰਾਮੋ ਰਾਮੁ ਰਮੋ ਰਮੁ ਊਚਾ
ਗੁਣ ਕਹਤਿਆ ਅੰਤੁ ਨ ਪਾਇਆ ॥

ਨਾਨਕ ਰਾਮ ਨਾਮੁ ਸੁਣਿ ਭੀਨੇ
ਰਾਮੈ ਨਾਮਿ ਸਮਾਇਆ ॥੫॥

ਜਿਨ ਅੰਤਰੇ ਰਾਮ ਨਾਮੁ ਵਸੈ
ਤਿਨ ਚਿੰਤਾ ਸਭ ਗਵਾਇਆ ਰਾਮ ॥

ਸਭਿ ਅਰਥਾ ਸਭਿ ਧਰਮ ਮਿਲੇ
ਮਨਿ ਚਿੰਦਿਆ ਸੋ ਫਲੁ ਪਾਇਆ ਰਾਮ ॥

ماۓیا لاگی رام ॥

ماۓیا مُل لاگی موڑ بھۓ ابھاگی
جِن رام نامُ نہ بھاۓیا ॥

انیک کرم کرہِ ابھِمانی
ہرِ رامو نامُ چوراۓیا ॥

مہا بِکھمُ جم پنّتھُ دُہیلا
کالوُکھت موہ اندھِیارا ॥

نانک گُرمُکھِ نامُ دھِیاۓیا
تا پاۓ موکھ دُیارا ॥4॥

رامو رام نامُ گُرو
رامُ گُرمُکھے جانۓ رام ॥

اِہُ منوُیا کھِنُ اوُبھ پۓیالی بھرمدا
اِکتُ گھرِ آنۓ رام ॥

منُ اِکتُ گھرِ آنۓ سبھ گتِ مِتِ جانۓ
ہرِ رامو نامُ رساۓ ॥

جن کی پیج رکھۓ رام نامـا
پرہِلاد اُدھارِ ترائے ॥

رامو رامُ رمو رمُ اوُچا
گُنٔ کہتِیا انتُ ن پاۓیا ॥

نانک رام نامُ سُنٔ بھِینے
رامے نامِ سماۓیا ॥5॥

جِن انترے رام نامُ وسۓ
تِن چِنتا سبھ گواۓیا رام ॥

سبھِ ارتھا سبھِ دھرم مِلے
منِ چِندِیا سو پھلُ پاۓیا رام ॥

ਮਨ ਚਿੰਦਿਆ ਫਲੁ ਪਾਇਆ ਰਾਮ ਨਾਮੁ ਧਿਆਇਆ
ਰਾਮ ਨਾਮ ਗੁਣ ਗਾਏ ॥

من چِنّدِیا پھلُ پائِیا رام نامُ دھِیائِیا
رام نام گُنؔ گائے ॥

ਦੁਰਮਤਿ ਕਬੁਧਿ ਗਈ ਸੁਧਿ ਹੋਈ
ਰਾਮ ਨਾਮਿ ਮਨੁ ਲਾਏ ॥

دُرمتِ کبُدھِ گئی سُدھِ ہوئی
رام نامِ منُ لائے ॥

ਸਫਲੁ ਜਨਮੁ ਸਰੀਰੁ ਸਭੁ ਹੋਆ
ਜਿਤੁ ਰਾਮ ਨਾਮੁ ਪਰਗਾਸਿਆ ॥

سپھلُ جنمُ سریرُ سبھُ ہویا
جِتؔ رام نامُ پرگاسِیا ॥

ਨਾਨਕ ਹਰਿ ਭਜੁ ਸਦਾ ਦਿਨੁ ਰਾਤੀ
ਗੁਰਮੁਖਿ ਨਿਜ ਘਰਿ ਵਾਸਿਆ ॥੬॥

نانک ہرِ بھجُ سدا دِنُ راتی
گُرمُکھِ نِج گھرِ واسِیا ॥6॥

ਜਿਨ ਸਰਧਾ ਰਾਮ ਨਾਮਿ ਲਗੀ
ਤਿਨ੍ ਦੂਜੈ ਚਿਤੁ ਨ ਲਾਇਆ ਰਾਮ ॥

جِن سردھا رام نامِ لگی
تِنّہ دوُجےَ چِتؔ ن لائِیا رام ॥

ਜੇ ਧਰਤੀ ਸਭ ਕੰਚਨੁ ਕਰਿ ਦੀਜੈ
ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥

جے دھرتی سبھ کنچُن کرِ دیجےَ
بِنُ ناوےَ اورُ ن بھائِیا رام ॥

ਰਾਮ ਨਾਮੁ ਮਨਿ ਭਾਇਆ ਪਰਮ ਸੁਖੁ ਪਾਇਆ
ਅੰਤਿ ਚਲਦਿਆ ਨਾਲਿ ਸਖਾਈ ॥

رام نامُ منِ بھائِیا پرم سُکھُ پائِیا
انّتِ چلدِیا نالِ سکھائی ॥

ਰਾਮ ਨਾਮ ਧਨੁ ਪੂੰਜੀ ਸੰਚੀ
ਨਾ ਡੂਬੈ ਨਾ ਜਾਈ ॥

رام نام دھنُ پونجی سنچی
نا ڈوُبےَ نا جائی ॥

ਰਾਮ ਨਾਮੁ ਇਸੁ ਜਗੁ ਮਹਿ ਤੁਲਹਾ
ਜਮਕਾਲੁ ਨੇੜਿ ਨ ਆਵੈ ॥

رام نامُ اِسُ جگؔ مہِ تُلہا
جمکالُ نیڑِ ن آوےَ ॥

ਨਾਨਕ ਗੁਰਮੁਖਿ ਰਾਮੁ ਪਛਾਤਾ
ਕਰਿ ਕਿਰਪਾ ਆਪਿ ਮਿਲਾਵੈ ॥੭॥

نانک گُرمُکھِ رامُ پچھاتا
کرِ کِرپا آپِ مِلاوےَ ॥7॥

ਰਾਮੋ ਰਾਮ ਨਾਮੁ ਸਤੇ ਸਤਿ
ਗੁਰਮੁਖਿ ਜਾਣਿਆ ਰਾਮ ॥

رامو رام نامُ ستے ستِ
گُرمُکھِ جانِیا رام ॥

ਸੇਵਕੋ ਗੁਰ ਸੇਵਾ ਲਾਗਾ
ਜਿਨਿ ਮਨੁ ਤਨੁ ਅਰਪਿ ਚੜਾਇਆ ਰਾਮ ॥

سیوکو گُر سیوا لاگا
جِنِ منُ تنُ ارپِ چڑائِیا رام ॥

ਮਨੁ ਤਨੁ ਅਰਪਿਆ ਬਹੁਤੁ ਮਨਿ ਸਰਧਿਆ
ਗੁਰ ਸੇਵਕ ਭਾਇ ਮਿਲਾਏ ॥

منُ تنُ ارپِیا بہُتؔ منِ سردھِیا

ਦੀਨਾ ਨਾਥੁ ਜੀਆ ਕਾ ਦਾਤਾ
ਪੂਰੇ ਗੁਰ ਤੇ ਪਾਏ ॥

ਗੁਰੂ ਸਿਖੁ ਸਿਖੁ ਗੁਰੂ ਹੈ
ਏਕੋ ਗੁਰ ਉਪਦੇਸੁ ਚਲਾਏ ॥

ਰਾਮ ਨਾਮ ਮੰਤੁ ਹਿਰਦੈ ਦੇਵੈ
ਨਾਨਕ ਮਿਲਣੁ ਸੁਭਾਏ ॥੮॥੨॥੯॥

ੴ ਸਤਿਗੁਰ ਪ੍ਰਸਾਦਿ ॥

ਆਸਾ ਛੰਤ ਮਹਲਾ ੪ ਘਰੁ ੨ ॥

ਹਰਿ ਹਰਿ ਕਰਤਾ ਦੂਖ ਬਿਨਾਸਨੁ
ਪਤਿਤ ਪਾਵਨੁ ਹਰਿ ਨਾਮੁ ਜੀਉ ॥

ਹਰਿ ਸੇਵਾ ਭਾਈ ਪਰਮ ਗਤਿ ਪਾਈ
ਹਰਿ ਊਤਮੁ ਹਰਿ ਹਰਿ ਕਾਮੁ ਜੀਉ ॥

ਹਰਿ ਊਤਮੁ ਕਾਮੁ ਜਪੀਐ ਹਰਿ ਨਾਮੁ
ਹਰਿ ਜਪੀਐ ਅਸਥਿਰੁ ਹੋਵੈ ॥

ਜਨਮ ਮਰਣ ਦੋਵੈ ਦੁਖ ਮੇਟੇ
ਸਹਜੇ ਹੀ ਸੁਖਿ ਸੋਵੈ ॥

ਹਰਿ ਹਰਿ ਕਿਰਪਾ ਧਾਰਹੁ ਠਾਕੁਰ
ਹਰਿ ਜਪੀਐ ਆਤਮ ਰਾਮੁ ਜੀਉ ॥

ਹਰਿ ਹਰਿ ਕਰਤਾ ਦੂਖ ਬਿਨਾਸਨੁ
ਪਤਿਤ ਪਾਵਨੁ ਹਰਿ ਨਾਮੁ ਜੀਉ ॥੧॥

ਹਰਿ ਨਾਮੁ ਪਦਾਰਥੁ ਕਲਿਜੁਗਿ ਊਤਮੁ
ਹਰਿ ਜਪੀਐ ਸਤਿਗੁਰ ਭਾਇ ਜੀਉ ॥

ਗੁਰਮੁਖਿ ਹਰਿ ਪੜੀਐ ਗੁਰਮੁਖਿ ਹਰਿ ਸੁਣੀਐ
ਹਰਿ ਜਪਤ ਸੁਣਤ ਦੁਖੁ ਜਾਇ ਜੀਉ ॥

گُر سیوک بھاءِ مِلائے ॥

دِینا ناتھُ جِیِیا کا داتا
پُورے گُر تے پائے ॥

گُرو سِکھُ سِکھُ گُرو ہے
ایکو گُر اُپدیسُ چلائے ॥

رام نام منتُ ہِردے دیوے
نانک مِلنُ سُبھائے ॥8॥2॥9॥

ੴ ستِگُر پرسادِ ॥

آسا چھنّت محلا 4 گھرُ 2 ॥

ہرِ ہرِ کرتا دوُکھ بِناسنُ
پتِت پاونُ ہرِ نامُ جیِءُ ॥

ہرِ سیوا بھائی پرم گتِ پائی
ہرِ اوُتمُ ہرِ ہرِ کامُ جیِءُ ॥

ہرِ اوُتمُ کامُ جپیِئے ہرِ نامُ
ہرِ جپیِئے استھِرُ ہووے ॥

جنم مرنُ دووے دُکھ میٹے
سہجے ہی سُکھِ سووے ॥

ہرِ ہرِ کِرپا دھارہُ ٹھاکُر
ہرِ جپیِئے آتم رامُ جیِءُ ॥

ہرِ ہرِ کرتا دوُکھ بِناسنُ
پتِت پاونُ ہرِ نامُ جیِءُ ॥1॥

ہرِ نامُ پدارتھُ کلِجُگِ اوُتمُ
ہرِ جپیِئے ستِگُر بھاءِ جیِءُ ॥

گُرمُکھِ ہرِ پڑیِئے گُرمُکھِ ہرِ سُنیِئے
ہرِ جپت سُنت دُکھُ جاءِ جیِءُ ॥

ਹਰਿ ਹਰਿ ਨਾਮੁ ਜਪਿਆ ਦੁਖੁ ਬਿਨਸਿਆ
ਹਰਿ ਨਾਮੁ ਪਰਮ ਸੁਖੁ ਪਾਇਆ ॥

ہرِ ہرِ نامُ جپِیا دُکھُ بِنسِیا
ہرِ نامُ پرم سُکھُ پائِیا ॥

ਸਤਿਗੁਰ ਗਿਆਨੁ ਬਲਿਆ ਘਟਿ ਚਾਨਣੁ
ਅਗਿਆਨੁ ਅੰਧੇਰੁ ਗਵਾਇਆ ॥

ستِگُر گیانُ بلِیا گھٹِ چانڻُ
اگیانُ انّدھیرُ گوائِیا ॥

ਹਰਿ ਹਰਿ ਨਾਮੁ ਤਿਨੀ ਆਰਾਧਿਆ
ਜਿਨ ਮਸਤਕਿ ਧੁਰਿ ਲਿਖਿ ਪਾਇ ਜੀਉ ॥

ہرِ ہرِ نامُ تِنی آرادھِیا
جِن مستکِ دھُرِ لِکھِ پاءِ جِیءُ ॥

ਹਰਿ ਨਾਮੁ ਪਦਾਰਥੁ ਕਲਿਜੁਗਿ ਊਤਮੁ
ਹਰਿ ਜਪੀਐ ਸਤਿਗੁਰ ਭਾਇ ਜੀਉ ॥੨॥

ہرِ نامُ پدارتھُ کلِجُگِ اوُتمُ
ہرِ جپیئے ستِگُر بھاءِ جِیءُ ॥2॥

ਹਰਿ ਹਰਿ ਮਨਿ ਭਾਇਆ ਪਰਮ ਸੁਖ ਪਾਇਆ
ਹਰਿ ਲਾਹਾ ਪਦੁ ਨਿਰਬਾਣੁ ਜੀਉ ॥

ہرِ ہرِ منِ بھائِیا پرم سُکھ پائِیا
ہرِ لاہا پدُ نِربانُ جِیءُ ॥

ਹਰਿ ਪ੍ਰੀਤਿ ਲਗਾਈ ਹਰਿ ਨਾਮੁ ਸਖਾਈ
ਭ੍ਰਮੁ ਚੂਕਾ ਆਵਣੁ ਜਾਣੁ ਜੀਉ ॥

ہرِ پرِیت لگائی ہرِ نامُ سکھائی
بھرمُ چوُکا آونُ جانُ جِیءُ ॥

ਆਵਣ ਜਾਣਾ ਭ੍ਰਮੁ ਭਉ ਭਾਗਾ
ਹਰਿ ਹਰਿ ਹਰਿ ਗੁਣ ਗਾਇਆ ॥

آونُ جاٹا بھرمُ بھءُ بھاگا
ہرِ ہرِ ہرِ گُڻ گائِیا ॥

ਜਨਮ ਜਨਮ ਕੇ ਕਿਲਵਿਖ ਦੁਖ ਉਤਰੇ
ਹਰਿ ਹਰਿ ਨਾਮਿ ਸਮਾਇਆ ॥

جنم جنم کے کِلوِکھ دُکھ اُترے
ہرِ ہرِ نامِ سمائِیا ॥

ਜਿਨ ਹਰਿ ਧਿਆਇਆ ਧੁਰਿ ਭਾਗ ਲਿਖਿ ਪਾਇਆ
ਤਿਨ ਸਫਲੁ ਜਨਮੁ ਪਰਵਾਣੁ ਜੀਉ ॥

جِن ہرِ دھِیائِیا دھُرِ بھاگ لِکھِ پائِیا
تِن سپھلُ جنمُ پرواڻُ جِیءُ ॥

ਹਰਿ ਹਰਿ ਮਨਿ ਭਾਇਆ ਪਰਮ ਸੁਖ ਪਾਇਆ
ਹਰਿ ਲਾਹਾ ਪਦੁ ਨਿਰਬਾਣੁ ਜੀਉ ॥੩॥

ہرِ ہرِ منِ بھائِیا پرم سُکھ پائِیا
ہرِ لاہا پدُ نِربانُ جِیءُ ॥3॥

ਜਿਨ੍ ਹਰਿ ਮੀਠ ਲਗਾਨਾ ਤੇ ਜਨ ਪਰਧਾਨਾ
ਤੇ ਊਤਮ ਹਰਿ ਹਰਿ ਲੋਗ ਜੀਉ ॥

جِنّہ ہرِ میٹھ لگانا تے جن پردھانا
تے اوُتم ہرِ ہرِ لوگ جِیءُ ॥

ਹਰਿ ਨਾਮੁ ਵਡਾਈ ਹਰਿ ਨਾਮੁ ਸਖਾਈ
ਗੁਰ ਸਬਦੀ ਹਰਿ ਰਸ ਭੋਗ ਜੀਉ ॥

ہرِ نامُ وڈائی ہرِ نامُ سکھائی
گُر سبدی ہرِ رس بھوگ جِیءُ ॥

ਹਰਿ ਰਸ ਭੋਗ ਮਹਾ ਨਿਰਜੋਗ
ਵਡਭਾਗੀ ਹਰਿ ਰਸੁ ਪਾਇਆ ॥

ہرِ رس بھوگ مہا نِرجوگ

وڈبھاگی ہرِ رسُ پائیا ॥

ਸੇ ਧੰਨੁ ਵਡੇ ਸਤ ਪੁਰਖਾ ਪੂਰੇ
ਜਿਨ ਗੁਰਮਤਿ ਨਾਮੁ ਧਿਆਇਆ ॥

سے دھنّنُ وڈے ست پُرکھا پُورے
جِن گُرمتِ نامُ دھیائیا ॥

ਜਨੁ ਨਾਨਕੁ ਰੇਣੁ ਮੰਗੈ ਪਗ ਸਾਧੂ
ਮਨਿ ਚੂਕਾ ਸੋਗੁ ਵਿਜੋਗੁ ਜੀਉ ॥

جنُ نانکُ ریُنُ منگےَ پگ سادھوُ
منِ چوُکا سوگُ وِجوگُ جیِءُ ॥

ਜਿਨ੍ ਹਰਿ ਮੀਠ ਲਗਾਨਾ ਤੇ ਜਨ ਪਰਧਾਨਾ
ਤੇ ਊਤਮ ਹਰਿ ਹਰਿ ਲੋਗ ਜੀਉ ॥੪॥੩॥੧੦॥

جِنّہ ہرِ میٹھ لگانا تے جن پردھانا
تے اوُتم ہرِ ہرِ لوگ جیِءُ ॥4॥3॥ 10 ॥

ਆਸਾ ਮਹਲਾ ੪ ॥

آسا محلا 4 ॥

ਸਤਜੁਗਿ ਸਭੁ ਸੰਤੋਖ ਸਰੀਰਾ
ਪਗ ਚਾਰੇ ਧਰਮੁ ਧਿਆਨੁ ਜੀਉ ॥

ستجُگِ سبھُ سنّتوکھ سرِیرا
پگ چارے دھرمُ دھیانُ جیِءُ ॥

ਮਨਿ ਤਨਿ ਹਰਿ ਗਾਵਹਿ ਪਰਮ ਸੁਖੁ ਪਾਵਹਿ
ਹਰਿ ਹਿਰਦੈ ਹਰਿ ਗੁਣ ਗਿਆਨੁ ਜੀਉ ॥

منِ تنِ ہرِ گاوہِ پرم سُکھُ پاوہِ
ہرِ ہِردے ہرِ گُنّ گیانُ جیِءُ ॥

ਗੁਣ ਗਿਆਨੁ ਪਦਾਰਥੁ ਹਰਿ ਹਰਿ ਕਿਰਤਾਰਥੁ
ਸੋਭਾ ਗੁਰਮੁਖਿ ਹੋਈ ॥

گُنّ گیانُ پدارتھُ ہرِ ہرِ کِرتارتھُ
سوبھا گُرمُکھِ ہوئی ॥

ਅੰਤਰਿ ਬਾਹਰਿ ਹਰਿ ਪ੍ਰਭੁ ਏਕੋ
ਦੂਜਾ ਅਵਰੁ ਨ ਕੋਈ ॥

انّترِ باہرِ ہرِ پربھُ ایکو
دوُجا اورُ ن کوئی ॥

ਹਰਿ ਹਰਿ ਲਿਵ ਲਾਈ ਹਰਿ ਨਾਮੁ ਸਖਾਈ
ਹਰਿ ਦਰਗਹ ਪਾਵੈ ਮਾਨੁ ਜੀਉ ॥

ہرِ ہرِ لِو لائی ہرِ نامُ سکھائی
ہرِ درگہ پاوےَ مانُ جیِءُ ॥

ਸਤਜੁਗਿ ਸਭੁ ਸੰਤੋਖ ਸਰੀਰਾ
ਪਗ ਚਾਰੇ ਧਰਮੁ ਧਿਆਨੁ ਜੀਉ ॥੧॥

ستجُگِ سبھُ سنّتوکھ سرِیرا
پگ چارے دھرمُ دھیانُ جیِءُ ॥1॥

ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ
ਜਤੁ ਸੰਜਮ ਕਰਮ ਕਮਾਇ ਜੀਉ ॥

تیتا جُگُ آئیا انّترِ زورُ پائیا
جتُ سنّجم کرم کماءِ جیِءُ ॥

ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ
ਮਨਿ ਹਿਰਦੈ ਕ੍ਰੋਧੁ ਜਲਾਇ ਜੀਉ ॥

پگُ چتُتھا کھِسیا ترّےَ پگ ٹِکیا
منِ ہِردےَ کّرودھُ جلاءِ جیِءُ ॥

ਮਨਿ ਹਿਰਦੈ ਕ੍ਰੋਧੁ ਮਹਾ ਬਿਸਲੋਧੁ

منِ ہِردےَ کّرودھُ مہا بِسلودھُ

ਨਿਰਪ ਧਾਵਹਿ ਲੜਿ ਦੁਖੁ ਪਾਇਆ ॥

نِرپ دھاوہِ لڑِ دُکھُ پائِیا ॥

ਅੰਤਰਿ ਮਮਤਾ ਰੋਗੁ ਲਗਾਨਾ
ਹਉਮੈ ਅਹੰਕਾਰੁ ਵਧਾਇਆ ॥

انترِ ممتا روگُ لگانا
ہئُمے َ اہنکارُ ودھائِیا ॥

ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ
ਬਿਖੁ ਗੁਰਮਤਿ ਹਰਿ ਨਾਮਿ ਲਹਿ ਜਾਇ ਜੀਉ ॥

ہرِ ہرِ کرِپا دھاری میرے ٹھاکُرِ
بِکھُ گُرمتِ ہرِ نامِ لہِ جاءِ جیِءُ ॥

ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ
ਜਤੁ ਸੰਜਮ ਕਰਮ ਕਮਾਇ ਜੀਉ ॥੨॥

تیتا جُگُ آئِیا انترِ زورُ پائِیا
جتُ سنجم کرم کماءِ جیِءُ ॥2॥

ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ
ਹਰਿ ਗੋਪੀ ਕਾਨ੍ਹ ਉਪਾਇ ਜੀਉ ॥

جُگُ دُیاپُرُ آئِیا بھرمِ بھرمائِیا
ہرِ گوپی کانہّ اُپاءِ جیِءُ ॥

ਤਪੁ ਤਾਪਨ ਤਾਪਹਿ ਜਗ ਪੁੰਨ ਆਰੰਭਹਿ
ਅਤਿ ਕਿਰਿਆ ਕਰਮ ਕਮਾਇ ਜੀਉ ॥

تپُ تاپن تاپہِ جگ پُنّن آرنّبھہِ
اتِ کِرِیا کرم کماءِ جیِءُ ॥

ਕਿਰਿਆ ਕਰਮ ਕਮਾਇਆ ਪਗ ਦੁਇ ਖਿਸਕਾਇਆ
ਦੁਇ ਪਗ ਟਿਕੈ ਟਿਕਾਇ ਜੀਉ ॥

کِرِیا کرم کمائِیا پگ دُءِ کھِسکائِیا
دُءِ پگ ٹِکے َٹِکاءِ جیِءُ ॥

ਮਹਾ ਜੁਧ ਜੋਧ ਬਹੁ ਕੀਨ੍ਹੇ
ਵਿਚਿ ਹਉਮੈ ਪਚੈ ਪਚਾਇ ਜੀਉ ॥

مہا جُدھ جودھ بہُ کینّہے
وِچِ ہئُمے َ پچے َ پچاءِ جیِءُ ॥

ਦੀਨ ਦਇਆਲਿ ਗੁਰੁ ਸਾਧੁ ਮਿਲਾਇਆ
ਮਿਲਿ ਸਤਿਗੁਰ ਮਲੁ ਲਹਿ ਜਾਇ ਜੀਉ ॥

دِین دئِیالِ گُرُ سادھُ مِلائِیا
مِلِ ستِگُر مل ُ لہِ جاءِ جیِءُ ॥

ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ
ਹਰਿ ਗੋਪੀ ਕਾਨ੍ਹ ਉਪਾਇ ਜੀਉ ॥੩॥

جُگُ دُیاپُرُ آئِیا بھرمِ بھرمائِیا
ہرِ گوپی کانہّ اُپاءِ جیِءُ ॥3॥

ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ
ਪਗੁ ਚਉਥਾ ਟਿਕੈ ਟਿਕਾਇ ਜੀਉ ॥

کلِجُگُ ہرِ کیِیا پگ ترّے َ کھِسکیِیا
پگُ چتُھا ٹِکے َٹِکاءِ جیِءُ ॥

ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ
ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ ॥

گُر سبدُ کمائِیا انُکھدھُ ہرِ پائِیا
ہرِ کیِرتِ ہرِ سانتِ پاءِ جیِءُ ॥

ਹਰਿ ਕੀਰਤਿ ਰੁਤਿ ਆਈ ਹਰਿ ਨਾਮੁ ਵਡਾਈ
ਹਰਿ ਹਰਿ ਨਾਮੁ ਖੇਤੁ ਜਮਾਇਆ ॥

ہرِ کیِرتِ رُتِ آئی ہرِ نامُ وڈائی
ہرِ ہرِ نامُ کھیتُ جمائِیا ॥

ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ
ਸਭੁ ਲਾਹਾ ਮੂਲੁ ਗਵਾਇਆ ॥

ਜਨ ਨਾਨਕਿ ਗੁਰੁ ਪੂਰਾ ਪਾਇਆ
ਮਨਿ ਹਿਰਦੈ ਨਾਮੁ ਲਖਾਇ ਜੀਉ ॥

ਕਲਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ
ਪਗੁ ਚਉਥਾ ਟਿਕੈ ਟਿਕਾਇ ਜੀਉ ॥੪॥੪॥੧੧॥

ਆਸਾ ਮਹਲਾ ੪ ॥

ਹਰਿ ਕੀਰਤਿ ਮਨਿ ਭਾਈ ਪਰਮ ਗਤਿ ਪਾਈ
ਹਰਿ ਮਨਿ ਤਨਿ ਮੀਠ ਲਗਾਨ ਜੀਉ ॥

ਹਰਿ ਹਰਿ ਰਸੁ ਪਾਇਆ ਗੁਰਮਤਿ ਹਰਿ ਧਿਆਇਆ
ਧੁਰਿ ਮਸਤਕਿ ਭਾਗ ਪੁਰਾਨ ਜੀਉ ॥

ਧੁਰਿ ਮਸਤਕਿ ਭਾਗੁ ਹਰਿ ਨਾਮਿ ਸੁਹਾਗੁ
ਹਰਿ ਨਾਮੈ ਹਰਿ ਗੁਣ ਗਾਇਆ ॥

ਮਸਤਕਿ ਮਣੀ ਪ੍ਰੀਤਿ ਬਹੁ ਪ੍ਰਗਟੀ
ਹਰਿ ਨਾਮੈ ਹਰਿ ਸੋਹਾਇਆ ॥

ਜੋਤੀ ਜੋਤਿ ਮਿਲੀ ਪ੍ਰਭੁ ਪਾਇਆ
ਮਿਲਿ ਸਤਿਗੁਰ ਮਨੂਆ ਮਾਨ ਜੀਉ ॥

ਹਰਿ ਕੀਰਤਿ ਮਨਿ ਭਾਈ ਪਰਮ ਗਤਿ ਪਾਈ
ਹਰਿ ਮਨਿ ਤਨਿ ਮੀਠ ਲਗਾਨ ਜੀਉ ॥੧॥

ਹਰਿ ਹਰਿ ਜਸੁ ਗਾਇਆ ਪਰਮ ਪਦੁ ਪਾਇਆ
ਤੇ ਊਤਮ ਜਨ ਪਰਧਾਨ ਜੀਉ ॥

ਤਿਨ੍ ਹਮ ਚਰਣ ਸਰੇਵਹ ਖਿਨੁ ਖਿਨੁ ਪਗ ਧੋਵਹ
ਜਿਨ ਹਰਿ ਮੀਠ ਲਗਾਨ ਜੀਉ ॥

ਹਰਿ ਮੀਠਾ ਲਾਇਆ ਪਰਮ ਸੁਖ ਪਾਇਆ
ਮੁਖਿ ਭਾਗਾ ਰਤੀ ਚਾਰੇ ॥

کلِجُگِ بیجُ بیجے بِنُ ناوے
سبھُ لاہا مؤلُ گوائِیا ॥

جن نانکِ گُرُ پُورا پائِیا
منِ ہِردے نامُ لکھاءِ جیءُ ॥

کلجُگُ ہرِ کِیا پگ تّرے کھِسکِیا
پگُ چتُتھا ٹِکے ٹِکاءِ جیءُ ॥4॥4॥ 11 ॥

آسا محلا 4 ॥

ہرِ کِیرتِ منِ بھائی پرم گتِ پائی
ہرِ منِ تنِ مِیٹھ لگان جیءُ ॥

ہرِ ہرِ رسُ پائِیا گُرمتِ ہرِ دھِیائِیا
دھُرِ مستکِ بھاگ پُران جیءُ ॥

دھُرِ مستکِ بھاگُ ہرِ نامِ سُہاگُ
ہرِ نامے ہرِ گُنؤ گائِیا ॥

مستکِ منّی پّریتِ بہُ پّرگٹی
ہرِ نامے ہرِ سوہائِیا ॥

جوتی جوتِ مِلی پّربھُ پائِیا
مِلِ ستِگُر منؤیا مان جیءُ ॥

ہرِ کِیرتِ منِ بھائی پرم گتِ پائی
ہرِ منِ تنِ مِیٹھ لگان جیءُ ॥1॥

ہرِ ہرِ جسُ گائِیا پرم پدُ پائِیا
تے اوُتم جن پردھان جیءُ ॥

تِنّہ ہم چرنؤ سریوہ کھِنُ کھِنُ پگ دھووہ
جِن ہرِ مِیٹھ لگان جیءُ ॥

ہرِ مِیٹھا لائِیا پرم سُکھ پائِیا
مُکھِ بھاگا رتی چارے ॥

ਗੁਰਮਤਿ ਹਰਿ ਗਾਇਆ ਹਰਿ ਹਾਰੁ ਉਰਿ ਪਾਇਆ
ਹਰਿ ਨਾਮਾ ਕੰਠਿ ਧਾਰੇ ॥

ਸਭ ਏਕ ਦ੍ਰਿਸਟਿ ਸਮਤੁ ਕਰਿ ਦੇਖੈ
ਸਭੁ ਆਤਮ ਰਾਮੁ ਪਛਾਨ ਜੀਉ ॥

ਹਰਿ ਹਰਿ ਜਸੁ ਗਾਇਆ ਪਰਮ ਪਦੁ ਪਾਇਆ
ਤੇ ਊਤਮ ਜਨ ਪਰਧਾਨ ਜੀਉ ॥੨॥

ਸਤਸੰਗਤਿ ਮਨਿ ਭਾਈ ਹਰਿ ਰਸਨ ਰਸਾਈ
ਵਿਚਿ ਸੰਗਤਿ ਹਰਿ ਰਸੁ ਹੋਇ ਜੀਉ ॥

ਹਰਿ ਹਰਿ ਆਰਾਧਿਆ ਗੁਰ ਸਬਦਿ ਵਿਗਾਸਿਆ
ਬੀਜਾ ਅਵਰੁ ਨ ਕੋਇ ਜੀਉ ॥

ਅਵਰੁ ਨ ਕੋਇ ਹਰਿ ਅੰਮ੍ਰਿਤੁ ਸੋਇ
ਜਿਨਿ ਪੀਆ ਸੋ ਬਿਧਿ ਜਾਣੈ ॥

ਧਨੁ ਧੰਨੁ ਗੁਰੂ ਪੂਰਾ ਪ੍ਰਭੁ ਪਾਇਆ
ਲਗਿ ਸੰਗਤਿ ਨਾਮੁ ਪਛਾਣੈ ॥

ਨਾਮੋ ਸੇਵਿ ਨਾਮੋ ਆਰਾਧੈ
ਬਿਨੁ ਨਾਮੈ ਅਵਰੁ ਨ ਕੋਇ ਜੀਉ ॥

ਸਤਸੰਗਤਿ ਮਨਿ ਭਾਈ ਹਰਿ ਰਸਨ ਰਸਾਈ
ਵਿਚਿ ਸੰਗਤਿ ਹਰਿ ਰਸੁ ਹੋਇ ਜੀਉ ॥੩॥

ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ
ਕਢਿ ਲੇਵਹੁ ਸਬਦਿ ਸੁਭਾਇ ਜੀਉ ॥

ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ
ਹਰਿ ਬਾਂਹ ਪ੍ਰਭੂ ਪਕਰਾਇ ਜੀਉ ॥

ਪ੍ਰਭਿ ਬਾਂਹ ਪਕਰਾਈ ਊਤਮ ਮਤਿ ਪਾਈ
ਗੁਰ ਚਰਣੀ ਜਨੁ ਲਾਗਾ ॥

ਹਰਿ ਹਰਿ ਨਾਮੁ ਜਪਿਆ ਆਰਾਧਿਆ
ਮੁਖਿ ਮਸਤਕਿ ਭਾਗੁ ਸਭਾਗਾ ॥

گُرمتِ ہرِ گائیا ہرِ ہارُ اُرِ پائیا
ہرِ نامَا کنٹھِ دھارے ॥

سبھ ایک دِرسٹِ سمتُ کرِ دیکھے
سبھُ آتم رامُ پچھان جیءُ ॥

ہرِ ہرِ جسُ گائیا پرم پدُ پائیا
تے اوُتم جن پردھان جیءُ ॥2॥

ستسنگتِ منِ بھائی ہرِ رسن رسائی
وِچِ سنگتِ ہرِ رسُ ہوءِ جیءُ ॥

ہرِ ہرِ آرادھیا گُر سبدِ وِگاسِیا
بیجا اورُ ن کوءِ جیءُ ॥

اورُ ن کوءِ ہرِ انمّرِتُ سوءِ
جِنِ پِیا سو بِدھِ جانّے ॥

دھنُ دھنّنُ گُرُو پُورا پربھُ پائیا
لگِ سنگتِ نامُ پچھانّے ॥

نامو سیوِ نامو آرادھے
بِنُ نامے اورُ ن کوءِ جیءُ ॥

ستسنگتِ منِ بھائی ہرِ رسن رسائی
وِچِ سنگتِ ہرِ رسُ ہوءِ جیءُ ॥3॥

ہرِ دئیا پربھ دھارہُ پاکھڑ ہم تارہُ
کڈھِ لیوہُ سبدِ سُبھاءِ جیءُ ॥

موہ چیکڑِ پھاتھے نِگھرت ہم جاتے
ہرِ بانہ پربھوُ پکراءِ جیءُ ॥

پربھ بانہ پکرائی اوُتم متِ پائی
گُر چرنّی جنُ لاگا ॥

ہرِ ہرِ نامُ جپیا آرادھیا

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) (ਰਾਜਾ ਸਾਹਿਬ) ਸਿਵਾ: ਭਾਈ ਮਹਿੰਦਰ ਸਿੰਘ ਜੀ | سری گرو نانک دیو جی مہاراج دے 550ویں پرکاش پرب نوں سرپت

ਜਨ ਨਾਨਕ ਹਰਿ ਕਿਰਪਾ ਧਾਰੀ
ਮਨਿ ਹਰਿ ਹਰਿ ਮੀਠਾ ਲਾਇ ਜੀਉ ॥

ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ
ਕਢਿ ਲੇਵਹੁ ਸਬਦਿ ਸੁਭਾਇ ਜੀਉ ॥੪॥੫॥੧੨॥

ਆਸਾ ਮਹਲਾ ੪ ॥

ਮਨਿ ਨਾਮੁ ਜਪਾਨਾ ਹਰਿ ਹਰਿ ਮਨਿ ਭਾਨਾ
ਹਰਿ ਭਗਤ ਜਨਾ ਮਨਿ ਚਾਉ ਜੀਉ ॥

ਜੋ ਜਨ ਮਰਿ ਜੀਵੇ ਤਿਨ੍ ਅੰਮ੍ਰਿਤੁ ਪੀਵੇ
ਮਨਿ ਲਾਗਾ ਗੁਰਮਤਿ ਭਾਉ ਜੀਉ ॥

ਮਨਿ ਹਰਿ ਹਰਿ ਭਾਉ ਗੁਰੁ ਕਰੇ ਪਸਾਉ
ਜੀਵਨ ਮੁਕਤੁ ਸੁਖੁ ਹੋਈ ॥

ਜੀਵਣਿ ਮਰਣਿ ਹਰਿ ਨਾਮਿ ਸੁਹੇਲੇ
ਮਨਿ ਹਰਿ ਹਰਿ ਹਿਰਦੈ ਸੋਈ ॥

ਮਨਿ ਹਰਿ ਹਰਿ ਵਸਿਆ ਗੁਰਮਤਿ ਹਰਿ ਰਸਿਆ
ਹਰਿ ਹਰਿ ਰਸ ਗਟਾਕ ਪੀਆਉ ਜੀਉ ॥

ਮਨਿ ਨਾਮੁ ਜਪਾਨਾ ਹਰਿ ਹਰਿ ਮਨਿ ਭਾਨਾ
ਹਰਿ ਭਗਤ ਜਨਾ ਮਨਿ ਚਾਉ ਜੀਉ ॥੧॥

ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ
ਮਤ ਜਮੁ ਪਕਰੈ ਲੈ ਜਾਇ ਜੀਉ ॥

ਹਰਿ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ
ਇਹੁ ਜੀਅੜਾ ਰਖਿਆ ਨ ਜਾਇ ਜੀਉ ॥

ਕਿਉ ਜੀਉ ਰਖੀਜੈ ਹਰਿ ਵਸਤੁ ਲੋੜੀਜੈ
ਜਿਸ ਕੀ ਵਸਤੁ ਸੋ ਲੈ ਜਾਇ ਜੀਉ ॥

ਮਨਮੁਖ ਕਰਣ ਪਲਾਵ ਕਰਿ ਭਰਮੇ

ਮُکھِ مستکِ بھاگُ سبھاگا ॥

جن نانک ہرِ کرِپا دھاری
منِ ہرِ ہرِ میٹھا لاءِ جیءُ ॥

ہرِ دئیا پّربھ دھارہُ پاکھڈٔ ہم تارہُ
کڈھِ لیوہُ سبدِ سُبھاءِ جیءُ ॥4॥5॥ 12 ॥

آسا محلا 4 ॥

منِ نامُ جپانا ہرِ ہرِ منِ بھانا
ہرِ بھگت جنا منِ چاءُ جیءُ ॥

جو جن مرِ جیوے تِنّہ انمّرِتُ پیِوے
منِ لاگا گُرمتِ بھاءُ جیءُ ॥

منِ ہرِ ہرِ بھاءُ گُرُ کرے پساءُ
جیِون مُکتُ سُکھُ ہوئی ॥

جیِونِ مرنِ ہرِ نامِ سُہیلے
منِ ہرِ ہرِ ہِردے سوئی ॥

منِ ہرِ ہرِ وسِیا گُرمتِ ہرِ رسِیا
ہرِ ہرِ رس گٹاک پیِیاءُ جیءُ ॥

منِ نامُ جپانا ہرِ ہرِ منِ بھانا
ہرِ بھگت جنا منِ چاءُ جیءُ ॥1॥

جگِ مرنُّ ن بھائِیا نِت آپُ لُکائِیا
مت جمُ پکرے لے جاءِ جیءُ ॥

ہرِ انترِ باہرِ ہرِ پّربھُ ایکو
اِہُ جیئڑا رکھیا ن جاءِ جیءُ ॥

کِءُ جیءُ رکھیجےَ ہرِ وستُ لوڑیجےَ
جِس کی وستُ سو لے جاءِ جیءُ ॥

منمُکھ کرنُ پلاو کرِ بھرمے

ਸਭਿ ਅਉਖਧ ਦਾਰੂ ਲਾਇ ਜੀਉ ॥

سبھِ اُکھدھ دارُو لاءِ جیءُ ॥

ਜਿਸ ਕੀ ਵਸਤੁ ਪ੍ਰਭੁ ਲਏ ਸੁਆਮੀ
ਜਨ ਉਬਰੇ ਸਬਦੁ ਕਮਾਇ ਜੀਉ ॥

جِس کی وستُ پربھُ لے سُیامی
جن اُبرے سبدُ کماءِ جیءُ ॥

ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ
ਮਤ ਜਮੁ ਪਕਰੈ ਲੈ ਜਾਇ ਜੀਉ ॥੨॥

جگِ مرنُّ ن بھائیا نِت آپُ لُکائیا
مت جمُ پکرے لے جاءِ جیءُ ॥2॥

ਧੁਰਿ ਮਰਣੁ ਲਿਖਾਇਆ ਗੁਰਮੁਖਿ ਸੋਹਾਇਆ
ਜਨ ਉਬਰੇ ਹਰਿ ਹਰਿ ਧਿਆਨਿ ਜੀਉ ॥

دھُرِ مرنُّ لِکھائیا گُرمُکھِ سوہائیا
جن اُبرے ہرِ ہرِ دھیانِ جیءُ ॥

ਹਰਿ ਸੋਭਾ ਪਾਈ ਹਰਿ ਨਾਮਿ ਵਡਿਆਈ
ਹਰਿ ਦਰਗਹ ਪੈਧੇ ਜਾਨਿ ਜੀਉ ॥

ہرِ سوبھا پائی ہرِ نامِ وڈیائی
ہرِ درگہ پیَدھے جانِ جیءُ ॥

ਹਰਿ ਦਰਗਹ ਪੈਧੇ ਹਰਿ ਨਾਮੈ ਸੀਧੇ
ਹਰਿ ਨਾਮੈ ਤੇ ਸੁਖੁ ਪਾਇਆ ॥

ہرِ درگہ پیَدھے ہرِ نامےَ سیدھے
ہرِ نامےَ تے سُکھُ پائیا ॥

ਜਨਮ ਮਰਣ ਦੋਵੈ ਦੁਖ ਮੇਟੇ
ਹਰਿ ਰਾਮੈ ਨਾਮਿ ਸਮਾਇਆ ॥

جنم مرنُّ دووے دُکھ میٹے
ہرِ رامےَ نامِ سمائیا ॥

ਹਰਿ ਜਨ ਪ੍ਰਭੁ ਰਲਿ ਏਕੋ ਹੋਏ
ਹਰਿ ਜਨ ਪ੍ਰਭੁ ਏਕ ਸਮਾਨਿ ਜੀਉ ॥

ہرِ جن پربھُ رلِ ایکو ہوئے
ہرِ جن پربھُ ایک سمانِ جیءُ ॥

ਧੁਰਿ ਮਰਣੁ ਲਿਖਾਇਆ ਗੁਰਮੁਖਿ ਸੋਹਾਇਆ
ਜਨ ਉਬਰੇ ਹਰਿ ਹਰਿ ਧਿਆਨਿ ਜੀਉ ॥੩॥

دھُرِ مرنُّ لِکھائیا گُرمُکھِ سوہائیا
جن اُبرے ہرِ ہرِ دھیانِ جیءُ ॥3॥

ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ
ਲਗਿ ਗੁਰਮੁਖਿ ਅਸਥਿਰੁ ਹੋਇ ਜੀਉ ॥

جگُ اُپجےَ بِنسےَ بِنسِ بِناسےَ
لگِ گُرمُکھِ استھِرُ ہوءِ جیءُ ॥

ਗੁਰੁ ਮੰਤ੍ਰੁ ਦ੍ਰਿੜਾਏ ਹਰਿ ਰਸਕਿ ਰਸਾਏ
ਹਰਿ ਅੰਮ੍ਰਿਤੁ ਹਰਿ ਮੁਖਿ ਚੋਇ ਜੀਉ ॥

گُرُ منّتُر دڑِڑائے ہرِ رسکِ رسائے
ہرِ انمّرِتُ ہرِ مُکھِ چوءِ جیءُ ॥

ਹਰਿ ਅੰਮ੍ਰਿਤ ਰਸੁ ਪਾਇਆ ਮੁਆ ਜੀਵਾਇਆ
ਫਿਰਿ ਬਾਹੁੜਿ ਮਰਣੁ ਨ ਹੋਈ ॥

ہرِ انمّرِت رسُ پائیا مُیا جیوائیا
پھِرِ باہُڑِ مرنُّ ن ہوئی ॥

ਹਰਿ ਹਰਿ ਨਾਮੁ ਅਮਰ ਪਦੁ ਪਾਇਆ
ਹਰਿ ਨਾਮਿ ਸਮਾਵੈ ਸੋਈ ॥

ہرِ ہرِ نامُ امرپدُ پائیا
ہرِ نامِ سماوےَ سوئی ॥

ਜਨ ਨਾਨਕ ਨਾਮੁ ਅਧਾਰੁ ਟੇਕ ਹੈ
ਬਿਨੁ ਨਾਵੈ ਅਵਰੁ ਨ ਕੋਇ ਜੀਉ ॥

جن نانک نامُ ادھارُ ٹیک ہے
بِنُ ناوے اورُ ن کوءِ جیءُ ॥

ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ
ਲਗਿ ਗੁਰਮੁਖਿ ਅਸਥਿਰੁ ਹੋਇ ਜੀਉ ॥੪॥੬॥੧੩॥

جگُ اُپجے بِنسے بِنسِ بِناسے
لگِ گُرمُکھِ استھِرُ ہوءِ جیءُ ॥4॥6॥ 13 ॥

ਆਸਾ ਮਹਲਾ ੪ ਛੰਤ ॥

آسا محلا 4 چھنّت ॥

ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ
ਆਦਿ ਨਿਰੰਜਨੁ ਨਿਰੰਕਾਰੁ ਜੀਉ ॥

وڈا میرا گووِندُ اگم اگوچرُ
آدِ نِرنجنُ نِرنکارُ جیءُ ॥

ਤਾ ਕੀ ਗਤਿ ਕਹੀ ਨ ਜਾਈ ਅਮਿਤਿ ਵਡਿਆਈ
ਮੇਰਾ ਗੋਵਿੰਦੁ ਅਲਖ ਅਪਾਰ ਜੀਉ ॥

تا کی گتِ کہی ن جائی امِتِ وڈِیائی
میرا گووِندُ الکھ اپار جیءُ ॥

ਗੋਵਿੰਦੁ ਅਲਖ ਅਪਾਰੁ ਅਪਰੰਪਰੁ
ਆਪੁ ਆਪਣਾ ਜਾਣੈ ॥

گووِندُ الکھ اپارُ اپرنّپرُ
آپُ آپنا جانے ॥

ਕਿਆ ਇਹ ਜੰਤ ਵਿਚਾਰੇ ਕਹੀਅਹਿ
ਜੋ ਤੁਧੁ ਆਖਿ ਵਖਾਣੈ ॥

کیا اِہ جنّت وِچارے کہیئہِ
جو تُدھُ آکھِ وکھانے ॥

ਜਿਸ ਨੋ ਨਦਰਿ ਕਰਹਿ ਤੂੰ ਅਪਣੀ
ਸੋ ਗੁਰਮੁਖਿ ਕਰੇ ਵੀਚਾਰੁ ਜੀਉ ॥

جِس نو ندرِ کرہِ توُنّ اپنّی
سو گُرمُکھِ کرے ویچارُ جیءُ ॥

ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ
ਆਦਿ ਨਿਰੰਜਨੁ ਨਿਰੰਕਾਰੁ ਜੀਉ ॥੧॥

وڈا میرا گووِندُ اگم اگوچرُ
آدِ نِرنجنُ نِرنکارُ جیءُ ॥1॥

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ
ਤੇਰਾ ਪਾਰੁ ਨ ਪਾਇਆ ਜਾਇ ਜੀਉ ॥

توُنّ آدِ پُرکھُ اپرنّپرُ کرتا
تیرا پارُ ن پائیا جاءِ جیءُ ॥

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ
ਸਭ ਮਹਿ ਰਹਿਆ ਸਮਾਇ ਜੀਉ ॥

توُنّ گھٹ گھٹ انترِ سرب نِرنترِ
سبھ مہِ رہِیا سماءِ جیءُ ॥

ਘਟ ਅੰਤਰਿ ਪਾਰਬ੍ਰਹਮੁ ਪਰਮੇਸਰੁ
ਤਾ ਕਾ ਅੰਤੁ ਨ ਪਾਇਆ ॥

گھٹ انترِ پاربّرہمُ پریسرُ
تا کا انتُ ن پائیا ॥

ਤਿਸੁ ਰੂਪੁ ਨ ਰੇਖ ਅਦਿਸਟੁ ਅਗੋਚਰੁ
ਗੁਰਮੁਖਿ ਅਲਖੁ ਲਖਾਇਆ ॥

تِسُ روُپُ ن ریکھ ادِسٹُ اگوچرُ
گُرمُکھِ الکھُ لکھائیا ॥

ਸਦਾ ਅਨੰਦਿ ਰਹੈ ਦਿਨੁ ਰਾਤੀ
ਸਹਜੇ ਨਾਮਿ ਸਮਾਇ ਜੀਉ ॥

سدا انندِ رہے دِنُ راتی
سہجے نامِ سماءِ جیءُ ॥

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ
ਤੇਰਾ ਪਾਰੁ ਨ ਪਾਇਆ ਜਾਇ ਜੀਉ ॥੨॥

توُنّ آدِ پُرکھُ اپرنّپرُ کرتا
تیرا پارُ ن پائیا جاءِ جیءُ ॥2॥

ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ
ਹਰਿ ਹਰਿ ਗੁਣੀ ਨਿਧਾਨੁ ਜੀਉ ॥

توُنّ ستِ پرمیسرُ سدا اِبناسی
ہرِ ہرِ گُنّی نِدھانُ جیءُ ॥

ਹਰਿ ਹਰਿ ਪ੍ਰਭੁ ਏਕੋ ਅਵਰੁ ਨ ਕੋਈ
ਤੂੰ ਆਪੇ ਪੁਰਖੁ ਸੁਜਾਨੁ ਜੀਉ ॥

ہرِ ہرِ پربھُ ایکو اورُ ن کوئی
توُنّ آپے پُرکھُ سُجانُ جیءُ ॥

ਪੁਰਖੁ ਸੁਜਾਨੁ ਤੂੰ ਪਰਧਾਨੁ
ਤੁਧੁ ਜੇਵਡੁ ਅਵਰੁ ਨ ਕੋਈ ॥

پُرکھُ سُجانُ توُنّ پردھانُ
تُدھُ جیوڈُ اورُ ن کوئی ॥

ਤੇਰਾ ਸਬਦੁ ਸਭੁ ਤੂੰਹੈ ਵਰਤਹਿ
ਤੂੰ ਆਪੇ ਕਰਹਿ ਸੁ ਹੋਈ ॥

تیرا سبدُ سبھُ توُنہے ورتہِ
توُنّ آپے کرہِ سُ ہوئی ॥

ਹਰਿ ਸਭ ਮਹਿ ਰਵਿਆ ਏਕੋ ਸੋਈ
ਗੁਰਮੁਖਿ ਲਖਿਆ ਹਰਿ ਨਾਮੁ ਜੀਉ ॥

ہرِ سبھ مہِ رویا ایکو سوئی
گُرمُکھِ لکھیا ہرِ نامُ جیءُ ॥

ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ
ਹਰਿ ਹਰਿ ਗੁਣੀ ਨਿਧਾਨੁ ਜੀਉ ॥੩॥

توُنّ ستِ پرمیسرُ سدا اِبناسی
ہرِ ہرِ گُنّی نِدھانُ جیءُ ॥3॥

ਸਭੁ ਤੂੰਹੈ ਕਰਤਾ ਸਭ ਤੇਰੀ ਵਡਿਆਈ
ਜਿਉ ਭਾਵੈ ਤਿਵੈ ਚਲਾਇ ਜੀਉ ॥

سبھُ توُنہے کرتا سبھ تیری وڈِیائی
جِءُ بھاوے تِوے چلاءِ جیءُ ॥

ਤੁਧੁ ਆਪੇ ਭਾਵੈ ਤਿਵੈ ਚਲਾਵਹਿ
ਸਭ ਤੇਰੈ ਸਬਦਿ ਸਮਾਇ ਜੀਉ ॥

تُدھُ آپے بھاوے تِوے چلاوہِ
سبھ تیرے سبدِ سماءِ جیءُ ॥

ਸਭ ਸਬਦਿ ਸਮਾਵੈ ਜਾਂ ਤੁਧੁ ਭਾਵੈ
ਤੇਰੈ ਸਬਦਿ ਵਡਿਆਈ ॥

سبھ سبدِ سماوے جاں تُدھُ بھاوے
تیرے سبدِ وڈِیائی ॥

ਗੁਰਮੁਖਿ ਬੁਧਿ ਪਾਈਐ ਆਪੁ ਗਵਾਈਐ
ਸਬਦੇ ਰਹਿਆ ਸਮਾਈ ॥

گُرمُکھِ بُدھِ پائیئے آپُ گوائیئے
سبدے رہیا سمائی ॥

ਤੇਰਾ ਸਬਦੁ ਅਗੋਚਰੁ ਗੁਰਮੁਖਿ ਪਾਈਐ
ਨਾਨਕ ਨਾਮਿ ਸਮਾਇ ਜੀਉ ॥

تیرا سبدُ اگوچرُ گُرمُکھِ پائیئے

نانک نامِ سماءِ جیءُ ॥

ਸਭੁ ਤੂੰਹੈ ਕਰਤਾ ਸਭ ਤੇਰੀ ਵਡਿਆਈ
ਜਿਉ ਭਾਵੈ ਤਿਵੈ ਚਲਾਇ ਜੀਉ ॥੪॥੭॥੧੪॥

سبھُ توُنہے کرتا سبھ تیری وڈِیائی
جِءُ بھاوے تِوے چلاءِ جیءُ ॥4॥7॥ 14 ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਆਸਾ ਮਹਲਾ ੪ ਛੰਤ ਘਰੁ ੪ ॥

آسا محلا 4 چھنّت گھرُ 4 ॥

ਹਰਿ ਅੰਮ੍ਰਿਤ ਭਿੰਨੇ ਲੋਇਣਾ
ਮਨੁ ਪ੍ਰੇਮਿ ਰਤੰਨਾ ਰਾਮ ਰਾਜੇ ॥

ہرِ انمّرِت بھِنّے لوئنا
منُ پّریمِ رتنّا رام راجے ۔ ॥

ਮਨੁ ਰਾਮਿ ਕਸਵਟੀ ਲਾਇਆ
ਕੰਚਨੁ ਸੋਵਿੰਨਾ ॥

منُ رامِ کسوٹی لائیا
کنچّنُ سووِنّنا ॥

ਗੁਰਮੁਖਿ ਰੰਗਿ ਚਲੂਲਿਆ
ਮੇਰਾ ਮਨੁ ਤਨੋ ਭਿੰਨਾ ॥

گُرمُکھِ رنگِ چلوُلیا
میرا منُ تنو بھِنّا ॥

ਜਨੁ ਨਾਨਕੁ ਮੁਸਕਿ ਝਕੋਲਿਆ
ਸਭੁ ਜਨਮੁ ਧਨੁ ਧੰਨਾ ॥੧॥

جنُ نانکُ مُشکِ جھکولیا
سبھُ جنمُ دھنُ دھنّنا ॥1॥

ਹਰਿ ਪ੍ਰੇਮ ਬਾਣੀ ਮਨੁ ਮਾਰਿਆ
ਅਣੀਆਲੇ ਅਣੀਆ ਰਾਮ ਰਾਜੇ ॥

ہرِ پّریم باٹی منُ مارِیا
اٹّیالے اٹّیا رام راجے ۔ ॥

ਜਿਸੁ ਲਾਗੀ ਪੀਰ ਪਿਰੰਮ ਕੀ
ਸੋ ਜਾਣੈ ਜਰੀਆ ॥

جِسُ لاگی پیِر پرِنّم کی
سو جانّے جریِیا ॥

ਜੀਵਨ ਮੁਕਤਿ ਸੋ ਆਖੀਐ
ਮਰਿ ਜੀਵੈ ਮਰੀਆ ॥

جیِون مُکتِ سو آکھیِئے
مرِ جیِوے مریِیا ॥

ਜਨ ਨਾਨਕ ਸਤਿਗੁਰੁ ਮੇਲਿ ਹਰਿ
ਜਗੁ ਦੁਤਰੁ ਤਰੀਆ ॥੨॥

جن نانک ستِگُرُ میلِ ہرِ
جگُ دُترُ تریِیا ॥2॥

ਹਮ ਮੂਰਖ ਮੁਗਧ ਸਰਣਾਗਤੀ
ਮਿਲੁ ਗੋਵਿੰਦ ਰੰਗਾ ਰਾਮ ਰਾਜੇ ॥

ہم موُرکھ مُگدھ سرنّاگتی
مِلُ گووِنّد رنگا رام راجے ۔ ॥

ਗੁਰਿ ਪੂਰੈ ਹਰਿ ਪਾਇਆ
ਹਰਿ ਭਗਤਿ ਇਕ ਮੰਗਾ ॥

گُرِ پوُرے ہرِ پائیا
ہرِ بھگتِ اِک منگّا ॥

ਮੇਰਾ ਮਨੁ ਤਨੁ ਸਬਦਿ ਵਿਗਾਸਿਆ
ਜਪਿ ਅਨਤ ਤਰੰਗਾ ॥

میرا منُ تنُ سبدِ وِگاسِیا
جپِ انت ترنگا ॥

ਮਿਲਿ ਸੰਤ ਜਨਾ ਹਰਿ ਪਾਇਆ
ਨਾਨਕ ਸਤਸੰਗਾ ॥੩॥

مِلِ سنّت جنا ہرِ پائیا
نانک ستسنگا ॥3॥

ਦੀਨ ਦਇਆਲ ਸੁਣਿ ਬੇਨਤੀ
ਹਰਿ ਪ੍ਰਭ ਹਰਿ ਰਾਇਆ ਰਾਮ ਰਾਜੇ ॥

دِین دئیال سُنِ بینتی
ہرِ پربھ ہرِ رائیا رام راجے ۔ ॥

ਹਉ ਮਾਗਉ ਸਰਣਿ ਹਰਿ ਨਾਮ ਕੀ
ਹਰਿ ਹਰਿ ਮੁਖਿ ਪਾਇਆ ॥

ہءُ ماگءُ سرنِ ہرِ نام کی
ہرِ ہرِ مُکھِ پائیا ॥

ਭਗਤਿ ਵਛਲੁ ਹਰਿ ਬਿਰਦੁ ਹੈ
ਹਰਿ ਲਾਜ ਰਖਾਇਆ ॥

بھگتِ وچھلُ ہرِ برِدُ ہے
ہرِ لاج رکھائیا ॥

ਜਨੁ ਨਾਨਕੁ ਸਰਣਾਗਤੀ
ਹਰਿ ਨਾਮਿ ਤਰਾਇਆ ॥੪॥੮॥੧੫॥

جنُ نانکُ سرناگتی
ہرِ نامِ ترائیا ॥4॥8॥ 15 ॥

ਆਸਾ ਮਹਲਾ ੪ ॥

آسا محلا 4 ॥

ਗੁਰਮੁਖਿ ਢੂੰਢਿ ਢੂਢੇਦਿਆ
ਹਰਿ ਸਜਣੁ ਲਧਾ ਰਾਮ ਰਾਜੇ ॥

گُرمُکھِ ڈھوُنڈھِ ڈھوُڈھیدیا
ہرِ سجنُ لدھا رام راجے ۔ ॥

ਕੰਚਨ ਕਾਇਆ ਕੋਟ ਗੜ
ਵਿਚਿ ਹਰਿ ਹਰਿ ਸਿਧਾ ॥

کنچن کائیا کوٹ گڑ
وِچ ہرِ ہرِ سِدھا ॥

ਹਰਿ ਹਰਿ ਹੀਰਾ ਰਤਨੁ ਹੈ
ਮੇਰਾ ਮਨੁ ਤਨੁ ਵਿਧਾ ॥

ہرِ ہرِ ہیِرا رتنُ ہے
میرا منُ تنُ وِدھا ॥

ਧੁਰਿ ਭਾਗ ਵਡੇ ਹਰਿ ਪਾਇਆ
ਨਾਨਕ ਰਸਿ ਗੁਧਾ ॥੧॥

دھُرِ بھاگ وڈے ہرِ پائیا
نانک رسِ گُدھا ॥1॥

ਪੰਥੁ ਦਸਾਵਾ ਨਿਤ ਖੜੀ
ਮੁੰਧ ਜੋਬਨਿ ਬਾਲੀ ਰਾਮ ਰਾਜੇ ॥

پنّتھُ دساوا نِت کھڑی
مُنّدھ جوبنِ بالی رام راجے ۔ ॥

ਹਰਿ ਹਰਿ ਨਾਮੁ ਚੇਤਾਇ ਗੁਰ
ਹਰਿ ਮਾਰਗਿ ਚਾਲੀ ॥

ہرِ ہرِ نامُ چیتاءِ گُر
ہرِ مارگِ چالی ॥

ਮੇਰੈ ਮਨਿ ਤਨਿ ਨਾਮੁ ਆਧਾਰੁ ਹੈ
ਹਉਮੈ ਬਿਖੁ ਜਾਲੀ ॥

میرے مِن تنِ نامُ آدھارُ ہے
ہمئے بِکھُ جالی ॥

ਜਨ ਨਾਨਕ ਸਤਿਗੁਰੁ ਮੇਲਿ ਹਰਿ
ਹਰਿ ਮਿਲਿਆ ਬਨਵਾਲੀ ॥੨॥

جن نانک ستِگُر میلِ ہرِ
ہرِ مِلیا بنوالی ॥2॥

ਗੁਰਮੁਖਿ ਪਿਆਰੇ ਆਇ ਮਿਲੁ
ਮੈ ਚਿਰੀ ਵਿਛੁੰਨੇ ਰਾਮ ਰਾਜੇ ॥

گُرمُکھِ پِیارے آءِ مِلُ
مے چِری وِچھُنّے رام راجے ۔ ॥

ਮੇਰਾ ਮਨੁ ਤਨੁ ਬਹੁਤੁ ਬੈਰਾਗਿਆ
ਹਰਿ ਨੈਣ ਰਸਿ ਭਿੰਨੇ ॥

میرا منُ تنُ بہُت بیراگیا
ہرِ نینؤں رسِ بھِنّے ॥

ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੁ
ਮਿਲਿ ਹਰਿ ਮਨੁ ਮੰਨੇ ॥

مے ہرِ پربھُ پِیارا دس گُرُ
مِلِ ہرِ منُ منّے ॥

ਹਉ ਮੂਰਖੁ ਕਾਰੈ ਲਾਈਆ
ਨਾਨਕ ਹਰਿ ਕੰਮੇ ॥੩॥

ہءُ مُورکھُ کارے لائیا
نانک ہرِ کنّمے ॥3॥

ਗੁਰ ਅੰਮ੍ਰਿਤ ਭਿੰਨੀ ਦੇਹੁਰੀ
ਅੰਮ੍ਰਿਤੁ ਬੁਰਕੇ ਰਾਮ ਰਾਜੇ ॥

گُر انمّرِت بھِنّنی دیہُری
انمّرِتُ بُرکے رام راجے ۔ ॥

ਜਿਨਾ ਗੁਰਬਾਣੀ ਮਨਿ ਭਾਈਆ
ਅੰਮ੍ਰਿਤਿ ਛਕਿ ਛਕੇ ॥

جِنا گُربانی مِن بھائیا
انمّرِتِ چھکِ چھکے ॥

ਗੁਰ ਤੁਠੈ ਹਰਿ ਪਾਇਆ
ਚੂਕੇ ਧਕ ਧਕੇ ॥

گُر تُٹھے ہرِ پائیا
چوُکے دھک دھکے ॥

ਹਰਿ ਜਨੁ ਹਰਿ ਹਰਿ ਹੋਇਆ
ਨਾਨਕੁ ਹਰਿ ਇਕੇ ॥੪॥੯॥੧੬॥

ہرِ جنُ ہرِ ہرِ ہوئیا
نانکُ ہرِ اِکے ॥4॥9॥ 16 ॥

ਆਸਾ ਮਹਲਾ ੪ ॥

آسا محلا 4 ॥

ਹਰਿ ਅੰਮ੍ਰਿਤ ਭਗਤਿ ਭੰਡਾਰ ਹੈ
ਗੁਰ ਸਤਿਗੁਰ ਪਾਸੇ ਰਾਮ ਰਾਜੇ ॥

ہرِ انمّرِت بھگتِ بھنڈار ہے
گُر ستِگُر پاسے رام راجے ۔ ॥

ਗੁਰੁ ਸਤਿਗੁਰੁ ਸਚਾ ਸਾਹੁ ਹੈ
ਸਿਖ ਦੇਇ ਹਰਿ ਰਾਸੇ ॥

گُرُ ستِگُر سچا ساہُ ہے
سِکھ دےءِ ہرِ راسے ॥

ਧਨੁ ਧੰਨੁ ਵਣਜਾਰਾ ਵਣਜੁ ਹੈ
ਗੁਰੁ ਸਾਹੁ ਸਾਬਾਸੇ ॥

دھنُ دھنّنُ ونجارا ونجُ ہے
گُرُ ساہُ سابا سے ॥

ਜਨੁ ਨਾਨਕੁ ਗੁਰੁ ਤਿਨ੍ਹੀ ਪਾਇਆ
ਜਿਨ ਧੁਰਿ ਲਿਖਤੁ ਲਿਲਾਟਿ ਲਿਖਾਸੇ ॥੧॥

جنُ نانکُ گُرُ تِنّہی پایَیا
جِن دھُرِ لِکھتُ لِلاٹِ لِکھاسے ॥1॥

ਸਚੁ ਸਾਹੁ ਹਮਾਰਾ ਤੂੰ ਧਣੀ
ਸਭੁ ਜਗਤੁ ਵਣਜਾਰਾ ਰਾਮ ਰਾਜੇ ॥

سچُ ساہُ ہمارا توُنّ دھنّی
سبھُ جگتُ ونجارا رام راجے ۔ ॥

ਸਭ ਭਾਂਡੇ ਤੁਧੈ ਸਾਜਿਆ
ਵਿਚਿ ਵਸਤੁ ਹਰਿ ਥਾਰਾ ॥

سبھ بھانڈے تُدھے َ ساجِیا
وِچِ وستُ ہرِ تھارا ॥

ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ
ਕਿਆ ਕੋਈ ਕਰੇ ਵੇਚਾਰਾ ॥

جو پاوہِ بھانڈے وِچِ وستُ سا نِکلے َ
کِیا کوئی کرے ویچارا ۔ ॥

ਜਨ ਨਾਨਕ ਕਉ ਹਰਿ ਬਖਸਿਆ
ਹਰਿ ਭਗਤਿ ਭੰਡਾਰਾ ॥੨॥

جن نانک ک ءُ ہرِ بخشِیا
ہرِ بھگتِ بھنڈارا ॥2॥

ਹਮ ਕਿਆ ਗੁਣ ਤੇਰੇ ਵਿਥਰਹ ਸੁਆਮੀ
ਤੂੰ ਅਪਰ ਅਪਾਰੋ ਰਾਮ ਰਾਜੇ ॥

ہم کِیا گُنّ تیرے وِتھرہ سُیامی
توُنّ اپر اپارو رام راجے ۔ ॥

ਹਰਿ ਨਾਮੁ ਸਾਲਾਹਹ ਦਿਨੁ ਰਾਤਿ
ਏਹਾ ਆਸ ਆਧਾਰੋ ॥

ہرِ نامُ سالاحہ دِنُ راتِ
ایہا آس آدھارو ॥

ਹਮ ਮੂਰਖ ਕਿਛੂਅ ਨ ਜਾਣਹਾ
ਕਿਵ ਪਾਵਹ ਪਾਰੋ ॥

ہم موُرکھ کچھوُء ن جانہا
کِو پاوہ پارو ۔ ॥

ਜਨੁ ਨਾਨਕੁ ਹਰਿ ਕਾ ਦਾਸੁ ਹੈ
ਹਰਿ ਦਾਸ ਪਨਿਹਾਰੋ ॥੩॥

جنُ نانکُ ہرِ کا داسُ ہے
ہرِ داس پنہارو ॥3॥

ਜਿਉ ਭਾਵੈ ਤਿਉ ਰਾਖਿ ਲੈ
ਹਮ ਸਰਣਿ ਪ੍ਰਭ ਆਏ ਰਾਮ ਰਾਜੇ ॥

جِءُ بھاوے َ تِءُ راکھِ لے
ہم سرنِ پّربھ آئے رام راجے ۔ ॥

ਹਮ ਭੂਲਿ ਵਿਗਾੜਹ ਦਿਨਸੁ ਰਾਤਿ
ਹਰਿ ਲਾਜ ਰਖਾਏ ॥

ہم بھوُلِ وِگاڑہ دِنسُ راتِ
ہرِ لاج رکھائے ॥

ਹਮ ਬਾਰਿਕ ਤੂੰ ਗੁਰੁ ਪਿਤਾ ਹੈ
ਦੇ ਮਤਿ ਸਮਝਾਏ ॥

ہم بارِک توُنّ گُرُ پِتا ہے

دے متِ سمجھائے ॥

ਜਨੁ ਨਾਨਕੁ ਦਾਸੁ ਹਰਿ ਕਾਂਢਿਆ
ਹਰਿ ਪੈਜ ਰਖਾਏ ॥੪॥੧੦॥੧੭॥

جنُ نانکُ داسُ ہرِ کانڈھیا
ہرِ پیَج رکھائے ॥4॥ 10 ॥ 17 ॥

ਆਸਾ ਮਹਲਾ ੪ ॥

آسا محلا 4 ॥

ਜਿਨ ਮਸਤਕਿ ਧੁਰਿ ਹਰਿ ਲਿਖਿਆ
ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥

جِن مستکِ دھُرِ ہرِ لِکھیا
تِنا ستِگُرُ مِلیا رام راجے ۔ ॥

ਅਗਿਆਨੁ ਅੰਧੇਰਾ ਕਟਿਆ
ਗੁਰ ਗਿਆਨੁ ਘਟਿ ਬਲਿਆ ॥

اگیانُ اندھیرا کٹیا
گُرگیانُ گھٹِ بلیا ॥

ਹਰਿ ਲਧਾ ਰਤਨੁ ਪਦਾਰਥੋ
ਫਿਰਿ ਬਹੁੜਿ ਨ ਚਲਿਆ ॥

ہرِ لدھا رتنُ پدارتھو
پھرِ بہُڑِ ن چلیا ॥

ਜਨ ਨਾਨਕ ਨਾਮੁ ਆਰਾਧਿਆ
ਆਰਾਧਿ ਹਰਿ ਮਿਲਿਆ ॥੧॥

جن نانک نامُ آرادھیا
آرادھِ ہرِ مِلیا ॥1॥

ਜਿਨੀ ਐਸਾ ਹਰਿ ਨਾਮੁ ਨ ਚੇਤਿਓ
ਸੇ ਕਾਹੇ ਜਗਿ ਆਏ ਰਾਮ ਰਾਜੇ ॥

جِنی ایَسا ہرِ نامُ ن چیتِئو
سے کاہے جگِ آئے رام راجے ۔ ॥

ਇਹੁ ਮਾਣਸ ਜਨਮੁ ਦੁਲੰਭੁ ਹੈ
ਨਾਮ ਬਿਨਾ ਬਿਰਥਾ ਸਭੁ ਜਾਏ ॥

اِہُ ماٹُس جنمُ دُلنّبھُ ہے
نام بِنا بِرتھا سبھُ جائے ॥

ਹੁਣਿ ਵਤੈ ਹਰਿ ਨਾਮੁ ਨ ਬੀਜਿਓ
ਅਗੈ ਭੁਖਾ ਕਿਆ ਖਾਏ ॥

ہُنِ وتے ہرِ نامُ ن بیجِئو
اگے بھُکھا کیا کھائے ۔ ॥

ਮਨਮੁਖਾ ਨੋ ਫਿਰਿ ਜਨਮੁ ਹੈ
ਨਾਨਕ ਹਰਿ ਭਾਏ ॥੨॥

منمُکھا نو پھِرِ جنمُ ہے
نانک ہرِ بھائے ॥2॥

ਤੂੰ ਹਰਿ ਤੇਰਾ ਸਭੁ ਕੋ
ਸਭਿ ਤੁਧੁ ਉਪਾਏ ਰਾਮ ਰਾਜੇ ॥

توُنّ ہرِ تیرا سبھُ کو
سبھِ تُدھُ اُپائے رام راجے ۔ ॥

ਕਿਛੁ ਹਾਥਿ ਕਿਸੈ ਦੈ ਕਿਛੁ ਨਾਹੀ
ਸਭਿ ਚਲਹਿ ਚਲਾਏ ॥

کِچھُ ہاتھِ کِسےَ دے کِچھُ ناہی
سبھِ چلہِ چلائے ॥

ਜਿਨ੍ ਤੂੰ ਮੇਲਹਿ ਪਿਆਰੇ ਸੇ ਤੁਧੁ ਮਿਲਹਿ

جِنّہ توُنّ میلہِ پیارے سے تُدھُ مِلہِ

ਜੋ ਹਰਿ ਮਨਿ ਭਾਏ ॥

جو ہرِ منِ بھائے ॥

ਜਨ ਨਾਨਕ ਸਤਿਗੁਰੁ ਭੇਟਿਆ
ਹਰਿ ਨਾਮਿ ਤਰਾਏ ॥੩॥

جن نانک ستِگُرُ بھیٹیا
ہرِ نامِ ترائے ॥3॥

ਕੋਈ ਗਾਵੈ ਰਾਗੀ ਨਾਦੀ ਬੇਦੀ
ਬਹੁ ਭਾਤਿ ਕਰਿ
ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥

کوئی گاوے راگی نادی بیدی
بہُ بھاتِ کرِ
نہی ہرِ ہرِ بھیجے رام راجے ۔ ॥

ਜਿਨਾ ਅੰਤਰਿ ਕਪਟੁ ਵਿਕਾਰੁ ਹੈ
ਤਿਨਾ ਰੋਇ ਕਿਆ ਕੀਜੈ ॥

جِنا انتر کپٹُ وِکارُ ہے
تِنا روءِ کیا کیجے ۔ ॥

ਹਰਿ ਕਰਤਾ ਸਭੁ ਕਿਛੁ ਜਾਣਦਾ
ਸਿਰਿ ਰੋਗ ਹਥੁ ਦੀਜੈ ॥

ہرِ کرتا سبھُ کچھُ جانڈا
سِرِ روگ ہتھُ دیجے ॥

ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ
ਹਰਿ ਭਗਤਿ ਹਰਿ ਲੀਜੈ ॥੪॥੧੧॥੧੮॥

جِنا نانک گُرمُکھِ ہِردا سُدھُ ہے
ہرِ بھگتِ ہرِ لیجے ॥4॥ 11 ॥ 18 ॥

ਆਸਾ ਮਹਲਾ ੪ ॥

آسا محلا 4 ॥

ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ
ਤੇ ਜਨ ਸੁਘੜ ਸਿਆਣੇ ਰਾਮ ਰਾਜੇ ॥

جِن انتر ہرِ ہرِ پرِیت ہے
تے جن سُگھڑ سِیانے رام راجے ۔ ॥

ਜੇ ਬਾਹਰਹੁ ਭੁਲਿ ਚੁਕਿ ਬੋਲਦੇ
ਭੀ ਖਰੇ ਹਰਿ ਭਾਣੇ ॥

جے باہرہُ بھُلِ چُکِ بولدے
بھی کھرے ہرِ بھانے ॥

ਹਰਿ ਸੰਤਾ ਨੋ ਹੋਰੁ ਥਾਉ ਨਾਹੀ
ਹਰਿ ਮਾਣੁ ਨਿਮਾਣੇ ॥

ہرِ سنتا نو ہورُ تھاءُ ناہی
ہرِ مانُ نِمانے ॥

ਜਨ ਨਾਨਕ ਨਾਮੁ ਦੀਬਾਣੁ ਹੈ
ਹਰਿ ਤਾਣੁ ਸਤਾਣੇ ॥੧॥

جن نانک نامُ دیبانُ ہے
ہرِ تانُ ستانے ॥1॥

ਜਿਥੈ ਜਾਇ ਬਹੈ ਮੇਰਾ ਸਤਿਗੁਰੂ
ਸੋ ਥਾਨੁ ਸੁਹਾਵਾ ਰਾਮ ਰਾਜੇ ॥

جِتھے جاءِ بہے میرا ستِگُرُو
سو تھانُ سُہاوا رام راجے ۔ ॥

ਗੁਰਸਿਖੀ ਸੋ ਥਾਨੁ ਭਾਲਿਆ
ਲੈ ਧੂਰਿ ਮੁਖਿ ਲਾਵਾ ॥

گُرسِکھیں سو تھانُ بھالیا
لے دھوُرِ مُکھِ لاوا ॥

ਗੁਰਸਿਖਾ ਕੀ ਘਾਲ ਥਾਇ ਪਈ
ਜਿਨ ਹਰਿ ਨਾਮੁ ਧਿਆਵਾ ॥

گُرسِکھا کی گھال تھاءِ پئی
جِن ہرِ نامُ دھِیاوا ॥

ਜਿਨ੍ ਨਾਨਕੁ ਸਤਿਗੁਰੁ ਪੂਜਿਆ
ਤਿਨ ਹਰਿ ਪੂਜ ਕਰਾਵਾ ॥੨॥

جِنّہ نانکُ ستِگُرُ پوُجِیا
تِن ہرِ پوُج کراوا ॥2॥

ਗੁਰਸਿਖਾ ਮਨਿ ਹਰਿ ਪ੍ਰੀਤਿ ਹੈ
ਹਰਿ ਨਾਮ ਹਰਿ ਤੇਰੀ ਰਾਮ ਰਾਜੇ ॥

گُرسِکھا منِ ہرِ پرِیتِ ہےَ
ہرِ نام ہرِ تیری رام راجے ۔ ॥

ਕਰਿ ਸੇਵਹਿ ਪੂਰਾ ਸਤਿਗੁਰੂ
ਭੁਖ ਜਾਇ ਲਹਿ ਮੇਰੀ ॥

کرِ سیوہِ پوُرا ستِگُرُوُ
بھُکھ جاءِ لہِ میری ॥

ਗੁਰਸਿਖਾ ਕੀ ਭੁਖ ਸਭ ਗਈ
ਤਿਨ ਪਿਛੈ ਹੋਰ ਖਾਇ ਘਨੇਰੀ ॥

گُرسِکھا کی بھُکھ سبھ گئی
تِن پِچھےَ ہور کھاءِ گھنیری ॥

ਜਨ ਨਾਨਕ ਹਰਿ ਪੁੰਨੁ ਬੀਜਿਆ
ਫਿਰਿ ਤੋਟਿ ਨ ਆਵੈ ਹਰਿ ਪੁੰਨ ਕੇਰੀ ॥੩॥

جن نانک ہرِ پُنّنُ بیجِیا
پھِرِ توٹِ ن آوےَ ہرِ پُنّن کیری ॥3॥

ਗੁਰਸਿਖਾ ਮਨਿ ਵਾਧਾਈਆ
ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ ॥

گُرسِکھا منِ وادھائیِیا
جِن میرا ستِگُرُوُ ڈِٹھا رام راجے ۔ ॥

ਕੋਈ ਕਰਿ ਗਲ ਸੁਣਾਵੈ ਹਰਿ ਨਾਮ ਕੀ
ਸੋ ਲਗੈ ਗੁਰਸਿਖਾ ਮਨਿ ਮਿਠਾ ॥

کوئی کرِ گل سُناوےَ ہرِ نام کی
سو لگےَ گُرسِکھا منِ مِٹھا ॥

ਹਰਿ ਦਰਗਹ ਗੁਰਸਿਖ ਪੈਨਾਈਅਹਿ
ਜਿਨ੍ਾ ਮੇਰਾ ਸਤਿਗੁਰੁ ਤੁਠਾ ॥

ہرِ درگہ گُرسِکھ پینائیِنہِ
جِنّہا میرا ستِگُرُ تُٹھا ॥

ਜਨ ਨਾਨਕੁ ਹਰਿ ਹਰਿ ਹੋਇਆ
ਹਰਿ ਹਰਿ ਮਨਿ ਵੁਠਾ ॥੪॥੧੨॥੧੯॥

جن نانکُ ہرِ ہرِ ہوئیِا
ہرِ ہرِ منِ وُٹھا ॥4॥ 12 ॥ 19 ॥

ਆਸਾ ਮਹਲਾ ੪ ॥

آسا محلا 4 ॥

ਜਿਨ੍ਾ ਭੇਟਿਆ ਮੇਰਾ ਪੂਰਾ ਸਤਿਗੁਰੂ
ਤਿਨ ਹਰਿ ਨਾਮੁ ਦ੍ਰਿੜਾਵੈ ਰਾਮ ਰਾਜੇ ॥

جِنّہا بھیٹِیا میرا پوُرا ستِگُرُوُ
تِن ہرِ نامُ دّرِڑاوےَ رام راجے ۔ ॥

ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ
ਜੋ ਹਰਿ ਨਾਮੁ ਧਿਆਵੈ ॥

تِس کی تّرِسنا بھُکھ سبھ اُترےَ
جو ہرِ نامُ دھِیاوےَ ॥

ਜੋ ਹਰਿ ਹਰਿ ਨਾਮੁ ਧਿਆਇਦੇ
ਤਿਨ੍ ਜਮੁ ਨੇੜਿ ਨ ਆਵੈ ॥

جو ہرِ ہرِ نامُ دھیائِدے
تِنّہ جمُ نیڑِ ن آوے ॥

ਜਨ ਨਾਨਕ ਕਉ ਹਰਿ ਕ੍ਰਿਪਾ ਕਰਿ
ਨਿਤ ਜਪੈ ਹਰਿ ਨਾਮੁ ਹਰਿ ਨਾਮਿ ਤਰਾਵੈ ॥੧॥

جن نانک ک ءُ ہرِ کرِپا کرِ
نِت جپے ہرِ نامُ ہرِ نامِ تراوے ॥1॥

ਜਿਨੀ ਗੁਰਮੁਖਿ ਨਾਮੁ ਧਿਆਇਆ
ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ ॥

جِنی گُرمُکھِ نامُ دھیائیا
تِنا پھِرِ بِگھنُ ن ہوئی رام راجے ۔ ॥

ਜਿਨੀ ਸਤਿਗੁਰੁ ਪੁਰਖੁ ਮਨਾਇਆ
ਤਿਨ ਪੂਜੇ ਸਭੁ ਕੋਈ ॥

جِنی ستِگُرُ پُرکھُ منائیا
تِن پُوجے سبھُ کوئی ॥

ਜਿਨ੍ੀ ਸਤਿਗੁਰੁ ਪਿਆਰਾ ਸੇਵਿਆ
ਤਿਨ੍ਾ ਸੁਖੁ ਸਦ ਹੋਈ ॥

جِنّہی ستِگُرُ پِیارا سیویا
تِنّہا سُکھُ سد ہوئی ॥

ਜਿਨ੍ਾ ਨਾਨਕੁ ਸਤਿਗੁਰੁ ਭੇਟਿਆ
ਤਿਨ੍ਾ ਮਿਲਿਆ ਹਰਿ ਸੋਈ ॥੨॥

جِنّہا نانکُ ستِگُرُ بھیٹیا
تِنّہا مِلیا ہرِ سوئی ॥2॥

ਜਿਨ੍ਾ ਅੰਤਰਿ ਗੁਰਮੁਖਿ ਪ੍ਰੀਤਿ ਹੈ
ਤਿਨ੍ ਹਰਿ ਰਖਣਹਾਰਾ ਰਾਮ ਰਾਜੇ ॥

جِنّہا انترِ گُرمُکھِ پّریتِ ہے
تِنّہ ہرِ رکھنّہارا رام راجے ۔ ॥

ਤਿਨ੍ ਕੀ ਨਿੰਦਾ ਕੋਈ ਕਿਆ ਕਰੇ
ਜਿਨ੍ ਹਰਿ ਨਾਮੁ ਪਿਆਰਾ ॥

تِنّہ کی نِندا کوئی کِیا کرے
جِنّہ ہرِ نامُ پِیارا ॥

ਜਿਨ ਹਰਿ ਸੇਤੀ ਮਨੁ ਮਾਨਿਆ
ਸਭ ਦੁਸਟ ਝਖ ਮਾਰਾ ॥

جِن ہرِ سیتی منُ مانِیا
سبھ دُسٹ جھکھ مارا ॥

ਜਨ ਨਾਨਕ ਨਾਮੁ ਧਿਆਇਆ
ਹਰਿ ਰਖਣਹਾਰਾ ॥੩॥

جن نانک نامُ دھیائِیا
ہرِ رکھنّہارا ॥3॥

ਹਰਿ ਜੁਗੁ ਜੁਗੁ ਭਗਤ ਉਪਾਇਆ
ਪੈਜ ਰਖਦਾ ਆਇਆ ਰਾਮ ਰਾਜੇ ॥

ہرِ جُگُ جُگُ بھگت اُپائِیا
پیَج رکھدا آئِیا رام راجے ۔ ॥

ਹਰਣਾਖਸੁ ਦੁਸਟੁ ਹਰਿ ਮਾਰਿਆ
ਪ੍ਰਹਲਾਦੁ ਤਰਾਇਆ ॥

ہرٹاکھسُ دُسٹُ ہرِ مارِیا
پّرہلادُ ترائِیا ॥

ਅਹੰਕਾਰੀਆ ਨਿੰਦਕਾ ਪਿਠਿ ਦੇਇ
ਨਾਮਦੇਉ ਮੁਖਿ ਲਾਇਆ ॥

اہنکارِیا نِندکا پِٹھِ دے ءِ

نامدی ءُ مُکھِ لائیا ॥

ਜਨ ਨਾਨਕ ਐਸਾ ਹਰਿ ਸੇਵਿਆ
ਅੰਤਿ ਲਏ ਛਡਾਇਆ ॥੪॥੧੩॥੨੦॥

جن نانک ایَسا ہرِ سیویا
انّتِ لۓ چھڈائیا ॥4॥ 13 ॥ 20 ॥

ਆਸਾ ਮਹਲਾ ੪ ਛੰਤ ਘਰੁ ੫

آسا محلا 4 چھنّت گھرُ 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਮੇਰੇ ਮਨ ਪਰਦੇਸੀ ਵੇ ਪਿਆਰੇ
ਆਉ ਘਰੇ ॥

میرے من پردیسی وے پِیارے
آءُ گھرے ॥

ਹਰਿ ਗੁਰੂ ਮਿਲਾਵਹੁ ਮੇਰੇ ਪਿਆਰੇ
ਘਰਿ ਵਸੈ ਹਰੇ ॥

ہرِ گُرُو مِلاوہُ میرے پِیارے
گھرِ وسےَ ہرے ॥

ਰੰਗਿ ਰਲੀਆ ਮਾਣਹੁ ਮੇਰੇ ਪਿਆਰੇ
ਹਰਿ ਕਿਰਪਾ ਕਰੇ ॥

رنگِ رلِیا ماٹہُ میرے پِیارے
ہرِ کِرپا کرے ॥

ਗੁਰੁ ਨਾਨਕੁ ਤੁਠਾ ਮੇਰੇ ਪਿਆਰੇ
ਮੇਲੇ ਹਰੇ ॥੧॥

گُرُ نانکُ تُٹھا میرے پِیارے
میلے ہرے ॥1॥

ਮੈ ਪ੍ਰੇਮੁ ਨ ਚਾਖਿਆ ਮੇਰੇ ਪਿਆਰੇ
ਭਾਉ ਕਰੇ ॥

مےَ پرّیمُ ن چاکھِیا میرے پِیارے
بھاءُ کرے ॥

ਮਨਿ ਤ੍ਰਿਸਨਾ ਨ ਬੁਝੀ ਮੇਰੇ ਪਿਆਰੇ
ਨਿਤ ਆਸ ਕਰੇ ॥

منِ ترّسنا ن بُجھی میرے پِیارے
نِت آس کرے ॥

ਨਿਤ ਜੋਬਨੁ ਜਾਵੈ ਮੇਰੇ ਪਿਆਰੇ
ਜਮੁ ਸਾਸ ਹਿਰੇ ॥

نِت جوبنُ جاوےَ میرے پِیارے
جمُ ساس ہِرے ॥

ਭਾਗ ਮਣੀ ਸੋਹਾਗਣਿ ਮੇਰੇ ਪਿਆਰੇ
ਨਾਨਕ ਹਰਿ ਉਰਿ ਧਾਰੇ ॥੨॥

بھاگ منّی سوہاگنِ میرے پِیارے
نانک ہرِ اُرِ دھارے ॥2॥

ਪਿਰ ਰਤਿਅੜੇ ਮੈਡੇ ਲੋਇਣ ਮੇਰੇ ਪਿਆਰੇ
ਚਾਤ੍ਰਿਕ ਬੂੰਦ ਜਿਵੈ ॥

پِر رتِیڑے میڈے لوئنٹ میرے پِیارے
چاتّرِک بوُنّد جِوےَ ॥

ਮਨੁ ਸੀਤਲੁ ਹੋਆ ਮੇਰੇ ਪਿਆਰੇ
ਹਰਿ ਬੂੰਦ ਪੀਵੈ ॥

منُ سِیتلُ ہویا میرے پِیارے
ہرِ بوُنّد پِیوےَ ॥

ਤਨਿ ਬਿਰਹੁ ਜਗਾਵੈ ਮੇਰੇ ਪਿਆਰੇ
ਨੀਦ ਨ ਪਵੈ ਕਿਵੈ ॥

ہرِ سجنُ لدھا میرے پیارے
نانک گُروُ لِوے ॥3॥

ਹਰਿ ਸਜਣੁ ਲਧਾ ਮੇਰੇ ਪਿਆਰੇ
ਨਾਨਕ ਗੁਰੂ ਲਿਵੈ ॥੩॥

ਚੜਿ ਚੇਤੁ ਬਸੰਤੁ ਮੇਰੇ ਪਿਆਰੇ
ਭਲੀਅ ਰੁਤੇ ॥

چڑِ چیتُ بسنّتُ میرے پیارے
بھلیء رُتے ॥

ਪਿਰ ਬਾਝੜਿਅਹੁ ਮੇਰੇ ਪਿਆਰੇ
ਆਗਣਿ ਧੂੜਿ ਲੁਤੇ ॥

پِر باجھڑِیہُ میرے پیارے
آگنِ دھوُڑِ لُتے ॥

ਮਨਿ ਆਸ ਉਡੀਣੀ ਮੇਰੇ ਪਿਆਰੇ
ਦੁਇ ਨੈਨ ਜੁਤੇ ॥

منِ آس اُڈیِنّی میرے پیارے
دُءِ نین جُتے ॥

ਗੁਰ ਨਾਨਕੁ ਦੇਖਿ ਵਿਗਸੀ ਮੇਰੇ ਪਿਆਰੇ
ਜਿਉ ਮਾਤ ਸੁਤੇ ॥੪॥

گُر نانکُ دیکھِ وِگسی میرے پیارے
جِءُ مات سُتے ॥4॥

ਹਰਿ ਕੀਆ ਕਥਾ ਕਹਾਣੀਆ ਮੇਰੇ ਪਿਆਰੇ
ਸਤਿਗੁਰੂ ਸੁਣਾਈਆ ॥

ہرِ کیِیا کتھا کہاٹیِیا میرے پیارے
ستِگُروُ سُٹائیِیا ॥

ਗੁਰ ਵਿਟੜਿਅਹੁ ਹਉ ਘੋਲੀ ਮੇਰੇ ਪਿਆਰੇ
ਜਿਨਿ ਹਰਿ ਮੇਲਾਈਆ ॥

گُر وِٹڑِیہُ ہءُ گھولی میرے پیارے
جِنِ ہرِ میلائیِیا ॥

ਸਭਿ ਆਸਾ ਹਰਿ ਪੂਰੀਆ ਮੇਰੇ ਪਿਆਰੇ
ਮਨਿ ਚਿੰਦਿਅੜਾ ਫਲੁ ਪਾਇਆ ॥

سبھِ آسا ہرِپوُرِیا میرے پیارے
منِ چِنّدِئڑا پھلُ پائیا ॥

ਹਰਿ ਤੁਠੜਾ ਮੇਰੇ ਪਿਆਰੇ
ਜਨੁ ਨਾਨਕੁ ਨਾਮਿ ਸਮਾਇਆ ॥੫॥

ہرِ تُٹھڑا میرے پیارے
جنُ نانکُ نامِ سمائیِا ॥5॥

ਪਿਆਰੇ ਹਰਿ ਬਿਨੁ ਪ੍ਰੇਮੁ ਨ ਖੇਲਸਾ ॥

پیارے ہرِ بِنُ پریمُ ن کھیلسا ॥

ਕਿਉ ਪਾਈ ਗੁਰੁ ਜਿਤੁ ਲਗਿ ਪਿਆਰਾ ਦੇਖਸਾ ॥

کِءُ پائی گُرُ جِتُ لگِ پیارا دیکھسا ॥

ਹਰਿ ਦਾਤੜੇ ਮੇਲਿ ਗੁਰੂ
ਮੁਖਿ ਗੁਰਮੁਖਿ ਮੇਲਸਾ ॥

ہرِ داتڑے میلِ گُروُ
مُکھِ گُرمُکھِ میلسا ॥

ਗੁਰੁ ਨਾਨਕੁ ਪਾਇਆ ਮੇਰੇ ਪਿਆਰੇ

گُرُ نانکُ پائیِا میرے پیارے

ਧੁਰਿ ਮਸਤਕਿ ਲੇਖੁ ਸਾ ॥੬॥੧੪॥੨੧॥

دھُرِ مستکِ لیکھُ سا ॥6॥ 14 ॥ 21 ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਰਾਗੁ ਆਸਾ ਮਹਲਾ ੫ ਛੰਤ ਘਰੁ ੧ ॥

راگُ آسا محلا 5 چھنّت گھرُ 1 ॥

ਅਨਦੋ ਅਨਦੁ ਘਣਾ
ਮੈ ਸੋ ਪ੍ਰਭੁ ਡੀਠਾ ਰਾਮ ॥

اندو اندُ گھٹا
مے سو پربھُ ڈیٹھا رام ॥

ਚਾਖਿਅੜਾ ਚਾਖਿਅੜਾ
ਮੈ ਹਰਿ ਰਸੁ ਮੀਠਾ ਰਾਮ ॥

چاکھِئڑا چاکھِئڑا
مے ہرِ رسُ میٹھا رام ॥

ਹਰਿ ਰਸੁ ਮੀਠਾ ਮਨ ਮਹਿ ਵੂਠਾ
ਸਤਿਗੁਰੁ ਤੂਠਾ ਸਹਜੁ ਭਇਆ ॥

ہرِ رسُ میٹھا من مہِ ووُٹھا
ستِگُرُ توُٹھا سہجُ بھئیا ॥

ਗ੍ਰਿਹੁ ਵਸਿ ਆਇਆ ਮੰਗਲੁ ਗਾਇਆ
ਪੰਚ ਦੁਸਟ ਓਇ ਭਾਗਿ ਗਇਆ ॥

گرِہُ وسِ آئیا منگلُ گائیا
پنچ دُسٹ اوءِ بھاگِ گئیا ॥

ਸੀਤਲ ਆਘਾਣੇ ਅੰਮ੍ਰਿਤ ਬਾਣੇ
ਸਾਜਨ ਸੰਤ ਬਸੀਠਾ ॥

سیِتل اگھانے انمّرِت بانے
ساجن سنّت بسیٹھا ॥

ਕਹੁ ਨਾਨਕ ਹਰਿ ਸਿਉ ਮਨੁ ਮਾਨਿਆ
ਸੋ ਪ੍ਰਭੁ ਨੈਣੀ ਡੀਠਾ ॥੧॥

کہُ نانک ہرِ سِءُ منُ مانِیا
سو پربھُ نینئی ڈیٹھا ॥1॥

ਸੋਹਿਅੜੇ ਸੋਹਿਅੜੇ
ਮੇਰੇ ਬੰਕ ਦੁਆਰੇ ਰਾਮ ॥

سوہِئڑے سوہِئڑے
میرے بنک دُیارے رام ॥

ਪਾਹੁਨੜੇ ਪਾਹੁਨੜੇ
ਮੇਰੇ ਸੰਤ ਪਿਆਰੇ ਰਾਮ ॥

پاہُنڑے پاہُنڑے
میرے سنّت پِیارے رام ॥

ਸੰਤ ਪਿਆਰੇ ਕਾਰਜ ਸਾਰੇ
ਨਮਸਕਾਰ ਕਰਿ ਲਗੇ ਸੇਵਾ ॥

سنّت پِیارے کارج سارے
نمسکار کرِ لگے سیوا ॥

ਆਪੇ ਜਾਵੀ ਆਪੇ ਮਾਵੀ
ਆਪਿ ਸੁਆਮੀ ਆਪਿ ਦੇਵਾ ॥

آپے جاجی آپے ماجی
آپِ سُیامی آپِ دیوا ॥

ਅਪਣਾ ਕਾਰਜੁ ਆਪਿ ਸਵਾਰੇ
ਆਪੇ ਧਾਰਨ ਧਾਰੇ ॥

اپنّا کارجُ آپِ سوارے
آپے دھارن دھارے ॥

ਕਹੁ ਨਾਨਕ ਸਹੁ ਘਰ ਮਹਿ ਬੈਠਾ
ਸੋਹੇ ਬੰਕ ਦੁਆਰੇ ॥੨॥

کہُ نانک سہُ گھر مہِ بیٹھا
سوہے بنک دُیارے ॥2॥

ਨਵ ਨਿਧੇ ਨਉ ਨਿਧੇ
ਮੇਰੇ ਘਰ ਮਹਿ ਆਈ ਰਾਮ ॥

نو نِدھے ن ءُ نِدھے
میرے گھر مہِ آئی رام ॥

ਸਭੁ ਕਿਛੁ ਮੈ ਸਭੁ ਕਿਛੁ ਪਾਇਆ
ਨਾਮੁ ਧਿਆਈ ਰਾਮ ॥

سبھُ کِچھُ مے َ سبھُ کِچھُ پائِیا
نامُ دھِیائی رام ॥

ਨਾਮੁ ਧਿਆਈ ਸਦਾ ਸਖਾਈ
ਸਹਜ ਸੁਭਾਈ ਗੋਵਿੰਦਾ ॥

نامُ دھِیائی سدا سکھائی
سہج سُبھائی گووِنّدا ॥

ਗਣਤ ਮਿਟਾਈ ਚੂਕੀ ਧਾਈ
ਕਦੇ ਨ ਵਿਆਪੈ ਮਨ ਚਿੰਦਾ ॥

گنّت مِٹائی چوُکی دھائی
کدے ن وِیاپے من چِنّدا ॥

ਗੋਵਿੰਦ ਗਾਜੇ ਅਨਹਦ ਵਾਜੇ
ਅਚਰਜ ਸੋਭ ਬਣਾਈ ॥

گووِنّد گاجے انہد واجے
اچرج سوبھ بنّائی ॥

ਕਹੁ ਨਾਨਕ ਪਿਰੁ ਮੇਰੈ ਸੰਗੇ
ਤਾ ਮੈ ਨਵ ਨਿਧਿ ਪਾਈ ॥੩॥

کہُ نانک پِرُ میرے سنگے
تا مے َ نو نِدھِ پائی ॥3॥

ਸਰਸਿਅੜੇ ਸਰਸਿਅੜੇ
ਮੇਰੇ ਭਾਈ ਸਭ ਮੀਤਾ ਰਾਮ ॥

سرسِئڑے سرسِئڑے
میرے بھائی سبھ مِیتا رام ॥

ਬਿਖਮੋ ਬਿਖਮੁ ਅਖਾੜਾ
ਮੈ ਗੁਰ ਮਿਲਿ ਜੀਤਾ ਰਾਮ ॥

بِکھمو بِکھمُ اکھاڑا
مے َ گُر مِلِ جِیتا رام ॥

ਗੁਰ ਮਿਲਿ ਜੀਤਾ ਹਰਿ ਹਰਿ ਕੀਤਾ
ਤੂਟੀ ਭੀਤਾ ਭਰਮ ਗੜਾ ॥

گُر مِلِ جِیتا ہرِ ہرِ کِیتا
توُٹی بھِیتا بھرم گڑا ॥

ਪਾਇਆ ਖਜਾਨਾ ਬਹੁਤੁ ਨਿਧਾਨਾ
ਸਾਣਥ ਮੇਰੀ ਆਪਿ ਖੜਾ ॥

پائِیا خزانا بہُتُ نِدھانا
ساتھ میری آپِ کھڑا ॥

ਸੋਈ ਸੁਗਿਆਨਾ ਸੋ ਪਰਧਾਨਾ
ਜੋ ਪ੍ਰਭਿ ਅਪਨਾ ਕੀਤਾ ॥

سوئی سُگیانا سو پردھانا
جو پ٘ربھِ اپنا کِیتا ॥

ਕਹੁ ਨਾਨਕ ਜਾਂ ਵਲਿ ਸੁਆਮੀ
ਤਾ ਸਰਸੇ ਭਾਈ ਮੀਤਾ ॥੪॥੧॥

کہُ نانک جاں ولِ سُیامی

تا سرسے بھائی بِتا ॥4॥1॥

ਆਸਾ ਮਹਲਾ ੫ ॥

آسا محلا 5 ॥

ਅਕਥਾ ਹਰਿ ਅਕਥ ਕਥਾ
ਕਿਛੁ ਜਾਇ ਨ ਜਾਣੀ ਰਾਮ ॥

اکتھا ہرِ اکتھ کتھا
کِچھُ جاءِ ن جانٹی رام ॥

ਸੁਰਿ ਨਰ ਸੁਰਿ ਨਰ ਮੁਨਿ ਜਨ
ਸਹਜਿ ਵਖਾਣੀ ਰਾਮ ॥

سُرِ نر سُرِ نر مُنِ جن
سہجِ وکھانٹی رام ॥

ਸਹਜੇ ਵਖਾਣੀ ਅਮਿਉ ਬਾਣੀ
ਚਰਣ ਕਮਲ ਰੰਗੁ ਲਾਇਆ ॥

سہجے وکھانٹی امِءُ بانٹی
چرنٹ کمل رنگُ لائیا ॥

ਜਪਿ ਏਕੁ ਅਲਖੁ ਪ੍ਰਭੁ ਨਿਰੰਜਨੁ
ਮਨ ਚਿੰਦਿਆ ਫਲੁ ਪਾਇਆ ॥

جپِ ایکُ الکھُ پربھُ نِرنجنُ
من چِنّدیا پھلُ پائیا ॥

ਤਜਿ ਮਾਨੁ ਮੋਹੁ ਵਿਕਾਰੁ ਦੂਜਾ
ਜੋਤੀ ਜੋਤਿ ਸਮਾਣੀ ॥

تجِ مانُ موہُ وِکارُ دوُجا
جوتی جوتِ سمانٹی ॥

ਬਿਨਵੰਤਿ ਨਾਨਕ ਗੁਰ ਪ੍ਰਸਾਦੀ
ਸਦਾ ਹਰਿ ਰੰਗੁ ਮਾਣੀ ॥੧॥

بِنونتِ نانک گُر پرسادی
سدا ہرِ رنگُ مانٹی ॥1॥

ਹਰਿ ਸੰਤਾ ਹਰਿ ਸੰਤ ਸਜਨ
ਮੇਰੇ ਮੀਤ ਸਹਾਈ ਰਾਮ ॥

ہرِ سنتّا ہرِ سنت سجن
میرے میت سہائی رام ॥

ਵਡਭਾਗੀ ਵਡਭਾਗੀ
ਸਤਸੰਗਤਿ ਪਾਈ ਰਾਮ ॥

وڈبھاگی وڈبھاگی
ستسنگتِ پائی رام ॥

ਵਡਭਾਗੀ ਪਾਏ ਨਾਮੁ ਧਿਆਏ
ਲਾਥੇ ਦੂਖ ਸੰਤਾਪੈ ॥

وڈبھاگی پائے نامُ دھیائے
لاتھے دوُکھ سنتّاپے ॥

ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ
ਆਪੁ ਮਿਟਾਇਆ ਆਪੈ ॥

گُر چرنٹی لاگے بھرم بھءُ بھاگے
آپُ مِٹائیا آپے ॥

ਕਰਿ ਕਿਰਪਾ ਮੇਲੇ ਪ੍ਰਭਿ ਅਪੁਨੈ
ਵਿਛੁੜਿ ਕਤਹਿ ਨ ਜਾਈ ॥

کرِ کرپا میلے پربھِ اپُنے
وِچھُڑِ کتہِ ن جائی ॥

ਬਿਨਵੰਤਿ ਨਾਨਕ ਦਾਸੁ ਤੇਰਾ

بِنونتِ نانک داسُ تیرا

ਸਦਾ ਹਰਿ ਸਰਣਾਈ ॥੨॥

سدا ہرِ سرٹائی ॥2॥

ਹਰਿ ਦਰੇ ਹਰਿ ਦਰਿ ਸੋਹਨਿ
ਤੇਰੇ ਭਗਤ ਪਿਆਰੇ ਰਾਮ ॥

ہرِ درے ہرِ درِ سوہنِ
تیرے بھگت پِیارے رام ॥

ਵਾਰੀ ਤਿਨ ਵਾਰੀ ਜਾਵਾ
ਸਦ ਬਲਿਹਾਰੇ ਰਾਮ ॥

واری تِن واری جاوا
سد بلِہارے رام ॥

ਸਦ ਬਲਿਹਾਰੇ ਕਰਿ ਨਮਸਕਾਰੇ
ਜਿਨ ਭੇਟਤ ਪ੍ਰਭੁ ਜਾਤਾ ॥

سد بلِہارے کرِ نمسکارے
جِن بھیٹت پربھُ جاتا ॥

ਘਟਿ ਘਟਿ ਰਵਿ ਰਹਿਆ ਸਭ ਥਾਈ
ਪੂਰਨ ਪੁਰਖੁ ਬਿਧਾਤਾ ॥

گھٹِ گھٹِ روِ رہِیا سبھ تھائی
پُورن پُرکھُ بِدھاتا ॥

ਗੁਰੁ ਪੂਰਾ ਪਾਇਆ ਨਾਮੁ ਧਿਆਇਆ
ਜੂਐ ਜਨਮੁ ਨ ਹਾਰੇ ॥

گُرُ پُورا پائیا نامُ دھیائیا
جُوئے جنمُ ن ہارے ॥

ਬਿਨਵੰਤਿ ਨਾਨਕ ਸਰਣਿ ਤੇਰੀ
ਰਾਖੁ ਕਿਰਪਾ ਧਾਰੇ ॥੩॥

بِنونتِ نانک سرنِ تیری
راکھُ کِرپا دھارے ॥3॥

ਬੇਅੰਤਾ ਬੇਅੰਤ ਗੁਣ ਤੇਰੇ
ਕੇਤਕ ਗਾਵਾ ਰਾਮ ॥

بیئنتا بیئنت گُن تیرے
کیتک گاوا رام ॥

ਤੇਰੇ ਚਰਣਾ ਤੇਰੇ ਚਰਣ ਧੂੜਿ
ਵਡਭਾਗੀ ਪਾਵਾ ਰਾਮ ॥

تیرے چرٹا تیرے چرن دھوُڑِ
وڈبھاگی پاوا رام ॥

ਹਰਿ ਧੂੜੀ ਨ੍ਹਾਈਐ ਮੈਲੁ ਗਵਾਈਐ
ਜਨਮ ਮਰਣ ਦੁਖ ਲਾਥੇ ॥

ہرِ دھوُڑی نہائیئے میَلُ گوائیئے
جنم مرن دُکھ لاتھے ॥

ਅੰਤਰਿ ਬਾਹਰਿ ਸਦਾ ਹਦੂਰੇ
ਪਰਮੇਸਰੁ ਪ੍ਰਭੁ ਸਾਥੇ ॥

انترِ باہرِ سدا حدوُرے
پرمیسرُ پربھُ ساتھے ॥

ਮਿਟੇ ਦੂਖ ਕਲਿਆਣ ਕੀਰਤਨ
ਬਹੁੜਿ ਜੋਨਿ ਨ ਪਾਵਾ ॥

مِٹے دوُکھ کلیانٹ کیرتن
بہُڑِ جونِ ن پاوا ॥

ਬਿਨਵੰਤਿ ਨਾਨਕ ਗੁਰ ਸਰਣਿ ਤਰੀਐ
ਆਪਣੇ ਪ੍ਰਭ ਭਾਵਾ ॥੪॥੨॥

بِنونتِ نانک گُر سرنِ تریئے
آپنے پربھ بھاوا ॥4॥2॥

ਆਸਾ ਛੰਤ ਮਹਲਾ ੫ ਘਰੁ ੪

آسا چھنّت محلا 5 گھرُ 4

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਹਰਿ ਚਰਨ ਕਮਲ ਮਨੁ ਬੇਧਿਆ
ਕਿਛੁ ਆਨ ਨ ਮੀਠਾ ਰਾਮ ਰਾਜੇ ॥

ہرِ چرن کمل منُ بیدھِیا
کِچھُ آن ن میٹھا رام راجے ۔ ॥

ਮਿਲਿ ਸੰਤਸੰਗਤਿ ਆਰਾਧਿਆ
ਹਰਿ ਘਟਿ ਘਟੇ ਡੀਠਾ ਰਾਮ ਰਾਜੇ ॥

مِلِ سنتسنگتِ آرادھِیا
ہرِ گھٹِ گھٹے ڈیٹھا رام راجے ۔ ॥

ਹਰਿ ਘਟਿ ਘਟੇ ਡੀਠਾ ਅੰਮ੍ਰਿਤੋ ਵੂਠਾ
ਜਨਮ ਮਰਨ ਦੁਖ ਨਾਠੇ ॥

ہرِ گھٹِ گھٹے ڈیٹھا انمّرِتو ووُٹھا
جنم مرن دُکھ ناٹھے ॥

ਗੁਣ ਨਿਧਿ ਗਾਇਆ ਸਭ ਦੂਖ ਮਿਟਾਇਆ
ਹਉਮੈ ਬਿਨਸੀ ਗਾਠੇ ॥

گُن نِدھِ گائیا سبھ دوُکھ مِٹائیا
ہئُمے بِنسی گاٹھے ॥

ਪ੍ਰਿਉ ਸਹਜ ਸੁਭਾਈ ਛੋਡਿ ਨ ਜਾਈ
ਮਨਿ ਲਾਗਾ ਰੰਗੁ ਮਜੀਠਾ ॥

پرِءُ سہج سُبھائی چھوڈِ ن جائی
منِ لاگا رنگُ مجیٹھا ॥

ਹਰਿ ਨਾਨਕ ਬੇਧੇ ਚਰਨ ਕਮਲ
ਕਿਛੁ ਆਨ ਨ ਮੀਠਾ ॥੧॥

ہرِ نانک بیدھے چرن کمل
کِچھُ آن ن میٹھا ॥1॥

ਜਿਉ ਰਾਤੀ ਜਲਿ ਮਾਛੁਲੀ
ਤਿਉ ਰਾਮ ਰਸਿ ਮਾਤੇ ਰਾਮ ਰਾਜੇ ॥

جِءُ راتی جلِ ماچھُلی
تِءُ رام رسِ ماتے رام راجے ۔ ॥

ਗੁਰ ਪੂਰੈ ਉਪਦੇਸਿਆ
ਜੀਵਨ ਗਤਿ ਭਾਤੇ ਰਾਮ ਰਾਜੇ ॥

گُر پوُرے اُپدیسِیا
جیِون گتِ بھاتے رام راجے ۔ ॥

ਜੀਵਨ ਗਤਿ ਸੁਆਮੀ ਅੰਤਰਜਾਮੀ
ਆਪਿ ਲੀਏ ਲੜਿ ਲਾਏ ॥

جیِون گتِ سُیامی انترجامی
آپِ لیِئے لڑِ لائے ॥

ਹਰਿ ਰਤਨ ਪਦਾਰਥੋ ਪਰਗਟੋ ਪੂਰਨੋ
ਛੋਡਿ ਨ ਕਤਹੂ ਜਾਏ ॥

ہرِ رتن پدارتھو پرگٹو پوُرنو
چھوڈِ ن کتہوُ جائے ॥

ਪ੍ਰਭੁ ਸੁਘਰੁ ਸਰੂਪੁ ਸੁਜਾਨੁ ਸੁਆਮੀ
ਤਾ ਕੀ ਮਿਟੈ ਨ ਦਾਤੇ ॥

پربھُ سُگھڑ سروُپُ سُجانُ سُیامی
تا کی مِٹے ن داتے ॥

ਜਲ ਸੰਗਿ ਰਾਤੀ ਮਾਛੁਲੀ

جل سنگِ راتی ماچھُلی

ਨਾਨਕ ਹਰਿ ਮਾਤੇ ॥੨॥

نانک ہرِ ماتے ॥2॥

ਚਾਤ੍ਰਿਕੁ ਜਾਚੈ ਬੂੰਦ ਜਿਉ
ਹਰਿ ਪ੍ਰਾਨ ਅਧਾਰਾ ਰਾਮ ਰਾਜੇ ॥

چاتّرِکُ جاچےَ بُوُنّد جِءُ
ہرِ پّران ادھارا رام راجے ۔ ॥

ਮਾਲੁ ਖਜੀਨਾ ਸੁਤ ਭ੍ਰਾਤ ਮੀਤ
ਸਭਹੂੰ ਤੇ ਪਿਆਰਾ ਰਾਮ ਰਾਜੇ ॥

مالُ خزِینا سُت بھّرات مِیت
سبھہُوُنّ تے پِیارا رام راجے ۔ ॥

ਸਭਹੂੰ ਤੇ ਪਿਆਰਾ ਪੁਰਖੁ ਨਿਰਾਰਾ
ਤਾ ਕੀ ਗਤਿ ਨਹੀ ਜਾਣੀਐ ॥

سبھہُوُنّ تے پِیارا پُرکھُ نِرارا
تا کی گتِ نہی جانیئےَ ॥

ਹਰਿ ਸਾਸਿ ਗਿਰਾਸਿ ਨ ਬਿਸਰੈ ਕਬਹੂੰ
ਗੁਰ ਸਬਦੀ ਰੰਗੁ ਮਾਣੀਐ ॥

ہرِ ساسِ گِراسِ ن بِسرے کبہُوُنّ
گُر سبدی رنگُ مانیئےَ ॥

ਪ੍ਰਭੁ ਪੁਰਖੁ ਜਗਜੀਵਨੋ ਸੰਤ ਰਸੁ ਪੀਵਨੋ
ਜਪਿ ਭਰਮ ਮੋਹ ਦੁਖ ਡਾਰਾ ॥

پّربھُ پُرکھُ جگجیونو سنّت رسُ پِیونو
جپِ بھرم موہ دُکھ ڈارا ॥

ਚਾਤ੍ਰਿਕੁ ਜਾਚੈ ਬੂੰਦ ਜਿਉ
ਨਾਨਕ ਹਰਿ ਪਿਆਰਾ ॥੩॥

چاتّرِکُ جاچےَ بُوُنّد جِءُ
نانک ہرِ پِیارا ॥3॥

ਮਿਲੇ ਨਰਾਇਣ ਆਪਣੇ
ਮਾਨੋਰਥੋ ਪੂਰਾ ਰਾਮ ਰਾਜੇ ॥

مِلے نرائنُ آپنے
مانورتھو پُورا رام راجے ۔ ॥

ਢਾਠੀ ਭੀਤਿ ਭਰੰਮ ਕੀ
ਭੇਟਤ ਗੁਰੁ ਸੂਰਾ ਰਾਮ ਰਾਜੇ ॥

ڈھاٹھی بھِیتِ بھرنّم کی
بھیٹت گُرُ سُورا رام راجے ۔ ॥

ਪੂਰਨ ਗੁਰ ਪਾਏ ਪੁਰਬਿ ਲਿਖਾਏ
ਸਭ ਨਿਧਿ ਦੀਨ ਦਇਆਲਾ ॥

پُورن گُر پائے پُربِ لِکھائے
سبھ نِدھِ دِین دیَیالا ॥

ਆਦਿ ਮਧਿ ਅੰਤਿ ਪ੍ਰਭੁ ਸੋਈ
ਸੁੰਦਰ ਗੁਰ ਗੋਪਾਲਾ ॥

آدِ مدھِ انّتِ پّربھُ سوئی
سُنّدر گُر گوپالا ॥

ਸੂਖ ਸਹਜ ਆਨੰਦ ਘਨੇਰੇ
ਪਤਿਤ ਪਾਵਨ ਸਾਧੂ ਧੂਰਾ ॥

سُوُکھ سہج آنند گھنیرے
پتِت پاون سادھوُ دھوُرا ॥

ਹਰਿ ਮਿਲੇ ਨਰਾਇਣ ਨਾਨਕਾ
ਮਾਨੋਰਥੋ ਪੂਰਾ ॥੪॥੧॥੩॥

ہرِ مِلے نرائنُ نانکا
مانورتھو پُورا ॥4॥1॥3॥

ਆਸਾ ਮਹਲਾ ੫ ਛੰਤ ਘਰੁ ੬

آسا محلا 5 چھنت گھرُ 6

੧ੴ ਸਤਿਗੁਰ ਪ੍ਰਸਾਦਿ ॥

۱ۓ ستِگُر پرسادِ ॥

ਸਲੋਕੁ ॥

سلوکُ ॥

ਜਾ ਕਉ ਭਏ ਕ੍ਰਿਪਾਲ ਪ੍ਰਭ
ਹਰਿ ਹਰਿ ਸੇਈ ਜਪਾਤ ॥

جا کءُ بھئے کرِپال پربھ
ہرِ ہرِ سیئی جپات ॥

ਨਾਨਕ ਪ੍ਰੀਤਿ ਲਗੀ ਤਿਨ੍ ਰਾਮ ਸਿਉ
ਭੇਟਤ ਸਾਧ ਸੰਗਾਤ ॥੧॥

نانک پریت لگی تِنہ رام سِءُ
بھیٹت سادھ سنگات ॥1॥

ਛੰਤੁ ॥

چھنتُ ॥

ਜਲ ਦੁਧ ਨਿਆਈ ਰੀਤਿ ਅਬ ਦੁਧ ਆਚ ਨਹੀ
ਮਨ ਐਸੀ ਪ੍ਰੀਤਿ ਹਰੇ ॥

جل دُدھ نِیائی ریتِ اب دُدھ آچ نہی
من ایَسی پریتِ ہرے ॥

ਅਬ ਉਰਝਿਓ ਅਲਿ ਕਮਲੇਹ ਬਾਸਨ ਮਾਹਿ ਮਗਨ
ਇਕੁ ਖਿਨੁ ਭੀ ਨਾਹਿ ਟਰੈ ॥

اب اُرجھِئو الِ کملیہ باسن ماہِ مگن
اِکُ کھِنُ بھی ناہِ ٹرے ॥

ਖਿਨੁ ਨਾਹਿ ਟਰੀਐ ਪ੍ਰੀਤਿ ਹਰੀਐ
ਸੀਗਾਰ ਹਭਿ ਰਸ ਅਰਪੀਐ ॥

کھِنُ ناہِ ٹریئے پریتِ ہریئے
سیِگار ہبھِ رس ارپیئے ॥

ਜਹ ਦੂਖੁ ਸੁਣੀਐ ਜਮ ਪੰਥੁ ਭਣੀਐ
ਤਹ ਸਾਧਸੰਗਿ ਨ ਡਰਪੀਐ ॥

جہ دوُکھُ سُنئیے جم پنتھُ بھنئیے
تہ سادھسنگِ ن ڈرپیئے ॥

ਕਰਿ ਕੀਰਤਿ ਗੋਵਿੰਦ ਗੁਣੀਐ
ਸਗਲ ਪ੍ਰਾਛਤ ਦੁਖ ਹਰੇ ॥

کرِ کیرتِ گووِند گُنئیے
سگل پراچھت دُکھ ہرے ॥

ਕਹੁ ਨਾਨਕ ਛੰਤ ਗੋਵਿੰਦ ਹਰਿ ਕੇ
ਮਨ ਹਰਿ ਸਿਉ ਨੇਹੁ ਕਰੇਹੁ ਐਸੀ ਮਨ ਪ੍ਰੀਤਿ ਹਰੇ ॥੧॥

کہُ نانک چھنت گووِند ہرِ کے
من ہرِ سِءُ نیہُ کریہُ ایَسی من پریتِ ہرے ॥1॥

ਜੈਸੀ ਮਛੁਲੀ ਨੀਰ
ਇਕੁ ਖਿਨੁ ਭੀ ਨਾ ਧੀਰੇ
ਮਨ ਐਸਾ ਨੇਹੁ ਕਰੇਹੁ ॥

جیَسی مچھُلی نیِر
اِکُ کھِنُ بھی نا دھیِرے
من ایَسا نیہُ کریہُ ॥

ਜੈਸੀ ਚਾਤ੍ਰਿਕ ਪਿਆਸ ਖਿਨੁ ਖਿਨੁ ਬੂੰਦ ਚਵੈ
ਬਰਸੁ ਸੁਹਾਵੇ ਮੇਹੁ ॥

جیَسی چاتّرِک پیِاس کھِنُ کھِنُ بوُنّد چوے
برسُ سُہاوے میہُ ॥

ਹਰਿ ਪ੍ਰੀਤਿ ਕਰੀਜੈ ਇਹੁ ਮਨੁ ਦੀਜੈ
ਅਤਿ ਲਾਈਐ ਚਿਤੁ ਮੁਰਾਰੀ ॥

ہرِ پرِیت کریجے اِہُ منُ دیجے
اتِ لائیئے چِتُ مُراری ॥

ਮਾਨੁ ਨ ਕੀਜੈ ਸਰਣਿ ਪਰੀਜੈ
ਦਰਸਨ ਕਉ ਬਲਿਹਾਰੀ ॥

مانُ ن کیجے سرنِ پریجے
درسن ک ءُ بلِہاری ॥

ਗੁਰ ਸੁਪ੍ਰਸੰਨੇ ਮਿਲੁ ਨਾਹ ਵਿਛੁੰਨੇ
ਧਨ ਦੇਦੀ ਸਾਚੁ ਸਨੇਹਾ ॥

گُر سُپرسنّنے مِلُ ناہ وِچھُنّنے
دھن دیدی ساچُ سنیہا ॥

ਕਹੁ ਨਾਨਕ ਛੰਤ ਅਨੰਤ ਠਾਕੁਰ ਕੇ
ਹਰਿ ਸਿਉ ਕੀਜੈ ਨੇਹਾ
ਮਨ ਐਸਾ ਨੇਹੁ ਕਰੇਹੁ ॥੨॥

کہُ نانک چھنّت اننّت ٹھاکُر کے
ہرِ سِ ءُ کیجے نیہا
من ایَسا نیہُ کریہُ ॥2॥

ਚਕਵੀ ਸੂਰ ਸਨੇਹੁ ਚਿਤਵੈ ਆਸ ਘਣੀ
ਕਦਿ ਦਿਨੀਅਰੁ ਦੇਖੀਐ ॥

چکوی سوُر سنیہُ چِتوے آس گھنی
کدِ دِنیئرُ دیکھیئے ॥

ਕੋਕਿਲ ਅੰਬ ਪਰੀਤਿ ਚਵੈ ਸੁਹਾਵੀਆ
ਮਨ ਹਰਿ ਰੰਗੁ ਕੀਜੀਐ ॥

کوکِل انّب پرِیت چوے سُہاویا
من ہرِ رنگُ کیجیئے ॥

ਹਰਿ ਪ੍ਰੀਤਿ ਕਰੀਜੈ ਮਾਨੁ ਨ ਕੀਜੈ
ਇਕ ਰਾਤੀ ਕੇ ਹਭਿ ਪਾਹੁਣਿਆ ॥

ہرِ پرِیت کریجے مانُ ن کیجے
اِک راتی کے ہبھِ پاہُنیا ॥

ਅਬ ਕਿਆ ਰੰਗੁ ਲਾਇਓ ਮੋਹੁ ਰਚਾਇਓ
ਨਾਗੇ ਆਵਣ ਜਾਵਣਿਆ ॥

اب کیا رنگُ لائیو موہُ رچائیو
ناگے آونُ جاونیا ॥

ਥਿਰੁ ਸਾਧੂ ਸਰਣੀ ਪੜੀਐ ਚਰਣੀ
ਅਬ ਟੂਟਸਿ ਮੋਹੁ ਜੁ ਕਿਤੀਐ ॥

تھِرُ سادھوُ سرنی پڑیئے چرنی
اب ٹوٹس موہُ جُ کِتیئے ॥

ਕਹੁ ਨਾਨਕ ਛੰਤ ਦਇਆਲ ਪੁਰਖ ਕੇ
ਮਨ ਹਰਿ ਲਾਇ ਪਰੀਤਿ
ਕਬ ਦਿਨੀਅਰੁ ਦੇਖੀਐ ॥੩॥

کہُ نانک چھنّت دئیال پُرکھ کے
من ہرِ لاءِ پرِیت
کب دِنیئرُ دیکھیئے ॥3॥

ਨਿਸਿ ਕੁਰੰਕ ਜੈਸੇ ਨਾਦ ਸੁਣਿ ਸ੍ਰਵਣੀ ਹੀਉ ਡਿਵੈ
ਮਨ ਐਸੀ ਪ੍ਰੀਤਿ ਕੀਜੈ ॥

ਜੈਸੀ ਤਰੁਣਿ ਭਤਾਰ ਉਰਝੀ ਪਿਰਹਿ ਸਿਵੈ
ਇਹੁ ਮਨੁ ਲਾਲ ਦੀਜੈ ॥

نِس کُرنک جیَسے ناد سُنِ سّروتی ہیِ ءُ ڈِوے
من ایَسی پّرِیت کِیجے ॥

جیَسی ترُنِ بھتار اُرجھی پِرہِ سِوے

اِہُ منُ لال دیجے ॥

ਮਨੁ ਲਾਲਹਿ ਦੀਜੈ ਭੋਗ ਕਰੀਜੈ
ਹਭਿ ਖੁਸੀਆ ਰੰਗ ਮਾਣੇ ॥

منُ لالہِ دیجے بھوگ کریجے
ہبھِ کھُسیِیا رنگ ماٹے ॥

ਪਿਰੁ ਅਪਨਾ ਪਾਇਆ ਰੰਗੁ ਲਾਲੁ ਬਣਾਇਆ
ਅਤਿ ਮਿਲਿਓ ਮਿਤ੍ਰੁ ਚਿਰਾਣੇ ॥

پِرُ اپنا پائیا رنگُ لالُ بنّائیا
اتِ مِلِئو مِتّر چِراٹے ॥

ਗੁਰੁ ਥੀਆ ਸਾਖੀ ਤਾ ਡਿਠਮੁ ਆਖੀ
ਪਿਰ ਜੇਹਾ ਅਵਰੁ ਨ ਦੀਸੈ ॥

گُرُ تھیِیا ساکھی تا ڈِٹھمُ آکھی
پِر جیہا اورُ ن دیسے ॥

ਕਹੁ ਨਾਨਕ ਛੰਤ ਦਇਆਲ ਮੋਹਨ ਕੇ
ਮਨ ਹਰਿ ਚਰਣ ਗਹੀਜੈ
ਐਸੀ ਮਨ ਪ੍ਰੀਤਿ ਕੀਜੈ ॥੪॥੧॥੪॥

کہُ نانک چھنّت دئیال موہن کے
من ہرِ چرنؔ گہیجے
ایَسی من پّریتِ کیجے ॥4॥1॥4॥

ਆਸਾ ਮਹਲਾ ੫ ॥

آسا محلا 5 ॥

ਸਲੋਕੁ ॥

سلوکُ ॥

ਬਨੁ ਬਨੁ ਫਿਰਤੀ ਖੋਜਤੀ
ਹਾਰੀ ਬਹੁ ਅਵਗਾਹਿ ॥

بنُ بنُ پھِرتی کھوجتی
ہاری بہُ اوگاہِ ॥

ਨਾਨਕ ਭੇਟੇ ਸਾਧ ਜਬ
ਹਰਿ ਪਾਇਆ ਮਨ ਮਾਹਿ ॥੧॥

نانک بھیٹے سادھ جب
ہرِ پائیا من ماہِ ॥1॥

ਛੰਤ ॥

چھنّت ॥

ਜਾ ਕਉ ਖੋਜਹਿ ਅਸੰਖ ਮੁਨੀ
ਅਨੇਕ ਤਪੇ ॥

جا ک ءُ کھوجہِ اسنکھ مُنی
انیک تپے ॥

ਬ੍ਰਹਮੇ ਕੋਟਿ ਅਰਾਧਹਿ
ਗਿਆਨੀ ਜਾਪ ਜਪੇ ॥

بّرہمے کوٹِ ارادھہِ
گِیانی جاپ جپے ॥

ਜਪ ਤਾਪ ਸੰਜਮ ਕਿਰਿਆ ਪੂਜਾ
ਅਨਿਕ ਸੋਧਨ ਬੰਦਨਾ ॥

جپ تاپ سنجّم کِریا پُوجا
انِک سودھن بندّنا ॥

ਕਰਿ ਗਵਨੁ ਬਸੁਧਾ ਤੀਰਥਹ ਮਜਨੁ
ਮਿਲਨ ਕਉ ਨਿਰੰਜਨਾ ॥

کرِ گونُ بسُدھا تیرتھہ مجنُ
مِلن ک ءُ نِرنّجنا ॥

ਮਾਨੁਖ ਬਨੁ ਤਿਨੁ ਪਸੂ ਪੰਖੀ
ਸਗਲ ਤੁਝਹਿ ਅਰਾਧਤੇ ॥

ماٹکھ بنُ تِنُ پسُو پنکھی
سگل تُجھہِ ارادھتے ॥

ਦਇਆਲ ਲਾਲ ਗੋਬਿੰਦ ਨਾਨਕ
ਮਿਲੁ ਸਾਧਸੰਗਤਿ ਹੋਇ ਗਤੇ ॥੧॥

دئیال لال گوبِنّد نانک
مِلُ سادھسنگتِ ہوءِ گتے ॥1॥

ਕੋਟਿ ਬਿਸਨ ਅਵਤਾਰ
ਸੰਕਰ ਜਟਾਧਾਰ ॥

کوٹِ بِسن اوتار
سنکر جٹادھار ॥

ਚਾਹਹਿ ਤੁਝਹਿ ਦਇਆਰ
ਮਨਿ ਤਨਿ ਰੁਚ ਅਪਾਰ ॥

چاہہِ تُجھہِ دئیار
منِ تنِ رُچ اپار ॥

ਅਪਾਰ ਅਗਮ ਗੋਬਿੰਦ ਠਾਕੁਰ
ਸਗਲ ਪੂਰਕ ਪ੍ਰਭ ਧਨੀ ॥

اپار اگم گوبِنّد ٹھاکُر
سگل پوُرک پربھ دھنی ॥

ਸੁਰ ਸਿਧ ਗਣ ਗੰਧਰਬ ਧਿਆਵਹਿ
ਜਖ ਕਿੰਨਰ ਗੁਣ ਭਨੀ ॥

سُر سِدھ گنٹ گندھرب دھِیاوہِ
جکھ کِنّر گُنٹ بھنی ॥

ਕੋਟਿ ਇੰਦ੍ਰ ਅਨੇਕ ਦੇਵਾ
ਜਪਤ ਸੁਆਮੀ ਜੈ ਜੈ ਕਾਰ ॥

کوٹِ اِندّر انیک دیوا
جپت سُیامی جےَ جےَ کار ॥

ਅਨਾਥ ਨਾਥ ਦਇਆਲ ਨਾਨਕ
ਸਾਧਸੰਗਤਿ ਮਿਲਿ ਉਧਾਰੁ ॥੨॥

اناتھ ناتھ دئیال نانک
سادھسنگتِ مِلِ اُدھارُ ॥2॥

ਕੋਟਿ ਦੇਵੀ ਜਾ ਕਉ ਸੇਵਹਿ
ਲਖਿਮੀ ਅਨਿਕ ਭਾਤਿ ॥

کوٹِ دیوی جا کءُ سیوہِ
لکھِمی انِک بھاتِ ॥

ਗੁਪਤ ਪ੍ਰਗਟ ਜਾ ਕਉ ਅਰਾਧਹਿ
ਪਉਣ ਪਾਣੀ ਦਿਨਸੁ ਰਾਤਿ ॥

گُپت پرگٹ جا کءُ ارادھہِ
پُنٹ پانٹی دِنسُ راتِ ॥

ਨਖਿਅਤ੍ਰ ਸਸੀਅਰ ਸੂਰ ਧਿਆਵਹਿ
ਬਸੁਧ ਗਗਨਾ ਗਾਵਏ ॥

نکھِتّر سسیئر سوُر دھِیاوہِ
بسُدھ گگنا گاوئے ॥

ਸਗਲ ਖਾਣੀ ਸਗਲ ਬਾਣੀ
ਸਦਾ ਸਦਾ ਧਿਆਵਏ ॥

سگل کھانٹی سگل بانٹی
سدا سدا دھِیاوئے ॥

ਸਿਮ੍ਰਿਤਿ ਪੁਰਾਣ ਚਤੁਰ ਬੇਦਹ
ਖਟੁ ਸਾਸਤ੍ਰ ਜਾ ਕਉ ਜਪਾਤਿ ॥

سِمرِتِ پُراٹ چتُر بیدہ

	کھٹُ ساستّر جا کءُ جپاتِ ॥
ਪਤਿਤ ਪਾਵਨ ਭਗਤਿ ਵਛਲ ਨਾਨਕ ਮਿਲੀਐ ਸੰਗਿ ਸਾਤਿ ॥੩॥	پتت پاون بھگتِ وچھل نانک مِلیئے سنگِ ساتِ ॥3॥
ਜੇਤੀ ਪ੍ਰਭੂ ਜਨਾਈ ਰਸਨਾ ਤੇਤ ਭਨੀ ॥	جیتی پربھوُ جنائی رسنا تیت بھنی ॥
ਅਨਜਾਨਤ ਜੋ ਸੇਵੈ ਤੇਤੀ ਨਹ ਜਾਇ ਗਨੀ ॥	انجانت جو سیوے تیتی نہ جاءِ گنی ॥
ਅਵਿਗਤ ਅਗਨਤ ਅਥਾਹ ਠਾਕੁਰ ਸਗਲ ਮੰਝੇ ਬਾਹਰਾ ॥	اوِگت اگنت اتھاہ ٹھاکُر سگل منجھے باہرا ॥
ਸਰਬ ਜਾਚਿਕ ਏਕੁ ਦਾਤਾ ਨਹ ਦੂਰਿ ਸੰਗੀ ਜਾਹਰਾ ॥	سرب جاچِک ایکُ داتا نہ دوُرِ سنگی ظاہرا ॥
ਵਸਿ ਭਗਤ ਥੀਆ ਮਿਲੇ ਜੀਆ ਤਾ ਕੀ ਉਪਮਾ ਕਿਤ ਗਨੀ ॥	وسِ بھگت تھیا مِلے جیا تا کی اُپما کِت گنی ॥
ਇਹੁ ਦਾਨੁ ਮਾਨੁ ਨਾਨਕੁ ਪਾਏ ਸੀਸੁ ਸਾਧਹ ਧਰਿ ਚਰਨੀ ॥੪॥੨॥੫॥	اِہُ دانُ مانُ نانکُ پائے سیسُ سادھ دھرِ چرنی ॥4॥2॥5॥
ਆਸਾ ਮਹਲਾ ੫ ॥	آسا محلا 5 ॥
ਸਲੋਕ ॥	سلوک ॥
ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ ॥	اُدمُ کرہُ وڈبھاگیہو سِمرہُ ہرِ ہرِ راءِ ॥
ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਇ ॥੧॥	نانک جِسُ سِمرت سبھ سُکھ ہووہِ دوُکھُ دردُ بھرّمُ جاءِ ॥1॥
ਛੰਤੁ ॥	چھنّتُ ॥
ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥	نامُ جپت گوبِند نہ السائیئے ॥
ਭੇਟਤ ਸਾਧੂ ਸੰਗ	بھیٹت سادھوُ سنگ

ਜਮ ਪੁਰਿ ਨਹ ਜਾਈਐ ॥

جم پُر نہ جائیئے ॥

ਦੂਖ ਦਰਦ ਨ ਭਉ ਬਿਆਪੈ
ਨਾਮੁ ਸਿਮਰਤ ਸਦ ਸੁਖੀ ॥

دوُکھ درد ن بھءُ بِیاپے
نامُ سِمرت سد سُکھی ॥

ਸਾਸਿ ਸਾਸਿ ਅਰਾਧਿ ਹਰਿ ਹਰਿ
ਧਿਆਇ ਸੋ ਪ੍ਰਭੁ ਮਨਿ ਮੁਖੀ ॥

ساسِ ساسِ ارادھِ ہرِ ہرِ
دھِیاءِ سو پربھُ منِ مُکھی ॥

ਕ੍ਰਿਪਾਲ ਦਇਆਲ ਰਸਾਲ ਗੁਣ ਨਿਧਿ
ਕਰਿ ਦਇਆ ਸੇਵਾ ਲਾਈਐ ॥

کرِپال دئیال رسال گُن نِدھِ
کرِ دئیا سیوا لائیئے ॥

ਨਾਨਕੁ ਪਇਅੰਪੈ ਚਰਣ ਜੰਪੈ
ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥੧॥

نانکُ پئنپے چرن جنپے
نامُ جپت گوبِند نہ السائیئے ॥1॥

ਪਾਵਨ ਪਤਿਤ ਪੁਨੀਤ
ਨਾਮ ਨਿਰੰਜਨਾ ॥

پاون پتِت پُنیت
نام نِرنجنا ॥

ਭਰਮ ਅੰਧੇਰ ਬਿਨਾਸ
ਗਿਆਨ ਗੁਰ ਅੰਜਨਾ ॥

بھرم اندھیر بِناس
گِیان گُر انجنا ॥

ਗੁਰ ਗਿਆਨ ਅੰਜਨ ਪ੍ਰਭ ਨਿਰੰਜਨ
ਜਲਿ ਥਲਿ ਮਹੀਅਲਿ ਪੂਰਿਆ ॥

گُر گِیان انجن پربھ نِرنجن
جلِ تھلِ مہِیئلِ پوُرِیا ॥

ਇਕ ਨਿਮਖ ਜਾ ਕੈ ਰਿਦੈ ਵਸਿਆ
ਮਿਟੇ ਤਿਸਹਿ ਵਿਸੂਰਿਆ ॥

اِک نِمکھ جا کے رِدے وسِیا
مِٹے تِسہِ وِسوُرِیا ॥

ਅਗਾਧਿ ਬੋਧ ਸਮਰਥ ਸੁਆਮੀ
ਸਰਬ ਕਾ ਭਉ ਭੰਜਨਾ ॥

اگادھِ بودھ سمرتھ سُیامی
سرب کا بھءُ بھنجنا ॥

ਨਾਨਕੁ ਪਇਅੰਪੈ ਚਰਣ ਜੰਪੈ
ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥

نانکُ پئنپے چرن جنپے
پاون پتِت پُنیت نام نِرنجنا ॥2॥

ਓਟ ਗਹੀ ਗੋਪਾਲ
ਦਇਆਲ ਕ੍ਰਿਪਾ ਨਿਧੇ ॥

اوٹ گہی گوپال
دئیال کرِپا نِدھے ۔ ॥

ਮੋਹਿ ਆਸਰ ਤੁਅ ਚਰਨ
ਤੁਮਾਰੀ ਸਰਨਿ ਸਿਧੇ ॥

موہِ آسر تُءِ چرن
تُماری سرنِ سِدھے ॥

ਹਰਿ ਚਰਨ ਕਾਰਨ ਕਰਨ
ਸੁਆਮੀ ਪਤਿਤ ਉਧਰਨ ਹਰਿ ਹਰੇ ॥

ہرِ چرن کارن کرن
سُیامی پتت اُدھرن ہرِ ہرے ॥

ਸਾਗਰ ਸੰਸਾਰ ਭਵ ਉਤਾਰ
ਨਾਮੁ ਸਿਮਰਤ ਬਹੁ ਤਰੇ ॥

ساگر سنّسار بھو اُتار
نامُ سِمرت بہُ ترے ॥

ਆਦਿ ਅੰਤਿ ਬੇਅੰਤ ਖੋਜਹਿ
ਸੁਨੀ ਉਧਰਨ ਸੰਤਸੰਗ ਬਿਧੇ ॥

آدِ انّتِ بیئنّت کھوجہِ
سُنی اُدھرن سنّتسنگ بِدھے ॥

ਨਾਨਕੁ ਪਇਅੰਪੈ ਚਰਨ ਜੰਪੈ
ਓਟ ਗਹੀ ਗੋਪਾਲ ਦਇਆਲ ਕ੍ਰਿਪਾ ਨਿਧੇ ॥੩॥

نانکُ پئنّپے چرن جنّپے
اوٹ گہی گوپال دئیال کرِپا نِدھے ۔ ॥3॥

ਭਗਤਿ ਵਛਲੁ ਹਰਿ ਬਿਰਦੁ
ਆਪਿ ਬਨਾਇਆ ॥

بھگتِ وچھلُ ہرِ بِردُ
آپِ بنائیا ॥

ਜਹ ਜਹ ਸੰਤ ਅਰਾਧਹਿ
ਤਹ ਤਹ ਪ੍ਰਗਟਾਇਆ ॥

جہ جہ سنّت ارادھہِ
تہ تہ پرگٹائیا ॥

ਪ੍ਰਭਿ ਆਪਿ ਲੀਏ ਸਮਾਇ ਸਹਜਿ ਸੁਭਾਇ
ਭਗਤ ਕਾਰਜ ਸਾਰਿਆ ॥

پربھِ آپِ لیے سماءِ سہجِ سُبھاءِ
بھگت کارج سارِیا ॥

ਆਨੰਦ ਹਰਿ ਜਸ ਮਹਾ ਮੰਗਲ
ਸਰਬ ਦੂਖ ਵਿਸਾਰਿਆ ॥

آننّد ہرِ جس مہا منگل
سرب دوُکھ وِسارِیا ॥

ਚਮਤਕਾਰ ਪ੍ਰਗਾਸੁ ਦਹ ਦਿਸ
ਏਕੁ ਤਹ ਦ੍ਰਿਸਟਾਇਆ ॥

چمتکار پرّگاسُ دہ دِس
ایکُ تہ دّرِسٹائیا ॥

ਨਾਨਕੁ ਪਇਅੰਪੈ ਚਰਣ ਜੰਪੈ
ਭਗਤਿ ਵਛਲੁ ਹਰਿ ਬਿਰਦੁ ਆਪਿ ਬਨਾਇਆ ॥੪॥੩॥੬॥

نانکُ پئنّپے چرنؒ جنّپے
بھگتِ وچھلُ ہرِ بِردُ آپِ بنائیا ॥4॥3॥6॥

ਆਸਾ ਮਹਲਾ ੫ ॥

آسا محلا 5 ॥

ਥਿਰੁ ਸੰਤਨ ਸੋਹਾਗੁ
ਮਰੈ ਨ ਜਾਵਏ ॥

تھِرُ سنّتن سوہاگُ
مرے ن جاوئے ॥

ਜਾ ਕੈ ਗ੍ਰਿਹਿ ਹਰਿ ਨਾਹੁ
ਸੁ ਸਦ ਹੀ ਰਾਵਏ ॥

جا کے گرِہِ ہرِ ناہُ
سُ سد ہی راوئے ॥

ਅਵਿਨਾਸੀ ਅਵਿਗਤੁ ਸੋ ਪ੍ਰਭੁ
ਸਦਾ ਨਵਤਨੁ ਨਿਰਮਲਾ ॥

اوِناسی اوِگتُ سو پّربھُ
سدا نوتنُ نِرملا ॥

ਨਹ ਦੂਰਿ ਸਦਾ ਹਦੂਰਿ ਠਾਕੁਰੁ
ਦਹ ਦਿਸ ਪੂਰਨੁ ਸਦ ਸਦਾ ॥

نہ دوُرِ سدا حدوُرِ ٹھاکُرُ
دہ دِس پوُرنُ سد سدا ॥

ਪ੍ਰਾਨਪਤਿ ਗਤਿ ਮਤਿ ਜਾ ਤੇ
ਪ੍ਰਿਅ ਪ੍ਰੀਤਿ ਪ੍ਰੀਤਮੁ ਭਾਵਏ ॥

پّراپنتِ گتِ متِ جا تے
پّرِء پّریتِ پّریتمُ بھاوئے ॥

ਨਾਨਕੁ ਵਖਾਣੈ ਗੁਰ ਬਚਨਿ ਜਾਣੈ
ਥਿਰੁ ਸੰਤਨ ਸੋਹਾਗੁ ਮਰੈ ਨ ਜਾਵਏ ॥੧॥

نانکُ وکھاۓٔ گُر بچنِ جاۓٔ
تھِرُ سنّتن سوہاگُ مرے ن جاوئے ॥1॥

ਜਾ ਕਉ ਰਾਮ ਭਤਾਰੁ
ਤਾ ਕੈ ਅਨਦੁ ਘਣਾ ॥

جا کءُ رام بھتارُ
تا کے اندُ گھنّا ॥

ਸੁਖਵੰਤੀ ਸਾ ਨਾਰਿ
ਸੋਭਾ ਪੂਰਿ ਬਣਾ ॥

سُکھونتی سا نارِ
سوبھا پوُرِ بنّا ॥

ਮਾਣੁ ਮਹਤੁ ਕਲਿਆਣੁ ਹਰਿ ਜਸੁ
ਸੰਗਿ ਸੁਰਜਨੁ ਸੋ ਪ੍ਰਭੂ ॥

ماۓٔ مہتُ کلیاۓٔ ہرِ جسُ
سنگِ سُرجنُ سو پّربھوُ ॥

ਸਰਬ ਸਿਧਿ ਨਵ ਨਿਧਿ ਤਿਤੁ ਗ੍ਰਿਹਿ
ਨਹੀ ਊਨਾ ਸਭੁ ਕਛੂ ॥

سرب سِدھِ نو نِدھِ تِتُ گرِہِ
نہی اوُنا سبھُ کچھوُ ॥

ਮਧੁਰ ਬਾਨੀ ਪਿਰਹਿ ਮਾਨੀ
ਥਿਰੁ ਸੋਹਾਗੁ ਤਾ ਕਾ ਬਣਾ ॥

مدھُر بانی پِرہِ مانی
تھِرُ سوہاگُ تا کا بنّا ॥

ਨਾਨਕੁ ਵਖਾਣੈ ਗੁਰ ਬਚਨਿ ਜਾਣੈ
ਜਾ ਕੋ ਰਾਮੁ ਭਤਾਰੁ ਤਾ ਕੈ ਅਨਦੁ ਘਣਾ ॥੨॥

نانکُ وکھاۓٔ گُر بچنِ جاۓٔ
جا کو رامُ بھتارُ تا کے اندُ گھنّا ॥2॥

ਆਉ ਸਖੀ ਸੰਤ ਪਾਸਿ
ਸੇਵਾ ਲਾਗੀਐ ॥

آءُ سکھی سنّت پاسِ
سیوا لاگیۓٔ ॥

ਪੀਸਉ ਚਰਣ ਪਖਾਰਿ
ਆਪੁ ਤਿਆਗੀਐ ॥

پیسءُ چرنؔ پکھارِ
آپُ تِیاگیۓٔ ॥

ਤਜਿ ਆਪੁ ਮਿਟੈ ਸੰਤਾਪੁ
ਆਪੁ ਨਹ ਜਾਣਾਈਐ ॥

تجِ آپُ مِٹے سنّتاپُ

ਸਰਣਿ ਗਹੀਜੈ ਮਾਨਿ ਲੀਜੈ
ਕਰੇ ਸੋ ਸੁਖੁ ਪਾਈਐ ॥

ਕਰਿ ਦਾਸ ਦਾਸੀ ਤਜਿ ਉਦਾਸੀ
ਕਰ ਜੋੜਿ ਦਿਨੁ ਰੈਣਿ ਜਾਗੀਐ ॥

ਨਾਨਕੁ ਵਖਾਣੈ ਗੁਰ ਬਚਨਿ ਜਾਣੈ
ਆਉ ਸਖੀ ਸੰਤ ਪਾਸਿ ਸੇਵਾ ਲਾਗੀਐ ॥੩॥

ਜਾ ਕੈ ਮਸਤਕਿ ਭਾਗ
ਸਿ ਸੇਵਾ ਲਾਇਆ ॥

ਤਾ ਕੀ ਪੂਰਨ ਆਸ
ਜਿਨ੍ ਸਾਧਸੰਗੁ ਪਾਇਆ ॥

ਸਾਧਸੰਗਿ ਹਰਿ ਕੈ ਰੰਗਿ
ਗੋਬਿੰਦ ਸਿਮਰਣ ਲਾਗਿਆ ॥

ਭਰਮੁ ਮੋਹੁ ਵਿਕਾਰੁ ਦੂਜਾ
ਸਗਲ ਤਿਨਹਿ ਤਿਆਗਿਆ ॥

ਮਨਿ ਸਾਂਤਿ ਸਹਜੁ ਸੁਭਾਉ ਵੂਠਾ
ਅਨਦ ਮੰਗਲ ਗੁਣ ਗਾਇਆ ॥

ਨਾਨਕੁ ਵਖਾਣੈ ਗੁਰ ਬਚਨਿ ਜਾਣੈ
ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥੪॥੪॥੭॥

ਆਸਾ ਮਹਲਾ ੫ ॥

ਸਲੋਕੁ ॥

ਹਰਿ ਹਰਿ ਨਾਮੁ ਜਪੰਤਿਆ
ਕਛੁ ਨ ਕਹੈ ਜਮਕਾਲੁ ॥

ਨਾਨਕ ਮਨੁ ਤਨੁ ਸੁਖੀ ਹੋਇ
ਅੰਤੇ ਮਿਲੈ ਗੋਪਾਲੁ ॥੧॥

آپُ نہ جاٹائیےَ ॥

سرنِ گہیجےَ مانِ لیجےَ
کرے سو سُکھُ پائیےَ ॥

کرِ داس داسی تجِ اُداسی
کر جوڑِ دِنُ رینِ جاگیےَ ॥

نانکُ وکھاٹےَ گُر بچنِ جاٹےَ
آءُ سکھی سنّت پاسِ سیوا لاگیےَ ॥3॥

جا کے مستکِ بھاگ
سِ سیوا لائیا ॥

تا کی پوُرن آس
جِنّہ سادھسنگُ پائیا ॥

سادھسنگِ ہرِ کے رنگِ
گوبِندَ سِمرنِ لاگیا ॥

بھرمُ موہُ وِکارُ دوُجا
سگل تِنہِ تیاگیا ॥

منِ سانتِ سہجُ سُبھاءُ ووُٹھا
اند منگل گُن گائیا ॥

نانکُ وکھاٹےَ گُر بچنِ جاٹےَ
جا کے مستکِ بھاگ سِ سیوا لائیا ॥4॥4॥7॥

آسا محلا 5 ॥

سلوکُ ॥

ہرِ ہرِ نامُ جپنّیا
کچھُ ن کہےَ جمکالُ ॥

نانک منُ تنُ سُکھی ہوءِ
انّتے ملےَ گوپالُ ॥1॥

ਛੰਤ ॥

ਮਿਲਉ ਸੰਤਨ ਕੈ ਸੰਗਿ
ਮੋਹਿ ਉਧਾਰਿ ਲੇਹੁ ॥

ਬਿਨਉ ਕਰਉ ਕਰ ਜੋੜਿ
ਹਰਿ ਹਰਿ ਨਾਮੁ ਦੇਹੁ ॥

ਹਰਿ ਨਾਮੁ ਮਾਗਉ ਚਰਣ ਲਾਗਉ
ਮਾਨੁ ਤਿਆਗਉ ਤੁਮ੍ ਦਇਆ ॥

ਕਤਹੂੰ ਨ ਧਾਵਉ ਸਰਣਿ ਪਾਵਉ
ਕਰੁਣਾ ਮੈ ਪ੍ਰਭ ਕਰਿ ਮਇਆ ॥

ਸਮਰਥ ਅਗਥ ਅਪਾਰ ਨਿਰਮਲ
ਸੁਣਹੁ ਸੁਆਮੀ ਬਿਨਉ ਏਹੁ ॥

ਕਰ ਜੋੜਿ ਨਾਨਕ ਦਾਨੁ ਮਾਗੈ
ਜਨਮ ਮਰਣ ਨਿਵਾਰਿ ਲੇਹੁ ॥੧॥

ਅਪਰਾਧੀ ਮਤਿਹੀਨੁ
ਨਿਰਗੁਨੁ ਅਨਾਥੁ ਨੀਚੁ ॥

ਸਠ ਕਠੋਰੁ ਕੁਲਹੀਨੁ
ਬਿਆਪਤ ਮੋਹ ਕੀਚੁ ॥

ਮਲ ਭਰਮ ਕਰਮ ਅਹੰ ਮਮਤਾ
ਮਰਣੁ ਚੀਤਿ ਨ ਆਵਏ ॥

ਬਨਿਤਾ ਬਿਨੋਦ ਅਨੰਦ ਮਾਇਆ
ਅਗਿਆਨਤਾ ਲਪਟਾਵਏ ॥

ਖਿਸੈ ਜੋਬਨੁ ਬਧੈ ਜਰੂਆ
ਦਿਨ ਨਿਹਾਰੇ ਸੰਗਿ ਮੀਚੁ ॥

ਬਿਨਵੰਤਿ ਨਾਨਕ ਆਸ ਤੇਰੀ
ਸਰਣਿ ਸਾਧੂ ਰਾਖੁ ਨੀਚੁ ॥੨॥

چھنَت ॥

مِل ءُ سنّتن کے سنگِ
موہِ اُدھارِ لیہُ ॥

بِن ءُ کرءُ کر جوڑِ
ہرِ ہرِ نامُ دیہُ ॥

ہرِ نامُ ماگ ءُ چرنؒ لاگ ءُ
مانُ تِیاگ ءُ تُمہ دئیا ॥

کتہُونّ ن دھاوءُ سرنؒ پاوءُ
کرُنّا مے پّربھ کرِ مئیا ॥

سمرتھ اگتھ اپار نِرمل
سُنّہُ سُیامی بِن ءُ ایہُ ॥

کر جوڑِ نانک دانُ ماگے
جنم مرنؒ نِوارِ لیہُ ॥1॥

اپرادھی متِہینُ
نِرگُنُ اناتھُ نیچُ ॥

سٹھ کٹھورُ کُلہینُ
بِیاپت موہ کیچُ ॥

مل بھرم کرم اہنّ ممتا
مرنُ چیتِ ن آوئے ॥

بِنتا بِنود انّد مائیا
اگیانتا لپٹاوئے ॥

کھِسے جوبنُ بدھے جرُویا
دِن نِہارے سنگِ میچُ ॥

بِنونّتِ نانک آس تیری
سرنِ سادھوُ راکھُ نیچُ ॥2॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਭਰਮੇ ਜਨਮ ਅਨੇਕ
ਸੰਕਟ ਮਹਾ ਜੋਨ ॥

بھرمے جنم انیک
سنکٹ مہا جون ॥

ਲਪਟਿ ਰਹਿਓ ਤਿਹ ਸੰਗਿ
ਮੀਠੇ ਭੋਗ ਸੋਨ ॥

لپٹِ رہِئو تِہ سنگِ
میٹھے بھوگ سون ॥

ਭ੍ਰਮਤ ਭਾਰ ਅਗਨਤ ਆਇਓ
ਬਹੁ ਪ੍ਰਦੇਸਹ ਧਾਇਓ ॥

بھرمت بھار اگنت آئِئو
بہُ پردیسہ دھائِئو ॥

ਅਬ ਓਟ ਧਾਰੀ ਪ੍ਰਭ ਮੁਰਾਰੀ
ਸਰਬ ਸੁਖ ਹਰਿ ਨਾਇਓ ॥

اب اوٹ دھاری پربھ مُراری
سرب سُکھ ہرِ نائِئو ॥

ਰਾਖਨਹਾਰੇ ਪ੍ਰਭ ਪਿਆਰੇ
ਮੁਝ ਤੇ ਕਛੂ ਨ ਹੋਆ ਹੋਨ ॥

راکھنہارے پربھ پِیارے
مُجھ تے کچھوُ ن ہویا ہون ॥

ਸੂਖ ਸਹਜ ਆਨੰਦ ਨਾਨਕ
ਕ੍ਰਿਪਾ ਤੇਰੀ ਤਰੈ ਭਉਨ ॥੩॥

سوُکھ سہج آنند نانک
کرِپا تیری ترے بھؤن ॥3॥

ਨਾਮ ਧਾਰੀਕ ਉਧਾਰੇ
ਭਗਤਹ ਸੰਸਾ ਕਉਨ ॥

نام دھاریک اُدھارے
بھگتہ سنسا کؤن ۔ ॥

ਜੇਨ ਕੇਨ ਪਰਕਾਰੇ
ਹਰਿ ਹਰਿ ਜਸੁ ਸੁਨਹੁ ਸ੍ਰਵਨ ॥

جین کین پرکارے
ہرِ ہرِ جسُ سُنہُ سّرون ॥

ਸੁਨਿ ਸ੍ਰਵਨ ਬਾਨੀ ਪੁਰਖ ਗਿਆਨੀ
ਮਨਿ ਨਿਧਾਨਾ ਪਾਵਹੇ ॥

سُنِ سّرون بانی پُرکھ گِیانی
منِ نِدھانا پاوہے ॥

ਹਰਿ ਰੰਗਿ ਰਾਤੇ ਪ੍ਰਭ ਬਿਧਾਤੇ
ਰਾਮ ਕੇ ਗੁਣ ਗਾਵਹੇ ॥

ہرِ رنگِ راتے پربھ بِدھاتے
رام کے گُن گاوہے ॥

ਬਸੁਧ ਕਾਗਦ ਬਨਰਾਜ ਕਲਮਾ
ਲਿਖਣ ਕਉ ਜੇ ਹੋਇ ਪਵਨ ॥

بسُدھ کاگد بنراج قلما
لِکھن کءُ جے ہوءِ پون ॥

ਬੇਅੰਤ ਅੰਤੁ ਨ ਜਾਇ ਪਾਇਆ
ਗਹੀ ਨਾਨਕ ਚਰਣ ਸਰਨ ॥੪॥੫॥੮॥

بیئنت انتُ ن جاءِ پائیا
گہی نانک چرنؤ سرن ॥4॥5॥8॥

ਆਸਾ ਮਹਲਾ ੫ ॥

آسا محلا 5 ॥

ਪੁਰਖ ਪਤੇ ਭਗਵਾਨ
ਤਾ ਕੀ ਸਰਣਿ ਗਹੀ ॥

پُرکھ پتے بھگوان
تا کی سرنِ گہی ॥

ਨਿਰਭਉ ਭਏ ਪਰਾਨ
ਚਿੰਤਾ ਸਗਲ ਲਹੀ ॥

نِربھءُ بھئے پران
چِنّتا سگل لہی ॥

ਮਾਤ ਪਿਤਾ ਸੁਤ ਮੀਤ ਸੁਰਿਜਨ
ਇਸਟ ਬੰਧਪ ਜਾਣਿਆ ॥

مات پِتا سُت مِیت سُرِجن
اِسٹ بندھپ جانِیا ॥

ਗਹਿ ਕੰਠਿ ਲਾਇਆ ਗੁਰਿ ਮਿਲਾਇਆ
ਜਸੁ ਬਿਮਲ ਸੰਤ ਵਖਾਣਿਆ ॥

گہِ کنٹھِ لائیا گُرِ مِلائیا
جسُ بِمل سنّت وکھانِیا ॥

ਬੇਅੰਤ ਗੁਣ ਅਨੇਕ ਮਹਿਮਾ
ਕੀਮਤਿ ਕਛੂ ਨ ਜਾਇ ਕਹੀ ॥

بیئنّت گُن انیک مہِما
قِیمتِ کچھوُ ن جاءِ کہی ॥

ਪ੍ਰਭ ਏਕ ਅਨਿਕ ਅਲਖ ਠਾਕੁਰ
ਓਟ ਨਾਨਕ ਤਿਸੁ ਗਹੀ ॥੧॥

پربھ ایک انِک الکھ ٹھاکُر
اوٹ نانک تِس گہی ॥1॥

ਅੰਮ੍ਰਿਤ ਬਨੁ ਸੰਸਾਰੁ
ਸਹਾਈ ਆਪਿ ਭਏ ॥

انمّرِت بنُ سنّسارُ
سہائی آپِ بھئے ॥

ਰਾਮ ਨਾਮੁ ਉਰ ਹਾਰੁ
ਬਿਖੁ ਕੇ ਦਿਵਸ ਗਏ ॥

رام نامُ اُر ہارُ
بِکھُ کے دِوس گئے ॥

ਗਤੁ ਭਰਮ ਮੋਹ ਬਿਕਾਰ ਬਿਨਸੇ
ਜੋਨਿ ਆਵਣ ਸਭ ਰਹੇ ॥

گتُ بھرم موہ بِکار بِنسے
جونِ آونُ سبھ رہے ॥

ਅਗਨਿ ਸਾਗਰ ਭਏ ਸੀਤਲ
ਸਾਧ ਅੰਚਲ ਗਹਿ ਰਹੇ ॥

اگنِ ساگر بھئے سِیتل
سادھ انچل گہِ رہے ॥

ਗੋਵਿੰਦ ਗੁਪਾਲ ਦਇਆਲ ਸੰਮ੍ਰਿਥ
ਬੋਲਿ ਸਾਧੂ ਹਰਿ ਜੈ ਜਏ ॥

گووِند گُپال دئیال سمّرتھ
بولِ سادھوُ ہرِ جے جئے ॥

ਨਾਨਕ ਨਾਮੁ ਧਿਆਇ ਪੂਰਨ
ਸਾਧਸੰਗਿ ਪਾਈ ਪਰਮ ਗਤੇ ॥੨॥

نانک نامُ دھیاءِ پُورن
سادھسنگِ پائی پرم گتے ॥2॥

ਜਹ ਦੇਖਉ ਤਹ ਸੰਗਿ
ਏਕੋ ਰਵਿ ਰਹਿਆ ॥

جہ دیکھءُ تہ سنگِ

ਘਟ ਘਟ ਵਾਸੀ ਆਪਿ
ਵਿਰਲੈ ਕਿਨੈ ਲਹਿਆ ॥

گھٹ گھٹ واسی آپِ
وِرلے کِنے لہِیا ॥

ਜਲਿ ਥਲਿ ਮਹੀਅਲਿ ਪੂਰਿ ਪੂਰਨ
ਕੀਟ ਹਸਤਿ ਸਮਾਨਿਆ ॥

جلِ تھلِ مہیَلِ پُورِ پُورن
کِیٹ ہستِ سمانِیا ॥

ਆਦਿ ਅੰਤੇ ਮਧਿ ਸੋਈ
ਗੁਰ ਪ੍ਰਸਾਦੀ ਜਾਨਿਆ ॥

آدِ انّتے مدھِ سوئی
گُر پرّسادی جانِیا ॥

ਬ੍ਰਹਮੁ ਪਸਰਿਆ ਬ੍ਰਹਮ ਲੀਲਾ
ਗੋਵਿੰਦ ਗੁਣ ਨਿਧਿ ਜਨਿ ਕਹਿਆ ॥

برہمُ پسریا برہم لِیلا
گووِند گُن نِدھِ جنِ کہِیا ॥

ਸਿਮਰਿ ਸੁਆਮੀ ਅੰਤਰਜਾਮੀ
ਹਰਿ ਏਕੁ ਨਾਨਕ ਰਵਿ ਰਹਿਆ ॥੩॥

سِمرِ سُیامی انترجامی
ہرِ ایکُ نانک روِ رہِیا ॥3॥

ਦਿਨੁ ਰੈਣਿ ਸੁਹਾਵੜੀ ਆਈ
ਸਿਮਰਤ ਨਾਮੁ ਹਰੇ ॥

دِنُ ریَنِ سُہاوڑی آئی
سِمرت نامُ ہرے ॥

ਚਰਣ ਕਮਲ ਸੰਗਿ ਪ੍ਰੀਤਿ
ਕਲਮਲ ਪਾਪ ਟਰੇ ॥

چرنٔ کمل سنگِ پرّیتِ
کلمل پاپ ٹرے ॥

ਦੂਖ ਭੂਖ ਦਾਰਿਦ੍ਰ ਨਾਠੇ
ਪ੍ਰਗਟੁ ਮਗੁ ਦਿਖਾਇਆ ॥

دوُکھ بھوُکھ دارِدّر ناٹھے
پرّگٹُ مگُ دِکھائِیا ॥

ਮਿਲਿ ਸਾਧਸੰਗੇ ਨਾਮ ਰੰਗੇ
ਮਨਿ ਲੋੜੀਦਾ ਪਾਇਆ ॥

مِلِ سادھسنگے نام رنگے
منِ لوڑِیدا پائِیا ॥

ਹਰਿ ਦੇਖਿ ਦਰਸਨੁ ਇਛ ਪੁੰਨੀ
ਕੁਲ ਸੰਬੂਹਾ ਸਭਿ ਤਰੇ ॥

ہرِ دیکھِ درسنُ اِچھ پُنّنی
کُل سنّبوُہا سبھِ ترے ॥

ਦਿਨਸੁ ਰੈਣਿ ਅਨੰਦ ਅਨਦਿਨੁ
ਸਿਮਰੰਤ ਨਾਨਕ ਹਰਿ ਹਰੇ ॥੪॥੬॥੯॥

دِنُس ریَنِ انند اندِنُ
سِمرنّت نانک ہرِ ہرے ॥4॥6॥9॥

ਆਸਾ ਮਹਲਾ ੫ ਛੰਤ ਘਰੁ ੭

آسا محلا 5 چھنّت گھرُ 7

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸਲੋਕੁ ॥

سلوکُ ॥

ਸੁਭ ਚਿੰਤਨ ਗੋਬਿੰਦ ਰਮਣ
ਨਿਰਮਲ ਸਾਧੂ ਸੰਗ ॥

سُبھ چِنتَن گوبِندَ رمنٌ
نِرمل سادھوُ سنگ ॥

ਨਾਨਕ ਨਾਮੁ ਨ ਵਿਸਰਉ ਇਕ ਘੜੀ
ਕਰਿ ਕਿਰਪਾ ਭਗਵੰਤ ॥੧॥

نانک نامُ ن وِسرءُ اِک گھڑی
کرِ کِرپا بھگونّت ॥1॥

ਛੰਤ ॥

چھنّت ॥

ਭਿੰਨੀ ਰੈਨੜੀਐ
ਚਾਮਕਨਿ ਤਾਰੇ ॥

بھِنّی رینڑِیےَ
چامکنِ تارے ॥

ਜਾਗਹਿ ਸੰਤ ਜਨਾ
ਮੇਰੇ ਰਾਮ ਪਿਆਰੇ ॥

جاگہِ سنّت جنا
میرے رام پِیارے ॥

ਰਾਮ ਪਿਆਰੇ ਸਦਾ ਜਾਗਹਿ
ਨਾਮੁ ਸਿਮਰਹਿ ਅਨਦਿਨੋ ॥

رام پِیارے سدا جاگہِ
نامُ سِمرہِ اندِنو ॥

ਚਰਣ ਕਮਲ ਧਿਆਨੁ ਹਿਰਦੈ
ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥

چرنٌ کمل دھیانُ ہِردےَ
پّربھ بِسرُ ناہی اِکُ کھِنو ॥

ਤਜਿ ਮਾਨੁ ਮੋਹੁ ਬਿਕਾਰੁ ਮਨ ਕਾ
ਕਲਮਲਾ ਦੁਖ ਜਾਰੇ ॥

تجِ مانُ موہُ بِکارُ من کا
کلملا دُکھ جارے ॥

ਬਿਨਵੰਤਿ ਨਾਨਕ ਸਦਾ ਜਾਗਹਿ
ਹਰਿ ਦਾਸ ਸੰਤ ਪਿਆਰੇ ॥੧॥

بِنونّتِ نانک سدا جاگہِ
ہرِ داس سنّت پِیارے ॥1॥

ਮੇਰੀ ਸੇਜੜੀਐ
ਆਡੰਬਰੁ ਬਣਿਆ ॥

میری سیجڑِیےَ
آڈنّبرُ بنِّیا ॥

ਮਨਿ ਅਨਦੁ ਭਇਆ
ਪ੍ਰਭੁ ਆਵਤ ਸੁਣਿਆ ॥

منِ اندُ بھئیا
پّربھُ آوت سُنّیا ॥

ਪ੍ਰਭ ਮਿਲੇ ਸੁਆਮੀ ਸੁਖਹ ਗਾਮੀ
ਚਾਵ ਮੰਗਲ ਰਸ ਭਰੇ ॥

پّربھ مِلے سُیامی سُکھہ گامی
چاو منگل رس بھرے ॥

ਅੰਗ ਸੰਗਿ ਲਾਗੇ ਦੂਖ ਭਾਗੇ

انگ سنگِ لاگے دوُکھ بھاگے

ਪ੍ਰਾਣ ਮਨ ਤਨ ਸਭਿ ਹਰੇ ॥

پرانٹ من تن سبھِ ہرے ॥

ਮਨ ਇਛ ਪਾਈ ਪ੍ਰਭ ਧਿਆਈ
ਸੰਜੋਗੁ ਸਾਹਾ ਸੁਭ ਗਣਿਆ ॥

من اِچھ پائی پربھ دھِیائی
سنجوگُ ساہا سُبھ گنِیا ॥

ਬਿਨਵੰਤਿ ਨਾਨਕ ਮਿਲੇ ਸ੍ਰੀਧਰ
ਸਗਲ ਆਨੰਦ ਰਸੁ ਬਣਿਆ ॥੨॥

بِنونتِ نانک مِلے سرِیدھر
سگل آنند رسُ بنِیا ॥2॥

ਮਿਲਿ ਸਖੀਆ ਪੁਛਹਿ
ਕਹੁ ਕੰਤ ਨੀਸਾਣੀ ॥

مِلِ سکھیا پُچھہِ
کہُ کنت نیشانٹی ॥

ਰਸਿ ਪ੍ਰੇਮ ਭਰੀ
ਕਛੁ ਬੋਲਿ ਨ ਜਾਣੀ ॥

رسِ پریم بھری
کچھُ بولِ ن جانٹی ॥

ਗੁਣ ਗੂੜ ਗੁਪਤ ਅਪਾਰ ਕਰਤੇ
ਨਿਗਮ ਅੰਤੁ ਨ ਪਾਵਹੇ ॥

گُنٹ گوُڑ گُپت اپار کرتے
نِگم انتُ ن پاوہے ॥

ਭਗਤਿ ਭਾਇ ਧਿਆਇ ਸੁਆਮੀ
ਸਦਾ ਹਰਿ ਗੁਣ ਗਾਵਹੇ ॥

بھگتِ بھاءِ دھِیاءِ سُیامی
سدا ہرِ گُنٹ گاوہے ॥

ਸਗਲ ਗੁਣ ਸੁਗਿਆਨ ਪੂਰਨ
ਆਪਣੇ ਪ੍ਰਭ ਭਾਣੀ ॥

سگل گُنٹ سُگیان پوُرن
آپنٹے پربھ بھانٹی ॥

ਬਿਨਵੰਤਿ ਨਾਨਕ ਰੰਗਿ ਰਾਤੀ
ਪ੍ਰੇਮ ਸਹਜਿ ਸਮਾਣੀ ॥੩॥

بِنونتِ نانک رنگِ راتی
پریم سہجِ سمانٹی ॥3॥

ਸੁਖ ਸੋਹਿਲੜੇ
ਹਰਿ ਗਾਵਣ ਲਾਗੇ ॥

سُکھ سوہِلڑے
ہرِ گاونٹ لاگے ॥

ਸਾਜਨ ਸਰਸਿਅੜੇ
ਦੁਖ ਦੁਸਮਨ ਭਾਗੇ ॥

ساجن سرسِئڑے
دُکھ دُسمن بھاگے ॥

ਸੁਖ ਸਹਜ ਸਰਸੇ ਹਰਿ ਨਾਮਿ ਰਹਸੇ
ਪ੍ਰਭਿ ਆਪਿ ਕਿਰਪਾ ਧਾਰੀਆ ॥

سُکھ سہج سرسے ہرِ نامِ رہسے
پربھِ آپِ کِرپا دھارِیا ॥

ਹਰਿ ਚਰਣ ਲਾਗੇ ਸਦਾ ਜਾਗੇ
ਮਿਲੇ ਪ੍ਰਭ ਬਨਵਾਰੀਆ ॥

ہرِ چرنٹ لاگے سدا جاگے
مِلے پربھ بنوارِیا ॥

ਸੁਭ ਦਿਵਸ ਆਏ ਸਹਜਿ ਪਾਏ
ਸਗਲ ਨਿਧਿ ਪ੍ਰਭ ਪਾਗੇ ॥

ਬਿਨਵੰਤਿ ਨਾਨਕ ਸਰਣਿ ਸੁਆਮੀ
ਸਦਾ ਹਰਿ ਜਨ ਤਾਗੇ ॥੪॥੧॥੧੦॥

ਆਸਾ ਮਹਲਾ ੫ ॥

ਉਠਿ ਵੰਞੂ ਵਟਾਊੜਿਆ
ਤੈ ਕਿਆ ਚਿਰੁ ਲਾਇਆ ॥

ਮੁਹਲਤਿ ਪੁੰਨੜੀਆ
ਕਿਤੁ ਕੂੜਿ ਲੋਭਾਇਆ ॥

ਕੂੜੇ ਲੁਭਾਇਆ ਧੋਹੁ ਮਾਇਆ
ਕਰਹਿ ਪਾਪ ਅਮਿਤਿਆ ॥

ਤਨੁ ਭਸਮ ਢੇਰੀ ਜਮਹਿ ਹੇਰੀ
ਕਾਲਿ ਬਪੁੜੈ ਜਿਤਿਆ ॥

ਮਾਲੁ ਜੋਬਨੁ ਛੋਡਿ ਵੈਸੀ
ਰਹਿਓ ਪੈਨਣੁ ਖਾਇਆ ॥

ਨਾਨਕ ਕਮਾਣਾ ਸੰਗਿ ਜੁਲਿਆ
ਨਹ ਜਾਇ ਕਿਰਤੁ ਮਿਟਾਇਆ ॥੧॥

ਫਾਥੋਹੁ ਮਿਰਗ ਜਿਵੈ
ਪੇਖਿ ਰੈਣਿ ਚੰਦ੍ਰਾਇਣੁ ॥

ਸੂਖਹੁ ਦੂਖ ਭਏ
ਨਿਤ ਪਾਪ ਕਮਾਇਣੁ ॥

ਪਾਪਾ ਕਮਾਣੇ ਛਡਹਿ ਨਾਹੀ
ਲੈ ਚਲੇ ਘਤਿ ਗਲਾਵਿਆ ॥

ਹਰਿਚੰਦਉਰੀ ਦੇਖਿ ਮੂਠਾ
ਕੂੜੁ ਸੇਜਾ ਰਾਵਿਆ ॥

سُبھ دِوس آئے سہجِ پائے
سگل نِدھِ پربھ پاگے ॥

بِنونتِ نانک سرنِ سُیامی
سدا ہرِ جن تاگے ॥4॥1॥ 10 ॥

آسا محلا 5 ॥

اُٹھِ ونجُ وٹائوڑِیا
تےَ کِیا چِرُ لائِیا ۔ ॥

مُہلتِ پُنڑِیا
کِتُ کوُڑِ لوبھائِیا ۔ ॥

کوُڑے لُبھائِیا دھوہُ مائِیا
کرہِ پاپ اِتِیا ॥

تنُ بھسم ڈھیری جمہِ ہیری
کالِ بپڑےَ جِتِیا ॥

مالُ جوبنُ چھوڈِ ویَسی
رہِئوُ پیَنُّ کھائِیا ॥

نانک کماٹا سنگِ جُلِیا
نہ جاءِ کِرتُ مِٹائِیا ॥1॥

پھاتھوہُ مِرگ جِوےَ
پیکھِ ریَنِ چندّرائِنُّ ॥

سوُکھہُ دوُکھ بھےَ
نِت پاپ کمائِنُّ ॥

پاپا کمانے چھڈہِ ناہی
لےَ چلے گھتِ گلاوِیا ॥

ہرِچندّرُی دیکھِ موُٹھا
کوُڑُ سیجا راوِیا ॥

ਲਬਿ ਲੋਭਿ ਅਹੰਕਾਰਿ ਮਾਤਾ
ਗਰਬਿ ਭਇਆ ਸਮਾਇਣੁ ॥

لبِ لوبھِ اہنکارِ ماتا
گربِ بھئیا سمائِنُ ॥

ਨਾਨਕ ਮ੍ਰਿਗ ਅਗਿਆਨਿ ਬਿਨਸੇ
ਨਹ ਮਿਟੈ ਆਵਣੁ ਜਾਇਣੁ ॥੨॥

نانک مرِگ اگیانِ بِنسے
نہ مِٹے آونُ جائِنُ ॥2॥

ਮਿਠੈ ਮਖੁ ਮੁਆ
ਕਿਉ ਲਏ ਓਡਾਰੀ ॥

مِٹھے مکھُ مُیا
کِءُ لے اوڈاری ۔ ॥

ਹਸਤੀ ਗਰਤਿ ਪਇਆ
ਕਿਉ ਤਰੀਐ ਤਾਰੀ ॥

ہستی گرتِ پئیا
کِءُ ترِیے تاری ۔ ॥

ਤਰਣੁ ਦੁਹੇਲਾ ਭਇਆ ਖਿਨ ਮਹਿ
ਖਸਮੁ ਚਿਤਿ ਨ ਆਇਓ ॥

ترنُ دُہیلا بھئیا کھِن مہِ
خصمُ چِتِ ن آئِئو ॥

ਦੂਖਾ ਸਜਾਈ ਗਣਤ ਨਾਹੀ
ਕੀਆ ਅਪਣਾ ਪਾਇਓ ॥

دوُکھا سزائی گنت ناہی
کِیا اپنا پائِئو ॥

ਗੁਝਾ ਕਮਾਣਾ ਪ੍ਰਗਟੁ ਹੋਆ
ਈਤ ਉਤਹਿ ਖੁਆਰੀ ॥

گجھا کماٹا پرگٹُ ہویا
ایت اُتہِ خُیاری ॥

ਨਾਨਕ ਸਤਿਗੁਰ ਬਾਝੁ ਮੂਠਾ
ਮਨਮੁਖੋ ਅਹੰਕਾਰੀ ॥੩॥

نانک ستِگُر باجھُ موُٹھا
منمُکھو اہنکاری ॥3॥

ਹਰਿ ਕੇ ਦਾਸ ਜੀਵੇ
ਲਗਿ ਪ੍ਰਭ ਕੀ ਚਰਣੀ ॥

ہرِ کے داس جیوے
لگِ پربھ کی چرنُی ॥

ਕੰਠਿ ਲਗਾਇ ਲੀਏ
ਤਿਸੁ ਠਾਕੁਰ ਸਰਣੀ ॥

کنٹھِ لگاءِ لیِئے
تِس ٹھاکُر سرنُی ॥

ਬਲ ਬੁਧਿ ਗਿਆਨੁ ਧਿਆਨੁ ਅਪਣਾ
ਆਪਿ ਨਾਮੁ ਜਪਾਇਆ ॥

بل بُدھِ گیانُ دھیانُ اپنا
آپِ نامُ جپائیا ॥

ਸਾਧਸੰਗਤਿ ਆਪਿ ਹੋਆ
ਆਪਿ ਜਗਤੁ ਤਰਾਇਆ ॥

سادھسنگتِ آپِ ہویا
آپِ جگتُ ترائیا ॥

ਰਾਖਿ ਲੀਏ ਰਖਣਹਾਰੈ
ਸਦਾ ਨਿਰਮਲ ਕਰਣੀ ॥

راکھِ لیِئے رکھنہارے

سدا نِرمل کرنٔی ॥

ਨਾਨਕ ਨਰਕਿ ਨ ਜਾਹਿ ਕਬਹੂੰ
ਹਰਿ ਸੰਤ ਹਰਿ ਕੀ ਸਰਣੀ ॥੪॥੨॥੧੧॥

نانک نرکِ ن جاہِ کبہوُنّ
ہرِ سنّت ہرِ کی سرنٔی ॥4॥2॥ 11 ॥

ਆਸਾ ਮਹਲਾ ੫ ॥

آسا محلا 5 ॥

ਵੰਞੁ ਮੇਰੇ ਆਲਸਾ
ਹਰਿ ਪਾਸਿ ਬੇਨੰਤੀ ॥

ونّجُ میرے آلسا
ہرِ پاسِ بینّتی ॥

ਰਾਵਉ ਸਹੁ ਆਪਨੜਾ
ਪ੍ਰਭ ਸੰਗਿ ਸੋਹੰਤੀ ॥

راوءُ سہُ آپنڑا
پربھ سنگِ سوہنّتی ॥

ਸੰਗੇ ਸੋਹੰਤੀ ਕੰਤ ਸੁਆਮੀ
ਦਿਨਸੁ ਰੈਣੀ ਰਾਵੀਐ ॥

سنگے سوہنّتی کنّت سُیامی
دِنُس ریٔنٔی راویٔے ॥

ਸਾਸਿ ਸਾਸਿ ਚਿਤਾਰਿ ਜੀਵਾ
ਪ੍ਰਭੁ ਪੇਖਿ ਹਰਿ ਗੁਣ ਗਾਵੀਐ ॥

ساسِ ساسِ چِتارِ جیِوا
پربھُ پیکھِ ہرِ گُنٔ گاویٔے ॥

ਬਿਰਹਾ ਲਜਾਇਆ ਦਰਸੁ ਪਾਇਆ
ਅਮਿਉ ਦ੍ਰਿਸਟਿ ਸਿੰਚੰਤੀ ॥

برہا لجائیا درسُ پائیا
امِءُ دّرِسٹِ سِنچّنّتی ॥

ਬਿਨਵੰਤਿ ਨਾਨਕੁ ਮੇਰੀ ਇਛ ਪੁੰਨੀ
ਮਿਲੇ ਜਿਸੁ ਖੋਜੰਤੀ ॥੧॥

بِنونّتِ نانکُ میری اِچھ پُنّنی
مِلے جِسُ کھوجنّتی ॥1॥

ਨਸਿ ਵੰਞਹੁ ਕਿਲਵਿਖਹੁ
ਕਰਤਾ ਘਰਿ ਆਇਆ ॥

نسِ ونّجہُ کِلوِکھہُ
کرتا گھرِ آئیا ॥

ਦੂਤਹ ਦਹਨੁ ਭਇਆ
ਗੋਵਿੰਦੁ ਪ੍ਰਗਟਾਇਆ ॥

دوُتہ دہنُ بھئیا
گووِنّدُ پرگٹائیا ॥

ਪ੍ਰਗਟੇ ਗੁਪਾਲ ਗੋਬਿੰਦ ਲਾਲਨ
ਸਾਧਸੰਗਿ ਵਖਾਣਿਆ ॥

پرگٹے گُپال گوبِند لالن
سادھسنگِ وکھانٔیا ॥

ਆਚਰਜੁ ਡੀਠਾ ਅਮਿਉ ਵੂਠਾ
ਗੁਰ ਪ੍ਰਸਾਦੀ ਜਾਣਿਆ ॥

آچرجُ ڈیٹھا امِءُ ووُٹھا
گُر پرّسادی جانٔیا ॥

ਮਨਿ ਸਾਂਤਿ ਆਈ ਵਜੀ ਵਧਾਈ

مَنِ سانتِ آئی وجی ودھائی

ਨਹ ਅੰਤੁ ਜਾਈ ਪਾਇਆ ॥

نہ انتُ جائی پائیا ॥

ਬਿਨਵੰਤਿ ਨਾਨਕ ਸੁਖ ਸਹਜਿ ਮੇਲਾ
ਪ੍ਰਭੂ ਆਪਿ ਬਣਾਇਆ ॥੨॥

بِنونتِ نانک سُکھ سہجِ میلا
پربھوُ آپِ بنائیا ॥2॥

ਨਰਕ ਨ ਡੀਠੜਿਆ
ਸਿਮਰਤ ਨਾਰਾਇਣ ॥

نرک ن ڈیٹھڑِیا
سِمرت نارائِنؔ ॥

ਜੈ ਜੈ ਧਰਮੁ ਕਰੇ
ਦੂਤ ਭਏ ਪਲਾਇਣ ॥

جےَ جےَ دھرمُ کرے
دوُت بھےَ پلائِنؔ ॥

ਧਰਮ ਧੀਰਜ ਸਹਜ ਸੁਖੀਏ
ਸਾਧਸੰਗਤਿ ਹਰਿ ਭਜੇ ॥

دھرم دھیِرج سہج سُکھیےِ
سادھسنگتِ ہرِ بھجے ॥

ਕਰਿ ਅਨੁਗ੍ਰਹੁ ਰਾਖਿ ਲੀਨੇ
ਮੋਹ ਮਮਤਾ ਸਭ ਤਜੇ ॥

کرِ انگّرہُ راکھِ لِینے
موہ ممتا سبھ تجے ॥

ਗਹਿ ਕੰਠਿ ਲਾਏ ਗੁਰਿ ਮਿਲਾਏ
ਗੋਵਿੰਦ ਜਪਤ ਅਘਾਇਣ ॥

گہِ کنٹھِ لائے گُرِ مِلائے
گووِنّد جپت اگھائِنؔ ॥

ਬਿਨਵੰਤਿ ਨਾਨਕ ਸਿਮਰਿ ਸੁਆਮੀ
ਸਗਲ ਆਸ ਪੁਜਾਇਣ ॥੩॥

بِنونتِ نانک سِمرِ سُیامی
سگل آس پُجائِنؔ ॥3॥

ਨਿਧਿ ਸਿਧਿ ਚਰਣ ਗਹੇ
ਤਾ ਕੇਹਾ ਕਾੜਾ ॥

نِدھِ سِدھِ چرنؔ گہے
تا کیہا کاڑا ۔ ॥

ਸਭੁ ਕਿਛੁ ਵਸਿ ਜਿਸੈ
ਸੋ ਪ੍ਰਭੂ ਅਸਾੜਾ ॥

سبھُ کچھُ وسِ جِسےَ
سو پربھوُ اساڑا ॥

ਗਹਿ ਭੁਜਾ ਲੀਨੇ ਨਾਮ ਦੀਨੇ
ਕਰੁ ਧਾਰਿ ਮਸਤਕਿ ਰਾਖਿਆ ॥

گہِ بھُجا لِینے نام دِینے
کرُ دھارِ مستکِ راکھِیا ॥

ਸੰਸਾਰ ਸਾਗਰੁ ਨਹ ਵਿਆਪੈ
ਅਮਿਉ ਹਰਿ ਰਸੁ ਚਾਖਿਆ ॥

سنّسار ساگرُ نہ وِیاپےَ
امِءُ ہرِ رسُ چاکھِیا ॥

ਸਾਧਸੰਗੇ ਨਾਮ ਰੰਗੇ
ਰਣੁ ਜੀਤਿ ਵਡਾ ਅਖਾੜਾ ॥

سادھسنگے نام رنگے
رنُ جیِتِ وڈا اکھاڑا ॥

ਬਿਨਵੰਤਿ ਨਾਨਕ ਸਰਣਿ ਸੁਆਮੀ
ਬਹੁੜਿ ਜਮਿ ਨ ਉਪਾੜਾ ॥੪॥੩॥੧੨॥

بِنونتِ نانک سرنِ سُیامی
بہُڑِ جمِ ن اُپاڑا ॥4॥3॥ 12 ॥

ਆਸਾ ਮਹਲਾ ੫ ॥

آسا محلا 5 ॥

ਦਿਨੁ ਰਾਤਿ ਕਮਾਇਅੜੋ
ਸੋ ਆਇਓ ਮਾਥੈ ॥

دِنُ راتِ کمائیڑو
سو آئیو ماتھے ॥

ਜਿਸੁ ਪਾਸਿ ਲੁਕਾਇਦੜੋ
ਸੋ ਵੇਖੀ ਸਾਥੈ ॥

جِسُ پاسِ لُکائیڈڑو
سو ویکھی ساتھے ॥

ਸੰਗਿ ਦੇਖੈ ਕਰਣਹਾਰਾ
ਕਾਇ ਪਾਪੁ ਕਮਾਈਐ ॥

سنگِ ویکھے کرنہارا
کاءِ پاپُ کمائیئے ۔ ॥

ਸੁਕ੍ਰਿਤੁ ਕੀਜੈ ਨਾਮੁ ਲੀਜੈ
ਨਰਕਿ ਮੂਲਿ ਨ ਜਾਈਐ ॥

سُکّرِتُ کیجے نامُ لیجے
نرکِ مؤلِ ن جائیئے ॥

ਆਠ ਪਹਰ ਹਰਿ ਨਾਮੁ ਸਿਮਰਹੁ
ਚਲੈ ਤੇਰੈ ਸਾਥੇ ॥

آٹھ پہر ہرِ نامُ سِمرہُ
چلے تیرے ساتھے ॥

ਭਜੁ ਸਾਧਸੰਗਤਿ ਸਦਾ ਨਾਨਕ
ਮਿਟਹਿ ਦੋਖ ਕਮਾਤੇ ॥੧॥

بھجُ سادھسنگتِ سدا نانک
مِٹہِ دوکھ کماتے ॥1॥

ਵਲਵੰਚ ਕਰਿ ਉਦਰੁ ਭਰਹਿ
ਮੂਰਖ ਗਾਵਾਰਾ ॥

ولونچ کرِ اُدرُ بھرہِ
مؤرکھ گاوارا ॥

ਸਭੁ ਕਿਛੁ ਦੇ ਰਹਿਆ
ਹਰਿ ਦੇਵਣਹਾਰਾ ॥

سبھُ کچھُ دے رہیا
ہرِ دیونہارا ॥

ਦਾਤਾਰੁ ਸਦਾ ਦਇਆਲੁ ਸੁਆਮੀ
ਕਾਇ ਮਨਹੁ ਵਿਸਾਰੀਐ ॥

داتارُ سدا دئیالُ سُیامی
کاءِ منہُ وِسارِیئے ۔ ॥

ਮਿਲੁ ਸਾਧਸੰਗੇ ਭਜੁ ਨਿਸੰਗੇ
ਕੁਲ ਸਮੂਹਾ ਤਾਰੀਐ ॥

مِلُ سادھسنگے بھجُ نِسنگے
کُل سموُہا تاریئے ॥

ਸਿਧ ਸਾਧਿਕ ਦੇਵ ਮੁਨਿ ਜਨ
ਭਗਤ ਨਾਮੁ ਅਧਾਰਾ ॥

سِدھ سادھِک دیو مُنِ جن
بھگت نامُ ادھارا ॥

ਬਿਨਵੰਤਿ ਨਾਨਕ ਸਦਾ ਭਜੀਐ
ਪ੍ਰਭੁ ਏਕੁ ਕਰਣੈਹਾਰਾ ॥੨॥

بِنونتِ نانک سدا بھجیِۓ
پربھُ ایکُ کرتیہارا ॥2॥

ਖੋਟੁ ਨ ਕੀਚਈ
ਪ੍ਰਭੁ ਪਰਖਣਹਾਰਾ ॥

کھوٹُ ن کیچئی
پربھُ پرکھنہارا ॥

ਕੂੜੁ ਕਪਟੁ ਕਮਾਵਦੜੇ
ਜਨਮਹਿ ਸੰਸਾਰਾ ॥

کوڑُ کپٹُ کماوڈرے
جنمہِ سنسارا ॥

ਸੰਸਾਰੁ ਸਾਗਰੁ ਤਿਨ੍ੀ ਤਰਿਆ
ਜਿਨ੍ੀ ਏਕੁ ਧਿਆਇਆ ॥

سنسارُ ساگرُ تِنہی تریا
جِنہی ایکُ دھیایِیا ॥

ਤਜਿ ਕਾਮੁ ਕ੍ਰੋਧੁ ਅਨਿੰਦ ਨਿੰਦਾ
ਪ੍ਰਭ ਸਰਣਾਈ ਆਇਆ ॥

تجِ کامُ کرودھُ انِند نِندا
پربھ سرنائی آیِیا ॥

ਜਲਿ ਥਲਿ ਮਹੀਅਲਿ ਰਵਿਆ ਸੁਆਮੀ
ਊਚ ਅਗਮ ਅਪਾਰਾ ॥

جلِ تھلِ مہیئلِ رویا سُیامی
اوُچ اگم اپارا ॥

ਬਿਨਵੰਤਿ ਨਾਨਕ ਟੇਕ ਜਨ ਕੀ
ਚਰਣ ਕਮਲ ਅਧਾਰਾ ॥੩॥

بِنونتِ نانک ٹیک جن کی
چرنٹ کمل ادھارا ॥3॥

ਪੇਖੁ ਹਰਿਚੰਦਉਰੜੀ
ਅਸਥਿਰੁ ਕਿਛੁ ਨਾਹੀ ॥

پیکھُ ہرِچندَرُڑی
استھِرُ کچھُ ناہی ॥

ਮਾਇਆ ਰੰਗ ਜੇਤੇ
ਸੇ ਸੰਗਿ ਨ ਜਾਹੀ ॥

مائیا رنگ جیتے
سے سنگِ ن جاہی ॥

ਹਰਿ ਸੰਗਿ ਸਾਥੀ ਸਦਾ ਤੇਰੈ
ਦਿਨਸੁ ਰੈਣਿ ਸਮਾਲੀਐ ॥

ہرِ سنگِ ساتھی سدا تیرے
دِنسُ رینٹِ سمالیِۓ ॥

ਹਰਿ ਏਕ ਬਿਨੁ ਕਛੁ ਅਵਰੁ ਨਾਹੀ
ਭਾਉ ਦੁਤੀਆ ਜਾਲੀਐ ॥

ہرِ ایک بِنُ کچھُ اورُ ناہی
بھاءُ دُتیِیا جالیِۓ ॥

ਮੀਤੁ ਜੋਬਨੁ ਮਾਲੁ ਸਰਬਸੁ
ਪ੍ਰਭੁ ਏਕੁ ਕਰਿ ਮਨ ਮਾਹੀ ॥

میتُ جوبنُ مالُ سربسُ
پربھُ ایکُ کرِ من ماہی ॥

ਬਿਨਵੰਤਿ ਨਾਨਕੁ ਵਡਭਾਗਿ ਪਾਈਐ
ਸੂਖਿ ਸਹਜਿ ਸਮਾਹੀ ॥੪॥੪॥੧੩॥

بِنونتِ نانکُ وڈبھاگِ پائیِۓ

ਆਸਾ ਮਹਲਾ ੫ ਛੰਤ ਘਰੁ ੮

آسا محلا 5 چھنّت گھرُ 8

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਕਮਲਾ ਭ੍ਰਮ ਭੀਤਿ ਕਮਲਾ ਭ੍ਰਮ ਭੀਤਿ ਹੇ
ਤੀਖਣ ਮਦ ਬਿਪਰੀਤਿ ਹੇ
ਅਵਧ ਅਕਾਰਥ ਜਾਤ ॥

کملا بھرّم بھیتِ کملا بھرّم بھیتِ ہے
تیِکھن مد بِپریتِ ہے
اودھ اکارتھ جات ॥

ਗਹਬਰ ਬਨ ਘੋਰ ਗਹਬਰ ਬਨ ਘੋਰ ਹੇ
ਗ੍ਰਿਹ ਮੂਸਤ ਮਨ ਚੋਰ ਹੇ
ਦਿਨਕਰੋ ਅਨਦਿਨੁ ਖਾਤ ॥

گہبر بن گھور گہبر بن گھور ہے
گرِہ موُست من چور ہے
دِنکرو اندِنُ کھات ॥

ਦਿਨ ਖਾਤ ਜਾਤ ਬਿਹਾਤ ਪ੍ਰਭ ਬਿਨੁ
ਮਿਲਹੁ ਪ੍ਰਭ ਕਰੁਣਾ ਪਤੇ ॥

دِن کھات جات بِہات پربھ بِنُ
مِلہُ پربھ کرُنا پتے ۔ ॥

ਜਨਮ ਮਰਣ ਅਨੇਕ ਬੀਤੇ
ਪ੍ਰਿਅ ਸੰਗ ਬਿਨੁ ਕਛੁ ਨਹ ਗਤੇ ॥

جنم مرنّ انیک بیتے
پرّء سنگ بِنُ کچھُ نہ گتے ॥

ਕੁਲ ਰੂਪ ਧੂਪ ਗਿਆਨਹੀਨੀ
ਤੁਝ ਬਿਨਾ ਮੋਹਿ ਕਵਨ ਮਾਤ ॥

کُل روُپ دھوُپ گیانہِینی
تُجھ بِنا موہِ کون مات ۔ ॥

ਕਰ ਜੋੜਿ ਨਾਨਕੁ ਸਰਣਿ ਆਇਓ
ਪ੍ਰਿਅ ਨਾਥ ਨਰਹਰ ਕਰਹੁ ਗਾਤ ॥੧॥

کر جوڑِ نانکُ سرنّ آئیو
پرّء ناتھ نرہر کرہُ گات ॥ 1 ॥

ਮੀਨਾ ਜਲਹੀਨ ਮੀਨਾ ਜਲਹੀਨ ਹੇ
ਓਹੁ ਬਿਛੁਰਤ ਮਨ ਤਨ ਖੀਨ ਹੇ
ਕਤ ਜੀਵਨੁ ਪ੍ਰਿਅ ਬਿਨੁ ਹੋਤ ॥

مِینا جلہِین مِینا جلہِین ہے
اوہُ بچھُرت من تن کھِین ہے
کت جیِونُ پرّء بِنُ ہوت ۔ ॥

ਸਨਮੁਖ ਸਹਿ ਬਾਨ ਸਨਮੁਖ ਸਹਿ ਬਾਨ ਹੇ
ਮ੍ਰਿਗ ਅਰਪੇ ਮਨ ਤਨ ਪ੍ਰਾਨ ਹੇ
ਓਹੁ ਬੇਧਿਓ ਸਹਜ ਸਰੋਤ ॥

سنمُکھ سہِ بان سنمُکھ سہِ بان ہے
مرِگ ارپے من تن پران ہے
اوہُ بیدھیو سہج سروت ॥

ਪ੍ਰਿਅ ਪ੍ਰੀਤਿ ਲਾਗੀ ਮਿਲੁ ਬੈਰਾਗੀ
ਖਿਨੁ ਰਹਨੁ ਧ੍ਰਿਗ ਤਨੁ ਤਿਸੁ ਬਿਨਾ ॥

پرّء پریتِ لاگی مِلُ بیراگی
کھِنُ رہنُ دھرِگ تنُ تِسُ بِنا ॥

ਪਲਕਾ ਨ ਲਾਗੈ ਪ੍ਰਿਅ ਪ੍ਰੇਮ ਪਾਗੈ
ਚਿਤਵੰਤਿ ਅਨਦਿਨੁ ਪ੍ਰਭ ਮਨਾ ॥

ਸ੍ਰੀਰੰਗ ਰਾਤੇ ਨਾਮ ਮਾਤੇ
ਭੈ ਭਰਮ ਦੁਤੀਆ ਸਗਲ ਖੋਤ ॥

ਕਰਿ ਮਇਆ ਦਇਆ ਦਇਆਲ ਪੂਰਨ
ਹਰਿ ਪ੍ਰੇਮ ਨਾਨਕ ਮਗਨ ਹੋਤ ॥੨॥

ਅਲੀਅਲ ਗੁੰਜਾਤ ਅਲੀਅਲ ਗੁੰਜਾਤ ਹੇ
ਮਕਰੰਦ ਰਸ ਬਾਸਨ ਮਾਤ ਹੇ
ਪ੍ਰੀਤਿ ਕਮਲ ਬੰਧਾਵਤ ਆਪ ॥

ਚਾਤ੍ਰਿਕ ਚਿਤ ਪਿਆਸ ਚਾਤ੍ਰਿਕ ਚਿਤ ਪਿਆਸ ਹੇ
ਘਨ ਬੂੰਦ ਬਚਿਤ੍ਰਿ ਮਨਿ ਆਸ ਹੇ
ਅਲ ਪੀਵਤ ਬਿਨਸਤ ਤਾਪ ॥

ਤਾਪਾ ਬਿਨਾਸਨ ਦੂਖ ਨਾਸਨ
ਮਿਲੁ ਪ੍ਰੇਮੁ ਮਨਿ ਤਨਿ ਅਤਿ ਘਨਾ ॥

ਸੁੰਦਰੁ ਚਤੁਰੁ ਸੁਜਾਨ ਸੁਆਮੀ
ਕਵਨ ਰਸਨਾ ਗੁਣ ਭਨਾ ॥

ਗਹਿ ਭੁਜਾ ਲੇਵਹੁ ਨਾਮੁ ਦੇਵਹੁ
ਦ੍ਰਿਸਟਿ ਧਾਰਤ ਮਿਟਤ ਪਾਪ ॥

ਨਾਨਕੁ ਜੰਪੈ ਪਤਿਤ ਪਾਵਨ
ਹਰਿ ਦਰਸੁ ਪੇਖਤ ਨਹ ਸੰਤਾਪ ॥੩॥

ਚਿਤਵਉ ਚਿਤ ਨਾਥ ਚਿਤਵਉ ਚਿਤ ਨਾਥ ਹੇ
ਰਖਿ ਲੇਵਹੁ ਸਰਣਿ ਅਨਾਥ ਹੇ
ਮਿਲੁ ਚਾਉ ਚਾਈਲੇ ਪ੍ਰਾਨ ॥

ਸੁੰਦਰ ਤਨ ਧਿਆਨ ਸੁੰਦਰ ਤਨ ਧਿਆਨ ਹੇ
ਮਨੁ ਲੁਬਧ ਗੋਪਾਲ ਗਿਆਨ ਹੇ
ਜਾਚਿਕ ਜਨ ਰਾਖਤ ਮਾਨ ॥

پلکا ن لاگے پرِء پریم پاگے
چِتونتِ اندِنُ پربھ منا ॥

سریرنگ راتے نام ماتے
بھے بھرم دُتیا سگل کھوت ॥

کرِ مئیا دئیا دئیال پورن
ہرِ پریم نانک مگن ہوت ॥2॥

الِیئل گُنجات الِیئل گُنجات ہے
مکرند رس باسن مات ہے
پریتِ کمل بندھاوت آپ ॥

چاترِک چِت پیاس چاترِک چِت پیاس ہے
گھن بُوند بچِتّرِ منِ آس ہے
ال پیوت بِنست تاپ ॥

تاپا بِناسن دوُکھ ناسن
مِلُ پریمُ منِ تنِ اتِ گھنا ॥

سُندرُ چتُرُ سُجان سُیامی
کون رسنا گُنٌ بھنا ۔ ॥

گہِ بھُجا لیوہُ نامُ دیوہُ
دِرسٹِ دھارت مِٹت پاپ ॥

نانکُ جنپے پتت پاون
ہرِ درسُ پیکھت نہ سنتاپ ॥3॥

چِتوءُ چِت ناتھ چِتوءُ چِت ناتھ ہے
رکھِ لیوہُ سرنٌ اناتھ ہے
مِلُ چاءُ چائیلے پران ॥

سُندر تن دھیان سُندر تن دھیان ہے
منُ لُبدھ گوپال گیان ہے
جاچِک جن راکھت مان ॥

ਪ੍ਰਭ ਮਾਨ ਪੂਰਨ ਦੁਖ ਬਿਦੀਰਨ ਸਗਲ ਇਛ ਪੁਜੰਤੀਆ ॥	پربھ مان پوُرن دُکھ بِدیرن سگل اِچھ پُجنّتیِیا ॥
ਹਰਿ ਕੰਠਿ ਲਾਗੇ ਦਿਨ ਸਭਾਗੇ ਮਿਲਿ ਨਾਹ ਸੇਜ ਸੋਹੰਤੀਆ ॥	ہرِ کنّٹھِ لاگے دِن سبھاگے مِلِ ناہ سیج سوہنّتیِیا ॥
ਪ੍ਰਭ ਦ੍ਰਿਸਟਿ ਧਾਰੀ ਮਿਲੇ ਮੁਰਾਰੀ ਸਗਲ ਕਲਮਲ ਭਏ ਹਾਨ ॥	پربھ دِرسٹِ دھاری مِلے مُراری سگل کلمل بھےَ ہان ॥
ਬਿਨਵੰਤਿ ਨਾਨਕ ਮੇਰੀ ਆਸ ਪੂਰਨ ਮਿਲੇ ਸ੍ਰੀਧਰ ਗੁਣ ਨਿਧਾਨ ॥੪॥੧॥੧੪॥	بِنونّتِ نانک میری آس پوُرن مِلے سّرِیدھر گُن نِدھان ॥4॥1॥ 14 ॥
੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	੧ੴ ستِنامُ کرتا پُرکھُ نِربھءُ نِرویَرُ اکال مورتِ اجونی سیَبھنَ گُرپرّسادِ ॥
ਆਸਾ ਮਹਲਾ ੧ ॥	آسا محلا 1 ॥
ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ ॥	وار سلوکا نالِ سلوک بھی محلے پہلے کے لِکھے ٹُنڈے اس راجےَ کی دھُنی ॥
ਸਲੋਕੁ ਮਃ ੧ ॥	سلوکُ م: 1 ॥
ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥	بلِہاری گُر آپنے دِئُہاڑی صد وار ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥	جِنِ مانس تے دیوتے کیئے کرت ن لاگی وار ॥1॥
ਮਹਲਾ ੨ ॥	محلا 2 ॥
ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥	جے س ءُ چندّا اُگوہِ سوُرج چڑہِ ہجار ॥
ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ ॥੨॥	ایتے چانن ہودِیا گُر بِنُ گھور اندھار ॥2॥
ਮਃ ੧ ॥	م: 1 ॥

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥	نانک گُروُ ن چیتنی منِ آپنٹے سُچیت ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥	چھُٹے تِل بوُیاڑ جِءُ سُنجے اندرِ کھیت ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥	کھیتے اندرِ چھُٹیا کہُ نانک س ءُ ناہ ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥੩॥	پھلیئہِ پھُلیئہِ بپُڑے بھی تن وِچ سُیاہ ॥3॥
ਪਉੜੀ ॥	پئڑی ॥
ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥	آپینہٕے آپُ ساجِئو آپینہٕے رچِئو ناءُ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥	دُیی قُدرتِ ساجیئے کرِ آسنُ ڈِٹھو چاءُ ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥	داتا کرتا آپِ توُنّ تُس دیوہِ کرہِ پساءُ ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥	توُنّ جانوئی سبھسے دے لیَسہِ جِنّدُ کواءُ ॥
ਕਰਿ ਆਸਣੁ ਡਿਠੋ ਚਾਉ ॥੧॥	کرِ آسنُ ڈِٹھو چاءُ ॥1॥
ਸਲੋਕੁ ਮਃ ੧ ॥	سلوکُ م: 1 ॥
ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥	سچے تیرے کھنّڈ سچے برہمنّڈ ॥
ਸਚੇ ਤੇਰੇ ਲੋਅ ਸਚੇ ਆਕਾਰ ॥	سچے تیرے لوء سچے آکار ॥
ਸਚੇ ਤੇਰੇ ਕਰਣੇ ਸਰਬ ਬੀਚਾਰ ॥	سچے تیرے کرنے سرب بیچار ॥
ਸਚਾ ਤੇਰਾ ਅਮਰੁ ਸਚਾ ਦੀਬਾਣੁ ॥	سچا تیرا امرُ سچا دیبانُ ॥
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥	سچا تیرا حُکمُ سچا فُرمانُ ॥

ਸਚਾ ਤੇਰਾ ਕਰਮੁ ਸਚਾ ਨੀਸਾਣੁ ॥	سچا تیرا کرمُ سچا نِیشانُ ॥
ਸਚੇ ਤੁਧੁ ਆਖਹਿ ਲਖ ਕਰੋੜਿ ॥	سچے تُدھُ آکھہِ لکھ کروڑِ ॥
ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥	سچےَ سبھِ تانُ سچےَ سبھِ زورِ ॥
ਸਚੀ ਤੇਰੀ ਸਿਫਤਿ ਸਚੀ ਸਾਲਾਹ ॥	سچی تیری صِفتِ سچی سالاح ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥	سچی تیری قُدرتِ سچے پاتِشاہ ۔ ॥
ਨਾਨਕ ਸਚੁ ਧਿਆਇਨਿ ਸਚੁ ॥	نانک سچُ دھِیائِنِ سچُ ॥
ਜੋ ਮਰਿ ਜੰਮੇ ਸੁ ਕਚੁ ਨਿਕਚੁ ॥੧॥	جو مرِجنّمے سُ کچُ نِکچُ ॥1॥
ਮਃ ੧ ॥	م: 1 ॥
ਵਡੀ ਵਡਿਆਈ ਜਾ ਵਡਾ ਨਾਉ ॥	وڈی وڈِیائی جا وڈا ناءُ ॥
ਵਡੀ ਵਡਿਆਈ ਜਾ ਸਚੁ ਨਿਆਉ ॥	وڈی وڈِیائی جا سچُ نِیاءُ ॥
ਵਡੀ ਵਡਿਆਈ ਜਾ ਨਿਹਚਲ ਥਾਉ ॥	وڈی وڈِیائی جا نِہچل تھاءُ ॥
ਵਡੀ ਵਡਿਆਈ ਜਾਣੈ ਆਲਾਉ ॥	وڈی وڈِیائی جانےُّ آلاءُ ॥
ਵਡੀ ਵਡਿਆਈ ਬੁਝੈ ਸਭਿ ਭਾਉ ॥	وڈی وڈِیائی بُجھےَ سبھِ بھاءُ ॥
ਵਡੀ ਵਡਿਆਈ ਜਾ ਪੁਛਿ ਨ ਦਾਤਿ ॥	وڈی وڈِیائی جا پُچھِ ن داتِ ॥
ਵਡੀ ਵਡਿਆਈ ਜਾ ਆਪੇ ਆਪਿ ॥	وڈی وڈِیائی جا آپے آپِ ॥
ਨਾਨਕ ਕਾਰ ਨ ਕਥਨੀ ਜਾਇ ॥	نانک کار ن کتھنی جاءِ ॥
ਕੀਤਾ ਕਰਣਾ ਸਰਬ ਰਜਾਇ ॥੨॥	کِیتا کرنّا سرب رضاءِ ॥2॥
ਮਹਲਾ ੨ ॥	محلا 2 ॥
ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥	اِہُ جگُ سچےَ کی ہےَ کوٹھڑی سچے کا وِچِ واسُ ॥
ਇਕਨ੍ਾ ਹੁਕਮਿ ਸਮਾਇ ਲਏ ਇਕਨ੍ਾ ਹੁਕਮੇ ਕਰੇ ਵਿਣਾਸੁ ॥	اِکنّہا حُکمِ سماءِ لئے اِکنّہا حُکمے کرے وِناسُ ॥
ਇਕਨ੍ਾ ਭਾਣੈ ਕਢਿ ਲਏ	اِکنّہا بھانےُّ کڈھِ لئے

ਇਕਨ੍ਾ ਮਾਇਆ ਵਿਚਿ ਨਿਵਾਸੁ ॥	اِکنّہا مایَا وِچِ نِواسُ ॥
ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥	ایو بھِ آکھِ ن جاپئی جِ کِسے آنے راسِ ॥
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੩॥	نانک گُرمُکھِ جانئیے جا ک ءُ آپِ کرے پرگاسُ ॥3॥
ਪਉੜੀ ॥	پئُڑی ॥
ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥	نانک جی ء اُپاءِ کے لِکھِ ناوے دھرمُ بہالیا ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥	اوتھے سچے ہی سچِ نِبڑے چُنِ وکھِ کڈھے ججمالیا ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ੈ ਦੋਜਕਿ ਚਾਲਿਆ ॥	تھاءُ ن پائِنِ کوُڑیار مُہ کالّے دوزکِ چالیا ॥
ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥	تیرے ناءِ رتے سے جِنِ گئے ہارِ گئے سِ ٹھگنِ والیا ॥
ਲਿਖਿ ਨਾਵੈ ਧਰਮੁ ਬਹਾਲਿਆ ॥੨॥	لِکھِ ناوے دھرمُ بہالیا ॥2॥
ਸਲੋਕ ਮਃ ੧ ॥	سلوک م: 1 ॥
ਵਿਸਮਾਦੁ ਨਾਦ ਵਿਸਮਾਦੁ ਵੇਦ ॥	وِسمادُ ناد وِسمادُ وید ॥
ਵਿਸਮਾਦੁ ਜੀਅ ਵਿਸਮਾਦੁ ਭੇਦ ॥	وِسمادُ جی ء وِسمادُ بھید ॥
ਵਿਸਮਾਦੁ ਰੂਪ ਵਿਸਮਾਦੁ ਰੰਗ ॥	وِسمادُ روُپ وِسمادُ رنگ ॥
ਵਿਸਮਾਦੁ ਨਾਗੇ ਫਿਰਹਿ ਜੰਤ ॥	وِسمادُ ناگے پھِرہِ جنّت ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥	وِسمادُ پئُنُ وِسمادُ پانئی ॥
ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥	وِسمادُ اگنی کھیڈہِ وِڈانئی ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥	وِسمادُ دھرتی وِسمادُ کھانئی ॥
ਵਿਸਮਾਦੁ ਸਾਦਿ ਲਗਹਿ ਪਰਾਣੀ ॥	وِسمادُ سادِ لگہِ پرانئی ॥

ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥	وِسمادُ سنجوگُ وِسمادُ وِجوگُ ॥
ਵਿਸਮਾਦੁ ਭੁਖ ਵਿਸਮਾਦੁ ਭੋਗੁ ॥	وِسمادُ بھُکھ وِسمادُ بھوگُ ॥
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥	وِسمادُ صِفتِ وِسمادُ سالاح ॥
ਵਿਸਮਾਦੁ ਉਝੜ ਵਿਸਮਾਦੁ ਰਾਹ ॥	وِسمادُ اُجھڑ وِسمادُ راہ ॥
ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥	وِسمادُ نیڑے وِسمادُ دوُرِ ॥
ਵਿਸਮਾਦੁ ਦੇਖੈ ਹਾਜਰਾ ਹਜੂਰਿ ॥	وِسمادُ دیکھے حاضرا حضوُرِ ॥
ਵੇਖਿ ਵਿਡਾਣੁ ਰਹਿਆ ਵਿਸਮਾਦੁ ॥	ویکھِ وِڈانُ رہِیا وِسمادُ ॥
ਨਾਨਕ ਬੁਝਣੁ ਪੂਰੈ ਭਾਗਿ ॥੧॥	نانک بُجھنُ پوُرے بھاگِ ॥1॥
ਮਃ ੧ ॥	م: 1 ॥
ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥	قُدرتِ دِسے قُدرتِ سُنیئے قُدرتِ بھءُ سُکھ سارُ ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥	قُدرتِ پاتالی آکاسی قُدرتِ سرب آکارُ ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥	قُدرتِ وید پُراڻ کتیبا قُدرتِ سرب ویچارُ ॥
ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ ॥	قُدرتِ کھاٹا پِیٹا پینّھنُ قُدرتِ سرب پِیارُ ॥
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥	قُدرتِ زاتی جِنسی رنگی قُدرتِ جیء جہان ॥
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥	قُدرتِ نیکیا قُدرتِ بدِیا قُدرتِ مانُ ابھمانُ ॥
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥	قُدرتِ پئُنُ پانی بیَسنّترُ قُدرتِ دھرتی خاکُ ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥	سبھ تیری قُدرتِ توُنّ قادِرُ کرتا

ਨਾਨਕ ਹੁਕਮੈ ਅੰਦਰਿ ਵੇਖੈ
ਵਰਤੈ ਤਾਕੋ ਤਾਕੁ ॥੨॥

پاکی نائی پاکُ ॥
نانک حُکمےَ اندرِ ویکھےَ
ورتےَ تاکو تاکُ ॥2॥

ਪਉੜੀ ॥

پئڑی ॥

ਆਪੀਨ੍ਹੈ ਭੋਗ ਭੋਗਿ ਕੈ
ਹੋਇ ਭਸਮੜਿ ਭਉਰੁ ਸਿਧਾਇਆ ॥

آپینہےَ بھوگ بھوگِ کے
ہوءِ بھسمڑِ بھرُ سِدھائیا ॥

ਵਡਾ ਹੋਆ ਦੁਨੀਦਾਰੁ
ਗਲਿ ਸੰਗਲੁ ਘਤਿ ਚਲਾਇਆ ॥

وڈا ہویا دُنیدارُ
گلِ سنگلُ گھتِ چلائیا ॥

ਅਗੈ ਕਰਣੀ ਕੀਰਤਿ ਵਾਚੀਐ
ਬਹਿ ਲੇਖਾ ਕਰਿ ਸਮਝਾਇਆ ॥

اگےَ کرنٹی کیرتِ واچیےَ
بہِ لیکھا کرِ سمجھائیا ॥

ਥਾਉ ਨ ਹੋਵੀ ਪਉਦੀਈ
ਹੁਣਿ ਸੁਣੀਐ ਕਿਆ ਰੂਆਇਆ ॥

تھاءُ ن ہووی پئدیئی
ہُنٹِ سُنٹیےَ کیا روُیائیا ॥

ਮਨਿ ਅੰਧੈ ਜਨਮੁ ਗਵਾਇਆ ॥੩॥

منِ اندھےَ جنمُ گوائیا ॥3॥

ਸਲੋਕ ਮਃ ੧ ॥

سلوک م: 1 ॥

ਭੈ ਵਿਚਿ ਪਵਣੁ ਵਹੈ ਸਦਵਾਉ ॥

بھےَ وِچِ پونٹُ وہےَ سدواءُ ॥

ਭੈ ਵਿਚਿ ਚਲਹਿ ਲਖ ਦਰੀਆਉ ॥

بھےَ وِچِ چلہِ لکھ دریِیاءُ ॥

ਭੈ ਵਿਚਿ ਅਗਨਿ ਕਢੈ ਵੇਗਾਰਿ ॥

بھےَ وِچِ اگنِ کڈھےَ ویگارِ ॥

ਭੈ ਵਿਚਿ ਧਰਤੀ ਦਬੀ ਭਾਰਿ ॥

بھےَ وِچِ دھرتی دبی بھارِ ॥

ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥

بھےَ وِچِ اِئندُ پھرےَ سِر بھارِ ॥

ਭੈ ਵਿਚਿ ਰਾਜਾ ਧਰਮੁ ਦੁਆਰੁ ॥

بھےَ وِچِ راجا دھرمُ دُیارُ ॥

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥

بھےَ وِچِ سوُرجُ بھےَ وِچِ چنٹُ ॥

ਕੋਹ ਕਰੋੜੀ ਚਲਤ ਨ ਅੰਤੁ ॥

کوہ کروڑی چلت ن انٹُ ॥

ਭੈ ਵਿਚਿ ਸਿਧ ਬੁਧ ਸੁਰ ਨਾਥ ॥

بھےَ وِچِ سِدھ بُدھ سُر ناتھ ॥

ਭੈ ਵਿਚਿ ਆਡਾਣੇ ਆਕਾਸ ॥	بھے وِچِ آڈانے آکاس ॥
ਭੈ ਵਿਚਿ ਜੋਧ ਮਹਾਬਲ ਸੂਰ ॥	بھے وِچِ جودھ مہابل سُور ॥
ਭੈ ਵਿਚਿ ਆਵਹਿ ਜਾਵਹਿ ਪੂਰ ॥	بھے وِچِ آوہِ جاوہِ پُور ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥	سگلیا بھءُ لِکھیا سِرِ لیکھُ ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥	نانک نِربھءُ نِرنکارُ سچُ ایکُ ॥1॥
ਮਃ ੧ ॥	م: 1 ॥
ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ ॥	نانک نِربھءُ نِرنکارُ ہورِ کیتے رام روال ॥
ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ ॥	کیتیِیا کنّہ کہاٹیِیا کیتے بید بیچار ॥
ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ ॥	کیتے نچہِ منگتے گِڑِ مُڑِ پوُرہِ تال ॥
ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ ॥	بازاری بازار مہِ آءِ کڈھہِ بازار ॥
ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ ॥	گاوہِ راجے راٹیِیا بولہِ آل پتال ॥
ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ ॥	لکھ ٹکیا کے مُنّڈرے لکھ ٹکیا کے ہار ॥
ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ ॥	جِتُ تنِ پائیِئہِ نانکا سے تن ہووہِ چھار ॥
ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥	گیانُ ن گلیئی ڈھوُڈھیئے کتھنا کرڑا سارُ ॥
ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ ॥੨॥	کرمِ ملے تا پائیئے ہور حِکمتِ حُکمُ خُیارُ ॥2॥

ਪਉੜੀ ॥	پئُڑی ॥
ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ ॥	ندرِ کرہِ جے آپنڑی تا ندری ستِگُر پائِیا ॥
ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ ॥	ایہُ جیِءُ بہُتے جنم بھرنّمیا تا ستِگُرِ سبدُ سُنڑائِیا ॥
ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ ॥	ستِگُر جیوڈُ داتا کو نہی سبھِ سُنڑیہُ لوک سبائِیا ۔ ॥
ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹੀ ਵਿਚਹੁ ਆਪੁ ਗਵਾਇਆ ॥	ستِگُرِ ملِےَ سچُ پائِیا جِنّہی وِچہُ آپُ گوائِیا ॥
ਜਿਨਿ ਸਚੋ ਸਚੁ ਬੁਝਾਇਆ ॥੪॥	جِنِ سچو سچُ بُجھائِیا ॥4॥
ਸਲੋਕ ਮਃ ੧ ॥	سلوک م: 1 ॥
ਘੜੀਆ ਸਭੇ ਗੋਪੀਆ ਪਹਰ ਕੰਨ੍ ਗੋਪਾਲ ॥	گھڑِیا سبھے گوپِیا پہر کنّہ گوپال ॥
ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥	گہنے پئُنُ پانڑی بیَسنّترُ چندُ سوُرجُ اوتار ॥
ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥	سگلی دھرتی مالُ دھنُ ورتنِ سرب زنّجال ॥
ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥੧॥	نانک مُسےَ گیان وِہوُنڑی کھاءِ گئِیا جمکالُ ॥1॥
ਮਃ ੧ ॥	م: 1 ॥
ਵਾਇਨਿ ਚੇਲੇ ਨਚਨਿ ਗੁਰ ॥	وائِنِ چیلے نچنِ گُر ॥
ਪੈਰ ਹਲਾਇਨਿ ਫੇਰਨ੍ਿ ਸਿਰ ॥	پیَر ہلائِنِ پھیرنّہِ سِر ॥
ਉਡਿ ਉਡਿ ਰਾਵਾ ਝਾਟੈ ਪਾਇ ॥	اُڈِ اُڈِ راوا جھاٹےَ پاءِ ॥
ਵੇਖੈ ਲੋਕੁ ਹਸੈ ਘਰਿ ਜਾਇ ॥	ویکھےَ لوکُ ہسےَ گھرِ جاءِ ॥

ਰੋਟੀਆ ਕਾਰਣਿ ਪੂਰਹਿ ਤਾਲ ॥	روٹیا کارنِ پوُرہِ تال ॥
ਆਪੁ ਪਛਾੜਹਿ ਧਰਤੀ ਨਾਲਿ ॥	آپُ پچھاڑہِ دھرتی نالِ ॥
ਗਾਵਨਿ ਗੋਪੀਆ ਗਾਵਨਿ ਕਾਨ੍ ॥	گاونِ گوپیا گاونِ کانّہ ॥
ਗਾਵਨਿ ਸੀਤਾ ਰਾਜੇ ਰਾਮ ॥	گاونِ سیتا راجے رام ॥
ਨਿਰਭਉ ਨਿਰੰਕਾਰੁ ਸਚੁ ਨਾਮੁ ॥	نِربھءُ نِرنکارُ سچُ نامُ ॥
ਜਾ ਕਾ ਕੀਆ ਸਗਲ ਜਹਾਨੁ ॥	جا کا کیا سگل جہانُ ॥
ਸੇਵਕ ਸੇਵਹਿ ਕਰਮਿ ਚੜਾਉ ॥	سیوک سیوہِ کرمِ چڑاءُ ॥
ਭਿੰਨੀ ਰੈਣਿ ਜਿਨ੍ਾ ਮਨਿ ਚਾਉ ॥	بھِنّنی ریَنِ جِنّہا منِ چاءُ ॥
ਸਿਖੀ ਸਿਖਿਆ ਗੁਰ ਵੀਚਾਰਿ ॥	سِکھی سِکھیا گُر ویچارِ ॥
ਨਦਰੀ ਕਰਮਿ ਲਘਾਏ ਪਾਰਿ ॥	ندری کرمِ لگھائے پارِ ॥
ਕੋਲੂ ਚਰਖਾ ਚਕੀ ਚਕੁ ॥	کولوُ چرکھا چکی چکُ ॥
ਥਲ ਵਾਰੋਲੇ ਬਹੁਤੁ ਅਨੰਤੁ ॥	تھل وارولے بہُتُ اننّتُ ॥
ਲਾਟੂ ਮਾਧਾਣੀਆ ਅਨਗਾਹ ॥	لاٹوُ مادھاٹیا انگاہ ॥
ਪੰਖੀ ਭਉਦੀਆ ਲੈਨਿ ਨ ਸਾਹ ॥	پنکھی بھئدیا لیَنِ ن ساہ ॥
ਸੂਐ ਚਾੜਿ ਭਵਾਈਅਹਿ ਜੰਤ ॥	سوُئے چاڑِ بھوائیَہِ جنّت ॥
ਨਾਨਕ ਭਉਦਿਆ ਗਣਤ ਨ ਅੰਤ ॥	نانک بھئدیا گنّت ن انّت ॥
ਬੰਧਨ ਬੰਧਿ ਭਵਾਏ ਸੋਇ ॥	بنّدھن بنّدھِ بھوائے سوءِ ॥
ਪਇਐ ਕਿਰਤਿ ਨਚੈ ਸਭੁ ਕੋਇ ॥	پئے کرتِ نچے سبھُ کوءِ ॥
ਨਚਿ ਨਚਿ ਹਸਹਿ ਚਲਹਿ ਸੇ ਰੋਇ ॥	نچِ نچِ ہسہِ چلہِ سے روءِ ॥
ਉਡਿ ਨ ਜਾਹੀ ਸਿਧ ਨ ਹੋਹਿ ॥	اُڈِ ن جاہی سِدھ ن ہوہِ ॥
ਨਚਣੁ ਕੁਦਣੁ ਮਨ ਕਾ ਚਾਉ ॥	نچنُ کُدنُ من کا چاءُ ॥
ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥੨॥	نانک جِنّہ منِ بھءُ تِنّہا منِ بھاءُ ॥2॥

ਪਉੜੀ ॥

ناؤ تیرا نِرنکارُ ہے
ناءِ لیئے نرکِ ن جائیئے ॥

ਨਾਉ ਤੇਰਾ ਨਿਰੰਕਾਰੁ ਹੈ
ਨਾਇ ਲਇਐ ਨਰਕਿ ਨ ਜਾਈਐ ॥

جیءُ پِنڈُ سبھُ تِس دا
دے کھاجے آکھِ گوائیئے ॥

ਜੀਉ ਪਿੰਡੁ ਸਭੁ ਤਿਸ ਦਾ
ਦੇ ਖਾਜੈ ਆਖਿ ਗਵਾਈਐ ॥

جے لوڑہِ چنگا آپنا
کرِ پُنّنہُ نیچُ سدائیئے ॥

ਜੇ ਲੋੜਹਿ ਚੰਗਾ ਆਪਣਾ
ਕਰਿ ਪੁੰਨਹੁ ਨੀਚੁ ਸਦਾਈਐ ॥

جے جروا ٹا پرہرے
جرُ ویس کریدی آئیئے ॥

ਜੇ ਜਰਵਾਣਾ ਪਰਹਰੈ
ਜਰੁ ਵੇਸ ਕਰੇਦੀ ਆਈਐ ॥

کو رہے ن بھریئے پائیئے ॥5॥

ਕੋ ਰਹੈ ਨ ਭਰੀਐ ਪਾਈਐ ॥੫॥

سلوک م: 1 ॥

ਸਲੋਕ ਮਃ ੧ ॥

مُسلمانا صِفتِ شریئتِ
پڑِ پڑِ کرہِ بیچارُ ॥

ਮੁਸਲਮਾਨਾ ਸਿਫਤਿ ਸਰੀਅਤਿ
ਪੜਿ ਪੜਿ ਕਰਹਿ ਬੀਚਾਰੁ ॥

بندے سے جِ پوہِ وِچِ بندی
ویکھ ک ءُ دیدارُ ॥

ਬੰਦੇ ਸੇ ਜਿ ਪਵਹਿ ਵਿਚਿ ਬੰਦੀ
ਵੇਖਣ ਕਉ ਦੀਦਾਰੁ ॥

ہِندُہ سالاحی سالاحنِ
درسنِ روُپِ اپارُ ॥

ਹਿੰਦੂ ਸਾਲਾਹੀ ਸਾਲਾਹਨਿ
ਦਰਸਨਿ ਰੂਪਿ ਅਪਾਰੁ ॥

تیرتھِ ناوہِ ارچا پوُجا
اگر واسُ بہکارُ ॥

ਤੀਰਥਿ ਨਾਵਹਿ ਅਰਚਾ ਪੂਜਾ
ਅਗਰ ਵਾਸੁ ਬਹਕਾਰੁ ॥

جوگی سُنّنِ دھیاونّہِ جیتے
الکھ نامُ کرتارُ ॥

ਜੋਗੀ ਸੁੰਨਿ ਧਿਆਵਨ੍ਹਿ ਜੇਤੇ
ਅਲਖ ਨਾਮੁ ਕਰਤਾਰੁ ॥

سوُکھم موُرتِ نامُ نِرنجن
کائیا کا آکارُ ॥

ਸੂਖਮ ਮੂਰਤਿ ਨਾਮੁ ਨਿਰੰਜਨ
ਕਾਇਆ ਕਾ ਆਕਾਰੁ ॥

ستیا منِ سنتوکھُ اُپجے
دینّے کے ویچارِ ॥

ਸਤੀਆ ਮਨਿ ਸੰਤੋਖੁ ਉਪਜੈ
ਦੇਣੈ ਕੈ ਵੀਚਾਰਿ ॥

ਦੇ ਦੇ ਮੰਗਹਿ ਸਹਸਾ ਗੁਣਾ
ਸੋਭ ਕਰੇ ਸੰਸਾਰੁ ॥

دے دے منگہِ سہسا گُوٹا
سوبھ کرے سنّسارُ ॥

ਚੋਰਾ ਜਾਰਾ ਤੈ ਕੂੜਿਆਰਾ
ਖਾਰਾਬਾ ਵੇਕਾਰ ॥

چورا جارا تے کوڑِیارا
کھارابا ویکار ॥

ਇਕਿ ਹੋਦਾ ਖਾਇ ਚਲਹਿ ਐਥਾਊ
ਤਿਨਾ ਭਿ ਕਾਈ ਕਾਰ ॥

اِکِ ہودا کھاءِ چلہِ ایتھائوُ
تِنا بھِ کائی کار ॥

ਜਲਿ ਥਲਿ ਜੀਆ ਪੁਰੀਆ ਲੋਆ
ਆਕਾਰਾ ਆਕਾਰ ॥

جلِ تھلِ جِیِیا پُرِیا لویا
آکارا آکار ॥

ਓਇ ਜਿ ਆਖਹਿ ਸੁ ਤੂੰਹੈ ਜਾਣਹਿ
ਤਿਨਾ ਭਿ ਤੇਰੀ ਸਾਰ ॥

اوءِ جِ آکھہِ سُ توُنہے جانہِ
تِنا بھِ تیری سار ॥

ਨਾਨਕ ਭਗਤਾ ਭੁਖ ਸਾਲਾਹਣੁ
ਸਚੁ ਨਾਮੁ ਆਧਾਰੁ ॥

نانک بھگتا بھکھ سالاحُ
سچُ نامُ آدھارُ ॥

ਸਦਾ ਅਨੰਦਿ ਰਹਹਿ ਦਿਨੁ ਰਾਤੀ
ਗੁਣਵੰਤਿਆ ਪਾ ਛਾਰੁ ॥੧॥

سدا انندِ رہہِ دِنُ راتی
گُنوَنتِیا پا چھارُ ॥1॥

ਮਃ ੧ ॥

م: 1 ॥

ਮਿਟੀ ਮੁਸਲਮਾਨ ਕੀ
ਪੇੜੈ ਪਈ ਕੁਮ੍ਹਿਆਰ ॥

مِٹی مُسلمان کی
پیڑے پئی کُہیار ॥

ਘੜਿ ਭਾਂਡੇ ਇਟਾ ਕੀਆ
ਜਲਦੀ ਕਰੇ ਪੁਕਾਰ ॥

گھڑِ بھانڈے اِٹا کیِیا
جلدی کرے پُکار ॥

ਜਲਿ ਜਲਿ ਰੋਵੈ ਬਪੁੜੀ
ਝੜਿ ਝੜਿ ਪਵਹਿ ਅੰਗਿਆਰ ॥

جلِ جلِ روَوے بپڑی
جھڑِ جھڑِ پوہِ انگیار ॥

ਨਾਨਕ ਜਿਨਿ ਕਰਤੈ ਕਾਰਣੁ ਕੀਆ
ਸੋ ਜਾਣੈ ਕਰਤਾਰੁ ॥੨॥

نانک جِنِ کرتے کارنُ کیِیا
سو جانے کرتارُ ॥2॥

ਪਉੜੀ ॥

پئڑی ॥

ਬਿਨੁ ਸਤਿਗੁਰ ਕਿਨੈ ਨ ਪਾਇਓ

بِنُ ستِگُر کِنے ن پائِئو

ਬਿਨੁ ਸਤਿਗੁਰ ਕਿਨੈ ਨ ਪਾਇਆ ॥	بِنُ ستِگُر کِنے ن پائیا ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥	ستِگُر وِچ آپُ رکھِئونُ کرِ پرگٹُ آکھِ سُنائیا ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥	ستِگُر ملِئے سدا مُکت ہے جِنِ وِچہُ موہُ چُکائیا ॥
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥	اُتمُ ایہُ بیچارُ ہے جِنِ سچے سِءُ چِتُ لائیا ॥
ਜਗਜੀਵਨੁ ਦਾਤਾ ਪਾਇਆ ॥੬॥	جگجیونُ داتا پائیا ॥6॥
ਸਲੋਕ ਮਃ ੧ ॥	سلوک م: 1 ॥
ਹਉ ਵਿਚਿ ਆਇਆ ਹਉ ਵਿਚਿ ਗਇਆ ॥	ہءُ وِچِ آئیا ہءُ وِچِ گئیا ॥
ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥	ہءُ وِچِ جنّمیا ہءُ وِچِ مُیا ॥
ਹਉ ਵਿਚਿ ਦਿਤਾ ਹਉ ਵਿਚਿ ਲਇਆ ॥	ہءُ وِچِ دِتا ہءُ وِچِ لئیا ॥
ਹਉ ਵਿਚਿ ਖਟਿਆ ਹਉ ਵਿਚਿ ਗਇਆ ॥	ہءُ وِچِ کھٹیا ہءُ وِچِ گئیا ॥
ਹਉ ਵਿਚਿ ਸਚਿਆਰੁ ਕੂੜਿਆਰੁ ॥	ہءُ وِچِ سچیارُ کوُڑِیارُ ॥
ਹਉ ਵਿਚਿ ਪਾਪ ਪੁੰਨ ਵੀਚਾਰੁ ॥	ہءُ وِچِ پاپ پُنّن ویچارُ ॥
ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥	ہءُ وِچِ نرکِ سُرگِ اوتارُ ॥
ਹਉ ਵਿਚਿ ਹਸੈ ਹਉ ਵਿਚਿ ਰੋਵੈ ॥	ہءُ وِچِ ہسے ہءُ وِچِ روے ॥
ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥	ہءُ وِچِ بھریئے ہءُ وِچِ دھوے ॥
ਹਉ ਵਿਚਿ ਜਾਤੀ ਜਿਨਸੀ ਖੋਵੈ ॥	ہءُ وِچِ زاتی جِنسی کھوے ॥
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥	ہءُ وِچِ موُرکھُ ہءُ وِچِ سِیاٹا ॥
ਮੋਖ ਮੁਕਤਿ ਕੀ ਸਾਰ ਨ ਜਾਣਾ ॥	موکھ مُکتِ کی سار ن جاٹا ॥
ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥	ہءُ وِچِ مائیا ہءُ وِچِ چھائیا ॥
ਹਉਮੈ ਕਰਿ ਕਰਿ ਜੰਤ ਉਪਾਇਆ ॥	ہئُمے کرِ کرِ جنّت اُپائیا ॥

ਹਉਮੈ ਬੂਝੈ ਤਾ ਦਰੁ ਸੂਝੈ ॥	ہئُمے بُوجھے تا دُر سُوجھے ॥
ਗਿਆਨ ਵਿਹੂਣਾ ਕਥਿ ਕਥਿ ਲੂਝੈ ॥	گیان وِہُوٹا کتھِ کتھِ لُوجھے ॥
ਨਾਨਕ ਹੁਕਮੀ ਲਿਖੀਐ ਲੇਖੁ ॥	نانک حُکمی لِکھیئے لیکھُ ॥
ਜੇਹਾ ਵੇਖਹਿ ਤੇਹਾ ਵੇਖੁ ॥੧॥	جیہا ویکھہِ تیہا ویکھُ ॥1॥
ਮਹਲਾ ੨ ॥	محلا 2 ॥
ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥	ہئُمے ایہا ذاتِ ہے ہئُمے کرم کماہِ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥	ہئُمے ایئی بندھنا پھِرِ پھِرِ جونی پاہِ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥	ہئُمے کِتھہُ اوُپجے کِتُ سنجَمِ اِہ جاءِ ॥
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥	ہئُمے ایہو حُکمُ ہے پئے کِرتِ پھِراہِ ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥	ہئُمے دِیرگھ روگُ ہے دارُو بھی اِسُ ماہِ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥	کِرپا کرے جے آپنی تا گُر کا سبدُ کماہِ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥	نانکُ کہے سُنہُ جنہُ اِتُ سنجَمِ دُکھ جاہِ ॥2॥
ਪਉੜੀ ॥	پئُڑی ॥
ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥	سیو کیتی سنتوکھیئیں جِنّہی سچو سچُ دھیائیا ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥	اونّہی مندے پیرُ ن رکھیو کرِ سُکرِتُ دھرمُ کمائیا ॥
ਓਨ੍ਹੀ ਦੁਨੀਆ ਤੋੜੇ ਬੰਧਨਾ	اونّہی دُنیا توڑے بندھنا

ਅੰਨੁ ਪਾਣੀ ਥੋੜਾ ਖਾਇਆ ॥	انّنُ پانٔی تھوڑا کھائِیا ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥	توُنّ بخشیِسی اگلا نِت دیوہِ چڑہِ سوائِیا ॥
ਵਡਿਆਈ ਵਡਾ ਪਾਇਆ ॥੭॥	وڈِیائی وڈا پائِیا ॥7॥
ਸਲੋਕ ਮਃ ੧ ॥	سلوک م: 1 ॥
ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥	پُرکھاں بِرکھاں تیِرتھاں تٹاں میگھاں کھیتانہٕ ॥
ਦੀਪਾਂ ਲੋਆ ਮੰਡਲਾਂ ਖੰਡਾਂ ਵਰਭੰਡਾਂਹ ॥	دیپاں لویا منڈلاں کھنڈاں وربھنڈانہٕ ॥
ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥	انڈج جیرج اُتبھُجاں کھانٔی سیتجانہٕ ॥
ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥	سو مِتِ جانۓ نانکا سراں میراں جنّتاہ ॥
ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥	نانک جنّت اُپاءِ کے سنّمالے سبھناہ ॥
ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥	جِنِ کرتے کرٹا کِیا چِنّتا بھِ کرنٔی تاہ ॥
ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥	سو کرتا چِنّتا کرے جِنِ اُپائِیا جگُ ॥
ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ ॥	تِسُ جوہاری سُہَستِ تِسُ تِسُ دیِبانُ ابھگُ ॥
ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥੧॥	نانک سچے نام بِنُ کِیا ٹِکا کِیا تگُ ۔ ॥1॥
ਮਃ ੧ ॥	م: 1 ॥
ਲਖ ਨੇਕੀਆ ਚੰਗਿਆਈਆ	لکھ نیکیِیا چنگِیائِیا

ਲਖ ਪੁੰਨਾ ਪਰਵਾਣੁ ॥

لکھ پُنّا پرواڻُ ॥

ਲਖ ਤਪ ਉਪਰਿ ਤੀਰਥਾਂ
ਸਹਜ ਜੋਗ ਬੇਬਾਣ ॥

لکھ تپ اُپرِ تیرتھاں
سہج جوگ بیباڻ ॥

ਲਖ ਸੂਰਤਣ ਸੰਗਰਾਮ
ਰਣ ਮਹਿ ਛੁਟਹਿ ਪਰਾਣ ॥

لکھ سوُرتڻ سنگرام
رڻ مہِ چھُٹہِ پراڻ ॥

ਲਖ ਸੁਰਤੀ ਲਖ ਗਿਆਨ ਧਿਆਨ
ਪੜੀਅਹਿ ਪਾਠ ਪੁਰਾਣ ॥

لکھ سُرتی لکھ گِیان دھِیان
پڑِیئہِ پاٹھ پُراڻ ॥

ਜਿਨਿ ਕਰਤੈ ਕਰਣਾ ਕੀਆ
ਲਿਖਿਆ ਆਵਣ ਜਾਣੁ ॥

جِنِ کرتے کرٹا کِیا
لِکھِیا آوڻ جاڻُ ॥

ਨਾਨਕ ਮਤੀ ਮਿਥਿਆ
ਕਰਮੁ ਸਚਾ ਨੀਸਾਣੁ ॥੨॥

نانک متی مِتھِیا
کرمُ سچا نِیشاڻُ ॥2॥

ਪਉੜੀ ॥

پؤڑی ॥

ਸਚਾ ਸਾਹਿਬੁ ਏਕੁ ਤੂੰ
ਜਿਨਿ ਸਚੋ ਸਚੁ ਵਰਤਾਇਆ ॥

سچا صاحِبُ ایکُ توُنّ
جِنِ سچو سچُ ورتائِیا ॥

ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ
ਤਾ ਤਿਨ੍ਹੀ ਸਚੁ ਕਮਾਇਆ ॥

جِسُ توُنّ دیہِ تِس مِلے سچُ
تا تِنّہی سچُ کمائِیا ॥

ਸਤਿਗੁਰਿ ਮਿਲਿਐ ਸਚੁ ਪਾਇਆ
ਜਿਨ੍ ਕੈ ਹਿਰਦੈ ਸਚੁ ਵਸਾਇਆ ॥

ستِگُرِ مِلِئے سچُ پائِیا
جِنّہ کے ہِردے سچُ وسائِیا ॥

ਮੂਰਖ ਸਚੁ ਨ ਜਾਣਨ੍ਹੀ
ਮਨਮੁਖੀ ਜਨਮੁ ਗਵਾਇਆ ॥

موُرکھ سچُ ن جانّہی
منمکھی جنمُ گوائِیا ॥

ਵਿਚਿ ਦੁਨੀਆ ਕਾਹੇ ਆਇਆ ॥੮॥

وِچِ دُنِیا کاہے آئِیا ۔ ॥8॥

ਸਲੋਕੁ ਮਃ ੧ ॥

سلوکُ م: 1 ॥

ਪੜਿ ਪੜਿ ਗਡੀ ਲਦੀਅਹਿ
ਪੜਿ ਪੜਿ ਭਰੀਅਹਿ ਸਾਥ ॥

پڑِ پڑِ گڈی لدِیئہِ
پڑِ پڑِ بھرِیئہِ ساتھ ॥

ਪੜਿ ਪੜਿ ਬੇੜੀ ਪਾਈਐ

پڑِ پڑِ بیڑی پائِیئے

ਪੜਿ ਪੜਿ ਗਡੀਅਹਿ ਖਾਤ ॥	پڑِ پڑِ گڈیئہِ کھات ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥	پڑیئہِ جیتے برس برس پڑیئہِ جیتے ماس ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥	پڑیےِ جیتی آرجا پڑیئہِ جیتے ساس ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥	نانک لیکھےَ اِک گل ہورُ ہئُمےَ جھکھنا جھاکھ ॥1॥
ਮਃ ੧ ॥	م: 1 ॥
ਲਿਖਿ ਲਿਖਿ ਪੜਿਆ ॥	لِکھِ لِکھِ پڑیا ॥
ਤੇਤਾ ਕੜਿਆ ॥	تیتا کڑیا ॥
ਬਹੁ ਤੀਰਥ ਭਵਿਆ ॥	بہُ تیرتھ بھویا ॥
ਤੇਤੋ ਲਵਿਆ ॥	تیتو لویا ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥	بہُ بھیکھ کیِیا دیہی دُکھُ دیِیا ॥
ਸਹੁ ਵੇ ਜੀਆ ਅਪਣਾ ਕੀਆ ॥	سہُ وے جیِیا اپٹا کیِیا ॥
ਅੰਨੁ ਨ ਖਾਇਆ ਸਾਦੁ ਗਵਾਇਆ ॥	انّنُ ن کھائیا سادُ گوائیا ॥
ਬਹੁ ਦੁਖੁ ਪਾਇਆ ਦੂਜਾ ਭਾਇਆ ॥	بہُ دُکھُ پائیا دوُجا بھائیا ॥
ਬਸਤ੍ਰ ਨ ਪਹਿਰੈ ॥	بستّر ن پہِرےَ ॥
ਅਹਿਨਿਸਿ ਕਹਰੈ ॥	اہِنِس کہرےَ ॥
ਮੋਨਿ ਵਿਗੂਤਾ ॥	مونِ وِگوُتا ॥
ਕਿਉ ਜਾਗੈ ਗੁਰ ਬਿਨੁ ਸੂਤਾ ॥	کِءُ جاگےَ گُر بِنُ سوُتا ॥
ਪਗ ਉਪੇਤਾਣਾ ॥	پگ اُپیتاٹا ॥
ਅਪਣਾ ਕੀਆ ਕਮਾਣਾ ॥	اپٹا کیِیا کماٹا ॥
ਅਲੁ ਮਲੁ ਖਾਈ ਸਿਰਿ ਛਾਈ ਪਾਈ ॥	الُ ملُ کھائی سِرِ چھائی پائی ॥

ਮੂਰਖਿ ਅੰਧੈ ਪਤਿ ਗਵਾਈ ॥	مُورکھِ انّدھے پتِ گوائی ॥
ਵਿਣੁ ਨਾਵੈ ਕਿਛੁ ਥਾਇ ਨ ਪਾਈ ॥	وِنُ ناوے کِچھُ تھاءِ ن پائی ॥
ਰਹੈ ਬੇਬਾਣੀ ਮੜੀ ਮਸਾਣੀ ॥	رہے بیباٹی مڑی مساٹی ॥
ਅੰਧੁ ਨ ਜਾਣੈ ਫਿਰਿ ਪਛੁਤਾਣੀ ॥	انّدھُ ن جاٹے پھِرِ پچھُتاٹی ॥
ਸਤਿਗੁਰੁ ਭੇਟੇ ਸੋ ਸੁਖੁ ਪਾਏ ॥	ستِگُرُ بھیٹے سو سُکھُ پائے ॥
ਹਰਿ ਕਾ ਨਾਮੁ ਮੰਨਿ ਵਸਾਏ ॥	ہرِ کا نامُ منّنِ وسائے ॥
ਨਾਨਕ ਨਦਰਿ ਕਰੇ ਸੋ ਪਾਏ ॥	نانک ندرِ کرے سو پائے ॥
ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥੨॥	آس انّدیسے تے نِہکیولُ ہئُمے سبدِ جلائے ॥2॥
ਪਉੜੀ ॥	پئُڑی ॥
ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥	بھگت تیرے منِ بھاودے درِ سوہنِ کیرتِ گاودے ॥
ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ ॥	نانک کرما باہرے درِ ڈھوء ن لہنّہی دھاودے ॥
ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥	اِکِ موُلُ ن بُجھنّہِ آپٹا اٹہودا آپُ گٹائِدے ॥
ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥	ہءُ ڈھاڈھی کا نِیچ زاتِ ہورِ اُتم زاتِ سدائِدے ॥
ਤਿਨ੍ਹ ਮੰਗਾ ਜਿ ਤੁਝੈ ਧਿਆਇਦੇ ॥੯॥	تِنّہ منگا جِ تُجھے دھیائِدے ॥9॥
ਸਲੋਕੁ ਮਃ ੧ ॥	سلوکُ م: 1 ॥
ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥	کوُڑُ راجا کوُڑُ پرجا کوُڑُ سبھُ سنّسارُ ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥	کوُڑُ منڈپ کوُڑُ ماڑی کوُڑُ بیسٹہارُ ॥

ਕੂੜੁ ਸੁਇਨਾ ਕੂੜੁ ਰੁਪਾ
ਕੂੜੁ ਪੈਨ੍ਹਣਹਾਰੁ ॥

کوڑُ سُنِنا کوڑُ رُپا
کوڑُ پینّھنّہارُ ॥

ਕੂੜੁ ਕਾਇਆ ਕੂੜੁ ਕਪੜੁ
ਕੂੜੁ ਰੂਪੁ ਅਪਾਰੁ ॥

کوڑُ کائیا کوڑُ کپڑُ
کوڑُ روُپُ اپارُ ॥

ਕੂੜੁ ਮੀਆ ਕੂੜੁ ਬੀਬੀ
ਖਪਿ ਹੋਏ ਖਾਰੁ ॥

کوڑُ میا کوڑُ بیبی
کھپِ ہوئے کھارُ ॥

ਕੂੜਿ ਕੂੜੈ ਨੇਹੁ ਲਗਾ
ਵਿਸਰਿਆ ਕਰਤਾਰੁ ॥

کوڑِ کوڑے نیہُ لگا
وِسریا کرتارُ ॥

ਕਿਸੁ ਨਾਲਿ ਕੀਚੈ ਦੋਸਤੀ
ਸਭੁ ਜਗੁ ਚਲਣਹਾਰੁ ॥

کِس نالِ کیچے دوستی
سبھُ جگُ چلنّہارُ ॥

ਕੂੜੁ ਮਿਠਾ ਕੂੜੁ ਮਾਖਿਉ
ਕੂੜੁ ਡੋਬੇ ਪੂਰੁ ॥

کوڑُ مِٹھا کوڑُ ماکھِءُ
کوڑُ ڈوبے پوُرُ ॥

ਨਾਨਕੁ ਵਖਾਣੈ ਬੇਨਤੀ
ਤੁਧੁ ਬਾਝੁ ਕੂੜੋ ਕੂੜੁ ॥੧॥

نانکُ وکھانے بینتی
تُدھُ باجھُ کوڑو کوڑُ ॥1॥

ਮਃ ੧ ॥

م: 1 ॥

ਸਚੁ ਤਾ ਪਰੁ ਜਾਣੀਐ
ਜਾ ਰਿਦੈ ਸਚਾ ਹੋਇ ॥

سچُ تا پرُ جانیئے
جا رِدے سچا ہوءِ ॥

ਕੂੜ ਕੀ ਮਲੁ ਉਤਰੈ
ਤਨੁ ਕਰੇ ਹਛਾ ਧੋਇ ॥

کوڑُ کی مل اُترے
تنُ کرے ہچھا دھوءِ ॥

ਸਚੁ ਤਾ ਪਰੁ ਜਾਣੀਐ
ਜਾ ਸਚਿ ਧਰੇ ਪਿਆਰੁ ॥

سچُ تا پرُ جانیئے
جا سچِ دھرے پیارُ ॥

ਨਾਉ ਸੁਣਿ ਮਨੁ ਰਹਸੀਐ
ਤਾ ਪਾਏ ਮੋਖ ਦੁਆਰੁ ॥

ناءُ سُنِ منُ رہسیئے
تا پائے موکھ دُیارُ ॥

ਸਚੁ ਤਾ ਪਰੁ ਜਾਣੀਐ
ਜਾ ਜੁਗਤਿ ਜਾਣੈ ਜੀਉ ॥

سچُ تا پرُ جانیئے
جا جُگتِ جانے جیِءُ ॥

ਧਰਤਿ ਕਾਇਆ ਸਾਧ ਕੈ
ਵਿਚਿ ਦੇਇ ਕਰਤਾ ਬੀਉ ॥

دھرتِ کائیا سادھ کے
وِچ دےءِ کرتا بِیءُ ॥

ਸਚੁ ਤਾ ਪਰੁ ਜਾਣੀਐ
ਜਾ ਸਿਖ ਸਚੀ ਲੇਇ ॥

سچُ تا پرُ جانئیےَ
جا سِکھ سچی لےءِ ॥

ਦਇਆ ਜਾਣੈ ਜੀਅ ਕੀ
ਕਿਛੁ ਪੁੰਨੁ ਦਾਨੁ ਕਰੇਇ ॥

دئیا جانئے جیء کی
کِچھُ پُنّنُ دانُ کرےءِ ॥

ਸਚੁ ਤਾਂ ਪਰੁ ਜਾਣੀਐ
ਜਾ ਆਤਮ ਤੀਰਥਿ ਕਰੇ ਨਿਵਾਸੁ ॥

سچُ تاں پرُ جانئیےَ
جا آتم تیرتھِ کرے نِواسُ ॥

ਸਤਿਗੁਰੂ ਨੋ ਪੁਛਿ ਕੈ
ਬਹਿ ਰਹੈ ਕਰੇ ਨਿਵਾਸੁ ॥

ستِگُرو نو پُچھِ کے
بہِ رہے کرے نِواسُ ॥

ਸਚੁ ਸਭਨਾ ਹੋਇ ਦਾਰੂ
ਪਾਪ ਕਢੈ ਧੋਇ ॥

سچُ سبھنا ہوءِ دارُو
پاپ کڈھےَ دھوءِ ॥

ਨਾਨਕੁ ਵਖਾਣੈ ਬੇਨਤੀ
ਜਿਨ ਸਚੁ ਪਲੈ ਹੋਇ ॥੨॥

نانکُ وکھانئے بینتی
جِن سچُ پلےَ ہوءِ ॥2॥

ਪਉੜੀ ॥

پئُڑی ॥

ਦਾਨੁ ਮਹਿੰਡਾ ਤਲੀ ਖਾਕੁ
ਜੇ ਮਿਲੈ ਤ ਮਸਤਕਿ ਲਾਈਐ ॥

دانُ مہِنڈا تلی خاکُ
جے مِلےَ ت مستکِ لائیےَ ॥

ਕੂੜਾ ਲਾਲਚੁ ਛਡੀਐ
ਹੋਇ ਇਕ ਮਨਿ ਅਲਖੁ ਧਿਆਈਐ ॥

کوُڑا لالچُ چھڈیےَ
ہوءِ اِک منِ الکھُ دھیائیےَ ॥

ਫਲੁ ਤੇਵੇਹੋ ਪਾਈਐ
ਜੇਵੇਹੀ ਕਾਰ ਕਮਾਈਐ ॥

پھلُ تیویہو پائیےَ
جیویہی کار کمائیےَ ॥

ਜੇ ਹੋਵੈ ਪੂਰਬਿ ਲਿਖਿਆ
ਤਾ ਧੂੜਿ ਤਿਨ੍ਹਾ ਦੀ ਪਾਈਐ ॥

جے ہووے پوُربِ لِکھیا
تا دھوُڑِ تِنّہا دی پائیےَ ॥

ਮਤਿ ਥੋੜੀ ਸੇਵ ਗਵਾਈਐ ॥੧੦॥

مت تھوڑی سیو گوائیےَ ॥ 10 ॥

ਸਲੋਕੁ ਮਃ ੧ ॥

سلوکُ م: 1 ॥

ਸਚਿ ਕਾਲੁ ਕੂੜੁ ਵਰਤਿਆ
ਕਲਿ ਕਾਲਖ ਬੇਤਾਲ ॥

سچِ کالُ کوڑُ ورتیا
کلِ کالکھ بیتال ॥

ਬੀਉ ਬੀਜਿ ਪਤਿ ਲੈ ਗਏ
ਅਬ ਕਿਉ ਉਗਵੈ ਦਾਲਿ ॥

بِیءُ بِیجِ پتِ لے گئے
اب کِءُ اُگوے دالِ ۔ ॥

ਜੇ ਇਕੁ ਹੋਇ ਤ ਉਗਵੈ
ਰੁਤੀ ਹੂ ਰੁਤਿ ਹੋਇ ॥

جے اِکُ ہوءِ ت اُگوے
رُتی ہوُ رُتِ ہوءِ ॥

ਨਾਨਕ ਪਾਹੈ ਬਾਹਰਾ
ਕੋਰੈ ਰੰਗੁ ਨ ਸੋਇ ॥

نانک پاہے باہرا
کورے رنگُ ن سوءِ ॥

ਭੈ ਵਿਚਿ ਖੁੰਬਿ ਚੜਾਈਐ
ਸਰਮੁ ਪਾਹੁ ਤਨਿ ਹੋਇ ॥

بھے وِچ کھُنّبِ چڑائیئے
سرمُ پاہُ تنِ ہوءِ ॥

ਨਾਨਕ ਭਗਤੀ ਜੇ ਰਪੈ
ਕੂੜੈ ਸੋਇ ਨ ਕੋਇ ॥੧॥

نانک بھگتی جے رپے
کوڑے سوءِ ن کوءِ ॥1॥

ਮਃ ੧ ॥

م: 1 ॥

ਲਬੁ ਪਾਪੁ ਦੁਇ ਰਾਜਾ ਮਹਤਾ
ਕੂੜੁ ਹੋਆ ਸਿਕਦਾਰੁ ॥

لبُ پاپُ دُءِ راجا مہتا
کوڑُ ہویا سِکدارُ ॥

ਕਾਮੁ ਨੇਬੁ ਸਦਿ ਪੁਛੀਐ
ਬਹਿ ਬਹਿ ਕਰੇ ਬੀਚਾਰੁ ॥

کامُ نیبُ سدِ پُچھیئے
بہِ بہِ کرے بیچارُ ॥

ਅੰਧੀ ਰਯਤਿ ਗਿਆਨ ਵਿਹੂਣੀ
ਭਾਹਿ ਭਰੇ ਮੁਰਦਾਰੁ ॥

اندھی رہتِ گیان وِہوُنی
بھاہِ بھرے مُردارُ ॥

ਗਿਆਨੀ ਨਚਹਿ ਵਾਜੇ ਵਾਵਹਿ
ਰੂਪ ਕਰਹਿ ਸੀਗਾਰੁ ॥

گیانی نچہِ واجے واوہِ
روُپ کرہِ سیگارُ ॥

ਊਚੇ ਕੂਕਹਿ ਵਾਦਾ ਗਾਵਹਿ
ਜੋਧਾ ਕਾ ਵੀਚਾਰੁ ॥

اوُچے کوُکہِ وادا گاوہِ
جودھا کا ویچارُ ॥

ਮੂਰਖ ਪੰਡਿਤ ਹਿਕਮਤਿ ਹੁਜਤਿ
ਸੰਜੈ ਕਰਹਿ ਪਿਆਰੁ ॥

مُورکھ پنڈِت حِکمتِ حُجتِ
سنجے کرہِ پیارُ ॥

ਧਰਮੀ ਧਰਮੁ ਕਰਹਿ ਗਾਵਾਵਹਿ
ਮੰਗਹਿ ਮੋਖ ਦੁਆਰੁ ॥

دھرمی دھرمُ کرہِ گاواوہِ
منگہِ موکھ دُیارُ ॥

ਜਤੀ ਸਦਾਵਹਿ ਜੁਗਤਿ ਨ ਜਾਣਹਿ
ਛਡਿ ਬਹਹਿ ਘਰ ਬਾਰੁ ॥

جتی سداوہِ جُگتِ ن جانہِ
چھڈِ بہہِ گھر بارُ ॥

ਸਭੁ ਕੋ ਪੂਰਾ ਆਪੇ ਹੋਵੈ
ਘਟਿ ਨ ਕੋਈ ਆਖੈ ॥

سبھُ کو پُورا آپے ہووے
گھٹِ ن کوئی آکھے ॥

ਪਤਿ ਪਰਵਾਣਾ ਪਿਛੈ ਪਾਈਐ
ਤਾ ਨਾਨਕ ਤੋਲਿਆ ਜਾਪੈ ॥੨॥

پتِ پرواٹا پچھے پائیئے
تا نانک تولیا جاپے ॥2॥

ਮਃ ੧ ॥

م: 1 ॥

ਵਦੀ ਸੁ ਵਜਗਿ ਨਾਨਕਾ
ਸਚਾ ਵੇਖੈ ਸੋਇ ॥

ودی سُ وجگِ نانکا
سچا ویکھے سوءِ ॥

ਸਭਨੀ ਛਾਲਾ ਮਾਰੀਆ
ਕਰਤਾ ਕਰੇ ਸੁ ਹੋਇ ॥

سبھنی چھالا ماریا
کرتا کرے سُ ہوءِ ॥

ਅਗੈ ਜਾਤਿ ਨ ਜੋਰੁ ਹੈ
ਅਗੈ ਜੀਉ ਨਵੇ ॥

اگے زاتِ ن زورُ ہے
اگے جیءُ نوے ॥

ਜਿਨ ਕੀ ਲੇਖੈ ਪਤਿ ਪਵੈ
ਚੰਗੇ ਸੇਈ ਕੇਇ ॥੩॥

جِن کی لیکھے پتِ پوے
چنگے سیئی کےءِ ॥3॥

ਪਉੜੀ ॥

پئُڑی ॥

ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ
ਤਾ ਤਿਨੀ ਖਸਮੁ ਧਿਆਇਆ ॥

دھُرِ کرمُ جِنا کءُ تُدھُ پایئیا
تا تِنی خصمُ دھیایئیا ॥

ਏਨਾ ਜੰਤਾ ਕੈ ਵਸਿ ਕਿਛੁ ਨਾਹੀ
ਤੁਧੁ ਵੇਕੀ ਜਗਤੁ ਉਪਾਇਆ ॥

اینا جنّتا کے وسِ کِچھُ ناہی
تُدھُ ویکی جگتُ اُپایئیا ॥

ਇਕਨਾ ਨੋ ਤੂੰ ਮੇਲਿ ਲੈਹਿ
ਇਕਿ ਆਪਹੁ ਤੁਧੁ ਖੁਆਇਆ ॥

اِکنا نو توُنّ میلِ لیہِ
اِکِ آپہُ تُدھُ کھُیایئیا ॥

ਗੁਰ ਕਿਰਪਾ ਤੇ ਜਾਣਿਆ

گُر کِرپا تے جانیا

ਜਿਥੈ ਤੁਧੁ ਆਪੁ ਬੁਝਾਇਆ ॥

ਸਹਜੇ ਹੀ ਸਚਿ ਸਮਾਇਆ ॥੧੧॥

ਸਲੋਕੁ ਮਃ ੧ ॥

ਦੁਖੁ ਦਾਰੂ ਸੁਖੁ ਰੋਗੁ ਭਇਆ
ਜਾ ਸੁਖੁ ਤਾਮਿ ਨ ਹੋਈ ॥

ਤੂੰ ਕਰਤਾ ਕਰਣਾ ਮੈ ਨਾਹੀ
ਜਾ ਹਉ ਕਰੀ ਨ ਹੋਈ ॥੧॥

ਬਲਿਹਾਰੀ ਕੁਦਰਤਿ ਵਸਿਆ ॥

ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ
ਅਕਲ ਕਲਾ ਭਰਪੂਰਿ ਰਹਿਆ ॥

ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ
ਜਿਨਿ ਕੀਤੀ ਸੋ ਪਾਰਿ ਪਇਆ ॥

ਕਹੁ ਨਾਨਕ ਕਰਤੇ ਕੀਆ ਬਾਤਾ
ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥

ਮਃ ੨ ॥

ਜੋਗ ਸਬਦੰ ਗਿਆਨ ਸਬਦੰ
ਬੇਦ ਸਬਦੰ ਬ੍ਰਾਹਮਣਹ ॥

ਖਤ੍ਰੀ ਸਬਦੰ ਸੂਰ ਸਬਦੰ
ਸੂਦ੍ਰ ਸਬਦੰ ਪਰਾ ਕ੍ਰਿਤਹ ॥

ਸਰਬ ਸਬਦੰ ਏਕ ਸਬਦੰ
ਜੇ ਕੋ ਜਾਣੈ ਭੇਉ ॥

ਨਾਨਕੁ ਤਾ ਕਾ ਦਾਸੁ ਹੈ
ਸੋਈ ਨਿਰੰਜਨ ਦੇਉ ॥੩॥

جِتھے تُدھُ آپُ بُجھائیا ॥

سہجے ہی سچِ سمائیا ॥ 11 ॥

سلوکُ م: 1 ॥

دُکھُ دارُو سُکھُ روگُ بھئیا
جا سُکھُ تامِ ن ہوئی ॥

توُنّ کرتا کرٹا مے ناہی
جا ہءُ کری ن ہوئی ॥1॥

بلِہاری قُدرتِ وسِیا ॥

تیرا انتُ ن جائی لکھیا ॥1॥ رہاءُ ॥

جاتِ مہِ جوتِ جوتِ مہِ جاتا
اکل کلا بھرپوُرِ رہِیا ॥

توُنّ سچا صاحِبُ صِفتِ سُیالّہِءُ
جِنِ کِیتی سو پارِ پئیا ॥

کہُ نانک کرتے کِیا باتا
جو کِچھُ کرٹا سُ کرِ رہِیا ॥2॥

م: 2 ॥

جوگ سبدنّ گِیان سبدنّ
بید سبدنّ بّراہمٹہ ॥

کھتّری سبدنّ سوُر سبدنّ
سوُدّر سبدنّ پرا کّرِتہ ॥

سرب سبدنّ ایک سبدنّ
جے کو جانٹے بھیءُ ॥

نانکُ تا کا داسُ ہے
سوئی نِرنّجن دیءُ ॥3॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਮਃ ੨ ॥

ایک کرِسننّ سرب دیوا
دیو دیوا ت آتما ॥

ਏਕ ਕ੍ਰਿਸਨੰ ਸਰਬ ਦੇਵਾ
ਦੇਵ ਦੇਵਾ ਤ ਆਤਮਾ ॥

آتما باسُدیوسّیِ
جے کو جانٹے بھیءُ ॥

ਆਤਮਾ ਬਾਸੁਦੇਵਸ੍ਯ
ਜੇ ਕੋ ਜਾਣੈ ਭੇਉ ॥

نانکُ تا کا داسُ ہے
سوئی نِرنّجن دیءُ ॥4॥

ਨਾਨਕੁ ਤਾ ਕਾ ਦਾਸੁ ਹੈ
ਸੋਈ ਨਿਰੰਜਨ ਦੇਉ ॥੪॥

ਮਃ ੧ ॥

م: 1 ॥

کُنبھے بدھا جلُ رہے
جل بِنُ کُنبھُ ن ہوءِ ॥

ਕੁੰਭੇ ਬਧਾ ਜਲੁ ਰਹੈ
ਜਲ ਬਿਨੁ ਕੁੰਭੁ ਨ ਹੋਇ ॥

گِیان کا بدھا منُ رہے
گُر بِنُ گِیانُ ن ہوءِ ॥5॥

ਗਿਆਨ ਕਾ ਬਧਾ ਮਨੁ ਰਹੈ
ਗੁਰ ਬਿਨੁ ਗਿਆਨੁ ਨ ਹੋਇ ॥੫॥

پپُڑی ॥

ਪਉੜੀ ॥

پڑِیا ہووے گُنہاگارُ
تا اومی سادھُ ن مارِیےّ ॥

ਪੜਿਆ ਹੋਵੈ ਗੁਨਹਾਗਾਰੁ
ਤਾ ਓਮੀ ਸਾਧੁ ਨ ਮਾਰੀਐ ॥

جیہا گھالے گھالٹا
تیویہو ناءُ پچارِیےّ ॥

ਜੇਹਾ ਘਾਲੇ ਘਾਲਣਾ
ਤੇਵੇਹੋ ਨਾਉ ਪਚਾਰੀਐ ॥

ایَسی کلا ن کھیڈِیےّ
جِتُ درگہ گئیا ہارِیےّ ॥

ਐਸੀ ਕਲਾ ਨ ਖੇਡੀਐ
ਜਿਤੁ ਦਰਗਹ ਗਇਆ ਹਾਰੀਐ ॥

پڑِیا اتے اوِیہا
وِیچارُ اگے وِیچارِیےّ ॥

ਪੜਿਆ ਅਤੈ ਓਮੀਆ
ਵੀਚਾਰੁ ਅਗੈ ਵੀਚਾਰੀਐ ॥

مُہِ چلےَ سُ اگے مارِیےّ ॥ 12 ॥

ਮੁਹਿ ਚਲੈ ਸੁ ਅਗੈ ਮਾਰੀਐ ॥੧੨॥

سلوکُ م: 1 ॥

ਸਲੋਕੁ ਮਃ ੧ ॥

نانک میرُ سریر کا
اِکُ رتھُ اِکُ رتھواہُ ॥

ਨਾਨਕ ਮੇਰੁ ਸਰੀਰ ਕਾ
ਇਕੁ ਰਥੁ ਇਕੁ ਰਥਵਾਹੁ ॥

ਜੁਗੁ ਜੁਗੁ ਫੇਰਿ ਵਟਾਈਅਹਿ
ਗਿਆਨੀ ਬੁਝਹਿ ਤਾਹਿ ॥

جُگ جُگ پھیرِ وٹائیئہِ
گیانی بُجھہِ تاہِ ॥

ਸਤਜੁਗਿ ਰਥੁ ਸੰਤੋਖੁ ਕਾ
ਧਰਮੁ ਅਗੈ ਰਥਵਾਹੁ ॥

ستجُگِ رتھُ سنتوکھُ کا
دھرمُ اگے رتھواہُ ॥

ਤ੍ਰੇਤੈ ਰਥੁ ਜਤੈ ਕਾ
ਜੋਰੁ ਅਗੈ ਰਥਵਾਹੁ ॥

ترّیتے رتھُ جتے کا
زورُ اگے رتھواہُ ॥

ਦੁਆਪੁਰਿ ਰਥੁ ਤਪੈ ਕਾ
ਸਤੁ ਅਗੈ ਰਥਵਾਹੁ ॥

دُیاپُر رتھُ تپے کا
ستُ اگے رتھواہُ ॥

ਕਲਜੁਗਿ ਰਥੁ ਅਗਨਿ ਕਾ
ਕੂੜੁ ਅਗੈ ਰਥਵਾਹੁ ॥੧॥

کلجُگِ رتھُ اگنِ کا
کوُڑُ اگے رتھواہُ ॥1॥

ਮਃ ੧ ॥

م: 1 ॥

ਸਾਮ ਕਹੈ ਸੇਤੰਬਰੁ ਸੁਆਮੀ
ਸਚ ਮਹਿ ਆਛੈ ਸਾਚਿ ਰਹੇ ॥

سام کہے سیتنّبرُ سُیامی
سچ مہِ آچھے ساچِ رہے ॥

ਸਭੁ ਕੋ ਸਚਿ ਸਮਾਵੈ ॥

سبھُ کو سچِ سماوے ॥

ਰਿਗੁ ਕਹੈ ਰਹਿਆ ਭਰਪੂਰਿ ॥

رِگُ کہے رہِیا بھرپوُرِ ॥

ਰਾਮ ਨਾਮੁ ਦੇਵਾ ਮਹਿ ਸੂਰੁ ॥

رام نامُ دیوا مہِ سوُرُ ॥

ਨਾਇ ਲਇਐ ਪਰਾਛਤ ਜਾਹਿ ॥

ناءِ لئے پراچھت جاہِ ॥

ਨਾਨਕ ਤਉ ਮੋਖੰਤਰੁ ਪਾਹਿ ॥

نانک تءُ موکھنّترُ پاہِ ॥

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ
ਕਾਨ੍ਹ ਕ੍ਰਿਸਨੁ ਜਾਦਮੁ ਭਇਆ ॥

جُج مہِ زورِ چھلی چندّراولِ
کانّہ کرِسنُ جادمُ بھئیا ॥

ਪਾਰਜਾਤੁ ਗੋਪੀ ਲੈ ਆਇਆ
ਬਿੰਦ੍ਰਾਬਨ ਮਹਿ ਰੰਗੁ ਕੀਆ ॥

پارجاتُ گوپی لے آئیا
بِندّرابن مہِ رنگُ کیِیا ॥

ਕਲਿ ਮਹਿ ਬੇਦੁ ਅਥਰਬਣੁ ਹੂਆ
ਨਾਉ ਖੁਦਾਈ ਅਲਹੁ ਭਇਆ ॥

کلِ مہِ بیدُ اتھربنُّ ہوُیا
ناءُ خُدائی الہُ بھئیا ॥

ਨੀਲ ਬਸਤ੍ਰ ਲੇ ਕਪੜੇ ਪਹਿਰੇ

نِیل بستّر لے کپڑے پہِرے

ਤੁਰਕ ਪਠਾਣੀ ਅਮਲੁ ਕੀਆ ॥
ترک پٹھانی املُ کیا ॥

ਚਾਰੇ ਵੇਦ ਹੋਏ ਸਚਿਆਰ ॥
چارے وید ہوئے سچیار ॥

ਪੜਹਿ ਗੁਣਹਿ ਤਿਨ੍ ਚਾਰ ਵੀਚਾਰ ॥
پڑہِ گُنہِ تِنّہِ چار ویچار ॥

ਭਉ ਭਗਤਿ ਕਰਿ ਨੀਚੁ ਸਦਾਏ ॥
بھءُ بھگتِ کرِ نیچُ سدائے ॥

ਤਉ ਨਾਨਕ ਮੋਖੰਤਰੁ ਪਾਏ ॥੨॥
تءُ نانک موکھنّترُ پائے ॥2॥

ਪਉੜੀ ॥
پئڑی ॥

ਸਤਿਗੁਰ ਵਿਟਹੁ ਵਾਰਿਆ
ਜਿਤੁ ਮਿਲਿਐ ਖਸਮੁ ਸਮਾਲਿਆ ॥
ستِگُر وِٹہُ وارِیا
جِتُ مِلِئے خصمُ سمالِیا ॥

ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ
ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ ॥
جِنِ کرِ اُپدیسُ گیان انجُن دِیا
اِنّہی نیتّری جگتُ نِہالِیا ॥

ਖਸਮੁ ਛੋਡਿ ਦੂਜੈ ਲਗੇ
ਡੁਬੇ ਸੇ ਵਣਜਾਰਿਆ ॥
خصمُ چھوڈِ دوُجے لگے
ڈُبے سے وٹجارِیا ॥

ਸਤਿਗੁਰੂ ਹੈ ਬੋਹਿਥਾ
ਵਿਰਲੈ ਕਿਨੈ ਵੀਚਾਰਿਆ ॥
ستِگُرو ہے بوہتھا
وِرلے کِنے ویچارِیا ॥

ਕਰਿ ਕਿਰਪਾ ਪਾਰਿ ਉਤਾਰਿਆ ॥੧੩॥
کرِ کِرپا پارِ اُتارِیا ॥ 13 ॥

ਸਲੋਕੁ ਮਃ ੧ ॥
سلوکُ م: 1 ॥

ਸਿੰਮਲ ਰੁਖੁ ਸਰਾਇਰਾ
ਅਤਿ ਦੀਰਘ ਅਤਿ ਮੁਚੁ ॥
سِنّمل رُکھُ سرائِرا
اتِ دِیرگھ اتِ مُچُ ॥

ਓਇ ਜਿ ਆਵਹਿ ਆਸ ਕਰਿ
ਜਾਹਿ ਨਿਰਾਸੇ ਕਿਤੁ ॥
اوءِ جِ آوہِ آس کرِ
جاہِ نِراسے کِتُ ॥

ਫਲ ਫਿਕੇ ਫੁਲ ਬਕਬਕੇ
ਕੰਮਿ ਨ ਆਵਹਿ ਪਤ ॥
پھل پھِکے پھُل بکبکے
کنّمِ ن آوہِ پت ॥

ਮਿਠਤੁ ਨੀਵੀ ਨਾਨਕਾ
ਗੁਣ ਚੰਗਿਆਈਆ ਤਤੁ ॥
مِٹھتُ نِیوی نانکا
گُنٹ چنگِیائیا تتُ ॥

ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥	سبھُ کو نِوے آپ ک ءُ پر ک ءُ نِوے ن کوءِ ॥
ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥	دھرِ تارازوُ تولیِئے نِوے سُ گئرا ہوءِ ॥
ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥	اپرادھی دوُٹا نِوے جو ہنّتا مِرگاہِ ॥
ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥੧॥	سیِس نِوائے کیا تھیئے جا رِدے کُسُدھے جاہِ ॥1॥
ਮਃ ੧ ॥	م: 1 ॥
ਪੜਿ ਪੁਸਤਕ ਸੰਧਿਆ ਬਾਦੰ ॥	پڑِ پُستک سندھیا بادنّ ॥
ਸਿਲ ਪੂਜਸਿ ਬਗੁਲ ਸਮਾਧੰ ॥	سِل پوُجسِ بگُل سمادھنّ ॥
ਮੁਖਿ ਝੂਠ ਬਿਭੂਖਣ ਸਾਰੰ ॥	مُکھِ جھوُٹھ بِبھوُکھڻ سارنّ ॥
ਤ੍ਰੈਪਾਲ ਤਿਹਾਲ ਬਿਚਾਰੰ ॥	ترِپال تِہال بِچارنّ ॥
ਗਲਿ ਮਾਲਾ ਤਿਲਕੁ ਲਿਲਾਟੰ ॥	گلِ مالا تِلک لِلاٹنّ ॥
ਦੁਇ ਧੋਤੀ ਬਸਤ੍ਰ ਕਪਾਟੰ ॥	دُءِ دھوتی بستّر کپاٹنّ ॥
ਜੇ ਜਾਣਸਿ ਬ੍ਰਹਮੰ ਕਰਮੰ ॥	جے جاڻسِ برہمنّ کرمنّ ॥
ਸਭਿ ਫੋਕਟ ਨਿਸਚਉ ਕਰਮੰ ॥	سبھِ پھوکٹ نِسچءُ کرمنّ ॥
ਕਹੁ ਨਾਨਕ ਨਿਹਚਉ ਧਿਆਵੈ ॥	کہُ نانک نِہچءُ دھِیاوے ॥
ਵਿਣੁ ਸਤਿਗੁਰ ਵਾਟ ਨ ਪਾਵੈ ॥੨॥	وِنُ ستِگُر واٹ ن پاوے ॥2॥
ਪਉੜੀ ॥	پئڑی ॥
ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥	کپڑُ روُپُ سُہاوڻا چھڈِ دُنیا اندرِ جاوڻا ॥
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥	مندّا چنگّا آپڻا آپے ہی کِیتا پاوڻا ॥

ਹੁਕਮ ਕੀਏ ਮਨਿ ਭਾਵਦੇ
ਰਾਹਿ ਭੀੜੈ ਅਗੈ ਜਾਵਣਾ ॥

ہُکم کیئے منِ بھاودے
راہِ بھیڑے اگے جاوٹا ॥

ਨੰਗਾ ਦੋਜਕਿ ਚਾਲਿਆ
ਤਾ ਦਿਸੈ ਖਰਾ ਡਰਾਵਣਾ ॥

ننگا دوزکِ چالیا
تا دِسے کھرا ڈراوٹا ॥

ਕਰਿ ਅਉਗਣ ਪਛੋਤਾਵਣਾ ॥੧੪॥

کرِ اَئگُن پچھوتاوٹا ॥ 14 ॥

ਸਲੋਕੁ ਮਃ ੧ ॥

سلوکُ م: 1 ॥

ਦਇਆ ਕਪਾਹ ਸੰਤੋਖੁ ਸੂਤੁ
ਜਤੁ ਗੰਢੀ ਸਤੁ ਵਟੁ ॥

دئیا کپاہ سنّتوکھُ سوُتُ
جتُ گنڈھی ستُ وٹُ ॥

ਏਹੁ ਜਨੇਊ ਜੀਅ ਕਾ
ਹਈ ਤ ਪਾਡੇ ਘਤੁ ॥

ایہُ جنیئوُ جیء کا
ہئی ت پاڈے گھتُ ॥

ਨਾ ਏਹੁ ਤੁਟੈ ਨ ਮਲੁ ਲਗੈ
ਨਾ ਏਹੁ ਜਲੈ ਨ ਜਾਇ ॥

نا ایہُ تُٹے ن مل لگے
نا ایہُ جلے ن جاءِ ॥

ਧੰਨੁ ਸੁ ਮਾਣਸ ਨਾਨਕਾ
ਜੋ ਗਲਿ ਚਲੇ ਪਾਇ ॥

دھنّنُ سُ ماٹس نانکا
جو گلِ چلے پاءِ ॥

ਚਉਕੜਿ ਮੁਲਿ ਅਣਾਇਆ
ਬਹਿ ਚਉਕੈ ਪਾਇਆ ॥

چنگڑِ مُلِ اٹائیا
بہِ چنگے پائیا ॥

ਸਿਖਾ ਕੰਨਿ ਚੜਾਈਆ
ਗੁਰੁ ਬ੍ਰਾਹਮਣੁ ਥਿਆ ॥

سِکھا کنّنِ چڑائیا
گُرُ برّاہمنُ تھیا ॥

ਓਹੁ ਮੁਆ ਓਹੁ ਝੜਿ ਪਇਆ
ਵੇਤਗਾ ਗਇਆ ॥੧॥

اوہُ مُیا اوہُ جھڑِ پئیا
ویتگا گئیا ॥1॥

ਮਃ ੧ ॥

م: 1 ॥

ਲਖ ਚੋਰੀਆ ਲਖ ਜਾਰੀਆ
ਲਖ ਕੂੜੀਆ ਲਖ ਗਾਲਿ ॥

لکھ چورییا لکھ جارییا
لکھ کوڑییا لکھ گالِ ॥

ਲਖ ਠਗੀਆ ਪਹਿਨਾਮੀਆ
ਰਾਤਿ ਦਿਨਸੁ ਜੀਅ ਨਾਲਿ ॥

لکھ ٹھگییا پہنامییا
راتِ دِنسُ جیء نالِ ॥

ਤਗੁ ਕਪਾਹਹੁ ਕਤੀਐ	تگُ کپاہہُ کتیئے
ਬਾਮ੍ਹਣੁ ਵਟੇ ਆਇ ॥	بامّہنُ وٹے آءِ ॥
ਕੁਹਿ ਬਕਰਾ ਰਿੰਨਿ੍ ਖਾਇਆ	کُہِ بکرا رِنّنِہِ کھائیا
ਸਭੁ ਕੋ ਆਖੈ ਪਾਇ ॥	سبھُ کو آکھے پاءِ ॥
ਹੋਇ ਪੁਰਾਣਾ ਸੁਟੀਐ	ہوءِ پُراٹا سُٹیئے
ਭੀ ਫਿਰਿ ਪਾਈਐ ਹੋਰੁ ॥	بھی پھِرِ پائیئے ہورُ ॥
ਨਾਨਕ ਤਗ ਨ ਤੁਟਈ	نانک تگ ن تُٹئی
ਜੇ ਤਗਿ ਹੋਵੈ ਜੋਰੁ ॥੨॥	جے تگِ ہووے زورُ ॥2॥
ਮਃ ੧ ॥	م: 1 ॥
ਨਾਇ ਮੰਨਿਐ ਪਤਿ ਊਪਜੈ	ناءِ منّئے پتِ اوُپجے
ਸਾਲਾਹੀ ਸਚੁ ਸੂਤੁ ॥	سالاہی سچُ سوُتُ ॥
ਦਰਗਹ ਅੰਦਰਿ ਪਾਈਐ	درگہ اندّرِ پائیئے
ਤਗੁ ਨ ਤੂਟਸਿ ਪੂਤ ॥੩॥	تگُ ن توُٹسِ پوُت ॥3॥
ਮਃ ੧ ॥	م: 1 ॥
ਤਗੁ ਨ ਇੰਦ੍ਰੀ ਤਗੁ ਨ ਨਾਰੀ ॥	تگُ ن اِندّری تگُ ن ناری ॥
ਭਲਕੇ ਥੁਕ ਪਵੈ ਨਿਤ ਦਾੜੀ ॥	بھلکے تھُک پوے نِت داڑی ॥
ਤਗੁ ਨ ਪੈਰੀ ਤਗੁ ਨ ਹਥੀ ॥	تگُ ن پیَری تگُ ن ہتھی ॥
ਤਗੁ ਨ ਜਿਹਵਾ ਤਗੁ ਨ ਅਖੀ ॥	تگُ ن جِہوا تگُ ن اکھی ॥
ਵੇਤਗਾ ਆਪੇ ਵਤੈ ॥	ویتگا آپے وتے ॥
ਵਟਿ ਧਾਗੇ ਅਵਰਾ ਘਤੈ ॥	وٹِ دھاگے اورا گھتے ॥
ਲੈ ਭਾੜਿ ਕਰੇ ਵੀਆਹੁ ॥	لے بھاڑِ کرے ویِیاہُ ॥
ਕਢਿ ਕਾਗਲੁ ਦਸੇ ਰਾਹੁ ॥	کڈھِ کاگلُ دسے راہُ ॥
ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥	سُنِ ویکھہُ لوکا ایہُ وِڈانُ ॥
ਮਨਿ ਅੰਧਾ ਨਾਉ ਸੁਜਾਣੁ ॥੪॥	منِ اندّھا ناءُ سُجانُ ॥4॥

ਪਉੜੀ ॥

ਸਾਹਿਬੁ ਹੋਇ ਦਇਆਲੁ ਕਿਰਪਾ ਕਰੇ
ਤਾ ਸਾਈ ਕਾਰ ਕਰਾਇਸੀ ॥

ਸੋ ਸੇਵਕੁ ਸੇਵਾ ਕਰੇ
ਜਿਸ ਨੋ ਹੁਕਮੁ ਮਨਾਇਸੀ ॥

ਹੁਕਮਿ ਮੰਨਿਐ ਹੋਵੈ ਪਰਵਾਣੁ
ਤਾ ਖਸਮੈ ਕਾ ਮਹਲੁ ਪਾਇਸੀ ॥

ਖਸਮੈ ਭਾਵੈ ਸੋ ਕਰੇ
ਮਨਹੁ ਚਿੰਦਿਆ ਸੋ ਫਲੁ ਪਾਇਸੀ ॥

ਤਾ ਦਰਗਹ ਪੈਧਾ ਜਾਇਸੀ ॥੧੫॥

ਸਲੋਕੁ ਮਃ ੧ ॥

ਗਊ ਬਿਰਾਹਮਣ ਕਉ ਕਰੁ ਲਾਵਹੁ
ਗੋਬਰਿ ਤਰਣੁ ਨ ਜਾਈ ॥

ਧੋਤੀ ਟਿਕਾ ਤੈ ਜਪਮਾਲੀ
ਧਾਨੁ ਮਲੇਛਾਂ ਖਾਈ ॥

ਅੰਤਰਿ ਪੂਜਾ ਪੜਹਿ ਕਤੇਬਾ
ਸੰਜਮੁ ਤੁਰਕਾ ਭਾਈ ॥

ਛੋਡੀਲੇ ਪਾਖੰਡਾ ॥

ਨਾਮਿ ਲਇਐ ਜਾਹਿ ਤਰੰਦਾ ॥੧॥

ਮਃ ੧ ॥

ਮਾਣਸ ਖਾਣੇ ਕਰਹਿ ਨਿਵਾਜ ॥

ਛੁਰੀ ਵਗਾਇਨਿ ਤਿਨ ਗਲਿ ਤਾਗ ॥

ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥

ਉਨ੍ਹਾ ਭਿ ਆਵਹਿ ਓਈ ਸਾਦ ॥

پئڑی ॥

صاحِبُ ہوءِ دیَیالُ کِرپا کرے
تا سائی کار کرائِسی ॥

سو سیوکُ سیوا کرے
جِس نو حُکمُ منائِسی ॥

حُکمِ منّنے ہووے پرواڻُ
تا خصےَ کا محلُ پائِسی ॥

خصےَ بھاوے سو کرے
منہٗ چِنّدِیا سو پھلُ پائِسی ॥

تا درگہ پیَدھا جائِسی ॥ 15 ॥

سلوکُ م: 1 ॥

گئوُ بِراہمڻ ک ءُ کرُ لاوہُ
گوبِر ترڻُ ن جائی ॥

دھوتی ٹِکا تے جپمالی
دھانُ ملیچھاں کھائی ॥

انتر پوُجا پڑہِ کتیبا
سنّجمُ تُرکا بھائی ۔ ॥

چھوڈیلے پاکھنّڈا ॥

نامِ لئے جاہِ ترنّدا ॥1॥

م: 1 ॥

ماڻس کھانے کرہِ نِواز ॥

چھُری وگائِنِ تِن گلِ تاگ ॥

تِن گھرِ برہمڻ پوُرہِ ناد ॥

اُنہا بھِ آوہِ اوئی ساد ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਕੂੜੀ ਰਾਸਿ ਕੂੜਾ ਵਾਪਾਰੁ ॥	کوڑی راسِ کوڑا واپارُ ॥
ਕੂੜੁ ਬੋਲਿ ਕਰਹਿ ਆਹਾਰੁ ॥	کوڑُ بولِ کرہِ آہارُ ॥
ਸਰਮ ਧਰਮ ਕਾ ਡੇਰਾ ਦੂਰਿ ॥	سرم دھرم کا ڈیرا دوُرِ ॥
ਨਾਨਕ ਕੂੜੁ ਰਹਿਆ ਭਰਪੂਰਿ ॥	نانک کوڑُ رہِیا بھرپوُرِ ॥
ਮਥੈ ਟਿਕਾ ਤੇੜਿ ਧੋਤੀ ਕਖਾਈ ॥	متھےَ ٹِکا تیڑِ دھوتی ککھائیَ ॥
ਹਥਿ ਛੁਰੀ ਜਗਤ ਕਾਸਾਈ ॥	ہتھِ چھُری جگت قاصائیَ ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥	نِیل وستّر پہِرِ ہووہِ پرواںُ ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥	ملیچھ دھانُ لے پوُجہِ پُراںُ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥	ابھاکھِیا کا کُٹھا بکرا کھاٹا ॥
ਚਉਕੇ ਉਪਰਿ ਕਿਸੈ ਨ ਜਾਣਾ ॥	چئکے اُپرِ کسِےَ ن جاٹا ॥
ਦੇ ਕੈ ਚਉਕਾ ਕਢੀ ਕਾਰ ॥	دے کے چئکا کڈھی کار ॥
ਉਪਰਿ ਆਇ ਬੈਠੇ ਕੂੜਿਆਰ ॥	اُپرِ آءِ بیٹھے کوڑِیار ॥
ਮਤੁ ਭਿਟੈ ਵੇ ਮਤੁ ਭਿਟੈ ॥	متُ بھِٹےَ وے متُ بھِٹےَ ॥
ਇਹੁ ਅੰਨੁ ਅਸਾਡਾ ਫਿਟੈ ॥	اِہُ انّنُ اساڈا پھِٹےَ ॥
ਤਨਿ ਫਿਟੈ ਫੇੜ ਕਰੇਨਿ ॥	تنِ پھِٹےَ پھیڑ کرینِ ॥
ਮਨਿ ਜੂਠੈ ਚੁਲੀ ਭਰੇਨਿ ॥	منِ جوُٹھےَ چُلی بھرینِ ॥
ਕਹੁ ਨਾਨਕ ਸਚੁ ਧਿਆਈਐ ॥	کہُ نانک سچُ دھِیائیےَ ॥
ਸੁਚਿ ਹੋਵੈ ਤਾ ਸਚੁ ਪਾਈਐ ॥੨॥	سُچِ ہووےَ تا سچُ پائیےَ ॥2॥
ਪਉੜੀ ॥	پئڑی ॥
ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ ॥	چِتےَ انّدرِ سبھُ کو ویکھِ ندری ہیٹھِ چلائِدا ॥
ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਾਇਦਾ ॥	آپے دے وڈِیائیِیا آپے ہی کرم کرائِدا ॥

ਵਡਹੁ ਵਡਾ ਵਡ ਮੇਦਨੀ
ਸਿਰੇ ਸਿਰਿ ਧੰਧੈ ਲਾਇਦਾ ॥

وڈہُ وڈا وڈ میدنی
سِرے سِرِ دھندّھے لائِدا ॥

ਨਦਰਿ ਉਪਠੀ ਜੇ ਕਰੇ
ਸੁਲਤਾਨਾ ਘਾਹੁ ਕਰਾਇਦਾ ॥

ندرِ اُپٹھی جے کرے
سُلطانا گھاہُ کرائِدا ॥

ਦਰਿ ਮੰਗਨਿ ਭਿਖ ਨ ਪਾਇਦਾ ॥੧੬॥

درِ منگّنِ بھِکھ ن پائِدا ॥ 16 ॥

ਸਲੋਕੁ ਮਃ ੧ ॥

سلوکُ م: 1 ॥

ਜੇ ਮੋਹਾਕਾ ਘਰੁ ਮੁਹੈ
ਘਰੁ ਮੁਹਿ ਪਿਤਰੀ ਦੇਇ ॥

جے موہاکا گھرُ مُہے
گھرُ مُہِ پِتری دےءِ ॥

ਅਗੈ ਵਸਤੁ ਸਿਞਾਣੀਐ
ਪਿਤਰੀ ਚੋਰ ਕਰੇਇ ॥

اگے وستُ سِجانِیئے
پِتری چور کرےءِ ॥

ਵਢੀਅਹਿ ਹਥ ਦਲਾਲ ਕੇ
ਮੁਸਫੀ ਏਹ ਕਰੇਇ ॥

وڈھِیئہِ ہتھ دلال کے
مُصفی ایہ کرےءِ ॥

ਨਾਨਕ ਅਗੈ ਸੋ ਮਿਲੈ
ਜਿ ਖਟੇ ਘਾਲੇ ਦੇਇ ॥੧॥

نانک اگے سو مِلے
جِ کھٹے گھالے دےءِ ॥1॥

ਮਃ ੧ ॥

م: 1 ॥

ਜਿਉ ਜੋਰੂ ਸਿਰਨਾਵਣੀ
ਆਵੈ ਵਾਰੋ ਵਾਰ ॥

جِءُ جورہُ سِرناوٹی
آوے وارو وار ॥

ਜੂਠੇ ਜੂਠਾ ਮੁਖਿ ਵਸੈ
ਨਿਤ ਨਿਤ ਹੋਇ ਖੁਆਰੁ ॥

جُوٹھے جُوٹھا مُکھِ وسے
نِت نِت ہوءِ خُیارُ ॥

ਸੂਚੇ ਏਹਿ ਨ ਆਖੀਅਹਿ
ਬਹਨਿ ਜਿ ਪਿੰਡਾ ਧੋਇ ॥

سُوچے ایہِ ن آکھِیئہِ
بہنِ جِ پِنڈا دھوءِ ॥

ਸੂਚੇ ਸੇਈ ਨਾਨਕਾ
ਜਿਨ ਮਨਿ ਵਸਿਆ ਸੋਇ ॥੨॥

سُوچے سیئی نانکا
جِن منِ وسِیا سوءِ ॥2॥

ਪਉੜੀ ॥

پئُڑی ॥

ਤੁਰੇ ਪਲਾਣੇ ਪਉਣ ਵੇਗ

تُرے پلاٹے پئُن ویگ

ਹਰ ਰੰਗੀ ਹਰਮ ਸਵਾਰਿਆ ॥

ہر رنگی حرم سوارِیا ॥

ਕੋਠੇ ਮੰਡਪ ਮਾੜੀਆ
ਲਾਇ ਬੈਠੇ ਕਰਿ ਪਾਸਾਰਿਆ ॥

کوٹھے منڈپ ماڑِییا
لاءِ بیٹھے کرِ پاسارِیا ॥

ਚੀਜ ਕਰਨਿ ਮਨਿ ਭਾਵਦੇ
ਹਰਿ ਬੁਝਨਿ ਨਾਹੀ ਹਾਰਿਆ ॥

چیج کرنِ منِ بھاودے
ہرِ بُجھنِ ناہی ہارِیا ॥

ਕਰਿ ਫੁਰਮਾਇਸਿ ਖਾਇਆ
ਵੇਖਿ ਮਹਲਤਿ ਮਰਣੁ ਵਿਸਾਰਿਆ ॥

کرِ فُرمائِس کھائِیا
ویکھِ محلتِ مرنُ وِسارِیا ॥

ਜਰੁ ਆਈ ਜੋਬਨਿ ਹਾਰਿਆ ॥੧੭॥

جرُ آئی جوبنِ ہارِیا ॥ 17 ॥

ਸਲੋਕੁ ਮਃ ੧ ॥

سلوکُ م: 1 ॥

ਜੇ ਕਰਿ ਸੂਤਕੁ ਮੰਨੀਐ
ਸਭ ਤੈ ਸੂਤਕੁ ਹੋਇ ॥

جے کرِ سوُتکُ منّنیئے
سبھ تے سوُتکُ ہوءِ ॥

ਗੋਹੇ ਅਤੈ ਲਕੜੀ
ਅੰਦਰਿ ਕੀੜਾ ਹੋਇ ॥

گوہے اتے لکڑی
انّدرِ کیڑا ہوءِ ॥

ਜੇਤੇ ਦਾਣੇ ਅੰਨ ਕੇ
ਜੀਆ ਬਾਝੁ ਨ ਕੋਇ ॥

جیتے داٹے انّن کے
جِیا باجھُ ن کوءِ ॥

ਪਹਿਲਾ ਪਾਣੀ ਜੀਉ ਹੈ
ਜਿਤੁ ਹਰਿਆ ਸਭੁ ਕੋਇ ॥

پہِلا پانیٔ جیءُ ہے
جِتُ ہرِیا سبھُ کوءِ ॥

ਸੂਤਕੁ ਕਿਉ ਕਰਿ ਰਖੀਐ
ਸੂਤਕੁ ਪਵੈ ਰਸੋਇ ॥

سوُتکُ کِءُ کرِ رکھیئے
سوُتکُ پوے رسوءِ ॥

ਨਾਨਕ ਸੂਤਕੁ ਏਵ ਨ ਉਤਰੈ
ਗਿਆਨੁ ਉਤਾਰੇ ਧੋਇ ॥੧॥

نانک سوُتکُ ایو ن اُترے
گِیانُ اُتارے دھوءِ ॥ 1 ॥

ਮਃ ੧ ॥

م: 1 ॥

ਮਨ ਕਾ ਸੂਤਕੁ ਲੋਭੁ ਹੈ
ਜਿਹਵਾ ਸੂਤਕੁ ਕੂੜੁ ॥

من کا سوُتکُ لوبھُ ہے
جِہوا سوُتکُ کوُڑُ ॥

ਅਖੀ ਸੂਤਕੁ ਵੇਖਣਾ

اکھی سوُتکُ ویکھنّا

ਪਰ ਤ੍ਰਿਅ ਪਰ ਧਨ ਰੂਪੁ ॥
پر تّرِء پر دھن روُپُ ॥

ਕੰਨੀ ਸੂਤਕੁ ਕੰਨਿ ਪੈ
ਲਾਇਤਬਾਰੀ ਖਾਹਿ ॥
کنّنی سوُتکُ کنّنِ پے
لائِتباری کھاہِ ॥

ਨਾਨਕ ਹੰਸਾ ਆਦਮੀ
ਬਧੇ ਜਮ ਪੁਰਿ ਜਾਹਿ ॥੨॥
نانک ہنّسا آدمی
بدھے جم پُرِ جاہِ ॥2॥

ਮਃ ੧ ॥
م: 1 ॥

ਸਭੋ ਸੂਤਕੁ ਭਰਮੁ ਹੈ
ਦੂਜੈ ਲਗੈ ਜਾਇ ॥
سبھو سوُتکُ بھرمُ ہے
دوُجے لگے جاءِ ॥

ਜੰਮਣੁ ਮਰਣਾ ਹੁਕਮੁ ਹੈ
ਭਾਣੈ ਆਵੈ ਜਾਇ ॥
جنّمنُ مرنا حُکمُ ہے
بھانے آوے جاءِ ॥

ਖਾਣਾ ਪੀਣਾ ਪਵਿਤ੍ਰੁ ਹੈ
ਦਿਤੋਨੁ ਰਿਜਕੁ ਸੰਬਾਹਿ ॥
کھاٹا پینا پوِتّرُ ہے
دِتونُ رِزقُ سنّباہِ ॥

ਨਾਨਕ ਜਿਨ੍ਹੀ ਗੁਰਮੁਖਿ ਬੁਝਿਆ
ਤਿਨ੍ਹਾ ਸੂਤਕੁ ਨਾਹਿ ॥੩॥
نانک جِنّہی گُرمُکھِ بُجھیا
تِنّہا سوُتکُ ناہِ ॥3॥

ਪਉੜੀ ॥
پئُڑی ॥

ਸਤਿਗੁਰੁ ਵਡਾ ਕਰਿ ਸਾਲਾਹੀਐ
ਜਿਸੁ ਵਿਚਿ ਵਡੀਆ ਵਡਿਆਈਆ ॥
ستِگُرُ وڈا کرِ سالاحیئے
جِسُ وِچ وڈیا وڈیائیا ॥

ਸਹਿ ਮੇਲੇ ਤਾ ਨਦਰੀ ਆਈਆ ॥
سہِ میلے تا ندری آئیا ॥

ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥
جا تِسُ بھاٹا تا منِ وسائیا ॥

ਕਰਿ ਹੁਕਮੁ ਮਸਤਕਿ ਹਥੁ ਧਰਿ
ਵਿਚਹੁ ਮਾਰਿ ਕਢੀਆ ਬੁਰਿਆਈਆ ॥
کرِ حُکمُ مستکِ ہتھُ دھرِ
وِچہُ مارِ کڈھیا بُریائیا ॥

ਸਹਿ ਤੁਠੈ ਨਉ ਨਿਧਿ ਪਾਈਆ ॥੧੮॥
سہِ تُٹھے نءُ نِدھِ پائیا ॥ 18 ॥

ਸਲੋਕੁ ਮਃ ੧ ॥
سلوکُ م: 1 ॥

ਪਹਿਲਾ ਸੁਚਾ ਆਪਿ ਹੋਇ
ਸੁਚੈ ਬੈਠਾ ਆਇ ॥
پہِلا سُچا آپِ ہوءِ

ਸੁਚੇ ਅਗੈ ਰਖਿਓਨੁ
ਕੋਇ ਨ ਭਿਟਿਓ ਜਾਇ ॥

ਸੁਚਾ ਹੋਇ ਕੈ ਜੇਵਿਆ
ਲਗਾ ਪੜਣਿ ਸਲੋਕੁ ॥

ਕੁਹਥੀ ਜਾਈ ਸਟਿਆ
ਕਿਸੁ ਏਹੁ ਲਗਾ ਦੋਖੁ ॥

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ
ਪੰਜਵਾ ਪਾਇਆ ਘਿਰਤੁ ॥

ਤਾ ਹੋਆ ਪਾਕੁ ਪਵਿਤੁ ॥

ਪਾਪੀ ਸਿਉ ਤਨੁ ਗਡਿਆ
ਥੁਕਾ ਪਈਆ ਤਿਤੁ ॥

ਜਿਤੁ ਮੁਖਿ ਨਾਮੁ ਨ ਊਚਰਹਿ
ਬਿਨੁ ਨਾਵੈ ਰਸ ਖਾਹਿ ॥

ਨਾਨਕ ਏਵੈ ਜਾਣੀਐ
ਤਿਤੁ ਮੁਖਿ ਥੁਕਾ ਪਾਹਿ ॥੧॥

ਮਃ ੧ ॥

ਭੰਡਿ ਜੰਮੀਐ ਭੰਡਿ ਨਿੰਮੀਐ
ਭੰਡਿ ਮੰਗਣੁ ਵੀਆਹੁ ॥

ਭੰਡਹੁ ਹੋਵੈ ਦੋਸਤੀ
ਭੰਡਹੁ ਚਲੈ ਰਾਹੁ ॥

ਭੰਡੁ ਮੁਆ ਭੰਡੁ ਭਾਲੀਐ
ਭੰਡਿ ਹੋਵੈ ਬੰਧਾਨੁ ॥

ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ ॥

سُچے بیٹھا آءِ ॥

سُچے اگے رکھئونُ
کوءِ ن بھٹئو جاءِ ॥

سُچا ہوءِ کے جیویا
لگا پڑنِ سلوکُ ॥

کہتھی جائی سٹیا
کِس ایہُ لگا دوکھُ ۔ ॥

انّنُ دیوتا پانی دیوتا بیسنّتر دیوتا لوُنُ
پنجوا پایَیا گھِرتُ ॥

تا ہویا پاکُ پوِتُ ॥

پاپی سِءُ تنُ گڈیا
تھُکا پئیا تِتُ ॥

جِتُ مُکھِ نامُ ن اوُچرہِ
بِنُ ناوے رس کھاہِ ॥

نانک ایوے جانئیے
تِتُ مُکھِ تھُکا پاہِ ॥1॥

م: 1 ॥

بھنّڈِ جنّمیے بھنّڈِ نمّیے
بھنّڈِ منگنُ ویاہُ ॥

بھنّڈہُ ہووے دوستی
بھنّڈہُ چلے راہُ ॥

بھنّڈُ مُیا بھنّڈُ بھالیے
بھنّڈِ ہووے بندھانُ ॥

سو کِءُ مندا آکھیے
جِتُ جنّمہِ راجان ॥

ਭੰਡਹੁ ਹੀ ਭੰਡੁ ਊਪਜੈ
ਭੰਡੈ ਬਾਝੁ ਨ ਕੋਇ ॥

ਨਾਨਕ ਭੰਡੈ ਬਾਹਰਾ
ਏਕੋ ਸਚਾ ਸੋਇ ॥

ਜਿਤੁ ਮੁਖਿ ਸਦਾ ਸਾਲਾਹੀਐ
ਭਾਗਾ ਰਤੀ ਚਾਰਿ ॥

ਨਾਨਕ ਤੇ ਮੁਖ ਊਜਲੇ
ਤਿਤੁ ਸਚੈ ਦਰਬਾਰਿ ॥੨॥

ਪਉੜੀ ॥

ਸਭੁ ਕੋ ਆਖੈ ਆਪਣਾ
ਜਿਸੁ ਨਾਹੀ ਸੋ ਚੁਣਿ ਕਢੀਐ ॥

ਕੀਤਾ ਆਪੋ ਆਪਣਾ
ਆਪੇ ਹੀ ਲੇਖਾ ਸੰਢੀਐ ॥

ਜਾ ਰਹਣਾ ਨਾਹੀ ਐਤੁ ਜਗਿ
ਤਾ ਕਾਇਤੁ ਗਾਰਬਿ ਹੰਢੀਐ ॥

ਮੰਦਾ ਕਿਸੈ ਨ ਆਖੀਐ
ਪੜਿ ਅਖਰੁ ਏਹੋ ਬੁਝੀਐ ॥

ਮੂਰਖੈ ਨਾਲਿ ਨ ਲੁਝੀਐ ॥੧੯॥

ਸਲੋਕੁ ਮਃ ੧ ॥

ਨਾਨਕ ਫਿਕੈ ਬੋਲਿਐ
ਤਨੁ ਮਨੁ ਫਿਕਾ ਹੋਇ ॥

ਫਿਕੋ ਫਿਕਾ ਸਦੀਐ
ਫਿਕੇ ਫਿਕੀ ਸੋਇ ॥

ਫਿਕਾ ਦਰਗਹ ਸਟੀਐ
ਮੁਹਿ ਥੁਕਾ ਫਿਕੇ ਪਾਇ ॥

بھنڈہُ ہی بھنڈُ اوُپجے
بھنڈے باجھُ ن کوءِ ॥

نانک بھنڈے باہرا
ایکو سچا سوءِ ॥

جِتُ مُکھِ سدا سالاہیئے
بھاگا رتی چارِ ॥

نانک تے مُکھ اوُجلے
تِتُ سچے دربارِ ॥2॥

پؤڑی ॥

سبھُ کو آکھے آپٹا
جِسُ ناہی سو چُنِ کڈھیئے ॥

کِیتا آپو آپٹا
آپے ہی لیکھا سنڈھیئے ॥

جا رہنٹا ناہی ایتُ جگِ
تا کائتُ گاربِ ہنڈھیئے ۔ ॥

منّدا کِسے ن آکھیئے
پڑِ اکھرُ ایہو بُجھیئے ॥

مُورکھے نالِ ن لجھیئے ॥ 19 ॥

سلوکُ م: 1 ॥

نانک پھِکے بولِے
تنُ منُ پھِکا ہوءِ ॥

پھِکو پھِکا سدیئے
پھِکے پھِکی سوءِ ॥

پھِکا درگہ سٹیئے
مُہِ تھُکا پھِکے پاءِ ॥

ਫਿਕਾ ਮੂਰਖੁ ਆਖੀਐ
ਪਾਣਾ ਲਹੈ ਸਜਾਇ ॥੧॥

ਮਃ ੧ ॥

ਅੰਦਰਹੁ ਝੂਠੇ ਪੈਜ ਬਾਹਰਿ
ਦੁਨੀਆ ਅੰਦਰਿ ਫੈਲੁ ॥

ਅਠਸਠਿ ਤੀਰਥ ਜੇ ਨਾਵਹਿ
ਉਤਰੈ ਨਾਹੀ ਮੈਲੁ ॥

ਜਿਨ੍ਹ ਪਟੁ ਅੰਦਰਿ ਬਾਹਰਿ ਗੁਦੜੁ
ਤੇ ਭਲੇ ਸੰਸਾਰਿ ॥

ਤਿਨ੍ਹ ਨੇਹੁ ਲਗਾ ਰਬ ਸੇਤੀ
ਦੇਖਨ੍ਹੇ ਵੀਚਾਰਿ ॥

ਰੰਗਿ ਹਸਹਿ ਰੰਗਿ ਰੋਵਹਿ
ਚੁਪ ਭੀ ਕਰਿ ਜਾਹਿ ॥

ਪਰਵਾਹ ਨਾਹੀ ਕਿਸੈ ਕੇਰੀ
ਬਾਝੁ ਸਚੇ ਨਾਹ ॥

ਦਰਿ ਵਾਟ ਉਪਰਿ ਖਰਚੁ ਮੰਗਾ
ਜਬੈ ਦੇਇ ਤ ਖਾਹਿ ॥

ਦੀਬਾਨੁ ਏਕੋ ਕਲਮ ਏਕਾ
ਹਮਾ ਤੁਮ੍ਹਾ ਮੇਲੁ ॥

ਦਰਿ ਲਏ ਲੇਖਾ ਪੀੜਿ ਛੁਟੈ
ਨਾਨਕਾ ਜਿਉ ਤੇਲੁ ॥੨॥

ਪਉੜੀ ॥

ਆਪੇ ਹੀ ਕਰਣਾ ਕੀਓ
ਕਲ ਆਪੇ ਹੀ ਤੈ ਧਾਰੀਐ ॥

ਦੇਖਹਿ ਕੀਤਾ ਆਪਣਾ

پھِکا مُورکھُ آکھیِئے
پاٹا لہے سزاءِ ॥1॥

م: 1 ॥

اندّرہُ جھوُٹھے پیج باہرِ
دُنِیا اندّرِ پھیَلُ ॥

اٹھسٹھِ تِیرتھ جے ناوہِ
اُترے ناہی میَلُ ॥

جِنّہ پٹُ اندّرِ باہرِ گُدڑُ
تے بھلے سنّسارِ ॥

تِنّہ نیہُ لگا رب سیتی
دیکھنّے ویچارِ ॥

رنگِ ہسہِ رنگِ روہِ
چُپ بھی کرِ جاہِ ॥

پرواہ ناہی کِسے کیری
باجھُ سچے ناہ ॥

درِ واٹ اُپرِ کھرچُ منگا
جبے دےءِ ت کھاہِ ॥

دِیبانُ ایکو قلم ایکا
ہما تُمّہا میلُ ॥

درِ لے لیکھا پیڑِ چھُٹے
نانکا جِءُ تیلُ ॥2॥

پئُڑی ॥

آپے ہی کرٹا کِینو
کل آپے ہی تے دھارِیے ॥

دیکھہِ کِیتا آپٹا

ਧਰਿ ਕਚੀ ਪਕੀ ਸਾਰੀਐ ॥	دھرِ کچی پکی ساریۓ ॥
ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥	جو آئیا سو چلسی سبھُ کوئی آئی واریۓ ॥
ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥	جِس کے جیء پراڻ ہہِ کِءُ صاحِبُ منہُ وِساریۓ۔ ॥
ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥	آپڻ ہتھی آپڻا آپے ہی کاجُ سواریۓ ॥ 20 ॥
ਸਲੋਕੁ ਮਹਲਾ ੨ ॥	سلوکُ محلا 2 ॥
ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥	ایہ کِنیہی یا◌ٕشقی دوُجےَ لگےَ جاءِ ॥
ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥	نانک یا◌ٕشقُ کانڈھیۓ سد ہی رہے سماءِ ॥
ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ ॥	چنگےَ چنگا کرِ منّنے منّدےَ منّدا ہوءِ ॥
ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥੧॥	یا◌ٕشقُ ایہُ ن آکھیۓ جِ لیکھےَ ورتے سوءِ ॥ 1 ॥
ਮਹਲਾ ੨ ॥	محلا 2 ॥
ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥	سلامُ جبابُ دووےَ کرے مُنڈھہُ گھُتھا جاءِ ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥੨॥	نانک دووےَ کوُڑییا تھاءِ ن کائی پاءِ ॥ 2 ॥
ਪਉੜੀ ॥	پئڑی ॥
ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ ॥	جِتُ سیوِۓ سُکھُ پائیۓ سو صاحِبُ سدا سمّہالیۓ ॥
ਜਿਤੁ ਕੀਤਾ ਪਾਈਐ ਆਪਣਾ	جِتُ کیِتا پائیۓ آپڻا

ਸਾ ਘਾਲ ਬੁਰੀ ਕਿਉ ਘਾਲੀਐ ॥

ساگھال بُری کِءُ گھالیِۓ۔ ॥

ਮੰਦਾ ਮੂਲਿ ਨ ਕੀਚਈ
ਦੇ ਲੰਮੀ ਨਦਰਿ ਨਿਹਾਲੀਐ ॥

منّدا مولِ ن کیچئی
دے لنّمی ندرِ نہالیِۓ ॥

ਜਿਉ ਸਾਹਿਬ ਨਾਲਿ ਨ ਹਾਰੀਐ
ਤੇਵੇਹਾ ਪਾਸਾ ਢਾਲੀਐ ॥

جِءُ صاحِب نالِ ن ہاریِۓ
تیویہا پاسا ڈھالیِۓ ॥

ਕਿਛੁ ਲਾਹੇ ਉਪਰਿ ਘਾਲੀਐ ॥੨੧॥

کِچھُ لاہے اُپرِ گھالیِۓ ॥ 21 ॥

ਸਲੋਕੁ ਮਹਲਾ ੨ ॥

سلوکُ محلا 2 ॥

ਚਾਕਰੁ ਲਗੈ ਚਾਕਰੀ
ਨਾਲੇ ਗਾਰਬੁ ਵਾਦੁ ॥

چاکرُ لگےَ چاکری
نالے گاربُ وادُ ॥

ਗਲਾ ਕਰੇ ਘਣੇਰੀਆ
ਖਸਮ ਨ ਪਾਏ ਸਾਦੁ ॥

گلا کرے گھنیریا
خصم ن پائے سادُ ॥

ਆਪੁ ਗਵਾਇ ਸੇਵਾ ਕਰੇ
ਤਾ ਕਿਛੁ ਪਾਏ ਮਾਨੁ ॥

آپُ گواءِ سیوا کرے
تا کِچھُ پائے مانُ ॥

ਨਾਨਕ ਜਿਸ ਨੋ ਲਗਾ ਤਿਸੁ ਮਿਲੈ
ਲਗਾ ਸੋ ਪਰਵਾਨੁ ॥੧॥

نانک جِس نو لگا تِس مِلےَ
لگا سو پروانُ ॥ 1 ॥

ਮਹਲਾ ੨ ॥

محلا 2 ॥

ਜੋ ਜੀਇ ਹੋਇ ਸੁ ਉਗਵੈ
ਮੁਹ ਕਾ ਕਹਿਆ ਵਾਉ ॥

جو جیِءِ ہوءِ سُ اُگوے
مُہ کا کہیا واءُ ॥

ਬੀਜੇ ਬਿਖੁ ਮੰਗੈ ਅੰਮ੍ਰਿਤੁ
ਵੇਖਹੁ ਏਹੁ ਨਿਆਉ ॥੨॥

بیجے بِکھُ منگےَ انمّرِتُ
ویکھہُ ایہُ نیاءُ ॥ 2 ॥

ਮਹਲਾ ੨ ॥

محلا 2 ॥

ਨਾਲਿ ਇਆਣੇ ਦੋਸਤੀ
ਕਦੇ ਨ ਆਵੈ ਰਾਸਿ ॥

نالِ اِیانے دوستی
کدے ن آوے راسِ ॥

ਜੇਹਾ ਜਾਣੈ ਤੇਹੋ ਵਰਤੈ
ਵੇਖਹੁ ਕੋ ਨਿਰਜਾਸਿ ॥

جیہا جانے تیہو ورتے
ویکھہُ کو نِرجاسِ ॥

ਵਸਤੂ ਅੰਦਰਿ ਵਸਤੁ ਸਮਾਵੈ
ਦੂਜੀ ਹੋਵੈ ਪਾਸਿ ॥

وستوٗ انّدرِ وستُ سماوےَ
دوُجی ہووےَ پاسِ ॥

ਸਾਹਿਬ ਸੇਤੀ ਹੁਕਮੁ ਨ ਚਲੈ
ਕਹੀ ਬਣੈ ਅਰਦਾਸਿ ॥

صاحِب سیتی حُکمُ ن چلےَ
کہی بنّے عرداسِ ॥

ਕੂੜਿ ਕਮਾਣੈ ਕੂੜੋ ਹੋਵੈ
ਨਾਨਕ ਸਿਫਤਿ ਵਿਗਾਸਿ ॥੩॥

کوُڑِ کماٹےَ کوُڑو ہووےَ
نانک صِفتِ وِگاسِ ॥3॥

ਮਹਲਾ ੨ ॥

محلا 2 ॥

ਨਾਲਿ ਇਆਣੇ ਦੋਸਤੀ
ਵਡਾਰੂ ਸਿਉ ਨੇਹੁ ॥

نالِ اِیاٹے دوستی
وڈاروُ سِءُ نیہُ ॥

ਪਾਣੀ ਅੰਦਰਿ ਲੀਕ ਜਿਉ
ਤਿਸ ਦਾ ਥਾਉ ਨ ਥੇਹੁ ॥੪॥

پاٹی انّدرِ لِیک جِءُ
تِس دا تھاءُ ن تھیہُ ॥4॥

ਮਹਲਾ ੨ ॥

محلا 2 ॥

ਹੋਇ ਇਆਣਾ ਕਰੇ ਕੰਮੁ
ਆਣਿ ਨ ਸਕੈ ਰਾਸਿ ॥

ہوءِ اِیاٹا کرے کنّمُ
آنِ ن سکےَ راسِ ॥

ਜੇ ਇਕ ਅਧ ਚੰਗੀ ਕਰੇ
ਦੂਜੀ ਭੀ ਵੇਰਾਸਿ ॥੫॥

جے اِک ادھ چنگی کرے
دوُجی بھی ویراسِ ॥5॥

ਪਉੜੀ ॥

پئڑی ॥

ਚਾਕਰੁ ਲਗੈ ਚਾਕਰੀ
ਜੇ ਚਲੈ ਖਸਮੈ ਭਾਇ ॥

چاکرُ لگےَ چاکری
جے چلےَ خصمےَ بھاءِ ॥

ਹੁਰਮਤਿ ਤਿਸ ਨੋ ਅਗਲੀ
ਓਹੁ ਵਜਹੁ ਭਿ ਦੂਣਾ ਖਾਇ ॥

حُرمتِ تِس نو اگلی
اوہُ وجہُ بھِ دوُٹا کھاءِ ॥

ਖਸਮੈ ਕਰੇ ਬਰਾਬਰੀ
ਫਿਰਿ ਗੈਰਤਿ ਅੰਦਰਿ ਪਾਇ ॥

خصمےَ کرے برابری
پھِرِ غیَرتِ انّدرِ پاءِ ॥

ਵਜਹੁ ਗਵਾਏ ਅਗਲਾ
ਮੁਹੇ ਮੁਹਿ ਪਾਣਾ ਖਾਇ ॥

وجہُ گواےَ اگلا
مُہے مُہِ پاٹا کھاءِ ॥

ਜਿਸ ਦਾ ਦਿਤਾ ਖਾਵਣਾ
ਤਿਸੁ ਕਹੀਐ ਸਾਬਾਸਿ ॥

جِس دا دِتا کھاوٹا
تِس کہیئے ساباسِ ॥

ਨਾਨਕ ਹੁਕਮੁ ਨ ਚਲਈ
ਨਾਲਿ ਖਸਮ ਚਲੈ ਅਰਦਾਸਿ ॥੨੨॥

نانک حُکمُ ن چلئی
نالِ خصم چلے عرداسِ ॥ 22 ॥

ਸਲੋਕੁ ਮਹਲਾ ੨ ॥

سلوکُ محلا 2 ॥

ਏਹ ਕਿਨੇਹੀ ਦਾਤਿ
ਆਪਸ ਤੇ ਜੋ ਪਾਈਐ ॥

ایہ کِنیہی داتِ
آپس تے جو پائیئے ॥

ਨਾਨਕ ਸਾ ਕਰਮਾਤਿ
ਸਾਹਿਬ ਤੁਠੈ ਜੋ ਮਿਲੈ ॥੧॥

نانک سا کرماتِ
صاحِب تُٹھے جو مِلے ॥ 1 ॥

ਮਹਲਾ ੨ ॥

محلا 2 ॥

ਏਹ ਕਿਨੇਹੀ ਚਾਕਰੀ
ਜਿਤੁ ਭਉ ਖਸਮ ਨ ਜਾਇ ॥

ایہ کِنیہی چاکری
جِتُ بھءُ خصم ن جاءِ ॥

ਨਾਨਕ ਸੇਵਕੁ ਕਾਢੀਐ
ਜਿ ਸੇਤੀ ਖਸਮ ਸਮਾਇ ॥੨॥

نانک سیوکُ کاڈھیئے
جِ سیتی خصم سماءِ ॥ 2 ॥

ਪਉੜੀ ॥

پئُڑی ॥

ਨਾਨਕ ਅੰਤ ਨ ਜਾਪਨ੍ੀ
ਹਰਿ ਤਾ ਕੇ ਪਾਰਾਵਾਰ ॥

نانک انّت ن جاپنّہی
ہرِ تا کے پاراوار ॥

ਆਪਿ ਕਰਾਏ ਸਾਖਤੀ
ਫਿਰਿ ਆਪਿ ਕਰਾਏ ਮਾਰ ॥

آپِ کرائے ساکھتی
پھِرِ آپِ کرائے مار ॥

ਇਕਨ੍ਾ ਗਲੀ ਜੰਜੀਰੀਆ
ਇਕਿ ਤੁਰੀ ਚੜਹਿ ਬਿਸੀਆਰ ॥

اِکنّہا گلی زنّجیریا
اِکِ تُری چڑہِ بسیار ॥

ਆਪਿ ਕਰਾਏ ਕਰੇ ਆਪਿ
ਹਉ ਕੈ ਸਿਉ ਕਰੀ ਪੁਕਾਰ ॥

آپِ کرائے کرے آپِ
ہءُ کے سِءُ کری پُکار ॥

ਨਾਨਕ ਕਰਣਾ ਜਿਨਿ ਕੀਆ
ਫਿਰਿ ਤਿਸ ਹੀ ਕਰਣੀ ਸਾਰ ॥੨੩॥

نانک کرٹا جِنِ کیا
پھِرِ تِس ہی کرٹی سار ॥ 23 ॥

ਸਲੋਕੁ ਮਃ ੧ ॥

ਆਪੇ ਭਾਂਡੇ ਸਾਜਿਅਨੁ
ਆਪੇ ਪੂਰਣੁ ਦੇਇ ॥

ਇਕਨ੍ੀ ਦੁਧੁ ਸਮਾਈਐ
ਇਕਿ ਚੁਲ੍ੈ ਰਹਨ੍ਿ ਚੜੇ ॥

ਇਕਿ ਨਿਹਾਲੀ ਪੈ ਸਵਨ੍ਿ
ਇਕਿ ਉਪਰਿ ਰਹਨਿ ਖੜੇ ॥

ਤਿਨ੍ਾ ਸਵਾਰੇ ਨਾਨਕਾ
ਜਿਨ੍ ਕਉ ਨਦਰਿ ਕਰੇ ॥੧॥

ਮਹਲਾ ੨ ॥

ਆਪੇ ਸਾਜੇ ਕਰੇ ਆਪਿ
ਜਾਈ ਭਿ ਰਖੈ ਆਪਿ ॥

ਤਿਸੁ ਵਿਚਿ ਜੰਤ ਉਪਾਇ ਕੈ
ਦੇਖੈ ਥਾਪਿ ਉਥਾਪਿ ॥

ਕਿਸ ਨੋ ਕਹੀਐ ਨਾਨਕਾ
ਸਭੁ ਕਿਛੁ ਆਪੇ ਆਪਿ ॥੨॥

ਪਉੜੀ ॥

ਵਡੇ ਕੀਆ ਵਡਿਆਈਆ
ਕਿਛੁ ਕਹਣਾ ਕਹਣੁ ਨਾ ਜਾਇ ॥

ਸੋ ਕਰਤਾ ਕਾਦਰ ਕਰੀਮੁ
ਦੇ ਜੀਆ ਰਿਜਕੁ ਸੰਬਾਹਿ ॥

ਸਾਈ ਕਾਰ ਕਮਾਵਣੀ
ਧੁਰਿ ਛੋਡੀ ਤਿੰਨੈ ਪਾਇ ॥

ਨਾਨਕ ਏਕੀ ਬਾਹਰੀ
ਹੋਰ ਦੂਜੀ ਨਾਹੀ ਜਾਇ ॥

سلوکُ م: 1 ॥

آپے بھانڈے ساجِئنُ
آپے پُورنُّ دےءِ ॥

اِکنّہی دُدھُ سمائیئے
اِکِ چُلّہے رہنّہِ چڑے ॥

اِکِ نِہالی پے سونّہِ
اِکِ اُپر رہنِ کھڑے ॥

تِنّہا سوارے نانکا
جِنّہ کءُ ندرِ کرے ॥1॥

محلا 2 ॥

آپے ساجے کرے آپِ
جائی بھِ رکھے آپِ ॥

تِسُ وِچِ جنّت اُپاءِ کے
دیکھے تھاپِ اُتھاپِ ॥

کِس نو کہیئے نانکا
سبھُ کِچھُ آپے آپِ ॥2॥

پئڑی ॥

وڈے کِیا وڈیائیا
کِچھُ کہنّا کہنُّ نا جاءِ ॥

سو کرتا قادر کریمُ
دے جِیا رِزقُ سنّباہِ ॥

سائی کار کماونّی
دھُرِ چھوڈی تِنّے پاءِ ॥

نانک ایکی باہری
ہور دُوجی ناہی جاءِ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راتا صاہب)

ਸੋ ਕਰੇ ਜਿ ਤਿਸੈ ਰਜਾਇ ॥੨੪॥੧॥ ਸੁਧੁ	سو کرے جِ تِسے رضاءِ ॥ 24 ॥1॥ سُدھُ
੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	੧ੴ ستِنامُ کرتا پُرکھُ نِربھءُ نِرویرُ اکال مورتِ اجونی سیبھنّ گُرپرّسادِ ॥
ਰਾਗੁ ਆਸਾ ਬਾਣੀ ਭਗਤਾ ਕੀ ॥	راگُ آسا باٹی بھگتا کی ॥
ਕਬੀਰ ਜੀਉ ਨਾਮਦੇਉ ਜੀਉ ਰਵਿਦਾਸ ਜੀਉ ॥	کبیِر جیِءُ نامدیءُ جیِءُ روِداس جیِءُ ॥
ਆਸਾ ਸ੍ਰੀ ਕਬੀਰ ਜੀਉ ॥	آسا سّری کبیِر جیِءُ ॥
ਗੁਰ ਚਰਣ ਲਾਗਿ ਹਮ ਬਿਨਵਤਾ ਪੂਛਤ ਕਹ ਜੀਉ ਪਾਇਆ ॥	گُر چرنٔ لاگِ ہم بِنوتا پوُچھت کہ جیِءُ پائیا ۔ ॥
ਕਵਨ ਕਾਜਿ ਜਗੁ ਉਪਜੈ ਬਿਨਸੈ ਕਹਹੁ ਮੋਹਿ ਸਮਝਾਇਆ ॥੧॥	کون کاجِ جگُ اُپجےَ بِنسے کہہُ موہِ سمجھائیا ॥1॥
ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ ਤੂਟੈ ॥	دیو کرہُ دئیا موہِ مارگِ لاوہُ جِتُ بھےَ بندھن توُٹے ॥
ਜਨਮ ਮਰਨ ਦੁਖ ਫੇੜ ਕਰਮ ਸੁਖ ਜੀਅ ਜਨਮ ਤੇ ਛੂਟੈ ॥੧॥ ਰਹਾਉ ॥	جنم مرن دُکھ پھیڑ کرم سُکھ جیء جنم تے چھوُٹے ॥1॥ رہاءُ ॥
ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨ ਸੁੰਨਿ ਨ ਲੂਕੇ ॥	مائیا پھاس بندھ نہی پھارے ارُ من سُنّنِ ن لوُکے ॥
ਆਪਾ ਪਦੁ ਨਿਰਬਾਣੁ ਨ ਚੀਨ੍ਹਿਆ ਇਨ ਬਿਧਿ ਅਭਿਉ ਨ ਚੂਕੇ ॥੨॥	آپا پدُ نِربانُٔ ن چینّہیا اِن بِدھِ ابھِءُ ن چوُکے ॥2॥
ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ ॥	کہی ن اُپجےَ اُپجی جانٔے بھاو ابھاو بہوُٹا ॥
ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ ॥੩॥	اُدےَ است کی من بُدھِ ناسی تءُ سدا سہجِ لِو لِینٹا ॥3॥
ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ ॥	جِءُ پرّتِبنّبُ بِنّب کءُ ملی ہےَ اُدک کُنّبھُ بِگرانا ॥
ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ	کہُ کبیِر ایَسا گُنٔ بھرّمُ بھاگا

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پُرب نوں سمرپت|سیوا: بھائی بلجِندر سنگھ جی (راتا صاہِب)

ਤਉ ਮਨੁ ਸੁੰਨਿ ਸਮਾਨਾਂ ॥੪॥੧॥

ت ءُ منُ سُنّنِ سماناں ॥4॥1॥

ਆਸਾ ॥

آسا ॥

ਗਜ ਸਾਢੇ ਤੈ ਤੈ ਧੋਤੀਆ
ਤਿਹਰੇ ਪਾਇਨਿ ਤਗ ॥

گز ساڈھے تے تے دھوتیا
تِہرے پائِنِ تگ ॥

ਗਲੀ ਜਿਨ੍ਹਾ ਜਪਮਾਲੀਆ
ਲੋਟੇ ਹਥਿ ਨਿਬਗ ॥

گلی جِنّہا جپمالیا
لوٹے ہتھِ نِبگ ॥

ਓਇ ਹਰਿ ਕੇ ਸੰਤ ਨ ਆਖੀਅਹਿ
ਬਾਨਾਰਸਿ ਕੇ ਠਗ ॥੧॥

اوءِ ہرِ کے سنّت ن آکھیئہِ
بانارسِ کے ٹھگ ॥1॥

ਐਸੇ ਸੰਤ ਨ ਮੋ ਕਉ ਭਾਵਹਿ ॥

ایَسے سنّت ن مو کءُ بھاوہِ ॥

ਡਾਲਾ ਸਿਉ ਪੇਡਾ ਗਟਕਾਵਹਿ ॥੧॥ ਰਹਾਉ ॥

ڈالا سِءُ پیڈا گٹکاوہِ ॥1॥ رہاءُ ॥

ਬਾਸਨ ਮਾਂਜਿ ਚਰਾਵਹਿ ਊਪਰਿ
ਕਾਠੀ ਧੋਇ ਜਲਾਵਹਿ ॥

باسن مانْجِ چراوہِ اوُپرِ
کاٹھی دھوءِ جلاوہِ ॥

ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ
ਸਾਰੇ ਮਾਣਸ ਖਾਵਹਿ ॥੨॥

بسُدھا کھودِ کرہِ دُءِ چوُلّہے
سارے ماںُس کھاوہِ ॥2॥

ਓਇ ਪਾਪੀ ਸਦਾ ਫਿਰਹਿ ਅਪਰਾਧੀ
ਮੁਖਹੁ ਅਪਰਸ ਕਹਾਵਹਿ ॥

اوءِ پاپی سدا پھِرہِ اپرادھی
مُکھہُ اپرس کہاوہِ ॥

ਸਦਾ ਸਦਾ ਫਿਰਹਿ ਅਭਿਮਾਨੀ
ਸਗਲ ਕੁਟੰਬ ਡੁਬਾਵਹਿ ॥੩॥

سدا سدا پھِرہِ ابھِمانی
سگل کُٹنّب ڈُباوہِ ॥3॥

ਜਿਤੁ ਕੋ ਲਾਇਆ ਤਿਤ ਹੀ ਲਾਗਾ
ਤੈਸੇ ਕਰਮ ਕਮਾਵੈ ॥

جِتُ کو لائیا تِت ہی لاگا
تیَسے کرم کماوے ॥

ਕਹੁ ਕਬੀਰ ਜਿਸੁ ਸਤਿਗੁਰੁ ਭੇਟੈ
ਪੁਨਰਪਿ ਜਨਮਿ ਨ ਆਵੈ ॥੪॥੨॥

کہُ کبیرِ جِسُ ستِگُرُ بھیٹے
پُنرپِ جنمِ ن آوے ॥4॥2॥

ਆਸਾ ॥

آسا ॥

ਬਾਪਿ ਦਿਲਾਸਾ ਮੇਰੋ ਕੀਨ੍ਹਾ ॥

باپِ دِلاسا میرو کینّہا ॥

ਸੇਜ ਸੁਖਾਲੀ ਮੁਖਿ ਅੰਮ੍ਰਿਤੁ ਦੀਨ੍ਹਾ ॥	سیج سُکھالی مُکھِ انمرِتُ دِینّہا ॥
ਤਿਸੁ ਬਾਪ ਕਉ ਕਿਉ ਮਨਹੁ ਵਿਸਾਰੀ ॥	تِس باپ ک ءُ کِ ءُ منہٗ وِساری ۔ ॥
ਆਗੈ ਗਇਆ ਨ ਬਾਜੀ ਹਾਰੀ ॥੧॥	آگے گئیا ن بازی ہاری ॥1॥
ਮੁਈ ਮੇਰੀ ਮਾਈ ਹਉ ਖਰਾ ਸੁਖਾਲਾ ॥	مُئی میری مائی ہءُ کھرا سُکھالا ॥
ਪਹਿਰਉ ਨਹੀ ਦਗਲੀ ਲਗੈ ਨ ਪਾਲਾ ॥੧॥ ਰਹਾਉ ॥	پہِرءُ نہی دگلی لگے ن پالا ॥1॥ رہاءُ ॥
ਬਲਿ ਤਿਸੁ ਬਾਪੈ ਜਿਨਿ ਹਉ ਜਾਇਆ ॥	بلِ تِس باپے جِنِ ہءُ جائیا ॥
ਪੰਚਾ ਤੇ ਮੇਰਾ ਸੰਗੁ ਚੁਕਾਇਆ ॥	پنّچا تے میرا سنگُ چُکائیا ॥
ਪੰਚ ਮਾਰਿ ਪਾਵਾ ਤਲਿ ਦੀਨੇ ॥	پنّچ مارِ پاوا تلِ دینے ॥
ਹਰਿ ਸਿਮਰਨਿ ਮੇਰਾ ਮਨੁ ਤਨੁ ਭੀਨੇ ॥੨॥	ہرِ سِمرنِ میرا منُ تنُ بھینے ॥2॥
ਪਿਤਾ ਹਮਾਰੋ ਵਡ ਗੋਸਾਈ ॥	پِتا ہمارو وڈ گوسائی ॥
ਤਿਸੁ ਪਿਤਾ ਪਹਿ ਹਉ ਕਿਉ ਕਰਿ ਜਾਈ ॥	تِس پِتا پہِ ہءُ کِ ءُ کرِ جائی ۔ ॥
ਸਤਿਗੁਰ ਮਿਲੇ ਤ ਮਾਰਗੁ ਦਿਖਾਇਆ ॥	ستِگُر مِلے ت مارگُ دِکھائیا ॥
ਜਗਤ ਪਿਤਾ ਮੇਰੈ ਮਨਿ ਭਾਇਆ ॥੩॥	جگت پِتا میرے منِ بھائیا ॥3॥
ਹਉ ਪੂਤੁ ਤੇਰਾ ਤੂੰ ਬਾਪੁ ਮੇਰਾ ॥	ہءُ پُوتُ تیرا توُنّ باپُ میرا ॥
ਏਕੈ ਠਾਹਰ ਦੁਹਾ ਬਸੇਰਾ ॥	ایکے ٹھاہر دُہا بسیرا ॥
ਕਹੁ ਕਬੀਰ ਜਨਿ ਏਕੋ ਬੂਝਿਆ ॥	کہُ کبیِر جنِ ایکو بوُجھیا ॥
ਗੁਰ ਪ੍ਰਸਾਦਿ ਮੈ ਸਭੁ ਕਿਛੁ ਸੂਝਿਆ ॥੪॥੩॥	گُر پرّسادِ مے سبھُ کِچھُ سوُجھیا ॥4॥3॥
ਆਸਾ ॥	آسا ॥
ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ ॥	اِکتُ پترِ بھرِ اُرکٹ کُرکٹ اِکتُ پترِ بھرِ پانی ॥
ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ ॥੧॥	آسِ پاسِ پنّچ جوگیا بیٹھے بیچِ نکٹ دے رانی ॥1॥

ਨਕਟੀ ਕੋ ਠਨਗਨੁ ਬਾਡਾ ਡੂੰ ॥
ਕਿਨਹਿ ਬਿਬੇਕੀ ਕਾਟੀ ਤੂੰ ॥੧॥ ਰਹਾਉ ॥

ਸਗਲ ਮਾਹਿ ਨਕਟੀ ਕਾ ਵਾਸਾ
ਸਗਲ ਮਾਰਿ ਅਉਹੇਰੀ ॥

ਸਗਲਿਆ ਕੀ ਹਉ ਬਹਿਨ ਭਾਨਜੀ
ਜਿਨਹਿ ਬਰੀ ਤਿਸੁ ਚੇਰੀ ॥੨॥

ਹਮਰੋ ਭਰਤਾ ਬਡੋ ਬਿਬੇਕੀ
ਆਪੇ ਸੰਤੁ ਕਹਾਵੈ ॥

ਓਹੁ ਹਮਾਰੈ ਮਾਥੈ ਕਾਇਮੁ
ਅਉਰੁ ਹਮਰੈ ਨਿਕਟਿ ਨ ਆਵੈ ॥੩॥

ਨਾਕਹੁ ਕਾਟੀ ਕਾਨਹੁ ਕਾਟੀ
ਕਾਟਿ ਕੂਟਿ ਕੈ ਡਾਰੀ ॥

ਕਹੁ ਕਬੀਰ ਸੰਤਨ ਕੀ ਬੈਰਨਿ
ਤੀਨਿ ਲੋਕ ਕੀ ਪਿਆਰੀ ॥੪॥੪॥

ਆਸਾ ॥

ਜੋਗੀ ਜਤੀ ਤਪੀ ਸੰਨਿਆਸੀ
ਬਹੁ ਤੀਰਥ ਭ੍ਰਮਨਾ ॥

ਲੁੰਜਿਤ ਮੁੰਜਿਤ ਮੋਨਿ ਜਟਾਧਰ
ਅੰਤਿ ਤਊ ਮਰਨਾ ॥੧॥

ਤਾ ਤੇ ਸੇਵੀਅਲੇ ਰਾਮਨਾ ॥

ਰਸਨਾ ਰਾਮ ਨਾਮ ਹਿਤੁ ਜਾ ਕੈ
ਕਹਾ ਕਰੈ ਜਮਨਾ ॥੧॥ ਰਹਾਉ ॥

ਆਗਮ ਨਿਰਗਮ ਜੋਤਿਕ ਜਾਨਹਿ
ਬਹੁ ਬਹੁ ਬਿਆਕਰਨਾ ॥

ਤੰਤ ਮੰਤ੍ਰ ਸਭ ਅਉਖਧ ਜਾਨਹਿ

نکٹی کو ٹھنگنُ باڈا ڈُوُنّ ॥
کِنہِ بِبیکی کاٹی توُنّ ॥1॥ رہاءُ ॥

سگل ماہِ نکٹی کا واسا
سگل مارِ اُہیری ॥

سگلِیا کی ہءُ بہِن بھانجی
جِنہِ بری تِس چیری ॥2॥

ہمرو بھرتا بڈو بِبیکی
آپے سنّتُ کہاوے ॥

اوہُ ہمارے ماتھے قائِمُ
اُرُ ہمرے نِکٹِ ن آوے ॥3॥

ناکہُ کاٹی کانہُ کاٹی
کاٹِ کوُٹِ کے ڈاری ॥

کہُ کبیر سنّتن کی بیرَنِ
تِینِ لوک کی پِیاری ॥4॥4॥

آسا ॥

جوگی جتی تپی سنّیاسی
بہُ تِیرتھ بھرمنا ॥

لُنجِت مُنجِت مونِ جٹادھر
انّتِ تئوُ مرنا ॥1॥

تا تے سیوِیلے رامنا ॥

رسنا رام نام ہِتُ جا کے
کہا کرے جمنا ۔ ॥1॥ رہاءُ ॥

آگم نِرگم جوتِک جانہِ
بہُ بہُ بِیاکرنا ॥

تنّت منّتر سبھ اُکھدھ جانہِ

ਅੰਤਿ ਤਊ ਮਰਨਾ ॥੨॥

انّتِ تئو مرنا ॥2॥

ਰਾਜ ਭੋਗ ਅਰੁ ਛਤ੍ਰ ਸਿੰਘਾਸਨ
ਬਹੁ ਸੁੰਦਰਿ ਰਮਨਾ ॥

راج بھوگ ارُ چھتّر سِنگھاسن
بہُ سُنّدرِ رمنا ॥

ਪਾਨ ਕਪੂਰ ਸੁਬਾਸਕ ਚੰਦਨ
ਅੰਤਿ ਤਊ ਮਰਨਾ ॥੩॥

پان کپُور سُباسک چنّدن
انّتِ تئو مرنا ॥3॥

ਬੇਦ ਪੁਰਾਨ ਸਿੰਮ੍ਰਿਤਿ ਸਭ ਖੋਜੇ
ਕਹੂ ਨ ਊਬਰਨਾ ॥

بید پُران سِمرِتِ سبھ کھوجے
کہوُ ن اوُبرنا ॥

ਕਹੁ ਕਬੀਰ ਇਉ ਰਾਮਹਿ ਜੰਪਉ
ਮੇਟਿ ਜਨਮ ਮਰਨਾ ॥੪॥੫॥

کہُ کبیِر اِءُ رامہِ جنّپءُ
میٹِ جنم مرنا ॥4॥5॥

ਆਸਾ ॥

آسا ॥

ਫੀਲੁ ਰਬਾਬੀ ਬਲਦੁ ਪਖਾਵਜ
ਕਉਆ ਤਾਲ ਬਜਾਵੈ ॥

فِیلُ ربابی بلدُ پکھاوج
کئوُیا تال بجاوے ॥

ਪਹਿਰਿ ਚੋਲਨਾ ਗਦਹਾ ਨਾਚੈ
ਭੈਸਾ ਭਗਤਿ ਕਰਾਵੈ ॥੧॥

پہِرِ چولنا گدہا ناچےَ
بھیَسا بھگتِ کراوے ॥1॥

ਰਾਜਾ ਰਾਮ ਕਕਰੀਆ ਬਰੇ ਪਕਾਏ ॥

راجا رام ککریِیا برے پکائے ॥

ਕਿਨੈ ਬੂਝਨਹਾਰੈ ਖਾਏ ॥੧॥ ਰਹਾਉ ॥

کِنئے بوُجھنہارے کھائے ॥1॥ رہاءُ ॥

ਬੈਠਿ ਸਿੰਘੁ ਘਰਿ ਪਾਨ ਲਗਾਵੈ
ਘੀਸ ਗਲਉਰੇ ਲਿਆਵੈ ॥

بیٹھِ سِنگھُ گھرِ پان لگاوے
گھیِس گلئُرے لیاوے ॥

ਘਰਿ ਘਰਿ ਮੁਸਰੀ ਮੰਗਲੁ ਗਾਵਹਿ
ਕਛੂਆ ਸੰਖੁ ਬਜਾਵੈ ॥੨॥

گھرِ گھرِ مُسری منگلُ گاوہِ
کچھوُیا سنکھُ بجاوے ॥2॥

ਬੰਸ ਕੋ ਪੂਤੁ ਬੀਆਹਨ ਚਲਿਆ
ਸੁਇਨੇ ਮੰਡਪ ਛਾਏ ॥

بنّس کو پوُت بِیاہن چلیا
سُئنے منّڈپ چھائے ॥

ਰੂਪ ਕੰਨਿਆ ਸੁੰਦਰਿ ਬੇਧੀ
ਸਸੈ ਸਿੰਘ ਗੁਨ ਗਾਏ ॥੩॥

روُپ کنّنیا سُنّدرِ بیدھی
سسےَ سِنگھ گُن گائے ॥3॥

ਕਹਤ ਕਬੀਰ ਸੁਨਹੁ ਰੇ ਸੰਤਹੁ

کہت کبیِر سُنہُ رے سنّتہُ

ਕੀਟੀ ਪਰਬਤੁ ਖਾਇਆ ॥

ਕਛੂਆ ਕਹੈ ਅੰਗਾਰ ਭਿ ਲੋਰਉ
ਲੂਕੀ ਸਬਦੁ ਸੁਨਾਇਆ ॥੪॥੬॥

ਆਸਾ ॥

ਬਟੂਆ ਏਕੁ ਬਹਤਰਿ ਆਧਾਰੀ
ਏਕੋ ਜਿਸਹਿ ਦੁਆਰਾ ॥

ਨਵੈ ਖੰਡ ਕੀ ਪ੍ਰਿਥਮੀ ਮਾਗੈ
ਸੋ ਜੋਗੀ ਜਗਿ ਸਾਰਾ ॥੧॥

ਐਸਾ ਜੋਗੀ ਨਉ ਨਿਧਿ ਪਾਵੈ ॥

ਤਲ ਕਾ ਬ੍ਰਹਮੁ ਲੇ ਗਗਨਿ ਚਰਾਵੈ ॥੧॥ ਰਹਾਉ ॥

ਖਿੰਥਾ ਗਿਆਨ ਧਿਆਨ ਕਰਿ ਸੂਈ
ਸਬਦੁ ਤਾਗਾ ਮਥਿ ਘਾਲੈ ॥

ਪੰਚ ਤਤੁ ਕੀ ਕਰਿ ਮਿਰਗਾਣੀ
ਗੁਰ ਕੈ ਮਾਰਗਿ ਚਾਲੈ ॥੨॥

ਦਇਆ ਫਾਹੁਰੀ ਕਾਇਆ ਕਰਿ ਧੂਈ
ਦ੍ਰਿਸਟਿ ਕੀ ਅਗਨਿ ਜਲਾਵੈ ॥

ਤਿਸ ਕਾ ਭਾਉ ਲਏ ਰਿਦ ਅੰਤਰਿ
ਚਹੁ ਜੁਗ ਤਾੜੀ ਲਾਵੈ ॥੩॥

ਸਭ ਜੋਗਤਣ ਰਾਮ ਨਾਮੁ ਹੈ
ਜਿਸ ਕਾ ਪਿੰਡੁ ਪਰਾਨਾ ॥

ਕਹੁ ਕਬੀਰ ਜੇ ਕਿਰਪਾ ਧਾਰੈ
ਦੇਇ ਸਚਾ ਨੀਸਾਨਾ ॥੪॥੭॥

ਆਸਾ ॥

ਹਿੰਦੂ ਤੁਰਕ ਕਹਾ ਤੇ ਆਏ
ਕਿਨਿ ਏਹ ਰਾਹ ਚਲਾਈ ॥

کِیٹی پربتُ کھائِیا ॥

کچھوُیا کہے انگار بھِ لورءُ
لوُکی سبدُ سُنائِیا ॥4॥6॥

آسا ॥

بٹوُیا ایکُ بہترِ آدھاری
ایکو جِسہِ دُیارا ॥

نوے کھنڈ کی پرتھمی ماگے
سو جوگی جگِ سارا ॥1॥

ایَسا جوگی نءُ نِدھِ پاوے ॥

تل کا برہمُ لے گگنِ چراوے ॥1॥ رہاءُ ॥

کھِنتھا گیان دھیان کرِ سوئی
سبدُ تاگا متھِ گھالے ॥

پنچ تتُ کی کرِ مِرگانی
گُر کے مارگِ چالے ॥2॥

دیَا پھاہُری کائِیا کرِ دھوئی
درِسٹِ کی اگنِ جلاوے ॥

تِس کا بھاءُ لے رِد انترِ
چہُ جُگ تاڑی لاوے ॥3॥

سبھ جوگتنُ رام نامُ ہے
جِس کا پِنڈُ پرانا ॥

کہُ کبیر جے کرِپا دھارے
دےءِ سچا نِیشانا ॥4॥7॥

آسا ॥

ہِندوُ تُرک کہا تے آئے
کِنِ ایہ راہ چلائی ۔ ॥

ਦਿਲ ਮਹਿ ਸੋਚਿ ਬਿਚਾਰਿ ਕਵਾਦੇ	دِل مہِ سوچِ بچارِ کوادے
ਭਿਸਤ ਦੋਜਕ ਕਿਨਿ ਪਾਈ ॥੧॥	بھِست دوزک کِنِ پائی ۔ ॥1॥
ਕਾਜੀ ਤੈ ਕਵਨ ਕਤੇਬ ਬਖਾਨੀ ॥	قاضی تے کون کتیب بکھانی ۔ ॥
ਪੜ੍ਹਤ ਗੁਨਤ ਐਸੇ ਸਭ ਮਾਰੇ	پڑہت گُنت ایَسے سبھ مارے
ਕਿਨਹੂੰ ਖਬਰਿ ਨ ਜਾਨੀ ॥੧॥ ਰਹਾਉ ॥	کِنہوُنّ خبرِ ن جانی ॥1॥ رہاءُ ॥
ਸਕਤਿ ਸਨੇਹੁ ਕਰਿ ਸੁੰਨਤਿ ਕਰੀਐ	سکتِ سنیہُ کرِ سُنّنتِ کریِےّ
ਮੈ ਨ ਬਦਉਗਾ ਭਾਈ ॥	مے َن بدئُگا بھائی ۔ ॥
ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ	ج ءُ رے خُداءِ موہِ تُرکُ کریَگا
ਆਪਨ ਹੀ ਕਟਿ ਜਾਈ ॥੨॥	آپن ہی کٹِ جائی ॥2॥
ਸੁੰਨਤਿ ਕੀਏ ਤੁਰਕੁ ਜੇ ਹੋਇਗਾ	سُنّنتِ کیِےّ تُرکُ جے ہوئِگا
ਅਉਰਤ ਕਾ ਕਿਆ ਕਰੀਐ ॥	اُرت کا کِیا کریِےّ ۔ ॥
ਅਰਧ ਸਰੀਰੀ ਨਾਰਿ ਨ ਛੋਡੈ	اردھ سریِری نارِ ن چھوڈےَ
ਤਾ ਤੇ ਹਿੰਦੂ ਹੀ ਰਹੀਐ ॥੩॥	تا تے ہِندوُ ہی رہیِےّ ॥3॥
ਛਾਡਿ ਕਤੇਬ ਰਾਮੁ ਭਜੁ ਬਉਰੇ	چھاڈِ کتیب رامُ بھجُ بئُرے
ਜੁਲਮ ਕਰਤ ਹੈ ਭਾਰੀ ॥	ظُلم کرت ہےَ بھاری ॥
ਕਬੀਰੈ ਪਕਰੀ ਟੇਕ ਰਾਮ ਕੀ	کبیِرےَ پکری ٹیک رام کی
ਤੁਰਕ ਰਹੇ ਪਚਿਹਾਰੀ ॥੪॥੮॥	تُرک رہے پچہاری ॥4॥8॥
ਆਸਾ ॥	آسا ॥
ਜਬ ਲਗੁ ਤੇਲੁ ਦੀਵੇ ਮੁਖਿ ਬਾਤੀ	جب لگُ تیلُ دیِوے مُکھِ باتی
ਤਬ ਸੂਝੈ ਸਭੁ ਕੋਈ ॥	تب سوُجھےَ سبھُ کوئی ॥
ਤੇਲ ਜਲੇ ਬਾਤੀ ਠਹਰਾਨੀ	تیل جلے باتی ٹھہرانی
ਸੂੰਨਾ ਮੰਦਰੁ ਹੋਈ ॥੧॥	سوُنّنا مندّرُ ہوئی ॥1॥
ਰੇ ਬਉਰੇ ਤੁਹਿ ਘਰੀ ਨ ਰਾਖੈ ਕੋਈ ॥	رے بئُرے تُہِ گھری ن راکھےَ کوئی ॥
ਤੂੰ ਰਾਮ ਨਾਮੁ ਜਪਿ ਸੋਈ ॥੧॥ ਰਹਾਉ ॥	توُنّ رام نامُ جپِ سوئی ॥1॥ رہاءُ ॥
ਕਾ ਕੀ ਮਾਤ ਪਿਤਾ ਕਹੁ ਕਾ ਕੋ	کا کی مات پِتا کہُ کا کو

ਕਵਨ ਪੁਰਖ ਕੀ ਜੋਈ ॥	کون پُرکھ کی جوئی ۔ ॥
ਘਟ ਫੂਟੇ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ ॥੨॥	گھٹ پھوٹے کوئو بات ن پوُچھے کاڈھہُ کاڈھہُ ہوئی ॥2॥
ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ ॥	دیہُری بیٹھی ماتا روے کھٹِیا لے گئے بھائی ॥
ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ ॥੩॥	لٹ چھِٹکائے تِریا روے ہنَس اِکیلا جائی ॥3॥
ਕਹਤ ਕਬੀਰ ਸੁਨਹੁ ਰੇ ਸੰਤਹੁ ਭੈ ਸਾਗਰ ਕੈ ਤਾਈ ॥	کہت کبیِر سُنہُ رے سنّتہُ بھے ساگر کے تائی ॥
ਇਸੁ ਬੰਦੇ ਸਿਰਿ ਜੁਲਮੁ ਹੋਤ ਹੈ ਜਮੁ ਨਹੀ ਹਟੈ ਗੁਸਾਈ ॥੪॥੯॥	اِس بندے سِر ظُلمُ ہوت ہے جمُ نہی ہٹے گُسائی ۔ ॥4॥9॥
ਦੁਤੁਕੇ	دُتکے
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਆਸਾ ਸ੍ਰੀ ਕਬੀਰ ਜੀਉ ਕੇ ਚਉਪਦੇ ਇਕਤੁਕੇ ॥	آسا سّری کبیِر جیِءُ کے چئُپدے اِکتُکے ॥
ਸਨਕ ਸਨੰਦ ਅੰਤੁ ਨਹੀ ਪਾਇਆ ॥	سنک سنند انّتُ نہی پائیا ॥
ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ॥੧॥	بید پڑے پڑِ برّہمے جنمُ گوائیا ॥1॥
ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥	ہرِ کا بِلوونا بِلووہُ میرے بھائی ۔ ॥
ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥੧॥ ਰਹਾਉ ॥	سہجِ بِلووہُ جیَسے تتُ ن جائی ॥1॥ رہاءُ ॥
ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ ॥	تنُ کرِ مٹکی من ماہِ بِلوئی ॥
ਇਸੁ ਮਟੁਕੀ ਮਹਿ ਸਬਦੁ ਸੰਜੋਈ ॥੨॥	اِس مٹکی مہِ سبدُ سنجّوئی ॥2॥
ਹਰਿ ਕਾ ਬਿਲੋਵਨਾ ਮਨ ਕਾ ਬੀਚਾਰਾ ॥	ہرِ کا بِلوونا من کا بیچارا ॥
ਗੁਰ ਪ੍ਰਸਾਦਿ ਪਾਵੈ ਅੰਮ੍ਰਿਤ ਧਾਰਾ ॥੩॥	گُر پرّسادِ پاوے انمّرِت دھارا ॥3॥
ਕਹੁ ਕਬੀਰ ਨਦਰਿ ਕਰੇ ਜੇ ਮੀਰਾ ॥	کہُ کبیِر ندرِ کرے جے مِیرا ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਜਾ ਸਾਹਿਬ) سری گرُو نانک دیو جی مہاراج دے 550ویں پرکاش پُرب نوں سمرپت | سیوا: بھائی بلجندر سنگھ جی (راجا صاہب)

ਰਾਮ ਨਾਮ ਲਗਿ ਉਤਰੇ ਤੀਰਾ ॥੪॥੧॥੧੦॥	رام نام لگِ اُترے تیرا ॥4॥1॥ 10 ॥
ਆਸਾ ॥	آسا ॥
ਬਾਤੀ ਸੂਕੀ ਤੇਲੁ ਨਿਖੂਟਾ ॥	باتی سوُکی تیلُ نِکھوُٹا ॥
ਮੰਦਲੁ ਨ ਬਾਜੈ ਨਟੁ ਪੈ ਸੂਤਾ ॥੧॥	منّدلُ ن باجےَ نٹُ پے سوُتا ॥1॥
ਬੁਝਿ ਗਈ ਅਗਨਿ ਨ ਨਿਕਸਿਓ ਧੂੰਆ ॥	بُجھِ گئی اگنِ ن نِکسِئو دھوُئیا ॥
ਰਵਿ ਰਹਿਆ ਏਕੁ ਅਵਰੁ ਨਹੀ ਦੂਆ ॥੧॥ ਰਹਾਉ ॥	روِ رہِیا ایکُ اورُ نہی دوُیا ॥1॥ رہاءُ ॥
ਟੂਟੀ ਤੰਤੁ ਨ ਬਜੈ ਰਬਾਬੁ ॥	ٹوُٹی تنّتُ ن بجےَ ربابُ ॥
ਭੂਲਿ ਬਿਗਾਰਿਓ ਅਪਨਾ ਕਾਜੁ ॥੨॥	بھوُلِ بِگارِئو اپنا کاجُ ॥2॥
ਕਥਨੀ ਬਦਨੀ ਕਹਨੁ ਕਹਾਵਨੁ ॥	کتھنی بدنی کہنُ کہاونُ ॥
ਸਮਝਿ ਪਰੀ ਤਉ ਬਿਸਰਿਓ ਗਾਵਨੁ ॥੩॥	سمجھِ پری تءُ بِسرِئو گاونُ ॥3॥
ਕਹਤ ਕਬੀਰ ਪੰਚ ਜੋ ਚੂਰੇ ॥	کہت کبیر پنچ جو چوُرے ॥
ਤਿਨ ਤੇ ਨਾਹਿ ਪਰਮ ਪਦੁ ਦੂਰੇ ॥੪॥੨॥੧੧॥	تِن تے ناہِ پرم پدُ دوُرے ॥4॥2॥ 11 ॥
ਆਸਾ ॥	آسا ॥
ਸੁਤੁ ਅਪਰਾਧ ਕਰਤ ਹੈ ਜੇਤੇ ॥	سُتُ اپرادھ کرت ہےَ جیتے ॥
ਜਨਨੀ ਚੀਤਿ ਨ ਰਾਖਸਿ ਤੇਤੇ ॥੧॥	جننی چیِتِ ن راکھسِ تیتے ॥1॥
ਰਾਮਈਆ ਹਉ ਬਾਰਿਕੁ ਤੇਰਾ ॥	رامئیِیا ہءُ بارِکُ تیرا ॥
ਕਾਹੇ ਨ ਖੰਡਸਿ ਅਵਗਨੁ ਮੇਰਾ ॥੧॥ ਰਹਾਉ ॥	کاہے ن کھنڈسِ اوگنُ میرا ۔ ॥1॥ رہاءُ ॥
ਜੇ ਅਤਿ ਕ੍ਰੋਪ ਕਰੇ ਕਰਿ ਧਾਇਆ ॥	جے اتِ کّروپ کرے کرِ دھائیا ॥
ਤਾ ਭੀ ਚੀਤਿ ਨ ਰਾਖਸਿ ਮਾਇਆ ॥੨॥	تا بھی چیِتِ ن راکھسِ مائیا ॥2॥
ਚਿੰਤ ਭਵਨਿ ਮਨੁ ਪਰਿਓ ਹਮਾਰਾ ॥	چِنّت بھونِ منُ پرِئو ہمارا ॥
ਨਾਮ ਬਿਨਾ ਕੈਸੇ ਉਤਰਸਿ ਪਾਰਾ ॥੩॥	نام بِنا کیَسے اُترسِ پارا ۔ ॥3॥
ਦੇਹਿ ਬਿਮਲ ਮਤਿ ਸਦਾ ਸਰੀਰਾ ॥	دیہِ بِمل متِ سدا سریرا ॥

ਸਹਜਿ ਸਹਜਿ ਗੁਨ ਰਵੈ ਕਬੀਰਾ ॥੪॥੩॥੧੨॥	سہجِ سہجِ گُن روے کبیرا ॥4॥3॥ 12 ॥
ਆਸਾ ॥	آسا ॥
ਹਜ ਹਮਾਰੀ ਗੋਮਤੀ ਤੀਰ ॥	ہج ہماری گومتی تیر ॥
ਜਹਾ ਬਸਹਿ ਪੀਤੰਬਰ ਪੀਰ ॥੧॥	جہا بسہِ پیتنبر پیر ॥1॥
ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ ॥	واہُ واہُ کیا خوُبُ گاوتا ہے۔ ॥
ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ ॥੧॥ ਰਹਾਉ ॥	ہرِ کا نامُ میرے منِ بھاوتا ہے ॥1॥ رہاءُ ॥
ਨਾਰਦ ਸਾਰਦ ਕਰਹਿ ਖਵਾਸੀ ॥	نارد سارد کرہِ خواسی ॥
ਪਾਸਿ ਬੈਠੀ ਬੀਬੀ ਕਵਲਾ ਦਾਸੀ ॥੨॥	پاسِ بیٹھی بیبی کولا داسی ॥2॥
ਕੰਠੇ ਮਾਲਾ ਜਿਹਵਾ ਰਾਮੁ ॥	کنٹھے مالا جِہوا رامُ ॥
ਸਹੰਸ ਨਾਮੁ ਲੈ ਲੈ ਕਰਉ ਸਲਾਮੁ ॥੩॥	سہنس نامُ لے لے کرءُ سلامُ ॥3॥
ਕਹਤ ਕਬੀਰ ਰਾਮ ਗੁਨ ਗਾਵਉ ॥	کہت کبیر رام گُن گاوءُ ॥
ਹਿੰਦੂ ਤੁਰਕ ਦੋਊ ਸਮਝਾਵਉ ॥੪॥੪॥੧੩॥	ہِندوُ تُرک دوئوُ سمجھاوءُ ॥4॥4॥ 13 ॥
ਆਸਾ ਸ੍ਰੀ ਕਬੀਰ ਜੀਉ ਕੇ ਪੰਚਪਦੇ ੯ ਦੁਤੁਕੇ ੫	آسا سّری کبیر جیِءُ کے پنچپدے 9 دُتُکے 5
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥	پاتی تورے مالِنی پاتی پاتی جیِءُ ॥
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥	جِسُ پاہن کءُ پاتی تورے سو پاہن نِرجیِءُ ॥1॥
ਭੂਲੀ ਮਾਲਨੀ ਹੈ ਏਉ ॥	بھوُلی مالنی ہے ایءُ ॥
ਸਤਿਗੁਰੁ ਜਾਗਤਾ ਹੈ ਦੇਉ ॥੧॥ ਰਹਾਉ ॥	ستِگُرُ جاگتا ہے دیءُ ॥1॥ رہاءُ ॥
ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ ॥	برہمُ پاتی بِسنُ ڈاری پھوُل سنکردیءُ ॥

ਤੀਨਿ ਦੇਵ ਪ੍ਰਤਿਖਿ ਤੋਰਹਿ
ਕਰਹਿ ਕਿਸ ਕੀ ਸੇਉ ॥੨॥

تینِ دیو پرتکھِ توڑہِ
کرہِ کِس کی سیءُ ۔ ॥2॥

ਪਾਖਾਨ ਗਢਿ ਕੈ ਮੂਰਤਿ ਕੀਨ੍ਹੀ
ਦੇ ਕੈ ਛਾਤੀ ਪਾਉ ॥

پاکھان گڈھِ کے مورتِ کینہی
دے کے چھاتی پاءُ ॥

ਜੇ ਏਹ ਮੂਰਤਿ ਸਾਚੀ ਹੈ
ਤਉ ਗੜ੍ਹਣਹਾਰੇ ਖਾਉ ॥੩॥

جے ایہ مورتِ ساچی ہے
تءُ گڑہنہارے کھاءُ ॥3॥

ਭਾਤੁ ਪਹਿਤਿ ਅਰੁ ਲਾਪਸੀ
ਕਰਕਰਾ ਕਾਸਾਰੁ ॥

بھاتُ پہتِ ارُ لاپسی
کرکرا کاسارُ ॥

ਭੋਗਨਹਾਰੇ ਭੋਗਿਆ
ਇਸੁ ਮੂਰਤਿ ਕੇ ਮੁਖ ਛਾਰੁ ॥੪॥

بھوگنہارے بھوگیا
اِس مورتِ کے مُکھ چھارُ ॥4॥

ਮਾਲਿਨਿ ਭੂਲੀ ਜਗੁ ਭੁਲਾਨਾ
ਹਮ ਭੁਲਾਨੇ ਨਾਹਿ ॥

مالِنِ بھولی جگُ بھُلانا
ہم بھُلانے ناہِ ॥

ਕਹੁ ਕਬੀਰ ਹਮ ਰਾਮ ਰਾਖੇ
ਕ੍ਰਿਪਾ ਕਰਿ ਹਰਿ ਰਾਇ ॥੫॥੧॥੧੪॥

کہُ کبیر ہم رام راکھے
کرپا کرِ ہرِ راءِ ॥5॥1॥ 14 ॥

ਆਸਾ ॥

آسا ॥

ਬਾਰਹ ਬਰਸ ਬਾਲਪਨ ਬੀਤੇ
ਬੀਸ ਬਰਸ ਕਛੁ ਤਪੁ ਨ ਕੀਓ ॥

بارہ برس بالپن بیتے
بیس برس کچھُ تپُ ن کیئو ॥

ਤੀਸ ਬਰਸ ਕਛੁ ਦੇਵ ਨ ਪੂਜਾ
ਫਿਰਿ ਪਛੁਤਾਨਾ ਬਿਰਧਿ ਭਇਓ ॥੧॥

تیس برس کچھُ دیو ن پوُجا
پھرِ پچھُتانا برِدھِ بھیئو ॥1॥

ਮੇਰੀ ਮੇਰੀ ਕਰਤੇ ਜਨਮੁ ਗਇਓ ॥

میری میری کرتے جنمُ گیئو ॥

ਸਾਇਰੁ ਸੋਖਿ ਭੁਜੰ ਬਲਇਓ ॥੧॥ ਰਹਾਉ ॥

سائرُ سوکھِ بھُجنّ بلیئو ॥1॥ رہاءُ ॥

ਸੂਕੇ ਸਰਵਰਿ ਪਾਲਿ ਬੰਧਾਵੈ
ਲੂਣੈ ਖੇਤਿ ਹਥ ਵਾਰਿ ਕਰੈ ॥

سوُکے سرورِ پالِ بندھاوے
لوُنے کھیتِ ہتھ وارِ کرے ॥

ਆਇਓ ਚੋਰੁ ਤੁਰੰਤਹ ਲੇ ਗਇਓ
ਮੇਰੀ ਰਾਖਤ ਮੁਗਧੁ ਫਿਰੈ ॥੨॥

آئیو چورُ ترنتہ لے گیئو
میری راکھت مُگدھُ پھرے ॥2॥

ਚਰਨ ਸੀਸੁ ਕਰ ਕੰਪਨ ਲਾਗੇ
ਨੈਨੀ ਨੀਰੁ ਅਸਾਰ ਬਹੈ ॥

چرن سیِس کر کنپن لاگے
نینی نیرُ اسار بہے ॥

ਜਿਹਵਾ ਬਚਨੁ ਸੁਧੁ ਨਹੀ ਨਿਕਸੈ
ਤਬ ਰੇ ਧਰਮ ਕੀ ਆਸ ਕਰੈ ॥੩॥

جِہوا بچنُ سُدھُ نہی نِکسے
تب رے دھرم کی آس کرے ॥3॥

ਹਰਿ ਜੀਉ ਕ੍ਰਿਪਾ ਕਰੈ ਲਿਵ ਲਾਵੈ
ਲਾਹਾ ਹਰਿ ਹਰਿ ਨਾਮੁ ਲੀਓ ॥

ہرِ جیِءُ کرِپا کرے لِو لاوے
لاہا ہرِ ہرِ نامُ لِیئو ॥

ਗੁਰ ਪਰਸਾਦੀ ਹਰਿ ਧਨੁ ਪਾਇਓ
ਅੰਤੇ ਚਲਦਿਆ ਨਾਲਿ ਚਲਿਓ ॥੪॥

گُر پرسادی ہرِ دھنُ پائیو
انتے چلدِیا نالِ چلِئو ॥4॥

ਕਹਤ ਕਬੀਰ ਸੁਨਹੁ ਰੇ ਸੰਤਹੁ
ਅਨੁ ਧਨੁ ਕਛੂਐ ਲੈ ਨ ਗਇਓ ॥

کہت کبیِر سُنہُ رے سنتہُ
انُ دھنُ کچھوُئے لے ن گئیو ॥

ਆਈ ਤਲਬ ਗੋਪਾਲ ਰਾਇ ਕੀ
ਮਾਇਆ ਮੰਦਰ ਛੋਡਿ ਚਲਿਓ ॥੫॥੨॥੧੫॥

آئی طلب گوپال راءِ کی
مائیا مندر چھوڈِ چلِئو ॥5॥2॥ 15 ॥

ਆਸਾ ॥

آسا ॥

ਕਾਹੂ ਦੀਨੇ ਪਾਟ ਪਟੰਬਰ
ਕਾਹੂ ਪਲਘ ਨਿਵਾਰਾ ॥

کاہوُ دِینے پاٹ پٹنبر
کاہوُ پلگھ نِوارا ॥

ਕਾਹੂ ਗਰੀ ਗੋਦਰੀ ਨਾਹੀ
ਕਾਹੂ ਖਾਨ ਪਰਾਰਾ ॥੧॥

کاہوُ گری گودری ناہی
کاہوُ کھان پرارا ॥1॥

ਅਹਿਰਖ ਵਾਦੁ ਨ ਕੀਜੈ ਰੇ ਮਨ ॥

اہِرکھ وادُ ن کیجے رے من ۔ ॥

ਸੁਕ੍ਰਿਤੁ ਕਰਿ ਕਰਿ ਲੀਜੈ
ਰੇ ਮਨ ॥੧॥ ਰਹਾਉ ॥

سُکرِت کرِ کرِ لیجے
رے من ۔ ॥1॥ رہاءُ ॥

ਕੁਮ੍ਹਾਰੈ ਏਕ ਜੁ ਮਾਟੀ ਗੂੰਧੀ
ਬਹੁ ਬਿਧਿ ਬਾਨੀ ਲਾਈ ॥

کُمہارے ایک جُ ماٹی گوُندھی
بہُ بِدھِ بانی لائی ॥

ਕਾਹੂ ਮਹਿ ਮੋਤੀ ਮੁਕਤਾਹਲ
ਕਾਹੂ ਬਿਆਧਿ ਲਗਾਈ ॥੨॥

کاہوُ مہِ موتی مُکتاہل
کاہوُ بِیادھِ لگائی ॥2॥

ਸੂਮਹਿ ਧਨੁ ਰਾਖਨ ਕਉ ਦੀਆ

سوُمہِ دھنُ راکھن کءُ دِیِیا

ਮੁਗਧੁ ਕਹੈ ਧਨੁ ਮੇਰਾ ॥

ਜਮ ਕਾ ਡੰਡੁ ਮੂੰਡ ਮਹਿ ਲਾਗੈ
ਖਿਨ ਮਹਿ ਕਰੈ ਨਿਬੇਰਾ ॥੩॥

ਹਰਿ ਜਨੁ ਊਤਮੁ ਭਗਤੁ ਸਦਾਵੈ
ਆਗਿਆ ਮਨਿ ਸੁਖੁ ਪਾਈ ॥

ਜੋ ਤਿਸੁ ਭਾਵੈ ਸਤਿ ਕਰਿ ਮਾਨੈ
ਭਾਣਾ ਮੰਨਿ ਵਸਾਈ ॥੪॥

ਕਹੈ ਕਬੀਰੁ ਸੁਨਹੁ ਰੇ ਸੰਤਹੁ
ਮੇਰੀ ਮੇਰੀ ਝੂਠੀ ॥

ਚਿਰਗਟ ਫਾਰਿ ਚਟਾਰਾ ਲੈ ਗਇਓ
ਤਰੀ ਤਾਗਰੀ ਛੂਟੀ ॥੫॥੩॥੧੬॥

ਆਸਾ ॥

ਹਮ ਮਸਕੀਨ ਖੁਦਾਈ ਬੰਦੇ
ਤੁਮ ਰਾਜਸੁ ਮਨਿ ਭਾਵੈ ॥

ਅਲਹ ਅਵਲਿ ਦੀਨ ਕੋ ਸਾਹਿਬੁ
ਜੋਰੁ ਨਹੀ ਫੁਰਮਾਵੈ ॥੧॥

ਕਾਜੀ ਬੋਲਿਆ ਬਨਿ ਨਹੀ ਆਵੈ ॥੧॥ ਰਹਾਉ ॥

ਰੋਜਾ ਧਰੈ ਨਿਵਾਜ ਗੁਜਾਰੈ
ਕਲਮਾ ਭਿਸਤਿ ਨ ਹੋਈ ॥

ਸਤਰਿ ਕਾਬਾ ਘਟ ਹੀ ਭੀਤਰਿ
ਜੇ ਕਰਿ ਜਾਨੈ ਕੋਈ ॥੨॥

ਨਿਵਾਜ ਸੋਈ ਜੋ ਨਿਆਉ ਬਿਚਾਰੈ
ਕਲਮਾ ਅਕਲਹਿ ਜਾਨੈ ॥

ਪਾਚਹੁ ਮੁਸਿ ਮੁਸਲਾ ਬਿਛਾਵੈ
ਤਬ ਤਉ ਦੀਨੁ ਪਛਾਨੈ ॥੩॥

ٹگدھُ کہے دھنُ میرا ॥

جم کا ڈنڈُ مُونڈ مہِ لاگے
کھِن مہِ کرے نِبیرا ॥3॥

ہرِجنُ اوُتمُ بھگتُ سداوے
آگیا منِ سُکھُ پائی ॥

جو تِسُ بھاوے ستِ کرِ مانے
بھاٹا منّنِ وسائی ॥4॥

کہے کبیرُ سُنہُ رے سنّتہ
میری میری جھوُٹھی ॥

چِرگٹ پھارِ چٹارا لے گِئنّو
تری تاگری چھوُٹی ॥5॥3॥16॥

آسا ॥

ہم مسکِین خُدائی بندے
تُم راجسُ منِ بھاوے ॥

الہ اولِ دِین کو صاحِبُ
زورُ نہی فُرماوے ॥1॥

قاضی بولیا بنِ نہی آوے ॥1॥ رہاءُ ॥

روزا دھرے نِواز گُزارے
کلما بھِستِ ن ہوئی ॥

سترِ کابا گھٹ ہی بھیترِ
جے کرِ جانے کوئی ॥2॥

نِواز سوئی جو نِیاءُ بِچارے
کلما اکلہِ جانے ॥

پاچہُ مُسِ مُصلا بِچھاوے
تب تءُ دِینُ پچھانے ॥3॥

ਖਸਮੁ ਪਛਾਨਿ ਤਰਸ ਕਰਿ ਜੀਅ ਮਹਿ
ਮਾਰਿ ਮਣੀ ਕਰਿ ਫੀਕੀ ॥

خصمُ پچھانِ ترس کرِ جیء مہِ
مارِ منٹی کرِ پھیکی ॥

ਆਪੁ ਜਨਾਇ ਅਵਰ ਕਉ ਜਾਨੈ
ਤਬ ਹੋਇ ਭਿਸਤ ਸਰੀਕੀ ॥੪॥

آپُ جناءِ اور کءُ جانے
تب ہوءِ بھِست شریکی ॥4॥

ਮਾਟੀ ਏਕ ਭੇਖ ਧਰਿ ਨਾਨਾ
ਤਾ ਮਹਿ ਬ੍ਰਹਮੁ ਪਛਾਨਾ ॥

ماٹی ایک بھیکھ دھرِ نانا
تا مہِ برّہمُ پچھانا ॥

ਕਹੈ ਕਬੀਰਾ ਭਿਸਤ ਛੋਡਿ ਕਰਿ
ਦੋਜਕ ਸਿਉ ਮਨੁ ਮਾਨਾ ॥੫॥੪॥੧੭॥

کہے کبیرا بھِست چھوڈِ کرِ
دوزک سِءُ منُ مانا ॥5॥4॥ 17 ॥

ਆਸਾ ॥

آسا ॥

ਗਗਨ ਨਗਰਿ ਇਕ ਬੂੰਦ ਨ ਬਰਖੈ
ਨਾਦੁ ਕਹਾ ਜੁ ਸਮਾਨਾ ॥

گگن نگرِ اِک بوُنّد ن برکھے
نادُ کہا جُ سمانا ॥

ਪਾਰਬ੍ਰਹਮ ਪਰਮੇਸੁਰ ਮਾਧੋ
ਪਰਮ ਹੰਸੁ ਲੇ ਸਿਧਾਨਾ ॥੧॥

پاربّرہم پرمیسُر مادھو
پرم ہنّس لے سِدھانا ॥1॥

ਬਾਬਾ ਬੋਲਤੇ ਤੇ ਕਹਾ ਗਏ
ਦੇਹੀ ਕੇ ਸੰਗਿ ਰਹਤੇ ॥

بابا بولتے تے کہا گئے
دیہی کے سنگِ رہتے ॥

ਸੁਰਤਿ ਮਾਹਿ ਜੋ ਨਿਰਤੇ ਕਰਤੇ
ਕਥਾ ਬਾਰਤਾ ਕਹਤੇ ॥੧॥ ਰਹਾਉ ॥

سُرتِ ماہِ جو نِرتے کرتے
کتھا بارتا کہتے ॥1॥ رہاءُ ॥

ਬਜਾਵਨਹਾਰੋ ਕਹਾ ਗਇਓ
ਜਿਨਿ ਇਹੁ ਮੰਦਰੁ ਕੀਨ੍ਹਾ ॥

بجاونہارو کہا گئِئو
جِنِ اِہُ مندّرُ کِینّہا ॥

ਸਾਖੀ ਸਬਦੁ ਸੁਰਤਿ ਨਹੀ ਉਪਜੈ
ਖਿੰਚਿ ਤੇਜੁ ਸਭੁ ਲੀਨ੍ਹਾ ॥੨॥

ساکھی سبدُ سُرتِ نہی اُپجے
کھِنچّ تیجُ سبھُ لِینّہا ॥2॥

ਸ੍ਰਵਨਨ ਬਿਕਲ ਭਏ ਸੰਗਿ ਤੇਰੇ
ਇੰਦ੍ਰੀ ਕਾ ਬਲੁ ਥਾਕਾ ॥

سّرونن بِکل بھے سنگِ تیرے
اِندّری کا بلُ تھاکا ॥

ਚਰਨ ਰਹੇ ਕਰ ਢਰਕਿ ਪਰੇ ਹੈ
ਮੁਖਹੁ ਨ ਨਿਕਸੈ ਬਾਤਾ ॥੩॥

چرن رہے کر ڈھرکِ پرے ہے
مُکھہُ ن نِکسے باتا ॥3॥

ਥਾਕੇ ਪੰਚ ਦੂਤ ਸਭ ਤਸਕਰ
ਆਪ ਆਪਣੈ ਭ੍ਰਮਤੇ ॥

تھاکے پنچ دوُت سبھ تسکر
آپ آپنے بھرمتے ॥

ਥਾਕਾ ਮਨੁ ਕੁੰਚਰ ਉਰੁ ਥਾਕਾ
ਤੇਜੁ ਸੂਤੁ ਧਰਿ ਰਮਤੇ ॥੪॥

تھاکا منُ کُنچر اُرُ تھاکا
تیجُ سوُتُ دھرِ رمتے ॥4॥

ਮਿਰਤਕ ਭਏ ਦਸੈ ਬੰਦ ਛੂਟੇ
ਮਿਤ੍ਰ ਭਾਈ ਸਭ ਛੋਰੇ ॥

مِرتک بھئے دسے بنّد چھوُٹے
مِتّر بھائی سبھ چھورے ॥

ਕਹਤ ਕਬੀਰਾ ਜੋ ਹਰਿ ਧਿਆਵੈ
ਜੀਵਤ ਬੰਧਨ ਤੋਰੇ ॥੫॥੫॥੧੮॥

کہت کبیرا جو ہرِ دھیاوے
جیوت بنّدھن تورے ॥5॥5॥ 18 ॥

ਆਸਾ ਇਕਤੁਕੇ ੪ ॥

آسا اِکتُکے 4 ॥

ਸਰਪਨੀ ਤੇ ਊਪਰਿ ਨਹੀ ਬਲੀਆ ॥

سرپنی تے اوُپر نہی بلیا ॥

ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥੧॥

جِنِ برہما بِسنُ مہادیءُ چھلیا ॥1॥

ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ ॥

مارُ مارُ سرپنی نِرمل جلِ پیٹھی ॥

ਜਿਨਿ ਤ੍ਰਿਭਵਣੁ ਡਸੀਅਲੇ
ਗੁਰ ਪ੍ਰਸਾਦਿ ਡੀਠੀ ॥੧॥ ਰਹਾਉ ॥

جِنِ ترِبھونُ ڈسیئلے
گُر پرسادِ ڈیٹھی ॥1॥ رہاءُ ॥

ਸ੍ਰਪਨੀ ਸ੍ਰਪਨੀ ਕਿਆ ਕਹਉ ਭਾਈ ॥

سرپنی سرپنی کیا کہءُ بھائی ۔ ॥

ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ ॥੨॥

جِنِ ساچُ پچھانیا تِنِ سرپنی کھائی ॥2॥

ਸ੍ਰਪਨੀ ਤੇ ਆਨ ਛੂਛ ਨਹੀ ਅਵਰਾ ॥

سرپنی تے آن چھوُچھ نہی اورا ॥

ਸ੍ਰਪਨੀ ਜੀਤੀ ਕਹਾ ਕਰੈ ਜਮਰਾ ॥੩॥

سرپنی جیتی کہا کرے جمرا ۔ ॥3॥

ਇਹ ਸ੍ਰਪਨੀ ਤਾ ਕੀ ਕੀਤੀ ਹੋਈ ॥

اِہ سرپنی تا کی کیتی ہوئی ॥

ਬਲੁ ਅਬਲੁ ਕਿਆ ਇਸ ਤੇ ਹੋਈ ॥੪॥

بلُ ابلُ کیا اِس تے ہوئی ۔ ॥4॥

ਇਹ ਬਸਤੀ ਤਾ ਬਸਤ ਸਰੀਰਾ ॥

اِہ بستی تا بست سریرا ॥

ਗੁਰ ਪ੍ਰਸਾਦਿ ਸਹਜਿ ਤਰੇ ਕਬੀਰਾ ॥੫॥੬॥੧੯॥

گُر پرسادِ سہجِ ترے کبیرا ॥5॥6॥ 19 ॥

ਆਸਾ ॥

آسا ॥

ਕਹਾ ਸੁਆਨ ਕਉ ਸਿਮ੍ਰਿਤਿ ਸੁਨਾਏ ॥	کہا سُیان ک ءُ سِمرِتِ سُنائے ۔ ॥
ਕਹਾ ਸਾਕਤ ਪਹਿ ਹਰਿ ਗੁਨ ਗਾਏ ॥੧॥	کہا ساکت پہِ ہرِ گُن گائے ۔ ॥1॥
ਰਾਮ ਰਾਮ ਰਾਮ ਰਮੇ ਰਮਿ ਰਹੀਐ ॥	رام رام رام رمے رمِ رہیئے ॥
ਸਾਕਤ ਸਿਉ ਭੂਲਿ ਨਹੀ ਕਹੀਐ ॥੧॥ ਰਹਾਉ ॥	ساکت سِ ءُ بھولِ نہی کہیئے ॥1॥ رہاءُ ॥
ਕਉਆ ਕਹਾ ਕਪੂਰ ਚਰਾਏ ॥	کئویا کہا کپُور چرائے ۔ ॥
ਕਹ ਬਿਸੀਅਰ ਕਉ ਦੂਧੁ ਪੀਆਏ ॥੨॥	کہ بِسیئر ک ءُ دوُدھُ پیِیائے ۔ ॥2॥
ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ ॥	ستسنگتِ مِلِ بِبیک بُدھِ ہوئی ॥
ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥੩॥	پارسُ پرسِ لوہا کنچَنُ سوئی ॥3॥
ਸਾਕਤੁ ਸੁਆਨੁ ਸਭੁ ਕਰੇ ਕਰਾਇਆ ॥	ساکتُ سُیانُ سبھُ کرے کرائیا ॥
ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥੪॥	جو دھُرِ لِکھیا سُ کرم کمائیا ॥4॥
ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ ॥	انمّرِتُ لے لے نیمُ سِنچّائی ॥
ਕਹਤ ਕਬੀਰ ਉਆ ਕੋ ਸਹਜੁ ਨ ਜਾਈ ॥੫॥੭॥੨੦॥	کہت کبیِر اُیا کو سہجُ ن جائی ॥5॥7॥20॥
ਆਸਾ ॥	آسا ॥
ਲੰਕਾ ਸਾ ਕੋਟੁ ਸਮੁੰਦ ਸੀ ਖਾਈ ॥	لنکا سا کوٹُ سمُندّ سی کھائی ॥
ਤਿਹ ਰਾਵਨ ਘਰ ਖਬਰਿ ਨ ਪਾਈ ॥੧॥	تِہ راون گھر خبرِ ن پائی ॥1॥
ਕਿਆ ਮਾਗਉ ਕਿਛੁ ਥਿਰੁ ਨ ਰਹਾਈ ॥	کِیا ماگ ءُ کچھُ تھِرُ ن رہائی ॥
ਦੇਖਤ ਨੈਨ ਚਲਿਓ ਜਗੁ ਜਾਈ ॥੧॥ ਰਹਾਉ ॥	دیکھت نیَن چلِئو جگُ جائی ॥1॥ رہاءُ ॥
ਇਕੁ ਲਖੁ ਪੂਤ ਸਵਾ ਲਖੁ ਨਾਤੀ ॥	اِکُ لکھُ پوُت سوا لکھُ ناتی ॥
ਤਿਹ ਰਾਵਨ ਘਰ ਦੀਆ ਨ ਬਾਤੀ ॥੨॥	تِہ راون گھر دیِیا ن باتی ॥2॥
ਚੰਦੁ ਸੂਰਜੁ ਜਾ ਕੇ ਤਪਤ ਰਸੋਈ ॥	چنّدُ سوُرجُ جا کے تپت رسوئی ॥
ਬੈਸੰਤਰੁ ਜਾ ਕੇ ਕਪਰੇ ਧੋਈ ॥੩॥	بیَسنّتر جا کے کپرے دھوئی ॥3॥
ਗੁਰਮਤਿ ਰਾਮੈ ਨਾਮਿ ਬਸਾਈ ॥	گُرمتِ رامےَ نامِ بسائی ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پُرب نوں سمرپت|سیوا: بھائی بلجیندر سنگھ جی (راڑا صاہب)

ਅਸਥਿਰੁ ਰਹੈ ਨ ਕਤਹੂੰ ਜਾਈ ॥੪॥	استھِرُ رہے ن کتہوُنَ جائی ॥4॥
ਕਹਤ ਕਬੀਰ ਸੁਨਹੁ ਰੇ ਲੋਈ ॥	کہت کبیِر سُنہُ رے لوئی ۔ ॥
ਰਾਮ ਨਾਮ ਬਿਨੁ ਮੁਕਤਿ ਨ ਹੋਈ ॥੫॥੮॥੨੧॥	رام نام بِنُ مُکتِ ن ہوئی ॥5॥8॥ 21 ॥
ਆਸਾ ॥	آسا ॥
ਪਹਿਲਾ ਪੂਤੁ ਪਿਛੈਰੀ ਮਾਈ ॥	پہِلا پوُتُ پچھیَری مائی ॥
ਗੁਰੁ ਲਾਗੋ ਚੇਲੇ ਕੀ ਪਾਈ ॥੧॥	گُرُ لاگو چیلے کی پائی ॥1॥
ਏਕੁ ਅਚੰਭਉ ਸੁਨਹੁ ਤੁਮ੍ ਭਾਈ ॥	ایکُ اچنّبھءُ سُنہُ تُمہ بھائی ۔ ॥
ਦੇਖਤ ਸਿੰਘੁ ਚਰਾਵਤ ਗਾਈ ॥੧॥ ਰਹਾਉ ॥	دیکھت سِنگھُ چراوت گائی ॥1॥ رہاءُ ॥
ਜਲ ਕੀ ਮਛੁਲੀ ਤਰਵਰਿ ਬਿਆਈ ॥	جل کی مچھُلی ترورِ بیائی ॥
ਦੇਖਤ ਕੁਤਰਾ ਲੈ ਗਈ ਬਿਲਾਈ ॥੨॥	دیکھت کُترا لے گئی بِلائی ॥2॥
ਤਲੈ ਰੇ ਬੈਸਾ ਊਪਰਿ ਸੂਲਾ ॥	تلےَ رے بیَشا اوُپرِ سوُلا ॥
ਤਿਸ ਕੈ ਪੇਡਿ ਲਗੇ ਫਲ ਫੂਲਾ ॥੩॥	تِس کے پیڈِ لگے پھل پھوُلا ॥3॥
ਘੋਰੈ ਚਰਿ ਭੈਸ ਚਰਾਵਨ ਜਾਈ ॥	گھورےَ چرِ بھیَس چراون جائی ॥
ਬਾਹਰਿ ਬੈਲੁ ਗੋਨਿ ਘਰਿ ਆਈ ॥੪॥	باہرِ بیَلُ گونِ گھرِ آئی ॥4॥
ਕਹਤ ਕਬੀਰ ਜੁ ਇਸ ਪਦ ਬੂਝੈ ॥	کہت کبیِر جُ اِس پد بوُجھےَ ॥
ਰਾਮ ਰਮਤ ਤਿਸੁ ਸਭੁ ਕਿਛੁ ਸੂਝੈ ॥੫॥੯॥੨੨॥	رام رمت تِس سبھُ کچھُ سوُجھےَ ॥5॥9॥ 22 ॥
ਬਾਈਸ ਚਉਪਦੇ ਤਥਾ ਪੰਚਪਦੇ	بائیِس چئُپدے تتھا پنچپدے
ਆਸਾ ਸ੍ਰੀ ਕਬੀਰ ਜੀਉ ਕੇ ਤਿਪਦੇ ੮ ਦੁਤੁਕੇ ੭ ਇਕਤੁਕਾ ੧	آسا سّری کبیِر جیِءُ کے تِپدے 8 دُتُکے 7 اِکتُکا 1
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਬਿੰਦੁ ਤੇ ਜਿਨਿ ਪਿੰਡੁ ਕੀਆ ਅਗਨਿ ਕੁੰਡ ਰਹਾਇਆ ॥	بِندُ تے جِنِ پِنڈُ کیِیا اگنِ کُنڈ رہائیِا ॥
ਦਸ ਮਾਸ ਮਾਤਾ ਉਦਰਿ ਰਾਖਿਆ ਬਹੁਰਿ ਲਾਗੀ ਮਾਇਆ ॥੧॥	دس ماس ماتا اُدرِ راکھیا

ਪ੍ਰਾਨੀ ਕਾਹੇ ਕਉ ਲੋਭਿ ਲਾਗੇ
ਰਤਨ ਜਨਮੁ ਖੋਇਆ ॥

ਪੂਰਬ ਜਨਮਿ ਕਰਮ ਭੂਮਿ
ਬੀਜੁ ਨਾਹੀ ਬੋਇਆ ॥੧॥ ਰਹਾਉ ॥

ਬਾਰਿਕ ਤੇ ਬਿਰਧਿ ਭਇਆ
ਹੋਨਾ ਸੋ ਹੋਇਆ ॥

ਜਾ ਜਮੁ ਆਇ ਝੋਟ ਪਕਰੈ
ਤਬਹਿ ਕਾਹੇ ਰੋਇਆ ॥੨॥

ਜੀਵਨੈ ਕੀ ਆਸ ਕਰਹਿ
ਜਮੁ ਨਿਹਾਰੈ ਸਾਸਾ ॥

ਬਾਜੀਗਰੀ ਸੰਸਾਰੁ ਕਬੀਰਾ
ਚੇਤਿ ਢਾਲਿ ਪਾਸਾ ॥੩॥੧॥੨੩॥

ਆਸਾ ॥

ਤਨੁ ਰੈਨੀ ਮਨੁ ਪੁਨ ਰਪਿ ਕਰਿ ਹਉ
ਪਾਚਉ ਤਤ ਬਰਾਤੀ ॥

ਰਾਮ ਰਾਇ ਸਿਉ ਭਾਵਰਿ ਲੈਹਉ
ਆਤਮ ਤਿਹ ਰੰਗਿ ਰਾਤੀ ॥੧॥

ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥

ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ ॥੧॥ ਰਹਾਉ ॥

ਨਾਭਿ ਕਮਲ ਮਹਿ ਬੇਦੀ ਰਚਿ ਲੇ
ਬ੍ਰਹਮ ਗਿਆਨ ਉਚਾਰਾ ॥

ਰਾਮ ਰਾਇ ਸੋ ਦੂਲਹੁ ਪਾਇਓ
ਅਸ ਬਡਭਾਗ ਹਮਾਰਾ ॥੨॥

ਸੁਰਿ ਨਰ ਮੁਨਿ ਜਨ ਕਉਤਕ ਆਏ

بہُرِ لاگی مائیا ॥1॥

پّرانی کاہے کءُ لوبھِ لاگے
رتن جنمُ کھوئیا ॥

پُورب جنمِ کرم بھوُمِ
بِیجُ ناہی بوئیا ॥1॥ رہاءُ ॥

بارِک تے بِردھِ بھئیا
ہونا سو ہوئیا ॥

جا جمُ آءِ جھوٹ پکرے
تبہِ کاہے روئیا ۔ ॥2॥

جیِونے کی آس کرہِ
جمُ نِہارے ساسا ॥

بازیگری سنّسارُ کبیِرا
چیتِ ڈھالِ پاسا ॥3॥1॥ 23 ॥

آسا ॥

تنُ رینی منُ پُن رپِ کرِ ہءُ
پاچءُ تت براتی ॥

رام راءِ سِءُ بھاورِ لیَہءُ
آتم تِہ رنگِ راتی ॥1॥

گاءُ گاءُ ری دُلہنی منگلچارا ॥

میرے گّرِہ آئے راجا رام بھتارا ॥1॥ رہاءُ ॥

نابھِ کمل مہِ بیدی رچِ لے
بّرہم گِیان اُچارا ॥

رام راءِ سو دوُلہُ پائیو
اس بڈبھاگ ہمارا ॥2॥

سُرِ نر مُنِ جن کتُک آئے

ਕੋਟਿ ਤੇਤੀਸ ਉਜਾਨਾਂ ॥

کوٹِ تیتیس اُجاناں ॥

ਕਹਿ ਕਬੀਰ ਮੋਹਿ ਬਿਆਹਿ ਚਲੇ ਹੈ
ਪੁਰਖ ਏਕ ਭਗਵਾਨਾ ॥੩॥੨॥੨੪॥

کہِ کبیر موہِ بیاہِ چلے ہے
پُرکھ ایک بھگوانا ॥3॥2॥ 24 ॥

ਆਸਾ ॥

آسا ॥

ਸਾਸੁ ਕੀ ਦੁਖੀ ਸਸੁਰ ਕੀ ਪਿਆਰੀ
ਜੇਠ ਕੇ ਨਾਮਿ ਡਰਉ ਰੇ ॥

ساسُ کی دُکھی سسُر کی پیاری
جیٹھ کے نامِ ڈرءُ رے ॥

ਸਖੀ ਸਹੇਲੀ ਨਨਦ ਗਹੇਲੀ
ਦੇਵਰ ਕੈ ਬਿਰਹਿ ਜਰਉ ਰੇ ॥੧॥

سکھی سہیلی نند گہیلی
دیور کے بِرہِ جرءُ رے ॥1॥

ਮੇਰੀ ਮਤਿ ਬਉਰੀ ਮੈ ਰਾਮੁ ਬਿਸਾਰਿਓ
ਕਿਨ ਬਿਧਿ ਰਹਨਿ ਰਹਉ ਰੇ ॥

میری متِ بئری مے رامُ بِسارِئو
کِن بِدھِ رہنِ رہءُ رے ॥

ਸੇਜੈ ਰਮਤੁ ਨੈਨ ਨਹੀ ਪੇਖਉ
ਇਹੁ ਦੁਖੁ ਕਾ ਸਉ ਕਹਉ ਰੇ ॥੧॥ ਰਹਾਉ ॥

سیجے رمتُ نین نہی پیکھءُ
اِہُ دُکھُ کا س ءُ کہءُ رے ॥1॥ رہاءُ ॥

ਬਾਪੁ ਸਾਵਕਾ ਕਰੈ ਲਰਾਈ
ਮਾਇਆ ਸਦ ਮਤਵਾਰੀ ॥

باپُ ساوکا کرے لرائی
مائیا سد متواری ॥

ਬਡੇ ਭਾਈ ਕੈ ਜਬ ਸੰਗਿ ਹੋਤੀ
ਤਬ ਹਉ ਨਾਹ ਪਿਆਰੀ ॥੨॥

بڈے بھائی کے جب سنگِ ہوتی
تب ہءُ ناہ پیاری ॥2॥

ਕਹਤ ਕਬੀਰ ਪੰਚ ਕੋ ਝਗਰਾ
ਝਗਰਤ ਜਨਮੁ ਗਵਾਇਆ ॥

کہت کبیر پنچ کو جھگرا
جھگرت جنمُ گوائیا ॥

ਝੂਠੀ ਮਾਇਆ ਸਭੁ ਜਗੁ ਬਾਧਿਆ
ਮੈ ਰਾਮ ਰਮਤ ਸੁਖੁ ਪਾਇਆ ॥੩॥੩॥੨੫॥

جھوٹھی مائیا سبھُ جگُ بادھیا
مے رام رمت سُکھُ پائیا ॥3॥3॥ 25 ॥

ਆਸਾ ॥

آسا ॥

ਹਮ ਘਰਿ ਸੂਤੁ ਤਨਹਿ ਨਿਤ ਤਾਨਾ
ਕੰਠਿ ਜਨੇਊ ਤੁਮਾਰੇ ॥

ہم گھرِ سوُتُ تنہِ نِت تانا
کنٹھِ جنیئو تُمارے ॥

ਤੁਮ੍ ਤਉ ਬੇਦ ਪੜਹੁ ਗਾਇਤ੍ਰੀ
ਗੋਬਿੰਦੁ ਰਿਦੈ ਹਮਾਰੇ ॥੧॥

تُمہ تءُ بید پڑہُ گائتری
گوبِندُ رِدے ہمارے ॥1॥

ਮੇਰੀ ਜਿਹਬਾ ਬਿਸਨੁ ਨੈਨ ਨਾਰਾਇਨ
ਹਿਰਦੈ ਬਸਹਿ ਗੋਬਿੰਦਾ ॥

ਜਮ ਦੁਆਰ ਜਬ ਪੂਛਸਿ ਬਵਰੇ
ਤਬ ਕਿਆ ਕਹਸਿ ਮੁਕੰਦਾ ॥੧॥ ਰਹਾਉ ॥

ਹਮ ਗੋਰੂ ਤੁਮ ਗੁਆਰ ਗੁਸਾਈ
ਜਨਮ ਜਨਮ ਰਖਵਾਰੇ ॥

ਕਬਹੂੰ ਨ ਪਾਰਿ ਉਤਾਰਿ ਚਰਾਇਹੁ
ਕੈਸੇ ਖਸਮ ਹਮਾਰੇ ॥੨॥

ਤੂੰ ਬਾਮ੍ਹਨੁ ਮੈ ਕਾਸੀਕ ਜੁਲਹਾ
ਬੂਝਹੁ ਮੋਰ ਗਿਆਨਾ ॥

ਤੁਮ੍ ਤਉ ਜਾਚੇ ਭੂਪਤਿ ਰਾਜੇ
ਹਰਿ ਸਉ ਮੋਰ ਧਿਆਨਾ ॥੩॥੪॥੨੬॥

ਆਸਾ ॥

ਜਗਿ ਜੀਵਨੁ ਐਸਾ ਸੁਪਨੇ ਜੈਸਾ
ਜੀਵਨੁ ਸੁਪਨ ਸਮਾਨੰ ॥

ਸਾਚੁ ਕਰਿ ਹਮ ਗਾਠਿ ਦੀਨੀ
ਛੋਡਿ ਪਰਮ ਨਿਧਾਨੰ ॥੧॥

ਬਾਬਾ ਮਾਇਆ ਮੋਹ ਹਿਤੁ ਕੀਨ੍ ॥

ਜਿਨਿ ਗਿਆਨੁ ਰਤਨੁ ਹਿਰਿ ਲੀਨ੍ ॥੧॥ ਰਹਾਉ ॥

ਨੈਨ ਦੇਖਿ ਪਤੰਗੁ ਉਰਝੈ
ਪਸੁ ਨ ਦੇਖੈ ਆਗਿ ॥

ਕਾਲ ਫਾਸ ਨ ਮੁਗਧੁ ਚੇਤੈ
ਕਨਿਕ ਕਾਮਿਨਿ ਲਾਗਿ ॥੨॥

ਕਰਿ ਬਿਚਾਰੁ ਬਿਕਾਰ ਪਰਹਰਿ
ਤਰਨ ਤਾਰਨ ਸੋਇ ॥

میری جِہبا بِسنُ نین نارائِن
ہِردے بسہِ گوبِندا ॥

جم دُیار جب پُوچھِس بورے
تب کِیا کہِس مُکندا ۔ ॥1॥ رہاءُ ॥

ہم گورُو تُم گیار گُسائی
جنم جنم رکھوارے ॥

کبہُوںّ ن پارِ اُتارِ چرائِہُ
کیَسے خصم ہمارے ۔ ॥2॥

توُںّ بامّہنُ مے کاسِیک جُلہا
بُوجھہُ مور گِیانا ॥

تُمّہ تءُ جاچے بھُوپتِ راجے
ہرِ سءُ مور دھِیانا ॥3॥4॥ 26 ॥

آسا ॥

جگِ جیِونُ ایَسا سُپنے جیَسا
جیِونُ سُپن سمانںّ ॥

ساچُ کرِ ہم گاٹھِ دینی
چھوڈِ پرم نِدھانںّ ॥1॥

بابا مائیا موہ ہِتُ کِینّہ ॥

جِنِ گِیانُ رتنُ ہِرِ لِینّہ ॥1॥ رہاءُ ॥

نیَن دیکھِ پتنگُ اُرجھے
پسُ ن دیکھے آگِ ॥

کال پھاس ن مُگدھُ چیتے
کِنک کامِنِ لاگِ ॥2॥

کرِ بِچارُ بِکار پرہرِ
ترن تارن سوءِ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਜਾ ਸਾਹਿਬ) سری گرُو نانک دیو جی مہاراج دے 550ویں پرکاش پُرب نُوں سمرپت | سیوا: بھائی بلجِندر سنگھ جی (راجا صاہب)

ਕਹਿ ਕਬੀਰ ਜਗਜੀਵਨੁ ਐਸਾ
ਦੁਤੀਅ ਨਾਹੀ ਕੋਇ ॥੩॥੫॥੨੭॥

کہِ کبیِر جگجیونُ ایَسا
دُتی ء ناہی کوءِ ॥3॥5॥ 27 ॥

ਆਸਾ ॥

آسا ॥

ਜਉ ਮੈ ਰੂਪ ਕੀਏ ਬਹੁਤੇਰੇ
ਅਬ ਫੁਨਿ ਰੂਪੁ ਨ ਹੋਈ ॥

ج ءُ مے َ روُپ کیِۓ بہتیرے
اب پھُنِ روُپُ ن ہوئی ॥

ਤਾਗਾ ਤੰਤੁ ਸਾਜੁ ਸਭੁ ਥਾਕਾ
ਰਾਮ ਨਾਮ ਬਸਿ ਹੋਈ ॥੧॥

تاگا تنّتُ ساجُ سبھُ تھاکا
رام نام بسِ ہوئی ॥1॥

ਅਬ ਮੋਹਿ ਨਾਚਨੋ ਨ ਆਵੈ ॥

اب موہِ ناچنو ن آوے ॥

ਮੇਰਾ ਮਨੁ ਮੰਦਰੀਆ ਨ ਬਜਾਵੈ ॥੧॥ ਰਹਾਉ ॥

میرا منُ منّدریِا ن بجاوے ॥1॥ رہاءُ ॥

ਕਾਮੁ ਕ੍ਰੋਧੁ ਮਾਇਆ ਲੈ ਜਾਰੀ
ਤ੍ਰਿਸਨਾ ਗਾਗਰਿ ਫੂਟੀ ॥

کامُ کرّودھُ مائیا لے جاری
ترِسنا گاگرِ پھوُٹی ॥

ਕਾਮ ਚੋਲਨਾ ਭਇਆ ਹੈ ਪੁਰਾਨਾ
ਗਇਆ ਭਰਮੁ ਸਭੁ ਛੂਟੀ ॥੨॥

کام چولنا بھئیا ہے َ پُرانا
گئیا بھرمُ سبھُ چھوُٹی ॥2॥

ਸਰਬ ਭੂਤ ਏਕੈ ਕਰਿ ਜਾਨਿਆ
ਚੂਕੇ ਬਾਦ ਬਿਬਾਦਾ ॥

سرب بھوُت ایکے َ کرِ جانِیا
چھُکے باد بِبادا ॥

ਕਹਿ ਕਬੀਰ ਮੈ ਪੂਰਾ ਪਾਇਆ
ਭਏ ਰਾਮ ਪਰਸਾਦਾ ॥੩॥੬॥੨੮॥

کہِ کبیِر مے َ پوُرا پائیا
بھے َ رام پرسادا ॥3॥6॥ 28 ॥

ਆਸਾ ॥

آسا ॥

ਰੋਜਾ ਧਰੈ ਮਨਾਵੈ ਅਲਹੁ
ਸੁਆਦਤਿ ਜੀਅ ਸੰਘਾਰੈ ॥

روزا دھرے َ مناوے َ الہُ
سُیادتِ جی ء سنگھارے َ ॥

ਆਪਾ ਦੇਖਿ ਅਵਰ ਨਹੀ ਦੇਖੈ
ਕਾਹੇ ਕਉ ਝਖ ਮਾਰੈ ॥੧॥

آپا دیکھِ اور نہی دیکھے َ
کاہے ک ءُ جھکھ مارے َ ۔ ॥1॥

ਕਾਜੀ ਸਾਹਿਬੁ ਏਕੁ ਤੋਹੀ ਮਹਿ
ਤੇਰਾ ਸੋਚਿ ਬਿਚਾਰਿ ਨ ਦੇਖੈ ॥

قاضی صاحِبُ ایکُ توہی مہِ
تیرا سوچِ بچارِ ن دیکھے َ ॥

ਖਬਰਿ ਨ ਕਰਹਿ ਦੀਨ ਕੇ ਬਉਰੇ

خبرِ ن کرہِ دیِن کے بئُرے

ਤਾ ਤੇ ਜਨਮੁ ਅਲੇਖੈ ॥੧॥ ਰਹਾਉ ॥

تا تے جنمُ الیکھےَ ॥1॥ رہاءُ ॥

ਸਾਚੁ ਕਤੇਬ ਬਖਾਨੈ ਅਲਹੁ
ਨਾਰਿ ਪੁਰਖੁ ਨਹੀ ਕੋਈ ॥

ساچُ کتیب بکھانے الہُ
نارِ پُرکھُ نہی کوئی ॥

ਪਢੇ ਗੁਨੇ ਨਾਹੀ ਕਛੁ ਬਉਰੇ
ਜਉ ਦਿਲ ਮਹਿ ਖਬਰਿ ਨ ਹੋਈ ॥੨॥

پڑھے گُنے ناہی کچھُ بئُرے
جءُ دِل مہِ خبرِ ن ہوئی ॥2॥

ਅਲਹੁ ਗੈਬੁ ਸਗਲ ਘਟ ਭੀਤਰਿ
ਹਿਰਦੈ ਲੇਹੁ ਬਿਚਾਰੀ ॥

الہُ غیبَُ سگل گھٹ بھیترِ
ہِردےَ لیہُ بِچاری ॥

ਹਿੰਦੂ ਤੁਰਕ ਦੁਹੂੰ ਮਹਿ ਏਕੈ
ਕਹੈ ਕਬੀਰ ਪੁਕਾਰੀ ॥੩॥੭॥੨੯॥

ہِندُہُ تُرک دُہوُنّ مہِ ایکےَ
کہےَ کبیرِ پُکاری ॥3॥7॥ 29 ॥

ਆਸਾ ॥ ਤਿਪਦਾ ॥ ਇਕਤੁਕਾ ॥

آسا ॥ تِپدا ॥ اِکتُکا ॥

ਕੀਓ ਸਿੰਗਾਰੁ ਮਿਲਨ ਕੇ ਤਾਈ ॥

کِیئو سِنگارُ مِلن کے تائی ॥

ਹਰਿ ਨ ਮਿਲੇ ਜਗਜੀਵਨ ਗੁਸਾਈ ॥੧॥

ہرِ ن مِلے جگجیون گُسائی ॥1॥

ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ ॥

ہرِ میرو پِرُ ہءُ ہرِ کی بہُریِیا ॥

ਰਾਮ ਬਡੇ ਮੈ ਤਨਕ ਲਹੁਰੀਆ ॥੧॥ ਰਹਾਉ ॥

رام بڈے مےَ تنک لہُریِیا ॥1॥ رہاءُ ॥

ਧਨ ਪਿਰ ਏਕੈ ਸੰਗਿ ਬਸੇਰਾ ॥

دھن پِر ایکےَ سنگِ بسیرا ॥

ਸੇਜ ਏਕ ਪੈ ਮਿਲਨੁ ਦੁਹੇਰਾ ॥੨॥

سیج ایک پےَ مِلنُ دُہیرا ॥2॥

ਧੰਨਿ ਸੁਹਾਗਨਿ ਜੋ ਪੀਅ ਭਾਵੈ ॥

دھنّنِ سُہاگنِ جو پِیء بھاوےَ ॥

ਕਹਿ ਕਬੀਰ ਫਿਰਿ ਜਨਮਿ ਨ ਆਵੈ ॥੩॥੮॥੩੦॥

کہِ کبیرِ پھرِ جنمِ ن آوےَ ॥3॥8॥ 30 ॥

ਆਸਾ ਸ੍ਰੀ ਕਬੀਰ ਜੀਉ ਕੇ ਦੁਪਦੇ

آسا سّری کبیرِ جیِءُ کے دُپدے

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਹੀਰੈ ਹੀਰਾ ਬੇਧਿ ਪਵਨ ਮਨੁ
ਸਹਜੇ ਰਹਿਆ ਸਮਾਈ ॥

ہیِرے ہیِرا بیدھِ پون منُ
سہجے رہِیا سمائی ॥

ਸਗਲ ਜੋਤਿ ਇਨਿ ਹੀਰੈ ਬੇਧੀ
ਸਤਿਗੁਰ ਬਚਨੀ ਮੈ ਪਾਈ ॥੧॥

سگل جوتِ اِنِ ہیِرے بیدھی
ستِگُر بچنی مےَ پائی ॥1॥

ਹਰਿ ਕੀ ਕਥਾ ਅਨਾਹਦ ਬਾਨੀ ॥	ہرِ کی کتھا اناہد بانی ॥
ਹੰਸੁ ਹੁਇ ਹੀਰਾ ਲੇਇ ਪਛਾਨੀ ॥੧॥ ਰਹਾਉ ॥	ہنس ہُءِ ہیرا لےءِ پچھانی ॥1॥ رہاءُ ॥
ਕਹਿ ਕਬੀਰ ਹੀਰਾ ਅਸ ਦੇਖਿਓ ਜਗ ਮਹ ਰਹਾ ਸਮਾਈ ॥	کہِ کبیر ہیرا اس دیکھِئو جگ مہ رہا سمائی ॥
ਗੁਪਤਾ ਹੀਰਾ ਪ੍ਰਗਟ ਭਇਓ ਜਬ ਗੁਰ ਗਮ ਦੀਆ ਦਿਖਾਈ ॥੨॥੧॥੩੧॥	گُپتا ہیرا پرگٹ بھئِئو جب گُر گم دیِیا دِکھائی ॥2॥1॥ 31 ॥
ਆਸਾ ॥	آسا ॥
ਪਹਿਲੀ ਕਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ ॥	پہلی کروُپِ کُجاتِ کلکھنی ساہُرے پیئےِ بُری ॥
ਅਬ ਕੀ ਸਰੂਪਿ ਸੁਜਾਨਿ ਸੁਲਖਨੀ ਸਹਜੇ ਉਦਰਿ ਧਰੀ ॥੧॥	اب کی سروُپِ سُجانِ سُلکھنی سہجے اُدرِ دھری ॥1॥
ਭਲੀ ਸਰੀ ਮੁਈ ਮੇਰੀ ਪਹਿਲੀ ਬਰੀ ॥	بھلی سری مُئی میری پہلی بری ॥
ਜੁਗੁ ਜੁਗੁ ਜੀਵਉ ਮੇਰੀ ਅਬ ਕੀ ਧਰੀ ॥੧॥ ਰਹਾਉ ॥	جُگ جُگ جیِوءُ میری اب کی دھری ॥1॥ رہاءُ ॥
ਕਹੁ ਕਬੀਰ ਜਬ ਲਹੁਰੀ ਆਈ ਬਡੀ ਕਾ ਸੁਹਾਗੁ ਟਰਿਓ ॥	کہُ کبیر جب لہُری آئی بڈی کا سُہاگ ٹرِئو ॥
ਲਹੁਰੀ ਸੰਗਿ ਭਈ ਅਬ ਮੇਰੈ ਜੇਠੀ ਅਉਰੁ ਧਰਿਓ ॥੨॥੨॥੩੨॥	لہُری سنگِ بھئی اب میرے جیٹھی اُترُ دھرِئو ॥2॥2॥ 32 ॥
ਆਸਾ ॥	آسا ॥
ਮੇਰੀ ਬਹੁਰੀਆ ਕੋ ਧਨੀਆ ਨਾਉ ॥	میری بہُریِیا کو دھنیِیا ناءُ ॥
ਲੇ ਰਾਖਿਓ ਰਾਮ ਜਨੀਆ ਨਾਉ ॥੧॥	لے راکھِئو رام جنیِیا ناءُ ॥1॥
ਇਨ੍ ਮੁੰਡੀਅਨ ਮੇਰਾ ਘਰੁ ਧੁੰਧਰਾਵਾ ॥	اِنّہ مُنڈیِئن میرا گھرُ دھُندھراوا ॥
ਬਿਟਵਹਿ ਰਾਮ ਰਮਊਆ ਲਾਵਾ ॥੧॥ ਰਹਾਉ ॥	بِٹوہِ رام رمئوِیا لاوا ॥1॥ رہاءُ ॥
ਕਹਤੁ ਕਬੀਰ ਸੁਨਹੁ ਮੇਰੀ ਮਾਈ ॥	کہتُ کبیِر سُننہ میری مائی ۔ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਇਨ੍ ਮੁੰਡੀਅਨ ਮੇਰੀ ਜਾਤਿ ਗਵਾਈ ॥੨॥੩॥੩੩॥	اِنّہ مُنڈیئن میری زاتِ گوائی ॥2॥3॥ 33 ॥
ਆਸਾ ॥	آسا ॥
ਰਹੁ ਰਹੁ ਰੀ ਬਹੁਰੀਆ ਘੂੰਘਟੁ ਜਿਨਿ ਕਾਢੈ ॥	رہُ رہُ ری بہُریا گھونگھٹُ جِنِ کاڈھےَ ॥
ਅੰਤ ਕੀ ਬਾਰ ਲਹੈਗੀ ਨ ਆਢੈ ॥੧॥ ਰਹਾਉ ॥	انّت کی بار لہیگی ن آڈھےَ ॥1॥ رہاءُ ॥
ਘੂੰਘਟੁ ਕਾਢਿ ਗਈ ਤੇਰੀ ਆਗੈ ॥	گھونگھٹُ کاڈھِ گئی تیری آگے ॥
ਉਨ ਕੀ ਗੈਲਿ ਤੋਹਿ ਜਿਨਿ ਲਾਗੈ ॥੧॥	اُن کی گیلِ توہِ جِنِ لاگے ॥1॥
ਘੂੰਘਟ ਕਾਢੇ ਕੀ ਇਹੈ ਬਡਾਈ ॥	گھونگھٹ کاڈھے کی اِہے بڈائی ॥
ਦਿਨ ਦਸ ਪਾਂਚ ਬਹੂ ਭਲੇ ਆਈ ॥੨॥	دِن دس پانچ بہوُ بھلے آئی ॥2॥
ਘੂੰਘਟੁ ਤੇਰੋ ਤਉ ਪਰਿ ਸਾਚੈ ॥	گھونگھٹُ تیرو تءُ پرِ ساچےَ ॥
ਹਰਿ ਗੁਨ ਗਾਇ ਕੂਦਹਿ ਅਰੁ ਨਾਚੈ ॥੩॥	ہرِ گُن گاءِ کوُدہِ ارُ ناچےَ ॥3॥
ਕਹਤ ਕਬੀਰ ਬਹੂ ਤਬ ਜੀਤੈ ॥	کہت کبیر بہوُ تب جیتے ॥
ਹਰਿ ਗੁਨ ਗਾਵਤ ਜਨਮੁ ਬਿਤੀਤੈ ॥੪॥੧॥੩੪॥	ہرِ گُن گاوت جنمُ بِتیتے ॥4॥1॥ 34 ॥
ਆਸਾ ॥	آسا ॥
ਕਰਵਤੁ ਭਲਾ ਨ ਕਰਵਟ ਤੇਰੀ ॥	کروتُ بھلا ن کروٹ تیری ॥
ਲਾਗੁ ਗਲੇ ਸੁਨੁ ਬਿਨਤੀ ਮੇਰੀ ॥੧॥	لاگُ گلے سُنُ بِنتی میری ॥1॥
ਹਉ ਵਾਰੀ ਮੁਖੁ ਫੇਰਿ ਪਿਆਰੇ ॥	ہءُ واری مُکھُ پھیرِ پیارے ۔ ॥
ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ ॥੧॥ ਰਹਾਉ ॥	کروٹُ دے مو کءُ کاہے کءُ مارے ۔ ॥1॥ رہاءُ ॥
ਜਉ ਤਨੁ ਚੀਰਹਿ ਅੰਗੁ ਨ ਮੋਰਉ ॥	جءُ تنُ چیرِہ انگُ ن مورءُ ॥
ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥੨॥	پِنڈُ پرےَ تءُ پّریتِ ن تورءُ ॥2॥
ਹਮ ਤੁਮ ਬੀਚੁ ਭਇਓ ਨਹੀ ਕੋਈ ॥	ہم تُم بِیچُ بھئیو نہی کوئی ॥
ਤੁਮਹਿ ਸੁ ਕੰਤ ਨਾਰਿ ਹਮ ਸੋਈ ॥੩॥	تُمہِ سُ کنّت نارِ ہم سوئی ॥3॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت|سیوا: بھائی بلجندر سنگھ جی (راڑا صاہب)

ਕਹਤੁ ਕਬੀਰੁ ਸੁਨਹੁ ਰੇ ਲੋਈ ॥	کہتُ کبیرُ سُنہُ رے لوئی ۔ ॥
ਅਬ ਤੁਮਰੀ ਪਰਤੀਤਿ ਨ ਹੋਈ ॥੪॥੨॥੩੫॥	اب تُمری پرتیتِ ن ہوئی ॥4॥2॥ 35 ॥
ਆਸਾ ॥	آسا ॥
ਕੋਰੀ ਕੋ ਕਾਹੂ ਮਰਮੁ ਨ ਜਾਨਾਂ ॥	کوری کو کاہوُ مرمُ ن جاناں ॥
ਸਭੁ ਜਗੁ ਆਨਿ ਤਨਾਇਓ ਤਾਨਾਂ ॥੧॥ ਰਹਾਉ ॥	سبھُ جگُ آنِ تنائیُو تاناں ॥1॥ رہاءُ ॥
ਜਬ ਤੁਮ ਸੁਨਿ ਲੇ ਬੇਦ ਪੁਰਾਨਾਂ ॥	جب تُم سُنِ لے بید پُراناں ॥
ਤਬ ਹਮ ਇਤਨਕੁ ਪਸਰਿਓ ਤਾਨਾਂ ॥੧॥	تب ہم اِتنکُ پسرِیُو تاناں ॥1॥
ਧਰਨਿ ਅਕਾਸ ਕੀ ਕਰਗਹ ਬਨਾਈ ॥	دھرنِ اکاس کی کرگہ بنائی ॥
ਚੰਦੁ ਸੂਰਜੁ ਦੁਇ ਸਾਥ ਚਲਾਈ ॥੨॥	چنْدُ سوُرجُ دُءِ ساتھ چلائی ॥2॥
ਪਾਈ ਜੋਰਿ ਬਾਤ ਇਕ ਕੀਨੀ ਤਹ ਤਾਂਤੀ ਮਨੁ ਮਾਨਾਂ ॥	پائی جورِ بات اِک کِینی تہ تانْتی منُ ماناں ॥
ਜੋਲਾਹੇ ਘਰੁ ਅਪਨਾ ਚੀਨ੍ਹਾਂ ਘਟ ਹੀ ਰਾਮੁ ਪਛਾਨਾਂ ॥੩॥	جولاہے گھرُ اپنا چِینّہاں گھٹ ہی رامُ پچھاناں ॥3॥
ਕਹਤੁ ਕਬੀਰੁ ਕਾਰਗਹ ਤੋਰੀ ॥	کہتُ کبیرُ کارگہ توری ॥
ਸੂਤੈ ਸੂਤ ਮਿਲਾਏ ਕੋਰੀ ॥੪॥੩॥੩੬॥	سوُتےَ سوُت مِلائے کوری ॥4॥3॥ 36 ॥
ਆਸਾ ॥	آسا ॥
ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥	انترِ میَلُ جے تیرتھ ناوےَ تِسُ بیَکُنٹھ ن جاناں ॥
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥੧॥	لوک پتیِنے کچھوُ ن ہووےَ ناہی رامُ اپانا ॥1॥
ਪੂਜਹੁ ਰਾਮੁ ਏਕੁ ਹੀ ਦੇਵਾ ॥	پوُجہُ رامُ ایکُ ہی دیوا ॥
ਸਾਚਾ ਨਾਵਣੁ ਗੁਰ ਕੀ ਸੇਵਾ ॥੧॥ ਰਹਾਉ ॥	ساچا ناونُ گُر کی سیوا ॥1॥ رہاءُ ॥
ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੂਕ ਨਾਵਹਿ ॥	جل کےَ مجنِ جے گتِ ہووےَ

ਜੈਸੇ ਮੇਂਡੁਕ ਤੈਸੇ ਓਇ ਨਰ
ਫਿਰਿ ਫਿਰਿ ਜੋਨੀ ਆਵਹਿ ॥੨॥

ਮਨਹੁ ਕਠੋਰੁ ਮਰੈ ਬਾਨਾਰਸਿ
ਨਰਕੁ ਨ ਬਾਂਚਿਆ ਜਾਈ ॥

ਹਰਿ ਕਾ ਸੰਤੁ ਮਰੈ ਹਾੜੰਬੈ
ਤ ਸਗਲੀ ਸੈਨ ਤਰਾਈ ॥੩॥

ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ
ਤਹਾ ਬਸੈ ਨਿਰੰਕਾਰਾ ॥

ਕਹਿ ਕਬੀਰ ਨਰ ਤਿਸਹਿ ਧਿਆਵਹੁ
ਬਾਵਰਿਆ ਸੰਸਾਰਾ ॥੪॥੪॥੩੭॥

ਨِت نِت مینڈُک ناوہِ ॥

جیَسے مینڈُک تیَسے اوءِ نر
پھِرِ پھِرِ جونی آوہِ ॥2॥

منہُ کٹھورُ مرے بانارسِ
نرکُ ن بانچِیا جائی ॥

ہرِ کا سنّتُ مرے ہاڑنّبے
ت سگلی سیَن ترائی ॥3॥

دِنسُ ن ریَنِ بیدُ نہی ساسترّ
تہا بسے نِرنّکارا ॥

کہِ کبیِر نر تِسہِ دھِیاوہُ
باورِیا سنّسارا ۔ ॥4॥4॥ 37 ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਆਸਾ ਬਾਣੀ ਸ੍ਰੀ ਨਾਮਦੇਉ ਜੀ ਕੀ

آسا بانٹی سّری نامدیءُ جی کی

ਏਕ ਅਨੇਕ ਬਿਆਪਕ ਪੂਰਕ
ਜਤ ਦੇਖਉ ਤਤ ਸੋਈ ॥

ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ
ਬਿਰਲਾ ਬੂਝੈ ਕੋਈ ॥੧॥

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ
ਗੋਬਿੰਦ ਬਿਨੁ ਨਹੀ ਕੋਈ ॥

ਸੂਤੁ ਏਕੁ ਮਣਿ ਸਤ ਸਹੰਸ ਜੈਸੇ
ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥

ਜਲ ਤਰੰਗ ਅਰੁ ਫੇਨ ਬੁਦਬੁਦਾ
ਜਲ ਤੇ ਭਿੰਨ ਨ ਹੋਈ ॥

ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ
ਬਿਚਰਤ ਆਨ ਨ ਹੋਈ ॥੨॥

ایک انیک بِیاپک پوُرک
جت دیکھءُ تت سوئی ॥

مائِیا چِتّر بچِتّر بِموہِت
بِرلا بوُجھے کوئی ॥1॥

سبھُ گوبِندُ ہے سبھُ گوبِندُ ہے
گوبِند بِنُ نہی کوئی ॥

سوُتُ ایکُ منِٹ ست سہنّس جیَسے
اوتِ پوتِ پربھُ سوئی ॥1॥ رہاءُ ॥

جل ترنگ ارُ پھین بُدبُدا
جل تے بھِنّن ن ہوئی ॥

اِہُ پرپنچُ پاربّرہم کی لِیلا
بِچرت آن ن ہوئی ॥2॥

ਮਿਥਿਆ ਭਰਮੁ ਅਰੁ ਸੁਪਨ ਮਨੋਰਥ
ਸਤਿ ਪਦਾਰਥੁ ਜਾਨਿਆ ॥

مِتھیا بھرمُ ارُ سُپن منورتھ
ستِ پدارتھُ جانِیا ॥

ਸੁਕ੍ਰਿਤ ਮਨਸਾ ਗੁਰ ਉਪਦੇਸੀ
ਜਾਗਤ ਹੀ ਮਨੁ ਮਾਨਿਆ ॥੩॥

سُکّرِت منسا گُر اُپدیسی
جاگت ہی منُ مانِیا ॥3॥

ਕਹਤ ਨਾਮਦੇਉ ਹਰਿ ਕੀ ਰਚਨਾ
ਦੇਖਹੁ ਰਿਦੈ ਬੀਚਾਰੀ ॥

کہت نامدیءُ ہرِ کی رچنا
دیکھہُ رِدے بِچاری ॥

ਘਟ ਘਟ ਅੰਤਰਿ ਸਰਬ ਨਿਰੰਤਰਿ
ਕੇਵਲ ਏਕ ਮੁਰਾਰੀ ॥੪॥੧॥

گھٹ گھٹ انتّرِ سرب نِرنتّرِ
کیول ایک مُراری ॥4॥1॥

ਆਸਾ ॥

آسا ॥

ਆਨੀਲੇ ਕੁੰਭ ਭਰਾਈਲੇ ਊਦਕ
ਠਾਕੁਰ ਕਉ ਇਸਨਾਨੁ ਕਰਉ ॥

آنِیلے کُنبھ بھرائیلے اوُدک
ٹھاکُر کءُ اِسنانُ کرءُ ॥

ਬਇਆਲੀਸ ਲਖ ਜੀ ਜਲ ਮਹਿ ਹੋਤੇ
ਬੀਠਲੁ ਭੈਲਾ ਕਾਇ ਕਰਉ ॥੧॥

بئیالیس لکھ جی جل مہِ ہوتے
بیٹھلُ بھیَلا کاءِ کرءُ ۔ ॥1॥

ਜਤ੍ਰ ਜਾਉ ਤਤ ਬੀਠਲੁ ਭੈਲਾ ॥

جتّر جاءُ تت بیٹھلُ بھیَلا ॥

ਮਹਾ ਅਨੰਦ ਕਰੇ ਸਦ ਕੇਲਾ ॥੧॥ ਰਹਾਉ ॥

مہا انند کرے سد کیلا ॥1॥ رہاءُ ॥

ਆਨੀਲੇ ਫੂਲ ਪਰੋਈਲੇ ਮਾਲਾ
ਠਾਕੁਰ ਕੀ ਹਉ ਪੂਜ ਕਰਉ ॥

آنِیلے پھوُل پروئیلے مالا
ٹھاکُر کی ہءُ پوُج کرءُ ॥

ਪਹਿਲੇ ਬਾਸੁ ਲਈ ਹੈ ਭਵਰਹ
ਬੀਠਲ ਭੈਲਾ ਕਾਇ ਕਰਉ ॥੨॥

پہلے باسُ لئی ہے بھورہ
بیٹھل بھیَلا کاءِ کرءُ ۔ ॥2॥

ਆਨੀਲੇ ਦੂਧੁ ਰੀਧਾਈਲੇ ਖੀਰੰ
ਠਾਕੁਰ ਕਉ ਨੈਵੇਦੁ ਕਰਉ ॥

آنِیلے دوُدھُ رِیدھائیلے کھیرنّ
ٹھاکُر کءُ نیَویدُ کرءُ ॥

ਪਹਿਲੇ ਦੂਧੁ ਬਿਟਾਰਿਓ ਬਛਰੈ
ਬੀਠਲੁ ਭੈਲਾ ਕਾਇ ਕਰਉ ॥੩॥

پہلے دوُدھُ بِٹارِئو بچھرے
بیٹھلُ بھیَلا کاءِ کرءُ ۔ ॥3॥

ਈਭੈ ਬੀਠਲੁ ਊਭੈ ਬੀਠਲੁ
ਬੀਠਲ ਬਿਨੁ ਸੰਸਾਰੁ ਨਹੀ ॥

ایبھے بیٹھلُ اوُبھے بیٹھلُ
بیٹھل بِنُ سنّسارُ نہی ॥

ਥਾਨ ਥਨੰਤਰਿ ਨਾਮਾ ਪ੍ਰਣਵੈ
ਪੂਰਿ ਰਹਿਓ ਤੂੰ ਸਰਬ ਮਹੀ ॥੪॥੨॥

تھان تھنتّرِ نامَا پرّنوے
پوُرِ رہِئو توُنَ سرب مہی ॥4॥2॥

ਆਸਾ ॥

آسا ॥

ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ ॥
ਮਪਿ ਮਪਿ ਕਾਟਉ ਜਮ ਕੀ ਫਾਸੀ ॥੧॥
ਕਹਾ ਕਰਉ ਜਾਤੀ ਕਹ ਕਰਉ ਪਾਤੀ ॥
ਰਾਮ ਕੋ ਨਾਮੁ ਜਪਉ ਦਿਨ ਰਾਤੀ ॥੧॥ ਰਹਾਉ ॥
ਰਾਂਗਨਿ ਰਾਂਗਉ ਸੀਵਨਿ ਸੀਵਉ ॥
ਰਾਮ ਨਾਮ ਬਿਨੁ ਘਰੀਅ ਨ ਜੀਵਉ ॥੨॥
ਭਗਤਿ ਕਰਉ ਹਰਿ ਕੇ ਗੁਨ ਗਾਵਉ ॥
ਆਠ ਪਹਰ ਅਪਨਾ ਖਸਮੁ ਧਿਆਵਉ ॥੩॥
ਸੁਇਨੇ ਕੀ ਸੂਈ ਰੁਪੇ ਕਾ ਧਾਗਾ ॥
ਨਾਮੇ ਕਾ ਚਿਤੁ ਹਰਿ ਸਉ ਲਾਗਾ ॥੪॥੩॥

مَن میرو گرُ جِہبا میری کاتی ॥
مپِ مپِ کاٹءُ جم کی پھاسی ॥1॥
کہا کرءُ زاتی کہ کرءُ پاتی ۔ ॥
رام کو نامُ جپءُ دِن راتی ॥1॥ رہاءُ ॥
رانگنِ رانگءُ سیِونِ سیِوءُ ॥
رام نام بِنُ گھریء ن جیِوءُ ॥2॥
بھگتِ کرءُ ہرِ کے گُن گاوءُ ॥
آٹھ پہر اپنا خصمُ دھیِاوءُ ॥3॥
سُئنے کی سوُئی رُپے کا دھاگا ॥
نامے کا چِتُ ہرِ سءُ لاگا ॥4॥3॥

ਆਸਾ ॥

آسا ॥

ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ॥
ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ ॥੧॥
ਕਾਹੇ ਕਉ ਕੀਜੈ ਧਿਆਨੁ ਜਪੰਨਾ ॥
ਜਬ ਤੇ ਸੁਧੁ ਨਾਹੀ ਮਨੁ ਅਪਨਾ ॥੧॥ ਰਹਾਉ ॥
ਸਿੰਘਚ ਭੋਜਨੁ ਜੋ ਨਰੁ ਜਾਨੈ ॥
ਐਸੇ ਹੀ ਠਗਦੇਉ ਬਖਾਨੈ ॥੨॥
ਨਾਮੇ ਕੇ ਸੁਆਮੀ ਲਾਹਿ ਲੇ ਝਗਰਾ ॥
ਰਾਮ ਰਸਾਇਨ ਪੀਉ ਰੇ ਦਗਰਾ ॥੩॥੪॥

ساپُ کُنچ چھوڈے بِکھُ نہی چھاڈے ॥
اُدک ماہِ جیَسے بگُ دھِیانُ ماڈے ॥1॥
کاہے کءُ کیِجے دھِیانُ جپنّا ۔ ॥
جب تے سُدھُ ناہی منُ اپنا ॥1॥ رہاءُ ॥
سِنکھچ بھوجنُ جو نرُ جانے ॥
ایَسے ہی ٹھگدیءُ بکھانے ॥2॥
نامے کے سُیامی لاہِ لے جھگرا ॥
رام رسائنِ پیِءُ رے دگرا ۔ ॥3॥4॥

ਆਸਾ ॥

آسا ॥

ਪਾਰਬ੍ਰਹਮੁ ਜਿ ਚੀਨ੍ਸੀ ਆਸਾ ਤੇ ਨ ਭਾਵਸੀ ॥
ਰਾਮਾ ਭਗਤਹ ਚੇਤੀਅਲੇ ਅਚਿੰਤ ਮਨੁ ਰਾਖਸੀ ॥੧॥

ਕੈਸੇ ਮਨ ਤਰਹਿਗਾ ਰੇ ਸੰਸਾਰੁ ਸਾਗਰੁ
ਬਿਖੈ ਕੋ ਬਨਾ ॥

ਝੂਠੀ ਮਾਇਆ ਦੇਖਿ ਕੈ ਭੂਲਾ
ਰੇ ਮਨਾ ॥੧॥ ਰਹਾਉ ॥

ਛੀਪੇ ਕੇ ਘਰਿ ਜਨਮੁ ਦੈਲਾ
ਗੁਰ ਉਪਦੇਸੁ ਭੈਲਾ ॥

ਸੰਤਹ ਕੈ ਪਰਸਾਦਿ
ਨਾਮਾ ਹਰਿ ਭੇਟੁਲਾ ॥੨॥੫॥

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ
ਏਕ ਦੋਖ ਬਿਨਾਸ ॥

ਪੰਚ ਦੋਖ ਅਸਾਧ ਜਾ ਮਹਿ
ਤਾ ਕੀ ਕੇਤਕ ਆਸ ॥੧॥

ਮਾਧੋ ਅਬਿਦਿਆ ਹਿਤ ਕੀਨ ॥

ਬਿਬੇਕ ਦੀਪ ਮਲੀਨ ॥੧॥ ਰਹਾਉ ॥

ਤ੍ਰਿਗਦ ਜੋਨਿ ਅਚੇਤ ਸੰਭਵ
ਪੁੰਨ ਪਾਪ ਅਸੋਚ ॥

ਮਾਨੁਖਾ ਅਵਤਾਰ ਦੁਲਭ
ਤਿਹੀ ਸੰਗਤਿ ਪੋਚ ॥੨॥

ਜੀਅ ਜੰਤ ਜਹਾ ਜਹਾ ਲਗੁ
ਕਰਮ ਕੇ ਬਸਿ ਜਾਇ ॥

ਕਾਲ ਫਾਸ ਅਬਧ ਲਾਗੇ

پاربرہمُ جِ چینّہسی آسا تے ن بھاوسی ॥
راما بھگتہ چیتیلے اچنّت منُ راکھسی ॥1॥

کیسے من ترہِگا رے سنّسارُ ساگرُ
بِکھے کو بنا ॥

جھوُٹھی مائیا دیکھِ کے بھوُلا
رے منا ۔ ॥1॥ رہاءُ ॥

چھیپے کے گھرِ جنمُ دیَلا
گُر اُپدیسُ بھیَلا ॥

سنّتہ کے پرسادِ
ناما ہرِ بھیٹُلا ॥2॥5॥

آسا بانٹی سّری روِداس جیِءُ کی

ੴ ستِگُر پّرسادِ ॥

مّرگ مِن بھّرنگ پتنگ کُنچّر
ایک دوکھ بِناس ॥

پنچّ دوکھ اسادھ جا مہِ
تا کی کیتک آس ۔ ॥1॥

مادھو ابِدیا ہِت کِین ॥

بِبیک دیپ ملِین ॥1॥ رہاءُ ॥

تّرِگد جونِ اچیت سنّبھو
پُنّن پاپ اسوچ ॥

مانُکھا اوتار دُلبھ
تِہی سنگتِ پوچ ॥2॥

جیِء جنّت جہا جہا لگُ
کرم کے بسِ جاءِ ॥

کال پھاس ابدھ لاگے

ਕਛੁ ਨ ਚਲੈ ਉਪਾਇ ॥੩॥	کچھُ ن چلےَ اُپاءِ ॥3॥
ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ ॥	روِداس داس اُداس تجُ بھرّمُ تپن تپُ گُر گِیان ॥
ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ ॥੪॥੧॥	بھگت جن بھےَ ہرن پرمانند کرہُ نِدان ॥4॥1॥
ਆਸਾ ॥	آسا ॥
ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥	سنّت تُجھی تنُ سنگتِ پّران ॥
ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ ॥੧॥	ستِگُر گِیان جانے سنّت دیوا دیو ॥1॥
ਸੰਤ ਚੀ ਸੰਗਤਿ ਸੰਤ ਕਥਾ ਰਸੁ ॥	سنّت چی سنگتِ سنّت کتھا رسُ ॥
ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ ॥੧॥ ਰਹਾਉ ॥	سنّت پّریم ماجھےَ دیجےَ دیوا دیو ۔ ॥1॥ رہاءُ ॥
ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ ॥੨॥	سنّت آچرنُ سنّت چو مارگُ سنّت چ اولہگ اولہگنی ॥2॥
ਅਉਰ ਇਕ ਮਾਗਉ ਭਗਤਿ ਚਿੰਤਾਮਣਿ ॥	اُر اِک ماگءُ بھگتِ چِنّتامنُ ॥
ਜਣੀ ਲਖਾਵਹੁ ਅਸੰਤ ਪਾਪੀ ਸਣਿ ॥੩॥	جنّی لکھاوہُ اسنّت پاپی سنُ ॥3॥
ਰਵਿਦਾਸੁ ਭਣੈ ਜੋ ਜਾਣੈ ਸੋ ਜਾਣੂ ॥	روِداسُ بھنّے جو جانّے سو جانُ ॥
ਸੰਤ ਅਨੰਤਹਿ ਅੰਤਰੁ ਨਾਹੀ ॥੪॥੨॥	سنّت اننّتہِ انتّر ناہی ॥4॥2॥
ਆਸਾ ॥	آسا ॥
ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥	تُم چندن ہم اِرنڈ باپُرے سنگِ تُمارے باسا ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥੧॥	نِیچ روُکھ تے اوُچ بھےَ ہے گندھ سُگندھ نِواسا ॥1॥
ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ ॥	مادھءُ ستسنگتِ سرنِ تُمہاری ॥
ਹਮ ਅਉਗਨ ਤੁਮ੍ ਉਪਕਾਰੀ ॥੧॥ ਰਹਾਉ ॥	ہم اُگن تُمہ اُپکاری ॥1॥ رہاءُ ॥

ਤੁਮ ਮਖਤੂਲ ਸੁਪੇਦ ਸਪੀਅਲ
ਹਮ ਬਪੁਰੇ ਜਸ ਕੀਰਾ ॥

ਸਤਸੰਗਤਿ ਮਿਲਿ ਰਹੀਐ ਮਾਧਉ
ਜੈਸੇ ਮਧੁਪ ਮਖੀਰਾ ॥੨॥

ਜਾਤੀ ਓਛਾ ਪਾਤੀ ਓਛਾ
ਓਛਾ ਜਨਮੁ ਹਮਾਰਾ ॥

ਰਾਜਾ ਰਾਮ ਕੀ ਸੇਵ ਨ ਕੀਨੀ
ਕਹਿ ਰਵਿਦਾਸ ਚਮਾਰਾ ॥੩॥੩॥

ਆਸਾ ॥

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥

ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥

ਤੁਝਹਿ ਚਰਨ ਅਰਬਿੰਦ ਭਵਨ ਮਨੁ ॥

ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥੧॥ ਰਹਾਉ ॥

ਸੰਪਤਿ ਬਿਪਤਿ ਪਟਲ ਮਾਇਆ ਧਨੁ ॥

ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥

ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥

ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥੪॥

ਆਸਾ ॥

ਹਰਿ ਹਰਿ ਹਰਿ ਹਰਿ
ਹਰਿ ਹਰਿ ਹਰੇ ॥

ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ॥੧॥ ਰਹਾਉ ॥

ਹਰਿ ਕੇ ਨਾਮ ਕਬੀਰ ਉਜਾਗਰ ॥

ਜਨਮ ਜਨਮ ਕੇ ਕਾਟੇ ਕਾਗਰ ॥੧॥

تُم مکھتول سُپید سپیئل
ہم بپُرے جس کیِرا ॥

ستسنگتِ مِلِ رہیئے مادھءُ
جیَسے مدھُپ مکھیِرا ॥2॥

زاتی اوچھا پاتی اوچھا
اوچھا جنمُ ہمارا ॥

راجا رام کی سیو ن کِینی
کہِ روِداس چمارا ॥3॥3॥

آسا ॥

کہا بھئِئو جءُ تنُ بھئِئو چھِنُ چھِنُ ॥

پّریمُ جاءِ تءُ ڈرپے تیرو جنُ ॥1॥

تُجھِ چرن اربِنّد بھون منُ ॥

پان کرت پائِئو پائِئو رامئیِیا دھنُ ॥1॥ رہاءُ ॥

سنّپتِ بِپتِ پٹل مائِیا دھنُ ॥

تا مہِ مگن ہوت ن تیرو جنُ ॥2॥

پّریم کی جیوری بادھِئو تیرو جن ॥

کہِ روِداس چھوُٹبو کون گُن ۔ ॥3॥4॥

آسا ॥

ہرِ ہرِ ہرِ ہرِ
ہرِ ہرِ ہرے ॥

ہرِ سِمرت جن گئے نِسترِ ترے ॥1॥ رہاءُ ॥

ہرِ کے نام کبیِر اُجاگر ॥

جنم جنم کے کاٹے کاگر ॥1॥

ਨਿਮਤ ਨਾਮਦੇਉ ਦੂਧੁ ਪੀਆਇਆ ॥
ਤਉ ਜਗ ਜਨਮ ਸੰਕਟ ਨਹੀ ਆਇਆ ॥੨॥

ਜਨ ਰਵਿਦਾਸ ਰਾਮ ਰੰਗਿ ਰਾਤਾ ॥
ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥੩॥੫॥

ਆਸਾ ॥

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥
ਦੇਖੈ ਦੇਖੈ ਸੁਨੈ ਬੋਲੈ
ਦਉਰਿਓ ਫਿਰਤੁ ਹੈ ॥੧॥ ਰਹਾਉ ॥

ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥
ਮਾਇਆ ਗਈ ਤਬ ਰੋਵਨੁ ਲਗਤੁ ਹੈ ॥੧॥

ਮਨ ਬਚ ਕ੍ਰਮ ਰਸ ਕਸਹਿ ਲੁਭਾਨਾ ॥
ਬਿਨਸਿ ਗਇਆ ਜਾਇ ਕਹੂੰ ਸਮਾਨਾ ॥੨॥

ਕਹਿ ਰਵਿਦਾਸ ਬਾਜੀ ਜਗੁ ਭਾਈ ॥
ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ ॥੩॥੬॥

ਆਸਾ ਬਾਣੀ ਭਗਤ ਧੰਨੇ ਜੀ ਕੀ

ੴ ਸਤਿਗੁਰ ਪ੍ਰਸਾਦਿ ॥

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ
ਤਨੁ ਮਨੁ ਧਨੁ ਨਹੀ ਧੀਰੇ ॥

ਲਾਲਚ ਬਿਖੁ ਕਾਮ ਲੁਬਧ ਰਾਤਾ
ਮਨਿ ਬਿਸਰੇ ਪ੍ਰਭ ਹੀਰੇ ॥੧॥ ਰਹਾਉ ॥

ਬਿਖੁ ਫਲ ਮੀਠ ਲਗੇ ਮਨ ਬਉਰੇ
ਚਾਰ ਬਿਚਾਰ ਨ ਜਾਨਿਆ ॥

ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ
ਜਨਮ ਮਰਨ ਫਿਰਿ ਤਾਨਿਆ ॥੧॥

نِمت نامدیٔ دوُدھُ پِیایَا ॥
ت ءُ جگ جنم سنکٹ نہی آیَا ॥2॥

جن روِداس رام رنگِ راتا ॥
اِءُ گُر پرسادِ نرک نہی جاتا ॥3॥5॥

آسا ॥

ماٹی کو پُترا کیَسے نچتُ ہےَ ۔ ॥
دیکھےَ دیکھےَ سُنےَ بولے
دئرِئو پھِرتُ ہےَ ॥1॥ رہاءُ ॥

جب کچھُ پاوےَ تب گربُ کرتُ ہےَ ॥
مایَا گئی تب روونُ لگتُ ہےَ ॥1॥

من بچ کرم رس کسہِ لُبھانا ॥
بِنسِ گیَا جاءِ کہوُنَ سمانا ॥2॥

کہِ روِداس بازی جگُ بھائی ॥
بازیگر س ءُ موہِ پرِیتِ بنِ آئی ॥3॥6॥

آسا باٹی بھگت دھنّے جی کی

ੴ ستِگُر پرسادِ ॥

بھرمت پھِرت بہُ جنم بِلانے
تنُ منُ دھنُ نہی دھیرے ॥

لالچ بِکھُ کام لُبدھ راتا
منِ بِسرے پربھ ہیرے ॥1॥ رہاءُ ॥

بِکھُ پھل مِٹھ لگے من بُرے
چار بچار ن جانِیا ॥

گُن تے پرِیتِ بڈھی ان بھانتی

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

جنم مرن پھِرِ تانِیا ॥1॥

ਜੁਗਤਿ ਜਾਨਿ ਨਹੀ ਰਿਦੈ ਨਿਵਾਸੀ
ਜਲਤ ਜਾਲ ਜਮ ਫੰਧ ਪਰੇ ॥

جُگتِ جانِ نہی رِدے نِواسی
جلت جال جم پھندھ پرے ॥

ਬਿਖੁ ਫਲ ਸੰਚਿ ਭਰੇ ਮਨ ਐਸੇ
ਪਰਮ ਪੁਰਖ ਪ੍ਰਭ ਮਨ ਬਿਸਰੇ ॥੨॥

بِکھُ پھل سنچِ بھرے من ایَسے
پرم پُرکھ پربھ من بِسرے ॥2॥

ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ
ਧਿਆਨੁ ਮਾਨੁ ਮਨ ਏਕ ਮਏ ॥

گِیان پرویسُ گُرہِ دھنُ دیِیا
دھِیانُ مانُ من ایک مے ॥

ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ
ਤ੍ਰਿਪਤਿ ਅਘਾਨੇ ਮੁਕਤਿ ਭਏ ॥੩॥

پریم بھگتِ مانی سُکھُ جانِیا
ترِپتِ اگھانے مُکتِ بھے ॥3॥

ਜੋਤਿ ਸਮਾਇ ਸਮਾਨੀ ਜਾ ਕੈ
ਅਛਲੀ ਪ੍ਰਭੁ ਪਹਿਚਾਨਿਆ ॥

جوتِ سماءِ سمانی جا کے
اچھلی پربھُ پہچانِیا ॥

ਧੰਨੈ ਧਨੁ ਪਾਇਆ ਧਰਣੀਧਰੁ
ਮਿਲਿ ਜਨ ਸੰਤ ਸਮਾਨਿਆ ॥੪॥੧॥

دھنّنے دھنُ پائِیا دھرنِیدھرُ
مِلِ جن سنّت سمانِیا ॥4॥1॥

ਮਹਲਾ ੫ ॥

محلا 5 ॥

ਗੋਬਿੰਦ ਗੋਬਿੰਦ ਗੋਬਿੰਦ ਸੰਗਿ
ਨਾਮਦੇਉ ਮਨੁ ਲੀਣਾ ॥

گوبِند گوبِند گوبِند سنگِ
نامدیءُ منُ لِیِنّا ॥

ਆਢ ਦਾਮ ਕੋ ਛੀਪਰੋ
ਹੋਇਓ ਲਾਖੀਣਾ ॥੧॥ ਰਹਾਉ ॥

آڈھ دام کو چھیپرو
ہوئِئو لاکھِینّا ॥1॥ رہاءُ ॥

ਬੁਨਨਾ ਤਨਨਾ ਤਿਆਗਿ ਕੈ
ਪ੍ਰੀਤਿ ਚਰਨ ਕਬੀਰਾ ॥

بُننا تننا تِیاگِ کے
پریتِ چرن کبیرا ॥

ਨੀਚ ਕੁਲਾ ਜੋਲਾਹਰਾ
ਭਇਓ ਗੁਨੀਯ ਗਹੀਰਾ ॥੧॥

نِیچ کُلا جولاہرا
بھئِئو گُنِیِ گہیرا ॥1॥

ਰਵਿਦਾਸੁ ਢੁਵੰਤਾ ਢੋਰ ਨੀਤਿ
ਤਿਨਿ ਤਿਆਗੀ ਮਾਇਆ ॥

روِداسُ ڈھُونتا ڈھور نِیتِ
تِنِ تِیاگی مائِیا ॥

ਪਰਗਟੁ ਹੋਆ ਸਾਧਸੰਗਿ

پرگٹُ ہویا سادھسنگِ

ਹਰਿ ਦਰਸਨੁ ਪਾਇਆ ॥੨॥

ہرِ درسنُ پائیا ॥2॥

ਸੈਨੁ ਨਾਈ ਬੁਤਕਾਰੀਆ
ਓਹੁ ਘਰਿ ਘਰਿ ਸੁਨਿਆ ॥

سینُ نائی بُتکاریا
اوہُ گھرِ گھرِ سُنیا ॥

ਹਿਰਦੇ ਵਸਿਆ ਪਾਰਬ੍ਰਹਮੁ
ਭਗਤਾ ਮਹਿ ਗਨਿਆ ॥੩॥

ہِردے وسِیا پاربّرہمُ
بھگتا مہِ گنیا ॥3॥

ਇਹ ਬਿਧਿ ਸੁਨਿ ਕੈ ਜਾਟਰੋ
ਉਠਿ ਭਗਤੀ ਲਾਗਾ ॥

اِہ بِدھِ سُنِ کے جاٹرو
اُٹھِ بھگتی لاگا ॥

ਮਿਲੇ ਪ੍ਰਤਖਿ ਗੁਸਾਈਆ
ਧੰਨਾ ਵਡਭਾਗਾ ॥੪॥੨॥

مِلے پرّتکھِ گُسائیا
دھنّا وڈبھاگا ॥4॥2॥

ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ
ਬਿਬਹਿ ਨ ਜਾਨਸਿ ਕੋਈ ॥

رے چِت چیتسِ کی ن دیال دمودر
بِبہِ ن جانسِ کوئی ॥

ਜੇ ਧਾਵਹਿ ਬ੍ਰਹਮੰਡ ਖੰਡ ਕਉ
ਕਰਤਾ ਕਰੈ ਸੁ ਹੋਈ ॥੧॥ ਰਹਾਉ ॥

جے دھاوہِ برہمنّڈ کھنّڈ ک ءُ
کرتا کرے سُ ہوئی ॥1॥ رہاءُ ॥

ਜਨਨੀ ਕੇਰੇ ਉਦਰ ਉਦਕ ਮਹਿ
ਪਿੰਡੁ ਕੀਆ ਦਸ ਦੁਆਰਾ ॥

جننی کیرے اُدر اُدک مہِ
پِنّڈُ کِیا دس دُیارا ॥

ਦੇਇ ਅਹਾਰੁ ਅਗਨਿ ਮਹਿ ਰਾਖੈ
ਐਸਾ ਖਸਮੁ ਹਮਾਰਾ ॥੧॥

دے ءِ اہارُ اگنِ مہِ راکھے
ایَسا خصمُ ہمارا ॥1॥

ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ
ਪੰਖ ਖੀਰੁ ਤਿਨ ਨਾਹੀ ॥

کُنّمی جل ماہِ تن تِسُ باہرِ
پنکھ کھیرُ تِن ناہی ॥

ਪੂਰਨ ਪਰਮਾਨੰਦ ਮਨੋਹਰ
ਸਮਝਿ ਦੇਖੁ ਮਨ ਮਾਹੀ ॥੨॥

پُورن پرمانند منوہر
سمجھِ دیکھُ من ماہی ॥2॥

ਪਾਖਣਿ ਕੀਟੁ ਗੁਪਤੁ ਹੋਇ ਰਹਤਾ
ਤਾ ਚੋ ਮਾਰਗੁ ਨਾਹੀ ॥

پاکھنِ کیٹُ گُپتُ ہوءِ رہتا
تا چو مارگُ ناہی ॥

ਕਹੈ ਧੰਨਾ ਪੂਰਨ ਤਾਹੂ ਕੋ
ਮਤ ਰੇ ਜੀਅ ਡਰਾਂਹੀ ॥੩॥੩॥

کہے دھنّا پُورن تاہُو کو
مت رے جیء ڈرانہی ॥3॥3॥

ਆਸਾ ਸੇਖ ਫਰੀਦ ਜੀਉ ਕੀ ਬਾਣੀ	آسا سیکھ پھریِد جیِءُ کی بانٹی
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥	دِلہُ مُحبتِ جِنّہ سیئی سچِیا ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥	جِنّہ منِ ہورُ مُکھِ ہورُ سِ کانڈھے کچِیا ॥1॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥	رتے عِشق خُداءِ رنگِ دِیدار کے ॥
ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥੧॥ ਰਹਾਉ ॥	وِسریا جِنّہ نامُ تے بھُءِ بھارُ تھیِے ॥1॥ رہاءُ ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥	آپِ لیِئے لڑِ لاءِ درِ درویش سے ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥	تِن دھنّنُ جنّیدی ماءُ آئے سپھلُ سے ॥2॥
ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥	پرودگار اپار اگم بیئنّت توُ ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥੩॥	جِنا پچھاتا سچُ چُنّما پیَر موُنّ ॥3॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥	تیری پنہ خُداءِ توُ بخشنّدگی ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥੪॥੧॥	سیکھ پھریِدے کھیَرُ دیِجے بنّدگی ॥4॥1॥
ਆਸਾ ॥	آسا ॥
ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥	بولے سیکھ پھریِدُ پیارے الہ لگے ॥
ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥੧॥	اِہُ تنُ ہوسی خاک نِمانٹی گور گھرے ॥1॥
ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥੧॥ ਰਹਾਉ ॥	آج مِلاوا سیکھ پھریِد ٹاکِم کوُنجڑِییا منہُ مچِنّدڑِییا ॥1॥ رہاءُ ॥
ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ॥	جے جاٹا مرِ جائیِےَ کھُمِ ن آئیِےَ ॥
ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥੨॥	جھوُٹھی دُنیا لگِ ن آپُ وِنجائیِےَ ॥2॥
ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥	بولیِےَ سچُ دھرمُ جھوُٹھُ ن بولیِےَ ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥	جو گُرُ دسے واٹ مُرِدا جولیِےَ ॥3॥

ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ ॥
ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥੪॥

ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥
ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥੫॥

ਕਤਿਕ ਕੂੰਜਾਂ ਚੇਤਿ ਡਉ
ਸਾਵਣਿ ਬਿਜੁਲੀਆ ॥

ਸੀਆਲੇ ਸੋਹੰਦੀਆ ਪਿਰ ਗਲਿ ਬਾਹੜੀਆ ॥੬॥

ਚਲੇ ਚਲਣਹਾਰ ਵਿਚਾਰਾ ਲੇਇ ਮਨੋ ॥
ਗੰਢੇਦਿਆ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥੭॥

ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥
ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥੮॥੨॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ
ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਰਾਗੁ ਗੂਜਰੀ ਮਹਲਾ ੧ ਚਉਪਦੇ ਘਰੁ ੧ ॥

ਤੇਰਾ ਨਾਮੁ ਕਰੀ ਚਨਣਾਠੀਆ
ਜੇ ਮਨੁ ਉਰਸਾ ਹੋਇ ॥

ਕਰਣੀ ਕੁੰਗੂ ਜੇ ਰਲੈ
ਘਟ ਅੰਤਰਿ ਪੂਜਾ ਹੋਇ ॥੧॥

ਪੂਜਾ ਕੀਚੈ ਨਾਮੁ ਧਿਆਈਐ
ਬਿਨੁ ਨਾਵੈ ਪੂਜ ਨ ਹੋਇ ॥੧॥ ਰਹਾਉ ॥

ਬਾਹਰਿ ਦੇਵ ਪਖਾਲੀਅਹਿ
ਜੇ ਮਨੁ ਧੋਵੈ ਕੋਇ ॥

ਜੂਠਿ ਲਹੈ ਜੀਉ ਮਾਜੀਐ
ਮੋਖ ਪਇਆਣਾ ਹੋਇ ॥੨॥

چھیَل لنگھندے پارِ گوری منُ دھیِریا ॥
کنچن وننے پاسے کلوتِ چیِریا ॥4॥

سیکھ ہیَباتی جگِ ن کوئی تھِرُ رہِیا ॥
جِسُ آسنِ ہم بیٹھے کیتے بیَس گئیا ॥5॥

کتِک کوُنجاں چیتِ ڈءُ
ساونِ بجُلیِیا ॥

سیِیالے سوہنَدیِیا پِر گلِ باہڑیِیا ॥6॥

چلے چلنہار وِچارا لےءِ منو ॥
گنڈھیدِیا چھِء ماہ تُڑنّدِیا ہِکُ کھِنو ॥7॥

زِمی پُچھےَ اسمان پھرِیدا کھیوٹ کِنّنِ گےَ ॥
جالنُ گوراں نالِ اُلامے جیء سہے ॥8॥2॥

ੴ ستِنامُ کرتا پُرکھُ نِربھءُ نِرویَرُ اکال موُرتِ اجوُنی سیَبھنّ گُرپّرسادِ
॥

راگُ گوُجری محلا 1 چئُپدے گھرُ 1 ॥

تیرا نامُ کری چنٹاٹھیِیا
جے منُ اُرسا ہوءِ ॥

کرنٹی کُنگوُ جے رلےَ
گھٹ انّترِ پوُجا ہوءِ ॥1॥

پوُجا کیچےَ نامُ دھیِائیےَ
بِنُ ناوےَ پوُج ن ہوءِ ॥1॥ رہاءُ ॥

باہرِ دیو پکھالیِئہِ
جے منُ دھووےَ کوءِ ॥

جوُٹھِ لہےَ جیِءُ ماجیےَ
موکھ پیِئاٹا ہوءِ ॥2॥

ਪਸੂ ਮਿਲਹਿ ਚੰਗਿਆਈਆ
ਖੜੁ ਖਾਵਹਿ ਅੰਮ੍ਰਿਤੁ ਦੇਹਿ ॥

پسوُ مِلہِ چنگیائیا
کھڑُ کھاوہِ انّمرِتُ دیہِ ॥

ਨਾਮ ਵਿਹੂਣੇ ਆਦਮੀ
ਧ੍ਰਿਗੁ ਜੀਵਣ ਕਰਮ ਕਰੇਹਿ ॥੩॥

نام وِہوُنے آدمی
دھرِگُ جیوِنُ کرم کریہِ ॥3॥

ਨੇੜਾ ਹੈ ਦੂਰਿ ਨ ਜਾਣਿਅਹੁ
ਨਿਤ ਸਾਰੇ ਸੰਮ੍ਹਾਲੇ ॥

نیڑا ہے دوُرِ ن جانیُہ
نِت سارے سنّہالے ॥

ਜੋ ਦੇਵੈ ਸੋ ਖਾਵਣਾ
ਕਹੁ ਨਾਨਕ ਸਾਚਾ ਹੇ ॥੪॥੧॥

جو دیوے سو کھاوٹا
کہُ نانک ساچا ہے ॥4॥1॥

ਗੂਜਰੀ ਮਹਲਾ ੧ ॥

گوُجری محلا 1 ॥

ਨਾਭਿ ਕਮਲ ਤੇ ਬ੍ਰਹਮਾ ਉਪਜੇ
ਬੇਦ ਪੜਹਿ ਮੁਖਿ ਕੰਠਿ ਸਵਾਰਿ ॥

نابھِ کمل تے برہما اُپجے
بید پڑہِ مُکھِ کنّٹھِ سوارِ ॥

ਤਾ ਕੋ ਅੰਤੁ ਨ ਜਾਈ ਲਖਣਾ
ਆਵਤ ਜਾਤ ਰਹੈ ਗੁਬਾਰਿ ॥੧॥

تا کو انّتُ ن جائی لکھٹا
آوت جات رہے غُبارِ ॥1॥

ਪ੍ਰੀਤਮ ਕਿਉ ਬਿਸਰਹਿ
ਮੇਰੇ ਪ੍ਰਾਣ ਅਧਾਰ ॥

پریتم کِءُ بِسرہِ
میرے پراںُ ادھار ۔ ॥

ਜਾ ਕੀ ਭਗਤਿ ਕਰਹਿ ਜਨ ਪੂਰੇ
ਮੁਨਿ ਜਨ ਸੇਵਹਿ ਗੁਰ ਵੀਚਾਰਿ ॥੧॥ ਰਹਾਉ ॥

جا کی بھگتِ کرہِ جن پوُرے
مُنِ جن سیوہِ گُر ویچارِ ॥1॥ رہاءُ ॥

ਰਵਿ ਸਸਿ ਦੀਪਕ ਜਾ ਕੇ ਤ੍ਰਿਭਵਣਿ
ਏਕਾ ਜੋਤਿ ਮੁਰਾਰਿ ॥

روِ سسِ دیپک جا کے ترِبھوںِ
ایکا جوتِ مُرارِ ॥

ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ
ਮਨਮੁਖਿ ਰੈਣਿ ਅੰਧਾਰਿ ॥੨॥

گُرمُکھِ ہوءِ سُ اہِنسِ نِرملُ
منمُکھِ ریَنِ اندھارِ ॥2॥

ਸਿਧ ਸਮਾਧਿ ਕਰਹਿ ਨਿਤ ਝਗਰਾ
ਦੁਹੁ ਲੋਚਨ ਕਿਆ ਹੇਰੈ ॥

سِدھ سمادھِ کرہِ نِت جھگرا
دُہُ لوچن کِیا ہیرے ۔ ॥

ਅੰਤਰਿ ਜੋਤਿ ਸਬਦੁ ਧੁਨਿ ਜਾਗੈ
ਸਤਿਗੁਰੁ ਝਗਰੁ ਨਿਬੇਰੈ ॥੩॥

انّترِ جوتِ سبدُ دھُنِ جاگے
ستِگُرُ جھگرُ نِبیرے ॥3॥

ਸੁਰਿ ਨਰ ਨਾਥ ਬੇਅੰਤ ਅਜੋਨੀ
ਸਾਚੈ ਮਹਲਿ ਅਪਾਰਾ ॥

ਨਾਨਕ ਸਹਜਿ ਮਿਲੇ ਜਗਜੀਵਨ
ਨਦਰਿ ਕਰਹੁ ਨਿਸਤਾਰਾ ॥੪॥੨॥

ਰਾਗੁ ਗੂਜਰੀ ਮਹਲਾ ੩ ਘਰੁ ੧

੧ੴ ਸਤਿਗੁਰ ਪ੍ਰਸਾਦਿ ॥

ਧ੍ਰਿਗੁ ਇਵੇਹਾ ਜੀਵਣਾ
ਜਿਤੁ ਹਰਿ ਪ੍ਰੀਤਿ ਨ ਪਾਇ ॥

ਜਿਤੁ ਕੰਮਿ ਹਰਿ ਵੀਸਰੈ
ਦੂਜੈ ਲਗੈ ਜਾਇ ॥੧॥

ਐਸਾ ਸਤਿਗੁਰੁ ਸੇਵੀਐ ਮਨਾ
ਜਿਤੁ ਸੇਵਿਐ ਗੋਵਿਦ ਪ੍ਰੀਤਿ ਊਪਜੈ
ਅਵਰ ਵਿਸਰਿ ਸਭ ਜਾਇ ॥

ਹਰਿ ਸੇਤੀ ਚਿਤੁ ਗਹਿ ਰਹੈ
ਜਰਾ ਕਾ ਭਉ ਨ ਹੋਵਈ
ਜੀਵਨ ਪਦਵੀ ਪਾਇ ॥੧॥ ਰਹਾਉ ॥

ਗੋਬਿੰਦ ਪ੍ਰੀਤਿ ਸਿਉ ਇਕੁ ਸਹਜੁ ਉਪਜਿਆ
ਵੇਖੁ ਜੈਸੀ ਭਗਤਿ ਬਨੀ ॥

ਆਪ ਸੇਤੀ ਆਪੁ ਖਾਇਆ ਤਾ ਮਨੁ ਨਿਰਮਲੁ ਹੋਆ
ਜੋਤੀ ਜੋਤਿ ਸਮਈ ॥੨॥

ਬਿਨੁ ਭਾਗਾ ਐਸਾ ਸਤਿਗੁਰੁ ਨ ਪਾਈਐ
ਜੇ ਲੋਚੈ ਸਭੁ ਕੋਇ ॥

ਕੂੜੈ ਕੀ ਪਾਲਿ ਵਿਚਹੁ ਨਿਕਲੈ
ਤਾ ਸਦਾ ਸੁਖੁ ਹੋਇ ॥੩॥

ਨਾਨਕ ਐਸੇ ਸਤਿਗੁਰ ਕੀ ਕਿਆ ਓਹੁ ਸੇਵਕੁ ਸੇਵਾ ਕਰੇ
ਗੁਰ ਆਗੈ ਜੀਉ ਧਰੇਇ ॥

سُرِ نر ناتھ بیئنّت اجونی
ساچےَ محلِ اپارا ॥

نانک سہجِ ملے جگجیون
ندرِ کرہُ نِستارا ॥4॥2॥

راگُ گوُجری محلا 3 گھرُ 1

ੴ ستِگُر پرّسادِ ॥

دھرّگُ اِویہا جیِوٹا
جِتُ ہرِ پرّیتِ ن پاءِ ॥

جِتُ کنّمِ ہرِ وِسرے
دوُجےَ لگےَ جاءِ ॥1॥

ایَسا ستِگُرُ سیویےَ منا
جِتُ سیوِئے گووِد پرّیتِ اوُپجےَ
اور وِسرِ سبھ جاءِ ॥

ہرِ سیتی چِتُ گہِ رہے
جرا کا بھءُ ن ہووئی
جیِون پدوی پاءِ ॥1॥ رہاءُ ॥

گوبِنّد پرّیتِ سِءُ اِکُ سہجُ اُپجیا
ویکھُ جیَسی بھگتِ بنی ॥

آپ سیتی آپُ کھائیا تا منُ نِرملُ ہویا
جوتی جوتِ سمئی ॥2॥

بِنُ بھاگا ایَسا ستِگُرُ ن پائیےَ
جے لوچےَ سبھُ کوءِ ॥

کوُڑےَ کی پالِ وِچہُ نِکلےَ
تا سدا سُکھُ ہوءِ ॥3॥

نانک ایَسے ستِگُر کی کیا اوہُ سیوکُ سیوا کرے

ਸਤਿਗੁਰ ਕਾ ਭਾਣਾ ਚਿਤਿ ਕਰੇ
ਸਤਿਗੁਰੁ ਆਪੇ ਕ੍ਰਿਪਾ ਕਰੇਇ ॥੪॥੧॥੩॥

ਗੂਜਰੀ ਮਹਲਾ ੩ ॥

ਹਰਿ ਕੀ ਤੁਮ ਸੇਵਾ ਕਰਹੁ
ਦੂਜੀ ਸੇਵਾ ਕਰਹੁ ਨ ਕੋਇ ਜੀ ॥

ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ
ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ ॥੧॥

ਹਰਿ ਮੇਰੀ ਪ੍ਰੀਤਿ ਰੀਤਿ ਹੈ ਹਰਿ ਮੇਰੀ
ਹਰਿ ਮੇਰੀ ਕਥਾ ਕਹਾਨੀ ਜੀ ॥

ਗੁਰ ਪ੍ਰਸਾਦਿ ਮੇਰਾ ਮਨੁ ਭੀਜੈ
ਏਹਾ ਸੇਵ ਬਨੀ ਜੀਉ ॥੧॥ ਰਹਾਉ ॥

ਹਰਿ ਮੇਰਾ ਸਿਮ੍ਰਿਤਿ ਹਰਿ ਮੇਰਾ ਸਾਸਤ੍ਰ
ਹਰਿ ਮੇਰਾ ਬੰਧਪੁ ਹਰਿ ਮੇਰਾ ਭਾਈ ॥

ਹਰਿ ਕੀ ਮੈ ਭੂਖ ਲਾਗੈ
ਹਰਿ ਨਾਮਿ ਮੇਰਾ ਮਨੁ ਤ੍ਰਿਪਤੈ
ਹਰਿ ਮੇਰਾ ਸਾਕੁ ਅੰਤਿ ਹੋਇ ਸਖਾਈ ॥੨॥

ਹਰਿ ਬਿਨੁ ਹੋਰ ਰਾਸਿ ਕੂੜੀ ਹੈ
ਚਲਦਿਆ ਨਾਲਿ ਨ ਜਾਈ ॥

ਹਰਿ ਮੇਰਾ ਧਨੁ ਮੇਰੈ ਸਾਥਿ ਚਾਲੈ
ਜਹਾ ਹਉ ਜਾਉ ਤਹ ਜਾਈ ॥੩॥

ਸੋ ਝੂਠਾ ਜੋ ਝੂਠੇ ਲਾਗੈ
ਝੂਠੇ ਕਰਮ ਕਮਾਈ ॥

ਕਹੈ ਨਾਨਕੁ ਹਰਿ ਕਾ ਭਾਣਾ ਹੋਆ
ਕਹਣਾ ਕਛੂ ਨ ਜਾਈ ॥੪॥੨॥੪॥

گُر آگے جیِءُ دھرے ءِ ॥

ستِگُر کا بھاٹا چِتِ کرے
ستِگُرُ آپے کِرپا کرے ءِ ॥4॥1॥3॥

گُوجری محلا 3 ॥

ہرِ کی تُم سیوا کرہُ
دوُجی سیوا کرہُ ن کوءِ جی ॥

ہرِ کی سیوا تے منہُ چِنّدِیا پھلُ پائیئے
دوُجی سیوا جنمُ برِتھا جاءِ جی ॥1॥

ہرِ میری پّریتِ ریتِ ہے ہرِ میری
ہرِ میری کتھا کہانی جی ॥

گُر پّرسادِ میرا منُ بھیجے
ایہا سیو بنی جیِءُ ॥1॥ رہاءُ ॥

ہرِ میرا سِمّرِتِ ہرِ میرا ساستّر
ہرِ میرا بنّدھپُ ہرِ میرا بھائی ॥

ہرِ کی مے بھوُکھ لاگے
ہرِ نامِ میرا منُ تّرِپتے
ہرِ میرا ساکُ انّتِ ہوءِ سکھائی ॥2॥

ہرِ بِنُ ہور راسِ کوُڑی ہے
چلدِیا نالِ ن جائی ॥

ہرِ میرا دھنُ میرے ساتھِ چالے
جہا ہءُ جاءُ تہ جائی ॥3॥

سو جھوُٹھا جو جھوُٹھے لاگے
جھوُٹھے کرم کمائی ॥

کہے نانکُ ہرِ کا بھاٹا ہویا
کہنّا کچھوُ ن جائی ॥4॥2॥4॥

ਗੂਜਰੀ ਮਹਲਾ ੩ ॥

ਜੁਗ ਮਾਹਿ ਨਾਮੁ ਦੁਲੰਭੁ ਹੈ
ਗੁਰਮੁਖਿ ਪਾਇਆ ਜਾਇ ॥

ਬਿਨੁ ਨਾਵੈ ਮੁਕਤਿ ਨ ਹੋਵਈ
ਵੇਖਹੁ ਕੋ ਵਿਉਪਾਇ ॥੧॥

ਬਲਿਹਾਰੀ ਗੁਰ ਆਪਣੇ
ਸਦ ਬਲਿਹਾਰੈ ਜਾਉ ॥

ਸਤਿਗੁਰ ਮਿਲਿਐ ਹਰਿ ਮਨਿ ਵਸੈ
ਸਹਜੇ ਰਹੈ ਸਮਾਇ ॥੧॥ ਰਹਾਉ ॥

ਜਾਂ ਭਉ ਪਾਏ ਆਪਣਾ
ਬੈਰਾਗੁ ਉਪਜੈ ਮਨਿ ਆਇ ॥

ਬੈਰਾਗੈ ਤੇ ਹਰਿ ਪਾਈਐ
ਹਰਿ ਸਿਉ ਰਹੈ ਸਮਾਇ ॥੨॥

ਸੇਇ ਮੁਕਤ ਜਿ ਮਨੁ ਜਿਣਹਿ
ਫਿਰਿ ਧਾਤੁ ਨ ਲਾਗੈ ਆਇ ॥

ਦਸਵੈ ਦੁਆਰਿ ਰਹਤ ਕਰੇ
ਤ੍ਰਿਭਵਣ ਸੋਝੀ ਪਾਇ ॥੩॥

ਨਾਨਕ ਗੁਰ ਤੇ ਗੁਰੁ ਹੋਇਆ
ਵੇਖਹੁ ਤਿਸ ਕੀ ਰਜਾਇ ॥

ਇਹੁ ਕਾਰਣੁ ਕਰਤਾ ਕਰੇ
ਜੋਤੀ ਜੋਤਿ ਸਮਾਇ ॥੪॥੩॥੫॥

ਗੂਜਰੀ ਮਹਲਾ ੩ ॥

ਰਾਮ ਰਾਮ ਸਭੁ ਕੋ ਕਹੈ
ਕਹਿਐ ਰਾਮੁ ਨ ਹੋਇ ॥

ਗੁਰ ਪਰਸਾਦੀ ਰਾਮੁ ਮਨਿ ਵਸੈ

گُوجری محلا 3 ॥

جُگ ماہِ نامُ دُلنّبھُ ہے
گُرمُکھِ پائیا جاءِ ॥

بِنُ ناوے مُکتِ ن ہووئی
ویکھہُ کو وِپُیاءِ ॥1॥

بلِہاری گُر آپنے
سد بلِہارے جاءُ ॥

ستِگُر مِلےّ ہرِ منِ وسے
سہجے رہے سماءِ ॥1॥ رہاءُ ॥

جاں بھءُ پائے آپنا
بیَراگُ اُپجے منِ آءِ ॥

بیَراگے تے ہرِ پائیےّ
ہرِ سِءُ رہے سماءِ ॥2॥

سےءِ مُکت جِ منُ جِتہِ
پھِرِ دھاتُ ن لاگے آءِ ॥

دسوے دُیارِ رہت کرے
تّرِبھونُ سوجھی پاءِ ॥3॥

نانک گُر تے گُرُ ہوئیا
ویکھہُ تِس کی رضاءِ ॥

اِہُ کارنُ کرتا کرے
جوتی جوتِ سماءِ ॥4॥3॥5॥

گُوجری محلا 3 ॥

رام رام سبھُ کو کہے
کہیےّ رامُ ن ہوءِ ॥

گُر پرسادی رامُ منِ وسے

ਤਾ ਫਲੁ ਪਾਵੈ ਕੋਇ ॥੧॥

تا پھلُ پاوے کوءِ ॥1॥

ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ ॥

انترِ گووِند جِسُ لاگے پریتِ ॥

ਹਰਿ ਤਿਸੁ ਕਦੇ ਨ ਵੀਸਰੈ
ਹਰਿ ਹਰਿ ਕਰਹਿ ਸਦਾ ਮਨਿ ਚੀਤਿ ॥੧॥ ਰਹਾਉ ॥

ہرِ تِسُ کدے ن ویسرے
ہرِ ہرِ کرہِ سدا منِ چیتِ ॥1॥ رہاءُ ॥

ਹਿਰਦੈ ਜਿਨ੍ਹ ਕੈ ਕਪਟੁ ਵਸੈ
ਬਾਹਰਹੁ ਸੰਤ ਕਹਾਹਿ ॥

ہِردے جِنّہ کے کپٹُ وسے
باہرہُ سنّت کہاہِ ॥

ਤ੍ਰਿਸਨਾ ਮੂਲਿ ਨ ਚੁਕਈ
ਅੰਤਿ ਗਏ ਪਛੁਤਾਹਿ ॥੨॥

تّرِسنا موُلِ ن چُکئی
انّتِ گئے پچھُتاہِ ॥2॥

ਅਨੇਕ ਤੀਰਥ ਜੇ ਜਤਨ ਕਰੈ
ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥

انیک تیرتھ جے جتن کرے
تا انتر کی ہئُمے کدے ن جاءِ ॥

ਜਿਸੁ ਨਰ ਕੀ ਦੁਬਿਧਾ ਨ ਜਾਇ
ਧਰਮ ਰਾਇ ਤਿਸੁ ਦੇਇ ਸਜਾਇ ॥੩॥

جِسُ نر کی دُبِدھا ن جاءِ
دھرم راءِ تِسُ دےءِ سزاءِ ॥3॥

ਕਰਮੁ ਹੋਵੈ ਸੋਈ ਜਨੁ ਪਾਏ
ਗੁਰਮੁਖਿ ਬੂਝੈ ਕੋਈ ॥

کرمُ ہووے سوئی جنُ پائے
گُرمُکھِ بوُجھے کوئی ॥

ਨਾਨਕ ਵਿਚਹੁ ਹਉਮੈ ਮਾਰੇ
ਤਾਂ ਹਰਿ ਭੇਟੈ ਸੋਈ ॥੪॥੪॥੬॥

نانک وِچہُ ہئُمے مارے
تاں ہرِ بھیٹے سوئی ॥4॥4॥6॥

ਗੂਜਰੀ ਮਹਲਾ ੩ ॥

گوُجری محلا 3 ॥

ਤਿਸੁ ਜਨ ਸਾਂਤਿ ਸਦਾ ਮਤਿ ਨਿਹਚਲ
ਜਿਸ ਕਾ ਅਭਿਮਾਨੁ ਗਵਾਏ ॥

تِسُ جن سانتِ سدا متِ نہچل
جِس کا ابھمانُ گوائے ॥

ਸੋ ਜਨੁ ਨਿਰਮਲੁ ਜਿ ਗੁਰਮੁਖਿ ਬੂਝੈ
ਹਰਿ ਚਰਣੀ ਚਿਤੁ ਲਾਏ ॥੧॥

سو جنُ نِرملُ جِ گُرمُکھِ بوُجھے
ہرِ چرنّی چِتُ لائے ॥1॥

ਹਰਿ ਚੇਤਿ ਅਚੇਤ ਮਨਾ
ਜੋ ਇਛਹਿ ਸੋ ਫਲੁ ਹੋਈ ॥

ہرِ چیتِ اچیت منا
جو اِچھہِ سو پھلُ ہوئی ॥

ਗੁਰ ਪਰਸਾਦੀ ਹਰਿ ਰਸੁ ਪਾਵਹਿ
ਪੀਵਤ ਰਹਹਿ ਸਦਾ ਸੁਖੁ ਹੋਈ ॥੧॥ ਰਹਾਉ ॥

گُر پرسادی ہرِ رسُ پاوہِ
پیوت رہہِ سدا سُکھُ ہوئی ॥1॥ رہاءُ ॥

ਸਤਿਗੁਰੁ ਭੇਟੇ ਤਾ ਪਾਰਸੁ ਹੋਵੈ
ਪਾਰਸੁ ਹੋਇ ਤ ਪੂਜ ਕਰਾਏ ॥

ستگُر بھیٹے تا پارسُ ہووے
پارسُ ہوءِ ت پُوج کرائے ॥

ਜੋ ਉਸੁ ਪੂਜੇ ਸੋ ਫਲੁ ਪਾਏ
ਦੀਖਿਆ ਦੇਵੈ ਸਾਚੁ ਬੁਝਾਏ ॥੨॥

جو اُس پُوجے سو پھلُ پائے
دیکھیا دیوے ساچُ بُجھائے ॥2॥

ਵਿਣੁ ਪਾਰਸੈ ਪੂਜ ਨ ਹੋਵਈ
ਵਿਣੁ ਮਨ ਪਰਚੇ ਅਵਰਾ ਸਮਝਾਏ ॥

وِنُ پارسے پُوج ن ہووئی
وِنُ من پرچے اورا سمجھائے ॥

ਗੁਰੂ ਸਦਾਏ ਅਗਿਆਨੀ ਅੰਧਾ
ਕਿਸੁ ਓਹੁ ਮਾਰਗਿ ਪਾਏ ॥੩॥

گُرُو سدائے اگیانی اندھا
کِسُ اوہُ مارگِ پائے ۔ ॥3॥

ਨਾਨਕ ਵਿਣੁ ਨਦਰੀ ਕਿਛੂ ਨ ਪਾਈਐ
ਜਿਸੁ ਨਦਰਿ ਕਰੇ ਸੋ ਪਾਏ ॥

نانک وِنُ ندری کچھوُ ن پائیئے
جِسُ ندرِ کرے سو پائے ॥

ਗੁਰ ਪਰਸਾਦੀ ਦੇ ਵਡਿਆਈ
ਅਪਣਾ ਸਬਦੁ ਵਰਤਾਏ ॥੪॥੫॥੭॥

گُر پرسادی دے وڈیائی
اپنا سبدُ ورتائے ॥4॥5॥7॥

ਗੂਜਰੀ ਮਹਲਾ ੩ ਪੰਚਪਦੇ ॥

گُوجری محلا 3 پنچپدے ॥

ਨਾ ਕਾਸੀ ਮਤਿ ਊਪਜੈ
ਨਾ ਕਾਸੀ ਮਤਿ ਜਾਇ ॥

نا کاسی متِ اوُپجے
نا کاسی متِ جاءِ ॥

ਸਤਿਗੁਰ ਮਿਲਿਐ ਮਤਿ ਊਪਜੈ
ਤਾ ਇਹ ਸੋਝੀ ਪਾਇ ॥੧॥

ستگُر ملیئے متِ اوُپجے
تا اِہ سوجھی پاءِ ॥1॥

ਹਰਿ ਕਥਾ ਤੂੰ ਸੁਣਿ ਰੇ ਮਨ
ਸਬਦੁ ਮੰਨਿ ਵਸਾਇ ॥

ہرِ کتھا توُنّ سُنِ رے من
سبدُ منّنِ وساءِ ॥

ਇਹ ਮਤਿ ਤੇਰੀ ਥਿਰੁ ਰਹੈ
ਤਾਂ ਭਰਮੁ ਵਿਚਹੁ ਜਾਇ ॥੧॥ ਰਹਾਉ ॥

اِہ متِ تیری تھِرُ رہے
تاں بھرمُ وِچہُ جاءِ ॥1॥ رہاءُ ॥

ਹਰਿ ਚਰਣ ਰਿਦੈ ਵਸਾਇ ਤੂ
ਕਿਲਵਿਖ ਹੋਵਹਿ ਨਾਸੁ ॥

ہرِ چرنُ رِدے وساءِ توُ
کِلوِکھ ہووہِ ناسُ ॥

ਪੰਚ ਭੂ ਆਤਮਾ ਵਸਿ ਕਰਹਿ
ਤਾ ਤੀਰਥ ਕਰਹਿ ਨਿਵਾਸੁ ॥੨॥

پنچ بھوُ آتما وسِ کرہِ
تا تیرتھ کرہِ نواسُ ॥2॥

ਮਨਮੁਖਿ ਇਹੁ ਮਨੁ ਮੁਗਧੁ ਹੈ
ਸੋਝੀ ਕਿਛੂ ਨ ਪਾਇ ॥

ہر کا نامُ ن بُجھئی
انّتِ گئیا پچھُتاءِ ॥3॥

ਹਰਿ ਕਾ ਨਾਮੁ ਨ ਬੁਝਈ
ਅੰਤਿ ਗਇਆ ਪਛੁਤਾਇ ॥੩॥

ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ
ਸਤਿਗੁਰ ਦੀਆ ਬੁਝਾਇ ॥

اِہُ منُ کاسی سبھِ تیرتھ سِمرِتِ
ستِگُر دِیِیا بُجھاءِ ॥

ਅਠਸਠਿ ਤੀਰਥ ਤਿਸੁ ਸੰਗਿ ਰਹਹਿ
ਜਿਨ ਹਰਿ ਹਿਰਦੈ ਰਹਿਆ ਸਮਾਇ ॥੪॥

اٹھسٹھِ تیرتھ تِس سنگِ رہہِ
جِن ہرِ ہِردے رہِیا سماءِ ॥4॥

ਨਾਨਕ ਸਤਿਗੁਰ ਮਿਲਿਐ ਹੁਕਮੁ ਬੁਝਿਆ
ਏਕੁ ਵਸਿਆ ਮਨਿ ਆਇ ॥

نانک ستِگُر مِلِےَ حُکمُ بُجھیا
ایکُ وسِیا منِ آءِ ॥

ਜੋ ਤੁਧੁ ਭਾਵੈ ਸਭੁ ਸਚੁ ਹੈ
ਸਚੇ ਰਹੈ ਸਮਾਇ ॥੫॥੬॥੮॥

جو تُدھُ بھاوے سبھُ سچُ ہے
سچے رہے سماءِ ॥5॥6॥8॥

ਗੂਜਰੀ ਮਹਲਾ ੩ ਤੀਜਾ ॥

گوُجری محلا 3 تیجا ॥

ਏਕੋ ਨਾਮੁ ਨਿਧਾਨੁ ਪੰਡਿਤ
ਸੁਣਿ ਸਿਖੁ ਸਚੁ ਸੋਈ ॥

ایکو نامُ نِدھانُ پنڈِت
سُنِ سِکھُ سچُ سوئی ॥

ਦੂਜੈ ਭਾਇ ਜੇਤਾ ਪੜਹਿ
ਪੜਤ ਗੁਣਤ ਸਦਾ ਦੁਖੁ ਹੋਈ ॥੧॥

دوُجےَ بھاءِ جیتا پڑہِ
پڑت گُنّت سدا دُکھُ ہوئی ॥1॥

ਹਰਿ ਚਰਣੀ ਤੂੰ ਲਾਗਿ ਰਹੁ
ਗੁਰ ਸਬਦਿ ਸੋਝੀ ਹੋਈ ॥

ہرِ چرنّی توُنّ لاگِ رہُ
گُر سبدِ سوجھی ہوئی ॥

ਹਰਿ ਰਸੁ ਰਸਨਾ ਚਾਖੁ ਤੂੰ
ਤਾਂ ਮਨੁ ਨਿਰਮਲੁ ਹੋਈ ॥੧॥ ਰਹਾਉ ॥

ہرِ رسُ رسنا چاکھُ توُنّ
تاں منُ نِرملُ ہوئی ॥1॥ رہاءُ ॥

ਸਤਿਗੁਰ ਮਿਲਿਐ ਮਨੁ ਸੰਤੋਖੀਐ
ਤਾ ਫਿਰਿ ਤ੍ਰਿਸਨਾ ਭੂਖ ਨ ਹੋਇ ॥

ستِگُر مِلِےَ منُ سنّتوکھیِےَ
تا پھِرِ ترِسنا بھوُکھ ن ہوءِ ॥

ਨਾਮੁ ਨਿਧਾਨੁ ਪਾਇਆ
ਪਰ ਘਰਿ ਜਾਇ ਨ ਕੋਇ ॥੨॥

نامُ نِدھانُ پائیا
پر گھرِ جاءِ ن کوءِ ॥2॥

ਕਥਨੀ ਬਦਨੀ ਜੇ ਕਰੇ
ਮਨਮੁਖਿ ਬੂਝ ਨ ਹੋਇ ॥

ਗੁਰਮਤੀ ਘਟਿ ਚਾਨਣਾ
ਹਰਿ ਨਾਮੁ ਪਾਵੈ ਸੋਇ ॥੩॥

ਸੁਣਿ ਸਾਸਤ੍ਰ ਤੂੰ ਨ ਬੁਝਹੀ
ਤਾ ਫਿਰਹਿ ਬਾਰੋ ਬਾਰ ॥

ਸੋ ਮੂਰਖੁ ਜੋ ਆਪੁ ਨ ਪਛਾਣਈ
ਸਚਿ ਨ ਧਰੇ ਪਿਆਰੁ ॥੪॥

ਸਚੈ ਜਗਤੁ ਡਹਕਾਇਆ
ਕਹਣਾ ਕਛੂ ਨ ਜਾਇ ॥

ਨਾਨਕ ਜੋ ਤਿਸੁ ਭਾਵੈ ਸੋ ਕਰੇ
ਜਿਉ ਤਿਸ ਕੀ ਰਜਾਇ ॥੫॥੭॥੯॥

ੴ ਸਤਿਗੁਰ ਪ੍ਰਸਾਦਿ ॥

ਰਾਗੁ ਗੂਜਰੀ ਮਹਲਾ ੪ ਚਉਪਦੇ ਘਰੁ ੧ ॥

ਹਰਿ ਕੇ ਜਨ ਸਤਿਗੁਰ ਸਤ ਪੁਰਖਾ
ਹਉ ਬਿਨਉ ਕਰਉ ਗੁਰ ਪਾਸਿ ॥

ਹਮ ਕੀਰੇ ਕਿਰਮ ਸਤਿਗੁਰ ਸਰਣਾਈ
ਕਰਿ ਦਇਆ ਨਾਮੁ ਪਰਗਾਸਿ ॥੧॥

ਮੇਰੇ ਮੀਤ ਗੁਰਦੇਵ
ਮੋ ਕਉ ਰਾਮ ਨਾਮੁ ਪਰਗਾਸਿ ॥

ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ
ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥

ਹਰਿ ਜਨ ਕੇ ਵਡਭਾਗ ਵਡੇਰੇ
ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥

ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ

کتھنی بدنی جے کرے
منمُکھِ بُوجھ ن ہوءِ ॥

گُرمتی گھٹِ چانٹا
ہرِ نامُ پاوے سوءِ ॥3॥

سُنِ ساسترّ توُنّ ن بُجھہی
تا پھِرہِ بارو بار ॥

سو موُرکھُ جو آپُ ن پچھانئی
سچِ ن دھرے پِیارُ ॥4॥

سچے جگتُ ڈہکائیا
کہنٹا کچھوُ ن جاءِ ॥

نانک جو تِسُ بھاوے سو کرے
جِءُ تِس کی رضاءِ ॥5॥7॥9॥

ੴ ستِگُر پّرسادِ ॥

راگُ گوُجری محلا 4 چئُپدے گھرُ 1 ॥

ہرِ کے جن ستِگُر ست پُرکھا
ہءُ بِنءُ کرءُ گُر پاسِ ॥

ہم کِیرے کِرم ستِگُر سرٹائی
کرِ دئیا نامُ پرگاسِ ॥1॥

میرے مِیت گُردیو
مو کءُ رام نامُ پرگاسِ ॥

گُرمتِ نامُ میرا پّران سکھائی
ہرِ کِیرتِ ہمری رہراسِ ॥1॥ رہاءُ ॥

ہرِ جن کے وڈبھاگ وڈیرے
جِن ہرِ ہرِ سردھا ہرِ پیاس ॥

ہرِ ہرِ نامُ مِلے تّرِپتاسہِ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نوں سمرپت | سیوا: بھائی بلجندر سنگھ جی (راڑا صاہب)

ਮਿਲਿ ਸੰਗਤਿ ਗੁਣ ਪਰਗਾਸਿ ॥੨॥	مِلِ سنگتِ گُڑ پرگاسِ ॥2॥
ਜਿਨ੍ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥	جِنّہ ہرِ ہرِ ہرِ رسُ نامُ ن پائیا تے بھاگہیڑ جم پاسِ ॥
ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥	جو ستِگُر سرڑِ سنگتِ نہی آئے دھرِگُ جیوے دھرِگُ جیواسِ ॥3॥
ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥	جِن ہرِ جن ستِگُر سنگتِ پائی تِن دھُرِ مستکِ لِکھیا لِکھاسِ ॥
ਧੰਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਨਾਨਕ ਨਾਮੁ ਪਰਗਾਸਿ ॥੪॥੧॥	دھنّنُ دھنّنُ ستسنگتِ جِتُ ہرِ رسُ پائیا مِلِ نانک نامُ پرگاسِ ॥4॥1॥
ਗੂਜਰੀ ਮਹਲਾ ੪ ॥	گوُجری محلا 4 ॥
ਗੋਵਿੰਦੁ ਗੋਵਿੰਦੁ ਪ੍ਰੀਤਮੁ ਮਨਿ ਪ੍ਰੀਤਮੁ ਮਿਲਿ ਸਤਸੰਗਤਿ ਸਬਦਿ ਮਨੁ ਮੋਹੈ ॥	گووِنّدُ گووِنّدُ پرِیتمُ منِ پرِیتمُ مِلِ ستسنگتِ سبدِ منُ موہے ॥
ਜਪਿ ਗੋਵਿੰਦੁ ਗੋਵਿੰਦੁ ਧਿਆਈਐ ਸਭ ਕਉ ਦਾਨੁ ਦੇਇ ਪ੍ਰਭੁ ਓਹੈ ॥੧॥	جپِ گووِنّدُ گووِنّدُ دھیائیئے سبھ کءُ دانُ دےءِ پربھُ اوہے ॥1॥
ਮੇਰੇ ਭਾਈ ਜਨਾ ਮੋ ਕਉ ਗੋਵਿੰਦੁ ਗੋਵਿੰਦੁ ਗੋਵਿੰਦੁ ਮਨੁ ਮੋਹੈ ॥	میرے بھائی جنا مو کءُ گووِنّدُ گووِنّدُ گووِنّدُ منُ موہے ॥
ਗੋਵਿੰਦ ਗੋਵਿੰਦ ਗੋਵਿੰਦ ਗੁਣ ਗਾਵਾ ਮਿਲਿ ਗੁਰ ਸਾਧ ਸੰਗਤਿ ਜਨੁ ਸੋਹੈ ॥੧॥ ਰਹਾਉ ॥	گووِنّد گووِنّد گووِنّد گُڑ گاوا مِلِ گُر سادھ سنگتِ جنُ سوہے ॥1॥ رہاءُ ॥
ਸੁਖ ਸਾਗਰ ਹਰਿ ਭਗਤਿ ਹੈ ਗੁਰਮਤਿ ਕਉਲਾ ਰਿਧਿ ਸਿਧਿ ਲਾਗੈ ਪਗਿ ਓਹੈ ॥	سُکھ ساگر ہرِ بھگتِ ہے گُرمتِ کئُلا رِدھِ سِدھِ لاگے پگِ اوہے ॥
ਜਨ ਕਉ ਰਾਮ ਨਾਮੁ ਆਧਾਰਾ ਹਰਿ ਨਾਮੁ ਜਪਤ ਹਰਿ ਨਾਮੇ ਸੋਹੈ ॥੨॥	جن کءُ رام نامُ آدھارا ہرِ نامُ جپت ہرِ نامے سوہے ॥2॥
ਦੁਰਮਤਿ ਭਾਗਹੀਨ ਮਤਿ ਫੀਕੇ ਨਾਮੁ ਸੁਨਤ ਆਵੈ ਮਨਿ ਰੋਹੈ ॥	دُرمتِ بھاگہین متِ پھیکے نامُ سُنت آوے منِ روہے ॥
ਕਉਆ ਕਾਗ ਕਉ ਅੰਮ੍ਰਿਤ ਰਸੁ ਪਾਈਐ	کئوّیا کاگ کءُ انمّرِت رسُ پائیئے

ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ ॥੩॥

ٹرِپتے وِسٹا کھاءِ مُکھِ گوہے ॥3॥

ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ
ਜਿਤੁ ਨਾਤੈ ਕਉਆ ਹੰਸੁ ਹੋਹੈ ॥

انمرِت سرُ ستگُرُ ستِوادی
جِتُ ناتے کئویا ہنّس ہوہے ॥

ਨਾਨਕ ਧਨੁ ਧੰਨੁ ਵਡੇ ਵਡਭਾਗੀ
ਜਿਨ੍ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥੪॥੨॥

نانک دھنُ دھنّنُ وڈے وڈبھاگی
جِنّہ گُرمتِ نامُ رِدے مل دھوہے ॥4॥2॥

ਗੂਜਰੀ ਮਹਲਾ ੪ ॥

گوُجری محلا 4 ॥

ਹਰਿ ਜਨ ਊਤਮ ਊਤਮ ਬਾਣੀ
ਮੁਖਿ ਬੋਲਹਿ ਪਰਉਪਕਾਰੇ ॥

ہرِ جن اوُتم اوُتم باٹی
مُکھِ بولہِ پرُپُکارے ॥

ਜੋ ਜਨੁ ਸੁਣੈ ਸਰਧਾ ਭਗਤਿ ਸੇਤੀ
ਕਰਿ ਕਿਰਪਾ ਹਰਿ ਨਿਸਤਾਰੇ ॥੧॥

جو جنُ سُنٹے سردھا بھگتِ سیتی
کرِ کِرپا ہرِ نِستارے ॥1॥

ਰਾਮ ਮੋ ਕਉ ਹਰਿ ਜਨ ਮੇਲਿ ਪਿਆਰੇ ॥

رام مو ک ءُ ہرِ جن میلِ پیارے ॥

ਮੇਰੇ ਪ੍ਰੀਤਮ ਪ੍ਰਾਨ ਸਤਿਗੁਰੁ ਗੁਰੁ ਪੂਰਾ
ਹਮ ਪਾਪੀ ਗੁਰਿ ਨਿਸਤਾਰੇ ॥੧॥ ਰਹਾਉ ॥

میرے پرِیتم پران ستگُرُ گُرُ پوُرا
ہم پاپی گُرِ نِستارے ॥1॥ رہاءُ ॥

ਗੁਰਮੁਖਿ ਵਡਭਾਗੀ ਵਡਭਾਗੇ
ਜਿਨ ਹਰਿ ਹਰਿ ਨਾਮੁ ਅਧਾਰੇ ॥

گُرمُکھِ وڈبھاگی وڈبھاگے
جِن ہرِ ہرِ نامُ ادھارے ॥

ਹਰਿ ਹਰਿ ਅੰਮ੍ਰਿਤੁ ਹਰਿ ਰਸੁ ਪਾਵਹਿ
ਗੁਰਮਤਿ ਭਗਤਿ ਭੰਡਾਰੇ ॥੨॥

ہرِ ہرِ انمرِتُ ہرِ رسُ پاوہِ
گُرمتِ بھگتِ بھنڈارے ॥2॥

ਜਿਨ ਦਰਸਨੁ ਸਤਿਗੁਰ ਸਤ ਪੁਰਖ ਨ ਪਾਇਆ
ਤੇ ਭਾਗਹੀਣ ਜਮਿ ਮਾਰੇ ॥

جِن درسنُ ستگُر ست پُرکھ ن پائیا
تے بھاگہیِنٹ جمِ مارے ॥

ਸੇ ਕੂਕਰ ਸੂਕਰ ਗਰਧਭ ਪਵਹਿ ਗਰਭ ਜੋਨੀ
ਦਯਿ ਮਾਰੇ ਮਹਾ ਹਤਿਆਰੇ ॥੩॥

سے کوُکر سوُکر گردھبھ پوہِ گربھ جونی
دیِ مارے مہا ہتِیارے ॥3॥

ਦੀਨ ਦਇਆਲ ਹੋਹੁ ਜਨ ਊਪਰਿ
ਕਰਿ ਕਿਰਪਾ ਲੇਹੁ ਉਬਾਰੇ ॥

دِین دئیال ہوہُ جن اوُپرِ
کرِ کِرپا لیہُ اُبارے ॥

ਨਾਨਕ ਜਨ ਹਰਿ ਕੀ ਸਰਣਾਈ
ਹਰਿ ਭਾਵੈ ਹਰਿ ਨਿਸਤਾਰੇ ॥੪॥੩॥

نانک جن ہرِ کی سرٹائی
ہرِ بھاوے ہرِ نِستارے ॥4॥3॥

ਗੂਜਰੀ ਮਹਲਾ ੪ ॥

ਹੋਹੁ ਦਇਆਲ ਮੇਰਾ ਮਨੁ ਲਾਵਹੁ
ਹਉ ਅਨਦਿਨੁ ਰਾਮ ਨਾਮੁ ਨਿਤ ਧਿਆਈ ॥

ਸਭਿ ਸੁਖ ਸਭਿ ਗੁਣ ਸਭਿ ਨਿਧਾਨ ਹਰਿ
ਜਿਤੁ ਜਪਿਐ ਦੁਖ ਭੁਖ ਸਭ ਲਹਿ ਜਾਈ ॥੧॥

ਮਨ ਮੇਰੇ
ਮੇਰਾ ਰਾਮ ਨਾਮੁ ਸਖਾ ਹਰਿ ਭਾਈ ॥

ਗੁਰਮਤਿ ਰਾਮ ਨਾਮੁ ਜਸੁ ਗਾਵਾ
ਅੰਤਿ ਬੇਲੀ ਦਰਗਹ ਲਏ ਛਡਾਈ ॥੧॥ ਰਹਾਉ ॥

ਤੂੰ ਆਪੇ ਦਾਤਾ ਪ੍ਰਭੁ ਅੰਤਰਜਾਮੀ
ਕਰਿ ਕਿਰਪਾ ਲੋਚ ਮੇਰੈ ਮਨਿ ਲਾਈ ॥

ਮੈ ਮਨਿ ਤਨਿ ਲੋਚ ਲਗੀ ਹਰਿ ਸੇਤੀ
ਪ੍ਰਭਿ ਲੋਚ ਪੂਰੀ ਸਤਿਗੁਰ ਸਰਣਾਈ ॥੨॥

ਮਾਣਸ ਜਨਮੁ ਪੁੰਨਿ ਕਰਿ ਪਾਇਆ
ਬਿਨੁ ਨਾਵੈ ਧ੍ਰਿਗੁ ਧ੍ਰਿਗੁ ਬਿਰਥਾ ਜਾਈ ॥

ਨਾਮ ਬਿਨਾ ਰਸ ਕਸ ਦੁਖੁ ਖਾਵੈ
ਮੁਖੁ ਫੀਕਾ ਥੁਕ ਥੂਕ ਮੁਖਿ ਪਾਈ ॥੩॥

ਜੋ ਜਨ ਹਰਿ ਪ੍ਰਭ ਹਰਿ ਹਰਿ ਸਰਣਾ
ਤਿਨ ਦਰਗਹ ਹਰਿ ਹਰਿ ਦੇ ਵਡਿਆਈ ॥

ਧੰਨੁ ਧੰਨੁ ਸਾਬਾਸਿ ਕਹੈ ਪ੍ਰਭੁ ਜਨ ਕਉ
ਜਨ ਨਾਨਕ ਮੇਲਿ ਲਏ ਗਲਿ ਲਾਈ ॥੪॥੪॥

ਗੂਜਰੀ ਮਹਲਾ ੪ ॥

ਗੁਰਮੁਖਿ ਸਖੀ ਸਹੇਲੀ ਮੇਰੀ
ਮੋ ਕਉ ਦੇਵਹੁ ਦਾਨੁ ਹਰਿ ਪ੍ਰਾਨ ਜੀਵਾਇਆ ॥

ਹਮ ਹੋਵਹ ਲਾਲੇ ਗੋਲੇ ਗੁਰਸਿਖਾ ਕੇ

گوُجری محلا 4 ॥

ہوہُ دیَیال میرا منُ لاوہُ
ہءُ اندِنُ رام نامُ نِت دھِیائی ॥

سبھِ سُکھ سبھِ گُنؤ سبھِ نِدھان ہرِ
جِتُ جپیَۓ دُکھ بھُکھ سبھ لہِ جائی ॥1॥

من میرے
میرا رام نامُ سکھا ہرِ بھائی ॥

گُرمتِ رام نامُ جسُ گاوا
انَتِ بیلی درگہ لۓ چھڈائی ॥1॥ رہاءُ ॥

توُنّ آپے داتا پرّبھُ انترجامی
کرِ کِرپا لوچ میرے منِ لائی ॥

مے منِ تنِ لوچ لگی ہرِ سیتی
پرّبھِ لوچ پوُری ستِگُر سرٹائی ॥2॥

مانُس جنمُ پُنّنِ کرِ پایَیا
بِنُ ناوے دھرِگُ دھرِگُ برتھا جائی ॥

نام بِنا رس کس دُکھُ کھاوے
مُکھُ پھیکا تھُک تھوُک مُکھِ پائی ॥3॥

جو جن ہرِ پرّبھ ہرِ ہرِ سرٹا
تِن درگہ ہرِ ہرِ دے وڈِیائی ॥

دھنّنُ دھنّنُ ساباسِ کہے پرّبھُ جن کءُ
جن نانک میلِ لۓ گلِ لائی ॥4॥4॥

گوُجری محلا 4 ॥

گُرمُکھِ سکھی سہیلی میری
موکءُ دیوہُ دانُ ہرِ پرّان جیِوائیَا ॥

ہم ہووہ لالے گولے گُرسِکھا کے

ਜਿਨ੍ਹਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ ॥੧॥

ਮੇਰੈ ਮਨਿ ਤਨਿ ਬਿਰਹੁ ਗੁਰਸਿਖ ਪਗ ਲਾਇਆ ॥

ਮੇਰੇ ਪ੍ਰਾਨ ਸਖਾ ਗੁਰ ਕੇ ਸਿਖ ਭਾਈ
ਮੋ ਕਉ ਕਰਹੁ ਉਪਦੇਸੁ ਹਰਿ ਮਿਲੈ ਮਿਲਾਇਆ ॥੧॥
ਰਹਾਉ ॥

ਜਾ ਹਰਿ ਪ੍ਰਭ ਭਾਵੈ ਤਾ ਗੁਰਮੁਖਿ ਮੇਲੇ
ਜਿਨ੍ ਵਚਨ ਗੁਰੂ ਸਤਿਗੁਰ ਮਨਿ ਭਾਇਆ ॥

ਵਡਭਾਗੀ ਗੁਰ ਕੇ ਸਿਖ ਪਿਆਰੇ
ਹਰਿ ਨਿਰਬਾਣੀ ਨਿਰਬਾਣ ਪਦੁ ਪਾਇਆ ॥੨॥

ਸਤਸੰਗਤਿ ਗੁਰ ਕੀ ਹਰਿ ਪਿਆਰੀ
ਜਿਨ ਹਰਿ ਹਰਿ ਨਾਮੁ ਮੀਠਾ ਮਨਿ ਭਾਇਆ ॥

ਜਿਨ ਸਤਿਗੁਰ ਸੰਗਤਿ ਸੰਗੁ ਨ ਪਾਇਆ
ਸੇ ਭਾਗਹੀਣ ਪਾਪੀ ਜਮਿ ਖਾਇਆ ॥੩॥

ਆਪਿ ਕ੍ਰਿਪਾਲੁ ਕ੍ਰਿਪਾ ਪ੍ਰਭੁ ਧਾਰੇ
ਹਰਿ ਆਪੇ ਗੁਰਮੁਖਿ ਮਿਲੈ ਮਿਲਾਇਆ ॥

ਜਨੁ ਨਾਨਕੁ ਬੋਲੇ ਗੁਣ ਬਾਣੀ
ਗੁਰਬਾਣੀ ਹਰਿ ਨਾਮਿ ਸਮਾਇਆ ॥੪॥੫॥

ਗੂਜਰੀ ਮਹਲਾ ੪ ॥

ਜਿਨ ਸਤਿਗੁਰੁ ਪੁਰਖੁ ਜਿਨਿ ਹਰਿ ਪ੍ਰਭੁ ਪਾਇਆ
ਮੋ ਕਉ ਕਰਿ ਉਪਦੇਸੁ ਹਰਿ ਮੀਠ ਲਗਾਵੈ ॥

ਮਨੁ ਤਨੁ ਸੀਤਲੁ ਸਭ ਹਰਿਆ ਹੋਆ
ਵਡਭਾਗੀ ਹਰਿ ਨਾਮੁ ਧਿਆਵੈ ॥੧॥

ਭਾਈ ਰੇ ਮੋ ਕਉ ਕੋਈ ਆਇ ਮਿਲੈ
ਹਰਿ ਨਾਮੁ ਦ੍ਰਿੜਾਵੈ ॥

ਮੇਰੇ ਪ੍ਰੀਤਮ ਪ੍ਰਾਨ ਮਨੁ ਤਨੁ ਸਭੁ ਦੇਵਾ
ਮੇਰੇ ਹਰਿ ਪ੍ਰਭ ਕੀ ਹਰਿ ਕਥਾ ਸੁਨਾਵੈ ॥੧॥ ਰਹਾਉ ॥

جِنہا اندِنُ ہرِ پربھُ پُرکھُ دھِیائِیا ॥1॥

میرے منِ تنِ بِرہُ گُرسِکھ پگ لائِیا ॥

میرے پران سکھا گُر کے سِکھ بھائی
موکءُ کرہُ اُپدیسُ ہرِ مِلے مِلائِیا ॥1॥ رہاءُ ॥

جا ہرِ پربھ بھاوے تا گُرمُکھِ میلے
جِنہ وچن گُرہُ ستِگُر منِ بھائِیا ॥

وڈبھاگی گُر کے سِکھ پِیارے
ہرِ نِربانی نِربانُ پدُ پائِیا ॥2॥

ستسنگتِ گُر کی ہرِ پیاری
جِن ہرِ ہرِ نامُ مِیٹھا منِ بھائِیا ॥

جِن ستِگُر سنگتِ سنگُ ن پائِیا
سے بھاگہِینُ پاپی جمِ کھائِیا ॥3॥

آپِ کرِپالُ کرِپا پربھُ دھارے
ہرِ آپے گُرمُکھِ مِلے مِلائِیا ॥

جنُ نانکُ بولے گُنُ بانی
گُربانی ہرِ نامِ سمائِیا ॥4॥5॥

گوجری محلا 4 ॥

جِن ستِگُرُ پُرکھُ جِنِ ہرِ پربھُ پائِیا
موکءُ کرِ اُپدیسُ ہرِ مِیٹھ لگاوے ॥

منُ تنُ سِیتلُ سبھ ہرِیا ہویا
وڈبھاگی ہرِ نامُ دھِیاوے ॥1॥

بھائی رے موکءُ کوئی آءِ مِلے
ہرِ نامُ دِرڑاوے ॥

میرے پریتم پران منُ تنُ سبھُ دیوا
میرے ہرِ پربھ کی ہرِ کتھا سُناوے ॥1॥ رہاءُ ॥

ਧੀਰਜੁ ਧਰਮੁ ਗੁਰਮਤਿ ਹਰਿ ਪਾਇਆ ਨਿਤ ਹਰਿ ਨਾਮੈ ਹਰਿ ਸਿਉ ਚਿਤੁ ਲਾਵੈ ॥	دھِیرجُ دھرمُ گُرمتِ ہرِ پائِیا نِت ہرِ نامےَ ہرِ سِ ءُ چِتُ لاوےَ ॥
ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥੨॥	انمّرِت بچن ستِگُر کی باٹی جو بولے سو مُکھِ انمّرِتُ پاوےَ ॥2॥
ਨਿਰਮਲੁ ਨਾਮੁ ਜਿਤੁ ਮੈਲੁ ਨ ਲਾਗੈ ਗੁਰਮਤਿ ਨਾਮੁ ਜਪੈ ਲਿਵ ਲਾਵੈ ॥	نِرملُ نامُ جِتُ میَلُ ن لاگے گُرمتِ نامُ جپےَ لِو لاوےَ ॥
ਨਾਮੁ ਪਦਾਰਥੁ ਜਿਨ ਨਰ ਨਹੀ ਪਾਇਆ ਸੇ ਭਾਗਹੀਣ ਮੁਏ ਮਰਿ ਜਾਵੈ ॥੩॥	نامُ پدارتھُ جِن نر نہی پائِیا سے بھاگہیِنٌ مُےَ مرِ جاوےَ ॥3॥
ਆਨਦ ਮੂਲੁ ਜਗਜੀਵਨ ਦਾਤਾ ਸਭ ਜਨ ਕਉ ਅਨਦੁ ਕਰਹੁ ਹਰਿ ਧਿਆਵੈ ॥	آند مُولُ جگجیون داتا سبھ جن کءُ اندُ کرہُ ہرِ دھِیاوےَ ॥
ਤੂੰ ਦਾਤਾ ਜੀਅ ਸਭਿ ਤੇਰੇ ਜਨ ਨਾਨਕ ਗੁਰਮੁਖਿ ਬਖਸਿ ਮਿਲਾਵੈ ॥੪॥੬॥	توُنّ داتا جیء سبھِ تیرے جن نانک گُرمُکھِ بخشِ مِلاوےَ ॥4॥6॥
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਗੂਜਰੀ ਮਹਲਾ ੪ ਘਰੁ ੩ ॥	گوُجری محلا 4 گھرُ 3 ॥
ਮਾਈ ਬਾਪ ਪੁਤ੍ਰ ਸਭਿ ਹਰਿ ਕੇ ਕੀਏ ॥	مائی باپ پُتّر سبھِ ہرِ کے کیِئے ॥
ਸਭਨਾ ਕਉ ਸਨਬੰਧੁ ਹਰਿ ਕਰਿ ਦੀਏ ॥੧॥	سبھنا کءُ سنبندھُ ہرِ کرِ دیِئے ॥1॥
ਹਮਰਾ ਜੋਰੁ ਸਭੁ ਰਹਿਓ ਮੇਰੇ ਬੀਰ ॥	ہمرا زورُ سبھُ رہِئو میرے بیِر ۔ ॥
ਹਰਿ ਕਾ ਤਨੁ ਮਨੁ ਸਭੁ ਹਰਿ ਕੈ ਵਸਿ ਹੈ ਸਰੀਰ ॥੧॥ ਰਹਾਉ ॥	ہرِ کا تنُ منُ سبھُ ہرِ کے وسِ ہے سریر ॥1॥ رہاءُ ॥
ਭਗਤ ਜਨਾ ਕਉ ਸਰਧਾ ਆਪਿ ਹਰਿ ਲਾਈ ॥	بھگت جنا کءُ سردھا آپِ ہرِ لائی ॥
ਵਿਚੇ ਗ੍ਰਿਸਤ ਉਦਾਸ ਰਹਾਈ ॥੨॥	وِچے گرِست اُداس رہائی ॥2॥
ਜਬ ਅੰਤਰਿ ਪ੍ਰੀਤਿ ਹਰਿ ਸਿਉ ਬਨਿ ਆਈ ॥	جب انترِ پرّیتِ ہرِ سِ ءُ بنِ آئی ॥
ਤਬ ਜੋ ਕਿਛੁ ਕਰੇ	تب جو کچھُ کرے

ਸੁ ਮੇਰੇ ਹਰਿ ਪ੍ਰਭ ਭਾਈ ॥੩॥
سُ میرے ہرِ پربھ بھائی ॥3॥

ਜਿਤੁ ਕਾਰੈ ਕੰਮਿ ਹਮ ਹਰਿ ਲਾਏ ॥
جِتُ کارے کنمِ ہم ہرِ لائے ॥

ਸੋ ਹਮ ਕਰਹ ਜੁ ਆਪਿ ਕਰਾਏ ॥੪॥
سو ہم کرہ جُ آپِ کرائے ॥4॥

ਜਿਨ ਕੀ ਭਗਤਿ ਮੇਰੇ ਪ੍ਰਭ ਭਾਈ ॥
جِن کی بھگتِ میرے پربھ بھائی ॥

ਤੇ ਜਨ ਨਾਨਕ ਰਾਮ ਨਾਮ ਲਿਵ ਲਾਈ ॥੫॥੧॥੭॥੧੬॥
تے جن نانک رام نام لِو لائی ॥5॥1॥7॥ 16 ॥

ਗੂਜਰੀ ਮਹਲਾ ੫ ਚਉਪਦੇ ਘਰੁ ੧
گوُجری محلا 5 چئُپدے گھرُ 1

ੴ ਸਤਿਗੁਰ ਪ੍ਰਸਾਦਿ ॥
ੴ ستِگُر پرسادِ ॥

ਕਾਹੇ ਰੇ ਮਨ ਚਿਤਵਹਿ ਉਦਮੁ
ਜਾ ਆਹਰਿ ਹਰਿ ਜੀਉ ਪਰਿਆ ॥
کاہے رے من چِتوہِ اُدمُ
جا آہرِ ہرِ جیِءُ پریا ॥

ਸੈਲ ਪਥਰ ਮਹਿ ਜੰਤ ਉਪਾਏ
ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥
سیَل پتھر مہِ جنّت اُپائے
تا کا رِزقُ آگے کرِ دھریا ॥1॥

ਮੇਰੇ ਮਾਧਉ ਜੀ
ਸਤਸੰਗਤਿ ਮਿਲੇ ਸਿ ਤਰਿਆ ॥
میرے مادھءُ جی
ستسنگتِ ملے سِ تریا ॥

ਗੁਰ ਪਰਸਾਦਿ ਪਰਮ ਪਦੁ ਪਾਇਆ
ਸੂਕੇ ਕਾਸਟ ਹਰਿਆ ॥੧॥ ਰਹਾਉ ॥
گُر پرسادِ پرم پدُ پائیا
سوُکے کاسٹ ہرِیا ॥1॥ رہاءُ ॥

ਜਨਨਿ ਪਿਤਾ ਲੋਕ ਸੁਤ ਬਨਿਤਾ
ਕੋਇ ਨ ਕਿਸ ਕੀ ਧਰਿਆ ॥
جنن پِتا لوک سُت بنِتا
کوءِ ن کِس کی دھریا ॥

ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ
ਕਾਹੇ ਮਨ ਭਉ ਕਰਿਆ ॥੨॥
سِرِ سِرِ رِزقُ سنبّاہے ٹھاکُرُ
کاہے من بھءُ کریا ۔ ॥2॥

ਊਡੈ ਊਡਿ ਆਵੈ ਸੈ ਕੋਸਾ
ਤਿਸੁ ਪਾਛੈ ਬਚਰੇ ਛਰਿਆ ॥
اوُڈے اوُڈِ آوے سے کوسا
تِس پاچھے بچرے چھریا ॥

ਉਨ ਕਵਨੁ ਖਲਾਵੈ ਕਵਨੁ ਚੁਗਾਵੈ
ਮਨ ਮਹਿ ਸਿਮਰਨੁ ਕਰਿਆ ॥੩॥
اُن کونُ کھلاوے کونُ چُگاوے
من مہِ سِمرنُ کریا ॥3॥

ਸਭ ਨਿਧਾਨ ਦਸ ਅਸਟ ਸਿਧਾਨ
ਠਾਕੁਰ ਕਰ ਤਲ ਧਰਿਆ ॥
سبھ نِدھان دس اسٹ سِدھان

ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ
ਤੇਰਾ ਅੰਤੁ ਨ ਪਾਰਾਵਰਿਆ ॥੪॥੧॥

جن نانک بلِ بلِ سد بلِ جائیئے
تیرا انتُ ن پاراورِیا ॥4॥1॥

ਗੂਜਰੀ ਮਹਲਾ ੫ ਚਉਪਦੇ ਘਰੁ ੨

گوُجری محلا 5 چئُپدے گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਕਿਰਿਆਚਾਰ ਕਰਹਿ ਖਟੁ ਕਰਮਾ
ਇਤੁ ਰਾਤੇ ਸੰਸਾਰੀ ॥

کِریاچار کرہِ کھٹُ کرما
اِتُ راتے سنّساری ॥

ਅੰਤਰਿ ਮੈਲੁ ਨ ਉਤਰੈ ਹਉਮੈ
ਬਿਨੁ ਗੁਰ ਬਾਜੀ ਹਾਰੀ ॥੧॥

انترِ میَلُ ن اُترے ہئُمے
بِنُ گُر بازی ہاری ॥1॥

ਮੇਰੇ ਠਾਕੁਰ ਰਖਿ ਲੇਵਹੁ ਕਿਰਪਾ ਧਾਰੀ ॥

میرے ٹھاکُر رکھِ لیوہُ کِرپا دھاری ॥

ਕੋਟਿ ਮਧੇ ਕੋ ਵਿਰਲਾ ਸੇਵਕੁ
ਹੋਰਿ ਸਗਲੇ ਬਿਉਹਾਰੀ ॥੧॥ ਰਹਾਉ ॥

کوٹِ مدھے کو وِرلا سیوکُ
ہورِ سگلے بِہُہاری ॥1॥ رہاءُ ॥

ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ
ਸਭ ਏਕਾ ਬਾਤ ਪੁਕਾਰੀ ॥

ساست بید سِمرّتِ سبھِ سودھے
سبھ ایکا بات پُکاری ॥

ਬਿਨੁ ਗੁਰ ਮੁਕਤਿ ਨ ਕੋਊ ਪਾਵੈ
ਮਨਿ ਵੇਖਹੁ ਕਰਿ ਬੀਚਾਰੀ ॥੨॥

بِنُ گُر مُکتِ ن کوئُو پاوے
منِ ویکھہُ کرِ بیچاری ॥2॥

ਅਠਸਠਿ ਮਜਨੁ ਕਰਿ ਇਸਨਾਨਾ
ਭ੍ਰਮਿ ਆਏ ਧਰ ਸਾਰੀ ॥

اٹھسٹھِ مجنُ کرِ اِسنانا
بھرّمِ آئے دھر ساری ॥

ਅਨਿਕ ਸੋਚ ਕਰਹਿ ਦਿਨ ਰਾਤੀ
ਬਿਨੁ ਸਤਿਗੁਰ ਅੰਧਿਆਰੀ ॥੩॥

انِک سوچ کرہِ دِن راتی
بِنُ ستِگُر اندھِیاری ॥3॥

ਧਾਵਤ ਧਾਵਤ ਸਭੁ ਜਗੁ ਧਾਇਓ
ਅਬ ਆਏ ਹਰਿ ਦੁਆਰੀ ॥

دھاوت دھاوت سبھُ جگُ دھائیئو
اب آئے ہرِ دُیاری ॥

ਦੁਰਮਤਿ ਮੇਟਿ ਬੁਧਿ ਪਰਗਾਸੀ
ਜਨ ਨਾਨਕ ਗੁਰਮੁਖਿ ਤਾਰੀ ॥੪॥੧॥੨॥

دُرمتِ میٹِ بُدھِ پرگاسی
جن نانک گُرمُکھِ تاری ॥4॥1॥2॥

ਗੂਜਰੀ ਮਹਲਾ ੫ ॥

گوُجری محلا 5 ॥

ਹਰਿ ਧਨੁ ਜਾਪ ਹਰਿ ਧਨੁ ਤਾਪ
ਹਰਿ ਧਨੁ ਭੋਜਨੁ ਭਾਇਆ ॥

ہرِ دھنُ جاپ ہرِ دھنُ تاپ
ہرِ دھنُ بھوجنُ بھائیا ॥

ਨਿਮਖ ਨ ਬਿਸਰਉ ਮਨ ਤੇ ਹਰਿ ਹਰਿ
ਸਾਧਸੰਗਤਿ ਮਹਿ ਪਾਇਆ ॥੧॥

نِمکھ ن بِسرءُ من تے ہرِ ہرِ
سادھسنگتِ مہِ پائیا ॥1॥

ਮਾਈ ਖਾਟਿ ਆਇਓ ਘਰਿ ਪੂਤਾ ॥

مائی کھاٹِ آئیو گھرِ پوُتا ॥

ਹਰਿ ਧਨੁ ਚਲਤੇ ਹਰਿ ਧਨੁ ਬੈਸੇ
ਹਰਿ ਧਨੁ ਜਾਗਤ ਸੂਤਾ ॥੧॥ ਰਹਾਉ ॥

ہرِ دھنُ چلتے ہرِ دھنُ بیَسے
ہرِ دھنُ جاگت سوُتا ॥1॥ رہاءُ ॥

ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ
ਹਰਿ ਸੰਗਿ ਲਾਇ ਧਿਆਨਾ ॥

ہرِ دھنُ اِسنانُ ہرِ دھنُ گیانُ
ہرِ سنگِ لاءِ دھیانا ॥

ਹਰਿ ਧਨੁ ਤੁਲਹਾ ਹਰਿ ਧਨੁ ਬੇੜੀ
ਹਰਿ ਹਰਿ ਤਾਰਿ ਪਰਾਨਾ ॥੨॥

ہرِ دھنُ تُلہا ہرِ دھنُ بیڑی
ہرِ ہرِ تارِ پرانا ॥2॥

ਹਰਿ ਧਨ ਮੇਰੀ ਚਿੰਤ ਵਿਸਾਰੀ
ਹਰਿ ਧਨਿ ਲਾਹਿਆ ਧੋਖਾ ॥

ہرِ دھن میری چِنّت وِساری
ہرِ دھنِ لاہِیا دھوکھا ॥

ਹਰਿ ਧਨ ਤੇ ਮੈ ਨਵ ਨਿਧਿ ਪਾਈ
ਹਾਥਿ ਚਰਿਓ ਹਰਿ ਥੋਕਾ ॥੩॥

ہرِ دھن تے مےَ نو نِدھِ پائی
ہاتھِ چرِئو ہرِ تھوکا ॥3॥

ਖਾਵਹੁ ਖਰਚਹੁ ਤੋਟਿ ਨ ਆਵੈ
ਹਲਤ ਪਲਤ ਕੈ ਸੰਗੇ ॥

کھاوہُ خرچہُ توٹِ ن آوے
ہلت پلت کے سنگے ॥

ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ
ਇਹੁ ਮਨੁ ਹਰਿ ਰੰਗਿ ਰੰਗੇ ॥੪॥੨॥੩॥

لادِ خزانا گُرِ نانک کءُ دِیِیا
اِہُ منُ ہرِ رنگِ رنگے ॥4॥2॥3॥

ਗੂਜਰੀ ਮਹਲਾ ੫ ॥

گوُجری محلا 5 ॥

ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ
ਪਿਤਰੀ ਹੋਇ ਉਧਾਰੋ ॥

جِسُ سِمرت سبھِ کِلوِکھ ناسہِ
پِتری ہوءِ اُدھارو ॥

ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ
ਜਾ ਕਾ ਅੰਤੁ ਨ ਪਾਰੋ ॥੧॥

سو ہرِ ہرِ تُمہ سد ہی جاپہُ
جا کا انّتُ ن پارو ॥1॥

ਪੂਤਾ ਮਾਤਾ ਕੀ ਆਸੀਸ ॥

پوُتا ماتا کی آسیِس ॥

ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ
ਸਦਾ ਭਜਹੁ ਜਗਦੀਸ ॥੧॥ ਰਹਾਉ ॥

نِمکھ ن بِسرءُ تُمہ کءُ ہرِ ہرِ
سدا بھجہُ جگدِیس ॥1॥ رہاءُ ॥

ਸਤਿਗੁਰੁ ਤੁਮ੍ ਕਉ ਹੋਇ ਦਇਆਲਾ
ਸੰਤਸੰਗਿ ਤੇਰੀ ਪ੍ਰੀਤਿ ॥

ستِگُرُ تُمہ کءُ ہوءِ دیَیالا
سنّتسنگِ تیری پ٘ریتِ ॥

ਕਾਪੜੁ ਪਤਿ ਪਰਮੇਸਰੁ ਰਾਖੀ
ਭੋਜਨੁ ਕੀਰਤਨੁ ਨੀਤਿ ॥੨॥

کاپڑُ پتِ پرمیسرُ راکھی
بھوجنُ کیرتنُ نِیتِ ॥2॥

ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ
ਹਰਿ ਸਿਮਰਤ ਅਨਦ ਅਨੰਤਾ ॥

انّمرِتُ پیوہُ سدا چِرُ جیوہُ
ہرِ سِمرت اند انتّا ॥

ਰੰਗ ਤਮਾਸਾ ਪੂਰਨ ਆਸਾ
ਕਬਹਿ ਨ ਬਿਆਪੈ ਚਿੰਤਾ ॥੩॥

رنگ تماشا پُورن آسا
کبہِ ن بِیاپے چِنّتا ॥3॥

ਭਵਰੁ ਤੁਮ੍ਾਰਾ ਇਹੁ ਮਨੁ ਹੋਵਉ
ਹਰਿ ਚਰਣਾ ਹੋਹੁ ਕਉਲਾ ॥

بھورُ تُمہّارا اِہُ منُ ہووءُ
ہرِ چرنا ہوہُ کئُلا ॥

ਨਾਨਕ ਦਾਸੁ ਉਨਿ ਸੰਗਿ ਲਪਟਾਇਓ
ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥੪॥੩॥੪॥

نانک داسُ اُنِ سنگِ لپٹائیئو
جِءُ بُوندہِ چاتّرِکُ مئُلا ॥4॥3॥4॥

ਗੂਜਰੀ ਮਹਲਾ ੫ ॥

گُوجری محلا 5 ॥

ਮਤਾ ਕਰੈ ਪਛਮ ਕੈ ਤਾਈ
ਪੂਰਬ ਹੀ ਲੈ ਜਾਤ ॥

متا کرے پچھم کے تائی
پُورب ہی لے جات ॥

ਖਿਨ ਮਹਿ ਥਾਪਿ ਉਥਾਪਨਹਾਰਾ
ਆਪਨ ਹਾਥਿ ਮਤਾਤ ॥੧॥

کھِن مہِ تھاپِ اُتھاپنہارا
آپن ہاتھِ متات ॥1॥

ਸਿਆਨਪ ਕਾਹੂ ਕਾਮਿ ਨ ਆਤ ॥

سِیانپ کاہوُ کامِ ن آت ॥

ਜੋ ਅਨਰੂਪਿਓ ਠਾਕੁਰਿ ਮੇਰੈ
ਹੋਇ ਰਹੀ ਉਹ ਬਾਤ ॥੧॥ ਰਹਾਉ ॥

جو انروُپیئو ٹھاکُرِ میرے
ہوءِ رہی اُہ بات ॥1॥ رہاءُ ॥

ਦੇਸੁ ਕਮਾਵਨ ਧਨ ਜੋਰਨ ਕੀ ਮਨਸਾ
ਬੀਚੇ ਨਿਕਸੇ ਸਾਸ ॥

دیسُ کماون دھن جورن کی منسا
بیچے نِکسے ساس ॥

ਲਸਕਰ ਨੇਬ ਖਵਾਸ ਸਭ ਤਿਆਗੇ

لشکر نیب خواس سبھ تِیاگے

ਜਮ ਪੁਰਿ ਊਠਿ ਸਿਧਾਸ ॥੨॥

جم پُر اوٹھِ سِدھاس ॥2॥

ਹੋਇ ਅਨੰਨਿ ਮਨਹਠ ਕੀ ਦ੍ਰਿੜਤਾ
ਆਪਸ ਕਉ ਜਾਨਾਤ ॥

ہوءِ اننّنِ منہٹھ کی دڑِڑتا
آپس کءُ جانات ॥

ਜੋ ਅਨਿੰਦੁ ਨਿੰਦੁ ਕਰਿ ਛੋਡਿਓ
ਸੋਈ ਫਿਰਿ ਫਿਰਿ ਖਾਤ ॥੩॥

جو انِندُ نِندُ کرِ چھوڈِئو
سوئی پھِرِ پھِرِ کھات ॥3॥

ਸਹਜ ਸੁਭਾਇ ਭਏ ਕਿਰਪਾਲਾ
ਤਿਸੁ ਜਨ ਕੀ ਕਾਟੀ ਫਾਸ ॥

سہج سُبھاءِ بھئے کِرپالا
تِسُ جن کی کاٹی پھاس ॥

ਕਹੁ ਨਾਨਕ ਗੁਰੁ ਪੂਰਾ ਭੇਟਿਆ
ਪਰਵਾਣੁ ਗਿਰਸਤ ਉਦਾਸ ॥੪॥੪॥੫॥

کہُ نانک گُرُ پوُرا بھیٹیا
پرواڻُ گِرست اُداس ॥4॥4॥5॥

ਗੂਜਰੀ ਮਹਲਾ ੫ ॥

گوُجری محلا 5 ॥

ਨਾਮੁ ਨਿਧਾਨੁ ਜਿਨਿ ਜਨਿ ਜਪਿਓ
ਤਿਨ ਕੇ ਬੰਧਨ ਕਾਟੇ ॥

نامُ نِدھانُ جِنِ جنِ جپِئو
تِن کے بنّدھن کاٹے ॥

ਕਾਮ ਕ੍ਰੋਧ ਮਾਇਆ ਬਿਖੁ ਮਮਤਾ
ਇਹ ਬਿਆਧਿ ਤੇ ਹਾਟੇ ॥੧॥

کام کّرودھ مائیا بِکھُ ممتا
اِہ بِیادھِ تے ہاٹے ॥1॥

ਹਰਿ ਜਸੁ ਸਾਧਸੰਗਿ ਮਿਲਿ ਗਾਇਓ ॥

ہرِ جسُ سادھسنگِ مِلِ گائِئو ॥

ਗੁਰ ਪਰਸਾਦਿ ਭਇਓ ਮਨੁ ਨਿਰਮਲੁ
ਸਰਬ ਸੁਖਾ ਸੁਖ ਪਾਇਅਉ ॥੧॥ ਰਹਾਉ ॥

گُر پرسادِ بھِئئو منُ نِرملُ
سرب سُکھا سُکھ پائِئءُ ॥1॥ رہاءُ ॥

ਜੋ ਕਿਛੁ ਕੀਓ ਸੋਈ ਭਲ ਮਾਨੈ
ਐਸੀ ਭਗਤਿ ਕਮਾਨੀ ॥

جو کِچھُ کِیئو سوئی بھل مانے
ایَسی بھگتِ کمانی ॥

ਮਿਤ੍ਰ ਸਤ੍ਰੁ ਸਭ ਏਕ ਸਮਾਨੇ
ਜੋਗ ਜੁਗਤਿ ਨੀਸਾਨੀ ॥੨॥

مِتّر ستّرُ سبھ ایک سمانے
جوگ جُگتِ نِیشانی ॥2॥

ਪੂਰਨ ਪੂਰਿ ਰਹਿਓ ਸ੍ਰਬ ਥਾਈ
ਆਨ ਨ ਕਤਹੂੰ ਜਾਤਾ ॥

پوُرن پوُرِ رہِئو سّرب تھائی
آن ن کتہوُنّ جاتا ॥

ਘਟ ਘਟ ਅੰਤਰਿ ਸਰਬ ਨਿਰੰਤਰਿ
ਰੰਗਿ ਰਵਿਓ ਰੰਗਿ ਰਾਤਾ ॥੩॥

گھٹ گھٹ انّترِ سرب نِرنّترِ
رنگِ روِئو رنگِ راتا ॥3॥

ਭਏ ਕ੍ਰਿਪਾਲ ਦਇਆਲ ਗੁਪਾਲਾ
ਤਾ ਨਿਰਭੈ ਕੈ ਘਰਿ ਆਇਆ ॥

ਕਲਿ ਕਲੇਸ ਮਿਟੇ ਖਿਨ ਭੀਤਰਿ
ਨਾਨਕ ਸਹਜਿ ਸਮਾਇਆ ॥੪॥੫॥੬॥

ਗੂਜਰੀ ਮਹਲਾ ੫ ॥

ਜਿਸੁ ਮਾਨੁਖ ਪਹਿ ਕਰਉ ਬੇਨਤੀ
ਸੋ ਅਪਨੈ ਦੁਖਿ ਭਰਿਆ ॥

ਪਾਰਬ੍ਰਹਮੁ ਜਿਨਿ ਰਿਦੈ ਅਰਾਧਿਆ
ਤਿਨਿ ਭਉ ਸਾਗਰੁ ਤਰਿਆ ॥੧॥

ਗੁਰ ਹਰਿ ਬਿਨੁ
ਕੋ ਨ ਬ੍ਰਿਥਾ ਦੁਖੁ ਕਾਟੈ ॥

ਪ੍ਰਭੁ ਤਜਿ ਅਵਰ ਸੇਵਕੁ ਜੇ ਹੋਈ ਹੈ
ਤਿਤੁ ਮਾਨੁ ਮਹਤੁ ਜਸੁ ਘਾਟੈ ॥੧॥ ਰਹਾਉ ॥

ਮਾਇਆ ਕੇ ਸਨਬੰਧ ਸੈਨ ਸਾਕ
ਕਿਤ ਹੀ ਕਾਮਿ ਨ ਆਇਆ ॥

ਹਰਿ ਕਾ ਦਾਸੁ ਨੀਚ ਕੁਲੁ ਊਚਾ
ਤਿਸੁ ਸੰਗਿ ਮਨ ਬਾਂਛਤ ਫਲ ਪਾਇਆ ॥੨॥

ਲਾਖ ਕੋਟਿ ਬਿਖਿਆ ਕੇ ਬਿੰਜਨ
ਤਾ ਮਹਿ ਤ੍ਰਿਸਨ ਨ ਬੂਝੀ ॥

ਸਿਮਰਤ ਨਾਮੁ ਕੋਟਿ ਉਜੀਆਰਾ
ਬਸਤੁ ਅਗੋਚਰ ਸੂਝੀ ॥੩॥

ਫਿਰਤ ਫਿਰਤ ਤੁਮ੍ਰੈ ਦੁਆਰਿ ਆਇਆ
ਭੈ ਭੰਜਨ ਹਰਿ ਰਾਇਆ ॥

ਸਾਧ ਕੇ ਚਰਨ ਧੂਰਿ ਜਨੁ ਬਾਛੈ
ਸੁਖੁ ਨਾਨਕ ਇਹੁ ਪਾਇਆ ॥੪॥੬॥੭॥

بھئے کرپال دئیال گُپالا
تا نربھے کے گھرِ آئیا ॥

کلِ کلیس مِٹے کھِن بھیترِ
نانک سہجِ سمائیا ॥4॥5॥6॥

گوُجری محلا 5 ॥

جِس مانکھ پہِ کرءُ بینتی
سو اپنے دُکھِ بھریا ॥

پاربرہمُ جِنِ ردے ارادھیا
تِنِ بھءُ ساگرُ تریا ॥1॥

گُر ہرِ بِنُ
کو ن برِتھا دُکھُ کاٹے ॥

پربھُ تجِ اور سیوکُ جے ہوئی ہے
تِتُ مانُ مہتُ جسُ گھاٹے ॥1॥ رہاءُ ॥

مائیا کے سنبندھ سین ساک
کِت ہی کامِ ن آئیا ॥

ہرِ کا داسُ نیچ کُلُ اوُچا
تِس سنگِ من بانچھت پھل پائیا ॥2॥

لاکھ کوٹِ بِکھیا کے بنجن
تا مہِ ترِسن ن بوُجھی ॥

سِمرت نامُ کوٹِ اُجیارا
بستُ اگوچر سوُجھی ॥3॥

پھِرت پھِرت تُمہرے دُیارِ آئیا
بھے بھنجن ہرِ رائیا ॥

سادھ کے چرن دھوُرِ جنُ باچھے
سُکھُ نانک اِہُ پائیا ॥4॥6॥7॥

ਗੂਜਰੀ ਮਹਲਾ ੫ ਪੰਚਪਦਾ ਘਰੁ ੨

گوُجری محلا 5 پنچپدا گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਪ੍ਰਥਮੇ ਗਰਭ ਮਾਤਾ ਕੈ ਵਾਸਾ
ਊਹਾ ਛੋਡਿ ਧਰਨਿ ਮਹਿ ਆਇਆ ॥

پرّتھمے گربھ ماتا کے واسا
اوُہا چھوڈِ دھرنِ مہِ آئیا ॥

ਚਿਤ੍ਰ ਸਾਲ ਸੁੰਦਰ ਬਾਗ ਮੰਦਰ
ਸੰਗਿ ਨ ਕਛਹੂ ਜਾਇਆ ॥੧॥

چِتّر سالِ سُندر باغ مندر
سنگِ ن کچھہوُ جائیا ॥1॥

ਅਵਰ ਸਭ ਮਿਥਿਆ ਲੋਭ ਲਬੀ ॥

اور سبھ مِتھیا لوبھ لبی ॥

ਗੁਰਿ ਪੂਰੈ ਦੀਓ ਹਰਿ ਨਾਮਾ
ਜੀਅ ਕਉ ਏਹਾ ਵਸਤੁ ਫਬੀ ॥੧॥ ਰਹਾਉ ॥

گُرِ پوُرے دیئو ہرِ نامًا
جیء کءُ ایہا وستُ پھبی ॥1॥ رہاءُ ॥

ਇਸਟ ਮੀਤ ਬੰਧਪ ਸੁਤ ਭਾਈ
ਸੰਗਿ ਬਨਿਤਾ ਰਚਿ ਹਸਿਆ ॥

اِسٹ میت بندھپ سُت بھائی
سنگِ بنِتا رچِ ہسِیا ॥

ਜਬ ਅੰਤੀ ਅਉਸਰੁ ਆਇ ਬਨਿਓ ਹੈ
ਉਨ੍ਹ ਪੇਖਤ ਹੀ ਕਾਲਿ ਗ੍ਰਸਿਆ ॥੨॥

جب انّتی اُسرُ آءِ بنِئو ہے
اُنّہ پیکھت ہی کالِ گرّسِیا ॥2॥

ਕਰਿ ਕਰਿ ਅਨਰਥ ਬਿਹਾਝੀ ਸੰਪੈ
ਸੁਇਨਾ ਰੂਪਾ ਦਾਮਾ ॥

کرِ کرِ انرتھ بِہاجھی سنّپے
سُنّا روُپا داما ॥

ਭਾੜੀ ਕਉ ਓਹੁ ਭਾੜਾ ਮਿਲਿਆ
ਹੋਰੁ ਸਗਲ ਭਇਓ ਬਿਰਾਨਾ ॥੩॥

بھاڑی کءُ اوہُ بھاڑا مِلیا
ہورُ سگل بھئِئو برانا ॥3॥

ਹੈਵਰ ਗੈਵਰ ਰਥ ਸੰਬਾਹੇ
ਗਹੁ ਕਰਿ ਕੀਨੇ ਮੇਰੇ ॥

ہیَور گیَور رتھ سنّباہے
گہُ کرِ کینے میرے ॥

ਜਬ ਤੇ ਹੋਈ ਲਾਂਮੀ ਧਾਈ
ਚਲਹਿ ਨਾਹੀ ਇਕ ਪੈਰੇ ॥੪॥

جب تے ہوئی لانمی دھائی
چلہِ ناہی اِک پیَرے ॥4॥

ਨਾਮੁ ਧਨੁ ਨਾਮੁ ਸੁਖ ਰਾਜਾ
ਨਾਮੁ ਕੁਟੰਬ ਸਹਾਈ ॥

نامُ دھنُ نامُ سُکھ راجا
نامُ کُٹنّب سہائی ॥

ਨਾਮੁ ਸੰਪਤਿ ਗੁਰਿ ਨਾਨਕ ਕਉ ਦੀਈ
ਓਹ ਮਰੈ ਨ ਆਵੈ ਜਾਈ ॥੫॥੧॥੮॥

نامُ سنّپتِ گُرِ نانک کءُ دیئی
اوہ مرے ن آوے جائی ॥5॥1॥8॥

ਗੂਜਰੀ ਮਹਲਾ ੫ ਤਿਪਦੇ ਘਰੁ ੨

گوُجری محلا 5 تِپدے گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਦੁਖ ਬਿਨਸੇ ਸੁਖ ਕੀਆ ਨਿਵਾਸਾ
ਤ੍ਰਿਸਨਾ ਜਲਨਿ ਬੁਝਾਈ ॥

دُکھ بِنسے سُکھ کِیا نِواسا
ترِسنا جلنِ بُجھائی ॥

ਨਾਮੁ ਨਿਧਾਨੁ ਸਤਿਗੁਰੂ ਦ੍ਰਿੜਾਇਆ
ਬਿਨਸਿ ਨ ਆਵੈ ਜਾਈ ॥੧॥

نامُ نِدھانُ ستِگُرو دڑِڑائیا
بِنسِ ن آوے جائی ॥1॥

ਹਰਿ ਜਪਿ ਮਾਇਆ ਬੰਧਨ ਤੂਟੇ ॥

ہرِ جپِ مائیا بندھن توٹے ॥

ਭਏ ਕ੍ਰਿਪਾਲ ਦਇਆਲ ਪ੍ਰਭ ਮੇਰੇ
ਸਾਧਸੰਗਤਿ ਮਿਲਿ ਛੂਟੇ ॥੧॥ ਰਹਾਉ ॥

بھئے کرِپال دئیال پربھ میرے
سادھسنگتِ مِلِ چھوٹے ॥1॥ رہاءُ ॥

ਆਠ ਪਹਰ ਹਰਿ ਕੇ ਗੁਨ ਗਾਵੈ
ਭਗਤਿ ਪ੍ਰੇਮ ਰਸਿ ਮਾਤਾ ॥

آٹھ پہر ہرِ کے گُن گاوے
بھگتِ پریم رسِ ماتا ॥

ਹਰਖ ਸੋਗ ਦੁਹੁ ਮਾਹਿ ਨਿਰਾਲਾ
ਕਰਣੈਹਾਰੁ ਪਛਾਤਾ ॥੨॥

ہرکھ سوگ دُہُ ماہِ نِرالا
کرتیہارُ پچھاتا ॥2॥

ਜਿਸ ਕਾ ਸਾ ਤਿਨ ਹੀ ਰਖਿ ਲੀਆ
ਸਗਲ ਜੁਗਤਿ ਬਣਿ ਆਈ ॥

جِس کا سا تِن ہی رکھِ لِیا
سگل جُگتِ بنِ آئی ॥

ਕਹੁ ਨਾਨਕ ਪ੍ਰਭ ਪੁਰਖ ਦਇਆਲਾ
ਕੀਮਤਿ ਕਹਣੁ ਨ ਜਾਈ ॥੩॥੧॥੯॥

کہُ نانک پربھ پُرکھ دئیالا
قِیمتِ کہنُ ن جائی ॥3॥1॥9॥

ਗੂਜਰੀ ਮਹਲਾ ੫ ਦੁਪਦੇ ਘਰੁ ੨

گوُجری محلا 5 دُپدے گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਪਤਿਤ ਪਵਿਤ੍ਰ ਲੀਏ ਕਰਿ ਅਪੁਨੇ
ਸਗਲ ਕਰਤ ਨਮਸਕਾਰੋ ॥

پتِت پوِتّر لیئے کرِ اپُنے
سگل کرت نمسکارو ॥

ਬਰਨੁ ਜਾਤਿ ਕੋਊ ਪੂਛੈ ਨਾਹੀ
ਬਾਛਹਿ ਚਰਨ ਰਵਾਰੋ ॥੧॥

برنُ زاتِ کوئُو پُوچھے ناہی
باچھہِ چرن روارو ॥1॥

ਠਾਕੁਰ ਐਸੋ ਨਾਮੁ ਤੁਮ੍ਹਾਰੋ ॥

ٹھاکُر ایَسو نامُ تُمہارو ॥

ਸਗਲ ਸ੍ਰਿਸਟਿ ਕੋ ਧਣੀ ਕਹੀਜੈ

سگل سرِسٹِ کو دھنی کہیجے

ਜਨ ਕੋ ਅੰਗੁ ਨਿਰਾਰੋ ॥੧॥ ਰਹਾਉ ॥

جن کو انگُ نِرارو ॥1॥ رہاءُ ॥

ਸਾਧਸੰਗਿ ਨਾਨਕ ਬੁਧਿ ਪਾਈ
ਹਰਿ ਕੀਰਤਨੁ ਆਧਾਰੋ ॥

سادھسنگِ نانک بُدھِ پائی
ہرِ کیرتنُ آدھارو ॥

ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ
ਮੁਕਤਿ ਭਇਓ ਚੰਮਿਆਰੋ ॥੨॥੧॥੧੦॥

نامدیءُ ترِلوچنُ کبیر داسرو
مُکتِ بھیئو چنمیارو ॥2॥1॥ 10 ॥

ਗੂਜਰੀ ਮਹਲਾ ੫ ॥

گوُجری محلا 5 ॥

ਹੈ ਨਾਹੀ ਕੋਊ ਬੂਝਨਹਾਰੋ
ਜਾਨੈ ਕਵਨੁ ਭਤਾ ॥

ہے ناہی کوئوُ بوُجھنہارو
جانے کونُ بھتا ۔ ॥

ਸਿਵ ਬਿਰੰਚਿ ਅਰੁ ਸਗਲ ਮੋਨਿ ਜਨ
ਗਹਿ ਨ ਸਕਾਹਿ ਗਤਾ ॥੧॥

سِو برنچِ ارُ سگل مونِ جن
گہِ ن سکاہِ گتا ॥1॥

ਪ੍ਰਭ ਕੀ ਅਗਮ ਅਗਾਧਿ ਕਥਾ ॥

پربھ کی اگم اگادھِ کتھا ॥

ਸੁਨੀਐ ਅਵਰ ਅਵਰ ਬਿਧਿ ਬੁਝੀਐ
ਬਕਨ ਕਥਨ ਰਹਤਾ ॥੧॥ ਰਹਾਉ ॥

سُنیئے اور اور بِدھِ بُجھیئے
بکن کتھن رہتا ॥1॥ رہاءُ ॥

ਆਪੇ ਭਗਤਾ ਆਪਿ ਸੁਆਮੀ
ਆਪਨ ਸੰਗਿ ਰਤਾ ॥

آپے بھگتا آپِ سُیامی
آپن سنگِ رتا ॥

ਨਾਨਕ ਕੋ ਪ੍ਰਭੁ ਪੂਰਿ ਰਹਿਓ ਹੈ
ਪੇਖਿਓ ਜਤ੍ਰ ਕਤਾ ॥੨॥੨॥੧੧॥

نانک کو پربھُ پوُرِ رہئو ہے
پیکھیئو جتّر کتا ॥2॥2॥ 11 ॥

ਗੂਜਰੀ ਮਹਲਾ ੫ ॥

گوُجری محلا 5 ॥

ਮਤਾ ਮਸੂਰਤਿ ਅਵਰ ਸਿਆਨਪ
ਜਨ ਕਉ ਕਛੂ ਨ ਆਇਓ ॥

متا مسوُرتِ اور سِیانپ
جن کءُ کچھوُ ن آئیو ॥

ਜਹ ਜਹ ਅਉਸਰੁ ਆਇ ਬਨਿਓ ਹੈ
ਤਹਾ ਤਹਾ ਹਰਿ ਧਿਆਇਓ ॥੧॥

جہ جہ اُسرُ آءِ بنیو ہے
تہا تہا ہرِ دھیائیو ॥1॥

ਪ੍ਰਭ ਕੋ ਭਗਤਿ ਵਛਲੁ ਬਿਰਦਾਇਓ ॥

پربھ کو بھگتِ وچھلُ بِردائیو ॥

ਕਰੇ ਪ੍ਰਤਿਪਾਲ ਬਾਰਿਕ ਕੀ ਨਿਆਈ
ਜਨ ਕਉ ਲਾਡ ਲਡਾਇਓ ॥੧॥ ਰਹਾਉ ॥

کرے پرتپال بارِک کی نِیائی
جن کءُ لاڈ لڈائیو ॥1॥ رہاءُ ॥

ਜਪ ਤਪ ਸੰਜਮ ਕਰਮ ਧਰਮ
ਹਰਿ ਕੀਰਤਨੁ ਜਨਿ ਗਾਇਓ ॥

جپ تپ سنجم کرم دھرم
ہرِ کیرتنُ جنِ گائیو ॥

ਸਰਨਿ ਪਰਿਓ ਨਾਨਕ ਠਾਕੁਰ ਕੀ
ਅਭੈ ਦਾਨੁ ਸੁਖੁ ਪਾਇਓ ॥੨॥੩॥੧੨॥

سرنِ پریو نانک ٹھاکُر کی
ابھےَ دانُ سُکھُ پائیو ॥2॥3॥ 12 ॥

ਗੂਜਰੀ ਮਹਲਾ ੫ ॥

گوُجری محلا 5 ॥

ਦਿਨੁ ਰਾਤੀ ਆਰਾਧਹੁ ਪਿਆਰੋ
ਨਿਮਖ ਨ ਕੀਜੈ ਢੀਲਾ ॥

دِنُ راتی آرادھہُ پیارو
نِمکھ ن کیجےَ ڈھیلا ॥

ਸੰਤ ਸੇਵਾ ਕਰਿ ਭਾਵਨੀ ਲਾਈਐ
ਤਿਆਗਿ ਮਾਨੁ ਹਾਠੀਲਾ ॥੧॥

سنّت سیوا کرِ بھاونی لائیےَ
تِیاگِ مانُ ہاٹھیلا ॥1॥

ਮੋਹਨੁ ਪ੍ਰਾਨ ਮਾਨ ਰਾਗੀਲਾ ॥

موہنُ پّران مان راگیلا ॥

ਬਾਸਿ ਰਹਿਓ ਹੀਅਰੇ ਕੈ ਸੰਗੇ
ਪੇਖਿ ਮੋਹਿਓ ਮਨੁ ਲੀਲਾ ॥੧॥ ਰਹਾਉ ॥

باسِ رہیئو ہیئرے کے سنگے
پیکھِ موہیئو منُ لیلا ॥1॥ رہاءُ ॥

ਜਿਸੁ ਸਿਮਰਤ ਮਨਿ ਹੋਤ ਅਨੰਦਾ
ਉਤਰੈ ਮਨਹੁ ਜੰਗੀਲਾ ॥

جِسُ سِمرت منِ ہوت انندا
اُترےَ منہُ جنگیلا ॥

ਮਿਲਬੇ ਕੀ ਮਹਿਮਾ ਬਰਨਿ ਨ ਸਾਕਉ
ਨਾਨਕ ਪਰੈ ਪਰੀਲਾ ॥੨॥੪॥੧੩॥

مِلبے کی مہما برنِ ن ساکءُ
نانک پرےَ پریلا ॥2॥4॥ 13 ॥

ਗੂਜਰੀ ਮਹਲਾ ੫ ॥

گوُجری محلا 5 ॥

ਮੁਨਿ ਜੋਗੀ ਸਾਸਤ੍ਰਗਿ ਕਹਾਵਤ
ਸਭ ਕੀਨੇ ਬਸਿ ਅਪਨਹੀ ॥

مُنِ جوگی ساستّرگِ کہاوت
سبھ کینّہے بسِ اپنہی ॥

ਤੀਨਿ ਦੇਵ ਅਰੁ ਕੋੜਿ ਤੇਤੀਸਾ
ਤਿਨ ਕੀ ਹੈਰਤਿ ਕਛੁ ਨ ਰਹੀ ॥੧॥

تِنِ دیو ارُ کوڑِ تیتیسا
تِن کی حیرَتِ کچھُ ن رہی ॥1॥

ਬਲਵੰਤਿ ਬਿਆਪਿ ਰਹੀ ਸਭ ਮਹੀ ॥

بلونّتِ بیاپِ رہی سبھ مہی ॥

ਅਵਰੁ ਨ ਜਾਨਸਿ ਕੋਊ ਮਰਮਾ
ਗੁਰ ਕਿਰਪਾ ਤੇ ਲਹੀ ॥੧॥ ਰਹਾਉ ॥

اورُ ن جانسِ کوئوُ مرما
گُر کِرپا تے لہی ॥1॥ رہاءُ ॥

ਜੀਤਿ ਜੀਤਿ ਜੀਤੇ ਸਭਿ ਥਾਨਾ

جیتِ جیتِ جیتے سبھِ تھانا

ਸਗਲ ਭਵਨ ਲਪਟਹੀ ॥

سگل بھون لپٹہی ॥

ਕਹੁ ਨਾਨਕ ਸਾਧ ਤੇ ਭਾਗੀ
ਹੋਇ ਚੇਰੀ ਚਰਨ ਗਹੀ ॥੨॥੫॥੧੪॥

کہُ نانک سادھ تے بھاگی
ہوءِ چیری چرن گہی ॥2॥5॥ 14 ॥

ਗੂਜਰੀ ਮਹਲਾ ੫ ॥

گوُجری محلا 5 ॥

ਦੁਇ ਕਰ ਜੋੜਿ ਕਰੀ ਬੇਨੰਤੀ
ਠਾਕੁਰੁ ਅਪਨਾ ਧਿਆਇਆ ॥

دُءِ کر جوڑِ کری بینتی
ٹھاکُرُ اپنا دھیائیا ॥

ਹਾਥ ਦੇਇ ਰਾਖੇ ਪਰਮੇਸਰਿ
ਸਗਲਾ ਦੁਰਤੁ ਮਿਟਾਇਆ ॥੧॥

ہاتھ دےءِ راکھے پریسرِ
سگلا دُرتُ مِٹائیا ॥1॥

ਠਾਕੁਰ ਹੋਏ ਆਪਿ ਦਇਆਲ ॥

ٹھاکُر ہوئے آپِ دئیال ॥

ਭਈ ਕਲਿਆਣ ਆਨੰਦ ਰੂਪ ਹੁਈ ਹੈ
ਉਬਰੇ ਬਾਲ ਗੁਪਾਲ ॥੧॥ ਰਹਾਉ ॥

بھئی کلیاںٹ آنند روُپ ہُئی ہے
اُبرے بال گُپال ॥1॥ رہاءُ ॥

ਮਿਲਿ ਵਰ ਨਾਰੀ ਮੰਗਲੁ ਗਾਇਆ
ਠਾਕੁਰ ਕਾ ਜੈਕਾਰੁ ॥

مِلِ ور ناری منگلُ گائیا
ٹھاکُر کا جیَکارُ ॥

ਕਹੁ ਨਾਨਕ ਤਿਸੁ ਗੁਰ ਬਲਿਹਾਰੀ
ਜਿਨਿ ਸਭ ਕਾ ਕੀਆ ਉਧਾਰੁ ॥੨॥੬॥੧੫॥

کہُ نانک تِسُ گُر بلِہاری
جِنِ سبھ کا کِیا اُدھارُ ॥2॥6॥ 15 ॥

ਗੂਜਰੀ ਮਹਲਾ ੫ ॥

گوُجری محلا 5 ॥

ਮਾਤ ਪਿਤਾ ਭਾਈ ਸੁਤ ਬੰਧਪ
ਤਿਨ ਕਾ ਬਲੁ ਹੈ ਥੋਰਾ ॥

مات پِتا بھائی سُت بنّدھپ
تِن کا بلُ ہے تھورا ॥

ਅਨਿਕ ਰੰਗ ਮਾਇਆ ਕੇ ਪੇਖੇ
ਕਿਛੁ ਸਾਥਿ ਨ ਚਾਲੈ ਭੋਰਾ ॥੧॥

اَنِک رنگ مائیا کے پیکھے
کِچھُ ساتھِ ن چالے بھورا ॥1॥

ਠਾਕੁਰ ਤੁਝ ਬਿਨੁ ਆਹਿ ਨ ਮੋਰਾ ॥

ٹھاکُر تُجھ بِنُ آہِ ن مورا ॥

ਮੋਹਿ ਅਨਾਥ ਨਿਰਗੁਨ ਗੁਣੁ ਨਾਹੀ
ਮੈ ਆਹਿਓ ਤੁਮ੍ਹਰਾ ਧੋਰਾ ॥੧॥ ਰਹਾਉ ॥

موہِ اناتھ نِرگُن گُنُ ناہی
مے آہِئو تُمّہرا دھورا ॥1॥ رہاءُ ॥

ਬਲਿ ਬਲਿ ਬਲਿ ਬਲਿ ਚਰਣ ਤੁਮ੍ਹਾਰੇ
ਈਹਾ ਊਹਾ ਤੁਮ੍ਹਾਰਾ ਜੋਰਾ ॥

بلِ بلِ بلِ بلِ چرنٹ تُمّہارے
ایہا اوُہا تُمّہارا جورا ॥

ਸਾਧਸੰਗਿ ਨਾਨਕ ਦਰਸੁ ਪਾਇਓ
ਬਿਨਸਿਓ ਸਗਲ ਨਿਹੋਰਾ ॥੨॥੭॥੧੬॥

ساد ھسنگِ نانک درسُ پائیئو
بِنسیئو سگل نِہورا ॥2॥7॥ 16 ॥

ਗੂਜਰੀ ਮਹਲਾ ੫ ॥

گوُجری محلا 5 ॥

ਆਲ ਜਾਲ ਭ੍ਰਮ ਮੋਹ ਤਜਾਵੈ
ਪ੍ਰਭ ਸੇਤੀ ਰੰਗੁ ਲਾਈ ॥

آل جال بھرم موہ تجاوے
پربھ سیتی رنگُ لائی ॥

ਮਨ ਕਉ ਇਹ ਉਪਦੇਸੁ ਦ੍ਰਿੜਾਵੈ
ਸਹਜਿ ਸਹਜਿ ਗੁਣ ਗਾਈ ॥੧॥

من کءُ اِہ اُپدیسُ دڑاوے
سہجِ سہجِ گُن گائی ॥1॥

ਸਾਜਨ ਐਸੋ ਸੰਤੁ ਸਹਾਈ ॥

ساجن ایسو سنتُ سہائی ॥

ਜਿਸੁ ਭੇਟੇ ਤੂਟਹਿ ਮਾਇਆ ਬੰਧ
ਬਿਸਰਿ ਨ ਕਬਹੂੰ ਜਾਈ ॥੧॥ ਰਹਾਉ ॥

جِسُ بھیٹے توٹہِ مائیا بندھ
بِسرِ ن کبہوُنَ جائی ॥1॥ رہاءُ ॥

ਕਰਤ ਕਰਤ ਅਨਿਕ ਬਹੁ ਭਾਤੀ
ਨੀਕੀ ਇਹ ਠਹਰਾਈ ॥

کرت کرت اِنک بہُ بھاتی
نیکی اِہ ٹھہرائی ॥

ਮਿਲਿ ਸਾਧੂ ਹਰਿ ਜਸੁ ਗਾਵੈ ਨਾਨਕ
ਭਵਜਲੁ ਪਾਰਿ ਪਰਾਈ ॥੨॥੮॥੧੭॥

مِلِ سادھوُ ہرِ جسُ گاوے نانک
بھوجلُ پارِ پرائی ॥2॥8॥ 17 ॥

ਗੂਜਰੀ ਮਹਲਾ ੫ ॥

گوُجری محلا 5 ॥

ਖਿਨ ਮਹਿ ਥਾਪਿ ਉਥਾਪਨਹਾਰਾ
ਕੀਮਤਿ ਜਾਇ ਨ ਕਰੀ ॥

کھِن مہِ تھاپِ اُتھاپنہارا
قِیمتِ جاءِ ن کری ॥

ਰਾਜਾ ਰੰਕੁ ਕਰੈ ਖਿਨ ਭੀਤਰਿ
ਨੀਚਹ ਜੋਤਿ ਧਰੀ ॥੧॥

راجا رنکُ کرے کھِن بھیترِ
نیچہ جوتِ دھری ॥1॥

ਧਿਆਈਐ ਅਪਨੋ ਸਦਾ ਹਰੀ ॥

دھیائیئے اپنو سدا ہری ॥

ਸੋਚ ਅੰਦੇਸਾ ਤਾ ਕਾ ਕਹਾ ਕਰੀਐ
ਜਾ ਮਹਿ ਏਕ ਘਰੀ ॥੧॥ ਰਹਾਉ ॥

سوچ اندیسا تا کا کہا کریئے
جا مہِ ایک گھری ॥1॥ رہاءُ ॥

ਤੁਮ੍ਰੀ ਟੇਕ ਪੂਰੇ ਮੇਰੇ ਸਤਿਗੁਰ
ਮਨ ਸਰਨਿ ਤੁਮ੍ਰੈ ਪਰੀ ॥

تُمہری ٹیک پوُرے میرے ستِگُر
من سرنِ تُمہارے پری ॥

ਅਚੇਤ ਇਆਨੇ ਬਾਰਿਕ ਨਾਨਕ ਹਮ

اچیت اِیانے بارِک نانک ہم

ਤੁਮ ਰਾਖਹੁ ਧਾਰਿ ਕਰੀ ॥੨॥੯॥੧੮॥

تُم راکھہُ دھارِ کری ॥2॥9॥ 18 ॥

ਗੂਜਰੀ ਮਹਲਾ ੫ ॥

گوُجری محلا 5 ॥

ਤੂੰ ਦਾਤਾ ਜੀਆ ਸਭਨਾ ਕਾ
ਬਸਹੁ ਮੇਰੇ ਮਨ ਮਾਹੀ ॥

توُنَ داتا جِیا سبھنا کا
بسہُ میرے من ماہی ॥

ਚਰਣ ਕਮਲ ਰਿਦ ਮਾਹਿ ਸਮਾਏ
ਤਹ ਭਰਮੁ ਅੰਧੇਰਾ ਨਾਹੀ ॥੧॥

چرنؤ کمل رِد ماہِ سمائے
تہ بھرمُ اندھیرا ناہی ॥1॥

ਠਾਕੁਰ ਜਾ ਸਿਮਰਾ ਤੂੰ ਤਾਹੀ ॥

ٹھاکُر جا سِمرا توُنَ تاہی ॥

ਕਰਿ ਕਿਰਪਾ ਸਰਬ ਪ੍ਰਤਿਪਾਲਕ
ਪ੍ਰਭ ਕਉ ਸਦਾ ਸਲਾਹੀ ॥੧॥ ਰਹਾਉ ॥

کرِ کِرپا سرب پرتپالک
پربھ کءُ سدا سلاحی ॥1॥ رہاءُ ॥

ਸਾਸਿ ਸਾਸਿ ਤੇਰਾ ਨਾਮੁ ਸਮਾਰਉ
ਤੁਮ ਹੀ ਕਉ ਪ੍ਰਭ ਆਹੀ ॥

ساسِ ساسِ تیرا نامُ سمارءُ
تُم ہی کءُ پربھ آہی ॥

ਨਾਨਕ ਟੇਕ ਭਈ ਕਰਤੇ ਕੀ
ਹੋਰ ਆਸ ਬਿਡਾਣੀ ਲਾਹੀ ॥੨॥੧੦॥੧੯॥

نانک ٹیک بھئی کرتے کی
ہور آس بِڈانی لاہی ॥2॥ 10 ॥ 19 ॥

ਗੂਜਰੀ ਮਹਲਾ ੫ ॥

گوُجری محلا 5 ॥

ਕਰਿ ਕਿਰਪਾ ਅਪਨਾ ਦਰਸੁ ਦੀਜੈ
ਜਸੁ ਗਾਵਉ ਨਿਸਿ ਅਰੁ ਭੋਰ ॥

کرِ کِرپا اپنا درسُ دیجے
جسُ گاوءُ نِس ارُ بھور ॥

ਕੇਸ ਸੰਗਿ ਦਾਸ ਪਗ ਝਾਰਉ
ਇਹੈ ਮਨੋਰਥ ਮੋਰ ॥੧॥

کیس سنگِ داس پگ جھارءُ
اِہے منورتھ مور ॥1॥

ਠਾਕੁਰ ਤੁਝ ਬਿਨੁ ਬੀਆ ਨ ਹੋਰ ॥

ٹھاکُر تُجھ بِنُ بیِیا ن ہور ॥

ਚਿਤਿ ਚਿਤਵਉ ਹਰਿ ਰਸਨ ਅਰਾਧਉ
ਨਿਰਖਉ ਤੁਮਰੀ ਓਰ ॥੧॥ ਰਹਾਉ ॥

چِتِ چِتوءُ ہرِ رسن ارادھءُ
نِرکھءُ تُمری اور ॥1॥ رہاءُ ॥

ਦਇਆਲ ਪੁਰਖ ਸਰਬ ਕੇ ਠਾਕੁਰ
ਬਿਨਉ ਕਰਉ ਕਰ ਜੋਰਿ ॥

دئیال پُرکھ سرب کے ٹھاکُر
بِنءُ کرءُ کر جورِ ॥

ਨਾਮੁ ਜਪੈ ਨਾਨਕੁ ਦਾਸੁ ਤੁਮਰੋ
ਉਧਰਸਿ ਆਖੀ ਫੋਰ ॥੨॥੧੧॥੨੦॥

نامُ جپے نانکُ داسُ تُمرو
اُدھرِس آکھی پھور ॥2॥ 11 ॥ 20 ॥

ਗੂਜਰੀ ਮਹਲਾ ੫ ॥

ਬ੍ਰਹਮ ਲੋਕ ਅਰੁ ਰੁਦ੍ਰ ਲੋਕ
ਆਈ ਇੰਦ੍ਰ ਲੋਕ ਤੇ ਧਾਇ ॥

ਸਾਧਸੰਗਤਿ ਕਉ ਜੋਹਿ ਨ ਸਾਕੈ
ਮਲਿ ਮਲਿ ਧੋਵੈ ਪਾਇ ॥੧॥

ਅਬ ਮੋਹਿ ਆਇ ਪਰਿਓ ਸਰਨਾਇ ॥

ਗੁਹਜ ਪਾਵਕੋ ਬਹੁਤੁ ਪ੍ਰਜਾਰੈ
ਮੋ ਕਉ ਸਤਿਗੁਰਿ ਦੀਓ ਹੈ ਬਤਾਇ ॥੧॥ ਰਹਾਉ ॥

ਸਿਧ ਸਾਧਿਕ ਅਰ ਜਖ੍ਹ ਕਿੰਨਰ ਨਰ
ਰਹੀ ਕੰਠਿ ਉਰਝਾਇ ॥

ਜਨ ਨਾਨਕ ਅੰਗੁ ਕੀਆ ਪ੍ਰਭਿ ਕਰਤੈ
ਜਾ ਕੈ ਕੋਟਿ ਐਸੀ ਦਾਸਾਇ ॥੨॥੧੨॥੨੧॥

ਗੂਜਰੀ ਮਹਲਾ ੫ ॥

ਅਪਜਸੁ ਮਿਟੈ ਹੋਵੈ ਜਗਿ ਕੀਰਤਿ
ਦਰਗਹ ਬੈਸਣੁ ਪਾਈਐ ॥

ਜਮ ਕੀ ਤ੍ਰਾਸ ਨਾਸ ਹੋਇ ਖਿਨ ਮਹਿ
ਸੁਖ ਅਨਦ ਸੇਤੀ ਘਰਿ ਜਾਈਐ ॥੧॥

ਜਾ ਤੇ ਘਾਲ ਨ ਬਿਰਥੀ ਜਾਈਐ ॥

ਆਠ ਪਹਰ ਸਿਮਰਹੁ ਪ੍ਰਭੁ ਅਪਨਾ
ਮਨਿ ਤਨਿ ਸਦਾ ਧਿਆਈਐ ॥੧॥ ਰਹਾਉ ॥

ਮੋਹਿ ਸਰਨਿ ਦੀਨ ਦੁਖ ਭੰਜਨ
ਤੂੰ ਦੇਹਿ ਸੋਈ ਪ੍ਰਭ ਪਾਈਐ ॥

ਚਰਣ ਕਮਲ ਨਾਨਕ ਰੰਗਿ ਰਾਤੇ
ਹਰਿ ਦਾਸਹ ਪੈਜ ਰਖਾਈਐ ॥੨॥੧੩॥੨੨॥

ਗੂਜਰੀ ਮਹਲਾ ੫ ॥

گوُجری محلا 5 ॥

برہم لوک ارُ رُدّر لوک
آئی اِندّر لوک تے دھاءِ ॥

سادھسنگتِ کءُ جوہِ ن ساکے
مل مل دھووے پاءِ ॥1॥

اب موہِ آءِ پرئو سرناءِ ॥

گہج پاوکو بہُت پرجارے
مو کءُ ستگُرِ دیئو ہے بتاءِ ॥1॥ رہاءُ ॥

سِدھ سادھِک ار جکھّی کِنّر نر
رہی کنٹھِ اُرجھاءِ ॥

جن نانک انگُ کیا پربھ کرتے
جا کے کوٹِ ایسی داساءِ ॥2॥ 12 ॥ 21 ॥

گوُجری محلا 5 ॥

اپجس مِٹے ہووے جگِ کیرتِ
درگہ بیسنُ پائیے ॥

جم کی تراس ناس ہوءِ کھِن مہِ
سُکھ اند سیتی گھرِ جائیے ॥1॥

جا تے گھال ن برتھی جائیے ॥

آٹھ پہر سِمرہُ پربھُ اپنا
منِ تنِ سدا دھیائیے ॥1॥ رہاءُ ॥

موہِ سرنِ دین دُکھ بھنجن
توُن دیہِ سوئی پربھ پائیے ॥

چرن کمل نانک رنگِ راتے
ہرِ داسہ پیج رکھائیے ॥2॥ 13 ॥ 22 ॥

گوُجری محلا 5 ॥

ਬਿਸ੍ਵੰਭਰ ਜੀਅਨ ਕੋ ਦਾਤਾ
ਭਗਤਿ ਭਰੇ ਭੰਡਾਰ ॥

بِسّونبھر جیئن کو داتا
بھگتِ بھرے بھنڈار ॥

ਜਾ ਕੀ ਸੇਵਾ ਨਿਫਲ ਨ ਹੋਵਤ
ਖਿਨ ਮਹਿ ਕਰੇ ਉਧਾਰ ॥੧॥

جا کی سیوا نِچھل ن ہووت
کھِن مہِ کرے اُدھار ॥1॥

ਮਨ ਮੇਰੇ ਚਰਨ ਕਮਲ ਸੰਗਿ ਰਾਚੁ ॥

من میرے چرن کمل سنگِ راچُ ॥

ਸਗਲ ਜੀਅ ਜਾ ਕਉ ਆਰਾਧਹਿ
ਤਾਹੂ ਕਉ ਤੂੰ ਜਾਚੁ ॥੧॥ ਰਹਾਉ ॥

سگل جیء جا کءُ آرادھہِ
تاہوُ کءُ توُنّ جاچُ ॥1॥ رہاءُ ॥

ਨਾਨਕ ਸਰਣਿ ਤੁਮ੍ਹਾਰੀ ਕਰਤੇ
ਤੂੰ ਪ੍ਰਭ ਪ੍ਰਾਨ ਅਧਾਰ ॥

نانک سرنِ تُمہّاری کرتے
توُنّ پربھ پران ادھار ॥

ਹੋਇ ਸਹਾਈ ਜਿਸੁ ਤੂੰ ਰਾਖਹਿ
ਤਿਸੁ ਕਹਾ ਕਰੇ ਸੰਸਾਰੁ ॥੨॥੧੪॥੨੩॥

ہوءِ سہائی جِسُ توُنّ راکھہِ
تِسُ کہا کرے سنسارُ ۔ ॥2॥ 14 ॥ 23 ॥

ਗੂਜਰੀ ਮਹਲਾ ੫ ॥

گوُجری محلا 5 ॥

ਜਨ ਕੀ ਪੈਜ ਸਵਾਰੀ ਆਪ ॥

جن کی پیج سواری آپ ॥

ਹਰਿ ਹਰਿ ਨਾਮੁ ਦੀਓ ਗੁਰਿ ਅਵਖਧੁ
ਉਤਰਿ ਗਇਓ ਸਭੁ ਤਾਪ ॥੧॥ ਰਹਾਉ ॥

ہرِ ہرِ نامُ دیئو گُرِ اوکھدھُ
اُترِ گئیو سبھُ تاپ ॥1॥ رہاءُ ॥

ਹਰਿ ਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ ॥

ہرِ گوبِندُ رکھِیئو پریسرِ اپُنی کِرپا دھارِ ॥

ਮਿਟੀ ਬਿਆਧਿ ਸਰਬ ਸੁਖ ਹੋਏ
ਹਰਿ ਗੁਣ ਸਦਾ ਬੀਚਾਰਿ ॥੧॥

مِٹی بیادھِ سرب سُکھ ہوئے
ہرِ گُنؤ سدا بیچارِ ॥1॥

ਅੰਗੀਕਾਰੁ ਕੀਓ ਮੇਰੈ ਕਰਤੈ
ਗੁਰ ਪੂਰੇ ਕੀ ਵਡਿਆਈ ॥

انگیکارُ کیئو میرے کرتے
گُر پوُرے کی وڈیائی ॥

ਅਬਿਚਲ ਨੀਵ ਧਰੀ ਗੁਰ ਨਾਨਕ
ਨਿਤ ਨਿਤ ਚੜੈ ਸਵਾਈ ॥੨॥੧੫॥੨੪॥

اٹچل نیو دھری گُر نانک
نِت نِت چڑے سوائی ॥2॥ 15 ॥ 24 ॥

ਗੂਜਰੀ ਮਹਲਾ ੫ ॥

گوُجری محلا 5 ॥

ਕਬਹੂ ਹਰਿ ਸਿਉ ਚੀਤੁ ਨ ਲਾਇਓ ॥

کبہوُ ہرِ سِءُ چیتُ ن لائیئو ॥

ਧੰਧਾ ਕਰਤ ਬਿਹਾਨੀ ਅਉਧਹਿ

دھندھا کرت بِہانی ائدھہِ

ਗੁਣ ਨਿਧਿ ਨਾਮ ਨ ਗਾਇਓ ॥੧॥ ਰਹਾਉ ॥

گُنْ نِدھِ نام ن گائِئو ॥1॥ رہاءُ ॥

ਕਉਡੀ ਕਉਡੀ ਜੋਰਤ ਕਪਟੇ
ਅਨਿਕ ਜੁਗਤਿ ਕਰਿ ਧਾਇਓ ॥

کئڈی کئڈی جورت کپٹے
انِک جُگتِ کرِ دھائِئو ॥

ਬਿਸਰਤ ਪ੍ਰਭ ਕੇਤੇ ਦੁਖ ਗਨੀਅਹਿ
ਮਹਾ ਮੋਹਨੀ ਖਾਇਓ ॥੧॥

بِسرت پربھ کیتے دُکھ گنیئہِ
مہا موہنی کھائِئو ॥1॥

ਕਰਹੁ ਅਨੁਗ੍ਰਹੁ ਸੁਆਮੀ ਮੇਰੇ
ਗਨਹੁ ਨ ਮੋਹਿ ਕਮਾਇਓ ॥

کرہُ انگرہُ سُیامی میرے
گننہُ ن موہِ کمائِئو ॥

ਗੋਬਿੰਦ ਦਇਆਲ ਕ੍ਰਿਪਾਲ ਸੁਖ ਸਾਗਰ
ਨਾਨਕ ਹਰਿ ਸਰਣਾਇਓ ॥੨॥੧੬॥੨੫॥

گوبِنْد دئیال کرِپال سُکھ ساگر
نانک ہرِ سرنائِئو ॥2॥ 16 ॥ 25 ॥

ਗੂਜਰੀ ਮਹਲਾ ੫ ॥

گوُجری محلا 5 ॥

ਰਸਨਾ ਰਾਮ ਰਾਮ ਰਵੰਤ ॥

رسنا رام رام رونّت ॥

ਛੋਡਿ ਆਨ ਬਿਉਹਾਰ ਮਿਥਿਆ
ਭਜੁ ਸਦਾ ਭਗਵੰਤ ॥੧॥ ਰਹਾਉ ॥

چھوڈِ آن بِہُار مِتھیا
بھجُ سدا بھگونّت ॥1॥ رہاءُ ॥

ਨਾਮੁ ਏਕੁ ਅਧਾਰੁ ਭਗਤਾ
ਈਤ ਆਗੈ ਟੇਕ ॥

نامُ ایکُ ادھارُ بھگتا
ایت آگے ٹیک ॥

ਕਰਿ ਕ੍ਰਿਪਾ ਗੋਬਿੰਦ ਦੀਆ
ਗੁਰ ਗਿਆਨੁ ਬੁਧਿ ਬਿਬੇਕ ॥੧॥

کرِ کرِپا گوبِنْد دیِیا
گُر گِیانُ بُدھِ بِبیک ॥1॥

ਕਰਣ ਕਾਰਣ ਸੰਮ੍ਰਥ ਸ੍ਰੀਧਰ
ਸਰਣਿ ਤਾ ਕੀ ਗਹੀ ॥

کرنْ کارنْ سمّرتھ سّرِیدھر
سرنِ تا کی گہی ॥

ਮੁਕਤਿ ਜੁਗਤਿ ਰਵਾਲ ਸਾਧੂ
ਨਾਨਕ ਹਰਿ ਨਿਧਿ ਲਹੀ ॥੨॥੧੭॥੨੬॥

مُکتِ جُگتِ روال سادھوُ
نانک ہرِ نِدھِ لہی ॥2॥ 17 ॥ 26 ॥

ਗੂਜਰੀ ਮਹਲਾ ੫ ਘਰੁ ੪ ਚਉਪਦੇ

گوُجری محلا 5 گھرُ 4 چئُپدے

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਛਾਡਿ ਸਗਲ ਸਿਆਣਪਾ
ਸਾਧ ਸਰਣੀ ਆਉ ॥

چھاڈِ سگل سِیاٹپا
سادھ سرنْی آءُ ॥

ਪਾਰਬ੍ਰਹਮ ਪਰਮੇਸਰੋ
ਪ੍ਰਭੂ ਕੇ ਗੁਣ ਗਾਉ ॥੧॥

پاربّرہم پریسرو
پربھوُ کے گُنؤ گاءُ ॥1॥

ਰੇ ਚਿਤ ਚਰਣ ਕਮਲ ਅਰਾਧਿ ॥

رے چِت چرنؤ کمل ارادھِ ॥

ਸਰਬ ਸੂਖ ਕਲਿਆਣ ਪਾਵਹਿ
ਮਿਟੈ ਸਗਲ ਉਪਾਧਿ ॥੧॥ ਰਹਾਉ ॥

سرب سوُکھ کلیانؤ پاوہِ
مِٹے سگل اُپادھِ ॥1॥ رہاءُ ॥

ਮਾਤ ਪਿਤਾ ਸੁਤ ਮੀਤ ਭਾਈ
ਤਿਸੁ ਬਿਨਾ ਨਹੀ ਕੋਇ ॥

ماتِ پِتا سُت میت بھائی
تِس بِنا نہی کوءِ ॥

ਈਤ ਊਤ ਜੀਅ ਨਾਲਿ ਸੰਗੀ
ਸਰਬ ਰਵਿਆ ਸੋਇ ॥੨॥

ایت اوُت جیء نالِ سنگی
سرب رویا سوءِ ॥2॥

ਕੋਟਿ ਜਤਨ ਉਪਾਵ ਮਿਥਿਆ
ਕਛੁ ਨ ਆਵੈ ਕਾਮਿ ॥

کوٹِ جتن اُپاو مِتھیا
کچھُ ن آوے کامِ ॥

ਸਰਣਿ ਸਾਧੂ ਨਿਰਮਲਾ
ਗਤਿ ਹੋਇ ਪ੍ਰਭ ਕੈ ਨਾਮਿ ॥੩॥

سرنِ سادھوُ نِرملا
گتِ ہوءِ پربھ کے نامِ ॥3॥

ਅਗਮ ਦਇਆਲ ਪ੍ਰਭੂ ਊਚਾ
ਸਰਣਿ ਸਾਧੂ ਜੋਗੁ ॥

اگم دیَیال پربھوُ اوُچا
سرنِ سادھوُ جوگُ ॥

ਤਿਸੁ ਪਰਾਪਤਿ ਨਾਨਕਾ
ਜਿਸੁ ਲਿਖਿਆ ਧੁਰਿ ਸੰਜੋਗੁ ॥੪॥੧॥੨੭॥

تِس پراپتِ نانکا
جِس لِکھیا دھُرِ سنجوگُ ॥4॥1॥ 27 ॥

ਗੂਜਰੀ ਮਹਲਾ ੫ ॥

گوُجری محلا 5 ॥

ਆਪਨਾ ਗੁਰੁ ਸੇਵਿ ਸਦ ਹੀ
ਰਮਹੁ ਗੁਣ ਗੋਬਿੰਦ ॥

آپنا گُرُ سیوِ سد ہی
رمہُ گُنؤ گوبِنّد ॥

ਸਾਸਿ ਸਾਸਿ ਅਰਾਧਿ ਹਰਿ ਹਰਿ
ਲਹਿ ਜਾਇ ਮਨ ਕੀ ਚਿੰਦ ॥੧॥

ساسِ ساسِ ارادھِ ہرِ ہرِ
لہِ جاءِ من کی چِنّد ॥1॥

ਮੇਰੇ ਮਨ ਜਾਪਿ ਪ੍ਰਭ ਕਾ ਨਾਉ ॥

میرے من جاپِ پربھ کا ناءُ ॥

ਸੂਖ ਸਹਜ ਅਨੰਦ ਪਾਵਹਿ
ਮਿਲੀ ਨਿਰਮਲ ਥਾਉ ॥੧॥ ਰਹਾਉ ॥

سوُکھ سہج انّد پاوہِ
مِلی نِرمل تھاءُ ॥1॥ رہاءُ ॥

ਸਾਧਸੰਗਿ ਉਧਾਰਿ ਇਹੁ ਮਨੁ
ਆਠ ਪਹਰ ਆਰਾਧਿ ॥

ساد ھسنگِ اُدھارِ اِہُ منُ
آٹھ پہر آرادھِ ॥

ਕਾਮੁ ਕ੍ਰੋਧੁ ਅਹੰਕਾਰੁ ਬਿਨਸੈ
ਮਿਟੈ ਸਗਲ ਉਪਾਧਿ ॥੨॥

کامُ کرودھُ اہنکارُ بِنسےَ
مِٹے سگل اُپادھِ ॥2॥

ਅਟਲ ਅਛੇਦ ਅਭੇਦ ਸੁਆਮੀ
ਸਰਣਿ ਤਾ ਕੀ ਆਉ ॥

اٹل اچھید ابھید سُیامی
سرنِ تا کی آءُ ॥

ਚਰਣ ਕਮਲ ਅਰਾਧਿ ਹਿਰਦੈ
ਏਕ ਸਿਉ ਲਿਵ ਲਾਉ ॥੩॥

چرنُ کمل ارادھِ ہِردےَ
ایک سِءُ لِو لاءُ ॥3॥

ਪਾਰਬ੍ਰਹਮਿ ਪ੍ਰਭਿ ਦਇਆ ਧਾਰੀ
ਬਖਸਿ ਲੀਨੇ ਆਪਿ ॥

پاربّرہمِ پربھِ دیَیا دھاری
بخشِ لِینّہے آپِ ॥

ਸਰਬ ਸੁਖ ਹਰਿ ਨਾਮੁ ਦੀਆ
ਨਾਨਕ ਸੋ ਪ੍ਰਭੁ ਜਾਪਿ ॥੪॥੨॥੨੮॥

سرب سُکھ ہرِ نامُ دیِیا
نانک سو پربھُ جاپِ ॥4॥2॥ 28 ॥

ਗੂਜਰੀ ਮਹਲਾ ੫ ॥

گوُجری محلا 5 ॥

ਗੁਰ ਪ੍ਰਸਾਦੀ ਪ੍ਰਭੁ ਧਿਆਇਆ
ਗਈ ਸੰਕਾ ਤੂਟਿ ॥

گُر پرسادی پربھُ دھیایَیا
گئی سنکا توٹِ ॥

ਦੁਖ ਅਨੇਰਾ ਭੈ ਬਿਨਾਸੇ
ਪਾਪ ਗਏ ਨਿਖੂਟਿ ॥੧॥

دُکھ انیرا بھےَ بِناسے
پاپ گےَ نِکھوٹِ ॥1॥

ਹਰਿ ਹਰਿ ਨਾਮ ਕੀ ਮਨਿ ਪ੍ਰੀਤਿ ॥

ہرِ ہرِ نام کی منِ پریِتِ ॥

ਮਿਲਿ ਸਾਧ ਬਚਨ ਗੋਬਿੰਦ ਧਿਆਏ
ਮਹਾ ਨਿਰਮਲ ਰੀਤਿ ॥੧॥ ਰਹਾਉ ॥

مِلِ سادھ بچن گوبِند دھیائے
مہا نِرمل ریِتِ ॥1॥ رہاءُ ॥

ਜਾਪ ਤਾਪ ਅਨੇਕ ਕਰਣੀ
ਸਫਲ ਸਿਮਰਤ ਨਾਮ ॥

جاپ تاپ انیک کرنّی
سپھل سِمرت نام ॥

ਕਰਿ ਅਨੁਗ੍ਰਹੁ ਆਪਿ ਰਾਖੇ
ਭਏ ਪੂਰਨ ਕਾਮ ॥੨॥

کرِ انگّرہُ آپِ راکھے
بھےَ پوُرن کام ॥2॥

ਸਾਸਿ ਸਾਸਿ ਨ ਬਿਸਰੁ ਕਬਹੂੰ

ساسِ ساسِ ن بِسرُ کبہوُنّ

ਬ੍ਰਹਮ ਪ੍ਰਭ ਸਮਰਥ ॥

بّرہم پّربھ سمرتھ ॥

ਗੁਣ ਅਨਿਕ ਰਸਨਾ ਕਿਆ ਬਖਾਨੈ
ਅਗਨਤ ਸਦਾ ਅਕਥ ॥੩॥

گُنؤ انِک رسنا کِیا بکھانے
اگنت سدا اکتھ ॥3॥

ਦੀਨ ਦਰਦ ਨਿਵਾਰਿ ਤਾਰਣ
ਦਇਆਲ ਕਿਰਪਾ ਕਰਣ ॥

دِین درد نِوارِ تارنؤ
دئیال کِرپا کرنؤ ॥

ਅਟਲ ਪਦਵੀ ਨਾਮ ਸਿਮਰਣ
ਦ੍ਰਿੜੁ ਨਾਨਕ ਹਰਿ ਹਰਿ ਸਰਣ ॥੪॥੩॥੨੯॥

اٹل پدوی نام سِمرنؤ
دّرِڑُ نانک ہرِ ہرِ سرنؤ ॥4॥3॥ 29 ॥

ਗੂਜਰੀ ਮਹਲਾ ੫ ॥

گوُجری محلا 5 ॥

ਅਹੰਬੁਧਿ ਬਹੁ ਸਘਨ ਮਾਇਆ
ਮਹਾ ਦੀਰਘ ਰੋਗੁ ॥

اہنّبُدھِ بہُ سگھن مائیا
مہا دِیرگھ روگُ ॥

ਹਰਿ ਨਾਮੁ ਅਉਖਧੁ ਗੁਰਿ ਨਾਮੁ ਦੀਨੋ
ਕਰਣ ਕਾਰਣ ਜੋਗੁ ॥੧॥

ہرِ نامُ اُکھدھُ گُرِ نامُ دینھو
کرنؤ کارنؤ جوگُ ॥1॥

ਮਨਿ ਤਨਿ ਬਾਛੀਐ ਜਨ ਧੂਰਿ ॥

مَنِ تَنِ باچھیئے جن دھوُرِ ॥

ਕੋਟਿ ਜਨਮ ਕੇ ਲਹਹਿ ਪਾਤਿਕ
ਗੋਬਿੰਦ ਲੋਚਾ ਪੂਰਿ ॥੧॥ ਰਹਾਉ ॥

کوٹِ جنم کے لہہِ پاتِک
گوبِنّد لوچا پوُرِ ॥1॥ رہاءُ ॥

ਆਦਿ ਅੰਤੇ ਮਧਿ ਆਸਾ
ਕੂਕਰੀ ਬਿਕਰਾਲ ॥

آدِ انّتے مدھِ آسا
کوُکری بِکرال ॥

ਗੁਰ ਗਿਆਨ ਕੀਰਤਨ ਗੋਬਿੰਦ ਰਮਣੰ
ਕਾਟੀਐ ਜਮ ਜਾਲ ॥੨॥

گُر گِیان کیرتن گوبِنّد رمنّن
کاٹیئے جم جال ॥2॥

ਕਾਮ ਕ੍ਰੋਧ ਲੋਭ ਮੋਹ ਮੂਠੇ
ਸਦਾ ਆਵਾ ਗਵਣ ॥

کام کّرودھ لوبھ موہ موُٹھے
سدا آوا گونؤ ॥

ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ
ਮਿਟਤ ਜੋਨੀ ਭਵਣ ॥੩॥

پّربھ پّریم بھگتِ گُپال سِمرنؤ
مِٹت جونی بھونؤ ॥3॥

ਮਿਤ੍ਰ ਪੁਤ੍ਰ ਕਲਤ੍ਰ ਸੁਰ ਰਿਦ
ਤੀਨਿ ਤਾਪ ਜਲੰਤ ॥

مِتّر پُتّر کلتّر سُر رِد
تِینِ تاپ جلنّت ॥

ਜਪਿ ਰਾਮ ਰਾਮਾ ਦੁਖ ਨਿਵਾਰੇ
ਮਿਲੈ ਹਰਿ ਜਨ ਸੰਤ ॥੪॥

جپِ رام راما دُکھ نِوارے
مِلےَ ہرِ جن سنّت ॥4॥

ਸਰਬ ਬਿਧਿ ਭ੍ਰਮਤੇ ਪੁਕਾਰਹਿ
ਕਤਹਿ ਨਾਹੀ ਛੋਟਿ ॥

سرب بِدھِ بھرّمتے پُکارہِ
کتہِ ناہی چھوٹِ ॥

ਹਰਿ ਚਰਣ ਸਰਣ ਅਪਾਰ ਪ੍ਰਭ ਕੇ
ਦ੍ਰਿੜੁ ਗਹੀ ਨਾਨਕ ਓਟ ॥੫॥੪॥੩੦॥

ہرِ چرنؔ سرنؔ اپار پّربھ کے
دّرِڑُ گہی نانک اوٹ ॥5॥4॥ 30 ॥

ਗੂਜਰੀ ਮਹਲਾ ੫ ਘਰੁ ੪ ਦੁਪਦੇ

گوُجری محلا 5 گھرُ 4 دُپدے

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਆਰਾਧਿ ਸ੍ਰੀਧਰ ਸਫਲ ਮੂਰਤਿ
ਕਰਣ ਕਾਰਣ ਜੋਗੁ ॥

آرادھِ سّرِیدھر سپھل موُرتِ
کرنؔ کارنؔ جوگُ ॥

ਗੁਣ ਰਮਣ ਸ੍ਰਵਣ ਅਪਾਰ ਮਹਿਮਾ
ਫਿਰਿ ਨ ਹੋਤ ਬਿਓਗੁ ॥੧॥

گُنؔ رمنؔ سّرونؔ اپار مہِما
پھِرِ ن ہوت بِئوگُ ॥1॥

ਮਨ ਚਰਣਾਰਬਿੰਦ ਉਪਾਸ ॥

من چرنؔارِبِند اُپاس ॥

ਕਲਿ ਕਲੇਸ ਮਿਟੰਤ ਸਿਮਰਣਿ
ਕਾਟਿ ਜਮਦੂਤ ਫਾਸ ॥੧॥ ਰਹਾਉ ॥

کلِ کلیس مِٹنّت سِمرنؔ
کاٹِ جمدوُت پھاس ॥1॥ رہاءُ ॥

ਸਤ੍ਰੁ ਦਹਨ ਹਰਿ ਨਾਮ ਕਹਨ
ਅਵਰ ਕਛੁ ਨ ਉਪਾਉ ॥

ستّرُ دہن ہرِ نام کہن
اور کچھُ ن اُپاءُ ॥

ਕਰਿ ਅਨੁਗ੍ਰਹੁ ਪ੍ਰਭੂ ਮੇਰੇ
ਨਾਨਕ ਨਾਮ ਸੁਆਉ ॥੨॥੧॥੩੧॥

کرِ انگّرہُ پّربھوُ میرے
نانک نام سُیاءُ ॥2॥1॥ 31 ॥

ਗੂਜਰੀ ਮਹਲਾ ੫ ॥

گوُجری محلا 5 ॥

ਤੂੰ ਸਮਰਥੁ ਸਰਨਿ ਕੋ ਦਾਤਾ
ਦੁਖ ਭੰਜਨੁ ਸੁਖ ਰਾਇ ॥

توُنّ سمرتھُ سرنِ کو داتا
دُکھ بھنّجنُ سُکھ راءِ ॥

ਜਾਹਿ ਕਲੇਸ ਮਿਟੇ ਭੈ ਭਰਮਾ
ਨਿਰਮਲ ਗੁਣ ਪ੍ਰਭ ਗਾਇ ॥੧॥

جاہِ کلیس مِٹے بھےَ بھرما
نِرمل گُنؔ پّربھ گاءِ ॥1॥

ਗੋਵਿੰਦ ਤੁਝ ਬਿਨੁ ਅਵਰੁ ਨ ਠਾਉ ॥

گووِنّد تُجھ بِنُ اورُ ن ٹھاءُ ॥

ਕਰਿ ਕਿਰਪਾ ਪਾਰਬ੍ਰਹਮ ਸੁਆਮੀ
ਜਪੀ ਤੁਮਾਰਾ ਨਾਉ ॥ ਰਹਾਉ ॥

کرِ کرپا پاربرہم سُیامی
جپی تُمارا ناءُ ॥ رہاءُ ॥

ਸਤਿਗੁਰ ਸੇਵਿ ਲਗੇ ਹਰਿ ਚਰਨੀ
ਵਡੈ ਭਾਗਿ ਲਿਵ ਲਾਗੀ ॥

ستِگُر سیوِ لگے ہرِ چرنی
وڈے بھاگِ لِو لاگی ॥

ਕਵਲ ਪ੍ਰਗਾਸ ਭਏ ਸਾਧਸੰਗੇ
ਦੁਰਮਤਿ ਬੁਧਿ ਤਿਆਗੀ ॥੨॥

کول پرگاس بھئے سادھسنگے
دُرمتِ بُدھِ تیاگی ॥2॥

ਆਠ ਪਹਰ ਹਰਿ ਕੇ ਗੁਣ ਗਾਵੈ
ਸਿਮਰੈ ਦੀਨ ਦੈਆਲਾ ॥

آٹھ پہر ہرِ کے گُن گاوے
سِمرے دِین دیَالا ॥

ਆਪਿ ਤਰੈ ਸੰਗਤਿ ਸਭ ਉਧਰੈ
ਬਿਨਸੇ ਸਗਲ ਜੰਜਾਲਾ ॥੩॥

آپِ ترے سنگتِ سبھ اُدھرے
بِنسے سگل زنجالا ॥3॥

ਚਰਣ ਅਧਾਰੁ ਤੇਰਾ ਪ੍ਰਭ ਸੁਆਮੀ
ਓਤਿ ਪੋਤਿ ਪ੍ਰਭੁ ਸਾਥਿ ॥

چرنؔ ادھارُ تیرا پربھ سُیامی
اوتِ پوتِ پربھُ ساتھِ ॥

ਸਰਨਿ ਪਰਿਓ ਨਾਨਕ ਪ੍ਰਭ ਤੁਮਰੀ
ਦੇ ਰਾਖਿਓ ਹਰਿ ਹਾਥ ॥੪॥੨॥੩੨॥

سرنِ پرئو نانک پربھ تُمری
دے راکھِئو ہرِ ہاتھ ॥4॥2॥ 32 ॥

ਗੂਜਰੀ ਅਸਟਪਦੀਆ ਮਹਲਾ ੧ ਘਰੁ ੧

گوُجری اسٹپدیِیا محلا 1 گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਏਕ ਨਗਰੀ ਪੰਚ ਚੋਰ ਬਸੀਅਲੇ
ਬਰਜਤ ਚੋਰੀ ਧਾਵੈ ॥

ایک نگری پنچ چور بسیِئلے
برجت چوری دھاوے ॥

ਤ੍ਰਿਹਦਸ ਮਾਲ ਰਖੈ ਜੋ ਨਾਨਕ
ਮੋਖ ਮੁਕਤਿ ਸੋ ਪਾਵੈ ॥੧॥

ترِہدس مال رکھے جو نانک
موکھ مُکتِ سو پاوے ॥1॥

ਚੇਤਹੁ ਬਾਸੁਦੇਉ ਬਨਵਾਲੀ ॥

چیتہُ باسُدیءُ بنوالی ॥

ਰਾਮੁ ਰਿਦੈ ਜਪਮਾਲੀ ॥੧॥ ਰਹਾਉ ॥

رامُ رِدے جپمالی ॥1॥ رہاءُ ॥

ਉਰਧ ਮੂਲ ਜਿਸੁ ਸਾਖ ਤਲਾਹਾ
ਚਾਰਿ ਬੇਦ ਜਿਤੁ ਲਾਗੇ ॥

اُردھ موُل جِسُ ساکھ تلاہا
چارِ بید جِتُ لاگے ॥

ਸਹਜ ਭਾਇ ਜਾਇ ਤੇ ਨਾਨਕ

سہج بھاءِ جاءِ تے نانک

ਪਾਰਬ੍ਰਹਮ ਲਿਵ ਜਾਗੇ ॥੨॥

پاربّرہم لِو جاگے ॥2॥

ਪਾਰਜਾਤੁ ਘਰਿ ਆਗਨਿ ਮੇਰੈ
ਪੁਹਪ ਪਤ੍ਰ ਤਤੁ ਡਾਲਾ ॥

پارجاتُ گھرِ آگنِ میرے
پُہپ پتّر تتُ ڈالا ॥

ਸਰਬ ਜੋਤਿ ਨਿਰੰਜਨ ਸੰਭੂ
ਛੋਡਹੁ ਬਹੁਤੁ ਜੰਜਾਲਾ ॥੩॥

سرب جوتِ نِرنّجن سنّبھوُ
چھوڈہُ بہُتُ زنّجالا ॥3॥

ਸੁਣਿ ਸਿਖਵੰਤੇ ਨਾਨਕੁ ਬਿਨਵੈ
ਛੋਡਹੁ ਮਾਇਆ ਜਾਲਾ ॥

سُنِ سِکھونّتے نانکُ بِنوے
چھوڈہُ مائیا جالا ॥

ਮਨਿ ਬੀਚਾਰਿ ਏਕ ਲਿਵ ਲਾਗੀ
ਪੁਨਰਪਿ ਜਨਮੁ ਨ ਕਾਲਾ ॥੪॥

منِ بیچارِ ایک لِو لاگی
پُنرپِ جنمُ ن کالا ॥4॥

ਸੋ ਗੁਰੂ ਸੋ ਸਿਖੁ ਕਥੀਅਲੇ
ਸੋ ਵੈਦੁ ਜਿ ਜਾਣੈ ਰੋਗੀ ॥

سو گُرو سو سِکھُ کتھیئلے
سو ویَدُ جِ جانّے روگی ॥

ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ
ਧੰਧੈ ਗਿਰਹੀ ਜੋਗੀ ॥੫॥

تِسُ کارنِ کنّمُ ن دھنّدھا ناہی
دھنّدھے گِرہی جوگی ॥5॥

ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ
ਲੋਭੁ ਮੋਹੁ ਤਿਸ ਮਾਇਆ ॥

کامُ کرودھُ اہنکارُ تجیئلے
لوبھُ موہُ تِس مائیا ॥

ਮਨਿ ਤਤੁ ਅਵਿਗਤੁ ਧਿਆਇਆ
ਗੁਰ ਪਰਸਾਦੀ ਪਾਇਆ ॥੬॥

منِ تتُ اوِگتُ دھیائیا
گُر پرسادی پائیا ॥6॥

ਗਿਆਨੁ ਧਿਆਨੁ ਸਭ ਦਾਤਿ ਕਥੀਅਲੇ
ਸੇਤ ਬਰਨ ਸਭਿ ਦੂਤਾ ॥

گیانُ دھیانُ سبھ داتِ کتھیئلے
سیت برن سبھِ دوُتا ॥

ਬ੍ਰਹਮ ਕਮਲ ਮਧੁ ਤਾਸੁ ਰਸਾਦੰ
ਜਾਗਤ ਨਾਹੀ ਸੂਤਾ ॥੭॥

بّرہم کمل مدھُ تاسُ رسادنّ
جاگت ناہی سوُتا ॥7॥

ਮਹਾ ਗੰਭੀਰ ਪਤ੍ਰ ਪਾਤਾਲਾ
ਨਾਨਕ ਸਰਬ ਜੁਆਇਆ ॥

مہا گنّبھیر پتّر پاتالا
نانک سرب جُیائیا ॥

ਉਪਦੇਸ ਗੁਰੂ ਮਮ ਪੁਨਹਿ ਨ ਗਰਭੰ
ਬਿਖੁ ਤਜਿ ਅੰਮ੍ਰਿਤੁ ਪੀਆਇਆ ॥੮॥੧॥

اُپدیس گُرو مم پُنہِ ن گربھنّ
بِکھُ تجِ انمّرِتُ پیِیائیا ॥8॥1॥

ਗੂਜਰੀ ਮਹਲਾ ੧ ॥

ਕਵਨ ਕਵਨ ਜਾਚਹਿ ਪ੍ਰਭ ਦਾਤੇ
ਤਾ ਕੇ ਅੰਤ ਨ ਪਰਹਿ ਸੁਮਾਰ ॥

ਜੈਸੀ ਭੂਖ ਹੋਇ ਅਭ ਅੰਤਰਿ
ਤੂੰ ਸਮਰਥੁ ਸਚੁ ਦੇਵਣਹਾਰ ॥੧॥

ਐ ਜੀ ਜਪੁ ਤਪੁ ਸੰਜਮੁ ਸਚੁ ਅਧਾਰ ॥

ਹਰਿ ਹਰਿ ਨਾਮੁ ਦੇਹਿ ਸੁਖੁ ਪਾਈਐ
ਤੇਰੀ ਭਗਤਿ ਭਰੇ ਭੰਡਾਰ ॥੧॥ ਰਹਾਉ ॥

ਸੁੰਨ ਸਮਾਧਿ ਰਹਹਿ ਲਿਵ ਲਾਗੇ
ਏਕਾ ਏਕੀ ਸਬਦੁ ਬੀਚਾਰ ॥

ਜਲੁ ਥਲੁ ਧਰਣਿ ਗਗਨੁ ਤਹ ਨਾਹੀ
ਆਪੇ ਆਪੁ ਕੀਆ ਕਰਤਾਰ ॥੨॥

ਨਾ ਤਦਿ ਮਾਇਆ ਮਗਨੁ ਨ ਛਾਇਆ
ਨਾ ਸੂਰਜ ਚੰਦ ਨ ਜੋਤਿ ਅਪਾਰ ॥

ਸਰਬ ਦ੍ਰਿਸਟਿ ਲੋਚਨ ਅਭ ਅੰਤਰਿ
ਏਕਾ ਨਦਰਿ ਸੁ ਤ੍ਰਿਭਵਣ ਸਾਰ ॥੩॥

ਪਵਣੁ ਪਾਣੀ ਅਗਨਿ ਤਿਨਿ ਕੀਆ
ਬ੍ਰਹਮਾ ਬਿਸਨੁ ਮਹੇਸ ਅਕਾਰ ॥

ਸਰਬੇ ਜਾਚਿਕ ਤੂੰ ਪ੍ਰਭੁ ਦਾਤਾ
ਦਾਤਿ ਕਰੇ ਅਪੁਨੈ ਬੀਚਾਰ ॥੪॥

ਕੋਟਿ ਤੇਤੀਸ ਜਾਚਹਿ ਪ੍ਰਭ ਨਾਇਕ
ਦੇਦੇ ਤੋਟਿ ਨਾਹੀ ਭੰਡਾਰ ॥

ਊਂਧੈ ਭਾਂਡੈ ਕਛੁ ਨ ਸਮਾਵੈ
ਸੀਧੈ ਅੰਮ੍ਰਿਤੁ ਪਰੈ ਨਿਹਾਰ ॥੫॥

ਸਿਧ ਸਮਾਧੀ ਅੰਤਰਿ ਜਾਚਹਿ

گوُجری محلا 1 ॥

کون کون جاچہِ پّربھ داتے
تا کے انّت ن پرہِ شُمار ॥

جیَسی بھوُکھ ہوءِ ابھ انّترِ
توُنّ سمرتھُ سچُ دیوٹّہار ॥1॥

اے جی جپُ تپُ سنّجمُ سچُ ادھار ॥

ہرِ ہرِ نامُ دیہِ سُکھُ پائیئے
تیری بھگتِ بھرے بھنّڈار ॥1॥ رہاءُ ॥

سُنّن سمادھِ رہہِ لِو لاگے
ایکا ایکی سبدُ بیچار ॥

جلُ تھلُ دھرنِ گگنُ تہ ناہی
آپے آپُ کِیا کرتار ॥2॥

نا تدِ مائیا مگنُ ن چھائیا
نا سوُرج چنّد ن جوتِ اپار ॥

سرب دّرِستِ لوچن ابھ انّترِ
ایکا ندرِ سُ ترّبھونّ سار ॥3॥

پونُ پانّی اگنِ تِنِ کِیا
برّہما بِسنُ مہیس اکار ॥

سربے جاچِک توُنّ پّربھُ داتا
داتِ کرے اپُنے بیچار ॥4॥

کوٹِ تیتیس جاچہِ پّربھ نائِک
دیدے توٹِ ناہی بھنّڈار ॥

اوُندھے بھانّڈے کچھُ ن سماوے
سیِدھے انّمرِتُ پرے نِہار ॥5॥

سِدھ سمادھی انّترِ جاچہِ

ਰਿਧਿ ਸਿਧਿ ਜਾਚਿ ਕਰਹਿ ਜੈਕਾਰ ॥

رِدھِ سِدھِ جاچِ کرہِ جیکار ॥

ਜੈਸੀ ਪਿਆਸ ਹੋਇ ਮਨ ਅੰਤਰਿ
ਤੈਸੋ ਜਲੁ ਦੇਵਹਿ ਪਰਕਾਰ ॥੬॥

جیَسی پیاس ہوءِ من انتَرِ
تیَسو جلُ دیوہِ پرکار ॥6॥

ਬਡੇ ਭਾਗ ਗੁਰੁ ਸੇਵਹਿ ਅਪੁਨਾ
ਭੇਦੁ ਨਾਹੀ ਗੁਰਦੇਵ ਮੁਰਾਰ ॥

بڈے بھاگ گُرُ سیوہِ اپُنا
بھیدُ ناہی گُردیو مُرار ॥

ਤਾ ਕਉ ਕਾਲੁ ਨਾਹੀ ਜਮੁ ਜੋਹੈ
ਬੂਝਹਿ ਅੰਤਰਿ ਸਬਦੁ ਬੀਚਾਰ ॥੭॥

تا کءُ کالُ ناہی جمُ جوہے
بوُجھہِ انتَرِ سبدُ بیچار ॥7॥

ਅਬ ਤਬ ਅਵਰੁ ਨ ਮਾਗਉ ਹਰਿ ਪਹਿ
ਨਾਮੁ ਨਿਰੰਜਨ ਦੀਜੈ ਪਿਆਰਿ ॥

اب تب اورُ ن ماگءُ ہرِ پہ
نامُ نِرنجن دیجے پیارِ ॥

ਨਾਨਕ ਚਾਤ੍ਰਿਕੁ ਅੰਮ੍ਰਿਤ ਜਲੁ ਮਾਗੈ
ਹਰਿ ਜਸੁ ਦੀਜੈ ਕਿਰਪਾ ਧਾਰਿ ॥੮॥੨॥

نانک چاتّرِکُ انمّرِت جلُ ماگے
ہرِ جسُ دیجے کِرپا دھارِ ॥8॥2॥

ਗੂਜਰੀ ਮਹਲਾ ੧ ॥

گوُجری محلا 1 ॥

ਐ ਜੀ ਜਨਮਿ ਮਰੈ ਆਵੈ ਫੁਨਿ ਜਾਵੈ
ਬਿਨੁ ਗੁਰ ਗਤਿ ਨਹੀ ਕਾਈ ॥

اے جی جنمِ مرے آوے پھُنِ جاوے
بِنُ گُر گتِ نہی کائی ॥

ਗੁਰਮੁਖਿ ਪ੍ਰਾਣੀ ਨਾਮੇ ਰਾਤੇ
ਨਾਮੇ ਗਤਿ ਪਤਿ ਪਾਈ ॥੧॥

گُرمُکھِ پّرانّی نامے راتے
نامے گتِ پتِ پائی ॥1॥

ਭਾਈ ਰੇ ਰਾਮ ਨਾਮਿ ਚਿਤੁ ਲਾਈ ॥

بھائی رے رام نامِ چِتُ لائی ॥

ਗੁਰ ਪਰਸਾਦੀ ਹਰਿ ਪ੍ਰਭ ਜਾਚੇ
ਐਸੀ ਨਾਮ ਬਡਾਈ ॥੧॥ ਰਹਾਉ ॥

گُر پرسادی ہرِ پّربھ جاچے
ایَسی نام بڈائی ॥1॥ رہاءُ ॥

ਐ ਜੀ ਬਹੁਤੇ ਭੇਖ ਕਰਹਿ ਭਿਖਿਆ ਕਉ
ਕੇਤੇ ਉਦਰੁ ਭਰਨ ਕੈ ਤਾਈ ॥

اے جی بہُتے بھیکھ کرہِ بھِکھیا کءُ
کیتے اُدرُ بھرن کے تائی ॥

ਬਿਨੁ ਹਰਿ ਭਗਤਿ ਨਾਹੀ ਸੁਖੁ ਪ੍ਰਾਨੀ
ਬਿਨੁ ਗੁਰ ਗਰਬੁ ਨ ਜਾਈ ॥੨॥

بِنُ ہرِ بھگتِ ناہی سُکھُ پّرانی
بِنُ گُر گربُ ن جائی ॥2॥

ਐ ਜੀ ਕਾਲੁ ਸਦਾ ਸਿਰ ਊਪਰਿ ਠਾਢੇ
ਜਨਮਿ ਜਨਮਿ ਵੈਰਾਈ ॥

اے جی کالُ سدا سِر اوُپرِ ٹھاڈھے
جنمِ جنمِ ویَرائی ॥

ਸਾਚੈ ਸਬਦਿ ਰਤੇ ਸੇ ਬਾਚੇ
ਸਤਿਗੁਰ ਬੂਝ ਬੁਝਾਈ ॥੩॥

ساچےَ سبدِ رتے سے باچے
ستِگُر بوُجھ بُجھائی ॥3॥

ਗੁਰ ਸਰਣਾਈ ਜੋਹਿ ਨ ਸਾਕੈ
ਦੂਤੁ ਨ ਸਕੈ ਸੰਤਾਈ ॥

گُر سرٹائی جوہِ ن ساکےَ
دوُتُ ن سکےَ سنّتائی ॥

ਅਵਿਗਤ ਨਾਥ ਨਿਰੰਜਨਿ ਰਾਤੇ
ਨਿਰਭਉ ਸਿਉ ਲਿਵ ਲਾਈ ॥੪॥

اوِگت ناتھ نِرنّجنِ راتے
نِربھءُ سِءُ لِو لائی ॥4॥

ਐ ਜੀਉ ਨਾਮੁ ਦਿੜਹੁ ਨਾਮੇ ਲਿਵ ਲਾਵਹੁ
ਸਤਿਗੁਰ ਟੇਕ ਟਿਕਾਈ ॥

اے جیِءُ نامُ دِڑہُ نامے لِو لاوہُ
ستِگُر ٹیک ٹِکائی ॥

ਜੋ ਤਿਸੁ ਭਾਵੈ ਸੋਈ ਕਰਸੀ
ਕਿਰਤੁ ਨ ਮੇਟਿਆ ਜਾਈ ॥੫॥

جو تِسُ بھاوےَ سوئی کرسی
کِرتُ ن میٹیا جائی ॥5॥

ਐ ਜੀ ਭਾਗਿ ਪਰੇ ਗੁਰ ਸਰਣਿ ਤੁਮ੍ਹਾਰੀ
ਮੈ ਅਵਰ ਨ ਦੂਜੀ ਭਾਈ ॥

اے جی بھاگِ پرے گُر سرنِ تُمہّاری
مےَ اور ن دوُجی بھائی ॥

ਅਬ ਤਬ ਏਕੋ ਏਕੁ ਪੁਕਾਰਉ
ਆਦਿ ਜੁਗਾਦਿ ਸਖਾਈ ॥੬॥

اب تب ایکو ایکُ پُکارءُ
آدِ جُگادِ سکھائی ॥6॥

ਐ ਜੀ ਰਾਖਹੁ ਪੈਜ ਨਾਮ ਅਪੁਨੇ ਕੀ
ਤੁਝ ਹੀ ਸਿਉ ਬਨਿ ਆਈ ॥

اے جی راکھہُ پیَج نام اپُنے کی
تُجھ ہی سِءُ بنِ آئی ॥

ਕਰਿ ਕਿਰਪਾ ਗੁਰ ਦਰਸੁ ਦਿਖਾਵਹੁ
ਹਉਮੈ ਸਬਦਿ ਜਲਾਈ ॥੭॥

کرِ کرِپا گُر درسُ دِکھاوہُ
ہئُمےَ سبدِ جلائی ॥7॥

ਐ ਜੀ ਕਿਆ ਮਾਗਉ ਕਿਛੁ ਰਹੈ ਨ ਦੀਸੈ
ਇਸੁ ਜਗ ਮਹਿ ਆਇਆ ਜਾਈ ॥

اے جی کِیا ماگءُ کِچھُ رہےَ ن دیسِےَ
اِسُ جگ مہِ آئیا جائی ॥

ਨਾਨਕ ਨਾਮੁ ਪਦਾਰਥੁ ਦੀਜੈ
ਹਿਰਦੈ ਕੰਠਿ ਬਣਾਈ ॥੮॥੩॥

نانک نامُ پدارتھُ دیجےَ
ہِردےَ کنّٹھِ بنّائی ॥8॥3॥

ਗੂਜਰੀ ਮਹਲਾ ੧ ॥

گوُجری محلا 1 ॥

ਐ ਜੀ ਨਾ ਹਮ ਉਤਮ ਨੀਚ ਨ ਮਧਿਮ
ਹਰਿ ਸਰਣਾਗਤਿ ਹਰਿ ਕੇ ਲੋਗ ॥

اے جی نا ہم اُتم نیچ ن مدھِم
ہرِ سرٹاگتِ ہرِ کے لوگ ॥

ਨਾਮ ਰਤੇ ਕੇਵਲ ਬੈਰਾਗੀ
ਸੋਗ ਬਿਜੋਗ ਬਿਸਰਜਿਤ ਰੋਗ ॥੧॥

نام رتے کیول بیَراگی
سوگ بجوگ بِسرجِت روگ ॥1॥

ਭਾਈ ਰੇ ਗੁਰ ਕਿਰਪਾ ਤੇ
ਭਗਤਿ ਠਾਕੁਰ ਕੀ ॥

بھائی رے گُر کِرپا تے
بھگتِ ٹھاکُر کی ॥

ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ
ਨਾ ਜਮ ਕਾਣਿ ਨ ਜਮ ਕੀ ਬਾਕੀ ॥੧॥ ਰਹਾਉ ॥

ستِگُر واکِ ہِردے ہرِ نِرمل
نا جم کاڻِ ن جم کی باکی ॥1॥ رہاءُ ॥

ਹਰਿ ਗੁਣ ਰਸਨ ਰਵਹਿ ਪ੍ਰਭ ਸੰਗੇ
ਜੋ ਤਿਸੁ ਭਾਵੈ ਸਹਜਿ ਹਰੀ ॥

ہرِ گُڻ رسن روہِ پربھ سنگے
جو تِس بھاوے سہجِ ہری ॥

ਬਿਨੁ ਹਰਿ ਨਾਮ ਬ੍ਰਿਥਾ ਜਗਿ ਜੀਵਨੁ
ਹਰਿ ਬਿਨੁ ਨਿਹਫਲ ਮੇਕ ਘਰੀ ॥੨॥

بِنُ ہرِ نام برِتھا جگِ جیونُ
ہرِ بِنُ نِہپھل میک گھری ॥2॥

ਐ ਜੀ ਖੋਟੇ ਠਉਰ ਨਾਹੀ ਘਰਿ ਬਾਹਰਿ
ਨਿੰਦਕ ਗਤਿ ਨਹੀ ਕਾਈ ॥

اے جی کھوٹے ٹھُر ناہی گھرِ باہرِ
نِندک گتِ نہی کائی ॥

ਰੋਸੁ ਕਰੈ ਪ੍ਰਭੁ ਬਖਸ ਨ ਮੇਟੈ
ਨਿਤ ਨਿਤ ਚੜੈ ਸਵਾਈ ॥੩॥

روس کرے پربھُ بخش ن میٹے
نِت نِت چڑے سوائی ॥3॥

ਐ ਜੀ ਗੁਰ ਕੀ ਦਾਤਿ ਨ ਮੇਟੈ ਕੋਈ
ਮੇਰੈ ਠਾਕੁਰਿ ਆਪਿ ਦਿਵਾਈ ॥

اے جی گُر کی داتِ ن میٹے کوئی
میرے ٹھاکُرِ آپِ دِوائی ॥

ਨਿੰਦਕ ਨਰ ਕਾਲੇ ਮੁਖ ਨਿੰਦਾ
ਜਿਨ੍ ਗੁਰ ਕੀ ਦਾਤਿ ਨ ਭਾਈ ॥੪॥

نِندک نر کالے مُکھ نِندا
جِنّہ گُر کی داتِ ن بھائی ॥4॥

ਐ ਜੀ ਸਰਣਿ ਪਰੇ ਪ੍ਰਭੁ ਬਖਸਿ ਮਿਲਾਵੈ
ਬਿਲਮ ਨ ਅਧੂਆ ਰਾਈ ॥

اے جی سرڻِ پرے پربھُ بخشِ مِلاوے
بِلم ن ادھوُیا رائی ॥

ਆਨਦ ਮੂਲੁ ਨਾਥੁ ਸਿਰਿ ਨਾਥਾ
ਸਤਿਗੁਰੁ ਮੇਲਿ ਮਿਲਾਈ ॥੫॥

آند موُلُ ناتھُ سِرِ ناتھا
ستِگُرُ میلِ مِلائی ॥5॥

ਐ ਜੀ ਸਦਾ ਦਇਆਲੁ ਦਇਆ ਕਰਿ ਰਵਿਆ
ਗੁਰਮਤਿ ਭ੍ਰਮਨਿ ਚੁਕਾਈ ॥

اے جی سدا دئیالُ دئیا کرِ روِیا
گُرمتِ بھرّمنِ چُکائی ॥

ਪਾਰਸੁ ਭੇਟਿ ਕੰਚਨੁ ਧਾਤੁ ਹੋਈ
ਸਤਸੰਗਤਿ ਕੀ ਵਡਿਆਈ ॥੬॥

پارسُ بھیٹِ کنچنُ دھاتُ ہوئی

ਸਤਸੰਗਤਿ ਕੀ ਵਡਿਆਈ ॥6॥ ستسنگتِ کی وڈِیائی ॥6॥

ਹਰਿ ਜਲੁ ਨਿਰਮਲੁ ਮਨੁ ਇਸਨਾਨੀ
ਮਜਨੁ ਸਤਿਗੁਰੁ ਭਾਈ ॥

ہرِ جلُ نِرملُ منُ اِسنانی
مجنُ ستِگُرُ بھائی ॥

ਪੁਨਰਪਿ ਜਨਮੁ ਨਾਹੀ ਜਨ ਸੰਗਤਿ
ਜੋਤੀ ਜੋਤਿ ਮਿਲਾਈ ॥੭॥

پُنرپِ جنمُ ناہی جن سنگتِ
جوتی جوتِ مِلائی ॥7॥

ਤੂੰ ਵਡ ਪੁਰਖੁ ਅਗੰਮ ਤਰੋਵਰੁ
ਹਮ ਪੰਖੀ ਤੁਝ ਮਾਹੀ ॥

توُنَ وڈ پُرکھُ اگنَم ترووُرُ
ہم پنکھی تُجھ ماہی ॥

ਨਾਨਕ ਨਾਮੁ ਨਿਰੰਜਨ ਦੀਜੈ
ਜੁਗਿ ਜੁਗਿ ਸਬਦਿ ਸਲਾਹੀ ॥੮॥੪॥

نانک نامُ نِرنجن دیجے
جُگِ جُگِ سبدِ سلاحی ॥8॥4॥

ਗੂਜਰੀ ਮਹਲਾ ੧ ਘਰੁ ੪

گوُجری محلا 1 گھرُ 4

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਭਗਤਿ ਪ੍ਰੇਮ ਆਰਾਧਿਤੰ
ਸਚੁ ਪਿਆਸ ਪਰਮ ਹਿਤੰ ॥

بھگتِ پریم آرادھِتنَ
سچُ پیاس پرم ہِتنَ ॥

ਬਿਲਲਾਪ ਬਿਲਲ ਬਿਨੰਤੀਆ
ਸੁਖ ਭਾਇ ਚਿਤ ਹਿਤੰ ॥੧॥

بِللاپ بِلل بِنتیا
سُکھ بھاءِ چِت ہِتنَ ॥1॥

ਜਪਿ ਮਨ ਨਾਮੁ ਹਰਿ ਸਰਣੀ ॥

جپِ من نامُ ہرِ سرنی ॥

ਸੰਸਾਰ ਸਾਗਰ ਤਾਰਿ ਤਾਰਣ
ਰਮ ਨਾਮ ਕਰਿ ਕਰਣੀ ॥੧॥ ਰਹਾਉ ॥

سنسار ساگر تارِ تارن
رم نام کرِ کرنی ॥1॥ رہاءُ ॥

ਏ ਮਨ ਮਿਰਤ ਸੁਭ ਚਿੰਤੰ
ਗੁਰ ਸਬਦਿ ਹਰਿ ਰਮਣੰ ॥

اے من مِرت سُبھ چِنتنَ
گُر سبدِ ہرِ رمنَ ॥

ਮਤਿ ਤਤੁ ਗਿਆਨੰ ਕਲਿਆਣ ਨਿਧਾਨੰ
ਹਰਿ ਨਾਮ ਮਨਿ ਰਮਣੰ ॥੨॥

متِ تتُ گیانَ کلیانَ نِدھانَ
ہرِ نام منِ رمنَ ॥2॥

ਚਲ ਚਿਤ ਵਿਤ ਭ੍ਰਮਾ ਭ੍ਰਮੰ
ਜਗੁ ਮੋਹ ਮਗਨ ਹਿਤੰ ॥

چل چِت وِت بھرما بھرمنَ
جگُ موہ مگن ہِتنَ ॥

ਥਿਰੁ ਨਾਮੁ ਭਗਤਿ ਦਿੜੰ ਮਤੀ

تھِرُ نامُ بھگتِ دِڑنَ متی

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پُرب نوں سمرپت | سیوا: بھائی بلجندر سنگھ جی (راڑا صاہب)

ਗੁਰ ਵਾਕਿ ਸਬਦ ਰਤੰ ॥੩॥

گُر واکِ سبد رتنّ ॥3॥

ਭਰਮਾਤਿ ਭਰਮੁ ਨ ਚੂਕਈ
ਜਗੁ ਜਨਮਿ ਬਿਆਧਿ ਖਪੰ ॥

بھرماتِ بھرمُ ن چھُوکئی
جگُ جنمِ بِیادھِ کھپنّ ॥

ਅਸਥਾਨੁ ਹਰਿ ਨਿਹਕੇਵਲੰ
ਸਤਿ ਮਤੀ ਨਾਮ ਤਪੰ ॥੪॥

استھانُ ہرِ نِہکیولنّ
ستِ متی نام تپنّ ॥4॥

ਇਹੁ ਜਗੁ ਮੋਹ ਹੇਤ ਬਿਆਪਿਤੰ
ਦੁਖੁ ਅਧਿਕ ਜਨਮ ਮਰਣੰ ॥

اِہُ جگُ موہ ہیت بِیاپِتنّ
دُکھُ ادھِک جنم مرنّنّ ॥

ਭਜੁ ਸਰਣਿ ਸਤਿਗੁਰ ਊਬਰਹਿ
ਹਰਿ ਨਾਮੁ ਰਿਦ ਰਮਣੰ ॥੫॥

بھجُ سرنِ ستِگُر اوُبرہِ
ہرِ نامُ رِد رمنّنّ ॥5॥

ਗੁਰਮਤਿ ਨਿਹਚਲ ਮਨਿ ਮਨੁ
ਮਨੰ ਸਹਜ ਬੀਚਾਰੰ ॥

گُرمتِ نِہچل منِ منُ
منّ سہج بیچارنّ ॥

ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ
ਗਿਆਨ ਰਤਨੁ ਸਾਰੰ ॥੬॥

سو منُ نِرملُ جِتُ ساچُ انترِ
گیان رتنُ سارنّ ॥6॥

ਭੈ ਭਾਇ ਭਗਤਿ ਤਰੁ ਭਵਜਲੁ
ਮਨਾ ਚਿਤੁ ਲਾਇ ਹਰਿ ਚਰਣੀ ॥

بھے بھاءِ بھگتِ ترُ بھوجلُ
منا چِتُ لاءِ ہرِ چرنّی ॥

ਹਰਿ ਨਾਮੁ ਹਿਰਦੈ ਪਵਿਤ੍ਰੁ ਪਾਵਨੁ
ਇਹੁ ਸਰੀਰੁ ਤਉ ਸਰਣੀ ॥੭॥

ہرِ نامُ ہِردے پوِتّرُ پاونُ
اِہُ سریرُ تءُ سرنّی ॥7॥

ਲਬ ਲੋਭ ਲਹਰਿ ਨਿਵਾਰਣੰ
ਹਰਿ ਨਾਮ ਰਾਸਿ ਮਨੰ ॥

لب لوبھ لہرِ نوارنّنّ
ہرِ نام راسِ منّ ॥

ਮਨੁ ਮਾਰਿ ਤੁਹੀ ਨਿਰੰਜਨਾ
ਕਹੁ ਨਾਨਕਾ ਸਰਨੰ ॥੮॥੧॥੫॥

منُ مارِ تُہی نِرنجنا
کہُ نانکا سرنّ ॥8॥1॥5॥

ਗੂਜਰੀ ਮਹਲਾ ੩ ਘਰੁ ੧

گوُجری محلا 3 گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਨਿਰਤਿ ਕਰੀ ਇਹੁ ਮਨੁ ਨਚਾਈ ॥

نِرتِ کری اِہُ منُ نچائی ॥

ਗੁਰ ਪਰਸਾਦੀ ਆਪੁ ਗਵਾਈ ॥

گُر پرسادی آپُ گوائی ॥

ਚਿਤੁ ਥਿਰੁ ਰਾਖੈ ਸੋ ਮੁਕਤਿ ਹੋਵੈ
ਜੋ ਇਛੀ ਸੋਈ ਫਲੁ ਪਾਈ ॥੧॥

چِتُ تھِرُ راکھے سو مُکتِ ہووے
جو اِچھی سوئی پھلُ پائی ॥1॥

ਨਾਚੁ ਰੇ ਮਨ ਗੁਰ ਕੈ ਆਗੈ ॥

ناچُ رے من گُر کے آگے ॥

ਗੁਰ ਕੈ ਭਾਣੈ ਨਾਚਹਿ ਤਾ ਸੁਖੁ ਪਾਵਹਿ
ਅੰਤੇ ਜਮ ਭਉ ਭਾਗੈ ॥ ਰਹਾਉ ॥

گُر کے بھاٹے ناچہِ تا سُکھُ پاوہِ
انّتے جم بھءُ بھاگے ॥ رہاءُ ॥

ਆਪਿ ਨਚਾਏ ਸੋ ਭਗਤੁ ਕਹੀਐ
ਆਪਣਾ ਪਿਆਰੁ ਆਪਿ ਲਾਏ ॥

آپِ نچائے سو بھگتُ کہیئے
آپنّا پِیارُ آپِ لائے ॥

ਆਪੇ ਗਾਵੈ ਆਪਿ ਸੁਣਾਵੈ
ਇਸੁ ਮਨ ਅੰਧੇ ਕਉ ਮਾਰਗਿ ਪਾਏ ॥੨॥

آپے گاوے آپِ سُنّاوے
اِس من انّدھے کءُ مارگِ پائے ॥2॥

ਅਨਦਿਨੁ ਨਾਚੈ ਸਕਤਿ ਨਿਵਾਰੈ
ਸਿਵ ਘਰਿ ਨੀਦ ਨ ਹੋਈ ॥

اندِنُ ناچےَ سکتِ نِوارے
سِو گھرِ نِید ن ہوئی ॥

ਸਕਤੀ ਘਰਿ ਜਗਤੁ ਸੂਤਾ ਨਾਚੈ ਟਾਪੈ ਅਵਰੋ ਗਾਵੈ
ਮਨਮੁਖਿ ਭਗਤਿ ਨ ਹੋਈ ॥੩॥

سکتی گھرِ جگتُ سوُتا ناچےَ ٹاپے اورو گاوے
منمُکھِ بھگتِ ن ہوئی ॥3॥

ਸੁਰਿ ਨਰ ਵਿਰਤਿ ਪਖਿ ਕਰਮੀ ਨਾਚੇ
ਮੁਨਿ ਜਨ ਗਿਆਨ ਬੀਚਾਰੀ ॥

سُرِ نر وِرتِ پکھِ کرمی ناچے
مُنِ جن گِیان بیچاری ॥

ਸਿਧ ਸਾਧਿਕ ਲਿਵ ਲਾਗੀ ਨਾਚੇ
ਜਿਨ ਗੁਰਮੁਖਿ ਬੁਧਿ ਵੀਚਾਰੀ ॥੪॥

سِدھ سادھِک لِو لاگی ناچے
جِن گُرمُکھِ بُدھِ وِیچاری ॥4॥

ਖੰਡ ਬ੍ਰਹਮੰਡ ਤ੍ਰੈ ਗੁਣ ਨਾਚੇ
ਜਿਨ ਲਾਗੀ ਹਰਿ ਲਿਵ ਤੁਮਾਰੀ ॥

کھنّڈ برہمنّڈ ترّے گُن ناچے
جِن لاگی ہرِ لِو تُماری ॥

ਜੀਅ ਜੰਤ ਸਭੇ ਹੀ ਨਾਚੇ
ਨਾਚਹਿ ਖਾਣੀ ਚਾਰੀ ॥੫॥

جیء جنّت سبھے ہی ناچے
ناچہِ کھانی چاری ॥5॥

ਜੋ ਤੁਧੁ ਭਾਵਹਿ ਸੇਈ ਨਾਚਹਿ
ਜਿਨ ਗੁਰਮੁਖਿ ਸਬਦਿ ਲਿਵ ਲਾਏ ॥

جو تُدھُ بھاوہِ سیئی ناچہِ
جِن گُرمُکھِ سبدِ لِو لائے ॥

ਸੇ ਭਗਤ ਸੇ ਤਤੁ ਗਿਆਨੀ
ਜਿਨ ਕਉ ਹੁਕਮੁ ਮਨਾਏ ॥੬॥

سے بھگت سے تتُ گِیانی
جِن کءُ حُکمُ منائے ॥6॥

ਏਹਾ ਭਗਤਿ ਸਚੇ ਸਿਉ ਲਿਵ ਲਾਗੈ
ਬਿਨੁ ਸੇਵਾ ਭਗਤਿ ਨ ਹੋਈ ॥

ایہا بھگتِ سچے سِ ءُ لِو لاگے
بِنُ سیوا بھگتِ ن ہوئی ॥

ਜੀਵਤੁ ਮਰੈ ਤਾ ਸਬਦੁ ਬੀਚਾਰੈ
ਤਾ ਸਚੁ ਪਾਵੈ ਕੋਈ ॥੭॥

جیِوتُ مرے تا سبدُ بیچارے
تا سچُ پاوے کوئی ॥7॥

ਮਾਇਆ ਕੈ ਅਰਥਿ ਬਹੁਤੁ ਲੋਕ ਨਾਚੇ
ਕੋ ਵਿਰਲਾ ਤਤੁ ਬੀਚਾਰੀ ॥

مائیا کے ارتھِ بہُتُ لوک ناچے
کو وِرلا تتُ بیچاری ॥

ਗੁਰ ਪਰਸਾਦੀ ਸੋਈ ਜਨੁ ਪਾਏ
ਜਿਨ ਕਉ ਕ੍ਰਿਪਾ ਤੁਮਾਰੀ ॥੮॥

گُر پرسادی سوئی جنُ پائے
جِن ک ءُ کرِپا تُماری ॥8॥

ਇਕੁ ਦਮੁ ਸਾਚਾ ਵੀਸਰੈ
ਸਾ ਵੇਲਾ ਬਿਰਥਾ ਜਾਇ ॥

اِکُ دمُ ساچا ویِسرے
سا ویلا بِرتھا جاءِ ॥

ਸਾਹਿ ਸਾਹਿ ਸਦਾ ਸਮਾਲੀਐ
ਆਪੇ ਬਖਸੇ ਕਰੇ ਰਜਾਇ ॥੯॥

ساہِ ساہِ سدا سمالیئے
آپے بخشے کرے رضاءِ ॥9॥

ਸੇਈ ਨਾਚਹਿ ਜੋ ਤੁਧੁ ਭਾਵਹਿ
ਜਿ ਗੁਰਮੁਖਿ ਸਬਦੁ ਵੀਚਾਰੀ ॥

سیئی ناچہِ جو تُدھُ بھاوہِ
جِ گُرمُکھِ سبدُ ویچاری ॥

ਕਹੁ ਨਾਨਕ ਸੇ ਸਹਜ ਸੁਖੁ ਪਾਵਹਿ
ਜਿਨ ਕਉ ਨਦਰਿ ਤੁਮਾਰੀ ॥੧੦॥੧॥੬॥

کہُ نانک سے سہج سُکھُ پاوہِ
جِن ک ءُ ندرِ تُماری ॥ 10 ॥ 1 ॥ 6 ॥

ਗੂਜਰੀ ਮਹਲਾ ੪ ਘਰੁ ੨

گوُجری محلا 4 گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਹਰਿ ਬਿਨੁ ਜੀਅਰਾ ਰਹਿ ਨ ਸਕੈ
ਜਿਉ ਬਾਲਕੁ ਖੀਰ ਅਧਾਰੀ ॥

ہرِ بِنُ جیئرا رہِ ن سکے
جِ ءُ بالکُ کھیِر ادھاری ॥

ਅਗਮ ਅਗੋਚਰ ਪ੍ਰਭੁ ਗੁਰਮੁਖਿ ਪਾਈਐ
ਅਪੁਨੇ ਸਤਿਗੁਰ ਕੈ ਬਲਿਹਾਰੀ ॥੧॥

اگم اگوچر پربھُ گُرمُکھِ پائیئے
اپُنے ستِگُر کے بلِہاری ॥1॥

ਮਨ ਰੇ ਹਰਿ ਕੀਰਤਿ ਤਰੁ ਤਾਰੀ ॥

من رے ہرِ کیِرتِ ترُ تاری ॥

ਗੁਰਮੁਖਿ ਨਾਮੁ ਅੰਮ੍ਰਿਤ ਜਲੁ ਪਾਈਐ
ਜਿਨ ਕਉ ਕ੍ਰਿਪਾ ਤੁਮਾਰੀ ॥ ਰਹਾਉ ॥

گُرمُکھِ نامُ انمّرِت جلُ پائیئے
جِن ک ءُ کرِپا تُماری ॥ رہاءُ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) (ਰਾਜਾ ਸਾਹਿਬ) ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦے 550ویں پرکاش پُرب نُوں سمرپت | سیوا: بھائی بلجِندر سنگھ جی

ਸਨਕ ਸਨੰਦਨ ਨਾਰਦ ਮੁਨਿ ਸੇਵਹਿ
ਅਨਦਿਨੁ ਜਪਤ ਰਹਹਿ ਬਨਵਾਰੀ ॥

سنک سنندن نارد مُنِ سیوہِ
اندِنُ جپت رہہِ بنواری ॥

ਸਰਣਾਗਤਿ ਪ੍ਰਹਲਾਦ ਜਨ ਆਏ
ਤਿਨ ਕੀ ਪੈਜ ਸਵਾਰੀ ॥੨॥

سرٹاگتِ پرہلاد جن آئے
تِن کی پیج سواری ॥2॥

ਅਲਖ ਨਿਰੰਜਨੁ ਏਕੋ ਵਰਤੈ
ਏਕਾ ਜੋਤਿ ਮੁਰਾਰੀ ॥

الکھ نِرنجنُ ایکو ورتے
ایکا جوتِ مُراری ॥

ਸਭਿ ਜਾਚਿਕ ਤੂ ਏਕੋ ਦਾਤਾ
ਮਾਗਹਿ ਹਾਥ ਪਸਾਰੀ ॥੩॥

سبھِ جاچِک توُ ایکو داتا
ماگہِ ہاتھ پساری ॥3॥

ਭਗਤ ਜਨਾ ਕੀ ਊਤਮ ਬਾਣੀ
ਗਾਵਹਿ ਅਕਥ ਕਥਾ ਨਿਤ ਨਿਆਰੀ ॥

بھگت جنا کی اوُتم باٹی
گاوہِ اکتھ کتھا نِت نِیاری ॥

ਸਫਲ ਜਨਮੁ ਭਇਆ ਤਿਨ ਕੇਰਾ
ਆਪਿ ਤਰੇ ਕੁਲ ਤਾਰੀ ॥੪॥

سپھل جنمُ بھئیا تِن کیرا
آپِ ترے کُل تاری ॥4॥

ਮਨਮੁਖ ਦੁਬਿਧਾ ਦੁਰਮਤਿ ਬਿਆਪੇ
ਜਿਨ ਅੰਤਰਿ ਮੋਹ ਗੁਬਾਰੀ ॥

منمُکھ دُبِدھا دُرمتِ بِیاپے
جِن انتر موہ غُباری ॥

ਸੰਤ ਜਨਾ ਕੀ ਕਥਾ ਨ ਭਾਵੈ
ਓਇ ਡੂਬੇ ਸਣੁ ਪਰਵਾਰੀ ॥੫॥

سنّت جنا کی کتھا ن بھاوے
اوءِ ڈُوبے سنُ پرواری ॥5॥

ਨਿੰਦਕੁ ਨਿੰਦਾ ਕਰਿ ਮਲੁ ਧੋਵੈ
ਓਹੁ ਮਲਭਖੁ ਮਾਇਆਧਾਰੀ ॥

نِندکُ نِندا کرِ ملُ دھووے
اوہُ ملبھکھُ مائیادھاری ॥

ਸੰਤ ਜਨਾ ਕੀ ਨਿੰਦਾ ਵਿਆਪੇ
ਨਾ ਉਰਵਾਰਿ ਨ ਪਾਰੀ ॥੬॥

سنّت جنا کی نِندا وِیاپے
نا اُروارِ ن پاری ॥6॥

ਏਹੁ ਪਰਪੰਚੁ ਖੇਲੁ ਕੀਆ ਸਭੁ ਕਰਤੈ
ਹਰਿ ਕਰਤੈ ਸਭ ਕਲ ਧਾਰੀ ॥

ایہُ پرپنچُ کھیلُ کیِیا سبھُ کرتے
ہرِ کرتے سبھ کل دھاری ॥

ਹਰਿ ਏਕੋ ਸੂਤੁ ਵਰਤੈ ਜੁਗ ਅੰਤਰਿ
ਸੂਤੁ ਖਿੰਚੈ ਏਕੰਕਾਰੀ ॥੭॥

ہرِ ایکو سوُتُ ورتے جُگ انترِ
سوُتُ کھِنچّے ایکنکاری ॥7॥

ਰਸਨਿ ਰਸਨਿ ਰਸਿ ਗਾਵਹਿ ਹਰਿ ਗੁਣ
ਰਸਨਾ ਹਰਿ ਰਸੁ ਧਾਰੀ ॥

رسنِ رسنِ رسِ گاوہِ ہرِ گُن
رسنا ہرِ رسُ دھاری ॥

رسنا ہرِ رسُ دھاری ॥

ਨਾਨਕ ਹਰਿ ਬਿਨੁ ਅਵਰੁ ਨ ਮਾਗਉ
ਹਰਿ ਰਸ ਪ੍ਰੀਤਿ ਪਿਆਰੀ ॥੮॥੧॥੭॥

نانک ہرِ بِنُ اورُ ن ماگءُ
ہرِ رس پّریتِ پِیاری ॥8॥1॥7॥

ਗੂਜਰੀ ਮਹਲਾ ੫ ਘਰੁ ੨

گوُجری محلا 5 گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਰਾਜਨ ਮਹਿ ਤੂੰ ਰਾਜਾ ਕਹੀਅਹਿ
ਭੂਮਨ ਮਹਿ ਭੂਮਾ ॥

راجن مہِ توُنّ راجا کہیئہِ
بھوُمن مہِ بھوُما ॥

ਠਾਕੁਰ ਮਹਿ ਠਕੁਰਾਈ ਤੇਰੀ
ਕੋਮਨ ਸਿਰਿ ਕੋਮਾ ॥੧॥

ٹھاکُر مہِ ٹھکُرائی تیری
قومن سِرِ قوما ॥1॥

ਪਿਤਾ ਮੇਰੋ ਬਡੋ ਧਨੀ ਅਗਮਾ ॥

پِتا میرو بڈو دھنی اگما ॥

ਉਸਤਤਿ ਕਵਨ ਕਰੀਜੈ ਕਰਤੇ
ਪੇਖਿ ਰਹੇ ਬਿਸਮਾ ॥੧॥ ਰਹਾਉ ॥

اُستتِ کون کریجےَ کرتے
پیکھِ رہے بِسما ॥1॥ رہاءُ ॥

ਸੁਖੀਅਨ ਮਹਿ ਸੁਖੀਆ ਤੂੰ ਕਹੀਅਹਿ
ਦਾਤਨ ਸਿਰਿ ਦਾਤਾ ॥

سُکھیئن مہِ سُکھیا توُنّ کہیئہِ
داتن سِرِ داتا ॥

ਤੇਜਨ ਮਹਿ ਤੇਜਵੰਸੀ ਕਹੀਅਹਿ
ਰਸੀਅਨ ਮਹਿ ਰਾਤਾ ॥੨॥

تیجن مہِ تیجونّسی کہیئہِ
رسیئن مہِ راتا ॥2॥

ਸੂਰਨ ਮਹਿ ਸੂਰਾ ਤੂੰ ਕਹੀਅਹਿ
ਭੋਗਨ ਮਹਿ ਭੋਗੀ ॥

سوُرن مہِ سوُرا توُنّ کہیئہِ
بھوگن مہِ بھوگی ॥

ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤੀ
ਜੋਗਨ ਮਹਿ ਜੋਗੀ ॥੩॥

گّرستن مہِ توُنّ بڈو گّرِہستی
جوگن مہِ جوگی ॥3॥

ਕਰਤਨ ਮਹਿ ਤੂੰ ਕਰਤਾ ਕਹੀਅਹਿ
ਆਚਾਰਨ ਮਹਿ ਆਚਾਰੀ ॥

کرتن مہِ توُنّ کرتا کہیئہِ
آچارن مہِ آچاری ॥

ਸਾਹਨ ਮਹਿ ਤੂੰ ਸਾਚਾ ਸਾਹਾ
ਵਾਪਾਰਨ ਮਹਿ ਵਾਪਾਰੀ ॥੪॥

ساہن مہِ توُنّ ساچا ساہا
واپارن مہِ واپاری ॥4॥

ਦਰਬਾਰਨ ਮਹਿ ਤੇਰੋ ਦਰਬਾਰਾ

دربارن مہِ تیرو دربارا

ਸਰਨ ਪਾਲਨ ਟੀਕਾ ॥

سرن پالن ٹیِکا ॥

ਲਖਿਮੀ ਕੇਤਕ ਗਨੀ ਨ ਜਾਈਐ
ਗਨਿ ਨ ਸਕਉ ਸੀਕਾ ॥੫॥

لکھِمی کیتک گنی ن جائیِئے
گنِ ن سکءُ سیِکا ॥5॥

ਨਾਮਨ ਮਹਿ ਤੇਰੋ ਪ੍ਰਭ ਨਾਮਾ
ਗਿਆਨਨ ਮਹਿ ਗਿਆਨੀ ॥

نامن مہِ تیرو پربھ نامـا
گیانن مہِ گیانی ॥

ਜੁਗਤਨ ਮਹਿ ਤੇਰੀ ਪ੍ਰਭ ਜੁਗਤਾ
ਇਸਨਾਨਨ ਮਹਿ ਇਸਨਾਨੀ ॥੬॥

جُگتن مہِ تیری پربھ جُگتا
اِسنانن مہِ اِسنانی ॥6॥

ਸਿਧਨ ਮਹਿ ਤੇਰੀ ਪ੍ਰਭ ਸਿਧਾ
ਕਰਮਨ ਸਿਰਿ ਕਰਮਾ ॥

سِدھن مہِ تیری پربھ سِدھا
کرمن سِرِ کرما ॥

ਆਗਿਆ ਮਹਿ ਤੇਰੀ ਪ੍ਰਭ ਆਗਿਆ
ਹੁਕਮਨ ਸਿਰਿ ਹੁਕਮਾ ॥੭॥

آگیا مہِ تیری پربھ آگیا
حُکمن سِرِ حُکما ॥7॥

ਜਿਉ ਬੋਲਾਵਹਿ ਤਿਉ ਬੋਲਹ ਸੁਆਮੀ
ਕੁਦਰਤਿ ਕਵਨ ਹਮਾਰੀ ॥

جِءُ بولاوہِ تِءُ بولہ سُیامی
قُدرتِ کون ہماری ۔ ॥

ਸਾਧਸੰਗਿ ਨਾਨਕ ਜਸੁ ਗਾਇਓ
ਜੋ ਪ੍ਰਭ ਕੀ ਅਤਿ ਪਿਆਰੀ ॥੮॥੧॥੮॥

سادھسنگِ نانک جسُ گائیو
جو پربھ کی اتِ پیاری ॥8॥1॥8॥

ਗੂਜਰੀ ਮਹਲਾ ੫ ਘਰੁ ੪

گُوجری محلا 5 گھرُ 4

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਨਾਥ ਨਰਹਰ ਦੀਨ ਬੰਧਵ
ਪਤਿਤ ਪਾਵਨ ਦੇਵ ॥

ناتھ نرہر دیِن بندھو
پتِت پاون دیو ۔ ॥

ਭੈ ਤ੍ਰਾਸ ਨਾਸ ਕ੍ਰਿਪਾਲ ਗੁਣ ਨਿਧਿ
ਸਫਲ ਸੁਆਮੀ ਸੇਵ ॥੧॥

بھے تّراس ناس کرِپال گُن نِدھِ
سپھل سُیامی سیو ॥1॥

ਹਰਿ ਗੋਪਾਲ ਗੁਰ ਗੋਬਿੰਦ ॥

ہرِ گوپال گُر گوبِند ۔ ॥

ਚਰਣ ਸਰਣ ਦਇਆਲ ਕੇਸਵ
ਤਾਰਿ ਜਗ ਭਵ ਸਿੰਧ ॥੧॥ ਰਹਾਉ ॥

چرنْ سرنْ دئیال کیسو
تارِ جگ بھو سِندھ ॥1॥ رہاءُ ॥

ਕਾਮ ਕ੍ਰੋਧ ਹਰਨ ਮਦ ਮੋਹ ਦਹਨ

کام کّرودھ ہرن مد موہ دہن

ਮੁਰਾਰਿ ਮਨ ਮਕਰੰਦ ॥

مُرارِ من مکرنّد ۔ ॥

ਜਨਮ ਮਰਣ ਨਿਵਾਰਿ ਧਰਣੀਧਰ
ਪਤਿ ਰਾਖੁ ਪਰਮਾਨੰਦ ॥੨॥

جنم مرنّ نِوارِ دھرنیدھر
پتِ راکھُ پرمانّد ۔ ॥2॥

ਜਲਤ ਅਨਿਤ ਤਰੰਗ ਮਾਇਆ
ਗੁਰ ਗਿਆਨ ਹਰਿ ਰਿਦ ਮੰਤ ॥

جلت انِت ترنگ مائیا
گُر گیان ہرِ رِد منّت ॥

ਛੇਦਿ ਅਹੰਬੁਧਿ ਕਰੁਣਾ ਮੈ
ਚਿੰਤ ਮੇਟਿ ਪੁਰਖ ਅਨੰਤੁ ॥੩॥

چھیدِ اہنّدھِ کرُنا مے
چِنّت میٹِ پُرکھ اننّتُ ۔ ॥3॥

ਸਿਮਰਿ ਸਮਰਥ ਪਲ ਮਹੂਰਤ
ਪ੍ਰਭ ਧਿਆਨੁ ਸਹਜ ਸਮਾਧਿ ॥

سِمرِ سمرتھ پل مہُورت
پربھ دھیانُ سہج سمادھِ ॥

ਦੀਨ ਦਇਆਲ ਪ੍ਰਸੰਨ ਪੂਰਨ
ਜਾਚੀਐ ਰਜ ਸਾਧ ॥੪॥

دِین دئیال پرسنّن پوُرن
جاچیئے رج سادھ ॥4॥

ਮੋਹ ਮਿਥਨ ਦੁਰੰਤ ਆਸਾ
ਬਾਸਨਾ ਬਿਕਾਰ ॥

موہ مِتھن دُرنّت آسا
باسنا بِکار ॥

ਰਖੁ ਧਰਮ ਭਰਮ ਬਿਦਾਰਿ ਮਨ ਤੇ
ਉਧਰੁ ਹਰਿ ਨਿਰੰਕਾਰ ॥੫॥

رکھُ دھرم بھرم بِدارِ من تے
اُدھرُ ہرِ نرنّکار ۔ ॥5॥

ਧਨਾਢਿ ਆਢਿ ਭੰਡਾਰ ਹਰਿ ਨਿਧਿ
ਹੋਤ ਜਿਨਾ ਨ ਚੀਰ ॥

دھناڈھِ آڈھِ بھنّڈار ہرِ نِدھِ
ہوت جِنا ن چیِر ॥

ਖਲ ਮੁਗਧ ਮੂੜ ਕਟਾਖ੍ਹ ਸ੍ਰੀਧਰ
ਭਏ ਗੁਣ ਮਤਿ ਧੀਰ ॥੬॥

کھل مُگدھ موُڑ کٹاکھ شریدھر
بھئے گُنّ متِ دھیِر ॥6॥

ਜੀਵਨ ਮੁਕਤ ਜਗਦੀਸ ਜਪਿ
ਮਨ ਧਾਰਿ ਰਿਦ ਪਰਤੀਤਿ ॥

جیِون مُکت جگدیس جپِ
من دھارِ رِد پرتیِتِ ॥

ਜੀਅ ਦਇਆ ਮਇਆ ਸਰਬਤ੍ਰ ਰਮਣੰ
ਪਰਮ ਹੰਸਹ ਰੀਤਿ ॥੭॥

جیء دئیا مئیا سربتّر رمنّن
پرم ہنّسہ ریِتِ ॥7॥

ਦੇਤ ਦਰਸਨੁ ਸ੍ਰਵਨ ਹਰਿ ਜਸੁ
ਰਸਨ ਨਾਮ ਉਚਾਰ ॥

دیت درسنُ سّرون ہرِ جسُ
رسن نام اُچار ॥

ਅੰਗ ਸੰਗ ਭਗਵਾਨ ਪਰਸਨ
ਪ੍ਰਭ ਨਾਨਕ ਪਤਿਤ ਉਧਾਰ
॥੮॥੧॥੨॥੫॥੧॥੧॥੨॥੫੭॥

انگ سنگ بھگوان پرسن
پربھ نانک پتت اُدھار ॥8॥1॥2॥5॥1॥1॥2॥ 57 ॥

ਗੂਜਰੀ ਕੀ ਵਾਰ ਮਹਲਾ ੩

گوُجری کی وار محلا 3

ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ

سِکندر بِراہِم کی وار کی دھُنی گائُنی

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਸਲੋਕੁ ਮਃ ੩ ॥

سلوکُ م: 3 ॥

ਇਹੁ ਜਗਤੁ ਮਮਤਾ ਮੁਆ
ਜੀਵਣ ਕੀ ਬਿਧਿ ਨਾਹਿ ॥

اِہُ جگتُ ممتا مُیا
جیِوڻ کی بِدھِ ناہِ ॥

ਗੁਰ ਕੈ ਭਾਣੈ ਜੋ ਚਲੈ
ਤਾਂ ਜੀਵਣ ਪਦਵੀ ਪਾਹਿ ॥

گُر کے بھاڻے جو چلے
تاں جیِوڻ پدوی پاہِ ॥

ਓਇ ਸਦਾ ਸਦਾ ਜਨ ਜੀਵਤੇ
ਜੋ ਹਰਿ ਚਰਣੀ ਚਿਤੁ ਲਾਹਿ ॥

اوءِ سدا سدا جن جیِوتے
جو ہرِ چرڻی چِتُ لاہِ ॥

ਨਾਨਕ ਨਦਰੀ ਮਨਿ ਵਸੈ
ਗੁਰਮੁਖਿ ਸਹਜਿ ਸਮਾਹਿ ॥੧॥

نانک ندری منِ وسے
گُرمُکھِ سہجِ سماہِ ॥1॥

ਮਃ ੩ ॥

م: 3 ॥

ਅੰਦਰਿ ਸਹਸਾ ਦੁਖੁ ਹੈ
ਆਪੈ ਸਿਰਿ ਧੰਧੈ ਮਾਰ ॥

انّدرِ سہسا دُکھُ ہے
آپے سِرِ دھنّدھے مار ॥

ਦੂਜੈ ਭਾਇ ਸੁਤੇ ਕਬਹਿ ਨ ਜਾਗਹਿ
ਮਾਇਆ ਮੋਹ ਪਿਆਰ ॥

دوُجے بھاءِ سُتے کبہِ ن جاگہِ
مائیا موہ پیار ॥

ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ
ਇਹੁ ਮਨਮੁਖ ਕਾ ਆਚਾਰੁ ॥

نامُ ن چیتہِ سبدُ ن ویچارہِ
اِہُ منمُکھ کا آچارُ ॥

ਹਰਿ ਨਾਮੁ ਨ ਪਾਇਆ ਜਨਮੁ ਬਿਰਥਾ ਗਵਾਇਆ
ਨਾਨਕ ਜਮੁ ਮਾਰਿ ਕਰੇ ਖੁਆਰ ॥੨॥

ہرِ نامُ ن پائیا جنمُ برتھا گوائیا
نانک جمُ مارِ کرے خُیار ॥2॥

ਪਉੜੀ ॥

پئڑی ॥

ਆਪਣਾ ਆਪੁ ਉਪਾਇਓਨੁ
ਤਦਹੁ ਹੋਰੁ ਨ ਕੋਈ ॥

آپنّا آپُ اُپائیئونُ
تدہُ ہورُ ن کوئی ॥

ਮਤਾ ਮਸੂਰਤਿ ਆਪਿ ਕਰੇ
ਜੋ ਕਰੇ ਸੁ ਹੋਈ ॥

متا مسوُرتِ آپِ کرے
جو کرے سُ ہوئی ॥

ਤਦਹੁ ਆਕਾਸੁ ਨ ਪਾਤਾਲੁ ਹੈ
ਨਾ ਤ੍ਰੈ ਲੋਈ ॥

تدہُ آکاسُ ن پاتالُ ہےَ
نا تّرےَ لوئی ॥

ਤਦਹੁ ਆਪੇ ਆਪਿ ਨਿਰੰਕਾਰੁ ਹੈ
ਨਾ ਓਪਤਿ ਹੋਈ ॥

تدہُ آپے آپِ نِرنکارُ ہےَ
نا اوپتِ ہوئی ॥

ਜਿਉ ਤਿਸੁ ਭਾਵੈ ਤਿਵੈ ਕਰੇ
ਤਿਸੁ ਬਿਨੁ ਅਵਰੁ ਨ ਕੋਈ ॥੧॥

جِءُ تِسُ بھاوےَ تِوےَ کرے
تِسُ بِنُ اورُ ن کوئی ॥1॥

ਸਲੋਕੁ ਮਃ ੩ ॥

سلوکُ م: 3 ॥

ਸਾਹਿਬੁ ਮੇਰਾ ਸਦਾ ਹੈ
ਦਿਸੈ ਸਬਦੁ ਕਮਾਇ ॥

صاہِبُ میرا سدا ہےَ
دِسےَ سبدُ کماءِ ॥

ਓਹੁ ਅਉਹਾਣੀ ਕਦੇ ਨਾਹਿ
ਨਾ ਆਵੈ ਨਾ ਜਾਇ ॥

اوہُ اُنہانّی کدے ناہِ
نا آوےَ نا جاءِ ॥

ਸਦਾ ਸਦਾ ਸੋ ਸੇਵੀਐ
ਜੋ ਸਭ ਮਹਿ ਰਹੈ ਸਮਾਇ ॥

سدا سدا سو سیویےَ
جو سبھ مہِ رہےَ سماءِ ॥

ਅਵਰੁ ਦੂਜਾ ਕਿਉ ਸੇਵੀਐ
ਜੰਮੈ ਤੈ ਮਰਿ ਜਾਇ ॥

اورُ دوُجا کِءُ سیویےَ
جنّمےَ تےَ مرِ جاءِ ॥

ਨਿਹਫਲੁ ਤਿਨ ਕਾ ਜੀਵਿਆ
ਜਿ ਖਸਮੁ ਨ ਜਾਣਹਿ ਆਪਣਾ
ਅਵਰੀ ਕਉ ਚਿਤੁ ਲਾਇ ॥

نِہپھلُ تِن کا جیِویا
جِ خصمُ ن جاٹہِ آپنّا
اوری کءُ چِتُ لاءِ ॥

ਨਾਨਕ ਏਵ ਨ ਜਾਪਈ
ਕਰਤਾ ਕੇਤੀ ਦੇਇ ਸਜਾਇ ॥੧॥

نانک ایو ن جاپئی
کرتا کیتی دےءِ سزاءِ ۔ ॥1॥

ਮਃ ੩ ॥

م: 3 ॥

ਸਚਾ ਨਾਮੁ ਧਿਆਈਐ
ਸਭੋ ਵਰਤੈ ਸਚੁ ॥

سچا نامُ دھیائیئے
سبھو ورتے سچُ ॥

ਨਾਨਕ ਹੁਕਮੁ ਬੁਝਿ ਪਰਵਾਣੁ ਹੋਇ
ਤਾ ਫਲੁ ਪਾਵੈ ਸਚੁ ॥

نانک حُکمُ بُجھِ پرواڻُ ہوءِ
تا پھلُ پاوے سچُ ॥

ਕਥਨੀ ਬਦਨੀ ਕਰਤਾ ਫਿਰੈ
ਹੁਕਮੈ ਮੂਲਿ ਨ ਬੁਝਈ
ਅੰਧਾ ਕਚੁ ਨਿਕਚੁ ॥੨॥

کتھنی بدنی کرتا پھرے
حُکمے مؤلِ ن بُجھئی
انّدھا کچُ نِکچُ ॥2॥

ਪਉੜੀ ॥

پؤڑی ॥

ਸੰਜੋਗੁ ਵਿਜੋਗੁ ਉਪਾਇਓਨੁ
ਸ੍ਰਿਸਟੀ ਕਾ ਮੂਲੁ ਰਚਾਇਆ ॥

سنّجوگُ وِجوگُ اُپائیئونُ
سّرِسٹی کا مؤلُ رچائیا ॥

ਹੁਕਮੀ ਸ੍ਰਿਸਟਿ ਸਾਜੀਅਨੁ
ਜੋਤੀ ਜੋਤਿ ਮਿਲਾਇਆ ॥

حُکمی سّرِسٹِ ساجیئنُ
جوتی جوتِ مِلائیا ॥

ਜੋਤੀ ਹੂੰ ਸਭੁ ਚਾਨਣਾ
ਸਤਿਗੁਰਿ ਸਬਦੁ ਸੁਣਾਇਆ ॥

جوتی ہوُنَ سبھُ چانڻا
ستِگُرِ سبدُ سُڻائیا ॥

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ
ਸਿਰਿ ਧੰਧੈ ਲਾਇਆ ॥

بّرہما بِسنُ مہیسُ تّرے گُڻ
سِرِ دھندّھے لائیا ॥

ਮਾਇਆ ਕਾ ਮੂਲੁ ਰਚਾਇਓਨੁ
ਤੁਰੀਆ ਸੁਖੁ ਪਾਇਆ ॥੨॥

مائیا کا مؤلُ رچائیئونُ
تُریِیا سُکھُ پائیا ॥2॥

ਸਲੋਕੁ ਮਃ ੩ ॥

سلوکُ م: 3 ॥

ਸੋ ਜਪੁ ਸੋ ਤਪੁ
ਜਿ ਸਤਿਗੁਰ ਭਾਵੈ ॥

سو جپُ سو تپُ
جِ ستِگُر بھاوے ॥

ਸਤਿਗੁਰ ਕੈ ਭਾਣੈ
ਵਡਿਆਈ ਪਾਵੈ ॥

ستِگُر کے بھاڻے
وڈِیائی پاوے ॥

ਨਾਨਕ ਆਪੁ ਛੋਡਿ
ਗੁਰ ਮਾਹਿ ਸਮਾਵੈ ॥੧॥

نانک آپُ چھوڈِ
گُر ماہِ سماوے ॥1॥

ਮਃ ੩ ॥

م: 3 ॥

ਗੁਰ ਕੀ ਸਿਖ ਕੋ ਵਿਰਲਾ ਲੇਵੈ ॥

گُر کی سِکھ کو وِرلا لیوے ॥

ਨਾਨਕ ਜਿਸੁ ਆਪਿ ਵਡਿਆਈ ਦੇਵੈ ॥੨॥

نانک جِسُ آپِ وڈِیائی دیوے ॥2॥

ਪਉੜੀ ॥

پئُڑی ॥

ਮਾਇਆ ਮੋਹੁ ਅਗਿਆਨੁ ਹੈ
ਬਿਖਮੁ ਅਤਿ ਭਾਰੀ ॥

مائیا موہُ اگیانُ ہے
بِکھمُ اتِ بھاری ॥

ਪਥਰ ਪਾਪ ਬਹੁ ਲਦਿਆ
ਕਿਉ ਤਰੀਐ ਤਾਰੀ ॥

پتھر پاپ بہُ لدِیا
کِءُ ترِیئے تاری ۔ ॥

ਅਨਦਿਨੁ ਭਗਤੀ ਰਤਿਆ
ਹਰਿ ਪਾਰਿ ਉਤਾਰੀ ॥

اندِنُ بھگتی رتیا
ہرِ پارِ اُتاری ॥

ਗੁਰ ਸਬਦੀ ਮਨੁ ਨਿਰਮਲਾ
ਹਉਮੈ ਛਡਿ ਵਿਕਾਰੀ ॥

گُر سبدی منُ نِرملا
ہئُمے چھڈِ وِکاری ॥

ਹਰਿ ਹਰਿ ਨਾਮੁ ਧਿਆਈਐ
ਹਰਿ ਹਰਿ ਨਿਸਤਾਰੀ ॥੩॥

ہرِ ہرِ نامُ دھیائیئے
ہرِ ہرِ نِستاری ॥3॥

ਸਲੋਕੁ ॥

سلوکُ ॥

ਕਬੀਰ ਮੁਕਤਿ ਦੁਆਰਾ ਸੰਕੁੜਾ
ਰਾਈ ਦਸਵੈ ਭਾਇ ॥

کبیرِ مُکتِ دُیارا سنکُڑا
رائی دسوے بھاءِ ॥

ਮਨੁ ਤਉ ਮੈਗਲੁ ਹੋਇ ਰਹਾ
ਨਿਕਸਿਆ ਕਿਉ ਕਰਿ ਜਾਇ ॥

منُ تءُ میگلُ ہوءِ رہا
نِکسیا کِءُ کرِ جاءِ ۔ ॥

ਐਸਾ ਸਤਿਗੁਰੁ ਜੇ ਮਿਲੈ
ਤੁਠਾ ਕਰੇ ਪਸਾਉ ॥

ایَسا ستِگُرُ جے مِلے
تُٹھا کرے پساءُ ॥

ਮੁਕਤਿ ਦੁਆਰਾ ਮੋਕਲਾ
ਸਹਜੇ ਆਵਉ ਜਾਉ ॥੧॥

مُکتِ دُیارا موکلا
سہجے آوءُ جاءُ ॥1॥

ਮਃ ੩ ॥

م: 3 ॥

ਨਾਨਕ ਮੁਕਤਿ ਦੁਆਰਾ ਅਤਿ ਨੀਕਾ

نانک مُکتِ دُیارا اتِ نِکا

ਨਾਨ੍ਹਾ ਹੋਇ ਸੁ ਜਾਇ ॥

نانّہا ہوءِ سُ جاءِ ॥

ਹਉਮੈ ਮਨੁ ਅਸਥੂਲੁ ਹੈ
ਕਿਉ ਕਰਿ ਵਿਚੁ ਦੇ ਜਾਇ ॥

ہئُمےَ منُ استھُولُ ہے
کِءُ کرِ وِچُ دے جاءِ ۔ ॥

ਸਤਿਗੁਰ ਮਿਲਿਐ ਹਉਮੈ ਗਈ
ਜੋਤਿ ਰਹੀ ਸਭ ਆਇ ॥

ستِگُر مِلِئے ہئُمےَ گئی
جوتِ رہی سبھ آءِ ॥

ਇਹੁ ਜੀਉ ਸਦਾ ਮੁਕਤੁ ਹੈ
ਸਹਜੇ ਰਹਿਆ ਸਮਾਇ ॥੨॥

اِہُ جیِءُ سدا مُکتُ ہے
سہجے رہِیا سماءِ ॥2॥

ਪਉੜੀ ॥

پئُڑی ॥

ਪ੍ਰਭਿ ਸੰਸਾਰੁ ਉਪਾਇ ਕੈ
ਵਸਿ ਆਪਣੈ ਕੀਤਾ ॥

پربھِ سنسارُ اُپاءِ کے
وسِ آپنئے کِیتا ॥

ਗਣਤੈ ਪ੍ਰਭੁ ਨ ਪਾਈਐ
ਦੂਜੈ ਭਰਮੀਤਾ ॥

گنتئے پربھُ ن پائیئے
دوُجےَ بھرمِیتا ॥

ਸਤਿਗੁਰ ਮਿਲਿਐ ਜੀਵਤੁ ਮਰੈ
ਬੁਝਿ ਸਚਿ ਸਮੀਤਾ ॥

ستِگُر مِلِئے جیِوتُ مرے
بُجھِ سچِ سمیِتا ॥

ਸਬਦੇ ਹਉਮੈ ਖੋਈਐ
ਹਰਿ ਮੇਲਿ ਮਿਲੀਤਾ ॥

سبدے ہئُمےَ کھوئیئے
ہرِ میلِ مِلِیتا ॥

ਸਭ ਕਿਛੁ ਜਾਣੈ ਕਰੇ ਆਪਿ
ਆਪੇ ਵਿਗਸੀਤਾ ॥੪॥

سبھ کِچھُ جانئے کرے آپِ
آپے وِگسِیتا ॥4॥

ਸਲੋਕੁ ਮਃ ੩ ॥

سلوکُ م: 3 ॥

ਸਤਿਗੁਰ ਸਿਉ ਚਿਤੁ ਨ ਲਾਇਓ
ਨਾਮੁ ਨ ਵਸਿਓ ਮਨਿ ਆਇ ॥

ستِگُر سِءُ چِتُ ن لائیئو
نامُ ن وسِیئو منِ آءِ ॥

ਧ੍ਰਿਗੁ ਇਵੇਹਾ ਜੀਵਿਆ
ਕਿਆ ਜੁਗ ਮਹਿ ਪਾਇਆ ਆਇ ॥

دھرِگُ اِویہا جیِویا
کِیا جُگ مہِ پائیا آءِ ۔ ॥

ਮਾਇਆ ਖੋਟੀ ਰਾਸਿ ਹੈ
ਏਕ ਚਸੇ ਮਹਿ ਪਾਜੁ ਲਹਿ ਜਾਇ ॥

مائیا کھوٹی راسِ ہے
ایک چسے مہِ پاجُ لہِ جاءِ ॥

ਹਥਹੁ ਛੁੜਕੀ ਤਨੁ ਸਿਆਹੁ ਹੋਇ
ਬਦਨੁ ਜਾਇ ਕੁਮਲਾਇ ॥

ہتھہُ چھُڑکی تنُ سِیاہُ ہوءِ
بدنُ جاءِ کُملاءِ ॥

ਜਿਨ ਸਤਿਗੁਰ ਸਿਉ ਚਿਤੁ ਲਾਇਆ
ਤਿਨ੍ ਸੁਖੁ ਵਸਿਆ ਮਨਿ ਆਇ ॥

جِن ستِگُر سِءُ چِتُ لائیا
تِنّہ سُکھُ وسِیا منِ آءِ ॥

ਹਰਿ ਨਾਮੁ ਧਿਆਵਹਿ ਰੰਗ ਸਿਉ
ਹਰਿ ਨਾਮਿ ਰਹੇ ਲਿਵ ਲਾਇ ॥

ہرِ نامُ دھیاوہِ رنگ سِءُ
ہرِ نامِ رہے لِو لاءِ ॥

ਨਾਨਕ ਸਤਿਗੁਰ ਸੋ ਧਨੁ ਸਉਪਿਆ
ਜਿ ਜੀਅ ਮਹਿ ਰਹਿਆ ਸਮਾਇ ॥

نانک ستِگُر سو دھنُ سپُنّیا
جِ جیء مہِ رہِیا سماءِ ॥

ਰੰਗੁ ਤਿਸੈ ਕਉ ਅਗਲਾ
ਵੰਨੀ ਚੜੈ ਚੜਾਇ ॥੧॥

رنگُ تِسے ک ءُ اگلا
وَنّی چڑے چڑاءِ ॥1॥

ਮਃ ੩ ॥

م: 3 ॥

ਮਾਇਆ ਹੋਈ ਨਾਗਨੀ
ਜਗਤਿ ਰਹੀ ਲਪਟਾਇ ॥

مائیا ہوئی ناگنی
جگتِ رہی لپٹاءِ ॥

ਇਸ ਕੀ ਸੇਵਾ ਜੋ ਕਰੇ
ਤਿਸ ਹੀ ਕਉ ਫਿਰਿ ਖਾਇ ॥

اِس کی سیوا جو کرے
تِس ہی ک ءُ پھِرِ کھاءِ ॥

ਗੁਰਮੁਖਿ ਕੋਈ ਗਾਰੜੂ
ਤਿਨਿ ਮਲਿ ਦਲਿ ਲਾਈ ਪਾਇ ॥

گُرمُکھِ کوئی گارڑُو
تِنِ مل دلِ لائی پاءِ ॥

ਨਾਨਕ ਸੇਈ ਉਬਰੇ
ਜਿ ਸਚਿ ਰਹੇ ਲਿਵ ਲਾਇ ॥੨॥

نانک سیئی اُبرے
جِ سچِ رہے لِو لاءِ ॥2॥

ਪਉੜੀ ॥

پئُڑی ॥

ਢਾਢੀ ਕਰੇ ਪੁਕਾਰ
ਪ੍ਰਭੂ ਸੁਣਾਇਸੀ ॥

ڈھاڈھی کرے پُکار
پربھُو سُنائِسی ॥

ਅੰਦਰਿ ਧੀਰਕ ਹੋਇ
ਪੂਰਾ ਪਾਇਸੀ ॥

اندرِ دھیرک ہوءِ
پُورا پائِسی ॥

ਜੋ ਧੁਰਿ ਲਿਖਿਆ ਲੇਖੁ

جو دھُرِ لِکھیا لیکھُ

ਸੇ ਕਰਮ ਕਮਾਇਸੀ ॥

سے کرم کمائِسی ॥

ਜਾ ਹੋਵੈ ਖਸਮੁ ਦਇਆਲੁ
ਤਾ ਮਹਲੁ ਘਰੁ ਪਾਇਸੀ ॥

جا ہووے خصمُ دیَیالُ
تا محلُ گھرُ پائِسی ॥

ਸੋ ਪ੍ਰਭੁ ਮੇਰਾ ਅਤਿ ਵਡਾ
ਗੁਰਮੁਖਿ ਮੇਲਾਇਸੀ ॥੫॥

سو پربھُ میرا اتِ وڈا
گُرمُکھِ میلائِسی ॥5॥

ਸਲੋਕ ਮਃ ੩ ॥

سلوک م: 3 ॥

ਸਭਨਾ ਕਾ ਸਹੁ ਏਕੁ ਹੈ
ਸਦ ਹੀ ਰਹੈ ਹਜੂਰਿ ॥

سبھنا کا سہُ ایکُ ہے
سد ہی رہے حضوُرِ ॥

ਨਾਨਕ ਹੁਕਮੁ ਨ ਮੰਨਈ
ਤਾ ਘਰ ਹੀ ਅੰਦਰਿ ਦੂਰਿ ॥

نانک حُکمُ ن منّئی
تا گھر ہی اندرِ دوُرِ ॥

ਹੁਕਮੁ ਭੀ ਤਿਨ੍ਹਾ ਮਨਾਇਸੀ
ਜਿਨ੍ ਕਉ ਨਦਰਿ ਕਰੇਇ ॥

حُکمُ بھی تِنہّا منائِسی
جِنہّ کءُ ندرِ کرےءِ ॥

ਹੁਕਮੁ ਮੰਨਿ ਸੁਖੁ ਪਾਇਆ
ਪ੍ਰੇਮ ਸੁਹਾਗਣਿ ਹੋਇ ॥੧॥

حُکمُ منّنِ سُکھُ پائیا
پریم سُہاگنِ ہوءِ ॥1॥

ਮਃ ੩ ॥

م: 3 ॥

ਰੈਣਿ ਸਬਾਈ ਜਲਿ ਮੁਈ
ਕੰਤ ਨ ਲਾਇਓ ਭਾਉ ॥

رَینِ سبائی جلِ مُئی
کنّت ن لائِئو بھاءُ ॥

ਨਾਨਕ ਸੁਖਿ ਵਸਨਿ ਸੋਹਾਗਣੀ
ਜਿਨ੍ ਪਿਆਰਾ ਪੁਰਖੁ ਹਰਿ ਰਾਉ ॥੨॥

نانک سُکھِ وسنِ سوہاگنی
جِنہّ پیارا پُرکھُ ہرِ راءُ ॥2॥

ਪਉੜੀ ॥

پئڑی ॥

ਸਭੁ ਜਗੁ ਫਿਰਿ ਮੈ ਦੇਖਿਆ
ਹਰਿ ਇਕੋ ਦਾਤਾ ॥

سبھُ جگُ پھرِ مے دیکھیا
ہرِ اِکو داتا ॥

ਉਪਾਇ ਕਿਤੈ ਨ ਪਾਈਐ
ਹਰਿ ਕਰਮ ਬਿਧਾਤਾ ॥

اُپاءِ کِتے ن پائیَے
ہرِ کرم بِدھاتا ॥

ਗੁਰ ਸਬਦੀ ਹਰਿ ਮਨਿ ਵਸੈ

گُر سبدی ہرِ منِ وسے

ਹਰਿ ਸਹਜੇ ਜਾਤਾ ॥

ہرِ سہجے جاتا ॥

ਅੰਦਰਹੁ ਤ੍ਰਿਸਨਾ ਅਗਨਿ ਬੁਝੀ
ਹਰਿ ਅੰਮ੍ਰਿਤ ਸਰਿ ਨਾਤਾ ॥

انّدرہُ تّرِسنا اگنِ بُجھی
ہرِ انمّرِت سرِ ناتا ॥

ਵਡੀ ਵਡਿਆਈ ਵਡੇ ਕੀ
ਗੁਰਮੁਖਿ ਬੋਲਾਤਾ ॥੬॥

وڈی وڈیائی وڈے کی
گُرمُکھِ بولاتا ॥6॥

ਸਲੋਕੁ ਮਃ ੩ ॥

سلوکُ م: 3 ॥

ਕਾਇਆ ਹੰਸ ਕਿਆ ਪ੍ਰੀਤਿ ਹੈ
ਜਿ ਪਇਆ ਹੀ ਛਡਿ ਜਾਇ ॥

کائیا ہنّس کیا پّریت ہے
جِ پئیا ہی چھڈِ جاءِ ॥

ਏਸ ਨੋ ਕੂੜੁ ਬੋਲਿ ਕਿ ਖਵਾਲੀਐ
ਜਿ ਚਲਦਿਆ ਨਾਲਿ ਨ ਜਾਇ ॥

ایس نو کوڑُ بولِ کِ کھوالیئے
جِ چلدِیا نالِ ن جاءِ ॥

ਕਾਇਆ ਮਿਟੀ ਅੰਧੁ ਹੈ
ਪਉਣੈ ਪੁਛਹੁ ਜਾਇ ॥

کائیا مِٹی انّدھُ ہے
پئُنّے پُچھہُ جاءِ ॥

ਹਉ ਤਾ ਮਾਇਆ ਮੋਹਿਆ
ਫਿਰਿ ਫਿਰਿ ਆਵਾ ਜਾਇ ॥

ہءُ تا مائیا موہیا
پھِرِ پھِرِ آوا جاءِ ॥

ਨਾਨਕ ਹੁਕਮੁ ਨ ਜਾਤੋ ਖਸਮ ਕਾ
ਜਿ ਰਹਾ ਸਚਿ ਸਮਾਇ ॥੧॥

نانک حُکمُ ن جاتو خصم کا
جِ رہا سچِ سماءِ ॥1॥

ਮਃ ੩ ॥

م: 3 ॥

ਏਕੋ ਨਿਹਚਲ ਨਾਮ ਧਨੁ
ਹੋਰੁ ਧਨੁ ਆਵੈ ਜਾਇ ॥

ایکو نِہچل نام دھنُ
ہورُ دھنُ آوے جاءِ ॥

ਇਸੁ ਧਨ ਕਉ ਤਸਕਰੁ ਜੋਹਿ ਨ ਸਕਈ
ਨਾ ਓਚਕਾ ਲੈ ਜਾਇ ॥

اِسُ دھن کءُ تسکرُ جوہِ ن سکئی
نا اوچکا لے جاءِ ॥

ਇਹੁ ਹਰਿ ਧਨੁ ਜੀਐ ਸੇਤੀ ਰਵਿ ਰਹਿਆ
ਜੀਐ ਨਾਲੇ ਜਾਇ ॥

اِہُ ہرِ دھنُ جیئے سیتی روِ رہیا
جیئے نالے جاءِ ॥

ਪੂਰੇ ਗੁਰ ਤੇ ਪਾਈਐ
ਮਨਮੁਖਿ ਪਲੈ ਨ ਪਾਇ ॥

پُورے گُر تے پائیئے
منمُکھِ پلے ن پاءِ ॥

ਧਨੁ ਵਾਪਾਰੀ ਨਾਨਕਾ
ਜਿਨ੍ਹਾ ਨਾਮ ਧਨੁ ਖਟਿਆ ਆਇ ॥੨॥

دھنُ واپاری نانکا
جِنہّا نام دھنُ کھٹِیا آءِ ॥2॥

ਪਉੜੀ ॥

پئُڑی ॥

ਮੇਰਾ ਸਾਹਿਬੁ ਅਤਿ ਵਡਾ
ਸਚੁ ਗਹਿਰ ਗੰਭੀਰਾ ॥

میرا صاحِبُ اتِ وڈا
سچُ گہِر گنبھِیرا ॥

ਸਭੁ ਜਗੁ ਤਿਸ ਕੈ ਵਸਿ ਹੈ
ਸਭੁ ਤਿਸ ਕਾ ਚੀਰਾ ॥

سبھُ جگُ تِس کے وسِ ہے
سبھُ تِس کا چیِرا ॥

ਗੁਰ ਪਰਸਾਦੀ ਪਾਈਐ
ਨਿਹਚਲੁ ਧਨੁ ਧੀਰਾ ॥

گُر پرسادی پائیئے
نِہچلُ دھنُ دھیِرا ॥

ਕਿਰਪਾ ਤੇ ਹਰਿ ਮਨਿ ਵਸੈ
ਭੇਟੈ ਗੁਰੁ ਸੂਰਾ ॥

کِرپا تے ہرِ منِ وسے
بھیٹے گُرُ سوُرا ॥

ਗੁਣਵੰਤੀ ਸਾਲਾਹਿਆ
ਸਦਾ ਥਿਰੁ ਨਿਹਚਲੁ ਹਰਿ ਪੂਰਾ ॥੭॥

گُنوَنتی سالاہِیا
سدا تھِرُ نِہچلُ ہرِ پوُرا ॥7॥

ਸਲੋਕੁ ਮਃ ੩ ॥

سلوکُ م: 3 ॥

ਧ੍ਰਿਗੁ ਤਿਨ੍ਹਾ ਦਾ ਜੀਵਿਆ ਜੋ ਹਰਿ ਸੁਖੁ ਪਰਹਰਿ ਤਿਆਗਦੇ
ਦੁਖੁ ਹਉਮੈ ਪਾਪ ਕਮਾਇ ॥

دھرِگُ تِنہّا دا جیوِیا جو ہرِ سُکھُ پرہرِ تیاگدے
دُکھُ ہئمےَ پاپ کماءِ ॥

ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ
ਤਿਨ੍ ਬੂਝ ਨ ਕਾਈ ਪਾਇ ॥

منمُکھ اگیانی مائِیا موہِ ویاپے
تِنہّ بوُجھ ن کائی پاءِ ॥

ਹਲਤਿ ਪਲਤਿ ਓਇ ਸੁਖੁ ਨ ਪਾਵਹਿ
ਅੰਤਿ ਗਏ ਪਛੁਤਾਇ ॥

ہلتِ پلتِ اوءِ سُکھُ ن پاوہِ
انّتِ گئے پچھُتاءِ ॥

ਗੁਰ ਪਰਸਾਦੀ ਕੋ ਨਾਮੁ ਧਿਆਏ
ਤਿਸੁ ਹਉਮੈ ਵਿਚਹੁ ਜਾਇ ॥

گُر پرسادی کو نامُ دھیائے
تِسُ ہئمےَ وِچہُ جاءِ ॥

ਨਾਨਕ ਜਿਸੁ ਪੂਰਬਿ ਹੋਵੈ ਲਿਖਿਆ
ਸੋ ਗੁਰ ਚਰਣੀ ਆਇ ਪਾਇ ॥੧॥

نانک جِسُ پوُربِ ہووے لِکھِیا
سو گُر چرنّی آءِ پاءِ ॥1॥

ਮਃ ੩ ॥

م: 3 ॥

ਮਨਮੁਖੁ ਊਧਾ ਕਉਲੁ ਹੈ
ਨਾ ਤਿਸੁ ਭਗਤਿ ਨ ਨਾਉ ॥

ਸਕਤੀ ਅੰਦਰਿ ਵਰਤਦਾ
ਕੂੜੁ ਤਿਸ ਕਾ ਹੈ ਉਪਾਉ ॥

ਤਿਸ ਕਾ ਅੰਦਰੁ ਚਿਤੁ ਨ ਭਿਜਈ
ਮੁਖਿ ਫੀਕਾ ਆਲਾਉ ॥

ਓਇ ਧਰਮਿ ਰਲਾਏ ਨਾ ਰਲਨ੍ਹਿ
ਓਨਾ ਅੰਦਰਿ ਕੂੜੁ ਸੁਆਉ ॥

ਨਾਨਕ ਕਰਤੈ ਬਣਤ ਬਣਾਈ
ਮਨਮੁਖ ਕੂੜੁ ਬੋਲਿ ਬੋਲਿ ਡੁਬੇ
ਗੁਰਮੁਖਿ ਤਰੇ ਜਪਿ ਹਰਿ ਨਾਉ ॥੨॥

ਪਉੜੀ ॥

ਬਿਨੁ ਬੂਝੇ ਵਡਾ ਫੇਰੁ ਪਇਆ
ਫਿਰਿ ਆਵੈ ਜਾਈ ॥

ਸਤਿਗੁਰ ਕੀ ਸੇਵਾ ਨ ਕੀਤੀਆ
ਅੰਤਿ ਗਇਆ ਪਛੁਤਾਈ ॥

ਆਪਣੀ ਕਿਰਪਾ ਕਰੇ ਗੁਰੁ ਪਾਈਐ
ਵਿਚਹੁ ਆਪੁ ਗਵਾਈ ॥

ਤ੍ਰਿਸਨਾ ਭੁਖ ਵਿਚਹੁ ਉਤਰੈ
ਸੁਖੁ ਵਸੈ ਮਨਿ ਆਈ ॥

ਸਦਾ ਸਦਾ ਸਾਲਾਹੀਐ
ਹਿਰਦੈ ਲਿਵ ਲਾਈ ॥੮॥

ਸਲੋਕੁ ਮਃ ੩ ॥

ਜਿ ਸਤਿਗੁਰੁ ਸੇਵੇ ਆਪਣਾ
ਤਿਸ ਨੋ ਪੂਜੇ ਸਭੁ ਕੋਇ ॥

منمکھ اوُدھا کُلُ ہے
نا تِسُ بھگتِ ن ناءُ ॥

سکتی انّدرِ ورتدا
کوُڑُ تِس کا ہے اُپاءُ ॥

تِس کا انّدرُ چِتُ ن بھجئی
مُکھِ پھِیکا آلاءُ ॥

اوءِ دھرمِ رلائے نا رلنّہِ
اوِنا انّدرِ کوُڑُ سُیاءُ ॥

نانک کرتے بنّت بنّائی
منمکھ کوُڑُ بولِ بولِ ڈُبے
گُرمُکھِ ترے جپِ ہرِ ناءُ ॥2॥

پُڑی ॥

بِنُ بوُجھے وڈا پھیرُ پئیا
پھِرِ آوے جائی ॥

ستِگُر کی سیوا ن کِیتِیا
انّتِ گئیا پچھُتائی ॥

آپنّی کِرپا کرے گُرُ پائیئے
وِچہُ آپُ گوائی ॥

تّرِسنا بھُکھ وِچہُ اُترے
سُکھُ وسے منِ آئی ॥

سدا سدا سالاہیئے
ہِردے لِو لائی ॥8॥

سلوکُ م: 3 ॥

جِ ستِگُرُ سیوے آپنّا
تِس نو پوُجے سبھُ کوءِ ॥

ਸਭਨਾ ਉਪਾਵਾ ਸਿਰਿ ਉਪਾਉ ਹੈ
ਹਰਿ ਨਾਮੁ ਪਰਾਪਤਿ ਹੋਇ ॥

سبھنا اُپاوا سِرِ اُپاءُ ہے
ہرِ نامُ پراپتِ ہوءِ ॥

ਅੰਤਰਿ ਸੀਤਲ ਸਾਤਿ ਵਸੈ
ਜਪਿ ਹਿਰਦੈ ਸਦਾ ਸੁਖੁ ਹੋਇ ॥

انترِ سیتل ساتِ وسے
جپِ ہِردے سدا سُکھُ ہوءِ ॥

ਅੰਮ੍ਰਿਤੁ ਖਾਣਾ ਅੰਮ੍ਰਿਤੁ ਪੈਨਣਾ
ਨਾਨਕ ਨਾਮੁ ਵਡਾਈ ਹੋਇ ॥੧॥

انمّرِتُ کھاٹا انمّرِتُ پیَنّٹا
نانک نامُ وڈائی ہوءِ ॥1॥

ਮਃ ੩ ॥

م: 3 ॥

ਏ ਮਨ ਗੁਰ ਕੀ ਸਿਖ ਸੁਣਿ
ਹਰਿ ਪਾਵਹਿ ਗੁਣੀ ਨਿਧਾਨੁ ॥

اے من گُر کی سِکھ سُنِ
ہرِ پاوہِ گُنی نِدھانُ ॥

ਹਰਿ ਸੁਖਦਾਤਾ ਮਨਿ ਵਸੈ
ਹਉਮੈ ਜਾਇ ਗੁਮਾਨੁ ॥

ہرِ سُکھداتا منِ وسے
ہئُمے جاءِ گُمانُ ॥

ਨਾਨਕ ਨਦਰੀ ਪਾਈਐ
ਤਾ ਅਨਦਿਨੁ ਲਾਗੈ ਧਿਆਨੁ ॥੨॥

نانک ندری پائیئے
تا اندِنُ لاگے دھِیانُ ॥2॥

ਪਉੜੀ ॥

پئُڑی ॥

ਸਤੁ ਸੰਤੋਖੁ ਸਭੁ ਸਚੁ ਹੈ
ਗੁਰਮੁਖਿ ਪਵਿਤਾ ॥

ست سنّتوکھُ سبھُ سچُ ہے
گُرمُکھِ پوِتا ॥

ਅੰਦਰਹੁ ਕਪਟੁ ਵਿਕਾਰੁ ਗਇਆ
ਮਨੁ ਸਹਜੇ ਜਿਤਾ ॥

اندّرہُ کپٹُ وِکارُ گئیا
منُ سہجے جِتا ॥

ਤਹ ਜੋਤਿ ਪ੍ਰਗਾਸੁ ਅਨੰਦ ਰਸੁ
ਅਗਿਆਨੁ ਗਵਿਤਾ ॥

تہ جوتِ پرّگاسُ انند رسُ
اگیانُ گوِتا ॥

ਅਨਦਿਨੁ ਹਰਿ ਕੇ ਗੁਣ ਰਵੈ
ਗੁਣ ਪਰਗਟੁ ਕਿਤਾ ॥

اندِنُ ہرِ کے گُن روے
گُن پرگٹُ کِتا ॥

ਸਭਨਾ ਦਾਤਾ ਏਕੁ ਹੈ
ਇਕੋ ਹਰਿ ਮਿਤਾ ॥੯॥

سبھنا داتا ایکُ ہے
اِکو ہرِ مِتا ॥9॥

ਸਲੋਕੁ ਮਃ ੩ ॥

سلوکُ م: 3 ॥

ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ
ਜਿ ਅਨਦਿਨੁ ਹਰਿ ਲਿਵ ਲਾਏ ॥

ਸਤਿਗੁਰ ਪੁਛੈ ਸਚੁ ਸੰਜਮੁ ਕਮਾਵੈ
ਹਉਮੈ ਰੋਗੁ ਤਿਸੁ ਜਾਏ ॥

ਹਰਿ ਗੁਣ ਗਾਵੈ ਗੁਣ ਸੰਗ੍ਰਹੈ
ਜੋਤੀ ਜੋਤਿ ਮਿਲਾਏ ॥

ਇਸੁ ਜੁਗ ਮਹਿ ਕੋ ਵਿਰਲਾ ਬ੍ਰਹਮ ਗਿਆਨੀ
ਜਿ ਹਉਮੈ ਮੇਟਿ ਸਮਾਏ ॥

ਨਾਨਕ ਤਿਸ ਨੋ ਮਿਲਿਆ ਸਦਾ ਸੁਖੁ ਪਾਈਐ
ਜਿ ਅਨਦਿਨੁ ਹਰਿ ਨਾਮੁ ਧਿਆਏ ॥੧॥

ਮਃ ੩ ॥

ਅੰਤਰਿ ਕਪਟੁ ਮਨਮੁਖ ਅਗਿਆਨੀ
ਰਸਨਾ ਝੂਠੁ ਬੋਲਾਇ ॥

ਕਪਟਿ ਕੀਤੈ ਹਰਿ ਪੁਰਖੁ ਨ ਭੀਜੈ
ਨਿਤ ਵੇਖੈ ਸੁਣੈ ਸੁਭਾਇ ॥

ਦੂਜੈ ਭਾਇ ਜਾਇ ਜਗੁ ਪਰਬੋਧੈ
ਬਿਖੁ ਮਾਇਆ ਮੋਹ ਸੁਆਇ ॥

ਇਤੁ ਕਮਾਣੈ ਸਦਾ ਦੁਖੁ ਪਾਵੈ
ਜੰਮੈ ਮਰੈ ਫਿਰਿ ਆਵੈ ਜਾਇ ॥

ਸਹਸਾ ਮੂਲਿ ਨ ਚੁਕਈ
ਵਿਚਿ ਵਿਸਟਾ ਪਚੈ ਪਚਾਇ ॥

ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ
ਤਿਸੁ ਗੁਰ ਕੀ ਸਿਖ ਸੁਣਾਇ ॥

ਹਰਿ ਨਾਮੁ ਧਿਆਵੈ ਹਰਿ ਨਾਮੋ ਗਾਵੈ
ਹਰਿ ਨਾਮੋ ਅੰਤਿ ਛਡਾਇ ॥੨॥

بْرہمُ بِندے سو بْراہمنُ کہیئے
جِ اندِنُ ہرِ لِو لائے ॥

ستِگُر پُچھے سچُ سنجمُ کماوے
ہئُمے َ روگُ تِس جائے ॥

ہرِ گُنْ گاوے گُنْ سنگْرہے
جوتی جوتِ مِلائے ॥

اِس جُگ مہِ کو وِرلا بْرہم گِیانی
جِ ہئُمے َ میٹِ سمائے ॥

نانک تِس نو مِلیا سدا سُکھُ پائیے
جِ اندِنُ ہرِ نامُ دھِیائے ॥1॥

م: 3 ॥

انْترِ کپٹُ منمُکھ اگِیانی
رسنا جھوُٹھُ بولاءِ ॥

کپٹِ کیتے ہرِ پُرکھُ ن بھیجے
نِت ویکھے َ سُنے ُ سُبھاءِ ॥

دوُجے َ بھاءِ جاءِ جگُ پربودھے َ
بِکھُ مائیا موہ سُیاءِ ॥

اِتُ کماتے ُ سدا دُکھُ پاوے
جنمے َ مرے َ پھِرِ آوے َ جاءِ ॥

سہسا موُلِ ن چُکئی
وِچِ وِسٹا پچے َ پچاءِ ॥

جِس نو کْرِپا کرے میرا سُیامی
تِسُ گُر کی سِکھ سُناءِ ॥

ہرِ نامُ دھِیاوے َ ہرِ نامو گاوے َ
ہرِ نامو انْتِ چھڈاءِ ॥2॥

ਪਉੜੀ ॥

ਜਿਨਾ ਹੁਕਮੁ ਮਨਾਇਓਨੁ
ਤੇ ਪੂਰੇ ਸੰਸਾਰਿ ॥

ਸਾਹਿਬੁ ਸੇਵਨਿ੍ ਆਪਣਾ
ਪੂਰੈ ਸਬਦਿ ਵੀਚਾਰਿ ॥

ਹਰਿ ਕੀ ਸੇਵਾ ਚਾਕਰੀ
ਸਚੈ ਸਬਦਿ ਪਿਆਰਿ ॥

ਹਰਿ ਕਾ ਮਹਲੁ ਤਿਨ੍ਹੀ ਪਾਇਆ
ਜਿਨ੍ ਹਉਮੈ ਵਿਚਹੁ ਮਾਰਿ ॥

ਨਾਨਕ ਗੁਰਮੁਖਿ ਮਿਲਿ ਰਹੇ
ਜਪਿ ਹਰਿ ਨਾਮਾ ਉਰ ਧਾਰਿ ॥੧੦॥

ਸਲੋਕੁ ਮਃ ੩ ॥

ਗੁਰਮੁਖਿ ਧਿਆਨ ਸਹਜ ਧੁਨਿ ਉਪਜੈ
ਸਚਿ ਨਾਮਿ ਚਿਤੁ ਲਾਇਆ ॥

ਗੁਰਮੁਖਿ ਅਨਦਿਨੁ ਰਹੈ ਰੰਗਿ ਰਾਤਾ
ਹਰਿ ਕਾ ਨਾਮੁ ਮਨਿ ਭਾਇਆ ॥

ਗੁਰਮੁਖਿ ਹਰਿ ਵੇਖਹਿ ਗੁਰਮੁਖਿ ਹਰਿ ਬੋਲਹਿ
ਗੁਰਮੁਖਿ ਹਰਿ ਸਹਜਿ ਰੰਗੁ ਲਾਇਆ ॥

ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ
ਤਿਮਰ ਅਗਿਆਨੁ ਅਧੇਰੁ ਚੁਕਾਇਆ ॥

ਜਿਸ ਨੋ ਕਰਮੁ ਹੋਵੈ ਧੁਰਿ ਪੂਰਾ
ਤਿਨਿ ਗੁਰਮੁਖਿ ਹਰਿ ਨਾਮੁ ਧਿਆਇਆ ॥੧॥

ਮਃ ੩ ॥

ਸਤਿਗੁਰੁ ਜਿਨਾ ਨ ਸੇਵਿਓ
ਸਬਦਿ ਨ ਲਗੋ ਪਿਆਰੁ ॥

پؤڑی ॥

جِنا حُکمُ منائِئونُ
تے پُورے سنّسارِ ॥

صاحِبُ سیوٗنہِ آپنّا
پُورے سبدِ ویچارِ ॥

ہرِ کی سیوا چاکری
سچے سبدِ پیارِ ॥

ہرِ کا محلُ تِنّہی پائِیا
جِنّہ ہئُمے وِچہُ مارِ ॥

نانک گُرمُکھِ مِلِ رہے
جپِ ہرِ ناما اُر دھارِ ॥ 10 ॥

سلوکُ م: 3 ॥

گُرمُکھِ دھِیان سہج دھُنِ اُپجے
سچِ نامِ چِتُ لائِیا ॥

گُرمُکھِ اندِنُ رہے رنگِ راتا
ہرِ کا نامُ منِ بھائِیا ॥

گُرمُکھِ ہرِ ویکھہِ گُرمُکھِ ہرِ بولہِ
گُرمُکھِ ہرِ سہجِ رنگُ لائِیا ॥

نانک گُرمُکھِ گِیانُ پراپتِ ہووے
تِمر اگِیانُ ادھیرُ چُکائِیا ॥

جِس نو کرمُ ہووے دھُرِ پُورا
تِنِ گُرمُکھِ ہرِ نامُ دھِیائِیا ॥1॥

م: 3 ॥

ستِگُرُ جِنا ن سیوِئو
سبدِ ن لگو پِیارُ ॥

ਸਹਜੇ ਨਾਮੁ ਨ ਧਿਆਇਆ
ਕਿਤੁ ਆਇਆ ਸੰਸਾਰਿ ॥

سہجے نامُ ن دھِیائیا
کِتُ آئیا سنّسارِ ۔ ॥

ਫਿਰਿ ਫਿਰਿ ਜੂਨੀ ਪਾਈਐ
ਵਿਸਟਾ ਸਦਾ ਖੁਆਰੁ ॥

پھِرِ پھِرِ جوُنی پائیئے
وِسٹا سدا خُیارُ ॥

ਕੂੜੈ ਲਾਲਚਿ ਲਗਿਆ
ਨਾ ਉਰਵਾਰੁ ਨ ਪਾਰੁ ॥

کوُڑے لالچِ لگِیا
نا اُروارُ ن پارُ ॥

ਨਾਨਕ ਗੁਰਮੁਖਿ ਉਬਰੇ
ਜਿ ਆਪਿ ਮੇਲੇ ਕਰਤਾਰਿ ॥੨॥

نانک گُرمُکھِ اُبرے
جِ آپِ میلے کرتارِ ॥2॥

ਪਉੜੀ ॥

پئُڑی ॥

ਭਗਤ ਸਚੈ ਦਰਿ ਸੋਹਦੇ
ਸਚੈ ਸਬਦਿ ਰਹਾਏ ॥

بھگت سچے َدرِ سوہدے
سچے َسبدِ رہائے ॥

ਹਰਿ ਕੀ ਪ੍ਰੀਤਿ ਤਿਨ ਊਪਜੀ
ਹਰਿ ਪ੍ਰੇਮ ਕਸਾਏ ॥

ہرِ کی پرّیتِ تِن اوُپجی
ہرِ پرّیم کسائے ॥

ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ
ਰਸਨਾ ਹਰਿ ਰਸੁ ਪਿਆਏ ॥

ہرِ رنگِ رہہِ سدا رنگِ راتے
رسنا ہرِ رسُ پِیائے ॥

ਸਫਲੁ ਜਨਮੁ ਜਿਨ੍ਹੀ ਗੁਰਮੁਖਿ ਜਾਤਾ
ਹਰਿ ਜੀਉ ਰਿਦੈ ਵਸਾਏ ॥

سپھلُ جنمُ جِنّہی گُرمُکھِ جاتا
ہرِ جیِءُ رِدے وسائے ॥

ਬਾਝੁ ਗੁਰੂ ਫਿਰੈ ਬਿਲਲਾਦੀ
ਦੂਜੈ ਭਾਇ ਖੁਆਏ ॥੧੧॥

باجھُ گُرُو پھِرے بِللادی
دوُجے َبھاءِ کھُیائے ॥ 11 ॥

ਸਲੋਕੁ ਮਃ ੩ ॥

سلوکُ م: 3 ॥

ਕਲਿਜੁਗ ਮਹਿ ਨਾਮੁ ਨਿਧਾਨੁ ਭਗਤੀ ਖਟਿਆ
ਹਰਿ ਉਤਮ ਪਦੁ ਪਾਇਆ ॥

کلِجگ مہِ نامُ نِدھانُ بھگتی کھٹِیا
ہرِ اُتم پدُ پائِیا ॥

ਸਤਿਗੁਰ ਸੇਵਿ ਹਰਿ ਨਾਮੁ ਮਨਿ ਵਸਾਇਆ
ਅਨਦਿਨੁ ਨਾਮੁ ਧਿਆਇਆ ॥

ستِگُر سیوِ ہرِ نامُ منِ وسائِیا
اندِنُ نامُ دھِیائِیا ॥

ਵਿਚੇ ਗ੍ਰਿਹ ਗੁਰ ਬਚਨਿ ਉਦਾਸੀ

وِچے گرِہ گُر بچنِ اُداسی

ਹਉਮੈ ਮੋਹੁ ਜਲਾਇਆ ॥

ہئمےَ موہُ جلائیا ॥

ਆਪਿ ਤਰਿਆ ਕੁਲ ਜਗਤੁ ਤਰਾਇਆ
ਧੰਨੁ ਜਣੇਦੀ ਮਾਇਆ ॥

آپِ ترِیا کُل جگتُ ترائیا
دھنّنُ جنّیدی مائیا ॥

ਐਸਾ ਸਤਿਗੁਰੁ ਸੋਈ ਪਾਏ
ਜਿਸੁ ਧੁਰਿ ਮਸਤਕਿ ਹਰਿ ਲਿਖਿ ਪਾਇਆ ॥

ایَسا ستِگُرُ سوئی پائے
جِسُ دھُرِ مستکِ ہرِ لِکھِ پائیا ॥

ਜਨ ਨਾਨਕ ਬਲਿਹਾਰੀ ਗੁਰ ਆਪਣੇ ਵਿਟਹੁ
ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ ॥੧॥

جن نانک بلِہاری گُر آپنّے وِٹہُ
جِنِ بھرّمِ بھُلا مارگِ پائیا ॥1॥

ਮਃ ੩ ॥

م: 3 ॥

ਤ੍ਰੈ ਗੁਣ ਮਾਇਆ ਵੇਖਿ ਭੁਲੇ
ਜਿਉ ਦੇਖਿ ਦੀਪਕਿ ਪਤੰਗ ਪਚਾਇਆ ॥

ترّےَ گُنّ مائیا ویکھِ بھُلے
جِءُ دیکھِ دیپکِ پتنگ پچائیا ॥

ਪੰਡਿਤ ਭੁਲਿ ਭੁਲਿ ਮਾਇਆ ਵੇਖਹਿ
ਦਿਖਾ ਕਿਨੈ ਕਿਹੁ ਆਣਿ ਚੜਾਇਆ ॥

پنڈِت بھُلِ بھُلِ مائیا ویکھہِ
دِکھا کِنے کِہُ آنّ چڑائیا ۔ ॥

ਦੂਜੈ ਭਾਇ ਪੜਹਿ ਨਿਤ ਬਿਖਿਆ
ਨਾਵਹੁ ਦਯਿ ਖੁਆਇਆ ॥

دوُجےَ بھاءِ پڑہِ نِت بِکھیا
ناوہُ دیِ کھُیائیا ॥

ਜੋਗੀ ਜੰਗਮ ਸੰਨਿਆਸੀ ਭੁਲੇ
ਓਨ੍ਹਾ ਅਹੰਕਾਰੁ ਬਹੁ ਗਰਬੁ ਵਧਾਇਆ ॥

جوگی جنگم سنّیاسی بھُلے
اونّہا اہنکارُ بہُ گربُ ودھائیا ॥

ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ
ਮਨਹਠਿ ਜਨਮੁ ਗਵਾਇਆ ॥

چھادنُ بھوجنُ ن لیَہی ست بھِکھیا
منہٹھِ جنمُ گوائیا ॥

ਏਤੜਿਆ ਵਿਚਹੁ ਸੋ ਜਨੁ ਸਮਧਾ
ਜਿਨਿ ਗੁਰਮੁਖਿ ਨਾਮੁ ਧਿਆਇਆ ॥

ایتڑِیا وِچہُ سو جنُ سمدھا
جِنِ گُرمُکھِ نامُ دھِیائیا ॥

ਜਨ ਨਾਨਕ ਕਿਸ ਨੋ ਆਖਿ ਸੁਣਾਈਐ
ਜਾ ਕਰਦੇ ਸਭਿ ਕਰਾਇਆ ॥੨॥

جن نانک کِس نو آکھِ سُنّائیئے
جا کردے سبھِ کرائیا ॥2॥

ਪਉੜੀ ॥

پئڑی ॥

ਮਾਇਆ ਮੋਹੁ ਪਰੇਤੁ ਹੈ
ਕਾਮੁ ਕ੍ਰੋਧੁ ਅਹੰਕਾਰਾ ॥

مائیا موہُ پریتُ ہےَ
کامُ کرودھُ اہنکارا ॥

ਏਹ ਜਮ ਕੀ ਸਿਰਕਾਰ ਹੈ
ਏਨ੍ਹਾ ਉਪਰਿ ਜਮ ਕਾ ਡੰਡੁ ਕਰਾਰਾ ॥

ایہ جم کی سِرکار ہے
اینّہا اُپرِ جم کا ڈنڈُ کرارا ॥

ਮਨਮੁਖ ਜਮ ਮਗਿ ਪਾਈਅਨ੍ਹਿ
ਜਿਨ੍ਹ ਦੂਜਾ ਭਾਉ ਪਿਆਰਾ ॥

منمُکھ جم مگِ پائیئنّہِ
جِنّہ دوُجا بھاءُ پِیارا ॥

ਜਮ ਪੁਰਿ ਬਧੇ ਮਾਰੀਅਨਿ
ਕੋ ਸੁਣੈ ਨ ਪੂਕਾਰਾ ॥

جم پُر بدھے ماریئنِ
کو سُنّے ن پوُکارا ॥

ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ
ਗੁਰਮੁਖਿ ਨਿਸਤਾਰਾ ॥੧੨॥

جِس نو کرِپا کرے تِس گُرُ مِلے
گُرمُکھِ نِستارا ॥ 12 ॥

ਸਲੋਕੁ ਮਃ ੩ ॥

سلوکُ م: 3 ॥

ਹਉਮੈ ਮਮਤਾ ਮੋਹਣੀ
ਮਨਮੁਖਾ ਨੋ ਗਈ ਖਾਇ ॥

ہئُمے ممتا موہنی
منمُکھا نو گئی کھاءِ ॥

ਜੋ ਮੋਹਿ ਦੂਜੈ ਚਿਤੁ ਲਾਇਦੇ
ਤਿਨਾ ਵਿਆਪਿ ਰਹੀ ਲਪਟਾਇ ॥

جو موہِ دوُجے چِتُ لائِدے
تِنا وِیاپِ رہی لپٹاءِ ॥

ਗੁਰ ਕੈ ਸਬਦਿ ਪਰਜਾਲੀਐ
ਤਾ ਏਹ ਵਿਚਹੁ ਜਾਇ ॥

گُر کے سبدِ پرجالیئے
تا ایہ وِچہُ جاءِ ॥

ਤਨੁ ਮਨੁ ਹੋਵੈ ਉਜਲਾ
ਨਾਮੁ ਵਸੈ ਮਨਿ ਆਇ ॥

تنُ منُ ہووے اُجلا
نامُ وسے منِ آءِ ॥

ਨਾਨਕ ਮਾਇਆ ਕਾ ਮਾਰਣੁ ਹਰਿ ਨਾਮੁ ਹੈ
ਗੁਰਮੁਖਿ ਪਾਇਆ ਜਾਇ ॥੧॥

نانک مائیا کا مارنُ ہرِ نامُ ہے
گُرمُکھِ پائیا جاءِ ॥1॥

ਮਃ ੩ ॥

م: 3 ॥

ਇਹੁ ਮਨੁ ਕੇਤੜਿਆ ਜੁਗ ਭਰਮਿਆ
ਥਿਰੁ ਰਹੈ ਨ ਆਵੈ ਜਾਇ ॥

اِہُ منُ کیتڑِیا جُگ بھرمِیا
تھِرُ رہے ن آوے جاءِ ॥

ਹਰਿ ਭਾਣਾ ਤਾ ਭਰਮਾਇਅਨੁ
ਕਰਿ ਪਰਪੰਚੁ ਖੇਲੁ ਉਪਾਇ ॥

ہرِ بھاٹا تا بھرمائیئنُ
کرِ پرپنچُ کھیلُ اُپاءِ ॥

ਜਾ ਹਰਿ ਬਖਸੇ ਤਾ ਗੁਰ ਮਿਲੈ

جا ہرِ بخشے تا گُر مِلے

ਅਸਥਿਰੁ ਰਹੈ ਸਮਾਇ ॥

استھِرُ رہے سماءِ ॥

ਨਾਨਕ ਮਨ ਹੀ ਤੇ ਮਨੁ ਮਾਨਿਆ
ਨਾ ਕਿਛੁ ਮਰੈ ਨ ਜਾਇ ॥੨॥

نانک من ہی تے منُ مانِیا
نا کِچھُ مرے ن جاءِ ॥2॥

ਪਉੜੀ ॥

پئُڑی ॥

ਕਾਇਆ ਕੋਟੁ ਅਪਾਰੁ ਹੈ
ਮਿਲਣਾ ਸੰਜੋਗੀ ॥

کائِیا کوٹُ اپارُ ہے
مِلنا سنجوگی ॥

ਕਾਇਆ ਅੰਦਰਿ ਆਪਿ ਵਸਿ ਰਹਿਆ
ਆਪੇ ਰਸ ਭੋਗੀ ॥

کائِیا انّدرِ آپِ وسِ رہِیا
آپے رس بھوگی ॥

ਆਪਿ ਅਤੀਤੁ ਅਲਿਪਤੁ ਹੈ
ਨਿਰਜੋਗੁ ਹਰਿ ਜੋਗੀ ॥

آپِ اتیتُ الپتُ ہے
نِرجوگُ ہرِ جوگی ॥

ਜੋ ਤਿਸੁ ਭਾਵੈ ਸੋ ਕਰੇ
ਹਰਿ ਕਰੇ ਸੁ ਹੋਗੀ ॥

جو تِسُ بھاوے سو کرے
ہرِ کرے سُ ہوگی ॥

ਹਰਿ ਗੁਰਮੁਖਿ ਨਾਮੁ ਧਿਆਈਐ
ਲਹਿ ਜਾਹਿ ਵਿਜੋਗੀ ॥੧੩॥

ہرِ گُرمُکھِ نامُ دھِیائیئے
لہِ جاہِ وِجوگی ॥ 13 ॥

ਸਲੋਕੁ ਮਃ ੩ ॥

سلوکُ م: 3 ॥

ਵਾਹੁ ਵਾਹੁ ਆਪਿ ਅਖਾਇਦਾ
ਗੁਰ ਸਬਦੀ ਸਚੁ ਸੋਇ ॥

واہُ واہُ آپِ اکھائِدا
گُر سبدی سچُ سوءِ ॥

ਵਾਹੁ ਵਾਹੁ ਸਿਫਤਿ ਸਲਾਹ ਹੈ
ਗੁਰਮੁਖਿ ਬੂਝੈ ਕੋਇ ॥

واہُ واہُ صِفتِ سلاح ہے
گُرمُکھِ بوُجھے کوءِ ॥

ਵਾਹੁ ਵਾਹੁ ਬਾਣੀ ਸਚੁ ਹੈ
ਸਚਿ ਮਿਲਾਵਾ ਹੋਇ ॥

واہُ واہُ بانٹی سچُ ہے
سچِ مِلاوا ہوءِ ॥

ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ
ਕਰਮਿ ਪਰਾਪਤਿ ਹੋਇ ॥੧॥

نانک واہُ واہُ کرتیا پربھُ پائِیا
کرمِ پراپتِ ہوءِ ॥1॥

ਮਃ ੩ ॥

م: 3 ॥

ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ ॥

واہُ واہُ کرتی رسنا سبدِ سُہائی ॥

ਪੂਰੈ ਸਬਦਿ ਪ੍ਰਭੁ ਮਿਲਿਆ ਆਈ ॥	پوُرے سبدِ پربھُ مِلیا آئی ॥
ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ ॥	وڈبھاگیِیا واہُ واہُ مُہہُ کڈھائی ॥
ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ ਤਿਨ੍ ਕਉ ਪਰਜਾ ਪੂਜਣ ਆਈ ॥	واہُ واہُ کرہِ سیئی جن سوہنے تِنّہ ک ءُ پرجا پوُجنؒ آئی ॥
ਵਾਹੁ ਵਾਹੁ ਕਰਮਿ ਪਰਾਪਤਿ ਹੋਵੈ ਨਾਨਕ ਦਰਿ ਸਚੈ ਸੋਭਾ ਪਾਈ ॥੨॥	واہُ واہُ کرمِ پراپتِ ہووے نانک دِر سچے سوبھا پائی ॥2॥
ਪਉੜੀ ॥	پئُڑی ॥
ਬਜਰ ਕਪਾਟ ਕਾਇਆ ਗੜ੍ ਭੀਤਰਿ ਕੂੜੁ ਕੁਸਤੁ ਅਭਿਮਾਨੀ ॥	بجر کپاٹ کائیا گڑہ بھیترِ کوُڑُ کُستُ ابھِمانی ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥	بھرمِ بھوُلے ندرِ ن آونی منمکھ اندھ اگیانی ॥
ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ ॥	اُپاءِ کِتے ن لبھنی کرِ بھیکھ تھکے بھیکھوانی ॥
ਗੁਰ ਸਬਦੀ ਖੋਲਾਈਅਨ੍ਹਿ ਹਰਿ ਨਾਮੁ ਜਪਾਨੀ ॥	گُر سبدی کھولائیئنّہِ ہرِ نامُ جپانی ॥
ਹਰਿ ਜੀਉ ਅੰਮ੍ਰਿਤ ਬਿਰਖੁ ਹੈ ਜਿਨ ਪੀਆ ਤੇ ਤ੍ਰਿਪਤਾਨੀ ॥੧੪॥	ہرِ جیِءُ انمّرِت بِرکھُ ہے جِن پیِیا تے ترِپتانی ॥ 14 ॥
ਸਲੋਕੁ ਮਃ ੩ ॥	سلوکُ م: 3 ॥
ਵਾਹੁ ਵਾਹੁ ਕਰਤਿਆ ਰੈਣਿ ਸੁਖਿ ਵਿਹਾਇ ॥	واہُ واہُ کرتیا رَیَنِ سُکھِ وِہاءِ ॥
ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ ॥	واہُ واہُ کرتیا سدا انندُ ہووے میری ماءِ ۔ ॥
ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ ॥	واہُ واہُ کرتیا ہرِ سِ ءُ لِو لاءِ ॥
ਵਾਹੁ ਵਾਹੁ ਕਰਮੀ ਬੋਲੈ ਬੋਲਾਇ ॥	واہُ واہُ کرمی بولے بولاءِ ॥

ਵਾਹੁ ਵਾਹੁ ਕਰਤਿਆ ਸੋਭਾ ਪਾਇ ॥	واہُ واہُ کرتیا سوبھا پاءِ ॥
ਨਾਨਕ ਵਾਹੁ ਵਾਹੁ ਸਤਿ ਰਜਾਇ ॥੧॥	نانک واہُ واہُ ستِ رضاءِ ॥1॥
ਮਃ ੩ ॥	م: 3 ॥
ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ ॥	واہُ واہُ بانٹی سچُ ہے گُرمُکھِ لدھی بھالِ ॥
ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ ਨਾਲਿ ॥	واہُ واہُ سبدے اُچرے واہُ واہُ ہِردے نالِ ॥
ਵਾਹੁ ਵਾਹੁ ਕਰਤਿਆ ਹਰਿ ਪਾਇਆ ਸਹਜੇ ਗੁਰਮੁਖਿ ਭਾਲਿ ॥	واہُ واہُ کرتیا ہرِ پائیا سہجے گُرمُکھِ بھالِ ॥
ਸੇ ਵਡਭਾਗੀ ਨਾਨਕਾ ਹਰਿ ਹਰਿ ਰਿਦੈ ਸਮਾਲਿ ॥੨॥	سے وڈبھاگی نانکا ہرِ ہرِ رِدے سمالِ ॥2॥
ਪਉੜੀ ॥	پئڑی ॥
ਏ ਮਨਾ ਅਤਿ ਲੋਭੀਆ ਨਿਤ ਲੋਭੇ ਰਾਤਾ ॥	اے منا اتِ لوبھیا نِت لوبھے راتا ॥
ਮਾਇਆ ਮਨਸਾ ਮੋਹਣੀ ਦਹ ਦਿਸ ਫਿਰਾਤਾ ॥	مائیا منسا موہنٹی دہ دِس پھِراتا ॥
ਅਗੈ ਨਾਉ ਜਾਤਿ ਨ ਜਾਇਸੀ ਮਨਮੁਖਿ ਦੁਖੁ ਖਾਤਾ ॥	اگے ناءُ زاتِ ن جائسی منمُکھِ دُکھُ کھاتا ॥
ਰਸਨਾ ਹਰਿ ਰਸੁ ਨ ਚਖਿਓ ਫੀਕਾ ਬੋਲਾਤਾ ॥	رسنا ہرِ رسُ ن چکھِئو پھِیکا بولاتا ॥
ਜਿਨਾ ਗੁਰਮੁਖਿ ਅੰਮ੍ਰਿਤੁ ਚਾਖਿਆ ਸੇ ਜਨ ਤ੍ਰਿਪਤਾਤਾ ॥੧੫॥	جِنا گُرمُکھِ انّمرِتُ چاکھیا سے جن ترِپتاتا ॥ 15 ॥
ਸਲੋਕੁ ਮਃ ੩ ॥	سلوکُ م: 3 ॥
ਵਾਹੁ ਵਾਹੁ ਤਿਸ ਨੋ ਆਖੀਐ ਜਿ ਸਚਾ ਗਹਿਰ ਗੰਭੀਰੁ ॥	واہُ واہُ تِس نو آکھیئے جِ سچا گہِر گنبھیرُ ॥

ਵਾਹੁ ਵਾਹੁ ਤਿਸ ਨੋ ਆਖੀਐ
ਜਿ ਗੁਣਦਾਤਾ ਮਤਿ ਧੀਰੁ ॥

واہُ واہُ تِس نو آکھیئے
جِ گُنداتا متِ دھیرُ ॥

ਵਾਹੁ ਵਾਹੁ ਤਿਸ ਨੋ ਆਖੀਐ
ਜਿ ਸਭ ਮਹਿ ਰਹਿਆ ਸਮਾਇ ॥

واہُ واہُ تِس نو آکھیئے
جِ سبھ مہِ رہِیا سماءِ ॥

ਵਾਹੁ ਵਾਹੁ ਤਿਸ ਨੋ ਆਖੀਐ
ਜਿ ਦੇਦਾ ਰਿਜਕੁ ਸਬਾਹਿ ॥

واہُ واہُ تِس نو آکھیئے
جِ دیدا رِزقُ سباہِ ॥

ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ
ਜਿ ਸਤਿਗੁਰ ਦੀਆ ਦਿਖਾਇ ॥੧॥

نانک واہُ واہُ اِکو کرِ سالاہیئے
جِ ستِگُر دِیا دِکھاءِ ॥1॥

ਮਃ ੩ ॥

م: 3 ॥

ਵਾਹੁ ਵਾਹੁ ਗੁਰਮੁਖ ਸਦਾ ਕਰਹਿ
ਮਨਮੁਖ ਮਰਹਿ ਬਿਖੁ ਖਾਇ ॥

واہُ واہُ گُرمُکھ سدا کرہِ
منمُکھ مرہِ بِکھُ کھاءِ ॥

ਓਨਾ ਵਾਹੁ ਵਾਹੁ ਨ ਭਾਵਈ
ਦੁਖੇ ਦੁਖਿ ਵਿਹਾਇ ॥

اونا واہُ واہُ ن بھاوئی
دُکھے دُکھِ وِہاءِ ॥

ਗੁਰਮੁਖਿ ਅੰਮ੍ਰਿਤੁ ਪੀਵਣਾ
ਵਾਹੁ ਵਾਹੁ ਕਰਹਿ ਲਿਵ ਲਾਇ ॥

گُرمُکھِ انمّرِتُ پیوٹا
واہُ واہُ کرہِ لِو لاءِ ॥

ਨਾਨਕ ਵਾਹੁ ਵਾਹੁ ਕਰਹਿ ਸੇ ਜਨ ਨਿਰਮਲੇ
ਤ੍ਰਿਭਵਣ ਸੋਝੀ ਪਾਇ ॥੨॥

نانک واہُ واہُ کرہِ سے جن نِرملے
تّرِبھوٹ سوجھی پاءِ ॥2॥

ਪਉੜੀ ॥

پئُڑی ॥

ਹਰਿ ਕੈ ਭਾਣੈ ਗੁਰੁ ਮਿਲੈ
ਸੇਵਾ ਭਗਤਿ ਬਨੀਜੈ ॥

ہرِ کے بھاٹے گُرُ مِلے
سیوا بھگتِ بنیجے ॥

ਹਰਿ ਕੈ ਭਾਣੈ ਹਰਿ ਮਨਿ ਵਸੈ
ਸਹਜੇ ਰਸੁ ਪੀਜੈ ॥

ہرِ کے بھاٹے ہرِ منِ وسے
سہجے رسُ پیجے ॥

ਹਰਿ ਕੈ ਭਾਣੈ ਸੁਖੁ ਪਾਈਐ
ਹਰਿ ਲਾਹਾ ਨਿਤ ਲੀਜੈ ॥

ہرِ کے بھاٹے سُکھُ پائیے
ہرِ لاہا نِت لیجے ॥

ਹਰਿ ਕੈ ਤਖਤਿ ਬਹਾਲੀਐ

ہرِ کے تخت بہالیئے

ਨਿਜ ਘਰਿ ਸਦਾ ਵਸੀਜੈ ॥

ہرِ کا بھاٹا تِنی منّنیا
جِنا گُرو مِلیجَے ॥ 16 ॥

ਹਰਿ ਕਾ ਭਾਣਾ ਤਿਨੀ ਮੰਨਿਆ
ਜਿਨਾ ਗੁਰੂ ਮਿਲੀਜੈ ॥੧੬॥

ਸਲੋਕੁ ਮਃ ੩ ॥

سلوکُ م: 3 ॥

ਵਾਹੁ ਵਾਹੁ ਸੇ ਜਨ ਸਦਾ ਕਰਹਿ
ਜਿਨ੍ ਕਉ ਆਪੇ ਦੇਇ ਬੁਝਾਇ ॥

واہُ واہُ سے جن سدا کرہِ
جِنّہ ک ءُ آپے دے ءِ بُجھاءِ ॥

ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ
ਹਉਮੈ ਵਿਚਹੁ ਜਾਇ ॥

واہُ واہُ کرتیا منُ نِرملُ ہووے
ہئُمَے وِچہُ جاءِ ॥

ਵਾਹੁ ਵਾਹੁ ਗੁਰਸਿਖੁ ਜੋ ਨਿਤ ਕਰੇ
ਸੋ ਮਨ ਚਿੰਦਿਆ ਫਲੁ ਪਾਇ ॥

واہُ واہُ گُرسِکھُ جو نِت کرے
سو من چِنّدِیا پھلُ پاءِ ॥

ਵਾਹੁ ਵਾਹੁ ਕਰਹਿ ਸੇ ਜਨ ਸੋਹਣੇ
ਹਰਿ ਤਿਨ੍ ਕੈ ਸੰਗਿ ਮਿਲਾਇ ॥

واہُ واہُ کرہِ سے جن سوہنّے
ہرِ تِنّہ کے سنگِ مِلاءِ ॥

ਵਾਹੁ ਵਾਹੁ ਹਿਰਦੈ ਉਚਰਾ
ਮੁਖਹੁ ਭੀ ਵਾਹੁ ਵਾਹੁ ਕਰੇਉ ॥

واہُ واہُ ہِردے اُچرا
مُکھہُ بھی واہُ واہُ کری ءُ ॥

ਨਾਨਕ ਵਾਹੁ ਵਾਹੁ ਜੋ ਕਰਹਿ
ਹਉ ਤਨੁ ਮਨੁ ਤਿਨ੍ ਕਉ ਦੇਉ ॥੧॥

نانک واہُ واہُ جو کرہِ
ہءُ تنُ منُ تِنّہ ک ءُ دی ءُ ॥ 1 ॥

ਮਃ ੩ ॥

م: 3 ॥

ਵਾਹੁ ਵਾਹੁ ਸਾਹਿਬੁ ਸਚੁ ਹੈ
ਅੰਮ੍ਰਿਤੁ ਜਾ ਕਾ ਨਾਉ ॥

واہُ واہُ صاحِبُ سچُ ہے
انّمرِتُ جا کا ناءُ ॥

ਜਿਨਿ ਸੇਵਿਆ ਤਿਨਿ ਫਲੁ ਪਾਇਆ
ਹਉ ਤਿਨ ਬਲਿਹਾਰੈ ਜਾਉ ॥

جِنِ سیویا تِنِ پھلُ پائیا
ہءُ تِن بلِہارے جاءُ ॥

ਵਾਹੁ ਵਾਹੁ ਗੁਣੀ ਨਿਧਾਨੁ ਹੈ
ਜਿਸ ਨੋ ਦੇਇ ਸੁ ਖਾਇ ॥

واہُ واہُ گُنّی نِدھانُ ہے
جِس نو دے ءِ سُ کھاءِ ॥

ਵਾਹੁ ਵਾਹੁ ਜਲਿ ਥਲਿ ਭਰਪੂਰੁ ਹੈ
ਗੁਰਮੁਖਿ ਪਾਇਆ ਜਾਇ ॥

واہُ واہُ جلِ تھلِ بھرپُورُ ہے
گُرمُکھِ پائیا جاءِ ॥

ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ
ਗੁਰ ਪੂਰੇ ਵਾਹੁ ਵਾਹੁ ਭਾਵੈ ॥

واہُ واہُ گُرسِکھ نِت سبھ کرہُ
گُر پُورے واہُ واہُ بھاوے ॥

ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ
ਤਿਸੁ ਜਮਕੰਕਰੁ ਨੇੜਿ ਨ ਆਵੈ ॥੨॥

نانک واہُ واہُ جو منِ چِتِ کرے
تِس جمکنکرُ نیڑِ ن آوے ॥2॥

ਪਉੜੀ ॥

پئُڑی ॥

ਹਰਿ ਜੀਉ ਸਚਾ ਸਚੁ ਹੈ
ਸਚੀ ਗੁਰਬਾਣੀ ॥

ہرِ جیِءُ سچا سچُ ہے
سچی گُربانٹی ॥

ਸਤਿਗੁਰ ਤੇ ਸਚੁ ਪਛਾਣੀਐ
ਸਚਿ ਸਹਜਿ ਸਮਾਣੀ ॥

ستِگُر تے سچُ پچھانٹیئے
سچِ سہجِ سمانٹی ॥

ਅਨਦਿਨੁ ਜਾਗਹਿ ਨਾ ਸਵਹਿ
ਜਾਗਤ ਰੈਣਿ ਵਿਹਾਣੀ ॥

اندِنُ جاگہِ نا سوہِ
جاگت رینٹِ وِہانٹی ॥

ਗੁਰਮਤੀ ਹਰਿ ਰਸੁ ਚਾਖਿਆ
ਸੇ ਪੁੰਨ ਪਰਾਣੀ ॥

گُرمتی ہرِ رسُ چاکھیا
سے پُنّن پرانٹی ॥

ਬਿਨੁ ਗੁਰ ਕਿਨੈ ਨ ਪਾਇਓ
ਪਚਿ ਮੁਏ ਅਜਾਣੀ ॥੧੭॥

بِنُ گُر کِنے ن پائیو
پچِ مُئے اجانٹی ॥ 17 ॥

ਸਲੋਕੁ ਮਃ ੩ ॥

سلوکُ م: 3 ॥

ਵਾਹੁ ਵਾਹੁ ਬਾਣੀ ਨਿਰੰਕਾਰ ਹੈ
ਤਿਸੁ ਜੇਵਡੁ ਅਵਰੁ ਨ ਕੋਇ ॥

واہُ واہُ بانٹی نِرنکار ہے
تِس جیوڈُ اورُ ن کوءِ ॥

ਵਾਹੁ ਵਾਹੁ ਅਗਮ ਅਥਾਹੁ ਹੈ
ਵਾਹੁ ਵਾਹੁ ਸਚਾ ਸੋਇ ॥

واہُ واہُ اگم اتھاہُ ہے
واہُ واہُ سچا سوءِ ॥

ਵਾਹੁ ਵਾਹੁ ਵੇਪਰਵਾਹੁ ਹੈ
ਵਾਹੁ ਵਾਹੁ ਕਰੇ ਸੁ ਹੋਇ ॥

واہُ واہُ ویپرواہُ ہے
واہُ واہُ کرے سُ ہوءِ ॥

ਵਾਹੁ ਵਾਹੁ ਅੰਮ੍ਰਿਤ ਨਾਮੁ ਹੈ
ਗੁਰਮੁਖਿ ਪਾਵੈ ਕੋਇ ॥

واہُ واہُ انّمرِت نامُ ہے
گُرمُکھِ پاوے کوءِ ॥

ਵਾਹੁ ਵਾਹੁ ਕਰਮੀ ਪਾਈਐ

واہُ واہُ کرمی پائیئے

ਆਪਿ ਦਇਆ ਕਰਿ ਦੇਇ ॥

آپِ دئیا کرِ دےءِ ॥

ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ
ਅਨਦਿਨੁ ਨਾਮੁ ਲਏਇ ॥੧॥

نانک واہُ واہُ گُرمُکھِ پائیَے
اندِنُ نامُ لئیءِ ॥1॥

ਮਃ ੩ ॥

م: 3 ॥

ਬਿਨੁ ਸਤਿਗੁਰ ਸੇਵੇ ਸਾਤਿ ਨ ਆਵਈ
ਦੂਜੀ ਨਾਹੀ ਜਾਇ ॥

بِنُ ستِگُر سیوے ساتِ ن آوئی
دوُجی ناہی جاءِ ॥

ਜੇ ਬਹੁਤੇਰਾ ਲੋਚੀਐ
ਵਿਣੁ ਕਰਮੈ ਨ ਪਾਇਆ ਜਾਇ ॥

جے بہتیرا لوچیَے
وِنُ کرمے ن پائیا جاءِ ॥

ਜਿਨ੍ਹਾ ਅੰਤਰਿ ਲੋਭ ਵਿਕਾਰੁ ਹੈ
ਦੂਜੈ ਭਾਇ ਖੁਆਇ ॥

جِنّہا انترِ لوبھ وِکارُ ہے
دوُجے بھاءِ کھُیاءِ ॥

ਜੰਮਣੁ ਮਰਣੁ ਨ ਚੁਕਈ
ਹਉਮੈ ਵਿਚਿ ਦੁਖੁ ਪਾਇ ॥

جنمُنُ مرنُ ن چُکئی
ہئُمے وِچِ دُکھُ پاءِ ॥

ਜਿਨ੍ਹਾ ਸਤਿਗੁਰ ਸਿਉ ਚਿਤੁ ਲਾਇਆ
ਸੁ ਖਾਲੀ ਕੋਈ ਨਾਹਿ ॥

جِنّہا ستِگُر سِءُ چِتُ لائیا
سُ خالی کوئی ناہِ ॥

ਤਿਨ ਜਮ ਕੀ ਤਲਬ ਨ ਹੋਵਈ
ਨਾ ਓਇ ਦੁਖ ਸਹਾਹਿ ॥

تِن جم کی طلب ن ہووئی
نا اوءِ دُکھ سہاہِ ॥

ਨਾਨਕ ਗੁਰਮੁਖਿ ਉਬਰੇ
ਸਚੈ ਸਬਦਿ ਸਮਾਹਿ ॥੨॥

نانک گُرمُکھِ اُبرے
سچے سبدِ سماہِ ॥2॥

ਪਉੜੀ ॥

پئُڑی ॥

ਢਾਢੀ ਤਿਸ ਨੋ ਆਖੀਐ
ਜਿ ਖਸਮੈ ਧਰੇ ਪਿਆਰੁ ॥

ڈھاڈھی تِس نو آکھیَے
جِ خصمے دھرے پِیارُ ॥

ਦਰਿ ਖੜਾ ਸੇਵਾ ਕਰੇ
ਗੁਰ ਸਬਦੀ ਵੀਚਾਰੁ ॥

درِ کھڑا سیوا کرے
گُر سبدی ویچارُ ॥

ਢਾਢੀ ਦਰੁ ਘਰੁ ਪਾਇਸੀ
ਸਚੁ ਰਖੈ ਉਰ ਧਾਰਿ ॥

ڈھاڈھی درُ گھرُ پائسی
سچُ رکھے اُر دھارِ ॥

ਢਾਢੀ ਕਾ ਮਹਲੁ ਅਗਲਾ
ਹਰਿ ਕੈ ਨਾਇ ਪਿਆਰਿ ॥

ڈھاڈھی کا محلُ اگلا
ہرِ کے ناءِ پیارِ ॥

ਢਾਢੀ ਕੀ ਸੇਵਾ ਚਾਕਰੀ
ਹਰਿ ਜਪਿ ਹਰਿ ਨਿਸਤਾਰਿ ॥੧੮॥

ڈھاڈھی کی سیوا چاکری
ہرِ جپِ ہرِ نِستارِ ॥ 18 ॥

ਸਲੋਕੁ ਮਃ ੩ ॥

سلوکُ م: 3 ॥

ਗੂਜਰੀ ਜਾਤਿ ਗਵਾਰਿ
ਜਾ ਸਹੁ ਪਾਏ ਆਪਣਾ ॥

گُوجری جاتِ گوارِ
جا سہُ پائے آپٹا ॥

ਗੁਰ ਕੈ ਸਬਦਿ ਵੀਚਾਰਿ
ਅਨਦਿਨੁ ਹਰਿ ਜਪੁ ਜਾਪਣਾ ॥

گُر کے سبدِ ویچارِ
اندِنُ ہرِ جپُ جاپٹا ॥

ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ
ਸਾ ਕੁਲਵੰਤੀ ਨਾਰਿ ॥

جِسُ ستِگُر مِلے تِس بھءُ پوے
سا کُلونتی نارِ ॥

ਸਾ ਹੁਕਮੁ ਪਛਾਣੈ ਕੰਤ ਕਾ
ਜਿਸ ਨੋ ਕ੍ਰਿਪਾ ਕੀਤੀ ਕਰਤਾਰਿ ॥

سا حُکمُ پچھاٹے کنّت کا
جِس نو کِرپا کِیتی کرتارِ ॥

ਓਹ ਕੁਚਜੀ ਕੁਲਖਣੀ
ਪਰਹਰਿ ਛੋਡੀ ਭਤਾਰਿ ॥

اوہ کُچجی کلکھٹی
پرہرِ چھوڈی بھتارِ ॥

ਭੈ ਪਇਐ ਮਲੁ ਕਟੀਐ
ਨਿਰਮਲ ਹੋਵੈ ਸਰੀਰੁ ॥

بھے پئے مُل کٹیئے
نِرمل ہووے سریرُ ॥

ਅੰਤਰਿ ਪਰਗਾਸੁ ਮਤਿ ਊਤਮ ਹੋਵੈ
ਹਰਿ ਜਪਿ ਗੁਣੀ ਗਹੀਰੁ ॥

انتر پرگاسُ متِ اوُتم ہووے
ہرِ جپِ گُنی گہیرُ ॥

ਭੈ ਵਿਚਿ ਬੈਸੈ ਭੈ ਰਹੈ
ਭੈ ਵਿਚਿ ਕਮਾਵੈ ਕਾਰ ॥

بھے وِچ بیسے بھے رہے
بھے وِچ کماوے کار ॥

ਐਥੈ ਸੁਖੁ ਵਡਿਆਈਆ
ਦਰਗਹ ਮੋਖ ਦੁਆਰ ॥

ایتھے سُکھ وڈیائیا
درگہ موکھ دُیار ॥

ਭੈ ਤੇ ਨਿਰਭਉ ਪਾਈਐ
ਮਿਲਿ ਜੋਤੀ ਜੋਤਿ ਅਪਾਰ ॥

بھے تے نِربھءُ پائیے
مِلِ جوتی جوتِ اپار ॥

ਨਾਨਕ ਖਸਮੈ ਭਾਵੈ ਸਾ ਭਲੀ
ਜਿਸ ਨੋ ਆਪੇ ਬਖਸੇ ਕਰਤਾਰੁ ॥੧॥

نانک خصمےَ بھاوے سا بھلی
جِس نو آپے بخشے کرتارُ ॥1॥

ਮਃ ੩ ॥

م: 3 ॥

ਸਦਾ ਸਦਾ ਸਾਲਾਹੀਐ
ਸਚੇ ਕਉ ਬਲਿ ਜਾਉ ॥

سدا سدا سالاحیےَ
سچے کءُ بلِ جاءُ ॥

ਨਾਨਕ ਏਕੁ ਛੋਡਿ ਦੂਜੈ ਲਗੈ
ਸਾ ਜਿਹਵਾ ਜਲਿ ਜਾਉ ॥੨॥

نانک ایکُ چھوڈِ دوُجےَ لگےَ
سا جِہوا جلِ جاءُ ॥2॥

ਪਉੜੀ ॥

پئُڑی ॥

ਅੰਸਾ ਅਉਤਾਰੁ ਉਪਾਇਓਨੁ
ਭਾਉ ਦੂਜਾ ਕੀਆ ॥

انّسا اُتّارُ اُپائیَئونُ
بھاءُ دوُجا کِیا ॥

ਜਿਉ ਰਾਜੇ ਰਾਜੁ ਕਮਾਵਦੇ
ਦੁਖ ਸੁਖ ਭਿੜੀਆ ॥

جِءُ راجے راجُ کماودے
دُکھ سُکھ بھِڑییا ॥

ਈਸਰੁ ਬ੍ਰਹਮਾ ਸੇਵਦੇ
ਅੰਤੁ ਤਿਨ੍ਹੀ ਨ ਲਹੀਆ ॥

ایسرُ برہما سیودے
انّتُ تِنّہی ن لہِیا ॥

ਨਿਰਭਉ ਨਿਰੰਕਾਰੁ ਅਲਖੁ ਹੈ
ਗੁਰਮੁਖਿ ਪ੍ਰਗਟੀਆ ॥

نِربھءُ نِرنّکارُ الکھُ ہےَ
گُرمُکھِ پرّگٹیا ॥

ਤਿਥੈ ਸੋਗੁ ਵਿਜੋਗੁ ਨ ਵਿਆਪਈ
ਅਸਥਿਰੁ ਜਗਿ ਥੀਆ ॥੧੯॥

تِتھےَ سوگُ وِجوگُ ن وِیاپئی
استھِرُ جگِ تھِیا ॥ 19 ॥

ਸਲੋਕੁ ਮਃ ੩ ॥

سلوکُ م: 3 ॥

ਏਹੁ ਸਭੁ ਕਿਛੁ ਆਵਣ ਜਾਣੁ ਹੈ
ਜੇਤਾ ਹੈ ਆਕਾਰੁ ॥

ایہُ سبھُ کِچھُ آونُ جانُ ہےَ
جیتا ہےَ آکارُ ॥

ਜਿਨਿ ਏਹੁ ਲੇਖਾ ਲਿਖਿਆ
ਸੋ ਹੋਆ ਪਰਵਾਣੁ ॥

جِنِ ایہُ لیکھا لِکھِیا
سو ہویا پروانُ ॥

ਨਾਨਕ ਜੇ ਕੋ ਆਪੁ ਗਣਾਇਦਾ
ਸੋ ਮੂਰਖੁ ਗਾਵਾਰੁ ॥੧॥

نانک جے کو آپُ گنّائِدا
سو مُورکھُ گاوارُ ॥1॥

ਮਃ ੩ ॥

ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ
ਜਹ ਖਿੰਚੇ ਤਹ ਜਾਇ ॥

ਨਾਨਕ ਹਸਤੀ ਕੁੰਡੇ ਬਾਹਰਾ
ਫਿਰਿ ਫਿਰਿ ਉਝੜਿ ਪਾਇ ॥੨॥

ਪਉੜੀ ॥

ਤਿਸੁ ਆਗੈ ਅਰਦਾਸਿ
ਜਿਨਿ ਉਪਾਇਆ ॥

ਸਤਿਗੁਰੁ ਅਪਣਾ ਸੇਵਿ
ਸਭ ਫਲ ਪਾਇਆ ॥

ਅੰਮ੍ਰਿਤ ਹਰਿ ਕਾ ਨਾਉ
ਸਦਾ ਧਿਆਇਆ ॥

ਸੰਤ ਜਨਾ ਕੈ ਸੰਗਿ
ਦੁਖੁ ਮਿਟਾਇਆ ॥

ਨਾਨਕ ਭਏ ਅਚਿੰਤੁ
ਹਰਿ ਧਨੁ ਨਿਹਚਲਾਇਆ ॥੨੦॥

ਸਲੋਕ ਮਃ ੩ ॥

ਖੇਤਿ ਮਿਆਲਾ ਉਚੀਆ
ਘਰੁ ਉਚਾ ਨਿਰਣਉ ॥

ਮਹਲ ਭਗਤੀ ਘਰਿ ਸਰੈ
ਸਜਣ ਪਾਹੁਣਿਅਉ ॥

ਬਰਸਨਾ ਤ ਬਰਸੁ ਘਨਾ
ਬਹੁੜਿ ਬਰਸਹਿ ਕਾਹਿ ॥

ਨਾਨਕ ਤਿਨ੍ ਬਲਿਹਾਰਣੈ
ਜਿਨ੍ ਗੁਰਮੁਖਿ ਪਾਇਆ ਮਨ ਮਾਹਿ ॥੧॥

م: 3 ॥

منُ کُنچرُ پیلکُ گرُوُ گیانُ کُنڈا
جہ کھِنچے تہ جاءِ ॥

نانک ہستی کُنڈے باہرا
پھِرِ پھِرِ اُجھڑِ پاءِ ॥2॥

پؤڑی ॥

تِسُ آگے عرداسِ
جِنِ اُپائیا ॥

ستِگُرُ اپنا سیوِ
سبھ پھل پائیا ॥

انمّرِت ہرِ کا ناءُ
سدا دھِیائیا ॥

سنّت جنا کے سنگِ
دُکھُ مِٹائیا ॥

نانک بھے اچِنّتُ
ہرِ دھنُ نِہچلائیا ॥ 20 ॥

سلوک م: 3 ॥

کھیتِ میالا اُچیا
گھرُ اُچا نِرنءُ ॥

محل بھگتی گھرِ سرے
سجنُ پاہُنیُءُ ॥

برسنا ت برسُ گھنا
بہُڑِ برسہِ کاہِ ॥

نانک تِنّہ بلہارنے
جِنّہ گرُمُکھِ پائیا من ماہِ ॥1॥

ਮਃ ੩ ॥

ਮਿਠਾ ਸੋ ਜੋ ਭਾਵਦਾ
ਸਜਣੁ ਸੋ ਜਿ ਰਾਸਿ ॥

ਨਾਨਕ ਗੁਰਮੁਖਿ ਜਾਣੀਐ
ਜਾ ਕਉ ਆਪਿ ਕਰੇ ਪਰਗਾਸੁ ॥੨॥

ਪਉੜੀ ॥

ਪ੍ਰਭ ਪਾਸਿ ਜਨ ਕੀ ਅਰਦਾਸਿ
ਤੂ ਸਚਾ ਸਾਂਈ ॥

ਤੂ ਰਖਵਾਲਾ ਸਦਾ ਸਦਾ
ਹਉ ਤੁਧੁ ਧਿਆਈ ॥

ਜੀਅ ਜੰਤ ਸਭਿ ਤੇਰਿਆ
ਤੂ ਰਹਿਆ ਸਮਾਈ ॥

ਜੋ ਦਾਸ ਤੇਰੇ ਕੀ ਨਿੰਦਾ ਕਰੇ
ਤਿਸੁ ਮਾਰਿ ਪਚਾਈ ॥

ਚਿੰਤਾ ਛਡਿ ਅਚਿੰਤੁ ਰਹੁ
ਨਾਨਕ ਲਗਿ ਪਾਈ ॥੨੧॥

ਸਲੋਕ ਮਃ ੩ ॥

ਆਸਾ ਕਰਤਾ ਜਗੁ ਮੁਆ
ਆਸਾ ਮਰੈ ਨ ਜਾਇ ॥

ਨਾਨਕ ਆਸਾ ਪੂਰੀਆ
ਸਚੇ ਸਿਉ ਚਿਤੁ ਲਾਇ ॥੧॥

ਮਃ ੩ ॥

ਆਸਾ ਮਨਸਾ ਮਰਿ ਜਾਇਸੀ
ਜਿਨਿ ਕੀਤੀ ਸੋ ਲੈ ਜਾਇ ॥

ਨਾਨਕ ਨਿਹਚਲੁ ਕੋ ਨਹੀ

م: 3 ॥

مِٹھا سو جو بھاودا
سجنُ سو جِ راسِ ॥

نانک گُرمُکھِ جانئیے
جا ک ءُ آپِ کرے پرگاسُ ॥2॥

پئڑی ॥

پربھ پاسِ جن کی عرداسِ
توُ سچا سائیں ॥

توُ رکھوالا سدا سدا
ہ ءُ تُدھُ دھِیائی ॥

جی ء جنّت سبھِ تیرِیا
توُ رہِیا سمائی ॥

جو داس تیرے کی نِندا کرے
تِسُ مارِ پچائی ॥

چِنّتا چھڈِ اچِنّتُ رہُ
نانک لگِ پائی ॥ 21 ॥

سلوک م: 3 ॥

آسا کرتا جگُ مُیا
آسا مرے ن جاءِ ॥

نانک آسا پوُرِیا
سچے سِ ءُ چِتُ لاءِ ॥1॥

م: 3 ॥

آسا منسا مرِ جائسی
جِنِ کِیتی سو لے جاءِ ॥

نانک نِہچلُ کو نہی

ਬਾਝਹੁ ਹਰਿ ਕੈ ਨਾਇ ॥੨॥	باجھہُ ہرِ کے ناءِ ॥2॥
ਪਉੜੀ ॥	پؤڑی ॥
ਆਪੇ ਜਗਤੁ ਉਪਾਇਓਨੁ ਕਰਿ ਪੂਰਾ ਥਾਟੁ ॥	آپے جگتُ اُپائیئونُ کرِ پوُرا تھاٹُ ॥
ਆਪੇ ਸਾਹੁ ਆਪੇ ਵਣਜਾਰਾ ਆਪੇ ਹੀ ਹਰਿ ਹਾਟੁ ॥	آپے ساہُ آپے ونجارا آپے ہی ہرِ ہاٹُ ॥
ਆਪੇ ਸਾਗਰੁ ਆਪੇ ਬੋਹਿਥਾ ਆਪੇ ਹੀ ਖੇਵਾਟੁ ॥	آپے ساگرُ آپے بوہتھا آپے ہی کھیواٹُ ॥
ਆਪੇ ਗੁਰੁ ਚੇਲਾ ਹੈ ਆਪੇ ਆਪੇ ਦਸੇ ਘਾਟੁ ॥	آپے گُرُ چیلا ہے آپے آپے دسے گھاٹُ ॥
ਜਨ ਨਾਨਕ ਨਾਮੁ ਧਿਆਇ ਤੂ ਸਭਿ ਕਿਲਵਿਖ ਕਾਟੁ ॥੨੨॥੧॥ ਸੁਧੁ	جن نانک نامُ دھیاءِ توُ سبھِ کِلوِکھ کاٹُ ॥ 22 ॥ 1 ॥ سُدھُ
ਰਾਗੁ ਗੂਜਰੀ ਵਾਰ ਮਹਲਾ ੫	راگُ گوُجری وار محلا 5
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਸਲੋਕੁ ਮਃ ੫ ॥	سلوکُ م: 5 ॥
ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥	انترِ گُرُ آرادھنا جِہوا جپِ گُر ناءُ ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥	نیتّری ستِگُرُ پیکھنا سّروٹی سُنٹا گُر ناءُ ॥
ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥	ستِگُر سیتی رتیا درگہ پائیئے ٹھاءُ ॥
ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਸੁ ਦੇਇ ॥	کہُ نانک کِرپا کرے جِس نو ایہ وتھُ دے ءِ ॥
ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥੧॥	جگ مہِ اُتم کاڈھیئہِ وِرلے کیئی کے ءِ ॥ 1 ॥

ਮਃ ੫ ॥

رکھے رکھنہارِ
آپِ اُبارِئنُ ॥

ਰਖੇ ਰਖਣਹਾਰਿ
ਆਪਿ ਉਬਾਰਿਅਨੁ ॥

گُر کی پیَری پاءِ
کاج سوارِئنُ ॥

ਗੁਰ ਕੀ ਪੈਰੀ ਪਾਇ
ਕਾਜ ਸਵਾਰਿਅਨੁ ॥

ہویا آپِ دئیالُ
منہٗ ن وِسارِئنُ ॥

ਹੋਆ ਆਪਿ ਦਇਆਲੁ
ਮਨਹੁ ਨ ਵਿਸਾਰਿਅਨੁ ॥

سادھ جنا کے سنگِ
بھوجلُ تارِئنُ ॥

ਸਾਧ ਜਨਾ ਕੈ ਸੰਗਿ
ਭਵਜਲੁ ਤਾਰਿਅਨੁ ॥

ساکت نِندک دُسٹ
کھِن ماہِ بِدارِئنُ ॥

ਸਾਕਤ ਨਿੰਦਕ ਦੁਸਟ
ਖਿਨ ਮਾਹਿ ਬਿਦਾਰਿਅਨੁ ॥

تِسُ صاحِب کی ٹیک
نانک منے ماہِ ॥

ਤਿਸੁ ਸਾਹਿਬ ਕੀ ਟੇਕ
ਨਾਨਕ ਮਨੈ ਮਾਹਿ ॥

جِسُ سِمرت سُکھُ ہوءِ
سگلے دوُکھ جاہِ ॥2॥

ਜਿਸੁ ਸਿਮਰਤ ਸੁਖੁ ਹੋਇ
ਸਗਲੇ ਦੂਖ ਜਾਹਿ ॥੨॥

ਪਉੜੀ ॥

پئُڑی ॥

اکُل نِرنجن پُرکھُ اگمُ اپارِیےَ ॥

ਅਕੁਲ ਨਿਰੰਜਨ ਪੁਰਖੁ ਅਗਮੁ ਅਪਾਰੀਐ ॥

سچو سچا سچُ سچُ نِہارِیےَ ॥

ਸਚੋ ਸਚਾ ਸਚੁ ਸਚੁ ਨਿਹਾਰੀਐ ॥

کوُڑُ ن جاپےَ کِچھُ تیری دھارِیےَ ॥

ਕੂੜੁ ਨ ਜਾਪੈ ਕਿਛੁ ਤੇਰੀ ਧਾਰੀਐ ॥

سبھسے دے داتارُ جیت اُپارِیےَ ॥

ਸਭਸੈ ਦੇ ਦਾਤਾਰੁ ਜੇਤ ਉਪਾਰੀਐ ॥

اِکتُ سوُتِ پروءِ جوتِ سنجّارِیےَ ॥

ਇਕਤੁ ਸੂਤਿ ਪਰੋਇ ਜੋਤਿ ਸੰਜਾਰੀਐ ॥

حُکمے بھوجل منجّھِ حُکمے تارِیےَ ॥

ਹੁਕਮੇ ਭਵਜਲ ਮੰਝਿ ਹੁਕਮੇ ਤਾਰੀਐ ॥

پّربھ جیِءُ تُدھُ دھیائے سوءِ
جِسُ بھاگُ متھارِیےَ ॥

ਪ੍ਰਭ ਜੀਉ ਤੁਧੁ ਧਿਆਏ ਸੋਇ
ਜਿਸੁ ਭਾਗੁ ਮਥਾਰੀਐ ॥

ਤੇਰੀ ਗਤਿ ਮਿਤਿ ਲਖੀ ਨ ਜਾਇ ਹਉ ਤੁਧੁ ਬਲਿਹਾਰੀਐ ॥੧॥	تیری گتِ مِتِ لکھی ن جاءِ ہءُ تُدھُ بلِہارےِۓ ॥1॥
ਸਲੋਕੁ ਮਃ ੫ ॥	سلوکُ م: 5 ॥
ਜਾ ਤੂੰ ਤੁਸਹਿ ਮਿਹਰਵਾਨ ਅਚਿੰਤੁ ਵਸਹਿ ਮਨ ਮਾਹਿ ॥	جا توُنّ تُسہِ مِہروان اچِنّتُ وسہِ من ماہِ ॥
ਜਾ ਤੂੰ ਤੁਸਹਿ ਮਿਹਰਵਾਨ ਨਉ ਨਿਧਿ ਘਰ ਮਹਿ ਪਾਹਿ ॥	جا توُنّ تُسہِ مِہروان نءُ نِدھِ گھر مہِ پاہِ ॥
ਜਾ ਤੂੰ ਤੁਸਹਿ ਮਿਹਰਵਾਨ ਤਾ ਗੁਰ ਕਾ ਮੰਤ੍ਰੁ ਕਮਾਹਿ ॥	جا توُنّ تُسہِ مِہروان تا گُر کا منّتر کماہِ ॥
ਜਾ ਤੂੰ ਤੁਸਹਿ ਮਿਹਰਵਾਨ ਤਾ ਨਾਨਕ ਸਚਿ ਸਮਾਹਿ ॥੧॥	جا توُنّ تُسہِ مِہروان تا نانک سچِ سماہِ ॥1॥
ਮਃ ੫ ॥	م: 5 ॥
ਕਿਤੀ ਬੈਹਨ੍ਿ ਬੈਹਣੇ ਮੁਚੁ ਵਜਾਇਨਿ ਵਜ ॥	کِتی بیہنّہِ بیہنّے مُچُ وجائِنِ وج ॥
ਨਾਨਕ ਸਚੇ ਨਾਮ ਵਿਣੁ ਕਿਸੈ ਨ ਰਹੀਆ ਲਜ ॥੨॥	نانک سچے نام وِنُ کِسےَ ن رہِیا لج ॥2॥
ਪਉੜੀ ॥	پؤڑی ॥
ਤੁਧੁ ਧਿਆਇਨ੍ਿ ਬੇਦ ਕਤੇਬਾ ਸਣੁ ਖੜੇ ॥	تُدھُ دھیائِنّہِ بید کتیبا سنُ کھڑے ॥
ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ ॥	گنّتی گنّی ن جاءِ تیرےَ درِ پڑے ॥
ਬ੍ਰਹਮੇ ਤੁਧੁ ਧਿਆਇਨ੍ਿ ਇੰਦ੍ਰ ਇੰਦ੍ਰਾਸਣਾ ॥	برہمے تُدھُ دھیائِنّہِ اِندّر اِندّراسنّا ॥
ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ ॥	سنکر بِسن اوتار ہرِ جسُ مُکھِ بھنّا ॥
ਪੀਰ ਪਿਕਾਬਰ ਸੇਖ ਮਸਾਇਕ ਅਉਲੀਏ ॥	پیر پِکابر سیکھ مشائِک اؤلیےِ ॥
ਓਤਿ ਪੋਤਿ ਨਿਰੰਕਾਰ ਘਟਿ ਘਟਿ ਮਉਲੀਏ ॥	اوتِ پوتِ نِرنکار گھٹِ گھٹِ مئُلیےِ ॥
ਕੂੜਹੁ ਕਰੇ ਵਿਣਾਸੁ ਧਰਮੇ ਤਗੀਐ ॥	کوُڑہُ کرے وِناسُ دھرمے تگیےِ ॥

ਜਿਤੁ ਜਿਤੁ ਲਾਇਹਿ ਆਪਿ ਤਿਤੁ ਤਿਤੁ ਲਗੀਐ ॥੨॥

جِتُ جِتُ لائِہِ آپِ تِتُ تِتُ لگیِۓ ॥2॥

ਸਲੋਕੁ ਮਃ ੫ ॥

سلوکُ م: 5 ॥

ਚੰਗਿਆਈਂ ਆਲਕੁ ਕਰੇ
ਬੁਰਿਆਈਂ ਹੋਇ ਸੇਰੁ ॥

چنگِیائیں آلکُ کرے
بُریائیں ہوءِ سیرُ ॥

ਨਾਨਕ ਅਜੁ ਕਲਿ ਆਵਸੀ
ਗਾਫਲ ਫਾਹੀ ਪੇਰੁ ॥੧॥

نانک اجُ کلِ آوسی
غافل پھاہی پیرُ ॥1॥

ਮਃ ੫ ॥

م: 5 ॥

ਕਿਤੀਆ ਕੁਢੰਗ
ਗੁਝਾ ਥੀਐ ਨ ਹਿਤੁ ॥

کِتیِیا کُڈھنگ
گُجھا تھیۓ ن ہِتُ ॥

ਨਾਨਕ ਤੈ ਸਹਿ ਢਕਿਆ
ਮਨ ਮਹਿ ਸਚਾ ਮਿਤੁ ॥੨॥

نانک تے سہِ ڈھکِیا
من مہِ سچا مِتُ ॥2॥

ਪਉੜੀ ॥

پئُڑی ॥

ਹਉ ਮਾਗਉ ਤੁਝੈ ਦਇਆਲ
ਕਰਿ ਦਾਸਾ ਗੋਲਿਆ ॥

ہءُ ماگءُ تُجھے دئیال
کرِ داسا گولیا ॥

ਨਉ ਨਿਧਿ ਪਾਈ ਰਾਜੁ ਜੀਵਾ ਬੋਲਿਆ ॥

ن ءُ نِدھِ پائی راجُ جیِوا بولیا ॥

ਅੰਮ੍ਰਿਤ ਨਾਮੁ ਨਿਧਾਨੁ ਦਾਸਾ ਘਰਿ ਘਣਾ ॥

انّمرِت نامُ نِدھانُ داسا گھرِ گھٹا ॥

ਤਿਨ ਕੈ ਸੰਗਿ ਨਿਹਾਲੁ ਸ੍ਰਵਣੀ ਜਸੁ ਸੁਣਾ ॥

تِن کے سنگِ نِہالُ سّروٹی جسُ سُٹا ॥

ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ ॥

کماوا تِن کی کار سرِیُر پوِتُ ہوءِ ॥

ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ ॥

پکھا پانٹی پیِس بِگسا پیَر دھوءِ ॥

ਆਪਹੁ ਕਛੂ ਨ ਹੋਇ ਪ੍ਰਭ ਨਦਰਿ ਨਿਹਾਲੀਐ ॥

آپہُ کچھوُ ن ہوءِ پّربھ ندرِ نِہالیِۓ ॥

ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮ ਸਾਲੀਐ ॥੩॥

موہِ نِرگُنٹ دِچےَ تھاءُ سنّت دھرم سالیِۓ ॥3॥

ਸਲੋਕ ਮਃ ੫ ॥

سلوک م: 5 ॥

ਸਾਜਨ ਤੇਰੇ ਚਰਨ ਕੀ
ਹੋਇ ਰਹਾ ਸਦ ਧੂਰਿ ॥

ساجن تیرے چرن کی
ہوءِ رہا سد دھوُرِ ॥

ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ ॥੧॥	نانک سرنِ تُہارِیا پیکھءُ سدا حضوُرِ ॥1॥
ਮਃ ੫ ॥	م: 5 ॥
ਪਤਿਤ ਪੁਨੀਤ ਅਸੰਖ ਹੋਹਿ ਹਰਿ ਚਰਣੀ ਮਨੁ ਲਾਗ ॥	پتت پُنیت اسنکھ ہوہِ ہرِ چرنی منُ لاگ ॥
ਅਠਸਠਿ ਤੀਰਥ ਨਾਮੁ ਪ੍ਰਭ ਜਿਸੁ ਨਾਨਕ ਮਸਤਕਿ ਭਾਗ ॥੨॥	اٹھسٹھِ تیرتھ نامُ پربھ جِسُ نانک مستکِ بھاگ ॥2॥
ਪਉੜੀ ॥	پؤڑی ॥
ਨਿਤ ਜਪੀਐ ਸਾਸਿ ਗਿਰਾਸਿ ਨਾਉ ਪਰਵਦਿਗਾਰ ਦਾ ॥	نِت جپیئے ساسِ گِراسِ ناءُ پرودِگار دا ॥
ਜਿਸ ਨੋ ਕਰੇ ਰਹੰਮ ਤਿਸੁ ਨ ਵਿਸਾਰਦਾ ॥	جِس نو کرے رحنّم تِسُ ن وِساردا ॥
ਆਪਿ ਉਪਾਵਣਹਾਰ ਆਪੇ ਹੀ ਮਾਰਦਾ ॥	آپِ اُپاوَنہار آپے ہی ماردا ॥
ਸਭੁ ਕਿਛੁ ਜਾਣੈ ਜਾਣੁ ਬੁਝਿ ਵੀਚਾਰਦਾ ॥	سبھُ کِچھُ جانےَ جانُ بُجھِ ویچاردا ॥
ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ ॥	انِک روُپ کھِن ماہِ قُدرتِ دھاردا ॥
ਜਿਸ ਨੋ ਲਾਇ ਸਚਿ ਤਿਸਹਿ ਉਧਾਰਦਾ ॥	جِس نو لاءِ سچِ تِسہِ اُدھاردا ॥
ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥	جِس دےَ ہووےَ ولِ سُ کدے ن ہاردا ॥
ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ ॥੪॥	سدا ابھگُ دیبانُ ہےَ ہءُ تِسُ نمسکاردا ॥4॥
ਸਲੋਕ ਮਃ ੫ ॥	سلوک م: 5 ॥
ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ ॥	کامُ کرودھُ لوبھُ چھوڈیئے دیجےَ اگنِ جلاءِ ॥
ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ ॥੧॥	جیودِیا نِت جاپیئے نانک ساچا ناءُ ॥1॥
ਮਃ ੫ ॥	م: 5 ॥
ਸਿਮਰਤ ਸਿਮਰਤ ਪ੍ਰਭੁ ਆਪਣਾ	سِمرت سِمرت پربھُ آپنا

ਸਭ ਫਲ ਪਾਏ ਆਹਿ ॥

سبھ پھل پائے آہِ ॥

ਨਾਨਕ ਨਾਮੁ ਅਰਾਧਿਆ
ਗੁਰ ਪੂਰੈ ਦੀਆ ਮਿਲਾਇ ॥੨॥

نانک نامُ ارادھیا
گُر پوُرے دِیا مِلاءِ ॥2॥

ਪਉੜੀ ॥

پُڑی ॥

ਸੋ ਮੁਕਤਾ ਸੰਸਾਰਿ
ਜਿ ਗੁਰਿ ਉਪਦੇਸਿਆ ॥

سو مُکتا سنّسارِ
جِ گُرِ اُپدیسِیا ॥

ਤਿਸ ਕੀ ਗਈ ਬਲਾਇ
ਮਿਟੇ ਅੰਦੇਸਿਆ ॥

تِس کی گئی بلاءِ
مِٹے انّدیسِیا ॥

ਤਿਸ ਕਾ ਦਰਸਨੁ ਦੇਖਿ
ਜਗਤੁ ਨਿਹਾਲੁ ਹੋਇ ॥

تِس کا درسنُ دیکھِ
جگتُ نِہالُ ہوءِ ॥

ਜਨ ਕੈ ਸੰਗਿ ਨਿਹਾਲੁ
ਪਾਪਾ ਮੈਲੁ ਧੋਇ ॥

جن کے سنگِ نِہالُ
پاپا میَلُ دھوءِ ॥

ਅੰਮ੍ਰਿਤੁ ਸਾਚਾ ਨਾਉ
ਓਥੈ ਜਾਪੀਐ ॥

انمّرِتُ ساچا ناءُ
اوتھےَ جاپیِےَ ॥

ਮਨ ਕਉ ਹੋਇ ਸੰਤੋਖੁ
ਭੁਖਾ ਧ੍ਰਾਪੀਐ ॥

من کءُ ہوءِ سنّتوکھُ
بھُکھا دھّراپیِےَ ॥

ਜਿਸੁ ਘਟਿ ਵਸਿਆ ਨਾਉ
ਤਿਸੁ ਬੰਧਨ ਕਾਟੀਐ ॥

جِسُ گھٹِ وسِیا ناءُ
تِسُ بنّدھن کاٹیِےَ ॥

ਗੁਰ ਪਰਸਾਦਿ ਕਿਨੈ ਵਿਰਲੈ
ਹਰਿ ਧਨੁ ਖਾਟੀਐ ॥੫॥

گُر پرسادِ کِنے وِرلے
ہرِ دھنُ کھاٹیِےَ ॥5॥

ਸਲੋਕ ਮਃ ੫ ॥

سلوک م: 5 ॥

ਮਨ ਮਹਿ ਚਿਤਵਉ ਚਿਤਵਨੀ
ਉਦਮੁ ਕਰਉ ਉਠਿ ਨੀਤ ॥

من مہِ چِتوءُ چِتونی
اُدمُ کرءُ اُٹھِ نِیت ॥

ਹਰਿ ਕੀਰਤਨ ਕਾ ਆਹਰੋ
ਹਰਿ ਦੇਹੁ ਨਾਨਕ ਕੇ ਮੀਤ ॥੧॥

ہرِ کیرتن کا آہرو
ہرِ دیہُ نانک کے میت ۔ ॥1॥

ਮਃ ੫ ॥

ਦ੍ਰਿਸਟਿ ਧਾਰਿ ਪ੍ਰਭਿ ਰਾਖਿਆ
ਮਨੁ ਤਨੁ ਰਤਾ ਮੂਲਿ ॥

ਨਾਨਕ ਜੋ ਪ੍ਰਭ ਭਾਣੀਆ
ਮਰਉ ਵਿਚਾਰੀ ਸੂਲਿ ॥੨॥

ਪਉੜੀ ॥

ਜੀਅ ਕੀ ਬਿਰਥਾ ਹੋਇ
ਸੁ ਗੁਰ ਪਹਿ ਅਰਦਾਸਿ ਕਰਿ ॥

ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ ॥

ਪੂਜਹੁ ਗੁਰ ਕੇ ਪੈਰ ਦੁਰਮਤਿ ਜਾਇ ਜਰਿ ॥

ਸਾਧ ਜਨਾ ਕੈ ਸੰਗਿ ਭਵਜਲੁ ਬਿਖਮੁ ਤਰਿ ॥

ਸੇਵਹੁ ਸਤਿਗੁਰ ਦੇਵ ਅਗੈ ਨ ਮਰਹੁ ਡਰਿ ॥

ਖਿਨ ਮਹਿ ਕਰੇ ਨਿਹਾਲੁ ਊਣੇ ਸੁਭਰ ਭਰਿ ॥

ਮਨ ਕਉ ਹੋਇ ਸੰਤੋਖੁ ਧਿਆਈਐ ਸਦਾ ਹਰਿ ॥

ਸੋ ਲਗਾ ਸਤਿਗੁਰ ਸੇਵ
ਜਾ ਕਉ ਕਰਮੁ ਧੁਰਿ ॥੬॥

ਸਲੋਕ ਮਃ ੫ ॥

ਲਗੜੀ ਸੁਥਾਨਿ
ਜੋੜਣਹਾਰੈ ਜੋੜੀਆ ॥

ਨਾਨਕ ਲਹਰੀ ਲਖ ਸੈ ਆਨ
ਡੁਬਣ ਦੇਇ ਨ ਮਾ ਪਿਰੀ ॥੧॥

ਮਃ ੫ ॥

ਬਨਿ ਭੀਹਾਵਲै ਹਿਕੁ ਸਾਥੀ ਲਧਮੁ
ਦੁਖ ਹਰਤਾ ਹਰਿ ਨਾਮਾ ॥

م: 5 ॥

ڈِرسٹِ دھارِ پربھِ راکھیا
منُ تنُ رتا مولِ ॥

نانک جو پربھ بھاٹیا
مرءُ وِچاری سولِ ॥2॥

پؤڑی ॥

جیء کی برتھا ہوءِ
سُ گُر پہِ عرداسِ کرِ ॥

چھوڈِ سیاٹپ سگل منُ تنُ ارپِ دھرِ ॥

پوُجہُ گُر کے پیَر دُرمتِ جاءِ جرِ ॥

سادھ جنا کے سنگِ بھوجلُ بِکھمُ ترِ ॥

سیوہُ ستِگُر دیو اگے ن مرہُ ڈرِ ॥

کھِن مہِ کرے نِہالُ اوُنے سُبھر بھرِ ॥

من کءُ ہوءِ سنتوکھُ دھیائیئے سدا ہرِ ॥

سو لگا ستِگُر سیو
جا کءُ کرمُ دھُرِ ॥6॥

سلوک م: 5 ॥

لگڑی سُتھانِ
جوڑنہارے جوڑیا ॥

نانک لہری لکھ سے آن
ڈُبن دےءِ ن ما پِری ॥1॥

م: 5 ॥

بنِ بھیہاولے ہِکُ ساتھی لدھمُ
دُکھ ہرتا ہرِ نامُا ॥

ਬਲਿ ਬਲਿ ਜਾਈ ਸੰਤ ਪਿਆਰੇ ਨਾਨਕ ਪੂਰਨ ਕਾਮਾਂ ॥੨॥	بلِ بلِ جائی سنّت پِیارے نانک پوُرن کاماں ॥2॥
ਪਉੜੀ ॥	پؤڑی ॥
ਪਾਈਅਨਿ ਸਭਿ ਨਿਧਾਨ ਤੇਰੈ ਰੰਗਿ ਰਤਿਆ ॥	پائیَنِ سبھِ نِدھان تیرے رنگِ رتیا ॥
ਨ ਹੋਵੀ ਪਛੋਤਾਉ ਤੁਧ ਨੋ ਜਪਤਿਆ ॥	ن ہووی پچھوتاءُ تُدھ نو جپتیا ॥
ਪਹੁਚਿ ਨ ਸਕੈ ਕੋਇ ਤੇਰੀ ਟੇਕ ਜਨ ॥	پہُچ ن سکےَ کوءِ تیری ٹیک جن ॥
ਗੁਰ ਪੂਰੇ ਵਾਹੁ ਵਾਹੁ ਸੁਖ ਲਹਾ ਚਿਤਾਰਿ ਮਨ ॥	گُر پوُرے واہُ واہُ سُکھ لہا چِتارِ من ॥
ਗੁਰ ਪਹਿ ਸਿਫਤਿ ਭੰਡਾਰੁ ਕਰਮੀ ਪਾਈਐ ॥	گُر پہِ صِفتِ بھنڈارُ کرمی پائیَۓ ॥
ਸਤਿਗੁਰ ਨਦਰਿ ਨਿਹਾਲ ਬਹੁੜਿ ਨ ਧਾਈਐ ॥	ستِگُر ندرِ نِہال بہُڑِ ن دھائیَۓ ॥
ਰਖੈ ਆਪਿ ਦਇਆਲੁ ਕਰਿ ਦਾਸਾ ਆਪਣੇ ॥	رکھےَ آپِ دیَیالُ کرِ داسا آپنے ॥
ਹਰਿ ਹਰਿ ਹਰਿ ਹਰਿ ਨਾਮੁ ਜੀਵਾ ਸੁਣਿ ਸੁਣੇ ॥੭॥	ہرِ ہرِ ہرِ ہرِ نامُ جیِوا سُنِ سُنے ॥7॥
ਸਲੋਕ ਮਃ ੫ ॥	سلوک م: 5 ॥
ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ ॥	پریم پٹولا تے سہِ دِتا ڈھکنؤ کوُ پتِ میری ॥
ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ ॥੧॥	دانا بِینا سائی میَڈا نانک سار ن جاٹا تیری ॥1॥
ਮਃ ੫ ॥	م: 5 ॥
ਤੈਡੈ ਸਿਮਰਣਿ ਹਭੁ ਕਿਛੁ ਲਧਮੁ ਬਿਖਮੁ ਨ ਡਿਠਮੁ ਕੋਈ ॥	تیَڈے سِمرنِ ہبھُ کِچھُ لدھمُ بِکھمُ ن ڈِٹھمُ کوئی ॥
ਜਿਸੁ ਪਤਿ ਰਖੈ ਸਚਾ ਸਾਹਿਬੁ ਨਾਨਕ ਮੇਟਿ ਨ ਸਕੈ ਕੋਈ ॥੨॥	جِسُ پتِ رکھےَ سچا صاحِبُ نانک میٹِ ن سکےَ کوئی ॥2॥
ਪਉੜੀ ॥	پؤڑی ॥

ਹੋਵੈ ਸੁਖੁ ਘਣਾ ਦਸਿ ਧਿਆਇਐ ॥
ہووے سُکھُ گھٹا دسِ دھیائیَے ॥

ਵੰਞੈ ਰੋਗਾ ਘਾਣਿ ਹਰਿ ਗੁਣ ਗਾਇਐ ॥
وِنجّے روگا گھاڻِ ہرِ گُڻ گائیَے ॥

ਅੰਦਰਿ ਵਰਤੈ ਠਾਢਿ ਪ੍ਰਭਿ ਚਿਤਿ ਆਇਐ ॥
انّدرِ ورتے ٹھاڈھِ پربھِ چِتِ آئیَے ॥

ਪੂਰਨ ਹੋਵੈ ਆਸ ਨਾਇ ਮੰਨਿ ਵਸਾਇਐ ॥
پُورن ہووے آس ناءِ منّ وسائیَے ॥

ਕੋਇ ਨ ਲਗੈ ਬਿਘਨੁ ਆਪੁ ਗਵਾਇਐ ॥
کوءِ ن لگےَ بِگھنُ آپُ گوائیَے ॥

ਗਿਆਨ ਪਦਾਰਥੁ ਮਤਿ ਗੁਰ ਤੇ ਪਾਇਐ ॥
گیان پدارتھُ متِ گُر تے پائیَے ॥

ਤਿਨਿ ਪਾਏ ਸਭੇ ਥੋਕ ਜਿਸੁ ਆਪਿ ਦਿਵਾਇਐ ॥
تِنِ پائے سبھے تھوک جِسُ آپِ دِوائیَے ॥

ਤੂੰ ਸਭਨਾ ਕਾ ਖਸਮੁ ਸਭ ਤੇਰੀ ਛਾਇਐ ॥੮॥
توُنّ سبھنا کا خصمُ سبھ تیری چھائیَے ॥8॥

ਸਲੋਕ ਮਃ ੫ ॥
سلوک م: 5 ॥

ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ
ਮੰਝਿ ਮੁਹਬਤਿ ਤੇਰੀ ॥
ندی ترنّدڑی میَڈا کھوجُ ن کھُنّبھےَ
منجّھِ مُحبتِ تیری ॥

ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ
ਹਰਿ ਨਾਨਕ ਤੁਲਹਾ ਬੇੜੀ ॥੧॥
ت ءُ سہ چرڻی میَڈا ہیئڑا سیتمُ
ہرِ نانک ٹلہا بیڑی ॥1॥

ਮਃ ੫ ॥
م: 5 ॥

ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ
ਮਿਤ੍ਰ ਅਸਾਡੜੇ ਸੇਈ ॥
جِنّہا دِسنّدڑِیا دُرمتِ وِنجّےَ
مِتّر اساڈڑے سیئی ॥

ਹਉ ਢੂਢੇਦੀ ਜਗੁ ਸਬਾਇਆ
ਜਨ ਨਾਨਕ ਵਿਰਲੇ ਕੇਈ ॥੨॥
ہءُ ڈھوُڈھیدی جگُ سبائیَا
جن نانک وِرلے کیئی ॥2॥

ਪਉੜੀ ॥
پئڑی ॥

ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥
آوےَ صاحِبُ چِتِ تیرِیا بھگتا ڈِٹھیا ॥

ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ ॥
من کی کٹیئےَ میَلُ سادھسنگِ وُٹھیا ॥

ਜਨਮ ਮਰਣ ਭਉ ਕਟੀਐ
ਜਨ ਕਾ ਸਬਦੁ ਜਪਿ ॥
جنم مرڻ بھءُ کٹیئےَ
جن کا سبدُ جپِ ॥

ਬੰਧਨ ਖੋਲਨਿ੍ ਸੰਤ ਦੂਤ ਸਭਿ ਜਾਹਿ ਛਪਿ ॥

بنّدھن کھولنّہِ سنّت دوُت سبھِ جاہِ چھپِ ॥

ਤਿਸੁ ਸਿਉ ਲਾਇਨਿ੍ ਰੰਗੁ
ਜਿਸ ਦੀ ਸਭ ਧਾਰੀਆ ॥

تِس سِ ءُ لائِنّہِ رنگُ
جِس دی سبھ دھارییا ॥

ਊਚੀ ਹੂੰ ਊਚਾ ਥਾਨੁ ਅਗਮ ਅਪਾਰੀਆ ॥

اوُچی ہوُنّ اوُچا تھانُ اگم اپارییا ॥

ਰੈਣਿ ਦਿਨਸੁ ਕਰ ਜੋੜਿ
ਸਾਸਿ ਸਾਸਿ ਧਿਆਈਐ ॥

ریَنِ دِنُس کر جوڑِ
ساسِ ساسِ دھیائیَۓ ॥

ਜਾ ਆਪੇ ਹੋਇ ਦਇਆਲੁ
ਤਾਂ ਭਗਤ ਸੰਗੁ ਪਾਈਐ ॥੯॥

جا آپے ہوءِ دئیالُ
تاں بھگت سنگُ پائیَۓ ॥9॥

ਸਲੋਕ ਮਃ ੫ ॥

سلوک م: 5 ॥

ਬਾਰਿ ਵਿਡਾਨੜੈ ਹੁੰਮਸ ਧੁੰਮਸ
ਕੂਕਾ ਪਈਆ ਰਾਹੀ ॥

بارِ وِڈانڑے ہُنّمس دھُنّمس
کوُکا پئیا راہی ॥

ਤਉ ਸਹ ਸੇਤੀ ਲਗੜੀ ਡੋਰੀ
ਨਾਨਕ ਅਨਦ ਸੇਤੀ ਬਨੁ ਗਾਹੀ ॥੧॥

تءُ سہ سیتی لگڑی ڈوری
نانک اند سیتی بنُ گاہی ॥1॥

ਮਃ ੫ ॥

م: 5 ॥

ਸਚੀ ਬੈਸਕ ਤਿਨ੍ਾ ਸੰਗਿ
ਜਿਨ ਸੰਗਿ ਜਪੀਐ ਨਾਉ ॥

سچی بیَسک تِنّہا سنگِ
جِن سنگِ جپیَۓ ناءُ ॥

ਤਿਨ੍ ਸੰਗਿ ਸੰਗੁ ਨ ਕੀਚਈ
ਨਾਨਕ ਜਿਨਾ ਆਪਣਾ ਸੁਆਉ ॥੨॥

تِنّہ سنگِ سنگُ ن کیچئی
نانک جِنا آپنّا سُیاءُ ॥2॥

ਪਉੜੀ ॥

پئڑی ॥

ਸਾ ਵੇਲਾ ਪਰਵਾਣੁ ਜਿਤੁ ਸਤਿਗੁਰੁ ਭੇਟਿਆ ॥

سا ویلا پرواڻُ جِتُ ستِگُرُ بھیٹیا ॥

ਹੋਆ ਸਾਧੂ ਸੰਗੁ ਫਿਰਿ ਦੂਖ ਨ ਤੇਟਿਆ ॥

ہویا سادھوُ سنگُ پھِرِ دوُکھ ن تیٹیا ॥

ਪਾਇਆ ਨਿਹਚਲੁ ਥਾਨੁ ਫਿਰਿ ਗਰਭਿ ਨ ਲੇਟਿਆ ॥

پائیا نِہچلُ تھانُ پھِرِ گربھِ ن لیٹیا ॥

ਨਦਰੀ ਆਇਆ ਇਕੁ ਸਗਲ ਬ੍ਰਹਮੇਟਿਆ ॥

ندری آئیا اِکُ سگل برّہمیٹیا ॥

ਤਤੁ ਗਿਆਨੁ ਲਾਇ ਧਿਆਨੁ ਦ੍ਰਿਸਟਿ ਸਮੇਟਿਆ ॥

تتُ گیانُ لاءِ دھیانُ دّرِسٹِ سمیٹیا ॥

ਸਭੋ ਜਪੀਐ ਜਾਪੁ ਜਿ ਮੁਖਹੁ ਬੋਲੇਟਿਆ ॥	سبھو جپیئے جاپُ جِ مُکھہُ بولیٹیا ॥
ਹੁਕਮੇ ਬੁਝਿ ਨਿਹਾਲੁ ਸੁਖਿ ਸੁਖੇਟਿਆ ॥	حُکمے بُجھِ نِہالُ سُکھِ سُکھیٹیا ॥
ਪਰਖਿ ਖਜਾਨੈ ਪਾਏ ਸੇ ਬਹੁੜਿ ਨ ਖੋਟਿਆ ॥੧੦॥	پرکھِ خزانے پائے سے بہُڑِ ن کھوٹیا ॥ 10 ॥
ਸਲੋਕੁ ਮਃ ੫ ॥	سلوکُ م: 5 ॥
ਵਿਛੋਹੇ ਜੰਬੂਰ ਖਵੇ ਨ ਵੰਞਨਿ ਗਾਖੜੇ ॥	وِچھوہے زنبُور کھوے ن ونجنِ گاکھڑے ॥
ਜੇ ਸੋ ਧਣੀ ਮਿਲੰਨਿ ਨਾਨਕ ਸੁਖ ਸੰਬੂਹ ਸਚੁ ॥੧॥	جے سو دھنّی مِلنّنِ نانک سُکھ سنبُوہ سچُ ॥1॥
ਮਃ ੫ ॥	م: 5 ॥
ਜਿਮੀ ਵਸੰਦੀ ਪਾਣੀਐ ਈਧਣੁ ਰਖੈ ਭਾਹਿ ॥	زِمی وسندی پانیئے ایدھنُ رکھے بھاہِ ॥
ਨਾਨਕ ਸੋ ਸਹੁ ਆਹਿ ਜਾ ਕੈ ਆਢਲਿ ਹਭੁ ਕੋ ॥੨॥	نانک سو سہُ آہِ جا کے آڈھلِ ہبھُ کو ॥2॥
ਪਉੜੀ ॥	پؤڑی ॥
ਤੇਰੇ ਕੀਤੇ ਕੰਮ ਤੁਧੈ ਹੀ ਗੋਚਰੇ ॥	تیرے کیتے کنّم تُدھے ہی گوچرے ॥
ਸੋਈ ਵਰਤੈ ਜਗਿ ਜਿ ਕੀਆ ਤੁਧੁ ਧੁਰੇ ॥	سوئی ورتے جگِ جِ کیا تُدھُ دھُرے ॥
ਬਿਸਮੁ ਭਏ ਬਿਸਮਾਦ ਦੇਖਿ ਕੁਦਰਤਿ ਤੇਰੀਆ ॥	بِسمُ بھے بِسماد دیکھِ قُدرتِ تیرییا ॥
ਸਰਣਿ ਪਰੇ ਤੇਰੀ ਦਾਸ ਕਰਿ ਗਤਿ ਹੋਇ ਮੇਰੀਆ ॥	سرنِ پرے تیری داس کرِ گتِ ہوءِ میرییا ॥
ਤੇਰੈ ਹਥਿ ਨਿਧਾਨੁ ਭਾਵੈ ਤਿਸੁ ਦੇਹਿ ॥	تیرے ہتھِ نِدھانُ بھاوے تِس دیہِ ॥
ਜਿਸ ਨੋ ਹੋਇ ਦਇਆਲੁ ਹਰਿ ਨਾਮੁ ਸੇਇ ਲੇਹਿ ॥	جِس نو ہوءِ دئیالُ ہرِ نامُ سےءِ لیہِ ॥
ਅਗਮ ਅਗੋਚਰ ਬੇਅੰਤ ਅੰਤੁ ਨ ਪਾਈਐ ॥	اگم اگوچر بیئنت انتُ ن پائیئے ॥
ਜਿਸ ਨੋ ਹੋਹਿ ਕ੍ਰਿਪਾਲੁ ਸੁ ਨਾਮੁ ਧਿਆਈਐ ॥੧੧॥	جِس نو ہوہِ کرِپالُ سُ نامُ دھیائیئے ॥ 11 ॥

ਸਲੋਕ ਮਃ ੫ ॥	سلوک م: 5 ॥
ਕੜਛੀਆ ਫਿਰੰਨਿ੍ ਸੁਆਉ ਨ ਜਾਣਨਿ੍ ਸੁਵੀਆ ॥	کڑچھیا پھرنّنہِ سُیاءُ ن جانّنہِ سُچیا ॥
ਸੇਈ ਮੁਖ ਦਿਸੰਨਿ੍ ਨਾਨਕ ਰਤੇ ਪ੍ਰੇਮ ਰਸਿ ॥੧॥	سیئی مُکھ دِسنّنہِ نانک رتے پریم رسِ ॥1॥
ਮਃ ੫ ॥	م: 5 ॥
ਖੋਜੀ ਲਧਮੁ ਖੋਜੁ ਛਡੀਆ ਉਜਾੜਿ ॥	کھوجی لدھمُ کھوجُ چھڈیا اُجاڑِ ॥
ਤੈ ਸਹਿ ਦਿਤੀ ਵਾੜਿ ਨਾਨਕ ਖੇਤੁ ਨ ਛਿਜਈ ॥੨॥	تے سہِ دِتی واڑِ نانک کھیتُ ن چھجئی ॥2॥
ਪਉੜੀ ॥	پئڑی ॥
ਆਰਾਧਿਹੁ ਸਚਾ ਸੋਇ ਸਭੁ ਕਿਛੁ ਜਿਸੁ ਪਾਸਿ ॥	آرادھِہُ سچا سوءِ سبھُ کِچھُ جِسُ پاسِ ॥
ਦੁਹਾ ਸਿਰਿਆ ਖਸਮੁ ਆਪਿ ਖਿਨ ਮਹਿ ਕਰੇ ਰਾਸਿ ॥	دُہا سِریا خصمُ آپِ کھِن مہِ کرے راسِ ॥
ਤਿਆਗਹੁ ਸਗਲ ਉਪਾਵ ਤਿਸ ਕੀ ਓਟ ਗਹੁ ॥	تِیاگہُ سگل اُپاو تِس کی اوٹ گہُ ॥
ਪਉ ਸਰਣਾਈ ਭਜਿ ਸੁਖੀ ਹੂੰ ਸੁਖ ਲਹੁ ॥	پ ءُ سرنّائی بھجِ سُکھی ہوُنّ سُکھ لہُ ॥
ਕਰਮ ਧਰਮ ਤਤੁ ਗਿਆਨੁ ਸੰਤਾ ਸੰਗੁ ਹੋਇ ॥	کرم دھرم تتُ گیانُ سنّتا سنگُ ہوءِ ॥
ਜਪੀਐ ਅੰਮ੍ਰਿਤ ਨਾਮੁ ਬਿਘਨੁ ਨ ਲਗੈ ਕੋਇ ॥	جپیئے انّمرِت نامُ بِگھنُ ن لگے کوءِ ॥
ਜਿਸ ਨੋ ਆਪਿ ਦਇਆਲੁ ਤਿਸੁ ਮਨਿ ਵੁਠਿਆ ॥	جِس نو آپِ دئیالُ تِس منِ وُٹھیا ॥
ਪਾਈਅਨਿ੍ ਸਭਿ ਨਿਧਾਨ	پائیئنّہِ سبھِ نِدھان

ਸਾਹਿਬਿ ਤੁਠਿਆ ॥੧੨॥

صاحِبِ تُٹھیا ॥ 12 ॥

ਸਲੋਕ ਮਃ ੫ ॥

سلوک م: 5 ॥

ਲਧਮੁ ਲਭਣਹਾਰੁ
ਕਰਮੁ ਕਰੰਦੋ ਮਾ ਪਿਰੀ ॥

لدھمُ لبھنّہارُ
کرمُ کرندو ما پِری ॥

ਇਕੋ ਸਿਰਜਣਹਾਰੁ
ਨਾਨਕ ਬਿਆ ਨ ਪਸੀਐ ॥੧॥

اِکو سِرجنّہارُ
نانک بِیا ن پسیئے ॥ 1 ॥

ਮਃ ੫ ॥

م: 5 ॥

ਪਾਪੜਿਆ ਪਛਾੜਿ
ਬਾਣੁ ਸਚਾਵਾ ਸੰਨ੍ਹਿ ਕੈ ॥

پاپڑیا پچھاڑِ
باںُ سچاوا سنّہِ کے ॥

ਗੁਰ ਮੰਤ੍ਰੁੜਾ ਚਿਤਾਰਿ
ਨਾਨਕ ਦੁਖੁ ਨ ਥੀਵਈ ॥੨॥

گُر منّتڑا چِتارِ
نانک دُکھُ ن تھیوئی ॥ 2 ॥

ਪਉੜੀ ॥

پؤڑی ॥

ਵਾਹੁ ਵਾਹੁ ਸਿਰਜਣਹਾਰ ਪਾਈਅਨੁ ਠਾਢਿ ਆਪਿ ॥

واہُ واہُ سِرجنّہار پائیئنُ ٹھاڈھِ آپِ ॥

ਜੀਅ ਜੰਤ ਮਿਹਰਵਾਨੁ ਤਿਸ ਨੋ ਸਦਾ ਜਾਪਿ ॥

جیء جنّت مِہروانُ تِس نو سدا جاپِ ॥

ਦਇਆ ਧਾਰੀ ਸਮਰਥਿ ਚੁਕੇ ਬਿਲ ਬਿਲਾਪ ॥

دئیا دھاری سمرتھِ چُکے بِل بِلاپ ॥

ਨਠੇ ਤਾਪ ਦੁਖ ਰੋਗ ਪੂਰੇ ਗੁਰ ਪ੍ਰਤਾਪਿ ॥

نٹھے تاپ دُکھ روگ پُورے گُر پرتاپِ ॥

ਕੀਤੀਅਨੁ ਆਪਣੀ ਰਖ ਗਰੀਬ ਨਿਵਾਜਿ ਥਾਪਿ ॥

کِیتیئنُ آپنّی رکھ غریب نِواجِ تھاپِ ॥

ਆਪੇ ਲਇਅਨੁ ਛਡਾਇ ਬੰਧਨ ਸਗਲ ਕਾਪਿ ॥

آپے لئنُ چھڈاءِ بندھن سگل کاپِ ॥

ਤਿਸਨ ਬੁਝੀ ਆਸ ਪੁੰਨੀ ਮਨ ਸੰਤੋਖਿ ਧ੍ਰਾਪਿ ॥

تِسن بُجھی آس پُنّنی من سنّتوکھِ دھراپِ ॥

ਵਡੀ ਹੂੰ ਵਡਾ ਅਪਾਰ ਖਸਮੁ
ਜਿਸੁ ਲੇਪੁ ਨ ਪੁੰਨਿ ਪਾਪਿ ॥੧੩॥

وڈی ہوُنَ وڈا اپار خصمُ
جِسُ لیپُ ن پُنّنِ پاپِ ॥ 13 ॥

ਸਲੋਕ ਮਃ ੫ ॥

سلوک م: 5 ॥

ਜਾ ਕਉ ਭਏ ਕ੍ਰਿਪਾਲ ਪ੍ਰਭ
ਹਰਿ ਹਰਿ ਸੇਈ ਜਪਾਤ ॥

جا ک ءُ بھئے کِرپال پربھ
ہرِ ہرِ سیئی جپات ॥

ਨਾਨਕ ਪ੍ਰੀਤਿ ਲਗੀ ਤਿਨ ਰਾਮ ਸਿਉ ਭੇਟਤ ਸਾਧ ਸੰਗਾਤ ॥੧॥	نانک پرِیتِ لگی تِن رام سِ ءُ بھیٹت سادھ سنگات ॥1॥
ਮਃ ੫ ॥	م: 5 ॥
ਰਾਮੁ ਰਮਹੁ ਬਡਭਾਗੀਹੋ ਜਲਿ ਥਲਿ ਮਹੀਅਲਿ ਸੋਇ ॥	رامُ رمہُ بڈبھاگیہو جلِ تھلِ مہیئلِ سوءِ ॥
ਨਾਨਕ ਨਾਮਿ ਅਰਾਧਿਐ ਬਿਘਨੁ ਨ ਲਾਗੈ ਕੋਇ ॥੨॥	نانک نامِ ارادھےَ بِگھنُ ن لاگے کوءِ ॥2॥
ਪਉੜੀ ॥	پئڑی ॥
ਭਗਤਾ ਕਾ ਬੋਲਿਆ ਪਰਵਾਣੁ ਹੈ ਦਰਗਹ ਪਵੈ ਥਾਇ ॥	بھگتا کا بولیا پرواںُ ہے درگہ پوے تھاءِ ॥
ਭਗਤਾ ਤੇਰੀ ਟੇਕ ਰਤੇ ਸਚਿ ਨਾਇ ॥	بھگتا تیری ٹیک رتے سچِ ناءِ ॥
ਜਿਸ ਨੋ ਹੋਇ ਕ੍ਰਿਪਾਲੁ ਤਿਸ ਕਾ ਦੂਖੁ ਜਾਇ ॥	جِس نو ہوءِ کرِپالُ تِس کا دوُکھُ جاءِ ॥
ਭਗਤ ਤੇਰੇ ਦਇਆਲ ਓਨ੍ਹਾ ਮਿਹਰ ਪਾਇ ॥	بھگت تیرے دئیال اونّہا مِہر پاءِ ॥
ਦੂਖੁ ਦਰਦੁ ਵਡ ਰੋਗੁ ਨ ਪੋਹੇ ਤਿਸੁ ਮਾਇ ॥	دوُکھُ دردُ وڈ روگُ ن پوہے تِس ماءِ ॥
ਭਗਤਾ ਏਹੁ ਅਧਾਰੁ ਗੁਣ ਗੋਵਿੰਦ ਗਾਇ ॥	بھگتا ایہُ ادھارُ گُڑ گووِند گاءِ ॥
ਸਦਾ ਸਦਾ ਦਿਨੁ ਰੈਣਿ ਇਕੋ ਇਕੁ ਧਿਆਇ ॥	سدا سدا دِنُ رینِ اِکو اِکُ دھیاءِ ॥
ਪੀਵਤਿ ਅੰਮ੍ਰਿਤ ਨਾਮੁ ਜਨ ਨਾਮੇ ਰਹੇ ਅਘਾਇ ॥੧੪॥	پیوتِ انمّرت نامُ جن نامے رہے اگھاءِ ॥ 14 ॥
ਸਲੋਕ ਮਃ ੫ ॥	سلوک م: 5 ॥
ਕੋਟਿ ਬਿਘਨ ਤਿਸੁ ਲਾਗਤੇ	کوٹِ بِگھن تِس لاگتے

ਜਿਸ ਨੋ ਵਿਸਰੈ ਨਾਉ ॥

جِس نو وِسرے ناءُ ॥

ਨਾਨਕ ਅਨਦਿਨੁ ਬਿਲਪਤੇ
ਜਿਉ ਸੁੰਞੈ ਘਰਿ ਕਾਉ ॥੧॥

نانک اندِنُ بِلپتے
جِءُ سُنّجے گھرِ کاءُ ॥1॥

ਮਃ ੫ ॥

م: 5 ॥

ਪਿਰੀ ਮਿਲਾਵਾ ਜਾ ਥੀਐ
ਸਾਈ ਸੁਹਾਵੀ ਰੁਤਿ ॥

پِری مِلاوا جا تھیئے
سائی سُہاوی رُتِ ॥

ਘੜੀ ਮੁਹਤੁ ਨਹ ਵੀਸਰੈ
ਨਾਨਕ ਰਵੀਐ ਨਿਤ ॥੨॥

گھڑی مُہتُ نہ وِسرے
نانک رویئے نِت ॥2॥

ਪਉੜੀ ॥

پئڑی ॥

ਸੂਰਬੀਰ ਵਰੀਆਮ ਕਿਨੈ ਨ ਹੋੜੀਐ ॥

سُوربِیر وریام کِنے ن ہوڑیئے ॥

ਫਉਜ ਸਤਾਣੀ ਹਾਠ ਪੰਚਾ ਜੋੜੀਐ ॥

فئج ستاڑی ہاٹھ پنچا جوڑیئے ॥

ਦਸ ਨਾਰੀ ਅਉਧੂਤ ਦੇਨਿ ਚਮੋੜੀਐ ॥

دس ناری اُدھوت دینِ چموڑیئے ॥

ਜਿਣਿ ਜਿਣਿ ਲੈਨ੍ਹਿ ਰਲਾਇ ਏਹੋ ਏਨਾ ਲੋੜੀਐ ॥

جِڑِ جِڑِ لینّہِ رلاءِ ایہو اینا لوڑیئے ॥

ਤ੍ਰੈ ਗੁਣ ਇਨ ਕੈ ਵਸਿ
ਕਿਨੈ ਨ ਮੋੜੀਐ ॥

ترے گُڑ اِن کے وسِ
کِنے ن موڑیئے ॥

ਭਰਮੁ ਕੋਟੁ ਮਾਇਆ ਖਾਈ
ਕਹੁ ਕਿਤੁ ਬਿਧਿ ਤੋੜੀਐ ॥

بھرمُ کوٹُ مائیا کھائی
کہُ کِتُ بِدھِ توڑیئے ۔ ॥

ਗੁਰੁ ਪੂਰਾ ਆਰਾਧਿ ਬਿਖਮ ਦਲੁ ਫੋੜੀਐ ॥

گُرُ پُورا آرادھِ بِکھم دلُ پھوڑیئے ॥

ਹਉ ਤਿਸੁ ਅਗੈ ਦਿਨੁ ਰਾਤਿ
ਰਹਾ ਕਰ ਜੋੜੀਐ ॥੧੫॥

ہءُ تِس اگے دِنُ راتِ
رہا کر جوڑیئے ॥ 15 ॥

ਸਲੋਕ ਮਃ ੫ ॥

سلوک م: 5 ॥

ਕਿਲਵਿਖ ਸਭੇ ਉਤਰਨਿ
ਨੀਤ ਨੀਤ ਗੁਣ ਗਾਉ ॥

کِلوِکھ سبھے اُترنِ
نِیت نِیت گُڑ گاءُ ॥

ਕੋਟਿ ਕਲੇਸਾ ਊਪਜਹਿ
ਨਾਨਕ ਬਿਸਰੈ ਨਾਉ ॥੧॥

کوٹِ کلیسا اوُپجہِ

	نانک بِسرے ناءُ ॥1॥
ਮਃ ੫ ॥	م: 5 ॥
ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥	نانک ستِگُرِ بھیٹے پُوری ہووے جُگتِ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥੨॥	ہسندِیا کھیلندِیا پینندِیا کھاوندِیا وِچے ہووے مُکتِ ॥2॥
ਪਉੜੀ ॥	پؤڑی ॥
ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥	سو ستِگُرُ دھنُ دھنّنُ جِنِ بھرم گڑُ توڑِیا ॥
ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥	سو ستِگُرُ واہُ واہُ جِنِ ہرِ سِءُ جوڑِیا ॥
ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ ॥	نامُ نِدھانُ اکھُٹُ گُرُ دےءِ دارُوُئو ॥
ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ ॥	مہا روگُ بِکرال تِنے بِدارُوُئو ॥
ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥	پائِیا نامُ نِدھانُ بہُتُ خزانِیا ॥
ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥	جِتا جنمُ اپارُ آپُ پچھانِیا ॥
ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥	مہِما کہی ن جاءِ گُر سمرتھ دیو ॥
ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥੧੬॥	گُر پاربّرہم پرمیسُر اپرنّپر الکھ ابھیو ॥ 16 ॥
ਸਲੋਕੁ ਮਃ ੫ ॥	سلوکُ م: 5 ॥
ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥	اُدمُ کریدِیا جِیءُ توُنَ کماودِیا سُکھ بھُنچُ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥੧॥	دھِیائِندِیا توُنَ پربھوُ مِلُ نانک اُتری چِنّت ॥1॥
ਮਃ ੫ ॥	م: 5 ॥

ਸੁਭ ਚਿੰਤਨ ਗੋਬਿੰਦ ਰਮਣ
ਨਿਰਮਲ ਸਾਧੂ ਸੰਗ ॥

سُبھ چِنتن گوبِند رمنؔ
نِرمل سادھوُ سنگ ॥

ਨਾਨਕ ਨਾਮੁ ਨ ਵਿਸਰਉ ਇਕ ਘੜੀ
ਕਰਿ ਕਿਰਪਾ ਭਗਵੰਤ ॥੨॥

نانک نامُ ن وِسرءُ اِک گھڑی
کرِ کِرپا بھگونّت ॥2॥

ਪਉੜੀ ॥

پؤڑی ॥

ਤੇਰਾ ਕੀਤਾ ਹੋਇ ਤ ਕਾਹੇ ਡਰਪੀਐ ॥

تیرا کِیتا ہوءِ ت کاہے ڈرپیئے ۔ ॥

ਜਿਸੁ ਮਿਲਿ ਜਪੀਐ ਨਾਉ ਤਿਸੁ ਜੀਉ ਅਰਪੀਐ ॥

جِسُ مِلِ جپیئے ناءُ تِسُ جِیءُ ارپیئے ॥

ਆਇਐ ਚਿਤਿ ਨਿਹਾਲੁ ਸਾਹਿਬ ਬੇਸੁਮਾਰ ॥

آئیئے چِتِ نِہالُ صاحِب بیشُمار ॥

ਤਿਸ ਨੋ ਪੋਹੇ ਕਵਣੁ ਜਿਸੁ ਵਲਿ ਨਿਰੰਕਾਰ ॥

تِس نو پوہے کونؤ جِسُ ولِ نرنکار ॥

ਸਭੁ ਕਿਛੁ ਤਿਸ ਕੈ ਵਸਿ
ਨ ਕੋਈ ਬਾਹਰਾ ॥

سبھُ کِچھُ تِس کے وسِ
ن کوئی باہرا ॥

ਸੋ ਭਗਤਾ ਮਨਿ ਵੁਠਾ ਸਚਿ ਸਮਾਹਰਾ ॥

سو بھگتا منِ وُٹھا سچِ سماہرا ॥

ਤੇਰੇ ਦਾਸ ਧਿਆਇਨਿ ਤੁਧੁ
ਤੂੰ ਰਖਣ ਵਾਲਿਆ ॥

تیرے داس دھیائنِ تُدھُ
توُنّ رکھنؤ والیا ॥

ਸਿਰਿ ਸਭਨਾ ਸਮਰਥੁ
ਨਦਰਿ ਨਿਹਾਲਿਆ ॥੧੭॥

سِرِ سبھنا سمرتھُ
ندرِ نِہالیا ॥ 17 ॥

ਸਲੋਕ ਮਃ ੫ ॥

سلوک م: 5 ॥

ਕਾਮ ਕ੍ਰੋਧ ਮਦ ਲੋਭ ਮੋਹ
ਦੁਸਟ ਬਾਸਨਾ ਨਿਵਾਰਿ ॥

کام کرودھ مد لوبھ موہ
دُسٹ باسنا نِوارِ ॥

ਰਾਖਿ ਲੇਹੁ ਪ੍ਰਭ ਆਪਣੇ
ਨਾਨਕ ਸਦ ਬਲਿਹਾਰਿ ॥੧॥

راکھِ لیہُ پربھ آپنے
نانک سد بلِہارِ ॥1॥

ਮਃ ੫ ॥

م: 5 ॥

ਖਾਂਦਿਆ ਖਾਂਦਿਆ ਮੁਹੁ ਘਠਾ
ਪੈਨੰਦਿਆ ਸਭੁ ਅੰਗੁ ॥

کھانْدِیا کھانْدِیا مُہُ گھٹھا
پینْدِیا سبھُ انگُ ॥

ਨਾਨਕ ਧ੍ਰਿਗੁ ਤਿਨਾ ਦਾ ਜੀਵਿਆ
ਜਿਨ ਸਚਿ ਨ ਲਗੋ ਰੰਗੁ ॥੨॥

نانک دھرِگ تِنا دا جیِویا
جِن سچِ ن لگو رنگُ ॥2॥

ਪਉੜੀ ॥

پئُڑی ॥

ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ ॥
ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ ॥
ਨਾਮ ਤੇਰੈ ਕੈ ਰੰਗਿ ਦੁਰਮਤਿ ਧੋਵਣਾ ॥
ਜਪਿ ਜਪਿ ਤੁਧੁ ਨਿਰੰਕਾਰ
ਭਰਮੁ ਭਉ ਖੋਵਣਾ ॥
ਜੋ ਤੇਰੈ ਰੰਗਿ ਰਤੇ
ਸੇ ਜੋਨਿ ਨ ਜੋਵਣਾ ॥
ਅੰਤਰਿ ਬਾਹਰਿ ਇਕੁ ਨੈਣ ਅਲੋਵਣਾ ॥
ਜਿਨ੍ਹੀ ਪਛਾਤਾ ਹੁਕਮੁ
ਤਿਨ੍ਹ ਕਦੇ ਨ ਰੋਵਣਾ ॥
ਨਾਉ ਨਾਨਕ ਬਖਸੀਸ
ਮਨ ਮਾਹਿ ਪਰੋਵਣਾ ॥੧੮॥

جِ ءُ جِ ءُ تیرا حُکمُ توے تِ ءُ ہووٹا ॥
جہ جہ رکھِ آپِ تہ جاءِ کھڑووٹا ॥
نام تیرے کے رنگِ دُرمتِ دھووٹا ॥
جپِ جپِ تُدھُ نِرنّکار
بھرمُ بھ ءُ کھووٹا ॥
جو تیرے رنگِ رتے
سے جونِ ن جووٹا ॥
انترِ باہرِ اِکُ نیَنْ الووٹا ॥
جِنّہی پچھاتا حُکمُ
تِنّہ کدے ن رووٹا ॥
ناءُ نانک بخشِیس
من ماہِ پرووٹا ॥ 18 ॥

ਸਲੋਕ ਮਃ ੫ ॥

سلوک م: 5 ॥

ਜੀਵਦਿਆ ਨ ਚੇਤਿਓ
ਮੁਆ ਰਲੰਦੜੋ ਖਾਕ ॥
ਨਾਨਕ ਦੁਨੀਆ ਸੰਗਿ ਗੁਦਾਰਿਆ
ਸਾਕਤ ਮੂੜ ਨਪਾਕ ॥੧॥

جیِودِیا ن چیتِئو
مُیا رلنّڈرو خاک ॥
نانک دُنِیا سنگِ گُدارِیا
ساکت موُڑ نپاک ॥1॥

ਮਃ ੫ ॥

م: 5 ॥

ਜੀਵੰਦਿਆ ਹਰਿ ਚੇਤਿਆ
ਮਰੰਦਿਆ ਹਰਿ ਰੰਗਿ ॥
ਜਨਮੁ ਪਦਾਰਥੁ ਤਾਰਿਆ
ਨਾਨਕ ਸਾਧੂ ਸੰਗਿ ॥੨॥

جیِونّدِیا ہرِ چیتِیا
مرنّدِیا ہرِ رنگِ ॥
جنمُ پدارتھُ تارِیا

نانک سادھوُ سنگِ ॥2॥

ਪਉੜੀ ॥

پئڑی ॥

ਆਦਿ ਜੁਗਾਦੀ ਆਪਿ ਰਖਣ ਵਾਲਿਆ ॥

آدِ جُگادی آپِ رکھنْ والیا ॥

ਸਚੁ ਨਾਮੁ ਕਰਤਾਰੁ ਸਚੁ ਪਸਾਰਿਆ ॥

سچُ نامُ کرتارُ سچُ پسارِیا ॥

ਊਣਾ ਕਹੀ ਨ ਹੋਇ ਘਟੇ ਘਟਿ ਸਾਰਿਆ ॥

اوُنّا کہی ن ہوءِ گھٹے گھٹِ سارِیا ॥

ਮਿਹਰਵਾਨ ਸਮਰਥ ਆਪੇ ਹੀ ਘਾਲਿਆ ॥

مِہروان سمرتھ آپے ہی گھالِیا ॥

ਜਿਨ੍ ਮਨਿ ਵੁਠਾ ਆਪਿ ਸੇ ਸਦਾ ਸੁਖਾਲਿਆ ॥

جِنّہ منِ وُٹھا آپِ سے سدا سُکھالِیا ॥

ਆਪੇ ਰਚਨੁ ਰਚਾਇ ਆਪੇ ਹੀ ਪਾਲਿਆ ॥

آپے رچنُ رچاءِ آپے ہی پالِیا ॥

ਸਭੁ ਕਿਛੁ ਆਪੇ ਆਪਿ ਬੇਅੰਤ ਅਪਾਰਿਆ ॥

سبھُ کِچھُ آپے آپِ بیئنّت اپارِیا ॥

ਗੁਰ ਪੂਰੇ ਕੀ ਟੇਕ ਨਾਨਕ ਸੰਮ੍ਾਲਿਆ ॥੧੯॥

گُر پوُرے کی ٹیک نانک سنّہالِیا ॥ 19 ॥

ਸਲੋਕ ਮਃ ੫ ॥

سلوک م: 5 ॥

ਆਦਿ ਮਧਿ ਅਰੁ ਅੰਤਿ
ਪਰਮੇਸਰਿ ਰਖਿਆ ॥

آدِ مدھِ ارُ انّتِ
پرمیسرِ رکھِیا ॥

ਸਤਿਗੁਰਿ ਦਿਤਾ ਹਰਿ ਨਾਮੁ
ਅੰਮ੍ਿਤੁ ਚਖਿਆ ॥

ستِگُرِ دِتا ہرِ نامُ
انّمرِتُ چکھِیا ॥

ਸਾਧਾ ਸੰਗੁ ਅਪਾਰੁ
ਅਨਦਿਨੁ ਹਰਿ ਗੁਣ ਰਵੈ ॥

سادھا سنگُ اپارُ
اندِنُ ہرِ گُنْ روےَ ॥

ਪਾਏ ਮਨੋਰਥ ਸਭਿ
ਜੋਨੀ ਨਹ ਭਵੈ ॥

پائے منورتھ سبھِ
جونی نہ بھوےَ ॥

ਸਭੁ ਕਿਛੁ ਕਰਤੇ ਹਥਿ
ਕਾਰਣੁ ਜੋ ਕਰੈ ॥

سبھُ کِچھُ کرتے ہتھِ
کارنُ جو کرےَ ॥

ਨਾਨਕੁ ਮੰਗੈ ਦਾਨੁ
ਸੰਤਾ ਧੂਰਿ ਤਰੈ ॥੧॥

نانکُ منگےَ دانُ
سنّتا دھوُرِ ترےَ ॥1॥

ਮਃ ੫ ॥

م: 5 ॥

ਤਿਸ ਨੋ ਮੰਨਿ ਵਸਾਇ
ਜਿਨਿ ਉਪਾਇਆ ॥

تِس نو منّنِ وساءِ
جِنِ اُپائیا ॥

ਜਿਨਿ ਜਨਿ ਧਿਆਇਆ ਖਸਮੁ
ਤਿਨਿ ਸੁਖੁ ਪਾਇਆ ॥

جِنِ جنِ دھِیائیا خصمُ
تِنِ سُکھُ پائیا ॥

ਸਫਲੁ ਜਨਮੁ ਪਰਵਾਨੁ
ਗੁਰਮੁਖਿ ਆਇਆ ॥

سپھلُ جنمُ پروانُ
گُرمُکھِ آئیا ॥

ਹੁਕਮੈ ਬੁਝਿ ਨਿਹਾਲੁ
ਖਸਮਿ ਫੁਰਮਾਇਆ ॥

حُکمے بُجھِ نِہالُ
خصمِ فُرمائیا ॥

ਜਿਸੁ ਹੋਆ ਆਪਿ ਕ੍ਰਿਪਾਲੁ
ਸੁ ਨਹ ਭਰਮਾਇਆ ॥

جِسُ ہویا آپِ کرِپالُ
سُ نہ بھرمائیا ॥

ਜੋ ਜੋ ਦਿਤਾ ਖਸਮਿ
ਸੋਈ ਸੁਖੁ ਪਾਇਆ ॥

جو جو دِتا خصمِ
سوئی سُکھُ پائیا ॥

ਨਾਨਕ ਜਿਸਹਿ ਦਇਆਲੁ
ਬੁਝਾਏ ਹੁਕਮੁ ਮਿਤ ॥

نانک جِسہِ دئیالُ
بُجھائے حُکمُ مِت ॥

ਜਿਸਹਿ ਭੁਲਾਏ ਆਪਿ
ਮਰਿ ਮਰਿ ਜਮਹਿ ਨਿਤ ॥੨॥

جِسہِ بھُلائے آپِ
مرِ مرِ جمہِ نِت ॥2॥

ਪਉੜੀ ॥

پئُڑی ॥

ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ ਦਿਤੇ ॥

نِندک مارے تتکالِ کھِنُ ٹِکنّ ن دِتے ॥

ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ
ਫੜਿ ਜੋਨੀ ਜੁਤੇ ॥

پربھ داس کا دُکھُ ن کھوِ سکہِ
پھڑِ جونی جُتے ॥

ਮਥੇ ਵਾਲਿ ਪਛਾੜਿਅਨੁ
ਜਮ ਮਾਰਗਿ ਮੁਤੇ ॥

متھے والِ پچھاڑِئنُ
جم مارگِ مُتے ॥

ਦੁਖਿ ਲਗੈ ਬਿਲਲਾਣਿਆ
ਨਰਕਿ ਘੋਰਿ ਸੁਤੇ ॥

دُکھِ لگے بِللائیا
نرکِ گھورِ سُتے ॥

ਕੰਠਿ ਲਾਇ ਦਾਸ ਰਖਿਅਨੁ

کنّٹھِ لاءِ داس رکھِئنُ

ਨਾਨਕ ਹਰਿ ਸਤੇ ॥੨੦॥	نانک ہرِ ستے ॥ 20 ॥
ਸਲੋਕ ਮਃ ੫ ॥	سلوک م: 5 ॥
ਰਾਮੁ ਜਪਹੁ ਵਡਭਾਗੀਹੋ ਜਲਿ ਥਲਿ ਪੂਰਨੁ ਸੋਇ ॥	رامُ جپہُ وڈبھاگیہو جلِ تھلِ پوُرنُ سوءِ ॥
ਨਾਨਕ ਨਾਮਿ ਧਿਆਇਐ ਬਿਘਨੁ ਨ ਲਾਗੈ ਕੋਇ ॥੧॥	نانک نامِ دھیائیَ بِگھنُ ن لاگے کوءِ ॥ 1 ॥
ਮਃ ੫ ॥	م: 5 ॥
ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥	کوٹِ بِگھن تِس لاگتے جِس نو وِسرے ناءُ ॥
ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ ॥੨॥	نانک اندِنُ بِلپتے جِءُ سُنجے گھرِ کاءُ ॥ 2 ॥
ਪਉੜੀ ॥	پئڑی ॥
ਸਿਮਰਿ ਸਿਮਰਿ ਦਾਤਾਰੁ ਮਨੋਰਥ ਪੂਰਿਆ ॥	سِمرِ سِمرِ داتارُ منورتھ پوُریا ॥
ਇਛ ਪੁੰਨੀ ਮਨਿ ਆਸ ਗਏ ਵਿਸੂਰਿਆ ॥	اِچھ پُنّنی منِ آس گئے وِسوُریا ॥
ਪਾਇਆ ਨਾਮੁ ਨਿਧਾਨੁ ਜਿਸ ਨੋ ਭਾਲਦਾ ॥	پائیا نامُ نِدھانُ جِس نو بھالدا ॥
ਜੋਤਿ ਮਿਲੀ ਸੰਗਿ ਜੋਤਿ ਰਹਿਆ ਘਾਲਦਾ ॥	جوتِ مِلی سنگِ جوتِ رہِیا گھالدا ॥
ਸੂਖ ਸਹਜ ਆਨੰਦ ਵੁਠੇ ਤਿਤੁ ਘਰਿ ॥	سوُکھ سہج آنند وُٹھے تِتُ گھرِ ॥
ਆਵਣ ਜਾਣ ਰਹੇ ਜਨਮੁ ਨ ਤਹਾ ਮਰਿ ॥	آونُ جانُ رہے جنمُ ن تہا مرِ ॥
ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸਟਾਇਆ ॥	صاحِبُ سیوکُ اِکُ اِکُ دڑِسٹائیا ॥
ਗੁਰ ਪ੍ਰਸਾਦਿ ਨਾਨਕ ਸਚਿ ਸਮਾਇਆ ॥੨੧॥੧॥੨॥ ਸੁਧੁ	گُر پرّسادِ نانک سچِ سمائیا ॥ 21 ॥ 1 ॥ 2 ॥ سُدھُ
ਰਾਗੁ ਗੂਜਰੀ ਭਗਤਾ ਕੀ ਬਾਣੀ	راگُ گوُجری بھگتا کی بانیٰ
ੴ ਸਤਿਗੁਰ ਪ੍ਰਸਾਦਿ ॥	۱ۅ ستِگُر پرّسادِ ॥
ਸ੍ਰੀ ਕਬੀਰ ਜੀਉ ਕਾ ਚਉਪਦਾ ਘਰੁ ੨ ਦੂਜਾ ॥	سّری کبیِر جیِءُ کا چئُپدا گھرُ 2 دوُجا ॥

ਚਾਰਿ ਪਾਵ ਦੁਇ ਸਿੰਗ ਗੁੰਗ ਮੁਖ
ਤਬ ਕੈਸੇ ਗੁਨ ਗਈਹੈ ॥

چارِ پاو دُءِ سِنگ گُنگ مُکھ
تب کیسے گُن گئیہے ۔ ॥

ਊਠਤ ਬੈਠਤ ਠੇਗਾ ਪਰਿਹੈ
ਤਬ ਕਤ ਮੂਡ ਲੁਕਈਹੈ ॥੧॥

اوٗٹھت بیٹھت ٹھیگا پریہ
تب کت موٗڈ لُکئیہے ۔ ॥1॥

ਹਰਿ ਬਿਨੁ ਬੈਲ ਬਿਰਾਨੇ ਹੁਈਹੈ ॥

ہرِ بِنُ بیَل بِرانے ہُئیہے ॥

ਫਾਟੇ ਨਾਕਨ ਟੂਟੇ ਕਾਧਨ
ਕੋਦਉ ਕੋ ਭੁਸੁ ਖਈਹੈ ॥੧॥ ਰਹਾਉ ॥

پھاٹے ناکن ٹوٗٹے کادھن
کودءُ کو بھُس کھئیہے ॥1॥ رہاءُ ॥

ਸਾਰੋ ਦਿਨੁ ਡੋਲਤ ਬਨ ਮਹੀਆ
ਅਜਹੁ ਨ ਪੇਟ ਅਘਈਹੈ ॥

سارو دِنُ ڈولت بن مہیا
اجہُ ن پیٹ اگھئیہے ॥

ਜਨ ਭਗਤਨ ਕੋ ਕਹੋ ਨ ਮਾਨੋ
ਕੀਓ ਅਪਨੋ ਪਈਹੈ ॥੨॥

جن بھگتن کو کہو ن مانو
کیئو اپنو پئیہے ॥2॥

ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ
ਅਨਿਕ ਜੋਨਿ ਭਰਮਈਹੈ ॥

دُکھ سُکھ کرت مہا بھرمِ بوٗڈو
انِک جونِ بھرمئیہے ॥

ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ
ਇਹੁ ਅਉਸਰੁ ਕਤ ਪਈਹੈ ॥੩॥

رتن جنمُ کھوئیو پربھُ بِسرِیو
اِہُ اُسرُ کت پئیہے ۔ ॥3॥

ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ
ਗਤਿ ਬਿਨੁ ਰੈਨਿ ਬਿਹਈਹੈ ॥

بھرمت پھِرت تیلک کے کپِ جِءُ
گتِ بِنُ ریَنِ بہئیہے ॥

ਕਹਤ ਕਬੀਰ ਰਾਮ ਨਾਮ ਬਿਨੁ
ਮੂੰਡ ਧੁਨੇ ਪਛੁਤਈਹੈ ॥੪॥੧॥

کہت کبیِر رام نام بِنُ
موٗنڈ دھُنے پچھُتئیہے ॥4॥1॥

ਗੂਜਰੀ ਘਰੁ ੩ ॥

گوٗجری گھرُ 3 ॥

ਮੁਸਿ ਮੁਸਿ ਰੋਵੈ ਕਬੀਰ ਕੀ ਮਾਈ ॥

مُسِ مُسِ روٗوے کبیِر کی مائی ॥

ਏ ਬਾਰਿਕ ਕੈਸੇ ਜੀਵਹਿ ਰਘੁਰਾਈ ॥੧॥

اے بارِک کیسے جیوہِ رگھُرائی ۔ ॥1॥

ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ ॥

تننا بُننا سبھُ تجِیو ہے کبیِر ॥

ਹਰਿ ਕਾ ਨਾਮੁ ਲਿਖਿ ਲੀਓ ਸਰੀਰ ॥੧॥ ਰਹਾਉ ॥

ہرِ کا نامُ لِکھِ لِیئو سریِر ॥1॥ رہاءُ ॥

ਜਬ ਲਗੁ ਤਾਗਾ ਬਾਹਉ ਬੇਹੀ ॥	جب لگُ تاگا باہءُ بیہی ॥
ਤਬ ਲਗੁ ਬਿਸਰੈ ਰਾਮੁ ਸਨੇਹੀ ॥੨॥	تب لگُ بِسرے رامُ سنیہی ॥2॥
ਓਛੀ ਮਤਿ ਮੇਰੀ ਜਾਤਿ ਜੁਲਾਹਾ ॥	اوچھی متِ میری زاتِ جُلاہا ॥
ਹਰਿ ਕਾ ਨਾਮੁ ਲਹਿਓ ਮੈ ਲਾਹਾ ॥	ہرِ کا نامُ لہِئو مے لاہا ॥
ਕਹਤ ਕਬੀਰ ਸੁਨਹੁ ਮੇਰੀ ਮਾਈ ॥	کہت کبیر سُنہُ میری مائی ۔ ॥
ਹਮਰਾ ਇਨ ਕਾ ਦਾਤਾ ਏਕੁ ਰਘੁਰਾਈ ॥੪॥੨॥	ہمرا اِن کا داتا ایکُ رگھُرائی ॥4॥2॥
ਗੂਜਰੀ ਸ੍ਰੀ ਨਾਮਦੇਵ ਜੀ ਕੇ ਪਦੇ ਘਰੁ ੧	گوُجری سّری نامدیو جی کے پدے گھرُ 1
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਜੌ ਰਾਜੁ ਦੇਹਿ ਤ ਕਵਨ ਬਡਾਈ ॥	جوَ راجُ دیہِ ت کون بڈائی ۔ ॥
ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥੧॥	جوَ بھیکھ منگاوہِ ت کِیا گھٹِ جائی ۔ ॥1॥
ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨੁ ॥	توُنّ ہرِ بھجُ من میرے پدُ نِربانُ ॥
ਬਹੁਰਿ ਨ ਹੋਇ ਤੇਰਾ ਆਵਨ ਜਾਨੁ ॥੧॥ ਰਹਾਉ ॥	بہُرِ ن ہوءِ تیرا آون جانُ ॥1॥ رہاءُ ॥
ਸਭ ਤੈ ਉਪਾਈ ਭਰਮ ਭੁਲਾਈ ॥	سبھ تے اُپائی بھرم بھُلائی ॥
ਜਿਸ ਤੂੰ ਦੇਵਹਿ ਤਿਸਹਿ ਬੁਝਾਈ ॥੨॥	جِس توُنّ دیوہِ تِسہِ بُجھائی ॥2॥
ਸਤਿਗੁਰੁ ਮਿਲੈ ਤ ਸਹਸਾ ਜਾਈ ॥	ستِگُرُ مِلے ت سہسا جائی ॥
ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ ॥੩॥	کِسُ ہءُ پوُجءُ دوُجا ندرِ ن آئی ॥3॥
ਏਕੈ ਪਾਥਰ ਕੀਜੈ ਭਾਉ ॥	ایکے پاتھر کیجے بھاءُ ॥
ਦੂਜੈ ਪਾਥਰ ਧਰੀਐ ਪਾਉ ॥	دوُجے پاتھر دھریئے پاءُ ॥
ਜੇ ਓਹੁ ਦੇਉ ਤ ਓਹੁ ਭੀ ਦੇਵਾ ॥	جے اوہُ دیءُ ت اوہُ بھی دیوا ॥
ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥੪॥੧॥	کہِ نامدیءُ ہم ہرِ کی سیوا ॥4॥1॥

ਗੂਜਰੀ ਘਰੁ ੧ ॥

ਮਲੈ ਨ ਲਾਛੈ ਪਾਰ ਮਲੋ
ਪਰਮਲੀਓ ਬੈਠੋ ਰੀ ਆਈ ॥

ਆਵਤ ਕਿਨੈ ਨ ਪੇਖਿਓ
ਕਵਨੈ ਜਾਣੈ ਰੀ ਬਾਈ ॥੧॥

ਕਉਣੁ ਕਹੈ ਕਿਣਿ ਬੂਝੀਐ
ਰਮਈਆ ਆਕੁਲੁ ਰੀ ਬਾਈ ॥੧॥ ਰਹਾਉ ॥

ਜਿਉ ਆਕਾਸੈ ਪੰਖੀਅਲੋ
ਖੋਜੁ ਨਿਰਖਿਓ ਨ ਜਾਈ ॥

ਜਿਉ ਜਲ ਮਾਝੈ ਮਾਛਲੋ
ਮਾਰਗੁ ਪੇਖਣੋ ਨ ਜਾਈ ॥੨॥

ਜਿਉ ਆਕਾਸੈ ਘਡੂਅਲੋ
ਮ੍ਰਿਗ ਤ੍ਰਿਸਨਾ ਭਰਿਆ ॥

ਨਾਮੇ ਚੇ ਸੁਆਮੀ ਬੀਠਲੋ
ਜਿਨਿ ਤੀਨੈ ਜਰਿਆ ॥੩॥੨॥

ਗੂਜਰੀ ਸ੍ਰੀ ਰਵਿਦਾਸ ਜੀ ਕੇ ਪਦੇ ਘਰੁ ੩

੧ੴ ਸਤਿਗੁਰ ਪ੍ਰਸਾਦਿ ॥

ਦੂਧੁ ਤ ਬਛਰੈ ਥਨਹੁ ਬਿਟਾਰਿਓ ॥

ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥੧॥

ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥

ਅਵਰੁ ਨ ਫੂਲੁ ਅਨੂਪੁ ਨ ਪਾਵਉ ॥੧॥ ਰਹਾਉ ॥

ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥

ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥੨॥

ਧੂਪ ਦੀਪ ਨਈਬੇਦਹਿ ਬਾਸਾ ॥

گُوجری گھرُ 1 ॥

ملےَ ن لاچھےَ پار ملو
پرملِیئو بیٹھو ری آئی ॥

آوت کِنےَ ن پیکھِیئو
کونے جانے ری بائی ۔ ॥1॥

کُنُ کہےَ کِنِ بُوجھیئےَ
رمئیا آکُلُ ری بائی ۔ ॥1॥ رہاءُ ॥

جِءُ آکاسےَ پنکھِینلو
کھوجُ نِرکھِیئو ن جائی ॥

جِءُ جل ماجھےَ ماچھلو
مارگُ پیکھنو ن جائی ॥2॥

جِءُ آکاسےَ گھڑوئلو
مّرِگ تّرِسنا بھرِیا ॥

نامے چے سُیامی بیٹھلو
جِنِ تینےَ جرِیا ॥3॥2॥

گُوجری سّری روِداس جی کے پدے گھرُ 3

ੴ ستِگُر پّرسادِ ॥

دوُدھُ ت بچھرےَ تھنہُ بِٹارِیو ॥

پھوُلُ بھورِ جلُ مِینِ بِگارِیو ॥1॥

مائی گوبِندّ پوُجا کہا لے چراوءُ ۔ ॥

اورُ ن پھوُلُ انوُپُ ن پاوءُ ॥1॥ رہاءُ ॥

میَلاگر بیرّہے ہےَ بھُنِگا ॥

بِکھُ انّمِرِتُ بسہِ اِک سنگا ॥2॥

دھوُپ دیپ نئیبیدہِ باسا ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਕੈਸੇ ਪੂਜ ਕਰਹਿ ਤੇਰੀ ਦਾਸਾ ॥੩॥	کیسے پوُج کرہِ تیری داسا ॥3॥
ਤਨੁ ਮਨੁ ਅਰਪਉ ਪੂਜ ਚਰਾਵਉ ॥	تنُ منُ ارپءُ پوُج چراوءُ ॥
ਗੁਰ ਪਰਸਾਦਿ ਨਿਰੰਜਨੁ ਪਾਵਉ ॥੪॥	گُر پرسادِ نِرنجنُ پاوءُ ॥4॥
ਪੂਜਾ ਅਰਚਾ ਆਹਿ ਨ ਤੋਰੀ ॥	پوُجا ارچا آہِ ن توری ॥
ਕਹਿ ਰਵਿਦਾਸ ਕਵਨ ਗਤਿ ਮੋਰੀ ॥੫॥੧॥	کہِ روِداس کون گتِ موری ۔ ॥5॥1॥
ਗੂਜਰੀ ਸ੍ਰੀ ਤ੍ਰਿਲੋਚਨ ਜੀਉ ਕੇ ਪਦੇ ਘਰੁ ੧	گوُجری سّری تّرِلوچن جیِءُ کے پدے گھرُ 1
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ ॥	انترُ ملِ نِرملُ نہی کِینا باہرِ بھیکھ اُداسی ॥
ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ ॥੧॥	ہِردے کملُ گھٹِ برہمُ ن چینّہا کاہے بھئیا سنّیاسی ۔ ॥1॥
ਭਰਮੇ ਭੂਲੀ ਰੇ ਜੈ ਚੰਦਾ ॥	بھرمے بھوُلی رے جےَ چندّا ۔ ॥
ਨਹੀ ਨਹੀ ਚੀਨ੍ਹਿਆ ਪਰਮਾਨੰਦਾ ॥੧॥ ਰਹਾਉ ॥	نہی نہی چینّہیا پرمانندّا ॥1॥ رہاءُ ॥
ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ ॥	گھرِ گھرِ کھائیا پنّڈُ بدھائیا کھِنّتھا مُندّا مائیا ॥
ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ ॥੨॥	بھوُمِ مساںٹ کی بھسم لگائی گُر بِنُ تتُ ن پائیا ॥2॥
ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ॥	کاءِ جپہُ رے کاءِ تپہُ رے کاءِ بِلووہُ پاںٹی ۔ ॥
ਲਖ ਚਉਰਾਸੀਹ ਜਿਨਿ੍ ਉਪਾਈ ਸੋ ਸਿਮਰਹੁ ਨਿਰਬਾਣੀ ॥੩॥	لکھ چئُراسیہِ جِنّہِ اُپائی سو سِمرہُ نِربانٹی ॥3॥
ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ ॥	کاءِ کمنّڈلُ کاپڑییا رے اٹھسٹھِ کاءِ پھِراہی ۔ ॥
ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ ॥੪॥੧॥	بدتِ تّرِلوچنُ سُنُ رے پّرانٹی

ਕਟੁ ਬਨੁ ਗਾਹਹੁ ਕਿ ਪਾਹੀ ॥1॥4॥

گوُجری ॥

ਗੂਜਰੀ ॥

ਅੰਤਿ ਕਾਲਿ ਜੋ ਲਛਮੀ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ ॥

ਸਰਪ ਜੋਨਿ ਵਲਿ ਵਲਿ ਅਉਤਰੈ ॥੧॥

ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥

ਅੰਤਿ ਕਾਲਿ ਜੋ ਇਸਤ੍ਰੀ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ ॥

ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥

ਅੰਤਿ ਕਾਲਿ ਜੋ ਲੜਿਕੇ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ ॥

ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥

ਅੰਤਿ ਕਾਲਿ ਜੋ ਮੰਦਰ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ ॥

ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥

ਅੰਤਿ ਕਾਲਿ ਨਾਰਾਇਣੁ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ ॥

ਬਦਤਿ ਤਿਲੋਚਨੁ ਤੇ ਨਰ ਮੁਕਤਾ
ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥

ਗੂਜਰੀ ਸ੍ਰੀ ਜੈਦੇਵ ਜੀਉ ਕਾ ਪਦਾ ਘਰੁ ੪

ੴ ਸਤਿਗੁਰ ਪ੍ਰਸਾਦਿ ॥

ਪਰਮਾਦਿ ਪੁਰਖਮਨੋਪਿਮੰ
ਸਤਿ ਆਦਿ ਭਾਵ ਰਤੰ ॥

ਪਰਮਦਭੁਤੰ ਪਰਕ੍ਰਿਤਿ ਪਰੰ
ਜਦਿਚਿੰਤਿ ਸਰਬ ਗਤੰ ॥੧॥

انّتِ کالِ جو لچھمی سِمرے
ایَسی چِنّتا مہِ جے مرے ॥

سرپ جونِ ولِ ولِ اُترے ॥1॥

اری بائی گوبِد نامُ متِ بِسرے ॥ رہاءُ ॥

انّتِ کالِ جو اِستّری سِمرے
ایَسی چِنّتا مہِ جے مرے ॥

بیسوا جونِ ولِ ولِ اُترے ॥2॥

انّتِ کالِ جو لڑِکے سِمرے
ایَسی چِنّتا مہِ جے مرے ॥

سوُکر جونِ ولِ ولِ اُترے ॥3॥

انّتِ کالِ جو مندّر سِمرے
ایَسی چِنّتا مہِ جے مرے ॥

پّریت جونِ ولِ ولِ اُترے ॥4॥

انّتِ کالِ نارائنُ سِمرے
ایَسی چِنّتا مہِ جے مرے ॥

بدتِ تِلوچنُ تے نر مُکتا
پِیتنّبرُ وا کے رِدے بسے ॥5॥2॥

گوُجری سّری جیَدیو جیِءُ کا پدا گھرُ 4

ؤ ستِگُر پّرسادِ ॥

پرمادِ پُرکھمنوپِمنّ
ستِ آدِ بھاو رتنّ ॥

پرمدبھُتنّ پرکِرتِ پرنّ

	جدِچنّتِ سرب گتنّ ॥1॥
ਕੇਵਲ ਰਾਮ ਨਾਮ ਮਨੋਰਮੰ ॥	کیول رام نام منورمنّ ॥
ਬਦਿ ਅੰਮ੍ਰਿਤ ਤਤ ਮਇਅੰ ॥	بدِ انّمرِت تت مئیّنّ ॥
ਨ ਦਨੋਤਿ ਜ ਸਮਰਣੇਨ ਜਨਮ ਜਰਾਧਿ ਮਰਣ ਭਇਅੰ ॥੧॥ ਰਹਾਉ ॥	ن دنوتِ ج سمرنّین جنم جرادھِ مرنّ بھئیّنّ ॥1॥ رہاءُ ॥
ਇਛਸਿ ਜਮਾਦਿ ਪਰਾਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ ॥	اِچھسِ جمادِ پرابھیّنّ جسُ سّوستِ سُکّرِت کّرِتنّ ॥
ਭਵ ਭੂਤ ਭਾਵ ਸਮਬ੍ਰਿਅੰ ਪਰਮੰ ਪ੍ਰਸੰਨਮਿਦੰ ॥੨॥	بھو بھوُت بھاو سمبّیئنّ پرمنّ پّرسنّنمِدنّ ॥2॥
ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿਬਿਧਿ ਆਚਰਣੰ ॥	لوبھادِ دّرِسٹِ پر گّرِہنّ جدِبدھِ آچرنّنّ ॥
ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ ॥੩॥	تجِ سکل دُہکّرِت دُرمتی بھجُ چکّردھر سرنّنّ ॥3॥
ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ ॥	ہرِ بھگت نِج نِہکیولا رِد کرمنّا بچسا ॥
ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ ॥੪॥	جوگین کِنّ جگین کِنّ دانین کِنّ تپسا ॥4॥
ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ ॥	گوبِندّ گوبِندّیتِ جپِ نر سکل سِدھِ پدنّ ॥
ਜੈਦੇਵ ਆਇਉ ਤਸ ਸਫੁਟੰ ਭਵ ਭੂਤ ਸਰਬ ਗਤੰ ॥੫॥੧॥	جیَدیو آیِءُ تس سپھُٹنّ بھو بھوُت سرب گتنّ ॥5॥1॥
੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	੧ੴ ستِنامُ کرتا پُرکھُ نِربھءُ نِرویَرُ اکال مُورتِ اجوُنی سیَبھنّ گُرپّرسادِ ॥
ਰਾਗੁ ਦੇਵਗੰਧਾਰੀ ਮਹਲਾ ੪ ਘਰੁ ੧ ॥	راگُ دیوگندھاری محلا 4 گھرُ 1 ॥
ਸੇਵਕ ਜਨ ਬਨੇ ਠਾਕੁਰ ਲਿਵ ਲਾਗੇ ॥	سیوک جن بنے ٹھاکُر لِو لاگے ॥

ਜੋ ਤੁਮਰਾ ਜਸੁ ਕਹਤੇ ਗੁਰਮਤਿ
ਤਿਨ ਮੁਖ ਭਾਗ ਸਭਾਗੇ ॥੧॥ ਰਹਾਉ ॥

جو تُمرا جسُ کہتے گُرمتِ
تِن مُکھ بھاگ سبھاگے ॥1॥ رہاءُ ॥

ਟੂਟੇ ਮਾਇਆ ਕੇ ਬੰਧਨ ਫਾਹੇ
ਹਰਿ ਰਾਮ ਨਾਮ ਲਿਵ ਲਾਗੇ ॥

ٹُوٹے مائیا کے بندھن پھاہے
ہرِ رام نام لِو لاگے ॥

ਹਮਰਾ ਮਨੁ ਮੋਹਿਓ ਗੁਰ ਮੋਹਿਨ
ਹਮ ਬਿਸਮ ਭਈ ਮੁਖਿ ਲਾਗੇ ॥੧॥

ہمرا منُ موہِئو گُر موہِن
ہم بِسم بھئی مُکھِ لاگے ॥1॥

ਸਗਲੀ ਰੈਣਿ ਸੋਈ ਅੰਧਿਆਰੀ
ਗੁਰ ਕਿੰਚਤ ਕਿਰਪਾ ਜਾਗੇ ॥

سگلی رَیَنِ سوئی اندھِیاری
گُر کِنچِت کِرپا جاگے ॥

ਜਨ ਨਾਨਕ ਕੇ ਪ੍ਰਭ ਸੁੰਦਰ ਸੁਆਮੀ
ਮੋਹਿ ਤੁਮ ਸਰਿ ਅਵਰੁ ਨ ਲਾਗੇ ॥੨॥੧॥

جن نانک کے پربھ سُندر سُیامی
موہِ تُم سرِ اورُ ن لاگے ॥2॥1॥

ਦੇਵਗੰਧਾਰੀ ॥

دیوگندھاری ॥

ਮੇਰੋ ਸੁੰਦਰੁ
ਕਹਹੁ ਮਿਲੈ ਕਿਤੁ ਗਲੀ ॥

میرو سُندرُ
کہہُ مِلےَ کِتُ گلی ۔ ॥

ਹਰਿ ਕੇ ਸੰਤ ਬਤਾਵਹੁ ਮਾਰਗੁ
ਹਮ ਪੀਛੈ ਲਾਗਿ ਚਲੀ ॥੧॥ ਰਹਾਉ ॥

ہرِ کے سنت بتاوہُ مارگُ
ہم پیچھے لاگِ چلی ॥1॥ رہاءُ ॥

ਪ੍ਰਿਅ ਕੇ ਬਚਨ ਸੁਖਾਨੇ ਹੀਅਰੈ
ਇਹ ਚਾਲ ਬਨੀ ਹੈ ਭਲੀ ॥

پرِء کے بچن سُکھانے ہِیئرے
اِہ چال بنی ہے بھلی ॥

ਲਟੂਰੀ ਮਧੁਰੀ ਠਾਕੁਰ ਭਾਈ
ਓਹ ਸੁੰਦਰਿ ਹਰਿ ਢੂਲਿ ਮਿਲੀ ॥੧॥

لٹُری مدھُری ٹھاکُر بھائی
اوہ سُندرِ ہرِ ڈھُلِ مِلی ॥1॥

ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ
ਜੋ ਭਾਵੈ ਪਿਰ ਸਾ ਭਲੀ ॥

ایکو پرِءُ سکھیا سبھ پرِء کی
جو بھاوے پِر سا بھلی ॥

ਨਾਨਕੁ ਗਰੀਬੁ ਕਿਆ ਕਰੈ ਬਿਚਾਰਾ
ਹਰਿ ਭਾਵੈ ਤਿਤੁ ਰਾਹਿ ਚਲੀ ॥੨॥੨॥

نانکُ غریبُ کیا کرے بِچارا
ہرِ بھاوے تِتُ راہِ چلی ॥2॥2॥

ਦੇਵਗੰਧਾਰੀ ॥

دیوگندھاری ॥

ਮੇਰੇ ਮਨ ਮੁਖਿ ਹਰਿ ਹਰਿ ਹਰਿ ਬੋਲੀਐ ॥

میرے من مُکھِ ہرِ ہرِ ہرِ بولیئے ॥

ਗੁਰਮੁਖਿ ਰੰਗਿ ਚਲੂਲੈ ਰਾਤੀ
ਹਰਿ ਪ੍ਰੇਮ ਭੀਨੀ ਚੋਲੀਐ ॥੧॥ ਰਹਾਉ ॥

گُرمُکھِ رنگِ چلولے راتی
ہرِ پریم بھِینی چولیِےَ ॥1॥ رہاءُ ॥

ਹਉ ਫਿਰਉ ਦਿਵਾਨੀ ਆਵਲ ਬਾਵਲ
ਤਿਸੁ ਕਾਰਣਿ ਹਰਿ ਢੋਲੀਐ ॥

ہءُ پھِرءُ دِوانی آول باول
تِس کارنِ ہرِ ڈھولیِےَ ॥

ਕੋਈ ਮੇਲੈ ਮੇਰਾ ਪ੍ਰੀਤਮੁ ਪਿਆਰਾ
ਹਮ ਤਿਸ ਕੀ ਗੁਲ ਗੋਲੀਐ ॥੧॥

کوئی میلے میرا پریتمُ پیارا
ہم تِس کی گُل گولیِےَ ॥1॥

ਸਤਿਗੁਰੁ ਪੁਰਖੁ ਮਨਾਵਹੁ ਅਪੁਨਾ
ਹਰਿ ਅੰਮ੍ਰਿਤੁ ਪੀ ਝੋਲੀਐ ॥

ستِگُرُ پُرکھُ مناوہُ اپُنا
ہرِ انمّرِتُ پی جھولیِےَ ॥

ਗੁਰ ਪ੍ਰਸਾਦਿ ਜਨ ਨਾਨਕ ਪਾਇਆ
ਹਰਿ ਲਾਧਾ ਦੇਹ ਟੋਲੀਐ ॥੨॥੩॥

گُر پرسادِ جن نانک پائیا
ہرِ لادھا دیہ ٹولیِےَ ॥2॥3॥

ਦੇਵਗੰਧਾਰੀ ॥

دیوگندھاری ॥

ਅਬ ਹਮ ਚਲੀ ਠਾਕੁਰ ਪਹਿ ਹਾਰਿ ॥

اب ہم چلی ٹھاکُر پہِ ہارِ ॥

ਜਬ ਹਮ ਸਰਣਿ ਪ੍ਰਭੂ ਕੀ ਆਈ
ਰਾਖੁ ਪ੍ਰਭੂ ਭਾਵੈ ਮਾਰਿ ॥੧॥ ਰਹਾਉ ॥

جب ہم سرنِ پربھوُ کی آئی
راکھُ پربھوُ بھاوے مارِ ॥1॥ رہاءُ ॥

ਲੋਕਨ ਕੀ ਚਤੁਰਾਈ ਉਪਮਾ
ਤੇ ਬੈਸੰਤਰਿ ਜਾਰਿ ॥

لوکن کی چترائی اُپما
تے بیَسنّترِ جارِ ॥

ਕੋਈ ਭਲਾ ਕਹਉ ਭਾਵੈ ਬੁਰਾ ਕਹਉ
ਹਮ ਤਨੁ ਦੀਓ ਹੈ ਢਾਰਿ ॥੧॥

کوئی بھلا کہءُ بھاوے بُرا کہءُ
ہم تنُ دیئو ہے ڈھارِ ॥1॥

ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ
ਤਿਸੁ ਰਾਖਹੁ ਕਿਰਪਾ ਧਾਰਿ ॥

جو آوت سرنِ ٹھاکُر پربھُ تُمری
تِس راکھہُ کِرپا دھارِ ॥

ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ
ਰਾਖਹੁ ਲਾਜ ਮੁਰਾਰਿ ॥੨॥੪॥

جن نانک سرنِ تُماری ہرِ جیِءُ
راکھہُ لاج مُرارِ ॥2॥4॥

ਦੇਵਗੰਧਾਰੀ ॥

دیوگندھاری ॥

ਹਰਿ ਗੁਣ ਗਾਵੈ ਹਉ ਤਿਸੁ ਬਲਿਹਾਰੀ ॥

ہرِ گُنؔ گاوے ہءُ تِس بلِہاری ॥

ਦੇਖਿ ਦੇਖਿ ਜੀਵਾ ਸਾਧ ਗੁਰ ਦਰਸਨੁ

دیکھِ دیکھِ جیِوا سادھ گُر درسنُ

ਜਿਸੁ ਹਿਰਦੈ ਨਾਮੁ ਮੁਰਾਰੀ ॥੧॥ ਰਹਾਉ ॥	جِسُ ہِردے نامُ مُراری ॥1॥ رہاءُ ॥
ਤੁਮ ਪਵਿਤ੍ਰ ਪਾਵਨ ਪੁਰਖ ਪ੍ਰਭ ਸੁਆਮੀ ਹਮ ਕਿਉ ਕਰਿ ਮਿਲਹ ਜੂਠਾਰੀ ॥	تُم پوِتّر پاون پُرکھ پربھ سُیامی ہم کِءُ کرِ مِلہ جوٹھاری ۔ ॥
ਹਮਰੈ ਜੀਇ ਹੋਰੁ ਮੁਖਿ ਹੋਰੁ ਹੋਤ ਹੈ ਹਮ ਕਰਮਹੀਣ ਕੂੜਿਆਰੀ ॥੧॥	ہمرے جیِءِ ہورُ مُکھِ ہورُ ہوت ہے ہم کرمہیِنْ کوُڑِیاری ॥1॥
ਹਮਰੀ ਮੁਦ੍ਰ ਨਾਮੁ ਹਰਿ ਸੁਆਮੀ ਰਿਦ ਅੰਤਰਿ ਦੁਸਟ ਦੁਸਟਾਰੀ ॥	ہمری مُدّر نامُ ہرِ سُیامی رِد انتّرِ دُسٹ دُسٹاری ॥
ਜਿਉ ਭਾਵੈ ਤਿਉ ਰਾਖਹੁ ਸੁਆਮੀ ਜਨ ਨਾਨਕ ਸਰਣਿ ਤੁਮ੍ਹਾਰੀ ॥੨॥੫॥	جِءُ بھاوے تِءُ راکھہُ سُیامی جن نانک سرنِْ تُمہّاری ॥2॥5॥
ਦੇਵਗੰਧਾਰੀ ॥	دیوگندھاری ॥
ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ ॥	ہرِ کے نام بِنا سُندرِ ہے نکٹی ॥
ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ ਧ੍ਰਕਟੀ ॥੧॥ ਰਹਾਉ ॥	جِءُ بیسُیا کے گھرِ پوُتُ جمتُ ہے تِسُ نامُ پرِئو ہے دھّرکٹی ॥1॥ رہاءُ ॥
ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ ਤੇ ਬਿਗੜ ਰੂਪ ਬੇਰਕਟੀ ॥	جِن کے ہِردے ناہِ ہرِ سُیامی تے بِگڑ روُپ بیرکٹی ॥
ਜਿਉ ਨਿਗੁਰਾ ਬਹੁ ਬਾਤਾ ਜਾਣੈ ਓਹੁ ਹਰਿ ਦਰਗਹ ਹੈ ਭ੍ਰਸਟੀ ॥੧॥	جِءُ نِگُرا بہُ باتا جانےق اوہُ ہرِ درگہ ہے بھّرسٹی ॥1॥
ਜਿਨ ਕਉ ਦਇਆਲੁ ਹੋਆ ਮੇਰਾ ਸੁਆਮੀ ਤਿਨਾ ਸਾਧ ਜਨਾ ਪਗ ਚਕਟੀ ॥	جِن کءُ دئیالُ ہویا میرا سُیامی تِنا سادھ جنا پگ چکٹی ॥
ਨਾਨਕ ਪਤਿਤ ਪਵਿਤ ਮਿਲਿ ਸੰਗਤਿ ਗੁਰ ਸਤਿਗੁਰ ਪਾਛੈ ਛੁਕਟੀ ॥੨॥੬॥ ਛਕਾ ੧	نانک پتِت پوِت مِلِ سنگتِ گُر ستِگُر پاچھےق چھُکٹی ॥2॥6॥ چھکا 1
ਦੇਵਗੰਧਾਰੀ ਮਹਲਾ ੫ ਘਰੁ ੨	دیوگندھاری محلا 5 گھرُ 2
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਮਾਈ ਗੁਰ ਚਰਣੀ ਚਿਤੁ ਲਾਈਐ ॥	مائی گُر چرنّی چِتُ لائیےق ॥
ਪ੍ਰਭੁ ਹੋਇ ਕ੍ਰਿਪਾਲੁ ਕਮਲੁ ਪਰਗਾਸੇ	پربھُ ہوءِ کرِپالُ کملُ پرگاسے

ਸਦਾ ਸਦਾ ਹਰਿ ਧਿਆਈਐ ॥੧॥ ਰਹਾਉ ॥

سدا سدا ہرِ دھیائیَے ॥1॥ رہاءُ ॥

ਅੰਤਰਿ ਏਕੋ ਬਾਹਰਿ ਏਕੋ
ਸਭ ਮਹਿ ਏਕੁ ਸਮਾਈਐ ॥

انترِ ایکو باہرِ ایکو
سبھ مہِ ایکُ سمائیَے ॥

ਘਟਿ ਅਵਘਟਿ ਰਵਿਆ ਸਭ ਠਾਈ
ਹਰਿ ਪੂਰਨ ਬ੍ਰਹਮੁ ਦਿਖਾਈਐ ॥੧॥

گھٹِ اوگھٹِ روِیا سبھ ٹھائی
ہرِ پوُرن برہمُ دِکھائیَے ॥1॥

ਉਸਤਤਿ ਕਰਹਿ ਸੇਵਕ ਮੁਨਿ ਕੇਤੇ
ਤੇਰਾ ਅੰਤੁ ਨ ਕਤਹੂ ਪਾਈਐ ॥

اُستتِ کرہِ سیوک مُنِ کیتے
تیرا انتُ ن کتہوُ پائیَے ॥

ਸੁਖਦਾਤੇ ਦੁਖ ਭੰਜਨ ਸੁਆਮੀ
ਜਨ ਨਾਨਕ ਸਦ ਬਲਿ ਜਾਈਐ ॥੨॥੧॥

سُکھداتے دُکھ بھنجن سُیامی
جن نانک سد بلِ جائیَے ॥2॥1॥

ਦੇਵਗੰਧਾਰੀ ॥

دیوگندھاری ॥

ਮਾਈ ਹੋਨਹਾਰ ਸੋ ਹੋਈਐ ॥

مائی ہونہار سو ہوئیَے ॥

ਰਾਚਿ ਰਹਿਓ ਰਚਨਾ ਪ੍ਰਭੁ ਅਪਨੀ
ਕਹਾ ਲਾਭੁ ਕਹਾ ਖੋਈਐ ॥੧॥ ਰਹਾਉ ॥

راچِ رہِئو رچنا پربھُ اپنی
کہا لابھُ کہا کھوئیَے ۔ ॥1॥ رہاءُ ॥

ਕਹ ਫੂਲਹਿ ਆਨੰਦ ਬਿਖੈ ਸੋਗ
ਕਬ ਹਸਨੋ ਕਬ ਰੋਈਐ ॥

کہ پھوُلہِ آنندِ بکھےَ سوگ
کب ہسنو کب روئیَے ॥

ਕਬਹੂ ਮੈਲੁ ਭਰੇ ਅਭਿਮਾਨੀ
ਕਬ ਸਾਧੂ ਸੰਗਿ ਧੋਈਐ ॥੧॥

کبہوُ میَلُ بھرے ابھِمانی
کب سادھوُ سنگِ دھوئیَے ॥1॥

ਕੋਇ ਨ ਮੇਟੈ ਪ੍ਰਭ ਕਾ ਕੀਆ
ਦੂਸਰ ਨਾਹੀ ਅਲੋਈਐ ॥

کوءِ ن میٹے پربھ کا کیِیا
دوُسر ناہی الوئیَے ॥

ਕਹੁ ਨਾਨਕ ਤਿਸੁ ਗੁਰ ਬਲਿਹਾਰੀ
ਜਿਹ ਪ੍ਰਸਾਦਿ ਸੁਖਿ ਸੋਈਐ ॥੨॥੨॥

کہُ نانک تِسُ گُر بلِہاری
جِہ پرسادِ سُکھِ سوئیَے ॥2॥2॥

ਦੇਵਗੰਧਾਰੀ ॥

دیوگندھاری ॥

ਮਾਈ ਸੁਨਤ ਸੋਚ ਭੈ ਡਰਤ ॥

مائی سُنت سوچ بھےَ ڈرت ॥

ਮੇਰ ਤੇਰ ਤਜਉ ਅਭਿਮਾਨਾ
ਸਰਨਿ ਸੁਆਮੀ ਕੀ ਪਰਤ ॥੧॥ ਰਹਾਉ ॥

میر تیر تجءُ ابھِمانا
سرنِ سُیامی کی پرت ॥1॥ رہاءُ ॥

ਜੋ ਜੋ ਕਹੈ ਸੋਈ ਭਲ ਮਾਨਉ
ਨਾਹਿ ਨ ਕਾ ਬੋਲ ਕਰਤ ॥

جو جو کہے سوئی بھل مانءُ
ناہِ ن کا بول کرت ॥

ਨਿਮਖ ਨ ਬਿਸਰਉ ਹੀਏ ਮੋਰੇ ਤੇ
ਬਿਸਰਤ ਜਾਈ ਹਉ ਮਰਤ ॥੧॥

نِمکھ ن بِسرءُ ہیئے مورے تے
بِسرت جائی ہءُ مرت ॥1॥

ਸੁਖਦਾਈ ਪੂਰਨ ਪ੍ਰਭੁ ਕਰਤਾ
ਮੇਰੀ ਬਹੁਤੁ ਇਆਨਪ ਜਰਤ ॥

سُکھدائی پُورن پربھُ کرتا
میری بہُتُ اِیانپ جرت ॥

ਨਿਰਗੁਨਿ ਕਰੂਪਿ ਕੁਲਹੀਣ ਨਾਨਕ ਹਉ
ਅਨਦ ਰੂਪ ਸੁਆਮੀ ਭਰਤ ॥੨॥੩॥

نِرگُنِ کروُپِ کُلہیِنْ نانک ہءُ
اند روُپ سُیامی بھرت ॥2॥3॥

ਦੇਵਗੰਧਾਰੀ ॥

دیوگندھاری ॥

ਮਨ ਹਰਿ ਕੀਰਤਿ ਕਰਿ ਸਦਹੂੰ ॥

من ہرِ کیرتِ کرِ سدہوُنّ ॥

ਗਾਵਤ ਸੁਨਤ ਜਪਤ ਉਧਾਰੈ
ਬਰਨ ਅਬਰਨਾ ਸਭਹੂੰ ॥੧॥ ਰਹਾਉ ॥

گاوت سُنت جپت اُدھارے
برن ابرنا سبھہوُنّ ॥1॥ رہاءُ ॥

ਜਹ ਤੇ ਉਪਜਿਓ ਤਹੀ ਸਮਾਇਓ
ਇਹ ਬਿਧਿ ਜਾਨੀ ਤਬਹੂੰ ॥

جہ تے اُپجِئو تہی سمائِئو
اِہ بِدھِ جانی تبہوُنّ ॥

ਜਹਾ ਜਹਾ ਇਹ ਦੇਹੀ ਧਾਰੀ
ਰਹਨੁ ਨ ਪਾਇਓ ਕਬਹੂੰ ॥੧॥

جہا جہا اِہ دیہی دھاری
رہنُ ن پائِئو کبہوُنّ ॥1॥

ਸੁਖੁ ਆਇਓ ਭੈ ਭਰਮ ਬਿਨਾਸੇ
ਕ੍ਰਿਪਾਲ ਹੂਏ ਪ੍ਰਭ ਜਬਹੂ ॥

سُکھُ آئِئو بھے بھرم بِناسے
کِرپال ہوُئے پربھ جبہوُ ॥

ਕਹੁ ਨਾਨਕ ਮੇਰੇ ਪੂਰੇ ਮਨੋਰਥ
ਸਾਧਸੰਗਿ ਤਜਿ ਲਬਹੂੰ ॥੨॥੪॥

کہُ نانک میرے پوُرے منورتھ
سادھسنگِ تجِ لبہوُنّ ॥2॥4॥

ਦੇਵਗੰਧਾਰੀ ॥

دیوگندھاری ॥

ਮਨ ਜਿਉ ਅਪੁਨੇ ਪ੍ਰਭ ਭਾਵਉ ॥

من جِءُ اپُنے پربھ بھاوءُ ॥

ਨੀਚਹੁ ਨੀਚੁ ਨੀਚੁ ਅਤਿ ਨਾਨ੍ਹਾ
ਹੋਇ ਗਰੀਬੁ ਬੁਲਾਵਉ ॥੧॥ ਰਹਾਉ ॥

نیچہُ نیچُ نیچُ اتِ نانّہا
ہوءِ غریبُ بُلاوءُ ॥1॥ رہاءُ ॥

ਅਨਿਕ ਅਡੰਬਰ ਮਾਇਆ ਕੇ ਬਿਰਥੇ

اِنک اڈنبر مائیا کے برتھے

ਤਾ ਸਿਉ ਪ੍ਰੀਤਿ ਘਟਾਵਉ ॥

تا سِ ءُ پّریتِ گھٹاوءُ ॥

ਜਿਉ ਅਪੁਨੋ ਸੁਆਮੀ ਸੁਖੁ ਮਾਨੈ
ਤਾ ਮਹਿ ਸੋਭਾ ਪਾਵਉ ॥੧॥

جِ ءُ اپُنو سُیامی سُکھُ مانے
تا مہِ سوبھا پاوءُ ॥1॥

ਦਾਸਨ ਦਾਸ ਰੇਣੁ ਦਾਸਨ ਕੀ
ਜਨ ਕੀ ਟਹਲ ਕਮਾਵਉ ॥

داسن داس ریُنُ داسن کی
جن کی ٹہل کماوءُ ॥

ਸਰਬ ਸੂਖ ਬਡਿਆਈ ਨਾਨਕ
ਜੀਵਉ ਮੁਖਹੁ ਬੁਲਾਵਉ ॥੨॥੫॥

سرب سوُکھ بڈِیائی نانک
جیِوءُ مُکھہُ بُلاوءُ ॥2॥5॥

ਦੇਵਗੰਧਾਰੀ ॥

دیوگندھاری ॥

ਪ੍ਰਭ ਜੀ ਤਉ ਪ੍ਰਸਾਦਿ ਭ੍ਰਮੁ ਡਾਰਿਓ ॥

پّربھ جی ت ءُ پّرسادِ بھّرمُ ڈارِئو ॥

ਤੁਮਰੀ ਕ੍ਰਿਪਾ ਤੇ ਸਭੁ ਕੋ ਅਪਨਾ
ਮਨ ਮਹਿ ਇਹੈ ਬੀਚਾਰਿਓ ॥੧॥ ਰਹਾਉ ॥

تُمری کّرِپا تے سبھُ کو اپنا
من مہِ اِہے بیچارِئو ॥1॥ رہاءُ ॥

ਕੋਟਿ ਪਰਾਧ ਮਿਟੇ ਤੇਰੀ ਸੇਵਾ
ਦਰਸਨਿ ਦੂਖੁ ਉਤਾਰਿਓ ॥

کوٹِ پرادھ مِٹے تیری سیوا
درسنِ دوُکھُ اُتارِئو ॥

ਨਾਮੁ ਜਪਤ ਮਹਾ ਸੁਖੁ ਪਾਇਓ
ਚਿੰਤਾ ਰੋਗੁ ਬਿਦਾਰਿਓ ॥੧॥

نامُ جپت مہا سُکھُ پائِئو
چِنّتا روگُ بِدارِئو ॥1॥

ਕਾਮੁ ਕ੍ਰੋਧੁ ਲੋਭੁ ਝੂਠੁ ਨਿੰਦਾ
ਸਾਧੂ ਸੰਗਿ ਬਿਸਾਰਿਓ ॥

کامُ کّرودھُ لوبھُ جھوُٹھُ نِندا
سادھوُ سنگِ بِسارِئو ॥

ਮਾਇਆ ਬੰਧ ਕਾਟੇ ਕਿਰਪਾ ਨਿਧਿ
ਨਾਨਕ ਆਪਿ ਉਧਾਰਿਓ ॥੨॥੬॥

مائیا بنّدھ کاٹے کِرپا نِدھِ
نانک آپِ اُدھارِئو ॥2॥6॥

ਦੇਵਗੰਧਾਰੀ ॥

دیوگندھاری ॥

ਮਨ ਸਗਲ ਸਿਆਨਪ ਰਹੀ ॥

من سگل سِیانپ رہی ॥

ਕਰਨ ਕਰਾਵਨਹਾਰ ਸੁਆਮੀ
ਨਾਨਕ ਓਟ ਗਹੀ ॥੧॥ ਰਹਾਉ ॥

کرن کراونہار سُیامی
نانک اوٹ گہی ॥1॥ رہاءُ ॥

ਆਪੁ ਮੇਟਿ ਪਏ ਸਰਣਾਈ
ਇਹ ਮਤਿ ਸਾਧੂ ਕਹੀ ॥

آپُ میٹِ پے سرٹائی
اِہ متِ سادھوُ کہی ॥

ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ
ਭਰਮੁ ਅਧੇਰਾ ਲਹੀ ॥੧॥

پربھ کی آگیا مانِ سُکھُ پائیا
بھرمُ ادھیرا لہی ॥1॥

ਜਾਨ ਪ੍ਰਬੀਨ ਸੁਆਮੀ ਪ੍ਰਭ ਮੇਰੇ
ਸਰਣਿ ਤੁਮਾਰੀ ਅਹੀ ॥

جان پربین سُیامی پربھ میرے
سرنِ تُماری اہی ॥

ਖਿਨ ਮਹਿ ਥਾਪਿ ਉਥਾਪਨਹਾਰੇ
ਕੁਦਰਤਿ ਕੀਮ ਨ ਪਹੀ ॥੨॥੭॥

کھِن مہِ تھاپِ اُتھاپنہارے
قُدرتِ قیم ن پہی ॥2॥7॥

ਦੇਵਗੰਧਾਰੀ ਮਹਲਾ ੫ ॥

دیوگندھاری محلا 5 ॥

ਹਰਿ ਪ੍ਰਾਨ ਪ੍ਰਭੂ ਸੁਖਦਾਤੇ ॥

ہرِ پران پربھوُ سُکھداتے ۔ ॥

ਗੁਰ ਪ੍ਰਸਾਦਿ ਕਾਹੂ ਜਾਤੇ ॥੧॥ ਰਹਾਉ ॥

گُر پرسادِ کاہوُ جاتے ॥1॥ رہاءُ ॥

ਸੰਤ ਤੁਮਾਰੇ ਤੁਮਰੇ ਪ੍ਰੀਤਮ
ਤਿਨ ਕਉ ਕਾਲ ਨ ਖਾਤੇ ॥

سنّت تُمارے تُمرے پریتم
تِن ک ءُ کال ن کھاتے ॥

ਰੰਗਿ ਤੁਮਾਰੈ ਲਾਲ ਭਏ ਹੈ
ਰਾਮ ਨਾਮ ਰਸਿ ਮਾਤੇ ॥੧॥

رنگِ تُمارے لال بھئے ہے
رام نام رس ماتے ॥1॥

ਮਹਾ ਕਿਲਬਿਖ ਕੋਟਿ ਦੋਖ ਰੋਗਾ
ਪ੍ਰਭ ਦ੍ਰਿਸਟਿ ਤੁਹਾਰੀ ਹਾਤੇ ॥

مہا کِلبِکھ کوٹِ دوکھ روگا
پربھ درِسٹِ تُہاری ہاتے ॥

ਸੋਵਤ ਜਾਗਿ ਹਰਿ ਹਰਿ ਹਰਿ ਗਾਇਆ
ਨਾਨਕ ਗੁਰ ਚਰਨ ਪਰਾਤੇ ॥੨॥੮॥

سووت جاگِ ہرِ ہرِ ہرِ گائیا
نانک گُر چرن پراتے ॥2॥8॥

ਦੇਵਗੰਧਾਰੀ ੫ ॥

دیوگندھاری 5 ॥

ਸੋ ਪ੍ਰਭੁ ਜਤ ਕਤ ਪੇਖਿਓ ਨੈਣੀ ॥

سو پربھُ جت کت پیکھِئو نینئی ॥

ਸੁਖਦਾਈ ਜੀਅਨ ਕੋ ਦਾਤਾ
ਅੰਮ੍ਰਿਤੁ ਜਾ ਕੀ ਬੈਣੀ ॥੧॥ ਰਹਾਉ ॥

سُکھدائی جیئن کو داتا
انمّرِتُ جا کی بینئی ॥1॥ رہاءُ ॥

ਅਗਿਆਨੁ ਅਧੇਰਾ ਸੰਤੀ ਕਾਟਿਆ
ਜੀਅ ਦਾਨੁ ਗੁਰ ਦੈਣੀ ॥

اگیانُ ادھیرا سنّتی کاٹیا
جی ء دانُ گُر دینئی ॥

ਕਰਿ ਕਿਰਪਾ ਕਰਿ ਲੀਨੋ ਅਪੁਨਾ
ਜਲਤੇ ਸੀਤਲ ਹੋਣੀ ॥੧॥

کرِ کِرپا کرِ لِینو اپُنا
جلتے سیتل ہونئی ॥1॥

ਕਰਮੁ ਧਰਮੁ ਕਿਛੁ ਉਪਜਿ ਨ ਆਇਓ
ਨਹ ਉਪਜੀ ਨਿਰਮਲ ਕਰਣੀ ॥

کرمُ دھرمُ کچھُ اُپجِ ن آئیو
نہ اُپجی نِرمل کرنی ॥

ਛਾਡਿ ਸਿਆਨਪ ਸੰਜਮ ਨਾਨਕ
ਲਾਗੋ ਗੁਰ ਕੀ ਚਰਣੀ ॥੨॥੯॥

چھاڈِ سِیانپ سنجم نانک
لاگو گُر کی چرنی ॥2॥9॥

ਦੇਵਗੰਧਾਰੀ ੫ ॥

دیوگندھاری 5 ॥

ਹਰਿ ਰਾਮ ਨਾਮੁ ਜਪਿ ਲਾਹਾ ॥

ہرِ رام نامُ جپِ لاہا ॥

ਗਤਿ ਪਾਵਹਿ ਸੁਖ ਸਹਜ ਅਨੰਦਾ
ਕਾਟੇ ਜਮ ਕੇ ਫਾਹਾ ॥੧॥ ਰਹਾਉ ॥

گتِ پاوہِ سُکھ سہج انندا
کاٹے جم کے پھاہا ॥1॥ رہاءُ ॥

ਖੋਜਤ ਖੋਜਤ ਖੋਜਿ ਬੀਚਾਰਿਓ
ਹਰਿ ਸੰਤ ਜਨ ਪਹਿ ਆਹਾ ॥

کھوجت کھوجت کھوجِ بیچارِیو
ہرِ سنّت جن پہ آہا ॥

ਤਿਨ੍ਾ ਪਰਾਪਤਿ ਏਹੁ ਨਿਧਾਨਾ
ਜਿਨ੍ ਕੈ ਕਰਮਿ ਲਿਖਾਹਾ ॥੧॥

تِنّہا پراپتِ ایہُ نِدھانا
جِنّہ کے کرمِ لِکھاہا ॥1॥

ਸੇ ਬਡਭਾਗੀ ਸੇ ਪਤਿਵੰਤੇ
ਸੇਈ ਪੂਰੇ ਸਾਹਾ ॥

سے بڈبھاگی سے پتِونّتے
سیئی پُورے ساہا ॥

ਸੁੰਦਰ ਸੁਘੜ ਸਰੂਪ ਤੇ ਨਾਨਕ
ਜਿਨ੍ ਹਰਿ ਹਰਿ ਨਾਮੁ ਵਿਸਾਹਾ ॥੨॥੧੦॥

سُنّدر سُگھڑ سروُپ تے نانک
جِنّہ ہرِ ہرِ نامُ وِساہا ॥2॥ 10 ॥

ਦੇਵਗੰਧਾਰੀ ੫ ॥

دیوگندھاری 5 ॥

ਮਨ ਕਹ ਅਹੰਕਾਰਿ ਅਫਾਰਾ ॥

من کہ اہنکارِ اپھارا ۔ ॥

ਦੁਰਗੰਧ ਅਪਵਿਤ੍ਰ ਅਪਾਵਨ ਭੀਤਰਿ
ਜੋ ਦੀਸੈ ਸੋ ਛਾਰਾ ॥੧॥ ਰਹਾਉ ॥

دُرگندھ اپوِتّر اپاون بھیترِ
جو دیسے سو چھارا ॥1॥ رہاءُ ॥

ਜਿਨਿ ਕੀਆ ਤਿਸੁ ਸਿਮਰਿ ਪਰਾਨੀ
ਜੀਉ ਪ੍ਰਾਨ ਜਿਨਿ ਧਾਰਾ ॥

جِنِ کیِیا تِس سِمرِ پرانی
جیِءُ پّران جِنِ دھارا ॥

ਤਿਸਹਿ ਤਿਆਗਿ ਅਵਰ ਲਪਟਾਵਹਿ
ਮਰਿ ਜਨਮਹਿ ਮੁਗਧ ਗਵਾਰਾ ॥੧॥

تِسہِ تِیاگِ اور لپٹاوہِ
مرِ جنمہِ مُگدھ گوارا ॥1॥

ਅੰਧ ਗੁੰਗ ਪਿੰਗੁਲ ਮਤਿ ਹੀਨਾ

اندھ گُنگ پنگُل متِ ہِینا

ਪ੍ਰਭ ਰਾਖਹੁ ਰਾਖਨਹਾਰਾ ॥

پربھ راکھہُ راکھنہارا ॥

ਕਰਨ ਕਰਾਵਨਹਾਰ ਸਮਰਥਾ
ਕਿਆ ਨਾਨਕ ਜੰਤ ਬਿਚਾਰਾ ॥੨॥੧੧॥

کرن کراونہار سمرتھا
کِیا نانک جنّت بِچارا ۔ ॥2॥ 11 ॥

ਦੇਵਗੰਧਾਰੀ ੫ ॥

دیوگنّدھاری 5 ॥

ਸੋ ਪ੍ਰਭੁ ਨੇਰੈ ਹੂ ਤੇ ਨੇਰੈ ॥

سو پربھُ نیرے ہُو تے نیرے ॥

ਸਿਮਰਿ ਧਿਆਇ ਗਾਇ ਗੁਨ ਗੋਬਿੰਦ
ਦਿਨੁ ਰੈਨਿ ਸਾਝ ਸਵੇਰੈ ॥੧॥ ਰਹਾਉ ॥

سِمرِ دھِیاءِ گاءِ گُن گوبِنّد
دِنُ رینِ ساجھ سویرے ॥1॥ رہاءُ ॥

ਉਧਰੁ ਦੇਹ ਦੁਲਭ ਸਾਧੂ ਸੰਗਿ
ਹਰਿ ਹਰਿ ਨਾਮੁ ਜਪੇਰੈ ॥

اُدھرُ دیہ دُلبھ سادھوُ سنگِ
ہرِ ہرِ نامُ جپیرے ॥

ਘਰੀ ਨ ਮੁਹਤੁ ਨ ਚਸਾ ਬਿਲੰਬਹੁ
ਕਾਲੁ ਨਿਤਹਿ ਨਿਤ ਹੇਰੈ ॥੧॥

گھری ن مُہتُ ن چسا بِلنّبہُ
کالُ نِتہِ نِت ہیرے ॥1॥

ਅੰਧ ਬਿਲਾ ਤੇ ਕਾਢਹੁ ਕਰਤੇ
ਕਿਆ ਨਾਹੀ ਘਰਿ ਤੇਰੈ ॥

انّدھ بِلا تے کاڈھہُ کرتے
کِیا ناہی گھرِ تیرے ۔ ॥

ਨਾਮੁ ਅਧਾਰੁ ਦੀਜੈ ਨਾਨਕ ਕਉ
ਆਨਦ ਸੂਖ ਘਨੇਰੈ ॥੨॥੧੨॥ ਛਕੇ ੨ ॥

نامُ ادھارُ دیجے نانک کءُ
آند سوُکھ گھنیرے ॥2॥ 12 ॥ چھکے 2 ॥

ਦੇਵਗੰਧਾਰੀ ੫ ॥

دیوگنّدھاری 5 ॥

ਮਨ ਗੁਰ ਮਿਲਿ ਨਾਮੁ ਅਰਾਧਿਓ ॥

من گُر مِلِ نامُ ارادھِئو ॥

ਸੂਖ ਸਹਜ ਆਨੰਦ ਮੰਗਲ ਰਸ
ਜੀਵਨ ਕਾ ਮੂਲੁ ਬਾਧਿਓ ॥੧॥ ਰਹਾਉ ॥

سوُکھ سہج آنند منگل رس
جیِون کا موُلُ بادھِئو ॥1॥ رہاءُ ॥

ਕਰਿ ਕਿਰਪਾ ਅਪੁਨਾ ਦਾਸੁ ਕੀਨੋ
ਕਾਟੇ ਮਾਇਆ ਫਾਧਿਓ ॥

کرِ کِرپا اپُنا داسُ کِینو
کاٹے مائیا پھادھِئو ॥

ਭਾਉ ਭਗਤਿ ਗਾਇ ਗੁਣ ਗੋਬਿਦ
ਜਮ ਕਾ ਮਾਰਗੁ ਸਾਧਿਓ ॥੧॥

بھاءُ بھگتِ گاءِ گُڑ گوبِد
جم کا مارگُ سادھِئو ॥1॥

ਭਇਓ ਅਨੁਗ੍ਰਹੁ ਮਿਟਿਓ ਮੋਰਚਾ
ਅਮੋਲ ਪਦਾਰਥੁ ਲਾਧਿਓ ॥

بھئِئو انگّرہُ مِٹئو مورچا
امول پدارتھُ لادھِئو ॥

ਬਲਿਹਾਰੈ ਨਾਨਕ ਲਖ ਬੇਰਾ
ਮੇਰੇ ਠਾਕੁਰ ਅਗਮ ਅਗਾਧਿਓ ॥੨॥੧੩॥

بلِہارے نانک لکھ بیرا
میرے ٹھاکُر اگم اگادھِئو ॥2॥ 13 ॥

ਦੇਵਗੰਧਾਰੀ ੫ ॥

دیوگندھاری 5 ॥

ਮਾਈ ਜੋ ਪ੍ਰਭ ਕੇ ਗੁਨ ਗਾਵੈ ॥

مائی جو پربھ کے گُن گاوے ॥

ਸਫਲ ਆਇਆ ਜੀਵਨ ਫਲੁ ਤਾ ਕੋ
ਪਾਰਬ੍ਰਹਮ ਲਿਵ ਲਾਵੈ ॥੧॥ ਰਹਾਉ ॥

سپھل آئیا جیون پھلُ تا کو
پاربرہم لِو لاوے ॥1॥ رہاءُ ॥

ਸੁੰਦਰੁ ਸੁਘੜੁ ਸੂਰੁ ਸੋ ਬੇਤਾ
ਜੋ ਸਾਧੂ ਸੰਗੁ ਪਾਵੈ ॥

سُندرُ سُگھڑُ سوُرُ سو بیتا
جو سادھوُ سنگُ پاوے ॥

ਨਾਮੁ ਉਚਾਰੁ ਕਰੇ ਹਰਿ ਰਸਨਾ
ਬਹੁੜਿ ਨ ਜੋਨੀ ਧਾਵੈ ॥੧॥

نامُ اُچارُ کرے ہرِ رسنا
بہُڑِ ن جونی دھاوے ॥1॥

ਪੂਰਨ ਬ੍ਰਹਮੁ ਰਵਿਆ ਮਨ ਤਨ ਮਹਿ
ਆਨ ਨ ਦ੍ਰਿਸਟੀ ਆਵੈ ॥

پوُرن برہمُ روِیا من تن مہِ
آن ن دڑِسٹی آوے ॥

ਨਰਕ ਰੋਗ ਨਹੀ ਹੋਵਤ ਜਨ ਸੰਗਿ
ਨਾਨਕ ਜਿਸੁ ਲੜਿ ਲਾਵੈ ॥੨॥੧੪॥

نرک روگ نہی ہووت جن سنگِ
نانک جِسُ لڑِ لاوے ॥2॥ 14 ॥

ਦੇਵਗੰਧਾਰੀ ੫ ॥

دیوگندھاری 5 ॥

ਚੰਚਲੁ ਸੁਪਨੈ ਹੀ ਉਰਝਾਇਓ ॥

چنچلُ سُپنے ہی اُرجھائِئو ॥

ਇਤਨੀ ਨ ਬੂਝੈ ਕਬਹੂ ਚਲਨਾ
ਬਿਕਲ ਭਇਓ ਸੰਗਿ ਮਾਇਓ ॥੧॥ ਰਹਾਉ ॥

اِتنی ن بوُجھے کبہوُ چلنا
بِکل بھئِئو سنگِ مائِئو ॥1॥ رہاءُ ॥

ਕੁਸਮ ਰੰਗ ਸੰਗ ਰਸਿ ਰਚਿਆ
ਬਿਖਿਆ ਏਕ ਉਪਾਇਓ ॥

کسم رنگ سنگ رس رچِیا
بِکھیا ایک اُپائِئو ॥

ਲੋਭ ਸੁਨੈ ਮਨਿ ਸੁਖੁ ਕਰਿ ਮਾਨੈ
ਬੇਗਿ ਤਹਾ ਉਠਿ ਧਾਇਓ ॥੧॥

لوبھ سُنے منِ سُکھُ کرِ مانے
بیگِ تہا اُٹھِ دھائِئو ॥1॥

ਫਿਰਤ ਫਿਰਤ ਬਹੁਤੁ ਸ੍ਰਮੁ ਪਾਇਓ
ਸੰਤ ਦੁਆਰੈ ਆਇਓ ॥

پھِرت پھِرت بہُت سّرمُ پائِئو
سنّت دُیارے آئِئو ॥

ਕਰੀ ਕ੍ਰਿਪਾ ਪਾਰਬ੍ਰਹਮਿ ਸੁਆਮੀ

کری کرِپا پاربرہمِ سُیامی

ਨਾਨਕ ਲੀਓ ਸਮਾਇਓ ॥੨॥੧੫॥

نانک لِینو سمائینو ॥2॥ 15 ॥

ਦੇਵਗੰਧਾਰੀ ੫ ॥

دیوگندھاری 5 ॥

ਸਰਬ ਸੁਖਾ ਗੁਰ ਚਰਨਾ ॥

سرب سُکھا گُر چرنا ॥

ਕਲਿਮਲ ਡਾਰਨ ਮਨਹਿ ਸਧਾਰਨ
ਇਹ ਆਸਰ ਮੋਹਿ ਤਰਨਾ ॥੧॥ ਰਹਾਉ ॥

کلِمل ڈارن منہِ سدھارن
اِہ آسر موہِ ترنا ॥1॥ رہاءُ ॥

ਪੂਜਾ ਅਰਚਾ ਸੇਵਾ ਬੰਦਨ
ਇਹੈ ਟਹਲ ਮੋਹਿ ਕਰਨਾ ॥

پوُجا ارچا سیوا بندن
اِہے ٹہل موہِ کرنا ॥

ਬਿਗਸੈ ਮਨੁ ਹੋਵੈ ਪਰਗਾਸਾ
ਬਹੁਰਿ ਨ ਗਰਭੈ ਪਰਨਾ ॥੧॥

بِگسے منُ ہووے پرگاسا
بہُرِ ن گربھے پرنا ॥1॥

ਸਫਲ ਮੂਰਤਿ ਪਰਸਉ ਸੰਤਨ ਕੀ
ਇਹੈ ਧਿਆਨਾ ਧਰਨਾ ॥

سپھل موُرتِ پرسءُ سنتن کی
اِہے دھِیانا دھرنا ॥

ਭਇਓ ਕ੍ਰਿਪਾਲੁ ਠਾਕੁਰੁ ਨਾਨਕ ਕਉ
ਪਰਿਓ ਸਾਧ ਕੀ ਸਰਨਾ ॥੨॥੧੬॥

بھئینو کرِپالُ ٹھاکُر نانک کءُ
پرِیو سادھ کی سرنا ॥2॥ 16 ॥

ਦੇਵਗੰਧਾਰੀ ਮਹਲਾ ੫ ॥

دیوگندھاری محلا 5 ॥

ਅਪੁਨੇ ਹਰਿ ਪਹਿ ਬਿਨਤੀ ਕਹੀਐ ॥

اپُنے ہرِ پہِ بِنتی کہیئے ॥

ਚਾਰਿ ਪਦਾਰਥ ਅਨਦ ਮੰਗਲ ਨਿਧਿ
ਸੂਖ ਸਹਜ ਸਿਧਿ ਲਹੀਐ ॥੧॥ ਰਹਾਉ ॥

چارِ پدارتھ اند منگل نِدھِ
سوُکھ سہج سِدھِ لہیئے ॥1॥ رہاءُ ॥

ਮਾਨੁ ਤਿਆਗਿ ਹਰਿ ਚਰਨੀ ਲਾਗਉ
ਤਿਸੁ ਪ੍ਰਭ ਅੰਚਲੁ ਗਹੀਐ ॥

مانُ تِیاگِ ہرِ چرنی لاگءُ
تِسُ پربھ انچلُ گہیئے ॥

ਆਚ ਨ ਲਾਗੈ ਅਗਨਿ ਸਾਗਰ ਤੇ
ਸਰਨਿ ਸੁਆਮੀ ਕੀ ਅਹੀਐ ॥੧॥

آچ ن لاگے اگنِ ساگر تے
سرنِ سُیامی کی اہیئے ॥1॥

ਕੋਟਿ ਪਰਾਧ ਮਹਾ ਅਕ੍ਰਿਤਘਨ
ਬਹੁਰਿ ਬਹੁਰਿ ਪ੍ਰਭ ਸਹੀਐ ॥

کوٹِ پرادھ مہا اکرِتگھن
بہُرِ بہُرِ پربھ سہیئے ॥

ਕਰੁਣਾ ਮੈ ਪੂਰਨ ਪਰਮੇਸੁਰ
ਨਾਨਕ ਤਿਸੁ ਸਰਨਹੀਐ ॥੨॥੧੭॥

کرُنا مے پوُرن پرمیسُر
نانک تِسُ سرنہیئے ॥2॥ 17 ॥

ਦੇਵਗੰਧਾਰੀ ੫ ॥

ديوگندھاری 5 ॥

ਗੁਰ ਕੇ ਚਰਨ ਰਿਦੈ ਪਰਵੇਸਾ ॥

گُر کے چرن رِدے پرویسا ॥

ਰੋਗ ਸੋਗ ਸਭਿ ਦੂਖ ਬਿਨਾਸੇ
ਉਤਰੇ ਸਗਲ ਕਲੇਸਾ ॥੧॥ ਰਹਾਉ ॥

روگ سوگ سبھِ دوُکھ بِناسے
اُترے سگل کلیسا ॥1॥ رہاءُ ॥

ਜਨਮ ਜਨਮ ਕੇ ਕਿਲਬਿਖ ਨਾਸਹਿ
ਕੋਟਿ ਮਜਨ ਇਸਨਾਨਾ ॥

جنم جنم کے کِلبِکھ ناسہِ
کوٹِ مجن اِسنانا ॥

ਨਾਮੁ ਨਿਧਾਨੁ ਗਾਵਤ ਗੁਣ ਗੋਬਿੰਦ
ਲਾਗੋ ਸਹਜਿ ਧਿਆਨਾ ॥੧॥

نامُ نِدھانُ گاوت گُنؔ گوبِندؔ
لاگو سہجِ دھِیانا ॥1॥

ਕਰਿ ਕਿਰਪਾ ਅਪੁਨਾ ਦਾਸੁ ਕੀਨੋ
ਬੰਧਨ ਤੋਰਿ ਨਿਰਾਰੇ ॥

کرِ کِرپا اپُنا داسُ کِینو
بندھن تورِ نِرارے ॥

ਜਪਿ ਜਪਿ ਨਾਮੁ ਜੀਵਾ ਤੇਰੀ ਬਾਣੀ
ਨਾਨਕ ਦਾਸ ਬਲਿਹਾਰੇ ॥੨॥੧੮॥ ਛਕੇ ੩ ॥

جپِ جپِ نامُ جیِوا تیری باؤٚ
نانک داس بلِہارے ॥2॥ 18 ॥ چھکے 3 ॥

ਦੇਵਗੰਧਾਰੀ ਮਹਲਾ ੫ ॥

دیوگندھاری محلا 5 ॥

ਮਾਈ ਪ੍ਰਭ ਕੇ ਚਰਨ ਨਿਹਾਰਉ ॥

مائی پربھ کے چرن نِہارءُ ॥

ਕਰਹੁ ਅਨੁਗ੍ਰਹੁ ਸੁਆਮੀ ਮੇਰੇ
ਮਨ ਤੇ ਕਬਹੁ ਨ ਡਾਰਉ ॥੧॥ ਰਹਾਉ ॥

کرہُ انُگرہُ سُیامی میرے
من تے کبہُ ن ڈارءُ ॥1॥ رہاءُ ॥

ਸਾਧੂ ਧੂਰਿ ਲਾਈ ਮੁਖਿ ਮਸਤਕਿ
ਕਾਮ ਕ੍ਰੋਧ ਬਿਖੁ ਜਾਰਉ ॥

سادھوُ دھوُرِ لائی مُکھِ مستکِ
کام کرودھ بِکھُ جارءُ ॥

ਸਭ ਤੇ ਨੀਚੁ ਆਤਮ ਕਰਿ ਮਾਨਉ
ਮਨ ਮਹਿ ਇਹੁ ਸੁਖੁ ਧਾਰਉ ॥੧॥

سبھ تے نیچُ آتم کرِ مان ءُ
من مہِ اِہُ سُکھُ دھارءُ ॥1॥

ਗੁਨ ਗਾਵਹ ਠਾਕੁਰ ਅਬਿਨਾਸੀ
ਕਲਮਲ ਸਗਲੇ ਝਾਰਉ ॥

گُن گاوہ ٹھاکُر اِبناسی
کلمل سگلے جھارءُ ॥

ਨਾਮ ਨਿਧਾਨੁ ਨਾਨਕ ਦਾਨੁ ਪਾਵਉ
ਕੰਠਿ ਲਾਇ ਉਰਿ ਧਾਰਉ ॥੨॥੧੯॥

نام نِدھانُ نانک دانُ پاوءُ
کنٹھِ لاءِ اُرِ دھارءُ ॥2॥ 19 ॥

ਦੇਵਗੰਧਾਰੀ ਮਹਲਾ ੫ ॥

دیوگندھاری محلا 5 ॥

ਪ੍ਰਭ ਜੀਉ ਪੇਖਉ ਦਰਸੁ ਤੁਮਾਰਾ ॥

پربھ جیِءُ پیکھءُ درسُ تُمارا ॥

ਸੁੰਦਰ ਧਿਆਨੁ ਧਾਰੁ ਦਿਨੁ ਰੈਨੀ
ਜੀਅ ਪ੍ਰਾਨ ਤੇ ਪਿਆਰਾ ॥੧॥ ਰਹਾਉ ॥

سُندر دھیانُ دھارُ دِنُ رینی
جیء پران تے پیارا ॥1॥ رہاءُ ॥

ਸਾਸਤ੍ਰ ਬੇਦ ਪੁਰਾਨ ਅਵਿਲੋਕੇ
ਸਿਮ੍ਰਿਤਿ ਤਤੁ ਬੀਚਾਰਾ ॥

ساستّر بید پُران اوِلوکے
سِمرّتِ تتُ بیچارا ॥

ਦੀਨਾ ਨਾਥ ਪ੍ਰਾਨਪਤਿ ਪੂਰਨ
ਭਵਜਲ ਉਧਰਨਹਾਰਾ ॥੧॥

دینا ناتھ پرانپتِ پوُرن
بھوجل اُدھرنہارا ॥1॥

ਆਦਿ ਜੁਗਾਦਿ ਭਗਤ ਜਨ ਸੇਵਕ
ਤਾ ਕੀ ਬਿਖੈ ਅਧਾਰਾ ॥

آدِ جُگادِ بھگت جن سیوک
تا کی بِکھےَ ادھارا ॥

ਤਿਨ ਜਨ ਕੀ ਧੂਰਿ ਬਾਛੈ ਨਿਤ ਨਾਨਕੁ
ਪਰਮੇਸਰੁ ਦੇਵਨਹਾਰਾ ॥੨॥੨੦॥

تِن جن کی دھوُرِ باچھےَ نِت نانکُ
پرمیسرُ دیونہارا ॥2॥ 20 ॥

ਦੇਵਗੰਧਾਰੀ ਮਹਲਾ ੫ ॥

دیوگنّدھاری محلا 5 ॥

ਤੇਰਾ ਜਨੁ ਰਾਮ ਰਸਾਇਣਿ ਮਾਤਾ ॥

تیرا جنُ رام رسائِنِ ماتا ॥

ਪ੍ਰੇਮ ਰਸਾ ਨਿਧਿ ਜਾ ਕਉ ਉਪਜੀ
ਛੋਡਿ ਨ ਕਤਹੂ ਜਾਤਾ ॥੧॥ ਰਹਾਉ ॥

پریم رسا نِدھِ جا کءُ اُپجی
چھوڈِ ن کتہوُ جاتا ॥1॥ رہاءُ ॥

ਬੈਠਤ ਹਰਿ ਹਰਿ ਸੋਵਤ ਹਰਿ ਹਰਿ
ਹਰਿ ਰਸੁ ਭੋਜਨੁ ਖਾਤਾ ॥

بیٹھت ہرِ ہرِ سووت ہرِ ہرِ
ہرِ رسُ بھوجنُ کھاتا ॥

ਅਠਸਠਿ ਤੀਰਥ ਮਜਨੁ ਕੀਨੋ
ਸਾਧੂ ਧੂਰੀ ਨਾਤਾ ॥੧॥

اٹھسٹھِ تیرتھ مجنُ کِینو
سادھوُ دھوُری ناتا ॥1॥

ਸਫਲੁ ਜਨਮੁ ਹਰਿ ਜਨ ਕਾ ਉਪਜਿਆ
ਜਿਨਿ ਕੀਨੋ ਸਉਤੁ ਬਿਧਾਤਾ ॥

سپھلُ جنمُ ہرِ جن کا اُپجیا
جِنِ کِینو سنُتُ بِدھاتا ॥

ਸਗਲ ਸਮੂਹ ਲੈ ਉਧਰੇ ਨਾਨਕ
ਪੂਰਨ ਬ੍ਰਹਮੁ ਪਛਾਤਾ ॥੨॥੨੧॥

سگل سموُہ لے اُدھرے نانک
پوُرن برہمُ پچھاتا ॥2॥ 21 ॥

ਦੇਵਗੰਧਾਰੀ ਮਹਲਾ ੫ ॥

دیوگنّدھاری محلا 5 ॥

ਮਾਈ ਗੁਰ ਬਿਨੁ ਗਿਆਨੁ ਨ ਪਾਈਐ ॥

مائی گُر بِنُ گیانُ ن پائیےَ ॥

ਅਨਿਕ ਪ੍ਰਕਾਰ ਫਿਰਤ ਬਿਲਲਾਤੇ
ਮਿਲਤ ਨਹੀ ਗੋਸਾਈਐ ॥੧॥ ਰਹਾਉ ॥

اِنک پرکار پھِرت بِلِلاتے
مِلت نہی گوسائیےَ ॥1॥ رہاءُ ॥

ਮੋਹ ਰੋਗ ਸੋਗ ਤਨੁ ਬਾਧਿਓ
ਬਹੁ ਜੋਨੀ ਭਰਮਾਈਐ ॥

موہ روگ سوگ تنُ بادھِئو
بہُ جونی بھرمائیےَ ॥

ਟਿਕਨੁ ਨ ਪਾਵੈ ਬਿਨੁ ਸਤਸੰਗਤਿ
ਕਿਸੁ ਆਗੈ ਜਾਇ ਰੂਆਈਐ ॥੧॥

ٹِکنُ ن پاوے بِنُ ستسنگتِ
کِسُ آگے جاءِ روُیائیےَ۔ ॥1॥

ਕਰੈ ਅਨੁਗ੍ਰਹੁ ਸੁਆਮੀ ਮੇਰਾ
ਸਾਧ ਚਰਨ ਚਿਤੁ ਲਾਈਐ ॥

کرے انُگرہُ سُیامی میرا
سادھ چرن چِتُ لائیےَ ॥

ਸੰਕਟ ਘੋਰ ਕਟੇ ਖਿਨ ਭੀਤਰਿ
ਨਾਨਕ ਹਰਿ ਦਰਸਿ ਸਮਾਈਐ ॥੨॥੨੨॥

سنکٹ گھور کٹے کھِن بھیترِ
نانک ہرِ درسِ سمائیےَ ॥2॥ 22 ॥

ਦੇਵਗੰਧਾਰੀ ਮਹਲਾ ੫ ॥

دیوگندھاری محلا 5 ॥

ਠਾਕੁਰ ਹੋਏ ਆਪਿ ਦਇਆਲ ॥

ٹھاکُر ہوئے آپِ دئیال ॥

ਭਈ ਕਲਿਆਣ ਅਨੰਦ ਰੂਪ ਹੋਈ ਹੈ
ਉਬਰੇ ਬਾਲ ਗੁਪਾਲ ॥ ਰਹਾਉ ॥

بھئی کلیاںٹ انند روُپ ہوئی ہے
اُبرے بال گُپال ॥ رہاءُ ॥

ਦੁਇ ਕਰ ਜੋੜਿ ਕਰੀ ਬੇਨੰਤੀ
ਪਾਰਬ੍ਰਹਮੁ ਮਨਿ ਧਿਆਇਆ ॥

دُءِ کر جوڑِ کری بینتی
پاربرہمُ منِ دھیائیا ॥

ਹਾਥੁ ਦੇਇ ਰਾਖੇ ਪਰਮੇਸੁਰਿ
ਸਗਲਾ ਦੁਰਤੁ ਮਿਟਾਇਆ ॥੧॥

ہاتھُ دےءِ راکھے پریسُرِ
سگلا دُرتُ مِٹائیا ॥1॥

ਵਰ ਨਾਰੀ ਮਿਲਿ ਮੰਗਲੁ ਗਾਇਆ
ਠਾਕੁਰ ਕਾ ਜੈਕਾਰੁ ॥

ور ناری مِلِ منگلُ گائیا
ٹھاکُر کا جیَکارُ ॥

ਕਹੁ ਨਾਨਕ ਜਨ ਕਉ ਬਲਿ ਜਾਈਐ
ਜੋ ਸਭਨਾ ਕਰੇ ਉਧਾਰੁ ॥੨॥੨੩॥

کہُ نانک جن کءُ بلِ جائیےَ
جو سبھنا کرے اُدھارُ ॥2॥ 23 ॥

ੴ ਸਤਿਗੁਰ ਪ੍ਰਸਾਦਿ ॥

ۺ ستِگُر پرسادِ ॥

ਦੇਵਗੰਧਾਰੀ ਮਹਲਾ ੫ ॥

دیوگندھاری محلا 5 ॥

ਅਪੁਨੇ ਸਤਿਗੁਰ ਪਹਿ ਬਿਨਉ ਕਹਿਆ ॥

اپُنے ستِگُر پہِ بِنءُ کہِیا ॥

ਭਏ ਕ੍ਰਿਪਾਲ ਦਇਆਲ ਦੁਖ ਭੰਜਨ
ਮੇਰਾ ਸਗਲ ਅੰਦੇਸਰਾ ਗਇਆ ॥ ਰਹਾਉ ॥

ہم پاپی پاکھنڈی لوبھی
ہمرا گُنُ اوگُنُ سبھُ سہِیا ॥

ਹਮ ਪਾਪੀ ਪਾਖੰਡੀ ਲੋਭੀ
ਹਮਰਾ ਗੁਨੁ ਅਵਗੁਨੁ ਸਭੁ ਸਹਿਆ ॥

کرُ مستکِ دھارِ ساجِ نِوازے
مُئے دُسٹ جو کھِئیا ॥1॥

ਕਰੁ ਮਸਤਕਿ ਧਾਰਿ ਸਾਜਿ ਨਿਵਾਜੇ
ਮੁਏ ਦੁਸਟ ਜੋ ਖਇਆ ॥੧॥

پرُپُکاری سرب سدھاری
سپھل درسن سہجئیا ॥

ਪਰਉਪਕਾਰੀ ਸਰਬ ਸਧਾਰੀ
ਸਫਲ ਦਰਸਨ ਸਹਜਇਆ ॥

کہُ نانک نِرگُنُ کءُ داتا
چرنُ کمل اُر دھریا ॥2॥ 24 ॥

ਕਹੁ ਨਾਨਕ ਨਿਰਗੁਣ ਕਉ ਦਾਤਾ
ਚਰਣ ਕਮਲ ਉਰ ਧਰਿਆ ॥੨॥੨੪॥

ديوگندھاری محلا 5 ॥

ਦੇਵਗੰਧਾਰੀ ਮਹਲਾ ੫ ॥

اناتھ ناتھ پربھ ہمارے ॥

ਅਨਾਥ ਨਾਥ ਪ੍ਰਭ ਹਮਾਰੇ ॥

سرنِ آئیو راکھنہارے ॥ رہاءُ ॥

ਸਰਨਿ ਆਇਓ ਰਾਖਨਹਾਰੇ ॥ ਰਹਾਉ ॥

سرب پاکھ راکھُ مُرارے ॥

ਸਰਬ ਪਾਖ ਰਾਖੁ ਮੁਰਾਰੇ ॥

آگے پاچھے انتی وارے ॥1॥

ਆਗੈ ਪਾਛੈ ਅੰਤੀ ਵਾਰੇ ॥੧॥

جب چِتوءُ تب تُہارے ॥

ਜਬ ਚਿਤਵਉ ਤਬ ਤੁਹਾਰੇ ॥

اُن سمّہارِ میرا منُ سدھارے ॥2॥

ਉਨ ਸਮ੍ਹਾਰਿ ਮੇਰਾ ਮਨੁ ਸਧਾਰੇ ॥੨॥

سُنِ گاوءُ گُر بچنارے ॥

ਸੁਨਿ ਗਾਵਉ ਗੁਰ ਬਚਨਾਰੇ ॥

بلِ بلِ جاءُ سادھ درسارے ॥3॥

ਬਲਿ ਬਲਿ ਜਾਉ ਸਾਧ ਦਰਸਾਰੇ ॥੩॥

من مہِ راکھءُ ایک اسارے ॥

ਮਨ ਮਹਿ ਰਾਖਉ ਏਕ ਅਸਾਰੇ ॥

نانک پربھ میرے کرنیہارے ॥4॥ 25 ॥

ਨਾਨਕ ਪ੍ਰਭ ਮੇਰੇ ਕਰਨੈਹਾਰੇ ॥੪॥੨੫॥

ديوگندھاری محلا 5 ॥

ਦੇਵਗੰਧਾਰੀ ਮਹਲਾ ੫ ॥

پربھ اِہے منورتھُ میرا ॥

ਪ੍ਰਭ ਇਹੈ ਮਨੋਰਥੁ ਮੇਰਾ ॥

کرِپا نِدھان دیَال موہِ دیجے

ਕ੍ਰਿਪਾ ਨਿਧਾਨ ਦਇਆਲ ਮੋਹਿ ਦੀਜੈ

ਕਰਿ ਸੰਤਨ ਕਾ ਚੇਰਾ ॥ ਰਹਾਉ ॥	کرِ سنّتن کا چیرا ॥ رہاءُ ॥
ਪ੍ਰਾਤਹਕਾਲ ਲਾਗਉ ਜਨ ਚਰਨੀ ਨਿਸ ਬਾਸੁਰ ਦਰਸੁ ਪਾਵਉ ॥	پّراتہکال لاگءُ جن چرنی نِس باسُر درسُ پاوءُ ॥
ਤਨੁ ਮਨੁ ਅਰਪਿ ਕਰਉ ਜਨ ਸੇਵਾ ਰਸਨਾ ਹਰਿ ਗੁਨ ਗਾਵਉ ॥੧॥	تنُ منُ ارپِ کرءُ جن سیوا رسنا ہرِ گُن گاوءُ ॥1॥
ਸਾਸਿ ਸਾਸਿ ਸਿਮਰਉ ਪ੍ਰਭੁ ਅਪੁਨਾ ਸੰਤਸੰਗਿ ਨਿਤ ਰਹੀਐ ॥	ساسِ ساسِ سِمرءُ پّربھُ اپُنا سنّتسنگِ نِت رہیئے ॥
ਏਕੁ ਅਧਾਰੁ ਨਾਮੁ ਧਨੁ ਮੋਰਾ ਅਨਦੁ ਨਾਨਕ ਇਹੁ ਲਹੀਐ ॥੨॥੨੬॥	ایکُ ادھارُ نامُ دھنُ مورا اندُ نانک اِہُ لہیئے ॥2॥ 26 ॥
ਰਾਗੁ ਦੇਵਗੰਧਾਰੀ ਮਹਲਾ ੫ ਘਰੁ ੩	راگُ دیوگنّدھاری محلا 5 گھرُ 3
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پّرسادِ ॥
ਮੀਤਾ ਐਸੇ ਹਰਿ ਜੀਉ ਪਾਏ ॥	مِیتا ایَسے ہرِ جیءُ پائے ॥
ਛੋਡਿ ਨ ਜਾਈ ਸਦ ਹੀ ਸੰਗੇ ਅਨਦਿਨੁ ਗੁਰ ਮਿਲਿ ਗਾਏ ॥੧॥ ਰਹਾਉ ॥	چھوڈِ ن جائی سد ہی سنگے اندِنُ گُر مِلِ گائے ॥1॥ رہاءُ ॥
ਮਿਲਿਓ ਮਨੋਹਰੁ ਸਰਬ ਸੁਖੈਨਾ ਤਿਆਗਿ ਨ ਕਤਹੂ ਜਾਏ ॥	مِلِئو منوہرُ سرب سُکھینا تِیاگِ ن کتہُو جائے ॥
ਅਨਿਕ ਅਨਿਕ ਭਾਤਿ ਬਹੁ ਪੇਖੇ ਪ੍ਰਿਅ ਰੋਮ ਨ ਸਮਸਰਿ ਲਾਏ ॥੧॥	انِک انِک بھاتِ بہُ پیکھے پّرِء روم ن سمسرِ لائے ॥1॥
ਮੰਦਰਿ ਭਾਗੁ ਸੋਭ ਦੁਆਰੈ ਅਨਹਤ ਰੁਣੁ ਝੁਣੁ ਲਾਏ ॥	منّدرِ بھاگُ سوبھ دُیارے انہت رُنُ جھُنُ لائے ॥
ਕਹੁ ਨਾਨਕ ਸਦਾ ਰੰਗੁ ਮਾਣੇ ਗ੍ਰਿਹ ਪ੍ਰਿਅ ਬੀਤੇ ਸਦ ਥਾਏ ॥੨॥੧॥੨੭॥	کہُ نانک سدا رنگُ مانے گرِہ پّرِء تھیتے سد تھائے ॥2॥1॥ 27 ॥
ਦੇਵਗੰਧਾਰੀ ੫ ॥	دیوگنّدھاری 5 ॥
ਦਰਸਨ ਨਾਮ ਕਉ ਮਨੁ ਆਛੈ ॥	درسن نام کءُ منُ آچھے ॥
ਭ੍ਰਮਿ ਆਇਓ ਹੈ ਸਗਲ ਥਾਨ ਰੇ	بھرمِ آئیو ہے سگل تھان رے

ਆਹਿ ਪਰਿਓ ਸੰਤ ਪਾਛੈ ॥੧॥ ਰਹਾਉ ॥

آہِ پرِئو سنّت پاچھےَ ॥1॥ رہاءُ ॥

ਕਿਸੁ ਹਉ ਸੇਵੀ ਕਿਸੁ ਆਰਾਧੀ
ਜੋ ਦਿਸਟੈ ਸੋ ਗਾਛੈ ॥

کِسُ ہءُ سیوی کِسُ آرادھی
جو دِسٹے سو گاچھےَ ॥

ਸਾਧਸੰਗਤਿ ਕੀ ਸਰਨੀ ਪਰੀਐ
ਚਰਣ ਰੇਨੁ ਮਨੁ ਬਾਛੈ ॥੧॥

سادھسنگتِ کی سرنی پریےِّ
چرنْ رینُ منُ باچھےَ ॥1॥

ਜੁਗਤਿ ਨ ਜਾਨਾ ਗੁਨੁ ਨਹੀ ਕੋਈ
ਮਹਾ ਦੁਤਰੁ ਮਾਇ ਆਛੈ ॥

جُگتِ ن جانا گُنُ نہی کوئی
مہا دُتّرُ ماءِ آچھےَ ॥

ਆਇ ਪਇਓ ਨਾਨਕ ਗੁਰ ਚਰਨੀ
ਤਉ ਉਤਰੀ ਸਗਲ ਦੁਰਾਛੈ ॥੨॥੨॥੨੮॥

آءِ پئِئو نانک گُر چرنی
ت ءُ اُتری سگل دُراچھےَ ॥2॥2॥ 28 ॥

ਦੇਵਗੰਧਾਰੀ ੫ ॥

دیوگنّدھاری 5 ॥

ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ ॥

انّمرِتا پرِء بچن تُہارے ॥

ਅਤਿ ਸੁੰਦਰ ਮਨਮੋਹਨ ਪਿਆਰੇ
ਸਭਹੂ ਮਧਿ ਨਿਰਾਰੇ ॥੧॥ ਰਹਾਉ ॥

اتِ سُنّدر منموہن پِیارے
سبھہُو مدھِ نِرارے ॥1॥ رہاءُ ॥

ਰਾਜੁ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ ॥

راجُ ن چاہءُ مُکتِ ن چاہءُ
منِ پرِیتِ چرن کملارے ॥

ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ
ਮੋਹਿ ਠਾਕੁਰ ਹੀ ਦਰਸਾਰੇ ॥੧॥

برہم مہیس سِدھ مُنِ اِنّدرا
موہِ ٹھاکُر ہی درسارے ॥1॥

ਦੀਨੁ ਦੁਆਰੈ ਆਇਓ ਠਾਕੁਰ
ਸਰਨਿ ਪਰਿਓ ਸੰਤ ਹਾਰੇ ॥

دِینُ دُیارے آئِئو ٹھاکُر
سرنِ پرِئو سنّت ہارے ॥

ਕਹੁ ਨਾਨਕ ਪ੍ਰਭ ਮਿਲੇ ਮਨੋਹਰ
ਮਨੁ ਸੀਤਲ ਬਿਗਸਾਰੇ ॥੨॥੩॥੨੯॥

کہُ نانک پربھ مِلے منوہر
منُ سیتل بِگسارے ॥2॥3॥ 29 ॥

ਦੇਵਗੰਧਾਰੀ ਮਹਲਾ ੫ ॥

دیوگنّدھاری محلا 5 ॥

ਹਰਿ ਜਪਿ ਸੇਵਕੁ ਪਾਰਿ ਉਤਾਰਿਓ ॥

ہرِ جپِ سیوکُ پارِ اُتارِئو ॥

ਦੀਨ ਦਇਆਲ ਭਏ ਪ੍ਰਭ ਅਪਨੇ
ਬਹੁੜਿ ਜਨਮਿ ਨਹੀ ਮਾਰਿਓ ॥੧॥ ਰਹਾਉ ॥

دِین دئیال بھئے پربھ اپنے
بہُڑِ جنمِ نہی مارِئو ॥1॥ رہاءُ ॥

ਸਾਧਸੰਗਮਿ ਗੁਣ ਗਾਵਹ ਹਰਿ ਕੇ
ਰਤਨ ਜਨਮੁ ਨਹੀ ਹਾਰਿਓ ॥

ساد ھسنگمِ گُن گاوہ ہرِ کے
رتن جنمُ نہی ہارِئو ॥

ਪ੍ਰਭ ਗੁਨ ਗਾਇ ਬਿਖੈ ਬਨੁ ਤਰਿਆ
ਕੁਲਹ ਸਮੂਹ ਉਧਾਰਿਓ ॥੧॥

پربھ گُن گاءِ بِکھے بَنُ تریا
کُلہ سموہ اُدھارِئو ॥1॥

ਚਰਨ ਕਮਲ ਬਸਿਆ ਰਿਦ ਭੀਤਰਿ
ਸਾਸਿ ਗਿਰਾਸਿ ਉਚਾਰਿਓ ॥

چرن کمل بسیا رِد بھیترِ
ساسِ گِراسِ اُچارِئو ॥

ਨਾਨਕ ਓਟ ਗਹੀ ਜਗਦੀਸੁਰ
ਪੁਨਹ ਪੁਨਹ ਬਲਿਹਾਰਿਓ ॥੨॥੪॥੩੦॥

نانک اوٹ گہی جگدیسُر
پُنہ پُنہ بلِہارِئو ॥2॥4॥ 30 ॥

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੪

راگُ دیوگندھاری محلا 5 گھرُ 4

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਕਰਤ ਫਿਰੇ ਬਨ ਭੇਖ
ਮੋਹਨ ਰਹਤ ਨਿਰਾਰ ॥੧॥ ਰਹਾਉ ॥

کرت پھرے بن بھیکھ
موہن رہت نِرار ॥1॥ رہاءُ ॥

ਕਥਨ ਸੁਨਾਵਨ ਗੀਤ ਨੀਕੇ ਗਾਵਨ
ਮਨ ਮਹਿ ਧਰਤੇ ਗਾਰ ॥੧॥

کتھن سُناون گیت نِیکے گاون
من مہِ دھرتے گار ॥1॥

ਅਤਿ ਸੁੰਦਰ ਬਹੁ ਚਤੁਰ ਸਿਆਨੇ
ਬਿਦਿਆ ਰਸਨਾ ਚਾਰ ॥੨॥

اتِ سُندر بہُ چترُ سِیانے
بِدیا رسنا چار ॥2॥

ਮਾਨ ਮੋਹ ਮੇਰ ਤੇਰ ਬਿਬਰਜਿਤ
ਏਹੁ ਮਾਰਗੁ ਖੰਡੇ ਧਾਰ ॥੩॥

مان موہ میر تیر بِبرجِت
ایہُ مارگُ کھنڈے دھار ॥3॥

ਕਹੁ ਨਾਨਕ ਤਿਨਿ ਭਵਜਲੁ ਤਰੀਅਲੇ
ਪ੍ਰਭ ਕਿਰਪਾ ਸੰਤ ਸੰਗਾਰ ॥੪॥੧॥੩੧॥

کہُ نانک تِنِ بھوجلُ تریئلے
پربھ کِرپا سنّت سنگار ॥4॥1॥ 31 ॥

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੫

راگُ دیوگندھاری محلا 5 گھرُ 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਮੈ ਪੇਖਿਓ ਰੀ ਊਚਾ
ਮੋਹਨੁ ਸਭ ਤੇ ਊਚਾ ॥

مے پیکھِئو ری اوُچا
موہنُ سبھ تے اوُچا ॥

ਆਨ ਨ ਸਮਸਰਿ ਕੋਊ ਲਾਗੈ

آن ن سمسرِ کوئوُ لاگے

ਢੂਢਿ ਰਹੇ ਹਮ ਮੂਚਾ ॥੧॥ ਰਹਾਉ ॥

ڈھوُڈھِ رہے ہم موُچا ॥1॥ رہاءُ ॥

ਬਹੁ ਬੇਅੰਤੁ ਅਤਿ ਬਡੋ ਗਾਹਰੋ
ਥਾਹ ਨਹੀ ਅਗਹੂਚਾ ॥

بہُ بیئنّتُ اتِ بڈھ گاہرو
تھاہ نہی اگہوُچا ॥

ਤੋਲਿ ਨ ਤੁਲੀਐ ਮੋਲਿ ਨ ਮੁਲੀਐ
ਕਤ ਪਾਈਐ ਮਨ ਰੂਚਾ ॥੧॥

تولِ ن تُلیئے مولِ ن مُلیئے
کت پائیئے من روُچا ۔ ॥1॥

ਖੋਜ ਅਸੰਖਾ ਅਨਿਕ ਤਪੰਥਾ
ਬਿਨੁ ਗੁਰ ਨਹੀ ਪਹੂਚਾ ॥

کھوج اسنکھا انِک تپنّتھا
بِنُ گُر نہی پہوُچا ॥

ਕਹੁ ਨਾਨਕ ਕਿਰਪਾ ਕਰੀ ਠਾਕੁਰ
ਮਿਲਿ ਸਾਧੂ ਰਸ ਭੂੰਚਾ ॥੨॥੧॥੩੨॥

کہُ نانک کِرپا کری ٹھاکُر
مِلِ سادھوُ رس بھوُنچا ॥2॥1॥ 32 ॥

ਦੇਵਗੰਧਾਰੀ ਮਹਲਾ ੫ ॥

دیوگنّدھاری محلا 5 ॥

ਮੈ ਬਹੁ ਬਿਧਿ ਪੇਖਿਓ
ਦੂਜਾ ਨਾਹੀ ਰੀ ਕੋਊ ॥

مے بہُ بِدھِ پیکھِئو
دوُجا ناہی ری کوئوُ ॥

ਖੰਡ ਦੀਪ ਸਭ ਭੀਤਰਿ ਰਵਿਆ
ਪੂਰਿ ਰਹਿਓ ਸਭ ਲੋਊ ॥੧॥ ਰਹਾਉ ॥

کھنّڈ دیپ سبھ بھیترِ روِیا
پوُرِ رہِئو سبھ لوئوُ ॥1॥ رہاءُ ॥

ਅਗਮ ਅਗੰਮਾ ਕਵਨ ਮਹਿੰਮਾ
ਮਨ ਜੀਵੈ ਸੁਨਿ ਸੋਊ ॥

اگم اگنّما کون مہِنّما
من جیوے سُنِ سوئوُ ॥

ਚਾਰਿ ਆਸਰਮ ਚਾਰਿ ਬਰੰਨਾ
ਮੁਕਤਿ ਭਏ ਸੇਵਤੋਊ ॥੧॥

چارِ آسرم چارِ برنّنا
مُکتِ بھئے سیوتوئوُ ॥1॥

ਗੁਰਿ ਸਬਦੁ ਦ੍ਰਿੜਾਇਆ ਪਰਮ ਪਦੁ ਪਾਇਆ
ਦੁਤੀਅ ਗਏ ਸੁਖ ਹੋਊ ॥

گُرِ سبدُ ڈرِڑائیا پرم پدُ پائیا
دُتیء گئے سُکھ ہوئوُ ॥

ਕਹੁ ਨਾਨਕ ਭਵ ਸਾਗਰੁ ਤਰਿਆ
ਹਰਿ ਨਿਧਿ ਪਾਈ ਸਹਜੋਊ ॥੨॥੨॥੩੩॥

کہُ نانک بھو ساگرُ تریا
ہرِ نِدھِ پائی سہجوئوُ ॥2॥2॥ 33 ॥

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੬

راگُ دیوگنّدھاری محلا 5 گھرُ 6

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਏਕੈ ਰੇ ਹਰਿ ਏਕੈ ਜਾਨ ॥

ایکے رے ہرِ ایکے جان ॥

ਏਕੈ ਰੇ ਗੁਰਮੁਖਿ ਜਾਨ ॥੧॥ ਰਹਾਉ ॥

ایکےَ رے گُرمُکھِ جان ॥1॥ رہاءُ ॥

ਕਾਹੇ ਭ੍ਰਮਤ ਹਉ ਤੁਮ ਭ੍ਰਮਹੁ ਨ ਭਾਈ
ਰਵਿਆ ਰੇ ਰਵਿਆ ਸ੍ਰਬ ਥਾਨ ॥੧॥

کاہے بھرمت ہءُ تُم بھرمہُ ن بھائی
رویا رے رویا سرب تھان ॥1॥

ਜਿਉ ਬੈਸੰਤਰੁ ਕਾਸਟ ਮਝਾਰਿ
ਬਿਨੁ ਸੰਜਮ ਨਹੀ ਕਾਰਜ ਸਾਰਿ ॥

جِءُ بیسنّترُ کاسٹ مجھارِ
بِنُ سنجم نہی کارج سارِ ॥

ਬਿਨੁ ਗੁਰ ਨ ਪਾਵੈਗੋ
ਹਰਿ ਜੀ ਕੋ ਦੁਆਰ ॥

بِنُ گُر ن پاویگو
ہرِ جی کو دُیار ॥

ਮਿਲਿ ਸੰਗਤਿ ਤਜਿ ਅਭਿਮਾਨ
ਕਹੁ ਨਾਨਕ ਪਾਏ ਹੈ ਪਰਮ ਨਿਧਾਨ ॥੨॥੧॥੩੪॥

مِلِ سنگتِ تجِ ابھِمان
کہُ نانک پائے ہےَ پرم نِدھان ॥2॥1॥ 34 ॥

ਦੇਵਗੰਧਾਰੀ ੫ ॥

دیوگندھاری 5 ॥

ਜਾਨੀ ਨ ਜਾਈ ਤਾ ਕੀ ਗਾਤਿ ॥੧॥ ਰਹਾਉ ॥

جانی ن جائی تا کی گاتِ ॥1॥ رہاءُ ॥

ਕਹ ਪੇਖਾਰਉ ਹਉ ਕਰਿ ਚਤੁਰਾਈ
ਬਿਸਮਨ ਬਿਸਮੇ ਕਹਨ ਕਹਾਤਿ ॥੧॥

کہ پیکھارءُ ہءُ کرِ چترائی
بِسمن بِسمے کہن کہاتِ ॥1॥

ਗਣ ਗੰਧਰਬ ਸਿਧ ਅਰੁ ਸਾਧਿਕ ॥

گنْ گندھرب سِدھ ارُ سادھِک ॥

ਸੁਰਿ ਨਰ ਦੇਵ ਬ੍ਰਹਮ ਬ੍ਰਹਮਾਦਿਕ ॥

سُرِ نر دیو برہم برہمادِک ॥

ਚਤੁਰ ਬੇਦ ਉਚਰਤ ਦਿਨੁ ਰਾਤਿ ॥

چترُ بید اُچرت دِنُ راتِ ॥

ਅਗਮ ਅਗਮ ਠਾਕੁਰੁ ਆਗਾਧਿ ॥

اگم اگم ٹھاکُرُ آگادھِ ॥

ਗੁਨ ਬੇਅੰਤ ਬੇਅੰਤ ਭਨੁ ਨਾਨਕ
ਕਹਨੁ ਨ ਜਾਈ ਪਰੈ ਪਰਾਤਿ ॥੨॥੨॥੩੫॥

گُن بیئنّت بیئنّت بھنُ نانک
کہنُ ن جائی پرےَ پراتِ ॥2॥2॥ 35 ॥

ਦੇਵਗੰਧਾਰੀ ਮਹਲਾ ੫ ॥

دیوگندھاری محلا 5 ॥

ਧਿਆਏ ਗਾਏ ਕਰਨੈਹਾਰ ॥

دھِیائے گائے کرنیہار ॥

ਭਉ ਨਾਹੀ ਸੁਖ ਸਹਜ ਅਨੰਦਾ
ਅਨਿਕ ਓਹੀ ਰੇ ਏਕ ਸਮਾਰ ॥੧॥ ਰਹਾਉ ॥

بھءُ ناہی سُکھ سہج انندا
انِک اوہی رے ایک سمار ॥1॥ رہاءُ ॥

ਸਫਲ ਮੂਰਤਿ ਗੁਰੁ ਮੇਰੈ ਮਾਥੈ ॥

سپھل مورتِ گُرُ میرےَ ماتھےَ ॥

ਜਤ ਕਤ ਪੇਖਉ ਤਤ ਤਤ ਸਾਥੈ ॥
جت کت پیکھ ءُ تت تت ساتھےَ ॥

ਚਰਨ ਕਮਲ ਮੇਰੇ ਪ੍ਰਾਨ ਅਧਾਰ ॥੧॥
چرن کمل میرے پّران ادھار ॥1॥

ਸਮਰਥ ਅਥਾਹ ਬਡਾ ਪ੍ਰਭੁ ਮੇਰਾ ॥
سمرتھ اتھاہ بڈا پّربھُ میرا ॥

ਘਟ ਘਟ ਅੰਤਰਿ ਸਾਹਿਬੁ ਨੇਰਾ ॥
گھٹ گھٹ انترِ صاحِبُ نیرا ॥

ਤਾਕੀ ਸਰਨਿ ਆਸਰ ਪ੍ਰਭ ਨਾਨਕ
ਜਾ ਕਾ ਅੰਤੁ ਨ ਪਾਰਾਵਾਰ ॥੨॥੩॥੩੬॥
تاکی سرنِ آسر پّربھ نانک
جا کا انّتُ ن پاراوار ॥2॥3॥ 36 ॥

ਦੇਵਗੰਧਾਰੀ ਮਹਲਾ ੫ ॥
دیوگندھاری محلا 5 ॥

ਉਲਟੀ ਰੇ ਮਨ ਉਲਟੀ ਰੇ ॥
اُلٹی رے من اُلٹی رے ۔ ॥

ਸਾਕਤ ਸਿਉ ਕਰਿ ਉਲਟੀ ਰੇ ॥
ساکت سِءُ کرِ اُلٹی رے ۔ ॥

ਝੂਠੈ ਕੀ ਰੇ ਝੂਠੁ ਪਰੀਤਿ
ਛੁਟਕੀ ਰੇ ਮਨ ਛੁਟਕੀ ਰੇ
ਸਾਕਤ ਸੰਗਿ ਨ ਛੁਟਕੀ ਰੇ ॥੧॥ ਰਹਾਉ ॥
جھوُٹھےَ کی رے جھوُٹھُ پریتِ
چھُٹکی رے من چھُٹکی رے
ساکت سنگِ ن چھُٹکی رے ۔ ॥1॥ رہاءُ ॥

ਜਿਉ ਕਾਜਰ ਭਰਿ ਮੰਦਰੁ ਰਾਖਿਓ
ਜੋ ਪੈਸੈ ਕਾਲੂਖੀ ਰੇ ॥
جِءُ کاجر بھرِ مندّرُ راکھِئو
جو پیَسےَ کالوُکھی رے ॥

ਦੂਰਹੁ ਹੀ ਤੇ ਭਾਗਿ ਗਇਓ ਹੈ
ਜਿਸੁ ਗੁਰ ਮਿਲਿ ਛੁਟਕੀ ਤ੍ਰਿਕੁਟੀ ਰੇ ॥੧॥
دوُرہُ ہی تے بھاگِ گئِئو ہےَ
جِسُ گُر مِلِ چھُٹکی تّرِکُٹی رے ॥1॥

ਮਾਗਉ ਦਾਨੁ ਕ੍ਰਿਪਾਲ ਕ੍ਰਿਪਾ ਨਿਧਿ
ਮੇਰਾ ਮੁਖੁ ਸਾਕਤ ਸੰਗਿ ਨ ਜੁਟਸੀ ਰੇ ॥
ماگ ءُ دانُ کّرپال کّرپا نِدھِ
میرا مُکھُ ساکت سنگِ ن جُٹسی رے ॥

ਜਨ ਨਾਨਕ ਦਾਸ ਦਾਸ ਕੋ ਕਰੀਅਹੁ
ਮੇਰਾ ਮੂੰਡੁ ਸਾਧ ਪਗਾ ਹੇਠਿ ਰੁਲਸੀ ਰੇ ॥੨॥੪॥੩੭॥
جن نانک داس داس کو کریئہُ
میرا موُنڈُ سادھ پگا ہیٹھِ رُلسی رے ॥2॥4॥ 37 ॥

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੭
راگُ دیوگندھاری محلا 5 گھرُ 7

ੴ ਸਤਿਗੁਰ ਪ੍ਰਸਾਦਿ ॥
ੴ ستِگُر پّرسادِ ॥

ਸਭ ਦਿਨ ਕੇ ਸਮਰਥ ਪੰਥ ਬਿਠੁਲੇ
ਹਉ ਬਲਿ ਬਲਿ ਜਾਉ ॥
سبھ دِن کے سمرتھ پنّتھ بٹھُلے
ہءُ بلِ بلِ جاءُ ॥

ਗਾਵਨ ਭਾਵਨ ਸੰਤਨ ਤੋਰੈ
ਚਰਨ ਉਵਾ ਕੈ ਪਾਉ ॥੧॥ ਰਹਾਉ ॥

گاون بھاون سنّتن تورے
چرن اُوا کے پاءُ ॥1॥ رہاءُ ॥

ਜਾਸਨ ਬਾਸਨ ਸਹਜ ਕੇਲ ਕਰੁਣਾ ਮੈ
ਏਕ ਅਨੰਤੁ ਅਨੂਪੈ ਠਾਉ ॥੧॥

جاسن باسن سہج کیل کرُنا مے
ایک اننّتُ انوُپے ٹھاءُ ॥1॥

ਰਿਧਿ ਸਿਧਿ ਨਿਧਿ ਕਰ ਤਲ ਜਗਜੀਵਨ
ਸ੍ਰਬ ਨਾਥ ਅਨੇਕੈ ਨਾਉ ॥

رِدھِ سِدھِ نِدھِ کر تل جگجیون
سّرب ناتھ انیکے ناءُ ॥

ਦਇਆ ਮਇਆ ਕਿਰਪਾ ਨਾਨਕ ਕਉ
ਸੁਨਿ ਸੁਨਿ ਜਸੁ ਜੀਵਾਉ ॥੨॥੧॥੩੮॥੬॥੪੪॥

دئیا مئیا کِرپا نانک کءُ
سُنِ سُنِ جسُ جیِواءُ ॥2॥1॥38॥6॥44॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਰਾਗੁ ਦੇਵਗੰਧਾਰੀ ਮਹਲਾ ੯ ॥

راگُ دیوگنّدھاری محلا 9 ॥

ਯਹ ਮਨੁ ਨੈਕ ਨ ਕਹਿਓ ਕਰੈ ॥

یہ منُ نیک ن کہئو کرے ॥

ਸੀਖ ਸਿਖਾਇ ਰਹਿਓ ਅਪਨੀ ਸੀ
ਦੁਰਮਤਿ ਤੇ ਨ ਟਰੈ ॥੧॥ ਰਹਾਉ ॥

سیکھ سِکھاءِ رہئو اپنی سی
دُرمتِ تے ن ٹرے ॥1॥ رہاءُ ॥

ਮਦਿ ਮਾਇਆ ਕੈ ਭਇਓ ਬਾਵਰੋ
ਹਰਿ ਜਸੁ ਨਹਿ ਉਚਰੈ ॥

مدِ مائیا کے بھئِئو باورو
ہرِ جسُ نہِ اُچرے ॥

ਕਰਿ ਪਰਪੰਚੁ ਜਗਤ ਕਉ ਡਹਕੈ
ਅਪਨੋ ਉਦਰੁ ਭਰੈ ॥੧॥

کرِ پرپنچُ جگت کءُ ڈہکے
اپنو اُدرُ بھرے ॥1॥

ਸੁਆਨ ਪੂਛ ਜਿਉ ਹੋਇ ਨ ਸੂਧੋ
ਕਹਿਓ ਨ ਕਾਨ ਧਰੈ ॥

سُیان پوُچھ جِءُ ہوءِ ن سوُدھو
کہئو ن کان دھرے ॥

ਕਹੁ ਨਾਨਕ ਭਜੁ ਰਾਮ ਨਾਮ ਨਿਤ
ਜਾ ਤੇ ਕਾਜੁ ਸਰੈ ॥੨॥੧॥

کہُ نانک بھجُ رام نام نِت
جا تے کاجُ سرے ॥2॥1॥

ਦੇਵਗੰਧਾਰੀ ਮਹਲਾ ੯ ॥

دیوگنّدھاری محلا 9 ॥

ਸਭ ਕਿਛੁ ਜੀਵਤ ਕੋ ਬਿਵਹਾਰ ॥

سبھ کِچھُ جیِوت کو بِوہار ॥

ਮਾਤ ਪਿਤਾ ਭਾਈ ਸੁਤ ਬੰਧਪ
ਅਰੁ ਫੁਨਿ ਗ੍ਰਿਹ ਕੀ ਨਾਰਿ ॥੧॥ ਰਹਾਉ ॥

مات پِتا بھائی سُت بنّدھپ
ارُ پھُنِ گرِہ کی نارِ ॥1॥ رہاءُ ॥

ਤਨ ਤੇ ਪ੍ਰਾਨ ਹੋਤ ਜਬ ਨਿਆਰੇ
ਟੇਰਤ ਪ੍ਰੇਤਿ ਪੁਕਾਰਿ ॥

تن تے پّران ہوت جب نِیارے
ٹیرت پّریتِ پُکارِ ॥

ਆਧ ਘਰੀ ਕੋਊ ਨਹਿ ਰਾਖੈ
ਘਰ ਤੇ ਦੇਤ ਨਿਕਾਰਿ ॥੧॥

آدھ گھری کوئُو نہِ راکھےَ
گھر تے دیت نِکارِ ॥1॥

ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ
ਦੇਖਹੁ ਰਿਦੈ ਬਿਚਾਰਿ ॥

مّرِگ تّرِسنا جِءُ جگ رچنا یہ
دیکھہُ رِدےَ بِچارِ ॥

ਕਹੁ ਨਾਨਕ ਭਜੁ ਰਾਮ ਨਾਮ ਨਿਤ
ਜਾ ਤੇ ਹੋਤ ਉਧਾਰ ॥੨॥੨॥

کہُ نانک بھجُ رام نام نِت
جا تے ہوت اُدھار ॥2॥2॥

ਦੇਵਗੰਧਾਰੀ ਮਹਲਾ ੯ ॥

دیوگندھاری محلا 9 ॥

ਜਗਤ ਮੈ ਝੂਠੀ ਦੇਖੀ ਪ੍ਰੀਤਿ ॥

جگت مےَ جھوُٹھی دیکھی پّریتِ ॥

ਅਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਦਾਰਾ ਕਿਆ ਮੀਤ ॥੧॥ ਰਹਾਉ ॥

اپنے ہی سُکھ سِءُ سبھ لاگے
کِیا دارا کِیا میت ۔ ॥1॥ رہاءُ ॥

ਮੇਰਉ ਮੇਰਉ ਸਭੈ ਕਹਤ ਹੈ
ਹਿਤ ਸਿਉ ਬਾਧਿਓ ਚੀਤ ॥

میرءُ میرءُ سبھےَ کہت ہےَ
ہِت سِءُ بادھِئو چیت ॥

ਅੰਤਿ ਕਾਲਿ ਸੰਗੀ ਨਹ ਕੋਊ
ਇਹ ਅਚਰਜ ਹੈ ਰੀਤਿ ॥੧॥

انّتِ کالِ سنگی نہ کوئُو
اِہ اچرج ہےَ ریتِ ॥1॥

ਮਨ ਮੂਰਖ ਅਜਹੂ ਨਹ ਸਮਝਤ
ਸਿਖ ਦੈ ਹਾਰਿਓ ਨੀਤ ॥

من مُورکھ اجھوُ نہ سمجھت
سِکھ دےَ ہارِئو نِیت ॥

ਨਾਨਕ ਭਉਜਲੁ ਪਾਰਿ ਪਰੈ
ਜਉ ਗਾਵੈ ਪ੍ਰਭ ਕੇ ਗੀਤ ॥੨॥੩॥੬॥੩੮॥੪੭॥

نانک بھئجُل پارِ پرےَ
جءُ گاوےَ پّربھ کے گیت ॥2॥3॥6॥ 38 ॥ 47 ॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ
ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ੴ ستِنامُ کرتا پُرکھُ نِربھءُ نِرویرُ اکال مُورتِ اجوُنی سیَبھنّ گُرپّرسادِ ॥

ਰਾਗੁ ਬਿਹਾਗੜਾ ਚਉਪਦੇ ਮਹਲਾ ੫ ਘਰੁ ੨ ॥

راگُ بِہاگڑا چئُپدے محلا 5 گھرُ 2 ॥

ਦੂਤਨ ਸੰਗਰੀਆ ॥

دوُتن سنگریِیا ॥

ਭੁਇਅੰਗਨਿ ਬਸਰੀਆ ॥

بھُئنگنِ بسریِیا ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سرپت | سیوا: بھائی بلجندر سنگھ جی (راڑا صاہب)

ਅਨਿਕ ਉਪਰੀਆ ॥੧॥	انِک اُپریِیا ॥1॥
ਤਉ ਮੈ ਹਰਿ ਹਰਿ ਕਰੀਆ ॥	تءُ مے ہرِ ہرِ کریِیا ॥
ਤਉ ਸੁਖ ਸਹਜਰੀਆ ॥੧॥ ਰਹਾਉ ॥	تءُ سُکھ سہجریِیا ॥1॥ رہاءُ ॥
ਮਿਥਨ ਮੋਹਰੀਆ ॥	مِتھن موہریِیا ॥
ਅਨ ਕਉ ਮੇਰੀਆ ॥	ان کءُ میریِیا ॥
ਵਿਚਿ ਘੂਮਨ ਘਿਰੀਆ ॥੨॥	وِچِ گھوُمن گھِریِیا ॥2॥
ਸਗਲ ਬਟਰੀਆ ॥	سگل بٹریِیا ॥
ਬਿਰਖ ਇਕ ਤਰੀਆ ॥	بِرکھ اِک تریِیا ॥
ਬਹੁ ਬੰਧਹਿ ਪਰੀਆ ॥੩॥	بہُ بنّدھِ پریِیا ॥3॥
ਥਿਰੁ ਸਾਧ ਸਫਰੀਆ ॥	تھِرُ سادھ صفریِیا ॥
ਜਹ ਕੀਰਤਨੁ ਹਰੀਆ ॥	جہ کیِرتنُ ہریِیا ॥
ਨਾਨਕ ਸਰਨਰੀਆ ॥੪॥੧॥	نانک سرنریِیا ॥4॥1॥
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਰਾਗੁ ਬਿਹਾਗੜਾ ਮਹਲਾ ੯ ॥	راگُ بِہاگڑا محلا 9 ॥
ਹਰਿ ਕੀ ਗਤਿ ਨਹਿ ਕੋਉ ਜਾਨੈ ॥	ہرِ کی گتِ نہِ کوءُ جانے ॥
ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ ॥੧॥ ਰਹਾਉ ॥	جوگی جتی تپی پچِ ہارے ارُ بہُ لوگ سِیانے ॥1॥ رہاءُ ॥
ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥	چھِن مہِ راءُ رنک کءُ کرئی راءُ رنک کرِ ڈارے ॥
ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥੧॥	ریِتے بھرے بھرے سکھناوے یہ تا کو بِوہارے ॥1॥
ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥	اپنی مائیا آپِ پساری آپہِ دیکھنہارا ॥

ਨਾਨਾ ਰੂਪੁ ਧਰੇ ਬਹੁ ਰੰਗੀ	نانا روُپُ دھرے بہُ رنگی
ਸਭ ਤੇ ਰਹੈ ਨਿਆਰਾ ॥੨॥	سبھ تے رہے نِیارا ॥2॥
ਅਗਨਤ ਅਪਾਰੁ ਅਲਖ ਨਿਰੰਜਨ	اگنت اپارُ الکھ نِرنجن
ਜਿਹ ਸਭ ਜਗੁ ਭਰਮਾਇਓ ॥	جِہ سبھ جگُ بھرمائِئو ॥
ਸਗਲ ਭਰਮ ਤਜਿ ਨਾਨਕ ਪ੍ਰਾਣੀ	سگل بھرم تجِ نانک پّرانّی
ਚਰਨਿ ਤਾਹਿ ਚਿਤੁ ਲਾਇਓ ॥੩॥੧॥੨॥	چرنِ تاہِ چِتُ لائِئو ॥3॥1॥2॥
ਰਾਗੁ ਬਿਹਾਗੜਾ ਛੰਤ ਮਹਲਾ ੪ ਘਰੁ ੧	راگُ بِہاگڑا چھنّت محلا 4 گھرُ 1
੧ੴ ਸਤਿਗੁਰ ਪ੍ਰਸਾਦਿ ॥	۱ۄ ستِگُر پّرسادِ ॥
ਹਰਿ ਹਰਿ ਨਾਮੁ ਧਿਆਈਐ ਮੇਰੀ ਜਿੰਦੁੜੀਏ	ہرِ ہرِ نامُ دھِیائیئے میری جِنّڈُڑیے
ਗੁਰਮੁਖਿ ਨਾਮੁ ਅਮੋਲੇ ਰਾਮ ॥	گُرمُکھِ نامُ امولے رام ॥
ਹਰਿ ਰਸਿ ਬੀਧਾ ਹਰਿ ਮਨੁ ਪਿਆਰਾ	ہرِ رسِ بیدھا ہرِ منُ پیارا
ਮਨੁ ਹਰਿ ਰਸਿ ਨਾਮਿ ਝਕੋਲੇ ਰਾਮ ॥	منُ ہرِ رسِ نامِ جھکولے رام ॥
ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ	گُرمتِ منُ ٹھہرائیئے میری جِنّڈُڑیے
ਅਨਤ ਨ ਕਾਹੂ ਡੋਲੇ ਰਾਮ ॥	انت ن کاہوُ ڈولے رام ॥
ਮਨ ਚਿੰਦਿਅੜਾ ਫਲੁ ਪਾਇਆ ਹਰਿ ਪ੍ਰਭੁ	من چِنّدِئڑا پھلُ پائیا ہرِ پّربھُ
ਗੁਣ ਨਾਨਕ ਬਾਣੀ ਬੋਲੇ ਰਾਮ ॥੧॥	گُنؤ نانک باٹی بولے رام ॥1॥
ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ	گُرمتِ منِ انّمرِتُ وُٹھڑا میری جِنّڈُڑیے
ਮੁਖਿ ਅੰਮ੍ਰਿਤ ਬੈਣ ਅਲਾਏ ਰਾਮ ॥	مُکھِ انّمرِت بیَنؤ الائے رام ॥
ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ	انّمرِت باٹی بھگت جنا کی میری جِنّڈُڑیے
ਮਨਿ ਸੁਣੀਐ ਹਰਿ ਲਿਵ ਲਾਏ ਰਾਮ ॥	منِ سُنّیئے ہرِ لِو لائے رام ॥
ਚਿਰੀ ਵਿਛੁੰਨਾ ਹਰਿ ਪ੍ਰਭੁ ਪਾਇਆ	چِری وِچھُنّا ہرِ پّربھُ پائیا
ਗਲਿ ਮਿਲਿਆ ਸਹਜਿ ਸੁਭਾਏ ਰਾਮ ॥	گلِ مِلیا سہجِ سُبھائے رام ॥
ਜਨ ਨਾਨਕ ਮਨਿ ਅਨਦੁ ਭਇਆ ਹੈ ਮੇਰੀ ਜਿੰਦੁੜੀਏ	جن نانک منِ اندُ بھئیا ہے میری جِنّڈُڑیے
ਅਨਹਤ ਸਬਦ ਵਜਾਏ ਰਾਮ ॥੨॥	انہت سبد وجائے رام ॥2॥
ਸਖੀ ਸਹੇਲੀ ਮੇਰੀਆ ਮੇਰੀ ਜਿੰਦੁੜੀਏ	سکھی سہیلی میریا میری جِنّڈُڑیے

ਕੋਈ ਹਰਿ ਪ੍ਰਭੁ ਆਣਿ ਮਿਲਾਵੈ ਰਾਮ ॥

کوئی ہرِ پربھُ آنِ مِلاوے رام ॥

ਹਉ ਮਨੁ ਦੇਵਉ ਤਿਸੁ ਆਪਣਾ ਮੇਰੀ ਜਿੰਦੁੜੀਏ
ਹਰਿ ਪ੍ਰਭ ਕੀ ਹਰਿ ਕਥਾ ਸੁਣਾਵੈ ਰਾਮ ॥

ہءُ منُ دیوءُ تِس آپنا میری جِنّڈُڑیے
ہرِ پربھ کی ہرِ کتھا سُناوے رام ॥

ਗੁਰਮੁਖਿ ਸਦਾ ਅਰਾਧਿ ਹਰਿ ਮੇਰੀ ਜਿੰਦੁੜੀਏ
ਮਨ ਚਿੰਦਿਅੜਾ ਫਲੁ ਪਾਵੈ ਰਾਮ ॥

گُرمُکھِ سدا ارادھِ ہرِ میری جِنّڈُڑیے
من چِنّدِئڑا پھلُ پاوے رام ॥

ਨਾਨਕ ਭਜੁ ਹਰਿ ਸਰਣਾਗਤੀ ਮੇਰੀ ਜਿੰਦੁੜੀਏ
ਵਡਭਾਗੀ ਨਾਮੁ ਧਿਆਵੈ ਰਾਮ ॥੩॥

نانک بھجُ ہرِ سرناگتی میری جِنّڈُڑیے
وڈبھاگی نامُ دھیاوے رام ॥3॥

ਕਰਿ ਕਿਰਪਾ ਪ੍ਰਭ ਆਇ ਮਿਲੁ ਮੇਰੀ ਜਿੰਦੁੜੀਏ
ਗੁਰਮਤਿ ਨਾਮੁ ਪਰਗਾਸੇ ਰਾਮ ॥

کرِ کرپا پربھ آءِ مِلُ میری جِنّڈُڑیے
گُرمتِ نامُ پرگاسے رام ॥

ਹਉ ਹਰਿ ਬਾਝੁ ਉਡੀਣੀਆ ਮੇਰੀ ਜਿੰਦੁੜੀਏ
ਜਿਉ ਜਲ ਬਿਨੁ ਕਮਲ ਉਦਾਸੇ ਰਾਮ ॥

ہءُ ہرِ باجھُ اُڈیِنّیا میری جِنّڈُڑیے
جِءُ جل بِنُ کمل اُداسے رام ॥

ਗੁਰਿ ਪੂਰੈ ਮੇਲਾਇਆ ਮੇਰੀ ਜਿੰਦੁੜੀਏ
ਹਰਿ ਸਜਣੁ ਹਰਿ ਪ੍ਰਭੁ ਪਾਸੇ ਰਾਮ ॥

گُرِ پورے میلائیا میری جِنّڈُڑیے
ہرِ سجنُ ہرِ پربھُ پاسے رام ॥

ਧਨੁ ਧਨੁ ਗੁਰੂ ਹਰਿ ਦਸਿਆ ਮੇਰੀ ਜਿੰਦੁੜੀਏ
ਜਨ ਨਾਨਕ ਨਾਮਿ ਬਿਗਾਸੇ ਰਾਮ ॥੪॥੧॥

دھنُ دھنُ گُرو ہرِ دسیا میری جِنّڈُڑیے
جن نانک نامِ بِگاسے رام ॥4॥1॥

ਰਾਗੁ ਬਿਹਾਗੜਾ ਮਹਲਾ ੪ ॥

راگُ بِہاگڑا محلا 4 ॥

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ
ਅੰਮ੍ਰਿਤੁ ਗੁਰਮਤਿ ਪਾਏ ਰਾਮ ॥

انّمرِتُ ہرِ ہرِ نامُ ہے میری جِنّڈُڑیے
انّمرِتُ گُرمتِ پائے رام ॥

ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ
ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥

ہئُمے مائیا بِکھُ ہے میری جِنّڈُڑیے
ہرِ انّمرِتِ بِکھُ لہِ جائے رام ॥

ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ
ਹਰਿ ਹਰਿ ਨਾਮੁ ਧਿਆਏ ਰਾਮ ॥

منُ سُکا ہریا ہوئیا میری جِنّڈُڑیے
ہرِ ہرِ نامُ دھیائے رام ॥

ਹਰਿ ਭਾਗ ਵਡੇ ਲਿਖਿ ਪਾਇਆ ਮੇਰੀ ਜਿੰਦੁੜੀਏ
ਜਨ ਨਾਨਕ ਨਾਮਿ ਸਮਾਏ ਰਾਮ ॥੧॥

ہرِ بھاگ وڈے لِکھِ پائیا میری جِنّڈُڑیے
جن نانک نامِ سمائے رام ॥1॥

ਹਰਿ ਸੇਤੀ ਮਨੁ ਬੇਧਿਆ ਮੇਰੀ ਜਿੰਦੁੜੀਏ

ہرِ سیتی منُ بیدھیا میری جِنّڈُڑیے

ਜਿਉ ਬਾਲਕ ਲਗਿ ਦੁਧ ਖੀਰੇ ਰਾਮ ॥
جِءُ بالک لگِ دُدھ کھِیرے رام ॥

ਹਰਿ ਬਿਨੁ ਸਾਂਤਿ ਨ ਪਾਈਐ ਮੇਰੀ ਜਿੰਦੁੜੀਏ
ਜਿਉ ਚਾਤ੍ਰਿਕੁ ਜਲ ਬਿਨੁ ਟੇਰੇ ਰਾਮ ॥
ہرِ بِنُ سانْتِ ن پائیِۓ میری جِنّڈُڑیِۓ
جِءُ چاتّرِکُ جل بِنُ ٹیرے رام ॥

ਸਤਿਗੁਰ ਸਰਣੀ ਜਾਇ ਪਉ ਮੇਰੀ ਜਿੰਦੁੜੀਏ
ਗੁਣ ਦਸੇ ਹਰਿ ਪ੍ਰਭ ਕੇਰੇ ਰਾਮ ॥
ستِگُر سرنْی جاءِ پءُ میری جِنّڈُڑیِۓ
گُنْ دسے ہرِ پربھ کیرے رام ॥

ਜਨ ਨਾਨਕ ਹਰਿ ਮੇਲਾਇਆ ਮੇਰੀ ਜਿੰਦੁੜੀਏ
ਘਰਿ ਵਾਜੇ ਸਬਦ ਘਣੇਰੇ ਰਾਮ ॥੨॥
جن نانک ہرِ میلائیا میری جِنّڈُڑیِۓ
گھرِ واجے سبد گھنّیرے رام ॥2॥

ਮਨਮੁਖਿ ਹਉਮੈ ਵਿਛੁੜੇ ਮੇਰੀ ਜਿੰਦੁੜੀਏ
ਬਿਖੁ ਬਾਧੇ ਹਉਮੈ ਜਾਲੇ ਰਾਮ ॥
منمُکھِ ہئُمےَ وِچھُڑے میری جِنّڈُڑیِۓ
بِکھُ بادھے ہئُمےَ جالے رام ॥

ਜਿਉ ਪੰਖੀ ਕਪੋਤਿ ਆਪੁ ਬਨ੍ਹਾਇਆ ਮੇਰੀ ਜਿੰਦੁੜੀਏ
ਤਿਉ ਮਨਮੁਖ ਸਭਿ ਵਸਿ ਕਾਲੇ ਰਾਮ ॥
جِءُ پنکھی کپوتِ آپُ بنّہائیا میری جِنّڈُڑیِۓ
تِءُ منمُکھ سبھِ وسِ کالے رام ॥

ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ
ਸੇ ਮਨਮੁਖ ਮੂੜ ਬਿਤਾਲੇ ਰਾਮ ॥
جو موہِ مائیا چِتُ لائِدے میری جِنّڈُڑیِۓ
سے منمُکھ موُڑ بِتالے رام ॥

ਜਨ ਤ੍ਰਾਹਿ ਤ੍ਰਾਹਿ ਸਰਣਾਗਤੀ ਮੇਰੀ ਜਿੰਦੁੜੀਏ
ਗੁਰ ਨਾਨਕ ਹਰਿ ਰਖਵਾਲੇ ਰਾਮ ॥੩॥
جن تّراہِ تّراہِ سرنْاگتی میری جِنّڈُڑیِۓ
گُر نانک ہرِ رکھوالے رام ॥3॥

ਹਰਿ ਜਨ ਹਰਿ ਲਿਵ ਉਬਰੇ ਮੇਰੀ ਜਿੰਦੁੜੀਏ
ਧੁਰਿ ਭਾਗ ਵਡੇ ਹਰਿ ਪਾਇਆ ਰਾਮ ॥
ہرِ جن ہرِ لِو اُبرے میری جِنّڈُڑیِۓ
دھُرِ بھاگ وڈے ہرِ پائیا رام ॥

ਹਰਿ ਹਰਿ ਨਾਮੁ ਪੋਤੁ ਹੈ ਮੇਰੀ ਜਿੰਦੁੜੀਏ
ਗੁਰ ਖੇਵਟ ਸਬਦਿ ਤਰਾਇਆ ਰਾਮ ॥
ہرِ ہرِ نامُ پوتُ ہےَ میری جِنّڈُڑیِۓ
گُر کھیوٹ سبدِ ترائیا رام ॥

ਹਰਿ ਹਰਿ ਪੁਰਖੁ ਦਇਆਲੁ ਹੈ ਮੇਰੀ ਜਿੰਦੁੜੀਏ
ਗੁਰ ਸਤਿਗੁਰ ਮੀਠ ਲਗਾਇਆ ਰਾਮ ॥
ہرِ ہرِ پُرکھُ دئیالُ ہےَ میری جِنّڈُڑیِۓ
گُر ستِگُر میٹھ لگائیا رام ॥

ਕਰਿ ਕਿਰਪਾ ਸੁਣਿ ਬੇਨਤੀ ਹਰਿ ਹਰਿ
ਜਨ ਨਾਨਕ ਨਾਮੁ ਧਿਆਇਆ ਰਾਮ ॥੪॥੨॥
کرِ کِرپا سُنْ بینتی ہرِ ہرِ
جن نانک نامُ دھِیائیا رام ॥4॥2॥

ਬਿਹਾਗੜਾ ਮਹਲਾ ੪ ॥
بِہاگڑا محلا 4 ॥

ਜਗਿ ਸੁਕ੍ਰਿਤੁ ਕੀਰਤਿ ਨਾਮੁ ਹੈ ਮੇਰੀ ਜਿੰਦੁੜੀਏ
جگِ سُکّرِتُ کیرتِ نامُ ہےَ میری جِنّڈُڑیِۓ

ਹਰਿ ਕੀਰਤਿ ਹਰਿ ਮਨਿ ਧਾਰੇ ਰਾਮ ॥

ہرِ کیرتِ ہرِ منِ دھارے رام ॥

ਹਰਿ ਹਰਿ ਨਾਮੁ ਪਵਿਤੁ ਹੈ ਮੇਰੀ ਜਿੰਦੁੜੀਏ
ਜਪਿ ਹਰਿ ਹਰਿ ਨਾਮੁ ਉਧਾਰੇ ਰਾਮ ॥

ہرِ ہرِ نامُ پوِتُ ہے میری جِنّڈُڑیے
جپِ ہرِ ہرِ نامُ اُدھارے رام ॥

ਸਭ ਕਿਲਵਿਖ ਪਾਪ ਦੁਖ ਕਟਿਆ ਮੇਰੀ ਜਿੰਦੁੜੀਏ
ਮਲੁ ਗੁਰਮੁਖਿ ਨਾਮਿ ਉਤਾਰੇ ਰਾਮ ॥

سبھ کِلوِکھ پاپ دُکھ کٹِیا میری جِنّڈُڑیے
مَلُ گُرمُکھِ نامِ اُتارے رام ॥

ਵਡ ਪੁੰਨੀ ਹਰਿ ਧਿਆਇਆ ਜਨ ਨਾਨਕ
ਹਮ ਮੂਰਖ ਮੁਗਧ ਨਿਸਤਾਰੇ ਰਾਮ ॥੧॥

وڈ پُنّنی ہرِ دھیائیا جن نانک
ہم مُورکھ مُگدھ نِستارے رام ॥1॥

ਜੋ ਹਰਿ ਨਾਮੁ ਧਿਆਇਦੇ ਮੇਰੀ ਜਿੰਦੁੜੀਏ
ਤਿਨਾ ਪੰਚੇ ਵਸਗਤਿ ਆਏ ਰਾਮ ॥

جو ہرِ نامُ دھیائِدے میری جِنّڈُڑیے
تِنا پنّچے وسگتِ آئے رام ॥

ਅੰਤਰਿ ਨਵ ਨਿਧਿ ਨਾਮੁ ਹੈ ਮੇਰੀ ਜਿੰਦੁੜੀਏ
ਗੁਰੁ ਸਤਿਗੁਰੁ ਅਲਖੁ ਲਖਾਏ ਰਾਮ ॥

انترِ نو نِدھِ نامُ ہے میری جِنّڈُڑیے
گُرُ ستِگُرُ الکھُ لکھائے رام ॥

ਗੁਰਿ ਆਸਾ ਮਨਸਾ ਪੂਰੀਆ ਮੇਰੀ ਜਿੰਦੁੜੀਏ
ਹਰਿ ਮਿਲਿਆ ਭੁਖ ਸਭ ਜਾਏ ਰਾਮ ॥

گُرِ آسا منسا پُوریا میری جِنّڈُڑیے
ہرِ مِلیا بھُکھ سبھ جائے رام ॥

ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ ਮੇਰੀ ਜਿੰਦੁੜੀਏ
ਜਨ ਨਾਨਕ ਹਰਿ ਗੁਣ ਗਾਏ ਰਾਮ ॥੨॥

دھُرِ مستکِ ہرِ پربھِ لِکھیا میری جِنّڈُڑیے
جن نانک ہرِ گُنؔ گائے رام ॥2॥

ਹਮ ਪਾਪੀ ਬਲਵੰਚੀਆ ਮੇਰੀ ਜਿੰਦੁੜੀਏ
ਪਰਦ੍ਰੋਹੀ ਠਗ ਮਾਇਆ ਰਾਮ ॥

ہم پاپی بلونچیا میری جِنّڈُڑیے
پردّروہی ٹھگ مائیا رام ॥

ਵਡਭਾਗੀ ਗੁਰੁ ਪਾਇਆ ਮੇਰੀ ਜਿੰਦੁੜੀਏ
ਗੁਰਿ ਪੂਰੈ ਗਤਿ ਮਿਤਿ ਪਾਇਆ ਰਾਮ ॥

وڈبھاگی گُرُ پائیا میری جِنّڈُڑیے
گُرِ پُورے گتِ مِتِ پائیا رام ॥

ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ
ਫਿਰਿ ਮਰਦਾ ਬਹੁੜਿ ਜੀਵਾਇਆ ਰਾਮ ॥

گُرِ انمّرِتُ ہرِ مُکھِ چوئیا میری جِنّڈُڑیے
پھِرِ مردا بہُڑِ جیوائیا رام ॥

ਜਨ ਨਾਨਕ ਸਤਿਗੁਰ ਜੋ ਮਿਲੇ ਮੇਰੀ ਜਿੰਦੁੜੀਏ
ਤਿਨ ਕੇ ਸਭ ਦੁਖ ਗਵਾਇਆ ਰਾਮ ॥੩॥

جن نانک ستِگُر جو مِلے میری جِنّڈُڑیے
تِن کے سبھ دُکھ گوائیا رام ॥3॥

ਅਤਿ ਊਤਮੁ ਹਰਿ ਨਾਮੁ ਹੈ ਮੇਰੀ ਜਿੰਦੁੜੀਏ
ਜਿਤੁ ਜਪਿਐ ਪਾਪ ਗਵਾਤੇ ਰਾਮ ॥

اتِ اوُتمُ ہرِ نامُ ہے میری جِنّڈُڑیے
جِتُ جپِئے پاپ گواتے رام ॥

ਪਤਿਤ ਪਵਿਤ੍ਰ ਗੁਰਿ ਹਰਿ ਕੀਏ ਮੇਰੀ ਜਿੰਦੁੜੀਏ
ਚਹੁ ਕੁੰਡੀ ਚਹੁ ਜੁਗਿ ਜਾਤੇ ਰਾਮ ॥

ہتت پوِتّر گُرِ ہرِ کیۓ میری جِنّڈُڑیۓ
چہُ کُنڈی چہُ جُگِ جاتے رام ॥

ਹਉਮੈ ਮੈਲੁ ਸਭ ਉਤਰੀ ਮੇਰੀ ਜਿੰਦੁੜੀਏ
ਹਰਿ ਅੰਮ੍ਰਿਤਿ ਹਰਿ ਸਰਿ ਨਾਤੇ ਰਾਮ ॥

ہئُمےَ میَلُ سبھ اُتری میری جِنّڈُڑیۓ
ہرِ انّمرِتِ ہرِ سرِ ناتے رام ॥

ਅਪਰਾਧੀ ਪਾਪੀ ਉਧਰੇ ਮੇਰੀ ਜਿੰਦੁੜੀਏ
ਜਨ ਨਾਨਕ ਖਿਨੁ ਹਰਿ ਰਾਤੇ ਰਾਮ ॥੪॥੩॥

اپرادھی پاپی اُدھرے میری جِنّڈُڑیۓ
جن نانک کھِنُ ہرِ راتے رام ॥4॥3॥

ਬਿਹਾਗੜਾ ਮਹਲਾ ੪ ॥

بِہاگڑا محلا 4 ॥

ਹਉ ਬਲਿਹਾਰੀ ਤਿਨ੍ ਕਉ ਮੇਰੀ ਜਿੰਦੁੜੀਏ
ਜਿਨ੍ ਹਰਿ ਹਰਿ ਨਾਮੁ ਅਧਾਰੋ ਰਾਮ ॥

ہءُ بلِہاری تِنّہ کءُ میری جِنّڈُڑیۓ
جِنّہ ہرِ ہرِ نامُ ادھارو رام ॥

ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਮੇਰੀ ਜਿੰਦੁੜੀਏ
ਬਿਖੁ ਭਉਜਲੁ ਤਾਰਣਹਾਰੋ ਰਾਮ ॥

گُرِ ستِگُرِ نامُ دِرڑائیا میری جِنّڈُڑیۓ
بِکھُ بھئُجلُ تارنہارو رام ॥

ਜਿਨ ਇਕ ਮਨਿ ਹਰਿ ਧਿਆਇਆ ਮੇਰੀ ਜਿੰਦੁੜੀਏ
ਤਿਨ ਸੰਤ ਜਨਾ ਜੈਕਾਰੋ ਰਾਮ ॥

جِن اِک منِ ہرِ دھِیائیا میری جِنّڈُڑیۓ
تِن سنّت جنا جیَکارو رام ॥

ਨਾਨਕ ਹਰਿ ਜਪਿ ਸੁਖੁ ਪਾਇਆ ਮੇਰੀ ਜਿੰਦੁੜੀਏ
ਸਭਿ ਦੂਖ ਨਿਵਾਰਣਹਾਰੋ ਰਾਮ ॥੧॥

نانک ہرِ جپِ سُکھُ پائیا میری جِنّڈُڑیۓ
سبھِ دوُکھ نِوارنہارو رام ॥1॥

ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ
ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥

سا رسنا دھنُ دھنّنُ ہےَ میری جِنّڈُڑیۓ
گُنؤ گاوےَ ہرِ پربھ کیرے رام ॥

ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ
ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ ॥

تے سّرون بھلے سوبھنیک ہہِ میری جِنّڈُڑیۓ
ہرِ کیرتنُ سُنہِ ہرِ تیرے رام ॥

ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ
ਜੋ ਜਾਇ ਲਗੈ ਗੁਰ ਪੈਰੇ ਰਾਮ ॥

سو سیِسُ بھلا پوِتّر پاونُ ہےَ میری جِنّڈُڑیۓ
جو جاءِ لگےَ گُر پیَرے رام ॥

ਗੁਰ ਵਿਟਹੁ ਨਾਨਕੁ ਵਾਰਿਆ ਮੇਰੀ ਜਿੰਦੁੜੀਏ
ਜਿਨਿ ਹਰਿ ਹਰਿ ਨਾਮੁ ਚਿਤੇਰੇ ਰਾਮ ॥੨॥

گُر وِٹہُ نانکُ واریا میری جِنّڈُڑیۓ
جِنِ ہرِ ہرِ نامُ چِتیرے رام ॥2॥

ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ
ਜੋ ਸਾਧੂ ਸਤਿਗੁਰੁ ਦੇਖਹਿ ਰਾਮ ॥

تے نیتّر بھلے پرواۃُ ہہِ میری جِنّڈُڑیۓ
جو سادھوُ ستِگُرُ دیکھہِ رام ॥

ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਜਿੰਦੁੜੀਏ
ਜੋ ਹਰਿ ਜਸੁ ਹਰਿ ਹਰਿ ਲੇਖਹਿ ਰਾਮ ॥

تے ہست پُنیت پوِتّر ہہِ میری جِنّڈُڑیے
جو ہرِ جسُ ہرِ ہرِ لیکھہِ رام ॥

ਤਿਸੁ ਜਨ ਕੇ ਪਗ ਨਿਤ ਪੂਜੀਅਹਿ ਮੇਰੀ ਜਿੰਦੁੜੀਏ
ਜੋ ਮਾਰਗਿ ਧਰਮ ਚਲੇਸਹਿ ਰਾਮ ॥

تِسُ جن کے پگ نِت پُوجیئہِ میری جِنّڈُڑیے
جو مارگِ دھرم چلیسہِ رام ॥

ਨਾਨਕੁ ਤਿਨ ਵਿਟਹੁ ਵਾਰਿਆ ਮੇਰੀ ਜਿੰਦੁੜੀਏ
ਹਰਿ ਸੁਣਿ ਹਰਿ ਨਾਮੁ ਮਨੇਸਹਿ ਰਾਮ ॥੩॥

نانکُ تِن وِٹہُ وارِیا میری جِنّڈُڑیے
ہرِ سُنِ ہرِ نامُ منیسہِ رام ॥3॥

ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ
ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥

دھرتِ پاتالُ آکاسُ ہے میری جِنّڈُڑیے
سبھ ہرِ ہرِ نامُ دھیاوے رام ॥

ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ
ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥

پُنُ پانی بیسنّترو میری جِنّڈُڑیے
نِت ہرِ ہرِ ہرِ جسُ گاوے رام ॥

ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ
ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥

ونُ تّرِنُ سبھُ آکارُ ہے میری جِنّڈُڑیے
مُکھِ ہرِ ہرِ نامُ دھیاوے رام ॥

ਨਾਨਕ ਤੇ ਹਰਿ ਦਰਿ ਪੈਨ੍ਹਾਇਆ ਮੇਰੀ ਜਿੰਦੁੜੀਏ
ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥੪॥੪॥

نانک تے ہرِ درِ پینّہائیا میری جِنّڈُڑیے
جو گُرمُکھِ بھگتِ منُ لاوے رام ॥4॥4॥

ਬਿਹਾਗੜਾ ਮਹਲਾ ੪ ॥

بِہاگڑا محلا 4 ॥

ਜਿਨ ਹਰਿ ਹਰਿ ਨਾਮੁ ਨ ਚੇਤਿਓ ਮੇਰੀ ਜਿੰਦੁੜੀਏ
ਤੇ ਮਨਮੁਖ ਮੂੜ ਇਆਣੇ ਰਾਮ ॥

جِن ہرِ ہرِ نامُ ن چیتیو میری جِنّڈُڑیے
تے منمُکھ موڑ اِیانے رام ॥

ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ
ਸੇ ਅੰਤਿ ਗਏ ਪਛੁਤਾਣੇ ਰਾਮ ॥

جو موہِ مائیا چِتُ لائِدے میری جِنّڈُڑیے
سے انّتِ گئے پچھُتانے رام ॥

ਹਰਿ ਦਰਗਹ ਢੋਈ ਨਾ ਲਹਨਿ੍ ਮੇਰੀ ਜਿੰਦੁੜੀਏ
ਜੋ ਮਨਮੁਖ ਪਾਪਿ ਲੁਭਾਣੇ ਰਾਮ ॥

ہرِ درگہ ڈھوئی نا لہنّہِ میری جِنّڈُڑیے
جو منمُکھ پاپِ لُبھانے رام ॥

ਜਨ ਨਾਨਕ ਗੁਰ ਮਿਲਿ ਉਬਰੇ ਮੇਰੀ ਜਿੰਦੁੜੀਏ
ਹਰਿ ਜਪਿ ਹਰਿ ਨਾਮਿ ਸਮਾਣੇ ਰਾਮ ॥੧॥

جن نانک گُر مِلِ اُبرے میری جِنّڈُڑیے
ہرِ جپِ ہرِ نامِ سمانے رام ॥1॥

ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ
ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ ॥

سبھِ جاءِ مِلہُ ستِگُرو کءُ میری جِنّڈُڑیے
جو ہرِ ہرِ نامُ دّرِڑاوے رام ॥

ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥

ہرِ جپدیا کھِنُ ڈھِل ن کیجئی میری جِنّڑےِ
مت کِ جاپے ساہُ آوے کِ ن آوے رام ॥

ਸਾ ਵੇਲਾ ਸੋ ਮੂਰਤੁ ਸਾ ਘੜੀ ਸੋ ਮੁਹਤੁ ਸਫਲੁ ਹੈ ਮੇਰੀ ਜਿੰਦੁੜੀਏ
ਜਿਤੁ ਹਰਿ ਮੇਰਾ ਚਿਤਿ ਆਵੈ ਰਾਮ ॥

سا ویلا سو مُورت سا گھڑی سو مُہت سپھلُ ہے میری جِنّڑےِ
جِتُ ہرِ میرا چِتِ آوے رام ॥

ਜਨ ਨਾਨਕ ਨਾਮੁ ਧਿਆਇਆ ਮੇਰੀ ਜਿੰਦੁੜੀਏ
ਜਮਕੰਕਰੁ ਨੇੜਿ ਨ ਆਵੈ ਰਾਮ ॥੨॥

جن نانک نامُ دھیائیا میری جِنّڑےِ
جمکنکرُ نیڑِ ن آوے رام ॥2॥

ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ
ਸੋ ਡਰੈ ਜਿਨਿ ਪਾਪ ਕਮਤੇ ਰਾਮ ॥

ہرِ ویکھے سُنے نِت سبھُ کچھُ میری جِنّڑےِ
سو ڈرے جِنِ پاپ کمتے رام ॥

ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ
ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ ॥

جِسُ انتر ہِردا سُدھُ ہے میری جِنّڑےِ
تِنِ جنِ سبھِ ڈر سُٹِ گھتے رام ॥

ਹਰਿ ਨਿਰਭਉ ਨਾਮਿ ਪਤੀਜਿਆ ਮੇਰੀ ਜਿੰਦੁੜੀਏ
ਸਭਿ ਝਖ ਮਾਰਨੁ ਦੁਸਟ ਕੁਪਤੇ ਰਾਮ ॥

ہرِ نربھءُ نامِ پتیجیا میری جِنّڑےِ
سبھِ جھکھ مارنُ دُسٹ کُپتے رام ॥

ਗੁਰੁ ਪੂਰਾ ਨਾਨਕਿ ਸੇਵਿਆ ਮੇਰੀ ਜਿੰਦੁੜੀਏ
ਜਿਨਿ ਪੈਰੀ ਆਣਿ ਸਭਿ ਘਤੇ ਰਾਮ ॥੩॥

گُرُ پُورا نانکِ سیویا میری جِنّڑےِ
جِنِ پیَری آنِ سبھِ گھتے رام ॥3॥

ਸੋ ਐਸਾ ਹਰਿ ਨਿਤ ਸੇਵੀਐ ਮੇਰੀ ਜਿੰਦੁੜੀਏ
ਜੋ ਸਭ ਦੂ ਸਾਹਿਬੁ ਵਡਾ ਰਾਮ ॥

سو ایَسا ہرِ نِت سیوےِ میری جِنّڑےِ
جو سبھ دوُ صاحِبُ وڈا رام ॥

ਜਿਨ੍ਹੀ ਇਕ ਮਨਿ ਇਕੁ ਅਰਾਧਿਆ ਮੇਰੀ ਜਿੰਦੁੜੀਏ
ਤਿਨਾ ਨਾਹੀ ਕਿਸੈ ਦੀ ਕਿਛੁ ਚਡਾ ਰਾਮ ॥

جِنّہی اِک منِ اِکُ ارادھیا میری جِنّڑےِ
تِنا ناہی کِسے دی کچھُ چڑا رام ॥

ਗੁਰ ਸੇਵਿਐ ਹਰਿ ਮਹਲੁ ਪਾਇਆ ਮੇਰੀ ਜਿੰਦੁੜੀਏ
ਝਖ ਮਾਰਨੁ ਸਭਿ ਨਿੰਦਕ ਘੰਡਾ ਰਾਮ ॥

گُر سیوِئے ہرِ محلُ پائیا میری جِنّڑےِ
جھکھ مارنُ سبھِ نِندک گھنڈا رام ॥

ਜਨ ਨਾਨਕ ਨਾਮੁ ਧਿਆਇਆ ਮੇਰੀ ਜਿੰਦੁੜੀਏ
ਧੁਰਿ ਮਸਤਕਿ ਹਰਿ ਲਿਖਿ ਛਡਾ ਰਾਮ ॥੪॥੫॥

جن نانک نامُ دھیائیا میری جِنّڑےِ
دھُرِ مستکِ ہرِ لِکھِ چھڑا رام ॥4॥5॥

ਬਿਹਾਗੜਾ ਮਹਲਾ ੪ ॥

بِہاگڑا محلا 4 ॥

ਸਭਿ ਜੀਅ ਤੇਰੇ ਤੂੰ ਵਰਤਦਾ ਮੇਰੇ ਹਰਿ ਪ੍ਰਭ
ਤੂੰ ਜਾਣਹਿ ਜੋ ਜੀਇ ਕਮਾਈਐ ਰਾਮ ॥

سبھِ جیء تیرے توُنّ ورتدا میرے ہرِ پربھ
توُنّ جانہِ جو جیِءِ کمائیےِ رام ॥

ਹਰਿ ਅੰਤਰਿ ਬਾਹਰਿ ਨਾਲਿ ਹੈ ਮੇਰੀ ਜਿੰਦੁੜੀਏ
ਸਭ ਵੇਖੈ ਮਨਿ ਮੁਕਰਾਈਐ ਰਾਮ ॥

ਮਨਮੁਖਾ ਨੋ ਹਰਿ ਦੂਰਿ ਹੈ ਮੇਰੀ ਜਿੰਦੁੜੀਏ
ਸਭ ਬਿਰਥੀ ਘਾਲ ਗਵਾਈਐ ਰਾਮ ॥

ਜਨ ਨਾਨਕ ਗੁਰਮੁਖਿ ਧਿਆਇਆ ਮੇਰੀ ਜਿੰਦੁੜੀਏ
ਹਰਿ ਹਾਜਰੁ ਨਦਰੀ ਆਈਐ ਰਾਮ ॥੧॥

ਸੇ ਭਗਤ ਸੇ ਸੇਵਕ ਮੇਰੀ ਜਿੰਦੁੜੀਏ
ਜੋ ਪ੍ਰਭ ਮੇਰੇ ਮਨਿ ਭਾਣੇ ਰਾਮ ॥

ਸੇ ਹਰਿ ਦਰਗਹ ਪੈਨਾਇਆ ਮੇਰੀ ਜਿੰਦੁੜੀਏ
ਅਹਿਨਿਸਿ ਸਾਚਿ ਸਮਾਣੇ ਰਾਮ ॥

ਤਿਨ ਕੈ ਸੰਗਿ ਮਲੁ ਉਤਰੈ ਮੇਰੀ ਜਿੰਦੁੜੀਏ
ਰੰਗਿ ਰਾਤੇ ਨਦਰਿ ਨੀਸਾਣੇ ਰਾਮ ॥

ਨਾਨਕ ਕੀ ਪ੍ਰਭ ਬੇਨਤੀ ਮੇਰੀ ਜਿੰਦੁੜੀਏ
ਮਿਲਿ ਸਾਧੂ ਸੰਗਿ ਅਘਾਣੇ ਰਾਮ ॥੨॥

ਹੇ ਰਸਨਾ ਜਪਿ ਗੋਬਿੰਦੋ ਮੇਰੀ ਜਿੰਦੁੜੀਏ
ਜਪਿ ਹਰਿ ਹਰਿ ਤ੍ਰਿਸਨਾ ਜਾਏ ਰਾਮ ॥

ਜਿਸੁ ਦਇਆ ਕਰੇ ਮੇਰਾ ਪਾਰਬ੍ਰਹਮੁ ਮੇਰੀ ਜਿੰਦੁੜੀਏ
ਤਿਸੁ ਮਨਿ ਨਾਮੁ ਵਸਾਏ ਰਾਮ ॥

ਜਿਸੁ ਭੇਟੇ ਪੂਰਾ ਸਤਿਗੁਰੂ ਮੇਰੀ ਜਿੰਦੁੜੀਏ
ਸੋ ਹਰਿ ਧਨੁ ਨਿਧਿ ਪਾਏ ਰਾਮ ॥

ਵਡਭਾਗੀ ਸੰਗਤਿ ਮਿਲੈ ਮੇਰੀ ਜਿੰਦੁੜੀਏ
ਨਾਨਕ ਹਰਿ ਗੁਣ ਗਾਏ ਰਾਮ ॥੩॥

ਥਾਨ ਥਨੰਤਰਿ ਰਵਿ ਰਹਿਆ ਮੇਰੀ ਜਿੰਦੁੜੀਏ
ਪਾਰਬ੍ਰਹਮੁ ਪ੍ਰਭੁ ਦਾਤਾ ਰਾਮ ॥

ਤਾ ਕਾ ਅੰਤੁ ਨ ਪਾਈਐ ਮੇਰੀ ਜਿੰਦੁੜੀਏ
ਪੂਰਨ ਪੁਰਖੁ ਬਿਧਾਤਾ ਰਾਮ ॥

ہرِ انتر باہر نالِ ہے میری جِنڈُڑیے
سبھ ویکھے منِ مُکرائیے رام ॥

منمُکھا نو ہرِ دوُر ہے میری جِنڈُڑیے
سبھ برتھی گھال گوائیے رام ॥

جن نانک گُرمُکھِ دھیائیا میری جِنڈُڑیے
ہرِ ہاجرُ ندری آئیے رام ॥1॥

سے بھگت سے سیوک میری جِنڈُڑیے
جو پربھ میرے منِ بھاٹے رام ॥

سے ہرِ درگہ پینائیا میری جِنڈُڑیے
اہِنِس ساچِ سماٹے رام ॥

تِن کے سنگِ مل اُترے میری جِنڈُڑیے
رنگِ راتے ندرِ نیشاٹے رام ॥

نانک کی پربھ بینتی میری جِنڈُڑیے
مِلِ سادھوُ سنگِ اگھاٹے رام ॥2॥

ہے رسنا جپِ گوبِندو میری جِنڈُڑیے
جپِ ہرِ ہرِ ترِسنا جائے رام ॥

جِس دئیا کرے میرا پاربرہمُ میری جِنڈُڑیے
تِس منِ نامُ وسائے رام ॥

جِس بھیٹے پوُرا ستِگُروُ میری جِنڈُڑیے
سو ہرِ دھنُ نِدھِ پائے رام ॥

وڈبھاگی سنگتِ مِلے میری جِنڈُڑیے
نانک ہرِ گُن گائے رام ॥3॥

تھان تھننّترِ روِ رہیا میری جِنڈُڑیے
پاربرہمُ پربھُ داتا رام ॥

تا کا انّت ن پائیے میری جِنڈُڑیے

پُورن پُرکھُ بِدھاتا رام ॥

ਸਰਬ ਜੀਆ ਪ੍ਰਤਿਪਾਲਦਾ ਮੇਰੀ ਜਿੰਦੁੜੀਏ
ਜਿਉ ਬਾਲਕ ਪਿਤ ਮਾਤਾ ਰਾਮ ॥

سرب جِیا پرتپالدا میری جِندڑیے
جِءُ بالک پِت ماتا رام ॥

ਸਹਸ ਸਿਆਣਪ ਨਹ ਮਿਲੈ ਮੇਰੀ ਜਿੰਦੁੜੀਏ
ਜਨ ਨਾਨਕ ਗੁਰਮੁਖਿ ਜਾਤਾ ਰਾਮ ॥੪॥੬॥ ਛਕਾ ੧ ॥

سہس سِیانپ نہ مِلے میری جِندڑیے
جن نانک گُرمُکھِ جاتا رام ॥4॥6॥ چھکا 1 ॥

ਬਿਹਾਗੜਾ ਮਹਲਾ ੫ ਛੰਤ ਘਰੁ ੧

بِہاگڑا محلا 5 چھنت گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ
ਜੋ ਕਰੇ ਸੁ ਧਰਮ ਨਿਆਏ ਰਾਮ ॥

ہرِ کا ایکُ اچنبھءُ دیکھیا میرے لال جِیءُ
جو کرے سُ دھرم نِیائے رام ॥

ਹਰਿ ਰੰਗੁ ਅਖਾੜਾ ਪਾਇਓਨੁ ਮੇਰੇ ਲਾਲ ਜੀਉ
ਆਵਣੁ ਜਾਣੁ ਸਬਾਏ ਰਾਮ ॥

ہرِ رنگُ اکھاڑا پائیئونُ میرے لال جِیءُ
آونُ جانُ سبائے رام ॥

ਆਵਣੁ ਤ ਜਾਣਾ ਤਿਨਹਿ ਕੀਆ
ਜਿਨਿ ਮੇਦਨਿ ਸਿਰਜੀਆ ॥

آونُ ت جاٹا تِنہِ کِیا
جِنِ میدنِ سِرجِیا ॥

ਇਕਨਾ ਮੇਲਿ ਸਤਿਗੁਰੁ ਮਹਲਿ ਬੁਲਾਏ
ਇਕਿ ਭਰਮਿ ਭੂਲੇ ਫਿਰਦਿਆ ॥

اِکنا میلِ ستِگُرُ محلِ بُلائے
اِکِ بھرمِ بھُولے پھِردیا ॥

ਅੰਤੁ ਤੇਰਾ ਤੂੰਹੈ ਜਾਣਹਿ
ਤੂੰ ਸਭ ਮਹਿ ਰਹਿਆ ਸਮਾਏ ॥

انّتُ تیرا توُنّہے جاٹہِ
توُنّ سبھ مہِ رہِیا سمائے ॥

ਸਚੁ ਕਹੈ ਨਾਨਕੁ ਸੁਣਹੁ ਸੰਤਹੁ
ਹਰਿ ਵਰਤੈ ਧਰਮ ਨਿਆਏ ॥੧॥

سچُ کہے نانکُ سُنّہُ سنّتہُ
ہرِ ورتے دھرم نِیائے ॥1॥

ਆਵਹੁ ਮਿਲਹੁ ਸਹੇਲੀਹੋ ਮੇਰੇ ਲਾਲ ਜੀਉ
ਹਰਿ ਹਰਿ ਨਾਮੁ ਅਰਾਧੇ ਰਾਮ ॥

آوہُ مِلہُ سہیلیِہو میرے لال جِیءُ
ہرِ ہرِ نامُ ارادھے رام ॥

ਕਰਿ ਸੇਵਹੁ ਪੂਰਾ ਸਤਿਗੁਰੂ ਮੇਰੇ ਲਾਲ ਜੀਉ
ਜਮ ਕਾ ਮਾਰਗੁ ਸਾਧੇ ਰਾਮ ॥

کرِ سیوہُ پُورا ستِگُرُو میرے لال جِیءُ
جم کا مارگُ سادھے رام ॥

ਮਾਰਗੁ ਬਿਖੜਾ ਸਾਧਿ ਗੁਰਮੁਖਿ
ਹਰਿ ਦਰਗਹ ਸੋਭਾ ਪਾਈਐ ॥

مارگُ بِکھڑا سادھِ گُرمُکھِ
ہرِ درگہ سوبھا پائیئے ॥

ਜਿਨ ਕਉ ਬਿਧਾਤੈ ਧੁਰਹੁ ਲਿਖਿਆ
ਤਿਨ੍ਾ ਰੈਣਿ ਦਿਨੁ ਲਿਵ ਲਾਈਐ ॥

ہِن ک ءُ بِدھاتے دھُرہُ لِکھیا
تِنّہا رَینِ دِنُ لِو لائیَے ॥

ਹਉਮੈ ਮਮਤਾ ਮੋਹੁ ਛੁਟਾ
ਜਾ ਸੰਗਿ ਮਿਲਿਆ ਸਾਧੇ ॥

ہئُمے ممتا موہُ چھُٹا
جا سنگِ مِلیا سادھے ॥

ਜਨੁ ਕਹੈ ਨਾਨਕੁ ਮੁਕਤੁ ਹੋਆ
ਹਰਿ ਹਰਿ ਨਾਮੁ ਅਰਾਧੇ ॥੨॥

جنُ کہے نانکُ مُکتُ ہویا
ہرِ ہرِ نامُ ارادھے ॥2॥

ਕਰ ਜੋੜਿਹੁ ਸੰਤ ਇਕਤ੍ਰ ਹੋਇ ਮੇਰੇ ਲਾਲ ਜੀਉ
ਅਬਿਨਾਸੀ ਪੁਰਖੁ ਪੂਜੇਹਾ ਰਾਮ ॥

کر جوڑِہُ سنّت اِکتّر ہوءِ میرے لال جیِءُ
ابِناسی پُرکھُ پوُجیہا رام ॥

ਬਹੁ ਬਿਧਿ ਪੂਜਾ ਖੋਜੀਆ ਮੇਰੇ ਲਾਲ ਜੀਉ
ਇਹੁ ਮਨੁ ਤਨੁ ਸਭੁ ਅਰਪੇਹਾ ਰਾਮ ॥

بہُ بِدھِ پوُجا کھوجِیا میرے لال جیِءُ
اِہُ منُ تنُ سبھُ ارپیہا رام ॥

ਮਨੁ ਤਨੁ ਧਨੁ ਸਭੁ ਪ੍ਰਭੂ ਕੇਰਾ
ਕਿਆ ਕੋ ਪੂਜ ਚੜਾਵਏ ॥

منُ تنُ دھنُ سبھُ پربھوُ کیرا
کِیا کو پوُج چڑاوئے ۔ ॥

ਜਿਸੁ ਹੋਇ ਕ੍ਰਿਪਾਲੁ ਦਇਆਲੁ ਸੁਆਮੀ
ਸੋ ਪ੍ਰਭ ਅੰਕਿ ਸਮਾਵਏ ॥

جِسُ ہوءِ کرِپالُ دئیالُ سُیامی
سو پربھ انکِ سماوئے ॥

ਭਾਗੁ ਮਸਤਕਿ ਹੋਇ ਜਿਸ ਕੈ
ਤਿਸੁ ਗੁਰ ਨਾਲਿ ਸਨੇਹਾ ॥

بھاگُ مستکِ ہوءِ جِس کے
تِس گُر نالِ سنیہا ॥

ਜਨੁ ਕਹੈ ਨਾਨਕੁ ਮਿਲਿ ਸਾਧਸੰਗਤਿ
ਹਰਿ ਹਰਿ ਨਾਮੁ ਪੂਜੇਹਾ ॥੩॥

جنُ کہے نانکُ مِلِ سادھسنگتِ
ہرِ ہرِ نامُ پوُجیہا ॥3॥

ਦਹ ਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਉ
ਹਰਿ ਪਾਇਅੜਾ ਘਰਿ ਆਏ ਰਾਮ ॥

دہ دِس کھوجت ہم پھِرے میرے لال جیِءُ
ہرِ پائیڑا گھرِ آئے رام ॥

ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ
ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥

ہرِ منّدرُ ہرِ جیِءُ ساجِیا میرے لال جیِءُ
ہرِ تِس مہِ رہِیا سمائے رام ॥

ਸਰਬੇ ਸਮਾਣਾ ਆਪਿ ਸੁਆਮੀ
ਗੁਰਮੁਖਿ ਪਰਗਟੁ ਹੋਇਆ ॥

سربے سماٹا آپِ سُیامی
گُرمُکھِ پرگٹُ ہوئیا ॥

ਮਿਟਿਆ ਅਧੇਰਾ ਦੂਖੁ ਨਾਠਾ
ਅਮਿਉ ਹਰਿ ਰਸੁ ਚੋਇਆ ॥

مِٹیا ادھیرا دوُکھُ ناٹھا

ਜਹਾ ਦੇਖਾ ਤਹਾ ਸੁਆਮੀ
ਪਾਰਬ੍ਰਹਮੁ ਸਭ ਠਾਏ ॥

جہا دیکھا تہا سُیامی
پاربرّہمُ سبھ ٹھائے ॥

ਜਨੁ ਕਹੈ ਨਾਨਕੁ ਸਤਿਗੁਰਿ ਮਿਲਾਇਆ
ਹਰਿ ਪਾਇਅੜਾ ਘਰਿ ਆਏ ॥੪॥੧॥

جنُ کہے نانکُ ستِگُرِ مِلائیا
ہرِ پائیڑا گھرِ آئے ॥4॥1॥

ਰਾਗੁ ਬਿਹਾਗੜਾ ਮਹਲਾ ੫ ॥

راگُ بِہاگڑا محلا 5 ॥

ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ
ਪ੍ਰਾਨ ਅਧਾਰਾ ਰਾਮ ॥

اتِ پرِیتم من موہنا گھٹ سوہنا
پران ادھارا رام ॥

ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ
ਅਪਰ ਅਪਾਰਾ ਰਾਮ ॥

سُندر سوبھا لال گوپال دیَیال کی
اپر اپارا رام ॥

ਗੋਪਾਲ ਦਇਆਲ ਗੋਬਿੰਦ ਲਾਲਨ
ਮਿਲਹੁ ਕੰਤ ਨਿਮਾਣੀਆ ॥

گوپال دیَیال گوبِندّ لالن
مِلہُ کنّت نِماٹیا ॥

ਨੈਨ ਤਰਸਨ ਦਰਸ ਪਰਸਨ
ਨਹ ਨੀਦ ਰੈਣਿ ਵਿਹਾਣੀਆ ॥

نَین ترسن درس پرسن
نہ نِید رَیڑِ وِہاٹیا ॥

ਗਿਆਨ ਅੰਜਨ ਨਾਮ ਬਿੰਜਨ
ਭਏ ਸਗਲ ਸੀਗਾਰਾ ॥

گیان انّجن نام بِنّجن
بھئے سگل سِیگارا ॥

ਨਾਨਕੁ ਪਇਅੰਪੈ ਸੰਤ ਜੰਪੈ
ਮੇਲਿ ਕੰਤੁ ਹਮਾਰਾ ॥੧॥

نانکُ پِئنّپے سنّت جنّپے
میلِ کنّتُ ہمارا ॥1॥

ਲਾਖ ਉਲਾਹਨੇ ਮੋਹਿ
ਹਰਿ ਜਬ ਲਗੁ ਨਹ ਮਿਲੈ ਰਾਮ ॥

لاکھ اُلاہنے موہِ
ہرِ جب لگُ نہ مِلےَ رام ॥

ਮਿਲਨ ਕਉ ਕਰਉ ਉਪਾਵ
ਕਿਛੁ ਹਮਾਰਾ ਨਹ ਚਲੈ ਰਾਮ ॥

مِلن ک ءُ کرءُ اُپاو
کِچھُ ہمارا نہ چلےَ رام ॥

ਚਲ ਚਿਤ ਬਿਤ ਅਨਿਤ ਪ੍ਰਿਅ ਬਿਨੁ
ਕਵਨ ਬਿਧੀ ਨ ਧੀਜੀਐ ॥

چل چِت بِت انِت پرِء بِنُ
کون بِدھی ن دھیجیِّے ॥

ਖਾਨ ਪਾਨ ਸੀਗਾਰ ਬਿਰਥੇ

کھان پان سِیگار بِرتھے

ਹਰਿ ਕੰਤ ਬਿਨੁ ਕਿਉ ਜੀਜੀਐ ॥

ہرِ کنّت بِنُ کِءُ جیجیئے ۔ ॥

ਆਸਾ ਪਿਆਸੀ ਰੈਨਿ ਦਿਨੀਅਰੁ
ਰਹਿ ਨ ਸਕੀਐ ਇਕੁ ਤਿਲੈ ॥

آسا پیاسی ریَنِ دِنیئرُ
رہِ ن سکیئے اِکُ تِلےَ ॥

ਨਾਨਕੁ ਪਇਅੰਪੈ ਸੰਤ ਦਾਸੀ
ਤਉ ਪ੍ਰਸਾਦਿ ਮੇਰਾ ਪਿਰੁ ਮਿਲੈ ॥੨॥

نانکُ پئنّپے سنّت داسی
تءُ پرّسادِ میرا پِرُ مِلےَ ॥2॥

ਸੇਜ ਏਕ ਪ੍ਰਿਉ ਸੰਗਿ
ਦਰਸੁ ਨ ਪਾਈਐ ਰਾਮ ॥

سیج ایک پرِءُ سنگِ
درسُ ن پائیئے رام ॥

ਅਵਗਨ ਮੋਹਿ ਅਨੇਕ ਕਤ ਮਹਲਿ ਬੁਲਾਈਐ ਰਾਮ ॥

اوگن موہِ انیک کت محلِ بُلائیئے رام ॥

ਨਿਰਗੁਨਿ ਨਿਮਾਣੀ ਅਨਾਥਿ ਬਿਨਵੈ
ਮਿਲਹੁ ਪ੍ਰਭ ਕਿਰਪਾ ਨਿਧੇ ॥

نِرگُنِ نِمانٹی اناتھِ بِنوے
مِلہُ پربھ کِرپا نِدھے ۔ ॥

ਭ੍ਰਮ ਭੀਤਿ ਖੋਈਐ ਸਹਜਿ ਸੋਈਐ
ਪ੍ਰਭ ਪਲਕ ਪੇਖਤ ਨਵ ਨਿਧੇ ॥

بھرّم بھیتِ کھوئیئے سہجِ سوئیئے
پربھ پلک پیکھت نو نِدھے ॥

ਗ੍ਰਿਹਿ ਲਾਲੁ ਆਵੈ ਮਹਲੁ ਪਾਵੈ
ਮਿਲਿ ਸੰਗਿ ਮੰਗਲੁ ਗਾਈਐ ॥

گرِہِ لالُ آوے محلُ پاوے
مِلِ سنگِ منگلُ گائیئے ॥

ਨਾਨਕੁ ਪਇਅੰਪੈ ਸੰਤ ਸਰਣੀ ਮੋਹਿ ਦਰਸੁ ਦਿਖਾਈਐ
॥੩॥

نانکُ پئنّپے سنّت سرنٹی موہِ درسُ دِکھائیئے ॥3॥

ਸੰਤਨ ਕੈ ਪਰਸਾਦਿ
ਹਰਿ ਹਰਿ ਪਾਇਆ ਰਾਮ ॥

سنّتن کے پرسادِ
ہرِ ہرِ پائیا رام ॥

ਇਛ ਪੁੰਨੀ ਮਨਿ ਸਾਂਤਿ
ਤਪਤਿ ਬੁਝਾਇਆ ਰਾਮ ॥

اِچھ پُنّنی منِ سانتِ
تپتِ بُجھائیا رام ॥

ਸਫਲਾ ਸੁ ਦਿਨਸ ਰੈਣੇ ਸੁਹਾਵੀ
ਅਨਦ ਮੰਗਲ ਰਸੁ ਘਨਾ ॥

سپھلا سُ دِنس ریَنے سُہاوی
اند منگل رسُ گھنا ॥

ਪ੍ਰਗਟੇ ਗੁਪਾਲ ਗੋਬਿੰਦ ਲਾਲਨ
ਕਵਨ ਰਸਨਾ ਗੁਣ ਭਨਾ ॥

پرّگٹے گُپال گوبِند لالن
کون رسنا گُنٹ بھنا ۔ ॥

ਭ੍ਰਮ ਲੋਭ ਮੋਹ ਬਿਕਾਰ ਥਾਕੇ
ਮਿਲਿ ਸਖੀ ਮੰਗਲੁ ਗਾਇਆ ॥

بھرّم لوبھ موہ بِکار تھاکے

ਨਾਨਕੁ ਪਇਅੰਪੈ ਸੰਤ ਜੰਪੈ
ਜਿਨਿ ਹਰਿ ਹਰਿ ਸੰਜੋਗਿ ਮਿਲਾਇਆ ॥੪॥੨॥

ਬਿਹਾਗੜਾ ਮਹਲਾ ੫ ॥

ਕਰਿ ਕਿਰਪਾ ਗੁਰ ਪਾਰਬ੍ਰਹਮ ਪੂਰੇ
ਅਨਦਿਨੁ ਨਾਮੁ ਵਖਾਣਾ ਰਾਮ ॥

ਅੰਮ੍ਰਿਤ ਬਾਣੀ ਉਚਰਾ ਹਰਿ ਜਸੁ
ਮਿਠਾ ਲਾਗੈ ਤੇਰਾ ਭਾਣਾ ਰਾਮ ॥

ਕਰਿ ਦਇਆ ਮਇਆ ਗੋਪਾਲ ਗੋਬਿੰਦ
ਕੋਇ ਨਾਹੀ ਤੁਝ ਬਿਨਾ ॥

ਸਮਰਥ ਅਗਥ ਅਪਾਰ ਪੂਰਨ
ਜੀਉ ਤਨੁ ਧਨੁ ਤੁਮ੍ ਮਨਾ ॥

ਮੂਰਖ ਮੁਗਧ ਅਨਾਥ ਚੰਚਲ
ਬਲਹੀਨ ਨੀਚ ਅਜਾਣਾ ॥

ਬਿਨਵੰਤਿ ਨਾਨਕ ਸਰਣਿ ਤੇਰੀ
ਰਖਿ ਲੇਹੁ ਆਵਣ ਜਾਣਾ ॥੧॥

ਸਾਧਹ ਸਰਣੀ ਪਾਈਐ ਹਰਿ ਜੀਉ
ਗੁਣ ਗਾਵਹ ਹਰਿ ਨੀਤਾ ਰਾਮ ॥

ਧੂਰਿ ਭਗਤਨ ਕੀ ਮਨਿ ਤਨਿ ਲਗਉ ਹਰਿ ਜੀਉ
ਸਭ ਪਤਿਤ ਪੁਨੀਤਾ ਰਾਮ ॥

ਪਤਿਤਾ ਪੁਨੀਤਾ ਹੋਹਿ ਤਿਨ੍ ਸੰਗਿ
ਜਿਨ੍ ਬਿਧਾਤਾ ਪਾਇਆ ॥

ਨਾਮ ਰਾਤੇ ਜੀਅ ਦਾਤੇ
ਨਿਤ ਦੇਹਿ ਚੜਹਿ ਸਵਾਇਆ ॥

ਰਿਧਿ ਸਿਧਿ ਨਵ ਨਿਧਿ ਹਰਿ ਜਪਿ

مِلِ سکھی منگلُ گائِیا ॥

نانکُ پِنَنپے سنّت جنّپے
جِنِ ہرِ ہرِ سنجوگِ مِلائِیا ॥4॥2॥

بِہاگڑا محلا 5 ॥

کرِ کِرپا گُر پاربّرہم پُورے
اندِنُ نامُ وکھاٹا رام ॥

انّمرِت بانٹی اُچرا ہرِ جسُ
مِٹھا لاگے تیرا بھاٹا رام ॥

کرِ دئیا مئیا گوپال گوبِنّد
کوءِ ناہی تُجھ بِنا ॥

سمرتھ اگتھ اپار پُورن
جیءُ تنُ دھنُ تُمہ منا ॥

مُورکھ مُگدھ اناتھ چنچّل
بلہین نِچ اجاٹا ॥

بِنونّتِ نانک سرنٹِ تیری
رکھِ لیہُ آونٹ جاٹا ॥1॥

سادھ سرنٹی پائیئے ہرِ جیءُ
گُنٹ گاوہ ہرِ نِیتا رام ॥

دھوُرِ بھگتن کی منِ تنِ لگءُ ہرِ جیءُ
سبھ پتِت پُنیتا رام ॥

پتِتا پُنیتا ہوہِ تِنّہ سنگِ
جِنّہ بِدھاتا پائِیا ॥

نام راتے جیء داتے
نِت دیہِ چڑہِ سوائِیا ॥

رِدھِ سِدھِ نو نِدھِ ہرِ جپِ

ਜਿਨੀ ਆਤਮੁ ਜੀਤਾ ॥

جِنی آتمُ جیتا ॥

ਬਿਨਵੰਤਿ ਨਾਨਕੁ ਵਡਭਾਗਿ ਪਾਈਅਹਿ
ਸਾਧ ਸਾਜਨ ਮੀਤਾ ॥੨॥

بِنونَتِ نانکُ وڈبھاگِ پائیَہِ
سادھ ساجن مِیتا ॥2॥

ਜਿਨੀ ਸਚੁ ਵਣੰਜਿਆ ਹਰਿ ਜੀਉ
ਸੇ ਪੂਰੇ ਸਾਹਾ ਰਾਮ ॥

جِنی سچُ وَنْجیا ہرِ جیِءُ
سے پُورے ساہا رام ॥

ਬਹੁਤੁ ਖਜਾਨਾ ਤਿੰਨ ਪਹਿ ਹਰਿ ਜੀਉ
ਹਰਿ ਕੀਰਤਨੁ ਲਾਹਾ ਰਾਮ ॥

بہُتُ خزانا تِنّن پہِ ہرِ جیِءُ
ہرِ کیرتنُ لاہا رام ॥

ਕਾਮੁ ਕ੍ਰੋਧੁ ਨ ਲੋਭੁ ਬਿਆਪੈ
ਜੋ ਜਨ ਪ੍ਰਭ ਸਿਉ ਰਾਤਿਆ ॥

کامُ کرودھُ ن لوبھُ بِیاپے
جو جن پربھ سِءُ راتِیا ॥

ਏਕੁ ਜਾਨਹਿ ਏਕੁ ਮਾਨਹਿ
ਰਾਮ ਕੈ ਰੰਗਿ ਮਾਤਿਆ ॥

ایکُ جانہِ ایکُ مانہِ
رام کے رنگِ ماتِیا ॥

ਲਗਿ ਸੰਤ ਚਰਣੀ ਪੜੇ ਸਰਣੀ
ਮਨਿ ਤਿਨਾ ਓਮਾਹਾ ॥

لگِ سنّت چرنّی پڑے سرنّی
منِ تِنا اوماہا ॥

ਬਿਨਵੰਤਿ ਨਾਨਕੁ ਜਿਨ ਨਾਮੁ ਪਲੈ
ਸੇਈ ਸਚੇ ਸਾਹਾ ॥੩॥

بِنونَتِ نانکُ جِن نامُ پلے
سیئی سچے ساہا ॥3॥

ਨਾਨਕ ਸੋਈ ਸਿਮਰੀਐ ਹਰਿ ਜੀਉ
ਜਾ ਕੀ ਕਲ ਧਾਰੀ ਰਾਮ ॥

نانک سوئی سِمریئے ہرِ جیِءُ
جا کی کل دھاری رام ॥

ਗੁਰਮੁਖਿ ਮਨਹੁ ਨ ਵੀਸਰੈ ਹਰਿ ਜੀਉ
ਕਰਤਾ ਪੁਰਖੁ ਮੁਰਾਰੀ ਰਾਮ ॥

گُرمُکھِ منہُ ن ویسرے ہرِ جیِءُ
کرتا پُرکھُ مُراری رام ॥

ਦੂਖੁ ਰੋਗੁ ਨ ਭਉ ਬਿਆਪੈ
ਜਿਨ੍ਹੀ ਹਰਿ ਹਰਿ ਧਿਆਇਆ ॥

دُوکھُ روگُ ن بھءُ بِیاپے
جِنّہی ہرِ ہرِ دھِیائِیا ॥

ਸੰਤ ਪ੍ਰਸਾਦਿ ਤਰੇ ਭਵਜਲੁ
ਪੂਰਬਿ ਲਿਖਿਆ ਪਾਇਆ ॥

سنّت پرسادِ ترے بھوجلُ
پُورب لِکھیا پائِیا ॥

ਵਜੀ ਵਧਾਈ ਮਨਿ ਸਾਂਤਿ ਆਈ
ਮਿਲਿਆ ਪੁਰਖੁ ਅਪਾਰੀ ॥

وجی ودھائی منِ سانتِ آئی
مِلیا پُرکھُ اپاری ॥

ਬਿਨਵੰਤਿ ਨਾਨਕੁ ਸਿਮਰਿ ਹਰਿ ਹਰਿ
ਇਛ ਪੁੰਨੀ ਹਮਾਰੀ ॥੪॥੩॥

ਬਿਹਾਗੜਾ ਮਹਲਾ ੫ ਘਰੁ ੨

੧ੴ ਸਤਿਨਾਮੁ ਗੁਰਪ੍ਰਸਾਦਿ ॥

ਵਧੁ ਸੁਖੁ ਰੈਨੜੀਏ
ਪ੍ਰਿਅ ਪ੍ਰੇਮੁ ਲਗਾ ॥

ਘਟੁ ਦੁਖ ਨੀਦੜੀਏ
ਪਰਸਉ ਸਦਾ ਪਗਾ ॥

ਪਗ ਧੂਰਿ ਬਾਂਛਉ ਸਦਾ ਜਾਚਉ
ਨਾਮ ਰਸਿ ਬੈਰਾਗਨੀ ॥

ਪ੍ਰਿਅ ਰੰਗਿ ਰਾਤੀ ਸਹਜ ਮਾਤੀ
ਮਹਾ ਦੁਰਮਤਿ ਤਿਆਗਨੀ ॥

ਗਹਿ ਭੁਜਾ ਲੀਨ੍ਹੀ ਪ੍ਰੇਮ ਭੀਨੀ
ਮਿਲਨੁ ਪ੍ਰੀਤਮ ਸਚ ਮਗਾ ॥

ਬਿਨਵੰਤਿ ਨਾਨਕ ਧਾਰਿ ਕਿਰਪਾ
ਰਹਉ ਚਰਣਹ ਸੰਗਿ ਲਗਾ ॥੧॥

ਮੇਰੀ ਸਖੀ ਸਹੇਲੜੀਹੋ
ਪ੍ਰਭ ਕੈ ਚਰਣਿ ਲਗਹ ॥

ਮਨਿ ਪ੍ਰਿਅ ਪ੍ਰੇਮੁ ਘਣਾ
ਹਰਿ ਕੀ ਭਗਤਿ ਮੰਗਹ ॥

ਹਰਿ ਭਗਤਿ ਪਾਈਐ ਪ੍ਰਭੁ ਧਿਆਈਐ
ਜਾਇ ਮਿਲੀਐ ਹਰਿ ਜਨਾ ॥

ਮਾਨੁ ਮੋਹੁ ਬਿਕਾਰੁ ਤਜੀਐ
ਅਰਪਿ ਤਨੁ ਧਨੁ ਇਹੁ ਮਨਾ ॥

ਬਡ ਪੁਰਖ ਪੂਰਨ ਗੁਣ ਸੰਪੂਰਨ

بِنونتِ نانکُ سِمرِ ہرِ ہرِ
اِچھ پُنّنی ہماری ॥4॥3॥

بِہاگڑا محلا 5 گھرُ 2

۱ۓ ستِنامُ گُرپرّسادِ ॥

ودھُ سُکھُ رینڑیۓ
پرّءِ پرّیمُ لگا ॥

گھٹُ دُکھ نیِدڑیۓ
پرسءُ سدا پگا ॥

پگ دھوُرِ بانچھءُ سدا جاچءُ
نام رسِ بیَراگنی ॥

پرّءِ رنگِ راتی سہج ماتی
مہا دُرمتِ تِیاگنی ॥

گہِ بھُجا لِینّہی پرّیم بھِینی
مِلنُ پرّیتم سچ مگا ॥

بِنونتِ نانک دھارِ کِرپا
رہءُ چرنّہ سنگِ لگا ॥1॥

میری سکھی سہیلڑیہو
پربھ کے چرنِ لگہ ॥

منِ پرّءِ پرّیمُ گھٹا
ہرِ کی بھگتِ منگہ ॥

ہرِ بھگتِ پائیۓ پربھُ دھیائیۓ
جاءِ مِلیۓ ہرِ جنا ॥

مانُ موہُ بِکارُ تجیۓ
ارپِ تنُ دھنُ اِہُ منا ॥

بڈ پُرکھ پوُرن گُنّ سنپوُرن

ਭ੍ਰਮ ਭੀਤਿ ਹਰਿ ਹਰਿ ਮਿਲਿ ਭਗਹ ॥

بھرم بھیتِ ہرِ ہرِ مِلِ بھگہ ॥

ਬਿਨਵੰਤਿ ਨਾਨਕ ਸੁਣਿ ਮੰਤ੍ਰੁ ਸਖੀਏ
ਹਰਿ ਨਾਮੁ ਨਿਤ ਨਿਤ ਨਿਤ ਜਪਹ ॥੨॥

بِنونتِ نانک سُنِ منّتر سکھیئے
ہرِ نامُ نِت نِت نِت جپہ ॥2॥

ਹਰਿ ਨਾਰਿ ਸੁਹਾਗਣੇ
ਸਭਿ ਰੰਗ ਮਾਣੇ ॥

ہرِ نارِ سُہاگنے
سبھِ رنگ ماۓ ॥

ਰਾਂਡ ਨ ਬੈਸਈ ਪ੍ਰਭ ਪੁਰਖ ਚਿਰਾਣੇ ॥

رانڈ ن بیَسئی پربھ پُرکھ چِراۓ ॥

ਨਹ ਦੂਖ ਪਾਵੈ ਪ੍ਰਭ ਧਿਆਵੈ
ਧੰਨਿ ਤੇ ਬਡਭਾਗੀਆ ॥

نہ دوُکھ پاوے پربھ دھیاوے
دھنّ تے بڈبھاگیا ॥

ਸੁਖ ਸਹਜਿ ਸੋਵਹਿ ਕਿਲਬਿਖ ਖੋਵਹਿ
ਨਾਮ ਰਸਿ ਰੰਗਿ ਜਾਗੀਆ ॥

سُکھ سہجِ سووہِ کِلبِکھ کھووہِ
نام رسِ رنگِ جاگیا ॥

ਮਿਲਿ ਪ੍ਰੇਮ ਰਹਣਾ ਹਰਿ ਨਾਮੁ ਗਹਣਾ
ਪ੍ਰਿਅ ਬਚਨ ਮੀਠੇ ਭਾਣੇ ॥

مِلِ پریم رہنا ہرِ نامُ گہنا
پریء بچن میٹھے بھاۓ ॥

ਬਿਨਵੰਤਿ ਨਾਨਕ ਮਨ ਇਛ ਪਾਈ
ਹਰਿ ਮਿਲੇ ਪੁਰਖ ਚਿਰਾਣੇ ॥੩॥

بِنونتِ نانک من اِچھ پائی
ہرِ ملے پُرکھ چِراۓ ॥3॥

ਤਿਤੁ ਗ੍ਰਿਹਿ ਸੋਹਿਲੜੇ ਕੋਡ ਅਨੰਦਾ ॥

تِتُ گرِہِ سوہلڑے کوڈ اننّدا ॥

ਮਨਿ ਤਨਿ ਰਵਿ ਰਹਿਆ ਪ੍ਰਭ ਪਰਮਾਨੰਦਾ ॥

منِ تنِ روِ رہیا پربھ پرمانندا ॥

ਹਰਿ ਕੰਤ ਅਨੰਤੁ ਦਇਆਲ ਸ੍ਰੀਧਰ
ਗੋਬਿੰਦ ਪਤਿਤ ਉਧਾਰਣੋ ॥

ہرِ کنّت اننّتُ دیئال سریدھر
گوبِندّ پتت اُدھارنّو ॥

ਪ੍ਰਭਿ ਕ੍ਰਿਪਾ ਧਾਰੀ ਹਰਿ ਮੁਰਾਰੀ
ਭੈ ਸਿੰਧੁ ਸਾਗਰ ਤਾਰਣੋ ॥

پربھِ کرِپا دھاری ہرِ مُراری
بھےَ سِندّھُ ساگر تارنّو ॥

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ
ਇਹੁ ਬਿਰਦੁ ਸੁਆਮੀ ਸੰਦਾ ॥

جو سرنِ آوے تِس کنّٹھِ لاوے
اِہُ بِردُ سُیامی سندّا ॥

ਬਿਨਵੰਤਿ ਨਾਨਕ ਹਰਿ ਕੰਤੁ ਮਿਲਿਆ
ਸਦਾ ਕੇਲ ਕਰੰਦਾ ॥੪॥੧॥੪॥

بِنونتِ نانک ہرِ کنّتُ مِلیا
سدا کیل کرندّا ॥4॥1॥4॥

ਬਿਹਾਗੜਾ ਮਹਲਾ ੫ ॥

بِہاگڑا محلا 5 ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پُرب نوں سمرپت | سیوا: بھائی بلجندر سنگھ جی (راڑا صاہب)

ਹਰਿ ਚਰਣ ਸਰੋਵਰ ਤਹ ਕਰਹੁ ਨਿਵਾਸੁ ਮਨਾ ॥

ہرِ چرنؒ سروور تہ کرہُ نِواسُ منا ॥

ਕਰਿ ਮਜਨੁ ਹਰਿ ਸਰੇ
ਸਭਿ ਕਿਲਬਿਖ ਨਾਸੁ ਮਨਾ ॥

کرِ مجنُ ہرِ سرے
سبھِ کِلبِکھ ناسُ منا ॥

ਕਰਿ ਸਦਾ ਮਜਨੁ ਗੋਬਿੰਦ ਸਜਨੁ
ਦੁਖ ਅੰਧੇਰਾ ਨਾਸੇ ॥

کرِ سدا مجنُ گوبِنّد سجنُ
دُکھ انّدھیرا ناسے ॥

ਜਨਮ ਮਰਣੁ ਨ ਹੋਇ ਤਿਸ ਕਉ
ਕਟੈ ਜਮ ਕੇ ਫਾਸੇ ॥

جنم مرنُ ن ہوءِ تِس ک ءُ
کٹے جم کے پھاسے ॥

ਮਿਲੁ ਸਾਧਸੰਗੇ ਨਾਮ ਰੰਗੇ
ਤਹਾ ਪੂਰਨ ਆਸੋ ॥

مِلُ سادھسنگے نام رنگے
تہا پوُرن آسو ॥

ਬਿਨਵੰਤਿ ਨਾਨਕ ਧਾਰਿ ਕਿਰਪਾ
ਹਰਿ ਚਰਣ ਕਮਲ ਨਿਵਾਸੋ ॥੧॥

بِنونّتِ نانک دھارِ کِرپا
ہرِ چرنؒ کمل نِواسو ॥1॥

ਤਹ ਅਨਦ ਬਿਨੋਦ ਸਦਾ ਅਨਹਦ ਝੁਣਕਾਰੋ ਰਾਮ ॥

تہ اند بِنود سدا انہد جھُنؒکارو رام ॥

ਮਿਲਿ ਗਾਵਹਿ ਸੰਤ ਜਨਾ
ਪ੍ਰਭ ਕਾ ਜੈਕਾਰੋ ਰਾਮ ॥

مِلِ گاوہِ سنّت جنا
پربھ کا جیَکارو رام ॥

ਮਿਲਿ ਸੰਤ ਗਾਵਹਿ ਖਸਮ ਭਾਵਹਿ
ਹਰਿ ਪ੍ਰੇਮ ਰਸ ਰੰਗਿ ਭਿੰਨੀਆ ॥

مِلِ سنّت گاوہِ خصم بھاوہِ
ہرِ پریم رس رنگِ بھِنّنیا ॥

ਹਰਿ ਲਾਭੁ ਪਾਇਆ ਆਪੁ ਮਿਟਾਇਆ
ਮਿਲੇ ਚਿਰੀ ਵਿਛੁੰਨਿਆ ॥

ہرِ لابھُ پائیا آپُ مِٹائیا
مِلے چِری وِچھُنّنیا ॥

ਗਹਿ ਭੁਜਾ ਲੀਨੇ ਦਇਆ ਕੀਨੇ
ਪ੍ਰਭ ਏਕ ਅਗਮ ਅਪਾਰੋ ॥

گہِ بھُجا لینے دئیا کینّہے
پربھ ایک اگم اپارو ॥

ਬਿਨਵੰਤਿ ਨਾਨਕ ਸਦਾ ਨਿਰਮਲ
ਸਚੁ ਸਬਦੁ ਰੁਣ ਝੁਣਕਾਰੋ ॥੨॥

بِنونّتِ نانک سدا نِرمل
سچُ سبدُ رُنؒ جھُنؒکارو ॥2॥

ਸੁਣਿ ਵਡਭਾਗੀਆ
ਹਰਿ ਅੰਮ੍ਰਿਤ ਬਾਣੀ ਰਾਮ ॥

سُنؒ وڈبھاگیا
ہرِ انّمرِت بانؒی رام ॥

ਜਿਨ ਕਉ ਕਰਮਿ ਲਿਖੀ

جِن ک ءُ کرمِ لِکھی

ਤਿਸੁ ਰਿਦੈ ਸਮਾਣੀ ਰਾਮ ॥

تِس رِدے سمانی رام ॥

ਅਕਥ ਕਹਾਣੀ ਤਿਨੀ ਜਾਣੀ
ਜਿਸੁ ਆਪਿ ਪ੍ਰਭੁ ਕਿਰਪਾ ਕਰੇ ॥

اکتھ کہانی تِنی جانی
جِس آپِ پربھُ کِرپا کرے ॥

ਅਮਰੁ ਥੀਆ ਫਿਰਿ ਨ ਮੂਆ
ਕਲਿ ਕਲੇਸਾ ਦੁਖ ਹਰੇ ॥

امرُ تھیا پھِر ن موُیا
کلِ کلیسا دُکھ ہرے ॥

ਹਰਿ ਸਰਣਿ ਪਾਈ ਤਜਿ ਨ ਜਾਈ
ਪ੍ਰਭ ਪ੍ਰੀਤਿ ਮਨਿ ਤਨਿ ਭਾਣੀ ॥

ہرِ سرنِ پائی تجِ ن جائی
پربھ پریت منِ تنِ بھانی ॥

ਬਿਨਵੰਤਿ ਨਾਨਕ ਸਦਾ ਗਾਈਐ
ਪਵਿਤ੍ਰ ਅੰਮ੍ਰਿਤ ਬਾਣੀ ॥੩॥

بِنونتِ نانک سدا گائیئے
پوِتر انمرت بانی ॥3॥

ਮਨ ਤਨ ਗਲਤੁ ਭਏ
ਕਿਛੁ ਕਹਣੁ ਨ ਜਾਈ ਰਾਮ ॥

من تن گلتُ بھئے
کِچھُ کہنُ ن جائی رام ॥

ਜਿਸ ਤੇ ਉਪਜਿਅੜਾ
ਤਿਨਿ ਲੀਆ ਸਮਾਈ ਰਾਮ ॥

جِس تے اُپجِڑا
تِنِ لِیا سمائی رام ॥

ਮਿਲਿ ਬ੍ਰਹਮ ਜੋਤੀ ਓਤਿ ਪੋਤੀ
ਉਦਕੁ ਉਦਕਿ ਸਮਾਇਆ ॥

مِلِ برہم جوتی اوتِ پوتی
اُدکُ اُدکِ سمائیا ॥

ਜਲਿ ਥਲਿ ਮਹੀਅਲਿ ਏਕੁ ਰਵਿਆ
ਨਹ ਦੂਜਾ ਦ੍ਰਿਸਟਾਇਆ ॥

جلِ تھلِ مہیئلِ ایکُ روِیا
نہ دوُجا دڑِسٹائیا ॥

ਬਣਿ ਤ੍ਰਿਣਿ ਤ੍ਰਿਭਵਣਿ ਪੂਰਿ ਪੂਰਨ
ਕੀਮਤਿ ਕਹਣੁ ਨ ਜਾਈ ॥

بنِ ترِنِ ترِبھونِ پوُرِ پوُرن
قِیمتِ کہنُ ن جائی ॥

ਬਿਨਵੰਤਿ ਨਾਨਕ ਆਪਿ ਜਾਣੈ
ਜਿਨਿ ਏਹ ਬਣਤ ਬਣਾਈ ॥੪॥੨॥੫॥

بِنونتِ نانک آپِ جانے
جِنِ ایہ بنّت بنّائی ॥4॥2॥5॥

ਬਿਹਾਗੜਾ ਮਹਲਾ ੫ ॥

بِہاگڑا محلا 5 ॥

ਖੋਜਤ ਸੰਤ ਫਿਰਹਿ ਪ੍ਰਭ ਪ੍ਰਾਣ ਅਧਾਰੇ ਰਾਮ ॥

کھوجت سنّت پھِرہِ پربھ پراںُ ادھارے رام ॥

ਤਾਣੁ ਤਨੁ ਖੀਨ ਭਇਆ
ਬਿਨੁ ਮਿਲਤ ਪਿਆਰੇ ਰਾਮ ॥

تانُ تنُ کھین بھئیا
بِنُ ملِت پیارے رام ॥

ਪ੍ਰਭ ਮਿਲਹੁ ਪਿਆਰੇ ਮਇਆ ਧਾਰੇ
ਕਰਿ ਦਇਆ ਲੜਿ ਲਾਇ ਲੀਜੀਐ ॥

پربھ مِلہُ پیارے مَیا دھارے
کرِ دیَیا لڑِ لاءِ لیجیَے ॥

ਦੇਹਿ ਨਾਮੁ ਅਪਨਾ ਜਪਉ ਸੁਆਮੀ
ਹਰਿ ਦਰਸ ਪੇਖੇ ਜੀਜੀਐ ॥

دیہِ نامُ اپنا جپءُ سُیامی
ہرِ درس پیکھے جیجیَے ॥

ਸਮਰਥ ਪੂਰਨ ਸਦਾ ਨਿਹਚਲ
ਊਚ ਅਗਮ ਅਪਾਰੇ ॥

سمرتھ پوُرن سدا نہچل
اوُچ اگم اپارے ॥

ਬਿਨਵੰਤਿ ਨਾਨਕ ਧਾਰਿ ਕਿਰਪਾ
ਮਿਲਹੁ ਪ੍ਰਾਨ ਪਿਆਰੇ ॥੧॥

بِنونتِ نانک دھارِ کِرپا
مِلہُ پّران پیارے ۔ ॥1॥

ਜਪ ਤਪ ਬਰਤ ਕੀਨੇ
ਪੇਖਨ ਕਉ ਚਰਣਾ ਰਾਮ ॥

جپ تپ برت کِینے
پیکھن کءُ چرٹا رام ॥

ਤਪਤਿ ਨ ਕਤਹਿ ਬੁਝੈ ਬਿਨੁ ਸੁਆਮੀ ਸਰਣਾ ਰਾਮ ॥

تپتِ ن کتہِ بُجھےَ بِنُ سُیامی سرٹا رام ॥

ਪ੍ਰਭ ਸਰਣਿ ਤੇਰੀ ਕਾਟਿ ਬੇਰੀ
ਸੰਸਾਰੁ ਸਾਗਰੁ ਤਾਰੀਐ ॥

پربھ سرنِ تیری کاٹِ بیری
سنّسارُ ساگرُ تارِیَے ॥

ਅਨਾਥ ਨਿਰਗੁਨਿ ਕਛੁ ਨ ਜਾਨਾ
ਮੇਰਾ ਗੁਣੁ ਅਉਗਣੁ ਨ ਬੀਚਾਰੀਐ ॥

اناتھ نِرگُنِ کچھُ ن جانا
میرا گُنُ اَگُنُ ن بیچارِیَے ॥

ਦੀਨ ਦਇਆਲ ਗੋਪਾਲ ਪ੍ਰੀਤਮ
ਸਮਰਥ ਕਾਰਣ ਕਰਣਾ ॥

دِین دیَیال گوپال پرِیتم
سمرتھ کارنُ کرٹا ۔ ॥

ਨਾਨਕ ਚਾਤ੍ਰਿਕ ਹਰਿ ਬੂੰਦ ਮਾਗੈ
ਜਪਿ ਜੀਵਾ ਹਰਿ ਹਰਿ ਚਰਣਾ ॥੨॥

نانک چاترِک ہرِ بوُنّد ماگےَ
جپِ جیِوا ہرِ ہرِ چرٹا ॥2॥

ਅਮਿਅ ਸਰੋਵਰੋ ਪੀਉ ਹਰਿ ਹਰਿ ਨਾਮਾ ਰਾਮ ॥

امِءِ سروورو پیِءُ ہرِ ہرِ نامَا رام ॥

ਸੰਤਹ ਸੰਗਿ ਮਿਲੈ ਜਪਿ ਪੂਰਨ ਕਾਮਾ ਰਾਮ ॥

سنّتہ سنگِ مِلےَ جپِ پوُرن کاما رام ॥

ਸਭ ਕਾਮ ਪੂਰਨ ਦੁਖ ਬਿਦੀਰਨ
ਹਰਿ ਨਿਮਖ ਮਨਹੁ ਨ ਬੀਸਰੈ ॥

سبھ کام پوُرن دُکھ بِدیِرن
ہرِ نِمکھ منہُ ن بِیسرےَ ॥

ਆਨੰਦ ਅਨਦਿਨੁ ਸਦਾ ਸਾਚਾ
ਸਰਬ ਗੁਣ ਜਗਦੀਸਰੈ ॥

آنند اندِنُ سدا ساچا
سرب گُنُ جگدیِسرےَ ॥

ਅਗਣਤ ਊਚ ਅਪਾਰ ਠਾਕੁਰ
ਅਗਮ ਜਾ ਕੋ ਧਾਮਾ ॥

اگنّت اوُچ اپار ٹھاکُر
اگم جا کو دھاما ॥

ਬਿਨਵੰਤਿ ਨਾਨਕ ਮੇਰੀ ਇਛ ਪੂਰਨ
ਮਿਲੇ ਸ੍ਰੀਰੰਗ ਰਾਮਾ ॥੩॥

بِنونّتِ نانک میری اِچھ پوُرن
مِلے سّریرنگ راما ॥3॥

ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥

کئی کوٹِک جگ پھلا سُنّ گاونہارے رام ॥

ਹਰਿ ਹਰਿ ਨਾਮੁ ਜਪਤ
ਕੁਲ ਸਗਲੇ ਤਾਰੇ ਰਾਮ ॥

ہرِ ہرِ نامُ جپت
کُل سگلے تارے رام ॥

ਹਰਿ ਨਾਮੁ ਜਪਤ ਸੋਹੰਤ ਪ੍ਰਾਣੀ
ਤਾ ਕੀ ਮਹਿਮਾ ਕਿਤ ਗਨਾ ॥

ہرِ نامُ جپت سوہنّت پّرانّی
تا کی مہِما کِت گنا ॥

ਹਰਿ ਬਿਸਰੁ ਨਾਹੀ ਪ੍ਰਾਨ ਪਿਆਰੇ
ਚਿਤਵੰਤਿ ਦਰਸਨੁ ਸਦ ਮਨਾ ॥

ہرِ بِسرُ ناہی پّران پِیارے
چِتونّتِ درسنُ سد منا ॥

ਸੁਭ ਦਿਵਸ ਆਏ ਗਹਿ ਕੰਠਿ ਲਾਏ
ਪ੍ਰਭ ਊਚ ਅਗਮ ਅਪਾਰੇ ॥

سُبھ دِوس آئے گہِ کنّٹھِ لائے
پّربھ اوُچ اگم اپارے ॥

ਬਿਨਵੰਤਿ ਨਾਨਕ ਸਫਲੁ ਸਭੁ ਕਿਛੁ
ਪ੍ਰਭ ਮਿਲੇ ਅਤਿ ਪਿਆਰੇ ॥੪॥੩॥੬॥

بِنونّتِ نانک سپھلُ سبھُ کچھُ
پّربھ مِلے اتِ پِیارے ॥4॥3॥6॥

ਬਿਹਾਗੜਾ ਮਹਲਾ ੫ ਛੰਤ ॥

بِہاگڑا محلا 5 چھنّت ॥

ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ ॥

ان کائے راتڑِیا واٹ دُہیلی رام ॥

ਪਾਪ ਕਮਾਵਦਿਆ
ਤੇਰਾ ਕੋਇ ਨ ਬੇਲੀ ਰਾਮ ॥

پاپ کماوِدیا
تیرا کوءِ ن بیلی رام ॥

ਕੋਏ ਨ ਬੇਲੀ ਹੋਇ ਤੇਰਾ
ਸਦਾ ਪਛੋਤਾਵਹੇ ॥

کوئے ن بیلی ہوءِ تیرا
سدا پچھوتاوہے ॥

ਗੁਨ ਗੁਪਾਲ ਨ ਜਪਹਿ ਰਸਨਾ
ਫਿਰਿ ਕਦਹੁ ਸੇ ਦਿਹ ਆਵਹੇ ॥

گُن گُپال ن جپہِ رسنا
پھِرِ کدہُ سے دِہ آوہے ۔ ॥

ਤਰਵਰ ਵਿਛੂੰਨੇ ਨਹ ਪਾਤ ਜੁੜਤੇ
ਜਮ ਮਗਿ ਗਉਨੁ ਇਕੇਲੀ ॥

ترور وِچھُنّنے نہ پات جُڑتے
جم مگِ گئنُ اِکیلی ॥

ਬਿਨਵੰਤ ਨਾਨਕ ਬਿਨੁ ਨਾਮ ਹਰਿ ਕੇ
ਸਦਾ ਫਿਰਤ ਦੁਹੇਲੀ ॥੧॥

بِنونّت نانک بِنُ نام ہرِ کے
سدا پھِرت دُہیلی ॥1॥

ਤੂੰ ਵਲਵੰਚ ਲੂਕਿ ਕਰਹਿ
ਸਭ ਜਾਣੈ ਜਾਣੀ ਰਾਮ ॥

توُنّ ولونچ لوُکِ کرہِ
سبھ جانٹے جانٹی رام ॥

ਲੇਖਾ ਧਰਮ ਭਇਆ
ਤਿਲ ਪੀੜੇ ਘਾਣੀ ਰਾਮ ॥

لیکھا دھرم بھئیا
تِل پیڑے گھانٹی رام ॥

ਕਿਰਤ ਕਮਾਣੇ ਦੁਖ ਸਹੁ ਪਰਾਣੀ
ਅਨਿਕ ਜੋਨਿ ਭ੍ਰਮਾਇਆ ॥

کِرت کمانٹے دُکھ سہُ پرانٹی
انِک جونِ بھرّمائیا ॥

ਮਹਾ ਮੋਹਨੀ ਸੰਗਿ ਰਾਤਾ
ਰਤਨ ਜਨਮੁ ਗਵਾਇਆ ॥

مہا موہنی سنگِ راتا
رتن جنمُ گوائیا ॥

ਇਕਸੁ ਹਰਿ ਕੇ ਨਾਮ ਬਾਝਹੁ
ਆਨ ਕਾਜ ਸਿਆਣੀ ॥

اِکسُ ہرِ کے نام باجھہُ
آن کاج سِیانٹی ॥

ਬਿਨਵੰਤਿ ਨਾਨਕ ਲੇਖੁ ਲਿਖਿਆ
ਭਰਮਿ ਮੋਹਿ ਲੁਭਾਣੀ ॥੨॥

بِنونّتِ نانک لیکھُ لِکھیا
بھرمِ موہِ لُبھانٹی ॥2॥

ਬੀਚੁ ਨ ਕੋਇ ਕਰੇ ਅਕ੍ਰਿਤਘਣੁ ਵਿਛੁੜਿ ਪਇਆ ॥

بِیچُ ن کوءِ کرے اکرِتگھنُ وِچھُڑِ پئیا ॥

ਆਏ ਖਰੇ ਕਠਿਨ ਜਮਕੰਕਰਿ ਪਕੜਿ ਲਇਆ ॥

آئے کھرے کٹھِن جمکنکرِ پکڑِ لئیا ॥

ਪਕੜੇ ਚਲਾਇਆ ਅਪਣਾ ਕਮਾਇਆ
ਮਹਾ ਮੋਹਨੀ ਰਾਤਿਆ ॥

پکڑے چلائیا اپنّا کمائیا
مہا موہنی راتیا ॥

ਗੁਨ ਗੋਵਿੰਦ ਗੁਰਮੁਖਿ ਨ ਜਪਿਆ
ਤਪਤ ਥੰਮ੍ ਗਲਿ ਲਾਤਿਆ ॥

گُن گووِنّد گُرمُکھِ ن جپیا
تپت تھمّہ گلِ لاتیا ॥

ਕਾਮ ਕ੍ਰੋਧਿ ਅਹੰਕਾਰਿ ਮੂਠਾ
ਖੋਇ ਗਿਆਨੁ ਪਛੁਤਾਪਿਆ ॥

کام کرودھِ اہنکارِ موُٹھا
کھوءِ گیانُ پچھُتاپیا ॥

ਬਿਨਵੰਤ ਨਾਨਕ ਸੰਜੋਗਿ ਭੂਲਾ
ਹਰਿ ਜਾਪੁ ਰਸਨ ਨ ਜਾਪਿਆ ॥੩॥

بِنونّت نانک سنّجوگِ بھوُلا
ہرِ جاپُ رسن ن جاپیا ॥3॥

ਤੁਝ ਬਿਨੁ ਕੋ ਨਾਹੀ ਪ੍ਰਭ ਰਾਖਨਹਾਰਾ ਰਾਮ ॥

تُجھ بِنُ کو ناہی پربھ راکھنہارا رام ॥

ਪਤਿਤ ਉਧਾਰਣ ਹਰਿ ਬਿਰਦੁ ਤੁਮਾਰਾ ਰਾਮ ॥	پتت اُدھارنؔ ہرِ برِدُ تُمارا رام ॥
ਪਤਿਤ ਉਧਾਰਨ ਸਰਨਿ ਸੁਆਮੀ ਕ੍ਰਿਪਾ ਨਿਧਿ ਦਇਆਲਾ ॥	پتت اُدھارن سرنِ سُیامی کرِپا نِدھِ دئیالا ۔ ॥
ਅੰਧ ਕੂਪ ਤੇ ਉਧਰੁ ਕਰਤੇ ਸਗਲ ਘਟ ਪ੍ਰਤਿਪਾਲਾ ॥	انّدھ کوُپ تے اُدھرُ کرتے سگل گھٹ پرتپالا ۔ ॥
ਸਰਨਿ ਤੇਰੀ ਕਟਿ ਮਹਾ ਬੇੜੀ ਇਕੁ ਨਾਮੁ ਦੇਹਿ ਅਧਾਰਾ ॥	سرنِ تیری کٹِ مہا بیڑی اِکُ نامُ دیہِ ادھارا ॥
ਬਿਨਵੰਤ ਨਾਨਕ ਕਰ ਦੇਇ ਰਾਖਹੁ ਗੋਬਿੰਦ ਦੀਨ ਦਇਆਰਾ ॥੪॥	بِنونّت نانک کر دےءِ راکھُ گوبِنّد دِین دئیارا ॥4॥
ਸੋ ਦਿਨੁ ਸਫਲੁ ਗਣਿਆ ਹਰਿ ਪ੍ਰਭੂ ਮਿਲਾਇਆ ਰਾਮ ॥	سو دِنُ سپھلُ گِنّیا ہرِ پربھوُ مِلائیا رام ॥
ਸਭਿ ਸੁਖ ਪਰਗਟਿਆ ਦੁਖ ਦੂਰਿ ਪਰਾਇਆ ਰਾਮ ॥	سبھِ سُکھ پرگِٹیا دُکھ دوُرِ پرائیا رام ॥
ਸੁਖ ਸਹਜ ਅਨਦ ਬਿਨੋਦ ਸਦ ਹੀ ਗੁਨ ਗੁਪਾਲ ਨਿਤ ਗਾਈਐ ॥	سُکھ سہج اند بِنود سد ہی گُن گُپال نِت گائیےَ ॥
ਭਜੁ ਸਾਧਸੰਗੇ ਮਿਲੇ ਰੰਗੇ ਬਹੁੜਿ ਜੋਨਿ ਨ ਧਾਈਐ ॥	بھجُ سادھسنگے مِلے رنگے بہُڑِ جونِ ن دھائیےَ ॥
ਗਹਿ ਕੰਠਿ ਲਾਏ ਸਹਜਿ ਸੁਭਾਏ ਆਦਿ ਅੰਕੁਰੁ ਆਇਆ ॥	گہِ کنٹھِ لائے سہجِ سُبھائے آدِ انکُرُ آئیا ॥
ਬਿਨਵੰਤ ਨਾਨਕ ਆਪਿ ਮਿਲਿਆ ਬਹੁੜਿ ਕਤਹੂ ਨ ਜਾਇਆ ॥੫॥੪॥੭॥	بِنونّت نانک آپِ مِلیا بہُڑِ کتہوُ ن جائیا ॥5॥4॥7॥
ਬਿਹਾਗੜਾ ਮਹਲਾ ੫ ਛੰਤ ॥	بِہاگڑا محلا 5 چھنّت ॥
ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ ॥	سُنہُ بینتیا سُیامی میرے رام ॥
ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ ॥	کوٹِ اپّرادھ بھرے بھی تیرے چیرے رام ॥
ਦੁਖ ਹਰਨ ਕਿਰਪਾ ਕਰਨ ਮੋਹਨ	دُکھ ہرن کرِپا کرن موہن

ਕਲਿ ਕਲੇਸਹ ਭੰਜਨਾ ॥

کلِ کلیسہ بھنّجنا ۔ ॥

ਸਰਨਿ ਤੇਰੀ ਰਖਿ ਲੇਹੁ ਮੇਰੀ
ਸਰਬ ਮੈ ਨਿਰੰਜਨਾ ॥

سرنِ تیری رکھِ لیہُ میری
سرب مے نِرنّجنا ۔ ॥

ਸੁਨਤ ਪੇਖਤ ਸੰਗਿ ਸਭ ਕੈ
ਪ੍ਰਭ ਨੇਰਹੂ ਤੇ ਨੇਰੇ ॥

سُنت پیکھت سنگِ سبھ کے
پربھ نیرہوُ تے نیرے ॥

ਅਰਦਾਸਿ ਨਾਨਕ ਸੁਨਿ ਸੁਆਮੀ
ਰਖਿ ਲੇਹੁ ਘਰ ਕੇ ਚੇਰੇ ॥੧॥

عرداسِ نانک سُنِ سُیامی
رکھِ لیہُ گھر کے چیرے ॥1॥

ਤੂ ਸਮਰਥੁ ਸਦਾ
ਹਮ ਦੀਨ ਭੇਖਾਰੀ ਰਾਮ ॥

توُ سمرتھُ سدا
ہم دِین بھیکھاری رام ۔ ॥

ਮਾਇਆ ਮੋਹਿ ਮਗਨੁ
ਕਢਿ ਲੇਹੁ ਮੁਰਾਰੀ ਰਾਮ ॥

مائیا موہِ مگنُ
کڈھِ لیہُ مُراری رام ॥

ਲੋਭਿ ਮੋਹਿ ਬਿਕਾਰਿ ਬਾਧਿਓ
ਅਨਿਕ ਦੋਖ ਕਮਾਵਨੇ ॥

لوبھِ موہِ بِکارِ بادھِئو
انِک دوکھ کماونے ॥

ਅਲਿਪਤ ਬੰਧਨ ਰਹਤ ਕਰਤਾ
ਕੀਆ ਅਪਨਾ ਪਾਵਨੇ ॥

الپت بنّدھن رہت کرتا
کِیا اپنا پاونے ॥

ਕਰਿ ਅਨੁਗ੍ਰਹੁ ਪਤਿਤ ਪਾਵਨ
ਬਹੁ ਜੋਨਿ ਭ੍ਰਮਤੇ ਹਾਰੀ ॥

کرِ انّگرہُ پتِت پاون
بہُ جونِ بھرّمتے ہاری ॥

ਬਿਨਵੰਤਿ ਨਾਨਕ ਦਾਸੁ ਹਰਿ ਕਾ
ਪ੍ਰਭ ਜੀਅ ਪ੍ਰਾਨ ਅਧਾਰੀ ॥੨॥

بِنونّتِ نانک داسُ ہرِ کا
پربھ جیء پران ادھاری ॥2॥

ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ ॥

توُ سمرتھُ وڈا میری متِ تھوری رام ॥

ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ ॥

پالہِ اکِرتگھنا پوُرن دّرِسٹِ تیری رام ॥

ਅਗਾਧਿ ਬੋਧਿ ਅਪਾਰ ਕਰਤੇ
ਮੋਹਿ ਨੀਚੁ ਕਛੂ ਨ ਜਾਨਾ ॥

اگادھِ بودھِ اپار کرتے
موہِ نیچُ کچھوُ ن جانا ॥

ਰਤਨੁ ਤਿਆਗਿ ਸੰਗ੍ਰਹਨ ਕਉਡੀ
ਪਸੂ ਨੀਚੁ ਇਆਨਾ ॥

رتنُ تِیاگِ سنگّرہن کئڈی
پسوُ نیچُ اِیانا ॥

ਤਿਆਗਿ ਚਲਤੀ ਮਹਾ ਚੰਚਲਿ
ਦੋਖ ਕਰਿ ਕਰਿ ਜੋਰੀ ॥

تِیاگِ چلتی مہا چنچَلِ
دوکھ کرِ کرِ جوری ॥

ਨਾਨਕ ਸਰਨਿ ਸਮਰਥ ਸੁਆਮੀ
ਪੈਜ ਰਾਖਹੁ ਮੋਰੀ ॥੩॥

نانک سرنِ سمرتھ سُیامی
پیَج راکھہُ موری ॥3॥

ਜਾ ਤੇ ਵੀਛੁੜਿਆ ਤਿਨਿ ਆਪਿ ਮਿਲਾਇਆ ਰਾਮ ॥

جا تے وِچھُڑِیا تِنِ آپِ مِلائِیا رام ॥

ਸਾਧੂ ਸੰਗਮੇ ਹਰਿ ਗੁਣ ਗਾਇਆ ਰਾਮ ॥

سادھوُ سنگمے ہرِ گُن گائِیا رام ॥

ਗੁਣ ਗਾਇ ਗੋਵਿਦ ਸਦਾ ਨੀਕੇ
ਕਲਿਆਣ ਮੈ ਪਰਗਟ ਭਏ ॥

گُن گاءِ گووِد سدا نِیکے
کلیانْ مے پرگٹ بھئے ॥

ਸੇਜਾ ਸੁਹਾਵੀ ਸੰਗਿ ਪ੍ਰਭ ਕੈ
ਆਪਣੇ ਪ੍ਰਭ ਕਰਿ ਲਏ ॥

سیجا سُہاوی سنگِ پربھ کے
آپنے پربھ کرِ لئے ॥

ਛੋਡਿ ਚਿੰਤ ਅਚਿੰਤ ਹੋਏ
ਬਹੁੜਿ ਦੂਖੁ ਨ ਪਾਇਆ ॥

چھوڈِ چنّت اچنّت ہوئے
بہُڑِ دوُکھُ ن پائِیا ॥

ਨਾਨਕ ਦਰਸਨੁ ਪੇਖਿ ਜੀਵੇ
ਗੋਵਿੰਦ ਗੁਣ ਨਿਧਿ ਗਾਇਆ ॥੪॥੫॥੮॥

نانک درسنُ پیکھِ جیوے
گووِندَ گُن نِدھِ گائِیا ॥4॥5॥8॥

ਬਿਹਾਗੜਾ ਮਹਲਾ ੫ ਛੰਤ ॥

بِہاگڑا محلا 5 چھنّت ॥

ਬੋਲਿ ਸੁਧਰਮੀੜਿਆ
ਮੋਨਿ ਕਤ ਧਾਰੀ ਰਾਮ ॥

بولِ سُدھرمیڑِیا
مونِ کت دھاری رام ॥

ਤੂ ਨੇਤ੍ਰੀ ਦੇਖਿ ਚਲਿਆ
ਮਾਇਆ ਬਿਉਹਾਰੀ ਰਾਮ ॥

توُ نیتّری دیکھِ چلِیا
مائِیا بِہُاری رام ॥

ਸੰਗਿ ਤੇਰੈ ਕਛੁ ਨ ਚਾਲੈ
ਬਿਨਾ ਗੋਬਿੰਦ ਨਾਮਾ ॥

سنگِ تیرے کچھُ ن چالے
بِنا گوبِندَ نامَا ॥

ਦੇਸ ਵੇਸ ਸੁਵਰਨ ਰੂਪਾ
ਸਗਲ ਊਣੇ ਕਾਮਾ ॥

دیس ویس سُورن روُپا
سگل اوُنے کاما ॥

ਪੁਤ੍ਰ ਕਲਤ੍ਰ ਨ ਸੰਗਿ ਸੋਭਾ
ਹਸਤ ਘੋਰਿ ਵਿਕਾਰੀ ॥

پُتّر کلتّر ن سنگِ سوبھا
ہست گھورِ وِکاری ॥

ਬਿਨਵੰਤ ਨਾਨਕ ਬਿਨੁ ਸਾਧਸੰਗਮ
ਸਭ ਮਿਥਿਆ ਸੰਸਾਰੀ ॥੧॥

بِنونّت نانک بِنُ سادھسنگم
سبھ مِتھیا سنساری ॥1॥

ਰਾਜਨ ਕਿਉ ਸੋਇਆ ਤੂ ਨੀਦ ਭਰੇ
ਜਾਗਤ ਕਤ ਨਾਹੀ ਰਾਮ ॥

راجن کِءُ سوئیا تُو نِید بھرے
جاگت کت ناہی رام ॥

ਮਾਇਆ ਝੂਠੁ ਰੁਦਨੁ ਕੇਤੇ ਬਿਲਲਾਹੀ ਰਾਮ ॥

مائیا جھوٹھُ رُدنُ کیتے بِللاہی رام ॥

ਬਿਲਲਾਹਿ ਕੇਤੇ ਮਹਾ ਮੋਹਨ
ਬਿਨੁ ਨਾਮ ਹਰਿ ਕੇ ਸੁਖੁ ਨਹੀ ॥

بِللاہِ کیتے مہا موہن
بِنُ نام ہرِ کے سُکھُ نہی ॥

ਸਹਸ ਸਿਆਣਪ ਉਪਾਵ ਥਾਕੇ
ਜਹ ਭਾਵਤ ਤਹ ਜਾਹੀ ॥

سہس سِیاٹپ اُپاو تھاکے
جہ بھاوت تہ جاہی ॥

ਆਦਿ ਅੰਤੇ ਮਧਿ ਪੂਰਨ
ਸਰਬਤ੍ਰ ਘਟਿ ਘਟਿ ਆਹੀ ॥

آدِ انّتے مدھِ پوُرن
سربتّر گھٹِ گھٹِ آہی ॥

ਬਿਨਵੰਤ ਨਾਨਕ ਜਿਨ ਸਾਧਸੰਗਮੁ
ਸੇ ਪਤਿ ਸੇਤੀ ਘਰਿ ਜਾਹੀ ॥੨॥

بِنونّت نانک جِن سادھسنگمُ
سے پتِ سیتی گھرِ جاہی ॥2॥

ਨਰਪਤਿ ਜਾਣਿ ਗ੍ਰਹਿਓ ਸੇਵਕ ਸਿਆਣੇ ਰਾਮ ॥

نرپتِ جانِ گرہِئو سیوک سِیانے رام ॥

ਸਰਪਰ ਵੀਛੁੜਣਾ ਮੋਹੇ ਪਛੁਤਾਣੇ ਰਾਮ ॥

سرپر وِیچھُڑنا موہے پچھُتانے رام ॥

ਹਰਿਚੰਦਉਰੀ ਦੇਖਿ ਭੂਲਾ
ਕਹਾ ਅਸਥਿਤਿ ਪਾਈਐ ॥

ہرِچندؤری دیکھِ بھوُلا
کہا استھِتِ پائیئے ۔ ॥

ਬਿਨੁ ਨਾਮ ਹਰਿ ਕੇ ਆਨ ਰਚਨਾ
ਅਹਿਲਾ ਜਨਮੁ ਗਵਾਈਐ ॥

بِنُ نام ہرِ کے آن رچنا
اہِلا جنمُ گوائیئے ॥

ਹਉ ਹਉ ਕਰਤ ਨ ਤ੍ਰਿਸਨ ਬੂਝੈ
ਨਹ ਕਾਂਮ ਪੂਰਨ ਗਿਆਨੇ ॥

ہءُ ہءُ کرت ن تّرِسن بوُجھے
نہ کانم پوُرن گِیانے ॥

ਬਿਨਵੰਤਿ ਨਾਨਕ ਬਿਨੁ ਨਾਮ ਹਰਿ ਕੇ
ਕੇਤਿਆ ਪਛੁਤਾਨੇ ॥੩॥

بِنونّتِ نانک بِنُ نام ہرِ کے
کیتِیا پچھُتانے ॥3॥

ਧਾਰਿ ਅਨੁਗ੍ਰਹੋ ਅਪਨਾ ਕਰਿ ਲੀਨਾ ਰਾਮ ॥

دھارِ انگّرہو اپنا کرِ لِینا رام ॥

ਭੁਜਾ ਗਹਿ ਕਾਢਿ ਲੀਓ

بھُجا گہِ کاڈھِ لِیئو

ਸਾਧੂ ਸੰਗੁ ਦੀਨਾ ਰਾਮ ॥

ساد ھوُ سنگُ دِینا رام ॥

ਸਾਧਸੰਗਮਿ ਹਰਿ ਅਰਾਧੇ
ਸਗਲ ਕਲਮਲ ਦੁਖ ਜਲੇ ॥

سادھسنگمِ ہرِ ارادھے
سگل کلمل دُکھ جلے ॥

ਮਹਾ ਧਰਮ ਸੁਦਾਨ ਕਿਰਿਆ
ਸੰਗਿ ਤੇਰੈ ਸੇ ਚਲੇ ॥

مہا دھرم سُدان کِریا
سنگِ تیرے سے چلے ॥

ਰਸਨਾ ਅਰਾਧੈ ਏਕੁ ਸੁਆਮੀ
ਹਰਿ ਨਾਮਿ ਮਨੁ ਤਨੁ ਭੀਨਾ ॥

رسنا ارادھے ایکُ سُیامی
ہرِ نامِ منُ تنُ بھِینا ॥

ਨਾਨਕ ਜਿਸ ਨੋ ਹਰਿ ਮਿਲਾਏ
ਸੋ ਸਰਬ ਗੁਣ ਪਰਬੀਨਾ ॥੪॥੬॥੯॥

نانک جِس نو ہرِ مِلائے
سو سرب گُن پربِینا ॥4॥6॥9॥

ਬਿਹਾਗੜੇ ਕੀ ਵਾਰ ਮਹਲਾ ੪

بِہاگڑے کی وار محلا 4

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸਲੋਕ ਮਃ ੩ ॥

سلوک م: 3 ॥

ਗੁਰ ਸੇਵਾ ਤੇ ਸੁਖੁ ਪਾਈਐ
ਹੋਰ ਥੈ ਸੁਖੁ ਨ ਭਾਲਿ ॥

گُر سیوا تے سُکھُ پائیئے
ہور تھے سُکھُ ن بھالِ ॥

ਗੁਰ ਕੈ ਸਬਦਿ ਮਨੁ ਭੇਦੀਐ
ਸਦਾ ਵਸੈ ਹਰਿ ਨਾਲਿ ॥

گُر کے سبدِ منُ بھیدیئے
سدا وسے ہرِ نالِ ॥

ਨਾਨਕ ਨਾਮੁ ਤਿਨਾ ਕਉ ਮਿਲੈ
ਜਿਨ ਹਰਿ ਵੇਖੈ ਨਦਰਿ ਨਿਹਾਲਿ ॥੧॥

نانک نامُ تِنا کءُ مِلے
جِن ہرِ ویکھے ندرِ نِہالِ ॥1॥

ਮਃ ੩ ॥

م: 3 ॥

ਸਿਫਤਿ ਖਜਾਨਾ ਬਖਸ ਹੈ
ਜਿਸੁ ਬਖਸੈ ਸੋ ਖਰਚੈ ਖਾਇ ॥

صِفتِ خزانا بخش ہے
جِسُ بخشے سو کھرچے کھاءِ ॥

ਸਤਿਗੁਰ ਬਿਨੁ ਹਥਿ ਨ ਆਵਈ
ਸਭ ਥਕੇ ਕਰਮ ਕਮਾਇ ॥

ستِگُر بِنُ ہتھِ ن آوئی
سبھ تھکے کرم کماءِ ॥

ਨਾਨਕ ਮਨਮੁਖੁ ਜਗਤੁ ਧਨਹੀਣੁ ਹੈ
ਅਗੈ ਭੁਖਾ ਕਿ ਖਾਇ ॥੨॥

نانک منمُکھُ جگتُ دھنہیِنُ ہے
اگے بھُکھا کِ کھاءِ ॥2॥

ਪਉੜੀ ॥

ਸਭ ਤੇਰੀ ਤੂ ਸਭਸ ਦਾ
ਸਭ ਤੁਧੁ ਉਪਾਇਆ ॥

ਸਭਨਾ ਵਿਚਿ ਤੂ ਵਰਤਦਾ
ਤੂ ਸਭਨੀ ਧਿਆਇਆ ॥

ਤਿਸ ਦੀ ਤੂ ਭਗਤਿ ਥਾਇ ਪਾਇਹਿ
ਜੋ ਤੁਧੁ ਮਨਿ ਭਾਇਆ ॥

ਜੋ ਹਰਿ ਪ੍ਰਭ ਭਾਵੈ ਸੋ ਥੀਐ
ਸਭਿ ਕਰਨਿ ਤੇਰਾ ਕਰਾਇਆ ॥

ਸਲਾਹਿਹੁ ਹਰਿ ਸਭਨਾ ਤੇ ਵਡਾ
ਜੋ ਸੰਤ ਜਨਾਂ ਕੀ ਪੈਜ ਰਖਦਾ ਆਇਆ ॥੧॥

ਸਲੋਕ ਮਃ ੩ ॥

ਨਾਨਕ ਗਿਆਨੀ ਜਗੁ ਜੀਤਾ
ਜਗਿ ਜੀਤਾ ਸਭੁ ਕੋਇ ॥

ਨਾਮੇ ਕਾਰਜ ਸਿਧਿ ਹੈ
ਸਹਜੇ ਹੋਇ ਸੁ ਹੋਇ ॥

ਗੁਰਮਤਿ ਮਤਿ ਅਚਲੁ ਹੈ
ਚਲਾਇ ਨ ਸਕੈ ਕੋਇ ॥

ਭਗਤਾ ਕਾ ਹਰਿ ਅੰਗੀਕਾਰੁ ਕਰੇ
ਕਾਰਜੁ ਸੁਹਾਵਾ ਹੋਇ ॥

ਮਨਮੁਖ ਮੂਲਹੁ ਭੁਲਾਇਅਨੁ
ਵਿਚਿ ਲਬੁ ਲੋਭੁ ਅਹੰਕਾਰੁ ॥

ਝਗੜਾ ਕਰਦਿਆ ਅਨਦਿਨੁ ਗੁਦਰੈ
ਸਬਦਿ ਨ ਕਰੈ ਵੀਚਾਰੁ ॥

ਸੁਧਿ ਮਤਿ ਕਰਤੈ ਹਿਰਿ ਲਈ

پؤڑی ॥

سبھ تیری توُ سبھس دا
سبھ تُدھُ اُپائیا ॥

سبھنا وِچ توُ ورتدا
توُ سبھنی دھِیائیا ॥

تِس دی توُ بھگتِ تھاءِ پائہِ
جو تُدھُ منِ بھائیا ॥

جو ہرِ پربھ بھاوے سو تھیۓ
سبھِ کرنِ تیرا کرائیا ॥

سلاہِہُ ہرِ سبھنا تے وڈا
جو سنّت جناں کی پیج رکھدا آئیا ॥1॥

سلوک م: 3 ॥

نانک گیانی جگُ جیتا
جگِ جیتا سبھُ کوءِ ॥

نامے کارج سِدھِ ہےَ
سہجے ہوءِ سُ ہوءِ ॥

گُرمتِ متِ اچلُ ہےَ
چلاءِ ن سکےَ کوءِ ॥

بھگتا کا ہرِ انگیکارُ کرے
کارجُ سُہاوا ہوءِ ॥

منمُکھ مؤلہُ بھُلائینُ
وِچِ لبُ لوبھُ اہنکارُ ॥

جھگڑا کردِیا اندِنُ گُدرےَ
سبدِ ن کرےَ وِیچارُ ॥

سُدھِ متِ کرتےَ ہرِ لئی

ਬੋਲਨਿ ਸਭੁ ਵਿਕਾਰੁ ॥

بولنِ سبھُ وِکارُ ॥

ਦਿਤੈ ਕਿਤੈ ਨ ਸੰਤੋਖੀਅਨਿ
ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ ॥

دِتے کِتے ن سنّتوکھیَنِ
انتر ترِسنا بہُتُ اگیانُ اندھارُ ॥

ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ
ਜਿਨਾ ਮਾਇਆ ਮੋਹਿ ਪਿਆਰੁ ॥੧॥

نانک منمکھا نالہُ ٹُٹیا بھلی
جِنا مائیا موہِ پیارُ ॥1॥

ਮਃ ੩ ॥

م: 3 ॥

ਤਿਨ੍ਹ ਭਉ ਸੰਸਾ ਕਿਆ ਕਰੇ
ਜਿਨ ਸਤਿਗੁਰੁ ਸਿਰਿ ਕਰਤਾਰੁ ॥

تِنّہ بھءُ سنّسا کیا کرے
جِن ستِگُرُ سِرِ کرتارُ ॥

ਧੁਰਿ ਤਿਨ ਕੀ ਪੈਜ ਰਖਦਾ
ਆਪੇ ਰਖਣਹਾਰੁ ॥

دھُرِ تِن کی پیَج رکھدا
آپے رکھنّہارُ ॥

ਮਿਲਿ ਪ੍ਰੀਤਮ ਸੁਖੁ ਪਾਇਆ
ਸਚੈ ਸਬਦਿ ਵੀਚਾਰਿ ॥

مِلِ پریتم سُکھُ پائیا
سچے سبدِ ویچارِ ॥

ਨਾਨਕ ਸੁਖਦਾਤਾ ਸੇਵਿਆ
ਆਪੇ ਪਰਖਣਹਾਰੁ ॥੨॥

نانک سُکھداتا سیویا
آپے پرکھنّہارُ ॥2॥

ਪਉੜੀ ॥

پئُڑی ॥

ਜੀਅ ਜੰਤ ਸਭਿ ਤੇਰਿਆ
ਤੂ ਸਭਨਾ ਰਾਸਿ ॥

جیء جنّت سبھِ تیرِیا
توُ سبھنا راسِ ॥

ਜਿਸ ਨੋ ਤੂ ਦੇਹਿ ਤਿਸੁ ਸਭੁ ਕਿਛੁ ਮਿਲੈ
ਕੋਈ ਹੋਰੁ ਸਰੀਕੁ ਨਾਹੀ ਤੁਧੁ ਪਾਸਿ ॥

جِس نو توُ دیہِ تِس سبھُ کِچھُ مِلے
کوئی ہورُ شریکُ ناہی تُدھُ پاسِ ॥

ਤੂ ਇਕੋ ਦਾਤਾ ਸਭਸ ਦਾ
ਹਰਿ ਪਹਿ ਅਰਦਾਸਿ ॥

توُ اِکو داتا سبھس دا
ہرِ پہِ عرداسِ ॥

ਜਿਸ ਦੀ ਤੁਧੁ ਭਾਵੈ ਤਿਸ ਦੀ ਤੂ ਮੰਨਿ ਲੈਹਿ
ਸੋ ਜਨੁ ਸਾਬਾਸਿ ॥

جِس دی تُدھُ بھاوے تِس دی توُ منّنِ لیہِ
سو جنُ ساباسِ ॥

ਸਭੁ ਤੇਰਾ ਚੋਜੁ ਵਰਤਦਾ
ਦੁਖੁ ਸੁਖੁ ਤੁਧੁ ਪਾਸਿ ॥੨॥

سبھُ تیرا چوجُ ورتدا
دُکھُ سُکھُ تُدھُ پاسِ ॥2॥

ਸਲੋਕ ਮਃ ੩ ॥

ਗੁਰਮੁਖਿ ਸਚੈ ਭਾਵਦੇ
ਦਰਿ ਸਚੈ ਸਚਿਆਰ ॥

ਸਾਜਨ ਮਨਿ ਆਨੰਦੁ ਹੈ
ਗੁਰ ਕਾ ਸਬਦੁ ਵੀਚਾਰ ॥

ਅੰਤਰਿ ਸਬਦੁ ਵਸਾਇਆ ਦੁਖੁ ਕਟਿਆ
ਚਾਨਣੁ ਕੀਆ ਕਰਤਾਰਿ ॥

ਨਾਨਕ ਰਖਣਹਾਰਾ ਰਖਸੀ
ਆਪਣੀ ਕਿਰਪਾ ਧਾਰਿ ॥੧॥

ਮਃ ੩ ॥

ਗੁਰ ਕੀ ਸੇਵਾ ਚਾਕਰੀ
ਭੈ ਰਚਿ ਕਾਰ ਕਮਾਇ ॥

ਜੇਹਾ ਸੇਵੈ ਤੇਹੋ ਹੋਵੈ
ਜੇ ਚਲੈ ਤਿਸੈ ਰਜਾਇ ॥

ਨਾਨਕ ਸਭੁ ਕਿਛੁ ਆਪਿ ਹੈ
ਅਵਰੁ ਨ ਦੂਜੀ ਜਾਇ ॥੨॥

ਪਉੜੀ ॥

ਤੇਰੀ ਵਡਿਆਈ ਤੂਹੈ ਜਾਣਦਾ
ਤੁਧੁ ਜੇਵਡੁ ਅਵਰੁ ਨ ਕੋਈ ॥

ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ
ਤੁਧੁ ਜੇਵਡੁ ਤੂਹੈ ਹੋਈ ॥

ਜਿਨਿ ਤੂ ਸੇਵਿਆ ਤਿਨਿ ਸੁਖੁ ਪਾਇਆ
ਹੋਰੁ ਤਿਸ ਦੀ ਰੀਸ ਕਰੇ ਕਿਆ ਕੋਈ ॥

ਤੂ ਭੰਨਣ ਘੜਣ ਸਮਰਥੁ ਦਾਤਾਰੁ ਹਹਿ
ਤੁਧੁ ਅਗੈ ਮੰਗਣ ਨੋ ਹਥ ਜੋੜਿ ਖਲੀ ਸਭ ਹੋਈ ॥

سلوک م: 3 ॥

گُرمُکھِ سچے بھاووے
درِ سچے سچیار ॥

ساجن منِ آنندُ ہے
گُر کا سبدُ وِیچار ॥

انترِ سبدُ وسائیا دُکھُ کٹیا
چانڑُ کیِیا کرتارِ ॥

نانک رکھنہارا رکھسی
آپنڑی کِرپا دھارِ ॥1॥

م: 3 ॥

گُر کی سیوا چاکری
بھے رچِ کار کماءِ ॥

جیہا سیوے تیہو ہووے
جے چلے تِسے رضاءِ ॥

نانک سبھُ کِچھُ آپِ ہے
اورُ ن دوُجی جاءِ ॥2॥

پڑی ॥

تیری وڈِیائی توُہے جانڈا
تُدھُ جیوڈُ اورُ ن کوئی ॥

تُدھُ جیوڈُ ہورُ شریکُ ہووے تا آکھیئے
تُدھُ جیوڈُ توُہے ہوئی ॥

جِنِ توُ سیویا تِنِ سُکھُ پائیا
ہورُ تِس دی ریس کرے کِیا کوئی ۔ ॥

توُ بھنّنڑ گھڑنڑ سمرتھُ داتارُ ہہِ
تُدھُ اگے منگنڑ نو ہتھ جوڑِ کھلی سبھ ہوئی ॥

ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ
ਤੁਧੁ ਸਭਸੈ ਨੋ ਦਾਨੁ ਦਿਤਾ
ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ ॥੩॥

ਸਲੋਕ ਮਃ ੩ ॥

ਮਨਿ ਪਰਤੀਤਿ ਨ ਆਈਆ
ਸਹਜਿ ਨ ਲਗੋ ਭਾਉ ॥

ਸਬਦੈ ਸਾਦੁ ਨ ਪਾਇਓ
ਮਨਹਠਿ ਕਿਆ ਗੁਣ ਗਾਇ ॥

ਨਾਨਕ ਆਇਆ ਸੋ ਪਰਵਾਣੁ ਹੈ
ਜਿ ਗੁਰਮੁਖਿ ਸਚਿ ਸਮਾਇ ॥੧॥

ਮਃ ੩ ॥

ਆਪਣਾ ਆਪੁ ਨ ਪਛਾਣੈ ਮੂੜਾ
ਅਵਰਾ ਆਖਿ ਦੁਖਾਏ ॥

ਮੁੰਢੇ ਦੀ ਖਸਲਤਿ ਨ ਗਈਆ ਅੰਧੇ
ਵਿਛੁੜਿ ਚੋਟਾ ਖਾਏ ॥

ਸਤਿਗੁਰ ਕੈ ਭੈ ਭੰਨਿ ਨ ਘੜਿਓ
ਰਹੈ ਅੰਕਿ ਸਮਾਏ ॥

ਅਨਦਿਨੁ ਸਹਸਾ ਕਦੇ ਨ ਚੂਕੈ
ਬਿਨੁ ਸਬਦੈ ਦੁਖੁ ਪਾਏ ॥

ਕਾਮੁ ਕ੍ਰੋਧੁ ਲੋਭੁ ਅੰਤਰਿ ਸਬਲਾ
ਨਿਤ ਧੰਧਾ ਕਰਤ ਵਿਹਾਏ ॥

ਚਰਣ ਕਰ ਦੇਖਤ ਸੁਣਿ ਥਕੇ
ਦਿਹ ਮੁਕੇ ਨੇੜੈ ਆਏ ॥

ਸਚਾ ਨਾਮੁ ਨ ਲਗੋ ਮੀਠਾ
ਜਿਤੁ ਨਾਮਿ ਨਵ ਨਿਧਿ ਪਾਏ ॥

تُدھُ جیوڈُ داتارُ مے کوئی ندرِ ن آوئی
تُدھُ سبھسے نو دانُ دِتا
کھنڈی وربھنڈی پاتالی پُرئی سبھ لوئی ॥3॥

سلوک م: 3 ॥

منِ پرتیتِ ن آئیا
سہجِ ن لگو بھاءُ ॥

سبدے سادُ ن پائیو
منہٹھِ کیا گُنُ گاءِ ۔ ॥

نانک آئیا سو پروانُ ہے
جِ گُرمُکھِ سچِ سماءِ ॥1॥

م: 3 ॥

آپنا آپُ ن پچھانے مُوڑا
اورا آکھِ دُکھائے ॥

مُنڈھے دی خصلتِ ن گئیا اندھے
وِچھُڑِ چوٹا کھائے ॥

ستِگُر کے بھے بھنّنِ ن گھڑیو
رہے انکِ سمائے ॥

اندِنُ سہسا کدے ن چوُکے
بِنُ سبدے دُکھُ پائے ॥

کامُ کرودھُ لوبھُ انترِ سبلا
نِت دھندّھا کرت وِہائے ॥

چرنُ کر دیکھت سُنِ تھکے
دِہ مُکے نیڑے آئے ॥

سچا نامُ ن لگو میٹھا
جِتُ نامِ نو نِدھِ پائے ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਜਾ ਸਾਹਿਬ) سری گرو نانک دیو جی مہاراج دے 550ویں پرکاش پُرب نوں سمرپت | سیوا: بھائی بلجندر سنگھ جی (راجا صاہب)

ਜੀਵਤੁ ਮਰੈ ਮਰੈ ਫੁਨਿ ਜੀਵੈ
ਤਾਂ ਮੋਖੰਤਰੁ ਪਾਏ ॥

جیوتُ مرے مرے پھُنِ جیوے
تاں موکھنتر پائے ॥

ਧੁਰਿ ਕਰਮੁ ਨ ਪਾਇਓ ਪਰਾਣੀ
ਵਿਣੁ ਕਰਮਾ ਕਿਆ ਪਾਏ ॥

دھُرِ کرمُ ن پائیو پراٹی
وِنُ کرما کیا پائے ۔ ॥

ਗੁਰ ਕਾ ਸਬਦੁ ਸਮਾਲਿ ਤੂ ਮੂੜੇ
ਗਤਿ ਮਤਿ ਸਬਦੇ ਪਾਏ ॥

گُر کا سبدُ سمالِ توُ موُڑے
گتِ متِ سبدے پائے ॥

ਨਾਨਕ ਸਤਿਗੁਰੁ ਤਦ ਹੀ ਪਾਏ
ਜਾਂ ਵਿਚਹੁ ਆਪੁ ਗਵਾਏ ॥੨॥

نانک ستِگُر تد ہی پائے
جاں وِچہُ آپُ گوائے ॥2॥

ਪਉੜੀ ॥

پُڑی ॥

ਜਿਸ ਦੈ ਚਿਤਿ ਵਸਿਆ ਮੇਰਾ ਸੁਆਮੀ
ਤਿਸ ਨੋ ਕਿਉ ਅੰਦੇਸਾ ਕਿਸੈ ਗਲੈ ਦਾ ਲੋੜੀਐ ॥

جِس دے چِتِ وسِیا میرا سُیامی
تِس نو کِءُ اندیسا کِسے گلے دا لوڑیے ۔ ॥

ਹਰਿ ਸੁਖਦਾਤਾ ਸਭਨਾ ਗਲਾ ਕਾ
ਤਿਸ ਨੋ ਧਿਆਇਦਿਆ ਕਿਵ ਨਿਮਖ ਘੜੀ ਮੁਹੁ ਮੋੜੀਐ ॥

ہرِ سُکھداتا سبھنا گلا کا
تِس نو دھیائِدیا کِو نِمکھ گھڑی مُہُ موڑیے ۔ ॥

ਜਿਨਿ ਹਰਿ ਧਿਆਇਆ ਤਿਸ ਨੋ ਸਰਬ ਕਲਿਆਣ ਹੋਏ
ਨਿਤ ਸੰਤ ਜਨਾ ਕੀ ਸੰਗਤਿ ਜਾਇ ਬਹੀਐ ਮੁਹੁ ਜੋੜੀਐ ॥

جِنِ ہرِ دھیائیا تِس نو سرب کلیاٹ ہوئے
نِت سنّت جنا کی سنگتِ جاءِ بہیے مُہُ جوڑیے ॥

ਸਭਿ ਦੁਖ ਭੁਖ ਰੋਗ ਗਏ ਹਰਿ ਸੇਵਕ ਕੇ
ਸਭਿ ਜਨ ਕੇ ਬੰਧਨ ਤੋੜੀਐ ॥

سبھِ دُکھ بھُکھ روگ گئے ہرِ سیوک کے
سبھِ جن کے بندھن توڑیے ॥

ਹਰਿ ਕਿਰਪਾ ਤੇ ਹੋਆ ਹਰਿ ਭਗਤੁ
ਹਰਿ ਭਗਤ ਜਨਾ ਕੈ ਮੁਹਿ ਡਿਠੈ ਜਗਤੁ ਤਰਿਆ ਸਭੁ
ਲੋੜੀਐ ॥੪॥

ہرِ کرپا تے ہویا ہرِ بھگتُ
ہرِ بھگت جنا کے مُہِ ڈِٹھے جگتُ تریا سبھُ لوڑیے ॥4॥

ਸਲੋਕ ਮਃ ੩ ॥

سلوک م: 3 ॥

ਸਾ ਰਸਨਾ ਜਲਿ ਜਾਉ
ਜਿਨਿ ਹਰਿ ਕਾ ਸੁਆਉ ਨ ਪਾਇਆ ॥

سا رسنا جلِ جاءُ
جِنِ ہرِ کا سُیاءُ ن پائیا ॥

ਨਾਨਕ ਰਸਨਾ ਸਬਦਿ ਰਸਾਇ
ਜਿਨਿ ਹਰਿ ਹਰਿ ਮੰਨਿ ਵਸਾਇਆ ॥੧॥

نانک رسنا سبدِ رساءِ
جِنِ ہرِ ہرِ منّنِ وسائیا ॥1॥

ਮਃ ੩ ॥

م: 3 ॥

ਸਾ ਰਸਨਾ ਜਲਿ ਜਾਉ
ਜਿਨਿ ਹਰਿ ਕਾ ਨਾਉ ਵਿਸਾਰਿਆ ॥

سا رسنا جلِ جاءُ
جِنِ ہرِ کا ناءُ وِسارِیا ॥

ਨਾਨਕ ਗੁਰਮੁਖਿ ਰਸਨਾ ਹਰਿ ਜਪੈ
ਹਰਿ ਕੈ ਨਾਇ ਪਿਆਰਿਆ ॥੨॥

نانک گُرمُکھِ رسنا ہرِ جپے
ہرِ کے ناءِ پیارِیا ॥2॥

ਪਉੜੀ ॥

پئُڑی ॥

ਹਰਿ ਆਪੇ ਠਾਕੁਰੁ ਸੇਵਕੁ ਭਗਤੁ
ਹਰਿ ਆਪੇ ਕਰੇ ਕਰਾਏ ॥

ہرِ آپے ٹھاکُرُ سیوکُ بھگتُ
ہرِ آپے کرے کرائے ॥

ਹਰਿ ਆਪੇ ਵੇਖੈ ਵਿਗਸੈ ਆਪੇ
ਜਿਤੁ ਭਾਵੈ ਤਿਤੁ ਲਾਏ ॥

ہرِ آپے ویکھے وِگسے آپے
جِتُ بھاوے تِتُ لائے ॥

ਹਰਿ ਇਕਨਾ ਮਾਰਗਿ ਪਾਏ ਆਪੇ
ਹਰਿ ਇਕਨਾ ਉਝੜਿ ਪਾਏ ॥

ہرِ اِکنا مارگِ پائے آپے
ہرِ اِکنا اُجھڑِ پائے ॥

ਹਰਿ ਸਚਾ ਸਾਹਿਬੁ ਸਚੁ ਤਪਾਵਸੁ
ਕਰਿ ਵੇਖੈ ਚਲਤ ਸਬਾਏ ॥

ہرِ سچا صاحِبُ سچُ تپاوسُ
کرِ ویکھے چلت سبائے ॥

ਗੁਰ ਪਰਸਾਦਿ ਕਹੈ ਜਨੁ ਨਾਨਕੁ
ਹਰਿ ਸਚੇ ਕੇ ਗੁਣ ਗਾਏ ॥੫॥

گُر پرسادِ کہے جنُ نانکُ
ہرِ سچے کے گُنُ گائے ॥5॥

ਸਲੋਕ ਮਃ ੩ ॥

سلوک م: 3 ॥

ਦਰਵੇਸੀ ਕੋ ਜਾਣਸੀ
ਵਿਰਲਾ ਕੋ ਦਰਵੇਸੁ ॥

درویشی کو جانُسی
وِرلا کو درویشُ ॥

ਜੇ ਘਰਿ ਘਰਿ ਹੰਢੈ ਮੰਗਦਾ
ਧਿਗੁ ਜੀਵਣੁ ਧਿਗੁ ਵੇਸੁ ॥

جے گھرِ گھرِ ہنڈھے منگدا
دھِگُ جیِونُ دھِگُ ویسُ ॥

ਜੇ ਆਸਾ ਅੰਦੇਸਾ ਤਜਿ ਰਹੈ
ਗੁਰਮੁਖਿ ਭਿਖਿਆ ਨਾਉ ॥

جے آسا اندیسا تجِ رہے
گُرمُکھِ بھِکھیا ناءُ ॥

ਤਿਸ ਕੇ ਚਰਨ ਪਖਾਲੀਅਹਿ
ਨਾਨਕ ਹਉ ਬਲਿਹਾਰੈ ਜਾਉ ॥੧॥

تِس کے چرن پکھالیئہِ
نانک ہءُ بلِہارے جاءُ ॥1॥

ਮਃ ੩ ॥

م: 3 ॥

ਨਾਨਕ ਤਰਵਰੁ ਏਕੁ ਫਲੁ
ਦੁਇ ਪੰਖੇਰੂ ਆਹਿ ॥

نانک ترورُ ایکُ پھلُ
دُءِ پنکھیرُو آہِ ॥

ਆਵਤ ਜਾਤ ਨ ਦੀਸਹੀ
ਨਾ ਪਰ ਪੰਖੀ ਤਾਹਿ ॥

آوت جات ن دِیسہی
نا پر پنکھی تاہِ ॥

ਬਹੁ ਰੰਗੀ ਰਸ ਭੋਗਿਆ
ਸਬਦਿ ਰਹੈ ਨਿਰਬਾਣੁ ॥

بہُ رنگی رس بھوگِیا
سبدِ رہے نِربانُ ॥

ਹਰਿ ਰਸਿ ਫਲਿ ਰਾਤੇ ਨਾਨਕਾ
ਕਰਮਿ ਸਚਾ ਨੀਸਾਣੁ ॥੨॥

ہرِ رسِ پھلِ راتے نانکا
کرمِ سچا نِیشانُ ॥2॥

ਪਉੜੀ ॥

پئُڑی ॥

ਆਪੇ ਧਰਤੀ ਆਪੇ ਹੈ ਰਾਹਕੁ
ਆਪਿ ਜੰਮਾਇ ਪੀਸਾਵੈ ॥

آپے دھرتی آپے ہے راہکُ
آپِ جنّماءِ پِساوے ॥

ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ
ਆਪੇ ਹੀ ਬਹਿ ਖਾਵੈ ॥

آپِ پکاوے آپِ بھانڈے دےءِ پروسے
آپے ہی بہِ کھاوے ॥

ਆਪੇ ਜਲੁ ਆਪੇ ਦੇ ਛਿੰਗਾ
ਆਪੇ ਚੁਲੀ ਭਰਾਵੈ ॥

آپے جلُ آپے دے چھِنگا
آپے چُلی بھراوے ॥

ਆਪੇ ਸੰਗਤਿ ਸਦਿ ਬਹਾਲੈ
ਆਪੇ ਵਿਦਾ ਕਰਾਵੈ ॥

آپے سنگّتِ سدِ بہالے
آپے وِدا کراوے ॥

ਜਿਸ ਨੋ ਕਿਰਪਾਲੁ ਹੋਵੈ ਹਰਿ ਆਪੇ
ਤਿਸ ਨੋ ਹੁਕਮੁ ਮਨਾਵੈ ॥੬॥

جِس نو کِرپالُ ہووے ہرِ آپے
تِس نو حُکمُ مناوے ॥6॥

ਸਲੋਕ ਮਃ ੩ ॥

سلوک م: 3 ॥

ਕਰਮ ਧਰਮ ਸਭਿ ਬੰਧਨਾ
ਪਾਪ ਪੁੰਨ ਸਨਬੰਧੁ ॥

کرم دھرم سبھِ بنّدھنا
پاپ پُنّن سنبنّدھُ ॥

ਮਮਤਾ ਮੋਹੁ ਸੁ ਬੰਧਨਾ
ਪੁਤ੍ਰ ਕਲਤ੍ਰ ਸੁ ਧੰਧੁ ॥

ممتا موہُ سُ بنّدھنا
پُتّر کلتّر سُ دھنّدھُ ॥

ਜਹ ਦੇਖਾ ਤਹ ਜੇਵਰੀ

جہ دیکھا تہ جیوری

ਮਾਇਆ ਕਾ ਸਨਬੰਧੁ ॥

ماىٔيا كا سنبندھُ ॥

ਨਾਨਕ ਸਚੇ ਨਾਮ ਬਿਨੁ
ਵਰਤਣਿ ਵਰਤੈ ਅੰਧੁ ॥੧॥

نانک سچے نام بِنُ
ورتنِ ورتے انّدھُ ॥1॥

ਮਃ ੪ ॥

م: 4 ॥

ਅੰਧੇ ਚਾਨਣੁ ਤਾ ਥੀਐ
ਜਾ ਸਤਿਗੁਰੁ ਮਿਲੈ ਰਜਾਇ ॥

انّدھے چانڑُ تا تھیٔے
جا ستِگُر مِلے رضاءِ ॥

ਬੰਧਨ ਤੋੜੈ ਸਚਿ ਵਸੈ
ਅਗਿਆਨੁ ਅਧੇਰਾ ਜਾਇ ॥

بندھن توڑے سچِ وسے
اگیانُ ادھیرا جاءِ ॥

ਸਭੁ ਕਿਛੁ ਦੇਖੈ ਤਿਸੈ ਕਾ
ਜਿਨਿ ਕੀਆ ਤਨੁ ਸਾਜਿ ॥

سبھُ کِچھُ دیکھے تِسے کا
جِنِ کِیا تنُ ساجِ ॥

ਨਾਨਕ ਸਰਣਿ ਕਰਤਾਰ ਕੀ
ਕਰਤਾ ਰਾਖੈ ਲਾਜ ॥੨॥

نانک سرنڑِ کرتار کی
کرتا راکھے لاج ॥2॥

ਪਉੜੀ ॥

پئڑی ॥

ਜਦਹੁ ਆਪੇ ਥਾਟੁ ਕੀਆ ਬਹਿ ਕਰਤੈ
ਤਦਹੁ ਪੁਛਿ ਨ ਸੇਵਕੁ ਬੀਆ ॥

جدھُ آپے تھاٹُ کِیا بہِ کرتے
تدھُ پُچھِ ن سیوکُ بیِیا ॥

ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ
ਜਾਂ ਅਵਰੁ ਨ ਦੂਜਾ ਕੀਆ ॥

تدھُ کِیا کو لیوے کِیا کو دیوے
جاں اورُ ن دوُجا کِیا ॥

ਫਿਰਿ ਆਪੇ ਜਗਤੁ ਉਪਾਇਆ ਕਰਤੈ
ਦਾਨੁ ਸਭਨਾ ਕਉ ਦੀਆ ॥

پھِرِ آپے جگتُ اُپائیا کرتے
دانُ سبھنا کءُ دیِیا ॥

ਆਪੇ ਸੇਵ ਬਣਾਈਅਨੁ ਗੁਰਮੁਖਿ
ਆਪੇ ਅੰਮ੍ਰਿਤੁ ਪੀਆ ॥

آپے سیو بنائیِنُ گُرمُکھِ
آپے انّمرِتُ پیِیا ॥

ਆਪਿ ਨਿਰੰਕਾਰ ਆਕਾਰੁ ਹੈ ਆਪੇ
ਆਪੇ ਕਰੈ ਸੁ ਥੀਆ ॥੭॥

آپِ نِرنّکار آکارُ ہے آپے
آپے کرے سُ تھیِا ॥7॥

ਸਲੋਕ ਮਃ ੩ ॥

سلوک م: 3 ॥

ਗੁਰਮੁਖਿ ਪ੍ਰਭੁ ਸੇਵਹਿ ਸਦ ਸਾਚਾ

گُرمُکھِ پربھُ سیوہِ سد ساچا

ਅਨਦਿਨੁ ਸਹਜਿ ਪਿਆਰਿ ॥

اندِنُ سہجِ پِیارِ ॥

ਸਦਾ ਅਨੰਦਿ ਗਾਵਹਿ ਗੁਣ ਸਾਚੇ
ਅਰਧਿ ਉਰਧਿ ਉਰਿ ਧਾਰਿ ॥

سدا انَندِ گاوہِ گُڻ ساچے
اردھِ اُردھِ اُرِ دھارِ ॥

ਅੰਤਰਿ ਪ੍ਰੀਤਮੁ ਵਸਿਆ
ਧੁਰਿ ਕਰਮੁ ਲਿਖਿਆ ਕਰਤਾਰਿ ॥

انترِ پریتمُ وسِیا
دھُرِ کرمُ لِکھِیا کرتارِ ॥

ਨਾਨਕ ਆਪਿ ਮਿਲਾਇਅਨੁ
ਆਪੇ ਕਿਰਪਾ ਧਾਰਿ ॥੧॥

نانک آپِ مِلائینُ
آپے کِرپا دھارِ ॥1॥

ਮਃ ੩ ॥

م: 3 ॥

ਕਹਿਐ ਕਥਿਐ ਨ ਪਾਈਐ
ਅਨਦਿਨੁ ਰਹੈ ਸਦਾ ਗੁਣ ਗਾਇ ॥

کہِئے کتھِئے ن پائیئے
اندِنُ رہے سدا گُڻ گاءِ ॥

ਵਿਣੁ ਕਰਮੈ ਕਿਨੈ ਨ ਪਾਇਓ
ਭਉਕਿ ਮੁਏ ਬਿਲਲਾਇ ॥

وِنُ کرمے کِنے ن پائیو
بھوُکِ مُے بِللاءِ ॥

ਗੁਰ ਕੈ ਸਬਦਿ ਮਨੁ ਤਨੁ ਭਿਜੈ
ਆਪਿ ਵਸੈ ਮਨਿ ਆਇ ॥

گُر کے سبدِ منُ تنُ بھِجے
آپِ وسے منِ آءِ ॥

ਨਾਨਕ ਨਦਰੀ ਪਾਈਐ
ਆਪੇ ਲਏ ਮਿਲਾਇ ॥੨॥

نانک ندری پائیئے
آپے لے مِلاءِ ॥2॥

ਪਉੜੀ ॥

پئڑی ॥

ਆਪੇ ਵੇਦ ਪੁਰਾਣ ਸਭਿ ਸਾਸਤ
ਆਪਿ ਕਥੈ ਆਪਿ ਭੀਜੈ ॥

آپے وید پُراڻ سبھِ ساست
آپِ کتھے آپِ بھِجے ॥

ਆਪੇ ਹੀ ਬਹਿ ਪੂਜੇ ਕਰਤਾ
ਆਪਿ ਪਰਪੰਚੁ ਕਰੀਜੈ ॥

آپے ہی بہِ پوُجے کرتا
آپِ پرپنچُ کریجے ॥

ਆਪਿ ਪਰਵਿਰਤਿ ਆਪਿ ਨਿਰਵਿਰਤੀ
ਆਪੇ ਅਕਥੁ ਕਥੀਜੈ ॥

آپِ پروِرتِ آپِ نِروِرتی
آپے اکتھُ کتھِجے ॥

ਆਪੇ ਪੁੰਨੁ ਸਭੁ ਆਪਿ ਕਰਾਏ
ਆਪਿ ਅਲਿਪਤੁ ਵਰਤੀਜੈ ॥

آپے پُنّنُ سبھُ آپِ کرائے
آپِ الپتُ ورتیجے ॥

ਆਪੇ ਸੁਖੁ ਦੁਖੁ ਦੇਵੈ ਕਰਤਾ
ਆਪੇ ਬਖਸ ਕਰੀਜੈ ॥੮॥

آپے سُکھُ دُکھُ دیوے کرتا
آپے بخش کریجے ॥8॥

ਸਲੋਕ ਮਃ ੩ ॥

سلوک م: 3 ॥

ਸੇਖਾ ਅੰਦਰਹੁ ਜੋਰੁ ਛਡਿ ਤੂ
ਭਉ ਕਰਿ ਝਲੁ ਗਵਾਇ ॥

سیکھا اندرہُ زورُ چھڈِ توُ
بھءُ کرِ جھلُ گواءِ ॥

ਗੁਰ ਕੈ ਭੈ ਕੇਤੇ ਨਿਸਤਰੇ
ਭੈ ਵਿਚਿ ਨਿਰਭਉ ਪਾਇ ॥

گُر کے بھے کیتے نِسترے
بھے وِچ نِربھءُ پاءِ ॥

ਮਨੁ ਕਠੋਰੁ ਸਬਦਿ ਭੇਦਿ ਤੂੰ
ਸਾਂਤਿ ਵਸੈ ਮਨਿ ਆਇ ॥

منُ کٹھورُ سبدِ بھیدِ توُنّ
سانْتِ وسے منِ آءِ ॥

ਸਾਂਤੀ ਵਿਚਿ ਕਾਰ ਕਮਾਵਣੀ
ਸਾ ਖਸਮੁ ਪਾਏ ਥਾਇ ॥

سانْتی وِچ کار کماونْی
سا خصمُ پائے تھاءِ ॥

ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ
ਪੁਛਹੁ ਗਿਆਨੀ ਜਾਇ ॥੧॥

نانک کامِ کرودھِ کِنے ن پائیو
پُچھہُ گیانی جاءِ ॥1॥

ਮਃ ੩ ॥

م: 3 ॥

ਮਨਮੁਖ ਮਾਇਆ ਮੋਹੁ ਹੈ
ਨਾਮਿ ਨ ਲਗੋ ਪਿਆਰੁ ॥

منمُکھ مائیا موہُ ہے
نامِ ن لگو پیارُ ॥

ਕੂੜੁ ਕਮਾਵੈ ਕੂੜੁ ਸੰਗ੍ਰਹੈ
ਕੂੜੁ ਕਰੇ ਆਹਾਰੁ ॥

کوڑُ کماوے کوڑُ سنگّرہے
کوڑُ کرے آہارُ ॥

ਬਿਖੁ ਮਾਇਆ ਧਨੁ ਸੰਚਿ ਮਰਹਿ
ਅੰਤੇ ਹੋਇ ਸਭੁ ਛਾਰੁ ॥

بِکھُ مائیا دھنُ سنچِ مرہِ
انْتے ہوءِ سبھُ چھارُ ॥

ਕਰਮ ਧਰਮ ਸੁਚ ਸੰਜਮ ਕਰਹਿ
ਅੰਤਰਿ ਲੋਭੁ ਵਿਕਾਰੁ ॥

کرم دھرم سُچ سنجّم کرہِ
انترِ لوبھُ وِکارُ ॥

ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ
ਦਰਗਹਿ ਹੋਇ ਖੁਆਰੁ ॥੨॥

نانک جِ منمُکھُ کماوے سُ تھاءِ ناپوے
درگہِ ہوءِ خُیارُ ॥2॥

ਪਉੜੀ ॥

پئڑی ॥

ਆਪੇ ਖਾਣੀ ਆਪੇ ਬਾਣੀ
ਆਪੇ ਖੰਡ ਵਰਭੰਡ ਕਰੇ ॥

آپے کھانی آپے بانی
آپے کھنڈ وربھنڈ کرے ॥

ਆਪਿ ਸਮੁੰਦੁ ਆਪਿ ਹੈ ਸਾਗਰੁ
ਆਪੇ ਹੀ ਵਿਚਿ ਰਤਨ ਧਰੇ ॥

آپِ سمُنّدُ آپِ ہے ساگرُ
آپے ہی وِچِ رتن دھرے ॥

ਆਪਿ ਲਹਾਏ ਕਰੇ ਜਿਸੁ ਕਿਰਪਾ
ਜਿਸ ਨੋ ਗੁਰਮੁਖਿ ਕਰੇ ਹਰੇ ॥

آپِ لہائے کرے جِسُ کِرپا
جِس نو گُرمُکھِ کرے ہرے ॥

ਆਪੇ ਭਉਜਲੁ ਆਪਿ ਹੈ ਬੋਹਿਥਾ
ਆਪੇ ਖੇਵਟੁ ਆਪਿ ਤਰੇ ॥

آپے بھنجُلُ آپِ ہے بوہِتھا
آپے کھیوٹُ آپِ ترے ॥

ਆਪੇ ਕਰੇ ਕਰਾਏ ਕਰਤਾ
ਅਵਰੁ ਨ ਦੂਜਾ ਤੁਝੈ ਸਰੇ ॥੯॥

آپے کرے کرائے کرتا
اورُ ن دوُجا تُجھے سرے ॥9॥

ਸਲੋਕ ਮਃ ੩ ॥

سلوک م: 3 ॥

ਸਤਿਗੁਰ ਕੀ ਸੇਵਾ ਸਫਲ ਹੈ
ਜੇ ਕੋ ਕਰੇ ਚਿਤੁ ਲਾਇ ॥

ستِگُر کی سیوا سپھل ہے
جے کو کرے چِتُ لاءِ ॥

ਨਾਮੁ ਪਦਾਰਥੁ ਪਾਈਐ
ਅਚਿੰਤੁ ਵਸੈ ਮਨਿ ਆਇ ॥

نامُ پدارتھُ پائیئے
اچِنّتُ وسے منِ آءِ ॥

ਜਨਮ ਮਰਨ ਦੁਖੁ ਕਟੀਐ
ਹਉਮੈ ਮਮਤਾ ਜਾਇ ॥

جنم مرن دُکھُ کٹیئے
ہئے ممتا جاءِ ॥

ਉਤਮ ਪਦਵੀ ਪਾਈਐ
ਸਚੇ ਰਹੈ ਸਮਾਇ ॥

اُتم پدوی پائیئے
سچے رہے سماءِ ॥

ਨਾਨਕ ਪੂਰਬਿ ਜਿਨ ਕਉ ਲਿਖਿਆ
ਤਿਨਾ ਸਤਿਗੁਰੁ ਮਿਲਿਆ ਆਇ ॥੧॥

نانک پوُربِ جِن کءُ لِکھیا
تِنا ستِگُرُ ملِیا آءِ ॥1॥

ਮਃ ੩ ॥

م: 3 ॥

ਨਾਮਿ ਰਤਾ ਸਤਿਗੁਰੂ ਹੈ
ਕਲਿਜੁਗ ਬੋਹਿਥੁ ਹੋਇ ॥

نامِ رتا ستِگُروُ ہے
کلِجُگ بوہِتھُ ہوءِ ॥

ਗੁਰਮੁਖਿ ਹੋਵੈ ਸੁ ਪਾਰਿ ਪਵੈ

گُرمُکھِ ہووے سُ پارِ پوے

ਜਿਨਾ ਅੰਦਰਿ ਸਚਾ ਸੋਇ ॥

جِنا اندَرِ سچا سوءِ ॥

ਨਾਮੁ ਸਮ੍ਹਾਲੇ ਨਾਮੁ ਸੰਗ੍ਰਹੈ
ਨਾਮੇ ਹੀ ਪਤਿ ਹੋਇ ॥

نامُ سمہّالے نامُ سنگّرہے
نامے ہی پتِ ہوءِ ॥

ਨਾਨਕ ਸਤਿਗੁਰੁ ਪਾਇਆ
ਕਰਮਿ ਪਰਾਪਤਿ ਹੋਇ ॥੨॥

نانک ستِگُرُ پایَیا
کرمِ پراپتِ ہوءِ ॥2॥

ਪਉੜੀ ॥

پؤڑی ॥

ਆਪੇ ਪਾਰਸੁ ਆਪਿ ਧਾਤੁ ਹੈ
ਆਪਿ ਕੀਤੋਨੁ ਕੰਚਨੁ ॥

آپے پارسُ آپِ دھاتُ ہے
آپِ کیِتونُ کنچَنُ ॥

ਆਪੇ ਠਾਕੁਰੁ ਸੇਵਕੁ ਆਪੇ
ਆਪੇ ਹੀ ਪਾਪ ਖੰਡਨੁ ॥

آپے ٹھاکُرُ سیوکُ آپے
آپے ہی پاپ کھنڈنُ ॥

ਆਪੇ ਸਭਿ ਘਟ ਭੋਗਵੈ ਸੁਆਮੀ
ਆਪੇ ਹੀ ਸਭੁ ਅੰਜਨੁ ॥

آپے سبھِ گھٹ بھوگوے سُیامی
آپے ہی سبھُ انجَنُ ॥

ਆਪਿ ਬਿਬੇਕੁ ਆਪਿ ਸਭੁ ਬੇਤਾ
ਆਪੇ ਗੁਰਮੁਖਿ ਭੰਜਨੁ ॥

آپِ بِبیکُ آپِ سبھُ بیتا
آپے گُرمُکھِ بھنّجَنُ ॥

ਜਨੁ ਨਾਨਕੁ ਸਾਲਾਹਿ ਨ ਰਜੈ ਤੁਧੁ ਕਰਤੇ
ਤੂ ਹਰਿ ਸੁਖਦਾਤਾ ਵਡਨੁ ॥੧੦॥

جنُ نانکُ سالاہِ ن رجےَ تُدھُ کرتے
تو ہرِ سُکھداتا وڈنُ ॥ 10 ॥

ਸਲੋਕ ਮਃ ੪ ॥

سلوک م: 4 ॥

ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ
ਜੇਤੇ ਕਰਮ ਕਮਾਹਿ ॥

بِنُ ستِگُر سیوے جیء کے بندھنا
جیتے کرم کماہِ ॥

ਬਿਨੁ ਸਤਿਗੁਰ ਸੇਵੇ ਠਵਰ ਨ ਪਾਵਹੀ
ਮਰਿ ਜੰਮਹਿ ਆਵਹਿ ਜਾਹਿ ॥

بِنُ ستِگُر سیوے ٹھور ن پاوہی
مرِ جنمّہِ آوہِ جاہِ ॥

ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ
ਨਾਮੁ ਨ ਵਸੈ ਮਨਿ ਆਇ ॥

بِنُ ستِگُر سیوے پھِکا بولٹا
نامُ ن وسےَ منِ آءِ ॥

ਨਾਨਕ ਬਿਨੁ ਸਤਿਗੁਰ ਸੇਵੇ ਜਮ ਪੁਰਿ ਬਧੇ ਮਾਰੀਅਹਿ
ਮੁਹਿ ਕਾਲੈ ਉਠਿ ਜਾਹਿ ॥੧॥

نانک بِنُ ستِگُر سیوے جم پُر بدھے مارِیَہِ
مُہِ کالے اُٹھِ جاہِ ॥1॥

ਮਃ ੩ ॥

ਇਕਿ ਸਤਿਗੁਰ ਕੀ ਸੇਵਾ ਕਰਹਿ ਚਾਕਰੀ
ਹਰਿ ਨਾਮੇ ਲਗੈ ਪਿਆਰੁ ॥

ਨਾਨਕ ਜਨਮੁ ਸਵਾਰਨਿ ਆਪਣਾ
ਕੁਲ ਕਾ ਕਰਨਿ ਉਧਾਰੁ ॥੨॥

ਪਉੜੀ ॥

ਆਪੇ ਚਾਟਸਾਲ ਆਪਿ ਹੈ ਪਾਧਾ
ਆਪੇ ਚਾਟੜੇ ਪੜਣ ਕਉ ਆਣੇ ॥

ਆਪੇ ਪਿਤਾ ਮਾਤਾ ਹੈ ਆਪੇ
ਆਪੇ ਬਾਲਕ ਕਰੇ ਸਿਆਣੇ ॥

ਇਕ ਥੈ ਪੜਿ ਬੁਝੈ ਸਭੁ ਆਪੇ
ਇਕ ਥੈ ਆਪੇ ਕਰੇ ਇਆਣੇ ॥

ਇਕਨਾ ਅੰਦਰਿ ਮਹਲਿ ਬੁਲਾਏ
ਜਾ ਆਪਿ ਤੇਰੈ ਮਨਿ ਸਚੇ ਭਾਣੇ ॥

ਜਿਨਾ ਆਪੇ ਗੁਰਮੁਖਿ ਦੇ ਵਡਿਆਈ
ਸੇ ਜਨ ਸਚੀ ਦਰਗਹਿ ਜਾਣੇ ॥੧੧॥

ਸਲੋਕੁ ਮਰਦਾਨਾ ੧ ॥

ਕਲਿ ਕਲਵਾਲੀ ਕਾਮੁ ਮਦੁ
ਮਨੂਆ ਪੀਵਣਹਾਰੁ ॥

ਕ੍ਰੋਧ ਕਟੋਰੀ ਮੋਹਿ ਭਰੀ
ਪੀਲਾਵਾ ਅਹੰਕਾਰੁ ॥

ਮਜਲਸ ਕੂੜੇ ਲਬ ਕੀ
ਪੀ ਪੀ ਹੋਇ ਖੁਆਰੁ ॥

ਕਰਣੀ ਲਾਹਣਿ ਸਤੁ ਗੁੜੁ
ਸਚੁ ਸਰਾ ਕਰਿ ਸਾਰੁ ॥

م: 3 ॥

اِکِ ستِگُر کی سیوا کرہِ چاکری
ہرِ نامے لگےَ پِیارُ ॥

نانک جنمُ سوارنِ آپنّا
کُل کا کرنِ اُدھارُ ॥2॥

پؤڑی ॥

آپے چاٹسال آپِ ہےَ پادھا
آپے چاٹڑے پڑنٌ کءُ آنے ॥

آپے پِتا ماتا ہےَ آپے
آپے بالک کرے سِیانے ॥

اِک تھےَ پڑِ بُجھےَ سبھُ آپے
اِک تھےَ آپے کرے اِیانے ॥

اِکنا اندّرِ محلِ بُلائے
جا آپِ تیرےَ منِ سچے بھانے ॥

جِنا آپے گُرمُکھِ دے وڈِیائی
سے جن سچی درگہِ جانے ॥ 11 ॥

سلوکُ مردانا 1 ॥

کلِ کلوالی کامُ مدُ
منوُیا پیِوٹہارُ ॥

کرودھ کٹوری موہِ بھری
پیِلاوا اہنکارُ ॥

مجلس کوُڑے لب کی
پی پی ہوءِ خُیارُ ॥

کرنٹی لاہنٹِ ستُ گُڑُ
سچُ سرا کرِ سارُ ॥

ਗੁਣ ਮੰਡੇ ਕਰਿ ਸੀਲੁ ਘਿਉ
ਸਰਮੁ ਮਾਸੁ ਆਹਾਰੁ ॥

گُن منّڈے کرِ سیِلُ گھِءُ
سرمُ ماسُ آہارُ ॥

ਗੁਰਮੁਖਿ ਪਾਈਐ ਨਾਨਕਾ
ਖਾਧੈ ਜਾਹਿ ਬਿਕਾਰ ॥੧॥

گُرمُکھِ پائیئے نانکا
کھادھے جاہِ بِکار ॥1॥

ਮਰਦਾਨਾ ੧ ॥

مردانا 1 ॥

ਕਾਇਆ ਲਾਹਣਿ ਆਪੁ ਮਦੁ
ਮਜਲਸ ਤ੍ਰਿਸਨਾ ਧਾਤੁ ॥

کائیا لاہنِ آپُ مدُ
مجلس ترِسنا دھاتُ ॥

ਮਨਸਾ ਕਟੋਰੀ ਕੂੜਿ ਭਰੀ
ਪੀਲਾਏ ਜਮਕਾਲੁ ॥

منسا کٹوری کوُڑِ بھری
پیِلائے جمکالُ ॥

ਇਤੁ ਮਦਿ ਪੀਤੈ ਨਾਨਕਾ
ਬਹੁਤੇ ਖਟੀਅਹਿ ਬਿਕਾਰ ॥

اِتُ مدِ پیِتے نانکا
بہُتے کھٹیئہِ بِکار ॥

ਗਿਆਨੁ ਗੁੜੁ ਸਾਲਾਹ ਮੰਡੇ
ਭਉ ਮਾਸੁ ਆਹਾਰੁ ॥

گیانُ گُڑُ سالاح منّڈے
بھءُ ماسُ آہارُ ॥

ਨਾਨਕ ਇਹੁ ਭੋਜਨੁ ਸਚੁ ਹੈ
ਸਚੁ ਨਾਮੁ ਆਧਾਰੁ ॥੨॥

نانک اِہُ بھوجنُ سچُ ہے
سچُ نامُ آدھارُ ॥2॥

ਕਾਂਯਾਂ ਲਾਹਣਿ ਆਪੁ ਮਦੁ
ਅੰਮ੍ਰਿਤ ਤਿਸ ਕੀ ਧਾਰ ॥

کانْیاں لاہنِ آپُ مدُ
انّمرِت تِس کی دھار ॥

ਸਤਸੰਗਤਿ ਸਿਉ ਮੇਲਾਪੁ ਹੋਇ
ਲਿਵ ਕਟੋਰੀ ਅੰਮ੍ਰਿਤ ਭਰੀ
ਪੀ ਪੀ ਕਟਹਿ ਬਿਕਾਰ ॥੩॥

ستسنگتِ سِءُ میلاپُ ہوءِ
لِو کٹوری انّمرِت بھری
پی پی کٹہِ بِکار ॥3॥

ਪਉੜੀ ॥

پئُڑی ॥

ਆਪੇ ਸੁਰਿ ਨਰ ਗਣ ਗੰਧਰਬਾ
ਆਪੇ ਖਟ ਦਰਸਨ ਕੀ ਬਾਣੀ ॥

آپے سُرِ نر گنْ گندھربا
آپے کھٹ درسن کی باٹی ॥

ਆਪੇ ਸਿਵ ਸੰਕਰ ਮਹੇਸਾ
ਆਪੇ ਗੁਰਮੁਖਿ ਅਕਥ ਕਹਾਣੀ ॥

آپے سِو سنکر مہیسا
آپے گُرمُکھِ اکتھ کہاٹی ॥

ਆਪੇ ਜੋਗੀ ਆਪੇ ਭੋਗੀ
ਆਪੇ ਸੰਨਿਆਸੀ ਫਿਰੈ ਬਿਬਾਣੀ ॥

آپے جوگی آپے بھوگی
آپے سنّیاسی پھِرے بِبانی ॥

ਆਪੈ ਨਾਲਿ ਗੋਸਟਿ ਆਪਿ ਉਪਦੇਸੈ
ਆਪੇ ਸੁਘੜੁ ਸਰੂਪੁ ਸਿਆਣੀ ॥

آپے نالِ گوسٹِ آپِ اُپدیسے
آپے سُگھڑُ سروُپُ سِیانی ॥

ਆਪਣਾ ਚੋਜੁ ਕਰਿ ਵੇਖੈ ਆਪੇ
ਆਪੇ ਸਭਨਾ ਜੀਆ ਕਾ ਹੈ ਜਾਣੀ ॥੧੨॥

آپے سبھنا جِیا کا ہے جانی ॥ 12 ॥

ਸਲੋਕੁ ਮਃ ੩ ॥

سلوکُ م: 3 ॥

ਏਹਾ ਸੰਧਿਆ ਪਰਵਾਣੁ ਹੈ
ਜਿਤੁ ਹਰਿ ਪ੍ਰਭੁ ਮੇਰਾ ਚਿਤਿ ਆਵੈ ॥

ایہا سندھیا پرواڻُ ہے
جِتُ ہرِ پربھُ میرا چِتِ آوے ॥

ਹਰਿ ਸਿਉ ਪ੍ਰੀਤਿ ਉਪਜੈ
ਮਾਇਆ ਮੋਹੁ ਜਲਾਵੈ ॥

ہرِ سِءُ پریتِ اوُپجے
مائیا موہُ جلاوے ॥

ਗੁਰ ਪਰਸਾਦੀ ਦੁਬਿਧਾ ਮਰੈ
ਮਨੂਆ ਅਸਥਿਰੁ ਸੰਧਿਆ ਕਰੇ ਵੀਚਾਰੁ ॥

گُر پرسادی دُبِدھا مرے
منوُیا استھِرُ سندھیا کرے ویچارُ ॥

ਨਾਨਕ ਸੰਧਿਆ ਕਰੈ ਮਨਮੁਖੀ ਜੀਉ ਨ ਟਿਕੈ
ਮਰਿ ਜੰਮੈ ਹੋਇ ਖੁਆਰੁ ॥੧॥

نانک سندھیا کرے منمکھی جِیءُ ن ٹِکے
مرِ جنمے ہوءِ خُیارُ ॥1॥

ਮਃ ੩ ॥

م: 3 ॥

ਪ੍ਰਿਉ ਪ੍ਰਿਉ ਕਰਤੀ ਸਭੁ ਜਗੁ ਫਿਰੀ
ਮੇਰੀ ਪਿਆਸ ਨ ਜਾਇ ॥

پرِءُ پرِءُ کرتی سبھُ جگُ پھِری
میری پیاس ن جاءِ ॥

ਨਾਨਕ ਸਤਿਗੁਰਿ ਮਿਲਿਐ ਮੇਰੀ ਪਿਆਸ ਗਈ
ਪਿਰੁ ਪਾਇਆ ਘਰਿ ਆਇ ॥੨॥

نانک ستِگُرِ ملِے میری پیاس گئی
پِرُ پائیا گھرِ آءِ ॥2॥

ਪਉੜੀ ॥

پئڑی ॥

ਆਪੇ ਤੰਤੁ ਪਰਮ ਤੰਤੁ ਸਭੁ ਆਪੇ
ਆਪੇ ਠਾਕੁਰੁ ਦਾਸੁ ਭਇਆ ॥

آپے تنتُ پرم تنتُ سبھُ آپے
آپے ٹھاکُرُ داسُ بھئیا ॥

ਆਪੇ ਦਸ ਅਠ ਵਰਨ ਉਪਾਇਅਨੁ
ਆਪਿ ਬ੍ਰਹਮੁ ਆਪਿ ਰਾਜੁ ਲਇਆ ॥

آپے دس اٹھ ورن اُپائینُ
آپِ برہمُ آپِ راجُ لئیا ॥

ਆਪੇ ਮਾਰੇ ਆਪੇ ਛੋਡੈ
ਆਪੇ ਬਖਸੇ ਕਰੇ ਦਇਆ ॥

آپے مارے آپے چھوڈے
آپے بخشے کرے دئیا ॥

ਆਪਿ ਅਭੁਲੁ ਨ ਭੁਲੈ ਕਬ ਹੀ
ਸਭੁ ਸਚੁ ਤਪਾਵਸੁ ਸਚੁ ਥਿਆ ॥

آپِ ابھُلُ ن بھُلے کب ہی
سبھُ سچُ تپاوسُ سچُ تھیا ॥

ਆਪੇ ਜਿਨਾ ਬੁਝਾਏ ਗੁਰਮੁਖਿ
ਤਿਨ ਅੰਦਰਹੁ ਦੂਜਾ ਭਰਮੁ ਗਇਆ ॥੧੩॥

آپے جِنا بُجھائے گُرمُکھِ
تِن اندرہُ دوُجا بھرمُ گئیا ॥ 13 ॥

ਸਲੋਕੁ ਮਃ ੫ ॥

سلوکُ م: 5 ॥

ਹਰਿ ਨਾਮੁ ਨ ਸਿਮਰਹਿ ਸਾਧਸੰਗਿ
ਤੈ ਤਨਿ ਉਡੈ ਖੇਹ ॥

ہرِ نامُ ن سِمرہِ سادھسنگِ
تے تنِ اُڈے کھیہ ॥

ਜਿਨਿ ਕੀਤੀ ਤਿਸੈ ਨ ਜਾਣਈ
ਨਾਨਕ ਫਿਟੁ ਅਲੂਣੀ ਦੇਹ ॥੧॥

جِنِ کِیتی تِسے ن جانئی
نانک پھِٹُ الوُنی دیہ ॥1॥

ਮਃ ੫ ॥

م: 5 ॥

ਘਟਿ ਵਸਹਿ ਚਰਣਾਰਬਿੰਦ
ਰਸਨਾ ਜਪੈ ਗੁਪਾਲ ॥

گھٹِ وسہِ چرٹارِبِند
رسنا جپے گُپال ॥

ਨਾਨਕ ਸੋ ਪ੍ਰਭੁ ਸਿਮਰੀਐ
ਤਿਸੁ ਦੇਹੀ ਕਉ ਪਾਲਿ ॥੨॥

نانک سو پربھُ سِمریئے
تِسُ دیہی کءُ پالِ ॥2॥

ਪਉੜੀ ॥

پئڑی ॥

ਆਪੇ ਅਠਸਠਿ ਤੀਰਥ ਕਰਤਾ
ਆਪੇ ਕਰੇ ਇਸਨਾਨੁ ॥

آپے اٹھسٹھِ تیرتھ کرتا
آپے کرے اِسنانُ ॥

ਆਪੇ ਸੰਜਮਿ ਵਰਤੈ ਸ੍ਵਾਮੀ
ਆਪਿ ਜਪਾਇਹਿ ਨਾਮੁ ॥

آپے سنجَمِ ورتے سّوامی
آپِ جپائیہِ نامُ ॥

ਆਪਿ ਦਇਆਲੁ ਹੋਇ ਭਉ ਖੰਡਨੁ
ਆਪਿ ਕਰੈ ਸਭੁ ਦਾਨੁ ॥

آپِ دئیالُ ہوءِ بھءُ کھنڈنُ
آپِ کرے سبھُ دانُ ॥

ਜਿਸ ਨੋ ਗੁਰਮੁਖਿ ਆਪਿ ਬੁਝਾਏ
ਸੋ ਸਦ ਹੀ ਦਰਗਹਿ ਪਾਏ ਮਾਨੁ ॥

جِس نو گُرمُکھِ آپِ بُجھائے
سو سد ہی درگہِ پائے مانُ ॥

ਜਿਸ ਦੀ ਪੈਜ ਰਖੈ ਹਰਿ ਸੁਆਮੀ
ਸੋ ਸਚਾ ਹਰਿ ਜਾਨੁ ॥੧੪॥

جِس دی پیج رکھے ہرِ سُیامی
سو سچا ہرِ جانُ ॥ 14 ॥

ਸਲੋਕੁ ਮਃ ੩ ॥

سلوکُ م: 3 ॥

ਨਾਨਕ ਬਿਨੁ ਸਤਿਗੁਰ ਭੇਟੇ ਜਗੁ ਅੰਧੁ ਹੈ
ਅੰਧੇ ਕਰਮ ਕਮਾਇ ॥

نانک بِنُ ستِگُر بھیٹے جگُ انّدھُ ہے
انّدھے کرم کماءِ ॥

ਸਬਦੈ ਸਿਉ ਚਿਤੁ ਨ ਲਾਵਈ
ਜਿਤੁ ਸੁਖੁ ਵਸੈ ਮਨਿ ਆਇ ॥

سبدے سِ ءُ چِتُ ن لاوئی
جِتُ سُکھُ وسے منِ آءِ ॥

ਤਾਮਸਿ ਲਗਾ ਸਦਾ ਫਿਰੈ
ਅਹਿਨਿਸਿ ਜਲਤੁ ਬਿਹਾਇ ॥

تامِس لگا سدا پھِرے
اہِنِس جلتُ بِہاءِ ॥

ਜੋ ਤਿਸੁ ਭਾਵੈ ਸੋ ਥੀਐ
ਕਹਣਾ ਕਿਛੂ ਨ ਜਾਇ ॥੧॥

جو تِس بھاوے سو تھیئے
کہنا کچھوُ ن جاءِ ॥ 1 ॥

ਮਃ ੩ ॥

م: 3 ॥

ਸਤਿਗੁਰੂ ਫੁਰਮਾਇਆ
ਕਾਰੀ ਏਹ ਕਰੇਹੁ ॥

ستِگُرو فُرمایا
کاری ایہ کریہُ ॥

ਗੁਰੂ ਦੁਆਰੈ ਹੋਇ ਕੈ
ਸਾਹਿਬੁ ਸੰਮਾਲੇਹੁ ॥

گُرو دُیارے ہوءِ کے
صاحِبُ سنّالیہُ ॥

ਸਾਹਿਬੁ ਸਦਾ ਹਜੂਰਿ ਹੈ
ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ ॥

صاحِبُ سدا حضوُرِ ہے
بھرمے کے چھٹُڑ کٹِ کے انترِ جوتِ دھریہُ ॥

ਹਰਿ ਕਾ ਨਾਮੁ ਅੰਮ੍ਰਿਤੁ ਹੈ
ਦਾਰੂ ਏਹੁ ਲਾਏਹੁ ॥

ہرِ کا نامُ انّمرِتُ ہے
دارو ایہُ لائیہُ ॥

ਸਤਿਗੁਰ ਕਾ ਭਾਣਾ ਚਿਤਿ ਰਖਹੁ
ਸੰਜਮੁ ਸਚਾ ਨੇਹੁ ॥

ستِگُر کا بھاٹا چِتِ رکھہُ
سنجمُ سچا نیہُ ॥

ਨਾਨਕ ਐਥੈ ਸੁਖੈ ਅੰਦਰਿ ਰਖਸੀ
ਅਗੈ ਹਰਿ ਸਿਉ ਕੇਲ ਕਰੇਹੁ ॥੨॥

نانک ایتھے سُکھے انّدرِ رکھسی
اگے ہرِ سِ ءُ کیل کریہُ ॥ 2 ॥

ਪਉੜੀ ॥

پئڑی ॥

ਆਪੇ ਭਾਰ ਅਠਾਰਹ ਬਣਸਪਤਿ
ਆਪੇ ਹੀ ਫਲ ਲਾਏ ॥

آپے بھار اٹھارہ بنسپتِ
آپے ہی پھل لائے ॥

ਆਪੇ ਮਾਲੀ ਆਪਿ ਸਭੁ ਸਿੰਚੈ
ਆਪੇ ਹੀ ਮੁਹਿ ਪਾਏ ॥

آپے مالی آپِ سبھُ سِنچَے
آپے ہی مُہِ پائے ॥

ਆਪੇ ਕਰਤਾ ਆਪੇ ਭੁਗਤਾ
ਆਪੇ ਦੇਇ ਦਿਵਾਏ ॥

آپے کرتا آپے بھُگتا
آپے دےءِ دِوائے ॥

ਆਪੇ ਸਾਹਿਬੁ ਆਪੇ ਹੈ ਰਾਖਾ
ਆਪੇ ਰਹਿਆ ਸਮਾਏ ॥

آپے صاحِبُ آپے ہےَ راکھا
آپے رہِیا سمائے ॥

ਜਨੁ ਨਾਨਕ ਵਡਿਆਈ ਆਖੈ ਹਰਿ ਕਰਤੇ ਕੀ
ਜਿਸ ਨੋ ਤਿਲੁ ਨ ਤਮਾਏ ॥੧੫॥

جنُ نانک وڈِیائی آکھےَ ہرِ کرتے کی
جِس نو تِلُ ن طماعی ॥ 15 ॥

ਸਲੋਕ ਮਃ ੩ ॥

سلوک م: 3 ॥

ਮਾਣਸੁ ਭਰਿਆ ਆਣਿਆ
ਮਾਣਸੁ ਭਰਿਆ ਆਇ ॥

ماٹُس بھرِیا آٹِیا
ماٹُس بھرِیا آءِ ॥

ਜਿਤੁ ਪੀਤੈ ਮਤਿ ਦੂਰਿ ਹੋਇ
ਬਰਲੁ ਪਵੈ ਵਿਚਿ ਆਇ ॥

جِتُ پیتے مت دوُرِ ہوءِ
برلُ پوےَ وِچِ آءِ ॥

ਆਪਣਾ ਪਰਾਇਆ ਨ ਪਛਾਣਈ
ਖਸਮਹੁ ਧਕੇ ਖਾਇ ॥

آپٹا پرائِیا ن پچھاٹئی
خصمہُ دھکے کھاءِ ॥

ਜਿਤੁ ਪੀਤੈ ਖਸਮੁ ਵਿਸਰੈ
ਦਰਗਹ ਮਿਲੈ ਸਜਾਇ ॥

جِتُ پیتے خصمُ وِسرے
درگہ مِلےَ سزاءِ ॥

ਝੂਠਾ ਮਦੁ ਮੂਲਿ ਨ ਪੀਚਈ
ਜੇ ਕਾ ਪਾਰਿ ਵਸਾਇ ॥

جھوُٹھا مدُ موُلِ ن پیچئی
جے کا پارِ وساءِ ॥

ਨਾਨਕ ਨਦਰੀ ਸਚੁ ਮਦੁ ਪਾਈਐ
ਸਤਿਗੁਰੁ ਮਿਲੈ ਜਿਸੁ ਆਇ ॥

نانک ندری سچُ مدُ پائیےَ
ستِگُرُ مِلےَ جِسُ آءِ ॥

ਸਦਾ ਸਾਹਿਬ ਕੈ ਰੰਗਿ ਰਹੈ
ਮਹਲੀ ਪਾਵੈ ਥਾਉ ॥੧॥

سدا صاحِب کے رنگِ رہےَ
محلی پاوےَ تھاءُ ॥ 1 ॥

ਮਃ ੩ ॥

ਇਹੁ ਜਗਤੁ ਜੀਵਤੁ ਮਰੈ
ਜਾ ਇਸ ਨੋ ਸੋਝੀ ਹੋਇ ॥

ਜਾ ਤਿਨਿ੍ ਸਵਾਲਿਆ ਤਾਂ ਸਵਿ ਰਹਿਆ
ਜਗਾਏ ਤਾਂ ਸੁਧਿ ਹੋਇ ॥

ਨਾਨਕ ਨਦਰਿ ਕਰੇ ਜੇ ਆਪਣੀ
ਸਤਿਗੁਰੁ ਮੇਲੈ ਸੋਇ ॥

ਗੁਰ ਪ੍ਰਸਾਦਿ ਜੀਵਤੁ ਮਰੈ
ਤਾ ਫਿਰਿ ਮਰਣੁ ਨ ਹੋਇ ॥੨॥

ਪਉੜੀ ॥

ਜਿਸ ਦਾ ਕੀਤਾ ਸਭੁ ਕਿਛੁ ਹੋਵੈ
ਤਿਸ ਨੋ ਪਰਵਾਹ ਨਾਹੀ ਕਿਸੈ ਕੇਰੀ ॥

ਹਰਿ ਜੀਉ ਤੇਰਾ ਦਿਤਾ ਸਭੁ ਕੋ ਖਾਵੈ
ਸਭ ਮੁਹਤਾਜੀ ਕਢੈ ਤੇਰੀ ॥

ਜਿ ਤੁਧ ਨੋ ਸਾਲਾਹੇ ਸੁ ਸਭੁ ਕਿਛੁ ਪਾਵੈ
ਜਿਸ ਨੋ ਕਿਰਪਾ ਨਿਰੰਜਨ ਕੇਰੀ ॥

ਸੋਈ ਸਾਹੁ ਸਚਾ ਵਣਜਾਰਾ
ਜਿਨਿ ਵਖਰੁ ਲਦਿਆ ਹਰਿ ਨਾਮੁ ਧਨੁ ਤੇਰੀ ॥

ਸਭਿ ਤਿਸੈ ਨੋ ਸਾਲਾਹਿਹੁ ਸੰਤਹੁ
ਜਿਨਿ ਦੂਜੇ ਭਾਵ ਕੀ ਮਾਰਿ ਵਿਡਾਰੀ ਢੇਰੀ ॥੧੬॥

ਸਲੋਕ ॥

ਕਬੀਰਾ ਮਰਤਾ ਮਰਤਾ ਜਗੁ ਮੁਆ
ਮਰਿ ਭਿ ਨ ਜਾਨੈ ਕੋਇ ॥

ਐਸੀ ਮਰਨੀ ਜੋ ਮਰੈ
ਬਹੁਰਿ ਨ ਮਰਨਾ ਹੋਇ ॥੧॥

م: 3 ॥

اِہُ جگتُ جِیوتُ مرے
جا اِس نو سوجھی ہوءِ ॥

جا تِنّہِ سوالیا تاں سوِ رہِیا
جگائے تاں سُدھِ ہوءِ ॥

نانک ندرِ کرے جے آپنّی
ستِگُرُ میلے سوءِ ॥

گُر پّرسادِ جِیوتُ مرے
تا پھِرِ مرنُّ ن ہوءِ ॥2॥

پّڑی ॥

جِس دا کِیتا سبھُ کِچھُ ہووے
تِس نو پرواہ ناہی کِسے کیری ॥

ہرِ جیِءُ تیرا دِتا سبھُ کو کھاوے
سبھ مُحتاجی کڈھے تیری ॥

جِ تُدھ نو سالاحے سُ سبھُ کِچھُ پاوے
جِس نو کِرپا نِرنّجن کیری ॥

سوئی ساہُ سچا وتّجارا
جِنِ وکھرُ لدِیا ہرِ نامُ دھنُ تیری ॥

سبھِ تِسے نو سالاحِہُ سنّتہُ
جِنِ دوُجے بھاو کی مارِ وِڈاری ڈھیری ॥ 16 ॥

سلوک ॥

کبِیرا مرتا مرتا جگُ مُیا
مرِ بھِ ن جانے کوءِ ॥

ایَسی مرنی جو مرے
بہُرِ ن مرنا ہوءِ ॥1॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਮਃ ੩ ॥

کِیا جاٹا کِو مرہگے
کیَسا مرٹا ہوءِ ۔ ॥

ਕਿਆ ਜਾਣਾ ਕਿਵ ਮਰਹਗੇ
ਕੈਸਾ ਮਰਣਾ ਹੋਇ ॥

جے کرِ صاحِبُ منہُ ن ویسرے
تا سہِلا مرٹا ہوءِ ॥

ਜੇ ਕਰਿ ਸਾਹਿਬੁ ਮਨਹੁ ਨ ਵੀਸਰੈ
ਤਾ ਸਹਿਲਾ ਮਰਣਾ ਹੋਇ ॥

مرٹے تے جگتُ ڈرے
جیِویا لوڑے سبھُ کوءِ ॥

ਮਰਣੈ ਤੇ ਜਗਤੁ ਡਰੈ
ਜੀਵਿਆ ਲੋੜੈ ਸਭੁ ਕੋਇ ॥

گُر پرسادی جیِوتُ مرے
حُکمے بُوجھے سوءِ ॥

ਗੁਰ ਪਰਸਾਦੀ ਜੀਵਤੁ ਮਰੈ
ਹੁਕਮੈ ਬੂਝੈ ਸੋਇ ॥

نانک ایَسی مرنی جو مرے
تا سد جیِونُ ہوءِ ॥2॥

ਨਾਨਕ ਐਸੀ ਮਰਨੀ ਜੋ ਮਰੈ
ਤਾ ਸਦ ਜੀਵਣੁ ਹੋਇ ॥੨॥

ਪਉੜੀ ॥

پئُڑی ॥

ਜਾ ਆਪਿ ਕ੍ਰਿਪਾਲੁ ਹੋਵੈ ਹਰਿ ਸੁਆਮੀ
ਤਾ ਆਪਣਾਂ ਨਾਉ ਹਰਿ ਆਪਿ ਜਪਾਵੈ ॥

جا آپِ کرِپالُ ہووے ہرِ سُیامی
تا آپٹاں ناءُ ہرِ آپِ جپاوے ॥

ਆਪੇ ਸਤਿਗੁਰੁ ਮੇਲਿ ਸੁਖੁ ਦੇਵੈ
ਆਪਣਾਂ ਸੇਵਕੁ ਆਪਿ ਹਰਿ ਭਾਵੈ ॥

آپے ستِگُرُ میلِ سُکھُ دیوے
آپٹاں سیوکُ آپِ ہرِ بھاوے ॥

ਆਪਣਿਆ ਸੇਵਕਾ ਕੀ ਆਪਿ ਪੈਜ ਰਖੈ
ਆਪਣਿਆ ਭਗਤਾ ਕੀ ਪੈਰੀ ਪਾਵੈ ॥

آپنِیا سیوکا کی آپِ پیَج رکھے
آپنِیا بھگتا کی پیَری پاوے ॥

ਧਰਮ ਰਾਇ ਹੈ ਹਰਿ ਕਾ ਕੀਆ
ਹਰਿ ਜਨ ਸੇਵਕ ਨੇੜਿ ਨ ਆਵੈ ॥

دھرم راءِ ہے ہرِ کا کِیا
ہرِ جن سیوک نیڑِ ن آوے ॥

ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ
ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥੧੭॥

جو ہرِ کا پِیارا سو سبھنا کا پِیارا
ہور کیتی جھکھِ جھکھِ آوے جاوے ॥ 17 ॥

ਸਲੋਕ ਮਃ ੩ ॥

سلوک م: 3 ॥

ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ
ਰਾਮੁ ਨ ਪਾਇਆ ਜਾਇ ॥

رامُ رامُ کرتا سبھُ جگُ پھِرے
رامُ ن پائِیا جاءِ ॥

ਅਗਮੁ ਅਗੋਚਰੁ ਅਤਿ ਵਡਾ
ਅਤੁਲੁ ਨ ਤੁਲਿਆ ਜਾਇ ॥

اگمُ اگوچرُ اتِ وڈا
اتُلُ ن تُلِیا جاءِ ॥

ਕੀਮਤਿ ਕਿਨੈ ਨ ਪਾਈਆ
ਕਿਤੈ ਨ ਲਇਆ ਜਾਇ ॥

قِیمتِ کِنے ن پائِیا
کِتے ن لِئیا جاءِ ॥

ਗੁਰ ਕੈ ਸਬਦਿ ਭੇਦਿਆ
ਇਨ ਬਿਧਿ ਵਸਿਆ ਮਨਿ ਆਇ ॥

گُر کے سبدِ بھیدِیا
اِن بِدھِ وسِیا منِ آءِ ॥

ਨਾਨਕ ਆਪਿ ਅਮੇਉ ਹੈ
ਗੁਰ ਕਿਰਪਾ ਤੇ ਰਹਿਆ ਸਮਾਇ ॥

نانک آپِ امیءُ ہے
گُر کِرپا تے رہِیا سماءِ ॥

ਆਪੇ ਮਿਲਿਆ ਮਿਲਿ ਰਹਿਆ
ਆਪੇ ਮਿਲਿਆ ਆਇ ॥੧॥

آپے مِلِیا مِلِ رہِیا
آپے مِلِیا آءِ ॥1॥

ਮਃ ੩ ॥

م: 3 ॥

ਏ ਮਨ ਇਹੁ ਧਨੁ ਨਾਮੁ ਹੈ
ਜਿਤੁ ਸਦਾ ਸਦਾ ਸੁਖੁ ਹੋਇ ॥

اے من اِہُ دھنُ نامُ ہے
جِتُ سدا سدا سُکھُ ہوءِ ॥

ਤੋਟਾ ਮੂਲਿ ਨ ਆਵਈ
ਲਾਹਾ ਸਦ ਹੀ ਹੋਇ ॥

توٹا موُلِ ن آوئی
لاہا سد ہی ہوءِ ॥

ਖਾਧੈ ਖਰਚਿਐ ਤੋਟਿ ਨ ਆਵਈ
ਸਦਾ ਸਦਾ ਓਹੁ ਦੇਇ ॥

کھادھے خرچے توٹِ ن آوئی
سدا سدا اوہُ دے ءِ ॥

ਸਹਸਾ ਮੂਲਿ ਨ ਹੋਵਈ
ਹਾਣਤ ਕਦੇ ਨ ਹੋਇ ॥

سہسا موُلِ ن ہووئی
ہانٹت کدے ن ہوءِ ॥

ਨਾਨਕ ਗੁਰਮੁਖਿ ਪਾਈਐ
ਜਾ ਕਉ ਨਦਰਿ ਕਰੇਇ ॥੨॥

نانک گُرمُکھِ پائیئے
جا کءُ ندرِ کرے ءِ ॥2॥

ਪਉੜੀ ॥

پئُڑی ॥

ਆਪੇ ਸਭ ਘਟ ਅੰਦਰੇ
ਆਪੇ ਹੀ ਬਾਹਰਿ ॥

آپے سبھ گھٹ انّدرے
آپے ہی باہرِ ॥

ਆਪੇ ਗੁਪਤੁ ਵਰਤਦਾ

آپے گُپتُ ورتدا

ਆਪੇ ਹੀ ਜਾਹਰਿ ॥

آپے ہی ظاہرِ ॥

ਜੁਗ ਛਤੀਹ ਗੁਬਾਰੁ ਕਰਿ
ਵਰਤਿਆ ਸੁੰਨਾਹਰਿ ॥

جُگ چھتیہِ غُبارُ کرِ
ورتیا سُنّاہرِ ॥

ਓਥੈ ਵੇਦ ਪੁਰਾਨ ਨ ਸਾਸਤਾ
ਆਪੇ ਹਰਿ ਨਰਹਰਿ ॥

اوتھےَ وید پُران ن ساستا
آپے ہرِ نرہرِ ॥

ਬੈਠਾ ਤਾੜੀ ਲਾਇ
ਆਪਿ ਸਭ ਦੂ ਹੀ ਬਾਹਰਿ ॥

بیٹھا تاڑی لاءِ
آپِ سبھ دوُ ہی باہرِ ॥

ਆਪਣੀ ਮਿਤਿ ਆਪਿ ਜਾਣਦਾ
ਆਪੇ ਹੀ ਗਉਹਰੁ ॥੧੮॥

آپنّی مِتِ آپِ جانّدا
آپے ہی گنُہرُ ॥ 18 ॥

ਸਲੋਕ ਮਃ ੩ ॥

سلوک م: 3 ॥

ਹਉਮੈ ਵਿਚਿ ਜਗਤੁ ਮੁਆ
ਮਰਦੋ ਮਰਦਾ ਜਾਇ ॥

ہئُمےَ وِچِ جگتُ مُیا
مردو مردا جاءِ ॥

ਜਿਚਰੁ ਵਿਚਿ ਦੰਮੁ ਹੈ ਤਿਚਰੁ ਨ ਚੇਤਈ
ਕਿ ਕਰੇਗੁ ਅਗੈ ਜਾਇ ॥

جِچرُ وِچِ دنّمُ ہے تِچرُ ن چیتئی
کِ کریگُ اگےَ جاءِ ۔ ॥

ਗਿਆਨੀ ਹੋਇ ਸੁ ਚੇਤੰਨੁ ਹੋਇ
ਅਗਿਆਨੀ ਅੰਧੁ ਕਮਾਇ ॥

گِیانی ہوءِ سُ چیتنّنُ ہوءِ
اگِیانی انّدھُ کماءِ ॥

ਨਾਨਕ ਏਥੈ ਕਮਾਵੈ ਸੋ ਮਿਲੈ
ਅਗੈ ਪਾਏ ਜਾਇ ॥੧॥

نانک ایتھےَ کماوےَ سو مِلےَ
اگےَ پائے جاءِ ॥ 1 ॥

ਮਃ ੩ ॥

م: 3 ॥

ਧੁਰਿ ਖਸਮੈ ਕਾ ਹੁਕਮੁ ਪਇਆ
ਵਿਣੁ ਸਤਿਗੁਰ ਚੇਤਿਆ ਨ ਜਾਇ ॥

دھُرِ خصمےَ کا حُکمُ پئیا
وِنُ ستِگُر چیتیا ن جاءِ ॥

ਸਤਿਗੁਰਿ ਮਿਲਿਐ ਅੰਤਰਿ ਰਵਿ ਰਹਿਆ
ਸਦਾ ਰਹਿਆ ਲਿਵ ਲਾਇ ॥

ستِگُرِ مِلےَ انترِ روِ رہیا
سدا رہیا لِو لاءِ ॥

ਦਮਿ ਦਮਿ ਸਦਾ ਸਮਾਲਦਾ
ਦੰਮੁ ਨ ਬਿਰਥਾ ਜਾਇ ॥

دمِ دمِ سدا سمالدا
دنّمُ ن برتھا جاءِ ॥

ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ ॥	جنم مرن کا بھءُ گئیا جیِون پدوی پاءِ ॥
ਨਾਨਕ ਇਹੁ ਮਰਤਬਾ ਤਿਸ ਨੋ ਦੇਇ ਜਿਸ ਨੋ ਕਿਰਪਾ ਕਰੇ ਰਜਾਇ ॥੨॥	نانک اِہُ مرتبا تِس نو دےءِ جِس نو کِرپا کرے رضاءِ ॥2॥
ਪਉੜੀ ॥	پئُڑی ॥
ਆਪੇ ਦਾਨਾਂ ਬੀਨਿਆ ਆਪੇ ਪਰਧਾਨਾਂ ॥	آپے داناں بِینیا آپے پردھاناں ॥
ਆਪੇ ਰੂਪ ਦਿਖਾਲਦਾ ਆਪੇ ਲਾਇ ਧਿਆਨਾਂ ॥	آپے روُپ دِکھالدا آپے لاءِ دھیاناں ॥
ਆਪੇ ਮੋਨੀ ਵਰਤਦਾ ਆਪੇ ਕਥੈ ਗਿਆਨਾਂ ॥	آپے مونی ورتدا آپے کتھےَ گیاناں ॥
ਕਉੜਾ ਕਿਸੈ ਨ ਲਗਈ ਸਭਨਾ ਹੀ ਭਾਨਾ ॥	کئڑا کِسےَ ن لگئی سبھنا ہی بھانا ॥
ਉਸਤਤਿ ਬਰਨਿ ਨ ਸਕੀਐ ਸਦ ਸਦ ਕੁਰਬਾਨਾ ॥੧੯॥	اُستتِ برنِ ن سکیےَ سد سد قُربانا ॥ 19 ॥
ਸਲੋਕ ਮਃ ੧ ॥	سلوک م: 1 ॥
ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥	کلی انّدرِ نانکا جِنّناں دا اُتارُ ॥
ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥੧॥	پُتُ جِنوُرا دھیء جِنّنوُری جورہُ جِنّنا دا سِکدارُ ॥1॥
ਮਃ ੧ ॥	م: 1 ॥
ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥	ہِندّہُ موُلے بھوُلے اکھُٹی جانہی ॥
ਨਾਰਦਿ ਕਹਿਆ ਸਿ ਪੂਜ ਕਰਾਂਹੀ ॥	نارِد کہیا سِ پوُج کرانہی ॥
ਅੰਧੇ ਗੁੰਗੇ ਅੰਧ ਅੰਧਾਰੁ ॥	انّدھے گُنگے انّدھ انّدھارُ ॥

ਪਾਥਰੁ ਲੇ ਪੂਜਹਿ ਮੁਗਧ ਗਵਾਰ ॥

پاتھرُ لے پوُجہِ مُگدھ گوار ॥

ਓਹਿ ਜਾ ਆਪਿ ਡੁਬੇ
ਤੁਮ ਕਹਾ ਤਰਣਹਾਰੁ ॥੨॥

اوہِ جا آپِ ڈُبے
تُم کہا ترنّہارُ ۔ ॥2॥

ਪਉੜੀ ॥

پئڑی ॥

ਸਭੁ ਕਿਹੁ ਤੇਰੈ ਵਸਿ ਹੈ
ਤੂ ਸਚਾ ਸਾਹੁ ॥

سبھُ کِہُ تیرے وسِ ہے
توُ سچا ساہُ ॥

ਭਗਤ ਰਤੇ ਰੰਗਿ ਏਕ ਕੈ
ਪੂਰਾ ਵੇਸਾਹੁ ॥

بھگت رتے رنگِ ایک کے
پوُرا ویساہُ ॥

ਅੰਮ੍ਰਿਤੁ ਭੋਜਨੁ ਨਾਮੁ ਹਰਿ
ਰਜਿ ਰਜਿ ਜਨ ਖਾਹੁ ॥

انمّرِتُ بھوجنُ نامُ ہرِ
رجِ رجِ جن کھاہُ ॥

ਸਭਿ ਪਦਾਰਥ ਪਾਈਅਨਿ
ਸਿਮਰਣੁ ਸਚੁ ਲਾਹੁ ॥

سبھِ پدارتھ پائیَنِ
سِمرنُ سچُ لاہُ ॥

ਸੰਤ ਪਿਆਰੇ ਪਾਰਬ੍ਰਹਮ
ਨਾਨਕ ਹਰਿ ਅਗਮ ਅਗਾਹੁ ॥੨੦॥

سنّت پیارے پاربرّہم
نانک ہرِ اگم اگاہُ ॥ 20 ॥

ਸਲੋਕ ਮਃ ੩ ॥

سلوک م: 3 ॥

ਸਭੁ ਕਿਛੁ ਹੁਕਮੇ ਆਵਦਾ
ਸਭੁ ਕਿਛੁ ਹੁਕਮੇ ਜਾਇ ॥

سبھُ کِچھُ حُکمے آودا
سبھُ کِچھُ حُکمے جاءِ ॥

ਜੇ ਕੋ ਮੂਰਖੁ ਆਪਹੁ ਜਾਣੈ
ਅੰਧਾ ਅੰਧੁ ਕਮਾਇ ॥

جے کو موُرکھُ آپہُ جانّے
اندّھا اندّھُ کماءِ ॥

ਨਾਨਕ ਹੁਕਮੁ ਕੋ ਗੁਰਮੁਖਿ ਬੁਝੈ
ਜਿਸ ਨੋ ਕਿਰਪਾ ਕਰੇ ਰਜਾਇ ॥੧॥

نانک حُکمُ کو گُرمُکھِ بُجھے
جِس نو کِرپا کرے رضاءِ ॥ 1 ॥

ਮਃ ੩ ॥

م: 3 ॥

ਸੋ ਜੋਗੀ ਜੁਗਤਿ ਸੋ ਪਾਏ
ਜਿਸ ਨੋ ਗੁਰਮੁਖਿ ਨਾਮੁ ਪਰਾਪਤਿ ਹੋਇ ॥

سو جوگی جُگتِ سو پائے
جِس نو گُرمُکھِ نامُ پراپتِ ہوءِ ॥

ਤਿਸੁ ਜੋਗੀ ਕੀ ਨਗਰੀ ਸਭੁ ਕੋ ਵਸੈ

تِس جوگی کی نگری سبھُ کو وسے

ਭੇਖੀ ਜੋਗੁ ਨ ਹੋਇ ॥

بھیکھی جوگُ ن ہوءِ ॥

ਨਾਨਕ ਐਸਾ ਵਿਰਲਾ ਕੋ ਜੋਗੀ
ਜਿਸੁ ਘਟਿ ਪਰਗਟੁ ਹੋਇ ॥੨॥

نانک ایَسا وِرلا کو جوگی
جِسُ گھٹِ پرگٹُ ہوءِ ॥2॥

ਪਉੜੀ ॥

پئُڑی ॥

ਆਪੇ ਜੰਤ ਉਪਾਇਅਨੁ
ਆਪੇ ਆਧਾਰੁ ॥

آپے جنّت اُپائینُ
آپے آدھارُ ॥

ਆਪੇ ਸੂਖਮੁ ਭਾਲੀਐ
ਆਪੇ ਪਾਸਾਰੁ ॥

آپے سوُکھمُ بھالیِئے
آپے پاسارُ ॥

ਆਪਿ ਇਕਾਤੀ ਹੋਇ ਰਹੈ
ਆਪੇ ਵਡ ਪਰਵਾਰੁ ॥

آپِ اِکاتی ہوءِ رہے
آپے وڈ پروارُ ॥

ਨਾਨਕੁ ਮੰਗੈ ਦਾਨੁ ਹਰਿ
ਸੰਤਾ ਰੇਨਾਰੁ ॥

نانکُ منگے دانُ ہرِ
سنّتا رینارُ ॥

ਹੋਰੁ ਦਾਤਾਰੁ ਨ ਸੁਝਈ
ਤੂ ਦੇਵਣਹਾਰੁ ॥੨੧॥੧॥ ਸੁਧੁ ॥

ہورُ داتارُ ن سُجھئی
توُ دیوٹہارُ ॥ 21 ॥1॥ سُدھُ ॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ
ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ੴ ستِنامُ کرتا پُرکھُ نِربھءُ نِرویَرُ اکال مورتِ اجوُنی سیَبھنّ گُرپرّسادِ ॥

ਰਾਗੁ ਵਡਹੰਸੁ ਮਹਲਾ ੧ ਘਰੁ ੧ ॥

راگُ وڈہنّس محلا 1 گھرُ 1 ॥

ਅਮਲੀ ਅਮਲੁ ਨ ਅੰਬੜੈ
ਮਛੀ ਨੀਰੁ ਨ ਹੋਇ ॥

املی املُ ن انّبڑے
مچھی نیِرُ ن ہوءِ ॥

ਜੋ ਰਤੇ ਸਹਿ ਆਪਣੈ
ਤਿਨ ਭਾਵੈ ਸਭੁ ਕੋਇ ॥੧॥

جو رتے سہِ آپنّے
تِن بھاوے سبھُ کوءِ ॥1॥

ਹਉ ਵਾਰੀ ਵੰਞਾ ਖੰਨੀਐ ਵੰਞਾ
ਤਉ ਸਾਹਿਬ ਕੇ ਨਾਵੈ ॥੧॥ ਰਹਾਉ ॥

ہءُ واری ونّجا کھنّنیِئے ونّجا
تءُ صاحِب کے ناوے ॥1॥ رہاءُ ॥

ਸਾਹਿਬੁ ਸਫਲਿਓ ਰੁਖੜਾ
ਅੰਮ੍ਰਿਤੁ ਜਾ ਕਾ ਨਾਉ ॥

صاحِبُ سپھلِئو رُکھڑا
انمّرِتُ جا کا ناءُ ॥

ਜਿਨ ਪੀਆ ਤੇ ਤ੍ਰਿਪਤ ਭਏ
ਹਉ ਤਿਨ ਬਲਿਹਾਰੈ ਜਾਉ ॥੨॥

جِن پِیا تے ترِپت بھۓ
ہءُ تِن بلِہارے جاءُ ॥2॥

ਮੈ ਕੀ ਨਦਰਿ ਨ ਆਵਹੀ
ਵਸਹਿ ਹਭੀਆ ਨਾਲਿ ॥

مے کی ندرِ ن آوہی
وسہِ ہبھیا نالِ ॥

ਤਿਖਾ ਤਿਹਾਇਆ ਕਿਉ ਲਹੈ
ਜਾ ਸਰ ਭੀਤਰਿ ਪਾਲਿ ॥੩॥

تِکھا تِہائیا کِءُ لہے
جا سر بھیترِ پالِ ॥3॥

ਨਾਨਕੁ ਤੇਰਾ ਬਾਣੀਆ
ਤੂ ਸਾਹਿਬੁ ਮੈ ਰਾਸਿ ॥

نانکُ تیرا باٹیا
توُ صاحِبُ مے راسِ ॥

ਮਨ ਤੇ ਧੋਖਾ ਤਾ ਲਹੈ
ਜਾ ਸਿਫਤਿ ਕਰੀ ਅਰਦਾਸਿ ॥੪॥੧॥

من تے دھوکھا تا لہے
جا صِفتِ کری عرداسِ ॥4॥1॥

ਵਡਹੰਸੁ ਮਹਲਾ ੧ ॥

وڈہنّس محلا 1 ॥

ਗੁਣਵੰਤੀ ਸਹੁ ਰਾਵਿਆ
ਨਿਰਗੁਣਿ ਕੂਕੇ ਕਾਇ ॥

گُنّونتی سہُ راوِیا
نِرگُنّ کوُکے کاءِ ۔ ॥

ਜੇ ਗੁਣਵੰਤੀ ਥੀ ਰਹੈ
ਤਾ ਭੀ ਸਹੁ ਰਾਵਣ ਜਾਇ ॥੧॥

جے گُنّونتی تھی رہے
تا بھی سہُ راونّ جاءِ ॥1॥

ਮੇਰਾ ਕੰਤੁ ਰੀਸਾਲੂ
ਕੀ ਧਨ ਅਵਰਾ ਰਾਵੇ ਜੀ ॥੧॥ ਰਹਾਉ ॥

میرا کنّتُ ریسالوُ
کی دھن اورا راوے جی ۔ ॥1॥ رہاءُ ॥

ਕਰਣੀ ਕਾਮਣ ਜੇ ਥੀਐ
ਜੇ ਮਨੁ ਧਾਗਾ ਹੋਇ ॥

کرنّی کامنّ جے تھیۓ
جے منُ دھاگا ہوءِ ॥

ਮਾਣਕੁ ਮੁਲਿ ਨ ਪਾਈਐ
ਲੀਜੈ ਚਿਤਿ ਪਰੋਇ ॥੨॥

مانکُ مُلِ ن پائیۓ
لیجے چِتِ پروءِ ॥2॥

ਰਾਹੁ ਦਸਾਈ ਨ ਜੁਲਾਂ
ਆਖਾਂ ਅੰਮੜੀਆਸੁ ॥

راہُ دسائی ن جُلاں
آکھاں انمڑِییاسُ ॥

ਤੈ ਸਹ ਨਾਲਿ ਅਕੂਅਣਾ
ਕਿਉ ਥੀਵੈ ਘਰ ਵਾਸੁ ॥੩॥

تے سہ نالِ اکوُنٹا
کِءُ تھیوے گھر واسُ ۔ ॥3॥

ਨਾਨਕ ਏਕੀ ਬਾਹਰਾ
ਦੂਜਾ ਨਾਹੀ ਕੋਇ ॥

نانک ایکی باہرا
دوُجا ناہی کوءِ ॥

ਤੈ ਸਹ ਲਗੀ ਜੇ ਰਹੈ
ਭੀ ਸਹੁ ਰਾਵੈ ਸੋਇ ॥੪॥੨॥

تے سہ لگی جے رہے
بھی سہُ راوے سوءِ ॥4॥2॥

ਵਡਹੰਸੁ ਮਹਲਾ ੧ ਘਰੁ ੨ ॥

وڈہنّس محلا 1 گھرُ 2 ॥

ਮੋਰੀ ਰੁਣ ਝੁਣ ਲਾਇਆ
ਭੈਣੇ ਸਾਵਣੁ ਆਇਆ ॥

موری رُنٹ جھُنٹ لائیا
بھیَنے ساونٹُ آئیا ॥

ਤੇਰੇ ਮੁੰਧ ਕਟਾਰੇ ਜੇਵਡਾ
ਤਿਨਿ ਲੋਭੀ ਲੋਭ ਲੁਭਾਇਆ ॥

تیرے مُنّدھ کٹارے جیوڈا
تِنِ لوبھی لوبھ لُبھائیا ॥

ਤੇਰੇ ਦਰਸਨ ਵਿਟਹੁ ਖੰਨੀਐ ਵੰਞਾ
ਤੇਰੇ ਨਾਮ ਵਿਟਹੁ ਕੁਰਬਾਣੋ ॥

تیرے درسن وِٹہُ کھنّنیئے ونّجا
تیرے نام وِٹہُ قُربانٹو ॥

ਜਾ ਤੂ ਤਾ ਮੈ ਮਾਣੁ ਕੀਆ ਹੈ
ਤੁਧੁ ਬਿਨੁ ਕੇਹਾ ਮੇਰਾ ਮਾਣੋ ॥

جا توُ تا مے ماٹُ کِیا ہے
تُدھُ بِنُ کیہا میرا ماٹو ۔ ॥

ਚੂੜਾ ਭੰਨੁ ਪਲੰਘ ਸਿਉ ਮੁੰਧੇ
ਸਣੁ ਬਾਹੀ ਸਣੁ ਬਾਹਾ ॥

چوُڑا بھنّنُ پلنگھ سِءُ مُنّدھے
سنٹُ باہی سنٹُ باہا ॥

ਏਤੇ ਵੇਸ ਕਰੇਦੀਏ ਮੁੰਧੇ
ਸਹੁ ਰਾਤੋ ਅਵਰਾਹਾ ॥

ایتے ویس کریدیئے مُنّدھے
سہُ راتو اوراہا ॥

ਨਾ ਮਨੀਆਰੁ ਨ ਚੂੜੀਆ
ਨਾ ਸੇ ਵੰਗੁੜੀਆਹਾ ॥

نا منیِیارُ ن چوُڑِییا
نا سے ونگُڑِییاہا ॥

ਜੋ ਸਹ ਕੰਠਿ ਨ ਲਗੀਆ
ਜਲਨੁ ਸੇ ਬਾਹੜੀਆਹਾ ॥

جو سہ کنّٹھِ ن لگِییا
جلنُ سے باہڑِییاہا ॥

ਸਭਿ ਸਹੀਆ ਸਹੁ ਰਾਵਣਿ ਗਈਆ
ਹਉ ਦਾਧੀ ਕੈ ਦਰਿ ਜਾਵਾ ॥

سبھِ سہیِیا سہُ راونٹِ گئیِیا
ہءُ دادھی کے درِ جاوا ۔ ॥

ਅੰਮਾਲੀ ਹਉ ਖਰੀ ਸੁਚਜੀ
ਤੈ ਸਹ ਏਕਿ ਨ ਭਾਵਾ ॥

انّمالی ہءُ کھری سُچجی
تے سہ ایکِ ن بھاوا ॥

ਮਾਠਿ ਗੁੰਦਾਈਂ ਪਟੀਆ
ਭਰੀਐ ਮਾਗ ਸੰਧੂਰੇ ॥

ماٹھِ گُندائیں پٹیِیا
بھریِۓ ماگ سنّدھوُرے ॥

ਅਗੈ ਗਈ ਨ ਮੰਨੀਆ
ਮਰਉ ਵਿਸੂਰਿ ਵਿਸੂਰੇ ॥

اگے گئی ن منّنیِا
مرءُ وِسوُرِ وِسوُرے ॥

ਮੈ ਰੋਵੰਦੀ ਸਭੁ ਜਗੁ ਰੁਨਾ
ਰੁੰਨੜੇ ਵਣਹੁ ਪੰਖੇਰੂ ॥

مے َ روونّدی سبھُ جگُ رُنا
رُنّڑے وٹہُ پنّکھیروُ ॥

ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ
ਜਿਨਿ ਹਉ ਪਿਰਹੁ ਵਿਛੋੜੀ ॥

اِکُ ن رُنا میرے تن کا بِرہا
جِنِ ہءُ پِرہُ وِچھوڑی ॥

ਸੁਪਨੈ ਆਇਆ ਭੀ ਗਇਆ
ਮੈ ਜਲੁ ਭਰਿਆ ਰੋਇ ॥

سُپنے آئیِا بھی گئیِا
مے َ جلُ بھریِا روءِ ॥

ਆਇ ਨ ਸਕਾ ਤੁਝ ਕਨਿ ਪਿਆਰੇ
ਭੇਜਿ ਨ ਸਕਾ ਕੋਇ ॥

آءِ ن سکا تُجھ کنِ پیِارے
بھیجِ ن سکا کوءِ ॥

ਆਉ ਸਭਾਗੀ ਨੀਦੜੀਏ
ਮਤੁ ਸਹੁ ਦੇਖਾ ਸੋਇ ॥

آءُ سبھاگی نیِڈڑیِۓ
متُ سہُ دیکھا سوءِ ॥

ਤੈ ਸਾਹਿਬ ਕੀ ਬਾਤ ਜਿ ਆਖੈ
ਕਹੁ ਨਾਨਕ ਕਿਆ ਦੀਜੈ ॥

تے صاہب کی بات جِ آکھے َ
کہُ نانک کِیا دیِجے َ۔ ॥

ਸੀਸੁ ਵਢੇ ਕਰਿ ਬੈਸਣੁ ਦੀਜੈ
ਵਿਣੁ ਸਿਰ ਸੇਵ ਕਰੀਜੈ ॥

سیِسُ وڈھے کرِ بیَسنُ دیِجے َ
وِنُ سِر سیو کریِجے َ ॥

ਕਿਉ ਨ ਮਰੀਜੈ ਜੀਅੜਾ ਨ ਦੀਜੈ
ਜਾ ਸਹੁ ਭਇਆ ਵਿਡਾਣਾ ॥੧॥੩॥

کِءُ ن مریِجے َ جیِئڑا ن دیِجے َ
جا سہُ بھئیِا وِڈاٹا ॥ 1 ॥ 3 ॥

ਵਡਹੰਸੁ ਮਹਲਾ ੩ ਘਰੁ ੧

وڈہنّسُ محلا 3 گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਮਨਿ ਮੈਲੈ ਸਭੁ ਕਿਛੁ ਮੈਲਾ
ਤਨਿ ਧੋਤੈ ਮਨੁ ਹਛਾ ਨ ਹੋਇ ॥

منِ میَلے َ سبھُ کِچھُ میَلا
تنِ دھوتے َ منُ ہچھا ن ہوءِ ॥

ਇਹੁ ਜਗਤੁ ਭਰਮਿ ਭੁਲਾਇਆ

اِہُ جگتُ بھرمِ بھُلائیِا

ਵਿਰਲਾ ਬੂਝੈ ਕੋਇ ॥੧॥

وِرلا بُوجھے کوءِ ॥1॥

ਜਪਿ ਮਨ ਮੇਰੇ ਤੂ ਏਕੋ ਨਾਮੁ ॥

جپِ من میرے توُ ایکو نامُ ॥

ਸਤਿਗੁਰ ਦੀਆ
ਮੋ ਕਉ ਏਹੁ ਨਿਧਾਨੁ ॥੧॥ ਰਹਾਉ ॥

ستِگُر دِیِیا
مو ک ءُ ایہُ نِدھانُ ॥1॥ رہاءُ ॥

ਸਿਧਾ ਕੇ ਆਸਣ ਜੇ ਸਿਖੈ
ਇੰਦ੍ਰੀ ਵਸਿ ਕਰਿ ਕਮਾਇ ॥

سِدھا کے آسنٹ جے سِکھے
اِنّدری وسِ کرِ کماءِ ॥

ਮਨ ਕੀ ਮੈਲੁ ਨ ਉਤਰੈ
ਹਉਮੈ ਮੈਲੁ ਨ ਜਾਇ ॥੨॥

من کی میَلُ ن اُترے
ہئُمے میَلُ ن جاءِ ॥2॥

ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ
ਵਿਣੁ ਸਤਿਗੁਰ ਕੀ ਸਰਣਾਇ ॥

اِسُ من ک ءُ ہورُ سنّجمُ کو ناہی
وِنُ ستِگُر کی سرٹاءِ ॥

ਸਤਗੁਰਿ ਮਿਲਿਐ ਉਲਟੀ ਭਈ
ਕਹਣਾ ਕਿਛੂ ਨ ਜਾਇ ॥੩॥

ستگُرِ مِلے اُلٹی بھئی
کہنٹا کِچھوُ ن جاءِ ॥3॥

ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ
ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥

بھنٹتِ نانکُ ستِگُر ک ءُ مِلدو مرے
گُر کے سبدِ پھِرِ جیِوے کوءِ ॥

ਮਮਤਾ ਕੀ ਮਲੁ ਉਤਰੈ
ਇਹੁ ਮਨੁ ਹਛਾ ਹੋਇ ॥੪॥੧॥

ممتا کی مل اُترے
اِہُ منُ ہچھا ہوءِ ॥4॥1॥

ਵਡਹੰਸੁ ਮਹਲਾ ੩ ॥

وڈہنّس محلا 3 ॥

ਨਦਰੀ ਸਤਗੁਰੁ ਸੇਵੀਐ
ਨਦਰੀ ਸੇਵਾ ਹੋਇ ॥

ندری ستگُرُ سیویے
ندری سیوا ہوءِ ॥

ਨਦਰੀ ਇਹੁ ਮਨੁ ਵਸਿ ਆਵੈ
ਨਦਰੀ ਮਨੁ ਨਿਰਮਲੁ ਹੋਇ ॥੧॥

ندری اِہُ منُ وسِ آوے
ندری منُ نِرملُ ہوءِ ॥1॥

ਮੇਰੇ ਮਨ ਚੇਤਿ ਸਚਾ ਸੋਇ ॥

میرے من چیتِ سچا سوءِ ॥

ਏਕੋ ਚੇਤਹਿ ਤਾ ਸੁਖੁ ਪਾਵਹਿ
ਫਿਰਿ ਦੂਖੁ ਨ ਮੂਲੇ ਹੋਇ ॥੧॥ ਰਹਾਉ ॥

ایکو چیتہِ تا سُکھُ پاوہِ
پھِرِ دوُکھُ ن موُلے ہوءِ ॥1॥ رہاءُ ॥

ਨਦਰੀ ਮਰਿ ਕੈ ਜੀਵੀਐ

ندری مرِ کے جیِویے

ਨਦਰੀ ਸਬਦੁ ਵਸੈ ਮਨਿ ਆਇ ॥

ندری سبدُ وسے منِ آءِ ॥

ਨਦਰੀ ਹੁਕਮੁ ਬੁਝੀਐ
ਹੁਕਮੇ ਰਹੈ ਸਮਾਇ ॥੨॥

ندری حُکمُ بُجھیئے
حُکمے رہے سماءِ ॥2॥

ਜਿਨਿ ਜਿਹਵਾ ਹਰਿ ਰਸੁ ਨ ਚਖਿਓ
ਸਾ ਜਿਹਵਾ ਜਲਿ ਜਾਉ ॥

جِنِ جِہوا ہرِ رسُ ن چکھِئو
سا جِہوا جلِ جاءُ ॥

ਅਨ ਰਸ ਸਾਦੇ ਲਗਿ ਰਹੀ
ਦੁਖੁ ਪਾਇਆ ਦੂਜੈ ਭਾਇ ॥੩॥

ان رس سادے لگِ رہی
دُکھُ پائیا دوُجے بھاءِ ॥3॥

ਸਭਨਾ ਨਦਰਿ ਏਕ ਹੈ
ਆਪੇ ਫਰਕੁ ਕਰੇਇ ॥

سبھنا ندرِ ایک ہے
آپے پھرکُ کرےءِ ॥

ਨਾਨਕ ਸਤਗੁਰਿ ਮਿਲਿਐ ਫਲੁ ਪਾਇਆ
ਨਾਮੁ ਵਡਾਈ ਦੇਇ ॥੪॥੨॥

نانک ستگُرِ ملِئے پھلُ پائیا
نامُ وڈائی دےءِ ॥4॥2॥

ਵਡਹੰਸੁ ਮਹਲਾ ੩ ॥

وڈہنّس محلا 3 ॥

ਮਾਇਆ ਮੋਹੁ ਗੁਬਾਰੁ ਹੈ
ਗੁਰ ਬਿਨੁ ਗਿਆਨੁ ਨ ਹੋਈ ॥

مائیا موہُ غُبارُ ہے
گُر بِنُ گیانُ ن ہوئی ॥

ਸਬਦਿ ਲਗੇ ਤਿਨ ਬੁਝਿਆ
ਦੂਜੈ ਪਰਜ ਵਿਗੋਈ ॥੧॥

سبدِ لگے تِن بُجھیا
دوُجے پرج وِگوئی ॥1॥

ਮਨ ਮੇਰੇ ਗੁਰਮਤਿ ਕਰਣੀ ਸਾਰੁ ॥

من میرے گُرمتِ کرنّی سارُ ॥

ਸਦਾ ਸਦਾ ਹਰਿ ਪ੍ਰਭੁ ਰਵਹਿ
ਤਾ ਪਾਵਹਿ ਮੋਖ ਦੁਆਰੁ ॥੧॥ ਰਹਾਉ ॥

سدا سدا ہرِ پربھُ روہِ
تا پاوہِ موکھ دُیارُ ॥1॥ رہاءُ ॥

ਗੁਣਾ ਕਾ ਨਿਧਾਨੁ ਏਕੁ ਹੈ
ਆਪੇ ਦੇਇ ਤਾ ਕੋ ਪਾਏ ॥

گُنّا کا نِدھانُ ایکُ ہے
آپے دےءِ تا کو پائے ॥

ਬਿਨੁ ਨਾਵੈ ਸਭ ਵਿਛੁੜੀ
ਗੁਰ ਕੈ ਸਬਦਿ ਮਿਲਾਏ ॥੨॥

بِنُ ناوے سبھ وِچھُڑی
گُر کے سبدِ ملائے ॥2॥

ਮੇਰੀ ਮੇਰੀ ਕਰਦੇ ਘਟਿ ਗਏ
ਤਿਨਾ ਹਥਿ ਕਿਹੁ ਨ ਆਇਆ ॥

میری میری کردے گھٹِ گئے
تِنا ہتھِ کِہُ ن آئیا ॥

ਸਤਗੁਰਿ ਮਿਲਿਐ ਸਚਿ ਮਿਲੇ
ਸਚਿ ਨਾਮਿ ਸਮਾਇਆ ॥੩॥

ستگُرِ ملِئے سچ ملے
سچِ نامِ سمائیا ॥3॥

ਆਸਾ ਮਨਸਾ ਏਹੁ ਸਰੀਰੁ ਹੈ
ਅੰਤਰਿ ਜੋਤਿ ਜਗਾਏ ॥

آسا منسا ایہُ سریرُ ہے
انترِ جوتِ جگائے ॥

ਨਾਨਕ ਮਨਮੁਖਿ ਬੰਧੁ ਹੈ
ਗੁਰਮੁਖਿ ਮੁਕਤਿ ਕਰਾਏ ॥੪॥੩॥

نانک منمُکھِ بندھُ ہے
گُرمُکھِ مُکتِ کرائے ॥4॥3॥

ਵਡਹੰਸੁ ਮਹਲਾ ੩ ॥

وڈہنسُ محلا 3 ॥

ਸੋਹਾਗਣੀ ਸਦਾ ਮੁਖੁ ਉਜਲਾ
ਗੁਰ ਕੈ ਸਹਜਿ ਸੁਭਾਇ ॥

سوہاگنّی سدا مُکھُ اُجلا
گُر کے سہجِ سُبھاءِ ॥

ਸਦਾ ਪਿਰੁ ਰਾਵਹਿ ਆਪਣਾ
ਵਿਚਹੁ ਆਪੁ ਗਵਾਇ ॥੧॥

سدا پِرُ راوہِ آپنّا
وِچہُ آپُ گواءِ ॥1॥

ਮੇਰੇ ਮਨ ਤੂ ਹਰਿ ਹਰਿ ਨਾਮੁ ਧਿਆਇ ॥

میرے من توُ ہرِ ہرِ نامُ دھیاءِ ॥

ਸਤਗੁਰਿ ਮੋ ਕਉ ਹਰਿ ਦੀਆ ਬੁਝਾਇ ॥੧॥ ਰਹਾਉ ॥

ستگُرِ موہ کءُ ہرِ دیِیا بُجھاءِ ॥1॥ رہاءُ ॥

ਦੋਹਾਗਣੀ ਖਰੀਆ ਬਿਲਲਾਦੀਆ
ਤਿਨਾ ਮਹਲੁ ਨ ਪਾਇ ॥

دوہاگنّی کھرییا بِللادِییا
تِنا محلُ ن پاءِ ॥

ਦੂਜੈ ਭਾਇ ਕਰੂਪੀ
ਦੂਖੁ ਪਾਵਹਿ ਆਗੈ ਜਾਇ ॥੨॥

دوُجے بھاءِ کروُپی
دوُکھُ پاوہِ آگے جاءِ ॥2॥

ਗੁਣਵੰਤੀ ਨਿਤ ਗੁਣ ਰਵੈ
ਹਿਰਦੈ ਨਾਮੁ ਵਸਾਇ ॥

گُنّونتی نِت گُنّ روے
ہِردے نامُ وساءِ ॥

ਅਉਗਣਵੰਤੀ ਕਾਮਣੀ
ਦੁਖੁ ਲਾਗੈ ਬਿਲਲਾਇ ॥੩॥

اَگُنّونتی کامنّی
دُکھُ لاگے بِللاءِ ॥3॥

ਸਭਨਾ ਕਾ ਭਤਾਰੁ ਏਕੁ ਹੈ ਸੁਆਮੀ
ਕਹਣਾ ਕਿਛੂ ਨ ਜਾਇ ॥

سبھنا کا بھتارُ ایکُ ہے سُیامی
کہنّا کچھوُ ن جاءِ ॥

ਨਾਨਕ ਆਪੇ ਵੇਕ ਕੀਤਿਅਨੁ
ਨਾਮੇ ਲਇਅਨੁ ਲਾਇ ॥੪॥੪॥

نانک آپے ویک کِیتِئنُ
نامے لِئنُ لاءِ ॥4॥4॥

ਵਡਹੰਸੁ ਮਹਲਾ ੩ ॥

ਅੰਮ੍ਰਿਤ ਨਾਮੁ ਸਦ ਮੀਠਾ ਲਾਗਾ
ਗੁਰ ਸਬਦੀ ਸਾਦੁ ਆਇਆ ॥

ਸਚੀ ਬਾਣੀ ਸਹਜਿ ਸਮਾਣੀ
ਹਰਿ ਜੀਉ ਮਨਿ ਵਸਾਇਆ ॥੧॥

ਹਰਿ ਕਰਿ ਕਿਰਪਾ ਸਤਗੁਰੂ ਮਿਲਾਇਆ ॥

ਪੂਰੈ ਸਤਗੁਰਿ ਹਰਿ ਨਾਮੁ ਧਿਆਇਆ ॥੧॥ ਰਹਾਉ ॥

ਬ੍ਰਹਮੈ ਬੇਦ ਬਾਣੀ ਪਰਗਾਸੀ
ਮਾਇਆ ਮੋਹ ਪਸਾਰਾ ॥

ਮਹਾਦੇਉ ਗਿਆਨੀ ਵਰਤੈ ਘਰਿ ਆਪਣੈ
ਤਾਮਸੁ ਬਹੁਤੁ ਅਹੰਕਾਰਾ ॥੨॥

ਕਿਸਨੁ ਸਦਾ ਅਵਤਾਰੀ ਰੂਧਾ
ਕਿਤੁ ਲਗਿ ਤਰੈ ਸੰਸਾਰਾ ॥

ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ
ਚੂਕੈ ਮੋਹ ਗੁਬਾਰਾ ॥੩॥

ਸਤਗੁਰ ਸੇਵਾ ਤੇ ਨਿਸਤਾਰਾ
ਗੁਰਮੁਖਿ ਤਰੈ ਸੰਸਾਰਾ ॥

ਸਾਚੈ ਨਾਇ ਰਤੇ ਬੈਰਾਗੀ
ਪਾਇਨਿ ਮੋਖ ਦੁਆਰਾ ॥੪॥

ਏਕੋ ਸਚੁ ਵਰਤੈ ਸਭ ਅੰਤਰਿ
ਸਭਨਾ ਕਰੇ ਪ੍ਰਤਿਪਾਲਾ ॥

ਨਾਨਕ ਇਕਸੁ ਬਿਨੁ ਮੈ ਅਵਰੁ ਨ ਜਾਣਾ
ਸਭਨਾ ਦੀਵਾਨੁ ਦਇਆਲਾ ॥੫॥੫॥

ਵਡਹੰਸੁ ਮਹਲਾ ੩ ॥

ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ ॥

وڈہنس محلا 3 ॥

انمرِت نامُ سد میٹھا لاگا
گُر سبدی سادُ آئیا ॥

سچی بانٹی سہجِ سمانٹی
ہرِ جیءُ منِ وسائیا ॥1॥

ہرِ کرِ کرِپا ستگُرو مِلائیا ॥

پُورے ستگُرِ ہرِ نامُ دھیائیا ॥1॥ رہاءُ ॥

برہمے بید بانٹی پرگاسی
مائیا موہ پسارا ॥

مہادیءُ گیانی ورتے گھرِ آپنے
تامسُ بہُتُ اہنکارا ॥2॥

کِسنُ سدا اوتاری رُودھا
کِتُ لگِ ترے سنسارا ۔ ॥

گُرمُکھِ گیانِ رتے جُگ انترِ
چُوکے موہ غُبارا ॥3॥

ستگُر سیوا تے نِستارا
گُرمُکھِ ترے سنسارا ॥

ساچے ناءِ رتے بیراگی
پائنِ موکھ دُیارا ॥4॥

ایکو سچُ ورتے سبھ انترِ
سبھنا کرے پرتپالا ॥

نانک اِکسُ بِنُ مے اورُ ن جاٹا
سبھنا دیوانُ دئیالا ॥5॥5॥

وڈہنس محلا 3 ॥

گُرمُکھِ سچُ سنجمُ تتُ گیانُ ॥

ਗੁਰਮੁਖਿ ਸਾਚੇ ਲਗੈ ਧਿਆਨੁ ॥੧॥	گُرمُکھِ ساچے لگےَ دھِیانُ ॥1॥
ਗੁਰਮੁਖਿ ਮਨ ਮੇਰੇ ਨਾਮੁ ਸਮਾਲਿ ॥	گُرمُکھِ من میرے نامُ سمالِ ॥
ਸਦਾ ਨਿਬਹੈ ਚਲੈ ਤੇਰੈ ਨਾਲਿ ॥ ਰਹਾਉ ॥	سدا نِبہےَ چلےَ تیرے نالِ ॥ رہاءُ ॥
ਗੁਰਮੁਖਿ ਜਾਤਿ ਪਤਿ ਸਚੁ ਸੋਇ ॥	گُرمُکھِ زاتِ پتِ سچُ سوءِ ॥
ਗੁਰਮੁਖਿ ਅੰਤਰਿ ਸਖਾਈ ਪ੍ਰਭੁ ਹੋਇ ॥੨॥	گُرمُکھِ انترِ سکھائی پربھُ ہوءِ ॥2॥
ਗੁਰਮੁਖਿ ਜਿਸ ਨੋ ਆਪਿ ਕਰੇ ਸੋ ਹੋਇ ॥	گُرمُکھِ جِس نو آپِ کرے سو ہوءِ ॥
ਗੁਰਮੁਖਿ ਆਪਿ ਵਡਾਈ ਦੇਵੈ ਸੋਇ ॥੩॥	گُرمُکھِ آپِ وڈائی دیوےَ سوءِ ॥3॥
ਗੁਰਮੁਖਿ ਸਬਦੁ ਸਚੁ ਕਰਣੀ ਸਾਰੁ ॥	گُرمُکھِ سبدُ سچُ کرنی سارُ ॥
ਗੁਰਮੁਖਿ ਨਾਨਕ ਪਰਵਾਰੈ ਸਾਧਾਰੁ ॥੪॥੬॥	گُرمُکھِ نانک پروارےَ سادھارُ ॥4॥6॥
ਵਡਹੰਸੁ ਮਹਲਾ ੩ ॥	وڈہنسُ محلا 3 ॥
ਰਸਨਾ ਹਰਿ ਸਾਦਿ ਲਗੀ ਸਹਜਿ ਸੁਭਾਇ ॥	رسنا ہرِ سادِ لگی سہجِ سُبھاءِ ॥
ਮਨੁ ਤ੍ਰਿਪਤਿਆ ਹਰਿ ਨਾਮੁ ਧਿਆਇ ॥੧॥	منُ ترِپتیا ہرِ نامُ دھیاءِ ॥1॥
ਸਦਾ ਸੁਖੁ ਸਾਚੈ ਸਬਦਿ ਵੀਚਾਰੀ ॥	سدا سُکھُ ساچےَ سبدِ ویچاری ॥
ਆਪਣੇ ਸਤਗੁਰ ਵਿਟਹੁ ਸਦਾ ਬਲਿਹਾਰੀ ॥੧॥ ਰਹਾਉ ॥	آپنے ستگُر وِٹہُ سدا بلِہاری ॥1॥ رہاءُ ॥
ਅਖੀ ਸੰਤੋਖੀਆ ਏਕ ਲਿਵ ਲਾਇ ॥	اکھی سنتوکھیا ایک لِو لاءِ ॥
ਮਨੁ ਸੰਤੋਖਿਆ ਦੂਜਾ ਭਾਉ ਗਵਾਇ ॥੨॥	منُ سنتوکھیا دوُجا بھاءُ گواءِ ॥2॥
ਦੇਹ ਸਰੀਰਿ ਸੁਖੁ ਹੋਵੈ ਸਬਦਿ ਹਰਿ ਨਾਇ ॥	دیہ سریرِ سُکھُ ہووےَ سبدِ ہرِ ناءِ ॥
ਨਾਮੁ ਪਰਮਲੁ ਹਿਰਦੈ ਰਹਿਆ ਸਮਾਇ ॥੩॥	نامُ پرملُ ہِردےَ رہِیا سماءِ ॥3॥
ਨਾਨਕ ਮਸਤਕਿ ਜਿਸੁ ਵਡਭਾਗੁ ॥	نانک مستکِ جِسُ وڈبھاگُ ॥
ਗੁਰ ਕੀ ਬਾਣੀ ਸਹਜ ਬੈਰਾਗੁ ॥੪॥੭॥	گُر کی بانی سہج بیراگُ ॥4॥7॥
ਵਡਹੰਸੁ ਮਹਲਾ ੩ ॥	وڈہنسُ محلا 3 ॥
ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥	پوُرے گُر تے نامُ پائیا جاءِ ॥

ਸਚੈ ਸਬਦਿ ਸਚਿ ਸਮਾਇ ॥੧॥	سچے سبدِ سچ سماءِ ॥1॥
ਏ ਮਨ ਨਾਮੁ ਨਿਧਾਨੁ ਤੂ ਪਾਇ ॥	اے من نامُ نِدھانُ توُ پاءِ ॥
ਆਪਣੇ ਗੁਰ ਕੀ ਮੰਨਿ ਲੈ ਰਜਾਇ ॥੧॥ ਰਹਾਉ ॥	آپنے گُر کی منّنِ لے رضاءِ ॥1॥ رہاءُ ॥
ਗੁਰ ਕੈ ਸਬਦਿ ਵਿਚਹੁ ਮੈਲੁ ਗਵਾਇ ॥	گُر کے سبدِ وِچہُ میَلُ گواءِ ॥
ਨਿਰਮਲੁ ਨਾਮੁ ਵਸੈ ਮਨਿ ਆਇ ॥੨॥	نِرملُ نامُ وسے منِ آءِ ॥2॥
ਭਰਮੇ ਭੂਲਾ ਫਿਰੈ ਸੰਸਾਰੁ ॥	بھرمے بھوُلا پھِرے سنّسارُ ॥
ਮਰਿ ਜਨਮੈ ਜਮੁ ਕਰੇ ਖੁਆਰੁ ॥੩॥	مرِجنمے جمُ کرے خُیارُ ॥3॥
ਨਾਨਕ ਸੇ ਵਡਭਾਗੀ ਜਿਨ ਹਰਿ ਨਾਮੁ ਧਿਆਇਆ ॥	نانک سے وڈبھاگی جِن ہرِ نامُ دھیائیا ॥
ਗੁਰ ਪਰਸਾਦੀ ਮੰਨਿ ਵਸਾਇਆ ॥੪॥੮॥	گُر پرسادی منّنِ وسائیا ॥4॥8॥
ਵਡਹੰਸੁ ਮਹਲਾ ੩ ॥	وڈہنّس محلا 3 ॥
ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥	ہئمےَ ناوے نالِ وِرودھُ ہے دُءِ ن وسہِ اِک ٹھاءِ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥	ہئمےَ وِچِ سیوا ن ہووئی تا منُ برتھا جاءِ ॥1॥
ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥	ہرِ چیتِ من میرے توُ گُر کا سبدُ کماءِ ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥	حُکمُ منّنہِ تا ہرِ ملےَ تا وِچہُ ہئمےَ جاءِ ॥ رہاءُ ॥
ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥	ہئمےَ سبھُ سریرُ ہے ہئمےَ اوپتِ ہوءِ ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥	ہئمےَ وڈا غُبارُ ہے ہئمےَ وِچِ بُجھِ ن سکےَ کوءِ ॥2॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥	ہئمےَ وِچِ بھگتِ ن ہووئی حُکمُ ن بُجھیا جاءِ ॥

ਹਉਮੈ ਵਿਚਿ ਜੀਉ ਬੰਧੁ ਹੈ
ਨਾਮੁ ਨ ਵਸੈ ਮਨਿ ਆਇ ॥੩॥

ہئُمے وِچ جیِءُ بندھُ ہے
نامُ ن وسے منِ آءِ ॥3॥

ਨਾਨਕ ਸਤਗੁਰਿ ਮਿਲਿਐ ਹਉਮੈ ਗਈ
ਤਾ ਸਚੁ ਵਸਿਆ ਮਨਿ ਆਇ ॥

نانک ستگُرِ ملِئے ہئُمے گئی
تا سچُ وسِیا منِ آءِ ॥

ਸਚੁ ਕਮਾਵੈ ਸਚਿ ਰਹੈ
ਸਚੇ ਸੇਵਿ ਸਮਾਇ ॥੪॥੯॥੧੨॥

سچُ کماوے سچِ رہے
سچے سیوِ سماءِ ॥4॥9॥ 12 ॥

ਵਡਹੰਸੁ ਮਹਲਾ ੪ ਘਰੁ ੧

وڈہنس محلا 4 گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਸੇਜ ਏਕ ਏਕੋ ਪ੍ਰਭੁ ਠਾਕੁਰੁ ॥

سیج ایک ایکو پربھُ ٹھاکُرُ ॥

ਗੁਰਮੁਖਿ ਹਰਿ ਰਾਵੇ ਸੁਖ ਸਾਗਰੁ ॥੧॥

گُرمُکھِ ہرِ راوے سُکھ ساگرُ ॥1॥

ਮੈ ਪ੍ਰਭ ਮਿਲਣ ਪ੍ਰੇਮ ਮਨਿ ਆਸਾ ॥

مے پربھ ملِنُ پریم منِ آسا ॥

ਗੁਰੁ ਪੂਰਾ ਮੇਲਾਵੈ ਮੇਰਾ ਪ੍ਰੀਤਮੁ
ਹਉ ਵਾਰਿ ਵਾਰਿ ਆਪਣੇ ਗੁਰੂ ਕਉ ਜਾਸਾ ॥੧॥ ਰਹਾਉ ॥

گُرُ پوُرا میلاوے میرا پریتمُ
ہءُ وارِ وارِ آپنے گُروُ کءُ جاسا ॥1॥ رہاءُ ॥

ਮੈ ਅਵਗਣ ਭਰਪੂਰਿ ਸਰੀਰੇ ॥

مے اوگُنُ بھرپوُرِ سرِیرے ॥

ਹਉ ਕਿਉ ਕਰਿ ਮਿਲਾ
ਅਪਣੇ ਪ੍ਰੀਤਮ ਪੂਰੇ ॥੨॥

ہءُ کِءُ کرِ ملِا
اپنے پریتم پوُرے ॥2॥

ਜਿਨਿ ਗੁਣਵੰਤੀ ਮੇਰਾ ਪ੍ਰੀਤਮੁ ਪਾਇਆ ॥

جِنِ گُنوَنتی میرا پریتمُ پائیا ॥

ਸੇ ਮੈ ਗੁਣ ਨਾਹੀ
ਹਉ ਕਿਉ ਮਿਲਾ ਮੇਰੀ ਮਾਇਆ ॥੩॥

سے مے گُنُ ناہی
ہءُ کِءُ ملِا میری مائیا ۔ ॥3॥

ਹਉ ਕਰਿ ਕਰਿ ਥਾਕਾ ਉਪਾਵ ਬਹੁਤੇਰੇ ॥

ہءُ کرِ کرِ تھاکا اُپاو بہتیرے ॥

ਨਾਨਕ ਗਰੀਬ ਰਾਖਹੁ ਹਰਿ ਮੇਰੇ ॥੪॥੧॥

نانک غریب راکھہُ ہرِ میرے ۔ ॥4॥1॥

ਵਡਹੰਸੁ ਮਹਲਾ ੪ ॥

وڈہنس محلا 4 ॥

ਮੇਰਾ ਹਰਿ ਪ੍ਰਭੁ ਸੁੰਦਰੁ
ਮੈ ਸਾਰ ਨ ਜਾਣੀ ॥

میرا ہرِ پربھُ سُندرُ
مے سار ن جانی ॥

ਹਉ ਹਰਿ ਪ੍ਰਭ ਛੋਡਿ ਦੂਜੈ ਲੋਭਾਣੀ ॥੧॥	ہءُ ہرِ پربھ چھوڈِ دوُجےَ لوبھانی ॥1॥
ਹਉ ਕਿਉ ਕਰਿ ਪਿਰ ਕਉ ਮਿਲਉ ਇਆਣੀ ॥	ہءُ کِءُ کرِ پِر کءُ مِلءُ اِیانی ॥
ਜੋ ਪਿਰ ਭਾਵੈ ਸਾ ਸੋਹਾਗਣਿ ਸਾਈ ਪਿਰ ਕਉ ਮਿਲੈ ਸਿਆਣੀ ॥੧॥ ਰਹਾਉ ॥	جو پِر بھاوےَ سا سوہاگنِ سائی پِر کءُ مِلےَ سِیانی ॥1॥ رہاءُ ॥
ਮੈ ਵਿਚਿ ਦੋਸ ਹਉ ਕਿਉ ਕਰਿ ਪਿਰੁ ਪਾਵਾ ॥	مےَ وِچِ دوس ہءُ کِءُ کرِ پِرُ پاوا ۔ ॥
ਤੇਰੇ ਅਨੇਕ ਪਿਆਰੇ ਹਉ ਪਿਰ ਚਿਤਿ ਨ ਆਵਾ ॥੨॥	تیرے انیک پِیارے ہءُ پِر چِتِ ن آوا ॥2॥
ਜਿਨਿ ਪਿਰੁ ਰਾਵਿਆ ਸਾ ਭਲੀ ਸੁਹਾਗਣਿ ॥	جِنِ پِرُ راوِیا سا بھلی سُہاگنِ ॥
ਸੇ ਮੈ ਗੁਣ ਨਾਹੀ ਹਉ ਕਿਆ ਕਰੀ ਦੁਹਾਗਣਿ ॥੩॥	سے مےَ گُنٌ ناہی ہءُ کِیا کری دُہاگنِ ۔ ॥3॥
ਨਿਤ ਸੁਹਾਗਣਿ ਸਦਾ ਪਿਰੁ ਰਾਵੈ ॥	نِت سُہاگنِ سدا پِرُ راوےَ ॥
ਮੈ ਕਰਮਹੀਣ ਕਬ ਹੀ ਗਲਿ ਲਾਵੈ ॥੪॥	مےَ کرمہیِنٌ کب ہی گلِ لاوےَ ॥4॥
ਤੂ ਪਿਰੁ ਗੁਣਵੰਤਾ ਹਉ ਅਉਗੁਣਿਆਰਾ ॥	توُ پِرُ گُنوَنتا ہءُ اُگُنِیارا ॥
ਮੈ ਨਿਰਗੁਣ ਬਖਸਿ ਨਾਨਕੁ ਵੇਚਾਰਾ ॥੫॥੨॥	مےَ نِرگُنٌ بخشِ نانکُ ویچارا ॥5॥2॥
ਵਡਹੰਸੁ ਮਹਲਾ ੪ ਘਰੁ ੨	وڈہنسُ محلا 4 گھرُ 2
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਮੈ ਮਨਿ ਵਡੀ ਆਸ ਹਰੇ ਕਿਉ ਕਰਿ ਹਰਿ ਦਰਸਨੁ ਪਾਵਾ ॥	مےَ منِ وڈی آس ہرے کِءُ کرِ ہرِ درسنُ پاوا ۔ ॥
ਹਉ ਜਾਇ ਪੁਛਾ ਅਪਨੇ ਸਤਗੁਰੈ ਗੁਰ ਪੁਛਿ ਮਨੁ ਮੁਗਧੁ ਸਮਝਾਵਾ ॥	ہءُ جاءِ پُچھا اپنے ستگُرے گُر پُچھِ منُ مُگدھُ سمجھاوا ॥
ਭੂਲਾ ਮਨੁ ਸਮਝੈ ਗੁਰ ਸਬਦੀ ਹਰਿ ਹਰਿ ਸਦਾ ਧਿਆਏ ॥	بھوُلا منُ سمجھےَ گُر سبدی ہرِ ہرِ سدا دھِیائے ॥
ਨਾਨਕ ਜਿਸੁ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਚਰਣੀ ਚਿਤੁ ਲਾਏ ॥੧॥	نانک جِسُ ندرِ کرے میرا پِیارا

ਹਉ ਸਭਿ ਵੇਸ ਕਰੀ ਪਿਰ ਕਾਰਣਿ
ਜੇ ਹਰਿ ਪ੍ਰਭ ਸਾਚੇ ਭਾਵਾ ॥

ہءُ سبھِ ویس کری پِر کارنِ
جے ہرِ پربھ ساچے بھاوا ॥

ਸੋ ਪਿਰੁ ਪਿਆਰਾ ਮੈ ਨਦਰਿ ਨ ਦੇਖੈ
ਹਉ ਕਿਉ ਕਰਿ ਧੀਰਜੁ ਪਾਵਾ ॥

سو پِرُ پیارا مے نَدرِ ن دیکھے
ہءُ کِءُ کرِ دھیرجُ پاوا ۔ ॥

ਜਿਸੁ ਕਾਰਣਿ ਹਉ ਸੀਗਾਰੁ ਸੀਗਾਰੀ
ਸੋ ਪਿਰੁ ਰਤਾ ਮੇਰਾ ਅਵਰਾ ॥

جِسُ کارنِ ہءُ سیگارُ سیگاری
سو پِرُ رتا میرا اورا ॥

ਨਾਨਕ ਧਨੁ ਧੰਨੁ ਸੋਹਾਗਣਿ
ਜਿਨਿ ਪਿਰੁ ਰਾਵਿਅੜਾ ਸਚੁ ਸਵਰਾ ॥੨॥

نانک دھنُ دھنّنُ دھنّنُ سوہاگنِ
جِنِ پِرُ راوِئڑا سچُ سورا ॥2॥

ਹਉ ਜਾਇ ਪੁਛਾ ਸੋਹਾਗ ਸੁਹਾਗਣਿ
ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ ॥

ہءُ جاءِ پُچھا سوہاگ سُہاگنِ
تُسی کِءُ پِرُ پائِئڑا پربھُ میرا ۔ ॥

ਮੈ ਊਪਰਿ ਨਦਰਿ ਕਰੀ ਪਿਰਿ ਸਾਚੈ
ਮੈ ਛੋਡਿਅੜਾ ਮੇਰਾ ਤੇਰਾ ॥

مے اُوپر ندرِ کری پِر ساچے
مے چھوڈِئڑا میرا تیرا ॥

ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ
ਇਤੁ ਮਾਰਗਿ ਭੈਣੇ ਮਿਲੀਐ ॥

سبھُ منُ تنُ جیءُ کرہُ ہرِ پربھ کا
اِتُ مارگِ بھینئے مِلیئے ॥

ਆਪਨੜਾ ਪ੍ਰਭੁ ਨਦਰਿ ਕਰਿ ਦੇਖੈ
ਨਾਨਕ ਜੋਤਿ ਜੋਤੀ ਰਲੀਐ ॥੩॥

آپنڑا پربھُ ندرِ کرِ دیکھے
نانک جوتِ جوتی رلیئے ॥3॥

ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ
ਤਿਸੁ ਮਨੁ ਤਨੁ ਅਪਣਾ ਦੇਵਾ ॥

جو ہرِ پربھ کا مے دےءِ سنیہا
تِسُ منُ تنُ اپنڑا دیوا ॥

ਨਿਤ ਪਖਾ ਫੇਰੀ ਸੇਵ ਕਮਾਵਾ
ਤਿਸੁ ਆਗੈ ਪਾਣੀ ਢੋਵਾਂ ॥

نِت پکھا پھیری سیو کماوا
تِسُ آگے پانی ڈھوواں ॥

ਨਿਤ ਨਿਤ ਸੇਵ ਕਰੀ ਹਰਿ ਜਨ ਕੀ
ਜੋ ਹਰਿ ਹਰਿ ਕਥਾ ਸੁਣਾਏ ॥

نِت نِت سیو کری ہرِ جن کی
جو ہرِ ہرِ کتھا سُنائے ॥

ਧਨੁ ਧੰਨੁ ਗੁਰੂ ਗੁਰ ਸਤਿਗੁਰੁ ਪੂਰਾ
ਨਾਨਕ ਮਨਿ ਆਸ ਪੁਜਾਏ ॥੪॥

دھنُ دھنّنُ گُرو گُر ستِگُر پُورا
نانک منِ آس پُجائے ॥4॥

ਗੁਰੁ ਸਜਣੁ ਮੇਰਾ ਮੇਲਿ ਹਰੇ
ਜਿਤੁ ਮਿਲਿ ਹਰਿ ਨਾਮੁ ਧਿਆਵਾ ॥

گُرُ سجنُ میرا میلِ ہرے
جِتُ مِلِ ہرِ نامُ دھیاوا ॥

ਗੁਰ ਸਤਿਗੁਰ ਪਾਸਹੁ ਹਰਿ ਗੋਸਟਿ ਪੂਛਾਂ
ਕਰਿ ਸਾਂਝੀ ਹਰਿ ਗੁਣ ਗਾਵਾਂ ॥

گُر ستِگُر پاسہُ ہرِ گوسٹِ پوُچھاں
کرِ سانجھی ہرِ گُڻ گاواں ॥

ਗੁਣ ਗਾਵਾ ਨਿਤ ਨਿਤ ਸਦ ਹਰਿ ਕੇ
ਮਨ ਜੀਵੈ ਨਾਮੁ ਸੁਣਿ ਤੇਰਾ ॥

گُڻ گاوا نِت نِت سد ہرِ کے
من جیوے نامُ سُڻِ تیرا ॥

ਨਾਨਕ ਜਿਤੁ ਵੇਲਾ ਵਿਸਰੈ ਮੇਰਾ ਸੁਆਮੀ
ਤਿਤੁ ਵੇਲੈ ਮਰਿ ਜਾਇ ਜੀਉ ਮੇਰਾ ॥੫॥

نانک جِتُ ویلا وِسرے میرا سُیامی
تِتُ ویلے مرِ جاءِ جیءُ میرا ॥5॥

ਹਰਿ ਵੇਖਣ ਕਉ ਸਭੁ ਕੋਈ ਲੋਚੈ
ਸੋ ਵੇਖੈ ਜਿਸੁ ਆਪਿ ਵਿਖਾਲੇ ॥

ہرِ ویکھڻ کءُ سبھُ کوئی لوچے
سو ویکھے جِسُ آپِ وِکھالے ॥

ਜਿਸ ਨੋ ਨਦਰਿ ਕਰੇ ਮੇਰਾ ਪਿਆਰਾ
ਸੋ ਹਰਿ ਹਰਿ ਸਦਾ ਸਮਾਲੇ ॥

جِس نو ندرِ کرے میرا پیارا
سو ہرِ ہرِ سدا سمالے ॥

ਸੋ ਹਰਿ ਹਰਿ ਨਾਮੁ ਸਦਾ ਸਦਾ ਸਮਾਲੇ
ਜਿਸੁ ਸਤਗੁਰੁ ਪੂਰਾ ਮੇਰਾ ਮਿਲਿਆ ॥

سو ہرِ ہرِ نامُ سدا سدا سمالے
جِسُ ستگُرُ پوُرا میرا مِلیا ॥

ਨਾਨਕ ਹਰਿ ਜਨ ਹਰਿ ਇਕੇ ਹੋਏ
ਹਰਿ ਜਪਿ ਹਰਿ ਸੇਤੀ ਰਲਿਆ ॥੬॥੧॥੩॥

نانک ہرِ جن ہرِ اِکے ہوئے
ہرِ جپِ ہرِ سیتی رلیا ॥6॥1॥3॥

ਵਡਹੰਸੁ ਮਹਲਾ ੫ ਘਰੁ ੧

وڈہنسُ محلا 5 گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਅਤਿ ਊਚਾ ਤਾ ਕਾ ਦਰਬਾਰਾ ॥

اتِ اوُچا تا کا دربارا ॥

ਅੰਤੁ ਨਾਹੀ ਕਿਛੁ ਪਾਰਾਵਾਰਾ ॥

انّتُ ناہی کِچھُ پاراوارا ॥

ਕੋਟਿ ਕੋਟਿ ਕੋਟਿ ਲਖ ਧਾਵੈ ॥

کوٹِ کوٹِ کوٹِ لکھ دھاوے ॥

ਇਕੁ ਤਿਲੁ ਤਾ ਕਾ ਮਹਲੁ ਨ ਪਾਵੈ ॥੧॥

اِکُ تِلُ تا کا محلُ ن پاوے ॥1॥

ਸੁਹਾਵੀ ਕਉਣੁ ਸੁ ਵੇਲਾ
ਜਿਤੁ ਪ੍ਰਭ ਮੇਲਾ ॥੧॥ ਰਹਾਉ ॥

سُہاوی کئُڻُ سُ ویلا
جِتُ پرّبھ میلا ॥1॥ رہاءُ ॥

ਲਾਖ ਭਗਤ ਜਾ ਕਉ ਆਰਾਧਹਿ ॥	لاکھ بھگت جا کءُ آرادھِ ॥
ਲਾਖ ਤਪੀਸਰ ਤਪੁ ਹੀ ਸਾਧਹਿ ॥	لاکھ تپِسر تپُ ہی سادھِ ॥
ਲਾਖ ਜੋਗੀਸਰ ਕਰਤੇ ਜੋਗਾ ॥	لاکھ جوگِسر کرتے جوگا ॥
ਲਾਖ ਭੋਗੀਸਰ ਭੋਗਹਿ ਭੋਗਾ ॥੨॥	لاکھ بھوگِسر بھوگہِ بھوگا ॥2॥
ਘਟਿ ਘਟਿ ਵਸਹਿ ਜਾਣਹਿ ਥੋਰਾ ॥	گھٹِ گھٹِ وسہِ جاٹہِ تھورا ॥
ਹੈ ਕੋਈ ਸਾਜਣੁ ਪਰਦਾ ਤੋਰਾ ॥	ہے کوئی ساجنُ پردا تورا ॥
ਕਰਉ ਜਤਨ ਜੇ ਹੋਇ ਮਿਹਰਵਾਨਾ ॥	کرءُ جتن جے ہوءِ مِہروانا ॥
ਤਾ ਕਉ ਦੇਈ ਜੀਉ ਕੁਰਬਾਨਾ ॥੩॥	تا کءُ دیئی جیءُ قُربانا ॥3॥
ਫਿਰਤ ਫਿਰਤ ਸੰਤਨ ਪਹਿ ਆਇਆ ॥	پھِرت پھِرت سنّتن پہِ آئیا ॥
ਦੂਖ ਭ੍ਰਮੁ ਹਮਾਰਾ ਸਗਲ ਮਿਟਾਇਆ ॥	دوُکھ بھّرمُ ہمارا سگل مِٹائیا ॥
ਮਹਲਿ ਬੁਲਾਇਆ ਪ੍ਰਭ ਅੰਮ੍ਰਿਤੁ ਭੁੰਚਾ ॥	محلِ بُلائیا پربھ انمّرِتُ بھوُنچا ॥
ਕਹੁ ਨਾਨਕ ਪ੍ਰਭੁ ਮੇਰਾ ਊਚਾ ॥੪॥੧॥	کہُ نانک پربھُ میرا اوُچا ॥4॥1॥
ਵਡਹੰਸੁ ਮਹਲਾ ੫ ॥	وڈہنّس محلا 5 ॥
ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ ॥	دھنُ سُ ویلا جِتُ درسنُ کرٹا ॥
ਹਉ ਬਲਿਹਾਰੀ ਸਤਿਗੁਰ ਚਰਣਾ ॥੧॥	ہءُ بلِہاری ستِگُر چرٹا ॥1॥
ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ ॥	جیء کے داتے پریتم پربھ میرے ۔ ॥
ਮਨੁ ਜੀਵੈ ਪ੍ਰਭ ਨਾਮੁ ਚਿਤੇਰੇ ॥੧॥ ਰਹਾਉ ॥	منُ جیوے پربھ نامُ چِتیرے ॥1॥ رہاءُ ॥
ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ ॥	سچُ منّترُ تُمارا انمّرِت بانٹی ॥
ਸੀਤਲ ਪੁਰਖ ਦ੍ਰਿਸਟਿ ਸੁਜਾਣੀ ॥੨॥	سِیتل پُرکھ درِسٹِ سُجانٹی ॥2॥
ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ ॥	سچُ حُکمُ تُمارا تختِ نِواسی ॥
ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ ॥੩॥	آءِ ن جاوے میرا پربھُ ابِناسی ॥3॥
ਤੁਮ ਮਿਹਰਵਾਨ ਦਾਸ ਹਮ ਦੀਨਾ ॥	تُم مِہروان داس ہم دینا ॥

ਨਾਨਕ ਸਾਹਿਬੁ ਭਰਪੁਰਿ ਲੀਣਾ ॥੪॥੨॥	نانک صاحِبُ بھرپُرِ لِیٹا ॥4॥2॥
ਵਡਹੰਸੁ ਮਹਲਾ ੫ ॥	وڈہنّس محلا 5 ॥
ਤੂ ਬੇਅੰਤੁ ਕੋ ਵਿਰਲਾ ਜਾਣੈ ॥	توُ بیئنّتُ کو وِرلا جانے ॥
ਗੁਰ ਪ੍ਰਸਾਦਿ ਕੋ ਸਬਦਿ ਪਛਾਣੈ ॥੧॥	گُر پّرسادِ کو سبدِ پچھانے ॥1॥
ਸੇਵਕ ਕੀ ਅਰਦਾਸਿ ਪਿਆਰੇ ॥	سیوک کی عرداسِ پیارے ۔ ॥
ਜਪਿ ਜੀਵਾ ਪ੍ਰਭ ਚਰਣ ਤੁਮਾਰੇ ॥੧॥ ਰਹਾਉ ॥	جپِ جیِوا پّربھ چرنْ تُمارے ॥1॥ رہاءُ ॥
ਦਇਆਲ ਪੁਰਖ ਮੇਰੇ ਪ੍ਰਭ ਦਾਤੇ ॥	دئیال پُرکھ میرے پّربھ داتے ۔ ॥
ਜਿਸਹਿ ਜਨਾਵਹੁ ਤਿਨਹਿ ਤੁਮ ਜਾਤੇ ॥੨॥	جِسہِ جناوہُ تِنہِ تُم جاتے ॥2॥
ਸਦਾ ਸਦਾ ਜਾਈ ਬਲਿਹਾਰੀ ॥	سدا سدا جائی بلِہاری ॥
ਇਤ ਉਤ ਦੇਖਉ ਓਟ ਤੁਮਾਰੀ ॥੩॥	اِت اُت دیکھءُ اوٹ تُماری ॥3॥
ਮੋਹਿ ਨਿਰਗੁਣ ਗੁਣ ਕਿਛੂ ਨ ਜਾਤਾ ॥	موہِ نِرگُنْ گُنْ کِچھوُ ن جاتا ॥
ਨਾਨਕ ਸਾਧੂ ਦੇਖਿ ਮਨੁ ਰਾਤਾ ॥੪॥੩॥	نانک سادھوُ دیکھِ منُ راتا ॥4॥3॥
ਵਡਹੰਸੁ ਮਃ ੫ ॥	وڈہنّس م: 5 ॥
ਅੰਤਰਜਾਮੀ ਸੋ ਪ੍ਰਭੁ ਪੂਰਾ ॥	انتّرجامی سو پّربھُ پوُرا ॥
ਦਾਨੁ ਦੇਇ ਸਾਧੂ ਕੀ ਧੂਰਾ ॥੧॥	دانُ دےءِ سادھوُ کی دھوُرا ॥1॥
ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥	کرِ کِرپا پّربھ دِین دئیالا ۔ ॥
ਤੇਰੀ ਓਟ ਪੂਰਨ ਗੋਪਾਲਾ ॥੧॥ ਰਹਾਉ ॥	تیری اوٹ پوُرن گوپالا ۔ ॥1॥ رہاءُ ॥
ਜਲਿ ਥਲਿ ਮਹੀਅਲਿ ਰਹਿਆ ਭਰਪੂਰੇ ॥	جلِ تھلِ مہیئلِ رہِیا بھرپوُرے ॥
ਨਿਕਟਿ ਵਸੈ ਨਾਹੀ ਪ੍ਰਭੁ ਦੂਰੇ ॥੨॥	نِکٹِ وسے ناہی پّربھُ دوُرے ॥2॥
ਜਿਸ ਨੋ ਨਦਰਿ ਕਰੇ ਸੋ ਧਿਆਏ ॥	جِس نو ندرِ کرے سو دھِیائے ॥
ਆਠ ਪਹਰ ਹਰਿ ਕੇ ਗੁਣ ਗਾਏ ॥੩॥	آٹھ پہر ہرِ کے گُنْ گائے ॥3॥
ਜੀਅ ਜੰਤ ਸਗਲੇ ਪ੍ਰਤਿਪਾਰੇ ॥	جیء جنّت سگلے پّرتپارے ॥

ਸਰਨਿ ਪਰਿਓ ਨਾਨਕ ਹਰਿ ਦੁਆਰੇ ॥੪॥੪॥	سرنِ پرئو نانک ہرِ دُیارے ॥4॥4॥
ਵਡਹੰਸੁ ਮਹਲਾ ੫ ॥	وڈہنّس محلا 5 ॥
ਤੂ ਵਡ ਦਾਤਾ ਅੰਤਰਜਾਮੀ ॥	توُ وڈ داتا انّترجامی ॥
ਸਭਿ ਮਹਿ ਰਵਿਆ ਪੂਰਨ ਪ੍ਰਭ ਸੁਆਮੀ ॥੧॥	سبھِ مہِ رویا پوُرن پّربھ سُیامی ۔ ॥1॥
ਮੇਰੇ ਪ੍ਰਭ ਪ੍ਰੀਤਮ ਨਾਮੁ ਅਧਾਰਾ ॥	میرے پّربھ پّریتم نامُ ادھارا ॥
ਹਉ ਸੁਣਿ ਸੁਣਿ ਜੀਵਾ ਨਾਮੁ ਤੁਮਾਰਾ ॥੧॥ ਰਹਾਉ ॥	ہءُ سُنِ سُنِ جیِوا نامُ تُمارا ॥1॥ رہاءُ ॥
ਤੇਰੀ ਸਰਣਿ ਸਤਿਗੁਰ ਮੇਰੇ ਪੂਰੇ ॥	تیری سرنِ ستِگُر میرے پوُرے ۔ ॥
ਮਨੁ ਨਿਰਮਲੁ ਹੋਇ ਸੰਤਾ ਧੂਰੇ ॥੨॥	منُ نِرملُ ہوءِ سنّتا دھوُرے ॥2॥
ਚਰਨ ਕਮਲ ਹਿਰਦੈ ਉਰਿ ਧਾਰੇ ॥	چرن کمل ہِردے اُرِ دھارے ॥
ਤੇਰੇ ਦਰਸਨ ਕਉ ਜਾਈ ਬਲਿਹਾਰੇ ॥੩॥	تیرے درسن کءُ جائی بلِہارے ॥3॥
ਕਰਿ ਕਿਰਪਾ ਤੇਰੇ ਗੁਣ ਗਾਵਾ ॥	کرِ کِرپا تیرے گُنؔ گاوا ॥
ਨਾਨਕ ਨਾਮੁ ਜਪਤ ਸੁਖੁ ਪਾਵਾ ॥੪॥੫॥	نانک نامُ جپت سُکھُ پاوا ॥4॥5॥
ਵਡਹੰਸੁ ਮਹਲਾ ੫ ॥	وڈہنّس محلا 5 ॥
ਸਾਧਸੰਗ ਹਰਿ ਅੰਮ੍ਰਿਤੁ ਪੀਜੈ ॥	سادھسنگ ہرِ انمّرِتُ پیِجےَ ॥
ਨਾ ਜੀਉ ਮਰੈ ਨ ਕਬਹੁ ਛੀਜੈ ॥੧॥	نا جیِءُ مرےَ ن کبہُ چھیِجےَ ॥1॥
ਵਡਭਾਗੀ ਗੁਰੁ ਪੂਰਾ ਪਾਈਐ ॥	وڈبھاگی گُرُ پوُرا پائیےَ ॥
ਗੁਰ ਕਿਰਪਾ ਤੇ ਪ੍ਰਭੁ ਧਿਆਈਐ ॥੧॥ ਰਹਾਉ ॥	گُر کِرپا تے پّربھوُ دھیِائیےَ ॥1॥ رہاءُ ॥
ਰਤਨ ਜਵਾਹਰ ਹਰਿ ਮਾਣਕ ਲਾਲਾ ॥	رتن جواہر ہرِ ماٹک لالا ॥
ਸਿਮਰਿ ਸਿਮਰਿ ਪ੍ਰਭ ਭਏ ਨਿਹਾਲਾ ॥੨॥	سِمرِ سِمرِ پّربھ بھےَ نِہالا ॥2॥
ਜਤ ਕਤ ਪੇਖਉ ਸਾਧੂ ਸਰਣਾ ॥	جت کت پیکھءُ سادھوُ سرٹا ॥
ਹਰਿ ਗੁਣ ਗਾਏ ਨਿਰਮਲ ਮਨੁ ਕਰਣਾ ॥੩॥	ہرِ گُنؔ گائے نِرمل منُ کرٹا ॥3॥
ਘਟ ਘਟ ਅੰਤਰਿ ਮੇਰਾ ਸੁਆਮੀ ਵੂਠਾ ॥	گھٹ گھٹ انّترِ میرا سُیامی ووُٹھا ॥

ਨਾਨਕ ਨਾਮੁ ਪਾਇਆ ਪ੍ਰਭੁ ਤੂਠਾ ॥੪॥੬॥	نانک نامُ پائیا پربھُ توُٹھا ॥4॥6॥
ਵਡਹੰਸ ਮਹਲਾ ੫ ॥	وڈہنس محلا 5 ॥
ਵਿਸਰੁ ਨਾਹੀ ਪ੍ਰਭ ਦੀਨ ਦਇਆਲਾ ॥	وِسرُ ناہی پربھ دِین دئیالا ۔ ॥
ਤੇਰੀ ਸਰਣਿ ਪੂਰਨ ਕਿਰਪਾਲਾ ॥੧॥ ਰਹਾਉ ॥	تیری سرنِ پوُرن کِرپالا ॥1॥ رہاءُ ॥
ਜਹ ਚਿਤਿ ਆਵਹਿ ਸੋ ਥਾਨੁ ਸੁਹਾਵਾ ॥	جہ چِتِ آوہِ سو تھانُ سُہاوا ॥
ਜਿਤੁ ਵੇਲਾ ਵਿਸਰਹਿ ਤਾ ਲਾਗੈ ਹਾਵਾ ॥੧॥	جِتُ ویلا وِسرہِ تا لاگے ہاوا ॥1॥
ਤੇਰੇ ਜੀਅ ਤੂ ਸਦ ਹੀ ਸਾਥੀ ॥	تیرے جیء توُ سد ہی ساتھی ॥
ਸੰਸਾਰ ਸਾਗਰ ਤੇ ਕਢਿ ਦੇ ਹਾਥੀ ॥੨॥	سنسار ساگر تے کڈھِ دے ہاتھی ॥2॥
ਆਵਣੁ ਜਾਣਾ ਤੁਮ ਹੀ ਕੀਆ ॥	آونُ جاٹا تُم ہی کِیا ॥
ਜਿਸ ਤੂ ਰਾਖਹਿ ਤਿਸ ਦੂਖੁ ਨ ਥੀਆ ॥੩॥	جِس توُ راکھہِ تِس دوُکھُ ن تھِیا ॥3॥
ਤੂ ਏਕੋ ਸਾਹਿਬੁ ਅਵਰੁ ਨ ਹੋਰਿ ॥	توُ ایکو صاحِبُ اورُ ن ہورِ ॥
ਬਿਨਉ ਕਰੈ ਨਾਨਕੁ ਕਰ ਜੋਰਿ ॥੪॥੭॥	بِنءُ کرے نانکُ کر جورِ ॥4॥7॥
ਵਡਹੰਸੁ ਮਃ ੫ ॥	وڈہنس م: 5 ॥
ਤੂ ਜਾਣਾਇਹਿ ਤਾ ਕੋਈ ਜਾਣੈ ॥	توُ جاٹائہِ تا کوئی جانے ॥
ਤੇਰਾ ਦੀਆ ਨਾਮੁ ਵਖਾਣੈ ॥੧॥	تیرا دِیا نامُ وکھانے ॥1॥
ਤੂ ਅਚਰਜੁ ਕੁਦਰਤਿ ਤੇਰੀ ਬਿਸਮਾ ॥੧॥ ਰਹਾਉ ॥	توُ اچرجُ قُدرتِ تیری بِسما ॥1॥ رہاءُ ॥
ਤੁਧੁ ਆਪੇ ਕਾਰਣੁ ਆਪੇ ਕਰਣਾ ॥	تُدھُ آپے کارنُ آپے کرٹا ॥
ਹੁਕਮੇ ਜੰਮਣੁ ਹੁਕਮੇ ਮਰਣਾ ॥੨॥	ہُکمے جنمنُ ہُکمے مرٹا ॥2॥
ਨਾਮੁ ਤੇਰਾ ਮਨ ਤਨ ਆਧਾਰੀ ॥	نامُ تیرا من تن آدھاری ॥
ਨਾਨਕ ਦਾਸ ਬਖਸੀਸ ਤੁਮਾਰੀ ॥੩॥੮॥	نانک داس بخشِیس تُماری ॥3॥8॥
ਵਡਹੰਸੁ ਮਹਲਾ ੫ ਘਰੁ ੨	وڈہنس محلا 5 گھرُ 2
ੴ ਸਤਿਗੁਰ ਪ੍ਰਸਾਦਿ ॥	۱ۅ ستِگُر پرسادِ ॥
ਮੇਰੈ ਅੰਤਰਿ ਲੋਚਾ ਮਿਲਣ ਕੀ ਪਿਆਰੇ	میرے انترِ لوچا مِلنُ کی پیارے

ਹਉ ਕਿਉ ਪਾਈ ਗੁਰ ਪੂਰੇ ॥

ہءُ کِءُ پائی گُرپُورے ۔ ॥

ਜੇ ਸਉ ਖੇਲ ਖੇਲਾਈਐ ਬਾਲਕੁ
ਰਹਿ ਨ ਸਕੈ ਬਿਨ ਖੀਰੇ ॥

جے سءُ کھیل کھیلائیئے بالکُ
رہِ ن سکے بِن کھیرے ॥

ਮੇਰੈ ਅੰਤਰਿ ਭੁਖ ਨ ਉਤਰੈ ਅੰਮਾਲੀ
ਜੇ ਸਉ ਭੋਜਨ ਮੈ ਨੀਰੇ ॥

میرے انّترِ بھُکھ ن اُترے انّمالی
جے سءُ بھوجن مے نیرے ॥

ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ
ਬਿਨੁ ਦਰਸਨ ਕਿਉ ਮਨੁ ਧੀਰੇ ॥੧॥

میرے منِ تنِ پریمُ پرنّم کا
بِنُ درسن کِءُ منُ دھیرے ۔ ॥1॥

ਸੁਣਿ ਸਜਣ ਮੇਰੇ ਪ੍ਰੀਤਮ ਭਾਈ
ਮੈ ਮੇਲਿਹੁ ਮਿਤ੍ਰੁ ਸੁਖਦਾਤਾ ॥

سُنِ سجنُ میرے پریتم بھائی
مے میلہُ مِترُ سُکھداتا ॥

ਓਹੁ ਜੀਅ ਕੀ ਮੇਰੀ ਸਭ ਬੇਦਨ ਜਾਣੈ
ਨਿਤ ਸੁਣਾਵੈ ਹਰਿ ਕੀਆ ਬਾਤਾ ॥

اوہُ جیء کی میری سبھ بیدن جانے
نِت سُناوے ہرِ کیِیا باتا ॥

ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਾ
ਜਿਉ ਚਾਤ੍ਰਿਕੁ ਜਲ ਕਉ ਬਿਲਲਾਤਾ ॥

ہءُ اِکُ کھِنُ تِسُ بِنُ رہِ ن سکا
جِءُ چاتّرِکُ جل کءُ بِللاتا ॥

ਹਉ ਕਿਆ ਗੁਣ ਤੇਰੇ ਸਾਰਿ ਸਮਾਲੀ
ਮੈ ਨਿਰਗੁਣ ਕਉ ਰਖਿ ਲੇਤਾ ॥੨॥

ہءُ کِیا گُنُ تیرے سارِ سمالی
مے نِرگُنُ کءُ رکھِ لیتا ॥2॥

ਹਉ ਭਈ ਉਡੀਣੀ ਕੰਤ ਕਉ ਅੰਮਾਲੀ
ਸੋ ਪਿਰੁ ਕਦਿ ਨੈਣੀ ਦੇਖਾ ॥

ہءُ بھئی اُڈیِنی کنّت کءُ انّمالی
سو پِرُ کدِ نینّی دیکھا ॥

ਸਭਿ ਰਸ ਭੋਗਣ ਵਿਸਰੇ
ਬਿਨੁ ਪਿਰ ਕਿਤੈ ਨ ਲੇਖਾ ॥

سبھِ رس بھوگنُ وِسرے
بِنُ پِر کِتے ن لیکھا ॥

ਇਹੁ ਕਾਪੜੁ ਤਨਿ ਨ ਸੁਖਾਵਈ
ਕਰਿ ਨ ਸਕਉ ਹਉ ਵੇਸਾ ॥

اِہُ کاپڑُ تنِ ن سُکھاوئی
کرِ ن سکءُ ہءُ ویسا ॥

ਜਿਨੀ ਸਖੀ ਲਾਲੁ ਰਾਵਿਆ ਪਿਆਰਾ
ਤਿਨ ਆਗੈ ਹਮ ਆਦੇਸਾ ॥੩॥

جِنی سکھی لالُ راوِیا پیارا
تِن آگے ہم آدیسا ॥3॥

ਮੈ ਸਭਿ ਸੀਗਾਰ ਬਣਾਇਆ ਅੰਮਾਲੀ
ਬਿਨੁ ਪਿਰ ਕਾਮਿ ਨ ਆਏ ॥

مے سبھِ سیگار بنائیا انّمالی
بِنُ پِر کامِ ن آئے ॥

ਜਾ ਸਹਿ ਬਾਤ ਨ ਪੁਛੀਆ ਅੰਮਾਲੀ
ਤਾ ਬਿਰਥਾ ਜੋਬਨੁ ਸਭੁ ਜਾਏ ॥

جا سہِ بات ن پُچھِیا انّمالی
تا بِرتھا جوبنُ سبھُ جائے ॥

ਧਨੁ ਧਨੁ ਤੇ ਸੋਹਾਗਣੀ ਅੰਮਾਲੀ
ਜਿਨ ਸਹੁ ਰਹਿਆ ਸਮਾਏ ॥

دھنُ دھنُ تے سوہاگنٹی انّمالی
جِن سہُ رہِیا سمائے ॥

ਹਉ ਵਾਰਿਆ ਤਿਨ ਸੋਹਾਗਣੀ ਅੰਮਾਲੀ
ਤਿਨ ਕੇ ਧੋਵਾ ਸਦ ਪਾਏ ॥੪॥

ہءُ وارِیا تِن سوہاگنٹی انّمالی
تِن کے دھووا سد پائے ॥4॥

ਜਿਚਰੁ ਦੂਜਾ ਭਰਮੁ ਸਾ ਅੰਮਾਲੀ
ਤਿਚਰੁ ਮੈ ਜਾਣਿਆ ਪ੍ਰਭੁ ਦੂਰੇ ॥

جِچرُ دوُجا بھرمُ سا انّمالی
تِچرُ مے َ جانٹیا پربھُ دوُرے ॥

ਜਾ ਮਿਲਿਆ ਪੂਰਾ ਸਤਿਗੁਰੂ ਅੰਮਾਲੀ
ਤਾ ਆਸਾ ਮਨਸਾ ਸਭ ਪੂਰੇ ॥

جا مِلِیا پوُرا ستِگُرو انّمالی
تا آسا منسا سبھ پوُرے ॥

ਮੈ ਸਰਬ ਸੁਖਾ ਸੁਖ ਪਾਇਆ ਅੰਮਾਲੀ
ਪਿਰੁ ਸਰਬ ਰਹਿਆ ਭਰਪੂਰੇ ॥

مے َ سرب سُکھا سُکھ پائِیا انّمالی
پِرُ سرب رہِیا بھرپوُرے ॥

ਜਨ ਨਾਨਕ ਹਰਿ ਰੰਗੁ ਮਾਣਿਆ ਅੰਮਾਲੀ
ਗੁਰ ਸਤਿਗੁਰ ਕੈ ਲਗਿ ਪੈਰੇ ॥੫॥੧॥੯॥

جن نانک ہرِ رنگُ مانٹیا انّمالی
گُر ستِگُر کے َ لگِ پیَرے ॥5॥1॥9॥

ਵਡਹੰਸੁ ਮਹਲਾ ੩ ਅਸਟਪਦੀਆ

وڈہنّس محلا 3 اسٹپدیِیا

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸਚੀ ਬਾਣੀ ਸਚੁ ਧੁਨਿ
ਸਚੁ ਸਬਦੁ ਵੀਚਾਰਾ ॥

سچی بانٹی سچُ دھُنِ
سچُ سبدُ ویچارا ॥

ਅਨਦਿਨੁ ਸਚੁ ਸਲਾਹਣਾ
ਧਨੁ ਧਨੁ ਵਡਭਾਗ ਹਮਾਰਾ ॥੧॥

اندِنُ سچُ سلاحٹا
دھنُ دھنُ وڈبھاگ ہمارا ॥1॥

ਮਨ ਮੇਰੇ ਸਾਚੇ ਨਾਮ ਵਿਟਹੁ ਬਲਿ ਜਾਉ ॥

من میرے ساچے نام وِٹہُ بلِ جاءُ ॥

ਦਾਸਨਿ ਦਾਸਾ ਹੋਇ ਰਹਹਿ
ਤਾ ਪਾਵਹਿ ਸਚਾ ਨਾਉ ॥੧॥ ਰਹਾਉ ॥

داسنِ داسا ہوءِ رہہِ
تا پاوہِ سچا ناءُ ॥1॥ رہاءُ ॥

ਜਿਹਵਾ ਸਚੀ ਸਚਿ ਰਤੀ
ਤਨੁ ਮਨੁ ਸਚਾ ਹੋਇ ॥

جِہوا سچی سچِ رتی
تنُ منُ سچا ہوءِ ॥

ਬਿਨੁ ਸਾਚੇ ਹੋਰੁ ਸਲਾਹਣਾ
ਜਾਸਹਿ ਜਨਮੁ ਸਭੁ ਖੋਇ ॥੨॥

بِنُ ساچے ہورُ سلاحنّا
جاسہِ جنمُ سبھُ کھوءِ ॥2॥

ਸਚੁ ਖੇਤੀ ਸਚੁ ਬੀਜਣਾ
ਸਾਚਾ ਵਾਪਾਰਾ ॥

سچُ کھیتی سچُ بیجنّا
ساچا واپارا ॥

ਅਨਦਿਨੁ ਲਾਹਾ ਸਚੁ ਨਾਮੁ ਧਨੁ
ਭਗਤਿ ਭਰੇ ਭੰਡਾਰਾ ॥੩॥

اندِنُ لاہا سچُ نامُ دھنُ
بھگتِ بھرے بھنّڈارا ॥3॥

ਸਚੁ ਖਾਣਾ ਸਚੁ ਪੈਨਣਾ
ਸਚੁ ਟੇਕ ਹਰਿ ਨਾਉ ॥

سچُ کھاٹا سچُ پیَنّنا
سچُ ٹیک ہرِ ناءُ ॥

ਜਿਸ ਨੋ ਬਖਸੇ ਤਿਸੁ ਮਿਲੈ
ਮਹਲੀ ਪਾਏ ਥਾਉ ॥੪॥

جِس نو بخشے تِس مِلےَ
محلی پائے تھاءُ ॥4॥

ਆਵਹਿ ਸਚੇ ਜਾਵਹਿ ਸਚੇ
ਫਿਰਿ ਜੂਨੀ ਮੂਲਿ ਨ ਪਾਹਿ ॥

آوہِ سچے جاوہِ سچے
پھِرِ جوُنی موُلِ ن پاہِ ॥

ਗੁਰਮੁਖਿ ਦਰਿ ਸਾਚੈ ਸਚਿਆਰ ਹਹਿ
ਸਾਚੇ ਮਾਹਿ ਸਮਾਹਿ ॥੫॥

گُرمُکھِ درِ ساچےَ سچِیار ہہِ
ساچے ماہِ سماہِ ॥5॥

ਅੰਤਰੁ ਸਚਾ ਮਨੁ ਸਚਾ
ਸਚੀ ਸਿਫਤਿ ਸਨਾਇ ॥

انترُ سچا منُ سچا
سچی صِفتِ سناءِ ॥

ਸਚੈ ਥਾਨਿ ਸਚੁ ਸਾਲਾਹਣਾ
ਸਤਿਗੁਰ ਬਲਿਹਾਰੈ ਜਾਉ ॥੬॥

سچےَ تھانِ سچُ سالاحنّا
ستِگُر بلِہارےَ جاءُ ॥6॥

ਸਚੁ ਵੇਲਾ ਮੂਰਤੁ ਸਚੁ
ਜਿਤੁ ਸਚੇ ਨਾਲਿ ਪਿਆਰੁ ॥

سچُ ویلا موُرتُ سچُ
جِتُ سچے نالِ پِیارُ ॥

ਸਚੁ ਵੇਖਣਾ ਸਚੁ ਬੋਲਣਾ
ਸਚਾ ਸਭੁ ਆਕਾਰੁ ॥੭॥

سچُ ویکھنّا سچُ بولنّا
سچا سبھُ آکارُ ॥7॥

ਨਾਨਕ ਸਚੈ ਮੇਲੇ ਤਾ ਮਿਲੇ
ਆਪੇ ਲਏ ਮਿਲਾਇ ॥

نانک سچےَ میلے تا مِلے
آپے لےَ مِلاءِ ॥

ਜਿਉ ਭਾਵੈ ਤਿਉ ਰਖਸੀ
ਆਪੇ ਕਰੇ ਰਜਾਇ ॥੮॥੧॥

جِءُ بھاوےَ تِءُ رکھسی

آپے کرے رضاءِ ॥8॥1॥

ਵਡਹੰਸੁ ਮਹਲਾ ੩ ॥

وڈہنس محلا 3 ॥

ਮਨੂਆ ਦਹ ਦਿਸ ਧਾਵਦਾ
ਓਹੁ ਕੈਸੇ ਹਰਿ ਗੁਣ ਗਾਵੈ ॥

منویا دہ دِس دھاودا
اوہُ کیسے ہرِ گُن گاوے ۔ ॥

ਇੰਦ੍ਰੀ ਵਿਆਪਿ ਰਹੀ ਅਧਿਕਾਈ
ਕਾਮੁ ਕ੍ਰੋਧੁ ਨਿਤ ਸੰਤਾਵੈ ॥੧॥

اِنّدری وِیاپِ رہی ادھِکائی
کامُ کرودھُ نِت سنتاوے ॥1॥

ਵਾਹੁ ਵਾਹੁ ਸਹਜੇ ਗੁਣ ਰਵੀਜੈ ॥

واہُ واہُ سہجے گُن رویجے ॥

ਰਾਮ ਨਾਮੁ ਇਸੁ ਜੁਗ ਮਹਿ ਦੁਲਭੁ ਹੈ
ਗੁਰਮਤਿ ਹਰਿ ਰਸੁ ਪੀਜੈ ॥੧॥ ਰਹਾਉ ॥

رام نامُ اِس جُگ مہِ دُلبھُ ہے
گُرمتِ ہرِ رسُ پیجے ॥1॥ رہاءُ ॥

ਸਬਦੁ ਚੀਨਿ ਮਨੁ ਨਿਰਮਲੁ ਹੋਵੈ
ਤਾ ਹਰਿ ਕੈ ਗੁਣਿ ਗਾਵੈ ॥

سبدُ چینِ منُ نِرملُ ہووے
تا ہرِ کے گُنِ گاوے ॥

ਗੁਰਮਤੀ ਆਪੈ ਆਪੁ ਪਛਾਣੈ
ਤਾ ਨਿਜ ਘਰਿ ਵਾਸਾ ਪਾਵੈ ॥੨॥

گُرمتی آپے آپُ پچھانے
تا نِج گھرِ واسا پاوے ॥2॥

ਏ ਮਨਿ ਮੇਰੇ ਸਦਾ ਰੰਗਿ ਰਾਤੇ
ਸਦਾ ਹਰਿ ਕੇ ਗੁਣ ਗਾਉ ॥

اے منِ میرے سدا رنگِ راتے
سدا ہرِ کے گُن گاءُ ॥

ਹਰਿ ਨਿਰਮਲੁ ਸਦਾ ਸੁਖਦਾਤਾ
ਮਨਿ ਚਿੰਦਿਆ ਫਲੁ ਪਾਉ ॥੩॥

ہرِ نِرملُ سدا سُکھداتا
منِ چِنّدیا پھلُ پاءُ ॥3॥

ਹਮ ਨੀਚ ਸੇ ਊਤਮ ਭਏ
ਹਰਿ ਕੀ ਸਰਣਾਈ ॥

ہم نیچ سے اوُتم بھے
ہرِ کی سرٹائی ॥

ਪਾਥਰੁ ਡੁਬਦਾ ਕਾਢਿ ਲੀਆ
ਸਾਚੀ ਵਡਿਆਈ ॥੫॥

پاتھرُ ڈُبدا کاڈھِ لِیا
ساچی وڈِیائی ॥5॥

ਬਿਖੁ ਸੇ ਅੰਮ੍ਰਿਤ ਭਏ
ਗੁਰਮਤਿ ਬੁਧਿ ਪਾਈ ॥

بِکھُ سے انمّرِت بھے
گُرمتِ بُدھِ پائی ॥

ਅਕਹੁ ਪਰਮਲ ਭਏ
ਅੰਤਰਿ ਵਾਸਨਾ ਵਸਾਈ ॥੫॥

اکہُ پرمل بھے
انترِ واسنا وسائی ॥5॥

ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ ॥	ماٹس جنمُ دُلنبھُ ہے جگ مہِ کھٹِیا آءِ ॥
ਪੂਰੈ ਭਾਗਿ ਸਤਿਗੁਰ ਮਿਲੈ ਹਰਿ ਨਾਮੁ ਧਿਆਇ ॥੬॥	پُورے بھاگِ ستِگُر مِلے ہرِ نامُ دھِیاءِ ॥6॥
ਮਨਮੁਖ ਭੂਲੇ ਬਿਖੁ ਲਗੇ ਅਹਿਲਾ ਜਨਮੁ ਗਵਾਇਆ ॥	منمُکھ بھُولے بِکھُ لگے اہِلا جنمُ گوائِیا ॥
ਹਰਿ ਕਾ ਨਾਮੁ ਸਦਾ ਸੁਖ ਸਾਗਰੁ ਸਾਚਾ ਸਬਦੁ ਨ ਭਾਇਆ ॥੭॥	ہرِ کا نامُ سدا سُکھ ساگرُ ساچا سبدُ ن بھائِیا ॥7॥
ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥	مُکھہُ ہرِ ہرِ سبھُ کو کرے وِرلے ہِردے وسائِیا ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥੮॥੨॥	نانک جِن کے ہِردے وسِیا موکھ مُکتِ تِنہ پائِیا ॥8॥2॥
ਵਡਹੰਸੁ ਮਹਲਾ ੧ ਛੰਤ	وڈہنسُ محلا 1 چھنّت
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥	کائِیا کوُڑِ وِگاڑِ کاہے نائیئے ۔ ॥
ਨਾਤਾ ਸੋ ਪਰਵਾਣੁ ਸਚੁ ਕਮਾਈਐ ॥	ناتا سو پرواڻُ سچُ کمائیئے ॥
ਜਬ ਸਾਚ ਅੰਦਰਿ ਹੋਇ ਸਾਚਾ ਤਾਮਿ ਸਾਚਾ ਪਾਈਐ ॥	جب ساچ انّدرِ ہوءِ ساچا تامِ ساچا پائیئے ॥
ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ ॥	لِکھے باجھہُ سُرتِ ناہی بولِ بولِ گوائیئے ॥
ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ ॥	جِتھے جاءِ بہیئے بھلا کہیئے سُرتِ سبدُ لِکھائیئے ॥
ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥੧॥	کائِیا کوُڑِ وِگاڑِ کاہے نائیئے ۔ ॥1॥
ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥	تا مے کہِیا کہڻُ جا تُجھے کہائِیا ॥
ਅੰਮ੍ਰਿਤੁ ਹਰਿ ਕਾ ਨਾਮੁ	انمّرِتُ ہرِ کا نامُ

ਮੇਰੈ ਮਨਿ ਭਾਇਆ ॥
میرے منِ بھائیا ॥

ਨਾਮੁ ਮੀਠਾ ਮਨਹਿ ਲਾਗਾ
ਦੂਖਿ ਡੇਰਾ ਢਾਹਿਆ ॥
نامُ میٹھا منہِ لاگا
دوُکھِ ڈیرا ڈھاہِیا ॥

ਸੂਖੁ ਮਨ ਮਹਿ ਆਇ ਵਸਿਆ
ਜਾਮਿ ਤੈ ਫੁਰਮਾਇਆ ॥
سوُکھُ من مہِ آءِ وسِیا
جامِ تےَ فُرمائِیا ॥

ਨਦਰਿ ਤੁਧੁ ਅਰਦਾਸਿ ਮੇਰੀ
ਜਿੰਨਿ ਆਪੁ ਉਪਾਇਆ ॥
ندرِ تُدھُ عرداسِ میری
جِنّنِ آپُ اُپائِیا ॥

ਤਾ ਮੈ ਕਹਿਆ ਕਹਣੁ
ਜਾ ਤੁਝੈ ਕਹਾਇਆ ॥੨॥
تا مےَ کہِیا کہنُ
جا تُجھےَ کہائِیا ॥2॥

ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥
واری خصمُ کڈھائے کِرتُ کماوٹا ॥

ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥
منّدا کِسےَ ن آکھِ جھگڑا پاوٹا ॥

ਨਹ ਪਾਇ ਝਗੜਾ ਸੁਆਮਿ ਸੇਤੀ
ਆਪਿ ਆਪੁ ਵਞਾਵਣਾ ॥
نہ پاءِ جھگڑا سُیامِ سیتی
آپِ آپُ وچاوٹا ॥

ਜਿਸੁ ਨਾਲਿ ਸੰਗਤਿ ਕਰਿ ਸਰੀਕੀ
ਜਾਇ ਕਿਆ ਰੂਆਵਣਾ ॥
جِسُ نالِ سنگتِ کرِ شریکی
جاءِ کِیا روُیاوٹا ۔ ॥

ਜੋ ਦੇਇ ਸਹਣਾ ਮਨਹਿ ਕਹਣਾ
ਆਖ ਨਾਹੀ ਵਾਵਣਾ ॥
جو دےءِ سہنّا منہِ کہنّا
آکھ ناہی واوٹا ॥

ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥੩॥
واری خصمُ کڈھائے کِرتُ کماوٹا ॥3॥

ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥
سبھ اُپائیئنُ آپِ آپے ندرِ کرے ॥

ਕਉੜਾ ਕੋਇ ਨ ਮਾਗੈ ਮੀਠਾ ਸਭ ਮਾਗੈ ॥
کڑُا کوءِ ن ماگے میٹھا سبھ ماگے ॥

ਸਭੁ ਕੋਇ ਮੀਠਾ ਮੰਗਿ ਦੇਖੈ
ਖਸਮ ਭਾਵੈ ਸੋ ਕਰੇ ॥
سبھُ کوءِ میٹھا منگِ دیکھےَ
خصم بھاوےَ سو کرے ॥

ਕਿਛੁ ਪੁੰਨ ਦਾਨ ਅਨੇਕ ਕਰਣੀ
ਨਾਮ ਤੁਲਿ ਨ ਸਮਸਰੇ ॥
کِچھُ پُنّن دان انیک کرنّی
نام تُلِ ن سمسرے ॥

ਨਾਨਕਾ ਜਿਨ ਨਾਮੁ ਮਿਲਿਆ
نانکا جِن نامُ مِلیا

ਕਰਮੁ ਹੋਆ ਧੁਰਿ ਕਦੇ ॥	کرمُ ہویا دھُرِ کدے ॥
ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥੪॥੧॥	سبھ اُپائیئنُ آپِ آپے ندرِ کرے ॥4॥1॥
ਵਡਹੰਸੁ ਮਹਲਾ ੧ ॥	وڈہنّس محلا 1 ॥
ਕਰਹੁ ਦਇਆ ਤੇਰਾ ਨਾਮੁ ਵਖਾਣਾ ॥	کرہُ دئیا تیرا نامُ وکھاٹا ॥
ਸਭ ਉਪਾਈਐ ਆਪਿ ਆਪੇ ਸਰਬ ਸਮਾਣਾ ॥	سبھ اُپائیئے آپِ آپے سرب سماٹا ॥
ਸਰਬੇ ਸਮਾਣਾ ਆਪਿ ਤੂਹੈ ਉਪਾਇ ਧੰਧੈ ਲਾਈਆ ॥	سربے سماٹا آپِ توُہے اُپاءِ دھندھے لائیِیا ॥
ਇਕਿ ਤੁਝੁ ਹੀ ਕੀਏ ਰਾਜੇ ਇਕਨਾ ਭਿਖ ਭਵਾਈਆ ॥	اِکِ تُجھُ ہی کیئے راجے اِکنا بھِکھ بھوائیِیا ॥
ਲੋਭੁ ਮੋਹੁ ਤੁਝੁ ਕੀਆ ਮੀਠਾ ਏਤੁ ਭਰਮਿ ਭੁਲਾਣਾ ॥	لوبھُ موہُ تُجھُ کیِیا مِیٹھا ایتُ بھرمِ بھُلاٹا ॥
ਸਦਾ ਦਇਆ ਕਰਹੁ ਅਪਣੀ ਤਾਮਿ ਨਾਮੁ ਵਖਾਣਾ ॥੧॥	سدا دئیا کرہُ اپنّی تامِ نامُ وکھاٹا ॥1॥
ਨਾਮੁ ਤੇਰਾ ਹੈ ਸਾਚਾ ਸਦਾ ਮੈ ਮਨਿ ਭਾਣਾ ॥	نامُ تیرا ہے ساچا سدا مے منِ بھاٹا ॥
ਦੂਖੁ ਗਇਆ ਸੁਖੁ ਆਇ ਸਮਾਣਾ ॥	دوُکھُ گئیا سُکھُ آءِ سماٹا ॥
ਗਾਵਨਿ ਸੁਰਿ ਨਰ ਸੁਘੜ ਸੁਜਾਣਾ ॥	گاونِ سُرِ نر سُگھڑ سُجاٹا ॥
ਸੁਰਿ ਨਰ ਸੁਘੜ ਸੁਜਾਣ ਗਾਵਹਿ ਜੋ ਤੇਰੈ ਮਨਿ ਭਾਵਹੇ ॥	سُرِ نر سُگھڑ سُجاڻ گاوہِ جو تیرے منِ بھاوہے ॥
ਮਾਇਆ ਮੋਹੇ ਚੇਤਹਿ ਨਾਹੀ ਅਹਿਲਾ ਜਨਮੁ ਗਵਾਵਹੇ ॥	مائیا موہے چیتہِ ناہی اہِلا جنمُ گواوہے ॥
ਇਕਿ ਮੂੜ ਮੁਗਧ ਨ ਚੇਤਹਿ ਮੂਲੇ ਜੋ ਆਇਆ ਤਿਸੁ ਜਾਣਾ ॥	اِکِ موڑ مُگدھ ن چیتہِ موُلے جو آئیا تِسُ جاٹا ॥
ਨਾਮ ਤੇਰਾ ਸਦਾ ਸਾਚਾ ਸੋਇ ਮੈ ਮਨਿ ਭਾਣਾ ॥੨॥	نام تیرا سدا ساچا

ਤੇਰਾ ਵਖਤੁ ਸੁਹਾਵਾ ਅੰਮ੍ਰਿਤੁ ਤੇਰੀ ਬਾਣੀ ॥
ਸੇਵਕ ਸੇਵਹਿ ਭਾਉ ਕਰਿ ਲਾਗਾ ਸਾਉ ਪਰਾਣੀ ॥

ਸਾਉ ਪ੍ਰਾਣੀ ਤਿਨਾ ਲਾਗਾ
ਜਿਨੀ ਅੰਮ੍ਰਿਤੁ ਪਾਇਆ ॥

ਨਾਮਿ ਤੇਰੈ ਜੋਇ ਰਾਤੇ
ਨਿਤ ਚੜਹਿ ਸਵਾਇਆ ॥

ਇਕੁ ਕਰਮੁ ਧਰਮੁ ਨ ਹੋਇ ਸੰਜਮੁ
ਜਾਮਿ ਨ ਏਕੁ ਪਛਾਣੀ ॥

ਵਖਤੁ ਸੁਹਾਵਾ ਸਦਾ ਤੇਰਾ
ਅੰਮ੍ਰਿਤ ਤੇਰੀ ਬਾਣੀ ॥੩॥

ਹਉ ਬਲਿਹਾਰੀ ਸਾਚੇ ਨਾਵੈ ॥
ਰਾਜੁ ਤੇਰਾ ਕਬਹੁ ਨ ਜਾਵੈ ॥

ਰਾਜੋ ਤ ਤੇਰਾ ਸਦਾ ਨਿਹਚਲੁ
ਏਹੁ ਕਬਹੁ ਨ ਜਾਵਏ ॥

ਚਾਕਰੁ ਤ ਤੇਰਾ ਸੋਇ ਹੋਵੈ
ਜੋਇ ਸਹਜਿ ਸਮਾਵਏ ॥

ਦੁਸਮਨੁ ਤ ਦੂਖੁ ਨ ਲਗੈ ਮੂਲੇ
ਪਾਪੁ ਨੇੜਿ ਨ ਆਵਏ ॥

ਹਉ ਬਲਿਹਾਰੀ ਸਦਾ ਹੋਵਾ
ਏਕ ਤੇਰੇ ਨਾਵਏ ॥੪॥

ਜੁਗਹ ਜੁਗੰਤਰਿ ਭਗਤ ਤੁਮਾਰੇ ॥
ਕੀਰਤਿ ਕਰਹਿ ਸੁਆਮੀ ਤੇਰੈ ਦੁਆਰੇ ॥
ਜਪਹਿ ਤ ਸਾਚਾ ਏਕੁ ਮੁਰਾਰੇ ॥

سوءِ مے َ منِ بھاٹا ॥2॥
تیرا وکھتُ سُہاوا انمّرِتُ تیری بانٔی ॥
سیوک سیوہِ بھاءُ کرِ لاگا ساءُ پرانٔی ॥
ساءُ پّرانٔی تِنا لاگا
جِنی انمّرِتُ پائِیا ॥
نامِ تیرے َ جوءِ راتے
نِت چڑہِ سوائِیا ॥
اِکُ کرمُ دھرمُ ن ہوءِ سنجّمُ
جامِ ن ایکُ پچھانٔی ॥
وکھتُ سُہاوا سدا تیرا
انمّرِت تیری بانٔی ॥3॥
ہءُ بلِہاری ساچے ناوے َ ॥
راجُ تیرا کبہُ ن جاوے َ ॥
راجو ت تیرا سدا نہچلُ
ایہُ کبہُ ن جاوئے ॥
چاکرُ ت تیرا سوءِ ہووے َ
جوءِ سہجِ سماوئے ॥
دُسمنُ ت دوُکھُ ن لگے َ موُلے
پاپُ نیڑِ ن آوئے ॥
ہءُ بلِہاری سدا ہووا
ایک تیرے ناوئے ॥4॥
جُگہ جُگنترِ بھگت ٹُمارے ॥
کِیرتِ کرہِ سُیامی تیرے َ دُیارے ॥
جپہِ ت ساچا ایکُ مُرارے ॥

ਸਾਚਾ ਮੁਰਾਰੇ ਤਾਮਿ ਜਾਪਹਿ
ਜਾਮਿ ਮੰਨਿ ਵਸਾਵਹੇ ॥

ساچا مُرارے تامِ جاپہِ
جامِ منّ وساوہے ॥

ਭਰਮੋ ਭੁਲਾਵਾ ਤੁਝਹਿ ਕੀਆ
ਜਾਮਿ ਏਹੁ ਚੁਕਾਵਹੇ ॥

بھرمو بھُلاوا تُجھہِ کِیا
جامِ ایہُ چُکاوہے ॥

ਗੁਰ ਪਰਸਾਦੀ ਕਰਹੁ ਕਿਰਪਾ
ਲੇਹੁ ਜਮਹੁ ਉਬਾਰੇ ॥

گُر پرسادی کرہُ کِرپا
لیہُ جمہُ اُبارے ॥

ਜੁਗਹ ਜੁਗੰਤਰਿ ਭਗਤ ਤੁਮਾਰੇ ॥੫॥

جُگہ جُگنترِ بھگت تُمارے ॥5॥

ਵਡੇ ਮੇਰੇ ਸਾਹਿਬਾ ਅਲਖ ਅਪਾਰਾ ॥

وڈے میرے صاحِبا الکھ اپارا ॥

ਕਿਉ ਕਰਿ ਕਰਉ ਬੇਨੰਤੀ
ਹਉ ਆਖਿ ਨ ਜਾਣਾ ॥

کِءُ کرِ کرءُ بینتی
ہءُ آکھِ ن جاٹا ॥

ਨਦਰਿ ਕਰਹਿ ਤਾ ਸਾਚੁ ਪਛਾਣਾ ॥

ندرِ کرہِ تا ساچُ پچھاٹا ॥

ਸਾਚੋ ਪਛਾਣਾ ਤਾਮਿ ਤੇਰਾ
ਜਾਮਿ ਆਪਿ ਬੁਝਾਵਹੇ ॥

ساچو پچھاٹا تامِ تیرا
جامِ آپِ بُجھاوہے ॥

ਦੂਖ ਭੂਖ ਸੰਸਾਰਿ ਕੀਏ
ਸਹਸਾ ਏਹੁ ਚੁਕਾਵਹੇ ॥

دوُکھ بھوُکھ سنّسارِ کیۓ
سہسا ایہُ چُکاوہے ॥

ਬਿਨਵੰਤਿ ਨਾਨਕੁ ਜਾਇ ਸਹਸਾ
ਬੁਝੈ ਗੁਰ ਬੀਚਾਰਾ ॥

بِنونّتِ نانکُ جاءِ سہسا
بُجھےَ گُر بیچارا ॥

ਵਡਾ ਸਾਹਿਬੁ ਹੈ ਆਪਿ ਅਲਖ ਅਪਾਰਾ ॥੬॥

وڈا صاحِبُ ہےَ آپِ الکھ اپارا ॥6॥

ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥

تیرے بنّکے لوئنّ دنّت ریِسالا ॥

ਸੋਹਣੇ ਨਕ ਜਿਨ ਲੰਮੜੇ ਵਾਲਾ ॥

سوہنّے نک جِن لنّمڑے والا ॥

ਕੰਚਨ ਕਾਇਆ ਸੁਇਨੇ ਕੀ ਢਾਲਾ ॥

کنّچن کائیا سُئِنّے کی ڈھالا ॥

ਸੋਵੰਨ ਢਾਲਾ ਕ੍ਰਿਸਨ ਮਾਲਾ
ਜਪਹੁ ਤੁਸੀ ਸਹੇਲੀਹੋ ॥

سوونّن ڈھالا کرِسن مالا
جپہُ تُسی سہیلیہو ۔ ॥

ਜਮ ਦੁਆਰਿ ਨ ਹੋਹੁ ਖੜੀਆ
ਸਿਖ ਸੁਣਹੁ ਮਹੇਲੀਹੋ ॥

جم دُیارِ ن ہوہُ کھڑییا

ਹੰਸ ਹੰਸਾ ਬਗ ਬਗਾ
ਲਹੈ ਮਨ ਕੀ ਜਾਲਾ ॥

ਬੰਕੇ ਲੋਇਣ ਦੰਤ ਰੀਸਾਲਾ ॥੭॥

ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥

ਕੁਹਕਨਿ ਕੋਕਿਲਾ ਤਰਲ ਜੁਆਣੀ ॥

ਤਰਲਾ ਜੁਆਣੀ ਆਪਿ ਭਾਣੀ
ਇਛ ਮਨ ਕੀ ਪੂਰੀਏ ॥

ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ
ਆਪਿ ਆਪੁ ਸੰਧੂਰਏ ॥

ਸ੍ਰੀਰੰਗ ਰਾਤੀ ਫਿਰੈ ਮਾਤੀ
ਉਦਕੁ ਗੰਗਾ ਵਾਣੀ ॥

ਬਿਨਵੰਤਿ ਨਾਨਕੁ ਦਾਸੁ ਹਰਿ ਕਾ
ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥੮॥੨॥

ਵਡਹੰਸੁ ਮਹਲਾ ੩ ਛੰਤ

ੴ ਸਤਿਗੁਰ ਪ੍ਰਸਾਦਿ ॥

ਆਪਣੇ ਪਿਰ ਕੈ ਰੰਗਿ ਰਤੀ ਮੁਈਏ
ਸੋਭਾਵੰਤੀ ਨਾਰੇ ॥

ਸਚੈ ਸਬਦਿ ਮਿਲਿ ਰਹੀ ਮੁਈਏ
ਪਿਰੁ ਰਾਵੇ ਭਾਇ ਪਿਆਰੇ ॥

ਸਚੈ ਭਾਇ ਪਿਆਰੀ ਕੰਤਿ ਸਵਾਰੀ
ਹਰਿ ਹਰਿ ਸਿਉ ਨੇਹੁ ਰਚਾਇਆ ॥

ਆਪੁ ਗਵਾਇਆ ਤਾ ਪਿਰੁ ਪਾਇਆ
ਗੁਰ ਕੈ ਸਬਦਿ ਸਮਾਇਆ ॥

ਸਾ ਧਨ ਸਬਦਿ ਸੁਹਾਈ ਪ੍ਰੇਮ ਕਸਾਈ

سِکھ سُنۂ مہیلیہو ۔ ॥

ہنّس ہنّسا بگ بگا
لہے من کی جالا ॥

بنکے لوئنْ دنّت ریسالا ॥7॥

تیری چال سُہاوی مدھُراڑی بانْی ॥

کُہکنِ کوکِلا ترل جُیانْی ॥

ترلا جُیانْی آپِ بھانْی
اِچھ من کی پوُرئے ॥

سارنگ جِءُ پگُ دھرے ٹھِمِ ٹھِمِ
آپِ آپُ سندھوُرئے ॥

سّریرنگ راتی پھرے ماتی
اُدکُ گنگا وانْی ॥

بِنونّتِ نانکُ داسُ ہرِ کا
تیری چال سُہاوی مدھُراڑی بانْی ॥8॥2॥

وڈہنّس محلا 3 چھنّت

ੴ ستِگُر پرّسادِ ॥

آپنے پِر کے رنگِ رتی مُئیے
سوبھاونّتی نارے ॥

سچے سبدِ مِلِ رہی مُئیے
پِرُ راوے بھاءِ پِیارے ॥

سچے بھاءِ پِیاری کنّتِ سواری
ہرِ ہرِ سِءُ نیہُ رچائیا ॥

آپُ گوائیا تا پِرُ پائیا
گُر کے سبدِ سمائیا ॥

سا دھن سبدِ سُہائی پّریم کسائی

ਅੰਤਰਿ ਪ੍ਰੀਤਿ ਪਿਆਰੀ ॥

انتر پریت پیاری ॥

ਨਾਨਕ ਸਾ ਧਨ ਮੇਲਿ ਲਈ ਪਿਰਿ ਆਪੇ
ਸਾਚੈ ਸਾਹਿ ਸਵਾਰੀ ॥੧॥

نانک سا دھن میلِ لئی پِر آپے
ساچےَ ساہِ سواری ॥1॥

ਨਿਰਗੁਣਵੰਤੜੀਏ ਪਿਰੁ ਦੇਖਿ ਹਦੂਰੇ ਰਾਮ ॥

نِرگُنوَنتڑیے پِرُ دیکھِ حدوُرے رام ॥

ਗੁਰਮੁਖਿ ਜਿਨੀ ਰਾਵਿਆ ਮੁਈਏ
ਪਿਰੁ ਰਵਿ ਰਹਿਆ ਭਰਪੂਰੇ ਰਾਮ ॥

گُرمُکھِ جِنی راوِیا مُئیے
پِرُ روِ رہِیا بھرپوُرے رام ॥

ਪਿਰੁ ਰਵਿ ਰਹਿਆ ਭਰਪੂਰੇ ਵੇਖੁ ਹਜੂਰੇ
ਜੁਗਿ ਜੁਗਿ ਏਕੋ ਜਾਤਾ ॥

پِرُ روِ رہِیا بھرپوُرے ویکھُ حضوُرے
جُگِ جُگِ ایکو جاتا ॥

ਧਨ ਬਾਲੀ ਭੋਲੀ ਪਿਰੁ ਸਹਜਿ ਰਾਵੈ
ਮਿਲਿਆ ਕਰਮ ਬਿਧਾਤਾ ॥

دھن بالی بھولی پِرُ سہجِ راوےَ
مِلِیا کرم بِدھاتا ॥

ਜਿਨਿ ਹਰਿ ਰਸੁ ਚਾਖਿਆ ਸਬਦਿ ਸੁਭਾਖਿਆ
ਹਰਿ ਸਰਿ ਰਹੀ ਭਰਪੂਰੇ ॥

جِنِ ہرِ رسُ چاکھِیا سبدِ سُبھاکھِیا
ہرِ سرِ رہی بھرپوُرے ॥

ਨਾਨਕ ਕਾਮਣਿ ਸਾ ਪਿਰ ਭਾਵੈ
ਸਬਦੇ ਰਹੈ ਹਦੂਰੇ ॥੨॥

نانک کامنِ سا پِر بھاوےَ
سبدے رہےَ حدوُرے ॥2॥

ਸੋਹਾਗਣੀ ਜਾਇ ਪੂਛਹੁ ਮੁਈਏ
ਜਿਨੀ ਵਿਚਹੁ ਆਪੁ ਗਵਾਇਆ ॥

سوہاگنی جاءِ پوُچھہُ مُئیے
جِنی وِچہُ آپُ گوائِیا ॥

ਪਿਰ ਕਾ ਹੁਕਮੁ ਨ ਪਾਇਓ ਮੁਈਏ
ਜਿਨੀ ਵਿਚਹੁ ਆਪੁ ਨ ਗਵਾਇਆ ॥

پِر کا حُکمُ ن پائِئو مُئیے
جِنی وِچہُ آپُ ن گوائِیا ॥

ਜਿਨੀ ਆਪੁ ਗਵਾਇਆ ਤਿਨੀ ਪਿਰੁ ਪਾਇਆ
ਰੰਗ ਸਿਉ ਰਲੀਆ ਮਾਣੈ ॥

جِنی آپُ گوائِیا تِنی پِرُ پائِیا
رنگ سِءُ رلِیا ماۓ ॥

ਸਦਾ ਰੰਗਿ ਰਾਤੀ ਸਹਜੇ ਮਾਤੀ
ਅਨਦਿਨੁ ਨਾਮੁ ਵਖਾਣੈ ॥

سدا رنگِ راتی سہجے ماتی
اندِنُ نامُ وکھاۓ ॥

ਕਾਮਣਿ ਵਡਭਾਗੀ ਅੰਤਰਿ ਲਿਵ ਲਾਗੀ
ਹਰਿ ਕਾ ਪ੍ਰੇਮੁ ਸੁਭਾਇਆ ॥

کامنِ وڈبھاگی انترِ لِو لاگی
ہرِ کا پریمُ سُبھائِیا ॥

ਨਾਨਕ ਕਾਮਣਿ ਸਹਜੇ ਰਾਤੀ

نانک کامنِ سہجے راتی

ਜਿਨਿ ਸਚੁ ਸੀਗਾਰੁ ਬਣਾਇਆ ॥੩॥

جِنِ سچُ سیگارُ بٹائیا ॥3॥

ਹਉਮੈ ਮਾਰਿ ਮੁਈਏ
ਤੂ ਚਲੁ ਗੁਰ ਕੈ ਭਾਏ ॥

ہئُمے مارِ مُئیے
توُ چلُ گُر کے بھائے ॥

ਹਰਿ ਵਰੁ ਰਾਵਹਿ ਸਦਾ ਮੁਈਏ
ਨਿਜ ਘਰਿ ਵਾਸਾ ਪਾਏ ॥

ہرِ ورُ راوہِ سدا مُئیے
نِج گھرِ واسا پائے ॥

ਨਿਜ ਘਰਿ ਵਾਸਾ ਪਾਏ ਸਬਦੁ ਵਜਾਏ
ਸਦਾ ਸੁਹਾਗਣਿ ਨਾਰੀ ॥

نِج گھرِ واسا پائے سبدُ وجائے
سدا سُہاگنِ ناری ॥

ਪਿਰੁ ਰਲੀਆਲਾ ਜੋਬਨੁ ਬਾਲਾ
ਅਨਦਿਨੁ ਕੰਤਿ ਸਵਾਰੀ ॥

پِرُ رلیِالا جوبنُ بالا
اندِنُ کنّتِ سواری ॥

ਹਰਿ ਵਰੁ ਸੋਹਾਗੋ ਮਸਤਕਿ ਭਾਗੋ
ਸਚੈ ਸਬਦਿ ਸੁਹਾਏ ॥

ہرِ ورُ سوہاگو مستکِ بھاگو
سچے سبدِ سُہائے ॥

ਨਾਨਕ ਕਾਮਣਿ ਹਰਿ ਰੰਗਿ ਰਾਤੀ
ਜਾ ਚਲੈ ਸਤਿਗੁਰ ਭਾਏ ॥੪॥੧॥

نانک کامنِ ہرِ رنگِ راتی
جا چلے ستگُر بھائے ॥4॥1॥

ਵਡਹੰਸੁ ਮਹਲਾ ੩ ॥

وڈہنّس محلا 3 ॥

ਗੁਰਮੁਖਿ ਸਭੁ ਵਾਪਾਰੁ ਭਲਾ
ਜੇ ਸਹਜੇ ਕੀਜੈ ਰਾਮ ॥

گُرمُکھِ سبھُ واپارُ بھلا
جے سہجے کیجے رام ॥

ਅਨਦਿਨੁ ਨਾਮੁ ਵਖਾਣੀਐ
ਲਾਹਾ ਹਰਿ ਰਸੁ ਪੀਜੈ ਰਾਮ ॥

اندِنُ نامُ وکھانئیے
لاہا ہرِ رسُ پیجے رام ॥

ਲਾਹਾ ਹਰਿ ਰਸੁ ਲੀਜੈ ਹਰਿ ਰਾਵੀਜੈ
ਅਨਦਿਨੁ ਨਾਮੁ ਵਖਾਣੈ ॥

لاہا ہرِ رسُ لیجے ہرِ راویجے
اندِنُ نامُ وکھانے ॥

ਗੁਣ ਸੰਗ੍ਰਹਿ ਅਵਗਣ ਵਿਕਣਹਿ
ਆਪੈ ਆਪੁ ਪਛਾਣੈ ॥

گُنُ سنگّرہِ اوگُنُ وِکنّہِ
آپے آپُ پچھانے ॥

ਗੁਰਮਤਿ ਪਾਈ ਵਡੀ ਵਡਿਆਈ
ਸਚੈ ਸਬਦਿ ਰਸੁ ਪੀਜੈ ॥

گُرمتِ پائی وڈی وڈیائی
سچے سبدِ رسُ پیجے ॥

ਨਾਨਕ ਹਰਿ ਕੀ ਭਗਤਿ ਨਿਰਾਲੀ

نانک ہرِ کی بھگتِ نِرالی

ਗੁਰਮੁਖਿ ਵਿਰਲੈ ਕੀਜੈ ॥੧॥

گُرمُکھِ وِرلے کِیجے ॥1॥

ਗੁਰਮੁਖਿ ਖੇਤੀ ਹਰਿ ਅੰਤਰਿ ਬੀਜੀਐ
ਹਰਿ ਲੀਜੈ ਸਰੀਰਿ ਜਮਾਏ ਰਾਮ ॥

گُرمُکھِ کھیتی ہرِ انتر بیجیئے
ہرِ لیجے سریرِ جمائے رام ॥

ਆਪਣੇ ਘਰ ਅੰਦਰਿ ਰਸੁ ਭੁੰਚੁ ਤੂ
ਲਾਹਾ ਲੈ ਪਰਥਾਏ ਰਾਮ ॥

آپنے گھر اندرِ رسُ بھُنچ توُ
لاہا لے پرتھائے رام ॥

ਲਾਹਾ ਪਰਥਾਏ ਹਰਿ ਮੰਨਿ ਵਸਾਏ
ਧਨੁ ਖੇਤੀ ਵਾਪਾਰਾ ॥

لاہا پرتھائے ہرِ منّنِ وسائے
دھنُ کھیتی واپارا ॥

ਹਰਿ ਨਾਮੁ ਧਿਆਏ ਮੰਨਿ ਵਸਾਏ
ਬੂਝੈ ਗੁਰ ਬੀਚਾਰਾ ॥

ہرِ نامُ دھیائے منّنِ وسائے
بُوجھے گُر بیچارا ॥

ਮਨਮੁਖ ਖੇਤੀ ਵਣਜੁ ਕਰਿ ਥਾਕੇ
ਤ੍ਰਿਸਨਾ ਭੁਖ ਨ ਜਾਏ ॥

منمُکھ کھیتی وتّجُ کرِ تھاکے
تّرِسنا بھُکھ ن جائے ॥

ਨਾਨਕ ਨਾਮੁ ਬੀਜਿ ਮਨ ਅੰਦਰਿ
ਸਚੈ ਸਬਦਿ ਸੁਭਾਏ ॥੨॥

نانک نامُ بیجِ من اندرِ
سچے سبدِ سُبھائے ॥2॥

ਹਰਿ ਵਾਪਾਰਿ ਸੇ ਜਨ ਲਾਗੇ
ਜਿਨਾ ਮਸਤਕਿ ਮਣੀ ਵਡਭਾਗੋ ਰਾਮ ॥

ہرِ واپارِ سے جن لاگے
جِنا مستکِ منّی وڈبھاگو رام ॥

ਗੁਰਮਤੀ ਮਨੁ ਨਿਜ ਘਰਿ ਵਸਿਆ
ਸਚੈ ਸਬਦਿ ਬੈਰਾਗੋ ਰਾਮ ॥

گُرمتی منُ نج گھرِ وسِیا
سچے سبدِ بیَراگو رام ॥

ਮੁਖਿ ਮਸਤਕਿ ਭਾਗੋ ਸਚਿ ਬੈਰਾਗੋ
ਸਾਚਿ ਰਤੇ ਵੀਚਾਰੀ ॥

مُکھِ مستکِ بھاگو سچِ بیَراگو
ساچِ رتے ویچاری ॥

ਨਾਮ ਬਿਨਾ ਸਭੁ ਜਗੁ ਬਉਰਾਨਾ
ਸਬਦੇ ਹਉਮੈ ਮਾਰੀ ॥

نام بِنا سبھُ جگُ بئُرانا
سبدے ہئُمے ماری ॥

ਸਾਚੈ ਸਬਦਿ ਲਾਗਿ ਮਤਿ ਉਪਜੈ
ਗੁਰਮੁਖਿ ਨਾਮੁ ਸੋਹਾਗੋ ॥

ساچے سبدِ لاگِ متِ اُپجے
گُرمُکھِ نامُ سوہاگو ॥

ਨਾਨਕ ਸਬਦਿ ਮਿਲੈ ਭਉ ਭੰਜਨੁ
ਹਰਿ ਰਾਵੈ ਮਸਤਕਿ ਭਾਗੋ ॥੩॥

نانک سبدِ ملے بھءُ بھنجنُ
ہرِ راوے مستکِ بھاگو ॥3॥

ਖੇਤੀ ਵਣਜੁ ਸਭੁ ਹੁਕਮੁ ਹੈ
ਹੁਕਮੇ ਮੰਨਿ ਵਡਿਆਈ ਰਾਮ ॥

ਗੁਰਮਤੀ ਹੁਕਮੁ ਬੂਝੀਐ
ਹੁਕਮੇ ਮੇਲਿ ਮਿਲਾਈ ਰਾਮ ॥

ਹੁਕਮਿ ਮਿਲਾਈ ਸਹਜਿ ਸਮਾਈ
ਗੁਰ ਕਾ ਸਬਦੁ ਅਪਾਰਾ ॥

ਸਚੀ ਵਡਿਆਈ ਗੁਰ ਤੇ ਪਾਈ
ਸਚੁ ਸਵਾਰਣਹਾਰਾ ॥

ਭਉ ਭੰਜਨੁ ਪਾਇਆ ਆਪੁ ਗਵਾਇਆ
ਗੁਰਮੁਖਿ ਮੇਲਿ ਮਿਲਾਈ ॥

ਕਹੁ ਨਾਨਕ ਨਾਮੁ ਨਿਰੰਜਨੁ ਅਗਮੁ ਅਗੋਚਰੁ
ਹੁਕਮੇ ਰਹਿਆ ਸਮਾਈ ॥੪॥੨॥

ਵਡਹੰਸੁ ਮਹਲਾ ੩ ॥

ਮਨ ਮੇਰਿਆ ਤੂ ਸਦਾ ਸਚੁ ਸਮਾਲਿ ਜੀਉ ॥

ਆਪਣੈ ਘਰਿ ਤੂ ਸੁਖਿ ਵਸਹਿ
ਪੋਹਿ ਨ ਸਕੈ ਜਮਕਾਲੁ ਜੀਉ ॥

ਕਾਲੁ ਜਾਲੁ ਜਮੁ ਜੋਹਿ ਨ ਸਾਕੈ
ਸਾਚੈ ਸਬਦਿ ਲਿਵ ਲਾਏ ॥

ਸਦਾ ਸਚਿ ਰਤਾ ਮਨੁ ਨਿਰਮਲੁ
ਆਵਣੁ ਜਾਣੁ ਰਹਾਏ ॥

ਦੂਜੇ ਭਾਇ ਭਰਮਿ ਵਿਗੁਤੀ
ਮਨਮੁਖਿ ਮੋਹੀ ਜਮਕਾਲਿ ॥

ਕਹੈ ਨਾਨਕੁ ਸੁਣਿ ਮਨ ਮੇਰੇ
ਤੂ ਸਦਾ ਸਚੁ ਸਮਾਲਿ ॥੧॥

ਮਨ ਮੇਰਿਆ ਅੰਤਰਿ ਤੇਰੈ ਨਿਧਾਨੁ ਹੈ

کھیتی وَنجُ سبھُ حُکمُ ہے
حُکمے منّ وڈِیائی رام ॥

گُرمتی حُکمُ بُوجھیئے
حُکمے میلِ مِلائی رام ॥

حُکمِ مِلائی سہجِ سمائی
گُر کا سبدُ اپارا ॥

سچی وڈِیائی گُر تے پائی
سچُ سوارنہارا ॥

بھءُ بھنّجنُ پائیا آپُ گوائیا
گُرمُکھِ میلِ مِلائی ॥

کہُ نانک نامُ نِرنّجنُ اگمُ اگوچرُ
حُکمے رہِیا سمائی ॥4॥2॥

وڈہنّس محلا 3 ॥

من میرِیا توُ سدا سچُ سمالِ جیِءُ ॥

آپنّے گھرِ توُ سُکھِ وسہِ
پوہِ ن سکےَ جمکالُ جیِءُ ॥

کالُ جالُ جمُ جوہِ ن ساکےَ
ساچےَ سبدِ لِو لائے ॥

سدا سچِ رتا منُ نِرملُ
آونُّ جانُّ رہائے ॥

دوُجے بھاءِ بھرمِ وِگُتی
منمُکھِ موہی جمکالِ ॥

کہےَ نانکُ سُنِ من میرے
توُ سدا سچُ سمالِ ॥1॥

من میرِیا انترِ تیرےَ نِدھانُ ہےَ

ਬਾਹਰਿ ਵਸਤੁ ਨ ਭਾਲਿ ॥

باہرِ وستُ ن بھالِ ॥

ਜੋ ਭਾਵੈ ਸੋ ਭੁੰਚਿ ਤੂ
ਗੁਰਮੁਖਿ ਨਦਰਿ ਨਿਹਾਲਿ ॥

جو بھاوےَ سو بھُنچّ توُ
گُرمُکھِ ندرِ نِہالِ ॥

ਗੁਰਮਖਿ ਨਦਰਿ ਨਿਹਾਲਿ ਮਨ ਮੇਰੇ
ਅੰਤਰਿ ਹਰਿ ਨਾਮੁ ਸਖਾਈ ॥

گُرمکھِ ندرِ نِہالِ من میرے
انّترِ ہرِ نامُ سکھائی ॥

ਮਨਮੁਖ ਅੰਧੁਲੇ ਗਿਆਨ ਵਿਹੂਣੇ
ਦੂਜੈ ਭਾਇ ਖੁਆਈ ॥

منمُکھ انّدھُلے گیان وِہوُنے
دوُجےَ بھاءِ کھُیائی ॥

ਬਿਨੁ ਨਾਵੈ ਕੋ ਛੂਟੈ ਨਾਹੀ
ਸਭ ਬਾਧੀ ਜਮਕਾਲਿ ॥

بِنُ ناوےَ کو چھوُٹے ناہی
سبھ بادھی جمکالِ ॥

ਨਾਨਕ ਅੰਤਰਿ ਤੇਰੈ ਨਿਧਾਨੁ ਹੈ
ਤੂ ਬਾਹਰਿ ਵਸਤੁ ਨ ਭਾਲਿ ॥੨॥

نانک انّترِ تیرےَ نِدھانُ ہےَ
توُ باہرِ وستُ ن بھالِ ॥2॥

ਮਨ ਮੇਰਿਆ ਜਨਮੁ ਪਦਾਰਥੁ ਪਾਇ ਕੈ
ਇਕਿ ਸਚਿ ਲਗੇ ਵਾਪਾਰਾ ॥

من میرِیا جنمُ پدارتھُ پاءِ کے
اِکِ سچِ لگے واپارا ॥

ਸਤਿਗੁਰੁ ਸੇਵਨਿ ਆਪਣਾ
ਅੰਤਰਿ ਸਬਦੁ ਅਪਾਰਾ ॥

ستِگُرُ سیونِ آپنّا
انّترِ سبدُ اپارا ॥

ਅੰਤਰਿ ਸਬਦੁ ਅਪਾਰਾ ਹਰਿ ਨਾਮੁ ਪਿਆਰਾ
ਨਾਮੇ ਨਉ ਨਿਧਿ ਪਾਈ ॥

انّترِ سبدُ اپارا ہرِ نامُ پِیارا
نامے ن ءُ نِدھِ پائی ॥

ਮਨਮੁਖ ਮਾਇਆ ਮੋਹ ਵਿਆਪੇ ਦੂਖਿ ਸੰਤਾਪੇ
ਦੂਜੇ ਪਤਿ ਗਵਾਈ ॥

منمُکھ مائیا موہ وِیاپے دوُکھِ سنّتاپے
دوُجے پتِ گوائی ॥

ਹਉਮੈ ਮਾਰਿ ਸਚਿ ਸਬਦਿ ਸਮਾਣੇ
ਸਚਿ ਰਤੇ ਅਧਿਕਾਈ ॥

ہئُےَ مارِ سچِ سبدِ سماٹے
سچِ رتے ادھِکائی ॥

ਨਾਨਕ ਮਾਣਸ ਜਨਮੁ ਦੁਲੰਭੁ ਹੈ
ਸਤਿਗੁਰਿ ਬੂਝ ਬੁਝਾਈ ॥੩॥

نانک ماٹس جنمُ دُلنّبھُ ہےَ
ستِگُرِ بوُجھ بُجھائی ॥3॥

ਮਨ ਮੇਰੇ ਸਤਿਗੁਰੁ ਸੇਵਨਿ ਆਪਣਾ
ਸੇ ਜਨ ਵਡਭਾਗੀ ਰਾਮ ॥

من میرے ستِگُرُ سیونِ آپنّا
سے جن وڈبھاگی رام ॥

ਜੋ ਮਨੁ ਮਾਰਹਿ ਆਪਣਾ
ਸੇ ਪੁਰਖ ਬੈਰਾਗੀ ਰਾਮ ॥

جو منُ مارہِ آپنا
سے پُرکھ بیَراگی رام ॥

ਸੇ ਜਨ ਬੈਰਾਗੀ ਸਚਿ ਲਿਵ ਲਾਗੀ
ਆਪਣਾ ਆਪੁ ਪਛਾਣਿਆ ॥

سے جن بیَراگی سچِ لِو لاگی
آپنا آپُ پچھانِیا ॥

ਮਤਿ ਨਿਹਚਲ ਅਤਿ ਗੂੜੀ ਗੁਰਮੁਖਿ
ਸਹਜੇ ਨਾਮੁ ਵਖਾਣਿਆ ॥

متِ نِہچل اتِ گوُڑی گُرمُکھِ
سہجے نامُ وکھانِیا ॥

ਇਕ ਕਾਮਣਿ ਹਿਤਕਾਰੀ ਮਾਇਆ ਮੋਹਿ ਪਿਆਰੀ
ਮਨਮੁਖ ਸੋਇ ਰਹੇ ਅਭਾਗੇ ॥

اِک کامنِٹ ہِتکاری مائیا موہِ پِیاری
منمُکھ سوءِ رہے ابھاگے ॥

ਨਾਨਕ ਸਹਜੇ ਸੇਵਹਿ ਗੁਰੁ ਅਪਣਾ
ਸੇ ਪੂਰੇ ਵਡਭਾਗੇ ॥੪॥੩॥

نانک سہجے سیوہِ گُرُ اپنا
سے پوُرے وڈبھاگے ॥4॥3॥

ਵਡਹੰਸੁ ਮਹਲਾ ੩ ॥

وڈہنّس محلا 3 ॥

ਰਤਨ ਪਦਾਰਥ ਵਣਜੀਅਹਿ
ਸਤਿਗੁਰਿ ਦੀਆ ਬੁਝਾਈ ਰਾਮ ॥

رتن پدارتھ وٹّجیِئہِ
ستِگُرِ دیِیا بُجھائی رام ॥

ਲਾਹਾ ਲਾਭੁ ਹਰਿ ਭਗਤਿ ਹੈ
ਗੁਣ ਮਹਿ ਗੁਣੀ ਸਮਾਈ ਰਾਮ ॥

لاہا لابھُ ہرِ بھگتِ ہے
گُنٹ مہِ گُنٹی سمائی رام ॥

ਗੁਣ ਮਹਿ ਗੁਣੀ ਸਮਾਏ ਜਿਸੁ ਆਪਿ ਬੁਝਾਏ
ਲਾਹਾ ਭਗਤਿ ਸੈਸਾਰੇ ॥

گُنٹ مہِ گُنٹی سمائے جِسُ آپِ بُجھائے
لاہا بھگتِ سیَسارے ॥

ਬਿਨੁ ਭਗਤੀ ਸੁਖੁ ਨ ਹੋਈ ਦੂਜੇ ਪਤਿ ਖੋਈ
ਗੁਰਮਤਿ ਨਾਮੁ ਅਧਾਰੇ ॥

بِنُ بھگتی سُکھُ ن ہوئی دوُجے پتِ کھوئی
گُرمتِ نامُ ادھارے ॥

ਵਖਰੁ ਨਾਮੁ ਸਦਾ ਲਾਭੁ ਹੈ
ਜਿਸ ਨੋ ਏਤੁ ਵਾਪਾਰਿ ਲਾਏ ॥

وکھرُ نامُ سدا لابھُ ہے
جِس نو ایتُ واپارِ لائے ॥

ਰਤਨ ਪਦਾਰਥ ਵਣਜੀਅਹਿ
ਜਾਂ ਸਤਿਗੁਰੁ ਦੇਇ ਬੁਝਾਏ ॥੧॥

رتن پدارتھ وٹّجیِئہِ
جاں ستِگُرُ دےءِ بُجھائے ॥1॥

ਮਾਇਆ ਮੋਹੁ ਸਭੁ ਦੁਖੁ ਹੈ
ਖੋਟਾ ਇਹੁ ਵਾਪਾਰਾ ਰਾਮ ॥

مائیا موہُ سبھُ دُکھُ ہے
کھوٹا اِہُ واپارا رام ॥

ਕੂੜੁ ਬੋਲਿ ਬਿਖੁ ਖਾਵਣੀ
ਬਹੁ ਵਧਹਿ ਵਿਕਾਰਾ ਰਾਮ ॥

کوڑُ بولِ بِکھُ کھاونی
بہُ ودھہِ وِکارا رام ॥

ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ
ਬਿਨੁ ਨਾਵੈ ਪਤਿ ਖੋਈ ॥

بہُ ودھہِ وِکارا سہسا اِہُ سنّسارا
بِنُ ناوے پتِ کھوئی ॥

ਪੜਿ ਪੜਿ ਪੰਡਿਤ ਵਾਦੁ ਵਖਾਣਹਿ
ਬਿਨੁ ਬੂਝੇ ਸੁਖੁ ਨ ਹੋਈ ॥

پڑِ پڑِ پنڈِت وادُ وکھاٹہِ
بِنُ بوُجھے سُکھُ ن ہوئی ॥

ਆਵਣ ਜਾਣਾ ਕਦੇ ਨ ਚੂਕੈ
ਮਾਇਆ ਮੋਹ ਪਿਆਰਾ ॥

آونْ جاٹا کدے ن چوُکے
مائیا موہ پیارا ॥

ਮਾਇਆ ਮੋਹੁ ਸਭੁ ਦੁਖੁ ਹੈ
ਖੋਟਾ ਇਹੁ ਵਾਪਾਰਾ ॥੨॥

مائیا موہُ سبھُ دُکھُ ہے
کھوٹا اِہُ واپارا ॥2॥

ਖੋਟੇ ਖਰੇ ਸਭਿ ਪਰਖੀਅਨਿ
ਤਿਤੁ ਸਚੇ ਕੈ ਦਰਬਾਰਾ ਰਾਮ ॥

کھوٹے کھرے سبھِ پرکھِیَنِ
تِتُ سچے کے دربارا رام ॥

ਖੋਟੇ ਦਰਗਹ ਸੁਟੀਅਨਿ
ਊਭੇ ਕਰਨਿ ਪੁਕਾਰਾ ਰਾਮ ॥

کھوٹے درگہ سُٹیَنِ
اوُبھے کرنِ پُکارا رام ॥

ਊਭੇ ਕਰਨਿ ਪੁਕਾਰਾ ਮੁਗਧ ਗਵਾਰਾ
ਮਨਮੁਖਿ ਜਨਮੁ ਗਵਾਇਆ ॥

اوُبھے کرنِ پُکارا مُگدھ گوارا
منمُکھِ جنمُ گوائیا ॥

ਬਿਖਿਆ ਮਾਇਆ ਜਿਨਿ ਜਗਤੁ ਭੁਲਾਇਆ
ਸਾਚਾ ਨਾਮੁ ਨ ਭਾਇਆ ॥

بِکھیا مائیا جِنِ جگتُ بھُلائیا
ساچا نامُ ن بھائیا ॥

ਮਨਮੁਖ ਸੰਤਾ ਨਾਲਿ ਵੈਰੁ ਕਰਿ
ਦੁਖੁ ਖਟੇ ਸੰਸਾਰਾ ॥

منمُکھ سنّتا نالِ ویرُ کرِ
دُکھُ کھٹے سنّسارا ॥

ਖੋਟੇ ਖਰੇ ਪਰਖੀਅਨਿ
ਤਿਤੁ ਸਚੈ ਦਰਵਾਰਾ ਰਾਮ ॥੩॥

کھوٹے کھرے پرکھِیَنِ
تِتُ سچےَ دروارا رام ॥3॥

ਆਪਿ ਕਰੇ ਕਿਸੁ ਆਖੀਐ
ਹੋਰ ਕਰਣਾ ਕਿਛੂ ਨ ਜਾਈ ਰਾਮ ॥

آپِ کرے کِسُ آکھیےَ
ہور کرنا کچھوُ ن جائی رام ॥

ਜਿਤੁ ਭਾਵੈ ਤਿਤੁ ਲਾਇਸੀ
ਜਿਉ ਤਿਸ ਦੀ ਵਡਿਆਈ ਰਾਮ ॥

جِتُ بھاوے تِتُ لائسی

جِءُ تِس دی وڈِیائی رام ॥

ਜਿਉ ਤਿਸ ਦੀ ਵਡਿਆਈ ਆਪਿ ਕਰਾਈ
ਵਰੀਆਮੁ ਨ ਫੁਸੀ ਕੋਈ ॥

جِءُ تِس دی وڈِیائی آپِ کرائی
ورِیامُ ن پھُسی کوئی ॥

ਜਗਜੀਵਨੁ ਦਾਤਾ ਕਰਮਿ ਬਿਧਾਤਾ
ਆਪੇ ਬਖਸੇ ਸੋਈ ॥

جگجِیونُ داتا کرمِ بِدھاتا
آپے بخشے سوئی ॥

ਗੁਰ ਪਰਸਾਦੀ ਆਪੁ ਗਵਾਈਐ
ਨਾਨਕ ਨਾਮਿ ਪਤਿ ਪਾਈ ॥

گُر پرسادی آپُ گوائیَے
نانک نامِ پتِ پائی ॥

ਆਪਿ ਕਰੇ ਕਿਸੁ ਆਖੀਐ
ਹੋਰ ਕਰਣਾ ਕਿਛੂ ਨ ਜਾਈ ॥੪॥੪॥

آپِ کرے کِس آکھیَے
ہور کرٹا کِچھوُ ن جائی ॥4॥4॥

ਵਡਹੰਸੁ ਮਹਲਾ ੩ ॥

وڈہنّس محلا 3 ॥

ਸਚਾ ਸਉਦਾ ਹਰਿ ਨਾਮੁ ਹੈ
ਸਚਾ ਵਾਪਾਰਾ ਰਾਮ ॥

سچا سئُدا ہرِ نامُ ہے
سچا واپارا رام ॥

ਗੁਰਮਤੀ ਹਰਿ ਨਾਮੁ ਵਣਜੀਐ
ਅਤਿ ਮੋਲੁ ਅਫਾਰਾ ਰਾਮ ॥

گُرمتی ہرِ نامُ ونجیَے
اتِ مولُ اپھارا رام ॥

ਅਤਿ ਮੋਲੁ ਅਫਾਰਾ ਸਚ ਵਾਪਾਰਾ
ਸਚਿ ਵਾਪਾਰਿ ਲਗੇ ਵਡਭਾਗੀ ॥

اتِ مولُ اپھارا سچ واپارا
سچِ واپارِ لگے وڈبھاگی ॥

ਅੰਤਰਿ ਬਾਹਰਿ ਭਗਤੀ ਰਾਤੇ
ਸਚਿ ਨਾਮਿ ਲਿਵ ਲਾਗੀ ॥

انترِ باہرِ بھگتی راتے
سچِ نامِ لِو لاگی ॥

ਨਦਰਿ ਕਰੇ ਸੋਈ ਸਚੁ ਪਾਏ
ਗੁਰ ਕੈ ਸਬਦਿ ਵੀਚਾਰਾ ॥

ندرِ کرے سوئی سچُ پائے
گُر کے سبدِ ویچارا ॥

ਨਾਨਕ ਨਾਮਿ ਰਤੇ ਤਿਨ ਹੀ ਸੁਖੁ ਪਾਇਆ
ਸਾਚੈ ਕੇ ਵਾਪਾਰਾ ॥੧॥

نانک نامِ رتے تِن ہی سُکھُ پائیا
ساچےَ کے واپارا ॥1॥

ਹੰਉਮੈ ਮਾਇਆ ਮੈਲੁ ਹੈ
ਮਾਇਆ ਮੈਲੁ ਭਰੀਜੈ ਰਾਮ ॥

ہنّمےَ مائیا میَلُ ہے
مائیا میَلُ بھریجےَ رام ॥

ਗੁਰਮਤੀ ਮਨੁ ਨਿਰਮਲਾ

گُرمتی منُ نِرملا

ਰਸਨਾ ਹਰਿ ਰਸੁ ਪੀਜੈ ਰਾਮ ॥

رسنا ہرِ رسُ پیجے رام ॥

ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ
ਸਾਚ ਸਬਦਿ ਬੀਚਾਰੀ ॥

رسنا ہرِ رسُ پیجے انترُ بھیجے
ساچ سبدِ بیچاری ॥

ਅੰਤਰਿ ਖੂਹਟਾ ਅੰਮ੍ਰਿਤਿ ਭਰਿਆ
ਸਬਦੇ ਕਾਢਿ ਪੀਐ ਪਨਿਹਾਰੀ ॥

انترِ کھوُہٹا انمرِتِ بھریا
سبدے کاڈھِ پیئے پنہاری ॥

ਜਿਸੁ ਨਦਰਿ ਕਰੇ ਸੋਈ ਸਚਿ ਲਾਗੈ
ਰਸਨਾ ਰਾਮੁ ਰਵੀਜੈ ॥

جِسُ ندرِ کرے سوئی سچِ لاگے
رسنا رامُ رویجے ॥

ਨਾਨਕ ਨਾਮਿ ਰਤੇ ਸੇ ਨਿਰਮਲ
ਹੋਰ ਹਉਮੈ ਮੈਲੁ ਭਰੀਜੈ ॥੨॥

نانک نامِ رتے سے نِرمل
ہور ہئُمے میَلُ بھریجے ॥2॥

ਪੰਡਤਿ ਜੋਤਕੀ ਸਭਿ ਪੜਿ ਪੜਿ ਕੂਕਦੇ
ਕਿਸੁ ਪਹਿ ਕਰਹਿ ਪੁਕਾਰਾ ਰਾਮ ॥

پنڈتِ جوتکی سبھِ پڑِ پڑِ کوُکدے
کِسُ پہِ کرہِ پُکارا رام ॥

ਮਾਇਆ ਮੋਹੁ ਅੰਤਰਿ ਮਲੁ ਲਾਗੈ
ਮਾਇਆ ਕੇ ਵਾਪਾਰਾ ਰਾਮ ॥

مائیا موہُ انترِ ملُ لاگے
مائیا کے واپارا رام ॥

ਮਾਇਆ ਕੇ ਵਾਪਾਰਾ ਜਗਤਿ ਪਿਆਰਾ
ਆਵਣਿ ਜਾਣਿ ਦੁਖੁ ਪਾਈ ॥

مائیا کے واپارا جگتِ پیارا
آونِ جانِ دُکھُ پائی ॥

ਬਿਖੁ ਕਾ ਕੀੜਾ ਬਿਖੁ ਸਿਉ ਲਾਗਾ
ਬਿਸ੍ਰਾ ਮਾਹਿ ਸਮਾਈ ॥

بِکھُ کا کیڑا بِکھُ سِءُ لاگا
بِسّٹا ماہِ سمائی ॥

ਜੋ ਧੁਰਿ ਲਿਖਿਆ ਸੋਇ ਕਮਾਵੈ
ਕੋਇ ਨ ਮੇਟਣਹਾਰਾ ॥

جو دھُرِ لِکھیا سوءِ کماوے
کوءِ ن میٹنہارا ॥

ਨਾਨਕ ਨਾਮਿ ਰਤੇ ਤਿਨ ਸਦਾ ਸੁਖੁ ਪਾਇਆ
ਹੋਰਿ ਮੂਰਖ ਕੂਕਿ ਮੁਏ ਗਾਵਾਰਾ ॥੩॥

نانک نامِ رتے تِن سدا سُکھُ پائیا
ہورِ موُرکھ کوُکِ مُئے گاوارا ॥3॥

ਮਾਇਆ ਮੋਹਿ ਮਨੁ ਰੰਗਿਆ
ਮੋਹਿ ਸੁਧਿ ਨ ਕਾਈ ਰਾਮ ॥

مائیا موہِ منُ رنگیا
موہِ سُدھِ ن کائی رام ॥

ਗੁਰਮੁਖਿ ਇਹੁ ਮਨੁ ਰੰਗੀਐ
ਦੂਜਾ ਰੰਗੁ ਜਾਈ ਰਾਮ ॥

گُرمُکھِ اِہُ منُ رنگیئے
دوُجا رنگُ جائی رام ॥

ਦੂਜਾ ਰੰਗੁ ਜਾਈ ਸਾਚਿ ਸਮਾਈ
ਸਚਿ ਭਰੇ ਭੰਡਾਰਾ ॥

دوُجا رنگُ جائی ساچِ سمائی
سچِ بھرے بھنڈارا ॥

ਗੁਰਮੁਖਿ ਹੋਵੈ ਸੋਈ ਬੂਝੈ
ਸਚਿ ਸਵਾਰਣਹਾਰਾ ॥

گُرمُکھِ ہووے سوئی بُوجھے
سچِ سوارنہارا ॥

ਆਪੇ ਮੇਲੇ ਸੋ ਹਰਿ ਮਿਲੈ
ਹੋਰੁ ਕਹਣਾ ਕਿਛੂ ਨ ਜਾਏ ॥

آپے میلے سو ہرِ مِلے
ہورُ کہنا کچھوُ ن جائے ॥

ਨਾਨਕ ਵਿਣੁ ਨਾਵੈ ਭਰਮਿ ਭੁਲਾਇਆ
ਇਕਿ ਨਾਮਿ ਰਤੇ ਰੰਗੁ ਲਾਏ ॥੪॥੫॥

نانک وِنُ ناوے بھرمِ بھُلائیا
اِکِ نامِ رتے رنگُ لائے ॥4॥5॥

ਵਡਹੰਸੁ ਮਹਲਾ ੩ ॥

وڈہنّس محلا 3 ॥

ਏ ਮਨ ਮੇਰਿਆ ਆਵਾ ਗਉਣੁ ਸੰਸਾਰੁ ਹੈ
ਅੰਤਿ ਸਚਿ ਨਿਬੇੜਾ ਰਾਮ ॥

اے من میریا آوا گئُنُ سنّسارُ ہے
انّتِ سچِ نِبیڑا رام ॥

ਆਪੇ ਸਚਾ ਬਖਸਿ ਲਏ
ਫਿਰਿ ਹੋਇ ਨ ਫੇਰਾ ਰਾਮ ॥

آپے سچا بخشِ لے
پھِرِ ہوءِ ن پھیرا رام ॥

ਫਿਰਿ ਹੋਇ ਨ ਫੇਰਾ ਅੰਤਿ ਸਚਿ ਨਿਬੇੜਾ
ਗੁਰਮੁਖਿ ਮਿਲੈ ਵਡਿਆਈ ॥

پھِرِ ہوءِ ن پھیرا انّتِ سچِ نِبیڑا
گُرمُکھِ مِلے وڈِیائی ॥

ਸਾਚੈ ਰੰਗਿ ਰਾਤੇ ਸਹਜੇ ਮਾਤੇ
ਸਹਜੇ ਰਹੇ ਸਮਾਈ ॥

ساچے رنگِ راتے سہجے ماتے
سہجے رہے سمائی ॥

ਸਚਾ ਮਨਿ ਭਾਇਆ ਸਚੁ ਵਸਾਇਆ
ਸਬਦਿ ਰਤੇ ਅੰਤਿ ਨਿਬੇਰਾ ॥

سچا منِ بھائیا سچُ وسائیا
سبدِ رتے انّتِ نِبیرا ॥

ਨਾਨਕ ਨਾਮਿ ਰਤੇ ਸੇ ਸਚਿ ਸਮਾਣੇ
ਬਹੁਰਿ ਨ ਭਵਜਲਿ ਫੇਰਾ ॥੧॥

نانک نامِ رتے سے سچِ سماٹے
بہُرِ ن بھوجلِ پھیرا ॥1॥

ਮਾਇਆ ਮੋਹੁ ਸਭੁ ਬਰਲੁ ਹੈ
ਦੂਜੈ ਭਾਇ ਖੁਆਈ ਰਾਮ ॥

مائیا موہُ سبھُ برلُ ہے
دوُجے بھاءِ کھُیائی رام ॥

ਮਾਤਾ ਪਿਤਾ ਸਭੁ ਹੇਤੁ ਹੈ
ਹੇਤੇ ਪਲਚਾਈ ਰਾਮ ॥

ماتا پِتا سبھُ ہیتُ ہے
ہیتے پلچائی رام ॥

ਹੇਤੇ ਪਲਚਾਈ ਪੁਰਬਿ ਕਮਾਈ
ਮੇਟਿ ਨ ਸਕੈ ਕੋਈ ॥

ہیتے پلچائی پُربِ کمائی
میٹِ ن سکےَ کوئی ॥

ਜਿਨਿ ਸ੍ਰਿਸਟਿ ਸਾਜੀ ਸੋ ਕਰਿ ਵੇਖੈ
ਤਿਸੁ ਜੇਵਡ ਅਵਰੁ ਨ ਕੋਈ ॥

جِنِ سرِسٹِ ساجی سو کرِ ویکھےَ
تِس جیوڈ اورُ ن کوئی ॥

ਮਨਮੁਖਿ ਅੰਧਾ ਤਪਿ ਤਪਿ ਖਪੈ
ਬਿਨੁ ਸਬਦੈ ਸਾਂਤਿ ਨ ਆਈ ॥

منمُکھِ اندھا تپِ تپِ کھپےَ
بِنُ سبدےَ سانتِ ن آئی ॥

ਨਾਨਕ ਬਿਨੁ ਨਾਵੈ ਸਭੁ ਕੋਈ ਭੁਲਾ
ਮਾਇਆ ਮੋਹਿ ਖੁਆਈ ॥੨॥

نانک بِنُ ناوےَ سبھُ کوئی بھُلا
مائیا موہِ کھُیائی ॥2॥

ਏਹੁ ਜਗੁ ਜਲਤਾ ਦੇਖਿ ਕੈ
ਭਜਿ ਪਏ ਹਰਿ ਸਰਣਾਈ ਰਾਮ ॥

ایہُ جگُ جلتا دیکھِ کےَ
بھجِ پےَ ہرِ سرٹائی رام ॥

ਅਰਦਾਸਿ ਕਰੀਂ ਗੁਰ ਪੂਰੇ ਆਗੈ
ਰਖਿ ਲੇਵਹੁ ਦੇਹੁ ਵਡਾਈ ਰਾਮ ॥

عرداس کریں گُر پوُرے آگےَ
رکھِ لیوہُ دیہُ وڈائی رام ॥

ਰਖਿ ਲੇਵਹੁ ਸਰਣਾਈ ਹਰਿ ਨਾਮੁ ਵਡਾਈ
ਤੁਧੁ ਜੇਵਡੁ ਅਵਰੁ ਨ ਦਾਤਾ ॥

رکھِ لیوہُ سرٹائی ہرِ نامُ وڈائی
تُدھُ جیوڈُ اورُ ن داتا ॥

ਸੇਵਾ ਲਾਗੇ ਸੇ ਵਡਭਾਗੇ
ਜੁਗਿ ਜੁਗਿ ਏਕੋ ਜਾਤਾ ॥

سیوا لاگے سے وڈبھاگے
جُگِ جُگِ ایکو جاتا ॥

ਜਤੁ ਸਤੁ ਸੰਜਮੁ ਕਰਮ ਕਮਾਵੈ
ਬਿਨੁ ਗੁਰ ਗਤਿ ਨਹੀ ਪਾਈ ॥

جتُ ستُ سنجَمُ کرم کماوےَ
بِنُ گُر گتِ نہی پائی ॥

ਨਾਨਕ ਤਿਸ ਨੋ ਸਬਦੁ ਬੁਝਾਏ
ਜੋ ਜਾਇ ਪਵੈ ਹਰਿ ਸਰਣਾਈ ॥੩॥

نانک تِس نو سبدُ بُجھائے
جو جاءِ پوےَ ہرِ سرٹائی ॥3॥

ਜੋ ਹਰਿ ਮਤਿ ਦੇਇ ਸਾ ਊਪਜੈ
ਹੋਰ ਮਤਿ ਨ ਕਾਈ ਰਾਮ ॥

جو ہرِ متِ دےءِ سا اوُپجےَ
ہور متِ ن کائی رام ॥

ਅੰਤਰਿ ਬਾਹਰਿ ਏਕੁ ਤੂ
ਆਪੇ ਦੇਹਿ ਬੁਝਾਈ ਰਾਮ ॥

انترِ باہرِ ایکُ توُ
آپے دیہِ بُجھائی رام ॥

ਆਪੇ ਦੇਹਿ ਬੁਝਾਈ ਅਵਰ ਨ ਭਾਈ
ਗੁਰਮੁਖਿ ਹਰਿ ਰਸੁ ਚਾਖਿਆ ॥

آپے دیہِ بُجھائی اور ن بھائی

ਗੁਰਮੁਖਿ ਹਰਿ ਰਸੁ ਚਾਖਿਆ ॥

ਦਰਿ ਸਾਚੈ ਸਦਾ ਹੈ ਸਾਚਾ
ਸਾਚੈ ਸਬਦਿ ਸੁਭਾਖਿਆ ॥

دِر ساچے سدا ہے ساچا
ساچے سبدِ سُبھاکھیا ॥

ਘਰ ਮਹਿ ਨਿਜ ਘਰੁ ਪਾਇਆ
ਸਤਿਗੁਰੁ ਦੇਇ ਵਡਾਈ ॥

گھر مہِ نِج گھرُ پائیا
ستِگُر دےءِ وڈائی ॥

ਨਾਨਕ ਜੋ ਨਾਮਿ ਰਤੇ ਸੇਈ ਮਹਲੁ ਪਾਇਨਿ
ਮਤਿ ਪਰਵਾਣੁ ਸਚੁ ਸਾਈ ॥੪॥੬॥

نانک جو نامِ رتے سیئی محلُ پائِنِ
متِ پرواۃُ سچُ سائی ॥4॥6॥

ਵਡਹੰਸੁ ਮਹਲਾ ੪ ਛੰਤ

وڈہنّس محلا 4 چھنّت

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਮੇਰੈ ਮਨਿ ਮੇਰੈ ਮਨਿ
ਸਤਿਗੁਰ ਪ੍ਰੀਤਿ ਲਗਾਈ ਰਾਮ ॥

میرے منِ میرے منِ
ستِگُر پریتِ لگائی رام ॥

ਹਰਿ ਹਰਿ ਹਰਿ ਹਰਿ ਨਾਮੁ
ਮੇਰੈ ਮੰਨਿ ਵਸਾਈ ਰਾਮ ॥

ہرِ ہرِ ہرِ ہرِ نامُ
میرے منّنِ وسائی رام ॥

ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ
ਸਭਿ ਦੂਖ ਵਿਸਾਰਣਹਾਰਾ ॥

ہرِ ہرِ نامُ میرے منّنِ وسائی
سبھِ دوُکھ وِسارنہارا ॥

ਵਡਭਾਗੀ ਗੁਰ ਦਰਸਨੁ ਪਾਇਆ
ਧਨੁ ਧਨੁ ਸਤਿਗੁਰੂ ਹਮਾਰਾ ॥

وڈبھاگی گُر درسنُ پائیا
دھنُ دھنُ ستِگُروُ ہمارا ॥

ਊਠਤ ਬੈਠਤ ਸਤਿਗੁਰੁ ਸੇਵਹ
ਜਿਤੁ ਸੇਵਿਐ ਸਾਂਤਿ ਪਾਈ ॥

اوُٹھت بیٹھت ستِگُر سیوہ
جِتُ سیوِئے سانتِ پائی ॥

ਮੇਰੈ ਮਨਿ ਮੇਰੈ ਮਨਿ
ਸਤਿਗੁਰ ਪ੍ਰੀਤਿ ਲਗਾਈ ॥੧॥

میرے منِ میرے منِ
ستِگُر پریتِ لگائی ॥1॥

ਹਉ ਜੀਵਾ ਹਉ ਜੀਵਾ
ਸਤਿਗੁਰ ਦੇਖਿ ਸਰਸੇ ਰਾਮ ॥

ہءُ جیوا ہءُ جیوا
ستِگُر دیکھِ سرسے رام ॥

ਹਰਿ ਨਾਮੋ ਹਰਿ ਨਾਮੁ ਦ੍ਰਿੜਾਏ
ਜਪਿ ਹਰਿ ਹਰਿ ਨਾਮੁ ਵਿਗਸੇ ਰਾਮ ॥

ہرِ نامو ہرِ نامُ دڑِڑائے
جپِ ہرِ ہرِ نامُ وِگسے رام ॥

ਜਪਿ ਹਰਿ ਹਰਿ ਨਾਮੁ ਕਮਲ ਪਰਗਾਸੇ
ਹਰਿ ਨਾਮੁ ਨਵੰ ਨਿਧਿ ਪਾਈ ॥

جپِ ہرِ ہرِ نامُ کمل پرگاسے
ہرِ نامُ نونَ نِدھِ پائی ॥

ਹਉਮੈ ਰੋਗੁ ਗਇਆ ਦੁਖੁ ਲਾਥਾ
ਹਰਿ ਸਹਜਿ ਸਮਾਧਿ ਲਗਾਈ ॥

ہئے َروگُ گئیا دُکھُ لاتھا
ہرِ سہجِ سمادھِ لگائی ॥

ਹਰਿ ਨਾਮੁ ਵਡਾਈ ਸਤਿਗੁਰ ਤੇ ਪਾਈ
ਸੁਖੁ ਸਤਿਗੁਰ ਦੇਵ ਮਨੁ ਪਰਸੇ ॥

ہرِ نامُ وڈائی ستِگُر تے پائی
سُکھُ ستِگُر دیو منُ پرسے ॥

ਹਉ ਜੀਵਾ ਹਉ ਜੀਵਾ
ਸਤਿਗੁਰ ਦੇਖਿ ਸਰਸੇ ॥੨॥

ہءُ جیِوا ہءُ جیِوا
ستِگُر دیکھِ سرسے ॥2॥

ਕੋਈ ਆਣਿ ਕੋਈ ਆਣਿ ਮਿਲਾਵੈ
ਮੇਰਾ ਸਤਿਗੁਰੁ ਪੂਰਾ ਰਾਮ ॥

کوئی آنِ کوئی آنِ مِلاوے
میرا ستِگُرُ پوُرا رام ॥

ਹਉ ਮਨੁ ਤਨੁ ਹਉ ਮਨੁ ਤਨੁ ਦੇਵਾ
ਤਿਸੁ ਕਾਟਿ ਸਰੀਰਾ ਰਾਮ ॥

ہءُ منُ تنُ ہءُ منُ تنُ دیوا
تِسُ کاٹِ سرِیرا رام ॥

ਹਉ ਮਨੁ ਤਨੁ ਕਾਟਿ ਕਾਟਿ ਤਿਸੁ ਦੇਈ
ਜੋ ਸਤਿਗੁਰ ਬਚਨ ਸੁਣਾਏ ॥

ہءُ منُ تنُ کاٹِ کاٹِ تِسُ دیئی
جو ستِگُر بچن سُناے ॥

ਮੇਰੈ ਮਨਿ ਬੈਰਾਗੁ ਭਇਆ ਬੈਰਾਗੀ
ਮਿਲਿ ਗੁਰ ਦਰਸਨਿ ਸੁਖੁ ਪਾਏ ॥

میرے منِ بیَراگُ بھئیا بیَراگی
مِلِ گُر درسنِ سُکھُ پائے ॥

ਹਰਿ ਹਰਿ ਕ੍ਰਿਪਾ ਕਰਹੁ ਸੁਖਦਾਤੇ
ਦੇਹੁ ਸਤਿਗੁਰ ਚਰਨ ਹਮ ਧੂਰਾ ॥

ہرِ ہرِ کرِپا کرہُ سُکھداتے
دیہُ ستِگُر چرن ہم دھوُرا ॥

ਕੋਈ ਆਣਿ ਕੋਈ ਆਣਿ ਮਿਲਾਵੈ
ਮੇਰਾ ਸਤਿਗੁਰੁ ਪੂਰਾ ॥੩॥

کوئی آنِ کوئی آنِ مِلاوے
میرا ستِگُرُ پوُرا ॥3॥

ਗੁਰ ਜੇਵਡੁ ਗੁਰ ਜੇਵਡੁ ਦਾਤਾ
ਮੈ ਅਵਰੁ ਨ ਕੋਈ ਰਾਮ ॥

گُر جیوڈُ گُر جیوڈُ داتا
مے َاورُ ن کوئی رام ॥

ਹਰਿ ਦਾਨੋ ਹਰਿ ਦਾਨੁ ਦੇਵੈ
ਹਰਿ ਪੁਰਖੁ ਨਿਰੰਜਨੁ ਸੋਈ ਰਾਮ ॥

ہرِ دانو ہرِ دانُ دیوے
ہرِ پُرکھُ نِرنجنُ سوئی رام ॥

ਹਰਿ ਹਰਿ ਨਾਮੁ ਜਿਨੀ ਆਰਾਧਿਆ
ਤਿਨ ਕਾ ਦੁਖੁ ਭਰਮੁ ਭਉ ਭਾਗਾ ॥

ہرِ ہرِ نامُ جِنی آرادھِیا

ਸੇਵਕ ਭਾਇ ਮਿਲੇ ਵਡਭਾਗੀ
ਜਿਨ ਗੁਰ ਚਰਨੀ ਮਨੁ ਲਾਗਾ ॥

ਕਹੁ ਨਾਨਕ ਹਰਿ ਆਪਿ ਮਿਲਾਏ
ਮਿਲਿ ਸਤਿਗੁਰ ਪੁਰਖ ਸੁਖੁ ਹੋਈ ॥

ਗੁਰ ਜੇਵਡੁ ਗੁਰ ਜੇਵਡੁ ਦਾਤਾ
ਮੈ ਅਵਰੁ ਨ ਕੋਈ ॥੪॥੧॥

ਵਡਹੰਸੁ ਮਹਲਾ ੪ ॥

ਹੰਉ ਗੁਰ ਬਿਨੁ ਹੰਉ ਗੁਰ ਬਿਨੁ
ਖਰੀ ਨਿਮਾਣੀ ਰਾਮ ॥

ਜਗਜੀਵਨੁ ਜਗਜੀਵਨੁ ਦਾਤਾ
ਗੁਰ ਮੇਲਿ ਸਮਾਣੀ ਰਾਮ ॥

ਸਤਿਗੁਰ ਮੇਲਿ ਹਰਿ ਨਾਮਿ ਸਮਾਣੀ
ਜਪਿ ਹਰਿ ਹਰਿ ਨਾਮੁ ਧਿਆਇਆ ॥

ਜਿਸੁ ਕਾਰਣਿ ਹੰਉ ਢੂੰਢਿ ਢੂਢੇਦੀ
ਸੋ ਸਜਣੁ ਹਰਿ ਘਰਿ ਪਾਇਆ ॥

ਏਕ ਦ੍ਰਿਸ੍ਟਿ ਹਰਿ ਏਕੋ ਜਾਤਾ
ਹਰਿ ਆਤਮ ਰਾਮੁ ਪਛਾਣੀ ॥

ਹੰਉ ਗੁਰ ਬਿਨੁ ਹੰਉ ਗੁਰ ਬਿਨੁ
ਖਰੀ ਨਿਮਾਣੀ ॥੧॥

ਜਿਨਾ ਸਤਿਗੁਰੁ ਜਿਨ ਸਤਿਗੁਰੁ ਪਾਇਆ
ਤਿਨ ਹਰਿ ਪ੍ਰਭੁ ਮੇਲਿ ਮਿਲਾਏ ਰਾਮ ॥

ਤਿਨ ਚਰਣ ਤਿਨ ਚਰਣ ਸਰੇਵਹ
ਹਮ ਲਾਗਹ ਤਿਨ ਕੈ ਪਾਏ ਰਾਮ ॥

ਹਰਿ ਹਰਿ ਚਰਣ ਸਰੇਵਹ ਤਿਨ ਕੇ

تِن کا دُکھُ بھرمُ بھءُ بھاگا ॥

سیوک بھاءِ مِلے وڈبھاگی
جِن گُر چرنی منُ لاگا ॥

کہُ نانک ہرِ آپِ مِلائے
مِلِ ستِگُر پُرکھ سُکھُ ہوئی ॥

گُر جیوڈُ گُر جیوڈُ داتا
مے َ اورُ ن کوئی ॥4॥1॥

وڈہنُس محلا 4 ॥

ہنّءُ گُر بِنُ ہنّءُ گُر بِنُ
کھری نِماٹی رام ॥

جگجِیونُ جگجِیونُ داتا
گُر میلِ سماٹی رام ॥

ستِگُر میلِ ہرِ نامِ سماٹی
جپِ ہرِ ہرِ نامُ دھِیائِیا ॥

جِسُ کارنِ ہنّءُ ڈھوُنڈھِ ڈھوُڈھیدی
سو سجنُ ہرِ گھرِ پائِیا ॥

ایک دِرسٹِ ہرِ ایکو جاتا
ہرِ آتم رامُ پچھاٹی ॥

ہنّءُ گُر بِنُ ہنّءُ گُر بِنُ
کھری نِماٹی ॥1॥

جِنا ستِگُرُ جِن ستِگُرُ پائِیا
تِن ہرِ پربھُ میلِ مِلائے رام ॥

تِن چرنٹ تِن چرنٹ سریوہ
ہم لاگہ تِن کے پائے رام ॥

ہرِ ہرِ چرنٹ سریوہ تِن کے

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) (ਰਾਜਾ ਸਾਹِب) سری گُرو نانک دیو جی مہاراج دے 550ویں پرکاش پُرب نُوں سمرپت|سیوا: بھائی بلجِندر سنگھ جی

ਜਿਨ ਸਤਿਗੁਰੁ ਪੁਰਖੁ ਪ੍ਰਭੁ ਧ੍ਯਾਇਆ ॥
جِن ستِگُر پُرکھُ پربھُ دھیائیا ॥

ਤੂ ਵਡ ਦਾਤਾ ਅੰਤਰਜਾਮੀ
ਮੇਰੀ ਸਰਧਾ ਪੂਰਿ ਹਰਿ ਰਾਇਆ ॥
تُو وڈ داتا انترجامی
میری سردھا پُورِ ہرِ رائیا ۔ ॥

ਗੁਰਸਿਖ ਮੇਲਿ ਮੇਰੀ ਸਰਧਾ ਪੂਰੀ
ਅਨਦਿਨੁ ਰਾਮ ਗੁਣ ਗਾਏ ॥
گُرسِکھ میلِ میری سردھا پُوری
اندِنُ رام گُن گائے ॥

ਜਿਨ ਸਤਿਗੁਰੁ ਜਿਨ ਸਤਿਗੁਰੁ ਪਾਇਆ
ਤਿਨ ਹਰਿ ਪ੍ਰਭੁ ਮੇਲਿ ਮਿਲਾਏ ॥੨॥
جِن ستِگُر جِن ستِگُر پائیا
تِن ہرِ پربھُ میلِ مِلائے ॥2॥

ਹੰਉ ਵਾਰੀ ਹੰਉ ਵਾਰੀ
ਗੁਰਸਿਖ ਮੀਤ ਪਿਆਰੇ ਰਾਮ ॥
ہنّءُ واری ہنّءُ واری
گُرسِکھ میت پِیارے رام ॥

ਹਰਿ ਨਾਮੋ ਹਰਿ ਨਾਮੁ ਸੁਣਾਏ
ਮੇਰਾ ਪ੍ਰੀਤਮੁ ਨਾਮੁ ਅਧਾਰੇ ਰਾਮ ॥
ہرِ نامو ہرِ نامُ سُنائے
میرا پریتمُ نامُ ادھارے رام ॥

ਹਰਿ ਹਰਿ ਨਾਮੁ ਮੇਰਾ ਪ੍ਰਾਨ ਸਖਾਈ
ਤਿਸੁ ਬਿਨੁ ਘੜੀ ਨਿਮਖ ਨਹੀ ਜੀਵਾਂ ॥
ہرِ ہرِ نامُ میرا پران سکھائی
تِس بِنُ گھڑی نِمکھ نہی جیواں ॥

ਹਰਿ ਹਰਿ ਕ੍ਰਿਪਾ ਕਰੇ ਸੁਖਦਾਤਾ
ਗੁਰਮੁਖਿ ਅੰਮ੍ਰਿਤੁ ਪੀਵਾਂ ॥
ہرِ ہرِ کرِپا کرے سُکھداتا
گُرمُکھِ انمرِتُ پیواں ॥

ਹਰਿ ਆਪੇ ਸਰਧਾ ਲਾਇ ਮਿਲਾਏ
ਹਰਿ ਆਪੇ ਆਪਿ ਸਵਾਰੇ ॥
ہرِ آپے سردھا لاءِ مِلائے
ہرِ آپے آپِ سوارے ॥

ਹੰਉ ਵਾਰੀ ਹੰਉ ਵਾਰੀ
ਗੁਰਸਿਖ ਮੀਤ ਪਿਆਰੇ ॥੩॥
ہنّءُ واری ہنّءُ واری
گُرسِکھ میت پِیارے ॥3॥

ਹਰਿ ਆਪੇ ਹਰਿ ਆਪੇ
ਪੁਰਖੁ ਨਿਰੰਜਨੁ ਸੋਈ ਰਾਮ ॥
ہرِ آپے ہرِ آپے
پُرکھُ نِرنجنُ سوئی رام ॥

ਹਰਿ ਆਪੇ ਹਰਿ ਆਪੇ ਮੇਲੈ
ਕਰੈ ਸੋ ਹੋਈ ਰਾਮ ॥
ہرِ آپے ہرِ آپے میلےَ
کرے سو ہوئی رام ॥

ਜੋ ਹਰਿ ਪ੍ਰਭ ਭਾਵੈ ਸੋਈ ਹੋਵੈ
ਅਵਰੁ ਨ ਕਰਣਾ ਜਾਈ ॥
جو ہرِ پربھ بھاوے سوئی ہووے
اورُ ن کرنا جائی ॥

ਬਹੁਤੁ ਸਿਆਣਪ ਲਇਆ ਨ ਜਾਈ
ਕਰਿ ਥਾਕੇ ਸਭਿ ਚਤੁਰਾਈ ॥

بہُتُ سِیاٹپ لِئیا ن جائی
کرِ تھاکے سبھِ چتُرائی ॥

ਗੁਰ ਪ੍ਰਸਾਦਿ ਜਨ ਨਾਨਕ ਦੇਖਿਆ
ਮੈ ਹਰਿ ਬਿਨੁ ਅਵਰੁ ਨ ਕੋਈ ॥

گُر پرّسادِ جن نانک دیکھیا
مے ہرِ بِنُ اورُ ن کوئی ॥

ਹਰਿ ਆਪੇ ਹਰਿ ਆਪੇ
ਪੁਰਖੁ ਨਿਰੰਜਨੁ ਸੋਈ ॥੪॥੨॥

ہرِ آپے ہرِ آپے
پُرکھُ نِرنّجنُ سوئی ॥4॥2॥

ਵਡਹੰਸੁ ਮਹਲਾ ੪ ॥

وڈہنّس محلا 4 ॥

ਹਰਿ ਸਤਿਗੁਰ ਹਰਿ ਸਤਿਗੁਰ ਮੇਲਿ
ਹਰਿ ਸਤਿਗੁਰ ਚਰਣ ਹਮ ਭਾਇਆ ਰਾਮ ॥

ہرِ ستِگُر ہرِ ستِگُر میلِ
ہرِ ستِگُر چرنٹ ہم بھائیا رام ॥

ਤਿਮਰ ਅਗਿਆਨੁ ਗਵਾਇਆ
ਗੁਰ ਗਿਆਨੁ ਅੰਜਨੁ ਗੁਰਿ ਪਾਇਆ ਰਾਮ ॥

تِمر اگیانُ گوائیا
گُر گیانُ انّجنُ گُرِ پائیا رام ॥

ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ
ਅਗਿਆਨ ਅੰਧੇਰ ਬਿਨਾਸੇ ॥

گُر گیان انّجنُ ستِگُروُ پائیا
اگیان اندھیر بِناسے ॥

ਸਤਿਗੁਰ ਸੇਵਿ ਪਰਮ ਪਦੁ ਪਾਇਆ
ਹਰਿ ਜਪਿਆ ਸਾਸ ਗਿਰਾਸੇ ॥

ستِگُر سیوِ پرم پدُ پائیا
ہرِ جپیا ساس گِراسے ॥

ਜਿਨ ਕੰਉ ਹਰਿ ਪ੍ਰਭਿ ਕਿਰਪਾ ਧਾਰੀ
ਤੇ ਸਤਿਗੁਰ ਸੇਵਾ ਲਾਇਆ ॥

جِن کنّءُ ہرِ پرّبھِ کِرپا دھاری
تے ستِگُر سیوا لائیا ॥

ਹਰਿ ਸਤਿਗੁਰ ਹਰਿ ਸਤਿਗੁਰ ਮੇਲਿ
ਹਰਿ ਸਤਿਗੁਰ ਚਰਣ ਹਮ ਭਾਇਆ ॥੧॥

ہرِ ستِگُر ہرِ ستِگُر میلِ
ہرِ ستِگُر چرنٹ ہم بھائیا ॥1॥

ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ
ਮੈ ਗੁਰ ਬਿਨੁ ਰਹਣੁ ਨ ਜਾਈ ਰਾਮ ॥

میرا ستِگُرُ میرا ستِگُرُ پیارا
مے گُر بِنُ رہنُّ ن جائی رام ॥

ਹਰਿ ਨਾਮੋ ਹਰਿ ਨਾਮੁ ਦੇਵੈ
ਮੇਰਾ ਅੰਤਿ ਸਖਾਈ ਰਾਮ ॥

ہرِ نامو ہرِ نامُ دیوے
میرا انّتِ سکھائی رام ॥

ਹਰਿ ਹਰਿ ਨਾਮੁ ਮੇਰਾ ਅੰਤਿ ਸਖਾਈ
ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ॥

ہرِ ہرِ نامُ میرا انّتِ سکھائی
گُرِ ستِگُرِ نامُ دّرِڑائیا ॥

ਜਿਥੈ ਪੁਤੁ ਕਲਤ੍ਰੁ ਕੋਈ ਬੇਲੀ ਨਾਹੀ
ਤਿਥੈ ਹਰਿ ਹਰਿ ਨਾਮਿ ਛਡਾਇਆ ॥

جِتھے پُتُ کلتّرُ کوئی بیلی ناہی
تِتھے ہرِ ہرِ نامِ چھڈائیا ॥

ਧਨੁ ਧਨੁ ਸਤਿਗੁਰੁ ਪੁਰਖੁ ਨਿਰੰਜਨੁ
ਜਿਤੁ ਮਿਲਿ ਹਰਿ ਨਾਮੁ ਧਿਆਈ ॥

دھنُ دھنُ ستِگُرُ پُرکھُ نِرنجنُ
جِتُ مِلِ ہرِ نامُ دھِیائی ॥

ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ
ਮੈ ਗੁਰ ਬਿਨੁ ਰਹਣੁ ਨ ਜਾਈ ॥੨॥

میرا ستِگُرُ میرا ستِگُرُ پِیارا
مے گُر بِنُ رہنُّ ن جائی ॥2॥

ਜਿਨੀ ਦਰਸਨੁ ਜਿਨੀ ਦਰਸਨੁ
ਸਤਿਗੁਰ ਪੁਰਖ ਨ ਪਾਇਆ ਰਾਮ ॥

جِنی درسنُ جِنی درسنُ
ستِگُر پُرکھ ن پائیا رام ॥

ਤਿਨ ਨਿਹਫਲੁ ਤਿਨ ਨਿਹਫਲੁ ਜਨਮੁ
ਸਭੁ ਬ੍ਰਿਥਾ ਗਵਾਇਆ ਰਾਮ ॥

تِن نِہپھلُ تِن نِہپھلُ جنمُ
سبھُ برِتھا گوائیا رام ॥

ਨਿਹਫਲੁ ਜਨਮੁ ਤਿਨ ਬ੍ਰਿਥਾ ਗਵਾਇਆ
ਤੇ ਸਾਕਤ ਮੁਏ ਮਰਿ ਝੂਰੇ ॥

نِہپھلُ جنمُ تِن برِتھا گوائیا
تے ساکت مُے مرِ جھوُرے ॥

ਘਰਿ ਹੋਦੈ ਰਤਨਿ ਪਦਾਰਥਿ ਭੂਖੇ
ਭਾਗਹੀਣ ਹਰਿ ਦੂਰੇ ॥

گھرِ ہودے رتنِ پدارتھِ بھوُکھے
بھاگہیِنُ ہرِ دوُرے ॥

ਹਰਿ ਹਰਿ ਤਿਨ ਕਾ ਦਰਸੁ ਨ ਕਰੀਅਹੁ
ਜਿਨੀ ਹਰਿ ਹਰਿ ਨਾਮੁ ਨ ਧਿਆਇਆ ॥

ہرِ ہرِ تِن کا درسُ ن کرِیئہُ
جِنی ہرِ ہرِ نامُ ن دھِیائیا ॥

ਜਿਨੀ ਦਰਸਨੁ ਜਿਨੀ ਦਰਸਨੁ
ਸਤਿਗੁਰ ਪੁਰਖ ਨ ਪਾਇਆ ॥੩॥

جِنی درسنُ جِنی درسنُ
ستِگُر پُرکھ ن پائیا ॥3॥

ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ
ਹਰਿ ਪਾਸਿ ਬੇਨੰਤੀ ਰਾਮ ॥

ہم چاتّرِک ہم چاتّرِک دِین
ہرِ پاسِ بینّتی رام ॥

ਗੁਰ ਮਿਲਿ ਗੁਰ ਮੇਲਿ ਮੇਰਾ ਪਿਆਰਾ
ਹਮ ਸਤਿਗੁਰ ਕਰਹ ਭਗਤੀ ਰਾਮ ॥

گُر مِلِ گُر میلِ میرا پِیارا
ہم ستِگُر کرہ بھگتی رام ॥

ਹਰਿ ਹਰਿ ਸਤਿਗੁਰ ਕਰਹ ਭਗਤੀ
ਜਾਂ ਹਰਿ ਪ੍ਰਭੁ ਕਿਰਪਾ ਧਾਰੇ ॥

ہرِ ہرِ ستِگُر کرہ بھگتی
جاں ہرِ پربھُ کِرپا دھارے ॥

ਮੈ ਗੁਰ ਬਿਨੁ ਅਵਰੁ ਨ ਕੋਈ ਬੇਲੀ
ਗੁਰੁ ਸਤਿਗੁਰੁ ਪ੍ਰਾਣ ਹਮ੍ਾਰੇ ॥

مے گُر بِنُ اورُ ن کوئی بیلی

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) (ਰਾਜ਼ਾ ਸਾਹِب) | سیوا: بھائی بلجِندر سنگھ جی (راتا صاہِب) سری گُرو نانک دیو جی مہاراج دے 550ویں پرکاش پُرب نوں سمرپت

ਗੁਰ ਸਤਿਗੁਰ ਪਾਸਿ ਹਮਾਰੇ ॥
گُرُ ستِگُرُ پّراںٹ ہمّہارے ॥

ਕਹੁ ਨਾਨਕ ਗੁਰਿ ਨਾਮੁ ਦ੍ਰਿੜਾਇਆ
ਹਰਿ ਹਰਿ ਨਾਮੁ ਹਰਿ ਸਤੀ ॥
کہُ نانک گُرِ نامُ دّرِڑّہایَا
ہرِ ہرِ نامُ ہرِ ستی ॥

ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ
ਹਰਿ ਪਾਸਿ ਬੇਨੰਤੀ ॥੪॥੩॥
ہم چاتّرِک ہم چاتّرِک دِین
ہرِ پاسِ بینّتی ॥4॥3॥

ਵਡਹੰਸੁ ਮਹਲਾ ੪ ॥
وڈہنّس محلا 4 ॥

ਹਰਿ ਕਿਰਪਾ ਹਰਿ ਕਿਰਪਾ ਕਰਿ
ਸਤਿਗੁਰੁ ਮੇਲਿ ਸੁਖਦਾਤਾ ਰਾਮ ॥
ہرِ کِرپا ہرِ کِرپا کرِ
ستِگُرُ میلِ سُکھداتا رام ॥

ਹਮ ਪੂਛਹ ਹਮ ਪੂਛਹ
ਸਤਿਗੁਰ ਪਾਸਿ ਹਰਿ ਬਾਤਾ ਰਾਮ ॥
ہم پُوچھہ ہم پُوچھہ
ستِگُر پاسِ ہرِ باتا رام ॥

ਸਤਿਗੁਰ ਪਾਸਿ ਹਰਿ ਬਾਤ ਪੂਛਹ
ਜਿਨਿ ਨਾਮੁ ਪਦਾਰਥੁ ਪਾਇਆ ॥
ستِگُر پاسِ ہرِ بات پُوچھہ
جِنِ نامُ پدارتھُ پایَا ॥

ਪਾਇ ਲਗਹ ਨਿਤ ਕਰਹ ਬਿਨੰਤੀ
ਗੁਰਿ ਸਤਿਗੁਰਿ ਪੰਥੁ ਬਤਾਇਆ ॥
پاءِ لگہ نِت کرہ بِنّتی
گُرِ ستِگُرِ پنّتھُ بتایَا ॥

ਸੋਈ ਭਗਤੁ ਦੁਖੁ ਸੁਖੁ ਸਮਤੁ ਕਰਿ ਜਾਣੈ
ਹਰਿ ਹਰਿ ਨਾਮਿ ਹਰਿ ਰਾਤਾ ॥
سوئی بھگتُ دُکھُ سُکھُ سمتُ کرِ جانّے
ہرِ ہرِ نامِ ہرِ راتا ॥

ਹਰਿ ਕਿਰਪਾ ਹਰਿ ਕਿਰਪਾ ਕਰਿ
ਗੁਰੁ ਸਤਿਗੁਰੁ ਮੇਲਿ ਸੁਖਦਾਤਾ ॥੧॥
ہرِ کِرپا ہرِ کِرپا کرِ
گُرُ ستِگُرُ میلِ سُکھداتا ॥1॥

ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮਿ
ਸਭਿ ਬਿਨਸੇ ਹੰਉਮੈ ਪਾਪਾ ਰਾਮ ॥
سُنِ گُرمُکھِ سُنِ گُرمُکھِ نامِ
سبھِ بِنسے ہنّمے پاپا رام ॥

ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ
ਲਥਿਅੜੇ ਜਗਿ ਤਾਪਾ ਰਾਮ ॥
جپِ ہرِ ہرِ جپِ ہرِ ہرِ نامُ
لتھڑے جگِ تاپا رام ॥

ਹਰਿ ਹਰਿ ਨਾਮੁ ਜਿਨੀ ਆਰਾਧਿਆ
ਤਿਨ ਕੇ ਦੁਖ ਪਾਪ ਨਿਵਾਰੇ ॥
ہرِ ہرِ نامُ جِنی آرادھیا
تِن کے دُکھ پاپ نِوارے ॥

ਸਤਿਗੁਰ ਗਿਆਨ ਖੜਗੁ ਹਥਿ ਦੀਨਾ
ستِگُر گیان کھڑگُ ہتھِ دِینا

ਜਮਕੰਕਰ ਮਾਰਿ ਬਿਦਾਰੇ ॥

جمکنکر مارِ بِدارے ॥

ਹਰਿ ਪ੍ਰਭਿ ਕ੍ਰਿਪਾ ਧਾਰੀ ਸੁਖਦਾਤੇ
ਦੁਖ ਲਾਥੇ ਪਾਪ ਸੰਤਾਪਾ ॥

ہرِ پربھِ کرِپا دھاری سُکھداتے
دُکھ لاتھے پاپ سنتاپا ॥

ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮੁ
ਸਭਿ ਬਿਨਸੇ ਹੰਉਮੈ ਪਾਪਾ ॥੨॥

سُنِ گُرمُکھِ سُنِ گُرمُکھِ نامُ
سبھِ بِنسے ہنُمَے پاپا ॥2॥

ਜਪਿ ਹਰਿ ਹਰਿ ਜਪਿ ਹਰਿ ਹਰਿ
ਨਾਮੁ ਮੇਰੈ ਮਨਿ ਭਾਇਆ ਰਾਮ ॥

جپِ ہرِ ہرِ جپِ ہرِ ہرِ
نامُ میرے منِ بھائیا رام ॥

ਮੁਖਿ ਗੁਰਮੁਖਿ ਮੁਖਿ ਗੁਰਮੁਖਿ ਜਪਿ
ਸਭਿ ਰੋਗ ਗਵਾਇਆ ਰਾਮ ॥

مُکھِ گُرمُکھِ مُکھِ گُرمُکھِ جپِ
سبھِ روگ گوائیا رام ॥

ਗੁਰਮੁਖਿ ਜਪਿ ਸਭਿ ਰੋਗ ਗਵਾਇਆ
ਅਰੋਗਤ ਭਏ ਸਰੀਰਾ ॥

گُرمُکھِ جپِ سبھِ روگ گوائیا
اروگت بھئے سریرا ॥

ਅਨਦਿਨੁ ਸਹਜ ਸਮਾਧਿ ਹਰਿ ਲਾਗੀ
ਹਰਿ ਜਪਿਆ ਗਹਿਰ ਗੰਭੀਰਾ ॥

اندِنُ سہج سمادھِ ہرِ لاگی
ہرِ جپیا گہِر گنبھیرا ॥

ਜਾਤਿ ਅਜਾਤਿ ਨਾਮੁ ਜਿਨ ਧਿਆਇਆ
ਤਿਨ ਪਰਮ ਪਦਾਰਥੁ ਪਾਇਆ ॥

زاتِ نزاتِ نامُ جِن دھیائیا
تِن پرم پدارتھُ پائیا ॥

ਜਪਿ ਹਰਿ ਹਰਿ ਜਪਿ ਹਰਿ ਹਰਿ
ਨਾਮੁ ਮੇਰੈ ਮਨਿ ਭਾਇਆ ॥੩॥

جپِ ہرِ ہرِ جپِ ہرِ ہرِ
نامُ میرے منِ بھائیا ॥3॥

ਹਰਿ ਧਾਰਹੁ ਹਰਿ ਧਾਰਹੁ ਕਿਰਪਾ
ਕਰਿ ਕਿਰਪਾ ਲੇਹੁ ਉਬਾਰੇ ਰਾਮ ॥

ہرِ دھارہُ ہرِ دھارہُ کرِپا
کرِ کرِپا لیہُ اُبارے رام ॥

ਹਮ ਪਾਪੀ ਹਮ ਪਾਪੀ ਨਿਰਗੁਣ
ਦੀਨ ਤੁਮ੍ਾਰੇ ਰਾਮ ॥

ہم پاپی ہم پاپی نِرگُنٹ
دِین تُمہارے رام ॥

ਹਮ ਪਾਪੀ ਨਿਰਗੁਣ ਦੀਨ ਤੁਮ੍ਾਰੇ
ਹਰਿ ਦੈਆਲ ਸਰਣਾਇਆ ॥

ہم پاپی نِرگُنٹ دِین تُمہارے
ہرِ دیئال سرنائیا ॥

ਤੂ ਦੁਖ ਭੰਜਨੁ ਸਰਬ ਸੁਖਦਾਤਾ
ਹਮ ਪਾਥਰ ਤਰੇ ਤਰਾਇਆ ॥

توُ دُکھ بھنجنُ سرب سُکھداتا
ہم پاتھر ترے ترائیا ॥

ਸਤਿਗੁਰ ਭੇਟਿ ਰਾਮ ਰਸੁ ਪਾਇਆ ਜਨ ਨਾਨਕ ਨਾਮਿ ਉਧਾਰੇ ॥	ستِگُر بھیٹِ رام رسُ پائِیا جن نانک نامِ اُدھارے ॥
ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ ਕਿਰਪਾ ਲੇਹੁ ਉਬਾਰੇ ਰਾਮ ॥੪॥੪॥	ہرِ دھارہُ ہرِ دھارہُ کرِپا کرِ کرِپا لیہُ اُبارے رام ॥4॥4॥
ਵਡਹੰਸੁ ਮਹਲਾ ੪ ਘੋੜੀਆ	وڈہنسُ محلا 4 گھوڑِییا
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ ॥	دیہ تیجنِ جی رامِ اُپائِیا رام ॥
ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ ॥	دھنّنُ ماٹس جنمُ پُنّنِ پائِیا رام ॥
ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ ॥	ماٹس جنمُ وڈ پُنّنے پائِیا دیہ سُ کنچّن چنگڑِییا ॥
ਗੁਰਮੁਖਿ ਰੰਗੁ ਚਲੂਲਾ ਪਾਵੈ ਹਰਿ ਹਰਿ ਹਰਿ ਨਵ ਰੰਗੜੀਆ ॥	گُرمُکھِ رنگُ چلوُلا پاوے ہرِ ہرِ ہرِ نو رنگڑِییا ॥
ਏਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ ਹਰਿ ਹਰਿ ਨਾਮਿ ਸੁਹਾਵੀਆ ॥	ایہ دیہ سُ بانکی جِتُ ہرِ جاپی ہرِ ہرِ نامِ سُہاوِییا ॥
ਵਡਭਾਗੀ ਪਾਈ ਨਾਮੁ ਸਖਾਈ ਜਨ ਨਾਨਕ ਰਾਮਿ ਉਪਾਈਆ ॥੧॥	وڈبھاگی پائی نامُ سکھائی جن نانک رامِ اُپائِیا ॥1॥
ਦੇਹ ਪਾਵਉ ਜੀਨੁ ਬੁਝਿ ਚੰਗਾ ਰਾਮ ॥	دیہ پاوءُ زینُ بُجھِ چنگا رام ॥
ਚੜਿ ਲੰਘਾ ਜੀ ਬਿਖਮੁ ਭੁਇਅੰਗਾ ਰਾਮ ॥	چڑِ لنگھا جی بِکھمُ بھُئِنگا رام ॥
ਬਿਖਮੁ ਭੁਇਅੰਗਾ ਅਨਤ ਤਰੰਗਾ ਗੁਰਮੁਖਿ ਪਾਰਿ ਲੰਘਾਏ ॥	بِکھمُ بھُئِنگا انت ترنگا گُرمُکھِ پارِ لنگھائے ॥
ਹਰਿ ਬੋਹਿਥਿ ਚੜਿ ਵਡਭਾਗੀ ਲੰਘੈ ਗੁਰੁ ਖੇਵਟੁ ਸਬਦਿ ਤਰਾਏ ॥	ہرِ بوہِتھِ چڑِ وڈبھاگی لنگھے گُرُ کھیوٹُ سبدِ ترائے ॥
ਅਨਦਿਨੁ ਹਰਿ ਰੰਗਿ ਹਰਿ ਗੁਣ ਗਾਵੈ ਹਰਿ ਰੰਗੀ ਹਰਿ ਰੰਗਾ ॥	اندِنُ ہرِ رنگِ ہرِ گُنّ گاوے ہرِ رنگی ہرِ رنّگا ॥
ਜਨ ਨਾਨਕ ਨਿਰਬਾਣ ਪਦੁ ਪਾਇਆ	جن نانک نِربانّ پدُ پائِیا

ਹਰਿ ਉਤਮੁ ਹਰਿ ਪਦੁ ਚੰਗਾ ॥੨॥

ہرِ اُتمُ ہرِ پدُ چنگا ॥2॥

ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ ॥

کڑِیالُ مُکھے گُرِ گیانُ دڑِڑائِیا رام ॥

ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ ॥

تنِ پرّیمُ ہرِ چابکُ لائِیا رام ॥

ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ
ਮਨੁ ਜਿਣੈ ਗੁਰਮੁਖਿ ਜੀਤਿਆ ॥

تنِ پرّیمُ ہرِ ہرِ لاءِ چابکُ
منُ جِتّے گُرمُکھِ جیتِیا ॥

ਅਘੜੋ ਘੜਾਵੈ ਸਬਦੁ ਪਾਵੈ
ਅਪਿਉ ਹਰਿ ਰਸੁ ਪੀਤਿਆ ॥

اگھڑو گھڑاوے سبدُ پاوے
اپِءُ ہرِ رسُ پیتِیا ॥

ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ
ਹਰਿ ਰੰਗੁ ਤੁਰੀ ਚੜਾਇਆ ॥

سُنِ سّروٹ بانٹی گُرِ وکھانٹی
ہرِ رنگُ تُری چڑائِیا ॥

ਮਹਾ ਮਾਰਗੁ ਪੰਥੁ ਬਿਖੜਾ
ਜਨ ਨਾਨਕ ਪਾਰਿ ਲੰਘਾਇਆ ॥੩॥

مہا مارگُ پنّتھُ بِکھڑا
جن نانک پارِ لنگھائِیا ॥3॥

ਘੋੜੀ ਤੇਜਣਿ ਦੇਹ ਰਾਮਿ ਉਪਾਈਆ ਰਾਮ ॥

گھوڑی تیجنِ دیہ رامِ اُپائِیا رام ॥

ਜਿਤੁ ਹਰਿ ਪ੍ਰਭੁ ਜਾਪੈ
ਸਾ ਧਨੁ ਧੰਨੁ ਤੁਖਾਈਆ ਰਾਮ ॥

جِتُ ہرِ پربھُ جاپے
سا دھنُ دھنّنُ ٹکھائِیا رام ॥

ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ
ਧੁਰਿ ਪਾਇਆ ਕਿਰਤੁ ਜੁੜੰਦਾ ॥

جِتُ ہرِ پربھُ جاپے سا دھنّنُ ساباسے
دھُرِ پائِیا کِرتُ جُڑنّدا ॥

ਚੜਿ ਦੇਹੜਿ ਘੋੜੀ ਬਿਖਮੁ ਲਘਾਏ
ਮਿਲੁ ਗੁਰਮੁਖਿ ਪਰਮਾਨੰਦਾ ॥

چڑِ دیہڑِ گھوڑی بِکھمُ لگھائے
مِلُ گُرمُکھِ پرمانندا ॥

ਹਰਿ ਹਰਿ ਕਾਜੁ ਰਚਾਇਆ ਪੂਰੈ
ਮਿਲਿ ਸੰਤ ਜਨਾ ਜੰਞ ਆਈ ॥

ہرِ ہرِ کاجُ رچائِیا پُورے
مِلِ سنّت جنا جنّج آئی ॥

ਜਨ ਨਾਨਕ ਹਰਿ ਵਰੁ ਪਾਇਆ ਮੰਗਲੁ
ਮਿਲਿ ਸੰਤ ਜਨਾ ਵਾਧਾਈ ॥੪॥੧॥੫॥

جن نانک ہرِ ورُ پائِیا منگلُ
مِلِ سنّت جنا وادھائی ॥4॥1॥5॥

ਵਡਹੰਸੁ ਮਹਲਾ ੪ ॥

وڈہنّسُ محلا 4 ॥

ਦੇਹ ਤੇਜਨੜੀ ਹਰਿ ਨਵ ਰੰਗੀਆ ਰਾਮ ॥

دیہ تیجنڑی ہرِ نو رنگِیا رام ॥

ਗੁਰ ਗਿਆਨੁ ਗੁਰੂ ਹਰਿ ਮੰਗੀਆ ਰਾਮ ॥

ਗਿਆਨ ਮੰਗੀ ਹਰਿ ਕਥਾ ਚੰਗੀ
ਹਰਿ ਨਾਮੁ ਗਤਿ ਮਿਤਿ ਜਾਣੀਆ ॥

ਸਭੁ ਜਨਮੁ ਸਫਲਿਉ ਕੀਆ ਕਰਤੈ
ਹਰਿ ਰਾਮ ਨਾਮਿ ਵਖਾਣੀਆ ॥

ਹਰਿ ਰਾਮ ਨਾਮੁ ਸਲਾਹਿ ਹਰਿ ਪ੍ਰਭ
ਹਰਿ ਭਗਤਿ ਹਰਿ ਜਨ ਮੰਗੀਆ ॥

ਜਨੁ ਕਹੈ ਨਾਨਕੁ ਸੁਣਹੁ ਸੰਤਹੁ
ਹਰਿ ਭਗਤਿ ਗੋਵਿੰਦ ਚੰਗੀਆ ॥੧॥

ਦੇਹ ਕੰਚਨ ਜੀਨੁ ਸੁਵਿਨਾ ਰਾਮ ॥

ਜੜਿ ਹਰਿ ਹਰਿ ਨਾਮੁ ਰਤੰਨਾ ਰਾਮ ॥

ਜੜਿ ਨਾਮ ਰਤਨੁ ਗੋਵਿੰਦ ਪਾਇਆ
ਹਰਿ ਮਿਲੇ ਹਰਿ ਗੁਣ ਸੁਖ ਘਣੇ ॥

ਗੁਰ ਸਬਦੁ ਪਾਇਆ ਹਰਿ ਨਾਮੁ ਧਿਆਇਆ
ਵਡਭਾਗੀ ਹਰਿ ਰੰਗ ਹਰਿ ਬਣੇ ॥

ਹਰਿ ਮਿਲੇ ਸੁਆਮੀ ਅੰਤਰਜਾਮੀ
ਹਰਿ ਨਵਤਨ ਹਰਿ ਨਵ ਰੰਗੀਆ ॥

ਨਾਨਕੁ ਵਖਾਣੈ ਨਾਮੁ ਜਾਣੈ
ਹਰਿ ਨਾਮੁ ਹਰਿ ਪ੍ਰਭ ਮੰਗੀਆ ॥੨॥

ਕੜੀਆਲੁ ਮੁਖੇ ਗੁਰਿ ਅੰਕਸੁ ਪਾਇਆ ਰਾਮ ॥

ਮਨੁ ਮੈਗਲੁ
ਗੁਰ ਸਬਦਿ ਵਸਿ ਆਇਆ ਰਾਮ ॥

ਮਨੁ ਵਸਗਤਿ ਆਇਆ ਪਰਮ ਪਦੁ ਪਾਇਆ
ਸਾ ਧਨ ਕੰਤਿ ਪਿਆਰੀ ॥

ਅੰਤਰਿ ਪ੍ਰੇਮੁ ਲਗਾ ਹਰਿ ਸੇਤੀ

گُر گیانُ گُرو ہرِ منگیا رام ॥

گیان منگی ہرِ کتھا چنگی
ہرِ نامُ گتِ مِتِ جاٹیا ॥

سبھُ جنمُ سپھلِءُ کیا کرتے
ہرِ رام نامِ وکھاٹیا ॥

ہرِ رام نامُ سلاحِ ہرِ پربھ
ہرِ بھگتِ ہرِ جن منگیا ॥

جنُ کہے نانکُ سُنہُ سنتہ
ہرِ بھگتِ گووِند چنگیا ॥1॥

دیہ کنچن زینُ سُونا رام ॥

جڑِ ہرِ ہرِ نامُ رتنا رام ॥

جڑِ نام رتنُ گووِند پائیا
ہرِ ملے ہرِ گُن سُکھ گھنے ॥

گُر سبدُ پائیا ہرِ نامُ دھیائیا
وڈبھاگی ہرِ رنگ ہرِ بنے ॥

ہرِ ملے سُیامی انترجامی
ہرِ نوتن ہرِ نو رنگیا ॥

نانکُ وکھانے نامُ جانے
ہرِ نامُ ہرِ پربھ منگیا ॥2॥

کڑیالُ مُکھے گُرِ انکُس پائیا رام ॥

منُ میگلُ
گُر سبدِ وسِ آئیا رام ॥

منُ وسگتِ آئیا پرم پدُ پائیا
سا دھن کنتِ پیاری ॥

انترِ پریمُ لگا ہرِ سیتی

ਘਰਿ ਸੋਹੈ ਹਰਿ ਪ੍ਰਭ ਨਾਰੀ ॥
گھرِ سوہے ہرِ پربھ ناری ॥

ਹਰਿ ਰੰਗਿ ਰਾਤੀ ਸਹਜੇ ਮਾਤੀ
ਹਰਿ ਪ੍ਰਭੁ ਹਰਿ ਹਰਿ ਪਾਇਆ ॥
ہرِ رنگِ راتی سہجے ماتی
ہرِ پربھُ ہرِ ہرِ پائیا ॥

ਨਾਨਕ ਜਨੁ ਹਰਿ ਦਾਸੁ ਕਹਤੁ ਹੈ
ਵਡਭਾਗੀ ਹਰਿ ਹਰਿ ਧਿਆਇਆ ॥੩॥
نانک جنُ ہرِ داسُ کہتُ ہے
وڈبھاگی ہرِ ہرِ دھیائیا ॥3॥

ਦੇਹ ਘੋੜੀ ਜੀ ਜਿਤੁ ਹਰਿ ਪਾਇਆ ਰਾਮ ॥
دیہ گھوڑی جی جِتُ ہرِ پائیا رام ॥

ਮਿਲਿ ਸਤਿਗੁਰ ਜੀ ਮੰਗਲੁ ਗਾਇਆ ਰਾਮ ॥
مِلِ ستِگُر جی منگلُ گائیا رام ॥

ਹਰਿ ਗਾਇ ਮੰਗਲੁ ਰਾਮ ਨਾਮਾ
ਹਰਿ ਸੇਵ ਸੇਵਕ ਸੇਵਕੀ ॥
ہرِ گاءِ منگلُ رام ناما
ہرِ سیو سیوک سیوکی ॥

ਪ੍ਰਭ ਜਾਇ ਪਾਵੈ ਰੰਗ ਮਹਲੀ
ਹਰਿ ਰੰਗੁ ਮਾਣੈ ਰੰਗ ਕੀ ॥
پربھ جاءِ پاوے رنگ محلی
ہرِ رنگُ ماٹے رنگ کی ॥

ਗੁਣ ਰਾਮ ਗਾਏ ਮਨਿ ਸੁਭਾਏ
ਹਰਿ ਗੁਰਮਤੀ ਮਨਿ ਧਿਆਇਆ ॥
گُن رام گائے منِ سُبھائے
ہرِ گُرمتی منِ دھیائیا ॥

ਜਨ ਨਾਨਕ ਹਰਿ ਕਿਰਪਾ ਧਾਰੀ
ਦੇਹ ਘੋੜੀ ਚੜਿ ਹਰਿ ਪਾਇਆ ॥੪॥੨॥੬॥
جن نانک ہرِ کرپا دھاری
دیہ گھوڑی چڑِ ہرِ پائیا ॥4॥2॥6॥

ਰਾਗੁ ਵਡਹੰਸੁ ਮਹਲਾ ੫ ਛੰਤ ਘਰੁ ੪
راگُ وڈہنّس محلا 5 چھنّت گھرُ 4

ੴ ਸਤਿਗੁਰ ਪ੍ਰਸਾਦਿ ॥
ੴ ستِگُر پرسادِ ॥

ਗੁਰ ਮਿਲਿ ਲਧਾ ਜੀ ਰਾਮੁ ਪਿਆਰਾ ਰਾਮ ॥
گُر مِلِ لدھا جی رامُ پیارا رام ॥

ਇਹੁ ਤਨੁ ਮਨੁ ਦਿਤੜਾ ਵਾਰੋ ਵਾਰਾ ਰਾਮ ॥
اِہُ تنُ منُ دِتڑا وارہ وارا رام ॥

ਤਨੁ ਮਨੁ ਦਿਤਾ ਭਵਜਲੁ ਜਿਤਾ
ਚੂਕੀ ਕਾਂਣਿ ਜਮਾਣੀ ॥
تنُ منُ دِتا بھوجلُ جِتا
چوُکی کانّنِ جماٹی ॥

ਅਸਥਿਰੁ ਥੀਆ ਅੰਮ੍ਰਿਤੁ ਪੀਆ
ਰਹਿਆ ਆਵਣ ਜਾਣੀ ॥
استھِرُ تھیا انمّرِتُ پیا
رہیا آونُ جاٹی ॥

ਸੋ ਘਰੁ ਲਧਾ ਸਹਜਿ ਸਮਧਾ
ਹਰਿ ਕਾ ਨਾਮੁ ਅਧਾਰਾ ॥
سو گھرُ لدھا سہجِ سمدھا

ਕਹੁ ਨਾਨਕ ਸੁਖਿ ਮਾਣੇ ਰਲੀਆ
ਗੁਰ ਪੂਰੇ ਕੰਉ ਨਮਸਕਾਰਾ ॥੧॥

ہرِ کا نامُ ادھارا ॥
کہُ نانک سُکھِ ماٹے رلِیا
گُرپوُرے کنّءُ نمسکارا ॥1॥

ਸੁਣਿ ਸਜਣ ਜੀ ਮੈਡੜੇ ਮੀਤਾ ਰਾਮ ॥
ਗੁਰਿ ਮੰਤ੍ਰੁ ਸਬਦੁ ਸਚੁ ਦੀਤਾ ਰਾਮ ॥
ਸਚੁ ਸਬਦੁ ਧਿਆਇਆ ਮੰਗਲੁ ਗਾਇਆ
ਚੂਕੇ ਮਨਹੁ ਅਦੇਸਾ ॥
ਸੋ ਪ੍ਰਭੁ ਪਾਇਆ ਕਤਹਿ ਨ ਜਾਇਆ
ਸਦਾ ਸਦਾ ਸੰਗਿ ਬੈਸਾ ॥
ਪ੍ਰਭ ਜੀ ਭਾਣਾ ਸਚਾ ਮਾਣਾ
ਪ੍ਰਭਿ ਹਰਿ ਧਨੁ ਸਹਜੇ ਦੀਤਾ ॥
ਕਹੁ ਨਾਨਕ ਤਿਸੁ ਜਨ ਬਲਿਹਾਰੀ
ਤੇਰਾ ਦਾਨੁ ਸਭਨੀ ਹੈ ਲੀਤਾ ॥੨॥

سُنِ سجنُ جی میَڈڑے مِیتا رام ॥
گُرِ منّتر سبدُ سچُ دِیتا رام ॥
سچُ سبدُ دھیائِیا منگلُ گائِیا
چھُوکے منہُ ادیسا ॥
سو پّربھُ پائِیا کتہِ ن جائِیا
سدا سدا سنگِ بیَسا ॥
پّربھ جی بھاٹا سچا ماٹا
پّربھِ ہرِ دھنُ سہجے دِیتا ॥
کہُ نانک تِسُ جن بلِہاری
تیرا دانُ سبھنی ہےَ لِیتا ॥2॥

ਤਉ ਭਾਣਾ ਤਾਂ ਤ੍ਰਿਪਤਿ ਅਘਾਏ ਰਾਮ ॥
ਮਨੁ ਥੀਆ ਠੰਢਾ ਸਭ ਤ੍ਰਿਸਨ ਬੁਝਾਏ ਰਾਮ ॥
ਮਨੁ ਥੀਆ ਠੰਢਾ ਚੂਕੀ ਡੰਝਾ
ਪਾਇਆ ਬਹੁਤੁ ਖਜਾਨਾ ॥
ਸਿਖ ਸੇਵਕ ਸਭਿ ਭੁੰਚਣ ਲਗੇ
ਹੰਉ ਸਤਗੁਰ ਕੈ ਕੁਰਬਾਨਾ ॥
ਨਿਰਭਉ ਭਏ ਖਸਮ ਰੰਗਿ ਰਾਤੇ
ਜਮ ਕੀ ਤ੍ਰਾਸ ਬੁਝਾਏ ॥
ਨਾਨਕ ਦਾਸੁ ਸਦਾ ਸੰਗਿ ਸੇਵਕੁ
ਤੇਰੀ ਭਗਤਿ ਕਰੰਉ ਲਿਵ ਲਾਏ ॥੩॥

ت ءُ بھاٹا تاں ترِپتِ اگھائے رام ॥
منُ تھِیا ٹھنڈھا سبھ ترِسن بُجھائے رام ॥
منُ تھِیا ٹھنڈھا چھُوکی ڈنجھا
پائِیا بہُتُ خزانا ॥
سِکھ سیوک سبھِ بھُنچّنُ لگے
ہنّءُ ستگُر کے قُربانا ॥
نِربھءُ بھئے خصم رنگِ راتے
جم کی تّراس بُجھائے ॥
نانک داسُ سدا سنگِ سیوکُ
تیری بھگتِ کرنّءُ لِو لائے ॥3॥

ਪੂਰੀ ਆਸਾ ਜੀ ਮਨਸਾ ਮੇਰੇ ਰਾਮ ॥
ਮੋਹਿ ਨਿਰਗੁਣ ਜੀਉ

پوُری آسا جی منسا میرے رام ۔ ॥
موہِ نِرگُنُ جیِءُ

ਸਭਿ ਗੁਣ ਤੇਰੇ ਰਾਮ ॥

سبھِ گُنؤ تیرے رام ॥

ਸਭਿ ਗੁਣ ਤੇਰੇ ਠਾਕੁਰ ਮੇਰੇ
ਕਿਤੁ ਮੁਖਿ ਤੁਧੁ ਸਾਲਾਹੀ ॥

سبھِ گُنؤ تیرے ٹھاکُر میرے
کِتُ مُکھِ تُدھُ سالاحی ۔ ॥

ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ
ਬਖਸਿ ਲੀਆ ਖਿਨ ਮਾਹੀ ॥

گُنؤ اوگُنؤ میرا کِچھُ ن بیچارِیا
بخشِ لِیا کھِن ماہی ॥

ਨਉ ਨਿਧਿ ਪਾਈ ਵਜੀ ਵਾਧਾਈ
ਵਾਜੇ ਅਨਹਦ ਤੂਰੇ ॥

ن ءُ نِدھِ پائی وجی وادھائی
واجے انہد تُورے ॥

ਕਹੁ ਨਾਨਕ ਮੈ ਵਰੁ ਘਰਿ ਪਾਇਆ
ਮੇਰੇ ਲਾਥੇ ਜੀ ਸਗਲ ਵਿਸੂਰੇ ॥੪॥੧॥

کہُ نانک مے َ ورُ گھرِ پائِیا
میرے لاتھے جی سگل وِسوُرے ॥4॥1॥

ਸਲੋਕੁ ॥

سلوکُ ॥

ਕਿਆ ਸੁਣੇਦੋ ਕੂੜੁ
ਵੰਞਨਿ ਪਵਣ ਝੁਲਾਰਿਆ ॥

کِیا سُنیدہ کوُڑُ
ونجِنِ پونؤ جھُلارِیا ॥

ਨਾਨਕ ਸੁਣੀਅਰ ਤੇ ਪਰਵਾਣੁ
ਜੋ ਸੁਣੇਦੇ ਸਚੁ ਧਣੀ ॥੧॥

نانک سُنیَر تے پروانُ
جو سُنیدے سچُ دھنی ॥1॥

ਛੰਤ ॥

چھنّت ॥

ਤਿਨ ਘੋਲਿ ਘੁਮਾਈ
ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ ॥

تِن گھولِ گھُمائی
جِن پربھُ سّروتی سُنیا رام ॥

ਸੇ ਸਹਜਿ ਸੁਹੇਲੇ
ਜਿਨ ਹਰਿ ਹਰਿ ਰਸਨਾ ਭਣਿਆ ਰਾਮ ॥

سے سہجِ سُہیلے
جِن ہرِ ہرِ رسنا بھنیا رام ॥

ਸੇ ਸਹਜਿ ਸੁਹੇਲੇ ਗੁਣਹ ਅਮੋਲੇ
ਜਗਤ ਉਧਾਰਣ ਆਏ ॥

سے سہجِ سُہیلے گُنہ امولے
جگت اُدھارنؤ آئے ॥

ਭੈ ਬੋਹਿਥ ਸਾਗਰ ਪ੍ਰਭ ਚਰਣਾ
ਕੇਤੇ ਪਾਰਿ ਲਘਾਏ ॥

بھے َ بوہِتھ ساگر پربھ چرنا
کیتے پارِ لگھائے ॥

ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ
ਤਿਨ ਕਾ ਲੇਖਾ ਨ ਗਣਿਆ ॥

جِن کنّ ءُ کرِپا کری میرے َ ٹھاکُرِ
تِن کا لیکھا ن گنِیا ॥

ਕਹੁ ਨਾਨਕ ਤਿਸੁ ਘੋਲਿ ਘੁਮਾਈ
ਜਿਨਿ ਪ੍ਰਭੁ ਸ੍ਰਵਣੀ ਸੁਣਿਆ ॥੧॥

کہُ نانک تِسُ گھولِ گھُمائی
جِنِ پرّبھُ سّروٹی سُنّیا ॥1॥

ਸਲੋਕੁ ॥

سلوکُ ॥

ਲੋਇਣ ਲੋਈ ਡਿਠ
ਪਿਆਸ ਨ ਬੁਝੈ ਮੂ ਘਣੀ ॥

لوئِنْ لوئی ڈِٹھ
پِیاس ن بُجھےَ موُ گھنّی ॥

ਨਾਨਕ ਸੇ ਅਖੜੀਆ ਬਿਅੰਨਿ
ਜਿਨੀ ਡਿਸੰਦੋ ਮਾ ਪਿਰੀ ॥੧॥

نانک سے اکھڑییا بِنّنِ
جِنی ڈِسندّہ ما پِری ॥1॥

ਛੰਤੁ ॥

چھنّتُ ॥

ਜਿਨੀ ਹਰਿ ਪ੍ਰਭੁ ਡਿਠਾ ਤਿਨ ਕੁਰਬਾਣੇ ਰਾਮ ॥

جِنی ہرِ پرّبھُ ڈِٹھا تِن قُربانے رام ॥

ਸੇ ਸਾਚੀ ਦਰਗਹ ਭਾਣੇ ਰਾਮ ॥

سے ساچی درگہ بھانے رام ॥

ਠਾਕੁਰਿ ਮਾਨੇ ਸੇ ਪਰਧਾਨੇ
ਹਰਿ ਸੇਤੀ ਰੰਗਿ ਰਾਤੇ ॥

ٹھاکُرِ مانے سے پردھانے
ہرِ سیتی رنگِ راتے ॥

ਹਰਿ ਰਸਹਿ ਅਘਾਏ ਸਹਜਿ ਸਮਾਏ
ਘਟਿ ਘਟਿ ਰਮਈਆ ਜਾਤੇ ॥

ہرِ رسہِ اگھائے سہجِ سمائے
گھٹِ گھٹِ رمئیِیا جاتے ॥

ਸੇਈ ਸਜਣ ਸੰਤ ਸੇ ਸੁਖੀਏ
ਠਾਕੁਰ ਅਪਣੇ ਭਾਣੇ ॥

سیئی سجنْ سنّت سے سُکھیئے
ٹھاکُر اپنّے بھانّے ॥

ਕਹੁ ਨਾਨਕ ਜਿਨ ਹਰਿ ਪ੍ਰਭੁ ਡਿਠਾ
ਤਿਨ ਕੈ ਸਦ ਕੁਰਬਾਣੇ ॥੨॥

کہُ نانک جِن ہرِ پرّبھُ ڈِٹھا
تِن کے سد قُربانّے ॥2॥

ਸਲੋਕੁ ॥

سلوکُ ॥

ਦੇਹ ਅੰਧਾਰੀ ਅੰਧ
ਸੁੰਞੀ ਨਾਮ ਵਿਹੂਣੀਆ ॥

دیہ اندھاری اندھ
سُنّجی نام وِہوُنّیا ॥

ਨਾਨਕ ਸਫਲ ਜਨੰਮੁ
ਜੈ ਘਟਿ ਵੁਠਾ ਸਚੁ ਧਣੀ ॥੧॥

نانک سپھل جنمُ
جےَ گھٹِ وُٹھا سچُ دھنّی ॥1॥

ਛੰਤੁ ॥

چھنّتُ ॥

ਤਿਨ ਖੰਨੀਐ ਵੰਞਾਂ

تِن کھنّنیِےَ ونّجاں

ਜਿਨ ਮੇਰਾ ਹਰਿ ਪ੍ਰਭੁ ਡੀਠਾ ਰਾਮ ॥
جِن میرا ہرِ پربھُ ڈیٹھا رام ॥

ਜਨ ਚਾਖਿ ਅਘਾਣੇ
ਹਰਿ ਹਰਿ ਅੰਮ੍ਰਿਤੁ ਮੀਠਾ ਰਾਮ ॥
جن چاکھِ اگھانے
ہرِ ہرِ انمرِتُ میٹھا رام ॥

ਹਰਿ ਮਨਹਿ ਮੀਠਾ ਪ੍ਰਭੁ ਤੁਠਾ
ਅਮਿਉ ਵੂਠਾ ਸੁਖ ਭਏ ॥
ہرِ منہِ میٹھا پربھُو توُٹھا
امِءُ ووُٹھا سُکھ بھئے ॥

ਦੁਖ ਨਾਸ ਭਰਮ ਬਿਨਾਸ ਤਨ ਤੇ
ਜਪਿ ਜਗਦੀਸ ਈਸਹ ਜੈ ਜਏ ॥
دُکھ ناس بھرم بِناس تن تے
جپِ جگدیِس ایسہ جے جے ॥

ਮੋਹ ਰਹਤ ਬਿਕਾਰ ਥਾਕੇ
ਪੰਚ ਤੇ ਸੰਗੁ ਤੂਟਾ ॥
موہ رہت بِکار تھاکے
پنچ تے سنگُ توُٹا ॥

ਕਹੁ ਨਾਨਕ ਤਿਨ ਖੰਨੀਐ ਵੰਞਾ
ਜਿਨ ਘਟਿ ਮੇਰਾ ਹਰਿ ਪ੍ਰਭੁ ਵੂਠਾ ॥੩॥
کہُ نانک تِن کھنّنیےَ ونّجا
جِن گھٹِ میرا ہرِ پربھُ ووُٹھا ॥3॥

ਸਲੋਕੁ ॥
سلوکُ ॥

ਜੋ ਲੋੜੀਦੇ ਰਾਮ
ਸੇਵਕ ਸੇਈ ਕਾਂਢਿਆ ॥
جو لوڑیِدے رام
سیوک سیئی کانڈھِیا ॥

ਨਾਨਕ ਜਾਣੇ ਸਤਿ
ਸਾਂਈ ਸੰਤ ਨ ਬਾਹਰਾ ॥੧॥
نانک جانے ستِ
سانئی سنّت ن باہرا ॥1॥

ਛੰਤੁ ॥
چھنّتُ ॥

ਮਿਲਿ ਜਲੁ ਜਲਹਿ ਖਟਾਨਾ ਰਾਮ ॥
مِلِ جلُ جلہِ کھٹانا رام ॥

ਸੰਗਿ ਜੋਤੀ ਜੋਤਿ ਮਿਲਾਨਾ ਰਾਮ ॥
سنگِ جوتی جوتِ مِلانا رام ॥

ਸੰਮਾਇ ਪੂਰਨ ਪੁਰਖ ਕਰਤੇ
ਆਪਿ ਆਪਹਿ ਜਾਣੀਐ ॥
سنّماءِ پوُرن پُرکھ کرتے
آپِ آپہِ جانیّےَ ॥

ਤਹ ਸੁੰਨਿ ਸਹਜਿ ਸਮਾਧਿ ਲਾਗੀ
ਏਕੁ ਏਕੁ ਵਖਾਣੀਐ ॥
تہ سُنّنِ سہجِ سمادھِ لاگی
ایکُ ایکُ وکھانیّےَ ॥

ਆਪਿ ਗੁਪਤਾ ਆਪਿ ਮੁਕਤਾ
ਆਪਿ ਆਪੁ ਵਖਾਨਾ ॥
آپِ گُپتا آپِ مُکتا
آپِ آپُ وکھانا ॥

ਨਾਨਕ ਭ੍ਰਮ ਭੈ ਗੁਣ ਬਿਨਾਸੇ
ਮਿਲਿ ਜਲੁ ਜਲਹਿ ਖਟਾਨਾ ॥੪॥੨॥

نانک بھرم بھے گُن بِناسے
مِلِ جلُ جلہِ کھٹانا ॥4॥2॥

ਵਡਹੰਸੁ ਮਹਲਾ ੫ ॥

وڈہنس محلا 5 ॥

ਪ੍ਰਭ ਕਰਣ ਕਾਰਣ ਸਮਰਥਾ ਰਾਮ ॥
ਰਖੁ ਜਗਤੁ ਸਗਲ ਦੇ ਹਥਾ ਰਾਮ ॥

پربھ کرنٹ کارنٹ سمرتھا رام ॥
رکھُ جگتُ سگل دے ہتھا رام ॥

ਸਮਰਥ ਸਰਣਾ ਜੋਗੁ ਸੁਆਮੀ
ਕ੍ਰਿਪਾ ਨਿਧਿ ਸੁਖਦਾਤਾ ॥

سمرتھ سرنا جوگُ سُیامی
کرِپا نِدھِ سُکھداتا ۔ ॥

ਹੰਉ ਕੁਰਬਾਣੀ ਦਾਸ ਤੇਰੇ
ਜਿਨੀ ਏਕੁ ਪਛਾਤਾ ॥

ہنءُ قُربانٹی داس تیرے
جِنی ایکُ پچھاتا ॥

ਵਰਨੁ ਚਿਹਨੁ ਨ ਜਾਇ ਲਖਿਆ
ਕਥਨ ਤੇ ਅਕਥਾ ॥

ورنُ چِہنُ ن جاءِ لکھیا
کتھن تے اکتھا ॥

ਬਿਨਵੰਤਿ ਨਾਨਕ ਸੁਣਹੁ ਬਿਨਤੀ
ਪ੍ਰਭ ਕਰਣ ਕਾਰਣ ਸਮਰਥਾ ॥੧॥

بِنونتِ نانک سُنہُ بِنتی
پربھ کرنٹ کارنٹ سمرتھا ॥1॥

ਏਹਿ ਜੀਅ ਤੇਰੇ ਤੂ ਕਰਤਾ ਰਾਮ ॥

ایہِ جیء تیرے توُ کرتا رام ॥

ਪ੍ਰਭ ਦੂਖ ਦਰਦ ਭ੍ਰਮ ਹਰਤਾ ਰਾਮ ॥

پربھ دوُکھ درد بھرم ہرتا رام ॥

ਭ੍ਰਮ ਦੂਖ ਦਰਦ ਨਿਵਾਰਿ ਖਿਨ ਮਹਿ
ਰਖਿ ਲੇਹੁ ਦੀਨ ਦੈਆਲਾ ॥

بھرم دوُکھ درد نِوارِ کھِن مہِ
رکھِ لیہُ دِین دیَیالا ۔ ॥

ਮਾਤ ਪਿਤਾ ਸੁਆਮਿ ਸਜਣੁ
ਸਭੁ ਜਗਤੁ ਬਾਲ ਗੋਪਾਲਾ ॥

مات پِتا سُیامِ سجنُ
سبھُ جگتُ بال گوپالا ۔ ॥

ਜੋ ਸਰਣਿ ਆਵੈ ਗੁਣ ਨਿਧਾਨ ਪਾਵੈ
ਸੋ ਬਹੁੜਿ ਜਨਮਿ ਨ ਮਰਤਾ ॥

جو سرنٹِ آوے گُن نِدھان پاوے
سو بہُڑِ جنمِ ن مرتا ॥

ਬਿਨਵੰਤਿ ਨਾਨਕ ਦਾਸੁ ਤੇਰਾ
ਸਭਿ ਜੀਅ ਤੇਰੇ ਤੂ ਕਰਤਾ ॥੨॥

بِنونتِ نانک داسُ تیرا
سبھِ جیء تیرے توُ کرتا ॥2॥

ਆਠ ਪਹਰ ਹਰਿ ਧਿਆਈਐ ਰਾਮ ॥

آٹھ پہر ہرِ دھیائیئے رام ॥

ਮਨ ਇਛਿਅੜਾ ਫਲੁ ਪਾਈਐ ਰਾਮ ॥

من اِچھڑا پھلُ پائیئے رام ॥

ਮਨ ਇਛ ਪਾਈਐ ਪ੍ਰਭੁ ਧਿਆਈਐ
ਮਿਟਹਿ ਜਮ ਕੇ ਤ੍ਰਾਸਾ ॥

من اِچھ پائیئے پربھُ دھیائیئے
مِٹہِ جم کے تراسا ॥

ਗੋਬਿਦੁ ਗਾਇਆ ਸਾਧ ਸੰਗਾਇਆ
ਭਈ ਪੂਰਨ ਆਸਾ ॥

گوبِدُ گائیا سادھ سنگائیا
بھئی پوُرن آسا ॥

ਤਜਿ ਮਾਨੁ ਮੋਹੁ ਵਿਕਾਰ ਸਗਲੇ
ਪ੍ਰਭੂ ਕੈ ਮਨਿ ਭਾਈਐ ॥

تجِ مانُ موہُ وِکار سگلے
پربھوُ کے منِ بھائیئے ॥

ਬਿਨਵੰਤਿ ਨਾਨਕ ਦਿਨਸੁ ਰੈਣੀ
ਸਦਾ ਹਰਿ ਹਰਿ ਧਿਆਈਐ ॥੩॥

بِنونتِ نانک دِنسُ رینّی
سدا ہرِ ہرِ دھیائیئے ॥3॥

ਦਰਿ ਵਾਜਹਿ ਅਨਹਤ ਵਾਜੇ ਰਾਮ ॥

درِ واجہِ انہت واجے رام ॥

ਘਟਿ ਘਟਿ ਹਰਿ ਗੋਬਿੰਦੁ ਗਾਜੇ ਰਾਮ ॥

گھٹِ گھٹِ ہرِ گوبِندُ گاجے رام ॥

ਗੋਵਿਦ ਗਾਜੇ ਸਦਾ ਬਿਰਾਜੇ
ਅਗਮ ਅਗੋਚਰੁ ਊਚਾ ॥

گووِد گاجے سدا بِراجے
اگم اگوچرُ اوُچا ॥

ਗੁਣ ਬੇਅੰਤ ਕਿਛੁ ਕਹਣੁ ਨ ਜਾਈ
ਕੋਇ ਨ ਸਕੈ ਪਹੂਚਾ ॥

گُن بیئنّت کِچھُ کہنُ ن جائی
کوءِ ن سکےَ پہوُچا ॥

ਆਪਿ ਉਪਾਏ ਆਪਿ ਪ੍ਰਤਿਪਾਲੇ
ਜੀਅ ਜੰਤ ਸਭਿ ਸਾਜੇ ॥

آپِ اُپائے آپِ پرتپالے
جیء جنّت سبھِ ساجے ॥

ਬਿਨਵੰਤਿ ਨਾਨਕ ਸੁਖੁ ਨਾਮਿ ਭਗਤੀ
ਦਰਿ ਵਜਹਿ ਅਨਹਦ ਵਾਜੇ ॥੪॥੩॥

بِنونّتِ نانک سُکھُ نامِ بھگتی
درِ وجہِ انہد واجے ॥4॥3॥

ਰਾਗੁ ਵਡਹੰਸੁ ਮਹਲਾ ੧ ਘਰੁ ੫ ਅਲਾਹਣੀਆ

راگُ وڈہنّس محلا 1 گھرُ 5 الاہنّیا

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਧੰਨੁ ਸਿਰੰਦਾ ਸਚਾ ਪਾਤਿਸਾਹੁ
ਜਿਨਿ ਜਗੁ ਧੰਧੈ ਲਾਇਆ ॥

دھنّنُ سِرندّا سچا پاتِشاہُ
جِنِ جگُ دھندّھےَ لائیا ॥

ਮੁਹਲਤਿ ਪੁਨੀ ਪਾਈ ਭਰੀ
ਜਾਨੀਅੜਾ ਘਤਿ ਚਲਾਇਆ ॥

مُہلتِ پُنی پائی بھری
جانیئڑا گھتِ چلائیا ॥

ਜਾਨੀ ਘਤਿ ਚਲਾਇਆ ਲਿਖਿਆ ਆਇਆ
ਰੁੰਨੇ ਵੀਰ ਸਬਾਏ ॥

جانی گھتِ چلائیا لِکھیا آئیا
رُنّنے ویر سبائے ॥

ਕਾਂਇਆ ਹੰਸ ਥੀਆ ਵੇਛੋੜਾ
ਜਾਂ ਦਿਨ ਪੁੰਨੇ ਮੇਰੀ ਮਾਏ ॥

کانئیا ہنّس تھیا ویچھوڑا
جاں دِن پُنّنے میری مائے ۔ ॥

ਜੇਹਾ ਲਿਖਿਆ ਤੇਹਾ ਪਾਇਆ
ਜੇਹਾ ਪੁਰਬਿ ਕਮਾਇਆ ॥

جیہا لِکھیا تیہا پائیا
جیہا پُربِ کمائیا ॥

ਧੰਨੁ ਸਿਰੰਦਾ ਸਚਾ ਪਾਤਿਸਾਹੁ
ਜਿਨਿ ਜਗੁ ਧੰਧੈ ਲਾਇਆ ॥੧॥

دھنّنُ سِرندا سچا پاتِشاہُ
جِنِ جگُ دھندھے لائیا ॥1॥

ਸਾਹਿਬੁ ਸਿਮਰਹੁ ਮੇਰੇ ਭਾਈਹੋ
ਸਭਨਾ ਏਹੁ ਪਇਆਣਾ ॥

صاحِبُ سِمرہُ میرے بھائیہو
سبھنا ایہُ پئیاٹا ॥

ਏਥੈ ਧੰਧਾ ਕੂੜਾ ਚਾਰਿ ਦਿਹਾ
ਆਗੈ ਸਰਪਰ ਜਾਣਾ ॥

ایتھے دھندھا کوُڑا چارِ دِہا
آگے سرپر جاٹا ॥

ਆਗੈ ਸਰਪਰ ਜਾਣਾ ਜਿਉ ਮਿਹਮਾਣਾ
ਕਾਹੇ ਗਾਰਬੁ ਕੀਜੈ ॥

آگے سرپر جاٹا جِءُ مِہماٹا
کاہے گاربُ کیجے ۔ ॥

ਜਿਤੁ ਸੇਵਿਐ ਦਰਗਹ ਸੁਖੁ ਪਾਈਐ
ਨਾਮੁ ਤਿਸੈ ਕਾ ਲੀਜੈ ॥

جِتُ سیوِئے درگہ سُکھُ پائیئے
نامُ تِسے کا لیجے ॥

ਆਗੈ ਹੁਕਮੁ ਨ ਚਲੈ ਮੂਲੇ
ਸਿਰਿ ਸਿਰਿ ਕਿਆ ਵਿਹਾਣਾ ॥

آگے حُکمُ ن چلے مولے
سِرِ سِرِ کیا وِہاٹا ۔ ॥

ਸਾਹਿਬੁ ਸਿਮਰਿਹੁ ਮੇਰੇ ਭਾਈਹੋ
ਸਭਨਾ ਇਹੁ ਪਇਆਣਾ ॥੨॥

صاحِبُ سِمرِہُ میرے بھائیہو
سبھنا اِہُ پئیاٹا ॥2॥

ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ
ਹੀਲੜਾ ਏਹੁ ਸੰਸਾਰੋ ॥

جو تِس بھاوے سمّرتھ سو تھیئے
ہیلڑا ایہُ سنّسارو ॥

ਜਲਿ ਥਲਿ ਮਹੀਅਲਿ ਰਵਿ ਰਹਿਆ
ਸਾਚੜਾ ਸਿਰਜਣਹਾਰੋ ॥

جلِ تھلِ مہیئلِ روِ رہیا
ساچڑا سِرجنّہارو ॥

ਸਾਚਾ ਸਿਰਜਣਹਾਰੋ ਅਲਖ ਅਪਾਰੋ
ਤਾ ਕਾ ਅੰਤੁ ਨ ਪਾਇਆ ॥

ساچا سِرجنّہارو الکھ اپارو

	تا کا انتُ ن پائیا ॥
ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ ॥	آئیا تِن کا سپھلُ بھئیا ہے اِک منِ جِنی دھیائیا ॥
ਢਾਹੇ ਢਾਹਿ ਉਸਾਰੇ ਆਪੇ ਹੁਕਮਿ ਸਵਾਰਣਹਾਰੋ ॥	ڈھاہے ڈھاہِ اُسارے آپے حُکمِ سوارنہارو ॥
ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ॥੩॥	جو تِس بھاوے سمّرتھ سو تھیئے ہیلڑا ایہُ سنّسارو ॥3॥
ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥	نانک رُنّنا بابا جانئیے جے روے لاءِ پیارو ॥
ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ ॥	والیوے کارنِ بابا روئیے روونُ سگل بِکارو ॥
ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ ॥	روونُ سگل بِکارو غافلُ سنّسارو مائیا کارنِ روے ॥
ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ ॥	چنگا منّدا کچھُ سوُجھے ناہی اِہُ تنُ ایوے کھووے ॥
ਐਥੈ ਆਇਆ ਸਭੁ ਕੋ ਜਾਸੀ ਕੂੜਿ ਕਰਹੁ ਅਹੰਕਾਰੋ ॥	ایتھے آئیا سبھُ کو جاسی کوُڑِ کرہُ اہنکارو ॥
ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥੪॥੧॥	نانک رُنّنا بابا جانئیے جے روے لاءِ پیارو ॥4॥1॥
ਵਡਹੰਸੁ ਮਹਲਾ ੧ ॥	وڈہنّس محلا 1 ॥
ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ ॥	آوہُ مِلہُ سہیلیہو سچڑا نامُ لئیہاں ॥
ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ ਸੰਮ੍ਾਲੇਹਾਂ ॥	روہ برہا تن کا آپنا صاحِبُ سمّہالیہاں ॥
ਸਾਹਿਬੁ ਸਮ੍ਾਲਿਹ ਪੰਥੁ ਨਿਹਾਲਿਹ	صاحِبُ سمّہالہ پنتھُ نہالہ

ਅਸਾ ਭਿ ਓਥੈ ਜਾਣਾ ॥

اسا بھِ اوتھےَ جاٹا ॥

ਜਿਸ ਕਾ ਕੀਆ ਤਿਨ ਹੀ ਲੀਆ
ਹੋਆ ਤਿਸੈ ਕਾ ਭਾਣਾ ॥

جِس کا کِیا تِن ہی لِیا
ہویا تِسےَ کا بھاٹا ॥

ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ
ਅਸੀ ਕਿ ਹੁਕਮੁ ਕਰੇਹਾ ॥

جو تِنِ کرِ پائیا سُ آگےَ آئیا
اسی کِ حُکمُ کریہا ۔ ॥

ਆਵਹੁ ਮਿਲਹੁ ਸਹੇਲੀਹੋ
ਸਚੜਾ ਨਾਮੁ ਲਏਹਾ ॥੧॥

آوہُ مِلہُ سہیلیہو
سچڑا نامُ لئیہا ॥1॥

ਮਰਣੁ ਨ ਮੰਦਾ ਲੋਕਾ ਆਖੀਐ
ਜੇ ਮਰਿ ਜਾਣੈ ਐਸਾ ਕੋਇ ॥

مرنُّ ن منّدا لوکا آکھیئےَ
جے مرِ جاٹےَ ایَسا کوءِ ॥

ਸੇਵਿਹੁ ਸਾਹਿਬੁ ਸੰਮ੍ਰਿਥੁ ਆਪਣਾ
ਪੰਥੁ ਸੁਹੇਲਾ ਆਗੈ ਹੋਇ ॥

سیوِہُ صاحِبُ سنّمرتھُ آپٹا
پنّتھُ سُہیلا آگے ہوءِ ॥

ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ
ਆਗੈ ਮਿਲੈ ਵਡਾਈ ॥

پنّتھِ سُہیلےَ جاوہُ تاں پھلُ پاوہُ
آگے مِلےَ وڈائی ॥

ਭੇਟੈ ਸਿਉ ਜਾਵਹੁ ਸਚਿ ਸਮਾਵਹੁ
ਤਾਂ ਪਤਿ ਲੇਖੈ ਪਾਈ ॥

بھیٹےَ سِءُ جاوہُ سچِ سماوہُ
تاں پتِ لیکھےَ پائی ॥

ਮਹਲੀ ਜਾਇ ਪਾਵਹੁ ਖਸਮੈ ਭਾਵਹੁ
ਰੰਗ ਸਿਉ ਰਲੀਆ ਮਾਣੈ ॥

محلی جاءِ پاوہُ خصمےَ بھاوہُ
رنگ سِءُ رلِیا ماٹےَ ॥

ਮਰਣੁ ਨ ਮੰਦਾ ਲੋਕਾ ਆਖੀਐ
ਜੇ ਕੋਈ ਮਰਿ ਜਾਣੈ ॥੨॥

مرنُّ ن منّدا لوکا آکھیئےَ
جے کوئی مرِ جاٹےَ ॥2॥

ਮਰਣੁ ਮੁਣਸਾ ਸੂਰਿਆ ਹਕੁ ਹੈ
ਜੋ ਹੋਇ ਮਰਨਿ ਪਰਵਾਣੋ ॥

مرنُّ مُنسا سوُریا حقُ ہےَ
جو ہوءِ مرنِ پرواٹو ॥

ਸੂਰੇ ਸੇਈ ਆਗੈ ਆਖੀਅਹਿ
ਦਰਗਹ ਪਾਵਹਿ ਸਾਚੀ ਮਾਣੋ ॥

سوُرے سیئی آگے آکھیئہِ
درگہ پاوہِ ساچی ماٹو ॥

ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ
ਆਗੈ ਦੂਖੁ ਨ ਲਾਗੈ ॥

درگہ ماٹُ پاوہِ پتِ سِءُ جاوہِ
آگے دوُکھُ ن لاگے ॥

ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ
ਜਿਤੁ ਸੇਵਿਐ ਭਉ ਭਾਗੈ ॥

ਕرِ ایکُ دھیاوہِ تاں پھلُ پاوہِ
جِتُ سیوِئے بھءُ بھاگے ॥

ਊਚਾ ਨਹੀ ਕਹਣਾ ਮਨ ਮਹਿ ਰਹਣਾ
ਆਪੇ ਜਾਣੈ ਜਾਣੋ ॥

اوُچا نہی کہنّا من مہِ رہنّا
آپے جانےٗ جانّو ॥

ਮਰਣੁ ਮੁਣਸਾਂ ਸੂਰਿਆ ਹਕੁ ਹੈ
ਜੋ ਹੋਇ ਮਰਹਿ ਪਰਵਾਣੋ ॥੩॥

مرنُ مُنّساں سوُریا حقّ ہے
جو ہوءِ مرہِ پرواںّو ॥3॥

ਨਾਨਕ ਕਿਸ ਨੋ ਬਾਬਾ ਰੋਈਐ
ਬਾਜੀ ਹੈ ਇਹੁ ਸੰਸਾਰੋ ॥

نانک کِس نو بابا روئیئے
بازی ہے اِہُ سنّسارو ॥

ਕੀਤਾ ਵੇਖੈ ਸਾਹਿਬੁ ਆਪਣਾ
ਕੁਦਰਤਿ ਕਰੇ ਬੀਚਾਰੋ ॥

کِیتا ویکھے صاحِبُ آپنّا
قُدرتِ کرے بیچارو ॥

ਕੁਦਰਤਿ ਬੀਚਾਰੇ ਧਾਰਣ ਧਾਰੇ
ਜਿਨਿ ਕੀਆ ਸੋ ਜਾਣੈ ॥

قُدرتِ بیچارے دھارنؔ دھارے
جِنِ کِیا سو جانےٗ ॥

ਆਪੇ ਵੇਖੈ ਆਪੇ ਬੂਝੈ
ਆਪੇ ਹੁਕਮ ਪਛਾਣੈ ॥

آپے ویکھے آپے بوُجھے
آپے حُکم پچھانےٗ ॥

ਜਿਨਿ ਕਿਛੁ ਕੀਆ ਸੋਈ ਜਾਣੈ
ਤਾ ਕਾ ਰੂਪੁ ਅਪਾਰੋ ॥

جِنِ کچھُ کِیا سوئی جانےٗ
تا کا روُپُ اپارو ॥

ਨਾਨਕ ਕਿਸ ਨੋ ਬਾਬਾ ਰੋਈਐ
ਬਾਜੀ ਹੈ ਇਹੁ ਸੰਸਾਰੋ ॥੪॥੨॥

نانک کِس نو بابا روئیئے
بازی ہے اِہُ سنّسارو ॥4॥2॥

ਵਡਹੰਸੁ ਮਹਲਾ ੧ ਦਖਣੀ ॥

وڈہنّس محلا 1 دکھنّی ॥

ਸਚੁ ਸਿਰੰਦਾ ਸਚਾ ਜਾਣੀਐ
ਸਚੜਾ ਪਰਵਦਗਾਰੋ ॥

سچُ سِرنّدا سچا جانیئے
سچڑا پرودگارو ॥

ਜਿਨਿ ਆਪੀਨੈ ਆਪੁ ਸਾਜਿਆ
ਸਚੜਾ ਅਲਖ ਅਪਾਰੋ ॥

جِنِ آپینے آپُ ساجِیا
سچڑا الکھ اپارو ॥

ਦੁਇ ਪੁੜ ਜੋੜਿ ਵਿਛੋੜਿਅਨੁ
ਗੁਰ ਬਿਨੁ ਘੋਰੁ ਅੰਧਾਰੋ ॥

دُءِ پُڑ جوڑِ وِچھوڑِئنُ
گُر بِنُ گھورُ انّدھارو ॥

ਸੂਰਜ ਚੰਦੁ ਸਿਰਜਿਅਨੁ
ਅਹਿਨਿਸਿ ਚਲਤੁ ਵੀਚਾਰੋ ॥੧॥

سوُرج چندُ سِرجئنُ
اِہنِس چلتُ وِیچارو ॥1॥

ਸਚੜਾ ਸਾਹਿਬੁ ਸਚੁ ਤੂ
ਸਚੜਾ ਦੇਹਿ ਪਿਆਰੋ ॥ ਰਹਾਉ ॥

سچڑا صاحِبُ سچُ توُ
سچڑا دیہِ پِیارو ॥ رہاءُ ॥

ਤੁਧੁ ਸਿਰਜੀ ਮੇਦਨੀ
ਦੁਖੁ ਸੁਖੁ ਦੇਵਣਹਾਰੋ ॥

تُدھُ سِرجی میدنی
دُکھُ سُکھُ دیوٹہارو ॥

ਨਾਰੀ ਪੁਰਖ ਸਿਰਜਿਐ
ਬਿਖੁ ਮਾਇਆ ਮੋਹੁ ਪਿਆਰੋ ॥

ناری پُرکھ سِرجےَ
بِکھُ مائِیا موہُ پِیارو ॥

ਖਾਣੀ ਬਾਣੀ ਤੇਰੀਆ
ਦੇਹਿ ਜੀਆ ਆਧਾਰੋ ॥

کھانٹی بانٹی تیرِییا
دیہِ جِیِیا آدھارو ॥

ਕੁਦਰਤਿ ਤਖਤੁ ਰਚਾਇਆ
ਸਚਿ ਨਿਬੇੜਣਹਾਰੋ ॥੨॥

قُدرتِ تخت رچائِیا
سچِ نِبیڑٹہارو ॥2॥

ਆਵਾ ਗਵਣੁ ਸਿਰਜਿਆ
ਤੂ ਥਿਰੁ ਕਰਣੈਹਾਰੋ ॥

آوا گونُ سِرجِیا
توُ تھِرُ کرٹیَہارو ॥

ਜੰਮਣੁ ਮਰਣਾ ਆਇ ਗਇਆ
ਬਧਿਕੁ ਜੀਉ ਬਿਕਾਰੋ ॥

جنّمنُ مرٹا آءِ گئیا
بدھِکُ جیِءُ بِکارو ॥

ਭੂਡੜੈ ਨਾਮੁ ਵਿਸਾਰਿਆ
ਬੂਡੜੈ ਕਿਆ ਤਿਸੁ ਚਾਰੋ ॥

بھوُڈڑےَ نامُ وِسارِیا
بوُڈڑےَ کِیا تِس چارو ॥

ਗੁਣ ਛੋਡਿ ਬਿਖੁ ਲਦਿਆ
ਅਵਗੁਣ ਕਾ ਵਣਜਾਰੋ ॥੩॥

گُنٹ چھوڈِ بِکھُ لدِیا
اوگُنٹ کا ونٹجارو ॥3॥

ਸਦੜੇ ਆਏ ਤਿਨਾ ਜਾਨੀਆ
ਹੁਕਮਿ ਸਚੇ ਕਰਤਾਰੋ ॥

صدڑے آئے تِنا جانِیا
حُکمِ سچے کرتارو ॥

ਨਾਰੀ ਪੁਰਖ ਵਿਛੁੰਨਿਆ
ਵਿਛੁੜਿਆ ਮੇਲਣਹਾਰੋ ॥

ناری پُرکھ وِچھُنّنِیا
وِچھُڑِیا میلٹہارو ॥

ਰੂਪੁ ਨ ਜਾਣੈ ਸੋਹਣੀਐ
ਹੁਕਮਿ ਬਧੀ ਸਿਰਿ ਕਾਰੋ ॥

روُپُ ن جانٹےَ سوہنٹیےَ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਬਾਲਕ ਬਿਰਧਿ ਨ ਜਾਣਨੀ
ਤੋੜਨਿ ਹੇਤੁ ਪਿਆਰੋ ॥੪॥

ਨਉ ਦਰਿ ਠਾਕੇ ਹੁਕਮਿ ਸਚੈ
ਹੰਸੁ ਗਇਆ ਗੈਣਾਰੇ ॥

ਸਾ ਧਨ ਛੁਟੀ ਮੁਠੀ ਝੂਠਿ ਵਿਧਣੀਆ
ਮਿਰਤਕੜਾ ਅੰਛਨੜੇ ਬਾਰੇ ॥

ਸੁਰਤਿ ਮੁਈ ਮਰੁ ਮਾਈਏ
ਮਹਲ ਰੁੰਨੀ ਦਰ ਬਾਰੇ ॥

ਰੋਵਹੁ ਕੰਤ ਮਹੇਲੀਹੋ
ਸਚੇ ਕੇ ਗੁਣ ਸਾਰੇ ॥੫॥

ਜਲਿ ਮਲਿ ਜਾਨੀ ਨਾਵਾਲਿਆ
ਕਪੜਿ ਪਟਿ ਅੰਬਾਰੇ ॥

ਵਾਜੇ ਵਜੇ ਸਚੀ ਬਾਣੀਆ
ਪੰਚ ਮੁਏ ਮਨੁ ਮਾਰੇ ॥

ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ
ਧ੍ਰਿਗੁ ਜੀਵਣੁ ਸੰਸਾਰੇ ॥

ਜੀਵਤੁ ਮਰੈ ਸੁ ਜਾਣੀਐ
ਪਿਰ ਸਚੜੈ ਹੇਤਿ ਪਿਆਰੇ ॥੬॥

ਤੁਸੀ ਰੋਵਹੁ ਰੋਵਣ ਆਈਹੋ
ਝੂਠਿ ਮੁਠੀ ਸੰਸਾਰੇ ॥

ਹਉ ਮੁਠੜੀ ਧੰਧੈ ਧਾਵਣੀਆ
ਪਿਰਿ ਛੋਡਿਅੜੀ ਵਿਧਣਕਾਰੇ ॥

ਘਰਿ ਘਰਿ ਕੰਤੁ ਮਹੇਲੀਆ
ਰੂੜੈ ਹੇਤਿ ਪਿਆਰੇ ॥

ਹُکمِ بدھی سِرِ کارو ॥

بالک بِردھِ ن جانئی
توڑنِ ہیتُ پِیارو ॥4॥

ن ءُ درِ ٹھاکے حُکمِ سچے
ہنّس گیّا گیٹّارے ॥

سا دھن چھُٹی مُٹھی جھوُٹھِ وِدھٹّیا
مِرتکڑا انگنّڑے بارے ॥

سُرتِ مُئی مرُ مائیے
محل رُنّی در بارے ॥

رووہُ کنّت مہیلیہو
سچے کے گُنٹ سارے ॥5॥

جلِ مِلِ جانی ناوالیا
کپڑِ پٹِ انبّارے ॥

واجے وجے سچی باٹّیا
پنچ مُے منُ مارے ॥

جانی وِچھُنّڑے میرا مرنُّ بھیّا
دھّرِگُ جیِونُّ سنّسارے ॥

جیِوتُ مرے سُ جانٹّیے
پِر سچڑے ہیتِ پِیارے ॥6॥

تُسی رووہُ روونٹّ آئیہو
جھوُٹھِ مُٹھی سنّسارے ॥

ہءُ مُٹھڑی دھنّدھے دھاوٹّیا
پِر چھوڈِڑی وِدھنٹّکارے ॥

گھرِ گھرِ کنّتُ مہیلیا
روُڑے ہیتِ پِیارے ॥

ਮੈ ਪਿਰੁ ਸਚੁ ਸਲਾਹਣਾ
ਹਉ ਰਹਸਿਅੜੀ ਨਾਮਿ ਭਤਾਰੇ ॥੭॥

مے پِرُ سچُ سلاحنا
ہءُ رہسِیڑی نامِ بھتارے ॥7॥

ਗੁਰਿ ਮਿਲਿਐ ਵੇਸੁ ਪਲਟਿਆ
ਸਾ ਧਨ ਸਚੁ ਸੀਗਾਰੋ ॥

گُرِ مِلِیَ ویسُ پلٹِیا
سا دھن سچُ سِیگارو ॥

ਆਵਹੁ ਮਿਲਹੁ ਸਹੇਲੀਹੋ
ਸਿਮਰਹੁ ਸਿਰਜਣਹਾਰੋ ॥

آوہُ مِلہُ سہیلیِہو
سِمرہُ سِرجنہارو ॥

ਬਈਅਰਿ ਨਾਮਿ ਸੋਹਾਗਣੀ
ਸਚੁ ਸਵਾਰਣਹਾਰੋ ॥

بئیَرِ نامِ سوہاگنی
سچُ سوارنہارو ॥

ਗਾਵਹੁ ਗੀਤੁ ਨ ਬਿਰਹੜਾ
ਨਾਨਕ ਬ੍ਰਹਮ ਬੀਚਾਰੋ ॥੮॥੩॥

گاوہُ گیتُ ن بِرہڑا
نانک برّہم بیچارو ॥8॥3॥

ਵਡਹੰਸੁ ਮਹਲਾ ੧ ॥

وڈہنّسُ محلا 1 ॥

ਜਿਨਿ ਜਗੁ ਸਿਰਜਿ ਸਮਾਇਆ
ਸੋ ਸਾਹਿਬੁ ਕੁਦਰਤਿ ਜਾਣੋਵਾ ॥

جِنِ جگُ سِرجِ سمائِیا
سو صاحِبُ قُدرتِ جانُووا ॥

ਸਚੜਾ ਦੂਰਿ ਨ ਭਾਲੀਐ
ਘਟਿ ਘਟਿ ਸਬਦੁ ਪਛਾਣੋਵਾ ॥

سچڑا دوُرِ ن بھالیِئے
گھٹِ گھٹِ سبدُ پچھانُووا ॥

ਸਚੁ ਸਬਦੁ ਪਛਾਣਹੁ ਦੂਰਿ ਨ ਜਾਣਹੁ
ਜਿਨਿ ਏਹ ਰਚਨਾ ਰਾਚੀ ॥

سچُ سبدُ پچھانہُ دوُرِ ن جانہُ
جِنِ ایہ رچنا راچی ॥

ਨਾਮੁ ਧਿਆਏ ਤਾ ਸੁਖੁ ਪਾਏ
ਬਿਨੁ ਨਾਵੈ ਪਿੜ ਕਾਚੀ ॥

نامُ دھِیائے تا سُکھُ پائے
بِنُ ناوے پڑِ کاچی ॥

ਜਿਨਿ ਥਾਪੀ ਬਿਧਿ ਜਾਣੈ ਸੋਈ
ਕਿਆ ਕੋ ਕਹੈ ਵਖਾਣੋ ॥

جِنِ تھاپی بِدھِ جانئے سوئی
کِیا کو کہے وکھانُو ۔ ॥

ਜਿਨਿ ਜਗੁ ਥਾਪਿ ਵਤਾਇਆ ਜਾਲੋ
ਸੋ ਸਾਹਿਬੁ ਪਰਵਾਣੋ ॥੧॥

جِنِ جگُ تھاپِ وتائِیا جالو
سو صاحِبُ پروانُو ॥1॥

ਬਾਬਾ ਆਇਆ ਹੈ ਉਠਿ ਚਲਣਾ
ਅਧ ਪੰਧੈ ਹੈ ਸੰਸਾਰੋਵਾ ॥

بابا آئِیا ہے اُٹھِ چلنا
ادھ پنّدھے ہے سنّساروُوا ॥

ਸਿਰਿ ਸਿਰਿ ਸਚੜੈ ਲਿਖਿਆ
ਦੁਖੁ ਸੁਖੁ ਪੁਰਬਿ ਵੀਚਾਰੋਵਾ ॥

سِرِ سِرِ سچڑے لِکھیا
دُکھُ سُکھُ پُربِ ویچارووا ॥

ਦੁਖੁ ਸੁਖੁ ਦੀਆ ਜੇਹਾ ਕੀਆ
ਸੋ ਨਿਬਹੈ ਜੀਅ ਨਾਲੇ ॥

دُکھُ سُکھُ دِییا جیہا کِییا
سو نِبہے جیء نالے ॥

ਜੇਹੇ ਕਰਮ ਕਰਾਏ ਕਰਤਾ
ਦੂਜੀ ਕਾਰ ਨ ਭਾਲੇ ॥

جیہے کرم کرائے کرتا
دوُجی کار ن بھالے ॥

ਆਪਿ ਨਿਰਾਲਮੁ ਧੰਧੈ ਬਾਧੀ
ਕਰਿ ਹੁਕਮੁ ਛਡਾਵਣਹਾਰੋ ॥

آپِ نِرالمُ دھندھے َبادھی
کرِ حُکمُ چھڈاونہارو ॥

ਅਜੁ ਕਲਿ ਕਰਦਿਆ ਕਾਲੁ ਬਿਆਪੈ
ਦੂਜੈ ਭਾਇ ਵਿਕਾਰੋ ॥੨॥

اجُ کلِ کردِیا کالُ بِیاپے
دوُجے َبھاءِ وِکارو ॥2॥

ਜਮ ਮਾਰਗ ਪੰਥੁ ਨ ਸੁਝਈ
ਉਝੜੁ ਅੰਧ ਗੁਬਾਰੋਵਾ ॥

جم مارگ پنتھُ ن سُجھئی
اُجھڑُ اندھ غُبارووا ॥

ਨਾ ਜਲੁ ਲੇਫ ਤੁਲਾਈਆ
ਨਾ ਭੋਜਨ ਪਰਕਾਰੋਵਾ ॥

نا جلُ لیف تُلائِیا
نا بھوجن پرکارووا ॥

ਭੋਜਨ ਭਾਉ ਨ ਠੰਢਾ ਪਾਣੀ
ਨਾ ਕਾਪੜੁ ਸੀਗਾਰੋ ॥

بھوجن بھاءُ ن ٹھنڈھا پانٹی
نا کاپڑُ سیِگارو ॥

ਗਲਿ ਸੰਗਲੁ ਸਿਰਿ ਮਾਰੇ ਊਭੌ
ਨਾ ਦੀਸੈ ਘਰ ਬਾਰੋ ॥

گلِ سنگلُ سِرِ مارے اوُبھوَ
نا دیسے َگھر بارو ॥

ਇਬ ਕੇ ਰਾਹੇ ਜੰਮਨਿ ਨਾਹੀ
ਪਛੁਤਾਣੇ ਸਿਰਿ ਭਾਰੋ ॥

اِب کے راہے جنّمنِ ناہی
پچھُتانٹے سِرِ بھارو ॥

ਬਿਨੁ ਸਾਚੇ ਕੋ ਬੇਲੀ ਨਾਹੀ
ਸਾਚਾ ਏਹੁ ਬੀਚਾਰੋ ॥੩॥

بِنُ ساچے کو بیلی ناہی
ساچا ایہُ بیچارو ॥3॥

ਬਾਬਾ ਰੋਵਹਿ ਰਵਹਿ ਸੁ ਜਾਣੀਅਹਿ
ਮਿਲਿ ਰੋਵੈ ਗੁਣ ਸਾਰੇਵਾ ॥

بابا رووہِ روہِ سُ جانٹیئہِ
مِلِ رووے َگُن ساریوا ॥

ਰੋਵੈ ਮਾਇਆ ਮੁਠੜੀ
ਧੰਧੜਾ ਰੋਵਣਹਾਰੇਵਾ ॥

رووے َمائیا مُٹھڑی

ਧੰਧਾ ਰੋਵੈ ਮੈਲੁ ਨ ਧੋਵੈ
ਸੁਪਨੰਤਰੁ ਸੰਸਾਰੋ ॥

دھندھا رووے میَلُ ن دھووے
سُپننّترُ سنّسارو ॥

ਜਿਉ ਬਾਜੀਗਰੁ ਭਰਮੈ ਭੂਲੈ
ਝੂਠਿ ਮੁਠੀ ਅਹੰਕਾਰੋ ॥

جِءُ بازیگرُ بھرمے بھوُلے
جھوُٹھِ مُٹھی اہنکارو ॥

ਆਪੇ ਮਾਰਗਿ ਪਾਵਣਹਾਰਾ
ਆਪੇ ਕਰਮ ਕਮਾਏ ॥

آپے مارگِ پاوٹہارا
آپے کرم کمائے ॥

ਨਾਮਿ ਰਤੇ ਗੁਰਿ ਪੂਰੈ ਰਾਖੇ
ਨਾਨਕ ਸਹਜਿ ਸੁਭਾਏ ॥੪॥੪॥

نامِ رتے گُرِ پوُرے راکھے
نانک سہجِ سُبھائے ॥4॥4॥

ਵਡਹੰਸੁ ਮਹਲਾ ੧ ॥

وڈہنّسُ محلا 1 ॥

ਬਾਬਾ ਆਇਆ ਹੈ ਉਠਿ ਚਲਣਾ
ਇਹੁ ਜਗੁ ਝੂਠੁ ਪਸਾਰੋਵਾ ॥

بابا آئیا ہے اُٹھِ چلنّا
اِہُ جگُ جھوُٹھُ پساروا ॥

ਸਚਾ ਘਰੁ ਸਚੜੈ ਸੇਵੀਐ
ਸਚੁ ਖਰਾ ਸਚਿਆਰੋਵਾ ॥

سچا گھرُ سچڑے سیویَے
سچُ کھرا سچیاروا ॥

ਕੂੜਿ ਲਬਿ ਜਾਂ ਥਾਇ ਨ ਪਾਸੀ
ਅਗੈ ਲਹੈ ਨ ਠਾਓ ॥

کوُڑِ لبِ جاں تھاءِ ن پاسی
اگے لہے ن ٹھائو ॥

ਅੰਤਰਿ ਆਉ ਨ ਬੈਸਹੁ ਕਹੀਐ
ਜਿਉ ਸੁੰਞੈ ਘਰਿ ਕਾਓ ॥

انترِ آءُ ن بیَسہُ کہیَے
جِءُ سُنّجے گھرِ کائو ॥

ਜੰਮਣੁ ਮਰਣੁ ਵਡਾ ਵੇਛੋੜਾ
ਬਿਨਸੈ ਜਗੁ ਸਬਾਏ ॥

جنمّنُ مرنُ وڈا ویچھوڑا
بِنسے جگُ سبائے ॥

ਲਬਿ ਧੰਧੈ ਮਾਇਆ ਜਗਤੁ ਭੁਲਾਇਆ
ਕਾਲੁ ਖੜਾ ਰੂਆਏ ॥੧॥

لبِ دھندّھے مائیا جگتُ بھُلائیا
کالُ کھڑا روُیائے ॥1॥

ਬਾਬਾ ਆਵਹੁ ਭਾਈਹੋ ਗਲਿ ਮਿਲਹ
ਮਿਲਿ ਮਿਲਿ ਦੇਹ ਆਸੀਸਾ ਹੇ ॥

بابا آوہُ بھائیہو گلِ ملہ
مِلِ مِلِ دیہ آسیسا ہے ॥

ਬਾਬਾ ਸਚੜਾ ਮੇਲੁ ਨ ਚੁਕਈ

بابا سچڑا میلُ ن چُکئی

ਪ੍ਰੀਤਮ ਕੀਆ ਦੇਹ ਅਸੀਸਾ ਹੇ ॥

پریتم کیا دیہ اسیسا ہے ॥

ਆਸੀਸਾ ਦੇਵਹੋ ਭਗਤਿ ਕਰੇਵਹੋ
ਮਿਲਿਆ ਕਾ ਕਿਆ ਮੇਲੋ ॥

آسیسا دیوہو بھگتِ کریوہو
مِلیا کا کیا میلو ۔ ॥

ਇਕਿ ਭੂਲੇ ਨਾਵਹੁ ਥੇਹਹੁ ਥਾਵਹੁ
ਗੁਰ ਸਬਦੀ ਸਚੁ ਖੇਲੋ ॥

اِکِ بھُولے ناوہُ تھیہہُ تھاوہُ
گُر سبدی سچُ کھیلو ॥

ਜਮ ਮਾਰਗਿ ਨਹੀ ਜਾਣਾ ਸਬਦਿ ਸਮਾਣਾ
ਜੁਗਿ ਜੁਗਿ ਸਾਚੈ ਵੇਸੇ ॥

جم مارگِ نہی جاٹا سبدِ سماٹا
جُگِ جُگِ ساچےَ ویسے ॥

ਸਾਜਨ ਸੈਣ ਮਿਲਹੁ ਸੰਜੋਗੀ
ਗੁਰ ਮਿਲਿ ਖੋਲੇ ਫਾਸੇ ॥੨॥

ساجن سینٞ مِلہُ سنجوگی
گُر مِلِ کھولے پھاسے ॥2॥

ਬਾਬਾ ਨਾਂਗੜਾ ਆਇਆ ਜਗ ਮਹਿ
ਦੁਖੁ ਸੁਖੁ ਲੇਖੁ ਲਿਖਾਇਆ ॥

بابا نانگڑا آئیا جگ مہِ
دُکھُ سُکھُ لیکھُ لِکھائیا ॥

ਲਿਖਿਅੜਾ ਸਾਹਾ ਨਾ ਟਲੈ
ਜੇਹੜਾ ਪੁਰਬਿ ਕਮਾਇਆ ॥

لِکھِڑا ساہا نا ٹلےَ
جیہڑا پُربِ کمائیا ॥

ਬਹਿ ਸਾਚੈ ਲਿਖਿਆ ਅੰਮ੍ਰਿਤੁ ਬਿਖਿਆ
ਜਿਤੁ ਲਾਇਆ ਤਿਤੁ ਲਾਗਾ ॥

بہِ ساچےَ لِکھیا انمّرِتُ بِکھیا
جِتُ لائیا تِتُ لاگا ॥

ਕਾਮਣਿਆਰੀ ਕਾਮਣ ਪਾਏ
ਬਹੁ ਰੰਗੀ ਗਲਿ ਤਾਗਾ ॥

کامٹیاری کامنٞ پائے
بہُ رنگی گلِ تاگا ॥

ਹੋਛੀ ਮਤਿ ਭਇਆ ਮਨੁ ਹੋਛਾ
ਗੁੜੁ ਸਾ ਮਖੀ ਖਾਇਆ ॥

ہوچھی متِ بھئیا منُ ہوچھا
گُڑُ سا مکھی کھائیا ॥

ਨਾ ਮਰਜਾਦੁ ਆਇਆ ਕਲਿ ਭੀਤਰਿ
ਨਾਂਗੋ ਬੰਧਿ ਚਲਾਇਆ ॥੩॥

نا مرجادُ آئیا کلِ بھیترِ
نانگو بنّدھِ چلائیا ॥3॥

ਬਾਬਾ ਰੋਵਹੁ ਜੇ ਕਿਸੈ ਰੋਵਣਾ
ਜਾਨੀਅੜਾ ਬੰਧਿ ਪਠਾਇਆ ਹੈ ॥

بابا روہُ جے کِسےَ روٹا
جانیئڑا بنّدھِ پٹھائیا ہےَ ॥

ਲਿਖਿਅੜਾ ਲੇਖੁ ਨ ਮੇਟੀਐ
ਦਰਿ ਹਾਕਾਰੜਾ ਆਇਆ ਹੈ ॥

لِکھِڑا لیکھُ ن میٹیئےَ
درِ ہاکارڑا آئیا ہےَ ॥

ਹਾਕਾਰਾ ਆਇਆ ਜਾ ਤਿਸੁ ਭਾਇਆ
ਰੁੰਨੇ ਰੋਵਣਹਾਰੇ ॥

ہاکارا آئیا جا تِس بھائیا
رُنّنے روونہارے ॥

ਪੁਤ ਭਾਈ ਭਾਤੀਜੇ ਰੋਵਹਿ
ਪ੍ਰੀਤਮ ਅਤਿ ਪਿਆਰੇ ॥

پُت بھائی بھاتیجے روونہِ
پریتم اتِ پیارے ॥

ਭੈ ਰੋਵੈ ਗੁਣ ਸਾਰਿ ਸਮਾਲੇ
ਕੋ ਮਰੈ ਨ ਮੁਇਆ ਨਾਲੇ ॥

بھے روویَ گُن سارِ سمالے
کو مرے ن مُئیا نالے ॥

ਨਾਨਕ ਜੁਗਿ ਜੁਗਿ ਜਾਣ ਸਿਜਾਣਾ
ਰੋਵਹਿ ਸਚੁ ਸਮਾਲੇ ॥੪॥੫॥

نانک جُگِ جُگِ جانُ سِجانا
روونہِ سچُ سمالے ॥4॥5॥

ਵਡਹੰਸੁ ਮਹਲਾ ੩ ਮਹਲਾ ਤੀਜਾ

وڈہنّس محلا 3 محلا تیجا

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਪ੍ਰਭੁ ਸਚੜਾ ਹਰਿ ਸਾਲਾਹੀਐ
ਕਾਰਜੁ ਸਭੁ ਕਿਛੁ ਕਰਣੈ ਜੋਗੁ ॥

پربھُ سچڑا ہرِ سالاحیئے
کارجُ سبھُ کِچھُ کرنّے جوگُ ॥

ਸਾ ਧਨ ਰੰਡ ਨ ਕਬਹੂ ਬੈਸਈ
ਨਾ ਕਦੇ ਹੋਵੈ ਸੋਗੁ ॥

سا دھن رنّڈ ن کبہوُ بیسئی
نا کدے ہووے سوگُ ॥

ਨਾ ਕਦੇ ਹੋਵੈ ਸੋਗੁ ਅਨਦਿਨੁ ਰਸ ਭੋਗ
ਸਾ ਧਨ ਮਹਲਿ ਸਮਾਣੀ ॥

نا کدے ہووے سوگُ اندِنُ رس بھوگ
سا دھن محلِ سمانّی ॥

ਜਿਨਿ ਪ੍ਰਿਉ ਜਾਤਾ ਕਰਮ ਬਿਧਾਤਾ
ਬੋਲੇ ਅੰਮ੍ਰਿਤ ਬਾਣੀ ॥

جِنِ پریءُ جاتا کرم بِدھاتا
بولے انّمرِت بانّی ॥

ਗੁਣਵੰਤੀਆ ਗੁਣ ਸਾਰਹਿ ਅਪਣੇ ਕੰਤ ਸਮਾਲਹਿ
ਨਾ ਕਦੇ ਲਗੈ ਵਿਜੋਗੋ ॥

گُنوَنتیا گُن سارہِ اپنّے کنّت سمالہِ
نا کدے لگےَ وِجوگو ॥

ਸਚੜਾ ਪਿਰੁ ਸਾਲਾਹੀਐ
ਸਭੁ ਕਿਛੁ ਕਰਣੈ ਜੋਗੋ ॥੧॥

سچڑا پِرُ سالاحیئے
سبھُ کِچھُ کرنّے جوگو ॥1॥

ਸਚੜਾ ਸਾਹਿਬੁ ਸਬਦਿ ਪਛਾਣੀਐ
ਆਪੇ ਲਏ ਮਿਲਾਏ ॥

سچڑا صاحِبُ سبدِ پچھانّیئے
آپے لئے مِلائے ॥

ਸਾ ਧਨ ਪ੍ਰਿਅ ਕੈ ਰੰਗਿ ਰਤੀ

سا دھن پریء کے رنگِ رتی

ਵਿਚਹੁ ਆਪੁ ਗਵਾਏ ॥

وِچہُ آپُ گوائے ॥

ਵਿਚਹੁ ਆਪੁ ਗਵਾਏ ਫਿਰਿ ਕਾਲੁ ਨ ਖਾਏ
ਗੁਰਮੁਖਿ ਏਕੋ ਜਾਤਾ ॥

وِچہُ آپُ گوائے پھِرِ کالُ ن کھائے
گُرمُکھِ ایکو جاتا ॥

ਕਾਮਣਿ ਇਛ ਪੁੰਨੀ ਅੰਤਰਿ ਭਿੰਨੀ
ਮਿਲਿਆ ਜਗਜੀਵਨੁ ਦਾਤਾ ॥

کامنِ اِچھ پُنّنی انتَرِ بھِنّنی
مِلیا جگجیونُ داتا ॥

ਸਬਦ ਰੰਗਿ ਰਾਤੀ ਜੋਬਨਿ ਮਾਤੀ
ਪਿਰ ਕੈ ਅੰਕਿ ਸਮਾਏ ॥

سبد رنگِ راتی جوبنِ ماتی
پِر کے انکِ سمائے ॥

ਸਚੜਾ ਸਾਹਿਬੁ ਸਬਦਿ ਪਛਾਣੀਐ
ਆਪੇ ਲਏ ਮਿਲਾਏ ॥੨॥

سچڑا صاحِبُ سبدِ پچھانیئے
آپے لے مِلائے ॥2॥

ਜਿਨੀ ਆਪਣਾ ਕੰਤੁ ਪਛਾਣਿਆ
ਹਉ ਤਿਨ ਪੂਛਉ ਸੰਤਾ ਜਾਏ ॥

جِنی آپنا کنتُ پچھانیا
ہءُ تِن پوُچھءُ سنتا جائے ॥

ਆਪੁ ਛੋਡਿ ਸੇਵਾ ਕਰੀ
ਪਿਰੁ ਸਚੜਾ ਮਿਲੈ ਸਹਜਿ ਸੁਭਾਏ ॥

آپُ چھوڈِ سیوا کری
پِرُ سچڑا مِلے سہجِ سُبھائے ॥

ਪਿਰੁ ਸਚਾ ਮਿਲੈ ਆਏ ਸਾਚੁ ਕਮਾਏ
ਸਾਚਿ ਸਬਦਿ ਧਨ ਰਾਤੀ ॥

پِرُ سچا مِلے آئے ساچُ کمائے
ساچِ سبدِ دھن راتی ॥

ਕਦੇ ਨ ਰਾਂਡ ਸਦਾ ਸੋਹਾਗਣਿ
ਅੰਤਰਿ ਸਹਜ ਸਮਾਧੀ ॥

کدے ن رانڈ سدا سوہاگنِ
انتَرِ سہج سمادھی ॥

ਪਿਰੁ ਰਹਿਆ ਭਰਪੂਰੇ ਵੇਖੁ ਹਦੂਰੇ
ਰੰਗੁ ਮਾਣੇ ਸਹਜਿ ਸੁਭਾਏ ॥

پِرُ رہِیا بھرپوُرے ویکھُ حدوُرے
رنگُ مانے سہجِ سُبھائے ॥

ਜਿਨੀ ਆਪਣਾ ਕੰਤੁ ਪਛਾਣਿਆ
ਹਉ ਤਿਨ ਪੂਛਉ ਸੰਤਾ ਜਾਏ ॥੩॥

جِنی آپنا کنتُ پچھانیا
ہءُ تِن پوُچھءُ سنتا جائے ॥3॥

ਪਿਰਹੁ ਵਿਛੁੰਨੀਆ ਭੀ ਮਿਲਹ
ਜੇ ਸਤਿਗੁਰ ਲਾਗਹ ਸਾਚੇ ਪਾਏ ॥

پِرہُ وِچھُنّنیا بھی مِلہ
جے ستِگُر لاگہ ساچے پائے ॥

ਸਤਿਗੁਰੁ ਸਦਾ ਦਇਆਲੁ ਹੈ
ਅਵਗੁਣ ਸਬਦਿ ਜਲਾਏ ॥

ستِگُر سدا دئیالُ ہے
اوگُنُ سبدِ جلائے ॥

ਅਉਗੁਣ ਸਬਦਿ ਜਲਾਏ ਦੂਜਾ ਭਾਉ ਗਵਾਏ
ਸਚੇ ਹੀ ਸਚਿ ਰਾਤੀ ॥

اَنگُنؔ سبدِ جلائے دوُجا بھاءُ گوائے
سچے ہی سچِ راتی ॥

ਸਚੈ ਸਬਦਿ ਸਦਾ ਸੁਖੁ ਪਾਇਆ
ਹਉਮੈ ਗਈ ਭਰਾਤੀ ॥

سچےَ سبدِ سدا سُکھُ پائیا
ہئمےَ گئی بھراتی ॥

ਪਿਰੁ ਨਿਰਮਾਇਲੁ ਸਦਾ ਸੁਖਦਾਤਾ
ਨਾਨਕ ਸਬਦਿ ਮਿਲਾਏ ॥

پِرُ نِرمائِلُ سدا سُکھداتا
نانک سبدِ مِلائے ॥

ਪਿਰਹੁ ਵਿਛੁੰਨੀਆ ਭੀ ਮਿਲਹ
ਜੇ ਸਤਿਗੁਰ ਲਾਗਹ ਸਾਚੇ ਪਾਏ ॥੪॥੧॥

پِرہُ وِچھُنّیا بھی مِلہ
جے ستِگُر لاگہ ساچے پائے ॥4॥1॥

ਵਡਹੰਸੁ ਮਹਲਾ ੩ ॥

وڈہنّس محلا 3 ॥

ਸੁਣਿਅਹੁ ਕੰਤ ਮਹੇਲੀਹੋ
ਪਿਰੁ ਸੇਵਹਿ ਸਬਦਿ ਵੀਚਾਰਿ ॥

سُنِیہُ کنّت مہیلیہو
پِرُ سیوہِ سبدِ وِیچارِ ॥

ਅਵਗਣਵੰਤੀ ਪਿਰੁ ਨ ਜਾਣਈ
ਮੁਠੀ ਰੋਵੈ ਕੰਤ ਵਿਸਾਰਿ ॥

اوگنُوَنتی پِرُ ن جانئی
مُٹھی روِوے کنّت وِسارِ ॥

ਰੋਵੈ ਕੰਤ ਸੰਮਾਲਿ ਸਦਾ ਗੁਣ ਸਾਰਿ
ਨਾ ਪਿਰੁ ਮਰੈ ਨ ਜਾਏ ॥

روِوے کنّت سنّمالِ سدا گُنؔ سارِ
نا پِرُ مرےَ ن جائے ॥

ਗੁਰਮੁਖਿ ਜਾਤਾ ਸਬਦਿ ਪਛਾਤਾ
ਸਾਚੈ ਪ੍ਰੇਮਿ ਸਮਾਏ ॥

گُرمُکھِ جاتا سبدِ پچھاتا
ساچےَ پرّیمِ سمائے ॥

ਜਿਨਿ ਅਪਣਾ ਪਿਰੁ ਨਹੀ ਜਾਤਾ ਕਰਮ ਬਿਧਾਤਾ
ਕੂੜਿ ਮੁਠੀ ਕੂੜਿਆਰੇ ॥

جِنِ اپنّا پِرُ نہی جاتا کرم بِدھاتا
کوُڑِ مُٹھی کوُڑِیارے ॥

ਸੁਣਿਅਹੁ ਕੰਤ ਮਹੇਲੀਹੋ
ਪਿਰੁ ਸੇਵਿਹੁ ਸਬਦਿ ਵੀਚਾਰੇ ॥੧॥

سُنِیہُ کنّت مہیلیہو
پِرُ سیوِہُ سبدِ وِیچارے ॥1॥

ਸਭੁ ਜਗੁ ਆਪਿ ਉਪਾਇਓਨੁ
ਆਵਣੁ ਜਾਣੁ ਸੰਸਾਰਾ ॥

سبھُ جگُ آپِ اُپائیئونُ
آونُ جانُ سنّسارا ॥

ਮਾਇਆ ਮੋਹੁ ਖੁਆਇਅਨੁ
ਮਰਿ ਜੰਮੈ ਵਾਰੋ ਵਾਰਾ ॥

مائیا موہُ کھُیائیئنُ
مرِجنّمےَ وارو وارا ॥

ਮਰਿ ਜੰਮੈ ਵਾਰੋ ਵਾਰਾ ਵਧਹਿ ਬਿਕਾਰਾ
ਗਿਆਨ ਵਿਹੂਣੀ ਮੂਠੀ ॥

مرِ جنمَے وارو وارا ودھہِ بِکارا
گیان وِہوُنی موُٹھی ॥

ਬਿਨੁ ਸਬਦੈ ਪਿਰੁ ਨ ਪਾਇਓ ਜਨਮੁ ਗਵਾਇਓ
ਰੋਵੈ ਅਵਗੁਣਿਆਰੀ ਝੂਠੀ ॥

بِنُ سبدے پِرُ ن پائیو جنمُ گوائیو
روے اوگُنیاری جھوُٹھی ॥

ਪਿਰੁ ਜਗਜੀਵਨੁ ਕਿਸ ਨੋ ਰੋਈਐ
ਰੋਵੈ ਕੰਤੁ ਵਿਸਾਰੇ ॥

پِرُ جگجیونُ کِس نو روئیَے
روے کنّتُ وِسارے ॥

ਸਭੁ ਜਗੁ ਆਪਿ ਉਪਾਇਓਨੁ
ਆਵਣੁ ਜਾਣੁ ਸੰਸਾਰੇ ॥੨॥

سبھُ جگُ آپِ اُپائیونُ
آونُ جانُ سنّسارے ॥2॥

ਸੋ ਪਿਰੁ ਸਚਾ ਸਦ ਹੀ ਸਾਚਾ ਹੈ
ਨਾ ਓਹੁ ਮਰੈ ਨ ਜਾਏ ॥

سو پِرُ سچا سد ہی ساچا ہے
نا اوہُ مرے ن جائے ॥

ਭੂਲੀ ਫਿਰੈ ਧਨ ਇਆਣੀਆ
ਰੰਡ ਬੈਠੀ ਦੂਜੈ ਭਾਏ ॥

بھوُلی پھِرے دھن اِیاٹیا
رنّڈ بیٹھی دوُجے بھائے ॥

ਰੰਡ ਬੈਠੀ ਦੂਜੈ ਭਾਏ ਮਾਇਆ ਮੋਹਿ ਦੁਖੁ ਪਾਏ
ਆਵ ਘਟੈ ਤਨੁ ਛੀਜੈ ॥

رنّڈ بیٹھی دوُجے بھائے مائیا موہِ دُکھُ پائے
آو گھٹے تنُ چھیجے ॥

ਜੋ ਕਿਛੁ ਆਇਆ ਸਭੁ ਕਿਛੁ ਜਾਸੀ
ਦੁਖੁ ਲਾਗਾ ਭਾਇ ਦੂਜੈ ॥

جو کِچھُ آئیا سبھُ کِچھُ جاسی
دُکھُ لاگا بھاءِ دوُجے ॥

ਜਮਕਾਲੁ ਨ ਸੂਝੈ ਮਾਇਆ ਜਗੁ ਲੂਝੈ
ਲਬਿ ਲੋਭਿ ਚਿਤੁ ਲਾਏ ॥

جمکالُ ن سوُجھے مائیا جگُ لوُجھے
لبِ لوبھِ چِتُ لائے ॥

ਸੋ ਪਿਰੁ ਸਾਚਾ ਸਦ ਹੀ ਸਾਚਾ
ਨਾ ਓਹੁ ਮਰੈ ਨ ਜਾਏ ॥੩॥

سو پِرُ ساچا سد ہی ساچا
نا اوہُ مرے ن جائے ॥3॥

ਇਕਿ ਰੋਵਹਿ ਪਿਰਹਿ ਵਿਛੁੰਨੀਆ
ਅੰਧੀ ਨਾ ਜਾਣੈ ਪਿਰੁ ਨਾਲੇ ॥

اِکِ روہِ پرہِ وِچھُنّیا
اندھی نا جانے پِرُ نالے ॥

ਗੁਰ ਪਰਸਾਦੀ ਸਾਚਾ ਪਿਰੁ ਮਿਲੈ
ਅੰਤਰਿ ਸਦਾ ਸਮਾਲੇ ॥

گُر پرسادی ساچا پِرُ مِلے
انترِ سدا سمالے ॥

ਪਿਰੁ ਅੰਤਰਿ ਸਮਾਲੇ ਸਦਾ ਹੈ ਨਾਲੇ
ਮਨਮੁਖਿ ਜਾਤਾ ਦੂਰੇ ॥

پِرُ انترِ سمالے سدا ہے نالے

ਇਹੁ ਤਨੁ ਰੁਲੈ ਰੁਲਾਇਆ ਕਾਮਿ ਨ ਆਇਆ
ਜਿਨਿ ਖਸਮੁ ਨ ਜਾਤਾ ਹਦੂਰੇ ॥

ਨਾਨਕ ਸਾ ਧਨ ਮਿਲੈ ਮਿਲਾਈ
ਪਿਰੁ ਅੰਤਰਿ ਸਦਾ ਸਮਾਲੇ ॥

ਇਕਿ ਰੋਵਹਿ ਪਿਰਹਿ ਵਿਛੁੰਨੀਆ
ਅੰਧੀ ਨ ਜਾਣੈ ਪਿਰੁ ਹੈ ਨਾਲੇ ॥੪॥੨॥

ਵਡਹੰਸੁ ਮਃ ੩ ॥

ਰੋਵਹਿ ਪਿਰਹਿ ਵਿਛੁੰਨੀਆ
ਮੈ ਪਿਰੁ ਸਚੜਾ ਹੈ ਸਦਾ ਨਾਲੇ ॥

ਜਿਨੀ ਚਲਣੁ ਸਹੀ ਜਾਣਿਆ
ਸਤਿਗੁਰੁ ਸੇਵਹਿ ਨਾਮੁ ਸਮਾਲੇ ॥

ਸਦਾ ਨਾਮੁ ਸਮਾਲੇ ਸਤਿਗੁਰੁ ਹੈ ਨਾਲੇ
ਸਤਿਗੁਰੁ ਸੇਵਿ ਸੁਖੁ ਪਾਇਆ ॥

ਸਬਦੇ ਕਾਲੁ ਮਾਰਿ ਸਚੁ ਉਰਿ ਧਾਰਿ
ਫਿਰਿ ਆਵਣ ਜਾਣੁ ਨ ਹੋਇਆ ॥

ਸਚਾ ਸਾਹਿਬੁ ਸਚੀ ਨਾਈ
ਵੇਖੈ ਨਦਰਿ ਨਿਹਾਲੇ ॥

ਰੋਵਹਿ ਪਿਰਹੁ ਵਿਛੁੰਨੀਆ
ਮੈ ਪਿਰੁ ਸਚੜਾ ਹੈ ਸਦਾ ਨਾਲੇ ॥੧॥

ਪ੍ਰਭੁ ਮੇਰਾ ਸਾਹਿਬੁ ਸਭ ਦੂ ਊਚਾ ਹੈ
ਕਿਵ ਮਿਲਾਂ ਪ੍ਰੀਤਮ ਪਿਆਰੇ ॥

ਸਤਿਗੁਰਿ ਮੇਲੀ ਤਾਂ ਸਹਜਿ ਮਿਲੀ
ਪਿਰੁ ਰਾਖਿਆ ਉਰ ਧਾਰੇ ॥

ਸਦਾ ਉਰ ਧਾਰੇ ਨੇਹੁ ਨਾਲਿ ਪਿਆਰੇ

ممنکھِ جاتا دوُرے ॥

اِہُ تنُ رُلے رُلائیا کامِ ن آئیا
جِنِ خصمُ ن جاتا حدوُرے ॥

نانک سا دھن مِلے مِلائی
پِرُ انتر سدا سمالے ॥

اِکِ رووہِ پِرہِ وِچھُنّنیا
اندھی ن جانے پِرُ ہے نالے ॥4॥2॥

وڈہنس م: 3 ॥

رووہِ پِرہِ وِچھُنّنیا
مے پِرُ سچڑا ہے سدا نالے ॥

جِنی چلنُ صہی جانیا
ستِگُر سیوہِ نامُ سمالے ॥

سدا نامُ سمالے ستِگُر ہے نالے
ستِگُر سیوِ سُکھُ پائیا ॥

سبدے کالُ مارِ سچُ اُرِ دھارِ
پھِرِ آونُ جانُ ن ہوئیا ॥

سچا صاحِبُ سچی نائی
ویکھے ندرِ نہالے ॥

رووہِ پِرہُ وِچھُنّنیا
مے پِرُ سچڑا ہے سدا نالے ॥1॥

پربھُ میرا صاحِبُ سبھ دوُ اوُچا ہے
کِو مِلاں پریتم پیارے ॥

ستِگُرِ میلی تاں سہجِ مِلی
پِرُ راکھیا اُر دھارے ॥

سدا اُر دھارے نیہُ نالِ پیارے

ਸਤਿਗੁਰ ਤੇ ਪਿਰੁ ਦਿਸੈ ॥

ستِگُر تے پِرُ دِسے ॥

ਮਾਇਆ ਮੋਹ ਕਾ ਕਚਾ ਚੋਲਾ
ਤਿਤੁ ਪੈਧੈ ਪਗੁ ਖਿਸੈ ॥

مائیا موہ کا کچا چولا
تِتُ پیَدھے پگُ کھِسے ॥

ਪਿਰ ਰੰਗਿ ਰਾਤਾ ਸੋ ਸਚਾ ਚੋਲਾ
ਤਿਤੁ ਪੈਧੈ ਤਿਖਾ ਨਿਵਾਰੇ ॥

پِر رنگِ راتا سو سچا چولا
تِتُ پیَدھے تِکھا نِوارے ॥

ਪ੍ਰਭੁ ਮੇਰਾ ਸਾਹਿਬੁ ਸਭ ਦੂ ਊਚਾ ਹੈ
ਕਿਉ ਮਿਲਾ ਪ੍ਰੀਤਮ ਪਿਆਰੇ ॥੨॥

پربھُ میرا صاحِبُ سبھ دوُ اوُچا ہے
کِءُ مِلا پریتم پیارے ॥2॥

ਮੈ ਪ੍ਰਭੁ ਸਚੁ ਪਛਾਣਿਆ
ਹੋਰ ਭੂਲੀ ਅਵਗਣਿਆਰੇ ॥

مے پربھُ سچُ پچھاتیا
ہور بھوُلی اوگُنیارے ॥

ਮੈ ਸਦਾ ਰਾਵੇ ਪਿਰੁ ਆਪਣਾ
ਸਚੜੈ ਸਬਦਿ ਵੀਚਾਰੇ ॥

مے سدا راوے پِرُ آپنا
سچڑے سبدِ ویچارے ॥

ਸਚੈ ਸਬਦਿ ਵੀਚਾਰੇ ਰੰਗਿ ਰਾਤੀ ਨਾਰੇ
ਮਿਲਿ ਸਤਿਗੁਰ ਪ੍ਰੀਤਮੁ ਪਾਇਆ ॥

سچے سبدِ ویچارے رنگِ راتی نارے
مِلِ ستِگُر پریتمُ پائیا ॥

ਅੰਤਰਿ ਰੰਗ ਰਾਤੀ ਸਹਜੇ ਮਾਤੀ
ਗਇਆ ਦੁਸਮਨੁ ਦੂਖੁ ਸਬਾਇਆ ॥

انترِ رنگ راتی سہجے ماتی
گئیا دُسمنُ دوُکھُ سبائیا ॥

ਅਪਨੇ ਗੁਰ ਕੰਉ ਤਨੁ ਮਨੁ ਦੀਜੈ ਤਾਂ ਮਨੁ ਭੀਜੈ
ਤ੍ਰਿਸਨਾ ਦੂਖ ਨਿਵਾਰੇ ॥

اپنے گُر کنءُ تنُ منُ دیجے تاں منُ بھیجے
ترِسنا دوُکھ نِوارے ॥

ਮੈ ਪਿਰੁ ਸਚੁ ਪਛਾਣਿਆ
ਹੋਰ ਭੂਲੀ ਅਵਗਣਿਆਰੇ ॥੩॥

مے پِرُ سچُ پچھاتیا
ہور بھوُلی اوگُنیارے ॥3॥

ਸਚੜੈ ਆਪਿ ਜਗਤੁ ਉਪਾਇਆ
ਗੁਰ ਬਿਨੁ ਘੋਰ ਅੰਧਾਰੋ ॥

سچڑے آپِ جگتُ اُپائیا
گُر بِنُ گھور اندھارو ॥

ਆਪਿ ਮਿਲਾਏ ਆਪਿ ਮਿਲੈ
ਆਪੇ ਦੇਇ ਪਿਆਰੋ ॥

آپِ مِلائے آپِ مِلے
آپے دےءِ پیارو ॥

ਆਪੇ ਦੇਇ ਪਿਆਰੋ ਸਹਜਿ ਵਾਪਾਰੋ
ਗੁਰਮੁਖਿ ਜਨਮੁ ਸਵਾਰੇ ॥

آپے دےءِ پیارو سہجِ واپارو
گُرمُکھِ جنمُ سوارے ॥

ਧਨੁ ਜਗ ਮਹਿ ਆਇਆ ਆਪੁ ਗਵਾਇਆ
ਦਰਿ ਸਾਚੈ ਸਚਿਆਰੋ ॥

دھنُ جگ مہِ آئیا آپُ گوائیا
درِ ساچے سچِیارو ॥

ਗਿਆਨਿ ਰਤਨਿ ਘਟਿ ਚਾਨਣੁ ਹੋਆ
ਨਾਨਕ ਨਾਮ ਪਿਆਰੋ ॥

گِیانِ رتنِ گھٹِ چانڑُ ہویا
نانک نام پِیارو ॥

ਸਚੜੈ ਆਪਿ ਜਗਤੁ ਉਪਾਇਆ
ਗੁਰ ਬਿਨੁ ਘੋਰ ਅੰਧਾਰੋ ॥੪॥੩॥

سچڑے آپِ جگتُ اُپائیا
گُر بِنُ گھور انّدھارو ॥4॥3॥

ਵਡਹੰਸੁ ਮਹਲਾ ੩ ॥

وڈہنّس محلا 3 ॥

ਇਹੁ ਸਰੀਰੁ ਜਜਰੀ ਹੈ
ਇਸੁ ਨੋ ਜਰੁ ਪਹੁਚੈ ਆਏ ॥

اِہُ سریرُ ججری ہے
اِسُ نو جرُ پہُچے آئے ॥

ਗੁਰਿ ਰਾਖੇ ਸੇ ਉਬਰੇ
ਹੋਰੁ ਮਰਿ ਜੰਮੈ ਆਵੈ ਜਾਏ ॥

گُرِ راکھے سے اُبرے
ہورُ مرِ جنمّے آوے جائے ॥

ਹੋਰਿ ਮਰਿ ਜੰਮਹਿ ਆਵਹਿ ਜਾਵਹਿ ਅੰਤਿ ਗਏ ਪਛੁਤਾਵਹਿ
ਬਿਨੁ ਨਾਵੈ ਸੁਖੁ ਨ ਹੋਈ ॥

ہورِ مرِ جنمّہِ آوہِ جاوہِ انّتِ گئے پچھُتاوہِ
بِنُ ناوے سُکھُ ن ہوئی ॥

ਐਥੈ ਕਮਾਵੈ ਸੋ ਫਲੁ ਪਾਵੈ
ਮਨਮੁਖਿ ਹੈ ਪਤਿ ਖੋਈ ॥

ایتھے کماوے سو پھلُ پاوے
منمُکھِ ہے پتِ کھوئی ॥

ਜਮ ਪੁਰਿ ਘੋਰ ਅੰਧਾਰੁ ਮਹਾ ਗੁਬਾਰੁ
ਨਾ ਤਿਥੈ ਭੈਣ ਨ ਭਾਈ ॥

جم پُرِ گھور انّدھارُ مہا غُبارُ
نا تِتھے بھیَڑ ن بھائی ॥

ਇਹੁ ਸਰੀਰੁ ਜਜਰੀ ਹੈ
ਇਸ ਨੋ ਜਰੁ ਪਹੁਚੈ ਆਈ ॥੧॥

اِہُ سریرُ ججری ہے
اِس نو جرُ پہُچے آئی ॥1॥

ਕਾਇਆ ਕੰਚਨੁ ਤਾਂ ਥੀਐ
ਜਾਂ ਸਤਿਗੁਰੁ ਲਏ ਮਿਲਾਏ ॥

کائیا کنچُن تاں تھیئے
جاں ستِگُر لے مِلائے ॥

ਭ੍ਰਮੁ ਮਾਇਆ ਵਿਚਹੁ ਕਟੀਐ
ਸਚੜੈ ਨਾਮਿ ਸਮਾਏ ॥

بھرمُ مائیا وِچہُ کٹیئے
سچڑے نامِ سمائے ॥

ਸਚੈ ਨਾਮਿ ਸਮਾਏ ਹਰਿ ਗੁਣ ਗਾਏ
ਮਿਲਿ ਪ੍ਰੀਤਮ ਸੁਖੁ ਪਾਏ ॥

سچے نامِ سمائے ہرِ گُڑ گائے
مِلِ پریتم سُکھُ پائے ॥

ਸਦਾ ਅਨੰਦਿ ਰਹੈ ਦਿਨੁ ਰਾਤੀ
ਵਿਚਹੁ ਹੰਉਮੈ ਜਾਏ ॥

سدا انندِ رہے دِنُ راتی
وِچہُ ہنُمَے جائے ॥

ਜਿਨੀ ਪੁਰਖੀ ਹਰਿ ਨਾਮਿ ਚਿਤੁ ਲਾਇਆ
ਤਿਨ ਕੈ ਹੰਉ ਲਾਗਉ ਪਾਏ ॥

جِنی پُرکھی ہرِ نامِ چِتُ لائیا
تِن کے ہنءُ لاگءُ پائے ॥

ਕਾਂਇਆ ਕੰਚਨੁ ਤਾਂ ਥੀਐ
ਜਾ ਸਤਿਗੁਰੁ ਲਏ ਮਿਲਾਏ ॥੨॥

کانئیا کنچنُ تاں تھیئے
جا ستِگُرُ لے مِلائے ॥2॥

ਸੋ ਸਚਾ ਸਚੁ ਸਲਾਹੀਐ
ਜੇ ਸਤਿਗੁਰੁ ਦੇਇ ਬੁਝਾਏ ॥

سو سچا سچُ سلاہیئے
جے ستِگُرُ دےءِ بُجھائے ॥

ਬਿਨੁ ਸਤਿਗੁਰ ਭਰਮਿ ਭੁਲਾਣੀਆ
ਕਿਆ ਮੁਹੁ ਦੇਸਨਿ ਆਗੈ ਜਾਏ ॥

بِنُ ستِگُر بھرمِ بھُلائنیا
کیا مُہُ دیسنِ آگے جائے ॥

ਕਿਆ ਦੇਨਿ ਮੁਹੁ ਜਾਏ ਅਵਗੁਣਿ ਪਛੁਤਾਏ
ਦੁਖੋ ਦੁਖੁ ਕਮਾਏ ॥

کیا دینِ مُہُ جائے اوگُنِ پچھُتائے
دُکھو دُکھُ کمائے ॥

ਨਾਮਿ ਰਤੀਆ ਸੇ ਰੰਗਿ ਚਲੂਲਾ
ਪਿਰ ਕੈ ਅੰਕਿ ਸਮਾਏ ॥

نامِ رتیا سے رنگِ چلوُلا
پِر کے انکِ سمائے ॥

ਤਿਸੁ ਜੇਵਡ ਅਵਰੁ ਨ ਸੂਝਈ
ਕਿਸੁ ਆਗੈ ਕਹੀਐ ਜਾਏ ॥

تِسُ جیوڈ اورُ ن سوُجھئی
کِسُ آگے کہیئے جائے ۔ ॥

ਸੋ ਸਚਾ ਸਚੁ ਸਲਾਹੀਐ
ਜੇ ਸਤਿਗੁਰੁ ਦੇਇ ਬੁਝਾਏ ॥੩॥

سو سچا سچُ سلاہیئے
جے ستِگُرُ دےءِ بُجھائے ॥3॥

ਜਿਨੀ ਸਚੜਾ ਸਚੁ ਸਲਾਹਿਆ
ਹੰਉ ਤਿਨ ਲਾਗਉ ਪਾਏ ॥

جِنی سچڑا سچُ سلاہیا
ہنءُ تِن لاگءُ پائے ॥

ਸੇ ਜਨ ਸਚੇ ਨਿਰਮਲੇ
ਤਿਨ ਮਿਲਿਆ ਮਲੁ ਸਭ ਜਾਏ ॥

سے جن سچے نِرملے
تِن مِلیا مل سبھ جائے ॥

ਤਿਨ ਮਿਲਿਆ ਮਲੁ ਸਭ ਜਾਏ ਸਚੈ ਸਰਿ ਨਾਏ
ਸਚੈ ਸਹਜਿ ਸੁਭਾਏ ॥

تِن مِلیا مل سبھ جائے سچے سرِ نائے
سچے سہجِ سُبھائے ॥

ਨਾਮੁ ਨਿਰੰਜਨੁ ਅਗਮੁ ਅਗੋਚਰੁ
ਸਤਿਗੁਰਿ ਦੀਆ ਬੁਝਾਏ ॥

نامُ نِرنجنُ اگمُ اگوچرُ

ਅਨਦਿਨੁ ਭਗਤਿ ਕਰਹਿ ਰੰਗਿ ਰਾਤੇ
ਨਾਨਕ ਸਚਿ ਸਮਾਏ ॥

ਜਿਨੀ ਸਚੜਾ ਸਚੁ ਧਿਆਇਆ
ਹੰਉ ਤਿਨ ਕੈ ਲਾਗਉ ਪਾਏ ॥੪॥੪॥

ਵਡਹੰਸ ਕੀ ਵਾਰ ਮਹਲਾ ੪

ਲਲਾਂ ਬਹਲੀਮਾ ਕੀ ਧੁਨਿ ਗਾਵਣੀ

ੴ ਸਤਿਗੁਰ ਪ੍ਰਸਾਦਿ ॥

ਸਲੋਕ ਮਃ ੩ ॥

ਸਬਦਿ ਰਤੇ ਵਡ ਹੰਸ ਹੈ
ਸਚੁ ਨਾਮੁ ਉਰਿ ਧਾਰਿ ॥

ਸਚੁ ਸੰਗ੍ਰਹਹਿ ਸਦ ਸਚਿ ਰਹਹਿ
ਸਚੈ ਨਾਮਿ ਪਿਆਰਿ ॥

ਸਦਾ ਨਿਰਮਲ ਮੈਲੁ ਨ ਲਗਈ
ਨਦਰਿ ਕੀਤੀ ਕਰਤਾਰਿ ॥

ਨਾਨਕ ਹਉ ਤਿਨ ਕੈ ਬਲਿਹਾਰਣੈ
ਜੋ ਅਨਦਿਨੁ ਜਪਹਿ ਮੁਰਾਰਿ ॥੧॥

ਮਃ ੩ ॥

ਮੈ ਜਾਨਿਆ ਵਡ ਹੰਸੁ ਹੈ
ਤਾ ਮੈ ਕੀਆ ਸੰਗੁ ॥

ਜੇ ਜਾਣਾ ਬਗੁ ਬਪੁੜਾ
ਤ ਜਨਮਿ ਨ ਦੇਦੀ ਅੰਗੁ ॥੨॥

ਮਃ ੩ ॥

ਹੰਸਾ ਵੇਖਿ ਤਰੰਦਿਆ
ਬਗਾਂ ਭਿ ਆਯਾ ਚਾਉ ॥

ستِگُرِ دیِیا بُجھائے ॥

اندِنُ بھگتِ کرہِ رنگِ راتے
نانک سچِ سمائے ॥

جِنی سچڑا سچُ دھِیائِیا
ہنّ ءُ تِن کے لاگ ءُ پائے ॥4॥4॥

وڈہنّس کی وار محلا 4

للاں بہلیما کی دھُنِ گاونٹی

ੴ ستِگُر پرّسادِ ॥

سلوک م: 3 ॥

سبدِ رتے وڈ ہنّس ہے
سچُ نامُ اُرِ دھارِ ॥

سچُ سنگّرہہِ سد سچِ رہہِ
سچے نامِ پِیارِ ॥

سدا نِرمل میَلُ ن لگئی
ندرِ کِیتی کرتارِ ॥

نانک ہءُ تِن کے بلِہارڑے
جو اندِنُ جپہِ مُرارِ ॥1॥

م: 3 ॥

مے جانِیا وڈ ہنّس ہے
تا مے کِیا سنگُ ॥

جے جاٹا بگُ بپُڑا
ت جنمِ ن دیدی انگُ ॥2॥

م: 3 ॥

ہنّسا ویکھِ ترندِیا

بگاں بھِ آیا چاءُ ॥

ਡੁਬਿ ਮੁਏ ਬਗ ਬਪੁੜੇ
ਸਿਰੁ ਤਲਿ ਉਪਰਿ ਪਾਉ ॥੩॥

ڈُبِ مُۓ بگ بپُڑے
سِرُ تلِ اُپرِ پاءُ ॥3॥

ਪਉੜੀ ॥

پئُڑی ॥

ਤੂ ਆਪੇ ਹੀ ਆਪਿ ਆਪਿ ਹੈ
ਆਪਿ ਕਾਰਣੁ ਕੀਆ ॥

تُوٗ آپے ہی آپِ آپِ ہےَ
آپِ کارنُ کِیا ॥

ਤੂ ਆਪੇ ਆਪਿ ਨਿਰੰਕਾਰੁ ਹੈ
ਕੋ ਅਵਰਿ ਨ ਬੀਆ ॥

تُوٗ آپے آپِ نِرنکارُ ہےَ
کو اورِ ن بِیا ॥

ਤੂ ਕਰਣ ਕਾਰਣ ਸਮਰਥੁ ਹੈ
ਤੂ ਕਰਹਿ ਸੁ ਥੀਆ ॥

تُوٗ کرنٹ کارنٹ سمرتھُ ہےَ
تُوٗ کرہِ سُ تھِیا ॥

ਤੂ ਅਣਮੰਗਿਆ ਦਾਨੁ ਦੇਵਣਾ
ਸਭਨਾਹਾ ਜੀਆ ॥

تُوٗ انمنگیا دانُ دیوٹا
سبھناہا جِیا ॥

ਸਭਿ ਆਖਹੁ ਸਤਿਗੁਰੁ ਵਾਹੁ ਵਾਹੁ
ਜਿਨਿ ਦਾਨੁ ਹਰਿ ਨਾਮੁ ਮੁਖਿ ਦੀਆ ॥੧॥

سبھِ آکھہُ ستِگُرُ واہُ واہُ
جِنِ دانُ ہرِ نامُ مُکھِ دِیِیا ॥1॥

ਸਲੋਕੁ ਮਃ ੩ ॥

سلوکُ م: 3 ॥

ਭੈ ਵਿਚਿ ਸਭੁ ਆਕਾਰੁ ਹੈ
ਨਿਰਭਉ ਹਰਿ ਜੀਉ ਸੋਇ ॥

بھےَ وِچِ سبھُ آکارُ ہےَ
نِربھءُ ہرِ جِیءُ سوءِ ॥

ਸਤਿਗੁਰਿ ਸੇਵਿਐ ਹਰਿ ਮਨਿ ਵਸੈ
ਤਿਥੈ ਭਉ ਕਦੇ ਨ ਹੋਇ ॥

ستِگُرِ سیوِۓ ہرِ منِ وسےَ
تِتھےَ بھءُ کدے ن ہوءِ ॥

ਦੁਸਮਨੁ ਦੁਖੁ ਤਿਸੁ ਨੋ ਨੇੜਿ ਨ ਆਵੈ
ਪੋਹਿ ਨ ਸਕੈ ਕੋਇ ॥

دُسمنُ دُکھُ تِسُ نو نیڑِ ن آوےَ
پوہِ ن سکےَ کوءِ ॥

ਗੁਰਮੁਖਿ ਮਨਿ ਵੀਚਾਰਿਆ
ਜੋ ਤਿਸੁ ਭਾਵੈ ਸੁ ਹੋਇ ॥

گُرمُکھِ منِ ویچارِیا
جو تِسُ بھاوےَ سُ ہوءِ ॥

ਨਾਨਕ ਆਪੇ ਹੀ ਪਤਿ ਰਖਸੀ
ਕਾਰਜ ਸਵਾਰੇ ਸੋਇ ॥੧॥

نانک آپے ہی پتِ رکھسی
کارج سوارے سوءِ ॥1॥

ਮਃ ੩ ॥

ਇਕਿ ਸਜਣ ਚਲੇ ਇਕਿ ਚਲਿ ਗਏ
ਰਹਦੇ ਭੀ ਫੁਨਿ ਜਾਹਿ ॥

ਜਿਨੀ ਸਤਿਗੁਰੁ ਨ ਸੇਵਿਓ
ਸੇ ਆਇ ਗਏ ਪਛੁਤਾਹਿ ॥

ਨਾਨਕ ਸਚਿ ਰਤੇ ਸੇ ਨ ਵਿਛੁੜਹਿ
ਸਤਿਗੁਰੁ ਸੇਵਿ ਸਮਾਹਿ ॥੨॥

ਪਉੜੀ ॥

ਤਿਸੁ ਮਿਲੀਐ ਸਤਿਗੁਰ ਸਜਣੈ
ਜਿਸੁ ਅੰਤਰਿ ਹਰਿ ਗੁਣਕਾਰੀ ॥

ਤਿਸੁ ਮਿਲੀਐ ਸਤਿਗੁਰ ਪ੍ਰੀਤਮੈ
ਜਿਨਿ ਹੰਉਮੈ ਵਿਚਹੁ ਮਾਰੀ ॥

ਸੋ ਸਤਿਗੁਰੁ ਪੂਰਾ ਧਨੁ ਧੰਨੁ ਹੈ
ਜਿਨਿ ਹਰਿ ਉਪਦੇਸੁ ਦੇ ਸਭ ਸ੍ਰਿਸ੍ਰਿ ਸਵਾਰੀ ॥

ਨਿਤ ਜਪਿਅਹੁ ਸੰਤਹੁ ਰਾਮ ਨਾਮੁ
ਭਉਜਲ ਬਿਖੁ ਤਾਰੀ ॥

ਗੁਰਿ ਪੂਰੈ ਹਰਿ ਉਪਦੇਸਿਆ
ਗੁਰ ਵਿਟੜਿਅਹੁ ਹੰਉ ਸਦ ਵਾਰੀ ॥੨॥

ਸਲੋਕੁ ਮਃ ੩ ॥

ਸਤਿਗੁਰ ਕੀ ਸੇਵਾ ਚਾਕਰੀ
ਸੁਖੀ ਹੂੰ ਸੁਖ ਸਾਰੁ ॥

ਐਥੈ ਮਿਲਨਿ ਵਡਿਆਈਆ
ਦਰਗਹ ਮੋਖ ਦੁਆਰੁ ॥

ਸਚੀ ਕਾਰ ਕਮਾਵਣੀ
ਸਚੁ ਪੈਨਣੁ ਸਚੁ ਨਾਮੁ ਅਧਾਰੁ ॥

م: 3 ॥

اِکِ سجنؤ چلے اِکِ چلِ گئے
رہدے بھی پھُنِ جاہِ ॥

جِنی ستِگُرُ ن سیوِئو
سے آءِ گئے پچھُتاہِ ॥

نانک سچِ رتے سے ن وِچھُڑہِ
ستِگُرُ سیوِ سماہِ ॥2॥

پئُڑی ॥

تِسُ مِلیئے ستِگُر سجنّے
جِسُ انتر ہرِ گُنکاری ॥

تِسُ مِلیئے ستِگُر پرِیتمے
جِنِ ہنّئے وِچہُ ماری ॥

سو ستِگُرُ پوُرا دھنُ دھنّنُ ہے
جِنِ ہرِ اُپدیسُ دے سبھ سرِسٹِ سواری ॥

نِت جپیئہُ سنّتہُ رام نامُ
بھجُل بِکھُ تاری ॥

گُرِ پوُرے ہرِ اُپدیسِیا
گُر وِٹڑیہُ ہنّءُ سد واری ॥2॥

سلوکُ م: 3 ॥

ستِگُر کی سیوا چاکری
سُکھی ہوُنّ سُکھ سارُ ॥

ایتھے مِلنِ وڈیائیا
درگہ موکھ دُیارُ ॥

سچی کار کماوِنی
سچُ پینّنُ سچُ نامُ ادھارُ ॥

ਸਚੀ ਸੰਗਤਿ ਸਚਿ ਮਿਲੈ ਸਚੈ ਨਾਇ ਪਿਆਰੁ ॥	سچی سنگتِ سچ مِلےَ سچےَ ناءِ پِیارُ ॥
ਸਚੈ ਸਬਦਿ ਹਰਖੁ ਸਦਾ ਦਰਿ ਸਚੈ ਸਚਿਆਰੁ ॥	سچےَ سبدِ ہرکھُ سدا درِ سچےَ سچیارُ ॥
ਨਾਨਕ ਸਤਿਗੁਰ ਕੀ ਸੇਵਾ ਸੋ ਕਰੈ ਜਿਸ ਨੋ ਨਦਰਿ ਕਰੈ ਕਰਤਾਰੁ ॥੧॥	نانک ستِگُر کی سیوا سو کرےَ جِس نو ندرِ کرےَ کرتارُ ॥1॥
ਮਃ ੩ ॥	م: 3 ॥
ਹੋਰ ਵਿਡਾਣੀ ਚਾਕਰੀ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥	ہور وِڈانّی چاکری دھرِگُ جیونُ دھرِگُ واسُ ॥
ਅੰਮ੍ਰਿਤੁ ਛੋਡਿ ਬਿਖੁ ਲਗੇ ਬਿਖੁ ਖਟਣਾ ਬਿਖੁ ਰਾਸਿ ॥	انمرِتُ چھوڈِ بِکھُ لگے بِکھُ کھٹنّا بِکھُ راسِ ॥
ਬਿਖੁ ਖਾਣਾ ਬਿਖੁ ਪੈਨਣਾ ਬਿਖੁ ਕੇ ਮੁਖਿ ਗਿਰਾਸ ॥	بِکھُ کھاٹا بِکھُ پیَنّٹا بِکھُ کے مُکھِ گِراس ॥
ਐਥੈ ਦੁਖੋ ਦੁਖੁ ਕਮਾਵਣਾ ਮੁਇਆ ਨਰਕਿ ਨਿਵਾਸੁ ॥	ایَتھےَ دُکھو دُکھُ کماوٹا مُیَا نرکِ نِواسُ ॥
ਮਨਮੁਖ ਮੁਹਿ ਮੈਲੈ ਸਬਦੁ ਨ ਜਾਣਨੀ ਕਾਮ ਕਰੋਧਿ ਵਿਣਾਸੁ ॥	منمُکھ مُہِ میَلےَ سبدُ ن جانّنی کام کرودھِ وِنّاسُ ॥
ਸਤਿਗੁਰ ਕਾ ਭਉ ਛੋਡਿਆ ਮਨਹਠਿ ਕੰਮੁ ਨ ਆਵੈ ਰਾਸਿ ॥	ستِگُر کا بھءُ چھوڈِیا منہٹھِ کنّمُ ن آوےَ راسِ ॥
ਜਮੁ ਪੁਰਿ ਬਧੇ ਮਾਰੀਅਹਿ ਕੋ ਨ ਸੁਣੇ ਅਰਦਾਸਿ ॥	جمُ پُرِ بدھے مارِیَہِ کو ن سُنّے عرداسِ ॥
ਨਾਨਕ ਪੂਰਬਿ ਲਿਖਿਆ ਕਮਾਵਣਾ ਗੁਰਮੁਖਿ ਨਾਮਿ ਨਿਵਾਸੁ ॥੨॥	نانک پوُربِ لِکھیا کماوٹا گُرمُکھِ نامِ نِواسُ ॥2॥
ਪਉੜੀ ॥	پئُڑی ॥
ਸੋ ਸਤਿਗੁਰੁ ਸੇਵਿਹੁ ਸਾਧ ਜਨੁ	سو ستِگُرُ سیوِہُ سادھ جنُ

ਜਿਨਿ ਹਰਿ ਹਰਿ ਨਾਮੁ ਦ੍ਰਿੜਾਇਆ ॥

جِنِ ہرِ ہرِ نامُ دّرِڑائیا ॥

ਸੋ ਸਤਿਗੁਰੁ ਪੂਜਹੁ ਦਿਨਸੁ ਰਾਤਿ
ਜਿਨਿ ਜਗੰਨਾਥੁ ਜਗਦੀਸੁ ਜਪਾਇਆ ॥

سو ستِگُرُ پُوجہُ دِنُس راتِ
جِنِ جگنّناتھُ جگدیُس جپائیا ॥

ਸੋ ਸਤਿਗੁਰੁ ਦੇਖਹੁ ਇਕ ਨਿਮਖ ਨਿਮਖ
ਜਿਨਿ ਹਰਿ ਕਾ ਹਰਿ ਪੰਥੁ ਬਤਾਇਆ ॥

سو ستِگُرُ دیکھہُ اِک نِمکھ نِمکھ
جِنِ ہرِ کا ہرِ پنّتھُ بتائیا ॥

ਤਿਸੁ ਸਤਿਗੁਰ ਕੀ ਸਭ ਪਗੀ ਪਵਹੁ
ਜਿਨਿ ਮੋਹ ਅੰਧੇਰੁ ਚੁਕਾਇਆ ॥

تِسُ ستِگُر کی سبھ پگی پوہُ
جِنِ موہ انّدھیرُ چُکائیا ॥

ਸੋ ਸਤਗੁਰੁ ਕਹਹੁ ਸਭਿ ਧੰਨੁ ਧੰਨੁ
ਜਿਨਿ ਹਰਿ ਭਗਤਿ ਭੰਡਾਰ ਲਹਾਇਆ ॥੩॥

سو ستگُرُ کہہُ سبھِ دھنّنُ دھنّنُ
جِنِ ہرِ بھگتِ بھنّڈار لہائیا ॥3॥

ਸਲੋਕੁ ਮਃ ੩ ॥

سلوکُ م: 3 ॥

ਸਤਿਗੁਰਿ ਮਿਲਿਐ ਭੁਖ ਗਈ
ਭੇਖੀ ਭੁਖ ਨ ਜਾਇ ॥

ستِگُرِ ملِےَ بھُکھ گئی
بھیکھی بھُکھ ن جاءِ ॥

ਦੁਖਿ ਲਗੈ ਘਰਿ ਘਰਿ ਫਿਰੈ
ਅਗੈ ਦੂਣੀ ਮਿਲੈ ਸਜਾਇ ॥

دُکھِ لگےَ گھرِ گھرِ پھِرے
اگے دوُنّی ملِےَ سزاءِ ॥

ਅੰਦਰਿ ਸਹਜੁ ਨ ਆਇਓ
ਸਹਜੇ ਹੀ ਲੈ ਖਾਇ ॥

انّدرِ سہجُ ن آئیو
سہجے ہی لے کھاءِ ॥

ਮਨਹਠਿ ਜਿਸ ਤੇ ਮੰਗਣਾ
ਲੈਣਾ ਦੁਖੁ ਮਨਾਇ ॥

منہٹھِ جِس تے منگنّا
لینّا دُکھُ مناءِ ॥

ਇਸੁ ਭੇਖੈ ਥਾਵਹੁ ਗਿਰਹੋ ਭਲਾ
ਜਿਥਹੁ ਕੋ ਵਰਸਾਇ ॥

اِسُ بھیکھےَ تھاوہُ گرِہو بھلا
جِتھہُ کو ورساءِ ॥

ਸਬਦਿ ਰਤੇ ਤਿਨਾ ਸੋਝੀ ਪਈ
ਦੂਜੈ ਭਰਮਿ ਭੁਲਾਇ ॥

سبدِ رتے تِنا سوجھی پئی
دوُجےَ بھرمِ بھُلاءِ ॥

ਪਇਐ ਕਿਰਤਿ ਕਮਾਵਣਾ
ਕਹਣਾ ਕਛੂ ਨ ਜਾਇ ॥

پئےَ کِرتِ کماوٹا
کہنّا کچھوُ ن جاءِ ॥

ਨਾਨਕ ਜੋ ਤਿਸੁ ਭਾਵਹਿ ਸੇ ਭਲੇ

نانک جو تِسُ بھاوہِ سے بھلے

ਜਿਨ ਕੀ ਪਤਿ ਪਾਵਹਿ ਥਾਇ ॥੧॥

جِن کی پتِ پاوہِ تھاءِ ॥1॥

ਮਃ ੩ ॥

م: 3 ॥

ਸਤਿਗੁਰਿ ਸੇਵਿਐ ਸਦਾ ਸੁਖੁ
ਜਨਮ ਮਰਣ ਦੁਖੁ ਜਾਇ ॥

ستِگُرِ سیوِئے سدا سُکھُ
جنم مرنٹ دُکھُ جاءِ ॥

ਚਿੰਤਾ ਮੂਲਿ ਨ ਹੋਵਈ
ਅਚਿੰਤੁ ਵਸੈ ਮਨਿ ਆਇ ॥

چِنّتا موُلِ ن ہووئی
اچِنّتُ وسے منِ آءِ ॥

ਅੰਤਰਿ ਤੀਰਥੁ ਗਿਆਨੁ ਹੈ
ਸਤਿਗੁਰਿ ਦੀਆ ਬੁਝਾਇ ॥

انّترِ تیرتھُ گیانُ ہے
ستِگُرِ دِیِیا بُجھاءِ ॥

ਮੈਲੁ ਗਈ ਮਨੁ ਨਿਰਮਲੁ ਹੋਆ
ਅੰਮ੍ਰਿਤ ਸਰਿ ਤੀਰਥਿ ਨਾਇ ॥

میَلُ گئی منُ نِرملُ ہویا
انّمرِت سرِ تیرتھِ ناءِ ॥

ਸਜਣ ਮਿਲੇ ਸਜਣਾ
ਸਚੈ ਸਬਦਿ ਸੁਭਾਇ ॥

سجنٹ مِلے سجنّا
سچے سبدِ سُبھاءِ ॥

ਘਰ ਹੀ ਪਰਚਾ ਪਾਇਆ
ਜੋਤੀ ਜੋਤਿ ਮਿਲਾਇ ॥

گھر ہی پرچا پائیا
جوتی جوتِ مِلاءِ ॥

ਪਾਖੰਡਿ ਜਮਕਾਲੁ ਨ ਛੋਡਈ
ਲੈ ਜਾਸੀ ਪਤਿ ਗਵਾਇ ॥

پاکھنّڈِ جمکالُ ن چھوڈئی
لے جاسی پتِ گواءِ ॥

ਨਾਨਕ ਨਾਮਿ ਰਤੇ ਸੇ ਉਬਰੇ
ਸਚੇ ਸਿਉ ਲਿਵ ਲਾਇ ॥੨॥

نانک نامِ رتے سے اُبرے
سچے سِءُ لِو لاءِ ॥2॥

ਪਉੜੀ ॥

پئڑی ॥

ਤਿਤੁ ਜਾਇ ਬਹਹੁ ਸਤਸੰਗਤੀ
ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ ॥

تِتُ جاءِ بہہُ ستسنگتی
جِتھے ہرِ کا ہرِ نامُ بِلوئیئے ॥

ਸਹਜੇ ਹੀ ਹਰਿ ਨਾਮੁ ਲੇਹੁ
ਹਰਿ ਤਤੁ ਨ ਖੋਈਐ ॥

سہجے ہی ہرِ نامُ لیہُ
ہرِ تتُ ن کھوئیئے ॥

ਨਿਤ ਜਪਿਅਹੁ ਹਰਿ ਹਰਿ ਦਿਨਸੁ ਰਾਤਿ
ਹਰਿ ਦਰਗਹ ਢੋਈਐ ॥

نِت جپیئہُ ہرِ ہرِ دِنسُ راتِ
ہرِ درگہ ڈھوئیئے ॥

ਸੋ ਪਾਏ ਪੂਰਾ ਸਤਗੁਰੂ
ਜਿਸੁ ਧੁਰਿ ਮਸਤਕਿ ਲਿਲਾਟਿ ਲਿਖੋਈਐ ॥

سو پائے پُورا ستگُرو
جِس دھُرِ مستکِ لِلاٹِ لِکھوئیَے ॥

ਤਿਸੁ ਗੁਰ ਕੰਉ ਸਭਿ ਨਮਸਕਾਰੁ ਕਰਹੁ
ਜਿਨਿ ਹਰਿ ਕੀ ਹਰਿ ਗਾਲ ਗਲੋਈਐ ॥੪॥

تِس گُر کنءُ سبھِ نمسکارُ کرہُ
جِنِ ہرِ کی ہرِ گال گلوئیَے ॥4॥

ਸਲੋਕ ਮਃ ੩ ॥

سلوک م: 3 ॥

ਸਜਣ ਮਿਲੇ ਸਜਣਾ
ਜਿਨ ਸਤਗੁਰ ਨਾਲਿ ਪਿਆਰੁ ॥

سجنؑ مِلے سجنّا
جِن ستگُر نالِ پِیارُ ॥

ਮਿਲਿ ਪ੍ਰੀਤਮ ਤਿਨੀ ਧਿਆਇਆ
ਸਚੈ ਪ੍ਰੇਮਿ ਪਿਆਰੁ ॥

مِلِ پ٘ریتم تِنی دھیائیا
سچے پ٘ریم پِیارُ ॥

ਮਨ ਹੀ ਤੇ ਮਨੁ ਮਾਨਿਆ
ਗੁਰ ਕੈ ਸਬਦਿ ਅਪਾਰਿ ॥

من ہی تے منُ مانیا
گُر کے سبدِ اپارِ ॥

ਏਹਿ ਸਜਣ ਮਿਲੇ ਨ ਵਿਛੁੜਹਿ
ਜਿ ਆਪਿ ਮੇਲੇ ਕਰਤਾਰਿ ॥

ایہِ سجنؑ مِلے ن وِچھُڑہِ
جِ آپِ میلے کرتارِ ॥

ਇਕਨਾ ਦਰਸਨ ਕੀ ਪਰਤੀਤਿ ਨ ਆਈਆ
ਸਬਦਿ ਨ ਕਰਹਿ ਵੀਚਾਰੁ ॥

اِکنا درسن کی پرتیتِ ن آئیا
سبدِ ن کرہِ ویچارُ ॥

ਵਿਛੁੜਿਆ ਕਾ ਕਿਆ ਵਿਛੁੜੈ
ਜਿਨਾ ਦੂਜੈ ਭਾਇ ਪਿਆਰੁ ॥

وِچھُڑیا کا کِیا وِچھُڑے
جِنا دوُجے بھاءِ پِیارُ ॥

ਮਨਮੁਖ ਸੇਤੀ ਦੋਸਤੀ
ਥੋੜੜਿਆ ਦਿਨ ਚਾਰਿ ॥

منمُکھ سیتی دوستی
تھوڑڑیا دِن چارِ ॥

ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ
ਇਤੁ ਦੋਸਤੀ ਚਲਨਿ ਵਿਕਾਰ ॥

اِسُ پریتی ٹُٹدی وِلمُ ن ہووئی
اِتُ دوستی چلنِ وِکار ॥

ਜਿਨਾ ਅੰਦਰਿ ਸਚੇ ਕਾ ਭਉ ਨਾਹੀ
ਨਾਮਿ ਨ ਕਰਹਿ ਪਿਆਰੁ ॥

جِنا انّدرِ سچے کا بھءُ ناہی
نامِ ن کرہِ پِیارُ ॥

ਨਾਨਕ ਤਿਨ ਸਿਉ ਕਿਆ ਕੀਚੈ ਦੋਸਤੀ
ਜਿ ਆਪਿ ਭੁਲਾਏ ਕਰਤਾਰਿ ॥੧॥

نانک تِن سِءُ کِیا کیچے دوستی
جِ آپِ بھُلائے کرتارِ ॥1॥

ਮਃ ੩ ॥

ਇਕਿ ਸਦਾ ਇਕਤੈ ਰੰਗਿ ਰਹਹਿ
ਤਿਨ ਕੈ ਹਉ ਸਦ ਬਲਿਹਾਰੈ ਜਾਉ ॥

ਤਨੁ ਮਨੁ ਧਨੁ ਅਰਪੀ ਤਿਨ ਕਉ
ਨਿਵਿ ਨਿਵਿ ਲਾਗਉ ਪਾਇ ॥

ਤਿਨ ਮਿਲਿਆ ਮਨੁ ਸੰਤੋਖੀਐ
ਤ੍ਰਿਸਨਾ ਭੁਖ ਸਭ ਜਾਇ ॥

ਨਾਨਕ ਨਾਮਿ ਰਤੇ ਸੁਖੀਏ ਸਦਾ
ਸਚੇ ਸਿਉ ਲਿਵ ਲਾਇ ॥੨॥

ਪਉੜੀ ॥

ਤਿਸੁ ਗੁਰ ਕਉ ਹਉ ਵਾਰਿਆ
ਜਿਨਿ ਹਰਿ ਕੀ ਹਰਿ ਕਥਾ ਸੁਣਾਈ ॥

ਤਿਸੁ ਗੁਰ ਕਉ ਸਦ ਬਲਿਹਾਰਣੈ
ਜਿਨਿ ਹਰਿ ਸੇਵਾ ਬਣਤ ਬਣਾਈ ॥

ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ
ਜਿਥੈ ਕਿਥੈ ਮੈਨੋ ਲਏ ਛਡਾਈ ॥

ਤਿਸੁ ਗੁਰ ਕਉ ਸਾਬਾਸਿ ਹੈ
ਜਿਨਿ ਹਰਿ ਸੋਝੀ ਪਾਈ ॥

ਨਾਨਕ ਗੁਰ ਵਿਟਹੁ ਵਾਰਿਆ ਜਿਨਿ ਹਰਿ ਨਾਮੁ ਦੀਆ
ਮੇਰੇ ਮਨ ਕੀ ਆਸ ਪੁਰਾਈ ॥੫॥

ਸਲੋਕ ਮਃ ੩ ॥

ਤ੍ਰਿਸਨਾ ਦਾਧੀ ਜਲਿ ਮੁਈ
ਜਲਿ ਜਲਿ ਕਰੇ ਪੁਕਾਰ ॥

ਸਤਿਗੁਰ ਸੀਤਲ ਜੇ ਮਿਲੈ
ਫਿਰਿ ਜਲੈ ਨ ਦੂਜੀ ਵਾਰ ॥

م: 3 ॥

اِکِ سدا اِکتے رنگِ رہہِ
تِن کے ہءُ سد بلِہارے جاءُ ॥

تنُ منُ دھنُ ارپی تِن کءُ
نِونِو لاگءُ پاءِ ॥

تِن مِلیا منُ سنتوکھیئے
ترِسنا بھُکھ سبھ جاءِ ॥

نانک نامِ رتے سُکھیئے سدا
سچے سِءُ لِو لاءِ ॥2॥

پڑی ॥

تِسُ گُر کءُ ہءُ وارِیا
جِنِ ہرِ کی ہرِ کتھا سُنائی ॥

تِسُ گُر کءُ سد بلِہارنے
جِنِ ہرِ سیوا بنّت بنائی ॥

سو ستِگُر پیارا میرے نالِ ہے
جتھے کتھے مینو لے چھڈائی ॥

تِسُ گُر کءُ سابا سِ ہے
جِنِ ہرِ سوجھی پائی ॥

نانک گُر وِٹہُ وارِیا جِنِ ہرِ نامُ دِیا
میرے من کی آس پُرائی ॥5॥

سلوک م: 3 ॥

ترِسنا دادھی جلِ مُئی
جلِ جلِ کرے پُکار ॥

ستِگُر سیتل جے ملے
پھرِ جلے ن دوُجی وار ॥

ਨਾਨਕ ਵਿਣੁ ਨਾਵੈ ਨਿਰਭਉ ਕੋ ਨਹੀ
ਜਿਚਰੁ ਸਬਦਿ ਨ ਕਰੇ ਵਿਚਾਰੁ ॥੧॥

نانک وِنُّ ناوے نِربھءُ کو نہی
جِچرُ سبدِ ن کرے وِچارُ ॥1॥

ਮਃ ੩ ॥

م: 3 ॥

ਭੇਖੀ ਅਗਨਿ ਨ ਬੁਝਈ
ਚਿੰਤਾ ਹੈ ਮਨ ਮਾਹਿ ॥

بھیکھی اگنِ ن بُجھئی
چِنّتا ہے من ماہِ ॥

ਵਰਮੀ ਮਾਰੀ ਸਾਪੁ ਨ ਮਰੈ
ਤਿਉ ਨਿਗੁਰੇ ਕਰਮ ਕਮਾਹਿ ॥

ورمی ماری ساپُ ن مرے
تِءُ نِگُرے کرم کماہِ ॥

ਸਤਿਗੁਰੁ ਦਾਤਾ ਸੇਵੀਐ
ਸਬਦੁ ਵਸੈ ਮਨਿ ਆਇ ॥

ستِگُرُ داتا سیویے
سبدُ وسے منِ آءِ ॥

ਮਨੁ ਤਨੁ ਸੀਤਲੁ ਸਾਂਤਿ ਹੋਇ
ਤ੍ਰਿਸਨਾ ਅਗਨਿ ਬੁਝਾਇ ॥

منُ تنُ سیتلُ سانتِ ہوءِ
ترِسنا اگنِ بُجھاءِ ॥

ਸੁਖਾ ਸਿਰਿ ਸਦਾ ਸੁਖੁ ਹੋਇ
ਜਾ ਵਿਚਹੁ ਆਪੁ ਗਵਾਇ ॥

سُکھا سِرِ سدا سُکھُ ہوءِ
جا وِچہُ آپُ گواءِ ॥

ਗੁਰਮੁਖਿ ਉਦਾਸੀ ਸੋ ਕਰੇ
ਜਿ ਸਚਿ ਰਹੈ ਲਿਵ ਲਾਇ ॥

گُرمُکھِ اُداسی سو کرے
جِ سچِ رہے لِو لاءِ ॥

ਚਿੰਤਾ ਮੂਲਿ ਨ ਹੋਵਈ
ਹਰਿ ਨਾਮਿ ਰਜਾ ਆਘਾਇ ॥

چِنّتا مولِ ن ہووئی
ہرِ نامِ رجا آگھاءِ ॥

ਨਾਨਕ ਨਾਮ ਬਿਨਾ ਨਹ ਛੂਟੀਐ
ਹਉਮੈ ਪਚਹਿ ਪਚਾਇ ॥੨॥

نانک نام بِنا نہ چھوٹیے
ہئمے پچہِ پچاءِ ॥2॥

ਪਉੜੀ ॥

پئڑی ॥

ਜਿਨਿ ਹਰਿ ਹਰਿ ਨਾਮੁ ਧਿਆਇਆ
ਤਿਨੀ ਪਾਇਅੜੇ ਸਰਬ ਸੁਖਾ ॥

جِنِ ہرِ ہرِ نامُ دھیائیا
تِنی پائیئڑے سرب سُکھا ॥

ਸਭੁ ਜਨਮੁ ਤਿਨਾ ਕਾ ਸਫਲੁ ਹੈ
ਜਿਨ ਹਰਿ ਕੇ ਨਾਮ ਕੀ ਮਨਿ ਲਾਗੀ ਭੁਖਾ ॥

سبھُ جنمُ تِنا کا سپھلُ ہے
جِن ہرِ کے نام کی منِ لاگی بھُکھا ॥

ਜਿਨੀ ਗੁਰ ਕੈ ਬਚਨਿ ਆਰਾਧਿਆ

جِنی گُر کے بچنِ آرادھیا

ਤਿਨ ਵਿਸਰਿ ਗਏ ਸਭਿ ਦੁਖਾ ॥

تِن وِسرِ گئے سبھِ دُکھا ॥

ਤੇ ਸੰਤ ਭਲੇ ਗੁਰਸਿਖ ਹੈ
ਜਿਨ ਨਾਹੀ ਚਿੰਤ ਪਰਾਈ ਚੁਖਾ ॥

تے سنّت بھلے گُرسِکھ ہے
جِن ناہی چِنّت پرائی چُکھا ॥

ਧਨੁ ਧੰਨੁ ਤਿਨਾ ਕਾ ਗੁਰੂ ਹੈ
ਜਿਸੁ ਅੰਮ੍ਰਿਤ ਫਲ ਹਰਿ ਲਾਗੇ ਮੁਖਾ ॥੬॥

دھنُ دھنّنُ تِنا کا گُرُو ہے
جِسُ امّرِت پھل ہرِ لاگے مُکھا ॥6॥

ਸਲੋਕ ਮਃ ੩ ॥

سلوک م: 3 ॥

ਕਲਿ ਮਹਿ ਜਮੁ ਜੰਦਾਰੁ ਹੈ
ਹੁਕਮੇ ਕਾਰ ਕਮਾਇ ॥

کلِ مہِ جمُ جنّدارُ ہے
حُکمے کار کماءِ ॥

ਗੁਰਿ ਰਾਖੇ ਸੇ ਉਬਰੇ
ਮਨਮੁਖਾ ਦੇਇ ਸਜਾਇ ॥

گُرِ راکھے سے اُبرے
منمُکھا دےءِ سزاءِ ॥

ਜਮਕਾਲੈ ਵਸਿ ਜਗੁ ਬਾਂਧਿਆ
ਤਿਸ ਦਾ ਫਰੂ ਨ ਕੋਇ ॥

جمکالے وسِ جگُ باندھیا
تِس دا پھرُو ن کوءِ ॥

ਜਿਨਿ ਜਮੁ ਕੀਤਾ ਸੋ ਸੇਵੀਐ
ਗੁਰਮੁਖਿ ਦੁਖੁ ਨ ਹੋਇ ॥

جِنِ جمُ کِیتا سو سیویئے
گُرمُکھِ دُکھُ ن ہوءِ ॥

ਨਾਨਕ ਗੁਰਮੁਖਿ ਜਮੁ ਸੇਵਾ ਕਰੇ
ਜਿਨ ਮਨਿ ਸਚਾ ਹੋਇ ॥੧॥

نانک گُرمُکھِ جمُ سیوا کرے
جِن منِ سچا ہوءِ ॥1॥

ਮਃ ੩ ॥

م: 3 ॥

ਏਹਾ ਕਾਇਆ ਰੋਗਿ ਭਰੀ
ਬਿਨੁ ਸਬਦੈ ਦੁਖੁ ਹਉਮੈ ਰੋਗੁ ਨ ਜਾਇ ॥

ایہا کائیا روگِ بھری
بِنُ سبدے دُکھُ ہئُمے روگُ ن جاءِ ॥

ਸਤਿਗੁਰੁ ਮਿਲੈ ਤਾ ਨਿਰਮਲ ਹੋਵੈ
ਹਰਿ ਨਾਮੋ ਮੰਨਿ ਵਸਾਇ ॥

ستِگُر مِلے تا نِرمل ہووے
ہرِ نامو منّنِ وساءِ ॥

ਨਾਨਕ ਨਾਮੁ ਧਿਆਇਆ ਸੁਖਦਾਤਾ
ਦੁਖੁ ਵਿਸਰਿਆ ਸਹਜਿ ਸੁਭਾਇ ॥੨॥

نانک نامُ دھیائیا سُکھداتا
دُکھُ وِسریا سہجِ سُبھاءِ ॥2॥

ਪਉੜੀ ॥

پئُڑی ॥

ਜਿਨਿ ਜਗਜੀਵਨੁ ਉਪਦੇਸਿਆ

جِنِ جگجیونُ اُپدیسیا

ਤਿਸੁ ਗੁਰ ਕਉ ਹਉ ਸਦਾ ਘੁਮਾਇਆ ॥

تِس گُر ک ءُ ہءُ سدا گھُمائیا ॥

ਤਿਸੁ ਗੁਰ ਕਉ ਹਉ ਖੰਨੀਐ
ਜਿਨਿ ਮਧੁਸੂਦਨੁ ਹਰਿ ਨਾਮੁ ਸੁਣਾਇਆ ॥

تِس گُر ک ءُ ہءُ کھنّنیےَ
جِنِ مدھُسوُدنُ ہرِ نامُ سُٹائیا ॥

ਤਿਸੁ ਗੁਰ ਕਉ ਹਉ ਵਾਰਣੈ
ਜਿਨਿ ਹਉਮੈ ਬਿਖੁ ਸਭੁ ਰੋਗੁ ਗਵਾਇਆ ॥

تِس گُر ک ءُ ہءُ وارنّے
جِنِ ہئُمےَ بِکھُ سبھُ روگُ گوائیا ॥

ਤਿਸੁ ਸਤਿਗੁਰ ਕਉ ਵਡ ਪੁੰਨੁ ਹੈ
ਜਿਨਿ ਅਵਗਣ ਕਟਿ ਗੁਣੀ ਸਮਝਾਇਆ ॥

تِس ستِگُر ک ءُ وڈ پُنّنُ ہےَ
جِنِ اوگُنؔ کٹِ گُنؔی سمجھائیا ॥

ਸੋ ਸਤਿਗੁਰੁ ਤਿਨ ਕਉ ਭੇਟਿਆ
ਜਿਨ ਕੈ ਮੁਖਿ ਮਸਤਕਿ ਭਾਗੁ ਲਿਖਿ ਪਾਇਆ ॥੭॥

سو ستِگُرُ تِن ک ءُ بھیٹیا
جِن کےَ مُکھِ مستکِ بھاگُ لِکھِ پائیا ॥7॥

ਸਲੋਕੁ ਮਃ ੩ ॥

سلوکُ م: 3 ॥

ਭਗਤਿ ਕਰਹਿ ਮਰਜੀਵੜੇ
ਗੁਰਮੁਖਿ ਭਗਤਿ ਸਦਾ ਹੋਇ ॥

بھگتِ کرہِ مرجیوڑے
گُرمُکھِ بھگتِ سدا ہوءِ ॥

ਓਨਾ ਕਉ ਧੁਰਿ ਭਗਤਿ ਖਜਾਨਾ ਬਖਸਿਆ
ਮੇਟਿ ਨ ਸਕੈ ਕੋਇ ॥

اونا ک ءُ دھُرِ بھگتِ خزانا بخشِیا
میٹِ ن سکےَ کوءِ ॥

ਗੁਣ ਨਿਧਾਨੁ ਮਨਿ ਪਾਇਆ
ਏਕੋ ਸਚਾ ਸੋਇ ॥

گُنؔ نِدھانُ منِ پائیا
ایکو سچا سوءِ ॥

ਨਾਨਕ ਗੁਰਮੁਖਿ ਮਿਲਿ ਰਹੇ
ਫਿਰਿ ਵਿਛੋੜਾ ਕਦੇ ਨ ਹੋਇ ॥੧॥

نانک گُرمُکھِ مِلِ رہے
پھِرِ وِچھوڑا کدے ن ہوءِ ॥1॥

ਮਃ ੩ ॥

م: 3 ॥

ਸਤਿਗੁਰ ਕੀ ਸੇਵ ਨ ਕੀਨੀਆ
ਕਿਆ ਓਹੁ ਕਰੇ ਵਿਚਾਰੁ ॥

ستِگُر کی سیو ن کِینِیا
کِیا اوہُ کرے وِچارُ ॥

ਸਬਦੈ ਸਾਰ ਨ ਜਾਣਈ
ਬਿਖੁ ਭੂਲਾ ਗਾਵਾਰੁ ॥

سبدےَ سار ن جانئی
بِکھُ بھوُلا گاوارُ ॥

ਅਗਿਆਨੀ ਅੰਧੁ ਬਹੁ ਕਰਮ ਕਮਾਵੈ
ਦੂਜੈ ਭਾਇ ਪਿਆਰੁ ॥

اگیانی اندھُ بہُ کرم کماوےَ
دوُجےَ بھاءِ پِیارُ ॥

ਅਣਹੋਦਾ ਆਪੁ ਗਣਾਇਦੇ
ਜਮੁ ਮਾਰਿ ਕਰੇ ਤਿਨ ਖੁਆਰੁ ॥

ਨਾਨਕ ਕਿਸ ਨੋ ਆਖੀਐ
ਜਾ ਆਪੇ ਬਖਸਣਹਾਰੁ ॥੨॥

ਪਉੜੀ ॥

ਤੂ ਕਰਤਾ ਸਭੁ ਕਿਛੁ ਜਾਣਦਾ
ਸਭਿ ਜੀਅ ਤੁਮਾਰੇ ॥

ਜਿਸੁ ਤੂ ਭਾਵੈ ਤਿਸੁ ਤੂ ਮੇਲਿ ਲੈਹਿ
ਕਿਆ ਜੰਤ ਵਿਚਾਰੇ ॥

ਤੂ ਕਰਣ ਕਾਰਣ ਸਮਰਥ ਹੈ
ਸਚੁ ਸਿਰਜਣਹਾਰੇ ॥

ਜਿਸੁ ਤੂ ਮੇਲਹਿ ਪਿਆਰਿਆ
ਸੋ ਤੁਧੁ ਮਿਲੈ ਗੁਰਮੁਖਿ ਵੀਚਾਰੇ ॥

ਹਉ ਬਲਿਹਾਰੀ ਸਤਿਗੁਰ ਆਪਣੇ
ਜਿਨਿ ਮੇਰਾ ਹਰਿ ਅਲਖੁ ਲਖਾਰੇ ॥੮॥

ਸਲੋਕ ਮਃ ੩ ॥

ਰਤਨਾ ਪਾਰਖੁ ਜੋ ਹੋਵੈ
ਸੁ ਰਤਨਾ ਕਰੇ ਵੀਚਾਰੁ ॥

ਰਤਨਾ ਸਾਰ ਨ ਜਾਣਈ
ਅਗਿਆਨੀ ਅੰਧੁ ਅੰਧਾਰੁ ॥

ਰਤਨੁ ਗੁਰੂ ਕਾ ਸਬਦੁ ਹੈ
ਬੂਝੈ ਬੂਝਣਹਾਰੁ ॥

ਮੂਰਖ ਆਪੁ ਗਣਾਇਦੇ
ਮਰਿ ਜੰਮਹਿ ਹੋਇ ਖੁਆਰੁ ॥

ਨਾਨਕ ਰਤਨਾ ਸੋ ਲਹੈ

اَنہودا آپُ گنائِدے
جمُ مارِ کرے تِن خُیارُ ॥

نانک کِس نو آکھیئے
جا آپے بخشنہارُ ॥2॥

پئڑی ॥

توُ کرتا سبھُ کچھُ جانڈا
سبھِ جیء تُمارے ॥

جِسُ توُ بھاوے تِسُ توُ میلِ لیہِ
کِیا جنّت وِچارے ۔ ॥

توُ کرنؤ کارنؤ سمرتھ ہے
سچُ سِرجنہارے ॥

جِسُ توُ میلہِ پیارِیا
سو تُدھُ مِلے گُرمُکھِ ویچارے ॥

ہءُ بلِہاری ستِگُر آپنے
جِنِ میرا ہرِ الکھُ لکھارے ॥8॥

سلوک م: 3 ॥

رتنا پارکھُ جو ہووے
سُ رتنا کرے ویچارُ ॥

رتنا سار ن جانئی
اگیانی اندھُ اندھارُ ॥

رتنُ گُرو کا سبدُ ہے
بُوجھے بُوجھنہارُ ॥

موُرکھ آپُ گنائِدے
مرِ جنّمہِ ہوءِ خُیارُ ॥

نانک رتنا سو لہے

ਜਿਸੁ ਗੁਰਮੁਖਿ ਲਗੈ ਪਿਆਰੁ ॥

جِسُ گُرمُکھِ لگےَ پِیارُ ॥

ਸਦਾ ਸਦਾ ਨਾਮੁ ਉਚਰੈ
ਹਰਿ ਨਾਮੋ ਨਿਤ ਬਿਉਹਾਰੁ ॥

سدا سدا نامُ اُچرے
ہرِ نامو نِت بِہُارُ ॥

ਕ੍ਰਿਪਾ ਕਰੇ ਜੇ ਆਪਣੀ
ਤਾ ਹਰਿ ਰਖਾ ਉਰ ਧਾਰਿ ॥੧॥

کِرپا کرے جے آپنی
تا ہرِ رکھا اُر دھارِ ॥1॥

ਮਃ ੩ ॥

م: 3 ॥

ਸਤਿਗੁਰ ਕੀ ਸੇਵ ਨ ਕੀਨੀਆ
ਹਰਿ ਨਾਮਿ ਨ ਲਗੋ ਪਿਆਰੁ ॥

ستِگُر کی سیو ن کِینِیا
ہرِ نامِ ن لگو پِیارُ ॥

ਮਤ ਤੁਮ ਜਾਣਹੁ ਉਇ ਜੀਵਦੇ
ਓਇ ਆਪਿ ਮਾਰੇ ਕਰਤਾਰਿ ॥

مت تُم جانہُ اوُءِ جیِودے
اوءِ آپِ مارے کرتارِ ॥

ਹਉਮੈ ਵਡਾ ਰੋਗੁ ਹੈ
ਭਾਇ ਦੂਜੈ ਕਰਮ ਕਮਾਇ ॥

ہئُمےَ وڈا روگُ ہےَ
بھاءِ دوُجےَ کرم کماءِ ॥

ਨਾਨਕ ਮਨਮੁਖਿ ਜੀਵਦਿਆ ਮੁਏ
ਹਰਿ ਵਿਸਰਿਆ ਦੁਖੁ ਪਾਇ ॥੨॥

نانک منمُکھِ جیِودِیا مُےَ
ہرِ وِسرِیا دُکھُ پاءِ ॥2॥

ਪਉੜੀ ॥

پئُڑی ॥

ਜਿਸੁ ਅੰਤਰੁ ਹਿਰਦਾ ਸੁਧੁ ਹੈ
ਤਿਸੁ ਜਨ ਕਉ ਸਭਿ ਨਮਸਕਾਰੀ ॥

جِسُ انترُ ہِردا سُدھُ ہےَ
تِسُ جن کءُ سبھِ نمسکاری ॥

ਜਿਸੁ ਅੰਦਰਿ ਨਾਮੁ ਨਿਧਾਨੁ ਹੈ
ਤਿਸੁ ਜਨ ਕਉ ਹਉ ਬਲਿਹਾਰੀ ॥

جِسُ اندّرِ نامُ نِدھانُ ہےَ
تِسُ جن کءُ ہءُ بلِہاری ॥

ਜਿਸੁ ਅੰਦਰਿ ਬੁਧਿ ਬਿਬੇਕੁ ਹੈ
ਹਰਿ ਨਾਮੁ ਮੁਰਾਰੀ ॥

جِسُ اندّرِ بُدھِ بِبیکُ ہےَ
ہرِ نامُ مُراری ॥

ਸੋ ਸਤਿਗੁਰੁ ਸਭਨਾ ਕਾ ਮਿਤੁ ਹੈ
ਸਭ ਤਿਸਹਿ ਪਿਆਰੀ ॥

سو ستِگُرُ سبھنا کا مِتُ ہےَ
سبھ تِسہِ پیاری ॥

ਸਭੁ ਆਤਮ ਰਾਮੁ ਪਸਾਰਿਆ
ਗੁਰ ਬੁਧਿ ਬੀਚਾਰੀ ॥੯॥

سبھُ آتم رامُ پسارِیا
گُر بُدھِ بیچاری ॥9॥

ਸਲੋਕ ਮਃ ੩ ॥

ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ
ਵਿਚਿ ਹਉਮੈ ਕਰਮ ਕਮਾਹਿ ॥

ਬਿਨੁ ਸਤਿਗੁਰ ਸੇਵੇ ਠਉਰ ਨ ਪਾਵਹੀ
ਮਰਿ ਜੰਮਹਿ ਆਵਹਿ ਜਾਹਿ ॥

ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ
ਨਾਮੁ ਨ ਵਸੈ ਮਨ ਮਾਹਿ ॥

ਨਾਨਕ ਬਿਨੁ ਸਤਿਗੁਰ ਸੇਵੇ ਜਮ ਪੁਰਿ ਬਧੇ ਮਾਰੀਅਨਿ
ਮੁਹਿ ਕਾਲੈ ਉਠਿ ਜਾਹਿ ॥੧॥

ਮਹਲਾ ੧ ॥

ਜਾਲਉ ਐਸੀ ਰੀਤਿ
ਜਿਤੁ ਮੈ ਪਿਆਰਾ ਵੀਸਰੈ ॥

ਨਾਨਕ ਸਾਈ ਭਲੀ ਪਰੀਤਿ
ਜਿਤੁ ਸਾਹਿਬ ਸੇਤੀ ਪਤਿ ਰਹੈ ॥੨॥

ਪਉੜੀ ॥

ਹਰਿ ਇਕੋ ਦਾਤਾ ਸੇਵੀਐ
ਹਰਿ ਇਕੁ ਧਿਆਈਐ ॥

ਹਰਿ ਇਕੋ ਦਾਤਾ ਮੰਗੀਐ
ਮਨ ਚਿੰਦਿਆ ਪਾਈਐ ॥

ਜੇ ਦੂਜੇ ਪਾਸਹੁ ਮੰਗੀਐ
ਤਾ ਲਾਜ ਮਰਾਈਐ ॥

ਜਿਨਿ ਸੇਵਿਆ ਤਿਨ ਫਲੁ ਪਾਇਆ
ਤਿਸੁ ਜਨ ਕੀ ਸਭ ਭੁਖ ਗਵਾਈਐ ॥

ਨਾਨਕੁ ਤਿਨ ਵਿਟਹੁ ਵਾਰਿਆ
ਜਿਨ ਅਨਦਿਨੁ ਹਿਰਦੈ ਹਰਿ ਨਾਮੁ ਧਿਆਈਐ ॥੧੦॥

سلوک م: 3 ॥

بِنُ ستِگُر سیوے جیء کے بندھنا
وِچِ ہئُمے کرم کماہِ ॥

بِنُ ستِگُر سیوے ٹھرُ ن پاوہی
مرِ جنمہِ آوہِ جاہِ ॥

بِنُ ستِگُر سیوے پھِکا بولنّا
نامُ ن وسے من ماہِ ॥

نانک بِنُ ستِگُر سیوے جم پُرِ بدھے ماریئنِ
مُہِ کالے اُٹھِ جاہِ ॥1॥

محلا 1 ॥

جالءُ ایَسی ریتِ
جِتُ مے پیارا ویسرے ॥

نانک سائی بھلی پریتِ
جِتُ صاحِب سیتی پتِ رہے ॥2॥

پئڑی ॥

ہرِ اِکو داتا سیویئے
ہرِ اِکُ دھیائیئے ॥

ہرِ اِکو داتا منگیئے
من چِندیا پائیئے ॥

جے دوُجے پاسہُ منگیئے
تا لاج مرائیئے ॥

جِنِ سیویا تِن پھلُ پائیا
تِس جن کی سبھ بھُکھ گوائیئے ॥

نانکُ تِن وِٹہُ واریا
جِن اندِنُ ہِردے ہرِ نامُ دھیائیئے ॥ 10 ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਸਲੋਕੁ ਮਃ ੩ ॥

ਭਗਤ ਜਨਾ ਕੰਉ ਆਪਿ ਤੁਠਾ ਮੇਰਾ ਪਿਆਰਾ
ਆਪੇ ਲਇਅਨੁ ਜਨ ਲਾਇ ॥

ਪਾਤਿਸਾਹੀ ਭਗਤ ਜਨਾ ਕਉ ਦਿਤਿਅਨੁ
ਸਿਰਿ ਛਤੁ ਸਚਾ ਹਰਿ ਬਣਾਇ ॥

ਸਦਾ ਸੁਖੀਏ ਨਿਰਮਲੇ
ਸਤਿਗੁਰ ਕੀ ਕਾਰ ਕਮਾਇ ॥

ਰਾਜੇ ਉਇ ਨ ਆਖੀਅਹਿ
ਭਿੜਿ ਮਰਹਿ ਫਿਰਿ ਜੂਨੀ ਪਾਹਿ ॥

ਨਾਨਕ ਵਿਣੁ ਨਾਵੈ ਨਕੀਂ ਵਢੀਂ ਫਿਰਹਿ
ਸੋਭਾ ਮੂਲਿ ਨ ਪਾਹਿ ॥੧॥

ਮਃ ੩ ॥

ਸੁਣਿ ਸਿਖਿਐ ਸਾਦੁ ਨ ਆਇਓ
ਜਿਚਰੁ ਗੁਰਮੁਖਿ ਸਬਦਿ ਨ ਲਾਗੈ ॥

ਸਤਿਗੁਰਿ ਸੇਵਿਐ ਨਾਮੁ ਮਨਿ ਵਸੈ
ਵਿਚਹੁ ਭ੍ਰਮੁ ਭਉ ਭਾਗੈ ॥

ਜੇਹਾ ਸਤਿਗੁਰ ਨੋ ਜਾਣੈ ਤੇਹੋ ਹੋਵੈ
ਤਾ ਸਚਿ ਨਾਮਿ ਲਿਵ ਲਾਗੈ ॥

ਨਾਨਕ ਨਾਮਿ ਮਿਲੈ ਵਡਿਆਈ
ਹਰਿ ਦਰਿ ਸੋਹਨਿ ਆਗੈ ॥੨॥

ਪਉੜੀ ॥

ਗੁਰਸਿਖਾਂ ਮਨਿ ਹਰਿ ਪ੍ਰੀਤਿ ਹੈ
ਗੁਰੁ ਪੂਜਣ ਆਵਹਿ ॥

ਹਰਿ ਨਾਮੁ ਵਣੰਜਹਿ ਰੰਗ ਸਿਉ
ਲਾਹਾ ਹਰਿ ਨਾਮੁ ਲੈ ਜਾਵਹਿ ॥

سلوکُ م: 3 ॥

بھگت جنا کنّءُ آپِ تُٹھا میرا پیارا
آپے لِئنُ جن لاءِ ॥

پاتِشاہی بھگت جنا کءُ دِتِئنُ
سِرِ چھتُ سچا ہرِ بنّاءِ ॥

سدا سُکھیئے نِرملے
ستِگُر کی کار کماءِ ॥

راجے اوُءِ ن آکھِیئہِ
بھِڑِ مرہِ پھِرِ جوُنی پاہِ ॥

نانک وِنُ ناوے نکیں وڈھیں پھِرہِ
سوبھا موُلِ ن پاہِ ॥1॥

م: 3 ॥

سُنِ سِکھیئے سادُ ن آئِئو
جِچرُ گُرمُکھِ سبدِ ن لاگے ॥

ستِگُرِ سیوِئے نامُ منِ وسے
وِچہُ بھّرمُ بھءُ بھاگے ॥

جیہا ستِگُر نو جانّے تیہو ہووے
تا سچِ نامِ لِو لاگے ॥

نانک نامِ مِلے وڈِیائی
ہرِ درِ سوہنِ آگے ॥2॥

پئُڑی ॥

گُرسِکھاں منِ ہرِ پرِیتِ ہے
گُرُ پوُجنِ آوہِ ॥

ہرِ نامُ وٹنّجہِ رنگ سِءُ
لاہا ہرِ نامُ لے جاوہِ ॥

ਗੁਰਸਿਖਾ ਕੇ ਮੁਖ ਉਜਲੇ
ਹਰਿ ਦਰਗਹ ਭਾਵਹਿ ॥

گُرسِکھا کے مُکھ اُجلے
ہرِ درگہ بھاوہِ ॥

ਗੁਰੁ ਸਤਿਗੁਰੁ ਬੋਹਲੁ ਹਰਿ ਨਾਮ ਕਾ
ਵਡਭਾਗੀ ਸਿਖ ਗੁਣ ਸਾਂਝ ਕਰਾਵਹਿ ॥

گُرُ ستِگُرُ بوہلُ ہرِ نام کا
وڈبھاگی سِکھ گُنؤ سانجھ کراوہِ ॥

ਤਿਨਾ ਗੁਰਸਿਖਾ ਕੰਉ ਹਉ ਵਾਰਿਆ
ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ ॥੧੧॥

تِنا گُرسِکھا کنءُ ہءُ وارِیا
جو بہدِیا اُٹھدِیا ہرِ نامُ دھِیاوہِ ॥ 11 ॥

ਸਲੋਕ ਮਃ ੩ ॥

سلوک م: 3 ॥

ਨਾਨਕ ਨਾਮੁ ਨਿਧਾਨੁ ਹੈ
ਗੁਰਮੁਖਿ ਪਾਇਆ ਜਾਇ ॥

نانک نامُ نِدھانُ ہے
گُرمُکھِ پائِیا جاءِ ॥

ਮਨਮੁਖ ਘਰਿ ਹੋਦੀ ਵਥੁ ਨ ਜਾਣਨੀ
ਅੰਧੇ ਭਉਕਿ ਮੁਏ ਬਿਲਲਾਇ ॥੧॥

منمُکھ گھرِ ہودی وتھُ ن جانْنی
انّدھے بھنْکِ مُۓ بِللاءِ ॥ 1 ॥

ਮਃ ੩ ॥

م: 3 ॥

ਕੰਚਨ ਕਾਇਆ ਨਿਰਮਲੀ
ਜੋ ਸਚਿ ਨਾਮਿ ਸਚਿ ਲਾਗੀ ॥

کنچن کائِیا نِرملی
جو سچِ نامِ سچِ لاگی ॥

ਨਿਰਮਲ ਜੋਤਿ ਨਿਰੰਜਨੁ ਪਾਇਆ
ਗੁਰਮੁਖਿ ਭ੍ਰਮੁ ਭਉ ਭਾਗੀ ॥

نِرمل جوتِ نِرنجنُ پائِیا
گُرمُکھِ بھرمُ بھءُ بھاگی ॥

ਨਾਨਕ ਗੁਰਮੁਖਿ ਸਦਾ ਸੁਖੁ ਪਾਵਹਿ
ਅਨਦਿਨੁ ਹਰਿ ਬੈਰਾਗੀ ॥੨॥

نانک گُرمُکھِ سدا سُکھُ پاوہِ
اندِنُ ہرِ بیَراگی ॥ 2 ॥

ਪਉੜੀ ॥

پئُڑی ॥

ਸੇ ਗੁਰਸਿਖ ਧਨੁ ਧੰਨੁ ਹੈ
ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ ॥

سے گُرسِکھ دھنُ دھنّنُ ہے
جِنی گُر اُپدیسُ سُنِّیا ہرِ کنّنی ॥

ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ
ਤਿਨਿ ਹੰਉਮੈ ਦੁਬਿਧਾ ਭੰਨੀ ॥

گُرِ ستِگُرِ نامُ دڑاِئیا
تِنِ ہنْمےَ دُبِدھا بھنّنی ॥

ਬਿਨੁ ਹਰਿ ਨਾਵੈ ਕੋ ਮਿਤ੍ਰੁ ਨਾਹੀ
ਵੀਚਾਰਿ ਡਿਠਾ ਹਰਿ ਜੰਨੀ ॥

بِنُ ہرِ ناوےَ کو مِتّرُ ناہی
ویچارِ ڈِٹھا ہرِ جنّنی ॥

ਜਿਨਾ ਗੁਰਸਿਖਾ ਕਉ ਹਰਿ ਸੰਤੁਸਟੁ ਹੈ
ਤਿਨੀ ਸਤਿਗੁਰ ਕੀ ਗਲ ਮੰਨੀ ॥

جِنا گُرسِکھا ک ءُ ہرِ سنتُسٹُ ہے
تِنی ستِگُر کی گل منّنی ॥

ਜੋ ਗੁਰਮੁਖਿ ਨਾਮੁ ਧਿਆਇਦੇ
ਤਿਨੀ ਚੜੀ ਚਵਗਣਿ ਵੰਨੀ ॥੧੨॥

جو گُرمُکھِ نامُ دھِیائِدے
تِنی چڑی چوگُنِ وننّی ॥ 12 ॥

ਸਲੋਕ ਮਃ ੩ ॥

سلوک م: 3 ॥

ਮਨਮੁਖੁ ਕਾਇਰੁ ਕਰੂਪੁ ਹੈ
ਬਿਨੁ ਨਾਵੈ ਨਕੁ ਨਾਹਿ ॥

منمُکھُ کائِرُ کروُپُ ہے
بِنُ ناوے نکُ ناہِ ॥

ਅਨਦਿਨੁ ਧੰਧੈ ਵਿਆਪਿਆ
ਸੁਪਨੈ ਭੀ ਸੁਖੁ ਨਾਹਿ ॥

اندِنُ دھندھے وِیاپِیا
سُپنے بھی سُکھُ ناہِ ॥

ਨਾਨਕ ਗੁਰਮੁਖਿ ਹੋਵਹਿ ਤਾ ਉਬਰਹਿ
ਨਾਹਿ ਤ ਬਧੇ ਦੁਖ ਸਹਾਹਿ ॥੧॥

نانک گُرمُکھِ ہووہِ تا اُبرہِ
ناہِ ت بدھے دُکھ سہاہِ ॥ 1 ॥

ਮਃ ੩ ॥

م: 3 ॥

ਗੁਰਮੁਖਿ ਸਦਾ ਦਰਿ ਸੋਹਣੇ
ਗੁਰ ਕਾ ਸਬਦੁ ਕਮਾਹਿ ॥

گُرمُکھِ سدا درِ سوہنے
گُر کا سبدُ کماہِ ॥

ਅੰਤਰਿ ਸਾਂਤਿ ਸਦਾ ਸੁਖੁ
ਦਰਿ ਸਚੈ ਸੋਭਾ ਪਾਹਿ ॥

انّترِ سانْتِ سدا سُکھُ
درِ سچے سوبھا پاہِ ॥

ਨਾਨਕ ਗੁਰਮੁਖਿ ਹਰਿ ਨਾਮੁ ਪਾਇਆ
ਸਹਜੇ ਸਚਿ ਸਮਾਹਿ ॥੨॥

نانک گُرمُکھِ ہرِ نامُ پائیا
سہجے سچِ سماہِ ॥ 2 ॥

ਪਉੜੀ ॥

پئُڑی ॥

ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ ॥

گُرمُکھِ پرّہِلادِ جپِ ہرِ گتِ پائی ॥

ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ ॥

گُرمُکھِ جنکِ ہرِ نامِ لِو لائی ॥

ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ ॥

گُرمُکھِ بسِسٹِ ہرِ اُپدیسُ سُنائی ॥

ਬਿਨੁ ਗੁਰ ਹਰਿ ਨਾਮੁ ਨ ਕਿਨੈ ਪਾਇਆ
ਮੇਰੇ ਭਾਈ ॥

بِنُ گُر ہرِ نامُ ن کِنے پائیا
میرے بھائی ۔ ॥

ਗੁਰਮੁਖਿ ਹਰਿ ਭਗਤਿ ਹਰਿ ਆਪਿ ਲਹਾਈ ॥੧੩॥

گُرمُکھِ ہرِ بھگتِ ہرِ آپِ لہائی ॥ 13 ॥

ਸਲੋਕੁ ਮਃ ੩ ॥

سلوکُ م: 3 ॥

ਸਤਿਗੁਰ ਕੀ ਪਰਤੀਤਿ ਨ ਆਈਆ
ਸਬਦਿ ਨ ਲਾਗੋ ਭਾਉ ॥

ستِگُر کی پرتیتِ ن آئیا
سبدِ ن لاگو بھاءُ ॥

ਓਸ ਨੋ ਸੁਖੁ ਨ ਉਪਜੈ
ਭਾਵੈ ਸਉ ਗੇੜਾ ਆਵਉ ਜਾਉ ॥

اوس نو سُکھُ ن اُپجے
بھاوے س ءُ گیڑا آوءُ جاءُ ॥

ਨਾਨਕ ਗੁਰਮੁਖਿ ਸਹਜਿ ਮਿਲੈ
ਸਚੇ ਸਿਉ ਲਿਵ ਲਾਉ ॥੧॥

نانک گُرمُکھِ سہجِ ملے
سچے سِ ءُ لِو لاءُ ॥1॥

ਮਃ ੩ ॥

م: 3 ॥

ਏ ਮਨ ਐਸਾ ਸਤਿਗੁਰੁ ਖੋਜਿ ਲਹੁ
ਜਿਤੁ ਸੇਵਿਐ ਜਨਮ ਮਰਣ ਦੁਖੁ ਜਾਇ ॥

اے من ایسا ستِگُر کھوجِ لہُ
جِتُ سیوِئے جنم مرنُ دُکھُ جاءِ ॥

ਸਹਸਾ ਮੂਲਿ ਨ ਹੋਵਈ
ਹਉਮੈ ਸਬਦਿ ਜਲਾਇ ॥

سہسا مولِ ن ہووئی
ہئمے سبدِ جلاءِ ॥

ਕੂੜੈ ਕੀ ਪਾਲਿ ਵਿਚਹੁ ਨਿਕਲੈ
ਸਚੁ ਵਸੈ ਮਨਿ ਆਇ ॥

کوڑے کی پالِ وِچہُ نِکلے
سچُ وسے منِ آءِ ॥

ਅੰਤਰਿ ਸਾਂਤਿ ਮਨਿ ਸੁਖੁ ਹੋਇ
ਸਚ ਸੰਜਮਿ ਕਾਰ ਕਮਾਇ ॥

انترِ سانتِ منِ سُکھُ ہوءِ
سچ سنجمِ کار کماءِ ॥

ਨਾਨਕ ਪੂਰੈ ਕਰਮਿ ਸਤਿਗੁਰੁ ਮਿਲੈ
ਹਰਿ ਜੀਉ ਕਿਰਪਾ ਕਰੇ ਰਜਾਇ ॥੨॥

نانک پُورے کرمِ ستِگُر ملے
ہرِ جیءُ کِرپا کرے رضاءِ ॥2॥

ਪਉੜੀ ॥

پئڑی ॥

ਜਿਸੁ ਕੈ ਘਰਿ ਦੀਬਾਨੁ ਹਰਿ ਹੋਵੈ
ਤਿਸ ਕੀ ਮੁਠੀ ਵਿਚਿ ਜਗਤੁ ਸਭੁ ਆਇਆ ॥

جِسُ کے گھرِ دیبانُ ہرِ ہووے
تِس کی مُٹھی وِچِ جگتُ سبھُ آئیا ॥

ਤਿਸ ਕਉ ਤਲਕੀ ਕਿਸੈ ਦੀ ਨਾਹੀ
ਹਰਿ ਦੀਬਾਨਿ ਸਭਿ ਆਣਿ ਪੈਰੀ ਪਾਇਆ ॥

تِس ک ءُ تلکی کِسے دی ناہی
ہرِ دیبانِ سبھِ آنُ پیری پائیا ॥

ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ

ماٹسا کِنہُ دیباٹہُ کوئی نِس بھجِ نِکلے

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਹਰਿ ਦੀਬਾਣਹੁ ਕੋਈ ਕਿਥੈ ਜਾਇਆ ॥

ہرِ دیباٹہُ کوئی کِتھے جائیا ۔ ॥

ਸੋ ਐਸਾ ਹਰਿ ਦੀਬਾਨੁ ਵਸਿਆ ਭਗਤਾ ਕੈ ਹਿਰਦੈ
ਤਿਨਿ ਰਹਦੇ ਖੁਹਦੇ ਆਣਿ ਸਭਿ ਭਗਤਾ ਅਗੈ ਖਲਵਾਇਆ
॥

سو ایَسا ہرِ دیبانُ وسِیا بھگتا کے ہِردے
تِنِ رہدے کھُہدے آنِ سبھِ بھگتا اگے کھلوائیا ॥

ਹਰਿ ਨਾਵੈ ਕੀ ਵਡਿਆਈ ਕਰਮਿ ਪਰਾਪਤਿ ਹੋਵੈ
ਗੁਰਮੁਖਿ ਵਿਰਲੈ ਕਿਨੈ ਧਿਆਇਆ ॥੧੪॥

ہرِ ناوے کی وڈیائی کرمِ پراپتِ ہووے
گُرمُکھِ وِرلے کِنے دھیائیا ॥ 14 ॥

ਸਲੋਕੁ ਮਃ ੩ ॥

سلوکُ م: 3 ॥

ਬਿਨੁ ਸਤਿਗੁਰ ਸੇਵੇ ਜਗਤੁ ਮੁਆ
ਬਿਰਥਾ ਜਨਮੁ ਗਵਾਇ ॥

بِنُ ستِگُر سیوے جگتُ مُیا
برتھا جنمُ گواءِ ॥

ਦੂਜੈ ਭਾਇ ਅਤਿ ਦੁਖੁ ਲਗਾ
ਮਰਿ ਜੰਮੈ ਆਵੈ ਜਾਇ ॥

دوُجے بھاءِ اتِ دُکھُ لگا
مرِ جنمے آوے جاءِ ॥

ਵਿਸਟਾ ਅੰਦਰਿ ਵਾਸੁ ਹੈ
ਫਿਰਿ ਫਿਰਿ ਜੂਨੀ ਪਾਇ ॥

وِسٹا اندرِ واسُ ہے
پھِرِ پھِرِ جوُنی پاءِ ॥

ਨਾਨਕ ਬਿਨੁ ਨਾਵੈ ਜਮੁ ਮਾਰਸੀ
ਅੰਤਿ ਗਇਆ ਪਛੁਤਾਇ ॥੧॥

نانک بِنُ ناوے جمُ مارسی
انتِ گئیا پچھُتاءِ ॥ 1 ॥

ਮਃ ੩ ॥

م: 3 ॥

ਇਸੁ ਜਗ ਮਹਿ ਪੁਰਖੁ ਏਕੁ ਹੈ
ਹੋਰ ਸਗਲੀ ਨਾਰਿ ਸਬਾਈ ॥

اِسُ جگ مہِ پُرکھُ ایکُ ہے
ہور سگلی نارِ سبائی ॥

ਸਭਿ ਘਟ ਭੋਗਵੈ ਅਲਿਪਤੁ ਰਹੈ
ਅਲਖੁ ਨ ਲਖਣਾ ਜਾਈ ॥

سبھِ گھٹ بھوگوے الپتُ رہے
الکھُ ن لکھٹا جائی ॥

ਪੂਰੈ ਗੁਰਿ ਵੇਖਾਲਿਆ
ਸਬਦੇ ਸੋਝੀ ਪਾਈ ॥

پوُرے گُرِ ویکھالیا
سبدے سوجھی پائی ॥

ਪੁਰਖੈ ਸੇਵਹਿ ਸੇ ਪੁਰਖ ਹੋਵਹਿ
ਜਿਨੀ ਹਉਮੈ ਸਬਦਿ ਜਲਾਈ ॥

پُرکھے سیوہِ سے پُرکھ ہووہِ
جِنی ہئمے سبدِ جلائی ॥

ਤਿਸ ਕਾ ਸਰੀਕੁ ਕੋ ਨਹੀ
ਨਾ ਕੋ ਕੰਟਕੁ ਵੈਰਾਈ ॥

تِس کا شریکُ کو نہی
نا کو کنٹکُ ویَرائی ॥

ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ
ਨਾ ਆਵੈ ਨਾ ਜਾਈ ॥

نِہچل راجُ ہے سدا تِس کیرا
نا آوے نا جائی ॥

ਅਨਦਿਨੁ ਸੇਵਕੁ ਸੇਵਾ ਕਰੇ
ਹਰਿ ਸਚੇ ਕੇ ਗੁਣ ਗਾਈ ॥

اندِنُ سیوکُ سیوا کرے
ہرِ سچے کے گُن گائی ॥

ਨਾਨਕੁ ਵੇਖਿ ਵਿਗਸਿਆ
ਹਰਿ ਸਚੇ ਕੀ ਵਡਿਆਈ ॥੨॥

نانکُ ویکھِ وِگسِیا
ہرِ سچے کی وڈِیائی ॥2॥

ਪਉੜੀ ॥

پئُڑی ॥

ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ
ਹਰਿ ਨਾਮੋ ਤਿਨ ਕੰਉ ਰਖਣਹਾਰਾ ॥

جِن کے ہرِ نامُ وسِیا سد ہِردے
ہرِ نامو تِن کنّءُ رکھٹہارا ॥

ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ
ਹਰਿ ਨਾਮੁ ਸਖਾਈ ਮਿਤ੍ਰੁ ਹਮਾਰਾ ॥

ہرِ نامُ پِتا ہرِ نامو ماتا
ہرِ نامُ سکھائی مِتّرُ ہمارا ॥

ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ
ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ ॥

ہرِ ناوے نالِ گلا ہرِ ناوے نالِ مصلتِ
ہرِ نامُ ہماری کردا نِت سارا ॥

ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ
ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ ॥

ہرِ نامُ ہماری سنگتِ اتِ پِیاری
ہرِ نامُ کُلُ ہرِ نامُ پروارا ॥

ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ
ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ ॥੧੫॥

جن نانک کنّءُ ہرِ نامُ ہرِ گُرِ دِیِیا
ہرِ ہلتِ پلتِ سدا کرے نِستارا ॥ 15 ॥

ਸਲੋਕੁ ਮਃ ੩ ॥

سلوکُ م: 3 ॥

ਜਿਨ ਕੰਉ ਸਤਿਗੁਰੁ ਭੇਟਿਆ
ਸੇ ਹਰਿ ਕੀਰਤਿ ਸਦਾ ਕਮਾਹਿ ॥

جِن کنّءُ ستِگُرُ بھیٹِیا
سے ہرِ کیرتِ سدا کماہِ ॥

ਅਚਿੰਤੁ ਹਰਿ ਨਾਮੁ ਤਿਨ ਕੈ ਮਨਿ ਵਸਿਆ
ਸਚੈ ਸਬਦਿ ਕਮਾਹਿ ॥

اچِنّتُ ہرِ نامُ تِن کے منِ وسِیا
سچے سبدِ کماہِ ॥

ਕੁਲੁ ਉਧਾਰਹਿ ਆਪਣਾ
ਮੋਖ ਪਦਵੀ ਆਪੇ ਪਾਹਿ ॥

کُلُ اُدھارہِ آپٹا
موکھ پدوی آپے پاہِ ॥

ਪਾਰਬ੍ਰਹਮੁ ਤਿਨ ਕੰਉ ਸੰਤੁਸਟੁ ਭਇਆ

پاربّرہمُ تِن کنّءُ سنتُسٹُ بھیّا

ਜੋ ਗੁਰ ਚਰਨੀ ਜਨ ਪਾਹਿ ॥

جو گُر چرنی جن پاہِ ॥

ਜਨੁ ਨਾਨਕ ਹਰਿ ਕਾ ਦਾਸੁ ਹੈ
ਕਰਿ ਕਿਰਪਾ ਹਰਿ ਲਾਜ ਰਖਾਹਿ ॥੧॥

جنُ نانک ہرِ کا داسُ ہے
کرِ کِرپا ہرِ لاج رکھاہِ ॥1॥

ਮਃ ੩ ॥

م: 3 ॥

ਹੰਉਮੈ ਅੰਦਰਿ ਖੜਕੁ ਹੈ
ਖੜਕੇ ਖੜਕਿ ਵਿਹਾਇ ॥

ہنّمے اندرِ کھڑکُ ہے
کھڑکے کھڑکِ وِہاءِ ॥

ਹੰਉਮੈ ਵਡਾ ਰੋਗ ਹੈ
ਮਰਿ ਜੰਮੈ ਆਵੈ ਜਾਇ ॥

ہنّمے وڈا روگ ہے
مرِ جنّمے آوے جاءِ ॥

ਜਿਨ ਕਉ ਪੂਰਬਿ ਲਿਖਿਆ
ਤਿਨਾ ਸਤਗੁਰੁ ਮਿਲਿਆ ਪ੍ਰਭੁ ਆਇ ॥

جِن ک ءُ پُورب لِکھیا
تِنا ستگُر مِلیا پربھُ آءِ ॥

ਨਾਨਕ ਗੁਰ ਪਰਸਾਦੀ ਉਬਰੇ
ਹਉਮੈ ਸਬਦਿ ਜਲਾਇ ॥੨॥

نانک گُر پرسادی اُبرے
ہنّمے سبدِ جلاءِ ॥2॥

ਪਉੜੀ ॥

پئڑی ॥

ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ
ਅਬਿਨਾਸੀ ਪੁਰਖੁ ਬਿਧਾਤਾ ॥

ہرِ نامُ ہمارا پربھُ ابِگت اگوچرُ
ابِناسی پُرکھُ بِدھاتا ॥

ਹਰਿ ਨਾਮੁ ਹਮ ਸੇਵਹ ਹਰਿ ਨਾਮੁ ਹਮ ਪੂਜਹ
ਹਰਿ ਨਾਮੇ ਹੀ ਮਨੁ ਰਾਤਾ ॥

ہرِ نامُ ہم سیوہ ہرِ نامُ ہم پوُجہ
ہرِ نامے ہی منُ راتا ॥

ਹਰਿ ਨਾਮੈ ਜੇਵਡੁ ਕੋਈ ਅਵਰੁ ਨ ਸੂਝੈ
ਹਰਿ ਨਾਮੋ ਅੰਤਿ ਛਡਾਤਾ ॥

ہرِ نامے جیوڈُ کوئی اورُ ن سوُجھے
ہرِ نامو انّتِ چھڈاتا ॥

ਹਰਿ ਨਾਮੁ ਦੀਆ ਗੁਰਿ ਪਰਉਪਕਾਰੀ
ਧਨੁ ਧੰਨੁ ਗੁਰੂ ਕਾ ਪਿਤਾ ਮਾਤਾ ॥

ہرِ نامُ دِیا گُرِ پرُپکاری
دھنُ دھنّنُ گُروُ کا پِتا ماتا ॥

ਹੰਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ
ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ ॥੧੬॥

ہنّ ءُ ستِگُر اپُنے کنّ ءُ سدا نمسکاری
جِتُ مِلیَّ ہرِ نامُ مے جاتا ॥ 16 ॥

ਸਲੋਕੁ ਮਃ ੩ ॥

سلوکُ م: 3 ॥

ਗੁਰਮੁਖਿ ਸੇਵ ਨ ਕੀਨੀਆ

گُرمُکھِ سیو ن کِینیا

ਹਰਿ ਨਾਮਿ ਨ ਲਗੋ ਪਿਆਰੁ ॥

ہرِ نامِ ن لگو پیارُ ॥

ਸਬਦੈ ਸਾਦੁ ਨ ਆਇਓ
ਮਰਿ ਜਨਮੈ ਵਾਰੋ ਵਾਰ ॥

سبدے سادُ ن آئیو
مرِ جنمے وارو وار ॥

ਮਨਮੁਖਿ ਅੰਧੁ ਨ ਚੇਤਈ
ਕਿਤੁ ਆਇਆ ਸੈਸਾਰਿ ॥

منمُکھِ اندھُ ن چیتئی
کِتُ آئیا سیَسارِ ۔ ॥

ਨਾਨਕ ਜਿਨ ਕਉ ਨਦਰਿ ਕਰੇ
ਸੇ ਗੁਰਮੁਖਿ ਲੰਘੇ ਪਾਰਿ ॥੧॥

نانک جِن کءُ ندرِ کرے
سے گُرمُکھِ لنگھے پارِ ॥1॥

ਮਃ ੩ ॥

م: 3 ॥

ਇਕੋ ਸਤਿਗੁਰੁ ਜਾਗਤਾ
ਹੋਰੁ ਜਗੁ ਸੂਤਾ ਮੋਹਿ ਪਿਆਸਿ ॥

اِکو ستِگُرُ جاگتا
ہورُ جگُ سوُتا موہِ پیاسِ ॥

ਸਤਿਗੁਰੁ ਸੇਵਨਿ ਜਾਗੰਨਿ ਸੇ
ਜੋ ਰਤੇ ਸਚਿ ਨਾਮਿ ਗੁਣਤਾਸਿ ॥

ستِگُرُ سیونِ جاگنّنِ سے
جو رتے سچِ نامِ گُنّتاسِ ॥

ਮਨਮੁਖਿ ਅੰਧ ਨ ਚੇਤਨੀ
ਜਨਮਿ ਮਰਿ ਹੋਹਿ ਬਿਨਾਸਿ ॥

منمُکھِ اندھ ن چیتنی
جنمِ مرِ ہوہِ بِناسِ ॥

ਨਾਨਕ ਗੁਰਮੁਖਿ ਤਿਨੀ ਨਾਮੁ ਧਿਆਇਆ
ਜਿਨ ਕੰਉ ਧੁਰਿ ਪੂਰਬਿ ਲਿਖਿਆਸਿ ॥੨॥

نانک گُرمُکھِ تِنی نامُ دھیائیا
جِن کنّءُ دھُرِ پوُربِ لِکھیاسِ ॥2॥

ਪਉੜੀ ॥

پئُڑی ॥

ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ
ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ ॥

ہرِ نامُ ہمارا بھوجنُ چھتیہ پرکار
جِتُ کھائے ہم کءُ ترِپت بھئی ॥

ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ
ਹੋਰ ਪੈਨਣ ਕੀ ਹਮਾਰੀ ਸਰਧ ਗਈ ॥

ہرِ نامُ ہمارا پینّنُ جِتُ پھِرِ ننگے ن ہووہ
ہور پینّنُ کی ہماری سردھ گئی ॥

ਹਰਿ ਨਾਮੁ ਹਮਾਰਾ ਵਣਜੁ ਹਰਿ ਨਾਮੁ ਵਾਪਾਰੁ
ਹਰਿ ਨਾਮੈ ਕੀ ਹਮ ਕੰਉ ਸਤਿਗੁਰਿ ਕਾਰਕੁਨੀ ਦੀਈ ॥

ہرِ نامُ ہمارا ونّجُ ہرِ نامُ واپارُ
ہرِ نامے کی ہم کنّءُ ستِگُرِ کارکُنی دیئی ॥

ਹਰਿ ਨਾਮੈ ਕਾ ਹਮ ਲੇਖਾ ਲਿਖਿਆ
ਸਭ ਜਮ ਕੀ ਅਗਲੀ ਕਾਣਿ ਗਈ ॥

ہرِ نامے کا ہم لیکھا لِکھیا
سبھ جم کی اگلی کانِ گئی ॥

ਹਰਿ ਕਾ ਨਾਮੁ ਗੁਰਮੁਖਿ ਕਿਨੈ ਵਿਰਲੈ ਧਿਆਇਆ
ਜਿਨ ਕੰਉ ਧੁਰਿ ਕਰਮਿ ਪਰਾਪਤਿ ਲਿਖਤੁ ਪਈ ॥੧੭॥

ہرِ کا نامُ گُرمُکھِ کِنے وِرلے دھیائیا
جِن کنّءُ دھُرِ کرمِ پراپتِ لِکھتُ پئی ॥ 17 ॥

ਸਲੋਕ ਮਃ ੩ ॥

سلوک م: 3 ॥

ਜਗਤੁ ਅਗਿਆਨੀ ਅੰਧੁ ਹੈ
ਦੂਜੈ ਭਾਇ ਕਰਮ ਕਮਾਇ ॥

جگتُ اگیانی انّدھُ ہے
دوُجے بھاءِ کرم کماءِ ॥

ਦੂਜੈ ਭਾਇ ਜੇਤੇ ਕਰਮ ਕਰੇ
ਦੁਖੁ ਲਗੈ ਤਨਿ ਧਾਇ ॥

دوُجے بھاءِ جیتے کرم کرے
دُکھُ لگے تنِ دھاءِ ॥

ਗੁਰ ਪਰਸਾਦੀ ਸੁਖੁ ਉਪਜੈ
ਜਾ ਗੁਰ ਕਾ ਸਬਦੁ ਕਮਾਇ ॥

گُر پرسادی سُکھُ اُپجے
جا گُر کا سبدُ کماءِ ॥

ਸਚੀ ਬਾਣੀ ਕਰਮ ਕਰੇ
ਅਨਦਿਨੁ ਨਾਮੁ ਧਿਆਇ ॥

سچی باٹی کرم کرے
اندِنُ نامُ دھیاءِ ॥

ਨਾਨਕ ਜਿਤੁ ਆਪੇ ਲਾਏ ਤਿਤੁ ਲਗੇ
ਕਹਣਾ ਕਿਛੂ ਨ ਜਾਇ ॥੧॥

نانک جِتُ آپے لائے تِتُ لگے
کہنا کچھوُ ن جاءِ ॥ 1 ॥

ਮਃ ੩ ॥

م: 3 ॥

ਹਮ ਘਰਿ ਨਾਮੁ ਖਜਾਨਾ ਸਦਾ ਹੈ
ਭਗਤਿ ਭਰੇ ਭੰਡਾਰਾ ॥

ہم گھرِ نامُ خزانا سدا ہے
بھگتِ بھرے بھنڈارا ॥

ਸਤਗੁਰੁ ਦਾਤਾ ਜੀਅ ਕਾ
ਸਦ ਜੀਵੈ ਦੇਵਣਹਾਰਾ ॥

ستگُرُ داتا جیء کا
سد جیوے دیوٹہارا ॥

ਅਨਦਿਨੁ ਕੀਰਤਨੁ ਸਦਾ ਕਰਹਿ
ਗੁਰ ਕੈ ਸਬਦਿ ਅਪਾਰਾ ॥

اندِنُ کیرتنُ سدا کرہِ
گُر کے سبدِ اپارا ॥

ਸਬਦੁ ਗੁਰੂ ਕਾ ਸਦ ਉਚਰਹਿ
ਜੁਗੁ ਜੁਗੁ ਵਰਤਾਵਣਹਾਰਾ ॥

سبدُ گُرو کا سد اُچرہِ
جُگ جُگ ورتاوٹہارا ॥

ਇਹੁ ਮਨੂਆ ਸਦਾ ਸੁਖਿ ਵਸੈ
ਸਹਜੇ ਕਰੇ ਵਾਪਾਰਾ ॥

اِہُ منوُیا سدا سُکھِ وسے
سہجے کرے واپارا ॥

ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ

انترِ گُر گیانُ ہرِ رتنُ ہے

ਮੁਕਤਿ ਕਰਾਵਣਹਾਰਾ ॥
ٹکتِ کراوٹہارا ॥

ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ
ਸੋ ਹੋਵੈ ਦਰਿ ਸਚਿਆਰਾ ॥੨॥
نانک جِس نو ندرِ کرے سو پائے
سو ہووے درِ سچیارا ॥2॥

ਪਉੜੀ ॥
پٹڑی ॥

ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜੋ ਸਤਿਗੁਰ ਚਰਣੀ ਜਾਇ ਪਇਆ ॥
دھنّ دھنّ سو گُرسِکھ کہیئے
جو ستِگُر چرٹی جاءِ پئیا ॥

ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ ॥
دھنّ دھنّ سو گُرسِکھ کہیئے
جِنِ ہرِ نامانُکھِ رامُ کہیا ॥

ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ ॥
دھنّ دھنّ سو گُرسِکھ کہیئے
جِس ہرِ نامِ سُنیئے منِ اندُ بھئیا ॥

ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ ॥
دھنّ دھنّ سو گُرسِکھ کہیئے
جِنِ ستِگُر سیوا کرِ ہرِ نامُ لئیا ॥

ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ
ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥੧੮॥
تِس گُرسِکھ کنّءُ ہنّءُ سدا نمسکاری
جو گُر کے بھاٹے گُرسِکھُ چلیا ॥ 18 ॥

ਸਲੋਕੁ ਮਃ ੩ ॥
سلوکُ م: 3 ॥

ਮਨਹਠਿ ਕਿਨੈ ਨ ਪਾਇਓ
ਸਭ ਥਕੇ ਕਰਮ ਕਮਾਇ ॥
منہٹھِ کِنے ن پائیو
سبھ تھکے کرم کماءِ ॥

ਮਨਹਠਿ ਭੇਖ ਕਰਿ ਭਰਮਦੇ
ਦੁਖੁ ਪਾਇਆ ਦੂਜੈ ਭਾਇ ॥
منہٹھِ بھیکھ کرِ بھرمدے
دُکھُ پائیا دوُجےَ بھاءِ ॥

ਰਿਧਿ ਸਿਧਿ ਸਭੁ ਮੋਹੁ ਹੈ
ਨਾਮੁ ਨ ਵਸੈ ਮਨਿ ਆਇ ॥
رِدھِ سِدھِ سبھُ موہُ ہے
نامُ ن وسےَ منِ آءِ ॥

ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ
ਅਗਿਆਨੁ ਅੰਧੇਰਾ ਜਾਇ ॥
گُر سیوا تے منُ نِرملُ ہووے
اگیانُ اندھیرا جاءِ ॥

ਨਾਮੁ ਰਤਨੁ ਘਰਿ ਪਰਗਟੁ ਹੋਆ
ਨਾਨਕ ਸਹਜਿ ਸਮਾਇ ॥੧॥
نامُ رتنُ گھرِ پرگٹُ ہویا
نانک سہجِ سماءِ ॥1॥

ਮਃ ੩ ॥

ਸਬਦੈ ਸਾਦੁ ਨ ਆਇਓ
ਨਾਮਿ ਨ ਲਗੋ ਪਿਆਰੁ ॥

ਰਸਨਾ ਫਿਕਾ ਬੋਲਣਾ
ਨਿਤ ਨਿਤ ਹੋਇ ਖੁਆਰੁ ॥

ਨਾਨਕ ਕਿਰਤਿ ਪਇਐ ਕਮਾਵਣਾ
ਕੋਇ ਨ ਮੇਟਣਹਾਰੁ ॥੨॥

ਪਉੜੀ ॥

ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ
ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥

ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ
ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥

ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ
ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ ॥

ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ
ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥

ਧਨੁ ਧਨੁ ਸਤਿਗੁਰੂ ਮਿਤ੍ਰੁ ਹਮਾਰਾ
ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ ॥੧੯॥

ਸਲੋਕੁ ਮਃ ੧ ॥

ਘਰ ਹੀ ਮੁੰਧਿ ਵਿਦੇਸਿ ਪਿਰੁ
ਨਿਤ ਝੂਰੇ ਸੰਮ੍ਹਾਲੇ ॥

ਮਿਲਦਿਆ ਢਿਲ ਨ ਹੋਵਈ
ਜੇ ਨੀਅਤਿ ਰਾਸਿ ਕਰੇ ॥੧॥

ਮਃ ੧ ॥

ਨਾਨਕ ਗਾਲੀ ਕੂੜੀਆ

م: 3 ॥

سبدے سادُ ن آئیو
نامِ ن لگو پیارُ ॥

رسنا پھِکا بولٹا
نِت نِت ہوءِ خُیارُ ॥

نانک کِرتِ پئے کماوٹا
کوءِ ن میٹنہارُ ॥2॥

پئڑی ॥

دھنُ دھنُ ست پُرکھُ ستِگُروُ ہمارا
جِتُ ملِئے ہم ک ءُ سانتِ آئی ॥

دھنُ دھنُ ست پُرکھُ ستِگُروُ ہمارا
جِتُ ملِئے ہم ہرِ بھگتِ پائی ॥

دھنُ دھنُ ہرِ بھگتُ ستِگُروُ ہمارا
جِس کی سیوا تے ہم ہرِ نامِ لِو لائی ॥

دھنُ دھنُ ہرِ گیانی ستِگُروُ ہمارا
جِنِ ویَری مِتّرُ ہم ک ءُ سبھ سم دِرسٹِ دِکھائی ॥

دھنُ دھنُ ستِگُروُ مِتّرُ ہمارا
جِنِ ہرِ نام سِ ءُ ہماری پّریتِ بنائی ॥ 19 ॥

سلوکُ م: 1 ॥

گھر ہی مُنّدھِ وِدیسِ پِرُ
نِت جھوُرے سنّمہالے ॥

مِلدِیا ڈھِل ن ہووئی
جے نِیئتِ راسِ کرے ॥1॥

م: 1 ॥

نانک گالی کوُڑِیا

ਬਾਝੁ ਪਰੀਤਿ ਕਰੇਇ ॥
باجھُ پریتِ کرے ءِ ॥

ਤਿਚਰੁ ਜਾਣੈ ਭਲਾ ਕਰਿ
ਜਿਚਰੁ ਲੇਵੈ ਦੇਇ ॥੨॥
تِچرُ جانے بھلا کرِ
جِچرُ لیوے دے ءِ ॥2॥

ਪਉੜੀ ॥
پئڑی ॥

ਜਿਨਿ ਉਪਾਏ ਜੀਅ
ਤਿਨਿ ਹਰਿ ਰਾਖਿਆ ॥
جِنِ اُپائے جی ء
تِنِ ہرِ راکھیا ॥

ਅੰਮ੍ਰਿਤੁ ਸਚਾ ਨਾਉ
ਭੋਜਨੁ ਚਾਖਿਆ ॥
انّمرِتُ سچا ناءُ
بھوجنُ چاکھیا ॥

ਤਿਪਤਿ ਰਹੇ ਆਘਾਇ
ਮਿਟੀ ਭਭਾਖਿਆ ॥
تِپتِ رہے آگھاءِ
مِٹی بھبھاکھیا ॥

ਸਭ ਅੰਦਰਿ ਇਕੁ ਵਰਤੈ
ਕਿਨੈ ਵਿਰਲੈ ਲਾਖਿਆ ॥
سبھ انّدرِ اِکُ ورتے
کِنے وِرلے لاکھیا ॥

ਜਨ ਨਾਨਕ ਭਏ ਨਿਹਾਲੁ
ਪ੍ਰਭ ਕੀ ਪਾਖਿਆ ॥੨੦॥
جن نانک بھے نِہالُ
پربھ کی پاکھیا ॥ 20 ॥

ਸਲੋਕੁ ਮਃ ੩ ॥
سلوکُ م: 3 ॥

ਸਤਿਗੁਰ ਨੋ ਸਭੁ ਕੋ ਵੇਖਦਾ
ਜੇਤਾ ਜਗਤੁ ਸੰਸਾਰੁ ॥
ستِگُر نو سبھُ کو ویکھدا
جیتا جگتُ سنّسارُ ॥

ਡਿਠੈ ਮੁਕਤਿ ਨ ਹੋਵਈ
ਜਿਚਰੁ ਸਬਦਿ ਨ ਕਰੇ ਵੀਚਾਰੁ ॥
ڈِٹھے مُکتِ ن ہووئی
جِچرُ سبدِ ن کرے ویچارُ ॥

ਹਉਮੈ ਮੈਲੁ ਨ ਚੁਕਈ
ਨਾਮਿ ਨ ਲਗੈ ਪਿਆਰੁ ॥
ہئمے میَلُ ن چُکئی
نامِ ن لگے پیارُ ॥

ਇਕਿ ਆਪੇ ਬਖਸਿ ਮਿਲਾਇਅਨੁ
ਦੁਬਿਧਾ ਤਜਿ ਵਿਕਾਰ ॥
اِکِ آپے بخش مِلائینُ
دُبِدھا تجِ وِکار ॥

ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ
ਸਤਿਗੁਰ ਹੇਤਿ ਪਿਆਰਿ ॥੧॥
نانک اِکِ درسنُ دیکھِ مرِ ملے
ستِگُر ہیتِ پیارِ ॥ 1 ॥

ਮਃ ੩ ॥

ستگُرو ن سیوِئو
مورکھ اندھ گوارِ ॥

ਸਤਿਗੁਰੂ ਨ ਸੇਵਿਓ
ਮੂਰਖ ਅੰਧ ਗਵਾਰਿ ॥

دوُجے بھاءِ بہُت دُکھُ لاگا
جلتا کرے پُکار ॥

ਦੂਜੈ ਭਾਇ ਬਹੁਤੁ ਦੁਖੁ ਲਾਗਾ
ਜਲਤਾ ਕਰੇ ਪੁਕਾਰ ॥

جِن کارنُ گُرو وِسارِیا
سے ن اُپکرے انتی وار ॥

ਜਿਨ ਕਾਰਣ ਗੁਰੂ ਵਿਸਾਰਿਆ
ਸੇ ਨ ਉਪਕਰੇ ਅੰਤੀ ਵਾਰ ॥

نانک گُرمتی سُکھُ پائیا
بخشے بخشنہار ॥2॥

ਨਾਨਕ ਗੁਰਮਤੀ ਸੁਖੁ ਪਾਇਆ
ਬਖਸੇ ਬਖਸਣਹਾਰ ॥੨॥

پئڑی ॥

ਪਉੜੀ ॥

توُ آپے آپِ سبھُ کرتا
کوئی دوُجا ہوءِ سُ اورو کہیئے ॥

ਤੂ ਆਪੇ ਆਪਿ ਆਪਿ ਸਭੁ ਕਰਤਾ
ਕੋਈ ਦੂਜਾ ਹੋਇ ਸੁ ਅਵਰੋ ਕਹੀਐ ॥

ہرِ آپے بولے آپِ بُلاوے
ہرِ آپے جلِ تھلِ روِ رہیئے ॥

ਹਰਿ ਆਪੇ ਬੋਲੈ ਆਪਿ ਬੁਲਾਵੈ
ਹਰਿ ਆਪੇ ਜਲਿ ਥਲਿ ਰਵਿ ਰਹੀਐ ॥

ہرِ آپے مارے ہرِ آپے چھوڈے
من ہرِ سرنٹی پڑِ رہیئے ॥

ਹਰਿ ਆਪੇ ਮਾਰੇ ਹਰਿ ਆਪੇ ਛੋਡੈ
ਮਨ ਹਰਿ ਸਰਣੀ ਪੜਿ ਰਹੀਐ ॥

ہرِ بِنُ کوئی مارِ جیوالِ ن سکے
من ہوءِ نِچنّد نِسلُ ہوءِ رہیئے ॥

ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ
ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ ॥

اُٹھدِیا بہدِیا سُتِیا سدا سدا ہرِ نامُ دھیائیئے
جن نانک گُرمُکھِ ہرِ لہیئے ॥ 21 ॥1॥ سُدھُ

ਉਠਦਿਆ ਬਹਦਿਆ ਸੁਤਿਆ ਸਦਾ ਸਦਾ ਹਰਿ ਨਾਮੁ ਧਿਆਈਐ
ਜਨ ਨਾਨਕ ਗੁਰਮੁਖਿ ਹਰਿ ਲਹੀਐ ॥੨੧॥੧॥ ਸੁਧੁ

ੴ ستِنامُ کرتا پُرکھُ نِربھءُ نِرویرُ اکال مورتِ اجونی سیبھنّ گُرپرّسادِ ॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

سورٹھِ محلا 1 گھرُ 1 چئُپدے ॥

ਸੋਰਠਿ ਮਹਲਾ ੧ ਘਰੁ ੧ ਚਉਪਦੇ ॥

سبھنا مرنا آئیا
ویچھوڑا سبھناہ ॥

ਸਭਨਾ ਮਰਣਾ ਆਇਆ
ਵੇਛੋੜਾ ਸਭਨਾਹ ॥

ਪੁਛਹੁ ਜਾਇ ਸਿਆਣਿਆ
ਆਗੈ ਮਿਲਣੁ ਕਿਨਾਹ ॥

پُچھہُ جاءِ سِیانِیا
آگے مِلنُ کِناہ ۔ ॥

ਜਿਨ ਮੇਰਾ ਸਾਹਿਬੁ ਵੀਸਰੈ
ਵਡੜੀ ਵੇਦਨ ਤਿਨਾਹ ॥੧॥

جِن میرا صاحِبُ ویسرے
وڈڑی ویدن تِناہ ॥1॥

ਭੀ ਸਾਲਾਹਿਹੁ ਸਾਚਾ ਸੋਇ ॥

بھی سالاحِہُ ساچا سوءِ ॥

ਜਾ ਕੀ ਨਦਰਿ ਸਦਾ ਸੁਖੁ ਹੋਇ ॥ ਰਹਾਉ ॥

جا کی ندرِ سدا سُکھُ ہوءِ ॥ رہاءُ ॥

ਵਡਾ ਕਰਿ ਸਾਲਾਹਣਾ
ਹੈ ਭੀ ਹੋਸੀ ਸੋਇ ॥

وڈا کرِ سالاحنا
ہے بھی ہوسی سوءِ ॥

ਸਭਨਾ ਦਾਤਾ ਏਕੁ ਤੂ
ਮਾਣਸ ਦਾਤਿ ਨ ਹੋਇ ॥

سبھنا داتا ایکُ توُ
مانُس داتِ ن ہوءِ ॥

ਜੋ ਤਿਸੁ ਭਾਵੈ ਸੋ ਥੀਐ
ਰੰਨ ਕਿ ਰੁੰਨੈ ਹੋਇ ॥੨॥

جو تِسُ بھاوے سو تھیئے
رَنّن کِ رُنّنے ہوءِ ॥2॥

ਧਰਤੀ ਉਪਰਿ ਕੋਟ ਗੜ
ਕੇਤੀ ਗਈ ਵਜਾਇ ॥

دھرتی اُپرِ کوٹ گڑ
کیتی گئی وجاءِ ॥

ਜੋ ਅਸਮਾਨਿ ਨ ਮਾਵਨੀ
ਤਿਨ ਨਕਿ ਨਥਾ ਪਾਇ ॥

جو اسمانِ ن ماونی
تِن نکِ نتھا پاءِ ॥

ਜੇ ਮਨ ਜਾਣਹਿ ਸੂਲੀਆ
ਕਾਹੇ ਮਿਠਾ ਖਾਹਿ ॥੩॥

جے من جاٹہِ سوُلیا
کاہے مِٹھا کھاہِ ۔ ॥3॥

ਨਾਨਕ ਅਉਗੁਣ ਜੇਤੜੇ
ਤੇਤੇ ਗਲੀ ਜੰਜੀਰ ॥

نانک انُگنُ جیتڑے
تیتے گلی زنجیرِ ॥

ਜੇ ਗੁਣ ਹੋਨਿ ਤ ਕਟੀਅਨਿ
ਸੇ ਭਾਈ ਸੇ ਵੀਰ ॥

جے گُنُ ہونِ ت کٹیئنِ
سے بھائی سے ویرِ ॥

ਅਗੈ ਗਏ ਨ ਮੰਨੀਅਨਿ
ਮਾਰਿ ਕਢਹੁ ਵੇਪੀਰ ॥੪॥੧॥

اگے گئے ن منّنیئنِ
مارِ کڈھہُ ویپیرِ ॥4॥1॥

ਸੋਰਠਿ ਮਹਲਾ ੧ ਘਰੁ ੧ ॥

سورٹھِ محلا 1 گھرُ 1 ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) (ਰਾਜਾ ਸਾਹِب) سری گُرو نانک دیو جی مہاراج دے 550ویں پرکاش پُرب نوں سمرپت | سیوا: بھائی بلجِندر سنگھ جی

ਮਨੁ ਹਾਲੀ ਕਿਰਸਾਣੀ ਕਰਣੀ
ਸਰਮੁ ਪਾਣੀ ਤਨੁ ਖੇਤੁ ॥

ਨਾਮੁ ਬੀਜੁ ਸੰਤੋਖੁ ਸੁਹਾਗਾ
ਰਖੁ ਗਰੀਬੀ ਵੇਸੁ ॥

ਭਾਉ ਕਰਮ ਕਰਿ ਜੰਮਸੀ
ਸੇ ਘਰ ਭਾਗਠ ਦੇਖੁ ॥੧॥

ਬਾਬਾ ਮਾਇਆ ਸਾਥਿ ਨ ਹੋਇ ॥

ਇਨਿ ਮਾਇਆ ਜਗੁ ਮੋਹਿਆ
ਵਿਰਲਾ ਬੂਝੈ ਕੋਇ ॥ ਰਹਾਉ ॥

ਹਾਣੁ ਹਟੁ ਕਰਿ ਆਰਜਾ
ਸਚੁ ਨਾਮੁ ਕਰਿ ਵਥੁ ॥

ਸੁਰਤਿ ਸੋਚ ਕਰਿ ਭਾਂਡਸਾਲ
ਤਿਸੁ ਵਿਚਿ ਤਿਸ ਨੋ ਰਖੁ ॥

ਵਣਜਾਰਿਆ ਸਿਉ ਵਣਜੁ ਕਰਿ
ਲੈ ਲਾਹਾ ਮਨ ਹਸੁ ॥੨॥

ਸੁਣਿ ਸਾਸਤ ਸਉਦਾਗਰੀ
ਸਤੁ ਘੋੜੇ ਲੈ ਚਲੁ ॥

ਖਰਚੁ ਬੰਨੁ ਚੰਗਿਆਈਆ
ਮਤੁ ਮਨ ਜਾਣਹਿ ਕਲੁ ॥

ਨਿਰੰਕਾਰ ਕੈ ਦੇਸਿ ਜਾਹਿ
ਤਾ ਸੁਖਿ ਲਹਹਿ ਮਹਲੁ ॥੩॥

ਲਾਇ ਚਿਤੁ ਕਰਿ ਚਾਕਰੀ
ਮੰਨਿ ਨਾਮੁ ਕਰਿ ਕੰਮੁ ॥

ਬੰਨੁ ਬਦੀਆ ਕਰਿ ਧਾਵਣੀ
ਤਾ ਕੋ ਆਖੈ ਧੰਨੁ ॥

مَنُ ہالی کِرسانی کرنی
سرمُ پانی تنُ کھیتُ ॥

نامُ بیجُ سنتوکھُ سُہاگا
رکھُ غریبی ویسُ ॥

بھاءُ کرم کرِ جنمسی
سے گھر بھاگٹھ دیکھُ ॥1॥

بابا مائیا ساتھِ ن ہوءِ ॥

اِنِ مائیا جگُ موہِیا
وِرلا بُوجھے کوءِ ॥ رہاءُ ॥

ہانُ ہٹُ کرِ آرجا
سچُ نامُ کرِ وتھُ ॥

سُرتِ سوچ کرِ بھانڈسال
تِسُ وِچِ تِس نو رکھُ ॥

وَنجارِیا سِءُ وَنجُ کرِ
لے لاہا من ہسُ ॥2॥

سُنِ ساست سئُداگری
ستُ گھوڑے لے چلُ ॥

کھرچُ بنّنُ چنگِیائیِیا
متُ من جانہِ کلُ ॥

نِرنّکار کے دیسِ جاہِ
تا سُکھِ لہہِ محلُ ॥3॥

لاءِ چِتُ کرِ چاکری
منّنِ نامُ کرِ کنّمُ ॥

بنّنُ بدیِیا کرِ دھاونی
تا کو آکھے دھنّنُ ॥

ਨਾਨਕ ਵੇਖੈ ਨਦਰਿ ਕਰਿ
ਚੜੈ ਚਵਗਣ ਵੰਨੁ ॥੪॥੨॥

نانک ویکھے ندرِ کرِ
چڑے چوگُن وَنُ ॥4॥2॥

ਸੋਰਠਿ ਮਃ ੧ ਚਉਤੁਕੇ ॥

سورٹھِ م: 1 چئُتُکے ॥

ਮਾਇ ਬਾਪ ਕੋ ਬੇਟਾ ਨੀਕਾ
ਸਸੁਰੈ ਚਤੁਰੁ ਜਵਾਈ ॥

ماءِ باپ کو بیٹا نیکا
سسُرے چترُ جوائی ॥

ਬਾਲ ਕੰਨਿਆ ਕੌ ਬਾਪੁ ਪਿਆਰਾ
ਭਾਈ ਕੌ ਅਤਿ ਭਾਈ ॥

بال کنّیا کو باپُ پیارا
بھائی کو اتِ بھائی ॥

ਹੁਕਮੁ ਭਇਆ ਬਾਹਰੁ ਘਰੁ ਛੋਡਿਆ
ਖਿਨ ਮਹਿ ਭਈ ਪਰਾਈ ॥

حُکمُ بھئیا باہرُ گھرُ چھوڈیا
کھِن مہِ بھئی پرائی ॥

ਨਾਮੁ ਦਾਨੁ ਇਸਨਾਨੁ ਨ ਮਨਮੁਖਿ
ਤਿਤੁ ਤਨਿ ਧੂੜਿ ਧੁਮਾਈ ॥੧॥

نامُ دانُ اِسنانُ ن منمُکھِ
تِتُ تنِ دھوُڑِ دھُمائی ॥1॥

ਮਨੁ ਮਾਨਿਆ ਨਾਮੁ ਸਖਾਈ ॥

منُ مانیا نامُ سکھائی ॥

ਪਾਇ ਪਰਉ ਗੁਰ ਕੈ ਬਲਿਹਾਰੈ
ਜਿਨਿ ਸਾਚੀ ਬੂਝ ਬੁਝਾਈ ॥ ਰਹਾਉ ॥

پاءِ پرءُ گُر کے بلِہارے
جِنِ ساچی بوُجھ بُجھائی ॥ رہاءُ ॥

ਜਗ ਸਿਉ ਝੂਠ ਪ੍ਰੀਤਿ ਮਨੁ ਬੇਧਿਆ
ਜਨ ਸਿਉ ਵਾਦੁ ਰਚਾਈ ॥

جگ سِءُ جھوُٹھ پّریتِ منُ بیدھیا
جن سِءُ وادُ رچائی ॥

ਮਾਇਆ ਮਗਨੁ ਅਹਿਨਿਸਿ ਮਗੁ ਜੋਹੈ
ਨਾਮੁ ਨ ਲੇਵੈ ਮਰੈ ਬਿਖੁ ਖਾਈ ॥

مائیا مگنُ اہِنسِ مگُ جوہے
نامُ ن لیوے مرے بِکھُ کھائی ॥

ਗੰਧਣ ਵੈਣਿ ਰਤਾ ਹਿਤਕਾਰੀ
ਸਬਦੈ ਸੁਰਤਿ ਨ ਆਈ ॥

گندھڑ ویَڑِ رتا ہِتکاری
سبدے سُرتِ ن آئی ॥

ਰੰਗਿ ਨ ਰਾਤਾ ਰਸਿ ਨਹੀ ਬੇਧਿਆ
ਮਨਮੁਖਿ ਪਤਿ ਗਵਾਈ ॥੨॥

رنگِ ن راتا رسِ نہی بیدھیا
منمُکھِ پتِ گوائی ॥2॥

ਸਾਧ ਸਭਾ ਮਹਿ ਸਹਜੁ ਨ ਚਾਖਿਆ
ਜਿਹਬਾ ਰਸੁ ਨਹੀ ਰਾਈ ॥

سادھ سبھا مہِ سہجُ ن چاکھیا
جِہبا رسُ نہی رائی ॥

ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ

منُ تنُ دھنُ اپُنا کرِ جانیا

ਦਰ ਕੀ ਖਬਰਿ ਨ ਪਾਈ ॥

ਅਖੀ ਮੀਟਿ ਚਲਿਆ ਅੰਧਿਆਰਾ
ਘਰੁ ਦਰੁ ਦਿਸੈ ਨ ਭਾਈ ॥

ਜਮ ਦਰਿ ਬਾਧਾ ਠਉਰ ਨ ਪਾਵੈ
ਅਪੁਨਾ ਕੀਆ ਕਮਾਈ ॥੩॥

ਨਦਰਿ ਕਰੇ ਤਾ ਅਖੀ ਵੇਖਾ
ਕਹਣਾ ਕਥਨੁ ਨ ਜਾਈ ॥

ਕੰਨੀ ਸੁਣਿ ਸੁਣਿ ਸਬਦਿ ਸਲਾਹੀ
ਅੰਮ੍ਰਿਤੁ ਰਿਦੈ ਵਸਾਈ ॥

ਨਿਰਭਉ ਨਿਰੰਕਾਰੁ ਨਿਰਵੈਰੁ
ਪੂਰਨ ਜੋਤਿ ਸਮਾਈ ॥

ਨਾਨਕ ਗੁਰ ਵਿਣੁ ਭਰਮੁ ਨ ਭਾਗੈ
ਸਚਿ ਨਾਮਿ ਵਡਿਆਈ ॥੪॥੩॥

ਸੋਰਠਿ ਮਹਲਾ ੧ ਦੁਤੁਕੇ ॥

ਪੁੜੁ ਧਰਤੀ ਪੁੜੁ ਪਾਣੀ ਆਸਣੁ
ਚਾਰਿ ਕੁੰਟ ਚਉਬਾਰਾ ॥

ਸਗਲ ਭਵਣ ਕੀ ਮੂਰਤਿ ਏਕਾ
ਮੁਖਿ ਤੇਰੈ ਟਕਸਾਲਾ ॥੧॥

ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ ॥

ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ
ਆਪੇ ਸਰਬ ਸਮਾਣਾ ॥ ਰਹਾਉ ॥

ਜਹ ਜਹ ਦੇਖਾ ਤਹ ਜੋਤਿ ਤੁਮਾਰੀ
ਤੇਰਾ ਰੂਪੁ ਕਿਨੇਹਾ ॥

ਇਕਤੁ ਰੂਪਿ ਫਿਰਹਿ ਪਰਛੰਨਾ
ਕੋਇ ਨ ਕਿਸ ਹੀ ਜੇਹਾ ॥੨॥

در کی خبرِ ن پائی ॥

اکھی میٹِ چلیا اندھیارا
گھرُ دُر دِسے ن بھائی ॥

جم درِ بادھا ٹھُر ن پاوے
اپُنا کِیا کمائی ॥3॥

ندرِ کرے تا اکھی ویکھا
کہٹا کتھنُ ن جائی ॥

کنّنی سُنِ سُنِ سبدِ سلاحی
انّمرِتُ رِدے وسائی ॥

نِربھءُ نِرنّکارُ نِرویرُ
پوُرن جوتِ سمائی ॥

نانک گُر وِنُ بھرمُ ن بھاگے
سچِ نامِ وڈِیائی ॥4॥3॥

سورٹھِ محلا 1 دُتُکے ॥

پُڑُ دھرتی پُڑُ پانٹی آسنُ
چارِ کُنّٹ چبُّارا ॥

سگل بھونٹ کی موُرتِ ایکا
مُکھِ تیرے ٹکسالا ॥1॥

میرے صاحِبا تیرے چوج وِڈاٹا ॥

جلِ تھلِ مہِینلِ بھرِپُرِ لِیٹا
آپے سرب سماٹا ॥ رہاءُ ॥

جہ جہ دیکھا تہ جوتِ تُماری
تیرا روُپُ کِنیہا ۔ ॥

اِکتُ روُپِ پھِرہِ پرچھنّا
کوءِ ن کِس ہی جیہا ॥2॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت|سیوا: بھائی بلجندر سنگھ جی (راڑا صاہب)

ਅੰਡਜ ਜੇਰਜ ਉਤਭੁਜ ਸੇਤਜ
ਤੇਰੇ ਕੀਤੇ ਜੰਤਾ ॥

انڈج جیرج اُتبھج سیتج
تیرے کِیتے جنّتا ॥

ਏਕੁ ਪੁਰਬੁ ਮੈ ਤੇਰਾ ਦੇਖਿਆ
ਤੂ ਸਭਨਾ ਮਾਹਿ ਰਵੰਤਾ ॥੩॥

ایکُ پُربُ مے َتیرا دیکھیا
توُ سبھنا ماہِ روَنّتا ॥3॥

ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ
ਮੈ ਮੂਰਖ ਕਿਛੁ ਦੀਜੈ ॥

تیرے گُن بہُتے مے َایکُ ن جانِیا
مے َموُرکھ کِچھُ دیجے َ॥

ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ
ਡੁਬਦਾ ਪਥਰੁ ਲੀਜੈ ॥੪॥੪॥

پرّنوتِ نانک سُنِ میرے صاحِبا
ڈُبدا پتھرُ لیجے َ॥4॥4॥

ਸੋਰਠਿ ਮਹਲਾ ੧ ॥

سورٹھِ محلا 1 ॥

ਹਉ ਪਾਪੀ ਪਤਿਤੁ ਪਰਮ ਪਾਖੰਡੀ
ਤੂ ਨਿਰਮਲੁ ਨਿਰੰਕਾਰੀ ॥

ہءُ پاپی پتتُ پرم پاکھنڈی
توُ نِرملُ نِرنکاری ॥

ਅੰਮ੍ਰਿਤੁ ਚਾਖਿ ਪਰਮ ਰਸਿ ਰਾਤੇ
ਠਾਕੁਰ ਸਰਣਿ ਤੁਮਾਰੀ ॥੧॥

انمّرِتُ چاکھِ پرم رس راتے
ٹھاکُر سرنِ تُماری ॥1॥

ਕਰਤਾ ਤੂ ਮੈ ਮਾਣੁ ਨਿਮਾਣੇ ॥

کرتا توُ مے َمانُ نِماٹے ॥

ਮਾਣੁ ਮਹਤੁ ਨਾਮੁ ਧਨੁ ਪਲੈ
ਸਾਚੈ ਸਬਦਿ ਸਮਾਣੇ ॥ ਰਹਾਉ ॥

مانُ مہتُ نامُ دھنُ پلے َ
ساچے َسبدِ سماٹے ॥ رہاءُ ॥

ਤੂ ਪੂਰਾ ਹਮ ਊਰੇ ਹੋਛੇ
ਤੂ ਗਉਰਾ ਹਮ ਹਉਰੇ ॥

توُ پوُرا ہم اوُرے ہوچھے
توُ گئرُا ہم ہئرُے ॥

ਤੁਝ ਹੀ ਮਨ ਰਾਤੇ ਅਹਿਨਿਸਿ ਪਰਭਾਤੇ
ਹਰਿ ਰਸਨਾ ਜਪਿ ਮਨ ਰੇ ॥੨॥

تُجھ ہی من راتے اِہنِس پربھاتے
ہرِ رسنا جپِ من رے ۔ ॥2॥

ਤੁਮ ਸਾਚੇ ਹਮ ਤੁਮ ਹੀ ਰਾਚੇ
ਸਬਦਿ ਭੇਦਿ ਫੁਨਿ ਸਾਚੇ ॥

تُم ساچے ہم تُم ہی راچے
سبدِ بھیدِ پھُنِ ساچے ॥

ਅਹਿਨਿਸਿ ਨਾਮਿ ਰਤੇ ਸੇ ਸੂਚੇ
ਮਰਿ ਜਨਮੇ ਸੇ ਕਾਚੇ ॥੩॥

اِہنِس نامِ رتے سے سوُچے
مرِجنمے سے کاچے ॥3॥

ਅਵਰੁ ਨ ਦੀਸੈ ਕਿਸੁ ਸਾਲਾਹੀ

اورُ ن دیسے َکِس سالاحی

ਤਿਸਹਿ ਸਰੀਕੁ ਨ ਕੋਈ ॥
تِسہِ شریکُ ن کوئی ॥

ਪ੍ਰਣਵਤਿ ਨਾਨਕੁ ਦਾਸਨਿ ਦਾਸਾ
ਗੁਰਮਤਿ ਜਾਨਿਆ ਸੋਈ ॥੪॥੫॥
پرنوتِ نانکُ داسنِ داسا
گُرمتِ جانِیا سوئی ॥4॥5॥

ਸੋਰਠਿ ਮਹਲਾ ੧ ॥
سورٹھِ محلا 1 ॥

ਅਲਖ ਅਪਾਰ ਅਗੰਮ ਅਗੋਚਰ
ਨਾ ਤਿਸੁ ਕਾਲੁ ਨ ਕਰਮਾ ॥
الکھ اپار اگنم اگوچر
نا تِسُ کالُ ن کرما ॥

ਜਾਤਿ ਅਜਾਤਿ ਅਜੋਨੀ ਸੰਭਉ
ਨਾ ਤਿਸੁ ਭਾਉ ਨ ਭਰਮਾ ॥੧॥
زاتِ نزاتِ اجونی سنبھءُ
نا تِسُ بھاءُ ن بھرما ॥1॥

ਸਾਚੇ ਸਚਿਆਰ ਵਿਟਹੁ ਕੁਰਬਾਣੁ ॥
ساچے سچِیار وِٹہُ قُربانُ ॥

ਨਾ ਤਿਸੁ ਰੂਪ ਵਰਨੁ ਨਹੀ ਰੇਖਿਆ
ਸਾਚੈ ਸਬਦਿ ਨੀਸਾਣੁ ॥ ਰਹਾਉ ॥
نا تِسُ روُپ ورنُ نہی ریکھِیا
ساچےَ سبدِ نِیشانُ ॥ رہاءُ ॥

ਨਾ ਤਿਸੁ ਮਾਤ ਪਿਤਾ ਸੁਤ ਬੰਧਪ
ਨਾ ਤਿਸੁ ਕਾਮੁ ਨ ਨਾਰੀ ॥
نا تِسُ مات پِتا سُت بندھپ
نا تِسُ کامُ ن ناری ॥

ਅਕੁਲ ਨਿਰੰਜਨ ਅਪਰ ਪਰੰਪਰੁ
ਸਗਲੀ ਜੋਤਿ ਤੁਮਾਰੀ ॥੨॥
اُکل نِرنجن اپر پرنپرُ
سگلی جوتِ تُماری ॥2॥

ਘਟ ਘਟ ਅੰਤਰਿ ਬ੍ਰਹਮੁ ਲੁਕਾਇਆ
ਘਟਿ ਘਟਿ ਜੋਤਿ ਸਬਾਈ ॥
گھٹ گھٹ انترِ برہمُ لُکائِیا
گھٹِ گھٹِ جوتِ سبائی ॥

ਬਜਰ ਕਪਾਟ ਮੁਕਤੇ ਗੁਰਮਤੀ
ਨਿਰਭੈ ਤਾੜੀ ਲਾਈ ॥੩॥
بجر کپاٹ مُکتے گُرمتی
نِربھےَ تاڑی لائی ॥3॥

ਜੰਤ ਉਪਾਇ ਕਾਲੁ ਸਿਰਿ ਜੰਤਾ
ਵਸਗਤਿ ਜੁਗਤਿ ਸਬਾਈ ॥
جنّت اُپاءِ کالُ سِرِ جنّتا
وسگتِ جُگتِ سبائی ॥

ਸਤਿਗੁਰੁ ਸੇਵਿ ਪਦਾਰਥੁ ਪਾਵਹਿ
ਛੂਟਹਿ ਸਬਦੁ ਕਮਾਈ ॥੪॥
ستِگُرُ سیوِ پدارتھُ پاوہِ
چھوٹہِ سبدُ کمائی ॥4॥

ਸੂਚੈ ਭਾਡੈ ਸਾਚੁ ਸਮਾਵੈ
ਵਿਰਲੇ ਸੂਚਾਚਾਰੀ ॥
سوُچےَ بھاڈےَ ساچُ سماوےَ
وِرلے سوُچاچاری ॥

ਤੰਤੈ ਕਉ ਪਰਮ ਤੰਤੁ ਮਿਲਾਇਆ
ਨਾਨਕ ਸਰਣਿ ਤੁਮਾਰੀ ॥੫॥੬॥

تنتے ک ءُ پرم تنتُ مِلائیا
نانک سرنِ تُماری ॥5॥6॥

ਸੋਰਠਿ ਮਹਲਾ ੧ ॥

سورٹھِ محلا 1 ॥

ਜਿਉ ਮੀਨਾ ਬਿਨੁ ਪਾਣੀਐ
ਤਿਉ ਸਾਕਤੁ ਮਰੈ ਪਿਆਸ ॥

جِ ءُ مِینا بِنُ پانئیے
تِ ءُ ساکتُ مرے پیاس ॥

ਤਿਉ ਹਰਿ ਬਿਨੁ ਮਰੀਐ ਰੇ ਮਨਾ
ਜੋ ਬਿਰਥਾ ਜਾਵੈ ਸਾਸੁ ॥੧॥

تِ ءُ ہرِ بِنُ مریئے رے منا
جو بِرتھا جاوے ساسُ ॥1॥

ਮਨ ਰੇ ਰਾਮ ਨਾਮ ਜਸੁ ਲੇਇ ॥

من رے رام نام جسُ لے ءِ ॥

ਬਿਨੁ ਗੁਰ ਇਹੁ ਰਸੁ ਕਿਉ ਲਹਉ
ਗੁਰੁ ਮੇਲੈ ਹਰਿ ਦੇਇ ॥ ਰਹਾਉ ॥

بِنُ گُر اِہُ رسُ کِ ءُ لہ ءُ
گُرُ میلے ہرِ دے ءِ ॥ رہاءُ ॥

ਸੰਤ ਜਨਾ ਮਿਲੁ ਸੰਗਤੀ
ਗੁਰਮੁਖਿ ਤੀਰਥੁ ਹੋਇ ॥

سنّت جنا مِلُ سنگتی
گُرمُکھِ تیرتھُ ہوءِ ॥

ਅਠਸਠਿ ਤੀਰਥ ਮਜਨਾ
ਗੁਰ ਦਰਸੁ ਪਰਾਪਤਿ ਹੋਇ ॥੨॥

اٹھسٹھِ تیرتھ مجنا
گُر درسُ پراپتِ ہوءِ ॥2॥

ਜਿਉ ਜੋਗੀ ਜਤ ਬਾਹਰਾ
ਤਪੁ ਨਾਹੀ ਸਤੁ ਸੰਤੋਖੁ ॥

جِ ءُ جوگی جت باہرا
تپُ ناہی ستُ سنّتوکھُ ॥

ਤਿਉ ਨਾਮੈ ਬਿਨੁ ਦੇਹੁਰੀ
ਜਮੁ ਮਾਰੈ ਅੰਤਰਿ ਦੋਖੁ ॥੩॥

تِ ءُ نامے بِنُ دیہُری
جمُ مارے انترِ دوکھُ ॥3॥

ਸਾਕਤ ਪ੍ਰੇਮੁ ਨ ਪਾਈਐ
ਹਰਿ ਪਾਈਐ ਸਤਿਗੁਰ ਭਾਇ ॥

ساکت پریمُ ن پائیے
ہرِ پائیے ستگُر بھاءِ ॥

ਸੁਖ ਦੁਖ ਦਾਤਾ ਗੁਰੁ ਮਿਲੈ
ਕਹੁ ਨਾਨਕ ਸਿਫਤਿ ਸਮਾਇ ॥੪॥੭॥

سُکھ دُکھ داتا گُرُ مِلے
کہُ نانک صِفتِ سماءِ ॥4॥7॥

ਸੋਰਠਿ ਮਹਲਾ ੧ ॥

سورٹھِ محلا 1 ॥

ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ
ਹਮ ਥਾਰੇ ਭੇਖਾਰੀ ਜੀਉ ॥

توُ پربھ داتا دانِ متِ پوُرا
ہم تھارے بھیکھاری جِ ءُ ॥

ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ
ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥

ے کیا ماگ ءُ کچھُ تھِرُ ن رہائی
ہرِ دیجے نامُ پیاری جیِ ءُ ॥1॥

ਘਟਿ ਘਟਿ ਰਵਿ ਰਹਿਆ ਬਨਵਾਰੀ ॥

گھٹِ گھٹِ روِ رہیا بنواری ॥

ਜਲਿ ਥਲਿ ਮਹੀਅਲਿ ਗੁਪਤੋ ਵਰਤੈ
ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥

جلِ تھلِ مہیئلِ گپتو ورتے
گُر سبدی دیکھِ نِہاری جیِ ءُ ॥ رہاءُ ॥

ਮਰਤ ਪਇਆਲ ਅਕਾਸੁ ਦਿਖਾਇਓ
ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥

مرت پئیال اکاسُ دِکھائیو
گُرِ ستِگُرِ کِرپا دھاری جیِ ءُ ॥

ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ
ਘਟ ਭੀਤਰਿ ਦੇਖੁ ਮੁਰਾਰੀ ਜੀਉ ॥੨॥

سو برہمُ اجونی ہے بھی ہونی
گھٹ بھیترِ دیکھُ مُراری جیِ ءُ ॥2॥

ਜਨਮ ਮਰਨ ਕਉ ਇਹੁ ਜਗੁ ਬਪੜੋ
ਇਨਿ ਦੂਜੈ ਭਗਤਿ ਵਿਸਾਰੀ ਜੀਉ ॥

جنم مرن ک ءُ اِہُ جگُ بپڑو
اِنِ دوُجے بھگتِ وِساری جیِ ءُ ॥

ਸਤਿਗੁਰੁ ਮਿਲੈ ਤ ਗੁਰਮਤਿ ਪਾਈਐ
ਸਾਕਤ ਬਾਜੀ ਹਾਰੀ ਜੀਉ ॥੩॥

ستِگُرُ ملے ت گُرمتِ پائیے
ساکت بازی ہاری جیِ ءُ ॥3॥

ਸਤਿਗੁਰ ਬੰਧਨ ਤੋੜਿ ਨਿਰਾਰੇ
ਬਹੁੜਿ ਨ ਗਰਭ ਮਝਾਰੀ ਜੀਉ ॥

ستِگُر بندھن توڑِ نِرارے
بہُڑِ ن گربھ مجھاری جیِ ءُ ॥

ਨਾਨਕ ਗਿਆਨ ਰਤਨੁ ਪਰਗਾਸਿਆ
ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥੮॥

نانک گیان رتنُ پرگاسیا
ہرِ منِ وسیا نِرنکاری جیِ ءُ ॥4॥8॥

ਸੋਰਠਿ ਮਹਲਾ ੧ ॥

سورٹھِ محلا 1 ॥

ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ
ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥

جِسُ جل نِدھِ کارنِ تُم جگِ آئے
سو انّمرِتُ گُر پاہی جیِ ءُ ॥

ਛੋਡਹੁ ਵੇਸੁ ਭੇਖ ਚਤੁਰਾਈ
ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥

چھوڈہُ ویسُ بھیکھ چترائی
دُبِدھا اِہُ پھلُ ناہی جیِ ءُ ॥1॥

ਮਨ ਰੇ ਥਿਰੁ ਰਹੁ
ਮਤੁ ਕਤ ਜਾਹੀ ਜੀਉ ॥

من رے تھِرُ رہُ
مت کت جاہی جیِ ءُ ॥

ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ

باہرِ ڈھوُڈھت بہُت دُکھُ پاوہِ

ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥

گھرِ انمرِتُ گھٹ ماہی جیِءُ ॥ رہاءُ ॥

ਅਵਗੁਣ ਛੋਡਿ ਗੁਣਾ ਕਉ ਧਾਵਹੁ
ਕਰਿ ਅਵਗੁਣ ਪਛੁਤਾਹੀ ਜੀਉ ॥

اوگُنؔ چھوڈِ گُنا کءُ دھاوہُ
کرِ اوگُنؔ پچھُتاہی جیِءُ ॥

ਸਰ ਅਪਸਰ ਕੀ ਸਾਰ ਨ ਜਾਣਹਿ
ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥

سر اپسر کی سار ن جانہِ
پھرِ پھرِ کیچ بُڈاہی جیِءُ ॥2॥

ਅੰਤਰਿ ਮੈਲੁ ਲੋਭ ਬਹੁ ਝੂਠੇ
ਬਾਹਰਿ ਨਾਵਹੁ ਕਾਹੀ ਜੀਉ ॥

انترِ میَلُ لوبھ بہُ جھوُٹھے
باہرِ ناوہُ کاہی جیِءُ ۔ ॥

ਨਿਰਮਲ ਨਾਮੁ ਜਪਹੁ ਸਦ ਗੁਰਮੁਖਿ
ਅੰਤਰ ਕੀ ਗਤਿ ਤਾਹੀ ਜੀਉ ॥੩॥

نِرمل نامُ جپہُ سد گُرمُکھِ
انتر کی گتِ تاہی جیِءُ ॥3॥

ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ
ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥

پرہرِ لوبھُ نِندا کوُڑُ تِیاگہُ
سچُ گُر بچنی پھلُ پاہی جیِءُ ॥

ਜਿਉ ਭਾਵੈ ਤਿਉ ਰਾਖਹੁ ਹਰਿ ਜੀਉ
ਜਨ ਨਾਨਕ ਸਬਦਿ ਸਲਾਹੀ ਜੀਉ ॥੪॥੯॥

جِءُ بھاوے تِءُ راکھہُ ہرِ جیِءُ
جن نانک سبدِ سلاحی جیِءُ ॥4॥9॥

ਸੋਰਠਿ ਮਹਲਾ ੧ ਪੰਚਪਦੇ ॥

سورٹھِ محلا 1 پنچپدے ॥

ਅਪਨਾ ਘਰੁ ਮੂਸਤ ਰਾਖਿ ਨ ਸਾਕਹਿ
ਕੀ ਪਰ ਘਰੁ ਜੋਹਨ ਲਾਗਾ ॥

اپنا گھرُ موُست راکھِ ن ساکہِ
کی پر گھرُ جوہن لاگا ۔ ॥

ਘਰੁ ਦਰੁ ਰਾਖਹਿ ਜੇ ਰਸੁ ਚਾਖਹਿ
ਜੋ ਗੁਰਮੁਖਿ ਸੇਵਕੁ ਲਾਗਾ ॥੧॥

گھرُ درُ راکھِ جے رسُ چاکھِ
جو گُرمُکھِ سیوکُ لاگا ॥1॥

ਮਨ ਰੇ ਸਮਝੁ
ਕਵਨ ਮਤਿ ਲਾਗਾ ॥

من رے سمجھُ
کون متِ لاگا ۔ ॥

ਨਾਮੁ ਵਿਸਾਰਿ ਅਨ ਰਸ ਲੋਭਾਨੇ
ਫਿਰਿ ਪਛੁਤਾਹਿ ਅਭਾਗਾ ॥ ਰਹਾਉ ॥

نامُ وِسارِ ان رس لوبھانے
پھرِ پچھُتاہِ ابھاگا ۔ ॥ رہاءُ ॥

ਆਵਤ ਕਉ ਹਰਖ ਜਾਤ ਕਉ ਰੋਵਹਿ
ਇਹੁ ਦੁਖੁ ਸੁਖੁ ਨਾਲੇ ਲਾਗਾ ॥

آوت کءُ ہرکھ جات کءُ روہِ
اِہُ دُکھُ سُکھُ نالے لاگا ॥

ਆਪੇ ਦੁਖ ਸੁਖ ਭੋਗਿ ਭੋਗਾਵੈ

آپے دُکھ سُکھ بھوگِ بھوگاوے

ਗੁਰਮੁਖਿ ਸੋ ਅਨਰਾਗਾ ॥੨॥

گُرمُکھِ سو انراگا ॥2॥

ਹਰਿ ਰਸ ਊਪਰਿ ਅਵਰੁ ਕਿਆ ਕਹੀਐ
ਜਿਨਿ ਪੀਆ ਸੋ ਤ੍ਰਿਪਤਾਗਾ ॥

ہرِ رس اوُپرِ اورُ کِیا کہیئے
جِنِ پِیا سو ترِپتاگا ॥

ਮਾਇਆ ਮੋਹਿਤ ਜਿਨਿ ਇਹੁ ਰਸੁ ਖੋਇਆ
ਜਾ ਸਾਕਤ ਦੁਰਮਤਿ ਲਾਗਾ ॥੩॥

مائیا موہِت جِنِ اِہُ رسُ کھوئیا
جا ساکت دُرمتِ لاگا ॥3॥

ਮਨ ਕਾ ਜੀਉ ਪਵਨਪਤਿ ਦੇਹੀ
ਦੇਹੀ ਮਹਿ ਦੇਉ ਸਮਾਗਾ ॥

من کا جیِءُ پونپتِ دیہی
دیہی مہِ دیِءُ سماگا ॥

ਜੇ ਤੂ ਦੇਹਿ ਤ ਹਰਿ ਰਸੁ ਗਾਈ
ਮਨੁ ਤ੍ਰਿਪਤੈ ਹਰਿ ਲਿਵ ਲਾਗਾ ॥੪॥

جے توُ دیہِ ت ہرِ رسُ گائی
منُ ترِپتے ہرِ لِو لاگا ॥4॥

ਸਾਧਸੰਗਤਿ ਮਹਿ ਹਰਿ ਰਸੁ ਪਾਈਐ
ਗੁਰਿ ਮਿਲਿਐ ਜਮ ਭਉ ਭਾਗਾ ॥

سادھسنگتِ مہِ ہرِ رسُ پائیئے
گُرِ ملِیئے جم بھءُ بھاگا ॥

ਨਾਨਕ ਰਾਮ ਨਾਮੁ ਜਪਿ ਗੁਰਮੁਖਿ
ਹਰਿ ਪਾਏ ਮਸਤਕਿ ਭਾਗਾ ॥੫॥੧੦॥

نانک رام نامُ جپِ گُرمُکھِ
ہرِ پائے مستکِ بھاگا ॥5॥ 10 ॥

ਸੋਰਠਿ ਮਹਲਾ ੧ ॥

سورٹھِ محلا 1 ॥

ਸਰਬ ਜੀਆ ਸਿਰਿ ਲੇਖੁ ਧੁਰਾਹੂ
ਬਿਨੁ ਲੇਖੈ ਨਹੀ ਕੋਈ ਜੀਉ ॥

سرب جیِیا سِرِ لیکھُ دھُراہوُ
بِنُ لیکھے نہی کوئی جیِءُ ॥

ਆਪਿ ਅਲੇਖੁ ਕੁਦਰਤਿ ਕਰਿ ਦੇਖੈ
ਹੁਕਮਿ ਚਲਾਏ ਸੋਈ ਜੀਉ ॥੧॥

آپِ الیکھُ قُدرتِ کرِ دیکھے
حُکمِ چلائے سوئی جیِءُ ॥1॥

ਮਨ ਰੇ ਰਾਮ ਜਪਹੁ ਸੁਖੁ ਹੋਈ ॥

من رے رام جپہُ سُکھُ ہوئی ॥

ਅਹਿਨਿਸਿ ਗੁਰ ਕੇ ਚਰਨ ਸਰੇਵਹੁ
ਹਰਿ ਦਾਤਾ ਭੁਗਤਾ ਸੋਈ ॥ ਰਹਾਉ ॥

اہِنِس گُر کے چرن سریوہُ
ہرِ داتا بھُگتا سوئی ॥ رہاءُ ॥

ਜੋ ਅੰਤਰਿ ਸੋ ਬਾਹਰਿ ਦੇਖਹੁ
ਅਵਰੁ ਨ ਦੂਜਾ ਕੋਈ ਜੀਉ ॥

جو انترِ سو باہرِ دیکھہُ
اورُ ن دوُجا کوئی جیِءُ ॥

ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ
ਘਟਿ ਘਟਿ ਜੋਤਿ ਸਮੋਈ ਜੀਉ ॥੨॥

گُرمُکھِ ایک دِرسٹِ کرِ دیکھہُ
گھٹِ گھٹِ جوتِ سموئی جیِءُ ॥2॥

ਚਲਤੌ ਠਾਕਿ ਰਖਹੁ ਘਰਿ ਅਪਨੈ
ਗੁਰ ਮਿਲਿਐ ਇਹ ਮਤਿ ਹੋਈ ਜੀਉ ॥

چلتوَ ٹھاکِ رکھہُ گھرِ اپنے
گُر مِلِےَ اِہ متِ ہوئی جیِءُ ॥

ਦੇਖਿ ਅਦ੍ਰਿਸਟੁ ਰਹਉ ਬਿਸਮਾਦੀ
ਦੁਖੁ ਬਿਸਰੈ ਸੁਖੁ ਹੋਈ ਜੀਉ ॥੩॥

دیکھِ ادّرِسٹُ رہءُ بِسمادی
دُکھُ بِسرے سُکھُ ہوئی جیِءُ ॥3॥

ਪੀਵਹੁ ਅਪਿਉ ਪਰਮ ਸੁਖੁ ਪਾਈਐ
ਨਿਜ ਘਰਿ ਵਾਸਾ ਹੋਈ ਜੀਉ ॥

پیِوہُ اپِءُ پرم سُکھُ پائیَے
نِج گھرِ واسا ہوئی جیِءُ ॥

ਜਨਮ ਮਰਣ ਭਵ ਭੰਜਨੁ ਗਾਈਐ
ਪੁਨਰਪਿ ਜਨਮੁ ਨ ਹੋਈ ਜੀਉ ॥੪॥

جنم مرنْ بھو بھنّجنُ گائیَے
پُنرپِ جنمُ ن ہوئی جیِءُ ॥4॥

ਤਤੁ ਨਿਰੰਜਨੁ ਜੋਤਿ ਸਬਾਈ
ਸੋਹੰ ਭੇਦੁ ਨ ਕੋਈ ਜੀਉ ॥

تتُ نِرنّجنُ جوتِ سبائی
سوہنّ بھیدُ ن کوئی جیِءُ ॥

ਅਪਰੰਪਰ ਪਾਰਬ੍ਰਹਮੁ ਪਰਮੇਸਰੁ
ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥੧੧॥

اپرنّپر پاربْرہمُ پریسرُ
نانک گُرُ مِلیا سوئی جیِءُ ॥5॥ 11 ॥

ਸੋਰਠਿ ਮਹਲਾ ੧ ਘਰੁ ੩

سورٹھِ محلا 1 گھرُ 3

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਜਾ ਤਿਸੁ ਭਾਵਾ ਤਦ ਹੀ ਗਾਵਾ ॥

جا تِس بھاوا تد ہی گاوا ॥

ਤਾ ਗਾਵੇ ਕਾ ਫਲੁ ਪਾਵਾ ॥

تا گاوے کا پھلُ پاوا ॥

ਗਾਵੇ ਕਾ ਫਲੁ ਹੋਈ ॥

گاوے کا پھلُ ہوئی ॥

ਜਾ ਆਪੇ ਦੇਵੈ ਸੋਈ ॥੧॥

جا آپے دیوے سوئی ॥1॥

ਮਨ ਮੇਰੇ ਗੁਰ ਬਚਨੀ ਨਿਧਿ ਪਾਈ ॥

من میرے گُر بچنی نِدھِ پائی ॥

ਤਾ ਤੇ ਸਚ ਮਹਿ ਰਹਿਆ ਸਮਾਈ ॥ ਰਹਾਉ ॥

تا تے سچ مہِ رہِیا سمائی ॥ رہاءُ ॥

ਗੁਰ ਸਾਖੀ ਅੰਤਰਿ ਜਾਗੀ ॥

گُر ساکھی انترِ جاگی ॥

ਤਾ ਚੰਚਲ ਮਤਿ ਤਿਆਗੀ ॥

تا چنّچل متِ تِیاگی ॥

ਗੁਰ ਸਾਖੀ ਕਾ ਉਜੀਆਰਾ ॥

گُر ساکھی کا اُجیِیارا ॥

ਤਾ ਮਿਟਿਆ ਸਗਲ ਅੰਧ੍ਯਾਰਾ ॥੨॥

تا مِٹیا سگل اندھّیارا ॥2॥

ਗੁਰ ਚਰਨੀ ਮਨੁ ਲਾਗਾ ॥	گُر چرنی منُ لاگا ॥
ਤਾ ਜਮ ਕਾ ਮਾਰਗੁ ਭਾਗਾ ॥	تا جم کا مارگُ بھاگا ॥
ਭੈ ਵਿਚਿ ਨਿਰਭਉ ਪਾਇਆ ॥	بھے وِچ نِربھءُ پائیا ॥
ਤਾ ਸਹਜੈ ਕੈ ਘਰਿ ਆਇਆ ॥੩॥	تا سہجے کے گھرِ آئیا ॥3॥
ਭਣਤਿ ਨਾਨਕੁ ਬੂਝੈ ਕੋ ਬੀਚਾਰੀ ॥	بھنّتِ نانکُ بوُجھے کو بیچاری ॥
ਇਸੁ ਜਗ ਮਹਿ ਕਰਣੀ ਸਾਰੀ ॥	اِسُ جگ مہِ کرنّی ساری ॥
ਕਰਣੀ ਕੀਰਤਿ ਹੋਈ ॥	کرنّی کیرتِ ہوئی ॥
ਜਾ ਆਪੇ ਮਿਲਿਆ ਸੋਈ ॥੪॥੧॥੧੨॥	جا آپے مِلیا سوئی ॥4॥1॥ 12 ॥
ਸੋਰਠਿ ਮਹਲਾ ੩ ਘਰੁ ੧	سورٹھِ محلا 3 گھرُ 1
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਸੇਵਕ ਸੇਵ ਕਰਹਿ ਸਭਿ ਤੇਰੀ ਜਿਨ ਸਬਦੈ ਸਾਦੁ ਆਇਆ ॥	سیوک سیو کرہِ سبھِ تیری جِن سبدے ساد آئیا ॥
ਗੁਰ ਕਿਰਪਾ ਤੇ ਨਿਰਮਲੁ ਹੋਆ ਜਿਨਿ ਵਿਚਹੁ ਆਪੁ ਗਵਾਇਆ ॥	گُر کِرپا تے نِرملُ ہویا جِنِ وِچہُ آپُ گوائیا ॥
ਅਨਦਿਨੁ ਗੁਣ ਗਾਵਹਿ ਨਿਤ ਸਾਚੇ ਗੁਰ ਕੈ ਸਬਦਿ ਸੁਹਾਇਆ ॥੧॥	اندِنُ گُنّ گاوہِ نِت ساچے گُر کے سبدِ سُہائیا ॥1॥
ਮੇਰੇ ਠਾਕੁਰ ਹਮ ਬਾਰਿਕ ਸਰਣਿ ਤੁਮਾਰੀ ॥	میرے ٹھاکُر ہم بارِک سرنِ تُماری ॥
ਏਕੋ ਸਚਾ ਸਚੁ ਤੂ ਕੇਵਲੁ ਆਪਿ ਮੁਰਾਰੀ ॥ ਰਹਾਉ ॥	ایکو سچا سچُ توُ کیولُ آپِ مُراری ۔ ॥ رہاءُ ॥
ਜਾਗਤ ਰਹੇ ਤਿਨੀ ਪ੍ਰਭੁ ਪਾਇਆ ਸਬਦੇ ਹਉਮੈ ਮਾਰੀ ॥	جاگت رہے تِنی پرّبھُ پائیا سبدے ہئمےَ ماری ॥
ਗਿਰਹੀ ਮਹਿ ਸਦਾ ਹਰਿ ਜਨ ਉਦਾਸੀ ਗਿਆਨ ਤਤ ਬੀਚਾਰੀ ॥	گِرہی مہِ سدا ہرِ جن اُداسی گیان تت بیچاری ॥
ਸਤਿਗੁਰੁ ਸੇਵਿ ਸਦਾ ਸੁਖੁ ਪਾਇਆ	ستِگُر سیوِ سدا سُکھُ پائیا

ਹਰਿ ਰਾਖਿਆ ਉਰ ਧਾਰੀ ॥੨॥

ہرِ راکھیا اُر دھاری ॥2॥

ਇਹੁ ਮਨੂਆ ਦਹ ਦਿਸਿ ਧਾਵਦਾ
ਦੂਜੈ ਭਾਇ ਖੁਆਇਆ ॥

اِہُ منوُیا دہ دِسِ دھاودا
دوُجےَ بھاءِ کھُیائیا ॥

ਮਨਮੁਖ ਮੁਗਧੁ ਹਰਿ ਨਾਮੁ ਨ ਚੇਤੈ
ਬਿਰਥਾ ਜਨਮੁ ਗਵਾਇਆ ॥

منمکھ مُگدھُ ہرِ نامُ ن چیتے
برتھا جنمُ گوائیا ॥

ਸਤਿਗੁਰੁ ਭੇਟੇ ਤਾ ਨਾਉ ਪਾਏ
ਹਉਮੈ ਮੋਹੁ ਚੁਕਾਇਆ ॥੩॥

ستِگُرُ بھیٹے تا ناءُ پائے
ہئُمےَ موہُ چُکائیا ॥3॥

ਹਰਿ ਜਨ ਸਾਚੇ ਸਾਚੁ ਕਮਾਵਹਿ
ਗੁਰ ਕੈ ਸਬਦਿ ਵੀਚਾਰੀ ॥

ہرِجن ساچے ساچُ کماوہِ
گُر کےَ سبدِ ویچاری ॥

ਆਪੇ ਮੇਲਿ ਲਏ ਪ੍ਰਭਿ ਸਾਚੈ
ਸਾਚੁ ਰਖਿਆ ਉਰ ਧਾਰੀ ॥

آپے میلِ لئے پربھِ ساچےَ
ساچُ رکھیا اُر دھاری ॥

ਨਾਨਕ ਨਾਵਹੁ ਗਤਿ ਮਤਿ ਪਾਈ
ਏਹਾ ਰਾਸਿ ਹਮਾਰੀ ॥੪॥੧॥

نانک ناوہُ گتِ متِ پائی
ایہا راسِ ہماری ॥4॥1॥

ਸੋਰਠਿ ਮਹਲਾ ੩ ॥

سورٹھِ محلا 3 ॥

ਭਗਤਿ ਖਜਾਨਾ ਭਗਤਨ ਕਉ ਦੀਆ
ਨਾਉ ਹਰਿ ਧਨੁ ਸਚੁ ਸੋਇ ॥

بھگتِ خزانا بھگتن کءُ دیِیا
ناءُ ہرِ دھنُ سچُ سوءِ ॥

ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ
ਕਿਨੈ ਨ ਕੀਮਤਿ ਹੋਇ ॥

اکھُٹُ نام دھنُ کدے نِکھُٹے ناہی
کِنے ن قِیمتِ ہوءِ ॥

ਨਾਮ ਧਨਿ ਮੁਖ ਉਜਲੇ ਹੋਏ
ਹਰਿ ਪਾਇਆ ਸਚੁ ਸੋਇ ॥੧॥

نام دھنِ مُکھ اُجلے ہوئے
ہرِ پائیا سچُ سوءِ ॥1॥

ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ ॥

من میرے گُر سبدی ہرِ پائیا جاءِ ॥

ਬਿਨੁ ਸਬਦੈ ਜਗੁ ਭੁਲਦਾ ਫਿਰਦਾ
ਦਰਗਹ ਮਿਲੈ ਸਜਾਇ ॥ ਰਹਾਉ ॥

بِنُ سبدےَ جگُ بھُلدا پھِردا
درگہ مِلےَ سزاءِ ॥ رہاءُ ॥

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ
ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥

اِسُ دیہی اندرِ پنچ چور وسہِ
کامُ کرودھُ لوبھُ موہُ اہنکارا ॥

ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ
ਕੋਇ ਨ ਸੁਣੈ ਪੂਕਾਰਾ ॥

انمرِتُ لوٹہِ منمکھ نہی بوُجھہِ
کوءِ ن سُنٹے پوُکارا ॥

ਅੰਧਾ ਜਗਤੁ ਅੰਧੁ ਵਰਤਾਰਾ
ਬਾਝੁ ਗੁਰੂ ਗੁਬਾਰਾ ॥੨॥

انّدھا جگتُ انّدھُ ورتارا
باجھُ گُروُ غُبارا ॥2॥

ਹਉਮੈ ਮੇਰਾ ਕਰਿ ਕਰਿ ਵਿਗੁਤੇ
ਕਿਹੁ ਚਲੈ ਨ ਚਲਦਿਆ ਨਾਲਿ ॥

ہئُمےَ میرا کرِ کرِ وِگُتے
کِہُ چلےَ ن چلدِیا نالِ ॥

ਗੁਰਮੁਖਿ ਹੋਵੈ ਸੁ ਨਾਮੁ ਧਿਆਵੈ
ਸਦਾ ਹਰਿ ਨਾਮੁ ਸਮਾਲਿ ॥

گُرمُکھِ ہووےَ سُ نامُ دھِیاوےَ
سدا ہرِ نامُ سمالِ ॥

ਸਚੀ ਬਾਣੀ ਹਰਿ ਗੁਣ ਗਾਵੈ
ਨਦਰੀ ਨਦਰਿ ਨਿਹਾਲਿ ॥੩॥

سچی بانٹی ہرِ گُنٹ گاوےَ
ندری ندرِ نِہالِ ॥3॥

ਸਤਿਗੁਰ ਗਿਆਨੁ ਸਦਾ ਘਟਿ ਚਾਨਣੁ
ਅਮਰੁ ਸਿਰਿ ਬਾਦਿਸਾਹਾ ॥

ستِگُر گِیانُ سدا گھٹِ چانٹُ
امرُ سِرِ بادِشاہا ॥

ਅਨਦਿਨੁ ਭਗਤਿ ਕਰਹਿ ਦਿਨੁ ਰਾਤੀ
ਰਾਮ ਨਾਮੁ ਸਚੁ ਲਾਹਾ ॥

اندِنُ بھگتِ کرہِ دِنُ راتی
رام نامُ سچُ لاہا ॥

ਨਾਨਕ ਰਾਮ ਨਾਮਿ ਨਿਸਤਾਰਾ
ਸਬਦਿ ਰਤੇ ਹਰਿ ਪਾਹਾ ॥੪॥੨॥

نانک رام نامِ نِستارا
سبدِ رتے ہرِ پاہا ॥4॥2॥

ਸੋਰਠਿ ਮਃ ੩ ॥

سورٹھِ م: 3 ॥

ਦਾਸਨਿ ਦਾਸੁ ਹੋਵੈ ਤਾ ਹਰਿ ਪਾਏ
ਵਿਚਹੁ ਆਪੁ ਗਵਾਈ ॥

داسنِ دائس ہووےَ تا ہرِ پائے
وِچہُ آپُ گوائی ॥

ਭਗਤਾ ਕਾ ਕਾਰਜੁ ਹਰਿ ਅਨੰਦੁ ਹੈ
ਅਨਦਿਨੁ ਹਰਿ ਗੁਣ ਗਾਈ ॥

بھگتا کا کارجُ ہرِ انندُ ہےَ
اندِنُ ہرِ گُنٹ گائی ॥

ਸਬਦਿ ਰਤੇ ਸਦਾ ਇਕ ਰੰਗੀ
ਹਰਿ ਸਿਉ ਰਹੇ ਸਮਾਈ ॥੧॥

سبدِ رتے سدا اِک رنگی
ہرِ سِءُ رہے سمائی ॥1॥

ਹਰਿ ਜੀਉ ਸਾਚੀ ਨਦਰਿ ਤੁਮਾਰੀ ॥

ہرِ جیِءُ ساچی ندرِ تُماری ॥

ਆਪਣਿਆ ਦਾਸਾ ਨੋ ਕ੍ਰਿਪਾ ਕਰਿ ਪਿਆਰੇ

آپنِیا داسا نوٗ کرِپا کرِ پیارے

ਰਾਖਹੁ ਪੈਜ ਹਮਾਰੀ ॥ ਰਹਾਉ ॥

راکھُہ پیج ہماری ॥ رہاءُ ॥

ਸਬਦਿ ਸਲਾਹੀ ਸਦਾ ਹਉ ਜੀਵਾ
ਗੁਰਮਤੀ ਭਉ ਭਾਗਾ ॥

سبدِ سلاحی سدا ہءُ جیِوا
گُرمتی بھءُ بھاگا ॥

ਮੇਰਾ ਪ੍ਰਭੁ ਸਾਚਾ ਅਤਿ ਸੁਆਲਿਉ
ਗੁਰੁ ਸੇਵਿਆ ਚਿਤੁ ਲਾਗਾ ॥

میرا پربھُ ساچا اتِ سُیالِءُ
گُرُ سیویا چِتُ لاگا ॥

ਸਾਚਾ ਸਬਦੁ ਸਚੀ ਸਚੁ ਬਾਣੀ
ਸੋ ਜਨੁ ਅਨਦਿਨੁ ਜਾਗਾ ॥੨॥

ساچا سبدُ سچی سچُ باٹی
سو جنُ اندِنُ جاگا ॥2॥

ਮਹਾ ਗੰਭੀਰੁ ਸਦਾ ਸੁਖਦਾਤਾ
ਤਿਸ ਕਾ ਅੰਤੁ ਨ ਪਾਇਆ ॥

مہا گنبھیرُ سدا سُکھداتا
تِس کا انتُ ن پائیا ॥

ਪੂਰੇ ਗੁਰ ਕੀ ਸੇਵਾ ਕੀਨੀ
ਅਚਿੰਤੁ ਹਰਿ ਮੰਨਿ ਵਸਾਇਆ ॥

پُورے گُر کی سیوا کِینی
اچِنتُ ہرِ منّنِ وسائیا ॥

ਮਨੁ ਤਨੁ ਨਿਰਮਲੁ ਸਦਾ ਸੁਖੁ ਅੰਤਰਿ
ਵਿਚਹੁ ਭਰਮੁ ਚੁਕਾਇਆ ॥੩॥

منُ تنُ نِرملُ سدا سُکھُ انترِ
وِچہُ بھرمُ چُکائیا ॥3॥

ਹਰਿ ਕਾ ਮਾਰਗੁ ਸਦਾ ਪੰਥੁ ਵਿਖੜਾ
ਕੋ ਪਾਏ ਗੁਰ ਵੀਚਾਰਾ ॥

ہرِ کا مارگُ سدا پنّتھُ وِکھڑا
کو پائے گُر ویچارا ॥

ਹਰਿ ਕੈ ਰੰਗਿ ਰਾਤਾ ਸਬਦੇ ਮਾਤਾ
ਹਉਮੈ ਤਜੇ ਵਿਕਾਰਾ ॥

ہرِ کے رنگِ راتا سبدے ماتا
ہئُمےَ تجے وِکارا ॥

ਨਾਨਕ ਨਾਮਿ ਰਤਾ ਇਕ ਰੰਗੀ
ਸਬਦਿ ਸਵਾਰਣਹਾਰਾ ॥੪॥੩॥

نانک نامِ رتا اِک رنگی
سبدِ سوارنہارا ॥4॥3॥

ਸੋਰਠਿ ਮਹਲਾ ੩ ॥

سورٹھِ محلا 3 ॥

ਹਰਿ ਜੀਉ ਤੁਧੁ ਨੋ ਸਦਾ ਸਾਲਾਹੀ ਪਿਆਰੇ
ਜਿਚਰੁ ਘਟ ਅੰਤਰਿ ਹੈ ਸਾਸਾ ॥

ہرِ جیِءُ تُدھُ نو سدا سالاحی پیارے
جِچرُ گھٹ انترِ ہےَ ساسا ॥

ਇਕੁ ਪਲੁ ਖਿਨੁ ਵਿਸਰਹਿ ਤੂ ਸੁਆਮੀ
ਜਾਣਉ ਬਰਸ ਪਚਾਸਾ ॥

اِکُ پلُ کھِنُ وِسرہِ توُ سُیامی
جاٹءُ برس پچاسا ॥

ਹਮ ਮੂੜ ਮੁਗਧ ਸਦਾ ਸੇ ਭਾਈ

ہم موُڑ مُگدھ سدا سے بھائی

ਗੁਰ ਕੈ ਸਬਦਿ ਪ੍ਰਗਾਸਾ ॥੧॥

گُر کے سبدِ پرّگاسا ॥1॥

ਹਰਿ ਜੀਉ ਤੁਮ ਆਪੇ ਦੇਹੁ ਬੁਝਾਈ ॥

ہرِ جیِءُ تُم آپے دیہُ بُجھائی ॥

ਹਰਿ ਜੀਉ ਤੁਧੁ ਵਿਟਹੁ ਵਾਰਿਆ ਸਦ ਹੀ
ਤੇਰੇ ਨਾਮ ਵਿਟਹੁ ਬਲਿ ਜਾਈ ॥ ਰਹਾਉ ॥

ہرِ جیِءُ تُدھُ وِٹہُ وارِیا سد ہی
تیرے نام وِٹہُ بلِ جائی ॥ رہاءُ ॥

ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ
ਸਬਦੇ ਹੀ ਮੁਕਤਿ ਪਾਈ ॥

ہم سبدِ مُے سبدِ مارِ جیِوالے بھائی
سبدے ہی مُکتِ پائی ॥

ਸਬਦੇ ਮਨੁ ਤਨੁ ਨਿਰਮਲੁ ਹੋਆ
ਹਰਿ ਵਸਿਆ ਮਨਿ ਆਈ ॥

سبدے منُ تنُ نِرملُ ہویا
ہرِ وسِیا منِ آئی ॥

ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ
ਹਰਿ ਸਿਉ ਰਹਿਆ ਸਮਾਈ ॥੨॥

سبدُ گُر داتا جِتُ منُ راتا
ہرِ سِءُ رہِیا سمائی ॥2॥

ਸਬਦੁ ਨ ਜਾਣਹਿ ਸੇ ਅੰਨੇ ਬੋਲੇ
ਸੇ ਕਿਤੁ ਆਏ ਸੰਸਾਰਾ ॥

سبدُ ن جاٹہِ سے انّنے بولے
سے کِتُ آئے سنّسارا ۔ ॥

ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ
ਜੰਮਹਿ ਵਾਰੋ ਵਾਰਾ ॥

ہرِ رسُ ن پائِیا بِرتھا جنمُ گوائِیا
جنّمہِ وارو وارا ॥

ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ
ਮਨਮੁਖ ਮੁਗਧ ਗੁਬਾਰਾ ॥੩॥

بِستا کے کیڑے بِستا ماہِ سماٹے
منمُکھ مُگدھ غُبارا ॥3॥

ਆਪੇ ਕਰਿ ਵੇਖੈ ਮਾਰਗਿ ਲਾਏ ਭਾਈ
ਤਿਸੁ ਬਿਨੁ ਅਵਰੁ ਨ ਕੋਈ ॥

آپے کرِ ویکھے مارگِ لائے بھائی
تِسُ بِنُ اورُ ن کوئی ॥

ਜੋ ਧੁਰਿ ਲਿਖਿਆ ਸੁ ਕੋਇ ਨ ਮੇਟੈ ਭਾਈ
ਕਰਤਾ ਕਰੇ ਸੁ ਹੋਈ ॥

جو دھُرِ لِکھیا سُ کوءِ ن میٹے بھائی
کرتا کرے سُ ہوئی ॥

ਨਾਨਕ ਨਾਮੁ ਵਸਿਆ ਮਨ ਅੰਤਰਿ ਭਾਈ
ਅਵਰੁ ਨ ਦੂਜਾ ਕੋਈ ॥੪॥੪॥

نانک نامُ وسِیا من انترِ بھائی
اورُ ن دوُجا کوئی ॥4॥4॥

ਸੋਰਠਿ ਮਹਲਾ ੩ ॥

سورٹھِ محلا 3 ॥

ਗੁਰਮੁਖਿ ਭਗਤਿ ਕਰਹਿ ਪ੍ਰਭ ਭਾਵਹਿ
ਅਨਦਿਨੁ ਨਾਮੁ ਵਖਾਣੇ ॥

گُرمُکھِ بھگتِ کرہِ پرّبھ بھاوہِ
اندِنُ نامُ وکھاٹے ॥

ਭਗਤਾ ਕੀ ਸਾਰ ਕਰਹਿ ਆਪਿ ਰਾਖਹਿ
ਜੋ ਤੇਰੈ ਮਨਿ ਭਾਣੇ ॥

ਤੂ ਗੁਣਦਾਤਾ ਸਬਦਿ ਪਛਾਤਾ
ਗੁਣ ਕਹਿ ਗੁਣੀ ਸਮਾਣੇ ॥੧॥

ਮਨ ਮੇਰੇ ਹਰਿ ਜੀਉ ਸਦਾ ਸਮਾਲਿ ॥

ਅੰਤ ਕਾਲਿ ਤੇਰਾ ਬੇਲੀ ਹੋਵੈ
ਸਦਾ ਨਿਬਹੈ ਤੇਰੈ ਨਾਲਿ ॥ ਰਹਾਉ ॥

ਦੁਸਟ ਚਉਕੜੀ ਸਦਾ ਕੂੜੁ ਕਮਾਵਹਿ
ਨਾ ਬੂਝਹਿ ਵੀਚਾਰੇ ॥

ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ
ਹਰਣਾਖਸ ਨਖਹਿ ਬਿਦਾਰੇ ॥

ਪ੍ਰਹਿਲਾਦੁ ਜਨੁ ਸਦ ਹਰਿ ਗੁਣ ਗਾਵੈ
ਹਰਿ ਜੀਉ ਲਏ ਉਬਾਰੇ ॥੨॥

ਆਪਸ ਕਉ ਬਹੁ ਭਲਾ ਕਰਿ ਜਾਣਹਿ
ਮਨਮੁਖਿ ਮਤਿ ਨ ਕਾਈ ॥

ਸਾਧੂ ਜਨ ਕੀ ਨਿੰਦਾ ਵਿਆਪੇ
ਜਾਸਨਿ ਜਨਮੁ ਗਵਾਈ ॥

ਰਾਮ ਨਾਮੁ ਕਦੇ ਚੇਤਹਿ ਨਾਹੀ
ਅੰਤਿ ਗਏ ਪਛੁਤਾਈ ॥੩॥

ਸਫਲੁ ਜਨਮੁ ਭਗਤਾ ਕਾ ਕੀਤਾ
ਗੁਰ ਸੇਵਾ ਆਪਿ ਲਾਏ ॥

ਸਬਦੇ ਰਾਤੇ ਸਹਜੇ ਮਾਤੇ
ਅਨਦਿਨੁ ਹਰਿ ਗੁਣ ਗਾਏ ॥

ਨਾਨਕ ਦਾਸੁ ਕਹੈ ਬੇਨੰਤੀ
ਹਉ ਲਾਗਾ ਤਿਨ ਕੈ ਪਾਏ ॥੪॥੫॥

بھگتا کی سار کرہِ آپِ راکھہِ
جو تیرے منِ بھاۓ ॥

توُ گُنداتا سبدِ پچھاتا
گُنؤ کہِ گُنی سماۓ ॥1॥

من میرے ہرِ جیِءُ سدا سمالِ ॥

انّت کالِ تیرا بیلی ہووے
سدا نِبہے تیرے نالِ ॥ رہاءُ ॥

دُسٹ چنڈکڑی سدا کوُڑُ کماوہِ
نا بوُجھہِ ویچارے ॥

نِندا دُسٹی تے کِنِ پھلُ پایِیا
ہرٹاکھس نکھہِ بِدارے ॥

پرہِلادُ جنُ سد ہرِ گُنؤ گاوے
ہرِ جیِءُ لۓ اُبارے ॥2॥

آپس کءُ بہُ بھلا کرِ جاٹہِ
منمُکھِ متِ ن کائی ॥

سادھوُ جن کی نِندا وِیاپے
جاسنِ جنمُ گوائی ॥

رام نامُ کدے چیتہِ ناہی
انّتِ گۓ پچھُتائی ॥3॥

سپھلُ جنمُ بھگتا کا کیِتا
گُر سیوا آپِ لاۓ ॥

سبدے راتے سہجے ماتے
اندِنُ ہرِ گُنؤ گاۓ ॥

نانک داسُ کہے بینّتی
ہءُ لاگا تِن کے پاۓ ॥4॥5॥

ਸੋਰਠਿ ਮਹਲਾ ੩ ॥

ਸੋ ਸਿਖੁ ਸਖਾ ਬੰਧਪੁ ਹੈ ਭਾਈ
ਜਿ ਗੁਰ ਕੇ ਭਾਣੇ ਵਿਚਿ ਆਵੈ ॥

ਆਪਣੈ ਭਾਣੈ ਜੋ ਚਲੈ ਭਾਈ
ਵਿਛੁੜਿ ਚੋਟਾ ਖਾਵੈ ॥

ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ
ਫਿਰਿ ਫਿਰਿ ਪਛੋਤਾਵੈ ॥੧॥

ਹਰਿ ਕੇ ਦਾਸ ਸੁਹੇਲੇ ਭਾਈ ॥

ਜਨਮ ਜਨਮ ਕੇ ਕਿਲਬਿਖ ਦੁਖ ਕਾਟੇ
ਆਪੇ ਮੇਲਿ ਮਿਲਾਈ ॥ ਰਹਾਉ ॥

ਇਹੁ ਕੁਟੰਬੁ ਸਭੁ ਜੀਅ ਕੇ ਬੰਧਨ ਭਾਈ
ਭਰਮਿ ਭੁਲਾ ਸੈਂਸਾਰਾ ॥

ਬਿਨੁ ਗੁਰ ਬੰਧਨ ਟੂਟਹਿ ਨਾਹੀ
ਗੁਰਮੁਖਿ ਮੋਖ ਦੁਆਰਾ ॥

ਕਰਮ ਕਰਹਿ ਗੁਰ ਸਬਦੁ ਨ ਪਛਾਣਹਿ
ਮਰਿ ਜਨਮਹਿ ਵਾਰੋ ਵਾਰਾ ॥੨॥

ਹਉ ਮੇਰਾ ਜਗੁ ਪਲਚਿ ਰਹਿਆ ਭਾਈ
ਕੋਇ ਨ ਕਿਸ ਹੀ ਕੇਰਾ ॥

ਗੁਰਮੁਖਿ ਮਹਲੁ ਪਾਇਨਿ ਗੁਣ ਗਾਵਨਿ
ਨਿਜ ਘਰਿ ਹੋਇ ਬਸੇਰਾ ॥

ਐਥੈ ਬੂਝੈ ਸੁ ਆਪੁ ਪਛਾਣੈ
ਹਰਿ ਪ੍ਰਭੁ ਹੈ ਤਿਸੁ ਕੇਰਾ ॥੩॥

ਸਤਿਗੁਰੂ ਸਦਾ ਦਇਆਲੁ ਹੈ ਭਾਈ
ਵਿਣੁ ਭਾਗਾ ਕਿਆ ਪਾਈਐ ॥

ਏਕ ਨਦਰਿ ਕਰਿ ਵੇਖੈ ਸਭ ਊਪਰਿ

سورٹھِ محلا 3 ॥

سو سِکھُ سکھا بندھپُ ہے بھائی
جِ گُر کے بھانے وِچ آوے ॥

آپنے بھانے جو چلے بھائی
وِچھڑِ چوٹا کھاوے ॥

بِنُ ستِگُر سُکھُ کدے ن پاوے بھائی
پھِرِ پھِرِ پچھوتاوے ॥1॥

ہرِ کے داس سُہیلے بھائی ۔ ॥

جنم جنم کے کِلبِکھ دُکھ کاٹے
آپے میلِ مِلائی ॥ رہاءُ ॥

اِہُ کُٹنّبُ سبھُ جیء کے بندھن بھائی
بھرمِ بھُلا سینْسارا ॥

بِنُ گُر بندھن ٹُوٹہِ ناہی
گُرمُکھِ موکھ دُیارا ॥

کرم کرہِ گُر سبدُ ن پچھاٹہِ
مرِ جنمہِ وارو وارا ॥2॥

ہءُ میرا جگُ پلچِ رہِیا بھائی
کوءِ ن کِس ہی کیرا ॥

گُرمُکھِ محلُ پائنِ گُن گاونِ
نِج گھرِ ہوءِ بسیرا ॥

ایتھے بُوجھے سُ آپُ پچھاٹے
ہرِ پربھُ ہے تِس کیرا ॥3॥

ستِگُرو سدا دیئالُ ہے بھائی
وِنُ بھاگا کِیا پائیئے ۔ ॥

ایک ندرِ کرِ ویکھے سبھ اوُپرِ

ਜੇਹਾ ਭਾਉ ਤੇਹਾ ਫਲੁ ਪਾਈਐ ॥
جیہا بھاءُ تیہا پھلُ پائیَۓ ॥

ਨਾਨਕ ਨਾਮੁ ਵਸੈ ਮਨ ਅੰਤਰਿ
ਵਿਚਹੁ ਆਪੁ ਗਵਾਈਐ ॥੪॥੬॥
نانک نامُ وسےَ من انّترِ
وِچہُ آپُ گوائیَۓ ॥4॥6॥

ਸੋਰਠਿ ਮਹਲਾ ੩ ਚੌਤੁਕੇ ॥
سورٹھِ محلا 3 چوَتُکے ॥

ਸਚੀ ਭਗਤਿ ਸਤਿਗੁਰ ਤੇ ਹੋਵੈ
ਸਚੀ ਹਿਰਦੈ ਬਾਣੀ ॥
سچی بھگتِ ستِگُر تے ہووےَ
سچی ہِردےَ باٹی ॥

ਸਤਿਗੁਰੁ ਸੇਵੇ ਸਦਾ ਸੁਖੁ ਪਾਏ
ਹਉਮੈ ਸਬਦਿ ਸਮਾਣੀ ॥
ستِگُرُ سیوے سدا سُکھُ پائے
ہئُمےَ سبدِ سماٹی ॥

ਬਿਨੁ ਗੁਰ ਸਾਚੇ ਭਗਤਿ ਨ ਹੋਵੀ
ਹੋਰ ਭੂਲੀ ਫਿਰੈ ਇਆਣੀ ॥
بِنُ گُر ساچے بھگتِ ن ہووی
ہور بھوُلی پھِرےَ اِیاٹی ॥

ਮਨਮੁਖਿ ਫਿਰਹਿ ਸਦਾ ਦੁਖੁ ਪਾਵਹਿ
ਡੂਬਿ ਮੁਏ ਵਿਣੁ ਪਾਣੀ ॥੧॥
منمُکھِ پھِرہِ سدا دُکھُ پاوہِ
ڈوُبِ مُےَ وِنُ پاٹی ॥1॥

ਭਾਈ ਰੇ ਸਦਾ ਰਹਹੁ ਸਰਣਾਈ ॥
بھائی رے سدا رہہُ سرٹائی ॥

ਆਪਣੀ ਨਦਰਿ ਕਰੇ ਪਤਿ ਰਾਖੈ
ਹਰਿ ਨਾਮੋ ਦੇ ਵਡਿਆਈ ॥ ਰਹਾਉ ॥
آپنٹی ندرِ کرے پتِ راکھےَ
ہرِ نامو دے وڈِیائی ॥ رہاءُ ॥

ਪੂਰੇ ਗੁਰ ਤੇ ਆਪੁ ਪਛਾਤਾ
ਸਬਦਿ ਸਚੈ ਵੀਚਾਰਾ ॥
پوُرے گُر تے آپُ پچھاتا
سبدِ سچےَ وِیچارا ॥

ਹਿਰਦੈ ਜਗਜੀਵਨੁ ਸਦ ਵਸਿਆ
ਤਜਿ ਕਾਮੁ ਕ੍ਰੋਧੁ ਅਹੰਕਾਰਾ ॥
ہِردےَ جگجِیونُ سد وسِیا
تجِ کامُ کرودھُ اہنکارا ॥

ਸਦਾ ਹਜੂਰਿ ਰਵਿਆ ਸਭ ਠਾਈ
ਹਿਰਦੈ ਨਾਮੁ ਅਪਾਰਾ ॥
سدا حضوُرِ روِیا سبھ ٹھائی
ہِردےَ نامُ اپارا ॥

ਜੁਗਿ ਜੁਗਿ ਬਾਣੀ ਸਬਦਿ ਪਛਾਣੀ
ਨਾਉ ਮੀਠਾ ਮਨਹਿ ਪਿਆਰਾ ॥੨॥
جُگِ جُگِ باٹی سبدِ پچھاٹی
ناءُ مِیٹھا منہِ پِیارا ॥2॥

ਸਤਿਗੁਰੁ ਸੇਵਿ ਜਿਨਿ ਨਾਮੁ ਪਛਾਤਾ
ਸਫਲ ਜਨਮੁ ਜਗਿ ਆਇਆ ॥
ستِگُرُ سیوِ جِنِ نامُ پچھاتا
سپھل جنمُ جگِ آئیا ॥

ਹਰਿ ਰਸੁ ਚਾਖਿ ਸਦਾ ਮਨੁ ਤ੍ਰਿਪਤਿਆ
ਗੁਣ ਗਾਵੈ ਗੁਣੀ ਅਘਾਇਆ ॥

ہرِ رسُ چاکھِ سدا منُ ترِپتِیا
گُنؤ گاوے گُنی اگھائِیا ॥

ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ
ਅਨਹਦ ਸਬਦੁ ਵਜਾਇਆ ॥

کملُ پرگاسِ سدا رنگِ راتا
انہد سبدُ وجائِیا ॥

ਤਨੁ ਮਨੁ ਨਿਰਮਲੁ ਨਿਰਮਲ ਬਾਣੀ
ਸਚੇ ਸਚਿ ਸਮਾਇਆ ॥੩॥

تنُ منُ نِرملُ نِرمل باڻی
سچے سچِ سمائِیا ॥3॥

ਰਾਮ ਨਾਮ ਕੀ ਗਤਿ ਕੋਇ ਨ ਬੂਝੈ
ਗੁਰਮਤਿ ਰਿਦੈ ਸਮਾਈ ॥

رام نام کی گتِ کوءِ ن بوُجھے
گُرمتِ رِدے سمائی ॥

ਗੁਰਮੁਖਿ ਹੋਵੈ ਸੁ ਮਗੁ ਪਛਾਣੈ
ਹਰਿ ਰਸਿ ਰਸਨ ਰਸਾਈ ॥

گُرمُکھِ ہووے سُ مگُ پچھاڻے
ہرِ رسِ رسن رسائی ॥

ਜਪੁ ਤਪੁ ਸੰਜਮੁ ਸਭੁ ਗੁਰ ਤੇ ਹੋਵੈ
ਹਿਰਦੈ ਨਾਮੁ ਵਸਾਈ ॥

جپُ تپُ سنجمُ سبھُ گُر تے ہووے
ہِردے نامُ وسائی ॥

ਨਾਨਕ ਨਾਮੁ ਸਮਾਲਹਿ ਸੇ ਜਨ ਸੋਹਨਿ
ਦਰਿ ਸਾਚੈ ਪਤਿ ਪਾਈ ॥੪॥੭॥

نانک نامُ سمالہِ سے جن سوہنِ
درِ ساچے پتِ پائی ॥4॥7॥

ਸੋਰਠਿ ਮਃ ੩ ਦੁਤੁਕੇ ॥

سورٹھِ م: 3 دُتُکے ॥

ਸਤਿਗੁਰ ਮਿਲਿਐ ਉਲਟੀ ਭਈ ਭਾਈ
ਜੀਵਤ ਮਰੈ ਤਾ ਬੂਝ ਪਾਇ ॥

ستِگُر ملِے اُلٹی بھئی بھائی
جیوت مرے تا بوُجھ پاءِ ॥

ਸੋ ਗੁਰੂ ਸੋ ਸਿਖੁ ਹੈ ਭਾਈ
ਜਿਸੁ ਜੋਤੀ ਜੋਤਿ ਮਿਲਾਇ ॥੧॥

سو گُرو سو سِکھُ ہے بھائی
جِسُ جوتی جوتِ ملاءِ ॥1॥

ਮਨ ਰੇ ਹਰਿ ਹਰਿ ਸੇਤੀ ਲਿਵ ਲਾਇ ॥

من رے ہرِ ہرِ سیتی لِو لاءِ ॥

ਮਨ ਹਰਿ ਜਪਿ ਮੀਠਾ ਲਾਗੈ ਭਾਈ
ਗੁਰਮੁਖਿ ਪਾਏ ਹਰਿ ਥਾਇ ॥ ਰਹਾਉ ॥

من ہرِ جپِ میٹھا لاگے بھائی
گُرمُکھِ پائے ہرِ تھاءِ ॥ رہاءُ ॥

ਬਿਨੁ ਗੁਰ ਪ੍ਰੀਤਿ ਨ ਊਪਜੈ ਭਾਈ
ਮਨਮੁਖਿ ਦੂਜੈ ਭਾਇ ॥

بِنُ گُر پریتِ ن اوُپجے بھائی
منمُکھِ دوُجے بھاءِ ॥

ਤੁਹ ਕੁਟਹਿ ਮਨਮੁਖ ਕਰਮ ਕਰਹਿ ਭਾਈ

تہ کُٹہِ منمُکھ کرم کرہِ بھائی

ਪਲੈ ਕਿਛੁ ਨ ਪਾਇ ॥੨॥

پلےَ کچھوُ ن پاءِ ॥2॥

ਗੁਰ ਮਿਲਿਐ ਨਾਮੁ ਮਨਿ ਰਵਿਆ ਭਾਈ
ਸਾਚੀ ਪ੍ਰੀਤਿ ਪਿਆਰਿ ॥

گُر ملِئے نامُ منِ روِیا بھائی
ساچی پرِیتِ پیارِ ॥

ਸਦਾ ਹਰਿ ਕੇ ਗੁਣ ਰਵੈ ਭਾਈ
ਗੁਰ ਕੈ ਹੇਤਿ ਅਪਾਰਿ ॥੩॥

سدا ہرِ کے گُن روےَ بھائی
گُر کے ہیتِ اپارِ ॥3॥

ਆਇਆ ਸੋ ਪਰਵਾਣੁ ਹੈ ਭਾਈ
ਜਿ ਗੁਰ ਸੇਵਾ ਚਿਤੁ ਲਾਇ ॥

آئیا سو پرواںُ ہے بھائی
جِ گُر سیوا چِتُ لاءِ ॥

ਨਾਨਕ ਨਾਮੁ ਹਰਿ ਪਾਈਐ ਭਾਈ
ਗੁਰ ਸਬਦੀ ਮੇਲਾਇ ॥੪॥੮॥

نانک نامُ ہرِ پائیئے بھائی
گُر سبدی میلاءِ ॥4॥8॥

ਸੋਰਠਿ ਮਹਲਾ ੩ ਘਰੁ ੧ ॥

سورٹھِ محلا 3 گھرُ 1 ॥

ਤਿਹੀ ਗੁਣੀ ਤ੍ਰਿਭਵਣੁ ਵਿਆਪਿਆ ਭਾਈ
ਗੁਰਮੁਖਿ ਬੂਝ ਬੁਝਾਇ ॥

تِہی گُنی ترِبھوںُ ویاپیا بھائی
گُرمُکھِ بوُجھ بُجھاءِ ॥

ਰਾਮ ਨਾਮਿ ਲਗਿ ਛੂਟੀਐ ਭਾਈ
ਪੂਛਹੁ ਗਿਆਨੀਆ ਜਾਇ ॥੧॥

رام نامِ لگِ چھوٹیئے بھائی
پوُچھہُ گیانیِیا جاءِ ॥1॥

ਮਨ ਰੇ ਤ੍ਰੈ ਗੁਣ ਛੋਡਿ
ਚਉਥੈ ਚਿਤੁ ਲਾਇ ॥

من رے ترےَ گُن چھوڈِ
چتُتھےَ چِتُ لاءِ ॥

ਹਰਿ ਜੀਉ ਤੇਰੈ ਮਨਿ ਵਸੈ ਭਾਈ
ਸਦਾ ਹਰਿ ਕੇ ਗੁਣ ਗਾਇ ॥ ਰਹਾਉ ॥

ہرِ جیِءُ تیرےَ منِ وسےَ بھائی
سدا ہرِ کے گُن گاءِ ॥ رہاءُ ॥

ਨਾਮੈ ਤੇ ਸਭਿ ਊਪਜੇ ਭਾਈ
ਨਾਇ ਵਿਸਰਿਐ ਮਰਿ ਜਾਇ ॥

نامےَ تے سبھِ اوُپجے بھائی
ناءِ وِسرِئے مرِ جاءِ ॥

ਅਗਿਆਨੀ ਜਗਤੁ ਅੰਧੁ ਹੈ ਭਾਈ
ਸੂਤੇ ਗਏ ਮੁਹਾਇ ॥੨॥

اگیانی جگتُ انّدھُ ہے بھائی
سوُتے گئے مُہاءِ ॥2॥

ਗੁਰਮੁਖਿ ਜਾਗੇ ਸੇ ਉਬਰੇ ਭਾਈ
ਭਵਜਲੁ ਪਾਰਿ ਉਤਾਰਿ ॥

گُرمُکھِ جاگے سے اُبرے بھائی
بھوجلُ پارِ اُتارِ ॥

ਜਗ ਮਹਿ ਲਾਹਾ ਹਰਿ ਨਾਮੁ ਹੈ ਭਾਈ

جگ مہِ لاہا ہرِ نامُ ہے بھائی

ਹਿਰਦੈ ਰਖਿਆ ਉਰ ਧਾਰਿ ॥੩॥

ہِردے رکھیا اُر دھارِ ॥3॥

ਗੁਰ ਸਰਣਾਈ ਉਬਰੇ ਭਾਈ
ਰਾਮ ਨਾਮਿ ਲਿਵ ਲਾਇ ॥

گُر سرٹائی اُبرے بھائی
رام نامِ لِو لاءِ ॥

ਨਾਨਕ ਨਾਉ ਬੇੜਾ ਨਾਉ ਤੁਲਹੜਾ ਭਾਈ
ਜਿਤੁ ਲਗਿ ਪਾਰਿ ਜਨ ਪਾਇ ॥੪॥੯॥

نانک ناءُ بیڑا ناءُ تُلہڑا بھائی
جِتُ لگِ پارِ جن پاءِ ॥4॥9॥

ਸੋਰਠਿ ਮਹਲਾ ੩ ਘਰੁ ੧ ॥

سورٹھِ محلا 3 گھرُ 1 ॥

ਸਤਿਗੁਰੁ ਸੁਖ ਸਾਗਰੁ ਜਗ ਅੰਤਰਿ
ਹੋਰ ਥੈ ਸੁਖੁ ਨਾਹੀ ॥

ستِگُرُ سُکھ ساگرُ جگ انتَرِ
ہور تھے سُکھُ ناہی ॥

ਹਉਮੈ ਜਗਤੁ ਦੁਖਿ ਰੋਗਿ ਵਿਆਪਿਆ
ਮਰਿ ਜਨਮੈ ਰੋਵੈ ਧਾਹੀ ॥੧॥

ہئُےَ جگتُ دُکھِ روگِ وِیاپِیا
مرِ جنمےَ روَوے دھاہی ॥1॥

ਪ੍ਰਾਣੀ ਸਤਿਗੁਰੁ ਸੇਵਿ ਸੁਖੁ ਪਾਇ ॥

پّرانی ستِگُرُ سیوِ سُکھُ پاءِ ॥

ਸਤਿਗੁਰੁ ਸੇਵਹਿ ਤਾ ਸੁਖੁ ਪਾਵਹਿ
ਨਾਹਿ ਤ ਜਾਹਿਗਾ ਜਨਮੁ ਗਵਾਇ ॥ ਰਹਾਉ ॥

ستِگُرُ سیوہِ تا سُکھُ پاوہِ
ناہِ ت جاہِگا جنمُ گواءِ ॥ رہاءُ ॥

ਤ੍ਰੈ ਗੁਣ ਧਾਤੁ ਬਹੁ ਕਰਮ ਕਮਾਵਹਿ
ਹਰਿ ਰਸ ਸਾਦੁ ਨ ਆਇਆ ॥

ترّےَ گُنْ دھاتُ بہُ کرم کماوہِ
ہرِ رس سادُ ن آئیا ॥

ਸੰਧਿਆ ਤਰਪਣੁ ਕਰਹਿ ਗਾਇਤ੍ਰੀ
ਬਿਨੁ ਬੂਝੇ ਦੁਖੁ ਪਾਇਆ ॥੨॥

سندھیا ترپنُ کرہِ گائتّری
بِنُ بوُجھے دُکھُ پائیا ॥2॥

ਸਤਿਗੁਰੁ ਸੇਵੇ ਸੋ ਵਡਭਾਗੀ
ਜਿਸ ਨੋ ਆਪਿ ਮਿਲਾਏ ॥

ستِگُرُ سیوے سو وڈبھاگی
جِس نو آپِ مِلائے ॥

ਹਰਿ ਰਸੁ ਪੀ ਜਨ ਸਦਾ ਤ੍ਰਿਪਤਾਸੇ
ਵਿਚਹੁ ਆਪੁ ਗਵਾਏ ॥੩॥

ہرِ رسُ پی جن سدا تّرِپتاسے
وِچہُ آپُ گوائے ॥3॥

ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ
ਬਿਨੁ ਗੁਰ ਮਗੁ ਨ ਪਾਏ ॥

اِہُ جگُ انّدھا سبھُ انّدھُ کماوےَ
بِنُ گُر مگُ ن پائے ॥

ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ
ਘਰੈ ਅੰਦਰਿ ਸਚੁ ਪਾਏ ॥੪॥੧੦॥

نانک ستِگُرُ مِلےَ ت اکھی ویکھےَ
گھرےَ انّدرِ سچُ پائے ॥4॥ 10 ॥

ਸੋਰਠਿ ਮਹਲਾ ੩ ॥

ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ
ਜੁਗ ਚਾਰੇ ਭਰਮਾਈ ॥

ਹਮ ਦੀਨ ਤੁਮ ਜੁਗੁ ਜੁਗੁ ਦਾਤੇ
ਸਬਦੇ ਦੇਹਿ ਬੁਝਾਈ ॥੧॥

ਹਰਿ ਜੀਉ ਕ੍ਰਿਪਾ ਕਰਹੁ ਤੁਮ ਪਿਆਰੇ ॥

ਸਤਿਗੁਰੁ ਦਾਤਾ ਮੇਲਿ ਮਿਲਾਵਹੁ
ਹਰਿ ਨਾਮੁ ਦੇਵਹੁ ਆਧਾਰੇ ॥ ਰਹਾਉ ॥

ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ
ਪਾਇਆ ਨਾਮੁ ਅਪਾਰਾ ॥

ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ
ਕਿਲਬਿਖ ਕਾਟਣਹਾਰਾ ॥੨॥

ਸਬਦਿ ਮਰਹੁ ਫਿਰਿ ਜੀਵਹੁ ਸਦ ਹੀ
ਤਾ ਫਿਰਿ ਮਰਣੁ ਨ ਹੋਈ ॥

ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ
ਸਬਦੇ ਪਾਵੈ ਕੋਈ ॥੩॥

ਦਾਤੈ ਦਾਤਿ ਰਖੀ ਹਥਿ ਅਪਣੈ
ਜਿਸੁ ਭਾਵੈ ਤਿਸੁ ਦੇਈ ॥

ਨਾਨਕ ਨਾਮਿ ਰਤੇ ਸੁਖੁ ਪਾਇਆ
ਦਰਗਹ ਜਾਪਹਿ ਸੇਈ ॥੪॥੧੧॥

ਸੋਰਠਿ ਮਹਲਾ ੩ ॥

ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ
ਗਤਿ ਮਤਿ ਤਦ ਹੀ ਪਾਏ ॥

ਹਰਿ ਕਾ ਨਾਮੁ ਸਚਾ ਮਨਿ ਵਸਿਆ
ਨਾਮੇ ਨਾਮਿ ਸਮਾਏ ॥੧॥

سورٹھِ محلا 3 ॥

بِنُ ستِگُر سیوے بہُتا دُکھُ لاگا
جُگ چارے بھرمائی ॥

ہم دِین تُم جُگُ جُگُ داتے
سبدے دیہِ بُجھائی ॥1॥

ہرِ جیِءُ کرپا کرہُ تُم پِیارے ۔ ॥

ستِگُر داتا میلِ مِلاوہُ
ہرِ نامُ دیوہُ آدھارے ॥ رہاءُ ॥

منسا مارِ دُبِدھا سہجِ سمانی
پائِیا نامُ اپارا ॥

ہرِ رسُ چاکھِ منُ نِرملُ ہویا
کِلبِکھ کاٹنہارا ॥2॥

سبدِ مرہُ پھِرِ جیِوہُ سد ہی
تا پھِرِ مرنُّ ن ہوئی ॥

انّمرِتُ نامُ سدا منِ مِٹھا
سبدے پاوے کوئی ॥3॥

داتے داتِ رکھی ہتھِ اپنّے
جِسُ بھاوے تِسُ دیئی ॥

نانک نامِ رتے سُکھُ پائِیا
درگہ جاپہِ سیئی ॥4॥ 11 ॥

سورٹھِ محلا 3 ॥

ستِگُر سیوے تا سہج دھُنِ اُپجے
گتِ متِ تد ہی پائے ॥

ہرِ کا نامُ سچا منِ وسِیا
نامے نامِ سمائے ॥1॥

ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥

ਮਨਮੁਖਿ ਅੰਧਾ ਸਬਦੁ ਨ ਜਾਣੈ
ਝੂਠੈ ਭਰਮਿ ਭੁਲਾਨਾ ॥ ਰਹਾਉ ॥

ਤ੍ਰੈ ਗੁਣ ਮਾਇਆ ਭਰਮਿ ਭੁਲਾਇਆ
ਹਉਮੈ ਬੰਧਨ ਕਮਾਏ ॥

ਜੰਮਣੁ ਮਰਣੁ ਸਿਰ ਊਪਰਿ ਊਭਉ
ਗਰਭ ਜੋਨਿ ਦੁਖੁ ਪਾਏ ॥੨॥

ਤ੍ਰੈ ਗੁਣ ਵਰਤਹਿ ਸਗਲ ਸੰਸਾਰਾ
ਹਉਮੈ ਵਿਚਿ ਪਤਿ ਖੋਈ ॥

ਗੁਰਮੁਖਿ ਹੋਵੈ ਚਉਥਾ ਪਦੁ ਚੀਨੈ
ਰਾਮ ਨਾਮਿ ਸੁਖੁ ਹੋਈ ॥੩॥

ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ
ਜੋ ਤੂ ਕਰਹਿ ਸੁ ਹੋਈ ॥

ਨਾਨਕ ਰਾਮ ਨਾਮਿ ਨਿਸਤਾਰਾ
ਸਬਦੇ ਹਉਮੈ ਖੋਈ ॥੪॥੧੨॥

ਸੋਰਠਿ ਮਹਲਾ ੪ ਘਰੁ ੧

ੴ ਸਤਿਗੁਰ ਪ੍ਰਸਾਦਿ ॥

ਆਪੇ ਆਪਿ ਵਰਤਦਾ ਪਿਆਰਾ
ਆਪੇ ਆਪਿ ਅਪਾਹੁ ॥

ਵਣਜਾਰਾ ਜਗੁ ਆਪਿ ਹੈ ਪਿਆਰਾ
ਆਪੇ ਸਾਚਾ ਸਾਹੁ ॥

ਆਪੇ ਵਣਜੁ ਵਾਪਾਰੀਆ ਪਿਆਰਾ
ਆਪੇ ਸਚੁ ਵੇਸਾਹੁ ॥੧॥

ਜਪਿ ਮਨ ਹਰਿ ਹਰਿ ਨਾਮੁ ਸਲਾਹ ॥

ਗੁਰ ਕਿਰਪਾ ਤੇ ਪਾਈਐ ਪਿਆਰਾ

بِنُ ستِگُر سبھُ جگُ بؤرانا ॥

منمُکھِ اندھا سبدُ ن جانے
جھوُٹھے بھرمِ بھُلانا ॥ رہاءُ ॥

ترے گُن مائیا بھرمِ بھُلائیا
ہمئے بندھن کمائے ॥

جنمنُ مرنُ سِر اوُپرِ اوُبھ ءُ
گربھ جونِ دُکھُ پائے ॥2॥

ترے گُن ورتہِ سگل سنسارا
ہمئے وِچِ پتِ کھوئی ॥

گُرمُکھِ ہووے چتُھا پدُ چِینے
رام نامِ سُکھُ ہوئی ॥3॥

ترے گُن سبھِ تیرے توُ آپے کرتا
جو توُ کرہِ سُ ہوئی ॥

نانک رام نامِ نِستارا
سبدے ہمئے کھوئی ॥4॥ 12 ॥

سورٹھِ محلا 4 گھرُ 1

ੴ ستِگُر پرّسادِ ॥

آپے آپِ ورتدا پِیارا
آپے آپِ اپاہُ ॥

ونجارا جگُ آپِ ہے پِیارا
آپے ساچا ساہُ ॥

آپے ونجُ واپارِیا پِیارا
آپے سچُ ویساہُ ॥1॥

جپِ من ہرِ ہرِ نامُ سلاح ॥

گُر کرِپا تے پائیئے پِیارا

ਅੰਮ੍ਰਿਤੁ ਅਗਮ ਅਥਾਹ ॥ ਰਹਾਉ ॥

انمرِتُ اگم اتھاہ ॥ رہاءُ ॥

ਆਪੇ ਸੁਣਿ ਸਭ ਵੇਖਦਾ ਪਿਆਰਾ
ਮੁਖਿ ਬੋਲੇ ਆਪਿ ਮੁਹਾਹੁ ॥

آپے سُنِ سبھ ویکھدا پِیارا
مُکھِ بولے آپِ مُہاہُ ॥

ਆਪੇ ਉਝੜਿ ਪਾਇਦਾ ਪਿਆਰਾ
ਆਪਿ ਵਿਖਾਲੇ ਰਾਹੁ ॥

آپے اُجھڑِ پائِدا پِیارا
آپِ وِکھالے راہُ ॥

ਆਪੇ ਹੀ ਸਭੁ ਆਪਿ ਹੈ ਪਿਆਰਾ
ਆਪੇ ਵੇਪਰਵਾਹੁ ॥੨॥

آپے ہی سبھُ آپِ ہے پِیارا
آپے ویپرواہُ ॥2॥

ਆਪੇ ਆਪਿ ਉਪਾਇਦਾ ਪਿਆਰਾ
ਸਿਰਿ ਆਪੇ ਧੰਧੜੈ ਲਾਹੁ ॥

آپے آپِ اُپائِدا پِیارا
سِرِ آپے دھندھڑے لاہُ ॥

ਆਪਿ ਕਰਾਏ ਸਾਖਤੀ ਪਿਆਰਾ
ਆਪਿ ਮਾਰੇ ਮਰਿ ਜਾਹੁ ॥

آپِ کرائے ساکھتی پِیارا
آپِ مارے مرِ جاہُ ॥

ਆਪੇ ਪਤਣੁ ਪਾਤਣੀ ਪਿਆਰਾ
ਆਪੇ ਪਾਰਿ ਲੰਘਾਹੁ ॥੩॥

آپے پتنُ پاتنی پِیارا
آپے پارِ لنگھاہُ ॥3॥

ਆਪੇ ਸਾਗਰੁ ਬੋਹਿਥਾ ਪਿਆਰਾ
ਗੁਰੁ ਖੇਵਟੁ ਆਪਿ ਚਲਾਹੁ ॥

آپے ساگرُ بوہتھا پِیارا
گُرُ کھیوٹُ آپِ چلاہُ ॥

ਆਪੇ ਹੀ ਚੜਿ ਲੰਘਦਾ ਪਿਆਰਾ
ਕਰਿ ਚੋਜ ਵੇਖੈ ਪਾਤਿਸਾਹੁ ॥

آپے ہی چڑِ لنگھدا پِیارا
کرِ چوج ویکھے پاتِشاہُ ॥

ਆਪੇ ਆਪਿ ਦਇਆਲੁ ਹੈ ਪਿਆਰਾ
ਜਨ ਨਾਨਕ ਬਖਸਿ ਮਿਲਾਹੁ ॥੪॥੧॥

آپے آپِ دئیالُ ہے پِیارا
جن نانک بخشِ مِلاہُ ॥4॥1॥

ਸੋਰਠਿ ਮਹਲਾ ੪ ਚਉਥਾ ॥

سورٹھِ محلا 4 چتھا ॥

ਆਪੇ ਅੰਡਜ ਜੇਰਜ ਸੇਤਜ ਉਤਭੁਜ
ਆਪੇ ਖੰਡ ਆਪੇ ਸਭ ਲੋਇ ॥

آپے انڈج جیرج سیتج اُتبھج
آپے کھنڈ آپے سبھ لوءِ ॥

ਆਪੇ ਸੂਤੁ ਆਪੇ ਬਹੁ ਮਣੀਆ
ਕਰਿ ਸਕਤੀ ਜਗਤੁ ਪਰੋਇ ॥

آپے سوُتُ آپے بہُ منٹیا
کرِ سکتی جگتُ پروءِ ॥

ਆਪੇ ਹੀ ਸੂਤਧਾਰੁ ਹੈ ਪਿਆਰਾ

آپے ہی سوُتدھارُ ہے پِیارا

ਸੂਤੁ ਖਿੰਚੇ ਢਹਿ ਢੇਰੀ ਹੋਇ ॥੧॥

سوُتُ کھِنچّے ڈھہِ ڈھیری ہوءِ ॥1॥

ਮੇਰੇ ਮਨ
ਮੈ ਹਰਿ ਬਿਨੁ ਅਵਰੁ ਨ ਕੋਇ ॥

میرے من
مے ہرِ بِنُ اورُ ن کوءِ ॥

ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਪਿਆਰਾ
ਕਰਿ ਦਇਆ ਅੰਮ੍ਰਿਤੁ ਮੁਖਿ ਚੋਇ ॥ ਰਹਾਉ ॥

ستِگُر وِچ نامُ نِدھانُ ہے پِیارا
کرِ دئیا انمّرِتُ مُکھِ چوءِ ॥ رہاءُ ॥

ਆਪੇ ਜਲ ਥਲਿ ਸਭਤੁ ਹੈ ਪਿਆਰਾ
ਪ੍ਰਭੁ ਆਪੇ ਕਰੇ ਸੁ ਹੋਇ ॥

آپے جل تھلِ سبھتُ ہے پِیارا
پربھُ آپے کرے سُ ہوءِ ॥

ਸਭਨਾ ਰਿਜਕੁ ਸਮਾਹਦਾ ਪਿਆਰਾ
ਦੂਜਾ ਅਵਰੁ ਨ ਕੋਇ ॥

سبھنا رِزقُ سماہدا پِیارا
دوُجا اورُ ن کوءِ ॥

ਆਪੇ ਖੇਲ ਖੇਲਾਇਦਾ ਪਿਆਰਾ
ਆਪੇ ਕਰੇ ਸੁ ਹੋਇ ॥੨॥

آپے کھیل کھیلائِدا پِیارا
آپے کرے سُ ہوءِ ॥2॥

ਆਪੇ ਹੀ ਆਪਿ ਨਿਰਮਲਾ ਪਿਆਰਾ
ਆਪੇ ਨਿਰਮਲ ਸੋਇ ॥

آپے ہی آپِ نِرملا پِیارا
آپے نِرمل سوءِ ॥

ਆਪੇ ਕੀਮਤਿ ਪਾਇਦਾ ਪਿਆਰਾ
ਆਪੇ ਕਰੇ ਸੁ ਹੋਇ ॥

آپے قِیمتِ پائِدا پِیارا
آپے کرے سُ ہوءِ ॥

ਆਪੇ ਅਲਖੁ ਨ ਲਖੀਐ ਪਿਆਰਾ
ਆਪਿ ਲਖਾਵੈ ਸੋਇ ॥੩॥

آپے الکھُ ن لکھیئے پِیارا
آپِ لکھاوے سوءِ ॥3॥

ਆਪੇ ਗਹਿਰ ਗੰਭੀਰੁ ਹੈ ਪਿਆਰਾ
ਤਿਸੁ ਜੇਵਡੁ ਅਵਰੁ ਨ ਕੋਇ ॥

آپے گہِر گنبھیرُ ہے پِیارا
تِسُ جیوڈُ اورُ ن کوءِ ॥

ਸਭਿ ਘਟ ਆਪੇ ਭੋਗਵੈ ਪਿਆਰਾ
ਵਿਚਿ ਨਾਰੀ ਪੁਰਖ ਸਭੁ ਸੋਇ ॥

سبھِ گھٹ آپے بھوگوے پِیارا
وِچِ ناری پُرکھ سبھُ سوءِ ॥

ਨਾਨਕ ਗੁਪਤੁ ਵਰਤਦਾ ਪਿਆਰਾ
ਗੁਰਮੁਖਿ ਪਰਗਟੁ ਹੋਇ ॥੪॥੨॥

نانک گُپتُ ورتدا پِیارا
گُرمُکھِ پرگٹُ ہوءِ ॥4॥2॥

ਸੋਰਠਿ ਮਹਲਾ ੪ ॥

سورٹھِ محلا 4 ॥

ਆਪੇ ਹੀ ਸਭੁ ਆਪਿ ਹੈ ਪਿਆਰਾ

آپے ہی سبھُ آپِ ہے پِیارا

ਆਪੇ ਥਾਪਿ ਉਥਾਪੈ ॥

آپے تھاپِ اُتھاپے ॥

ਆਪੇ ਵੇਖਿ ਵਿਗਸਦਾ ਪਿਆਰਾ
ਕਰਿ ਚੋਜ ਵੇਖੈ ਪ੍ਰਭੁ ਆਪੈ ॥

آپے ویکھِ وِگسدا پِیارا
کرِ چوج ویکھے پربھُ آپے ॥

ਆਪੇ ਵਣਿ ਤਿਣਿ ਸਭਤੁ ਹੈ ਪਿਆਰਾ
ਆਪੇ ਗੁਰਮੁਖਿ ਜਾਪੈ ॥੧॥

آپے وِنّ تِنّ سبھتُ ہے پِیارا
آپے گُرمُکھِ جاپے ॥1॥

ਜਪਿ ਮਨ ਹਰਿ ਹਰਿ ਨਾਮ ਰਸਿ ਧ੍ਰਾਪੈ ॥

جپِ من ہرِ ہرِ نام رس دھّراپے ॥

ਅੰਮ੍ਰਿਤ ਨਾਮੁ ਮਹਾ ਰਸੁ ਮੀਠਾ
ਗੁਰ ਸਬਦੀ ਚਖਿ ਜਾਪੈ ॥ ਰਹਾਉ ॥

انّمرِت نامُ مہا رسُ مِیٹھا
گُر سبدی چکھِ جاپے ॥ رہاءُ ॥

ਆਪੇ ਤੀਰਥੁ ਤੁਲਹੜਾ ਪਿਆਰਾ
ਆਪਿ ਤਰੈ ਪ੍ਰਭੁ ਆਪੈ ॥

آپے تِیرتھُ تُلہڑا پِیارا
آپِ ترے پربھُ آپے ॥

ਆਪੇ ਜਾਲੁ ਵਤਾਇਦਾ ਪਿਆਰਾ
ਸਭੁ ਜਗੁ ਮਛੁਲੀ ਹਰਿ ਆਪੈ ॥

آپے جالُ وتائِدا پِیارا
سبھُ جگُ مچھُلی ہرِ آپے ॥

ਆਪਿ ਅਭੁਲੁ ਨ ਭੁਲਈ ਪਿਆਰਾ
ਅਵਰੁ ਨ ਦੂਜਾ ਜਾਪੈ ॥੨॥

آپِ ابھُلُ ن بھُلئی پِیارا
اورُ ن دوُجا جاپے ॥2॥

ਆਪੇ ਸਿੰਙੀ ਨਾਦੁ ਹੈ ਪਿਆਰਾ
ਧੁਨਿ ਆਪਿ ਵਜਾਏ ਆਪੈ ॥

آپے سِنگّی نادُ ہے پِیارا
دھُنِ آپِ وجائے آپے ॥

ਆਪੇ ਜੋਗੀ ਪੁਰਖੁ ਹੈ ਪਿਆਰਾ
ਆਪੇ ਹੀ ਤਪੁ ਤਾਪੈ ॥

آپے جوگی پُرکھُ ہے پِیارا
آپے ہی تپُ تاپے ॥

ਆਪੇ ਸਤਿਗੁਰੁ ਆਪਿ ਹੈ ਚੇਲਾ
ਉਪਦੇਸੁ ਕਰੈ ਪ੍ਰਭੁ ਆਪੈ ॥੩॥

آپے ستِگُر آپِ ہے چیلا
اُپدیسُ کرے پربھُ آپے ॥3॥

ਆਪੇ ਨਾਉ ਜਪਾਇਦਾ ਪਿਆਰਾ
ਆਪੇ ਹੀ ਜਪੁ ਜਾਪੈ ॥

آپے ناءُ جپائِدا پِیارا
آپے ہی جپُ جاپے ॥

ਆਪੇ ਅੰਮ੍ਰਿਤੁ ਆਪਿ ਹੈ ਪਿਆਰਾ
ਆਪੇ ਹੀ ਰਸੁ ਆਪੈ ॥

آپے انّمرِتُ آپِ ہے پِیارا
آپے ہی رسُ آپے ॥

ਆਪੇ ਆਪਿ ਸਲਾਹਦਾ ਪਿਆਰਾ

آپے آپِ سلاحدا پِیارا

ਜਨ ਨਾਨਕ ਹਰਿ ਰਸਿ ਧ੍ਰਾਪੈ ॥੪॥੩॥

جن نانک ہرِ رسِ دھّراپے ॥3॥4॥

ਸੋਰਠਿ ਮਹਲਾ ੪ ॥

سورٹھِ محلا 4 ॥

ਆਪੇ ਕੰਡਾ ਆਪਿ ਤਰਾਜੀ
ਪ੍ਰਭਿ ਆਪੇ ਤੋਲਿ ਤੋਲਾਇਆ ॥

آپے کنڈا آپِ ترازی
پربھِ آپے تولِ تولائیا ॥

ਆਪੇ ਸਾਹੁ ਆਪੇ ਵਣਜਾਰਾ
ਆਪੇ ਵਣਜੁ ਕਰਾਇਆ ॥

آپے ساہُ آپے وٹجارا
آپے وٹجُ کرائیا ॥

ਆਪੇ ਧਰਤੀ ਸਾਜੀਅਨੁ ਪਿਆਰੈ
ਪਿਛੈ ਟੰਕੁ ਚੜਾਇਆ ॥੧॥

آپے دھرتی ساجیئنُ پیارے
پچھے ٹنکُ چڑائیا ॥1॥

ਮੇਰੇ ਮਨ ਹਰਿ ਹਰਿ ਧਿਆਇ ਸੁਖੁ ਪਾਇਆ ॥

میرے من ہرِ ہرِ دھیاءِ سُکھُ پائیا ॥

ਹਰਿ ਹਰਿ ਨਾਮੁ ਨਿਧਾਨੁ ਹੈ ਪਿਆਰਾ
ਗੁਰਿ ਪੂਰੈ ਮੀਠਾ ਲਾਇਆ ॥ ਰਹਾਉ ॥

ہرِ ہرِ نامُ نِدھانُ ہے پیارا
گُرِ پُورے میٹھا لائیا ॥ رہاءُ ॥

ਆਪੇ ਧਰਤੀ ਆਪਿ ਜਲੁ ਪਿਆਰਾ
ਆਪੇ ਕਰੇ ਕਰਾਇਆ ॥

آپے دھرتی آپِ جلُ پیارا
آپے کرے کرائیا ॥

ਆਪੇ ਹੁਕਮਿ ਵਰਤਦਾ ਪਿਆਰਾ
ਜਲੁ ਮਾਟੀ ਬੰਧਿ ਰਖਾਇਆ ॥

آپے حُکمِ ورتدا پیارا
جلُ ماٹی بندھِ رکھائیا ॥

ਆਪੇ ਹੀ ਭਉ ਪਾਇਦਾ ਪਿਆਰਾ
ਬੰਨਿ ਬਕਰੀ ਸੀਹੁ ਹਢਾਇਆ ॥੨॥

آپے ہی بھءُ پائِدا پیارا
بنّنِ بکری سیہُ ہڈھائیا ॥2॥

ਆਪੇ ਕਾਸਟ ਆਪਿ ਹਰਿ ਪਿਆਰਾ
ਵਿਚਿ ਕਾਸਟ ਅਗਨਿ ਰਖਾਇਆ ॥

آپے کاسٹ آپِ ہرِ پیارا
وِچ کاسٹ اگنِ رکھائیا ॥

ਆਪੇ ਹੀ ਆਪਿ ਵਰਤਦਾ ਪਿਆਰਾ
ਭੈ ਅਗਨਿ ਨ ਸਕੈ ਜਲਾਇਆ ॥

آپے ہی آپِ ورتدا پیارا
بھے اگنِ ن سکے جلائیا ॥

ਆਪੇ ਮਾਰਿ ਜੀਵਾਇਦਾ ਪਿਆਰਾ
ਸਾਹ ਲੈਦੇ ਸਭਿ ਲਵਾਇਆ ॥੩॥

آپے مارِ جیوائِدا پیارا
ساہ لیدے سبھِ لوائیا ॥3॥

ਆਪੇ ਤਾਣੁ ਦੀਬਾਣੁ ਹੈ ਪਿਆਰਾ
ਆਪੇ ਕਾਰੈ ਲਾਇਆ ॥

آپے تانُ دیبانُ ہے پیارا
آپے کارے لائیا ॥

ਜਿਉ ਆਪਿ ਚਲਾਏ ਤਿਉ ਚਲੀਐ ਪਿਆਰੇ
ਜਿਉ ਹਰਿ ਪ੍ਰਭ ਮੇਰੇ ਭਾਇਆ ॥

ਆਪੇ ਜੰਤੀ ਜੰਤੁ ਹੈ ਪਿਆਰਾ
ਜਨ ਨਾਨਕ ਵਜਹਿ ਵਜਾਇਆ ॥੪॥੪॥

ਸੋਰਠਿ ਮਹਲਾ ੪ ॥

ਆਪੇ ਸ੍ਰਿਸਟਿ ਉਪਾਇਦਾ ਪਿਆਰਾ
ਕਰਿ ਸੂਰਜੁ ਚੰਦੁ ਚਾਨਾਣੁ ॥

ਆਪਿ ਨਿਤਾਣਿਆ ਤਾਣੁ ਹੈ ਪਿਆਰਾ
ਆਪਿ ਨਿਮਾਣਿਆ ਮਾਣੁ ॥

ਆਪਿ ਦਇਆ ਕਰਿ ਰਖਦਾ ਪਿਆਰਾ
ਆਪੇ ਸੁਘੜੁ ਸੁਜਾਣੁ ॥੧॥

ਮੇਰੇ ਮਨ ਜਪਿ ਰਾਮ ਨਾਮੁ ਨੀਸਾਣੁ ॥

ਸਤਸੰਗਤਿ ਮਿਲਿ ਧਿਆਇ ਤੂ ਹਰਿ ਹਰਿ
ਬਹੁੜਿ ਨ ਆਵਣ ਜਾਣੁ ॥ ਰਹਾਉ ॥

ਆਪੇ ਹੀ ਗੁਣ ਵਰਤਦਾ ਪਿਆਰਾ
ਆਪੇ ਹੀ ਪਰਵਾਣੁ ॥

ਆਪੇ ਬਖਸ ਕਰਾਇਦਾ ਪਿਆਰਾ
ਆਪੇ ਸਚੁ ਨੀਸਾਣੁ ॥

ਆਪੇ ਹੁਕਮਿ ਵਰਤਦਾ ਪਿਆਰਾ
ਆਪੇ ਹੀ ਫੁਰਮਾਣੁ ॥੨॥

ਆਪੇ ਭਗਤਿ ਭੰਡਾਰ ਹੈ ਪਿਆਰਾ
ਆਪੇ ਦੇਵੈ ਦਾਣੁ ॥

ਆਪੇ ਸੇਵ ਕਰਾਇਦਾ ਪਿਆਰਾ
ਆਪਿ ਦਿਵਾਵੈ ਮਾਣੁ ॥

ਆਪੇ ਤਾੜੀ ਲਾਇਦਾ ਪਿਆਰਾ

جِءُ آپِ چلائے تِءُ چلیئے پیارے
جِءُ ہرِ پربھ میرے بھائیا ॥

آپے جنتی جنتُ ہے پیارا
جن نانک وجہِ وجائیا ॥4॥4॥

سورٹھِ محلا 4 ॥

آپے سرِسٹِ اُپائِدا پیارا
کرِ سوُرجُ چندُ چاناںُ ॥

آپِ نِتاٹیا تاںُ ہے پیارا
آپِ نِماٹیا ماںُ ॥

آپِ دئیا کرِ رکھدا پیارا
آپے سُگھڑُ سُجاںُ ॥1॥

میرے من جپِ رام نامُ نِیشاںُ ॥

ستسنگتِ مِلِ دھیاءِ توُ ہرِ ہرِ
بہُڑِ ن آوںُ جاںُ ॥ رہاءُ ॥

آپے ہی گُںُ ورتدا پیارا
آپے ہی پرواںُ ॥

آپے بخش کرائِدا پیارا
آپے سچُ نِیشاںُ ॥

آپے حُکمِ ورتدا پیارا
آپے ہی فُرماںُ ॥2॥

آپے بھگتِ بھنڈار ہے پیارا
آپے دیوے داںُ ॥

آپے سیو کرائِدا پیارا
آپِ دِواوے ماںُ ॥

آپے تاڑی لائِدا پیارا

ਆਪੇ ਗੁਣੀ ਨਿਧਾਨੁ ॥੩॥

آپے گُنّی نِدھانُ ॥3॥

ਆਪੇ ਵਡਾ ਆਪਿ ਹੈ ਪਿਆਰਾ
ਆਪੇ ਹੀ ਪਰਧਾਣੁ ॥

آپے وڈا آپِ ہےَ پِیارا
آپے ہی پردھانُ ॥

ਆਪੇ ਕੀਮਤਿ ਪਾਇਦਾ ਪਿਆਰਾ
ਆਪੇ ਤੁਲੁ ਪਰਵਾਣੁ ॥

آپے قِیمتِ پائِدا پِیارا
آپے تُلُ پروانُ ॥

ਆਪੇ ਅਤੁਲੁ ਤੁਲਾਇਦਾ ਪਿਆਰਾ
ਜਨ ਨਾਨਕ ਸਦ ਕੁਰਬਾਣੁ ॥੪॥੫॥

آپے اتُلُ تُلائِدا پِیارا
جن نانک سد قُربانُ ॥4॥5॥

ਸੋਰਠਿ ਮਹਲਾ ੪ ॥

سورٹھِ محلا 4 ॥

ਆਪੇ ਸੇਵਾ ਲਾਇਦਾ ਪਿਆਰਾ
ਆਪੇ ਭਗਤਿ ਉਮਾਹਾ ॥

آپے سیوا لائِدا پِیارا
آپے بھگتِ اُماہا ॥

ਆਪੇ ਗੁਣ ਗਾਵਾਇਦਾ ਪਿਆਰਾ
ਆਪੇ ਸਬਦਿ ਸਮਾਹਾ ॥

آپے گُنؤ گاوائِدا پِیارا
آپے سبدِ سماہا ॥

ਆਪੇ ਲੇਖਣਿ ਆਪਿ ਲਿਖਾਰੀ
ਆਪੇ ਲੇਖੁ ਲਿਖਾਹਾ ॥੧॥

آپے لیکھنِ آپِ لِکھاری
آپے لیکھُ لِکھاہا ॥1॥

ਮੇਰੇ ਮਨ ਜਪਿ ਰਾਮ ਨਾਮੁ ਓਮਾਹਾ ॥

میرے من جپِ رام نامُ اوماہا ॥

ਅਨਦਿਨੁ ਅਨਦੁ ਹੋਵੈ ਵਡਭਾਗੀ
ਲੈ ਗੁਰਿ ਪੂਰੈ ਹਰਿ ਲਾਹਾ ॥ ਰਹਾਉ ॥

اندِنُ اندُ ہووے وڈبھاگی
لے گُرِ پوُرے ہرِ لاہا ॥ رہاءُ ॥

ਆਪੇ ਗੋਪੀ ਕਾਨੁ ਹੈ ਪਿਆਰਾ
ਬਨਿ ਆਪੇ ਗਊ ਚਰਾਹਾ ॥

آپے گوپی کانُ ہےَ پِیارا
بنِ آپے گئوُ چراہا ॥

ਆਪੇ ਸਾਵਲ ਸੁੰਦਰਾ ਪਿਆਰਾ
ਆਪੇ ਵੰਸੁ ਵਜਾਹਾ ॥

آپے ساول سُندرا پِیارا
آپے ونّسُ وجاہا ॥

ਕੁਵਲੀਆ ਪੀੜੁ ਆਪਿ ਮਰਾਇਦਾ ਪਿਆਰਾ
ਕਰਿ ਬਾਲਕ ਰੂਪਿ ਪਚਾਹਾ ॥੨॥

کُولیا پیڑُ آپِ مرائِدا پِیارا
کرِ بالک روُپِ پچاہا ॥2॥

ਆਪਿ ਅਖਾੜਾ ਪਾਇਦਾ ਪਿਆਰਾ
ਕਰਿ ਵੇਖੈ ਆਪਿ ਚੋਜਾਹਾ ॥

آپِ اکھاڑا پائِدا پِیارا
کرِ ویکھےَ آپِ چوجاہا ॥

ਕਰਿ ਬਾਲਕ ਰੂਪ ਉਪਾਇਦਾ ਪਿਆਰਾ
ਚੰਡੂਰੁ ਕੰਸੁ ਕੇਸੁ ਮਾਰਾਹਾ ॥

کرِ بالک روُپ اُپائِدا پِیارا
چنڈوُرُ کنسُ کیسُ مارا ہا ॥

ਆਪੇ ਹੀ ਬਲੁ ਆਪਿ ਹੈ ਪਿਆਰਾ
ਬਲੁ ਭੰਨੈ ਮੂਰਖ ਮੁਗਧਾਹਾ ॥੩॥

آپے ہی بلُ آپِ ہے پِیارا
بلُ بھنّنے موُرکھ مُگدھا ہا ॥3॥

ਸਭੁ ਆਪੇ ਜਗਤੁ ਉਪਾਇਦਾ ਪਿਆਰਾ
ਵਸਿ ਆਪੇ ਜੁਗਤਿ ਹਥਾਹਾ ॥

سبھُ آپے جگتُ اُپائِدا پِیارا
وسِ آپے جُگتِ ہتھا ہا ॥

ਗਲਿ ਜੇਵੜੀ ਆਪੇ ਪਾਇਦਾ ਪਿਆਰਾ
ਜਿਉ ਪ੍ਰਭੁ ਖਿੰਚੈ ਤਿਉ ਜਾਹਾ ॥

گلِ جیوڑی آپے پائِدا پِیارا
جِءُ پربھُ کھِنچّے تِءُ جا ہا ॥

ਜੋ ਗਰਬੈ ਸੋ ਪਚਸੀ ਪਿਆਰੇ
ਜਪਿ ਨਾਨਕ ਭਗਤਿ ਸਮਾਹਾ ॥੪॥੬॥

جو گربے سو پچسی پِیارے
جپِ نانک بھگتِ سما ہا ॥4॥6॥

ਸੋਰਠਿ ਮਃ ੪ ਦੁਤੁਕੇ ॥

سورٹھِ م: 4 دُتُکے ॥

ਅਨਿਕ ਜਨਮ ਵਿਛੁੜੇ ਦੁਖੁ ਪਾਇਆ
ਮਨਮੁਖਿ ਕਰਮ ਕਰੈ ਅਹੰਕਾਰੀ ॥

انِک جنم وِچھُڑے دُکھُ پائیا
منمُکھِ کرم کرے اہنکاری ॥

ਸਾਧੂ ਪਰਸਤ ਹੀ ਪ੍ਰਭੁ ਪਾਇਆ
ਗੋਬਿਦ ਸਰਣਿ ਤੁਮਾਰੀ ॥੧॥

سادھوُ پرست ہی پربھُ پائیا
گوبِد سرنِ تُماری ॥1॥

ਗੋਬਿਦ ਪ੍ਰੀਤਿ ਲਗੀ ਅਤਿ ਪਿਆਰੀ ॥

گوبِد پریت لگی اتِ پِیاری ॥

ਜਬ ਸਤਸੰਗ ਭਏ ਸਾਧੂ ਜਨ
ਹਿਰਦੈ ਮਿਲਿਆ ਸਾਂਤਿ ਮੁਰਾਰੀ ॥ ਰਹਾਉ ॥

جب ستسنگ بھئے سادھوُ جن
ہِردے مِلیا سانتِ مُراری ॥ رہاءُ ॥

ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ
ਤੇਰਾ ਭਾਉ ਨ ਬੁਝਹਿ ਗਵਾਰੀ ॥

توُ ہِردے گُپت وسہِ دِنُ راتی
تیرا بھاءُ ن بُجھہِ گواری ॥

ਸਤਿਗੁਰੁ ਪੁਰਖੁ ਮਿਲਿਆ ਪ੍ਰਭੁ ਪ੍ਰਗਟਿਆ
ਗੁਣ ਗਾਵੈ ਗੁਣ ਵੀਚਾਰੀ ॥੨॥

ستِگُرُ پُرکھُ مِلیا پربھُ پرگٹیا
گُنُ گاوے گُنُ ویچاری ॥2॥

ਗੁਰਮੁਖਿ ਪ੍ਰਗਾਸੁ ਭਇਆ ਸਾਤਿ ਆਈ
ਦੁਰਮਤਿ ਬੁਧਿ ਨਿਵਾਰੀ ॥

گُرمُکھِ پرگاسُ بھئیا ساتِ آئی
دُرمتِ بُدھِ نِواری ॥

ਆਤਮ ਬ੍ਰਹਮੁ ਚੀਨਿ ਸੁਖੁ ਪਾਇਆ

آتم برہمُ چینِ سُکھُ پائیا

ਸਤਸੰਗਤਿ ਪੁਰਖ ਤੁਮਾਰੀ ॥੩॥

ستسنگتِ پُرکھ تُماری ॥3॥

ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ
ਜਿਨ ਕਉ ਕਿਰਪਾ ਭਈ ਤੁਮਾਰੀ ॥

پُرکھے پُرکھُ مِلیا گُرُ پایَیا
جِن ک ءُ کِرپا بھئی تُماری ॥

ਨਾਨਕ ਅਤੁਲੁ ਸਹਜ ਸੁਖੁ ਪਾਇਆ
ਅਨਦਿਨੁ ਜਾਗਤੁ ਰਹੈ ਬਨਵਾਰੀ ॥੪॥੭॥

نانک اتُلُ سہج سُکھُ پایَیا
اندِنُ جاگتُ رہے بنواری ॥4॥7॥

ਸੋਰਠਿ ਮਹਲਾ ੪ ॥

سورٹھِ محلا 4 ॥

ਹਰਿ ਸਿਉ ਪ੍ਰੀਤਿ ਅੰਤਰੁ ਮਨੁ ਬੇਧਿਆ
ਹਰਿ ਬਿਨੁ ਰਹਣੁ ਨ ਜਾਈ ॥

ہرِ سِ ءُ پّریتِ انتّرُ منُ بیدھیا
ہرِ بِنُ رہشُ ن جائی ॥

ਜਿਉ ਮਛੁਲੀ ਬਿਨੁ ਨੀਰੈ ਬਿਨਸੈ
ਤਿਉ ਨਾਮੈ ਬਿਨੁ ਮਰਿ ਜਾਈ ॥੧॥

جِ ءُ مچھُلی بِنُ نیرے بِنسے
تِ ءُ نامے بِنُ مرِ جائی ॥1॥

ਮੇਰੇ ਪ੍ਰਭ ਕਿਰਪਾ ਜਲੁ ਦੇਵਹੁ ਹਰਿ ਨਾਈ ॥

میرے پّربھ کِرپا جلُ دیوہُ ہرِ نائی ॥

ਹਉ ਅੰਤਰਿ ਨਾਮੁ ਮੰਗਾ ਦਿਨੁ ਰਾਤੀ
ਨਾਮੇ ਹੀ ਸਾਂਤਿ ਪਾਈ ॥ ਰਹਾਉ ॥

ہ ءُ انتّرِ نامُ منگا دِنُ راتی
نامے ہی سانتِ پائی ॥ رہاءُ ॥

ਜਿਉ ਚਾਤ੍ਰਿਕੁ ਜਲ ਬਿਨੁ ਬਿਲਲਾਵੈ
ਬਿਨੁ ਜਲ ਪਿਆਸ ਨ ਜਾਈ ॥

جِ ءُ چاتّرِکُ جل بِنُ بِللاوے
بِنُ جل پیاس ن جائی ॥

ਗੁਰਮੁਖਿ ਜਲੁ ਪਾਵੈ ਸੁਖ ਸਹਜੇ
ਹਰਿਆ ਭਾਇ ਸੁਭਾਈ ॥੨॥

گُرمُکھِ جلُ پاوے سُکھ سہجے
ہریا بھاءِ سُبھائی ॥2॥

ਮਨਮੁਖ ਭੂਖੇ ਦਹ ਦਿਸ ਡੋਲਹਿ
ਬਿਨੁ ਨਾਵੈ ਦੁਖੁ ਪਾਈ ॥

منمُکھ بھوُکھے دہ دِس ڈولہِ
بِنُ ناوے دُکھُ پائی ॥

ਜਨਮਿ ਮਰੈ ਫਿਰਿ ਜੋਨੀ ਆਵੈ
ਦਰਗਹ ਮਿਲੈ ਸਜਾਈ ॥੩॥

جنمِ مرے پھرِ جونی آوے
درگہ مِلے سزائی ॥3॥

ਕ੍ਰਿਪਾ ਕਰਹਿ ਤਾ ਹਰਿ ਗੁਣ ਗਾਵਹ
ਹਰਿ ਰਸੁ ਅੰਤਰਿ ਪਾਈ ॥

کّرپا کرہِ تا ہرِ گُنؤ گاوہ
ہرِ رسُ انتّرِ پائی ॥

ਨਾਨਕ ਦੀਨ ਦਇਆਲ ਭਏ ਹੈ
ਤ੍ਰਿਸਨਾ ਸਬਦਿ ਬੁਝਾਈ ॥੪॥੮॥

نانک دِین دئیال بھئے ہے
تّرِسنا سبدِ بُجھائی ॥4॥8॥

ਸੋਰਠਿ ਮਹਲਾ ੪ ਪੰਚਪਦਾ ॥

ਅਚਰੁ ਚਰੈ ਤਾ ਸਿਧਿ ਹੋਈ
ਸਿਧੀ ਤੇ ਬੁਧਿ ਪਾਈ ॥

ਪ੍ਰੇਮ ਕੇ ਸਰ ਲਾਗੇ ਤਨ ਭੀਤਰਿ
ਤਾ ਭ੍ਰਮੁ ਕਾਟਿਆ ਜਾਈ ॥੧॥

ਮੇਰੇ ਗੋਬਿਦ ਅਪੁਨੇ ਜਨ ਕਉ ਦੇਹਿ ਵਡਿਆਈ ॥

ਗੁਰਮਤਿ ਰਾਮ ਨਾਮੁ ਪਰਗਾਸਹੁ
ਸਦਾ ਰਹਹੁ ਸਰਣਾਈ ॥ ਰਹਾਉ ॥

ਇਹੁ ਸੰਸਾਰੁ ਸਭੁ ਆਵਣ ਜਾਣਾ
ਮਨ ਮੂਰਖ ਚੇਤਿ ਅਜਾਣਾ ॥

ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ
ਤਾ ਹਰਿ ਨਾਮਿ ਸਮਾਣਾ ॥੨॥

ਜਿਸ ਕੀ ਵਸਤੁ ਸੋਈ ਪ੍ਰਭੁ ਜਾਣੈ
ਜਿਸ ਨੋ ਦੇਇ ਸੁ ਪਾਏ ॥

ਵਸਤੁ ਅਨੂਪ ਅਤਿ ਅਗਮ ਅਗੋਚਰ
ਗੁਰੁ ਪੂਰਾ ਅਲਖੁ ਲਖਾਏ ॥੩॥

ਜਿਨਿ ਇਹ ਚਾਖੀ ਸੋਈ ਜਾਣੈ
ਗੂੰਗੇ ਕੀ ਮਿਠਿਆਈ ॥

ਰਤਨੁ ਲੁਕਾਇਆ ਲੂਕੈ ਨਾਹੀ
ਜੇ ਕੋ ਰਖੈ ਲੁਕਾਈ ॥੪॥

ਸਭੁ ਕਿਛੁ ਤੇਰਾ ਤੂ ਅੰਤਰਜਾਮੀ
ਤੂ ਸਭਨਾ ਕਾ ਪ੍ਰਭੁ ਸੋਈ ॥

ਜਿਸ ਨੋ ਦਾਤਿ ਕਰਹਿ ਸੋ ਪਾਏ
ਜਨ ਨਾਨਕ ਅਵਰੁ ਨ ਕੋਈ ॥੫॥੯॥

ਸੋਰਠਿ ਮਹਲਾ ੫ ਘਰੁ ੧ ਤਿਤੁਕੇ

سورٹھِ محلا 4 پنچپدا ॥

اچرُ چرے تا سِدھِ ہوئی
سِدھی تے بُدھِ پائی ॥

پریم کے سر لاگے تن بھیترِ
تا بھرمُ کاٹیا جائی ॥1॥

میرے گوبِد اپُنے جن کءُ دیہِ وڈیائی ॥

گُرمتِ رام نامُ پرگاسہُ
سدا رہہُ سرٹائی ॥ رہاءُ ॥

اِہُ سنسارُ سبھُ آونُ جاٹا
من مُورکھ چیتِ اجاٹا ॥

ہرِ جیءُ کرِپا کرہُ گُرُ میلہُ
تا ہرِ نامِ سماٹا ॥2॥

جِس کی وتھُ سوئی پربھُ جانے
جِس نو دےءِ سُ پائے ॥

وستُ انوپ اتِ اگم اگوچر
گُرُ پوُرا الکھُ لکھائے ॥3॥

جِنِ اِہ چاکھی سوئی جانے
گوُنگے کی مِٹھیائی ॥

رتنُ لُکائیا لوُکے ناہی
جے کو رکھےَ لُکائی ॥4॥

سبھُ کِچھُ تیرا توُ انترجامی
توُ سبھنا کا پربھُ سوئی ॥

جِس نو داتِ کرہِ سو پائے
جن نانک اورُ ن کوئی ॥5॥9॥

سورٹھِ محلا 5 گھرُ 1 تِتکے

ੴ ਸਤਿਗੁਰ ਪ੍ਰਸਾਦਿ ॥

ਕਿਸ ਹਉ ਜਾਚੀ ਕਿਸੁ ਆਰਾਧੀ
ਜਾ ਸਭੁ ਕੋ ਕੀਤਾ ਹੋਸੀ ॥

ਜੋ ਜੋ ਦੀਸੈ ਵਡਾ ਵਡੇਰਾ
ਸੋ ਸੋ ਖਾਕੂ ਰਲਸੀ ॥

ਨਿਰਭਉ ਨਿਰੰਕਾਰੁ ਭਵ ਖੰਡਨੁ
ਸਭਿ ਸੁਖ ਨਵ ਨਿਧਿ ਦੇਸੀ ॥੧॥

ਹਰਿ ਜੀਉ ਤੇਰੀ ਦਾਤੀ ਰਾਜਾ ॥

ਮਾਣਸੁ ਬਪੁੜਾ ਕਿਆ ਸਾਲਾਹੀ
ਕਿਆ ਤਿਸ ਕਾ ਮੁਹਤਾਜਾ ॥ ਰਹਾਉ ॥

ਜਿਨਿ ਹਰਿ ਧਿਆਇਆ ਸਭੁ ਕਿਛੁ ਤਿਸ ਕਾ
ਤਿਸ ਕੀ ਭੂਖ ਗਵਾਈ ॥

ਐਸਾ ਧਨੁ ਦੀਆ ਸੁਖਦਾਤੈ
ਨਿਖੁਟਿ ਨ ਕਬ ਹੀ ਜਾਈ ॥

ਅਨਦੁ ਭਇਆ ਸੁਖ ਸਹਜਿ ਸਮਾਣੇ
ਸਤਿਗੁਰਿ ਮੇਲਿ ਮਿਲਾਈ ॥੨॥

ਮਨ ਨਾਮੁ ਜਪਿ ਨਾਮੁ ਆਰਾਧਿ
ਅਨਦਿਨੁ ਨਾਮੁ ਵਖਾਣੀ ॥

ਉਪਦੇਸੁ ਸੁਣਿ ਸਾਧ ਸੰਤਨ ਕਾ
ਸਭ ਚੂਕੀ ਕਾਣਿ ਜਮਾਣੀ ॥

ਜਿਨ ਕਉ ਕ੍ਰਿਪਾਲੁ ਹੋਆ ਪ੍ਰਭੁ ਮੇਰਾ
ਸੇ ਲਾਗੇ ਗੁਰ ਕੀ ਬਾਣੀ ॥੩॥

ਕੀਮਤਿ ਕਉਣੁ ਕਰੈ ਪ੍ਰਭ ਤੇਰੀ
ਤੂ ਸਰਬ ਜੀਆ ਦਇਆਲਾ ॥

ਸਭੁ ਕਿਛੁ ਕੀਤਾ ਤੇਰਾ ਵਰਤੈ

ੴ ستِگُر پرسادِ ॥

کِس ہءُ جاچی کِسُ آرادھی
جا سبھُ کو کِیتا ہوسی ॥

جو جو دِسے وڈا وڈیرا
سو سو خاکوُ رلسی ॥

نِربھءُ نِرنکارُ بھو کھنڈنُ
سبھِ سُکھ نو نِدھِ دیسی ॥1॥

ہرِ جیِءُ تیری داتی راجا ॥

مانُس بپڑا کِیا سالاہی
کِیا تِس کا مُحتاجا ۔ ॥ رہاءُ ॥

جِنِ ہرِ دھیائیا سبھُ کِچھُ تِس کا
تِس کی بھوُکھ گوائی ॥

ایَسا دھنُ دِیِیا سُکھداتے
نِکھُٹِ ن کب ہی جائی ॥

اندُ بھئِیا سُکھ سہجِ سماتے
ستِگُرِ میلِ مِلائی ॥2॥

من نامُ جپِ نامُ آرادھِ
اندِنُ نامُ وکھانیُ ॥

اُپدیسُ سُنِ سادھ سنّتن کا
سبھ چوُکی کانِ جمانیُ ॥

جِن کءُ کِرپالُ ہویا پربھُ میرا
سے لاگے گُر کی بانیُ ॥3॥

قِیمتِ کنُ کرے پربھ تیری
توُ سرب جِیِیا دئِیالا ॥

سبھُ کِچھُ کِیتا تیرا ورتے

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਕਿਆ ਹਮ ਬਾਲ ਗੁਪਾਲਾ ॥

کِیا ہم بال گُپالا ۔ ॥

ਰਾਖਿ ਲੇਹੁ ਨਾਨਕੁ ਜਨੁ ਤੁਮਰਾ
ਜਿਉ ਪਿਤਾ ਪੂਤ ਕਿਰਪਾਲਾ ॥੪॥੧॥

راکھِ لیہُ نانکُ جنُ تُمرا
جِءُ پِتا پوُت کِرپالا ॥4॥1॥

ਸੋਰਠਿ ਮਹਲਾ ੫ ਘਰੁ ੧ ਚੌਤੁਕੇ ॥

سورٹھِ محلا 5 گھرُ 1 چوَتُکے ॥

ਗੁਰੁ ਗੋਵਿੰਦੁ ਸਲਾਹੀਐ ਭਾਈ
ਮਨਿ ਤਨਿ ਹਿਰਦੈ ਧਾਰ ॥

گُرُ گووِنَدُ سلاحیِۓ بھائی
منِ تنِ ہِردے دھار ॥

ਸਾਚਾ ਸਾਹਿਬੁ ਮਨਿ ਵਸੈ ਭਾਈ
ਏਹਾ ਕਰਣੀ ਸਾਰ ॥

ساچا صاحِبُ منِ وسے بھائی
ایہا کرنُی سار ॥

ਜਿਤੁ ਤਨਿ ਨਾਮੁ ਨ ਊਪਜੈ ਭਾਈ
ਸੇ ਤਨ ਹੋਏ ਛਾਰ ॥

جِتُ تنِ نامُ ن اوُپجےَ بھائی
سے تن ہوئے چھار ॥

ਸਾਧਸੰਗਤਿ ਕਉ ਵਾਰਿਆ ਭਾਈ
ਜਿਨ ਏਕੰਕਾਰ ਅਧਾਰ ॥੧॥

سادھسنگتِ کءُ وارِیا بھائی
جِن ایکنکار ادھار ॥1॥

ਸੋਈ ਸਚੁ ਅਰਾਧਣਾ ਭਾਈ
ਜਿਸ ਤੇ ਸਭੁ ਕਿਛੁ ਹੋਇ ॥

سوئی سچُ ارادھنا بھائی
جِس تے سبھُ کِچھُ ہوءِ ॥

ਗੁਰਿ ਪੂਰੈ ਜਾਣਾਇਆ ਭਾਈ
ਤਿਸੁ ਬਿਨੁ ਅਵਰੁ ਨ ਕੋਇ ॥ ਰਹਾਉ ॥

گُرِ پوُرے جاناِیا بھائی
تِس بِنُ اورُ ن کوءِ ॥ رہاءُ ॥

ਨਾਮ ਵਿਹੂਣੇ ਪਚਿ ਮੁਏ ਭਾਈ
ਗਣਤ ਨ ਜਾਈ ਗਣੀ ॥

نام وِہوُنے پچِ مُۓ بھائی
گنت ن جائی گنُی ॥

ਵਿਣੁ ਸਚ ਸੋਚ ਨ ਪਾਈਐ ਭਾਈ
ਸਾਚਾ ਅਗਮ ਧਣੀ ॥

وِنُ سچ سوچ ن پائیِۓ بھائی
ساچا اگم دھنُی ॥

ਆਵਣ ਜਾਣੁ ਨ ਚੁਕਈ ਭਾਈ
ਝੂਠੀ ਦੁਨੀ ਮਣੀ ॥

آونُ جانُ ن چُکئی بھائی
جھوُٹھی دُنی منُی ॥

ਗੁਰਮੁਖਿ ਕੋਟਿ ਉਧਾਰਦਾ ਭਾਈ
ਦੇ ਨਾਵੈ ਏਕ ਕਣੀ ॥੨॥

گُرمُکھِ کوٹِ اُدھاردا بھائی
دے ناوےَ ایک کنُی ॥2॥

ਸਿੰਮ੍ਰਿਤਿ ਸਾਸਤ ਸੋਧਿਆ ਭਾਈ

سِمرِتِ ساست سودھِیا بھائی

ਵਿਣੁ ਸਤਿਗੁਰ ਭਰਮੁ ਨ ਜਾਇ ॥

وِنُ ستِگُر بھرمُ ن جاءِ ॥

ਅਨਿਕ ਕਰਮ ਕਰਿ ਥਾਕਿਆ ਭਾਈ
ਫਿਰਿ ਫਿਰਿ ਬੰਧਨ ਪਾਇ ॥

انِک کرم کرِ تھاکیا بھائی
پھِرِ پھِرِ بندھن پاءِ ॥

ਚਾਰੇ ਕੁੰਡਾ ਸੋਧੀਆ ਭਾਈ
ਵਿਣੁ ਸਤਿਗੁਰ ਨਾਹੀ ਜਾਇ ॥

چارے کُنڈا سودھِیا بھائی
وِنُ ستِگُر ناہی جاءِ ॥

ਵਡਭਾਗੀ ਗੁਰੁ ਪਾਇਆ ਭਾਈ
ਹਰਿ ਹਰਿ ਨਾਮੁ ਧਿਆਇ ॥੩॥

وڈبھاگی گُرُ پائیا بھائی
ہرِ ہرِ نامُ دھِیاءِ ॥3॥

ਸਚੁ ਸਦਾ ਹੈ ਨਿਰਮਲਾ ਭਾਈ
ਨਿਰਮਲ ਸਾਚੇ ਸੋਇ ॥

سچُ سدا ہے نِرملا بھائی
نِرمل ساچے سوءِ ॥

ਨਦਰਿ ਕਰੇ ਜਿਸੁ ਆਪਣੀ ਭਾਈ
ਤਿਸੁ ਪਰਾਪਤਿ ਹੋਇ ॥

ندرِ کرے جِسُ آپنڑی بھائی
تِسُ پراپتِ ہوءِ ॥

ਕੋਟਿ ਮਧੇ ਜਨੁ ਪਾਈਐ ਭਾਈ
ਵਿਰਲਾ ਕੋਈ ਕੋਇ ॥

کوٹِ مدھے جنُ پائیئے بھائی
وِرلا کوئی کوءِ ॥

ਨਾਨਕ ਰਤਾ ਸਚਿ ਨਾਮਿ ਭਾਈ
ਸੁਣਿ ਮਨੁ ਤਨੁ ਨਿਰਮਲੁ ਹੋਇ ॥੪॥੨॥

نانک رتا سچِ نامِ بھائی
سُنِ منُ تنُ نِرملُ ہوءِ ॥4॥2॥

ਸੋਰਠਿ ਮਹਲਾ ੫ ਦੁਤੁਕੇ ॥

سورٹھِ محلا 5 دُتُکے ॥

ਜਉ ਲਉ ਭਾਉ ਅਭਾਉ ਇਹੁ ਮਾਨੈ
ਤਉ ਲਉ ਮਿਲਣੁ ਦੂਰਾਈ ॥

جءُ لءُ بھاءُ ابھاءُ اِہُ مانے
تءُ لءُ مِلنُ دوُرائی ॥

ਆਨ ਆਪਨਾ ਕਰਤ ਬੀਚਾਰਾ
ਤਉ ਲਉ ਬੀਚੁ ਬਿਖਾਈ ॥੧॥

آن آپنا کرت بیچارا
تءُ لءُ بیچُ بِکھائی ॥1॥

ਮਾਧਵੇ ਐਸੀ ਦੇਹੁ ਬੁਝਾਈ ॥

مادھوے ایَسی دیہُ بُجھائی ॥

ਸੇਵਉ ਸਾਧ ਗਹਉ ਓਟ ਚਰਨਾ
ਨਹ ਬਿਸਰੈ ਮੁਹਤੁ ਚਸਾਈ ॥ ਰਹਾਉ ॥

سیوءُ سادھ گہءُ اوٹ چرنا
نہ بِسرے مُہتُ چسائی ॥ رہاءُ ॥

ਰੇ ਮਨ ਮੁਗਧ ਅਚੇਤ ਚੰਚਲ ਚਿਤ
ਤੁਮ ਐਸੀ ਰਿਦੈ ਨ ਆਈ ॥

رے من مُگدھ اچیت چنچل چِت
تُم ایَسی رِدے ن آئی ۔ ॥

ਪ੍ਰਾਨਪਤਿ ਤਿਆਗਿ ਆਨ ਤੂ ਰਚਿਆ
ਉਰਝਿਓ ਸੰਗਿ ਬੈਰਾਈ ॥੨॥

پرانپتِ تیاگِ آن توُ رچیا
اُرجھیئو سنگِ بیرائی ॥2॥

ਸੋਗੁ ਨ ਬਿਆਪੈ ਆਪੁ ਨ ਥਾਪੈ
ਸਾਧਸੰਗਤਿ ਬੁਧਿ ਪਾਈ ॥

سوگُ ن بیاپے آپُ ن تھاپے
سادھسنگتِ بُدھِ پائی ॥

ਸਾਕਤ ਕਾ ਬਕਨਾ ਇਉ ਜਾਨਉ
ਜੈਸੇ ਪਵਨੁ ਝੁਲਾਈ ॥੩॥

ساکت کا بکنا اِءُ جانءُ
جیسے پونُ جھُلائی ॥3॥

ਕੋਟਿ ਪਰਾਧ ਅਛਾਦਿਓ ਇਹੁ ਮਨੁ
ਕਹਣਾ ਕਛੂ ਨ ਜਾਈ ॥

کوٹِ پرادھ اچھادِئو اِہُ منُ
کہنا کچھوُ ن جائی ॥

ਜਨ ਨਾਨਕ ਦੀਨ ਸਰਨਿ ਆਇਓ ਪ੍ਰਭ
ਸਭੁ ਲੇਖਾ ਰਖਹੁ ਉਠਾਈ ॥੪॥੩॥

جن نانک دِین سرنِ آئیئو پربھ
سبھُ لیکھا رکھہُ اُٹھائی ॥4॥3॥

ਸੋਰਠਿ ਮਹਲਾ ੫ ॥

سورٹھِ محلا 5 ॥

ਪੁਤ੍ਰ ਕਲਤ੍ਰ ਲੋਕ ਗ੍ਰਿਹ ਬਨਿਤਾ
ਮਾਇਆ ਸਨਬੰਧੇਹੀ ॥

پُتّر کلتّر لوک گرِہ بنِتا
مائیا سنبندھیہی ॥

ਅੰਤ ਕੀ ਬਾਰ ਕੋ ਖਰਾ ਨ ਹੋਸੀ
ਸਭ ਮਿਥਿਆ ਅਸਨੇਹੀ ॥੧॥

انت کی بار کو کھرا ن ہوسی
سبھ مِتھیا اسنیہی ॥1॥

ਰੇ ਨਰ ਕਾਹੇ ਪਪੋਰਹੁ ਦੇਹੀ ॥

رے نر کاہے پپورہُ دیہی ۔ ॥

ਊਡਿ ਜਾਇਗੋ ਧੂਮੁ ਬਾਦਰੋ
ਇਕੁ ਭਾਜਹੁ ਰਾਮੁ ਸਨੇਹੀ ॥ ਰਹਾਉ ॥

اوُڈِ جائِگو دھوُمُ بادرو
اِکُ بھاجہُ رامُ سنیہی ॥ رہاءُ ॥

ਤੀਨਿ ਸੰਝਿਆ ਕਰਿ ਦੇਹੀ ਕੀਨੀ
ਜਲ ਕੂਕਰ ਭਸਮੇਹੀ ॥

تِینِ سنگّیا کرِ دیہی کِینی
جل کوُکر بھسمیہی ॥

ਹੋਇ ਆਮਰੋ ਗ੍ਰਿਹ ਮਹਿ ਬੈਠਾ
ਕਰਣ ਕਾਰਣ ਬਿਸਰੋਹੀ ॥੨॥

ہوءِ آمرو گرِہ مہِ بیٹھا
کرنْ کارنْ بِسروہی ॥2॥

ਅਨਿਕ ਭਾਤਿ ਕਰਿ ਮਣੀਏ ਸਾਜੇ
ਕਾਚੈ ਤਾਗਿ ਪਰੋਹੀ ॥

اِنک بھاتِ کرِ منّیئے ساجے
کاچے تاگِ پروہی ॥

ਤੂਟਿ ਜਾਇਗੋ ਸੂਤੁ ਬਾਪੁਰੇ

توُٹِ جائِگو سوُتُ باپُرے

ਫਿਰਿ ਪਾਛੈ ਪਛੁਤੋਹੀ ॥੩॥

پھِر پاچھے پچھُتوہی ॥3॥

ਜਿਨਿ ਤੁਮ ਸਿਰਜੇ ਸਿਰਜਿ ਸਵਾਰੇ
ਤਿਸੁ ਧਿਆਵਹੁ ਦਿਨੁ ਰੈਨੇਹੀ ॥

جِنِ تُم سِرجے سِرجِ سوارے
تِس دھِیاوہُ دِنُ رینیہی ॥

ਜਨ ਨਾਨਕ ਪ੍ਰਭ ਕਿਰਪਾ ਧਾਰੀ
ਮੈ ਸਤਿਗੁਰ ਓਟ ਗਹੇਹੀ ॥੪॥੪॥

جن نانک پربھ کِرپا دھاری
مے ستِگُر اوٹ گہیہی ॥4॥4॥

ਸੋਰਠਿ ਮਹਲਾ ੫ ॥

سورٹھِ محلا 5 ॥

ਗੁਰੁ ਪੂਰਾ ਭੇਟਿਓ ਵਡਭਾਗੀ
ਮਨਹਿ ਭਇਆ ਪਰਗਾਸਾ ॥

گُرُ پوُرا بھیٹِئو وڈبھاگی
منہِ بھئیا پرگاسا ॥

ਕੋਇ ਨ ਪਹੁਚਨਹਾਰਾ ਦੂਜਾ
ਅਪੁਨੇ ਸਾਹਿਬ ਕਾ ਭਰਵਾਸਾ ॥੧॥

کوءِ ن پہُچنہارا دوُجا
اپُنے صاحِب کا بھروا سا ॥1॥

ਅਪੁਨੇ ਸਤਿਗੁਰ ਕੈ ਬਲਿਹਾਰੈ ॥

اپُنے ستِگُر کے بلِہارے ॥

ਆਗੈ ਸੁਖੁ ਪਾਛੈ ਸੁਖ ਸਹਜਾ
ਘਰਿ ਆਨੰਦੁ ਹਮਾਰੈ ॥ ਰਹਾਉ ॥

آگے سُکھُ پاچھے سُکھ سہجا
گھرِ آنندُ ہمارے ॥ رہاءُ ॥

ਅੰਤਰਜਾਮੀ ਕਰਣੈਹਾਰਾ
ਸੋਈ ਖਸਮੁ ਹਮਾਰਾ ॥

انترجامی کرنیہارا
سوئی خصمُ ہمارا ॥

ਨਿਰਭਉ ਭਏ ਗੁਰ ਚਰਣੀ ਲਾਗੇ
ਇਕ ਰਾਮ ਨਾਮ ਆਧਾਰਾ ॥੨॥

نِربھءُ بھئے گُر چرنی لاگے
اِک رام نام آدھارا ॥2॥

ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ
ਹੈ ਭੀ ਹੋਵਨਹਾਰਾ ॥

سپھل درسنُ اکال موُرتِ پربھُ
ہے بھی ہووںہارا ॥

ਕੰਠਿ ਲਗਾਇ ਅਪੁਨੇ ਜਨ ਰਾਖੇ
ਅਪੁਨੀ ਪ੍ਰੀਤਿ ਪਿਆਰਾ ॥੩॥

کنٹھِ لگاءِ اپُنے جن راکھے
اپُنی پریتِ پیارا ॥3॥

ਵਡੀ ਵਡਿਆਈ ਅਚਰਜ ਸੋਭਾ
ਕਾਰਜੁ ਆਇਆ ਰਾਸੇ ॥

وڈی وڈیائی اچرج سوبھا
کارجُ آئیا راسے ॥

ਨਾਨਕ ਕਉ ਗੁਰੁ ਪੂਰਾ ਭੇਟਿਓ
ਸਗਲੇ ਦੂਖ ਬਿਨਾਸੇ ॥੪॥੫॥

نانک کءُ گُرُ پوُرا بھیٹِئو
سگلے دوُکھ بِناسے ॥4॥5॥

ਸੋਰਠਿ ਮਹਲਾ ੫ ॥

ਸੁਖੀਏ ਕਉ ਪੇਖੈ ਸਭ ਸੁਖੀਆ
ਰੋਗੀ ਕੈ ਭਾਣੈ ਸਭ ਰੋਗੀ ॥

ਕਰਣ ਕਰਾਵਨਹਾਰ ਸੁਆਮੀ
ਆਪਨ ਹਾਥਿ ਸੰਜੋਗੀ ॥੧॥

ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥

ਤਿਸ ਕੈ ਭਾਣੈ ਕੋਇ ਨ ਭੂਲਾ
ਜਿਨਿ ਸਗਲੋ ਬ੍ਰਹਮੁ ਪਛਾਤਾ ॥ ਰਹਾਉ ॥

ਸੰਤ ਸੰਗਿ ਜਾ ਕਾ ਮਨੁ ਸੀਤਲੁ
ਓਹੁ ਜਾਣੈ ਸਗਲੀ ਠਾਂਢੀ ॥

ਹਉਮੈ ਰੋਗਿ ਜਾ ਕਾ ਮਨੁ ਬਿਆਪਿਤ
ਓਹੁ ਜਨਮਿ ਮਰੈ ਬਿਲਲਾਤੀ ॥੨॥

ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ
ਤਾ ਕਉ ਸਰਬ ਪ੍ਰਗਾਸਾ ॥

ਅਗਿਆਨਿ ਅੰਧੇਰੈ ਸੂਝਸਿ ਨਾਹੀ
ਬਹੁੜਿ ਬਹੁੜਿ ਭਰਮਾਤਾ ॥੩॥

ਸੁਣਿ ਬੇਨੰਤੀ ਸੁਆਮੀ ਅਪੁਨੇ
ਨਾਨਕੁ ਇਹੁ ਸੁਖੁ ਮਾਗੈ ॥

ਜਹ ਕੀਰਤਨੁ ਤੇਰਾ ਸਾਧੂ ਗਾਵਹਿ
ਤਹ ਮੇਰਾ ਮਨੁ ਲਾਗੈ ॥੪॥੬॥

ਸੋਰਠਿ ਮਹਲਾ ੫ ॥

ਤਨੁ ਸੰਤਨ ਕਾ ਧਨੁ ਸੰਤਨ ਕਾ
ਮਨੁ ਸੰਤਨ ਕਾ ਕੀਆ ॥

ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ
ਸਰਬ ਕੁਸਲ ਤਬ ਥੀਆ ॥੧॥

سورٹھِ محلا 5 ॥

سُکھیئے ک ءُ پیکھے سبھ سُکھیا
روگی کے بھانے سبھ روگی ॥

کرنؔ کراونہار سُیامی
آپن ہاتھِ سنجوگی ॥1॥

من میرے جِنِ اپُنا بھرمُ گواتا ॥

تِس کے بھانے کوءِ ن بھوُلا
جِنِ سگلو برہمُ پچھاتا ॥ رہاءُ ॥

سنّت سنگِ جا کا منُ سیِتلُ
اوہُ جانے سگلی ٹھانڈھی ॥

ہئُمے روگِ جا کا منُ بِیاپت
اوہُ جنمِ مرے بِلاتی ॥2॥

گِیان انجنُ جا کی نیتّری پڑیا
تا ک ءُ سرب پرّگاسا ॥

اگیانِ اندھیرے سوُجھسِ ناہی
بہُڑِ بہُڑِ بھرماتا ॥3॥

سُنِ بینّتی سُیامی اپُنے
نانکُ اِہُ سُکھُ ماگے ॥

جہ کیِرتنُ تیرا سادھوُ گاوہِ
تہ میرا منُ لاگے ॥4॥6॥

سورٹھِ محلا 5 ॥

تنُ سنّتن کا دھنُ سنّتن کا
منُ سنّتن کا کیِیا ॥

سنّت پرّسادِ ہرِ نامُ دھِیائیا
سرب کُسل تب تھِیا ॥1॥

ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥
سنّتن بِنُ اورُ ن داتا بِیا ॥

ਜੋ ਜੋ ਸਰਣਿ ਪਰੈ ਸਾਧੂ ਕੀ
ਸੋ ਪਾਰਗਰਾਮੀ ਕੀਆ ॥ ਰਹਾਉ ॥
جو جو سرنِ پرے سادھوُ کی
سو پارگرامی کِیا ॥ رہاءُ ॥

ਕੋਟਿ ਪਰਾਧ ਮਿਟਹਿ ਜਨ ਸੇਵਾ
ਹਰਿ ਕੀਰਤਨੁ ਰਸਿ ਗਾਈਐ ॥
کوٹِ پرادھ مِٹہِ جن سیوا
ہرِ کیرتنُ رس گائیےَ ॥

ਈਹਾ ਸੁਖੁ ਆਗੈ ਮੁਖ ਊਜਲ
ਜਨ ਕਾ ਸੰਗੁ ਵਡਭਾਗੀ ਪਾਈਐ ॥੨॥
ایہا سُکھُ آگے مُکھ اوُجل
جن کا سنگُ وڈبھاگی پائیےَ ॥2॥

ਰਸਨਾ ਏਕ ਅਨੇਕ ਗੁਣ ਪੂਰਨ
ਜਨ ਕੀ ਕੇਤਕ ਉਪਮਾ ਕਹੀਐ ॥
رسنا ایک انیک گُنّ پوُرن
جن کی کیتک اُپما کہیےَ ۔ ॥

ਅਗਮ ਅਗੋਚਰ ਸਦ ਅਬਿਨਾਸੀ
ਸਰਣਿ ਸੰਤਨ ਕੀ ਲਹੀਐ ॥੩॥
اگم اگوچر سد ابِناسی
سرنِ سنّتن کی لہیےَ ॥3॥

ਨਿਰਗੁਨ ਨੀਚ ਅਨਾਥ ਅਪਰਾਧੀ
ਓਟ ਸੰਤਨ ਕੀ ਆਹੀ ॥
نِرگُن نیچ اناتھ اپرادھی
اوٹ سنّتن کی آہی ॥

ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ
ਨਾਨਕ ਲੇਹੁ ਨਿਬਾਹੀ ॥੪॥੭॥
بوُڈت موہ گرِہ اندھ کوُپ مہِ
نانک لیہُ نِباہی ॥4॥7॥

ਸੋਰਠਿ ਮਹਲਾ ੫ ਘਰੁ ੧ ॥
سورٹھِ محلا 5 گھرُ 1 ॥

ਜਾ ਕੈ ਹਿਰਦੈ ਵਸਿਆ ਤੂ ਕਰਤੇ
ਤਾ ਕੀ ਤੈਂ ਆਸ ਪੁਜਾਈ ॥
جا کےَ ہِردےَ وسِیا توُ کرتے
تا کی تیَں آس پُجائی ॥

ਦਾਸ ਅਪੁਨੇ ਕਉ ਤੂ ਵਿਸਰਹਿ ਨਾਹੀ
ਚਰਣ ਧੂਰਿ ਮਨਿ ਭਾਈ ॥੧॥
داس اپُنے کءُ توُ وِسرہِ ناہی
چرنّ دھوُرِ منِ بھائی ॥1॥

ਤੇਰੀ ਅਕਥ ਕਥਾ ਕਥਨੁ ਨ ਜਾਈ ॥
تیری اکتھ کتھا کتھنُ ن جائی ॥

ਗੁਣ ਨਿਧਾਨ ਸੁਖਦਾਤੇ ਸੁਆਮੀ
ਸਭ ਤੇ ਊਚ ਬਡਾਈ ॥ ਰਹਾਉ ॥
گُنّ نِدھان سُکھداتے سُیامی
سبھ تے اوُچ بڈائی ॥ رہاءُ ॥

ਸੋ ਸੋ ਕਰਮ ਕਰਤ ਹੈ ਪ੍ਰਾਣੀ
ਜੈਸੀ ਤੁਮ ਲਿਖਿ ਪਾਈ ॥
سو سو کرم کرت ہےَ پرّانی
جیَسی تُم لِکھِ پائی ॥

ਸੇਵਕ ਕਉ ਤੁਮ ਸੇਵਾ ਦੀਨੀ
ਦਰਸਨੁ ਦੇਖਿ ਅਘਾਈ ॥੨॥

سیوک ک ءُ تُم سیوا دینی
درسنُ دیکھِ اگھائی ॥2॥

ਸਰਬ ਨਿਰੰਤਰਿ ਤੁਮਹਿ ਸਮਾਨੇ
ਜਾ ਕਉ ਤੁਧੁ ਆਪਿ ਬੁਝਾਈ ॥

سرب نِرنترِ تُمہِ سمانے
جا ک ءُ تُدھُ آپِ بُجھائی ॥

ਗੁਰ ਪਰਸਾਦਿ ਮਿਟਿਓ ਅਗਿਆਨਾ
ਪ੍ਰਗਟ ਭਏ ਸਭ ਠਾਈ ॥੩॥

گُر پرسادِ مِٹیو اگیانا
پرگٹ بھئے سبھ ٹھائی ॥3॥

ਸੋਈ ਗਿਆਨੀ ਸੋਈ ਧਿਆਨੀ
ਸੋਈ ਪੁਰਖੁ ਸੁਭਾਈ ॥

سوئی گیانی سوئی دھیانی
سوئی پُرکھُ سُبھائی ॥

ਕਹੁ ਨਾਨਕ ਜਿਸੁ ਭਏ ਦਇਆਲਾ
ਤਾ ਕਉ ਮਨ ਤੇ ਬਿਸਰਿ ਨ ਜਾਈ ॥੪॥੮॥

کہُ نانک جِسُ بھئے دئیالا
تا ک ءُ من تے بِسرِ ن جائی ॥4॥8॥

ਸੋਰਠਿ ਮਹਲਾ ੫ ॥

سورٹھِ محلا 5 ॥

ਸਗਲ ਸਮਗ੍ਰੀ ਮੋਹਿ ਵਿਆਪੀ
ਕਬ ਊਚੇ ਕਬ ਨੀਚੇ ॥

سگل سمگری موہِ وِیاپی
کب اوُچے کب نِیچے ॥

ਸੁਧੁ ਨ ਹੋਈਐ ਕਾਹੂ ਜਤਨਾ
ਓੜਕਿ ਕੋ ਨ ਪਹੂਚੇ ॥੧॥

سُدھُ ن ہوئیئے کاہوُ جتنا
اوڑکِ کو ن پہوُچے ॥1॥

ਮੇਰੇ ਮਨ ਸਾਧ ਸਰਣਿ ਛੁਟਕਾਰਾ ॥

میرے من سادھ سرنِ چھُٹکارا ॥

ਬਿਨੁ ਗੁਰ ਪੂਰੇ ਜਨਮ ਮਰਣੁ ਨ ਰਹਈ
ਫਿਰਿ ਆਵਤ ਬਾਰੋ ਬਾਰਾ ॥ ਰਹਾਉ ॥

بِنُ گُر پوُرے جنم مرنُ ن رہئی
پھِرِ آوت بارو بارا ॥ رہاءُ ॥

ਓਹੁ ਜੁ ਭਰਮੁ ਭੁਲਾਵਾ ਕਹੀਅਤ
ਤਿਨ ਮਹਿ ਉਰਝਿਓ ਸਗਲ ਸੰਸਾਰਾ ॥

اوہُ جُ بھرمُ بھُلاوا کہیئت
تِن مہِ اُرجھِئو سگل سنّسارا ॥

ਪੂਰਨ ਭਗਤੁ ਪੁਰਖ ਸੁਆਮੀ ਕਾ
ਸਰਬ ਥੋਕ ਤੇ ਨਿਆਰਾ ॥੨॥

پوُرن بھگتُ پُرکھ سُیامی کا
سرب تھوک تے نِیارا ॥2॥

ਨਿੰਦਉ ਨਾਹੀ ਕਾਹੂ ਬਾਤੈ
ਏਹੁ ਖਸਮ ਕਾ ਕੀਆ ॥

نِندءُ ناہی کاہوُ باتے
ایہُ خصم کا کِیا ॥

ਜਾ ਕਉ ਕ੍ਰਿਪਾ ਕਰੀ ਪ੍ਰਭਿ ਮੇਰੈ

جا ک ءُ کرِپا کری پربھِ میرے

ਮਿਲਿ ਸਾਧਸੰਗਤਿ ਨਾਉ ਲੀਆ ॥੩॥

ਪਾਰਬ੍ਰਹਮ ਪਰਮੇਸੁਰ ਸਤਿਗੁਰ
ਸਭਨਾ ਕਰਤ ਉਧਾਰਾ ॥

ਕਹੁ ਨਾਨਕ ਗੁਰ ਬਿਨੁ ਨਹੀ ਤਰੀਐ
ਇਹੁ ਪੂਰਨ ਤਤੁ ਬੀਚਾਰਾ ॥੪॥੯॥

ਸੋਰਠਿ ਮਹਲਾ ੫ ॥

ਖੋਜਤ ਖੋਜਤ ਖੋਜਿ ਬੀਚਾਰਿਓ
ਰਾਮ ਨਾਮੁ ਤਤੁ ਸਾਰਾ ॥

ਕਿਲਬਿਖ ਕਾਟੇ ਨਿਮਖ ਅਰਾਧਿਆ
ਗੁਰਮੁਖਿ ਪਾਰਿ ਉਤਾਰਾ ॥੧॥

ਹਰਿ ਰਸੁ ਪੀਵਹੁ ਪੁਰਖ ਗਿਆਨੀ ॥

ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ
ਸਾਧੂ ਅੰਮ੍ਰਿਤ ਬਾਨੀ ॥ ਰਹਾਉ ॥

ਮੁਕਤਿ ਭੁਗਤਿ ਜੁਗਤਿ ਸਚੁ ਪਾਈਐ
ਸਰਬ ਸੁਖਾ ਕਾ ਦਾਤਾ ॥

ਅਪੁਨੇ ਦਾਸ ਕਉ ਭਗਤਿ ਦਾਨੁ ਦੇਵੈ
ਪੂਰਨ ਪੁਰਖੁ ਬਿਧਾਤਾ ॥੨॥

ਸ੍ਰਵਣੀ ਸੁਣੀਐ ਰਸਨਾ ਗਾਈਐ
ਹਿਰਦੈ ਧਿਆਈਐ ਸੋਈ ॥

ਕਰਣ ਕਾਰਣ ਸਮਰਥ ਸੁਆਮੀ
ਜਾ ਤੇ ਬ੍ਰਿਥਾ ਨ ਕੋਈ ॥੩॥

ਵਡੈ ਭਾਗਿ ਰਤਨ ਜਨਮੁ ਪਾਇਆ
ਕਰਹੁ ਕ੍ਰਿਪਾ ਕਿਰਪਾਲਾ ॥

ਸਾਧਸੰਗਿ ਨਾਨਕੁ ਗੁਣ ਗਾਵੈ
ਸਿਮਰੈ ਸਦਾ ਗੋਪਾਲਾ ॥੪॥੧੦॥

مِلِ سادھسنگتِ ناءُ لِیا ॥3॥

پاربّرہم پریسُر ستِگُر
سبھنا کرت اُدھارا ॥

کہُ نانک گُر بِنُ نہی ترِیۓ
اِہُ پُورن تتُ بیچارا ॥4॥9॥

سورٹھِ محلا 5 ॥

کھوجت کھوجت کھوجِ بیچارِئو
رام نامُ تتُ سارا ॥

کِلبِکھ کاٹے نِمکھ ارادھِیا
گُرمُکھِ پارِ اُتارا ॥1॥

ہرِ رسُ پیِوہُ پُرکھ گِیانی ۔ ॥

سُنِ سُنِ مہا تّرِپتِ منُ پاوۓ
سادھوُ انمّرِت بانی ॥ رہاءُ ॥

مُکتِ بھُگتِ جُگتِ سچُ پائیۓ
سرب سُکھا کا داتا ॥

اپُنے داس ک ءُ بھگتِ دانُ دیوۓ
پُورن پُرکھُ بِدھاتا ॥2॥

سّروٹی سُنیۓ رسنا گائیۓ
ہِردۓ دھِیائیۓ سوئی ॥

کرنٹ کارنٹ سمرتھ سُیامی
جا تے بّرِتھا ن کوئی ॥3॥

وڈۓ بھاگِ رتن جنمُ پائیا
کرہُ کرِپا کِرپالا ۔ ॥

سادھسنگِ نانکُ گُنٹ گاوۓ
سِمرۓ سدا گوپالا ॥4॥ 10 ॥

ਸੋਰਠਿ ਮਹਲਾ ੫ ॥

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ
ਮਨ ਤਨ ਭਏ ਅਰੋਗਾ ॥

ਕੋਟਿ ਬਿਘਨ ਲਾਥੇ ਪ੍ਰਭ ਸਰਣਾ
ਪ੍ਰਗਟੇ ਭਲੇ ਸੰਜੋਗਾ ॥੧॥

ਪ੍ਰਭ ਬਾਣੀ ਸਬਦੁ ਸੁਭਾਖਿਆ ॥

ਗਾਵਹੁ ਸੁਣਹੁ ਪੜਹੁ ਨਿਤ ਭਾਈ
ਗੁਰ ਪੂਰੈ ਤੂ ਰਾਖਿਆ ॥ ਰਹਾਉ ॥

ਸਾਚਾ ਸਾਹਿਬੁ ਅਮਿਤਿ ਵਡਾਈ
ਭਗਤਿ ਵਛਲ ਦਇਆਲਾ ॥

ਸੰਤਾ ਕੀ ਪੈਜ ਰਖਦਾ ਆਇਆ
ਆਦਿ ਬਿਰਦੁ ਪ੍ਰਤਿਪਾਲਾ ॥੨॥

ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ
ਸਰਬ ਵੇਲਾ ਮੁਖਿ ਪਾਵਹੁ ॥

ਜਰਾ ਮਰਾ ਤਾਪੁ ਸਭੁ ਨਾਠਾ
ਗੁਣ ਗੋਬਿੰਦ ਨਿਤ ਗਾਵਹੁ ॥੩॥

ਸੁਣੀ ਅਰਦਾਸਿ ਸੁਆਮੀ ਮੇਰੈ
ਸਰਬ ਕਲਾ ਬਣਿ ਆਈ ॥

ਪ੍ਰਗਟ ਭਈ ਸਗਲੇ ਜੁਗ ਅੰਤਰਿ
ਗੁਰ ਨਾਨਕ ਕੀ ਵਡਿਆਈ ॥੪॥੧੧॥

ਸੋਰਠਿ ਮਹਲਾ ੫ ਘਰੁ ੨ ਚਉਪਦੇ

ੴ ਸਤਿਗੁਰ ਪ੍ਰਸਾਦਿ ॥

ਏਕੁ ਪਿਤਾ ਏਕਸ ਕੇ ਹਮ ਬਾਰਿਕ
ਤੂ ਮੇਰਾ ਗੁਰ ਹਾਈ ॥

ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ

سورٹھِ محلا 5 ॥

کرِ اِسنانُ سِمرِ پربھُ اپنا
من تن بھئے اروگا ॥

کوٹِ بِگھن لاتھے پربھ سرٹا
پرگٹے بھلے سنجوگا ॥1॥

پربھ بانٹی سبدُ سُبھاکھیا ॥

گاوہُ سُنٹہُ پڑہُ نِت بھائی
گُر پورے توُ راکھیا ॥ رہاءُ ॥

ساچا صاحِبُ امِتِ وڈائی
بھگتِ وچھل دئیالا ॥

سنتا کی پیج رکھدا آئیا
آدِ برِدُ پرتپالا ॥2॥

ہرِ انمرت نامُ بھوجنُ نِت بھُنچہُ
سرب ویلا مُکھِ پاوہُ ॥

جرا مرا تاپُ سبھُ ناٹھا
گُنٹ گوبِند نِت گاوہُ ॥3॥

سُنٹی عرداسِ سُیامی میرے
سرب کلا بنٹِ آئی ॥

پرگٹ بھئی سگلے جُگ انترِ
گُر نانک کی وڈِیائی ॥4॥ 11 ॥

سورٹھِ محلا 5 گھرُ 2 چپُدے

ੴ ستِگُر پرسادِ ॥

ایکُ پِتا ایکس کے ہم بارِک
توُ میرا گُر ہائی ॥

سُنٹِ مِیتا جیءُ ہمارا بلِ بلِ جاسی

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نوں سمرپت | سیوا: بھائی بلجندر سنگھ جی (راڑا صاہب)

ਹਰਿ ਦਰਸਨੁ ਦੇਹੁ ਦਿਖਾਈ ॥੧॥	ہرِ درسنُ دیہُ دِکھائی ॥1॥
ਸੁਣਿ ਮੀਤਾ ਧੂਰੀ ਕਉ ਬਲਿ ਜਾਈ ॥	سُنِ مِیتا دھوُری کءُ بلِ جائی ॥
ਇਹੁ ਮਨੁ ਤੇਰਾ ਭਾਈ ॥ ਰਹਾਉ ॥	اِہُ منُ تیرا بھائی ۔ ॥ رہاءُ ॥
ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈ ਕੂ ਦੇਸਾ ॥	پاو ملووا ملِ ملِ دھووا اِہُ منُ تے کوُ دیسا ॥
ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ ਪ੍ਰਭ ਮਿਲਉ ਦੇਹੁ ਉਪਦੇਸਾ ॥੨॥	سُنِ مِیتا ہءُ تیری سرٹائی آئیا پربھ مِلءُ دیہُ اُپدیسا ॥2॥
ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ ॥	مانُ ن کیجے سرنِ پریجے کرے سُ بھلا منائیئے ॥
ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ ਇਉ ਦਰਸਨੁ ਹਰਿ ਜੀਉ ਪਾਈਐ ॥੩॥	سُنِ مِیتا جیءُ پنڈُ سبھُ تنُ ارپیجے اِءُ درسنُ ہرِ جیءُ پائیئے ॥3॥
ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ ਹਰਿ ਨਾਮਾ ਹੈ ਮੀਠਾ ॥	بھئیو انگرہُ پرسادِ سنتن کے ہرِ نامَا ہے میٹھا ॥
ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਸਭੁ ਅਕੁਲ ਨਿਰੰਜਨੁ ਡੀਠਾ ॥੪॥੧॥੧੨॥	جن نانک کءُ گُرِ کرپا دھاری سبھُ اُکل نِرنجنُ ڈیٹھا ॥4॥1॥ 12 ॥
ਸੋਰਠਿ ਮਹਲਾ ੫ ॥	سورٹھِ محلا 5 ॥
ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥	کوٹِ برہمنڈ کو ٹھاکُر سُیامی سرب جیِیا کا داتا رے ॥
ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥੧॥	پرتپالے نِت سارِ سمالے اِکُ گُنُ نہی موُرکھِ جاتا رے ॥1॥
ਹਰਿ ਆਰਾਧਿ ਨ ਜਾਨਾ ਰੇ ॥	ہرِ آرادھِ ن جانا رے ॥
ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥	ہرِ ہرِ گُرُ گُرُ کرتا رے ॥
ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ ਰਹਾਉ ॥	ہرِ جیءُ نامُ پرِئو رامداسُ ॥ رہاءُ ॥
ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ ॥	دِین دئیال کرِپال سُکھ ساگر

ਪੇਖਤ ਸੁਨਤ ਸਦਾ ਹੈ ਸੰਗੇ
ਮੈ ਮੂਰਖ ਜਾਨਿਆ ਦੂਰੀ ਰੇ ॥੨॥

پیکھت سُنت سدا ہے سنگے
مے مُورکھ جانِیا دوُری رے ॥2॥

ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ
ਕਿਆ ਜਾਨਾ ਹੋਇ ਕੈਸੋ ਰੇ ॥

ہرِ بِئنَتُ ہءُ مِتِ کرِ ورن ءُ
کِیا جانا ہوءِ کیَسو رے ۔ ॥

ਕਰਉ ਬੇਨਤੀ ਸਤਿਗੁਰ ਅਪੁਨੇ
ਮੈ ਮੂਰਖ ਦੇਹੁ ਉਪਦੇਸੋ ਰੇ ॥੩॥

کرءُ بینتی ستِگُر اپُنے
مے مُورکھ دیہُ اُپدیسو رے ॥3॥

ਮੈ ਮੂਰਖ ਕੀ ਕੇਤਕ ਬਾਤ ਹੈ
ਕੋਟਿ ਪਰਾਧੀ ਤਰਿਆ ਰੇ ॥

مے مُورکھ کی کیتک بات ہے
کوٹِ پرادھی تریا رے ॥

ਗੁਰੁ ਨਾਨਕੁ ਜਿਨ ਸੁਣਿਆ ਪੇਖਿਆ
ਸੇ ਫਿਰਿ ਗਰਭਾਸਿ ਨ ਪਰਿਆ ਰੇ ॥੪॥੨॥੧੩॥

گُرُ نانکُ جِن سُنِّیا پیکھِیا
سے پھِرِ گربھاسِ ن پریا رے ॥4॥2॥ 13 ॥

ਸੋਰਠਿ ਮਹਲਾ ੫ ॥

سورٹھِ محلا 5 ॥

ਜਿਨਾ ਬਾਤ ਕੋ ਬਹੁਤੁ ਅੰਦੇਸਰੋ
ਤੇ ਮਿਟੇ ਸਭਿ ਗਇਆ ॥

جِنا بات کو بہُتُ اندیسرو
تے مِٹے سبھِ گئیا ॥

ਸਹਜ ਸੈਨ ਅਰੁ ਸੁਖਮਨ ਨਾਰੀ
ਊਧ ਕਮਲ ਬਿਗਸਇਆ ॥੧॥

سہج سیَن ارُ سُکھمن ناری
اوُدھ کمل بِگسیَا ॥1॥

ਦੇਖਹੁ ਅਚਰਜੁ ਭਇਆ ॥

دیکھہُ اچرجُ بھئیا ॥

ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ
ਸੋ ਰਿਦੈ ਗੁਰਿ ਦਇਆ ॥ ਰਹਾਉ ॥

جِہ ٹھاکُر کءُ سُنت اگادھِ بودھِ
سو رِدے گُرِ دئیا ॥ رہاءُ ॥

ਜੋਇ ਦੂਤ ਮੋਹਿ ਬਹੁਤੁ ਸੰਤਾਵਤ
ਤੇ ਭਇਆਨਕ ਭਇਆ ॥

جوءِ دوُت موہِ بہُتُ سنتاوت
تے بھئیانک بھئیا ॥

ਕਰਹਿ ਬੇਨਤੀ ਰਾਖੁ ਠਾਕੁਰ ਤੇ
ਹਮ ਤੇਰੀ ਸਰਨਇਆ ॥੨॥

کرہِ بینتی راکھُ ٹھاکُر تے
ہم تیری سرنئیا ॥2॥

ਜਹ ਭੰਡਾਰੁ ਗੋਬਿੰਦ ਕਾ ਖੁਲਿਆ
ਜਿਹ ਪ੍ਰਾਪਤਿ ਤਿਹ ਲਇਆ ॥

جہ بھنڈارُ گوبِند کا کھُلیا
جِہ پراپتِ تِہ لئیا ॥

ਏਕੁ ਰਤਨੁ ਮੋ ਕਉ ਗੁਰਿ ਦੀਨਾ
ਮੇਰਾ ਮਨੁ ਤਨੁ ਸੀਤਲੁ ਥਿਆ ॥੩॥

ایکُ رتنُ مو ک ءُ گُرِ دینا
میرا منُ تنُ سیتلُ تھیا ॥3॥

ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ
ਤਾ ਅਟਲੁ ਅਮਰੁ ਨ ਮੁਆ ॥

ایک بوُنّد گُرِ انمّرِتُ دینو
تا اٹلُ امرُ ن مُیا ॥

ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ
ਫਿਰਿ ਲੇਖਾ ਮੂਲਿ ਨ ਲਇਆ ॥੪॥੩॥੧੪॥

بھگتِ بھنّڈار گُرِ نانک ک ءُ سُنپے
پھِرِ لیکھا موُلِ ن لئیا ॥4॥3॥ 14 ॥

ਸੋਰਠਿ ਮਹਲਾ ੫ ॥

سورٹھِ محلا 5 ॥

ਚਰਨ ਕਮਲ ਸਿਉ ਜਾ ਕਾ ਮਨੁ ਲੀਨਾ
ਸੇ ਜਨ ਤ੍ਰਿਪਤਿ ਅਘਾਈ ॥

چرن کمل سِ ءُ جا کا منُ لِینا
سے جن ترّپتِ اگھائی ॥

ਗੁਣ ਅਮੋਲ ਜਿਸੁ ਰਿਦੈ ਨ ਵਸਿਆ
ਤੇ ਨਰ ਤ੍ਰਿਸਨ ਤ੍ਰਿਖਾਈ ॥੧॥

گُنُ امول جِسُ رِدے ن وسِیا
تے نر ترّسن ترّکھائی ॥1॥

ਹਰਿ ਆਰਾਧੇ ਅਰੋਗ ਅਨਦਾਈ ॥

ہرِ آرادھے اروگ اندائی ॥

ਜਿਸ ਨੋ ਵਿਸਰੈ ਮੇਰਾ ਰਾਮ ਸਨੇਹੀ
ਤਿਸੁ ਲਾਖ ਬੇਦਨ ਜਣੁ ਆਈ ॥ ਰਹਾਉ ॥

جِس نو وِسرے میرا رام سنیہی
تِس لاکھ بیدن جنُ آئی ॥ رہاءُ ॥

ਜਿਹ ਜਨ ਓਟ ਗਹੀ ਪ੍ਰਭ ਤੇਰੀ
ਸੇ ਸੁਖੀਏ ਪ੍ਰਭ ਸਰਣੇ ॥

جِہ جن اوٹ گہی پربھ تیری
سے سُکھیئے پربھ سرنے ॥

ਜਿਹ ਨਰ ਬਿਸਰਿਆ ਪੁਰਖੁ ਬਿਧਾਤਾ
ਤੇ ਦੁਖੀਆ ਮਹਿ ਗਨਣੇ ॥੨॥

جِہ نر بِسریا پُرکھُ بِدھاتا
تے دُکھیا مہِ گننے ॥2॥

ਜਿਹ ਗੁਰ ਮਾਨਿ ਪ੍ਰਭੂ ਲਿਵ ਲਾਈ
ਤਿਹ ਮਹਾ ਅਨੰਦ ਰਸੁ ਕਰਿਆ ॥

جِہ گُر مانِ پربھوُ لِو لائی
تِہ مہا انند رسُ کریا ॥

ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ
ਤੇ ਨਰਕ ਘੋਰ ਮਹਿ ਪਰਿਆ ॥੩॥

جِہ پربھوُ بِسارِ گُر تے بیمُکھائی
تے نرک گھور مہِ پریا ॥3॥

ਜਿਤੁ ਕੋ ਲਾਇਆ ਤਿਤ ਹੀ ਲਾਗਾ
ਤੈਸੋ ਹੀ ਵਰਤਾਰਾ ॥

جِتُ کو لائیا تِت ہی لاگا
تیَسو ہی ورتارا ॥

ਨਾਨਕ ਸਹ ਪਕਰੀ ਸੰਤਨ ਕੀ

نانک سہ پکری سنّتن کی

ਰਿਦੈ ਭਏ ਮਗਨ ਚਰਨਾਰਾ ॥੪॥੪॥੧੫॥

رِدے بھئے مگن چرنارا ॥4॥4॥ 15 ॥

ਸੋਰਠਿ ਮਹਲਾ ੫ ॥

سورٹھِ محلا 5 ॥

ਰਾਜਨ ਮਹਿ ਰਾਜਾ ਉਰਝਾਇਓ
ਮਾਨਨ ਮਹਿ ਅਭਿਮਾਨੀ ॥

راجن مہِ راجا اُرجھائیو
مانن مہِ ابھِمانی ॥

ਲੋਭਨ ਮਹਿ ਲੋਭੀ ਲੋਭਾਇਓ
ਤਿਉ ਹਰਿ ਰੰਗਿ ਰਚੇ ਗਿਆਨੀ ॥੧॥

لوبھن مہِ لوبھی لوبھائیو
تِءُ ہرِ رنگِ رچے گیانی ॥1॥

ਹਰਿ ਜਨ ਕਉ ਇਹੀ ਸੁਹਾਵੈ ॥

ہرِ جن کءُ اِہی سُہاوے ॥

ਪੇਖਿ ਨਿਕਟਿ ਕਰਿ ਸੇਵਾ ਸਤਿਗੁਰ
ਹਰਿ ਕੀਰਤਨਿ ਹੀ ਤ੍ਰਿਪਤਾਵੈ ॥ ਰਹਾਉ ॥

پیکھِ نِکٹِ کرِ سیوا ستِگُر
ہرِ کیرتنِ ہی ترِپتاوے ॥ رہاءُ ॥

ਅਮਲਨ ਸਿਉ ਅਮਲੀ ਲਪਟਾਇਓ
ਭੂਮਨ ਭੂਮਿ ਪਿਆਰੀ ॥

املن سِءُ املی لپٹائیو
بھوُمن بھوُمِ پیاری ॥

ਖੀਰ ਸੰਗਿ ਬਾਰਿਕੁ ਹੈ ਲੀਨਾ
ਪ੍ਰਭ ਸੰਤ ਐਸੇ ਹਿਤਕਾਰੀ ॥੨॥

کھیِر سنگِ بارِکُ ہے لِینا
پربھ سنّت ایسے ہِتکاری ॥2॥

ਬਿਦਿਆ ਮਹਿ ਬਿਦੁਅੰਸੀ ਰਚਿਆ
ਨੈਨ ਦੇਖਿ ਸੁਖੁ ਪਾਵਹਿ ॥

بِدیا مہِ بِدُنّسی رچِیا
نیَن دیکھِ سُکھُ پاوہِ ॥

ਜੈਸੇ ਰਸਨਾ ਸਾਦਿ ਲੁਭਾਨੀ
ਤਿਉ ਹਰਿ ਜਨ ਹਰਿ ਗੁਣ ਗਾਵਹਿ ॥੩॥

جیَسے رسنا سادِ لُبھانی
تِءُ ہرِ جن ہرِ گُن گاوہِ ॥3॥

ਜੈਸੀ ਭੂਖ ਤੈਸੀ ਕਾ ਪੂਰਕੁ
ਸਗਲ ਘਟਾ ਕਾ ਸੁਆਮੀ ॥

جیَسی بھوُکھ تیَسی کا پوُرکُ
سگل گھٹا کا سُیامی ॥

ਨਾਨਕ ਪਿਆਸ ਲਗੀ ਦਰਸਨ ਕੀ
ਪ੍ਰਭੁ ਮਿਲਿਆ ਅੰਤਰਜਾਮੀ ॥੪॥੫॥੧੬॥

نانک پیاس لگی درسن کی
پربھُ مِلیا انترجامی ॥4॥5॥ 16 ॥

ਸੋਰਠਿ ਮਹਲਾ ੫ ॥

سورٹھِ محلا 5 ॥

ਹਮ ਮੈਲੇ ਤੁਮ ਊਜਲ ਕਰਤੇ
ਹਮ ਨਿਰਗੁਨ ਤੂ ਦਾਤਾ ॥

ہم میَلے تُم اوُجل کرتے
ہم نِرگُن توُ داتا ॥

ਹਮ ਮੂਰਖ ਤੁਮ ਚਤੁਰ ਸਿਆਣੇ

ہم موُرکھ تُم چترُ سِیانے

ਤੂ ਸਰਬ ਕਲਾ ਕਾ ਗਿਆਤਾ ॥੧॥

تُو سرب کلا کا گِیاتا ॥1॥

ਮਾਧੋ ਹਮ ਐਸੇ ਤੂ ਐਸਾ ॥

مادھو ہم ایَسے تُو ایَسا ॥

ਹਮ ਪਾਪੀ ਤੁਮ ਪਾਪ ਖੰਡਨ
ਨੀਕੋ ਠਾਕੁਰ ਦੇਸਾ ॥ ਰਹਾਉ ॥

ہم پاپی تُم پاپ کھنڈن
نِیکو ٹھاکُر دیسا ॥ رہاءُ ॥

ਤੁਮ ਸਭ ਸਾਜੇ ਸਾਜਿ ਨਿਵਾਜੇ
ਜੀਉ ਪਿੰਡੁ ਦੇ ਪ੍ਰਾਨਾ ॥

تُم سبھ ساجے ساجِ نِوازے
جِیءُ پِنڈُ دے پّرانا ॥

ਨਿਰਗੁਨੀਆਰੇ ਗੁਨੁ ਨਹੀ ਕੋਈ
ਤੁਮ ਦਾਨੁ ਦੇਹੁ ਮਿਹਰਵਾਨਾ ॥੨॥

نِرگُنیارے گُنُ نہی کوئی
تُم دانُ دیہُ مِہروانا ۔ ॥2॥

ਤੁਮ ਕਰਹੁ ਭਲਾ ਹਮ ਭਲੋ ਨ ਜਾਨਹ
ਤੁਮ ਸਦਾ ਸਦਾ ਦਇਆਲਾ ॥

تُم کرہُ بھلا ہم بھلو ن جانہ
تُم سدا سدا دیَیالا ॥

ਤੁਮ ਸੁਖਦਾਈ ਪੁਰਖ ਬਿਧਾਤੇ
ਤੁਮ ਰਾਖਹੁ ਅਪੁਨੇ ਬਾਲਾ ॥੩॥

تُم سُکھدائی پُرکھ بِدھاتے
تُم راکھہُ اپُنے بالا ॥3॥

ਤੁਮ ਨਿਧਾਨ ਅਟਲ ਸੁਲਿਤਾਨ
ਜੀਅ ਜੰਤ ਸਭਿ ਜਾਚੈ ॥

تُم نِدھان اٹل سُلِطان
جیء جنّت سبھِ جاچےَ ॥

ਕਹੁ ਨਾਨਕ ਹਮ ਇਹੈ ਹਵਾਲਾ
ਰਾਖੁ ਸੰਤਨ ਕੈ ਪਾਛੈ ॥੪॥੬॥੧੭॥

کہُ نانک ہم اِہےَ حوالا
راکھُ سنّتن کےَ پاچھےَ ॥4॥6॥ 17 ॥

ਸੋਰਠਿ ਮਹਲਾ ੫ ਘਰੁ ੨ ॥

سورٹھِ محلا 5 گھرُ 2 ॥

ਮਾਤ ਗਰਭ ਮਹਿ ਆਪਨ ਸਿਮਰਨੁ ਦੇ
ਤਹ ਤੁਮ ਰਾਖਨਹਾਰੇ ॥

مات گربھ مہِ آپن سِمرنُ دے
تہ تُم راکھنہارے ॥

ਪਾਵਕ ਸਾਗਰ ਅਥਾਹ ਲਹਰਿ ਮਹਿ
ਤਾਰਹੁ ਤਾਰਨਹਾਰੇ ॥੧॥

پاوک ساگر اتھاہ لہرِ مہِ
تارہُ تارنہارے ۔ ॥1॥

ਮਾਧੌ ਤੂ ਠਾਕੁਰੁ ਸਿਰਿ ਮੋਰਾ ॥

مادھوَ تُو ٹھاکُرُ سِرِ مورا ॥

ਈਹਾ ਊਹਾ ਤੁਹਾਰੋ ਧੋਰਾ ॥ ਰਹਾਉ ॥

ایِہا اوُہا تُہارو دھورا ॥ رہاءُ ॥

ਕੀਤੇ ਕਉ ਮੇਰੈ ਸੰਮਾਨੈ
ਕਰਣਹਾਰੁ ਤ੍ਰਿਣੁ ਜਾਨੈ ॥

کِیتے کءُ میرےَ سنّمانے
کرنّہارُ تّرِنُ جانے ॥

ਤੂ ਦਾਤਾ ਮਾਗਨ ਕਉ ਸਗਲੀ
ਦਾਨੁ ਦੇਹਿ ਪ੍ਰਭ ਭਾਨੈ ॥੨॥

تو داتا ماگن ک ءُ سگلی
دانُ دیہِ پربھ بھانے ॥2॥

ਖਿਨ ਮਹਿ ਅਵਰੁ ਖਿਨੈ ਮਹਿ ਅਵਰਾ
ਅਚਰਜ ਚਲਤ ਤੁਮਾਰੇ ॥

کھِن مہِ اورُ کھِنے مہِ اورا
اچرج چلت تُمارے ॥

ਰੂੜੋ ਗੂੜੋ ਗਹਿਰ ਗੰਭੀਰੋ
ਊਚੌ ਅਗਮ ਅਪਾਰੇ ॥੩॥

روُڑو گوُڑو گہِر گنبھیرو
اوُچوَ اگم اپارے ॥3॥

ਸਾਧਸੰਗਿ ਜਉ ਤੁਮਹਿ ਮਿਲਾਇਓ
ਤਉ ਸੁਨੀ ਤੁਮਾਰੀ ਬਾਣੀ ॥

سادھسنگِ ج ءُ تُمہِ مِلائیو
ت ءُ سُنی تُماری باٹی ॥

ਅਨਦੁ ਭਇਆ ਪੇਖਤ ਹੀ ਨਾਨਕ
ਪ੍ਰਤਾਪ ਪੁਰਖ ਨਿਰਬਾਣੀ ॥੪॥੭॥੧੮॥

اندُ بھئیا پیکھت ہی نانک
پرتاپ پُرکھ نِربانی ॥4॥7॥ 18 ॥

ਸੋਰਠਿ ਮਹਲਾ ੫ ॥

سورٹھِ محلا 5 ॥

ਹਮ ਸੰਤਨ ਕੀ ਰੇਨੁ ਪਿਆਰੇ
ਹਮ ਸੰਤਨ ਕੀ ਸਰਣਾ ॥

ہم سنتن کی رینُ پیارے
ہم سنتن کی سرٹا ॥

ਸੰਤ ਹਮਾਰੀ ਓਟ ਸਤਾਣੀ
ਸੰਤ ਹਮਾਰਾ ਗਹਣਾ ॥੧॥

سنت ہماری اوٹ ستانی
سنت ہمارا گہٹا ॥1॥

ਹਮ ਸੰਤਨ ਸਿਉ ਬਣਿ ਆਈ ॥

ہم سنتن سِ ءُ بنِ آئی ॥

ਪੂਰਬਿ ਲਿਖਿਆ ਪਾਈ ॥

پوُربِ لِکھیا پائی ॥

ਇਹੁ ਮਨੁ ਤੇਰਾ ਭਾਈ ॥ ਰਹਾਉ ॥

اِہُ منُ تیرا بھائی ॥ رہاءُ ॥

ਸੰਤਨ ਸਿਉ ਮੇਰੀ ਲੇਵਾ ਦੇਵੀ
ਸੰਤਨ ਸਿਉ ਬਿਉਹਾਰਾ ॥

سنتن سِ ءُ میری لیوا دیوی
سنتن سِ ءُ بِہُارا ॥

ਸੰਤਨ ਸਿਉ ਹਮ ਲਾਹਾ ਖਾਟਿਆ
ਹਰਿ ਭਗਤਿ ਭਰੇ ਭੰਡਾਰਾ ॥੨॥

سنتن سِ ءُ ہم لاہا کھاٹیا
ہرِ بھگتِ بھرے بھنڈارا ॥2॥

ਸੰਤਨ ਮੋ ਕਉ ਪੂੰਜੀ ਸਉਪੀ
ਤਉ ਉਤਰਿਆ ਮਨ ਕਾ ਧੋਖਾ ॥

سنتن مو ک ءُ پونجی سنپی
ت ءُ اُترِیا من کا دھوکھا ॥

ਧਰਮ ਰਾਇ ਅਬ ਕਹਾ ਕਰੈਗੋ

دھرم راءِ اب کہا کریگو

ਜਉ ਫਾਟਿਓ ਸਗਲੋ ਲੇਖਾ ॥੩॥

ج ءُ پھاٹِئو سگلو لیکھا ॥3॥

ਮਹਾ ਅਨੰਦ ਭਏ ਸੁਖੁ ਪਾਇਆ
ਸੰਤਨ ਕੈ ਪਰਸਾਦੇ ॥

مہا انند بھے سُکھُ پائیا
سنتن کے پرسادے ॥

ਕਹੁ ਨਾਨਕ ਹਰਿ ਸਿਉ ਮਨੁ ਮਾਨਿਆ
ਰੰਗਿ ਰਤੇ ਬਿਸਮਾਦੇ ॥੪॥੮॥੧੯॥

کہُ نانک ہرِ سِ ءُ منُ مانِیا
رنگِ رتے بِسمادے ॥4॥8॥ 19 ॥

ਸੋਰਠਿ ਮਃ ੫ ॥

سورٹھِ م: 5 ॥

ਜੇਤੀ ਸਮਗ੍ਰੀ ਦੇਖਹੁ ਰੇ ਨਰ
ਤੇਤੀ ਹੀ ਛਡਿ ਜਾਨੀ ॥

جیتی سمگّری دیکھُ رے نر
تیتی ہی چھڈِ جانی ॥

ਰਾਮ ਨਾਮ ਸੰਗਿ ਕਰਿ ਬਿਉਹਾਰਾ
ਪਾਵਹਿ ਪਦੁ ਨਿਰਬਾਨੀ ॥੧॥

رام نام سنگِ کرِ بِہُارا
پاوہِ پدُ نِربانی ॥1॥

ਪਿਆਰੇ ਤੂ ਮੇਰੋ ਸੁਖਦਾਤਾ ॥

پِیارے توُ میرو سُکھداتا ॥

ਗੁਰਿ ਪੂਰੈ ਦੀਆ ਉਪਦੇਸਾ
ਤੁਮ ਹੀ ਸੰਗਿ ਪਰਾਤਾ ॥ ਰਹਾਉ ॥

گُرِ پوُرے دِیا اُپدیسا
تُم ہی سنگِ پراتا ॥ رہاءُ ॥

ਕਾਮ ਕ੍ਰੋਧ ਲੋਭ ਮੋਹ ਅਭਿਮਾਨਾ
ਤਾ ਮਹਿ ਸੁਖੁ ਨਹੀ ਪਾਈਐ ॥

کام کرّودھ لوبھ موہ ابھِمانا
تا مہِ سُکھُ نہی پائیَے ॥

ਹੋਹੁ ਰੇਨ ਤੂ ਸਗਲ ਕੀ ਮੇਰੇ ਮਨ
ਤਉ ਅਨਦ ਮੰਗਲ ਸੁਖੁ ਪਾਈਐ ॥੨॥

ہوہُ رین توُ سگل کی میرے من
ت ءُ اند منگل سُکھُ پائیَے ॥2॥

ਘਾਲ ਨ ਭਾਨੈ ਅੰਤਰ ਬਿਧਿ ਜਾਨੈ
ਤਾ ਕੀ ਕਰਿ ਮਨ ਸੇਵਾ ॥

گھال ن بھانے انتر بِدھِ جانے
تا کی کرِ من سیوا ॥

ਕਰਿ ਪੂਜਾ ਹੋਮਿ ਇਹੁ ਮਨੂਆ
ਅਕਾਲ ਮੂਰਤਿ ਗੁਰਦੇਵਾ ॥੩॥

کرِ پوُجا ہومِ اِہُ منوُیا
اکال موُرتِ گُردیوا ॥3॥

ਗੋਬਿਦ ਦਾਮੋਦਰ ਦਇਆਲ ਮਾਧਵੇ
ਪਾਰਬ੍ਰਹਮ ਨਿਰੰਕਾਰਾ ॥

گوبِد دامودر دیَال مادھوے
پاربّرہم نِرنکارا ॥

ਨਾਮੁ ਵਰਤਣਿ ਨਾਮੋ ਵਾਲੇਵਾ
ਨਾਮੁ ਨਾਨਕ ਪ੍ਰਾਨ ਅਧਾਰਾ ॥੪॥੯॥੨੦॥

نامُ ورتنِ نامو والیوا
نامُ نانک پّران ادھارا ॥4॥9॥ 20 ॥

ਸੋਰਠਿ ਮਹਲਾ ੫ ॥

ਮਿਰਤਕ ਕਉ ਪਾਇਓ ਤਨਿ ਸਾਸਾ
ਬਿਛੁਰਤ ਆਨਿ ਮਿਲਾਇਆ ॥

ਪਸੂ ਪਰੇਤ ਮੁਗਧ ਭਏ ਸੋਤੇ
ਹਰਿ ਨਾਮਾ ਮੁਖਿ ਗਾਇਆ ॥੧॥

ਪੂਰੇ ਗੁਰ ਕੀ ਦੇਖੁ ਵਡਾਈ ॥

ਤਾ ਕੀ ਕੀਮਤਿ ਕਹਣੁ ਨ ਜਾਈ ॥ ਰਹਾਉ ॥

ਦੂਖ ਸੋਗ ਕਾ ਢਾਹਿਓ ਡੇਰਾ
ਅਨਦ ਮੰਗਲ ਬਿਸਰਾਮਾ ॥

ਮਨ ਬਾਂਛਤ ਫਲ ਮਿਲੇ ਅਚਿੰਤਾ
ਪੂਰਨ ਹੋਏ ਕਾਮਾ ॥੨॥

ਈਹਾ ਸੁਖੁ ਆਗੈ ਮੁਖ ਊਜਲ
ਮਿਟਿ ਗਏ ਆਵਣ ਜਾਣੇ ॥

ਨਿਰਭਉ ਭਏ ਹਿਰਦੈ ਨਾਮੁ ਵਸਿਆ
ਅਪੁਨੇ ਸਤਿਗੁਰ ਕੈ ਮਨਿ ਭਾਣੇ ॥੩॥

ਊਠਤ ਬੈਠਤ ਹਰਿ ਗੁਣ ਗਾਵੈ
ਦੂਖੁ ਦਰਦੁ ਭ੍ਰਮੁ ਭਾਗਾ ॥

ਕਹੁ ਨਾਨਕ ਤਾ ਕੇ ਪੂਰ ਕਰੰਮਾ
ਜਾ ਕਾ ਗੁਰ ਚਰਨੀ ਮਨੁ ਲਾਗਾ ॥੪॥੧੦॥੨੧॥

ਸੋਰਠਿ ਮਹਲਾ ੫ ॥

ਰਤਨੁ ਛਾਡਿ ਕਉਡੀ ਸੰਗਿ ਲਾਗੇ
ਜਾ ਤੇ ਕਛੂ ਨ ਪਾਈਐ ॥

ਪੂਰਨ ਪਾਰਬ੍ਰਹਮ ਪਰਮੇਸੁਰ
ਮੇਰੇ ਮਨ ਸਦਾ ਧਿਆਈਐ ॥੧॥

ਸਿਮਰਹੁ ਹਰਿ ਹਰਿ ਨਾਮੁ ਪਰਾਨੀ ॥

سورٹھِ محلا 5 ॥

مِرتک ک ءُ پائِئو تنِ ساسا
بچھُرت آنِ مِلائِیا ॥

پسُو پریت مُگدھ بھے سّرو تے
ہرِ نامانا مُکھِ گائِیا ॥1॥

پُورے گُر کی دیکھُ وڈائی ॥

تا کی قِیمتِ کہنُ ن جائی ॥ رہاءُ ॥

دوُکھ سوگ کا ڈھاہِئو ڈیرا
اند منگل بِسرامانا ॥

من بانچھت پھل مِلے اچِنّتا
پُورن ہوئے کاما ॥2॥

اِیہا سُکھُ آگے مُکھ اوُجل
مِٹِ گئے آونُ جانے ॥

نِربھ ءُ بھے ہِردے نامُ وسِیا
اپُنے ستِگُر کے منِ بھانے ॥3॥

اوُٹھت بیٹھت ہرِ گُنُ گاوے
دوُکھُ دردُ بھرّمُ بھاگا ॥

کہ نانک تا کے پُور کرنّما
جا کا گُر چرنی منُ لاگا ॥4॥ 10 ॥ 21 ॥

سورٹھِ محلا 5 ॥

رتنُ چھاڈِ کنڈی سنگِ لاگے
جا تے کچھوُ ن پائیئے ॥

پُورن پاربّرہم پریسُر
میرے من سدا دھِیائیئے ॥1॥

سِمرہُ ہرِ ہرِ نامُ پرانی ۔ ॥

ਬਿਨਸੈ ਕਾਚੀ ਦੇਹ ਅਗਿਆਨੀ ॥ ਰਹਾਉ ॥	بِنسے کاچی دیہ اگیانی ۔ ॥ رہاءُ ॥
ਮ੍ਰਿਗ ਤ੍ਰਿਸਨਾ ਅਰੁ ਸੁਪਨ ਮਨੋਰਥ ਤਾ ਕੀ ਕਛੁ ਨ ਵਡਾਈ ॥	مرِگ ترِسنا ارُ سُپن منورتھ تا کی کچھُ ن وڈائی ॥
ਰਾਮ ਭਜਨ ਬਿਨੁ ਕਾਮਿ ਨ ਆਵਸਿ ਸੰਗਿ ਨ ਕਾਹੂ ਜਾਈ ॥੨॥	رام بھجن بِنُ کامِ ن آوسِ سنگِ ن کاہوُ جائی ॥2॥
ਹਉ ਹਉ ਕਰਤ ਬਿਹਾਇ ਅਵਰਦਾ ਜੀਅ ਕੋ ਕਾਮੁ ਨ ਕੀਨਾ ॥	ہءُ ہءُ کرت بِہاءِ اوردا جیء کو کامُ ن کِینا ॥
ਧਾਵਤ ਧਾਵਤ ਨਹ ਤ੍ਰਿਪਤਾਸਿਆ ਰਾਮ ਨਾਮੁ ਨਹੀ ਚੀਨਾ ॥੩॥	دھاوت دھاوت نہ ترِپتاسِیا رام نامُ نہی چِینا ॥3॥
ਸਾਦ ਬਿਕਾਰ ਬਿਖੈ ਰਸ ਮਾਤੋ ਅਸੰਖ ਖਤੇ ਕਰਿ ਫੇਰੇ ॥	ساد بِکار بِکھے رس ماتو اسنکھ خطے کرِ پھیرے ॥
ਨਾਨਕ ਕੀ ਪ੍ਰਭ ਪਾਹਿ ਬਿਨੰਤੀ ਕਾਟਹੁ ਅਵਗੁਣ ਮੇਰੇ ॥੪॥੧੧॥੨੨॥	نانک کی پربھ پاہِ بِنتی کاٹہُ اوگُن میرے ॥4॥ 11 ॥ 22 ॥
ਸੋਰਠਿ ਮਹਲਾ ੫ ॥	سورٹھِ محلا 5 ॥
ਗੁਣ ਗਾਵਹੁ ਪੂਰਨ ਅਬਿਨਾਸੀ ਕਾਮ ਕ੍ਰੋਧ ਬਿਖੁ ਜਾਰੇ ॥	گُن گاوہُ پوُرن ابِناسی کام کرودھ بِکھُ جارے ॥
ਮਹਾ ਬਿਖਮੁ ਅਗਨਿ ਕੋ ਸਾਗਰੁ ਸਾਧੂ ਸੰਗਿ ਉਧਾਰੇ ॥੧॥	مہا بِکھمُ اگنِ کو ساگرُ سادھوُ سنگِ اُدھارے ॥1॥
ਪੂਰੈ ਗੁਰਿ ਮੇਟਿਓ ਭਰਮੁ ਅੰਧੇਰਾ ॥	پوُرے گُرِ میٹیُو بھرمُ اندھیرا ॥
ਭਜੁ ਪ੍ਰੇਮ ਭਗਤਿ ਪ੍ਰਭੁ ਨੇਰਾ ॥ ਰਹਾਉ ॥	بھجُ پریم بھگتِ پربھُ نیرا ॥ رہاءُ ॥
ਹਰਿ ਹਰਿ ਨਾਮੁ ਨਿਧਾਨ ਰਸੁ ਪੀਆ ਮਨ ਤਨ ਰਹੇ ਅਘਾਈ ॥	ہرِ ہرِ نامُ نِدھان رسُ پیِیا من تن رہے اگھائی ॥
ਜਤ ਕਤ ਪੂਰਿ ਰਹਿਓ ਪਰਮੇਸਰੁ ਕਤ ਆਵੈ ਕਤ ਜਾਈ ॥੨॥	جت کت پوُرِ رہِیُو پریسرُ کت آوے کت جائی ۔ ॥2॥
ਜਪ ਤਪ ਸੰਜਮ ਗਿਆਨ ਤਤ ਬੇਤਾ	جپ تپ سنجم گیان تت بیتا

ਜਿਸੁ ਮਨਿ ਵਸੈ ਗੋਪਾਲਾ ॥
جِسُ منِ وسے گوپالا ॥

ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ
ਤਾ ਕੀ ਪੂਰਨ ਘਾਲਾ ॥੩॥
نامُ رتنُ جِنِ گُرمُکھِ پائیا
تا کی پُورن گھالا ॥3॥

ਕਲਿ ਕਲੇਸ ਮਿਟੇ ਦੁਖ ਸਗਲੇ
ਕਾਟੀ ਜਮ ਕੀ ਫਾਸਾ ॥
کلِ کلیس مِٹے دُکھ سگلے
کاٹی جم کی پھاسا ॥

ਕਹੁ ਨਾਨਕ ਪ੍ਰਭਿ ਕਿਰਪਾ ਧਾਰੀ
ਮਨ ਤਨ ਭਏ ਬਿਗਾਸਾ ॥੪॥੧੨॥੨੩॥
کہُ نانک پربھِ کرپا دھاری
من تن بھے بِگاسا ॥4॥ 12 ॥ 23 ॥

ਸੋਰਠਿ ਮਹਲਾ ੫ ॥
سورٹھِ محلا 5 ॥

ਕਰਣ ਕਰਾਵਣਹਾਰ ਪ੍ਰਭੁ ਦਾਤਾ
ਪਾਰਬ੍ਰਹਮ ਪ੍ਰਭੁ ਸੁਆਮੀ ॥
کرنؔ کراوٹہار پربھُ داتا
پاربرہم پربھُ سُیامی ॥

ਸਗਲੇ ਜੀਅ ਕੀਏ ਦਇਆਲਾ
ਸੋ ਪ੍ਰਭੁ ਅੰਤਰਜਾਮੀ ॥੧॥
سگلے جیء کیے دئیالا
سو پربھُ انترجامی ॥1॥

ਮੇਰਾ ਗੁਰੁ ਹੋਆ ਆਪਿ ਸਹਾਈ ॥
میرا گُرُ ہویا آپِ سہائی ॥

ਸੂਖ ਸਹਜ ਆਨੰਦ ਮੰਗਲ ਰਸ
ਅਚਰਜ ਭਈ ਬਡਾਈ ॥ ਰਹਾਉ ॥
سوُکھ سہج آنند منگل رس
اچرج بھئی بڈائی ॥ رہاءُ ॥

ਗੁਰ ਕੀ ਸਰਣਿ ਪਏ ਭੈ ਨਾਸੇ
ਸਾਚੀ ਦਰਗਹ ਮਾਨੇ ॥
گُر کی سرنؔ پے بھے ناسے
ساچی درگہ مانے ॥

ਗੁਣ ਗਾਵਤ ਆਰਾਧਿ ਨਾਮੁ ਹਰਿ
ਆਏ ਅਪੁਨੈ ਥਾਨੇ ॥੨॥
گُنؔ گاوت آرادھِ نامُ ہرِ
آئے اپُنے تھانے ॥2॥

ਜੈ ਜੈ ਕਾਰੁ ਕਰੈ ਸਭ ਉਸਤਤਿ
ਸੰਗਤਿ ਸਾਧ ਪਿਆਰੀ ॥
جے جے کارُ کرے سبھ اُستتِ
سنگتِ سادھ پِیاری ॥

ਸਦ ਬਲਿਹਾਰਿ ਜਾਉ ਪ੍ਰਭ ਅਪੁਨੇ
ਜਿਨਿ ਪੂਰਨ ਪੈਜ ਸਵਾਰੀ ॥੩॥
سد بلِہارِ جاءُ پربھ اپُنے
جِنِ پُورن پیج سواری ॥3॥

ਗੋਸਟਿ ਗਿਆਨੁ ਨਾਮੁ ਸੁਣਿ ਉਧਰੇ
ਜਿਨਿ ਜਿਨਿ ਦਰਸਨੁ ਪਾਇਆ ॥
گوسٹِ گیانُ نامُ سُنؔ اُدھرے
جِنِ جِنِ درسنُ پائیا ॥

ਭਇਓ ਕ੍ਰਿਪਾਲੁ ਨਾਨਕ ਪ੍ਰਭੁ ਅਪੁਨਾ
ਅਨਦ ਸੇਤੀ ਘਰਿ ਆਇਆ ॥੪॥੧੩॥੨੪॥

بھئیو کرپالُ نانک پربھُ اپُنا
اند سیتی گھرِ آئیا ॥4॥ 13 ॥ 24 ॥

ਸੋਰਠਿ ਮਹਲਾ ੫ ॥

سورٹھِ محلا 5 ॥

ਪ੍ਰਭ ਕੀ ਸਰਣਿ ਸਗਲ ਭੈ ਲਾਥੇ
ਦੁਖ ਬਿਨਸੇ ਸੁਖੁ ਪਾਇਆ ॥

پربھ کی سرنِ سگل بھے لاتھے
دُکھ بِنسے سُکھُ پائیا ॥

ਦਇਆਲੁ ਹੋਆ ਪਾਰਬ੍ਰਹਮੁ ਸੁਆਮੀ
ਪੂਰਾ ਸਤਿਗੁਰੁ ਧਿਆਇਆ ॥੧॥

دئیالُ ہویا پاربرہمُ سُیامی
پُورا ستِگُرُ دھیائیا ॥1॥

ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ ॥

پربھ جیءُ توُ میرو صاحِبُ داتا ॥

ਕਰਿ ਕਿਰਪਾ ਪ੍ਰਭ ਦੀਨ ਦਇਆਲਾ
ਗੁਣ ਗਾਵਉ ਰੰਗਿ ਰਾਤਾ ॥ ਰਹਾਉ ॥

کرِ کرپا پربھ دِین دئیالا
گُن گاوءُ رنگِ راتا ॥ رہاءُ ॥

ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ
ਚਿੰਤਾ ਸਗਲ ਬਿਨਾਸੀ ॥

ستِگُرِ نامُ نِدھانُ دڑِڑائیا
چِنتا سگل بِناسی ॥

ਕਰਿ ਕਿਰਪਾ ਅਪੁਨੋ ਕਰਿ ਲੀਨਾ
ਮਨਿ ਵਸਿਆ ਅਬਿਨਾਸੀ ॥੨॥

کرِ کرپا اپُنو کرِ لینا
منِ وسِیا اِبناسی ॥2॥

ਤਾ ਕਉ ਬਿਘਨੁ ਨ ਕੋਊ ਲਾਗੈ
ਜੋ ਸਤਿਗੁਰਿ ਅਪੁਨੈ ਰਾਖੇ ॥

تا کءُ بِگھنُ ن کوئُو لاگے
جو ستِگُرِ اپُنے راکھے ॥

ਚਰਨ ਕਮਲ ਬਸੇ ਰਿਦ ਅੰਤਰਿ
ਅੰਮ੍ਰਿਤ ਹਰਿ ਰਸੁ ਚਾਖੇ ॥੩॥

چرن کمل بسے رِد انتر
انمّرت ہرِ رسُ چاکھے ॥3॥

ਕਰਿ ਸੇਵਾ ਸੇਵਕ ਪ੍ਰਭ ਅਪੁਨੇ
ਜਿਨਿ ਮਨ ਕੀ ਇਛ ਪੁਜਾਈ ॥

کرِ سیوا سیوک پربھ اپُنے
جِنِ من کی اِچھ پُجائی ॥

ਨਾਨਕ ਦਾਸ ਤਾ ਕੈ ਬਲਿਹਾਰੈ
ਜਿਨਿ ਪੂਰਨ ਪੈਜ ਰਖਾਈ ॥੪॥੧੪॥੨੫॥

نانک داس تا کے بلِہارے
جِنِ پُورن پیج رکھائی ॥4॥ 14 ॥ 25 ॥

ਸੋਰਠਿ ਮਹਲਾ ੫ ॥

سورٹھِ محلا 5 ॥

ਮਾਇਆ ਮੋਹ ਮਗਨੁ ਅੰਧਿਆਰੈ
ਦੇਵਨਹਾਰੁ ਨ ਜਾਨੈ ॥

مائیا موہ مگنُ اندھیارے
دیونہارُ ن جانے ॥

ਜੀਉ ਪਿੰਡੁ ਸਾਜਿ ਜਿਨਿ ਰਚਿਆ
ਬਲੁ ਅਪੁਨੋ ਕਰਿ ਮਾਨੈ ॥੧॥

جیِءُ پِنڈُ ساجِ جِنِ رچِیا
بلُ اپُنو کرِ مانے ॥1॥

ਮਨ ਮੂੜੇ ਦੇਖਿ ਰਹਿਓ ਪ੍ਰਭ ਸੁਆਮੀ ॥

من موُڑے دیکھِ رہِئو پربھ سُیامی ॥

ਜੋ ਕਿਛੁ ਕਰਹਿ ਸੋਈ ਸੋਈ ਜਾਣੈ
ਰਹੈ ਨ ਕਛੂਐ ਛਾਨੀ ॥ ਰਹਾਉ ॥

جو کِچھُ کرہِ سوئی سوئی جانے
رہے ن کچھوُئے چھانی ॥ رہاءُ ॥

ਜਿਹਵਾ ਸੁਆਦ ਲੋਭ ਮਦਿ ਮਾਤੋ
ਉਪਜੇ ਅਨਿਕ ਬਿਕਾਰਾ ॥

جِہوا سُیاد لوبھ مدِ ماتو
اُپجے انِک بِکارا ॥

ਬਹੁਤੁ ਜੋਨਿ ਭਰਮਤ ਦੁਖੁ ਪਾਇਆ
ਹਉਮੈ ਬੰਧਨ ਕੇ ਭਾਰਾ ॥੨॥

بہُتُ جونِ بھرمت دُکھُ پائیا
ہئُمے بندھن کے بھارا ॥2॥

ਦੇਇ ਕਿਵਾੜ ਅਨਿਕ ਪੜਦੇ ਮਹਿ
ਪਰ ਦਾਰਾ ਸੰਗਿ ਫਾਕੈ ॥

دےءِ کِواڑ انِک پڑدے مہِ
پر دارا سنگِ پھاکے ॥

ਚਿਤ੍ਰ ਗੁਪਤੁ ਜਬ ਲੇਖਾ ਮਾਗਹਿ
ਤਬ ਕਉਣੁ ਪੜਦਾ ਤੇਰਾ ਢਾਕੈ ॥੩॥

چِتّر گُپتُ جب لیکھا ماگہِ
تب کُنُ پڑدا تیرا ڈھاکے ۔ ॥3॥

ਦੀਨ ਦਇਆਲ ਪੂਰਨ ਦੁਖ ਭੰਜਨ
ਤੁਮ ਬਿਨੁ ਓਟ ਨ ਕਾਈ ॥

دِین دئیال پوُرن دُکھ بھنجن
تُم بِنُ اوٹ ن کائی ॥

ਕਾਢਿ ਲੇਹੁ ਸੰਸਾਰ ਸਾਗਰ ਮਹਿ
ਨਾਨਕ ਪ੍ਰਭ ਸਰਣਾਈ ॥੪॥੧੫॥੨੬॥

کاڈھِ لیہُ سنّسار ساگر مہِ
نانک پربھ سرٹائی ॥4॥ 15 ॥ 26 ॥

ਸੋਰਠਿ ਮਹਲਾ ੫ ॥

سورٹھِ محلا 5 ॥

ਪਾਰਬ੍ਰਹਮੁ ਹੋਆ ਸਹਾਈ
ਕਥਾ ਕੀਰਤਨੁ ਸੁਖਦਾਈ ॥

پاربرہمُ ہویا سہائی
کتھا کیرتنُ سُکھدائی ॥

ਗੁਰ ਪੂਰੇ ਕੀ ਬਾਣੀ
ਜਪਿ ਅਨਦੁ ਕਰਹੁ ਨਿਤ ਪ੍ਰਾਣੀ ॥੧॥

گُر پوُرے کی باٹی
جپِ اندُ کرہُ نِت پراٹی ۔ ॥1॥

ਹਰਿ ਸਾਚਾ ਸਿਮਰਹੁ ਭਾਈ ॥

ہرِ ساچا سِمرہُ بھائی ۔ ॥

ਸਾਧਸੰਗਿ ਸਦਾ ਸੁਖੁ ਪਾਈਐ
ਹਰਿ ਬਿਸਰਿ ਨ ਕਬਹੂ ਜਾਈ ॥ ਰਹਾਉ ॥

سادھسنگِ سدا سُکھُ پائیئے
ہرِ بسرِ ن کبہوُ جائی ॥ رہاءُ ॥

ਅੰਮ੍ਰਿਤ ਨਾਮੁ ਪਰਮੇਸਰੁ ਤੇਰਾ
ਜੋ ਸਿਮਰੈ ਸੋ ਜੀਵੈ ॥

ਜਿਸ ਨੋ ਕਰਮਿ ਪਰਾਪਤਿ ਹੋਵੈ
ਸੋ ਜਨੁ ਨਿਰਮਲੁ ਥੀਵੈ ॥੨॥

ਬਿਘਨ ਬਿਨਾਸਨ ਸਭਿ ਦੁਖ ਨਾਸਨ
ਗੁਰ ਚਰਣੀ ਮਨੁ ਲਾਗਾ ॥

ਗੁਣ ਗਾਵਤ ਅਚੁਤ ਅਬਿਨਾਸੀ
ਅਨਦਿਨੁ ਹਰਿ ਰੰਗਿ ਜਾਗਾ ॥੩॥

ਮਨ ਇਛੇ ਸੇਈ ਫਲ ਪਾਏ
ਹਰਿ ਕੀ ਕਥਾ ਸੁਹੇਲੀ ॥

ਆਦਿ ਅੰਤਿ ਮਧਿ ਨਾਨਕ ਕਉ
ਸੋ ਪ੍ਰਭੁ ਹੋਆ ਬੇਲੀ ॥੪॥੧੬॥੨੭॥

ਸੋਰਠਿ ਮਹਲਾ ੫ ਪੰਚਪਦਾ ॥

ਬਿਨਸੈ ਮੋਹੁ ਮੇਰਾ ਅਰੁ ਤੇਰਾ
ਬਿਨਸੈ ਅਪਨੀ ਧਾਰੀ ॥੧॥

ਸੰਤਹੁ ਇਹਾ ਬਤਾਵਹੁ ਕਾਰੀ ॥

ਜਿਤੁ ਹਉਮੈ ਗਰਬੁ ਨਿਵਾਰੀ ॥੧॥ ਰਹਾਉ ॥

ਸਰਬ ਭੂਤ ਪਾਰਬ੍ਰਹਮੁ ਕਰਿ ਮਾਨਿਆ
ਹੋਵਾਂ ਸਗਲ ਰੇਨਾਰੀ ॥੨॥

ਪੇਖਿਓ ਪ੍ਰਭ ਜੀਉ ਅਪੁਨੈ ਸੰਗੇ
ਚੂਕੈ ਭੀਤਿ ਭ੍ਰਮਾਰੀ ॥੩॥

ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ
ਪਾਈਐ ਗੁਰੂ ਦੁਆਰੀ ॥੪॥

ਕਹੁ ਨਾਨਕ ਜਿਸੁ ਮਸਤਕਿ ਲਿਖਿਆ
ਤਿਸੁ ਗੁਰ ਮਿਲਿ ਰੋਗ ਬਿਦਾਰੀ ॥੫॥੧੭॥੨੮॥

اَنمّرِت نامُ پرمیسرُ تیرا
جو سِمرے سو جیِوے ॥

جِس نو کرمِ پراپتِ ہووے
سو جنُ نِرملُ تھیِوے ॥2॥

بِگھن بِناسن سبھِ دُکھ ناسن
گُر چرنٹی منُ لاگا ॥

گُنٹ گاوت اچُت اِبناسی
اندِنُ ہرِ رنگِ جاگا ॥3॥

من اِچھے سیئی پھل پائے
ہرِ کی کتھا سُہیلی ॥

آدِ انّتِ مدھِ نانک کءُ
سو پّربھُ ہویا بیلی ॥4॥ 16 ॥ 27 ॥

سورٹھِ محلا 5 پنچّپدا ॥

بِنسے موہُ میرا ارُ تیرا
بِنسے اپنی دھاری ॥1॥

سنّتہُ اِہا بتاوہُ کاری ॥

جِتُ ہمئے گربُ نِواری ॥1॥ رہاءُ ॥

سرب بھوُت پاربّرہمُ کرِ مانِیا
ہوواں سگل رینارِی ॥2॥

پیکھِئو پّربھ جیءُ اپُنے سنگے
چوُکے بھیتِ بھّرماری ॥3॥

اَنکھدھُ نامُ نِرمل جلُ اَنمّرِتُ
پائیئے گُرہُ دُیاری ॥4॥

کہُ نانک جِسُ مستکِ لِکھیا
تِسُ گُر ملِ روگ بِداری ॥5॥ 17 ॥ 28 ॥

ਸੋਰਠਿ ਮਹਲਾ ੫ ਘਰੁ ੨ ਦੁਪਦੇ

سورٹھِ محلا 5 گھرُ 2 دُپدے

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸਗਲ ਬਨਸਪਤਿ ਮਹਿ ਬੈਸੰਤਰੁ
ਸਗਲ ਦੂਧ ਮਹਿ ਘੀਆ ॥

سگل بنسپتِ مہِ بیسنّترُ
سگل دوُدھ مہِ گھِیا ॥

ਊਚ ਨੀਚ ਮਹਿ ਜੋਤਿ ਸਮਾਣੀ
ਘਟਿ ਘਟਿ ਮਾਧਉ ਜੀਆ ॥੧॥

اوُچ نِیچ مہِ جوتِ سماٹی
گھٹِ گھٹِ مادھءُ جِیا ॥1॥

ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥

سنّتہٗ گھٹِ گھٹِ رہِیا سماہِئو ॥

ਪੂਰਨ ਪੂਰਿ ਰਹਿਓ ਸਰਬ ਮਹਿ
ਜਲਿ ਥਲਿ ਰਮਈਆ ਆਹਿਓ ॥੧॥ ਰਹਾਉ ॥

پوُرن پوُرِ رہِئو سرب مہِ
جلِ تھلِ رمئیا آہِئو ॥1॥ رہاءُ ॥

ਗੁਣ ਨਿਧਾਨ ਨਾਨਕੁ ਜਸੁ ਗਾਵੈ
ਸਤਿਗੁਰਿ ਭਰਮੁ ਚੁਕਾਇਓ ॥

گُٹ نِدھان نانکُ جسُ گاوےَ
ستِگُرِ بھرمُ چُکائِئو ॥

ਸਰਬ ਨਿਵਾਸੀ ਸਦਾ ਅਲੇਪਾ
ਸਭ ਮਹਿ ਰਹਿਆ ਸਮਾਇਓ ॥੨॥੧॥੨੯॥

سرب نِواسی سدا الیپا
سبھ مہِ رہِیا سمائِئو ॥2॥1॥ 29 ॥

ਸੋਰਠਿ ਮਹਲਾ ੫ ॥

سورٹھِ محلا 5 ॥

ਜਾ ਕੈ ਸਿਮਰਣਿ ਹੋਇ ਅਨੰਦਾ
ਬਿਨਸੈ ਜਨਮ ਮਰਣ ਭੈ ਦੁਖੀ ॥

جا کےَ سِمرنٹِ ہوءِ انندا
بِنسےَ جنم مرنٹ بھےَ دُکھی ॥

ਚਾਰਿ ਪਦਾਰਥ ਨਵ ਨਿਧਿ ਪਾਵਹਿ
ਬਹੁਰਿ ਨ ਤ੍ਰਿਸਨਾ ਭੁਖੀ ॥੧॥

چارِ پدارتھ نو نِدھِ پاوہِ
بہُرِ ن تّرِسنا بھُکھی ॥1॥

ਜਾ ਕੋ ਨਾਮੁ ਲੈਤ ਤੂ ਸੁਖੀ ॥

جا کو نامُ لیَت توُ سُکھی ॥

ਸਾਸਿ ਸਾਸਿ ਧਿਆਵਹੁ ਠਾਕੁਰ ਕਉ
ਮਨ ਤਨ ਜੀਅਰੇ ਮੁਖੀ ॥੧॥ ਰਹਾਉ ॥

ساسِ ساسِ دھِیاوہُ ٹھاکُر کءُ
من تن جِیئرے مُکھی ॥1॥ رہاءُ ॥

ਸਾਂਤਿ ਪਾਵਹਿ ਹੋਵਹਿ ਮਨ ਸੀਤਲ
ਅਗਨਿ ਨ ਅੰਤਰਿ ਧੁਖੀ ॥

سانْتِ پاوہِ ہووہِ من سِیتل
اگنِ ن انترِ دھُکھی ॥

ਗੁਰ ਨਾਨਕ ਕਉ ਪ੍ਰਭੂ ਦਿਖਾਇਆ
ਜਲਿ ਥਲਿ ਤ੍ਰਿਭਵਣਿ ਰੁਖੀ ॥੨॥੨॥੩੦॥

گُر نانک کءُ پّربھوُ دِکھائیا
جلِ تھلِ تّربھونٹِ رُکھی ॥2॥2॥ 30 ॥

ਸੋਰਠਿ ਮਹਲਾ ੫ ॥

ਕਾਮ ਕ੍ਰੋਧ ਲੋਭ ਝੂਠ ਨਿੰਦਾ
ਇਨ ਤੇ ਆਪਿ ਛਡਾਵਹੁ ॥

ਇਹ ਭੀਤਰ ਤੇ ਇਨ ਕਉ ਡਾਰਹੁ
ਆਪਨ ਨਿਕਟਿ ਬੁਲਾਵਹੁ ॥੧॥

ਅਪੁਨੀ ਬਿਧਿ ਆਪਿ ਜਨਾਵਹੁ ॥

ਹਰਿ ਜਨ ਮੰਗਲ ਗਾਵਹੁ ॥੧॥ ਰਹਾਉ ॥

ਬਿਸਰੁ ਨਾਹੀ ਕਬਹੂ ਹੀਏ ਤੇ
ਇਹ ਬਿਧਿ ਮਨ ਮਹਿ ਪਾਵਹੁ ॥

ਗੁਰੁ ਪੂਰਾ ਭੇਟਿਓ ਵਡਭਾਗੀ
ਜਨ ਨਾਨਕ ਕਤਹਿ ਨ ਧਾਵਹੁ ॥੨॥੩॥੩੧॥

ਸੋਰਠਿ ਮਹਲਾ ੫ ॥

ਜਾ ਕੈ ਸਿਮਰਣਿ ਸਭੁ ਕਛੁ ਪਾਈਐ
ਬਿਰਥੀ ਘਾਲ ਨ ਜਾਈ ॥

ਤਿਸੁ ਪ੍ਰਭ ਤਿਆਗਿ ਅਵਰ ਕਤ ਰਾਚਹੁ
ਜੋ ਸਭ ਮਹਿ ਰਹਿਆ ਸਮਾਈ ॥੧॥

ਹਰਿ ਹਰਿ ਸਿਮਰਹੁ ਸੰਤ ਗੋਪਾਲਾ ॥

ਸਾਧਸੰਗਿ ਮਿਲਿ ਨਾਮੁ ਧਿਆਵਹੁ
ਪੂਰਨ ਹੋਵੈ ਘਾਲਾ ॥੧॥ ਰਹਾਉ ॥

ਸਾਰਿ ਸਮਾਲੈ ਨਿਤਿ ਪ੍ਰਤਿਪਾਲੈ
ਪ੍ਰੇਮ ਸਹਿਤ ਗਲਿ ਲਾਵੈ ॥

ਕਹੁ ਨਾਨਕ ਪ੍ਰਭ ਤੁਮਰੇ ਬਿਸਰਤ
ਜਗਤ ਜੀਵਨੁ ਕੈਸੇ ਪਾਵੈ ॥੨॥੪॥੩੨॥

ਸੋਰਠਿ ਮਹਲਾ ੫ ॥

ਅਬਿਨਾਸੀ ਜੀਅਨ ਕੋ ਦਾਤਾ

سورٹھِ محلا 5 ॥

کام کرودھ لوبھ جھوٹھ نِندا
اِن تے آپِ چھڈاوہُ ॥

اِہ بھیتر تے اِن ک ءُ ڈارہُ
آپن نِکٹِ بُلاوہُ ॥1॥

اپُنی بِدھِ آپِ جناوہُ ॥

ہرِ جن منگل گاوہُ ॥1॥ رہاءُ ॥

بِسرُ ناہی کبہُو ہیئے تے
اِہ بِدھِ من مہِ پاوہُ ॥

گُرُ پُورا بھیٹِئو وڈبھاگی
جن نانک کتہِ ن دھاوہُ ॥2॥3॥ 31 ॥

سورٹھِ محلا 5 ॥

جا کے سِمرنِ سبھُ کچھُ پائیے
بِرتھی گھال ن جائی ॥

تِس پربھ تِیاگِ اور کت راچہُ
جو سبھ مہِ رہِیا سمائی ॥1॥

ہرِ ہرِ سِمرہُ سنت گوپالا ॥

سادھسنگِ مِلِ نامُ دھِیاوہُ
پُورن ہووے گھالا ॥1॥ رہاءُ ॥

سارِ سمالے نِتِ پرتپالے
پریم سہِت گلِ لاوے ॥

کہُ نانک پربھ تُمرے بِسرت
جگت جیونُ کیسے پاوے ۔ ॥2॥4॥ 32 ॥

سورٹھِ محلا 5 ॥

اِبناسی جیئن کو داتا

ਸਿਮਰਤ ਸਭ ਮਲੁ ਖੋਈ ॥

سِمرت سبھ مَلُ کھوئی ॥

ਗੁਣ ਨਿਧਾਨ ਭਗਤਨ ਕਉ ਬਰਤਨਿ
ਬਿਰਲਾ ਪਾਵੈ ਕੋਈ ॥੧॥

گُن نِدھان بھگتن ک ءُ برتنِ
بِرلا پاوے کوئی ॥1॥

ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ ॥

میرے من جپِ گُر گوپال پربھُ سوئی ॥

ਜਾ ਕੀ ਸਰਣਿ ਪਇਆ ਸੁਖੁ ਪਾਈਐ
ਬਾਹੁੜਿ ਦੂਖੁ ਨ ਹੋਈ ॥੧॥ ਰਹਾਉ ॥

جا کی سرنِ پئیا سُکھُ پائیئے
باہُڑِ دوُکھُ ن ہوئی ॥1॥ رہاءُ ॥

ਵਡਭਾਗੀ ਸਾਧਸੰਗੁ ਪਰਾਪਤਿ
ਤਿਨ ਭੇਟਤ ਦੁਰਮਤਿ ਖੋਈ ॥

وڈبھاگی سادھسنگُ پراپتِ
تِن بھیٹت دُرمتِ کھوئی ॥

ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ
ਜਿਨ ਹਰਿ ਨਾਮੁ ਰਿਦੈ ਪਰੋਈ ॥੨॥੫॥੩੩॥

تِن کی دھوُرِ نانکُ داسُ باچھے
جِن ہرِ نامُ رِدے پروئی ॥2॥5॥ 33 ॥

ਸੋਰਠਿ ਮਹਲਾ ੫ ॥

سورٹھِ محلا 5 ॥

ਜਨਮ ਜਨਮ ਕੇ ਦੂਖ ਨਿਵਾਰੈ
ਸੂਕਾ ਮਨੁ ਸਾਧਾਰੈ ॥

جنم جنم کے دوُکھ نِوارے
سوُکا منُ سادھارے ॥

ਦਰਸਨੁ ਭੇਟਤ ਹੋਤ ਨਿਹਾਲਾ
ਹਰਿ ਕਾ ਨਾਮੁ ਬੀਚਾਰੈ ॥੧॥

درسنُ بھیٹت ہوت نِہالا
ہرِ کا نامُ بیچارے ॥1॥

ਮੇਰਾ ਬੈਦੁ ਗੁਰੂ ਗੋਵਿੰਦਾ ॥

میرا بیَدُ گُرُو گووِندا ॥

ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ
ਕਾਟੈ ਜਮ ਕੀ ਫੰਧਾ ॥੧॥ ਰਹਾਉ ॥

ہرِ ہرِ نامُ اَنکھدھُ مُکھِ دیوے
کاٹے جم کی پھندّھا ॥1॥ رہاءُ ॥

ਸਮਰਥ ਪੁਰਖ ਪੂਰਨ ਬਿਧਾਤੇ
ਆਪੇ ਕਰਣੈਹਾਰਾ ॥

سمرتھ پُرکھ پوُرن بِدھاتے
آپے کرتَیہارا ॥

ਅਪੁਨਾ ਦਾਸੁ ਹਰਿ ਆਪਿ ਉਬਾਰਿਆ
ਨਾਨਕ ਨਾਮ ਅਧਾਰਾ ॥੨॥੬॥੩੪॥

اپُنا داسُ ہرِ آپِ اُبارِیا
نانک نام ادھارا ॥2॥6॥ 34 ॥

ਸੋਰਠਿ ਮਹਲਾ ੫ ॥

سورٹھِ محلا 5 ॥

ਅੰਤਰ ਕੀ ਗਤਿ ਤੁਮ ਹੀ ਜਾਨੀ
ਤੁਝ ਹੀ ਪਾਹਿ ਨਿਬੇਰੋ ॥

انتر کی گتِ تُم ہی جانی
تُجھ ہی پاہِ نِبیرو ॥

ਬਖਸਿ ਲੈਹੁ ਸਾਹਿਬ ਪ੍ਰਭ ਅਪਨੇ
ਲਾਖ ਖਤੇ ਕਰਿ ਫੇਰੋ ॥੧॥

بخش لیہُ صاحب پربھ اپنے
لاکھ خطے کرِ پھیرو ॥1॥

ਪ੍ਰਭ ਜੀ ਤੂ ਮੇਰੋ ਠਾਕੁਰੁ ਨੇਰੋ ॥

پربھ جی توُ میرو ٹھاکُر نیرو ॥

ਹਰਿ ਚਰਣ ਸਰਣ ਮੋਹਿ ਚੇਰੋ ॥੧॥ ਰਹਾਉ ॥

ہرِ چرنؒ سرنؒ موہِ چیرو ॥1॥ رہاءُ ॥

ਬੇਸੁਮਾਰ ਬੇਅੰਤ ਸੁਆਮੀ
ਊਚੋ ਗੁਨੀ ਗਹੇਰੋ ॥

بیشُمار بیئنّت سُیامی
اوُچو گُنی گہیرو ۔ ॥

ਕਾਟਿ ਸਿਲਕ ਕੀਨੋ ਅਪੁਨੋ ਦਾਸਰੋ
ਤਉ ਨਾਨਕ ਕਹਾ ਨਿਹੋਰੋ ॥੨॥੭॥੩੫॥

کاٹِ سِلک کِینو اپُنو داسرو
تءُ نانک کہا نِہورو ۔ ॥2॥7॥ 35 ॥

ਸੋਰਠਿ ਮਃ ੫ ॥

سورٹھِ م: 5 ॥

ਭਏ ਕ੍ਰਿਪਾਲ ਗੁਰੂ ਗੋਵਿੰਦਾ
ਸਗਲ ਮਨੋਰਥ ਪਾਏ ॥

بھئے کرِپال گُرو گووِندا
سگل منورتھ پائے ॥

ਅਸਥਿਰ ਭਏ ਲਾਗਿ ਹਰਿ ਚਰਣੀ
ਗੋਵਿੰਦ ਕੇ ਗੁਣ ਗਾਏ ॥੧॥

استھِر بھئے لاگِ ہرِ چرنؒی
گووِنّد کے گُنؒ گائے ॥1॥

ਭਲੋ ਸਮੂਰਤੁ ਪੂਰਾ ॥

بھلو سموُرتُ پوُرا ॥

ਸਾਂਤਿ ਸਹਜ ਆਨੰਦ ਨਾਮੁ ਜਪਿ
ਵਾਜੇ ਅਨਹਦ ਤੂਰਾ ॥੧॥ ਰਹਾਉ ॥

سانتِ سہج آننّد نامُ جپِ
واجے انہد توُرا ॥1॥ رہاءُ ॥

ਮਿਲੇ ਸੁਆਮੀ ਪ੍ਰੀਤਮ ਅਪੁਨੇ
ਘਰ ਮੰਦਰ ਸੁਖਦਾਈ ॥

مِلے سُیامی پریتم اپُنے
گھر منّدر سُکھدائی ॥

ਹਰਿ ਨਾਮੁ ਨਿਧਾਨੁ ਨਾਨਕ ਜਨ ਪਾਇਆ
ਸਗਲੀ ਇਛ ਪੁਜਾਈ ॥੨॥੮॥੩੬॥

ہرِ نامُ نِدھانُ نانک جن پائیا
سگلی اِچھ پُجائی ॥2॥8॥ 36 ॥

ਸੋਰਠਿ ਮਹਲਾ ੫ ॥

سورٹھِ محلا 5 ॥

ਗੁਰ ਕੇ ਚਰਨ ਬਸੇ ਰਿਦ ਭੀਤਰਿ
ਸੁਭ ਲਖਣ ਪ੍ਰਭਿ ਕੀਨੇ ॥

گُر کے چرن بسے رِد بھیترِ
سُبھ لکھنؒ پربھِ کِینے ॥

ਭਏ ਕ੍ਰਿਪਾਲ ਪੂਰਨ ਪਰਮੇਸਰ
ਨਾਮ ਨਿਧਾਨ ਮਨਿ ਚੀਨੇ ॥੧॥

بھئے کرِپال پوُرن پرمیسر
نام نِدھان منِ چینے ॥1॥

ਮੇਰੋ ਗੁਰੁ ਰਖਵਾਰੋ ਮੀਤ ॥

میرو گُرُ رکھوارو میت ॥

ਦੂਣ ਚਉਣੀ ਦੇ ਵਡਿਆਈ
ਸੋਭਾ ਨੀਤਾ ਨੀਤ ॥੧॥ ਰਹਾਉ ॥

دوُنْ چئوُنْی دے وڈِیائی
سوبھا نِیتا نِیت ॥1॥ رہاءُ ॥

ਜੀਅ ਜੰਤ ਪ੍ਰਭਿ ਸਗਲ ਉਧਾਰੇ
ਦਰਸਨੁ ਦੇਖਣਹਾਰੇ ॥

جیء جنّت پربھِ سگل اُدھارے
درسنُ دیکھنْہارے ॥

ਗੁਰ ਪੂਰੇ ਕੀ ਅਚਰਜ ਵਡਿਆਈ
ਨਾਨਕ ਸਦ ਬਲਿਹਾਰੇ ॥੨॥੯॥੩੭॥

گُر پوُرے کی اچرج وڈِیائی
نانک سد بلِہارے ॥2॥9॥ 37 ॥

ਸੋਰਠਿ ਮਹਲਾ ੫ ॥

سورٹھِ محلا 5 ॥

ਸੰਚਨਿ ਕਰਉ ਨਾਮ ਧਨੁ ਨਿਰਮਲ
ਥਾਤੀ ਅਗਮ ਅਪਾਰ ॥

سنچَنِ کرءُ نام دھنُ نِرمل
تھاتی اگم اپار ॥

ਬਿਲਛਿ ਬਿਨੋਦ ਆਨੰਦ ਸੁਖ ਮਾਣਹੁ
ਖਾਇ ਜੀਵਹੁ ਸਿਖ ਪਰਵਾਰ ॥੧॥

بِلچھِ بِنود آنند سُکھ ماٹہُ
کھاءِ جیوہُ سِکھ پروار ۔ ॥1॥

ਹਰਿ ਕੇ ਚਰਨ ਕਮਲ ਆਧਾਰ ॥

ہرِ کے چرن کمل آدھار ॥

ਸੰਤ ਪ੍ਰਸਾਦਿ ਪਾਇਓ ਸਚ ਬੋਹਿਥੁ
ਚੜਿ ਲੰਘਉ ਬਿਖੁ ਸੰਸਾਰ ॥੧॥ ਰਹਾਉ ॥

سنّت پرسادِ پائیو سچ بوہتھُ
چڑِ لنگھءُ بِکھُ سنّسار ॥1॥ رہاءُ ॥

ਭਏ ਕ੍ਰਿਪਾਲ ਪੂਰਨ ਅਬਿਨਾਸੀ
ਆਪਹਿ ਕੀਨੀ ਸਾਰ ॥

بھئے کِرپال پوُرن اِبناسی
آپہِ کِینی سار ॥

ਪੇਖਿ ਪੇਖਿ ਨਾਨਕ ਬਿਗਸਾਨੋ
ਨਾਨਕ ਨਾਹੀ ਸੁਮਾਰ ॥੨॥੧੦॥੩੮॥

پیکھِ پیکھِ نانک بِگسانو
نانک ناہی شُمار ॥2॥ 10 ॥ 38 ॥

ਸੋਰਠਿ ਮਹਲਾ ੫ ॥

سورٹھِ محلا 5 ॥

ਗੁਰਿ ਪੂਰੈ ਅਪਨੀ ਕਲ ਧਾਰੀ
ਸਭ ਘਟ ਉਪਜੀ ਦਇਆ ॥

گُرِ پوُرے اپنی کل دھاری
سبھ گھٹ اُپجی دیَیا ॥

ਆਪੇ ਮੇਲਿ ਵਡਾਈ ਕੀਨੀ
ਕੁਸਲ ਖੇਮ ਸਭ ਭਇਆ ॥੧॥

آپے میلِ وڈائی کِینی
کُسل کھیم سبھ بھئیا ॥1॥

ਸਤਿਗੁਰੁ ਪੂਰਾ ਮੇਰੈ ਨਾਲਿ ॥

ستِگُرُ پوُرا میرے نالِ ॥

ਪਾਰਬ੍ਰਹਮੁ ਜਪਿ ਸਦਾ ਨਿਹਾਲ ॥ ਰਹਾਉ ॥

پاربرہمُ جپِ سدا نِہال ॥ رہاءُ ॥

ਅੰਤਰਿ ਬਾਹਰਿ ਥਾਨ ਥਨੰਤਰਿ
ਜਤ ਕਤ ਪੇਖਉ ਸੋਈ ॥

انترِ باہرِ تھان تھنتّرِ
جت کت پیکھءُ سوئی ॥

ਨਾਨਕ ਗੁਰੁ ਪਾਇਓ ਵਡਭਾਗੀ
ਤਿਸੁ ਜੇਵਡੁ ਅਵਰੁ ਨ ਕੋਈ ॥੨॥੧੧॥੩੯॥

نانک گُرُ پائیو وڈبھاگی
تِسُ جیوڈُ اورُ ن کوئی ॥2॥ 11 ॥ 39 ॥

ਸੋਰਠਿ ਮਹਲਾ ੫ ॥

سورٹھِ محلا 5 ॥

ਸੂਖ ਮੰਗਲ ਕਲਿਆਣ ਸਹਜ ਧੁਨਿ
ਪ੍ਰਭ ਕੇ ਚਰਣ ਨਿਹਾਰਿਆ ॥

سوُکھ منگل کلیانٹ سہج دھُنِ
پربھ کے چرنٹ نِہارِیا ॥

ਰਾਖਨਹਾਰੈ ਰਾਖਿਓ ਬਾਰਿਕੁ
ਸਤਿਗੁਰਿ ਤਾਪੁ ਉਤਾਰਿਆ ॥੧॥

راکھنہارے راکھیو بارِکُ
ستِگُرِ تاپُ اُتارِیا ॥1॥

ਉਬਰੇ ਸਤਿਗੁਰ ਕੀ ਸਰਣਾਈ ॥

اُبرے ستِگُر کی سرنائی ॥

ਜਾ ਕੀ ਸੇਵ ਨ ਬਿਰਥੀ ਜਾਈ ॥ ਰਹਾਉ ॥

جا کی سیو ن بِرتھی جائی ॥ رہاءُ ॥

ਘਰ ਮਹਿ ਸੂਖ ਬਾਹਰਿ ਫੁਨਿ ਸੂਖਾ
ਪ੍ਰਭ ਅਪੁਨੇ ਭਏ ਦਇਆਲਾ ॥

گھر مہِ سوُکھ باہرِ پھُنِ سوُکھا
پربھ اپُنے بھئے دئیالا ॥

ਨਾਨਕ ਬਿਘਨੁ ਨ ਲਾਗੈ ਕੋਊ
ਮੇਰਾ ਪ੍ਰਭੁ ਹੋਆ ਕਿਰਪਾਲਾ ॥੨॥੧੨॥੪੦॥

نانک بِگھنُ ن لاگے کوئُو
میرا پربھُ ہویا کِرپالا ॥2॥ 12 ॥ 40 ॥

ਸੋਰਿਠ ਮਹਲਾ ੫ ॥

سورِٹھ محلا 5 ॥

ਸਾਧੂ ਸੰਗਿ ਭਇਆ ਮਨਿ ਉਦਮੁ
ਨਾਮੁ ਰਤਨੁ ਜਸੁ ਗਾਈ ॥

سادھوُ سنگِ بھئیا منِ اُدمُ
نامُ رتنُ جسُ گائی ॥

ਮਿਟਿ ਗਈ ਚਿੰਤਾ ਸਿਮਰਿ ਅਨੰਤਾ
ਸਾਗਰੁ ਤਰਿਆ ਭਾਈ ॥੧॥

مِٹ گئی چِنّتا سِمرِ انتّا
ساگرُ تریا بھائی ॥1॥

ਹਿਰਦੈ ਹਰਿ ਕੇ ਚਰਣ ਵਸਾਈ ॥

ہِردے ہرِ کے چرنٹ وسائی ॥

ਸੁਖੁ ਪਾਇਆ ਸਹਜ ਧੁਨਿ ਉਪਜੀ
ਰੋਗਾ ਘਾਣਿ ਮਿਟਾਈ ॥ ਰਹਾਉ ॥

سُکھُ پائیا سہج دھُنِ اُپجی
روگا گھانٹِ مِٹائی ॥ رہاءُ ॥

ਕਿਆ ਗੁਣ ਤੇਰੇ ਆਖਿ ਵਖਾਣਾ

کِیا گُنٹ تیرے آکھِ وکھاٹا

ਕੀਮਤਿ ਕਹਣੁ ਨ ਜਾਈ ॥

قِیمتِ کہنُ ن جائی ॥

ਨਾਨਕ ਭਗਤ ਭਏ ਅਬਿਨਾਸੀ
ਅਪੁਨਾ ਪ੍ਰਭੁ ਭਇਆ ਸਹਾਈ ॥੨॥੧੩॥੪੧॥

نانک بھگت بھۓ اِبناسی
اپُنا پربھُ بھئیا سہائی ॥2॥ 13 ॥ 41 ॥

ਸੋਰਠਿ ਮਃ ੫ ॥

سورٹھِ م: 5 ॥

ਗਏ ਕਲੇਸ ਰੋਗ ਸਭਿ ਨਾਸੇ
ਪ੍ਰਭਿ ਅਪੁਨੈ ਕਿਰਪਾ ਧਾਰੀ ॥

گۓ کلیس روگ سبھِ ناسے
پربھِ اپُنے کِرپا دھاری ॥

ਆਠ ਪਹਰ ਆਰਾਧਹੁ ਸੁਆਮੀ
ਪੂਰਨ ਘਾਲ ਹਮਾਰੀ ॥੧॥

آٹھ پہر آرادھہُ سُیامی
پوُرن گھال ہماری ॥1॥

ਹਰਿ ਜੀਉ ਤੂ ਸੁਖ ਸੰਪਤਿ ਰਾਸਿ ॥

ہرِ جیِءُ توُ سُکھ سنپتِ راسِ ॥

ਰਾਖਿ ਲੈਹੁ ਭਾਈ ਮੇਰੇ ਕਉ
ਪ੍ਰਭ ਆਗੈ ਅਰਦਾਸਿ ॥ ਰਹਾਉ ॥

راکھِ لیَہُ بھائی میرے کءُ
پربھ آگے عرداسِ ॥ رہاءُ ॥

ਜੋ ਮਾਗਉ ਸੋਈ ਸੋਈ ਪਾਵਉ
ਅਪਨੇ ਖਸਮ ਭਰੋਸਾ ॥

جو ماگءُ سوئی سوئی پاوءُ
اپنے خصم بھروسا ॥

ਕਹੁ ਨਾਨਕ ਗੁਰੁ ਪੂਰਾ ਭੇਟਿਓ
ਮਿਟਿਓ ਸਗਲ ਅੰਦੇਸਾ ॥੨॥੧੪॥੪੨॥

کہُ نانک گُرُ پوُرا بھیٹئو
مِٹئو سگل اندیسا ॥2॥ 14 ॥ 42 ॥

ਸੋਰਠਿ ਮਹਲਾ ੫ ॥

سورٹھِ محلا 5 ॥

ਸਿਮਰਿ ਸਿਮਰਿ ਗੁਰੁ ਸਤਿਗੁਰੁ ਅਪਨਾ
ਸਗਲਾ ਦੂਖੁ ਮਿਟਾਇਆ ॥

سِمرِ سِمرِ گُرُ ستِگُرُ اپنا
سگلا دوُکھُ مِٹائیا ॥

ਤਾਪ ਰੋਗ ਗਏ ਗੁਰ ਬਚਨੀ
ਮਨ ਇਛੇ ਫਲ ਪਾਇਆ ॥੧॥

تاپ روگ گۓ گُر بچنی
من اِچھے پھل پائیا ॥1॥

ਮੇਰਾ ਗੁਰੁ ਪੂਰਾ ਸੁਖਦਾਤਾ ॥

میرا گُرُ پوُرا سُکھداتا ॥

ਕਰਣ ਕਾਰਣ ਸਮਰਥ ਸੁਆਮੀ
ਪੂਰਨ ਪੁਰਖੁ ਬਿਧਾਤਾ ॥ ਰਹਾਉ ॥

کرنُ کارنُ سمرتھ سُیامی
پوُرن پُرکھُ بِدھاتا ॥ رہاءُ ॥

ਅਨੰਦ ਬਿਨੋਦ ਮੰਗਲ ਗੁਣ ਗਾਵਹੁ
ਗੁਰ ਨਾਨਕ ਭਏ ਦਇਆਲਾ ॥

انندِ بِنود منگل گُنُ گاوہُ
گُر نانک بھۓ دئیالا ॥

ਜੈ ਜੈ ਕਾਰ ਭਏ ਜਗ ਭੀਤਰਿ
ਹੋਆ ਪਾਰਬ੍ਰਹਮੁ ਰਖਵਾਲਾ ॥੨॥੧੫॥੪੩॥

جے جے کار بھئے جگ بھیترِ
ہویا پاربّرہمُ رکھوالا ॥2॥ 15 ॥ 43 ॥

ਸੋਰਲਿ ਮਹਲਾ ੫ ॥

سورلِ محلا 5 ॥

ਹਮਰੀ ਗਣਤ ਨ ਗਣੀਆ ਕਾਈ
ਅਪਣਾ ਬਿਰਦੁ ਪਛਾਣਿ ॥

ہمری گنّت ن گنّیا کائی
اپنّا بِردُ پچھانِ ॥

ਹਾਥ ਦੇਇ ਰਾਖੇ ਕਰਿ ਅਪੁਨੇ
ਸਦਾ ਸਦਾ ਰੰਗੁ ਮਾਣਿ ॥੧॥

ہاتھ دےءِ راکھے کرِ اپُنے
سدا سدا رنگُ مانِ ॥1॥

ਸਾਚਾ ਸਾਹਿਬੁ ਸਦ ਮਿਹਰਵਾਣ ॥

ساچا صاحِبُ سد مِہروانّ ॥

ਬੰਧੁ ਪਾਇਆ ਮੇਰੈ ਸਤਿਗੁਰਿ ਪੂਰੈ
ਹੋਈ ਸਰਬ ਕਲਿਆਣ ॥ ਰਹਾਉ ॥

بنّدھُ پائیا میرے ستِگُرِ پوُرے
ہوئی سرب کلِیانّ ॥ رہاءُ ॥

ਜੀਉ ਪਾਇ ਪਿੰਡੁ ਜਿਨਿ ਸਾਜਿਆ
ਦਿਤਾ ਪੈਨਣੁ ਖਾਣੁ ॥

جیءُ پاءِ پِنّڈُ جِنِ ساجِیا
دِتا پینّنُ کھانّ ॥

ਅਪਣੇ ਦਾਸ ਕੀ ਆਪਿ ਪੈਜ ਰਾਖੀ
ਨਾਨਕ ਸਦ ਕੁਰਬਾਣੁ ॥੨॥੧੬॥੪੪॥

اپنّے داس کی آپِ پیج راکھی
نانک سد قُربانّ ॥2॥ 16 ॥ 44 ॥

ਸੋਰਠਿ ਮਹਲਾ ੫ ॥

سورٹھِ محلا 5 ॥

ਦੁਰਤੁ ਗਵਾਇਆ ਹਰਿ ਪ੍ਰਭਿ ਆਪੇ
ਸਭੁ ਸੰਸਾਰੁ ਉਬਾਰਿਆ ॥

دُرتُ گوائیا ہرِ پربھِ آپے
سبھُ سنّسارُ اُبارِیا ॥

ਪਾਰਬ੍ਰਹਮਿ ਪ੍ਰਭਿ ਕਿਰਪਾ ਧਾਰੀ
ਅਪਣਾ ਬਿਰਦੁ ਸਮਾਰਿਆ ॥੧॥

پاربّرہمِ پربھِ کرِپا دھاری
اپنّا بِردُ سمارِیا ॥1॥

ਹੋਈ ਰਾਜੇ ਰਾਮ ਕੀ ਰਖਵਾਲੀ ॥

ہوئی راجے رام کی رکھوالی ॥

ਸੂਖ ਸਹਜ ਆਨਦ ਗੁਣ ਗਾਵਹੁ
ਮਨੁ ਤਨੁ ਦੇਹ ਸੁਖਾਲੀ ॥ ਰਹਾਉ ॥

سُوکھ سہج آند گُنّ گاوہُ
منُ تنُ دیہ سُکھالی ॥ رہاءُ ॥

ਪਤਿਤ ਉਧਾਰਣੁ ਸਤਿਗੁਰੁ ਮੇਰਾ
ਮੋਹਿ ਤਿਸ ਕਾ ਭਰਵਾਸਾ ॥

پتِت اُدھارنّ ستِگُرُ میرا
موہِ تِس کا بھرواسا ॥

ਬਖਸਿ ਲਏ ਸਭਿ ਸਚੈ ਸਾਹਿਬਿ

بخش لئے سبھِ سچے صاحِبِ

ਸੁਣਿ ਨਾਨਕ ਕੀ ਅਰਦਾਸਾ ॥੨॥੧੭॥੪੫॥

سُنِ نانک کی عرداسا ॥2॥ 17 ॥ 45 ॥

ਸੋਰਠਿ ਮਹਲਾ ੫ ॥

سورٹھِ محلا 5 ॥

ਬਖਸਿਆ ਪਾਰਬ੍ਰਹਮ ਪਰਮੇਸਰਿ
ਸਗਲੇ ਰੋਗ ਬਿਦਾਰੇ ॥

بخشِیا پاربرہم پرمیسرِ
سگلے روگ بِدارے ॥

ਗੁਰ ਪੂਰੇ ਕੀ ਸਰਣੀ ਉਬਰੇ
ਕਾਰਜ ਸਗਲ ਸਵਾਰੇ ॥੧॥

گُرپُورے کی سرنٹی اُبرے
کارج سگل سوارے ॥1॥

ਹਰਿ ਜਨਿ ਸਿਮਰਿਆ ਨਾਮ ਅਧਾਰਿ ॥

ہرِ جنِ سِمریا نام ادھارِ ॥

ਤਾਪੁ ਉਤਾਰਿਆ ਸਤਿਗੁਰਿ ਪੂਰੈ
ਅਪਣੀ ਕਿਰਪਾ ਧਾਰਿ ॥ ਰਹਾਉ ॥

تاپُ اُتارِیا ستِگُرِ پُورَے
اپنٹی کِرپا دھارِ ॥ رہاءُ ॥

ਸਦਾ ਅਨੰਦ ਕਰਹ ਮੇਰੇ ਪਿਆਰੇ
ਹਰਿ ਗੋਵਿਦੁ ਗੁਰਿ ਰਾਖਿਆ ॥

سدا اننّد کرہ میرے پِیارے
ہرِ گووِدُ گُرِ راکھِیا ॥

ਵਡੀ ਵਡਿਆਈ ਨਾਨਕ ਕਰਤੇ ਕੀ
ਸਾਚੁ ਸਬਦੁ ਸਤਿ ਭਾਖਿਆ ॥੨॥੧੮॥੪੬॥

وڈی وڈِیائی نانک کرتے کی
ساچُ سبدُ ستِ بھاکھِیا ॥2॥ 18 ॥ 46 ॥

ਸੋਰਠਿ ਮਹਲਾ ੫ ॥

سورٹھِ محلا 5 ॥

ਭਏ ਕ੍ਰਿਪਾਲ ਸੁਆਮੀ ਮੇਰੇ
ਤਿਤੁ ਸਾਚੈ ਦਰਬਾਰਿ ॥

بھئے کِرپال سُیامی میرے
تِتُ ساچے دربارِ ॥

ਸਤਿਗੁਰਿ ਤਾਪੁ ਗਵਾਇਆ ਭਾਈ
ਠਾਂਢਿ ਪਈ ਸੰਸਾਰਿ ॥

ستِگُرِ تاپُ گوائِیا بھائی
ٹھانڈھِ پئی سنسارِ ॥

ਅਪਣੇ ਜੀਅ ਜੰਤ ਆਪੇ ਰਾਖੇ
ਜਮਹਿ ਕੀਓ ਹਟਤਾਰਿ ॥੧॥

اپنے جیء جنت آپے راکھے
جمہِ کِینو ہٹتارِ ॥1॥

ਹਰਿ ਕੇ ਚਰਣ ਰਿਦੈ ਉਰਿ ਧਾਰਿ ॥

ہرِ کے چرنٹ رِدے اُرِ دھارِ ॥

ਸਦਾ ਸਦਾ ਪ੍ਰਭੁ ਸਿਮਰੀਐ ਭਾਈ
ਦੁਖ ਕਿਲਬਿਖ ਕਾਟਣਹਾਰੁ ॥੧॥ ਰਹਾਉ ॥

سدا سدا پربھُ سِمریے بھائی
دُکھ کِلبِکھ کاٹنہارُ ॥1॥ رہاءُ ॥

ਤਿਸ ਕੀ ਸਰਣੀ ਊਬਰੈ ਭਾਈ
ਜਿਨਿ ਰਚਿਆ ਸਭੁ ਕੋਇ ॥

تِس کی سرنٹی اوُبرے بھائی
جِنِ رچِیا سبھُ کوءِ ॥

ਕਰਣ ਕਾਰਣ ਸਮਰਥੁ ਸੋ ਭਾਈ
ਸਚੈ ਸਚੀ ਸੋਇ ॥

کرنؔ کارنؔ سمرتھُ سو بھائی
سچےَ سچی سوءِ ॥

ਨਾਨਕ ਪ੍ਰਭੂ ਧਿਆਈਐ ਭਾਈ
ਮਨੁ ਤਨੁ ਸੀਤਲੁ ਹੋਇ ॥੨॥੧੯॥੪੭॥

نانک پربھُو دھیائیےَ بھائی
منُ تنُ سیتلُ ہوءِ ॥2॥ 19 ॥ 47 ॥

ਸੋਰਠਿ ਮਹਲਾ ੫ ॥

سورٹھِ محلا 5 ॥

ਸੰਤਹੁ ਹਰਿ ਹਰਿ ਨਾਮੁ ਧਿਆਈ ॥

سنّتہٗ ہرِ ہرِ نامُ دھیائی ॥

ਸੁਖ ਸਾਗਰ ਪ੍ਰਭੁ ਵਿਸਰਉ ਨਾਹੀ
ਮਨ ਚਿੰਦਿਅੜਾ ਫਲੁ ਪਾਈ ॥੧॥ ਰਹਾਉ ॥

سُکھ ساگر پربھُ وِسرءُ ناہی
من چِندِڑا پھلُ پائی ॥1॥ رہاءُ ॥

ਸਤਿਗੁਰਿ ਪੂਰੈ ਤਾਪੁ ਗਵਾਇਆ
ਅਪਣੀ ਕਿਰਪਾ ਧਾਰੀ ॥

ستِگُرِ پوُرے تاپُ گوائیا
اپنی کِرپا دھاری ॥

ਪਾਰਬ੍ਰਹਮ ਪ੍ਰਭ ਭਏ ਦਇਆਲਾ
ਦੁਖੁ ਮਿਟਿਆ ਸਭ ਪਰਵਾਰੀ ॥੧॥

پاربرہم پربھ بھےَ دئیالا
دُکھُ مِٹیا سبھ پرواری ॥1॥

ਸਰਬ ਨਿਧਾਨ ਮੰਗਲ ਰਸ ਰੂਪਾ
ਹਰਿ ਕਾ ਨਾਮੁ ਅਧਾਰੋ ॥

سرب نِدھان منگل رس روُپا
ہرِ کا نامُ ادھارو ॥

ਨਾਨਕ ਪਤਿ ਰਾਖੀ ਪਰਮੇਸਰਿ
ਉਧਰਿਆ ਸਭੁ ਸੰਸਾਰੋ ॥੨॥੨੦॥੪੮॥

نانک پتِ راکھی پرمیسرِ
اُدھرِیا سبھُ سنّسارو ॥2॥ 20 ॥ 48 ॥

ਸੋਰਠਿ ਮਹਲਾ ੫ ॥

سورٹھِ محلا 5 ॥

ਮੇਰਾ ਸਤਿਗੁਰੁ ਰਖਵਾਲਾ ਹੋਆ ॥

میرا ستِگُرُ رکھوالا ہویا ॥

ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ
ਹਰਿ ਗੋਵਿਦੁ ਨਵਾ ਨਿਰੋਆ ॥੧॥ ਰਹਾਉ ॥

دھارِ کرِپا پربھ ہاتھ دے راکھیا
ہرِ گووِدُ نوا نِرویا ॥1॥ رہاءُ ॥

ਤਾਪੁ ਗਇਆ ਪ੍ਰਭਿ ਆਪਿ ਮਿਟਾਇਆ
ਜਨ ਕੀ ਲਾਜ ਰਖਾਈ ॥

تاپُ گئیا پربھِ آپِ مِٹائیا
جن کی لاج رکھائی ॥

ਸਾਧਸੰਗਤਿ ਤੇ ਸਭ ਫਲ ਪਾਏ
ਸਤਿਗੁਰ ਕੈ ਬਲਿ ਜਾਂਈ ॥੧॥

سادھسنگتِ تے سبھ پھل پائے
ستِگُر کےَ بلِ جانئی ॥1॥

ਹਲਤੁ ਪਲਤੁ ਪ੍ਰਭ ਦੋਵੈ ਸਵਾਰੇ

ہلتُ پلتُ پربھ دووےَ سوارے

ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥	ہمرا گُنُ اوگُنُ ن بیچارِیا ॥
ਅਟਲ ਬਚਨੁ ਨਾਨਕ ਗੁਰ ਤੇਰਾ	اٹل بچنُ نانک گُر تیرا
ਸਫਲ ਕਰੁ ਮਸਤਕਿ ਧਾਰਿਆ ॥੨॥੨੧॥੪੯॥	سپھل کرُ مستکِ دھارِیا ॥2॥ 21 ॥ 49 ॥
ਸੋਰਠਿ ਮਹਲਾ ੫ ॥	سورٹھِ محلا 5 ॥
ਜੀਅ ਜੰਤ੍ਰ ਸਭਿ ਤਿਸ ਕੇ ਕੀਏ	جیء جنّتر سبھِ تِس کے کیۓ
ਸੋਈ ਸੰਤ ਸਹਾਈ ॥	سوئی سنّت سہائی ॥
ਅਪੁਨੇ ਸੇਵਕ ਕੀ ਆਪੇ ਰਾਖੈ	اپُنے سیوک کی آپے راکھےَ
ਪੂਰਨ ਭਈ ਬਡਾਈ ॥੧॥	پوُرن بھئی بڈائی ॥1॥
ਪਾਰਬ੍ਰਹਮੁ ਪੂਰਾ ਮੇਰੈ ਨਾਲਿ ॥	پاربّرہمُ پوُرا میرے نالِ ॥
ਗੁਰਿ ਪੂਰੈ ਪੂਰੀ ਸਭ ਰਾਖੀ	گُرِ پوُرے پوُری سبھ راکھی
ਹੋਏ ਸਰਬ ਦਇਆਲ ॥੧॥ ਰਹਾਉ ॥	ہوئے سرب دیئال ॥1॥ رہاءُ ॥
ਅਨਦਿਨੁ ਨਾਨਕੁ ਨਾਮੁ ਧਿਆਏ	اندِنُ نانکُ نامُ دھِیائے
ਜੀਅ ਪ੍ਰਾਨ ਕਾ ਦਾਤਾ ॥	جیء پّران کا داتا ॥
ਅਪੁਨੇ ਦਾਸ ਕਉ ਕੰਠਿ ਲਾਇ ਰਾਖੈ	اپُنے داس کءُ کنّٹھِ لاءِ راکھےَ
ਜਿਉ ਬਾਰਿਕ ਪਿਤ ਮਾਤਾ ॥੨॥੨੨॥੫੦॥	جِءُ بارِک پِت ماتا ॥2॥ 22 ॥ 50 ॥
ਸੋਰਠਿ ਮਹਲਾ ੫ ਘਰੁ ੩ ਚਉਪਦੇ	سورٹھِ محلا 5 گھرُ 3 چئُپدے
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پّرسادِ ॥
ਮਿਲਿ ਪੰਚਹੁ ਨਹੀ ਸਹਸਾ ਚੁਕਾਇਆ ॥	مِلِ پنّچہُ نہی سہسا چُکائیا ॥
ਸਿਕਦਾਰਹੁ ਨਹ ਪਤੀਆਇਆ ॥	سِکدارہُ نہ پتِیائیا ॥
ਉਮਰਾਵਹੁ ਆਗੈ ਝੇਰਾ ॥	اُمراوہُ آگے جھیرا ॥
ਮਿਲਿ ਰਾਜਨ ਰਾਮ ਨਿਬੇਰਾ ॥੧॥	مِلِ راجن رام نِبیرا ॥1॥
ਅਬ ਢੂਢਨ ਕਤਹੁ ਨ ਜਾਈ ॥	اب ڈھوُڈھن کتہُ ن جائی ॥
ਗੋਬਿਦ ਭੇਟੇ ਗੁਰ ਗੋਸਾਈ ॥ ਰਹਾਉ ॥	گوبِد بھیٹے گُر گوسائی ॥ رہاءُ ॥
ਆਇਆ ਪ੍ਰਭ ਦਰਬਾਰਾ ॥	آئیا پّربھ دربارا ॥

ਤਾ ਸਗਲੀ ਮਿਟੀ ਪੂਕਾਰਾ ॥	تا سگلی مِٹی پُوکارا ॥
ਲਬਧਿ ਆਪਣੀ ਪਾਈ ॥	لبدھِ آپنی پائی ॥
ਤਾ ਕਤ ਆਵੈ ਕਤ ਜਾਈ ॥੨॥	تا کت آوے کت جائی ۔ ॥2॥
ਤਹ ਸਾਚ ਨਿਆਇ ਨਿਬੇਰਾ ॥	تہ ساچ نِیاءِ نِبیرا ॥
ਊਹਾ ਸਮ ਠਾਕੁਰੁ ਸਮ ਚੇਰਾ ॥	اوُہا سم ٹھاکُرُ سم چیرا ॥
ਅੰਤਰਜਾਮੀ ਜਾਨੈ ॥	انترجامی جانے ॥
ਬਿਨੁ ਬੋਲਤ ਆਪਿ ਪਛਾਨੈ ॥੩॥	بِنُ بولت آپِ پچھانے ॥3॥
ਸਰਬ ਥਾਨ ਕੋ ਰਾਜਾ ॥	سرب تھان کو راجا ॥
ਤਹ ਅਨਹਦ ਸਬਦ ਅਗਾਜਾ ॥	تہ انہد سبد اگاجا ॥
ਤਿਸੁ ਪਹਿ ਕਿਆ ਚਤੁਰਾਈ ॥	تِس پہِ کیا چترائی ۔ ॥
ਮਿਲੁ ਨਾਨਕ ਆਪੁ ਗਵਾਈ ॥੪॥੧॥੫੧॥	مِلُ نانک آپُ گوائی ॥4॥1॥ 51 ॥
ਸੋਰਠਿ ਮਹਲਾ ੫ ॥	سورٹھِ محلا 5 ॥
ਹਿਰਦੈ ਨਾਮੁ ਵਸਾਇਹੁ ॥	ہِردے نامُ وسائیہُ ॥
ਘਰਿ ਬੈਠੇ ਗੁਰੂ ਧਿਆਇਹੁ ॥	گھرِ بیٹھے گُرو دھیائیہُ ॥
ਗੁਰਿ ਪੂਰੈ ਸਚੁ ਕਹਿਆ ॥	گُرِ پوُرے سچُ کہیا ॥
ਸੋ ਸੁਖੁ ਸਾਚਾ ਲਹਿਆ ॥੧॥	سو سُکھُ ساچا لہیا ॥1॥
ਅਪੁਨਾ ਹੋਇਓ ਗੁਰੁ ਮਿਹਰਵਾਨਾ ॥	اپُنا ہوئیو گُرُ مِہروانا ॥
ਅਨਦ ਸੂਖ ਕਲਿਆਣ ਮੰਗਲ ਸਿਉ ਘਰਿ ਆਏ ਕਰਿ ਇਸਨਾਨਾ ॥ ਰਹਾਉ ॥	اند سوُکھ کلیانْ منگل سِءُ گھرِ آئے کرِ اِسنانا ॥ رہاءُ ॥
ਸਾਚੀ ਗੁਰ ਵਡਿਆਈ ॥	ساچی گُر وڈیائی ॥
ਤਾ ਕੀ ਕੀਮਤਿ ਕਹਣੁ ਨ ਜਾਈ ॥	تا کی قِیمتِ کہنُ ن جائی ॥
ਸਿਰਿ ਸਾਹਾ ਪਾਤਿਸਾਹਾ ॥	سِرِ ساہا پاتِشاہا ॥
ਗੁਰ ਭੇਟਤ ਮਨਿ ਓਮਾਹਾ ॥੨॥	گُر بھیٹت منِ اوماہا ॥2॥

ਸਗਲ ਪਰਾਛਤ ਲਾਥੇ ॥	سگل پراچھت لاتھے ॥
ਮਿਲਿ ਸਾਧਸੰਗਤਿ ਕੈ ਸਾਥੇ ॥	مِلِ سادھسنگتِ کے ساتھے ॥
ਗੁਣ ਨਿਧਾਨ ਹਰਿ ਨਾਮਾ ॥	گُن نِدھان ہرِ نامَا ॥
ਜਪਿ ਪੂਰਨ ਹੋਏ ਕਾਮਾ ॥੩॥	جپِ پوُرن ہوئے کاما ॥3॥
ਗੁਰਿ ਕੀਨੋ ਮੁਕਤਿ ਦੁਆਰਾ ॥	گُرِ کِینو مُکتِ دُیارا ॥
ਸਭ ਸ੍ਰਿਸਟਿ ਕਰੈ ਜੈਕਾਰਾ ॥	سبھ سّرِسٹِ کرے جیَکارا ॥
ਨਾਨਕ ਪ੍ਰਭੁ ਮੇਰੈ ਸਾਥੇ ॥	نانک پّربھُ میرے ساتھے ॥
ਜਨਮ ਮਰਣ ਭੈ ਲਾਥੇ ॥੪॥੨॥੫੨॥	جنم مرنٌ بھےَ لاتھے ॥4॥2॥ 52 ॥
ਸੋਰਠਿ ਮਹਲਾ ੫ ॥	سورٹھِ محلا 5 ॥
ਗੁਰਿ ਪੂਰੈ ਕਿਰਪਾ ਧਾਰੀ ॥	گُرِ پوُرے کِرپا دھاری ॥
ਪ੍ਰਭਿ ਪੂਰੀ ਲੋਚ ਹਮਾਰੀ ॥	پّربھِ پوُری لوچ ہماری ॥
ਕਰਿ ਇਸਨਾਨੁ ਗ੍ਰਿਹਿ ਆਏ ॥	کرِ اِسنانُ گّرِہِ آئے ॥
ਅਨਦ ਮੰਗਲ ਸੁਖ ਪਾਏ ॥੧॥	اند منگل سُکھ پائے ॥1॥
ਸੰਤਹੁ ਰਾਮ ਨਾਮਿ ਨਿਸਤਰੀਐ ॥	سنّتہ رام نامِ نِسترِیےَ ॥
ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ ॥੧॥ ਰਹਾਉ ॥	اوُٹھت بیٹھت ہرِ ہرِ دھیائیےَ اندِنُ سُکّرِتُ کریےَ ॥1॥ رہاءُ ॥
ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥	سنّت کا مارگُ دھرم کی پٹُڑی کو وڈبھاگی پائے ॥
ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥੨॥	کوٹِ جنم کے کِلبِکھ ناسے ہرِ چرنٹی چِتُ لائے ॥2॥
ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ ॥	اُستتِ کرہُ سدا پّربھ اپنے جِنِ پوُری کل راکھی ॥
ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ ॥੩॥	جیء جنّت سبھِ بھےَ پوِتّرا

ਬਿਘਨ ਬਿਨਾਸਨ ਸਭਿ ਦੁਖ ਨਾਸਨ
ਸਤਿਗੁਰਿ ਨਾਮੁ ਦ੍ਰਿੜਾਇਆ ॥

ਖੋਏ ਪਾਪ ਭਏ ਸਭਿ ਪਾਵਨ
ਜਨ ਨਾਨਕ ਸੁਖਿ ਘਰਿ ਆਇਆ ॥੪॥੩॥੫੩॥

ਸੋਰਠਿ ਮਹਲਾ ੫ ॥

ਸਾਹਿਬੁ ਗੁਨੀ ਗਹੇਰਾ ॥

ਘਰੁ ਲਸਕਰੁ ਸਭੁ ਤੇਰਾ ॥

ਰਖਵਾਲੇ ਗੁਰ ਗੋਪਾਲਾ ॥

ਸਭਿ ਜੀਅ ਭਏ ਦਇਆਲਾ ॥੧॥

ਜਪਿ ਅਨਦਿ ਰਹਉ ਗੁਰ ਚਰਣਾ ॥

ਭਉ ਕਤਹਿ ਨਹੀ ਪ੍ਰਭ ਸਰਣਾ ॥ ਰਹਾਉ ॥

ਤੇਰਿਆ ਦਾਸਾ ਰਿਦੈ ਮੁਰਾਰੀ ॥

ਪ੍ਰਭਿ ਅਬਿਚਲ ਨੀਵ ਉਸਾਰੀ ॥

ਬਲੁ ਧਨੁ ਤਕੀਆ ਤੇਰਾ ॥

ਤੂ ਭਾਰੋ ਠਾਕੁਰੁ ਮੇਰਾ ॥੨॥

ਜਿਨਿ ਜਿਨਿ ਸਾਧਸੰਗੁ ਪਾਇਆ ॥

ਸੋ ਪ੍ਰਭਿ ਆਪਿ ਤਰਾਇਆ ॥

ਕਰਿ ਕਿਰਪਾ ਨਾਮ ਰਸੁ ਦੀਆ ॥

ਕੁਸਲ ਖੇਮ ਸਭ ਥੀਆ ॥੩॥

ਹੋਏ ਪ੍ਰਭੂ ਸਹਾਈ ॥

ਸਭ ਉਠਿ ਲਾਗੀ ਪਾਈ ॥

ਸਾਸਿ ਸਾਸਿ ਪ੍ਰਭੁ ਧਿਆਈਐ ॥

ستگُر کی سچُ ساکھی ॥3॥

بِگھن بِناسن سبھِ دُکھ ناسن
ستگُرِ نامُ دڑِڑائیا ॥

کھوئے پاپ بھئے سبھِ پاون
جن نانک سُکھِ گھرِ آئیا ॥4॥3॥ 53 ॥

سورٹھِ محلا 5 ॥

صاحِبُ گُنی گہیرا ॥

گھرُ لشکرُ سبھُ تیرا ॥

رکھوالے گُر گوپالا ॥

سبھِ جیء بھئے دئیالا ॥1॥

جپِ اندِ رہءُ گُر چرٹا ॥

بھءُ کتہِ نہی پّربھ سرٹا ॥ رہاءُ ॥

تیرِیا داسا رِدے مُراری ॥

پّربھِ اٻچل نِیو اُساری ॥

بلُ دھنُ تکِیا تیرا ॥

توُ بھارو ٹھاکُرُ میرا ॥2॥

جِنِ جِنِ سادھسنگُ پائیا ॥

سو پّربھِ آپِ ترائیا ॥

کرِ کرِپا نام رسُ دِیِیا ॥

کُسل کھیم سبھ تھِیا ॥3॥

ہوئے پّربھوُ سہائی ॥

سبھ اُٹھِ لاگی پائی ॥

ساسِ ساسِ پّربھُ دھِیائیےَ ॥

ਹਰਿ ਮੰਗਲੁ ਨਾਨਕ ਗਾਈਐ ॥੪॥੪॥੫੪॥	ہرِ منگلُ نانک گائیَے ॥4॥4॥ 54 ॥
ਸੋਰਠਿ ਮਹਲਾ ੫ ॥	سورٹھِ محلا 5 ॥
ਸੂਖ ਸਹਜ ਆਨੰਦਾ ॥	سوُکھ سہج آنندا ॥
ਪ੍ਰਭੁ ਮਿਲਿਓ ਮਨਿ ਭਾਵੰਦਾ ॥	پرّبھُ مِلیئو منِ بھاوندا ॥
ਪੂਰੈ ਗੁਰਿ ਕਿਰਪਾ ਧਾਰੀ ॥	پوُرے گُرِ کِرپا دھاری ॥
ਤਾ ਗਤਿ ਭਈ ਹਮਾਰੀ ॥੧॥	تا گتِ بھئی ہماری ॥1॥
ਹਰਿ ਕੀ ਪ੍ਰੇਮ ਭਗਤਿ ਮਨੁ ਲੀਨਾ ॥	ہرِ کی پرّیم بھگتِ منُ لِینا ॥
ਨਿਤ ਬਾਜੇ ਅਨਹਤ ਬੀਨਾ ॥ ਰਹਾਉ ॥	نِت باجے انہت بِینا ॥ رہاءُ ॥
ਹਰਿ ਚਰਣ ਕੀ ਓਟ ਸਤਾਣੀ ॥	ہرِ چرنؒ کی اوٹ ستانؒی ॥
ਸਭ ਚੂਕੀ ਕਾਣਿ ਲੋਕਾਣੀ ॥	سبھ چوُکی کانِؒ لوکانؒی ॥
ਜਗਜੀਵਨੁ ਦਾਤਾ ਪਾਇਆ ॥	جگجیونُ داتا پائیا ॥
ਹਰਿ ਰਸਕਿ ਰਸਕਿ ਗੁਣ ਗਾਇਆ ॥੨॥	ہرِ رسکِ رسکِ گُنؒ گائیا ॥2॥
ਪ੍ਰਭ ਕਾਟਿਆ ਜਮ ਕਾ ਫਾਸਾ ॥	پرّبھ کاٹیا جم کا پھاسا ॥
ਮਨ ਪੂਰਨ ਹੋਈ ਆਸਾ ॥	من پوُرن ہوئی آسا ॥
ਜਹ ਪੇਖਾ ਤਹ ਸੋਈ ॥	جہ پیکھا تہ سوئی ॥
ਹਰਿ ਪ੍ਰਭ ਬਿਨੁ ਅਵਰੁ ਨ ਕੋਈ ॥੩॥	ہرِ پرّبھ بِنُ اورُ ن کوئی ॥3॥
ਕਰਿ ਕਿਰਪਾ ਪ੍ਰਭਿ ਰਾਖੇ ॥	کرِ کِرپا پرّبھِ راکھے ॥
ਸਭਿ ਜਨਮ ਜਨਮ ਦੁਖ ਲਾਥੇ ॥	سبھِ جنم جنم دُکھ لاتھے ॥
ਨਿਰਭਉ ਨਾਮੁ ਧਿਆਇਆ ॥	نِربھءُ نامُ دھیائیا ॥
ਅਟਲ ਸੁਖੁ ਨਾਨਕ ਪਾਇਆ ॥੪॥੫॥੫੫॥	اٹل سُکھُ نانک پائیا ॥4॥5॥ 55 ॥
ਸੋਰਠਿ ਮਹਲਾ ੫ ॥	سورٹھِ محلا 5 ॥
ਠਾਢਿ ਪਾਈ ਕਰਤਾਰੇ ॥	ٹھاڈھِ پائی کرتارے ॥

ਤਾਪੁ ਛੋਡਿ ਗਇਆ ਪਰਵਾਰੇ ॥
تاپُ چھوڈِ گئیا پروارے ॥

ਗੁਰਿ ਪੂਰੈ ਹੈ ਰਾਖੀ ॥
گُرِ پُورے ہے راکھی ॥

ਸਰਣਿ ਸਚੇ ਕੀ ਤਾਕੀ ॥੧॥
سرنِ سچے کی تاکی ॥1॥

ਪਰਮੇਸਰੁ ਆਪਿ ਹੋਆ ਰਖਵਾਲਾ ॥
پرمیسرُ آپِ ہویا رکھوالا ॥

ਸਾਂਤਿ ਸਹਜ ਸੁਖ ਖਿਨ ਮਹਿ ਉਪਜੇ
ਮਨੁ ਹੋਆ ਸਦਾ ਸੁਖਾਲਾ ॥ ਰਹਾਉ ॥
سانتِ سہج سُکھ کھِن مہِ اُپجے
منُ ہویا سدا سُکھالا ॥ رہاءُ ॥

ਹਰਿ ਹਰਿ ਨਾਮੁ ਦੀਓ ਦਾਰੂ ॥
ہرِ ہرِ نامُ دیئو دارُو ॥

ਤਿਨਿ ਸਗਲਾ ਰੋਗੁ ਬਿਦਾਰੂ ॥
تِنِ سگلا روگُ بِدارُو ॥

ਅਪਣੀ ਕਿਰਪਾ ਧਾਰੀ ॥
اپنّی کِرپا دھاری ॥

ਤਿਨਿ ਸਗਲੀ ਬਾਤ ਸਵਾਰੀ ॥੨॥
تِنِ سگلی بات سواری ॥2॥

ਪ੍ਰਭਿ ਅਪਨਾ ਬਿਰਦੁ ਸਮਾਰਿਆ ॥
پربھِ اپنا بِرُد سمارِیا ॥

ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥
ہمرا گُنُ اوگُنُ ن بیچارِیا ॥

ਗੁਰ ਕਾ ਸਬਦੁ ਭਇਓ ਸਾਖੀ ॥
گُر کا سبدُ بھئیو ساکھی ॥

ਤਿਨਿ ਸਗਲੀ ਲਾਜ ਰਾਖੀ ॥੩॥
تِنِ سگلی لاج راکھی ॥3॥

ਬੋਲਾਇਆ ਬੋਲੀ ਤੇਰਾ ॥
بولائیا بولی تیرا ॥

ਤੂ ਸਾਹਿਬੁ ਗੁਣੀ ਗਹੇਰਾ ॥
توُ صاحِبُ گُنّی گہیرا ॥

ਜਪਿ ਨਾਨਕ ਨਾਮੁ ਸਚੁ ਸਾਖੀ ॥
جپِ نانک نامُ سچُ ساکھی ॥

ਅਪੁਨੇ ਦਾਸ ਕੀ ਪੈਜ ਰਾਖੀ ॥੪॥੬॥੫੬॥
اپُنے داس کی پیَج راکھی ॥4॥6॥ 56 ॥

ਸੋਰਠਿ ਮਹਲਾ ੫ ॥
سورٹھِ محلا 5 ॥

ਵਿਚਿ ਕਰਤਾ ਪੁਰਖੁ ਖਲੋਆ ॥
وِچِ کرتا پُرکھُ کھلویا ॥

ਵਾਲੁ ਨ ਵਿੰਗਾ ਹੋਆ ॥
والُ ن وِنگا ہویا ॥

ਮਜਨੁ ਗੁਰ ਆਦਾ ਰਾਸੇ ॥
مجنُ گُر آدا راسے ॥

ਜਪਿ ਹਰਿ ਹਰਿ ਕਿਲਵਿਖ ਨਾਸੇ ॥੧॥
جپِ ہرِ ہرِ کِلوِکھ ناسے ॥1॥

ਸੰਤਹੁ ਰਾਮਦਾਸ ਸਰੋਵਰੁ ਨੀਕਾ ॥	سنّتہُ رامداس سروورُ نیِکا ॥
ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ ॥੧॥ ਰਹਾਉ ॥	جو ناوےَ سو کُلُ تراوےَ اُدھارُ ہویا ہےَ جی کا ॥1॥ رہاءُ ॥
ਜੈ ਜੈ ਕਾਰੁ ਜਗੁ ਗਾਵੈ ॥	جےَ جےَ کارُ جگُ گاوےَ ॥
ਮਨ ਚਿੰਦਿਅੜੇ ਫਲ ਪਾਵੈ ॥	من چِنڈِئڑے پھل پاوےَ ॥
ਸਹੀ ਸਲਾਮਤਿ ਨਾਇ ਆਏ ॥	صہی سلامتِ ناءِ آئے ॥
ਅਪਣਾ ਪ੍ਰਭੁ ਧਿਆਏ ॥੨॥	اپٹا پّربھوُ دھِیائے ॥2॥
ਸੰਤ ਸਰੋਵਰ ਨਾਵੈ ॥	سنّت سروور ناوےَ ॥
ਸੋ ਜਨੁ ਪਰਮ ਗਤਿ ਪਾਵੈ ॥	سو جنُ پرم گتِ پاوےَ ॥
ਮਰੈ ਨ ਆਵੈ ਜਾਈ ॥	مرےَ ن آوےَ جائی ॥
ਹਰਿ ਹਰਿ ਨਾਮੁ ਧਿਆਈ ॥੩॥	ہرِ ہرِ نامُ دھِیائی ॥3॥
ਇਹੁ ਬ੍ਰਹਮ ਬਿਚਾਰੁ ਸੁ ਜਾਨੈ ॥	اِہُ برّہم بِچارُ سُ جانے ॥
ਜਿਸੁ ਦਇਆਲੁ ਹੋਇ ਭਗਵਾਨੈ ॥	جِسُ دئیالُ ہوءِ بھگوانے ॥
ਬਾਬਾ ਨਾਨਕ ਪ੍ਰਭ ਸਰਣਾਈ ॥	بابا نانک پّربھ سرٹائی ॥
ਸਭ ਚਿੰਤਾ ਗਣਤ ਮਿਟਾਈ ॥੪॥੭॥੫੭॥	سبھ چِنّتا گنّت مِٹائی ॥4॥7॥ 57 ॥
ਸੋਰਠਿ ਮਹਲਾ ੫ ॥	سورٹھِ محلا 5 ॥
ਪਾਰਬ੍ਰਹਮਿ ਨਿਬਾਹੀ ਪੂਰੀ ॥	پاربّرہمِ نِباہی پوُری ॥
ਕਾਈ ਬਾਤ ਨ ਰਹੀਆ ਊਰੀ ॥	کائی بات ن رہِیا اوُری ॥
ਗੁਰਿ ਚਰਨ ਲਾਇ ਨਿਸਤਾਰੇ ॥	گُرِ چرن لاءِ نِستارے ॥
ਹਰਿ ਹਰਿ ਨਾਮੁ ਸਮ੍ਾਰੇ ॥੧॥	ہرِ ہرِ نامُ سمّہارے ॥1॥
ਅਪਨੇ ਦਾਸ ਕਾ ਸਦਾ ਰਖਵਾਲਾ ॥	اپنے داس کا سدا رکھوالا ॥
ਕਰਿ ਕਿਰਪਾ ਅਪੁਨੇ ਕਰਿ ਰਾਖੇ ਮਾਤ ਪਿਤਾ ਜਿਉ ਪਾਲਾ ॥੧॥ ਰਹਾਉ ॥	کرِ کرِپا اپُنے کرِ راکھے مات پِتا جِءُ پالا ॥1॥ رہاءُ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پُرب نوں سمرپت | سیوا: بھائی بلجندر سنگھ جی (راڑا صاہب)

ਵਡਭਾਗੀ ਸਤਿਗੁਰੁ ਪਾਇਆ ॥	وڈبھاگی ستگُر پائیا ॥
ਜਿਨਿ ਜਮ ਕਾ ਪੰਥੁ ਮਿਟਾਇਆ ॥	جِنِ جم کا پنّتھُ مِٹائیا ॥
ਹਰਿ ਭਗਤਿ ਭਾਇ ਚਿਤੁ ਲਾਗਾ ॥	ہرِ بھگتِ بھاءِ چِتُ لاگا ॥
ਜਪਿ ਜੀਵਹਿ ਸੇ ਵਡਭਾਗਾ ॥੨॥	جپِ جیوہِ سے وڈبھاگا ॥2॥
ਹਰਿ ਅੰਮ੍ਰਿਤ ਬਾਣੀ ਗਾਵੈ ॥	ہرِ انّمرِت بانٹی گاوے ॥
ਸਾਧਾ ਕੀ ਧੂਰੀ ਨਾਵੈ ॥	سادھا کی دھوُری ناوے ॥
ਅਪੁਨਾ ਨਾਮੁ ਆਪੇ ਦੀਆ ॥	اپُنا نامُ آپے دِیِیا ॥
ਪ੍ਰਭ ਕਰਣਹਾਰ ਰਖਿ ਲੀਆ ॥੩॥	پربھ کرنٹہار رکھِ لِیِیا ॥3॥
ਹਰਿ ਦਰਸਨ ਪ੍ਰਾਨ ਅਧਾਰਾ ॥	ہرِ درسن پران ادھارا ॥
ਇਹੁ ਪੂਰਨ ਬਿਮਲ ਬੀਚਾਰਾ ॥	اِہُ پوُرن بِمل بیچارا ॥
ਕਰਿ ਕਿਰਪਾ ਅੰਤਰਜਾਮੀ ॥	کرِ کرِپا انترجامی ۔ ॥
ਦਾਸ ਨਾਨਕ ਸਰਣਿ ਸੁਆਮੀ ॥੪॥੮॥੫੮॥	داس نانک سرنٹِ سُیامی ॥4॥8॥ 58 ॥
ਸੋਰਠਿ ਮਹਲਾ ੫ ॥	سورٹھِ محلا 5 ॥
ਗੁਰਿ ਪੂਰੈ ਚਰਨੀ ਲਾਇਆ ॥	گُرِ پوُرے چرنی لائیا ॥
ਹਰਿ ਸੰਗਿ ਸਹਾਈ ਪਾਇਆ ॥	ہرِ سنگِ سہائی پائیا ॥
ਜਹ ਜਾਈਐ ਤਹਾ ਸੁਹੇਲੇ ॥	جہ جائیئے تہا سُہیلے ॥
ਕਰਿ ਕਿਰਪਾ ਪ੍ਰਭਿ ਮੇਲੇ ॥੧॥	کرِ کرِپا پربھِ میلے ॥1॥
ਹਰਿ ਗੁਣ ਗਾਵਹੁ ਸਦਾ ਸੁਭਾਈ ॥	ہرِ گُنٹ گاوہُ سدا سُبھائی ॥
ਮਨ ਚਿੰਦੇ ਸਗਲੇ ਫਲ ਪਾਵਹੁ ਜੀਅ ਕੈ ਸੰਗਿ ਸਹਾਈ ॥੧॥ ਰਹਾਉ ॥	من چِنّدے سگلے پھل پاوہُ جی ء کے سنگِ سہائی ॥1॥ رہاءُ ॥
ਨਾਰਾਇਣ ਪ੍ਰਾਣ ਅਧਾਰਾ ॥	نارائنٹ پرانٹ ادھارا ॥
ਹਮ ਸੰਤ ਜਨਾਂ ਰੇਨਾਰਾ ॥	ہم سنّت جناں رینارا ॥
ਪਤਿਤ ਪੁਨੀਤ ਕਰਿ ਲੀਨੇ ॥	پتِت پُنیت کرِ لینے ॥

ਕਰਿ ਕਿਰਪਾ ਹਰਿ ਜਸੁ ਦੀਨੇ ॥੨॥	کرِ کرِپا ہرِ جسُ دینے ॥2॥
ਪਾਰਬ੍ਰਹਮੁ ਕਰੇ ਪ੍ਰਤਿਪਾਲਾ ॥	پاربّرہمُ کرے پّرتپالا ॥
ਸਦ ਜੀਅ ਸੰਗਿ ਰਖਵਾਲਾ ॥	سد جیء سنگِ رکھوالا ॥
ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥	ہرِ دِنُ ریَنِ کیرتنُ گائیئے ॥
ਬਹੁੜਿ ਨ ਜੋਨੀ ਪਾਈਐ ॥੩॥	بہُڑِ ن جونی پائیئے ॥3॥
ਜਿਸੁ ਦੇਵੈ ਪੁਰਖੁ ਬਿਧਾਤਾ ॥	جِسُ دیوے پُرکھُ بِدھاتا ॥
ਹਰਿ ਰਸੁ ਤਿਨ ਹੀ ਜਾਤਾ ॥	ہرِ رسُ تِن ہی جاتا ॥
ਜਮਕੰਕਰੁ ਨੇੜਿ ਨ ਆਇਆ ॥	جمکنکرُ نیڑِ ن آئیا ॥
ਸੁਖੁ ਨਾਨਕ ਸਰਣੀ ਪਾਇਆ ॥੪॥੯॥੫੯॥	سُکھُ نانک سرنّی پائیا ॥4॥9॥ 59 ॥
ਸੋਰਠਿ ਮਹਲਾ ੫ ॥	سورٹھِ محلا 5 ॥
ਗੁਰਿ ਪੂਰੈ ਕੀਤੀ ਪੂਰੀ ॥	گُرِ پوُرے کیتی پوُری ॥
ਪ੍ਰਭੁ ਰਵਿ ਰਹਿਆ ਭਰਪੂਰੀ ॥	پّربھُ روِ رہِیا بھرپوُری ॥
ਖੇਮ ਕੁਸਲ ਭਇਆ ਇਸਨਾਨਾ ॥	کھیم کُسل بھئیا اِسنانا ॥
ਪਾਰਬ੍ਰਹਮ ਵਿਟਹੁ ਕੁਰਬਾਨਾ ॥੧॥	پاربّرہم وِٹہُ قُربانا ॥1॥
ਗੁਰ ਕੇ ਚਰਨ ਕਵਲ ਰਿਦ ਧਾਰੇ ॥	گُر کے چرن کول رِد دھارے ॥
ਬਿਘਨੁ ਨ ਲਾਗੈ ਤਿਲ ਕਾ ਕੋਈ ਕਾਰਜ ਸਗਲ ਸਵਾਰੇ ॥੧॥ ਰਹਾਉ ॥	بِگھنُ ن لاگے تِل کا کوئی کارج سگل سوارے ॥1॥ رہاءُ ॥
ਮਿਲਿ ਸਾਧੂ ਦੁਰਮਤਿ ਖੋਏ ॥	مِلِ سادھوُ دُرمتِ کھوئے ॥
ਪਤਿਤ ਪੁਨੀਤ ਸਭ ਹੋਏ ॥	پتِت پُنیت سبھ ہوئے ॥
ਰਾਮਦਾਸਿ ਸਰੋਵਰ ਨਾਤੇ ॥	رامداسِ سروور ناتے ॥
ਸਭ ਲਾਥੇ ਪਾਪ ਕਮਾਤੇ ॥੨॥	سبھ لاتھے پاپ کماتے ॥2॥
ਗੁਨ ਗੋਬਿੰਦ ਨਿਤ ਗਾਈਐ ॥	گُن گوبِندَ نِت گائیئے ॥
ਸਾਧਸੰਗਿ ਮਿਲਿ ਧਿਆਈਐ ॥	سادھسنگِ مِلِ دھیائیئے ॥

ਮਨ ਬਾਂਛਤ ਫਲ ਪਾਏ ॥
من بانچھت پھل پائے ॥

ਗੁਰੁ ਪੂਰਾ ਰਿਦੈ ਧਿਆਏ ॥੩॥
گُرُ پوُرا رِدے دھیائے ॥3॥

ਗੁਰ ਗੋਪਾਲ ਆਨੰਦਾ ॥
گُر گوپال آنندا ॥

ਜਪਿ ਜਪਿ ਜੀਵੈ ਪਰਮਾਨੰਦਾ ॥
جپِ جپِ جیوے پرمانندا ॥

ਜਨ ਨਾਨਕ ਨਾਮੁ ਧਿਆਇਆ ॥
جن نانک نامُ دھیائیا ॥

ਪ੍ਰਭ ਅਪਨਾ ਬਿਰਦੁ ਰਖਾਇਆ ॥੪॥੧੦॥੬੦॥
پربھ اپنا بِردُ رکھائیا ॥4॥ 10 ॥ 60 ॥

ਰਾਗੁ ਸੋਰਠਿ ਮਹਲਾ ੫ ॥
راگُ سورٹھِ محلا 5 ॥

ਦਹ ਦਿਸ ਛਤ੍ਰ ਮੇਘ ਘਟਾ ਘਟ
ਦਾਮਨਿ ਚਮਕਿ ਡਰਾਇਓ ॥
دہ دِس چھتّر میگھ گھٹا گھٹ
دامنِ چمکِ ڈرائیو ॥

ਸੇਜ ਇਕੇਲੀ ਨੀਦ ਨਹੁ ਨੈਨਹ
ਪਿਰੁ ਪਰਦੇਸਿ ਸਿਧਾਇਓ ॥੧॥
سیج اِکیلی نِید نہ نینہ
پِرُ پردیسِ سِدھائیو ॥1॥

ਹੁਣਿ ਨਹੀ ਸੰਦੇਸਰੋ ਮਾਇਓ ॥
ہُنِ نہی سندیسرو مائیو ۔ ॥

ਏਕ ਕੋਸਰੋ ਸਿਧਿ ਕਰਤ ਲਾਲੁ
ਤਬ ਚਤੁਰ ਪਾਤਰੋ ਆਇਓ ॥ ਰਹਾਉ ॥
ایک کوسرو سِدھِ کرت لالُ
تب چتُر پاترو آئیو ॥ رہاءُ ॥

ਕਿਉ ਬਿਸਰੈ ਇਹੁ ਲਾਲੁ ਪਿਆਰੋ
ਸਰਬ ਗੁਣਾ ਸੁਖਦਾਇਓ ॥
کِءُ بِسرے اِہُ لالُ پیارو
سرب گُنا سُکھدائیو ॥

ਮੰਦਰਿ ਚਰਿ ਕੈ ਪੰਥੁ ਨਿਹਾਰਉ
ਨੈਨ ਨੀਰਿ ਭਰਿ ਆਇਓ ॥੨॥
مندِر چرِ کے پنتھُ نِہارءُ
نین نیرِ بھرِ آئیو ॥2॥

ਹਉ ਹਉ ਭੀਤਿ ਭਇਓ ਹੈ ਬੀਚੋ
ਸੁਨਤ ਦੇਸਿ ਨਿਕਟਾਇਓ ॥
ہءُ ہءُ بھیتِ بھئیو ہے بیچو
سُنت دیسِ نِکٹائیو ॥

ਭਾਂਭੀਰੀ ਕੇ ਪਾਤ ਪਰਦੋ
ਬਿਨੁ ਪੇਖੇ ਦੂਰਾਇਓ ॥੩॥
بھانبھیری کے پات پردو
بِنُ پیکھے دوُرائیو ॥3॥

ਭਇਓ ਕਿਰਪਾਲੁ ਸਰਬ ਕੋ ਠਾਕੁਰੁ
ਸਗਰੋ ਦੂਖੁ ਮਿਟਾਇਓ ॥
بھئیو کِرپالُ سرب کو ٹھاکُرُ
سگرو دوُکھُ مِٹائیو ॥

ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ
ਤਉ ਦਇਆਰੁ ਬੀਠਲੋ ਪਾਇਓ ॥੪॥

کہُ نانک ہئُے بھیتِ گُرِ کھوئی
تءُ دئیارُ بِیٹھلو پائیو ॥4॥

ਸਭੁ ਰਹਿਓ ਅੰਦੇਸਰੋ ਮਾਇਓ ॥

سبھُ رہیو اندیسرو مائیو ۔ ॥

ਜੋ ਚਾਹਤ ਸੋ ਗੁਰੂ ਮਿਲਾਇਓ ॥

جو چاہت سو گُرو مِلائیو ॥

ਸਰਬ ਗੁਨਾ ਨਿਧਿ ਰਾਇਓ ॥ ਰਹਾਉ ਦੂਜਾ ॥੧੧॥੬੧॥

سرب گُنا نِدھِ رائیو ॥ رہاءُ دوُجا ॥ 11 ॥ 61 ॥

ਸੋਰਠਿ ਮਹਲਾ ੫ ॥

سورٹھِ محلا 5 ॥

ਗਈ ਬਹੋੜੁ ਬੰਦੀ ਛੋੜੁ
ਨਿਰੰਕਾਰੁ ਦੁਖਦਾਰੀ ॥

گئی بہوڑُ بندی چھوڑُ
نِرنکارُ دُکھداری ॥

ਕਰਮੁ ਨ ਜਾਣਾ ਧਰਮੁ ਨ ਜਾਣਾ
ਲੋਭੀ ਮਾਇਆਧਾਰੀ ॥

کرمُ ن جاٹا دھرمُ ن جاٹا
لوبھی مائیادھاری ॥

ਨਾਮੁ ਪਰਿਓ ਭਗਤੁ ਗੋਵਿੰਦ ਕਾ
ਇਹ ਰਾਖਹੁ ਪੈਜ ਤੁਮਾਰੀ ॥੧॥

نامُ پریو بھگتُ گووِندَ کا
اِہ راکھہُ پیَج تُماری ॥1॥

ਹਰਿ ਜੀਉ ਨਿਮਾਣਿਆ ਤੂ ਮਾਣੁ ॥

ہرِ جیِءُ نِماٹیا توُ ماٹُ ॥

ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ
ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ ॥

نِچیجیا چیج کرے میرا گووِندُ
تیری قُدرتِ کءُ قُربانُ ॥ رہاءُ ॥

ਜੈਸਾ ਬਾਲਕੁ ਭਾਇ ਸੁਭਾਈ
ਲਖ ਅਪਰਾਧ ਕਮਾਵੈ ॥

جیَسا بالکُ بھاءِ سُبھائی
لکھ اپرادھ کماوے ॥

ਕਰਿ ਉਪਦੇਸੁ ਝਿੜਕੇ ਬਹੁ ਭਾਤੀ
ਬਹੁੜਿ ਪਿਤਾ ਗਲਿ ਲਾਵੈ ॥

کرِ اُپدیسُ جھِڑکے بہُ بھاتی
بہُڑِ پِتا گلِ لاوے ॥

ਪਿਛਲੇ ਅਉਗੁਣ ਬਖਸਿ ਲਏ ਪ੍ਰਭੁ
ਆਗੈ ਮਾਰਗਿ ਪਾਵੈ ॥੨॥

پچھلے انگُٹ بخش لئے پربھُ
آگے مارگِ پاوے ॥2॥

ਹਰਿ ਅੰਤਰਜਾਮੀ ਸਭ ਬਿਧਿ ਜਾਣੈ
ਤਾ ਕਿਸੁ ਪਹਿ ਆਖਿ ਸੁਣਾਈਐ ॥

ہرِ انترجامی سبھ بِدھِ جاٹے
تا کِس پہِ آکھِ سُٹائیئے ۔ ॥

ਕਹਣੈ ਕਥਨਿ ਨ ਭੀਜੈ ਗੋਬਿੰਦੁ
ਹਰਿ ਭਾਵੈ ਪੈਜ ਰਖਾਈਐ ॥

کہٹے کتھنِ ن بھیجے گوبِندُ
ہرِ بھاوے پیَج رکھائیئے ॥

ਅਵਰ ਓਟ ਮੈ ਸਗਲੀ ਦੇਖੀ
ਇਕ ਤੇਰੀ ਓਟ ਰਹਾਈਐ ॥੩॥

اور اوٹ مے سگلی دیکھی
اِک تیری اوٹ رہائیےؔ ॥3॥

ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ
ਆਪੇ ਸੁਣੈ ਬੇਨੰਤੀ ॥

ہوءِ دیئیالُ کِرپالُ پربھُ ٹھاکُرُ
آپے سُنےؔ بینتی ॥

ਪੂਰਾ ਸਤਗੁਰੁ ਮੇਲਿ ਮਿਲਾਵੈ
ਸਭ ਚੂਕੈ ਮਨ ਕੀ ਚਿੰਤੀ ॥

پُورا ستگُرُ میلِ مِلاوے
سبھ چوُکے من کی چِنّتی ॥

ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ
ਜਨ ਨਾਨਕ ਸੁਖਿ ਵਸੰਤੀ ॥੪॥੧੨॥੬੨॥

ہرِ ہرِ نامُ اوکھدُ مُکھِ پائیا
جن نانک سُکھِ وسنّتی ॥4॥ 12 ॥ 62 ॥

ਸੋਰਠਿ ਮਹਲਾ ੫ ॥

سورٹھِ محلا 5 ॥

ਸਿਮਰਿ ਸਿਮਰਿ ਪ੍ਰਭ ਭਏ ਅਨੰਦਾ
ਦੁਖ ਕਲੇਸ ਸਭਿ ਨਾਠੇ ॥

سِمرِ سِمرِ پربھ بھےؔ انندا
دُکھ کلیس سبھِ ناٹھے ॥

ਗੁਨ ਗਾਵਤ ਧਿਆਵਤ ਪ੍ਰਭੁ ਅਪਨਾ
ਕਾਰਜ ਸਗਲੇ ਸਾਂਠੇ ॥੧॥

گُن گاوت دھیاوت پربھُ اپنا
کارج سگلے ساٹھے ॥1॥

ਜਗਜੀਵਨ ਨਾਮੁ ਤੁਮਾਰਾ ॥

جگجیون نامُ تُمارا ॥

ਗੁਰ ਪੂਰੇ ਦੀਓ ਉਪਦੇਸਾ
ਜਪਿ ਭਉਜਲੁ ਪਾਰਿ ਉਤਾਰਾ ॥ ਰਹਾਉ ॥

گُرپُورے دیئو اُپدیسا
جپِ بھجُلُ پارِ اُتارا ॥ رہاءُ ॥

ਤੂਹੈ ਮੰਤ੍ਰੀ ਸੁਨਹਿ ਪ੍ਰਭ ਤੂਹੈ
ਸਭੁ ਕਿਛੁ ਕਰਣੈਹਾਰਾ ॥

توُہے منّتری سُنہِ پربھ توُہے
سبھُ کِچھُ کرنیہارا ॥

ਤੂ ਆਪੇ ਦਾਤਾ ਆਪੇ ਭੁਗਤਾ
ਕਿਆ ਇਹੁ ਜੰਤੁ ਵਿਚਾਰਾ ॥੨॥

توُ آپے داتا آپے بھُگتا
کِیا اِہُ جنّتُ وِچارا ۔ ॥2॥

ਕਿਆ ਗੁਣ ਤੇਰੇ ਆਖਿ ਵਖਾਣੀ
ਕੀਮਤਿ ਕਹਣੁ ਨ ਜਾਈ ॥

کِیا گُنؔ تیرے آکھِ وکھانیؔ
قِیمتِ کہنُ ن جائی ॥

ਪੇਖਿ ਪੇਖਿ ਜੀਵੈ ਪ੍ਰਭੁ ਅਪਨਾ
ਅਚਰਜੁ ਤੁਮਹਿ ਵਡਾਈ ॥੩॥

پیکھِ پیکھِ جیوے پربھُ اپنا
اچرجُ تُمہِ وڈائی ॥3॥

ਧਾਰਿ ਅਨੁਗ੍ਰਹੁ ਆਪਿ ਪ੍ਰਭ ਸ੍ਵਾਮੀ

دھارِ انگرہُ آپِ پربھ سّوامی

ਪਤਿ ਮਤਿ ਕੀਨੀ ਪੂਰੀ ॥	پتِ متِ کِینی پُوری ॥
ਸਦਾ ਸਦਾ ਨਾਨਕ ਬਲਿਹਾਰੀ ਬਾਛਉ ਸੰਤਾ ਧੂਰੀ ॥੪॥੧੩॥੬੩॥	سدا سدا نانک بلِہاری باچھ ءُ سنّتا دھوُری ॥4॥ 13 ॥ 63 ॥
ਸੋਰਠਿ ਮਃ ੫ ॥	سورٹھِ م: 5 ॥
ਗੁਰੁ ਪੂਰਾ ਨਮਸਕਾਰੇ ॥	گُرُ پوُرا نمسکارے ॥
ਪ੍ਰਭਿ ਸਭੇ ਕਾਜ ਸਵਾਰੇ ॥	پّربھِ سبھے کاج سوارے ॥
ਹਰਿ ਅਪਣੀ ਕਿਰਪਾ ਧਾਰੀ ॥	ہرِ اپنّی کِرپا دھاری ॥
ਪ੍ਰਭ ਪੂਰਨ ਪੈਜ ਸਵਾਰੀ ॥੧॥	پّربھ پوُرن پیَج سواری ॥1॥
ਅਪਨੇ ਦਾਸ ਕੋ ਭਇਓ ਸਹਾਈ ॥	اپنے داس کو بھئیو سہائی ॥
ਸਗਲ ਮਨੋਰਥ ਕੀਨੇ ਕਰਤੈ ਊਣੀ ਬਾਤ ਨ ਕਾਈ ॥ ਰਹਾਉ ॥	سگل منورتھ کِینے کرتے اوُنّی بات ن کائی ॥ رہاءُ ॥
ਕਰਤੈ ਪੁਰਖਿ ਤਾਲੁ ਦਿਵਾਇਆ ॥	کرتے پُرکھِ تالُ دِوائیا ॥
ਪਿਛੈ ਲਗਿ ਚਲੀ ਮਾਇਆ ॥	پِچھے لگِ چلی مائیا ॥
ਤੋਟਿ ਨ ਕਤਹੂ ਆਵੈ ॥	توٹِ ن کتہوُ آوے ॥
ਮੇਰੇ ਪੂਰੇ ਸਤਗੁਰ ਭਾਵੈ ॥੩॥	میرے پوُرے ستگُر بھاوے ॥3॥
ਸਿਮਰਿ ਸਿਮਰਿ ਦਇਆਲਾ ॥	سِمرِ سِمرِ دئیالا ॥
ਸਭਿ ਜੀਅ ਭਏ ਕਿਰਪਾਲਾ ॥	سبھِ جیء بھئے کِرپالا ॥
ਜੈ ਜੈ ਕਾਰੁ ਗੁਸਾਈ ॥	جے جے کارُ گُسائی ॥
ਜਿਨਿ ਪੂਰੀ ਬਣਤ ਬਣਾਈ ॥੩॥	جِنِ پوُری بنّت بنّائی ॥3॥
ਤੂ ਭਾਰੋ ਸੁਆਮੀ ਮੋਰਾ ॥	تو بھارو سُیامی مورا ॥
ਇਹੁ ਪੁੰਨੁ ਪਦਾਰਥੁ ਤੇਰਾ ॥	اِہُ پُنّنُ پدارتھُ تیرا ॥
ਜਨ ਨਾਨਕ ਏਕੁ ਧਿਆਇਆ ॥	جن نانک ایکُ دھِیائیا ॥
ਸਰਬ ਫਲਾ ਪੁੰਨੁ ਪਾਇਆ ॥੪॥੧੪॥੬੪॥	سرب پھلا پُنّنُ پائیا ॥4॥ 14 ॥ 64 ॥

ਸੋਰਠਿ ਮਹਲਾ ੫ ਘਰੁ ੩ ਦੁਪਦੇ	سورٹھِ محلا 5 گھرُ 3 دُپدے
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਰਾਮਦਾਸ ਸਰੋਵਰਿ ਨਾਤੇ ॥	رامداس سروورِ ناتے ॥
ਸਭਿ ਉਤਰੇ ਪਾਪ ਕਮਾਤੇ ॥	سبھِ اُترے پاپ کماتے ॥
ਨਿਰਮਲ ਹੋਏ ਕਰਿ ਇਸਨਾਨਾ ॥	نِرمل ہوئے کرِ اِسنانا ॥
ਗੁਰਿ ਪੂਰੈ ਕੀਨੇ ਦਾਨਾ ॥੧॥	گُرِ پوُرے کِینے دانا ॥1॥
ਸਭਿ ਕੁਸਲ ਖੇਮ ਪ੍ਰਭਿ ਧਾਰੇ ॥	سبھِ کُسل کھیم پربھِ دھارے ॥
ਸਹੀ ਸਲਾਮਤਿ ਸਭਿ ਥੋਕ ਉਬਾਰੇ ਗੁਰ ਕਾ ਸਬਦੁ ਵੀਚਾਰੇ ॥ ਰਹਾਉ ॥	صہی سلامتِ سبھِ تھوک اُبارے گُر کا سبدُ ویچارے ॥ رہاءُ ॥
ਸਾਧਸੰਗਿ ਮਲੁ ਲਾਥੀ ॥	سادھسنگِ مل لاتھی ॥
ਪਾਰਬ੍ਰਹਮੁ ਭਇਓ ਸਾਥੀ ॥	پاربرّہمُ بھئیو ساتھی ॥
ਨਾਨਕ ਨਾਮੁ ਧਿਆਇਆ ॥	نانک نامُ دھیائیا ॥
ਆਦਿ ਪੁਰਖ ਪ੍ਰਭੁ ਪਾਇਆ ॥੨॥੧॥੬੫॥	آدِ پُرکھ پربھُ پائیا ॥2॥1॥ 65 ॥
ਸੋਰਠਿ ਮਹਲਾ ੫ ॥	سورٹھِ محلا 5 ॥
ਜਿਤੁ ਪਾਰਬ੍ਰਹਮੁ ਚਿਤਿ ਆਇਆ ॥	جِتُ پاربرّہمُ چِتِ آئیا ॥
ਸੋ ਘਰੁ ਦਯਿ ਵਸਾਇਆ ॥	سو گھرُ دیِ وسائیا ॥
ਸੁਖ ਸਾਗਰੁ ਗੁਰੁ ਪਾਇਆ ॥	سُکھ ساگرُ گُرُ پائیا ॥
ਤਾ ਸਹਸਾ ਸਗਲ ਮਿਟਾਇਆ ॥੧॥	تا سہسا سگل مِٹائیا ॥1॥
ਹਰਿ ਕੇ ਨਾਮ ਕੀ ਵਡਿਆਈ ॥	ہرِ کے نام کی وڈیائی ॥
ਆਠ ਪਹਰ ਗੁਣ ਗਾਈ ॥	آٹھ پہر گُنؤ گائی ॥
ਗੁਰ ਪੂਰੇ ਤੇ ਪਾਈ ॥ ਰਹਾਉ ॥	گُر پوُرے تے پائی ॥ رہاءُ ॥
ਪ੍ਰਭ ਕੀ ਅਕਥ ਕਹਾਣੀ ॥	پربھ کی اکتھ کہانؤ ॥
ਜਨ ਬੋਲਹਿ ਅੰਮ੍ਰਿਤ ਬਾਣੀ ॥	جن بولہِ انمّرِت بانؤ ॥

ਨਾਨਕ ਦਾਸ ਵਖਾਣੀ ॥
ਗੁਰ ਪੂਰੇ ਤੇ ਜਾਣੀ ॥੨॥੨॥੬੬॥

نانک داس وکھانی ॥
گُر پُورے تے جانی ॥2॥2॥ 66 ॥

ਸੋਰਠਿ ਮਹਲਾ ੫ ॥

سورٹھِ محلا 5 ॥

ਆਗੈ ਸੁਖੁ ਗੁਰਿ ਦੀਆ ॥
ਪਾਛੈ ਕੁਸਲ ਖੇਮ ਗੁਰਿ ਕੀਆ ॥
ਸਰਬ ਨਿਧਾਨ ਸੁਖ ਪਾਇਆ ॥
ਗੁਰੁ ਅਪੁਨਾ ਰਿਦੈ ਧਿਆਇਆ ॥੧॥
ਅਪਨੇ ਸਤਿਗੁਰ ਕੀ ਵਡਿਆਈ ॥
ਮਨ ਇਛੇ ਫਲ ਪਾਈ ॥
ਸੰਤਹੁ ਦਿਨੁ ਦਿਨੁ ਚੜੈ ਸਵਾਈ ॥ ਰਹਾਉ ॥

آگے سُکھُ گُرِ دِیِیا ॥
پاچھے کُسل کھیم گُرِ کِیِیا ॥
سرب نِدھان سُکھ پائِیا ॥
گُرُ اپُنا رِدے دھِیائِیا ॥1॥
اپنے ستِگُر کی وڈِیائی ॥
من اِچھے پھل پائی ॥
سنّتہٗ دِنُ دِنُ چڑے سوائی ॥ رہاءُ ॥

ਜੀਅ ਜੰਤ ਸਭਿ ਭਏ ਦਇਆਲਾ
ਪ੍ਰਭਿ ਅਪਨੇ ਕਰਿ ਦੀਨੇ ॥
ਸਹਜ ਸੁਭਾਇ ਮਿਲੇ ਗੋਪਾਲਾ
ਨਾਨਕ ਸਾਚਿ ਪਤੀਨੇ ॥੨॥੩॥੬੭॥

جیء جنّت سبھِ بھئے دیِیالا
پربھِ اپنے کرِ دِینے ॥
سہج سُبھاءِ مِلے گوپالا
نانک ساچِ پتینے ॥2॥3॥ 67 ॥

ਸੋਰਠਿ ਮਹਲਾ ੫ ॥

سورٹھِ محلا 5 ॥

ਗੁਰ ਕਾ ਸਬਦੁ ਰਖਵਾਰੇ ॥
ਚਉਕੀ ਚਉਗਿਰਦ ਹਮਾਰੇ ॥
ਰਾਮ ਨਾਮਿ ਮਨੁ ਲਾਗਾ ॥
ਜਮੁ ਲਜਾਇ ਕਰਿ ਭਾਗਾ ॥੧॥
ਪ੍ਰਭ ਜੀ ਤੂ ਮੇਰੋ ਸੁਖਦਾਤਾ ॥
ਬੰਧਨ ਕਾਟਿ ਕਰੇ ਮਨੁ ਨਿਰਮਲੁ
ਪੂਰਨ ਪੁਰਖੁ ਬਿਧਾਤਾ ॥ ਰਹਾਉ ॥
ਨਾਨਕ ਪ੍ਰਭੁ ਅਬਿਨਾਸੀ ॥

گُر کا سبدُ رکھوارے ॥
چنّکی چنّگِرد ہمارے ॥
رام نامِ منُ لاگا ॥
جمُ لجاءِ کرِ بھاگا ॥1॥
پربھ جی توٗ میرو سُکھداتا ॥
بندھن کاٹِ کرے منُ نِرملُ
پُورن پُرکھُ بِدھاتا ॥ رہاءُ ॥
نانک پربھُ اِبناسی ॥

ਤਾ ਕੀ ਸੇਵ ਨ ਬਿਰਥੀ ਜਾਸੀ ॥	تا کی سیو ن برتھی جاسی ॥
ਅਨਦ ਕਰਹਿ ਤੇਰੇ ਦਾਸਾ ॥	اند کرہِ تیرے داسا ॥
ਜਪਿ ਪੂਰਨ ਹੋਈ ਆਸਾ ॥੨॥੪॥੬੮॥	جپِ پوُرن ہوئی آسا ॥2॥4॥ 68 ॥
ਸੋਰਠਿ ਮਹਲਾ ੫ ॥	سورٹھِ محلا 5 ॥
ਗੁਰ ਅਪੁਨੇ ਬਲਿਹਾਰੀ ॥	گُر اپُنے بلِہاری ॥
ਜਿਨਿ ਪੂਰਨ ਪੈਜ ਸਵਾਰੀ ॥	جِنِ پوُرن پیَج سواری ॥
ਮਨ ਚਿੰਦਿਆ ਫਲੁ ਪਾਇਆ ॥	من چِنّدِیا پھلُ پائِیا ॥
ਪ੍ਰਭੁ ਅਪੁਨਾ ਸਦਾ ਧਿਆਇਆ ॥੧॥	پّربھُ اپُنا سدا دھِیائِیا ॥1॥
ਸੰਤਹੁ ਤਿਸੁ ਬਿਨੁ ਅਵਰੁ ਨ ਕੋਈ ॥	سنّتہُ تِسُ بِنُ اورُ ن کوئی ॥
ਕਰਣ ਕਾਰਣ ਪ੍ਰਭੁ ਸੋਈ ॥ ਰਹਾਉ ॥	کرنؤ کارنؤ پّربھُ سوئی ॥ رہاءُ ॥
ਪ੍ਰਭਿ ਅਪਨੈ ਵਰ ਦੀਨੇ ॥	پّربھِ اپنے ور دِینے ॥
ਸਗਲ ਜੀਅ ਵਸਿ ਕੀਨੇ ॥	سگل جیء وسِ کِینے ॥
ਜਨ ਨਾਨਕ ਨਾਮੁ ਧਿਆਇਆ ॥	جن نانک نامُ دھِیائِیا ॥
ਤਾ ਸਗਲੇ ਦੂਖ ਮਿਟਾਇਆ ॥੨॥੫॥੬੯॥	تا سگلے دوُکھ مِٹائِیا ॥2॥5॥ 69 ॥
ਸੋਰਠਿ ਮਹਲਾ ੫ ॥	سورٹھِ محلا 5 ॥
ਤਾਪੁ ਗਵਾਇਆ ਗੁਰਿ ਪੂਰੇ ॥	تاپُ گوائِیا گُرِ پوُرے ॥
ਵਾਜੇ ਅਨਹਦ ਤੂਰੇ ॥	واجے انہد توُرے ॥
ਸਰਬ ਕਲਿਆਣ ਪ੍ਰਭਿ ਕੀਨੇ ॥	سرب کلیانؤ پّربھِ کِینے ॥
ਕਰਿ ਕਿਰਪਾ ਆਪਿ ਦੀਨੇ ॥੧॥	کرِ کرِپا آپِ دِینے ॥1॥
ਬੇਦਨ ਸਤਿਗੁਰਿ ਆਪਿ ਗਵਾਈ ॥	بیدن ستِگُرِ آپِ گوائی ॥
ਸਿਖ ਸੰਤ ਸਭਿ ਸਰਸੇ ਹੋਏ ਹਰਿ ਹਰਿ ਨਾਮਿ ਧਿਆਈ ॥ ਰਹਾਉ ॥	سِکھ سنّت سبھِ سرسے ہوئے ہرِ ہرِ نامِ دھِیائی ॥ رہاءُ ॥
ਜੋ ਮੰਗਹਿ ਸੋ ਲੇਵਹਿ ॥	جو منگہِ سو لیوہِ ॥

ਪ੍ਰਭ ਅਪਣਿਆ ਸੰਤਾ ਦੇਵਹਿ ॥	پربھ اپنّیا سنّتا دیوہِ ॥
ਹਰਿ ਗੋਵਿਦੁ ਪ੍ਰਭਿ ਰਾਖਿਆ ॥	ہرِ گووِدُ پربھِ راکھیا ॥
ਜਨ ਨਾਨਕ ਸਾਚੁ ਸੁਭਾਖਿਆ ॥੨॥੬॥੭੦॥	جن نانک ساچُ سُبھاکھیا ॥2॥6॥ 70 ॥
ਸੋਰਠਿ ਮਹਲਾ ੫ ॥	سورٹھِ محلا 5 ॥
ਸੋਈ ਕਰਾਇ ਜੋ ਤੁਧੁ ਭਾਵੈ ॥	سوئی کراءِ جو تُدھُ بھاوے ॥
ਮੋਹਿ ਸਿਆਣਪ ਕਛੂ ਨ ਆਵੈ ॥	موہِ سِیانپ کچھوُ ن آوے ॥
ਹਮ ਬਾਰਿਕ ਤਉ ਸਰਣਾਈ ॥	ہم بارِک تءُ سرنائی ॥
ਪ੍ਰਭਿ ਆਪੇ ਪੈਜ ਰਖਾਈ ॥੧॥	پربھِ آپے پیج رکھائی ॥1॥
ਮੇਰਾ ਮਾਤ ਪਿਤਾ ਹਰਿ ਰਾਇਆ ॥	میرا مات پِتا ہرِ رائیا ॥
ਕਰਿ ਕਿਰਪਾ ਪ੍ਰਤਿਪਾਲਣ ਲਾਗਾ ਕਰੀਂ ਤੇਰਾ ਕਰਾਇਆ ॥ ਰਹਾਉ ॥	کرِ کرِپا پرتپالنْ لاگا کریں تیرا کرائیا ॥ رہاءُ ॥
ਜੀਅ ਜੰਤ ਤੇਰੇ ਧਾਰੇ ॥	جیء جنّت تیرے دھارے ॥
ਪ੍ਰਭ ਡੋਰੀ ਹਾਥਿ ਤੁਮਾਰੇ ॥	پربھ ڈوری ہاتھِ تُمارے ॥
ਜਿ ਕਰਾਵੈ ਸੋ ਕਰਣਾ ॥	جِ کراوے سو کرٹا ॥
ਨਾਨਕ ਦਾਸ ਤੇਰੀ ਸਰਣਾ ॥੨॥੭॥੭੧॥	نانک داس تیری سرٹا ॥2॥7॥ 71 ॥
ਸੋਰਠਿ ਮਹਲਾ ੫ ॥	سورٹھِ محلا 5 ॥
ਹਰਿ ਨਾਮੁ ਰਿਦੈ ਪਰੋਇਆ ॥	ہرِ نامُ رِدے پروئیا ॥
ਸਭੁ ਕਾਜੁ ਹਮਾਰਾ ਹੋਇਆ ॥	سبھُ کاجُ ہمارا ہوئیا ॥
ਪ੍ਰਭ ਚਰਣੀ ਮਨੁ ਲਾਗਾ ॥	پربھ چرنّی منُ لاگا ॥
ਪੂਰਨ ਜਾ ਕੇ ਭਾਗਾ ॥੧॥	پوُرن جا کے بھاگا ॥1॥
ਮਿਲਿ ਸਾਧਸੰਗਿ ਹਰਿ ਧਿਆਇਆ ॥	مِلِ سادھسنگِ ہرِ دھیائیا ॥
ਆਠ ਪਹਰ ਅਰਾਧਿਓ ਹਰਿ ਹਰਿ ਮਨ ਚਿੰਦਿਆ ਫਲੁ ਪਾਇਆ ॥ ਰਹਾਉ ॥	آٹھ پہر ارادھیئو ہرِ ہرِ من چِنّدیا پھلُ پائیا ॥ رہاءُ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਪਰਾ ਪੂਰਬਲਾ ਅੰਕੁਰੁ ਜਾਗਿਆ ॥	پرا پُوربلا انکُر جاگِیا ॥
ਰਾਮ ਨਾਮਿ ਮਨੁ ਲਾਗਿਆ ॥	رام نامِ منُ لاگِیا ॥
ਮਨਿ ਤਨਿ ਹਰਿ ਦਰਸਿ ਸਮਾਵੈ ॥	منِ تنِ ہرِ درسِ سماوےَ ॥
ਨਾਨਕ ਦਾਸ ਸਚੇ ਗੁਣ ਗਾਵੈ ॥੨॥੮॥੭੨॥	نانک داس سچے گُنؔ گاوےَ ॥2॥8॥ 72 ॥
ਸੋਰਠਿ ਮਹਲਾ ੫ ॥	سورٹھِ محلا 5 ॥
ਗੁਰ ਮਿਲਿ ਪ੍ਰਭੂ ਚਿਤਾਰਿਆ ॥	گُر مِلِ پرّبھوُ چِتارِیا ॥
ਕਾਰਜ ਸਭਿ ਸਵਾਰਿਆ ॥	کارج سبھِ سوارِیا ॥
ਮੰਦਾ ਕੋ ਨ ਅਲਾਏ ॥	منّدا کو ن الائے ॥
ਸਭ ਜੈ ਜੈ ਕਾਰੁ ਸੁਣਾਏ ॥੧॥	سبھ جےَ جےَ کارُ سُنّائے ॥1॥
ਸੰਤਹੁ ਸਾਚੀ ਸਰਣਿ ਸੁਆਮੀ ॥	سنّتہُ ساچی سرنِؔ سُیامی ॥
ਜੀਅ ਜੰਤ ਸਭਿ ਹਾਥਿ ਤਿਸੈ ਕੈ ਸੋ ਪ੍ਰਭੁ ਅੰਤਰਜਾਮੀ ॥ ਰਹਾਉ ॥	جیء جنّت سبھِ ہاتھِ تِسےَ کے سو پرّبھُ انترجامی ॥ رہاءُ ॥
ਕਰਤਬ ਸਭਿ ਸਵਾਰੇ ॥	کرتب سبھِ سوارے ॥
ਪ੍ਰਭਿ ਅਪੁਨਾ ਬਿਰਦੁ ਸਮਾਰੇ ॥	پرّبھِ اپُنا بِردُ سمارے ॥
ਪਤਿਤ ਪਾਵਨ ਪ੍ਰਭ ਨਾਮਾ ॥	پتِت پاون پرّبھ نامَا ॥
ਜਨ ਨਾਨਕ ਸਦ ਕੁਰਬਾਨਾ ॥੨॥੯॥੭੩॥	جن نانک سد قُربانا ॥2॥9॥ 73 ॥
ਸੋਰਠਿ ਮਹਲਾ ੫ ॥	سورٹھِ محلا 5 ॥
ਪਾਰਬ੍ਰਹਮਿ ਸਾਜਿ ਸਵਾਰਿਆ ॥	پاربرّہمِ ساجِ سوارِیا ॥
ਇਹੁ ਲਹੁੜਾ ਗੁਰੂ ਉਬਾਰਿਆ ॥	اِہُ لہُڑا گُرہُ اُبارِیا ॥
ਅਨਦ ਕਰਹੁ ਪਿਤ ਮਾਤਾ ॥	اند کرہُ پِت ماتا ॥
ਪਰਮੇਸਰੁ ਜੀਅ ਕਾ ਦਾਤਾ ॥੧॥	پرمیسرُ جیء کا داتا ॥1॥
ਸੁਭ ਚਿਤਵਨਿ ਦਾਸ ਤੁਮਾਰੇ ॥	سُبھ چِتونِ داس تُمارے ॥
ਰਾਖਹਿ ਪੈਜ ਦਾਸ ਅਪੁਨੇ ਕੀ	راکھہِ پیجَ داس اپُنے کی

ਕਾਰਜ ਆਪਿ ਸਵਾਰੇ ॥ ਰਹਾਉ ॥	کارج آپِ سوارے ॥ رہاءُ ॥
ਮੇਰਾ ਪ੍ਰਭੁ ਪਰਉਪਕਾਰੀ ॥	میرا پربھُ پرُپکاری ॥
ਪੂਰਨ ਕਲ ਜਿਨਿ ਧਾਰੀ ॥	پوُرن کل جِنِ دھاری ॥
ਨਾਨਕ ਸਰਣੀ ਆਇਆ ॥	نانک سرنی آئیا ॥
ਮਨ ਚਿੰਦਿਆ ਫਲੁ ਪਾਇਆ ॥੨॥੧੦॥੭੪॥	من چِنّدیا پھلُ پائیا ॥2॥ 10 ॥ 74 ॥
ਸੋਰਠਿ ਮਹਲਾ ੫ ॥	سورٹھِ محلا 5 ॥
ਸਦਾ ਸਦਾ ਹਰਿ ਜਾਪੇ ॥	سدا سدا ہرِ جاپے ॥
ਪ੍ਰਭ ਬਾਲਕ ਰਾਖੇ ਆਪੇ ॥	پربھ بالک راکھے آپے ॥
ਸੀਤਲਾ ਠਾਕਿ ਰਹਾਈ ॥	سیتلا ٹھاکِ رہائی ॥
ਬਿਘਨ ਗਏ ਹਰਿ ਨਾਈ ॥੧॥	بِگھن گئے ہرِ نائی ॥1॥
ਮੇਰਾ ਪ੍ਰਭੁ ਹੋਆ ਸਦਾ ਦਇਆਲਾ ॥	میرا پربھُ ہویا سدا دئیالا ॥
ਅਰਦਾਸਿ ਸੁਣੀ ਭਗਤ ਅਪੁਨੇ ਕੀ ਸਭ ਜੀਅ ਭਇਆ ਕਿਰਪਾਲਾ ॥ ਰਹਾਉ ॥	عرداسِ سُنی بھگت اپُنے کی سبھ جیء بھئیا کِرپالا ॥ رہاءُ ॥
ਪ੍ਰਭ ਕਰਣ ਕਾਰਣ ਸਮਰਾਥਾ ॥	پربھ کرنْ کارنْ سمراتھا ॥
ਹਰਿ ਸਿਮਰਤ ਸਭੁ ਦੁਖੁ ਲਾਥਾ ॥	ہرِ سِمرت سبھُ دُکھُ لاتھا ॥
ਅਪਣੇ ਦਾਸ ਕੀ ਸੁਣੀ ਬੇਨੰਤੀ ॥	اپنے داس کی سُنی بینّتی ॥
ਸਭ ਨਾਨਕ ਸੁਖਿ ਸਵੰਤੀ ॥੨॥੧੧॥੭੫॥	سبھ نانک سُکھِ سونّتی ॥2॥ 11 ॥ 75 ॥
ਸੋਰਠਿ ਮਹਲਾ ੫ ॥	سورٹھِ محلا 5 ॥
ਅਪਨਾ ਗੁਰੂ ਧਿਆਏ ॥	اپنا گُرو دھیائے ॥
ਮਿਲਿ ਕੁਸਲ ਸੇਤੀ ਘਰਿ ਆਏ ॥	مِلِ کُسل سیتی گھرِ آئے ॥
ਨਾਮੈ ਕੀ ਵਡਿਆਈ ॥	نامے کی وڈیائی ॥
ਤਿਸੁ ਕੀਮਤਿ ਕਹਣੁ ਨ ਜਾਈ ॥੧॥	تِس قیمتِ کہنْ ن جائی ॥1॥
ਸੰਤਹੁ ਹਰਿ ਹਰਿ ਹਰਿ ਆਰਾਧਹੁ ॥	سنّتہ ہرِ ہرِ ہرِ آرادھہُ ॥

ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ ॥ ਰਹਾਉ ॥	ہرِ آرادھِ سبھو کچھُ پائیَے کارج سگلے سادھہُ ॥ رہاءُ ॥
ਪ੍ਰੇਮ ਭਗਤਿ ਪ੍ਰਭ ਲਾਗੀ ॥	پریم بھگتِ پربھ لاگی ॥
ਸੋ ਪਾਏ ਜਿਸੁ ਵਡਭਾਗੀ ॥	سو پائے جِسُ وڈبھاگی ॥
ਜਨ ਨਾਨਕ ਨਾਮੁ ਧਿਆਇਆ ॥	جن نانک نامُ دھیائیا ॥
ਤਿਨਿ ਸਰਬ ਸੁਖਾ ਫਲ ਪਾਇਆ ॥੨॥੧੨॥੭੬॥	تِنِ سرب سُکھا پھل پائیا ॥2॥ 12 ॥ 76 ॥
ਸੋਰਠਿ ਮਹਲਾ ੫ ॥	سورٹھِ محلا 5 ॥
ਪਰਮੇਸਰਿ ਦਿਤਾ ਬੰਨਾ ॥	پرمیسرِ دِتا بنّا ॥
ਦੁਖ ਰੋਗ ਕਾ ਡੇਰਾ ਭੰਨਾ ॥	دُکھ روگ کا ڈیرا بھنّا ॥
ਅਨਦ ਕਰਹਿ ਨਰ ਨਾਰੀ ॥	اند کرہِ نر ناری ॥
ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥੧॥	ہرِ ہرِ پربھِ کِرپا دھاری ॥1॥
ਸੰਤਹੁ ਸੁਖੁ ਹੋਆ ਸਭ ਥਾਈ ॥	سنّتہٗ سُکھُ ہویا سبھ تھائی ॥
ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ ਰਹਾਉ ॥	پاربرّہمُ پوُرن پرمیسرُ روِ رہِیا سبھنی جائی ॥ رہاءُ ॥
ਧੁਰ ਕੀ ਬਾਣੀ ਆਈ ॥	دھُر کی باٹی آئی ॥
ਤਿਨਿ ਸਗਲੀ ਚਿੰਤ ਮਿਟਾਈ ॥	تِنِ سگلی چِنّت مِٹائی ॥
ਦਇਆਲ ਪੁਰਖ ਮਿਹਰਵਾਨਾ ॥	دیَیال پُرکھ مِہروانا ॥
ਹਰਿ ਨਾਨਕ ਸਾਚੁ ਵਖਾਨਾ ॥੨॥੧੩॥੭੭॥	ہرِ نانک ساچُ وکھانا ॥2॥ 13 ॥ 77 ॥
ਸੋਰਠਿ ਮਹਲਾ ੫ ॥	سورٹھِ محلا 5 ॥
ਐਥੈ ਓਥੈ ਰਖਵਾਲਾ ॥	ایَتھےَ اوتھےَ رکھوالا ॥
ਪ੍ਰਭ ਸਤਿਗੁਰ ਦੀਨ ਦਇਆਲਾ ॥	پربھ ستِگُر دِین دیَیالا ॥
ਦਾਸ ਅਪਨੇ ਆਪਿ ਰਾਖੇ ॥	داس اپنے آپِ راکھے ॥
ਘਟਿ ਘਟਿ ਸਬਦੁ ਸੁਭਾਖੇ ॥੧॥	گھٹِ گھٹِ سبدُ سُبھاکھے ॥1॥

ਗੁਰ ਕੇ ਚਰਣ ਊਪਰਿ ਬਲਿ ਜਾਈ ॥	گُر کے چرنؔ اوُپرِ بلِ جائی ॥
ਦਿਨਸੁ ਰੈਨਿ ਸਾਸਿ ਸਾਸਿ ਸਮਾਲੀ ਪੂਰਨੁ ਸਭਨੀ ਥਾਈ ॥ ਰਹਾਉ ॥	دِنسُ ریَنِ ساسِ ساسِ سمالی پوُرنُ سبھنی تھائی ॥ رہاءُ ॥
ਆਪਿ ਸਹਾਈ ਹੋਆ ॥	آپِ سہائی ہویا ॥
ਸਚੇ ਦਾ ਸਚਾ ਢੋਆ ॥	سچے دا سچا ڈھویا ॥
ਤੇਰੀ ਭਗਤਿ ਵਡਿਆਈ ॥	تیری بھگتِ وڈیائی ॥
ਪਾਈ ਨਾਨਕ ਪ੍ਰਭ ਸਰਣਾਈ ॥੨॥੧੪॥੭੮॥	پائی نانک پربھ سرٹائی ॥2॥ 14 ॥ 78 ॥
ਸੋਰਠਿ ਮਹਲਾ ੫ ॥	سورٹھِ محلا 5 ॥
ਸਤਿਗੁਰ ਪੂਰੇ ਭਾਣਾ ॥	ستِگُر پوُرے بھاٹا ॥
ਤਾ ਜਪਿਆ ਨਾਮੁ ਰਮਾਣਾ ॥	تا جپِیا نامُ رماٹا ॥
ਗੋਬਿੰਦ ਕਿਰਪਾ ਧਾਰੀ ॥	گوبِندؔ کِرپا دھاری ॥
ਪ੍ਰਭਿ ਰਾਖੀ ਪੈਜ ਹਮਾਰੀ ॥੧॥	پربھِ راکھی پیجؔ ہماری ॥1॥
ਹਰਿ ਕੇ ਚਰਨ ਸਦਾ ਸੁਖਦਾਈ ॥	ہرِ کے چرن سدا سُکھدائی ॥
ਜੋ ਇਛਹਿ ਸੋਈ ਫਲੁ ਪਾਵਹਿ ਬਿਰਥੀ ਆਸ ਨ ਜਾਈ ॥੧॥ ਰਹਾਉ ॥	جو اِچھہِ سوئی پھلُ پاوہِ برتھی آس ن جائی ॥1॥ رہاءُ ॥
ਕ੍ਰਿਪਾ ਕਰੇ ਜਿਸੁ ਪ੍ਰਾਨਪਤਿ ਦਾਤਾ ਸੋਈ ਸੰਤੁ ਗੁਣ ਗਾਵੈ ॥	کرِپا کرے جِسُ پرانپتِ داتا سوئی سنتُ گُنؔ گاوے ॥
ਪ੍ਰੇਮ ਭਗਤਿ ਤਾ ਕਾ ਮਨੁ ਲੀਣਾ ਪਾਰਬ੍ਰਹਮ ਮਨਿ ਭਾਵੈ ॥੨॥	پریم بھگتِ تا کا منُ لِیٹا پاربرہم منِ بھاوے ॥2॥
ਆਠ ਪਹਰ ਹਰਿ ਕਾ ਜਸੁ ਰਵਣਾ ਬਿਖੈ ਠਗਉਰੀ ਲਾਥੀ ॥	آٹھ پہر ہرِ کا جسُ روٹا بِکھےَ ٹھگئُری لاتھی ॥
ਸੰਗਿ ਮਿਲਾਇ ਲੀਆ ਮੇਰੈ ਕਰਤੈ ਸੰਤ ਸਾਧ ਭਏ ਸਾਥੀ ॥੩॥	سنگِ مِلاءِ لِیا میرے کرتےَ سنّت سادھ بھےَ ساتھی ॥3॥
ਕਰੁ ਗਹਿ ਲੀਨੇ ਸਰਬਸੁ ਦੀਨੇ	کرُ گہِ لینے سربسُ دینے

ਆਪਹਿ ਆਪੁ ਮਿਲਾਇਆ ॥	آپہِ آپُ مِلائیا ॥
ਕਹੁ ਨਾਨਕ ਸਰਬ ਥੋਕ ਪੂਰਨ ਪੂਰਾ ਸਤਿਗੁਰੁ ਪਾਇਆ ॥੪॥੧੫॥੭੯॥	کہُ نانک سرب تھوک پوُرن پوُرا ستِگُرُ پائیا ॥4॥ 15 ॥ 79 ॥
ਸੋਰਠਿ ਮਹਲਾ ੫ ॥	سورٹھِ محلا 5 ॥
ਗਰੀਬੀ ਗਦਾ ਹਮਾਰੀ ॥	غرِیبی گدا ہماری ॥
ਖੰਨਾ ਸਗਲ ਰੇਨੁ ਛਾਰੀ ॥	کھنّا سگل ریُنُ چھاری ॥
ਇਸੁ ਆਗੈ ਕੋ ਨ ਟਿਕੈ ਵੇਕਾਰੀ ॥	اِسُ آگے کو ن ٹِکے ویکاری ॥
ਗੁਰ ਪੂਰੇ ਏਹ ਗਲ ਸਾਰੀ ॥੧॥	گُر پوُرے ایہ گل ساری ॥1॥
ਹਰਿ ਹਰਿ ਨਾਮੁ ਸੰਤਨ ਕੀ ਓਟਾ ॥	ہرِ ہرِ نامُ سنّتن کی اوٹا ॥
ਜੋ ਸਿਮਰੈ ਤਿਸ ਕੀ ਗਤਿ ਹੋਵੈ ਉਧਰਹਿ ਸਗਲੇ ਕੋਟਾ ॥੧॥ ਰਹਾਉ ॥	جو سِمرے تِس کی گتِ ہووے اُدھرہِ سگلے کوٹا ॥1॥ رہاءُ ॥
ਸੰਤ ਸੰਗਿ ਜਸੁ ਗਾਇਆ ॥	سنّت سنگِ جسُ گائیا ॥
ਇਹੁ ਪੂਰਨ ਹਰਿ ਧਨੁ ਪਾਇਆ ॥	اِہُ پوُرن ہرِ دھنُ پائیا ॥
ਕਹੁ ਨਾਨਕ ਆਪੁ ਮਿਟਾਇਆ ॥	کہُ نانک آپُ مِٹائیا ॥
ਸਭੁ ਪਾਰਬ੍ਰਹਮੁ ਨਦਰੀ ਆਇਆ ॥੨॥੧੬॥੮੦॥	سبھُ پاربّرہمُ ندری آئیا ॥2॥ 16 ॥ 80 ॥
ਸੋਰਠਿ ਮਹਲਾ ੫ ॥	سورٹھِ محلا 5 ॥
ਗੁਰਿ ਪੂਰੇ ਪੂਰੀ ਕੀਨੀ ॥	گُرِ پوُرے پوُری کِینی ॥
ਬਖਸ ਅਪੁਨੀ ਕਰਿ ਦੀਨੀ ॥	بخش اپُنی کرِ دِینی ॥
ਨਿਤ ਅਨੰਦ ਸੁਖ ਪਾਇਆ ॥	نِت انّند سُکھ پائیا ॥
ਥਾਵ ਸਗਲੇ ਸੁਖੀ ਵਸਾਇਆ ॥੧॥	تھاو سگلے سُکھی وسائیا ॥1॥
ਹਰਿ ਕੀ ਭਗਤਿ ਫਲ ਦਾਤੀ ॥	ہرِ کی بھگتِ پھل داتی ॥
ਗੁਰਿ ਪੂਰੈ ਕਿਰਪਾ ਕਰਿ ਦੀਨੀ ਵਿਰਲੈ ਕਿਨ ਹੀ ਜਾਤੀ ॥ ਰਹਾਉ ॥	گُرِ پوُرے کِرپا کرِ دِینی وِرلے کِن ہی جاتی ॥ رہاءُ ॥

ਗੁਰਬਾਣੀ ਗਾਵਹ ਭਾਈ ॥	گُربانی گاوہ بھائی ۔ ॥
ਓਹ ਸਫਲ ਸਦਾ ਸੁਖਦਾਈ ॥	اوہ سپھل سدا سُکھدائی ॥
ਨਾਨਕ ਨਾਮੁ ਧਿਆਇਆ ॥	نانک نامُ دھیائیا ॥
ਪੂਰਬਿ ਲਿਖਿਆ ਪਾਇਆ ॥੨॥੧੭॥੮੧॥	پُورب لِکھیا پائیا ॥2॥ 17 ॥ 81 ॥
ਸੋਰਠਿ ਮਹਲਾ ੫ ॥	سورٹھِ محلا 5 ॥
ਗੁਰੁ ਪੂਰਾ ਆਰਾਧੇ ॥	گُرُ پُورا آرادھے ॥
ਕਾਰਜ ਸਗਲੇ ਸਾਧੇ ॥	کارج سگلے سادھے ॥
ਸਗਲ ਮਨੋਰਥ ਪੂਰੇ ॥	سگل منورتھ پُورے ॥
ਬਾਜੇ ਅਨਹਦ ਤੂਰੇ ॥੧॥	باجے انہد تُورے ॥1॥
ਸੰਤਹੁ ਰਾਮੁ ਜਪਤ ਸੁਖੁ ਪਾਇਆ ॥	سنّتہ رامُ جپت سُکھُ پائیا ॥
ਸੰਤ ਅਸਥਾਨਿ ਬਸੇ ਸੁਖ ਸਹਜੇ ਸਗਲੇ ਦੂਖ ਮਿਟਾਇਆ ॥੧॥ ਰਹਾਉ ॥	سنّت استھانِ بسے سُکھ سہجے سگلے دوُکھ مِٹائیا ॥1॥ رہاءُ ॥
ਗੁਰ ਪੂਰੇ ਕੀ ਬਾਣੀ ॥	گُر پُورے کی بانّی ॥
ਪਾਰਬ੍ਰਹਮ ਮਨਿ ਭਾਣੀ ॥	پاربّرہم منِ بھانّی ॥
ਨਾਨਕ ਦਾਸਿ ਵਖਾਣੀ ॥	نانک داسِ وکھانّی ॥
ਨਿਰਮਲ ਅਕਥ ਕਹਾਣੀ ॥੨॥੧੮॥੮੨॥	نِرمل اکتھ کہانّی ॥2॥ 18 ॥ 82 ॥
ਸੋਰਠਿ ਮਹਲਾ ੫ ॥	سورٹھِ محلا 5 ॥
ਭੂਖੇ ਖਾਵਤ ਲਾਜ ਨ ਆਵੈ ॥	بھوُکھے کھاوت لاج ن آوے ॥
ਤਿਉ ਹਰਿ ਜਨੁ ਹਰਿ ਗੁਣ ਗਾਵੈ ॥੧॥	تِءُ ہرِ جنُ ہرِ گُنّ گاوے ॥1॥
ਅਪਨੇ ਕਾਜ ਕਉ ਕਿਉ ਅਲਕਾਈਐ ॥	اپنے کاج کءُ کِءُ الکائیئے ۔ ॥
ਜਿਤੁ ਸਿਮਰਨਿ ਦਰਗਹ ਮੁਖੁ ਊਜਲ ਸਦਾ ਸਦਾ ਸੁਖੁ ਪਾਈਐ ॥੧॥ ਰਹਾਉ ॥	جِتُ سِمرنِ درگہ مُکھُ اوُجل سدا سدا سُکھُ پائیئے ॥1॥ رہاءُ ॥
ਜਿਉ ਕਾਮੀ ਕਾਮਿ ਲੁਭਾਵੈ ॥	جِءُ کامی کامِ لُبھاوے ॥

ਤਿਉ ਹਰਿ ਦਾਸ ਹਰਿ ਜਸੁ ਭਾਵੈ ॥੨॥	تِءُ ہرِ داس ہرِ جسُ بھاوے ॥2॥
ਜਿਉ ਮਾਤਾ ਬਾਲਿ ਲਪਟਾਵੈ ॥	جِءُ ماتا بالِ لپٹاوے ॥
ਤਿਉ ਗਿਆਨੀ ਨਾਮੁ ਕਮਾਵੈ ॥੩॥	تِءُ گِیانی نامُ کماوے ॥3॥
ਗੁਰ ਪੂਰੇ ਤੇ ਪਾਵੈ ॥	گُر پوُرے تے پاوے ॥
ਜਨ ਨਾਨਕ ਨਾਮੁ ਧਿਆਵੈ ॥੪॥੧੯॥੮੩॥	جن نانک نامُ دھِیاوے ॥4॥ 19 ॥ 83 ॥
ਸੋਰਠਿ ਮਹਲਾ ੫ ॥	سورٹھِ محلا 5 ॥
ਸੁਖ ਸਾਂਦਿ ਘਰਿ ਆਇਆ ॥	سُکھ سانْدِ گھرِ آئیا ॥
ਨਿੰਦਕ ਕੈ ਮੁਖਿ ਛਾਇਆ ॥	نِندک کے مُکھِ چھائیا ॥
ਪੂਰੈ ਗੁਰਿ ਪਹਿਰਾਇਆ ॥	پوُرے گُرِ پہِرائیا ॥
ਬਿਨਸੇ ਦੁਖ ਸਬਾਇਆ ॥੧॥	بِنسے دُکھ سبائیا ॥1॥
ਸੰਤਹੁ ਸਾਚੇ ਕੀ ਵਡਿਆਈ ॥	سنّتہُ ساچے کی وڈِیائی ॥
ਜਿਨਿ ਅਚਰਜ ਸੋਭ ਬਣਾਈ ॥੧॥ ਰਹਾਉ ॥	جِنِ اچرج سوبھ بنائی ॥1॥ رہاءُ ॥
ਬੋਲੇ ਸਾਹਿਬ ਕੈ ਭਾਣੈ ॥	بولے صاحِب کے بھانْے ॥
ਦਾਸੁ ਬਾਣੀ ਬ੍ਰਹਮੁ ਵਖਾਣੈ ॥	داسُ بانْی برہمُ وکھانْے ॥
ਨਾਨਕ ਪ੍ਰਭ ਸੁਖਦਾਈ ॥	نانک پربھ سُکھدائی ॥
ਜਿਨਿ ਪੂਰੀ ਬਣਤ ਬਣਾਈ ॥੨॥੨੦॥੮੪॥	جِنِ پوُری بنّت بنائی ॥2॥ 20 ॥ 84 ॥
ਸੋਰਠਿ ਮਹਲਾ ੫ ॥	سورٹھِ محلا 5 ॥
ਪ੍ਰਭੁ ਅਪੁਨਾ ਰਿਦੈ ਧਿਆਏ ॥	پربھُ اپُنا رِدے دھِیائے ॥
ਘਰਿ ਸਹੀ ਸਲਾਮਤਿ ਆਏ ॥	گھرِ صہی سلامتِ آئے ॥
ਸੰਤੋਖੁ ਭਇਆ ਸੰਸਾਰੇ ॥	سنّتوکھُ بھئیا سنّسارے ॥
ਗੁਰਿ ਪੂਰੈ ਲੈ ਤਾਰੇ ॥੧॥	گُرِ پوُرے لے تارے ॥1॥
ਸੰਤਹੁ ਪ੍ਰਭੁ ਮੇਰਾ ਸਦਾ ਦਇਆਲਾ ॥	سنّتہُ پربھُ میرا سدا دئیالا ॥
ਅਪਨੇ ਭਗਤ ਕੀ ਗਣਤ ਨ ਗਣਈ	اپنے بھگت کی گنّت ن گنئی

ਰਾਖੈ ਬਾਲ ਗੁਪਾਲਾ ॥੧॥ ਰਹਾਉ ॥	راکھےَ بال گُپالا ॥1॥ رہاءُ ॥
ਹਰਿ ਨਾਮੁ ਰਿਦੈ ਉਰਿ ਧਾਰੇ ॥	ہرِ نامُ رِدےَ اُرِ دھارے ॥
ਤਿਨਿ ਸਭੇ ਥੋਕ ਸਵਾਰੇ ॥	تِنِ سبھے تھوک سوارے ॥
ਗੁਰਿ ਪੂਰੈ ਤੁਸਿ ਦੀਆ ॥	گُرِ پُورےَ تُس دیِیا ॥
ਫਿਰਿ ਨਾਨਕ ਦੂਖੁ ਨ ਥੀਆ ॥੨॥੨੧॥੮੫॥	پھِرِ نانک دوُکھُ ن تھیِیا ॥2॥ 21 ॥ 85 ॥
ਸੋਰਠਿ ਮਹਲਾ ੫ ॥	سورٹھِ محلا 5 ॥
ਹਰਿ ਮਨਿ ਤਨਿ ਵਸਿਆ ਸੋਈ ॥	ہرِ منِ تنِ وسِیا سوئی ॥
ਜੈ ਜੈ ਕਾਰੁ ਕਰੇ ਸਭੁ ਕੋਈ ॥	جےَ جےَ کارُ کرے سبھُ کوئی ॥
ਗੁਰ ਪੂਰੇ ਕੀ ਵਡਿਆਈ ॥	گُر پُورے کی وڈِیائی ॥
ਤਾ ਕੀ ਕੀਮਤਿ ਕਹੀ ਨ ਜਾਈ ॥੧॥	تا کی قِیمتِ کہی ن جائی ॥1॥
ਹਉ ਕੁਰਬਾਨੁ ਜਾਈ ਤੇਰੇ ਨਾਵੈ ॥	ہءُ قُربانُ جائی تیرے ناوےَ ॥
ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ ਸੋ ਜਸੁ ਤੇਰਾ ਗਾਵੈ ॥੧॥ ਰਹਾਉ ॥	جِس نو بخشِ لیَہِ میرے پِیارے سو جسُ تیرا گاوےَ ॥1॥ رہاءُ ॥
ਤੂੰ ਭਾਰੋ ਸੁਆਮੀ ਮੇਰਾ ॥	توُنّ بھارو سُیامی میرا ॥
ਸੰਤਾਂ ਭਰਵਾਸਾ ਤੇਰਾ ॥	سنّتاں بھرواسا تیرا ॥
ਨਾਨਕ ਪ੍ਰਭ ਸਰਣਾਈ ॥	نانک پرّبھ سرٹائی ॥
ਮੁਖਿ ਨਿੰਦਕ ਕੈ ਛਾਈ ॥੨॥੨੨॥੮੬॥	مُکھِ نِندک کےَ چھائی ॥2॥ 22 ॥ 86 ॥
ਸੋਰਠਿ ਮਹਲਾ ੫ ॥	سورٹھِ محلا 5 ॥
ਆਗੈ ਸੁਖੁ ਮੇਰੇ ਮੀਤਾ ॥	آگےَ سُکھُ میرے مِیتا ۔ ॥
ਪਾਛੇ ਆਨਦੁ ਪ੍ਰਭਿ ਕੀਤਾ ॥	پاچھے آندُ پرّبھِ کِیتا ॥
ਪਰਮੇਸੁਰਿ ਬਣਤ ਬਣਾਈ ॥	پرمیسُرِ بنّت بنّائی ॥
ਫਿਰਿ ਡੋਲਤ ਕਤਹੂ ਨਾਹੀ ॥੧॥	پھِرِ ڈولت کتہوُ ناہی ॥1॥
ਸਾਚੇ ਸਾਹਿਬ ਸਿਉ ਮਨੁ ਮਾਨਿਆ ॥	ساچے صاحِب سِءُ منُ مانِیا ॥

ਹਰਿ ਸਰਬ ਨਿਰੰਤਰਿ ਜਾਨਿਆ ॥੧॥ ਰਹਾਉ ॥	ہرِ سرب نِرنتر جانِیا ॥1॥ رہاءُ ॥
ਸਭ ਜੀਅ ਤੇਰੇ ਦਇਆਲਾ ॥	سبھ جیء تیرے دیَالا ۔ ॥
ਅਪਨੇ ਭਗਤ ਕਰਹਿ ਪ੍ਰਤਿਪਾਲਾ ॥	اپنے بھگت کرہِ پرتپالا ॥
ਅਚਰਜੁ ਤੇਰੀ ਵਡਿਆਈ ॥	اچرجُ تیری وڈیائی ॥
ਨਿਤ ਨਾਨਕ ਨਾਮੁ ਧਿਆਈ ॥੨॥੨੩॥੮੭॥	نِت نانک نامُ دھِیائی ॥2॥ 23 ॥ 87 ॥
ਸੋਰਠਿ ਮਹਲਾ ੫ ॥	سورٹھِ محلا 5 ॥
ਨਾਲਿ ਨਰਾਇਣੁ ਮੇਰੈ ॥	نالِ نرائنُ میرے ॥
ਜਮਦੂਤੁ ਨ ਆਵੈ ਨੇਰੈ ॥	جمدوُتُ ن آوے نیرے ॥
ਕੰਠਿ ਲਾਇ ਪ੍ਰਭ ਰਾਖੈ ॥	کنٹھِ لاءِ پربھ راکھے ॥
ਸਤਿਗੁਰ ਕੀ ਸਚੁ ਸਾਖੈ ॥੧॥	ستِگُر کی سچُ ساکھے ॥1॥
ਗੁਰਿ ਪੂਰੈ ਪੂਰੀ ਕੀਤੀ ॥	گُرِ پوُرے پوُری کیِتی ॥
ਦੁਸਮਨ ਮਾਰਿ ਵਿਡਾਰੇ ਸਗਲੇ ਦਾਸ ਕਉ ਸੁਮਤਿ ਦੀਤੀ ॥੧॥ ਰਹਾਉ ॥	دُسمن مارِ وِڈارے سگلے داس کءُ سُمتِ دیِتی ॥1॥ رہاءُ ॥
ਪ੍ਰਭਿ ਸਗਲੇ ਥਾਨ ਵਸਾਏ ॥	پربھِ سگلے تھان وسائے ॥
ਸੁਖਿ ਸਾਂਦਿ ਫਿਰਿ ਆਏ ॥	سُکھِ سانْدِ پھِرِ آئے ॥
ਨਾਨਕ ਪ੍ਰਭ ਸਰਣਾਏ ॥	نانک پربھ سرٹائے ॥
ਜਿਨਿ ਸਗਲੇ ਰੋਗ ਮਿਟਾਏ ॥੨॥੨੪॥੮੮॥	جِنِ سگلے روگ مِٹائے ॥2॥ 24 ॥ 88 ॥
ਸੋਰਠਿ ਮਹਲਾ ੫ ॥	سورٹھِ محلا 5 ॥
ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਨੀ ਪਾਈਐ ॥	سرب سُکھا کا داتا ستِگُرُ تا کی سرنی پائیئے ॥
ਦਰਸਨੁ ਭੇਟਤ ਹੋਤ ਅਨੰਦਾ ਦੂਖੁ ਗਇਆ ਹਰਿ ਗਾਈਐ ॥੧॥	درسنُ بھیٹت ہوت اننّدا دوُکھُ گئیا ہرِ گائیئے ॥1॥
ਹਰਿ ਰਸੁ ਪੀਵਹੁ ਭਾਈ ॥	ہرِ رسُ پیِوہُ بھائی ۔ ॥

ਨਾਮੁ ਜਪਹੁ ਨਾਮੋ ਆਰਾਧਹੁ
ਗੁਰ ਪੂਰੇ ਕੀ ਸਰਨਾਈ ॥ ਰਹਾਉ ॥

نامُ جپہُ نامو آرادھہُ
گُر پُورے کی سرنائی ॥ رہاءُ ॥

ਤਿਸਹਿ ਪਰਾਪਤਿ ਜਿਸੁ ਧੁਰਿ ਲਿਖਿਆ
ਸੋਈ ਪੂਰਨੁ ਭਾਈ ॥

تِسہِ پراپتِ جِسُ دھُرِ لِکھیا
سوئی پُورنُ بھائی ۔ ॥

ਨਾਨਕ ਕੀ ਬੇਨੰਤੀ ਪ੍ਰਭ ਜੀ
ਨਾਮਿ ਰਹਾ ਲਿਵ ਲਾਈ ॥੨॥੨੫॥੮੯॥

نانک کی بینتی پربھ جی
نامِ رہا لِو لائی ॥2॥ 25 ॥ 89 ॥

ਸੋਰਠਿ ਮਹਲਾ ੫ ॥

سورٹھِ محلا 5 ॥

ਕਰਨ ਕਰਾਵਨ ਹਰਿ ਅੰਤਰਜਾਮੀ
ਜਨ ਅਪੁਨੇ ਕੀ ਰਾਖੈ ॥

کرن کراون ہرِ انترجامی
جن اپُنے کی راکھےَ ॥

ਜੈ ਜੈ ਕਾਰੁ ਹੋਤੁ ਜਗ ਭੀਤਰਿ
ਸਬਦੁ ਗੁਰੂ ਰਸੁ ਚਾਖੈ ॥੧॥

جےَ جےَ کارُ ہوتُ جگ بھیترِ
سبدُ گُرو رسُ چاکھےَ ॥1॥

ਪ੍ਰਭ ਜੀ ਤੇਰੀ ਓਟ ਗੁਸਾਈ ॥

پربھ جی تیری اوٹ گُسائی ۔ ॥

ਤੂ ਸਮਰਥੁ ਸਰਨਿ ਕਾ ਦਾਤਾ
ਆਠ ਪਹਰ ਤੁਮ੍ ਧਿਆਈ ॥ ਰਹਾਉ ॥

توُ سمرتھُ سرنِ کا داتا
آٹھ پہر تُمہ دھِیائی ॥ رہاءُ ॥

ਜੋ ਜਨੁ ਭਜਨੁ ਕਰੇ ਪ੍ਰਭ ਤੇਰਾ
ਤਿਸੈ ਅੰਦੇਸਾ ਨਾਹੀ ॥

جو جنُ بھجنُ کرے پربھ تیرا
تِسےَ اندیسا ناہی ॥

ਸਤਿਗੁਰ ਚਰਨ ਲਗੇ ਭਉ ਮਿਟਿਆ
ਹਰਿ ਗੁਨ ਗਾਏ ਮਨ ਮਾਹੀ ॥੨॥

ستِگُر چرن لگے بھءُ مِٹیا
ہرِ گُن گائے من ماہی ॥2॥

ਸੂਖ ਸਹਜ ਆਨੰਦ ਘਨੇਰੇ
ਸਤਿਗੁਰ ਦੀਆ ਦਿਲਾਸਾ ॥

سوُکھ سہج آنند گھنیرے
ستِگُر دیِیا دِلاسا ॥

ਜਿਣਿ ਘਰਿ ਆਏ ਸੋਭਾ ਸੇਤੀ
ਪੂਰਨ ਹੋਈ ਆਸਾ ॥੩॥

جِنِ گھرِ آئے سوبھا سیتی
پوُرن ہوئی آسا ॥3॥

ਪੂਰਾ ਗੁਰੁ ਪੂਰੀ ਮਤਿ ਜਾ ਕੀ
ਪੂਰਨ ਪ੍ਰਭ ਕੇ ਕਾਮਾ ॥

پوُرا گُرُ پوُری متِ جا کی
پوُرن پربھ کے کاما ॥

ਗੁਰ ਚਰਨੀ ਲਾਗਿ ਤਰਿਓ ਭਵ ਸਾਗਰੁ

گُر چرنی لاگِ ترِئو بھو ساگرُ

ਜਪਿ ਨਾਨਕ ਹਰਿ ਹਰਿ ਨਾਮਾ ॥੪॥੨੬॥੯੦॥

جپِ نانک ہرِ ہرِ نامَا ॥4॥ 26 ॥ 90 ॥

ਸੋਰਠਿ ਮਹਲਾ ੫ ॥

سورٹھِ محلا 5 ॥

ਭਇਓ ਕਿਰਪਾਲੁ ਦੀਨ ਦੁਖ ਭੰਜਨੁ
ਆਪੇ ਸਭ ਬਿਧਿ ਥਾਟੀ ॥

بھئیو کِرپالُ دِین دُکھ بھنجَنُ
آپے سبھ بِدھِ تھاٹی ॥

ਖਿਨ ਮਹਿ ਰਾਖਿ ਲੀਓ ਜਨੁ ਅਪੁਨਾ
ਗੁਰ ਪੂਰੈ ਬੇੜੀ ਕਾਟੀ ॥੧॥

کھِن مہِ راکھِ لِینو جنُ اپُنا
گُرپُورے بیڑی کاٹی ॥1॥

ਮੇਰੇ ਮਨ ਗੁਰ ਗੋਵਿੰਦੁ ਸਦ ਧਿਆਈਐ ॥

میرے من گُر گووِندُ سد دھِیائیَے ॥

ਸਗਲ ਕਲੇਸ ਮਿਟਹਿ ਇਸੁ ਤਨ ਤੇ
ਮਨ ਚਿੰਦਿਆ ਫਲੁ ਪਾਈਐ ॥ ਰਹਾਉ ॥

سگل کلیس مِٹہِ اِسُ تن تے
من چِنّدِیا پھلُ پائیَے ॥ رہاءُ ॥

ਜੀਅ ਜੰਤ ਜਾ ਕੇ ਸਭਿ ਕੀਨੇ
ਪ੍ਰਭੁ ਊਚਾ ਅਗਮ ਅਪਾਰਾ ॥

جیء جنّت جا کے سبھِ کِینے
پربھُ اوُچا اگم اپارا ॥

ਸਾਧਸੰਗਿ ਨਾਨਕ ਨਾਮੁ ਧਿਆਇਆ
ਮੁਖ ਊਜਲ ਭਏ ਦਰਬਾਰਾ ॥੨॥੨੭॥੯੧॥

سادھسنگِ نانک نامُ دھِیائیا
مُکھ اوُجل بھئے دربارا ॥2॥ 27 ॥ 91 ॥

ਸੋਰਠਿ ਮਹਲਾ ੫ ॥

سورٹھِ محلا 5 ॥

ਸਿਮਰਉ ਅਪੁਨਾ ਸਾਂਈ ॥

سِمرءُ اپُنا سانئیَ ॥

ਦਿਨਸੁ ਰੈਨਿ ਸਦ ਧਿਆਈ ॥

دِنسُ ریَنِ سد دھِیائی ॥

ਹਾਥ ਦੇਇ ਜਿਨਿ ਰਾਖੇ ॥

ہاتھ دےءِ جِنِ راکھے ॥

ਹਰਿ ਨਾਮ ਮਹਾ ਰਸ ਚਾਖੇ ॥੧॥

ہرِ نام مہا رس چاکھے ॥1॥

ਅਪਨੇ ਗੁਰ ਊਪਰਿ ਕੁਰਬਾਨੁ ॥

اپنے گُر اوُپرِ قُربانُ ॥

ਭਏ ਕਿਰਪਾਲ ਪੂਰਨ ਪ੍ਰਭ ਦਾਤੇ
ਜੀਅ ਹੋਏ ਮਿਹਰਵਾਨ ॥ ਰਹਾਉ ॥

بھئے کِرپال پوُرن پربھ داتے
جیء ہوئے مِہروان ॥ رہاءُ ॥

ਨਾਨਕ ਜਨ ਸਰਨਾਈ ॥

نانک جن سرنائی ॥

ਜਿਨਿ ਪੂਰਨ ਪੈਜ ਰਖਾਈ ॥

جِنِ پوُرن پیَج رکھائی ॥

ਸਗਲੇ ਦੂਖ ਮਿਟਾਈ ॥

سگلے دوُکھ مِٹائی ॥

ਸੁਖੁ ਭੁੰਚਹੁ ਮੇਰੇ ਭਾਈ ॥੨॥੨੮॥੯੨॥

سُکھُ بھُنچّہُ میرے بھائی ۔ ॥2॥ 28 ॥ 92 ॥

ਸੋਰਠਿ ਮਹਲਾ ੫ ॥

سورٹھِ محلا 5 ॥

ਸੁਨਹੁ ਬਿਨੰਤੀ ਠਾਕੁਰੁ ਮੇਰੇ
ਜੀਅ ਜੰਤ ਤੇਰੇ ਧਾਰੇ ॥

سُنہُ بِنتّی ٹھاکُرُ میرے
جیء جنّت تیرے دھارے ॥

ਰਾਖੁ ਪੈਜ ਨਾਮ ਅਪੁਨੇ ਕੀ
ਕਰਨ ਕਰਾਵਨਹਾਰੇ ॥੧॥

راکھُ پیَج نام اپُنے کی
کرن کراونہارے ॥1॥

ਪ੍ਰਭ ਜੀਉ ਖਸਮਾਨਾ ਕਰਿ ਪਿਆਰੇ ॥

پربھ جیِءُ کھسمانا کرِ پیارے ۔ ॥

ਬੁਰੇ ਭਲੇ ਹਮ ਥਾਰੇ ॥ ਰਹਾਉ ॥

بُرے بھلے ہم تھارے ॥ رہاءُ ॥

ਸੁਣੀ ਪੁਕਾਰ ਸਮਰਥ ਸੁਆਮੀ
ਬੰਧਨ ਕਾਟਿ ਸਵਾਰੇ ॥

سُنّی پُکار سمرتھ سُیامی
بندھن کاٹِ سوارے ॥

ਪਹਿਰਿ ਸਿਰਪਾਉ ਸੇਵਕ ਜਨ ਮੇਲੇ
ਨਾਨਕ ਪ੍ਰਗਟ ਪਹਾਰੇ ॥੨॥੨੯॥੯੩॥

پہِرِ سِرپاءُ سیوک جن میلے
نانک پرگٹ پہارے ॥2॥ 29 ॥ 93 ॥

ਸੋਰਠਿ ਮਹਲਾ ੫ ॥

سورٹھِ محلا 5 ॥

ਜੀਅ ਜੰਤ ਸਭਿ ਵਸਿ ਕਰਿ ਦੀਨੇ
ਸੇਵਕ ਸਭਿ ਦਰਬਾਰੇ ॥

جیء جنّت سبھِ وسِ کرِ دینے
سیوک سبھِ دربارے ॥

ਅੰਗੀਕਾਰੁ ਕੀਓ ਪ੍ਰਭ ਅਪੁਨੇ
ਭਵ ਨਿਧਿ ਪਾਰਿ ਉਤਾਰੇ ॥੧॥

انگیکارُ کیئو پربھ اپُنے
بھو نِدھِ پارِ اُتارے ॥1॥

ਸੰਤਨ ਕੇ ਕਾਰਜ ਸਗਲ ਸਵਾਰੇ ॥

سنّتن کے کارج سگل سوارے ॥

ਦੀਨ ਦਇਆਲ ਕ੍ਰਿਪਾਲ ਕ੍ਰਿਪਾ ਨਿਧਿ
ਪੂਰਨ ਖਸਮ ਹਮਾਰੇ ॥ ਰਹਾਉ ॥

دِین دیَیال کرِپال کرِپا نِدھِ
پوُرن خصم ہمارے ॥ رہاءُ ॥

ਆਉ ਬੈਠੁ ਆਦਰੁ ਸਭ ਥਾਈ
ਊਨ ਨ ਕਤਹੂੰ ਬਾਤਾ ॥

آءُ بیٹھُ آدرُ سبھ تھائی
اوُن ن کتہوُنّ باتا ॥

ਭਗਤਿ ਸਿਰਪਾਉ ਦੀਓ ਜਨ ਅਪੁਨੇ
ਪ੍ਰਤਾਪੁ ਨਾਨਕ ਪ੍ਰਭ ਜਾਤਾ ॥੨॥੩੦॥੯੪॥

بھگتِ سِرپاءُ دیِئو جن اپُنے
پرتاپُ نانک پربھ جاتا ॥2॥ 30 ॥ 94 ॥

ਸੋਰਠਿ ਮਹਲਾ ੯

ੴ ਸਤਿਗੁਰ ਪ੍ਰਸਾਦਿ ॥

ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥

ਸ੍ਰਵਨ ਗੋਬਿੰਦ ਗੁਨੁ ਸੁਨਉ
ਅਰੁ ਗਾਉ ਰਸਨਾ ਗੀਤਿ ॥੧॥ ਰਹਾਉ ॥

ਕਰਿ ਸਾਧਸੰਗਤਿ ਸਿਮਰੁ ਮਾਧੋ
ਹੋਹਿ ਪਤਿਤ ਪੁਨੀਤ ॥

ਕਾਲੁ ਬਿਆਲੁ ਜਿਉ ਪਰਿਓ ਡੋਲੈ
ਮੁਖੁ ਪਸਾਰੇ ਮੀਤ ॥੧॥

ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ
ਸਮਝਿ ਰਾਖਉ ਚੀਤਿ ॥

ਕਹੈ ਨਾਨਕੁ ਰਾਮੁ ਭਜਿ ਲੈ
ਜਾਤੁ ਅਉਸਰੁ ਬੀਤ ॥੨॥੧॥

ਸੋਰਠਿ ਮਹਲਾ ੯ ॥

ਮਨ ਕੀ ਮਨ ਹੀ ਮਾਹਿ ਰਹੀ ॥

ਨਾ ਹਰਿ ਭਜੇ ਨ ਤੀਰਥ ਸੇਵੇ
ਚੋਟੀ ਕਾਲਿ ਗਹੀ ॥੧॥ ਰਹਾਉ ॥

ਦਾਰਾ ਮੀਤ ਪੂਤ ਰਥ ਸੰਪਤਿ
ਧਨ ਪੂਰਨ ਸਭ ਮਹੀ ॥

ਅਵਰ ਸਗਲ ਮਿਥਿਆ ਏ ਜਾਨਉ
ਭਜਨੁ ਰਾਮੁ ਕੋ ਸਹੀ ॥੧॥

ਫਿਰਤ ਫਿਰਤ ਬਹੁਤੇ ਜੁਗ ਹਾਰਿਓ
ਮਾਨਸ ਦੇਹ ਲਹੀ ॥

ਨਾਨਕ ਕਹਤ ਮਿਲਨ ਕੀ ਬਰੀਆ
ਸਿਮਰਤ ਕਹਾ ਨਹੀ ॥੨॥੨॥

سورٹھِ محلا 9

ੴ ستِگُر پرسادِ ॥

رے من رام سِ ءُ کرِ پریتِ ॥

سرون گوبِند گُن سُن ءُ
ارُ گاءُ رسنا گیتِ ॥1॥ رہاءُ ॥

کرِ سادھسنگتِ سِمرُ مادھو
ہوہِ پتت پُنیت ॥

کالُ بیالُ جِ ءُ پرِئو ڈولے
مُکھُ پسارے میت ۔ ॥1॥

آجُ کالِ پھُنِ توہِ گرِس ہے
سمجھِ راکھ ءُ چیتِ ॥

کہے نانکُ رامُ بھجِ لے
جاتُ اُسرُ بیت ॥2॥1॥

سورٹھِ محلا 9 ॥

من کی من ہی ماہِ رہی ॥

نا ہرِ بھجے ن تیرتھ سیوے
چوٹی کالِ گہی ॥1॥ رہاءُ ॥

دارا میت پوُت رتھ سنپتِ
دھن پوُرن سبھ مہی ॥

اور سگل مِتھیا اے جان ءُ
بھجنُ رامُ کو سہی ॥1॥

پھِرت پھِرت بہُتے جُگ ہارِئو
مانس دیہ لہی ॥

نانک کہت مِلن کی بریا
سِمرت کہا نہی ۔ ॥2॥2॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راتا صاہب)

ਸੋਰਠਿ ਮਹਲਾ ੯ ॥

ਮਨ ਰੇ ਕਉਨੁ ਕੁਮਤਿ ਤੈ ਲੀਨੀ ॥

ਪਰ ਦਾਰਾ ਨਿੰਦਿਆ ਰਸ ਰਚਿਓ
ਰਾਮ ਭਗਤਿ ਨਹਿ ਕੀਨੀ ॥੧॥ ਰਹਾਉ ॥

ਮੁਕਤਿ ਪੰਥੁ ਜਾਨਿਓ ਤੈ ਨਾਹਨਿ
ਧਨ ਜੋਰਨ ਕਉ ਧਾਇਆ ॥

ਅੰਤਿ ਸੰਗ ਕਾਹੂ ਨਹੀ ਦੀਨਾ
ਬਿਰਥਾ ਆਪੁ ਬੰਧਾਇਆ ॥੧॥

ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ
ਨਹ ਉਪਜਿਓ ਕਛੁ ਗਿਆਨਾ ॥

ਘਟ ਹੀ ਮਾਹਿ ਨਿਰੰਜਨੁ ਤੇਰੈ
ਤੈ ਖੋਜਤ ਉਦਿਆਨਾ ॥੨॥

ਬਹੁਤੁ ਜਨਮ ਭਰਮਤ ਤੈ ਹਾਰਿਓ
ਅਸਥਿਰ ਮਤਿ ਨਹੀ ਪਾਈ ॥

ਮਾਨਸ ਦੇਹ ਪਾਇ ਪਦ ਹਰਿ ਭਜੁ
ਨਾਨਕ ਬਾਤ ਬਤਾਈ ॥੩॥੩॥

ਸੋਰਠਿ ਮਹਲਾ ੯ ॥

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥

ਜਿਹ ਸਿਮਰਤ ਗਨਕਾ ਸੀ ਉਧਰੀ
ਤਾ ਕੋ ਜਸੁ ਉਰ ਧਾਰੋ ॥੧॥ ਰਹਾਉ ॥

ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ
ਅਰੁ ਨਿਰਭੈ ਪਦੁ ਪਾਇਆ ॥

ਦੁਖ ਹਰਤਾ ਇਹ ਬਿਧਿ ਕੋ ਸੁਆਮੀ
ਤੈ ਕਾਹੇ ਬਿਸਰਾਇਆ ॥੧॥

ਜਬ ਹੀ ਸਰਨਿ ਗਹੀ ਕਿਰਪਾ ਨਿਧਿ

سورٹھِ محلا 9 ॥

من رے کنُن کُمتِ تے لِینی ۔ ॥

پر دارا نِندِیا رس رچِئو
رام بھگتِ نہ کِینی ॥1॥ رہاءُ ॥

مُکتِ پنتھُ جانِئو تے ناہنِ
دھن جورن کءُ دھائِیا ॥

انّتِ سنگ کاہوُ نہی دِینا
بِرتھا آپُ بندھائِیا ॥1॥

نا ہرِ بھجِئو ن گُر جنُ سیوِئو
نہ اُپجِئو کچھُ گِیانا ॥

گھٹ ہی ماہِ نِرنجنُ تیرے
تے کھوجت اُدِیانا ॥2॥

بہُتُ جنم بھرمت تے ہارِئو
استھِر متِ نہی پائی ॥

مانس دیہ پاءِ پد ہرِ بھجُ
نانک بات بتائی ॥3॥3॥

سورٹھِ محلا 9 ॥

من رے پربھ کی سرنِ بِچارو ॥

جِہ سِمرت گنکا سی اُدھری
تا کو جسُ اُر دھارو ॥1॥ رہاءُ ॥

اٹل بھئِئو دھرُوءِ جا کے سِمرنِ
ارُ نِربھے پدُ پائِیا ॥

دُکھ ہرتا اِہ بِدھِ کو سُیامی
تے کاہے بِسرائِیا ۔ ॥1॥

جب ہی سرنِ گہی کِرپا نِدھِ

ਗਜ ਗਰਾਹ ਤੇ ਛੂਟਾ ॥

ਮਹਮਾ ਨਾਮ ਕਹਾ ਲਉ ਬਰਨਉ
ਰਾਮ ਕਹਤ ਬੰਧਨ ਤਿਹ ਤੂਟਾ ॥੨॥

ਅਜਾਮਲੁ ਪਾਪੀ ਜਗੁ ਜਾਨੇ
ਨਿਮਖ ਮਾਹਿ ਨਿਸਤਾਰਾ ॥

ਨਾਨਕ ਕਹਤ ਚੇਤ ਚਿੰਤਾਮਨਿ
ਤੈ ਭੀ ਉਤਰਹਿ ਪਾਰਾ ॥੩॥੪॥

ਸੋਰਠਿ ਮਹਲਾ ੯ ॥

ਪ੍ਰਾਨੀ ਕਉਨੁ ਉਪਾਉ ਕਰੈ ॥

ਜਾ ਤੇ ਭਗਤਿ ਰਾਮ ਕੀ ਪਾਵੈ
ਜਮ ਕੋ ਤ੍ਰਾਸੁ ਹਰੈ ॥੧॥ ਰਹਾਉ ॥

ਕਉਨੁ ਕਰਮ ਬਿਦਿਆ ਕਹੁ ਕੈਸੀ
ਧਰਮੁ ਕਉਨੁ ਫੁਨਿ ਕਰਈ ॥

ਕਉਨੁ ਨਾਮੁ ਗੁਰ ਜਾ ਕੈ ਸਿਮਰੈ
ਭਵ ਸਾਗਰ ਕਉ ਤਰਈ ॥੧॥

ਕਲ ਮੈ ਏਕੁ ਨਾਮੁ ਕਿਰਪਾ ਨਿਧਿ
ਜਾਹਿ ਜਪੈ ਗਤਿ ਪਾਵੈ ॥

ਅਉਰ ਧਰਮ ਤਾ ਕੈ ਸਮ ਨਾਹਨਿ
ਇਹ ਬਿਧਿ ਬੇਦੁ ਬਤਾਵੈ ॥੨॥

ਸੁਖੁ ਦੁਖੁ ਰਹਤ ਸਦਾ ਨਿਰਲੇਪੀ
ਜਾ ਕਉ ਕਹਤ ਗੁਸਾਈ ॥

ਸੋ ਤੁਮ ਹੀ ਮਹਿ ਬਸੈ ਨਿਰੰਤਰਿ
ਨਾਨਕ ਦਰਪਨਿ ਨਿਆਈ ॥੩॥੫॥

ਸੋਰਠਿ ਮਹਲਾ ੯ ॥

ਮਾਈ ਮੈ ਕਿਹਿ ਬਿਧਿ ਲਖਉ ਗੁਸਾਈ ॥

گج گراہ تے چھوٹا ॥

مہما نام کہا ل ءُ برن ءُ
رام کہت بندھن تِہ توٹا ॥2॥

اجامل ُ پاپی جگ ُ جانے
نِمکھ ماہِ نِستارا ॥

نانک کہت چیت چِنتامنِ
تے بھی اُترہِ پارا ॥3॥4॥

سورٹھِ محلا 9 ॥

پرانی کنُن اُپاءُ کرے ۔ ॥

جا تے بھگتِ رام کی پاوے
جم کو ترّاس ہرے ॥1॥ رہاءُ ॥

کنُن کرم بِدیا کہ کیسی
دھرمُ کنُن پھُنِ کرئی ۔ ॥

کنُن نامُ گُر جا کے سِمرے
بھو ساگر ک ءُ ترئی ॥1॥

کل مے ایکُ نامُ کِرپا نِدھِ
جاہِ جپے گتِ پاوے ॥

اُر دھرم تا کے سم ناہنِ
اِہ بِدھِ بیدُ بتاوے ॥2॥

سُکھُ دُکھُ رہت سدا نِرلیپی
جا ک ءُ کہت گُسائی ॥

سو تُم ہی مہِ بسے نِرنترِ
نانک درپنِ نِیائی ॥3॥5॥

سورٹھِ محلا 9 ॥

مائی مے کِہِ بِدھِ لکھ ءُ گُسائی ۔ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਮਹਾ ਮੋਹ ਅਗਿਆਨਿ ਤਿਮਿਰਿ
ਮੋ ਮਨੁ ਰਹਿਓ ਉਰਝਾਈ ॥੧॥ ਰਹਾਉ ॥

مہا موہ اگیانِ تِمرِ
مو منُ رہِئو اُرجھائی ॥1॥ رہاءُ ॥

ਸਗਲ ਜਨਮ ਭਰਮ ਹੀ ਭਰਮ ਖੋਇਓ
ਨਹ ਅਸਥਿਰੁ ਮਤਿ ਪਾਈ ॥

سگل جنم بھرم ہی بھرم کھوئِئو
نہ استھِرُ متِ پائی ॥

ਬਿਖਿਆਸਕਤ ਰਹਿਓ ਨਿਸ ਬਾਸੁਰ
ਨਹ ਛੂਟੀ ਅਧਮਾਈ ॥੧॥

بِکھیاسکت رہِئو نِس باسُر
نہ چھوٹی ادھمائی ॥1॥

ਸਾਧਸੰਗੁ ਕਬਹੂ ਨਹੀ ਕੀਨਾ
ਨਹ ਕੀਰਤਿ ਪ੍ਰਭ ਗਾਈ ॥

سادھسنگُ کبہُو نہی کِینا
نہ کیرتِ پربھ گائی ॥

ਜਨ ਨਾਨਕ ਮੈ ਨਾਹਿ ਕੋਊ ਗੁਨੁ
ਰਾਖਿ ਲੇਹੁ ਸਰਨਾਈ ॥੨॥੬॥

جن نانک مے َناہِ کوئُو گُنُ
راکھِ لیہُ سرنائی ॥2॥6॥

ਸੋਰਠਿ ਮਹਲਾ ੯ ॥

سورٹھِ محلا 9 ॥

ਮਾਈ ਮਨੁ ਮੇਰੋ ਬਸਿ ਨਾਹਿ ॥

مائی منُ میرو بسِ ناہِ ॥

ਨਿਸ ਬਾਸੁਰ ਬਿਖਿਅਨ ਕਉ ਧਾਵਤ
ਕਿਹਿ ਬਿਧਿ ਰੋਕਉ ਤਾਹਿ ॥੧॥ ਰਹਾਉ ॥

نِس باسُر بِکھِئن ک ءُ دھاوت
کِہِ بِدھِ روک ءُ تاہِ ॥1॥ رہاءُ ॥

ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ
ਨਿਮਖ ਨ ਹੀਏ ਬਸਾਵੈ ॥

بید پُران سِمرِتِ کے مت سُنِ
نِمکھ ن ہیئے بساوے ॥

ਪਰ ਧਨ ਪਰ ਦਾਰਾ ਸਿਉ ਰਚਿਓ
ਬਿਰਥਾ ਜਨਮੁ ਸਿਰਾਵੈ ॥੧॥

پر دھن پر دارا سِ ءُ رچِئو
برتھا جنمُ سِراوے ॥1॥

ਮਦਿ ਮਾਇਆ ਕੈ ਭਇਓ ਬਾਵਰੋ
ਸੂਝਤ ਨਹ ਕਛੁ ਗਿਆਨਾ ॥

مدِ مائیا کے بھِئو باورو
سوُجھت نہ کچھُ گیانا ॥

ਘਟ ਹੀ ਭੀਤਰਿ ਬਸਤ ਨਿਰੰਜਨੁ
ਤਾ ਕੋ ਮਰਮੁ ਨ ਜਾਨਾ ॥੨॥

گھٹ ہی بھیترِ بست نِرنجنُ
تا کو مرمُ ن جانا ॥2॥

ਜਬ ਹੀ ਸਰਨਿ ਸਾਧ ਕੀ ਆਇਓ
ਦੁਰਮਤਿ ਸਗਲ ਬਿਨਾਸੀ ॥

جب ہی سرنِ سادھ کی آئِئو
دُرمتِ سگل بِناسی ॥

ਤਬ ਨਾਨਕ ਚੇਤਿਓ ਚਿੰਤਾਮਨਿ

تب نانک چیتِئو چِنتامنِ

ਕਾਟੀ ਜਮ ਕੀ ਫਾਸੀ ॥੩॥੭॥

کاٹی جم کی پھاسی ॥3॥7॥

ਸੋਰਠਿ ਮਹਲਾ ੯ ॥

سورٹھِ محلا 9 ॥

ਰੇ ਨਰ ਇਹ ਸਾਚੀ ਜੀਅ ਧਾਰਿ ॥

رے نر اِہ ساچی جیء دھارِ ॥

ਸਗਲ ਜਗਤੁ ਹੈ ਜੈਸੇ ਸੁਪਨਾ
ਬਿਨਸਤ ਲਗਤ ਨ ਬਾਰ ॥੧॥ ਰਹਾਉ ॥

سگل جگتُ ہے جیَسے سُپنا
بِنست لگت ن بار ॥1॥ رہاءُ ॥

ਬਾਰੂ ਭੀਤਿ ਬਨਾਈ ਰਚਿ ਪਚਿ
ਰਹਤ ਨਹੀ ਦਿਨ ਚਾਰਿ ॥

بارُو بھیِت بنائی رچِ پچِ
رہت نہی دِن چارِ ॥

ਤੈਸੇ ਹੀ ਇਹ ਸੁਖ ਮਾਇਆ ਕੇ
ਉਰਝਿਓ ਕਹਾ ਗਵਾਰ ॥੧॥

تیَسے ہی اِہ سُکھ مائیا کے
اُرجھِئو کہا گوار ۔ ॥1॥

ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ
ਭਜਿ ਲੇ ਨਾਮੁ ਮੁਰਾਰਿ ॥

اجہُو سمجھِ کچھُ بِگرِئو ناہِنِ
بھجِ لے نامُ مُرارِ ॥

ਕਹੁ ਨਾਨਕ ਨਿਜ ਮਤੁ ਸਾਧਨ ਕਉ
ਭਾਖਿਓ ਤੋਹਿ ਪੁਕਾਰਿ ॥੨॥੮॥

کہُ نانک نِج متُ سادھن ک ءُ
بھاکھِئو توہِ پُکارِ ॥2॥8॥

ਸੋਰਠਿ ਮਹਲਾ ੯ ॥

سورٹھِ محلا 9 ॥

ਇਹ ਜਗਿ ਮੀਤੁ ਨ ਦੇਖਿਓ ਕੋਈ ॥

اِہ جگِ میِتُ ن دیکھِئو کوئی ॥

ਸਗਲ ਜਗਤੁ ਅਪਨੈ ਸੁਖਿ ਲਾਗਿਓ
ਦੁਖ ਮੈ ਸੰਗਿ ਨ ਹੋਈ ॥੧॥ ਰਹਾਉ ॥

سگل جگتُ اپنے سُکھِ لاگِئو
دُکھ مے َ سنگِ ن ہوئی ॥1॥ رہاءُ ॥

ਦਾਰਾ ਮੀਤ ਪੂਤ ਸਨਬੰਧੀ
ਸਗਰੇ ਧਨ ਸਿਉ ਲਾਗੇ ॥

دارا میِت پوُت سنبنّدھی
سگرے دھن سِ ءُ لاگے ॥

ਜਬ ਹੀ ਨਿਰਧਨ ਦੇਖਿਓ ਨਰ ਕਉ
ਸੰਗੁ ਛਾਡਿ ਸਭ ਭਾਗੇ ॥੧॥

جب ہی نِردھن دیکھِئو نر ک ءُ
سنگُ چھاڈِ سبھ بھاگے ॥1॥

ਕਹੰਉ ਕਹਾ ਯਿਆ ਮਨ ਬਉਰੇ ਕਉ
ਇਨ ਸਿਉ ਨੇਹੁ ਲਗਾਇਓ ॥

کہنءُ کہا یِیا من بئُرے ک ءُ
اِن سِ ءُ نیہُ لگائِئو ॥

ਦੀਨਾ ਨਾਥ ਸਗਲ ਭੈ ਭੰਜਨ
ਜਸੁ ਤਾ ਕੋ ਬਿਸਰਾਇਓ ॥੨॥

دِینا ناتھ سگل بھے َ بھنّجن
جسُ تا کو بِسرائِئو ॥2॥

ਸੁਆਨ ਪੂਛ ਜਿਉ ਭਇਓ ਨ ਸੂਧਉ
ਬਹੁਤੁ ਜਤਨੁ ਮੈ ਕੀਨਉ ॥

سُیان پُوچھ جِءُ بھئیو ن سُودھءُ
بہُت جتنُ مے کِینءُ ॥

ਨਾਨਕ ਲਾਜ ਬਿਰਦ ਕੀ ਰਾਖਹੁ
ਨਾਮੁ ਤੁਹਾਰਉ ਲੀਨਉ ॥੩॥੯॥

نانک لاج بِرد کی راکھہُ
نامُ تُہارءُ لِینءُ ॥3॥9॥

ਸੋਰਠਿ ਮਹਲਾ ੯ ॥

سورٹھِ محلا 9 ॥

ਮਨ ਰੇ ਗਹਿਓ ਨ ਗੁਰ ਉਪਦੇਸੁ ॥

من رے گہیئو ن گُر اُپدیسُ ॥

ਕਹਾ ਭਇਓ ਜਉ ਮੂਡੁ ਮੁਡਾਇਓ
ਭਗਵਉ ਕੀਨੋ ਭੇਸੁ ॥੧॥ ਰਹਾਉ ॥

کہا بھئیو جءُ موُڈُ مُڈائیو
بھگوءُ کِینو بھیسُ ॥1॥ رہاءُ ॥

ਸਾਚ ਛਾਡਿ ਕੈ ਝੂਠਹ ਲਾਗਿਓ
ਜਨਮੁ ਅਕਾਰਥੁ ਖੋਇਓ ॥

ساچ چھاڈِ کے جھوُٹھ لاگِیو
جنمُ اکارتھُ کھوئیو ॥

ਕਰਿ ਪਰਪੰਚ ਉਦਰ ਨਿਜ ਪੋਖਿਓ
ਪਸੁ ਕੀ ਨਿਆਈ ਸੋਇਓ ॥੧॥

کرِ پرپنچ اُدر نج پوکھیو
پسُ کی نِیائی سوئیو ॥1॥

ਰਾਮ ਭਜਨ ਕੀ ਗਤਿ ਨਹੀ ਜਾਨੀ
ਮਾਇਆ ਹਾਥਿ ਬਿਕਾਨਾ ॥

رام بھجن کی گتِ نہی جانی
مائیا ہاتھِ بِکانا ॥

ਉਰਝਿ ਰਹਿਓ ਬਿਖਿਅਨ ਸੰਗਿ ਬਉਰਾ
ਨਾਮੁ ਰਤਨੁ ਬਿਸਰਾਨਾ ॥੨॥

اُرجھِ رہیئو بِکھِئن سنگِ بُرا
نامُ رتنُ بِسرانا ॥2॥

ਰਹਿਓ ਅਚੇਤੁ ਨ ਚੇਤਿਓ ਗੋਬਿੰਦ
ਬਿਰਥਾ ਅਉਧ ਸਿਰਾਨੀ ॥

رہیئو اچیتُ ن چیتیئو گوبِند
بِرتھا اُدھ سِرانی ॥

ਕਹੁ ਨਾਨਕ ਹਰਿ ਬਿਰਦੁ ਪਛਾਨਉ
ਭੂਲੇ ਸਦਾ ਪਰਾਨੀ ॥੩॥੧੦॥

کہُ نانک ہرِ بِردُ پچھانءُ
بھوُلے سدا پرانی ॥3॥ 10 ॥

ਸੋਰਠਿ ਮਹਲਾ ੯ ॥

سورٹھِ محلا 9 ॥

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥

جو نرُ دُکھ مے دُکھُ نہی مانے ॥

ਸੁਖ ਸਨੇਹੁ ਅਰੁ ਭੈ ਨਹੀ ਜਾ ਕੈ
ਕੰਚਨ ਮਾਟੀ ਮਾਨੈ ॥੧॥ ਰਹਾਉ ॥

سُکھ سنیہُ ارُ بھے نہی جا کے
کنچن ماٹی مانے ॥1॥ رہاءُ ॥

ਨਹ ਨਿੰਦਿਆ ਨਹ ਉਸਤਤਿ ਜਾ ਕੈ

نہ نِندیا نہ اُستتِ جا کے

ਲੋਭੁ ਮੋਹੁ ਅਭਿਮਾਨਾ ॥

لوبھُ موہُ ابھِمانا ॥

ਹਰਖ ਸੋਗ ਤੇ ਰਹੈ ਨਿਆਰਉ
ਨਾਹਿ ਮਾਨ ਅਪਮਾਨਾ ॥੧॥

ہرکھ سوگ تے رہے نِیارءُ
ناہِ مان اپمانا ॥1॥

ਆਸਾ ਮਨਸਾ ਸਗਲ ਤਿਆਗੈ
ਜਗ ਤੇ ਰਹੈ ਨਿਰਾਸਾ ॥

آسا منسا سگل تِیاگے
جگ تے رہے نِراسا ॥

ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ
ਤਿਹ ਘਟਿ ਬ੍ਰਹਮੁ ਨਿਵਾਸਾ ॥੨॥

کامُ کرودھُ جِہ پرسے ناہنِ
تِہ گھٹِ برہمُ نِواسا ॥2॥

ਗੁਰ ਕਿਰਪਾ ਜਿਹ ਨਰ ਕਉ ਕੀਨੀ
ਤਿਹ ਇਹ ਜੁਗਤਿ ਪਛਾਨੀ ॥

گُر کِرپا جِہ نر ک ءُ کِینی
تِہ اِہ جُگتِ پچھانی ॥

ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ ॥੩॥੧੧॥

نانک لِین بھئِئو گوبِندَ سِ ءُ
جِ ءُ پانی سنگِ پانی ॥3॥ 11 ॥

ਸੋਰਠਿ ਮਹਲਾ ੯ ॥

سورٹھِ محلا 9 ॥

ਪ੍ਰੀਤਮ ਜਾਨਿ ਲੇਹੁ ਮਨ ਮਾਹੀ ॥

پرِیتم جانِ لیہُ من ماہی ॥

ਅਪਨੇ ਸੁਖ ਸਿਉ ਹੀ ਜਗੁ ਫਾਂਧਿਓ
ਕੋ ਕਾਹੂ ਕੋ ਨਾਹੀ ॥੧॥ ਰਹਾਉ ॥

اپنے سُکھ سِ ءُ ہی جگُ پھاندھِئو
کو کاہوُ کو ناہی ॥1॥ رہاءُ ॥

ਸੁਖ ਮੈ ਆਨਿ ਬਹੁਤੁ ਮਿਲਿ ਬੈਠਤ
ਰਹਤ ਚਹੂ ਦਿਸਿ ਘੇਰੈ ॥

سُکھ مے آنِ بہُتُ مِلِ بیٹھت
رہت چہوُ دِس گھیرے ॥

ਬਿਪਤਿ ਪਰੀ ਸਭ ਹੀ ਸੰਗੁ ਛਾਡਿਤ
ਕੋਊ ਨ ਆਵਤ ਨੇਰੈ ॥੧॥

بِپتِ پری سبھ ہی سنگُ چھاڈِت
کوئوُ ن آوت نیرے ॥1॥

ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ
ਸਦਾ ਰਹਤ ਸੰਗ ਲਾਗੀ ॥

گھر کی نارِ بہُتُ ہِتُ جا سِ ءُ
سدا رہت سنگ لاگی ॥

ਜਬ ਹੀ ਹੰਸ ਤਜੀ ਇਹ ਕਾਂਇਆ
ਪ੍ਰੇਤ ਪ੍ਰੇਤ ਕਰਿ ਭਾਗੀ ॥੨॥

جب ہی ہنّس تجی اِہ کانئیا
پرِیت پرِیت کرِ بھاگی ॥2॥

ਇਹ ਬਿਧਿ ਕੋ ਬਿਉਹਾਰੁ ਬਨਿਓ ਹੈ
ਜਾ ਸਿਉ ਨੇਹੁ ਲਗਾਇਓ ॥

اِہ بِدھِ کو بِہُارُ بنِئو ہے
جا سِ ءُ نیہُ لگائِئو ॥

ਅੰਤ ਬਾਰ ਨਾਨਕ ਬਿਨੁ ਹਰਿ ਜੀ
ਕੋਊ ਕਾਮਿ ਨ ਆਇਓ ॥੩॥੧੨॥੧੩੯॥

انّت بار نانک بِنُ ہرِ جی
کوئُو کامِ ن آئیو ॥3॥ 12 ॥ 139 ॥

ਸੋਰਠਿ ਮਹਲਾ ੧ ਘਰੁ ੧ ਅਸਟਪਦੀਆ ਚਉਤੁਕੀ

سورٹھِ محلا 1 گھرُ 1 اسٹپدیِیا چئُتُکی

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ
ਮੜੈ ਮਸਾਣਿ ਨ ਜਾਈ ॥

دُبِدھا ن پڑءُ ہرِ بِنُ ہورُ ن پُوجءُ
مڑے مساٹِ ن جائی ॥

ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ
ਤ੍ਰਿਸਨਾ ਨਾਮਿ ਬੁਝਾਈ ॥

تّرِسنا راچِ ن پر گھرِ جاوا
تّرِسنا نامِ بُجھائی ॥

ਘਰ ਭੀਤਰਿ ਘਰੁ ਗੁਰੂ ਦਿਖਾਇਆ
ਸਹਜਿ ਰਤੇ ਮਨ ਭਾਈ ॥

گھر بھیترِ گھرُ گُرُو دِکھائیا
سہجِ رتے من بھائی ॥

ਤੂ ਆਪੇ ਦਾਨਾ ਆਪੇ ਬੀਨਾ
ਤੂ ਦੇਵਹਿ ਮਤਿ ਸਾਈ ॥੧॥

توُ آپے دانا آپے بِینا
توُ دیوہِ متِ سائی ۔ ॥1॥

ਮਨੁ ਬੈਰਾਗਿ ਰਤਉ ਬੈਰਾਗੀ
ਸਬਦਿ ਮਨੁ ਬੇਧਿਆ ਮੇਰੀ ਮਾਈ ॥

منُ بیَراگِ رتءُ بیَراگی
سبدِ منُ بیدھیا میری مائی ۔ ॥

ਅੰਤਰਿ ਜੋਤਿ ਨਿਰੰਤਰਿ ਬਾਣੀ
ਸਾਚੇ ਸਾਹਿਬ ਸਿਉ ਲਿਵ ਲਾਈ ॥ ਰਹਾਉ ॥

انتَرِ جوتِ نِرنتَرِ باٹّی
ساچے صاحِب سِءُ لِو لائی ॥ رہاءُ ॥

ਅਸੰਖ ਬੈਰਾਗੀ ਕਹਹਿ ਬੈਰਾਗ
ਸੋ ਬੈਰਾਗੀ ਜਿ ਖਸਮੈ ਭਾਵੈ ॥

اسنکھ بیَراگی کہہِ بیَراگ
سو بیَراگی جِ خصمےَ بھاوے ॥

ਹਿਰਦੈ ਸਬਦਿ ਸਦਾ ਭੈ ਰਚਿਆ
ਗੁਰ ਕੀ ਕਾਰ ਕਮਾਵੈ ॥

ہِردے سبدِ سدا بھےَ رچِیا
گُر کی کار کماوے ॥

ਏਕੋ ਚੇਤੈ ਮਨੂਆ ਨ ਡੋਲੈ
ਧਾਵਤੁ ਵਰਜਿ ਰਹਾਵੈ ॥

ایکو چیتے منوُیا ن ڈولے
دھاوتُ ورجِ رہاوے ॥

ਸਹਜੇ ਮਾਤਾ ਸਦਾ ਰੰਗਿ ਰਾਤਾ
ਸਾਚੇ ਕੇ ਗੁਣ ਗਾਵੈ ॥੨॥

سہجے ماتا سدا رنگِ راتا
ساچے کے گُن گاوے ॥2॥

ਮਨੂਆ ਪਉਣੁ ਬਿੰਦੁ ਸੁਖਵਾਸੀ

منوُیا پئُن بِندُ سُکھواسی

ਨਾਮਿ ਵਸੈ ਸੁਖ ਭਾਈ ॥

نامِ وسے سُکھ بھائی ۔ ॥

ਜਿਹਬਾ ਨੇਤ੍ਰ ਸੋਤ੍ਰ ਸਚਿ ਰਾਤੇ
ਜਲਿ ਬੂਝੀ ਤੁਝਹਿ ਬੁਝਾਈ ॥

جِہبا نیتّر سوتّر سچِ راتے
جلِ بُوجھی تُجھہِ بُجھائی ॥

ਆਸ ਨਿਰਾਸ ਰਹੈ ਬੈਰਾਗੀ
ਨਿਜ ਘਰਿ ਤਾੜੀ ਲਾਈ ॥

آس نِراس رہے بیَراگی
نِج گھرِ تاڑی لائی ॥

ਭਿਖਿਆ ਨਾਮਿ ਰਜੇ ਸੰਤੋਖੀ
ਅੰਮ੍ਰਿਤੁ ਸਹਜਿ ਪੀਆਈ ॥੩॥

بھِکھیا نامِ رجے سنّتوکھی
انمّرِتُ سہجِ پِیائی ॥3॥

ਦੁਬਿਧਾ ਵਿਚਿ ਬੈਰਾਗੁ ਨ ਹੋਵੀ
ਜਬ ਲਗੁ ਦੂਜੀ ਰਾਈ ॥

دُبِدھا وِچِ بیَراگُ ن ہووی
جب لگُ دوُجی رائی ॥

ਸਭੁ ਜਗੁ ਤੇਰਾ ਤੂ ਏਕੋ ਦਾਤਾ
ਅਵਰੁ ਨ ਦੂਜਾ ਭਾਈ ॥

سبھُ جگُ تیرا توُ ایکو داتا
اورُ ن دوُجا بھائی ۔ ॥

ਮਨਮੁਖਿ ਜੰਤ ਦੁਖਿ ਸਦਾ ਨਿਵਾਸੀ
ਗੁਰਮੁਖਿ ਦੇ ਵਡਿਆਈ ॥

منمُکھِ جنّت دُکھِ سدا نِواسی
گُرمُکھِ دے وڈِیائی ॥

ਅਪਰ ਅਪਾਰ ਅਗੰਮ ਅਗੋਚਰ
ਕਹਣੈ ਕੀਮ ਨ ਪਾਈ ॥੪॥

اپر اپار اگنّم اگوچر
کہنّے قِیم ن پائی ॥4॥

ਸੁੰਨ ਸਮਾਧਿ ਮਹਾ ਪਰਮਾਰਥੁ
ਤੀਨਿ ਭਵਣ ਪਤਿ ਨਾਮੰ ॥

سُنّن سمادھِ مہا پرمارتھُ
تِینِ بھونّ پتِ نامنّ ॥

ਮਸਤਕਿ ਲੇਖੁ ਜੀਆ ਜਗਿ ਜੋਨੀ
ਸਿਰਿ ਸਿਰਿ ਲੇਖੁ ਸਹਾਮੰ ॥

مستکِ لیکھُ جِیا جگِ جونی
سِرِ سِرِ لیکھُ سہامنّ ॥

ਕਰਮ ਸੁਕਰਮ ਕਰਾਏ ਆਪੇ
ਆਪੇ ਭਗਤਿ ਦ੍ਰਿੜਾਮੰ ॥

کرم سُکرم کرائے آپے
آپے بھگتِ دڑِڑامنّ ॥

ਮਨਿ ਮੁਖਿ ਜੂਠਿ ਲਹੈ ਭੈ ਮਾਨੰ
ਆਪੇ ਗਿਆਨੁ ਅਗਾਮੰ ॥੫॥

منِ مُکھِ جوُٹھِ لہے بھےَ مانّ
آپے گیانُ اگامنّ ॥5॥

ਜਿਨ ਚਾਖਿਆ ਸੇਈ ਸਾਦੁ ਜਾਣਨਿ
ਜਿਉ ਗੁੰਗੇ ਮਿਠਿਆਈ ॥

جِن چاکھِیا سیئی سادُ جانّنِ
جِءُ گُنگے مِٹھیائی ॥

ਅਕਥੈ ਕਾ ਕਿਆ ਕਥੀਐ ਭਾਈ
ਚਾਲਉ ਸਦਾ ਰਜਾਈ ॥

اکتھے کا کیا کتھیئے بھائی
چالءُ سدا رضائی ॥

ਗੁਰੁ ਦਾਤਾ ਮੇਲੇ ਤਾ ਮਤਿ ਹੋਵੈ
ਨਿਗੁਰੇ ਮਤਿ ਨ ਕਾਈ ॥

گُرُ داتا میلے تا متِ ہووے
نِگُرے متِ ن کائی ॥

ਜਿਉ ਚਲਾਏ ਤਿਉ ਚਾਲਹ ਭਾਈ
ਹੋਰ ਕਿਆ ਕੋ ਕਰੇ ਚਤੁਰਾਈ ॥੬॥

جِءُ چلائے تِءُ چالہ بھائی
ہور کِیا کو کرے چتُرائی ۔ ॥6॥

ਇਕਿ ਭਰਮਿ ਭੁਲਾਏ ਇਕਿ ਭਗਤੀ ਰਾਤੇ
ਤੇਰਾ ਖੇਲੁ ਅਪਾਰਾ ॥

اِکِ بھرمِ بھُلائے اِکِ بھگتی راتے
تیرا کھیلُ اپارا ॥

ਜਿਤੁ ਤੁਧੁ ਲਾਏ ਤੇਹਾ ਫਲੁ ਪਾਇਆ
ਤੂ ਹੁਕਮਿ ਚਲਾਵਣਹਾਰਾ ॥

جِتُ تُدھُ لائے تیہا پھلُ پائِیا
توُ حُکمِ چلاوٹہارا ॥

ਸੇਵਾ ਕਰੀ ਜੇ ਕਿਛੁ ਹੋਵੈ ਅਪਣਾ
ਜੀਉ ਪਿੰਡੁ ਤੁਮਾਰਾ ॥

سیوا کری جے کِچھُ ہووے اپنّا
جِءُ پِنڈُ تُمارا ॥

ਸਤਿਗੁਰਿ ਮਿਲਿਐ ਕਿਰਪਾ ਕੀਨੀ
ਅੰਮ੍ਰਿਤ ਨਾਮੁ ਅਧਾਰਾ ॥੭॥

ستِگُرِ ملِئے کِرپا کِینی
انّمرِت نامُ ادھارا ॥7॥

ਗਗਨੰਤਰਿ ਵਾਸਿਆ ਗੁਣ ਪਰਗਾਸਿਆ
ਗੁਣ ਮਹਿ ਗਿਆਨ ਧਿਆਨੰ ॥

گگننّترِ واسِیا گُنّ پرگاسِیا
گُنّ مہِ گیان دھِیانںَ ॥

ਨਾਮੁ ਮਨਿ ਭਾਵੈ ਕਹੈ ਕਹਾਵੈ
ਤਤੋ ਤਤੁ ਵਖਾਨੰ ॥

نامُ منِ بھاوے کہے کہاوے
تتو تتُ وکھانںَ ॥

ਸਬਦੁ ਗੁਰ ਪੀਰਾ ਗਹਿਰ ਗੰਭੀਰਾ
ਬਿਨੁ ਸਬਦੈ ਜਗੁ ਬਉਰਾਨੰ ॥

سبدُ گُر پیِرا گہِر گنّبھیِرا
بِنُ سبدے جگُ بئُرانںَ ॥

ਪੂਰਾ ਬੈਰਾਗੀ ਸਹਜਿ ਸੁਭਾਗੀ
ਸਚੁ ਨਾਨਕ ਮਨੁ ਮਾਨੰ ॥੮॥੧॥

پُورا بیَراگی سہجِ سُبھاگی
سچُ نانک منُ مانںَ ॥8॥1॥

ਸੋਰਠਿ ਮਹਲਾ ੧ ਤਿਤੁਕੀ ॥

سورٹھِ محلا 1 تِتُکی ॥

ਆਸਾ ਮਨਸਾ ਬੰਧਨੀ ਭਾਈ
ਕਰਮ ਧਰਮ ਬੰਧਕਾਰੀ ॥

آسا منسا بنّدھنی بھائی
کرم دھرم بنّدھکاری ॥

ਪਾਪਿ ਪੁੰਨਿ ਜਗੁ ਜਾਇਆ ਭਾਈ
ਬਿਨਸੈ ਨਾਮੁ ਵਿਸਾਰੀ ॥

پاپِ پُنّنِ جگُ جائیا بھائی
بِنسے نامُ وِساری ॥

ਇਹ ਮਾਇਆ ਜਗਿ ਮੋਹਣੀ ਭਾਈ
ਕਰਮ ਸਭੇ ਵੇਕਾਰੀ ॥੧॥

اِہ مائیا جگِ موہنّی بھائی
کرم سبھے ویکاری ॥1॥

ਸੁਣਿ ਪੰਡਿਤ ਕਰਮਾ ਕਾਰੀ ॥

سُنِ پنڈِت کرما کاری ॥

ਜਿਤੁ ਕਰਮੁ ਸੁਖੁ ਊਪਜੈ ਭਾਈ
ਸੁ ਆਤਮ ਤਤੁ ਬੀਚਾਰੀ ॥ ਰਹਾਉ ॥

جِتُ کرمُ سُکھُ اوُپجے بھائی
سُ آتم تتُ بیچاری ॥ رہاءُ ॥

ਸਾਸਤੁ ਬੇਦੁ ਬਕੈ ਖੜੋ ਭਾਈ
ਕਰਮ ਕਰਹੁ ਸੰਸਾਰੀ ॥

ساستُ بیدُ بکے کھڑو بھائی
کرم کرہُ سنّساری ॥

ਪਾਖੰਡਿ ਮੈਲੁ ਨ ਚੂਕਈ ਭਾਈ
ਅੰਤਰਿ ਮੈਲੁ ਵਿਕਾਰੀ ॥

پاکھنڈِ میَلُ ن چوُکئی بھائی
انتر میَلُ وِکاری ॥

ਇਨ ਬਿਧਿ ਡੂਬੀ ਮਾਕੁਰੀ ਭਾਈ
ਊਂਡੀ ਸਿਰ ਕੈ ਭਾਰੀ ॥੨॥

اِن بِدھِ ڈوُبی ماکُری بھائی
اوُنڈی سِر کے بھاری ॥2॥

ਦੁਰਮਤਿ ਘਣੀ ਵਿਗੁਤੀ ਭਾਈ
ਦੂਜੈ ਭਾਇ ਖੁਆਈ ॥

دُرمتِ گھنّی وِگوُتی بھائی
دوُجے بھاءِ کھُیائی ॥

ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ
ਬਿਨੁ ਨਾਮੈ ਭਰਮੁ ਨ ਜਾਈ ॥

بِنُ ستِگُر نامُ ن پائیے بھائی
بِنُ نامے بھرمُ ن جائی ॥

ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ
ਆਵਣੁ ਜਾਣੁ ਰਹਾਈ ॥੩॥

ستِگُرُ سیوے تا سُکھُ پائے بھائی
آونُ جانُ رہائی ॥3॥

ਸਾਚੁ ਸਹਜੁ ਗੁਰ ਤੇ ਊਪਜੈ ਭਾਈ
ਮਨੁ ਨਿਰਮਲੁ ਸਾਚਿ ਸਮਾਈ ॥

ساچُ سہجُ گُر تے اوُپجے بھائی
منُ نِرملُ ساچِ سمائی ॥

ਗੁਰੁ ਸੇਵੇ ਸੋ ਬੂਝੈ ਭਾਈ
ਗੁਰ ਬਿਨੁ ਮਗੁ ਨ ਪਾਈ ॥

گُرُ سیوے سو بوُجھے بھائی
گُر بِنُ مگُ ن پائی ॥

ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ
ਕੂੜੁ ਬੋਲਿ ਬਿਖੁ ਖਾਈ ॥੪॥

جِسُ انتر لوبھُ کِ کرم کماوے بھائی
کوُڑُ بولِ بِکھُ کھائی ॥4॥

ਪੰਡਿਤ ਦਹੀ ਵਿਲੋਈਐ ਭਾਈ
ਵਿਚਹੁ ਨਿਕਲੈ ਤਤੁ ॥

پنڈِت دہی وِلوئیَے بھائی
وِچہُ نِکلے تتھُ ॥

ਜਲੁ ਮਥੀਐ ਜਲੁ ਦੇਖੀਐ ਭਾਈ
ਇਹੁ ਜਗੁ ਏਹਾ ਵਤੁ ॥

جلُ متھیَے جلُ دیکھیَے بھائی
اِہُ جگُ ایہا وتھُ ॥

ਗੁਰ ਬਿਨੁ ਭਰਮਿ ਵਿਗੂਚੀਐ ਭਾਈ
ਘਟਿ ਘਟਿ ਦੇਉ ਅਲਖੁ ॥੫॥

گُر بِنُ بھرمِ وِگوُچیَے بھائی
گھٹِ گھٹِ دیءُ الکھُ ॥5॥

ਇਹੁ ਜਗੁ ਤਾਗੋ ਸੂਤ ਕੋ ਭਾਈ
ਦਹ ਦਿਸ ਬਾਧੋ ਮਾਇ ॥

اِہُ جگُ تاگو سوُت کو بھائی
دہ دِس بادھو ماءِ ॥

ਬਿਨੁ ਗੁਰ ਗਾਠਿ ਨ ਛੂਟਈ ਭਾਈ
ਥਾਕੇ ਕਰਮ ਕਮਾਇ ॥

بِنُ گُر گاٹھِ ن چھوٹئی بھائی
تھاکے کرم کماءِ ॥

ਇਹੁ ਜਗੁ ਭਰਮਿ ਭੁਲਾਇਆ ਭਾਈ
ਕਹਣਾ ਕਿਛੂ ਨ ਜਾਇ ॥੬॥

اِہُ جگُ بھرمِ بھُلائیا بھائی
کہنا کچھوُ ن جاءِ ॥6॥

ਗੁਰ ਮਿਲਿਐ ਭਉ ਮਨਿ ਵਸੈ ਭਾਈ
ਭੈ ਮਰਣਾ ਸਚੁ ਲੇਖੁ ॥

گُر ملِیَے بھءُ منِ وسے بھائی
بھے مرنا سچُ لیکھُ ॥

ਮਜਨੁ ਦਾਨੁ ਚੰਗਿਆਈਆ ਭਾਈ
ਦਰਗਹ ਨਾਮੁ ਵਿਸੇਖੁ ॥

مجنُ دانُ چنگیائیا بھائی
درگہ نامُ وِسیکھُ ॥

ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ
ਮਨਿ ਵਸਿਆ ਚੂਕਾ ਭੇਖੁ ॥੭॥

گُرُ انکسُ جِنِ نامُ دڑِڑائیا بھائی
منِ وسِیا چوُکا بھیکھُ ॥7॥

ਇਹੁ ਤਨੁ ਹਾਟੁ ਸਰਾਫਕੋ ਭਾਈ
ਵਖਰੁ ਨਾਮੁ ਅਪਾਰੁ ॥

اِہُ تنُ ہاٹُ صرافکو بھائی
وکھرُ نامُ اپارُ ॥

ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ
ਗੁਰ ਸਬਦਿ ਕਰੇ ਵੀਚਾਰੁ ॥

اِہُ وکھرُ واپاری سو دڑِڑے بھائی
گُر سبدِ کرے ویچارُ ॥

ਧਨੁ ਵਾਪਾਰੀ ਨਾਨਕਾ ਭਾਈ
ਮੇਲਿ ਕਰੇ ਵਾਪਾਰੁ ॥੮॥੨॥

دھنُ واپاری نانکا بھائی
میلِ کرے واپارُ ॥8॥2॥

ਸੋਰਠਿ ਮਹਲਾ ੧ ॥

سورٹھِ محلا 1 ॥

ਜਿਨ੍ਹੀ ਸਤਿਗੁਰੁ ਸੇਵਿਆ ਪਿਆਰੇ
ਤਿਨ੍ਹ ਕੇ ਸਾਥ ਤਰੇ ॥

جِنّہی ستِگُرُ سیویا پِیارے
تِنّہ کے ساتھ ترے ॥

ਤਿਨ੍ਹਾ ਠਾਕ ਨ ਪਾਈਐ ਪਿਆਰੇ
ਅੰਮ੍ਰਿਤ ਰਸਨ ਹਰੇ ॥

تِنّہا ٹھاک ن پائیئے پِیارے
انمّرِت رسن ہرے ॥

ਬੂਡੇ ਭਾਰੇ ਭੈ ਬਿਨਾ ਪਿਆਰੇ
ਤਾਰੇ ਨਦਰਿ ਕਰੇ ॥੧॥

بُوڈے بھارے بھے بِنا پِیارے
تارے ندرِ کرے ॥1॥

ਭੀ ਤੂਹੈ ਸਾਲਾਹਣਾ ਪਿਆਰੇ
ਭੀ ਤੇਰੀ ਸਾਲਾਹ ॥

بھی توُہے سالاہنا پِیارے
بھی تیری سالاح ॥

ਵਿਣੁ ਬੋਹਿਥ ਭੈ ਡੁਬੀਐ ਪਿਆਰੇ
ਕੰਧੀ ਪਾਇ ਕਹਾਹ ॥੧॥ ਰਹਾਉ ॥

وِنُ بوہتھ بھے ڈُبیئے پِیارے
کندھی پاءِ کہاہ ॥1॥ رہاءُ ॥

ਸਾਲਾਹੀ ਸਾਲਾਹਣਾ ਪਿਆਰੇ
ਦੂਜਾ ਅਵਰੁ ਨ ਕੋਇ ॥

سالاہی سالاہنا پِیارے
دوُجا اورُ ن کوءِ ॥

ਮੇਰੇ ਪ੍ਰਭ ਸਾਲਾਹਨਿ ਸੇ ਭਲੇ ਪਿਆਰੇ
ਸਬਦਿ ਰਤੇ ਰੰਗੁ ਹੋਇ ॥

میرے پربھ سالاہنِ سے بھلے پِیارے
سبدِ رتے رنگُ ہوءِ ॥

ਤਿਸ ਕੀ ਸੰਗਤਿ ਜੇ ਮਿਲੈ ਪਿਆਰੇ
ਰਸੁ ਲੈ ਤਤੁ ਵਿਲੋਇ ॥੨॥

تِس کی سنگتِ جے مِلے پِیارے
رسُ لے تتُ وِلوءِ ॥2॥

ਪਤਿ ਪਰਵਾਨਾ ਸਾਚ ਕਾ ਪਿਆਰੇ
ਨਾਮੁ ਸਚਾ ਨੀਸਾਣੁ ॥

پتِ پروانا ساچ کا پِیارے
نامُ سچا نِیشانُ ॥

ਆਇਆ ਲਿਖਿ ਲੈ ਜਾਵਣਾ ਪਿਆਰੇ
ਹੁਕਮੀ ਹੁਕਮੁ ਪਛਾਣੁ ॥

آئیا لِکھِ لے جاونا پِیارے
حُکمی حُکمُ پچھانُ ॥

ਗੁਰ ਬਿਨੁ ਹੁਕਮੁ ਨ ਬੂਝੀਐ ਪਿਆਰੇ
ਸਾਚੇ ਸਾਚਾ ਤਾਣੁ ॥੩॥

گُر بِنُ حُکمُ ن بوُجھیئے پِیارے
ساچے ساچا تانُ ॥3॥

ਹੁਕਮੈ ਅੰਦਰਿ ਨਿੰਮਿਆ ਪਿਆਰੇ
ਹੁਕਮੈ ਉਦਰ ਮਝਾਰਿ ॥

حُکمے اندرِ نِمّیا پِیارے
حُکمے اُدر مجھارِ ॥

ਹੁਕਮੈ ਅੰਦਰਿ ਜੰਮਿਆ ਪਿਆਰੇ
ਊਧਉ ਸਿਰ ਕੈ ਭਾਰਿ ॥

حُکمے اندرِ جنّمیا پِیارے

ਗੁਰਮੁਖਿ ਦਰਗਹ ਜਾਣੀਐ ਪਿਆਰੇ
ਚਲੈ ਕਾਰਜ ਸਾਰਿ ॥੪॥

ਹੁਕਮੈ ਅੰਦਰਿ ਆਇਆ ਪਿਆਰੇ
ਹੁਕਮੇ ਜਾਦੋ ਜਾਇ ॥

ਹੁਕਮੇ ਬੰਨ੍ਹਿ ਚਲਾਈਐ ਪਿਆਰੇ
ਮਨਮੁਖਿ ਲਹੈ ਸਜਾਇ ॥

ਹੁਕਮੇ ਸਬਦਿ ਪਛਾਣੀਐ ਪਿਆਰੇ
ਦਰਗਹ ਪੈਧਾ ਜਾਇ ॥੫॥

ਹੁਕਮੇ ਗਣਤ ਗਣਾਈਐ ਪਿਆਰੇ
ਹੁਕਮੇ ਹਉਮੈ ਦੋਇ ॥

ਹੁਕਮੇ ਭਵੈ ਭਵਾਈਐ ਪਿਆਰੇ
ਅਵਗਣਿ ਮੁਠੀ ਰੋਇ ॥

ਹੁਕਮੁ ਸਿਵਾਪੈ ਸਾਹ ਕਾ ਪਿਆਰੇ
ਸਚੁ ਮਿਲੈ ਵਡਿਆਈ ਹੋਇ ॥੬॥

ਆਖਣਿ ਅਉਖਾ ਆਖੀਐ ਪਿਆਰੇ
ਕਿਉ ਸੁਣੀਐ ਸਚੁ ਨਾਉ ॥

ਜਿਨ੍ਹੀ ਸੋ ਸਾਲਾਹਿਆ ਪਿਆਰੇ
ਹਉ ਤਿਨ੍ਹ ਬਲਿਹਾਰੈ ਜਾਉ ॥

ਨਾਉ ਮਿਲੈ ਸੰਤੋਖੀਆ ਪਿਆਰੇ
ਨਦਰੀ ਮੇਲਿ ਮਿਲਾਉ ॥੭॥

ਕਾਇਆ ਕਾਗਦੁ ਜੇ ਥੀਐ ਪਿਆਰੇ
ਮਨੁ ਮਸਵਾਣੀ ਧਾਰਿ ॥

ਲਲਤਾ ਲੇਖਣਿ ਸਚ ਕੀ ਪਿਆਰੇ
ਹਰਿ ਗੁਣ ਲਿਖਹੁ ਵੀਚਾਰਿ ॥

اوُدھ ءُ سِر کے بھارِ ॥

گُرمُکھِ درگہ جانئیے پیارے
چلے کارج سارِ ॥4॥

حُکمے اندر آئیا پیارے
حُکمے جادو جاءِ ॥

حُکمے بنّہِ چلائیے پیارے
منمُکھِ لہے سزاءِ ॥

حُکمے سبدِ پچھانئیے پیارے
درگہ پیَدھا جاءِ ॥5॥

حُکمے گنت گنائیے پیارے
حُکمے ہئے دوءِ ॥

حُکمے بھوے بھوائیے پیارے
اوگنِ مُٹھی روءِ ॥

حُکمُ سِچاپے ساہ کا پیارے
سچُ مِلے وڈیائی ہوءِ ॥6॥

آکھنِ اُکھا آکھیئے پیارے
کِءُ سُنئیے سچُ ناءُ ॥

جِنہی سو سالاحیا پیارے
ہءُ تِنہ بلِہارے جاءُ ॥

ناءُ مِلے سنتوکھیا پیارے
ندری میلِ مِلاءُ ॥7॥

کائیا کاگدُ جے تھیئے پیارے
منُ مسوانی دھارِ ॥

للتا لیکھنِ سچ کی پیارے
ہرِ گُن لِکھہُ ویچارِ ॥

ਧਨੁ ਲੇਖਾਰੀ ਨਾਨਕਾ ਪਿਆਰੇ
ਸਾਚੁ ਲਿਖੈ ਉਰਿ ਧਾਰਿ ॥੮॥੩॥

دھنُ لیکھاری نانکا پِیارے
ساچُ لِکھے اُرِ دھارِ ॥8॥3॥

ਸੋਰਠਿ ਮਹਲਾ ੧ ਪਹਿਲਾ ਦੁਤੁਕੀ ॥

سورٹھِ محلا 1 پہلا دُتُکی ॥

ਤੂ ਗੁਣਦਾਤੌ ਨਿਰਮਲੋ ਭਾਈ
ਨਿਰਮਲੁ ਨਾ ਮਨੁ ਹੋਇ ॥

توُ گُنڈاتوَ نِرملو بھائی
نِرملُ نا منُ ہوءِ ॥

ਹਮ ਅਪਰਾਧੀ ਨਿਰਗੁਣੇ ਭਾਈ
ਤੁਝ ਹੀ ਤੇ ਗੁਣੁ ਸੋਇ ॥੧॥

ہم اپرادھی نِرگُنے بھائی
تُجھ ہی تے گُنُ سوءِ ॥1॥

ਮੇਰੇ ਪ੍ਰੀਤਮਾ ਤੂ ਕਰਤਾ ਕਰਿ ਵੇਖੁ ॥

میرے پریتما توُ کرتا کرِ ویکھُ ॥

ਹਉ ਪਾਪੀ ਪਾਖੰਡੀਆ ਭਾਈ
ਮਨਿ ਤਨਿ ਨਾਮ ਵਿਸੇਖੁ ॥ ਰਹਾਉ ॥

ہءُ پاپی پاکھنڈِیا بھائی
منِ تنِ نام وِسیکھُ ॥ رہاءُ ॥

ਬਿਖੁ ਮਾਇਆ ਚਿਤੁ ਮੋਹਿਆ ਭਾਈ
ਚਤੁਰਾਈ ਪਤਿ ਖੋਇ ॥

بِکھُ مائیا چِتُ موہِیا بھائی
چترائی پتِ کھوءِ ॥

ਚਿਤ ਮਹਿ ਠਾਕੁਰੁ ਸਚਿ ਵਸੈ ਭਾਈ
ਜੇ ਗੁਰ ਗਿਆਨੁ ਸਮੋਇ ॥੨॥

چِت مہِ ٹھاکُرُ سچِ وسے بھائی
جے گُر گِیانُ سموءِ ॥2॥

ਰੂੜੌ ਰੂੜੌ ਆਖੀਐ ਭਾਈ
ਰੂੜੌ ਲਾਲ ਚਲੂਲੁ ॥

روُڑوَ روُڑوَ آکھیئے بھائی
روُڑوَ لال چلوُلُ ॥

ਜੇ ਮਨੁ ਹਰਿ ਸਿਉ ਬੈਰਾਗੀਐ ਭਾਈ
ਦਰਿ ਘਰਿ ਸਾਚੁ ਅਭੂਲੁ ॥੩॥

جے منُ ہرِ سِءُ بیَراگیئے بھائی
درِ گھرِ ساچُ ابھوُلُ ॥3॥

ਪਾਤਾਲੀ ਆਕਾਸਿ ਤੂ ਭਾਈ
ਘਰਿ ਘਰਿ ਤੂ ਗੁਣ ਗਿਆਨੁ ॥

پاتالی آکاسِ توُ بھائی
گھرِ گھرِ توُ گُنُ گِیانُ ॥

ਗੁਰ ਮਿਲਿਐ ਸੁਖੁ ਪਾਇਆ ਭਾਈ
ਚੂਕਾ ਮਨਹੁ ਗੁਮਾਨੁ ॥੪॥

گُر ملِیئے سُکھُ پائیا بھائی
چوُکا منہُ گُمانُ ॥4॥

ਜਲਿ ਮਲਿ ਕਾਇਆ ਮਾਜੀਐ ਭਾਈ
ਭੀ ਮੈਲਾ ਤਨੁ ਹੋਇ ॥

جلِ ملِ کائیا ماجیئے بھائی
بھی میَلا تنُ ہوءِ ॥

ਗਿਆਨਿ ਮਹਾ ਰਸਿ ਨਾਈਐ ਭਾਈ

گِیانِ مہا رسِ نائیئے بھائی

ਮਨੁ ਤਨੁ ਨਿਰਮਲੁ ਹੋਇ ॥੫॥

من تن نِرملُ ہوءِ ॥5॥

ਦੇਵੀ ਦੇਵਾ ਪੂਜੀਐ ਭਾਈ
ਕਿਆ ਮਾਗਉ ਕਿਆ ਦੇਹਿ ॥

دیوی دیوا پُوجیئے بھائی
کِیا ماگ ءُ کِیا دیہِ ۔ ॥

ਪਾਹਣੁ ਨੀਰਿ ਪਖਾਲੀਐ ਭਾਈ
ਜਲ ਮਹਿ ਬੁਡਹਿ ਤੇਹਿ ॥੬॥

پاہنُ نیرِ پکھالیئے بھائی
جل مہِ بُڈہِ تیہِ ॥6॥

ਗੁਰ ਬਿਨੁ ਅਲਖੁ ਨ ਲਖੀਐ ਭਾਈ
ਜਗੁ ਬੂਡੈ ਪਤਿ ਖੋਇ ॥

گُر بِنُ الکھُ ن لکھیئے بھائی
جگُ بُوڈے پتِ کھوءِ ॥

ਮੇਰੇ ਠਾਕੁਰ ਹਾਥਿ ਵਡਾਈਆ ਭਾਈ
ਜੈ ਭਾਵੈ ਤੈ ਦੇਇ ॥੭॥

میرے ٹھاکُر ہاتھِ وڈائیا بھائی
جے بھاوے تے دےءِ ॥7॥

ਬਈਅਰਿ ਬੋਲੈ ਮੀਠੁਲੀ ਭਾਈ
ਸਾਚੁ ਕਹੈ ਪਿਰ ਭਾਇ ॥

بئیرِ بولے میٹھُلی بھائی
ساچُ کہے پِر بھاءِ ॥

ਬਿਰਹੈ ਬੇਧੀ ਸਚਿ ਵਸੀ ਭਾਈ
ਅਧਿਕ ਰਹੀ ਹਰਿ ਨਾਇ ॥੮॥

بِرہے بیدھی سچِ وسی بھائی
ادھِک رہی ہرِ ناءِ ॥8॥

ਸਭੁ ਕੋ ਆਖੈ ਆਪਣਾ ਭਾਈ
ਗੁਰ ਤੇ ਬੁਝੈ ਸੁਜਾਨੁ ॥

سبھُ کو آکھے آپنا بھائی
گُر تے بُجھے سُجانُ ॥

ਜੋ ਬੀਧੇ ਸੇ ਊਬਰੇ ਭਾਈ
ਸਬਦੁ ਸਚਾ ਨੀਸਾਨੁ ॥੯॥

جو بیدھے سے اوُبرے بھائی
سبدُ سچا نیشانُ ॥9॥

ਈਧਨੁ ਅਧਿਕ ਸਕੇਲੀਐ ਭਾਈ
ਪਾਵਕੁ ਰੰਚਕ ਪਾਇ ॥

ایدھنُ ادھِک سکیلیئے بھائی
پاوکُ رنچک پاءِ ॥

ਖਿਨੁ ਪਲੁ ਨਾਮੁ ਰਿਦੈ ਵਸੈ ਭਾਈ
ਨਾਨਕ ਮਿਲਣੁ ਸੁਭਾਇ ॥੧੦॥੪॥

کھِنُ پلُ نامُ رِدے وسے بھائی
نانک مِلنُ سُبھاءِ ॥ 10 ॥4॥

ਸੋਰਠਿ ਮਹਲਾ ੩ ਘਰੁ ੧ ਤਿਤੁਕੀ

سورٹھِ محلا 3 گھرُ 1 تِتُکی

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ
ਧੁਰਿ ਤੂ ਰਖਦਾ ਆਇਆ ॥

بھگتا دی سدا توُ رکھدا ہرِ جیءُ
دھُرِ توُ رکھدا آئیا ॥

ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ
ਹਰਣਾਖਸੁ ਮਾਰਿ ਪਚਾਇਆ ॥

ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ
ਮਨਮੁਖ ਭਰਮਿ ਭੁਲਾਇਆ ॥੧॥

ਹਰਿ ਜੀ ਏਹ ਤੇਰੀ ਵਡਿਆਈ ॥

ਭਗਤਾ ਕੀ ਪੈਜ ਰਖੁ ਤੂ ਸੁਆਮੀ
ਭਗਤ ਤੇਰੀ ਸਰਣਾਈ ॥ ਰਹਾਉ ॥

ਭਗਤਾ ਨੋ ਜਮੁ ਜੋਹਿ ਨ ਸਾਕੈ
ਕਾਲੁ ਨ ਨੇੜੈ ਜਾਈ ॥

ਕੇਵਲ ਰਾਮ ਨਾਮੁ ਮਨਿ ਵਸਿਆ
ਨਾਮੇ ਹੀ ਮੁਕਤਿ ਪਾਈ ॥

ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ
ਗੁਰ ਕੈ ਸਹਜਿ ਸੁਭਾਈ ॥੨॥

ਮਨਮੁਖਾ ਨੋ ਪਰਤੀਤਿ ਨ ਆਵੀ
ਅੰਤਰਿ ਲੋਭ ਸੁਆਉ ॥

ਗੁਰਮੁਖਿ ਹਿਰਦੈ ਸਬਦੁ ਨ ਭੇਦਿਓ
ਹਰਿ ਨਾਮਿ ਨ ਲਾਗਾ ਭਾਉ ॥

ਕੂੜ ਕਪਟ ਪਾਜੁ ਲਹਿ ਜਾਸੀ
ਮਨਮੁਖ ਫੀਕਾ ਅਲਾਉ ॥੩॥

ਭਗਤਾ ਵਿਚਿ ਆਪਿ ਵਰਤਦਾ ਪ੍ਰਭ ਜੀ
ਭਗਤੀ ਹੂ ਤੂ ਜਾਤਾ ॥

ਮਾਇਆ ਮੋਹ ਸਭ ਲੋਕ ਹੈ ਤੇਰੀ
ਤੂ ਏਕੋ ਪੁਰਖੁ ਬਿਧਾਤਾ ॥

ਹਉਮੈ ਮਾਰਿ ਮਨਸਾ ਮਨਹਿ ਸਮਾਣੀ
ਗੁਰ ਕੈ ਸਬਦਿ ਪਛਾਤਾ ॥੪॥

پرہلاد جن تُدھُ راکھِ لے ہرِ جیِءُ
ہرٹاکھسُ مارِ پچائیا ॥

گُرمُکھا نو پرتیتِ ہے ہرِ جیِءُ
منمُکھ بھرمِ بھُلائیا ॥1॥

ہرِ جی ایہ تیری وڈِیائی ॥

بھگتا کی پیج رکھُ توُ سُیامی
بھگت تیری سرٹائی ॥ رہاءُ ॥

بھگتا نو جمُ جوہِ ن ساکے
کالُ ن نیڑے جائی ॥

کیول رام نامُ منِ وسِیا
نامے ہی مُکتِ پائی ॥

رِدھِ سِدھِ سبھ بھگتا چرنٹی لاگی
گُر کے سہجِ سُبھائی ॥2॥

منمُکھا نو پرتیتِ ن آوی
انترِ لوبھ سُیاءُ ॥

گُرمُکھِ ہِردے سبدُ ن بھیدِئو
ہرِ نامِ ن لاگا بھاءُ ॥

کوُڑ کپٹ پاجُ لہِ جاسی
منمُکھ پھیکا الاءُ ॥3॥

بھگتا وِچِ آپِ ورتدا پربھ جی
بھگتی ہوُ توُ جاتا ॥

مائیا موہ سبھ لوک ہے تیری
توُ ایکو پُرکھُ بِدھاتا ॥

ہئمےَ مارِ منسا منہِ سمانٹی
گُر کے سبدِ پچھاتا ॥4॥

ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ
ਜਿਨ ਹਰਿ ਕਾ ਨਾਮੁ ਪਿਆਰਾ ॥

ਗੁਰ ਪਰਸਾਦਿ ਸਦਾ ਮਨਿ ਵਸਿਆ
ਸਭਿ ਕਾਜ ਸਵਾਰਣਹਾਰਾ ॥

ਓਨਾ ਕੀ ਰੀਸ ਕਰੇ ਸੁ ਵਿਗੁਚੈ
ਜਿਨ ਹਰਿ ਪ੍ਰਭੁ ਹੈ ਰਖਵਾਰਾ ॥੫॥

ਬਿਨੁ ਸਤਿਗੁਰ ਸੇਵੇ ਕਿਨੈ ਨ ਪਾਇਆ
ਮਨਮੁਖਿ ਭਉਕਿ ਮੁਏ ਬਿਲਲਾਈ ॥

ਆਵਹਿ ਜਾਵਹਿ ਠਉਰ ਨ ਪਾਵਹਿ
ਦੁਖ ਮਹਿ ਦੁਖਿ ਸਮਾਈ ॥

ਗੁਰਮੁਖਿ ਹੋਵੈ ਸੁ ਅੰਮ੍ਰਿਤੁ ਪੀਵੈ
ਸਹਜੇ ਸਾਚਿ ਸਮਾਈ ॥੬॥

ਬਿਨੁ ਸਤਿਗੁਰ ਸੇਵੇ ਜਨਮੁ ਨ ਛੋਡੈ
ਜੇ ਅਨੇਕ ਕਰਮ ਕਰੈ ਅਧਿਕਾਈ ॥

ਵੇਦ ਪੜਹਿ ਤੈ ਵਾਦ ਵਖਾਣਹਿ
ਬਿਨੁ ਹਰਿ ਪਤਿ ਗਵਾਈ ॥

ਸਚਾ ਸਤਿਗੁਰੁ ਸਾਚੀ ਜਿਸੁ ਬਾਣੀ
ਭਜਿ ਛੂਟਹਿ ਗੁਰ ਸਰਣਾਈ ॥੭॥

ਜਿਨ ਹਰਿ ਮਨਿ ਵਸਿਆ ਸੇ ਦਰਿ ਸਾਚੇ
ਦਰਿ ਸਾਚੈ ਸਚਿਆਰਾ ॥

ਓਨਾ ਦੀ ਸੋਭਾ ਜੁਗਿ ਜੁਗਿ ਹੋਈ
ਕੋਇ ਨ ਮੇਟਣਹਾਰਾ ॥

ਨਾਨਕ ਤਿਨ ਕੈ ਸਦ ਬਲਿਹਾਰੈ
ਜਿਨ ਹਰਿ ਰਾਖਿਆ ਉਰਿ ਧਾਰਾ ॥੮॥੧॥

ਸੋਰਠਿ ਮਹਲਾ ੩ ਦੁਤੁਕੀ ॥

اِچنّت کنّم کرہِ پربھ تِن کے
جِن ہرِ کا نامُ پیارا ॥

گُر پرسادِ سدا منِ وسِیا
سبھِ کاج سوارنّہارا ॥

اونا کی ریس کرے سُ وِگُچے
جِن ہرِ پربھُ ہے رکھوارا ॥5॥

بِنُ ستِگُر سیوے کِنے ن پائیا
منمُکھِ بھُکِ مُے بِللائی ॥

آوہِ جاوہِ ٹھُر ن پاوہِ
دُکھ مہِ دُکھِ سمائی ॥

گُرمُکھِ ہووے سُ انمرِتُ پیوے
سہجے ساچِ سمائی ॥6॥

بِنُ ستِگُر سیوے جنمُ ن چھوڈے
جے انیک کرم کرے ادھِکائی ॥

وید پڑہِ تے واد وکھانہِ
بِنُ ہرِ پتِ گوائی ॥

سچا ستِگُرُ ساچی جِسُ بانی
بھجِ چھوٹہِ گُر سرنائی ॥7॥

جِن ہرِ منِ وسِیا سے درِ ساچے
درِ ساچے سچِیارا ॥

اونا دی سوبھا جُگِ جُگِ ہوئی
کوءِ ن میٹنّہارا ॥

نانک تِن کے سد بلِہارے
جِن ہرِ راکھِیا اُرِ دھارا ॥8॥1॥

سورٹھِ محلا 3 دُتُکی ॥

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ
ਸਤਿਗੁਰ ਕੀ ਸੇਵਾ ਲਾਇ ॥

ਸਤਿਗੁਰ ਕੀ ਸੇਵਾ ਊਤਮ ਹੈ ਭਾਈ
ਰਾਮ ਨਾਮਿ ਚਿਤੁ ਲਾਇ ॥੧॥

ਹਰਿ ਜੀਉ ਆਪੇ ਬਖਸਿ ਮਿਲਾਇ ॥

ਗੁਣਹੀਣ ਹਮ ਅਪਰਾਧੀ ਭਾਈ
ਪੂਰੈ ਸਤਿਗੁਰਿ ਲਏ ਰਲਾਇ ॥ ਰਹਾਉ ॥

ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ
ਸਾਚੈ ਸਬਦਿ ਵੀਚਾਰਿ ॥

ਭਉਜਲੁ ਪਾਰਿ ਉਤਾਰਿਅਨੁ ਭਾਈ
ਸਤਿਗੁਰ ਬੇੜੈ ਚਾੜਿ ॥੨॥

ਮਨੂਰੈ ਤੇ ਕੰਚਨ ਭਏ ਭਾਈ
ਗੁਰੁ ਪਾਰਸੁ ਮੇਲਿ ਮਿਲਾਇ ॥

ਆਪੁ ਛੋਡਿ ਨਾਉ ਮਨਿ ਵਸਿਆ ਭਾਈ
ਜੋਤੀ ਜੋਤਿ ਮਿਲਾਇ ॥੩॥

ਹਉ ਵਾਰੀ ਹਉ ਵਾਰਣੈ ਭਾਈ
ਸਤਿਗੁਰ ਕਉ ਸਦ ਬਲਿਹਾਰੈ ਜਾਉ ॥

ਨਾਮੁ ਨਿਧਾਨੁ ਜਿਨਿ ਦਿਤਾ ਭਾਈ
ਗੁਰਮਤਿ ਸਹਜਿ ਸਮਾਉ ॥੪॥

ਗੁਰ ਬਿਨੁ ਸਹਜੁ ਨ ਊਪਜੈ ਭਾਈ
ਪੂਛਹੁ ਗਿਆਨੀਆ ਜਾਇ ॥

ਸਤਿਗੁਰ ਕੀ ਸੇਵਾ ਸਦਾ ਕਰਿ ਭਾਈ
ਵਿਚਹੁ ਆਪੁ ਗਵਾਇ ॥੫॥

ਗੁਰਮਤੀ ਭਉ ਊਪਜੈ ਭਾਈ
ਭਉ ਕਰਣੀ ਸਚੁ ਸਾਰੁ ॥

نِگُنیا نو آپے بخشِ لے بھائی
ستِگُر کی سیوا لاءِ ॥

ستِگُر کی سیوا اوُتم ہے بھائی
رام نامِ چِتُ لاءِ ॥1॥

ہرِ جیِءُ آپے بخشِ مِلاءِ ॥

گُنہیِںٔ ہم اپرادھی بھائی
پوُرے ستِگُرِ لے رلاءِ ॥ رہاءُ ॥

کُنُٔ کُنُٔ اپرادھی بخشِتنُ پِیارے
ساچے سبدِ ویچارِ ॥

بھجُلُ پارِ اُتارِئنُ بھائی
ستِگُر بیڑے چاڑِ ॥2॥

منوُرے تے کنچن بھے بھائی
گُرُ پارسُ میلِ مِلاءِ ॥

آپُ چھوڈِ ناءُ منِ وسِیا بھائی
جوتی جوتِ مِلاءِ ॥3॥

ہءُ واری ہءُ وارنُے بھائی
ستِگُر کءُ سد بلِہارے جاءُ ॥

نامُ نِدھانُ جِنِ دِتا بھائی
گُرمتِ سہجِ سماءُ ॥4॥

گُر بِنُ سہجُ ن اوُپجے بھائی
پوُچھہُ گِیانِیا جاءِ ॥

ستِگُر کی سیوا سدا کرِ بھائی
وِچہُ آپُ گواءِ ॥5॥

گُرمتی بھءُ اوُپجے بھائی
بھءُ کرنی سچُ سارُ ॥

ਪ੍ਰੇਮ ਪਦਾਰਥੁ ਪਾਈਐ ਭਾਈ
ਸਚੁ ਨਾਮੁ ਆਧਾਰੁ ॥੬॥

پریم پدارتھُ پائیئے بھائی
سچُ نامُ آدھارُ ॥6॥

ਜੋ ਸਤਿਗੁਰੁ ਸੇਵਹਿ ਆਪਣਾ ਭਾਈ
ਤਿਨ ਕੈ ਹਉ ਲਾਗਉ ਪਾਇ ॥

جو ستِگُرُ سیوہِ آپنا بھائی
تِن کے ہءُ لاگءُ پاءِ ॥

ਜਨਮੁ ਸਵਾਰੀ ਆਪਣਾ ਭਾਈ
ਕੁਲੁ ਭੀ ਲਈ ਬਖਸਾਇ ॥੭॥

جنمُ سواری آپنا بھائی
کُلُ بھی لئی بخشاءِ ॥7॥

ਸਚੁ ਬਾਣੀ ਸਚੁ ਸਬਦੁ ਹੈ ਭਾਈ
ਗੁਰ ਕਿਰਪਾ ਤੇ ਹੋਇ ॥

سچُ بانی سچُ سبدُ ہے بھائی
گُر کِرپا تے ہوءِ ॥

ਨਾਨਕ ਨਾਮੁ ਹਰਿ ਮਨਿ ਵਸੈ ਭਾਈ
ਤਿਸੁ ਬਿਘਨੁ ਨ ਲਾਗੈ ਕੋਇ ॥੮॥੨॥

نانک نامُ ہرِ منِ وسے بھائی
تِس بِگھنُ ن لاگے کوءِ ॥8॥2॥

ਸੋਰਠਿ ਮਹਲਾ ੩ ॥

سورٹھِ محلا 3 ॥

ਹਰਿ ਜੀਉ ਸਬਦੇ ਜਾਪਦਾ ਭਾਈ
ਪੂਰੈ ਭਾਗਿ ਮਿਲਾਇ ॥

ہرِ جیءُ سبدے جاپدا بھائی
پُورے بھاگِ مِلاءِ ॥

ਸਦਾ ਸੁਖੁ ਸੋਹਾਗਣੀ ਭਾਈ
ਅਨਦਿਨੁ ਰਤੀਆ ਰੰਗੁ ਲਾਇ ॥੧॥

سدا سُکھُ سوہاگنی بھائی
اندِنُ رتِیا رنگُ لاءِ ॥1॥

ਹਰਿ ਜੀ ਤੂ ਆਪੇ ਰੰਗੁ ਚੜਾਇ ॥

ہرِ جی توُ آپے رنگُ چڑاءِ ॥

ਗਾਵਹੁ ਗਾਵਹੁ ਰੰਗਿ ਰਾਤਿਹੋ ਭਾਈ
ਹਰਿ ਸੇਤੀ ਰੰਗੁ ਲਾਇ ॥ ਰਹਾਉ ॥

گاوہُ گاوہُ رنگِ راتِہو بھائی
ہرِ سیتی رنگُ لاءِ ॥ رہاءُ ॥

ਗੁਰ ਕੀ ਕਾਰ ਕਮਾਵਣੀ ਭਾਈ
ਆਪੁ ਛੋਡਿ ਚਿਤੁ ਲਾਇ ॥

گُر کی کار کماونی بھائی
آپُ چھوڈِ چِتُ لاءِ ॥

ਸਦਾ ਸਹਜੁ ਫਿਰਿ ਦੁਖੁ ਨ ਲਗਈ ਭਾਈ
ਹਰਿ ਆਪਿ ਵਸੈ ਮਨਿ ਆਇ ॥੨॥

سدا سہجُ پھِرِ دُکھُ ن لگئی بھائی
ہرِ آپِ وسے منِ آءِ ॥2॥

ਪਿਰ ਕਾ ਹੁਕਮੁ ਨ ਜਾਣਈ ਭਾਈ
ਸਾ ਕੁਲਖਣੀ ਕੁਨਾਰਿ ॥

پِر کا حُکمُ ن جانئی بھائی
سا کُلکھنی کُنارِ ॥

ਮਨਹਠਿ ਕਾਰ ਕਮਾਵਣੀ ਭਾਈ

منہٹھِ کار کماونی بھائی

ਵਿਣੁ ਨਾਵੈ ਕੂੜਿਆਰਿ ॥੩॥

وِنُ ناوے کوُڑِیارِ ॥3॥

ਸੇ ਗਾਵਹਿ ਜਿਨ ਮਸਤਕਿ ਭਾਗੁ ਹੈ ਭਾਈ
ਭਾਇ ਸਚੈ ਬੈਰਾਗੁ ॥

سے گاوہِ جِن مستکِ بھاگُ ہے بھائی
بھاءِ سچے بیَراگُ ॥

ਅਨਦਿਨੁ ਰਾਤੇ ਗੁਣ ਰਵਹਿ ਭਾਈ
ਨਿਰਭਉ ਗੁਰ ਲਿਵ ਲਾਗੁ ॥੪॥

اندِنُ راتے گُنُ روہِ بھائی
نِربھءُ گُر لِو لاگُ ॥4॥

ਸਭਨਾ ਮਾਰਿ ਜੀਵਾਲਦਾ ਭਾਈ
ਸੋ ਸੇਵਹੁ ਦਿਨੁ ਰਾਤਿ ॥

سبھنا مارِ جیِوالدا بھائی
سو سیوہُ دِنُ راتِ ॥

ਸੋ ਕਿਉ ਮਨਹੁ ਵਿਸਾਰੀਐ ਭਾਈ
ਜਿਸ ਦੀ ਵਡੀ ਹੈ ਦਾਤਿ ॥੫॥

سو کِءُ منہُ وِسارِیےَ بھائی
جِس دی وڈی ہےَ داتِ ॥5॥

ਮਨਮੁਖਿ ਮੈਲੀ ਡੁੰਮਣੀ ਭਾਈ
ਦਰਗਹ ਨਾਹੀ ਥਾਉ ॥

منمُکھِ میَلی ڈُنمنی بھائی
درگہ ناہی تھاءُ ॥

ਗੁਰਮੁਖਿ ਹੋਵੈ ਤ ਗੁਣ ਰਵੈ ਭਾਈ
ਮਿਲਿ ਪ੍ਰੀਤਮ ਸਾਚਿ ਸਮਾਉ ॥੬॥

گُرمُکھِ ہووے ت گُنُ روے بھائی
مِلِ پریتم ساچِ سماءُ ॥6॥

ਏਤੁ ਜਨਮਿ ਹਰਿ ਨ ਚੇਤਿਓ ਭਾਈ
ਕਿਆ ਮੁਹੁ ਦੇਸੀ ਜਾਇ ॥

ایتُ جنمِ ہرِ ن چیتیئو بھائی
کِیا مُہُ دیسی جاءِ ۔ ॥

ਕਿੜੀ ਪਵੰਦੀ ਮੁਹਾਇਓਨੁ ਭਾਈ
ਬਿਖਿਆ ਨੋ ਲੋਭਾਇ ॥੭॥

کِڑی پوندی مُہائیئونُ بھائی
بِکھیا نو لوبھاءِ ॥7॥

ਨਾਮੁ ਸਮਾਲਹਿ ਸੁਖਿ ਵਸਹਿ ਭਾਈ
ਸਦਾ ਸੁਖੁ ਸਾਂਤਿ ਸਰੀਰ ॥

نامُ سمالہِ سُکھِ وسہِ بھائی
سدا سُکھُ سانتِ سریر ॥

ਨਾਨਕ ਨਾਮੁ ਸਮਾਲਿ ਤੂ ਭਾਈ
ਅਪਰੰਪਰ ਗੁਣੀ ਗਹੀਰ ॥੮॥੩॥

نانک نامُ سمالِ توُ بھائی
اپرنپر گُنی گہیر ॥8॥3॥

ਸੋਰਠਿ ਮਹਲਾ ੫ ਘਰੁ ੧ ਅਸਟਪਦੀਆ

سورٹھِ محلا 5 گھرُ 1 اسٹپدیِیا

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸਭੁ ਜਗੁ ਜਿਨਹਿ ਉਪਾਇਆ ਭਾਈ
ਕਰਣ ਕਾਰਣ ਸਮਰਥੁ ॥

سبھُ جگُ جِنہِ اُپائیا بھائی
کرنُ کارنُ سمرتھُ ॥

ਜੀਉ ਪਿੰਡੁ ਜਿਨਿ ਸਾਜਿਆ ਭਾਈ
ਦੇ ਕਰਿ ਅਪਣੀ ਵਥੁ ॥

جیِءُ پِنڈُ جِنِ ساجِیا بھائی
دے کرِ اپنّی وتھُ ॥

ਕਿਨਿ ਕਹੀਐ ਕਿਉ ਦੇਖੀਐ ਭਾਈ
ਕਰਤਾ ਏਕੁ ਅਕਥੁ ॥

کِنِ کہیئے کِءُ دیکھیئے بھائی
کرتا ایکُ اکتھُ ॥

ਗੁਰੁ ਗੋਵਿੰਦੁ ਸਲਾਹੀਐ ਭਾਈ
ਜਿਸ ਤੇ ਜਾਪੈ ਤਥੁ ॥੧॥

گُرُ گووِنْدُ سلاہیئے بھائی
جِس تے جاپے تتھُ ॥1॥

ਮੇਰੇ ਮਨ ਜਪੀਐ ਹਰਿ ਭਗਵੰਤਾ ॥

میرے من جپیئے ہرِ بھگونتا ॥

ਨਾਮੁ ਦਾਨੁ ਦੇਇ ਜਨ ਅਪਨੇ
ਦੂਖ ਦਰਦਾ ਕਾ ਹੰਤਾ ॥ ਰਹਾਉ ॥

نامُ دانُ دےءِ جن اپنے
دوُکھ دردا کا ہنّتا ॥ رہاءُ ॥

ਜਾ ਕੈ ਘਰਿ ਸਭੁ ਕਿਛੁ ਹੈ ਭਾਈ
ਨਉ ਨਿਧਿ ਭਰੇ ਭੰਡਾਰ ॥

جا کے گھرِ سبھُ کچھُ ہے بھائی
ن ءُ نِدھِ بھرے بھنڈار ॥

ਤਿਸ ਕੀ ਕੀਮਤਿ ਨਾ ਪਵੈ ਭਾਈ
ਊਚਾ ਅਗਮ ਅਪਾਰ ॥

تِس کی قِیمتِ نا پوے بھائی
اوُچا اگم اپار ॥

ਜੀਅ ਜੰਤ ਪ੍ਰਤਿਪਾਲਦਾ ਭਾਈ
ਨਿਤ ਨਿਤ ਕਰਦਾ ਸਾਰ ॥

جیء جنّت پرتپالدا بھائی
نِت نِت کردا سار ॥

ਸਤਿਗੁਰੁ ਪੂਰਾ ਭੇਟੀਐ ਭਾਈ
ਸਬਦਿ ਮਿਲਾਵਣਹਾਰ ॥੨॥

ستِگُرُ پوُرا بھیٹیئے بھائی
سبدِ مِلاوٹہار ॥2॥

ਸਚੇ ਚਰਣ ਸਰੇਵੀਅਹਿ ਭਾਈ
ਭ੍ਰਮੁ ਭਉ ਹੋਵੈ ਨਾਸੁ ॥

سچے چرنؔ سریویہِ بھائی
بھرّمُ بھءُ ہووے ناسُ ॥

ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ
ਹਰਿ ਕੈ ਨਾਮਿ ਨਿਵਾਸੁ ॥

مِلِ سنّت سبھا منُ مانجیئے بھائی
ہرِ کے نامِ نِواسُ ॥

ਮਿਟੈ ਅੰਧੇਰਾ ਅਗਿਆਨਤਾ ਭਾਈ
ਕਮਲ ਹੋਵੈ ਪਰਗਾਸੁ ॥

مِٹے اندھیرا اگیانتا بھائی
کمل ہووے پرگاسُ ॥

ਗੁਰ ਬਚਨੀ ਸੁਖੁ ਊਪਜੈ ਭਾਈ
ਸਭਿ ਫਲ ਸਤਿਗੁਰ ਪਾਸਿ ॥੩॥

گُر بچنی سُکھُ اوُپجے بھائی
سبھِ پھل ستِگُر پاسِ ॥3॥

ਮੇਰਾ ਤੇਰਾ ਛੋਡਿਐ ਭਾਈ
ਹੋਈਐ ਸਭ ਕੀ ਧੂਰਿ ॥

میرا تیرا چھوڈِئے بھائی
ہوئیئے سبھ کی دھوُرِ ॥

ਘਟਿ ਘਟਿ ਬ੍ਰਹਮੁ ਪਸਾਰਿਆ ਭਾਈ
ਪੇਖੈ ਸੁਣੈ ਹਜੂਰਿ ॥

گھٹِ گھٹِ برہمُ پسارِیا بھائی
پیکھے سُنے حضوُرِ ॥

ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਭਾਈ
ਤਿਤੁ ਦਿਨਿ ਮਰੀਐ ਝੂਰਿ ॥

جِتُ دِنِ وِسرے پاربرہمُ بھائی
تِتُ دِنِ مریئے جھوُرِ ॥

ਕਰਨ ਕਰਾਵਨ ਸਮਰਥੋ ਭਾਈ
ਸਰਬ ਕਲਾ ਭਰਪੂਰਿ ॥੪॥

کرن کراون سمرتھو بھائی
سرب کلا بھرپوُرِ ॥4॥

ਪ੍ਰੇਮ ਪਦਾਰਥੁ ਨਾਮੁ ਹੈ ਭਾਈ
ਮਾਇਆ ਮੋਹ ਬਿਨਾਸੁ ॥

پریم پدارتھُ نامُ ہے بھائی
مائیا موہ بِناسُ ॥

ਤਿਸੁ ਭਾਵੈ ਤਾ ਮੇਲਿ ਲਏ ਭਾਈ
ਹਿਰਦੈ ਨਾਮ ਨਿਵਾਸੁ ॥

تِسُ بھاوے تا میلِ لے بھائی
ہِردے نام نِواسُ ॥

ਗੁਰਮੁਖਿ ਕਮਲੁ ਪ੍ਰਗਾਸੀਐ ਭਾਈ
ਰਿਦੈ ਹੋਵੈ ਪਰਗਾਸੁ ॥

گُرمُکھِ کملُ پرگاسیئے بھائی
رِدے ہووے پرگاسُ ॥

ਪ੍ਰਗਟੁ ਭਇਆ ਪਰਤਾਪੁ ਪ੍ਰਭ ਭਾਈ
ਮਉਲਿਆ ਧਰਤਿ ਅਕਾਸੁ ॥੫॥

پرگٹُ بھئیا پرتاپُ پربھ بھائی
مئلیا دھرتِ اکاسُ ॥5॥

ਗੁਰਿ ਪੂਰੈ ਸੰਤੋਖਿਆ ਭਾਈ
ਅਹਿਨਿਸਿ ਲਾਗਾ ਭਾਉ ॥

گُرِ پوُرے سنتوکھیا بھائی
اہِنِس لاگا بھاءُ ॥

ਰਸਨਾ ਰਾਮੁ ਰਵੈ ਸਦਾ ਭਾਈ
ਸਾਚਾ ਸਾਦੁ ਸੁਆਉ ॥

رسنا رامُ روے سدا بھائی
ساچا سادُ سُیاءُ ॥

ਕਰਨੀ ਸੁਣਿ ਸੁਣਿ ਜੀਵਿਆ ਭਾਈ
ਨਿਹਚਲੁ ਪਾਇਆ ਥਾਉ ॥

کرنی سُنِ سُنِ جیویا بھائی
نِہچلُ پائیا تھاءُ ॥

ਜਿਸੁ ਪਰਤੀਤਿ ਨ ਆਵਈ ਭਾਈ
ਸੋ ਜੀਅੜਾ ਜਲਿ ਜਾਉ ॥੬॥

جِسُ پرتیتِ ن آوئی بھائی
سو جیئڑا جلِ جاءُ ॥6॥

ਬਹੁ ਗੁਣ ਮੇਰੇ ਸਾਹਿਬੈ ਭਾਈ
ਹਉ ਤਿਸ ਕੈ ਬਲਿ ਜਾਉ ॥

بہُ گُنُ میرے صاحِبے بھائی

ਹ੍ਯੋ ਤਿਸ ਕੇ ਬਲਿ ਜਾਇ ॥

ਓਹੁ ਨਿਰਗੁਣੀਆਰੇ ਪਾਲਦਾ ਭਾਈ
ਦੇਇ ਨਿਥਾਵੇ ਥਾਉ ॥

اوہُ نِرگُنیارے پالدا بھائی
دے ءِ نِتھاوے تھاءُ ॥

ਰਿਜਕੁ ਸੰਬਾਹੇ ਸਾਸਿ ਸਾਸਿ ਭਾਈ
ਗੂੜਾ ਜਾ ਕਾ ਨਾਉ ॥

رِزق سنبَاہے ساسِ ساسِ بھائی
گُوڑا جا کا ناءُ ॥

ਜਿਸੁ ਗੁਰੁ ਸਾਚਾ ਭੇਟੀਐ ਭਾਈ
ਪੂਰਾ ਤਿਸੁ ਕਰਮਾਉ ॥੭॥

جِسُ گُرُ ساچا بھیٹیئے بھائی
پُورا تِسُ کرماءُ ॥7॥

ਤਿਸੁ ਬਿਨੁ ਘੜੀ ਨ ਜੀਵੀਐ ਭਾਈ
ਸਰਬ ਕਲਾ ਭਰਪੂਰਿ ॥

تِسُ بِنُ گھڑی ن جیویئے بھائی
سرب کلا بھرپُورِ ॥

ਸਾਸਿ ਗਿਰਾਸਿ ਨ ਵਿਸਰੈ ਭਾਈ
ਪੇਖਉ ਸਦਾ ਹਜੂਰਿ ॥

ساسِ گِراسِ ن وِسرے بھائی
پیکھءُ سدا حضُورِ ॥

ਸਾਧੂ ਸੰਗਿ ਮਿਲਾਇਆ ਭਾਈ
ਸਰਬ ਰਹਿਆ ਭਰਪੂਰਿ ॥

سادھوُ سنگِ مِلائیا بھائی
سرب رہِیا بھرپُورِ ॥

ਜਿਨਾ ਪ੍ਰੀਤਿ ਨ ਲਗੀਆ ਭਾਈ
ਸੇ ਨਿਤ ਨਿਤ ਮਰਦੇ ਝੂਰਿ ॥੮॥

جِنا پّریتِ ن لگیِیا بھائی
سے نِت نِت مردے جھوُرِ ॥8॥

ਅੰਚਲਿ ਲਾਇ ਤਰਾਇਆ ਭਾਈ
ਭਉਜਲੁ ਦੁਖੁ ਸੰਸਾਰੁ ॥

انّچلِ لاءِ ترائیا بھائی
بھجُّلُ دُکھُ سنّسارُ ॥

ਕਰਿ ਕਿਰਪਾ ਨਦਰਿ ਨਿਹਾਲਿਆ ਭਾਈ
ਕੀਤੋਨੁ ਅੰਗੁ ਅਪਾਰੁ ॥

کرِ کرِپا ندرِ نِہالیا بھائی
کِیتونُ انگُ اپارُ ॥

ਮਨੁ ਤਨੁ ਸੀਤਲੁ ਹੋਇਆ ਭਾਈ
ਭੋਜਨੁ ਨਾਮ ਅਧਾਰੁ ॥

منُ تنُ سیتلُ ہوئیا بھائی
بھوجنُ نام ادھارُ ॥

ਨਾਨਕ ਤਿਸੁ ਸਰਣਾਗਤੀ ਭਾਈ
ਜਿ ਕਿਲਬਿਖ ਕਾਟਣਹਾਰੁ ॥੯॥੧॥

نانک تِسُ سرناگتی بھائی
جِ کِلبِکھ کاٹنہارُ ॥9॥1॥

ਸੋਰਠਿ ਮਹਲਾ ੫ ॥

سورٹھِ محلا 5 ॥

ਮਾਤ ਗਰਭ ਦੁਖ ਸਾਗਰੋ ਪਿਆਰੇ

مات گربھ دُکھ ساگرو پیارے

ਤਹ ਅਪਣਾ ਨਾਮੁ ਜਪਾਇਆ ॥

تہ اپنا نامُ جپائیا ॥

ਬਾਹਰਿ ਕਾਢਿ ਬਿਖੁ ਪਸਰੀਆ ਪਿਆਰੇ
ਮਾਇਆ ਮੋਹੁ ਵਧਾਇਆ ॥

باہرِ کاڈھِ بِکھُ پسرییا پیارے
مائیا موہُ ودھائیا ॥

ਜਿਸ ਨੋ ਕੀਤੋ ਕਰਮੁ ਆਪਿ ਪਿਆਰੇ
ਤਿਸੁ ਪੂਰਾ ਗੁਰੂ ਮਿਲਾਇਆ ॥

جِس نو کِیتو کرمُ آپِ پیارے
تِس پُورا گُروُ مِلائیا ॥

ਸੋ ਆਰਾਧੇ ਸਾਸਿ ਸਾਸਿ ਪਿਆਰੇ
ਰਾਮ ਨਾਮ ਲਿਵ ਲਾਇਆ ॥੧॥

سو آرادھے ساسِ ساسِ پیارے
رام نام لِو لائیا ॥1॥

ਮਨਿ ਤਨਿ ਤੇਰੀ ਟੇਕ ਹੈ ਪਿਆਰੇ
ਮਨਿ ਤਨਿ ਤੇਰੀ ਟੇਕ ॥

منِ تنِ تیری ٹیک ہے پیارے
منِ تنِ تیری ٹیک ॥

ਤੁਧੁ ਬਿਨੁ ਅਵਰੁ ਨ ਕਰਨਹਾਰੁ ਪਿਆਰੇ
ਅੰਤਰਜਾਮੀ ਏਕ ॥ ਰਹਾਉ ॥

تُدھُ بِنُ اورُ ن کرنہارُ پیارے
انترجامی ایک ॥ رہاءُ ॥

ਕੋਟਿ ਜਨਮ ਭ੍ਰਮਿ ਆਇਆ ਪਿਆਰੇ
ਅਨਿਕ ਜੋਨਿ ਦੁਖੁ ਪਾਇ ॥

کوٹِ جنم بھرمِ آئیا پیارے
انِک جونِ دُکھُ پاءِ ॥

ਸਾਚਾ ਸਾਹਿਬੁ ਵਿਸਰਿਆ ਪਿਆਰੇ
ਬਹੁਤੀ ਮਿਲੈ ਸਜਾਇ ॥

ساچا صاحِبُ وِسریا پیارے
بہُتی مِلےَ سزاءِ ॥

ਜਿਨ ਭੇਟੈ ਪੂਰਾ ਸਤਿਗੁਰੂ ਪਿਆਰੇ
ਸੇ ਲਾਗੇ ਸਾਚੈ ਨਾਇ ॥

جِن بھیٹے پُورا ستِگُروُ پیارے
سے لاگے ساچےَ ناءِ ॥

ਤਿਨਾ ਪਿਛੈ ਛੁਟੀਐ ਪਿਆਰੇ
ਜੋ ਸਾਚੀ ਸਰਣਾਇ ॥੨॥

تِنا پچھےَ چھُٹیےَ پیارے
جو ساچی سرٹاءِ ॥2॥

ਮਿਠਾ ਕਰਿ ਕੈ ਖਾਇਆ ਪਿਆਰੇ
ਤਿਨਿ ਤਨਿ ਕੀਤਾ ਰੋਗੁ ॥

مِٹھا کرِ کےَ کھائیا پیارے
تِنِ تنِ کِیتا روگُ ॥

ਕਉੜਾ ਹੋਇ ਪਤਿਸਟਿਆ ਪਿਆਰੇ
ਤਿਸ ਤੇ ਉਪਜਿਆ ਸੋਗੁ ॥

کڑُا ہوءِ پتِسٹیا پیارے
تِس تے اُپجیا سوگُ ॥

ਭੋਗ ਭੁੰਚਾਇ ਭੁਲਾਇਅਨੁ ਪਿਆਰੇ
ਉਤਰੈ ਨਹੀ ਵਿਜੋਗੁ ॥

بھوگ بھُنچّاءِ بھُلائینُ پیارے
اُترےَ نہی وِجوگُ ॥

ਜੋ ਗੁਰ ਮੇਲਿ ਉਧਾਰਿਆ ਪਿਆਰੇ
ਤਿਨ ਧੁਰੇ ਪਇਆ ਸੰਜੋਗੁ ॥੩॥

جو گُر میلِ اُدھارِیا پِیارے
تِن دھُرے پئیا سنجوگُ ॥3॥

ਮਾਇਆ ਲਾਲਚਿ ਅਟਿਆ ਪਿਆਰੇ
ਚਿਤਿ ਨ ਆਵਹਿ ਮੂਲਿ ॥

مائیا لالچِ اٹیا پِیارے
چِتِ ن آوہِ مُولِ ॥

ਜਿਨ ਤੂ ਵਿਸਰਹਿ ਪਾਰਬ੍ਰਹਮ ਸੁਆਮੀ
ਸੇ ਤਨ ਹੋਏ ਧੂੜਿ ॥

جِن توُ وِسرہِ پاربرہم سُیامی
سے تن ہوئے دھوُڑِ ॥

ਬਿਲਲਾਟ ਕਰਹਿ ਬਹੁਤੇਰਿਆ ਪਿਆਰੇ
ਉਤਰੈ ਨਾਹੀ ਸੂਲੁ ॥

بِللاٹ کرہِ بہتیرِیا پِیارے
اُترے ناہی سوُلُ ॥

ਜੋ ਗੁਰ ਮੇਲਿ ਸਵਾਰਿਆ ਪਿਆਰੇ
ਤਿਨ ਕਾ ਰਹਿਆ ਮੂਲੁ ॥੪॥

جو گُر میلِ سوارِیا پِیارے
تِن کا رہِیا موُلُ ॥4॥

ਸਾਕਤ ਸੰਗੁ ਨ ਕੀਜਈ ਪਿਆਰੇ
ਜੇ ਕਾ ਪਾਰਿ ਵਸਾਇ ॥

ساکت سنگُ ن کیجئی پِیارے
جے کا پارِ وساءِ ॥

ਜਿਸੁ ਮਿਲਿਐ ਹਰਿ ਵਿਸਰੈ ਪਿਆਰੇ
ਸੋ ਮੁਹਿ ਕਾਲੈ ਉਠਿ ਜਾਇ ॥

جِسُ مِلِئے ہرِ وِسرے پِیارے
سو مُہِ کالے اُٹھِ جاءِ ॥

ਮਨਮੁਖਿ ਢੋਈ ਨਹ ਮਿਲੈ ਪਿਆਰੇ
ਦਰਗਹ ਮਿਲੈ ਸਜਾਇ ॥

منمُکھِ ڈھوئی نہ مِلے پِیارے
درگہ مِلے سزاءِ ॥

ਜੋ ਗੁਰ ਮੇਲਿ ਸਵਾਰਿਆ ਪਿਆਰੇ
ਤਿਨਾ ਪੂਰੀ ਪਾਇ ॥੫॥

جو گُر میلِ سوارِیا پِیارے
تِنا پوُری پاءِ ॥5॥

ਸੰਜਮ ਸਹਸ ਸਿਆਣਪਾ ਪਿਆਰੇ
ਇਕ ਨ ਚਲੀ ਨਾਲਿ ॥

سنجم سہس سِیاٹپا پِیارے
اِک ن چلی نالِ ॥

ਜੋ ਬੇਮੁਖ ਗੋਬਿੰਦ ਤੇ ਪਿਆਰੇ
ਤਿਨ ਕੁਲਿ ਲਾਗੈ ਗਾਲਿ ॥

جو بیمُکھ گوبِند تے پِیارے
تِن کُلِ لاگے گالِ ॥

ਹੋਦੀ ਵਸਤੁ ਨ ਜਾਤੀਆ ਪਿਆਰੇ
ਕੂੜੁ ਨ ਚਲੀ ਨਾਲਿ ॥

ہودی وستُ ن جاتِیا پِیارے
کوُڑ ن چلی نالِ ॥

ਸਤਿਗੁਰੁ ਜਿਨਾ ਮਿਲਾਇਓਨੁ ਪਿਆਰੇ
ਸਾਚਾ ਨਾਮੁ ਸਮਾਲਿ ॥੬॥

ستِگُرُ جِنا مِلائیئونُ پِیارے

ਸਤੁ ਸੰਤੋਖੁ ਗਿਆਨੁ ਧਿਆਨੁ ਪਿਆਰੇ
ਜਿਸ ਨੋ ਨਦਰਿ ਕਰੇ ॥

ਅਨਦਿਨੁ ਕੀਰਤਨੁ ਗੁਣ ਰਵੈ ਪਿਆਰੇ
ਅੰਮ੍ਰਿਤਿ ਪੂਰ ਭਰੇ ॥

ਦੁਖ ਸਾਗਰੁ ਤਿਨ ਲੰਘਿਆ ਪਿਆਰੇ
ਭਵਜਲੁ ਪਾਰਿ ਪਰੇ ॥

ਜਿਸੁ ਭਾਵੈ ਤਿਸੁ ਮੇਲਿ ਲੈਹਿ ਪਿਆਰੇ
ਸੇਈ ਸਦਾ ਖਰੇ ॥੭॥

ਸੰਮ੍ਰਥ ਪੁਰਖੁ ਦਇਆਲ ਦੇਉ ਪਿਆਰੇ
ਭਗਤਾ ਤਿਸ ਕਾ ਤਾਣੁ ॥

ਤਿਸੁ ਸਰਣਾਈ ਢਹਿ ਪਏ ਪਿਆਰੇ
ਜਿ ਅੰਤਰਜਾਮੀ ਜਾਣੁ ॥

ਹਲਤੁ ਪਲਤੁ ਸਵਾਰਿਆ ਪਿਆਰੇ
ਮਸਤਕਿ ਸਚੁ ਨੀਸਾਣੁ ॥

ਸੋ ਪ੍ਰਭੁ ਕਦੇ ਨ ਵੀਸਰੈ ਪਿਆਰੇ
ਨਾਨਕ ਸਦ ਕੁਰਬਾਣੁ ॥੮॥੨॥

ਸੋਰਠਿ ਮਹਲਾ ੫ ਘਰੁ ੨ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ
ਨਿਵਲਿ ਭੁਅੰਗਮ ਸਾਧੇ ॥

ਪੰਚ ਜਨਾ ਸਿਉ ਸੰਗੁ ਨ ਛੁਟਕਿਓ
ਅਧਿਕ ਅਹੰਬੁਧਿ ਬਾਧੇ ॥੧॥

ਪਿਆਰੇ ਇਨ ਬਿਧਿ ਮਿਲਣੁ ਨ ਜਾਈ
ਮੈ ਕੀਏ ਕਰਮ ਅਨੇਕਾ ॥

ساچا نامُ سمالِ ॥6॥

ست سنتوکھُ گیانُ دھیانُ پیارے
جِس نو ندرِ کرے ॥

اندِنُ کیرتنُ گُڻ روے پیارے
انمرِتِ پوُر بھرے ॥

دُکھ ساگرُ تِن لنگھیا پیارے
بھوجلُ پارِ پرے ॥

جِسُ بھاوے تِسُ میلِ لیہِ پیارے
سیئی سدا کھرے ॥7॥

سمرتھ پُرکھُ دیئال دیءُ پیارے
بھگتا تِس کا تاڻُ ॥

تِسُ سرڻائی ڈھہِ پئے پیارے
جِ انترجامی جاڻُ ॥

ہلتُ پلتُ سوارِیا پیارے
مستکِ سچُ نِیشاڻُ ॥

سو پربھُ کدے ن ویسرے پیارے
نانک سد قُرباڻُ ॥8॥2॥

سورٹھِ محلا 5 گھرُ 2 اسٹپدیا

ੴ ستِگُر پرسادِ ॥

پاٹھُ پڑِئو ارُ بیدُ بیچارِئو
نِولِ بھُنگم سادھے ॥

پنچ جنا سِءُ سنگُ ن چھُٹکِئو
ادھِک اہنبُدھِ بادھے ॥1॥

پیارے اِن بِدھِ مِلڻُ ن جائی
مے کیئے کرم انیکا ॥

ਹਾਰਿ ਪਰਿਓ ਸੁਆਮੀ ਕੈ ਦੁਆਰੈ
ਦੀਜੈ ਬੁਧਿ ਬਿਬੇਕਾ ॥ ਰਹਾਉ ॥

ہارِ پرِئو سُیامی کے دُیارے
دیجے بُدھِ بِبیکا ॥ رہاءُ ॥

ਮੋਨਿ ਭਇਓ ਕਰਪਾਤੀ ਰਹਿਓ
ਨਗਨ ਫਿਰਿਓ ਬਨ ਮਾਹੀ ॥

مونِ بھئیو کرپاتی رہئیو
نگن پھِرِئو بن ماہی ॥

ਤਟ ਤੀਰਥ ਸਭ ਧਰਤੀ ਭ੍ਰਮਿਓ
ਦੁਬਿਧਾ ਛੁਟਕੈ ਨਾਹੀ ॥੨॥

تٹ تیرتھ سبھ دھرتی بھرمِئو
دُبِدھا چھُٹکے ناہی ॥2॥

ਮਨ ਕਾਮਨਾ ਤੀਰਥ ਜਾਇ ਬਸਿਓ
ਸਿਰਿ ਕਰਵਤ ਧਰਾਏ ॥

من کامنا تیرتھ جاءِ بسِئو
سِرِ کروت دھرائے ॥

ਮਨ ਕੀ ਮੈਲੁ ਨ ਉਤਰੈ ਇਹ ਬਿਧਿ
ਜੇ ਲਖ ਜਤਨ ਕਰਾਏ ॥੩॥

من کی میَلُ ن اُترے اِہ بِدھِ
جے لکھ جتن کرائے ॥3॥

ਕਨਿਕ ਕਾਮਿਨੀ ਹੈਵਰ ਗੈਵਰ
ਬਹੁ ਬਿਧਿ ਦਾਨੁ ਦਾਤਾਰਾ ॥

کنِک کامِنی ہیَور گیَور
بہُ بِدھِ دانُ داتارا ॥

ਅੰਨ ਬਸਤ੍ਰ ਭੂਮਿ ਬਹੁ ਅਰਪੇ
ਨਹ ਮਿਲੀਐ ਹਰਿ ਦੁਆਰਾ ॥੪॥

انّن بسترّ بھوُمِ بہُ ارپے
نہ مِلیئے ہرِ دُیارا ॥4॥

ਪੂਜਾ ਅਰਚਾ ਬੰਦਨ ਡੰਡਉਤ
ਖਟੁ ਕਰਮਾ ਰਤੁ ਰਹਤਾ ॥

پُوجا ارچا بندن ڈنّڈُت
کھٹُ کرما رتُ رہتا ॥

ਹਉ ਹਉ ਕਰਤ ਬੰਧਨ ਮਹਿ ਪਰਿਆ
ਨਹ ਮਿਲੀਐ ਇਹ ਜੁਗਤਾ ॥੫॥

ہءُ ہءُ کرت بندھن مہِ پریا
نہ مِلیئے اِہ جُگتا ॥5॥

ਜੋਗ ਸਿਧ ਆਸਣ ਚਉਰਾਸੀਹ
ਏ ਭੀ ਕਰਿ ਕਰਿ ਰਹਿਆ ॥

جوگ سِدھ آسنٔ چئُراسیہ
اے بھی کرِ کرِ رہِیا ॥

ਵਡੀ ਆਰਜਾ ਫਿਰਿ ਫਿਰਿ ਜਨਮੈ
ਹਰਿ ਸਿਉ ਸੰਗੁ ਨ ਗਹਿਆ ॥੬॥

وڈی آرجا پھِرِ پھِرِ جنمے
ہرِ سِءُ سنگُ ن گہِیا ॥6॥

ਰਾਜ ਲੀਲਾ ਰਾਜਨ ਕੀ ਰਚਨਾ
ਕਰਿਆ ਹੁਕਮੁ ਅਫਾਰਾ ॥

راج لِیلا راجن کی رچنا
کرِیا حُکمُ اپھارا ॥

ਸੇਜ ਸੋਹਨੀ ਚੰਦਨੁ ਚੋਆ
ਨਰਕ ਘੋਰ ਕਾ ਦੁਆਰਾ ॥੭॥

سیج سوہنی چندنُ چویا

نرک گھور کا دُیارا ॥7॥

ਹਰਿ ਕੀਰਤਿ ਸਾਧਸੰਗਤਿ ਹੈ
ਸਿਰਿ ਕਰਮਨ ਕੈ ਕਰਮਾ ॥

ہرِ کیرتِ سادھسنگتِ ہے
سِرِ کرمن کے کرما ॥

ਕਹੁ ਨਾਨਕ ਤਿਸੁ ਭਇਓ ਪਰਾਪਤਿ
ਜਿਸੁ ਪੁਰਬ ਲਿਖੇ ਕਾ ਲਹਨਾ ॥੮॥

کہُ نانک تِس بھئیو پراپتِ
جِس پُرب لِکھے کا لہنا ॥8॥

ਤੇਰੋ ਸੇਵਕੁ ਇਹ ਰੰਗਿ ਮਾਤਾ ॥

تیرو سیوکُ اِہ رنگِ ماتا ॥

ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥ ਰਹਾਉ ਦੂਜਾ
॥੧॥੩॥

بھئیو کرپالُ دین دُکھ بھنجنُ
ہرِ ہرِ کیرتنِ اِہُ منُ راتا ॥ رہاءُ دوُجا ॥1॥3॥

ਰਾਗੁ ਸੋਰਠਿ ਵਾਰ ਮਹਲੇ ੪ ਕੀ

راگُ سورٹھِ وار محلے 4 کی

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸਲੋਕੁ ਮਃ ੧ ॥

سلوکُ م: 1 ॥

ਸੋਰਠਿ ਸਦਾ ਸੁਹਾਵਣੀ
ਜੇ ਸਚਾ ਮਨਿ ਹੋਇ ॥

سورٹھِ سدا سُہاونّی
جے سچا منِ ہوءِ ॥

ਦੰਦੀ ਮੈਲੁ ਨ ਕਤੁ ਮਨਿ
ਜੀਭੈ ਸਚਾ ਸੋਇ ॥

دنّدی میَلُ ن کتُ منِ
جیبھےَ سچا سوءِ ॥

ਸਸੁਰੈ ਪੇਈਐ ਭੈ ਵਸੀ
ਸਤਿਗੁਰੁ ਸੇਵਿ ਨਿਸੰਗ ॥

سسُرے پیئیَ بھےَ وسی
ستِگُرُ سیوِ نِسنگ ॥

ਪਰਹਰਿ ਕਪੜੁ ਜੇ ਪਿਰ ਮਿਲੈ
ਖੁਸੀ ਰਾਵੈ ਪਿਰੁ ਸੰਗਿ ॥

پرہرِ کپڑُ جے پر ملےَ
خُشی راوےَ پِرُ سنگِ ॥

ਸਦਾ ਸੀਗਾਰੀ ਨਾਉ ਮਨਿ
ਕਦੇ ਨ ਮੈਲੁ ਪਤੰਗੁ ॥

سدا سیِگاری ناءُ منِ
کدے ن میَلُ پتنگُ ॥

ਦੇਵਰ ਜੇਠ ਮੁਏ ਦੁਖਿ
ਸਸੂ ਕਾ ਡਰੁ ਕਿਸੁ ॥

دیور جیٹھ مُےَ دُکھِ
سسوُ کا ڈڑ کِس ۔ ॥

ਜੇ ਪਿਰ ਭਾਵੈ ਨਾਨਕਾ
ਕਰਮ ਮਣੀ ਸਭੁ ਸਚੁ ॥੧॥

جے پر بھاوےَ نانکا

ਕਰਮ ਮਨੀ ਸਬਦੁ ਸਚੁ ॥1॥

ਮਃ ੪ ॥

م: 4 ॥

ਸੋਰਠਿ ਤਾਮਿ ਸੁਹਾਵਣੀ
ਜਾ ਹਰਿ ਨਾਮੁ ਢੰਢੋਲੇ ॥

سورٹھِ تامِ سُہاوٹی
جا ہرِ نامُ ڈھنڈھولے ॥

ਗੁਰ ਪੁਰਖੁ ਮਨਾਵੈ ਆਪਣਾ
ਗੁਰਮਤੀ ਹਰਿ ਹਰਿ ਬੋਲੇ ॥

گُر پُرکھُ مناوے آپنا
گُرمتی ہرِ ہرِ بولے ॥

ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ
ਹਰਿ ਰਤੀ ਹਰਿ ਰੰਗਿ ਚੋਲੇ ॥

ہرِ پریمِ کسائی دِنسُ راتِ
ہرِ رتی ہرِ رنگِ چولے ॥

ਹਰਿ ਜੈਸਾ ਪੁਰਖੁ ਨ ਲਭਈ
ਸਭੁ ਦੇਖਿਆ ਜਗਤੁ ਮੈ ਟੋਲੇ ॥

ہرِ جیَسا پُرکھُ ن لبھئی
سبھُ دیکھیا جگتُ مے ٹولے ॥

ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ
ਮਨੁ ਅਨਤ ਨ ਕਾਹੂ ਡੋਲੇ ॥

گُرِ ستِگُرِ نامُ دڑِڑائیا
منُ انت ن کاہوُ ڈولے ॥

ਜਨੁ ਨਾਨਕ ਹਰਿ ਕਾ ਦਾਸੁ ਹੈ
ਗੁਰ ਸਤਿਗੁਰ ਕੇ ਗੋਲ ਗੋਲੇ ॥੨॥

جنُ نانک ہرِ کا داسُ ہے
گُر ستِگُر کے گول گولے ॥2॥

ਪਉੜੀ ॥

پئڑی ॥

ਤੂ ਆਪੇ ਸਿਸਟਿ ਕਰਤਾ
ਸਿਰਜਣਹਾਰਿਆ ॥

توُ آپے سِسٹِ کرتا
سِرجنہارِیا ॥

ਤੁਧੁ ਆਪੇ ਖੇਲੁ ਰਚਾਇ
ਤੁਧੁ ਆਪਿ ਸਵਾਰਿਆ ॥

تُدھُ آپے کھیلُ رچاءِ
تُدھُ آپِ سوارِیا ॥

ਦਾਤਾ ਕਰਤਾ ਆਪਿ
ਆਪਿ ਭੋਗਣਹਾਰਿਆ ॥

داتا کرتا آپِ
آپِ بھوگنہارِیا ॥

ਸਭੁ ਤੇਰਾ ਸਬਦੁ ਵਰਤੈ
ਉਪਾਵਣਹਾਰਿਆ ॥

سبھُ تیرا سبدُ ورتے
اُپاونہارِیا ॥

ਹਉ ਗੁਰਮੁਖਿ ਸਦਾ ਸਲਾਹੀ
ਗੁਰ ਕਉ ਵਾਰਿਆ ॥੧॥

ہءُ گُرمُکھِ سدا سلاحی
گُر کءُ وارِیا ॥1॥

ਸਲੋਕੁ ਮਃ ੩ ॥	سلوکُ م: 3 ॥
ਹਉਮੈ ਜਲਤੇ ਜਲਿ ਮੁਏ ਭ੍ਰਮਿ ਆਏ ਦੂਜੈ ਭਾਇ ॥	ہئُےَ جلتے جلِ مُےَ بھرمِ آئے دوُجےَ بھاءِ ॥
ਪੂਰੈ ਸਤਿਗੁਰਿ ਰਾਖਿ ਲੀਏ ਆਪਣੈ ਪੰਨੈ ਪਾਇ ॥	پوُرے ستِگُرِ راکھِ لیئے آپنے پنّنے پاءِ ॥
ਇਹੁ ਜਗੁ ਜਲਤਾ ਨਦਰੀ ਆਇਆ ਗੁਰ ਕੈ ਸਬਦਿ ਸੁਭਾਇ ॥	اِہُ جگُ جلتا ندری آئیا گُر کے سبدِ سُبھاءِ ॥
ਸਬਦਿ ਰਤੇ ਸੇ ਸੀਤਲ ਭਏ ਨਾਨਕ ਸਚੁ ਕਮਾਇ ॥੧॥	سبدِ رتے سے سِیتل بھےَ نانک سچُ کماءِ ॥1॥
ਮਃ ੩ ॥	م: 3 ॥
ਸਫਲਿਓ ਸਤਿਗੁਰੁ ਸੇਵਿਆ ਧੰਨੁ ਜਨਮੁ ਪਰਵਾਣੁ ॥	سپھلِئو ستِگُرُ سیویا دھنّنُ جنمُ پرواڻُ ॥
ਜਿਨਾ ਸਤਿਗੁਰੁ ਜੀਵਦਿਆ ਮੁਇਆ ਨ ਵਿਸਰੈ ਸੇਈ ਪੁਰਖ ਸੁਜਾਣ ॥	جِنا ستِگُرُ جیِودِیا مُئیا ن وِسرے سیئی پُرکھ سُجاڻُ ॥
ਕੁਲੁ ਉਧਾਰੇ ਆਪਣਾ ਸੋ ਜਨੁ ਹੋਵੈ ਪਰਵਾਣੁ ॥	کُلُ اُدھارے آپڻا سو جنُ ہووے پرواڻُ ॥
ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ ਮਨਮੁਖ ਜਨਮਿ ਮਰਾਹਿ ॥	گُرمُکھِ مُےَ جیِودے پرواڻُ ہہِ منمُکھ جنمِ مراہِ ॥
ਨਾਨਕ ਮੁਏ ਨ ਆਖੀਅਹਿ ਜਿ ਗੁਰ ਕੈ ਸਬਦਿ ਸਮਾਹਿ ॥੨॥	نانک مُےَ ن آکھِیئہِ جِ گُر کے سبدِ سماہِ ॥2॥
ਪਉੜੀ ॥	پئڑی ॥
ਹਰਿ ਪੁਰਖੁ ਨਿਰੰਜਨੁ ਸੇਵਿ ਹਰਿ ਨਾਮੁ ਧਿਆਈਐ ॥	ہرِ پُرکھُ نِرنّجنُ سیوِ ہرِ نامُ دھیائیئےَ ॥
ਸਤਸੰਗਤਿ ਸਾਧੂ ਲਗਿ ਹਰਿ ਨਾਮਿ ਸਮਾਈਐ ॥	ستسنگتِ سادھوُ لگِ ہرِ نامِ سمائیئےَ ॥

ਹਰਿ ਤੇਰੀ ਵਡੀ ਕਾਰ ਮੈ ਮੂਰਖ ਲਾਈਐ ॥	ہرِ تیری وڈی کار مے مُورکھ لائیئے ॥
ਹਉ ਗੋਲਾ ਲਾਲਾ ਤੁਧੁ ਮੈ ਹੁਕਮੁ ਫੁਰਮਾਈਐ ॥	ہءُ گولا لالا تُدھُ مے حُکمُ فُرمائیئے ॥
ਹਉ ਗੁਰਮੁਖਿ ਕਾਰ ਕਮਾਵਾ ਜਿ ਗੁਰਿ ਸਮਝਾਈਐ ॥੨॥	ہءُ گُرمُکھِ کار کماوا جِ گُرِ سمجھائیئے ॥2॥
ਸਲੋਕੁ ਮਃ ੩ ॥	سلوکُ م: 3 ॥
ਪੂਰਬਿ ਲਿਖਿਆ ਕਮਾਵਣਾ ਜਿ ਕਰਤੈ ਆਪਿ ਲਿਖਿਆਸੁ ॥	پُورب لِکھیا کماوٹا جِ کرتے آپِ لِکھیاسُ ॥
ਮੋਹ ਠਗਉਲੀ ਪਾਈਅਨੁ ਵਿਸਰਿਆ ਗੁਣਤਾਸੁ ॥	موہ ٹھگئلی پائیئنُ وِسریا گُنٹاسُ ॥
ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ ਮੁਇਆਸੁ ॥	متُ جانہُ جگُ جیِودا دُوجے بھاءِ مُیَاسُ ॥
ਜਿਨੀ ਗੁਰਮੁਖਿ ਨਾਮੁ ਨ ਚੇਤਿਓ ਸੇ ਬਹਣਿ ਨ ਮਿਲਨੀ ਪਾਸਿ ॥	جِنی گُرمُکھِ نامُ ن چیتِئو سے بہنِ ن مِلنی پاسِ ॥
ਦੁਖੁ ਲਾਗਾ ਬਹੁ ਅਤਿ ਘਣਾ ਪੁਤੁ ਕਲਤੁ ਨ ਸਾਥਿ ਕੋਈ ਜਾਸਿ ॥	دُکھُ لاگا بہُ اتِ گھٹا پُتُ کلتُ ن ساتھِ کوئی جاسِ ॥
ਲੋਕਾ ਵਿਚਿ ਮੁਹੁ ਕਾਲਾ ਹੋਆ ਅੰਦਰਿ ਉਭੇ ਸਾਸ ॥	لوکا وِچِ مُہُ کالا ہویا اندّرِ اُبھے ساس ॥
ਮਨਮੁਖਾ ਨੋ ਕੋ ਨ ਵਿਸਹੀ ਚੁਕਿ ਗਇਆ ਵੇਸਾਸੁ ॥	منمُکھا نو کو ن وِسہی چُکِ گئیا ویساسُ ॥
ਨਾਨਕ ਗੁਰਮੁਖਾ ਨੋ ਸੁਖੁ ਅਗਲਾ ਜਿਨਾ ਅੰਤਰਿ ਨਾਮ ਨਿਵਾਸੁ ॥੧॥	نانک گُرمُکھا نو سُکھُ اگلا جِنا انتّرِ نام نِواسُ ॥1॥
ਮਃ ੩ ॥	م: 3 ॥
ਸੇ ਸੈਣ ਸੇ ਸਜਣਾ	سے سیَنُ سے سجنّا

ਜਿ ਗੁਰਮੁਖਿ ਮਿਲਹਿ ਸੁਭਾਇ ॥

جِ گُرمُکھِ مِلہِ سُبھاءِ ॥

ਸਤਿਗੁਰ ਕਾ ਭਾਣਾ ਅਨਦਿਨੁ ਕਰਹਿ
ਸੇ ਸਚਿ ਰਹੇ ਸਮਾਇ ॥

ستِگُر کا بھاٹا اندِنُ کرہِ
سے سچِ رہے سماءِ ॥

ਦੂਜੈ ਭਾਇ ਲਗੇ ਸਜਣ ਨ ਆਖੀਅਹਿ
ਜਿ ਅਭਿਮਾਨੁ ਕਰਹਿ ਵੇਕਾਰ ॥

دوُجےَ بھاءِ لگے سجنؔ ن آکھِیئہِ
جِ ابھمانُ کرہِ ویکار ॥

ਮਨਮੁਖ ਆਪ ਸੁਆਰਥੀ
ਕਾਰਜੁ ਨ ਸਕਹਿ ਸਵਾਰਿ ॥

منمُکھ آپ سُیارتھی
کارجُ ن سکہِ سوارِ ॥

ਨਾਨਕ ਪੂਰਬਿ ਲਿਖਿਆ ਕਮਾਵਣਾ
ਕੋਇ ਨ ਮੇਟਣਹਾਰੁ ॥੨॥

نانک پوُربِ لِکھِیا کماوٹا
کوءِ ن میٹنہارُ ॥2॥

ਪਉੜੀ ॥

پؤڑی ॥

ਤੁਧੁ ਆਪੇ ਜਗਤੁ ਉਪਾਇ ਕੈ
ਆਪਿ ਖੇਲੁ ਰਚਾਇਆ ॥

تُدھُ آپے جگتُ اُپاءِ کے
آپِ کھیلُ رچائِیا ॥

ਤ੍ਰੈ ਗੁਣ ਆਪਿ ਸਿਰਜਿਆ
ਮਾਇਆ ਮੋਹੁ ਵਧਾਇਆ ॥

ترّےَ گُنؔ آپِ سِرجِیا
مائِیا موہُ ودھائِیا ॥

ਵਿਚਿ ਹਉਮੈ ਲੇਖਾ ਮੰਗੀਐ
ਫਿਰਿ ਆਵੈ ਜਾਇਆ ॥

وِچِ ہئُمےَ لیکھا منگیئےَ
پھِرِ آوےَ جائِیا ॥

ਜਿਨਾ ਹਰਿ ਆਪਿ ਕ੍ਰਿਪਾ ਕਰੇ
ਸੇ ਗੁਰਿ ਸਮਝਾਇਆ ॥

جِنا ہرِ آپِ کرِپا کرے
سے گُرِ سمجھائِیا ॥

ਬਲਿਹਾਰੀ ਗੁਰ ਆਪਣੇ
ਸਦਾ ਸਦਾ ਘੁਮਾਇਆ ॥੩॥

بلِہاری گُر آپنےؔ
سدا سدا گھُمائِیا ॥3॥

ਸਲੋਕੁ ਮਃ ੩ ॥

سلوکُ م: 3 ॥

ਮਾਇਆ ਮਮਤਾ ਮੋਹਣੀ
ਜਿਨਿ ਵਿਣੁ ਦੰਤਾ ਜਗੁ ਖਾਇਆ ॥

مائِیا ممتا موہنؔی
جِنِ وِنُ دنّتا جگُ کھائِیا ॥

ਮਨਮੁਖ ਖਾਧੇ ਗੁਰਮੁਖਿ ਉਬਰੇ
ਜਿਨੀ ਸਚਿ ਨਾਮਿ ਚਿਤੁ ਲਾਇਆ ॥

منمُکھ کھادھے گُرمُکھِ اُبرے
جِنی سچِ نامِ چِتُ لائِیا ॥

ਬਿਨੁ ਨਾਵੈ ਜਗੁ ਕਮਲਾ ਫਿਰੈ
ਗੁਰਮੁਖਿ ਨਦਰੀ ਆਇਆ ॥

ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ
ਸੁਖਦਾਤਾ ਮਨਿ ਨ ਵਸਾਇਆ ॥

ਨਾਨਕ ਨਾਮੁ ਤਿਨਾ ਕਉ ਮਿਲਿਆ
ਜਿਨ ਕਉ ਧੁਰਿ ਲਿਖਿ ਪਾਇਆ ॥੧॥

ਮਃ ੩ ॥

ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ
ਮਨਮੁਖਾ ਸਾਦੁ ਨ ਪਾਇਆ ॥

ਜਿਉ ਕਸਤੂਰੀ ਮਿਰਗੁ ਨ ਜਾਣੈ
ਭ੍ਰਮਦਾ ਭਰਮਿ ਭੁਲਾਇਆ ॥

ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ
ਕਰਤੈ ਆਪਿ ਖੁਆਇਆ ॥

ਗੁਰਮੁਖਿ ਵਿਰਲੇ ਸੋਝੀ ਪਈ
ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥

ਤਨੁ ਮਨੁ ਸੀਤਲੁ ਹੋਇਆ
ਰਸਨਾ ਹਰਿ ਸਾਦੁ ਆਇਆ ॥

ਸਬਦੇ ਹੀ ਨਾਉ ਊਪਜੈ
ਸਬਦੇ ਮੇਲਿ ਮਿਲਾਇਆ ॥

ਬਿਨੁ ਸਬਦੈ ਸਭੁ ਜਗੁ ਬਉਰਾਨਾ
ਬਿਰਥਾ ਜਨਮੁ ਗਵਾਇਆ ॥

ਅੰਮ੍ਰਿਤੁ ਏਕੋ ਸਬਦੁ ਹੈ
ਨਾਨਕ ਗੁਰਮੁਖਿ ਪਾਇਆ ॥੨॥

ਪਉੜੀ ॥

ਸੋ ਹਰਿ ਪੁਰਖੁ ਅਗੰਮੁ ਹੈ

بِنُ ناوے جگُ کملا پھِرے
گُرمُکھِ ندری آئیا ॥

دھندھا کرتیا نِہپھلُ جنمُ گوائیا
سُکھداتا منِ ن وسائیا ॥

نانک نامُ تِنا ک ءُ مِلیا
جِن ک ءُ دھُرِ لِکھِ پائیا ॥1॥

م: 3 ॥

گھر ہی مہِ انمّرِتُ بھرپُورُ ہے
منمُکھا سادُ ن پائیا ॥

جِ ءُ کستوری مِرگُ ن جانے
بھرمدا بھرمِ بھُلائیا ॥

انمّرِتُ تجِ بِکھُ سنگّرہے
کرتے آپِ کھُیائیا ॥

گُرمُکھِ وِرلے سوجھی پئی
تِنا اندرِ برہمُ دِکھائیا ॥

تنُ منُ سِیتلُ ہوئیا
رسنا ہرِ سادُ آئیا ॥

سبدے ہی ناءُ اوُپجے
سبدے میلِ مِلائیا ॥

بِنُ سبدے سبھُ جگُ برُانا
برِتھا جنمُ گوائیا ॥

انمّرِتُ ایکو سبدُ ہے
نانک گُرمُکھِ پائیا ॥2॥

پئُڑی ॥

سو ہرِ پُرکھُ اگنمُ ہے

ਕਹੁ ਕਿਤੁ ਬਿਧਿ ਪਾਈਐ ॥	کہُ کِتُ بِدھِ پائیئے ۔ ॥
ਤਿਸੁ ਰੂਪੁ ਨ ਰੇਖ ਅਦ੍ਰਿਸਟੁ ਕਹੁ ਜਨ ਕਿਉ ਧਿਆਈਐ ॥	تِس روُپُ ن ریکھ اڈرِسٹُ کہُ جن کِءُ دھِیائیئے ۔ ॥
ਨਿਰੰਕਾਰੁ ਨਿਰੰਜਨੁ ਹਰਿ ਅਗਮੁ ਕਿਆ ਕਹਿ ਗੁਣ ਗਾਈਐ ॥	نِرنّکارُ نِرنّجنُ ہرِ اگمُ کِیا کہِ گُنؤ گائیئے ۔ ॥
ਜਿਸੁ ਆਪਿ ਬੁਝਾਏ ਆਪਿ ਸੁ ਹਰਿ ਮਾਰਗਿ ਪਾਈਐ ॥	جِس آپِ بُجھائے آپِ سُ ہرِ مارگِ پائیئے ॥
ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ ॥੪॥	گُرِ پوُرے ویکھالیا گُر سیوا پائیئے ॥4॥
ਸਲੋਕੁ ਮਃ ੩ ॥	سلوکُ م: 3 ॥
ਜਿਉ ਤਨੁ ਕੋਲੂ ਪੀੜੀਐ ਰਤੁ ਨ ਭੋਰੀ ਡੇਹਿ ॥	جِءُ تنُ کولوُ پیڑیئے رتُ ن بھوری ڈیہِ ॥
ਜੀਉ ਵੰਞੈ ਚਉ ਖੰਨੀਐ ਸਚੇ ਸੰਦੜੈ ਨੇਹਿ ॥	جیِءُ ونّجے چءُ کھنّنیئے سچے سنّدڑے نیہِ ॥
ਨਾਨਕ ਮੇਲੁ ਨ ਚੁਕਈ ਰਾਤੀ ਅਤੈ ਡੇਹ ॥੧॥	نانک میلُ ن چُکئی راتی اتے ڈیہ ॥ 1 ॥
ਮਃ ੩ ॥	م: 3 ॥
ਸਜਣੁ ਮੈਡਾ ਰੰਗੁਲਾ ਰੰਗੁ ਲਾਏ ਮਨੁ ਲੇਇ ॥	سجنُؤ میڈا رنگُلا رنگُ لائے منُ لےءِ ॥
ਜਿਉ ਮਾਜੀਠੈ ਕਪੜੇ ਰੰਗੇ ਭੀ ਪਾਹੇਹਿ ॥	جِءُ ماجیٹھے کپڑے رنگے بھی پاہیہِ ॥
ਨਾਨਕ ਰੰਗੁ ਨ ਉਤਰੈ ਬਿਆ ਨ ਲਗੈ ਕੇਹ ॥੨॥	نانک رنگُ ن اُترے بِیا ن لگے کیہ ॥ 2 ॥
ਪਉੜੀ ॥	پئڑی ॥
ਹਰਿ ਆਪਿ ਵਰਤੈ ਆਪਿ	ہرِ آپِ ورتے آپِ

ਹਰਿ ਆਪਿ ਬੁਲਾਇਦਾ ॥

ہرِ آپِ بُلائِدا ॥

ਹਰਿ ਆਪੇ ਸ੍ਰਿਸਟਿ ਸਵਾਰਿ
ਸਿਰਿ ਧੰਧੈ ਲਾਇਦਾ ॥

ہرِ آپے سرِسٹِ سوارِ
سِرِ دھندھے لائِدا ॥

ਇਕਨਾ ਭਗਤੀ ਲਾਇ
ਇਕਿ ਆਪਿ ਖੁਆਇਦਾ ॥

اِکنا بھگتی لاءِ
اِکِ آپِ کھُیائِدا ॥

ਇਕਨਾ ਮਾਰਗਿ ਪਾਇ
ਇਕਿ ਉਝੜਿ ਪਾਇਦਾ ॥

اِکنا مارگِ پاءِ
اِکِ اُجھڑِ پائِدا ॥

ਜਨੁ ਨਾਨਕੁ ਨਾਮੁ ਧਿਆਏ
ਗੁਰਮੁਖਿ ਗੁਣ ਗਾਇਦਾ ॥੫॥

جنُ نانکُ نامُ دھِیائے
گُرمُکھِ گُنؔ گائِدا ॥5॥

ਸਲੋਕੁ ਮਃ ੩ ॥

سلوکُ م: 3 ॥

ਸਤਿਗੁਰ ਕੀ ਸੇਵਾ ਸਫਲੁ ਹੈ
ਜੇ ਕੋ ਕਰੇ ਚਿਤੁ ਲਾਇ ॥

ستِگُر کی سیوا سپھلُ ہے
جے کو کرے چِتُ لاءِ ॥

ਮਨਿ ਚਿੰਦਿਆ ਫਲੁ ਪਾਵਣਾ
ਹਉਮੈ ਵਿਚਹੁ ਜਾਇ ॥

منِ چِنّدِیا پھلُ پاوٹا
ہئُےَ وِچہُ جاءِ ॥

ਬੰਧਨ ਤੋੜੈ ਮੁਕਤਿ ਹੋਇ
ਸਚੇ ਰਹੈ ਸਮਾਇ ॥

بنّدھن توڑے مُکتِ ہوءِ
سچے رہے سماءِ ॥

ਇਸੁ ਜਗ ਮਹਿ ਨਾਮੁ ਅਲਭੁ ਹੈ
ਗੁਰਮੁਖਿ ਵਸੈ ਮਨਿ ਆਇ ॥

اِسُ جگ مہِ نامُ البھُ ہے
گُرمُکھِ وسے منِ آءِ ॥

ਨਾਨਕ ਜੋ ਗੁਰੁ ਸੇਵਹਿ ਆਪਣਾ
ਹਉ ਤਿਨ ਬਲਿਹਾਰੈ ਜਾਉ ॥੧॥

نانک جو گُرُ سیوہِ آپٹا
ہءُ تِن بلِہارے جاءُ ॥1॥

ਮਃ ੩ ॥

م: 3 ॥

ਮਨਮੁਖ ਮੰਨੁ ਅਜਿਤੁ ਹੈ
ਦੂਜੈ ਲਗੈ ਜਾਇ ॥

منمُکھ منّنُ اجِتُ ہے
دوُجے لگے جاءِ ॥

ਤਿਸ ਨੋ ਸੁਖੁ ਸੁਪਨੈ ਨਹੀ
ਦੁਖੇ ਦੁਖਿ ਵਿਹਾਇ ॥

تِس نو سُکھُ سُپنے نہی
دُکھے دُکھِ وِہاءِ ॥

ਘਰਿ ਘਰਿ ਪੜਿ ਪੜਿ ਪੰਡਿਤ ਥਕੇ
ਸਿਧ ਸਮਾਧਿ ਲਗਾਇ ॥

گھرِ گھرِ پڑِ پڑِ پنڈِت تھکے
سِدھ سمادھِ لگاءِ ॥

ਇਹੁ ਮਨੁ ਵਸਿ ਨ ਆਵਈ
ਥਕੇ ਕਰਮ ਕਮਾਇ ॥

اِہُ منُ وسِ ن آوئی
تھکے کرم کماءِ ॥

ਭੇਖਧਾਰੀ ਭੇਖ ਕਰਿ ਥਕੇ
ਅਠਿਸਠਿ ਤੀਰਥ ਨਾਇ ॥

بھیکھدھاری بھیکھ کرِ تھکے
اٹھِسٹھِ تیرتھ ناءِ ॥

ਮਨ ਕੀ ਸਾਰ ਨ ਜਾਣਨੀ
ਹਉਮੈ ਭਰਮਿ ਭੁਲਾਇ ॥

من کی سار ن جانئی
ہئمےَ بھرمِ بھُلاءِ ॥

ਗੁਰ ਪਰਸਾਦੀ ਭਉ ਪਇਆ
ਵਡਭਾਗਿ ਵਸਿਆ ਮਨਿ ਆਇ ॥

گُر پرسادی بھءُ پئیا
وڈبھاگِ وسِیا منِ آءِ ॥

ਭੈ ਪਇਐ ਮਨੁ ਵਸਿ ਹੋਆ
ਹਉਮੈ ਸਬਦਿ ਜਲਾਇ ॥

بھےَ پئے منُ وسِ ہویا
ہئمےَ سبدِ جلاءِ ॥

ਸਚਿ ਰਤੇ ਸੇ ਨਿਰਮਲੇ
ਜੋਤੀ ਜੋਤਿ ਮਿਲਾਇ ॥

سچِ رتے سے نِرملے
جوتی جوتِ مِلاءِ ॥

ਸਤਿਗੁਰਿ ਮਿਲਿਐ ਨਾਉ ਪਾਇਆ
ਨਾਨਕ ਸੁਖਿ ਸਮਾਇ ॥੨॥

ستِگُرِ مِلِئے ناءُ پائیا
نانک سُکھِ سماءِ ॥2॥

ਪਉੜੀ ॥

پئُڑی ॥

ਏਹ ਭੂਪਤਿ ਰਾਣੇ ਰੰਗ
ਦਿਨ ਚਾਰਿ ਸੁਹਾਵਣਾ ॥

ایہ بھوُپتِ راٹے رنگ
دِن چارِ سُہاوٹا ॥

ਏਹੁ ਮਾਇਆ ਰੰਗੁ ਕਸੁੰਭ
ਖਿਨ ਮਹਿ ਲਹਿ ਜਾਵਣਾ ॥

ایہُ مائیا رنگُ کسُنّبھ
کھِن مہِ لہِ جاوٹا ॥

ਚਲਦਿਆ ਨਾਲਿ ਨ ਚਲੈ
ਸਿਰਿ ਪਾਪ ਲੈ ਜਾਵਣਾ ॥

چلدِیا نالِ ن چلےَ
سِرِ پاپ لے جاوٹا ॥

ਜਾਂ ਪਕੜਿ ਚਲਾਇਆ ਕਾਲਿ
ਤਾਂ ਖਰਾ ਡਰਾਵਣਾ ॥

جاں پکڑِ چلائیا کالِ
تاں کھرا ڈراوٹا ॥

ਓਹ ਵੇਲਾ ਹਥਿ ਨ ਆਵੈ
ਫਿਰਿ ਪਛੁਤਾਵਣਾ ॥੬॥

اوہ ویلا ہتھِ ن آوے
پھِرِ پچھُتاوٹا ॥6॥

ਸਲੋਕੁ ਮਃ ੩ ॥

سلوکُ م: 3 ॥

ਸਤਿਗੁਰ ਤੇ ਜੋ ਮੁਹ ਫਿਰੇ
ਸੇ ਬਧੇ ਦੁਖ ਸਹਾਹਿ ॥

ستِگُر تے جو مُہ پھِرے
سے بدھے دُکھ سہاہِ ॥

ਫਿਰਿ ਫਿਰਿ ਮਿਲਣੁ ਨ ਪਾਇਨੀ
ਜੰਮਹਿ ਤੈ ਮਰਿ ਜਾਹਿ ॥

پھِرِ پھِرِ مِلنُ ن پائِنی
جنّمِہِ تے مرِ جاہِ ॥

ਸਹਸਾ ਰੋਗੁ ਨ ਛੋਡਈ
ਦੁਖ ਹੀ ਮਹਿ ਦੁਖ ਪਾਹਿ ॥

سہسا روگُ ن چھوڈئی
دُکھ ہی مہِ دُکھ پاہِ ॥

ਨਾਨਕ ਨਦਰੀ ਬਖਸਿ ਲੇਹਿ
ਸਬਦੇ ਮੇਲਿ ਮਿਲਾਹਿ ॥੧॥

نانک ندری بخشِ لیہِ
سبدے میلِ مِلاہِ ॥1॥

ਮਃ ੩ ॥

م: 3 ॥

ਜੋ ਸਤਿਗੁਰ ਤੇ ਮੁਹ ਫਿਰੇ
ਤਿਨਾ ਠਉਰ ਨ ਠਾਉ ॥

جو ستِگُر تے مُہ پھِرے
تِنا ٹھئُر ن ٹھاءُ ॥

ਜਿਉ ਛੁਟੜਿ ਘਰਿ ਘਰਿ ਫਿਰੈ
ਦੁਹਚਾਰਣਿ ਬਦਨਾਉ ॥

جِءُ چھُٹڑِ گھرِ گھرِ پھِرے
دُہچارنِ بدناءُ ॥

ਨਾਨਕ ਗੁਰਮੁਖਿ ਬਖਸੀਅਹਿ
ਸੇ ਸਤਿਗੁਰ ਮੇਲਿ ਮਿਲਾਉ ॥੨॥

نانک گُرمُکھِ بخشیئہِ
سے ستِگُر میلِ مِلاءُ ॥2॥

ਪਉੜੀ ॥

پئُڑی ॥

ਜੋ ਸੇਵਹਿ ਸਤਿ ਮੁਰਾਰਿ
ਸੇ ਭਵਜਲ ਤਰਿ ਗਇਆ ॥

جو سیوہِ ستِ مُرارِ
سے بھوجل ترِ گئیا ॥

ਜੋ ਬੋਲਹਿ ਹਰਿ ਹਰਿ ਨਾਉ
ਤਿਨ ਜਮੁ ਛਡਿ ਗਇਆ ॥

جو بولہِ ہرِ ہرِ ناءُ
تِن جمُ چھڈِ گئیا ॥

ਸੇ ਦਰਗਹ ਪੈਧੇ ਜਾਹਿ
ਜਿਨਾ ਹਰਿ ਜਪਿ ਲਇਆ ॥

سے درگہ پیَدھے جاہِ
جِنا ہرِ جپِ لئیا ॥

ਹਰਿ ਸੇਵਹਿ ਸੇਈ ਪੁਰਖ ਜਿਨਾ ਹਰਿ ਤੁਧੁ ਮਇਆ ॥	ہرِ سیوہِ سیئی پُرکھ جِنا ہرِ تُدھُ مِئیا ॥
ਗੁਣ ਗਾਵਾ ਪਿਆਰੇ ਨਿਤ ਗੁਰਮੁਖਿ ਭ੍ਰਮ ਭਉ ਗਇਆ ॥੭॥	گُن گاوا پِیارے نِت گُرمُکھِ بھرم بھءُ گئیا ॥7॥
ਸਲੋਕੁ ਮਃ ੩ ॥	سلوکُ م: 3 ॥
ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥	تھالے وِچ تے وستو پئیئو ہرِ بھوجنُ انمّرِتُ سارُ ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥	جِتُ کھادھے منُ ترِپتیئے پائیئے موکھ دُیارُ ॥
ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥	اِہُ بھوجنُ البھُ ہے سنّتہُ لبھے گُر ویچارِ ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥	ایہ مُداونّی کِءُ وِچہُ کڈھیئے سدا رکھیئے اُرِ دھارِ ॥
ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥	ایہ مُداونّی ستِگُرو پائی گُرسِکھا لدھی بھالِ ॥
ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ ॥੧॥	نانک جِسُ بُجھائے سُ بُجھسی ہرِ پائیا گُرمُکھِ گھالِ ॥1॥
ਮਃ ੩ ॥	م: 3 ॥
ਜੋ ਧੁਰਿ ਮੇਲੇ ਸੇ ਮਿਲਿ ਰਹੇ ਸਤਿਗੁਰ ਸਿਉ ਚਿਤੁ ਲਾਇ ॥	جو دھُرِ میلے سے مِلِ رہے ستِگُر سِءُ چِتُ لاءِ ॥
ਆਪਿ ਵਿਛੋੜੇਨੁ ਸੇ ਵਿਛੁੜੇ ਦੂਜੈ ਭਾਇ ਖੁਆਇ ॥	آپِ وِچھوڑینُ سے وِچھُڑے دوُجے بھاءِ کھُیاءِ ॥
ਨਾਨਕ ਵਿਣੁ ਕਰਮਾ ਕਿਆ ਪਾਈਐ ਪੂਰਬਿ ਲਿਖਿਆ ਕਮਾਇ ॥੨॥	نانک وِنُ کرما کیا پائیئے پوُربِ لِکھیا کماءِ ॥2॥
ਪਉੜੀ ॥	پئڑی ॥

ਬਹਿ ਸਖੀਆ ਜਸੁ ਗਾਵਹਿ ਗਾਵਣਹਾਰੀਆ ॥	بہِ سکھیِیا جسُ گاوہِ گاوٹہارییا ॥
ਹਰਿ ਨਾਮੁ ਸਲਾਹਿਹੁ ਨਿਤ ਹਰਿ ਕਉ ਬਲਿਹਾਰੀਆ ॥	ہرِ نامُ سلاہِہُ نِت ہرِ ک ءُ بلِہارییا ॥
ਜਿਨੀ ਸੁਣਿ ਮੰਨਿਆ ਹਰਿ ਨਾਉ ਤਿਨਾ ਹਉ ਵਾਰੀਆ ॥	جِنی سُنِ منّنِیا ہرِ ناءُ تِنا ہءُ وارییا ॥
ਗੁਰਮੁਖੀਆ ਹਰਿ ਮੇਲੁ ਮਿਲਾਵਣਹਾਰੀਆ ॥	گُرمُکھیِیا ہرِ میلُ مِلاوٹہارییا ॥
ਹਉ ਬਲਿ ਜਾਵਾ ਦਿਨੁ ਰਾਤਿ ਗੁਰ ਦੇਖਣਹਾਰੀਆ ॥੮॥	ہءُ بلِ جاوا دِنُ راتِ گُر دیکھٹہارییا ॥8॥
ਸਲੋਕੁ ਮਃ ੩ ॥	سلوکُ م: 3 ॥
ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ ॥	وِنُ ناوے سبھِ بھرمدے نِت جگِ توٹا سیَسارِ ॥
ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ ॥	منمُکھِ کرم کماوٹے ہئُمے انّدھُ غُبارُ ॥
ਗੁਰਮੁਖਿ ਅੰਮ੍ਰਿਤੁ ਪੀਵਣਾ ਨਾਨਕ ਸਬਦੁ ਵੀਚਾਰਿ ॥੧॥	گُرمُکھِ انّمرِتُ پیِوٹا نانک سبدُ ویچارِ ॥1॥
ਮਃ ੩ ॥	م: 3 ॥
ਸਹਜੇ ਜਾਗੈ ਸਹਜੇ ਸੋਵੈ ॥	سہجے جاگے سہجے سووے ॥
ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥	گُرمُکھِ اندِنُ اُستتِ ہووے ॥
ਮਨਮੁਖਾ ਭਰਮੈ ਸਹਸਾ ਹੋਵੈ ॥	منمُکھا بھرمے سہسا ہووے ॥
ਅੰਤਰਿ ਚਿੰਤਾ ਨੀਦ ਨ ਸੋਵੈ ॥	انترِ چنّتا نیِد ن سووے ॥
ਗਿਆਨੀ ਜਾਗਹਿ ਸਵਹਿ ਸੁਭਾਇ ॥	گیِانی جاگہِ سوہِ سُبھاءِ ॥
ਨਾਨਕ ਨਾਮਿ ਰਤਿਆ ਬਲਿ ਜਾਉ ॥੨॥	نانک نامِ رتیا بلِ جاءُ ॥2॥

ਪਉੜੀ ॥	پئُڑی ॥
ਸੇ ਹਰਿ ਨਾਮੁ ਧਿਆਵਹਿ ਜੋ ਹਰਿ ਰਤਿਆ ॥	سے ہرِ نامُ دھِیاوہِ جو ہرِ رتِیا ॥
ਹਰਿ ਇਕੁ ਧਿਆਵਹਿ ਇਕੁ ਇਕੋ ਹਰਿ ਸਤਿਆ ॥	ہرِ اِکُ دھِیاوہِ اِکُ اِکو ہرِ ستِیا ॥
ਹਰਿ ਇਕੋ ਵਰਤੈ ਇਕੁ ਇਕੋ ਉਤਪਤਿਆ ॥	ہرِ اِکو ورتے اِکُ اِکو اُتپتِیا ॥
ਜੋ ਹਰਿ ਨਾਮੁ ਧਿਆਵਹਿ ਤਿਨ ਡਰੁ ਸਟਿ ਘਤਿਆ ॥	جو ہرِ نامُ دھِیاوہِ تِن ڈَر سٹِ گھتِیا ॥
ਗੁਰਮਤੀ ਦੇਵੈ ਆਪਿ ਗੁਰਮੁਖਿ ਹਰਿ ਜਪਿਆ ॥੯॥	گُرمتی دیوے آپِ گُرمُکھِ ہرِ جپِیا ॥9॥
ਸਲੋਕ ਮਃ ੩ ॥	سلوک م: 3 ॥
ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥	انترِ گیانُ ن آئیو جِتُ کِچھُ سوجھی پاءِ ॥
ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ ॥	وِنُ ڈِٹھا کِیا سالاہیئے اندھا اندھُ کماءِ ॥
ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥੧॥	نانک سبدُ پچھانیئے نامُ وسے منِ آءِ ॥1॥
ਮਃ ੩ ॥	م: 3 ॥
ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥	اِکا بانی اِکُ گُرُ اِکو سبدُ ویچارِ ॥
ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥	سچا سئُدا ہٹُ سچُ رتنی بھرے بھنڈار ॥
ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥	گُر کِرپا تے پائیَنِ جے دیوے دیوٹہارُ ॥

ਸਚਾ ਸਉਦਾ ਲਾਭੁ ਸਦਾ
ਖਟਿਆ ਨਾਮੁ ਅਪਾਰੁ ॥

سچا سئُدا لابھُ سدا
کھٹِیا نامُ اپارُ ॥

ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ
ਕਰਮਿ ਪੀਆਵਣਹਾਰੁ ॥

وِکھُ وِچِ انمّرِتُ پرّگٹِیا
کرمِ پِیاوٹہارُ ॥

ਨਾਨਕ ਸਚੁ ਸਲਾਹੀਐ
ਧੰਨੁ ਸਵਾਰਣਹਾਰੁ ॥੨॥

نانک سچُ سلاحِیۓ
دھنّنُ سوارٹہارُ ॥2॥

ਪਉੜੀ ॥

پئُڑی ॥

ਜਿਨਾ ਅੰਦਰਿ ਕੂੜੁ ਵਰਤੈ
ਸਚੁ ਨ ਭਾਵਈ ॥

جِنا اندَرِ کوُڑُ ورتے
سچُ ن بھاوئی ॥

ਜੇ ਕੋ ਬੋਲੈ ਸਚੁ
ਕੂੜਾ ਜਲਿ ਜਾਵਈ ॥

جے کو بولے سچُ
کوُڑا جلِ جاوئی ॥

ਕੂੜਿਆਰੀ ਰਜੈ ਕੂੜਿ
ਜਿਉ ਵਿਸਟਾ ਕਾਗੁ ਖਾਵਈ ॥

کوُڑِیاری رجےَ کوُڑِ
جِءُ وِسٹا کاگُ کھاوئی ॥

ਜਿਸੁ ਹਰਿ ਹੋਇ ਕ੍ਰਿਪਾਲੁ
ਸੋ ਨਾਮੁ ਧਿਆਵਈ ॥

جِسُ ہرِ ہوءِ کرِپالُ
سو نامُ دھِیاوئی ॥

ਹਰਿ ਗੁਰਮੁਖਿ ਨਾਮੁ ਅਰਾਧਿ
ਕੂੜੁ ਪਾਪੁ ਲਹਿ ਜਾਵਈ ॥੧੦॥

ہرِ گُرمُکھِ نامُ ارادھِ
کوُڑُ پاپُ لہِ جاوئی ॥ 10 ॥

ਸਲੋਕੁ ਮਃ ੩ ॥

سلوکُ م: 3 ॥

ਸੇਖਾ ਚਉਚਕਿਆ ਚਉਵਾਇਆ
ਏਹੁ ਮਨੁ ਇਕਤੁ ਘਰਿ ਆਣਿ ॥

سیکھا چچُکیا چئُوائیا
ایہُ منُ اِکتُ گھرِ آنِ ॥

ਏਹੜ ਤੇਹੜ ਛਡਿ ਤੂ
ਗੁਰ ਕਾ ਸਬਦੁ ਪਛਾਣੁ ॥

ایہڑ تیہڑ چھڈِ توُ
گُر کا سبدُ پچھانُ ॥

ਸਤਿਗੁਰ ਅਗੈ ਢਹਿ ਪਉ
ਸਭੁ ਕਿਛੁ ਜਾਣੈ ਜਾਣੁ ॥

ستِگُر اگےَ ڈھہِ پءُ
سبھُ کچھُ جانےٗ جانُ ॥

ਆਸਾ ਮਨਸਾ ਜਲਾਇ ਤੂ

آسا منسا جلاءِ توُ

ਹੋਇ ਰਹੁ ਮਿਹਮਾਣੁ ॥

ہوءِ رہُ مِہماںُ ॥

ਸਤਿਗੁਰ ਕੈ ਭਾਣੈ ਭੀ ਚਲਹਿ
ਤਾ ਦਰਗਹ ਪਾਵਹਿ ਮਾਣੁ ॥

ستِگُر کے بھاٹے بھی چلہِ
تا درگہ پاوہِ ماںُ ॥

ਨਾਨਕ ਜਿ ਨਾਮੁ ਨ ਚੇਤਨੀ
ਤਿਨ ਧਿਗੁ ਪੈਨਣੁ ਧਿਗੁ ਖਾਣੁ ॥੧॥

نانک جِ نامُ ن چیتنی
تِن دھِگُ پیَنںُ دھِگُ کھاںُ ॥1॥

ਮਃ ੩ ॥

م: 3 ॥

ਹਰਿ ਗੁਣ ਤੋਟਿ ਨ ਆਵਈ
ਕੀਮਤਿ ਕਹਣੁ ਨ ਜਾਇ ॥

ہرِ گُںٹ توٹِ ن آوئی
قِیمتِ کہںُ ن جاءِ ॥

ਨਾਨਕ ਗੁਰਮੁਖਿ ਹਰਿ ਗੁਣ ਰਵਹਿ
ਗੁਣ ਮਹਿ ਰਹੈ ਸਮਾਇ ॥੨॥

نانک گُرمُکھِ ہرِ گُںٹ روہِ
گُںٹ مہِ رہے سماءِ ॥2॥

ਪਉੜੀ ॥

پئُڑی ॥

ਹਰਿ ਚੋਲੀ ਦੇਹ ਸਵਾਰੀ
ਕਢਿ ਪੈਧੀ ਭਗਤਿ ਕਰਿ ॥

ہرِ چولی دیہ سواری
کڈھِ پیَدھی بھگتِ کرِ ॥

ਹਰਿ ਪਾਟੁ ਲਗਾ ਅਧਿਕਾਈ
ਬਹੁ ਬਹੁ ਬਿਧਿ ਭਾਤਿ ਕਰਿ ॥

ہرِ پاٹُ لگا ادھِکائی
بہُ بہُ بِدھِ بھاتِ کرِ ॥

ਕੋਈ ਬੂਝੈ ਬੂਝਣਹਾਰਾ
ਅੰਤਰਿ ਬਿਬੇਕੁ ਕਰਿ ॥

کوئی بُوجھے بُوجھنہارا
انترِ بِبیکُ کرِ ॥

ਸੋ ਬੂਝੈ ਏਹੁ ਬਿਬੇਕੁ
ਜਿਸੁ ਬੁਝਾਏ ਆਪਿ ਹਰਿ ॥

سو بُوجھے ایہُ بِبیکُ
جِسُ بُجھائے آپِ ہرِ ॥

ਜਨੁ ਨਾਨਕੁ ਕਹੈ ਵਿਚਾਰਾ
ਗੁਰਮੁਖਿ ਹਰਿ ਸਤਿ ਹਰਿ ॥੧੧॥

جنُ نانکُ کہے وِچارا
گُرمُکھِ ہرِ ستِ ہرِ ॥ 11 ॥

ਸਲੋਕੁ ਮਃ ੩ ॥

سلوکُ م: 3 ॥

ਪਰਥਾਇ ਸਾਖੀ ਮਹਾ ਪੁਰਖ ਬੋਲਦੇ
ਸਾਝੀ ਸਗਲ ਜਹਾਨੈ ॥

پرتھاءِ ساکھی مہا پُرکھ بولدے
ساجھی سگل جہانے ॥

ਗੁਰਮੁਖਿ ਹੋਇ ਸੁ ਭਉ ਕਰੇ

گُرمُکھِ ہوءِ سُ بھءُ کرے

ਆਪਣਾ ਆਪੁ ਪਛਾਣੈ ॥

آپنا آپُ پچھانے ॥

ਗੁਰ ਪਰਸਾਦੀ ਜੀਵਤੁ ਮਰੈ
ਤਾ ਮਨ ਹੀ ਤੇ ਮਨੁ ਮਾਨੈ ॥

گُر پرسادی جیوتُ مرے
تا من ہی تے منُ مانے ॥

ਜਿਨ ਕਉ ਮਨ ਕੀ ਪਰਤੀਤਿ ਨਾਹੀ
ਨਾਨਕ ਸੇ ਕਿਆ ਕਥਹਿ ਗਿਆਨੈ ॥੧॥

جِن ک ءُ من کی پرتیتِ ناہی
نانک سے کِیا کتھہِ گیانے ۔ ॥1॥

ਮਃ ੩ ॥

م: 3 ॥

ਗੁਰਮੁਖਿ ਚਿਤੁ ਨ ਲਾਇਓ
ਅੰਤਿ ਦੁਖੁ ਪਹੁਤਾ ਆਇ ॥

گُرمُکھِ چِتُ ن لائیو
انّتِ دُکھُ پہُتا آءِ ॥

ਅੰਦਰਹੁ ਬਾਹਰਹੁ ਅੰਧਿਆ
ਸੁਧਿ ਨ ਕਾਈ ਪਾਇ ॥

انّدرہُ باہرہُ انّدھِیا
سُدھِ ن کائی پاءِ ॥

ਪੰਡਿਤ ਤਿਨ ਕੀ ਬਰਕਤੀ ਸਭੁ ਜਗਤੁ ਖਾਇ
ਜੋ ਰਤੇ ਹਰਿ ਨਾਇ ॥

پنّڈِت تِن کی برکتی سبھُ جگتُ کھاءِ
جو رتے ہرِ ناءِ ॥

ਜਿਨ ਗੁਰ ਕੈ ਸਬਦਿ ਸਲਾਹਿਆ
ਹਰਿ ਸਿਉ ਰਹੇ ਸਮਾਇ ॥

جِن گُر کے سبدِ سلاہِیا
ہرِ سِ ءُ رہے سماءِ ॥

ਪੰਡਿਤ ਦੂਜੈ ਭਾਇ ਬਰਕਤਿ ਨ ਹੋਵਈ
ਨਾ ਧਨੁ ਪਲੈ ਪਾਇ ॥

پنّڈِت دوُجےَ بھاءِ برکتِ ن ہووئی
نا دھنُ پلےَ پاءِ ॥

ਪੜਿ ਥਕੇ ਸੰਤੋਖੁ ਨ ਆਇਓ
ਅਨਦਿਨੁ ਜਲਤ ਵਿਹਾਇ ॥

پڑِ تھکے سنّتوکھُ ن آئیو
اندِنُ جلت وِہاءِ ॥

ਕੂਕ ਪੂਕਾਰ ਨ ਚੁਕਈ
ਨਾ ਸੰਸਾ ਵਿਚਹੁ ਜਾਇ ॥

کوُک پوُکار ن چُکئی
نا سنّسا وِچہُ جاءِ ॥

ਨਾਨਕ ਨਾਮ ਵਿਹੂਣਿਆ
ਮੁਹਿ ਕਾਲੈ ਉਠਿ ਜਾਇ ॥੨॥

نانک نام وِہوُنِیا
مُہِ کالےَ اُٹھِ جاءِ ॥2॥

ਪਉੜੀ ॥

پئُڑی ॥

ਹਰਿ ਸਜਣ ਮੇਲਿ ਪਿਆਰੇ
ਮਿਲਿ ਪੰਥੁ ਦਸਾਈ ॥

ہرِ سجنّ میلِ پیارے
مِلِ پنّتھُ دسائی ॥

ਜੋ ਹਰਿ ਦਸੇ ਮਿਤੁ
ਤਿਸੁ ਹਉ ਬਲਿ ਜਾਈ ॥

جو ہرِ دسے مِتُ
تِسُ ہءُ بلِ جائی ॥

ਗੁਣ ਸਾਝੀ ਤਿਨ ਸਿਉ ਕਰੀ
ਹਰਿ ਨਾਮੁ ਧਿਆਈ ॥

گُنٹ ساجھی تِن سِءُ کری
ہرِ نامُ دھیائی ॥

ਹਰਿ ਸੇਵੀ ਪਿਆਰਾ ਨਿਤ
ਸੇਵਿ ਹਰਿ ਸੁਖੁ ਪਾਈ ॥

ہرِ سیوی پیارا نِت
سیوِ ہرِ سُکھُ پائی ॥

ਬਲਿਹਾਰੀ ਸਤਿਗੁਰ ਤਿਸੁ
ਜਿਨਿ ਸੋਝੀ ਪਾਈ ॥੧੨॥

بلِہاری ستِگُر تِسُ
جِنِ سوجھی پائی ॥ 12 ॥

ਸਲੋਕੁ ਮਃ ੩ ॥

سلوکُ م: 3 ॥

ਪੰਡਿਤ ਮੈਲੁ ਨ ਚੁਕਈ
ਜੇ ਵੇਦ ਪੜੈ ਜੁਗ ਚਾਰਿ ॥

پنڈِت میَلُ ن چُکئی
جے وید پڑے جُگ چارِ ॥

ਤ੍ਰੈ ਗੁਣ ਮਾਇਆ ਮੂਲੁ ਹੈ
ਵਿਚਿ ਹਉਮੈ ਨਾਮੁ ਵਿਸਾਰਿ ॥

ترے گُنٹ مائیا مولُ ہے
وِچِ ہئُمے نامُ وِسارِ ॥

ਪੰਡਿਤ ਭੂਲੇ ਦੂਜੈ ਲਾਗੇ
ਮਾਇਆ ਕੈ ਵਾਪਾਰਿ ॥

پنڈِت بھولے دوُجے لاگے
مائیا کے واپارِ ॥

ਅੰਤਰਿ ਤ੍ਰਿਸਨਾ ਭੁਖ ਹੈ
ਮੂਰਖ ਭੁਖਿਆ ਮੁਏ ਗਵਾਰ ॥

انترِ ترِسنا بھُکھ ہے
موُرکھ بھُکھیا مُے گوار ॥

ਸਤਿਗੁਰਿ ਸੇਵਿਐ ਸੁਖੁ ਪਾਇਆ
ਸਚੈ ਸਬਦਿ ਵੀਚਾਰਿ ॥

ستِگُرِ سیوِئے سُکھُ پائیا
سچے سبدِ ویچارِ ॥

ਅੰਦਰਹੁ ਤ੍ਰਿਸਨਾ ਭੁਖ ਗਈ
ਸਚੈ ਨਾਇ ਪਿਆਰਿ ॥

اندرہُ ترِسنا بھُکھ گئی
سچے ناءِ پیارِ ॥

ਨਾਨਕ ਨਾਮਿ ਰਤੇ ਸਹਜੇ ਰਜੇ
ਜਿਨਾ ਹਰਿ ਰਖਿਆ ਉਰਿ ਧਾਰਿ ॥੧॥

نانک نامِ رتے سہجے رجے
جِنا ہرِ رکھیا اُرِ دھارِ ॥ 1 ॥

ਮਃ ੩ ॥

م: 3 ॥

ਮਨਮੁਖ ਹਰਿ ਨਾਮੁ ਨ ਸੇਵਿਆ

منمُکھ ہرِ نامُ ن سیوِیا

ਦੁਖੁ ਲਗਾ ਬਹੁਤਾ ਆਇ ॥

دُکھُ لگا بہُتا آءِ ॥

ਅੰਤਰਿ ਅਗਿਆਨੁ ਅੰਧੇਰੁ ਹੈ
ਸੁਧਿ ਨ ਕਾਈ ਪਾਇ ॥

انتَرِ اگیانُ اندھیرُ ہے
سُدھِ ن کائی پاءِ ॥

ਮਨਹਠਿ ਸਹਜਿ ਨ ਬੀਜਿਓ
ਭੁਖਾ ਕਿ ਅਗੈ ਖਾਇ ॥

منہٹھِ سہجِ ن بیجِئو
بھُکھا کِ اگے کھاءِ ॥

ਨਾਮੁ ਨਿਧਾਨੁ ਵਿਸਾਰਿਆ
ਦੂਜੈ ਲਗਾ ਜਾਇ ॥

نامُ نِدھانُ وِسارِیا
دوُجے لگا جاءِ ॥

ਨਾਨਕ ਗੁਰਮੁਖਿ ਮਿਲਹਿ ਵਡਿਆਈਆ
ਜੇ ਆਪੇ ਮੇਲਿ ਮਿਲਾਇ ॥੨॥

نانک گُرمُکھِ مِلہِ وڈِیائیِیا
جے آپے میلِ مِلاءِ ॥2॥

ਪਉੜੀ ॥

پئُڑی ॥

ਹਰਿ ਰਸਨਾ ਹਰਿ ਜਸੁ ਗਾਵੈ
ਖਰੀ ਸੁਹਾਵਣੀ ॥

ہرِ رسنا ہرِ جسُ گاوے
کھری سُہاوٹی ॥

ਜੋ ਮਨਿ ਤਨਿ ਮੁਖਿ ਹਰਿ ਬੋਲੈ
ਸਾ ਹਰਿ ਭਾਵਣੀ ॥

جو منِ تنِ مُکھِ ہرِ بولے
سا ہرِ بھاوٹی ॥

ਜੋ ਗੁਰਮੁਖਿ ਚਖੈ ਸਾਦੁ
ਸਾ ਤ੍ਰਿਪਤਾਵਣੀ ॥

جو گُرمُکھِ چکھے ساوُ
سا تّرِپتاوٹی ॥

ਗੁਣ ਗਾਵੈ ਪਿਆਰੇ ਨਿਤ
ਗੁਣ ਗਾਇ ਗੁਣੀ ਸਮਝਾਵਣੀ ॥

گُن گاوے پیارے نِت
گُن گاءِ گُنی سمجھاوٹی ॥

ਜਿਸੁ ਹੋਵੈ ਆਪਿ ਦਇਆਲੁ
ਸਾ ਸਤਿਗੁਰੂ ਗੁਰੂ ਬੁਲਾਵਣੀ ॥੧੩॥

جِسُ ہووے آپِ دئیالُ
سا ستِگُرو گُرو بُلاوٹی ॥ 13 ॥

ਸਲੋਕੁ ਮਃ ੩ ॥

سلوکُ م: 3 ॥

ਹਸਤੀ ਸਿਰਿ ਜਿਉ ਅੰਕਸੁ ਹੈ
ਅਹਰਣਿ ਜਿਉ ਸਿਰੁ ਦੇਇ ॥

ہستی سِرِ جِءُ انکُس ہے
اہرنِ جِءُ سِرُ دے ءِ ॥

ਮਨੁ ਤਨੁ ਆਗੈ ਰਾਖਿ ਕੈ
ਊਭੀ ਸੇਵ ਕਰੇਇ ॥

منُ تنُ آگے راکھِ کے
اوُبھی سیو کرے ءِ ॥

ਇਉ ਗੁਰਮੁਖਿ ਆਪੁ ਨਿਵਾਰੀਐ
ਸਭੁ ਰਾਜੁ ਸ੍ਰਿਸਟਿ ਕਾ ਲੇਇ ॥

ਨਾਨਕ ਗੁਰਮੁਖਿ ਬੁਝੀਐ
ਜਾ ਆਪੇ ਨਦਰਿ ਕਰੇਇ ॥੧॥

ਮਃ ੩ ॥

ਜਿਨ ਗੁਰਮੁਖਿ ਨਾਮੁ ਧਿਆਇਆ
ਆਏ ਤੇ ਪਰਵਾਣੁ ॥

ਨਾਨਕ ਕੁਲ ਉਧਾਰਹਿ ਆਪਣਾ
ਦਰਗਹ ਪਾਵਹਿ ਮਾਣੁ ॥੨॥

ਪਉੜੀ ॥

ਗੁਰਮੁਖਿ ਸਖੀਆ ਸਿਖ
ਗੁਰੂ ਮੇਲਾਈਆ ॥

ਇਕਿ ਸੇਵਕ ਗੁਰ ਪਾਸਿ
ਇਕਿ ਗੁਰਿ ਕਾਰੈ ਲਾਈਆ ॥

ਜਿਨਾ ਗੁਰੁ ਪਿਆਰਾ ਮਨਿ ਚਿਤਿ
ਤਿਨਾ ਭਾਉ ਗੁਰੂ ਦੇਵਾਈਆ ॥

ਗੁਰ ਸਿਖਾ ਇਕੋ ਪਿਆਰੁ
ਗੁਰ ਮਿਤਾ ਪੁਤਾ ਭਾਈਆ ॥

ਗੁਰੁ ਸਤਿਗੁਰੁ ਬੋਲਹੁ ਸਭਿ
ਗੁਰੁ ਆਖਿ ਗੁਰੂ ਜੀਵਾਈਆ ॥੧੪॥

ਸਲੋਕੁ ਮਃ ੩ ॥

ਨਾਨਕ ਨਾਮੁ ਨ ਚੇਤਨੀ ਅਗਿਆਨੀ ਅੰਧੁਲੇ
ਅਵਰੇ ਕਰਮ ਕਮਾਹਿ ॥

ਜਮ ਦਰਿ ਬਧੇ ਮਾਰੀਅਹਿ
ਫਿਰਿ ਵਿਸਟਾ ਮਾਹਿ ਪਚਾਹਿ ॥੧॥

اِءُ گُرمُکھِ آپُ نِوارِیَّ
سبھُ راجُ سّرِسٹِ کا لےءِ ॥

نانک گُرمُکھِ بُجھیَّ
جا آپے ندرِ کرےءِ ॥1॥

م: 3 ॥

جِن گُرمُکھِ نامُ دھیائِیا
آئے تے پروانُ ॥

نانک کُل اُدھارہِ آپٹا
درگہ پاوہِ مانُ ॥2॥

پؤڑی ॥

گُرمُکھِ سکھیا سِکھ
گُرُو میلائِیا ॥

اِکِ سیوک گُر پاسِ
اِکِ گُرِ کارے لائِیا ॥

جِنا گُرُ پیارا منِ چِتِ
تِنا بھاءُ گُرُو دیوائِیا ॥

گُر سِکھا اِکو پیارُ
گُر مِتا پُتا بھائِیا ॥

گُرُ ستِگُرُ بولہُ سبھِ
گُرُ آکھِ گُرُو جیوائِیا ॥ 14 ॥

سلوکُ م: 3 ॥

نانک نامُ ن چیتنی اگیانی اندھُلے
اورے کرم کماہِ ॥

جم دِر بدھے مارِیَہِ
پھِرِ وِسٹا ماہِ پچاہِ ॥1॥

ਮਃ ੩ ॥

ਨਾਨਕ ਸਤਿਗੁਰੁ ਸੇਵਹਿ ਆਪਣਾ
ਸੇ ਜਨ ਸਚੇ ਪਰਵਾਣੁ ॥

ਹਰਿ ਕੈ ਨਾਇ ਸਮਾਇ ਰਹੇ
ਚੂਕਾ ਆਵਣੁ ਜਾਣੁ ॥੨॥

ਪਉੜੀ ॥

ਧਨੁ ਸੰਪੈ ਮਾਇਆ ਸੰਚੀਐ
ਅੰਤੇ ਦੁਖਦਾਈ ॥

ਘਰ ਮੰਦਰ ਮਹਲ ਸਵਾਰੀਅਹਿ
ਕਿਛੁ ਸਾਥਿ ਨ ਜਾਈ ॥

ਹਰ ਰੰਗੀ ਤੁਰੇ ਨਿਤ ਪਾਲੀਅਹਿ
ਕਿਤੈ ਕਾਮਿ ਨ ਆਈ ॥

ਜਨ ਲਾਵਹੁ ਚਿਤੁ ਹਰਿ ਨਾਮ ਸਿਉ
ਅੰਤਿ ਹੋਇ ਸਖਾਈ ॥

ਜਨ ਨਾਨਕ ਨਾਮੁ ਧਿਆਇਆ
ਗੁਰਮੁਖਿ ਸੁਖੁ ਪਾਈ ॥੧੫॥

ਸਲੋਕੁ ਮਃ ੩ ॥

ਬਿਨੁ ਕਰਮੈ ਨਾਉ ਨ ਪਾਈਐ
ਪੂਰੈ ਕਰਮਿ ਪਾਇਆ ਜਾਇ ॥

ਨਾਨਕ ਨਦਰਿ ਕਰੇ ਜੇ ਆਪਣੀ
ਤਾ ਗੁਰਮਤਿ ਮੇਲਿ ਮਿਲਾਇ ॥੧॥

ਮਃ ੧ ॥

ਇਕ ਦਝਹਿ ਇਕ ਦਬੀਅਹਿ
ਇਕਨਾ ਕੁਤੇ ਖਾਹਿ ॥

ਇਕਿ ਪਾਣੀ ਵਿਚਿ ਉਸਟੀਅਹਿ

م: 3 ॥

نانک ستِگُر سیوہِ آپنّا
سے جن سچے پرواڼُ ॥

ہرِ کے ناءِ سماءِ رہے
چھُوکا آوڼُ جاڼُ ॥2॥

پؤڑی ॥

دھنُ سنّپے مائیا سنچیئے
انّتے دُکھدائی ॥

گھر مندر محل سوارِیئہِ
کِچھُ ساتھِ ن جائی ॥

ہر رنگی تُرے نِت پالِیئہِ
کِتے کامِ ن آئی ॥

جن لاوہُ چِتُ ہرِ نام سِ ءُ
انّتِ ہوءِ سکھائی ॥

جن نانک نامُ دھِیائِیا
گُرمُکھِ سُکھُ پائی ॥ 15 ॥

سلوکُ م: 3 ॥

بِنُ کرمے ناءُ ن پائیئے
پُورے کرمِ پائِیا جاءِ ॥

نانک ندرِ کرے جے آپنّی
تا گُرمتِ میلِ مِلاءِ ॥1॥

م: 1 ॥

اِک دجھہِ اِک دبِیئہِ
اِکنا کُتے کھاہِ ॥

اِکِ پاڼی وِچِ اُسٹِیئہِ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نُوں سمرپت|سیوا: بھائی بلجِندر سنگھ جی (راڑا صاہِب)

ਇਕਿ ਭੀ ਫਿਰਿ ਹਸਣਿ ਪਾਹਿ ॥

اِکِ بھی پھرِ ہسنِ پاہِ ॥

ਨਾਨਕ ਏਵ ਨ ਜਾਪਈ
ਕਿਥੈ ਜਾਇ ਸਮਾਹਿ ॥੨॥

نانک ایو ن جاپئی
کِتھے جاءِ سماہِ ॥2॥

ਪਉੜੀ ॥

پئڑی ॥

ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ
ਜੋ ਨਾਮਿ ਹਰਿ ਰਾਤੇ ॥

تِن کا کھادھا پیَدھا مائیا سبھُ پوِتُ ہے
جو نامِ ہرِ راتے ॥

ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ
ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ
॥

تِن کے گھر مندّر محل سرائی سبھِ پوِتُ ہہِ
جِنی گُرمُکھِ سیوک سِکھ ابھیاگت جاءِ ورساتے ॥

ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ
ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ ॥

تِن کے تُرے زِین خُرگیر سبھِ پوِتُ ہہِ
جِنی گُرمُکھِ سِکھ سادھ سنّت چڑِ جاتے ॥

ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ
ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥

تِن کے کرم دھرم کارج سبھِ پوِتُ ہہِ
جو بولہِ ہرِ ہرِ رام نامُ ہرِ ساتے ॥

ਜਿਨ ਕੈ ਪੋਤੈ ਪੁੰਨੁ ਹੈ
ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ ॥੧੬॥

جِن کے پوتے پُنّنُ ہے
سے گُرمُکھِ سِکھ گُرو پہِ جاتے ॥ 16 ॥

ਸਲੋਕੁ ਮਃ ੩ ॥

سلوکُ م: 3 ॥

ਨਾਨਕ ਨਾਵਹੁ ਘੁਥਿਆ
ਹਲਤੁ ਪਲਤੁ ਸਭੁ ਜਾਇ ॥

نانک ناوہُ گھُتھِیا
ہلتُ پلتُ سبھُ جاءِ ॥

ਜਪੁ ਤਪੁ ਸੰਜਮੁ ਸਭੁ ਹਿਰਿ ਲਇਆ
ਮੁਠੀ ਦੂਜੈ ਭਾਇ ॥

جپُ تپُ سنجّمُ سبھُ ہِرِ لئیا
مُٹھی دوُجے بھاءِ ॥

ਜਮ ਦਰਿ ਬਧੇ ਮਾਰੀਅਹਿ
ਬਹੁਤੀ ਮਿਲੈ ਸਜਾਇ ॥੧॥

جم درِ بدھے ماریئہِ
بہُتی مِلے سزاءِ ॥1॥

ਮਃ ੩ ॥

م: 3 ॥

ਸੰਤਾ ਨਾਲਿ ਵੈਰੁ ਕਮਾਵਦੇ
ਦੁਸਟਾ ਨਾਲਿ ਮੋਹੁ ਪਿਆਰੁ ॥

سنّتا نالِ ویَرُ کماودے
دُسٹا نالِ موہُ پیارُ ॥

ਅਗੈ ਪਿਛੈ ਸੁਖੁ ਨਹੀ

اگے پچھے سُکھُ نہی

ਮਰਿ ਜੰਮਹਿ ਵਾਰੋ ਵਾਰ ॥

مرِ جنّمہِ وارو وار ॥

ਤ੍ਰਿਸਨਾ ਕਦੇ ਨ ਬੁਝਈ
ਦੁਬਿਧਾ ਹੋਇ ਖੁਆਰੁ ॥

تّرِسنا کدے ن بُجھئی
دُبِدھا ہوءِ خُیارُ ॥

ਮੁਹ ਕਾਲੇ ਤਿਨਾ ਨਿੰਦਕਾ
ਤਿਤੁ ਸਚੈ ਦਰਬਾਰਿ ॥

مُہ کالے تِنا نِنّدکا
تِتُ سچے دربارِ ॥

ਨਾਨਕ ਨਾਮ ਵਿਹੂਣਿਆ
ਨਾ ਉਰਵਾਰਿ ਨ ਪਾਰਿ ॥੨॥

نانک نام وِہوُٹیا
نا اُروارِ ن پارِ ॥2॥

ਪਉੜੀ ॥

پئُڑی ॥

ਜੋ ਹਰਿ ਨਾਮੁ ਧਿਆਇਦੇ
ਸੇ ਹਰਿ ਹਰਿ ਨਾਮਿ ਰਤੇ ਮਨ ਮਾਹੀ ॥

جو ہرِ نامُ دھِیائِدے
سے ہرِ ہرِ نامِ رتے من ماہی ॥

ਜਿਨਾ ਮਨਿ ਚਿਤਿ ਇਕੁ ਅਰਾਧਿਆ
ਤਿਨਾ ਇਕਸ ਬਿਨੁ ਦੂਜਾ ਕੋ ਨਾਹੀ ॥

جِنا منِ چِتِ اِکُ ارادھِیا
تِنا اِکس بِنُ دوُجا کو ناہی ॥

ਸੇਈ ਪੁਰਖ ਹਰਿ ਸੇਵਦੇ
ਜਿਨ ਧੁਰਿ ਮਸਤਕਿ ਲੇਖੁ ਲਿਖਾਹੀ ॥

سیئی پُرکھ ہرِ سیودے
جِن دھُرِ مستکِ لیکھُ لِکھاہی ॥

ਹਰਿ ਕੇ ਗੁਣ ਨਿਤ ਗਾਵਦੇ
ਹਰਿ ਗੁਣ ਗਾਇ ਗੁਣੀ ਸਮਝਾਹੀ ॥

ہرِ کے گُنؤ نِت گاودے
ہرِ گُنؤ گاءِ گُنؤی سمجھاہی ॥

ਵਡਿਆਈ ਵਡੀ ਗੁਰਮੁਖਾ
ਗੁਰ ਪੂਰੈ ਹਰਿ ਨਾਮਿ ਸਮਾਹੀ ॥੧੭॥

وڈِیائی وڈی گُرمُکھا
گُر پوُرے ہرِ نامِ سماہی ॥ 17 ॥

ਸਲੋਕੁ ਮਃ ੩ ॥

سلوکُ م: 3 ॥

ਸਤਿਗੁਰ ਕੀ ਸੇਵਾ ਗਾਖੜੀ
ਸਿਰੁ ਦੀਜੈ ਆਪੁ ਗਵਾਇ ॥

ستِگُر کی سیوا گاکھڑی
سِرُ دیجے آپُ گواءِ ॥

ਸਬਦਿ ਮਰਹਿ ਫਿਰਿ ਨਾ ਮਰਹਿ
ਤਾ ਸੇਵਾ ਪਵੈ ਸਭ ਥਾਇ ॥

سبدِ مرہِ پھِرِ نا مرہِ
تا سیوا پوے سبھ تھاءِ ॥

ਪਾਰਸ ਪਰਸਿਐ ਪਾਰਸੁ ਹੋਵੈ
ਸਚਿ ਰਹੈ ਲਿਵ ਲਾਇ ॥

پارس پرسِئے پارسُ ہووے
سچِ رہے لِو لاءِ ॥

ਜਿਸੁ ਪੂਰਬਿ ਹੋਵੈ ਲਿਖਿਆ
ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ ॥

جِسُ پُورب ہووے لِکھیا
تِسُ ستِگُر مِلے پربھُ آءِ ॥

ਨਾਨਕ ਗਣਤੈ ਸੇਵਕੁ ਨਾ ਮਿਲੈ
ਜਿਸੁ ਬਖਸੇ ਸੋ ਪਵੈ ਥਾਇ ॥੧॥

نانک گنتے سیوکُ نا مِلے
جِسُ بخشے سو پوے تھاءِ ॥1॥

ਮਃ ੩ ॥

م: 3 ॥

ਮਹਲੁ ਕੁਮਹਲੁ ਨ ਜਾਣਨੀ
ਮੂਰਖ ਅਪਣੈ ਸੁਆਇ ॥

محلُ کمحلُ ن جانئی
مُورکھ اپنے سُیاءِ ॥

ਸਬਦੁ ਚੀਨਹਿ ਤਾ ਮਹਲੁ ਲਹਹਿ
ਜੋਤੀ ਜੋਤਿ ਸਮਾਇ ॥

سبدُ چینہِ تا محلُ لہہِ
جوتی جوتِ سماءِ ॥

ਸਦਾ ਸਚੇ ਕਾ ਭਉ ਮਨਿ ਵਸੈ
ਤਾ ਸਭਾ ਸੋਝੀ ਪਾਇ ॥

سدا سچے کا بھءُ منِ وسے
تا سبھا سوجھی پاءِ ॥

ਸਤਿਗੁਰੁ ਅਪਣੈ ਘਰਿ ਵਰਤਦਾ
ਆਪੇ ਲਏ ਮਿਲਾਇ ॥

ستِگُرُ اپنے گھرِ ورتدا
آپے لے مِلاءِ ॥

ਨਾਨਕ ਸਤਿਗੁਰਿ ਮਿਲਿਐ ਸਭ ਪੂਰੀ ਪਈ
ਜਿਸ ਨੋ ਕਿਰਪਾ ਕਰੇ ਰਜਾਇ ॥੨॥

نانک ستِگُرِ مِلیَ سبھ پُوری پئی
جِس نو کِرپا کرے رضاءِ ॥2॥

ਪਉੜੀ ॥

پُڑی ॥

ਧੰਨੁ ਧਨੁ ਭਾਗ ਤਿਨਾ ਭਗਤ ਜਨਾ
ਜੋ ਹਰਿ ਨਾਮਾ ਹਰਿ ਮੁਖਿ ਕਹਤਿਆ ॥

دھنّ دھنُ بھاگ تِنا بھگت جنا
جو ہرِ نامَا ہرِ مُکھِ کہتیا ॥

ਧਨੁ ਧਨੁ ਭਾਗ ਤਿਨਾ ਸੰਤ ਜਨਾ
ਜੋ ਹਰਿ ਜਸੁ ਸ੍ਰਵਣੀ ਸੁਣਤਿਆ ॥

دھنُ دھنُ بھاگ تِنا سنّت جنا
جو ہرِ جسُ سّروٹی سُنّتیا ॥

ਧਨੁ ਧਨੁ ਭਾਗ ਤਿਨਾ ਸਾਧ ਜਨਾ
ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ॥

دھنُ دھنُ بھاگ تِنا سادھ جنا
ہرِ کیرتنُ گاءِ گُنی جن بنّتیا ॥

ਧਨੁ ਧਨੁ ਭਾਗ ਤਿਨਾ ਗੁਰਮੁਖਾ
ਜੋ ਗੁਰਸਿਖ ਲੈ ਮਨੁ ਜਿਣਤਿਆ ॥

دھنُ دھنُ بھاگ تِنا گُرمُکھا
جو گُرسِکھ لے منُ جِنّتیا ॥

ਸਭ ਦੂ ਵਡੇ ਭਾਗ ਗੁਰਸਿਖਾ ਕੇ

سبھ دوُ وڈے بھاگ گُرسِکھا کے

ਜੋ ਗੁਰ ਚਰਣੀ ਸਿਖ ਪੜਤਿਆ ॥੧੮॥

جو گُر چرنی سِکھ پڑتیا ॥ 18 ॥

ਸਲੋਕੁ ਮਃ ੩ ॥

سلوکُ م: 3 ॥

ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ
ਏਕ ਸਬਦਿ ਲਿਵ ਲਾਇ ॥

بّرہمُ بِندَے تِس دا بّرہمتُ رہے
ایک سبدِ لِو لاءِ ॥

ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ
ਜੋ ਹਰਿ ਹਿਰਦੈ ਸਦਾ ਵਸਾਇ ॥

نو نِدھی اٹھارہ سِدھی پِچھے لگِیا پھِرہِ
جو ہرِ ہِردے سدا وساءِ ॥

ਬਿਨੁ ਸਤਿਗੁਰ ਨਾਉ ਨ ਪਾਈਐ
ਬੁਝਹੁ ਕਰਿ ਵੀਚਾਰੁ ॥

بِنُ ستِگُر ناءُ ن پائیے
بُجھہُ کرِ ویچارُ ॥

ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ
ਸੁਖੁ ਪਾਏ ਜੁਗ ਚਾਰਿ ॥੧॥

نانک پُورے بھاگِ ستِگُر مِلے
سُکھُ پائے جُگ چارِ ॥ 1 ॥

ਮਃ ੩ ॥

م: 3 ॥

ਕਿਆ ਗਭਰੂ ਕਿਆ ਬਿਰਧਿ ਹੈ
ਮਨਮੁਖ ਤ੍ਰਿਸਨਾ ਭੁਖ ਨ ਜਾਇ ॥

کِیا گبھرُو کِیا بِردھِ ہے
منمُکھ ترِسنا بھُکھ ن جاءِ ॥

ਗੁਰਮੁਖਿ ਸਬਦੇ ਰਤਿਆ
ਸੀਤਲੁ ਹੋਏ ਆਪੁ ਗਵਾਇ ॥

گُرمُکھِ سبدے رتیا
سِیتلُ ہوئے آپُ گواءِ ॥

ਅੰਦਰੁ ਤ੍ਰਿਪਤਿ ਸੰਤੋਖਿਆ
ਫਿਰਿ ਭੁਖ ਨ ਲਗੈ ਆਇ ॥

اندرُ ترِپتِ سنتوکھیا
پھِرِ بھُکھ ن لگے آءِ ॥

ਨਾਨਕ ਜਿ ਗੁਰਮੁਖਿ ਕਰਹਿ ਸੋ ਪਰਵਾਣੁ ਹੈ
ਜੋ ਨਾਮਿ ਰਹੇ ਲਿਵ ਲਾਇ ॥੨॥

نانک جِ گُرمُکھِ کرہِ سو پرواڼُ ہے
جو نامِ رہے لِو لاءِ ॥ 2 ॥

ਪਉੜੀ ॥

پئُڑی ॥

ਹਉ ਬਲਿਹਾਰੀ ਤਿੰਨ ਕੰਉ
ਜੋ ਗੁਰਮੁਖਿ ਸਿਖਾ ॥

ہءُ بلِہاری تِنّن کنّءُ
جو گُرمُکھِ سِکھا ॥

ਜੋ ਹਰਿ ਨਾਮੁ ਧਿਆਇਦੇ
ਤਿਨ ਦਰਸਨੁ ਪਿਖਾ ॥

جو ہرِ نامُ دھِیائِدے
تِن درسنُ پِکھا ॥

ਸੁਣਿ ਕੀਰਤਨੁ ਹਰਿ ਗੁਣ ਰਵਾ

سُڼِ کیرتنُ ہرِ گُڼ روا

ਹਰਿ ਜਸੁ ਮਨਿ ਲਿਖਾ ॥	ہرِ جسُ منِ لِکھا ॥
ਹਰਿ ਨਾਮੁ ਸਲਾਹੀ ਰੰਗ ਸਿਉ ਸਭਿ ਕਿਲਵਿਖ ਕ੍ਰਿਖਾ ॥	ہرِ نامُ سلاحی رنگ سِ ءُ سبھِ کِلوِکھ کّرِکھا ॥
ਧਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ ਜਿਥੈ ਮੇਰਾ ਗੁਰੁ ਧਰੇ ਵਿਖਾ ॥੧੯॥	دھنُ دھنّنُ سُہاوا سو سریرُ تھانُ ہے جِتھے َ میرا گُرُ دھرے وِکھا ॥ 19 ॥
ਸਲੋਕੁ ਮਃ ੩ ॥	سلوکُ م: 3 ॥
ਗੁਰ ਬਿਨੁ ਗਿਆਨੁ ਨ ਹੋਵਈ ਨਾ ਸੁਖੁ ਵਸੈ ਮਨਿ ਆਇ ॥	گُر بِنُ گیانُ ن ہووئی نا سُکھُ وسے َ منِ آءِ ॥
ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ ॥੧॥	نانک نام وِہوُنے منمکھی جاسنِ جنمُ گواءِ ॥ 1 ॥
ਮਃ ੩ ॥	م: 3 ॥
ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥	سِدھ سادھِک ناوے َ نو سبھِ کھوجدے تھکِ رہے لِو لاءِ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥	بِنُ ستِگُر کِنے ن پائیو گُرمُکھِ مِلے َ مِلاءِ ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥	بِنُ ناوے َ پینّنُ کھانُّ سبھُ بادِ ہے َ دھِگُ سِدھی دھِگُ کرماتِ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥	سا سِدھِ سا کرماتِ ہے َ اچِنّتُ کرے جِسُ داتِ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥	نانک گُرمُکھِ ہرِ نامُ منِ وسے َ ایہا سِدھِ ایہا کرماتِ ॥ 2 ॥
ਪਉੜੀ ॥	پئُڑی ॥
ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ ਗਾਵਹ ਹਰਿ ਗੁਣ ਛੰਤਾ ॥	ہم ڈھاڈھی ہرِ پربھ خصم کے نِت گاوہ ہرِ گُنّ چھنّتا ॥
ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹ	ہرِ کیرتنُ کرہ ہرِ جسُ سُنّہ

ਤਿਸੁ ਕਵਲਾ ਕੰਤਾ ॥

تِس کولا کنّتا ॥

ਹਰਿ ਦਾਤਾ ਸਭੁ ਜਗਤੁ ਭਿਖਾਰੀਆ
ਮੰਗਤ ਜਨ ਜੰਤਾ ॥

ہرِ داتا سبھُ جگتُ بھِکھاریا
منگت جن جنّتا ॥

ਹਰਿ ਦੇਵਹੁ ਦਾਨੁ ਦਇਆਲ ਹੋਇ
ਵਿਚਿ ਪਾਥਰ ਕ੍ਰਿਮ ਜੰਤਾ ॥

ہرِ دیوہُ دانُ دیَال ہوءِ
وِچِ پاتھر کِرم جنّتا ॥

ਜਨ ਨਾਨਕ ਨਾਮੁ ਧਿਆਇਆ
ਗੁਰਮੁਖਿ ਧਨਵੰਤਾ ॥੨੦॥

جن نانک نامُ دھیایَا
گُرمُکھِ دھنونّتا ॥ 20 ॥

ਸਲੋਕੁ ਮਃ ੩ ॥

سلوکُ م: 3 ॥

ਪੜਣਾ ਗੁੜਣਾ ਸੰਸਾਰ ਕੀ ਕਾਰ ਹੈ
ਅੰਦਰਿ ਤ੍ਰਿਸਨਾ ਵਿਕਾਰੁ ॥

پڑنا گُڑنا سنّسار کی کار ہے
انّدرِ تّرِسنا وِکارُ ॥

ਹਉਮੈ ਵਿਚਿ ਸਭਿ ਪੜਿ ਥਕੇ
ਦੂਜੈ ਭਾਇ ਖੁਆਰੁ ॥

ہئُےَ وِچِ سبھِ پڑِ تھکے
دوُجےَ بھاءِ خُیارُ ॥

ਸੋ ਪੜਿਆ ਸੋ ਪੰਡਿਤੁ ਬੀਨਾ
ਗੁਰ ਸਬਦਿ ਕਰੇ ਵੀਚਾਰੁ ॥

سو پڑیا سو پنّڈِتُ بِینا
گُر سبدِ کرے ویچارُ ॥

ਅੰਦਰੁ ਖੋਜੈ ਤਤੁ ਲਹੈ
ਪਾਏ ਮੋਖ ਦੁਆਰੁ ॥

انّدرُ کھوجےَ تتُ لہےَ
پائے موکھ دُیارُ ॥

ਗੁਣ ਨਿਧਾਨੁ ਹਰਿ ਪਾਇਆ
ਸਹਜਿ ਕਰੇ ਵੀਚਾਰੁ ॥

گُن نِدھانُ ہرِ پایَا
سہجِ کرے ویچارُ ॥

ਧੰਨੁ ਵਾਪਾਰੀ ਨਾਨਕਾ
ਜਿਸੁ ਗੁਰਮੁਖਿ ਨਾਮੁ ਅਧਾਰੁ ॥੧॥

دھنّنُ واپاری نانکا
جِسُ گُرمُکھِ نامُ ادھارُ ॥ 1 ॥

ਮਃ ੩ ॥

م: 3 ॥

ਵਿਣੁ ਮਨੁ ਮਾਰੇ ਕੋਇ ਨ ਸਿਝਈ
ਵੇਖਹੁ ਕੋ ਲਿਵ ਲਾਇ ॥

وِنُ منُ مارے کوءِ ن سِجھئی
ویکھہُ کو لِو لاءِ ॥

ਭੇਖਧਾਰੀ ਤੀਰਥੀ ਭਵਿ ਥਕੇ
ਨਾ ਏਹੁ ਮਨੁ ਮਾਰਿਆ ਜਾਇ ॥

بھیکھدھاری تیرتھی بھوِ تھکے
نا ایہُ منُ مارِیا جاءِ ॥

ਗੁਰਮੁਖਿ ਏਹੁ ਮਨੁ ਜੀਵਤੁ ਮਰੈ
ਸਚਿ ਰਹੈ ਲਿਵ ਲਾਇ ॥

ਨਾਨਕ ਇਸੁ ਮਨ ਕੀ ਮਲੁ ਇਉ ਉਤਰੈ
ਹਉਮੈ ਸਬਦਿ ਜਲਾਇ ॥੨॥

ਪਉੜੀ ॥

ਹਰਿ ਹਰਿ ਸੰਤ ਮਿਲਹੁ ਮੇਰੇ ਭਾਈ
ਹਰਿ ਨਾਮੁ ਦ੍ਰਿੜਾਵਹੁ ਇਕ ਕਿਨਕਾ ॥

ਹਰਿ ਹਰਿ ਸੀਗਾਰੁ ਬਨਾਵਹੁ ਹਰਿ ਜਨ
ਹਰਿ ਕਾਪੜੁ ਪਹਿਰਹੁ ਖਿਮ ਕਾ ॥

ਐਸਾ ਸੀਗਾਰੁ ਮੇਰੇ ਪ੍ਰਭ ਭਾਵੈ
ਹਰਿ ਲਾਗੈ ਪਿਆਰਾ ਪ੍ਰਿਮ ਕਾ ॥

ਹਰਿ ਹਰਿ ਨਾਮੁ ਬੋਲਹੁ ਦਿਨੁ ਰਾਤੀ
ਸਭਿ ਕਿਲਬਿਖ ਕਾਟੈ ਇਕ ਪਲਕਾ ॥

ਹਰਿ ਹਰਿ ਦਇਆਲੁ ਹੋਵੈ ਜਿਸੁ ਉਪਰਿ
ਸੋ ਗੁਰਮੁਖਿ ਹਰਿ ਜਪਿ ਜਿਣਕਾ ॥੨੧॥

ਸਲੋਕੁ ਮਃ ੩ ॥

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ
ਕਾਲਾ ਹੋਆ ਸਿਆਹੁ ॥

ਖੰਨਲੀ ਧੋਤੀ ਉਜਲੀ ਨ ਹੋਵਈ
ਜੇ ਸਉ ਧੋਵਣਿ ਪਾਹੁ ॥

ਗੁਰ ਪਰਸਾਦੀ ਜੀਵਤੁ ਮਰੈ
ਉਲਟੀ ਹੋਵੈ ਮਤਿ ਬਦਲਾਹੁ ॥

ਨਾਨਕ ਮੈਲੁ ਨ ਲਗਈ
ਨਾ ਫਿਰਿ ਜੋਨੀ ਪਾਹੁ ॥੧॥

ਮਃ ੩ ॥

گُرمُکھِ ایہُ منُ جیوتُ مرے
سچِ رہے لِو لاءِ ॥

نانک اِسُ من کی ملُ اِءُ اُترے
ہئُمے سبدِ جلاءِ ॥2॥

پئُڑی ॥

ہرِ ہرِ سنّت مِلہُ میرے بھائی
ہرِ نامُ دّرِڑاوہُ اِک کِنکا ॥

ہرِ ہرِ سیِگارُ بناوہُ ہرِ جن
ہرِ کاپڑُ پہِرہُ کھِم کا ॥

ایَسا سیِگارُ میرے پّربھ بھاوے
ہرِ لاگے پِیارا پّرِم کا ॥

ہرِ ہرِ نامُ بولہُ دِنُ راتی
سبھِ کِلبِکھ کاٹے اِک پلکا ॥

ہرِ ہرِ دئیالُ ہووے جِسُ اُپرِ
سو گُرمُکھِ ہرِ جپِ جِنّکا ॥ 21 ॥

سلوکُ م: 3 ॥

جنم جنم کی اِسُ من کءُ ملُ لاگی
کالا ہویا سِیاہُ ॥

کھنّلی دھوتی اُجلی ن ہووئی
جے سءُ دھووںِ پاہُ ॥

گُر پرسادی جیوتُ مرے
اُلٹی ہووے متِ بدلاہُ ॥

نانک میَلُ ن لگئی
نا پھِرِ جونی پاہُ ॥1॥

م: 3 ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਚਹੁ ਜੁਗੀ ਕਲਿ ਕਾਲੀ ਕਾਂਢੀ
ਇਕ ਉਤਮ ਪਦਵੀ ਇਸੁ ਜੁਗ ਮਾਹਿ ॥

چہُ جُگی کلِ کالی کانڈھی
اِک اُتم پدوی اِسُ جُگ ماہِ ॥

ਗੁਰਮੁਖਿ ਹਰਿ ਕੀਰਤਿ ਫਲੁ ਪਾਈਐ
ਜਿਨ ਕਉ ਹਰਿ ਲਿਖਿ ਪਾਹਿ ॥

گُرمُکھِ ہرِ کیرتِ پھلُ پائیئے
جِن ک ءُ ہرِ لِکھِ پاہِ ॥

ਨਾਨਕ ਗੁਰ ਪਰਸਾਦੀ ਅਨਦਿਨੁ ਭਗਤਿ ਹਰਿ ਉਚਰਹਿ
ਹਰਿ ਭਗਤੀ ਮਾਹਿ ਸਮਾਹਿ ॥੨॥

نانک گُر پرسادی اندِنُ بھگتِ ہرِ اُچرہِ
ہرِ بھگتی ماہِ سماہِ ॥2॥

ਪਉੜੀ ॥

پئُڑی ॥

ਹਰਿ ਹਰਿ ਮੇਲਿ ਸਾਧ ਜਨ ਸੰਗਤਿ
ਮੁਖਿ ਬੋਲੀ ਹਰਿ ਹਰਿ ਭਲੀ ਬਾਣਿ ॥

ہرِ ہرِ میلِ سادھ جن سنگتِ
مُکھِ بولی ہرِ ہرِ بھلی باڻِ ॥

ਹਰਿ ਗੁਣ ਗਾਵਾ ਹਰਿ ਨਿਤ ਚਵਾ
ਗੁਰਮਤੀ ਹਰਿ ਰੰਗੁ ਸਦਾ ਮਾਣਿ ॥

ہرِ گُڻ گاوا ہرِ نِت چوا
گُرمتی ہرِ رنگُ سدا ماڻِ ॥

ਹਰਿ ਜਪਿ ਜਪਿ ਅਉਖਧ ਖਾਧਿਆ
ਸਭਿ ਰੋਗ ਗਵਾਤੇ ਦੁਖਾ ਘਾਣਿ ॥

ہرِ جپِ جپِ اَئکھدھ کھادھِیا
سبھِ روگ گواتے دُکھا گھاڻِ ॥

ਜਿਨਾ ਸਾਸਿ ਗਿਰਾਸਿ ਨ ਵਿਸਰੈ
ਸੇ ਹਰਿ ਜਨ ਪੂਰੇ ਸਹੀ ਜਾਣਿ ॥

جِنا ساسِ گِراسِ ن وِسرے
سے ہرِ جن پُورے صہی جاڻِ ॥

ਜੋ ਗੁਰਮੁਖਿ ਹਰਿ ਆਰਾਧਦੇ
ਤਿਨ ਚੂਕੀ ਜਮ ਕੀ ਜਗਤ ਕਾਣਿ ॥੨੨॥

جو گُرمُکھِ ہرِ آرادھدے
تِن چوُکی جم کی جگت کاڻِ ॥ 22 ॥

ਸਲੋਕੁ ਮਃ ੩ ॥

سلوکُ م: 3 ॥

ਰੇ ਜਨ ਉਥਾਰੈ ਦਬਿਓਹੁ
ਸੁਤਿਆ ਗਈ ਵਿਹਾਇ ॥

رے جن اُتھارے دبِئوہُ
سُتیا گئی وِہاءِ ॥

ਸਤਿਗੁਰ ਕਾ ਸਬਦੁ ਸੁਣਿ ਨ ਜਾਗਿਓ
ਅੰਤਰਿ ਨ ਉਪਜਿਓ ਚਾਉ ॥

ستِگُر کا سبدُ سُڻِ ن جاگِئو
انترِ ن اُپجِئو چاءُ ॥

ਸਰੀਰੁ ਜਲਉ ਗੁਣ ਬਾਹਰਾ
ਜੋ ਗੁਰ ਕਾਰ ਨ ਕਮਾਇ ॥

سرِیرُ جل ءُ گُڻ باہرا
جو گُر کار ن کماءِ ॥

ਜਗਤੁ ਜਲੰਦਾ ਡਿਠੁ ਮੈ

جگتُ جلندا ڈِٹھُ مے

ਹਉਮੈ ਦੂਜੈ ਭਾਇ ॥

ہئُمےَ دوُجےَ بھاءِ ॥

ਨਾਨਕ ਗੁਰ ਸਰਣਾਈ ਉਬਰੇ
ਸਚੁ ਮਨਿ ਸਬਦਿ ਧਿਆਇ ॥੧॥

نانک گُر سرٹائی اُبرے
سچُ منِ سبدِ دھیاءِ ॥1॥

ਮਃ ੩ ॥

م: 3 ॥

ਸਬਦਿ ਰਤੇ ਹਉਮੈ ਗਈ
ਸੋਭਾਵੰਤੀ ਨਾਰਿ ॥

سبدِ رتے ہئُمےَ گئی
سوبھاونتی نارِ ॥

ਪਿਰ ਕੈ ਭਾਣੈ ਸਦਾ ਚਲੈ
ਤਾ ਬਨਿਆ ਸੀਗਾਰੁ ॥

پِر کے بھاٹے سدا چلےَ
تا بنِیا سیِگارُ ॥

ਸੇਜ ਸੁਹਾਵੀ ਸਦਾ ਪਿਰੁ ਰਾਵੈ
ਹਰਿ ਵਰੁ ਪਾਇਆ ਨਾਰਿ ॥

سیج سُہاوی سدا پِرُ راوےَ
ہرِ ورُ پائیا نارِ ॥

ਨਾ ਹਰਿ ਮਰੈ ਨ ਕਦੇ ਦੁਖੁ ਲਾਗੈ
ਸਦਾ ਸੁਹਾਗਣਿ ਨਾਰਿ ॥

نا ہرِ مرےَ ن کدے دُکھُ لاگےَ
سدا سُہاگنِ نارِ ॥

ਨਾਨਕ ਹਰਿ ਪ੍ਰਭ ਮੇਲਿ ਲਈ
ਗੁਰ ਕੈ ਹੇਤਿ ਪਿਆਰਿ ॥੨॥

نانک ہرِ پربھ میلِ لئی
گُر کے ہیتِ پیارِ ॥2॥

ਪਉੜੀ ॥

پئُڑی ॥

ਜਿਨਾ ਗੁਰੁ ਗੋਪਿਆ ਆਪਣਾ
ਤੇ ਨਰ ਬੁਰਿਆਰੀ ॥

جِنا گُرُ گوپیا آپٹا
تے نر بُریاری ॥

ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ
ਪਾਪਿਸਟ ਹਤਿਆਰੀ ॥

ہرِ جیِءُ تِن کا درسنُ نا کرہُ
پاپِسٹ ہتِیاری ॥

ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ
ਜਿਉ ਧਰਕਟ ਨਾਰੀ ॥

اوہِ گھرِ گھرِ پھِرہِ کُسُدھ منِ
جِءُ دھرکٹ ناری ॥

ਵਡਭਾਗੀ ਸੰਗਤਿ ਮਿਲੇ
ਗੁਰਮੁਖਿ ਸਵਾਰੀ ॥

وڈبھاگی سنگتِ مِلے
گُرمُکھِ سواری ॥

ਹਰਿ ਮੇਲਹੁ ਸਤਿਗੁਰ ਦਇਆ ਕਰਿ
ਗੁਰ ਕਉ ਬਲਿਹਾਰੀ ॥੨੩॥

ہرِ میلہُ ستِگُر دئیا کرِ
گُر کءُ بلِہاری ॥ 23 ॥

ਸਲੋਕੁ ਮਃ ੩ ॥

ਗੁਰ ਸੇਵਾ ਤੇ ਸੁਖੁ ਊਪਜੈ
ਫਿਰਿ ਦੁਖੁ ਨ ਲਗੈ ਆਇ ॥

ਜੰਮਣੁ ਮਰਣਾ ਮਿਟਿ ਗਇਆ
ਕਾਲੈ ਕਾ ਕਿਛੁ ਨ ਬਸਾਇ ॥

ਹਰਿ ਸੇਤੀ ਮਨੁ ਰਵਿ ਰਹਿਆ
ਸਚੇ ਰਹਿਆ ਸਮਾਇ ॥

ਨਾਨਕ ਹਉ ਬਲਿਹਾਰੀ ਤਿੰਨ ਕਉ
ਜੋ ਚਲਨਿ ਸਤਿਗੁਰ ਭਾਇ ॥੧॥

ਮਃ ੩ ॥

ਬਿਨੁ ਸਬਦੈ ਸੁਧੁ ਨ ਹੋਵਈ
ਜੇ ਅਨੇਕ ਕਰੈ ਸੀਗਾਰ ॥

ਪਿਰ ਕੀ ਸਾਰ ਨ ਜਾਣਈ
ਦੂਜੈ ਭਾਇ ਪਿਆਰੁ ॥

ਸਾ ਕੁਸੁਧ ਸਾ ਕੁਲਖਣੀ
ਨਾਨਕ ਨਾਰੀ ਵਿਚਿ ਕੁਨਾਰਿ ॥੨॥

ਪਉੜੀ ॥

ਹਰਿ ਹਰਿ ਅਪਣੀ ਦਇਆ ਕਰਿ
ਹਰਿ ਬੋਲੀ ਬੈਣੀ ॥

ਹਰਿ ਨਾਮੁ ਧਿਆਈ ਹਰਿ ਉਚਰਾ
ਹਰਿ ਲਾਹਾ ਲੈਣੀ ॥

ਜੋ ਜਪਦੇ ਹਰਿ ਹਰਿ ਦਿਨਸੁ ਰਾਤਿ
ਤਿਨ ਹਉ ਕੁਰਬੈਣੀ ॥

ਜਿਨਾ ਸਤਿਗੁਰੁ ਮੇਰਾ ਪਿਆਰਾ ਅਰਾਧਿਆ
ਤਿਨ ਜਨ ਦੇਖਾ ਨੈਣੀ ॥

سلوکُ م: 3 ॥

گُر سیوا تے سُکھُ اوُپجے
پھِرِ دُکھُ ن لگےَ آءِ ॥

جنّمُ مرٹا مِٹ گئیا
کالے کا کِچھُ ن بساءِ ॥

ہرِ سیتی منُ روِ رہِیا
سچے رہِیا سماءِ ॥

نانک ہءُ بلِہاری تِنّن کءُ
جو چلنِ ستِگُر بھاءِ ॥1॥

م: 3 ॥

بِنُ سبدے سُدھُ ن ہووئی
جے انیک کرے سیِگار ॥

پِر کی سار ن جانئی
دوُجےَ بھاءِ پِیارُ ॥

سا کُسُدھ سا کلکھنئی
نانک ناری وِچِ کُنارِ ॥2॥

پئُڑی ॥

ہرِ ہرِ اپنئی دئیا کرِ
ہرِ بولی بینئی ॥

ہرِ نامُ دھِیائی ہرِ اُچرا
ہرِ لاہا لینئی ॥

جو جپدے ہرِ ہرِ دِنسُ راتِ
تِن ہءُ کُربینئی ॥

جِنا ستِگُرُ میرا پِیارا ارادھِیا
تِن جن دیکھا نینئی ॥

ਹਉ ਵਾਰਿਆ ਅਪਣੇ ਗੁਰੂ ਕਉ
ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ ॥੨੪॥

ہءُ وارِیا اپنے گُرو ک ءُ
جِنِ میرا ہرِ سجنُ میلیا سیَنی ॥ 24 ॥

ਸਲੋਕੁ ਮਃ ੪ ॥

سلوکُ م: 4 ॥

ਹਰਿ ਦਾਸਨ ਸਿਉ ਪ੍ਰੀਤਿ ਹੈ
ਹਰਿ ਦਾਸਨ ਕੋ ਮਿਤੁ ॥

ہرِ داسن سِ ءُ پریت ہے
ہرِ داسن کو مِتُ ॥

ਹਰਿ ਦਾਸਨ ਕੈ ਵਸਿ ਹੈ
ਜਿਉ ਜੰਤੀ ਕੈ ਵਸਿ ਜੰਤੁ ॥

ہرِ داسن کے وِس ہے
جِ ءُ جنّتی کے وِس جنّتُ ॥

ਹਰਿ ਕੇ ਦਾਸ ਹਰਿ ਧਿਆਇਦੇ
ਕਰਿ ਪ੍ਰੀਤਮ ਸਿਉ ਨੇਹੁ ॥

ہرِ کے داس ہرِ دھیائِدے
کرِ پریتم سِ ءُ نیہُ ॥

ਕਿਰਪਾ ਕਰਿ ਕੈ ਸੁਨਹੁ ਪ੍ਰਭ
ਸਭ ਜਗ ਮਹਿ ਵਰਸੈ ਮੇਹੁ ॥

کِرپا کرِ کے سُنہُ پربھ
سبھ جگ مہِ ورسے میہُ ॥

ਜੋ ਹਰਿ ਦਾਸਨ ਕੀ ਉਸਤਤਿ ਹੈ
ਸਾ ਹਰਿ ਕੀ ਵਡਿਆਈ ॥

جو ہرِ داسن کی اُستتِ ہے
سا ہرِ کی وڈِیائی ॥

ਹਰਿ ਆਪਣੀ ਵਡਿਆਈ ਭਾਵਦੀ
ਜਨ ਕਾ ਜੈਕਾਰੁ ਕਰਾਈ ॥

ہرِ آپنی وڈِیائی بھاودی
جن کا جیَکارُ کرائی ॥

ਸੋ ਹਰਿ ਜਨੁ ਨਾਮੁ ਧਿਆਇਦਾ
ਹਰਿ ਹਰਿ ਜਨੁ ਇਕ ਸਮਾਨਿ ॥

سو ہرِ جنُ نامُ دھیائِدا
ہرِ ہرِ جنُ اِک سمانِ ॥

ਜਨੁ ਨਾਨਕੁ ਹਰਿ ਕਾ ਦਾਸੁ ਹੈ
ਹਰਿ ਪੈਜ ਰਖਹੁ ਭਗਵਾਨ ॥੧॥

جنُ نانکُ ہرِ کا داسُ ہے
ہرِ پیَج رکھہُ بھگوان ۔ ॥ 1 ॥

ਮਃ ੪ ॥

م: 4 ॥

ਨਾਨਕ ਪ੍ਰੀਤਿ ਲਾਈ ਤਿਨਿ ਸਾਚੈ
ਤਿਸੁ ਬਿਨੁ ਰਹਣੁ ਨ ਜਾਈ ॥

نانک پریت لائی تِنِ ساچے
تِس بِنُ رہنُ ن جائی ॥

ਸਤਿਗੁਰੁ ਮਿਲੈ ਤ ਪੂਰਾ ਪਾਈਐ
ਹਰਿ ਰਸਿ ਰਸਨ ਰਸਾਈ ॥੨॥

ستِگُرُ ملے ت پوُرا پائیئے
ہرِ رسِ رسن رسائی ॥ 2 ॥

ਪਉੜੀ ॥

پئڑی ॥

ਰੈਣਿ ਦਿਨਸੁ ਪਰਭਾਤਿ
ਤੂਹੈ ਹੀ ਗਾਵਣਾ ॥

ریَنِ دِنس پربھاتِ
توہے ہی گاوٹا ॥

ਜੀਅ ਜੰਤ ਸਰਬਤ
ਨਾਉ ਤੇਰਾ ਧਿਆਵਣਾ ॥

جیء جنّت سربت
ناءُ تیرا دھیاوٹا ॥

ਤੂ ਦਾਤਾ ਦਾਤਾਰੁ
ਤੇਰਾ ਦਿਤਾ ਖਾਵਣਾ ॥

توُ داتا داتارُ
تیرا دِتا کھاوٹا ॥

ਭਗਤ ਜਨਾ ਕੈ ਸੰਗਿ
ਪਾਪ ਗਵਾਵਣਾ ॥

بھگت جنا کے سنگِ
پاپ گواوٹا ॥

ਜਨ ਨਾਨਕ ਸਦ ਬਲਿਹਾਰੈ
ਬਲਿ ਬਲਿ ਜਾਵਣਾ ॥੨੫॥

جن نانک سد بلِہارے
بلِ بلِ جاوٹا ॥ 25 ॥

ਸਲੋਕੁ ਮਃ ੪ ॥

سلوکُ م: 4 ॥

ਅੰਤਰਿ ਅਗਿਆਨੁ ਭਈ ਮਤਿ ਮਧਿਮ
ਸਤਿਗੁਰ ਕੀ ਪਰਤੀਤਿ ਨਾਹੀ ॥

انترِ اگیانُ بھئی متِ مدھم
ستِگُر کی پرتیتِ ناہی ॥

ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ
ਕਪਟੇ ਖਪਹਿ ਖਪਾਹੀ ॥

اندرِ کپٹُ سبھُ کپٹو کرِ جانے
کپٹے کھپہِ کھپاہی ॥

ਸਤਿਗੁਰ ਕਾ ਭਾਣਾ ਚਿਤਿ ਨ ਆਵੈ
ਆਪਣੈ ਸੁਆਇ ਫਿਰਾਹੀ ॥

ستِگُر کا بھاٹا چِتِ ن آوے
آپنے سُیاءِ پھِراہی ॥

ਕਿਰਪਾ ਕਰੇ ਜੇ ਆਪਣੀ
ਤਾ ਨਾਨਕ ਸਬਦਿ ਸਮਾਹੀ ॥੧॥

کِرپا کرے جے آپنی
تا نانک سبدِ سماہی ॥ 1 ॥

ਮਃ ੪ ॥

م: 4 ॥

ਮਨਮੁਖ ਮਾਇਆ ਮੋਹਿ ਵਿਆਪੇ
ਦੂਜੈ ਭਾਇ ਮਨੂਆ ਥਿਰੁ ਨਾਹਿ ॥

منمکھ مائیا موہِ ویاپے
دوُجے بھاءِ منوُیا تھِرُ ناہِ ॥

ਅਨਦਿਨੁ ਜਲਤ ਰਹਹਿ ਦਿਨੁ ਰਾਤੀ
ਹਉਮੈ ਖਪਹਿ ਖਪਾਹਿ ॥

اندِنُ جلت رہہِ دِنُ راتی
ہئُمے کھپہِ کھپاہِ ॥

ਅੰਤਰਿ ਲੋਭੁ ਮਹਾ ਗੁਬਾਰਾ

انترِ لوبھُ مہا غُبارا

ਤਿਨ ਕੈ ਨਿਕਟਿ ਨ ਕੋਈ ਜਾਹਿ ॥

تِن کے نِکٹِ ن کوئی جاہِ ॥

ਓਹਿ ਆਪਿ ਦੁਖੀ ਸੁਖੁ ਕਬਹੂ ਨ ਪਾਵਹਿ
ਜਨਮਿ ਮਰਹਿ ਮਰਿ ਜਾਹਿ ॥

اوہِ آپِ دُکھی سُکھُ کبہُو ن پاوہِ
جنمِ مرہِ مرِ جاہِ ॥

ਨਾਨਕ ਬਖਸਿ ਲਏ ਪ੍ਰਭੁ ਸਾਚਾ
ਜਿ ਗੁਰ ਚਰਨੀ ਚਿਤੁ ਲਾਹਿ ॥੨॥

نانک بخشِ لئے پربھُ ساچا
جِ گُر چرنی چِتُ لاہِ ॥2॥

ਪਉੜੀ ॥

پؤڑی ॥

ਸੰਤ ਭਗਤ ਪਰਵਾਣੁ
ਜੋ ਪ੍ਰਭਿ ਭਾਇਆ ॥

سنّت بھگت پرواںُ
جو پربھِ بھائیا ॥

ਸੇਈ ਬਿਚਖਣ ਜੰਤ
ਜਿਨੀ ਹਰਿ ਧਿਆਇਆ ॥

سیئی بِچکھٹ جنّت
جِنی ہرِ دھیائیا ॥

ਅੰਮ੍ਰਿਤੁ ਨਾਮੁ ਨਿਧਾਨੁ
ਭੋਜਨੁ ਖਾਇਆ ॥

انمّرِتُ نامُ نِدھانُ
بھوجنُ کھائیا ॥

ਸੰਤ ਜਨਾ ਕੀ ਧੂਰਿ
ਮਸਤਕਿ ਲਾਇਆ ॥

سنّت جنا کی دھوُرِ
مستکِ لائیا ॥

ਨਾਨਕ ਭਏ ਪੁਨੀਤ
ਹਰਿ ਤੀਰਥਿ ਨਾਇਆ ॥੨੬॥

نانک بھئے پُنیت
ہرِ تیرتھِ نائیا ॥ 26 ॥

ਸਲੋਕੁ ਮਃ ੪ ॥

سلوکُ م: 4 ॥

ਗੁਰਮੁਖਿ ਅੰਤਰਿ ਸਾਂਤਿ ਹੈ
ਮਨਿ ਤਨਿ ਨਾਮਿ ਸਮਾਇ ॥

گُرمُکھِ انترِ سانتِ ہے
منِ تنِ نامِ سماءِ ॥

ਨਾਮੋ ਚਿਤਵੈ ਨਾਮੁ ਪੜੈ
ਨਾਮਿ ਰਹੈ ਲਿਵ ਲਾਇ ॥

نامو چِتوے نامُ پڑے
نامِ رہے لِو لاءِ ॥

ਨਾਮੁ ਪਦਾਰਥੁ ਪਾਇਆ
ਚਿੰਤਾ ਗਈ ਬਿਲਾਇ ॥

نامُ پدارتھُ پائیا
چِنتا گئی بِلاءِ ॥

ਸਤਿਗੁਰਿ ਮਿਲਿਐ ਨਾਮੁ ਊਪਜੈ
ਤਿਸਨਾ ਭੁਖ ਸਭ ਜਾਇ ॥

ستِگُرِ ملِئے نامُ اوُپجے
تِسنا بھُکھ سبھ جاءِ ॥

ਨਾਨਕ ਨਾਮੇ ਰਤਿਆ
ਨਾਮੋ ਪਲੈ ਪਾਇ ॥੧॥

نانک نامے رتیا
نامو پلےَ پاءِ ॥1॥

ਮਃ ੪ ॥

م: 4 ॥

ਸਤਿਗੁਰ ਪੁਰਖਿ ਜਿ ਮਾਰਿਆ
ਭ੍ਰਮਿ ਭ੍ਰਮਿਆ ਘਰੁ ਛੋਡਿ ਗਇਆ ॥

ستِگُر پُرکھِ جِ مارِیا
بھرمِ بھرمِیا گھرُ چھوڈِ گئیا ॥

ਓਸੁ ਪਿਛੈ ਵਜੈ ਫਕੜੀ
ਮੁਹੁ ਕਾਲਾ ਆਗੈ ਭਇਆ ॥

اوسُ پچھےَ وجےَ پھکڑی
مُہُ کالا آگےَ بھئیا ॥

ਓਸੁ ਅਰਲੁ ਬਰਲੁ ਮੁਹਹੁ ਨਿਕਲੈ
ਨਿਤ ਝਗੂ ਸੁਟਦਾ ਮੁਆ ॥

اوسُ ارلُ برلُ مُہہُ نِکلےَ
نِت جھگُو سُٹدا مُیا ॥

ਕਿਆ ਹੋਵੈ ਕਿਸੈ ਹੀ ਦੈ ਕੀਤੈ
ਜਾਂ ਧੁਰਿ ਕਿਰਤੁ ਓਸ ਦਾ ਏਹੋ ਜੇਹਾ ਪਇਆ ॥

کِیا ہووےَ کِسےَ ہی دےَ کِیتے
جاں دھُرِ کِرتُ اوس دا ایہو جیہا پئیا ॥

ਜਿਥੈ ਓਹੁ ਜਾਇ ਤਿਥੈ ਓਹੁ ਝੂਠਾ
ਕੂੜੁ ਬੋਲੇ ਕਿਸੈ ਨ ਭਾਵੈ ॥

جِتھےَ اوہُ جاءِ تِتھےَ اوہُ جھوُٹھا
کوُڑُ بولے کِسےَ ن بھاوےَ ॥

ਵੇਖਹੁ ਭਾਈ ਵਡਿਆਈ ਹਰਿ ਸੰਤਹੁ ਸੁਆਮੀ ਅਪੁਨੇ ਕੀ
ਜੈਸਾ ਕੋਈ ਕਰੈ ਤੈਸਾ ਕੋਈ ਪਾਵੈ ॥

ویکھہُ بھائی وڈِیائی ہرِ سنّتہ سُیامی اپُنے کی
جیَسا کوئی کرےَ تیَسا کوئی پاوےَ ॥

ਏਹੁ ਬ੍ਰਹਮ ਬੀਚਾਰੁ ਹੋਵੈ ਦਰਿ ਸਾਚੈ
ਅਗੋ ਦੇ ਜਨੁ ਨਾਨਕੁ ਆਖਿ ਸੁਣਾਵੈ ॥੨॥

ایہُ برہم بیچارُ ہووےَ درِ ساچےَ
اگو دے جنُ نانکُ آکھِ سُناوےَ ॥2॥

ਪਉੜੀ ॥

پئُڑی ॥

ਗੁਰਿ ਸਚੈ ਬਧਾ ਥੇਹੁ
ਰਖਵਾਲੇ ਗੁਰਿ ਦਿਤੇ ॥

گُرِ سچےَ بدھا تھیہُ
رکھوالے گُرِ دِتے ॥

ਪੂਰਨ ਹੋਈ ਆਸ
ਗੁਰ ਚਰਣੀ ਮਨ ਰਤੇ ॥

پوُرن ہوئی آس
گُر چرنّی من رتے ॥

ਗੁਰਿ ਕ੍ਰਿਪਾਲਿ ਬੇਅੰਤਿ
ਅਵਗੁਣ ਸਭਿ ਹਤੇ ॥

گُرِ کرِپالِ بیئنّتِ
اوگُنّ سبھِ ہتے ॥

ਗੁਰਿ ਅਪਣੀ ਕਿਰਪਾ ਧਾਰਿ

گُرِ اپنّی کِرپا دھارِ

ਅਪਣੇ ਕਰਿ ਲਿਤੇ ॥

اپنے کرِ لِتے ॥

ਨਾਨਕ ਸਦ ਬਲਿਹਾਰ
ਜਿਸੁ ਗੁਰ ਕੇ ਗੁਣ ਇਤੇ ॥੨੭॥

نانک سد بلِہار
جِسُ گُر کے گُن اِتے ॥ 27 ॥

ਸਲੋਕ ਮਃ ੧ ॥

سلوک م: 1 ॥

ਤਾ ਕੀ ਰਜਾਇ ਲੇਖਿਆ ਪਾਇ
ਅਬ ਕਿਆ ਕੀਜੈ ਪਾਂਡੇ ॥

تا کی رضاءِ لیکھیا پاءِ
اب کِیا کِیجے پانڈے ۔ ॥

ਹੁਕਮੁ ਹੋਆ ਹਾਸਲੁ ਤਦੇ ਹੋਇ ਨਿਬੜਿਆ
ਹੰਢਹਿ ਜੀਅ ਕਮਾਂਦੇ ॥੧॥

حُکمُ ہویا حاصلُ تدے ہوءِ نِبڑیا
ہنڈھِ جیء کمانڈے ॥ 1 ॥

ਮਃ ੨ ॥

م: 2 ॥

ਨਕਿ ਨਥ ਖਸਮ ਹਥ
ਕਿਰਤੁ ਧਕੇ ਦੇ ॥

نکِ نتھ خصم ہتھ
کِرتُ دھکے دے ॥

ਜਹਾ ਦਾਣੇ ਤਹਾਂ ਖਾਣੇ
ਨਾਨਕਾ ਸਚੁ ਹੇ ॥੨॥

جہا دانے تہاں کھانے
نانکا سچُ ہے ॥ 2 ॥

ਪਉੜੀ ॥

پئُڑی ॥

ਸਭੇ ਗਲਾ ਆਪਿ
ਥਾਟਿ ਬਹਾਲੀਓਨੁ ॥

سبھے گلا آپِ
تھاٹِ بہالِیئونُ ॥

ਆਪੇ ਰਚਨੁ ਰਚਾਇ
ਆਪੇ ਹੀ ਘਾਲਿਓਨੁ ॥

آپے رچنُ رچاءِ
آپے ہی گھالِئونُ ॥

ਆਪੇ ਜੰਤ ਉਪਾਇ
ਆਪਿ ਪ੍ਰਤਿਪਾਲਿਓਨੁ ॥

آپے جنّت اُپاءِ
آپِ پرتپالِئونُ ॥

ਦਾਸ ਰਖੇ ਕੰਠਿ ਲਾਇ
ਨਦਰਿ ਨਿਹਾਲਿਓਨੁ ॥

داس رکھے کنّٹھِ لاءِ
ندرِ نِہالِئونُ ॥

ਨਾਨਕ ਭਗਤਾ ਸਦਾ ਅਨੰਦੁ
ਭਾਉ ਦੂਜਾ ਜਾਲਿਓਨੁ ॥੨੮॥

نانک بھگتا سدا اننّدُ
بھاءُ دوُجا جالِئونُ ॥ 28 ॥

ਸਲੋਕੁ ਮਃ ੩ ॥

سلوکُ م: 3 ॥

ਏ ਮਨ ਹਰਿ ਜੀ ਧਿਆਇ ਤੂ
ਇਕ ਮਨਿ ਇਕ ਚਿਤਿ ਭਾਇ ॥

اے من ہرِ جی دھیاءِ توُ
اِک منِ اِک چِتِ بھاءِ ॥

ਹਰਿ ਕੀਆ ਸਦਾ ਸਦਾ ਵਡਿਆਈਆ
ਦੇਇ ਨ ਪਛੋਤਾਇ ॥

ہرِ کیِیا سدا سدا وڈیائیِیا
دےءِ ن پچھوتاءِ ॥

ਹਉ ਹਰਿ ਕੈ ਸਦ ਬਲਿਹਾਰਣੈ
ਜਿਤੁ ਸੇਵਿਐ ਸੁਖੁ ਪਾਇ ॥

ہءُ ہرِ کے سد بلِہارنے
جِتُ سیوِئے سُکھُ پاءِ ॥

ਨਾਨਕ ਗੁਰਮੁਖਿ ਮਿਲਿ ਰਹੈ
ਹਉਮੈ ਸਬਦਿ ਜਲਾਇ ॥੧॥

نانک گُرمُکھِ مِلِ رہےَ
ہئُمےَ سبدِ جلاءِ ॥1॥

ਮਃ ੩ ॥

م: 3 ॥

ਆਪੇ ਸੇਵਾ ਲਾਇਅਨੁ
ਆਪੇ ਬਖਸ ਕਰੇਇ ॥

آپے سیوا لائیَنُ
آپے بخش کرےءِ ॥

ਸਭਨਾ ਕਾ ਮਾ ਪਿਉ ਆਪਿ ਹੈ
ਆਪੇ ਸਾਰ ਕਰੇਇ ॥

سبھنا کا ما پِءُ آپِ ہےَ
آپے سار کرےءِ ॥

ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ
ਜੁਗੁ ਜੁਗੁ ਸੋਭਾ ਹੋਇ ॥੨॥

نانک نامُ دھیائِنِ تِن نِج گھرِ واسُ ہےَ
جُگُ جُگُ سوبھا ہوءِ ॥2॥

ਪਉੜੀ ॥

پئُڑی ॥

ਤੂ ਕਰਣ ਕਾਰਣ ਸਮਰਥੁ ਹਹਿ ਕਰਤੇ
ਮੈ ਤੁਝ ਬਿਨੁ ਅਵਰੁ ਨ ਕੋਈ ॥

توُ کرنْ کارنْ سمرتھُ ہہِ کرتے
مےَ تُجھ بِنُ اورُ ن کوئی ॥

ਤੁਧੁ ਆਪੇ ਸਿਸਟਿ ਸਿਰਜੀਆ
ਆਪੇ ਫੁਨਿ ਗੋਈ ॥

تُدھُ آپے سِسٹِ سِرجیِیا
آپے پھُنِ گوئی ॥

ਸਭੁ ਇਕੋ ਸਬਦੁ ਵਰਤਦਾ
ਜੋ ਕਰੇ ਸੁ ਹੋਈ ॥

سبھُ اِکو سبدُ ورتدا
جو کرے سُ ہوئی ॥

ਵਡਿਆਈ ਗੁਰਮੁਖਿ ਦੇਇ ਪ੍ਰਭੁ
ਹਰਿ ਪਾਵੈ ਸੋਈ ॥

وڈیائی گُرمُکھِ دےءِ پربھُ
ہرِ پاوےَ سوئی ॥

ਗੁਰਮੁਖਿ ਨਾਨਕ ਆਰਾਧਿਆ

گُرمُکھِ نانک آرادھیا

ਸਭਿ ਆਖਹੁ ਧੰਨੁ ਧੰਨੁ ਧੰਨੁ ਗੁਰੁ ਸੋਈ ॥੨੯॥੧॥ ਸੁਧੁ

سبھِ آکھہُ دھنّنُ دھنّنُ دھنّنُ گُرُ سوئی ॥ 29 ॥ 1 ॥ سُدھُ

ਰਾਗੁ ਸੋਰਠਿ ਬਾਣੀ ਭਗਤ ਕਬੀਰ ਜੀ ਕੀ ਘਰੁ ੧

راگُ سورٹھِ باٹی بھگت کبیِر جی کی گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਬੁਤ ਪੂਜਿ ਪੂਜਿ ਹਿੰਦੂ ਮੂਏ
ਤੁਰਕ ਮੂਏ ਸਿਰੁ ਨਾਈ ॥

بُت پُوجِ پُوجِ ہِندُھ مُوئے
تُرک مُوئے سِرُ نائی ॥

ਓਇ ਲੇ ਜਾਰੇ ਓਇ ਲੇ ਗਾਡੇ
ਤੇਰੀ ਗਤਿ ਦੁਹੂ ਨ ਪਾਈ ॥੧॥

اوِء لے جارے اوِء لے گاڈے
تیری گتِ دُہوُ ن پائی ॥ 1 ॥

ਮਨ ਰੇ ਸੰਸਾਰੁ ਅੰਧ ਗਹੇਰਾ ॥

من رے سنّسارُ انّدھ گہیرا ॥

ਚਹੁ ਦਿਸ ਪਸਰਿਓ ਹੈ ਜਮ ਜੇਵਰਾ ॥੧॥ ਰਹਾਉ ॥

چہُ دِس پسرِئو ہے جم جیورا ॥ 1 ॥ رہاءُ ॥

ਕਬਿਤ ਪੜੇ ਪੜਿ ਕਬਿਤਾ ਮੂਏ
ਕਪੜ ਕੇਦਾਰੈ ਜਾਈ ॥

کبِت پڑے پڑِ کبِتا مُوئے
کپڑ کیدارے جائی ॥

ਜਟਾ ਧਾਰਿ ਧਾਰਿ ਜੋਗੀ ਮੂਏ
ਤੇਰੀ ਗਤਿ ਇਨਹਿ ਨ ਪਾਈ ॥੨॥

جٹا دھارِ دھارِ جوگی مُوئے
تیری گتِ اِنہِ ن پائی ॥ 2 ॥

ਦਰਬੁ ਸੰਚਿ ਸੰਚਿ ਰਾਜੇ ਮੂਏ
ਗਡਿ ਲੇ ਕੰਚਨ ਭਾਰੀ ॥

دربُ سنّچِ سنّچِ راجے مُوئے
گڈِ لے کنّچن بھاری ॥

ਬੇਦ ਪੜੇ ਪੜਿ ਪੰਡਿਤ ਮੂਏ
ਰੂਪੁ ਦੇਖਿ ਦੇਖਿ ਨਾਰੀ ॥੩॥

بید پڑے پڑِ پنّڈِت مُوئے
رُوپُ دیکھِ دیکھِ ناری ॥ 3 ॥

ਰਾਮ ਨਾਮ ਬਿਨੁ ਸਭੈ ਬਿਗੂਤੇ
ਦੇਖਹੁ ਨਿਰਖਿ ਸਰੀਰਾ ॥

رام نام بِنُ سبھے بِگُوتے
دیکھہُ نِرکھِ سریرا ॥

ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ
ਕਹਿ ਉਪਦੇਸੁ ਕਬੀਰਾ ॥੪॥੧॥

ہرِ کے نام بِنُ کِنِ گتِ پائی
کہِ اُپدیسُ کبیِرا ॥ 4 ॥ 1 ॥

ਜਬ ਜਰੀਐ ਤਬ ਹੋਇ ਭਸਮ ਤਨੁ
ਰਹੈ ਕਿਰਮ ਦਲ ਖਾਈ ॥

جب جریئے تب ہوِء بھسم تنُ
رہے کِرم دل کھائی ॥

ਕਾਚੀ ਗਾਗਰਿ ਨੀਰੁ ਪਰਤੁ ਹੈ
ਇਆ ਤਨ ਕੀ ਇਹੈ ਬਡਾਈ ॥੧॥

کاچی گاگرِ نیِرُ پرتُ ہے
اِیا تن کی اِہے بڈائی ॥ 1 ॥

ਕਾਹੇ ਭਈਆ ਫਿਰਤੌ ਫੂਲਿਆ ਫੂਲਿਆ ॥

ਜਬ ਦਸ ਮਾਸ ਉਰਧ ਮੁਖ ਰਹਤਾ
ਸੋ ਦਿਨੁ ਕੈਸੇ ਭੂਲਿਆ ॥੧॥ ਰਹਾਉ ॥

ਜਿਉ ਮਧੁ ਮਾਖੀ ਤਿਉ ਸਠੋਰਿ ਰਸੁ
ਜੋਰਿ ਜੋਰਿ ਧਨੁ ਕੀਆ ॥

ਮਰਤੀ ਬਾਰ ਲੇਹੁ ਲੇਹੁ ਕਰੀਐ
ਭੂਤੁ ਰਹਨ ਕਿਉ ਦੀਆ ॥੨॥

ਦੇਹੁਰੀ ਲਉ ਬਰੀ ਨਾਰਿ ਸੰਗਿ ਭਈ
ਆਗੈ ਸਜਨ ਸੁਹੇਲਾ ॥

ਮਰਘਟ ਲਉ ਸਭੁ ਲੋਗੁ ਕੁਟੰਬੁ ਭਇਓ
ਆਗੈ ਹੰਸੁ ਅਕੇਲਾ ॥੩॥

ਕਹਤੁ ਕਬੀਰ ਸੁਨਹੁ ਰੇ ਪ੍ਰਾਨੀ
ਪਰੇ ਕਾਲ ਗ੍ਰਸ ਕੂਆ ॥

ਝੂਠੀ ਮਾਇਆ ਆਪੁ ਬੰਧਾਇਆ
ਜਿਉ ਨਲਨੀ ਭ੍ਰਮਿ ਸੂਆ ॥੪॥੨॥

ਬੇਦ ਪੁਰਾਨ ਸਭੈ ਮਤ ਸੁਨਿ ਕੈ
ਕਰੀ ਕਰਮ ਕੀ ਆਸਾ ॥

ਕਾਲ ਗ੍ਰਸਤ ਸਭ ਲੋਗ ਸਿਆਨੇ
ਉਠਿ ਪੰਡਿਤ ਪੈ ਚਲੇ ਨਿਰਾਸਾ ॥੧॥

ਮਨ ਰੇ ਸਰਿਓ ਨ ਏਕੈ ਕਾਜਾ ॥

ਭਜਿਓ ਨ ਰਘੁਪਤਿ ਰਾਜਾ ॥੧॥ ਰਹਾਉ ॥

ਬਨ ਖੰਡ ਜਾਇ ਜੋਗੁ ਤਪੁ ਕੀਨੋ
ਕੰਦ ਮੂਲੁ ਚੁਨਿ ਖਾਇਆ ॥

ਨਾਦੀ ਬੇਦੀ ਸਬਦੀ ਮੋਨੀ
ਜਮ ਕੇ ਪਟੈ ਲਿਖਾਇਆ ॥੨॥

کاہے بھئیا پھرتو پھولیا پھولیا ۔ ॥

جب دس ماس اُردھ مُکھ رہتا
سو دِنُ کیسے بھولیا ۔ ॥1॥ رہاءُ ॥

جِءُ مدھُ ماکھی تِءُ سٹھورِ رسُ
جورِ جورِ دھنُ کِیا ॥

مرتی بار لیہُ لیہُ کریئے
بھوُتُ رہن کِءُ دِیا ۔ ॥2॥

دیہُری لءُ بری نارِ سنگِ بھئی
آگے سجن سُہیلا ॥

مرگھٹ لءُ سبھُ لوگُ کُٹنّبُ بھئیو
آگے ہنّس اکیلا ॥3॥

کہتُ کبیرِ سُنہُ رے پّرانی
پرے کال گّرس کوُیا ॥

جھوُٹھی مائیا آپُ بنّدھائیا
جِءُ نلنی بھّرمِ سوُیا ॥4॥2॥

بید پُران سبھے مت سُنِ کے
کری کرم کی آسا ॥

کال گّرست سبھ لوگ سِیانے
اُٹھِ پنّڈِت پے چلے نِراسا ॥1॥

من رے سرِئو ن ایکے کاجا ॥

بھجِئو ن رگھُپتِ راجا ॥1॥ رہاءُ ॥

بن کھنّڈ جاءِ جوگُ تپُ کِینو
کنّد موُلُ چُنِ کھائیا ॥

نادی بیدی سبدی مونی
جم کے پٹّے لِکھائیا ॥2॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਭਗਤਿ ਨਾਰਦੀ ਰਿਦੈ ਨ ਆਈ
ਕਾਛਿ ਕੂਛਿ ਤਨੁ ਦੀਨਾ ॥

بھگتِ ناردی رِدے ن آئی
کاچھِ کوُچھِ تنُ دینا ॥

ਰਾਗ ਰਾਗਨੀ ਡਿੰਭ ਹੋਇ ਬੈਠਾ
ਉਨਿ ਹਰਿ ਪਹਿ ਕਿਆ ਲੀਨਾ ॥੩॥

راگ راگنی ڈِنّبھ ہوءِ بیٹھا
اُنِ ہرِ پہِ کیا لِینا ۔ ॥3॥

ਪਰਿਓ ਕਾਲੁ ਸਭੈ ਜਗ ਊਪਰ
ਮਾਹਿ ਲਿਖੇ ਭ੍ਰਮ ਗਿਆਨੀ ॥

پرِئو کالُ سبھے جگ اوُپر
ماہِ لِکھے بھرّم گِیانی ॥

ਕਹੁ ਕਬੀਰ ਜਨ ਭਏ ਖਾਲਸੇ
ਪ੍ਰੇਮ ਭਗਤਿ ਜਿਹ ਜਾਨੀ ॥੪॥੩॥

کہُ کبیرِ جن بھے کھالسے
پّریم بھگتِ جِہ جانی ॥4॥3॥

ਘਰੁ ੨ ॥

گھرُ 2 ॥

ਦੁਇ ਦੁਇ ਲੋਚਨ ਪੇਖਾ ॥

دُءِ دُءِ لوچن پیکھا ॥

ਹਉ ਹਰਿ ਬਿਨੁ ਅਉਰੁ ਨ ਦੇਖਾ ॥

ہءُ ہرِ بِنُ اُرُ ن دیکھا ॥

ਨੈਨ ਰਹੇ ਰੰਗੁ ਲਾਈ ॥

نیَن رہے رنّگُ لائی ॥

ਅਬ ਬੇ ਗਲ ਕਹਨੁ ਨ ਜਾਈ ॥੧॥

اب بے گل کہنُ ن جائی ॥1॥

ਹਮਰਾ ਭਰਮੁ ਗਇਆ ਭਉ ਭਾਗਾ ॥

ہمرا بھرمُ گیَیا بھءُ بھاگا ॥

ਜਬ ਰਾਮ ਨਾਮ ਚਿਤੁ ਲਾਗਾ ॥੧॥ ਰਹਾਉ ॥

جب رام نام چِتُ لاگا ॥1॥ رہاءُ ॥

ਬਾਜੀਗਰ ਡੰਕ ਬਜਾਈ ॥

بازیگر ڈنّک بجائی ॥

ਸਭ ਖਲਕ ਤਮਾਸੇ ਆਈ ॥

سبھ خلق تماشے آئی ॥

ਬਾਜੀਗਰ ਸ੍ਵਾਂਗੁ ਸਕੇਲਾ ॥

بازیگر سّوانگُ سکیلا ॥

ਅਪਨੇ ਰੰਗ ਰਵੈ ਅਕੇਲਾ ॥੨॥

اپنے رنّگ روے اکیلا ॥2॥

ਕਥਨੀ ਕਹਿ ਭਰਮੁ ਨ ਜਾਈ ॥

کتھنی کہِ بھرمُ ن جائی ॥

ਸਭ ਕਥਿ ਕਥਿ ਰਹੀ ਲੁਕਾਈ ॥

سبھ کتھِ کتھِ رہی لُکائی ॥

ਜਾ ਕਉ ਗੁਰਮੁਖਿ ਆਪਿ ਬੁਝਾਈ ॥

جا کءُ گُرمُکھِ آپِ بُجھائی ॥

ਤਾ ਕੇ ਹਿਰਦੈ ਰਹਿਆ ਸਮਾਈ ॥੩॥

تا کے ہِردے رہِیا سمائی ॥3॥

ਗੁਰ ਕਿੰਚਤ ਕਿਰਪਾ ਕੀਨੀ ॥	گُر کِنچت کِرپا کِینی ॥
ਸਭੁ ਤਨੁ ਮਨੁ ਦੇਹ ਹਰਿ ਲੀਨੀ ॥	سبھُ تنُ منُ دیہ ہرِ لِینی ॥
ਕਹਿ ਕਬੀਰ ਰੰਗਿ ਰਾਤਾ ॥	کہِ کبیِر رنگِ راتا ॥
ਮਿਲਿਓ ਜਗਜੀਵਨ ਦਾਤਾ ॥੪॥੪॥	مِلِئو جگجیِون داتا ॥4॥4॥
ਜਾ ਕੇ ਨਿਗਮ ਦੂਧ ਕੇ ਠਾਟਾ ॥	جا کے نِگم دوُدھ کے ٹھاٹا ॥
ਸਮੁੰਦੁ ਬਿਲੋਵਨ ਕਉ ਮਾਟਾ ॥	سمُنّدُ بِلووِن ک ءُ ماٹا ॥
ਤਾ ਕੀ ਹੋਹੁ ਬਿਲੋਵਨਹਾਰੀ ॥	تا کی ہوہُ بِلووِنہاری ॥
ਕਿਉ ਮੇਟੈ ਗੋ ਛਾਛਿ ਤੁਹਾਰੀ ॥੧॥	کِ ءُ میٹے گو چھاچھِ تُہاری ॥1॥
ਚੇਰੀ ਤੂ ਰਾਮੁ ਨ ਕਰਸਿ ਭਤਾਰਾ ॥	چیری توُ رامُ ن کرسِ بھتارا ॥
ਜਗਜੀਵਨ ਪ੍ਰਾਨ ਆਧਾਰਾ ॥੧॥ ਰਹਾਉ ॥	جگجیِون پّران آدھارا ॥1॥ رہاءُ ॥
ਤੇਰੇ ਗਲਹਿ ਤਉਕ ਪਗ ਬੇਰੀ ॥	تیرے گلہِ طئُق پگ بیری ॥
ਤੂ ਘਰ ਘਰ ਰਮਈਐ ਫੇਰੀ ॥	توُ گھر گھر رمئیَے پھیری ॥
ਤੂ ਅਜਹੁ ਨ ਚੇਤਸਿ ਚੇਰੀ ॥	توُ اجہُ ن چیتسِ چیری ۔ ॥
ਤੂ ਜਮਿ ਬਪੁਰੀ ਹੈ ਹੇਰੀ ॥੨॥	توُ جمِ بپُری ہےَ ہیری ॥2॥
ਪ੍ਰਭ ਕਰਨ ਕਰਾਵਨਹਾਰੀ ॥	پّربھ کرن کراونہاری ॥
ਕਿਆ ਚੇਰੀ ਹਾਥ ਬਿਚਾਰੀ ॥	کِیا چیری ہاتھ بِچاری ॥
ਸੋਈ ਸੋਈ ਜਾਗੀ ॥	سوئی سوئی جاگی ॥
ਜਿਤੁ ਲਾਈ ਤਿਤੁ ਲਾਗੀ ॥੩॥	جِتُ لائی تِتُ لاگی ॥3॥
ਚੇਰੀ ਤੈ ਸੁਮਤਿ ਕਹਾਂ ਤੇ ਪਾਈ ॥	چیری تے سُمتِ کہاں تے پائی ۔ ॥
ਜਾ ਤੇ ਭ੍ਰਮ ਕੀ ਲੀਕ ਮਿਟਾਈ ॥	جا تے بھّرم کی لِیک مِٹائی ॥
ਸੁ ਰਸੁ ਕਬੀਰੈ ਜਾਨਿਆ ॥	سُ رسُ کبیِرے جانِیا ॥
ਮੇਰੋ ਗੁਰ ਪ੍ਰਸਾਦਿ ਮਨੁ ਮਾਨਿਆ ॥੪॥੫॥	میرو گُر پّرسادِ منُ مانِیا ॥4॥5॥

ਜਿਹ ਬਾਝੁ ਨ ਜੀਆ ਜਾਈ ॥	جِہ باجھُ ن جِیا جائی ॥
ਜਉ ਮਿਲੈ ਤ ਘਾਲ ਅਘਾਈ ॥	جءُ مِلےَ ت گھال اگھائی ॥
ਸਦ ਜੀਵਨੁ ਭਲੋ ਕਹਾਂਹੀ ॥	سد جِیونُ بھلو کہانْہی ॥
ਮੂਏ ਬਿਨੁ ਜੀਵਨੁ ਨਾਹੀ ॥੧॥	مُوئے بِنُ جِیونُ ناہی ॥1॥
ਅਬ ਕਿਆ ਕਥੀਐ ਗਿਆਨੁ ਬੀਚਾਰਾ ॥	اب کِیا کتھیےِ گیانُ بیچارا ॥
ਨਿਜ ਨਿਰਖਤ ਗਤ ਬਿਉਹਾਰਾ ॥੧॥ ਰਹਾਉ ॥	نِج نِرکھت گت بِہُارا ॥1॥ رہاءُ ॥
ਘਸਿ ਕੁੰਕਮ ਚੰਦਨੁ ਗਾਰਿਆ ॥	گھسِ کُنکم چنّدنُ گارِیا ॥
ਬਿਨੁ ਨੈਨਹੁ ਜਗਤੁ ਨਿਹਾਰਿਆ ॥	بِنُ نینَہُ جگتُ نِہارِیا ॥
ਪੂਤਿ ਪਿਤਾ ਇਕੁ ਜਾਇਆ ॥	پُوتِ پِتا اِکُ جائِیا ॥
ਬਿਨੁ ਠਾਹਰ ਨਗਰੁ ਬਸਾਇਆ ॥੨॥	بِنُ ٹھاہر نگرُ بسائِیا ॥2॥
ਜਾਚਕ ਜਨ ਦਾਤਾ ਪਾਇਆ ॥	جاچک جن داتا پائِیا ॥
ਸੋ ਦੀਆ ਨ ਜਾਈ ਖਾਇਆ ॥	سو دِیا ن جائی کھائِیا ॥
ਛੋਡਿਆ ਜਾਇ ਨ ਮੂਕਾ ॥	چھوڈِیا جاءِ ن مُوکا ॥
ਅਉਰਨ ਪਹਿ ਜਾਨਾ ਚੂਕਾ ॥੩॥	اُرن پہِ جانا چُوکا ॥3॥
ਜੋ ਜੀਵਨ ਮਰਨਾ ਜਾਨੈ ॥	جو جِیون مرنا جانے ॥
ਸੋ ਪੰਚ ਸੈਲ ਸੁਖ ਮਾਨੈ ॥	سو پنچ سیَل سُکھ مانے ॥
ਕਬੀਰੈ ਸੋ ਧਨੁ ਪਾਇਆ ॥	کبیِرے سو دھنُ پائِیا ॥
ਹਰਿ ਭੇਟਤ ਆਪੁ ਮਿਟਾਇਆ ॥੪॥੬॥	ہرِ بھیٹت آپُ مِٹائِیا ॥4॥6॥
ਕਿਆ ਪੜੀਐ ਕਿਆ ਗੁਨੀਐ ॥	کِیا پڑِیےِ کِیا گُنیےِ ۔ ॥
ਕਿਆ ਬੇਦ ਪੁਰਾਨਾਂ ਸੁਨੀਐ ॥	کِیا بید پُراناں سُنیےِ ۔ ॥
ਪੜੇ ਸੁਨੇ ਕਿਆ ਹੋਈ ॥	پڑے سُنے کِیا ہوئی ۔ ॥
ਜਉ ਸਹਜ ਨ ਮਿਲਿਓ ਸੋਈ ॥੧॥	جءُ سہج ن مِلِئو سوئی ॥1॥

ਹਰਿ ਕਾ ਨਾਮੁ ਨ ਜਪਸਿ ਗਵਾਰਾ ॥	ہرِ کا نامُ ن جپسِ گوارا ۔ ॥
ਕਿਆ ਸੋਚਹਿ ਬਾਰੰ ਬਾਰਾ ॥੧॥ ਰਹਾਉ ॥	کِیا سوچہِ بارنّ بارا ॥1॥ رہاءُ ॥
ਅੰਧਿਆਰੇ ਦੀਪਕੁ ਚਹੀਐ ॥	انّدھِیارے دیپِکُ چہیئے ॥
ਇਕ ਬਸਤੁ ਅਗੋਚਰ ਲਹੀਐ ॥	اِک بستُ اگوچر لہیئے ॥
ਬਸਤੁ ਅਗੋਚਰ ਪਾਈ ॥	بستُ اگوچر پائی ॥
ਘਟਿ ਦੀਪਕੁ ਰਹਿਆ ਸਮਾਈ ॥੨॥	گھٹِ دیپِکُ رہِیا سمائی ॥2॥
ਕਹਿ ਕਬੀਰ ਅਬ ਜਾਨਿਆ ॥	کہِ کبیِر اب جانِیا ॥
ਜਬ ਜਾਨਿਆ ਤਉ ਮਨੁ ਮਾਨਿਆ ॥	جب جانِیا تءُ منُ مانِیا ॥
ਮਨ ਮਾਨੇ ਲੋਗੁ ਨ ਪਤੀਜੈ ॥	من مانے لوگُ ن پتیجے ॥
ਨ ਪਤੀਜੈ ਤਉ ਕਿਆ ਕੀਜੈ ॥੩॥੭॥	ن پتیجےَ تءُ کِیا کیجے ۔ ॥3॥7॥
ਹ੍ਰਿਦੈ ਕਪਟੁ ਮੁਖ ਗਿਆਨੀ ॥	ہرِدے کپٹُ مُکھ گیانی ॥
ਝੂਠੇ ਕਹਾ ਬਿਲੋਵਸਿ ਪਾਨੀ ॥੧॥	جھوُٹھے کہا بِلووسِ پانی ۔ ॥1॥
ਕਾਂਇਆ ਮਾਂਜਸਿ ਕਉਨ ਗੁਨਾਂ ॥	کانئیا مانجسِ کئُن گُناں ۔ ॥
ਜਉ ਘਟ ਭੀਤਰਿ ਹੈ ਮਲਨਾਂ ॥੧॥ ਰਹਾਉ ॥	جءُ گھٹ بھیترِ ہےَ ملناں ॥1॥ رہاءُ ॥
ਲਉਕੀ ਅਠਸਠਿ ਤੀਰਥ ਨ੍ਹਾਈ ॥	لئکی اٹھسٹھِ تیرتھ نہائی ॥
ਕਉਰਾਪਨੁ ਤਊ ਨ ਜਾਈ ॥੨॥	کئراپنُ تئو ن جائی ॥2॥
ਕਹਿ ਕਬੀਰ ਬੀਚਾਰੀ ॥	کہِ کبیِر بیچاری ॥
ਭਵ ਸਾਗਰੁ ਤਾਰਿ ਮੁਰਾਰੀ ॥੩॥੮॥	بھو ساگرُ تارِ مُراری ۔ ॥3॥8॥
ਸੋਰਠਿ	سورٹھِ
ੴ ਸਤਿਗੁਰ ਪ੍ਰਸਾਦਿ ॥	۱ۄ ستِگُر پرسادِ ॥
ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥	بہُ پرپنچ کرِ پر دھنُ لیاوےَ ॥
ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥	سُت دارا پہِ آنِ لُٹاوےَ ॥1॥

ਮਨ ਮੇਰੇ ਭੂਲੇ ਕਪਟੁ ਨ ਕੀਜੈ ॥	من میرے بھولے کپٹُ ن کیجےَ ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧॥ ਰਹਾਉ ॥	انتِ نبیرا تیرے جیء پہ لیجےَ ॥1॥ رہاءُ ॥
ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥	چھِنُ چھِنُ تنُ چھیجےَ جرا جناوےَ ॥
ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥੨॥	تب تیری اوک کوئی پانیئو ن پاوےَ ॥2॥
ਕਹਤੁ ਕਬੀਰੁ ਕੋਈ ਨਹੀ ਤੇਰਾ ॥	کہتُ کبیرُ کوئی نہی تیرا ॥
ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ॥੩॥੯॥	ہِردےَ رامُ کی ن جپہِ سویرا ۔ ॥3॥9॥
ਸੰਤਹੁ ਮਨ ਪਵਨੈ ਸੁਖੁ ਬਨਿਆ ॥	سنّتہُ من پونےَ سُکھُ بنِیا ॥
ਕਿਛੁ ਜੋਗੁ ਪਰਾਪਤਿ ਗਨਿਆ ॥ ਰਹਾਉ ॥	کِچھُ جوگُ پراپتِ گنِیا ॥ رہاءُ ॥
ਗੁਰਿ ਦਿਖਲਾਈ ਮੋਰੀ ॥	گُرِ دِکھلائی موری ॥
ਜਿਤੁ ਮਿਰਗ ਪੜਤ ਹੈ ਚੋਰੀ ॥	جِتُ مِرگ پڑت ہےَ چوری ॥
ਮੂੰਦਿ ਲੀਏ ਦਰਵਾਜੇ ॥	موُندِ لیےَ دروازے ॥
ਬਾਜੀਅਲੇ ਅਨਹਦ ਬਾਜੇ ॥੧॥	باجیئلے انہد باجے ॥1॥
ਕੁੰਭ ਕਮਲੁ ਜਲਿ ਭਰਿਆ ॥	کُنبھ کملُ جلِ بھریا ॥
ਜਲੁ ਮੇਟਿਆ ਊਭਾ ਕਰਿਆ ॥	جلُ میٹیا اوُبھا کریا ॥
ਕਹੁ ਕਬੀਰ ਜਨ ਜਾਨਿਆ ॥	کہُ کبیرِ جن جانِیا ॥
ਜਉ ਜਾਨਿਆ ਤਉ ਮਨੁ ਮਾਨਿਆ ॥੨॥੧੦॥	جءُ جانِیا تءُ منُ مانِیا ॥2॥ 10 ॥
ਰਾਗੁ ਸੋਰਠਿ ॥	راگُ سورٹھِ ॥
ਭੂਖੇ ਭਗਤਿ ਨ ਕੀਜੈ ॥	بھوُکھے بھگتِ ن کیجےَ ॥
ਯਹ ਮਾਲਾ ਅਪਨੀ ਲੀਜੈ ॥	یہ مالا اپنی لیجےَ ॥
ਹਉ ਮਾਂਗਉ ਸੰਤਨ ਰੇਨਾ ॥	ہءُ مانگءُ سنّتن رینا ॥
ਮੈ ਨਾਹੀ ਕਿਸੀ ਕਾ ਦੇਨਾ ॥੧॥	مےَ ناہی کِسی کا دینا ॥1॥
ਮਾਧੋ ਕੈਸੀ ਬਨੈ ਤੁਮ ਸੰਗੇ ॥	مادھو کیَسی بنےَ تُم سنگے ۔ ॥

ਆਪਿ ਨ ਦੇਹੁ ਤ ਲੇਵਉ ਮੰਗੇ ॥ ਰਹਾਉ ॥	آپِ ن دیہُ ت لیوءُ منگے ॥ رہاءُ ॥
ਦੁਇ ਸੇਰ ਮਾਂਗਉ ਚੂਨਾ ॥	دُءِ سیر مانگءُ چونا ॥
ਪਾਉ ਘੀਉ ਸੰਗਿ ਲੂਨਾ ॥	پاءُ گھیِءُ سنگِ لونا ॥
ਅਧ ਸੇਰੁ ਮਾਂਗਉ ਦਾਲੇ ॥	ادھ سیرُ مانگءُ دالے ॥
ਮੋ ਕਉ ਦੋਨਉ ਵਖਤ ਜਿਵਾਲੇ ॥੨॥	مو کءُ دونءُ وکھت جِوالے ॥2॥
ਖਾਟ ਮਾਂਗਉ ਚਉਪਾਈ ॥	کھاٹ مانگءُ چپُائی ॥
ਸਿਰਹਾਨਾ ਅਵਰ ਤੁਲਾਈ ॥	سِرہانا اور تُلائی ॥
ਊਪਰ ਕਉ ਮਾਂਗਉ ਖੀਂਧਾ ॥	اوُپر کءُ مانگءُ کھِیندھا ॥
ਤੇਰੀ ਭਗਤਿ ਕਰੈ ਜਨੁ ਥੀਧਾ ॥੩॥	تیری بھگتِ کرے جنُ تھِیندھا ॥3॥
ਮੈ ਨਾਹੀ ਕੀਤਾ ਲਬੋ ॥	مے ناہی کیِتا لبو ॥
ਇਕੁ ਨਾਉ ਤੇਰਾ ਮੈ ਫਬੋ ॥	اِکُ ناءُ تیرا مے پھبو ॥
ਕਹਿ ਕਬੀਰ ਮਨੁ ਮਾਨਿਆ ॥	کہِ کبیِر منُ مانِیا ॥
ਮਨੁ ਮਾਨਿਆ ਤਉ ਹਰਿ ਜਾਨਿਆ ॥੪॥੧੧॥	منُ مانِیا تءُ ہرِ جانِیا ॥4॥ 11 ॥
ਰਾਗੁ ਸੋਰਠਿ ਬਾਣੀ ਭਗਤ ਨਾਮਦੇ ਜੀ ਕੀ ਘਰੁ ੨	راگُ سورٹھِ بانٹی بھگت نامدے جی کی گھرُ 2
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਜਬ ਦੇਖਾ ਤਬ ਗਾਵਾ ॥	جب دیکھا تب گاوا ॥
ਤਉ ਜਨ ਧੀਰਜੁ ਪਾਵਾ ॥੧॥	تءُ جن دھیِرجُ پاوا ॥1॥
ਨਾਦਿ ਸਮਾਇਲੋ ਰੇ ਸਤਿਗੁਰੁ ਭੇਟਿਲੇ ਦੇਵਾ ॥੧॥ ਰਹਾਉ ॥	نادِ سمائِلو رے ستِگُرُ بھیٹِلے دیوا ॥1॥ رہاءُ ॥
ਜਹ ਝਿਲਿ ਮਿਲਿ ਕਾਰੁ ਦਿਸੰਤਾ ॥	جہ جھِلِ مِلِ کارُ دِسنّتا ॥
ਤਹ ਅਨਹਦ ਸਬਦ ਬਜੰਤਾ ॥	تہ انہد سبد بجنّتا ॥
ਜੋਤੀ ਜੋਤਿ ਸਮਾਨੀ ॥	جوتی جوتِ سمانی ॥
ਮੈ ਗੁਰ ਪਰਸਾਦੀ ਜਾਨੀ ॥੨॥	مے گُر پرسادی جانی ॥2॥

ਰਤਨ ਕਮਲ ਕੋਠਰੀ ॥
ਚਮਕਾਰ ਬੀਜੁਲ ਤਹੀ ॥
ਨੇਰੈ ਨਾਹੀ ਦੂਰਿ ॥
ਨਿਜ ਆਤਮੈ ਰਹਿਆ ਭਰਪੂਰਿ ॥੩॥
ਜਹ ਅਨਹਤ ਸੂਰ ਉਜ੍ਯਾਰਾ ॥
ਤਹ ਦੀਪਕ ਜਲੈ ਛੰਛਾਰਾ ॥
ਗੁਰ ਪਰਸਾਦੀ ਜਾਨਿਆ ॥
ਜਨੁ ਨਾਮਾ ਸਹਜ ਸਮਾਨਿਆ ॥੪॥੧॥

ਰتن کمل کوٹھری ॥
چمکار بیجُل تہی ॥
نیرے ناہی دوُرِ ॥
نِج آتمے رہِیا بھرپوُرِ ॥3॥
جہ انہت سوُر اُجّیارا ॥
تہ دیپک جلے چھنچھارا ॥
گُر پرسادی جانِیا ॥
جنُ نامَا سہج سمانِیا ॥4॥1॥

ਘਰੁ ੪ ਸੋਰਠਿ ॥

گھرُ 4 سورٹھِ ॥

ਪਾੜ ਪੜੋਸਣਿ ਪੂਛਿ ਲੇ ਨਾਮਾ
ਕਾ ਪਹਿ ਛਾਨਿ ਛਵਾਈ ਹੋ ॥

پاڑ پڑوسنِ پوُچھِ لے نامَا
کا پہِ چھانِ چھوائی ہو ۔ ॥

ਤੋ ਪਹਿ ਦੁਗਣੀ ਮਜੂਰੀ ਦੈਹਉ
ਮੋ ਕਉ ਬੇਢੀ ਦੇਹੁ ਬਤਾਈ ਹੋ ॥੧॥

تو پہِ دُگنّی مزوُری دیَہ ءُ
مو ک ءُ بیڈھی دیہُ بتائی ہو ॥1॥

ਰੀ ਬਾਈ ਬੇਢੀ ਦੇਨੁ ਨ ਜਾਈ ॥
ਦੇਖੁ ਬੇਢੀ ਰਹਿਓ ਸਮਾਈ ॥
ਹਮਾਰੈ ਬੇਢੀ ਪ੍ਰਾਨ ਅਧਾਰਾ ॥੧॥ ਰਹਾਉ ॥

ری بائی بیڈھی دینُ ن جائی ॥
دیکھُ بیڈھی رہِئو سمائی ॥
ہمارے بیڈھی پّران ادھارا ॥1॥ رہاءُ ॥

ਬੇਢੀ ਪ੍ਰੀਤਿ ਮਜੂਰੀ ਮਾਂਗੈ
ਜਉ ਕੋਊ ਛਾਨਿ ਛਵਾਵੈ ਹੋ ॥

بیڈھی پّریتِ مزوُری مانگے
جءُ کوئوُ چھانِ چھواوے ہو ॥

ਲੋਗ ਕੁਟੰਬ ਸਭਹੁ ਤੇ ਤੋਰੈ
ਤਉ ਆਪਨ ਬੇਢੀ ਆਵੈ ਹੋ ॥੨॥

لوگ کُٹنّب سبھہُ تے توڑے
تءُ آپن بیڈھی آوے ہو ॥2॥

ਐਸੋ ਬੇਢੀ ਬਰਨਿ ਨ ਸਾਕਉ
ਸਭ ਅੰਤਰ ਸਭ ਠਾਂਈ ਹੋ ॥

ایَسو بیڈھی برنِ ن ساک ءُ
سبھ انّتر سبھ ٹھانئی ہو ॥

ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ
ਪੂਛੇ ਕਹਨੁ ਨ ਜਾਈ ਹੋ ॥੩॥

گوُنگے مہا انمّرت رسُ چاکھیا
پوُچھے کہنُ ن جائی ہو ॥3॥

ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ ॥	بیڈھی کے گُن سُنِ ری بائی جلدھِ باندھِ دھرُو تھاپِئو ہو ॥
ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ ॥੪॥੨॥	نامے کے سُیامی سیء بہوری لنک بھبھیکھن آپِئو ہو ॥4॥2॥
ਸੋਰਠਿ ਘਰੁ ੩ ॥	سورٹھِ گھرُ 3 ॥
ਅਣਮੜਿਆ ਮੰਦਲੁ ਬਾਜੈ ॥	انمڑِیا مندلُ باجےَ ॥
ਬਿਨੁ ਸਾਵਣ ਘਨਹਰੁ ਗਾਜੈ ॥	بِنُ ساونْ گھنہرُ گاجےَ ॥
ਬਾਦਲ ਬਿਨੁ ਬਰਖਾ ਹੋਈ ॥	بادل بِنُ برکھا ہوئی ॥
ਜਉ ਤਤੁ ਬਿਚਾਰੈ ਕੋਈ ॥੧॥	جءُ تتُ بِچارے کوئی ॥1॥
ਮੋ ਕਉ ਮਿਲਿਓ ਰਾਮੁ ਸਨੇਹੀ ॥	مو کءُ مِلِئو رامُ سنیہی ॥
ਜਿਹ ਮਿਲਿਐ ਦੇਹ ਸੁਦੇਹੀ ॥੧॥ ਰਹਾਉ ॥	جِہ مِلِےً دیہ سُدیہی ॥1॥ رہاءُ ॥
ਮਿਲਿ ਪਾਰਸ ਕੰਚਨੁ ਹੋਇਆ ॥	مِلِ پارس کنچنُ ہوئیا ॥
ਮੁਖ ਮਨਸਾ ਰਤਨੁ ਪਰੋਇਆ ॥	مُکھ منسا رتنُ پروئیا ॥
ਨਿਜ ਭਾਉ ਭਇਆ ਭ੍ਰਮੁ ਭਾਗਾ ॥	نِج بھاءُ بھئیا بھرمُ بھاگا ॥
ਗੁਰ ਪੂਛੇ ਮਨੁ ਪਤੀਆਗਾ ॥੨॥	گُر پوُچھے منُ پتیِاگا ॥2॥
ਜਲ ਭੀਤਰਿ ਕੁੰਭ ਸਮਾਨਿਆ ॥	جل بھیِترِ کُنبھ سمانِیا ॥
ਸਭ ਰਾਮੁ ਏਕੁ ਕਰਿ ਜਾਨਿਆ ॥	سبھ رامُ ایکُ کرِ جانِیا ॥
ਗੁਰ ਚੇਲੇ ਹੈ ਮਨੁ ਮਾਨਿਆ ॥	گُر چیلے ہےَ منُ مانِیا ॥
ਜਨ ਨਾਮੈ ਤਤੁ ਪਛਾਨਿਆ ॥੩॥੩॥	جن نامےَ تتُ پچھانِیا ॥3॥3॥
ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ	راگُ سورٹھِ بانٹی بھگت روِداس جی کی
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥	جب ہم ہوتے تب توُ ناہی اب توُہی مےَ ناہی ॥

ਅਨਲ ਅਗਮ ਜੈਸੇ ਲਹਰਿ ਮਇ ਓਦਧਿ
ਜਲ ਕੇਵਲ ਜਲ ਮਾਂਹੀ ॥੧॥

انل اگم جیسے لہرِ مءِ اوددھِ
جل کیول جل مانہی ॥1॥

ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥

مادھوے کیا کہیئے بھرمُ ایسا ॥

ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥

جیسا مانیئے ہوءِ ن تیسا ॥1॥ رہاءُ ॥

ਨਰਪਤਿ ਏਕੁ ਸਿੰਘਾਸਨਿ ਸੋਇਆ
ਸੁਪਨੇ ਭਇਆ ਭਿਖਾਰੀ ॥

نرپتِ ایکُ سِنگھاسنِ سویا
سُپنے بھیا بھِکھاری ॥

ਅਛਤ ਰਾਜ ਬਿਛੁਰਤ ਦੁਖੁ ਪਾਇਆ
ਸੋ ਗਤਿ ਭਈ ਹਮਾਰੀ ॥੨॥

اچھت راج بچھُرت دُکھُ پایا
سو گتِ بھئی ہماری ॥2॥

ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ
ਅਬ ਕਛੁ ਮਰਮੁ ਜਨਾਇਆ ॥

راج بھُئنگ پرسنگ جیسے ہہِ
اب کچھُ مرمُ جنایا ॥

ਅਨਿਕ ਕਟਕ ਜੈਸੇ ਭੂਲਿ ਪਰੇ
ਅਬ ਕਹਤੇ ਕਹਨੁ ਨ ਆਇਆ ॥੩॥

انِک کٹک جیسے بھولِ پرے
اب کہتے کہنُ ن آیا ॥3॥

ਸਰਬੇ ਏਕੁ ਅਨੇਕੈ ਸੁਆਮੀ
ਸਭ ਘਟ ਭੋਗਵੈ ਸੋਈ ॥

سربے ایکُ انیکے سُیامی
سبھ گھٹ بھوگوے سوئی ॥

ਕਹਿ ਰਵਿਦਾਸ ਹਾਥ ਪੈ ਨੇਰੈ
ਸਹਜੇ ਹੋਇ ਸੁ ਹੋਈ ॥੪॥੧॥

کہِ روِداس ہاتھ پے نیرے
سہجے ہوءِ سُ ہوئی ॥4॥1॥

ਜਉ ਹਮ ਬਾਂਧੇ ਮੋਹ ਫਾਸ
ਹਮ ਪ੍ਰੇਮ ਬਧਨਿ ਤੁਮ ਬਾਧੇ ॥

جءُ ہم باندھے موہ پھاس
ہم پریم بدھنِ تُم بادھے ॥

ਅਪਨੇ ਛੂਟਨ ਕੋ ਜਤਨੁ ਕਰਹੁ
ਹਮ ਛੂਟੇ ਤੁਮ ਆਰਾਧੇ ॥੧॥

اپنے چھوٹن کو جتنُ کرہُ
ہم چھوٹے تُم آرادھے ॥1॥

ਮਾਧਵੇ ਜਾਨਤ ਹਹੁ ਜੈਸੀ ਤੈਸੀ ॥

مادھوے جانت ہہُ جیسی تیسی ॥

ਅਬ ਕਹਾ ਕਰਹੁਗੇ ਐਸੀ ॥੧॥ ਰਹਾਉ ॥

اب کہا کرہگے ایسی ۔ ॥1॥ رہاءُ ॥

ਮੀਨੁ ਪਕਰਿ ਫਾਂਕਿਓ ਅਰੁ ਕਾਟਿਓ
ਰਾਂਧਿ ਕੀਓ ਬਹੁ ਬਾਨੀ ॥

مِینُ پکرِ پھانکِیو ارُ کاٹِیو
راندھِ کِینو بہُ بانی ॥

ਖੰਡ ਖੰਡ ਕਰਿ ਭੋਜਨੁ ਕੀਨੋ

کھنڈ کھنڈ کرِ بھوجنُ کِینو

ਤਉ ਨ ਬਿਸਰਿਓ ਪਾਨੀ ॥੨॥

تئو ن بِسرِئو پانی ॥2॥

ਆਪਨ ਬਾਪੈ ਨਾਹੀ ਕਿਸੀ ਕੋ
ਭਾਵਨ ਕੋ ਹਰਿ ਰਾਜਾ ॥

آپن باپے ناہی کِسی کو
بھاون کو ہرِ راجا ॥

ਮੋਹ ਪਟਲ ਸਭੁ ਜਗਤੁ ਬਿਆਪਿਓ
ਭਗਤ ਨਹੀ ਸੰਤਾਪਾ ॥੩॥

موہ پٹل سبھُ جگتُ بِیاپِئو
بھگت نہی سنّتاپا ॥3॥

ਕਹਿ ਰਵਿਦਾਸ ਭਗਤਿ ਇਕ ਬਾਢੀ
ਅਬ ਇਹ ਕਾ ਸਿਉ ਕਹੀਐ ॥

کہِ روِداس بھگتِ اِک باڈھی
اب اِہ کا سِءُ کہیئے۔ ॥

ਜਾ ਕਾਰਨਿ ਹਮ ਤੁਮ ਆਰਾਧੇ
ਸੋ ਦੁਖੁ ਅਜਹੂ ਸਹੀਐ ॥੪॥੨॥

جا کارنِ ہم تُم آرادھے
سو دُکھُ اجہُو سہیئے ॥4॥2॥

ਦੁਲਭ ਜਨਮੁ ਪੁੰਨ ਫਲ ਪਾਇਓ
ਬਿਰਥਾ ਜਾਤ ਅਬਿਬੇਕੈ ॥

دُلبھ جنمُ پُنّن پھل پائِئو
برتھا جات اِبیکے ॥

ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ
ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ ॥੧॥

راجے اِندّر سمسرِ گرِہ آسن
بِنُ ہرِ بھگتِ کہہُ کِہ لیکھے ॥1॥

ਨ ਬੀਚਾਰਿਓ ਰਾਜਾ ਰਾਮ ਕੋ ਰਸੁ ॥

ن بیچارِئو راجا رام کو رسُ ॥

ਜਿਹ ਰਸ ਅਨ ਰਸ ਬੀਸਰਿ ਜਾਹੀ ॥੧॥ ਰਹਾਉ ॥

جِہ رس ان رس بِسرِ جاہی ॥1॥ رہاءُ ॥

ਜਾਨਿ ਅਜਾਨ ਭਏ ਹਮ ਬਾਵਰ
ਸੋਚ ਅਸੋਚ ਦਿਵਸ ਜਾਹੀ ॥

جانِ اجان بھئے ہم باور
سوچ اسوچ دِوس جاہی ॥

ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ
ਪਰਮਾਰਥ ਪਰਵੇਸ ਨਹੀ ॥੨॥

اِندّری سبل نِبل بِبیک بُدھِ
پرمارتھ پرویس نہی ॥2॥

ਕਹੀਅਤ ਆਨ ਅਚਰੀਅਤ ਅਨ ਕਛੁ
ਸਮਝ ਨ ਪਰੈ ਅਪਰ ਮਾਇਆ ॥

کہیئت آن اچریئت ان کچھُ
سمجھ ن پرے اپر مائیا ॥

ਕਹਿ ਰਵਿਦਾਸ ਉਦਾਸ ਦਾਸ ਮਤਿ
ਪਰਹਰਿ ਕੋਪੁ ਕਰਹੁ ਜੀਅ ਦਇਆ ॥੩॥੩॥

کہِ روِداس اُداس داس متِ
پرہرِ کوپُ کرہُ جیء دئیا ॥3॥3॥

ਸੁਖ ਸਾਗਰੁ ਸੁਰਤਰ ਚਿੰਤਾਮਨਿ
ਕਾਮਧੇਨੁ ਬਸਿ ਜਾ ਕੇ ॥

سُکھ ساگرُ سُرتر چِنتامنِ
کامدھینُ بسِ جا کے ॥

ਚਾਰਿ ਪਦਾਰਥ ਅਸਟ ਦਸਾ ਸਿਧਿ
ਨਵ ਨਿਧਿ ਕਰ ਤਲ ਤਾ ਕੇ ॥੧॥

چارِ پدارتھ اسٹ دسا سِدھِ
نو نِدھِ کر تل تا کے ॥1॥

ਹਰਿ ਹਰਿ ਹਰਿ ਨ ਜਪਹਿ ਰਸਨਾ ॥

ہرِ ہرِ ہرِ ن جپہِ رسنا ॥

ਅਵਰ ਸਭ ਤਿਆਗਿ ਬਚਨ ਰਚਨਾ ॥੧॥ ਰਹਾਉ ॥

اور سبھ تِیاگِ بچن رچنا ॥1॥ رہاءُ ॥

ਨਾਨਾ ਖਿਆਨ ਪੁਰਾਨ ਬੇਦ ਬਿਧਿ
ਚਉਤੀਸ ਅਖਰ ਮਾਂਹੀ ॥

نانا کھِیان پُران بید بِدھِ
چئُتیس اکھر مانہی ॥

ਬਿਆਸ ਬਿਚਾਰਿ ਕਹਿਓ ਪਰਮਾਰਥੁ
ਰਾਮ ਨਾਮ ਸਰਿ ਨਾਹੀ ॥੨॥

بِیاس بِچارِ کہِئو پرمارتھُ
رام نام سرِ ناہی ॥2॥

ਸਹਜ ਸਮਾਧਿ ਉਪਾਧਿ ਰਹਤ ਫੁਨਿ
ਬਡੈ ਭਾਗਿ ਲਿਵ ਲਾਗੀ ॥

سہج سمادھِ اُپادھِ رہت پھُنِ
بڈے بھاگِ لِو لاگی ॥

ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ
ਜਨਮ ਮਰਨ ਭੈ ਭਾਗੀ ॥੩॥੪॥

کہِ روِداس پرّگاسُ رِدے دھرِ
جنم مرن بھے بھاگی ॥3॥4॥

ਜਉ ਤੁਮ ਗਿਰਿਵਰ ਤਉ ਹਮ ਮੋਰਾ ॥

جءُ تُم گِرِور تءُ ہم مورا ॥

ਜਉ ਤੁਮ ਚੰਦ
ਤਉ ਹਮ ਭਏ ਹੈ ਚਕੋਰਾ ॥੧॥

جءُ تُم چندّ
تءُ ہم بھئے ہے چکورا ॥1॥

ਮਾਧਵੇ ਤੁਮ ਨ ਤੋਰਹੁ
ਤਉ ਹਮ ਨਹੀ ਤੋਰਹਿ ॥

مادھوے تُم ن تورہُ
تءُ ہم نہی تورہِ ॥

ਤੁਮ ਸਿਉ ਤੋਰਿ
ਕਵਨ ਸਿਉ ਜੋਰਹਿ ॥੧॥ ਰਹਾਉ ॥

تُم سِءُ تورِ
کون سِءُ جورہِ ۔ ॥1॥ رہاءُ ॥

ਜਉ ਤੁਮ ਦੀਵਰਾ ਤਉ ਹਮ ਬਾਤੀ ॥

جءُ تُم دِیورا تءُ ہم باتی ॥

ਜਉ ਤੁਮ ਤੀਰਥ ਤਉ ਹਮ ਜਾਤੀ ॥੨॥

جءُ تُم تِیرتھ تءُ ہم جاتی ॥2॥

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥

ساچی پرّیتِ ہم تُم سِءُ جوری ॥

ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩॥

تُم سِءُ جورِ اور سنگِ تورِی ॥3॥

ਜਹ ਜਹ ਜਾਉ ਤਹਾ ਤੇਰੀ ਸੇਵਾ ॥

جہ جہ جاءُ تہا تیری سیوا ॥

ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥੪॥	تُم سو ٹھاکُرُ اَوُر ن دیوا ۔ ॥4॥
ਤੁਮਰੇ ਭਜਨ ਕਟਹਿ ਜਮ ਫਾਂਸਾ ॥	تُمرے بھجن کٹہِ جم پھانسا ॥
ਭਗਤਿ ਹੇਤ ਗਾਵੈ ਰਵਿਦਾਸਾ ॥੫॥੫॥	بھگتِ ہیت گاوے روِداسا ॥5॥5॥
ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥	جل کی بھیتِ پون کا تھنّبھا رکت بُندّ کا گارا ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥	ہاڈ ماس ناڑیِں کو پنّجرُ پنکھی بسے بِچارا ॥1॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥	پّرانی کِیا میرا کِیا تیرا ۔ ॥
ਜੈਸੇ ਤਰਵਰ ਪੰਖਿ ਬਸੇਰਾ ॥੧॥ ਰਹਾਉ ॥	جیَسے ترور پنّکھِ بسیرا ॥1॥ رہاءُ ॥
ਰਾਖਹੁ ਕੰਧ ਉਸਾਰਹੁ ਨੀਵਾਂ ॥	راکھہُ کنّدھ اُسارہُ نِیواں ॥
ਸਾਢੇ ਤੀਨਿ ਹਾਥ ਤੇਰੀ ਸੀਵਾਂ ॥੨॥	ساڈھے تینِ ہاتھ تیری سیِواں ॥2॥
ਬੰਕੇ ਬਾਲ ਪਾਗ ਸਿਰਿ ਡੇਰੀ ॥	بنّکے بال پاگ سِرِ ڈیِری ॥
ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥	اِہُ تنُ ہوئِگو بھسم کی ڈھیری ॥3॥
ਊਚੇ ਮੰਦਰ ਸੁੰਦਰ ਨਾਰੀ ॥	اوُچے منّدر سُنّدر ناری ॥
ਰਾਮ ਨਾਮ ਬਿਨੁ ਬਾਜੀ ਹਾਰੀ ॥੪॥	رام نام بِنُ بازی ہاری ॥4॥
ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥	میری زاتِ کمِینی پانتِ کمِینی اوچھا جنمُ ہمارا ॥
ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥੫॥੬॥	تُم سرناگتِ راجا رام چنّد کہِ روِداس چمارا ॥5॥6॥
ਚਮਰਟਾ ਗਾਂਠਿ ਨ ਜਨਈ ॥	چمرٹا گانٹھِ ن جنئی ॥
ਲੋਗੁ ਗਠਾਵੈ ਪਨਹੀ ॥੧॥ ਰਹਾਉ ॥	لوگُ گٹھاوے پنہی ॥1॥ رہاءُ ॥
ਆਰ ਨਹੀ ਜਿਹ ਤੋਪਉ ॥	آر نہی جِہ توپءُ ॥
ਨਹੀ ਰਾਂਬੀ ਠਾਉ ਰੋਪਉ ॥੧॥	نہی رانبی ٹھاءُ روپءُ ॥1॥

ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥	لوگ گنٹھِ گنٹھِ کھرا بِگوُچا ॥
ਹਉ ਬਿਨੁ ਗਾਂਠੇ ਜਾਇ ਪਹੂਚਾ ॥੨॥	ہءُ بِنُ گانٹھے جاءِ پہوُچا ॥2॥
ਰਵਿਦਾਸੁ ਜਪੈ ਰਾਮ ਨਾਮਾ ॥	روِداسُ جپے رام نامـا ॥
ਮੋਹਿ ਜਮ ਸਿਉ ਨਾਹੀ ਕਾਮਾ ॥੩॥੭॥	موہِ جم سِءُ ناہی کاما ॥3॥7॥
ਰਾਗੁ ਸੋਰਠਿ ਬਾਣੀ ਭਗਤ ਭੀਖਨ ਕੀ	راگُ سورٹھِ بانٹی بھگت بھیکھن کی
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥	نینہُ نیرُ بہے تنُ کھِینا بھےٗ کیس دُدھ وانی ॥
ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ ॥੧॥	روُدھا کنٹھُ سبدُ نہی اُچرے اب کِیا کرہِ پرانی ۔ ॥1॥
ਰਾਮ ਰਾਇ ਹੋਹਿ ਬੈਦ ਬਨਵਾਰੀ ॥	رام راءِ ہوہِ بیَد بنواری ॥
ਅਪਨੇ ਸੰਤਹ ਲੇਹੁ ਉਬਾਰੀ ॥੧॥ ਰਹਾਉ ॥	اپنے سنّتہ لیہُ اُباری ॥1॥ رہاءُ ॥
ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ ॥	ماتھے پیِر سریِر جلنِ ہے کرک کریجے ماہی ॥
ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ ॥੨॥	ایَسی بیدن اُپجِ کھری بھئی وا کا انکھدھُ ناہی ॥2॥
ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ ॥	ہرِ کا نامُ انمّرِت جلُ نِرملُ اِہُ انکھدھُ جگِ سارا ॥
ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ ॥੩॥੧॥	گُر پرسادِ کہے جنُ بھیکھنُ پاوءُ موکھ دُیارا ॥3॥1॥
ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ ॥	ایَسا نامُ رتنُ نِرمولکُ پُنّنِ پدارتھُ پائیَا ॥
ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ ॥੧॥	انِک جتن کرِ ہِردے راکھِیا رتنُ ن چھپے چھپائیَا ॥1॥

ਹਰਿ ਗੁਨ ਕਹਤੇ ਕਹਨੁ ਨ ਜਾਈ ॥	ہرِ گُن کہتے کہنُ ن جائی ॥
ਜੈਸੇ ਗੂੰਗੇ ਕੀ ਮਿਠਿਆਈ ॥੧॥ ਰਹਾਉ ॥	جیَسے گُونگے کی مِٹھیائی ॥1॥ رہاءُ ॥
ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ ॥	رسنا رمت سُنت سُکھُ سّرونا چِت چیتے سُکھُ ہوئی ॥
ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ ॥੨॥੨॥	کہُ بھیکھن دُءِ نیَن سنّتوکھے جہ دیکھاں تہ سوئی ॥2॥2॥
ਧਨਾਸਰੀ ਮਹਲਾ ੧ ਘਰੁ ੧ ਚਉਪਦੇ	دھناسری محلا 1 گھرُ 1 چئُپدے
ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	ੴ ستِنامُ کرتا پُرکھُ نِربھءُ نِرویَرُ اکال مُورتِ اجُونی سیَبھنّ گُرپّرسادِ ॥
ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ ॥	جیِءُ ڈرتُ ہے آپنا کے سِءُ کری پُکار ۔ ॥
ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ ॥੧॥	دوُکھ وِسارنُ سیویا سدا سدا داتارُ ॥1॥
ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥੧॥ ਰਹਾਉ ॥	صاحِبُ میرا نِیت نوا سدا سدا داتارُ ॥1॥ رہاءُ ॥
ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ ॥	اندِنُ صاحِبُ سیویےَ انّتِ چھڈائے سوءِ ॥
ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ ॥੨॥	سُنّ سُنّ میری کامنّی پارِ اُتارا ہوءِ ॥2॥
ਦਇਆਲ ਤੇਰੈ ਨਾਮਿ ਤਰਾ ॥	دیَیال تیرے نامِ ترا ॥
ਸਦ ਕੁਰਬਾਣੈ ਜਾਉ ॥੧॥ ਰਹਾਉ ॥	سد قُربانّے جاءُ ॥1॥ رہاءُ ॥
ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ ॥	سربنّ ساچا ایکُ ہے دوُجا ناہی کوءِ ॥
ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇ ॥੩॥	تا کی سیوا سو کرے جا کءُ ندرِ کرے ॥3॥

ਤੁਧੁ ਬਾਝੁ ਪਿਆਰੇ ਕੇਵ ਰਹਾ ॥

تُدھُ باجھُ پِیارے کیو رہا ۔ ॥

ਸਾ ਵਡਿਆਈ ਦੇਹਿ
ਜਿਤੁ ਨਾਮਿ ਤੇਰੇ ਲਾਗਿ ਰਹਾਂ ॥

سا وڈِیائی دیہِ
جِتُ نامِ تیرے لاگِ رہاں ॥

ਦੂਜਾ ਨਾਹੀ ਕੋਇ
ਜਿਸੁ ਆਗੈ ਪਿਆਰੇ ਜਾਇ ਕਹਾ ॥੧॥ ਰਹਾਉ ॥

دوُجا ناہی کوءِ
جِسُ آگے پِیارے جاءِ کہا ॥1॥ رہاءُ ॥

ਸੇਵੀ ਸਾਹਿਬੁ ਆਪਣਾ
ਅਵਰੁ ਨ ਜਾਚੰਉ ਕੋਇ ॥

سیوی صاحِبُ آپڑا
اورُ ن جاچنّءُ کوءِ ॥

ਨਾਨਕੁ ਤਾ ਕਾ ਦਾਸੁ ਹੈ
ਬਿੰਦ ਬਿੰਦ ਚੁਖ ਚੁਖ ਹੋਇ ॥੪॥

نانکُ تا کا داسُ ہے
بِنّد بِنّد چُکھ چُکھ ہوءِ ॥4॥

ਸਾਹਿਬ ਤੇਰੇ ਨਾਮ ਵਿਟਹੁ
ਬਿੰਦ ਬਿੰਦ ਚੁਖ ਚੁਖ ਹੋਇ ॥੧॥ ਰਹਾਉ ॥੪॥੧॥

صاحِب تیرے نام وِٹہُ
بِنّد بِنّد چُکھ چُکھ ہوءِ ॥1॥ رہاءُ ॥4॥1॥

ਧਨਾਸਰੀ ਮਹਲਾ ੧ ॥

دھناسری محلا 1 ॥

ਹਮ ਆਦਮੀ ਹਾਂ ਇਕ ਦਮੀ
ਮੁਹਲਤਿ ਮੁਹਤੁ ਨ ਜਾਣਾ ॥

ہم آدمی ہاں اِک دمی
مُہلتِ مُہتُ ن جاٹا ॥

ਨਾਨਕੁ ਬਿਨਵੈ ਤਿਸੈ ਸਰੇਵਹੁ
ਜਾ ਕੇ ਜੀਅ ਪਰਾਣਾ ॥੧॥

نانکُ بِنوے تِسے سریوہُ
جا کے جیءِ پراٹا ॥1॥

ਅੰਧੇ ਜੀਵਨਾ ਵੀਚਾਰਿ
ਦੇਖਿ ਕੇਤੇ ਕੇ ਦਿਨਾ ॥੧॥ ਰਹਾਉ ॥

انّدھے جیِونا ویچارِ
دیکھِ کیتے کے دِنا ॥1॥ رہاءُ ॥

ਸਾਸੁ ਮਾਸੁ ਸਭੁ ਜੀਉ ਤੁਮਾਰਾ
ਤੂ ਮੈ ਖਰਾ ਪਿਆਰਾ ॥

ساسُ ماسُ سبھُ جیِءُ تُمارا
توُ مے کھرا پِیارا ॥

ਨਾਨਕੁ ਸਾਇਰੁ ਏਵ ਕਹਤੁ ਹੈ
ਸਚੇ ਪਰਵਦਗਾਰਾ ॥੨॥

نانکُ سائرُ ایو کہتُ ہے
سچے پرودگارا ۔ ॥2॥

ਜੇ ਤੂ ਕਿਸੈ ਨ ਦੇਹੀ ਮੇਰੇ ਸਾਹਿਬਾ
ਕਿਆ ਕੋ ਕਢੈ ਗਹਣਾ ॥

جے توُ کِسے ن دیہی میرے صاحِبا
کِیا کو کڈھے گہٹا ۔ ॥

ਨਾਨਕੁ ਬਿਨਵੈ ਸੋ ਕਿਛੁ ਪਾਈਐ

نانکُ بِنوے سو کِچھُ پائیے

ਪੁਰਬਿ ਲਿਖੇ ਕਾ ਲਹਣਾ ॥੩॥

پُربِ لِکھے کا لہنا ॥3॥

ਨਾਮੁ ਖਸਮ ਕਾ ਚਿਤਿ ਨ ਕੀਆ
ਕਪਟੀ ਕਪਟੁ ਕਮਾਣਾ ॥

نامُ خصم کا چِتِ ن کِیا
کپٹی کپٹُ کماٹا ॥

ਜਮ ਦੁਆਰਿ ਜਾ ਪਕੜਿ ਚਲਾਇਆ
ਤਾ ਚਲਦਾ ਪਛੁਤਾਣਾ ॥੪॥

جم دُیارِ جا پکڑِ چلائیا
تا چلدا پچھُتاٹا ॥4॥

ਜਬ ਲਗੁ ਦੁਨੀਆ ਰਹੀਐ ਨਾਨਕ
ਕਿਛੁ ਸੁਣੀਐ ਕਿਛੁ ਕਹੀਐ ॥

جب لگُ دُنیا رہیئے نانک
کِچھُ سُنیئے کِچھُ کہیئے ॥

ਭਾਲਿ ਰਹੇ ਹਮ ਰਹਣੁ ਨ ਪਾਇਆ
ਜੀਵਤਿਆ ਮਰਿ ਰਹੀਐ ॥੫॥੨॥

بھالِ رہے ہم رہنُ ن پائیا
جیوتیا مرِ رہیئے ॥5॥2॥

ਧਨਾਸਰੀ ਮਹਲਾ ੧ ਘਰੁ ਦੂਜਾ

دھناسری محلا 1 گھرُ دوُجا

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਕਿਉ ਸਿਮਰੀ ਸਿਵਰਿਆ ਨਹੀ ਜਾਇ ॥

کِءُ سِمری سِورِیا نہی جاءِ ॥

ਤਪੈ ਹਿਆਉ ਜੀਅੜਾ ਬਿਲਲਾਇ ॥

تپے ہِیاءُ جیئڑا بِللاءِ ॥

ਸਿਰਜਿ ਸਵਾਰੇ ਸਾਚਾ ਸੋਇ ॥

سِرجِ سوارے ساچا سوءِ ॥

ਤਿਸੁ ਵਿਸਰਿਐ ਚੰਗਾ ਕਿਉ ਹੋਇ ॥੧॥

تِسُ وِسرِئے چنگا کِءُ ہوءِ ۔ ॥1॥

ਹਿਕਮਤਿ ਹੁਕਮਿ ਨ ਪਾਇਆ ਜਾਇ ॥

حِکمتِ حُکمِ ن پائیا جاءِ ॥

ਕਿਉ ਕਰਿ ਸਾਚਿ ਮਿਲਉ
ਮੇਰੀ ਮਾਇ ॥੧॥ ਰਹਾਉ ॥

کِءُ کرِ ساچِ مِلءُ
میری ماءِ ۔ ॥1॥ رہاءُ ॥

ਵਖਰੁ ਨਾਮੁ ਦੇਖਣ ਕੋਈ ਜਾਇ ॥

وکھرُ نامُ دیکھنُ کوئی جاءِ ॥

ਨਾ ਕੋ ਚਾਖੈ ਨਾ ਕੋ ਖਾਇ ॥

نا کو چاکھے نا کو کھاءِ ॥

ਲੋਕਿ ਪਤੀਣੈ ਨ ਪਤਿ ਹੋਇ ॥

لوکِ پتیئے ن پتِ ہوءِ ॥

ਤਾ ਪਤਿ ਰਹੈ ਰਾਖੈ ਜਾ ਸੋਇ ॥੨॥

تا پتِ رہے راکھے جا سوءِ ॥2॥

ਜਹ ਦੇਖਾ ਤਹ ਰਹਿਆ ਸਮਾਇ ॥

جہ دیکھا تہ رہِیا سماءِ ॥

ਤੁਧੁ ਬਿਨੁ ਦੂਜਾ ਨਾਹੀ ਜਾਇ ॥	تُدھُ بِنُ دوُجا ناہی جاءِ ॥
ਜੇ ਕੋ ਕਰੇ ਕੀਤੈ ਕਿਆ ਹੋਇ ॥	جے کو کرے کِیتے کِیا ہوءِ ۔ ॥
ਜਿਸ ਨੋ ਬਖਸੇ ਸਾਚਾ ਸੋਇ ॥੩॥	جِس نو بخشے ساچا سوءِ ॥3॥
ਹੁਣਿ ਉਠਿ ਚਲਣਾ ਮੁਹਤਿ ਕਿ ਤਾਲਿ ॥	ہُنِٹ اُٹھِ چلنّا مُہتِ کِ تالِ ॥
ਕਿਆ ਮੁਹੁ ਦੇਸਾ ਗੁਣ ਨਹੀ ਨਾਲਿ ॥	کِیا مُہُ دیسا گُنٹ نہی نالِ ॥
ਜੈਸੀ ਨਦਰਿ ਕਰੇ ਤੈਸਾ ਹੋਇ ॥	جیَسی ندرِ کرے تیَسا ہوءِ ॥
ਵਿਣੁ ਨਦਰੀ ਨਾਨਕ ਨਹੀ ਕੋਇ ॥੪॥੧॥੩॥	وِنُٹ ندری نانک نہی کوءِ ॥4॥1॥3॥
ਧਨਾਸਰੀ ਮਹਲਾ ੧ ॥	دھناسری محلا 1 ॥
ਨਦਰਿ ਕਰੇ ਤਾ ਸਿਮਰਿਆ ਜਾਇ ॥	ندرِ کرے تا سِمریا جاءِ ॥
ਆਤਮਾ ਦ੍ਰਵੈ ਰਹੈ ਲਿਵ ਲਾਇ ॥	آتما ڈروے رہے لِو لاءِ ॥
ਆਤਮਾ ਪਰਾਤਮਾ ਏਕੋ ਕਰੈ ॥	آتما پراتما ایکو کرے ॥
ਅੰਤਰ ਕੀ ਦੁਬਿਧਾ ਅੰਤਰਿ ਮਰੈ ॥੧॥	انتر کی دُبِدھا انترِ مرے ॥1॥
ਗੁਰ ਪਰਸਾਦੀ ਪਾਇਆ ਜਾਇ ॥	گُر پرسادی پائیا جاءِ ॥
ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ ॥੧॥ ਰਹਾਉ ॥	ہرِ سِءُ چِتُ لاگے پھِرِ کالُ ن کھاءِ ॥1॥ رہاءُ ॥
ਸਚਿ ਸਿਮਰਿਐ ਹੋਵੈ ਪਰਗਾਸੁ ॥	سچِ سِمرِئے ہووے پرگاسُ ॥
ਤਾ ਤੇ ਬਿਖਿਆ ਮਹਿ ਰਹੈ ਉਦਾਸੁ ॥	تا تے بِکھیا مہِ رہے اُداسُ ॥
ਸਤਿਗੁਰ ਕੀ ਐਸੀ ਵਡਿਆਈ ॥	ستِگُر کی ایَسی وڈِیائی ॥
ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥੨॥	پُتّر کلتّر وِچے گتِ پائی ॥2॥
ਐਸੀ ਸੇਵਕੁ ਸੇਵਾ ਕਰੈ ॥	ایَسی سیوکُ سیوا کرے ॥
ਜਿਸ ਕਾ ਜੀਉ ਤਿਸੁ ਆਗੈ ਧਰੈ ॥	جِس کا جیِءُ تِس آگے دھرے ॥
ਸਾਹਿਬ ਭਾਵੈ ਸੋ ਪਰਵਾਣੁ ॥	صاحِب بھاوے سو پرواںُ ॥
ਸੋ ਸੇਵਕੁ ਦਰਗਹ ਪਾਵੈ ਮਾਣੁ ॥੩॥	سو سیوکُ درگہ پاوے ماںُ ॥3॥

ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ॥	ستگُر کی مورتِ ہِردے وسائے ॥
ਜੋ ਇਛੈ ਸੋਈ ਫਲੁ ਪਾਏ ॥	جو اِچھے سوئی پھلُ پائے ॥
ਸਾਚਾ ਸਾਹਿਬੁ ਕਿਰਪਾ ਕਰੈ ॥	ساچا صاحِبُ کِرپا کرے ॥
ਸੋ ਸੇਵਕੁ ਜਮ ਤੇ ਕੈਸਾ ਡਰੈ ॥੪॥	سو سیوکُ جم تے کیَسا ڈرے ۔ ॥4॥
ਭਨਤਿ ਨਾਨਕੁ ਕਰੇ ਵੀਚਾਰੁ ॥	بھنتِ نانکُ کرے ویچارُ ॥
ਸਾਚੀ ਬਾਣੀ ਸਿਉ ਧਰੇ ਪਿਆਰੁ ॥	ساچی بانٹی سِءُ دھرے پِیارُ ॥
ਤਾ ਕੋ ਪਾਵੈ ਮੋਖ ਦੁਆਰੁ ॥	تا کو پاوے موکھ دُیارُ ॥
ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ ॥੫॥੨॥੪॥	جپُ تپُ سبھُ اِہُ سبدُ ہے سارُ ॥5॥2॥4॥
ਧਨਾਸਰੀ ਮਹਲਾ ੧ ॥	دھناسری محلا 1 ॥
ਜੀਉ ਤਪਤੁ ਹੈ ਬਾਰੋ ਬਾਰ ॥	جیِءُ تپتُ ہے بارو بار ॥
ਤਪਿ ਤਪਿ ਖਪੈ ਬਹੁਤੁ ਬੇਕਾਰ ॥	تپِ تپِ کھپے بہُتُ بیکار ॥
ਜੈ ਤਨਿ ਬਾਣੀ ਵਿਸਰਿ ਜਾਇ ॥	جے تنِ بانٹی وِسرِ جاءِ ॥
ਜਿਉ ਪਕਾ ਰੋਗੀ ਵਿਲਲਾਇ ॥੧॥	جِءُ پکا روگی وِللاءِ ॥1॥
ਬਹੁਤਾ ਬੋਲਣੁ ਝਖਣੁ ਹੋਇ ॥	بہُتا بولنُ جھکھنُ ہوءِ ॥
ਵਿਣੁ ਬੋਲੇ ਜਾਣੈ ਸਭੁ ਸੋਇ ॥੧॥ ਰਹਾਉ ॥	وِنُ بولے جانٹے سبھُ سوءِ ॥1॥ رہاءُ ॥
ਜਿਨਿ ਕਨ ਕੀਤੇ ਅਖੀ ਨਾਕੁ ॥	جِنِ کن کیتے اکھی ناکُ ॥
ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥	جِنِ جِہوا دِتی بولے تاتُ ॥
ਜਿਨਿ ਮਨੁ ਰਾਖਿਆ ਅਗਨੀ ਪਾਇ ॥	جِنِ منُ راکھیا اگنی پاءِ ॥
ਵਾਜੈ ਪਵਣੁ ਆਥੈ ਸਭ ਜਾਇ ॥੨॥	واجے پونُ آکھے سبھ جاءِ ॥2॥
ਜੇਤਾ ਮੋਹੁ ਪਰੀਤਿ ਸੁਆਦ ॥	جیتا موہُ پریتِ سُیاد ॥
ਸਭਾ ਕਾਲਖ ਦਾਗਾ ਦਾਗ ॥	سبھا کالکھ داگا داگ ॥
ਦਾਗ ਦੋਸ ਮੁਹਿ ਚਲਿਆ ਲਾਇ ॥	داگ دوس مُہِ چلیا لاءِ ॥

ਦਰਗਹ ਬੈਸਣ ਨਾਹੀ ਜਾਇ ॥੩॥	درگہ بیَسنُ ناہی جاءِ ॥3॥
ਕਰਮਿ ਮਿਲੈ ਆਖਣੁ ਤੇਰਾ ਨਾਉ ॥	کرمِ مِلےَ آکھنُ تیرا ناءُ ॥
ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥	جِتُ لگِ ترنا ہورُ نہی تھاءُ ॥
ਜੇ ਕੋ ਡੂਬੈ ਫਿਰਿ ਹੋਵੈ ਸਾਰ ॥	جے کو ڈُوبےَ پھِرِ ہووےَ سار ॥
ਨਾਨਕ ਸਾਚਾ ਸਰਬ ਦਾਤਾਰ ॥੪॥੩॥੫॥	نانک ساچا سرب داتار ॥4॥3॥5॥
ਧਨਾਸਰੀ ਮਹਲਾ ੧ ॥	دھناسری محلا 1 ॥
ਚੋਰੁ ਸਲਾਹੇ ਚੀਤੁ ਨ ਭੀਜੈ ॥	چورُ سلاہے چیتُ ن بھیجےَ ॥
ਜੇ ਬਦੀ ਕਰੇ ਤਾ ਤਸੂ ਨ ਛੀਜੈ ॥	جے بدی کرے تا تسوُ ن چھیجےَ ॥
ਚੋਰ ਕੀ ਹਾਮਾ ਭਰੇ ਨ ਕੋਇ ॥	چور کی ہاما بھرے ن کوءِ ॥
ਚੋਰੁ ਕੀਆ ਚੰਗਾ ਕਿਉ ਹੋਇ ॥੧॥	چورُ کِیا چنگا کِءُ ہوءِ ۔ ॥1॥
ਸੁਣਿ ਮਨ ਅੰਧੇ ਕੁਤੇ ਕੂੜਿਆਰ ॥	سُنِ من اندھے کُتے کوُڑِیار ॥
ਬਿਨੁ ਬੋਲੇ ਬੂਝੀਐ ਸਚਿਆਰ ॥੧॥ ਰਹਾਉ ॥	بِنُ بولے بوُجھیےَ سچِیار ॥1॥ رہاءُ ॥
ਚੋਰੁ ਸੁਆਲਿਉ ਚੋਰੁ ਸਿਆਣਾ ॥	چورُ سُیالِءُ چورُ سِیاٹا ॥
ਖੋਟੇ ਕਾ ਮੁਲੁ ਏਕੁ ਦੁਗਾਣਾ ॥	کھوٹے کا مُلُ ایکُ دُگاٹا ॥
ਜੇ ਸਾਥਿ ਰਖੀਐ ਦੀਜੈ ਰਲਾਇ ॥	جے ساتھِ رکھیےَ دیجےَ رلاءِ ॥
ਜਾ ਪਰਖੀਐ ਖੋਟਾ ਹੋਇ ਜਾਇ ॥੨॥	جا پرکھیےَ کھوٹا ہوءِ جاءِ ॥2॥
ਜੈਸਾ ਕਰੇ ਸੁ ਤੈਸਾ ਪਾਵੈ ॥	جیَسا کرے سُ تیَسا پاوےَ ॥
ਆਪਿ ਬੀਜਿ ਆਪੇ ਹੀ ਖਾਵੈ ॥	آپِ بیجِ آپے ہی کھاوےَ ॥
ਜੇ ਵਡਿਆਈਆ ਆਪੇ ਖਾਇ ॥	جے وڈِیائیِیا آپے کھاءِ ॥
ਜੇਹੀ ਸੁਰਤਿ ਤੇਹੈ ਰਾਹਿ ਜਾਇ ॥੩॥	جیہی سُرتِ تیہےَ راہِ جاءِ ॥3॥
ਜੇ ਸਉ ਕੂੜੀਆ ਕੂੜੁ ਕਬਾੜੁ ॥	جے سءُ کوُڑِیا کوُڑُ کباڑُ ॥
ਭਾਵੈ ਸਭੁ ਆਖਉ ਸੰਸਾਰੁ ॥	بھاوےَ سبھُ آکھءُ سنّسارُ ॥

ਤੁਧੁ ਭਾਵੈ ਅਧੀ ਪਰਵਾਣੁ ॥	تُدھُ بھاوے ادھی پرواڻُ ॥
ਨਾਨਕ ਜਾਣੈ ਜਾਣੁ ਸੁਜਾਣੁ ॥੪॥੪॥੬॥	نانک جاڻے جاڻُ سُجاڻُ ॥4॥4॥6॥
ਧਨਾਸਰੀ ਮਹਲਾ ੧ ॥	دھناسری محلا 1 ॥
ਕਾਇਆ ਕਾਗਦੁ ਮਨੁ ਪਰਵਾਣਾ ॥	کائیا کاگدُ منُ پرواڻا ॥
ਸਿਰ ਕੇ ਲੇਖ ਨ ਪੜੈ ਇਆਣਾ ॥	سِر کے لیکھ ن پڑے اِیاڻا ॥
ਦਰਗਹ ਘੜੀਅਹਿ ਤੀਨੇ ਲੇਖ ॥	درگہ گھڑیئہِ تِینے لیکھ ॥
ਖੋਟਾ ਕਾਮਿ ਨ ਆਵੈ ਵੇਖੁ ॥੧॥	کھوٹا کامِ ن آوے ویکھُ ۔ ॥1॥
ਨਾਨਕ ਜੇ ਵਿਚਿ ਰੁਪਾ ਹੋਇ ॥	نانک جے وِچِ رُپا ہوءِ ॥
ਖਰਾ ਖਰਾ ਆਖੈ ਸਭੁ ਕੋਇ ॥੧॥ ਰਹਾਉ ॥	کھرا کھرا آکھے سبھُ کوءِ ॥1॥ رہاءُ ॥
ਕਾਦੀ ਕੂੜੁ ਬੋਲਿ ਮਲੁ ਖਾਇ ॥	قادی کوڑُ بولِ ملُ کھاءِ ॥
ਬ੍ਰਾਹਮਣੁ ਨਾਵੈ ਜੀਆ ਘਾਇ ॥	برّاہمڻُ ناوے جِیا گھاءِ ॥
ਜੋਗੀ ਜੁਗਤਿ ਨ ਜਾਣੈ ਅੰਧੁ ॥	جوگی جُگتِ ن جاڻے انّدھُ ॥
ਤੀਨੇ ਓਜਾੜੇ ਕਾ ਬੰਧੁ ॥੨॥	تِینے اوجاڑے کا بنّدھُ ॥2॥
ਸੋ ਜੋਗੀ ਜੋ ਜੁਗਤਿ ਪਛਾਣੈ ॥	سو جوگی جو جُگتِ پچھاڻے ॥
ਗੁਰ ਪਰਸਾਦੀ ਏਕੋ ਜਾਣੈ ॥	گُر پرسادی ایکو جاڻے ॥
ਕਾਜੀ ਸੋ ਜੋ ਉਲਟੀ ਕਰੈ ॥	قاضی سو جو اُلٹی کرے ॥
ਗੁਰ ਪਰਸਾਦੀ ਜੀਵਤੁ ਮਰੈ ॥	گُر پرسادی جیوتُ مرے ॥
ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥	سو برّاہمڻُ جو برہمُ بیچارے ॥
ਆਪਿ ਤਰੈ ਸਗਲੇ ਕੁਲ ਤਾਰੈ ॥੩॥	آپِ ترے سگلے کُل تارے ॥3॥
ਦਾਨਸਬੰਦੁ ਸੋਈ ਦਿਲਿ ਧੋਵੈ ॥	دانشبنّدُ سوئی دِلِ دھووے ॥
ਮੁਸਲਮਾਣੁ ਸੋਈ ਮਲੁ ਖੋਵੈ ॥	مُسلماڻُ سوئی ملُ کھووے ॥
ਪੜਿਆ ਬੂਝੈ ਸੋ ਪਰਵਾਣੁ ॥	پڑیا بوُجھے سو پرواڻُ ॥

ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥

جِسُ سِرِ درگہ کا نِیشانُ ॥4॥5॥7॥

ਧਨਾਸਰੀ ਮਹਲਾ ੧ ਘਰੁ ੩

دھناسری محلا 1 گھرُ 3

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਕਾਲੁ ਨਾਹੀ ਜੋਗੁ ਨਾਹੀ
ਨਾਹੀ ਸਤ ਕਾ ਢਬੁ ॥

کالُ ناہی جوگُ ناہی
ناہی ست کا ڈھبُ ॥

ਥਾਨਸਟ ਜਗ ਭਰਿਸਟ ਹੋਏ
ਡੂਬਤਾ ਇਵ ਜਗੁ ॥੧॥

تھانسٹ جگ بھرِسٹ ہوئے
ڈُوبتا اِو جگُ ॥1॥

ਕਲ ਮਹਿ ਰਾਮ ਨਾਮੁ ਸਾਰੁ ॥

کل مہِ رام نامُ سارُ ॥

ਅਖੀ ਤ ਮੀਟਹਿ ਨਾਕ ਪਕੜਹਿ
ਠਗਣ ਕਉ ਸੰਸਾਰੁ ॥੧॥ ਰਹਾਉ ॥

اکھی ت مِیٹہِ ناک پکڑہِ
ٹھگنٹ کءُ سنّسارُ ॥1॥ رہاءُ ॥

ਆਟ ਸੇਤੀ ਨਾਕੁ ਪਕੜਹਿ
ਸੂਝਤੇ ਤਿਨਿ ਲੋਅ ॥

آٹ سیتی ناکُ پکڑہِ
سوُجھتے تِنِ لوء ॥

ਮਗਰ ਪਾਛੈ ਕਛੁ ਨ ਸੂਝੈ
ਏਹੁ ਪਦਮੁ ਅਲੋਅ ॥੨॥

مگر پاچھےَ کچھُ ن سوُجھےَ
ایہُ پدمُ الوء ॥2॥

ਖਤ੍ਰੀਆ ਤ ਧਰਮੁ ਛੋਡਿਆ
ਮਲੇਛ ਭਾਖਿਆ ਗਹੀ ॥

کھتّریا ت دھرمُ چھوڈِیا
ملیچھ بھاکھِیا گہی ॥

ਸ੍ਰਿਸਟਿ ਸਭ ਇਕ ਵਰਨ ਹੋਈ
ਧਰਮ ਕੀ ਗਤਿ ਰਹੀ ॥੩॥

سّرِسٹِ سبھ اِک ورن ہوئی
دھرم کی گتِ رہی ॥3॥

ਅਸਟ ਸਾਜ ਸਾਜਿ ਪੁਰਾਣ ਸੋਧਹਿ
ਕਰਹਿ ਬੇਦ ਅਭਿਆਸੁ ॥

اسٹ ساج ساجِ پُراڻ سودھہِ
کرہِ بید ابھِیاسُ ॥

ਬਿਨੁ ਨਾਮ ਹਰਿ ਕੇ ਮੁਕਤਿ ਨਾਹੀ
ਕਹੈ ਨਾਨਕੁ ਦਾਸੁ ॥੪॥੧॥੬॥੮॥

بِنُ نام ہرِ کے مُکتِ ناہی
کہےَ نانکُ داسُ ॥4॥1॥6॥8॥

ਧਨਾਸਰੀ ਮਹਲਾ ੧ ਆਰਤੀ

دھناسری محلا 1 آرتی

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ

گگن مےَ تھالُ روِ چندُ دیپک بنے

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) (ਰਾਜਾ ਸਾਹਿਬ) ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦے 550ویں پرکاش پُرب نُوں سمرپت | سیوا: بھائی بلجِندر سنگھ جی (راجا صاہِب)

ਤਾਰਿਕਾ ਮੰਡਲ ਜਨਕ ਮੋਤੀ ॥

ھوُپُ ملیانلو پونُ چورو کرے
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ ॥੧॥

سگل بنراءِ پھوُلنّت جوتی ॥1॥

ਕੈਸੀ ਆਰਤੀ ਹੋਇ
ਭਵ ਖੰਡਨਾ ਤੇਰੀ ਆਰਤੀ ॥

کیَسی آرتی ہوءِ
بھو کھنڈنا تیری آرتی ॥

ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥

انہتا سبد واجنّت بھیری ॥1॥ رہاءُ ॥

ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ
ਸਹਸ ਮੂਰਤਿ ਨਨਾ ਏਕ ਤੋਹੀ ॥

سہس تو نیَن نن نیَن ہے توہِ کءُ
سہس موُرتِ ننا ایک توہی ॥

ਸਹਸ ਪਦ ਬਿਮਲ ਨਨ ਏਕ ਪਦ
ਗੰਧ ਬਿਨੁ ਸਹਸ ਤਵ ਗੰਧ
ਇਵ ਚਲਤ ਮੋਹੀ ॥੨॥

سہس پد بِمل نن ایک پد
گنّدھ بِنُ سہس تو گنّدھ
اِو چلت موہی ॥2॥

ਸਭ ਮਹਿ ਜੋਤਿ ਜੋਤਿ ਹੈ ਸੋਇ ॥

سبھ مہِ جوتِ جوتِ ہے سوءِ ॥

ਤਿਸ ਕੈ ਚਾਨਣਿ
ਸਭ ਮਹਿ ਚਾਨਣੁ ਹੋਇ ॥

تِس کے چانڑِ
سبھ مہِ چانڑُ ہوءِ ॥

ਗੁਰ ਸਾਖੀ ਜੋਤਿ ਪਰਗਟੁ ਹੋਇ ॥

گُر ساکھی جوتِ پرگٹُ ہوءِ ॥

ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥

جو تِس بھاوے سُ آرتی ہوءِ ॥3॥

ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ
ਅਨਦਿਨੋ ਮੋਹਿ ਆਹੀ ਪਿਆਸਾ ॥

ہرِ چرڑ کمل مکرنّد لوبھت منو
اندِنو موہِ آہی پیاسا ॥

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ
ਹੋਇ ਜਾ ਤੇ ਤੇਰੈ ਨਾਮਿ ਵਾਸਾ ॥੪॥੧॥੭॥੯॥

کرِپا جلُ دیہِ نانک سارِنگ کءُ
ہوءِ جا تے تیرے نامِ واسا ॥4॥1॥7॥9॥

ਧਨਾਸਰੀ ਮਹਲਾ ੩ ਘਰੁ ੨ ਚਉਪਦੇ

دھناسری محلا 3 گھرُ 2 چئُپدے

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਇਹੁ ਧਨੁ ਅਖੁਟੁ
ਨ ਨਿਖੁਟੈ ਨ ਜਾਇ ॥

اِہُ دھنُ اکھُٹُ
ن نِکھُٹے ن جاءِ ॥

ਪੂਰੈ ਸਤਿਗੁਰਿ ਦੀਆ ਦਿਖਾਇ ॥	پوُرے ستِگُرِ دِیِیا دِکھاءِ ॥
ਅਪੁਨੇ ਸਤਿਗੁਰ ਕਉ ਸਦ ਬਲਿ ਜਾਈ ॥	اپُنے ستِگُر ک ءُ سد بلِ جائی ॥
ਗੁਰ ਕਿਰਪਾ ਤੇ ਹਰਿ ਮੰਨਿ ਵਸਾਈ ॥੧॥	گُر کِرپا تے ہرِ منّنِ وسائی ॥1॥
ਸੇ ਧਨਵੰਤ ਹਰਿ ਨਾਮਿ ਲਿਵ ਲਾਇ ॥	سے دھنونّت ہرِ نامِ لِو لاءِ ॥
ਗੁਰਿ ਪੂਰੈ ਹਰਿ ਧਨੁ ਪਰਗਾਸਿਆ ਹਰਿ ਕਿਰਪਾ ਤੇ ਵਸੈ ਮਨਿ ਆਇ ॥ ਰਹਾਉ ॥	گُرِ پوُرے ہرِ دھنُ پرگاسِیا ہرِ کِرپا تے وسے منِ آءِ ॥ رہاءُ ॥
ਅਵਗੁਣ ਕਾਟਿ ਗੁਣ ਰਿਦੈ ਸਮਾਇ ॥	اوگُنؔ کاٹِ گُنؔ رِدے سماءِ ॥
ਪੂਰੇ ਗੁਰ ਕੈ ਸਹਜਿ ਸੁਭਾਇ ॥	پوُرے گُر کے سہجِ سُبھاءِ ॥
ਪੂਰੇ ਗੁਰ ਕੀ ਸਾਚੀ ਬਾਣੀ ॥	پوُرے گُر کی ساچی باؤ ॥
ਸੁਖ ਮਨ ਅੰਤਰਿ ਸਹਜਿ ਸਮਾਣੀ ॥੨॥	سُکھ من انّترِ سہجِ سماؤ ॥2॥
ਏਕੁ ਅਚਰਜੁ ਜਨ ਦੇਖਹੁ ਭਾਈ ॥	ایکُ اچرجُ جن دیکھہُ بھائی ॥
ਦੁਬਿਧਾ ਮਾਰਿ ਹਰਿ ਮੰਨਿ ਵਸਾਈ ॥	دُبِدھا مارِ ہرِ منّنِ وسائی ॥
ਨਾਮੁ ਅਮੋਲਕੁ ਨ ਪਾਇਆ ਜਾਇ ॥	نامُ امولکُ ن پائِیا جاءِ ॥
ਗੁਰ ਪਰਸਾਦਿ ਵਸੈ ਮਨਿ ਆਇ ॥੩॥	گُر پرسادِ وسے منِ آءِ ॥3॥
ਸਭ ਮਹਿ ਵਸੈ ਪ੍ਰਭੁ ਏਕੋ ਸੋਇ ॥	سبھ مہِ وسے پّربھُ ایکو سوءِ ॥
ਗੁਰਮਤੀ ਘਟਿ ਪਰਗਟੁ ਹੋਇ ॥	گُرمتی گھٹِ پرگٹُ ہوءِ ॥
ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ ॥	سہجے جِنِ پّربھُ جانؔ پچھاؤیا ॥
ਨਾਨਕ ਨਾਮੁ ਮਿਲੈ ਮਨੁ ਮਾਨਿਆ ॥੪॥੧॥	نانک نامُ مِلے منُ مانِیا ॥4॥1॥
ਧਨਾਸਰੀ ਮਹਲਾ ੩ ॥	دھناسری محلا 3 ॥
ਹਰਿ ਨਾਮੁ ਧਨੁ ਨਿਰਮਲੁ ਅਤਿ ਅਪਾਰਾ ॥	ہرِ نامُ دھنُ نِرملُ اتِ اپارا ॥
ਗੁਰ ਕੈ ਸਬਦਿ ਭਰੇ ਭੰਡਾਰਾ ॥	گُر کے سبدِ بھرے بھنّڈارا ॥
ਨਾਮ ਧਨ ਬਿਨੁ ਹੋਰ ਸਭ ਬਿਖੁ ਜਾਣੁ ॥	نام دھن بِنُ ہور سبھ بِکھُ جانُؔ ॥
ਮਾਇਆ ਮੋਹਿ ਜਲੈ ਅਭਿਮਾਨੁ ॥੧॥	مائِیا موہِ جلے ابھِمانُ ॥1॥

ਗੁਰਮੁਖਿ ਹਰਿ ਰਸੁ ਚਾਖੈ ਕੋਇ ॥

گُرمُکھِ ہرِ رسُ چاکھےَ کوءِ ॥

ਤਿਸੁ ਸਦਾ ਅਨੰਦੁ ਹੋਵੈ ਦਿਨੁ ਰਾਤੀ
ਪੂਰੈ ਭਾਗਿ ਪਰਾਪਤਿ ਹੋਇ ॥ ਰਹਾਉ ॥

تِسُ سدا انندُ ہووے دِنُ راتی
پُورے بھاگِ پراپتِ ہوءِ ॥ رہاءُ ॥

ਸਬਦੁ ਦੀਪਕੁ ਵਰਤੈ ਤਿਹੁ ਲੋਇ ॥

سبدُ دیپکُ ورتے تِہُ لوءِ ॥

ਜੋ ਚਾਖੈ ਸੋ ਨਿਰਮਲੁ ਹੋਇ ॥

جو چاکھےَ سو نِرملُ ہوءِ ॥

ਨਿਰਮਲ ਨਾਮਿ ਹਉਮੈ ਮਲੁ ਧੋਇ ॥

نِرمل نامِ ہئُمےَ ملُ دھوءِ ॥

ਸਾਚੀ ਭਗਤਿ ਸਦਾ ਸੁਖੁ ਹੋਇ ॥੨॥

ساچی بھگتِ سدا سُکھُ ہوءِ ॥2॥

ਜਿਨਿ ਹਰਿ ਰਸੁ ਚਾਖਿਆ
ਸੋ ਹਰਿ ਜਨੁ ਲੋਗੁ ॥

جِنِ ہرِ رسُ چاکھِیا
سو ہرِ جنُ لوگُ ॥

ਤਿਸੁ ਸਦਾ ਹਰਖੁ ਨਾਹੀ ਕਦੇ ਸੋਗੁ ॥

تِسُ سدا ہرکھُ ناہی کدے سوگُ ॥

ਆਪਿ ਮੁਕਤੁ ਅਵਰਾ ਮੁਕਤੁ ਕਰਾਵੈ ॥

آپِ مُکتُ اورا مُکتُ کراوےَ ॥

ਹਰਿ ਨਾਮੁ ਜਪੈ ਹਰਿ ਤੇ ਸੁਖੁ ਪਾਵੈ ॥੩॥

ہرِ نامُ جپےَ ہرِ تے سُکھُ پاوےَ ॥3॥

ਬਿਨੁ ਸਤਿਗੁਰ ਸਭ ਮੁਈ ਬਿਲਲਾਇ ॥

بِنُ ستِگُر سبھ مُئی بِللاءِ ॥

ਅਨਦਿਨੁ ਦਾਝਹਿ ਸਾਤਿ ਨ ਪਾਇ ॥

اندِنُ داجھِ ساتِ ن پاءِ ॥

ਸਤਿਗੁਰੁ ਮਿਲੈ ਸਭੁ ਤ੍ਰਿਸਨ ਬੁਝਾਏ ॥

ستِگُرُ مِلےَ سبھُ ترِسن بُجھائے ॥

ਨਾਨਕ ਨਾਮਿ ਸਾਂਤਿ ਸੁਖੁ ਪਾਏ ॥੪॥੨॥

نانک نامِ سانتِ سُکھُ پائے ॥4॥2॥

ਧਨਾਸਰੀ ਮਹਲਾ ੩ ॥

دھناسری محلا 3 ॥

ਸਦਾ ਧਨੁ ਅੰਤਰਿ ਨਾਮੁ ਸਮਾਲੇ ॥

سدا دھنُ انترِ نامُ سمالے ॥

ਜੀਅ ਜੰਤ ਜਿਨਹਿ ਪ੍ਰਤਿਪਾਲੇ ॥

جیء جنّت جِنہِ پرتپالے ॥

ਮੁਕਤਿ ਪਦਾਰਥੁ ਤਿਨ ਕਉ ਪਾਏ ॥

مُکتِ پدارتھُ تِن کءُ پائے ॥

ਹਰਿ ਕੈ ਨਾਮਿ ਰਤੇ ਲਿਵ ਲਾਏ ॥੧॥

ہرِ کےَ نامِ رتے لِو لائے ॥1॥

ਗੁਰ ਸੇਵਾ ਤੇ ਹਰਿ ਨਾਮੁ ਧਨੁ ਪਾਵੈ ॥

گُر سیوا تے ہرِ نامُ دھنُ پاوےَ ॥

ਅੰਤਰਿ ਪਰਗਾਸੁ ਹਰਿ ਨਾਮੁ ਧਿਆਵੈ ॥ ਰਹਾਉ ॥

انترِ پرگاسُ ہرِ نامُ دھیاوےَ ॥ رہاءُ ॥

ਇਹੁ ਹਰਿ ਰੰਗੁ ਗੂੜਾ ਧਨ ਪਿਰ ਹੋਇ ॥	اِہُ ہرِ رنگُ گوڑا دھن پِر ہوءِ ॥
ਸਾਂਤਿ ਸੀਗਾਰੁ ਰਾਵੇ ਪ੍ਰਭੁ ਸੋਇ ॥	سانْتِ سیِگارُ راوے پربھُ سوءِ ॥
ਹਉਮੈ ਵਿਚਿ ਪ੍ਰਭੁ ਕੋਇ ਨ ਪਾਏ ॥	ہئُمےَ وِچِ پربھُ کوءِ ن پائے ॥
ਮੂਲਹੁ ਭੁਲਾ ਜਨਮੁ ਗਵਾਏ ॥੨॥	مُولہُ بھُلا جنمُ گوائے ॥2॥
ਗੁਰ ਤੇ ਸਾਤਿ ਸਹਜ ਸੁਖੁ ਬਾਣੀ ॥	گُر تے ساتِ سہج سُکھُ باٹی ॥
ਸੇਵਾ ਸਾਚੀ ਨਾਮਿ ਸਮਾਣੀ ॥	سیوا ساچی نامِ سماٹی ॥
ਸਬਦਿ ਮਿਲੈ ਪ੍ਰੀਤਮੁ ਸਦਾ ਧਿਆਏ ॥	سبدِ مِلےَ پریتمُ سدا دھیائے ॥
ਸਾਚ ਨਾਮਿ ਵਡਿਆਈ ਪਾਏ ॥੩॥	ساچ نامِ وڈِیائی پائے ॥3॥
ਆਪੇ ਕਰਤਾ ਜੁਗਿ ਜੁਗਿ ਸੋਇ ॥	آپے کرتا جُگِ جُگِ سوءِ ॥
ਨਦਰਿ ਕਰੇ ਮੇਲਾਵਾ ਹੋਇ ॥	ندرِ کرے میلاوا ہوءِ ॥
ਗੁਰਬਾਣੀ ਤੇ ਹਰਿ ਮੰਨਿ ਵਸਾਏ ॥	گُربانٹی تے ہرِ منّنِ وسائے ॥
ਨਾਨਕ ਸਾਚਿ ਰਤੇ ਪ੍ਰਭਿ ਆਪਿ ਮਿਲਾਏ ॥੪॥੩॥	نانک ساچِ رتے پربھِ آپِ مِلائے ॥4॥3॥
ਧਨਾਸਰੀ ਮਹਲਾ ੩ ਤੀਜਾ ॥	دھناسری محلا 3 تیجا ॥
ਜਗੁ ਮੈਲਾ ਮੈਲੋ ਹੋਇ ਜਾਇ ॥	جگُ میَلا میَلو ہوءِ جاءِ ॥
ਆਵੈ ਜਾਇ ਦੂਜੈ ਲੋਭਾਇ ॥	آوےَ جاءِ دوُجےَ لوبھاءِ ॥
ਦੂਜੈ ਭਾਇ ਸਭ ਪਰਜ ਵਿਗੋਈ ॥	دوُجےَ بھاءِ سبھ پرج وِگوئی ॥
ਮਨਮੁਖਿ ਚੋਟਾ ਖਾਇ ਅਪੁਨੀ ਪਤਿ ਖੋਈ ॥੧॥	منمُکھِ چوٹا کھاءِ اپُنی پتِ کھوئی ॥1॥
ਗੁਰ ਸੇਵਾ ਤੇ ਜਨੁ ਨਿਰਮਲੁ ਹੋਇ ॥	گُر سیوا تے جنُ نِرملُ ہوءِ ॥
ਅੰਤਰਿ ਨਾਮੁ ਵਸੈ ਪਤਿ ਊਤਮ ਹੋਇ ॥ ਰਹਾਉ ॥	انترِ نامُ وسےَ پتِ اوُتم ہوءِ ॥ رہاءُ ॥
ਗੁਰਮੁਖਿ ਉਬਰੇ ਹਰਿ ਸਰਣਾਈ ॥	گُرمُکھِ اُبرے ہرِ سرٹائی ॥
ਰਾਮ ਨਾਮਿ ਰਾਤੇ ਭਗਤਿ ਦ੍ਰਿੜਾਈ ॥	رام نامِ راتے بھگتِ دڑِڑائی ॥
ਭਗਤਿ ਕਰੇ ਜਨੁ ਵਡਿਆਈ ਪਾਏ ॥	بھگتِ کرے جنُ وڈِیائی پائے ॥

ਸਾਚਿ ਰਤੇ ਸੁਖ ਸਹਜਿ ਸਮਾਏ ॥੨॥	ساچِ رتے سُکھ سہجِ سمائے ॥2॥
ਸਾਚੇ ਕਾ ਗਾਹਕੁ ਵਿਰਲਾ ਕੋ ਜਾਣੁ ॥	ساچے کا گاہکُ وِرلا کو جانُ ॥
ਗੁਰ ਕੈ ਸਬਦਿ ਆਪੁ ਪਛਾਣੁ ॥	گُر کے سبدِ آپُ پچھانُ ॥
ਸਾਚੀ ਰਾਸਿ ਸਾਚਾ ਵਾਪਾਰੁ ॥	ساچی راسِ ساچا واپارُ ॥
ਸੋ ਧੰਨੁ ਪੁਰਖੁ ਜਿਸੁ ਨਾਮਿ ਪਿਆਰੁ ॥੩॥	سو دھنّنُ پُرکھُ جِسُ نامِ پِیارُ ॥3॥
ਤਿਨਿ ਪ੍ਰਭਿ ਸਾਚੈ ਇਕਿ ਸਚਿ ਲਾਏ ॥	تِنِ پربھِ ساچےَ اِکِ سچِ لائے ॥
ਊਤਮ ਬਾਣੀ ਸਬਦੁ ਸੁਣਾਏ ॥	اوُتم بانٹی سبدُ سُنٹائے ॥
ਪ੍ਰਭ ਸਾਚੇ ਕੀ ਸਾਚੀ ਕਾਰ ॥	پربھ ساچے کی ساچی کار ॥
ਨਾਨਕ ਨਾਮਿ ਸਵਾਰਣਹਾਰ ॥੪॥੪॥	نانک نامِ سوارنہار ॥4॥4॥
ਧਨਾਸਰੀ ਮਹਲਾ ੩ ॥	دھناسری محلا 3 ॥
ਜੋ ਹਰਿ ਸੇਵਹਿ ਤਿਨ ਬਲਿ ਜਾਉ ॥	جو ہرِ سیوہِ تِن بلِ جاءُ ॥
ਤਿਨ ਹਿਰਦੈ ਸਾਚੁ ਸਚਾ ਮੁਖਿ ਨਾਉ ॥	تِن ہِردے ساچُ سچا مُکھِ ناءُ ॥
ਸਾਚੋ ਸਾਚੁ ਸਮਾਲਿਹੁ ਦੁਖੁ ਜਾਇ ॥	ساچو ساچُ سمالِہُ دُکھُ جاءِ ॥
ਸਾਚੈ ਸਬਦਿ ਵਸੈ ਮਨਿ ਆਇ ॥੧॥	ساچےَ سبدِ وسےَ منِ آءِ ॥1॥
ਗੁਰਬਾਣੀ ਸੁਣਿ ਮੈਲੁ ਗਵਾਏ ॥	گُربانٹی سُنٹِ میَلُ گوائے ॥
ਸਹਜੇ ਹਰਿ ਨਾਮੁ ਮੰਨਿ ਵਸਾਏ ॥੧॥ ਰਹਾਉ ॥	سہجے ہرِ نامُ منّنِ وسائے ॥1॥ رہاءُ ॥
ਕੂੜੁ ਕੁਸਤੁ ਤ੍ਰਿਸਨਾ ਅਗਨਿ ਬੁਝਾਏ ॥	کوڑُ کُستُ ترِسنا اگنِ بُجھائے ॥
ਅੰਤਰਿ ਸਾਂਤਿ ਸਹਜਿ ਸੁਖੁ ਪਾਏ ॥	انترِ سانتِ سہجِ سُکھُ پائے ॥
ਗੁਰ ਕੈ ਭਾਣੈ ਚਲੈ ਤਾ ਆਪੁ ਜਾਇ ॥	گُر کےَ بھانٹے چلےَ تا آپُ جاءِ ॥
ਸਾਚੁ ਮਹਲੁ ਪਾਏ ਹਰਿ ਗੁਣ ਗਾਇ ॥੨॥	ساچُ محلُ پائے ہرِ گُنٹ گاءِ ॥2॥
ਨ ਸਬਦੁ ਬੂਝੈ ਨ ਜਾਣੈ ਬਾਣੀ ॥	ن سبدُ بوُجھےَ ن جانٹے بانٹی ॥
ਮਨਮੁਖਿ ਅੰਧੇ ਦੁਖਿ ਵਿਹਾਣੀ ॥	منمُکھِ اندھے دُکھِ وِہانٹی ॥

ਸਤਿਗੁਰੁ ਭੇਟੇ ਤਾ ਸੁਖੁ ਪਾਏ ॥	ستِگُر بھیٹے تا سُکھُ پائے ॥
ਹਉਮੈ ਵਿਚਹੁ ਠਾਕਿ ਰਹਾਏ ॥੩॥	ہئُمَے وِچہُ ٹھاکِ رہائے ॥3॥
ਕਿਸ ਨੋ ਕਹੀਐ ਦਾਤਾ ਇਕੁ ਸੋਇ ॥	کِس نو کہیئے داتا اِکُ سوءِ ॥
ਕਿਰਪਾ ਕਰੇ ਸਬਦਿ ਮਿਲਾਵਾ ਹੋਇ ॥	کِرپا کرے سبدِ مِلاوا ہوءِ ॥
ਮਿਲਿ ਪ੍ਰੀਤਮ ਸਾਚੇ ਗੁਣ ਗਾਵਾ ॥	مِلِ پ٘رِیتم ساچے گُن٘ گاوا ॥
ਨਾਨਕ ਸਾਚੇ ਸਾਚਾ ਭਾਵਾ ॥੪॥੫॥	نانک ساچے ساچا بھاوا ॥4॥5॥
ਧਨਾਸਰੀ ਮਹਲਾ ੩ ॥	دھناسری محلا 3 ॥
ਮਨੁ ਮਰੈ ਧਾਤੁ ਮਰਿ ਜਾਇ ॥	منُ مرے دھاتُ مرِ جاءِ ॥
ਬਿਨੁ ਮਨ ਮੂਏ ਕੈਸੇ ਹਰਿ ਪਾਇ ॥	بِنُ من موُئے کیَسے ہرِ پاءِ ۔ ॥
ਇਹੁ ਮਨੁ ਮਰੈ ਦਾਰੂ ਜਾਣੈ ਕੋਇ ॥	اِہُ منُ مرے دارہُ جانٹے کوءِ ॥
ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥	منُ سبدِ مرے بوُجھے جنُ سوءِ ॥1॥
ਜਿਸ ਨੋ ਬਖਸੇ ਹਰਿ ਦੇ ਵਡਿਆਈ ॥	جِس نو بخشے ہرِ دے وڈِیائی ॥
ਗੁਰ ਪਰਸਾਦਿ ਵਸੈ ਮਨਿ ਆਈ ॥ ਰਹਾਉ ॥	گُر پرسادِ وسے منِ آئی ॥ رہاءُ ॥
ਗੁਰਮੁਖਿ ਕਰਣੀ ਕਾਰ ਕਮਾਵੈ ॥	گُرمُکھِ کرنٹی کار کماوے ॥
ਤਾ ਇਸੁ ਮਨ ਕੀ ਸੋਝੀ ਪਾਵੈ ॥	تا اِس من کی سوجھی پاوے ॥
ਮਨੁ ਮੈ ਮਤੁ ਮੈਗਲ ਮਿਕਦਾਰਾ ॥	منُ مے مت میَگل مِکدارا ॥
ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥੨॥	گُرُ انکُس مارِ جیوالنٹہارا ॥2॥
ਮਨੁ ਅਸਾਧੁ ਸਾਧੈ ਜਨੁ ਕੋਈ ॥	منُ اسادھُ سادھے جنُ کوئی ॥
ਅਚਰੁ ਚਰੈ ਤਾ ਨਿਰਮਲੁ ਹੋਈ ॥	اچرُ چرے تا نِرملُ ہوئی ॥
ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥	گُرمُکھِ اِہُ منُ لئیا سوارِ ॥
ਹਉਮੈ ਵਿਚਹੁ ਤਜੈ ਵਿਕਾਰ ॥੩॥	ہئُمَے وِچہُ تجے وِکار ॥3॥
ਜੋ ਧੁਰਿ ਰਖਿਅਨੁ ਮੇਲਿ ਮਿਲਾਇ ॥	جو دھُرِ رکھِئنُ میلِ مِلاءِ ॥

ਕਦੇ ਨ ਵਿਛੁੜਹਿ ਸਬਦਿ ਸਮਾਇ ॥	کدے ن وِچھُڑہِ سبدِ سماءِ ॥
ਆਪਣੀ ਕਲਾ ਆਪੇ ਪ੍ਰਭੁ ਜਾਣੈ ॥	آپنی کلا آپے پربھُ جانے ॥
ਨਾਨਕ ਗੁਰਮੁਖਿ ਨਾਮੁ ਪਛਾਣੈ ॥੪॥੬॥	نانک گُرمُکھِ نامُ پچھانے ॥4॥6॥
ਧਨਾਸਰੀ ਮਹਲਾ ੩ ॥	دھناسری محلا 3 ॥
ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥	کاچا دھنُ سنچہِ مُورکھ گاوار ॥
ਮਨਮੁਖ ਭੂਲੇ ਅੰਧ ਗਾਵਾਰ ॥	منمُکھ بھُولے انّدھ گاوار ॥
ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥	بِکھیا کے دھنِ سدا دُکھُ ہوءِ ॥
ਨਾ ਸਾਥਿ ਜਾਇ ਨ ਪਰਾਪਤਿ ਹੋਇ ॥੧॥	نا ساتھِ جاءِ ن پراپتِ ہوءِ ॥1॥
ਸਾਚਾ ਧਨੁ ਗੁਰਮਤੀ ਪਾਏ ॥	ساچا دھنُ گُرمتی پائے ॥
ਕਾਚਾ ਧਨੁ ਫੁਨਿ ਆਵੈ ਜਾਏ ॥ ਰਹਾਉ ॥	کاچا دھنُ پھُنِ آوے جائے ॥ رہاءُ ॥
ਮਨਮੁਖਿ ਭੂਲੇ ਸਭਿ ਮਰਹਿ ਗਵਾਰ ॥	منمُکھِ بھُولے سبھِ مرہِ گوار ॥
ਭਵਜਲਿ ਡੂਬੇ ਨ ਉਰਵਾਰਿ ਨ ਪਾਰਿ ॥	بھوجلِ ڈُوبے ن اُروارِ ن پارِ ॥
ਸਤਿਗੁਰੁ ਭੇਟੇ ਪੂਰੈ ਭਾਗਿ ॥	ستِگُر بھیٹے پُورے بھاگِ ॥
ਸਾਚਿ ਰਤੇ ਅਹਿਨਿਸਿ ਬੈਰਾਗਿ ॥੨॥	ساچِ رتے اِہنِس بیَراگِ ॥2॥
ਚਹੁ ਜੁਗ ਮਹਿ ਅੰਮ੍ਰਿਤੁ ਸਾਚੀ ਬਾਣੀ ॥	چہُ جُگ مہِ انّمرِتُ ساچی بانٹی ॥
ਪੂਰੈ ਭਾਗਿ ਹਰਿ ਨਾਮਿ ਸਮਾਣੀ ॥	پُورے بھاگِ ہرِ نامِ سمانٹی ॥
ਸਿਧ ਸਾਧਿਕ ਤਰਸਹਿ ਸਭਿ ਲੋਇ ॥	سِدھ سادھِک ترسہِ سبھِ لوءِ ॥
ਪੂਰੈ ਭਾਗਿ ਪਰਾਪਤਿ ਹੋਇ ॥੩॥	پُورے بھاگِ پراپتِ ہوءِ ॥3॥
ਸਭੁ ਕਿਛੁ ਸਾਚਾ ਸਾਚਾ ਹੈ ਸੋਇ ॥	سبھُ کِچھُ ساچا ساچا ہے سوءِ ॥
ਊਤਮ ਬ੍ਰਹਮੁ ਪਛਾਣੈ ਕੋਇ ॥	اوُتم برہمُ پچھانٹے کوءِ ॥
ਸਚੁ ਸਾਚਾ ਸਚੁ ਆਪਿ ਦ੍ਰਿੜਾਏ ॥	سچُ ساچا سچُ آپِ دڑِڑائے ॥
ਨਾਨਕ ਆਪੇ ਵੇਖੈ ਆਪੇ ਸਚਿ ਲਾਏ ॥੪॥੭॥	نانک آپے ویکھے آپے سچِ لائے ॥4॥7॥

ਧਨਾਸਰੀ ਮਹਲਾ ੩ ॥	دھناسری محلا 3 ॥
ਨਾਵੈ ਕੀ ਕੀਮਤਿ ਮਿਤਿ ਕਹੀ ਨ ਜਾਇ ॥	ناوے کی قِیمتِ مِتِ کہی ن جاءِ ॥
ਸੇ ਜਨ ਧੰਨੁ ਜਿਨ ਇਕ ਨਾਮਿ ਲਿਵ ਲਾਇ ॥	سے جن دھنّنُ جِن اِک نامِ لِو لاءِ ॥
ਗੁਰਮਤਿ ਸਾਚੀ ਸਾਚਾ ਵੀਚਾਰੁ ॥	گُرمتِ ساچی ساچا ویچارُ ॥
ਆਪੇ ਬਖਸੇ ਦੇ ਵੀਚਾਰੁ ॥੧॥	آپے بخشے دے ویچارُ ॥1॥
ਹਰਿ ਨਾਮੁ ਅਚਰਜੁ ਪ੍ਰਭੁ ਆਪਿ ਸੁਣਾਏ ॥	ہرِ نامُ اچرجُ پربھُ آپِ سُٹائے ॥
ਕਲੀ ਕਾਲ ਵਿਚਿ ਗੁਰਮੁਖਿ ਪਾਏ ॥੧॥ ਰਹਾਉ ॥	کلی کال وِچ گُرمُکھِ پائے ॥1॥ رہاءُ ॥
ਹਮ ਮੂਰਖ ਮੂਰਖ ਮਨ ਮਾਹਿ ॥	ہم مُورکھ مُورکھ من ماہِ ॥
ਹਉਮੈ ਵਿਚਿ ਸਭ ਕਾਰ ਕਮਾਹਿ ॥	ہئمےَ وِچ سبھ کار کماہِ ॥
ਗੁਰ ਪਰਸਾਦੀ ਹੰਉਮੈ ਜਾਇ ॥	گُر پرسادی ہئمّےَ جاءِ ॥
ਆਪੇ ਬਖਸੇ ਲਏ ਮਿਲਾਇ ॥੨॥	آپے بخشے لئے مِلاءِ ॥2॥
ਬਿਖਿਆ ਕਾ ਧਨੁ ਬਹੁਤੁ ਅਭਿਮਾਨੁ ॥	بِکھیا کا دھنُ بہُتُ ابھِمانُ ॥
ਅਹੰਕਾਰਿ ਡੂਬੈ ਨ ਪਾਵੈ ਮਾਨੁ ॥	اہنکارِ ڈُوبےَ ن پاوے مانُ ॥
ਆਪੁ ਛੋਡਿ ਸਦਾ ਸੁਖੁ ਹੋਈ ॥	آپُ چھوڈِ سدا سُکھُ ہوئی ॥
ਗੁਰਮਤਿ ਸਾਲਾਹੀ ਸਚੁ ਸੋਈ ॥੩॥	گُرمتِ سالاحی سچُ سوئی ॥3॥
ਆਪੇ ਸਾਜੇ ਕਰਤਾ ਸੋਇ ॥	آپے ساجے کرتا سوءِ ॥
ਤਿਸੁ ਬਿਨੁ ਦੂਜਾ ਅਵਰੁ ਨ ਕੋਇ ॥	تِسُ بِنُ دوُجا اورُ ن کوءِ ॥
ਜਿਸੁ ਸਚਿ ਲਾਏ ਸੋਈ ਲਾਗੈ ॥	جِسُ سچِ لائے سوئی لاگے ॥
ਨਾਨਕ ਨਾਮਿ ਸਦਾ ਸੁਖੁ ਆਗੈ ॥੪॥੮॥	نانک نامِ سدا سُکھُ آگے ॥4॥8॥
ਰਾਗੁ ਧਨਾਸਿਰੀ ਮਾਤਿਲਹਲਾ ੩ ਘਰੁ ੪	راگُ دھناسِری ماتِلہلا 3 گھرُ 4
੧ੴ ਸਤਿਗੁਰ ਪ੍ਰਸਾਦਿ ॥	۱ۅ ستِگُر پرسادِ ॥
ਹਮ ਭੀਖਕ ਭੇਖਾਰੀ ਤੇਰੇ	ہم بھیکھک بھیکھاری تیرے

ਤੂ ਨਿਜ ਪਤਿ ਹੈ ਦਾਤਾ ॥

ہوہُ دیَیال نامُ دیہُ منگت جن کنّءُ
سدا رہءُ رنگِ راتا ॥1॥

ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ
ਸਦਾ ਰਹਉ ਰੰਗਿ ਰਾਤਾ ॥੧॥

ہنّءُ بلِہارے جاءُ
ساچے تیرے نام وِٹہُ ॥

ਹੰਉ ਬਲਿਹਾਰੈ ਜਾਉ
ਸਾਚੇ ਤੇਰੇ ਨਾਮ ਵਿਟਹੁ ॥

کرنٹ کارنٹ سبھنا کا ایکو
اورُ ن دوُجا کوئی ॥1॥ رہاءُ ॥

ਕਰਣ ਕਾਰਣ ਸਭਨਾ ਕਾ ਏਕੋ
ਅਵਰੁ ਨ ਦੂਜਾ ਕੋਈ ॥੧॥ ਰਹਾਉ ॥

بہُتے پھیر پئے کِرپن کءُ
اب کِچھُ کِرپا کیجےَ ॥

ਬਹੁਤੇ ਫੇਰ ਪਏ ਕਿਰਪਨ ਕਉ
ਅਬ ਕਿਛੁ ਕਿਰਪਾ ਕੀਜੈ ॥

ہوہُ دیَیال درسنُ دیہُ اپُنا
ایَسی بخش کریجےَ ॥2॥

ਹੋਹੁ ਦਇਆਲ ਦਰਸਨੁ ਦੇਹੁ ਅਪੁਨਾ
ਐਸੀ ਬਖਸ ਕਰੀਜੈ ॥੨॥

بھنتِ نانک بھرم پٹ کھوُلّہے
گُر پرسادی جانِیا ॥

ਭਨਤਿ ਨਾਨਕ ਭਰਮ ਪਟ ਖੂਲ੍ਹੇ
ਗੁਰ ਪਰਸਾਦੀ ਜਾਨਿਆ ॥

ساچی لِو لاگی ہےَ بھیترِ
ستِگُر سِءُ منُ مانِیا ॥3॥1॥9॥

ਸਾਚੀ ਲਿਵ ਲਾਗੀ ਹੈ ਭੀਤਰਿ
ਸਤਿਗੁਰ ਸਿਉ ਮਨੁ ਮਾਨਿਆ ॥੩॥੧॥੯॥

دھناسری محلا 4 گھرُ 1 چئُپدے

ਧਨਾਸਰੀ ਮਹਲਾ ੪ ਘਰੁ ੧ ਚਉਪਦੇ

ੴ ستِگُر پرّسادِ ॥

ੴ ਸਤਿਗੁਰ ਪ੍ਰਸਾਦਿ ॥

جو ہرِ سیوہِ سنّت بھگت
تِن کے سبھِ پاپ نِواری ॥

ਜੋ ਹਰਿ ਸੇਵਹਿ ਸੰਤ ਭਗਤ
ਤਿਨ ਕੇ ਸਭਿ ਪਾਪ ਨਿਵਾਰੀ ॥

ہم اوُپرِ کِرپا کرِ سُیامی
رکھُ سنگتِ تُم جُ پِیاری ॥1॥

ਹਮ ਊਪਰਿ ਕਿਰਪਾ ਕਰਿ ਸੁਆਮੀ
ਰਖੁ ਸੰਗਤਿ ਤੁਮ ਜੁ ਪਿਆਰੀ ॥੧॥

ہرِ گُنٹ کہِ ن سکءُ بنواری ॥

ਹਰਿ ਗੁਣ ਕਹਿ ਨ ਸਕਉ ਬਨਵਾਰੀ ॥

ہم پاپی پاتھر نیرِ ڈُبت
کرِ کِرپا پاکھنٹ ہم تاری ॥ رہاءُ ॥

ਹਮ ਪਾਪੀ ਪਾਥਰ ਨੀਰਿ ਡੁਬਤ
ਕਰਿ ਕਿਰਪਾ ਪਾਖਣ ਹਮ ਤਾਰੀ ॥ ਰਹਾਉ ॥

جنم جنم کے لاگے بِکھُ مورچا

ਜਨਮ ਜਨਮ ਕੇ ਲਾਗੇ ਬਿਖੁ ਮੋਰਚਾ

ਲਗਿ ਸੰਗਤਿ ਸਾਧ ਸਵਾਰੀ ॥

لگِ سنگتِ سادھ سواری ॥

ਜਿਉ ਕੰਚਨੁ ਬੈਸੰਤਰਿ ਤਾਇਓ
ਮਲੁ ਕਾਟੀ ਕਟਿਤ ਉਤਾਰੀ ॥੨॥

جِءُ کنچنُ بیسنّترِ تائیو
مل کاٹی کٹِت اُتاری ॥2॥

ਹਰਿ ਹਰਿ ਜਪਨੁ ਜਪਉ ਦਿਨੁ ਰਾਤੀ
ਜਪਿ ਹਰਿ ਹਰਿ ਹਰਿ ਉਰਿ ਧਾਰੀ ॥

ہرِ ہرِ جپنُ جپءُ دِنُ راتی
جپِ ہرِ ہرِ ہرِ اُرِ دھاری ॥

ਹਰਿ ਹਰਿ ਹਰਿ ਅਉਖਧੁ ਜਗਿ ਪੂਰਾ
ਜਪਿ ਹਰਿ ਹਰਿ ਹਉਮੈ ਮਾਰੀ ॥੩॥

ہرِ ہرِ ہرِ انکھدھُ جگِ پوُرا
جپِ ہرِ ہرِ ہئمےَ ماری ॥3॥

ਹਰਿ ਹਰਿ ਅਗਮ ਅਗਾਧਿ ਬੋਧਿ
ਅਪਰੰਪਰ ਪੁਰਖ ਅਪਾਰੀ ॥

ہرِ ہرِ اگم اگادھِ بودھِ
اپرنّپر پُرکھ اپاری ॥

ਜਨ ਕਉ ਕ੍ਰਿਪਾ ਕਰਹੁ ਜਗਜੀਵਨ
ਜਨ ਨਾਨਕ ਪੈਜ ਸਵਾਰੀ ॥੪॥੧॥

جن کءُ کرِپا کرہُ جگجیون
جن نانک پیج سواری ॥4॥1॥

ਧਨਾਸਰੀ ਮਹਲਾ ੪ ॥

دھناسری محلا 4 ॥

ਹਰਿ ਕੇ ਸੰਤ ਜਨਾ ਹਰਿ ਜਪਿਓ
ਤਿਨ ਕਾ ਦੂਖੁ ਭਰਮੁ ਭਉ ਭਾਗੀ ॥

ہرِ کے سنّت جنا ہرِ جپِئو
تِن کا دوُکھُ بھرمُ بھءُ بھاگی ॥

ਅਪਨੀ ਸੇਵਾ ਆਪਿ ਕਰਾਈ
ਗੁਰਮਤਿ ਅੰਤਰਿ ਜਾਗੀ ॥੧॥

اپنی سیوا آپِ کرائی
گُرمتِ انترِ جاگی ॥1॥

ਹਰਿ ਕੈ ਨਾਮਿ ਰਤਾ ਬੈਰਾਗੀ ॥

ہرِ کے نامِ رتا بیَراگی ॥

ਹਰਿ ਹਰਿ ਕਥਾ ਸੁਣੀ ਮਨਿ ਭਾਈ
ਗੁਰਮਤਿ ਹਰਿ ਲਿਵ ਲਾਗੀ ॥੧॥ ਰਹਾਉ ॥

ہرِ ہرِ کتھا سُنّی منِ بھائی
گُرمتِ ہرِ لِو لاگی ॥1॥ رہاءُ ॥

ਸੰਤ ਜਨਾ ਕੀ ਜਾਤਿ ਹਰਿ ਸੁਆਮੀ
ਤੁਮ੍ ਠਾਕੁਰ ਹਮ ਸਾਂਗੀ ॥

سنّت جنا کی زاتِ ہرِ سُیامی
تُمہ ٹھاکُر ہم سانگی ॥

ਜੈਸੀ ਮਤਿ ਦੇਵਹੁ ਹਰਿ ਸੁਆਮੀ
ਹਮ ਤੈਸੇ ਬੁਲਗ ਬੁਲਾਗੀ ॥੨॥

جیَسی متِ دیوہُ ہرِ سُیامی
ہم تیَسے بُلغ بُلاگی ॥2॥

ਕਿਆ ਹਮ ਕਿਰਮ ਨਾਨ੍ ਨਿਕ ਕੀਰੇ
ਤੁਮ੍ ਵਡ ਪੁਰਖ ਵਡਾਗੀ ॥

کِیا ہم کِرم نانہ نِک کیِرے
تُمہ وڈ پُرکھ وڈاگی ॥

ਤੁਮ੍ਰੀ ਗਤਿ ਮਿਤਿ ਕਹਿ ਨ ਸਕਹ ਪ੍ਰਭ
ਹਮ ਕਿਉ ਕਰਿ ਮਿਲਹ ਅਭਾਗੀ ॥੩॥

ہم کِ ءُ کرِ ملہ ابھاگی ۔ ॥3॥
تُمہری گتِ مِتِ کہِ ن سکہ پربھ

ਹਰਿ ਪ੍ਰਭ ਸੁਆਮੀ ਕਿਰਪਾ ਧਾਰਹੁ
ਹਮ ਹਰਿ ਹਰਿ ਸੇਵਾ ਲਾਗੀ ॥

ہم ہرِ ہرِ سیوا لاگی ॥
ہرِ پربھ سُیامی کِرپا دھارہُ

ਨਾਨਕ ਦਾਸਨਿ ਦਾਸੁ ਕਰਹੁ ਪ੍ਰਭ
ਹਮ ਹਰਿ ਕਥਾ ਕਥਾਗੀ ॥੪॥੨॥

ہم ہرِ کتھا کتھاگی ॥4॥2॥
نانک داسنِ داسُ کرہُ پربھ

ਧਨਾਸਰੀ ਮਹਲਾ ੪ ॥

دھناسری محلا 4 ॥

ਹਰਿ ਕਾ ਸੰਤੁ ਸਤਗੁਰੁ ਸਤ ਪੁਰਖਾ
ਜੋ ਬੋਲੈ ਹਰਿ ਹਰਿ ਬਾਨੀ ॥

جو بولے ہرِ ہرِ بانی ॥
ہرِ کا سنّتُ ستگُرُ ست پُرکھا

ਜੋ ਜੋ ਕਹੈ ਸੁਣੈ ਸੋ ਮੁਕਤਾ
ਹਮ ਤਿਸ ਕੈ ਸਦ ਕੁਰਬਾਨੀ ॥੧॥

ہم تِس کے سد قُربانی ॥1॥
جو جو کہے سُنے سو مُکتا

ਹਰਿ ਕੇ ਸੰਤ ਸੁਨਹੁ ਜਸੁ ਕਾਨੀ ॥

ہرِ کے سنّت سُنہُ جسُ کانی ॥
ہرِ ہرِ کتھا سُنہُ اِک نِمکھ پل

ਹਰਿ ਹਰਿ ਕਥਾ ਸੁਨਹੁ ਇਕ ਨਿਮਖ ਪਲ
ਸਭਿ ਕਿਲਵਿਖ ਪਾਪ ਲਹਿ ਜਾਨੀ ॥੧॥ ਰਹਾਉ ॥

سبھِ کِلوِکھ پاپ لہِ جانی ॥1॥ رہاءُ ॥
ایَسا سنّتُ سادھُ جِن پائیا

ਐਸਾ ਸੰਤੁ ਸਾਧੁ ਜਿਨ ਪਾਇਆ
ਤੇ ਵਡ ਪੁਰਖ ਵਡਾਨੀ ॥

تے وڈ پُرکھ وڈانی ॥
تِن کی دھوُرِ منگہ پربھ سُیامی

ਤਿਨ ਕੀ ਧੂਰਿ ਮੰਗਹ ਪ੍ਰਭ ਸੁਆਮੀ
ਹਮ ਹਰਿ ਲੋਚ ਲੁਚਾਨੀ ॥੨॥

ہم ہرِ لوچ لُچانی ॥2॥
ہرِ ہرِ سپھلِئو برِکھُ پربھ سُیامی

ਹਰਿ ਹਰਿ ਸਫਲਿਓ ਬਿਰਖੁ ਪ੍ਰਭ ਸੁਆਮੀ
ਜਿਨ ਜਪਿਓ ਸੇ ਤ੍ਰਿਪਤਾਨੀ ॥

جِن جپِئو سے ترِپتانی ॥
ہرِ ہرِ انمرِتُ پی ترِپتاسے

ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਸੇ
ਸਭ ਲਾਥੀ ਭੂਖ ਭੁਖਾਨੀ ॥੩॥

سبھ لاتھی بھوُکھ بھکھانی ॥3॥

ਜਿਨ ਕੇ ਵਡੇ ਭਾਗ ਵਡ ਊਚੇ
ਤਿਨ ਹਰਿ ਜਪਿਓ ਜਪਾਨੀ ॥

جِن کے وڈے بھاگ وڈ اوُچے
تِن ہرِ جپِئو جپانی ॥

ਤਿਨ ਹਰਿ ਸੰਗਤਿ ਮੇਲਿ ਪ੍ਰਭ ਸੁਆਮੀ

تِن ہرِ سنگتِ میلِ پربھ سُیامی

ਜਨ ਨਾਨਕ ਦਾਸ ਦਸਾਨੀ ॥੪॥੩॥

جن نانک داس دسانی ॥4॥3॥

ਧਨਾਸਰੀ ਮਹਲਾ ੪ ॥

دھناسری محلا 4 ॥

ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ
ਕਿਉ ਚਾਲਹ ਗੁਰ ਚਾਲੀ ॥

ہم اندھُلے اندھ بِکھے بِکھُ راتے
کِءُ چالہ گُر چالی ॥

ਸਤਗੁਰੁ ਦਇਆ ਕਰੇ ਸੁਖਦਾਤਾ
ਹਮ ਲਾਵੈ ਆਪਨ ਪਾਲੀ ॥੧॥

ستگُرُ دیَیا کرے سُکھداتا
ہم لاوے آپن پالی ॥1॥

ਗੁਰਸਿਖ ਮੀਤ ਚਲਹੁ ਗੁਰ ਚਾਲੀ ॥

گُرسِکھ میت چلہُ گُر چالی ॥

ਜੋ ਗੁਰੁ ਕਹੈ ਸੋਈ ਭਲ ਮਾਨਹੁ
ਹਰਿ ਹਰਿ ਕਥਾ ਨਿਰਾਲੀ ॥੧॥ ਰਹਾਉ ॥

جو گُرُ کہے سوئی بھل مانہُ
ہرِ ہرِ کتھا نِرالی ॥1॥ رہاءُ ॥

ਹਰਿ ਕੇ ਸੰਤ ਸੁਣਹੁ ਜਨ ਭਾਈ
ਗੁਰੁ ਸੇਵਿਹੁ ਬੇਗਿ ਬੇਗਾਲੀ ॥

ہرِ کے سنّت سُنہُ جن بھائی
گُرُ سیوِہُ بیگِ بیگالی ॥

ਸਤਗੁਰੁ ਸੇਵਿ ਖਰਚੁ ਹਰਿ ਬਾਧਹੁ
ਮਤ ਜਾਣਹੁ ਆਜੁ ਕਿ ਕਾਲ੍ਹੀ ॥੨॥

ستگُرُ سیوِ کھرچُ ہرِ بادھہُ
مت جانہُ آجُ کِ کالّہی ॥2॥

ਹਰਿ ਕੇ ਸੰਤ ਜਪਹੁ ਹਰਿ ਜਪਣਾ
ਹਰਿ ਸੰਤੁ ਚਲੈ ਹਰਿ ਨਾਲੀ ॥

ہرِ کے سنّت جپہُ ہرِ جپنّا
ہرِ سنّتُ چلے ہرِ نالی ॥

ਜਿਨ ਹਰਿ ਜਪਿਆ ਸੇ ਹਰਿ ਹੋਏ
ਹਰਿ ਮਿਲਿਆ ਕੇਲ ਕੇਲਾਲੀ ॥੩॥

جِن ہرِ جپیا سے ہرِ ہوئے
ہرِ مِلیا کیل کیلالی ॥3॥

ਹਰਿ ਹਰਿ ਜਪਨੁ ਜਪਿ ਲੋਚ ਲੋਚਾਨੀ
ਹਰਿ ਕਿਰਪਾ ਕਰਿ ਬਨਵਾਲੀ ॥

ہرِ ہرِ جپنُ جپِ لوچ لوچانی
ہرِ کِرپا کرِ بنوالی ॥

ਜਨ ਨਾਨਕ ਸੰਗਤਿ ਸਾਧ ਹਰਿ ਮੇਲਹੁ
ਹਮ ਸਾਧ ਜਨਾ ਪਗ ਰਾਲੀ ॥੪॥੪॥

جن نانک سنگتِ سادھ ہرِ میلہُ
ہم سادھ جنا پگ رالی ॥4॥4॥

ਧਨਾਸਰੀ ਮਹਲਾ ੪ ॥

دھناسری محلا 4 ॥

ਹਰਿ ਹਰਿ ਬੂੰਦ ਭਏ ਹਰਿ ਸੁਆਮੀ
ਹਮ ਚਾਤ੍ਰਿਕ ਬਿਲਲ ਬਿਲਲਾਤੀ ॥

ہرِ ہرِ بُوّند بھئے ہرِ سُیامی
ہم چاتّرِک بِلل بِللاتی ॥

ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ

ہرِ ہرِ کِرپا کرہُ پربھ اپنی

ਮੁਖਿ ਦੇਵਹੁ ਹਰਿ ਨਿਮਖਾਤੀ ॥੧॥

ہرِ بِنُ رہِ ن سک ءُ اِک راتی ॥

ਹਰਿ ਬਿਨੁ ਰਹਿ ਨ ਸਕਉ ਇਕ ਰਾਤੀ ॥

ਜਿਉ ਬਿਨੁ ਅਮਲੈ ਅਮਲੀ ਮਰਿ ਜਾਈ ਹੈ
ਤਿਉ ਹਰਿ ਬਿਨੁ ਹਮ ਮਰਿ ਜਾਤੀ ॥ ਰਹਾਉ ॥

جِ ءُ بِنُ املےَ املی مرِ جائی ہےَ
تِ ءُ ہرِ بِنُ ہم مرِ جاتی ॥ رہاءُ ॥

ਤੁਮ ਹਰਿ ਸਰਵਰ ਅਤਿ ਅਗਾਹ
ਹਮ ਲਹਿ ਨ ਸਕਹਿ ਅੰਤੁ ਮਾਤੀ ॥

تُم ہرِ سرور اتِ اگاہ
ہم لہِ ن سکہِ انّتُ ماتی ॥

ਤੂ ਪਰੈ ਪਰੈ ਅਪਰੰਪਰੁ ਸੁਆਮੀ
ਮਿਤਿ ਜਾਨਹੁ ਆਪਨ ਗਾਤੀ ॥੨॥

توُ پرےَ پرےَ اپرنّپرُ سُیامی
مِتِ جانہُ آپن گاتی ॥2॥

ਹਰਿ ਕੇ ਸੰਤ ਜਨਾ ਹਰਿ ਜਪਿਓ
ਗੁਰ ਰੰਗਿ ਚਲੂਲੈ ਰਾਤੀ ॥

ہرِ کے سنّت جنا ہرِ جپِئو
گُر رنگِ چلوُلے راتی ॥

ਹਰਿ ਹਰਿ ਭਗਤਿ ਬਨੀ ਅਤਿ ਸੋਭਾ
ਹਰਿ ਜਪਿਓ ਊਤਮ ਪਾਤੀ ॥੩॥

ہرِ ہرِ بھگتِ بنی اتِ سوبھا
ہرِ جپِئو اوُتم پاتی ॥3॥

ਆਪੇ ਠਾਕੁਰੁ ਆਪੇ ਸੇਵਕੁ
ਆਪਿ ਬਨਾਵੈ ਭਾਤੀ ॥

آپے ٹھاکُرُ آپے سیوکُ
آپِ بناوےَ بھاتی ॥

ਨਾਨਕੁ ਜਨੁ ਤੁਮਰੀ ਸਰਣਾਈ
ਹਰਿ ਰਾਖਹੁ ਲਾਜ ਭਗਾਤੀ ॥੪॥੫॥

نانکُ جنُ تُمری سرٹائی
ہرِ راکھہُ لاج بھگاتی ॥4॥5॥

ਧਨਾਸਰੀ ਮਹਲਾ ੪ ॥

دھناسری محلا 4 ॥

ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ
ਕਿਵ ਛੂਟਹ ਹਮ ਛੁਟਕਾਕੀ ॥

کلِجُگ کا دھرمُ کہہُ تُم بھائی
کِو چھوٹہ ہم چھُٹکاکی ۔ ॥

ਹਰਿ ਹਰਿ ਜਪੁ ਬੇੜੀ ਹਰਿ ਤੁਲਹਾ
ਹਰਿ ਜਪਿਓ ਤਰੈ ਤਰਾਕੀ ॥੧॥

ہرِ ہرِ جپُ بیڑی ہرِ ٹلہا
ہرِ جپِئو ترےَ تراکی ॥1॥

ਹਰਿ ਜੀ ਲਾਜ ਰਖਹੁ ਹਰਿ ਜਨ ਕੀ ॥

ہرِ جی لاج رکھہُ ہرِ جن کی ॥

ਹਰਿ ਹਰਿ ਜਪਨੁ ਜਪਾਵਹੁ ਅਪਨਾ
ਹਮ ਮਾਗੀ ਭਗਤਿ ਇਕਾਕੀ ॥ ਰਹਾਉ ॥

ہرِ ہرِ جپنُ جپاوہُ اپنا
ہم ماگی بھگتِ اِکاکی ॥ رہاءُ ॥

ਹਰਿ ਕੇ ਸੇਵਕ ਸੇ ਹਰਿ ਪਿਆਰੇ

ہرِ کے سیوک سے ہرِ پیارے

ਜਿਨ ਜਪਿਓ ਹਰਿ ਬਚਨਾਕੀ ॥

جِن جپِئو ہرِ بچناکی ॥

ਲੇਖਾ ਚਿਤ੍ਰ ਗੁਪਤਿ ਜੋ ਲਿਖਿਆ
ਸਭ ਛੂਟੀ ਜਮ ਕੀ ਬਾਕੀ ॥੨॥

لیکھا چِتّر گُپتِ جو لِکھِیا
سبھ چھوُٹی جم کی باکی ॥2॥

ਹਰਿ ਕੇ ਸੰਤ ਜਪਿਓ ਮਨਿ ਹਰਿ ਹਰਿ
ਲਗਿ ਸੰਗਤਿ ਸਾਧ ਜਨਾ ਕੀ ॥

ہرِ کے سنّت جپِئو منِ ہرِ ہرِ
لگِ سنگَتِ سادھ جنا کی ॥

ਦਿਨੀਅਰੁ ਸੂਰੁ ਤ੍ਰਿਸਨਾ ਅਗਨਿ ਬੁਝਾਨੀ
ਸਿਵ ਚਰਿਓ ਚੰਦੁ ਚੰਦਾਕੀ ॥੩॥

دِنِیَرُ سوُرُ ترِسنا اگنِ بُجھانی
سِو چرِئو چنّدُ چندّاکی ॥3॥

ਤੁਮ ਵਡ ਪੁਰਖ ਵਡ ਅਗਮ ਅਗੋਚਰ
ਤੁਮ ਆਪੇ ਆਪਿ ਅਪਾਕੀ ॥

تُم وڈ پُرکھ وڈ اگم اگوچر
تُم آپے آپِ اپاکی ॥

ਜਨ ਨਾਨਕ ਕਉ ਪ੍ਰਭ ਕਿਰਪਾ ਕੀਜੈ
ਕਰਿ ਦਾਸਨਿ ਦਾਸ ਦਸਾਕੀ ॥੪॥੬॥

جن نانک کءُ پربھ کِرپا کیجے
کرِ داسنِ داس دساکی ॥4॥6॥

ਧਨਾਸਰੀ ਮਹਲਾ ੪ ਘਰੁ ੫ ਦੁਪਦੇ

دھناسری محلا 4 گھرُ 5 دُپدے

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਉਰ ਧਾਰਿ ਬੀਚਾਰਿ ਮੁਰਾਰਿ ਰਮੋ ਰਮੁ
ਮਨਮੋਹਨ ਨਾਮੁ ਜਪੀਨੇ ॥

اُر دھارِ بیچارِ مُرارِ رمو رمُ
منموہن نامُ جپینے ॥

ਅਦ੍ਰਿਸਟੁ ਅਗੋਚਰੁ ਅਪਰੰਪਰ ਸੁਆਮੀ
ਗੁਰਿ ਪੂਰੈ ਪ੍ਰਗਟ ਕਰਿ ਦੀਨੇ ॥੧॥

اڈرِسٹُ اگوچرُ اپرنّپر سُیامی
گُرِ پوُرے پرّگٹ کرِ دِینے ॥1॥

ਰਾਮ ਪਾਰਸ ਚੰਦਨ
ਹਮ ਕਾਸਟ ਲੋਸਟ ॥

رام پارس چنّدن
ہم کاسٹ لوسٹ ॥

ਹਰਿ ਸੰਗਿ ਹਰੀ ਸਤਸੰਗੁ ਭਏ
ਹਰਿ ਕੰਚਨੁ ਚੰਦਨੁ ਕੀਨੇ ॥੧॥ ਰਹਾਉ ॥

ہرِ سنگِ ہری ستسنگُ بھئے
ہرِ کنچنُ چنّدنُ کِینے ॥1॥ رہاءُ ॥

ਨਵ ਛਿਅ ਖਟੁ ਬੋਲਹਿ ਮੁਖ ਆਗਰ
ਮੇਰਾ ਹਰਿ ਪ੍ਰਭੁ ਇਵ ਨ ਪਤੀਨੇ ॥

نو چھِء کھٹُ بولہِ مُکھ آگر
میرا ہرِ پربھُ اِو ن پتینے ॥

ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ
ਇਉ ਹਰਿ ਪ੍ਰਭੁ ਮੇਰਾ ਭੀਨੇ ॥੨॥੧॥੭॥

جن نانک ہرِ ہِردے سد دھِیاوہُ
اِءُ ہرِ پربھُ میرا بھینے ॥2॥1॥7॥

ਧਨਾਸਰੀ ਮਹਲਾ ੪ ॥

ਗੁਨ ਕਹੁ ਹਰਿ ਲਹੁ ਕਰਿ ਸੇਵਾ ਸਤਿਗੁਰ
ਇਵ ਹਰਿ ਹਰਿ ਨਾਮੁ ਧਿਆਈ ॥

ਹਰਿ ਦਰਗਹ ਭਾਵਹਿ ਫਿਰਿ ਜਨਮਿ ਨ ਆਵਹਿ
ਹਰਿ ਹਰਿ ਹਰਿ ਜੋਤਿ ਸਮਾਈ ॥੧॥

ਜਪਿ ਮਨ ਨਾਮੁ ਹਰੀ ਹੋਹਿ ਸਰਬ ਸੁਖੀ ॥

ਹਰਿ ਜਸੁ ਊਚ ਸਭਨਾ ਤੇ ਊਪਰਿ
ਹਰਿ ਹਰਿ ਹਰਿ ਸੇਵਿ ਛਡਾਈ ॥ ਰਹਾਉ ॥

ਹਰਿ ਕ੍ਰਿਪਾ ਨਿਧਿ ਕੀਨੀ ਗੁਰਿ ਭਗਤਿ ਹਰਿ ਦੀਨੀ
ਤਬ ਹਰਿ ਸਿਉ ਪ੍ਰੀਤਿ ਬਨਿ ਆਈ ॥

ਬਹੁ ਚਿੰਤ ਵਿਸਾਰੀ ਹਰਿ ਨਾਮੁ ਉਰਿ ਧਾਰੀ
ਨਾਨਕ ਹਰਿ ਭਏ ਹੈ ਸਖਾਈ ॥੨॥੨॥੮॥

ਧਨਾਸਰੀ ਮਹਲਾ ੪ ॥

ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ
ਹਰਿ ਭਉਜਲੁ ਪਾਰਿ ਉਤਾਰੀ ॥

ਮਨਿ ਬਚਨਿ ਰਿਦੈ ਧਿਆਇ ਹਰਿ ਹੋਇ ਸੰਤੁਸਟੁ
ਇਵ ਭਣੁ ਹਰਿ ਨਾਮੁ ਮੁਰਾਰੀ ॥੧॥

ਮਨਿ ਜਪੀਐ ਹਰਿ ਜਗਦੀਸ ॥

ਮਿਲਿ ਸੰਗਤਿ ਸਾਧੂ ਮੀਤ ॥

ਸਦਾ ਅਨੰਦੁ ਹੋਵੈ ਦਿਨੁ ਰਾਤੀ
ਹਰਿ ਕੀਰਤਿ ਕਰਿ ਬਨਵਾਰੀ ॥ ਰਹਾਉ ॥

ਹਰਿ ਹਰਿ ਕਰੀ ਦ੍ਰਿਸਟਿ ਤਬ ਭਇਓ ਮਨਿ ਉਦਮੁ
ਹਰਿ ਹਰਿ ਨਾਮੁ ਜਪਿਓ ਗਤਿ ਭਈ ਹਮਾਰੀ ॥

ਜਨ ਨਾਨਕ ਕੀ ਪਤਿ ਰਾਖੁ ਮੇਰੇ ਸੁਆਮੀ
ਹਰਿ ਆਇ ਪਰਿਓ ਹੈ ਸਰਣਿ ਤੁਮਾਰੀ ॥੨॥੩॥੯॥

دھناسری محلا 4 ॥

گُن کہُ ہرِ لہُ کرِ سیوا ستِگُر
اِو ہرِ ہرِ نامُ دھیائی ॥

ہرِ درگہ بھاوہِ پھرِ جنمِ ن آوہِ
ہرِ ہرِ ہرِ جوتِ سمائی ॥1॥

جپِ من نامُ ہری ہوہِ سرب سُکھی ॥

ہرِ جسُ اوُچ سبھنا تے اوُپرِ
ہرِ ہرِ ہرِ سیوِ چھڈائی ॥ رہاءُ ॥

ہرِ کرِپا نِدھِ کِینی گُرِ بھگتِ ہرِ دِینی
تب ہرِ سِ ءُ پّریتِ بنِ آئی ॥

بہُ چِنّت وِساری ہرِ نامُ اُرِ دھاری
نانک ہرِ بھئے ہے سکھائی ॥2॥2॥8॥

دھناسری محلا 4 ॥

ہرِ پڑُ ہرِ لِکھُ ہرِ جپِ ہرِ گاءُ
ہرِ بھجُّلُ پارِ اُتاری ॥

منِ بچنِ رِدے دھِیاءِ ہرِ ہوءِ سنتُسٹُ
اِو بھشُ ہرِ نامُ مُراری ॥1॥

منِ جپیئے ہرِ جگدیس ॥

مِلِ سنگتِ سادھوُ میت ۔ ॥

سدا انندُ ہووے دِنُ راتی
ہرِ کیرتِ کرِ بنواری ॥ رہاءُ ॥

ہرِ ہرِ کری دّرِسٹِ تب بھئیو منِ اُدمُ
ہرِ ہرِ نامُ جپیئو گتِ بھئی ہماری ॥

جن نانک کی پتِ راکھُ میرے سُیامی
ہرِ آءِ پرِیو ہے سرنِ تُماری ॥2॥3॥9॥

ਧਨਾਸਰੀ ਮਹਲਾ ੪ ॥

ਚਉਰਾਸੀਹ ਸਿਧ ਬੁਧ ਤੇਤੀਸ ਕੋਟਿ ਮੁਨਿ ਜਨ
ਸਭਿ ਚਾਹਹਿ ਹਰਿ ਜੀਉ ਤੇਰੋ ਨਾਉ ॥

ਗੁਰ ਪ੍ਰਸਾਦਿ ਕੋ ਵਿਰਲਾ ਪਾਵੈ
ਜਿਨ ਕਉ ਲਿਲਾਟਿ ਲਿਖਿਆ ਧੁਰਿ ਭਾਉ ॥੧॥

ਜਪਿ ਮਨ ਰਾਮੈ ਨਾਮੁ
ਹਰਿ ਜਸੁ ਊਤਮ ਕਾਮ ॥

ਜੋ ਗਾਵਹਿ ਸੁਣਹਿ ਤੇਰਾ ਜਸੁ ਸੁਆਮੀ
ਹਉ ਤਿਨ ਕੈ ਸਦ ਬਲਿਹਾਰੈ ਜਾਉ ॥ ਰਹਾਉ ॥

ਸਰਣਾਗਤਿ ਪ੍ਰਤਿਪਾਲਕ ਹਰਿ ਸੁਆਮੀ
ਜੋ ਤੁਮ ਦੇਹੁ ਸੋਈ ਹਉ ਪਾਉ ॥

ਦੀਨ ਦਇਆਲ ਕ੍ਰਿਪਾ ਕਰਿ ਦੀਜੈ
ਨਾਨਕ ਹਰਿ ਸਿਮਰਣ ਕਾ ਹੈ ਚਾਉ ॥੨॥੪॥੧੦॥

ਧਨਾਸਰੀ ਮਹਲਾ ੪ ॥

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥

ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥

ਬੋਲਹੁ ਭਾਈ ਹਰਿ ਕੀਰਤਿ
ਹਰਿ ਭਵਜਲ ਤੀਰਥਿ ॥

ਹਰਿ ਦਰਿ ਤਿਨ ਕੀ ਊਤਮ ਬਾਤ ਹੈ ਸੰਤਹੁ
ਹਰਿ ਕਥਾ ਜਿਨ ਜਨਹੁ ਜਾਨੀ ॥ ਰਹਾਉ ॥

ਆਪੇ ਗੁਰੁ ਚੇਲਾ ਹੈ ਆਪੇ
ਆਪੇ ਹਰਿ ਪ੍ਰਭੁ ਚੋਜ ਵਿਡਾਨੀ ॥

ਜਨ ਨਾਨਕ ਆਪਿ ਮਿਲਾਏ ਸੋਈ ਹਰਿ ਮਿਲਸੀ

دھناسری محلا 4 ॥

چرُاسیہ سِدھ بُدھ تیتیس کوٹِ مُنِ جن
سبھِ چاہہِ ہرِ جیِءُ تیرو ناءُ ॥

گُر پرّسادِ کو وِرلا پاوے
جِن کءُ لِلاٹِ لِکھیا دھُرِ بھاءُ ॥1॥

جپِ من رامےَ نامُ
ہرِ جسُ اوُتم کام ॥

جو گاوہِ سُنّہِ تیرا جسُ سُیامی
ہءُ تِن کے سد بلِہارے جاءُ ॥ رہاءُ ॥

سرنّاگتِ پرّتپالک ہرِ سُیامی
جو تُم دیہُ سوئی ہءُ پاءُ ॥

دِین دیئال کرّپا کرِ دیجےَ
نانک ہرِ سِمرنّ کا ہےَ چاءُ ॥2॥4॥ 10 ॥

دھناسری محلا 4 ॥

سیوک سِکھ پوُجنّ سبھِ آوہِ
سبھِ گاوہِ ہرِ ہرِ اوُتم بانی ॥

گاوِیا سُنّیا تِن کا ہرِ تھاءِ پاوے
جِن ستِگُر کی آگیا ستِ ستِ کرِ مانی ॥1॥

بولہُ بھائی ہرِ کیرتِ
ہرِ بھوجل تیرتھِ ॥

ہرِ درِ تِن کی اوُتم بات ہےَ سنّتہُ
ہرِ کتھا جِن جنہُ جانی ॥ رہاءُ ॥

آپے گُرُ چیلا ہےَ آپے
آپے ہرِ پرّبھُ چوج وِڈانی ॥

جن نانک آپِ مِلائے سوئی ہرِ مِلسی

ਅਵਰ ਸਭ ਤਿਆਗਿ ਓਹਾ ਹਰਿ ਭਾਨੀ ॥੨॥੫॥੧੧॥

اور سبھ تیاگِ اوہا ہرِ بھانی ॥2॥5॥ 11 ॥

ਧਨਾਸਰੀ ਮਹਲਾ ੪ ॥

دھناسری محلا 4 ॥

ਇਛਾ ਪੂਰਕੁ ਸਰਬ ਸੁਖਦਾਤਾ ਹਰਿ
ਜਾ ਕੈ ਵਸਿ ਹੈ ਕਾਮਧੇਨਾ ॥

اِچھا پوُرکُ سرب سُکھداتا ہرِ
جا کے وسِ ہے کامدھینا ॥

ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ
ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧॥

سو ایَسا ہرِ دھیائیئے میرے جیئڑے
تا سرب سُکھ پاوہِ میرے منا ۔ ॥1॥

ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥

جپِ من ستِ نامُ سدا ستِ نامُ ॥

ਹਲਤਿ ਪਲਤਿ ਮੁਖ ਊਜਲ ਹੋਈ ਹੈ
ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ ਰਹਾਉ ॥

ہلتِ پلتِ مُکھ اوُجل ہوئی ہے
نِت دھیائیئے ہرِ پُرکھُ نِرنجنا ॥ رہاءُ ॥

ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ
ਵਡਭਾਗੀ ਹਰਿ ਜਪਨਾ ॥

جہ ہرِ سِمرنُ بھئیا تہ اُپادھِ گتُ کِینی
وڈبھاگی ہرِ جپنا ॥

ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ
ਜਪਿ ਹਰਿ ਭਵਜਲੁ ਤਰਨਾ ॥੨॥੬॥੧੨॥

جن نانک کءُ گُرِ اِہ متِ دِینی
جپِ ہرِ بھوجلُ ترنا ॥2॥6॥ 12 ॥

ਧਨਾਸਰੀ ਮਹਲਾ ੪ ॥

دھناسری محلا 4 ॥

ਮੇਰੇ ਸਾਹਾ ਮੈ ਹਰਿ ਦਰਸਨ ਸੁਖੁ ਹੋਇ ॥

میرے ساہا مے ہرِ درسن سُکھُ ہوءِ ॥

ਹਮਰੀ ਬੇਦਨਿ ਤੂ ਜਾਨਤਾ ਸਾਹਾ
ਅਵਰੁ ਕਿਆ ਜਾਨੈ ਕੋਇ ॥ ਰਹਾਉ ॥

ہمری بیدنِ توُ جانتا ساہا
اورُ کِیا جانے کوءِ ۔ ॥ رہاءُ ॥

ਸਾਚਾ ਸਾਹਿਬੁ ਸਚੁ ਤੂ ਮੇਰੇ ਸਾਹਾ
ਤੇਰਾ ਕੀਆ ਸਚੁ ਸਭੁ ਹੋਇ ॥

ساچا صاحِبُ سچُ توُ میرے ساہا
تیرا کِیا سچُ سبھُ ہوءِ ॥

ਝੂਠਾ ਕਿਸ ਕਉ ਆਖੀਐ ਸਾਹਾ
ਦੂਜਾ ਨਾਹੀ ਕੋਇ ॥੧॥

جھوُٹھا کِس کءُ آکھیئے ساہا
دوُجا ناہی کوءِ ॥1॥

ਸਭਨਾ ਵਿਚਿ ਤੂ ਵਰਤਦਾ ਸਾਹਾ
ਸਭਿ ਤੁਝਹਿ ਧਿਆਵਹਿ ਦਿਨੁ ਰਾਤਿ ॥

سبھنا وِچ توُ ورتدا ساہا
سبھِ تُجھِ دھیاوہِ دِنُ راتِ ॥

ਸਭਿ ਤੁਝ ਹੀ ਥਾਵਹੁ ਮੰਗਦੇ ਮੇਰੇ ਸਾਹਾ
ਤੂ ਸਭਨਾ ਕਰਹਿ ਇਕ ਦਾਤਿ ॥੨॥

سبھِ تُجھ ہی تھاوہُ منگدے میرے ساہا
توُ سبھنا کرہِ اِک داتِ ॥2॥

ਸਭੁ ਕੋ ਤੁਝ ਹੀ ਵਿਚਿ ਹੈ ਮੇਰੇ ਸਾਹਾ
ਤੁਝ ਤੇ ਬਾਹਰਿ ਕੋਈ ਨਾਹਿ ॥

ਸਭਿ ਜੀਅ ਤੇਰੇ ਤੂ ਸਭਸ ਦਾ ਮੇਰੇ ਸਾਹਾ
ਸਭਿ ਤੁਝ ਹੀ ਮਾਹਿ ਸਮਾਹਿ ॥੩॥

ਸਭਨਾ ਕੀ ਤੂ ਆਸ ਹੈ ਮੇਰੇ ਪਿਆਰੇ
ਸਭਿ ਤੁਝਹਿ ਧਿਆਵਹਿ ਮੇਰੇ ਸਾਹ ॥

ਜਿਉ ਭਾਵੈ ਤਿਉ ਰਖੁ ਤੂ ਮੇਰੇ ਪਿਆਰੇ
ਸਚੁ ਨਾਨਕ ਕੇ ਪਾਤਿਸਾਹ ॥੪॥੭॥੧੩॥

ਧਨਾਸਰੀ ਮਹਲਾ ੫ ਘਰੁ ੧ ਚਉਪਦੇ

ੴ ਸਤਿਗੁਰ ਪ੍ਰਸਾਦਿ ॥

ਭਵ ਖੰਡਨ ਦੁਖ ਭੰਜਨ ਸ੍ਵਾਮੀ
ਭਗਤਿ ਵਛਲ ਨਿਰੰਕਾਰੇ ॥

ਕੋਟਿ ਪਰਾਧ ਮਿਟੇ ਖਿਨ ਭੀਤਿਰ
ਜਾਂ ਗੁਰਮੁਖਿ ਨਾਮੁ ਸਮਾਰੇ ॥੧॥

ਮੇਰਾ ਮਨੁ ਲਾਗਾ ਹੈ ਰਾਮ ਪਿਆਰੇ ॥

ਦੀਨ ਦਇਆਲਿ ਕਰੀ ਪ੍ਰਭਿ ਕਿਰਪਾ
ਵਸਿ ਕੀਨੇ ਪੰਚ ਦੂਤਾਰੇ ॥੧॥ ਰਹਾਉ ॥

ਤੇਰਾ ਥਾਨੁ ਸੁਹਾਵਾ ਰੂਪੁ ਸੁਹਾਵਾ
ਤੇਰੇ ਭਗਤ ਸੋਹਹਿ ਦਰਬਾਰੇ ॥

ਸਰਬ ਜੀਆ ਕੇ ਦਾਤੇ ਸੁਆਮੀ
ਕਰਿ ਕਿਰਪਾ ਲੇਹੁ ਉਬਾਰੇ ॥੨॥

ਤੇਰਾ ਵਰਨੁ ਨ ਜਾਪੈ ਰੂਪੁ ਨ ਲਖੀਐ
ਤੇਰੀ ਕੁਦਰਤਿ ਕਉਨੁ ਬੀਚਾਰੇ ॥

ਜਲਿ ਥਲਿ ਮਹੀਅਲਿ ਰਵਿਆ ਸ੍ਰਬ ਠਾਈ
ਅਗਮ ਰੂਪ ਗਿਰਧਾਰੇ ॥੩॥

سبھُ کو تُجھ ہی وِچ ہے میرے ساہا
تُجھ تے باہرِ کوئی ناہِ ॥

سبھِ جیء تیرے توُ سبھس دا میرے ساہا
سبھِ تُجھ ہی ماہِ سماہِ ॥3॥

سبھنا کی توُ آس ہے میرے پِیارے
سبھِ تُجھہِ دھِیاوہِ میرے ساہ ۔ ॥

جِءُ بھاوے تِءُ رکھُ توُ میرے پِیارے
سچُ نانک کے پاتِشاہ ۔ ॥4॥7॥ 13 ॥

دھناسری محلا 5 گھرُ 1 چئُپدے

ੴ ستِگُر پرّسادِ ॥

بھو کھنڈن دُکھ بھنّجن سّوامی
بھگتِ وچھل نِرنّکارے ۔ ॥

کوٹِ پرادھ مِٹے کھِن بھیتِر
جاں گُرمُکھِ نامُ سمارے ॥1॥

میرا منُ لاگا ہے رام پِیارے ॥

دِین دیئالِ کری پّربھِ کِرپا
وسِ کِینے پنّچ دوُتارے ॥1॥ رہاءُ ॥

تیرا تھانُ سُہاوا روُپُ سُہاوا
تیرے بھگت سوہہِ دربارے ॥

سرب جِیا کے داتے سُیامی
کرِ کِرپا لیہُ اُبارے ॥2॥

تیرا ورنُ ن جاپے روُپُ ن لکھیئے
تیری قُدرتِ کنُنُ بیچارے ۔ ॥

جلِ تھلِ مہیئلِ روِیا سّرب ٹھائی
اگم روُپ گِردھارے ۔ ॥3॥

ਕੀਰਤਿ ਕਰਹਿ ਸਗਲ ਜਨ ਤੇਰੀ
ਤੂ ਅਬਿਨਾਸੀ ਪੁਰਖੁ ਮੁਰਾਰੇ ॥

ਜਿਉ ਭਾਵੈ ਤਿਉ ਰਾਖਹੁ ਸੁਆਮੀ
ਜਨ ਨਾਨਕ ਸਰਨਿ ਦੁਆਰੇ ॥੪॥੧॥

ਧਨਾਸਰੀ ਮਹਲਾ ੫ ॥

ਬਿਨੁ ਜਲ ਪ੍ਰਾਨ ਤਜੇ ਹੈ ਮੀਨਾ
ਜਿਨਿ ਜਲ ਸਿਉ ਹੇਤੁ ਬਢਾਇਓ ॥

ਕਮਲ ਹੇਤਿ ਬਿਨਸਿਓ ਹੈ ਭਵਰਾ
ਉਨਿ ਮਾਰਗੁ ਨਿਕਸਿ ਨ ਪਾਇਓ ॥੧॥

ਅਬ ਮਨ ਏਕਸ ਸਿਉ ਮੋਹੁ ਕੀਨਾ ॥

ਮਰੈ ਨ ਜਾਵੈ ਸਦ ਹੀ ਸੰਗੇ
ਸਤਿਗੁਰ ਸਬਦੀ ਚੀਨਾ ॥੧॥ ਰਹਾਉ ॥

ਕਾਮ ਹੇਤਿ ਕੁੰਚਰੁ ਲੈ ਫਾਂਕਿਓ
ਓਹੁ ਪਰ ਵਸਿ ਭਇਓ ਬਿਚਾਰਾ ॥

ਨਾਦ ਹੇਤਿ ਸਿਰੁ ਡਾਰਿਓ ਕੁਰੰਕਾ
ਉਸ ਹੀ ਹੇਤ ਬਿਦਾਰਾ ॥੨॥

ਦੇਖਿ ਕੁਟੰਬੁ ਲੋਭਿ ਮੋਹਿਓ ਪ੍ਰਾਨੀ
ਮਾਇਆ ਕਉ ਲਪਟਾਨਾ ॥

ਅਤਿ ਰਚਿਓ ਕਰਿ ਲੀਨੋ ਅਪੁਨਾ
ਉਨਿ ਛੋਡਿ ਸਰਾਪਰ ਜਾਨਾ ॥੩॥

ਬਿਨੁ ਗੋਬਿੰਦ ਅਵਰ ਸੰਗਿ ਨੇਹਾ
ਓਹੁ ਜਾਣਹੁ ਸਦਾ ਦੁਹੇਲਾ ॥

ਕਹੁ ਨਾਨਕ ਗੁਰ ਇਹੈ ਬੁਝਾਇਓ
ਪ੍ਰੀਤਿ ਪ੍ਰਭੂ ਸਦ ਕੇਲਾ ॥੪॥੨॥

ਧਨਾਸਰੀ ਮਃ ੫ ॥

کیرتِ کرہِ سگل جن تیری
توُ اِبناسی پُرکھُ مُرارے ۔ ॥

جِءُ بھاوے تِءُ راکھہُ سُیامی
جن نانک سرنِ دُیارے ॥4॥1॥

دھناسری محلا 5 ॥

بِنُ جل پّران تجے ہے مِینا
جِنِ جل سِءُ ہیتُ بڈھائِئو ॥

کمل ہیتِ بِنسِئو ہے بھورا
اُنِ مارگُ نِکسِ ن پائِئو ॥1॥

اب من ایکس سِءُ موہُ کِینا ॥

مرے ن جاوے سد ہی سنگے
ستِگُر سبدی چینا ॥1॥ رہاءُ ॥

کام ہیتِ کُنچُر لے پھانکِئو
اوہُ پر وسِ بھئِئو بِچارا ॥

ناد ہیتِ سِرُ ڈارِئو کُرنکا
اُس ہی ہیت بِدارا ॥2॥

دیکھِ کُٹنّبُ لوبھِ موہِئو پّرانی
مائِیا کءُ لپٹانا ॥

اتِ رچِئو کرِ لِینو اپُنا
اُنِ چھوڈِ سراپر جانا ॥3॥

بِنُ گوبِنّد اور سنگِ نیہا
اوہُ جانُہ سدا دُہیلا ॥

کہُ نانک گُر اِہے بُجھائِئو
پّریتِ پّربھوُ سد کیلا ॥2॥4॥

دھناسری م: 5 ॥

ਕਰਿ ਕਿਰਪਾ ਦੀਓ ਮੋਹਿ ਨਾਮਾ
ਬੰਧਨ ਤੇ ਛੁਟਕਾਏ ॥

کرِ کرِپا دیئو موہِ ناما
بنّدھن تے چھُٹکائے ॥

ਮਨ ਤੇ ਬਿਸਰਿਓ ਸਗਲੋ ਧੰਧਾ
ਗੁਰ ਕੀ ਚਰਣੀ ਲਾਏ ॥੧॥

من تے بِسرِئو سگلو دھنّدھا
گُر کی چرنٹی لائے ॥1॥

ਸਾਧਸੰਗਿ ਚਿੰਤ ਬਿਰਾਨੀ ਛਾਡੀ ॥

سادھسنگِ چِنّت بِرانی چھاڈی ॥

ਅਹੰਬੁਧਿ ਮੋਹ ਮਨ ਬਾਸਨ
ਦੇ ਕਰਿ ਗਡਹਾ ਗਾਡੀ ॥੧॥ ਰਹਾਉ ॥

اہنّبُدھِ موہ من باسن
دے کرِ گڈہا گاڈی ॥1॥ رہاءُ ॥

ਨਾ ਕੋ ਮੇਰਾ ਦੁਸਮਨੁ ਰਹਿਆ
ਨ ਹਮ ਕਿਸ ਕੇ ਬੈਰਾਈ ॥

نا کو میرا دُسمنُ رہِیا
ن ہم کِس کے بیَرائی ॥

ਬ੍ਰਹਮੁ ਪਸਾਰੁ ਪਸਾਰਿਓ ਭੀਤਰਿ
ਸਤਿਗੁਰ ਤੇ ਸੋਝੀ ਪਾਈ ॥੨॥

برہمُ پسارُ پسارِئو بھیتر
ستِگُر تے سوجھی پائی ॥2॥

ਸਭੁ ਕੋ ਮੀਤੁ ਹਮ ਆਪਨ ਕੀਨਾ
ਹਮ ਸਭਨਾ ਕੇ ਸਾਜਨ ॥

سبھُ کو میِتُ ہم آپن کِینا
ہم سبھنا کے ساجن ॥

ਦੂਰਿ ਪਰਾਇਓ ਮਨ ਕਾ ਬਿਰਹਾ
ਤਾ ਮੇਲੁ ਕੀਓ ਮੇਰੈ ਰਾਜਨ ॥੩॥

دوُرِ پرائِئو من کا بِرہا
تا میلُ کِینو میرے راجن ॥3॥

ਬਿਨਸਿਓ ਢੀਠਾ ਅੰਮ੍ਰਿਤੁ ਵੂਠਾ
ਸਬਦੁ ਲਗੋ ਗੁਰ ਮੀਠਾ ॥

بِنسِئو ڈھیٹھا انّمرِتُ ووُٹھا
سبدُ لگو گُر میٹھا ॥

ਜਲਿ ਥਲਿ ਮਹੀਅਲਿ ਸਰਬ ਨਿਵਾਸੀ
ਨਾਨਕ ਰਮਈਆ ਡੀਠਾ ॥੪॥੩॥

جلِ تھلِ مہیئلِ سرب نِواسی
نانک رمئیا ڈیٹھا ॥4॥3॥

ਧਨਾਸਰੀ ਮਃ ੫ ॥

دھناسری م: 5 ॥

ਜਬ ਤੇ ਦਰਸਨ ਭੇਟੇ ਸਾਧੂ
ਭਲੇ ਦਿਨਸ ਓਇ ਆਏ ॥

جب تے درسن بھیٹے سادھوُ
بھلے دِنس اوءِ آئے ॥

ਮਹਾ ਅਨੰਦੁ ਸਦਾ ਕਰਿ ਕੀਰਤਨੁ
ਪੁਰਖ ਬਿਧਾਤਾ ਪਾਏ ॥੧॥

مہا اننّدُ سدا کرِ کیرتنُ
پُرکھ بِدھاتا پائے ॥1॥

ਅਬ ਮੋਹਿ ਰਾਮ ਜਸੋ ਮਨਿ ਗਾਇਓ ॥

اب موہِ رام جسو منِ گائِئو ॥

ਭਇਓ ਪ੍ਰਗਾਸੁ ਸਦਾ ਸੁਖੁ ਮਨ ਮਹਿ
ਸਤਿਗੁਰੁ ਪੂਰਾ ਪਾਇਓ ॥੧॥ ਰਹਾਉ ॥

بھئیو پرگاسُ سدا سُکھُ من مہِ
ستِگُرُ پوُرا پائیو ॥1॥ رہاءُ ॥

ਗੁਣ ਨਿਧਾਨੁ ਰਿਦ ਭੀਤਰਿ ਵਸਿਆ
ਤਾ ਦੂਖੁ ਭਰਮ ਭਉ ਭਾਗਾ ॥

گُنؤ نِدھانُ رِد بھیترِ وسِیا
تا دوُکھُ بھرم بھءُ بھاگا ॥

ਭਈ ਪਰਾਪਤਿ ਵਸਤੁ ਅਗੋਚਰ
ਰਾਮ ਨਾਮਿ ਰੰਗੁ ਲਾਗਾ ॥੨॥

بھئی پراپتِ وستُ اگوچر
رام نامِ رنگُ لاگا ॥2॥

ਚਿੰਤ ਅਚਿੰਤਾ ਸੋਚ ਅਸੋਚਾ
ਸੋਗੁ ਲੋਭੁ ਮੋਹੁ ਥਾਕਾ ॥

چِنّت اچِنّتا سوچ اسوچا
سوگُ لوبھُ موہُ تھاکا ॥

ਹਉਮੈ ਰੋਗ ਮਿਟੇ ਕਿਰਪਾ ਤੇ
ਜਮ ਤੇ ਭਏ ਬਿਬਾਕਾ ॥੩॥

ہئُمے روگ مِٹے کِرپا تے
جم تے بھئے بِباکا ॥3॥

ਗੁਰ ਕੀ ਟਹਲ ਗੁਰੂ ਕੀ ਸੇਵਾ
ਗੁਰ ਕੀ ਆਗਿਆ ਭਾਣੀ ॥

گُر کی ٹہل گُرو کی سیوا
گُر کی آگیا بھانی ॥

ਕਹੁ ਨਾਨਕ ਜਿਨਿ ਜਮ ਤੇ ਕਾਢੇ
ਤਿਸੁ ਗੁਰ ਕੈ ਕੁਰਬਾਣੀ ॥੪॥੪॥

کہُ نانک جِنِ جم تے کاڈھے
تِسُ گُر کے قُربانی ॥4॥4॥

ਧਨਾਸਰੀ ਮਹਲਾ ੫ ॥

دھناسری محلا 5 ॥

ਜਿਸ ਕਾ ਤਨੁ ਮਨੁ ਧਨੁ ਸਭੁ ਤਿਸ ਕਾ
ਸੋਈ ਸੁਘੜੁ ਸੁਜਾਨੀ ॥

جِس کا تنُ منُ دھنُ سبھُ تِس کا
سوئی سُگھڑُ سُجانی ॥

ਤਿਨ ਹੀ ਸੁਣਿਆ ਦੁਖੁ ਸੁਖੁ ਮੇਰਾ
ਤਉ ਬਿਧਿ ਨੀਕੀ ਖਟਾਨੀ ॥੧॥

تِن ہی سُنّیا دُکھُ سُکھُ میرا
تءُ بِدھِ نیکی کھٹانی ॥1॥

ਜੀਅ ਕੀ ਏਕੈ ਹੀ ਪਹਿ ਮਾਨੀ ॥

جیء کی ایکے ہی پہِ مانی ॥

ਅਵਰਿ ਜਤਨ ਕਰਿ ਰਹੇ ਬਹੁਤੇਰੇ
ਤਿਨ ਤਿਲੁ ਨਹੀ ਕੀਮਤਿ ਜਾਨੀ ॥ ਰਹਾਉ ॥

اورِ جتن کرِ رہے بہتیرے
تِن تِلُ نہی قیمتِ جانی ॥ رہاءُ ॥

ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ
ਗੁਰਿ ਦੀਨੋ ਮੰਤਾਨੀ ॥

انّمرِت نامُ نِرمولکُ ہیرا
گُرِ دینو منّتانی ॥

ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ

ڈِگے ن ڈولے دّرڑُ کرِ رہئو

ਪੂਰਨ ਹੋਇ ਤ੍ਰਿਪਤਾਨੀ ॥੨॥

پوُرن ہوءِ ترِپتانی ॥2॥

ਓਇ ਜੁ ਬੀਚ ਹਮ ਤੁਮ ਕਛੁ ਹੋਤੇ
ਤਿਨ ਕੀ ਬਾਤ ਬਿਲਾਨੀ ॥

اوءِ جُ بِچ ہم تُم کچھُ ہوتے
تِن کی بات بِلانی ॥

ਅਲੰਕਾਰ ਮਿਲਿ ਥੈਲੀ ਹੋਈ ਹੈ
ਤਾ ਤੇ ਕਨਿਕ ਵਖਾਨੀ ॥੩॥

النکار مِلِ تھیَلی ہوئی ہے
تا تے کنِک وکھانی ॥3॥

ਪ੍ਰਗਟਿਓ ਜੋਤਿ ਸਹਜ ਸੁਖ ਸੋਭਾ
ਬਾਜੇ ਅਨਹਤ ਬਾਨੀ ॥

پرّگٹِیو جوتِ سہج سُکھ سوبھا
باجے انہت بانی ॥

ਕਹੁ ਨਾਨਕ ਨਿਹਚਲ ਘਰੁ ਬਾਧਿਓ
ਗੁਰਿ ਕੀਓ ਬੰਧਾਨੀ ॥੪॥੫॥

کہُ نانک نِہچل گھرُ بادھِیو
گُرِ کِینو بنّدھانی ॥4॥5॥

ਧਨਾਸਰੀ ਮਹਲਾ ੫ ॥

دھناسری محلا 5 ॥

ਵਡੇ ਵਡੇ ਰਾਜਨ ਅਰੁ ਭੂਮਨ
ਤਾ ਕੀ ਤ੍ਰਿਸਨ ਨ ਬੂਝੀ ॥

وڈے وڈے راجن ارُ بھوُمن
تا کی ترِسن ن بوُجھی ॥

ਲਪਟਿ ਰਹੇ ਮਾਇਆ ਰੰਗ ਮਾਤੇ
ਲੋਚਨ ਕਛੂ ਨ ਸੂਝੀ ॥੧॥

لپٹِ رہے مائیا رنگ ماتے
لوچن کچھوُ ن سوُجھی ॥1॥

ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ ॥

بِکھیا مہِ کِن ہی ترِپتِ ن پائی ॥

ਜਿਉ ਪਾਵਕੁ ਈਧਨਿ ਨਹੀ ਧ੍ਰਾਪੈ
ਬਿਨੁ ਹਰਿ ਕਹਾ ਅਘਾਈ ॥ ਰਹਾਉ ॥

جِءُ پاوکُ ایدھنِ نہی دھّراپے
بِنُ ہرِ کہا اگھائی ۔ ॥ رہاءُ ॥

ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ
ਤਾ ਕੀ ਮਿਟੈ ਨ ਭੂਖਾ ॥

دِنُ دِنُ کرت بھوجن بہُ بنّجن
تا کی مِٹے ن بھوُکھا ॥

ਉਦਮੁ ਕਰੈ ਸੁਆਨ ਕੀ ਨਿਆਈ
ਚਾਰੇ ਕੁੰਟਾ ਘੋਖਾ ॥੨॥

اُدمُ کرے سُیان کی نِیائی
چارے کُنٹا گھوکھا ॥2॥

ਕਾਮਵੰਤ ਕਾਮੀ ਬਹੁ ਨਾਰੀ
ਪਰ ਗ੍ਰਿਹ ਜੋਹ ਨ ਚੂਕੈ ॥

کامونّت کامی بہُ ناری
پر گرِہ جوہ ن چوُکے ॥

ਦਿਨ ਪ੍ਰਤਿ ਕਰੈ ਕਰੈ ਪਛੁਤਾਪੈ
ਸੋਗ ਲੋਭ ਮਹਿ ਸੂਕੈ ॥੩॥

دِن پرّتِ کرے کرے پچھُتاپے
سوگ لوبھ مہِ سوُکے ॥3॥

ਹਰਿ ਹਰਿ ਨਾਮੁ ਅਪਾਰ ਅਮੋਲਾ
ਅੰਮ੍ਰਿਤੁ ਏਕੁ ਨਿਧਾਨਾ ॥

ہرِ ہرِ نامُ اپار امولا
انمّرِتُ ایکُ نِدھانا ॥

ਸੂਖੁ ਸਹਜੁ ਆਨੰਦੁ ਸੰਤਨ ਕੈ
ਨਾਨਕ ਗੁਰ ਤੇ ਜਾਨਾ ॥੪॥੬॥

سوُکھُ سہجُ آنندُ سنتن کے
نانک گُر تے جانا ॥4॥6॥

ਧਨਾਸਰੀ ਮਃ ੫ ॥

دھناسری م: 5 ॥

ਲਵੈ ਨ ਲਾਗਨ ਕਉ ਹੈ ਕਛੂਐ
ਜਾ ਕਉ ਫਿਰਿ ਇਹੁ ਧਾਵੈ ॥

لوے ن لاگن ک ءُ ہے کچھوُے
جا ک ءُ پھِرِ اِہُ دھاوے ॥

ਜਾ ਕਉ ਗੁਰਿ ਦੀਨੋ ਇਹੁ ਅੰਮ੍ਰਿਤੁ
ਤਿਸ ਹੀ ਕਉ ਬਨਿ ਆਵੈ ॥੧॥

جا ک ءُ گُرِ دینو اِہُ انمّرِتُ
تِس ہی ک ءُ بنِ آوے ॥1॥

ਜਾ ਕਉ ਆਇਓ ਏਕੁ ਰਸਾ ॥

جا ک ءُ آئیو ایکُ رسا ॥

ਖਾਨ ਪਾਨ ਆਨ ਨਹੀ ਖੁਧਿਆ
ਤਾ ਕੈ ਚਿਤਿ ਨ ਬਸਾ ॥ ਰਹਾਉ ॥

کھان پان آن نہی کھُدھِیا
تا کے چِتِ ن بسا ॥ رہاءُ ॥

ਮਉਲਿਓ ਮਨੁ ਤਨੁ ਹੋਇਓ ਹਰਿਆ
ਏਕ ਬੂੰਦ ਜਿਨਿ ਪਾਈ ॥

مئُلِئو منُ تنُ ہوئیو ہرِیا
ایک بوُنّد جِنِ پائی ॥

ਬਰਨਿ ਨ ਸਾਕਉ ਉਸਤਤਿ ਤਾ ਕੀ
ਕੀਮਤਿ ਕਹਣੁ ਨ ਜਾਈ ॥੨॥

برنِ ن ساک ءُ اُستتِ تا کی
قِیمتِ کہنُّ ن جائی ॥2॥

ਘਾਲ ਨ ਮਿਲਿਓ ਸੇਵ ਨ ਮਿਲਿਓ
ਮਿਲਿਓ ਆਇ ਅਚਿੰਤਾ ॥

گھال ن مِلِئو سیو ن مِلِئو
مِلِئو آءِ اچِنّتا ॥

ਜਾ ਕਉ ਦਇਆ ਕਰੀ ਮੇਰੈ ਠਾਕੁਰਿ
ਤਿਨਿ ਗੁਰਹਿ ਕਮਾਨੋ ਮੰਤਾ ॥੩॥

جا ک ءُ دئیا کری میرے ٹھاکُرِ
تِنِ گُرہِ کمانو منّتا ॥3॥

ਦੀਨ ਦੈਆਲ ਸਦਾ ਕਿਰਪਾਲਾ
ਸਰਬ ਜੀਆ ਪ੍ਰਤਿਪਾਲਾ ॥

دِین دیئال سدا کِرپالا
سرب جیِیا پرتپالا ॥

ਓਤਿ ਪੋਤਿ ਨਾਨਕ ਸੰਗਿ ਰਵਿਆ
ਜਿਉ ਮਾਤਾ ਬਾਲ ਗੋਪਾਲਾ ॥੪॥੭॥

اوتِ پوتِ نانک سنگِ رویا
جِ ءُ ماتا بال گوپالا ॥4॥7॥

ਧਨਾਸਰੀ ਮਹਲਾ ੫ ॥

دھناسری محلا 5 ॥

ਬਾਰਿ ਜਾਉ ਗੁਰ ਅਪੁਨੇ ਊਪਰਿ
ਜਿਨਿ ਹਰਿ ਹਰਿ ਨਾਮੁ ਦ੍ਰਿੜਾਯਾ ॥

بارِ جاءُ گُر اپُنے اوُپرِ
جِنِ ہرِ ہرِ نامُ دڑِڑہایا ॥

ਮਹਾ ਉਦਿਆਨ ਅੰਧਕਾਰ ਮਹਿ
ਜਿਨਿ ਸੀਧਾ ਮਾਰਗੁ ਦਿਖਾਯਾ ॥੧॥

مہا اُدِیان انّدھکار مہِ
جِنِ سیدھا مارگُ دِکھایا ॥1॥

ਹਮਰੇ ਪ੍ਰਾਨ ਗੁਪਾਲ ਗੋਬਿੰਦ ॥

ہمرے پّران گُپال گوبِنّد ॥

ਈਹਾ ਊਹਾ ਸਰਬ ਥੋਕ ਕੀ
ਜਿਸਹਿ ਹਮਾਰੀ ਚਿੰਦ ॥੧॥ ਰਹਾਉ ॥

ایہا اوُہا سرب تھوک کی
جِسہِ ہماری چِنّد ॥1॥ رہاءُ ॥

ਜਾ ਕੈ ਸਿਮਰਨਿ ਸਰਬ ਨਿਧਾਨਾ
ਮਾਨੁ ਮਹਤੁ ਪਤਿ ਪੂਰੀ ॥

جا کے سِمرنِ سرب نِدھانا
مانُ مہتُ پتِ پوُری ॥

ਨਾਮੁ ਲੈਤ ਕੋਟਿ ਅਘ ਨਾਸੇ
ਭਗਤ ਬਾਛਹਿ ਸਭਿ ਧੂਰੀ ॥੨॥

نامُ لیَت کوٹِ اگھ ناسے
بھگت باچھہِ سبھِ دھوُری ॥2॥

ਸਰਬ ਮਨੋਰਥ ਜੇ ਕੋ ਚਾਹੈ
ਸੇਵੈ ਏਕੁ ਨਿਧਾਨਾ ॥

سرب منورتھ جے کو چاہےَ
سیوےَ ایکُ نِدھانا ॥

ਪਾਰਬ੍ਰਹਮ ਅਪਰੰਪਰ ਸੁਆਮੀ
ਸਿਮਰਤ ਪਾਰਿ ਪਰਾਨਾ ॥੩॥

پاربّرہم اپرنّپر سُیامی
سِمرت پارِ پرانا ॥3॥

ਸੀਤਲ ਸਾਂਤਿ ਮਹਾ ਸੁਖੁ ਪਾਇਆ
ਸੰਤਸੰਗਿ ਰਹਿਓ ਓਲ੍ਹਾ ॥

سِیتل سانتِ مہا سُکھُ پایَا
سنّتسنگِ رہِئو اولّہا ॥

ਹਰਿ ਧਨੁ ਸੰਚਨੁ ਹਰਿ ਨਾਮੁ ਭੋਜਨੁ
ਇਹੁ ਨਾਨਕ ਕੀਨੋ ਚੋਲ੍ਹਾ ॥੪॥੮॥

ہرِ دھنُ سنّچنُ ہرِ نامُ بھوجنُ
اِہُ نانک کِینو چولّہا ॥4॥8॥

ਧਨਾਸਰੀ ਮਹਲਾ ੫ ॥

دھناسری محلا 5 ॥

ਜਿਹ ਕਰਣੀ ਹੋਵਹਿ ਸਰਮਿੰਦਾ
ਇਹਾ ਕਮਾਨੀ ਰੀਤਿ ॥

جِہ کرنّی ہووہِ سرمِنّدا
اِہا کمانی ریتِ ॥

ਸੰਤ ਕੀ ਨਿੰਦਾ ਸਾਕਤ ਕੀ ਪੂਜਾ
ਐਸੀ ਦ੍ਰਿੜੀ ਬਿਪਰੀਤਿ ॥੧॥

سنّت کی نِندا ساکت کی پوُجا
ایَسی دڑِڑہی بِپریتِ ॥1॥

ਮਾਇਆ ਮੋਹ ਭੂਲੋ ਅਵਰੈ ਹੀਤ ॥

مایَا موہ بھوُلو اورےَ ہیت ॥

ਹਰਿਚੰਦਉਰੀ ਬਨ ਹਰ ਪਾਤ ਰੇ ਇਹੈ ਤੁਹਾਰੋ ਬੀਤ ॥੧॥ ਰਹਾਉ ॥	ہرِچنّدئُری بن ہر پات رے اِہے تُہارو بِیت ॥1॥ رہاءُ ॥
ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ ॥	چنّدن لیپ ہوت دیہ کءُ سُکھُ گردھبھ بھسم سنگیتِ ॥
ਅੰਮ੍ਰਿਤ ਸੰਗਿ ਨਾਹਿ ਰੁਚ ਆਵਤ ਬਿਖੈ ਠਗਉਰੀ ਪ੍ਰੀਤਿ ॥੨॥	انمّرِت سنگِ ناہِ رُچ آوت بِکھے ٹھگئُری پّریتِ ॥2॥
ਉਤਮ ਸੰਤ ਭਲੇ ਸੰਜੋਗੀ ਇਸੁ ਜੁਗ ਮਹਿ ਪਵਿਤ ਪੁਨੀਤ ॥	اُتم سنّت بھلے سنجوگی اِسُ جُگ مہِ پوِت پُنیت ॥
ਜਾਤ ਅਕਾਰਥ ਜਨਮੁ ਪਦਾਰਥ ਕਾਚ ਬਾਦਰੈ ਜੀਤ ॥੩॥	جات اکارتھ جنمُ پدارتھ کاچ بادرے جیت ॥3॥
ਜਨਮ ਜਨਮ ਕੇ ਕਿਲਵਿਖ ਦੁਖ ਭਾਗੇ ਗੁਰਿ ਗਿਆਨ ਅੰਜਨੁ ਨੇਤ੍ਰ ਦੀਤ ॥	جنم جنم کے کِلوِکھ دُکھ بھاگے گُرِ گیان انجُن نیتّر دیت ॥
ਸਾਧਸੰਗਿ ਇਨ ਦੁਖ ਤੇ ਨਿਕਸਿਓ ਨਾਨਕ ਏਕ ਪਰੀਤ ॥੪॥੯॥	سادھسنگِ اِن دُکھ تے نِکسِئو نانک ایک پریت ॥4॥9॥
ਧਨਾਸਰੀ ਮਹਲਾ ੫ ॥	دھناسری محلا 5 ॥
ਪਾਨੀ ਪਖਾ ਪੀਸਉ ਸੰਤ ਆਗੈ ਗੁਣ ਗੋਵਿੰਦ ਜਸੁ ਗਾਈ ॥	پانی پکھا پیسءُ سنّت آگے گُنُ گووِنّد جسُ گائی ॥
ਸਾਸਿ ਸਾਸਿ ਮਨੁ ਨਾਮੁ ਸਮ੍ਹਾਰੈ ਇਹੁ ਬਿਸ੍ਰਾਮ ਨਿਧਿ ਪਾਈ ॥੧॥	ساسِ ساسِ منُ نامُ سمہّارے اِہُ بِسّرام نِدھِ پائی ॥1॥
ਤੁਮ੍ ਕਰਹੁ ਦਇਆ ਮੇਰੇ ਸਾਈ ॥	تُمہ کرہُ دئیا میرے سائی ۔ ॥
ਐਸੀ ਮਤਿ ਦੀਜੈ ਮੇਰੇ ਠਾਕੁਰ ਸਦਾ ਸਦਾ ਤੁਧੁ ਧਿਆਈ ॥੧॥ ਰਹਾਉ ॥	ایَسی متِ دیجے میرے ٹھاکُر سدا سدا تُدھُ دھیائی ॥1॥ رہاءُ ॥
ਤੁਮ੍ਰੀ ਕ੍ਰਿਪਾ ਤੇ ਮੋਹੁ ਮਾਨੁ ਛੂਟੈ ਬਿਨਸਿ ਜਾਇ ਭਰਮਾਈ ॥	تُمہری کرِپا تے موہُ مانُ چھوٹے بِنسِ جاءِ بھرمائی ॥
ਅਨਦ ਰੂਪੁ ਰਵਿਓ ਸਭ ਮਧੇ	اند روُپ روِئو سبھ مدھے

ਜਤ ਕਤ ਪੇਖਉ ਜਾਈ ॥੨॥

جت کت پیکھءُ جائی ॥2॥

ਤੁਮ੍ ਦਇਆਲ ਕਿਰਪਾਲ ਕ੍ਰਿਪਾ ਨਿਧਿ
ਪਤਿਤ ਪਾਵਨ ਗੋਸਾਈ ॥

تُمہ دئیال کرپال کرِپا نِدھِ
پتِت پاون گوسائی ॥

ਕੋਟਿ ਸੂਖ ਆਨੰਦ ਰਾਜ ਪਾਏ
ਮੁਖ ਤੇ ਨਿਮਖ ਬੁਲਾਈ ॥੩॥

کوٹِ سوُکھ آنند راج پائے
مُکھ تے نِمکھ بُلائی ॥3॥

ਜਾਪ ਤਾਪ ਭਗਤਿ ਸਾ ਪੂਰੀ
ਜੋ ਪ੍ਰਭ ਕੈ ਮਨਿ ਭਾਈ ॥

جاپ تاپ بھگتِ سا پوُری
جو پربھ کے منِ بھائی ॥

ਨਾਮੁ ਜਪਤ ਤ੍ਰਿਸਨਾ ਸਭ ਬੁਝੀ ਹੈ
ਨਾਨਕ ਤ੍ਰਿਪਤਿ ਅਘਾਈ ॥੪॥੧੦॥

نامُ جپت ترِسنا سبھ بُجھی ہے
نانک ترِپتِ اگھائی ॥4॥ 10 ॥

ਧਨਾਸਰੀ ਮਹਲਾ ੫ ॥

دھناسری محلا 5 ॥

ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ
ਭਵਣ ਚਤੁਰ ਸੰਸਾਰਾ ॥

جِنِ کِینے وسِ اپُنے ترے گُن
بھوٹ چتُر سنّسارا ॥

ਜਗ ਇਸਨਾਨ ਤਾਪ ਥਾਨ ਖੰਡੇ ਕਿਆ
ਇਹੁ ਜੰਤੁ ਵਿਚਾਰਾ ॥੧॥

جگ اِسنان تاپ تھان کھنڈے کِیا
اِہُ جنّتُ وِچارا ॥1॥

ਪ੍ਰਭ ਕੀ ਓਟ ਗਹੀ ਤਉ ਛੂਟੋ ॥

پربھ کی اوٹ گہی تءُ چھوُٹو ॥

ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ
ਬਿਖੈ ਬਿਆਧਿ ਤਬ ਹੂਟੋ ॥੧॥ ਰਹਾਉ ॥

سادھ پرسادِ ہرِ ہرِ ہرِ گائے
بِکھےَ بِیادھِ تب ہوُٹو ॥1॥ رہاءُ ॥

ਨਹ ਸੁਣੀਐ ਨਹ ਮੁਖ ਤੇ ਬਕੀਐ
ਨਹ ਮੋਹੈ ਉਹ ਡੀਠੀ ॥

نہ سُنیئےَ نہ مُکھ تے بکیئےَ
نہ موہےَ اُہ ڈیٹھی ॥

ਐਸੀ ਠਗਉਰੀ ਪਾਇ ਭੁਲਾਵੈ
ਮਨਿ ਸਭ ਕੈ ਲਾਗੈ ਮੀਠੀ ॥੨॥

ایَسی ٹھگئری پاءِ بھُلاوےَ
منِ سبھ کے لاگےَ میٹھی ॥2॥

ਮਾਇ ਬਾਪ ਪੂਤ ਹਿਤ ਭ੍ਰਾਤਾ
ਉਨਿ ਘਰਿ ਘਰਿ ਮੇਲਿਓ ਦੂਆ ॥

ماءِ باپ پوُت ہِت بھّراتا
اُنِ گھرِ گھرِ میلِئو دوُیا ॥

ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ
ਸਗਲੇ ਲਰਿ ਲਰਿ ਮੂਆ ॥੩॥

کِس ہی وادھِ گھاٹِ کِس ہی پہِ
سگلے لرِ لرِ موُیا ॥3॥

ਹਉ ਬਲਿਹਾਰੀ ਸਤਿਗੁਰ ਅਪੁਨੇ
ਜਿਨਿ ਇਹੁ ਚਲਤੁ ਦਿਖਾਇਆ ॥

ہءُ بلِہاری ستِگُر اپُنے
جِنِ اِہُ چلتُ دِکھائِیا ॥

ਗੂਝੀ ਭਾਹਿ ਜਲੈ ਸੰਸਾਰਾ
ਭਗਤ ਨ ਬਿਆਪੈ ਮਾਇਆ ॥੪॥

گُوجھی بھاہِ جلےَ سنّسارا
بھگت ن بِیاپےَ مائِیا ॥4॥

ਸੰਤ ਪ੍ਰਸਾਦਿ ਮਹਾ ਸੁਖੁ ਪਾਇਆ
ਸਗਲੇ ਬੰਧਨ ਕਾਟੇ ॥

سنّت پّرسادِ مہا سُکھُ پائِیا
سگلے بنّدھن کاٹے ॥

ਹਰਿ ਹਰਿ ਨਾਮੁ ਨਾਨਕ ਧਨੁ ਪਾਇਆ
ਅਪੁਨੈ ਘਰਿ ਲੈ ਆਇਆ ਖਾਟੇ ॥੫॥੧੧॥

ہرِ ہرِ نامُ نانک دھنُ پائِیا
اپُنے گھرِ لےَ آئِیا کھاٹے ॥5॥ 11 ॥

ਧਨਾਸਰੀ ਮਹਲਾ ੫ ॥

دھناسری محلا 5 ॥

ਤੁਮ ਦਾਤੇ ਠਾਕੁਰ ਪ੍ਰਤਿਪਾਲਕ
ਨਾਇਕ ਖਸਮ ਹਮਾਰੇ ॥

تُم داتے ٹھاکُر پّرتپالک
نائِک خصم ہمارے ॥

ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ
ਹਮ ਬਾਰਿਕ ਤੁਮਰੇ ਧਾਰੇ ॥੧॥

نِمکھ نِمکھ تُم ہی پّرتپالہُ
ہم بارِک تُمرے دھارے ॥1॥

ਜਿਹਵਾ ਏਕ ਕਵਨ ਗੁਨ ਕਹੀਐ ॥

جِہوا ایک کون گُن کہیےَ ۔ ॥

ਬੇਸੁਮਾਰ ਬੇਅੰਤ ਸੁਆਮੀ
ਤੇਰੋ ਅੰਤੁ ਨ ਕਿਨ ਹੀ ਲਹੀਐ ॥੧॥ ਰਹਾਉ ॥

بیشُمار بیئنّت سُیامی
تیرو انّتُ ن کِن ہی لہیےَ ॥1॥ رہاءُ ॥

ਕੋਟਿ ਪਰਾਧ ਹਮਾਰੇ ਖੰਡਹੁ
ਅਨਿਕ ਬਿਧੀ ਸਮਝਾਵਹੁ ॥

کوٹِ پرادھ ہمارے کھنّڈہُ
انِک بِدھی سمجھاوہُ ॥

ਹਮ ਅਗਿਆਨ ਅਲਪ ਮਤਿ ਥੋਰੀ
ਤੁਮ ਆਪਨ ਬਿਰਦੁ ਰਖਾਵਹੁ ॥੨॥

ہم اگیان الپ متِ تھوری
تُم آپن بِردُ رکھاوہُ ॥2॥

ਤੁਮਰੀ ਸਰਣਿ ਤੁਮਾਰੀ ਆਸਾ
ਤੁਮ ਹੀ ਸਜਨ ਸੁਹੇਲੇ ॥

تُمری سرنِ تُماری آسا
تُم ہی سجن سُہیلے ॥

ਰਾਖਹੁ ਰਾਖਨਹਾਰ ਦਇਆਲਾ
ਨਾਨਕ ਘਰ ਕੇ ਗੋਲੇ ॥੩॥੧੨॥

راکھہُ راکھنہار دئِیالا
نانک گھر کے گولے ॥3॥ 12 ॥

ਧਨਾਸਰੀ ਮਹਲਾ ੫ ॥

دھناسری محلا 5 ॥

ਪੂਜਾ ਵਰਤ ਤਿਲਕ ਇਸਨਾਨਾ
ਪੁੰਨ ਦਾਨ ਬਹੁ ਦੈਨ ॥

پُوجا ورت تِلک اِسنانا
پُنّن دان بہُ دیَن ॥

ਕਹੂੰ ਨ ਭੀਜੈ ਸੰਜਮ ਸੁਆਮੀ
ਬੋਲਹਿ ਮੀਠੇ ਬੈਨ ॥੧॥

کہُوُنّ ن بھِیجےَ سنجّم سُیامی
بولہِ مِیٹھے بیَن ॥1॥

ਪ੍ਰਭ ਜੀ ਕੋ ਨਾਮੁ ਜਪਤ ਮਨ ਚੈਨ ॥

پّربھ جی کو نامُ جپت من چیَن ॥

ਬਹੁ ਪ੍ਰਕਾਰ ਖੋਜਹਿ ਸਭਿ ਤਾ ਕਉ
ਬਿਖਮੁ ਨ ਜਾਈ ਲੈਨ ॥੧॥ ਰਹਾਉ ॥

بہُ پّرکار کھوجہِ سبھِ تا کءُ
بِکھمُ ن جائی لیَن ॥1॥ رہاءُ ॥

ਜਾਪ ਤਾਪ ਭ੍ਰਮਨ ਬਸੁਧਾ ਕਰਿ
ਉਰਧ ਤਾਪ ਲੈ ਗੈਨ ॥

جاپ تاپ بھّرمن بسُدھا کرِ
اُردھ تاپ لے گیَن ॥

ਇਹ ਬਿਧਿ ਨਹੀ ਪਤੀਆਨੋ ਠਾਕੁਰ
ਜੋਗ ਜੁਗਤਿ ਕਰਿ ਜੈਨ ॥੨॥

اِہ بِدھِ نہی پتیِیانو ٹھاکُر
جوگ جُگتِ کرِ جیَن ॥2॥

ਅੰਮ੍ਰਿਤ ਨਾਮੁ ਨਿਰਮੋਲਕੁ ਹਰਿ ਜਸੁ
ਤਿਨਿ ਪਾਇਓ ਜਿਸੁ ਕਿਰਪੈਨ ॥

انّمرِت نامُ نِرمولکُ ہرِ جسُ
تِنِ پائِئو جِسُ کِرپیَن ॥

ਸਾਧਸੰਗਿ ਰੰਗਿ ਪ੍ਰਭ ਭੇਟੇ
ਨਾਨਕ ਸੁਖਿ ਜਨ ਰੈਨ ॥੩॥੧੩॥

سادھسنگِ رنگِ پّربھ بھیٹے
نانک سُکھِ جن رَین ॥3॥ 13 ॥

ਧਨਾਸਰੀ ਮਹਲਾ ੫ ॥

دھناسری محلا 5 ॥

ਬੰਧਨ ਤੇ ਛੁਟਕਾਵੈ ਪ੍ਰਭੁ ਮਿਲਾਵੈ
ਹਰਿ ਹਰਿ ਨਾਮੁ ਸੁਨਾਵੈ ॥

بنّدھن تے چھُٹکاوےَ پّربھوُ مِلاوےَ
ہرِ ہرِ نامُ سُناوےَ ॥

ਅਸਥਿਰੁ ਕਰੇ ਨਿਹਚਲੁ ਇਹੁ ਮਨੂਆ
ਬਹੁਰਿ ਨ ਕਤਹੂ ਧਾਵੈ ॥੧॥

استھِرُ کرے نِہچلُ اِہُ منوُیا
بہُرِ ن کتہُو دھاوےَ ॥1॥

ਹੈ ਕੋਊ ਐਸੋ ਹਮਰਾ ਮੀਤੁ ॥

ہےَ کوئُو ایَسو ہمرا میِتُ ॥

ਸਗਲ ਸਮਗ੍ਰੀ ਜੀਉ ਹੀਉ ਦੇਉ
ਅਰਪਉ ਅਪਨੋ ਚੀਤੁ ॥੧॥ ਰਹਾਉ ॥

سگل سمگّری جیِءُ ہیِءُ دیِءُ
ارپءُ اپنو چیِتُ ॥1॥ رہاءُ ॥

ਪਰ ਧਨ ਪਰ ਤਨ ਪਰ ਕੀ ਨਿੰਦਾ
ਇਨ ਸਿਉ ਪ੍ਰੀਤਿ ਨ ਲਾਗੈ ॥

پر دھن پر تن پر کی نِنّدا
اِن سِءُ پّریِتِ ن لاگےَ ॥

ਸੰਤਹ ਸੰਗੁ ਸੰਤ ਸੰਭਾਖਨੁ
ਹਰਿ ਕੀਰਤਨਿ ਮਨੁ ਜਾਗੈ ॥੨॥

ਗੁਣ ਨਿਧਾਨ ਦਇਆਲ ਪੁਰਖ ਪ੍ਰਭ
ਸਰਬ ਸੂਖ ਦਇਆਲਾ ॥

ਮਾਗੈ ਦਾਨੁ ਨਾਮੁ ਤੇਰੋ ਨਾਨਕੁ
ਜਿਉ ਮਾਤਾ ਬਾਲ ਗੁਪਾਲਾ ॥੩॥੧੪॥

ਧਨਾਸਰੀ ਮਹਲਾ ੫ ॥

ਹਰਿ ਹਰਿ ਲੀਨੇ ਸੰਤ ਉਬਾਰਿ ॥

ਹਰਿ ਕੇ ਦਾਸ ਕੀ ਚਿਤਵੈ ਬੁਰਿਆਈ
ਤਿਸ ਹੀ ਕਉ ਫਿਰਿ ਮਾਰਿ ॥੧॥ ਰਹਾਉ ॥

ਜਨ ਕਾ ਆਪਿ ਸਹਾਈ ਹੋਆ
ਨਿੰਦਕ ਭਾਗੇ ਹਾਰਿ ॥

ਭ੍ਰਮਤ ਭ੍ਰਮਤ ਊਹਾਂ ਹੀ ਮੂਏ
ਬਾਹੁੜਿ ਗ੍ਰਿਹਿ ਨ ਮੰਝਾਰਿ ॥੧॥

ਨਾਨਕ ਸਰਣਿ ਪਰਿਓ ਦੁਖ ਭੰਜਨ
ਗੁਨ ਗਾਵੈ ਸਦਾ ਅਪਾਰਿ ॥

ਨਿੰਦਕ ਕਾ ਮੁਖੁ ਕਾਲਾ ਹੋਆ
ਦੀਨ ਦੁਨੀਆ ਕੈ ਦਰਬਾਰਿ ॥੨॥੧੫॥

ਧਨਾਸਿਰੀ ਮਹਲਾ ੫ ॥

ਅਬ ਹਰਿ ਰਾਖਨਹਾਰੁ ਚਿਤਾਰਿਆ ॥

ਪਤਿਤ ਪੁਨੀਤ ਕੀਏ ਖਿਨ ਭੀਤਰਿ
ਸਗਲਾ ਰੋਗੁ ਬਿਦਾਰਿਆ ॥੧॥ ਰਹਾਉ ॥

ਗੋਸਟਿ ਭਈ ਸਾਧ ਕੈ ਸੰਗਮਿ
ਕਾਮ ਕ੍ਰੋਧੁ ਲੋਭੁ ਮਾਰਿਆ ॥

ਸਿਮਰਿ ਸਿਮਰਿ ਪੂਰਨ ਨਾਰਾਇਨ

سنّتہ سنگُ سنّت سنّبھاکھنُ
ہرِ کیرتنِ منُ جاگے ॥2॥

گُنّ نِدھان دئیال پُرکھ پربھ
سرب سُوکھ دئیالا ۔ ॥

ماگے دانُ نامُ تیرو نانکُ
جِءُ ماتا بال گُپالا ॥3॥ 14 ॥

دھناسری محلا 5 ॥

ہرِ ہرِ لینے سنّت اُبارِ ॥

ہرِ کے داس کی چِتوے بُریائی
تِس ہی کءُ پھِرِ مارِ ॥1॥ رہاءُ ॥

جن کا آپِ سہائی ہویا
نِندک بھاگے ہارِ ॥

بھرمت بھرمت اوُہاں ہی موُئے
باہُڑِ گرِہِ ن منجھارِ ॥1॥

نانک سرنِ پرئو دُکھ بھنجن
گُن گاوے سدا اپارِ ॥

نِندک کا مُکھُ کالا ہویا
دِین دُنیا کے دربارِ ॥2॥ 15 ॥

دھناسِری محلا 5 ॥

اب ہرِ راکھنہارُ چِتارِیا ॥

پتِت پُنیت کیئے کھِن بھیترِ
سگلا روگُ بِدارِیا ॥1॥ رہاءُ ॥

گوسٹِ بھئی سادھ کے سنگمِ
کام کرودھُ لوبھُ مارِیا ॥

سِمرِ سِمرِ پوُرن نارائِن

ਸੰਗੀ ਸਗਲੇ ਤਾਰਿਆ ॥੧॥

سنگی سگلے تارِیا ॥1॥

ਅਉਖਧ ਮੰਤ੍ਰ ਮੂਲ ਮਨ ਏਕੈ
ਮਨਿ ਬਿਸ੍ਵਾਸੁ ਪ੍ਰਭ ਧਾਰਿਆ ॥

انکھدھ منّتر مؤل من ایکےَ
منِ بِسّواسُ پربھ دھارِیا ॥

ਚਰਨ ਰੇਨ ਬਾਂਛੈ ਨਿਤ ਨਾਨਕੁ
ਪੁਨਹ ਪੁਨਹ ਬਲਿਹਾਰਿਆ ॥੨॥੧੬॥

چرن رین بانچھےَ نِت نانکُ
پُنہ پُنہ بلِہارِیا ॥2॥ 16 ॥

ਧਨਾਸਰੀ ਮਹਲਾ ੫ ॥

دھناسری محلا 5 ॥

ਮੇਰਾ ਲਾਗੋ ਰਾਮ ਸਿਉ ਹੇਤੁ ॥

میرا لاگو رام سِءُ ہیتُ ॥

ਸਤਿਗੁਰੁ ਮੇਰਾ ਸਦਾ ਸਹਾਈ
ਜਿਨਿ ਦੁਖ ਕਾ ਕਾਟਿਆ ਕੇਤੁ ॥੧॥ ਰਹਾਉ ॥

ستِگُرُ میرا سدا سہائی
جِنِ دُکھ کا کاٹِیا کیتُ ॥1॥ رہاءُ ॥

ਹਾਥ ਦੇਇ ਰਾਖਿਓ ਅਪੁਨਾ
ਕਰਿ ਬਿਰਥਾ ਸਗਲ ਮਿਟਾਈ ॥

ہاتھ دےءِ راکھِئو اپُنا
کرِ برتھا سگل مِٹائی ॥

ਨਿੰਦਕ ਕੇ ਮੁਖ ਕਾਲੇ ਕੀਨੇ
ਜਨ ਕਾ ਆਪਿ ਸਹਾਈ ॥੧॥

نِندک کے مُکھ کالے کِینے
جن کا آپِ سہائی ॥1॥

ਸਾਚਾ ਸਾਹਿਬੁ ਹੋਆ ਰਖਵਾਲਾ
ਰਾਖਿ ਲੀਏ ਕੰਠਿ ਲਾਇ ॥

ساچا صاحِبُ ہویا رکھوالا
راکھِ لیۓ کنٹھِ لاءِ ॥

ਨਿਰਭਉ ਭਏ ਸਦਾ ਸੁਖ ਮਾਣੇ
ਨਾਨਕ ਹਰਿ ਗੁਣ ਗਾਇ ॥੨॥੧੭॥

نِربھءُ بھۓ سدا سُکھ ماۓ
نانک ہرِ گُن گاءِ ॥2॥ 17 ॥

ਧਨਾਸਿਰੀ ਮਹਲਾ ੫ ॥

دھناسِری محلا 5 ॥

ਅਉਖਧੁ ਤੇਰੋ ਨਾਮੁ ਦਇਆਲ ॥

انکھدھُ تیرو نامُ دیَیال ۔ ॥

ਮੋਹਿ ਆਤੁਰ ਤੇਰੀ ਗਤਿ ਨਹੀ ਜਾਨੀ
ਤੂੰ ਆਪਿ ਕਰਹਿ ਪ੍ਰਤਿਪਾਲ ॥੧॥ ਰਹਾਉ ॥

موہِ آتُر تیری گتِ نہی جانی
توُنّ آپِ کرہِ پرتپال ॥1॥ رہاءُ ॥

ਧਾਰਿ ਅਨੁਗ੍ਰਹੁ ਸੁਆਮੀ ਮੇਰੇ
ਦੁਤੀਆ ਭਾਉ ਨਿਵਾਰਿ ॥

دھارِ انگرہُ سُیامی میرے
دُتِیا بھاءُ نِوارِ ॥

ਬੰਧਨ ਕਾਟਿ ਲੇਹੁ ਅਪੁਨੇ ਕਰਿ
ਕਬਹੂ ਨ ਆਵਹ ਹਾਰਿ ॥੧॥

بندھن کاٹِ لیہُ اپُنے کرِ
کبہوُ ن آوہ ہارِ ॥1॥

ਤੇਰੀ ਸਰਨਿ ਪਇਆ ਹਉ ਜੀਵਾਂ
ਤੂੰ ਸੰਮ੍ਰਥੁ ਪੁਰਖੁ ਮਿਹਰਵਾਨੁ ॥

تیری سرنِ پئیا ہءُ جیواں
توُنَ سمّرتھُ پُرکھُ مِہروانُ ॥

ਆਠ ਪਹਰ ਪ੍ਰਭ ਕਉ ਆਰਾਧੀ
ਨਾਨਕ ਸਦ ਕੁਰਬਾਨੁ ॥੨॥੧੮॥

آٹھ پہر پربھ کءُ آرادھی
نانک سد قُربانُ ॥2॥ 18 ॥

ਰਾਗੁ ਧਨਾਸਰੀ ਮਹਲਾ ੫

راگُ دھناسری محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਹਾ ਹਾ ਪ੍ਰਭ ਰਾਖਿ ਲੇਹੁ ॥

ہا ہا پربھ راکھِ لیہُ ॥

ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ
ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥੧॥ ਰਹਾਉ ॥

ہم تے کِچھوُ ن ہوءِ میرے سّوامی
کرِ کِرپا اپُنا نامُ دیہُ ॥1॥ رہاءُ ॥

ਅਗਨਿ ਕੁਟੰਬ ਸਾਗਰ ਸੰਸਾਰ ॥

اگنِ کُٹنّب ساگر سنّسار ॥

ਭਰਮ ਮੋਹ ਅਗਿਆਨ ਅੰਧਾਰ ॥੧॥

بھرم موہ اگیان انّدھار ॥1॥

ਊਚ ਨੀਚ ਸੂਖ ਦੂਖ ॥

اوُچ نِیچ سوُکھ دوُکھ ॥

ਧ੍ਰਾਪਸਿ ਨਾਹੀ ਤ੍ਰਿਸਨਾ ਭੂਖ ॥੨॥

دھّراپسِ ناہی تّرِسنا بھوُکھ ॥2॥

ਮਨਿ ਬਾਸਨਾ ਰਚਿ ਬਿਖੈ ਬਿਆਧਿ ॥

منِ باسنا رچِ بِکھےَ بِیادھِ ॥

ਪੰਚ ਦੂਤ ਸੰਗਿ ਮਹਾ ਅਸਾਧ ॥੩॥

پنّچ دوُت سنگِ مہا اسادھ ॥3॥

ਜੀਅ ਜਹਾਨੁ ਪ੍ਰਾਨ ਧਨੁ ਤੇਰਾ ॥

جیء جہانُ پّران دھنُ تیرا ॥

ਨਾਨਕ ਜਾਨੁ ਸਦਾ ਹਰਿ ਨੇਰਾ ॥੪॥੧॥੧੯॥

نانک جانُ سدا ہرِ نیرا ॥4॥1॥ 19 ॥

ਧਨਾਸਰੀ ਮਹਲਾ ੫ ॥

دھناسری محلا 5 ॥

ਦੀਨ ਦਰਦ ਨਿਵਾਰਿ ਠਾਕੁਰ
ਰਾਖੈ ਜਨ ਕੀ ਆਪਿ ॥

دِین دردِ نِوارِ ٹھاکُر
راکھےَ جن کی آپِ ॥

ਤਰਣ ਤਾਰਣ ਹਰਿ ਨਿਧਿ
ਦੂਖੁ ਨ ਸਕੈ ਬਿਆਪਿ ॥੧॥

ترنّ تارنّ ہرِ نِدھِ
دوُکھُ ن سکےَ بِیاپِ ॥1॥

ਸਾਧੂ ਸੰਗਿ ਭਜਹੁ ਗੁਪਾਲ ॥

سادھوُ سنگِ بھجہُ گُپال ॥

ਆਨ ਸੰਜਮ ਕਿਛੁ ਨ ਸੂਝੈ

آن سنّجم کِچھُ ن سوُجھےَ

ਇਹ ਜਤਨ ਕਾਟਿ ਕਲਿ ਕਾਲ ॥ ਰਹਾਉ ॥

اِہ جتن کاٹِ کلِ کال ॥ رہاءُ ॥

ਆਦਿ ਅੰਤਿ ਦਇਆਲ ਪੂਰਨ
ਤਿਸੁ ਬਿਨਾ ਨਹੀ ਕੋਇ ॥

آدِ انّتِ دیئال پوُرن
تِسُ بِنا نہی کوءِ ॥

ਜਨਮ ਮਰਣ ਨਿਵਾਰਿ ਹਰਿ ਜਪਿ
ਸਿਮਰਿ ਸੁਆਮੀ ਸੋਇ ॥੨॥

جنم مرنؔ نِوارِ ہرِ جپِ
سِمرِ سُیامی سوءِ ॥2॥

ਬੇਦ ਸਿੰਮ੍ਰਿਤਿ ਕਥੈ ਸਾਸਤ
ਭਗਤ ਕਰਹਿ ਬੀਚਾਰੁ ॥

بید سِمرّتِ کتھےَ ساست
بھگت کرہِ بیچارُ ॥

ਮੁਕਤਿ ਪਾਈਐ ਸਾਧਸੰਗਤਿ
ਬਿਨਸਿ ਜਾਇ ਅੰਧਾਰੁ ॥੩॥

مُکتِ پائیےَ سادھسنگتِ
بِنسِ جاءِ انّدھارُ ॥3॥

ਚਰਨ ਕਮਲ ਅਧਾਰੁ ਜਨ ਕਾ
ਰਾਸਿ ਪੂੰਜੀ ਏਕ ॥

چرن کمل ادھارُ جن کا
راسِ پوُنّجی ایک ॥

ਤਾਣੁ ਮਾਣੁ ਦੀਬਾਣੁ ਸਾਚਾ
ਨਾਨਕ ਕੀ ਪ੍ਰਭ ਟੇਕ ॥੪॥੨॥੨੦॥

تانُ مانُ دیِبانُ ساچا
نانک کی پرّبھ ٹیک ॥4॥2॥ 20 ॥

ਧਨਾਸਰੀ ਮਹਲਾ ੫ ॥

دھناسری محلا 5 ॥

ਫਿਰਤ ਫਿਰਤ ਭੇਟੇ ਜਨ ਸਾਧੂ
ਪੂਰੈ ਗੁਰਿ ਸਮਝਾਇਆ ॥

پھِرت پھِرت بھیٹے جن سادھوُ
پوُرےَ گُرِ سمجھائیا ॥

ਆਨ ਸਗਲ ਬਿਧਿ ਕਾਂਮਿ ਨ ਆਵੈ
ਹਰਿ ਹਰਿ ਨਾਮੁ ਧਿਆਇਆ ॥੧॥

آن سگل بِدھِ کانمِ ن آوےَ
ہرِ ہرِ نامُ دھِیائیا ॥1॥

ਤਾ ਤੇ ਮੋਹਿ ਧਾਰੀ ਓਟ ਗੋਪਾਲ ॥

تا تے موہِ دھاری اوٹ گوپال ॥

ਸਰਨਿ ਪਰਿਓ ਪੂਰਨ ਪਰਮੇਸੁਰ
ਬਿਨਸੇ ਸਗਲ ਜੰਜਾਲ ॥ ਰਹਾਉ ॥

سرنِ پرِئو پوُرن پریسُر
بِنسے سگل زنّجال ॥ رہاءُ ॥

ਸੁਰਗ ਮਿਰਤ ਪਇਆਲ ਭੂ ਮੰਡਲ
ਸਗਲ ਬਿਆਪੇ ਮਾਇ ॥

سُرگ مِرت پئیال بھوُ منڈل
سگل بِیاپے ماءِ ॥

ਜੀਅ ਉਧਾਰਨ ਸਭ ਕੁਲ ਤਾਰਨ
ਹਰਿ ਹਰਿ ਨਾਮੁ ਧਿਆਇ ॥੨॥

جیء اُدھارن سبھ کُل تارن
ہرِ ہرِ نامُ دھِیاءِ ॥2॥

ਨਾਨਕ ਨਾਮੁ ਨਿਰੰਜਨੁ ਗਾਈਐ ਪਾਈਐ ਸਰਬ ਨਿਧਾਨਾ ॥	نانک نامُ نِرنجنُ گائیئے پائیئے سرب نِدھانا ॥
ਕਰਿ ਕਿਰਪਾ ਜਿਸੁ ਦੇਇ ਸੁਆਮੀ ਬਿਰਲੇ ਕਾਹੂ ਜਾਨਾ ॥੩॥੩॥੨੧॥	کرِ کرپا جِسُ دےءِ سُیامی بِرلے کاہوُ جانا ॥3॥3॥ 21 ॥
ਧਨਾਸਰੀ ਮਹਲਾ ੫ ਘਰੁ ੨ ਚਉਪਦੇ	دھناسری محلا 5 گھرُ 2 چئُپدے
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਛੋਡਿ ਜਾਹਿ ਸੇ ਕਰਹਿ ਪਰਾਲ ॥	چھوڈِ جاہِ سے کرہِ پرال ॥
ਕਾਮਿ ਨ ਆਵਹਿ ਸੇ ਜੰਜਾਲ ॥	کامِ ن آوہِ سے زنّجال ॥
ਸੰਗਿ ਨ ਚਾਲਹਿ ਤਿਨ ਸਿਉ ਹੀਤ ॥	سنگِ ن چالہِ تِن سِءُ ہیت ॥
ਜੋ ਬੈਰਾਈ ਸੇਈ ਮੀਤ ॥੧॥	جو بیرائی سیئی میت ॥1॥
ਐਸੇ ਭਰਮਿ ਭੁਲੇ ਸੰਸਾਰਾ ॥	ایَسے بھرمِ بھُلے سنّسارا ॥
ਜਨਮੁ ਪਦਾਰਥੁ ਖੋਇ ਗਵਾਰਾ ॥ ਰਹਾਉ ॥	جنمُ پدارتھُ کھوءِ گوارا ॥ رہاءُ ॥
ਸਾਚੁ ਧਰਮੁ ਨਹੀ ਭਾਵੈ ਡੀਠਾ ॥	ساچُ دھرمُ نہی بھاوےَ ڈیٹھا ॥
ਝੂਠ ਧੋਹ ਸਿਉ ਰਚਿਓ ਮੀਠਾ ॥	جھوُٹھ دھوہ سِءُ رچئو میٹھا ॥
ਦਾਤਿ ਪਿਆਰੀ ਵਿਸਰਿਆ ਦਾਤਾਰਾ ॥	داتِ پیاری وِسریا داتارا ॥
ਜਾਣੈ ਨਾਹੀ ਮਰਣੁ ਵਿਚਾਰਾ ॥੨॥	جانےق ناہی مرنُ وِچارا ॥2॥
ਵਸਤੁ ਪਰਾਈ ਕਉ ਉਠਿ ਰੋਵੈ ॥	وستُ پرائی کءُ اُٹھِ روویَ ॥
ਕਰਮ ਧਰਮ ਸਗਲਾ ਈ ਖੋਵੈ ॥	کرم دھرم سگلا ای کھوویَ ॥
ਹੁਕਮੁ ਨ ਬੂਝੈ ਆਵਣ ਜਾਣੇ ॥	حُکمُ ن بوُجھےَ آونُ جانےق ॥
ਪਾਪ ਕਰੈ ਤਾ ਪਛੋਤਾਣੇ ॥੩॥	پاپ کرےَ تا پچھوتانےق ॥3॥
ਜੋ ਤੁਧੁ ਭਾਵੈ ਸੋ ਪਰਵਾਣੁ ॥	جو تُدھُ بھاوےَ سو پروانُ ॥
ਤੇਰੇ ਭਾਣੇ ਨੋ ਕੁਰਬਾਣੁ ॥	تیرے بھانےق نو قُربانُ ॥
ਨਾਨਕੁ ਗਰੀਬੁ ਬੰਦਾ ਜਨੁ ਤੇਰਾ ॥	نانکُ غریبُ بندا جنُ تیرا ॥

ਰਾਖਿ ਲੇਇ ਸਾਹਿਬੁ ਪ੍ਰਭੁ ਮੇਰਾ ॥੪॥੧॥੨੨॥	راکھِ لےءِ صاحِبُ پربھُ میرا ॥4॥1॥ 22 ॥
ਧਨਾਸਰੀ ਮਹਲਾ ੫ ॥	دھناسری محلا 5 ॥
ਮੋਹਿ ਮਸਕੀਨ ਪ੍ਰਭੁ ਨਾਮੁ ਅਧਾਰੁ ॥	موہِ مسکین پربھُ نامُ ادھارُ ॥
ਖਾਟਣ ਕਉ ਹਰਿ ਹਰਿ ਰੋਜਗਾਰੁ ॥	کھاٹن ک ءُ ہرِ ہرِ روجگارُ ॥
ਸੰਚਣ ਕਉ ਹਰਿ ਏਕੋ ਨਾਮੁ ॥	سنچن ک ءُ ہرِ ایکو نامُ ॥
ਹਲਤਿ ਪਲਤਿ ਤਾ ਕੈ ਆਵੈ ਕਾਮ ॥੧॥	ہلتِ پلتِ تا کےٗ آوےَ کام ॥1॥
ਨਾਮਿ ਰਤੇ ਪ੍ਰਭ ਰੰਗਿ ਅਪਾਰ ॥	نامِ رتے پربھ رنگِ اپار ॥
ਸਾਧ ਗਾਵਹਿ ਗੁਣ ਏਕ ਨਿਰੰਕਾਰ ॥ ਰਹਾਉ ॥	سادھ گاوہِ گُن ایک نِرنکار ॥ رہاءُ ॥
ਸਾਧ ਕੀ ਸੋਭਾ ਅਤਿ ਮਸਕੀਨੀ ॥	سادھ کی سوبھا اتِ مسکینی ॥
ਸੰਤ ਵਡਾਈ ਹਰਿ ਜਸੁ ਚੀਨੀ ॥	سنت وڈائی ہرِ جسُ چینی ॥
ਅਨਦੁ ਸੰਤਨ ਕੈ ਭਗਤਿ ਗੋਵਿੰਦ ॥	اندُ سنتن کےٗ بھگتِ گووِند ॥
ਸੂਖੁ ਸੰਤਨ ਕੈ ਬਿਨਸੀ ਚਿੰਦ ॥੨॥	سوُکھُ سنتن کےٗ بِنسی چِند ॥2॥
ਜਹ ਸਾਧ ਸੰਤਨ ਹੋਵਹਿ ਇਕਤ੍ਰ ॥	جہ سادھ سنتن ہووہِ اِکتّر ॥
ਤਹ ਹਰਿ ਜਸੁ ਗਾਵਹਿ ਨਾਦ ਕਵਿਤ ॥	تہ ہرِ جسُ گاوہِ ناد کوِت ॥
ਸਾਧ ਸਭਾ ਮਹਿ ਅਨਦ ਬਿਸ੍ਰਾਮ ॥	سادھ سبھا مہِ اند بِسّرام ॥
ਉਨ ਸੰਗੁ ਸੋ ਪਾਏ ਜਿਸੁ ਮਸਤਕਿ ਕਰਾਮ ॥੩॥	اُن سنگُ سو پائے جِسُ مستکِ کرام ॥3॥
ਦੁਇ ਕਰ ਜੋੜਿ ਕਰੀ ਅਰਦਾਸਿ ॥	دُءِ کر جوڑِ کری عرداسِ ॥
ਚਰਨ ਪਖਾਰਿ ਕਹਾਂ ਗੁਣਤਾਸ ॥	چرن پکھارِ کہاں گُنتاس ۔ ॥
ਪ੍ਰਭ ਦਇਆਲ ਕਿਰਪਾਲ ਹਜੂਰਿ ॥	پربھ دیَال کِرپال حضوُرِ ॥
ਨਾਨਕੁ ਜੀਵੈ ਸੰਤਾ ਧੂਰਿ ॥੪॥੨॥੨੩॥	نانکُ جیِوےَ سنتا دھوُرِ ॥4॥2॥ 23 ॥
ਧਨਾਸਰੀ ਮਃ ੫ ॥	دھناسری م: 5 ॥
ਸੋ ਕਤ ਡਰੈ ਜਿ ਖਸਮੁ ਸਮ੍ਹਾਰੈ ॥	سو کت ڈرےَ جِ خصمُ سمہّارےَ ॥

ਡਰਿ ਡਰਿ ਪਚੇ ਮਨਮੁਖ ਵੇਚਾਰੇ ॥੧॥ ਰਹਾਉ ॥

ڈِر ڈِر پچے منمُکھ ویچارے ॥1॥ رہاءُ ॥

ਸਿਰ ਊਪਰਿ ਮਾਤ ਪਿਤਾ ਗੁਰਦੇਵ ॥

سِر اوُپرِ ماتِ پِتا گُردیو ॥

ਸਫਲ ਮੂਰਤਿ ਜਾ ਕੀ ਨਿਰਮਲ ਸੇਵ ॥

سپھل موُرتِ جا کی نِرمل سیو ॥

ਏਕੁ ਨਿਰੰਜਨੁ ਜਾ ਕੀ ਰਾਸਿ ॥

ایکُ نِرنجَنُ جا کی راسِ ॥

ਮਿਲਿ ਸਾਧਸੰਗਤਿ ਹੋਵਤ ਪਰਗਾਸ ॥੧॥

مِلِ سادھسنگتِ ہووت پرگاس ॥1॥

ਜੀਅਨ ਕਾ ਦਾਤਾ ਪੂਰਨ ਸਭ ਠਾਇ ॥

جیئَن کا داتا پوُرن سبھ ٹھاءِ ॥

ਕੋਟਿ ਕਲੇਸ ਮਿਟਹਿ ਹਰਿ ਨਾਇ ॥

کوٹِ کلیس مِٹہِ ہرِ ناءِ ॥

ਜਨਮ ਮਰਨ ਸਗਲਾ ਦੁਖੁ ਨਾਸੈ ॥

جنم مرن سگلا دُکھُ ناسے ॥

ਗੁਰਮੁਖਿ ਜਾ ਕੈ ਮਨਿ ਤਨਿ ਬਾਸੈ ॥੨॥

گُرمُکھِ جا کے منِ تنِ باسے ॥2॥

ਜਿਸ ਨੋ ਆਪਿ ਲਏ ਲੜਿ ਲਾਇ ॥

جِس نو آپِ لے لڑِ لاءِ ॥

ਦਰਗਹ ਮਿਲੈ ਤਿਸੈ ਹੀ ਜਾਇ ॥

درگہ مِلے تِسے ہی جاءِ ॥

ਸੇਈ ਭਗਤ ਜਿ ਸਾਚੇ ਭਾਣੇ ॥

سیئی بھگت جِ ساچے بھاٹے ॥

ਜਮਕਾਲ ਤੇ ਭਏ ਨਿਕਾਣੇ ॥੩॥

جمکال تے بھے نِکاٹے ॥3॥

ਸਾਚਾ ਸਾਹਿਬੁ ਸਚੁ ਦਰਬਾਰੁ ॥

ساچا صاحِبُ سچُ دربارُ ॥

ਕੀਮਤਿ ਕਉਣੁ ਕਹੈ ਬੀਚਾਰੁ ॥

قِیمتِ کئُنُ کہے بیچارُ ॥

ਘਟਿ ਘਟਿ ਅੰਤਰਿ ਸਗਲ ਅਧਾਰੁ ॥

گھٹِ گھٹِ انترِ سگل ادھارُ ॥

ਨਾਨਕੁ ਜਾਚੈ ਸੰਤ ਰੇਣਾਰੁ ॥੪॥੩॥੨੪॥

نانکُ جاچے سنّت ریٹارُ ॥4॥3॥ 24 ॥

ਧਨਾਸਰੀ ਮਹਲਾ ੫

دھناسری محلا 5

ੴ ਸਤਿਗੁਰ ਪ੍ਰਸਾਦਿ ॥

ۄ ستِگُر پرسادِ ॥

ਘਰਿ ਬਾਹਰਿ ਤੇਰਾ ਭਰਵਾਸਾ
ਤੂ ਜਨ ਕੈ ਹੈ ਸੰਗਿ ॥

گھرِ باہرِ تیرا بھرواسا
توُ جن کے ہے سنگِ ॥

ਕਰਿ ਕਿਰਪਾ ਪ੍ਰੀਤਮ ਪ੍ਰਭ ਅਪੁਨੇ
ਨਾਮੁ ਜਪਉ ਹਰਿ ਰੰਗਿ ॥੧॥

کرِ کرِپا پریتم پربھ اپُنے
نامُ جپءُ ہرِ رنگِ ॥1॥

ਜਨ ਕਉ ਪ੍ਰਭ ਅਪਨੇ ਕਾ ਤਾਣੁ ॥

جن کءُ پربھ اپنے کا تانُ ॥

ਜੋ ਤੂ ਕਰਹਿ ਕਰਾਵਹਿ ਸੁਆਮੀ
ਸਾ ਮਸਲਤਿ ਪਰਵਾਣੁ ॥ ਰਹਾਉ ॥

جو توُ کرہِ کراوہِ سُیامی
سا مصلتِ پروانُ ॥ رہاءُ ॥

ਪਤਿ ਪਰਮੇਸਰੁ ਗਤਿ ਨਾਰਾਇਣੁ
ਧਨੁ ਗੁਪਾਲ ਗੁਣ ਸਾਖੀ ॥

پتِ پریسرُ گتِ نارائِنُ
دھنُ گُپال گُنُ ساکھی ॥

ਚਰਨ ਸਰਨ ਨਾਨਕ ਦਾਸ ਹਰਿ
ਹਰਿ ਸੰਤੀ ਇਹ ਬਿਧਿ ਜਾਤੀ ॥੨॥੧॥੨੫॥

چرن سرن نانک داس ہرِ
ہرِ سنّتی اِہ بِدھِ جاتی ॥2॥1॥ 25 ॥

ਧਨਾਸਰੀ ਮਹਲਾ ੫ ॥

دھناسری محلا 5 ॥

ਸਗਲ ਮਨੋਰਥ ਪ੍ਰਭ ਤੇ ਪਾਏ
ਕੰਠਿ ਲਾਇ ਗੁਰਿ ਰਾਖੇ ॥

سگل منورتھ پربھ تے پائے
کنٹھِ لاءِ گُرِ راکھے ॥

ਸੰਸਾਰ ਸਾਗਰ ਮਹਿ ਜਲਨਿ ਨ ਦੀਨੇ
ਕਿਨੈ ਨ ਦੁਤਰੁ ਭਾਖੇ ॥੧॥

سنّسار ساگر مہِ جلنِ ن دینے
کِنے ن دُتّرُ بھاکھے ॥1॥

ਜਿਨ ਕੈ ਮਨਿ ਸਾਚਾ ਬਿਸ੍ਵਾਸੁ ॥

جِن کے منِ ساچا بِسّواسُ ॥

ਪੇਖਿ ਪੇਖਿ ਸੁਆਮੀ ਕੀ ਸੋਭਾ
ਆਨਦੁ ਸਦਾ ਉਲਾਸੁ ॥ ਰਹਾਉ ॥

پیکھِ پیکھِ سُیامی کی سوبھا
آندُ سدا اُلاسُ ॥ رہاءُ ॥

ਚਰਨ ਸਰਨਿ ਪੂਰਨ ਪਰਮੇਸਰੁ
ਅੰਤਰਜਾਮੀ ਸਾਖਿਓ ॥

چرن سرنِ پوُرن پریسرُ
انترجامی ساکھِئو ॥

ਜਾਨਿ ਬੂਝਿ ਅਪਨਾ ਕੀਓ ਨਾਨਕ
ਭਗਤਨ ਕਾ ਅੰਕੁਰੁ ਰਾਖਿਓ ॥੨॥੨॥੨੬॥

جانِ بوُجھِ اپنا کِیئو نانک
بھگتن کا انکُرُ راکھِئو ॥2॥2॥ 26 ॥

ਧਨਾਸਰੀ ਮਹਲਾ ੫ ॥

دھناسری محلا 5 ॥

ਜਹ ਜਹ ਪੇਖਉ ਤਹ ਹਜੂਰਿ
ਦੂਰਿ ਕਤਹੁ ਨ ਜਾਈ ॥

جہ جہ پیکھءُ تہ حضوُرِ
دوُرِ کتہُ ن جائی ॥

ਰਵਿ ਰਹਿਆ ਸਰਬਤ੍ਰ ਮੈ
ਮਨ ਸਦਾ ਧਿਆਈ ॥੧॥

روِ رہیا سربتّرمے
من سدا دھیائی ॥1॥

ਈਤ ਊਤ ਨਹੀ ਬੀਛੁੜੈ

ایت اوُت نہی بیچھُڑے

ਸੋ ਸੰਗੀ ਗਨੀਐ ॥
سو سنگی گنیئے ॥

ਬਿਨਸਿ ਜਾਇ ਜੋ ਨਿਮਖ ਮਹਿ
ਸੋ ਅਲਪ ਸੁਖੁ ਭਨੀਐ ॥ ਰਹਾਉ ॥
بِنسِ جاءِ جو نِمکھ مہِ
سو الپ سُکھُ بھنیئے ॥ رہاءُ ॥

ਪ੍ਰਤਿਪਾਲੈ ਅਪਿਆਉ ਦੇਇ
ਕਛੁ ਊਨ ਨ ਹੋਈ ॥
پرتپالے اپیاءُ دے ءِ
کچھُ اوُن ن ہوئی ॥

ਸਾਸਿ ਸਾਸਿ ਸੰਮਾਲਤਾ
ਮੇਰਾ ਪ੍ਰਭੁ ਸੋਈ ॥੨॥
ساسِ ساسِ سنّمالتا
میرا پربھُ سوئی ॥2॥

ਅਛਲ ਅਛੇਦ ਅਪਾਰ ਪ੍ਰਭ
ਊਚਾ ਜਾ ਕਾ ਰੂਪੁ ॥
اچھل اچھید اپار پربھ
اوُچا جا کا روُپ ॥

ਜਪਿ ਜਪਿ ਕਰਹਿ ਅਨੰਦੁ ਜਨ
ਅਚਰਜ ਆਨੂਪੁ ॥੩॥
جپِ جپِ کرہِ انندُ جن
اچرج آنوُپ ॥3॥

ਸਾ ਮਤਿ ਦੇਹੁ ਦਇਆਲ ਪ੍ਰਭ
ਜਿਤੁ ਤੁਮਹਿ ਅਰਾਧਾ ॥
سا متِ دیہُ دیَال پربھ
جِتُ تُمہِ ارادھا ॥

ਨਾਨਕੁ ਮੰਗੈ ਦਾਨੁ ਪ੍ਰਭ
ਰੇਨ ਪਗ ਸਾਧਾ ॥੪॥੩॥੨੭॥
نانکُ منگےَ دانُ پربھ
رین پگ سادھا ॥4॥3॥ 27 ॥

ਧਨਾਸਰੀ ਮਹਲਾ ੫ ॥
دھناسری محلا 5 ॥

ਜਿਨਿ ਤੁਮ ਭੇਜੇ ਤਿਨਹਿ ਬੁਲਾਏ
ਸੁਖ ਸਹਜ ਸੇਤੀ ਘਰਿ ਆਉ ॥
جِنِ تُم بھیجے تِنہِ بُلائے
سُکھ سہج سیتی گھرِ آءُ ॥

ਅਨਦ ਮੰਗਲ ਗੁਨ ਗਾਉ ਸਹਜ ਧੁਨਿ
ਨਿਹਚਲ ਰਾਜੁ ਕਮਾਉ ॥੧॥
اند منگل گُن گاءُ سہج دھُنِ
نِہچل راجُ کماءُ ॥1॥

ਤੁਮ ਘਰਿ ਆਵਹੁ ਮੇਰੇ ਮੀਤ ॥
تُم گھرِ آوہُ میرے میت ۔ ॥

ਤੁਮਰੇ ਦੋਖੀ ਹਰਿ ਆਪਿ ਨਿਵਾਰੇ
ਅਪਦਾ ਭਈ ਬਿਤੀਤ ॥ ਰਹਾਉ ॥
تُمرے دوکھی ہرِ آپِ نِوارے
اپدا بھئی بِتیت ॥ رہاءُ ॥

ਪ੍ਰਗਟ ਕੀਨੇ ਪ੍ਰਭ ਕਰਨੇਹਾਰੇ
ਨਾਸਨ ਭਾਜਨ ਥਾਕੇ ॥
پرگٹ کینے پربھ کرنیہارے
ناسن بھاجن تھاکے ॥

ਘਰਿ ਮੰਗਲ ਵਾਜਹਿ ਨਿਤ ਵਾਜੇ
ਅਪੁਨੈ ਖਸਮਿ ਨਿਵਾਜੇ ॥੨॥

گھرِ منگل واجہِ نِت واجے
اپُنے خصمِ نِوازے ॥2॥

ਅਸਥਿਰ ਰਹਹੁ ਡੋਲਹੁ ਮਤ ਕਬਹੂ
ਗੁਰ ਕੈ ਬਚਨਿ ਅਧਾਰਿ ॥

استھِر رہہُ ڈولہُ مت کبہُو
گُر کے بچنِ ادھارِ ॥

ਜੈ ਜੈ ਕਾਰੁ ਸਗਲ ਭੂ ਮੰਡਲ
ਮੁਖ ਊਜਲ ਦਰਬਾਰ ॥੩॥

جے جے کارُ سگل بھُو منڈل
مُکھ اوُجل دربار ॥3॥

ਜਿਨ ਕੇ ਜੀਅ ਤਿਨੈ ਹੀ ਫੇਰੇ
ਆਪੇ ਭਇਆ ਸਹਾਈ ॥

جِن کے جیء تِنے ہی پھیرے
آپے بھئیا سہائی ॥

ਅਚਰਜੁ ਕੀਆ ਕਰਨੈਹਾਰੈ
ਨਾਨਕੁ ਸਚੁ ਵਡਿਆਈ ॥੪॥੪॥੨੮॥

اچرجُ کیِیا کرنیہارے
نانکُ سچُ وڈِیائی ॥4॥4॥ 28 ॥

ਧਨਾਸਰੀ ਮਹਲਾ ੫ ਘਰੁ ੬

دھناسری محلا 5 گھرُ 6

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸੁਨਹੁ ਸੰਤ ਪਿਆਰੇ ਬਿਨਉ ਹਮਾਰੇ ਜੀਉ ॥

سُنہُ سنّت پِیارے بِنءُ ہمارے جیِءُ ॥

ਹਰਿ ਬਿਨੁ ਮੁਕਤਿ ਨ ਕਾਹੂ ਜੀਉ ॥ ਰਹਾਉ ॥

ہرِ بِنُ مُکتِ ن کاہُو جیِءُ ॥ رہاءُ ॥

ਮਨ ਨਿਰਮਲ ਕਰਮ ਕਰਿ ਤਾਰਨ ਤਰਨ ਹਰਿ
ਅਵਰਿ ਜੰਜਾਲ ਤੇਰੈ ਕਾਹੂ ਨ ਕਾਮ ਜੀਉ ॥

من نِرمل کرم کرِ تارن ترن ہرِ
اورِ زنّجال تیرے کاہُو ن کام جیِءُ ॥

ਜੀਵਨ ਦੇਵਾ ਪਾਰਬ੍ਰਹਮ ਸੇਵਾ
ਇਹੁ ਉਪਦੇਸੁ ਮੋ ਕਉ ਗੁਰਿ ਦੀਨਾ ਜੀਉ ॥੧॥

جیِون دیوا پاربّرہم سیوا
اِہُ اُپدیسُ مو کءُ گُرِ دِینا جیِءُ ॥1॥

ਤਿਸੁ ਸਿਉ ਨ ਲਾਈਐ ਹੀਤੁ ਜਾ ਕੋ ਕਿਛੁ ਨਾਹੀ ਬੀਤੁ
ਅੰਤ ਕੀ ਬਾਰ ਓਹੁ ਸੰਗਿ ਨ ਚਾਲੈ ॥

تِسُ سِءُ ن لائیِئے ہیِتُ جا کو کِچھُ ناہی بیِتُ
انّت کی بار اوہُ سنگِ ن چالے ॥

ਮਨਿ ਤਨਿ ਤੂ ਆਰਾਧ ਹਰਿ ਕੇ ਪ੍ਰੀਤਮ ਸਾਧ
ਜਾ ਕੈ ਸੰਗਿ ਤੇਰੇ ਬੰਧਨ ਛੂਟੈ ॥੨॥

منِ تنِ توُ آرادھ ہرِ کے پرّیتم سادھ
جا کے سنگِ تیرے بندھن چھوُٹے ॥2॥

ਗਹੁ ਪਾਰਬ੍ਰਹਮ ਸਰਨ ਹਿਰਦੈ ਕਮਲ ਚਰਨ
ਅਵਰ ਆਸ ਕਛੁ ਪਟਲੁ ਨ ਕੀਜੈ ॥

گہُ پاربّرہم سرن ہِردے کمل چرن
اور آس کچھُ پٹلُ ن کیِجے ॥

ਸੋਈ ਭਗਤੁ ਗਿਆਨੀ ਧਿਆਨੀ ਤਪਾ ਸੋਈ

سوئی بھگتُ گیانی دھیِانی تپا سوئی

ਨਾਨਕ ਜਾ ਕਉ ਕਿਰਪਾ ਕੀਜੈ ॥੩॥੧॥੨੯॥

نانک جا کءُ کِرپا کیجے ॥3॥1॥ 29 ॥

ਧਨਾਸਰੀ ਮਹਲਾ ੫ ॥

دھناسری محلا 5 ॥

ਮੇਰੇ ਲਾਲ ਭਲੋ ਰੇ ਭਲੋ ਰੇ
ਭਲੋ ਹਰਿ ਮੰਗਨਾ ॥

میرے لال بھلو رے بھلو رے
بھلو ہرِ منگنا ॥

ਦੇਖਹੁ ਪਸਾਰਿ ਨੈਨ ਸੁਨਹੁ ਸਾਧੂ ਕੇ ਬੈਨ
ਪ੍ਰਾਨਪਤਿ ਚਿਤਿ ਰਾਖੁ ਸਗਲ ਹੈ ਮਰਨਾ ॥ ਰਹਾਉ ॥

دیکھہُ پسارِ نیَن سُنہُ سادھوُ کے بیَن
پّرانپتِ چِتِ راکھُ سگل ہےَ مرنا ॥ رہاءُ ॥

ਚੰਦਨ ਚੋਆ ਰਸ ਭੋਗ ਕਰਤ ਅਨੇਕੈ
ਬਿਖਿਆ ਬਿਕਾਰ ਦੇਖੁ ਸਗਲ ਹੈ ਫੀਕੇ
ਏਕੈ ਗੋਬਿਦ ਕੋ ਨਾਮੁ ਨੀਕੋ ਕਹਤ ਹੈ ਸਾਧ ਜਨ ॥

چنّدن چویا رس بھوگ کرت انیکےَ
بِکھیا بِکار دیکھُ سگل ہےَ پھیکے
ایکےَ گوبِد کو نامُ نِیکو کہت ہےَ سادھ جن ॥

ਤਨੁ ਧਨੁ ਆਪਨ ਥਾਪਿਓ ਹਰਿ ਜਪੁ ਨ ਨਿਮਖ ਜਾਪਿਓ
ਅਰਥੁ ਦ੍ਰਬੁ ਦੇਖੁ ਕਛੁ ਸੰਗਿ ਨਾਹੀ ਚਲਨਾ ॥੧॥

تنُ دھنُ آپن تھاپِئو ہرِ جپُ ن نِمکھ جاپِئو
ارتھُ دّربُ دیکھُ کچھُ سنگِ ناہی چلنا ॥1॥

ਜਾ ਕੋ ਰੇ ਕਰਮੁ ਭਲਾ ਤਿਨਿ ਓਟ ਗਹੀ ਸੰਤ ਪਲਾ
ਤਿਨ ਨਾਹੀ ਰੇ ਜਮੁ ਸੰਤਾਵੈ ਸਾਧੂ ਕੀ ਸੰਗਨਾ ॥

جا کو رے کرمُ بھلا تِنِ اوٹ گہی سنّت پلا
تِن ناہی رے جمُ سنّتاوےَ سادھوُ کی سنگنا ॥

ਪਾਇਓ ਰੇ ਪਰਮ ਨਿਧਾਨੁ ਮਿਟਿਓ ਹੈ ਅਭਿਮਾਨੁ
ਏਕੈ ਨਿਰੰਕਾਰ ਨਾਨਕ ਮਨੁ ਲਗਨਾ ॥੨॥੨॥੩੦॥

پائِئو رے پرم نِدھانُ مِٹّئو ہےَ ابھمانُ
ایکےَ نِرنّکار نانک منُ لگنا ॥2॥2॥ 30 ॥

ਧਨਾਸਰੀ ਮਹਲਾ ੫ ਘਰੁ ੭

دھناسری محلا 5 گھرُ 7

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਹਰਿ ਏਕੁ ਸਿਮਰਿ ਏਕੁ ਸਿਮਰਿ
ਏਕੁ ਸਿਮਰਿ ਪਿਆਰੇ ॥

ہرِ ایکُ سِمرِ ایکُ سِمرِ
ایکُ سِمرِ پیارے ۔ ॥

ਕਲਿ ਕਲੇਸ ਲੋਭ ਮੋਹ
ਮਹਾ ਭਉਜਲੁ ਤਾਰੇ ॥ ਰਹਾਉ ॥

کلِ کلیس لوبھ موہ
مہا بھجُّلُ تارے ॥ رہاءُ ॥

ਸਾਸਿ ਸਾਸਿ ਨਿਮਖ ਨਿਮਖ
ਦਿਨਸੁ ਰੈਨਿ ਚਿਤਾਰੇ ॥

ساسِ ساسِ نِمکھ نِمکھ
دِنسُ ریَنِ چِتارے ॥

ਸਾਧਸੰਗ ਜਪਿ ਨਿਸੰਗ
ਮਨਿ ਨਿਧਾਨੁ ਧਾਰੇ ॥੧॥

سادھسنگ جپِ نِسنگ
منِ نِدھانُ دھارے ॥1॥

ਚਰਨ ਕਮਲ ਨਮਸਕਾਰ
ਗੁਨ ਗੋਬਿਦ ਬੀਚਾਰੇ ॥

ساد جنا کی رین نانک
منگل سوُکھ سدھارے ॥2॥1॥ 31 ॥

ਸਾਧ ਜਨਾ ਕੀ ਰੇਨ ਨਾਨਕ
ਮੰਗਲ ਸੂਖ ਸਧਾਰੇ ॥੨॥੧॥੩੧॥

ਧਨਾਸਰੀ ਮਹਲਾ ੫ ਘਰੁ ੮ ਦੁਪਦੇ

دھناسری محلا 5 گھرُ 8 دُپدے

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ
ਸਾਸਿ ਸਾਸਿ ਸਮਾਲੇ ॥

سِمرءُ سِمرِ سِمرِ سُکھ پاوءُ
ساسِ ساسِ سمالے ॥

ਇਹ ਲੋਕਿ ਪਰਲੋਕਿ ਸੰਗ ਸਹਾਈ
ਜਤ ਕਤ ਮੋਹਿ ਰਖਵਾਲੇ ॥੧॥

اِہ لوکِ پرلوکِ سنگ سہائی
جت کت موہِ رکھوالے ॥1॥

ਗੁਰ ਕਾ ਬਚਨੁ ਬਸੈ ਜੀਅ ਨਾਲੇ ॥

گُر کا بچنُ بسے جیء نالے ॥

ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ
ਭਾਹਿ ਨ ਸਾਕੈ ਜਾਲੇ ॥੧॥ ਰਹਾਉ ॥

جلِ نہی ڈُوبے تسکرُ نہی لیوے
بھاہِ ن ساکے جالے ॥1॥ رہاءُ ॥

ਨਿਰਧਨ ਕਉ ਧਨੁ ਅੰਧੁਲੇ ਕਉ ਟਿਕ
ਮਾਤ ਦੂਧੁ ਜੈਸੇ ਬਾਲੇ ॥

نِردھن کءُ دھنُ انّدھُلے کءُ ٹِک
مات دوُدھُ جیسے بالے ॥

ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ
ਕਰੀ ਕ੍ਰਿਪਾ ਕਿਰਪਾਲੇ ॥੨॥੧॥੩੨॥

ساگر مہِ بوہتھُ پائتو ہرِ نانک
کری کرِپا کِرپالے ॥2॥1॥ 32 ॥

ਧਨਾਸਰੀ ਮਹਲਾ ੫ ॥

دھناسری محلا 5 ॥

ਭਏ ਕ੍ਰਿਪਾਲ ਦਇਆਲ ਗੋਬਿੰਦਾ
ਅੰਮ੍ਰਿਤੁ ਰਿਦੈ ਸਿੰਚਾਈ ॥

بھے کرِپال دیَال گوبِندا
انمرِتُ رِدے سِنچائی ॥

ਨਵ ਨਿਧਿ ਰਿਧਿ ਸਿਧਿ ਹਰਿ
ਲਾਗਿ ਰਹੀ ਜਨ ਪਾਈ ॥੧॥

نو نِدھِ رِدھِ سِدھِ ہرِ
لاگِ رہی جن پائی ॥1॥

ਸੰਤਨ ਕਉ ਅਨਦੁ ਸਗਲ ਹੀ ਜਾਈ ॥

سنّتن کءُ اندُ سگل ہی جائی ॥

ਗ੍ਰਿਹਿ ਬਾਹਰਿ ਠਾਕੁਰੁ ਭਗਤਨ ਕਾ
ਰਵਿ ਰਹਿਆ ਸ੍ਰਬ ਠਾਈ ॥੧॥ ਰਹਾਉ ॥

گرِہِ باہرِ ٹھاکُرُ بھگتن کا
روِ رہِیا سّرب ٹھائی ॥1॥ رہاءُ ॥

ਤਾ ਕਉ ਕੋਇ ਨ ਪਹੁਚਨਹਾਰਾ
ਜਾ ਕੈ ਅੰਗਿ ਗੁਸਾਈ ॥

تا ک ءُ کوءِ ن پہُچنہارا
جا کے انگِ گُسائی ॥

ਜਮ ਕੀ ਤ੍ਰਾਸ ਮਿਟੈ ਜਿਸੁ ਸਿਮਰਤ
ਨਾਨਕ ਨਾਮੁ ਧਿਆਈ ॥੨॥੨॥੩੩॥

جم کی تّراس مِٹے جِسُ سِمرت
نانک نامُ دھِیائی ॥2॥2॥ 33 ॥

ਧਨਾਸਰੀ ਮਹਲਾ ੫ ॥

دھناسری محلا 5 ॥

ਦਰਬਵੰਤੁ ਦਰਬੁ ਦੇਖਿ ਗਰਬੈ
ਭੂਮਵੰਤੁ ਅਭਿਮਾਨੀ ॥

دربونّتُ دربُ دیکھِ گربے
بھوُمونّتُ ابھِمانی ॥

ਰਾਜਾ ਜਾਨੈ ਸਗਲ ਰਾਜੁ ਹਮਰਾ
ਤਿਉ ਹਰਿ ਜਨ ਟੇਕ ਸੁਆਮੀ ॥੧॥

راجا جانے سگل راجُ ہمرا
تِ ءُ ہرِ جن ٹیک سُیامی ॥1॥

ਜੇ ਕੋਊ ਅਪੁਨੀ ਓਟ ਸਮਾਰੈ ॥

جے کوئوُ اپُنی اوٹ سمارے ॥

ਜੈਸਾ ਬਿਤੁ ਤੈਸਾ ਹੋਇ ਵਰਤੈ
ਅਪੁਨਾ ਬਲੁ ਨਹੀ ਹਾਰੈ ॥੧॥ ਰਹਾਉ ॥

جیَسا بِتُ تیَسا ہوءِ ورتے
اپُنا بلُ نہی ہارے ॥1॥ رہاءُ ॥

ਆਨ ਤਿਆਗਿ ਭਏ ਇਕ ਆਸਰ
ਸਰਣਿ ਸਰਣਿ ਕਰਿ ਆਏ ॥

آن تِیاگِ بھئے اِک آسر
سرنِ سرنِ کرِ آئے ॥

ਸੰਤ ਅਨੁਗ੍ਰਹ ਭਏ ਮਨ ਨਿਰਮਲ
ਨਾਨਕ ਹਰਿ ਗੁਨ ਗਾਏ ॥੨॥੩॥੩੪॥

سنّت انُگرہ بھئے من نِرمل
نانک ہرِ گُن گائے ॥2॥3॥ 34 ॥

ਧਨਾਸਰੀ ਮਹਲਾ ੫ ॥

دھناسری محلا 5 ॥

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ
ਸੋ ਕਹੀਅਤ ਹੈ ਸੂਰਾ ॥

جا ک ءُ ہرِ رنگُ لاگو اِسُ جُگ مہِ
سو کہِیئت ہے سوُرا ॥

ਆਤਮ ਜਿਣੈ ਸਗਲ ਵਸਿ ਤਾ ਕੈ
ਜਾ ਕਾ ਸਤਿਗੁਰੁ ਪੂਰਾ ॥੧॥

آتم جِتے سگل وسِ تا کے
جا کا ستِگُرُ پوُرا ॥1॥

ਠਾਕੁਰੁ ਗਾਈਐ ਆਤਮ ਰੰਗਿ ॥

ٹھاکُرُ گائیئے آتم رنگِ ॥

ਸਰਣੀ ਪਾਵਨ ਨਾਮ ਧਿਆਵਨ
ਸਹਜਿ ਸਮਾਵਨ ਸੰਗਿ ॥੧॥ ਰਹਾਉ ॥

سرنّی پاون نام دھِیاون
سہجِ سماون سنگِ ॥1॥ رہاءُ ॥

ਜਨ ਕੇ ਚਰਨ ਵਸਹਿ ਮੇਰੈ ਹੀਅਰੈ

جن کے چرن وسہِ میرے ہِیئرے

ਸੰਗਿ ਪੁਨੀਤਾ ਦੇਹੀ ॥

سنگِ پُنیتا دیہی ॥

ਜਨ ਕੀ ਧੂਰਿ ਦੇਹੁ ਕਿਰਪਾ ਨਿਧਿ
ਨਾਨਕ ਕੈ ਸੁਖੁ ਏਹੀ ॥੨॥੪॥੩੫॥

جن کی دھوُرِ دیہُ کِرپا نِدھِ
نانک کے سُکھُ ایہی ॥2॥4॥ 35 ॥

ਧਨਾਸਰੀ ਮਹਲਾ ੫ ॥

دھناسری محلا 5 ॥

ਜਤਨ ਕਰੈ ਮਾਨੁਖ ਡਹਕਾਵੈ
ਓਹੁ ਅੰਤਰਜਾਮੀ ਜਾਨੈ ॥

جتن کرے مانُکھ ڈہکاوے
اوہُ انتر جامی جانے ॥

ਪਾਪ ਕਰੇ ਕਰਿ ਮੂਕਰਿ ਪਾਵੈ
ਭੇਖ ਕਰੈ ਨਿਰਬਾਨੈ ॥੧॥

پاپ کرے کرِ موُکرِ پاوے
بھیکھ کرے نِربانے ॥1॥

ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥

جانت دوُرِ تُمہِ پربھ نیرِ ॥

ਉਤ ਤਾਕੈ ਉਤ ਤੇ ਉਤ ਪੇਖੈ
ਆਵੈ ਲੋਭੀ ਫੇਰਿ ॥ ਰਹਾਉ ॥

اُت تاکے اُت تے اُت پیکھے
آوے لوبھی پھیرِ ॥ رہاءُ ॥

ਜਬ ਲਗੁ ਤੁਟੈ ਨਾਹੀ ਮਨ ਭਰਮਾ
ਤਬ ਲਗੁ ਮੁਕਤੁ ਨ ਕੋਈ ॥

جب لگُ تُٹے ناہی من بھرما
تب لگُ مُکتُ ن کوئی ॥

ਕਹੁ ਨਾਨਕ ਦਇਆਲ ਸੁਆਮੀ
ਸੰਤੁ ਭਗਤੁ ਜਨੁ ਸੋਈ ॥੨॥੫॥੩੬॥

کہُ نانک دیَیال سُیامی
سنّتُ بھگتُ جنُ سوئی ॥2॥5॥ 36 ॥

ਧਨਾਸਰੀ ਮਹਲਾ ੫ ॥

دھناسری محلا 5 ॥

ਨਾਮੁ ਗੁਰਿ ਦੀਓ ਹੈ ਅਪੁਨੈ
ਜਾ ਕੈ ਮਸਤਕਿ ਕਰਮਾ ॥

نامُ گُرِ دیَئو ہے اپُنے
جا کے مستکِ کرما ॥

ਨਾਮੁ ਦ੍ਰਿੜਾਵੈ ਨਾਮੁ ਜਪਾਵੈ
ਤਾ ਕਾ ਜੁਗ ਮਹਿ ਧਰਮਾ ॥੧॥

نامُ ڈرِڑاوے نامُ جپاوے
تا کا جُگ مہِ دھرما ॥1॥

ਜਨ ਕਉ ਨਾਮੁ ਵਡਾਈ ਸੋਭ ॥

جن کءُ نامُ وڈائی سوبھ ॥

ਨਾਮੋ ਗਤਿ ਨਾਮੋ ਪਤਿ ਜਨ ਕੀ
ਮਾਨੈ ਜੋ ਜੋ ਹੋਗ ॥੧॥ ਰਹਾਉ ॥

نامو گتِ نامو پتِ جن کی
مانے جو جو ہوگ ॥1॥ رہاءُ ॥

ਨਾਮ ਧਨੁ ਜਿਸੁ ਜਨ ਕੈ ਪਾਲੈ
ਸੋਈ ਪੂਰਾ ਸਾਹਾ ॥

نام دھنُ جِسُ جن کے پالے
سوئی پوُرا ساہا ॥

ਨਾਮੁ ਬਿਉਹਾਰਾ ਨਾਨਕ ਆਧਾਰਾ
ਨਾਮੁ ਪਰਾਪਤਿ ਲਾਹਾ ॥੨॥੬॥੩੭॥

نامُ بِہُارا نانک آدھارا
نامُ پراپتِ لاہا ॥2॥6॥ 37 ॥

ਧਨਾਸਰੀ ਮਹਲਾ ੫ ॥

دھناسری محلا 5 ॥

ਨੇਤ੍ਰ ਪੁਨੀਤ ਭਏ ਦਰਸ ਪੇਖੇ
ਮਾਥੈ ਪਰਉ ਰਵਾਲ ॥

نیتّر پُنِیت بھئے درس پیکھے
ماتھے پرءُ روال ॥

ਰਸਿ ਰਸਿ ਗੁਣ ਗਾਵਉ ਠਾਕੁਰ ਕੇ
ਮੋਰੈ ਹਿਰਦੈ ਬਸਹੁ ਗੋਪਾਲ ॥੧॥

رسِ رسِ گُنؤ گاوءُ ٹھاکُر کے
مورے ہِردے بسہُ گوپال ۔ ॥1॥

ਤੁਮ ਤਉ ਰਾਖਨਹਾਰ ਦਇਆਲ ॥

تُم تءُ راکھنہار دئیال ۔ ॥

ਸੁੰਦਰ ਸੁਘਰ ਬੇਅੰਤ ਪਿਤਾ ਪ੍ਰਭ
ਹੋਹੁ ਪ੍ਰਭੂ ਕਿਰਪਾਲ ॥੧॥ ਰਹਾਉ ॥

سُندر سُگھر بیئنت پِتا پربھ
ہوہُ پربھوُ کِرپال ॥1॥ رہاءُ ॥

ਮਹਾ ਅਨੰਦ ਮੰਗਲ ਰੂਪ ਤੁਮਰੇ
ਬਚਨ ਅਨੂਪ ਰਸਾਲ ॥

مہا انند منگل روُپ تُمرے
بچن انوُپ رسال ॥

ਹਿਰਦੈ ਚਰਣ ਸਬਦੁ ਸਤਿਗੁਰ ਕੋ
ਨਾਨਕ ਬਾਂਧਿਓ ਪਾਲ ॥੨॥੭॥੩੮॥

ہِردے چرنؤ سبدُ ستِگُر کو
نانک باندھیو پال ॥2॥7॥ 38 ॥

ਧਨਾਸਰੀ ਮਹਲਾ ੫ ॥

دھناسری محلا 5 ॥

ਅਪਨੀ ਉਕਤਿ ਖਲਾਵੈ ਭੋਜਨ
ਅਪਨੀ ਉਕਤਿ ਖੇਲਾਵੈ ॥

اپنی اُکتِ کھلاوے بھوجن
اپنی اُکتِ کھیلاوے ॥

ਸਰਬ ਸੂਖ ਭੋਗ ਰਸ ਦੇਵੈ
ਮਨ ਹੀ ਨਾਲਿ ਸਮਾਵੈ ॥੧॥

سرب سوُکھ بھوگ رس دیوے
من ہی نالِ سماوے ॥1॥

ਹਮਰੇ ਪਿਤਾ ਗੋਪਾਲ ਦਇਆਲ ॥

ہمرے پِتا گوپال دئیال ॥

ਜਿਉ ਰਾਖੈ ਮਹਤਾਰੀ ਬਾਰਿਕ ਕਉ
ਤੈਸੇ ਹੀ ਪ੍ਰਭ ਪਾਲ ॥੧॥ ਰਹਾਉ ॥

جِءُ راکھے مہتاری بارِک کءُ
تیسے ہی پربھ پال ॥1॥ رہاءُ ॥

ਮੀਤ ਸਾਜਨ ਸਰਬ ਗੁਣ ਨਾਇਕ
ਸਦਾ ਸਲਾਮਤਿ ਦੇਵਾ ॥

مِیت ساجن سرب گُنؤ نائِک
سدا سلامتِ دیوا ۔ ॥

ਈਤ ਊਤ ਜਤ ਕਤ ਤਤ ਤੁਮ ਹੀ

اِیت اوُت جت کت تت تُم ہی

ਮਿਲੈ ਨਾਨਕ ਸੰਤ ਸੇਵਾ ॥੨॥੮॥੩੯॥

ملے نانک سنّت سیوا ॥2॥8॥ 39 ॥

ਧਨਾਸਰੀ ਮਹਲਾ ੫ ॥

دھناسری محلا 5 ॥

ਸੰਤ ਕ੍ਰਿਪਾਲ ਦਇਆਲ ਦਮੋਦਰ
ਕਾਮ ਕ੍ਰੋਧ ਬਿਖੁ ਜਾਰੇ ॥

سنّت کرِپال دیَیال دمودر
کام کرودھ بِکھُ جارے ॥

ਰਾਜੁ ਮਾਲੁ ਜੋਬਨੁ ਤਨੁ ਜੀਅਰਾ
ਇਨ ਊਪਰਿ ਲੈ ਬਾਰੇ ॥੧॥

راجُ مالُ جوبنُ تنُ جیِئرا
اِن اوُپرِ لے بارے ॥1॥

ਮਨਿ ਤਨਿ ਰਾਮ ਨਾਮ ਹਿਤਕਾਰੇ ॥

منِ تنِ رام نام ہِتکارے ॥

ਸੂਖ ਸਹਜ ਆਨੰਦ ਮੰਗਲ ਸਹਿਤ
ਭਵ ਨਿਧਿ ਪਾਰਿ ਉਤਾਰੇ ॥ ਰਹਾਉ ॥

سوُکھ سہج آنند منگل سہِت
بھو نِدھِ پارِ اُتارے ॥ رہاءُ ॥

ਧੰਨਿ ਸੁ ਥਾਨੁ ਧੰਨਿ ਓਇ ਭਵਨਾ
ਜਾ ਮਹਿ ਸੰਤ ਬਸਾਰੇ ॥

دھنّنِ سُ تھانُ دھنّنِ اوءِ بھونا
جا مہِ سنّت بسارے ॥

ਜਨ ਨਾਨਕ ਕੀ ਸਰਧਾ ਪੂਰਹੁ ਠਾਕੁਰ
ਭਗਤ ਤੇਰੇ ਨਮਸਕਾਰੇ ॥੨॥੯॥੪੦॥

جن نانک کی سردھا پوُرہُ ٹھاکُر
بھگت تیرے نمسکارے ॥2॥9॥ 40 ॥

ਧਨਾਸਰੀ ਮਹਲਾ ੫ ॥

دھناسری محلا 5 ॥

ਛਡਾਇ ਲੀਓ ਮਹਾ ਬਲੀ ਤੇ
ਅਪਨੇ ਚਰਨ ਪਰਾਤਿ ॥

چھڈاءِ لِیئو مہا بلی تے
اپنے چرن پراتِ ॥

ਏਕੁ ਨਾਮੁ ਦੀਓ ਮਨ ਮੰਤਾ
ਬਿਨਸਿ ਨ ਕਤਹੂ ਜਾਤਿ ॥੧॥

ایکُ نامُ دیِئو من منّتا
بِنسِ ن کتہوُ جاتِ ॥1॥

ਸਤਿਗੁਰਿ ਪੂਰੈ ਕੀਨੀ ਦਾਤਿ ॥

ستِگُرِ پوُرے کِینی داتِ ॥

ਹਰਿ ਹਰਿ ਨਾਮੁ ਦੀਓ ਕੀਰਤਨ ਕਉ
ਭਈ ਹਮਾਰੀ ਗਾਤਿ ॥ ਰਹਾਉ ॥

ہرِ ہرِ نامُ دیِئو کیِرتن کءُ
بھئی ہماری گاتِ ॥ رہاءُ ॥

ਅੰਗੀਕਾਰੁ ਕੀਓ ਪ੍ਰਭਿ ਅਪੁਨੈ
ਭਗਤਨ ਕੀ ਰਾਖੀ ਪਾਤਿ ॥

انگیِکارُ کیِئو پربھِ اپُنے
بھگتن کی راکھی پاتِ ॥

ਨਾਨਕ ਚਰਨ ਗਹੇ ਪ੍ਰਭ ਅਪਨੇ
ਸੁਖੁ ਪਾਇਓ ਦਿਨ ਰਾਤਿ ॥੨॥੧੦॥੪੧॥

نانک چرن گہے پربھ اپنے
سُکھُ پائیئو دِن راتِ ॥2॥ 10 ॥ 41 ॥

ਧਨਾਸਰੀ ਮਹਲਾ ੫ ॥

ਪਰ ਹਰਨਾ ਲੋਭੁ ਝੂਠ ਨਿੰਦ
ਇਵ ਹੀ ਕਰਤ ਗੁਦਾਰੀ ॥

ਮ੍ਰਿਗ ਤ੍ਰਿਸਨਾ ਆਸ ਮਿਥਿਆ ਮੀਠੀ
ਇਹ ਟੇਕ ਮਨਹਿ ਸਾਧਾਰੀ ॥੧॥

ਸਾਕਤ ਕੀ ਆਵਰਦਾ ਜਾਇ ਬ੍ਰਿਥਾਰੀ ॥

ਜੈਸੇ ਕਾਗਦ ਕੇ ਭਾਰ ਮੂਸਾ ਟੂਕਿ ਗਵਾਵਤ
ਕਾਮਿ ਨਹੀ ਗਾਵਾਰੀ ॥ ਰਹਾਉ ॥

ਕਰਿ ਕਿਰਪਾ ਪਾਰਬ੍ਰਹਮ ਸੁਆਮੀ
ਇਹ ਬੰਧਨ ਛੁਟਕਾਰੀ ॥

ਬੂਡਤ ਅੰਧ ਨਾਨਕ ਪ੍ਰਭ ਕਾਢਤ
ਸਾਧ ਜਨਾ ਸੰਗਾਰੀ ॥੨॥੧੧॥੪੨॥

ਧਨਾਸਰੀ ਮਹਲਾ ੫ ॥

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ
ਸੀਤਲ ਤਨੁ ਮਨੁ ਛਾਤੀ ॥

ਰੂਪ ਰੰਗ ਸੂਖ ਧਨੁ ਜੀਅ ਕਾ
ਪਾਰਬ੍ਰਹਮ ਮੋਰੈ ਜਾਤੀ ॥੧॥

ਰਸਨਾ ਰਾਮ ਰਸਾਇਨਿ ਮਾਤੀ ॥

ਰੰਗ ਰੰਗੀ ਰਾਮ ਅਪਨੇ ਕੈ
ਚਰਨ ਕਮਲ ਨਿਧਿ ਥਾਤੀ ॥ ਰਹਾਉ ॥

ਜਿਸ ਕਾ ਸਾ ਤਿਨ ਹੀ ਰਖਿ ਲੀਆ
ਪੂਰਨ ਪ੍ਰਭ ਕੀ ਭਾਤੀ ॥

ਮੇਲਿ ਲੀਓ ਆਪੇ ਸੁਖਦਾਤੈ
ਨਾਨਕ ਹਰਿ ਰਾਖੀ ਪਾਤੀ ॥੨॥੧੨॥੪੩॥

ਧਨਾਸਰੀ ਮਹਲਾ ੫ ॥

دھناسری محلا 5 ॥

پر ہرنا لوبھُ جھوُٹھ نِندَ
اِو ہی کرت گُداری ॥

مّرِگ تّرِسنا آس مِتھیا مِیٹھی
اِہ ٹیک منہِ سادھاری ॥1॥

ساکت کی آوردا جاءِ بِرتھاری ॥

جیَسے کاگد کے بھار موُسا ٹوُکِ گواوت
کامِ نہی گاواری ॥ رہاءُ ॥

کرِ کِرپا پاربّرہم سُیامی
اِہ بنّدھن چھُٹکاری ॥

بوُڈت انّدھ نانک پّربھ کاڈھت
سادھ جنا سنگاری ॥2॥ 11 ॥ 42 ॥

دھناسری محلا 5 ॥

سِمرِ سِمرِ سُیامی پّربھُ اپنا
سِیتل تنُ منُ چھاتی ॥

روُپ رنگ سوُکھ دھنُ جیء کا
پاربّرہم مورے زاتی ॥1॥

رسنا رام رسائِنِ ماتی ॥

رنگ رنگی رام اپنے کے
چرن کمل نِدھِ تھاتی ॥ رہاءُ ॥

جِس کا سا تِن ہی رکھِ لِیا
پوُرن پّربھ کی بھاتی ॥

میلِ لِینو آپے سُکھداتے
نانک ہرِ راکھی پاتی ॥2॥ 12 ॥ 43 ॥

دھناسری محلا 5 ॥

ਦੂਤ ਦੁਸਮਨ ਸਭਿ ਤੁਝ ਤੇ ਨਿਵਰਹਿ
ਪ੍ਰਗਟ ਪ੍ਰਤਾਪੁ ਤੁਮਾਰਾ ॥

دوُت دُسمن سبھِ تُجھ تے نِورہِ
پرگٹ پرتاپُ تُمارا ॥

ਜੋ ਜੋ ਤੇਰੇ ਭਗਤ ਦੁਖਾਏ
ਓਹੁ ਤਤਕਾਲ ਤੁਮ ਮਾਰਾ ॥੧॥

جو جو تیرے بھگت دُکھائے
اوہُ تتکال تُم مارا ॥1॥

ਨਿਰਖਉ ਤੁਮਰੀ ਓਰਿ ਹਰਿ ਨੀਤ ॥

نِرکھءُ تُمری اورِ ہرِ نِیت ॥

ਮੁਰਾਰਿ ਸਹਾਇ ਹੋਹੁ ਦਾਸ ਕਉ
ਕਰੁ ਗਹਿ ਉਧਰਹੁ ਮੀਤ ॥ ਰਹਾਉ ॥

مُرارِ سہاءِ ہوہُ داس کءُ
کرُ گہِ اُدھرہُ میت ۔ ॥ رہاءُ ॥

ਸੁਣੀ ਬੇਨਤੀ ਠਾਕੁਰਿ ਮੇਰੈ
ਖਸਮਾਨਾ ਕਰਿ ਆਪਿ ॥

سُنّی بینتی ٹھاکُرِ میرے
کھسمانا کرِ آپِ ॥

ਨਾਨਕ ਅਨਦ ਭਏ ਦੁਖ ਭਾਗੇ
ਸਦਾ ਸਦਾ ਹਰਿ ਜਾਪਿ ॥੨॥੧੩॥੪੪॥

نانک اند بھئے دُکھ بھاگے
سدا سدا ہرِ جاپِ ॥2॥ 13 ॥ 44 ॥

ਧਨਾਸਰੀ ਮਹਲਾ ੫ ॥

دھناسری محلا 5 ॥

ਚਤੁਰ ਦਿਸਾ ਕੀਨੋ ਬਲੁ ਅਪਨਾ
ਸਿਰ ਊਪਰਿ ਕਰੁ ਧਾਰਿਓ ॥

چتُر دِسا کِینو بلُ اپنا
سِر اوُپرِ کرُ دھارِئو ॥

ਕ੍ਰਿਪਾ ਕਟਾਖ੍ਹ ਅਵਲੋਕਨੁ ਕੀਨੋ
ਦਾਸ ਕਾ ਦੂਖੁ ਬਿਦਾਰਿਓ ॥੧॥

کرِپا کٹاکھّپِ اولوکنُ کِینو
داس کا دوُکھُ بِدارِئو ॥1॥

ਹਰਿ ਜਨ ਰਾਖੇ ਗੁਰ ਗੋਵਿੰਦ ॥

ہرِ جن راکھے گُر گووِنّد ॥

ਕੰਠਿ ਲਾਇ ਅਵਗੁਣ ਸਭਿ ਮੇਟੇ
ਦਇਆਲ ਪੁਰਖ ਬਖਸੰਦ ॥ ਰਹਾਉ ॥

کنّٹھِ لاءِ اوگُنؔ سبھِ میٹے
دیَیال پُرکھ بخشنّد ॥ رہاءُ ॥

ਜੋ ਮਾਗਹਿ ਠਾਕੁਰ ਅਪੁਨੇ ਤੇ
ਸੋਈ ਸੋਈ ਦੇਵੈ ॥

جو ماگہِ ٹھاکُر اپُنے تے
سوئی سوئی دیوے ॥

ਨਾਨਕ ਦਾਸੁ ਮੁਖ ਤੇ ਜੋ ਬੋਲੈ
ਈਹਾ ਊਹਾ ਸਚੁ ਹੋਵੈ ॥੨॥੧੪॥੪੫॥

نانک داسُ مُکھ تے جو بولے
ایہا اوُہا سچُ ہووے ॥2॥ 14 ॥ 45 ॥

ਧਨਾਸਰੀ ਮਹਲਾ ੫ ॥

دھناسری محلا 5 ॥

ਅਉਖੀ ਘੜੀ ਨ ਦੇਖਣ ਦੇਈ

انکھی گھڑی ن دیکھنؔ دیئی

ਅਪਨਾ ਬਿਰਦੁ ਸਮਾਲੇ ॥

اپنا بِردُ سمالے ॥

ਹਾਥ ਦੇਇ ਰਾਖੈ ਅਪਨੇ ਕਉ
ਸਾਸਿ ਸਾਸਿ ਪ੍ਰਤਿਪਾਲੇ ॥੧॥

ہاتھ دےءِ راکھےَ اپنے کءُ
ساسِ ساسِ پرتپالے ॥1॥

ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ ॥

پربھ سِءُ لاگِ رہِئو میرا چیتُ ॥

ਆਦਿ ਅੰਤਿ ਪ੍ਰਭੁ ਸਦਾ ਸਹਾਈ
ਧੰਨੁ ਹਮਾਰਾ ਮੀਤੁ ॥ ਰਹਾਉ ॥

آدِ انّتِ پربھُ سدا سہائی
دھنّنُ ہمارا میتُ ॥ رہاءُ ॥

ਮਨਿ ਬਿਲਾਸ ਭਏ
ਸਾਹਿਬ ਕੇ ਅਚਰਜ ਦੇਖਿ ਬਡਾਈ ॥

منِ بِلاس بھےَ
صاحِب کے اچرج دیکھِ بڈائی ॥

ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ
ਪ੍ਰਭਿ ਪੂਰਨ ਪੈਜ ਰਖਾਈ ॥੨॥੧੫॥੪੬॥

ہرِ سِمرِ سِمرِ آند کرِ نانک
پربھِ پوُرن پیَج رکھائی ॥2॥ 15 ॥ 46 ॥

ਧਨਾਸਰੀ ਮਹਲਾ ੫ ॥

دھناسری محلا 5 ॥

ਜਿਸ ਕਉ ਬਿਸਰੈ ਪ੍ਰਾਨਪਤਿ ਦਾਤਾ
ਸੋਈ ਗਨਹੁ ਅਭਾਗਾ ॥

جِس کءُ بِسرے پرانپتِ داتا
سوئی گنہُ ابھاگا ॥

ਚਰਨ ਕਮਲ ਜਾ ਕਾ ਮਨੁ ਰਾਗਿਓ
ਅਮਿਅ ਸਰੋਵਰ ਪਾਗਾ ॥੧॥

چرن کمل جا کا منُ راگِئو
امِءِ سروور پاگا ॥1॥

ਤੇਰਾ ਜਨੁ ਰਾਮ ਨਾਮ ਰੰਗਿ ਜਾਗਾ ॥

تیرا جنُ رام نام رنگِ جاگا ॥

ਆਲਸੁ ਛੀਜਿ ਗਇਆ ਸਭੁ ਤਨ ਤੇ
ਪ੍ਰੀਤਮ ਸਿਉ ਮਨੁ ਲਾਗਾ ॥ ਰਹਾਉ ॥

آلسُ چھیجِ گئیا سبھُ تن تے
پریتم سِءُ منُ لاگا ॥ رہاءُ ॥

ਜਹ ਜਹ ਪੇਖਉ ਤਹ ਨਾਰਾਇਣ
ਸਗਲ ਘਟਾ ਮਹਿ ਤਾਗਾ ॥

جہ جہ پیکھءُ تہ نارائنْ
سگل گھٹا مہِ تاگا ॥

ਨਾਮ ਉਦਕੁ ਪੀਵਤ ਜਨ ਨਾਨਕ
ਤਿਆਗੇ ਸਭਿ ਅਨੁਰਾਗਾ ॥੨॥੧੬॥੪੭॥

نام اُدکُ پیِوت جن نانک
تِیاگے سبھِ انُراگا ॥2॥ 16 ॥ 47 ॥

ਧਨਾਸਰੀ ਮਹਲਾ ੫ ॥

دھناسری محلا 5 ॥

ਜਨ ਕੇ ਪੂਰਨ ਹੋਏ ਕਾਮ ॥

جن کے پوُرن ہوئے کام ॥

ਕਲੀ ਕਾਲ ਮਹਾ ਬਿਖਿਆ ਮਹਿ

کلی کال مہا بِکھیا مہِ

ਲਜਾ ਰਾਖੀ ਰਾਮ ॥੧॥ ਰਹਾਉ ॥

لجا راکھی رام ॥1॥ رہاءُ ॥

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ
ਨਿਕਟਿ ਨ ਆਵੈ ਜਾਮ ॥

سِمرِ سِمرِ سُیامی پربھُ اپُنا
نِکٹِ ن آوے جام ॥

ਮੁਕਤਿ ਬੈਕੁੰਠ ਸਾਧ ਕੀ ਸੰਗਤਿ
ਜਨ ਪਾਇਓ ਹਰਿ ਕਾ ਧਾਮ ॥੧॥

مُکتِ بیکُنٹھ سادھ کی سنگتِ
جن پائنّو ہرِ کا دھام ॥1॥

ਚਰਨ ਕਮਲ ਹਰਿ ਜਨ ਕੀ ਥਾਤੀ
ਕੋਟਿ ਸੂਖ ਬਿਸ੍ਰਾਮ ॥

چرن کمل ہرِ جن کی تھاتی
کوٹِ سُوکھ بِسّرام ॥

ਗੋਬਿੰਦੁ ਦਮੋਦਰ ਸਿਮਰਉ ਦਿਨ ਰੈਨਿ
ਨਾਨਕ ਸਦ ਕੁਰਬਾਨ ॥੨॥੧੭॥੪੮॥

گوبِندُ دمودر سِمرءُ دِن رَینِ
نانک سد قُربان ॥2॥ 17 ॥ 48 ॥

ਧਨਾਸਰੀ ਮਹਲਾ ੫ ॥

دھناسری محلا 5 ॥

ਮਾਂਗਉ ਰਾਮ ਤੇ ਇਕੁ ਦਾਨੁ ॥

مانگءُ رام تے اِکُ دانُ ॥

ਸਗਲ ਮਨੋਰਥ ਪੂਰਨ ਹੋਵਹਿ
ਸਿਮਰਉ ਤੁਮਰਾ ਨਾਮੁ ॥੧॥ ਰਹਾਉ ॥

سگل منورتھ پُورن ہووہِ
سِمرءُ تُمرا نامُ ॥1॥ رہاءُ ॥

ਚਰਨ ਤੁਮ੍ਹਾਰੇ ਹਿਰਦੈ ਵਾਸਹਿ
ਸੰਤਨ ਕਾ ਸੰਗੁ ਪਾਵਉ ॥

چرن تُمہارے ہِردے واسہِ
سنّتن کا سنگُ پاوءُ ॥

ਸੋਗ ਅਗਨਿ ਮਹਿ ਮਨੁ ਨ ਵਿਆਪੈ
ਆਠ ਪਹਰ ਗੁਣ ਗਾਵਉ ॥੧॥

سوگ اگنِ مہِ منُ ن وِیاپے
آٹھ پہر گُنؤ گاوءُ ॥1॥

ਸ੍ਵਸਤਿ ਬਿਵਸਥਾ ਹਰਿ ਕੀ ਸੇਵਾ
ਮਧ੍ਰੰਤ ਪ੍ਰਭ ਜਾਪਣ ॥

سّوستِ بِوستھا ہرِ کی سیوا
مدھّنت پربھ جاپنؤ ॥

ਨਾਨਕ ਰੰਗੁ ਲਗਾ ਪਰਮੇਸਰ
ਬਾਹੁੜਿ ਜਨਮ ਨ ਛਾਪਣ ॥੨॥੧੮॥੪੯॥

نانک رنگُ لگا پرمیسر
باہُڑِ جنم ن چھاپنؤ ॥2॥ 18 ॥ 49 ॥

ਧਨਾਸਰੀ ਮਹਲਾ ੫ ॥

دھناسری محلا 5 ॥

ਮਾਂਗਉ ਰਾਮ ਤੇ ਸਭਿ ਥੋਕ ॥

مانگءُ رام تے سبھِ تھوک ॥

ਮਾਨੁਖ ਕਉ ਜਾਚਤ ਸ੍ਰਮੁ ਪਾਈਐ
ਪ੍ਰਭ ਕੈ ਸਿਮਰਨਿ ਮੋਖ ॥੧॥ ਰਹਾਉ ॥

مانُکھ کءُ جاچت سّرمُ پائیئے
پربھ کے سِمرنِ موکھ ॥1॥ رہاءُ ॥

ਘੋਖੇ ਮੁਨਿ ਜਨ ਸਿੰਮ੍ਰਿਤਿ ਪੁਰਾਨਾਂ
ਬੇਦ ਪੁਕਾਰਹਿ ਘੋਖ ॥

گھوکھے مُنِ جن سِمرِتِ پُراناں
بید پُکارہِ گھوکھ ॥

ਕ੍ਰਿਪਾ ਸਿੰਧੁ ਸੇਵਿ ਸਚੁ ਪਾਈਐ
ਦੋਵੈ ਸੁਹੇਲੇ ਲੋਕ ॥੧॥

کرِپا سِندھُ سیوِ سچُ پائیئے
دووے سُہیلے لوک ॥1॥

ਆਨ ਅਚਾਰ ਬਿਉਹਾਰ ਹੈ ਜੇਤੇ
ਬਿਨੁ ਹਰਿ ਸਿਮਰਨ ਫੋਕ ॥

آن اچار بِہار ہے جیتے
بِنُ ہرِ سِمرن پھوک ॥

ਨਾਨਕ ਜਨਮ ਮਰਣ ਭੈ ਕਾਟੇ
ਮਿਲਿ ਸਾਧੂ ਬਿਨਸੇ ਸੋਕ ॥੨॥੧੯॥੫੦॥

نانک جنم مرنُ بھے کاٹے
مِلِ سادھوُ بِنسے سوک ॥2॥ 19 ॥ 50 ॥

ਧਨਾਸਰੀ ਮਹਲਾ ੫ ॥

دھناسری محلا 5 ॥

ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥

تِرسنا بُجھے ہرِ کے نامِ ॥

ਮਹਾ ਸੰਤੋਖੁ ਹੋਵੈ ਗੁਰ ਬਚਨੀ
ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥੧॥ ਰਹਾਉ ॥

مہا سنتوکھُ ہووے گُر بچنی
پربھ سِ ءُ لاگے پوُرن دھِیانُ ॥1॥ رہاءُ ॥

ਮਹਾ ਕਲੋਲ ਬੁਝਹਿ ਮਾਇਆ ਕੇ
ਕਰਿ ਕਿਰਪਾ ਮੇਰੇ ਦੀਨ ਦਇਆਲ ॥

مہا کلول بُجھہِ مائیا کے
کرِ کرِپا میرے دِین دئیال ۔ ॥

ਅਪਣਾ ਨਾਮੁ ਦੇਹਿ ਜਪਿ ਜੀਵਾ
ਪੂਰਨ ਹੋਇ ਦਾਸ ਕੀ ਘਾਲ ॥੧॥

اپنّا نامُ دیہِ جپِ جیِوا
پوُرن ہوءِ داس کی گھال ॥1॥

ਸਰਬ ਮਨੋਰਥ ਰਾਜ ਸੂਖ ਰਸ
ਸਦ ਖੁਸੀਆ ਕੀਰਤਨੁ ਜਪਿ ਨਾਮ ॥

سرب منورتھ راج سوُکھ رس
سد کھُسیِیا کیِرتنُ جپِ نام ॥

ਜਿਸ ਕੈ ਕਰਮਿ ਲਿਖਿਆ ਧੁਰਿ ਕਰਤੈ
ਨਾਨਕ ਜਨ ਕੇ ਪੂਰਨ ਕਾਮ ॥੨॥੨੦॥੫੧॥

جِس کے کرمِ لِکھیا دھُرِ کرتے
نانک جن کے پوُرن کام ॥2॥ 20 ॥ 51 ॥

ਧਨਾਸਰੀ ਮਃ ੫ ॥

دھناسری م: 5 ॥

ਜਨ ਕੀ ਕੀਨੀ ਪਾਰਬ੍ਰਹਮਿ ਸਾਰ ॥

جن کی کِینی پاربّرہمِ سار ॥

ਨਿੰਦਕ ਟਿਕਨੁ ਨ ਪਾਵਨਿ ਮੂਲੇ
ਊਡਿ ਗਏ ਬੇਕਾਰ ॥੧॥ ਰਹਾਉ ॥

نِندک ٹِکنُ ن پاونِ موُلے
اوُڈِ گئے بیکار ॥1॥ رہاءُ ॥

ਜਹ ਜਹ ਦੇਖਉ ਤਹ ਤਹ ਸੁਆਮੀ

جہ جہ دیکھءُ تہ تہ سُیامی

ਕੋਇ ਨ ਪਹੁਚਨਹਾਰ ॥

کوءِ ن پہُچنہار ॥

ਜੋ ਜੋ ਕਰੈ ਅਵਗਿਆ ਜਨ ਕੀ
ਹੋਇ ਗਇਆ ਤਤ ਛਾਰ ॥੧॥

جو جو کرے اوگیا جن کی
ہوءِ گئیا تت چھار ॥1॥

ਕਰਨਹਾਰੁ ਰਖਵਾਲਾ ਹੋਆ
ਜਾ ਕਾ ਅੰਤੁ ਨ ਪਾਰਾਵਾਰ ॥

کرنہارُ رکھوالا ہویا
جا کا انتُ ن پاراوار ॥

ਨਾਨਕ ਦਾਸ ਰਖੇ ਪ੍ਰਭਿ ਅਪੁਨੈ
ਨਿੰਦਕ ਕਾਢੇ ਮਾਰਿ ॥੨॥੨੧॥੫੨॥

نانک داس رکھے پربھِ اپُنے
نِندک کاڈھے مارِ ॥2॥ 21 ॥ 52 ॥

ਧਨਾਸਰੀ ਮਹਲਾ ੫ ਘਰੁ ੯ ਪੜਤਾਲ

دھناسری محلا 5 گھرُ 9 پڑتال

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਹਰਿ ਚਰਨ ਸਰਨ ਗੋਬਿੰਦ ਦੁਖ ਭੰਜਨਾ
ਦਾਸ ਅਪੁਨੇ ਕਉ ਨਾਮੁ ਦੇਵਹੁ ॥

ہرِ چرن سرن گوبِند دُکھ بھنجنا
داس اپُنے کءُ نامُ دیوہُ ॥

ਦ੍ਰਿਸਟਿ ਪ੍ਰਭ ਧਾਰਹੁ ਕ੍ਰਿਪਾ ਕਰਿ ਤਾਰਹੁ
ਭੁਜਾ ਗਹਿ ਕੂਪ ਤੇ ਕਾਢਿ ਲੇਵਹੁ ॥ ਰਹਾਉ ॥

دِرسٹِ پربھ دھارہُ کرِپا کرِ تارہُ
بھُجا گہِ کوُپ تے کاڈھِ لیوہُ ॥ رہاءُ ॥

ਕਾਮ ਕ੍ਰੋਧ ਕਰਿ ਅੰਧ ਮਾਇਆ ਕੇ ਬੰਧ
ਅਨਿਕ ਦੋਖਾ ਤਨਿ ਛਾਦਿ ਪੂਰੇ ॥

کام کرودھ کرِ اندھ مائیا کے بندھ
انِک دوکھا تنِ چھادِ پوُرے ॥

ਪ੍ਰਭ ਬਿਨਾ ਆਨ ਨ ਰਾਖਨਹਾਰਾ
ਨਾਮੁ ਸਿਮਰਾਵਹੁ ਸਰਨਿ ਸੂਰੇ ॥੧॥

پربھ بِنا آن ن راکھنہارا
نامُ سِمراوہُ سرنِ سوُرے ॥1॥

ਪਤਿਤ ਉਧਾਰਣਾ ਜੀਅ ਜੰਤ ਤਾਰਣਾ
ਬੇਦ ਉਚਾਰ ਨਹੀ ਅੰਤੁ ਪਾਇਓ ॥

پتِت اُدھارٹا جیء جنت تارٹا
بید اُچار نہی انتُ پائیو ॥

ਗੁਣਹ ਸੁਖ ਸਾਗਰਾ ਬ੍ਰਹਮ ਰਤਨਾਗਰਾ
ਭਗਤਿ ਵਛਲੁ ਨਾਨਕ ਗਾਇਓ ॥੨॥੧॥੫੩॥

گُنہ سُکھ ساگرا برہم رتناگرا
بھگتِ وچھلُ نانک گائیو ॥2॥1॥ 53 ॥

ਧਨਾਸਰੀ ਮਹਲਾ ੫ ॥

دھناسری محلا 5 ॥

ਹਲਤਿ ਸੁਖੁ ਪਲਤਿ ਸੁਖੁ
ਨਿਤ ਸੁਖੁ ਸਿਮਰਨੋ
ਨਾਮੁ ਗੋਬਿੰਦ ਕਾ ਸਦਾ ਲੀਜੈ ॥

ہلتِ سُکھُ پلتِ سُکھُ
نِت سُکھُ سِمرنو
نامُ گوبِند کا سدا لیجے ॥

ਮਿਟਹਿ ਕਮਾਣੇ ਪਾਪ ਚਿਰਾਣੇ ਸਾਧਸੰਗਤਿ ਮਿਲਿ ਮੁਆ ਜੀਜੈ ॥੧॥ ਰਹਾਉ ॥	مِٹہِ کماٹے پاپ چِراٹے سادھسنگتِ مِلِ مُیا جیجے ॥1॥ رہاءُ ॥
ਰਾਜ ਜੋਬਨ ਬਿਸਰੰਤ ਹਰਿ ਮਾਇਆ ਮਹਾ ਦੁਖੁ ਏਹੁ ਮਹਾਂਤ ਕਹੈ ॥	راج جوبن بِسرنّت ہرِ مائیا مہا دُکھُ ایہُ مہانّت کہے ॥
ਆਸ ਪਿਆਸ ਰਮਣ ਹਰਿ ਕੀਰਤਨ ਏਹੁ ਪਦਾਰਥੁ ਭਾਗਵੰਤੁ ਲਹੈ ॥੧॥	آس پِیاس رمنؔ ہرِ کیرتن ایہُ پدارتھُ بھاگونّتُ لہے ॥1॥
ਸਰਣਿ ਸਮਰਥ ਅਕਥ ਅਗੋਚਰਾ ਪਤਿਤ ਉਧਾਰਣ ਨਾਮੁ ਤੇਰਾ ॥	سرنِؔ سمرتھ اکتھ اگوچرا پتِت اُدھارنؔ نامُ تیرا ॥
ਅੰਤਰਜਾਮੀ ਨਾਨਕ ਕੇ ਸੁਆਮੀ ਸਰਬਤ ਪੂਰਨ ਠਾਕੁਰੁ ਮੇਰਾ ॥੨॥੨॥੫੪॥	انترجامی نانک کے سُیامی سربت پوُرن ٹھاکُرُ میرا ॥2॥2॥ 54 ॥
ਧਨਾਸਰੀ ਮਹਲਾ ੫ ਘਰੁ ੧੨	دھناسری محلا 5 گھرُ 12
੧ੴ ਸਤਿਗੁਰ ਪ੍ਰਸਾਦਿ	۱ۃ ستِگُر پرّسادِ
ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ ॥ ਰਹਾਉ ॥	بنّدنا ہرِ بنّدنا گُنؔ گاوہُ گوپال راءِ ॥ رہاءُ ॥
ਵਡੈ ਭਾਗਿ ਭੇਟੇ ਗੁਰਦੇਵਾ ॥	وڈے بھاگِ بھیٹے گُردیوا ॥
ਕੋਟਿ ਪਰਾਧ ਮਿਟੇ ਹਰਿ ਸੇਵਾ ॥੧॥	کوٹِ پرادھ مِٹے ہرِ سیوا ॥1॥
ਚਰਨ ਕਮਲ ਜਾ ਕਾ ਮਨੁ ਰਾਪੈ ॥	چرن کمل جا کا منُ راپے ॥
ਸੋਗ ਅਗਨਿ ਤਿਸੁ ਜਨ ਨ ਬਿਆਪੈ ॥੨॥	سوگ اگنِ تِسُ جن ن بِیاپے ॥2॥
ਸਾਗਰੁ ਤਰਿਆ ਸਾਧੂ ਸੰਗੇ ॥	ساگرُ ترِیا سادھوُ سنگے ॥
ਨਿਰਭਉ ਨਾਮੁ ਜਪਹੁ ਹਰਿ ਰੰਗੇ ॥੩॥	نِربھءُ نامُ جپہُ ہرِ رنگے ॥3॥
ਪਰ ਧਨ ਦੋਖ ਕਿਛੁ ਪਾਪ ਨ ਫੇੜੇ ॥	پر دھن دوکھ کِچھُ پاپ ن پھیڑے ॥
ਜਮ ਜੰਦਾਰੁ ਨ ਆਵੈ ਨੇੜੇ ॥੪॥	جم جنّدارُ ن آوے نیڑے ॥4॥
ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ ॥	تّرِسنا اگنِ پّربھِ آپِ بُجھائی ॥
ਨਾਨਕ ਉਧਰੇ ਪ੍ਰਭ ਸਰਣਾਈ ॥੫॥੧॥੫੫॥	نانک اُدھرے پّربھ سرٹائی ॥5॥1॥ 55 ॥

ਧਨਾਸਰੀ ਮਹਲਾ ੫ ॥	دھناسری محلا 5 ॥
ਤ੍ਰਿਪਤਿ ਭਈ ਸਚੁ ਭੋਜਨੁ ਖਾਇਆ ॥	ترِپتِ بھئی سچُ بھوجنُ کھائیا ॥
ਮਨਿ ਤਨਿ ਰਸਨਾ ਨਾਮੁ ਧਿਆਇਆ ॥੧॥	منِ تنِ رسنا نامُ دھیائیا ॥1॥
ਜੀਵਨਾ ਹਰਿ ਜੀਵਨਾ ॥	جیونا ہرِ جیونا ॥
ਜੀਵਨੁ ਹਰਿ ਜਪਿ ਸਾਧਸੰਗਿ ॥੧॥ ਰਹਾਉ ॥	جیونُ ہرِ جپِ سادھسنگِ ॥1॥ رہاءُ ॥
ਅਨਿਕ ਪ੍ਰਕਾਰੀ ਬਸਤ੍ਰ ਓਢਾਏ ॥	انِک پرّکاری بستّر اوڈھائے ॥
ਅਨਦਿਨੁ ਕੀਰਤਨੁ ਹਰਿ ਗੁਨ ਗਾਏ ॥੨॥	اندِنُ کیرتنُ ہرِ گُن گائے ॥2॥
ਹਸਤੀ ਰਥ ਅਸੁ ਅਸਵਾਰੀ ॥	ہستی رتھ اسُ اسواری ॥
ਹਰਿ ਕਾ ਮਾਰਗੁ ਰਿਦੈ ਨਿਹਾਰੀ ॥੩॥	ہرِ کا مارگُ رِدے نِہاری ॥3॥
ਮਨ ਤਨ ਅੰਤਰਿ ਚਰਨ ਧਿਆਇਆ ॥	من تن انترِ چرن دھیائیا ॥
ਹਰਿ ਸੁਖ ਨਿਧਾਨ ਨਾਨਕ ਦਾਸਿ ਪਾਇਆ ॥੪॥੨॥੫੬॥	ہرِ سُکھ نِدھان نانک داسِ پائیا ॥4॥2॥ 56 ॥
ਧਨਾਸਰੀ ਮਹਲਾ ੫ ॥	دھناسری محلا 5 ॥
ਗੁਰ ਕੇ ਚਰਨ ਜੀਅ ਕਾ ਨਿਸਤਾਰਾ ॥	گُر کے چرن جیء کا نِستارا ॥
ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ ॥੧॥ ਰਹਾਉ ॥	سمُنّدُ ساگرُ جِنِ کھِن مہِ تارا ॥1॥ رہاءُ ॥
ਕੋਈ ਹੋਆ ਕ੍ਰਮ ਰਤੁ ਕੋਈ ਤੀਰਥ ਨਾਇਆ ॥	کوئی ہویا کرّم رتُ کوئی تیرتھ نائیا ॥
ਦਾਸੀ ਹਰਿ ਕਾ ਨਾਮੁ ਧਿਆਇਆ ॥੧॥	داسینّ ہرِ کا نامُ دھیائیا ॥1॥
ਬੰਧਨ ਕਾਟਨਹਾਰੁ ਸੁਆਮੀ ॥	بنّدھن کاٹنہارُ سُیامی ॥
ਜਨ ਨਾਨਕੁ ਸਿਮਰੈ ਅੰਤਰਜਾਮੀ ॥੨॥੩॥੫੭॥	جن نانکُ سِمرے انترجامی ॥2॥3॥ 57 ॥
ਧਨਾਸਰੀ ਮਹਲਾ ੫ ॥	دھناسری محلا 5 ॥
ਕਿਤੈ ਪ੍ਰਕਾਰਿ ਨ ਤੂਟਉ ਪ੍ਰੀਤਿ ॥	کِتے پرّکارِ ن توُٹءُ پرّیتِ ॥
ਦਾਸ ਤੇਰੇ ਕੀ ਨਿਰਮਲ ਰੀਤਿ ॥੧॥ ਰਹਾਉ ॥	داس تیرے کی نِرمل ریتِ ॥1॥ رہاءُ ॥
ਜੀਅ ਪ੍ਰਾਨ ਮਨ ਧਨ ਤੇ ਪਿਆਰਾ ॥	جیء پرّان من دھن تے پِیارا ॥

ਹਉਮੈ ਬੰਧੁ ਹਰਿ ਦੇਵਣਹਾਰਾ ॥੧॥	ہئُمے بَندھُ ہرِ دیوٹہارا ॥1॥
ਚਰਨ ਕਮਲ ਸਿਉ ਲਾਗਉ ਨੇਹੁ ॥	چرن کمل سِءُ لاگءُ نیہُ ॥
ਨਾਨਕ ਕੀ ਬੇਨੰਤੀ ਏਹ ॥੨॥੪॥੫੮॥	نانک کی بینتی ایہ ॥2॥4॥ 58 ॥
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرسادِ ॥
ਧਨਾਸਰੀ ਮਹਲਾ ੯ ॥	دھناسری محلا 9 ॥
ਕਾਹੇ ਰੇ ਬਨ ਖੋਜਨ ਜਾਈ ॥	کاہے رے بن کھوجن جائی ۔ ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥	سرب نِواسی سدا الیپا توہی سنگِ سمائی ॥1॥ رہاءُ ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥	پُہپ مدھِ جِءُ باسُ بسۃُ ہے مُکر ماہِ جیَسے چھائی ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥	تیَسے ہی ہرِ بسے نِرنتَرِ گھٹ ہی کھوجہُ بھائی ॥1॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥	باہرِ بھیترِ ایکو جانہُ اِہُ گُر گیانُ بتائی ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥੨॥੧॥	جن نانک بِنُ آپا چینے مِٹے ن بھّرم کی کائی ॥2॥1॥
ਧਨਾਸਰੀ ਮਹਲਾ ੯ ॥	دھناسری محلا 9 ॥
ਸਾਧੋ ਇਹੁ ਜਗੁ ਭਰਮ ਭੁਲਾਨਾ ॥	سادھو اِہُ جگُ بھرم بھُلانا ॥
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥੧॥ ਰਹਾਉ ॥	رام نام کا سِمرنُ چھوڈیا مائیا ہاتھِ بِکانا ॥1॥ رہاءُ ॥
ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ ॥	مات پِتا بھائی سُت بِنِتا تا کے رسِ لپٹانا ॥
ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ ॥੧॥	جوبنُ دھنُ پربھتا کے مد مے اہِنِس رہے دِوانا ॥1॥

ਦੀਨ ਦਇਆਲ ਸਦਾ ਦੁਖ ਭੰਜਨ
ਤਾ ਸਿਉ ਮਨੁ ਨ ਲਗਾਨਾ ॥

ਜਨ ਨਾਨਕ ਕੋਟਨ ਮੈ ਕਿਨਹੂ
ਗੁਰਮੁਖਿ ਹੋਇ ਪਛਾਨਾ ॥੨॥੨॥

ਧਨਾਸਰੀ ਮਹਲਾ ੯ ॥

ਤਿਹ ਜੋਗੀ ਕਉ ਜੁਗਤਿ ਨ ਜਾਨਉ ॥

ਲੋਭ ਮੋਹ ਮਾਇਆ ਮਮਤਾ ਫੁਨਿ
ਜਿਹ ਘਟਿ ਮਾਹਿ ਪਛਾਨਉ ॥੧॥ ਰਹਾਉ ॥

ਪਰ ਨਿੰਦਾ ਉਸਤਤਿ ਨਹ ਜਾ ਕੈ
ਕੰਚਨ ਲੋਹ ਸਮਾਨੋ ॥

ਹਰਖ ਸੋਗ ਤੇ ਰਹੈ ਅਤੀਤਾ
ਜੋਗੀ ਤਾਹਿ ਬਖਾਨੋ ॥੧॥

ਚੰਚਲ ਮਨੁ ਦਹ ਦਿਸਿ ਕਉ ਧਾਵਤ
ਅਚਲ ਜਾਹਿ ਠਹਰਾਨੋ ॥

ਕਹੁ ਨਾਨਕ ਇਹ ਬਿਧਿ ਕੋ ਜੋ ਨਰੁ
ਮੁਕਤਿ ਤਾਹਿ ਤੁਮ ਮਾਨੋ ॥੨॥੩॥

ਧਨਾਸਰੀ ਮਹਲਾ ੯ ॥

ਅਬ ਮੈ ਕਉਨੁ ਉਪਾਉ ਕਰਉ ॥

ਜਿਹ ਬਿਧਿ ਮਨ ਕੋ ਸੰਸਾ ਚੂਕੈ
ਭਉ ਨਿਧਿ ਪਾਰਿ ਪਰਉ ॥੧॥ ਰਹਾਉ ॥

ਜਨਮੁ ਪਾਇ ਕਛੁ ਭਲੋ ਨ ਕੀਨੋ
ਤਾ ਤੇ ਅਧਿਕ ਡਰਉ ॥

ਮਨ ਬਚ ਕ੍ਰਮ ਹਰਿ ਗੁਨ ਨਹੀ ਗਾਏ
ਯਹ ਜੀਅ ਸੋਚ ਧਰਉ ॥੧॥

ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ

دِین دیَیال سدا دُکھ بھنّجن
تا سِءُ منُ ن لگانا ॥

جن نانک کوٹن مے کِنہوُ
گُرمُکھِ ہوءِ پچھانا ॥2॥2॥

دھناسری محلا 9 ॥

تِہ جوگی ک ءُ جُگتِ ن جان ءُ ॥

لوبھ موہ مائیا ممتا پھُنِ
جِہ گھٹِ ماہِ پچھان ءُ ॥1॥ رہاءُ ॥

پر نِندا اُستتِ نہ جا کے
کنّچن لوہ سمانو ॥

ہرکھ سوگ تے رہے اتیِتا
جوگی تاہِ بکھانو ॥1॥

چنّچل منُ دہ دِس ک ءُ دھاوت
اچل جاہِ ٹھہرانو ॥

کہُ نانک اِہ بِدھِ کو جو نرُ
مُکتِ تاہِ تُم مانو ॥2॥3॥

دھناسری محلا 9 ॥

اب مے کنُ اُپاءُ کرءُ ۔ ॥

جِہ بِدھِ من کو سنّسا چوُکے
بھءُ نِدھِ پارِ پرءُ ॥1॥ رہاءُ ॥

جنمُ پاءِ کچھُ بھلو ن کِینو
تا تے ادھِک ڈرءُ ॥

من بچ کرم ہرِ گُن نہی گائے
یہ جیء سوچ دھرءُ ॥1॥

گُرمتِ سُنِ کچھُ گیانُ ن اُپجِئو

ਪਸੁ ਜਿਉ ਉਦਰੁ ਭਰਉ ॥	پسُ جِءُ اُدرُ بھرءُ ॥
ਕਹੁ ਨਾਨਕ ਪ੍ਰਭ ਬਿਰਦੁ ਪਛਾਨਉ ਤਬ ਹਉ ਪਤਿਤ ਤਰਉ ॥੨॥੪॥੯॥੯॥੧੩॥੫੮॥੪॥੯੩॥	کہُ نانک پربھ بِردُ پچھان ءُ تب ہءُ پتت ترءُ ॥2॥4॥9॥9॥ 13 ॥ 58 ॥4॥ 93 ॥
ਧਨਾਸਰੀ ਮਹਲਾ ੧ ਘਰੁ ੨ ਅਸਟਪਦੀਆ	دھناسری محلا 1 گھرُ 2 اسٹپدیا
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرسادِ ॥
ਗੁਰੁ ਸਾਗਰੁ ਰਤਨੀ ਭਰਪੂਰੇ ॥	گُرُ ساگرُ رتنی بھرپُورے ॥
ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥	انمرِت سنت چُگہِ نہی دوُرے ॥
ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥	ہرِ رسُ چوگ چُگہِ پربھ بھاوے ॥
ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥੧॥	سرور مہِ ہنسُ پرانپتِ پاوے ॥1॥
ਕਿਆ ਬਗੁ ਬਪੁੜਾ ਛਪੜੀ ਨਾਇ ॥	کِیا بگُ بپڑا چھپڑی ناءِ ۔ ॥
ਕੀਚੜਿ ਡੂਬੈ ਮੈਲੁ ਨ ਜਾਇ ॥੧॥ ਰਹਾਉ ॥	کیچڑِ ڈوُبے میَلُ ن جاءِ ॥1॥ رہاءُ ॥
ਰਖਿ ਰਖਿ ਚਰਨ ਧਰੇ ਵੀਚਾਰੀ ॥	رکھِ رکھِ چرن دھرے ویچاری ॥
ਦੁਬਿਧਾ ਛੋਡਿ ਭਏ ਨਿਰੰਕਾਰੀ ॥	دُبدھا چھوڈِ بھے نِرنکاری ॥
ਮੁਕਤਿ ਪਦਾਰਥੁ ਹਰਿ ਰਸ ਚਾਖੇ ॥	مُکتِ پدارتھُ ہرِ رس چاکھے ॥
ਆਵਣ ਜਾਣ ਰਹੇ ਗੁਰਿ ਰਾਖੇ ॥੨॥	آوڑ جاڑ رہے گُرِ راکھے ॥2॥
ਸਰਵਰ ਹੰਸਾ ਛੋਡਿ ਨ ਜਾਇ ॥	سرور ہنسا چھوڈِ ن جاءِ ॥
ਪ੍ਰੇਮ ਭਗਤਿ ਕਰਿ ਸਹਜਿ ਸਮਾਇ ॥	پریم بھگتِ کرِ سہجِ سماءِ ॥
ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ ॥	سرور مہِ ہنسُ ہنس مہِ ساگرُ ॥
ਅਕਥ ਕਥਾ ਗੁਰ ਬਚਨੀ ਆਦਰੁ ॥੩॥	اکتھ کتھا گُر بچنی آدرُ ॥3॥
ਸੁੰਨ ਮੰਡਲ ਇਕੁ ਜੋਗੀ ਬੈਸੇ ॥	سُنّن منڈل اِکُ جوگی بیسے ॥
ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥	نارِ ن پُرکھُ کہہُ کوئوُ کیسے ۔ ॥
ਤ੍ਰਿਭਵਣ ਜੋਤਿ ਰਹੇ ਲਿਵ ਲਾਈ ॥	تّربھونٹ جوتِ رہے لِو لائی ॥

ਸੁਰਿ ਨਰ ਨਾਥ ਸਚੇ ਸਰਣਾਈ ॥੪॥	سُرِ نر ناتھ سچے سرٹائی ॥4॥
ਆਨੰਦ ਮੂਲੁ ਅਨਾਥ ਅਧਾਰੀ ॥	آنند موُلُ اناتھ ادھاری ॥
ਗੁਰਮੁਖਿ ਭਗਤਿ ਸਹਜਿ ਬੀਚਾਰੀ ॥	گُرمُکھِ بھگتِ سہجِ بیچاری ॥
ਭਗਤਿ ਵਛਲ ਭੈ ਕਾਟਣਹਾਰੇ ॥	بھگتِ وچھل بھےَ کاٹنہارے ॥
ਹਉਮੈ ਮਾਰਿ ਮਿਲੇ ਪਗੁ ਧਾਰੇ ॥੫॥	ہئُمےَ مارِ مِلے پگُ دھارے ॥5॥
ਅਨਿਕ ਜਤਨ ਕਰਿ ਕਾਲੁ ਸੰਤਾਏ ॥	انِک جتن کرِ کالُ سنّتائے ॥
ਮਰਣੁ ਲਿਖਾਇ ਮੰਡਲ ਮਹਿ ਆਏ ॥	مرنُّ لِکھاءِ منّڈل مہِ آئے ॥
ਜਨਮੁ ਪਦਾਰਥੁ ਦੁਬਿਧਾ ਖੋਵੈ ॥	جنمُ پدارتھُ دُبِدھا کھووےَ ॥
ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥੬॥	آپُ ن چِینسِ بھّرمِ بھّرمِ رووےَ ॥6॥
ਕਹਤਉ ਪੜਤਉ ਸੁਣਤਉ ਏਕ ॥	کہتءُ پڑتءُ سُنّتءُ ایک ॥
ਧੀਰਜ ਧਰਮੁ ਧਰਣੀਧਰ ਟੇਕ ॥	دھیِرج دھرمُ دھرنیِدھر ٹیک ॥
ਜਤੁ ਸਤੁ ਸੰਜਮੁ ਰਿਦੈ ਸਮਾਏ ॥	جتُ ستُ سنّجمُ رِدےَ سمائے ॥
ਚਉਥੇ ਪਦ ਕਉ ਜੇ ਮਨੁ ਪਤੀਆਏ ॥੭॥	چئُتھے پد کءُ جے منُ پتیِیائے ॥7॥
ਸਾਚੇ ਨਿਰਮਲ ਮੈਲੁ ਨ ਲਾਗੈ ॥	ساچے نِرمل میَلُ ن لاگےَ ॥
ਗੁਰ ਕੈ ਸਬਦਿ ਭਰਮ ਭਉ ਭਾਗੈ ॥	گُر کےَ سبدِ بھرم بھءُ بھاگےَ ॥
ਸੂਰਤਿ ਮੂਰਤਿ ਆਦਿ ਅਨੂਪੁ ॥	صوُرتِ موُرتِ آدِ انوُپُ ॥
ਨਾਨਕੁ ਜਾਚੈ ਸਾਚੁ ਸਰੂਪੁ ॥੮॥੧॥	نانکُ جاچےَ ساچُ سروُپُ ॥8॥1॥
ਧਨਾਸਰੀ ਮਹਲਾ ੧ ॥	دھناسری محلا 1 ॥
ਸਹਜਿ ਮਿਲੈ ਮਿਲਿਆ ਪਰਵਾਣੁ ॥	سہجِ مِلےَ مِلیا پروانُ ॥
ਨਾ ਤਿਸੁ ਮਰਣੁ ਨ ਆਵਣੁ ਜਾਣੁ ॥	نا تِسُ مرنُّ ن آونُّ جانُّ ॥
ਠਾਕੁਰ ਮਹਿ ਦਾਸੁ ਦਾਸ ਮਹਿ ਸੋਇ ॥	ٹھاکُر مہِ داسُ داس مہِ سوءِ ॥
ਜਹ ਦੇਖਾ ਤਹ ਅਵਰੁ ਨ ਕੋਇ ॥੧॥	جہ دیکھا تہ اورُ ن کوءِ ॥1॥

ਗੁਰਮੁਖਿ ਭਗਤਿ ਸਹਜ ਘਰੁ ਪਾਈਐ ॥	گُرمُکھِ بھگتِ سہج گھرُ پائیَۓ ॥
ਬਿਨੁ ਗੁਰ ਭੇਟੇ ਮਰਿ ਆਈਐ ਜਾਈਐ ॥੧॥ ਰਹਾਉ ॥	بِنُ گُر بھیٹے مرِ آئیَۓ جائیَۓ ॥1॥ رہاءُ ॥
ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ ॥	سو گُرُ کرءُ جِ ساچُ دّرِڑاوے ॥
ਅਕਥੁ ਕਥਾਵੈ ਸਬਦਿ ਮਿਲਾਵੈ ॥	اکتھُ کتھاوے سبدِ مِلاوے ॥
ਹਰਿ ਕੇ ਲੋਗ ਅਵਰ ਨਹੀ ਕਾਰਾ ॥	ہرِ کے لوگ اور نہی کارا ॥
ਸਾਚਉ ਠਾਕੁਰੁ ਸਾਚੁ ਪਿਆਰਾ ॥੨॥	ساچءُ ٹھاکُرُ ساچُ پِیارا ॥2॥
ਤਨ ਮਹਿ ਮਨੂਆ ਮਨ ਮਹਿ ਸਾਚਾ ॥	تن مہِ منوُیا من مہِ ساچا ॥
ਸੋ ਸਾਚਾ ਮਿਲਿ ਸਾਚੇ ਰਾਚਾ ॥	سو ساچا مِلِ ساچے راچا ॥
ਸੇਵਕੁ ਪ੍ਰਭ ਕੈ ਲਾਗੈ ਪਾਇ ॥	سیوکُ پربھ کے لاگے پاءِ ॥
ਸਤਿਗੁਰੁ ਪੂਰਾ ਮਿਲੈ ਮਿਲਾਇ ॥੩॥	ستِگُرُ پوُرا مِلےَ مِلاءِ ॥3॥
ਆਪਿ ਦਿਖਾਵੈ ਆਪੇ ਦੇਖੈ ॥	آپِ دِکھاوے آپے دیکھےَ ॥
ਹਠਿ ਨ ਪਤੀਜੈ ਨਾ ਬਹੁ ਭੇਖੈ ॥	ہٹھِ نہ پتیجےَ نا بہُ بھیکھےَ ॥
ਘੜਿ ਭਾਡੇ ਜਿਨਿ ਅੰਮ੍ਰਿਤੁ ਪਾਇਆ ॥	گھڑِ بھاڈے جِنِ انّمرِتُ پائیا ॥
ਪ੍ਰੇਮ ਭਗਤਿ ਪ੍ਰਭਿ ਮਨੁ ਪਤੀਆਇਆ ॥੪॥	پّریم بھگتِ پّربھِ منُ پتیِیائیا ॥4॥
ਪੜਿ ਪੜਿ ਭੂਲਹਿ ਚੋਟਾ ਖਾਹਿ ॥	پڑِ پڑِ بھوُلہِ چوٹا کھاہِ ॥
ਬਹੁਤੁ ਸਿਆਣਪ ਆਵਹਿ ਜਾਹਿ ॥	بہُتُ سِیاٹپ آوہِ جاہِ ॥
ਨਾਮੁ ਜਪੈ ਭਉ ਭੋਜਨੁ ਖਾਇ ॥	نامُ جپےَ بھءُ بھوجنُ کھاءِ ॥
ਗੁਰਮੁਖਿ ਸੇਵਕ ਰਹੇ ਸਮਾਇ ॥੫॥	گُرمُکھِ سیوک رہے سماءِ ॥5॥
ਪੂਜਿ ਸਿਲਾ ਤੀਰਥ ਬਨ ਵਾਸਾ ॥	پوُجِ سِلا تِیرتھ بن واسا ॥
ਭਰਮਤ ਡੋਲਤ ਭਏ ਉਦਾਸਾ ॥	بھرمت ڈولت بھےَ اُداسا ॥
ਮਨਿ ਮੈਲੈ ਸੂਚਾ ਕਿਉ ਹੋਇ ॥	منِ میلےَ سوُچا کِءُ ہوءِ ۔ ॥
ਸਾਚਿ ਮਿਲੈ ਪਾਵੈ ਪਤਿ ਸੋਇ ॥੬॥	ساچِ مِلےَ پاوے پتِ سوءِ ॥6॥

ਆਚਾਰਾ ਵੀਚਾਰੁ ਸਰੀਰਿ ॥	آچارا ویچارُ سریرِ ॥
ਆਦਿ ਜੁਗਾਦਿ ਸਹਜਿ ਮਨੁ ਧੀਰਿ ॥	آدِ جُگادِ سہجِ منُ دھیرِ ॥
ਪਲ ਪੰਕਜ ਮਹਿ ਕੋਟਿ ਉਧਾਰੇ ॥	پل پنکج مہِ کوٹِ اُدھارے ॥
ਕਰਿ ਕਿਰਪਾ ਗੁਰੁ ਮੇਲਿ ਪਿਆਰੇ ॥੭॥	کرِ کرِپا گُرُ میلِ پیارے ۔ ॥7॥
ਕਿਸੁ ਆਗੈ ਪ੍ਰਭ ਤੁਧੁ ਸਾਲਾਹੀ ॥	کِسُ آگے پربھ تُدھُ سالاحی ॥
ਤੁਧੁ ਬਿਨੁ ਦੂਜਾ ਮੈ ਕੋ ਨਾਹੀ ॥	تُدھُ بِنُ دوُجا مے کو ناہی ॥
ਜਿਉ ਤੁਧੁ ਭਾਵੈ ਤਿਉ ਰਾਖੁ ਰਜਾਇ ॥	جِءُ تُدھُ بھاوے تِءُ راکھُ رضاءِ ॥
ਨਾਨਕ ਸਹਜਿ ਭਾਇ ਗੁਣ ਗਾਇ ॥੮॥੨॥	نانک سہجِ بھاءِ گُنٌ گاءِ ॥8॥2॥
ਧਨਾਸਰੀ ਮਹਲ ੫ ਘਰੁ ੬ ਅਸਟਪਦੀ	دھناسری محل 5 گھرُ 6 اسٹپدی
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ ਮਾਣਸ ਜਨਮੁ ਸੰਜੋਗਿ ਪਾਇਆ ॥	جو جو جوُنی آئیو تہ تہِ اُرجھائیو ماٹس جنمُ سنجوگِ پائیا ॥
ਤਾਕੀ ਹੈ ਓਟ ਸਾਧ ਰਾਖਹੁ ਦੇ ਕਰਿ ਹਾਥ ਕਰਿ ਕਿਰਪਾ ਮੇਲਹੁ ਹਰਿ ਰਾਇਆ ॥੧॥	تاکی ہے اوٹ سادھ راکھہُ دے کرِ ہاتھ کرِ کرِپا میلہُ ہرِ رائیا ॥1॥
ਅਨਿਕ ਜਨਮ ਭ੍ਰਮਿ ਥਿਤਿ ਨਹੀ ਪਾਈ ॥	انِک جنم بھرّمِ تھِتِ نہی پائی ॥
ਕਰਉ ਸੇਵਾ ਗੁਰ ਲਾਗਉ ਚਰਨ ਗੋਵਿੰਦ ਜੀ ਕਾ ਮਾਰਗੁ ਦੇਹੁ ਜੀ ਬਤਾਈ ॥੧॥ ਰਹਾਉ ॥	کرءُ سیوا گُر لاگءُ چرن گووِندَ جی کا مارگُ دیہُ جی بتائی ॥1॥ رہاءُ ॥
ਅਨਿਕ ਉਪਾਵ ਕਰਉ ਮਾਇਆ ਕਉ ਬਚਿਤਿ ਧਰਉ ਮੇਰੀ ਮੇਰੀ ਕਰਤ ਸਦ ਹੀ ਵਿਹਾਵੈ ॥	انِک اُپاو کرءُ مائیا کءُ بچِتِ دھرءُ میری میری کرت سد ہی وِہاوے ॥
ਕੋਈ ਐਸੋ ਰੇ ਭੇਟੈ ਸੰਤੁ ਮੇਰੀ ਲਾਹੈ ਸਗਲ ਚਿੰਤ ਠਾਕੁਰ ਸਿਉ ਮੇਰਾ ਰੰਗੁ ਲਾਵੈ ॥੨॥	کوئی ایَسو رے بھیٹے سنتُ میری لاہے سگل چِنّت ٹھاکُر سِءُ میرا رنگُ لاوے ॥2॥
ਪੜੇ ਰੇ ਸਗਲ ਬੇਦ ਨਹ ਚੂਕੇ ਮਨ ਭੇਦ ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ ॥	پڑے رے سگل بید نہ چوُکے من بھید اِکُ کھِنُ ن دھیرہِ میرے گھر کے پنچّا ॥
ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ	کوئی ایَسو رے بھگتُ جُ مائیا تے رہتُ

ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ ॥੩॥

اِکُ انمّرِت نامُ میرے رِدے سِنچّا ॥3॥

ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ
ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ ॥

جیتے رے تیرتھ نائے اہنّبدھِ میَلُ لائے
گھر کو ٹھاکُرُ اِکُ تِلُ ن مانے ॥

ਕਦਿ ਪਾਵਉ ਸਾਧਸੰਗੁ ਹਰਿ ਹਰਿ ਸਦਾ ਆਨੰਦੁ
ਗਿਆਨ ਅੰਜਨਿ ਮੇਰਾ ਮਨੁ ਇਸਨਾਨੈ ॥੪॥

کدِ پاوءُ سادھسنگُ ہرِ ہرِ سدا آنندُ
گِیان انّجنِ میرا منُ اِسنانے ॥4॥

ਸਗਲ ਅਸ੍ਰਮ ਕੀਨੇ ਮਨੂਆ ਨਹ ਪਤੀਨੇ
ਬਿਬੇਕਹੀਨ ਦੇਹੀ ਧੋਏ ॥

سگل اسّرم کِینے منوُیا نہ پتِینے
بِبیکہین دیہی دھوئے ॥

ਕੋਈ ਪਾਈਐ ਰੇ ਪੁਰਖੁ ਬਿਧਾਤਾ ਪਾਰਬ੍ਰਹਮ ਕੈ ਰੰਗਿ ਰਾਤਾ
ਮੇਰੇ ਮਨ ਕੀ ਦੁਰਮਤਿ ਮਲੁ ਖੋਏ ॥੫॥

کوئی پائیئے رے پُرکھُ بِدھاتا پاربّرہم کے رنگِ راتا
میرے من کی دُرمتِ ملُ کھوئے ॥5॥

ਕਰਮ ਧਰਮ ਜੁਗਤਾ ਨਿਮਖ ਨ ਹੇਤੁ ਕਰਤਾ
ਗਰਬਿ ਗਰਬਿ ਪੜੈ ਕਹੀ ਨ ਲੇਖੈ ॥

کرم دھرم جُگتا نِمکھ ن ہیتُ کرتا
گربِ گربِ پڑے کہی ن لیکھے ॥

ਜਿਸੁ ਭੇਟੀਐ ਸਫਲ ਮੂਰਤਿ ਕਰੈ ਸਦਾ ਕੀਰਤਿ
ਗੁਰ ਪਰਸਾਦਿ ਕੋਊ ਨੇਤ੍ਰਹੁ ਪੇਖੈ ॥੬॥

جِسُ بھیٹیئے سپھل موُرتِ کرے سدا کیرتِ
گُر پرسادِ کوئوُ نیتّرہُ پیکھے ॥6॥

ਮਨਹਠਿ ਜੋ ਕਮਾਵੈ ਤਿਲੁ ਨ ਲੇਖੈ ਪਾਵੈ
ਬਗੁਲ ਜਿਉ ਧਿਆਨੁ ਲਾਵੈ
ਮਾਇਆ ਰੇ ਧਾਰੀ ॥

منہٹھِ جو کماوے تِلُ ن لیکھے پاوے
بگُل جِءُ دھِیانُ لاوے
مائیا رے دھاری ॥

ਕੋਈ ਐਸੋ ਰੇ ਸੁਖਹ ਦਾਈ ਪ੍ਰਭ ਕੀ ਕਥਾ ਸੁਨਾਈ
ਤਿਸੁ ਭੇਟੇ ਗਤਿ ਹੋਇ ਹਮਾਰੀ ॥੭॥

کوئی ایسو رے سُکھہ دائی پربھ کی کتھا سُنائی
تِسُ بھیٹے گتِ ہوءِ ہماری ॥7॥

ਸੁਪ੍ਰਸੰਨ ਗੋਪਾਲ ਰਾਇ ਕਾਟੈ ਰੇ ਬੰਧਨ ਮਾਇ
ਗੁਰ ਕੈ ਸਬਦਿ ਮੇਰਾ ਮਨੁ ਰਾਤਾ ॥

سُپرسنّن گوپال راءِ کاٹے رے بندھن ماءِ
گُر کے سبدِ میرا منُ راتا ॥

ਸਦਾ ਸਦਾ ਆਨੰਦੁ ਭੇਟਿਓ ਨਿਰਭੈ ਗੋਬਿੰਦੁ
ਸੁਖ ਨਾਨਕ ਲਾਧੇ ਹਰਿ ਚਰਨ ਪਰਾਤਾ ॥੮॥

سدا سدا آنندُ بھیٹِئو نِربھے گوبِندُ
سُکھ نانک لادھے ہرِ چرن پراتا ॥8॥

ਸਫਲ ਸਫਲ ਭਈ ਸਫਲ ਜਾਤ੍ਰਾ ॥

سپھل سپھل بھئی سپھل جاتّرا ॥

ਆਵਣ ਜਾਣ ਰਹੇ ਮਿਲੇ ਸਾਧਾ ॥੧॥ ਰਹਾਉ ਦੂਜਾ ॥੧॥੩॥

آونّ جانّ رہے مِلے سادھا ॥1॥ رہاءُ دوُجا ॥1॥3॥

ਧਨਾਸਰੀ ਮਹਲਾ ੧ ਛੰਤ

دھناسری محلا 1 چھنّت

ੴ ਸਤਿਗੁਰ ਪ੍ਰਸਾਦਿ ॥

ਤੀਰਥਿ ਨਾਵਣ ਜਾਉ
ਤੀਰਥੁ ਨਾਮੁ ਹੈ ॥

ਤੀਰਥੁ ਸਬਦ ਬੀਚਾਰੁ
ਅੰਤਰਿ ਗਿਆਨੁ ਹੈ ॥

ਗੁਰ ਗਿਆਨੁ ਸਾਚਾ ਥਾਨੁ ਤੀਰਥੁ
ਦਸ ਪੁਰਬ ਸਦਾ ਦਸਾਹਰਾ ॥

ਹਉ ਨਾਮੁ ਹਰਿ ਕਾ ਸਦਾ ਜਾਚਉ
ਦੇਹੁ ਪ੍ਰਭ ਧਰਣੀਧਰਾ ॥

ਸੰਸਾਰੁ ਰੋਗੀ ਨਾਮੁ ਦਾਰੂ
ਮੈਲੁ ਲਾਗੈ ਸਚ ਬਿਨਾ ॥

ਗੁਰ ਵਾਕੁ ਨਿਰਮਲੁ ਸਦਾ ਚਾਨਣੁ
ਨਿਤ ਸਾਚੁ ਤੀਰਥੁ ਮਜਨਾ ॥੧॥

ਸਾਚਿ ਨ ਲਾਗੈ ਮੈਲੁ
ਕਿਆ ਮਲੁ ਧੋਈਐ ॥

ਗੁਣਹਿ ਹਾਰੁ ਪਰੋਇ
ਕਿਸ ਕਉ ਰੋਈਐ ॥

ਵੀਚਾਰਿ ਮਾਰੈ ਤਰੈ ਤਾਰੈ
ਉਲਟਿ ਜੋਨਿ ਨ ਆਵਏ ॥

ਆਪਿ ਪਾਰਸੁ ਪਰਮ ਧਿਆਨੀ
ਸਾਚੁ ਸਾਚੇ ਭਾਵਏ ॥

ਆਨੰਦੁ ਅਨਦਿਨੁ ਹਰਖੁ ਸਾਚਾ
ਦੂਖ ਕਿਲਵਿਖ ਪਰਹਰੇ ॥

ਸਚੁ ਨਾਮੁ ਪਾਇਆ ਗੁਰਿ ਦਿਖਾਇਆ
ਮੈਲੁ ਨਾਹੀ ਸਚ ਮਨੇ ॥੨॥

ੴ ستِگُر پرّسادِ ॥

تِیرتھِ ناوَنُ جاءُ
تِیرتھُ نامُ ہے ॥

تِیرتھُ سبد بیچارُ
انترِ گیانُ ہے ॥

گُر گیانُ ساچا تھانُ تِیرتھُ
دس پُرب سدا دساہرا ॥

ہءُ نامُ ہرِ کا سدا جاچءُ
دیہُ پربھ دھرنیدھرا ۔ ॥

سنسارُ روگی نامُ دارُو
میَلُ لاگے سچ بِنا ॥

گُر واکُ نِرملُ سدا چانڑُ
نِت ساچُ تِیرتھُ مجنا ॥1॥

ساچِ ن لاگے میَلُ
کِیا مُلُ دھوئیئے ۔ ॥

گُنہِ ہارُ پروءِ
کِس کءُ روئیئے ۔ ॥

ویچارِ مارے ترے تارے
اُلٹِ جونِ ن آوئے ॥

آپِ پارسُ پرم دھِیانی
ساچُ ساچے بھاوئے ॥

آنندُ اندِنُ ہرکھُ ساچا
دوُکھ کِلوِکھ پرہرے ॥

سچُ نامُ پائیا گُرِ دِکھائیا
میَلُ ناہی سچ منے ॥2॥

ਸੰਗਤਿ ਮੀਤ ਮਿਲਾਪੁ
ਪੂਰਾ ਨਾਵਣੋ ॥

سنگتِ میت مِلاپُ
پُورا ناوٹُو ॥

ਗਾਵੈ ਗਾਵਣਹਾਰੁ
ਸਬਦਿ ਸੁਹਾਵਣੋ ॥

گاوے گاوٹہارُ
سبدِ سُہاوٹُو ॥

ਸਾਲਾਹਿ ਸਾਚੇ ਮੰਨਿ ਸਤਿਗੁਰੁ
ਪੁੰਨ ਦਾਨ ਦਇਆ ਮਤੇ ॥

سالاحِ ساچے منّنِ ستِگُرُ
پُنّن دان دئیا متے ॥

ਪਿਰ ਸੰਗਿ ਭਾਵੈ ਸਹਜਿ ਨਾਵੈ
ਬੇਣੀ ਤ ਸੰਗਮੁ ਸਤ ਸਤੇ ॥

پِر سنگِ بھاوے سہجِ ناوے
بینٹی ت سنگمُ ست ستے ॥

ਆਰਾਧਿ ਏਕੰਕਾਰੁ ਸਾਚਾ
ਨਿਤ ਦੇਇ ਚੜੈ ਸਵਾਇਆ ॥

آرادھِ ایکنکارُ ساچا
نِت دےءِ چڑے سوائیا ॥

ਗਤਿ ਸੰਗਿ ਮੀਤਾ ਸੰਤਸੰਗਤਿ
ਕਰਿ ਨਦਰਿ ਮੇਲਿ ਮਿਲਾਇਆ ॥੩॥

گتِ سنگِ بِتا سنتسنگتِ
کرِ ندرِ میلِ مِلائیا ॥3॥

ਕਹਣੁ ਕਹੈ ਸਭੁ ਕੋਇ
ਕੇਵਡੁ ਆਖੀਐ ॥

کہنُ کہے سبھُ کوءِ
کیوڈُ آکھیئے ۔ ॥

ਹਉ ਮੂਰਖੁ ਨੀਚੁ ਅਜਾਣੁ
ਸਮਝਾ ਸਾਖੀਐ ॥

ہءُ مُورکھُ نیچُ اجانُ
سمجھا ساکھیئے ॥

ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ
ਤਿਤੁ ਮਨੁ ਮਾਨਿਆ ਮੇਰਾ ॥

سچُ گُر کی ساکھی امّرِت بھاکھی
تِتُ منُ مانیا میرا ॥

ਕੂਚੁ ਕਰਹਿ ਆਵਹਿ ਬਿਖੁ ਲਾਦੇ
ਸਬਦਿ ਸਚੈ ਗੁਰੁ ਮੇਰਾ ॥

کُوچُ کرہِ آوہِ بِکھُ لادے
سبدِ سچے گُرُ میرا ॥

ਆਖਣਿ ਤੋਟਿ ਨ ਭਗਤਿ ਭੰਡਾਰੀ
ਭਰਿਪੁਰਿ ਰਹਿਆ ਸੋਈ ॥

آکھنِ توٹِ ن بھگتِ بھنڈاری
بھرپُر رہیا سوئی ॥

ਨਾਨਕ ਸਾਚੁ ਕਹੈ ਬੇਨੰਤੀ
ਮਨੁ ਮਾਂਜੈ ਸਚੁ ਸੋਈ ॥੪॥੧॥

نانک ساچُ کہے بینتی
منُ مانجے سچُ سوئی ॥4॥1॥

ਧਨਾਸਰੀ ਮਹਲਾ ੧ ॥

دھناسری محلا 1 ॥

ਜੀਵਾ ਤੇਰੈ ਨਾਇ
ਮਨਿ ਆਨੰਦੁ ਹੈ ਜੀਉ ॥

جیِوا تیرے ناءِ
منِ آنندُ ہے جیِءُ ॥

ਸਾਚੋ ਸਾਚਾ ਨਾਉ
ਗੁਣ ਗੋਵਿੰਦੁ ਹੈ ਜੀਉ ॥

ساچو ساچا ناءُ
گُن گووِندُ ہے جیِءُ ॥

ਗੁਰ ਗਿਆਨੁ ਅਪਾਰਾ ਸਿਰਜਣਹਾਰਾ
ਜਿਨਿ ਸਿਰਜੀ ਤਿਨਿ ਗੋਈ ॥

گُر گیانُ اپارا سِرجنہارا
جِنِ سِرجی تِنِ گوئی ॥

ਪਰਵਾਣਾ ਆਇਆ ਹੁਕਮਿ ਪਠਾਇਆ
ਫੇਰਿ ਨ ਸਕੈ ਕੋਈ ॥

پرواٹا آئیا حُکمِ پٹھائیا
پھیرِ ن سکے کوئی ॥

ਆਪੇ ਕਰਿ ਵੇਖੈ ਸਿਰਿ ਸਿਰਿ ਲੇਖੈ
ਆਪੇ ਸੁਰਤਿ ਬੁਝਾਈ ॥

آپے کرِ ویکھے سِرِ سِرِ لیکھے
آپے سُرتِ بُجھائی ॥

ਨਾਨਕ ਸਾਹਿਬੁ ਅਗਮ ਅਗੋਚਰੁ
ਜੀਵਾ ਸਚੀ ਨਾਈ ॥੧॥

نانک صاہِبُ اگم اگوچرُ
جیِوا سچی نائی ॥1॥

ਤੁਮ ਸਰਿ ਅਵਰੁ ਨ ਕੋਇ
ਆਇਆ ਜਾਇਸੀ ਜੀਉ ॥

تُم سرِ اورُ ن کوءِ
آئیا جائسی جیِءُ ॥

ਹੁਕਮੀ ਹੋਇ ਨਿਬੇੜੁ
ਭਰਮੁ ਚੁਕਾਇਸੀ ਜੀਉ ॥

حُکمی ہوءِ نِبیڑُ
بھرمُ چُکائِسی جیِءُ ॥

ਗੁਰੁ ਭਰਮੁ ਚੁਕਾਏ ਅਕਥੁ ਕਹਾਏ
ਸਚ ਮਹਿ ਸਾਚੁ ਸਮਾਣਾ ॥

گُرُ بھرمُ چُکائے اکتھُ کہائے
سچ مہِ ساچُ سماٹا ॥

ਆਪਿ ਉਪਾਏ ਆਪਿ ਸਮਾਏ
ਹੁਕਮੀ ਹੁਕਮੁ ਪਛਾਣਾ ॥

آپِ اُپائے آپِ سمائے
حُکمی حُکمُ پچھاٹا ॥

ਸਚੀ ਵਡਿਆਈ ਗੁਰ ਤੇ ਪਾਈ
ਤੂ ਮਨਿ ਅੰਤਿ ਸਖਾਈ ॥

سچی وڈِیائی گُر تے پائی
توُ منِ انتِ سکھائی ॥

ਨਾਨਕ ਸਾਹਿਬੁ ਅਵਰੁ ਨ ਦੂਜਾ
ਨਾਮਿ ਤੇਰੈ ਵਡਿਆਈ ॥੨॥

نانک صاہِبُ اورُ ن دوُجا
نامِ تیرے وڈِیائی ॥2॥

ਤੂ ਸਚਾ ਸਿਰਜਣਹਾਰੁ
ਅਲਖ ਸਿਰੰਦਿਆ ਜੀਉ ॥

توُ سچا سِرجنہارُ

الکھ سِرنّدِیا جیِءُ ॥

ਏਕੁ ਸਾਹਿਬੁ ਦੁਇ ਰਾਹ
ਵਾਦ ਵਧੰਦਿਆ ਜੀਉ ॥

ایکُ صاحِبُ دُءِ راہ
واد ودھنّدِیا جیِءُ ॥

ਦੁਇ ਰਾਹ ਚਲਾਏ ਹੁਕਮਿ ਸਬਾਏ
ਜਨਮਿ ਮੁਆ ਸੰਸਾਰਾ ॥

دُءِ راہ چلائے حُکمِ سبائے
جنمِ مُیا سنّسارا ॥

ਨਾਮ ਬਿਨਾ ਨਾਹੀ ਕੋ ਬੇਲੀ
ਬਿਖੁ ਲਾਦੀ ਸਿਰਿ ਭਾਰਾ ॥

نام بِنا ناہی کو بیلی
بِکھُ لادی سِرِ بھارا ॥

ਹੁਕਮੀ ਆਇਆ ਹੁਕਮੁ ਨ ਬੂਝੈ
ਹੁਕਮਿ ਸਵਾਰਣਹਾਰਾ ॥

حُکمی آئیا حُکمُ ن بوُجھےَ
حُکمِ سوارنہارا ॥

ਨਾਨਕ ਸਾਹਿਬੁ ਸਬਦਿ ਸਿਞਾਪੈ
ਸਾਚਾ ਸਿਰਜਣਹਾਰਾ ॥੩॥

نانک صاحِبُ سبدِ سِجاپے
ساچا سِرجنہارا ॥3॥

ਭਗਤ ਸੋਹਹਿ ਦਰਵਾਰਿ
ਸਬਦਿ ਸੁਹਾਇਆ ਜੀਉ ॥

بھگت سوہہِ دروارِ
سبدِ سُہائیا جیِءُ ॥

ਬੋਲਹਿ ਅੰਮ੍ਰਿਤ ਬਾਣਿ
ਰਸਨ ਰਸਾਇਆ ਜੀਉ ॥

بولہِ انمّرِت باںِ
رسن رسائیا جیِءُ ॥

ਰਸਨ ਰਸਾਏ ਨਾਮਿ ਤਿਸਾਏ
ਗੁਰ ਕੈ ਸਬਦਿ ਵਿਕਾਣੇ ॥

رسن رسائے نامِ تِسائے
گُر کے سبدِ وِکانے ॥

ਪਾਰਸਿ ਪਰਸਿਐ ਪਾਰਸੁ ਹੋਏ
ਜਾ ਤੇਰੈ ਮਨਿ ਭਾਣੇ ॥

پارس پرسِےَ پارسُ ہوئے
جا تیرے منِ بھانے ॥

ਅਮਰਾ ਪਦੁ ਪਾਇਆ ਆਪੁ ਗਵਾਇਆ
ਵਿਰਲਾ ਗਿਆਨ ਵੀਚਾਰੀ ॥

امرا پدُ پائیا آپُ گوائیا
وِرلا گیان ویچاری ॥

ਨਾਨਕ ਭਗਤ ਸੋਹਨਿ ਦਰਿ ਸਾਚੈ
ਸਾਚੇ ਕੇ ਵਾਪਾਰੀ ॥੪॥

نانک بھگت سوہنِ درِ ساچےَ
ساچے کے واپاری ॥4॥

ਭੂਖ ਪਿਆਸੋ ਆਥਿ
ਕਿਉ ਦਰਿ ਜਾਇਸਾ ਜੀਉ ॥

بھوُکھ پیاسو آتھِ
کِءُ درِ جائِسا جیِءُ ॥

ਸਤਿਗੁਰ ਪੂਛਉ ਜਾਇ
ਨਾਮੁ ਧਿਆਇਸਾ ਜੀਉ ॥

ستگُر پُوچھ ءُ جاءِ
نامُ دھِیائِسا جیِءُ ॥

ਸਚੁ ਨਾਮੁ ਧਿਆਈ ਸਾਚੁ ਚਵਾਈ
ਗੁਰਮੁਖਿ ਸਾਚੁ ਪਛਾਣਾ ॥

سچُ نامُ دھِیائی ساچُ چوائی
گُرمُکھِ ساچُ پچھاٹا ॥

ਦੀਨਾ ਨਾਥੁ ਦਇਆਲੁ ਨਿਰੰਜਨੁ
ਅਨਦਿਨੁ ਨਾਮੁ ਵਖਾਣਾ ॥

دِینا ناتھُ دئیالُ نِرنجنُ
اندِنُ نامُ وکھاٹا ॥

ਕਰਣੀ ਕਾਰ ਧੁਰਹੁ ਫੁਰਮਾਈ
ਆਪਿ ਮੁਆ ਮਨੁ ਮਾਰੀ ॥

کرنٹی کار دھُرہُ فُرمائی
آپِ مُیا منُ ماری ॥

ਨਾਨਕ ਨਾਮੁ ਮਹਾ ਰਸੁ ਮੀਠਾ
ਤ੍ਰਿਸਨਾ ਨਾਮਿ ਨਿਵਾਰੀ ॥੫॥੨॥

نانک نامُ مہا رسُ مِیٹھا
تّرِسنا نامِ نِواری ॥5॥2॥

ਧਨਾਸਰੀ ਛੰਤ ਮਹਲਾ ੧ ॥

دھناسری چھنّت محلا 1 ॥

ਪਿਰ ਸੰਗਿ ਮੂਠੜੀਏ
ਖਬਰਿ ਨ ਪਾਈਆ ਜੀਉ ॥

پِر سنگِ موٗٹھڑیے
خبرِ ن پائیا جیِءُ ॥

ਮਸਤਕਿ ਲਿਖਿਅੜਾ ਲੇਖੁ
ਪੁਰਬਿ ਕਮਾਇਆ ਜੀਉ ॥

مستکِ لِکھِئڑا لیکھُ
پُربِ کمائیا جیِءُ ॥

ਲੇਖੁ ਨ ਮਿਟਈ ਪੁਰਬਿ ਕਮਾਇਆ
ਕਿਆ ਜਾਣਾ ਕਿਆ ਹੋਸੀ ॥

لیکھُ ن مِٹئی پُربِ کمائیا
کِیا جاٹا کِیا ہوسی ۔ ॥

ਗੁਣੀ ਅਚਾਰਿ ਨਹੀ ਰੰਗਿ ਰਾਤੀ
ਅਵਗੁਣ ਬਹਿ ਬਹਿ ਰੋਸੀ ॥

گُنٹی اچارِ نہی رنگِ راتی
اوگُنٹ بہِ بہِ روسی ॥

ਧਨੁ ਜੋਬਨੁ ਆਕ ਕੀ ਛਾਇਆ
ਬਿਰਧਿ ਭਏ ਦਿਨ ਪੁੰਨਿਆ ॥

دھنُ جوبنُ آک کی چھائیا
بِردھِ بھئے دِن پُنّیا ॥

ਨਾਨਕ ਨਾਮ ਬਿਨਾ ਦੋਹਾਗਣਿ
ਛੂਟੀ ਝੂਠਿ ਵਿਛੁੰਨਿਆ ॥੧॥

نانک نام بِنا دوہاگنٹِ
چھوٹی جھوٹھِ وِچھُنّیا ॥1॥

ਬੂਡੀ ਘਰੁ ਘਾਲਿਓ
ਗੁਰ ਕੈ ਭਾਇ ਚਲੋ ॥

بُوڈی گھرُ گھالِئو
گُر کے بھاءِ چلو ॥

ਸਾਚਾ ਨਾਮੁ ਧਿਆਇ
ਪਾਵਹਿ ਸੁਖਿ ਮਹਲੋ ॥

ساچا نامُ دھیاءِ
پاوہِ سُکھِ محلو ॥

ਹਰਿ ਨਾਮੁ ਧਿਆਏ ਤਾ ਸੁਖੁ ਪਾਏ
ਪੇਈਅੜੈ ਦਿਨ ਚਾਰੇ ॥

ہرِ نامُ دھیائے تا سُکھُ پائے
پیئیڑے دِن چارے ॥

ਨਿਜ ਘਰਿ ਜਾਇ ਬਹੈ ਸਚੁ ਪਾਏ
ਅਨਦਿਨੁ ਨਾਲਿ ਪਿਆਰੇ ॥

نِج گھرِ جاءِ بہے سچُ پائے
اندِنُ نالِ پیارے ॥

ਵਿਣੁ ਭਗਤੀ ਘਰਿ ਵਾਸੁ ਨ ਹੋਵੀ
ਸੁਣਿਅਹੁ ਲੋਕ ਸਬਾਏ ॥

وِنُ بھگتی گھرِ واسُ ن ہووی
سُنِیہُ لوک سبائے ۔ ॥

ਨਾਨਕ ਸਰਸੀ ਤਾ ਪਿਰੁ ਪਾਏ
ਰਾਤੀ ਸਾਚੈ ਨਾਏ ॥੨॥

نانک سرسی تا پِرُ پائے
راتی ساچےَ نائے ॥2॥

ਪਿਰੁ ਧਨ ਭਾਵੈ
ਤਾ ਪਿਰ ਭਾਵੈ ਨਾਰੀ ਜੀਉ ॥

پِرُ دھن بھاوےَ
تا پِر بھاوےَ ناری جیِءُ ॥

ਰੰਗਿ ਪ੍ਰੀਤਮ ਰਾਤੀ
ਗੁਰ ਕੈ ਸਬਦਿ ਵੀਚਾਰੀ ਜੀਉ ॥

رنگِ پرِیتم راتی
گُر کے سبدِ ویچاری جیِءُ ॥

ਗੁਰ ਸਬਦਿ ਵੀਚਾਰੀ ਨਾਹ ਪਿਆਰੀ
ਨਿਵਿ ਨਿਵਿ ਭਗਤਿ ਕਰੇਈ ॥

گُر سبدِ ویچاری ناہ پیاری
نِوِ نِوِ بھگتِ کریئی ॥

ਮਾਇਆ ਮੋਹੁ ਜਲਾਏ ਪ੍ਰੀਤਮੁ
ਰਸ ਮਹਿ ਰੰਗੁ ਕਰੇਈ ॥

مائیا موہُ جلائے پرِیتمُ
رس مہِ رنگُ کریئی ॥

ਪ੍ਰਭ ਸਾਚੇ ਸੇਤੀ
ਰੰਗਿ ਰੰਗੇਤੀ
ਲਾਲ ਭਈ ਮਨੁ ਮਾਰੀ ॥

پربھ ساچے سیتی
رنگِ رنگیتی
لال بھئی منُ ماری ॥

ਨਾਨਕ ਸਾਚਿ ਵਸੀ ਸੋਹਾਗਣਿ
ਪਿਰ ਸਿਉ ਪ੍ਰੀਤਿ ਪਿਆਰੀ ॥੩॥

نانک ساچِ وسی سوہاگنِ
پِر سِءُ پرِیتِ پیاری ॥3॥

ਪਿਰ ਘਰਿ ਸੋਹੈ ਨਾਰਿ
ਜੇ ਪਿਰ ਭਾਵਏ ਜੀਉ ॥

پِر گھرِ سوہے نارِ
جے پِر بھاوئے جیِءُ ॥

ਝੂਠੇ ਵੈਣ ਚਵੇ
ਕਾਮਿ ਨ ਆਵਏ ਜੀਉ ॥

جھوُٹھے ویَنْ چوے
کامِ ن آوئے جیِءُ ॥

ਝੂਠੁ ਅਲਾਵੈ ਕਾਮਿ ਨ ਆਵੈ
ਨਾ ਪਿਰੁ ਦੇਖੈ ਨੈਣੀ ॥

جھوُٹھُ الاوے کامِ ن آوے
نا پِرُ دیکھے نینَیْ ॥

ਅਵਗੁਣਿਆਰੀ ਕੰਤਿ ਵਿਸਾਰੀ
ਛੂਟੀ ਵਿਧਣ ਰੈਣੀ ॥

اوگُنیاری کنّتِ وِساری
چھوُٹی وِدھنْ ریَنْی ॥

ਗੁਰ ਸਬਦੁ ਨ ਮਾਨੈ ਫਾਹੀ ਫਾਥੀ
ਸਾ ਧਨ ਮਹਲੁ ਨ ਪਾਏ ॥

گُر سبدُ ن مانے پھاہی پھاتھی
سا دھن محلُ ن پائے ॥

ਨਾਨਕ ਆਪੇ ਆਪੁ ਪਛਾਣੈ
ਗੁਰਮੁਖਿ ਸਹਜਿ ਸਮਾਏ ॥੪॥

نانک آپے آپُ پچھانْے
گُرمُکھِ سہجِ سمائے ॥4॥

ਧਨ ਸੋਹਾਗਣਿ ਨਾਰਿ
ਜਿਨਿ ਪਿਰੁ ਜਾਣਿਆ ਜੀਉ ॥

دھن سوہاگنْ نارِ
جِنِ پِرُ جانْیا جیِءُ ॥

ਨਾਮ ਬਿਨਾ ਕੂੜਿਆਰਿ
ਕੂੜੁ ਕਮਾਣਿਆ ਜੀਉ ॥

نام بِنا کوُڑِیارِ
کوُڑُ کمانْیا جیِءُ ॥

ਹਰਿ ਭਗਤਿ ਸੁਹਾਵੀ ਸਾਚੇ ਭਾਵੀ
ਭਾਇ ਭਗਤਿ ਪ੍ਰਭ ਰਾਤੀ ॥

ہرِ بھگتِ سُہاوی ساچے بھاوی
بھاءِ بھگتِ پربھ راتی ॥

ਪਿਰੁ ਰਲੀਆਲਾ ਜੋਬਨਿ ਬਾਲਾ
ਤਿਸੁ ਰਾਵੇ ਰੰਗਿ ਰਾਤੀ ॥

پِرُ رلیالا جوبنِ بالا
تِسُ راوے رنگِ راتی ॥

ਗੁਰ ਸਬਦਿ ਵਿਗਾਸੀ ਸਹੁ ਰਾਵਾਸੀ
ਫਲੁ ਪਾਇਆ ਗੁਣਕਾਰੀ ॥

گُر سبدِ وِگاسی سہُ راواسی
پھلُ پائیا گُنْکاری ॥

ਨਾਨਕ ਸਾਚੁ ਮਿਲੈ ਵਡਿਆਈ
ਪਿਰ ਘਰਿ ਸੋਹੈ ਨਾਰੀ ॥੫॥੩॥

نانک ساچُ ملے وڈِیائی
پِر گھرِ سوہے ناری ॥5॥3॥

ਧਨਾਸਰੀ ਛੰਤ ਮਹਲਾ ੪ ਘਰੁ ੧

دھناسری چھنّت محلا 4 گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਹਰਿ ਜੀਉ ਕ੍ਰਿਪਾ ਕਰੇ

ہرِ جیِءُ کرّپا کرے

ਤਾ ਨਾਮੁ ਧਿਆਈਐ ਜੀਉ ॥

تا نامُ دھِیائیئے جیِءُ ॥

ਸਤਿਗੁਰੁ ਮਿਲੈ ਸੁਭਾਇ
ਸਹਜਿ ਗੁਣ ਗਾਈਐ ਜੀਉ ॥

ستِگُرُ مِلے سُبھاءِ
سہجِ گُن گائیئے جیِءُ ॥

ਗੁਣ ਗਾਇ ਵਿਗਸੈ ਸਦਾ ਅਨਦਿਨੁ
ਜਾ ਆਪਿ ਸਾਚੇ ਭਾਵਏ ॥

گُن گاءِ وِگسے سدا اندِنُ
جا آپِ ساچے بھاوئے ॥

ਅਹੰਕਾਰੁ ਹਉਮੈ ਤਜੈ ਮਾਇਆ
ਸਹਜਿ ਨਾਮਿ ਸਮਾਵਏ ॥

اہنکارُ ہئُمے تجے مائیا
سہجِ نامِ سماوئے ॥

ਆਪਿ ਕਰਤਾ ਕਰੇ ਸੋਈ
ਆਪਿ ਦੇਇ ਤ ਪਾਈਐ ॥

آپِ کرتا کرے سوئی
آپِ دےءِ ت پائیئے ॥

ਹਰਿ ਜੀਉ ਕ੍ਰਿਪਾ ਕਰੇ
ਤਾ ਨਾਮੁ ਧਿਆਈਐ ਜੀਉ ॥੧॥

ہرِ جیِءُ کرِپا کرے
تا نامُ دھِیائیئے جیِءُ ॥1॥

ਅੰਦਰਿ ਸਾਚਾ ਨੇਹੁ
ਪੂਰੇ ਸਤਿਗੁਰੈ ਜੀਉ ॥

اندّرِ ساچا نیہُ
پُورے ستِگُرے جیِءُ ॥

ਹਉ ਤਿਸੁ ਸੇਵੀ ਦਿਨੁ ਰਾਤਿ
ਮੈ ਕਦੇ ਨ ਵੀਸਰੈ ਜੀਉ ॥

ہءُ تِسُ سیوی دِنُ راتِ
مے کدے ن ویسرے جیِءُ ॥

ਕਦੇ ਨ ਵਿਸਾਰੀ ਅਨਦਿਨੁ ਸਮ੍ਹਾਰੀ
ਜਾ ਨਾਮੁ ਲਈ ਤਾ ਜੀਵਾ ॥

کدے ن وِساری اندِنُ سمہّاری
جا نامُ لئی تا جیِوا ॥

ਸ੍ਰਵਣੀ ਸੁਣੀ ਤ ਇਹੁ ਮਨੁ ਤ੍ਰਿਪਤੈ
ਗੁਰਮੁਖਿ ਅੰਮ੍ਰਿਤੁ ਪੀਵਾ ॥

سّروٹی سُنٹی ت اِہُ منُ ترِپتے
گُرمُکھِ انمّرِتُ پیِوا ॥

ਨਦਰਿ ਕਰੇ ਤਾ ਸਤਿਗੁਰੁ ਮੇਲੇ
ਅਨਦਿਨੁ ਬਿਬੇਕ ਬੁਧਿ ਬਿਚਰੈ ॥

ندرِ کرے تا ستِگُرُ میلے
اندِنُ بِبیک بُدھِ بِچرے ॥

ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ॥੨॥

اندّرِ ساچا نیہُ پُورے ستِگُرے ॥2॥

ਸਤਸੰਗਤਿ ਮਿਲੈ ਵਡਭਾਗਿ
ਤਾ ਹਰਿ ਰਸੁ ਆਵਏ ਜੀਉ ॥

ستسنگتِ مِلے وڈبھاگِ
تا ہرِ رسُ آوئے جیِءُ ॥

ਅਨਦਿਨੁ ਰਹੈ ਲਿਵ ਲਾਇ

اندِنُ رہے لِو لاءِ

ਤ ਸਹਜਿ ਸਮਾਵਏ ਜੀਉ ॥

ت سہجِ سماوۓ جیءُ ॥

ਸਹਜਿ ਸਮਾਵੈ ਤਾ ਹਰਿ ਮਨਿ ਭਾਵੈ
ਸਦਾ ਅਤੀਤੁ ਬੈਰਾਗੀ ॥

سہجِ سماوۓ تا ہرِ منِ بھاوۓ
سدا اتیتُ بیراگی ॥

ਹਲਤਿ ਪਲਤਿ ਸੋਭਾ ਜਗ ਅੰਤਰਿ
ਰਾਮ ਨਾਮਿ ਲਿਵ ਲਾਗੀ ॥

ہلتِ پلتِ سوبھا جگ انترِ
رام نامِ لِو لاگی ॥

ਹਰਖ ਸੋਗ ਦੁਹਾ ਤੇ ਮੁਕਤਾ
ਜੋ ਪ੍ਰਭੁ ਕਰੇ ਸੁ ਭਾਵਏ ॥

ہرکھ سوگ دُہا تے مُکتا
جو پربھُ کرے سُ بھاوۓ ॥

ਸਤਸੰਗਤਿ ਮਿਲੈ ਵਡਭਾਗਿ
ਤਾ ਹਰਿ ਰਸੁ ਆਵਏ ਜੀਉ ॥੩॥

ستسنگتِ مِلے وڈبھاگِ
تا ہرِ رسُ آوۓ جیءُ ॥3॥

ਦੂਜੈ ਭਾਇ ਦੁਖੁ ਹੋਇ
ਮਨਮੁਖ ਜਮਿ ਜੋਹਿਆ ਜੀਉ ॥

دوُجے بھاءِ دُکھُ ہوءِ
منمُکھ جمِ جوہیا جیءُ ॥

ਹਾਇ ਹਾਇ ਕਰੇ ਦਿਨੁ ਰਾਤਿ
ਮਾਇਆ ਦੁਖਿ ਮੋਹਿਆ ਜੀਉ ॥

ہاءِ ہاءِ کرے دِنُ راتِ
مائیا دُکھِ موہیا جیءُ ॥

ਮਾਇਆ ਦੁਖਿ ਮੋਹਿਆ ਹਉਮੈ ਰੋਹਿਆ
ਮੇਰੀ ਮੇਰੀ ਕਰਤ ਵਿਹਾਵਏ ॥

مائیا دُکھِ موہیا ہئُمے روہیا
میری میری کرت وِہاوۓ ॥

ਜੋ ਪ੍ਰਭੁ ਦੇਇ ਤਿਸੁ ਚੇਤੈ ਨਾਹੀ
ਅੰਤਿ ਗਇਆ ਪਛੁਤਾਵਏ ॥

جو پربھُ دےءِ تِسُ چیتے ناہی
انتِ گئیا پچھُتاوۓ ॥

ਬਿਨੁ ਨਾਵੈ ਕੋ ਸਾਥਿ ਨ ਚਾਲੈ
ਪੁਤ੍ਰ ਕਲਤ੍ਰ ਮਾਇਆ ਧੋਹਿਆ ॥

بِنُ ناوے کو ساتھِ ن چالے
پُتّر کلتّر مائیا دھوہیا ॥

ਦੂਜੈ ਭਾਇ ਦੁਖੁ ਹੋਇ
ਮਨਮੁਖਿ ਜਮਿ ਜੋਹਿਆ ਜੀਉ ॥੪॥

دوُجے بھاءِ دُکھُ ہوءِ
منمُکھِ جمِ جوہیا جیءُ ॥4॥

ਕਰਿ ਕਿਰਪਾ ਲੇਹੁ ਮਿਲਾਇ
ਮਹਲੁ ਹਰਿ ਪਾਇਆ ਜੀਉ ॥

کرِ کِرپا لیہُ مِلاءِ
محلُ ہرِ پائیا جیءُ ॥

ਸਦਾ ਰਹੈ ਕਰ ਜੋੜਿ
ਪ੍ਰਭੁ ਮਨਿ ਭਾਇਆ ਜੀਉ ॥

سدا رہے کر جوڑِ
پربھُ منِ بھائیا جیءُ ॥

ਪ੍ਰਭੁ ਮਨਿ ਭਾਵੈ ਤਾ ਹੁਕਮਿ ਸਮਾਵੈ
ਹੁਕਮੁ ਮੰਨਿ ਸੁਖੁ ਪਾਇਆ ॥

پربھُ منِ بھاوے تا حُکمِ سماوے
حُکمُ منّنِ سُکھُ پائیا ॥

ਅਨਦਿਨੁ ਜਪਤ ਰਹੈ ਦਿਨੁ ਰਾਤੀ
ਸਹਜੇ ਨਾਮੁ ਧਿਆਇਆ ॥

اندِنُ جپت رہے دِنُ راتی
سہجے نامُ دھیائیا ॥

ਨਾਮੋ ਨਾਮੁ ਮਿਲੀ ਵਡਿਆਈ
ਨਾਨਕ ਨਾਮੁ ਮਨਿ ਭਾਵਏ ॥

نامو نامُ ملی وڈیائی
نانک نامُ منِ بھاوئے ॥

ਕਰਿ ਕਿਰਪਾ ਲੇਹੁ ਮਿਲਾਇ
ਮਹਲੁ ਹਰਿ ਪਾਵਏ ਜੀਉ ॥੫॥੧॥

کرِ کرپا لیہُ ملاءِ
محلُ ہرِ پاوئے جیءُ ॥5॥1॥

ਧਨਾਸਰੀ ਮਹਲਾ ੫ ਛੰਤ

دھناسری محلا 5 چھنّت

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਸਤਿਗੁਰ ਦੀਨ ਦਇਆਲ
ਜਿਸੁ ਸੰਗਿ ਹਰਿ ਗਾਵੀਐ ਜੀਉ ॥

ستِگُر دین دیئال
جِسُ سنگِ ہرِ گاویئے جیءُ ॥

ਅੰਮ੍ਰਿਤੁ ਹਰਿ ਕਾ ਨਾਮੁ
ਸਾਧਸੰਗਿ ਰਾਵੀਐ ਜੀਉ ॥

انمّرِتُ ہرِ کا نامُ
سادھسنگِ راویئے جیءُ ॥

ਭਜੁ ਸੰਗਿ ਸਾਧੂ ਇਕੁ ਅਰਾਧੂ
ਜਨਮ ਮਰਨ ਦੁਖ ਨਾਸਏ ॥

بھجُ سنگِ سادھوُ اِکُ ارادھوُ
جنم مرن دُکھ ناسئے ॥

ਧੁਰਿ ਕਰਮੁ ਲਿਖਿਆ ਸਾਚੁ ਸਿਖਿਆ
ਕਟੀ ਜਮ ਕੀ ਫਾਸਏ ॥

دھُرِ کرمُ لِکھیا ساچُ سِکھیا
کٹی جم کی پھاسئے ॥

ਭੈ ਭਰਮ ਨਾਠੇ ਛੁਟੀ ਗਾਠੇ
ਜਮ ਪੰਥਿ ਮੂਲਿ ਨ ਆਵੀਐ ॥

بھئے بھرم ناٹھے چھُٹی گاٹھے
جم پنّتھِ مولِ ن آویئے ॥

ਬਿਨਵੰਤਿ ਨਾਨਕ ਧਾਰਿ ਕਿਰਪਾ
ਸਦਾ ਹਰਿ ਗੁਣ ਗਾਵੀਐ ॥੧॥

بِنونّتِ نانک دھارِ کرپا
سدا ہرِ گُن گاویئے ॥1॥

ਨਿਧਰਿਆ ਧਰ ਏਕੁ
ਨਾਮੁ ਨਿਰੰਜਨੋ ਜੀਉ ॥

نِدھریا دھر ایکُ
نامُ نِرنّجنو جیءُ ॥

ਤੂ ਦਾਤਾ ਦਾਤਾਰੁ

توُ داتا داتارُ

ਸਰਬ ਦੁਖ ਭੰਜਨੋ ਜੀਉ ॥

سرب دُکھ بھنّجنو جیِءُ ॥

ਦੁਖ ਹਰਤ ਕਰਤਾ ਸੁਖਹ ਸੁਆਮੀ
ਸਰਣਿ ਸਾਧੂ ਆਇਆ ॥

دُکھ ہرت کرتا سُکھ سُیامی
سرنِٹ سادھوُ آئیا ॥

ਸੰਸਾਰੁ ਸਾਗਰੁ ਮਹਾ ਬਿਖੜਾ
ਪਲ ਏਕ ਮਾਹਿ ਤਰਾਇਆ ॥

سنّسارُ ساگرُ مہا بِکھڑا
پل ایک ماہِ ترائیا ॥

ਪੂਰਿ ਰਹਿਆ ਸਰਬ ਥਾਈ
ਗੁਰ ਗਿਆਨੁ ਨੇਤ੍ਰੀ ਅੰਜਨੋ ॥

پوُرِ رہِیا سرب تھائی
گُر گیانُ نیتّری انّجنو ॥

ਬਿਨਵੰਤਿ ਨਾਨਕ ਸਦਾ ਸਿਮਰੀ
ਸਰਬ ਦੁਖ ਭੈ ਭੰਜਨੋ ॥੨॥

بِنونّتِ نانک سدا سِمری
سرب دُکھ بھے بھنّجنو ॥2॥

ਆਪਿ ਲੀਏ ਲੜਿ ਲਾਇ
ਕਿਰਪਾ ਧਾਰੀਆ ਜੀਉ ॥

آپِ لیئے لڑِ لاءِ
کِرپا دھارِیا جیِءُ ॥

ਮੋਹਿ ਨਿਰਗੁਣੁ ਨੀਚੁ ਅਨਾਥੁ
ਪ੍ਰਭ ਅਗਮ ਅਪਾਰੀਆ ਜੀਉ ॥

موہِ نِرگُنُ نیچُ اناتھُ
پربھ اگم اپارِیا جیِءُ ॥

ਦਇਆਲ ਸਦਾ ਕ੍ਰਿਪਾਲ ਸੁਆਮੀ
ਨੀਚ ਥਾਪਣਹਾਰਿਆ ॥

دئیال سدا کرِپال سُیامی
نیچ تھاپنّہارِیا ॥

ਜੀਅ ਜੰਤ ਸਭਿ ਵਸਿ ਤੇਰੈ
ਸਗਲ ਤੇਰੀ ਸਾਰਿਆ ॥

جیء جنّت سبھِ وسِ تیرے
سگل تیری سارِیا ॥

ਆਪਿ ਕਰਤਾ ਆਪਿ ਭੁਗਤਾ
ਆਪਿ ਸਗਲ ਬੀਚਾਰੀਆ ॥

آپِ کرتا آپِ بھُگتا
آپِ سگل بیچارِیا ॥

ਬਿਨਵੰਤ ਨਾਨਕ ਗੁਣ ਗਾਇ ਜੀਵਾ
ਹਰਿ ਜਪੁ ਜਪਉ ਬਨਵਾਰੀਆ ॥੩॥

بِنونّت نانک گُنُ گاءِ جیِوا
ہرِ جپُ جپءُ بنوارِیا ॥3॥

ਤੇਰਾ ਦਰਸੁ ਅਪਾਰੁ
ਨਾਮੁ ਅਮੋਲਈ ਜੀਉ ॥

تیرا درسُ اپارُ
نامُ امولئی جیِءُ ॥

ਨਿਤਿ ਜਪਹਿ ਤੇਰੇ ਦਾਸ
ਪੁਰਖ ਅਤੋਲਈ ਜੀਉ ॥

نِتِ جپہِ تیرے داس
پُرکھ اتولئی جیِءُ ॥

ਸੰਤ ਰਸਨ ਵੂਠਾ ਆਪਿ ਤੂਠਾ ਹਰਿ ਰਸਹਿ ਸੇਈ ਮਾਤਿਆ ॥	سنّت رسن وُوٹھا آپِ توٹھا ہرِ رسہِ سیئی ماتیا ॥
ਗੁਰ ਚਰਨ ਲਾਗੇ ਮਹਾ ਭਾਗੇ ਸਦਾ ਅਨਦਿਨੁ ਜਾਗਿਆ ॥	گُر چرن لاگے مہا بھاگے سدا اندِنُ جاگیا ॥
ਸਦ ਸਦਾ ਸਿੰਮ੍ਰਿਤਬ੍ਰ ਸੁਆਮੀ ਸਾਸਿ ਸਾਸਿ ਗੁਣ ਬੋਲਈ ॥	سد سدا سِمّرتبّرِ سُیامی ساسِ ساسِ گُن بولئی ॥
ਬਿਨਵੰਤਿ ਨਾਨਕ ਧੂਰਿ ਸਾਧੂ ਨਾਮੁ ਪ੍ਰਭੂ ਅਮੋਲਈ ॥੪॥੧॥	بِنونّتِ نانک دھوُرِ سادھوُ نامُ پربھوُ امولئی ॥4॥1॥
ਰਾਗੁ ਧਨਾਸਰੀ ਬਾਣੀ ਭਗਤ ਕਬੀਰ ਜੀ ਕੀ	راگُ دھناسری باٹی بھگت کبیر جی کی
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਸਨਕ ਸਨੰਦ ਮਹੇਸ ਸਮਾਨਾਂ ॥	سنک سنند مہیس سماناں ॥
ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥੧॥	سیکھناگِ تیرو مرمُ ن جاناں ॥1॥
ਸੰਤਸੰਗਤਿ ਰਾਮੁ ਰਿਦੈ ਬਸਾਈ ॥੧॥ ਰਹਾਉ ॥	سنتسنگتِ رامُ رِدے بسائی ॥1॥ رہاءُ ॥
ਹਨੂਮਾਨ ਸਰਿ ਗਰੁੜ ਸਮਾਨਾਂ ॥	ہنوُمان سرِ گرُڑ سماناں ॥
ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥੨॥	سُرپتِ نرپتِ نہی گُن جاناں ॥2॥
ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ ॥	چارِ بید ارُ سِمّرتِ پُراناں ॥
ਕਮਲਾਪਤਿ ਕਵਲਾ ਨਹੀ ਜਾਨਾਂ ॥੩॥	کملاپتِ کولا نہی جاناں ॥3॥
ਕਹਿ ਕਬੀਰ ਸੋ ਭਰਮੈ ਨਾਹੀ ॥	کہِ کبیر سو بھرمےَ ناہی ॥
ਪਗ ਲਗਿ ਰਾਮ ਰਹੈ ਸਰਨਾਂਹੀ ॥੪॥੧॥	پگ لگِ رام رہےَ سرناںہی ॥4॥1॥
ਦਿਨ ਤੇ ਪਹਰ ਪਹਰ ਤੇ ਘਰੀਆ ਆਵ ਘਟੈ ਤਨੁ ਛੀਜੈ ॥	دِن تے پہر پہر تے گھریا آو گھٹے تنُ چھیجےَ ॥
ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ ॥੧॥	کالُ اہیری پھِرے بدھِک جِءُ کہہُ کون بِدھِ کیجےَ ۔ ॥1॥
ਸੋ ਦਿਨੁ ਆਵਨ ਲਾਗਾ ॥	سو دِنُ آون لاگا ॥

ਮਾਤ ਪਿਤਾ ਭਾਈ ਸੁਤ ਬਨਿਤਾ
ਕਹਹੁ ਕੋਊ ਹੈ ਕਾ ਕਾ ॥੧॥ ਰਹਾਉ ॥

ماتِ پِتا بھائی سُت بِنِتا
کہہُ کوئُو ہے کا کا ۔ ॥1॥ رہاءُ ॥

ਜਬ ਲਗੁ ਜੋਤਿ ਕਾਇਆ ਮਹਿ ਬਰਤੈ
ਆਪਾ ਪਸੂ ਨ ਬੂਝੈ ॥

جب لگُ جوتِ کائیا مہِ برتے
آپا پسوُ ن بوُجھے ॥

ਲਾਲਚ ਕਰੈ ਜੀਵਨ ਪਦ ਕਾਰਨ
ਲੋਚਨ ਕਛੂ ਨ ਸੂਝੈ ॥੨॥

لالچ کرے جیون پد کارن
لوچن کچھوُ ن سوُجھے ॥2॥

ਕਹਤ ਕਬੀਰ ਸੁਨਹੁ ਰੇ ਪ੍ਰਾਨੀ
ਛੋਡਹੁ ਮਨ ਕੇ ਭਰਮਾ ॥

کہت کبیرِ سُنہُ رے پّرانی
چھوڈہُ من کے بھرما ॥

ਕੇਵਲ ਨਾਮੁ ਜਪਹੁ ਰੇ ਪ੍ਰਾਨੀ
ਪਰਹੁ ਏਕ ਕੀ ਸਰਨਾਂ ॥੩॥੨॥

کیول نامُ جپہُ رے پّرانی
پرہُ ایک کی سرناں ॥3॥2॥

ਜੋ ਜਨੁ ਭਾਉ ਭਗਤਿ ਕਛੁ ਜਾਨੈ
ਤਾ ਕਉ ਅਚਰਜੁ ਕਾਹੋ ॥

جو جنُ بھاءُ بھگتِ کچھُ جانے
تا کءُ اچرجُ کاہو ॥

ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ
ਤਿਉ ਢੁਰਿ ਮਿਲਿਓ ਜੁਲਾਹੋ ॥੧॥

جِءُ جلُ جل مہِ پیَس ن نِکسے
تِءُ ڈھُرِ مِلیئو جُلاہو ॥1॥

ਹਰਿ ਕੇ ਲੋਗਾ
ਮੈ ਤਉ ਮਤਿ ਕਾ ਭੋਰਾ ॥

ہرِ کے لوگا
مے َتءُ متِ کا بھورا ॥

ਜਉ ਤਨੁ ਕਾਸੀ ਤਜਹਿ ਕਬੀਰਾ
ਰਮਈਐ ਕਹਾ ਨਿਹੋਰਾ ॥੧॥ ਰਹਾਉ ॥

جءُ تنُ کاسی تجہِ کبیِرا
رمئیِۓ کہا نِہورا ۔ ॥1॥ رہاءُ ॥

ਕਹਤੁ ਕਬੀਰੁ ਸੁਨਹੁ ਰੇ ਲੋਈ
ਭਰਮਿ ਨ ਭੂਲਹੁ ਕੋਈ ॥

کہتُ کبیِرُ سُنہُ رے لوئی
بھرمِ ن بھوُلہُ کوئی ॥

ਕਿਆ ਕਾਸੀ ਕਿਆ ਊਖਰੁ ਮਗਹਰੁ
ਰਾਮੁ ਰਿਦੈ ਜਉ ਹੋਈ ॥੨॥੩॥

کِیا کاسی کِیا اوُکھرُ مگہرُ
رامُ رِدے َجءُ ہوئی ॥3॥2॥

ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥

اِندّر لوک سِو لوکہِ جیَبو ॥

ਓਛੇ ਤਪ ਕਰਿ ਬਾਹੁਰਿ ਐਬੋ ॥੧॥

اوچھے تپ کرِ باہُرِ ایَبو ॥1॥

ਕਿਆ ਮਾਂਗਉ ਕਿਛੁ ਥਿਰੁ ਨਾਹੀ ॥

کِیا مانگءُ کِچھُ تھِرُ ناہی ॥

ਰਾਮ ਨਾਮ ਰਖੁ ਮਨ ਮਾਹੀ ॥੧॥ ਰਹਾਉ ॥	رام نام رکھُ من ماہی ॥1॥ رہاءُ ॥
ਸੋਭਾ ਰਾਜ ਬਿਭੈ ਬਡਿਆਈ ॥	سوبھا راج بِبھےَ بڈِیائی ॥
ਅੰਤਿ ਨ ਕਾਹੂ ਸੰਗ ਸਹਾਈ ॥੨॥	انّتِ ن کاہوُ سنگ سہائی ॥2॥
ਪੁਤ੍ਰ ਕਲਤ੍ਰ ਲਛਮੀ ਮਾਇਆ ॥	پُتّر کلتّر لچھمی مائِیا ॥
ਇਨ ਤੇ ਕਹੁ ਕਵਨੈ ਸੁਖੁ ਪਾਇਆ ॥੩॥	اِن تے کہُ کونے سُکھُ پائِیا ۔ ॥3॥
ਕਹਤ ਕਬੀਰ ਅਵਰ ਨਹੀ ਕਾਮਾ ॥	کہت کبیِر اور نہی کاما ॥
ਹਮਰੇ ਮਨ ਧਨ ਰਾਮ ਕੋ ਨਾਮਾ ॥੪॥੪॥	ہمرے من دھن رام کو ناما ॥4॥4॥
ਰਾਮ ਸਿਮਰਿ ਰਾਮ ਸਿਮਰਿ ਰਾਮ ਸਿਮਰਿ ਭਾਈ ॥	رام سِمرِ رام سِمرِ رام سِمرِ بھائی ۔ ॥
ਰਾਮ ਨਾਮ ਸਿਮਰਨ ਬਿਨੁ ਬੂਡਤੇ ਅਧਿਕਾਈ ॥੧॥ ਰਹਾਉ ॥	رام نام سِمرن بِنُ بوُڈتے ادھِکائی ॥1॥ رہاءُ ॥
ਬਨਿਤਾ ਸੁਤ ਦੇਹ ਗ੍ਰੇਹ ਸੰਪਤਿ ਸੁਖਦਾਈ ॥	بِنِتا سُت دیہ گرّیہ سنّپتِ سُکھدائی ॥
ਇਨ੍ ਮੈ ਕਛੁ ਨਾਹਿ ਤੇਰੋ ਕਾਲ ਅਵਧ ਆਈ ॥੧॥	اِنّہ مےَ کچھُ ناہِ تیرہ کال اودھ آئی ॥1॥
ਅਜਾਮਲ ਗਜ ਗਨਿਕਾ ਪਤਿਤ ਕਰਮ ਕੀਨੇ ॥	اجامل گج گنِکا پتِت کرم کِینے ॥
ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ ॥੨॥	تیئوُ اُترِ پارِ پرے رام نام لِینے ॥2॥
ਸੂਕਰ ਕੂਕਰ ਜੋਨਿ ਭ੍ਰਮੇ ਤਊ ਲਾਜ ਨ ਆਈ ॥	سوُکر کوُکر جونِ بھرّمے تئوُ لاج ن آئی ۔ ॥
ਰਾਮ ਨਾਮ ਛਾਡਿ ਅੰਮ੍ਰਿਤ ਕਾਹੇ ਬਿਖੁ ਖਾਈ ॥੩॥	رام نام چھاڈِ انمّرِت کاہے بِکھُ کھائی ۔ ॥3॥
ਤਜਿ ਭਰਮ ਕਰਮ ਬਿਧਿ ਨਿਖੇਧ ਰਾਮ ਨਾਮੁ ਲੇਹੀ ॥	تجِ بھرم کرم بِدھِ نِکھیدھ

	رام نامُ لیہی ॥
ਗੁਰ ਪ੍ਰਸਾਦਿ ਜਨ ਕਬੀਰ ਰਾਮੁ ਕਰਿ ਸਨੇਹੀ ॥੪॥੫॥	گُر پرّسادِ جن کبیر رامُ کرِ سنیہی ॥4॥5॥
ਧਨਾਸਰੀ ਬਾਣੀ ਭਗਤ ਨਾਮਦੇਵ ਜੀ ਕੀ	دھناسری باٹی بھگت نامدیو جی کی
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ ॥	گہری کرِ کے نیو خُدائی اوُپر منڈپ چھائے ॥
ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥੧॥	مارکنڈے تے کو ادھِکائی جِنِ ترِنٗ دھرِ موُنڈ بلائے ॥1॥
ਹਮਰੋ ਕਰਤਾ ਰਾਮੁ ਸਨੇਹੀ ॥	ہمرو کرتا رامُ سنیہی ॥
ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ ॥੧॥ ਰਹਾਉ ॥	کاہے رے نر گربُ کرت ہہُ بِنسِ جاءِ جھوُٹھی دیہی ॥1॥ رہاءُ ॥
ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ॥	میری میری کیَرءُ کرتے دُرجودھن سے بھائی ॥
ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝ ਨ ਖਾਈ ॥੨॥	بارہ جوجن چھترُ چلےَ تھا دیہی گِرجھ ن کھائی ॥2॥
ਸਰਬ ਸੋਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ ॥	سرب سوئِن کی لنکا ہوتی راون سے ادھِکائی ॥
ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ ॥੩॥	کہا بھئیو درِ باندھے ہاتھی کھِن مہِ بھئی پرائی ॥3॥
ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ ॥	دُرباسا سِءُ کرت ٹھگئُری جادو اے پھل پائے ॥
ਕ੍ਰਿਪਾ ਕਰੀ ਜਨ ਅਪੁਨੇ ਊਪਰ ਨਾਮਦੇਉ ਹਰਿ ਗੁਨ ਗਾਏ ॥੪॥੧॥	کرِپا کری جن اپُنے اوُپر نامدیءُ ہرِ گُن گائے ॥4॥1॥
ਦਸ ਬੈਰਾਗਨਿ ਮੋਹਿ ਬਸਿ ਕੀਨ੍ਹੀ	دس بیَراگنِ موہِ بسِ کینہّی

ਪੰਚਹੁ ਕਾ ਮਿਟ ਨਾਵਉ ॥

پنچہُ کا مِٹ ناوءُ ॥

ਸਤਰਿ ਦੋਇ ਭਰੇ ਅੰਮ੍ਰਿਤ ਸਰਿ
ਬਿਖੁ ਕਉ ਮਾਰਿ ਕਢਾਵਉ ॥੧॥

ستر دوءِ بھرے انمّرت سرِ
بِکھُ کءُ مارِ کڈھاوءُ ॥1॥

ਪਾਛੈ ਬਹੁਰਿ ਨ ਆਵਨੁ ਪਾਵਉ ॥

پاچھے بہُر ن آونُ پاوءُ ॥

ਅੰਮ੍ਰਿਤ ਬਾਣੀ ਘਟ ਤੇ ਉਚਰਉ
ਆਤਮ ਕਉ ਸਮਝਾਵਉ ॥੧॥ ਰਹਾਉ ॥

انمّرِت باٹی گھٹ تے اُچرءُ
آتم کءُ سمجھاوءُ ॥1॥ رہاءُ ॥

ਬਜਰ ਕੁਠਾਰੁ ਮੋਹਿ ਹੈ ਛੀਨਾਂ
ਕਰਿ ਮਿੰਨਤਿ ਲਗਿ ਪਾਵਉ ॥

بجر کُٹھارُ موہِ ہے چھِیناں
کرِ مِنّتِ لگِ پاوءُ ॥

ਸੰਤਨ ਕੇ ਹਮ ਉਲਟੇ ਸੇਵਕ
ਭਗਤਨ ਤੇ ਡਰਪਾਵਉ ॥੨॥

سنّتن کے ہم اُلٹے سیوک
بھگتن تے ڈرپاوءُ ॥2॥

ਇਹ ਸੰਸਾਰ ਤੇ ਤਬ ਹੀ ਛੂਟਉ
ਜਉ ਮਾਇਆ ਨਹ ਲਪਟਾਵਉ ॥

اِہ سنّسار تے تب ہی چھوُٹءُ
جءُ مائیا نہ لپٹاوءُ ॥

ਮਾਇਆ ਨਾਮੁ ਗਰਭ ਜੋਨਿ ਕਾ
ਤਿਹ ਤਜਿ ਦਰਸਨੁ ਪਾਵਉ ॥੩॥

مائیا نامُ گربھ جونِ کا
تہِ تجِ درسنُ پاوءُ ॥3॥

ਇਤੁ ਕਰਿ ਭਗਤਿ ਕਰਹਿ ਜੋ ਜਨ
ਤਿਨ ਭਉ ਸਗਲ ਚੁਕਾਈਐ ॥

اِتُ کرِ بھگتِ کرہِ جو جن
تِن بھءُ سگل چُکائیئے ॥

ਕਹਤ ਨਾਮਦੇਉ ਬਾਹਰਿ ਕਿਆ ਭਰਮਹੁ
ਇਹ ਸੰਜਮ ਹਰਿ ਪਾਈਐ ॥੪॥੨॥

کہت نامدیءُ باہرِ کیا بھرمہُ
اِہ سنّجم ہرِ پائیئے ॥4॥2॥

ਮਾਰਵਾੜਿ ਜੈਸੇ ਨੀਰੁ ਬਾਲਹਾ
ਬੇਲਿ ਬਾਲਹਾ ਕਰਹਲਾ ॥

ماروا ڑِ جیسے نیرُ بالہا
بیلِ بالہا کرہلا ॥

ਜਿਉ ਕੁਰੰਕ ਨਿਸਿ ਨਾਦੁ ਬਾਲਹਾ
ਤਿਉ ਮੇਰੈ ਮਨਿ ਰਾਮਈਆ ॥੧॥

جِءُ کُرنک نِس نادُ بالہا
تِءُ میرے منِ رامئیا ॥1॥

ਤੇਰਾ ਨਾਮੁ ਰੂੜੋ ਰੂਪੁ ਰੂੜੋ
ਅਤਿ ਰੰਗ ਰੂੜੋ ਮੇਰੋ ਰਾਮਈਆ ॥੧॥ ਰਹਾਉ ॥

تیرا نامُ روُڑہ روُپُ روُڑہ
اتِ رنگ روُڑہ میرو رامئیا ۔ ॥1॥ رہاءُ ॥

ਜਿਉ ਧਰਣੀ ਕਉ ਇੰਦ੍ਰੁ ਬਾਲਹਾ

جِءُ دھرتی کءُ اِندّرُ بالہا

ਕੁਸਮ ਬਾਸੁ ਜੈਸੇ ਭਵਰਲਾ ॥

کسم باسُ جیَسے بھورلا ॥

ਜਿਉ ਕੋਕਿਲ ਕਉ ਅੰਬੁ ਬਾਲਹਾ
ਤਿਉ ਮੇਰੈ ਮਨਿ ਰਾਮਈਆ ॥੨॥

جِءُ کوکِل ک ءُ انّبُ بالہا
تِءُ میرے منِ رامئیا ॥2॥

ਚਕਵੀ ਕਉ ਜੈਸੇ ਸੂਰੁ ਬਾਲਹਾ
ਮਾਨ ਸਰੋਵਰ ਹੰਸੁਲਾ ॥

چکوی ک ءُ جیَسے سوُرُ بالہا
مان سروور ہنّسُلا ॥

ਜਿਉ ਤਰੁਣੀ ਕਉ ਕੰਤੁ ਬਾਲਹਾ
ਤਿਉ ਮੇਰੈ ਮਨਿ ਰਾਮਈਆ ॥੩॥

جِءُ ترُنّی ک ءُ کنّتُ بالہا
تِءُ میرے منِ رامئیا ॥3॥

ਬਾਰਿਕ ਕਉ ਜੈਸੇ ਖੀਰੁ ਬਾਲਹਾ
ਚਾਤ੍ਰਿਕ ਮੁਖ ਜੈਸੇ ਜਲਧਰਾ ॥

بارِک ک ءُ جیَسے کھیِرُ بالہا
چاتّرِک مُکھ جیَسے جلدھرا ॥

ਮਛੁਲੀ ਕਉ ਜੈਸੇ ਨੀਰੁ ਬਾਲਹਾ
ਤਿਉ ਮੇਰੈ ਮਨਿ ਰਾਮਈਆ ॥੪॥

مچھُلی ک ءُ جیَسے نیِرُ بالہا
تِءُ میرے منِ رامئیا ॥4॥

ਸਾਧਿਕ ਸਿਧ ਸਗਲ ਮੁਨਿ ਚਾਹਹਿ
ਬਿਰਲੇ ਕਾਹੂ ਡੀਠੁਲਾ ॥

سادھِک سِدھ سگل مُنِ چاہہِ
بِرلے کاہوُ ڈیٹھُلا ॥

ਸਗਲ ਭਵਣ ਤੇਰੋ ਨਾਮੁ ਬਾਲਹਾ
ਤਿਉ ਨਾਮੇ ਮਨਿ ਬੀਠੁਲਾ ॥੫॥੩॥

سگل بھونّ تیرو نامُ بالہا
تِءُ نامے منِ بیٹھُلا ॥5॥3॥

ਪਹਿਲ ਪੁਰੀਏ ਪੁੰਡਰਕ ਵਨਾ ॥

پہِل پُریے پُنّڈرک ونا ॥

ਤਾ ਚੇ ਹੰਸਾ ਸਗਲੇ ਜਨਾਂ ॥

تا چے ہنّسا سگلے جناں ॥

ਕ੍ਰਿਸ੍ਨਾ ਤੇ ਜਾਨਊ
ਹਰਿ ਹਰਿ ਨਾਚੰਤੀ ਨਾਚਨਾ ॥੧॥

کرِسّنا تے جانئوُ
ہرِ ہرِ ناچنّتی ناچنا ॥1॥

ਪਹਿਲ ਪੁਰਸਾਬਿਰਾ ॥

پہِل پُرسابِرا ॥

ਅਥੋਨ ਪੁਰਸਾਦਮਰਾ ॥

اتھون پُرسادمرا ॥

ਅਸਗਾ ਅਸ ਉਸਗਾ ॥

اسگا اس اُسگا ॥

ਹਰਿ ਕਾ ਬਾਗਰਾ
ਨਾਚੈ ਪਿੰਧੀ ਮਹਿ ਸਾਗਰਾ ॥੧॥ ਰਹਾਉ ॥

ہرِ کا باغرا
ناچےَ پِنّدھی مہِ ساگرا ॥1॥ رہاءُ ॥

ਨਾਚੰਤੀ ਗੋਪੀ ਜੰਨਾ ॥	ناچنّتی گوپی جنّنا ॥
ਨਈਆ ਤੇ ਬੈਰੇ ਕੰਨਾ ॥	نئیا تے بیرے کنّنا ॥
ਤਰਕੁ ਨ ਚਾ ॥	ترکُ ن چا ॥
ਭ੍ਰਮੀਆ ਚਾ ॥	بھرمِیا چا ॥
ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ ॥੨॥	کیسوا بچئُنی اَئیے مَئیے ایک آن جیِءُ ॥2॥
ਪਿੰਧੀ ਉਭਕਲੇ ਸੰਸਾਰਾ ॥	پِنّدھی اُبھکلے سنّسارا ॥
ਭ੍ਰਮਿ ਭ੍ਰਮਿ ਆਏ ਤੁਮ ਚੇ ਦੁਆਰਾ ॥	بھرمِ بھرمِ آئے تُم چے دُیارا ॥
ਤੂ ਕੁਨੁ ਰੇ ॥	توُ کُنُ رے ۔ ॥
ਮੈ ਜੀ ॥	مے َ جی ॥
ਨਾਮਾ ॥	ناما ॥
ਹੋ ਜੀ ॥	ہو جی ۔ ॥
ਆਲਾ ਤੇ ਨਿਵਾਰਣਾ ਜਮ ਕਾਰਣਾ ॥੩॥੪॥	آلا تے نِوارٹا جم کارٹا ॥3॥4॥
ਪਤਿਤ ਪਾਵਨ ਮਾਧਉ ਬਿਰਦੁ ਤੇਰਾ ॥	پتِت پاون مادھ ءُ بِردُ تیرا ॥
ਧੰਨਿ ਤੇ ਵੈ ਮੁਨਿ ਜਨ ਜਿਨ ਧਿਆਇਓ ਹਰਿ ਪ੍ਰਭੁ ਮੇਰਾ ॥੧॥	دھنّنِ تے وے َ مُنِ جن جِن دھیائِئو ہرِ پربھُ میرا ॥1॥
ਮੇਰੈ ਮਾਥੈ ਲਾਗੀ ਲੇ ਧੂਰਿ ਗੋਬਿੰਦ ਚਰਨਨ ਕੀ ॥	میرے َ ماتھے َ لاگی لے دھوُرِ گوبِنّد چرنن کی ॥
ਸੁਰਿ ਨਰ ਮੁਨਿ ਜਨ ਤਿਨਹੂ ਤੇ ਦੂਰਿ ॥੧॥ ਰਹਾਉ ॥	سُرِ نر مُنِ جن تِنہوُ تے دوُرِ ॥1॥ رہاءُ ॥
ਦੀਨ ਕਾ ਦਇਆਲੁ ਮਾਧੌ ਗਰਬ ਪਰਹਾਰੀ ॥	دِین کا دئیالُ مادھوَ گرب پرہاری ۔ ॥
ਚਰਨ ਸਰਨ ਨਾਮਾ ਬਲਿ ਤਿਹਾਰੀ ॥੨॥੫॥	چرن سرن ناما بلِ تِہاری ॥2॥5॥
ਧਨਾਸਰੀ ਭਗਤ ਰਵਿਦਾਸ ਜੀ ਕੀ	دھناسری بھگت روِداس جی کی

ੴ ਸਤਿਗੁਰ ਪ੍ਰਸਾਦਿ ॥

ہم سرِ دینُ دیئالُ ن تُم سرِ
اب پتیارُ کیا کیجے۔ ॥

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ
ਅਬ ਪਤੀਆਰੁ ਕਿਆ ਕੀਜੈ ॥

بچنی تور مور منُ مانے
جن ک ءُ پوُرنُ دیجے ॥1॥

ਬਚਨੀ ਤੋਰ ਮੋਰ ਮਨੁ ਮਾਨੈ
ਜਨ ਕਉ ਪੂਰਨੁ ਦੀਜੈ ॥੧॥

ہ ءُ بلِ بلِ جاءُ رمئیا کارنے ॥

ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥

کارن کون ابول۔ ॥ رہاءُ ॥

ਕਾਰਨ ਕਵਨ ਅਬੋਲ ॥ ਰਹਾਉ ॥

بہُت جنم بچھُڑے تھے مادھ ءُ
اِہُ جنمُ تُمہارے لیکھے ॥

ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮੁ ਤੁਮ੍ਾਰੇ ਲੇਖੇ ॥

کہِ روِداس آس لگِ جیوءُ
چِر بھئنو درسنُ دیکھے ॥2॥1॥

ਕਹਿ ਰਵਿਦਾਸ ਆਸ ਲਗਿ ਜੀਵਉ
ਚਿਰ ਭਇਓ ਦਰਸਨੁ ਦੇਖੇ ॥੨॥੧॥

چِت سِمرن کرءُ نیَن اوِلوکنو
سّرون بانی سُجسُ پوُرِ راکھ ءُ ॥

ਚਿਤ ਸਿਮਰਨ ਕਰਉ ਨੈਨ ਅਵਿਲੋਕਨੋ
ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥

منُ سُ مدھُکرُ کرءُ چرن ہِردے دھرءُ
رسن انمّرِت رام نام بھاکھ ءُ ॥1॥

ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ
ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥੧॥

میری پّریتِ گوبِندَ سِ ءُ جِنِ گھٹے ॥

ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥

مے َت ءُ مولِ مہگی لئی
جی ء سٹے ॥1॥ رہاءُ ॥

ਮੈ ਤਉ ਮੋਲਿ ਮਹਗੀ ਲਈ
ਜੀਅ ਸਟੈ ॥੧॥ ਰਹਾਉ ॥

سادھسنگتِ بِنا بھاءُ نہی اوُپجے َ
بھاو بِنُ بھگتِ نہی ہوءِ تیری ॥

ਸਾਧਸੰਗਤਿ ਬਿਨਾ ਭਾਉ ਨਹੀ ਊਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥

کہے َ روِداسُ اِک بینتی ہرِ سِ ءُ
پیج راکھُ راجا رام میری ॥2॥2॥

ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ
ਪੈਜ ਰਾਖਹੁ ਰਾਜਾ ਰਾਮ ਮੇਰੀ ॥੨॥੨॥

نامُ تیرو آرتی مجنُ مُرارے ॥

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥

ہرِ کے نام بِنُ
جھوُٹھے سگل پاسارے ॥1॥ رہاءُ ॥

ਹਰਿ ਕੇ ਨਾਮ ਬਿਨੁ
ਝੂਠੇ ਸਗਲ ਪਾਸਾਰੇ ॥੧॥ ਰਹਾਉ ॥

ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥

نامُ تیرو آسنو نامُ تیرو اُرسا
نامُ تیرا کیسرو لے چھِٹکارے ॥

ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥

نامُ تیرا انبھُلا نامُ تیرو چندنو
گھِس جپے نامُ لے تُجھہِ کءُ چارے ॥1॥

ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥

نامُ تیرا دیِوا نامُ تیرو باتی
نامُ تیرو تیلُ لے ماہِ پسارے ॥

ਨਾਮ ਤੇਰੇ ਕੀ ਜੋਤਿ ਲਗਾਈ
ਭਇਓ ਉਜਿਆਰੋ ਭਵਨ ਸਗਲਾਰੇ ॥੨॥

نام تیرے کی جوتِ لگائی
بھئیو اُجیارو بھون سگلارے ॥2॥

ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ
ਭਾਰ ਅਠਾਰਹ ਸਗਲ ਜੂਠਾਰੇ ॥

نامُ تیرو تاگا نامُ پھوُل مالا
بھار اٹھارہ سگل جوُٹھارے ॥

ਤੇਰੋ ਕੀਆ ਤੁਝਹਿ ਕਿਆ ਅਰਪਉ
ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥

تیرو کیِیا تُجھہِ کیا ارپءُ
نامُ تیرا تُہی چور ڈھولارے ॥3॥

ਦਸ ਅਠਾ ਅਠਸਠੇ ਚਾਰੇ ਖਾਣੀ
ਇਹੈ ਵਰਤਣਿ ਹੈ ਸਗਲ ਸੰਸਾਰੇ ॥

دس اٹھا اٹھسٹھے چارے کھاٹی
اِہے ورتنِ ہے سگل سنسارے ॥

ਕਹੈ ਰਵਿਦਾਸੁ ਨਾਮੁ ਤੇਰੋ ਆਰਤੀ
ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥

کہے روِداسُ نامُ تیرو آرتی
ستِ نامُ ہے ہرِ بھوگ تُہارے ॥4॥3॥

ਧਨਾਸਰੀ ਬਾਣੀ ਭਗਤਾਂ ਕੀ ਤ੍ਰਿਲੋਚਨ

دھناسری بانی بھگتاں کی ترِلوچن

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥

نارائنُ نندسِ کاءِ بھوُلی گواری ۔ ॥

ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥੧॥ ਰਹਾਉ ॥

دُکرِتُ سُکرِتُ تھارو کرمُ ری ۔ ॥1॥ رہاءُ ॥

ਸੰਕਰਾ ਮਸਤਕਿ ਬਸਤਾ
ਸੁਰਸਰੀ ਇਸਨਾਨ ਰੇ ॥

سنکرا مستکِ بستا
سُرسری اِسنان رے ॥

ਕੁਲ ਜਨ ਮਧੇ ਮਿਲ੍ਹਿ ਸਾਰਗ ਪਾਨ ਰੇ ॥

کُل جن مدھے مِلہِ سارگ پان رے ॥

ਕਰਮ ਕਰਿ ਕਲੰਕੁ ਮਫੀਟਸਿ ਰੀ ॥੧॥

کرم کرِ کلنکُ مپھیٹسِ ری ॥1॥

ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇ ਰੇ ਸੁਆਰਥੀ

بِسّو کا دیپکُ سّوامی تا چے رے سُیارتھی

ਪੰਖੀ ਰਾਇ ਗਰੁੜ ਤਾ ਚੇ ਬਾਧਵਾ ॥	پنکھی راءِ گرڑ تا چے بادھوا ॥
ਕਰਮ ਕਰਿ ਅਰੁਣ ਪਿੰਗੁਲਾ ਰੀ ॥੨॥	کرم کرِ ارُنؒ پِنگُلا ری ॥2॥
ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ ॥	انِک پاتِک ہرتا ترِبھونؒ ناتھُ ری تِیرتھِ تِیرتھِ بھرّمتا لہے ن پارُ ری ॥
ਕਰਮ ਕਰਿ ਕਪਾਲੁ ਮਫੀਟਸਿ ਰੀ ॥੩॥	کرم کرِ کپالُ مپھیٹسِ ری ॥3॥
ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ ॥	انّمرِت سسی ء دھین لچھمی کلپتر سِکھرِ سُناگر ندی چے ناتھنّ ॥
ਕਰਮ ਕਰਿ ਖਾਰੁ ਮਫੀਟਸਿ ਰੀ ॥੪॥	کرم کرِ کھارُ مپھیٹسِ ری ॥4॥
ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ ॥	دادھیلے لنکا گڑُ اُپاڑیلے راونؒ بنُ سلِ بِسلِ آنؒ توکھیلے ہری ॥
ਕਰਮ ਕਰਿ ਕਛਉਟੀ ਮਫੀਟਸਿ ਰੀ ॥੫॥	کرم کرِ لچھُٹی مپھیٹسِ ری ॥5॥
ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ ॥	پوُربلو کرِت کرمُ ن مِٹے ری گھر گیہنؒ تا چے موہِ جاپیئلے رام چے نامنّ ॥
ਬਦਤਿ ਤ੍ਰਿਲੋਚਨ ਰਾਮ ਜੀ ॥੬॥੧॥	بدتِ ترِلوچن رام جی ॥6॥1॥
ਸ੍ਰੀ ਸੈਣੁ ॥	سّری سیَنُ ॥
ਧੂਪ ਦੀਪ ਘ੍ਰਿਤ ਸਾਜਿ ਆਰਤੀ ॥	دھوُپ دیپ گھرِت ساجِ آرتی ॥
ਵਾਰਨੇ ਜਾਉ ਕਮਲਾ ਪਤੀ ॥੧॥	وارنے جاءُ کملا پتی ۔ ॥1॥
ਮੰਗਲਾ ਹਰਿ ਮੰਗਲਾ ॥	منگلا ہرِ منگلا ॥
ਨਿਤ ਮੰਗਲੁ ਰਾਜਾ ਰਾਮ ਰਾਇ ਕੋ ॥੧॥ ਰਹਾਉ ॥	نِت منگلُ راجا رام راءِ کو ॥1॥ رہاءُ ॥
ਊਤਮੁ ਦੀਅਰਾ ਨਿਰਮਲ ਬਾਤੀ ॥	اوُتمُ دیئرا نِرمل باتی ॥
ਤੁਹੀ ਨਿਰੰਜਨੁ ਕਮਲਾ ਪਾਤੀ ॥੨॥	تُہیں نِرنّجنُ کملا پاتی ۔ ॥2॥
ਰਾਮਾ ਭਗਤਿ ਰਾਮਾਨੰਦੁ ਜਾਨੈ ॥	راما بھگتِ رامانندُ جانے ॥
ਪੂਰਨ ਪਰਮਾਨੰਦੁ ਬਖਾਨੈ ॥੩॥	پوُرن پرمانندُ بکھانے ॥3॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت|سیوا: بھائی بلجیندر سنگھ جی (راڑا صاہب)

ਮਦਨ ਮੂਰਤਿ ਭੈ ਤਾਰਿ ਗੋਬਿੰਦੇ ॥	مدن مُورتِ بھے تارِ گوبِندے ॥
ਸੈਨੁ ਭਣੈ ਭਜੁ ਪਰਮਾਨੰਦੇ ॥੪॥੨॥	سینُ بھنے بھجُ پرمانندے ॥4॥2॥
ਪੀਪਾ ॥	پیپا ॥
ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥	کایءُ دیوا کائیءُ دیول کائیءُ جنگم جاتی ॥
ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥	کائیءُ دھوُپ دیپ نئیبیدا کائیءُ پوُجءُ پاتی ॥1॥
ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥	کائیا بہُ کھنڈ کھوجتے نو نِدھِ پائی ॥
ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥	نا کچھُ آئبو نا کچھُ جائبو رام کی دُہائی ॥1॥ رہاءُ ॥
ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥	جو برہمنڈے سوئی پنڈے جو کھوجےَ سو پاوےَ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥	پیپا پرنوےَ پرم تتُ ہےَ ستِگُرُ ہوءِ لکھاوےَ ॥2॥3॥
ਧੰਨਾ ॥	دھنّا ॥
ਗੋਪਾਲ ਤੇਰਾ ਆਰਤਾ ॥	گوپال تیرا آرتا ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ ਰਹਾਉ ॥	جو جن تُمری بھگتِ کرنتے تِن کے کاج سوارتا ॥1॥ رہاءُ ॥
ਦਾਲਿ ਸੀਧਾ ਮਾਗਉ ਘੀਉ ॥	دالِ سیدھا ماگءُ گھیِءُ ॥
ਹਮਰਾ ਖੁਸੀ ਕਰੈ ਨਿਤ ਜੀਉ ॥	ہمرا خُشی کرےَ نِت جیِءُ ॥
ਪਨ੍ਹੀਆ ਛਾਦਨੁ ਨੀਕਾ ॥	پنہیا چھادنُ نیِکا ॥
ਅਨਾਜੁ ਮਗਉ ਸਤ ਸੀ ਕਾ ॥੧॥	اناجُ مگءُ ست سی کا ॥1॥
ਗਊ ਭੈਸ ਮਗਉ ਲਾਵੇਰੀ ॥	گئوُ بھیَس مگءُ لاویری ॥

ਇਕ ਤਾਜਨਿ ਤੁਰੀ ਚੰਗੇਰੀ ॥
ਘਰ ਕੀ ਗੀਹਨਿ ਚੰਗੀ ॥
ਜਨੁ ਧੰਨਾ ਲੇਵੈ ਮੰਗੀ ॥੨॥੪॥

اِک تازنِ تُری چنگیری ॥
گھر کی گیہنِ چنگی ॥
جنُ دھنّا لیوے منگی ॥2॥4॥

ਜੈਤਸਰੀ ਮਹਲਾ ੪ ਘਰੁ ੧ ਚਉਪਦੇ
ੴ ਸਤਿਗੁਰ ਪ੍ਰਸਾਦਿ ॥

جیتسری محلا 4 گھرُ 1 چپُدے
ੴ ستِگُر پرّسادِ ॥

ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ
ਗੁਰਿ ਹਾਥੁ ਧਰਿਓ ਮੇਰੈ ਮਾਥਾ ॥
ਜਨਮ ਜਨਮ ਕੇ ਕਿਲਬਿਖ ਦੁਖ ਉਤਰੇ
ਗੁਰਿ ਨਾਮੁ ਦੀਓ ਰਿਨੁ ਲਾਥਾ ॥੧॥
ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ
ਬਿਨੁ ਨਾਵੈ ਜੀਵਨੁ ਬਿਰਥਾ ॥ ਰਹਾਉ ॥
ਬਿਨੁ ਗੁਰ ਮੂੜ ਭਏ ਹੈ ਮਨਮੁਖ
ਤੇ ਮੋਹ ਮਾਇਆ ਨਿਤ ਫਾਥਾ ॥
ਤਿਨ ਸਾਧੂ ਚਰਣ ਨ ਸੇਵੇ ਕਬਹੂ
ਤਿਨ ਸਭੁ ਜਨਮੁ ਅਕਾਥਾ ॥੨॥
ਜਿਨ ਸਾਧੂ ਚਰਣ ਸਾਧ ਪਗ ਸੇਵੇ
ਤਿਨ ਸਫਲਿਓ ਜਨਮੁ ਸਨਾਥਾ ॥
ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ
ਹਰਿ ਦਇਆ ਧਾਰਿ ਜਗੰਨਾਥਾ ॥੩॥
ਹਮ ਅੰਧੁਲੇ ਗਿਆਨਹੀਨ ਅਗਿਆਨੀ
ਕਿਉ ਚਾਲਹ ਮਾਰਗਿ ਪੰਥਾ ॥
ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ
ਜਨ ਨਾਨਕ ਚਲਹ ਮਿਲੰਥਾ ॥੪॥੧॥

میرے ہِیئرے رتنُ نامُ ہرِ بسِیا
گُرِ ہاتھُ دھرِئو میرے ماتھا ॥
جنم جنم کے کِلبِکھ دُکھ اُترے
گُرِ نامُ دِیئو رِنُ لاتھا ॥1॥
میرے من بھجُ رام نامُ سبھِ ارتھا ॥
گُرِ پُورے ہرِ نامُ دّرِڑائِیا
بِنُ ناوے جیِونُ بِرتھا ॥ رہاءُ ॥
بِنُ گُر موُڑ بھئے ہے منمکھ
تے موہ مائِیا نِت پھاتھا ॥
تِن سادھوُ چرنُ ن سیوے کبہوُ
تِن سبھُ جنمُ اکاتھا ॥2॥
جِن سادھوُ چرنُ سادھ پگ سیوے
تِن سپھلِئو جنمُ سناتھا ॥
مو کءُ کیجے داسُ داس داسن کو
ہرِ دئِیا دھارِ جگنّاتھا ۔ ॥3॥
ہم اندھُلے گیانہین اگیانی
کِءُ چالہ مارگِ پنّتھا ۔ ॥
ہم اندھُلے کءُ گُر انچلُ دیجے
جن نانک چلہ مِلنّتھا ॥4॥1॥

ਜੈਤਸਰੀ ਮਹਲਾ ੪ ॥

ਹੀਰਾ ਲਾਲੁ ਅਮੋਲਕੁ ਹੈ ਭਾਰੀ
ਬਿਨੁ ਗਾਹਕ ਮੀਕਾ ਕਾਖਾ ॥

ਰਤਨ ਗਾਹਕੁ ਗੁਰੁ ਸਾਧੂ ਦੇਖਿਓ
ਤਬ ਰਤਨੁ ਬਿਕਾਨੋ ਲਾਖਾ ॥੧॥

ਮੇਰੈ ਮਨਿ ਗੁਪਤ ਹੀਰੁ ਹਰਿ ਰਾਖਾ ॥

ਦੀਨ ਦਇਆਲਿ ਮਿਲਾਇਓ ਗੁਰੁ ਸਾਧੂ
ਗੁਰਿ ਮਿਲਿਐ ਹੀਰੁ ਪਰਾਖਾ ॥ ਰਹਾਉ ॥

ਮਨਮੁਖ ਕੋਠੀ ਅਗਿਆਨੁ ਅੰਧੇਰਾ
ਤਿਨ ਘਰਿ ਰਤਨੁ ਨ ਲਾਖਾ ॥

ਤੇ ਊਝੜਿ ਭਰਮਿ ਮੁਏ ਗਾਵਾਰੀ
ਮਾਇਆ ਭੁਅੰਗ ਬਿਖੁ ਚਾਖਾ ॥੨॥

ਹਰਿ ਹਰਿ ਸਾਧ ਮੇਲਹੁ ਜਨ ਨੀਕੇ
ਹਰਿ ਸਾਧੂ ਸਰਣਿ ਹਮ ਰਾਖਾ ॥

ਹਰਿ ਅੰਗੀਕਾਰੁ ਕਰਹੁ ਪ੍ਰਭ ਸੁਆਮੀ
ਹਮ ਪਰੇ ਭਾਗਿ ਤੁਮ ਪਾਖਾ ॥੩॥

ਜਿਹਵਾ ਕਿਆ ਗੁਣ ਆਖਿ ਵਖਾਣਹ
ਤੁਮ ਵਡ ਅਗਮ ਵਡ ਪੁਰਖਾ ॥

ਜਨ ਨਾਨਕ ਹਰਿ ਕਿਰਪਾ ਧਾਰੀ
ਪਾਖਾਣੁ ਡੁਬਤ ਹਰਿ ਰਾਖਾ ॥੪॥੨॥

ਜੈਤਸਰੀ ਮਃ ੪ ॥

ਹਮ ਬਾਰਿਕ ਕਛੂਅ ਨ ਜਾਨਹ ਗਤਿ ਮਿਤਿ
ਤੇਰੇ ਮੂਰਖ ਮੁਗਧ ਇਆਨਾ ॥

ਹਰਿ ਕਿਰਪਾ ਧਾਰਿ ਦੀਜੈ ਮਤਿ ਊਤਮ
ਕਰਿ ਲੀਜੈ ਮੁਗਧੁ ਸਿਆਨਾ ॥੧॥

جیَتسری محلا 4 ॥

ہیِرا لالُ امولکُ ہےَ بھاری
بِنُ گاہک میِکا کاکھا ॥

رتن گاہکُ گُرُ سادھوُ دیکھِیَو
تب رتنُ بِکانو لاکھا ॥1॥

میرے منِ گُپت ہیِرُ ہرِ راکھا ॥

دیِن دیَیالِ مِلائیَو گُرُ سادھوُ
گُرِ مِلِےَ ہیِرُ پراکھا ॥ رہاءُ ॥

منمُکھ کوٹھی اگیانُ اندھیرا
تِن گھرِ رتنُ ن لاکھا ॥

تے اوُجھڑِ بھرمِ مُۓ گاواری
مائیا بھُنگ بِکھُ چاکھا ॥2॥

ہرِ ہرِ سادھ میلہُ جن نیِکے
ہرِ سادھوُ سرنِٹِ ہم راکھا ॥

ہرِ انگیِکارُ کرہُ پربھ سُیامی
ہم پرے بھاگِ تُم پاکھا ॥3॥

جِہوا کِیا گُنٹ آکھِ وکھاٹہ
تُم وڈ اگم وڈ پُرکھا ॥

جن نانک ہرِ کِرپا دھاری
پاکھانُ ڈُبت ہرِ راکھا ॥4॥2॥

جیَتسری م: 4 ॥

ہم بارِک کچھوُء ن جانہ گتِ مِتِ
تیرے موُرکھ مُگدھ اِیانا ॥

ہرِ کِرپا دھارِ دیجےَ متِ اوُتم
کرِ لیجےَ مُگدھُ سِیانا ॥1॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پُرب نوں سمرپت | سیوا: بھائی بلجِندر سنگھ جی (راتا صاہِب)

ਮੇਰਾ ਮਨੁ ਆਲਸੀਆ ਉਘਲਾਨਾ ॥

میرا منُ آلسیِیا اُگھلانا ॥

ਹਰਿ ਹਰਿ ਆਨਿ ਮਿਲਾਇਓ ਗੁਰੁ ਸਾਧੂ
ਮਿਲਿ ਸਾਧੂ ਕਪਟ ਖੁਲਾਨਾ ॥ ਰਹਾਉ ॥

ہرِ ہرِ آنِ مِلائِئو گُرُ سادھوُ
مِلِ سادھوُ کپٹ کھُلانا ॥ رہاءُ ॥

ਗੁਰ ਖਿਨੁ ਖਿਨੁ ਪ੍ਰੀਤਿ ਲਗਾਵਹੁ ਮੇਰੈ ਹੀਅਰੈ
ਮੇਰੇ ਪ੍ਰੀਤਮ ਨਾਮੁ ਪਰਾਨਾ ॥

گُر کھِنُ کھِنُ پرِیتِ لگاوہُ میرے ہِیئرے
میرے پرِیتم نامُ پرانا ॥

ਬਿਨੁ ਨਾਵੈ ਮਰਿ ਜਾਈਐ ਮੇਰੇ ਠਾਕੁਰ
ਜਿਉ ਅਮਲੀ ਅਮਲਿ ਲੁਭਾਨਾ ॥੨॥

بِنُ ناوے مرِ جائیئے میرے ٹھاکُر
جِءُ املی املِ لُبھانا ॥2॥

ਜਿਨ ਮਨਿ ਪ੍ਰੀਤਿ ਲਗੀ ਹਰਿ ਕੇਰੀ
ਤਿਨ ਧੁਰਿ ਭਾਗ ਪੁਰਾਨਾ ॥

جِن منِ پرِیتِ لگی ہرِ کیری
تِن دھُرِ بھاگ پُرانا ॥

ਤਿਨ ਹਮ ਚਰਣ ਸਰੇਵਹ ਖਿਨੁ ਖਿਨੁ
ਜਿਨ ਹਰਿ ਮੀਠ ਲਗਾਨਾ ॥੩॥

تِن ہم چرنؔ سریوہ کھِنُ کھِنُ
جِن ہرِ میٹھ لگانا ॥3॥

ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ
ਜਨੁ ਬਿਛੁਰਿਆ ਚਿਰੀ ਮਿਲਾਨਾ ॥

ہرِ ہرِ کرِپا دھاری میرے ٹھاکُرِ
جنُ بِچھُریا چِری مِلانا ॥

ਧਨੁ ਧਨੁ ਸਤਿਗੁਰੁ ਜਿਨਿ ਨਾਮੁ ਦ੍ਰਿੜਾਇਆ
ਜਨੁ ਨਾਨਕੁ ਤਿਸੁ ਕੁਰਬਾਨਾ ॥੪॥੩॥

دھنُ دھنُ ستِگُرُ جِنِ نامُ دڑِڑائیا
جنُ نانکُ تِسُ قُربانا ॥4॥3॥

ਜੈਤਸਰੀ ਮਹਲਾ ੪ ॥

جیتسری محلا 4 ॥

ਸਤਿਗੁਰੁ ਸਾਜਨੁ ਪੁਰਖੁ ਵਡ ਪਾਇਆ
ਹਰਿ ਰਸਕਿ ਰਸਕਿ ਫਲ ਲਾਗਿਬਾ ॥

ستِگُرُ ساجنُ پُرکھُ وڈ پائیا
ہرِ رسکِ رسکِ پھل لاگِبا ॥

ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ
ਗੁਰ ਬਚਨੀ ਬਿਸੁ ਹਰਿ ਕਾਢਿਬਾ ॥੧॥

مائیا بھُئنگ گرسِئو ہے پرانیؔ
گُر بچنی بِسُ ہرِ کاڈھِبا ॥1॥

ਮੇਰਾ ਮਨੁ ਰਾਮ ਨਾਮ ਰਸਿ ਲਾਗਿਬਾ ॥

میرا منُ رام نام رسِ لاگِبا ॥

ਹਰਿ ਕੀਏ ਪਤਿਤ ਪਵਿਤ੍ਰ ਮਿਲਿ ਸਾਧ ਗੁਰ
ਹਰਿ ਨਾਮੈ ਹਰਿ ਰਸੁ ਚਾਖਿਬਾ ॥ ਰਹਾਉ ॥

ہرِ کیئے پتِت پوِتّر مِلِ سادھ گُر
ہرِ نامے ہرِ رسُ چاکھِبا ॥ رہاءُ ॥

ਧਨੁ ਧਨੁ ਵਡਭਾਗ ਮਿਲਿਓ ਗੁਰੁ ਸਾਧੂ
ਮਿਲਿ ਸਾਧੂ ਲਿਵ ਉਨਮਨਿ ਲਾਗਿਬਾ ॥

دھنُ دھنُ وڈبھاگ مِلِئو گُرُ سادھوُ
مِلِ سادھوُ لِو اُنمنِ لاگِبا ॥

ਤ੍ਰਿਸਨਾ ਅਗਨਿ ਬੁਝੀ ਸਾਂਤਿ ਪਾਈ
ਹਰਿ ਨਿਰਮਲ ਨਿਰਮਲ ਗੁਨ ਗਾਇਬਾ ॥੨॥

ترِسنا اگنِ بُجھی سانتِ پائی
ہرِ نِرمل نِرمل گُن گائِبا ॥2॥

ਤਿਨ ਕੇ ਭਾਗ ਖੀਨ ਧੁਰਿ ਪਾਏ
ਜਿਨ ਸਤਿਗੁਰ ਦਰਸੁ ਨ ਪਾਇਬਾ ॥

تِن کے بھاگ کھِین دھُرِ پائے
جِن ستِگُر درسُ ن پائِبا ॥

ਤੇ ਦੂਜੈ ਭਾਇ ਪਵਹਿ ਗ੍ਰਭ ਜੋਨੀ
ਸਭੁ ਬਿਰਥਾ ਜਨਮੁ ਤਿਨ ਜਾਇਬਾ ॥੩॥

تے دوُجے بھاءِ پوہِ گربھ جونی
سبھُ برِتھا جنمُ تِن جائِبا ॥3॥

ਹਰਿ ਦੇਹੁ ਬਿਮਲ ਮਤਿ ਗੁਰ ਸਾਧ ਪਗ ਸੇਵਹ
ਹਮ ਹਰਿ ਮੀਠ ਲਗਾਇਬਾ ॥

ہرِ دیہُ بِمل متِ گُر سادھ پگ سیوہ
ہم ہرِ میٹھ لگائِبا ॥

ਜਨੁ ਨਾਨਕੁ ਰੇਣ ਸਾਧ ਪਗ ਮਾਗੈ
ਹਰਿ ਹੋਇ ਦਇਆਲੁ ਦਿਵਾਇਬਾ ॥੪॥੪॥

جنُ نانکُ رینُ سادھ پگ ماگے
ہرِ ہوءِ دیئالُ دِوائِبا ॥4॥4॥

ਜੈਤਸਰੀ ਮਹਲਾ ੪ ॥

جیتسری محلا 4 ॥

ਜਿਨ ਹਰਿ ਹਿਰਦੈ ਨਾਮੁ ਨ ਬਸਿਓ
ਤਿਨ ਮਾਤ ਕੀਜੈ ਹਰਿ ਬਾਂਝਾ ॥

جِن ہرِ ہِردے نامُ ن بسِئو
تِن مات کیجے ہرِ بانجھا ॥

ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ
ਓਇ ਖਪਿ ਖਪਿ ਮੁਏ ਕਰਾਂਝਾ ॥੧॥

تِن سُنجی دیہ پھِرہِ بِنُ ناوے
اوءِ کھپِ کھپِ مُئے کرانجھا ॥1॥

ਮੇਰੇ ਮਨ ਜਪਿ ਰਾਮ ਨਾਮੁ ਹਰਿ ਮਾਝਾ ॥

میرے من جپِ رام نامُ ہرِ ماجھا ॥

ਹਰਿ ਹਰਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ
ਗੁਰਿ ਗਿਆਨੁ ਦੀਓ ਮਨੁ ਸਮਝਾ ॥ ਰਹਾਉ ॥

ہرِ ہرِ کِرپالِ کِرپا پربھِ دھاری
گُرِ گیانُ دیئو منُ سمجھا ॥ رہاءُ ॥

ਹਰਿ ਕੀਰਤਿ ਕਲਜੁਗਿ ਪਦੁ ਊਤਮੁ
ਹਰਿ ਪਾਈਐ ਸਤਿਗੁਰ ਮਾਝਾ ॥

ہرِ کیرتِ کلجُگِ پدُ اوُتمُ
ہرِ پائیئے ستِگُر ماجھا ॥

ਹਉ ਬਲਿਹਾਰੀ ਸਤਿਗੁਰ ਅਪੁਨੇ
ਜਿਨਿ ਗੁਪਤੁ ਨਾਮੁ ਪਰਗਾਝਾ ॥੨॥

ہءُ بلِہاری ستِگُر اپُنے
جِنِ گُپتُ نامُ پرگاجھا ॥2॥

ਦਰਸਨੁ ਸਾਧ ਮਿਲਿਓ ਵਡਭਾਗੀ
ਸਭਿ ਕਿਲਬਿਖ ਗਏ ਗਵਾਝਾ ॥

درسنُ سادھ مِلئو وڈبھاگی
سبھِ کِلبِکھ گئے گواجھا ॥

ਸਤਿਗੁਰੁ ਸਾਹੁ ਪਾਇਆ ਵਡ ਦਾਣਾ

ستِگُرُ ساہُ پائِیا وڈ داٹا

ਹਰਿ ਕੀਏ ਬਹੁ ਗੁਣ ਸਾਝਾ ॥੩॥

ہرِ کیئے بہُ گُن ساجھا ॥3॥

ਜਿਨ ਕਉ ਕ੍ਰਿਪਾ ਕਰੀ ਜਗਜੀਵਨਿ
ਹਰਿ ਉਰਿ ਧਾਰਿਓ ਮਨ ਮਾਝਾ ॥

جِن ک ءُ کرِپا کری جگجیونِ
ہرِ اُرِ دھارِئو من ماجھا ॥

ਧਰਮ ਰਾਇ ਦਰਿ ਕਾਗਦ ਫਾਰੇ
ਜਨ ਨਾਨਕ ਲੇਖਾ ਸਮਝਾ ॥੪॥੫॥

دھرم راءِ درِ کاگد پھارے
جن نانک لیکھا سمجھا ॥4॥5॥

ਜੈਤਸਰੀ ਮਹਲਾ ੪ ॥

جیتسری محلا 4 ॥

ਸਤਸੰਗਤਿ ਸਾਧ ਪਾਈ ਵਡਭਾਗੀ
ਮਨੁ ਚਲਤੌ ਭਇਓ ਅਰੂੜਾ ॥

ستسنگتِ سادھ پائی وڈبھاگی
منُ چلتوَ بھئِئو اروُڑا ॥

ਅਨਹਤ ਧੁਨਿ ਵਾਜਹਿ ਨਿਤ ਵਾਜੇ
ਹਰਿ ਅੰਮ੍ਰਿਤ ਧਾਰ ਰਸਿ ਲੀੜਾ ॥੧॥

انہت دھُنِ واجہِ نِت واجے
ہرِ انّمرِت دھار رسِ لیڑا ॥1॥

ਮੇਰੇ ਮਨ ਜਪਿ ਰਾਮ ਨਾਮੁ ਹਰਿ ਰੂੜਾ ॥

میرے من جپِ رام نامُ ہرِ روُڑا ॥

ਮੇਰੈ ਮਨਿ ਤਨਿ ਪ੍ਰੀਤਿ ਲਗਾਈ ਸਤਿਗੁਰਿ
ਹਰਿ ਮਿਲਿਓ ਲਾਇ ਝਪੀੜਾ ॥ ਰਹਾਉ ॥

میرے منِ تنِ پّریتِ لگائی ستِگُرِ
ہرِ مِلِئو لاءِ جھپیڑا ॥ رہاءُ ॥

ਸਾਕਤ ਬੰਧ ਭਏ ਹੈ ਮਾਇਆ
ਬਿਖੁ ਸੰਚਹਿ ਲਾਇ ਜਕੀੜਾ ॥

ساکت بنّدھ بھئے ہے مائیا
بِکھُ سنچّہِ لاءِ جکیڑا ॥

ਹਰਿ ਕੈ ਅਰਥਿ ਖਰਚਿ ਨਹ ਸਾਕਹਿ
ਜਮਕਾਲੁ ਸਹਹਿ ਸਿਰਿ ਪੀੜਾ ॥੨॥

ہرِ کے ارتھِ خرچِ نہ ساکہِ
جمکالُ سہہِ سِرِ پیڑا ॥2॥

ਜਿਨ ਹਰਿ ਅਰਥਿ ਸਰੀਰੁ ਲਗਾਇਆ ਗੁਰ ਸਾਧੂ
ਬਹੁ ਸਰਧਾ ਲਾਇ ਮੁਖਿ ਧੂੜਾ ॥

جِن ہرِ ارتھِ سریرُ لگائیا گُر سادھوُ
بہُ سردھا لاءِ مُکھِ دھوُڑا ॥

ਹਲਤਿ ਪਲਤਿ ਹਰਿ ਸੋਭਾ ਪਾਵਹਿ
ਹਰਿ ਰੰਗੁ ਲਗਾ ਮਨਿ ਗੂੜਾ ॥੩॥

ہلتِ پلتِ ہرِ سوبھا پاوہِ
ہرِ رنگُ لگا منِ گوُڑا ॥3॥

ਹਰਿ ਹਰਿ ਮੇਲਿ ਮੇਲਿ ਜਨ ਸਾਧੂ
ਹਮ ਸਾਧ ਜਨਾ ਕਾ ਕੀੜਾ ॥

ہرِ ہرِ میلِ میلِ جن سادھوُ
ہم سادھ جنا کا کیڑا ॥

ਜਨ ਨਾਨਕ ਪ੍ਰੀਤਿ ਲਗੀ ਪਗ ਸਾਧ ਗੁਰ
ਮਿਲਿ ਸਾਧੂ ਪਾਖਾਣੁ ਹਰਿਓ ਮਨੁ ਮੂੜਾ ॥੪॥੬॥

جن نانک پّریتِ لگی پگ سادھ گُر
مِلِ سادھوُ پاکھانُ ہرِئو منُ موُڑا ॥4॥6॥

ਜੈਤਸਰੀ ਮਹਲਾ ੪ ਘਰੁ ੨	جیتسری محلا 4 گھرُ 2
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਹਰਿ ਹਰਿ ਸਿਮਰਹੁ ਅਗਮ ਅਪਾਰਾ ॥	ہرِ ہرِ سِمرہُ اگم اپارا ॥
ਜਿਸੁ ਸਿਮਰਤ ਦੁਖੁ ਮਿਟੈ ਹਮਾਰਾ ॥	جِسُ سِمرت دُکھُ مِٹے ہمارا ॥
ਹਰਿ ਹਰਿ ਸਤਿਗੁਰੁ ਪੁਰਖੁ ਮਿਲਾਵਹੁ ਗੁਰਿ ਮਿਲਿਐ ਸੁਖੁ ਹੋਈ ਰਾਮ ॥੧॥	ہرِ ہرِ ستِگُرُ پُرکھُ مِلاوہُ گُرِ مِلِےَ سُکھُ ہوئی رام ॥1॥
ਹਰਿ ਗੁਣ ਗਾਵਹੁ ਮੀਤ ਹਮਾਰੇ ॥	ہرِ گُن گاوہُ میت ہمارے ۔ ॥
ਹਰਿ ਹਰਿ ਨਾਮੁ ਰਖਹੁ ਉਰ ਧਾਰੇ ॥	ہرِ ہرِ نامُ رکھہُ اُر دھارے ॥
ਹਰਿ ਹਰਿ ਅੰਮ੍ਰਿਤ ਬਚਨ ਸੁਣਾਵਹੁ ਗੁਰ ਮਿਲਿਐ ਪਰਗਟੁ ਹੋਈ ਰਾਮ ॥੨॥	ہرِ ہرِ انّمرِت بچن سُناوہُ گُر مِلِےَ پرگٹُ ہوئی رام ॥2॥
ਮਧੁਸੂਦਨ ਹਰਿ ਮਾਧੋ ਪ੍ਰਾਨਾ ॥	مدھُسوُدن ہرِ مادھو پّرانا ॥
ਮੇਰੈ ਮਨਿ ਤਨਿ ਅੰਮ੍ਰਿਤ ਮੀਠ ਲਗਾਨਾ ॥	میرے منِ تنِ انّمرِت مِٹھ لگانا ॥
ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ ਪੁਰਖੁ ਨਿਰੰਜਨੁ ਸੋਈ ਰਾਮ ॥੩॥	ہرِ ہرِ دئیا کرہُ گُرُ میلہُ پُرکھُ نِرنّجنُ سوئی رام ॥3॥
ਹਰਿ ਹਰਿ ਨਾਮੁ ਸਦਾ ਸੁਖਦਾਤਾ ॥	ہرِ ہرِ نامُ سدا سُکھداتا ॥
ਹਰਿ ਕੈ ਰੰਗਿ ਮੇਰਾ ਮਨੁ ਰਾਤਾ ॥	ہرِ کے رنگِ میرا منُ راتا ॥
ਹਰਿ ਹਰਿ ਮਹਾ ਪੁਰਖੁ ਗੁਰੁ ਮੇਲਹੁ ਗੁਰ ਨਾਨਕ ਨਾਮਿ ਸੁਖੁ ਸੋਈ ਰਾਮ ॥੪॥੧॥੭॥	ہرِ ہرِ مہا پُرکھُ گُرُ میلہُ گُر نانک نامِ سُکھُ سوئی رام ॥4॥1॥7॥
ਜੈਤਸਰੀ ਮਃ ੪ ॥	جیتسری م: 4 ॥
ਹਰਿ ਹਰਿ ਹਰਿ ਹਰਿ ਨਾਮੁ ਜਪਾਹਾ ॥	ہرِ ہرِ ہرِ ہرِ نامُ جپاہا ॥
ਗੁਰਮੁਖਿ ਨਾਮੁ ਸਦਾ ਲੈ ਲਾਹਾ ॥	گُرمُکھِ نامُ سدا لے لاہا ॥
ਹਰਿ ਹਰਿ ਹਰਿ ਹਰਿ ਭਗਤਿ ਦ੍ਰਿੜਾਵਹੁ ਹਰਿ ਹਰਿ ਨਾਮੁ ਉਮਾਹਾ ਰਾਮ ॥੧॥	ہرِ ہرِ ہرِ ہرِ بھگتِ دّرڑاوہُ ہرِ ہرِ نامُ اوُماہا رام ॥1॥

ਹਰਿ ਹਰਿ ਨਾਮੁ ਦਇਆਲੁ ਧਿਆਹਾ ॥	ہرِ ہرِ نامُ دئیالُ دھیاہا ॥
ਹਰਿ ਕੈ ਰੰਗਿ ਸਦਾ ਗੁਣ ਗਾਹਾ ॥	ہرِ کے رنگِ سدا گُنؤ گاہا ॥
ਹਰਿ ਹਰਿ ਹਰਿ ਜਸੁ ਘੂਮਰਿ ਪਾਵਹੁ ਮਿਲਿ ਸਤਸੰਗਿ ਉਮਾਹਾ ਰਾਮ ॥੨॥	ہرِ ہرِ ہرِ جسُ گھوُمرِ پاوہُ مِلِ ستسنگِ اوُماہا رام ॥2॥
ਆਉ ਸਖੀ ਹਰਿ ਮੇਲਿ ਮਿਲਾਹਾ ॥	آءُ سکھی ہرِ میلِ مِلاہا ॥
ਸੁਣਿ ਹਰਿ ਕਥਾ ਨਾਮੁ ਲੈ ਲਾਹਾ ॥	سُنؤِ ہرِ کتھا نامُ لے لاہا ॥
ਹਰਿ ਹਰਿ ਕ੍ਰਿਪਾ ਧਾਰਿ ਗੁਰ ਮੇਲਹੁ ਗੁਰਿ ਮਿਲਿਐ ਹਰਿ ਉਮਾਹਾ ਰਾਮ ॥੩॥	ہرِ ہرِ کرِپا دھارِ گُر میلہُ گُرِ مِلِئے ہرِ اوُماہا رام ॥3॥
ਕਰਿ ਕੀਰਤਿ ਜਸੁ ਅਗਮ ਅਥਾਹਾ ॥	کرِ کیرتِ جسُ اگم اتھاہا ॥
ਖਿਨੁ ਖਿਨੁ ਰਾਮ ਨਾਮੁ ਗਾਵਾਹਾ ॥	کھِنُ کھِنُ رام نامُ گاواہا ॥
ਮੋ ਕਉ ਧਾਰਿ ਕ੍ਰਿਪਾ ਮਿਲੀਐ ਗੁਰ ਦਾਤੇ ਹਰਿ ਨਾਨਕ ਭਗਤਿ ਉਮਾਹਾ ਰਾਮ ॥੪॥੨॥੮॥	موکءُ دھارِ کرِپا مِلیئے گُر داتے ہرِ نانک بھگتِ اوُماہا رام ॥4॥2॥8॥
ਜੈਤਸਰੀ ਮਃ ੪ ॥	جیتسری م: 4 ॥
ਰਸਿ ਰਸਿ ਰਾਮੁ ਰਸਾਲੁ ਸਲਾਹਾ ॥	رسِ رسِ رامُ رسالُ سلاہا ॥
ਮਨੁ ਰਾਮ ਨਾਮਿ ਭੀਨਾ ਲੈ ਲਾਹਾ ॥	منُ رام نامِ بھِینا لے لاہا ॥
ਖਿਨੁ ਖਿਨੁ ਭਗਤਿ ਕਰਹ ਦਿਨੁ ਰਾਤੀ ਗੁਰਮਤਿ ਭਗਤਿ ਉਮਾਹਾ ਰਾਮ ॥੧॥	کھِنُ کھِنُ بھگتِ کرہ دِنُ راتی گُرمتِ بھگتِ اوُماہا رام ॥1॥
ਹਰਿ ਹਰਿ ਗੁਣ ਗੋਵਿੰਦ ਜਪਾਹਾ ॥	ہرِ ہرِ گُنؤ گووِندَ جپاہا ॥
ਮਨੁ ਤਨੁ ਜੀਤਿ ਸਬਦੁ ਲੈ ਲਾਹਾ ॥	منُ تنُ جیتِ سبدُ لے لاہا ॥
ਗੁਰਮਤਿ ਪੰਚ ਦੂਤ ਵਸਿ ਆਵਹਿ ਮਨਿ ਤਨਿ ਹਰਿ ਓਮਾਹਾ ਰਾਮ ॥੨॥	گُرمتِ پنچؤ دوُت وسِ آوہِ منِ تنِ ہرِ اوماہا رام ॥2॥
ਨਾਮੁ ਰਤਨੁ ਹਰਿ ਨਾਮੁ ਜਪਾਹਾ ॥	نامُ رتنُ ہرِ نامُ جپاہا ॥
ਹਰਿ ਗੁਣ ਗਾਇ ਸਦਾ ਲੈ ਲਾਹਾ ॥	ہرِ گُنؤ گاءِ سدا لے لاہا ॥
ਦੀਨ ਦਇਆਲ ਕ੍ਰਿਪਾ ਕਰਿ ਮਾਧੋ	دِین دئیال کرِپا کرِ مادھو

ਹਰਿ ਹਰਿ ਨਾਮੁ ਉਮਾਹਾ ਰਾਮ ॥੩॥
ہرِ ہرِ نامُ اوُماہا رام ॥3॥

ਜਪਿ ਜਗਦੀਸੁ ਜਪਉ ਮਨ ਮਾਹਾ ॥
جپِ جگدِیسُ جپءُ من ماہا ॥

ਹਰਿ ਹਰਿ ਜਗੰਨਾਥੁ ਜਗਿ ਲਾਹਾ ॥
ہرِ ہرِ جگنّاتھُ جگِ لاہا ॥

ਧਨੁ ਧਨੁ ਵਡੇ ਠਾਕੁਰ ਪ੍ਰਭ ਮੇਰੇ
ਜਪਿ ਨਾਨਕ ਭਗਤਿ ਓਮਾਹਾ ਰਾਮ ॥੪॥੩॥੯॥
دھنُ دھنُ وڈے ٹھاکُر پربھ میرے
جپِ نانک بھگتِ اوماہا رام ॥4॥3॥9॥

ਜੈਤਸਰੀ ਮਹਲਾ ੪ ॥
جیَتسری محلا 4 ॥

ਆਪੇ ਜੋਗੀ ਜੁਗਤਿ ਜੁਗਾਹਾ ॥
آپے جوگی جُگتِ جُگاہا ॥

ਆਪੇ ਨਿਰਭਉ ਤਾੜੀ ਲਾਹਾ ॥
آپے نِربھءُ تاڑی لاہا ॥

ਆਪੇ ਹੀ ਆਪਿ ਆਪਿ ਵਰਤੈ
ਆਪੇ ਨਾਮਿ ਉਮਾਹਾ ਰਾਮ ॥੧॥
آپے ہی آپِ آپِ ورتے
آپے نامِ اوُماہا رام ॥1॥

ਆਪੇ ਦੀਪ ਲੋਅ ਦੀਪਾਹਾ ॥
آپے دیپ لوء دیپاہا ॥

ਆਪੇ ਸਤਿਗੁਰੁ ਸਮੁੰਦੁ ਮਥਾਹਾ ॥
آپے ستِگُرُ سمُنّدُ متھاہا ॥

ਆਪੇ ਮਥਿ ਮਥਿ ਤਤੁ ਕਢਾਏ
ਜਪਿ ਨਾਮੁ ਰਤਨੁ ਉਮਾਹਾ ਰਾਮ ॥੨॥
آپے متھِ متھِ تتُ کڈھائے
جپِ نامُ رتنُ اوُماہا رام ॥2॥

ਸਖੀ ਮਿਲਹੁ ਮਿਲਿ ਗੁਣ ਗਾਵਾਹਾ ॥
سکھی مِلہُ مِلِ گُڻ گاواہا ॥

ਗੁਰਮੁਖਿ ਨਾਮੁ ਜਪਹੁ ਹਰਿ ਲਾਹਾ ॥
گُرمُکھِ نامُ جپہُ ہرِ لاہا ॥

ਹਰਿ ਹਰਿ ਭਗਤਿ ਦ੍ਰਿੜੀ ਮਨਿ ਭਾਈ
ਹਰਿ ਹਰਿ ਨਾਮੁ ਉਮਾਹਾ ਰਾਮ ॥੩॥
ہرِ ہرِ بھگتِ دڑِڑی منِ بھائی
ہرِ ہرِ نامُ اوُماہا رام ॥3॥

ਆਪੇ ਵਡ ਦਾਣਾ ਵਡ ਸਾਹਾ ॥
آپے وڈ داٹا وڈ ساہا ॥

ਗੁਰਮੁਖਿ ਪੂੰਜੀ ਨਾਮੁ ਵਿਸਾਹਾ ॥
گُرمُکھِ پونجی نامُ وِساہا ॥

ਹਰਿ ਹਰਿ ਦਾਤਿ ਕਰਹੁ ਪ੍ਰਭ ਭਾਵੈ
ਗੁਣ ਨਾਨਕ ਨਾਮੁ ਉਮਾਹਾ ਰਾਮ ॥੪॥੪॥੧੦॥
ہرِ ہرِ داتِ کرہُ پربھ بھاوے
گُڻ نانک نامُ اوُماہا رام ॥4॥4॥ 10 ॥

ਜੈਤਸਰੀ ਮਹਲਾ ੪ ॥
جیَتسری محلا 4 ॥

ਮਿਲਿ ਸਤਸੰਗਤਿ ਸੰਗਿ ਗੁਰਾਹਾ ॥
ਪੂੰਜੀ ਨਾਮੁ ਗੁਰਮੁਖਿ ਵੇਸਾਹਾ ॥
ਹਰਿ ਹਰਿ ਕ੍ਰਿਪਾ ਧਾਰਿ ਮਧੁਸੂਦਨ
ਮਿਲਿ ਸਤਸੰਗਿ ਉਮਾਹਾ ਰਾਮ ॥੧॥

ਹਰਿ ਗੁਣ ਬਾਣੀ ਸ੍ਰਵਣਿ ਸੁਣਾਹਾ ॥
ਕਰਿ ਕਿਰਪਾ ਸਤਿਗੁਰੂ ਮਿਲਾਹਾ ॥
ਗੁਣ ਗਾਵਹ ਗੁਣ ਬੋਲਹ ਬਾਣੀ
ਹਰਿ ਗੁਣ ਜਪਿ ਉਮਾਹਾ ਰਾਮ ॥੨॥

ਸਭਿ ਤੀਰਥ ਵਰਤ ਜਗ ਪੁੰਨ ਤੋਲਾਹਾ ॥
ਹਰਿ ਹਰਿ ਨਾਮ ਨ ਪੁਜਹਿ ਪੁਜਾਹਾ ॥
ਹਰਿ ਹਰਿ ਅਤੁਲੁ ਤੋਲੁ ਅਤਿ ਭਾਰੀ
ਗੁਰਮਤਿ ਜਪਿ ਉਮਾਹਾ ਰਾਮ ॥੩॥

ਸਭਿ ਕਰਮ ਧਰਮ ਹਰਿ ਨਾਮੁ ਜਪਾਹਾ ॥
ਕਿਲਵਿਖ ਮੈਲੁ ਪਾਪ ਧੋਵਾਹਾ ॥
ਦੀਨ ਦਇਆਲ ਹੋਹੁ ਜਨ ਊਪਰਿ
ਦੇਹੁ ਨਾਨਕ ਨਾਮੁ ਓਮਾਹਾ ਰਾਮ ॥੪॥੫॥੧੧॥

ਜੈਤਸਰੀ ਮਹਲਾ ੫ ਘਰੁ ੩

ੴ ਸਤਿਗੁਰ ਪ੍ਰਸਾਦਿ ॥

ਕੋਈ ਜਾਨੈ ਕਵਨੁ ਈਹਾ ਜਗਿ ਮੀਤੁ ॥
ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ
ਤਾ ਕੀ ਨਿਰਮਲ ਰੀਤਿ ॥੧॥ ਰਹਾਉ ॥

ਮਾਤ ਪਿਤਾ ਬਨਿਤਾ ਸੁਤ ਬੰਧਪ
ਇਸਟ ਮੀਤ ਅਰੁ ਭਾਈ ॥
ਪੂਰਬ ਜਨਮ ਕੇ ਮਿਲੇ ਸੰਜੋਗੀ

ملِ ستسنگتِ سنگِ گُراہا ॥
پونجی نامُ گُرمُکھِ ویساہا ॥
ہرِ ہرِ کرِپا دھارِ مدھسُودن
ملِ ستسنگِ اوُماہا رام ॥1॥

ہرِ گُنڑ بانڑی سّرونڑِ سُنّاہا ॥
کرِ کرِپا ستِگُرو مِلاہا ॥
گُنڑ گاوہ گُنڑ بولہ بانڑی
ہرِ گُنڑ جپِ اوُماہا رام ॥2॥

سبھِ تیرتھ ورت جگ پُنّن تولاہا ॥
ہرِ ہرِ نام ن پُجہِ پُجاہا ॥
ہرِ ہرِ اتُلُ تولُ اتِ بھاری
گُرمتِ جپِ اوُماہا رام ॥3॥

سبھِ کرم دھرم ہرِ نامُ جپاہا ॥
کِلوِکھ میَلُ پاپ دھوواہا ॥
دِین دیَال ہوہُ جن اوُپرِ
دیہُ نانک نامُ اوماہا رام ॥4॥5॥ 11 ॥

جیتسری محلا 5 گھرُ 3

ੴ ستِگُر پرّسادِ ॥

کوئی جانے کونُ ایہا جگِ میتُ ۔ ॥
جِسُ ہوءِ کرِپالُ سوئی بِدھِ بُوجھے
تا کی نِرمل ریتِ ॥1॥ رہاءُ ॥

مات پِتا بنِتا سُت بندھپ
اِسٹ میت ارُ بھائی ॥
پوُرب جنم کے مِلے سنجوگی

ਅੰਤਹਿ ਕੋ ਨ ਸਹਾਈ ॥੧॥

انتہِ کو ن سہائی ॥1॥

ਮੁਕਤਿ ਮਾਲ ਕਨਿਕ ਲਾਲ ਹੀਰਾ
ਮਨ ਰੰਜਨ ਕੀ ਮਾਇਆ ॥

مُکتِ مال کنِک لال ہیرا
من رنجن کی مائیا ॥

ਹਾ ਹਾ ਕਰਮ ਬਿਹਾਨੀ ਅਵਧਹਿ
ਤਾ ਮਹਿ ਸੰਤੋਖੁ ਨ ਪਾਇਆ ॥੨॥

ہا ہا کرم بِہانی اودھہِ
تا مہِ سنّتوکھُ ن پائیا ॥2॥

ਹਸਤਿ ਰਥ ਅਸ੍ਵ ਪਵਨ ਤੇਜ
ਧਣੀ ਭੂਮਨ ਚਤੁਰਾਂਗਾ ॥

ہستِ رتھ اسّو پون تیج
دھنّی بھومن چترانگا ॥

ਸੰਗਿ ਨ ਚਾਲਿਓ ਇਨ ਮਹਿ ਕਛੂਐ
ਊਠਿ ਸਿਧਾਇਓ ਨਾਂਗਾ ॥੩॥

سنگِ ن چالِئو اِن مہِ کچھوُئے
اوُٹھِ سِدھائِئو نانگا ॥3॥

ਹਰਿ ਕੇ ਸੰਤ ਪ੍ਰਿਅ ਪ੍ਰੀਤਮ ਪ੍ਰਭ ਕੇ
ਤਾ ਕੈ ਹਰਿ ਹਰਿ ਗਾਈਐ ॥

ہرِ کے سنّت پرِء پریتم پربھ کے
تا کے ہرِ ہرِ گائیئے ॥

ਨਾਨਕ ਈਹਾ ਸੁਖੁ ਆਗੈ ਮੁਖ ਊਜਲ
ਸੰਗਿ ਸੰਤਨ ਕੈ ਪਾਈਐ ॥੪॥੧॥

نانک ایہا سُکھُ آگے مُکھ اوُجل
سنگِ سنّتن کے پائیئے ॥4॥1॥

ਜੈਤਸਰੀ ਮਹਲਾ ੫ ਘਰੁ ੩ ਦੁਪਦੇ

جیتسری محلا 5 گھرُ 3 دُپدے

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਦੇਹੁ ਸੰਦੇਸਰੋ
ਕਹੀਅਉ ਪ੍ਰਿਅ ਕਹੀਅਉ ॥

دیہُ سندیسرو
کہیئُ پرِء کہیئُ ॥

ਬਿਸਮੁ ਭਈ ਮੈ ਬਹੁ ਬਿਧਿ ਸੁਨਤੇ
ਕਹਹੁ ਸੁਹਾਗਨਿ ਸਹੀਅਉ ॥੧॥ ਰਹਾਉ ॥

بِسمُ بھئی مے بہُ بِدھِ سُنتے
کہہُ سُہاگنِ سہیئُ ۔ ॥1॥ رہاءُ ॥

ਕੋ ਕਹਤੋ ਸਭ ਬਾਹਰਿ ਬਾਹਰਿ
ਕੋ ਕਹਤੋ ਸਭ ਮਹੀਅਉ ॥

کو کہتو سبھ باہرِ باہرِ
کو کہتو سبھ مہیئُ ॥

ਬਰਨੁ ਨ ਦੀਸੈ ਚਿਹਨੁ ਨ ਲਖੀਐ
ਸੁਹਾਗਨਿ ਸਾਤਿ ਬੁਝਹੀਅਉ ॥੧॥

برنُ ن دیسے چِہنُ ن لکھیئے
سُہاگنِ ساتِ بُجھہیئُ ॥1॥

ਸਰਬ ਨਿਵਾਸੀ ਘਟਿ ਘਟਿ ਵਾਸੀ
ਲੇਪੁ ਨਹੀ ਅਲਪਹੀਅਉ ॥

سرب نِواسی گھٹِ گھٹِ واسی
لیپُ نہی الپہیئُ ॥

ਨਾਨਕੁ ਕਹਤ ਸੁਨਹੁ ਰੇ ਲੋਗਾ	نانکُ کہت سُنہُ رے لوگا
ਸੰਤ ਰਸਨ ਕੋ ਬਸਹੀਅਉ ॥੨॥੧॥੨॥	سنّت رسن کو بسہیِئ ॥2॥1॥2॥
ਜੈਤਸਰੀ ਮਃ ੫ ॥	جیتسری م: 5 ॥
ਧੀਰਉ ਸੁਨਿ ਧੀਰਉ ਪ੍ਰਭ ਕਉ ॥੧॥ ਰਹਾਉ ॥	دھیِرءُ سُنِ دھیِرءُ پربھ کءُ ॥1॥ رہاءُ ॥
ਜੀਅ ਪ੍ਰਾਨ ਮਨੁ ਤਨੁ ਸਭੁ ਅਰਪਉ	جیء پران منُ تنُ سبھُ ارپءُ
ਨੀਰਉ ਪੇਖਿ ਪ੍ਰਭ ਕਉ ਨੀਰਉ ॥੧॥	نیِرءُ پیکھِ پربھ کءُ نیِرءُ ॥1॥
ਬੇਸੁਮਾਰ ਬੇਅੰਤੁ ਬਡ ਦਾਤਾ	بیشُمار بیئنتُ بڈ داتا
ਮਨਹਿ ਗਹੀਰਉ ਪੇਖਿ ਪ੍ਰਭ ਕਉ ॥੨॥	منہِ گہیِرءُ پیکھِ پربھ کءُ ॥2॥
ਜੋ ਚਾਹਉ ਸੋਈ ਸੋਈ ਪਾਵਉ	جو چاہءُ سوئی سوئی پاوءُ
ਆਸਾ ਮਨਸਾ ਪੂਰਉ ਜਪਿ ਪ੍ਰਭ ਕਉ ॥੩॥	آسا منسا پوُرءُ جپِ پربھ کءُ ॥3॥
ਗੁਰ ਪ੍ਰਸਾਦਿ ਨਾਨਕ ਮਨਿ ਵਸਿਆ	گُر پرسادِ نانک منِ وسِیا
ਦੂਖਿ ਨ ਕਬਹੂ ਝੂਰਉ ਬੁਝਿ ਪ੍ਰਭ ਕਉ ॥੪॥੨॥੩॥	دوُکھِ ن کبہوُ جھوُرءُ بُجھِ پربھ کءُ ॥4॥2॥3॥
ਜੈਤਸਰੀ ਮਹਲਾ ੫ ॥	جیتسری محلا 5 ॥
ਲੋੜੀਦੜਾ ਸਾਜਨੁ ਮੇਰਾ ॥	لوڑیدڑا ساجنُ میرا ॥
ਘਰਿ ਘਰਿ ਮੰਗਲ ਗਾਵਹੁ ਨੀਕੇ	گھرِ گھرِ منگل گاوہُ نیِکے
ਘਟਿ ਘਟਿ ਤਿਸਹਿ ਬਸੇਰਾ ॥੧॥ ਰਹਾਉ ॥	گھٹِ گھٹِ تِسہِ بسیرا ॥1॥ رہاءُ ॥
ਸੁਖਿ ਅਰਾਧਨੁ ਦੂਖਿ ਅਰਾਧਨੁ	سوُکھِ ارادھنُ دوُکھِ ارادھنُ
ਬਿਸਰੈ ਨ ਕਾਹੂ ਬੇਰਾ ॥	بِسرے ن کاہوُ بیرا ॥
ਨਾਮੁ ਜਪਤ ਕੋਟਿ ਸੂਰ ਉਜਾਰਾ	نامُ جپت کوٹِ سوُر اُجارا
ਬਿਨਸੈ ਭਰਮੁ ਅੰਧੇਰਾ ॥੧॥	بِنسے بھرمُ اندھیرا ॥1॥
ਥਾਨਿ ਥਨੰਤਰਿ ਸਭਨੀ ਜਾਈ	تھانِ تھننّترِ سبھنی جائی
ਜੋ ਦੀਸੈ ਸੋ ਤੇਰਾ ॥	جو دیسے سو تیرا ॥
ਸੰਤਸੰਗਿ ਪਾਵੈ ਜੋ ਨਾਨਕ	سنتسنگِ پاوے جو نانک
ਤਿਸੁ ਬਹੁਰਿ ਨ ਹੋਈ ਹੈ ਫੇਰਾ ॥੨॥੩॥੪॥	تِس بہُرِ ن ہوئی ہے پھیرا ॥2॥3॥4॥
ਜੈਤਸਰੀ ਮਹਲਾ ੫ ਘਰੁ ੪ ਦੁਪਦੇ	جیتسری محلا 5 گھرُ 4 دُپدے

ੴ ਸਤਿਗੁਰ ਪ੍ਰਸਾਦਿ ॥

ਅਬ ਮੈ ਸੁਖੁ ਪਾਇਓ ਗੁਰ ਆਗਿ ॥

ਤਜੀ ਸਿਆਨਪ ਚਿੰਤ ਵਿਸਾਰੀ
ਅਹੰ ਛੋਡਿਓ ਹੈ ਤਿਆਗਿ ॥੧॥ ਰਹਾਉ ॥

ਜਉ ਦੇਖਉ ਤਉ ਸਗਲ ਮੋਹਿ ਮੋਹੀਅਉ
ਤਉ ਸਰਨਿ ਪਰਿਓ ਗੁਰ ਭਾਗਿ ॥

ਕਰਿ ਕਿਰਪਾ ਟਹਲ ਹਰਿ ਲਾਇਓ
ਤਉ ਜਮਿ ਛੋਡੀ ਮੋਰੀ ਲਾਗਿ ॥੧॥

ਤਰਿਓ ਸਾਗਰੁ ਪਾਵਕ ਕੋ
ਜਉ ਸੰਤ ਭੇਟੇ ਵਡ ਭਾਗਿ ॥

ਜਨ ਨਾਨਕ ਸਰਬ ਸੁਖ ਪਾਏ
ਮੋਰੋ ਹਰਿ ਚਰਨੀ ਚਿਤੁ ਲਾਗਿ ॥੨॥੧॥੫॥

ੴ ستگُر پرسادِ ॥

اب مے سُکھُ پائیو گُر آگِیِ ॥

تجی سِیانپ چِنّت وِساری
اہنّ چھوڈِیو ہے تِیاگِیِ ॥1॥ رہاءُ ॥

جءُ دیکھءُ تءُ سگل موہِ موہیئءُ
تءُ سرنِ پریو گُر بھاگِ ॥

کرِ کرپا ٹہل ہرِ لائیو
تءُ جم چھوڈی موری لاگِ ॥1॥

تریو ساگرُ پاوک کو
جءُ سنّت بھیٹے وڈ بھاگِ ॥

جن نانک سرب سُکھ پائے
مورو ہرِ چرنی چِتُ لاگِ ॥2॥1॥5॥

ਜੈਤਸਰੀ ਮਹਲਾ ੫ ॥

ਮਨ ਮਹਿ ਸਤਿਗੁਰ ਧਿਆਨੁ ਧਰਾ ॥

ਦ੍ਰਿੜਿਓ ਗਿਆਨੁ ਮੰਤ੍ਰੁ ਹਰਿ ਨਾਮਾ
ਪ੍ਰਭ ਜੀਉ ਮਇਆ ਕਰਾ ॥੧॥ ਰਹਾਉ ॥

ਕਾਲ ਜਾਲ ਅਰੁ ਮਹਾ ਜੰਜਾਲਾ
ਛੁਟਕੇ ਜਮਹਿ ਡਰਾ ॥

ਆਇਓ ਦੁਖ ਹਰਣ ਸਰਣ ਕਰੁਣਾਪਤਿ
ਗਹਿਓ ਚਰਣ ਆਸਰਾ ॥੧॥

ਨਾਵ ਰੂਪ ਭਇਓ ਸਾਧਸੰਗੁ
ਭਵ ਨਿਧਿ ਪਾਰਿ ਪਰਾ ॥

ਅਪਿਉ ਪੀਓ ਗਤੁ ਥੀਓ ਭਰਮਾ
ਕਹੁ ਨਾਨਕ ਅਜਰੁ ਜਰਾ ॥੨॥੨॥੬॥

ਜੈਤਸਰੀ ਮਹਲਾ ੫ ॥

جیتسری محلا 5 ॥

من مہِ ستگُر دھیانُ دھرا ॥

دڑِڑہیو گیانُ منّتُر ہرِ نامًا
پربھ جیءُ میا کرا ॥1॥ رہاءُ ॥

کال جال ارُ مہا زنجالا
چھُٹکے جمہِ ڈرا ॥

آئیو دُکھ ہرنٌ سرنٌ کرُنّاپتِ
گہیو چرنٌ آسرا ॥1॥

ناو روُپ بھیئو سادھسنگُ
بھو نِدھِ پارِ پرا ॥

اپءُ پیئو گتُ تھیئو بھرما
کہُ نانک اجرُ جرا ॥2॥2॥6॥

ਜਾ ਕਉ ਭਏ ਗੋਵਿੰਦ ਸਹਾਈ ॥
جا ک ءُ بھے گووِنّد سہائی ॥

ਸੂਖ ਸਹਜ ਆਨੰਦ ਸਗਲ ਸਿਉ
ਵਾ ਕਉ ਬਿਆਧਿ ਨ ਕਾਈ ॥੧॥ ਰਹਾਉ ॥
سُوکھ سہج آننّد سگل سِ ءُ
وا ک ءُ بِیادھِ ن کائی ॥1॥ رہاءُ ॥

ਦੀਸਹਿ ਸਭ ਸੰਗਿ ਰਹਹਿ ਅਲੇਪਾ
ਨਹ ਵਿਆਪੈ ਉਨ ਮਾਈ ॥
دیِسہِ سبھ سنگِ رہہِ الیپا
نہ وِیاپے اُن مائی ॥

ਏਕੈ ਰੰਗਿ ਤਤ ਕੇ ਬੇਤੇ
ਸਤਿਗੁਰ ਤੇ ਬੁਧਿ ਪਾਈ ॥੧॥
ایکے رنگِ تت کے بیتے
ستِگُر تے بُدھِ پائی ॥1॥

ਦਇਆ ਮਇਆ ਕਿਰਪਾ ਠਾਕੁਰ ਕੀ
ਸੇਈ ਸੰਤ ਸੁਭਾਈ ॥
دیَیا مَیَیا کِرپا ٹھاکُر کی
سیئی سنّت سُبھائی ॥

ਤਿਨ ਕੈ ਸੰਗਿ ਨਾਨਕ ਨਿਸਤਰੀਐ
ਜਿਨ ਰਸਿ ਰਸਿ ਹਰਿ ਗੁਨ ਗਾਈ ॥੨॥੩॥੭॥
تِن کے سنگِ نانک نِستریئے
جِن رسِ رسِ ہرِ گُن گائی ॥2॥3॥7॥

ਜੈਤਸਰੀ ਮਹਲਾ ੫ ॥
جیتسری محلا 5 ॥

ਗੋਬਿੰਦ ਜੀਵਨ ਪ੍ਰਾਨ ਧਨ ਰੂਪ ॥
گوبِنّد جیِون پّران دھن روُپ ॥

ਅਗਿਆਨ ਮੋਹ ਮਗਨ ਮਹਾ ਪ੍ਰਾਨੀ
ਅੰਧਿਆਰੇ ਮਹਿ ਦੀਪ ॥੧॥ ਰਹਾਉ ॥
اگیان موہ مگن مہا پّرانی
اندھیارے مہِ دیِپ ॥1॥ رہاءُ ॥

ਸਫਲ ਦਰਸਨੁ ਤੁਮਰਾ ਪ੍ਰਭ ਪ੍ਰੀਤਮ
ਚਰਨ ਕਮਲ ਆਨੂਪ ॥
سپھل درسنُ تُمرا پّربھ پّریتم
چرن کمل آنوُپ ॥

ਅਨਿਕ ਬਾਰ ਕਰਉ ਤਿਹ ਬੰਦਨ
ਮਨਹਿ ਚਰ੍ਹਾਵਉ ਧੂਪ ॥੧॥
انِک بار کرءُ تہِ بنّدن
منہِ چڑہاوءُ دھوُپ ॥1॥

ਹਾਰਿ ਪਰਿਓ ਤੁਮ੍ਰੈ ਪ੍ਰਭ ਦੁਆਰੈ
ਦ੍ਰਿੜੁ ਕਰਿ ਗਹੀ ਤੁਮ੍ਾਰੀ ਲੂਕ ॥
ہارِ پرِئو تُمہرے پّربھ دُیارے
دّرِڑُہ کرِ گہی تُمہاری لوُک ॥

ਕਾਢਿ ਲੇਹੁ ਨਾਨਕ ਅਪੁਨੇ ਕਉ
ਸੰਸਾਰ ਪਾਵਕ ਕੇ ਕੂਪ ॥੨॥੪॥੮॥
کاڈھِ لیہُ نانک اپُنے ک ءُ
سنّسار پاوک کے کوُپ ॥2॥4॥8॥

ਜੈਤਸਰੀ ਮਹਲਾ ੫ ॥
جیتسری محلا 5 ॥

ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥
کوئی جنُ ہرِ سِ ءُ دیوے جورِ ॥

ਚਰਨ ਗਹਉ ਬਕਉ ਸੁਭ ਰਸਨਾ
ਦੀਜਹਿ ਪ੍ਰਾਨ ਅਕੋਰਿ ॥੧॥ ਰਹਾਉ ॥

چرن گہءُ بکءُ سُبھ رسنا
دیجہِ پّران اکورِ ॥1॥ رہاءُ ॥

ਮਨੁ ਤਨੁ ਨਿਰਮਲ ਕਰਤ ਕਿਆਰੋ
ਹਰਿ ਸਿੰਚੈ ਸੁਧਾ ਸੰਜੋਰਿ ॥

منُ تنُ نِرمل کرت کِیارو
ہرِ سِنچّے سُدھا سنجورِ ॥

ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ
ਮਹਾ ਬਿਖਿਆ ਤੇ ਤੋਰਿ ॥੧॥

اِیا رس مہِ مگنُ ہوت کِرپا تے
مہا بِکھیا تے تورِ ॥1॥

ਆਇਓ ਸਰਣਿ ਦੀਨ ਦੁਖ ਭੰਜਨ
ਚਿਤਵਉ ਤੁਮ੍ਰੀ ਓਰਿ ॥

آئیو سرنِ دِین دُکھ بھنّجن
چِتوءُ تُمہری اورِ ॥

ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ
ਪ੍ਰਭ ਨਾਨਕ ਬੰਧਨ ਛੋਰਿ ॥੨॥੫॥੯॥

ابھےَ پدُ دانُ سِمرنُ سُیامی کو
پربھ نانک بندھن چھورِ ॥2॥5॥9॥

ਜੈਤਸਰੀ ਮਹਲਾ ੫ ॥

جیتسری محلا 5 ॥

ਚਾਤ੍ਰਿਕ ਚਿਤਵਤ ਬਰਸਤ ਮੇਂਹ ॥

چاتّرِک چِتوت برست مینہ ॥

ਕ੍ਰਿਪਾ ਸਿੰਧੁ ਕਰੁਣਾ ਪ੍ਰਭ ਧਾਰਹੁ
ਹਰਿ ਪ੍ਰੇਮ ਭਗਤਿ ਕੋ ਨੇਂਹ ॥੧॥ ਰਹਾਉ ॥

کِرپا سِندھُ کرُنا پربھ دھارہُ
ہرِ پریم بھگتِ کو نینہ ॥1॥ رہاءُ ॥

ਅਨਿਕ ਸੂਖ ਚਕਵੀ ਨਹੀ ਚਾਹਤ
ਅਨਦ ਪੂਰਨ ਪੇਖਿ ਦੇਂਹ ॥

انِک سوُکھ چکوی نہی چاہت
اند پوُرن پیکھِ دینہ ॥

ਆਨ ਉਪਾਵ ਨ ਜੀਵਤ ਮੀਨਾ
ਬਿਨੁ ਜਲ ਮਰਨਾ ਤੇਂਹ ॥੧॥

آن اُپاو ن جیِوت مِینا
بِنُ جل مرنا تینہ ॥1॥

ਹਮ ਅਨਾਥ ਨਾਥ ਹਰਿ ਸਰਣੀ
ਅਪੁਨੀ ਕ੍ਰਿਪਾ ਕਰੇਂਹ ॥

ہم اناتھ ناتھ ہرِ سرنّی
اپنی کِرپا کرینہ ॥

ਚਰਣ ਕਮਲ ਨਾਨਕੁ ਆਰਾਧੈ
ਤਿਸੁ ਬਿਨੁ ਆਨ ਨ ਕੇਂਹ ॥੨॥੬॥੧੦॥

چرنّ کمل نانکُ آرادھےَ
تِسُ بِنُ آن ن کینہ ॥2॥6॥ 10 ॥

ਜੈਤਸਰੀ ਮਹਲਾ ੫ ॥

جیتسری محلا 5 ॥

ਮਨਿ ਤਨਿ ਬਸਿ ਰਹੇ ਮੇਰੇ ਪ੍ਰਾਨ ॥

منِ تنِ بسِ رہے میرے پّران ॥

ਕਰਿ ਕਿਰਪਾ ਸਾਧੂ ਸੰਗਿ ਭੇਟੇ

کرِ کِرپا سادھوُ سنگِ بھیٹے

ਪੂਰਨ ਪੁਰਖ ਸੁਜਾਨ ॥੧॥ ਰਹਾਉ ॥

پُورن پُرکھ سُجان ॥1॥ رہاءُ ॥

ਪ੍ਰੇਮ ਠਗਉਰੀ ਜਿਨ ਕਉ ਪਾਈ
ਤਿਨ ਰਸੁ ਪੀਅਉ ਭਾਰੀ ॥

پّریم ٹھگئُری جِن کءُ پائی
تِن رسُ پیِئءُ بھاری ॥

ਤਾ ਕੀ ਕੀਮਤਿ ਕਹਣੁ ਨ ਜਾਈ
ਕੁਦਰਤਿ ਕਵਨ ਹਮ੍ਾਰੀ ॥੧॥

تا کی قِیمتِ کہنُ ن جائی
قُدرتِ کون ہمّہاری ۔ ॥1॥

ਲਾਇ ਲਏ ਲੜਿ ਦਾਸ ਜਨ ਅਪੁਨੇ
ਉਧਰੇ ਉਧਰਨਹਾਰੇ ॥

لاءِ لئے لڑِ داس جن اپُنے
اُدھرے اُدھرنہارے ॥

ਪ੍ਰਭੁ ਸਿਮਰਿ ਸਿਮਰਿ ਸਿਮਰਿ ਸੁਖੁ ਪਾਇਓ
ਨਾਨਕ ਸਰਣਿ ਦੁਆਰੇ ॥੨॥੭॥੧੧॥

پّربھُ سِمرِ سِمرِ سِمرِ سُکھُ پائیئو
نانک سرنِ دُیارے ॥2॥7॥ 11 ॥

ਜੈਤਸਰੀ ਮਹਲਾ ੫ ॥

جیتسری محلا 5 ॥

ਆਏ ਅਨਿਕ ਜਨਮ ਭ੍ਰਮਿ ਸਰਣੀ ॥

آئے انِک جنم بھّرمِ سرنُی ॥

ਉਧਰੁ ਦੇਹ ਅੰਧ ਕੂਪ ਤੇ
ਲਾਵਹੁ ਅਪੁਨੀ ਚਰਣੀ ॥੧॥ ਰਹਾਉ ॥

اُدھرُ دیہ انّدھ کوُپ تے
لاوہُ اپُنی چرنُی ॥1॥ رہاءُ ॥

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਨਾ
ਨਾਹਿਨ ਨਿਰਮਲ ਕਰਣੀ ॥

گِیانُ دھِیانُ کِچھُ کرمُ ن جانا
ناہِن نِرمل کرنُی ॥

ਸਾਧਸੰਗਤਿ ਕੈ ਅੰਚਲਿ ਲਾਵਹੁ
ਬਿਖਮ ਨਦੀ ਜਾਇ ਤਰਣੀ ॥੧॥

سادھسنگتِ کے انچّلِ لاوہُ
بِکھم ندی جاءِ ترنُی ॥1॥

ਸੁਖ ਸੰਪਤਿ ਮਾਇਆ ਰਸ ਮੀਠੇ
ਇਹ ਨਹੀ ਮਨ ਮਹਿ ਧਰਣੀ ॥

سُکھ سنپّتِ مائیا رس میٹھے
اِہ نہی من مہِ دھرنُی ॥

ਹਰਿ ਦਰਸਨ ਤ੍ਰਿਪਤਿ ਨਾਨਕ ਦਾਸ ਪਾਵਤ
ਹਰਿ ਨਾਮ ਰੰਗ ਆਭਰਣੀ ॥੨॥੮॥੧੨॥

ہرِ درسن ترِپتِ نانک داس پاوت
ہرِ نام رنگ آبھرنُی ॥2॥8॥ 12 ॥

ਜੈਤਸਰੀ ਮਹਲਾ ੫ ॥

جیتسری محلا 5 ॥

ਹਰਿ ਜਨ ਸਿਮਰਹੁ ਹਿਰਦੈ ਰਾਮ ॥

ہرِ جن سِمرہُ ہِردے رام ॥

ਹਰਿ ਜਨ ਕਉ ਅਪਦਾ ਨਿਕਟਿ ਨ ਆਵੈ
ਪੂਰਨ ਦਾਸ ਕੇ ਕਾਮ ॥੧॥ ਰਹਾਉ ॥

ہرِ جن کءُ اپدا نِکٹِ ن آوے
پُورن داس کے کام ॥1॥ رہاءُ ॥

ਕੋਟਿ ਬਿਘਨ ਬਿਨਸਹਿ ਹਰਿ ਸੇਵਾ
ਨਿਹਚਲੁ ਗੋਵਿਦ ਧਾਮ ॥

کوٹِ بِگھن بِنسہِ ہرِ سیوا
نِہچلُ گووِد دھام ॥

ਭਗਵੰਤ ਭਗਤ ਕਉ ਭਉ ਕਿਛੁ ਨਾਹੀ
ਆਦਰੁ ਦੇਵਤ ਜਾਮ ॥੧॥

بھگونَت بھگت ک ءُ بھ ءُ کِچھُ ناہی
آدرُ دیوت جام ॥1॥

ਤਜਿ ਗੋਪਾਲ ਆਨ ਜੋ ਕਰਣੀ
ਸੋਈ ਸੋਈ ਬਿਨਸਤ ਖਾਮ ॥

تجِ گوپال آن جو کرنّی
سوئی سوئی بِنست خام ॥

ਚਰਨ ਕਮਲ ਹਿਰਦੈ ਗਹੁ ਨਾਨਕ
ਸੁਖ ਸਮੂਹ ਬਿਸਰਾਮ ॥੨॥੯॥੧੩॥

چرن کمل ہِردے گہُ نانک
سُکھ سموُہ بِسرام ॥2॥9॥ 13 ॥

ਜੈਤਸਰੀ ਮਹਲਾ ੯

جیتسری محلا 9

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਭੂਲਿਓ ਮਨੁ ਮਾਇਆ ਉਰਝਾਇਓ ॥

بھوُلِئو منُ مائیا اُرجھائِئو ॥

ਜੋ ਜੋ ਕਰਮ ਕੀਓ ਲਾਲਚ ਲਗਿ
ਤਿਹ ਤਿਹ ਆਪੁ ਬੰਧਾਇਓ ॥੧॥ ਰਹਾਉ ॥

جو جو کرم کِیئو لالچ لگِ
تِہ تِہ آپُ بندھائِئو ॥1॥ رہاءُ ॥

ਸਮਝ ਨ ਪਰੀ ਬਿਖੈ ਰਸ ਰਚਿਓ
ਜਸੁ ਹਰਿ ਕੋ ਬਿਸਰਾਇਓ ॥

سمجھ ن پری بِکھے رس رچِئو
جسُ ہرِ کو بِسرائِئو ॥

ਸੰਗਿ ਸੁਆਮੀ ਸੋ ਜਾਨਿਓ ਨਾਹਿਨ
ਬਨੁ ਖੋਜਨ ਕਉ ਧਾਇਓ ॥੧॥

سنگِ سُیامی سو جانِئو ناہِن
بنُ کھوجن ک ءُ دھائِئو ॥1॥

ਰਤਨੁ ਰਾਮੁ ਘਟ ਹੀ ਕੇ ਭੀਤਰਿ
ਤਾ ਕੋ ਗਿਆਨੁ ਨ ਪਾਇਓ ॥

رتنُ رامُ گھٹ ہی کے بھیترِ
تا کو گیانُ ن پائِئو ॥

ਜਨ ਨਾਨਕ ਭਗਵੰਤ ਭਜਨ ਬਿਨੁ
ਬਿਰਥਾ ਜਨਮੁ ਗਵਾਇਓ ॥੨॥੧॥

جن نانک بھگونَت بھجن بِنُ
بِرتھا جنمُ گوائِئو ॥2॥1॥

ਜੈਤਸਰੀ ਮਹਲਾ ੯ ॥

جیتسری محلا 9 ॥

ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥

ہرِ جوُ راکھِ لیہُ پتِ میری ॥

ਜਮ ਕੋ ਤ੍ਰਾਸ ਭਇਓ ਉਰ ਅੰਤਰਿ
ਸਰਨਿ ਗਹੀ ਕਿਰਪਾ ਨਿਧਿ ਤੇਰੀ ॥੧॥ ਰਹਾਉ ॥

جم کو ترّاس بھِئو اُر انترِ
سرنِ گہی کِرپا نِدھِ تیری ॥1॥ رہاءُ ॥

ਮਹਾ ਪਤਿਤ ਮੁਗਧ ਲੋਭੀ ਫੁਨਿ
ਕਰਤ ਪਾਪ ਅਬ ਹਾਰਾ ॥

مہا پتِت مُگدھ لوبھی پھُنِ
کرت پاپ اب ہارا ॥

ਭੈ ਮਰਬੇ ਕੋ ਬਿਸਰਤ ਨਾਹਿਨ
ਤਿਹ ਚਿੰਤਾ ਤਨੁ ਜਾਰਾ ॥੧॥

بھے َمربے کو بِسرت ناہِن
تِہ چِنّتا تنُ جارا ॥1॥

ਕੀਏ ਉਪਾਵ ਮੁਕਤਿ ਕੇ ਕਾਰਨਿ
ਦਹ ਦਿਸਿ ਕਉ ਉਠਿ ਧਾਇਆ ॥

کیئے اُپاو مُکتِ کے کارنِ
دہ دِس ک ءُ اُٹھِ دھائِیا ॥

ਘਟ ਹੀ ਭੀਤਰਿ ਬਸੈ ਨਿਰੰਜਨੁ
ਤਾ ਕੋ ਮਰਮੁ ਨ ਪਾਇਆ ॥੨॥

گھٹ ہی بھِیترِ بسے َنِرنّجنُ
تا کو مرمُ ن پائِیا ॥2॥

ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ
ਕਉਨੁ ਕਰਮੁ ਅਬ ਕੀਜੈ ॥

ناہِن گُنُ ناہِن کچھُ جپُ تپُ
کنُ کرمُ اب کیجے َ۔ ॥

ਨਾਨਕ ਹਾਰਿ ਪਰਿਓ ਸਰਨਾਗਤਿ
ਅਭੈ ਦਾਨੁ ਪ੍ਰਭ ਦੀਜੈ ॥੩॥੨॥

نانک ہارِ پرِئو سرناگتِ
ابھے َدانُ پربھ دیجے َ ॥3॥2॥

ਜੈਤਸਰੀ ਮਹਲਾ ੯ ॥

جیتسری محلا 9 ॥

ਮਨ ਰੇ ਸਾਚਾ ਗਹੋ ਬਿਚਾਰਾ ॥

من رے ساچا گہو بِچارا ॥

ਰਾਮ ਨਾਮ ਬਿਨੁ ਮਿਥਿਆ ਮਾਨੋ
ਸਗਰੋ ਇਹੁ ਸੰਸਾਰਾ ॥੧॥ ਰਹਾਉ ॥

رام نام بِنُ مِتھیا مانو
سگرو اِہُ سنسارا ॥1॥ رہاءُ ॥

ਜਾ ਕਉ ਜੋਗੀ ਖੋਜਤ ਹਾਰੇ
ਪਾਇਓ ਨਾਹਿ ਤਿਹ ਪਾਰਾ ॥

جا ک ءُ جوگی کھوجت ہارے
پائِئو ناہِ تِہ پارا ॥

ਸੋ ਸੁਆਮੀ ਤੁਮ ਨਿਕਟਿ ਪਛਾਨੋ
ਰੂਪ ਰੇਖ ਤੇ ਨਿਆਰਾ ॥੧॥

سو سُیامی تُم نِکٹِ پچھانو
روُپ ریکھ تے نِیارا ॥1॥

ਪਾਵਨ ਨਾਮੁ ਜਗਤ ਮੈ ਹਰਿ ਕੋ
ਕਬਹੂ ਨਾਹਿ ਸੰਭਾਰਾ ॥

پاون نامُ جگت مے َہرِ کو
کبہوُ ناہِ سنبھارا ॥

ਨਾਨਕ ਸਰਨਿ ਪਰਿਓ ਜਗ ਬੰਦਨ
ਰਾਖਹੁ ਬਿਰਦੁ ਤੁਹਾਰਾ ॥੨॥੩॥

نانک سرنِ پرِئو جگ بندن
راکھہُ بِردُ تُہارا ॥2॥3॥

ਜੈਤਸਰੀ ਮਹਲਾ ੫ ਛੰਤ ਘਰੁ ੧

جیتسری محلا 5 چھنّت گھرُ 1

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਜਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راجا صاہب)

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਸਲੋਕੁ ॥

سلوکُ ॥

ਦਰਸਨ ਪਿਆਸੀ ਦਿਨਸੁ ਰਾਤਿ
ਚਿਤਵਉ ਅਨਦਿਨੁ ਨੀਤ ॥

درسن پیاسی دِنسُ راتِ
چِتوءُ اندِنُ نِیت ॥

ਖੋਲ੍ਹਿ ਕਪਟ ਗੁਰਿ ਮੇਲੀਆ
ਨਾਨਕ ਹਰਿ ਸੰਗਿ ਮੀਤ ॥੧॥

کھولّہِ کپٹ گُرِ میلِیا
نانک ہرِ سنگِ میت ॥1॥

ਛੰਤ ॥

چھنّت ॥

ਸੁਣਿ ਯਾਰ ਹਮਾਰੇ ਸਜਣ
ਇਕ ਕਰਉ ਬੇਨੰਤੀਆ ॥

سُنِّ یار ہمارے سجنّ
اِک کرءُ بینتِیا ॥

ਤਿਸੁ ਮੋਹਨ ਲਾਲ ਪਿਆਰੇ
ਹਉ ਫਿਰਉ ਖੋਜੰਤੀਆ ॥

تِسُ موہن لال پِیارے
ہءُ پھِرءُ کھوجنّتِیا ॥

ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ
ਇਕ ਭੋਰੀ ਦਰਸਨੁ ਦੀਜੈ ॥

تِسُ دسِ پِیارے سِرُ دھری اُتارے
اِک بھوری درسنُ دیجےَ ॥

ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ
ਇਕੁ ਤਿਲੁ ਭੀ ਨਾ ਧੀਰੀਜੈ ॥

نیَن ہمارے پّرِء رنگ رنّگارے
اِکُ تِلُ بھی نا دھیرِیجےَ ॥

ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ
ਚਾਤ੍ਰਿਕ ਜਿਵੈ ਤਿਸੰਤੀਆ ॥

پّربھ سِءُ منُ لِینا جِءُ جل مِینا
چاتّرِک جِوےَ تِسنّتِیا ॥

ਜਨ ਨਾਨਕ ਗੁਰੁ ਪੂਰਾ ਪਾਇਆ
ਸਗਲੀ ਤਿਖਾ ਬੁਝੰਤੀਆ ॥੧॥

جن نانک گُرُ پوُرا پائِیا
سگلی تِکھا بُجھنّتِیا ॥1॥

ਯਾਰ ਵੇ ਪ੍ਰਿਅ ਹਭੇ ਸਖੀਆ
ਮੂ ਕਹੀ ਨ ਜੇਹੀਆ ॥

یار وے پّرِء ہبھے سکھِیا
موُ کہی ن جیہِیا ॥

ਯਾਰ ਵੇ ਹਿਕ ਡੂੰ ਹਿਕਿ ਚਾੜੈ
ਹਉ ਕਿਸੁ ਚਿਤੇਹੀਆ ॥

یار وے ہِک ڈوُنّ ہِکِ چاڑےَ
ہءُ کِسُ چِتیہِیا ۔ ॥

ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ
ਨਿਤ ਕਰਦੇ ਭੋਗ ਬਿਲਾਸਾ ॥

ہِک دوُنّ ہِکِ چاڑے انِک پِیارے
نِت کردے بھوگ بِلاسا ॥

ਤਿਨਾ ਦੇਖਿ ਮਨਿ ਚਾਉ ਉਠੰਦਾ
ਹਉ ਕਦਿ ਪਾਈ ਗੁਣਤਾਸਾ ॥

تِنا دیکھِ منِ چاءُ اُٹھنّدا
ہءُ کدِ پائی گُنّٹاسا ॥

ਜਿਨੀ ਮੈਡਾ ਲਾਲੁ ਰੀਝਾਇਆ
ਹਉ ਤਿਸੁ ਆਗੈ ਮਨੁ ਡੇਂਹੀਆ ॥

جِنی میڈا لالُ ریجھائیا
ہءُ تِس آگے منُ ڈینہیِیا ॥

ਨਾਨਕੁ ਕਹੈ ਸੁਣਿ ਬਿਨਉ ਸੁਹਾਗਣਿ
ਮੂ ਦਸਿ ਡਿਖਾ ਪਿਰੁ ਕੇਹੀਆ ॥੨॥

نانکُ کہے سُنِ بِنءُ سُہاگنِ
موُ دسِ ڈِکھا پِرُ کیہِیا ॥2॥

ਯਾਰ ਵੇ ਪਿਰੁ ਆਪਣ ਭਾਣਾ
ਕਿਛੁ ਨੀਸੀ ਛੰਦਾ ॥

یار وے پِرُ آپنّ بھاٹا
کِچھُ نیِسی چھنّدا ॥

ਯਾਰ ਵੇ ਤੈ ਰਾਵਿਆ ਲਾਲਨੁ
ਮੂ ਦਸਿ ਦਸੰਦਾ ॥

یار وے تے راوِیا لالنُ
موُ دسِ دسنّدا ॥

ਲਾਲਨੁ ਤੈ ਪਾਇਆ ਆਪੁ ਗਵਾਇਆ
ਜੈ ਧਨ ਭਾਗ ਮਥਾਣੇ ॥

لالنُ تے پائیا آپُ گوائیا
جے دھن بھاگ متھاٹے ॥

ਬਾਂਹ ਪਕੜਿ ਠਾਕੁਰਿ ਹਉ ਘਿਧੀ
ਗੁਣ ਅਵਗਣ ਨ ਪਛਾਣੇ ॥

بانہہ پکڑِ ٹھاکُرِ ہءُ گھِدھی
گُنّ اوگنّ ن پچھاٹے ॥

ਗੁਣ ਹਾਰੁ ਤੈ ਪਾਇਆ ਰੰਗੁ ਲਾਲੁ ਬਣਾਇਆ
ਤਿਸੁ ਹਭੋ ਕਿਛੁ ਸੁਹੰਦਾ ॥

گُنّ ہارُ تے پائیا رنگُ لالُ بنّائیا
تِس ہبھو کِچھُ سُہنّدا ॥

ਜਨ ਨਾਨਕ ਧੰਨਿ ਸੁਹਾਗਣਿ ਸਾਈ
ਜਿਸੁ ਸੰਗਿ ਭਤਾਰੁ ਵਸੰਦਾ ॥੩॥

جن نانک دھنّنِ سُہاگنِ سائی
جِسُ سنگِ بھتارُ وسنّدا ॥3॥

ਯਾਰ ਵੇ ਨਿਤ ਸੁਖ ਸੁਖੇਦੀ
ਸਾ ਮੈ ਪਾਈ ॥

یار وے نِت سُکھ سُکھیدی
سا مے پائی ॥

ਵਰੁ ਲੋੜੀਦਾ ਆਇਆ
ਵਜੀ ਵਾਧਾਈ ॥

ورُ لوڑیِدا آئیا
وجی وادھائی ॥

ਮਹਾ ਮੰਗਲੁ ਰਹਸੁ ਥੀਆ
ਪਿਰੁ ਦਇਆਲੁ ਸਦ ਨਵ ਰੰਗੀਆ ॥

مہا منگلُ رہسُ تھیِیا
پِرُ دیئالُ سد نو رنگیِیا ॥

ਵਡ ਭਾਗਿ ਪਾਇਆ ਗੁਰਿ ਮਿਲਾਇਆ
ਸਾਧ ਕੈ ਸਤਸੰਗੀਆ ॥

وڈ بھاگِ پائیا گُرِ مِلائیا

ਆਸਾ ਮਨਸਾ ਸਗਲ ਪੂਰੀ
ਪ੍ਰਿਅ ਅੰਕਿ ਅੰਕੁ ਮਿਲਾਈ ॥

ਬਿਨਵੰਤਿ ਨਾਨਕੁ ਸੁਖ ਸੁਖੇਦੀ
ਸਾ ਮੈ ਗੁਰ ਮਿਲਿ ਪਾਈ ॥੪॥੧॥

ਜੈਤਸਰੀ ਮਹਲਾ ੫ ਘਰੁ ੨ ਛੰਤ

ੴ ਸਤਿਗੁਰ ਪ੍ਰਸਾਦਿ ॥

ਸਲੋਕੁ ॥

ਊਚਾ ਅਗਮ ਅਪਾਰ ਪ੍ਰਭੁ
ਕਥਨੁ ਨ ਜਾਇ ਅਕਥੁ ॥

ਨਾਨਕ ਪ੍ਰਭ ਸਰਣਾਗਤੀ
ਰਾਖਨ ਕਉ ਸਮਰਥੁ ॥੧॥

ਛੰਤੁ ॥

ਜਿਉ ਜਾਨਹੁ ਤਿਉ ਰਾਖੁ
ਹਰਿ ਪ੍ਰਭ ਤੇਰਿਆ ॥

ਕੇਤੇ ਗਨਉ ਅਸੰਖ
ਅਵਗਣ ਮੇਰਿਆ ॥

ਅਸੰਖ ਅਵਗਣ ਖਤੇ ਫੇਰੇ
ਨਿਤਪ੍ਰਤਿ ਸਦ ਭੂਲੀਐ ॥

ਮੋਹ ਮਗਨ ਬਿਕਰਾਲ ਮਾਇਆ
ਤਉ ਪ੍ਰਸਾਦੀ ਘੂਲੀਐ ॥

ਲੂਕ ਕਰਤ ਬਿਕਾਰ ਬਿਖੜੇ
ਪ੍ਰਭ ਨੇਰ ਹੂ ਤੇ ਨੇਰਿਆ ॥

ਬਿਨਵੰਤਿ ਨਾਨਕ ਦਇਆ ਧਾਰਹੁ
ਕਾਢਿ ਭਵਜਲ ਫੇਰਿਆ ॥੧॥

ساد ھ کے ستسنگیا ॥

آسا منسا سگل پُوری
پّرِء انکِ انکُ مِلائی ॥

بِنونّتِ نانکُ سُکھ سُکھیدی
سا مے گُر مِلِ پائی ॥4॥1॥

جیتسری محلا 5 گھرُ 2 چھنّت

ੴ ستِگُر پّرسادِ ॥

سلوکُ ॥

اوُچا اگم اپار پّربھُ
کتھنُ ن جاءِ اکتھُ ॥

نانک پّربھ سرٹاگتی
راکھن ک ءُ سمرتھُ ॥1॥

چھنّتُ ॥

جِ ءُ جانہُ تِ ءُ راکھُ
ہرِ پّربھ تیرِیا ॥

کیتے گن ءُ اسنکھ
اوگنُ میرِیا ॥

اسنکھ اوگنُ خطے پھیرے
نِتپّرتِ سد بھوُلیِےَ ॥

موہ مگن بِکرال مائیا
ت ءُ پّرسادی گھوُلیِےَ ॥

لوُک کرت بِکار بِکھڑے
پّربھ نیر ہوُ تے نیرِیا ॥

بِنونّتِ نانک دئیا دھارہُ
کاڈھِ بھوجل پھیرِیا ॥1॥

ਸਲੋਕੁ ॥	سلوکُ ॥
ਨਿਰਤਿ ਨ ਪਵੈ ਅਸੰਖ ਗੁਣ ਊਚਾ ਪ੍ਰਭ ਕਾ ਨਾਉ ॥	نِرتِ ن پوے اسنکھ گُن اوُچا پربھ کا ناءُ ॥
ਨਾਨਕ ਕੀ ਬੇਨੰਤੀਆ ਮਿਲੈ ਨਿਥਾਵੇ ਥਾਉ ॥੨॥	نانک کی بینتیا مِلے نِتھاوے تھاءُ ॥2॥
ਛੰਤੁ ॥	چھنتُ ॥
ਦੂਸਰ ਨਾਹੀ ਠਾਉ ਕਾ ਪਹਿ ਜਾਈਐ ॥	دوُسر ناہی ٹھاءُ کا پہِ جائیئے ۔ ॥
ਆਠ ਪਹਰ ਕਰ ਜੋੜਿ ਸੋ ਪ੍ਰਭੁ ਧਿਆਈਐ ॥	آٹھ پہر کر جوڑِ سو پربھُ دھیائیئے ॥
ਧਿਆਇ ਸੋ ਪ੍ਰਭੁ ਸਦਾ ਅਪੁਨਾ ਮਨਹਿ ਚਿੰਦਿਆ ਪਾਈਐ ॥	دھیاءِ سو پربھُ سدا اپُنا منہِ چِنّدیا پائیئے ॥
ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ ॥	تجِ مان موہُ وِکارُ دوُجا ایک سِءُ لِو لائیئے ॥
ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ ॥	ارپِ منُ تنُ پربھوُ آگے آپُ سگل مِٹائیئے ॥
ਬਿਨਵੰਤਿ ਨਾਨਕੁ ਧਾਰਿ ਕਿਰਪਾ ਸਾਚਿ ਨਾਮਿ ਸਮਾਈਐ ॥੨॥	بِنونتِ نانکُ دھارِ کِرپا ساچِ نامِ سمائیئے ॥2॥
ਸਲੋਕੁ ॥	سلوکُ ॥
ਰੇ ਮਨ ਤਾ ਕਉ ਧਿਆਈਐ ਸਭ ਬਿਧਿ ਜਾ ਕੈ ਹਾਥਿ ॥	رے من تا کءُ دھیائیئے سبھ بِدھِ جا کے ہاتھِ ॥
ਰਾਮ ਨਾਮ ਧਨੁ ਸੰਚੀਐ ਨਾਨਕ ਨਿਬਹੈ ਸਾਥਿ ॥੩॥	رام نام دھنُ سنچیئے نانک نِبہے ساتھِ ॥3॥
ਛੰਤੁ ॥	چھنتُ ॥
ਸਾਥੀਅੜਾ ਪ੍ਰਭੁ ਏਕੁ	ساتھیڑا پربھُ ایکُ

ਦੂਸਰ ਨਾਹਿ ਕੋਇ ॥

دوُسر ناہِ کوءِ ॥

ਥਾਨ ਥੰਨਤਰਿ ਆਪਿ
ਜਲਿ ਥਲਿ ਪੂਰ ਸੋਇ ॥

تھان تھنّترِ آپِ
جلِ تھلِ پوُر سوءِ ॥

ਜਲਿ ਥਲਿ ਮਹੀਅਲਿ ਪੂਰਿ ਰਹਿਆ
ਸਰਬ ਦਾਤਾ ਪ੍ਰਭੁ ਧਨੀ ॥

جلِ تھلِ مہیئلِ پوُرِ رہیا
سرب داتا پّربھُ دھنی ॥

ਗੋਪਾਲ ਗੋਬਿੰਦ ਅੰਤੁ ਨਾਹੀ
ਬੇਅੰਤ ਗੁਣ ਤਾ ਕੇ ਕਿਆ ਗਨੀ ॥

گوپال گوبِنّد انّتُ ناہی
بیئنّت گُنڑ تا کے کِیا گنی ۔ ॥

ਭਜੁ ਸਰਣਿ ਸੁਆਮੀ ਸੁਖਹ ਗਾਮੀ
ਤਿਸੁ ਬਿਨਾ ਅਨ ਨਾਹਿ ਕੋਇ ॥

بھجُ سرنڑِ سُیامی سُکھہ گامی
تِس بِنا ان ناہِ کوءِ ॥

ਬਿਨਵੰਤਿ ਨਾਨਕ ਦਇਆ ਧਾਰਹੁ
ਤਿਸੁ ਪਰਾਪਤਿ ਨਾਮੁ ਹੋਇ ॥੩॥

بِنونّتِ نانک دئیا دھارہُ
تِس پراپتِ نامُ ہوءِ ॥3॥

ਸਲੋਕੁ ॥

سلوکُ ॥

ਚਿਤਿ ਜਿ ਚਿਤਵਿਆ
ਸੋ ਮੈ ਪਾਇਆ ॥

چِتِ جِ چِتویا
سو مے پائیا ॥

ਨਾਨਕ ਨਾਮੁ ਧਿਆਇ
ਸੁਖ ਸਬਾਇਆ ॥੪॥

نانک نامُ دھِیاءِ
سُکھ سبائیا ॥4॥

ਛੰਤੁ ॥

چھنّتُ ॥

ਅਬ ਮਨੁ ਛੂਟਿ ਗਇਆ
ਸਾਧੂ ਸੰਗਿ ਮਿਲੇ ॥

اب منُ چھوٹِ گئیا
سادھوُ سنگِ مِلے ॥

ਗੁਰਮੁਖਿ ਨਾਮੁ ਲਇਆ
ਜੋਤੀ ਜੋਤਿ ਰਲੇ ॥

گُرمُکھِ نامُ لئیا
جوتی جوتِ رلے ॥

ਹਰਿ ਨਾਮੁ ਸਿਮਰਤ ਮਿਟੇ ਕਿਲਬਿਖ
ਬੁਝੀ ਤਪਤਿ ਅਘਾਨਿਆ ॥

ہرِ نامُ سِمرت مِٹے کِلبِکھ
بُجھی تپتِ اگھانِیا ॥

ਗਹਿ ਭੁਜਾ ਲੀਨੇ ਦਇਆ ਕੀਨੇ
ਆਪਨੇ ਕਰਿ ਮਾਨਿਆ ॥

گہِ بھُجا لینے دئیا کِینے
آپنے کرِ مانِیا ॥

ਲੈ ਅੰਕਿ ਲਾਏ ਹਰਿ ਮਿਲਾਏ
ਜਨਮ ਮਰਣਾ ਦੁਖ ਜਲੇ ॥

لے انکِ لائے ہرِ مِلائے
جنم مرنا دُکھ جلے ॥

ਬਿਨਵੰਤਿ ਨਾਨਕ ਦਇਆ ਧਾਰੀ
ਮੇਲਿ ਲੀਨੇ ਇਕ ਪਲੇ ॥੪॥੨॥

بِنونتِ نانک دئیا دھاری
میلِ لِینے اِک پلے ॥4॥2॥

ਜੈਤਸਰੀ ਛੰਤ ਮਃ ੫ ॥

جیتسری چھنت م: 5 ॥

ਪਾਧਾਨੂ ਸੰਸਾਰੁ
ਗਾਰਬਿ ਅਟਿਆ ॥

پادھانُو سنسارُ
گاربِ اٹیا ॥

ਕਰਤੇ ਪਾਪ ਅਨੇਕ
ਮਾਇਆ ਰੰਗ ਰਟਿਆ ॥

کرتے پاپ انیک
مائیا رنگ رٹیا ॥

ਲੋਭਿ ਮੋਹਿ ਅਭਿਮਾਨਿ ਬੂਡੇ
ਮਰਣੁ ਚੀਤਿ ਨ ਆਵਏ ॥

لوبھِ موہِ ابھمانِ بُوڈے
مرنُ چیتِ ن آوئے ॥

ਪੁਤ੍ਰ ਮਿਤ੍ਰ ਬਿਉਹਾਰ ਬਨਿਤਾ
ਏਹ ਕਰਤ ਬਿਹਾਵਏ ॥

پُتّر مِتّر بِہار بنِتا
ایہ کرت بِہاوئے ॥

ਪੁਜਿ ਦਿਵਸ ਆਏ ਲਿਖੇ ਮਾਏ
ਦੁਖੁ ਧਰਮ ਦੂਤਹ ਡਿਠਿਆ ॥

پُجِ دِوس آئے لِکھے مائے
دُکھُ دھرم دوُتہ ڈِٹھیا ॥

ਕਿਰਤ ਕਰਮ ਨ ਮਿਟੈ ਨਾਨਕ
ਹਰਿ ਨਾਮ ਧਨੁ ਨਹੀ ਖਟਿਆ ॥੧॥

کِرت کرم ن مِٹے نانک
ہرِ نام دھنُ نہی کھٹیا ॥1॥

ਉਦਮ ਕਰਹਿ ਅਨੇਕ
ਹਰਿ ਨਾਮੁ ਨ ਗਾਵਹੀ ॥

اُدم کرہِ انیک
ہرِ نامُ ن گاوہی ॥

ਭਰਮਹਿ ਜੋਨਿ ਅਸੰਖ
ਮਰਿ ਜਨਮਹਿ ਆਵਹੀ ॥

بھرمہِ جونِ اسنکھ
مرِ جنمہِ آوہی ॥

ਪਸੂ ਪੰਖੀ ਸੈਲ ਤਰਵਰ
ਗਣਤ ਕਛੂ ਨ ਆਵਏ ॥

پسُو پنکھی سیَل ترور
گنّت کچھوُ ن آوئے ॥

ਬੀਜੁ ਬੋਵਸਿ ਭੋਗ ਭੋਗਹਿ
ਕੀਆ ਅਪਣਾ ਪਾਵਏ ॥

بِیجُ بووسِ بھوگ بھوگہِ
کِیا اپنّا پاوئے ॥

ਰਤਨ ਜਨਮੁ ਹਾਰੰਤ ਜੂਐ
ਪ੍ਰਭੂ ਆਪਿ ਨ ਭਾਵਹੀ ॥

رتن جنمُ ہارنّت جوُئے
پربھوُ آپِ ن بھاوہی ॥

ਬਿਨਵੰਤਿ ਨਾਨਕ ਭਰਮਹਿ ਭ੍ਰਮਾਏ
ਖਿਨੁ ਏਕੁ ਟਿਕਣੁ ਨ ਪਾਵਹੀ ॥੨॥

بِنونّتِ نانک بھرمہِ بھرمائے
کھِنُ ایکُ ٹِکنُّ ن پاوہی ॥2॥

ਜੋਬਨੁ ਗਇਆ ਬਿਤੀਤਿ
ਜਰੁ ਮਲਿ ਬੈਠੀਆ ॥

جوبنُ گیَیا بِتیتِ
جرُ مِلِ بیٹھیا ॥

ਕਰ ਕੰਪਹਿ ਸਿਰੁ ਡੋਲ
ਨੈਣ ਨ ਡੀਠਿਆ ॥

کر کنّپہِ سِرُ ڈول
نیَنْ ن ڈیٹھیا ॥

ਨਹ ਨੈਣ ਦੀਸੈ ਬਿਨੁ ਭਜਨ ਈਸੈ
ਛੋਡਿ ਮਾਇਆ ਚਾਲਿਆ ॥

نہ نیَنْ دیسےَ بِنُ بھجن ایسےَ
چھوڈِ مائیا چالیا ॥

ਕਹਿਆ ਨ ਮਾਨਹਿ ਸਿਰਿ ਖਾਕੁ ਛਾਨਹਿ
ਜਿਨ ਸੰਗਿ ਮਨੁ ਤਨੁ ਜਾਲਿਆ ॥

کہیا ن مانہِ سِرِ خاکُ چھانہِ
جِن سنگِ منُ تنُ جالیا ॥

ਸ੍ਰੀਰਾਮ ਰੰਗ ਅਪਾਰ ਪੂਰਨ
ਨਹ ਨਿਮਖ ਮਨ ਮਹਿ ਵੂਠਿਆ ॥

سّریرام رنگ اپار پوُرن
نہ نِمکھ من مہِ ووُٹھیا ॥

ਬਿਨਵੰਤਿ ਨਾਨਕ ਕੋਟਿ ਕਾਗਰ
ਬਿਨਸ ਬਾਰ ਨ ਝੂਠਿਆ ॥੩॥

بِنونّتِ نانک کوٹِ کاگر
بِنس بار ن جھوُٹھیا ॥3॥

ਚਰਨ ਕਮਲ ਸਰਣਾਇ
ਨਾਨਕੁ ਆਇਆ ॥

چرن کمل سرٹاءِ
نانکُ آئیا ॥

ਦੁਤਰੁ ਭੈ ਸੰਸਾਰੁ
ਪ੍ਰਭਿ ਆਪਿ ਤਰਾਇਆ ॥

دُترُ بھےَ سنّسارُ
پربھِ آپِ ترائیا ॥

ਮਿਲਿ ਸਾਧਸੰਗੇ ਭਜੇ ਸ੍ਰੀਧਰ
ਕਰਿ ਅੰਗੁ ਪ੍ਰਭ ਜੀ ਤਾਰਿਆ ॥

مِلِ سادھسنگے بھجے سّریدھر
کرِ انگُ پربھ جی تارِیا ॥

ਹਰਿ ਮਾਨਿ ਲੀਏ ਨਾਮ ਦੀਏ
ਅਵਰੁ ਕਛੁ ਨ ਬੀਚਾਰਿਆ ॥

ہرِ مانِ لیئے نام دیئے
اورُ کچھُ ن بیچارِیا ॥

ਗੁਣ ਨਿਧਾਨ ਅਪਾਰ ਠਾਕੁਰ
ਮਨਿ ਲੋੜੀਦਾ ਪਾਇਆ ॥

گُنْ نِدھان اپار ٹھاکُر

ਬਿਨਵੰਤਿ ਨਾਨਕੁ ਸਦਾ ਤ੍ਰਿਪਤੇ
ਹਰਿ ਨਾਮੁ ਭੋਜਨੁ ਖਾਇਆ ॥੪॥੨॥੩॥

ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ

ੴ ਸਤਿਗੁਰ ਪ੍ਰਸਾਦਿ ॥

ਸਲੋਕ ॥

ਆਦਿ ਪੂਰਨ ਮਧਿ ਪੂਰਨ
ਅੰਤਿ ਪੂਰਨ ਪਰਮੇਸੁਰਹ ॥

ਸਿਮਰੰਤਿ ਸੰਤ ਸਰਬਤ੍ਰ ਰਮਣੰ
ਨਾਨਕ ਅਘਨਾਸਨ ਜਗਦੀਸੁਰਹ ॥੧॥

ਪੇਖਨ ਸੁਨਨ ਸੁਨਾਵਨੋ
ਮਨ ਮਹਿ ਦ੍ਰਿੜੀਐ ਸਾਚੁ ॥

ਪੂਰਿ ਰਹਿਓ ਸਰਬਤ੍ਰ ਮੈ
ਨਾਨਕ ਹਰਿ ਰੰਗਿ ਰਾਚੁ ॥੨॥

ਪਉੜੀ ॥

ਹਰਿ ਏਕੁ ਨਿਰੰਜਨੁ ਗਾਈਐ
ਸਭ ਅੰਤਰਿ ਸੋਈ ॥

ਕਰਣ ਕਾਰਣ ਸਮਰਥ ਪ੍ਰਭੁ
ਜੋ ਕਰੇ ਸੁ ਹੋਈ ॥

ਖਿਨ ਮਹਿ ਥਾਪਿ ਉਥਾਪਦਾ
ਤਿਸੁ ਬਿਨੁ ਨਹੀ ਕੋਈ ॥

ਖੰਡ ਬ੍ਰਹਮੰਡ ਪਾਤਾਲ ਦੀਪ
ਰਵਿਆ ਸਭ ਲੋਈ ॥

ਜਿਸੁ ਆਪਿ ਬੁਝਾਏ ਸੋ ਬੁਝਸੀ
ਨਿਰਮਲ ਜਨੁ ਸੋਈ ॥੧॥

ਮنِ لوڑِیدا پائِیا ॥

بِنونّتِ نانکُ سدا ترِپتے
ہرِ نامُ بھوجنُ کھائِیا ॥4॥2॥3॥

جیتسری محلا 5 وار سلوکا نالِ

ੴ ستِگُر پرّسادِ ॥

سلوک ॥

آدِ پوُرن مدھِ پوُرن
انّتِ پوُرن پرمیسُرہ ॥

سِمرنّتِ سنّت سربتّر رمنّں
نانک اگھناسن جگدیسُرہ ॥1॥

پیکھن سُنن سُناونو
من مہِ دڑِڑیۂ ساچُ ॥

پوُرِ رہِئو سربتّر مےَ
نانک ہرِ رنگِ راچُ ॥2॥

پڑُی ॥

ہرِ ایکُ نِرنجنُ گائیۂ
سبھ انّترِ سوئی ॥

کرنّ کارنّ سمرتھ پربھُ
جو کرے سُ ہوئی ॥

کھِن مہِ تھاپِ اُتھاپدا
تِسُ بِنُ نہی کوئی ॥

کھنڈ برہمنڈ پاتال دیپ
روِیا سبھ لوئی ॥

جِسُ آپِ بُجھائے سو بُجھسی
نِرمل جنُ سوئی ॥1॥

ਸਲੋਕ ॥

ਰਚੰਤਿ ਜੀਅ ਰਚਨਾ
ਮਾਤ ਗਰਭ ਅਸਥਾਪਨੰ ॥

ਸਾਸਿ ਸਾਸਿ ਸਿਮਰੰਤਿ ਨਾਨਕ
ਮਹਾ ਅਗਨਿ ਨ ਬਿਨਾਸਨੰ ॥੧॥

ਮੁਖੁ ਤਲੈ ਪੈਰ ਉਪਰੇ
ਵਸੰਦੋ ਕੁਹਥੜੈ ਥਾਇ ॥

ਨਾਨਕ ਸੋ ਧਣੀ ਕਿਉ ਵਿਸਾਰਿਓ
ਉਧਰਹਿ ਜਿਸ ਦੈ ਨਾਇ ॥੨॥

ਪਉੜੀ ॥

ਰਕਤੁ ਬਿੰਦੁ ਕਰਿ ਨਿੰਮਿਆ
ਅਗਨਿ ਉਦਰ ਮਝਾਰਿ ॥

ਉਰਧ ਮੁਖੁ ਕੁਚੀਲ ਬਿਕਲੁ
ਨਰਕਿ ਘੋਰਿ ਗੁਬਾਰਿ ॥

ਹਰਿ ਸਿਮਰਤ ਤੂ ਨਾ ਜਲਹਿ
ਮਨਿ ਤਨਿ ਉਰ ਧਾਰਿ ॥

ਬਿਖਮ ਥਾਨਹੁ ਜਿਨਿ ਰਖਿਆ
ਤਿਸੁ ਤਿਲੁ ਨ ਵਿਸਾਰਿ ॥

ਪ੍ਰਭ ਬਿਸਰਤ ਸੁਖੁ ਕਦੇ ਨਾਹਿ
ਜਾਸਹਿ ਜਨਮੁ ਹਾਰਿ ॥੨॥

ਸਲੋਕ ॥

ਮਨ ਇਛਾ ਦਾਨ ਕਰਣੰ
ਸਰਬਤ੍ਰ ਆਸਾ ਪੂਰਨਹ ॥

ਖੰਡਣੰ ਕਲਿ ਕਲੇਸਹ
ਪ੍ਰਭ ਸਿਮਰਿ ਨਾਨਕ ਨਹ ਦੂਰਣਹ ॥੧॥

سلوک ॥

رچنَتِ جیء رچنا
مات گربھ استھاپنَن ॥

ساسِ ساسِ سِمرنَتِ نانک
مہا اگنِ ن بِناسنَن ॥1॥

مُکھُ تلے پیَر اُپرے
وسنّدو کُہتھڑے تھاءِ ॥

نانک سو دھنّی کِءُ وِسارِئو
اُدھرہِ جِس دے ناءِ ॥2॥

پؤڑی ॥

رکتُ بِنّدُ کرِ نِمّیا
اگنِ اُدر مجھارِ ॥

اُردھ مُکھُ کچیل بِکلُ
نرکِ گھورِ غُبارِ ॥

ہرِ سِمرت توُ نا جلہِ
منِ تنِ اُر دھارِ ॥

بِکھم تھانہُ جِنِ رکھیا
تِسُ تِلُ ن وِسارِ ॥

پربھ بِسرت سُکھُ کدے ناہِ
جاسہِ جنمُ ہارِ ॥2॥

سلوک ॥

من اِچھا دان کرنّن
سربتّر آسا پوُرنہ ॥

کھنّڈنّن کلِ کلیسہ
پربھ سِمرِ نانک نہ دوُرنّہ ॥1॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਹਭਿ ਰੰਗ ਮਾਣਹਿ ਜਿਸੁ ਸੰਗਿ
ਤੈ ਸਿਉ ਲਾਈਐ ਨੇਹੁ ॥

ہبھِ رنگ ماڻہِ جِسُ سنگِ
تے سِ ءُ لائیئے نیہُ ॥

ਸੋ ਸਹੁ ਬਿੰਦ ਨ ਵਿਸਰਉ
ਨਾਨਕ ਜਿਨਿ ਸੁੰਦਰੁ ਰਚਿਆ ਦੇਹੁ ॥੨॥

سو سہُ بِنّد ن وِسرءُ
نانک جِنِ سُنّدرُ رچِیا دیہُ ॥2॥

ਪਉੜੀ ॥

پئڑی ॥

ਜੀਉ ਪ੍ਰਾਨ ਤਨੁ ਧਨੁ ਦੀਆ
ਦੀਨੇ ਰਸ ਭੋਗ ॥

جیِءُ پّران تنُ دھنُ دیِیا
دیِنے رس بھوگ ॥

ਗ੍ਰਿਹ ਮੰਦਰ ਰਥ ਅਸੁ ਦੀਏ
ਰਚਿ ਭਲੇ ਸੰਜੋਗ ॥

گّرِہ منّدر رتھ اسُ دیِۓ
رچِ بھلے سنّجوگ ॥

ਸੁਤ ਬਨਿਤਾ ਸਾਜਨ ਸੇਵਕ ਦੀਏ
ਪ੍ਰਭ ਦੇਵਨ ਜੋਗ ॥

سُت بنِتا ساجن سیوک دیِۓ
پّربھ دیون جوگ ॥

ਹਰਿ ਸਿਮਰਤ ਤਨੁ ਮਨੁ ਹਰਿਆ
ਲਹਿ ਜਾਹਿ ਵਿਜੋਗ ॥

ہرِ سِمرت تنُ منُ ہرِیا
لہِ جاہِ وِجوگ ॥

ਸਾਧਸੰਗਿ ਹਰਿ ਗੁਣ ਰਮਹੁ
ਬਿਨਸੇ ਸਭਿ ਰੋਗ ॥੩॥

سادھسنگِ ہرِ گُڻ رمہُ
بِنسے سبھِ روگ ॥3॥

ਸਲੋਕ ॥

سلوک ॥

ਕੁਟੰਬ ਜਤਨ ਕਰਣੰ
ਮਾਇਆ ਅਨੇਕ ਉਦਮਹ ॥

کُٹنّب جتن کرڻنّ
مائیا انیک اُدمہ ॥

ਹਰਿ ਭਗਤਿ ਭਾਵ ਹੀਣੰ
ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ ॥੧॥

ہرِ بھگتِ بھاو ہیِڻنّ
نانک پّربھ بِسرت تے پّریتتہ ॥1॥

ਤੁਟੜੀਆ ਸਾ ਪ੍ਰੀਤਿ
ਜੋ ਲਾਈ ਬਿਅੰਨ ਸਿਉ ॥

ٹُٹڑیِیا سا پّریتِ
جو لائی بِنّن سِ ءُ ॥

ਨਾਨਕ ਸਚੀ ਰੀਤਿ
ਸਾਂਈ ਸੇਤੀ ਰਤਿਆ ॥੨॥

نانک سچی ریتِ
سانئی سیتی رتیا ॥2॥

ਪਉੜੀ ॥

پئڑی ॥

ਜਿਸੁ ਬਿਸਰਤ ਤਨੁ ਭਸਮ ਹੋਇ
ਕਹਤੇ ਸਭਿ ਪ੍ਰੇਤੁ ॥

جِسُ بِسرت تنُ بھسم ہوءِ
کہتے سبھِ پّریتُ ॥

ਖਿਨੁ ਗ੍ਰਿਹ ਮਹਿ ਬਸਨ ਨ ਦੇਵਹੀ
ਜਿਨ ਸਿਉ ਸੋਈ ਹੇਤੁ ॥

کھِنُ گّرِہ مہِ بسن ن دیوہی
جِن سِ ءُ سوئی ہیتُ ॥

ਕਰਿ ਅਨਰਥ ਦਰਬੁ ਸੰਚਿਆ
ਸੋ ਕਾਰਜਿ ਕੇਤੁ ॥

کرِ انرتھ دربُ سنچّیا
سو کارجِ کیتُ ۔ ॥

ਜੈਸਾ ਬੀਜੈ ਸੋ ਲੁਣੈ
ਕਰਮ ਇਹੁ ਖੇਤੁ ॥

جیَسا بیجےَ سو لُنّے
کرم اِہُ کھیتُ ॥

ਅਕਿਰਤਘਣਾ ਹਰਿ ਵਿਸਰਿਆ
ਜੋਨੀ ਭਰਮੇਤੁ ॥੪॥

اکِرتگھٹا ہرِ وِسرِیا
جونی بھرمیتُ ॥4॥

ਸਲੋਕ ॥

سلوک ॥

ਕੋਟਿ ਦਾਨ ਇਸਨਾਨੰ
ਅਨਿਕ ਸੋਧਨ ਪਵਿਤ੍ਰਤਹ ॥

کوٹِ دان اِسنانںّ
انِک سودھن پوِتّرتہ ॥

ਉਚਰੰਤਿ ਨਾਨਕ ਹਰਿ ਹਰਿ ਰਸਨਾ
ਸਰਬ ਪਾਪ ਬਿਮੁਚਤੇ ॥੧॥

اُچرنّتِ نانک ہرِ ہرِ رسنا
سرب پاپ بِمُچتے ॥1॥

ਈਧਣੁ ਕੀਤੋਮੁ ਘਣਾ
ਭੋਰੀ ਦਿਤੀਮੁ ਭਾਹਿ ॥

ایِدھنُ کیِتومُ گھٹا
بھوری دِتیمُ بھاہِ ॥

ਮਨਿ ਵਸੰਦੜੋ ਸਚੁ ਸਹੁ
ਨਾਨਕ ਹਭੇ ਡੁਖੜੇ ਉਲਾਹਿ ॥੨॥

منِ وسنّڈرو سچُ سہُ
نانک ہبھے ڈُکھڑے اُلاہِ ॥2॥

ਪਉੜੀ ॥

پئُڑی ॥

ਕੋਟਿ ਅਘਾ ਸਭਿ ਨਾਸ ਹੋਹਿ
ਸਿਮਰਤ ਹਰਿ ਨਾਉ ॥

کوٹِ اگھا سبھِ ناس ہوہِ
سِمرت ہرِ ناءُ ॥

ਮਨ ਚਿੰਦੇ ਫਲ ਪਾਈਅਹਿ
ਹਰਿ ਕੇ ਗੁਣ ਗਾਉ ॥

من چِنّدے پھل پائیَہِ
ہرِ کے گُنؤ گاءُ ॥

ਜਨਮ ਮਰਣ ਭੈ ਕਟੀਅਹਿ

جنم مرنؤ بھےَ کٹیَہِ

ਨਿਹਚਲ ਸਚੁ ਥਾਉ ॥

نہچل سچُ تھاءُ ॥

ਪੂਰਬਿ ਹੋਵੈ ਲਿਖਿਆ
ਹਰਿ ਚਰਣ ਸਮਾਉ ॥

پوُربِ ہووے لِکھیا
ہرِ چرنؒ سماءُ ॥

ਕਰਿ ਕਿਰਪਾ ਪ੍ਰਭ ਰਾਖਿ ਲੇਹੁ
ਨਾਨਕ ਬਲਿ ਜਾਉ ॥੫॥

کرِ کرپا پربھ راکھِ لیہُ
نانک بلِ جاءُ ॥5॥

ਸਲੋਕ ॥

سلوک ॥

ਗ੍ਰਿਹ ਰਚਨਾ ਅਪਾਰੰ
ਮਨਿ ਬਿਲਾਸ ਸੁਆਦੰ ਰਸਹ ॥

گرِہ رچنا اپارنَ
منِ بِلاس سُیادنَ رسہ ॥

ਕਦਾਂਚ ਨਹ ਸਿਮਰੰਤਿ ਨਾਨਕ
ਤੇ ਜੰਤ ਬਿਸਟਾ ਕ੍ਰਿਮਹ ॥੧॥

کدانچ نہ سِمرنَتِ نانک
تے جنَت بِسٹا کرِمہ ॥1॥

ਮੁਚੁ ਅਡੰਬਰੁ ਹਭੁ ਕਿਹੁ
ਮੰਝਿ ਮੁਹਬਤਿ ਨੇਹ ॥

مُچُ اڈنبرُ ہبھُ کِہُ
منجھِ مُحبتِ نیہ ॥

ਸੋ ਸਾਂਈ ਜੈਂ ਵਿਸਰੈ
ਨਾਨਕ ਸੋ ਤਨੁ ਖੇਹ ॥੨॥

سو سانئی جیَں وِسرے
نانک سو تنُ کھیہ ॥2॥

ਪਉੜੀ ॥

پُڑی ॥

ਸੁੰਦਰ ਸੇਜ ਅਨੇਕ ਸੁਖ
ਰਸ ਭੋਗਣ ਪੂਰੇ ॥

سُندر سیج انیک سُکھ
رس بھوگنؒ پوُرے ॥

ਗ੍ਰਿਹ ਸੋਇਨ ਚੰਦਨ ਸੁਗੰਧ
ਲਾਇ ਮੋਤੀ ਹੀਰੇ ॥

گرِہ سوئن چندن سُگندھ
لاءِ موتی ہیرے ॥

ਮਨ ਇਛੇ ਸੁਖ ਮਾਣਦਾ
ਕਿਛੁ ਨਾਹਿ ਵਿਸੂਰੇ ॥

من اِچھے سُکھ ماڈا
کِچھُ ناہِ وِسوُرے ॥

ਸੋ ਪ੍ਰਭੁ ਚਿਤਿ ਨ ਆਵਈ
ਵਿਸਟਾ ਕੇ ਕੀਰੇ ॥

سو پربھُ چِتِ ن آوئی
وِسٹا کے کیرے ॥

ਬਿਨੁ ਹਰਿ ਨਾਮ ਨ ਸਾਂਤਿ ਹੋਇ
ਕਿਤੁ ਬਿਧਿ ਮਨੁ ਧੀਰੇ ॥੬॥

بِنُ ہرِ نام ن سانتِ ہوءِ
کِتُ بِدھِ منُ دھیرے ۔ ॥6॥

ਸਲੋਕ ॥

ਚਰਨ ਕਮਲ ਬਿਰਹੰ
ਖੋਜੰਤ ਬੈਰਾਗੀ ਦਹ ਦਿਸਹ ॥

ਤਿਆਗੰਤ ਕਪਟ ਰੂਪ ਮਾਇਆ
ਨਾਨਕ ਆਨੰਦ ਰੂਪ ਸਾਧ ਸੰਗਮਹ ॥੧॥

ਮਨਿ ਸਾਂਈ ਮੁਖਿ ਉਚਰਾ
ਵਤਾ ਹਭੇ ਲੋਅ ॥

ਨਾਨਕ ਹਭਿ ਅਡੰਬਰ ਕੂੜਿਆ
ਸੁਣਿ ਜੀਵਾ ਸਚੀ ਸੋਇ ॥੨॥

ਪਉੜੀ ॥

ਬਸਤਾ ਤੂਟੀ ਝੁੰਪੜੀ
ਚੀਰ ਸਭਿ ਛਿੰਨਾ ॥

ਜਾਤਿ ਨ ਪਤਿ ਨ ਆਦਰੋ
ਉਦਿਆਨ ਭ੍ਰਮਿੰਨਾ ॥

ਮਿਤ੍ਰ ਨ ਇਠ ਧਨ ਰੂਪ ਹੀਣ
ਕਿਛੁ ਸਾਕੁ ਨ ਸਿੰਨਾ ॥

ਰਾਜਾ ਸਗਲੀ ਸ੍ਰਿਸਟਿ ਕਾ
ਹਰਿ ਨਾਮਿ ਮਨੁ ਭਿੰਨਾ ॥

ਤਿਸ ਕੀ ਧੂੜਿ ਮਨੁ ਉਧਰੈ
ਪ੍ਰਭੁ ਹੋਇ ਸੁਪ੍ਰਸੰਨਾ ॥੭॥

ਸਲੋਕ ॥

ਅਨਿਕ ਲੀਲਾ ਰਾਜ ਰਸ ਰੂਪੰ
ਛਤ੍ਰ ਚਮਰ ਤਖਤ ਆਸਨੰ ॥

ਰਚੰਤਿ ਮੂੜ ਅਗਿਆਨ ਅੰਧਹ
ਨਾਨਕ ਸੁਪਨ ਮਨੋਰਥ ਮਾਇਆ ॥੧॥

سلوک ॥

چرن کمل برہنّ
کھوجنّت بیَراگی دہ دِسہ ॥

تِیاگنّت کپٹ روُپ مائیا
نانک آنند روُپ سادھ سنگمہ ॥1॥

منِ سانتی مُکھِ اُچرا
وتا ہبھے لوء ॥

نانک ہبھِ اڈنبر کوُڑِیا
سُنِ جیِوا سچی سوءِ ॥2॥

پڑی ॥

بستا توٹی جھُنپڑی
چیِر سبھِ چھِنّا ॥

زاتِ ن پتِ ن آدرو
اُدِیان بھرمِنّا ॥

مِترّ ن اِٹھ دھن روُپ ہیِنّ
کِچھُ ساکُ ن سِنّا ॥

راجا سگلی سرِسٹِ کا
ہرِ نامِ منُ بھِنّا ॥

تِس کی دھوُڑِ منُ اُدھرے
پربھُ ہوءِ سُپرسنّا ॥7॥

سلوک ॥

انِک لِیلا راج رس روُپنّ
چھتّر چمر تخت آسننّ ॥

رچنّتِ موُڑ اگیان اندھہ
نانک سُپن منورتھ مائیا ॥1॥

ਸੁਪਨੈ ਹਭਿ ਰੰਗ ਮਾਣਿਆ
ਮਿਠਾ ਲਗੜਾ ਮੋਹੁ ॥

ਨਾਨਕ ਨਾਮ ਵਿਹੂਣੀਆ
ਸੁੰਦਰਿ ਮਾਇਆ ਧ੍ਰੋਹੁ ॥੨॥

ਪਉੜੀ ॥

ਸੁਪਨੇ ਸੇਤੀ ਚਿਤੁ
ਮੂਰਖਿ ਲਾਇਆ ॥

ਬਿਸਰੇ ਰਾਜ ਰਸ ਭੋਗ
ਜਾਗਤ ਭਖਲਾਇਆ ॥

ਆਰਜਾ ਗਈ ਵਿਹਾਇ
ਧੰਧੈ ਧਾਇਆ ॥

ਪੂਰਨ ਭਏ ਨ ਕਾਮ
ਮੋਹਿਆ ਮਾਇਆ ॥

ਕਿਆ ਵੇਚਾਰਾ ਜੰਤੁ
ਜਾ ਆਪਿ ਭੁਲਾਇਆ ॥੮॥

ਸਲੋਕ ॥

ਬਸੰਤਿ ਸ੍ਵਰਗ ਲੋਕਹ
ਜਿਤਤੇ ਪ੍ਰਿਥਵੀ ਨਵ ਖੰਡਣਹ ॥

ਬਿਸਰੰਤ ਹਰਿ ਗੋਪਾਲਹ
ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ ॥੧॥

ਕਉਤਕ ਕੋਡ ਤਮਾਸਿਆ
ਚਿਤਿ ਨ ਆਵਸੁ ਨਾਉ ॥

ਨਾਨਕ ਕੋੜੀ ਨਰਕ ਬਰਾਬਰੇ
ਉਜੜੁ ਸੋਈ ਥਾਉ ॥੨॥

ਪਉੜੀ ॥

سُپنے ہبھِ رنگ ماٹیا
مِٹھا لگڑا موہُ ॥

نانک نام وِہوُٹیا
سُنّدرِ مائیا دھّروہُ ॥2॥

پؤڑی ॥

سُپنے سیتی چِتُ
مُورکھِ لائیا ॥

بِسرے راج رس بھوگ
جاگت بھکھلائیا ॥

آرجا گئی وِہاءِ
دھندّھے دھائیا ॥

پوُرن بھئے ن کام
موہِیا مائیا ॥

کِیا ویچارا جنّتُ
جا آپِ بھُلائیا ॥8॥

سلوک ॥

بسنّتِ سّورگ لوکہ
جِتتے پّرتھوی نو کھنّڈٹہ ॥

بِسرنّت ہرِ گوپالہ
نانک تے پّرانٹی اُدِیان بھرمٹہ ॥1॥

کنّتک کوڈ تماشِیا
چِتِ ن آوسُ ناءُ ॥

نانک کوڑی نرک برابرے
اُجڑُ سوئی تھاءُ ॥2॥

پؤڑی ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پُرب نوں سمرپت | سیوا: بھائی بلجِندر سنگھ جی (راتا صاہِب)

ਮਹਾ ਭਇਆਨ ਉਦਿਆਨ
ਨਗਰ ਕਰਿ ਮਾਨਿਆ ॥

مہا بھئیان اُدیان
نگر کرِ مانِیا ॥

ਝੂਠ ਸਮਗ੍ਰੀ ਪੇਖਿ
ਸਚੁ ਕਰਿ ਜਾਨਿਆ ॥

جھوُٹھ سمگّری پیکھِ
سچُ کرِ جانِیا ॥

ਕਾਮ ਕ੍ਰੋਧਿ ਅਹੰਕਾਰਿ
ਫਿਰਹਿ ਦੇਵਾਨਿਆ ॥

کام کّرودھِ اہنکّارِ
پھِرہِ دیوانِیا ॥

ਸਿਰਿ ਲਗਾ ਜਮ ਡੰਡੁ
ਤਾ ਪਛੁਤਾਨਿਆ ॥

سِرِ لگا جم ڈنّڈُ
تا پچھُتانِیا ॥

ਬਿਨੁ ਪੂਰੇ ਗੁਰਦੇਵ
ਫਿਰੈ ਸੈਤਾਨਿਆ ॥੯॥

بِنُ پوُرے گُردیو
پھِرے شیَطانِیا ॥9॥

ਸਲੋਕ ॥

سلوک ॥

ਰਾਜ ਕਪਟੰ ਰੂਪ ਕਪਟੰ
ਧਨ ਕਪਟੰ ਕੁਲ ਗਰਬਤਹ ॥

راج کپٹنّ روُپ کپٹنّ
دھن کپٹنّ کُل گربتہ ॥

ਸੰਚੰਤਿ ਬਿਖਿਆ ਛਲੰ ਛਿਦ੍ਰੰ
ਨਾਨਕ ਬਿਨੁ ਹਰਿ ਸੰਗਿ ਨ ਚਾਲਤੇ ॥੧॥

سنچّنتِ بِکھیا چھلنّ چھِدّرنّ
نانک بِنُ ہرِ سنگِ ن چالتے ॥1॥

ਪੇਖੰਦੜੋ ਕੀ ਭੁਲੁ
ਤੁੰਮਾ ਦਿਸਮੁ ਸੋਹਣਾ ॥

پیکھنّدڑو کی بھُلُ
تُنّما دِسمُ سوہنّا ॥

ਅਢੁ ਨ ਲਹੰਦੜੋ ਮੁਲੁ
ਨਾਨਕ ਸਾਥਿ ਨ ਜੁਲਈ ਮਾਇਆ ॥੨॥

اڈھُ ن لہنّڈرو مُلُ
نانک ساتھِ ن جُلئی مائِیا ॥2॥

ਪਉੜੀ ॥

پئُڑی ॥

ਚਲਦਿਆ ਨਾਲਿ ਨ ਚਲੈ
ਸੋ ਕਿਉ ਸੰਜੀਐ ॥

چلدِیا نالِ ن چلےَ
سو کِءُ سنجِیےَ ॥

ਤਿਸ ਕਾ ਕਹੁ ਕਿਆ ਜਤਨੁ
ਜਿਸ ਤੇ ਵੰਜੀਐ ॥

تِس کا کہُ کِیا جتنُ
جِس تے ونجِیےَ ॥

ਹਰਿ ਬਿਸਰਿਐ ਕਿਉ ਤ੍ਰਿਪਤਾਵੈ

ہرِ بِسرِئے کِءُ ترِپتاوے

ਨਾ ਮਨੁ ਰੰਜੀਐ ॥

نا منُ رنجیِّے ॥

ਪ੍ਰਭੂ ਛੋਡਿ ਅਨ ਲਾਗੈ
ਨਰਕਿ ਸਮੰਜੀਐ ॥

پربھوُ چھوڈِ ان لاگے
نرکِ سمنجیِّے ॥

ਹੋਹੁ ਕ੍ਰਿਪਾਲ ਦਇਆਲ
ਨਾਨਕ ਭਉ ਭੰਜੀਐ ॥੧੦॥

ہوہُ کرِپال دیَیال
نانک بھءُ بھنجیِّے ॥ 10 ॥

ਸਲੋਕ ॥

سلوک ॥

ਨਚ ਰਾਜ ਸੁਖ ਮਿਸਟੰ ਨਚ ਭੋਗ ਰਸ ਮਿਸਟੰ
ਨਚ ਮਿਸਟੰ ਸੁਖ ਮਾਇਆ ॥

نچ راج سُکھ مِسٹنّ نچ بھوگ رس مِسٹنّ
نچ مِسٹنّ سُکھ مائیا ॥

ਮਿਸਟੰ ਸਾਧਸੰਗਿ ਹਰਿ ਨਾਨਕ ਦਾਸ
ਮਿਸਟੰ ਪ੍ਰਭ ਦਰਸਨੰ ॥੧॥

مِسٹنّ سادھسنگِ ہرِ نانک داس
مِسٹنّ پربھ درسنّ ॥ 1 ॥

ਲਗੜਾ ਸੋ ਨੇਹੁ
ਮੰਨ ਮਝਾਹੂ ਰਤਿਆ ॥

لگڑا سو نیہُ
منّن مجھاہوُ رتیا ॥

ਵਿਧੜੋ ਸਚ ਥੋਕਿ
ਨਾਨਕ ਮਿਠੜਾ ਸੋ ਧਣੀ ॥੨॥

وِدھڑو سچ تھوکِ
نانک مِٹھڑا سو دھنّی ॥ 2 ॥

ਪਉੜੀ ॥

پئُڑی ॥

ਹਰਿ ਬਿਨੁ ਕਛੂ ਨ ਲਾਗਈ
ਭਗਤਨ ਕਉ ਮੀਠਾ ॥

ہرِ بِنُ کچھوُ ن لاگئی
بھگتن کءُ میٹھا ॥

ਆਨ ਸੁਆਦ ਸਭਿ ਫੀਕਿਆ
ਕਰਿ ਨਿਰਨਉ ਡੀਠਾ ॥

آن سُیاد سبھِ پھیکیا
کرِ نِرنءُ ڈیٹھا ॥

ਅਗਿਆਨੁ ਭਰਮੁ ਦੁਖੁ ਕਟਿਆ
ਗੁਰ ਭਏ ਬਸੀਠਾ ॥

اگیانُ بھرمُ دُکھُ کٹیا
گُر بھۓ بسیٹھا ॥

ਚਰਨ ਕਮਲ ਮਨੁ ਬੇਧਿਆ
ਜਿਉ ਰੰਗੁ ਮਜੀਠਾ ॥

چرن کمل منُ بیدھیا
جِءُ رنگُ مجیٹھا ॥

ਜੀਉ ਪ੍ਰਾਣ ਤਨੁ ਮਨੁ ਪ੍ਰਭੂ
ਬਿਨਸੇ ਸਭਿ ਝੂਠਾ ॥੧੧॥

جیِءُ پّراںٹ تنُ منُ پربھوُ
بِنسے سبھِ جھوُٹھا ॥ 11 ॥

ਸਲੋਕ ॥

ਤਿਅਕਤ ਜਲੰ ਨਹ ਜੀਵ ਮੀਨੰ
ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ ॥

ਬਾਣ ਬੇਧੰਚ ਕੁਰੰਕ ਨਾਦੰ
ਅਲਿ ਬੰਧਨ ਕੁਸਮ ਬਾਸਨਹ ॥

ਚਰਨ ਕਮਲ ਰਚੰਤਿ ਸੰਤਹ
ਨਾਨਕ ਆਨ ਨ ਰੁਚਤੇ ॥੧॥

ਮੁਖੁ ਡੇਖਾਉ ਪਲਕ
ਛਡਿ ਆਨ ਨ ਡੇਉ ਚਿਤੁ ॥

ਜੀਵਣ ਸੰਗਮੁ ਤਿਸੁ ਧਣੀ
ਹਰਿ ਨਾਨਕ ਸੰਤਾਂ ਮਿਤੁ ॥੨॥

ਪਉੜੀ ॥

ਜਿਉ ਮਛੁਲੀ ਬਿਨੁ ਪਾਣੀਐ
ਕਿਉ ਜੀਵਣੁ ਪਾਵੈ ॥

ਬੂੰਦ ਵਿਹੂਣਾ ਚਾਤ੍ਰਿਕੋ
ਕਿਉ ਕਰਿ ਤ੍ਰਿਪਤਾਵੈ ॥

ਨਾਦ ਕੁਰੰਕਹਿ ਬੇਧਿਆ
ਸਨਮੁਖ ਉਠਿ ਧਾਵੈ ॥

ਭਵਰੁ ਲੋਭੀ ਕੁਸਮ ਬਾਸੁ ਕਾ
ਮਿਲਿ ਆਪੁ ਬੰਧਾਵੈ ॥

ਤਿਉ ਸੰਤ ਜਨਾ ਹਰਿ ਪ੍ਰੀਤਿ ਹੈ
ਦੇਖਿ ਦਰਸੁ ਅਘਾਵੈ ॥੧੨॥

ਸਲੋਕ ॥

ਚਿਤਵੰਤਿ ਚਰਨ ਕਮਲੰ
ਸਾਸਿ ਸਾਸਿ ਅਰਾਧਨਹ ॥

سلوک ॥

تِنکت جلنّ نہ جِیو مینّ
نہ تِیاگِ چاتّرِک میگھ منّڈلہ ॥

باڻ بید ھنچّ کُرنک نادنّ
الِ بنّدھن کُسم باسنہ ॥

چرن کمل رچنّتِ سنّتہ
نانک آن ن رُچتے ॥1॥

مُکھُ ڈیکھائوُ پلک
چھڈِ آن ن ڈیئوُ چِتُ ॥

جیِوڻ سنگمُ تِسُ دھنّی
ہرِ نانک سنّتاں مِتُ ॥2॥

پپُڑی ॥

جِءُ مچھُلی بِنُ پانیئے
کِءُ جیِوڻُ پاوے ۔ ॥

بوُنّد وِہوُنّا چاتّرِکو
کِءُ کرِ تّرِپتاوے ۔ ॥

نادُ کُرنکہِ بیدھِیا
سنمُکھ اُٹھِ دھاوے ॥

بھورُ لوبھی کسم باسُ کا
مِلِ آپُ بنّدھاوے ॥

تِءُ سنّت جنا ہرِ پّریتِ ہے
دیکھِ درسُ اگھاوے ॥ 12 ॥

سلوک ॥

چِتونّتِ چرن کملنّ
ساسِ ساسِ ارادھنہ ॥

ਨਹ ਬਿਸਰੰਤਿ ਨਾਮ ਅਚੁਤ
ਨਾਨਕ ਆਸ ਪੂਰਨ ਪਰਮੇਸੁਰਹ ॥੧॥

نہ بِسرنّتِ نام اچُت
نانک آس پوُرن پرمیسُرہ ॥1॥

ਸੀਤੜਾ ਮੰਨ ਮੰਝਾਹਿ
ਪਲਕ ਨ ਥੀਵੈ ਬਾਹਰਾ ॥

سِیتڑا منّن منجھاہِ
پلک ن تھیوے باہرا ॥

ਨਾਨਕ ਆਸੜੀ ਨਿਬਾਹਿ
ਸਦਾ ਪੇਖੰਦੋ ਸਚੁ ਧਣੀ ॥੨॥

نانک آسڑی نِباہِ
سدا پیکھندو سچُ دھنّی ॥2॥

ਪਉੜੀ ॥

پئڑی ॥

ਆਸਾਵੰਤੀ ਆਸ ਗੁਸਾਈ ਪੂਰੀਐ ॥

آساونّتی آس گُسائی پوُریےّ ॥

ਮਿਲਿ ਗੋਪਾਲ ਗੋਬਿੰਦ ਨ ਕਬਹੂ ਝੂਰੀਐ ॥

مِلِ گوپال گوبِندّ ن کبہوُ جھوُریےّ ॥

ਦੇਹੁ ਦਰਸੁ ਮਨਿ ਚਾਉ
ਲਹਿ ਜਾਹਿ ਵਿਸੂਰੀਐ ॥

دیہُ درسُ منِ چاءُ
لہِ جاہِ وِسوُریےّ ॥

ਹੋਇ ਪਵਿਤ੍ਰ ਸਰੀਰੁ
ਚਰਨਾ ਧੂਰੀਐ ॥

ہوءِ پوِتّر سریرُ
چرنا دھوُریےّ ॥

ਪਾਰਬ੍ਰਹਮ ਗੁਰਦੇਵ ਸਦਾ ਹਜੂਰੀਐ ॥੧੩॥

پاربّرہم گُردیو سدا حضوُریےّ ॥ 13 ॥

ਸਲੋਕ ॥

سلوک ॥

ਰਸਨਾ ਉਚਰੰਤਿ ਨਾਮੰ
ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ ॥

رسنا اُچرنّتِ نامنّ
سّروٹنّ سُننّتِ سبد انمّرِتہ ॥

ਨਾਨਕ ਤਿਨ ਸਦ ਬਲਿਹਾਰੰ
ਜਿਨਾ ਧਿਆਨੁ ਪਾਰਬ੍ਰਹਮਣਹ ॥੧॥

نانک تِن سد بلِہارنّ
جِنا دھیانُ پاربّرہمنّہ ॥1॥

ਹਭਿ ਕੂੜਾਵੇ ਕੰਮ
ਇਕਸੁ ਸਾਈ ਬਾਹਰੇ ॥

ہبھِ کوڑاوے کنّم
اِکسُ سائی باہرے ॥

ਨਾਨਕ ਸੇਈ ਧੰਨੁ
ਜਿਨਾ ਪਿਰਹੜੀ ਸਚ ਸਿਉ ॥੨॥

نانک سیئی دھنّنُ
جِنا پرہڑی سچ سِءُ ॥2॥

ਪਉੜੀ ॥

پئڑی ॥

ਸਦ ਬਲਿਹਾਰੀ ਤਿਨਾ

سد بلِہاری تِنا

ਜਿ ਸੁਨਤੇ ਹਰਿ ਕਥਾ ॥
جِ سُنتے ہرِ کتھا ॥

ਪੂਰੇ ਤੇ ਪਰਧਾਨ
ਨਿਵਾਵਹਿ ਪ੍ਰਭ ਮਥਾ ॥
پُورے تے پردھان
نِواوہِ پربھ متھا ॥

ਹਰਿ ਜਸੁ ਲਿਖਹਿ ਬੇਅੰਤ
ਸੋਹਹਿ ਸੇ ਹਥਾ ॥
ہرِ جسُ لِکھہِ بیئنّت
سوہہِ سے ہتھا ॥

ਚਰਨ ਪੁਨੀਤ ਪਵਿਤ੍ਰ
ਚਾਲਹਿ ਪ੍ਰਭ ਪਥਾ ॥
چرن پُنیت پوِتّر
چالہِ پربھ پتھا ॥

ਸੰਤਾਂ ਸੰਗਿ ਉਧਾਰੁ
ਸਗਲਾ ਦੁਖੁ ਲਥਾ ॥੧੪॥
سنّتاں سنگِ اُدھارُ
سگلا دُکھُ لتھا ॥ 14 ॥

ਸਲੋਕੁ ॥
سلوکُ ॥

ਭਾਵੀ ਉਦੋਤ ਕਰਣੰ
ਹਰਿ ਰਮਣੰ ਸੰਜੋਗ ਪੂਰਨਹ ॥
بھاوی اُدوت کرنّن
ہرِ رمنّن سنجوگ پوُرنہ ॥

ਗੋਪਾਲ ਦਰਸ ਭੇਟੰ
ਸਫਲ ਨਾਨਕ ਸੋ ਮਹੂਰਤਹ ॥੧॥
گوپال درس بھیٹنّ
سپھل نانک سو مہوُرتہ ॥1॥

ਕੀਮ ਨ ਸਕਾ ਪਾਇ
ਸੁਖ ਮਿਤੀ ਹੂ ਬਾਹਰੇ ॥
قیِم ن سکا پاءِ
سُکھ مِتی ہوُ باہرے ॥

ਨਾਨਕ ਸਾ ਵੇਲੜੀ ਪਰਵਾਣੁ
ਜਿਤੁ ਮਿਲੰਦੜੋ ਮਾ ਪਿਰੀ ॥੨॥
نانک سا ویلڑی پروانُ
جِتُ مِلندڑو ما پِری ॥2॥

ਪਉੜੀ ॥
پئڑی ॥

ਸਾ ਵੇਲਾ ਕਹੁ ਕਉਣੁ ਹੈ
ਜਿਤੁ ਪ੍ਰਭ ਕਉ ਪਾਈ ॥
سا ویلا کہُ کئُنُ ہے
جِتُ پربھ کءُ پائی ॥

ਸੋ ਮੂਰਤੁ ਭਲਾ ਸੰਜੋਗੁ ਹੈ
ਜਿਤੁ ਮਿਲੈ ਗੁਸਾਈ ॥
سو مہوُرتُ بھلا سنجوگُ ہے
جِتُ مِلے گُسائی ॥

ਆਠ ਪਹਰ ਹਰਿ ਧਿਆਇ ਕੈ
ਮਨ ਇਛ ਪੁਜਾਈ ॥
آٹھ پہر ہرِ دھیاءِ کے
من اِچھ پُجائی ॥

ਵਡੈ ਭਾਗਿ ਸਤਸੰਗੁ ਹੋਇ
ਨਿਵਿ ਲਾਗਾ ਪਾਈ ॥

وڈے بھاگِ ستسنگُ ہوءِ
نِوِ لاگا پائی ॥

ਮਨਿ ਦਰਸਨ ਕੀ ਪਿਆਸ ਹੈ
ਨਾਨਕ ਬਲਿ ਜਾਈ ॥੧੫॥

منِ درسن کی پِیاس ہے
نانک بلِ جائی ॥ 15 ॥

ਸਲੋਕ ॥

سلوک ॥

ਪਤਿਤ ਪੁਨੀਤ ਗੋਬਿੰਦਹ
ਸਰਬ ਦੋਖ ਨਿਵਾਰਣਹ ॥

پتِت پُنیت گوبِندہ
سرب دوکھ نِوارٹہ ॥

ਸਰਣਿ ਸੂਰ ਭਗਵਾਨਹ
ਜਪੰਤਿ ਨਾਨਕ ਹਰਿ ਹਰਿ ਹਰੇ ॥੧॥

سرنِ سوُر بھگوانہ
جپنّتِ نانک ہرِ ہرِ ہرے ॥1॥

ਛਡਿਓ ਹਭੁ ਆਪੁ
ਲਗੜੋ ਚਰਣਾ ਪਾਸਿ ॥

چھڈِئو ہبھُ آپُ
لگڑہ چرٹا پاسِ ॥

ਨਠੜੋ ਦੁਖ ਤਾਪੁ
ਨਾਨਕ ਪ੍ਰਭੁ ਪੇਖੰਦਿਆ ॥੨॥

نٹھڑہ دُکھ تاپُ
نانک پربھُ پیکھنّدِیا ॥2॥

ਪਉੜੀ ॥

پئڑی ॥

ਮੇਲਿ ਲੈਹੁ ਦਇਆਲ
ਢਹਿ ਪਏ ਦੁਆਰਿਆ ॥

میلِ لیہُ دئیال
ڈھہِ پئے دُیارِیا ॥

ਰਖਿ ਲੇਵਹੁ ਦੀਨ ਦਇਆਲ
ਭ੍ਰਮਤ ਬਹੁ ਹਾਰਿਆ ॥

رکھِ لیوہُ دِین دئیال
بھرمت بہُ ہارِیا ॥

ਭਗਤਿ ਵਛਲੁ ਤੇਰਾ ਬਿਰਦੁ
ਹਰਿ ਪਤਿਤ ਉਧਾਰਿਆ ॥

بھگتِ وچھلُ تیرا بِردُ
ہرِ پتِت اُدھارِیا ॥

ਤੁਝ ਬਿਨੁ ਨਾਹੀ ਕੋਇ
ਬਿਨਉ ਮੋਹਿ ਸਾਰਿਆ ॥

تُجھ بِنُ ناہی کوءِ
بِنءُ موہِ سارِیا ॥

ਕਰੁ ਗਹਿ ਲੇਹੁ ਦਇਆਲ
ਸਾਗਰ ਸੰਸਾਰਿਆ ॥੧੬॥

کرُ گہِ لیہُ دئیال
ساگر سنّسارِیا ॥ 16 ॥

ਸਲੋਕ ॥

سلوک ॥

ਸੰਤ ਉਧਰਣ ਦਇਆਲੰ
ਆਸਰੰ ਗੋਪਾਲ ਕੀਰਤਨਹ ॥

سنّت اُدھرنؔ دئیالنّ
آسرنّ گوپال کیرتنہ ॥

ਨਿਰਮਲੰ ਸੰਤ ਸੰਗੇਣ
ਓਟ ਨਾਨਕ ਪਰਮੇਸੁਰਹ ॥੧॥

نِرملنّ سنّت سنگیںؔ
اوٹ نانک پریسُرہ ॥1॥

ਚੰਦਨ ਚੰਦੁ ਨ ਸਰਦ ਰੁਤਿ
ਮੂਲਿ ਨ ਮਿਟਈ ਘਾਂਮ ॥

چنّدن چنّدُ ن سرد رُتِ
مُولِ ن مِٹئی گھانْم ॥

ਸੀਤਲੁ ਥੀਵੈ ਨਾਨਕਾ
ਜਪੰਦੜੋ ਹਰਿ ਨਾਮੁ ॥੨॥

سِیتلُ تھیوے نانکا
جپنّدڑہ ہرِ نامُ ॥2॥

ਪਉੜੀ ॥

پؤڑی ॥

ਚਰਨ ਕਮਲ ਕੀ ਓਟ
ਉਧਰੇ ਸਗਲ ਜਨ ॥

چرن کمل کی اوٹ
اُدھرے سگل جن ॥

ਸੁਣਿ ਪਰਤਾਪੁ ਗੋਵਿੰਦ
ਨਿਰਭਉ ਭਏ ਮਨ ॥

سُنِ پرتاپُ گووِنّد
نِربھءُ بھئے من ॥

ਤੋਟਿ ਨ ਆਵੈ ਮੂਲਿ
ਸੰਚਿਆ ਨਾਮੁ ਧਨ ॥

توٹِ ن آوے مُولِ
سنچِیا نامُ دھن ॥

ਸੰਤ ਜਨਾ ਸਿਉ ਸੰਗੁ
ਪਾਈਐ ਵਡੈ ਪੁਨ ॥

سنّت جنا سِءُ سنگُ
پائیئے وڈے پُن ॥

ਆਠ ਪਹਰ ਹਰਿ ਧਿਆਇ
ਹਰਿ ਜਸੁ ਨਿਤ ਸੁਨ ॥੧੭॥

آٹھ پہر ہرِ دھیاءِ
ہرِ جسُ نِت سُن ॥ 17 ॥

ਸਲੋਕ ॥

سلوک ॥

ਦਇਆ ਕਰਣੰ ਦੁਖ ਹਰਣੰ
ਉਚਰਣੰ ਨਾਮ ਕੀਰਤਨਹ ॥

دئیا کرنّ دُکھ ہرنّ
اُچرنّ نام کیرتنہ ॥

ਦਇਆਲ ਪੁਰਖ ਭਗਵਾਨਹ
ਨਾਨਕ ਲਿਪਤ ਨ ਮਾਇਆ ॥੧॥

دئیال پُرکھ بھگوانہ
نانک لپت ن مائیا ॥1॥

ਭਾਹਿ ਬਲੰਦੜੀ ਬੁਝਿ ਗਈ

بھاہِ بلنّڈڑی بُجھِ گئی

ਰਖੰਦੜੋ ਪ੍ਰਭੁ ਆਪਿ ॥
رکھندڑو پربھُ آپِ ॥

ਜਿਨਿ ਉਪਾਈ ਮੇਦਨੀ
ਨਾਨਕ ਸੋ ਪ੍ਰਭੁ ਜਾਪਿ ॥੨॥
جِنِ اُپائی میدنی
نانک سو پربھُ جاپِ ॥2॥

ਪਉੜੀ ॥
پؤڑی ॥

ਜਾ ਪ੍ਰਭ ਭਏ ਦਇਆਲ
ਨ ਬਿਆਪੈ ਮਾਇਆ ॥
جا پربھ بھئے دئیال
ن بِیاپے مائیا ॥

ਕੋਟਿ ਅਘਾ ਗਏ ਨਾਸ
ਹਰਿ ਇਕੁ ਧਿਆਇਆ ॥
کوٹِ اگھا گئے ناس
ہرِ اِکُ دھِیائیا ॥

ਨਿਰਮਲ ਭਏ ਸਰੀਰ
ਜਨ ਧੂਰੀ ਨਾਇਆ ॥
نِرمل بھئے سریر
جن دھوُری نائیا ॥

ਮਨ ਤਨ ਭਏ ਸੰਤੋਖ
ਪੂਰਨ ਪ੍ਰਭੁ ਪਾਇਆ ॥
من تن بھئے سنتوکھ
پوُرن پربھُ پائیا ॥

ਤਰੇ ਕੁਟੰਬ ਸੰਗਿ ਲੋਗ
ਕੁਲ ਸਬਾਇਆ ॥੧੮॥
ترے کُٹنّب سنگِ لوگ
کُل سبائیا ॥ 18 ॥

ਸਲੋਕ ॥
سلوک ॥

ਗੁਰ ਗੋਬਿੰਦ ਗੋਪਾਲ ਗੁਰ
ਗੁਰ ਪੂਰਨ ਨਾਰਾਇਣਹ ॥
گُر گوبِنّد گوپال گُر
گُر پوُرن نارائنہ ॥

ਗੁਰ ਦਇਆਲ ਸਮਰਥ ਗੁਰ
ਗੁਰ ਨਾਨਕ ਪਤਿਤ ਉਧਾਰਣਹ ॥੧॥
گُر دئیال سمرتھ گُر
گُر نانک پتِت اُدھارنہ ॥1॥

ਭਉਜਲੁ ਬਿਖਮੁ ਅਸਗਾਹੁ
ਗੁਰਿ ਬੋਹਿਥੈ ਤਾਰਿਅਮੁ ॥
بھئجلُ بِکھمُ اسگاہُ
گُرِ بوہِتھے تارِئمُ ॥

ਨਾਨਕ ਪੂਰ ਕਰੰਮ
ਸਤਿਗੁਰ ਚਰਣੀ ਲਗਿਆ ॥੨॥
نانک پوُر کرنّم
ستِگُر چرنی لگِیا ॥2॥

ਪਉੜੀ ॥
پؤڑی ॥

ਧੰਨੁ ਧੰਨੁ ਗੁਰਦੇਵ
دھنّنُ دھنّنُ گُردیو

ਜਿਸੁ ਸੰਗਿ ਹਰਿ ਜਪੇ ॥
جِسُ سنگِ ہرِ جپے ॥

ਗੁਰ ਕ੍ਰਿਪਾਲ ਜਬ ਭਏ
ਤ ਅਵਗੁਣ ਸਭਿ ਛਪੇ ॥
گُر کرِپال جب بھئے
ت اوگُن سبھِ چھپے ॥

ਪਾਰਬ੍ਰਹਮ ਗੁਰਦੇਵ
ਨੀਚਹੁ ਉਚ ਥਪੇ ॥
پاربرہم گُردیو
نیچہُ اُچ تھپے ॥

ਕਾਟਿ ਸਿਲਕ ਦੁਖ ਮਾਇਆ
ਕਰਿ ਲੀਨੇ ਅਪ ਦਸੇ ॥
کاٹِ سِلک دُکھ مائیا
کرِ لِینے اپ دسے ॥

ਗੁਣ ਗਾਏ ਬੇਅੰਤ
ਰਸਨਾ ਹਰਿ ਜਸੇ ॥੧੯॥
گُن گائے بیئنّت
رسنا ہرِ جسے ॥ 19 ॥

ਸਲੋਕ ॥
سلوک ॥

ਦ੍ਰਿਸਟੰਤ ਏਕੋ ਸੁਨੀਅੰਤ ਏਕੋ
ਵਰਤੰਤ ਏਕੋ ਨਰਹਰਹ ॥
دّرِسٹنّت ایکو سُنیئنّت ایکو
ورتنّت ایکو نرہرہ ॥

ਨਾਮ ਦਾਨੁ ਜਾਚੰਤਿ ਨਾਨਕ
ਦਇਆਲ ਪੁਰਖ ਕ੍ਰਿਪਾ ਕਰਹ ॥੧॥
نام دانُ جاچنّتِ نانک
دئیال پُرکھ کرِپا کرہ ॥1॥

ਹਿਕੁ ਸੇਵੀ ਹਿਕੁ ਸੰਮਲਾ
ਹਰਿ ਇਕਸੁ ਪਹਿ ਅਰਦਾਸਿ ॥
ہِکُ سیوی ہِکُ سنّملا
ہرِ اِکسُ پہِ عرداسِ ॥

ਨਾਮ ਵਖਰੁ ਧਨੁ ਸੰਚਿਆ
ਨਾਨਕ ਸਚੀ ਰਾਸਿ ॥੨॥
نام وکھرُ دھنُ سنّچیا
نانک سچی راسِ ॥2॥

ਪਉੜੀ ॥
پئڑی ॥

ਪ੍ਰਭ ਦਇਆਲ ਬੇਅੰਤ
ਪੂਰਨ ਇਕੁ ਏਹੁ ॥
پربھ دئیال بیئنّت
پُورن اِکُ ایہُ ॥

ਸਭੁ ਕਿਛੁ ਆਪੇ ਆਪਿ
ਦੂਜਾ ਕਹਾ ਕੇਹੁ ॥
سبھُ کچھُ آپے آپِ
دوُجا کہا کیہُ ۔ ॥

ਆਪਿ ਕਰਹੁ ਪ੍ਰਭ ਦਾਨੁ
ਆਪੇ ਆਪਿ ਲੇਹੁ ॥
آپِ کرہُ پربھ دانُ
آپے آپِ لیہُ ॥

ਆਵਣ ਜਾਣਾ ਹੁਕਮੁ ਸਭੁ ਨਿਹਚਲੁ ਤੁਧੁ ਥੇਹੁ ॥	آوٹ جاٹا حُکمُ سبھُ نِہچلُ تُدھُ تھیۂ ॥
ਨਾਨਕੁ ਮੰਗੈ ਦਾਨੁ ਕਰਿ ਕਿਰਪਾ ਨਾਮੁ ਦੇਹੁ ॥੨੦॥੧॥	نانکُ منگَے دانُ کرِ کرِپا نامُ دیۂ ॥ 20 ॥ 1 ॥
ਜੈਤਸਰੀ ਬਾਣੀ ਭਗਤਾ ਕੀ	جیتسری بانٹی بھگتا کی
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਨਾਥ ਕਛੂਅ ਨ ਜਾਨਉ ॥	ناتھ کچھوُء ن جانءُ ॥
ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ ॥	منُ مائیا کے ہاتھِ بِکانءُ ॥ 1 ॥ رہاءُ ॥
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥	تُم کہیئت ہوَ جگت گُر سُیامی ॥
ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥	ہم کہیئت کلِجُگ کے کامی ॥ 1 ॥
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥	اِن پنّچن میرہ منُ جُ بِگارِئو ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥	پلُ پلُ ہرِ جی تے انتر پارِئو ॥ 2 ॥
ਜਤ ਦੇਖਉ ਤਤ ਦੁਖ ਕੀ ਰਾਸੀ ॥	جت دیکھءُ تت دُکھ کی راسی ॥
ਅਜੌ ਨ ਪਤ੍ਰਾਇ ਨਿਗਮ ਭਏ ਸਾਖੀ ॥੩॥	اجوَں ن پتّیاءِ نِگم بھےَ ساکھی ॥ 3 ॥
ਗੋਤਮ ਨਾਰਿ ਉਮਾਪਤਿ ਸ੍ਵਾਮੀ ॥	گوتم نارِ اُماپتِ سّوامی ॥
ਸੀਸੁ ਧਰਨਿ ਸਹਸ ਭਗ ਗਾਂਮੀ ॥੪॥	سیِسُ دھرنِ سہس بھگ گانمی ॥ 4 ॥
ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥	اِن دوُتن کھلُ بدھُ کرِ مارِئو ॥
ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫॥	بڈو نِلاجُ اجہوُ نہی ہارِئو ॥ 5 ॥
ਕਹਿ ਰਵਿਦਾਸ ਕਹਾ ਕੈਸੇ ਕੀਜੈ ॥	کہِ روِداس کہا کیَسے کیِجےَ ۔ ॥
ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥੬॥੧॥	بِنُ رگھُناتھ سرنِ کا کی لیِجےَ ۔ ॥ 1 ॥ 6 ॥
ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	ੴ ستِنامُ کرتا پُرکھُ نِربھءُ نِرویرُ اکال موُرتِ اجوُنی سیَبھنّ گُرپّرسادِ ॥
ਰਾਗੁ ਟੋਡੀ ਮਹਲਾ ੪ ਘਰੁ ੧ ॥	راگُ ٹوڈی محلا 4 گھرُ 1 ॥

ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ ॥

ہرِ بِنُ رہِ ن سکے َ منُ میرا ॥

ਮੇਰੇ ਪ੍ਰੀਤਮ ਪ੍ਰਾਨ ਹਰਿ ਪ੍ਰਭੁ ਗੁਰੁ ਮੇਲੇ
ਬਹੁਰਿ ਨ ਭਵਜਲਿ ਫੇਰਾ ॥੧॥ ਰਹਾਉ ॥

میرے پ َریتم پ َران ہرِ پ َربھُ گُرُ میلے
بہُرِ ن بھوجلِ پھیرا ॥1॥ رہاءُ ॥

ਮੇਰੈ ਹੀਅਰੈ ਲੋਚ ਲਗੀ ਪ੍ਰਭ ਕੇਰੀ
ਹਰਿ ਨੈਨਹੁ ਹਰਿ ਪ੍ਰਭੁ ਹੇਰਾ ॥

میرے َ ہیئرے َ لوچ لگی پ َربھ کیری
ہرِ نینَہُ ہرِ پ َربھُ ہیرا ॥

ਸਤਿਗੁਰਿ ਦਇਆਲ ਹਰਿ ਨਾਮੁ ਦ੍ਰਿੜਾਇਆ
ਹਰਿ ਪਾਧਰੁ ਹਰਿ ਪ੍ਰਭ ਕੇਰਾ ॥੧॥

ستِگُرِ دیئال ہرِ نامُ د َرِڑائیا
ہرِ پادھرُ ہرِ پ َربھ کیرا ॥1॥

ਹਰਿ ਰੰਗੀ ਹਰਿ ਨਾਮੁ ਪ੍ਰਭ ਪਾਇਆ
ਹਰਿ ਗੋਵਿੰਦ ਹਰਿ ਪ੍ਰਭ ਕੇਰਾ ॥

ہرِ رنگی ہرِ نامُ پ َربھ پائیا
ہرِ گووِند ہرِ پ َربھ کیرا ॥

ਹਰਿ ਹਿਰਦੈ ਮਨਿ ਤਨਿ ਮੀਠਾ ਲਾਗਾ
ਮੁਖਿ ਮਸਤਕਿ ਭਾਗੁ ਚੰਗੇਰਾ ॥੨॥

ہرِ ہِردے َ منِ تنِ میٹھا لاگا
مُکھِ مستکِ بھاگُ چنگیرا ॥2॥

ਲੋਭ ਵਿਕਾਰ ਜਿਨਾ ਮਨੁ ਲਾਗਾ
ਹਰਿ ਵਿਸਰਿਆ ਪੁਰਖੁ ਚੰਗੇਰਾ ॥

لوبھ وِکار جِنا منُ لاگا
ہرِ وِسریا پُرکھُ چنگیرا ॥

ਓਇ ਮਨਮੁਖ ਮੂੜ ਅਗਿਆਨੀ ਕਹੀਅਹਿ
ਤਿਨ ਮਸਤਕਿ ਭਾਗੁ ਮੰਦੇਰਾ ॥੩॥

اوءِ منمُکھ موُڑ اگیانی کہیئہِ
تِن مستکِ بھاگُ منّدیرا ॥3॥

ਬਿਬੇਕ ਬੁਧਿ ਸਤਿਗੁਰ ਤੇ ਪਾਈ
ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥

بِبیک بُدھِ ستِگُر تے پائی
گُر گیانُ گُرُو پ َربھ کیرا ॥

ਜਨ ਨਾਨਕ ਨਾਮੁ ਗੁਰੂ ਤੇ ਪਾਇਆ
ਧੁਰਿ ਮਸਤਕਿ ਭਾਗੁ ਲਿਖੇਰਾ ॥੪॥੧॥

جن نانک نامُ گُرُو تے پائیا
دھُرِ مستکِ بھاگُ لِکھیرا ॥4॥1॥

ਟੋਡੀ ਮਹਲਾ ੫ ਘਰੁ ੧ ਦੁਪਦੇ

ٹوڈی محلا 5 گھرُ 1 دُپدے

ੴ ਸਤਿਗੁਰ ਪ੍ਰਸਾਦਿ ॥

ੴ ستِگُر پ َرساد ॥

ਸੰਤਨ ਅਵਰ ਨ ਕਾਹੂ ਜਾਨੀ ॥

سنّتن اور ن کاہُو جانی ॥

ਬੇਪਰਵਾਹ ਸਦਾ ਰੰਗਿ ਹਰਿ ਕੈ
ਜਾ ਕੋ ਪਾਖੁ ਸੁਆਮੀ ॥ ਰਹਾਉ ॥

بیپرواہ سدا رنگِ ہرِ کے
جا کو پاکھُ سُیامی ॥ رہاءُ ॥

ਊਚ ਸਮਾਨਾ ਠਾਕੁਰ ਤੇਰੋ

اوُچ سمانا ٹھاکُر تیرو

ਅਵਰ ਨ ਕਾਹੂ ਤਾਨੀ ॥

اور ن کاہُو تانی ॥

ਐਸੋ ਅਮਰੁ ਮਿਲਿਓ ਭਗਤਨ ਕਉ
ਰਾਚਿ ਰਹੇ ਰੰਗਿ ਗਿਆਨੀ ॥੧॥

ایَسو امرُ مِلیَو بھگتن ک ءُ
راچِ رہے رنگِ گیانی ॥1॥

ਰੋਗ ਸੋਗ ਦੁਖ ਜਰਾ ਮਰਾ
ਹਰਿ ਜਨਹਿ ਨਹੀ ਨਿਕਟਾਨੀ ॥

روگ سوگ دُکھ جرا مرا
ہرِ جنہِ نہی نِکٹانی ॥

ਨਿਰਭਉ ਹੋਇ ਰਹੇ ਲਿਵ ਏਕੈ
ਨਾਨਕ ਹਰਿ ਮਨੁ ਮਾਨੀ ॥੨॥੧॥

نِربھ ءُ ہوءِ رہے لِو ایکے
نانک ہرِ منُ مانی ॥2॥1॥

ਟੋਡੀ ਮਹਲਾ ੫ ॥

ٹوڈی محلا 5 ॥

ਹਰਿ ਬਿਸਰਤ ਸਦਾ ਖੁਆਰੀ ॥

ہرِ بِسرت سدا خُیاری ॥

ਤਾ ਕਉ ਧੋਖਾ ਕਹਾ ਬਿਆਪੈ
ਜਾ ਕਉ ਓਟ ਤੁਹਾਰੀ ॥ ਰਹਾਉ ॥

تا ک ءُ دھوکھا کہا بِیاپے
جا ک ءُ اوٹ تُہاری ॥ رہاءُ ॥

ਬਿਨੁ ਸਿਮਰਨ ਜੋ ਜੀਵਨੁ ਬਲਨਾ
ਸਰਪ ਜੈਸੇ ਅਰਜਾਰੀ ॥

بِنُ سِمرن جو جیِونُ بلنا
سرپ جیَسے ارجاری ॥

ਨਵ ਖੰਡਨ ਕੋ ਰਾਜੁ ਕਮਾਵੈ
ਅੰਤਿ ਚਲੈਗੋ ਹਾਰੀ ॥੧॥

نو کھنڈن کو راجُ کماوے
انّتِ چلیَگو ہاری ॥1॥

ਗੁਣ ਨਿਧਾਨ ਗੁਣ ਤਿਨ ਹੀ ਗਾਏ
ਜਾ ਕਉ ਕਿਰਪਾ ਧਾਰੀ ॥

گُن نِدھان گُن تِن ہی گاے
جا ک ءُ کِرپا دھاری ॥

ਸੋ ਸੁਖੀਆ ਧੰਨੁ ਉਸੁ ਜਨਮਾ
ਨਾਨਕ ਤਿਸੁ ਬਲਿਹਾਰੀ ॥੨॥੨॥

سو سُکھیِیا دھنّنُ اُس جنما
نانک تِس بلِہاری ॥2॥2॥

ਟੋਡੀ ਮਹਲਾ ੫ ਘਰੁ ੨ ਚਉਪਦੇ

ٹوڈی محلا 5 گھرُ 2 چئُپدے

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਧਾਇਓ ਰੇ ਮਨ ਦਹ ਦਿਸ ਧਾਇਓ ॥

دھائیَو رے من دہ دِس دھائیَو ॥

ਮਾਇਆ ਮਗਨ ਸੁਆਦਿ ਲੋਭਿ ਮੋਹਿਓ
ਤਿਨਿ ਪ੍ਰਭਿ ਆਪਿ ਭੁਲਾਇਓ ॥ ਰਹਾਉ ॥

مائیَا مگن سُیادِ لوبھِ موہیَو
تِنِ پربھِ آپِ بھُلائیَو ॥ رہاءُ ॥

ਹਰਿ ਕਥਾ ਹਰਿ ਜਸ ਸਾਧਸੰਗਤਿ ਸਿਉ

ہرِ کتھا ہرِ جس سادھسنگتِ سِ ءُ

ਇਕੁ ਮੁਹਤੁ ਨ ਇਹੁ ਮਨੁ ਲਾਇਓ ॥

اِکُ مُہتُ ن اِہُ منُ لائیو ॥

ਬਿਗਸਿਓ ਪੇਖਿ ਰੰਗੁ ਕਸੁੰਭ ਕੋ
ਪਰ ਗ੍ਰਿਹ ਜੋਹਨਿ ਜਾਇਓ ॥੧॥

بِگسِیو پیکھِ رنگُ کسُنبھ کو
پر گرِہ جوہنِ جائیو ॥1॥

ਚਰਨ ਕਮਲ ਸਿਉ ਭਾਉ ਨ ਕੀਨੋ
ਨਹ ਸਤ ਪੁਰਖੁ ਮਨਾਇਓ ॥

چرن کمل سِءُ بھاءُ ن کِینو
نہ ست پُرکھُ منائیو ॥

ਧਾਵਤ ਕਉ ਧਾਵਹਿ ਬਹੁ ਭਾਤੀ
ਜਿਉ ਤੇਲੀ ਬਲਦੁ ਭ੍ਰਮਾਇਓ ॥੨॥

دھاوت کءُ دھاوہِ بہُ بھاتی
جِءُ تیلی بلدُ بھرّمائیو ॥2॥

ਨਾਮ ਦਾਨੁ ਇਸਨਾਨੁ ਨ ਕੀਓ
ਇਕ ਨਿਮਖ ਨ ਕੀਰਤਿ ਗਾਇਓ ॥

نام دانُ اِسنانُ ن کِیئو
اِک نِمکھ ن کیرتِ گائیو ॥

ਨਾਨਾ ਝੂਠਿ ਲਾਇ ਮਨੁ ਤੋਖਿਓ
ਨਹ ਬੂਝਿਓ ਅਪਨਾਇਓ ॥੩॥

نانا جھوُٹھِ لاءِ منُ توکھِیو
نہ بوُجھِیو اپنائیو ॥3॥

ਪਰਉਪਕਾਰ ਨ ਕਬਹੂ ਕੀਏ
ਨਹੀ ਸਤਿਗੁਰੁ ਸੇਵਿ ਧਿਆਇਓ ॥

پرُپکار ن کبہوُ کیے
نہی ستِگُر سیوِ دھیائیو ॥

ਪੰਚ ਦੂਤ ਰਚਿ ਸੰਗਤਿ ਗੋਸਟਿ
ਮਤਵਾਰੋ ਮਦ ਮਾਇਓ ॥੪॥

پنچ دوُت رچِ سنگتِ گوسٹِ
متوارو مد مائیو ॥4॥

ਕਰਉ ਬੇਨਤੀ ਸਾਧਸੰਗਤਿ ਹਰਿ
ਭਗਤਿ ਵਛਲ ਸੁਣਿ ਆਇਓ ॥

کرءُ بینتی سادھسنگتِ ہرِ
بھگتِ وچھل سُنِ آئیو ॥

ਨਾਨਕ ਭਾਗਿ ਪਰਿਓ ਹਰਿ ਪਾਛੈ
ਰਾਖੁ ਲਾਜ ਅਪੁਨਾਇਓ ॥੫॥੧॥੩॥

نانک بھاگِ پرِئو ہرِ پاچھے
راکھُ لاج اپُنائیو ॥5॥1॥3॥

ਟੋਡੀ ਮਹਲਾ ੫ ॥

ٹوڈی محلا 5 ॥

ਮਾਨੁਖੁ ਬਿਨੁ ਬੂਝੇ
ਬਿਰਥਾ ਆਇਆ ॥

مانکھُ بِنُ بوُجھے
بِرتھا آئیا ॥

ਅਨਿਕ ਸਾਜ ਸੀਗਾਰ ਬਹੁ ਕਰਤਾ
ਜਿਉ ਮਿਰਤਕੁ ਓਢਾਇਆ ॥ ਰਹਾਉ ॥

انِک ساج سیِگار بہُ کرتا
جِءُ مِرتکُ اوڈھائیا ॥ رہاءُ ॥

ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ

دھاءِ دھاءِ کرِپن سّرمُ کِینو

ਇਕਤ੍ਰ ਕਰੀ ਹੈ ਮਾਇਆ ॥

اِکتّر کری ہے مائیا ॥

ਦਾਨੁ ਪੁੰਨੁ ਨਹੀ ਸੰਤਨ ਸੇਵਾ
ਕਿਤ ਹੀ ਕਾਜਿ ਨ ਆਇਆ ॥੧॥

دانُ پُنّنُ نہی سنّتن سیوا
کِت ہی کاجِ ن آئیا ॥1॥

ਕਰਿ ਆਭਰਣ ਸਵਾਰੀ ਸੇਜਾ
ਕਾਮਨਿ ਥਾਟੁ ਬਨਾਇਆ ॥

کرِ آبھرنْ سواری سیجا
کامنِ تھاٹُ بنائیا ॥

ਸੰਗੁ ਨ ਪਾਇਓ ਅਪੁਨੇ ਭਰਤੇ
ਪੇਖਿ ਪੇਖਿ ਦੁਖੁ ਪਾਇਆ ॥੨॥

سنگُ ن پائیئو اپُنے بھرتے
پیکھِ پیکھِ دُکھُ پائیا ॥2॥

ਸਾਰੋ ਦਿਨਸੁ ਮਜੂਰੀ ਕਰਤਾ
ਤੁਹੁ ਮੂਸਲਹਿ ਛਰਾਇਆ ॥

سارو دِنُس مزوُری کرتا
تُہ موُسلہِ چھرائیا ॥

ਖੇਦੁ ਭਇਓ ਬੇਗਾਰੀ ਨਿਆਈ
ਘਰ ਕੈ ਕਾਮਿ ਨ ਆਇਆ ॥੩॥

کھیدُ بھئیئو بیگاری نِیائی
گھر کے کامِ ن آئیا ॥3॥

ਭਇਓ ਅਨੁਗ੍ਰਹੁ ਜਾ ਕਉ ਪ੍ਰਭ ਕੋ
ਤਿਸੁ ਹਿਰਦੈ ਨਾਮੁ ਵਸਾਇਆ ॥

بھئیئو انگّرہُ جا ک ءُ پّربھ کو
تِسُ ہِردے نامُ وسائیا ॥

ਸਾਧਸੰਗਤਿ ਕੈ ਪਾਛੈ ਪਰਿਅਉ
ਜਨ ਨਾਨਕ ਹਰਿ ਰਸੁ ਪਾਇਆ ॥੪॥੨॥੪॥

سادھسنگتِ کے پاچھے پرِیءُ
جن نانک ہرِ رسُ پائیا ॥4॥2॥4॥

ਟੋਡੀ ਮਹਲਾ ੫ ॥

ٹوڈی محلا 5 ॥

ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ ॥

کّرِپا نِدھِ بسہُ رِدے ہرِ نِیت ॥

ਤੈਸੀ ਬੁਧਿ ਕਰਹੁ ਪਰਗਾਸਾ
ਲਾਗੈ ਪ੍ਰਭ ਸੰਗਿ ਪ੍ਰੀਤਿ ॥ ਰਹਾਉ ॥

تیَسی بُدھِ کرہُ پرگاسا
لاگے پّربھ سنگِ پّریتِ ॥ رہاءُ ॥

ਦਾਸ ਤੁਮਾਰੇ ਕੀ ਪਾਵਉ ਧੂਰਾ
ਮਸਤਕਿ ਲੇ ਲੇ ਲਾਵਉ ॥

داس تُمارے کی پاوءُ دھوُرا
مستکِ لے لے لاوءُ ॥

ਮਹਾ ਪਤਿਤ ਤੇ ਹੋਤ ਪੁਨੀਤਾ
ਹਰਿ ਕੀਰਤਨ ਗੁਨ ਗਾਵਉ ॥੧॥

مہا پتِت تے ہوت پُنیتا
ہرِ کیرتن گُن گاوءُ ॥1॥

ਆਗਿਆ ਤੁਮਰੀ ਮੀਠੀ ਲਾਗਉ
ਕੀਓ ਤੁਹਾਰੋ ਭਾਵਉ ॥

آگیا تُمری مِیٹھی لاگ ءُ
کِیئو تُہارو بھاوءُ ॥

ਜੋ ਤੂ ਦੇਹਿ ਤਹੀ ਇਹੁ ਤ੍ਰਿਪਤੈ
ਆਨ ਨ ਕਤਹੂ ਧਾਵਉ ॥੨॥

جو توُ دیہِ تہی اِہُ ترِپتے
آن ن کتہوُ دھاوءُ ॥2॥

ਸਦ ਹੀ ਨਿਕਟਿ ਜਾਨਉ ਪ੍ਰਭ ਸੁਆਮੀ
ਸਗਲ ਰੇਣ ਹੋਇ ਰਹੀਐ ॥

سد ہی نِکٹِ جانءُ پربھ سُیامی
سگل رینُ ہوءِ رہیئے ॥

ਸਾਧੂ ਸੰਗਤਿ ਹੋਇ ਪਰਾਪਤਿ
ਤਾ ਪ੍ਰਭੁ ਅਪੁਨਾ ਲਹੀਐ ॥੩॥

سادھوُ سنگتِ ہوءِ پراپتِ
تا پربھُ اپُنا لہیئے ॥3॥

ਸਦਾ ਸਦਾ ਹਮ ਛੋਹਰੇ ਤੁਮਰੇ
ਤੂ ਪ੍ਰਭ ਹਮਰੋ ਮੀਰਾ ॥

سدا سدا ہم چھوہرے تُمرے
توُ پربھ ہمرو میرا ॥

ਨਾਨਕ ਬਾਰਿਕ ਤੁਮ ਮਾਤ ਪਿਤਾ
ਮੁਖਿ ਨਾਮੁ ਤੁਮਾਰੋ ਖੀਰਾ ॥੪॥੩॥੫॥

نانک بارِک تُم مات پِتا
مُکھِ نامُ تُمارو کھیرا ॥4॥3॥5॥

ਟੋਡੀ ਮਹਲਾ ੫ ਘਰੁ ੨ ਦੁਪਦੇ

ٹوڈی محلا 5 گھرُ 2 دُپدے

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਮਾਗਉ ਦਾਨੁ ਠਾਕੁਰ ਨਾਮ ॥

ماگءُ دانُ ٹھاکُر نام ॥

ਅਵਰੁ ਕਛੂ ਮੇਰੈ ਸੰਗਿ ਨ ਚਾਲੈ
ਮਿਲੈ ਕ੍ਰਿਪਾ ਗੁਣ ਗਾਮ ॥੧॥ ਰਹਾਉ ॥

اورُ کچھوُ میرے سنگِ ن چالے
مِلے کرِپا گُنُ گام ॥1॥ رہاءُ ॥

ਰਾਜੁ ਮਾਲੁ ਅਨੇਕ ਭੋਗ ਰਸ
ਸਗਲ ਤਰਵਰ ਕੀ ਛਾਮ ॥

راجُ مالُ انیک بھوگ رس
سگل ترور کی چھام ॥

ਧਾਇ ਧਾਇ ਬਹੁ ਬਿਧਿ ਕਉ ਧਾਵੈ
ਸਗਲ ਨਿਰਾਰਥ ਕਾਮ ॥੧॥

دھاءِ دھاءِ بہُ بِدھِ کءُ دھاوے
سگل نِرارتھ کام ॥1॥

ਬਿਨੁ ਗੋਵਿੰਦ ਅਵਰੁ ਜੇ ਚਾਹਉ
ਦੀਸੈ ਸਗਲ ਬਾਤ ਹੈ ਖਾਮ ॥

بِنُ گووِند اورُ جے چاہءُ
دیسے سگل بات ہے خام ॥

ਕਹੁ ਨਾਨਕ ਸੰਤ ਰੇਨ ਮਾਗਉ
ਮੇਰੋ ਮਨੁ ਪਾਵੈ ਬਿਸ੍ਰਾਮ ॥੨॥੧॥੬॥

کہُ نانک سنّت رین ماگءُ
میرو منُ پاوے بِسّرام ॥2॥1॥6॥

ਟੋਡੀ ਮਹਲਾ ੫ ॥

ٹوڈی محلا 5 ॥

ਪ੍ਰਭ ਜੀ ਕੋ ਨਾਮੁ ਮਨਹਿ ਸਾਧਾਰੈ ॥

پربھ جی کو نامُ منہِ سادھارے ॥

ਜੀਅ ਪ੍ਰਾਨ ਸੂਖ ਇਸੁ ਮਨ ਕਉ
ਬਰਤਨਿ ਏਹ ਹਮਾਰੈ ॥੧॥ ਰਹਾਉ ॥

جیء پّران سوُکھ اِسُ من کءُ
برتنِ ایہ ہمارے ॥1॥ رہاءُ ॥

ਨਾਮੁ ਜਾਤਿ ਨਾਮੁ ਮੇਰੀ ਪਤਿ ਹੈ
ਨਾਮੁ ਮੇਰੈ ਪਰਵਾਰੈ ॥

نامُ زاتِ نامُ میری پتِ ہے
نامُ میرے پروارے ॥

ਨਾਮੁ ਸਖਾਈ ਸਦਾ ਮੇਰੈ ਸੰਗਿ
ਹਰਿ ਨਾਮੁ ਮੋ ਕਉ ਨਿਸਤਾਰੈ ॥੧॥

نامُ سکھائی سدا میرے سنگِ
ہرِ نامُ مو کءُ نِستارے ॥1॥

ਬਿਖੈ ਬਿਲਾਸ ਕਹੀਅਤ ਬਹੁਤੇਰੇ
ਚਲਤ ਨ ਕਛੂ ਸੰਗਾਰੈ ॥

بِکھے بِلاس کہیئت بہتیرے
چلت ن کچھوُ سنگارے ॥

ਇਸਟੁ ਮੀਤੁ ਨਾਮੁ ਨਾਨਕ ਕੋ
ਹਰਿ ਨਾਮੁ ਮੇਰੈ ਭੰਡਾਰੈ ॥੨॥੨॥੭॥

اِسٹُ میِتُ نامُ نانک کو
ہرِ نامُ میرے بھنڈارے ॥2॥2॥7॥

ਟੋਡੀ ਮਃ ੫ ॥

ٹوڈی م: 5 ॥

ਨੀਕੇ ਗੁਣ ਗਾਉ ਮਿਟਹੀ ਰੋਗ ॥

نِیکے گُنؤ گاءُ مِٹہی روگ ॥

ਮੁਖ ਊਜਲ ਮਨੁ ਨਿਰਮਲ ਹੋਈ ਹੈ
ਤੇਰੋ ਰਹੈ ਈਹਾ ਊਹਾ ਲੋਗੁ ॥੧॥ ਰਹਾਉ ॥

مُکھ اوُجل منُ نِرمل ہوئی ہے
تیرو رہے ایہا اوُہا لوگُ ॥1॥ رہاءُ ॥

ਚਰਨ ਪਖਾਰਿ ਕਰਉ ਗੁਰ ਸੇਵਾ
ਮਨਹਿ ਚਰਾਵਉ ਭੋਗ ॥

چرن پکھارِ کرءُ گُر سیوا
منہِ چراوءُ بھوگ ॥

ਛੋਡਿ ਆਪਤੁ ਬਾਦੁ ਅਹੰਕਾਰਾ
ਮਾਨੁ ਸੋਈ ਜੋ ਹੋਗੁ ॥੧॥

چھوڈِ آپتُ بادُ اہنکارا
مانُ سوئی جو ہوگُ ॥1॥

ਸੰਤ ਟਹਲ ਸੋਈ ਹੈ ਲਾਗਾ
ਜਿਸੁ ਮਸਤਕਿ ਲਿਖਿਆ ਲਿਖੋਗੁ ॥

سنّت ٹہل سوئی ہے لاگا
جِسُ مستکِ لِکھیا لِکھوگُ ॥

ਕਹੁ ਨਾਨਕ ਏਕ ਬਿਨੁ ਦੂਜਾ
ਅਵਰੁ ਨ ਕਰਣੈ ਜੋਗੁ ॥੨॥੩॥੮॥

کہُ نانک ایک بِنُ دوُجا
اورُ ن کرنے جوگُ ॥2॥3॥8॥

ਟੋਡੀ ਮਹਲਾ ੫ ॥

ٹوڈی محلا 5 ॥

ਸਤਿਗੁਰ ਆਇਓ ਸਰਣਿ ਤੁਹਾਰੀ ॥

ستِگُر آئیو سرنِؤ تُہاری ॥

ਮਿਲੈ ਸੂਖੁ ਨਾਮੁ ਹਰਿ ਸੋਭਾ

مِلے سوُکھُ نامُ ہرِ سوبھا

ਚਿੰਤਾ ਲਾਹਿ ਹਮਾਰੀ ॥੧॥ ਰਹਾਉ ॥

چِنّتا لاہِ ہماری ॥1॥ رہاءُ ॥

ਅਵਰ ਨ ਸੂਝੈ ਦੂਜੀ ਠਾਹਰ
ਹਾਰਿ ਪਰਿਓ ਤਉ ਦੁਆਰੀ ॥

اور ن سُوجھےَ دُوجی ٹھاہر
ہارِ پرِئو تءُ دُیاری ॥

ਲੇਖਾ ਛੋਡਿ ਅਲੇਖੈ ਛੂਟਹ
ਹਮ ਨਿਰਗੁਨ ਲੇਹੁ ਉਬਾਰੀ ॥੧॥

لیکھا چھوڈِ الیکھےَ چھوٹہ
ہم نِرگُن لیہُ اُباری ॥1॥

ਸਦ ਬਖਸਿੰਦੁ ਸਦਾ ਮਿਹਰਵਾਨਾ
ਸਭਨਾ ਦੇਇ ਅਧਾਰੀ ॥

سد بخشِنّدُ سدا مِہروانا
سبھنا دےءِ ادھاری ॥

ਨਾਨਕ ਦਾਸ ਸੰਤ ਪਾਛੈ ਪਰਿਓ
ਰਾਖਿ ਲੇਹੁ ਇਹ ਬਾਰੀ ॥੨॥੪॥੯॥

نانک داس سنّت پاچھےَ پرِئو
راکھِ لیہُ اِہ باری ॥2॥4॥9॥

ਟੋਡੀ ਮਹਲਾ ੫ ॥

ٹوڈی محلا 5 ॥

ਰਸਨਾ ਗੁਣ ਗੋਪਾਲ ਨਿਧਿ ਗਾਇਣ ॥

رسنا گُنؤ گوپال نِدھِ گائِنؤ ॥

ਸਾਂਤਿ ਸਹਜੁ ਰਹਸੁ ਮਨਿ ਉਪਜਿਓ
ਸਗਲੇ ਦੂਖ ਪਲਾਇਣ ॥੧॥ ਰਹਾਉ ॥

سانتِ سہجُ رہسُ منِ اُپجِیئو
سگلے دُوکھ پلائِنؤ ॥1॥ رہاءُ ॥

ਜੋ ਮਾਗਹਿ ਸੋਈ ਸੋਈ ਪਾਵਹਿ
ਸੇਵਿ ਹਰਿ ਕੇ ਚਰਣ ਰਸਾਇਣ ॥

جو ماگہِ سوئی سوئی پاوہِ
سیوِ ہرِ کے چرنؤ رسائِنؤ ॥

ਜਨਮ ਮਰਣ ਦੁਹਹੂ ਤੇ ਛੂਟਹਿ
ਭਵਜਲੁ ਜਗਤੁ ਤਰਾਇਣ ॥੧॥

جنم مرنؤ دُہہُو تے چھوٹہِ
بھوجلُ جگتُ ترائِنؤ ॥1॥

ਖੋਜਤ ਖੋਜਤ ਤਤੁ ਬੀਚਾਰਿਓ
ਦਾਸ ਗੋਵਿੰਦ ਪਰਾਇਣ ॥

کھوجت کھوجت تتُ بیچارِئو
داس گووِنّد پرائِنؤ ॥

ਅਬਿਨਾਸੀ ਖੇਮ ਚਾਹਹਿ ਜੇ ਨਾਨਕ
ਸਦਾ ਸਿਮਰਿ ਨਾਰਾਇਣ ॥੨॥੫॥੧੦॥

اِبناسی کھیم چاہہِ جے نانک
سدا سِمرِ نارائِنؤ ॥2॥5॥ 10 ॥

ਟੋਡੀ ਮਹਲਾ ੫ ॥

ٹوڈی محلا 5 ॥

ਨਿੰਦਕੁ ਗੁਰ ਕਿਰਪਾ ਤੇ ਹਾਟਿਓ ॥

نِندکُ گُر کِرپا تے ہاٹِئو ॥

ਪਾਰਬ੍ਰਹਮ ਪ੍ਰਭ ਭਏ ਦਇਆਲਾ
ਸਿਵ ਕੈ ਬਾਣਿ ਸਿਰੁ ਕਾਟਿਓ ॥੧॥ ਰਹਾਉ ॥

پاربرہم پربھ بھےَ دئیالا
سِو کےَ باڑِ سِرُ کاٹِئو ॥1॥ رہاءُ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نوں سمرپت | سیوا: بھائی بلجِندر سنگھ جی (راڑا صاہب)

ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ ਪੰਥਾ ਥਾਟਿਓ ॥	کالُ جالُ جمُ جوہِ ن ساکے سچ کا پنّتھا تھاٹِئو ॥
ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ ॥੧॥	کھات خرچت کِچھُ نِکھُٹت ناہی رام رتنُ دھنُ کھاٹِئو ॥1॥
ਭਸਮਾ ਭੂਤ ਹੋਆ ਖਿਨ ਭੀਤਰਿ ਅਪਨਾ ਕੀਆ ਪਾਇਆ ॥	بھسما بھوُت ہویا کھِن بھیترِ اپنا کیِیا پائِیا ॥
ਆਗਮ ਨਿਗਮੁ ਕਹੈ ਜਨੁ ਨਾਨਕੁ ਸਭੁ ਦੇਖੈ ਲੋਕੁ ਸਬਾਇਆ ॥੨॥੬॥੧੧॥	آگم نِگمُ کہے جنُ نانکُ سبھُ دیکھے لوکُ سبائِیا ॥2॥6॥ 11 ॥
ਟੋਡੀ ਮਃ ੫ ॥	ٹوڈی م: 5 ॥
ਕਿਰਪਨ ਤਨ ਮਨ ਕਿਲਵਿਖ ਭਰੇ ॥	کِرپن تن من کِلوِکھ بھرے ॥
ਸਾਧਸੰਗਿ ਭਜਨੁ ਕਰਿ ਸੁਆਮੀ ਢਾਕਨ ਕਉ ਇਕੁ ਹਰੇ ॥੧॥ ਰਹਾਉ ॥	سادھسنگِ بھجنُ کرِ سُیامی ڈھاکن کءُ اِکُ ہرے ॥1॥ رہاءُ ॥
ਅਨਿਕ ਛਿਦ੍ਰ ਬੋਹਿਥ ਕੇ ਛੁਟਕਤ ਥਾਮ ਨ ਜਾਹੀ ਕਰੇ ॥	اِنک چھِدّر بوہِتھ کے چھُٹکت تھام ن جاہی کرے ॥
ਜਿਸ ਕਾ ਬੋਹਿਥੁ ਤਿਸੁ ਆਰਾਧੇ ਖੋਟੇ ਸੰਗਿ ਖਰੇ ॥੧॥	جِس کا بوہِتھُ تِسُ آرادھے کھوٹے سنگِ کھرے ॥1॥
ਗਲੀ ਸੈਲ ਉਠਾਵਤ ਚਾਹੈ ਓਇ ਊਹਾ ਹੀ ਹੈ ਧਰੇ ॥	گلی سیَل اُٹھاوت چاہے اوءِ اوُہا ہی ہے دھرے ॥
ਜੋਰੁ ਸਕਤਿ ਨਾਨਕ ਕਿਛੁ ਨਾਹੀ ਪ੍ਰਭ ਰਾਖਹੁ ਸਰਣਿ ਪਰੇ ॥੨॥੭॥੧੨॥	زورُ سکتِ نانک کِچھُ ناہی پربھ راکھہُ سرنِ پرے ॥2॥7॥ 12 ॥
ਟੋਡੀ ਮਹਲਾ ੫ ॥	ٹوڈی محلا 5 ॥
ਹਰਿ ਕੇ ਚਰਨ ਕਮਲ ਮਨਿ ਧਿਆਉ ॥	ہرِ کے چرن کمل منِ دھیاءُ ॥
ਕਾਢਿ ਕੁਠਾਰੁ ਪਿਤ ਬਾਤ ਹੰਤਾ ਅਉਖਧੁ ਹਰਿ ਕੋ ਨਾਉ ॥੧॥ ਰਹਾਉ ॥	کاڈھِ کُٹھارُ پِت بات ہنّتا اَئکھدھُ ہرِ کو ناءُ ॥1॥ رہاءُ ॥
ਤੀਨੇ ਤਾਪ ਨਿਵਾਰਣਹਾਰਾ	تِینے تاپ نِوارنہارا

ਦੁਖ ਹੰਤਾ ਸੁਖ ਰਾਸਿ ॥
دُکھ ہنّتا سُکھ راسِ ॥

ਤਾ ਕਉ ਬਿਘਨੁ ਨ ਕੋਊ ਲਾਗੈ
ਜਾ ਕੀ ਪ੍ਰਭ ਆਗੈ ਅਰਦਾਸਿ ॥੧॥
تا ک ءُ بِگھنُ ن کوئُو لاگے
جا کی پربھ آگے عرداسِ ॥1॥

ਸੰਤ ਪ੍ਰਸਾਦਿ ਬੈਦ ਨਾਰਾਇਣ
ਕਰਣ ਕਾਰਣ ਪ੍ਰਭ ਏਕ ॥
سنّت پرسادِ بیَد نارائنْ
کرنْ کارنْ پربھ ایک ॥

ਬਾਲ ਬੁਧਿ ਪੂਰਨ ਸੁਖਦਾਤਾ
ਨਾਨਕ ਹਰਿ ਹਰਿ ਟੇਕ ॥੨॥੮॥੧੩॥
بال بُدھِ پوُرن سُکھداتا
نانک ہرِ ہرِ ٹیک ॥2॥8॥ 13 ॥

ਟੋਡੀ ਮਹਲਾ ੫ ॥
ٹوڈی محلا 5 ॥

ਹਰਿ ਹਰਿ ਨਾਮੁ ਸਦਾ ਸਦ ਜਾਪਿ ॥
ہرِ ہرِ نامُ سدا سد جاپِ ॥

ਧਾਰਿ ਅਨੁਗ੍ਰਹੁ ਪਾਰਬ੍ਰਹਮ ਸੁਆਮੀ
ਵਸਦੀ ਕੀਨੀ ਆਪਿ ॥੧॥ ਰਹਾਉ ॥
دھارِ انگرہُ پاربرہم سُیامی
وسدی کِینی آپِ ॥1॥ رہاءُ ॥

ਜਿਸ ਕੇ ਸੇ ਫਿਰਿ ਤਿਨ ਹੀ ਸਮ੍ਹਾਲੇ
ਬਿਨਸੇ ਸੋਗ ਸੰਤਾਪ ॥
جِس کے سے پھِرِ تِن ہی سمہّالے
بِنسے سوگ سنّتاپ ॥

ਹਾਥ ਦੇਇ ਰਾਖੇ ਜਨ ਅਪਨੇ
ਹਰਿ ਹੋਏ ਮਾਈ ਬਾਪ ॥੧॥
ہاتھ دےءِ راکھے جن اپنے
ہرِ ہوئے مائی باپ ॥1॥

ਜੀਅ ਜੰਤ ਹੋਏ ਮਿਹਰਵਾਨਾ
ਦਯਾ ਧਾਰੀ ਹਰਿ ਨਾਥ ॥
جیء جنّت ہوئے مِہروانا
دیا دھاری ہرِ ناتھ ॥

ਨਾਨਕ ਸਰਨਿ ਪਰੇ ਦੁਖ ਭੰਜਨ
ਜਾ ਕਾ ਬਡ ਪਰਤਾਪ ॥੨॥੯॥੧੪॥
نانک سرنِ پرے دُکھ بھنّجن
جا کا بڈ پرتاپ ॥2॥9॥ 14 ॥

ਟੋਡੀ ਮਹਲਾ ੫ ॥
ٹوڈی محلا 5 ॥

ਸ੍ਵਾਮੀ ਸਰਨਿ ਪਰਿਓ ਦਰਬਾਰੇ ॥
سّوامی سرنِ پرِئو دربارے ॥

ਕੋਟਿ ਅਪਰਾਧ ਖੰਡਨ ਕੇ ਦਾਤੇ
ਤੁਝ ਬਿਨੁ ਕਉਨੁ ਉਧਾਰੇ ॥੧॥ ਰਹਾਉ ॥
کوٹِ اپرادھ کھنڈن کے داتے
تُجھ بِنُ کنُ اُدھارے ۔ ॥1॥ رہاءُ ॥

ਖੋਜਤ ਖੋਜਤ ਬਹੁ ਪਰਕਾਰੇ
ਸਰਬ ਅਰਥ ਬੀਚਾਰੇ ॥
کھوجت کھوجت بہُ پرکارے
سرب ارتھ بیچارے ॥

ਸਾਧਸੰਗਿ ਪਰਮ ਗਤਿ ਪਾਈਐ
ਮਾਇਆ ਰਚਿ ਬੰਧਿ ਹਾਰੇ ॥੧॥

ساد ھسنگِ پرم گتِ پائیئے
مائیا رچِ بندھِ ہارے ॥1॥

ਚਰਨ ਕਮਲ ਸੰਗਿ ਪ੍ਰੀਤਿ ਮਨਿ ਲਾਗੀ
ਸੁਰਿ ਜਨ ਮਿਲੇ ਪਿਆਰੇ ॥

چرن کمل سنگِ پریتِ منِ لاگی
سُرِ جن مِلے پِیارے ॥

ਨਾਨਕ ਅਨਦ ਕਰੇ ਹਰਿ ਜਪਿ ਜਪਿ
ਸਗਲੇ ਰੋਗ ਨਿਵਾਰੇ ॥੨॥੧੦॥੧੫॥

نانک اند کرے ہرِ جپِ جپِ
سگلے روگ نِوارے ॥2॥ 10 ॥ 15 ॥

ਟੋਡੀ ਮਹਲਾ ੫ ਘਰੁ ੩ ਚਉਪਦੇ

ٹوڈی محلا 5 گھرُ 3 چپُدے

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਹਾਂ ਹਾਂ ਲਪਟਿਓ ਰੇ ਮੂੜੇ
ਕਛੂ ਨ ਥੋਰੀ ॥

ہاں ہاں لپٹِئو رے موُڑے
کچھوُ ن تھوری ॥

ਤੇਰੋ ਨਹੀ ਸੁ ਜਾਨੀ ਮੋਰੀ ॥ ਰਹਾਉ ॥

تیرو نہی سُ جانی موری ॥ رہاءُ ॥

ਆਪਨ ਰਾਮੁ ਨ ਚੀਨੋ ਖਿਨੂਆ ॥

آپن رامُ ن چینِو کھِنوُیا ॥

ਜੋ ਪਰਾਈ ਸੁ ਅਪਨੀ ਮਨੂਆ ॥੧॥

جو پرائی سُ اپنی منوُیا ॥1॥

ਨਾਮੁ ਸੰਗੀ ਸੋ ਮਨਿ ਨ ਬਸਾਇਓ ॥

نامُ سنگی سو منِ ن بسائِئو ॥

ਛੋਡਿ ਜਾਹਿ ਵਾਹੂ ਚਿਤੁ ਲਾਇਓ ॥੨॥

چھوڈِ جاہِ واہوُ چِتُ لائِئو ॥2॥

ਸੋ ਸੰਚਿਓ ਜਿਤੁ ਭੂਖ ਤਿਸਾਇਓ ॥

سو سنچِئو جِتُ بھوُکھ تِسائِئو ॥

ਅੰਮ੍ਰਿਤ ਨਾਮੁ ਤੋਸਾ ਨਹੀ ਪਾਇਓ ॥੩॥

انمّرِت نامُ توشا نہی پائِئو ॥3॥

ਕਾਮ ਕ੍ਰੋਧਿ ਮੋਹ ਕੂਪਿ ਪਰਿਆ ॥

کام کرودھِ موہ کوُپِ پریا ॥

ਗੁਰ ਪ੍ਰਸਾਦਿ ਨਾਨਕ ਕੋ ਤਰਿਆ ॥੪॥੧॥੧੬॥

گُر پرسادِ نانک کو تریا ॥4॥1॥ 16 ॥

ਟੋਡੀ ਮਹਲਾ ੫ ॥

ٹوڈی محلا 5 ॥

ਹਮਾਰੈ ਏਕੈ ਹਰੀ ਹਰੀ ॥

ہمارے ایکے ہری ہری ॥

ਆਨ ਅਵਰ ਸਿਵਾਣਿ ਨ ਕਰੀ ॥ ਰਹਾਉ ॥

آن اور سِجانِ ن کری ॥ رہاءُ ॥

ਵਡੈ ਭਾਗਿ ਗੁਰੁ ਅਪੁਨਾ ਪਾਇਓ ॥

وڈے بھاگِ گُرُ اپُنا پائِئو ॥

ਗੁਰਿ ਮੋ ਕਉ ਹਰਿ ਨਾਮੁ ਦ੍ਰਿੜਾਇਓ ॥੧॥	گُرِ مو ک ءُ ہرِ نامُ دڑِڑائِئو ॥1॥
ਹਰਿ ਹਰਿ ਜਾਪ ਤਾਪ ਬ੍ਰਤ ਨੇਮਾ ॥	ہرِ ہرِ جاپ تاپ برّت نیما ॥
ਹਰਿ ਹਰਿ ਧਿਆਇ ਕੁਸਲ ਸਭਿ ਖੇਮਾ ॥੨॥	ہرِ ہرِ دھیاءِ کُسل سبھِ کھیما ॥2॥
ਆਚਾਰ ਬਿਉਹਾਰ ਜਾਤਿ ਹਰਿ ਗੁਨੀਆ ॥	آچار بِہُار زاتِ ہرِ گُنیِیا ॥
ਮਹਾ ਅਨੰਦ ਕੀਰਤਨ ਹਰਿ ਸੁਨੀਆ ॥੩॥	مہا انند کیرتن ہرِ سُنیِیا ॥3॥
ਕਹੁ ਨਾਨਕ ਜਿਨਿ ਠਾਕੁਰੁ ਪਾਇਆ ॥	کہُ نانک جِنِ ٹھاکُرُ پائِیا ॥
ਸਭੁ ਕਿਛੁ ਤਿਸ ਕੇ ਗ੍ਰਿਹ ਮਹਿ ਆਇਆ ॥੪॥੨॥੧੭॥	سبھُ کِچھُ تِس کے گرِہ مہِ آئِیا ॥4॥2॥ 17 ॥
ਟੋਡੀ ਮਹਲਾ ੫ ਘਰੁ ੪ ਦੁਪਦੇ	ٹوڈی محلا 5 گھرُ 4 دُپدے
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਰੂੜੋ ਮਨੁ ਹਰਿ ਰੰਗੋ ਲੋੜੈ ॥	روُڑو منُ ہرِ رنگو لوڑے ॥
ਗਾਲੀ ਹਰਿ ਨੀਹੁ ਨ ਹੋਇ ॥ ਰਹਾਉ ॥	گالی ہرِ نیہُ ن ہوءِ ॥ رہاءُ ॥
ਹਉ ਢੂਢੇਦੀ ਦਰਸਨ ਕਾਰਣਿ ਬੀਥੀ ਬੀਥੀ ਪੇਖਾ ॥	ہءُ ڈھوُڈھیدی درسن کارنِ بیتھی بیتھی پیکھا ॥
ਗੁਰ ਮਿਲਿ ਭਰਮੁ ਗਵਾਇਆ ਹੇ ॥੧॥	گُر مِلِ بھرمُ گوائِیا ہے ॥1॥
ਇਹ ਬੁਧਿ ਪਾਈ ਮੈ ਸਾਧੂ ਕੰਨਹੁ ਲੇਖੁ ਲਿਖਿਓ ਧੁਰਿ ਮਾਥੈ ॥	اِہ بُدھِ پائی مے سادھوُ کنّنہُ لیکھُ لِکھِئو دھُرِ ماتھے ॥
ਇਹ ਬਿਧਿ ਨਾਨਕ ਹਰਿ ਨੈਣ ਅਲੋਇ ॥੨॥੧॥੧੮॥	اِہ بِدھِ نانک ہرِ نیَنْ الوءِ ॥2॥1॥ 18 ॥
ਟੋਡੀ ਮਹਲਾ ੫ ॥	ٹوڈی محلا 5 ॥
ਗਰਬਿ ਗਹਿਲੜੋ ਮੂੜੜੋ ਹੀਓ ਰੇ ॥	گربِ گہِلڑو موُڑڑو ہیئو رے ۔ ॥
ਹੀਓ ਮਹਰਾਜ ਰੀ ਮਾਇਓ ॥	ہیئو مہراج ری مائِئو ॥
ਡੀਹਰ ਨਿਆਈ ਮੋਹਿ ਫਾਕਿਓ ਰੇ ॥ ਰਹਾਉ ॥	ڈیہر نِیائی موہِ پھاکِئو رے ॥ رہاءُ ॥
ਘਣੋ ਘਣੋ ਘਣੋ ਸਦ ਲੋੜੈ ਬਿਨੁ ਲਹਣੇ ਕੈਠੈ ਪਾਇਓ ਰੇ ॥	گھنُو گھنُو گھنُو سد لوڑے بِنُ لہنے کیٹھے پائِئو رے ۔ ॥

ਮਹਰਾਜ ਰੋ ਗਾਥੁ ਵਾਹੂ ਸਿਉ ਲੁਭੜਿਓ
ਨਿਹਭਾਗੜੋ ਭਾਹਿ ਸੰਜੋਇਓ ਰੇ ॥੧॥

مہراج رو گاتھُ واہُو سِ ءُ لُبھڑِئو
نِہبھاگڑو بھاہِ سنجوئِئو رے ॥1॥

ਸੁਣਿ ਮਨ ਸੀਖ ਸਾਧੂ ਜਨ ਸਗਲੋ
ਥਾਰੇ ਸਗਲੇ ਪ੍ਰਾਛਤ ਮਿਟਿਓ ਰੇ ॥

سُنِ من سِیکھ سادھُو جن سگلو
تھارے سگلے پّراچھت مِٹِئو رے ॥

ਜਾ ਕੋ ਲਹਣੋ ਮਹਰਾਜ ਰੀ ਗਾਠੜੀਓ
ਜਨ ਨਾਨਕ ਗਰਭਾਸਿ ਨ ਪਉੜਿਓ ਰੇ ॥੨॥੨॥੧੯॥

جا کو لہنّو مہراج ری گاٹھڑِیئو
جن نانک گربھاسِ ن پئُڑِئو رے ॥2॥2॥ 19 ॥

ਟੋਡੀ ਮਹਲਾ ੫ ਘਰੁ ੫ ਦੁਪਦੇ

ٹوڈی محلا 5 گھرُ 5 دُپدے

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਐਸੋ ਗੁਨੁ ਮੇਰੋ ਪ੍ਰਭ ਜੀ ਕੀਨ ॥

ایَسو گُنُ میرو پّربھ جی کِین ॥

ਪੰਚ ਦੋਖ ਅਰੁ ਅਹੰ ਰੋਗ
ਇਹ ਤਨ ਤੇ ਸਗਲ ਦੂਰਿ ਕੀਨ ॥ ਰਹਾਉ ॥

پنّچ دوکھ ارُ اہنّ روگ
اِہ تن تے سگل دوُرِ کِین ॥ رہاءُ ॥

ਬੰਧਨ ਤੋਰਿ ਛੋਰਿ ਬਿਖਿਆ ਤੇ
ਗੁਰ ਕੋ ਸਬਦੁ ਮੇਰੈ ਹੀਅਰੈ ਦੀਨ ॥

بنّدھن توِرِ چھورِ بِکھیا تے
گُر کو سبدُ میرے ہِیَرے دِین ॥

ਰੂਪੁ ਅਨਰੂਪੁ ਮੋਰੋ ਕਛੁ ਨ ਬੀਚਾਰਿਓ
ਪ੍ਰੇਮ ਗਹਿਓ ਮੋਹਿ ਹਰਿ ਰੰਗ ਭੀਨ ॥੧॥

روُپُ انروُپُ مورو کچھُ ن بیچارِئو
پّریم گہِئو موہِ ہرِ رنگ بھِین ॥1॥

ਪੇਖਿਓ ਲਾਲਨੁ ਪਾਟ ਬੀਚ ਖੋਏ
ਅਨਦ ਚਿਤਾ ਹਰਖੇ ਪਤੀਨ ॥

پیکھِئو لالنُ پاٹ بِیچ کھوئے
اند چِتا ہرکھے پتِین ॥

ਤਿਸ ਹੀ ਕੋ ਗ੍ਰਿਹੁ ਸੋਈ ਪ੍ਰਭੁ ਨਾਨਕ
ਸੋ ਠਾਕੁਰੁ ਤਿਸ ਹੀ ਕੋ ਧੀਨ ॥੨॥੧॥੨੦॥

تِس ہی کو گرِہُ سوئی پّربھُ نانک
سو ٹھاکُرُ تِس ہی کو دھِین ॥2॥1॥ 20 ॥

ਟੋਡੀ ਮਹਲਾ ੫ ॥

ٹوڈی محلا 5 ॥

ਮਾਈ ਮੇਰੇ ਮਨ ਕੀ ਪ੍ਰੀਤਿ ॥

مائی میرے من کی پّریتِ ॥

ਏਹੀ ਕਰਮ ਧਰਮ ਜਪ ਏਹੀ
ਰਾਮ ਨਾਮ ਨਿਰਮਲ ਹੈ ਰੀਤਿ ॥ ਰਹਾਉ ॥

ایہی کرم دھرم جپ ایہی
رام نام نِرمل ہے ریتِ ॥ رہاءُ ॥

ਪ੍ਰਾਨ ਅਧਾਰ ਜੀਵਨ ਧਨ ਮੋਰੈ
ਦੇਖਨ ਕਉ ਦਰਸਨ ਪ੍ਰਭ ਨੀਤਿ ॥

پّران ادھار جیِون دھن مورے
دیکھن ک ءُ درسن پّربھ نِیتِ ॥

ਬਾਟ ਘਾਟ ਤੋਸਾ ਸੰਗਿ ਮੋਰੇ
ਮਨ ਅਪੁਨੇ ਕਉ ਮੈ ਹਰਿ ਸਖਾ ਕੀਤ ॥੧॥

باٹ گھاٹ توشا سنگِ مورے
من اپُنے کءُ مے ہرِ سکھا کِیت ॥1॥

ਸੰਤ ਪ੍ਰਸਾਦਿ ਭਏ ਮਨ ਨਿਰਮਲ
ਕਰਿ ਕਿਰਪਾ ਅਪੁਨੇ ਕਰਿ ਲੀਤ ॥

سنّت پرّسادِ بھئے من نِرمل
کرِ کِرپا اپُنے کرِ لِیت ॥

ਸਿਮਰਿ ਸਿਮਰਿ ਨਾਨਕ ਸੁਖੁ ਪਾਇਆ
ਆਦਿ ਜੁਗਾਦਿ ਭਗਤਨ ਕੇ ਮੀਤ ॥੨॥੨॥੨੧॥

سِمرِ سِمرِ نانک سُکھُ پائیا
آدِ جُگادِ بھگتن کے میت ॥2॥2॥ 21 ॥

ਟੋਡੀ ਮਹਲਾ ੫ ॥

ٹوڈی محلا 5 ॥

ਪ੍ਰਭ ਜੀ ਮਿਲੁ ਮੇਰੇ ਪ੍ਰਾਨ ॥

پربھ جی مِلُ میرے پران ۔ ॥

ਬਿਸਰੁ ਨਹੀ ਨਿਮਖ ਹੀਅਰੇ ਤੇ
ਅਪਨੇ ਭਗਤ ਕਉ ਪੂਰਨ ਦਾਨ ॥ ਰਹਾਉ ॥

بِسرُ نہی نِمکھ ہِیئرے تے
اپنے بھگت کءُ پُورن دان ॥ رہاءُ ॥

ਖੋਵਹੁ ਭਰਮੁ ਰਾਖੁ ਮੇਰੇ ਪ੍ਰੀਤਮ
ਅੰਤਰਜਾਮੀ ਸੁਘੜ ਸੁਜਾਨ ॥

کھووہُ بھرمُ راکھُ میرے پرِیتم
انترجامی سُگھڑ سُجان ॥

ਕੋਟਿ ਰਾਜ ਨਾਮ ਧਨੁ ਮੇਰੈ
ਅੰਮ੍ਰਿਤ ਦ੍ਰਿਸਟਿ ਧਾਰਹੁ ਪ੍ਰਭ ਮਾਨ ॥੧॥

کوٹِ راج نام دھنُ میرے
انمّرِت دّرِسٹِ دھارہُ پربھ مان ॥1॥

ਆਠ ਪਹਰ ਰਸਨਾ ਗੁਨ ਗਾਵੈ
ਜਸੁ ਪੂਰਿ ਅਘਾਵਹਿ ਸਮਰਥ ਕਾਨ ॥

آٹھ پہر رسنا گُن گاوے
جسُ پُورِ اگھاوہِ سمرتھ کان ॥

ਤੇਰੀ ਸਰਣਿ ਜੀਅਨ ਕੇ ਦਾਤੇ
ਸਦਾ ਸਦਾ ਨਾਨਕ ਕੁਰਬਾਨ ॥੨॥੩॥੨੨॥

تیری سرنِ جیئن کے داتے
سدا سدا نانک قُربان ॥2॥3॥ 22 ॥

ਟੋਡੀ ਮਹਲਾ ੫ ॥

ٹوڈی محلا 5 ॥

ਪ੍ਰਭ ਤੇਰੇ ਪਗ ਕੀ ਧੂਰਿ ॥

پربھ تیرے پگ کی دھوُرِ ॥

ਦੀਨ ਦਇਆਲ ਪ੍ਰੀਤਮ ਮਨਮੋਹਨ
ਕਰਿ ਕਿਰਪਾ ਮੇਰੀ ਲੋਚਾ ਪੂਰਿ ॥ ਰਹਾਉ ॥

دِین دیئال پرِیتم منموہن
کرِ کِرپا میری لوچا پُورِ ॥ رہاءُ ॥

ਦਹ ਦਿਸ ਰਵਿ ਰਹਿਆ ਜਸੁ ਤੁਮਰਾ
ਅੰਤਰਜਾਮੀ ਸਦਾ ਹਜੂਰਿ ॥

دہ دِس روِ رہِیا جسُ تُمرا
انترجامی سدا حضوُرِ ॥

ਜੋ ਤੁਮਰਾ ਜਸੁ ਗਾਵਹਿ ਕਰਤੇ

جو تُمرا جسُ گاوہِ کرتے

ਸੇ ਜਨ ਕਬਹੁ ਨ ਮਰਤੇ ਝੂਰਿ ॥੧॥

سے جن کبہُ ن مرتے جھوُرِ ॥1॥

ਧੰਧ ਬੰਧ ਬਿਨਸੇ ਮਾਇਆ ਕੇ
ਸਾਧੂ ਸੰਗਤਿ ਮਿਟੇ ਬਿਸੂਰ ॥

دھنّدھ بنّدھ بِنسے مائیا کے
سادھوُ سنگتِ مِٹے بِسوُر ॥

ਸੁਖ ਸੰਪਤਿ ਭੋਗ ਇਸੁ ਜੀਅ ਕੇ
ਬਿਨੁ ਹਰਿ ਨਾਨਕ ਜਾਨੇ ਕੂਰ ॥੨॥੪॥੨੩॥

سُکھ سنپتِ بھوگ اِسُ جیء کے
بِنُ ہرِ نانک جانے کوُر ॥2॥4॥ 23 ॥

ਟੋਡੀ ਮਃ ੫ ॥

ٹوڈی م: 5 ॥

ਮਾਈ ਮੇਰੇ ਮਨ ਕੀ ਪਿਆਸ ॥

مائی میرے من کی پیاس ॥

ਇਕੁ ਖਿਨੁ ਰਹਿ ਨ ਸਕਉ ਬਿਨੁ ਪ੍ਰੀਤਮ
ਦਰਸਨ ਦੇਖਨ ਕਉ ਧਾਰੀ ਮਨਿ ਆਸ ॥ ਰਹਾਉ ॥

اِکُ کھِنُ رہِ ن سک ءُ بِنُ پرّیتم
درسن دیکھن ک ءُ دھاری منِ آس ॥ رہاءُ ॥

ਸਿਮਰਉ ਨਾਮੁ ਨਿਰੰਜਨ ਕਰਤੇ
ਮਨ ਤਨ ਤੇ ਸਭਿ ਕਿਲਵਿਖ ਨਾਸ ॥

سِمرءُ نامُ نِرنّجن کرتے
من تن تے سبھِ کِلوِکھ ناس ॥

ਪੂਰਨ ਪਾਰਬ੍ਰਹਮ ਸੁਖਦਾਤੇ
ਅਬਿਨਾਸੀ ਬਿਮਲ ਜਾ ਕੋ ਜਾਸ ॥੧॥

پوُرن پاربرّہم سُکھداتے
اِبناسی بِمل جا کو جاس ॥1॥

ਸੰਤ ਪ੍ਰਸਾਦਿ ਮੇਰੇ ਪੂਰ ਮਨੋਰਥ
ਕਰਿ ਕਿਰਪਾ ਭੇਟੇ ਗੁਣਤਾਸ ॥

سنّت پرّسادِ میرے پوُر منورتھ
کرِ کِرپا بھیٹے گُنتاس ॥

ਸਾਂਤਿ ਸਹਜ ਸੂਖ ਮਨਿ ਉਪਜਿਓ
ਕੋਟਿ ਸੂਰ ਨਾਨਕ ਪਰਗਾਸ ॥੨॥੫॥੨੪॥

سانتِ سہج سوُکھ منِ اُپجِئو
کوٹِ سوُر نانک پرگاس ॥2॥5॥ 24 ॥

ਟੋਡੀ ਮਹਲਾ ੫ ॥

ٹوڈی محلا 5 ॥

ਹਰਿ ਹਰਿ ਪਤਿਤ ਪਾਵਨ ॥

ہرِ ہرِ پتِت پاون ॥

ਜੀਅ ਪ੍ਰਾਨ ਮਾਨ ਸੁਖਦਾਤਾ
ਅੰਤਰਜਾਮੀ ਮਨ ਕੋ ਭਾਵਨ ॥ ਰਹਾਉ ॥

جیء پرّان مان سُکھداتا
انترجامی من کو بھاون ॥ رہاءُ ॥

ਸੁੰਦਰੁ ਸੁਘੜੁ ਚਤੁਰੁ ਸਭ ਬੇਤਾ
ਰਿਦ ਦਾਸ ਨਿਵਾਸ ਭਗਤ ਗੁਨ ਗਾਵਨ ॥

سُنّدرُ سُگھڑُ چترُ سبھ بیتا
رِد داس نِواس بھگت گُن گاون ॥

ਨਿਰਮਲ ਰੂਪ ਅਨੂਪ ਸੁਆਮੀ
ਕਰਮ ਭੂਮਿ ਬੀਜਨ ਸੋ ਖਾਵਨ ॥੧॥

نِرمل روُپ انوُپ سُیامی
کرم بھوُمِ بیجن سو کھاون ॥1॥

ਬਿਸਮਨ ਬਿਸਮ ਭਏ ਬਿਸਮਾਦਾ
ਆਨ ਨ ਬੀਓ ਦੂਸਰ ਲਾਵਨ ॥

بِسمن بِسم بھئے بِسمادا
آن ن بِیئو دوُسر لاون ॥

ਰਸਨਾ ਸਿਮਰਿ ਸਿਮਰਿ ਜਸੁ ਜੀਵਾ
ਨਾਨਕ ਦਾਸ ਸਦਾ ਬਲਿ ਜਾਵਨ ॥੨॥੬॥੨੫॥

رسنا سِمرِ سِمرِ جسُ جیِوا
نانک داس سدا بلِ جاون ॥2॥6॥ 25 ॥

ਟੋਡੀ ਮਹਲਾ ੫ ॥

ٹوڈی محلا 5 ॥

ਮਾਈ ਮਾਇਆ ਛਲੁ ॥

مائی مائیا چھلُ ॥

ਤ੍ਰਿਣ ਕੀ ਅਗਨਿ ਮੇਘ ਕੀ ਛਾਇਆ
ਗੋਬਿਦ ਭਜਨ ਬਿਨੁ ਹੜ ਕਾ ਜਲੁ ॥ ਰਹਾਉ ॥

تّرِنڑ کی اگنِ میگھ کی چھائیا
گوبِد بھجن بِنُ ہڑ کا جلُ ॥ رہاءُ ॥

ਛੋਡਿ ਸਿਆਨਪ ਬਹੁ ਚਤੁਰਾਈ
ਦੁਇ ਕਰ ਜੋੜਿ ਸਾਧ ਮਗਿ ਚਲੁ ॥

چھوڈِ سِیانپ بہُ چترُائی
دُءِ کر جوڑِ سادھ مگِ چلُ ॥

ਸਿਮਰਿ ਸੁਆਮੀ ਅੰਤਰਜਾਮੀ
ਮਾਨੁਖ ਦੇਹ ਕਾ ਇਹੁ ਊਤਮ ਫਲੁ ॥੧॥

سِمرِ سُیامی انترجامی
مانُکھ دیہ کا اِہُ اوُتم پھلُ ॥1॥

ਬੇਦ ਬਖਿਆਨ ਕਰਤ ਸਾਧੂ ਜਨ
ਭਾਗਹੀਨ ਸਮਝਤ ਨਹੀ ਖਲੁ ॥

بید بکھیان کرت سادھوُ جن
بھاگہین سمجھت نہی کھلُ ॥

ਪ੍ਰੇਮ ਭਗਤਿ ਰਾਚੇ ਜਨ ਨਾਨਕ
ਹਰਿ ਸਿਮਰਨਿ ਦਹਨ ਭਏ ਮਲ ॥੨॥੭॥੨੬॥

پریم بھگتِ راچے جن نانک
ہرِ سِمرنِ دہن بھئے مل ॥2॥7॥ 26 ॥

ਟੋਡੀ ਮਹਲਾ ੫ ॥

ٹوڈی محلا 5 ॥

ਮਾਈ ਚਰਨ ਗੁਰ ਮੀਠੇ ॥

مائی چرن گُر میٹھے ॥

ਵਡੈ ਭਾਗਿ ਦੇਵੈ ਪਰਮੇਸਰੁ
ਕੋਟਿ ਫਲਾ ਦਰਸਨ ਗੁਰ ਡੀਠੇ ॥ ਰਹਾਉ ॥

وڈے بھاگِ دیوے پرمیسرُ
کوٹِ پھلا درسن گُر ڈیٹھے ॥ رہاءُ ॥

ਗੁਨ ਗਾਵਤ ਅਚੁਤ ਅਬਿਨਾਸੀ
ਕਾਮ ਕ੍ਰੋਧ ਬਿਨਸੇ ਮਦ ਢੀਠੇ ॥

گُن گاوت اچُت اِبناسی
کام کرودھ بِنسے مد ڈھیٹھے ॥

ਅਸਥਿਰ ਭਏ ਸਾਚ ਰੰਗਿ ਰਾਤੇ
ਜਨਮ ਮਰਨ ਬਾਹੁਰਿ ਨਹੀ ਪੀਠੇ ॥੧॥

استھِر بھئے ساچ رنگِ راتے
جنم مرن باہُرِ نہی پیٹھے ॥1॥

ਬਿਨੁ ਹਰਿ ਭਜਨ ਰੰਗ ਰਸ ਜੇਤੇ

بِنُ ہرِ بھجن رنگ رس جیتے

ਸੰਤ ਦਇਆਲ ਜਾਨੇ ਸਭਿ ਝੂਠੇ ॥

سنّت دئیال جانے سبھِ جھوُٹھے ॥

ਨਾਮ ਰਤਨੁ ਪਾਇਓ ਜਨ ਨਾਨਕ
ਨਾਮ ਬਿਹੂਨ ਚਲੇ ਸਭਿ ਮੂਠੇ ॥੨॥੮॥੨੭॥

نام رتنُ پائِئو جن نانک
نام بِہوُن چلے سبھِ موُٹھے ॥2॥8॥ 27 ॥

ਟੋਡੀ ਮਹਲਾ ੫ ॥

ٹوڈی محلا 5 ॥

ਸਾਧਸੰਗਿ ਹਰਿ ਹਰਿ ਨਾਮੁ ਚਿਤਾਰਾ ॥

سادھسنگِ ہرِ ہرِ نامُ چِتارا ॥

ਸਹਜਿ ਅਨੰਦੁ ਹੋਵੈ ਦਿਨੁ ਰਾਤੀ
ਅੰਕੁਰੁ ਭਲੋ ਹਮਾਰਾ ॥ ਰਹਾਉ ॥

سہجِ اننّدُ ہووے دِنُ راتی
انکُرُ بھلو ہمارا ॥ رہاءُ ॥

ਗੁਰੁ ਪੂਰਾ ਭੇਟਿਓ ਬਡਭਾਗੀ
ਜਾ ਕੋ ਅੰਤੁ ਨ ਪਾਰਾਵਾਰਾ ॥

گُرُ پوُرا بھیٹِئو بڈبھاگی
جا کو انّتُ ن پاراوارا ॥

ਕਰੁ ਗਹਿ ਕਾਢਿ ਲੀਓ ਜਨੁ ਅਪੁਨਾ
ਬਿਖੁ ਸਾਗਰ ਸੰਸਾਰਾ ॥੧॥

کرُ گہِ کاڈھِ لِیئو جنُ اپُنا
بِکھُ ساگر سنّسارا ॥1॥

ਜਨਮ ਮਰਨ ਕਾਟੇ ਗੁਰ ਬਚਨੀ
ਬਹੁੜਿ ਨ ਸੰਕਟ ਦੁਆਰਾ ॥

جنم مرن کاٹے گُر بچنی
بہُڑِ ن سنّکٹ دُیارا ॥

ਨਾਨਕ ਸਰਨਿ ਗਹੀ ਸੁਆਮੀ ਕੀ
ਪੁਨਹ ਪੁਨਹ ਨਮਸਕਾਰਾ ॥੨॥੯॥੨੮॥

نانک سرنِ گہی سُیامی کی
پُنہ پُنہ نمسکارا ॥2॥9॥ 28 ॥

ਟੋਡੀ ਮਹਲਾ ੫ ॥

ٹوڈی محلا 5 ॥

ਮਾਈ ਮੇਰੇ ਮਨ ਕੋ ਸੁਖੁ ॥

مائی میرے من کو سُکھُ ॥

ਕੋਟਿ ਅਨੰਦ ਰਾਜ ਸੁਖੁ ਭੁਗਵੈ
ਹਰਿ ਸਿਮਰਤ ਬਿਨਸੈ ਸਭ ਦੁਖੁ ॥੧॥ ਰਹਾਉ ॥

کوٹِ اننّد راج سُکھُ بھُگوے
ہرِ سِمرت بِنسے سبھ دُکھُ ॥1॥ رہاءُ ॥

ਕੋਟਿ ਜਨਮ ਕੇ ਕਿਲਬਿਖ ਨਾਸਹਿ
ਸਿਮਰਤ ਪਾਵਨ ਤਨ ਮਨ ਸੁਖ ॥

کوٹِ جنم کے کِلبِکھ ناسہِ
سِمرت پاون تن من سُکھ ॥

ਦੇਖਿ ਸਰੂਪੁ ਪੂਰਨੁ ਭਈ ਆਸਾ
ਦਰਸਨੁ ਭੇਟਤ ਉਤਰੀ ਭੁਖ ॥੧॥

دیکھِ سروُپُ پوُرنُ بھئی آسا
درسنُ بھیٹت اُتری بھُکھ ॥1॥

ਚਾਰਿ ਪਦਾਰਥ ਅਸਟ ਮਹਾ ਸਿਧਿ
ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ ॥

چارِ پدارتھ اسٹ مہا سِدھِ
کامدھینُ پارجات ہرِ ہرِ رُکھُ ॥

ਨਾਨਕ ਸਰਨਿ ਗਹੀ ਸੁਖ ਸਾਗਰ
ਜਨਮ ਮਰਨ ਫਿਰਿ ਗਰਭ ਨ ਧੁਖੁ ॥੨॥੧੦॥੨੯॥

نانک سرنِ گہی سُکھ ساگر
جنم مرن پھِرِ گربھ ن دھُکھُ ॥2॥ 10 ॥ 29 ॥

ਟੋਡੀ ਮਹਲਾ ੫ ॥

ٹوڈی محلا 5 ॥

ਹਰਿ ਹਰਿ ਚਰਨ ਰਿਦੈ ਉਰ ਧਾਰੇ ॥

ہرِ ہرِ چرن رِدے اُر دھارے ॥

ਸਿਮਰਿ ਸੁਆਮੀ ਸਤਿਗੁਰੁ ਅਪੁਨਾ
ਕਾਰਜ ਸਫਲ ਹਮਾਰੇ ॥੧॥ ਰਹਾਉ ॥

سِمرِ سُیامی ستِگُرُ اپُنا
کارج سپھل ہمارے ॥1॥ رہاءُ ॥

ਪੁੰਨ ਦਾਨ ਪੂਜਾ ਪਰਮੇਸਰੁ
ਹਰਿ ਕੀਰਤਿ ਤਤੁ ਬੀਚਾਰੇ ॥

پُنّن دان پُوجا پرمیسرُ
ہرِ کیرتِ تتُ بیچارے ॥

ਗੁਨ ਗਾਵਤ ਅਤੁਲ ਸੁਖੁ ਪਾਇਆ
ਠਾਕੁਰ ਅਗਮ ਅਪਾਰੇ ॥੧॥

گُن گاوت اتُل سُکھُ پائیا
ٹھاکُر اگم اپارے ॥1॥

ਜੋ ਜਨ ਪਾਰਬ੍ਰਹਮਿ ਅਪਨੇ ਕੀਨੇ
ਤਿਨ ਕਾ ਬਾਹੁਰਿ ਕਛੁ ਨ ਬੀਚਾਰੇ ॥

جو جن پاربّرہمِ اپنے کِینے
تِن کا باہُرِ کچھُ ن بیچارے ॥

ਨਾਮ ਰਤਨੁ ਸੁਨਿ ਜਪਿ ਜਪਿ ਜੀਵਾ
ਹਰਿ ਨਾਨਕ ਕੰਠ ਮਝਾਰੇ ॥੨॥੧੧॥੩੦॥

نام رتنُ سُنِ جپِ جپِ جیِوا
ہرِ نانک کنّٹھ مجھارے ॥2॥ 11 ॥ 30 ॥

ਟੋਡੀ ਮਹਲਾ ੯

ٹوڈی محلا 9

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਕਹਉ ਕਹਾ ਅਪਨੀ ਅਧਮਾਈ ॥

کہءُ کہا اپنی ادھمائی ॥

ਉਰਝਿਓ ਕਨਕ ਕਾਮਨੀ ਕੇ ਰਸ
ਨਹ ਕੀਰਤਿ ਪ੍ਰਭ ਗਾਈ ॥੧॥ ਰਹਾਉ ॥

اُرجھِئو کنک کامنی کے رس
نہ کیرتِ پربھ گائی ॥1॥ رہاءُ ॥

ਜਗ ਝੂਠੇ ਕਉ ਸਾਚੁ ਜਾਨਿ ਕੈ
ਤਾ ਸਿਉ ਰੁਚ ਉਪਜਾਈ ॥

جگ جھوُٹھے کءُ ساچُ جانِ کے
تا سِءُ رُچ اُپجائی ॥

ਦੀਨ ਬੰਧ ਸਿਮਰਿਓ ਨਹੀ ਕਬਹੂ
ਹੋਤ ਜੁ ਸੰਗਿ ਸਹਾਈ ॥੧॥

دِین بندھ سِمرِئو نہی کبہُو
ہوت جُ سنگِ سہائی ॥1॥

ਮਗਨ ਰਹਿਓ ਮਾਇਆ ਮੈ ਨਿਸ ਦਿਨਿ
ਛੁਟੀ ਨ ਮਨ ਕੀ ਕਾਈ ॥

مگن رہِئو مائیا مے نِس دِنِ
چھُٹی ن من کی کائی ॥

ਕਹਿ ਨਾਨਕ ਅਬ ਨਾਹਿ ਅਨਤ ਗਤਿ
ਬਿਨੁ ਹਰਿ ਕੀ ਸਰਨਾਈ ॥੨॥੧॥੩੧॥

کہِ نانک اب ناہِ انت گتِ
بِنُ ہرِ کی سرنائی ॥2॥1॥ 31 ॥

ਟੋਡੀ ਬਾਣੀ ਭਗਤਾਂ ਕੀ

ٹوڈی باٹی بھگتاں کی

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ ॥

کوئی بولے نِروا کوئی بولے دوُرِ ॥

ਜਲ ਕੀ ਮਾਛੁਲੀ ਚਰੈ ਖਜੂਰਿ ॥੧॥

جل کی ماچھُلی چرے کھجوُرِ ॥1॥

ਕਾਂਇ ਰੇ ਬਕਬਾਦੁ ਲਾਇਓ ॥

کانْءِ رے بکباد لائیو ۔ ॥

ਜਿਨਿ ਹਰਿ ਪਾਇਓ ਤਿਨਹਿ ਛਪਾਇਓ ॥੧॥ ਰਹਾਉ ॥

جِنِ ہرِ پائیو تِنہِ چھپائیو ॥1॥ رہاءُ ॥

ਪੰਡਿਤੁ ਹੋਇ ਕੈ ਬੇਦੁ ਬਖਾਨੈ ॥

پنڈِت ہوءِ کے بیدُ بکھانے ॥

ਮੂਰਖੁ ਨਾਮਦੇਉ ਰਾਮਹਿ ਜਾਨੈ ॥੨॥੧॥

موُرکھُ نامدیءُ رامہِ جانے ॥2॥1॥

ਕਉਨ ਕੋ ਕਲੰਕੁ ਰਹਿਓ
ਰਾਮ ਨਾਮੁ ਲੇਤ ਹੀ ॥

کئُن کو کلنکُ رہیو
رام نامُ لیت ہی ॥

ਪਤਿਤ ਪਵਿਤ ਭਏ
ਰਾਮੁ ਕਹਤ ਹੀ ॥੧॥ ਰਹਾਉ ॥

پتِت پوِت بھئے
رامُ کہت ہی ॥1॥ رہاءُ ॥

ਰਾਮ ਸੰਗਿ ਨਾਮਦੇਵ
ਜਨ ਕਉ ਪ੍ਰਤਗਿਆ ਆਈ ॥

رام سنگِ نامدیو
جن کءُ پرّتگیا آئی ॥

ਏਕਾਦਸੀ ਬ੍ਰਤੁ ਰਹੈ
ਕਾਹੇ ਕਉ ਤੀਰਥ ਜਾਈਂ ॥੧॥

ایکادسی برّتُ رہے
کاہے کءُ تیِرتھ جائیں ۔ ॥1॥

ਭਨਤਿ ਨਾਮਦੇਉ
ਸੁਕ੍ਰਿਤ ਸੁਮਤਿ ਭਏ ॥

بھنتِ نامدیءُ
سُکّرِت سُمتِ بھئے ॥

ਗੁਰਮਤਿ ਰਾਮੁ ਕਹਿ
ਕੋ ਕੋ ਨ ਬੈਕੁੰਠਿ ਗਏ ॥੨॥੨॥

گُرمتِ رامُ کہِ
کو کو ن بیکُنٹھِ گئے ۔ ॥2॥2॥

ਤੀਨਿ ਛੰਦੇ ਖੇਲੁ ਆਛੈ ॥੧॥ ਰਹਾਉ ॥

تِینِ چھندّے کھیلُ آچھے ॥1॥ رہاءُ ॥

ਕੁੰਭਾਰ ਕੇ ਘਰ ਹਾਂਡੀ ਆਛੈ
ਰਾਜਾ ਕੇ ਘਰ ਸਾਂਡੀ ਗੋ ॥

کُنبھار کے گھر ہانڈی آچھے

راجا کے گھر سانڈی گو ॥

ਬਾਮਨ ਕੇ ਘਰ ਰਾਂਡੀ ਆਛੈ
ਰਾਂਡੀ ਸਾਂਡੀ ਹਾਂਡੀ ਗੋ ॥੧॥

بامن کے گھر رانڈی آچھےَ
رانڈی سانڈی ہانڈی گو ॥1॥

ਬਾਣੀਏ ਕੇ ਘਰ ਹੀਂਗੁ ਆਛੈ
ਭੈਸਰ ਮਾਥੈ ਸੀਂਗੁ ਗੋ ॥

بانٹیے کے گھر ہینگُ آچھےَ
بھیَسر ماتھےَ سینگُ گو ॥

ਦੇਵਲ ਮਧੇ ਲੀਗੁ ਆਛੈ
ਲੀਗੁ ਸੀਗੁ ਹੀਗੁ ਗੋ ॥੨॥

دیول مدھے لِیگُ آچھےَ
لِیگُ سِیگُ ہِیگُ گو ॥2॥

ਤੇਲੀ ਕੈ ਘਰ ਤੇਲੁ ਆਛੈ
ਜੰਗਲ ਮਧੇ ਬੇਲ ਗੋ ॥

تیلی کےَ گھر تیلُ آچھےَ
جنگل مدھے بیل گو ॥

ਮਾਲੀ ਕੇ ਘਰ ਕੇਲ ਆਛੈ
ਕੇਲ ਬੇਲ ਤੇਲ ਗੋ ॥੩॥

مالی کے گھر کیل آچھےَ
کیل بیل تیل گو ॥3॥

ਸੰਤਾਂ ਮਧੇ ਗੋਬਿੰਦੁ ਆਛੈ
ਗੋਕਲ ਮਧੇ ਸਿਆਮ ਗੋ ॥

سنّتاں مدھے گوبِنّدُ آچھےَ
گوکل مدھے سِیام گو ॥

ਨਾਮੇ ਮਧੇ ਰਾਮੁ ਆਛੈ
ਰਾਮ ਸਿਆਮ ਗੋਬਿੰਦ ਗੋ ॥੪॥੩॥

نامے مدھے رامُ آچھےَ
رام سِیام گوبِنّد گو ॥4॥3॥

ਰਾਗੁ ਬੈਰਾੜੀ ਮਹਲਾ ੪ ਘਰੁ ੧ ਦੁਪਦੇ

راگُ بیَراڑی محلا 4 گھرُ 1 دُپدے

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸੁਨਿ ਮਨ ਅਕਥ ਕਥਾ ਹਰਿ ਨਾਮ ॥

سُنِ من اکتھ کتھا ہرِ نام ॥

ਰਿਧਿ ਬੁਧਿ ਸਿਧਿ ਸੁਖ ਪਾਵਹਿ
ਭਜੁ ਗੁਰਮਤਿ ਹਰਿ ਰਾਮ ਰਾਮ ॥੧॥ ਰਹਾਉ ॥

رِدھِ بُدھِ سِدھِ سُکھ پاوہِ
بھجُ گُرمتِ ہرِ رام رام ॥1॥ رہاءُ ॥

ਨਾਨਾ ਖਿਆਨ ਪੁਰਾਨ ਜਸੁ ਊਤਮ
ਖਟ ਦਰਸਨ ਗਾਵਹਿ ਰਾਮ ॥

نانا کھِیان پُران جسُ اوُتم
کھٹ درسن گاوہِ رام ॥

ਸੰਕਰ ਕ੍ਰੋੜਿ ਤੇਤੀਸ ਧਿਆਇਓ
ਨਹੀ ਜਾਨਿਓ ਹਰਿ ਮਰਮਾਮ ॥੧॥

سنکر کروڑِ تیتیِس دھِیائِئو
نہی جانِئو ہرِ مرمام ॥1॥

ਸੁਰਿ ਨਰ ਗਣ ਗੰਧ੍ਰਬ ਜਸੁ ਗਾਵਹਿ

سُرِ نر گنْ گندھّرب جسُ گاوہِ

ਸਭ ਗਾਵਤ ਜੇਤ ਉਪਾਮ ॥

سبھ گاوت جیت اُپام ॥

ਨਾਨਕ ਕ੍ਰਿਪਾ ਕਰੀ ਹਰਿ ਜਿਨ ਕਉ
ਤੇ ਸੰਤ ਭਲੇ ਹਰਿ ਰਾਮ ॥੨॥੧॥

نانک کرِپا کری ہرِ جِن کءُ
تے سنّت بھلے ہرِ رام ॥2॥1॥

ਬੈਰਾੜੀ ਮਹਲਾ ੪ ॥

بیراڑی محلا 4 ॥

ਮਨ ਮਿਲਿ ਸੰਤ ਜਨਾ ਜਸੁ ਗਾਇਓ ॥

من مِلِ سنّت جنا جسُ گائیو ॥

ਹਰਿ ਹਰਿ ਰਤਨੁ ਰਤਨੁ ਹਰਿ ਨੀਕੋ
ਗੁਰਿ ਸਤਿਗੁਰਿ ਦਾਨੁ ਦਿਵਾਇਓ ॥੧॥ ਰਹਾਉ ॥

ہرِ ہرِ رتنُ رتنُ ہرِ نیکو
گُرِ ستِگُرِ دانُ دِوائیو ॥1॥ رہاءُ ॥

ਤਿਸੁ ਜਨ ਕਉ ਮਨੁ ਤਨੁ ਸਭੁ ਦੇਵਉ
ਜਿਨਿ ਹਰਿ ਹਰਿ ਨਾਮੁ ਸੁਨਾਇਓ ॥

تِسُ جن کءُ منُ تنُ سبھُ دیوءُ
جِنِ ہرِ ہرِ نامُ سُنائیو ॥

ਧਨੁ ਮਾਇਆ ਸੰਪੈ ਤਿਸੁ ਦੇਵਉ
ਜਿਨਿ ਹਰਿ ਮੀਤੁ ਮਿਲਾਇਓ ॥੧॥

دھنُ مائیا سنّپے تِسُ دیوءُ
جِنِ ہرِ میتُ مِلائیو ॥1॥

ਖਿਨੁ ਕਿੰਚਿਤ ਕ੍ਰਿਪਾ ਕਰੀ ਜਗਦੀਸਰਿ
ਤਬ ਹਰਿ ਹਰਿ ਹਰਿ ਜਸੁ ਧਿਆਇਓ ॥

کھِنُ کِنچِت کرِپا کری جگدیسرِ
تب ہرِ ہرِ ہرِ جسُ دھیائیو ॥

ਜਨ ਨਾਨਕ ਕਉ ਹਰਿ ਭੇਟੇ ਸੁਆਮੀ
ਦੁਖੁ ਹਉਮੈ ਰੋਗੁ ਗਵਾਇਓ ॥੨॥੨॥

جن نانک کءُ ہرِ بھیٹے سُیامی
دُکھُ ہئمےَ روگُ گوائیو ॥2॥2॥

ਬੈਰਾੜੀ ਮਹਲਾ ੪ ॥

بیراڑی محلا 4 ॥

ਹਰਿ ਜਨੁ ਰਾਮ ਨਾਮ ਗੁਨ ਗਾਵੈ ॥

ہرِ جنُ رام نام گُن گاوےَ ॥

ਜੇ ਕੋਈ ਨਿੰਦ ਕਰੇ ਹਰਿ ਜਨ ਕੀ
ਅਪੁਨਾ ਗੁਨੁ ਨ ਗਵਾਵੈ ॥੧॥ ਰਹਾਉ ॥

جے کوئی نِندّ کرے ہرِ جن کی
اپُنا گُنُ ن گواوےَ ॥1॥ رہاءُ ॥

ਜੋ ਕਿਛੁ ਕਰੇ ਸੁ ਆਪੇ ਸੁਆਮੀ
ਹਰਿ ਆਪੇ ਕਾਰ ਕਮਾਵੈ ॥

جو کِچھُ کرے سُ آپے سُیامی
ہرِ آپے کار کماوےَ ॥

ਹਰਿ ਆਪੇ ਹੀ ਮਤਿ ਦੇਵੈ ਸੁਆਮੀ
ਹਰਿ ਆਪੇ ਬੋਲਿ ਬੁਲਾਵੈ ॥੧॥

ہرِ آپے ہی متِ دیوےَ سُیامی
ہرِ آپے بولِ بُلاوےَ ॥1॥

ਹਰਿ ਆਪੇ ਪੰਚ ਤਤੁ ਬਿਸਥਾਰਾ
ਵਿਚਿ ਧਾਤੂ ਪੰਚ ਆਪਿ ਪਾਵੈ ॥

ہرِ آپے پنّچ تتُ بِستھارا
وِچِ دھاتوُ پنّچ آپِ پاوےَ ॥

ਜਨ ਨਾਨਕ ਸਤਿਗੁਰੁ ਮੇਲੇ ਆਪੇ
ਹਰਿ ਆਪੇ ਝਗਰੁ ਚੁਕਾਵੈ ॥੨॥੩॥

جن نانک ستِگُرُ میلے آپے
ہرِ آپے جھگرُ چُکاوے ॥2॥3॥

ਬੈਰਾੜੀ ਮਹਲਾ ੪ ॥

بیَراڑی محلا 4 ॥

ਜਪਿ ਮਨ ਰਾਮ ਨਾਮੁ ਨਿਸਤਾਰਾ ॥

جپِ من رام نامُ نِستارا ॥

ਕੋਟ ਕੋਟੰਤਰ ਕੇ ਪਾਪ ਸਭਿ ਖੋਵੈ
ਹਰਿ ਭਵਜਲੁ ਪਾਰਿ ਉਤਾਰਾ ॥੧॥ ਰਹਾਉ ॥

کوٹ کوٹنّتر کے پاپ سبھِ کھووے
ہرِ بھوجلُ پارِ اُتارا ॥1॥ رہاءُ ॥

ਕਾਇਆ ਨਗਰਿ ਬਸਤ ਹਰਿ ਸੁਆਮੀ
ਹਰਿ ਨਿਰਭਉ ਨਿਰਵੈਰੁ ਨਿਰੰਕਾਰਾ ॥

کائیا نگرِ بست ہرِ سُیامی
ہرِ نِربھءُ نِرویَرُ نِرنّکارا ॥

ਹਰਿ ਨਿਕਟਿ ਬਸਤ ਕਛੁ ਨਦਰਿ ਨ ਆਵੈ
ਹਰਿ ਲਾਧਾ ਗੁਰ ਵੀਚਾਰਾ ॥੧॥

ہرِ نِکٹِ بست کچھُ ندرِ ن آوے
ہرِ لادھا گُر ویچارا ॥1॥

ਹਰਿ ਆਪੇ ਸਾਹੁ ਸਰਾਫੁ ਰਤਨੁ ਹੀਰਾ
ਹਰਿ ਆਪਿ ਕੀਆ ਪਾਸਾਰਾ ॥

ہرِ آپے ساہُ صرافُ رتنُ ہیِرا
ہرِ آپِ کیِیا پاسارا ॥

ਨਾਨਕ ਜਿਸੁ ਕ੍ਰਿਪਾ ਕਰੇ ਸੁ ਹਰਿ ਨਾਮੁ ਵਿਹਾਝੇ
ਸੋ ਸਾਹੁ ਸਚਾ ਵਣਜਾਰਾ ॥੨॥੪॥

نانک جِسُ کِرپا کرے سُ ہرِ نامُ وِہاجھے
سو ساہُ سچا ونّجارا ॥2॥4॥

ਬੈਰਾੜੀ ਮਹਲਾ ੪ ॥

بیَراڑی محلا 4 ॥

ਜਪਿ ਮਨ ਹਰਿ ਨਿਰੰਜਨੁ ਨਿਰੰਕਾਰਾ ॥

جپِ من ہرِ نِرنّجنُ نِرنّکارا ॥

ਸਦਾ ਸਦਾ ਹਰਿ ਧਿਆਈਐ ਸੁਖਦਾਤਾ
ਜਾ ਕਾ ਅੰਤੁ ਨ ਪਾਰਾਵਾਰਾ ॥੧॥ ਰਹਾਉ ॥

سدا سدا ہرِ دھیائیئے سُکھداتا
جا کا انّتُ ن پاراوارا ॥1॥ رہاءُ ॥

ਅਗਨਿ ਕੁੰਟ ਮਹਿ ਉਰਧ ਲਿਵ ਲਾਗਾ
ਹਰਿ ਰਾਖੈ ਉਦਰ ਮੰਝਾਰਾ ॥

اگنِ کُنّٹ مہِ اُردھ لِو لاگا
ہرِ راکھےَ اُدر منّجھارا ॥

ਸੋ ਐਸਾ ਹਰਿ ਸੇਵਹੁ ਮੇਰੇ ਮਨ
ਹਰਿ ਅੰਤਿ ਛਡਾਵਣਹਾਰਾ ॥੧॥

سو ایَسا ہرِ سیوہُ میرے من
ہرِ انّتِ چھڈاوٹہارا ॥1॥

ਜਾ ਕੈ ਹਿਰਦੈ ਬਸਿਆ ਮੇਰਾ ਹਰਿ ਹਰਿ
ਤਿਸੁ ਜਨ ਕਉ ਕਰਹੁ ਨਮਸਕਾਰਾ ॥

جا کے ہِردے بسِیا میرا ہرِ ہرِ
تِسُ جن کءُ کرہُ نمسکارا ॥

ਹਰਿ ਕਿਰਪਾ ਤੇ ਪਾਈਐ ਹਰਿ ਜਪੁ

ہرِ کِرپا تے پائیئے ہرِ جپُ

ਨਾਨਕ ਨਾਮੁ ਅਧਾਰਾ ॥੨॥੫॥	نانک نامُ ادھارا ॥2॥5॥
ਬੈਰਾੜੀ ਮਹਲਾ ੪ ॥	بیَراڑی محلا 4 ॥
ਜਪਿ ਮਨ ਹਰਿ ਹਰਿ ਨਾਮੁ ਨਿਤ ਧਿਆਇ ॥	جپِ من ہرِ ہرِ نامُ نِت دھیاءِ ॥
ਜੋ ਇਛਹਿ ਸੋਈ ਫਲੁ ਪਾਵਹਿ ਫਿਰਿ ਦੂਖੁ ਨ ਲਾਗੈ ਆਇ ॥੧॥ ਰਹਾਉ ॥	جو اِچھہِ سوئی پھلُ پاوہِ پھِرِ دوُکھُ ن لاگے آءِ ॥1॥ رہاءُ ॥
ਸੋ ਜਪੁ ਸੋ ਤਪੁ ਸਾ ਬ੍ਰਤ ਪੂਜਾ ਜਿਤੁ ਹਰਿ ਸਿਉ ਪ੍ਰੀਤਿ ਲਗਾਇ ॥	سو جپُ سو تپُ سا برّت پوُجا جِتُ ہرِ سِءُ پرّیتِ لگاءِ ॥
ਬਿਨੁ ਹਰਿ ਪ੍ਰੀਤਿ ਹੋਰ ਪ੍ਰੀਤਿ ਸਭ ਝੂਠੀ ਇਕ ਖਿਨ ਮਹਿ ਬਿਸਰਿ ਸਭ ਜਾਇ ॥੧॥	بِنُ ہرِ پرّیتِ ہور پرّیتِ سبھ جھوُٹھی اِک کھِن مہِ بِسرِ سبھ جاءِ ॥1॥
ਤੂ ਬੇਅੰਤੁ ਸਰਬ ਕਲ ਪੂਰਾ ਕਿਛੁ ਕੀਮਤਿ ਕਹੀ ਨ ਜਾਇ ॥	توُ بیئنتُ سرب کل پوُرا کِچھُ قِیمتِ کہی ن جاءِ ॥
ਨਾਨਕ ਸਰਣਿ ਤੁਮ੍ਹਾਰੀ ਹਰਿ ਜੀਉ ਭਾਵੈ ਤਿਵੈ ਛਡਾਇ ॥੨॥੬॥	نانک سرنِ تُہّاری ہرِ جیِءُ بھاوے تِوے چھڈاءِ ॥2॥6॥
ਰਾਗੁ ਬੈਰਾੜੀ ਮਹਲਾ ੫ ਘਰੁ ੧	راگُ بیَراڑی محلا 5 گھرُ 1
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਸੰਤ ਜਨਾ ਮਿਲਿ ਹਰਿ ਜਸੁ ਗਾਇਓ ॥	سنّت جنا مِلِ ہرِ جسُ گائیو ॥
ਕੋਟਿ ਜਨਮ ਕੇ ਦੂਖ ਗਵਾਇਓ ॥੧॥ ਰਹਾਉ ॥	کوٹِ جنم کے دوُکھ گوائیو ॥1॥ رہاءُ ॥
ਜੋ ਚਾਹਤ ਸੋਈ ਮਨਿ ਪਾਇਓ ॥	جو چاہت سوئی منِ پائیو ॥
ਕਰਿ ਕਿਰਪਾ ਹਰਿ ਨਾਮੁ ਦਿਵਾਇਓ ॥੧॥	کرِ کرِپا ہرِ نامُ دِوائیو ॥1॥
ਸਰਬ ਸੂਖ ਹਰਿ ਨਾਮਿ ਵਡਾਈ ॥	سرب سوُکھ ہرِ نامِ وڈائی ॥
ਗੁਰ ਪ੍ਰਸਾਦਿ ਨਾਨਕ ਮਤਿ ਪਾਈ ॥੨॥੧॥੭॥	گُر پرّسادِ نانک متِ پائی ॥2॥1॥7॥
ਰਾਗੁ ਤਿਲੰਗ ਮਹਲਾ ੧ ਘਰੁ ੧	راگُ تِلنگ محلا 1 گھرُ 1
ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	ੴ ستِنامُ کرتا پُرکھُ نِربھءُ نِرویَرُ اکال موُرتِ اجوُنی سیَبھنّ گُرپرّسادِ ॥

ਯਕ ਅਰਜ ਗੁਫਤਮ ਪੇਸਿ ਤੋ
ਦਰ ਗੋਸ ਕੁਨ ਕਰਤਾਰ ॥

ہک عرض گفتم پیشِ تو
در گوش کُن کرتار ۔ ॥

ਹਕਾ ਕਬੀਰ ਕਰੀਮ ਤੂ
ਬੇਐਬ ਪਰਵਦਗਾਰ ॥੧॥

حقا کبیرِ کریم توُ
بیعیَب پرودگار ॥1॥

ਦੁਨੀਆ ਮੁਕਾਮੇ ਫਾਨੀ
ਤਹਕੀਕ ਦਿਲ ਦਾਨੀ ॥

دُنیا مُقامے فانی
تحقیقِ دِل دانی ॥

ਮਮ ਸਰ ਮੂਇ ਅਜਰਾਈਲ ਗਿਰਫਤਹ
ਦਿਲ ਹੇਚਿ ਨ ਦਾਨੀ ॥੧॥ ਰਹਾਉ ॥

مم سر موُءِ عزرائیل گِرفتہ
دِل ہیچِ ن دانی ॥1॥ رہاءُ ॥

ਜਨ ਪਿਸਰ ਪਦਰ ਬਿਰਾਦਰਾਂ
ਕਸ ਨੇਸ ਦਸਤੰਗੀਰ ॥

زن پِسر پدر بِرادراں
کس نیس دستنگیرِ ॥

ਆਖਿਰ ਬਿਅਫਤਮ ਕਸ ਨ ਦਾਰਦ
ਚੂੰ ਸਵਦ ਤਕਬੀਰ ॥੨॥

یاخِر بِگفتم کس ن دارد
چوُنّ شود تکبیرِ ॥2॥

ਸਬ ਰੋਜ ਗਸਤਮ ਦਰ ਹਵਾ
ਕਰਦੇਮ ਬਦੀ ਖਿਆਲ ॥

سب روز غشتم در ہوا
کردیم بدی خِیال ॥

ਗਾਹੇ ਨ ਨੇਕੀ ਕਾਰ ਕਰਦਮ
ਮਮ ਈਂ ਚਿਨੀ ਅਹਵਾਲ ॥੩॥

گاہے ن نیکی کار کردم
مم ایں چِنی تحوال ॥3॥

ਬਦਬਖਤ ਹਮ ਚੁ ਬਖੀਲ ਗਾਫਿਲ
ਬੇਨਜਰ ਬੇਬਾਕ ॥

بدبخت ہم چُ بخیِل غافِل
بینظر بیباق ॥

ਨਾਨਕ ਬੁਗੋਯਦ ਜਨੁ ਤੁਰਾ
ਤੇਰੇ ਚਾਕਰਾਂ ਪਾ ਖਾਕ ॥੪॥੧॥

نانک بُگویدِ جنُ تُرا
تیرے چاکراں پا خاک ॥4॥1॥

ਤਿਲੰਗ ਮਹਲਾ ੧ ਘਰੁ ੨

تِلنگ محلا 1 گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥

بھءُ تیرا بھانگ کھلڑی میرا چیِتُ ॥

ਮੈ ਦੇਵਾਨਾ ਭਇਆ ਅਤੀਤੁ ॥

مےَ دیوانا بھئیا اتیِتُ ॥

ਕਰ ਕਾਸਾ ਦਰਸਨ ਕੀ ਭੂਖ ॥

کر کاسا درسن کی بھوُکھ ॥

ਮੈ ਦਰਿ ਮਾਗਉ ਨੀਤਾ ਨੀਤ ॥੧॥	مے دِر ماگ ءُ نِیتا نِیت ॥1॥
ਤਉ ਦਰਸਨ ਕੀ ਕਰਉ ਸਮਾਇ ॥	ت ءُ درسن کی کرءُ سماءِ ॥
ਮੈ ਦਰਿ ਮਾਗਤੁ ਭੀਖਿਆ ਪਾਇ ॥੧॥ ਰਹਾਉ ॥	مے دِر ماگتُ بھِیکھیا پاءِ ॥1॥ رہاءُ ॥
ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥	کیسرِ کسم مِرگے ہرٹا سرب سریری چڑہٹا ॥
ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥੨॥	چندن بھگتا جوتِ اِنیہی سربے پرملُ کرٹا ॥2॥
ਘਿਅ ਪਟ ਭਾਂਡਾ ਕਹੈ ਨ ਕੋਇ ॥	گھِء پٹ بھانڈا کہے ن کوءِ ॥
ਐਸਾ ਭਗਤੁ ਵਰਨ ਮਹਿ ਹੋਇ ॥	ایَسا بھگتُ ورن مہِ ہوءِ ॥
ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥	تیرے نامِ نِوے رہے لِو لاءِ ॥
ਨਾਨਕ ਤਿਨ ਦਰਿ ਭੀਖਿਆ ਪਾਇ ॥੩॥੧॥੨॥	نانک تِن دِر بھِیکھیا پاءِ ॥3॥1॥2॥
ਤਿਲੰਗ ਮਹਲਾ ੧ ਘਰੁ ੩	تِلنگ محلا 1 گھرُ 3
੧ੴ ਸਤਿਗੁਰ ਪ੍ਰਸਾਦਿ ॥	۱ۅ ستِگُر پرسادِ ॥
ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥	اِہُ تنُ مائیا پاہِیا پِیارے لِیتڑا لبِ رنگائے ॥
ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥੧॥	میرے کنّت ن بھاوے چولڑا پِیارے کِءُ دھن سیجے جائے ۔ ॥1॥
ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥	ہنّءُ قُربانے جاءُ مِہروانا ہنّءُ قُربانے جاءُ ॥
ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥	ہنّءُ قُربانے جاءُ تِنا کے لیَنِ جو تیرا ناءُ ॥
ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥੧॥ ਰਹਾਉ ॥	لیَنِ جو تیرا ناءُ تِنا کے ہنّءُ سد قُربانے جاءُ ॥1॥ رہاءُ ॥
ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥	کائیا رنگّنِ جے تھیئے پِیارے

پائیئے ناءُ مجیٹھ ॥

ਰੰਙਣ ਵਾਲਾ ਜੇ ਰੰਙੈ ਸਾਹਿਬੁ
ਐਸਾ ਰੰਗੁ ਨ ਡੀਠ ॥੨॥

رنگنُ والا جے رنگئے صاحِبُ
ایَسا رنگُ ن ڈیٹھ ॥2॥

ਜਿਨ ਕੇ ਚੋਲੇ ਰਤੜੇ ਪਿਆਰੇ
ਕੰਤੁ ਤਿਨਾ ਕੈ ਪਾਸਿ ॥

جِن کے چولے رتڑے پِیارے
کنتُ تِنا کے پاسِ ॥

ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ
ਨਾਨਕ ਕੀ ਅਰਦਾਸਿ ॥੩॥

دھوُڑِ تِنا کی جے مِلے جی کہُ
نانک کی عرداسِ ॥3॥

ਆਪੇ ਸਾਜੇ ਆਪੇ ਰੰਗੇ
ਆਪੇ ਨਦਰਿ ਕਰੇਇ ॥

آپے ساجے آپے رنگے
آپے ندرِ کرےءِ ॥

ਨਾਨਕ ਕਾਮਣਿ ਕੰਤੈ ਭਾਵੈ
ਆਪੇ ਹੀ ਰਾਵੇਇ ॥੪॥੧॥੩॥

نانک کامنِ کنتے بھاوے
آپے ہی راوےءِ ॥4॥1॥3॥

ਤਿਲੰਗ ਮਃ ੧ ॥

تِلنگ م: 1 ॥

ਇਆਨੜੀਏ ਮਾਨੜਾ ਕਾਇ ਕਰੇਹਿ ॥

اِیانڑیے مانڑا کاءِ کریہِ ۔ ॥

ਆਪਨੜੈ ਘਰਿ ਹਰਿ
ਰੰਗੋ ਕੀ ਨ ਮਾਣੇਹਿ ॥

آپنڑے گھرِ ہرِ
رنگو کی ن ماٹیہِ ۔ ॥

ਸਹੁ ਨੇੜੈ ਧਨ ਕੰਮਲੀਏ
ਬਾਹਰੁ ਕਿਆ ਢੂਢੇਹਿ ॥

سہُ نیڑے دھن کنملیے
باہرُ کیا ڈھوُڈھیہِ ۔ ॥

ਭੈ ਕੀਆ ਦੇਹਿ ਸਲਾਈਆ ਨੈਣੀ
ਭਾਵ ਕਾ ਕਰਿ ਸੀਗਾਰੋ ॥

بھے کیا دیہِ سلائیا نینئی
بھاو کا کرِ سیگارو ॥

ਤਾ ਸੋਹਾਗਣਿ ਜਾਣੀਐ ਲਾਗੀ
ਜਾ ਸਹੁ ਧਰੇ ਪਿਆਰੋ ॥੧॥

تا سوہاگنِ جانیئے لاگی
جا سہُ دھرے پِیارو ॥1॥

ਇਆਣੀ ਬਾਲੀ ਕਿਆ ਕਰੇ
ਜਾ ਧਨ ਕੰਤ ਨ ਭਾਵੈ ॥

اِیانی بالی کیا کرے
جا دھن کنت ن بھاوے ॥

ਕਰਣ ਪਲਾਹ ਕਰੇ ਬਹੁਤੇਰੇ
ਸਾ ਧਨ ਮਹਲੁ ਨ ਪਾਵੈ ॥

کرنُ پلاہ کرے بہتیرے
سا دھن محلُ ن پاوے ॥

ਵਿਣੁ ਕਰਮਾ ਕਿਛੁ ਪਾਈਐ ਨਾਹੀ
ਜੇ ਬਹੁਤੇਰਾ ਧਾਵੈ ॥

وِنُ کرما کچھُ پائیئے ناہی
جے بہتیرا دھاوے ॥

ਲਬ ਲੋਭ ਅਹੰਕਾਰ ਕੀ ਮਾਤੀ
ਮਾਇਆ ਮਾਹਿ ਸਮਾਣੀ ॥

لب لوبھ اہنکار کی ماتی
مائیا ماہِ سماٹی ॥

ਇਨੀ ਬਾਤੀ ਸਹੁ ਪਾਈਐ ਨਾਹੀ
ਭਈ ਕਾਮਣਿ ਇਆਣੀ ॥੨॥

اِنی باتی سہُ پائیئے ناہی
بھئی کامنِ اِیاٹی ॥2॥

ਜਾਇ ਪੁਛਹੁ ਸੋਹਾਗਣੀ ਵਾਹੈ
ਕਿਨੀ ਬਾਤੀ ਸਹੁ ਪਾਈਐ ॥

جاءِ پُچھہُ سوہاگنٹی واہے
کِنی باتی سہُ پائیئے ۔ ॥

ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ
ਹਿਕਮਤਿ ਹੁਕਮੁ ਚੁਕਾਈਐ ॥

جو کچھُ کرے سو بھلا کرِ مانیئے
حِکمتِ حُکمُ چُکائیئے ॥

ਜਾ ਕੈ ਪ੍ਰੇਮਿ ਪਦਾਰਥੁ ਪਾਈਐ
ਤਉ ਚਰਣੀ ਚਿਤੁ ਲਾਈਐ ॥

جا کے پریم پدارتھُ پائیئے
ت ءُ چرنٹی چِتُ لائیئے ॥

ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ
ਐਸਾ ਪਰਮਲੁ ਲਾਈਐ ॥

سہُ کہے سو کیجے تنُ منو دیجے
ایَسا پرملُ لائیئے ॥

ਏਵ ਕਹਹਿ ਸੋਹਾਗਣੀ ਭੈਣੇ
ਇਨੀ ਬਾਤੀ ਸਹੁ ਪਾਈਐ ॥੩॥

ایو کہہِ سوہاگنٹی بھینے
اِنی باتی سہُ پائیئے ॥3॥

ਆਪੁ ਗਵਾਈਐ ਤਾ ਸਹੁ ਪਾਈਐ
ਅਉਰੁ ਕੈਸੀ ਚਤੁਰਾਈ ॥

آپُ گوائیئے تا سہُ پائیئے
اُرُ کیَسی چترائی ۔ ॥

ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ
ਕਾਮਣਿ ਨਉ ਨਿਧਿ ਪਾਈ ॥

سہُ ندرِ کرِ دیکھے سو دِنُ لیکھے
کامنِ ن ءُ نِدھِ پائی ॥

ਆਪਣੇ ਕੰਤ ਪਿਆਰੀ ਸਾ ਸੋਹਾਗਣਿ
ਨਾਨਕ ਸਾ ਸਭਰਾਈ ॥

آپنے کنت پیاری سا سوہاگنِ
نانک سا سبھرائی ॥

ਐਸੈ ਰੰਗਿ ਰਾਤੀ ਸਹਜ ਕੀ ਮਾਤੀ
ਅਹਿਨਿਸਿ ਭਾਇ ਸਮਾਣੀ ॥

ایَسے رنگِ راتی سہج کی ماتی
اہِنِس بھاءِ سماٹی ॥

ਸੁੰਦਰਿ ਸਾਇ ਸਰੂਪ ਬਿਚਖਣਿ
ਕਹੀਐ ਸਾ ਸਿਆਣੀ ॥੪॥੨॥੪॥

سُندَرِ ساءِ سروُپ بچکھنِ

ਕਹਿਆ ॥4॥2॥4॥

ਤਿਲੰਗ ਮਹਲਾ ੧ ॥

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ ॥

ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ ॥

ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ ॥

ਕਾਜੀਆ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨੁ ਵੇ ਲਾਲੋ ॥

ਮੁਸਲਮਾਨੀਆ ਪੜਹਿ ਕਤੇਬਾ
ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥

ਜਾਤਿ ਸਨਾਤੀ ਹੋਰਿ ਹਿਦਵਾਣੀਆ
ਏਹਿ ਭੀ ਲੇਖੈ ਲਾਇ ਵੇ ਲਾਲੋ ॥

ਖੂਨ ਕੇ ਸੋਹਿਲੇ ਗਾਵੀਅਹਿ ਨਾਨਕ
ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥

ਸਾਹਿਬ ਕੇ ਗੁਣ ਨਾਨਕੁ ਗਾਵੈ
ਮਾਸ ਪੁਰੀ ਵਿਚਿ ਆਖੁ ਮਸੋਲਾ ॥

ਜਿਨਿ ਉਪਾਈ ਰੰਗਿ ਰਵਾਈ
ਬੈਠਾ ਵੇਖੈ ਵਖਿ ਇਕੇਲਾ ॥

ਸਚਾ ਸੋ ਸਾਹਿਬੁ ਸਚੁ ਤਪਾਵਸੁ
ਸਚੜਾ ਨਿਆਉ ਕਰੇਗੁ ਮਸੋਲਾ ॥

ਕਾਇਆ ਕਪੜੁ ਟੁਕੁ ਟੁਕੁ ਹੋਸੀ
ਹਿਦੁਸਤਾਨੁ ਸਮਾਲਸੀ ਬੋਲਾ ॥

ਆਵਨਿ ਅਠਤਰੈ ਜਾਨਿ ਸਤਾਨਵੈ

تِلنگ محلا 1 ॥

جیَسی مے َآوے َ خصم کی باٹی
تیَسڑا کری گِیانُ وے لالو ۔ ॥

پاپ کی جنّج لے َ کابلہُ دھائِیا
زوری منگے َدانُ وے لالو ۔ ॥

سرمُ دھرمُ دُءِ چھپِ کھلوے َ
کوُڑُ پھِرے َ پردھانُ وے لالو ۔ ॥

قاضِیا بامٹا کی گل تھکی
عگدُ پڑے َ شیَطانُ وے لالو ۔ ॥

مُسلمانِیا پڑہِ کتیبا
کسٹ مہِ کرہِ خُداءِ وے لالو ۔ ॥

زاتِ سناتی ہورِ ہِدواٹِیا
ایہِ بھی لیکھے َ لاءِ وے لالو ۔ ॥

خوُن کے سوہِلے گاوِیَہِ نانک
رتُ کا کُنگوُ پاءِ وے لالو ۔ ॥1॥

صاحِب کے گُن نانکُ گاوے َ
ماس پُری وِچِ آکھُ مسولا ॥

جِنِ اُپائی رنگِ روائی
بیَٹھا ویکھے َ وکھِ اِکیلا ॥

سچا سو صاحِبُ سچُ تپاوسُ
سچڑا نِیاءُ کریگُ مسولا ॥

کائِیا کپڑُ ٹُکُ ٹُکُ ہوسی
ہِدُستانُ سمالسی بولا ॥

آونِ اٹھترے َ جانِ ستانوے َ

ਹੋਰੁ ਭੀ ਉਠਸੀ ਮਰਦ ਕਾ ਚੇਲਾ ॥

ہورُ بھی اُٹھسی مرد کا چیلا ॥

ਸਚ ਕੀ ਬਾਣੀ ਨਾਨਕੁ ਆਖੈ
ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥

سچ کی باٹی نانکُ آکھے
سچُ سُٹائِسی سچ کی بیلا ॥2॥3॥5॥

ਤਿਲੰਗ ਮਹਲਾ ੪ ਘਰੁ ੨

تِلنگ محلا 4 گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਸਭਿ ਆਏ ਹੁਕਮਿ ਖਸਮਾਹੁ
ਹੁਕਮਿ ਸਭ ਵਰਤਨੀ ॥

سبھِ آئے حُکمِ کھسماہُ
حُکمِ سبھ ورتنی ॥

ਸਚੁ ਸਾਹਿਬੁ ਸਾਚਾ ਖੇਲੁ
ਸਭੁ ਹਰਿ ਧਨੀ ॥੧॥

سچُ صاحِبُ ساچا کھیلُ
سبھُ ہرِ دھنی ॥1॥

ਸਾਲਾਹਿਹੁ ਸਚੁ
ਸਭ ਊਪਰਿ ਹਰਿ ਧਨੀ ॥

سالاحِہُ سچُ
سبھ اوُپرِ ہرِ دھنی ॥

ਜਿਸੁ ਨਾਹੀ ਕੋਇ ਸਰੀਕੁ
ਕਿਸੁ ਲੇਖੈ ਹਉ ਗਨੀ ॥ ਰਹਾਉ ॥

جِسُ ناہی کوءِ شریکُ
کِسُ لیکھے ہءُ گنی ۔ ॥ رہاءُ ॥

ਪਉਣ ਪਾਣੀ ਧਰਤੀ ਆਕਾਸੁ
ਘਰ ਮੰਦਰ ਹਰਿ ਬਨੀ ॥

پؤنُ پاٹی دھرتی آکاسُ
گھر مندر ہرِ بنی ॥

ਵਿਚਿ ਵਰਤੈ ਨਾਨਕ ਆਪਿ
ਝੂਠੁ ਕਹੁ ਕਿਆ ਗਨੀ ॥੨॥੧॥

وِچِ ورتے نانک آپِ
جھوُٹھُ کہُ کیا گنی ۔ ॥2॥1॥

ਤਿਲੰਗ ਮਹਲਾ ੪ ॥

تِلنگ محلا 4 ॥

ਨਿਤ ਨਿਹਫਲ ਕਰਮ ਕਮਾਇ
ਬਫਾਵੈ ਦੁਰਮਤੀਆ ॥

نِت نِہپھل کرم کماءِ
بپھاوے دُرمتیا ॥

ਜਬ ਆਣੈ ਵਲਵੰਚ ਕਰਿ ਝੂਠੁ
ਤਬ ਜਾਣੈ ਜਗੁ ਜਿਤੀਆ ॥੧॥

جب آنے ولونچ کرِ جھوُٹھُ
تب جانے جگُ جِتیا ॥1॥

ਐਸਾ ਬਾਜੀ ਸੈਸਾਰੁ
ਨ ਚੇਤੈ ਹਰਿ ਨਾਮਾ ॥

ایَسا بازی سیَسارُ
ن چیتے ہرِ نامًا ॥

ਖਿਨ ਮਹਿ ਬਿਨਸੈ ਸਭੁ ਝੂਠੁ

کھِن مہِ بِنسے سبھُ جھوُٹھُ

ਮੇਰੇ ਮਨ ਧਿਆਇ ਰਾਮਾ ॥ ਰਹਾਉ ॥	میرے من دھیاءِ راما ॥ رہاءُ ॥
ਸਾ ਵੇਲਾ ਚਿਤਿ ਨ ਆਵੈ ਜਿਤੁ ਆਇ ਕੰਟਕੁ ਕਾਲੁ ਗ੍ਰਸੈ ॥	سا ویلا چِتِ ن آوے جِتُ آءِ کنٹکُ کالُ گرسے ॥
ਤਿਸੁ ਨਾਨਕ ਲਏ ਛਡਾਇ ਜਿਸੁ ਕਿਰਪਾ ਕਰਿ ਹਿਰਦੈ ਵਸੈ ॥੨॥੨॥	تِس نانک لے چھڈاءِ جِس کرپا کرِ ہردے وسے ॥2॥2॥
ਤਿਲੰਗ ਮਹਲਾ ੫ ਘਰੁ ੧	تِلنگ محلا 5 گھرُ 1
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرسادِ ॥
ਖਾਕ ਨੂਰ ਕਰਦੰ ਆਲਮ ਦੁਨੀਆਇ ॥	خاک نُور کردنّ یا ٖلم دُنیاءِ ॥
ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ ॥੧॥	اسمان زِمی درخت آب پیدائِش خُداءِ ॥1॥
ਬੰਦੇ ਚਸਮ ਦੀਦੰ ਫਨਾਇ ॥	بندے چشم دیدنّ فناءِ ॥
ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ ॥ ਰਹਾਉ ॥	دُنیا مُردار خُردنی غافل ہواءِ ॥ رہاءُ ॥
ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ ॥	غیبان حیوان حرام کستنی مُردار بخوراءِ ॥
ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ ॥੨॥	دِل قبض قبضا قادرو دوزک سزاءِ ॥2॥
ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ ॥	ولی نِیامتِ بِرادرا دربار مِلک خاناءِ ॥
ਜਬ ਅਜਰਾਈਲੁ ਬਸਤਨੀ ਤਬ ਚਿ ਕਾਰੇ ਬਿਦਾਇ ॥੩॥	جب عزرائیلُ بستنی تب چِ کارے بِداءِ ॥3॥
ਹਵਾਲ ਮਾਲੂਮੁ ਕਰਦੰ ਪਾਕ ਅਲਾਹ ॥	حوال مالوُمُ کردنّ پاک الاہ ॥
ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ ॥੪॥੧॥	بُگو نانک عرداسِ پیشِ درویش بندّاہ ॥4॥1॥
ਤਿਲੰਗ ਘਰੁ ੨ ਮਹਲਾ ੫ ॥	تِلنگ گھرُ 2 محلا 5 ॥
ਤੁਧੁ ਬਿਨੁ ਦੂਜਾ ਨਾਹੀ ਕੋਇ ॥	تُدھُ بِنُ دوُجا ناہی کوءِ ॥
ਤੂ ਕਰਤਾਰੁ ਕਰਹਿ ਸੋ ਹੋਇ ॥	توُ کرتارُ کرہِ سو ہوءِ ॥
ਤੇਰਾ ਜੋਰੁ ਤੇਰੀ ਮਨਿ ਟੇਕ ॥	تیرا زورُ تیری منِ ٹیک ॥
ਸਦਾ ਸਦਾ ਜਪਿ ਨਾਨਕ ਏਕ ॥੧॥	سدا سدا جپِ نانک ایک ॥1॥

ਸਭ ਊਪਰਿ ਪਾਰਬ੍ਰਹਮੁ ਦਾਤਾਰੁ ॥	سبھ اوُپرِ پاربّرہمُ داتارُ ॥
ਤੇਰੀ ਟੇਕ ਤੇਰਾ ਆਧਾਰੁ ॥ ਰਹਾਉ ॥	تیری ٹیک تیرا آدھارُ ॥ رہاءُ ॥
ਹੈ ਤੂਹੈ ਤੂ ਹੋਵਨਹਾਰ ॥	ہے توُہے توُ ہوونہار ॥
ਅਗਮ ਅਗਾਧਿ ਊਚ ਆਪਾਰ ॥	اگم اگادھِ اوُچ آپار ॥
ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ ॥	جو تُدھُ سیوہِ تِن بھءُ دُکھُ ناہِ ॥
ਗੁਰ ਪਰਸਾਦਿ ਨਾਨਕ ਗੁਣ ਗਾਹਿ ॥੨॥	گُر پرسادِ نانک گُنؔ گاہِ ॥2॥
ਜੋ ਦੀਸੈ ਸੋ ਤੇਰਾ ਰੂਪੁ ॥	جو دیسےَ سو تیرا روُپُ ॥
ਗੁਣ ਨਿਧਾਨ ਗੋਵਿੰਦ ਅਨੂਪ ॥	گُنؔ نِدھان گووِنّد انوُپ ॥
ਸਿਮਰਿ ਸਿਮਰਿ ਸਿਮਰਿ ਜਨ ਸੋਇ ॥	سِمرِ سِمرِ سِمرِ جن سوءِ ॥
ਨਾਨਕ ਕਰਮਿ ਪਰਾਪਤਿ ਹੋਇ ॥੩॥	نانک کرمِ پراپتِ ہوءِ ॥3॥
ਜਿਨਿ ਜਪਿਆ ਤਿਸ ਕਉ ਬਲਿਹਾਰ ॥	جِنِ جپیا تِس کءُ بلِہار ॥
ਤਿਸ ਕੈ ਸੰਗਿ ਤਰੈ ਸੰਸਾਰ ॥	تِس کے سنگِ ترے سنّسار ॥
ਕਹੁ ਨਾਨਕ ਪ੍ਰਭ ਲੋਚਾ ਪੂਰਿ ॥	کہُ نانک پّربھ لوچا پوُرِ ॥
ਸੰਤ ਜਨਾ ਕੀ ਬਾਛਉ ਧੂਰਿ ॥੪॥੨॥	سنّت جنا کی باچھءُ دھوُرِ ॥4॥2॥
ਤਿਲੰਗ ਮਹਲਾ ੫ ਘਰੁ ੩ ॥	تِلنگ محلا 5 گھرُ 3 ॥
ਮਿਹਰਵਾਨੁ ਸਾਹਿਬੁ ਮਿਹਰਵਾਨੁ ॥	مِہروانُ صاحِبُ مِہروانُ ॥
ਸਾਹਿਬੁ ਮੇਰਾ ਮਿਹਰਵਾਨੁ ॥	صاحِبُ میرا مِہروانُ ॥
ਜੀਅ ਸਗਲ ਕਉ ਦੇਇ ਦਾਨੁ ॥ ਰਹਾਉ ॥	جیء سگل کءُ دےءِ دانُ ॥ رہاءُ ॥
ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥	توُ کاہے ڈولہِ پّراٹّیا تُدھُ راکھیگا سِرجنّہارُ ॥
ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥੧॥	جِنِ پیَدائِش توُ کیِیا سوئی دےءِ آدھارُ ॥1॥
ਜਿਨਿ ਉਪਾਈ ਮੇਦਨੀ	جِنِ اُپائی میدنی

ਸੋਈ ਕਰਦਾ ਸਾਰ ॥

سوئی کردا سار ॥

ਘਟਿ ਘਟਿ ਮਾਲਕੁ ਦਿਲਾ ਕਾ
ਸਚਾ ਪਰਵਦਗਾਰੁ ॥੨॥

گھٹِ گھٹِ مالکُ دِلا کا
سچا پرودگارُ ॥2॥

ਕੁਦਰਤਿ ਕੀਮ ਨ ਜਾਣੀਐ
ਵਡਾ ਵੇਪਰਵਾਹੁ ॥

قُدرتِ قیم ن جانیئے
وڈا ویپرواہُ ॥

ਕਰਿ ਬੰਦੇ ਤੂ ਬੰਦਗੀ
ਜਿਚਰੁ ਘਟ ਮਹਿ ਸਾਹੁ ॥੩॥

کرِ بندے توُ بندگی
جِچرُ گھٹ مہِ ساہُ ॥3॥

ਤੂ ਸਮਰਥੁ ਅਕਥੁ ਅਗੋਚਰੁ
ਜੀਉ ਪਿੰਡੁ ਤੇਰੀ ਰਾਸਿ ॥

توُ سمرتھُ اکتھُ اگوچرُ
جیِءُ پِنڈُ تیری راسِ ॥

ਰਹਮ ਤੇਰੀ ਸੁਖੁ ਪਾਇਆ ਸਦਾ
ਨਾਨਕ ਕੀ ਅਰਦਾਸਿ ॥੪॥੩॥

رحم تیری سُکھُ پائیا سدا
نانک کی عرداسِ ॥4॥3॥

ਤਿਲੰਗ ਮਹਲਾ ੫ ਘਰੁ ੩ ॥

تِلنگ محلا 5 گھرُ 3 ॥

ਕਰਤੇ ਕੁਦਰਤੀ ਮੁਸਤਾਕੁ ॥

کرتے قُدرتی مُشتاکُ ॥

ਦੀਨ ਦੁਨੀਆ ਏਕ ਤੂਹੀ
ਸਭ ਖਲਕ ਹੀ ਤੇ ਪਾਕੁ ॥ ਰਹਾਉ ॥

دِین دُنیا ایک توُہی
سبھ خلق ہی تے پاکُ ॥ رہاءُ ॥

ਖਿਨ ਮਾਹਿ ਥਾਪਿ ਉਥਾਪਦਾ
ਆਚਰਜ ਤੇਰੇ ਰੂਪ ॥

کھِن ماہِ تھاپِ اُتھاپدا
آچرج تیرے روُپ ॥

ਕਉਣੁ ਜਾਣੈ ਚਲਤ ਤੇਰੇ
ਅੰਧਿਆਰੇ ਮਹਿ ਦੀਪ ॥੧॥

کئُن جانے چلت تیرے
اندھیارے مہِ دیپ ॥1॥

ਖੁਦਿ ਖਸਮ ਖਲਕ ਜਹਾਨ ਅਲਹ
ਮਿਹਰਵਾਨ ਖੁਦਾਇ ॥

خُدِ خصم خلق جہان الہ
مِہروان خُداءِ ۔ ॥

ਦਿਨਸੁ ਰੈਣਿ ਜਿ ਤੁਧੁ ਅਰਾਧੇ
ਸੋ ਕਿਉ ਦੋਜਕਿ ਜਾਇ ॥੨॥

دِنسُ ریَنِ جِ تُدھُ ارادھے
سو کِءُ دوزکِ جاءِ ۔ ॥2॥

ਅਜਰਾਈਲੁ ਯਾਰੁ ਬੰਦੇ
ਜਿਸੁ ਤੇਰਾ ਆਧਾਰੁ ॥

عزرائیلُ یارُ بندے
جِسُ تیرا آدھارُ ॥

ਗੁਨਹ ਉਸ ਕੇ ਸਗਲ ਆਫੂ ਤੇਰੇ ਜਨ ਦੇਖਹਿ ਦੀਦਾਰੁ ॥੩॥	گُنہ اُس کے سگل یا◌ٔفو تیرے جن دیکھہِ دِیدارُ ॥3॥
ਦੁਨੀਆ ਚੀਜ ਫਿਲਹਾਲ ਸਗਲੇ ਸਚੁ ਸੁਖੁ ਤੇਰਾ ਨਾਉ ॥	دُنیا چیز فِلحال سگلے سچُ سُکھُ تیرا ناءُ ॥
ਗੁਰ ਮਿਲਿ ਨਾਨਕ ਬੂਝਿਆ ਸਦਾ ਏਕਸੁ ਗਾਉ ॥੪॥੪॥	گُر مِلِ نانک بوُجھیا سدا ایکسُ گاءُ ॥4॥4॥
ਤਿਲੰਗ ਮਹਲਾ ੫ ॥	تِلنگ محلا 5 ॥
ਮੀਰਾਂ ਦਾਨਾਂ ਦਿਲ ਸੋਚ ॥	میراں داناں دِل سوچ ॥
ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ ॥੧॥ ਰਹਾਉ ॥	مُحبتے منِ تنِ بسے سچُ ساہ بندی موچ ۔ ॥1॥ رہاءُ ॥
ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸ ਕਾ ਮੋਲੁ ॥	دِیدنے دِیدار صاحِب کچھُ نہی اِس کا مولُ ॥
ਪਾਕ ਪਰਵਦਗਾਰ ਤੂ ਖੁਦਿ ਖਸਮੁ ਵਡਾ ਅਤੋਲੁ ॥੧॥	پاک پرودگار توُ خُدِ خصمُ وڈا اتولُ ॥1॥
ਦਸ੍ਤਗੀਰੀ ਦੇਹਿ ਦਿਲਾਵਰ ਤੂਹੀ ਤੂਹੀ ਏਕ ॥	دستگیری دیہِ دِلاور توُہی توُہی ایک ॥
ਕਰਤਾਰ ਕੁਦਰਤਿ ਕਰਣ ਖਾਲਕ ਨਾਨਕ ਤੇਰੀ ਟੇਕ ॥੨॥੫॥	کرتار قُدرتِ کرنٌ خالق نانک تیری ٹیک ॥2॥5॥
ਤਿਲੰਗ ਮਹਲਾ ੧ ਘਰੁ ੨	تِلنگ محلا 1 گھرُ 2
ੴ ਸਤਿਗੁਰ ਪ੍ਰਸਾਦਿ ॥	۱ۓ ستِگُر پرّسادِ ॥
ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ ॥	جِنِ کِیا تِنِ دیکھیا کِیا کہیئے رے بھائی ۔ ॥
ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ ॥੧॥	آپے جانٹے کرے آپِ جِنِ واڑی ہے لائی ॥1॥
ਰਾਇਸਾ ਪਿਆਰੇ ਕਾ ਰਾਇਸਾ	رائِسا پیارے کا رائِسا

ਜਿਤੁ ਸਦਾ ਸੁਖੁ ਹੋਈ ॥ ਰਹਾਉ ॥

جِتُ سدا سُکھُ ہوئی ॥ رہاءُ ॥

ਜਿਨਿ ਰੰਗਿ ਕੰਤੁ ਨ ਰਾਵਿਆ
ਸਾ ਪਛੋ ਰੇ ਤਾਣੀ ॥

جِنِ رنگِ کنتُ ن راوِیا
سا پچھو رے تانُی ॥

ਹਾਥ ਪਛੋੜੈ ਸਿਰੁ ਧੁਣੈ
ਜਬ ਰੈਣਿ ਵਿਹਾਣੀ ॥੨॥

ہاتھ پچھوڑے سِرُ دھُنے
جب رَینُ وِہانُی ॥2॥

ਪਛੋਤਾਵਾ ਨਾ ਮਿਲੈ
ਜਬ ਚੂਕੈਗੀ ਸਾਰੀ ॥

پچھوتاوا نا مِلے
جب چوُکیگی ساری ॥

ਤਾ ਫਿਰਿ ਪਿਆਰਾ ਰਾਵੀਐ
ਜਬ ਆਵੈਗੀ ਵਾਰੀ ॥੩॥

تا پھِرِ پیارا راویے
جب آویگی واری ॥3॥

ਕੰਤੁ ਲੀਆ ਸੋਹਾਗਣੀ
ਮੈ ਤੇ ਵਧਵੀ ਏਹ ॥

کنتُ لِیا سوہاگنُی
مے تے ودھوی ایہ ॥

ਸੇ ਗੁਣ ਮੁਝੈ ਨ ਆਵਨੀ
ਕੈ ਜੀ ਦੋਸੁ ਧਰੇਹ ॥੪॥

سے گُنُ مُجھے ن آونی
کے جی دوسُ دھریہ ۔ ॥4॥

ਜਿਨੀ ਸਖੀ ਸਹੁ ਰਾਵਿਆ
ਤਿਨ ਪੂਛਉਗੀ ਜਾਏ ॥

جِنی سکھی سہُ راوِیا
تِن پوُچھنُگی جائے ॥

ਪਾਇ ਲਗਉ ਬੇਨਤੀ ਕਰਉ
ਲੇਉਗੀ ਪੰਥੁ ਬਤਾਏ ॥੫॥

پاءِ لگ ءُ بینتی کرءُ
لینُگی پنتھُ بتائے ॥5॥

ਹੁਕਮੁ ਪਛਾਣੈ ਨਾਨਕਾ
ਭਉ ਚੰਦਨੁ ਲਾਵੈ ॥

حُکمُ پچھانے نانکا
بھءُ چندنُ لاوے ॥

ਗੁਣ ਕਾਮਣ ਕਾਮਣਿ ਕਰੈ
ਤਉ ਪਿਆਰੇ ਕਉ ਪਾਵੈ ॥੬॥

گُنُ کامنُ کامنِ کرے
تءُ پیارے کءُ پاوے ॥6॥

ਜੋ ਦਿਲਿ ਮਿਲਿਆ ਸੁ ਮਿਲਿ ਰਹਿਆ
ਮਿਲਿਆ ਕਹੀਐ ਰੇ ਸੋਈ ॥

جو دِلِ مِلیا سُ مِلِ رہِیا
مِلیا کہیے رے سوئی ॥

ਜੇ ਬਹੁਤੇਰਾ ਲੋਚੀਐ
ਬਾਤੀ ਮੇਲੁ ਨ ਹੋਈ ॥੭॥

جے بہتیرا لوچیے
باتی میلُ ن ہوئی ॥7॥

ਧਾਤੁ ਮਿਲੈ ਫੁਨਿ ਧਾਤੁ ਕਉ
ਲਿਵ ਲਿਵੈ ਕਉ ਧਾਵੈ ॥

دھاتُ مِلےَ پھُنِ دھاتُ ک ءُ
لِو لِوے ک ءُ دھاوے ॥

ਗੁਰ ਪਰਸਾਦੀ ਜਾਣੀਐ
ਤਉ ਅਨਭਉ ਪਾਵੈ ॥੮॥

گُر پرسادی جانیئے
ت ءُ انبھ ءُ پاوے ॥8॥

ਪਾਨਾ ਵਾੜੀ ਹੋਇ ਘਰਿ
ਖਰੁ ਸਾਰ ਨ ਜਾਣੈ ॥

پانا واڑی ہوءِ گھرِ
کھرُ سار ن جانے ॥

ਰਸੀਆ ਹੋਵੈ ਮੁਸਕ ਕਾ
ਤਬ ਫੂਲੁ ਪਛਾਣੈ ॥੯॥

رسیا ہووے مُشک کا
تب پھوُلُ پچھانے ॥9॥

ਅਪਿਉ ਪੀਵੈ ਜੋ ਨਾਨਕਾ
ਭ੍ਰਮੁ ਭ੍ਰਮਿ ਸਮਾਵੈ ॥

اپِ ءُ پیوے جو نانکا
بھرمُ بھرمِ سماوے ॥

ਸਹਜੇ ਸਹਜੇ ਮਿਲਿ ਰਹੈ
ਅਮਰਾ ਪਦੁ ਪਾਵੈ ॥੧੦॥੧॥

سہجے سہجے مِلِ رہےَ
امرا پدُ پاوے ॥ 10 ॥1॥

ਤਿਲੰਗ ਮਹਲਾ ੪ ॥

تِلنگ محلا 4 ॥

ਹਰਿ ਕੀਆ ਕਥਾ ਕਹਾਣੀਆ
ਗੁਰਿ ਮੀਤਿ ਸੁਣਾਈਆ ॥

ہرِ کیِیا کتھا کہانیِیا
گُرِ میِتِ سُٹائیِیا ॥

ਬਲਿਹਾਰੀ ਗੁਰ ਆਪਣੇ
ਗੁਰ ਕਉ ਬਲਿ ਜਾਈਆ ॥੧॥

بلِہاری گُر آپنے
گُر ک ءُ بلِ جائیِیا ॥1॥

ਆਇ ਮਿਲੁ ਗੁਰਸਿਖ ਆਇ ਮਿਲੁ
ਤੂ ਮੇਰੇ ਗੁਰੂ ਕੇ ਪਿਆਰੇ ॥ ਰਹਾਉ ॥

آءِ مِلُ گُرسِکھ آءِ مِلُ
توُ میرے گُروُ کے پیِارے ۔ ॥ رہاءُ ॥

ਹਰਿ ਕੇ ਗੁਣ ਹਰਿ ਭਾਵਦੇ
ਸੇ ਗੁਰੂ ਤੇ ਪਾਏ ॥

ہرِ کے گُن ہرِ بھاودے
سے گُروُ تے پائے ॥

ਜਿਨ ਗੁਰ ਕਾ ਭਾਣਾ ਮੰਨਿਆ
ਤਿਨ ਘੁਮਿ ਘੁਮਿ ਜਾਏ ॥੨॥

جِن گُر کا بھاٹا منّنیا
تِن گھُمِ گھُمِ جائے ॥2॥

ਜਿਨ ਸਤਿਗੁਰੁ ਪਿਆਰਾ ਦੇਖਿਆ
ਤਿਨ ਕਉ ਹਉ ਵਾਰੀ ॥

جِن ستِگُر پیِارا دیکھیا
تِن ک ءُ ہ ءُ واری ॥

ਜਿਨ ਗੁਰ ਕੀ ਕੀਤੀ ਚਾਕਰੀ
ਤਿਨ ਸਦ ਬਲਿਹਾਰੀ ॥੩॥

جِن گُر کی کِیتی چاکری
تِن سد بلِہاری ॥3॥

ਹਰਿ ਹਰਿ ਤੇਰਾ ਨਾਮੁ ਹੈ
ਦੁਖ ਮੇਟਣਹਾਰਾ ॥

ہرِ ہرِ تیرا نامُ ہے
دُکھ میٹنہارا ॥

ਗੁਰ ਸੇਵਾ ਤੇ ਪਾਈਐ
ਗੁਰਮੁਖਿ ਨਿਸਤਾਰਾ ॥੪॥

گُر سیوا تے پائیئے
گُرمُکھِ نِستارا ॥4॥

ਜੋ ਹਰਿ ਨਾਮੁ ਧਿਆਇਦੇ
ਤੇ ਜਨ ਪਰਵਾਨਾ ॥

جو ہرِ نامُ دھیائِدے
تے جن پروانا ॥

ਤਿਨ ਵਿਟਹੁ ਨਾਨਕੁ ਵਾਰਿਆ
ਸਦਾ ਸਦਾ ਕੁਰਬਾਨਾ ॥੫॥

تِن وِٹہُ نانکُ وارِیا
سدا سدا قُربانا ॥5॥

ਸਾ ਹਰਿ ਤੇਰੀ ਉਸਤਤਿ ਹੈ
ਜੋ ਹਰਿ ਪ੍ਰਭ ਭਾਵੈ ॥

سا ہرِ تیری اُستتِ ہے
جو ہرِ پربھ بھاوے ॥

ਜੋ ਗੁਰਮੁਖਿ ਪਿਆਰਾ ਸੇਵਦੇ
ਤਿਨ ਹਰਿ ਫਲੁ ਪਾਵੈ ॥੬॥

جو گُرمُکھِ پیارا سیودے
تِن ہرِ پھلُ پاوے ॥6॥

ਜਿਨਾ ਹਰਿ ਸੇਤੀ ਪਿਰਹੜੀ
ਤਿਨਾ ਜੀਅ ਪ੍ਰਭ ਨਾਲੇ ॥

جِنا ہرِ سیتی پرہڑی
تِنا جیء پربھ نالے ॥

ਓਇ ਜਪਿ ਜਪਿ ਪਿਆਰਾ ਜੀਵਦੇ
ਹਰਿ ਨਾਮੁ ਸਮਾਲੇ ॥੭॥

اوءِ جپِ جپِ پیارا جیودے
ہرِ نامُ سمالے ॥7॥

ਜਿਨ ਗੁਰਮੁਖਿ ਪਿਆਰਾ ਸੇਵਿਆ
ਤਿਨ ਕਉ ਘੁਮਿ ਜਾਇਆ ॥

جِن گُرمُکھِ پیارا سیویا
تِن کءُ گھُمِ جائیا ॥

ਓਇ ਆਪਿ ਛੁਟੇ ਪਰਵਾਰ ਸਿਉ
ਸਭੁ ਜਗਤੁ ਛਡਾਇਆ ॥੮॥

اوءِ آپِ چھُٹے پروار سِءُ
سبھُ جگتُ چھڈائیا ॥8॥

ਗੁਰਿ ਪਿਆਰੈ ਹਰਿ ਸੇਵਿਆ
ਗੁਰੁ ਧੰਨੁ ਗੁਰੁ ਧੰਨੋ ॥

گُرِ پیارے ہرِ سیویا
گُرُ دھنّنُ گُرُ دھنّنو ॥

ਗੁਰਿ ਹਰਿ ਮਾਰਗੁ ਦਸਿਆ
ਗੁਰ ਪੁੰਨੁ ਵਡ ਪੁੰਨੋ ॥੯॥

گُرِ ہرِ مارگُ دسیا

ਗੁਰ ਪੁੰਨੁ ਵਡ ਪੁੰਨੋ ॥9॥

گُر پُنّنُ وڈ پُنّنو ॥9॥

ਜੋ ਗੁਰਸਿਖ ਗੁਰੁ ਸੇਵਦੇ
ਸੇ ਪੁੰਨ ਪਰਾਣੀ ॥

جو گُرسِکھ گُرُ سیودے
سے پُنّن پرانی ॥

ਜਨੁ ਨਾਨਕੁ ਤਿਨ ਕਉ ਵਾਰਿਆ
ਸਦਾ ਸਦਾ ਕੁਰਬਾਣੀ ॥੧੦॥

جنُ نانکُ تِن کءُ وارِیا
سدا سدا قُربانی ॥ 10 ॥

ਗੁਰਮੁਖਿ ਸਖੀ ਸਹੇਲੀਆ
ਸੇ ਆਪਿ ਹਰਿ ਭਾਈਆ ॥

گُرمُکھِ سکھی سہیلیا
سے آپِ ہرِ بھائیا ॥

ਹਰਿ ਦਰਗਹ ਪੈਨਾਈਆ
ਹਰਿ ਆਪਿ ਗਲਿ ਲਾਈਆ ॥੧੧॥

ہرِ درگہ پینائیا
ہرِ آپِ گلِ لائیا ॥ 11 ॥

ਜੋ ਗੁਰਮੁਖਿ ਨਾਮੁ ਧਿਆਇਦੇ
ਤਿਨ ਦਰਸਨੁ ਦੀਜੈ ॥

جو گُرمُکھِ نامُ دھیائِدے
تِن درسنُ دیجے ॥

ਹਮ ਤਿਨ ਕੇ ਚਰਣ ਪਖਾਲਦੇ
ਧੂੜਿ ਘੋਲਿ ਘੋਲਿ ਪੀਜੈ ॥੧੨॥

ہم تِن کے چرنٹ پکھالدے
دھوُڑِ گھولِ گھولِ پیجے ॥ 12 ॥

ਪਾਨ ਸੁਪਾਰੀ ਖਾਤੀਆ
ਮੁਖਿ ਬੀੜੀਆ ਲਾਈਆ ॥

پان سُپاری کھاتیا
مُکھِ بیڑییا لائیا ॥

ਹਰਿ ਹਰਿ ਕਦੇ ਨ ਚੇਤਿਓ
ਜਮਿ ਪਕੜਿ ਚਲਾਈਆ ॥੧੩॥

ہرِ ہرِ کدے ن چیتِئو
جمِ پکڑِ چلائیا ॥ 13 ॥

ਜਿਨ ਹਰਿ ਨਾਮਾ ਹਰਿ ਚੇਤਿਆ
ਹਿਰਦੈ ਉਰਿ ਧਾਰੇ ॥

جِن ہرِ نامـا ہرِ چیتیا
ہِردے اُرِ دھارے ॥

ਤਿਨ ਜਮੁ ਨੇੜਿ ਨ ਆਵਈ
ਗੁਰਸਿਖ ਗੁਰ ਪਿਆਰੇ ॥੧੪॥

تِن جمُ نیڑِ ن آوئی
گُرسِکھ گُر پیارے ॥ 14 ॥

ਹਰਿ ਕਾ ਨਾਮੁ ਨਿਧਾਨੁ ਹੈ
ਕੋਈ ਗੁਰਮੁਖਿ ਜਾਣੈ ॥

ہرِ کا نامُ نِدھانُ ہے
کوئی گُرمُکھِ جانے ॥

ਨਾਨਕ ਜਿਨ ਸਤਿਗੁਰੁ ਭੇਟਿਆ
ਰੰਗਿ ਰਲੀਆ ਮਾਣੈ ॥੧੫॥

نانک جِن ستِگُرُ بھیٹیا
رنگِ رلیا مانے ॥ 15 ॥

ਸਤਿਗੁਰੁ ਦਾਤਾ ਆਖੀਐ
ਤੁਸਿ ਕਰੇ ਪਸਾਓ ॥

ہؤ گُر وِٹہٗ سد وارِیا
جِنِ دِتڑا نائو ॥ 16 ॥

ਹਉ ਗੁਰ ਵਿਟਹੁ ਸਦ ਵਾਰਿਆ
ਜਿਨਿ ਦਿਤੜਾ ਨਾਓ ॥੧੬॥

ਸੋ ਧੰਨੁ ਗੁਰੂ ਸਾਬਾਸਿ ਹੈ
ਹਰਿ ਦੇਇ ਸਨੇਹਾ ॥

سو دھنّنُ گُرو ساباسِ ہے
ہرِ دےءِ سنیہا ॥

ਹਉ ਵੇਖਿ ਵੇਖਿ ਗੁਰੂ ਵਿਗਸਿਆ
ਗੁਰ ਸਤਿਗੁਰ ਦੇਹਾ ॥੧੭॥

ہؤ ویکھِ ویکھِ گُرو وِگسِیا
گُر ستِگُر دیہا ॥ 17 ॥

ਗੁਰ ਰਸਨਾ ਅੰਮ੍ਰਿਤੁ ਬੋਲਦੀ
ਹਰਿ ਨਾਮਿ ਸੁਹਾਵੀ ॥

گُر رسنا انّمرِتُ بولدی
ہرِ نامِ سُہاوی ॥

ਜਿਨ ਸੁਣਿ ਸਿਖਾ ਗੁਰੁ ਮੰਨਿਆ
ਤਿਨਾ ਭੁਖ ਸਭ ਜਾਵੀ ॥੧੮॥

جِن سُنِ سِکھا گُرُ منّنیا
تِنا بھُکھ سبھ جاوی ॥ 18 ॥

ਹਰਿ ਕਾ ਮਾਰਗੁ ਆਖੀਐ
ਕਹੁ ਕਿਤੁ ਬਿਧਿ ਜਾਈਐ ॥

ہرِ کا مارگُ آکھیئے
کہُ کِتُ بِدھِ جائیئے ۔ ॥

ਹਰਿ ਹਰਿ ਤੇਰਾ ਨਾਮੁ ਹੈ
ਹਰਿ ਖਰਚੁ ਲੈ ਜਾਈਐ ॥੧੯॥

ہرِ ہرِ تیرا نامُ ہے
ہرِ کھرچُ لے جائیئے ॥ 19 ॥

ਜਿਨ ਗੁਰਮੁਖਿ ਹਰਿ ਆਰਾਧਿਆ
ਸੇ ਸਾਹ ਵਡ ਦਾਣੇ ॥

جِن گُرمُکھِ ہرِ آرادھیا
سے ساہ وڈ داٹے ॥

ਹਉ ਸਤਿਗੁਰ ਕਉ ਸਦ ਵਾਰਿਆ
ਗੁਰ ਬਚਨਿ ਸਮਾਣੇ ॥੨੦॥

ہؤ ستِگُر کءُ سد وارِیا
گُر بچنِ سماٹے ॥ 20 ॥

ਤੂ ਠਾਕੁਰੁ ਤੂ ਸਾਹਿਬੋ
ਤੂਹੈ ਮੇਰਾ ਮੀਰਾ ॥

توُ ٹھاکُرُ توُ صاحِبو
توُہے میرا میرا ॥

ਤੁਧੁ ਭਾਵੈ ਤੇਰੀ ਬੰਦਗੀ
ਤੂ ਗੁਣੀ ਗਹੀਰਾ ॥੨੧॥

تُدھُ بھاوے تیری بنّدگی
توُ گُنی گہیرا ॥ 21 ॥

ਆਪੇ ਹਰਿ ਇਕ ਰੰਗੁ ਹੈ
ਆਪੇ ਬਹੁ ਰੰਗੀ ॥

آپے ہرِ اِک رنگُ ہے

ਜੋ ਤਿਸੁ ਭਾਵੈ ਨਾਨਕਾ
ਸਾਈ ਗਲ ਚੰਗੀ ॥੨੨॥੨॥

آپے بہُ رنگی ॥

جو تِسُ بھاوے نانکا
سائی گل چنگی ॥ 22 ॥2॥

ਤਿਲੰਗ ਮਹਲਾ ੯ ਕਾਫੀ

تِلنگ محلا 9 کافی

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਚੇਤਨਾ ਹੈ ਤਉ ਚੇਤ ਲੈ
ਨਿਸਿ ਦਿਨਿ ਮੈ ਪ੍ਰਾਨੀ ॥

چیتنا ہے ت ءُ چیت لے
نِس دِنِ مے پّرانی ۔ ॥

ਛਿਨੁ ਛਿਨੁ ਅਉਧ ਬਿਹਾਤੁ ਹੈ
ਫੂਟੈ ਘਟ ਜਿਉ ਪਾਨੀ ॥੧॥ ਰਹਾਉ ॥

چھِنُ چھِنُ اُدھ بِہاتُ ہے
پھوٹے گھٹ جِءُ پانی ॥ 1 ॥ رہاءُ ॥

ਹਰਿ ਗੁਨ ਕਾਹਿ ਨ ਗਾਵਹੀ
ਮੂਰਖ ਅਗਿਆਨਾ ॥

ہرِ گُن کاہِ ن گاوہی
مُورکھ اگیانا ۔ ॥

ਝੂਠੈ ਲਾਲਚਿ ਲਾਗਿ ਕੈ
ਨਹਿ ਮਰਨੁ ਪਛਾਨਾ ॥੧॥

جھوٹھے لالچِ لاگِ کے
نہِ مرنُ پچھانا ॥ 1 ॥

ਅਜਹੂ ਕਛੁ ਬਿਗਰਿਓ ਨਹੀ
ਜੋ ਪ੍ਰਭ ਗੁਨ ਗਾਵੈ ॥

اجہُو کچھُ بِگرِئو نہی
جو پربھ گُن گاوے ॥

ਕਹੁ ਨਾਨਕ ਤਿਹ ਭਜਨ ਤੇ
ਨਿਰਭੈ ਪਦੁ ਪਾਵੈ ॥੨॥੧॥

کہُ نانک تِہ بھجن تے
نِربھے پدُ پاوے ॥ 2 ॥1॥

ਤਿਲੰਗ ਮਹਲਾ ੯ ॥

تِلنگ محلا 9 ॥

ਜਾਗ ਲੇਹੁ ਰੇ ਮਨਾ ਜਾਗ ਲੇਹੁ
ਕਹਾ ਗਾਫਲ ਸੋਇਆ ॥

جاگ لیہُ رے منا جاگ لیہُ
کہا غافل سوئیا ۔ ॥

ਜੋ ਤਨੁ ਉਪਜਿਆ ਸੰਗ ਹੀ
ਸੋ ਭੀ ਸੰਗਿ ਨ ਹੋਇਆ ॥੧॥ ਰਹਾਉ ॥

جو تنُ اُپجیا سنگ ہی
سو بھی سنگِ ن ہوئیا ॥ 1 ॥ رہاءُ ॥

ਮਾਤ ਪਿਤਾ ਸੁਤ ਬੰਧ ਜਨ
ਹਿਤੁ ਜਾ ਸਿਉ ਕੀਨਾ ॥

مات پِتا سُت بندھ جن
ہِتُ جا سِءُ کِینا ॥

ਜੀਉ ਛੂਟਿਓ ਜਬ ਦੇਹ ਤੇ

جیِءُ چھوٹِئو جب دیہ تے

ਡਾਰਿ ਅਗਨਿ ਮੈ ਦੀਨਾ ॥੧॥

ڈارِ اگنِ مے دِینا ॥1॥

ਜੀਵਤ ਲਉ ਬਿਉਹਾਰੁ ਹੈ
ਜਗ ਕਉ ਤੁਮ ਜਾਨਉ ॥

جِیوت ل ءُ بِہُہارُ ہے
جگ ک ءُ تُم جان ءُ ॥

ਨਾਨਕ ਹਰਿ ਗੁਨ ਗਾਇ ਲੈ
ਸਭ ਸੁਫਨ ਸਮਾਨਉ ॥੨॥੨॥

نانک ہرِ گُن گاءِ لے
سبھ سُپھن سمان ءُ ॥2॥2॥

ਤਿਲੰਗ ਮਹਲਾ ੯ ॥

تِلنگ محلا 9 ॥

ਹਰਿ ਜਸੁ ਰੇ ਮਨਾ ਗਾਇ ਲੈ
ਜੋ ਸੰਗੀ ਹੈ ਤੇਰੋ ॥

ہرِ جسُ رے منا گاءِ لے
جو سنگی ہے تیرو ॥

ਅਉਸਰੁ ਬੀਤਿਓ ਜਾਤੁ ਹੈ
ਕਹਿਓ ਮਾਨ ਲੈ ਮੇਰੋ ॥੧॥ ਰਹਾਉ ॥

اُسرُ بیتِئو جاتُ ہے
کہِئو مان لے میرو ॥1॥ رہاءُ ॥

ਸੰਪਤਿ ਰਥ ਧਨ ਰਾਜ ਸਿਉ
ਅਤਿ ਨੇਹੁ ਲਗਾਇਓ ॥

سنّپتِ رتھ دھن راج سِ ءُ
اتِ نیہُ لگائِئو ॥

ਕਾਲ ਫਾਸ ਜਬ ਗਲਿ ਪਰੀ
ਸਭ ਭਇਓ ਪਰਾਇਓ ॥੧॥

کال پھاس جب گلِ پری
سبھ بھئِئو پرائِئو ॥1॥

ਜਾਨਿ ਬੂਝ ਕੈ ਬਾਵਰੇ
ਤੈ ਕਾਜੁ ਬਿਗਾਰਿਓ ॥

جانِ بُوجھ کے باورے
تے کاجُ بِگارِئو ॥

ਪਾਪ ਕਰਤ ਸੁਕਚਿਓ ਨਹੀ
ਨਹ ਗਰਬੁ ਨਿਵਾਰਿਓ ॥੨॥

پاپ کرت سُکچِئو نہی
نہ گربُ نِوارِئو ॥2॥

ਜਿਹ ਬਿਧਿ ਗੁਰ ਉਪਦੇਸਿਆ
ਸੋ ਸੁਨੁ ਰੇ ਭਾਈ ॥

جِہ بِدھِ گُر اُپدیسِیا
سو سُنُ رے بھائی ۔ ॥

ਨਾਨਕ ਕਹਤ ਪੁਕਾਰਿ ਕੈ
ਗਹੁ ਪ੍ਰਭ ਸਰਨਾਈ ॥੩॥੩॥

نانک کہت پُکارِ کے
گہُ پربھ سرنائی ॥3॥3॥

ਤਿਲੰਗ ਬਾਣੀ ਭਗਤਾ ਕੀ ਕਬੀਰ ਜੀ

تِلنگ بانی بھگتا کی کبیر جی

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਬੇਦ ਕਤੇਬ ਇਫਤਰਾ ਭਾਈ

بید کتیب اِفترا بھائی

ਦਿਲ ਕਾ ਫਿਕਰੁ ਨ ਜਾਇ ॥

دِل کا فِکرُ ن جاءِ ॥

ਟੁਕੁ ਦਮੁ ਕਰਾਰੀ ਜਉ ਕਰਹੁ
ਹਾਜਿਰ ਹਜੂਰਿ ਖੁਦਾਇ ॥੧॥

ٹُکُ دمُ کراری جءُ کرہُ
حاضِر حضوُرِ خُداءِ ॥1॥

ਬੰਦੇ ਖੋਜੁ ਦਿਲ ਹਰ ਰੋਜ
ਨਾ ਫਿਰੁ ਪਰੇਸਾਨੀ ਮਾਹਿ ॥

بنّدے کھوجُ دِل ہر روز
نا پھِرُ پریسانی ماہِ ॥

ਇਹ ਜੁ ਦੁਨੀਆ ਸਿਹਰੁ ਮੇਲਾ
ਦਸਤਗੀਰੀ ਨਾਹਿ ॥੧॥ ਰਹਾਉ ॥

اِہ جُ دُنیا سِہرُ میلا
دستگیری ناہِ ॥1॥ رہاءُ ॥

ਦਰੋਗੁ ਪੜਿ ਪੜਿ ਖੁਸੀ ਹੋਇ
ਬੇਖਬਰ ਬਾਦੁ ਬਕਾਹਿ ॥

دروغُ پڑِ پڑِ خُشی ہوءِ
بیخبر بادُ بکاہِ ॥

ਹਕੁ ਸਚੁ ਖਾਲਕੁ ਖਲਕ ਮਿਆਨੇ
ਸਿਆਮ ਮੂਰਤਿ ਨਾਹਿ ॥੨॥

حقُ سچُ خالقُ خلق مِیانے
سِیام مورتِ ناہِ ॥2॥

ਅਸਮਾਨ ਮ੍ਹਾਨੇ ਲਹੰਗ ਦਰੀਆ
ਗੁਸਲ ਕਰਦਨ ਬੂਦ ॥

اسمان ِ مّیانے لہنگ دریا
غُسل کردن بوُد ॥

ਕਰਿ ਫਕਰੁ ਦਾਇਮ ਲਾਇ ਚਸਮੇ
ਜਹ ਤਹਾ ਮਉਜੂਦੁ ॥੩॥

کرِ فقرُ دائِم لاءِ چشمے
جہ تہا مئجُوُدُ ॥3॥

ਅਲਾਹ ਪਾਕੰ ਪਾਕ ਹੈ
ਸਕ ਕਰਉ ਜੇ ਦੂਸਰ ਹੋਇ ॥

الاہ پاکنّ پاک ہےَ
سک کرءُ جے دوُسر ہوءِ ॥

ਕਬੀਰ ਕਰਮੁ ਕਰੀਮ ਕਾ
ਉਹੁ ਕਰੈ ਜਾਨੈ ਸੋਇ ॥੪॥੧॥

کبیِر کرمُ کریم کا
اُہُ کرےَ جانے سوءِ ॥4॥1॥

ਨਾਮਦੇਵ ਜੀ ॥

نامدیو جی ॥

ਮੈ ਅੰਧੁਲੇ ਕੀ ਟੇਕ
ਤੇਰਾ ਨਾਮੁ ਖੁੰਦਕਾਰਾ ॥

مےَ انّدھُلے کی ٹیک
تیرا نامُ خُنّدکارا ॥

ਮੈ ਗਰੀਬ ਮੈ ਮਸਕੀਨ
ਤੇਰਾ ਨਾਮੁ ਹੈ ਅਧਾਰਾ ॥੧॥ ਰਹਾਉ ॥

مےَ غریب مےَ مسکیِن
تیرا نامُ ہےَ ادھارا ॥1॥ رہاءُ ॥

ਕਰੀਮਾਂ ਰਹੀਮਾਂ ਅਲਾਹ ਤੂ ਗਨੀ ॥

کریماں رہیماں الاہ توُ غنیِں ॥

ਹਾਜਰਾ ਹਜੂਰਿ ਦਰਿ ਪੇਸਿ ਤੂੰ ਮਨੀ ॥੧॥	حاضرا حضوُرِ درِ پیشِ توُنّ منیں ॥1॥
ਦਰੀਆਉ ਤੂ ਦਿਹੰਦ ਤੂ ਬਿਸੀਆਰ ਤੂ ਧਨੀ ॥	دریِیاءُ توُ دِہنّد توُ بِسیِیار توُ دھنی ॥
ਦੇਹਿ ਲੇਹਿ ਏਕੁ ਤੂੰ ਦਿਗਰ ਕੋ ਨਹੀ ॥੨॥	دیہِ لیہِ ایکُ توُنّ دِگر کو نہی ॥2॥
ਤੂੰ ਦਾਨਾਂ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ ॥	توُنّ داناں توُنّ بِیناں مےَ بیچارُ کیا کری ۔ ॥
ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ ॥੩॥੧॥੨॥	نامے چے سُیامی بخشنّد توُنّ ہری ۔ ॥3॥1॥2॥
ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ ॥	ہلے یاراں ہلے یاراں خُشخبری ॥
ਬਲਿ ਬਲਿ ਜਾਂਉ ਹਉ ਬਲਿ ਬਲਿ ਜਾਂਉ ॥	بلِ بلِ جانْءُ ہءُ بلِ بلِ جانْءُ ॥
ਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ ॥੧॥ ਰਹਾਉ ॥	نیِکی تیری بِگاری آلے تیرا ناءُ ॥1॥ رہاءُ ॥
ਕੁਜਾ ਆਮਦ ਕੁਜਾ ਰਫਤੀ ਕੁਜਾ ਮੇ ਰਵੀ ॥	کُجا آمد کُجا رفتی کُجا مے روی ۔ ॥
ਦ੍ਵਾਰਿਕਾ ਨਗਰੀ ਰਾਸਿ ਬੁਗੋਈ ॥੧॥	ڈّوارِکا نگری راسِ بُگوئی ॥1॥
ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ॥	خوُبُ تیری پگری مِیٹھے تیرے بول ॥
ਦ੍ਵਾਰਿਕਾ ਨਗਰੀ ਕਾਹੇ ਕੇ ਮਗੋਲ ॥੨॥	ڈّوارِکا نگری کاہے کے مغول ۔ ॥2॥
ਚੰਦੀ ਹਜਾਰ ਆਲਮ ਏਕਲ ਖਾਨਾਂ ॥	چنّدیِں ہجار یا◌ٔلم ایکل کھاناں ॥
ਹਮ ਚਿਨੀ ਪਾਤਿਸਾਹ ਸਾਂਵਲੇ ਬਰਨਾਂ ॥੩॥	ہم چِنی پاتِشاہ سانْولے برناں ॥3॥
ਅਸਪਤਿ ਗਜਪਤਿ ਨਰਹ ਨਰਿੰਦ ॥	اسپتِ گجپتِ نرہ نرِنّد ॥

ਨਾਮੇ ਕੇ ਸ੍ਵਾਮੀ ਮੀਰ ਮੁਕੰਦ ॥੪॥੨॥੩॥	نامے کے سّوامی میر مُکنّد ॥4॥2॥3॥
੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	੧ੴ ستِنامُ کرتا پُرکھُ نِربھءُ نِرویرُ اکال مورتِ اجونی سیَبھنّ گُرپرّسادِ ॥
ਰਾਗੁ ਸੂਹੀ ਮਹਲਾ ੧ ਚਉਪਦੇ ਘਰੁ ੧	راگُ سوُہی محلا 1 چئُپدے گھرُ 1
ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥	بھانڈا دھوءِ بیَسِ دھوُپ دیوہُ تءُ دوُدھے کءُ جاوہُ ॥
ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥੧॥	دوُدھُ کرم پھُنِ سُرتِ سمائنُّ ہوءِ نِراس جماوہُ ॥1॥
ਜਪਹੁ ਤ ਏਕੋ ਨਾਮਾ ॥	جپہُ ت ایکو نانا ॥
ਅਵਰਿ ਨਿਰਾਫਲ ਕਾਮਾ ॥੧॥ ਰਹਾਉ ॥	اورِ نِراپھل کاما ॥1॥ رہاءُ ॥
ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥	اِہُ منُ ایٹی ہاتھِ کرہُ پھُنِ نیتّرءُ نیِد ن آوے ॥
ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥	رسنا نامُ جپہُ تب متھیئے اِن بِدھِ انمّرِتُ پاوہُ ॥2॥
ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥	منُ سنّپٹُ جِتُ ست سرِ ناونُّ بھاون پاتی ترّپتِ کرے ॥
ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ ਬਿਧਿ ਸਾਹਿਬੁ ਰਵਤੁ ਰਹੈ ॥੩॥	پوُجا پرّانٌ سیوکُ جے سیوے اِنّہ بِدھِ صاحِبُ روتُ رہے ॥3॥
ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ ॥	کہدے کہہِ کہے کہِ جاوہِ تُم سرِ اورُ ن کوئی ॥
ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ ॥੪॥੧॥	بھگتِ ہیِنُّ نانکُ جنُ جنّپے ہءُ سالاحی سچا سوئی ॥4॥1॥
ਸੂਹੀ ਮਹਲਾ ੧ ਘਰੁ ੨	سوُہی محلا 1 گھرُ 2
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਅੰਤਰਿ ਵਸੈ ਨ ਬਾਹਰਿ ਜਾਇ ॥	انّترِ وسے ن باہرِ جاءِ ॥

ਅੰਮ੍ਰਿਤੁ ਛੋਡਿ ਕਾਹੇ ਬਿਖੁ ਖਾਇ ॥੧॥	انمرِتُ چھوڈِ کاہے بِکھُ کھاءِ ۔ ॥1॥
ਐਸਾ ਗਿਆਨੁ ਜਪਹੁ ਮਨ ਮੇਰੇ ॥	ایَسا گِیانُ جپہُ من میرے ۔ ॥
ਹੋਵਹੁ ਚਾਕਰ ਸਾਚੇ ਕੇਰੇ ॥੧॥ ਰਹਾਉ ॥	ہووہُ چاکر ساچے کیرے ॥1॥ رہاءُ ॥
ਗਿਆਨੁ ਧਿਆਨੁ ਸਭੁ ਕੋਈ ਰਵੈ ॥	گِیانُ دھِیانُ سبھُ کوئی روے ॥
ਬਾਂਧਨਿ ਬਾਂਧਿਆ ਸਭੁ ਜਗੁ ਭਵੈ ॥੨॥	باندھنِ باندھِیا سبھُ جگُ بھوے ॥2॥
ਸੇਵਾ ਕਰੇ ਸੁ ਚਾਕਰੁ ਹੋਇ ॥	سیوا کرے سُ چاکرُ ہوءِ ॥
ਜਲਿ ਥਲਿ ਮਹੀਅਲਿ ਰਵਿ ਰਹਿਆ ਸੋਇ ॥੩॥	جلِ تھلِ مہیَلِ روِ رہِیا سوءِ ॥3॥
ਹਮ ਨਹੀ ਚੰਗੇ ਬੁਰਾ ਨਹੀ ਕੋਇ ॥	ہم نہی چنگے بُرا نہی کوءِ ॥
ਪ੍ਰਣਵਤਿ ਨਾਨਕੁ ਤਾਰੇ ਸੋਇ ॥੪॥੧॥੨॥	پرّنوتِ نانکُ تارے سوءِ ॥4॥1॥2॥
ਸੂਹੀ ਮਹਲਾ ੧ ਘਰੁ ੬	سوُہی محلا 1 گھرُ 6
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥	اُجلُ کیَہا چِلکنّا گھوٹِم کالڑی مسُ ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥	دھوتِیا جوُٹھِ ن اُترے جے سءُ دھووا تِسُ ॥1॥
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥	سجنّ سیئی نالِ مے چلدِیا نالِ چلنّہِ ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ ਰਹਾਉ ॥	جِتھے لیکھا منگیئے تِتھے کھڑے دِسنّہِ ॥1॥ رہاءُ ॥
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ॥	کوٹھے منڈپ ماڑِیا پاسہُ چِتویِیاہا ॥
ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ ॥੨॥	ڈھٹھِیا کنمِ ن آونّہی وِچہُ سکھٹیِیاہا ॥2॥
ਬਗਾ ਬਗੇ ਕਪੜੇ	بگا بگے کپڑے

ਤੀਰਥ ਮੰਝਿ ਵਸੰਨਿ ॥
تِرتھ منجھِ وسنّنِہ ॥

ਘੁਟਿ ਘੁਟਿ ਜੀਆ ਖਾਵਣੇ
ਬਗੇ ਨਾ ਕਹੀਅਨਿ ॥੩॥
گھُٹِ گھُٹِ جِیا کھاونے
بگے نا کہیئنّہِ ॥3॥

ਸਿੰਮਲ ਰੁਖੁ ਸਰੀਰੁ ਮੈ
ਮੈਜਨ ਦੇਖਿ ਭੁਲੰਨਿ ॥
سِنّمل رُکھُ سریرُ مے
میَجن دیکھِ بھُلنّہِ ॥

ਸੇ ਫਲ ਕੰਮਿ ਨ ਆਵਨੀ
ਤੇ ਗੁਣ ਮੈ ਤਨਿ ਹੰਨਿ ॥੪॥
سے پھل کنّمِ ن آونّہی
تے گُنؤ مے تنِ ہنّنِہ ॥4॥

ਅੰਧੁਲੈ ਭਾਰੁ ਉਠਾਇਆ
ਡੂਗਰ ਵਾਟ ਬਹੁਤੁ ॥
انّدھُلے بھارُ اُٹھائیا
ڈُوگر واٹ بہُتُ ॥

ਅਖੀ ਲੋੜੀ ਨਾ ਲਹਾ
ਹਉ ਚੜਿ ਲੰਘਾ ਕਿਤੁ ॥੫॥
اکھی لوڑی نا لہا
ہءُ چڑِ لنگھا کِتُ ۔ ॥5॥

ਚਾਕਰੀਆ ਚੰਗਿਆਈਆ
ਅਵਰ ਸਿਆਣਪ ਕਿਤੁ ॥
چاکریا چنگیائیا
اور سِیاٹپ کِتُ ۔ ॥

ਨਾਨਕ ਨਾਮੁ ਸਮਾਲਿ ਤੂੰ
ਬਧਾ ਛੁਟਹਿ ਜਿਤੁ ॥੬॥੧॥੩॥
نانک نامُ سمالِ توُنّ
بدھا چھُٹہِ جِتُ ॥6॥1॥3॥

ਸੂਹੀ ਮਹਲਾ ੧ ॥
سوُہی محلا 1 ॥

ਜਪ ਤਪ ਕਾ ਬੰਧੁ ਬੇੜੁਲਾ
ਜਿਤੁ ਲੰਘਹਿ ਵਹੇਲਾ ॥
جپ تپ کا بنّدھُ بیڑُلا
جِتُ لنگھہِ وہیلا ॥

ਨਾ ਸਰਵਰੁ ਨਾ ਊਛਲੈ
ਐਸਾ ਪੰਥੁ ਸੁਹੇਲਾ ॥੧॥
نا سرورُ نا اوُچھلے
ایَسا پنّتھُ سُہیلا ॥1॥

ਤੇਰਾ ਏਕੋ ਨਾਮੁ ਮੰਜੀਠੜਾ
ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥੧॥ ਰਹਾਉ ॥
تیرا ایکو نامُ منجیٹھڑا
رتا میرا چولا سد رنگ ڈھولا ॥1॥ رہاءُ ॥

ਸਾਜਨ ਚਲੇ ਪਿਆਰਿਆ
ਕਿਉ ਮੇਲਾ ਹੋਈ ॥
ساجن چلے پیارِیا
کِءُ میلا ہوئی ۔ ॥

ਜੇ ਗੁਣ ਹੋਵਹਿ ਗੰਠੜੀਐ
جے گُنؤ ہووہِ گنّٹھڑیے

ਮੇਲੇਗਾ ਸੋਈ ॥੨॥	میلیگا سوئی ॥2॥
ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ ॥	مِلیا ہوءِ ن وِچھُڑے جے مِلیا ہوئی ॥
ਆਵਾ ਗਉਣੁ ਨਿਵਾਰਿਆ ਹੈ ਸਾਚਾ ਸੋਈ ॥੩॥	آوا گئُنُ نِوارِیا ہے ساچا سوئی ॥3॥
ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ ॥	ہئُمے مارِ نِوارِیا سِیتا ہے چولا ॥
ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ ॥੪॥	گُر بچنی پھلُ پائِیا سہ کے انّمرِت بولا ॥4॥
ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ ॥	نانکُ کہے سہیلیہو سہُ کھرا پِیارا ॥
ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ ॥੫॥੨॥੪॥	ہم سہ کیریا داسِیا ساچا خصمُ ہمارا ॥5॥2॥4॥
ਸੂਹੀ ਮਹਲਾ ੧ ॥	سُوہی محلا 1 ॥
ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ ॥	جِن کءُ بھانڈے بھاءُ تِنا سوارسی ॥
ਸੂਖੀ ਕਰੈ ਪਸਾਉ ਦੂਖ ਵਿਸਾਰਸੀ ॥	سُوکھی کرے پساءُ دُوکھ وِسارسی ॥
ਸਹਸਾ ਮੂਲੇ ਨਾਹਿ ਸਰਪਰ ਤਾਰਸੀ ॥੧॥	سہسا مُولے ناہِ سرپر تارسی ॥1॥
ਤਿਨ੍ਹਾ ਮਿਲਿਆ ਗੁਰੁ ਆਇ ਜਿਨ ਕਉ ਲੀਖਿਆ ॥	تِنّہا مِلیا گُرُ آءِ جِن کءُ لِیکھیا ॥
ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ ॥	انّمرِتُ ہرِ کا ناءُ دیوے دیکھیا ॥
ਚਾਲਹਿ ਸਤਿਗੁਰ ਭਾਇ	چالہِ ستِگُر بھاءِ

ਭਵਹਿ ਨ ਭੀਖਿਆ ॥੨॥

بھوہِ ن بھیکھیا ॥2॥

ਜਾ ਕਉ ਮਹਲੁ ਹਜੂਰਿ
ਦੂਜੇ ਨਿਵੈ ਕਿਸੁ ॥

جا ک ءُ محلُ حضوُرِ
دوُجے نِوے کِسُ ۔ ॥

ਦਰਿ ਦਰਵਾਣੀ ਨਾਹਿ
ਮੂਲੇ ਪੁਛ ਤਿਸੁ ॥

درِ دروانٹی ناہِ
موُلے پُچھ تِسُ ॥

ਛੁਟੈ ਤਾ ਕੈ ਬੋਲਿ
ਸਾਹਿਬ ਨਦਰਿ ਜਿਸੁ ॥੩॥

چھُٹے تا کے بولِ
صاحِب ندرِ جِسُ ॥3॥

ਘਲੇ ਆਣੇ ਆਪਿ
ਜਿਸੁ ਨਾਹੀ ਦੂਜਾ ਮਤੈ ਕੋਇ ॥

گھلے آٹے آپِ
جِسُ ناہی دوُجا متے کوءِ ॥

ਢਾਹਿ ਉਸਾਰੇ ਸਾਜਿ
ਜਾਣੈ ਸਭ ਸੋਇ ॥

ڈھاہِ اُسارے ساجِ
جانٹے سبھ سوءِ ॥

ਨਾਉ ਨਾਨਕ ਬਖਸੀਸ
ਨਦਰੀ ਕਰਮੁ ਹੋਇ ॥੪॥੩॥੫॥

ناءُ نانک بخشیس
ندری کرمُ ہوءِ ॥4॥3॥5॥

ਸੂਹੀ ਮਹਲਾ ੧ ॥

سوُہی محلا 1 ॥

ਭਾਂਡਾ ਹਛਾ ਸੋਇ
ਜੋ ਤਿਸੁ ਭਾਵਸੀ ॥

بھانڈا ہچھا سوءِ
جو تِسُ بھاوسی ॥

ਭਾਂਡਾ ਅਤਿ ਮਲੀਣੁ
ਧੋਤਾ ਹਛਾ ਨ ਹੋਇਸੀ ॥

بھانڈا اتِ ملیِنُ
دھوتا ہچھا ن ہوئسی ॥

ਗੁਰੂ ਦੁਆਰੈ ਹੋਇ
ਸੋਝੀ ਪਾਇਸੀ ॥

گُرو دُیارے ہوءِ
سوجھی پائسی ॥

ਏਤੁ ਦੁਆਰੈ ਧੋਇ
ਹਛਾ ਹੋਇਸੀ ॥

ایتُ دُیارے دھوءِ
ہچھا ہوئسی ॥

ਮੈਲੇ ਹਛੇ ਕਾ ਵੀਚਾਰੁ
ਆਪਿ ਵਰਤਾਇਸੀ ॥

میَلے ہچھے کا ویچارُ
آپِ ورتائسی ॥

ਮਤੁ ਕੋ ਜਾਣੈ ਜਾਇ

مت کو جانٹے جاءِ

ਅਗੈ ਪਾਇਸੀ ॥

اگے پائِسی ॥

ਜੇਹੇ ਕਰਮ ਕਮਾਇ
ਤੇਹਾ ਹੋਇਸੀ ॥

جیہے کرم کماءِ
تیہا ہوئِسی ॥

ਅੰਮ੍ਰਿਤੁ ਹਰਿ ਕਾ ਨਾਉ
ਆਪਿ ਵਰਤਾਇਸੀ ॥

انّمرِتُ ہرِ کا ناءُ
آپِ ورتائِسی ॥

ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ ॥

چلیا پتِ سِءُ جنمُ سوارِ واجا وائِسی ॥

ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ ॥

مانُس کِیا ویچارا تِہُ لوک سُنائِسی ॥

ਨਾਨਕ ਆਪਿ ਨਿਹਾਲ
ਸਭਿ ਕੁਲ ਤਾਰਸੀ ॥੧॥੪॥੬॥

نانک آپِ نِہال
سبھِ کُل تارسی ॥1॥4॥6॥

ਸੂਹੀ ਮਹਲਾ ੧ ॥

سوُہی محلا 1 ॥

ਜੋਗੀ ਹੋਵੈ ਜੋਗਵੈ
ਭੋਗੀ ਹੋਵੈ ਖਾਇ ॥

جوگی ہووے جوگوے
بھوگی ہووے کھاءِ ॥

ਤਪੀਆ ਹੋਵੈ ਤਪੁ ਕਰੇ
ਤੀਰਥਿ ਮਲਿ ਮਲਿ ਨਾਇ ॥੧॥

تپِیا ہووے تپُ کرے
تِیرتھِ مِلِ مِلِ ناءِ ॥1॥

ਤੇਰਾ ਸਦੜਾ ਸੁਣੀਜੈ ਭਾਈ
ਜੇ ਕੋ ਬਹੈ ਅਲਾਇ ॥੧॥ ਰਹਾਉ ॥

تیرا صدڑا سُنِیجے بھائی
جے کو بہے الاءِ ॥1॥ رہاءُ ॥

ਜੈਸਾ ਬੀਜੈ ਸੋ ਲੁਣੇ
ਜੋ ਖਟੇ ਸੋ ਖਾਇ ॥

جیَسا بیجے سو لُٹے
جو کھٹے سو کھاءِ ॥

ਅਗੈ ਪੁਛ ਨ ਹੋਵਈ
ਜੇ ਸਣੁ ਨੀਸਾਣੈ ਜਾਇ ॥੨॥

اگے پُچھ ن ہووئی
جے سنُ نِیشانے جاءِ ॥2॥

ਤੈਸੋ ਜੈਸਾ ਕਾਢੀਐ
ਜੈਸੀ ਕਾਰ ਕਮਾਇ ॥

تیَسو جیَسا کاڈھیے
جیَسی کار کماءِ ॥

ਜੋ ਦਮੁ ਚਿਤਿ ਨ ਆਵਈ
ਸੋ ਦਮੁ ਬਿਰਥਾ ਜਾਇ ॥੩॥

جو دمُ چِتِ ن آوئی
سو دمُ بِرتھا جاءِ ॥3॥

ਇਹੁ ਤਨੁ ਵੇਚੀ ਬੈ ਕਰੀ

اِہُ تنُ ویچی بے کری

ਜੇ ਕੋ ਲਏ ਵਿਕਾਇ ॥
جے کو لے وِکاءِ ॥

ਨਾਨਕ ਕੰਮਿ ਨ ਆਵਈ
ਜਿਤੁ ਤਨਿ ਨਾਹੀ ਸਚਾ ਨਾਉ ॥੪॥੫॥੭॥
نانک کنّمِ ن آوئی
جِتُ تنِ ناہی سچا ناءُ ॥4॥5॥7॥

ਸੂਹੀ ਮਹਲਾ ੧ ਘਰੁ ੭
سوُہی محلا 1 گھرُ 7

ੴ ਸਤਿਗੁਰ ਪ੍ਰਸਾਦਿ ॥
ੴ ستِگُر پرّسادِ ॥

ਜੋਗੁ ਨ ਖਿੰਥਾ ਜੋਗੁ ਨ ਡੰਡੈ
ਜੋਗੁ ਨ ਭਸਮ ਚੜਾਈਐ ॥
جوگُ ن کھِنّتھا جوگُ ن ڈنّڈے
جوگُ ن بھسم چڑائیےّ ॥

ਜੋਗੁ ਨ ਮੁੰਦੀ ਮੂੰਡਿ ਮੁਡਾਇਐ
ਜੋਗੁ ਨ ਸਿੰਙੀ ਵਾਈਐ ॥
جوگُ ن مُنّدی موُنّڈِ مُڈائیےّ
جوگُ ن سِنّگی وائیےّ ॥

ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ ॥੧॥
انّجن ماہِ نِرنّجنِ رہیےّ
جوگ جُگتِ اِو پائیےّ ॥1॥

ਗਲੀ ਜੋਗੁ ਨ ਹੋਈ ॥
گلی جوگُ ن ہوئی ॥

ਏਕ ਦ੍ਰਿਸਟਿ ਕਰਿ ਸਮਸਰਿ ਜਾਣੈ
ਜੋਗੀ ਕਹੀਐ ਸੋਈ ॥੧॥ ਰਹਾਉ ॥
ایک دّرِسٹِ کرِ سمسرِ جانّے
جوگی کہیےّ سوئی ॥1॥ رہاءُ ॥

ਜੋਗੁ ਨ ਬਾਹਰਿ ਮੜੀ ਮਸਾਣੀ
ਜੋਗੁ ਨ ਤਾੜੀ ਲਾਈਐ ॥
جوگُ ن باہِر مڑی مسانّی
جوگُ ن تاڑی لائیےّ ॥

ਜੋਗੁ ਨ ਦੇਸਿ ਦਿਸੰਤਰਿ ਭਵਿਐ
ਜੋਗੁ ਨ ਤੀਰਥਿ ਨਾਈਐ ॥
جوگُ ن دیس دِسنّترِ بھوِے
جوگُ ن تیرتھِ نائیےّ ॥

ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ ॥੨॥
انّجن ماہِ نِرنّجنِ رہیےّ
جوگ جُگتِ اِو پائیےّ ॥2॥

ਸਤਿਗੁਰੁ ਭੇਟੈ ਤਾ ਸਹਸਾ ਤੂਟੈ
ਧਾਵਤੁ ਵਰਜਿ ਰਹਾਈਐ ॥
ستِگُرُ بھیٹے تا سہسا توُٹے
دھاوتُ ورجِ رہائیےّ ॥

ਨਿਝਰੁ ਝਰੈ ਸਹਜ ਧੁਨਿ ਲਾਗੈ
ਘਰ ਹੀ ਪਰਚਾ ਪਾਈਐ ॥
نِجھرُ جھرے سہج دھُنِ لاگے
گھر ہی پرچا پائیےّ ॥

ਅੰਜਨ ਮਾਹਿ ਨਿਰੰਜਨਿ ਰਹੀਐ
انّجن ماہِ نِرنّجنِ رہیےّ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پُرب نوں سمرپت|سیوا: بھائی بلجندر سنگھ جی (راتا صاہب)

ਜੋਗ ਜੁਗਤਿ ਇਵ ਪਾਈਐ ॥੩॥	جوگ جُگتِ اِو پائیئے ॥3॥
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥	نانک جیوتیا مرِ رہیئے ایَسا جوگُ کمائیئے ॥
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥	واجے باجھہُ سِنگّی واجے تءُ نِربھءُ پدُ پائیئے ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥੪॥੧॥੮॥	انّجن ماہِ نِرنّجنِ رہیئے جوگ جُگتِ تءُ پائیئے ॥4॥1॥8॥
ਸੂਹੀ ਮਹਲਾ ੧ ॥	سوُہی محلا 1 ॥
ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ ॥	کئُنْ ترازی کونُ تُلا تیرا کونُ صرافُ بُلاوا ۔ ॥
ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ ॥੧॥	کئُنْ گُرو کے پہ دیکھیا لیوا کے پہ مُلُ کراوا ۔ ॥1॥
ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥	میرے لال جیِءُ تیرا انّتُ ن جاٹا ॥
ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ ॥੧॥ ਰਹਾਉ ॥	توُنّ جلِ تھلِ مہیئلِ بھرپُرِ لیِٹا توُنّ آپے سرب سماٹا ॥1॥ رہاءُ ॥
ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ॥	منُ تاراجی چِتُ تُلا تیری سیو صرافُ کماوا ॥
ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ ॥੨॥	گھٹ ہی بھیترِ سو سہُ تولی اِن بِدھِ چِتُ رہاوا ॥2॥
ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ ॥	آپے کنّڈا تولُ ترازی آپے تولنّہارا ॥
ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ॥੩॥	آپے دیکھے آپے بوُجھے آپے ہے وٹّجارا ॥3॥
ਅੰਧੁਲਾ ਨੀਚ ਜਾਤਿ ਪਰਦੇਸੀ	انّدھُلا نِیچ زاتِ پردیسی

ਖਿਨੁ ਆਵੈ ਤਿਲੁ ਜਾਵੈ ॥

کھِنُ آوے تِلُ جاوے ॥

ਤਾ ਕੀ ਸੰਗਤਿ ਨਾਨਕੁ ਰਹਦਾ
ਕਿਉ ਕਰਿ ਮੂੜਾ ਪਾਵੈ ॥੪॥੨॥੯॥

تا کی سنگتِ نانکُ رہدا
کِءُ کرِ موڑا پاوے ۔ ॥4॥2॥9॥

ਰਾਗੁ ਸੂਹੀ ਮਹਲਾ ੪ ਘਰੁ ੧

راگُ سوُہی محلا 4 گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਮਨਿ ਰਾਮ ਨਾਮੁ ਆਰਾਧਿਆ
ਗੁਰ ਸਬਦਿ ਗੁਰੂ ਗੁਰ ਕੇ ॥

منِ رام نامُ آرادھِیا
گُر سبدِ گُروُ گُر کے ॥

ਸਭਿ ਇਛਾ ਮਨਿ ਤਨਿ ਪੂਰੀਆ
ਸਭੁ ਚੂਕਾ ਡਰੁ ਜਮ ਕੇ ॥੧॥

سبھِ اِچھا منِ تنِ پوُرِیا
سبھُ چوُکا ڈرُ جم کے ॥1॥

ਮੇਰੇ ਮਨ
ਗੁਣ ਗਾਵਹੁ ਰਾਮ ਨਾਮ ਹਰਿ ਕੇ ॥

میرے من
گُنْ گاوہُ رام نام ہرِ کے ॥

ਗੁਰਿ ਤੁਠੈ ਮਨੁ ਪਰਬੋਧਿਆ
ਹਰਿ ਪੀਆ ਰਸੁ ਗਟਕੇ ॥੧॥ ਰਹਾਉ ॥

گُرِ تُٹھے منُ پربودھِیا
ہرِ پِیا رسُ گٹکے ॥1॥ رہاءُ ॥

ਸਤਸੰਗਤਿ ਊਤਮ ਸਤਿਗੁਰ ਕੇਰੀ
ਗੁਨ ਗਾਵੈ ਹਰਿ ਪ੍ਰਭ ਕੇ ॥

ستسنگتِ اوُتم ستِگُر کیری
گُن گاوے ہرِ پربھ کے ॥

ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ
ਹਮ ਧੋਵਹ ਪਗ ਜਨ ਕੇ ॥੨॥

ہرِ کِرپا دھارِ میلہُ ستسنگتِ
ہم دھووہ پگ جن کے ॥2॥

ਰਾਮ ਨਾਮੁ ਸਭੁ ਹੈ ਰਾਮ ਨਾਮਾ
ਰਸੁ ਗੁਰਮਤਿ ਰਸੁ ਰਸਕੇ ॥

رام نامُ سبھُ ہے رام نامـا
رسُ گُرمتِ رسُ رسکے ॥

ਹਰਿ ਅੰਮ੍ਰਿਤੁ ਹਰਿ ਜਲੁ ਪਾਇਆ
ਸਭ ਲਾਥੀ ਤਿਸ ਤਿਸ ਕੇ ॥੩॥

ہرِ انّمرِتُ ہرِ جلُ پائیا
سبھ لاتھی تِس تِس کے ॥3॥

ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ
ਹਮ ਵੇਚਿਓ ਸਿਰੁ ਗੁਰ ਕੇ ॥

ہمری زاتِ پاتِ گُرُ ستِگُرُ
ہم ویچیوَ سِرُ گُر کے ॥

ਜਨ ਨਾਨਕ ਨਾਮੁ ਪਰਿਓ ਗੁਰ ਚੇਲਾ
ਗੁਰ ਰਾਖਹੁ ਲਾਜ ਜਨ ਕੇ ॥੪॥੧॥

جن نانک نامُ پرِئو گُر چیلا
گُر راکھہُ لاج جن کے ॥4॥1॥

ਸੂਹੀ ਮਹਲਾ ੪ ॥

ਹਰਿ ਹਰਿ ਨਾਮੁ ਭਜਿਓ ਪੁਰਖੋਤਮੁ
ਸਭਿ ਬਿਨਸੇ ਦਾਲਦ ਦਲਘਾ ॥

ਭਉ ਜਨਮ ਮਰਣਾ ਮੇਟਿਓ ਗੁਰ ਸਬਦੀ
ਹਰਿ ਅਸਥਿਰੁ ਸੇਵਿ ਸੁਖਿ ਸਮਘਾ ॥੧॥

ਮੇਰੇ ਮਨ ਭਜੁ ਰਾਮ ਨਾਮ ਅਤਿ ਪਿਰਘਾ ॥

ਮੈ ਮਨੁ ਤਨੁ ਅਰਪਿ ਧਰਿਓ ਗੁਰ ਆਗੈ
ਸਿਰੁ ਵੇਚਿ ਲੀਓ ਮੁਲਿ ਮਹਘਾ ॥੧॥ ਰਹਾਉ ॥

ਨਰਪਤਿ ਰਾਜੇ ਰੰਗ ਰਸ ਮਾਣਹਿ
ਬਿਨੁ ਨਾਵੈ ਪਕੜਿ ਖੜੇ ਸਭਿ ਕਲਘਾ ॥

ਧਰਮ ਰਾਇ ਸਿਰਿ ਡੰਡੁ ਲਗਾਨਾ
ਫਿਰਿ ਪਛੁਤਾਨੇ ਹਥ ਫਲਘਾ ॥੨॥

ਹਰਿ ਰਾਖੁ ਰਾਖੁ ਜਨ ਕਿਰਮ ਤੁਮਾਰੇ
ਸਰਣਾਗਤਿ ਪੁਰਖ ਪ੍ਰਤਿਪਲਘਾ ॥

ਦਰਸਨੁ ਸੰਤ ਦੇਹੁ ਸੁਖੁ ਪਾਵੈ
ਪ੍ਰਭ ਲੋਚ ਪੂਰਿ ਜਨੁ ਤੁਮਘਾ ॥੩॥

ਤੁਮ ਸਮਰਥ ਪੁਰਖ ਵਡੇ ਪ੍ਰਭ ਸੁਆਮੀ
ਮੋ ਕਉ ਕੀਜੈ ਦਾਨੁ ਹਰਿ ਨਿਮਘਾ ॥

ਜਨ ਨਾਨਕ ਨਾਮੁ ਮਿਲੈ ਸੁਖੁ ਪਾਵੈ
ਹਮ ਨਾਮ ਵਿਟਹੁ ਸਦ ਘੁਮਘਾ ॥੪॥੨॥

ਸੂਹੀ ਮਹਲਾ ੪ ॥

ਹਰਿ ਨਾਮਾ ਹਰਿ ਰੰਙੁ ਹੈ
ਹਰਿ ਰੰਙੁ ਮਜੀਠੈ ਰੰਙੁ ॥

ਗੁਰਿ ਤੁਠੈ ਹਰਿ ਰੰਗੁ ਚਾੜਿਆ
ਫਿਰਿ ਬਹੁੜਿ ਨ ਹੋਵੀ ਭੰਙੁ ॥੧॥

سوُہی محلا 4 ॥

ہرِ ہرِ نامُ بھجِئو پُرکھوتمُ
سبھِ بِنسے دالد دلگھا ॥

بھ ءُ جنم مرٹا میٹِئو گُر سبدی
ہرِ استھِرُ سیوِ سُکھِ سمگھا ॥1॥

میرے من بھجُ رام نام اتِ پرِگھا ॥

مے َ منُ تنُ ارپِ دھرِئو گُر آگے َ
سِرُ ویچِ لیِئو مُلِ مہگھا ॥1॥ رہاءُ ॥

نرپتِ راجے رنگ رس مانہِ
بِنُ ناوے َ پکڑِ کھڑے سبھِ کلگھا ॥

دھرم راءِ سِرِ ڈنڈُ لگانا
پھِرِ پچھُتانے ہتھ پھلگھا ॥2॥

ہرِ راکھُ راکھُ جن کِرم تُمارے
سرٹاگتِ پُرکھ پرَتپلگھا ॥

درسنُ سنّت دیہُ سُکھُ پاوے َ
پربھ لوچ پوُرِ جنُ تُمگھا ॥3॥

تُم سمرتھ پُرکھ وڈے پربھ سُیامی
مو ک ءُ کیجے َ دانُ ہرِ نِمگھا ॥

جن نانک نامُ ملے َ سُکھُ پاوے َ
ہم نام وِٹہُ سد گھُمگھا ॥4॥2॥

سوُہی محلا 4 ॥

ہرِ نامَا ہرِ رنگُ ہے َ
ہرِ رنگُ مجیٹھے َ رنگُ ॥

گُرِ تُٹھے َ ہرِ رنگُ چاڑِیا
پھِرِ بہُڑِ ن ہووی بھنگُ ॥1॥

ਮੇਰੇ ਮਨ ਹਰਿ ਰਾਮ ਨਾਮਿ ਕਰਿ ਰੰਙੁ ॥

میرے من ہرِ رام نامِ کرِ رنگُ ॥

ਗੁਰਿ ਤੁਠੈ ਹਰਿ ਉਪਦੇਸਿਆ
ਹਰਿ ਭੇਟਿਆ ਰਾਉ ਨਿਸੰਙੁ ॥੧॥ ਰਹਾਉ ॥

گُرِ تُٹھے ہرِ اُپدیسیا
ہرِ بھیٹیا راءُ نِسنگُ ॥1॥ رہاءُ ॥

ਮੁੰਧ ਇਆਣੀ ਮਨਮੁਖੀ
ਫਿਰਿ ਆਵਣ ਜਾਣਾ ਅੰਙੁ ॥

مُندھ اِیانی منمکھی
پھِرِ آونُ جاٹا انگُ ॥

ਹਰਿ ਪ੍ਰਭੁ ਚਿਤਿ ਨ ਆਇਓ
ਮਨਿ ਦੂਜਾ ਭਾਉ ਸਹਲੰਙੁ ॥੨॥

ہرِ پربھُ چِتِ ن آئیو
منِ دوُجا بھاءُ سہلنگُ ॥2॥

ਹਮ ਮੈਲੁ ਭਰੇ ਦੁਹਚਾਰੀਆ
ਹਰਿ ਰਾਖਹੁ ਅੰਗੀ ਅੰਙੁ ॥

ہم میَلُ بھرے دُہچاریا
ہرِ راکھہُ انگی انگُ ॥

ਗੁਰਿ ਅੰਮ੍ਰਿਤ ਸਰਿ ਨਵਲਾਇਆ
ਸਭਿ ਲਾਥੇ ਕਿਲਵਿਖ ਪੰਙੁ ॥੩॥

گُرِ انمرت سرِ نولائیا
سبھِ لاتھے کِلوِکھ پنگُ ॥3॥

ਹਰਿ ਦੀਨਾ ਦੀਨ ਦਇਆਲ ਪ੍ਰਭੁ
ਸਤਸੰਗਤਿ ਮੇਲਹੁ ਸੰਙੁ ॥

ہرِ دینا دین دئیال پربھُ
ستسنگتِ میلہُ سنگُ ॥

ਮਿਲਿ ਸੰਗਤਿ ਹਰਿ ਰੰਗੁ ਪਾਇਆ
ਜਨ ਨਾਨਕ ਮਨਿ ਤਨਿ ਰੰਙੁ ॥੪॥੩॥

مِلِ سنگتِ ہرِ رنگُ پائیا
جن نانک منِ تنِ رنگُ ॥4॥3॥

ਸੂਹੀ ਮਹਲਾ ੪ ॥

سوُہی محلا 4 ॥

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ
ਹਿਰਦਾ ਸੁਧੁ ਨ ਹੋਈ ॥

ہرِ ہرِ کرہِ نِت کپٹُ کماوہِ
ہِردا سُدھُ ن ہوئی ॥

ਅਨਦਿਨੁ ਕਰਮ ਕਰਹਿ ਬਹੁਤੇਰੇ
ਸੁਪਨੈ ਸੁਖੁ ਨ ਹੋਈ ॥੧॥

اندِنُ کرم کرہِ بہتیرے
سُپنے سُکھُ ن ہوئی ॥1॥

ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥

گیانی گُر بِنُ بھگتِ ن ہوئی ॥

ਕੋਰੈ ਰੰਗੁ ਕਦੇ ਨ ਚੜੈ
ਜੇ ਲੋਚੈ ਸਭੁ ਕੋਈ ॥੧॥ ਰਹਾਉ ॥

کورے رنگُ کدے ن چڑے
جے لوچے سبھُ کوئی ॥1॥ رہاءُ ॥

ਜਪੁ ਤਪ ਸੰਜਮ ਵਰਤ ਕਰੇ ਪੂਜਾ
ਮਨਮੁਖ ਰੋਗੁ ਨ ਜਾਈ ॥

جپُ تپ سنجم ورت کرے پوُجا
منمُکھ روگُ ن جائی ॥

ਅੰਤਰਿ ਰੋਗੁ ਮਹਾ ਅਭਿਮਾਨਾ
ਦੂਜੈ ਭਾਇ ਖੁਆਈ ॥੨॥

اَنتر روگُ مہا ابھِمانا
دوُجے بھاءِ کھُیائی ॥2॥

ਬਾਹਰਿ ਭੇਖ ਬਹੁਤੁ ਚਤੁਰਾਈ
ਮਨੂਆ ਦਹ ਦਿਸਿ ਧਾਵੈ ॥

باہرِ بھیکھ بہُتُ چترائی
منوُیا دہ دِس دھاوے ॥

ਹਉਮੈ ਬਿਆਪਿਆ ਸਬਦੁ ਨ ਚੀਨ੍ਹੈ
ਫਿਰਿ ਫਿਰਿ ਜੂਨੀ ਆਵੈ ॥੩॥

ہئُمے بِیاپیا سبدُ ن چِینّہے
پھِرِ پھِرِ جوُنی آوے ॥3॥

ਨਾਨਕ ਨਦਰਿ ਕਰੇ ਸੋ ਬੂਝੈ
ਸੋ ਜਨੁ ਨਾਮੁ ਧਿਆਏ ॥

نانک ندرِ کرے سو بوُجھے
سو جنُ نامُ دھِیائے ॥

ਗੁਰ ਪਰਸਾਦੀ ਏਕੋ ਬੂਝੈ
ਏਕਸੁ ਮਾਹਿ ਸਮਾਏ ॥੪॥੪॥

گُر پرسادی ایکو بوُجھے
ایکسُ ماہِ سمائے ॥4॥4॥

ਸੂਹੀ ਮਹਲਾ ੪ ਘਰੁ ੨

سوُہی محلا 4 گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਗੁਰਮਤਿ ਨਗਰੀ ਖੋਜਿ ਖੋਜਾਈ ॥

گُرمتِ نگری کھوجِ کھوجائی ॥

ਹਰਿ ਹਰਿ ਨਾਮੁ ਪਦਾਰਥੁ ਪਾਈ ॥੧॥

ہرِ ہرِ نامُ پدارتھُ پائی ॥1॥

ਮੇਰੈ ਮਨਿ ਹਰਿ ਹਰਿ ਸਾਂਤਿ ਵਸਾਈ ॥

میرے منِ ہرِ ہرِ سانتِ وسائی ॥

ਤਿਸਨਾ ਅਗਨਿ ਬੁਝੀ ਖਿਨ ਅੰਤਰਿ
ਗੁਰਿ ਮਿਲਿਐ ਸਭ ਭੁਖ ਗਵਾਈ ॥੧॥ ਰਹਾਉ ॥

تِسنا اگنِ بُجھی کھِن اَنترِ
گُرِ ملِئے سبھ بھُکھ گوائی ॥1॥ رہاءُ ॥

ਹਰਿ ਗੁਣ ਗਾਵਾ
ਜੀਵਾ ਮੇਰੀ ਮਾਈ ॥

ہرِ گُن گاوا
جیِوا میری مائی ۔ ॥

ਸਤਿਗੁਰਿ ਦਇਆਲਿ
ਗੁਣ ਨਾਮੁ ਦ੍ਰਿੜਾਈ ॥੨॥

ستِگُرِ دیَیالِ
گُن نامُ دڑِڑائی ॥2॥

ਹਉ ਹਰਿ ਪ੍ਰਭੁ ਪਿਆਰਾ
ਢੂਢਿ ਢੂਢਾਈ ॥

ہءُ ہرِ پربھُ پِیارا
ڈھوُڈھِ ڈھوُڈھائی ॥

ਸਤਸੰਗਤਿ ਮਿਲਿ
ਹਰਿ ਰਸੁ ਪਾਈ ॥੩॥

ستسنگتِ مِلِ
ہرِ رسُ پائی ॥3॥

ਧੁਰਿ ਮਸਤਕਿ ਲੇਖ ਲਿਖੇ ਹਰਿ ਪਾਈ ॥	دھُرِ مستکِ لیکھ لِکھے ہرِ پائی ॥
ਗੁਰੁ ਨਾਨਕੁ ਤੁਠਾ ਮੇਲੈ ਹਰਿ ਭਾਈ ॥੪॥੧॥੫॥	گُرُ نانکُ تُٹھا میلےَ ہرِ بھائی ॥4॥1॥5॥
ਸੂਹੀ ਮਹਲਾ ੪ ॥	سوُہی محلا 4 ॥
ਹਰਿ ਕ੍ਰਿਪਾ ਕਰੇ ਮਨਿ ਹਰਿ ਰੰਗੁ ਲਾਏ ॥	ہرِ کرِپا کرے منِ ہرِ رنگُ لائے ॥
ਗੁਰਮੁਖਿ ਹਰਿ ਹਰਿ ਨਾਮਿ ਸਮਾਏ ॥੧॥	گُرمُکھِ ہرِ ہرِ نامِ سمائے ॥1॥
ਹਰਿ ਰੰਗਿ ਰਾਤਾ ਮਨੁ ਰੰਗ ਮਾਣੇ ॥	ہرِ رنگِ راتا منُ رنگ ماٹے ॥
ਸਦਾ ਅਨੰਦਿ ਰਹੈ ਦਿਨ ਰਾਤੀ ਪੂਰੇ ਗੁਰ ਕੈ ਸਬਦਿ ਸਮਾਣੇ ॥੧॥ ਰਹਾਉ ॥	سدا انندِ رہےَ دِن راتی پوُرے گُر کےَ سبدِ سماٹے ॥1॥ رہاءُ ॥
ਹਰਿ ਰੰਗ ਕਉ ਲੋਚੈ ਸਭੁ ਕੋਈ ॥	ہرِ رنگ کءُ لوچےَ سبھُ کوئی ॥
ਗੁਰਮੁਖਿ ਰੰਗੁ ਚਲੂਲਾ ਹੋਈ ॥੨॥	گُرمُکھِ رنگُ چلوُلا ہوئی ॥2॥
ਮਨਮੁਖਿ ਮੁਗਧੁ ਨਰੁ ਕੋਰਾ ਹੋਇ ॥	منمُکھِ مُگدھُ نرُ کوُرا ہوءِ ॥
ਜੇ ਸਉ ਲੋਚੈ ਰੰਗੁ ਨ ਹੋਵੈ ਕੋਇ ॥੩॥	جے سءُ لوچےَ رنگُ ن ہووےَ کوءِ ॥3॥
ਨਦਰਿ ਕਰੇ ਤਾ ਸਤਿਗੁਰੁ ਪਾਵੈ ॥	ندرِ کرے تا ستِگُرُ پاوےَ ॥
ਨਾਨਕ ਹਰਿ ਰਸਿ ਹਰਿ ਰੰਗਿ ਸਮਾਵੈ ॥੪॥੨॥੬॥	نانک ہرِ رسِ ہرِ رنگِ سماوےَ ॥4॥2॥6॥
ਸੂਹੀ ਮਹਲਾ ੪ ॥	سوُہی محلا 4 ॥
ਜਿਹਵਾ ਹਰਿ ਰਸਿ ਰਹੀ ਅਘਾਇ ॥	جِہوا ہرِ رسِ رہی اگھاءِ ॥
ਗੁਰਮੁਖਿ ਪੀਵੈ ਸਹਜਿ ਸਮਾਇ ॥੧॥	گُرمُکھِ پیِوےَ سہجِ سماءِ ॥1॥
ਹਰਿ ਰਸੁ ਜਨ ਚਾਖਹੁ ਜੇ ਭਾਈ ॥	ہرِ رسُ جن چاکھہُ جے بھائی ۔ ॥
ਤਉ ਕਤ ਅਨਤ ਸਾਦਿ ਲੋਭਾਈ ॥੧॥ ਰਹਾਉ ॥	تءُ کت انت سادِ لوبھائی ॥1॥ رہاءُ ॥
ਗੁਰਮਤਿ ਰਸੁ ਰਾਖਹੁ ਉਰ ਧਾਰਿ ॥	گُرمتِ رسُ راکھہُ اُر دھارِ ॥

ਹਰਿ ਰਸਿ ਰਾਤੇ ਰੰਗਿ ਮੁਰਾਰਿ ॥੨॥

ہرِ رسِ راتے رنگِ مُرارِ ॥2॥

ਮਨਮੁਖਿ ਹਰਿ ਰਸੁ ਚਾਖਿਆ ਨ ਜਾਇ ॥

منمُکھِ ہرِ رسُ چاکھیا ن جاءِ ॥

ਹਉਮੈ ਕਰੈ ਬਹੁਤੀ ਮਿਲੈ ਸਜਾਇ ॥੩॥

ہئُمےَ کرے بہُتی مِلےَ سزاءِ ॥3॥

ਨਦਰਿ ਕਰੇ ਤਾ ਹਰਿ ਰਸੁ ਪਾਵੈ ॥

ندرِ کرے تا ہرِ رسُ پاوےَ ॥

ਨਾਨਕ ਹਰਿ ਰਸਿ ਹਰਿ ਗੁਣ ਗਾਵੈ ॥੪॥੩॥੭॥

نانک ہرِ رسِ ہرِ گُنؒ گاوےَ ॥4॥3॥7॥

ਸੂਹੀ ਮਹਲਾ ੪ ਘਰੁ ੬

سوُہی محلا 4 گھرُ 6

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਨੀਚ ਜਾਤਿ ਹਰਿ ਜਪਤਿਆ
ਉਤਮ ਪਦਵੀ ਪਾਇ ॥

نِیچ زاتِ ہرِ جپتِیا
اُتم پدوی پاءِ ॥

ਪੂਛਹੁ ਬਿਦਰ ਦਾਸੀ ਸੁਤੈ
ਕਿਸਨੁ ਉਤਰਿਆ ਘਰਿ ਜਿਸੁ ਜਾਇ ॥੧॥

پوُچھہُ بِدر داسی سُتےَ
کِسنُ اُترِیا گھرِ جِسُ جاءِ ॥1॥

ਹਰਿ ਕੀ ਅਕਥ ਕਥਾ ਸੁਨਹੁ ਜਨ ਭਾਈ
ਜਿਤੁ ਸਹਸਾ ਦੂਖ ਭੂਖ ਸਭ ਲਹਿ ਜਾਇ ॥੧॥ ਰਹਾਉ ॥

ہرِ کی اکتھ کتھا سُنہُ جن بھائی
جِتُ سہسا دوُکھ بھوُکھ سبھ لہِ جاءِ ॥1॥ رہاءُ ॥

ਰਵਿਦਾਸੁ ਚਮਾਰੁ ਉਸਤਿਤ ਕਰੇ
ਹਰਿ ਕੀਰਤਿ ਨਿਮਖ ਇਕ ਗਾਇ ॥

روِداسُ چمارُ اُستِت کرے
ہرِ کیرتِ نِمکھ اِک گاءِ ॥

ਪਤਿਤ ਜਾਤਿ ਉਤਮੁ ਭਇਆ
ਚਾਰਿ ਵਰਨ ਪਏ ਪਗਿ ਆਇ ॥੨॥

پتِت زاتِ اُتمُ بھئیا
چارِ ورن پےَ پگِ آءِ ॥2॥

ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ
ਲੋਕੁ ਛੀਪਾ ਕਹੈ ਬੁਲਾਇ ॥

نامدیء پرّیتِ لگی ہرِ سیتی
لوکُ چھیپا کہےَ بُلاءِ ॥

ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ
ਹਰਿ ਨਾਮਦੇਉ ਲੀਆ ਮੁਖਿ ਲਾਇ ॥੩॥

کھتّری برّاہمنؒ پِٹھِ دے چھوڈے
ہرِ نامدیءُ لِیا مُکھِ لاءِ ॥3॥

ਜਿਤਨੇ ਭਗਤ ਹਰਿ ਸੇਵਕਾ
ਮੁਖਿ ਅਠਸਠਿ ਤੀਰਥ ਤਿਨ ਤਿਲਕੁ ਕਢਾਇ ॥

جِتنے بھگت ہرِ سیوکا
مُکھِ اٹھسٹھِ تیرتھ تِن تِلکُ کڈھاءِ ॥

ਜਨੁ ਨਾਨਕੁ ਤਿਨ ਕਉ ਅਨਦਿਨੁ ਪਰਸੇ
ਜੇ ਕ੍ਰਿਪਾ ਕਰੇ ਹਰਿ ਰਾਇ ॥੪॥੧॥੮॥

جنُ نانکُ تِن کءُ اندِنُ پرسے

جے کرِپا کرے ہرِ راءِ ॥4॥1॥8॥

ਸੂਹੀ ਮਹਲਾ ੪ ॥

سوُہی محلا 4 ॥

ਤਿਨ੍ਹੀ ਅੰਤਰਿ ਹਰਿ ਆਰਾਧਿਆ
ਜਿਨ ਕਉ ਧੁਰਿ ਲਿਖਿਆ ਲਿਖਤੁ ਲਿਲਾਰਾ ॥

تِنّہی انترِ ہرِ آرادھِیا
جِن ک ءُ دھُرِ لِکھِیا لِکھتُ لِلارا ॥

ਤਿਨ ਕੀ ਬਖੀਲੀ ਕੋਈ ਕਿਆ ਕਰੇ
ਜਿਨ ਕਾ ਅੰਗੁ ਕਰੇ ਮੇਰਾ ਹਰਿ ਕਰਤਾਰਾ ॥੧॥

تِن کی بخیِلی کوئی کِیا کرے
جِن کا انگُ کرے میرا ہرِ کرتارا ॥1॥

ਹਰਿ ਹਰਿ ਧਿਆਇ ਮਨ ਮੇਰੇ ਮਨ ਧਿਆਇ ਹਰਿ
ਜਨਮ ਜਨਮ ਕੇ ਸਭਿ ਦੂਖ ਨਿਵਾਰਣਹਾਰਾ ॥੧॥ ਰਹਾਉ ॥

ہرِ ہرِ دھِیاءِ من میرے من دھِیاءِ ہرِ
جنم جنم کے سبھِ دوُکھ نِوارنہارا ॥1॥ رہاءُ ॥

ਧੁਰਿ ਭਗਤ ਜਨਾ ਕਉ ਬਖਸਿਆ
ਹਰਿ ਅੰਮ੍ਰਿਤ ਭਗਤਿ ਭੰਡਾਰਾ ॥

دھُرِ بھگت جنا ک ءُ بخشِیا
ہرِ انمّرِت بھگتِ بھنڈارا ॥

ਮੂਰਖੁ ਹੋਵੈ ਸੁ ਉਨ ਕੀ ਰੀਸ ਕਰੇ ਤਿਸੁ ਹਲਤਿ ਪਲਤਿ ਮੁਹੁ ਕਾਰਾ ॥੨॥

مُورکھُ ہووے سُ اُن کی ریِس کرے تِسُ ہلتِ پلتِ مُہُ کارا ॥2॥

ਸੇ ਭਗਤ ਸੇ ਸੇਵਕਾ
ਜਿਨਾ ਹਰਿ ਨਾਮੁ ਪਿਆਰਾ ॥

سے بھگت سے سیوکا
جِنا ہرِ نامُ پِیارا ॥

ਤਿਨ ਕੀ ਸੇਵਾ ਤੇ ਹਰਿ ਪਾਈਐ
ਸਿਰਿ ਨਿੰਦਕ ਕੈ ਪਵੈ ਛਾਰਾ ॥੩॥

تِن کی سیوا تے ہرِ پائیَ
سِرِ نِندک کے پوے چھارا ॥3॥

ਜਿਸੁ ਘਰਿ ਵਿਰਤੀ ਸੋਈ ਜਾਣੈ
ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ ॥

جِسُ گھرِ وِرتی سوئی جانے
جگت گُر نانک پوُچھِ کرہُ بیچارا ॥

ਚਹੁ ਪੀੜੀ ਆਦਿ ਜੁਗਾਦਿ ਬਖੀਲੀ ਕਿਨੈ ਨ ਪਾਇਓ
ਹਰਿ ਸੇਵਕ ਭਾਇ ਨਿਸਤਾਰਾ ॥੪॥੨॥੯॥

چہُ پیڑی آدِ جُگادِ بخیِلی کِنے ن پائیو
ہرِ سیوک بھاءِ نِستارا ॥4॥2॥9॥

ਸੂਹੀ ਮਹਲਾ ੪ ॥

سوُہی محلا 4 ॥

ਜਿਥੈ ਹਰਿ ਆਰਾਧੀਐ
ਤਿਥੈ ਹਰਿ ਮਿਤੁ ਸਹਾਈ ॥

جِتھے ہرِ آرادھیےَ
تِتھے ہرِ مِتُ سہائی ॥

ਗੁਰ ਕਿਰਪਾ ਤੇ ਹਰਿ ਮਨਿ ਵਸੈ
ਹੋਰਤੁ ਬਿਧਿ ਲਇਆ ਨ ਜਾਈ ॥੧॥

گُر کِرپا تے ہرِ منِ وسے
ہورتُ بِدھِ لئیا ن جائی ॥1॥

ਹਰਿ ਧਨੁ ਸੰਚੀਐ ਭਾਈ ॥

ਜਿ ਹਲਤਿ ਪਲਤਿ ਹਰਿ ਹੋਇ ਸਖਾਈ ॥੧॥ ਰਹਾਉ ॥

ਸਤਸੰਗਤੀ ਸੰਗਿ ਹਰਿ ਧਨੁ ਖਟੀਐ
ਹੋਰ ਥੈ ਹੋਰਤੁ ਉਪਾਇ
ਹਰਿ ਧਨੁ ਕਿਤੈ ਨ ਪਾਈ ॥

ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ
ਕਚੈ ਕੇ ਵਾਪਾਰੀਏ ਵਾਕਿ ਹਰਿ ਧਨੁ ਲਇਆ ਨ ਜਾਈ
॥੨॥

ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ ਅੰਮ੍ਰਿਤ
ਵੇਲੈ ਵਤੈ
ਹਰਿ ਭਗਤੀ ਹਰਿ ਲਿਵ ਲਾਈ ॥

ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ
ਭਗਤ ਖਾਇ ਖਰਚਿ ਰਹੇ
ਨਿਖੁਟੈ ਨਾਹੀ ॥

ਹਲਤਿ ਪਲਤਿ ਹਰਿ ਧਨੈ ਕੀ
ਭਗਤਾ ਕਉ ਮਿਲੀ ਵਡਿਆਈ ॥੩॥

ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ
ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ
ਕਿਸੈ ਕਾ ਗਵਾਇਆ ਨ ਜਾਈ ॥

ਹਰਿ ਧਨ ਕਉ ਉਚਕਾ ਨੇੜਿ ਨ ਆਵਈ
ਜਮੁ ਜਾਗਾਤੀ ਡੰਡੁ ਨ ਲਗਾਈ ॥੪॥

ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ
ਤਿਨਾ ਇਕ ਵਿਖ ਨਾਲਿ ਨ ਜਾਈ ॥

ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ
ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ ॥੫॥

ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ
ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ ॥

ہرِ دھنُ سنچِیے بھائی ۔ ॥

جِ ہلتِ پلتِ ہرِ ہوءِ سکھائی ॥1॥ رہاءُ ॥

ستسنگتی سنگِ ہرِ دھنُ کھٹیے
ہور تھے ہورتُ اُپاءِ
ہرِ دھنُ کِتے ن پائی ॥

ہرِ رتنے کا واپاریِیا ہرِ رتن دھنُ وِہاجھے
کچے کے واپاریے واکِ ہرِ دھنُ لئیا ن جائی ॥2॥

ہرِ دھنُ رتنُ جویہرُ ماٹکُ ہرِ دھنے نالِ انمّرِت ویلے وتے
ہرِ بھگتی ہرِ لِو لائی ॥

ہرِ دھنُ انمّرِت ویلے وتے کا بیجِیا
بھگت کھاءِ خرچِ رہے
نِکھُٹے ناہی ॥

ہلتِ پلتِ ہرِ دھنے کی
بھگتا ک ءُ ملی وڈِیائی ॥3॥

ہرِ دھنُ نِربھءُ سدا سدا استھِرُ ہے ساچا
اِہُ ہرِ دھنُ اگنی تسکرے پاٹیے جمدوُتے
کِسے کا گوائیا ن جائی ॥

ہرِ دھن ک ءُ اُچکا نیڑِ ن آوئی
جمُ جاگاتی ڈنّڈُ ن لگائی ॥4॥

ساکتی پاپ کرِ کے بِکھیا دھنُ سنچِیا
تِنا اِک وِکھ نالِ ن جائی ॥

ہلتے وِچِ ساکت دُہیلے بھے ہتھہُ چھُڑکِ گئیا
اگے پلتِ ساکتُ ہرِ درگہ ڈھوئی ن پائی ॥5॥

اِسُ ہرِ دھن کا ساہُ ہرِ آپِ ہے سنتہ
جِس نو دے ءِ سُ ہرِ دھنُ لدِ چلائی ॥

ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ
ਜਨ ਨਾਨਕ ਕਉ ਗੁਰਿ ਸੋਝੀ ਪਾਈ ॥੬॥੩॥੧੦॥

اِس ہرِ دھنے کا توٹا کدے ن آوئی
جن نانک ک ءُ گُرِ سوجھی پائی ॥6॥3॥ 10 ॥

ਸੂਹੀ ਮਹਲਾ ੪ ॥

سوُہی محلا 4 ॥

ਜਿਸ ਨੋ ਹਰਿ ਸੁਪ੍ਰਸੰਨੁ ਹੋਇ ਸੋ ਹਰਿ ਗੁਣਾ ਰਵੈ
ਸੋ ਭਗਤੁ ਸੋ ਪਰਵਾਨੁ ॥

جِس نو ہرِ سُپرّسنّنُ ہوءِ سو ہرِ گُنا روے
سو بھگتُ سو پروانُ ॥

ਤਿਸ ਕੀ ਮਹਿਮਾ ਕਿਆ ਵਰਨੀਐ
ਜਿਸ ਕੈ ਹਿਰਦੈ ਵਸਿਆ ਹਰਿ ਪੁਰਖੁ ਭਗਵਾਨੁ ॥੧॥

تِس کی مہِما کِیا ورنیئے
جِس کے ہِردے وسِیا ہرِ پُرکھُ بھگوانُ ॥1॥

ਗੋਵਿੰਦ ਗੁਣ ਗਾਈਐ ਜੀਉ
ਲਾਇ ਸਤਿਗੁਰੂ ਨਾਲਿ ਧਿਆਨੁ ॥੧॥ ਰਹਾਉ ॥

گووِنّد گُنْ گائیئے جیِءُ
لاءِ ستِگُرو نالِ دھِیانُ ॥1॥ رہاءُ ॥

ਸੋ ਸਤਿਗੁਰੂ ਸਾ ਸੇਵਾ ਸਤਿਗੁਰ ਕੀ ਸਫਲ ਹੈ
ਜਿਸ ਤੇ ਪਾਈਐ ਪਰਮ ਨਿਧਾਨੁ ॥

سو ستِگُرو سا سیوا ستِگُر کی سپھل ہے
جِس تے پائیئے پرم نِدھانُ ॥

ਜੋ ਦੂਜੈ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ
ਸੋ ਨਿਹਫਲ ਸਭੁ ਅਗਿਆਨੁ ॥੨॥

جو دوُجے بھاءِ ساکت کامنا ارتھِ دُرگنّدھ سریودے
سو نِہپھل سبھُ اگیانُ ॥2॥

ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ
ਸੋ ਪਾਵੈ ਦਰਗਹ ਮਾਨੁ ॥

جِس نو پرتیتِ ہووے تِس کا گاوِیا تھاءِ پوے
سو پاوے درگہ مانُ ॥

ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ
ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥੩॥

جو بِنُ پرتیتی کپٹی کوُڑی کوُڑی اکھی مِیٹدے
اُن کا اُترِ جائِگا جھوُٹھُ گُمانُ ॥3॥

ਜੇਤਾ ਜੀਉ ਪਿੰਡੁ ਸਭੁ ਤੇਰਾ
ਤੂੰ ਅੰਤਰਜਾਮੀ ਪੁਰਖੁ ਭਗਵਾਨੁ ॥

جیتا جیِءُ پِنّڈُ سبھُ تیرا
توُنّ انترجامی پُرکھُ بھگوانُ ॥

ਦਾਸਨਿ ਦਾਸੁ ਕਹੈ ਜਨੁ ਨਾਨਕੁ
ਜੇਹਾ ਤੂੰ ਕਰਾਇਹਿ ਤੇਹਾ ਹਉ ਕਰੀ ਵਖਿਆਨੁ
॥੪॥੪॥੧੧॥

داسنِ داسُ کہے جنُ نانکُ
جیہا توُنّ کرائِہِ تیہا ہءُ کری وکھِیانُ ॥4॥4॥ 11 ॥

ਸੂਹੀ ਮਹਲਾ ੪ ਘਰੁ ੭

سوُہی محلا 4 گھرُ 7

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ
ਤੂ ਸਾਹਿਬ ਗੁਣੀ ਨਿਧਾਨਾ ॥

تیرے کون کون گُنْ کہِ کہِ گاوا
توُ صاحِب گُنی نِدھانا ۔ ॥

ਤੁਮਰੀ ਮਹਿਮਾ ਬਰਨਿ ਨ ਸਾਕਉ
ਤੂੰ ਠਾਕੁਰ ਊਚ ਭਗਵਾਨਾ ॥੧॥

تُمری مہما برنِ ن ساکءُ
توُنَ ٹھاکُر اوُچ بھگوانا ॥1॥

ਮੈ ਹਰਿ ਹਰਿ ਨਾਮੁ ਧਰ ਸੋਈ ॥

مے ہرِ ہرِ نامُ دھر سوئی ॥

ਜਿਉ ਭਾਵੈ ਤਿਉ ਰਾਖੁ ਮੇਰੇ ਸਾਹਿਬ
ਮੈ ਤੁਝ ਬਿਨੁ ਅਵਰੁ ਨ ਕੋਈ ॥੧॥ ਰਹਾਉ ॥

جِءُ بھاوے تِءُ راکھُ میرے صاہِب
مے تُجھ بِنُ اورُ ن کوئی ॥1॥ رہاءُ ॥

ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ
ਮੈ ਤੁਧੁ ਆਗੈ ਅਰਦਾਸਿ ॥

مے تانُ دیبانُ توُہے میرے سُیامی
مے تُدھُ آگے عرداسِ ॥

ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ
ਮੇਰਾ ਦੁਖੁ ਸੁਖੁ ਤੁਝ ਹੀ ਪਾਸਿ ॥੨॥

مے ہورُ تھاءُ ناہی جِسُ پہِ کرءُ بینتی
میرا دُکھُ سُکھُ تُجھ ہی پاسِ ॥2॥

ਵਿਚੇ ਧਰਤੀ ਵਿਚੇ ਪਾਣੀ
ਵਿਚਿ ਕਾਸਟ ਅਗਨਿ ਧਰੀਜੈ ॥

وِچے دھرتی وِچے پانُی
وِچِ کاسٹ اگنِ دھریجےَ ॥

ਬਕਰੀ ਸਿੰਘੁ ਇਕਤੈ ਥਾਇ ਰਾਖੇ
ਮਨ ਹਰਿ ਜਪਿ ਭ੍ਰਮੁ ਭਉ ਦੂਰਿ ਕੀਜੈ ॥੩॥

بکری سِنگھُ اِکتے تھاءِ راکھے
من ہرِ جپِ بھرّمُ بھءُ دوُرِ کیجےَ ॥3॥

ਹਰਿ ਕੀ ਵਡਿਆਈ ਦੇਖਹੁ ਸੰਤਹੁ
ਹਰਿ ਨਿਮਾਣਿਆ ਮਾਣੁ ਦੇਵਾਏ ॥

ہرِ کی وڈِیائی دیکھہُ سنّتہُ
ہرِ نِماتِیا مانُ دیواۓ ॥

ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ
ਤਿਉ ਨਾਨਕ ਸਾਧ ਜਨਾ ਜਗਤੁ ਆਣਿ ਸਭੁ ਪੈਰੀ ਪਾਏ
॥੪॥੧॥੧੨॥

جِءُ دھرتی چرنُ تلے تے اوُپرِ آوے
تِءُ نانک سادھ جنا جگتُ آنِ سبھُ پیَری پائے ॥4॥1॥ 12 ॥

ਸੂਹੀ ਮਹਲਾ ੪ ॥

سوُہی محلا 4 ॥

ਤੂੰ ਕਰਤਾ ਸਭੁ ਕਿਛੁ ਆਪੇ ਜਾਣਹਿ
ਕਿਆ ਤੁਧੁ ਪਹਿ ਆਖਿ ਸੁਣਾਈਐ ॥

توُنَ کرتا سبھُ کِچھُ آپے جاٹہِ
کِیا تُدھُ پہِ آکھِ سُنٹائیےَ۔ ॥

ਬੁਰਾ ਭਲਾ ਤੁਧੁ ਸਭੁ ਕਿਛੁ ਸੂਝੈ
ਜੇਹਾ ਕੋ ਕਰੇ ਤੇਹਾ ਕੋ ਪਾਈਐ ॥੧॥

بُرا بھلا تُدھُ سبھُ کِچھُ سوُجھے
جیہا کو کرے تیہا کو پائیےَ ॥1॥

ਮੇਰੇ ਸਾਹਿਬ ਤੂੰ ਅੰਤਰ ਕੀ ਬਿਧਿ ਜਾਣਹਿ ॥

میرے صاہِب توُنَ انتر کی بِدھِ جاٹہِ ॥

ਬੁਰਾ ਭਲਾ ਤੁਧੁ ਸਭੁ ਕਿਛੁ ਸੂਝੈ
ਤੁਧੁ ਭਾਵੈ ਤਿਵੈ ਬੁਲਾਵਹਿ ॥੧॥ ਰਹਾਉ ॥

بُرا بھلا تُدھُ سبھُ کِچھُ سوُجھے
تُدھُ بھاوے تِوے بُلاوہِ ॥1॥ رہاءُ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਸਭੁ ਮੋਹੁ ਮਾਇਆ ਸਰੀਰੁ ਹਰਿ ਕੀਆ
ਵਿਚਿ ਦੇਹੀ ਮਾਨੁਖ ਭਗਤਿ ਕਰਾਈ ॥

سبھُ موہُ مائیا سریرُ ہرِ کیِیا
وِچِ دیہی مانُکھ بھگتِ کرائی ॥

ਇਕਨਾ ਸਤਿਗੁਰੁ ਮੇਲਿ ਸੁਖੁ ਦੇਵਹਿ
ਇਕਿ ਮਨਮੁਖਿ ਧੰਧੁ ਪਿਟਾਈ ॥੨॥

اِکنا ستِگُرُ میلِ سُکھُ دیوہِ
اِکِ منمُکھِ دھندھُ پِٹائی ॥2॥

ਸਭੁ ਕੋ ਤੇਰਾ ਤੂੰ ਸਭਨਾ ਕਾ ਮੇਰੇ ਕਰਤੇ
ਤੁਧੁ ਸਭਨਾ ਸਿਰਿ ਲਿਖਿਆ ਲੇਖੁ ॥

سبھُ کو تیرا توُنّ سبھنا کا میرے کرتے
تُدھُ سبھنا سِرِ لِکھِیا لیکھُ ॥

ਜੇਹੀ ਤੂੰ ਨਦਰਿ ਕਰਹਿ ਤੇਹਾ ਕੋ ਹੋਵੈ
ਬਿਨੁ ਨਦਰੀ ਨਾਹੀ ਕੋ ਭੇਖੁ ॥੩॥

جیہی توُنّ ندرِ کرہِ تیہا کو ہووے
بِنُ ندری ناہی کو بھیکھُ ॥3॥

ਤੇਰੀ ਵਡਿਆਈ ਤੂੰਹੈ ਜਾਣਹਿ
ਸਭ ਤੁਧਨੋ ਨਿਤ ਧਿਆਏ ॥

تیری وڈِیائی توُنّہے جانہِ
سبھ تُدھنو نِت دھِیائے ॥

ਜਿਸ ਨੋ ਤੁਧੁ ਭਾਵੈ ਤਿਸ ਨੋ ਤੂੰ ਮੇਲਹਿ
ਜਨ ਨਾਨਕ ਸੋ ਥਾਇ ਪਾਏ ॥੪॥੨॥੧੩॥

جِس نو تُدھُ بھاوے تِس نو توُنّ میلہِ
جن نانک سو تھاءِ پائے ॥4॥2॥ 13 ॥

ਸੂਹੀ ਮਹਲਾ ੪ ॥

سوُہی محلا 4 ॥

ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ
ਤਿਨ ਕੇ ਸਭਿ ਰੋਗ ਗਵਾਏ ॥

جِن کے انترِ وسِیا میرا ہرِ ہرِ
تِن کے سبھِ روگ گوائے ॥

ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ
ਤਿਨ ਪਵਿਤੁ ਪਰਮ ਪਦੁ ਪਾਏ ॥੧॥

تے مُکت بھئے جِن ہرِ نامُ دھِیائِیا
تِن پوِتُ پرم پدُ پائے ॥1॥

ਮੇਰੇ ਰਾਮ ਹਰਿ ਜਨ ਆਰੋਗ ਭਏ ॥

میرے رام ہرِ جن آروگ بھئے ॥

ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ
ਤਿਨ ਕੇ ਹਉਮੈ ਰੋਗ ਗਏ ॥੧॥ ਰਹਾਉ ॥

گُر بچنی جِنا جپِیا میرا ہرِ ہرِ
تِن کے ہئُمَے روگ گئے ॥1॥ رہاءُ ॥

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ
ਵਿਚਿ ਹਉਮੈ ਕਾਰ ਕਮਾਈ ॥

برہما بِسنُ مہادیءُ ترّے گُنّ روگی
وِچِ ہئُمَے کار کمائی ॥

ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ
ਹਰਿ ਗੁਰਮੁਖਿ ਸੋਝੀ ਪਾਈ ॥੨॥

جِنِ کیئے تِسہِ ن چیتہِ بپُڑے
ہرِ گُرمُکھِ سوجھی پائی ॥2॥

ਹਉਮੈ ਰੋਗਿ ਸਭੁ ਜਗਤੁ ਬਿਆਪਿਆ

ہئُمَے روگِ سبھُ جگتُ بِیاپِیا

ਤਿਨ ਕਉ ਜਨਮ ਮਰਣ ਦੁਖੁ ਭਾਰੀ ॥

تِن ک ءُ جنم مرنٹ دُکھ بھاری ॥

ਗੁਰ ਪਰਸਾਦੀ ਕੋ ਵਿਰਲਾ ਛੂਟੈ
ਤਿਸੁ ਜਨ ਕਉ ਹਉ ਬਲਿਹਾਰੀ ॥੩॥

گُر پرسادی کو وِرلا چھوٹے
تِس جن ک ءُ ہءُ بلِہاری ॥3॥

ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ
ਤਾ ਕਾ ਰੂਪੁ ਅਪਾਰੋ ॥

جِنِ سِسٹِ ساجی سوئی ہرِ جانے
تا کا روُپ اپارو ॥

ਨਾਨਕ ਆਪੇ ਵੇਖਿ ਹਰਿ ਬਿਗਸੈ
ਗੁਰਮੁਖਿ ਬ੍ਰਹਮ ਬੀਚਾਰੋ ॥੪॥੩॥੧੪॥

نانک آپے ویکھِ ہرِ بِگسے
گُرمُکھِ برہم بیچارو ॥4॥3॥ 14 ॥

ਸੂਹੀ ਮਹਲਾ ੪ ॥

سوُہی محلا 4 ॥

ਕੀਤਾ ਕਰਣਾ ਸਰਬ ਰਜਾਈ
ਕਿਛੁ ਕੀਚੈ ਜੇ ਕਰਿ ਸਕੀਐ ॥

کِیتا کرنا سرب رضائی
کِچھُ کیچے جے کرِ سکیئے ॥

ਆਪਣਾ ਕੀਤਾ ਕਿਛੁ ਨ ਹੋਵੈ
ਜਿਉ ਹਰਿ ਭਾਵੈ ਤਿਉ ਰਖੀਐ ॥੧॥

آپنا کِیتا کِچھُ ن ہووے
جِءُ ہرِ بھاوے تِءُ رکھیئے ॥1॥

ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥

میرے ہرِ جیِءُ سبھُ کو تیرے وسِ ॥

ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ
ਜਿਉ ਭਾਵੈ ਤਿਵੈ ਬਖਸਿ ॥੧॥ ਰਹਾਉ ॥

اسا زورُ ناہی جے کِچھُ کرِ ہم ساکہ
جِءُ بھاوے تِوے بخشِ ॥1॥ رہاءُ ॥

ਸਭੁ ਜੀਉ ਪਿੰਡੁ ਦੀਆ ਤੁਧੁ ਆਪੇ
ਤੁਧੁ ਆਪੇ ਕਾਰੈ ਲਾਇਆ ॥

سبھُ جیِءُ پِنڈُ دیِیا تُدھُ آپے
تُدھُ آپے کارے لائیا ॥

ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ
ਜੇਹਾ ਤੁਧੁ ਧੁਰਿ ਲਿਖਿ ਪਾਇਆ ॥੨॥

جیہا توُنَ حُکمُ کرہِ تیہے کو کرم کماوے
جیہا تُدھُ دھُرِ لِکھِ پائیا ॥2॥

ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ
ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥

پنچ تتُ کرِ تُدھُ سرِسٹِ سبھ ساجی
کوئی چھیوا کرِءُ جے کِچھُ کِیتا ہووے ॥

ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ
ਇਕਿ ਮਨਮੁਖਿ ਕਰਹਿ ਸਿ ਰੋਵੈ ॥੩॥

اِکنا ستِگُر میلِ توُنَ بُجھاوہِ
اِکِ منمُکھِ کرہِ سِ روے ॥3॥

ਹਰਿ ਕੀ ਵਡਿਆਈ ਹਉ ਆਖਿ ਨ ਸਾਕਾ
ਹਉ ਮੂਰਖੁ ਮੁਗਧੁ ਨੀਚਾਣੁ ॥

ہرِ کی وڈِیائی ہءُ آکھِ ن ساکا
ہءُ موُرکھُ مُگدھُ نیچانٹُ ॥

ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ ॥੪॥੪॥੧੫॥੨੪॥	جن نانک کءُ ہرِ بخشِ لے میرے سُیامی سرٹاگتِ پئیا اجانُ ॥4॥4॥ 15 ॥ 24 ॥
ਰਾਗੁ ਸੂਹੀ ਮਹਲਾ ੫ ਘਰੁ ੧	راگُ سوُہی محلا 5 گھرُ 1
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਬਾਜੀਗਰਿ ਜੈਸੇ ਬਾਜੀ ਪਾਈ ॥	بازِیگرِ جیَسے بازی پائی ॥
ਨਾਨਾ ਰੂਪ ਭੇਖ ਦਿਖਲਾਈ ॥	نانا روُپ بھیکھ دِکھلائی ॥
ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥	سانگُ اُتارِ تھمّہِئو پاسارا ॥
ਤਬ ਏਕੋ ਏਕੰਕਾਰਾ ॥੧॥	تب ایکو ایکنّکارا ॥1॥
ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥	کون روُپ دّرِسٹّئو بِنسائِئو ॥
ਕਤਹਿ ਗਇਓ ਉਹੁ ਕਤ ਤੇ ਆਇਓ ॥੧॥ ਰਹਾਉ ॥	کتہِ گئِئو اُہُ کت تے آئِئو ۔ ॥1॥ رہاءُ ॥
ਜਲ ਤੇ ਊਠਹਿ ਅਨਿਕ ਤਰੰਗਾ ॥	جل تے اوُٹھہِ انِک ترنگا ॥
ਕਨਿਕ ਭੂਖਨ ਕੀਨੇ ਬਹੁ ਰੰਗਾ ॥	کنِک بھوُکھن کِینے بہُ رنگا ॥
ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥	بیِجُ بیِجِ دیکھِئو بہُ پرکارا ॥
ਫਲ ਪਾਕੇ ਤੇ ਏਕੰਕਾਰਾ ॥੨॥	پھل پاکے تے ایکنّکارا ॥2॥
ਸਹਸ ਘਟਾ ਮਹਿ ਏਕੁ ਆਕਾਸੁ ॥	سہس گھٹا مہِ ایکُ آکاسُ ॥
ਘਟ ਫੂਟੇ ਤੇ ਓਹੀ ਪ੍ਰਗਾਸੁ ॥	گھٹ پھوُٹے تے اوہی پرّگاسُ ॥
ਭਰਮ ਲੋਭ ਮੋਹ ਮਾਇਆ ਵਿਕਾਰ ॥	بھرم لوبھ موہ مائیا وِکار ॥
ਭ੍ਰਮ ਛੂਟੇ ਤੇ ਏਕੰਕਾਰ ॥੩॥	بھّرم چھوُٹے تے ایکنّکار ॥3॥
ਓਹੁ ਅਬਿਨਾਸੀ ਬਿਨਸਤ ਨਾਹੀ ॥	اوہُ اِبناسی بِنست ناہی ॥
ਨਾ ਕੋ ਆਵੈ ਨਾ ਕੋ ਜਾਹੀ ॥	نا کو آوےَ نا کو جاہی ॥
ਗੁਰਿ ਪੂਰੈ ਹਉਮੈ ਮਲੁ ਧੋਈ ॥	گُرِ پوُرے ہئُمےَ مل دھوئی ॥
ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥	کہُ نانک میری پرم گتِ ہوئی ॥4॥1॥

ਸੂਹੀ ਮਹਲਾ ੫ ॥	سوُہی محلا 5 ॥
ਕੀਤਾ ਲੋੜਹਿ ਸੋ ਪ੍ਰਭ ਹੋਇ ॥	کِیتا لوڑہِ سو پّربھ ہوءِ ॥
ਤੁਝ ਬਿਨੁ ਦੂਜਾ ਨਾਹੀ ਕੋਇ ॥	تُجھ بِنُ دوُجا ناہی کوءِ ॥
ਜੋ ਜਨੁ ਸੇਵੇ ਤਿਸੁ ਪੂਰਨ ਕਾਜ ॥	جو جنُ سیوے تِسُ پوُرن کاج ॥
ਦਾਸ ਅਪੁਨੇ ਕੀ ਰਾਖਹੁ ਲਾਜ ॥੧॥	داس اپُنے کی راکھہُ لاج ॥1॥
ਤੇਰੀ ਸਰਣਿ ਪੂਰਨ ਦਇਆਲਾ ॥	تیری سرنِ پوُرن دیَالا ۔ ॥
ਤੁਝ ਬਿਨੁ ਕਵਨੁ ਕਰੇ ਪ੍ਰਤਿਪਾਲਾ ॥੧॥ ਰਹਾਉ ॥	تُجھ بِنُ کونُ کرے پّرتپالا ۔ ॥1॥ رہاءُ ॥
ਜਲਿ ਥਲਿ ਮਹੀਅਲਿ ਰਹਿਆ ਭਰਪੂਰਿ ॥	جلِ تھلِ مہیئلِ رہِیا بھرپوُرِ ॥
ਨਿਕਟਿ ਵਸੈ ਨਾਹੀ ਪ੍ਰਭੁ ਦੂਰਿ ॥	نِکٹِ وسےَ ناہی پّربھُ دوُرِ ॥
ਲੋਕ ਪਤੀਆਰੈ ਕਛੂ ਨ ਪਾਈਐ ॥	لوُک پتیِیارے کچھوُ ن پائیئےَ ॥
ਸਾਚਿ ਲਗੈ ਤਾ ਹਉਮੈ ਜਾਈਐ ॥੨॥	ساچِ لگےَ تا ہئُمےَ جائیئےَ ॥2॥
ਜਿਸ ਨੋ ਲਾਇ ਲਏ ਸੋ ਲਾਗੈ ॥	جِس نو لاءِ لے سو لاگےَ ॥
ਗਿਆਨ ਰਤਨੁ ਅੰਤਰਿ ਤਿਸੁ ਜਾਗੈ ॥	گیان رتنُ انترِ تِسُ جاگےَ ॥
ਦੁਰਮਤਿ ਜਾਇ ਪਰਮ ਪਦੁ ਪਾਏ ॥	دُرمتِ جاءِ پرم پدُ پائے ॥
ਗੁਰ ਪਰਸਾਦੀ ਨਾਮੁ ਧਿਆਏ ॥੩॥	گُر پرسادی نامُ دھیائے ॥3॥
ਦੁਇ ਕਰ ਜੋੜਿ ਕਰਉ ਅਰਦਾਸਿ ॥	دُءِ کر جوڑِ کرءُ عرداسِ ॥
ਤੁਧੁ ਭਾਵੈ ਤਾ ਆਣਹਿ ਰਾਸਿ ॥	تُدھُ بھاوےَ تا آنہِ راسِ ॥
ਕਰਿ ਕਿਰਪਾ ਅਪਨੀ ਭਗਤੀ ਲਾਇ ॥	کرِ کرِپا اپنی بھگتی لاءِ ॥
ਜਨ ਨਾਨਕ ਪ੍ਰਭੁ ਸਦਾ ਧਿਆਇ ॥੪॥੨॥	جن نانک پّربھُ سدا دھیاءِ ॥4॥2॥
ਸੂਹੀ ਮਹਲਾ ੫ ॥	سوُہی محلا 5 ॥
ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ ॥	دھنُ سوہاگنِ جو پّربھوُ پچھانے ॥
ਮਾਨੈ ਹੁਕਮੁ ਤਜੈ ਅਭਿਮਾਨੈ ॥	مانے حُکمُ تجےَ ابھِمانے ॥

ਪ੍ਰਿਅ ਸਿਉ ਰਾਤੀ ਰਲੀਆ ਮਾਨੈ ॥੧॥	پرِء سِءُ راتی رلِیا مانے ॥1॥
ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ ॥	سُنِ سکھیے پربھ مِلڑ نِیشانی ॥
ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥੧॥ ਰਹਾਉ ॥	منُ تنُ ارپِ تجِ لاج لوکانی ॥1॥ رہاءُ ॥
ਸਖੀ ਸਹੇਲੀ ਕਉ ਸਮਝਾਵੈ ॥	سکھی سہیلی کءُ سمجھاوے ॥
ਸੋਈ ਕਮਾਵੈ ਜੋ ਪ੍ਰਭ ਭਾਵੈ ॥	سوئی کماوے جو پربھ بھاوے ॥
ਸਾ ਸੋਹਾਗਣਿ ਅੰਕਿ ਸਮਾਵੈ ॥੨॥	سا سوہاگڑِ انکِ سماوے ॥2॥
ਗਰਬਿ ਗਹੇਲੀ ਮਹਲੁ ਨ ਪਾਵੈ ॥	گربِ گہیلی محلُ ن پاوے ॥
ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ ॥	پھِرِ پچھُتاوے جب ریَڑِ بِہاوے ॥
ਕਰਮਹੀਣਿ ਮਨਮੁਖਿ ਦੁਖੁ ਪਾਵੈ ॥੩॥	کرمہیڑِ منمُکھِ دُکھُ پاوے ॥3॥
ਬਿਨਉ ਕਰੀ ਜੇ ਜਾਣਾ ਦੂਰਿ ॥	بِنءُ کری جے جاٹا دوُرِ ॥
ਪ੍ਰਭੁ ਅਬਿਨਾਸੀ ਰਹਿਆ ਭਰਪੂਰਿ ॥	پربھُ ابِناسی رہِیا بھرپوُرِ ॥
ਜਨੁ ਨਾਨਕੁ ਗਾਵੈ ਦੇਖਿ ਹਦੂਰਿ ॥੪॥੩॥	جنُ نانکُ گاوے دیکھِ حدوُرِ ॥4॥3॥
ਸੂਹੀ ਮਹਲਾ ੫ ॥	سوُہی محلا 5 ॥
ਗ੍ਰਿਹੁ ਵਸਿ ਗੁਰਿ ਕੀਨਾ ਹਉ ਘਰ ਕੀ ਨਾਰਿ ॥	گرِہُ وسِ گُرِ کِینا ہءُ گھر کی نارِ ॥
ਦਸ ਦਾਸੀ ਕਰਿ ਦੀਨੀ ਭਤਾਰਿ ॥	دس داسی کرِ دینی بھتارِ ॥
ਸਗਲ ਸਮਗ੍ਰੀ ਮੈ ਘਰ ਕੀ ਜੋੜੀ ॥	سگل سمگّری مے گھر کی جوڑی ॥
ਆਸ ਪਿਆਸੀ ਪਿਰ ਕਉ ਲੋੜੀ ॥੧॥	آس پِیاسی پِر کءُ لوڑی ॥1॥
ਕਵਨ ਕਹਾ ਗੁਨ ਕੰਤ ਪਿਆਰੇ ॥	کون کہا گُن کنّت پِیارے ॥
ਸੁਘੜ ਸਰੂਪ ਦਇਆਲ ਮੁਰਾਰੇ ॥੧॥ ਰਹਾਉ ॥	سُگھڑ سروُپ دیَیال مُرارے ॥1॥ رہاءُ ॥
ਸਤੁ ਸੀਗਾਰੁ ਭਉ ਅੰਜਨੁ ਪਾਇਆ ॥	ست سیِگارُ بھءُ انّجنُ پائیا ॥
ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ ॥	انّمرِت نامُ تنّبولُ مُکھِ کھائیا ॥
ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ ॥	کنگن بستّر گہنے بنے سُہاوے ॥

ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ ॥੨॥	دھن سبھ سُکھ پاوے جاں پِرُ گھرِ آوے ॥2॥
ਗੁਣ ਕਾਮਣ ਕਰਿ ਕੰਤੁ ਰੀਝਾਇਆ ॥	گُنٹ کامنٹ کرِ کنّتُ ریجھائیا ॥
ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ ॥	وسِ کرِ لینا گُرِ بھرمُ چُکائیا ॥
ਸਭ ਤੇ ਊਚਾ ਮੰਦਰੁ ਮੇਰਾ ॥	سبھ تے اوُچا منّدرُ میرا ॥
ਸਭ ਕਾਮਣਿ ਤਿਆਗੀ ਪ੍ਰਿਉ ਪ੍ਰੀਤਮੁ ਮੇਰਾ ॥੩॥	سبھ کامنٹِ تیاگی پّرِءُ پّریتمُ میرا ॥3॥
ਪ੍ਰਗਟਿਆ ਸੂਰੁ ਜੋਤਿ ਉਜੀਆਰਾ ॥	پّرگٹیا سوُرُ جوتِ اُجیارا ॥
ਸੇਜ ਵਿਛਾਈ ਸਰਧ ਅਪਾਰਾ ॥	سیج وِچھائی سردھ اپارا ॥
ਨਵ ਰੰਗ ਲਾਲੁ ਸੇਜ ਰਾਵਣ ਆਇਆ ॥	نو رنگ لالُ سیج راونٹ آئیا ॥
ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ ॥੪॥੪॥	جن نانک پِر دھن مِلِ سُکھُ پائیا ॥4॥4॥
ਸੂਹੀ ਮਹਲਾ ੫ ॥	سوُہی محلا 5 ॥
ਉਮਕਿਓ ਹੀਉ ਮਿਲਨ ਪ੍ਰਭ ਤਾਈ ॥	اُمکِئو ہیِءُ مِلن پّربھ تائی ॥
ਖੋਜਤ ਚਰਿਓ ਦੇਖਉ ਪ੍ਰਿਅ ਜਾਈ ॥	کھوجت چرِئو دیکھءُ پّرِء جائی ॥
ਸੁਨਤ ਸਦੇਸਰੋ ਪ੍ਰਿਅ ਗ੍ਰਿਹਿ ਸੇਜ ਵਿਛਾਈ ॥	سُنت سدیسرو پّرِء گّرِہِ سیج وِچھائی ॥
ਭ੍ਰਮਿ ਭ੍ਰਮਿ ਆਇਓ ਤਉ ਨਦਰਿ ਨ ਪਾਈ ॥੧॥	بھّرمِ بھّرمِ آئیَو تءُ ندرِ ن پائی ॥1॥
ਕਿਨ ਬਿਧਿ ਹੀਅਰੋ ਧੀਰੈ ਨਿਮਾਨੋ ॥	کِن بِدھِ ہیئرو دھیرے نِمانو ۔ ॥
ਮਿਲੁ ਸਾਜਨ ਹਉ ਤੁਝੁ ਕੁਰਬਾਨੋ ॥੧॥ ਰਹਾਉ ॥	مِلُ ساجن ہءُ تُجھُ قُربانو ॥1॥ رہاءُ ॥
ਏਕਾ ਸੇਜ ਵਿਛੀ ਧਨ ਕੰਤਾ ॥	ایکا سیج وِچھی دھن کنّتا ॥
ਧਨ ਸੂਤੀ ਪਿਰੁ ਸਦ ਜਾਗੰਤਾ ॥	دھن سوُتی پِرُ سد جاگنّتا ॥
ਪੀਓ ਮਦਰੋ ਧਨ ਮਤਵੰਤਾ ॥	پیئو مدرو دھن متونّتا ॥
ਧਨ ਜਾਗੈ ਜੇ ਪਿਰੁ ਬੋਲੰਤਾ ॥੨॥	دھن جاگے جے پِرُ بولنّتا ॥2॥

ਭਈ ਨਿਰਾਸੀ ਬਹੁਤੁ ਦਿਨ ਲਾਗੇ ॥	بھئی نِراسی بہُتُ دِن لاگے ॥
ਦੇਸ ਦਿਸੰਤਰ ਮੈ ਸਗਲੇ ਝਾਗੇ ॥	دیس دِسنّتر مے سگلے جھاگے ॥
ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ ॥	کھِنُ رہنُ ن پاوءُ بِنُ پگ پاگے ॥
ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ ॥੩॥	ہوءِ کرِپالُ پربھ مِلہ سبھاگے ॥3॥
ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥	بھئیو کرِپالُ ستسنگِ مِلائیا ॥
ਬੂਝੀ ਤਪਤਿ ਘਰਹਿ ਪਿਰੁ ਪਾਇਆ ॥	بوُجھی تپتِ گھرہِ پِرُ پائیا ॥
ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥	سگل سِیگار ہُنِ مُجھہِ سُہائیا ॥
ਕਹੁ ਨਾਨਕ ਗੁਰ ਭਰਮੁ ਚੁਕਾਇਆ ॥੪॥	کہُ نانک گُر بھرمُ چُکائیا ॥4॥
ਜਹ ਦੇਖਾ ਤਹ ਪਿਰੁ ਹੈ ਭਾਈ ॥	جہ دیکھا تہ پِرُ ہے بھائی ۔ ॥
ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ ॥੧॥ ਰਹਾਉ ਦੂਜਾ ॥੫॥	کھولہِیو کپاٹُ تا منُ ٹھہرائی ॥1॥ رہاءُ دوُجا ॥5॥
ਸੂਹੀ ਮਹਲਾ ੫ ॥	سوُہی محلا 5 ॥
ਕਿਆ ਗੁਣ ਤੇਰੇ ਸਾਰਿ ਸਮ੍ਾਲੀ ਮੋਹਿ ਨਿਰਗੁਨ ਕੇ ਦਾਤਾਰੇ ॥	کِیا گُنُ تیرے سارِ سمّہالی موہِ نِرگُن کے داتارے ۔ ॥
ਬੈ ਖਰੀਦੁ ਕਿਆ ਕਰੇ ਚਤੁਰਾਈ ਇਹੁ ਜੀਉ ਪਿੰਡੁ ਸਭੁ ਥਾਰੇ ॥੧॥	بے خریدُ کِیا کرے چترائی اِہُ جیءُ پِنڈُ سبھُ تھارے ॥1॥
ਲਾਲ ਰੰਗੀਲੇ ਪ੍ਰੀਤਮ ਮਨਮੋਹਨ ਤੇਰੇ ਦਰਸਨ ਕਉ ਹਮ ਬਾਰੇ ॥੧॥ ਰਹਾਉ ॥	لال رنگیلے پریتم منموہن تیرے درسن کءُ ہم بارے ॥1॥ رہاءُ ॥
ਪ੍ਰਭੁ ਦਾਤਾ ਮੋਹਿ ਦੀਨੁ ਭੇਖਾਰੀ ਤੁਮ੍ ਸਦਾ ਸਦਾ ਉਪਕਾਰੇ ॥	پربھُ داتا موہِ دینُ بھیکھاری تُمہ سدا سدا اُپکارے ॥
ਸੋ ਕਿਛੁ ਨਾਹੀ ਜਿ ਮੈ ਤੇ ਹੋਵੈ ਮੇਰੇ ਠਾਕੁਰ ਅਗਮ ਅਪਾਰੇ ॥੨॥	سو کِچھُ ناہی جِ مے تے ہووے میرے ٹھاکُر اگم اپارے ॥2॥
ਕਿਆ ਸੇਵ ਕਮਾਵਉ ਕਿਆ ਕਹਿ ਰੀਝਾਵਉ ਬਿਧਿ ਕਿਤੁ ਪਾਵਉ ਦਰਸਾਰੇ ॥	کِیا سیو کماوءُ کِیا کہِ ریجھاوءُ بِدھِ کِتُ پاوءُ درسارے ۔ ॥
ਮਿਤਿ ਨਹੀ ਪਾਈਐ ਅੰਤੁ ਨ ਲਹੀਐ	مِتِ نہی پائیَے انّتُ ن لہیَے

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਮਨੁ ਤਰਸੈ ਚਰਨਾਰੇ ॥੩॥	منُ ترسے چرنارے ॥3॥
ਪਾਵਉ ਦਾਨੁ ਢੀਠੁ ਹੋਇ ਮਾਗਉ ਮੁਖਿ ਲਾਗੈ ਸੰਤ ਰੇਨਾਰੇ ॥	پاوءُ دانُ ڈھیٹھُ ہوءِ ماگءُ مُکھِ لاگے سنّت رینارے ॥
ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਪ੍ਰਭਿ ਹਾਥ ਦੇਇ ਨਿਸਤਾਰੇ ॥੪॥੬॥	جن نانک کءُ گُرِ کرپا دھاری پربھِ ہاتھ دےءِ نِستارے ॥4॥6॥
ਸੂਹੀ ਮਹਲਾ ੫ ਘਰੁ ੩	سوُہی محلا 5 گھرُ 3
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਸੇਵਾ ਥੋਰੀ ਮਾਗਨੁ ਬਹੁਤਾ ॥	سیوا تھوری ماگنُ بہُتا ॥
ਮਹਲੁ ਨ ਪਾਵੈ ਕਹਤੋ ਪਹੁਤਾ ॥੧॥	محلُ ن پاوے کہتو پہُتا ॥1॥
ਜੋ ਪ੍ਰਿਅ ਮਾਨੇ ਤਿਨ ਕੀ ਰੀਸਾ ॥	جو پرِء مانے تِن کی رِیسا ॥
ਕੂੜੇ ਮੂਰਖ ਕੀ ਹਾਠੀਸਾ ॥੧॥ ਰਹਾਉ ॥	کوُڑے موُرکھ کی ہاٹھیِسا ॥1॥ رہاءُ ॥
ਭੇਖ ਦਿਖਾਵੈ ਸਚੁ ਨ ਕਮਾਵੈ ॥	بھیکھ دِکھاوے سچُ ن کماوے ॥
ਕਹਤੋ ਮਹਲੀ ਨਿਕਟਿ ਨ ਆਵੈ ॥੨॥	کہتو محلی نِکٹِ ن آوے ॥2॥
ਅਤੀਤੁ ਸਦਾਏ ਮਾਇਆ ਕਾ ਮਾਤਾ ॥	اتیِتُ سدائے مائیا کا ماتا ॥
ਮਨਿ ਨਹੀ ਪ੍ਰੀਤਿ ਕਹੈ ਮੁਖਿ ਰਾਤਾ ॥੩॥	منِ نہی پرِیتِ کہے مُکھِ راتا ॥3॥
ਕਹੁ ਨਾਨਕ ਪ੍ਰਭ ਬਿਨਉ ਸੁਨੀਜੈ ॥	کہُ نانک پربھ بِنءُ سُنیجے ॥
ਕੁਚਲੁ ਕਠੋਰੁ ਕਾਮੀ ਮੁਕਤੁ ਕੀਜੈ ॥੪॥	کُچلُ کٹھورُ کامی مُکتُ کیجے ॥4॥
ਦਰਸਨ ਦੇਖੇ ਕੀ ਵਡਿਆਈ ॥	درسن دیکھے کی وڈیائی ॥
ਤੁਮ੍ ਸੁਖਦਾਤੇ ਪੁਰਖ ਸੁਭਾਈ ॥੧॥ ਰਹਾਉ ਦੂਜਾ ॥੧॥੭॥	تُمہ سُکھداتے پُرکھ سُبھائی ॥1॥ رہاءُ دوُجا ॥1॥7॥
ਸੂਹੀ ਮਹਲਾ ੫ ॥	سوُہی محلا 5 ॥
ਬੁਰੇ ਕਾਮ ਕਉ ਊਠਿ ਖਲੋਇਆ ॥	بُرے کام کءُ اوُٹھِ کھلوئیا ॥
ਨਾਮ ਕੀ ਬੇਲਾ ਪੈ ਪੈ ਸੋਇਆ ॥੧॥	نام کی بیلا پے پے سوئیا ॥1॥
ਅਉਸਰੁ ਅਪਨਾ ਬੂਝੈ ਨ ਇਆਨਾ ॥	اُسرُ اپنا بوُجھے ن اِیانا ॥

ਮਾਇਆ ਮੋਹ ਰੰਗਿ ਲਪਟਾਨਾ ॥੧॥ ਰਹਾਉ ॥	مائیا موہ رنگِ لپٹانا ॥1॥ رہاءُ ॥
ਲੋਭ ਲਹਰਿ ਕਉ ਬਿਗਸਿ ਫੂਲਿ ਬੈਠਾ ॥	لوبھ لہرِ ک ءُ بِگسِ پھوُلِ بیٹھا ॥
ਸਾਧ ਜਨਾ ਕਾ ਦਰਸੁ ਨ ਡੀਠਾ ॥੨॥	سادھ جنا کا درسُ ن ڈیٹھا ॥2॥
ਕਬਹੂ ਨ ਸਮਝੈ ਅਗਿਆਨੁ ਗਵਾਰਾ ॥	کبہوُ ن سمجھےَ اگیانُ گوارا ॥
ਬਹੁਰਿ ਬਹੁਰਿ ਲਪਟਿਓ ਜੰਜਾਰਾ ॥੧॥ ਰਹਾਉ ॥	بہُرِ بہُرِ لپٹیُو زنجارا ॥1॥ رہاءُ ॥
ਬਿਖੈ ਨਾਦ ਕਰਨ ਸੁਣਿ ਭੀਨਾ ॥	بِکھےَ ناد کرن سُنِ بھینا ॥
ਹਰਿ ਜਸੁ ਸੁਨਤ ਆਲਸੁ ਮਨਿ ਕੀਨਾ ॥੩॥	ہرِ جسُ سُنت آلسُ منِ کینا ॥3॥
ਦ੍ਰਿਸਟਿ ਨਾਹੀ ਰੇ ਪੇਖਤ ਅੰਧੇ ॥	دّرِسٹِ ناہی رے پیکھت انّدھے ۔ ॥
ਛੋਡਿ ਜਾਹਿ ਝੂਠੇ ਸਭਿ ਧੰਧੇ ॥੧॥ ਰਹਾਉ ॥	چھوڈِ جاہِ جھوُٹھے سبھِ دھنّدھے ॥1॥ رہاءُ ॥
ਕਹੁ ਨਾਨਕ ਪ੍ਰਭ ਬਖਸ ਕਰੀਜੈ ॥	کہُ نانک پّربھ بخش کریجےَ ॥
ਕਰਿ ਕਿਰਪਾ ਮੋਹਿ ਸਾਧਸੰਗੁ ਦੀਜੈ ॥੪॥	کرِ کرِپا موہِ سادھسنگُ دیجےَ ॥4॥
ਤਉ ਕਿਛੁ ਪਾਈਐ ਜਉ ਹੋਈਐ ਰੇਨਾ ॥	ت ءُ کچھُ پائیےَ ج ءُ ہوئیےَ رینا ॥
ਜਿਸਹਿ ਬੁਝਾਏ ਤਿਸੁ ਨਾਮੁ ਲੈਨਾ ॥੧॥ ਰਹਾਉ ॥੨॥੮॥	جِسہِ بُجھائے تِسُ نامُ لینا ॥1॥ رہاءُ ॥2॥8॥
ਸੂਹੀ ਮਹਲਾ ੫ ॥	سوُہی محلا 5 ॥
ਘਰ ਮਹਿ ਠਾਕੁਰੁ ਨਦਰਿ ਨ ਆਵੈ ॥	گھر مہِ ٹھاکُرُ ندرِ ن آوےَ ॥
ਗਲ ਮਹਿ ਪਾਹਣੁ ਲੈ ਲਟਕਾਵੈ ॥੧॥	گل مہِ پاہنُ لے لٹکاوےَ ॥1॥
ਭਰਮੇ ਭੂਲਾ ਸਾਕਤੁ ਫਿਰਤਾ ॥	بھرمے بھوُلا ساکتُ پھرِتا ॥
ਨੀਰੁ ਬਿਰੋਲੈ ਖਪਿ ਖਪਿ ਮਰਤਾ ॥੧॥ ਰਹਾਉ ॥	نیرُ برولے کھپِ کھپِ مرتا ॥1॥ رہاءُ ॥
ਜਿਸੁ ਪਾਹਣ ਕਉ ਠਾਕੁਰੁ ਕਹਤਾ ॥	جِسُ پاہنُ ک ءُ ٹھاکُرُ کہتا ॥
ਓਹੁ ਪਾਹਣੁ ਲੈ ਉਸ ਕਉ ਡੁਬਤਾ ॥੨॥	اوہُ پاہنُ لے اُس ک ءُ ڈُبتا ॥2॥
ਗੁਨਹਗਾਰ ਲੂਣ ਹਰਾਮੀ ॥	گُنہگار لوُنُ حرامی ۔ ॥
ਪਾਹਣ ਨਾਵ ਨ ਪਾਰਗਿਰਾਮੀ ॥੩॥	پاہنُ ناو ن پارگرامی ॥3॥

ਗੁਰ ਮਿਲਿ ਨਾਨਕ ਠਾਕੁਰੁ ਜਾਤਾ ॥	گُر مِلِ نانک ٹھاکُرُ جاتا ॥
ਜਲਿ ਥਲਿ ਮਹੀਅਲਿ ਪੂਰਨ ਬਿਧਾਤਾ ॥੪॥੩॥੯॥	جلِ تھلِ مہیئلِ پوُرن بِدھاتا ॥4॥3॥9॥
ਸੂਹੀ ਮਹਲਾ ੫ ॥	سوُہی محلا 5 ॥
ਲਾਲਨੁ ਰਾਵਿਆ ਕਵਨ ਗਤੀ ਰੀ ॥	لالنُ راوِیا کون گتی ری ۔ ॥
ਸਖੀ ਬਤਾਵਹੁ ਮੁਝਹਿ ਮਤੀ ਰੀ ॥੧॥	سکھی بتاوہُ مُجھہِ متی ری ॥1॥
ਸੂਹਬ ਸੂਹਬ ਸੂਹਵੀ ॥	سوُہب سوُہب سوُہوی ॥
ਅਪਨੇ ਪ੍ਰੀਤਮ ਕੈ ਰੰਗਿ ਰਤੀ ॥੧॥ ਰਹਾਉ ॥	اپنے پرِیتم کے رنگِ رتی ॥1॥ رہاءُ ॥
ਪਾਵ ਮਲੋਵਉ ਸੰਗਿ ਨੈਨ ਭਤੀਰੀ ॥	پاو ملووءُ سنگِ نیَن بھتیِری ॥
ਜਹਾ ਪਠਾਵਉ ਜਾਂਉ ਤਤੀ ਰੀ ॥੨॥	جہا پٹھاوءُ جانْءُ تتی ری ॥2॥
ਜਪ ਤਪ ਸੰਜਮ ਦੇਉ ਜਤੀ ਰੀ ॥	جپ تپ سنّجم دیءُ جتی ری ॥
ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨਪਤੀ ਰੀ ॥੩॥	اِک نِمکھ مِلاوہُ موہِ پرّانپتی ری ॥3॥
ਮਾਨੁ ਤਾਨੁ ਅਹੰਬੁਧਿ ਹਤੀ ਰੀ ॥	مانُ تانُ اہنّبُدھِ ہتی ری ॥
ਸਾ ਨਾਨਕ ਸੋਹਾਗਵਤੀ ਰੀ ॥੪॥੪॥੧੦॥	سا نانک سوہاگوتی ری ॥4॥4॥ 10 ॥
ਸੂਹੀ ਮਹਲਾ ੫ ॥	سوُہی محلا 5 ॥
ਤੂੰ ਜੀਵਨੁ ਤੂੰ ਪ੍ਰਾਨ ਅਧਾਰਾ ॥	توُنَ جیِونُ توُنَ پرّان ادھارا ॥
ਤੁਝ ਹੀ ਪੇਖਿ ਪੇਖਿ ਮਨੁ ਸਾਧਾਰਾ ॥੧॥	تُجھ ہی پیکھِ پیکھِ منُ سادھارا ॥1॥
ਤੂੰ ਸਾਜਨੁ ਤੂੰ ਪ੍ਰੀਤਮੁ ਮੇਰਾ ॥	توُنَ ساجنُ توُنَ پرِیتمُ میرا ॥
ਚਿਤਹਿ ਨ ਬਿਸਰਹਿ ਕਾਹੂ ਬੇਰਾ ॥੧॥ ਰਹਾਉ ॥	چِتہِ ن بِسرہِ کاہوُ بیرا ॥1॥ رہاءُ ॥
ਬੈ ਖਰੀਦੁ ਹਉ ਦਾਸਰੋ ਤੇਰਾ ॥	بے خریِدُ ہءُ داسرو تیرا ॥
ਤੂੰ ਭਾਰੋ ਠਾਕੁਰੁ ਗੁਣੀ ਗਹੇਰਾ ॥੨॥	توُنَ بھارو ٹھاکُرُ گُنی گہیرا ॥2॥
ਕੋਟਿ ਦਾਸ ਜਾ ਕੈ ਦਰਬਾਰੇ ॥	کوٹِ داس جا کے دربارے ॥
ਨਿਮਖ ਨਿਮਖ ਵਸੈ ਤਿਨ੍ ਨਾਲੇ ॥੩॥	نِمکھ نِمکھ وسے تِنہ نالے ॥3॥

ਹਉ ਕਿਛੁ ਨਾਹੀ ਸਭੁ ਕਿਛੁ ਤੇਰਾ ॥	ہءُ کچھُ ناہی سبھُ کچھُ تیرا ॥
ਓਤਿ ਪੋਤਿ ਨਾਨਕ ਸੰਗਿ ਬਸੇਰਾ ॥੪॥੫॥੧੧॥	اوتِ پوتِ نانک سنگِ بسیرا ॥4॥5॥ 11 ॥
ਸੂਹੀ ਮਹਲਾ ੫ ॥	سوُہی محلا 5 ॥
ਸੂਖ ਮਹਲ ਜਾ ਕੇ ਊਚ ਦੁਆਰੇ ॥	سوُکھ محل جا کے اوُچ دُیارے ॥
ਤਾ ਮਹਿ ਵਾਸਹਿ ਭਗਤ ਪਿਆਰੇ ॥੧॥	تا مہِ واسہِ بھگت پِیارے ॥1॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥	سہج کتھا پّربھ کی اتِ مِیٹھی ॥
ਵਿਰਲੈ ਕਾਹੂ ਨੇਤ੍ਰਹੁ ਡੀਠੀ ॥੧॥ ਰਹਾਉ ॥	وِرلے کاہوُ نیتّرہُ ڈیٹھی ॥1॥ رہاءُ ॥
ਤਹ ਗੀਤ ਨਾਦ ਅਖਾਰੇ ਸੰਗਾ ॥	تہ گِیت ناد اکھارے سنگا ॥
ਊਹਾ ਸੰਤ ਕਰਹਿ ਹਰਿ ਰੰਗਾ ॥੨॥	اوُہا سنّت کرہِ ہرِ رنگا ॥2॥
ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ ॥	تہ مرنُ ن جیِونُ سوگُ ن ہرکھا ॥
ਸਾਚ ਨਾਮ ਕੀ ਅੰਮ੍ਰਿਤ ਵਰਖਾ ॥੩॥	ساچ نام کی انمّرِت ورکھا ॥3॥
ਗੁਹਜ ਕਥਾ ਇਹ ਗੁਰ ਤੇ ਜਾਣੀ ॥	گہج کتھا اِہ گُر تے جانیٔ ॥
ਨਾਨਕੁ ਬੋਲੈ ਹਰਿ ਹਰਿ ਬਾਣੀ ॥੪॥੬॥੧੨॥	نانکُ بولے ہرِ ہرِ بانیٔ ॥4॥6॥ 12 ॥
ਸੂਹੀ ਮਹਲਾ ੫ ॥	سوُہی محلا 5 ॥
ਜਾ ਕੈ ਦਰਸਿ ਪਾਪ ਕੋਟਿ ਉਤਾਰੇ ॥	جا کے درسِ پاپ کوٹِ اُتارے ॥
ਭੇਟਤ ਸੰਗਿ ਇਹੁ ਭਵਜਲੁ ਤਾਰੇ ॥੧॥	بھیٹت سنگِ اِہُ بھوجلُ تارے ॥1॥
ਓਇ ਸਾਜਨ ਓਇ ਮੀਤ ਪਿਆਰੇ ॥	اوءِ ساجن اوءِ مِیت پِیارے ॥
ਜੋ ਹਮ ਕਉ ਹਰਿ ਨਾਮੁ ਚਿਤਾਰੇ ॥੧॥ ਰਹਾਉ ॥	جو ہم کءُ ہرِ نامُ چِتارے ॥1॥ رہاءُ ॥
ਜਾ ਕਾ ਸਬਦੁ ਸੁਨਤ ਸੁਖ ਸਾਰੇ ॥	جا کا سبدُ سُنت سُکھ سارے ॥
ਜਾ ਕੀ ਟਹਲ ਜਮਦੂਤ ਬਿਦਾਰੇ ॥੨॥	جا کی ٹہل جمدوُت بِدارے ॥2॥
ਜਾ ਕੀ ਧੀਰਕ ਇਸੁ ਮਨਹਿ ਸਧਾਰੇ ॥	جا کی دھیِرک اِسُ منہِ سدھارے ॥
ਜਾ ਕੈ ਸਿਮਰਣਿ ਮੁਖ ਉਜਲਾਰੇ ॥੩॥	جا کے سِمرنِ مُکھ اُجلارے ॥3॥

ਪ੍ਰਭ ਕੇ ਸੇਵਕ ਪ੍ਰਭਿ ਆਪਿ ਸਵਾਰੇ ॥	پربھ کے سیوک پربھِ آپِ سوارے ॥
ਸਰਣਿ ਨਾਨਕ ਤਿਨ੍ ਸਦ ਬਲਿਹਾਰੇ ॥੪॥੭॥੧੩॥	سرنِ نانک تِنّہ سد بلِہارے ॥4॥7॥ 13 ॥
ਸੂਹੀ ਮਹਲਾ ੫ ॥	سوہی محلا 5 ॥
ਰਹਣੁ ਨ ਪਾਵਹਿ ਸੁਰਿ ਨਰ ਦੇਵਾ ॥	رہنُ ن پاوہِ سُرِ نر دیوا ॥
ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ ॥੧॥	اوٹھِ سِدھارے کرِ مُنِ جن سیوا ॥1॥
ਜੀਵਤ ਪੇਖੇ ਜਿਨ੍ਹੀ ਹਰਿ ਹਰਿ ਧਿਆਇਆ ॥	جیوت پیکھے جِنّہی ہرِ ہرِ دھیائیا ॥
ਸਾਧਸੰਗਿ ਤਿਨ੍ਹੀ ਦਰਸਨੁ ਪਾਇਆ ॥੧॥ ਰਹਾਉ ॥	سادھسنگِ تِنّہی درسنُ پائیا ॥1॥ رہاءُ ॥
ਬਾਦਿਸਾਹ ਸਾਹ ਵਾਪਾਰੀ ਮਰਨਾ ॥	بادِشاہ ساہ واپاری مرنا ॥
ਜੋ ਦੀਸੈ ਸੋ ਕਾਲਹਿ ਖਰਨਾ ॥੨॥	جو دیسے سو کالہِ کھرنا ॥2॥
ਕੂੜੈ ਮੋਹਿ ਲਪਟਿ ਲਪਟਾਨਾ ॥	کوڑے موہِ لپٹِ لپٹانا ॥
ਛੋਡਿ ਚਲਿਆ ਤਾ ਫਿਰਿ ਪਛੁਤਾਨਾ ॥੩॥	چھوڈِ چلیا تا پھِرِ پچھُتانا ॥3॥
ਕ੍ਰਿਪਾ ਨਿਧਾਨ ਨਾਨਕ ਕਉ ਕਰਹੁ ਦਾਤਿ ॥	کرِپا نِدھان نانک کءُ کرہُ داتِ ॥
ਨਾਮੁ ਤੇਰਾ ਜਪੀ ਦਿਨੁ ਰਾਤਿ ॥੪॥੮॥੧੪॥	نامُ تیرا جپی دِنُ راتِ ॥4॥8॥ 14 ॥
ਸੂਹੀ ਮਹਲਾ ੫ ॥	سوہی محلا 5 ॥
ਘਟ ਘਟ ਅੰਤਰਿ ਤੁਮਹਿ ਬਸਾਰੇ ॥	گھٹ گھٹ انترِ تُمہِ بسارے ॥
ਸਗਲ ਸਮਗ੍ਰੀ ਸੂਤਿ ਤੁਮਾਰੇ ॥੧॥	سگل سمگری سوُتِ تُمارے ॥1॥
ਤੂੰ ਪ੍ਰੀਤਮ ਤੂੰ ਪ੍ਰਾਨ ਅਧਾਰੇ ॥	توُنّ پریتم توُنّ پران ادھارے ॥
ਤੁਮ ਹੀ ਪੇਖਿ ਪੇਖਿ ਮਨੁ ਬਿਗਸਾਰੇ ॥੧॥ ਰਹਾਉ ॥	تُم ہی پیکھِ پیکھِ منُ بِگسارے ॥1॥ رہاءُ ॥
ਅਨਿਕ ਜੋਨਿ ਭ੍ਰਮਿ ਭ੍ਰਮਿ ਭ੍ਰਮਿ ਹਾਰੇ ॥	انِک جونِ بھرمِ بھرمِ بھرمِ ہارے ॥
ਓਟ ਗਹੀ ਅਬ ਸਾਧ ਸੰਗਾਰੇ ॥੨॥	اوٹ گہی اب سادھ سنگارے ॥2॥
ਅਗਮ ਅਗੋਚਰੁ ਅਲਖ ਅਪਾਰੇ ॥	اگم اگوچرُ الکھ اپارے ॥
ਨਾਨਕੁ ਸਿਮਰੈ ਦਿਨੁ ਰੈਨਾਰੇ ॥੩॥੯॥੧੫॥	نانکُ سِمرے دِنُ رینارے ॥3॥9॥ 15 ॥

ਸੂਹੀ ਮਹਲਾ ੫ ॥	سوُہی محلا 5 ॥
ਕਵਨ ਕਾਜ ਮਾਇਆ ਵਡਿਆਈ ॥	کون کاج مائیا وڈِیائی ॥
ਜਾ ਕਉ ਬਿਨਸਤ ਬਾਰ ਨ ਕਾਈ ॥੧॥	جا ک ءُ بِنست بار ن کائی ॥1॥
ਇਹੁ ਸੁਪਨਾ ਸੋਵਤ ਨਹੀ ਜਾਨੈ ॥	اِہُ سُپنا سووت نہی جانے ॥
ਅਚੇਤ ਬਿਵਸਥਾ ਮਹਿ ਲਪਟਾਨੈ ॥੧॥ ਰਹਾਉ ॥	اچیت بِوستھا مہِ لپٹانے ॥1॥ رہاءُ ॥
ਮਹਾ ਮੋਹਿ ਮੋਹਿਓ ਗਾਵਾਰਾ ॥	مہا موہِ موہِئو گاوارا ॥
ਪੇਖਤ ਪੇਖਤ ਊਠਿ ਸਿਧਾਰਾ ॥੨॥	پیکھت پیکھت اوُٹھِ سِدھارا ॥2॥
ਊਚ ਤੇ ਊਚ ਤਾ ਕਾ ਦਰਬਾਰਾ ॥	اوُچ تے اوُچ تا کا دربارا ॥
ਕਈ ਜੰਤ ਬਿਨਾਹਿ ਉਪਾਰਾ ॥੩॥	کئی جنّت بِناہِ اُپارا ॥3॥
ਦੂਸਰ ਹੋਆ ਨ ਕੋ ਹੋਈ ॥	دوُسر ہویا ن کو ہوئی ॥
ਜਪਿ ਨਾਨਕ ਪ੍ਰਭ ਏਕੋ ਸੋਈ ॥੪॥੧੦॥੧੬॥	جپِ نانک پرّبھ ایکو سوئی ॥4॥ 10 ॥ 16 ॥
ਸੂਹੀ ਮਹਲਾ ੫ ॥	سوُہی محلا 5 ॥
ਸਿਮਰਿ ਸਿਮਰਿ ਤਾ ਕਉ ਹਉ ਜੀਵਾ ॥	سِمرِ سِمرِ تا ک ءُ ہءُ جیِوا ॥
ਚਰਣ ਕਮਲ ਤੇਰੇ ਧੋਇ ਧੋਇ ਪੀਵਾ ॥੧॥	چرنؔ کمل تیرے دھوءِ دھوءِ پیِوا ॥1॥
ਸੋ ਹਰਿ ਮੇਰਾ ਅੰਤਰਜਾਮੀ ॥	سو ہرِ میرا انّترجامی ॥
ਭਗਤ ਜਨਾ ਕੈ ਸੰਗਿ ਸੁਆਮੀ ॥੧॥ ਰਹਾਉ ॥	بھگت جنا کے سنگِ سُیامی ॥1॥ رہاءُ ॥
ਸੁਣਿ ਸੁਣਿ ਅੰਮ੍ਰਿਤ ਨਾਮੁ ਧਿਆਵਾ ॥	سُنؔ سُنؔ انمّرِت نامُ دھِیاوا ॥
ਆਠ ਪਹਰ ਤੇਰੇ ਗੁਣ ਗਾਵਾ ॥੨॥	آٹھ پہر تیرے گُنؔ گاوا ॥2॥
ਪੇਖਿ ਪੇਖਿ ਲੀਲਾ ਮਨਿ ਆਨੰਦਾ ॥	پیکھِ پیکھِ لیِلا منِ آننّدا ॥
ਗੁਣ ਅਪਾਰ ਪ੍ਰਭ ਪਰਮਾਨੰਦਾ ॥੩॥	گُنؔ اپار پرّبھ پرمانّندا ॥3॥
ਜਾ ਕੈ ਸਿਮਰਨਿ ਕਛੁ ਭਉ ਨ ਬਿਆਪੈ ॥	جا کے سِمرنِ کچھُ بھ ءُ ن بِیاپے ॥
ਸਦਾ ਸਦਾ ਨਾਨਕ ਹਰਿ ਜਾਪੈ ॥੪॥੧੧॥੧੭॥	سدا سدا نانک ہرِ جاپے ॥4॥ 11 ॥ 17 ॥

ਸੂਹੀ ਮਹਲਾ ੫ ॥	سوُہی محلا 5 ॥
ਗੁਰ ਕੈ ਬਚਨਿ ਰਿਦੈ ਧਿਆਨੁ ਧਾਰੀ ॥	گُر کے بچنِ رِدے دھِیانُ دھاری ॥
ਰਸਨਾ ਜਾਪੁ ਜਪਉ ਬਨਵਾਰੀ ॥੧॥	رسنا جاپُ جپ ءُ بنواری ॥1॥
ਸਫਲ ਮੂਰਤਿ ਦਰਸਨ ਬਲਿਹਾਰੀ ॥	سپھل مؤرتِ درسن بلِہاری ॥
ਚਰਣ ਕਮਲ ਮਨ ਪ੍ਰਾਣ ਅਧਾਰੀ ॥੧॥ ਰਹਾਉ ॥	چرنْ کمل من پّراںْ ادھاری ॥1॥ رہاءُ ॥
ਸਾਧਸੰਗਿ ਜਨਮ ਮਰਣ ਨਿਵਾਰੀ ॥	سادھسنگِ جنم مرنْ نِواری ॥
ਅੰਮ੍ਰਿਤ ਕਥਾ ਸੁਣਿ ਕਰਨ ਅਧਾਰੀ ॥੨॥	انّمرِت کتھا سُنْ کرن ادھاری ॥2॥
ਕਾਮ ਕ੍ਰੋਧ ਲੋਭ ਮੋਹ ਤਜਾਰੀ ॥	کام کّرودھ لوبھ موہ تجاری ॥
ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥੩॥	دّرِڑُ نام دانُ اِسنانُ سُچاری ॥3॥
ਕਹੁ ਨਾਨਕ ਇਹੁ ਤਤੁ ਬੀਚਾਰੀ ॥	کہُ نانک اِہُ تتُ بیچاری ॥
ਰਾਮ ਨਾਮ ਜਪਿ ਪਾਰਿ ਉਤਾਰੀ ॥੪॥੧੨॥੧੮॥	رام نام جپِ پارِ اُتاری ॥4॥ 12 ॥ 18 ॥
ਸੂਹੀ ਮਹਲਾ ੫ ॥	سوُہی محلا 5 ॥
ਲੋਭਿ ਮੋਹਿ ਮਗਨ ਅਪਰਾਧੀ ॥	لوبھِ موہِ مگن اپرادھی ॥
ਕਰਣਹਾਰ ਕੀ ਸੇਵ ਨ ਸਾਧੀ ॥੧॥	کرنْہار کی سیو ن سادھی ॥1॥
ਪਤਿਤ ਪਾਵਨ ਪ੍ਰਭ ਨਾਮ ਤੁਮਾਰੇ ॥	پتِت پاون پّربھ نام تُمارے ॥
ਰਾਖਿ ਲੇਹੁ ਮੋਹਿ ਨਿਰਗੁਨੀਆਰੇ ॥੧॥ ਰਹਾਉ ॥	راکھِ لیہُ موہِ نِرگُنیارے ॥1॥ رہاءُ ॥
ਤੂੰ ਦਾਤਾ ਪ੍ਰਭ ਅੰਤਰਜਾਮੀ ॥	توُنّ داتا پّربھ انترجامی ॥
ਕਾਚੀ ਦੇਹ ਮਾਨੁਖ ਅਭਿਮਾਨੀ ॥੨॥	کاچی دیہ مانُکھ ابھِمانی ॥2॥
ਸੁਆਦ ਬਾਦ ਈਰਖ ਮਦ ਮਾਇਆ ॥	سُیاد باد ایرکھ مد مائِیا ॥
ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ ॥੩॥	اِن سنگِ لاگِ رتن جنمُ گوائِیا ॥3॥
ਦੁਖ ਭੰਜਨ ਜਗਜੀਵਨ ਹਰਿ ਰਾਇਆ ॥	دُکھ بھنّجن جگجیون ہرِ رائِیا ॥
ਸਗਲ ਤਿਆਗਿ ਨਾਨਕੁ ਸਰਣਾਇਆ ॥੪॥੧੩॥੧੯॥	سگل تِیاگِ نانکُ سرنّائِیا ॥4॥ 13 ॥ 19 ॥

ਸੂਹੀ ਮਹਲਾ ੫ ॥

پیکھت چاکھت کہیئت اندھا
سُنیئت سُنیئے ناہی ॥

ਪੇਖਤ ਚਾਖਤ ਕਹੀਅਤ ਅੰਧਾ
ਸੁਨੀਅਤ ਸੁਨੀਐ ਨਾਹੀ ॥

نِکٹِ وست ک ءُ جانے دُورے
پاپی پاپ کماہی ॥1॥

ਨਿਕਟਿ ਵਸਤੁ ਕਉ ਜਾਣੈ ਦੂਰੇ
ਪਾਪੀ ਪਾਪ ਕਮਾਹੀ ॥੧॥

سو کِچھُ کرِ جِت چھُٹہِ پرانی ॥

ਸੋ ਕਿਛੁ ਕਰਿ ਜਿਤੁ ਛੁਟਹਿ ਪਰਾਨੀ ॥

ہرِ ہرِ نامُ جپِ انّمرِت بانی ॥1॥ رہاءُ ॥

ਹਰਿ ਹਰਿ ਨਾਮੁ ਜਪਿ ਅੰਮ੍ਰਿਤ ਬਾਨੀ ॥੧॥ ਰਹਾਉ ॥

گھور محل سدا رنگِ راتا ॥

ਘੋਰ ਮਹਲ ਸਦਾ ਰੰਗਿ ਰਾਤਾ ॥

سنگِ تُمہارے کچھُو نا جاتا ॥2॥

ਸੰਗਿ ਤੁਮ੍ਹਾਰੈ ਕਛੂ ਨਾ ਜਾਤਾ ॥੨॥

رکھہِ پوچارِ ماٹی کا بھانڈا ॥

ਰਖਹਿ ਪੋਚਾਰਿ ਮਾਟੀ ਕਾ ਭਾਂਡਾ ॥

اتِ کچیل مِلے جم ڈانڈا ॥3॥

ਅਤਿ ਕੁਚੀਲ ਮਿਲੈ ਜਮ ਡਾਂਡਾ ॥੩॥

کام کرودھِ لوبھِ موہِ بادھا ॥

ਕਾਮ ਕ੍ਰੋਧਿ ਲੋਭਿ ਮੋਹਿ ਬਾਧਾ ॥

مہا گرت مہِ نِگھرت جاتا ॥4॥

ਮਹਾ ਗਰਤ ਮਹਿ ਨਿਘਰਤ ਜਾਤਾ ॥੪॥

نانک کی عرداسِ سُنیجے ॥

ਨਾਨਕ ਕੀ ਅਰਦਾਸਿ ਸੁਣੀਜੈ ॥

ڈوُبت پاہن پربھ میرے لیجے ॥5॥ 14 ॥ 20 ॥

ਡੂਬਤ ਪਾਹਨ ਪ੍ਰਭ ਮੇਰੇ ਲੀਜੈ ॥੫॥੧੪॥੨੦॥

ਸੂਹੀ ਮਹਲਾ ੫ ॥

سوُہی محلا 5 ॥

جیوت مرے بُجھے پربھُ سوءِ ॥

ਜੀਵਤ ਮਰੈ ਬੁਝੈ ਪ੍ਰਭੁ ਸੋਇ ॥

تِس جن کرمِ پراپت ہوءِ ॥1॥

ਤਿਸੁ ਜਨ ਕਰਮਿ ਪਰਾਪਤਿ ਹੋਇ ॥੧॥

سُنِ ساجن اِءُ دُتر ترِیے ॥

ਸੁਣਿ ਸਾਜਨ ਇਉ ਦੁਤਰੁ ਤਰੀਐ ॥

مِلِ سادھوُ ہرِ نامُ اُچریے ॥1॥ رہاءُ ॥

ਮਿਲਿ ਸਾਧੂ ਹਰਿ ਨਾਮੁ ਉਚਰੀਐ ॥੧॥ ਰਹਾਉ ॥

ایک بِنا دوُجا نہی جانے ॥

ਏਕ ਬਿਨਾ ਦੂਜਾ ਨਹੀ ਜਾਨੈ ॥

گھٹ گھٹ انترِ پاربرہمُ پچھانے ॥2॥

ਘਟ ਘਟ ਅੰਤਰਿ ਪਾਰਬ੍ਰਹਮੁ ਪਛਾਨੈ ॥੨॥

جو کِچھُ کرے سوئی بھل مانے ॥

ਜੋ ਕਿਛੁ ਕਰੈ ਸੋਈ ਭਲ ਮਾਨੈ ॥

ਆਦਿ ਅੰਤ ਕੀ ਕੀਮਤਿ ਜਾਨੈ ॥੩॥	آدِ انّت کی قِیمتِ جانے ॥3॥
ਕਹੁ ਨਾਨਕ ਤਿਸੁ ਜਨ ਬਲਿਹਾਰੀ ॥	کہُ نانک تِس جن بلِہاری ॥
ਜਾ ਕੈ ਹਿਰਦੈ ਵਸਹਿ ਮੁਰਾਰੀ ॥੪॥੧੫॥੨੧॥	جا کے ہِردے وسہِ مُراری ॥4॥ 15 ॥ 21 ॥
ਸੂਹੀ ਮਹਲਾ ੫ ॥	سوُہی محلا 5 ॥
ਗੁਰੁ ਪਰਮੇਸਰੁ ਕਰਣੈਹਾਰੁ ॥	گُرُ پرمیسرُ کرنّیہارُ ॥
ਸਗਲ ਸ੍ਰਿਸਟਿ ਕਉ ਦੇ ਆਧਾਰੁ ॥੧॥	سگل سرِسٹِ ک ءُ دے آدھارُ ॥1॥
ਗੁਰ ਕੇ ਚਰਣ ਕਮਲ ਮਨ ਧਿਆਇ ॥	گُر کے چرنؔ کمل من دھِیاءِ ॥
ਦੂਖੁ ਦਰਦੁ ਇਸੁ ਤਨ ਤੇ ਜਾਇ ॥੧॥ ਰਹਾਉ ॥	دوُکھُ دردُ اِس تن تے جاءِ ॥1॥ رہاءُ ॥
ਭਵਜਲਿ ਡੂਬਤ ਸਤਿਗੁਰੁ ਕਾਢੈ ॥	بھوجلِ ڈوُبت ستِگُرُ کاڈھے ॥
ਜਨਮ ਜਨਮ ਕਾ ਟੂਟਾ ਗਾਢੈ ॥੨॥	جنم جنم کا ٹوُٹا گاڈھے ॥2॥
ਗੁਰ ਕੀ ਸੇਵਾ ਕਰਹੁ ਦਿਨੁ ਰਾਤਿ ॥	گُر کی سیوا کرہُ دِنُ راتِ ॥
ਸੂਖ ਸਹਜ ਮਨਿ ਆਵੈ ਸਾਂਤਿ ॥੩॥	سوُکھ سہج منِ آوے سانتِ ॥3॥
ਸਤਿਗੁਰ ਕੀ ਰੇਣੁ ਵਡਭਾਗੀ ਪਾਵੈ ॥	ستِگُر کی رینُ وڈبھاگی پاوے ॥
ਨਾਨਕ ਗੁਰ ਕਉ ਸਦ ਬਲਿ ਜਾਵੈ ॥੪॥੧੬॥੨੨॥	نانک گُر ک ءُ سد بلِ جاوے ॥4॥ 16 ॥ 22 ॥
ਸੂਹੀ ਮਹਲਾ ੫ ॥	سوُہی محلا 5 ॥
ਗੁਰ ਅਪੁਨੇ ਊਪਰਿ ਬਲਿ ਜਾਈਐ ॥	گُر اپُنے اوُپرِ بلِ جائیئے ॥
ਆਠ ਪਹਰ ਹਰਿ ਹਰਿ ਜਸੁ ਗਾਈਐ ॥੧॥	آٹھ پہر ہرِ ہرِ جسُ گائیئے ॥1॥
ਸਿਮਰਉ ਸੋ ਪ੍ਰਭੁ ਅਪਨਾ ਸੁਆਮੀ ॥	سِمرءُ سو پربھُ اپنا سُیامی ॥
ਸਗਲ ਘਟਾ ਕਾ ਅੰਤਰਜਾਮੀ ॥੧॥ ਰਹਾਉ ॥	سگل گھٹا کا انترجامی ॥1॥ رہاءُ ॥
ਚਰਣ ਕਮਲ ਸਿਉ ਲਾਗੀ ਪ੍ਰੀਤਿ ॥	چرنؔ کمل سِ ءُ لاگی پریتِ ॥
ਸਾਚੀ ਪੂਰਨ ਨਿਰਮਲ ਰੀਤਿ ॥੨॥	ساچی پوُرن نِرمل ریتِ ॥2॥
ਸੰਤ ਪ੍ਰਸਾਦਿ ਵਸੈ ਮਨ ਮਾਹੀ ॥	سنّت پرّسادِ وسے من ماہی ॥

ਜਨਮ ਜਨਮ ਕੇ ਕਿਲਵਿਖ ਜਾਹੀ ॥੩॥	جنم جنم کے کِلوِکھ جاہی ॥3॥
ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥	کرِ کرِپا پربھ دِین دئیالا ۔ ॥
ਨਾਨਕੁ ਮਾਗੈ ਸੰਤ ਰਵਾਲਾ ॥੪॥੧੭॥੨੩॥	نانکُ ماگے سنّت روالا ॥4॥ 17 ॥ 23 ॥
ਸੂਹੀ ਮਹਲਾ ੫ ॥	سوُہی محلا 5 ॥
ਦਰਸਨੁ ਦੇਖਿ ਜੀਵਾ ਗੁਰ ਤੇਰਾ ॥	درسنُ دیکھِ جیِوا گُر تیرا ॥
ਪੂਰਨ ਕਰਮੁ ਹੋਇ ਪ੍ਰਭ ਮੇਰਾ ॥੧॥	پوُرن کرمُ ہوءِ پربھ میرا ॥1॥
ਇਹ ਬੇਨੰਤੀ ਸੁਣਿ ਪ੍ਰਭ ਮੇਰੇ ॥	اِہ بینّتی سُنِ پربھ میرے ۔ ॥
ਦੇਹਿ ਨਾਮੁ ਕਰਿ ਅਪਣੇ ਚੇਰੇ ॥੧॥ ਰਹਾਉ ॥	دیہِ نامُ کرِ اپنّے چیرے ॥1॥ رہاءُ ॥
ਅਪਣੀ ਸਰਣਿ ਰਾਖੁ ਪ੍ਰਭ ਦਾਤੇ ॥	اپنّی سرنِ راکھُ پربھ داتے ۔ ॥
ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ ॥੨॥	گُر پرسادِ کِنے وِرلے جاتے ॥2॥
ਸੁਨਹੁ ਬਿਨਉ ਪ੍ਰਭ ਮੇਰੇ ਮੀਤਾ ॥	سُنہُ بِنءُ پربھ میرے مِیتا ۔ ॥
ਚਰਣ ਕਮਲ ਵਸਹਿ ਮੇਰੈ ਚੀਤਾ ॥੩॥	چرنُ کمل وسہِ میرے چِیتا ॥3॥
ਨਾਨਕੁ ਏਕ ਕਰੈ ਅਰਦਾਸਿ ॥	نانکُ ایک کرے عرداسِ ॥
ਵਿਸਰੁ ਨਾਹੀ ਪੂਰਨ ਗੁਣਤਾਸਿ ॥੪॥੧੮॥੨੪॥	وِسرُ ناہی پوُرن گُنتاسِ ۔ ॥4॥ 18 ॥ 24 ॥
ਸੂਹੀ ਮਹਲਾ ੫ ॥	سوُہی محلا 5 ॥
ਮੀਤੁ ਸਾਜਨੁ ਸੁਤ ਬੰਧਪ ਭਾਈ ॥	میِتُ ساجنُ سُت بندھپ بھائی ॥
ਜਤ ਕਤ ਪੇਖਉ ਹਰਿ ਸੰਗਿ ਸਹਾਈ ॥੧॥	جت کت پیکھءُ ہرِ سنگِ سہائی ॥1॥
ਜਤਿ ਮੇਰੀ ਪਤਿ ਮੇਰੀ ਧਨੁ ਹਰਿ ਨਾਮੁ ॥	جتِ میری پتِ میری دھنُ ہرِ نامُ ॥
ਸੂਖ ਸਹਜ ਆਨੰਦ ਬਿਸਰਾਮ ॥੧॥ ਰਹਾਉ ॥	سوُکھ سہج آنند بِسرام ॥1॥ رہاءُ ॥
ਪਾਰਬ੍ਰਹਮੁ ਜਪਿ ਪਹਿਰਿ ਸਨਾਹ ॥	پاربّرہمُ جپِ پہرِ سناہ ॥
ਕੋਟਿ ਆਵਧ ਤਿਸੁ ਬੇਧਤ ਨਾਹਿ ॥੨॥	کوٹِ آودھ تِس بیدھت ناہِ ॥2॥
ਹਰਿ ਚਰਨ ਸਰਣ ਗੜ ਕੋਟ ਹਮਾਰੈ ॥	ہرِ چرن سرنُ گڑ کوٹ ہمارے ॥

ਕਾਲੁ ਕੰਟਕੁ ਜਮੁ ਤਿਸੁ ਨ ਬਿਦਾਰੈ ॥੩॥	کالُ کنٹکُ جمُ تِسُ ن بِدارے ॥3॥
ਨਾਨਕ ਦਾਸ ਸਦਾ ਬਲਿਹਾਰੀ ॥	نانک داس سدا بلِہاری ॥
ਸੇਵਕ ਸੰਤ ਰਾਜਾ ਰਾਮ ਮੁਰਾਰੀ ॥੪॥੧੯॥੨੫॥	سیوک سنّت راجا رام مُراری ॥4॥ 19 ॥ 25 ॥
ਸੂਹੀ ਮਹਲਾ ੫ ॥	سوُہی محلا 5 ॥
ਗੁਣ ਗੋਪਾਲ ਪ੍ਰਭ ਕੇ ਨਿਤ ਗਾਹਾ ॥	گُنؔ گوپال پربھ کے نِت گاہا ॥
ਅਨਦ ਬਿਨੋਦ ਮੰਗਲ ਸੁਖ ਤਾਹਾ ॥੧॥	اند بِنود منگل سُکھ تاہا ॥1॥
ਚਲੁ ਸਖੀਏ ਪ੍ਰਭੁ ਰਾਵਣ ਜਾਹਾ ॥	چلُ سکھیئے پربھُ راونؔ جاہا ॥
ਸਾਧ ਜਨਾ ਕੀ ਚਰਣੀ ਪਾਹਾ ॥੧॥ ਰਹਾਉ ॥	سادھ جنا کی چرنؔی پاہا ॥1॥ رہاءُ ॥
ਕਰਿ ਬੇਨਤੀ ਜਨ ਧੂਰਿ ਬਾਛਾਹਾ ॥	کرِ بینتی جن دھوُرِ باچھاہا ॥
ਜਨਮ ਜਨਮ ਕੇ ਕਿਲਵਿਖ ਲਾਹਾਂ ॥੨॥	جنم جنم کے کِلوِکھ لاہاں ॥2॥
ਮਨੁ ਤਨੁ ਪ੍ਰਾਣ ਜੀਉ ਅਰਪਾਹਾ ॥	منُ تنُ پرّانؔ جیِءُ ارپاہا ॥
ਹਰਿ ਸਿਮਰਿ ਸਿਮਰਿ ਮਾਨੁ ਮੋਹੁ ਕਟਾਹਾਂ ॥੩॥	ہرِ سِمرِ سِمرِ مانُ موہُ کٹاہاں ॥3॥
ਦੀਨ ਦਇਆਲ ਕਰਹੁ ਉਤਸਾਹਾ ॥	دِین دیَیال کرہُ اُتساہا ॥
ਨਾਨਕ ਦਾਸ ਹਰਿ ਸਰਣਿ ਸਮਾਹਾ ॥੪॥੨੦॥੨੬॥	نانک داس ہرِ سرنِؔ سماہا ॥4॥ 20 ॥ 26 ॥
ਸੂਹੀ ਮਹਲਾ ੫ ॥	سوُہی محلا 5 ॥
ਬੈਕੁੰਠ ਨਗਰੁ ਜਹਾ ਸੰਤ ਵਾਸਾ ॥	بیَکُنٹھ نگرُ جہا سنّت واسا ॥
ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ॥੧॥	پربھ چرنؔ کمل رِد ماہِ نِواسا ॥1॥
ਸੁਣਿ ਮਨ ਤਨ ਤੁਝੁ ਸੁਖੁ ਦਿਖਲਾਵਉ ॥	سُنِؔ من تن تُجھُ سُکھُ دِکھلاوءُ ॥
ਹਰਿ ਅਨਿਕ ਬਿੰਜਨ ਤੁਝੁ ਭੋਗ ਭੁੰਚਾਵਉ ॥੧॥ ਰਹਾਉ ॥	ہرِ انِک بنّجن تُجھُ بھوگ بھُنّچاوءُ ॥1॥ رہاءُ ॥
ਅੰਮ੍ਰਿਤ ਨਾਮੁ ਭੁੰਚੁ ਮਨ ਮਾਹੀ ॥	انمّرِت نامُ بھُنّچُ من ماہی ॥
ਅਚਰਜ ਸਾਦ ਤਾ ਕੇ ਬਰਨੇ ਨ ਜਾਹੀ ॥੨॥	اچرج ساد تا کے برنے ن جاہی ॥2॥
ਲੋਭੁ ਮੂਆ ਤ੍ਰਿਸਨਾ ਬੁਝਿ ਥਾਕੀ ॥	لوبھُ موُیا ترِسنا بُجھِ تھاکی ॥

ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੩॥	پاربّرہم کی سرنِ جن تاکی ॥3॥
ਜਨਮ ਜਨਮ ਕੇ ਭੈ ਮੋਹ ਨਿਵਾਰੇ ॥	جنم جنم کے بھے موہ نِوارے ॥
ਨਾਨਕ ਦਾਸ ਪ੍ਰਭ ਕਿਰਪਾ ਧਾਰੇ ॥੪॥੨੧॥੨੭॥	نانک داس پربھ کِرپا دھارے ॥4॥ 21 ॥ 27 ॥
ਸੂਹੀ ਮਹਲਾ ੫ ॥	سوہی محلا 5 ॥
ਅਨਿਕ ਬੀਂਗ ਦਾਸ ਕੇ ਪਰਹਰਿਆ ॥	انِک بِینگ داس کے پرہرِیا ॥
ਕਰਿ ਕਿਰਪਾ ਪ੍ਰਭਿ ਅਪਨਾ ਕਰਿਆ ॥੧॥	کرِ کرِپا پربھِ اپنا کرِیا ॥1॥
ਤੁਮਹਿ ਛਡਾਇ ਲੀਓ ਜਨੁ ਅਪਨਾ ॥	تُمہِ چھڈاءِ لِینو جنُ اپنا ॥
ਉਰਝਿ ਪਰਿਓ ਜਾਲੁ ਜਗੁ ਸੁਪਨਾ ॥੧॥ ਰਹਾਉ ॥	اُرجھِ پرِئو جالُ جگُ سُپنا ॥1॥ رہاءُ ॥
ਪਰਬਤ ਦੋਖ ਮਹਾ ਬਿਕਰਾਲਾ ॥	پربت دوکھ مہا بِکرالا ॥
ਖਿਨ ਮਹਿ ਦੂਰਿ ਕੀਏ ਦਇਆਲਾ ॥੨॥	کھِن مہِ دوُرِ کیئے دیئالا ॥2॥
ਸੋਗ ਰੋਗ ਬਿਪਤਿ ਅਤਿ ਭਾਰੀ ॥	سوگ روگ بِپتِ اتِ بھاری ॥
ਦੂਰਿ ਭਈ ਜਪਿ ਨਾਮੁ ਮੁਰਾਰੀ ॥੩॥	دوُرِ بھئی جپِ نامُ مُراری ॥3॥
ਦ੍ਰਿਸਟਿ ਧਾਰਿ ਲੀਨੋ ਲੜਿ ਲਾਇ ॥	دّرِسٹِ دھارِ لِینو لڑِ لاءِ ॥
ਹਰਿ ਚਰਣ ਗਹੇ ਨਾਨਕ ਸਰਣਾਇ ॥੪॥੨੨॥੨੮॥	ہرِ چرنْ گہے نانک سرٹاءِ ॥4॥ 22 ॥ 28 ॥
ਸੂਹੀ ਮਹਲਾ ੫ ॥	سوہی محلا 5 ॥
ਦੀਨੁ ਛਡਾਇ ਦੁਨੀ ਜੋ ਲਾਏ ॥	دِینُ چھڈاءِ دُنی جو لائے ॥
ਦੁਹੀ ਸਰਾਈ ਖੁਨਾਮੀ ਕਹਾਏ ॥੧॥	دُہی سرائی کھُنامی کہائے ॥1॥
ਜੋ ਤਿਸੁ ਭਾਵੈ ਸੋ ਪਰਵਾਣੁ ॥	جو تِس بھاوے سو پرواںُ ॥
ਆਪਣੀ ਕੁਦਰਤਿ ਆਪੇ ਜਾਣੁ ॥੧॥ ਰਹਾਉ ॥	آپنّی قُدرتِ آپے جانںُ ॥1॥ رہاءُ ॥
ਸਚਾ ਧਰਮੁ ਪੁੰਨੁ ਭਲਾ ਕਰਾਏ ॥	سچا دھرمُ پُنّنُ بھلا کرائے ॥
ਦੀਨ ਕੈ ਤੋਸੈ ਦੁਨੀ ਨ ਜਾਏ ॥੨॥	دِین کے توشے دُنی ن جائے ॥2॥
ਸਰਬ ਨਿਰੰਤਰਿ ਏਕੋ ਜਾਗੈ ॥	سرب نِرنّترِ ایکو جاگے ॥

ਜਿਤੁ ਜਿਤੁ ਲਾਇਆ ਤਿਤੁ ਤਿਤੁ ਕੋ ਲਾਗੈ ॥੩॥	جِتُ جِتُ لائیا تِتُ تِتُ کو لاگے ॥3॥
ਅਗਮ ਅਗੋਚਰੁ ਸਚੁ ਸਾਹਿਬੁ ਮੇਰਾ ॥	اگم اگوچرُ سچُ صاحِبُ میرا ॥
ਨਾਨਕੁ ਬੋਲੈ ਬੋਲਾਇਆ ਤੇਰਾ ॥੪॥੨੩॥੨੯॥	نانکُ بولے بولائیا تیرا ॥4॥ 23 ॥ 29 ॥
ਸੂਹੀ ਮਹਲਾ ੫ ॥	سوُہی محلا 5 ॥
ਪ੍ਰਾਤਹਕਾਲਿ ਹਰਿ ਨਾਮੁ ਉਚਾਰੀ ॥	پّراتہکالِ ہرِ نامُ اُچاری ॥
ਈਤ ਊਤ ਕੀ ਓਟ ਸਵਾਰੀ ॥੧॥	ایت اوُت کی اوٹ سواری ॥1॥
ਸਦਾ ਸਦਾ ਜਪੀਐ ਹਰਿ ਨਾਮ ॥	سدا سدا جپیئے ہرِ نام ॥
ਪੂਰਨ ਹੋਵਹਿ ਮਨ ਕੇ ਕਾਮ ॥੧॥ ਰਹਾਉ ॥	پوُرن ہووہِ من کے کام ॥1॥ رہاءُ ॥
ਪ੍ਰਭੁ ਅਬਿਨਾਸੀ ਰੈਣਿ ਦਿਨੁ ਗਾਉ ॥	پّربھُ ابناسی رینّ دِنُ گاءُ ॥
ਜੀਵਤ ਮਰਤ ਨਿਹਚਲੁ ਪਾਵਹਿ ਥਾਉ ॥੨॥	جیوت مرت نہچلُ پاوہِ تھاءُ ॥2॥
ਸੋ ਸਾਹੁ ਸੇਵਿ ਜਿਤੁ ਤੋਟਿ ਨ ਆਵੈ ॥	سو ساہُ سیوِ جِتُ توٹِ ن آوے ॥
ਖਾਤ ਖਰਚਤ ਸੁਖਿ ਅਨਦਿ ਵਿਹਾਵੈ ॥੩॥	کھات خرچت سُکھِ اندِ وِہاوے ॥3॥
ਜਗਜੀਵਨ ਪੁਰਖੁ ਸਾਧਸੰਗਿ ਪਾਇਆ ॥	جگجیون پُرکھُ سادھسنگِ پائیا ॥
ਗੁਰ ਪ੍ਰਸਾਦਿ ਨਾਨਕ ਨਾਮੁ ਧਿਆਇਆ ॥੪॥੨੪॥੩੦॥	گُر پّرسادِ نانک نامُ دھیائیا ॥4॥ 24 ॥ 30 ॥
ਸੂਹੀ ਮਹਲਾ ੫ ॥	سوُہی محلا 5 ॥
ਗੁਰ ਪੂਰੇ ਜਬ ਭਏ ਦਇਆਲ ॥	گُر پوُرے جب بھئے دئیال ॥
ਦੁਖ ਬਿਨਸੇ ਪੂਰਨ ਭਈ ਘਾਲ ॥੧॥	دُکھ بِنسے پوُرن بھئی گھال ॥1॥
ਪੇਖਿ ਪੇਖਿ ਜੀਵਾ ਦਰਸੁ ਤੁਮ੍ਹਾਰਾ ॥	پیکھِ پیکھِ جیوا درسُ تُمہارا ॥
ਚਰਣ ਕਮਲ ਜਾਈ ਬਲਿਹਾਰਾ ॥	چرنْ کمل جائی بلِہارا ॥
ਤੁਝ ਬਿਨੁ ਠਾਕੁਰ ਕਵਨੁ ਹਮਾਰਾ ॥੧॥ ਰਹਾਉ ॥	تُجھ بِنُ ٹھاکُر کونُ ہمارا ۔ ॥1॥ رہاءُ ॥
ਸਾਧਸੰਗਤਿ ਸਿਉ ਪ੍ਰੀਤਿ ਬਣਿ ਆਈ ॥	سادھسنگتِ سِءُ پّریتِ بنِ آئی ॥
ਪੂਰਬ ਕਰਮਿ ਲਿਖਤ ਧੁਰਿ ਪਾਈ ॥੨॥	پوُرب کرمِ لِکھت دھُرِ پائی ॥2॥

ਜਪਿ ਹਰਿ ਹਰਿ ਨਾਮੁ ਅਚਰਜੁ ਪਰਤਾਪ ॥	جپِ ہرِ ہرِ نامُ اچرجُ پرتاپ ॥
ਜਾਲਿ ਨ ਸਾਕਹਿ ਤੀਨੇ ਤਾਪ ॥੩॥	جالِ ن ساکہِ تِینے تاپ ॥3॥
ਨਿਮਖ ਨ ਬਿਸਰਹਿ ਹਰਿ ਚਰਣ ਤੁਮ੍ਾਰੇ ॥	نِمکھ ن بِسرہِ ہرِ چرنؔ تُمہارے ॥
ਨਾਨਕ ਮਾਗੈ ਦਾਨੁ ਪਿਆਰੇ ॥੪॥੨੫॥੩੧॥	نانک ماگے دانُ پِیارے ۔ ॥4॥ 25 ॥ 31 ॥
ਸੂਹੀ ਮਹਲਾ ੫ ॥	سوُہی محلا 5 ॥
ਸੇ ਸੰਜੋਗ ਕਰਹੁ ਮੇਰੇ ਪਿਆਰੇ ॥	سے سنجوگ کرہُ میرے پِیارے ۔ ॥
ਜਿਤੁ ਰਸਨਾ ਹਰਿ ਨਾਮੁ ਉਚਾਰੇ ॥੧॥	جِتُ رسنا ہرِ نامُ اُچارے ॥1॥
ਸੁਣਿ ਬੇਨਤੀ ਪ੍ਰਭ ਦੀਨ ਦਇਆਲਾ ॥	سُنِؔ بینتی پربھ دِین دئیالا ۔ ॥
ਸਾਧ ਗਾਵਹਿ ਗੁਣ ਸਦਾ ਰਸਾਲਾ ॥੧॥ ਰਹਾਉ ॥	سادھ گاوہِ گُنؔ سدا رسالا ॥1॥ رہاءُ ॥
ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ ॥	جیون روُپُ سِمرنُؔ پربھ تیرا ॥
ਜਿਸੁ ਕ੍ਰਿਪਾ ਕਰਹਿ ਬਸਹਿ ਤਿਸੁ ਨੇਰਾ ॥੨॥	جِسُ کرِپا کرہِ بسہِ تِسُ نیرا ॥2॥
ਜਨ ਕੀ ਭੂਖ ਤੇਰਾ ਨਾਮੁ ਅਹਾਰੁ ॥	جن کی بھوُکھ تیرا نامُ اہارُ ॥
ਤੂੰ ਦਾਤਾ ਪ੍ਰਭ ਦੇਵਣਹਾਰੁ ॥੩॥	توُنؔ داتا پربھ دیوٹہارُ ॥3॥
ਰਾਮ ਰਮਤ ਸੰਤਨ ਸੁਖੁ ਮਾਨਾ ॥	رام رمت سنتن سُکھُ مانا ॥
ਨਾਨਕ ਦੇਵਨਹਾਰ ਸੁਜਾਨਾ ॥੪॥੨੬॥੩੨॥	نانک دیونہار سُجانا ॥4॥ 26 ॥ 32 ॥
ਸੂਹੀ ਮਹਲਾ ੫ ॥	سوُہی محلا 5 ॥
ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ ॥	بہتی جات کدے دڑِسٹِ ن دھارت ॥
ਮਿਥਿਆ ਮੋਹ ਬੰਧਹਿ ਨਿਤ ਪਾਰਚ ॥੧॥	مِتھیا موہ بندھہِ نِت پارچ ॥1॥
ਮਾਧਵੇ ਭਜੁ ਦਿਨ ਨਿਤ ਰੈਣੀ ॥	مادھوے بھجُ دِن نِت رینؔی ॥
ਜਨਮੁ ਪਦਾਰਥੁ ਜੀਤਿ ਹਰਿ ਸਰਣੀ ॥੧॥ ਰਹਾਉ ॥	جنمُ پدارتھُ جیتِ ہرِ سرنؔی ॥1॥ رہاءُ ॥
ਕਰਤ ਬਿਕਾਰ ਦੋਊ ਕਰ ਝਾਰਤ ॥	کرت بِکار دوئوُ کر جھارت ॥
ਰਾਮ ਰਤਨੁ ਰਿਦ ਤਿਲੁ ਨਹੀ ਧਾਰਤ ॥੨॥	رام رتنُ رِد تِلُ نہی دھارت ॥2॥

ਭਰਣ ਪੋਖਣ ਸੰਗਿ ਅਉਧ ਬਿਹਾਣੀ ॥	بھرنٞ پوکھنٞ سنگِ ائدھ بِہانٞی ॥
ਜੈ ਜਗਦੀਸ ਕੀ ਗਤਿ ਨਹੀ ਜਾਣੀ ॥੩॥	جے جگدیس کی گتِ نہی جانٞی ॥3॥
ਸਰਣਿ ਸਮਰਥ ਅਗੋਚਰ ਸੁਆਮੀ ॥	سرنِٞ سمرتھ اگوچر سُیامی ॥
ਉਧਰੁ ਨਾਨਕ ਪ੍ਰਭ ਅੰਤਰਜਾਮੀ ॥੪॥੨੭॥੩੩॥	اُدھرُ نانک پربھ انترجامی ॥4॥ 27 ॥ 33 ॥
ਸੂਹੀ ਮਹਲਾ ੫ ॥	سوُہی محلا 5 ॥
ਸਾਧਸੰਗਿ ਤਰੈ ਭੈ ਸਾਗਰੁ ॥	سادھسنگِ ترے بھے ساگرُ ॥
ਹਰਿ ਹਰਿ ਨਾਮੁ ਸਿਮਰਿ ਰਤਨਾਗਰੁ ॥੧॥	ہرِ ہرِ نامُ سِمرِ رتناگرُ ॥1॥
ਸਿਮਰਿ ਸਿਮਰਿ ਜੀਵਾ ਨਾਰਾਇਣ ॥	سِمرِ سِمرِ جیِوا نارائِنٞ ॥
ਦੂਖ ਰੋਗ ਸੋਗ ਸਭਿ ਬਿਨਸੇ ਗੁਰ ਪੂਰੇ ਮਿਲਿ ਪਾਪ ਤਜਾਇਣ ॥੧॥ ਰਹਾਉ ॥	دوُکھ روگ سوگ سبھِ بِنسے گُرپوُرے مِلِ پاپ تجائِنٞ ॥1॥ رہاءُ ॥
ਜੀਵਨ ਪਦਵੀ ਹਰਿ ਕਾ ਨਾਉ ॥	جیِون پدوی ہرِ کا ناءُ ॥
ਮਨੁ ਤਨੁ ਨਿਰਮਲੁ ਸਾਚੁ ਸੁਆਉ ॥੨॥	منُ تنُ نِرملُ ساچُ سُیاءُ ॥2॥
ਆਠ ਪਹਰ ਪਾਰਬ੍ਰਹਮੁ ਧਿਆਈਐ ॥	آٹھ پہر پاربرہمُ دھِیائیےَ ॥
ਪੂਰਬਿ ਲਿਖਤੁ ਹੋਇ ਤਾ ਪਾਈਐ ॥੩॥	پوُربِ لِکھتُ ہوءِ تا پائیےَ ॥3॥
ਸਰਣਿ ਪਏ ਜਪਿ ਦੀਨ ਦਇਆਲਾ ॥	سرنِٞ پئے جپِ دِین دیِیالا ॥
ਨਾਨਕੁ ਜਾਚੈ ਸੰਤ ਰਵਾਲਾ ॥੪॥੨੮॥੩੪॥	نانکُ جاچےَ سنّت روالا ॥4॥ 28 ॥ 34 ॥
ਸੂਹੀ ਮਹਲਾ ੫ ॥	سوُہی محلا 5 ॥
ਘਰ ਕਾ ਕਾਜੁ ਨ ਜਾਣੀ ਰੂੜਾ ॥	گھر کا کاجُ ن جانٞی روُڑا ॥
ਝੂਠੈ ਧੰਧੈ ਰਚਿਓ ਮੂੜਾ ॥੧॥	جھوُٹھےَ دھندّھےَ رچِیو موُڑا ॥1॥
ਜਿਤੁ ਤੂੰ ਲਾਵਹਿ ਤਿਤੁ ਤਿਤੁ ਲਗਨਾ ॥	جِتُ توُنَ لاوہِ تِتُ تِتُ لگنا ॥
ਜਾ ਤੂੰ ਦੇਹਿ ਤੇਰਾ ਨਾਉ ਜਪਨਾ ॥੧॥ ਰਹਾਉ ॥	جا توُنَ دیہِ تیرا ناءُ جپنا ॥1॥ رہاءُ ॥
ਹਰਿ ਕੇ ਦਾਸ ਹਰਿ ਸੇਤੀ ਰਾਤੇ ॥	ہرِ کے داس ہرِ سیتی راتے ॥
ਰਾਮ ਰਸਾਇਣਿ ਅਨਦਿਨੁ ਮਾਤੇ ॥੨॥	رام رسائِنٞ اندِنُ ماتے ॥2॥

ਬਾਹ ਪਕਰਿ ਪ੍ਰਭਿ ਆਪੇ ਕਾਢੇ ॥	باہ پکرِ پربھ آپے کاڈھے ॥
ਜਨਮ ਜਨਮ ਕੇ ਟੂਟੇ ਗਾਢੇ ॥੩॥	جنم جنم کے ٹوٹے گاڈھے ॥3॥
ਉਧਰੁ ਸੁਆਮੀ ਪ੍ਰਭ ਕਿਰਪਾ ਧਾਰੇ ॥	اُدھرُ سُیامی پربھ کِرپا دھارے ॥
ਨਾਨਕ ਦਾਸ ਹਰਿ ਸਰਣਿ ਦੁਆਰੇ ॥੪॥੨੯॥੩੫॥	نانک داس ہرِ سرنِ دُیارے ॥4॥ 29 ॥ 35 ॥
ਸੂਹੀ ਮਹਲਾ ੫ ॥	سوُہی محلا 5 ॥
ਸੰਤ ਪ੍ਰਸਾਦਿ ਨਿਹਚਲੁ ਘਰੁ ਪਾਇਆ ॥	سنّت پرسادِ نِہچلُ گھرُ پائیا ॥
ਸਰਬ ਸੂਖ ਫਿਰਿ ਨਹੀ ਡੋਲਾਇਆ ॥੧॥	سرب سوُکھ پھرِ نہی ڈولائیا ॥1॥
ਗੁਰੂ ਧਿਆਇ ਹਰਿ ਚਰਨ ਮਨਿ ਚੀਨ੍ਹੇ ॥	گُرہُ دھیاءِ ہرِ چرن منِ چینّہے ॥
ਤਾ ਤੇ ਕਰਤੈ ਅਸਥਿਰੁ ਕੀਨ੍ਹੇ ॥੧॥ ਰਹਾਉ ॥	تا تے کرتے استھِرُ کِینّہے ॥1॥ رہاءُ ॥
ਗੁਣ ਗਾਵਤ ਅਚੁਤ ਅਬਿਨਾਸੀ ॥	گُن گاوت اچُت اِبناسی ॥
ਤਾ ਤੇ ਕਾਟੀ ਜਮ ਕੀ ਫਾਸੀ ॥੨॥	تا تے کاٹی جم کی پھاسی ॥2॥
ਕਰਿ ਕਿਰਪਾ ਲੀਨੇ ਲੜਿ ਲਾਏ ॥	کرِ کِرپا لِینے لڑِ لائے ॥
ਸਦਾ ਅਨਦੁ ਨਾਨਕ ਗੁਣ ਗਾਏ ॥੩॥੩੦॥੩੬॥	سدا اندُ نانک گُن گائے ॥3॥ 30 ॥ 36 ॥
ਸੂਹੀ ਮਹਲਾ ੫ ॥	سوُہی محلا 5 ॥
ਅੰਮ੍ਰਿਤ ਬਚਨ ਸਾਧ ਕੀ ਬਾਣੀ ॥	انمّرِت بچن سادھ کی باٹی ॥
ਜੋ ਜੋ ਜਪੈ ਤਿਸ ਕੀ ਗਤਿ ਹੋਵੈ ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥੧॥ ਰਹਾਉ ॥	جو جو جپے تِس کی گتِ ہووے ہرِ ہرِ نامُ نِت رسن بکھانی ॥1॥ رہاءُ ॥
ਕਲੀ ਕਾਲ ਕੇ ਮਿਟੇ ਕਲੇਸਾ ॥	کلی کال کے مِٹے کلیسا ॥
ਏਕੋ ਨਾਮੁ ਮਨ ਮਹਿ ਪਰਵੇਸਾ ॥੧॥	ایکو نامُ من مہِ پرویسا ॥1॥
ਸਾਧੂ ਧੂਰਿ ਮੁਖਿ ਮਸਤਕਿ ਲਾਈ ॥	سادھوُ دھوُرِ مُکھِ مستکِ لائی ॥
ਨਾਨਕ ਉਧਰੇ ਹਰਿ ਗੁਰ ਸਰਣਾਈ ॥੨॥੩੧॥੩੭॥	نانک اُدھرے ہرِ گُر سرٹائی ॥2॥ 31 ॥ 37 ॥
ਸੂਹੀ ਮਹਲਾ ੫ ਘਰ ੩ ॥	سوُہی محلا 5 گھر 3 ॥
ਗੋਬਿੰਦਾ ਗੁਣ ਗਾਉ ਦਇਆਲਾ ॥	گوبِندا گُن گاءُ دئیالا ۔ ॥

ਦਰਸਨੁ ਦੇਹੁ ਪੂਰਨ ਕਿਰਪਾਲਾ ॥ ਰਹਾਉ ॥	درسنُ دیہُ پُورن کِرپالا ॥ رہاءُ ॥
ਕਰਿ ਕਿਰਪਾ ਤੁਮ ਹੀ ਪ੍ਰਤਿਪਾਲਾ ॥	کرِ کِرپا تُم ہی پرتپالا ॥
ਜੀਉ ਪਿੰਡੁ ਸਭੁ ਤੁਮਰਾ ਮਾਲਾ ॥੧॥	جیِءُ پِنڈُ سبھُ تُمرا مالا ॥1॥
ਅੰਮ੍ਰਿਤ ਨਾਮੁ ਚਲੈ ਜਪਿ ਨਾਲਾ ॥	انمّرِت نامُ چلےَ جپِ نالا ॥
ਨਾਨਕੁ ਜਾਚੈ ਸੰਤ ਰਵਾਲਾ ॥੨॥੩੨॥੩੮॥	نانکُ جاچےَ سنّت روالا ॥2॥ 32 ॥ 38 ॥
ਸੂਹੀ ਮਹਲਾ ੫ ॥	سوُہی محلا 5 ॥
ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥	تِسُ بِنُ دوُجا اورُ ن کوئی ॥
ਆਪੇ ਥੰਮੈ ਸਚਾ ਸੋਈ ॥੧॥	آپے تھنّمےَ سچا سوئی ॥1॥
ਹਰਿ ਹਰਿ ਨਾਮੁ ਮੇਰਾ ਆਧਾਰੁ ॥	ہرِ ہرِ نامُ میرا آدھارُ ॥
ਕਰਣ ਕਾਰਣ ਸਮਰਥੁ ਅਪਾਰੁ ॥੧॥ ਰਹਾਉ ॥	کرنّ کارنّ سمرتھُ اپارُ ॥1॥ رہاءُ ॥
ਸਭ ਰੋਗ ਮਿਟਾਵੇ ਨਵਾ ਨਿਰੋਆ ॥	سبھ روگ مِٹاوے نوا نِرویا ॥
ਨਾਨਕ ਰਖਾ ਆਪੇ ਹੋਆ ॥੨॥੩੩॥੩੯॥	نانک رکھا آپے ہویا ॥2॥ 33 ॥ 39 ॥
ਸੂਹੀ ਮਹਲਾ ੫ ॥	سوُہی محلا 5 ॥
ਦਰਸਨ ਕਉ ਲੋਚੈ ਸਭੁ ਕੋਈ ॥	درسن کءُ لوچےَ سبھُ کوئی ॥
ਪੂਰੈ ਭਾਗਿ ਪਰਾਪਤਿ ਹੋਈ ॥ ਰਹਾਉ ॥	پوُرےَ بھاگِ پراپتِ ہوئی ॥ رہاءُ ॥
ਸਿਆਮ ਸੁੰਦਰ ਤਜਿ ਨੀਦ ਕਿਉ ਆਈ ॥	سِیام سُندر تجِ نیِد کِءُ آئی ۔ ॥
ਮਹਾ ਮੋਹਨੀ ਦੂਤਾ ਲਾਈ ॥੧॥	مہا موہنی دوُتا لائی ॥1॥
ਪ੍ਰੇਮ ਬਿਛੋਹਾ ਕਰਤ ਕਸਾਈ ॥	پریم بچھوہا کرت کسائی ॥
ਨਿਰਦੈ ਜੰਤੁ ਤਿਸੁ ਦਇਆ ਨ ਪਾਈ ॥੨॥	نِردےَ جنّتُ تِسُ دیَیا ن پائی ॥2॥
ਅਨਿਕ ਜਨਮ ਬੀਤੀਅਨ ਭਰਮਾਈ ॥	انِک جنم بیتیئن بھرمائی ॥
ਘਰਿ ਵਾਸੁ ਨ ਦੇਵੈ ਦੁਤਰ ਮਾਈ ॥੩॥	گھرِ واسُ ن دیوےَ دُتر مائی ॥3॥
ਦਿਨੁ ਰੈਨਿ ਅਪਨਾ ਕੀਆ ਪਾਈ ॥	دِنُ رینِ اپنا کِیا پائی ॥

ਕਿਸੁ ਦੋਸੁ ਨ ਦੀਜੈ ਕਿਰਤੁ ਭਵਾਈ ॥੪॥	کِسُ دوسُ ن دیجے کِرتُ بھوائی ॥4॥
ਸੁਣਿ ਸਾਜਨ ਸੰਤ ਜਨ ਭਾਈ ॥	سُنِ ساجن سنّت جن بھائی ۔ ॥
ਚਰਣ ਸਰਣ ਨਾਨਕ ਗਤਿ ਪਾਈ ॥੫॥੩੪॥੪੦॥	چرنُ سرنُ نانک گتِ پائی ॥5॥ 34 ॥ 40 ॥
ਰਾਗੁ ਸੂਹੀ ਮਹਲਾ ੫ ਘਰੁ ੪	راگُ سوُہی محلا 5 گھرُ 4
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥	بھلی سُہاوی چھاپری جا مہِ گُن گائے ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥੧॥ ਰਹਾਉ ॥	کِت ہی کامِ ن دھئُلہر جِتُ ہرِ بِسرائے ॥1॥ رہاءُ ॥
ਅਨਦੁ ਗਰੀਬੀ ਸਾਧਸੰਗਿ ਜਿਤੁ ਪ੍ਰਭ ਚਿਤਿ ਆਏ ॥	اندُ غریبی سادھسنگِ جِتُ پربھ چِتِ آئے ॥
ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ ॥੧॥	جلِ جاءُ ایہُ بڈپنا مائیا لپٹائے ॥1॥
ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ ॥	پیسنُ پیسِ اوڈھِ کامری سُکھُ منُ سنّتوکھائے ॥
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥੨॥	ایَسو راجُ ن کِتے کاجِ جِتُ نہ تّرِپتائے ॥2॥
ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ ॥	نگن پھِرت رنگِ ایک کے اوہُ سوبھا پائے ॥
ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥੩॥	پاٹ پٹنّبر برتھیا جِہ رچِ لوبھائے ॥3॥
ਸਭੁ ਕਿਛੁ ਤੁਮ੍ਰੈ ਹਾਥਿ ਪ੍ਰਭ ਆਪਿ ਕਰੇ ਕਰਾਏ ॥	سبھُ کِچھُ تُمہرے ہاتھِ پربھ آپِ کرے کرائے ॥
ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ ॥੪॥੧॥੪੧॥	ساسِ ساسِ سِمرت رہا نانک دانُ پائے ॥4॥ 1 ॥ 41 ॥

ਸੂਹੀ ਮਹਲਾ ੫ ॥

ہرِ کا سنّتُ پران دھن
تِس کا پنہارا ॥

ਹਰਿ ਕਾ ਸੰਤੁ ਪਰਾਨ ਧਨ
ਤਿਸ ਕਾ ਪਨਿਹਾਰਾ ॥

بھائی مِیت سُت سگل تے
جیء ہوُنّ تے پِیارا ॥1॥ رہاءُ ॥

ਭਾਈ ਮੀਤ ਸੁਤ ਸਗਲ ਤੇ
ਜੀਅ ਹੂੰ ਤੇ ਪਿਆਰਾ ॥੧॥ ਰਹਾਉ ॥

کیسا کا کرِ بیجنا
سنّت چنُر ڈھُلاوءُ ॥

ਕੇਸਾ ਕਾ ਕਰਿ ਬੀਜਨਾ
ਸੰਤ ਚਉਰੁ ਢੁਲਾਵਉ ॥

سِیسُ نِہارءُ چرنٹ تلِ
دھوُرِ مُکھِ لاوءُ ॥1॥

ਸੀਸੁ ਨਿਹਾਰਉ ਚਰਣ ਤਲਿ
ਧੂਰਿ ਮੁਖਿ ਲਾਵਉ ॥੧॥

مِسٹ بچن بینتی کرءُ
دِین کی نِیائی ॥

ਮਿਸਟ ਬਚਨ ਬੇਨਤੀ ਕਰਉ
ਦੀਨ ਕੀ ਨਿਆਈ ॥

تجِ ابھِمانُ سرنٹی پرءُ
ہرِ گُنٹ نِدھِ پائی ॥2॥

ਤਜਿ ਅਭਿਮਾਨੁ ਸਰਣੀ ਪਰਉ
ਹਰਿ ਗੁਣ ਨਿਧਿ ਪਾਈ ॥੨॥

اولوکن پُنہ پُنہ کرءُ
جن کا درسارُ ॥

ਅਵਲੋਕਨ ਪੁਨਹ ਪੁਨਹ ਕਰਉ
ਜਨ ਕਾ ਦਰਸਾਰੁ ॥

انّمرِت بچن من مہِ سِنچّءُ
بندءُ بار بار ॥3॥

ਅੰਮ੍ਰਿਤ ਬਚਨ ਮਨ ਮਹਿ ਸਿੰਚਉ
ਬੰਦਉ ਬਾਰ ਬਾਰ ॥੩॥

چِتوءُ منِ آسا کرءُ
جن کا سنگُ ماگءُ ॥

ਚਿਤਵਉ ਮਨਿ ਆਸਾ ਕਰਉ
ਜਨ ਕਾ ਸੰਗੁ ਮਾਗਉ ॥

نانک کءُ پربھ دئیا کرِ
داس چرنٹی لاگءُ ॥4॥2॥ 42 ॥

ਨਾਨਕ ਕਉ ਪ੍ਰਭ ਦਇਆ ਕਰਿ
ਦਾਸ ਚਰਣੀ ਲਾਗਉ ॥੪॥੨॥੪੨॥

ਸੂਹੀ ਮਹਲਾ ੫ ॥

سوُہی محلا 5 ॥

جِنِ موہے برہمنڈ کھنڈ
تاہوُ مہِ پاءُ ॥

ਜਿਨਿ ਮੋਹੇ ਬ੍ਰਹਮੰਡ ਖੰਡ
ਤਾਹੂ ਮਹਿ ਪਾਉ ॥

راکھِ لیہُ اِہُ بِکھئی جیِءُ

ਰਾਖਿ ਲੇਹੁ ਇਹੁ ਬਿਖਈ ਜੀਉ

ਦੇਹੁ ਅਪੁਨਾ ਨਾਉ ॥੧॥ ਰਹਾਉ ॥	دیہُ اپُنا ناءُ ॥1॥ رہاءُ ॥
ਜਾ ਤੇ ਨਾਹੀ ਕੋ ਸੁਖੀ ਤਾ ਕੈ ਪਾਛੈ ਜਾਉ ॥	جا تے ناہی کو سُکھی تا کے پاچھے جاءُ ॥
ਛੋਡਿ ਜਾਹਿ ਜੋ ਸਗਲ ਕਉ ਫਿਰਿ ਫਿਰਿ ਲਪਟਾਉ ॥੧॥	چھوڈِ جاہِ جو سگل ک ءُ پھِرِ پھِرِ لپٹاءُ ॥1॥
ਕਰਹੁ ਕ੍ਰਿਪਾ ਕਰੁਣਾਪਤੇ ਤੇਰੇ ਹਰਿ ਗੁਣ ਗਾਉ ॥	کرہُ کرِپا کرُنا پتے تیرے ہرِ گُن گاءُ ॥
ਨਾਨਕ ਕੀ ਪ੍ਰਭ ਬੇਨਤੀ ਸਾਧਸੰਗਿ ਸਮਾਉ ॥੨॥੩॥੪੩॥	نانک کی پربھ بینتی سادھسنگِ سماءُ ॥2॥3॥ 43 ॥
ਰਾਗੁ ਸੂਹੀ ਮਹਲਾ ੫ ਘਰੁ ੫ ਪੜਤਾਲ	راگُ سوُہی محلا 5 گھرُ 5 پڑتال
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ ॥	پرِیتِ پرِیتِ گُریِیا موہن لالنا ॥
ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ ਕੁਰੀਆ ॥੧॥ ਰਹਾਉ ॥	جپِ من گوبِند ایکے اورُ نہی کو لیکھے سنّت لاگ منہِ چھاڈُ دُبِدھا کی کُریِیا ॥1॥ رہاءُ ॥
ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ ॥	نِرگُن ہریِیا سرگُن دھریِیا انِک کوٹھریِیا بھِنّن بھِنّن بھِنّن بھِن کریِیا ॥
ਵਿਚਿ ਮਨ ਕੋਟਵਰੀਆ ॥	وِچِ من کوٹوریِیا ॥
ਨਿਜ ਮੰਦਰਿ ਪਿਰੀਆ ॥	نِج منّدرِ پریِیا ॥
ਤਹਾ ਆਨਦ ਕਰੀਆ ॥	تہا آند کریِیا ॥
ਨਹ ਮਰੀਆ ਨਹ ਜਰੀਆ ॥੧॥	نہ مریِیا نہ جریِیا ॥1॥
ਕਿਰਤਨਿ ਜੁਰੀਆ ਬਹੁ ਬਿਧਿ ਫਿਰੀਆ ਪਰ ਕਉ ਹਿਰੀਆ ॥	کِرتنِ جُریِیا بہُ بِدھِ پھِریِیا پر ک ءُ ہِریِیا ॥
ਬਿਖਨਾ ਘਿਰੀਆ ॥	بِکھنا گھِریِیا ॥

ਅਬ ਸਾਧੂ ਸੰਗਿ ਪਰੀਆ ॥	اب سادھوُ سنگِ پریِیا ॥
ਹਰਿ ਦੁਆਰੈ ਖਰੀਆ ॥	ہرِ دُیارے کھریِیا ॥
ਦਰਸਨੁ ਕਰੀਆ ॥	درسنُ کریِیا ॥
ਨਾਨਕ ਗੁਰ ਮਿਰੀਆ ॥	نانک گُر مِریِیا ॥
ਬਹੁਰਿ ਨ ਫਿਰੀਆ ॥੨॥੧॥੪੪॥	بہُرِ ن پھِریِیا ॥2॥1॥ 44 ॥
ਸੂਹੀ ਮਹਲਾ ੫ ॥	سوُہی محلا 5 ॥
ਰਾਸਿ ਮੰਡਲੁ ਕੀਨੋ ਆਖਾਰਾ ॥	راسِ منڈلُ کِینو اکھارا ॥
ਸਗਲੋ ਸਾਜਿ ਰਖਿਓ ਪਾਸਾਰਾ ॥੧॥ ਰਹਾਉ ॥	سگلو ساجِ رکھِئو پاسارا ॥1॥ رہاءُ ॥
ਬਹੁ ਬਿਧਿ ਰੂਪ ਰੰਗ ਆਪਾਰਾ ॥	بہُ بِدھِ روُپ رنگ آپارا ॥
ਪੇਖੈ ਖੁਸੀ ਭੋਗ ਨਹੀ ਹਾਰਾ ॥	پیکھے خُشی بھوگ نہی ہارا ॥
ਸਭਿ ਰਸ ਲੈਤ ਬਸਤ ਨਿਰਾਰਾ ॥੧॥	سبھِ رس لیَت بست نِرارا ॥1॥
ਬਰਨੁ ਚਿਹਨੁ ਨਾਹੀ ਮੁਖੁ ਨ ਮਾਸਾਰਾ ॥	برنُ چِہنُ ناہی مُکھُ ن ماسارا ॥
ਕਹਨੁ ਨ ਜਾਈ ਖੇਲੁ ਤੁਹਾਰਾ ॥	کہنُ ن جائی کھیلُ تُہارا ॥
ਨਾਨਕ ਰੇਣ ਸੰਤ ਚਰਨਾਰਾ ॥੨॥੨॥੪੫॥	نانک ریٹُ سنّت چرنارا ॥2॥2॥ 45 ॥
ਸੂਹੀ ਮਹਲਾ ੫ ॥	سوُہی محلا 5 ॥
ਤਉ ਮੈ ਆਇਆ ਸਰਨੀ ਆਇਆ ॥	تءُ مے آئیا سرنی آئیا ॥
ਭਰੋਸੈ ਆਇਆ ਕਿਰਪਾ ਆਇਆ ॥	بھروسے آئیا کِرپا آئیا ॥
ਜਿਉ ਭਾਵੈ ਤਿਉ ਰਾਖਹੁ ਸੁਆਮੀ ਮਾਰਗੁ ਗੁਰਹਿ ਪਠਾਇਆ ॥੧॥ ਰਹਾਉ ॥	جِءُ بھاوے تِءُ راکھہُ سُیامی مارگُ گُرہِ پٹھائیا ॥1॥ رہاءُ ॥
ਮਹਾ ਦੁਤਰੁ ਮਾਇਆ ॥	مہا دُتّرُ مائیا ॥
ਜੈਸੇ ਪਵਨੁ ਝੁਲਾਇਆ ॥੧॥	جیَسے پونُ جھُلائیا ॥1॥
ਸੁਨਿ ਸੁਨਿ ਹੀ ਡਰਾਇਆ ॥	سُنِ سُنِ ہی ڈرائیا ॥
ਕਰਰੋ ਧ੍ਰਮਰਾਇਆ ॥੨॥	کررو دھرمرائیا ॥2॥

ਗ੍ਰਿਹ ਅੰਧ ਕੂਪਾਇਆ ॥	گرِہ اندھ کوُپائیا ॥
ਪਾਵਕੁ ਸਗਰਾਇਆ ॥੩॥	پاوکُ سگرائیا ॥3॥
ਗਹੀ ਓਟ ਸਾਧਾਇਆ ॥	گہی اوٹ سادھائیا ॥
ਨਾਨਕ ਹਰਿ ਧਿਆਇਆ ॥	نانک ہرِ دھیائیا ॥
ਅਬ ਮੈ ਪੂਰਾ ਪਾਇਆ ॥੪॥੩॥੪੬॥	اب مے پوُرا پائیا ॥4॥3॥ 46 ॥
ਰਾਗੁ ਸੂਹੀ ਮਹਲਾ ੫ ਘਰੁ ੬	راگُ سوُہی محلا 5 گھرُ 6
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ ॥	ستِگُر پاسِ بینتیا ملےَ نامُ آدھارا ॥
ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ ॥੧॥	تُٹھا سچا پاتِشاہُ تاپُ گئیا سنسارا ॥1॥
ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ ॥੧॥ ਰਹਾਉ ॥	بھگتا کی ٹیک توُنّ سنتا کی اوٹ توُنّ سچا سِرجنہارا ॥1॥ رہاءُ ॥
ਸਚੁ ਤੇਰੀ ਸਾਮਗਰੀ ਸਚੁ ਤੇਰਾ ਦਰਬਾਰਾ ॥	سچُ تیری سامگری سچُ تیرا دربارا ॥
ਸਚੁ ਤੇਰੇ ਖਾਜੀਨਿਆ ਸਚੁ ਤੇਰਾ ਪਾਸਾਰਾ ॥੨॥	سچُ تیرے خازینیا سچُ تیرا پاسارا ॥2॥
ਤੇਰਾ ਰੂਪੁ ਅਗੰਮੁ ਹੈ ਅਨੂਪੁ ਤੇਰਾ ਦਰਸਾਰਾ ॥	تیرا روُپُ اگنّمُ ہےَ انوُپُ تیرا درسارا ॥
ਹਉ ਕੁਰਬਾਣੀ ਤੇਰਿਆ ਸੇਵਕਾ ਜਿਨ੍ ਹਰਿ ਨਾਮੁ ਪਿਆਰਾ ॥੩॥	ہءُ قُربانی تیرِیا سیوکا جِنّہ ہرِ نامُ پِیارا ॥3॥
ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ ॥	سبھے اِچھا پوُرِیا جا پائیا اگم اپارا ॥
ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ ਤੇਰਿਆ ਚਰਣਾ ਕਉ ਬਲਿਹਾਰਾ ॥੪॥੧॥੪੭॥	گُرُ نانکُ مِلیا پاربّرہمُ تیرِیا چرنا کو بلِہارا ॥

ਤੇਰਿਆ ਚਿਰਿਟਾ ਕਉ ਬਲਿਹਾਰਾ ॥4॥1॥ 47 ॥

تیریا چرٹا ک ءُ بلِہارا ॥4॥1॥ 47 ॥

ਰਾਗੁ ਸੂਹੀ ਮਹਲਾ ੫ ਘਰੁ ੭

راگُ سوُہی محلا 5 گھرُ 7

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਤੇਰਾ ਭਾਣਾ ਤੂਹੈ ਮਨਾਇਹਿ
ਜਿਸ ਨੋ ਹੋਹਿ ਦਇਆਲਾ ॥

تیرا بھاٹا توُہے منائیہِ
جِس نو ہوہِ دیَالا ॥

ਸਾਈ ਭਗਤਿ ਜੋ ਤੁਧੁ ਭਾਵੈ
ਤੂੰ ਸਰਬ ਜੀਆ ਪ੍ਰਤਿਪਾਲਾ ॥੧॥

سائی بھگتِ جو تُدھُ بھاوے
توُنّ سرب جِیا پرّتپالا ॥1॥

ਮੇਰੇ ਰਾਮ ਰਾਇ ਸੰਤਾ ਟੇਕ ਤੁਮ੍ਹਾਰੀ ॥

میرے رام راءِ سنّتا ٹیک تُمّہاری ॥

ਜੋ ਤੁਧੁ ਭਾਵੈ ਸੋ ਪਰਵਾਣੁ
ਮਨਿ ਤਨਿ ਤੂਹੈ ਅਧਾਰੀ ॥੧॥ ਰਹਾਉ ॥

جو تُدھُ بھاوے سو پرواںُ
منِ تنِ توُہے ادھاری ॥1॥ رہاءُ ॥

ਤੂੰ ਦਇਆਲੁ ਕ੍ਰਿਪਾਲੁ ਕ੍ਰਿਪਾ ਨਿਧਿ
ਮਨਸਾ ਪੂਰਣਹਾਰਾ ॥

توُنّ دیَالُ کرِپالُ کرِپا نِدھِ
منسا پوُرنّہارا ॥

ਭਗਤ ਤੇਰੇ ਸਭਿ ਪ੍ਰਾਣਪਤਿ ਪ੍ਰੀਤਮ
ਤੂੰ ਭਗਤਨ ਕਾ ਪਿਆਰਾ ॥੨॥

بھگت تیرے سبھِ پرّانپتِ پرّیتم
توُنّ بھگتن کا پِیارا ॥2॥

ਤੂ ਅਥਾਹੁ ਅਪਾਰੁ ਅਤਿ ਊਚਾ
ਕੋਈ ਅਵਰੁ ਨ ਤੇਰੀ ਭਾਤੇ ॥

توُ اتھاہُ اپارُ اتِ اوُچا
کوئی اورُ ن تیری بھاتے ॥

ਇਹ ਅਰਦਾਸਿ ਹਮਾਰੀ ਸੁਆਮੀ
ਵਿਸਰੁ ਨਾਹੀ ਸੁਖਦਾਤੇ ॥੩॥

اِہ عرداسِ ہماری سُیامی
وِسرُ ناہی سُکھداتے ॥3॥

ਦਿਨੁ ਰੈਣਿ ਸਾਸਿ ਸਾਸਿ ਗੁਣ ਗਾਵਾ
ਜੇ ਸੁਆਮੀ ਤੁਧੁ ਭਾਵਾ ॥

دِنُ ریَنّ ساسِ ساسِ گُنّ گاوا
جے سُیامی تُدھُ بھاوا ॥

ਨਾਮੁ ਤੇਰਾ ਸੁਖੁ ਨਾਨਕੁ ਮਾਗੈ
ਸਾਹਿਬ ਤੁਠੈ ਪਾਵਾ ॥੪॥੧॥੪੮॥

نامُ تیرا سُکھُ نانکُ ماگے
صاحِب تُٹھے پاوا ॥4॥1॥ 48 ॥

ਸੂਹੀ ਮਹਲਾ ੫ ॥

سوُہی محلا 5 ॥

ਵਿਸਰਹਿ ਨਾਹੀ ਜਿਤੁ ਤੂ ਕਬਹੂ
ਸੋ ਥਾਨੁ ਤੇਰਾ ਕੇਹਾ ॥

وِسرہِ ناہی جِتُ توُ کبہوُ
سو تھانُ تیرا کیہا ۔ ॥

ਆਠ ਪਹਰ ਜਿਤੁ ਤੁਧੁ ਧਿਆਈ
ਨਿਰਮਲ ਹੋਵੈ ਦੇਹਾ ॥੧॥

آٹھ پہر جِتُ تُدھُ دھِیائی
نِرمل ہووے دیہا ॥1॥

ਮੇਰੇ ਰਾਮ ਹਉ ਸੋ ਥਾਨੁ ਭਾਲਣ ਆਇਆ ॥

میرے رام ہءُ سو تھانُ بھالنُ آئیا ॥

ਖੋਜਤ ਖੋਜਤ ਭਇਆ ਸਾਧਸੰਗੁ
ਤਿਨ੍ ਸਰਣਾਈ ਪਾਇਆ ॥੧॥ ਰਹਾਉ ॥

کھوجت کھوجت بھئیا سادھسنگُ
تِنّہ سرٹائی پائیا ॥1॥ رہاءُ ॥

ਬੇਦ ਪੜੇ ਪੜਿ ਬ੍ਰਹਮੇ ਹਾਰੇ
ਇਕੁ ਤਿਲੁ ਨਹੀ ਕੀਮਤਿ ਪਾਈ ॥

بید پڑے پڑِ برّہمے ہارے
اِکُ تِلُ نہی قِیمتِ پائی ॥

ਸਾਧਿਕ ਸਿਧ ਫਿਰਹਿ ਬਿਲਲਾਤੇ
ਤੇ ਭੀ ਮੋਹੇ ਮਾਈ ॥੨॥

سادھِک سِدھ پھِرہِ بِللاتے
تے بھی موہے مائی ॥2॥

ਦਸ ਅਉਤਾਰ ਰਾਜੇ ਹੋਇ ਵਰਤੇ
ਮਹਾਦੇਵ ਅਉਧੂਤਾ ॥

دس اُتار راجے ہوءِ ورتے
مہادیو اُدھوُتا ॥

ਤਿਨ੍ ਭੀ ਅੰਤੁ ਨ ਪਾਇਓ ਤੇਰਾ
ਲਾਇ ਥਕੇ ਬਿਭੂਤਾ ॥੩॥

تِنّہ بھی انّتُ ن پائیو تیرا
لاءِ تھکے بِبھوُتا ॥3॥

ਸਹਜ ਸੂਖ ਆਨੰਦ ਨਾਮ ਰਸ
ਹਰਿ ਸੰਤੀ ਮੰਗਲੁ ਗਾਇਆ ॥

سہج سوُکھ آنند نام رس
ہرِ سنّتی منگلُ گائیا ॥

ਸਫਲ ਦਰਸਨੁ ਭੇਟਿਓ ਗੁਰ ਨਾਨਕ
ਤਾ ਮਨਿ ਤਨਿ ਹਰਿ ਹਰਿ ਧਿਆਇਆ ॥੪॥੨॥੪੯॥

سپھل درسنُ بھیٹیو گُر نانک
تا منِ تنِ ہرِ ہرِ دھِیائیا ॥4॥2॥ 49 ॥

ਸੂਹੀ ਮਹਲਾ ੫ ॥

سوُہی محلا 5 ॥

ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁ ਜਾਗਾਤੀ ਲੂਟੈ ॥

کرم دھرم پاکھنڈ جو دیسہِ
تِن جمُ جاگاتی لوُٹے ॥

ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ
ਨਿਮਖ ਸਿਮਰਤ ਜਿਤੁ ਛੂਟੈ ॥੧॥

نِرباٹ کیرتنُ گاوہُ کرتے کا
نِمکھ سِمرت جِتُ چھوُٹے ॥1॥

ਸੰਤਹੁ ਸਾਗਰੁ ਪਾਰਿ ਉਤਰੀਐ ॥

سنّتہ ساگرُ پارِ اُترِیےّ ॥

ਜੇ ਕੋ ਬਚਨੁ ਕਮਾਵੈ ਸੰਤਨ ਕਾ
ਸੋ ਗੁਰ ਪਰਸਾਦੀ ਤਰੀਐ ॥੧॥ ਰਹਾਉ ॥

جے کو بچنُ کماوے سنّتن کا
سو گُر پرسادی تریےّ ॥1॥ رہاءُ ॥

ਕੋਟਿ ਤੀਰਥ ਮਜਨ ਇਸਨਾਨਾ
ਇਸੁ ਕਲਿ ਮਹਿ ਮੈਲੁ ਭਰੀਜੈ ॥

ساھسنگِ جو ہرِ گُن گاوے
سو نِرملُ کرِ لیجے ॥2॥

ਸਾਧਸੰਗਿ ਜੋ ਹਰਿ ਗੁਣ ਗਾਵੈ
ਸੋ ਨਿਰਮਲੁ ਕਰਿ ਲੀਜੈ ॥੨॥

بید کتیب سِمرِتِ سبھِ ساست
اِنّہ پڑِیا مُکتِ ن ہوئی ॥

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ
ਇਨ੍ਹ ਪੜਿਆ ਮੁਕਤਿ ਨ ਹੋਈ ॥

ایکُ اکھرُ جو گُرمُکھِ جاپے
تِس کی نِرمل سوئی ॥3॥

ਏਕੁ ਅਖਰੁ ਜੋ ਗੁਰਮੁਖਿ ਜਾਪੈ
ਤਿਸ ਕੀ ਨਿਰਮਲ ਸੋਈ ॥੩॥

کھتّری برّاہمنُ سوُد ویَس
اُپدیسُ چہُ ورنا کءُ ساجھا ॥

ਖਤ੍ਰੀ ਬ੍ਰਾਹਮਣ ਸੂਦ ਵੈਸ
ਉਪਦੇਸੁ ਚਹੁ ਵਰਨਾ ਕਉ ਸਾਝਾ ॥

گُرمُکھِ نامُ جپے اُدھرے سو کلِ مہِ
گھٹِ گھٹِ نانک ماجھا ॥4॥3॥ 50 ॥

ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ
ਘਟਿ ਘਟਿ ਨਾਨਕ ਮਾਝਾ ॥੪॥੩॥੫੦॥

سوُہی محلا 5 ॥

ਸੂਹੀ ਮਹਲਾ ੫ ॥

جو کچھُ کرے سوئی پربھ مانہِ
اوءِ رام نام رنگِ راتے ॥

ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ
ਓਇ ਰਾਮ ਨਾਮ ਰੰਗਿ ਰਾਤੇ ॥

تِنّہ کی سوبھا سبھنی تھائی
جِنّہ پربھ کے چرنُ پراتے ॥1॥

ਤਿਨ੍ਹ ਕੀ ਸੋਭਾ ਸਭਨੀ ਥਾਈ
ਜਿਨ੍ਹ ਪ੍ਰਭ ਕੇ ਚਰਣ ਪਰਾਤੇ ॥੧॥

میرے رام ہرِ سنّتا جیوڈُ ن کوئی ॥

ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥

بھگتا بنُ آئی پربھ اپنے سِءُ
جلِ تھلِ مہیئلِ سوئی ॥1॥ رہاءُ ॥

ਭਗਤਾ ਬਣਿ ਆਈ ਪ੍ਰਭ ਅਪਨੇ ਸਿਉ
ਜਲਿ ਥਲਿ ਮਹੀਅਲਿ ਸੋਈ ॥੧॥ ਰਹਾਉ ॥

کوٹِ اپرادھی سنتسنگِ اُدھرے
جمُ تا کے نیڑِ ن آوے ॥

ਕੋਟਿ ਅਪ੍ਰਾਧੀ ਸੰਤਸੰਗਿ ਉਧਰੈ
ਜਮੁ ਤਾ ਕੈ ਨੇੜਿ ਨ ਆਵੈ ॥

جنم جنم کا بچھُڑِیا ہووے
تِنّہ ہرِ سِءُ آنُ مِلاوے ॥2॥

ਜਨਮ ਜਨਮ ਕਾ ਬਿਛੁੜਿਆ ਹੋਵੈ
ਤਿਨ੍ਹ ਹਰਿ ਸਿਉ ਆਣਿ ਮਿਲਾਵੈ ॥੨॥

مائیا موہ بھرمُ بھءُ کاٹے

ਮਾਇਆ ਮੋਹ ਭਰਮੁ ਭਉ ਕਾਟੈ

ਸੰਤ ਸਰਣਿ ਜੋ ਆਵੈ ॥	سنّت سرنِ جو آوے ॥
ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ ॥੩॥	جیہا منورتھُ کرِ آرادھے سو سنّتن تے پاوے ॥3॥
ਜਨ ਕੀ ਮਹਿਮਾ ਕੇਤਕ ਬਰਨਉ ਜੋ ਪ੍ਰਭ ਅਪਨੇ ਭਾਣੇ ॥	جن کی مہِما کیتک برن ءُ جو پربھ اپنے بھانے ॥
ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ ॥੪॥੪॥੫੧॥	کہُ نانک جِن ستِگُرُ بھیٹیا سے سبھ تے بھئے نِکانے ॥4॥4॥ 51 ॥
ਸੂਹੀ ਮਹਲਾ ੫ ॥	سوُہی محلا 5 ॥
ਮਹਾ ਅਗਨਿ ਤੇ ਤੁਧੁ ਹਾਥ ਦੇ ਰਾਖੇ ਪਏ ਤੇਰੀ ਸਰਣਾਈ ॥	مہا اگنِ تے تُدھُ ہاتھ دے راکھے پئے تیری سرٹائی ॥
ਤੇਰਾ ਮਾਣੁ ਤਾਣੁ ਰਿਦ ਅੰਤਰਿ ਹੋਰ ਦੂਜੀ ਆਸ ਚੁਕਾਈ ॥੧॥	تیرا ماںُ تاںُ رِد انترِ ہور دوُجی آس چُکائی ॥1॥
ਮੇਰੇ ਰਾਮ ਰਾਇ ਤੁਧੁ ਚਿਤਿ ਆਇਐ ਉਬਰੇ ॥	میرے رام راءِ تُدھُ چِتِ آئے اُبرے ॥
ਤੇਰੀ ਟੇਕ ਭਰਵਾਸਾ ਤੁਮ੍ਰਾ ਜਪਿ ਨਾਮੁ ਤੁਮ੍ਾਰਾ ਉਧਰੇ ॥੧॥ ਰਹਾਉ ॥	تیری ٹیک بھرواسا تُمہرا جپِ نامُ تُمہارا اُدھرے ॥1॥ رہاءُ ॥
ਅੰਧ ਕੂਪ ਤੇ ਕਾਢਿ ਲੀਏ ਤੁਮ੍ ਆਪਿ ਭਏ ਕਿਰਪਾਲਾ ॥	انّدھ کوُپ تے کاڈھِ لیئے تُمہ آپِ بھئے کِرپالا ॥
ਸਾਰਿ ਸਮ੍ਾਲਿ ਸਰਬ ਸੁਖ ਦੀਏ ਆਪਿ ਕਰੇ ਪ੍ਰਤਿਪਾਲਾ ॥੨॥	سارِ سمہّالِ سرب سُکھ دیئے آپِ کرے پرتپالا ॥2॥
ਆਪਣੀ ਨਦਰਿ ਕਰੇ ਪਰਮੇਸਰੁ ਬੰਧਨ ਕਾਟਿ ਛਡਾਏ ॥	آپنی ندرِ کرے پریسرُ بنّدھن کاٹِ چھڈائے ॥
ਆਪਣੀ ਭਗਤਿ ਪ੍ਰਭਿ ਆਪਿ ਕਰਾਈ ਆਪੇ ਸੇਵਾ ਲਾਏ ॥੩॥	آپنی بھگتِ پربھِ آپِ کرائی آپے سیوا لائے ॥3॥
ਭਰਮੁ ਗਇਆ ਭੈ ਮੋਹ ਬਿਨਾਸੇ	بھرمُ گیا بھئے موہ بِناسے

ਮਿਟਿਆ ਸਗਲ ਵਿਸੂਰਾ ॥

ٹِٹیا سگل وِسوُرا ॥

ਨਾਨਕ ਦਇਆ ਕਰੀ ਸੁਖਦਾਤੈ
ਭੇਟਿਆ ਸਤਿਗੁਰੁ ਪੂਰਾ ॥੪॥੫॥੫੨॥

نانک دیَیا کری سُکھداتے
بھیٹِیا ستِگُرُ پوُرا ॥4॥5॥ 52 ॥

ਸੂਹੀ ਮਹਲਾ ੫ ॥

سوُہی محلا 5 ॥

ਜਬ ਕਛੁ ਨ ਸੀਓ ਤਬ ਕਿਆ ਕਰਤਾ
ਕਵਨ ਕਰਮ ਕਰਿ ਆਇਆ ॥

جب کچھُ ن سِیئو تب کِیا کرتا
کون کرم کرِ آیَیا ۔ ॥

ਅਪਨਾ ਖੇਲੁ ਆਪਿ ਕਰਿ ਦੇਖੈ
ਠਾਕੁਰਿ ਰਚਨੁ ਰਚਾਇਆ ॥੧॥

اپنا کھیلُ آپ کرِ دیکھے
ٹھاکُرِ رچنُ رچایَیا ॥1॥

ਮੇਰੇ ਰਾਮ ਰਾਇ
ਮੁਝ ਤੇ ਕਛੂ ਨ ਹੋਈ ॥

میرے رام راءِ
مُجھ تے کچھوُ ن ہوئی ॥

ਆਪੇ ਕਰਤਾ ਆਪਿ ਕਰਾਏ
ਸਰਬ ਨਿਰੰਤਰਿ ਸੋਈ ॥੧॥ ਰਹਾਉ ॥

آپے کرتا آپِ کرائے
سرب نِرنتَرِ سوئی ॥1॥ رہاءُ ॥

ਗਣਤੀ ਗਣੀ ਨ ਛੂਟੈ ਕਤਹੂ
ਕਾਚੀ ਦੇਹ ਇਆਣੀ ॥

گنتی گنی ن چھوٹے کتہوُ
کاچی دیہ اِیانی ॥

ਕ੍ਰਿਪਾ ਕਰਹੁ ਪ੍ਰਭ ਕਰਣੈਹਾਰੇ
ਤੇਰੀ ਬਖਸ ਨਿਰਾਲੀ ॥੨॥

کرِپا کرہُ پربھ کرنیَہارے
تیری بخش نِرالی ॥2॥

ਜੀਅ ਜੰਤ ਸਭ ਤੇਰੇ ਕੀਤੇ
ਘਟਿ ਘਟਿ ਤੁਹੀ ਧਿਆਈਐ ॥

جیء جنّت سبھ تیرے کِیتے
گھٹِ گھٹِ تُہی دھِیائیَے ॥

ਤੇਰੀ ਗਤਿ ਮਿਤਿ ਤੂਹੈ ਜਾਣਹਿ
ਕੁਦਰਤਿ ਕੀਮ ਨ ਪਾਈਐ ॥੩॥

تیری گتِ مِتِ توُہے جاٹہِ
قُدرتِ قیِم ن پائیَے ॥3॥

ਨਿਰਗੁਣੁ ਮੁਗਧੁ ਅਜਾਣੁ ਅਗਿਆਨੀ
ਕਰਮ ਧਰਮ ਨਹੀ ਜਾਣਾ ॥

نِرگُنُ مُگدھُ اجانُ اگیانی
کرم دھرم نہی جاٹا ॥

ਦਇਆ ਕਰਹੁ ਨਾਨਕੁ ਗੁਣ ਗਾਵੈ
ਮਿਠਾ ਲਗੈ ਤੇਰਾ ਭਾਣਾ ॥੪॥੬॥੫੩॥

دیَیا کرہُ نانکُ گُن گاوے
مِٹھا لگے تیرا بھاٹا ॥4॥6॥ 53 ॥

ਸੂਹੀ ਮਹਲਾ ੫ ॥

سوُہی محلا 5 ॥

ਭਾਗਠੜੇ ਹਰਿ ਸੰਤ ਤੁਮ੍ਾਰੇ
ਜਿਨ੍ ਘਰਿ ਧਨੁ ਹਰਿ ਨਾਮਾ ॥

ਪਰਵਾਣੁ ਗਣੀ ਸੇਈ ਇਹ ਆਏ
ਸਫਲ ਤਿਨਾ ਕੇ ਕਾਮਾ ॥੧॥

ਮੇਰੇ ਰਾਮ
ਹਰਿ ਜਨ ਕੈ ਹਉ ਬਲਿ ਜਾਈ ॥

ਕੇਸਾ ਕਾ ਕਰਿ ਚਵਰੁ ਢੁਲਾਵਾ
ਚਰਣ ਧੂੜਿ ਮੁਖਿ ਲਾਈ ॥੧॥ ਰਹਾਉ ॥

ਜਨਮ ਮਰਣ ਦੁਹਹੂ ਮਹਿ ਨਾਹੀ
ਜਨ ਪਰਉਪਕਾਰੀ ਆਏ ॥

ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ ॥੨॥

ਸਚਾ ਅਮਰੁ ਸਚੀ ਪਾਤਿਸਾਹੀ
ਸਚੇ ਸੇਤੀ ਰਾਤੇ ॥

ਸਚਾ ਸੁਖੁ ਸਚੀ ਵਡਿਆਈ
ਜਿਸ ਕੇ ਸੇ ਤਿਨਿ ਜਾਤੇ ॥੩॥

ਪਖਾ ਫੇਰੀ ਪਾਣੀ ਢੋਵਾ
ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥

ਨਾਨਕ ਕੀ ਪ੍ਰਭ ਪਾਸਿ ਬੇਨੰਤੀ
ਤੇਰੇ ਜਨ ਦੇਖਣੁ ਪਾਵਾ ॥੪॥੭॥੫੪॥

ਸੂਹੀ ਮਹਲਾ ੫ ॥

ਪਾਰਬ੍ਰਹਮ ਪਰਮੇਸਰ ਸਤਿਗੁਰ
ਆਪੇ ਕਰਣੈਹਾਰਾ ॥

ਚਰਣ ਧੂੜਿ ਤੇਰੀ ਸੇਵਕੁ ਮਾਗੈ
ਤੇਰੇ ਦਰਸਨ ਕਉ ਬਲਿਹਾਰਾ ॥੧॥

بھاگھڑے ہرِ سنّت تُمہارے
جِنّہ گھرِ دھنُ ہرِ نامَا ॥

پرواڻُ گنٹی سیئی اِہ آئے
سپھل تِنا کے کاما ॥1॥

میرے رام
ہرِ جن کے ہءُ بلِ جائی ॥

کیسا کا کرِ چورُ ڈھُلاوا
چرڻ دھوُڑِ مُکھِ لائی ॥1॥ رہاءُ ॥

جنم مرڻُ دُہہُو مہِ ناہی
جن پرُپکاری آئے ॥

جیء دانُ دے بھگتی لائِنِ
ہرِ سِءُ لیَنِ مِلائے ॥2॥

سچا امرُ سچی پاتِشاہی
سچے سیتی راتے ॥

سچا سُکھُ سچی وڈِیائی
جِس کے سے تِنِ جاتے ॥3॥

پکھا پھیری پاڻی ڈھووا
ہرِ جن کے پِسڻُ پِسِ کماوا ॥

نانک کی پربھ پاسِ بینتی
تیرے جن دیکھڻُ پاوا ॥4॥7॥ 54 ॥

سوُہی محلا 5 ॥

پاربرہم پریسر ستِگُر
آپے کرڻیہارا ॥

چرڻ دھوُڑِ تیری سیوکُ ماگے
تیرے درسن کءُ بلِہارا ॥1॥

ਮੇਰੇ ਰਾਮ ਰਾਇ
ਜਿਉ ਰਾਖਹਿ ਤਿਉ ਰਹੀਐ ॥

ميرے رام راءِ
جِءُ راکھہِ تِءُ رہیئے ॥

ਤੁਧੁ ਭਾਵੈ ਤਾ ਨਾਮੁ ਜਪਾਵਹਿ
ਸੁਖੁ ਤੇਰਾ ਦਿਤਾ ਲਹੀਐ ॥੧॥ ਰਹਾਉ ॥

تُدھُ بھاوے تا نامُ جپاوہِ
سُکھُ تیرا دِتا لہیئے ॥1॥ رہاءُ ॥

ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ
ਜਿਸੁ ਤੂੰ ਆਪਿ ਕਰਾਇਹਿ ॥

مُکتِ بھُگتِ جُگتِ تیری سیوا
جِسُ توُنَ آپِ کرائِہِ ॥

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ
ਤੂੰ ਆਪੇ ਸਰਧਾ ਲਾਇਹਿ ॥੨॥

تہا بیکُنٹھُ جہ کیرتنُ تیرا
توُنَ آپے سردھا لائِہِ ॥2॥

ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ
ਤਨੁ ਮਨੁ ਹੋਇ ਨਿਹਾਲਾ ॥

سِمرِ سِمرِ سِمرِ نامُ جیِوا
تنُ منُ ہوءِ نِہالا ॥

ਚਰਣ ਕਮਲ ਤੇਰੇ ਧੋਇ ਧੋਇ ਪੀਵਾ
ਮੇਰੇ ਸਤਿਗੁਰ ਦੀਨ ਦਇਆਲਾ ॥੩॥

چرنُ کمل تیرے دھوءِ دھوءِ پیِوا
میرے ستِگُر دِین دیَیالا ۔ ॥3॥

ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ
ਜਿਤੁ ਤੁਮਰੈ ਦੁਆਰੈ ਆਇਆ ॥

قُربانُ جائی اُسُ ویلا سُہاوی
جِتُ تُمرے دُیارے آئیا ॥

ਨਾਨਕ ਕਉ ਪ੍ਰਭ ਭਏ ਕ੍ਰਿਪਾਲਾ
ਸਤਿਗੁਰੁ ਪੂਰਾ ਪਾਇਆ ॥੪॥੮॥੫੫॥

نانک کءُ پربھ بھئے کرِپالا
ستِگُرُ پوُرا پائیا ॥4॥8॥ 55 ॥

ਸੂਹੀ ਮਹਲਾ ੫ ॥

سوُہی محلا 5 ॥

ਤੁਧੁ ਚਿਤਿ ਆਏ ਮਹਾ ਅਨੰਦਾ
ਜਿਸੁ ਵਿਸਰਹਿ ਸੋ ਮਰਿ ਜਾਏ ॥

تُدھُ چِتِ آئے مہا انندا
جِسُ وِسرہِ سو مرِ جائے ॥

ਦਇਆਲੁ ਹੋਵਹਿ ਜਿਸੁ ਊਪਰਿ ਕਰਤੇ
ਸੋ ਤੁਧੁ ਸਦਾ ਧਿਆਏ ॥੧॥

دیَیالُ ہووہِ جِسُ اوُپرِ کرتے
سو تُدھُ سدا دھِیائے ॥1॥

ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ ॥

میرے صاحِب توُنَ مے مانُ نِمانُی ॥

ਅਰਦਾਸਿ ਕਰੀ ਪ੍ਰਭ ਅਪਨੇ ਆਗੈ
ਸੁਣਿ ਸੁਣਿ ਜੀਵਾ ਤੇਰੀ ਬਾਣੀ ॥੧॥ ਰਹਾਉ ॥

عرداسِ کری پربھ اپنے آگے
سُنِ سُنِ جیِوا تیری بانُی ॥1॥ رہاءُ ॥

ਚਰਣ ਧੂੜਿ ਤੇਰੇ ਜਨ ਕੀ ਹੋਵਾ

چرنُ دھوُڑِ تیرے جن کی ہووا

ਤੇਰੇ ਦਰਸਨ ਕਉ ਬਲਿ ਜਾਈ ॥	تیرے درسن کءُ بلِ جائی ॥
ਅੰਮ੍ਰਿਤ ਬਚਨ ਰਿਦੈ ਉਰਿ ਧਾਰੀ ਤਉ ਕਿਰਪਾ ਤੇ ਸੰਗੁ ਪਾਈ ॥੨॥	انمرِت بچن رِدے اُرِ دھاری تءُ کِرپا تے سنگُ پائی ॥2॥
ਅੰਤਰ ਕੀ ਗਤਿ ਤੁਧੁ ਪਹਿ ਸਾਰੀ ਤੁਧੁ ਜੇਵਡੁ ਅਵਰੁ ਨ ਕੋਈ ॥	انتر کی گتِ تُدھُ پہِ ساری تُدھُ جیوڈُ اورُ ن کوئی ॥
ਜਿਸ ਨੋ ਲਾਇ ਲੈਹਿ ਸੋ ਲਾਗੈ ਭਗਤੁ ਤੁਹਾਰਾ ਸੋਈ ॥੩॥	جِس نو لاءِ لیَہِ سو لاگے بھگتُ تُہارا سوئی ॥3॥
ਦੁਇ ਕਰ ਜੋੜਿ ਮਾਗਉ ਇਕੁ ਦਾਨਾ ਸਾਹਿਬਿ ਤੁਠੈ ਪਾਵਾ ॥	دُءِ کر جوڑِ ماگءُ اِکُ دانا صاحِبِ تُٹھے پاوا ॥
ਸਾਸਿ ਸਾਸਿ ਨਾਨਕੁ ਆਰਾਧੇ ਆਠ ਪਹਰ ਗੁਣ ਗਾਵਾ ॥੪॥੯॥੫੬॥	ساسِ ساسِ نانکُ آرادھے آٹھ پہر گُنؤ گاوا ॥4॥9॥ 56 ॥
ਸੂਹੀ ਮਹਲਾ ੫ ॥	سوُہی محلا 5 ॥
ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥	جِس کے سِر اوُپرِ توُنّ سُیامی سو دُکھُ کیَسا پاوے ۔ ॥
ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥੧॥	بولِ ن جانےُ مائیا مدِ ماتا مرٹا چیتِ ن آوے ॥1॥
ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥	میرے رام راءِ توُنّ سنّتا کا سنّت تیرے ॥
ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥੧॥ ਰਹਾਉ ॥	تیرے سیوک کءُ بھءُ کِچھُ ناہی جمُ نہی آوے نیرے ॥1॥ رہاءُ ॥
ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥	جو تیرے رنگِ راتے سُیامی تِنّہ کا جنم مرنؤ دُکھُ ناسا ॥
ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥੨॥	تیری بخش ن میٹے کوئی ستِگُر کا دِلاسا ॥2॥
ਨਾਮੁ ਧਿਆਇਨਿ ਸੁਖ ਫਲ ਪਾਇਨਿ	نامُ دھیائِنِ سُکھ پھل پائِنِ

ਆਠ ਪਹਰ ਆਰਾਧਹਿ ॥

آٹھ پہر آرادھِ ॥

ਤੇਰੀ ਸਰਣਿ ਤੇਰੈ ਭਰਵਾਸੈ
ਪੰਚ ਦੁਸਟ ਲੈ ਸਾਧਹਿ ॥੩॥

تیری سرنٹِ تیرے بھرواسے
پنچ دُسٹ لے سادھِ ॥3॥

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ
ਸਾਰ ਨ ਜਾਣਾ ਤੇਰੀ ॥

گیانُ دھیانُ کچھُ کرمُ ن جاٹا
سار ن جاٹا تیری ॥

ਸਭ ਤੇ ਵਡਾ ਸਤਿਗੁਰੁ ਨਾਨਕੁ
ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥

سبھ تے وڈا ستِگُرُ نانکُ
جِنِ کل راکھی میری ॥4॥ 10 ॥ 57 ॥

ਸੂਹੀ ਮਹਲਾ ੫ ॥

سوُہی محلا 5 ॥

ਸਗਲ ਤਿਆਗਿ ਗੁਰ ਸਰਣੀ ਆਇਆ
ਰਾਖਹੁ ਰਾਖਨਹਾਰੇ ॥

سگل تِیاگِ گُر سرنٹی آئیا
راکھُ راکھنہارے ॥

ਜਿਤੁ ਤੂ ਲਾਵਹਿ ਤਿਤੁ ਹਮ ਲਾਗਹ
ਕਿਆ ਏਹਿ ਜੰਤ ਵਿਚਾਰੇ ॥੧॥

جِتُ توُ لاوہِ تِتُ ہم لاگہ
کِیا ایہِ جنّت وِچارے ۔ ॥1॥

ਮੇਰੇ ਰਾਮ ਜੀ ਤੂੰ ਪ੍ਰਭ ਅੰਤਰਜਾਮੀ ॥

میرے رام جی توُنّ پربھ انترجامی ॥

ਕਰਿ ਕਿਰਪਾ ਗੁਰਦੇਵ ਦਇਆਲਾ
ਗੁਣ ਗਾਵਾ ਨਿਤ ਸੁਆਮੀ ॥੧॥ ਰਹਾਉ ॥

کرِ کرِپا گُردیو دئیالا
گُنٹ گاوا نِت سُیامی ॥1॥ رہاءُ ॥

ਆਠ ਪਹਰ ਪ੍ਰਭੁ ਅਪਨਾ ਧਿਆਈਐ
ਗੁਰ ਪ੍ਰਸਾਦਿ ਭਉ ਤਰੀਐ ॥

آٹھ پہر پربھُ اپنا دھیائیےَ
گُر پرسادِ بھءُ ترِیےَ ॥

ਆਪੁ ਤਿਆਗਿ ਹੋਈਐ ਸਭ ਰੇਣਾ
ਜੀਵਤਿਆ ਇਉ ਮਰੀਐ ॥੨॥

آپُ تِیاگِ ہوئیےَ سبھ رینٹا
جیوتیا اِءُ مریےَ ॥2॥

ਸਫਲ ਜਨਮੁ ਤਿਸ ਕਾ ਜਗ ਭੀਤਰਿ
ਸਾਧਸੰਗਿ ਨਾਉ ਜਾਪੇ ॥

سپھل جنمُ تِس کا جگ بھیترِ
سادھسنگِ ناءُ جاپے ॥

ਸਗਲ ਮਨੋਰਥ ਤਿਸ ਕੇ ਪੂਰਨ
ਜਿਸੁ ਦਇਆ ਕਰੇ ਪ੍ਰਭੁ ਆਪੇ ॥੩॥

سگل منورتھ تِس کے پوُرن
جِسُ دئیا کرے پربھُ آپے ॥3॥

ਦੀਨ ਦਇਆਲ ਕ੍ਰਿਪਾਲ ਪ੍ਰਭ ਸੁਆਮੀ
ਤੇਰੀ ਸਰਣਿ ਦਇਆਲਾ ॥

دِین دئیال کرِپال پربھ سُیامی
تیری سرنٹِ دئیالا ۔ ॥

ਕਰਿ ਕਿਰਪਾ ਅਪਨਾ ਨਾਮੁ ਦੀਜੈ ਨਾਨਕ ਸਾਧ ਰਵਾਲਾ ॥੪॥੧੧॥੫੮॥	کرِ کِرپا اپنا نامُ دیجے نانک سادھ روالا ॥4॥ 11 ॥ 58 ॥
ਰਾਗੁ ਸੂਹੀ ਅਸਟਪਦੀਆ ਮਹਲਾ ੧ ਘਰੁ ੧	راگُ سوُہی اسٹپدیِیا محلا 1 گھرُ 1
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਸਭਿ ਅਵਗਣ ਮੈ ਗੁਣੁ ਨਹੀ ਕੋਈ ॥	سبھِ اوگُنؤ مے گُنُ نہی کوئی ॥
ਕਿਉ ਕਰਿ ਕੰਤ ਮਿਲਾਵਾ ਹੋਈ ॥੧॥	کِءُ کرِ کنّت مِلاوا ہوئی ॥1॥
ਨਾ ਮੈ ਰੂਪੁ ਨ ਬੰਕੇ ਨੈਣਾ ॥	نا مے روُپُ ن بنّکے نینّا ॥
ਨਾ ਕੁਲ ਢੰਗੁ ਨ ਮੀਠੇ ਬੈਣਾ ॥੧॥ ਰਹਾਉ ॥	نا کُل ڈھنگُ ن میٹھے بینّا ॥1॥ رہاءُ ॥
ਸਹਜਿ ਸੀਗਾਰ ਕਾਮਣਿ ਕਰਿ ਆਵੈ ॥	سہجِ سیِگار کامنؤ کرِ آوے ॥
ਤਾ ਸੋਹਾਗਣਿ ਜਾ ਕੰਤੈ ਭਾਵੈ ॥੨॥	تا سوہاگنؤ جا کنّتے بھاوے ॥2॥
ਨਾ ਤਿਸੁ ਰੂਪੁ ਨ ਰੇਖਿਆ ਕਾਈ ॥	نا تِس روُپُ ن ریکھیا کائی ॥
ਅੰਤਿ ਨ ਸਾਹਿਬੁ ਸਿਮਰਿਆ ਜਾਈ ॥੩॥	انّتِ ن صاحِبُ سِمریا جائی ॥3॥
ਸੁਰਤਿ ਮਤਿ ਨਾਹੀ ਚਤੁਰਾਈ ॥	سُرتِ متِ ناہی چترُائی ॥
ਕਰਿ ਕਿਰਪਾ ਪ੍ਰਭ ਲਾਵਹੁ ਪਾਈ ॥੪॥	کرِ کِرپا پربھ لاوہُ پائی ॥4॥
ਖਰੀ ਸਿਆਣੀ ਕੰਤ ਨ ਭਾਣੀ ॥	کھری سِیانؤ کنّت ن بھانؤ ॥
ਮਾਇਆ ਲਾਗੀ ਭਰਮਿ ਭੁਲਾਣੀ ॥੫॥	مائیا لاگی بھرمِ بھُلانؤ ॥5॥
ਹਉਮੈ ਜਾਈ ਤਾ ਕੰਤ ਸਮਾਈ ॥	ہئُمے جائی تا کنّت سمائی ॥
ਤਉ ਕਾਮਣਿ ਪਿਆਰੇ ਨਵ ਨਿਧਿ ਪਾਈ ॥੬॥	تءُ کامنؤ پیارے نو نِدھِ پائی ॥6॥
ਅਨਿਕ ਜਨਮ ਬਿਛੁਰਤ ਦੁਖੁ ਪਾਇਆ ॥	انِک جنم بِچھُرت دُکھُ پائیا ॥
ਕਰੁ ਗਹਿ ਲੇਹੁ ਪ੍ਰੀਤਮ ਪ੍ਰਭ ਰਾਇਆ ॥੭॥	کرُ گہِ لیہُ پرّیتم پربھ رائیا ۔ ॥7॥
ਭਣਤਿ ਨਾਨਕੁ ਸਹੁ ਹੈ ਭੀ ਹੋਸੀ ॥	بھنّتِ نانکُ سہُ ہے بھی ہوسی ॥
ਜੈ ਭਾਵੈ ਪਿਆਰਾ ਤੈ ਰਾਵੇਸੀ ॥੮॥੧॥	جے بھاوے پیارا تے راویسی ॥8॥1॥
ਸੂਹੀ ਮਹਲਾ ੧ ਘਰੁ ੯	سوُہی محلا 1 گھرُ 9

ੴ ਸਤਿਗੁਰ ਪ੍ਰਸਾਦਿ ॥

ਕਚਾ ਰੰਗੁ ਕਸੁੰਭ ਕਾ
ਥੋੜੜਿਆ ਦਿਨ ਚਾਰਿ ਜੀਉ ॥

ਵਿਣੁ ਨਾਵੈ ਭ੍ਰਮਿ ਭੁਲੀਆ
ਠਗਿ ਮੁਠੀ ਕੂੜਿਆਰਿ ਜੀਉ ॥

ਸਚੇ ਸੇਤੀ ਰਤਿਆ
ਜਨਮੁ ਨ ਦੂਜੀ ਵਾਰ ਜੀਉ ॥੧॥

ਰੰਗੇ ਕਾ ਕਿਆ ਰੰਗੀਐ
ਜੋ ਰਤੇ ਰੰਗੁ ਲਾਇ ਜੀਉ ॥

ਰੰਗਣ ਵਾਲਾ ਸੇਵੀਐ
ਸਚੇ ਸਿਉ ਚਿਤੁ ਲਾਇ ਜੀਉ ॥੧॥ ਰਹਾਉ ॥

ਚਾਰੇ ਕੁੰਡਾ ਜੇ ਭਵਹਿ
ਬਿਨੁ ਭਾਗਾ ਧਨੁ ਨਾਹਿ ਜੀਉ ॥

ਅਵਗਣਿ ਮੁਠੀ ਜੇ ਫਿਰਹਿ
ਬਧਿਕ ਥਾਇ ਨ ਪਾਹਿ ਜੀਉ ॥

ਗੁਰਿ ਰਾਖੇ ਸੇ ਉਬਰੇ
ਸਬਦਿ ਰਤੇ ਮਨ ਮਾਹਿ ਜੀਉ ॥੨॥

ਚਿਟੇ ਜਿਨ ਕੇ ਕਪੜੇ
ਮੈਲੇ ਚਿਤ ਕਠੋਰ ਜੀਉ ॥

ਤਿਨ ਮੁਖਿ ਨਾਮੁ ਨ ਊਪਜੈ
ਦੂਜੈ ਵਿਆਪੇ ਚੋਰ ਜੀਉ ॥

ਮੂਲੁ ਨ ਬੂਝਹਿ ਆਪਣਾ
ਸੇ ਪਸੂਆ ਸੇ ਢੋਰ ਜੀਉ ॥੩॥

ਨਿਤ ਨਿਤ ਖੁਸੀਆ ਮਨੁ ਕਰੇ
ਨਿਤ ਨਿਤ ਮੰਗੈ ਸੁਖ ਜੀਉ ॥

ੴ ستِگُر پرسادِ ॥

کچا رنگُ کسُنبھ کا
تھوڑڑیا دِن چارِ جیِءُ ॥

وِنُ ناوے بھرمِ بھُلیا
ٹھگِ مُٹھی کوُڑیارِ جیِءُ ॥

سچے سیتی رتیا
جنمُ ن دوُجی وار جیِءُ ॥1॥

رنگے کا کِیا رنگیِئے
جو رتے رنگُ لاءِ جیِءُ ॥

رنگُن والا سیویِئے
سچے سِءُ چِتُ لاءِ جیِءُ ॥1॥ رہاءُ ॥

چارے کُنڈا جے بھوہِ
بِنُ بھاگا دھنُ ناہِ جیِءُ ॥

اوگُنِ مُٹھی جے پھِرہِ
بدھِک تھاءِ ن پاہِ جیِءُ ॥

گُرِ راکھے سے اُبرے
سبدِ رتے من ماہِ جیِءُ ॥2॥

چِٹے جِن کے کپڑے
میَلے چِت کٹھور جیِءُ ॥

تِن مُکھِ نامُ ن اوُپجے
دوُجے وِیاپے چور جیِءُ ॥

مولُ ن بوُجھہِ آپنا
سے پسوُیا سے ڈھور جیِءُ ॥3॥

نِت نِت کھُسیا منُ کرے
نِت نِت منگے سُکھ جیِءُ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਜਾ ਸਾਹਿਬ) سری گُرو نانک دیو جی مہاراج دے 550ویں پرکاش پُرب نُوں سمرپت|سیوا: بھائی بلجِندر سنگھ جی (راجا صاہب)

ਕਰਤਾ ਚਿਤਿ ਨ ਆਵਈ
ਫਿਰਿ ਫਿਰਿ ਲਗਹਿ ਦੁਖ ਜੀਉ ॥

کرتا چِتِ ن آوئی
پھِرِ پھِرِ لگہِ دُکھ جِیءُ ॥

ਸੁਖ ਦੁਖ ਦਾਤਾ ਮਨਿ ਵਸੈ
ਤਿਤੁ ਤਨਿ ਕੈਸੀ ਭੁਖ ਜੀਉ ॥੪॥

سُکھ دُکھ داتا منِ وسے
تِتُ تنِ کیَسی بھُکھ جِیءُ ۔ ॥4॥

ਬਾਕੀ ਵਾਲਾ ਤਲਬੀਐ
ਸਿਰਿ ਮਾਰੇ ਜੰਦਾਰੁ ਜੀਉ ॥

باکی والا طلبیئے
سِرِ مارے جندّارُ جِیءُ ॥

ਲੇਖਾ ਮੰਗੈ ਦੇਵਣਾ
ਪੁਛੈ ਕਰਿ ਬੀਚਾਰੁ ਜੀਉ ॥

لیکھا منگَے دیوٹا
پُچھے کرِ بیچارُ جِیءُ ॥

ਸਚੇ ਕੀ ਲਿਵ ਉਬਰੈ
ਬਖਸੇ ਬਖਸਣਹਾਰੁ ਜੀਉ ॥੫॥

سچے کی لِو اُبرے
بخشے بخشنہارُ جِیءُ ॥5॥

ਅਨ ਕੋ ਕੀਜੈ ਮਿਤੜਾ
ਖਾਕੁ ਰਲੈ ਮਰਿ ਜਾਇ ਜੀਉ ॥

ان کو کیجے مِتڑا
خاکُ رلے مرِ جاءِ جِیءُ ॥

ਬਹੁ ਰੰਗ ਦੇਖਿ ਭੁਲਾਇਆ
ਭੁਲਿ ਭੁਲਿ ਆਵੈ ਜਾਇ ਜੀਉ ॥

بہُ رنگ دیکھِ بھُلائیا
بھُلِ بھُلِ آوے جاءِ جِیءُ ॥

ਨਦਰਿ ਪ੍ਰਭੂ ਤੇ ਛੁਟੀਐ
ਨਦਰੀ ਮੇਲਿ ਮਿਲਾਇ ਜੀਉ ॥੬॥

ندرِ پربھُو تے چھُٹیئے
ندری میلِ مِلاءِ جِیءُ ॥6॥

ਗਾਫਲ ਗਿਆਨ ਵਿਹੂਣਿਆ
ਗੁਰ ਬਿਨੁ ਗਿਆਨੁ ਨ ਭਾਲਿ ਜੀਉ ॥

غافل گیان وِہوُنیا
گُر بِنُ گیانُ ن بھالِ جِیءُ ॥

ਖਿੰਚੋਤਾਣਿ ਵਿਗੁਚੀਐ
ਬੁਰਾ ਭਲਾ ਦੁਇ ਨਾਲਿ ਜੀਉ ॥

کھِنچوتانِ وِگچیئے
بُرا بھلا دُءِ نالِ جِیءُ ॥

ਬਿਨੁ ਸਬਦੈ ਭੈ ਰਤਿਆ
ਸਭ ਜੋਹੀ ਜਮਕਾਲਿ ਜੀਉ ॥੭॥

بِنُ سبدے بھے رتیا
سبھ جوہی جمکالِ جِیءُ ॥7॥

ਜਿਨਿ ਕਰਿ ਕਾਰਣੁ ਧਾਰਿਆ
ਸਭਸੈ ਦੇਇ ਆਧਾਰੁ ਜੀਉ ॥

جِنِ کرِ کارنُ دھارِیا
سبھسے دےءِ آدھارُ جِیءُ ॥

ਸੋ ਕਿਉ ਮਨਹੁ ਵਿਸਾਰੀਐ
ਸਦਾ ਸਦਾ ਦਾਤਾਰੁ ਜੀਉ ॥

سو کِءُ منہُ وِسارِیئے

	سدا سدا داتارُ جیِءُ ॥
ਨਾਨਕ ਨਾਮੁ ਨ ਵੀਸਰੈ ਨਿਧਾਰਾ ਆਧਾਰੁ ਜੀਉ ॥੮॥੧॥੨॥	نانک نامُ ن ویسرے نِدھارا آدھارُ جیِءُ ॥8॥1॥2॥
ਸੂਹੀ ਮਹਲਾ ੧ ਕਾਫੀ ਘਰੁ ੧੦	سوُہی محلا 1 کافی گھرُ 10
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ ॥	ماٹُس جنمُ دُلنّبھُ گُرمُکھِ پائیا ॥
ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ ॥੧॥	منُ تنُ ہوءِ چُلنّبھُ جے ستِگُر بھائیا ॥1॥
ਚਲੈ ਜਨਮੁ ਸਵਾਰਿ ਵਖਰੁ ਸਚੁ ਲੈ ॥	چلےَ جنمُ سوارِ وکھرُ سچُ لے ॥
ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ ॥੧॥ ਰਹਾਉ ॥	پتِ پائے دربارِ ستِگُر سبدِ بھےَ ॥1॥ رہاءُ ॥
ਮਨਿ ਤਨਿ ਸਚੁ ਸਲਾਹਿ ਸਾਚੇ ਮਨਿ ਭਾਇਆ ॥	منِ تنِ سچُ سلاحِ ساچے منِ بھائیا ॥
ਲਾਲਿ ਰਤਾ ਮਨੁ ਮਾਨਿਆ ਗੁਰੁ ਪੂਰਾ ਪਾਇਆ ॥੨॥	لالِ رتا منُ مانیا گُرپُورا پائیا ॥2॥
ਹਉ ਜੀਵਾ ਗੁਣ ਸਾਰਿ ਅੰਤਰਿ ਤੂ ਵਸੈ ॥	ہءُ جیِوا گُنٹ سارِ انترِ توُ وسے ॥
ਤੂੰ ਵਸਹਿ ਮਨ ਮਾਹਿ ਸਹਜੇ ਰਸਿ ਰਸੈ ॥੩॥	توُنّ وسہِ من ماہِ سہجے رسِ رسے ॥3॥
ਮੂਰਖ ਮਨ ਸਮਝਾਇ ਆਖਉ ਕੇਤੜਾ ॥	موُرکھ من سمجھاءِ آکھءُ کیتڑا ॥
ਗੁਰਮੁਖਿ ਹਰਿ ਗੁਣ ਗਾਇ ਰੰਗਿ ਰੰਗੇਤੜਾ ॥੪॥	گُرمُکھِ ہرِ گُنٹ گاءِ رنگِ رنگیتڑا ॥4॥
ਨਿਤ ਨਿਤ ਰਿਦੈ ਸਮਾਲਿ ਪ੍ਰੀਤਮੁ ਆਪਣਾ ॥	نِت نِت رِدے سمالِ پرّیتمُ آپٹا ॥
ਜੇ ਚਲਹਿ ਗੁਣ ਨਾਲਿ ਨਾਹੀ ਦੁਖੁ ਸੰਤਾਪਣਾ ॥੫॥	جے چلہِ گُنٹ نالِ ناہی دُکھُ سنّتاپٹا ॥5॥
ਮਨਮੁਖ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ ॥	منمُکھ بھرمِ بھُلاٹا نا تِس رنگُ ہے ॥
ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ ॥੬॥	مرسی ہوءِ وِڈاٹا منِ تنِ بھنگُ ہے ॥6॥
ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ ॥	گُر کی کار کماءِ لاہا گھرِ آنٹیا ॥
ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ ॥੭॥	گُربانٹی نِربانُ سبدِ پچھانٹیا ॥7॥
ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥	اِک نانک کی عرداسِ جے تُدھُ بھاوسی ॥
ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥੮॥੧॥੩॥	مے دیجےَ نام نِواسُ ہرِ گُنٹ گاوسی ॥8॥1॥3॥

ਸੂਹੀ ਮਹਲਾ ੧ ॥	سوہی محلا 1 ॥
ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ ॥	جِءُ آرنِ لوہا پاءِ بھنّنِ گھڑائیَے ॥
ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ ॥੧॥	تِءُ ساکتُ جونی پاءِ بھوے بھوائیَے ॥1॥
ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥	بِنُ بُوجھے سبھُ دُکھُ دُکھُ کماوٹا ॥
ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥੧॥ ਰਹਾਉ ॥	ہئُمے آوے جاءِ بھرمِ بھُلاوٹا ॥1॥ رہاءُ ॥
ਤੂੰ ਗੁਰਮੁਖਿ ਰਖਣਹਾਰੁ ਹਰਿ ਨਾਮੁ ਧਿਆਈਐ ॥	توُنّ گُرمُکھِ رکھٹہارُ ہرِ نامُ دھیائیَے ॥
ਮੇਲਹਿ ਤੁਝਹਿ ਰਜਾਇ ਸਬਦੁ ਕਮਾਈਐ ॥੨॥	میلہِ تُجھہِ رضاءِ سبدُ کمائیَے ॥2॥
ਤੂੰ ਕਰਿ ਕਰਿ ਵੇਖਹਿ ਆਪਿ ਦੇਹਿ ਸੁ ਪਾਈਐ ॥	توُنّ کرِ کرِ ویکھہِ آپِ دیہِ سُ پائیَے ॥
ਤੂ ਦੇਖਹਿ ਥਾਪਿ ਉਥਾਪਿ ਦਰਿ ਬੀਨਾਈਐ ॥੩॥	توُ دیکھہِ تھاپِ اُتھاپِ درِ بِینائیَے ॥3॥
ਦੇਹੀ ਹੋਵਗਿ ਖਾਕੁ ਪਵਣੁ ਉਡਾਈਐ ॥	دیہی ہووگِ خاکُ پونُ اُڈائیَے ॥
ਇਹੁ ਕਿਥੈ ਘਰੁ ਅਉਤਾਕੁ ਮਹਲੁ ਨ ਪਾਈਐ ॥੪॥	اِہُ کِتھے گھرُ اُتاکُ محلُ ن پائیَے ॥4॥
ਦਿਹੁ ਦੀਵੀ ਅੰਧ ਘੋਰੁ ਘਬੁ ਮੁਹਾਈਐ ॥	دِہُ دیوی اندھ گھورُ گھبُ مُہائیَے ॥
ਗਰਬਿ ਮੁਸੈ ਘਰੁ ਚੋਰੁ ਕਿਸੁ ਰੂਆਈਐ ॥੫॥	گربِ مُسے گھرُ چورُ کِسُ روُیائیَے ۔ ॥5॥
ਗੁਰਮੁਖਿ ਚੋਰੁ ਨ ਲਾਗਿ ਹਰਿ ਨਾਮਿ ਜਗਾਈਐ ॥	گُرمُکھِ چورُ ن لاگِ ہرِ نامِ جگائیَے ॥
ਸਬਦਿ ਨਿਵਾਰੀ ਆਗਿ ਜੋਤਿ ਦੀਪਾਈਐ ॥੬॥	سبدِ نِواری آگِ جوتِ دیپائیَے ॥6॥
ਲਾਲੁ ਰਤਨੁ ਹਰਿ ਨਾਮੁ ਗੁਰਿ ਸੁਰਤਿ ਬੁਝਾਈਐ ॥	لالُ رتنُ ہرِ نامُ گُرِ سُرتِ بُجھائیَے ॥
ਸਦਾ ਰਹੈ ਨਿਹਕਾਮੁ ਜੇ ਗੁਰਮਤਿ ਪਾਈਐ ॥੭॥	سدا رہے نِہکامُ جے گُرمتِ پائیَے ॥7॥
ਰਾਤਿ ਦਿਹੈ ਹਰਿ ਨਾਉ ਮੰਨਿ ਵਸਾਈਐ ॥	راتِ دِہے ہرِ ناءُ منّنِ وسائیَے ॥
ਨਾਨਕ ਮੇਲਿ ਮਿਲਾਇ ਜੇ ਤੁਧੁ ਭਾਈਐ ॥੮॥੨॥੪॥	نانک میلِ مِلاءِ جے تُدھُ بھائیَے ॥8॥2॥4॥
ਸੂਹੀ ਮਹਲਾ ੧ ॥	سوہی محلا 1 ॥
ਮਨਹੁ ਨ ਨਾਮੁ ਵਿਸਾਰਿ	منہُ ن نامُ وِسارِ

ਅਹਿਨਿਸਿ ਧਿਆਈਐ ॥

اہِنِس دھیائیَے ॥

ਜਿਉ ਰਾਖਹਿ ਕਿਰਪਾ ਧਾਰਿ
ਤਿਵੈ ਸੁਖੁ ਪਾਈਐ ॥੧॥

جِءُ راکھہِ کِرپا دھارِ
تِوے سُکھُ پائیَے ॥1॥

ਮੈ ਅੰਧੁਲੇ ਹਰਿ ਨਾਮੁ
ਲਕੁਟੀ ਟੋਹਣੀ ॥

مے اَندھُلے ہرِ نامُ
لکُٹی ٹوہنٹی ॥

ਰਹਉ ਸਾਹਿਬ ਕੀ ਟੇਕ
ਨ ਮੋਹੈ ਮੋਹਣੀ ॥੧॥ ਰਹਾਉ ॥

رہءُ صاحِب کی ٹیک
ن موہے موہنٹی ॥1॥ رہاءُ ॥

ਜਹ ਦੇਖਉ ਤਹ ਨਾਲਿ
ਗੁਰਿ ਦੇਖਾਲਿਆ ॥

جہ دیکھءُ تہ نالِ
گُرِ دیکھالیا ॥

ਅੰਤਰਿ ਬਾਹਰਿ ਭਾਲਿ
ਸਬਦਿ ਨਿਹਾਲਿਆ ॥੨॥

انّترِ باہرِ بھالِ
سبدِ نِہالیا ॥2॥

ਸੇਵੀ ਸਤਿਗੁਰ ਭਾਇ
ਨਾਮੁ ਨਿਰੰਜਨਾ ॥

سیوی ستِگُر بھاءِ
نامُ نِرنّجنا ॥

ਤੁਧੁ ਭਾਵੈ ਤਿਵੈ ਰਜਾਇ
ਭਰਮੁ ਭਉ ਭੰਜਨਾ ॥੩॥

تُدھُ بھاوے تِوے رضاءِ
بھرمُ بھءُ بھنّجنا ॥3॥

ਜਨਮਤ ਹੀ ਦੁਖੁ ਲਾਗੈ
ਮਰਣਾ ਆਇ ਕੈ ॥

جنمت ہی دُکھُ لاگے
مرٹا آءِ کے ॥

ਜਨਮੁ ਮਰਣੁ ਪਰਵਾਣੁ
ਹਰਿ ਗੁਣ ਗਾਇ ਕੈ ॥੪॥

جنمُ مرنُ پروانُ
ہرِ گُن گاءِ کے ॥4॥

ਹਉ ਨਾਹੀ ਤੂ ਹੋਵਹਿ
ਤੁਧ ਹੀ ਸਾਜਿਆ ॥

ہءُ ناہی توُ ہووہِ
تُدھ ہی ساجِیا ॥

ਆਪੇ ਥਾਪਿ ਉਥਾਪਿ
ਸਬਦਿ ਨਿਵਾਜਿਆ ॥੫॥

آپے تھاپِ اُتھاپِ
سبدِ نِواجِیا ॥5॥

ਦੇਹੀ ਭਸਮ ਰੁਲਾਇ
ਨ ਜਾਪੀ ਕਹ ਗਇਆ ॥

دیہی بھسم رُلاءِ
ن جاپی کہ گئیا ۔ ॥

ਆਪੇ ਰਹਿਆ ਸਮਾਇ ਸੋ ਵਿਸਮਾਦੁ ਭਇਆ ॥੬॥

آپے رہِیا سماءِ سو وِسماد بھئیا ॥6॥

ਤੂੰ ਨਾਹੀ ਪ੍ਰਭ ਦੂਰਿ
ਜਾਣਹਿ ਸਭ ਤੂ ਹੈ ॥

توُنّ ناہی پربھ دوُرِ
جانہِ سبھ توُ ہے ॥

ਗੁਰਮੁਖਿ ਵੇਖਿ ਹਦੂਰਿ
ਅੰਤਰਿ ਭੀ ਤੂ ਹੈ ॥੭॥

گُرمُکھِ ویکھِ حدوُرِ
انترِ بھی توُ ہے ॥7॥

ਮੈ ਦੀਜੈ ਨਾਮ ਨਿਵਾਸੁ
ਅੰਤਰਿ ਸਾਂਤਿ ਹੋਇ ॥

مے دیجے نام نِواسُ
انترِ سانتِ ہوءِ ॥

ਗੁਣ ਗਾਵੈ ਨਾਨਕ ਦਾਸੁ
ਸਤਿਗੁਰੁ ਮਤਿ ਦੇਇ ॥੮॥੩॥੫॥

گُنّ گاوے نانک داسُ
ستِگُر متِ دے ءِ ॥8॥3॥5॥

ਰਾਗੁ ਸੂਹੀ ਮਹਲਾ ੩ ਘਰੁ ੧ ਅਸਟਪਦੀਆ

راگُ سوُہی محلا 3 گھرُ 1 اسٹپدیِیا

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਨਾਮੈ ਹੀ ਤੇ ਸਭੁ ਕਿਛੁ ਹੋਆ
ਬਿਨੁ ਸਤਿਗੁਰ ਨਾਮੁ ਨ ਜਾਪੈ ॥

نامے ہی تے سبھُ کِچھُ ہویا
بِنُ ستِگُر نامُ ن جاپے ॥

ਗੁਰ ਕਾ ਸਬਦੁ ਮਹਾ ਰਸੁ ਮੀਠਾ
ਬਿਨੁ ਚਾਖੇ ਸਾਦੁ ਨ ਜਾਪੈ ॥

گُر کا سبدُ مہا رسُ میٹھا
بِنُ چاکھے سادُ ن جاپے ॥

ਕਉਡੀ ਬਦਲੈ ਜਨਮੁ ਗਵਾਇਆ
ਚੀਨਸਿ ਨਾਹੀ ਆਪੈ ॥

کئڈی بدلے جنمُ گوائیا
چینِس ناہی آپے ॥

ਗੁਰਮੁਖਿ ਹੋਵੈ ਤਾ ਏਕੋ ਜਾਣੈ
ਹਉਮੈ ਦੁਖੁ ਨ ਸੰਤਾਪੈ ॥੧॥

گُرمُکھِ ہووے تا ایکو جانّے
ہئُمے دُکھُ ن سنّتاپے ॥1॥

ਬਲਿਹਾਰੀ ਗੁਰ ਅਪਣੇ ਵਿਟਹੁ
ਜਿਨਿ ਸਾਚੇ ਸਿਉ ਲਿਵ ਲਾਈ ॥

بلِہاری گُر اپنّے وِٹہُ
جِنِ ساچے سِءُ لِو لائی ॥

ਸਬਦੁ ਚੀਨ੍ਹਿ ਆਤਮੁ ਪਰਗਾਸਿਆ
ਸਹਜੇ ਰਹਿਆ ਸਮਾਈ ॥੧॥ ਰਹਾਉ ॥

سبدُ چینّہِ آتمُ پرگاسِیا
سہجے رہِیا سمائی ॥1॥ رہاءُ ॥

ਗੁਰਮੁਖਿ ਗਾਵੈ ਗੁਰਮੁਖਿ ਬੂਝੈ
ਗੁਰਮੁਖਿ ਸਬਦੁ ਬੀਚਾਰੇ ॥

گُرمُکھِ گاوے گُرمُکھِ بوُجھے
گُرمُکھِ سبدُ بیچارے ॥

ਜੀਉ ਪਿੰਡੁ ਸਭੁ ਗੁਰ ਤੇ ਉਪਜੈ
ਗੁਰਮੁਖਿ ਕਾਰਜ ਸਵਾਰੇ ॥

جیِءُ پِنڈُ سبھُ گُر تے اُپجے
گُرمُکھِ کارج سوارے ॥

ਮਨਮੁਖਿ ਅੰਧਾ ਅੰਧੁ ਕਮਾਵੈ
ਬਿਖੁ ਖਟੇ ਸੰਸਾਰੇ ॥

منمُکھِ انّدھا انّدھُ کماوے
بِکھُ کھٹے سنّسارے ॥

ਮਾਇਆ ਮੋਹਿ ਸਦਾ ਦੁਖੁ ਪਾਏ
ਬਿਨੁ ਗੁਰ ਅਤਿ ਪਿਆਰੇ ॥੨॥

مائیا موہِ سدا دُکھُ پائے
بِنُ گُر اتِ پِیارے ॥2॥

ਸੋਈ ਸੇਵਕੁ ਜੇ ਸਤਿਗੁਰ ਸੇਵੇ
ਚਾਲੈ ਸਤਿਗੁਰ ਭਾਏ ॥

سوئی سیوکُ جے ستِگُر سیوے
چالے ستِگُر بھائے ॥

ਸਾਚਾ ਸਬਦੁ ਸਿਫਤਿ ਹੈ ਸਾਚੀ
ਸਾਚਾ ਮੰਨਿ ਵਸਾਏ ॥

ساچا سبدُ صِفتِ ہے ساچی
ساچا منّ وسائے ॥

ਸਚੀ ਬਾਣੀ ਗੁਰਮੁਖਿ ਆਖੈ
ਹਉਮੈ ਵਿਚਹੁ ਜਾਏ ॥

سچی بانٹی گُرمُکھِ آکھے
ہئُمے وِچہُ جائے ॥

ਆਪੇ ਦਾਤਾ ਕਰਮੁ ਹੈ ਸਾਚਾ
ਸਾਚਾ ਸਬਦੁ ਸੁਣਾਏ ॥੩॥

آپے داتا کرمُ ہے ساچا
ساچا سبدُ سُٹائے ॥3॥

ਗੁਰਮੁਖਿ ਘਾਲੇ ਗੁਰਮੁਖਿ ਖਟੇ
ਗੁਰਮੁਖਿ ਨਾਮੁ ਜਪਾਏ ॥

گُرمُکھِ گھالے گُرمُکھِ کھٹے
گُرمُکھِ نامُ جپائے ॥

ਸਦਾ ਅਲਿਪਤੁ ਸਾਚੈ ਰੰਗਿ ਰਾਤਾ
ਗੁਰ ਕੈ ਸਹਜਿ ਸੁਭਾਏ ॥

سدا الپتُ ساچے رنگِ راتا
گُر کے سہجِ سُبھائے ॥

ਮਨਮੁਖੁ ਸਦ ਹੀ ਕੂੜੋ ਬੋਲੈ
ਬਿਖੁ ਬੀਜੈ ਬਿਖੁ ਖਾਏ ॥

منمُکھُ سد ہی کوڑو بولے
بِکھُ بیجے بِکھُ کھائے ॥

ਜਮਕਾਲਿ ਬਾਧਾ ਤ੍ਰਿਸਨਾ ਦਾਧਾ
ਬਿਨੁ ਗੁਰ ਕਵਣੁ ਛਡਾਏ ॥੪॥

جمکالِ بادھا ترِسنا دادھا
بِنُ گُر کونُ چھڈائے ۔ ॥4॥

ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ
ਗੁਰਮੁਖਿ ਆਪਿ ਬੁਝਾਏ ॥

سچا تیرتھُ جِتُ ست سرِ ناونُ
گُرمُکھِ آپِ بُجھائے ॥

ਅਠਸਠਿ ਤੀਰਥੁ ਗੁਰ ਸਬਦਿ ਦਿਖਾਏ
ਤਿਤੁ ਨਾਤੈ ਮਲੁ ਜਾਏ ॥

اٹھسٹھِ تیرتھُ گُر سبدِ دِکھائے

ਸਚਾ ਸਬਦੁ ਸਚਾ ਹੈ ਨਿਰਮਲੁ
ਨਾ ਮਲੁ ਲਗੈ ਨ ਲਾਏ ॥

ਸਚੀ ਸਿਫਤਿ ਸਚੀ ਸਾਲਾਹ
ਪੂਰੇ ਗੁਰ ਤੇ ਪਾਏ ॥੫॥

ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ
ਦੁਰਮਤਿ ਕਹਣੁ ਨ ਜਾਏ ॥

ਹੁਕਮੁ ਹੋਵੈ ਤਾ ਨਿਰਮਲੁ ਹੋਵੈ
ਹਉਮੈ ਵਿਚਹੁ ਜਾਏ ॥

ਗੁਰ ਕੀ ਸਾਖੀ ਸਹਜੇ ਚਾਖੀ
ਤ੍ਰਿਸਨਾ ਅਗਨਿ ਬੁਝਾਏ ॥

ਗੁਰ ਕੈ ਸਬਦਿ ਰਾਤਾ ਸਹਜੇ ਮਾਤਾ
ਸਹਜੇ ਰਹਿਆ ਸਮਾਏ ॥੬॥

ਹਰਿ ਕਾ ਨਾਮੁ ਸਤਿ ਕਰਿ ਜਾਣੈ
ਗੁਰ ਕੈ ਭਾਇ ਪਿਆਰੇ ॥

ਸਚੀ ਵਡਿਆਈ ਗੁਰ ਤੇ ਪਾਈ
ਸਚੈ ਨਾਇ ਪਿਆਰੇ ॥

ਏਕੋ ਸਚਾ ਸਭ ਮਹਿ ਵਰਤੈ
ਵਿਰਲਾ ਕੋ ਵੀਚਾਰੇ ॥

ਆਪੇ ਮੇਲਿ ਲਏ ਤਾ ਬਖਸੇ
ਸਚੀ ਭਗਤਿ ਸਵਾਰੇ ॥੭॥

ਸਭੋ ਸਚੁ ਸਚੁ ਸਚੁ ਵਰਤੈ
ਗੁਰਮੁਖਿ ਕੋਈ ਜਾਣੈ ॥

ਜੰਮਣ ਮਰਣਾ ਹੁਕਮੋ ਵਰਤੈ
ਗੁਰਮੁਖਿ ਆਪੁ ਪਛਾਣੈ ॥

تِتُ ناتے مِلُ جائے ॥

سچا سبدُ سچا ہے نِرملُ
نا ملُ لگے ن لائے ॥

سچی صِفتِ سچی سالاح
پُورے گُر تے پائے ॥5॥

تنُ منُ سبھُ کِچھُ ہرِ تِسُ کیرا
دُرمتِ کہنُّ ن جائے ॥

حُکمُ ہووے تا نِرملُ ہووے
ہئُمے وِچہُ جائے ॥

گُر کی ساکھی سہجے چاکھی
تّرِسنا اگنِ بُجھائے ॥

گُر کے سبدِ راتا سہجے ماتا
سہجے رہِیا سمائے ॥6॥

ہرِ کا نامُ ستِ کرِ جانّے
گُر کے بھاءِ پِیارے ॥

سچی وڈِیائی گُر تے پائی
سچے ناءِ پِیارے ॥

ایکو سچا سبھ مہِ ورتے
وِرلا کو ویچارے ॥

آپے میلِ لے تا بخشے
سچی بھگتِ سوارے ॥7॥

سبھو سچُ سچُ سچُ ورتے
گُرمُکھِ کوئی جانّے ॥

جنمُّ مرنّا حُکمو ورتے
گُرمُکھِ آپُ پچھانّے ॥

ਨਾਮੁ ਧਿਆਏ ਤਾ ਸਤਿਗੁਰੁ ਭਾਏ
ਜੋ ਇਛੈ ਸੋ ਫਲੁ ਪਾਏ ॥

نامُ دھیائے تا ستِگُر بھائے
جو اِچھے سو پھلُ پائے ॥

ਨਾਨਕ ਤਿਸ ਦਾ ਸਭੁ ਕਿਛੁ ਹੋਵੈ
ਜਿ ਵਿਚਹੁ ਆਪੁ ਗਵਾਏ ॥੮॥੧॥

نانک تِس دا سبھُ کچھُ ہووے
جِ وِچہُ آپُ گوائے ॥8॥1॥

ਸੂਹੀ ਮਹਲਾ ੩ ॥

سوُہی محلا 3 ॥

ਕਾਇਆ ਕਾਮਣਿ ਅਤਿ ਸੁਆਲਿਉ
ਪਿਰੁ ਵਸੈ ਜਿਸੁ ਨਾਲੇ ॥

کائیا کامنِ اتِ سُیالّہِءُ
پِرُ وسے جِسُ نالے ॥

ਪਿਰ ਸਚੇ ਤੇ ਸਦਾ ਸੁਹਾਗਣਿ
ਗੁਰ ਕਾ ਸਬਦੁ ਸਮ੍ਹਾਲੇ ॥

پِر سچے تے سدا سُہاگنِ
گُر کا سبدُ سمّہالے ॥

ਹਰਿ ਕੀ ਭਗਤਿ ਸਦਾ ਰੰਗਿ ਰਾਤਾ
ਹਉਮੈ ਵਿਚਹੁ ਜਾਲੇ ॥੧॥

ہرِ کی بھگتِ سدا رنگِ راتا
ہئُمے وِچہُ جالے ॥1॥

ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥

واہُ واہُ پوُرے گُر کی بانّی ॥

ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ॥੧॥ ਰਹਾਉ ॥

پوُرے گُر تے اُپجی ساچِ سمانّی ॥1॥ رہاءُ ॥

ਕਾਇਆ ਅੰਦਰਿ ਸਭੁ ਕਿਛੁ ਵਸੈ
ਖੰਡ ਮੰਡਲ ਪਾਤਾਲਾ ॥

کائیا اندرِ سبھُ کچھُ وسے
کھنڈ منڈل پاتالا ॥

ਕਾਇਆ ਅੰਦਰਿ ਜਗਜੀਵਨ ਦਾਤਾ ਵਸੈ
ਸਭਨਾ ਕਰੇ ਪ੍ਰਤਿਪਾਲਾ ॥

کائیا اندرِ جگجیون داتا وسے
سبھنا کرے پرتپالا ॥

ਕਾਇਆ ਕਾਮਣਿ ਸਦਾ ਸੁਹੇਲੀ
ਗੁਰਮੁਖਿ ਨਾਮੁ ਸਮ੍ਹਾਲਾ ॥੨॥

کائیا کامنِ سدا سُہیلی
گُرمُکھِ نامُ سمّہالا ॥2॥

ਕਾਇਆ ਅੰਦਰਿ ਆਪੇ ਵਸੈ
ਅਲਖੁ ਨ ਲਖਿਆ ਜਾਈ ॥

کائیا اندرِ آپے وسے
الکھُ ن لکھیا جائی ॥

ਮਨਮੁਖੁ ਮੁਗਧੁ ਬੂਝੈ ਨਾਹੀ
ਬਾਹਰਿ ਭਾਲਣਿ ਜਾਈ ॥

منمُکھُ مُگدھُ بوُجھے ناہی
باہرِ بھالنِ جائی ॥

ਸਤਿਗੁਰੁ ਸੇਵੇ ਸਦਾ ਸੁਖੁ ਪਾਏ
ਸਤਿਗੁਰਿ ਅਲਖੁ ਦਿਤਾ ਲਖਾਈ ॥੩॥

ستِگُر سیوے سدا سُکھُ پائے
ستِگُرِ الکھُ دِتا لکھائی ॥3॥

ਕਾਇਆ ਅੰਦਰਿ ਰਤਨ ਪਦਾਰਥ
ਭਗਤਿ ਭਰੇ ਭੰਡਾਰਾ ॥

کائیا اندرِ رتن پدارتھ
بھگتِ بھرے بھنڈارا ॥

ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ
ਹਾਟ ਪਟਣ ਬਾਜਾਰਾ ॥

اِس کائیا اندرِ ننکھنڈ پرتھمی
ہاٹ پٹن بازارا ॥

ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ
ਪਾਈਐ ਗੁਰ ਕੈ ਸਬਦਿ ਵੀਚਾਰਾ ॥੪॥

اِس کائیا اندرِ نامُ نءُ نِدھِ
پائیئے گُر کے سبدِ وِیچارا ॥4॥

ਕਾਇਆ ਅੰਦਰਿ ਤੋਲਿ ਤੁਲਾਵੈ
ਆਪੇ ਤੋਲਣਹਾਰਾ ॥

کائیا اندرِ تولِ تُلاوے
آپے تولنہارا ॥

ਇਹੁ ਮਨੁ ਰਤਨੁ ਜਵਾਹਰ ਮਾਣਕੁ
ਤਿਸ ਕਾ ਮੋਲੁ ਅਫਾਰਾ ॥

اِہُ منُ رتنُ جواہر مانکُ
تِس کا مولُ اپھارا ॥

ਮੋਲਿ ਕਿਤ ਹੀ ਨਾਮੁ ਪਾਈਐ ਨਾਹੀ
ਨਾਮੁ ਪਾਈਐ ਗੁਰ ਬੀਚਾਰਾ ॥੫॥

مولِ کِت ہی نامُ پائیئے ناہی
نامُ پائیئے گُر بیچارا ॥5॥

ਗੁਰਮੁਖਿ ਹੋਵੈ ਸੁ ਕਾਇਆ ਖੋਜੈ
ਹੋਰ ਸਭ ਭਰਮਿ ਭੁਲਾਈ ॥

گُرمُکھِ ہووے سُ کائیا کھوجے
ہور سبھ بھرمِ بھُلائی ॥

ਜਿਸ ਨੋ ਦੇਇ ਸੋਈ ਜਨੁ ਪਾਵੈ
ਹੋਰ ਕਿਆ ਕੋ ਕਰੇ ਚਤੁਰਾਈ ॥

جِس نو دےءِ سوئی جنُ پاوے
ہور کِیا کو کرے چترائی ۔ ॥

ਕਾਇਆ ਅੰਦਰਿ ਭਉ ਭਾਉ ਵਸੈ
ਗੁਰ ਪਰਸਾਦੀ ਪਾਈ ॥੬॥

کائیا اندرِ بھءُ بھاءُ وسے
گُر پرسادی پائی ॥6॥

ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ
ਸਭ ਓਪਤਿ ਜਿਤੁ ਸੰਸਾਰਾ ॥

کائیا اندرِ برہما بِسنُ مہیسا
سبھ اوپتِ جِتُ سنّسارا ॥

ਸਚੈ ਆਪਣਾ ਖੇਲੁ ਰਚਾਇਆ
ਆਵਾ ਗਉਣੁ ਪਾਸਾਰਾ ॥

سچے آپنا کھیلُ رچائیا
آوا گئُنُ پاسارا ॥

ਪੂਰੈ ਸਤਿਗੁਰਿ ਆਪਿ ਦਿਖਾਇਆ
ਸਚਿ ਨਾਮਿ ਨਿਸਤਾਰਾ ॥੭॥

پُورے ستِگُرِ آپِ دِکھائیا
سچِ نامِ نِستارا ॥7॥

ਸਾ ਕਾਇਆ ਜੋ ਸਤਿਗੁਰੁ ਸੇਵੈ
ਸਚੈ ਆਪਿ ਸਵਾਰੀ ॥

سا کائیا جو ستِگُرُ سیوے

ਵਿਣੁ ਨਾਵੈ ਦਰਿ ਢੋਈ ਨਾਹੀ
ਤਾ ਜਮੁ ਕਰੇ ਖੁਆਰੀ ॥

ਨਾਨਕ ਸਚੁ ਵਡਿਆਈ ਪਾਏ
ਜਿਸ ਨੋ ਹਰਿ ਕਿਰਪਾ ਧਾਰੀ ॥੮॥੨॥

ਰਾਗੁ ਸੂਹੀ ਮਹਲਾ ੩ ਘਰੁ ੧੦

ੴ ਸਤਿਗੁਰ ਪ੍ਰਸਾਦਿ ॥

ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥

ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥੧॥

ਵਾਹੁ ਮੇਰੇ ਸਾਹਿਬਾ ਵਾਹੁ ॥

ਗੁਰਮੁਖਿ ਸਦਾ ਸਲਾਹੀਐ
ਸਚਾ ਵੇਪਰਵਾਹੁ ॥੧॥ ਰਹਾਉ ॥

ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ ॥

ਜਮ ਪੁਰਿ ਬਧੇ ਮਾਰੀਅਹਿ ਵੇਲਾ ਨ ਲਾਹੰਨਿ ॥੨॥

ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ ॥

ਆਤਮ ਰਾਮੁ ਪ੍ਰਗਾਸਿਆ ਸਹਜੇ ਸੁਖਿ ਰਹੰਨਿ ॥੩॥

ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥

ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥੪॥

ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥

ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥੫॥

ਨਿੰਦਾ ਭਲੀ ਕਿਸੈ ਕੀ ਨਾਹੀ
ਮਨਮੁਖ ਮੁਗਧ ਕਰੰਨਿ ॥

ਮੁਹ ਕਾਲੇ ਤਿਨ ਨਿੰਦਕਾ
ਨਰਕੇ ਘੋਰਿ ਪਵੰਨਿ ॥੬॥

سچے آپِ سواری ॥

وِنُ ناوے درِ ڈھوئی ناہی
تا جمُ کرے خُیاری ॥

نانک سچُ وڈِیائی پائے
جِس نو ہرِ کِرپا دھاری ॥8॥2॥

راگُ سوُہی محلا 3 گھرُ 10

ੴ ستِگُر پرّسادِ ॥

دُنِیا ن سالاحِ جو مرِ ونجّسی ॥

لوکا ن سالاحِ جو مرِ خاکُ تھِیئی ॥1॥

واہُ میرے صاحِبا واہُ ॥

گُرمُکھِ سدا سلاحیِّے
سچا ویپرواہُ ॥1॥ رہاءُ ॥

دُنِیا کیری دوستی منمُکھ دجھِ مرنّنِ ॥

جم پُر بدھے مارِیئہِ ویلا ن لاہنّنِ ॥2॥

گُرمُکھِ جنمُ سکارتھا سچے سبدِ لگنّنِ ॥

آتم رامُ پرّگاسِیا سہجے سُکھِ رہنّنِ ॥3॥

گُر کا سبدُ وِسارِیا دوُجے بھاءِ رچنّنِ ॥

تِسنا بھُکھ ن اُترے اندِنُ جلت پھِرنّنِ ॥4॥

دُسٹا نالِ دوستی نالِ سنّتا ویرُ کرنّنِ ॥

آپِ ڈُبے کُٹنّب سِءُ سگلے کُل ڈوبنّنِ ॥5॥

نِندا بھلی کِسے کی ناہی
منمُکھ مُگدھ کرنّنِ ॥

مُہ کالے تِن نِندکا

نرکے گھورِ پونَنِ ॥6॥

ਏ ਮਨ ਜੈਸਾ ਸੇਵਹਿ ਤੈਸਾ ਹੋਵਹਿ
ਤੇਹੇ ਕਰਮ ਕਮਾਇ ॥

اے من جیَسا سیوہِ تیَسا ہووہِ
تیہے کرم کماءِ ॥

ਆਪਿ ਬੀਜਿ ਆਪੇ ਹੀ ਖਾਵਣਾ
ਕਹਣਾ ਕਿਛੂ ਨ ਜਾਇ ॥੭॥

آپِ بیجِ آپے ہی کھاوٹا
کہٹا کچھوُ ن جاءِ ॥7॥

ਮਹਾ ਪੁਰਖਾ ਕਾ ਬੋਲਣਾ
ਹੋਵੈ ਕਿਤੈ ਪਰਥਾਇ ॥

مہا پُرکھا کا بولٹا
ہووے کِتے پرتھاءِ ॥

ਓਇ ਅੰਮ੍ਰਿਤ ਭਰੇ ਭਰਪੂਰ ਹਹਿ
ਓਨਾ ਤਿਲੁ ਨ ਤਮਾਇ ॥੮॥

اوءِ انّمرِت بھرے بھرپوُر ہہِ
اونا تِلُ ن طماعِ ॥8॥

ਗੁਣਕਾਰੀ ਗੁਣ ਸੰਘਰੈ
ਅਵਰਾ ਉਪਦੇਸੇਨਿ ॥

گُنکاری گُنٹ سنگھرے
اورا اُپدیسینِ ॥

ਸੇ ਵਡਭਾਗੀ ਜਿ ਓਨਾ ਮਿਲਿ ਰਹੇ
ਅਨਦਿਨੁ ਨਾਮੁ ਲਏਨਿ ॥੯॥

سے وڈبھاگی جِ اونا مِلِ رہے
اندِنُ نامُ لئینِ ॥9॥

ਦੇਸੀ ਰਿਜਕੁ ਸੰਬਾਹਿ
ਜਿਨਿ ਉਪਾਈ ਮੇਦਨੀ ॥

دیسی رِزقُ سنّباہِ
جِنِ اُپائی میدنی ॥

ਏਕੋ ਹੈ ਦਾਤਾਰੁ
ਸਚਾ ਆਪਿ ਧਣੀ ॥੧੦॥

ایکو ہے داتارُ
سچا آپِ دھنّی ॥ 10 ॥

ਸੋ ਸਚੁ ਤੇਰੈ ਨਾਲਿ ਹੈ
ਗੁਰਮੁਖਿ ਨਦਰਿ ਨਿਹਾਲਿ ॥

سو سچُ تیرے نالِ ہے
گُرمُکھِ ندرِ نہالِ ॥

ਆਪੇ ਬਖਸੇ ਮੇਲਿ ਲਏ
ਸੋ ਪ੍ਰਭੁ ਸਦਾ ਸਮਾਲਿ ॥੧੧॥

آپے بخشے میلِ لے
سو پربھُ سدا سمالِ ॥ 11 ॥

ਮਨੁ ਮੈਲਾ ਸਚੁ ਨਿਰਮਲਾ
ਕਿਉ ਕਰਿ ਮਿਲਿਆ ਜਾਇ ॥

منُ میَلا سچُ نِرملا
کِءُ کرِ ملیا جاءِ ۔ ॥

ਪ੍ਰਭੁ ਮੇਲੇ ਤਾ ਮਿਲਿ ਰਹੈ
ਹਉਮੈ ਸਬਦਿ ਜਲਾਇ ॥੧੨॥

پربھُ میلے تا مِلِ رہے
ہئمےَ سبدِ جلاءِ ॥ 12 ॥

ਸੋ ਸਹੁ ਸਚਾ ਵੀਸਰੈ
ਧ੍ਰਿਗੁ ਜੀਵਣੁ ਸੰਸਾਰਿ ॥

ندرِ کرے نا ویسرے
دھرِگُ جیونُ سنسارِ ॥

ਨਦਰਿ ਕਰੇ ਨਾ ਵੀਸਰੈ
ਗੁਰਮਤੀ ਵੀਚਾਰਿ ॥੧੩॥

گُرمتی ویچارِ ॥ 13 ॥

ਸਤਿਗੁਰੁ ਮੇਲੇ ਤਾ ਮਿਲਿ ਰਹਾ
ਸਾਚੁ ਰਖਾ ਉਰ ਧਾਰਿ ॥

ستِگُرُ میلے تا مِلِ رہا
ساچُ رکھا اُر دھارِ ॥

ਮਿਲਿਆ ਹੋਇ ਨ ਵੀਛੁੜੈ
ਗੁਰ ਕੈ ਹੇਤਿ ਪਿਆਰਿ ॥੧੪॥

مِلیا ہوءِ ن ویچھُڑے
گُر کے ہیتِ پیارِ ॥ 14 ॥

ਪਿਰੁ ਸਾਲਾਹੀ ਆਪਣਾ
ਗੁਰ ਕੈ ਸਬਦਿ ਵੀਚਾਰਿ ॥

پِرُ سالاحی آپنا
گُر کے سبدِ ویچارِ ॥

ਮਿਲਿ ਪ੍ਰੀਤਮ ਸੁਖੁ ਪਾਇਆ
ਸੋਭਾਵੰਤੀ ਨਾਰਿ ॥੧੫॥

مِلِ پریتم سُکھُ پائیا
سوبھاونتی نارِ ॥ 15 ॥

ਮਨਮੁਖ ਮਨੁ ਨ ਭਿਜਈ
ਅਤਿ ਮੈਲੇ ਚਿਤਿ ਕਠੋਰ ॥

منمُکھ منُ ن بھِجئی
اتِ میلے چِتِ کٹھور ॥

ਸਪੈ ਦੁਧੁ ਪੀਆਈਐ
ਅੰਦਰਿ ਵਿਸੁ ਨਿਕੋਰ ॥੧੬॥

سپے دُدھُ پیائیے
اندرِ وِسُ نِکور ॥ 16 ॥

ਆਪਿ ਕਰੇ ਕਿਸੁ ਆਖੀਐ
ਆਪੇ ਬਖਸਣਹਾਰੁ ॥

آپِ کرے کِسُ آکھیے
آپے بخشنہارُ ॥

ਗੁਰ ਸਬਦੀ ਮੈਲੁ ਉਤਰੈ
ਤਾ ਸਚੁ ਬਣਿਆ ਸੀਗਾਰੁ ॥੧੭॥

گُر سبدی میَلُ اُترے
تا سچُ بنِیا سیگارُ ॥ 17 ॥

ਸਚਾ ਸਾਹੁ ਸਚੇ ਵਣਜਾਰੇ
ਓਥੈ ਕੂੜੇ ਨ ਟਿਕੰਨਿ ॥

سچا ساہُ سچے ونجارے
اوتھے کوڑے ن ٹِکنّنِ ॥

ਓਨਾ ਸਚੁ ਨ ਭਾਵਈ
ਦੁਖ ਹੀ ਮਾਹਿ ਪਚੰਨਿ ॥੧੮॥

اونا سچُ ن بھاوئی
دُکھ ہی ماہِ پچنّنِ ॥ 18 ॥

ਹਉਮੈ ਮੈਲਾ ਜਗੁ ਫਿਰੈ
ਮਰਿ ਜੰਮੈ ਵਾਰੋ ਵਾਰ ॥

ہئمے میَلا جگُ پھِرے

ਪਇਐ ਕਿਰਤਿ ਕਮਾਵਣਾ
ਕੋਇ ਨ ਮੇਟਣਹਾਰ ॥੧੯॥

پئے کِرتِ کماوٹا
کوءِ ن میٹنہار ॥ 19 ॥

ਸੰਤਾ ਸੰਗਤਿ ਮਿਲਿ ਰਹੈ
ਤਾ ਸਚਿ ਲਗੈ ਪਿਆਰੁ ॥

سنّتا سنگتِ مِلِ رہے
تا سچِ لگے پِیارُ ॥

ਸਚੁ ਸਲਾਹੀ ਸਚੁ ਮਨਿ
ਦਰਿ ਸਚੈ ਸਚਿਆਰੁ ॥੨੦॥

سچُ سلاہی سچُ منِ
درِ سچے سچِیارُ ॥ 20 ॥

ਗੁਰ ਪੂਰੇ ਪੂਰੀ ਮਤਿ ਹੈ
ਅਹਿਨਿਸਿ ਨਾਮੁ ਧਿਆਇ ॥

گُر پُورے پُوری متِ ہے
اہِنِس نامُ دھِیاءِ ॥

ਹਉਮੈ ਮੇਰਾ ਵਡ ਰੋਗੁ ਹੈ
ਵਿਚਹੁ ਠਾਕਿ ਰਹਾਇ ॥੨੧॥

ہئُمے میرا وڈ روگُ ہے
وِچہُ ٹھاکِ رہاءِ ॥ 21 ॥

ਗੁਰੁ ਸਾਲਾਹੀ ਆਪਣਾ
ਨਿਵਿ ਨਿਵਿ ਲਾਗਾ ਪਾਇ ॥

گُرُ سالاہی آپٹا
نِوِ نِوِ لاگا پاءِ ॥

ਤਨੁ ਮਨੁ ਸਉਪੀ ਆਗੈ ਧਰੀ
ਵਿਚਹੁ ਆਪੁ ਗਵਾਇ ॥੨੨॥

تنُ منُ سئُپی آگے دھری
وِچہُ آپُ گواءِ ॥ 22 ॥

ਖਿੰਚੋਤਾਣਿ ਵਿਗੁਚੀਐ
ਏਕਸੁ ਸਿਉ ਲਿਵ ਲਾਇ ॥

کھِنچوتانِ وِگچیے
ایکسُ سِءُ لِو لاءِ ॥

ਹਉਮੈ ਮੇਰਾ ਛਡਿ ਤੂ
ਤਾ ਸਚਿ ਰਹੈ ਸਮਾਇ ॥੨੩॥

ہئُمے میرا چھڈِ توُ
تا سچِ رہے سماءِ ॥ 23 ॥

ਸਤਿਗੁਰ ਨੋ ਮਿਲੇ ਸਿ ਭਾਇਰਾ
ਸਚੈ ਸਬਦਿ ਲਗੰਨਿ ॥

ستِگُر نو مِلے سِ بھائرا
سچے سبدِ لگنّنِ ॥

ਸਚਿ ਮਿਲੇ ਸੇ ਨ ਵਿਛੁੜਹਿ
ਦਰਿ ਸਚੈ ਦਿਸੰਨਿ ॥੨੪॥

سچِ مِلے سے ن وِچھُڑہِ
درِ سچے دِسنّنِ ॥ 24 ॥

ਸੇ ਭਾਈ ਸੇ ਸਜਣਾ
ਜੋ ਸਚਾ ਸੇਵੰਨਿ ॥

سے بھائی سے سجنّا
جو سچا سیونّنِ ॥

ਅਵਗਣ ਵਿਕਣਿ ਪਲ੍ਰਹਨਿ
ਗੁਣ ਕੀ ਸਾਝ ਕਰੰਨ੍ਹਿ ॥੨੫॥

اوگُن وِکنِ پلّہرنِ
گُن کی ساجھ کرنّنہِ ॥ 25 ॥

ਗੁਣ ਕੀ ਸਾਝ ਸੁਖੁ ਊਪਜੈ
ਸਚੀ ਭਗਤਿ ਕਰੇਨਿ ॥

گُن کی ساجھ سُکھُ اوُپجے
سچی بھگتِ کرینِ ॥

ਸਚੁ ਵਣੰਜਹਿ ਗੁਰ ਸਬਦ ਸਿਉ
ਲਾਹਾ ਨਾਮੁ ਲਏਨਿ ॥੨੬॥

سچُ وٹنجہِ گُر سبد سِءُ
لاہا نامُ لئینِ ॥ 26 ॥

ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ
ਚਲੈ ਨ ਚਲਦਿਆ ਨਾਲਿ ॥

سُنّا رُپا پاپ کرِ کرِ سنچیئے
چلے ن چلدِیا نالِ ॥

ਵਿਣੁ ਨਾਵੈ ਨਾਲਿ ਨ ਚਲਸੀ
ਸਭ ਮੁਠੀ ਜਮਕਾਲਿ ॥੨੭॥

وِنُ ناوے نالِ ن چلسی
سبھ مُٹھی جمکالِ ॥ 27 ॥

ਮਨ ਕਾ ਤੋਸਾ ਹਰਿ ਨਾਮੁ ਹੈ
ਹਿਰਦੈ ਰਖਹੁ ਸਮ੍ਾਲਿ ॥

من کا توشا ہرِ نامُ ہے
ہِردے رکھہُ سمّہالِ ॥

ਏਹੁ ਖਰਚੁ ਅਖੁਟੁ ਹੈ
ਗੁਰਮੁਖਿ ਨਿਬਹੈ ਨਾਲਿ ॥੨੮॥

ایہُ کھرچُ اکھُٹُ ہے
گُرمُکھِ نِبہے نالِ ॥ 28 ॥

ਏ ਮਨ ਮੂਲਹੁ ਭੁਲਿਆ
ਜਾਸਹਿ ਪਤਿ ਗਵਾਇ ॥

اے من مُولہُ بھُلِیا
جاسہِ پتِ گواءِ ॥

ਇਹੁ ਜਗਤੁ ਮੋਹਿ ਦੂਜੈ ਵਿਆਪਿਆ
ਗੁਰਮਤੀ ਸਚੁ ਧਿਆਇ ॥੨੯॥

اِہُ جگتُ موہِ دوُجے وِیاپیا
گُرمتی سچُ دھیاءِ ॥ 29 ॥

ਹਰਿ ਕੀ ਕੀਮਤਿ ਨ ਪਵੈ
ਹਰਿ ਜਸੁ ਲਿਖਣੁ ਨ ਜਾਇ ॥

ہرِ کی قِیمتِ ن پوے
ہرِ جسُ لِکھنُ ن جاءِ ॥

ਗੁਰ ਕੈ ਸਬਦਿ ਮਨੁ ਤਨੁ ਰਪੈ
ਹਰਿ ਸਿਉ ਰਹੈ ਸਮਾਇ ॥੩੦॥

گُر کے سبدِ منُ تنُ رپے
ہرِ سِءُ رہے سماءِ ॥ 30 ॥

ਸੋ ਸਹੁ ਮੇਰਾ ਰੰਗੁਲਾ
ਰੰਗੇ ਸਹਜਿ ਸੁਭਾਇ ॥

سو سہُ میرا رنگُلا
رنگے سہجِ سُبھاءِ ॥

ਕਾਮਣਿ ਰੰਗੁ ਤਾ ਚੜੈ
ਜਾ ਪਿਰ ਕੈ ਅੰਕਿ ਸਮਾਇ ॥੩੧॥

کامنِ رنگُ تا چڑے

ਜਾ ਪਰ ਕੇ ਅਨੇਕ ਸਮਾਇ ॥ 31 ॥

جا پر کے انَک سماءِ ॥ 31 ॥

ਚਿਰੀ ਵਿਛੁੰਨੇ ਭੀ ਮਿਲਨਿ
ਜੋ ਸਤਿਗੁਰੁ ਸੇਵੰਨਿ ॥

چِری وِچھُنّے بھی مِلنِ
جو ستِگُرُ سیونّنِ ॥

ਅੰਤਰਿ ਨਵ ਨਿਧਿ ਨਾਮੁ ਹੈ
ਖਾਨਿ ਖਰਚਨਿ ਨ ਨਿਖੁਟਈ
ਹਰਿ ਗੁਣ ਸਹਜਿ ਰਵੰਨਿ ॥੩੨॥

انترِ نو نِدھِ نامُ ہے
کھانِ خرچنِ ن نِکھُٹئی
ہرِ گُنؤ سہجِ رونّنِ ॥ 32 ॥

ਨਾ ਓਇ ਜਨਮਹਿ ਨਾ ਮਰਹਿ
ਨਾ ਓਇ ਦੁਖ ਸਹੰਨਿ ॥

نا اوءِ جنمہِ نا مرہِ
نا اوءِ دُکھ سہنّنِ ॥

ਗੁਰਿ ਰਾਖੇ ਸੇ ਉਬਰੇ
ਹਰਿ ਸਿਉ ਕੇਲ ਕਰੰਨਿ ॥੩੩॥

گُرِ راکھے سے اُبرے
ہرِ سِءُ کیل کرنّنِ ॥ 33 ॥

ਸਜਣ ਮਿਲੇ ਨ ਵਿਛੁੜਹਿ
ਜਿ ਅਨਦਿਨੁ ਮਿਲੇ ਰਹੰਨਿ ॥

سجنؤ مِلے ن وِچھُڑہِ
جِ اندِنُ مِلے رہنّنِ ॥

ਇਸੁ ਜਗ ਮਹਿ ਵਿਰਲੇ ਜਾਣੀਅਹਿ
ਨਾਨਕ ਸਚੁ ਲਹੰਨਿ ॥੩੪॥੧॥੩॥

اِسُ جگ مہِ وِرلے جاٹیئہِ
نانک سچُ لہنّنِ ॥ 34 ॥ 1 ॥ 3 ॥

ਸੂਹੀ ਮਹਲਾ ੩ ॥

سوُہی محلا 3 ॥

ਹਰਿ ਜੀ ਸੂਖਮੁ ਅਗਮੁ ਹੈ
ਕਿਤੁ ਬਿਧਿ ਮਿਲਿਆ ਜਾਇ ॥

ہرِ جی سوُکھمُ اگمُ ہے
کِتُ بِدھِ مِلیا جاءِ ۔ ॥

ਗੁਰ ਕੈ ਸਬਦਿ ਭ੍ਰਮੁ ਕਟੀਐ
ਅਚਿੰਤੁ ਵਸੈ ਮਨਿ ਆਇ ॥੧॥

گُر کے سبدِ بھرمُ کٹیئے
اچنّتُ وسے منِ آءِ ॥ 1 ॥

ਗੁਰਮੁਖਿ ਹਰਿ ਹਰਿ ਨਾਮੁ ਜਪੰਨਿ ॥

گُرمُکھِ ہرِ ہرِ نامُ جپنّنِ ॥

ਹਉ ਤਿਨ ਕੈ ਬਲਿਹਾਰਣੈ
ਮਨਿ ਹਰਿ ਗੁਣ ਸਦਾ ਰਵੰਨਿ ॥੧॥ ਰਹਾਉ ॥

ہءُ تِن کے بلِہارنے
منِ ہرِ گُنؤ سدا رونّنِ ॥ 1 ॥ رہاءُ ॥

ਗੁਰੁ ਸਰਵਰੁ ਮਾਨ ਸਰੋਵਰੁ ਹੈ
ਵਡਭਾਗੀ ਪੁਰਖ ਲਹੰਨਿ ॥

گُرُ سروُرُ مان سروورُ ہے
وڈبھاگی پُرکھ لہنّنِ ॥

ਸੇਵਕ ਗੁਰਮੁਖਿ ਖੋਜਿਆ

سیوک گُرمُکھِ کھوجِیا

ਸੇ ਹੰਸੁਲੇ ਨਾਮੁ ਲਹੰਨਿ ॥੨॥

سے ہنّسُلے نامُ لہنّنِ ॥2॥

ਨਾਮੁ ਧਿਆਇਨ੍ਿ ਰੰਗ ਸਿਉ
ਗੁਰਮੁਖਿ ਨਾਮਿ ਲਗੰਨ੍ਿ ॥

نامُ دھیائِنّہِ رنگ سِ ءُ
گُرمُکھِ نامِ لگنّنہِ ॥

ਧੁਰਿ ਪੂਰਬਿ ਹੋਵੈ ਲਿਖਿਆ
ਗੁਰ ਭਾਣਾ ਮੰਨਿ ਲਏਨ੍ਿ ॥੩॥

دھُرِ پوُربِ ہووے لِکھیا
گُر بھاٹا منّنِ لیَنّہِ ॥3॥

ਵਡਭਾਗੀ ਘਰੁ ਖੋਜਿਆ
ਪਾਇਆ ਨਾਮੁ ਨਿਧਾਨੁ ॥

وڈبھاگی گھرُ کھوجِیا
پائیا نامُ نِدھانُ ॥

ਗੁਰਿ ਪੂਰੈ ਵੇਖਾਲਿਆ
ਪ੍ਰਭੁ ਆਤਮ ਰਾਮੁ ਪਛਾਨੁ ॥੪॥

گُرِ پوُرے ویکھالیا
پربھُ آتم رامُ پچھانُ ॥4॥

ਸਭਨਾ ਕਾ ਪ੍ਰਭੁ ਏਕੁ ਹੈ
ਦੂਜਾ ਅਵਰੁ ਨ ਕੋਇ ॥

سبھنا کا پربھُ ایکُ ہے
دوُجا اورُ ن کوءِ ॥

ਗੁਰ ਪਰਸਾਦੀ ਮਨਿ ਵਸੈ
ਤਿਤੁ ਘਟਿ ਪਰਗਟੁ ਹੋਇ ॥੫॥

گُر پرسادی منِ وسے
تِتُ گھٹِ پرگٹُ ہوءِ ॥5॥

ਸਭੁ ਅੰਤਰਜਾਮੀ ਬ੍ਰਹਮੁ ਹੈ
ਬ੍ਰਹਮੁ ਵਸੈ ਸਭ ਥਾਇ ॥

سبھُ انترجامی برہمُ ہے
برہمُ وسے سبھ تھاءِ ॥

ਮੰਦਾ ਕਿਸ ਨੋ ਆਖੀਐ
ਸਬਦਿ ਵੇਖਹੁ ਲਿਵ ਲਾਇ ॥੬॥

منّدا کِس نو آکھیئے
سبدِ ویکھہُ لِو لاءِ ॥6॥

ਬੁਰਾ ਭਲਾ ਤਿਚਰੁ ਆਖਦਾ
ਜਿਚਰੁ ਹੈ ਦੁਹੁ ਮਾਹਿ ॥

بُرا بھلا تِچرُ آکھدا
جِچرُ ہے دُہُ ماہِ ॥

ਗੁਰਮੁਖਿ ਏਕੋ ਬੁਝਿਆ
ਏਕਸੁ ਮਾਹਿ ਸਮਾਇ ॥੭॥

گُرمُکھِ ایکو بُجھیا
ایکسُ ماہِ سماءِ ॥7॥

ਸੇਵਾ ਸਾ ਪ੍ਰਭ ਭਾਵਸੀ
ਜੋ ਪ੍ਰਭੁ ਪਾਏ ਥਾਇ ॥

سیوا سا پربھ بھاوسی
جو پربھُ پائے تھاءِ ॥

ਜਨ ਨਾਨਕ ਹਰਿ ਆਰਾਧਿਆ
ਗੁਰ ਚਰਣੀ ਚਿਤੁ ਲਾਇ ॥੮॥੨॥੪॥੯॥

جن نانک ہرِ آرادھیا
گُر چرنّی چِتُ لاءِ ॥8॥2॥4॥9॥

ਰਾਗੁ ਸੂਹੀ ਅਸਟਪਦੀਆ ਮਹਲਾ ੪ ਘਰੁ ੨

ਰاگُ سوُہی اسٹپدِیا محلا 4 گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ
ਹਉ ਤਿਸੁ ਪਹਿ ਆਪੁ ਵੇਚਾਈ ॥੧॥

کوئی آنِ مِلاوے میرا پرّیتمُ پیارا
ہءُ تِس پہِ آپُ ویچائی ॥1॥

ਦਰਸਨੁ ਹਰਿ ਦੇਖਣ ਕੈ ਤਾਈ ॥

درسنُ ہرِ دیکھنُ کے تائی ॥

ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ
ਹਰਿ ਹਰਿ ਨਾਮੁ ਧਿਆਈ ॥੧॥ ਰਹਾਉ ॥

کرِپا کرہِ تا ستِگُرُ میلہِ
ہرِ ہرِ نامُ دھِیائی ॥1॥ رہاءُ ॥

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ
ਦੁਖਿ ਭੀ ਤੁਝੈ ਧਿਆਈ ॥੨॥

جے سُکھُ دیہِ ت تُجھہِ ارادھی
دُکھِ بھی تُجھے دھِیائی ॥2॥

ਜੇ ਭੁਖ ਦੇਹਿ ਤ ਇਤ ਹੀ ਰਾਜਾ
ਦੁਖ ਵਿਚਿ ਸੂਖ ਮਨਾਈ ॥੩॥

جے بھُکھ دیہِ ت اِت ہی راجا
دُکھ وِچِ سوُکھ منائی ॥3॥

ਤਨੁ ਮਨੁ ਕਾਟਿ ਕਾਟਿ ਸਭੁ ਅਰਪੀ
ਵਿਚਿ ਅਗਨੀ ਆਪੁ ਜਲਾਈ ॥੪॥

تنُ منُ کاٹِ کاٹِ سبھُ ارپی
وِچِ اگنی آپُ جلائی ॥4॥

ਪਖਾ ਫੇਰੀ ਪਾਣੀ ਢੋਵਾ
ਜੋ ਦੇਵਹਿ ਸੋ ਖਾਈ ॥੫॥

پکھا پھیری پانیٚ ڈھووا
جو دیوہِ سو کھائی ॥5॥

ਨਾਨਕੁ ਗਰੀਬੁ ਢਹਿ ਪਇਆ ਦੁਆਰੈ
ਹਰਿ ਮੇਲਿ ਲੈਹੁ ਵਡਿਆਈ ॥੬॥

نانکُ غریبُ ڈھہِ پئیا دُیارے
ہرِ میلِ لیَہُ وڈِیائی ॥6॥

ਅਖੀ ਕਾਢਿ ਧਰੀ ਚਰਣਾ ਤਲਿ
ਸਭ ਧਰਤੀ ਫਿਰਿ ਮਤ ਪਾਈ ॥੭॥

اکھی کاڈھِ دھری چرٹا تلِ
سبھ دھرتی پھِرِ مت پائی ॥7॥

ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ
ਜੇ ਮਾਰਿ ਕਢਹਿ ਭੀ ਧਿਆਈ ॥੮॥

جے پاسِ بہالہِ تا تُجھہِ ارادھی
جے مارِ کڈھہِ بھی دھِیائی ॥8॥

ਜੇ ਲੋਕੁ ਸਲਾਹੇ ਤਾ ਤੇਰੀ ਉਪਮਾ
ਜੇ ਨਿੰਦੈ ਤ ਛੋਡਿ ਨ ਜਾਈ ॥੯॥

جے لوکُ سلاہے تا تیری اُپما
جے نِندے ت چھوڈِ ن جائی ॥9॥

ਜੇ ਤੁਧੁ ਵਲਿ ਰਹੈ ਤਾ ਕੋਈ ਕਿਹੁ ਆਖਉ
ਤੁਧੁ ਵਿਸਰਿਐ ਮਰਿ ਜਾਈ ॥੧੦॥

جے تُدھُ ولِ رہے تا کوئی کِہُ آکھءُ
تُدھُ وِسرِئے مرِ جائی ॥ 10 ॥

ਵਾਰਿ ਵਾਰਿ ਜਾਈ ਗੁਰ ਊਪਰਿ
ਪੈ ਪੈਰੀ ਸੰਤ ਮਨਾਈ ॥੧੧॥

وارِ وارِ جائی گُر اوُپرِ
پے پیَری سنّت منائی ॥ 11 ॥

ਨਾਨਕੁ ਵਿਚਾਰਾ ਭਇਆ ਦਿਵਾਨਾ
ਹਰਿ ਤਉ ਦਰਸਨ ਕੈ ਤਾਈ ॥੧੨॥

نانکُ وِچارا بھئیا دِوانا
ہرِ تءُ درسن کے تائی ॥ 12 ॥

ਝਖੜੁ ਝਾਗੀ ਮੀਹੁ ਵਰਸੈ
ਭੀ ਗੁਰੁ ਦੇਖਣ ਜਾਈ ॥੧੩॥

جھکھڑُ جھاگی میہُ ورسے
بھی گُرُ دیکھنْ جائی ॥ 13 ॥

ਸਮੁੰਦੁ ਸਾਗਰੁ ਹੋਵੈ ਬਹੁ ਖਾਰਾ
ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪॥

سمُنْدُ ساگرُ ہووے بہُ کھارا
گُرسِکھُ لنگھِ گُر پہِ جائی ॥ 14 ॥

ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ
ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥੧੫॥

جِءُ پّرانْی جل بِنُ ہے مرتا
تِءُ سِکھُ گُر بِنُ مرِ جائی ॥ 15 ॥

ਜਿਉ ਧਰਤੀ ਸੋਭ ਕਰੇ ਜਲੁ ਬਰਸੈ
ਤਿਉ ਸਿਖੁ ਗੁਰ ਮਿਲਿ ਬਿਗਸਾਈ ॥੧੬॥

جِءُ دھرتی سوبھ کرے جلُ برسے
تِءُ سِکھُ گُر مِلِ بِگسائی ॥ 16 ॥

ਸੇਵਕ ਕਾ ਹੋਇ ਸੇਵਕੁ ਵਰਤਾ
ਕਰਿ ਕਰਿ ਬਿਨਉ ਬੁਲਾਈ ॥੧੭॥

سیوک کا ہوءِ سیوکُ ورتا
کرِ کرِ بِنءُ بُلائی ॥ 17 ॥

ਨਾਨਕ ਕੀ ਬੇਨੰਤੀ ਹਰਿ ਪਹਿ
ਗੁਰ ਮਿਲਿ ਗੁਰ ਸੁਖੁ ਪਾਈ ॥੧੮॥

نانک کی بینْنتی ہرِ پہِ
گُر مِلِ گُر سُکھُ پائی ॥ 18 ॥

ਤੂ ਆਪੇ ਗੁਰੁ ਚੇਲਾ ਹੈ ਆਪੇ
ਗੁਰ ਵਿਚੁ ਦੇ ਤੁਝਹਿ ਧਿਆਈ ॥੧੯॥

توُ آپے گُرُ چیلا ہے آپے
گُر وِچُ دے تُجھِ دھِیائی ॥ 19 ॥

ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ
ਤੁਧੁ ਸੇਵਕ ਪੈਜ ਰਖਾਈ ॥੨੦॥

جو تُدھُ سیوہِ سو توُہے ہووہِ
تُدھُ سیوک پیَج رکھائی ॥ 20 ॥

ਭੰਡਾਰ ਭਰੇ ਭਗਤੀ ਹਰਿ ਤੇਰੇ
ਜਿਸੁ ਭਾਵੈ ਤਿਸੁ ਦੇਵਾਈ ॥੨੧॥

بھنڈّار بھرے بھگتی ہرِ تیرے
جِسُ بھاوے تِسُ دیوائی ॥ 21 ॥

ਜਿਸੁ ਤੂੰ ਦੇਹਿ ਸੋਈ ਜਨੁ ਪਾਏ
ਹੋਰ ਨਿਹਫਲ ਸਭ ਚਤੁਰਾਈ ॥੨੨॥

جِسُ توُنّ دیہِ سوئی جنُ پائے
ہور نِہپھل سبھ چترُائی ॥ 22 ॥

ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ
ਸੋਇਆ ਮਨੁ ਜਾਗਾਈ ॥੨੩॥

سِمرِ سِمرِ سِمرِ گُرُ اپُنا

ਇਕੁ ਦਾਨੁ ਮੰਗੈ ਨਾਨਕੁ ਵੇਚਾਰਾ
ਹਰਿ ਦਾਸਨਿ ਦਾਸੁ ਕਰਾਈ ॥੨੪॥

اِکُ دانُ منگےَ نانکُ ویچارا
ہرِ داسنِ داسُ کرائی ॥ 24 ॥

ਜੇ ਗੁਰੁ ਝਿੜਕੇ ਤ ਮੀਠਾ ਲਾਗੈ
ਜੇ ਬਖਸੇ ਤ ਗੁਰ ਵਡਿਆਈ ॥੨੫॥

جے گُرُ جھِڑکے ت مِٹھا لاگےَ
جے بخشے ت گُر وڈِیائی ॥ 25 ॥

ਗੁਰਮੁਖਿ ਬੋਲਹਿ ਸੋ ਥਾਇ ਪਾਏ
ਮਨਮੁਖਿ ਕਿਛੁ ਥਾਇ ਨ ਪਾਈ ॥੨੬॥

گُرمُکھِ بولہِ سو تھاءِ پائے
منمُکھِ کِچھُ تھاءِ ن پائی ॥ 26 ॥

ਪਾਲਾ ਕਕਰੁ ਵਰਫ ਵਰਸੈ
ਗੁਰਸਿਖੁ ਗੁਰ ਦੇਖਣ ਜਾਈ ॥੨੭॥

پالا ککرُ ورف ورسےَ
گُرسِکھُ گُر دیکھنْ جائی ॥ 27 ॥

ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ
ਵਿਚਿ ਅਖੀ ਗੁਰ ਪੈਰ ਧਰਾਈ ॥੨੮॥

سبھُ دِنسُ ریَنْ دیکھءُ گُرُ اپُنا
وِچِ اکھی گُر پیَر دھرائی ॥ 28 ॥

ਅਨੇਕ ਉਪਾਵ ਕਰੀ ਗੁਰ ਕਾਰਣਿ
ਗੁਰ ਭਾਵੈ ਸੋ ਥਾਇ ਪਾਈ ॥੨੯॥

انیک اُپاو کری گُر کارنْ
گُر بھاوےَ سو تھاءِ پائی ॥ 29 ॥

ਰੈਣਿ ਦਿਨਸੁ ਗੁਰ ਚਰਣ ਅਰਾਧੀ
ਦਇਆ ਕਰਹੁ ਮੇਰੇ ਸਾਈ ॥੩੦॥

ریَنْ دِنسُ گُر چرنْ ارادھی
دئیا کرہُ میرے سائی ۔ ॥ 30 ॥

ਨਾਨਕ ਕਾ ਜੀਉ ਪਿੰਡੁ ਗੁਰੂ ਹੈ
ਗੁਰ ਮਿਲਿ ਤ੍ਰਿਪਤਿ ਅਘਾਈ ॥੩੧॥

نانک کا جیءُ پِنڈُ گُروُ ہےَ
گُر مِلِ ترِپتِ اگھائی ॥ 31 ॥

ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ
ਜਤ ਕਤ ਤਤ ਗੋਸਾਈ ॥੩੨॥੧॥

نانک کا پربھُ پوُرِ رہِئو ہےَ
جت کت تت گوسائی ॥ 32 ॥ 1 ॥

ਰਾਗੁ ਸੂਹੀ ਮਹਲਾ ੪ ਅਸਟਪਦੀਆ ਘਰੁ ੧੦

راگُ سوُہی محلا 4 اسٹپدیِیا گھرُ 10

ੴ ਸਤਿਗੁਰ ਪ੍ਰਸਾਦਿ ॥

ۨ ستِگُر پرسادِ ॥

ਅੰਦਰਿ ਸਚਾ ਨੇਹੁ
ਲਾਇਆ ਪ੍ਰੀਤਮ ਆਪਣੈ ॥

اندّرِ سچا نیہُ
لائیا پرِیتم آپنےّ ॥

ਤਨੁ ਮਨੁ ਹੋਇ ਨਿਹਾਲੁ
ਜਾ ਗੁਰੁ ਦੇਖਾ ਸਾਮ੍ਹਣੇ ॥੧॥

تنُ منُ ہوءِ نہالُ
جا گُرُ دیکھا سامہنےّ ॥ 1 ॥

ਮੈ ਹਰਿ ਹਰਿ ਨਾਮੁ ਵਿਸਾਹੁ ॥

ميَ ہرِ ہرِ نامُ وِساہُ ॥

ਗੁਰ ਪੂਰੇ ਤੇ ਪਾਇਆ
ਅੰਮ੍ਰਿਤੁ ਅਗਮ ਅਥਾਹੁ ॥੧॥ ਰਹਾਉ ॥

گُر پُورے تے پائیا
انمّرِتُ اگم اتھاہُ ॥1॥ رہاءُ ॥

ਹਉ ਸਤਿਗੁਰੁ ਵੇਖਿ ਵਿਗਸੀਆ
ਹਰਿ ਨਾਮੇ ਲਗਾ ਪਿਆਰੁ ॥

ہءُ ستِگُرُ ویکھِ وِگسِیا
ہرِ نامے لگا پِیارُ ॥

ਕਿਰਪਾ ਕਰਿ ਕੈ ਮੇਲਿਅਨੁ
ਪਾਇਆ ਮੋਖ ਦੁਆਰੁ ॥੨॥

کِرپا کرِ کے میلِئنُ
پائیا موکھ دُیارُ ॥2॥

ਸਤਿਗੁਰੁ ਬਿਰਹੀ ਨਾਮ ਕਾ
ਜੇ ਮਿਲੈ ਤ ਤਨੁ ਮਨੁ ਦੇਉ ॥

ستِگُرُ برہی نام کا
جے مِلےَ ت تنُ منُ دیءُ ॥

ਜੇ ਪੂਰਬਿ ਹੋਵੈ ਲਿਖਿਆ
ਤਾ ਅੰਮ੍ਰਿਤੁ ਸਹਜਿ ਪੀਏਉ ॥੩॥

جے پُوربِ ہووے لِکھیا
تا انمّرِتُ سہجِ پیئیءُ ॥3॥

ਸੁਤਿਆ ਗੁਰੁ ਸਾਲਾਹੀਐ
ਉਠਦਿਆ ਭੀ ਗੁਰੁ ਆਲਾਉ ॥

سُتیا گُرُ سالاہیےَ
اُٹھدِیا بھی گُرُ آلاءُ ॥

ਕੋਈ ਐਸਾ ਗੁਰਮੁਖਿ ਜੇ ਮਿਲੈ
ਹਉ ਤਾ ਕੇ ਧੋਵਾ ਪਾਉ ॥੪॥

کوئی ایَسا گُرمُکھِ جے مِلےَ
ہءُ تا کے دھووا پاءُ ॥4॥

ਕੋਈ ਐਸਾ ਸਜਣੁ ਲੋੜਿ ਲਹੁ
ਮੈ ਪ੍ਰੀਤਮੁ ਦੇਇ ਮਿਲਾਇ ॥

کوئی ایَسا سجنُ لوڑِ لہُ
میَ پریتمُ دےءِ مِلاءِ ॥

ਸਤਿਗੁਰਿ ਮਿਲਿਐ ਹਰਿ ਪਾਇਆ
ਮਿਲਿਆ ਸਹਜਿ ਸੁਭਾਇ ॥੫॥

ستِگُرِ مِلےَ ہرِ پائیا
مِلیا سہجِ سُبھاءِ ॥5॥

ਸਤਿਗੁਰੁ ਸਾਗਰੁ ਗੁਣ ਨਾਮ ਕਾ
ਮੈ ਤਿਸੁ ਦੇਖਣ ਕਾ ਚਾਉ ॥

ستِگُرُ ساگرُ گُنّ نام کا
میَ تِسُ دیکھنّ کا چاءُ ॥

ਹਉ ਤਿਸੁ ਬਿਨੁ ਘੜੀ ਨ ਜੀਵਉ
ਬਿਨੁ ਦੇਖੇ ਮਰਿ ਜਾਉ ॥੬॥

ہءُ تِسُ بِنُ گھڑی ن جیِوئو
بِنُ دیکھے مرِ جاءُ ॥6॥

ਜਿਉ ਮਛੁਲੀ ਵਿਣੁ ਪਾਣੀਐ
ਰਹੈ ਨ ਕਿਤੈ ਉਪਾਇ ॥

جِءُ مچھُلی وِنُّ پانّیےَ
رہےَ ن کِتےَ اُپاءِ ॥

ਤਿਉ ਹਰਿ ਬਿਨੁ ਸੰਤੁ ਨ ਜੀਵਈ
ਬਿਨੁ ਹਰਿ ਨਾਮੈ ਮਰਿ ਜਾਇ ॥੭॥

ਮੈ ਸਤਿਗੁਰ ਸੇਤੀ ਪਿਰਹੜੀ
ਕਿਉ ਗੁਰ ਬਿਨੁ ਜੀਵਾ ਮਾਉ ॥

ਮੈ ਗੁਰਬਾਣੀ ਆਧਾਰੁ ਹੈ
ਗੁਰਬਾਣੀ ਲਾਗਿ ਰਹਾਉ ॥੮॥

ਹਰਿ ਹਰਿ ਨਾਮੁ ਰਤੰਨੁ ਹੈ
ਗੁਰੁ ਤੁਠਾ ਦੇਵੈ ਮਾਇ ॥

ਮੈ ਧਰ ਸਚੇ ਨਾਮ ਕੀ ਹਰਿ
ਨਾਮਿ ਰਹਾ ਲਿਵ ਲਾਇ ॥੯॥

ਗੁਰ ਗਿਆਨੁ ਪਦਾਰਥੁ ਨਾਮੁ ਹੈ
ਹਰਿ ਨਾਮੋ ਦੇਇ ਦ੍ਰਿੜਾਇ ॥

ਜਿਸੁ ਪਰਾਪਤਿ ਸੋ ਲਹੈ
ਗੁਰ ਚਰਣੀ ਲਾਗੈ ਆਇ ॥੧੦॥

ਅਕਥ ਕਹਾਣੀ ਪ੍ਰੇਮ ਕੀ
ਕੋ ਪ੍ਰੀਤਮੁ ਆਖੈ ਆਇ ॥

ਤਿਸੁ ਦੇਵਾ ਮਨੁ ਆਪਣਾ
ਨਿਵਿ ਨਿਵਿ ਲਾਗਾ ਪਾਇ ॥੧੧॥

ਸਜਣੁ ਮੇਰਾ ਏਕੁ ਤੂੰ
ਕਰਤਾ ਪੁਰਖੁ ਸੁਜਾਣੁ ॥

ਸਤਿਗੁਰਿ ਮੀਤਿ ਮਿਲਾਇਆ
ਮੈ ਸਦਾ ਸਦਾ ਤੇਰਾ ਤਾਣੁ ॥੧੨॥

ਸਤਿਗੁਰੁ ਮੇਰਾ ਸਦਾ ਸਦਾ
ਨਾ ਆਵੈ ਨ ਜਾਇ ॥

ਓਹੁ ਅਬਿਨਾਸੀ ਪੁਰਖੁ ਹੈ
ਸਭ ਮਹਿ ਰਹਿਆ ਸਮਾਇ ॥੧੩॥

تِءُ ہرِ بِنُ سنّتُ ن جیوئی
بِنُ ہرِ نامے مرِ جاءِ ॥7॥

مے ستِگُر سیتی پرہڑی
کِءُ گُر بِنُ جیوا ماءُ ۔ ॥

مے گُربانٹی آدھارُ ہے
گُربانٹی لاگِ رہاءُ ॥8॥

ہرِ ہرِ نامُ رتنّنُ ہے
گُرُ ٹھٹھا دیوے ماءِ ۔ ॥

مے دھر سچے نام کی ہرِ
نامِ رہا لِو لاءِ ॥9॥

گُر گیانُ پدارتھُ نامُ ہے
ہرِ نامو دےءِ دّرڑاءِ ॥

جِسُ پراپتِ سو لہے
گُر چرنٹی لاگے آءِ ॥ 10 ॥

اکتھ کہانٹی پّریم کی
کو پّریتمُ آکھے آءِ ॥

تِسُ دیوا منُ آپنٹا
نِوِ نِوِ لاگا پاءِ ॥ 11 ॥

سجنُ میرا ایکُ توُنّ
کرتا پُرکھُ سُجانُ ॥

ستِگُرِ میتِ مِلائیا
مے سدا سدا تیرا تانُ ॥ 12 ॥

ستِگُرُ میرا سدا سدا
نا آوے ن جاءِ ॥

اوہُ اِبناسی پُرکھُ ہے

	سبھ مہِ رہِیا سماءِ ॥ 13 ॥
ਰਾਮ ਨਾਮ ਧਨੁ ਸੰਚਿਆ ਸਾਬਤੁ ਪੂੰਜੀ ਰਾਸਿ ॥	رام نام دھنُ سنچِیا سابتُ پوُنجی راسِ ॥
ਨਾਨਕ ਦਰਗਹ ਮੰਨਿਆ ਗੁਰ ਪੂਰੇ ਸਾਬਾਸਿ ॥੧੪॥੧॥੨॥੧੧॥	نانک درگہ منّنیا گُرپوُرے ساباسِ ॥ 14 ॥1॥2॥ 11 ॥
ਰਾਗੁ ਸੂਹੀ ਅਸਟਪਦੀਆ ਮਹਲਾ ੫ ਘਰੁ ੧ ॥	راگُ سوُہی اسٹپدیِیا محلا 5 گھرُ 1 ॥
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਉਰਝਿ ਰਹਿਓ ਬਿਖਿਆ ਕੈ ਸੰਗਾ ॥	اُرجھِ رہِئو بِکھِیا کے سنگا ॥
ਮਨਹਿ ਬਿਆਪਤ ਅਨਿਕ ਤਰੰਗਾ ॥੧॥	منہِ بِیاپت انِک ترنگا ॥1॥
ਮੇਰੇ ਮਨ ਅਗਮ ਅਗੋਚਰ ॥	میرے من اگم اگوچر ॥
ਕਤ ਪਾਈਐ ਪੂਰਨ ਪਰਮੇਸਰ ॥੧॥ ਰਹਾਉ ॥	کت پائیئے پوُرن پرمیسر ॥1॥ رہاءُ ॥
ਮੋਹ ਮਗਨ ਮਹਿ ਰਹਿਆ ਬਿਆਪੇ ॥	موہ مگن مہِ رہِیا بِیاپے ॥
ਅਤਿ ਤ੍ਰਿਸਨਾ ਕਬਹੂ ਨਹੀ ਧ੍ਰਾਪੇ ॥੨॥	اتِ ترِسنا کبہوُ نہی دھّراپے ॥2॥
ਬਸਇ ਕਰੋਧੁ ਸਰੀਰਿ ਚੰਡਾਰਾ ॥	بسءِ کرودھُ سریرِ چنڈارا ॥
ਅਗਿਆਨਿ ਨ ਸੂਝੈ ਮਹਾ ਗੁਬਾਰਾ ॥੩॥	اگیانِ ن سوُجھےَ مہا غُبارا ॥3॥
ਭ੍ਰਮਤ ਬਿਆਪਤ ਜਰੇ ਕਿਵਾਰਾ ॥	بھّرمت بِیاپت جرے کِوارا ॥
ਜਾਣੁ ਨ ਪਾਈਐ ਪ੍ਰਭ ਦਰਬਾਰਾ ॥੪॥	جانُ ن پائیئے پّربھ دربارا ॥4॥
ਆਸਾ ਅੰਦੇਸਾ ਬੰਧਿ ਪਰਾਨਾ ॥	آسا انّدیسا بنّدھِ پرانا ॥
ਮਹਲੁ ਨ ਪਾਵੈ ਫਿਰਤ ਬਿਗਾਨਾ ॥੫॥	محلُ ن پاوے پھِرت بِگانا ॥5॥
ਸਗਲ ਬਿਆਧਿ ਕੈ ਵਸਿ ਕਰਿ ਦੀਨਾ ॥	سگل بِیادھِ کے وسِ کرِ دِینا ॥
ਫਿਰਤ ਪਿਆਸ ਜਿਉ ਜਲ ਬਿਨੁ ਮੀਨਾ ॥੬॥	پھِرت پِیاس جِءُ جل بِنُ مِینا ॥6॥
ਕਛੂ ਸਿਆਨਪ ਉਕਤਿ ਨ ਮੋਰੀ ॥	کچھوُ سِیانپ اُکتِ ن موری ॥
ਏਕ ਆਸ ਠਾਕੁਰ ਪ੍ਰਭ ਤੋਰੀ ॥੭॥	ایک آس ٹھاکُر پّربھ توری ॥7॥

ਕਰਉ ਬੇਨਤੀ ਸੰਤਨ ਪਾਸੇ ॥	کرءُ بینتی سنّتن پاسے ॥
ਮੇਲਿ ਲੈਹੁ ਨਾਨਕ ਅਰਦਾਸੇ ॥੮॥	میلِ لیَہُ نانک عرداسے ॥8॥
ਭਇਓ ਕ੍ਰਿਪਾਲੁ ਸਾਧਸੰਗੁ ਪਾਇਆ ॥	بھئِئو کرِپالُ سادھسنگُ پائِیا ॥
ਨਾਨਕ ਤ੍ਰਿਪਤੇ ਪੂਰਾ ਪਾਇਆ ॥੧॥ ਰਹਾਉ ਦੂਜਾ ॥੧॥	نانک ترِپتے پوُرا پائِیا ॥1॥ رہاءُ دوُجا ॥1॥
ਰਾਗੁ ਸੂਹੀ ਮਹਲਾ ੫ ਘਰੁ ੩	راگُ سوُہی محلا 5 گھرُ 3
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਮਿਥਨ ਮੋਹ ਅਗਨਿ ਸੋਕ ਸਾਗਰ ॥	مِتھن موہ اگنِ سوک ساگر ॥
ਕਰਿ ਕਿਰਪਾ ਉਧਰੁ ਹਰਿ ਨਾਗਰ ॥੧॥	کرِ کرِپا اُدھرُ ہرِ ناگر ॥1॥
ਚਰਣ ਕਮਲ ਸਰਣਾਇ ਨਰਾਇਣ ॥	چرنؔ کمل سرنّاءِ نرائنؔ ॥
ਦੀਨਾ ਨਾਥ ਭਗਤ ਪਰਾਇਣ ॥੧॥ ਰਹਾਉ ॥	دِینا ناتھ بھگت پرائنؔ ॥1॥ رہاءُ ॥
ਅਨਾਥਾ ਨਾਥ ਭਗਤ ਭੈ ਮੇਟਨ ॥	اناتھا ناتھ بھگت بھےَ میٹن ॥
ਸਾਧਸੰਗਿ ਜਮਦੂਤ ਨ ਭੇਟਨ ॥੨॥	سادھسنگِ جمدوُت ن بھیٹن ॥2॥
ਜੀਵਨ ਰੂਪ ਅਨੂਪ ਦਇਆਲਾ ॥	جیِون روُپ انوُپ دئیالا ॥
ਰਵਣ ਗੁਣਾ ਕਟੀਐ ਜਮ ਜਾਲਾ ॥੩॥	رونؔ گُنّا کٹیِئے جم جالا ॥3॥
ਅੰਮ੍ਰਿਤ ਨਾਮੁ ਰਸਨ ਨਿਤ ਜਾਪੈ ॥	انّمرِت نامُ رسن نِت جاپے ॥
ਰੋਗ ਰੂਪ ਮਾਇਆ ਨ ਬਿਆਪੈ ॥੪॥	روگ روُپ مائِیا ن بِیاپے ॥4॥
ਜਪਿ ਗੋਬਿੰਦ ਸੰਗੀ ਸਭਿ ਤਾਰੇ ॥	جپِ گوبِنّد سنگی سبھِ تارے ॥
ਪੋਹਤ ਨਾਹੀ ਪੰਚ ਬਟਵਾਰੇ ॥੫॥	پوہت ناہی پنّچ بٹوارے ॥5॥
ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ॥	من بچ کرم پرّبھُ ایکُ دھِیائے ॥
ਸਰਬ ਫਲਾ ਸੋਈ ਜਨੁ ਪਾਏ ॥੬॥	سرب پھلا سوئی جنُ پائے ॥6॥
ਧਾਰਿ ਅਨੁਗ੍ਰਹੁ ਅਪਨਾ ਪ੍ਰਭਿ ਕੀਨਾ ॥	دھارِ انّگرہُ اپنا پرّبھِ کِینا ॥
ਕੇਵਲ ਨਾਮੁ ਭਗਤਿ ਰਸੁ ਦੀਨਾ ॥੭॥	کیول نامُ بھگتِ رسُ دِینا ॥7॥

ਆਦਿ ਮਧਿ ਅੰਤਿ ਪ੍ਰਭੁ ਸੋਈ ॥	آدِ مدھِ انّتِ پربھُ سوئی ॥
ਨਾਨਕ ਤਿਸੁ ਬਿਨੁ ਅਵਰੁ ਨ ਕੋਈ ॥੮॥੧॥੨॥	نانک تِس بِنُ اورُ ن کوئی ॥8॥1॥2॥
ਰਾਗੁ ਸੂਹੀ ਮਹਲਾ ੫ ਅਸਟਪਦੀਆ ਘਰੁ ੯	راگُ سوُہی محلا 5 اسٹپدیا گھرُ 9
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਜਿਨ ਡਿਠਿਆ ਮਨੁ ਰਹਸੀਐ ਕਿਉ ਪਾਈਐ ਤਿਨ੍ਹ ਸੰਗੁ ਜੀਉ ॥	جِن ڈِٹھیا منُ رہسیئے کِءُ پائیئے تِنّہ سنگُ جیِءُ ॥
ਸੰਤ ਸਜਨ ਮਨ ਮਿਤ੍ਰ ਸੇ ਲਾਇਨਿ ਪ੍ਰਭ ਸਿਉ ਰੰਗੁ ਜੀਉ ॥	سنّت سجن من مِتّرسے لائِنِ پربھ سِءُ رنگُ جیِءُ ॥
ਤਿਨ੍ਹ ਸਿਉ ਪ੍ਰੀਤਿ ਨ ਤੁਟਈ ਕਬਹੁ ਨ ਹੋਵੈ ਭੰਗੁ ਜੀਉ ॥੧॥	تِنّہ سِءُ پریت ن ٹُٹئی کبہُ ن ہووے بھنگُ جیِءُ ॥1॥
ਪਾਰਬ੍ਰਹਮ ਪ੍ਰਭ ਕਰਿ ਦਇਆ ਗੁਣ ਗਾਵਾ ਤੇਰੇ ਨਿਤ ਜੀਉ ॥	پاربرہم پربھ کرِ دئیا گُن گاوا تیرے نِت جیِءُ ॥
ਆਇ ਮਿਲਹੁ ਸੰਤ ਸਜਣਾ ਨਾਮੁ ਜਪਹ ਮਨ ਮਿਤ ਜੀਉ ॥੧॥ ਰਹਾਉ ॥	آءِ ملہُ سنّت سجنّا نامُ جپہ من مِت جیِءُ ۔ ॥1॥ رہاءُ ॥
ਦੇਖੈ ਸੁਣੇ ਨ ਜਾਣਈ ਮਾਇਆ ਮੋਹਿਆ ਅੰਧੁ ਜੀਉ ॥	دیکھے سُنے ن جانئی مائیا موہیا اندھُ جیِءُ ॥
ਕਾਚੀ ਦੇਹਾ ਵਿਣਸਣੀ ਕੂੜੁ ਕਮਾਵੈ ਧੰਧੁ ਜੀਉ ॥	کاچی دیہا وِنسنّی کوُڑُ کماوے دھندھُ جیِءُ ॥
ਨਾਮੁ ਧਿਆਵਹਿ ਸੇ ਜਿਣਿ ਚਲੇ ਗੁਰ ਪੂਰੇ ਸਨਬੰਧੁ ਜੀਉ ॥੨॥	نامُ دھیاوہِ سے جِنِ چلے گُر پوُرے سنبندھُ جیِءُ ॥2॥
ਹੁਕਮੇ ਜੁਗ ਮਹਿ ਆਇਆ ਚਲਣੁ ਹੁਕਮਿ ਸੰਜੋਗਿ ਜੀਉ ॥	حُکمے جُگ مہِ آئیا چلنُ حُکمِ سنجوگِ جیِءُ ॥
ਹੁਕਮੇ ਪਰਪੰਚੁ ਪਸਰਿਆ ਹੁਕਮਿ ਕਰੇ ਰਸ ਭੋਗ ਜੀਉ ॥	حُکمے پرپنچُ پسریا حُکمِ کرے رس بھوگ جیِءُ ॥
ਜਿਸ ਨੋ ਕਰਤਾ ਵਿਸਰੈ	جِس نو کرتا وِسرے

ਤਿਸਹਿ ਵਿਛੋੜਾ ਸੋਗੁ ਜੀਉ ॥੩॥

ਆਪਨੜੇ ਪ੍ਰਭ ਭਾਣਿਆ
ਦਰਗਹ ਪੈਧਾ ਜਾਇ ਜੀਉ ॥

ਐਥੈ ਸੁਖੁ ਮੁਖੁ ਉਜਲਾ
ਇਕੋ ਨਾਮੁ ਧਿਆਇ ਜੀਉ ॥

ਆਦਰੁ ਦਿਤਾ ਪਾਰਬ੍ਰਹਮਿ
ਗੁਰੁ ਸੇਵਿਆ ਸਤ ਭਾਇ ਜੀਉ ॥੪॥

ਥਾਨ ਥਨੰਤਰਿ ਰਵਿ ਰਹਿਆ
ਸਰਬ ਜੀਆ ਪ੍ਰਤਿਪਾਲ ਜੀਉ ॥

ਸਚੁ ਖਜਾਨਾ ਸੰਚਿਆ
ਏਕੁ ਨਾਮੁ ਧਨੁ ਮਾਲ ਜੀਉ ॥

ਮਨ ਤੇ ਕਬਹੁ ਨ ਵੀਸਰੈ
ਜਾ ਆਪੇ ਹੋਇ ਦਇਆਲ ਜੀਉ ॥੫॥

ਆਵਣੁ ਜਾਣਾ ਰਹਿ ਗਏ
ਮਨਿ ਵੁਠਾ ਨਿਰੰਕਾਰੁ ਜੀਉ ॥

ਤਾ ਕਾ ਅੰਤੁ ਨ ਪਾਈਐ
ਊਚਾ ਅਗਮ ਅਪਾਰੁ ਜੀਉ ॥

ਜਿਸੁ ਪ੍ਰਭੁ ਅਪਣਾ ਵਿਸਰੈ
ਸੋ ਮਰਿ ਜੰਮੈ ਲਖ ਵਾਰ ਜੀਉ ॥੬॥

ਸਾਚੁ ਨੇਹੁ ਤਿਨ ਪ੍ਰੀਤਮਾ
ਜਿਨ ਮਨਿ ਵੁਠਾ ਆਪਿ ਜੀਉ ॥

ਗੁਣ ਸਾਝੀ ਤਿਨ ਸੰਗਿ ਬਸੇ
ਆਠ ਪਹਰ ਪ੍ਰਭ ਜਾਪਿ ਜੀਉ ॥

ਰੰਗਿ ਰਤੇ ਪਰਮੇਸਰੈ
ਬਿਨਸੇ ਸਗਲ ਸੰਤਾਪ ਜੀਉ ॥੭॥

تِسہِ وِچھوڑا سوگُ جِیءُ ॥3॥

آپنڑے پربھ بھاٹیا
درگہ پیَدھا جاءِ جِیءُ ॥

ایتھے سُکھُ مُکھُ اُجلا
اِکو نامُ دھیاءِ جِیءُ ॥

آدرُ دِتا پاربرہمِ
گُرُ سیویا ست بھاءِ جِیءُ ॥4॥

تھان تھنّترِ روِ رہِیا
سرب جِیا پرتپال جِیءُ ॥

سچُ خزانا سنچِیا
ایکُ نامُ دھنُ مال جِیءُ ॥

من تے کبہُ ن وِیسرے
جا آپے ہوءِ دیَیال جِیءُ ॥5॥

آونُ جاٹا رہِ گئے
منِ وُٹھا نِرنکارُ جِیءُ ॥

تا کا انتُ ن پائیَے
اوُچا اگم اپارُ جِیءُ ॥

جِسُ پربھُ اپنا وِسرے
سو مرِ جنمَے لکھ وار جِیءُ ॥6॥

ساچُ نیہُ تِن پریتما
جِن منِ وُٹھا آپِ جِیءُ ॥

گُنُ ساجھی تِن سنگِ بسے
آٹھ پہر پربھ جاپِ جِیءُ ॥

رنگِ رتے پریسرے
بِنسے سگل سنتاپ جِیءُ ॥7॥

ਤੂੰ ਕਰਤਾ ਤੂੰ ਕਰਣਹਾਰੁ
ਤੂਹੈ ਏਕੁ ਅਨੇਕ ਜੀਉ ॥

تُوں کرتا تُوں کرٹہارُ
توُہے ایکُ انیک جیِءُ ॥

ਤੂ ਸਮਰਥੁ ਤੂ ਸਰਬ ਮੈ
ਤੂਹੈ ਬੁਧਿ ਬਿਬੇਕ ਜੀਉ ॥

توُ سمرتھُ توُ سرب مے
توُہے بُدھِ بِبیک جیِءُ ॥

ਨਾਨਕ ਨਾਮੁ ਸਦਾ ਜਪੀ
ਭਗਤ ਜਨਾ ਕੀ ਟੇਕ ਜੀਉ ॥੮॥੧॥੩॥

نانک نامُ سدا جپی
بھگت جنا کی ٹیک جیِءُ ॥8॥1॥3॥

ਰਾਗੁ ਸੂਹੀ ਮਹਲਾ ੫ ਅਸਟਪਦੀਆ ਘਰੁ ੧੦ ਕਾਫੀ

راگُ سوُہی محلا 5 اسٹپدیِیا گھرُ 10 کافی

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਜੇ ਭੁਲੀ ਜੇ ਚੁਕੀ ਸਾਈਂ
ਭੀ ਤਹਿੰਜੀ ਕਾਢੀਆ ॥

جے بھُلی جے چُکی سائیں
بھی تہِنجی کاڈھیا ॥

ਜਿਨ੍ਹਾ ਨੇਹੁ ਦੂਜਾਣੇ ਲਗਾ
ਝੂਰਿ ਮਰਹੁ ਸੇ ਵਾਢੀਆ ॥੧॥

جِنہّا نیہُ دوُجانے لگا
جھوُرِ مرہُ سے واڈھیا ॥1॥

ਹਉ ਨਾ ਛੋਡਉ ਕੰਤ ਪਾਸਰਾ ॥

ہءُ نا چھوڈءُ کنّت پاسرا ॥

ਸਦਾ ਰੰਗੀਲਾ ਲਾਲੁ ਪਿਆਰਾ
ਏਹੁ ਮਹਿੰਜਾ ਆਸਰਾ ॥੧॥ ਰਹਾਉ ॥

سدا رنگیِلا لالُ پیِارا
ایہُ مہِنجّا آسرا ॥1॥ رہاءُ ॥

ਸਜਣੁ ਤੂਹੈ ਸੈਣੁ ਤੂ
ਮੈ ਤੁਝ ਉਪਰਿ ਬਹੁ ਮਾਣੀਆ ॥

سجنُ توُہے سیَنُ توُ
مے تُجھ اُپرِ بہُ ماٹیِا ॥

ਜਾ ਤੂ ਅੰਦਰਿ ਤਾ ਸੁਖੇ
ਤੂੰ ਨਿਮਾਣੀ ਮਾਣੀਆ ॥੨॥

جا توُ اندرِ تا سُکھے
توُں نِماٹی ماٹیِا ॥2॥

ਜੇ ਤੂ ਤੁਠਾ ਕ੍ਰਿਪਾ ਨਿਧਾਨ
ਨਾ ਦੂਜਾ ਵੇਖਾਲਿ ॥

جے توُ تُٹھا کرِپا نِدھان
نا دوُجا ویکھالِ ॥

ਏਹਾ ਪਾਈ ਮੂ ਦਾਤੜੀ
ਨਿਤ ਹਿਰਦੈ ਰਖਾ ਸਮਾਲਿ ॥੩॥

ایہا پائی موُ داترڑی
نِت ہِردے رکھا سمالِ ॥3॥

ਪਾਵ ਜੁਲਾਈ ਪੰਧ ਤਉ
ਨੈਣੀ ਦਰਸੁ ਦਿਖਾਲਿ ॥

پاو جُلائی پنّدھ تءُ
نیَنیُں درسُ دِکھالِ ॥

ਸ੍ਰਵਣੀ ਸੁਣੀ ਕਹਾਣੀਆ
ਜੇ ਗੁਰੁ ਥੀਵੈ ਕਿਰਪਾਲਿ ॥੪॥

سّروَنی سُنّی کہاٹیِیا
جے گُرُ تھیِوے کِرپالِ ॥4॥

ਕਿਤੀ ਲਖ ਕਰੋੜਿ ਪਿਰੀਏ
ਰੋਮ ਨ ਪੁਜਨਿ ਤੇਰਿਆ ॥

کِتی لکھ کروڑِ پریِئے
روم ن پُجنِ تیرِیا ॥

ਤੂ ਸਾਹੀ ਹੂ ਸਾਹੁ
ਹਉ ਕਹਿ ਨ ਸਕਾ ਗੁਣ ਤੇਰਿਆ ॥੫॥

توُ ساہی ہوُ ساہُ
ہءُ کہِ ن سکا گُنّ تیرِیا ॥5॥

ਸਹੀਆ ਤਉ ਅਸੰਖ
ਮੰਵਹੁ ਹਭਿ ਵਧਾਣੀਆ ॥

سہیِیا تئوُ اسنّکھ
منّجہُ ہبھِ ودھاٹیِیا ॥

ਹਿਕ ਭੋਰੀ ਨਦਰਿ ਨਿਹਾਲਿ
ਦੇਹਿ ਦਰਸੁ ਰੰਗੁ ਮਾਣੀਆ ॥੬॥

ہِک بھوری ندرِ نِہالِ
دیہِ درسُ رنگُ ماٹیِیا ॥6॥

ਜੈ ਡਿਠੇ ਮਨੁ ਧੀਰੀਐ
ਕਿਲਵਿਖ ਵੰਞਨ੍ਿ ਦੂਰੇ ॥

جےَ ڈِٹھے منُ دھیِریِۓ
کِلوِکھ ونّجنّہِ دوُرے ॥

ਸੋ ਕਿਉ ਵਿਸਰੈ ਮਾਉ ਮੈ
ਜੋ ਰਹਿਆ ਭਰਪੂਰੇ ॥੭॥

سو کِءُ وِسرے ماءُ مےَ
جو رہِیا بھرپوُرے ॥7॥

ਹੋਇ ਨਿਮਾਣੀ ਢਹਿ ਪਈ
ਮਿਲਿਆ ਸਹਜਿ ਸੁਭਾਇ ॥

ہوءِ نِماٹی ڈھہِ پئی
مِلِیا سہجِ سُبھاءِ ॥

ਪੂਰਬਿ ਲਿਖਿਆ ਪਾਇਆ
ਨਾਨਕ ਸੰਤ ਸਹਾਇ ॥੮॥੧॥੪॥

پوُربِ لِکھِیا پائیِا
نانک سنّت سہاءِ ॥8॥1॥4॥

ਸੂਹੀ ਮਹਲਾ ੫ ॥

سوُہی محلا 5 ॥

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥

سِمرّتِ بید پُراٹ پُکارنِ پوتھِیا ॥

ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥੧॥

نام بِنا سبھِ کوُڑُ گالّہی ہوچھِیا ॥1॥

ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ ॥

نامُ نِدھانُ اپارُ بھگتا منِ وسےَ ॥

ਜਨਮ ਮਰਣ ਮੋਹੁ ਦੁਖੁ
ਸਾਧੂ ਸੰਗਿ ਨਸੈ ॥੧॥ ਰਹਾਉ ॥

جنم مرٹ موہُ دُکھُ
سادھوُ سنگِ نسےَ ॥1॥ رہاءُ ॥

ਮੋਹਿ ਬਾਦਿ ਅਹੰਕਾਰਿ ਸਰਪਰ ਰੁੰਨਿਆ ॥

موہِ بادِ اہنّکارِ سرپر رُنّنِیا ॥

ਸੁਖੁ ਨ ਪਾਇਨਿ੍ ਮੂਲਿ ਨਾਮ ਵਿਛੁੰਨਿਆ ॥੨॥

ਮੇਰੀ ਮੇਰੀ ਧਾਰਿ ਬੰਧਨਿ ਬੰਧਿਆ ॥

ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ ॥੩॥

ਸੋਧਤ ਸੋਧਤ ਸੋਧਿ ਤਤੁ ਬੀਚਾਰਿਆ ॥

ਨਾਮ ਬਿਨਾ ਸੁਖੁ ਨਾਹਿ ਸਰਪਰ ਹਾਰਿਆ ॥੪॥

ਆਵਹਿ ਜਾਹਿ ਅਨੇਕ ਮਰਿ ਮਰਿ ਜਨਮਤੇ ॥

ਬਿਨੁ ਬੂਝੇ ਸਭੁ ਵਾਦਿ ਜੋਨੀ ਭਰਮਤੇ ॥੫॥

ਜਿਨ੍ ਕਉ ਭਏ ਦਇਆਲ
ਤਿਨ੍ ਸਾਧੂ ਸੰਗੁ ਭਇਆ ॥

ਅੰਮ੍ਰਿਤੁ ਹਰਿ ਕਾ ਨਾਮੁ
ਤਿਨ੍ੀ ਜਨੀ ਜਪਿ ਲਇਆ ॥੬॥

ਖੋਜਹਿ ਕੋਟਿ ਅੰਸਖ
ਬਹੁਤੁ ਅਨੰਤੁ ਕੇ ॥

ਜਿਸੁ ਬੁਝਾਏ ਆਪਿ
ਨੇੜਾ ਤਿਸੁ ਹੇ ॥੭॥

ਵਿਸਰੁ ਨਾਹੀ ਦਾਤਾਰ
ਆਪਣਾ ਨਾਮੁ ਦੇਹੁ ॥

ਗੁਣ ਗਾਵਾ ਦਿਨੁ ਰਾਤਿ
ਨਾਨਕ ਚਾਉ ਏਹੁ ॥੮॥੨॥੫॥੧੬॥

ਰਾਗੁ ਸੂਹੀ ਮਹਲਾ ੧ ਕੁਚਜੀ

ੴ ਸਤਿਗੁਰ ਪ੍ਰਸਾਦਿ ॥

ਮੰਞੁ ਕੁਚਜੀ ਅੰਮਾਵਣਿ ਡੋਸੜੇ
ਹਉ ਕਿਉ ਸਹੁ ਰਾਵਣਿ ਜਾਉ ਜੀਉ ॥

ਇਕ ਦੂ ਇਕਿ ਚੜੰਦੀਆ
ਕਉਣੁ ਜਾਣੈ ਮੇਰਾ ਨਾਉ ਜੀਉ ॥

سُکھُ ن پائِنّہِ مولِ نام وِچھُنّیا ॥2॥

میری میری دھارِ بنّدھنِ بنّدھِیا ॥

نرکِ سُرگِ اوتار مائِیا دھنّدھِیا ॥3॥

سودھت سودھت سودھِ تتُ بیچارِیا ॥

نام بِنا سُکھُ ناہِ سرپر ہارِیا ॥4॥

آوہِ جاہِ انیک مرِ مرِ جنمتے ॥

بِنُ بوُجھے سبھُ وادِ جونی بھرمتے ॥5॥

جِنّہ کءُ بھئے دئیال
تِنّہ سادھوُ سنگُ بھئیا ॥

انمّرِتُ ہرِ کا نامُ
تِنّہی جنی جپِ لِئیا ॥6॥

کھوجہِ کوٹِ انسکھ
بہُتُ اننّتُ کے ॥

جِسُ بُجھائے آپِ
نیڑا تِسُ ہے ॥7॥

وِسرُ ناہی داتار
آپنّا نامُ دیہُ ॥

گُنُ گاوا دِنُ راتِ
نانک چاءُ ایہُ ॥8॥2॥5॥ 16 ॥

راگُ سوُہی محلا 1 کچجی

ॐ ستِگُر پرسادِ ॥

منّجُ کچجی انّماونّ ڈوسڑے
ہءُ کِءُ سہُ راونّ جاءُ جیءُ ۔ ॥

اِک دوُ اِکِ چڑنّدیا

ਕਿਨੂੰ ਜਾਣੈ ਮੇਰਾ ਨਾਉ ਜੀਉ ॥

ਜਿਨ੍ਹੀ ਸਖੀ ਸਹੁ ਰਾਵਿਆ
ਸੇ ਅੰਬੀ ਛਾਵੜੀਏਹਿ ਜੀਉ ॥

ਸੇ ਗੁਣ ਮੰਞੁ ਨ ਆਵਨੀ
ਹਉ ਕੈ ਜੀ ਦੋਸ ਧਰੇਉ ਜੀਉ ॥

ਕਿਆ ਗੁਣ ਤੇਰੇ ਵਿਥਰਾ
ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ ॥

ਇਕਤੁ ਟੋਲਿ ਨ ਅੰਬੜਾ
ਹਉ ਸਦ ਕੁਰਬਾਣੈ ਤੇਰੈ ਜਾਉ ਜੀਉ ॥

ਸੁਇਨਾ ਰੁਪਾ ਰੰਗੁਲਾ
ਮੋਤੀ ਤੈ ਮਾਣਿਕੁ ਜੀਉ ॥

ਸੇ ਵਸਤੂ ਸਹਿ ਦਿਤੀਆ
ਮੈ ਤਿਨ੍ਹ ਸਿਉ ਲਾਇਆ ਚਿਤੁ ਜੀਉ ॥

ਮੰਦਰ ਮਿਟੀ ਸੰਦੜੇ
ਪਥਰ ਕੀਤੇ ਰਾਸਿ ਜੀਉ ॥

ਹਉ ਏਨੀ ਟੋਲੀ ਭੁਲੀਅਸੁ
ਤਿਸੁ ਕੰਤ ਨ ਬੈਠੀ ਪਾਸਿ ਜੀਉ ॥

ਅੰਬਰਿ ਕੂੰਜਾ ਕੁਰਲੀਆ
ਬਗ ਬਹਿਠੇ ਆਇ ਜੀਉ ॥

ਸਾ ਧਨ ਚਲੀ ਸਾਹੁਰੈ
ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥

ਸੁਤੀ ਸੁਤੀ ਝਾਲੁ ਥੀਆ
ਭੁਲੀ ਵਾਟੜੀਆਸੁ ਜੀਉ ॥

ਤੈ ਸਹ ਨਾਲਹੁ ਮੁਤੀਅਸੁ
ਦੁਖਾ ਕੂੰ ਧਰੀਆਸੁ ਜੀਉ ॥

جِنّہی سکھی سہُ راوِیا
سے انّبی چھاوڑیئیہِ جیِءُ ॥

سے گُنؤ منجُ ن آونی
ہءُ کے جی دوس دھریءُ جیِءُ ॥

کِیا گُنؤ تیرے وِتھرا
ہءُ کِیا کِیا گھِنا تیرا ناءُ جیِءُ ॥

اِکتُ ٹولِ ن انّبڑا
ہءُ سد قُرباڑے تیرے جاءُ جیِءُ ॥

سُنِنّا رُپا رنگُلا
موتی تے مانِکُ جیِءُ ॥

سے وستوُ سہِ دِتّیا
مے تِنّہ سِءُ لائیا چِتُ جیِءُ ॥

منّدر مِٹی سنّدڑے
پتھر کِیتے راسِ جیِءُ ॥

ہءُ اینی ٹولی بھُلیئسُ
تِسُ کنّت ن بیٹھی پاسِ جیِءُ ॥

انّبرِ کوُنجا کُرلِیا
بگ بہِٹھے آءِ جیِءُ ॥

سا دھن چلی ساہُرے
کِیا مُہُ دیسی اگے جاءِ جیِءُ ॥

سُتی سُتی جھالُ تھیا
بھُلی واٹڑِیاسُ جیِءُ ॥

تے سہ نالہُ تُتیئسُ
دُکھا کوُنّ دھرِیاسُ جیِءُ ॥

ਤੁਧੁ ਗੁਣ ਮੈ ਸਭਿ ਅਵਗਣਾ
ਇਕ ਨਾਨਕ ਕੀ ਅਰਦਾਸਿ ਜੀਉ ॥

ਸਭਿ ਰਾਤੀ ਸੋਹਾਗਣੀ
ਮੈ ਡੋਹਾਗਣਿ ਕਾਈ ਰਾਤਿ ਜੀਉ ॥੧॥

ਸੂਹੀ ਮਹਲਾ ੧ ਸੁਚਜੀ ॥

ਜਾ ਤੂ ਤਾ ਮੈ ਸਭੁ ਕੋ
ਤੂ ਸਾਹਿਬੁ ਮੇਰੀ ਰਾਸਿ ਜੀਉ ॥

ਤੁਧੁ ਅੰਤਰਿ ਹਉ ਸੁਖਿ ਵਸਾ
ਤੂੰ ਅੰਤਰਿ ਸਾਬਾਸਿ ਜੀਉ ॥

ਭਾਣੈ ਤਖਤਿ ਵਡਾਈਆ
ਭਾਣੈ ਭੀਖ ਉਦਾਸਿ ਜੀਉ ॥

ਭਾਣੈ ਥਲ ਸਿਰਿ ਸਰੁ ਵਹੈ
ਕਮਲੁ ਫੁਲੈ ਆਕਾਸਿ ਜੀਉ ॥

ਭਾਣੈ ਭਵਜਲੁ ਲੰਘੀਐ
ਭਾਣੈ ਮੰਝਿ ਭਰੀਆਸਿ ਜੀਉ ॥

ਭਾਣੈ ਸੋ ਸਹੁ ਰੰਗੁਲਾ
ਸਿਫਤਿ ਰਤਾ ਗੁਣਤਾਸਿ ਜੀਉ ॥

ਭਾਣੈ ਸਹੁ ਭੀਹਾਵਲਾ
ਹਉ ਆਵਣਿ ਜਾਣਿ ਮੁਈਆਸਿ ਜੀਉ ॥

ਤੂ ਸਹੁ ਅਗਮੁ ਅਤੋਲਵਾ
ਹਉ ਕਹਿ ਕਹਿ ਢਹਿ ਪਈਆਸਿ ਜੀਉ ॥

ਕਿਆ ਮਾਗਉ ਕਿਆ ਕਹਿ ਸੁਣੀ
ਮੈ ਦਰਸਨ ਭੂਖ ਪਿਆਸਿ ਜੀਉ ॥

ਗੁਰ ਸਬਦੀ ਸਹੁ ਪਾਇਆ
ਸਚੁ ਨਾਨਕ ਕੀ ਅਰਦਾਸਿ ਜੀਉ ॥੨॥

تُدھُ گُنٹ مے سبھِ اوگُنا
اِک نانک کی عرداسِ جیِءُ ॥

سبھِ راتی سوہاگنٹی
مے ڈوہاگنِ کائی راتِ جیِءُ ॥1॥

سوُہی محلا 1 سُچجی ॥

جا توُ تا مے سبھُ کو
توُ صاحِبُ میری راسِ جیِءُ ॥

تُدھُ انترِ ہءُ سُکھِ وسا
توُنَ انترِ ساباسِ جیِءُ ॥

بھانٹے تختِ وڈائیِیا
بھانٹے بھِکھ اُداسِ جیِءُ ॥

بھانٹے تھل سِرِ سرُ وہے
کملُ پھُلَے آکاسِ جیِءُ ॥

بھانٹے بھوجلُ لنگھیِےً
بھانٹے منجھِ بھرِ پیاسِ جیِءُ ॥

بھانٹے سو سہُ رنگُلا
صِفتِ رتا گُنٹاسِ جیِءُ ॥

بھانٹے سہُ بھیِہاولا
ہءُ آونٹِ جانٹِ مُئیِیاسِ جیِءُ ॥

توُ سہُ اگمُ اتولوا
ہءُ کہِ کہِ ڈھہِ پئیِیاسِ جیِءُ ॥

کِیا ماگ ءُ کِیا کہِ سُنٹی
مے درسن بھوُکھ پِیاسِ جیِءُ ॥

گُر سبدی سہُ پائیِا
سچُ نانک کی عرداسِ جیِءُ ॥2॥

ਸੂਹੀ ਮਹਲਾ ੫ ਗੁਣਵੰਤੀ ॥

سوُہی محلا 5 گُنوَنتی ॥

ਜੋ ਦੀਸੈ ਗੁਰਸਿਖੜਾ
ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥

جو دیسے گُرسِکھڑا
تِس نِوِ نِوِ لاگ ءُ پاءِ جیِءُ ॥

ਆਖਾ ਬਿਰਥਾ ਜੀਅ ਕੀ
ਗੁਰੁ ਸਜਣੁ ਦੇਹਿ ਮਿਲਾਇ ਜੀਉ ॥

آکھا بِرتھا جیء کی
گُرُ سجنُ دیہِ مِلاءِ جیِءُ ॥

ਸੋਈ ਦਸਿ ਉਪਦੇਸੜਾ
ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥

سوئی دسِ اُپدیسڑا
میرا منُ انت ن کاہوُ جاءِ جیِءُ ॥

ਇਹੁ ਮਨੁ ਤੈ ਕੂੰ ਡੇਵਸਾ
ਮੈ ਮਾਰਗੁ ਦੇਹੁ ਬਤਾਇ ਜੀਉ ॥

اِہُ منُ تے کوُنّ ڈیوسا
مے مارگُ دیہُ بتاءِ جیِءُ ॥

ਹਉ ਆਇਆ ਦੂਰਹੁ ਚਲਿ ਕੈ
ਮੈ ਤਕੀ ਤਉ ਸਰਣਾਇ ਜੀਉ ॥

ہءُ آئیا دوُرہُ چلِ کے
مے تکی تءُ سرناءِ جیِءُ ॥

ਮੈ ਆਸਾ ਰਖੀ ਚਿਤਿ ਮਹਿ
ਮੇਰਾ ਸਭੋ ਦੁਖੁ ਗਵਾਇ ਜੀਉ ॥

مے آسا رکھی چِتِ مہِ
میرا سبھو دُکھُ گواءِ جیِءُ ॥

ਇਤੁ ਮਾਰਗਿ ਚਲੇ ਭਾਈਅੜੇ
ਗੁਰੁ ਕਹੈ ਸੁ ਕਾਰ ਕਮਾਇ ਜੀਉ ॥

اِتُ مارگِ چلے بھائیئڑے
گُرُ کہے سُ کار کماءِ جیِءُ ॥

ਤਿਆਗੇਂ ਮਨ ਕੀ ਮਤੜੀ
ਵਿਸਾਰੇਂ ਦੂਜਾ ਭਾਉ ਜੀਉ ॥

تِیاگیں من کی متڑی
وِساریں دوُجا بھاءُ جیِءُ ॥

ਇਉ ਪਾਵਹਿ ਹਰਿ ਦਰਸਾਵੜਾ
ਨਹ ਲਗੈ ਤਤੀ ਵਾਉ ਜੀਉ ॥

اِءُ پاوہِ ہرِ درساوڑا
نہ لگے تتی واءُ جیِءُ ॥

ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭੁ ਹੁਕਮਾਉ ਜੀਉ ॥

ہءُ آپہُ بولِ ن جانڈا
مے کہیا سبھُ حُکماءُ جیِءُ ॥

ਹਰਿ ਭਗਤਿ ਖਜਾਨਾ ਬਖਸਿਆ
ਗੁਰਿ ਨਾਨਕਿ ਕੀਆ ਪਸਾਉ ਜੀਉ ॥

ہرِ بھگتِ خزانا بخشیا
گُرِ نانکِ کیِیا پساءُ جیِءُ ॥

ਮੈ ਬਹੁੜਿ ਨ ਤ੍ਰਿਸਨਾ ਭੁਖੜੀ
ਹਉ ਰਜਾ ਤ੍ਰਿਪਤਿ ਅਘਾਇ ਜੀਉ ॥

مے بہُڑِ ن ترِسنا بھُکھڑی
ہءُ رجا ترِپتِ اگھاءِ جیِءُ ॥

ਜੋ ਗੁਰ ਦੀਸੈ ਸਿਖੜਾ
ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥੩॥

جو گُر دِسے سِکھڑا
تِس نِوِ نِوِ لاگءُ پاءِ جیءُ ॥3॥

ਰਾਗੁ ਸੂਹੀ ਛੰਤ ਮਹਲਾ ੧ ਘਰੁ ੧

راگُ سوُہی چھنّت محلا 1 گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਭਰਿ ਜੋਬਨਿ ਮੈ ਮਤ
ਪੇਈਅੜੈ ਘਰਿ ਪਾਹੁਣੀ ਬਲਿ ਰਾਮ ਜੀਉ ॥

بھرِ جوبنِ مے َمت
پیئیڑے َگھرِ پاہُنڑی بلِ رام جیءُ ॥

ਮੈਲੀ ਅਵਗਣਿ ਚਿਤਿ
ਬਿਨੁ ਗੁਰ ਗੁਣ ਨ ਸਮਾਵਨੀ ਬਲਿ ਰਾਮ ਜੀਉ ॥

میَلی اوگنِ چِتِ
بِنُ گُر گُن ن سماونی بلِ رام جیءُ ॥

ਗੁਣ ਸਾਰ ਨ ਜਾਣੀ ਭਰਮਿ ਭੁਲਾਣੀ
ਜੋਬਨੁ ਬਾਦਿ ਗਵਾਇਆ ॥

گُن سار ن جانی بھرمِ بھُلانی
جوبنُ بادِ گوائیا ॥

ਵਰੁ ਘਰੁ ਦਰੁ ਦਰਸਨੁ ਨਹੀ ਜਾਤਾ
ਪਿਰ ਕਾ ਸਹਜੁ ਨ ਭਾਇਆ ॥

ورُ گھرُ درُ درسنُ نہی جاتا
پِر کا سہجُ ن بھائیا ॥

ਸਤਿਗੁਰ ਪੂਛਿ ਨ ਮਾਰਗਿ ਚਾਲੀ
ਸੂਤੀ ਰੈਣਿ ਵਿਹਾਣੀ ॥

ستِگُر پوُچھِ ن مارگِ چالی
سوُتی رینِ وِہانی ॥

ਨਾਨਕ ਬਾਲਤਣਿ ਰਾਡੇਪਾ
ਬਿਨੁ ਪਿਰ ਧਨ ਕੁਮਲਾਣੀ ॥੧॥

نانک بالتنِ راڈیپا
بِنُ پِر دھن کُملانی ॥1॥

ਬਾਬਾ ਮੈ ਵਰੁ ਦੇਹਿ
ਮੈ ਹਰਿ ਵਰੁ ਭਾਵੈ ਤਿਸ ਕੀ ਬਲਿ ਰਾਮ ਜੀਉ ॥

بابا مے َورُ دیہِ
مے َہرِ ورُ بھاوے َتِس کی بلِ رام جیءُ ॥

ਰਵਿ ਰਹਿਆ ਜੁਗ ਚਾਰਿ
ਤ੍ਰਿਭਵਣ ਬਾਣੀ ਜਿਸ ਕੀ ਬਲਿ ਰਾਮ ਜੀਉ ॥

رِو رہِیا جُگ چارِ
ترِبھونْ بانی جِس کی بلِ رام جیءُ ॥

ਤ੍ਰਿਭਵਣ ਕੰਤੁ ਰਵੈ ਸੋਹਾਗਣਿ
ਅਵਗਣਵੰਤੀ ਦੂਰੇ ॥

ترِبھونْ کنّتُ روے َسوہاگنِ
اوگنْونتی دوُرے ॥

ਜੈਸੀ ਆਸਾ ਤੈਸੀ ਮਨਸਾ
ਪੂਰਿ ਰਹਿਆ ਭਰਪੂਰੇ ॥

جیَسی آسا تیَسی منسا
پوُرِ رہِیا بھرپوُرے ॥

ਹਰਿ ਕੀ ਨਾਰਿ ਸੁ ਸਰਬ ਸੁਹਾਗਣਿ

ہرِ کی نارِ سُ سرب سُہاگنِ

ਰਾਂਡ ਨ ਮੈਲੈ ਵੇਸੇ ॥

رانڈ ن میَلےَ ویسے ॥

ਨਾਨਕ ਮੈ ਵਰੁ ਸਾਚਾ ਭਾਵੈ
ਜੁਗਿ ਜੁਗਿ ਪ੍ਰੀਤਮ ਤੈਸੇ ॥੨॥

نانک مےَ ورُ ساچا بھاوےَ
جُگِ جُگِ پرِیتم تیَسے ॥2॥

ਬਾਬਾ ਲਗਨੁ ਗਣਾਇ
ਹੰ ਭੀ ਵੰਞਾ ਸਾਹੁਰੈ ਬਲਿ ਰਾਮ ਜੀਉ ॥

بابا لگنُ گنّاءِ
ہنَ بھی ونّجا ساہُرےَ بلِ رام جیِءُ ॥

ਸਾਹਾ ਹੁਕਮੁ ਰਜਾਇ ਸੋ ਨ ਟਲੈ
ਜੋ ਪ੍ਰਭੁ ਕਰੈ ਬਲਿ ਰਾਮ ਜੀਉ ॥

ساہا حُکمُ رضاءِ سو ن ٹلےَ
جو پرّبھُ کرےَ بلِ رام جیِءُ ॥

ਕਿਰਤੁ ਪਇਆ ਕਰਤੈ ਕਰਿ ਪਾਇਆ
ਮੇਟਿ ਨ ਸਕੈ ਕੋਈ ॥

کِرتُ پئیا کرتےَ کرِ پائیا
میٹِ ن سکےَ کوئی ॥

ਜਾਵੀ ਨਾਉ ਨਰਹ ਨਿਹਕੇਵਲੁ
ਰਵਿ ਰਹਿਆ ਤਿਹੁ ਲੋਈ ॥

جاجی ناءُ نرہ نِہکیولُ
روِ رہِیا تِہُ لوئی ॥

ਮਾਇ ਨਿਰਾਸੀ ਰੋਇ ਵਿਛੁੰਨੀ
ਬਾਲੀ ਬਾਲੈ ਹੇਤੇ ॥

ماءِ نِراسی روءِ وِچھُنّنی
بالی بالےَ ہیتے ॥

ਨਾਨਕ ਸਾਚ ਸਬਦਿ ਸੁਖ ਮਹਲੀ
ਗੁਰ ਚਰਣੀ ਪ੍ਰਭੁ ਚੇਤੇ ॥੩॥

نانک ساچ سبدِ سُکھ محلی
گُر چرنی پرّبھُ چیتے ॥3॥

ਬਾਬੁਲਿ ਦਿਤੜੀ ਦੂਰਿ
ਨ ਆਵੈ ਘਰਿ ਪੇਈਐ ਬਲਿ ਰਾਮ ਜੀਉ ॥

بابُلِ دِتڑی دوُرِ
ن آوےَ گھرِ پیئیےَ بلِ رام جیِءُ ॥

ਰਹਸੀ ਵੇਖਿ ਹਦੂਰਿ
ਪਿਰਿ ਰਾਵੀ ਘਰਿ ਸੋਹੀਐ ਬਲਿ ਰਾਮ ਜੀਉ ॥

رہسی ویکھِ حدوُرِ
پِر راوی گھرِ سوہیےَ بلِ رام جیِءُ ॥

ਸਾਚੇ ਪਿਰ ਲੋੜੀ ਪ੍ਰੀਤਮ ਜੋੜੀ
ਮਤਿ ਪੂਰੀ ਪਰਧਾਨੇ ॥

ساچے پِر لوڑی پرّیتم جوڑی
متِ پوُری پردھانے ॥

ਸੰਜੋਗੀ ਮੇਲਾ ਥਾਨਿ ਸੁਹੇਲਾ
ਗੁਣਵੰਤੀ ਗੁਰ ਗਿਆਨੇ ॥

سنّجوگی میلا تھانِ سُہیلا
گُنوَنتی گُر گیانے ॥

ਸਤੁ ਸੰਤੋਖੁ ਸਦਾ ਸਚੁ ਪਲੈ
ਸਚੁ ਬੋਲੈ ਪਿਰ ਭਾਏ ॥

ستُ سنّتوکھُ سدا سچُ پلےَ
سچُ بولے پِر بھائے ॥

ਨਾਨਕ ਵਿਛੁੜਿ ਨਾ ਦੁਖੁ ਪਾਏ
ਗੁਰਮਤਿ ਅੰਕਿ ਸਮਾਏ ॥੪॥੧॥

نانک وِچھُڑِ نا دُکھُ پائے
گُرمتِ انکِ سمائے ॥4॥1॥

ਰਾਗੁ ਸੂਹੀ ਮਹਲਾ ੧ ਛੰਤੁ ਘਰੁ ੨

راگُ سوُہی محلا 1 چھنتُ گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਹਮ ਘਰਿ ਸਾਜਨ ਆਏ ॥

ہم گھرِ ساجن آئے ॥

ਸਾਚੈ ਮੇਲਿ ਮਿਲਾਏ ॥

ساچےَ میلِ مِلائے ॥

ਸਹਜਿ ਮਿਲਾਏ ਹਰਿ ਮਨਿ ਭਾਏ
ਪੰਚ ਮਿਲੇ ਸੁਖੁ ਪਾਇਆ ॥

سہجِ مِلائے ہرِ منِ بھائے
پنّچ مِلے سُکھُ پائیا ॥

ਸਾਈ ਵਸਤੁ ਪਰਾਪਤਿ ਹੋਈ
ਜਿਸੁ ਸੇਤੀ ਮਨੁ ਲਾਇਆ ॥

سائی وستُ پراپتِ ہوئی
جِسُ سیتی منُ لائیا ॥

ਅਨਦਿਨੁ ਮੇਲੁ ਭਇਆ ਮਨੁ ਮਾਨਿਆ
ਘਰ ਮੰਦਰ ਸੋਹਾਏ ॥

اندِنُ میلُ بھئیا منُ مانِیا
گھر مندّر سوہائے ॥

ਪੰਚ ਸਬਦ ਧੁਨਿ ਅਨਹਦ ਵਾਜੇ
ਹਮ ਘਰਿ ਸਾਜਨ ਆਏ ॥੧॥

پنّچ سبد دھُنِ انہد واجے
ہم گھرِ ساجن آئے ॥1॥

ਆਵਹੁ ਮੀਤ ਪਿਆਰੇ ॥

آوہُ میت پِیارے ۔ ॥

ਮੰਗਲ ਗਾਵਹੁ ਨਾਰੇ ॥

منگل گاوہُ نارے ॥

ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ
ਸੋਹਿਲੜਾ ਜੁਗ ਚਾਰੇ ॥

سچُ منگلُ گاوہُ تا پّربھ بھاوہُ
سوہِلڑا جُگ چارے ॥

ਅਪਨੈ ਘਰਿ ਆਇਆ ਥਾਨਿ ਸੁਹਾਇਆ
ਕਾਰਜ ਸਬਦਿ ਸਵਾਰੇ ॥

اپنے گھرِ آئیا تھانِ سُہائیا
کارج سبدِ سوارے ॥

ਗਿਆਨ ਮਹਾ ਰਸੁ ਨੇਤ੍ਰੀ ਅੰਜਨੁ
ਤ੍ਰਿਭਵਣ ਰੂਪੁ ਦਿਖਾਇਆ ॥

گِیان مہا رسُ نیتّری انجّنُ
تّربھونٹ روُپُ دِکھائیا ॥

ਸਖੀ ਮਿਲਹੁ ਰਸਿ ਮੰਗਲੁ ਗਾਵਹੁ
ਹਮ ਘਰਿ ਸਾਜਨੁ ਆਇਆ ॥੨॥

سکھی مِلہُ رسِ منگلُ گاوہُ
ہم گھرِ ساجنُ آئیا ॥2॥

ਮਨੁ ਤਨੁ ਅੰਮ੍ਰਿਤਿ ਭਿੰਨਾ ॥	مَنُ تَنُ انمّرِتِ بھِنّنا ॥
ਅੰਤਰਿ ਪ੍ਰੇਮੁ ਰਤੰਨਾ ॥	انترِ پریمُ رتنّنا ॥
ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ ॥	انترِ رتنُ پدارتھُ میرے پرم تتُ ویچارو ॥
ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ ॥	جنّت بھیکھ توُ سپھلِئو داتا سِرِ سِرِ دیوٹہارو ॥
ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ ॥	توُ جانُ گیانی انترجامی آپے کارنُ کِینا ॥
ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ ॥੩॥	سُننہُ سکھی منُ موہنِ موہِیا تنُ منُ انمّرِتِ بھِینا ॥3॥
ਆਤਮ ਰਾਮੁ ਸੰਸਾਰਾ ॥	آتم رامُ سنّسارا ॥
ਸਾਚਾ ਖੇਲੁ ਤੁਮ੍ਾਰਾ ॥	ساچا کھیلُ تُمہارا ॥
ਸਚੁ ਖੇਲੁ ਤੁਮ੍ਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ ॥	سچُ کھیلُ تُمہارا اگم اپارا تُدھُ بِنُ کنُ بُجھائے ۔ ॥
ਸਿਧ ਸਾਧਿਕ ਸਿਆਣੇ ਕੇਤੇ ਤੁਝ ਬਿਨੁ ਕਵਣੁ ਕਹਾਏ ॥	سِدھ سادھِک سِیاٹے کیتے تُجھ بِنُ کونُ کہائے ۔ ॥
ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ ॥	کالُ بِکالُ بھئے دیوانے منُ راکھیا گُرِ ٹھائے ॥
ਨਾਨਕ ਅਵਗਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ ॥੪॥੧॥੨॥	نانک اوگنُ سبدِ جلائے گُنُ سنگمِ پربھُ پائے ॥4॥1॥2॥
ਰਾਗੁ ਸੂਹੀ ਮਹਲਾ ੧ ਘਰੁ ੩	راگُ سوُہی محلا 1 گھرُ 3
ੴ ਸਤਿਗੁਰ ਪ੍ਰਸਾਦਿ ॥	۱ۄ ستِگُر پرسادِ ॥
ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ॥	آوہُ سجنّا ہءُ دیکھا درسنُ تیرا رام ॥
ਘਰਿ ਆਪਨੜੈ ਖੜੀ ਤਕਾ	گھرِ آپنڑے کھڑی تکا

ਮੈ ਮਨਿ ਚਾਉ ਘਨੇਰਾ ਰਾਮ ॥

مے َ منِ چاءُ گھنیرا رام ॥

ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ
ਮੈ ਤੇਰਾ ਭਰਵਾਸਾ ॥

منِ چاءُ گھنیرا سُنِ پربھ میرا
مے َ تیرا بھرواسا ॥

ਦਰਸਨੁ ਦੇਖਿ ਭਈ ਨਿਹਕੇਵਲ
ਜਨਮ ਮਰਣ ਦੁਖੁ ਨਾਸਾ ॥

درسنُ دیکھِ بھئی نِہکیول
جنم مرنُ دُکھُ ناسا ॥

ਸਗਲੀ ਜੋਤਿ ਜਾਤਾ ਤੂ ਸੋਈ
ਮਿਲਿਆ ਭਾਇ ਸੁਭਾਏ ॥

سگلی جوتِ جاتا توُ سوئی
مِلیا بھاءِ سُبھائے ॥

ਨਾਨਕ ਸਾਜਨ ਕਉ ਬਲਿ ਜਾਈਐ
ਸਾਚਿ ਮਿਲੇ ਘਰਿ ਆਏ ॥੧॥

نانک ساجن ک ءُ بلِ جائیئے
ساچِ مِلے گھرِ آئے ॥1॥

ਘਰਿ ਆਇਅੜੇ ਸਾਜਨਾ
ਤਾ ਧਨ ਖਰੀ ਸਰਸੀ ਰਾਮ ॥

گھرِ آئیڑے ساجنا
تا دھن کھری سرسی رام ॥

ਹਰਿ ਮੋਹਿਅੜੀ ਸਾਚ ਸਬਦਿ
ਠਾਕੁਰ ਦੇਖਿ ਰਹੰਸੀ ਰਾਮ ॥

ہرِ موہیڑی ساچ سبدِ
ٹھاکُر دیکھِ رہنّسی رام ॥

ਗੁਣ ਸੰਗਿ ਰਹੰਸੀ ਖਰੀ ਸਰਸੀ
ਜਾ ਰਾਵੀ ਰੰਗਿ ਰਾਤੈ ॥

گُنٹ سنگِ رہنّسی کھری سرسی
جا راوی رنگِ راتے ॥

ਅਵਗਣ ਮਾਰਿ ਗੁਣੀ ਘਰੁ ਛਾਇਆ
ਪੂਰੈ ਪੁਰਖਿ ਬਿਧਾਤੈ ॥

اوگنٹ مارِ گُنٹی گھرُ چھائیا
پوُرے پُرکھِ بِدھاتے ॥

ਤਸਕਰ ਮਾਰਿ ਵਸੀ ਪੰਚਾਇਣਿ
ਅਦਲੁ ਕਰੇ ਵੀਚਾਰੇ ॥

تسکر مارِ وسی پنچائنِ
عدلُ کرے ویچارے ॥

ਨਾਨਕ ਰਾਮ ਨਾਮਿ ਨਿਸਤਾਰਾ
ਗੁਰਮਤਿ ਮਿਲਹਿ ਪਿਆਰੇ ॥੨॥

نانک رام نامِ نِستارا
گُرمتِ مِلہِ پیارے ॥2॥

ਵਰੁ ਪਾਇਅੜਾ ਬਾਲੜੀਏ
ਆਸਾ ਮਨਸਾ ਪੂਰੀ ਰਾਮ ॥

ور پائیڑا بالڑیے
آسا منسا پوُری رام ॥

ਪਿਰਿ ਰਾਵਿਅੜੀ ਸਬਦਿ ਰਲੀ
ਰਵਿ ਰਹਿਆ ਨਹ ਦੂਰੀ ਰਾਮ ॥

پِرِ راوِیڑی سبدِ رلی
روِ رہِیا نہ دوُری رام ॥

ਪ੍ਰਭੁ ਦੂਰਿ ਨ ਹੋਈ ਘਟਿ ਘਟਿ ਸੋਈ
ਤਿਸ ਕੀ ਨਾਰਿ ਸਬਾਈ ॥

پربھُ دوُرِ ن ہوئی گھٹِ گھٹِ سوئی
تِس کی نارِ سبائی ॥

ਆਪੇ ਰਸੀਆ ਆਪੇ ਰਾਵੇ
ਜਿਉ ਤਿਸ ਦੀ ਵਡਿਆਈ ॥

آپے رسِیا آپے راوے
جِءُ تِس دی وڈِیائی ॥

ਅਮਰ ਅਡੋਲੁ ਅਮੋਲੁ ਅਪਾਰਾ
ਗੁਰਿ ਪੂਰੈ ਸਚੁ ਪਾਈਐ ॥

امر اڈولُ امولُ اپارا
گُرِ پوُرے سچُ پائیئے ॥

ਨਾਨਕ ਆਪੇ ਜੋਗ ਸਜੋਗੀ
ਨਦਰਿ ਕਰੇ ਲਿਵ ਲਾਈਐ ॥੩॥

نانک آپے جوگ سجوگی
ندرِ کرے لِو لائیئے ॥3॥

ਪਿਰੁ ਉਚੜੀਐ ਮਾੜੜੀਐ
ਤਿਹੁ ਲੋਆ ਸਿਰਤਾਜਾ ਰਾਮ ॥

پِرُ اُچڑیئے ماڑڑیئے
تِہُ لویا سِرتاجا رام ॥

ਹਉ ਬਿਸਮ ਭਈ ਦੇਖਿ ਗੁਣਾ
ਅਨਹਦ ਸਬਦ ਅਗਾਜਾ ਰਾਮ ॥

ہءُ بِسم بھئی دیکھِ گُٹا
انہد سبد اگاجا رام ॥

ਸਬਦੁ ਵੀਚਾਰੀ ਕਰਣੀ ਸਾਰੀ
ਰਾਮ ਨਾਮੁ ਨੀਸਾਣੋ ॥

سبدُ ویچاری کرٹی ساری
رام نامُ نِیشانُو ॥

ਨਾਮ ਬਿਨਾ ਖੋਟੇ ਨਹੀ ਠਾਹਰ
ਨਾਮੁ ਰਤਨੁ ਪਰਵਾਣੋ ॥

نام بِنا کھوٹے نہی ٹھاہر
نامُ رتنُ پروانُو ॥

ਪਤਿ ਮਤਿ ਪੂਰੀ ਪੂਰਾ ਪਰਵਾਨਾ
ਨਾ ਆਵੈ ਨਾ ਜਾਸੀ ॥

پتِ متِ پوُری پوُرا پروانا
نا آوے نا جاسی ॥

ਨਾਨਕ ਗੁਰਮੁਖਿ ਆਪੁ ਪਛਾਣੈ
ਪ੍ਰਭ ਜੈਸੇ ਅਵਿਨਾਸੀ ॥੪॥੧॥੩॥

نانک گُرمُکھِ آپُ پچھاٹے
پربھ جیسے اوِناسی ॥4॥1॥3॥

ੴ ਸਤਿਗੁਰ ਪ੍ਰਸਾਦਿ ॥

ۄ ستِگُر پرسادِ ॥

ਰਾਗੁ ਸੂਹੀ ਛੰਤ ਮਹਲਾ ੧ ਘਰੁ ੪ ॥

راگُ سوُہی چھنّت محلا 1 گھرُ 4 ॥

ਜਿਨਿ ਕੀਆ ਤਿਨਿ ਦੇਖਿਆ
ਜਗੁ ਧੰਧੜੈ ਲਾਇਆ ॥

جِنِ کیِیا تِنِ دیکھِیا
جگُ دھندّھڑے لائیا ॥

ਦਾਨਿ ਤੇਰੈ ਘਟਿ ਚਾਨਣਾ

دانِ تیرے گھٹِ چانٹا

ਤਨਿ ਚੰਦੁ ਦੀਪਾਇਆ ॥

تنِ چنّدُ دیپائیا ॥

ਚੰਦੋ ਦੀਪਾਇਆ ਦਾਨਿ ਹਰਿ ਕੈ
ਦੁਖੁ ਅੰਧੇਰਾ ਉਠਿ ਗਇਆ ॥

چنّدو دیپائیا دانِ ہرِ کے
دُکھُ انّدھیرا اُٹھِ گئیا ॥

ਗੁਣ ਜੰਞ ਲਾੜੇ ਨਾਲਿ ਸੋਹੈ
ਪਰਖਿ ਮੋਹਣੀਐ ਲਇਆ ॥

گُنٹ جنّج لاڑے نالِ سوہے
پرکھِ موہنیئے لئیا ॥

ਵੀਵਾਹੁ ਹੋਆ ਸੋਭ ਸੇਤੀ
ਪੰਚ ਸਬਦੀ ਆਇਆ ॥

ویواہُ ہویا سوبھ سیتی
پنّچ سبدی آئیا ॥

ਜਿਨਿ ਕੀਆ ਤਿਨਿ ਦੇਖਿਆ
ਜਗੁ ਧੰਧੜੈ ਲਾਇਆ ॥੧॥

جِنِ کیِیا تِنِ دیکھیا
جگُ دھنّدھڑے لائیا ॥1॥

ਹਉ ਬਲਿਹਾਰੀ ਸਾਜਨਾ
ਮੀਤਾ ਅਵਰੀਤਾ ॥

ہءُ بلِہاری ساجنا
مِیتا اورِیتا ॥

ਇਹੁ ਤਨੁ ਜਿਨ ਸਿਉ ਗਾਡਿਆ
ਮਨੁ ਲੀਅੜਾ ਦੀਤਾ ॥

اِہُ تنُ جِن سِءُ گاڈیا
منُ لیِئڑا دیِتا ॥

ਲੀਆ ਤ ਦੀਆ ਮਾਨੁ ਜਿਨ੍ ਸਿਉ
ਸੇ ਸਜਨ ਕਿਉ ਵੀਸਰਹਿ ॥

لیِیا ت دیِیا مانُ جِنّہ سِءُ
سے سجن کِءُ ویِسرہِ۔ ॥

ਜਿਨ੍ ਦਿਸਿ ਆਇਆ ਹੋਹਿ ਰਲੀਆ
ਜੀਅ ਸੇਤੀ ਗਹਿ ਰਹਹਿ ॥

جِنّہ دِس آئیا ہوہِ رلِیا
جیء سیتی گہِ رہہِ ॥

ਸਗਲ ਗੁਣ ਅਵਗਣੁ ਨ ਕੋਈ
ਹੋਹਿ ਨੀਤਾ ਨੀਤਾ ॥

سگل گُنٹ اوگُنٹُ ن کوئی
ہوہِ نِیتا نِیتا ॥

ਹਉ ਬਲਿਹਾਰੀ ਸਾਜਨਾ
ਮੀਤਾ ਅਵਰੀਤਾ ॥੨॥

ہءُ بلِہاری ساجنا
مِیتا اورِیتا ॥2॥

ਗੁਣਾ ਕਾ ਹੋਵੈ ਵਾਸੁਲਾ
ਕਢਿ ਵਾਸੁ ਲਈਜੈ ॥

گُنٹا کا ہووے واسُلا
کڈھِ واسُ لئیجے ॥

ਜੇ ਗੁਣ ਹੋਵਨ੍ਹি ਸਾਜਨਾ
ਮਿਲਿ ਸਾਝ ਕਰੀਜੈ ॥

جے گُنٹ ہوونہِ ساجنا
مِلِ ساجھ کریجے ॥

ਸਾਝ ਕਰੀਜੈ ਗੁਣਹ ਕੇਰੀ
ਛੋਡਿ ਅਵਗਣ ਚਲੀਐ ॥

ساجھ کریجے گُنہ کیری
چھوڈِ اوگُن چلیئے ॥

ਪਹਿਰੇ ਪਟੰਬਰ ਕਰਿ ਅਡੰਬਰ
ਆਪਣਾ ਪਿੜੁ ਮਲੀਐ ॥

پہِرے پٹنّبر کرِ اڈنّبر
آپنا پِڑُ ملیئے ॥

ਜਿਥੈ ਜਾਇ ਬਹੀਐ ਭਲਾ ਕਹੀਐ
ਝੋਲਿ ਅੰਮ੍ਰਿਤੁ ਪੀਜੈ ॥

جِتھے جاءِ بہیئے بھلا کہیئے
جھولِ انمّرِتُ پیجے ॥

ਗੁਣਾ ਕਾ ਹੋਵੈ ਵਾਸੁਲਾ
ਕਢਿ ਵਾਸੁ ਲਈਜੈ ॥੩॥

گُنّا کا ہووے واسُلا
کڈھِ واسُ لیجے ॥3॥

ਆਪਿ ਕਰੇ ਕਿਸੁ ਆਖੀਐ
ਹੋਰੁ ਕਰੇ ਨ ਕੋਈ ॥

آپِ کرے کِسُ آکھیئے
ہورُ کرے ن کوئی ॥

ਆਖਣ ਤਾ ਕਉ ਜਾਈਐ
ਜੇ ਭੂਲੜਾ ਹੋਈ ॥

آکھڻ تا ک ءُ جائیئے
جے بھُولڑا ہوئی ॥

ਜੇ ਹੋਇ ਭੂਲਾ ਜਾਇ ਕਹੀਐ
ਆਪਿ ਕਰਤਾ ਕਿਉ ਭੁਲੈ ॥

جے ہوءِ بھُولا جاءِ کہیئے
آپِ کرتا کِ ءُ بھُلے ۔ ॥

ਸੁਣੇ ਦੇਖੇ ਬਾਝੁ ਕਹਿਐ
ਦਾਨੁ ਅਣਮੰਗਿਆ ਦਿਵੈ ॥

سُنے دیکھے باجھُ کہے
دانُ انمنگیا دِوے ॥

ਦਾਨੁ ਦੇਇ ਦਾਤਾ ਜਗਿ ਬਿਧਾਤਾ
ਨਾਨਕਾ ਸਚੁ ਸੋਈ ॥

دانُ دےءِ داتا جگِ بِدھاتا
نانکا سچُ سوئی ॥

ਆਪਿ ਕਰੇ ਕਿਸੁ ਆਖੀਐ
ਹੋਰੁ ਕਰੇ ਨ ਕੋਈ ॥੪॥੧॥੪॥

آپِ کرے کِسُ آکھیئے
ہورُ کرے ن کوئی ॥4॥1॥4॥

ਸੂਹੀ ਮਹਲਾ ੧ ॥

سوُہی محلا 1 ॥

ਮੇਰਾ ਮਨੁ ਰਾਤਾ ਗੁਣ ਰਵੈ
ਮਨਿ ਭਾਵੈ ਸੋਈ ॥

میرا منُ راتا گُڻ روے
منِ بھاوے سوئی ॥

ਗੁਰ ਕੀ ਪਉੜੀ ਸਾਚ ਕੀ
ਸਾਚਾ ਸੁਖੁ ਹੋਈ ॥

گُر کی پئڑی ساچ کی
ساچا سُکھُ ہوئی ॥

ਸੁਖਿ ਸਹਜਿ ਆਵੈ ਸਾਚ ਭਾਵੈ
ਸਾਚ ਕੀ ਮਤਿ ਕਿਉ ਟਲੈ ॥

سُکھِ سہجِ آوے ساچ بھاوے
ساچ کی متِ کِءُ ٹلے ۔ ॥

ਇਸਨਾਨੁ ਦਾਨੁ ਸੁਗਿਆਨੁ ਮਜਨੁ
ਆਪਿ ਅਛਲਿਓ ਕਿਉ ਛਲੈ ॥

اِسنانُ دانُ سُگیانُ مجنُ
آپِ اچھلِئو کِءُ چھلے ۔ ॥

ਪਰਪੰਚ ਮੋਹ ਬਿਕਾਰ ਥਾਕੇ
ਕੂੜੁ ਕਪਟੁ ਨ ਦੋਈ ॥

پرپنچ موہ بِکار تھاکے
کوُڑُ کپٹُ ن دوئی ॥

ਮੇਰਾ ਮਨੁ ਰਾਤਾ ਗੁਣ ਰਵੈ
ਮਨਿ ਭਾਵੈ ਸੋਈ ॥੧॥

میرا منُ راتا گُن روے
منِ بھاوے سوئی ॥1॥

ਸਾਹਿਬੁ ਸੋ ਸਾਲਾਹੀਐ
ਜਿਨਿ ਕਾਰਣੁ ਕੀਆ ॥

صاحِبُ سو سالاحیےَ
جِنِ کارنُ کِیا ॥

ਮੈਲੁ ਲਾਗੀ ਮਨਿ ਮੈਲਿਐ
ਕਿਨੈ ਅੰਮ੍ਰਿਤੁ ਪੀਆ ॥

میَلُ لاگی منِ میَلیےَ
کِنے انّمرِتُ پِیا ॥

ਮਥਿ ਅੰਮ੍ਰਿਤੁ ਪੀਆ ਇਹੁ ਮਨੁ ਦੀਆ
ਗੁਰ ਪਹਿ ਮੋਲੁ ਕਰਾਇਆ ॥

متھِ انّمرِتُ پِیا اِہُ منُ دِیا
گُر پہِ مولُ کرائیا ॥

ਆਪਨੜਾ ਪ੍ਰਭੁ ਸਹਜਿ ਪਛਾਤਾ
ਜਾ ਮਨੁ ਸਾਚੈ ਲਾਇਆ ॥

آپنڑا پربھُ سہجِ پچھاتا
جا منُ ساچےَ لائیا ॥

ਤਿਸੁ ਨਾਲਿ ਗੁਣ ਗਾਵਾ ਜੇ ਤਿਸੁ ਭਾਵਾ
ਕਿਉ ਮਿਲੈ ਹੋਇ ਪਰਾਇਆ ॥

تِس نالِ گُن گاوا جے تِس بھاوا
کِءُ مِلے ہوءِ پرائیا ॥

ਸਾਹਿਬੁ ਸੋ ਸਾਲਾਹੀਐ
ਜਿਨਿ ਜਗਤੁ ਉਪਾਇਆ ॥੨॥

صاحِبُ سو سالاحیےَ
جِنِ جگتُ اُپائیا ॥2॥

ਆਇ ਗਇਆ ਕੀ ਨ ਆਇਓ
ਕਿਉ ਆਵੈ ਜਾਤਾ ॥

آءِ گئیا کی ن آئیو
کِءُ آوے جاتا ۔ ॥

ਪ੍ਰੀਤਮ ਸਿਉ ਮਨੁ ਮਾਨਿਆ
ਹਰਿ ਸੇਤੀ ਰਾਤਾ ॥

پرِیتم سِءُ منُ مانِیا
ہرِ سیتی راتا ॥

ਸਾਹਿਬ ਰੰਗਿ ਰਾਤਾ ਸਚ ਕੀ ਬਾਤਾ
ਜਿਨਿ ਬਿੰਬ ਕਾ ਕੋਟੁ ਉਸਾਰਿਆ ॥

صاحِب رنگِ راتا سچ کی باتا

جِنِ بِنَب کا کوٹُ اُسارِیا ॥

ਪੰਚ ਭੂ ਨਾਇਕੋ ਆਪਿ ਸਿਰੰਦਾ
ਜਿਨਿ ਸਚ ਕਾ ਪਿੰਡੁ ਸਵਾਰਿਆ ॥

پنچ بھوُ نائکو آپِ سِرنّدا
جِنِ سچ کا پِنڈُ سوارِیا ॥

ਹਮ ਅਵਗਣਿਆਰੇ ਤੂ ਸੁਣਿ ਪਿਆਰੇ
ਤੁਧੁ ਭਾਵੈ ਸਚੁ ਸੋਈ ॥

ہم اوگُنِیارے توُ سُنِ پیارے
تُدھُ بھاوے سچُ سوئی ॥

ਆਵਣ ਜਾਣਾ ਨਾ ਥੀਐ
ਸਾਚੀ ਮਤਿ ਹੋਈ ॥੩॥

آونُ جاٹا نا تھیِۓ
ساچی متِ ہوئی ॥3॥

ਅੰਜਨੁ ਤੈਸਾ ਅੰਜੀਐ
ਜੈਸਾ ਪਿਰ ਭਾਵੈ ॥

انجَنُ تیَسا انجَیِۓ
جیَسا پِر بھاوے ॥

ਸਮਝੈ ਸੂਝੈ ਜਾਣੀਐ
ਜੇ ਆਪਿ ਜਾਣਾਵੈ ॥

سمجھے سوُجھے جانیِۓ
جے آپِ جاٹاوے ॥

ਆਪਿ ਜਾਣਾਵੈ ਮਾਰਗਿ ਪਾਵੈ
ਆਪੇ ਮਨੂਆ ਲੇਵਏ ॥

آپِ جاٹاوے مارگِ پاوے
آپے منوُیا لیوئے ॥

ਕਰਮ ਸੁਕਰਮ ਕਰਾਏ ਆਪੇ
ਕੀਮਤਿ ਕਉਣ ਅਭੇਵਏ ॥

کرم سُکرم کرائے آپے
قِیمتِ کنُ ابھیوئے ۔ ॥

ਤੰਤੁ ਮੰਤੁ ਪਾਖੰਡੁ ਨ ਜਾਣਾ
ਰਾਮੁ ਰਿਦੈ ਮਨੁ ਮਾਨਿਆ ॥

تنّتُ منّتُ پاکھنّڈُ ن جاٹا
رامُ رِدے منُ مانِیا ॥

ਅੰਜਨੁ ਨਾਮੁ ਤਿਸੈ ਤੇ ਸੂਝੈ
ਗੁਰ ਸਬਦੀ ਸਚੁ ਜਾਨਿਆ ॥੪॥

انجَنُ نامُ تِسے تے سوُجھے
گُر سبدی سچُ جانِیا ॥4॥

ਸਾਜਨ ਹੋਵਨਿ ਆਪਣੇ
ਕਿਉ ਪਰ ਘਰ ਜਾਹੀ ॥

ساجن ہوونِ آپنّے
کِءُ پر گھر جاہی ۔ ॥

ਸਾਜਨ ਰਾਤੇ ਸਚ ਕੇ
ਸੰਗੇ ਮਨ ਮਾਹੀ ॥

ساجن راتے سچ کے
سنگے من ماہی ॥

ਮਨ ਮਾਹਿ ਸਾਜਨ ਕਰਹਿ ਰਲੀਆ
ਕਰਮ ਧਰਮ ਸਬਾਇਆ ॥

من ماہِ ساجن کرہِ رلِیا
کرم دھرم سبائِیا ॥

ਅਠਸਠਿ ਤੀਰਥ ਪੁੰਨ ਪੂਜਾ
ਨਾਮੁ ਸਾਚਾ ਭਾਇਆ ॥

اٹھسٹھِ تیرتھ پُنّن پُوجا
نامُ ساچا بھائیا ॥

ਆਪਿ ਸਾਜੇ ਥਾਪਿ ਵੇਖੈ
ਤਿਸੈ ਭਾਣਾ ਭਾਇਆ ॥

آپِ ساجے تھاپِ ویکھےَ
تِسےَ بھاٹا بھائیا ॥

ਸਾਜਨ ਰਾਂਗਿ ਰੰਗੀਲੜੇ
ਰੰਗੁ ਲਾਲੁ ਬਣਾਇਆ ॥੫॥

ساجن رانگِ رنگیلڑے
رنگُ لالُ بٹائیا ॥5॥

ਅੰਧਾ ਆਗੂ ਜੇ ਥੀਐ
ਕਿਉ ਪਾਧਰੁ ਜਾਣੈ ॥

انّدھا آگُو جے تھیےَ
کِءُ پادھرُ جانٹے ۔ ॥

ਆਪਿ ਮੁਸੈ ਮਤਿ ਹੋਛੀਐ
ਕਿਉ ਰਾਹੁ ਪਛਾਣੈ ॥

آپِ مُسےَ متِ ہوچھیےَ
کِءُ راہُ پچھانٹے ۔ ॥

ਕਿਉ ਰਾਹਿ ਜਾਵੈ ਮਹਲੁ ਪਾਵੈ
ਅੰਧ ਕੀ ਮਤਿ ਅੰਧਲੀ ॥

کِءُ راہِ جاوےَ محلُ پاوےَ
انّدھ کی متِ انّدھلی ॥

ਵਿਣੁ ਨਾਮ ਹਰਿ ਕੇ ਕਛੁ ਨ ਸੂਝੈ
ਅੰਧੁ ਬੂਡੌ ਧੰਧਲੀ ॥

وِنُ نام ہرِ کے کچھُ ن سوُجھےَ
انّدھُ بوُڈوَ دھنّدھلی ॥

ਦਿਨੁ ਰਾਤਿ ਚਾਨਣੁ ਚਾਉ ਉਪਜੈ
ਸਬਦੁ ਗੁਰ ਕਾ ਮਨਿ ਵਸੈ ॥

دِنُ راتِ چانٹُ چاءُ اُپجےَ
سبدُ گُر کا منِ وسےَ ॥

ਕਰ ਜੋੜਿ ਗੁਰ ਪਹਿ ਕਰਿ ਬਿਨੰਤੀ
ਰਾਹੁ ਪਾਧਰੁ ਗੁਰੁ ਦਸੈ ॥੬॥

کر جوڑِ گُر پہِ کرِ بِنّتی
راہُ پادھرُ گُرُ دسےَ ॥6॥

ਮਨੁ ਪਰਦੇਸੀ ਜੇ ਥੀਐ
ਸਭੁ ਦੇਸੁ ਪਰਾਇਆ ॥

منُ پردیسی جے تھیےَ
سبھُ دیسُ پرائیا ॥

ਕਿਸੁ ਪਹਿ ਖੋਲ੍ਹਉ ਗੰਠੜੀ
ਦੂਖੀ ਭਰਿ ਆਇਆ ॥

کِسُ پہِ کھولّءُ گنّٹھڑی
دوُکھی بھرِ آئیا ॥

ਦੂਖੀ ਭਰਿ ਆਇਆ ਜਗਤੁ ਸਬਾਇਆ
ਕਉਣੁ ਜਾਣੈ ਬਿਧਿ ਮੇਰੀਆ ॥

دوُکھی بھرِ آئیا جگتُ سبائیا
کنُٹُ جانٹے بِدھِ میریا ۔ ॥

ਆਵਣੇ ਜਾਵਣੇ ਖਰੇ ਡਰਾਵਣੇ
ਤੋਟਿ ਨ ਆਵੈ ਫੇਰੀਆ ॥

آونٹے جاونٹے کھرے ڈراونٹے

ਨਾਮ ਵਿਹੂਣੇ ਊਣੇ ਝੂਣੇ
ਨਾ ਗੁਰਿ ਸਬਦੁ ਸੁਣਾਇਆ ॥

ਮਨੁ ਪਰਦੇਸੀ ਜੇ ਥੀਐ
ਸਭੁ ਦੇਸੁ ਪਰਾਇਆ ॥੭॥

ਗੁਰ ਮਹਲੀ ਘਰਿ ਆਪਣੈ
ਸੋ ਭਰਪੁਰਿ ਲੀਣਾ ॥

ਸੇਵਕੁ ਸੇਵਾ ਤਾਂ ਕਰੇ
ਸਚ ਸਬਦਿ ਪਤੀਣਾ ॥

ਸਬਦੇ ਪਤੀਜੈ ਅੰਕੁ ਭੀਜੈ
ਸੁ ਮਹਲੁ ਮਹਲਾ ਅੰਤਰੇ ॥

ਆਪਿ ਕਰਤਾ ਕਰੇ ਸੋਈ
ਪ੍ਰਭੁ ਆਪਿ ਅੰਤਿ ਨਿਰੰਤਰੇ ॥

ਗੁਰ ਸਬਦਿ ਮੇਲਾ ਤਾਂ ਸੁਹੇਲਾ
ਬਾਜੰਤ ਅਨਹਦ ਬੀਣਾ ॥

ਗੁਰ ਮਹਲੀ ਘਰਿ ਆਪਣੈ
ਸੋ ਭਰਿਪੁਰਿ ਲੀਣਾ ॥੮॥

ਕੀਤਾ ਕਿਆ ਸਾਲਾਹੀਐ
ਕਰਿ ਵੇਖੈ ਸੋਈ ॥

ਤਾ ਕੀ ਕੀਮਤਿ ਨ ਪਵੈ
ਜੇ ਲੋਚੈ ਕੋਈ ॥

ਕੀਮਤਿ ਸੋ ਪਾਵੈ ਆਪਿ ਜਾਣਾਵੈ
ਆਪਿ ਅਭੁਲੁ ਨ ਭੁਲਏ ॥

ਜੈ ਜੈ ਕਾਰੁ ਕਰਹਿ ਤੁਧੁ ਭਾਵਹਿ
ਗੁਰ ਕੈ ਸਬਦਿ ਅਮੁਲਏ ॥

توٹِ ن آوے پھیریا ॥

نام وِہوُنے اوُنے جھوُنے
نا گُرِ سبدُ سُٹائیا ॥

منُ پردیسی جے تھیئے
سبھُ دیسُ پرائیا ॥7॥

گُر محلی گھرِ آپنے
سو بھرپُرِ لیٹا ॥

سیوکُ سیوا تاں کرے
سچ سبدِ پتیٹا ॥

سبدے پتیجے انکُ بھیجے
سُ محلُ محلا انترے ॥

آپِ کرتا کرے سوئی
پربھُ آپِ انتِ نِرنترے ॥

گُر سبدِ میلا تاں سُہیلا
باجنّت انہد بیٹا ॥

گُر محلی گھرِ آپنے
سو بھرپُرِ لیٹا ॥8॥

کِیتا کیا سالاحیئے
کرِ ویکھے سوئی ॥

تا کی قِیمتِ ن پوے
جے لوچے کوئی ॥

قِیمتِ سو پاوے آپِ جاٹاوے
آپِ ابھُلُ ن بھُلے ॥

جے جے کارُ کرہِ تُدھُ بھاوہِ
گُر کے سبدِ املے ॥

ਹੀਣਉ ਨੀਚੁ ਕਰਉ ਬੇਨੰਤੀ
ਸਾਚੁ ਨ ਛੋਡਉ ਭਾਈ ॥

ہیِنؤ نیچُ کرءُ بینتی
ساچُ ن چھوڈءُ بھائی ॥

ਨਾਨਕ ਜਿਨਿ ਕਰਿ ਦੇਖਿਆ
ਦੇਵੈ ਮਤਿ ਸਾਈ ॥੯॥੨॥੫॥

نانک جِنِ کرِ دیکھیا
دیوے متِ سائی ॥9॥2॥5॥

ਰਾਗੁ ਸੂਹੀ ਛੰਤ ਮਹਲਾ ੩ ਘਰੁ ੨

راگُ سوُہی چھنّت محلا 3 گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸੁਖ ਸੋਹਿਲੜਾ ਹਰਿ ਧਿਆਵਹੁ ॥

سُکھ سوہِلڑا ہرِ دھِیاوہُ ॥

ਗੁਰਮੁਖਿ ਹਰਿ ਫਲੁ ਪਾਵਹੁ ॥

گُرمُکھِ ہرِ پھلُ پاوہُ ॥

ਗੁਰਮੁਖਿ ਫਲੁ ਪਾਵਹੁ ਹਰਿ ਨਾਮੁ ਧਿਆਵਹੁ
ਜਨਮ ਜਨਮ ਕੇ ਦੂਖ ਨਿਵਾਰੇ ॥

گُرمُکھِ پھلُ پاوہُ ہرِ نامُ دھِیاوہُ
جنم جنم کے دوُکھ نِوارے ॥

ਬਲਿਹਾਰੀ ਗੁਰ ਅਪਣੇ ਵਿਟਹੁ
ਜਿਨਿ ਕਾਰਜ ਸਭਿ ਸਵਾਰੇ ॥

بلِہاری گُر اپنّے وِٹہُ
جِنِ کارج سبھِ سوارے ॥

ਹਰਿ ਪ੍ਰਭੁ ਕ੍ਰਿਪਾ ਕਰੇ ਹਰਿ ਜਾਪਹੁ
ਸੁਖ ਫਲ ਹਰਿ ਜਨ ਪਾਵਹੁ ॥

ہرِ پرّبھُ کرِپا کرے ہرِ جاپہُ
سُکھ پھل ہرِ جن پاوہُ ॥

ਨਾਨਕੁ ਕਹੈ ਸੁਣਹੁ ਜਨ ਭਾਈ
ਸੁਖ ਸੋਹਿਲੜਾ ਹਰਿ ਧਿਆਵਹੁ ॥੧॥

نانکُ کہے سُنہُ جن بھائی
سُکھ سوہِلڑا ہرِ دھِیاوہُ ॥1॥

ਸੁਣਿ ਹਰਿ ਗੁਣ ਭੀਨੇ ਸਹਜਿ ਸੁਭਾਏ ॥

سُنِ ہرِ گُنؤ بھِینے سہجِ سُبھائے ॥

ਗੁਰਮਤਿ ਸਹਜੇ ਨਾਮੁ ਧਿਆਏ ॥

گُرمتِ سہجے نامُ دھِیائے ॥

ਜਿਨ ਕਉ ਧੁਰਿ ਲਿਖਿਆ ਤਿਨ ਗੁਰੁ ਮਿਲਿਆ
ਤਿਨ ਜਨਮ ਮਰਣ ਭਉ ਭਾਗਾ ॥

جِن کءُ دھُرِ لِکھِیا تِن گُرُ مِلیا
تِن جنم مرنؤ بھءُ بھاگا ॥

ਅੰਦਰਹੁ ਦੁਰਮਤਿ ਦੂਜੀ ਖੋਈ
ਸੋ ਜਨੁ ਹਰਿ ਲਿਵ ਲਾਗਾ ॥

انّدرہُ دُرمتِ دوُجی کھوئی
سو جنُ ہرِ لِو لاگا ॥

ਜਿਨ ਕਉ ਕ੍ਰਿਪਾ ਕੀਨੀ ਮੇਰੈ ਸੁਆਮੀ
ਤਿਨ ਅਨਦਿਨੁ ਹਰਿ ਗੁਣ ਗਾਏ ॥

جِن کءُ کرِپا کِینی میرے سُیامی
تِن اندِنُ ہرِ گُنؤ گائے ॥

ਸੁਣਿ ਮਨ ਭੀਨੇ ਸਹਜਿ ਸੁਭਾਏ ॥੨॥	سُنِ من بھِینے سہجِ سُبھائے ॥2॥
ਜੁਗ ਮਹਿ ਰਾਮ ਨਾਮੁ ਨਿਸਤਾਰਾ ॥	جُگ مہِ رام نامُ نِستارا ॥
ਗੁਰ ਤੇ ਉਪਜੈ ਸਬਦੁ ਵੀਚਾਰਾ ॥	گُر تے اُپجے سبدُ ویچارا ॥
ਗੁਰ ਸਬਦੁ ਵੀਚਾਰਾ ਰਾਮ ਨਾਮੁ ਪਿਆਰਾ ਜਿਸੁ ਕਿਰਪਾ ਕਰੇ ਸੁ ਪਾਏ ॥	گُر سبدُ ویچارا رام نامُ پِیارا جِسُ کِرپا کرے سُ پائے ॥
ਸਹਜੇ ਗੁਣ ਗਾਵੈ ਦਿਨੁ ਰਾਤੀ ਕਿਲਵਿਖ ਸਭਿ ਗਵਾਏ ॥	سہجے گُنؔ گاوے دِنُ راتی کِلوِکھ سبھِ گوائے ॥
ਸਭੁ ਕੋ ਤੇਰਾ ਤੂ ਸਭਨਾ ਕਾ ਹਉ ਤੇਰਾ ਤੂ ਹਮਾਰਾ ॥	سبھُ کو تیرا توُ سبھنا کا ہءُ تیرا توُ ہمارا ॥
ਜੁਗ ਮਹਿ ਰਾਮ ਨਾਮੁ ਨਿਸਤਾਰਾ ॥੩॥	جُگ مہِ رام نامُ نِستارا ॥3॥
ਸਾਜਨ ਆਇ ਵੁਠੇ ਘਰ ਮਾਹੀ ॥	ساجن آءِ وُٹھے گھر ماہی ॥
ਹਰਿ ਗੁਣ ਗਾਵਹਿ ਤ੍ਰਿਪਤਿ ਅਘਾਹੀ ॥	ہرِ گُنؔ گاوہِ ترِپتِ اگھاہی ॥
ਹਰਿ ਗੁਣ ਗਾਇ ਸਦਾ ਤ੍ਰਿਪਤਾਸੀ ਫਿਰਿ ਭੂਖ ਨ ਲਾਗੈ ਆਏ ॥	ہرِ گُنؔ گاءِ سدا ترِپتاسی پھِرِ بھوُکھ ن لاگے آئے ॥
ਦਹ ਦਿਸਿ ਪੂਜ ਹੋਵੈ ਹਰਿ ਜਨ ਕੀ ਜੋ ਹਰਿ ਹਰਿ ਨਾਮੁ ਧਿਆਏ ॥	دہ دِس پوُج ہووے ہرِ جن کی جو ہرِ ہرِ نامُ دھِیائے ॥
ਨਾਨਕ ਹਰਿ ਆਪੇ ਜੋੜਿ ਵਿਛੋੜੇ ਹਰਿ ਬਿਨੁ ਕੋ ਦੂਜਾ ਨਾਹੀ ॥	نانک ہرِ آپے جوڑِ وِچھوڑے ہرِ بِنُ کو دوُجا ناہی ॥
ਸਾਜਨ ਆਇ ਵੁਠੇ ਘਰ ਮਾਹੀ ॥੪॥੧॥	ساجن آءِ وُٹھے گھر ماہی ॥4॥1॥
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਰਾਗੁ ਸੂਹੀ ਮਹਲਾ ੩ ਘਰ ੩ ॥	راگُ سوُہی محلا 3 گھر 3 ॥
ਭਗਤ ਜਨਾ ਕੀ ਹਰਿ ਜੀਉ ਰਾਖੈ ਜੁਗਿ ਜੁਗਿ ਰਖਦਾ ਆਇਆ ਰਾਮ ॥	بھگت جنا کی ہرِ جیءُ راکھے جُگِ جُگِ رکھدا آئیا رام ॥
ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ ॥	سو بھگتُ جو گُرمُکھِ ہووے

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਰਾ ਸਾਹਿਬ) | سری گُرو نانک دیو جی مہاراج دے 550ویں پرکاش پُرب نُوں سمرپت|سیوا: بھائی بلجِندر سنگھ جی (راڑا صاہِب)

ਹਉਮੈ ਸਬਦਿ ਜਲਾਇਆ ਮੇਰੇ ਹਰਿ ਭਾਇਆ
ਜਿਸ ਦੀ ਸਾਚੀ ਬਾਣੀ ॥

ਸਚੀ ਭਗਤਿ ਕਰਹਿ ਦਿਨੁ ਰਾਤੀ
ਗੁਰਮੁਖਿ ਆਖਿ ਵਖਾਣੀ ॥

ਭਗਤਾ ਕੀ ਚਾਲ ਸਚੀ ਅਤਿ ਨਿਰਮਲ
ਨਾਮੁ ਸਚਾ ਮਨਿ ਭਾਇਆ ॥

ਨਾਨਕ ਭਗਤ ਸੋਹਹਿ ਦਰਿ ਸਾਚੈ
ਜਿਨੀ ਸਚੋ ਸਚੁ ਕਮਾਇਆ ॥੧॥

ਹਰਿ ਭਗਤਾ ਕੀ ਜਾਤਿ ਪਤਿ ਹੈ
ਭਗਤ ਹਰਿ ਕੈ ਨਾਮਿ ਸਮਾਣੇ ਰਾਮ ॥

ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ
ਜਿਨ ਗੁਣ ਅਵਗਣ ਪਛਾਣੇ ਰਾਮ ॥

ਗੁਣ ਅਉਗਣ ਪਛਾਣੈ ਹਰਿ ਨਾਮੁ ਵਖਾਣੈ
ਭੈ ਭਗਤਿ ਮੀਠੀ ਲਾਗੀ ॥

ਅਨਦਿਨੁ ਭਗਤਿ ਕਰਹਿ ਦਿਨੁ ਰਾਤੀ
ਘਰ ਹੀ ਮਹਿ ਬੈਰਾਗੀ ॥

ਭਗਤੀ ਰਾਤੇ ਸਦਾ ਮਨੁ ਨਿਰਮਲੁ
ਹਰਿ ਜੀਉ ਵੇਖਹਿ ਸਦਾ ਨਾਲੇ ॥

ਨਾਨਕ ਸੇ ਭਗਤ ਹਰਿ ਕੈ ਦਰਿ ਸਾਚੇ
ਅਨਦਿਨੁ ਨਾਮੁ ਸਮ੍ਹਾਲੇ ॥੨॥

ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ
ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥

ਹਉਮੈ ਮਾਇਆ ਰੋਗਿ ਵਿਆਪੇ
ਮਰਿ ਜਨਮਹਿ ਦੁਖੁ ਹੋਈ ਰਾਮ ॥

ہئُمے سبدِ جلائیا رام ॥

ہئُمے سبدِ جلائیا میرے ہرِ بھائیا
جِس دی ساچی بانٹی ॥

سچی بھگتِ کرہِ دِنُ راتی
گُرمُکھِ آکھِ وکھانٹی ॥

بھگتا کی چال سچی اتِ نِرمل
نامُ سچا منِ بھائیا ॥

نانک بھگت سوہہِ درِ ساچےَ
جِنی سچو سچُ کمائیا ॥1॥

ہرِ بھگتا کی زاتِ پتِ ہےَ
بھگت ہرِ کےَ نامِ سمانٹے رام ॥

ہرِ بھگتِ کرہِ وِچہُ آپُ گواوہِ
جِن گُنٹ اوگُنٹ پچھانٹے رام ॥

گُنٹ انُگُنٹ پچھانٹے ہرِ نامُ وکھانٹے
بھےَ بھگتِ مِٹھی لاگی ॥

اندِنُ بھگتِ کرہِ دِنُ راتی
گھر ہی مہِ بیَراگی ॥

بھگتی راتے سدا منُ نِرملُ
ہرِ جیِءُ ویکھہِ سدا نالے ॥

نانک سے بھگت ہرِ کے درِ ساچے
اندِنُ نامُ سمّہالے ॥2॥

منمُکھ بھگتِ کرہِ بِنُ ستِگُر
وِنُ ستِگُر بھگتِ ن ہوئی رام ॥

ہئُمے مائیا روگِ وِیاپے
مرِ جنمہِ دُکھُ ہوئی رام ॥

ਮਰਿ ਜਨਮਹਿ ਦੁਖੁ ਹੋਈ ਦੂਜੈ ਭਾਇ ਪਰਜ ਵਿਗੋਈ
ਵਿਣੁ ਗੁਰ ਤਤੁ ਨ ਜਾਨਿਆ ॥

ਭਗਤਿ ਵਿਹੂਣਾ ਸਭੁ ਜਗੁ ਭਰਮਿਆ
ਅੰਤਿ ਗਇਆ ਪਛੁਤਾਨਿਆ ॥

ਕੋਟਿ ਮਧੇ ਕਿਨੈ ਪਛਾਣਿਆ
ਹਰਿ ਨਾਮਾ ਸਚੁ ਸੋਈ ॥

ਨਾਨਕ ਨਾਮਿ ਮਿਲੈ ਵਡਿਆਈ
ਦੂਜੈ ਭਾਇ ਪਤਿ ਖੋਈ ॥੩॥

ਭਗਤਾ ਕੈ ਘਰਿ ਕਾਰਜੁ ਸਾਚਾ
ਹਰਿ ਗੁਣ ਸਦਾ ਵਖਾਣੇ ਰਾਮ ॥

ਭਗਤਿ ਖਜਾਨਾ ਆਪੇ ਦੀਆ
ਕਾਲੁ ਕੰਟਕੁ ਮਾਰਿ ਸਮਾਣੇ ਰਾਮ ॥

ਕਾਲੁ ਕੰਟਕੁ ਮਾਰਿ ਸਮਾਣੇ ਹਰਿ ਮਨਿ ਭਾਣੇ
ਨਾਮੁ ਨਿਧਾਨੁ ਸਚੁ ਪਾਇਆ ॥

ਸਦਾ ਅਖੁਟੁ ਕਦੇ ਨ ਨਿਖੁਟੈ
ਹਰਿ ਦੀਆ ਸਹਜਿ ਸੁਭਾਇਆ ॥

ਹਰਿ ਜਨ ਊਚੇ ਸਦ ਹੀ ਊਚੇ
ਗੁਰ ਕੈ ਸਬਦਿ ਸੁਹਾਇਆ ॥

ਨਾਨਕ ਆਪੇ ਬਖਸਿ ਮਿਲਾਏ
ਜੁਗਿ ਜੁਗਿ ਸੋਭਾ ਪਾਇਆ ॥੪॥੧॥੨॥

ਸੂਹੀ ਮਹਲਾ ੩ ॥

ਸਬਦਿ ਸਚੈ ਸਚੁ ਸੋਹਿਲਾ
ਜਿਥੈ ਸਚੇ ਕਾ ਹੋਇ ਵੀਚਾਰੋ ਰਾਮ ॥

ਹਉਮੈ ਸਭਿ ਕਿਲਵਿਖ ਕਾਟੇ
ਸਾਚੁ ਰਖਿਆ ਉਰਿ ਧਾਰੇ ਰਾਮ ॥

مرِ جنمہِ دُکھُ ہوئی دوُجے بھاءِ پرج وِگوئی
وِنُ گُر تتُ ن جانِیا ॥

بھگتِ وِہوُٹا سبھُ جگُ بھرمِیا
انّتِ گئیا پچھُتانِیا ॥

کوٹِ مدھے کِنے پچھانِیا
ہرِ نامُ سچُ سوئی ॥

نانک نامِ مِلے وڈِیائی
دوُجے بھاءِ پتِ کھوئی ॥3॥

بھگتا کے گھرِ کارجُ ساچا
ہرِ گُن سدا وکھانے رام ॥

بھگتِ خزانا آپے دِیِیا
کالُ کنٹکُ مارِ سمانے رام ॥

کالُ کنٹکُ مارِ سمانے ہرِ منِ بھانے
نامُ نِدھانُ سچُ پائِیا ॥

سدا اکھُٹُ کدے ن نِکھُٹے
ہرِ دِیِیا سہجِ سُبھائِیا ॥

ہرِ جن اوُچے سد ہی اوُچے
گُر کے سبدِ سُہائِیا ॥

نانک آپے بخشِ مِلائے
جُگِ جُگِ سوبھا پائِیا ॥4॥1॥2॥

سوُہی محلا 3 ॥

سبدِ سچے سچُ سوہِلا
جِتھے سچے کا ہوءِ ویچارو رام ॥

ہئُمے سبھِ کِلوِکھ کاٹے
ساچُ رکھِیا اُرِ دھارے رام ॥

ਸਚੁ ਰਖਿਆ ਉਰ ਧਾਰੇ ਦੁਤਰੁ ਤਾਰੇ
ਫਿਰਿ ਭਵਜਲੁ ਤਰਣੁ ਨ ਹੋਈ ॥

ਸਚਾ ਸਤਿਗੁਰੁ ਸਚੀ ਬਾਣੀ
ਜਿਨਿ ਸਚੁ ਵਿਖਾਲਿਆ ਸੋਈ ॥

ਸਾਚੇ ਗੁਣ ਗਾਵੈ ਸਚਿ ਸਮਾਵੈ
ਸਚੁ ਵੇਖੈ ਸਭੁ ਸੋਈ ॥

ਨਾਨਕ ਸਾਚਾ ਸਾਹਿਬੁ ਸਾਚੀ ਨਾਈ
ਸਚੁ ਨਿਸਤਾਰਾ ਹੋਈ ॥੧॥

ਸਾਚੈ ਸਤਿਗੁਰਿ ਸਾਚੁ ਬੁਝਾਇਆ
ਪਤਿ ਰਾਖੈ ਸਚੁ ਸੋਈ ਰਾਮ ॥

ਸਚਾ ਭੋਜਨੁ ਭਾਉ ਸਚਾ ਹੈ
ਸਚੈ ਨਾਮਿ ਸੁਖੁ ਹੋਈ ਰਾਮ ॥

ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ
ਗਰਭਿ ਨ ਜੂਨੀ ਵਾਸਾ ॥

ਜੋਤੀ ਜੋਤਿ ਮਿਲਾਈ ਸਚਿ ਸਮਾਈ
ਸਚਿ ਨਾਇ ਪਰਗਾਸਾ ॥

ਜਿਨੀ ਸਚੁ ਜਾਤਾ ਸੇ ਸਚੇ ਹੋਏ
ਅਨਦਿਨੁ ਸਚੁ ਧਿਆਇਨਿ ॥

ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ
ਨ ਵੀਛੁੜਿ ਦੁਖੁ ਪਾਇਨਿ ॥੨॥

ਸਚੀ ਬਾਣੀ ਸਚੇ ਗੁਣ ਗਾਵਹਿ
ਤਿਤੁ ਘਰਿ ਸੋਹਿਲਾ ਹੋਈ ਰਾਮ ॥

ਨਿਰਮਲ ਗੁਣ ਸਾਚੇ ਤਨੁ ਮਨੁ ਸਾਚਾ
ਵਿਚਿ ਸਾਚਾ ਪੁਰਖੁ ਪ੍ਰਭੁ ਸੋਈ ਰਾਮ ॥

ਸਭੁ ਸਚੁ ਵਰਤੈ ਸਚੋ ਬੋਲੈ
ਜੋ ਸਚੁ ਕਰੈ ਸੋ ਹੋਈ ॥

سچُ رکھِیا اُر دھارے دُتّرُ تارے
پھِرِ بھوجلُ ترنُ ن ہوئی ॥

سچا ستِگُرُ سچی بانٹی
جِنِ سچُ وِکھالِیا سوئی ॥

ساچے گُنٹ گاوے سچِ سماوے
سچُ ویکھے سبھُ سوئی ॥

نانک ساچا صاحِبُ ساچی نائی
سچُ نِستارا ہوئی ॥1॥

ساچے ستِگُرِ ساچُ بُجھائِیا
پتِ راکھے سچُ سوئی رام ॥

سچا بھوجنُ بھاءُ سچا ہے
سچے نامِ سُکھُ ہوئی رام ॥

ساچے نامِ سُکھُ ہوئی مرے ن کوئی
گربھِ ن جوُنی واسا ॥

جوتی جوتِ مِلائی سچِ سمائی
سچِ ناءِ پرگاسا ॥

جِنی سچُ جاتا سے سچے ہوئے
اندِنُ سچُ دھِیائِنِ ॥

نانک سچُ نامُ جِن ہِردے وسِیا
ن وِچھُڑِ دُکھُ پائِنِ ॥2॥

سچی بانٹی سچے گُنٹ گاوہِ
تِتُ گھرِ سوہِلا ہوئی رام ॥

نِرمل گُنٹ ساچے تنُ منُ ساچا
وِچِ ساچا پُرکھُ پربھُ سوئی رام ॥

سبھُ سچُ ورتے سچو بولے

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) (ਰاڑا صاہب) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی

جو سچُ کرے سو ہوئی ॥

ਜਹ ਦੇਖਾ ਤਹ ਸਚੁ ਪਸਰਿਆ
ਅਵਰੁ ਨ ਦੂਜਾ ਕੋਈ ॥

جہ دیکھا تہ سچُ پسرِیا
اورُ ن دوُجا کوئی ॥

ਸਚੇ ਉਪਜੈ ਸਚਿ ਸਮਾਵੈ
ਮਰਿ ਜਨਮੈ ਦੂਜਾ ਹੋਈ ॥

سچے اُپجے سچِ سماوے
مرِجنمے دوُجا ہوئی ॥

ਨਾਨਕ ਸਭੁ ਕਿਛੁ ਆਪੇ ਕਰਤਾ
ਆਪਿ ਕਰਾਵੈ ਸੋਈ ॥੩॥

نانک سبھُ کچھُ آپے کرتا
آپِ کراوے سوئی ॥3॥

ਸਚੇ ਭਗਤ ਸੋਹਹਿ ਦਰਵਾਰੇ
ਸਚੋ ਸਚੁ ਵਖਾਣੇ ਰਾਮ ॥

سچے بھگت سوہہِ دروارے
سچو سچُ وکھانے رام ॥

ਘਟ ਅੰਤਰੇ ਸਾਚੀ ਬਾਣੀ
ਸਾਚੋ ਆਪਿ ਪਛਾਣੇ ਰਾਮ ॥

گھٹ انترے ساچی باٹی
ساچو آپِ پچھانے رام ॥

ਆਪੁ ਪਛਾਣਹਿ ਤਾ ਸਚੁ ਜਾਣਹਿ
ਸਾਚੇ ਸੋਝੀ ਹੋਈ ॥

آپُ پچھانہِ تا سچُ جانہِ
ساچے سوجھی ہوئی ॥

ਸਚਾ ਸਬਦੁ ਸਚੀ ਹੈ ਸੋਭਾ
ਸਾਚੇ ਹੀ ਸੁਖੁ ਹੋਈ ॥

سچا سبدُ سچی ہے سوبھا
ساچے ہی سُکھُ ہوئی ॥

ਸਾਚਿ ਰਤੇ ਭਗਤ ਇਕ ਰੰਗੀ
ਦੂਜਾ ਰੰਗੁ ਨ ਕੋਈ ॥

ساچِ رتے بھگت اِک رنگی
دوُجا رنگُ ن کوئی ॥

ਨਾਨਕ ਜਿਸ ਕਉ ਮਸਤਕਿ ਲਿਖਿਆ
ਤਿਸੁ ਸਚੁ ਪਰਾਪਤਿ ਹੋਈ ॥੪॥੨॥੩॥

نانک جِس کءُ مستکِ لِکھیا
تِس سچُ پراپتِ ہوئی ॥4॥2॥3॥

ਸੂਹੀ ਮਹਲਾ ੩ ॥

سوُہی محلا 3 ॥

ਜੁਗ ਚਾਰੇ ਧਨ ਜੇ ਭਵੈ
ਬਿਨੁ ਸਤਿਗੁਰ ਸੋਹਾਗੁ ਨ ਹੋਈ ਰਾਮ ॥

جُگ چارے دھن جے بھوے
بِنُ ستِگُر سوہاگُ ن ہوئی رام ॥

ਨਿਹਚਲੁ ਰਾਜੁ ਸਦਾ ਹਰਿ ਕੇਰਾ
ਤਿਸੁ ਬਿਨੁ ਅਵਰੁ ਨ ਕੋਈ ਰਾਮ ॥

نِہچلُ راجُ سدا ہرِ کیرا
تِس بِنُ اورُ ن کوئی رام ॥

ਤਿਸੁ ਬਿਨੁ ਅਵਰੁ ਨ ਕੋਈ ਸਦਾ ਸਚੁ ਸੋਈ

تِس بِنُ اورُ ن کوئی سدا سچُ سوئی

ਗੁਰਮੁਖਿ ਏਕੋ ਜਾਣਿਆ ॥

گُرمُکھِ ایکو جانِیا ॥

ਧਨ ਪਿਰ ਮੇਲਾਵਾ ਹੋਆ
ਗੁਰਮਤੀ ਮਨੁ ਮਾਨਿਆ ॥

دھن پِر میلاوا ہویا
گُرمتی منُ مانِیا ॥

ਸਤਿਗੁਰੁ ਮਿਲਿਆ ਤਾ ਹਰਿ ਪਾਇਆ
ਬਿਨੁ ਹਰਿ ਨਾਵੈ ਮੁਕਤਿ ਨ ਹੋਈ ॥

ستِگُرُ مِلیا تا ہرِ پائِیا
بِنُ ہرِ ناوے مُکتِ ن ہوئی ॥

ਨਾਨਕ ਕਾਮਣਿ ਕੰਤੈ ਰਾਵੇ
ਮਨਿ ਮਾਨਿਐ ਸੁਖੁ ਹੋਈ ॥੧॥

نانک کامنِ کنّتے راوے
منِ مانے سُکھُ ہوئی ॥1॥

ਸਤਿਗੁਰੁ ਸੇਵਿ ਧਨ ਬਾਲੜੀਏ
ਹਰਿ ਵਰੁ ਪਾਵਹਿ ਸੋਈ ਰਾਮ ॥

ستِگُرُ سیوِ دھن بالڑیے
ہرِ ورُ پاوہِ سوئی رام ॥

ਸਦਾ ਹੋਵਹਿ ਸੋਹਾਗਣੀ
ਫਿਰਿ ਮੈਲਾ ਵੇਸੁ ਨ ਹੋਈ ਰਾਮ ॥

سدا ہووہِ سوہاگنی
پھِرِ میَلا ویسُ ن ہوئی رام ॥

ਫਿਰਿ ਮੈਲਾ ਵੇਸੁ ਨ ਹੋਈ ਗੁਰਮੁਖਿ ਬੂਝੈ ਕੋਈ
ਹਉਮੈ ਮਾਰਿ ਪਛਾਣਿਆ ॥

پھِرِ میَلا ویسُ ن ہوئی گُرمُکھِ بوُجھے کوئی
ہئُمے مارِ پچھانِیا ॥

ਕਰਣੀ ਕਾਰ ਕਮਾਵੈ ਸਬਦਿ ਸਮਾਵੈ
ਅੰਤਰਿ ਏਕੋ ਜਾਣਿਆ ॥

کرنی کار کماوے سبدِ سماوے
انترِ ایکو جانِیا ॥

ਗੁਰਮੁਖਿ ਪ੍ਰਭੁ ਰਾਵੇ ਦਿਨੁ ਰਾਤੀ ਆਪਣਾ
ਸਾਚੀ ਸੋਭਾ ਹੋਈ ॥

گُرمُکھِ پربھُ راوے دِنُ راتی آپنا
ساچی سوبھا ہوئی ॥

ਨਾਨਕ ਕਾਮਣਿ ਪਿਰੁ ਰਾਵੇ ਆਪਣਾ
ਰਵਿ ਰਹਿਆ ਪ੍ਰਭੁ ਸੋਈ ॥੨॥

نانک کامنِ پِرُ راوے آپنا
روِ رہِیا پربھُ سوئی ॥2॥

ਗੁਰ ਕੀ ਕਾਰ ਕਰੇ ਧਨ ਬਾਲੜੀਏ
ਹਰਿ ਵਰੁ ਦੇਇ ਮਿਲਾਏ ਰਾਮ ॥

گُر کی کار کرے دھن بالڑیے
ہرِ ورُ دےءِ مِلائے رام ॥

ਹਰਿ ਕੈ ਰੰਗਿ ਰਤੀ ਹੈ ਕਾਮਣਿ
ਮਿਲਿ ਪ੍ਰੀਤਮ ਸੁਖੁ ਪਾਏ ਰਾਮ ॥

ہرِ کے رنگِ رتی ہے کامنِ
مِلِ پریتم سُکھُ پائے رام ॥

ਮਿਲਿ ਪ੍ਰੀਤਮ ਸੁਖੁ ਪਾਏ ਸਚਿ ਸਮਾਏ
ਸਚੁ ਵਰਤੈ ਸਭ ਥਾਈ ॥

مِلِ پریتم سُکھُ پائے سچِ سمائے
سچُ ورتے سبھ تھائی ॥

ਸਚਾ ਸੀਗਾਰੁ ਕਰੇ ਦਿਨੁ ਰਾਤੀ
ਕਾਮਣਿ ਸਚਿ ਸਮਾਈ ॥

سچا سیِگارُ کرے دِنُ راتی
کامنِؔ سچِ سمائی ॥

ਹਰਿ ਸੁਖਦਾਤਾ ਸਬਦਿ ਪਛਾਤਾ
ਕਾਮਣਿ ਲਇਆ ਕੰਠਿ ਲਾਏ ॥

ہرِ سُکھداتا سبدِ پچھاتا
کامنِؔ لِئیا کنٹھِ لائے ॥

ਨਾਨਕ ਮਹਲੀ ਮਹਲੁ ਪਛਾਣੈ
ਗੁਰਮਤੀ ਹਰਿ ਪਾਏ ॥੩॥

نانک محلی محلُ پچھانےؔ
گُرمتی ہرِ پائے ॥3॥

ਸਾ ਧਨ ਬਾਲੀ ਧੁਰਿ ਮੇਲੀ
ਮੇਰੈ ਪ੍ਰਭਿ ਆਪਿ ਮਿਲਾਈ ਰਾਮ ॥

سا دھن بالی دھُرِ میلی
میرے پّربھِ آپِ مِلائی رام ॥

ਗੁਰਮਤੀ ਘਟਿ ਚਾਨਣੁ ਹੋਆ
ਪ੍ਰਭੁ ਰਵਿ ਰਹਿਆ ਸਭ ਥਾਈ ਰਾਮ ॥

گُرمتی گھٹِ چانڑُ ہویا
پّربھُ روِ رہِیا سبھ تھائی رام ॥

ਪ੍ਰਭੁ ਰਵਿ ਰਹਿਆ ਸਭੁ ਥਾਈ ਮੰਨਿ ਵਸਾਈ
ਪੂਰਬਿ ਲਿਖਿਆ ਪਾਇਆ ॥

پّربھُ روِ رہِیا سبھُ تھائی منّنِ وسائی
پُورب لِکھِیا پائِیا ॥

ਸੇਜ ਸੁਖਾਲੀ ਮੇਰੇ ਪ੍ਰਭ ਭਾਣੀ
ਸਚੁ ਸੀਗਾਰੁ ਬਣਾਇਆ ॥

سیج سُکھالی میرے پّربھ بھانڑی
سچُ سیِگارُ بنائِیا ॥

ਕਾਮਣਿ ਨਿਰਮਲ ਹਉਮੈ ਮਲੁ ਖੋਈ
ਗੁਰਮਤਿ ਸਚਿ ਸਮਾਈ ॥

کامنِؔ نِرمل ہئُمےَ مل کھوئی
گُرمتِ سچِ سمائی ॥

ਨਾਨਕ ਆਪਿ ਮਿਲਾਈ ਕਰਤੈ
ਨਾਮੁ ਨਵੈ ਨਿਧਿ ਪਾਈ ॥੪॥੩॥੪॥

نانک آپِ مِلائی کرتےؔ
نامُ نوےَ نِدھِ پائی ॥4॥3॥4॥

ਸੂਹੀ ਮਹਲਾ ੩ ॥

سوُہی محلا 3 ॥

ਹਰਿ ਹਰੇ ਹਰਿ ਗੁਣ ਗਾਵਹੁ
ਹਰਿ ਗੁਰਮੁਖੇ ਪਾਏ ਰਾਮ ॥

ہرِ ہرے ہرِ گُنؔ گاوہُ
ہرِ گُرمُکھے پائے رام ॥

ਅਨਦਿਨੋ ਸਬਦਿ ਰਵਹੁ
ਅਨਹਦ ਸਬਦ ਵਜਾਏ ਰਾਮ ॥

اندِنو سبدِ روہُ
انہد سبد وجائے رام ॥

ਅਨਹਦ ਸਬਦ ਵਜਾਏ ਹਰਿ ਜੀਉ ਘਰਿ ਆਏ
ਹਰਿ ਗੁਣ ਗਾਵਹੁ ਨਾਰੀ ॥

انہد سبد وجائے ہرِ جیِءُ گھرِ آئے
ہرِ گُنؔ گاوہُ ناری ۔ ॥

ਅਨਦਿਨੁ ਭਗਤਿ ਕਰਹਿ ਗੁਰ ਆਗੈ
ਸਾ ਧਨ ਕੰਤ ਪਿਆਰੀ ॥

اندِنُ بھگتِ کرہِ گُر آگے
سا دھن کنّت پِیاری ॥

ਗੁਰ ਕਾ ਸਬਦੁ ਵਸਿਆ ਘਟ ਅੰਤਰਿ
ਸੇ ਜਨ ਸਬਦਿ ਸੁਹਾਏ ॥

گُر کا سبدُ وسِیا گھٹ انتر
سے جن سبدِ سُہائے ॥

ਨਾਨਕ ਤਿਨ ਘਰਿ ਸਦ ਹੀ ਸੋਹਿਲਾ
ਹਰਿ ਕਰਿ ਕਿਰਪਾ ਘਰਿ ਆਏ ॥੧॥

نانک تِن گھرِ سد ہی سوہِلا
ہرِ کرِ کِرپا گھرِ آئے ॥1॥

ਭਗਤਾ ਮਨਿ ਆਨੰਦੁ ਭਇਆ
ਹਰਿ ਨਾਮਿ ਰਹੇ ਲਿਵ ਲਾਏ ਰਾਮ ॥

بھگتا منِ آننْدُ بھئیا
ہرِ نامِ رہے لِو لائے رام ॥

ਗੁਰਮੁਖੇ ਮਨੁ ਨਿਰਮਲੁ ਹੋਆ
ਨਿਰਮਲ ਹਰਿ ਗੁਣ ਗਾਏ ਰਾਮ ॥

گُرمُکھے منُ نِرملُ ہوِیا
نِرمل ہرِ گُنؤ گائے رام ॥

ਨਿਰਮਲ ਗੁਣ ਗਾਏ ਨਾਮੁ ਮੰਨਿ ਵਸਾਏ
ਹਰਿ ਕੀ ਅੰਮ੍ਰਿਤ ਬਾਣੀ ॥

نِرمل گُنؤ گائے نامُ منّنِ وسائے
ہرِ کی انّمرِت بانؤ ॥

ਜਿਨ੍ਹ ਮਨਿ ਵਸਿਆ ਸੇਈ ਜਨ ਨਿਸਤਰੇ
ਘਟਿ ਘਟਿ ਸਬਦਿ ਸਮਾਣੀ ॥

جِنّہ منِ وسِیا سیئی جن نِسترے
گھٹِ گھٹِ سبدِ سمانؤ ॥

ਤੇਰੇ ਗੁਣ ਗਾਵਹਿ ਸਹਜਿ ਸਮਾਵਹਿ
ਸਬਦੇ ਮੇਲਿ ਮਿਲਾਏ ॥

تیرے گُنؤ گاوہِ سہجِ سماوہِ
سبدے میلِ مِلائے ॥

ਨਾਨਕ ਸਫਲ ਜਨਮੁ ਤਿਨ ਕੇਰਾ
ਜਿ ਸਤਿਗੁਰਿ ਹਰਿ ਮਾਰਗਿ ਪਾਏ ॥੨॥

نانک سپھل جنمُ تِن کیرا
جِ ستِگُرِ ہرِ مارگِ پائے ॥2॥

ਸੰਤਸੰਗਤਿ ਸਿਉ ਮੇਲੁ ਭਇਆ
ਹਰਿ ਹਰਿ ਨਾਮਿ ਸਮਾਏ ਰਾਮ ॥

سنّتسنگتِ سِءُ میلُ بھئیا
ہرِ ہرِ نامِ سمائے رام ॥

ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ
ਹਰਿ ਕੈ ਨਾਮਿ ਲਿਵ ਲਾਏ ਰਾਮ ॥

گُر کے سبدِ سد جیون مُکت بھئے
ہرِ کے نامِ لِو لائے رام ॥

ਹਰਿ ਨਾਮਿ ਚਿਤੁ ਲਾਏ ਗੁਰਿ ਮੇਲਿ ਮਿਲਾਏ
ਮਨੂਆ ਰਤਾ ਹਰਿ ਨਾਲੇ ॥

ہرِ نامِ چِتُ لائے گُرِ میلِ مِلائے
منوُیا رتا ہرِ نالے ॥

ਸੁਖਦਾਤਾ ਪਾਇਆ ਮੋਹੁ ਚੁਕਾਇਆ
ਅਨਦਿਨੁ ਨਾਮੁ ਸਮ੍ਹਾਲੇ ॥

سُکھداتا پائیا موہُ چُکائیا

اندِنُ نامُ سمّہالے ॥

ਗੁਰ ਸਬਦੇ ਰਾਤਾ ਸਹਜੇ ਮਾਤਾ
ਨਾਮੁ ਮਨਿ ਵਸਾਏ ॥

گُر سبدے راتا سہجے ماتا
نامُ منِ وسائے ॥

ਨਾਨਕ ਤਿਨ ਘਰਿ ਸਦ ਹੀ ਸੋਹਿਲਾ
ਜਿ ਸਤਿਗੁਰ ਸੇਵਿ ਸਮਾਏ ॥੩॥

نانک تِن گھرِ سد ہی سوہِلا
جِ ستِگُر سیوِ سمائے ॥3॥

ਬਿਨੁ ਸਤਿਗੁਰ ਜਗੁ ਭਰਮਿ ਭੁਲਾਇਆ
ਹਰਿ ਕਾ ਮਹਲੁ ਨ ਪਾਇਆ ਰਾਮ ॥

بِنُ ستِگُر جگُ بھرمِ بھُلائیا
ہرِ کا محلُ ن پائیا رام ॥

ਗੁਰਮੁਖੇ ਇਕਿ ਮੇਲਿ ਮਿਲਾਇਆ
ਤਿਨ ਕੇ ਦੂਖ ਗਵਾਇਆ ਰਾਮ ॥

گُرمُکھے اِکِ میلِ مِلائیا
تِن کے دوُکھ گوائیا رام ॥

ਤਿਨ ਕੇ ਦੂਖ ਗਵਾਇਆ ਜਾ ਹਰਿ ਮਨਿ ਭਾਇਆ
ਸਦਾ ਗਾਵਹਿ ਰੰਗਿ ਰਾਤੇ ॥

تِن کے دوُکھ گوائیا جا ہرِ منِ بھائیا
سدا گاوہِ رنگِ راتے ॥

ਹਰਿ ਕੇ ਭਗਤ ਸਦਾ ਜਨ ਨਿਰਮਲ
ਜੁਗਿ ਜੁਗਿ ਸਦ ਹੀ ਜਾਤੇ ॥

ہرِ کے بھگت سدا جن نِرمل
جُگِ جُگِ سد ہی جاتے ॥

ਸਾਚੀ ਭਗਤਿ ਕਰਹਿ ਦਰਿ ਜਾਪਹਿ
ਘਰਿ ਦਰਿ ਸਚਾ ਸੋਈ ॥

ساچی بھگتِ کرہِ درِ جاپہِ
گھرِ درِ سچا سوئی ॥

ਨਾਨਕ ਸਚਾ ਸੋਹਿਲਾ ਸਚੀ ਸਚੁ ਬਾਣੀ
ਸਬਦੇ ਹੀ ਸੁਖੁ ਹੋਈ ॥੪॥੪॥੫॥

نانک سچا سوہِلا سچی سچُ باٹی
سبدے ہی سُکھُ ہوئی ॥4॥4॥5॥

ਸੂਹੀ ਮਹਲਾ ੩ ॥

سوُہی محلا 3 ॥

ਜੇ ਲੋੜਹਿ ਵਰੁ ਬਾਲੜੀਏ
ਤਾ ਗੁਰ ਚਰਣੀ ਚਿਤੁ ਲਾਏ ਰਾਮ ॥

جے لوڑہِ ورُ بالڑیے
تا گُر چرٹی چِتُ لائے رام ॥

ਸਦਾ ਹੋਵਹਿ ਸੋਹਾਗਣੀ
ਹਰਿ ਜੀਉ ਮਰੈ ਨ ਜਾਏ ਰਾਮ ॥

سدا ہووہِ سوہاگٹی
ہرِ جیِءُ مرے ن جائے رام ॥

ਹਰਿ ਜੀਉ ਮਰੈ ਨ ਜਾਏ ਗੁਰ ਕੈ ਸਹਜਿ ਸੁਭਾਏ
ਸਾ ਧਨ ਕੰਤ ਪਿਆਰੀ ॥

ہرِ جیِءُ مرے ن جائے گُر کے سہجِ سُبھائے
سا دھن کنّت پیاری ॥

ਸਚਿ ਸੰਜਮਿ ਸਦਾ ਹੈ ਨਿਰਮਲ

سچِ سنجمِ سدا ہے نِرمل

ਗੁਰ ਕੈ ਸਬਦਿ ਸੀਗਾਰੀ ॥

ميرا پربھُ ساچا سد ہی ساچا
جِنِ آپے آپُ اُپائِیا ॥

ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ
ਜਿਨਿ ਆਪੇ ਆਪੁ ਉਪਾਇਆ ॥

نانک سدا پِرُ راوے آپٹا
جِنِ گُر چرنٹی چِتُ لائِیا ॥1॥

ਨਾਨਕ ਸਦਾ ਪਿਰੁ ਰਾਵੇ ਆਪਣਾ
ਜਿਨਿ ਗੁਰ ਚਰਣੀ ਚਿਤੁ ਲਾਇਆ ॥੧॥

پِرُ پائِیڑا بالڑِیے
اندِنُ سہجے ماتی رام ॥

ਪਿਰੁ ਪਾਇਅੜਾ ਬਾਲੜੀਏ
ਅਨਦਿਨੁ ਸਹਜੇ ਮਾਤੀ ਰਾਮ ॥

گُرمتی منِ اندُ بھِیَا
تِتُ تنِ میَلُ ن راتی رام ॥

ਗੁਰਮਤੀ ਮਨਿ ਅਨਦੁ ਭਇਆ
ਤਿਤੁ ਤਨਿ ਮੈਲੁ ਨ ਰਾਤੀ ਰਾਮ ॥

تِتُ تنِ میَلُ ن راتی ہرِ پربھِ راتی
میرا پربھُ میلِ مِلائے ॥

ਤਿਤੁ ਤਨਿ ਮੈਲੁ ਨ ਰਾਤੀ ਹਰਿ ਪ੍ਰਭਿ ਰਾਤੀ
ਮੇਰਾ ਪ੍ਰਭੁ ਮੇਲਿ ਮਿਲਾਏ ॥

اندِنُ راوے ہرِ پربھُ اپٹا
وِچہُ آپُ گوائے ॥

ਅਨਦਿਨੁ ਰਾਵੇ ਹਰਿ ਪ੍ਰਭੁ ਅਪਣਾ
ਵਿਚਹੁ ਆਪੁ ਗਵਾਏ ॥

گُرمتِ پائِیا سہجِ مِلائِیا
اپنٹے پریتم راتی ॥

ਗੁਰਮਤਿ ਪਾਇਆ ਸਹਜਿ ਮਿਲਾਇਆ
ਅਪਣੇ ਪ੍ਰੀਤਮ ਰਾਤੀ ॥

نانک نامُ مِلےَ وڈِیائی
پربھُ راوے رنگِ راتی ॥2॥

ਨਾਨਕ ਨਾਮੁ ਮਿਲੈ ਵਡਿਆਈ
ਪ੍ਰਭੁ ਰਾਵੇ ਰੰਗਿ ਰਾਤੀ ॥੨॥

پِرُ راوے راتڑِیے
پِر کا محلُ تِن پائِیا رام ॥

ਪਿਰੁ ਰਾਵੇ ਰਾਤੜੀਏ
ਪਿਰ ਕਾ ਮਹਲੁ ਤਿਨ ਪਾਇਆ ਰਾਮ ॥

سو سہو اتِ نِرملُ داتا
جِنِ وِچہُ آپُ گوائِیا رام ॥

ਸੋ ਸਹੋ ਅਤਿ ਨਿਰਮਲੁ ਦਾਤਾ
ਜਿਨਿ ਵਿਚਹੁ ਆਪੁ ਗਵਾਇਆ ਰਾਮ ॥

وِچہُ موہُ چُکائِیا جا ہرِ بھائِیا
ہرِ کامنِٹ منِ بھانٹی ॥

ਵਿਚਹੁ ਮੋਹੁ ਚੁਕਾਇਆ ਜਾ ਹਰਿ ਭਾਇਆ
ਹਰਿ ਕਾਮਣਿ ਮਨਿ ਭਾਣੀ ॥

اندِنُ گُنٹ گاوےَ نِت ساچے
کتھے اکتھ کہانٹی ॥

ਅਨਦਿਨੁ ਗੁਣ ਗਾਵੈ ਨਿਤ ਸਾਚੇ
ਕਥੇ ਅਕਥ ਕਹਾਣੀ ॥

ਜੁਗ ਚਾਰੇ ਸਾਚਾ ਏਕੋ ਵਰਤੈ
ਬਿਨੁ ਗੁਰ ਕਿਨੈ ਨ ਪਾਇਆ ॥

جُگ چارے ساچا ایکو ورتے
بِنُ گُر کِنے ن پائیا ॥

ਨਾਨਕ ਰੰਗਿ ਰਵੈ ਰੰਗਿ ਰਾਤੀ
ਜਿਨਿ ਹਰਿ ਸੇਤੀ ਚਿਤੁ ਲਾਇਆ ॥੩॥

نانک رنگِ روے رنگِ راتی
جِنِ ہرِ سیتی چِتُ لائیا ॥3॥

ਕਾਮਣਿ ਮਨਿ ਸੋਹਿਲੜਾ
ਸਾਜਨ ਮਿਲੇ ਪਿਆਰੇ ਰਾਮ ॥

کامنِٹ منِ سوہِلڑا
ساجن مِلے پِیارے رام ॥

ਗੁਰਮਤੀ ਮਨੁ ਨਿਰਮਲੁ ਹੋਆ
ਹਰਿ ਰਾਖਿਆ ਉਰਿ ਧਾਰੇ ਰਾਮ ॥

گُرمتی منُ نِرملُ ہویا
ہرِ راکھیا اُرِ دھارے رام ॥

ਹਰਿ ਰਾਖਿਆ ਉਰਿ ਧਾਰੇ ਅਪਨਾ ਕਾਰਜੁ ਸਵਾਰੇ
ਗੁਰਮਤੀ ਹਰਿ ਜਾਤਾ ॥

ہرِ راکھیا اُرِ دھارے اپنا کارجُ سوارے
گُرمتی ہرِ جاتا ॥

ਪ੍ਰੀਤਮਿ ਮੋਹਿ ਲਇਆ ਮਨੁ ਮੇਰਾ
ਪਾਇਆ ਕਰਮ ਬਿਧਾਤਾ ॥

پ٘رِیتمِ موہِ لِئیا منُ میرا
پائیا کرم بِدھاتا ॥

ਸਤਿਗੁਰੁ ਸੇਵਿ ਸਦਾ ਸੁਖੁ ਪਾਇਆ
ਹਰਿ ਵਸਿਆ ਮੰਨਿ ਮੁਰਾਰੇ ॥

ستِگُرُ سیوِ سدا سُکھُ پائیا
ہرِ وسِیا منّنِ مُرارے ॥

ਨਾਨਕ ਮੇਲਿ ਲਈ ਗੁਰਿ ਅਪੁਨੈ
ਗੁਰ ਕੈ ਸਬਦਿ ਸਵਾਰੇ ॥੪॥੫॥੬॥

نانک میلِ لئی گُرِ اپُنے
گُر کے سبدِ سوارے ॥4॥5॥6॥

ਸੂਹੀ ਮਹਲਾ ੩ ॥

سوُہی محلا 3 ॥

ਸੋਹਿਲੜਾ ਹਰਿ ਰਾਮ ਨਾਮੁ
ਗੁਰ ਸਬਦੀ ਵੀਚਾਰੇ ਰਾਮ ॥

سوہِلڑا ہرِ رام نامُ
گُر سبدی ویچارے رام ॥

ਹਰਿ ਮਨੁ ਤਨੋ ਗੁਰਮੁਖਿ ਭੀਜੈ
ਰਾਮ ਨਾਮੁ ਪਿਆਰੇ ਰਾਮ ॥

ہرِ منُ تنو گُرمُکھِ بھیجے
رام نامُ پِیارے رام ॥

ਰਾਮ ਨਾਮੁ ਪਿਆਰੇ ਸਭਿ ਕੁਲ ਉਧਾਰੇ
ਰਾਮ ਨਾਮੁ ਮੁਖਿ ਬਾਣੀ ॥

رام نامُ پِیارے سبھِ کُل اُدھارے
رام نامُ مُکھِ بانٹی ॥

ਆਵਣ ਜਾਣ ਰਹੇ ਸੁਖੁ ਪਾਇਆ
ਘਰਿ ਅਨਹਦ ਸੁਰਤਿ ਸਮਾਣੀ ॥

آونٹ جانٹ رہے سُکھُ پائیا
گھرِ انہد سُرتِ سمانٹی ॥

ਹਰਿ ਹਰਿ ਏਕੋ ਪਾਇਆ ਹਰਿ ਪ੍ਰਭੁ
ਨਾਨਕ ਕਿਰਪਾ ਧਾਰੇ ॥

ہرِ ہرِ ایکو پائیا ہرِ پربھُ
نانک کِرپا دھارے ॥

ਸੋਹਿਲੜਾ ਹਰਿ ਰਾਮ ਨਾਮੁ
ਗੁਰ ਸਬਦੀ ਵੀਚਾਰੇ ॥੧॥

سوہِلڑا ہرِ رام نامُ
گُر سبدی ویچارے ॥1॥

ਹਮ ਨੀਵੀ ਪ੍ਰਭੁ ਅਤਿ ਊਚਾ
ਕਿਉ ਕਰਿ ਮਿਲਿਆ ਜਾਏ ਰਾਮ ॥

ہم نِیوی پربھُ اتِ اوُچا
کِءُ کرِ مِلیا جائے رام ॥

ਗੁਰਿ ਮੇਲੀ ਬਹੁ ਕਿਰਪਾ ਧਾਰੀ
ਹਰਿ ਕੈ ਸਬਦਿ ਸੁਭਾਏ ਰਾਮ ॥

گُرِ میلی بہُ کِرپا دھاری
ہرِ کے سبدِ سُبھائے رام ॥

ਮਿਲੁ ਸਬਦਿ ਸੁਭਾਏ ਆਪੁ ਗਵਾਏ
ਰੰਗ ਸਿਉ ਰਲੀਆ ਮਾਣੇ ॥

مِلُ سبدِ سُبھائے آپُ گوائے
رنگ سِءُ رلِیا ماٹے ॥

ਸੇਜ ਸੁਖਾਲੀ ਜਾ ਪ੍ਰਭੁ ਭਾਇਆ
ਹਰਿ ਹਰਿ ਨਾਮਿ ਸਮਾਣੇ ॥

سیج سُکھالی جا پربھُ بھائیا
ہرِ ہرِ نامِ سماٹے ॥

ਨਾਨਕ ਸੋਹਾਗਣਿ ਸਾ ਵਡਭਾਗੀ
ਜੇ ਚਲੈ ਸਤਿਗੁਰ ਭਾਏ ॥

نانک سوہاگڑِ سا وڈبھاگی
جے چلےَ ستِگُر بھائے ॥

ਹਮ ਨੀਵੀ ਪ੍ਰਭੁ ਅਤਿ ਊਚਾ
ਕਿਉ ਕਰਿ ਮਿਲਿਆ ਜਾਏ ਰਾਮ ॥੨॥

ہم نِیوی پربھُ اتِ اوُچا
کِءُ کرِ مِلیا جائے رام ॥2॥

ਘਟਿ ਘਟੇ ਸਭਨਾ ਵਿਚਿ ਏਕੋ
ਏਕੋ ਰਾਮ ਭਤਾਰੋ ਰਾਮ ॥

گھٹِ گھٹے سبھنا وِچِ ایکو
ایکو رام بھتارو رام ॥

ਇਕਨਾ ਪ੍ਰਭੁ ਦੂਰਿ ਵਸੈ
ਇਕਨਾ ਮਨਿ ਆਧਾਰੋ ਰਾਮ ॥

اِکنا پربھُ دوُرِ وسے
اِکنا منِ آدھارو رام ॥

ਇਕਨਾ ਮਨ ਆਧਾਰੋ ਸਿਰਜਣਹਾਰੋ
ਵਡਭਾਗੀ ਗੁਰੁ ਪਾਇਆ ॥

اِکنا من آدھارو سِرجنہارو
وڈبھاگی گُرُ پائیا ॥

ਘਟਿ ਘਟਿ ਹਰਿ ਪ੍ਰਭੁ ਏਕੋ ਸੁਆਮੀ
ਗੁਰਮੁਖਿ ਅਲਖੁ ਲਖਾਇਆ ॥

گھٹِ گھٹِ ہرِ پربھُ ایکو سُیامی
گُرمُکھِ الکھُ لکھائیا ॥

ਸਹਜੇ ਅਨਦੁ ਹੋਆ ਮਨੁ ਮਾਨਿਆ
ਨਾਨਕ ਬ੍ਰਹਮ ਬੀਚਾਰੋ ॥

سہجے اندُ ہویا منُ مانیا

ਨਾਨਕ ਬ੍ਰਹਮ ਬੀਚਾਰੋ ॥

ਘਟਿ ਘਟੇ ਸਭਨਾ ਵਿਚਿ ਏਕੋ
ਏਕੋ ਰਾਮ ਭਤਾਰੋ ਰਾਮ ॥੩॥

گھٹِ گھٹے سبھنا وِچ ایکو
ایکو رام بھتارو رام ॥3॥

ਗੁਰੁ ਸੇਵਨਿ ਸਤਿਗੁਰੁ ਦਾਤਾ
ਹਰਿ ਹਰਿ ਨਾਮਿ ਸਮਾਇਆ ਰਾਮ ॥

گُرُ سیونِ ستِگُرُ داتا
ہرِ ہرِ نامِ سمائیا رام ॥

ਹਰਿ ਧੂੜਿ ਦੇਵਹੁ ਮੈ ਪੂਰੇ ਗੁਰ ਕੀ
ਹਮ ਪਾਪੀ ਮੁਕਤੁ ਕਰਾਇਆ ਰਾਮ ॥

ہرِ دھوُڑِ دیوہُ مے پُورے گُر کی
ہم پاپی مُکتُ کرائیا رام ॥

ਪਾਪੀ ਮੁਕਤੁ ਕਰਾਏ ਆਪੁ ਗਵਾਏ
ਨਿਜ ਘਰਿ ਪਾਇਆ ਵਾਸਾ ॥

پاپی مُکتُ کرائے آپُ گوائے
نِج گھرِ پائیا واسا ॥

ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ
ਗੁਰਮਤਿ ਨਾਮਿ ਪ੍ਰਗਾਸਾ ॥

بِبیک بُدھی سُکھِ ریَنِ وِہانی
گُرمتِ نامِ پرگاسا ॥

ਹਰਿ ਹਰਿ ਅਨਦੁ ਭਇਆ ਦਿਨੁ ਰਾਤੀ
ਨਾਨਕ ਹਰਿ ਮੀਠ ਲਗਾਏ ॥

ہرِ ہرِ اندُ بھئیا دِنُ راتی
نانک ہرِ میٹھ لگائے ॥

ਗੁਰੁ ਸੇਵਨਿ ਸਤਿਗੁਰੁ ਦਾਤਾ
ਹਰਿ ਹਰਿ ਨਾਮਿ ਸਮਾਏ ॥੪॥੬॥੭॥੫॥੭॥੧੨॥

گُرُ سیونِ ستِگُرُ داتا
ہرِ ہرِ نامِ سمائے ॥4॥6॥7॥5॥7॥ 12 ॥

ਰਾਗੁ ਸੂਹੀ ਮਹਲਾ ੪ ਛੰਤ ਘਰੁ ੧

راگُ سوُہی محلا 4 چھنَت گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਸਤਿਗੁਰੁ ਪੁਰਖੁ ਮਿਲਾਇ
ਅਵਗਣ ਵਿਕਣਾ ਗੁਣ ਰਵਾ ਬਲਿ ਰਾਮ ਜੀਉ ॥

ستِگُرُ پُرکھُ مِلاءِ
اوگُن وِکٹا گُن روا بلِ رام جیِءُ ॥

ਹਰਿ ਹਰਿ ਨਾਮੁ ਧਿਆਇ
ਗੁਰਬਾਣੀ ਨਿਤ ਨਿਤ ਚਵਾ ਬਲਿ ਰਾਮ ਜੀਉ ॥

ہرِ ہرِ نامُ دھیاءِ
گُربانی نِت نِت چوا بلِ رام جیِءُ ॥

ਗੁਰਬਾਣੀ ਸਦ ਮੀਠੀ ਲਾਗੀ
ਪਾਪ ਵਿਕਾਰ ਗਵਾਇਆ ॥

گُربانی سد میٹھی لاگی
پاپ وِکار گوائیا ॥

ਹਉਮੈ ਰੋਗੁ ਗਇਆ ਭਉ ਭਾਗਾ
ਸਹਜੇ ਸਹਜਿ ਮਿਲਾਇਆ ॥

ہئُمے روگُ گئیا بھءُ بھاگا
سہجے سہجِ مِلائیا ॥

ਕਾਇਆ ਸੇਜ ਗੁਰ ਸਬਦਿ ਸੁਖਾਲੀ
ਗਿਆਨ ਤਤਿ ਕਰਿ ਭੋਗੋ ॥

کائیا سیج گُر سبدِ سُکھالی
گِیان تتِ کرِ بھوگو ॥

ਅਨਦਿਨੁ ਸੁਖਿ ਮਾਣੇ ਨਿਤ ਰਲੀਆ
ਨਾਨਕ ਧੁਰਿ ਸੰਜੋਗੋ ॥੧॥

اندِنُ سُکھِ مانے نِت رلِیا
نانک دھُرِ سنجوگو ॥1॥

ਸਤੁ ਸੰਤੋਖੁ ਕਰਿ ਭਾਉ
ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ ॥

ست سنتوکھُ کرِ بھاءُ
کُڑمُ کُڑمائی آئیا بلِ رام جیِءُ ॥

ਸੰਤ ਜਨਾ ਕਰਿ ਮੇਲੁ
ਗੁਰਬਾਣੀ ਗਾਵਾਈਆ ਬਲਿ ਰਾਮ ਜੀਉ ॥

سنّت جنا کرِ میلُ
گُربانٹی گاوائیا بلِ رام جیِءُ ॥

ਬਾਣੀ ਗੁਰ ਗਾਈ ਪਰਮ ਗਤਿ ਪਾਈ
ਪੰਚ ਮਿਲੇ ਸੋਹਾਇਆ ॥

بانٹی گُر گائی پرم گتِ پائی
پنچ مِلے سوہائیا ॥

ਗਇਆ ਕਰੋਧੁ ਮਮਤਾ ਤਨਿ ਨਾਠੀ
ਪਾਖੰਡੁ ਭਰਮੁ ਗਵਾਇਆ ॥

گئیا کرودھُ ممتا تنِ ناٹھی
پاکھنڈُ بھرمُ گوائیا ॥

ਹਉਮੈ ਪੀਰ ਗਈ ਸੁਖੁ ਪਾਇਆ
ਆਰੋਗਤ ਭਏ ਸਰੀਰਾ ॥

ہئُمے پیر گئی سُکھُ پائیا
آروگت بھئے سریرا ॥

ਗੁਰ ਪਰਸਾਦੀ ਬ੍ਰਹਮੁ ਪਛਾਤਾ
ਨਾਨਕ ਗੁਣੀ ਗਹੀਰਾ ॥੨॥

گُر پرسادی برہمُ پچھاتا
نانک گُنٹی گہیرا ॥2॥

ਮਨਮੁਖਿ ਵਿਛੁੜੀ ਦੂਰਿ
ਮਹਲੁ ਨ ਪਾਏ ਬਲਿ ਗਈ ਬਲਿ ਰਾਮ ਜੀਉ ॥

منمکھِ وِچھُڑی دوُرِ
محلُ ن پائے بلِ گئی بلِ رام جیِءُ ॥

ਅੰਤਰਿ ਮਮਤਾ ਕੂਰਿ
ਕੂੜੁ ਵਿਹਾਝੇ ਕੂੜਿ ਲਈ ਬਲਿ ਰਾਮ ਜੀਉ ॥

انترِ ممتا کوُرِ
کوُڑُ وِہاجھے کوُڑِ لئی بلِ رام جیِءُ ॥

ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ
ਵਿਣੁ ਸਤਿਗੁਰ ਮਗੁ ਨ ਪਾਇਆ ॥

کوُڑُ کپٹُ کماوے مہا دُکھُ پاوے
وِنُ ستِگُر مگُ ن پائیا ॥

ਉਝੜ ਪੰਥਿ ਭ੍ਰਮੈ ਗਾਵਾਰੀ
ਖਿਨੁ ਖਿਨੁ ਧਕੇ ਖਾਇਆ ॥

اُجھڑ پنتھِ بھرمے گاواری
کھِنُ کھِنُ دھکے کھائیا ॥

ਆਪੇ ਦਇਆ ਕਰੇ ਪ੍ਰਭੁ ਦਾਤਾ
ਸਤਿਗੁਰੁ ਪੁਰਖੁ ਮਿਲਾਏ ॥

آپے دئیا کرے پربھُ داتا

ਸਤਿਗੁਰ ਪੁਰਖੁ ਮਿਲਾਏ ॥

ਜਨਮ ਜਨਮ ਕੇ ਵਿਛੁੜੇ ਜਨ ਮੇਲੇ
ਨਾਨਕ ਸਹਜਿ ਸੁਭਾਏ ॥੩॥

جنم جنم کے وِچھُڑے جن میلے
نانک سہجِ سُبھائے ॥3॥

ਆਇਆ ਲਗਨੁ ਗਣਾਇ
ਹਿਰਦੈ ਧਨ ਓਮਾਹੀਆ ਬਲਿ ਰਾਮ ਜੀਉ ॥

آئیا لگنُ گٹاءِ
ہِردے دھن اوماہیا بلِ رام جیِءُ ॥

ਪੰਡਿਤ ਪਾਧੇ ਆਣਿ
ਪਤੀ ਬਹਿ ਵਾਚਾਈਆ ਬਲਿ ਰਾਮ ਜੀਉ ॥

پنڈِت پادھے آنِ
پتی بہِ واچائیا بلِ رام جیِءُ ॥

ਪਤੀ ਵਾਚਾਈ ਮਨਿ ਵਜੀ ਵਧਾਈ
ਜਬ ਸਾਜਨ ਸੁਣੇ ਘਰਿ ਆਏ ॥

پتی واچائی منِ وجی ودھائی
جب ساجن سُنے گھرِ آئے ॥

ਗੁਣੀ ਗਿਆਨੀ ਬਹਿ ਮਤਾ ਪਕਾਇਆ
ਫੇਰੇ ਤਤੁ ਦਿਵਾਏ ॥

گُنی گیانی بہِ متا پکائیا
پھیرے تتُ دِوائے ॥

ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ
ਸਦ ਨਵਤਨੁ ਬਾਲ ਸਖਾਈ ॥

ور پائیا پُرکھُ اگنمُ اگوچرُ
سد نوتنُ بال سکھائی ॥

ਨਾਨਕ ਕਿਰਪਾ ਕਰਿ ਕੈ ਮੇਲੇ
ਵਿਛੁੜਿ ਕਦੇ ਨ ਜਾਈ ॥੪॥੧॥

نانک کِرپا کرِ کے میلے
وِچھُڑِ کدے ن جائی ॥4॥1॥

ਸੂਹੀ ਮਹਲਾ ੪ ॥

سوُہی محلا 4 ॥

ਹਰਿ ਪਹਿਲੜੀ ਲਾਵ
ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥

ہرِ پہلڑی لاو
پروِرتی کرم ڈرِڑائیا بلِ رام جیِءُ ॥

ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ
ਪਾਪ ਤਜਾਇਆ ਬਲਿ ਰਾਮ ਜੀਉ ॥

بانیٰ برہما ویدُ دھرمُ ڈرِڑہُ
پاپ تجائیا بلِ رام جیِءُ ॥

ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ
ਸਿਮ੍ਰਿਤਿ ਨਾਮੁ ਦ੍ਰਿੜਾਇਆ ॥

دھرمُ ڈرِڑہُ ہرِ نامُ دھیاوہُ
سِمرِتِ نامُ ڈرِڑائیا ॥

ਸਤਿਗੁਰੁ ਗੁਰੁ ਪੂਰਾ ਆਰਾਧਹੁ
ਸਭਿ ਕਿਲਵਿਖ ਪਾਪ ਗਵਾਇਆ ॥

ستِگُرُ گُرُ پوُرا آرادھہُ
سبھِ کِلوِکھ پاپ گوائیا ॥

ਸਹਜ ਅਨੰਦੁ ਹੋਆ ਵਡਭਾਗੀ

سہج انندُ ہویا وڈبھاگی

ਮਨਿ ਹਰਿ ਹਰਿ ਮੀਠਾ ਲਾਇਆ ॥

من ہرِ ہرِ میٹھا لائیا ॥

ਜਨੁ ਕਹੈ ਨਾਨਕੁ ਲਾਵ ਪਹਿਲੀ
ਆਰੰਭੁ ਕਾਜੁ ਰਚਾਇਆ ॥੧॥

جنُ کہے نانکُ لاو پہلی
آرنبھُ کاجُ رچائیا ॥1॥

ਹਰਿ ਦੂਜੜੀ ਲਾਵ
ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥

ہرِ دوُجڑی لاو
ستِگُرُ پُرکھُ مِلائیا بلِ رام جیِءُ ॥

ਨਿਰਭਉ ਭੈ ਮਨੁ ਹੋਇ
ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥

نِربھءُ بھے َمنُ ہوءِ
ہئُمے َمیَلُ گوائیا بلِ رام جیِءُ ॥

ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ
ਹਰਿ ਵੇਖੈ ਰਾਮੁ ਹਦੂਰੇ ॥

نِرملُ بھءُ پائیا ہرِ گُن گائیا
ہرِ ویکھے َرامُ حدوُرے ॥

ਹਰਿ ਆਤਮ ਰਾਮੁ ਪਸਾਰਿਆ ਸੁਆਮੀ
ਸਰਬ ਰਹਿਆ ਭਰਪੂਰੇ ॥

ہرِ آتم رامُ پسارِیا سُیامی
سرب رہِیا بھرپوُرے ॥

ਅੰਤਰਿ ਬਾਹਰਿ ਹਰਿ ਪ੍ਰਭੁ ਏਕੋ
ਮਿਲਿ ਹਰਿ ਜਨ ਮੰਗਲ ਗਾਏ ॥

انترِ باہرِ ہرِ پربھُ ایکو
مِلِ ہرِ جن منگل گائے ॥

ਜਨ ਨਾਨਕ ਦੂਜੀ ਲਾਵ ਚਲਾਈ
ਅਨਹਦ ਸਬਦ ਵਜਾਏ ॥੨॥

جن نانک دوُجی لاو چلائی
انہد سبد وجائے ॥2॥

ਹਰਿ ਤੀਜੜੀ ਲਾਵ
ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥

ہرِ تیجڑی لاو
منِ چاءُ بھئیا بیَراگیِیا بلِ رام جیِءُ ॥

ਸੰਤ ਜਨਾ ਹਰਿ ਮੇਲੁ
ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥

سنّت جنا ہرِ میلُ
ہرِ پائیا وڈبھاگیِیا بلِ رام جیِءُ ॥

ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ
ਮੁਖਿ ਬੋਲੀ ਹਰਿ ਬਾਣੀ ॥

نِرملُ ہرِ پائیا ہرِ گُن گائیا
مُکھِ بولی ہرِ باٹی ॥

ਸੰਤ ਜਨਾ ਵਡਭਾਗੀ ਪਾਇਆ
ਹਰਿ ਕਥੀਐ ਅਕਥ ਕਹਾਣੀ ॥

سنّت جنا وڈبھاگی پائیا
ہرِ کتھیِئے اکتھ کہاٹی ॥

ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ
ਹਰਿ ਜਪੀਐ ਮਸਤਕਿ ਭਾਗੁ ਜੀਉ ॥

ہردے َہرِ ہرِ ہرِ دھُنِ اُپجی
ہرِ جپیِئے مستکِ بھاگُ جیِءُ ॥

ਜਨੁ ਨਾਨਕੁ ਬੋਲੇ ਤੀਜੀ ਲਾਵੈ
ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥

جنُ نانکُ بولے تیجی لاوے
ہرِ اُپجے منِ بیراگُ جیِءُ ॥3॥

ਹਰਿ ਚਉਥੜੀ ਲਾਵ
ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥

ہرِ چتُھڑی لاو
منِ سہجُ بھئیا ہرِ پائیا بلِ رام جیِءُ ॥

ਗੁਰਮੁਖਿ ਮਿਲਿਆ ਸੁਭਾਇ
ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥

گُرمُکھِ مِلیا سُبھاءِ
ہرِ منِ تنِ میٹھا لائیا بلِ رام جیِءُ ॥

ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ
ਅਨਦਿਨੁ ਹਰਿ ਲਿਵ ਲਾਈ ॥

ہرِ میٹھا لائیا میرے پربھ بھائیا
اندِنُ ہرِ لِو لائی ॥

ਮਨ ਚਿੰਦਿਆ ਫਲੁ ਪਾਇਆ ਸੁਆਮੀ
ਹਰਿ ਨਾਮਿ ਵਜੀ ਵਾਧਾਈ ॥

من چِندیا پھلُ پائیا سُیامی
ہرِ نامِ وجی وادھائی ॥

ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ
ਧਨ ਹਿਰਦੈ ਨਾਮਿ ਵਿਗਾਸੀ ॥

ہرِ پربھِ ٹھاکُرِ کاجُ رچائیا
دھن ہِردے نامِ وِگاسی ॥

ਜਨੁ ਨਾਨਕੁ ਬੋਲੇ ਚਉਥੀ ਲਾਵੈ
ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥੨॥

جنُ نانکُ بولے چتُھی لاوے
ہرِ پائیا پربھُ اوِناسی ॥4॥2॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਰਾਗੁ ਸੂਹੀ ਛੰਤ ਮਹਲਾ ੪ ਘਰੁ ੨ ॥

راگُ سوُہی چھنّت محلا 4 گھرُ 2 ॥

ਗੁਰਮੁਖਿ ਹਰਿ ਗੁਣ ਗਾਏ ॥

گُرمُکھِ ہرِ گُن گائے ॥

ਹਿਰਦੈ ਰਸਨ ਰਸਾਏ ॥

ہِردے رسن رسائے ॥

ਹਰਿ ਰਸਨ ਰਸਾਏ ਮੇਰੇ ਪ੍ਰਭ ਭਾਏ
ਮਿਲਿਆ ਸਹਜਿ ਸੁਭਾਏ ॥

ہرِ رسن رسائے میرے پربھ بھائے
مِلیا سہجِ سُبھائے ॥

ਅਨਦਿਨੁ ਭੋਗ ਭੋਗੇ ਸੁਖਿ ਸੋਵੈ
ਸਬਦਿ ਰਹੈ ਲਿਵ ਲਾਏ ॥

اندِنُ بھوگ بھوگے سُکھِ سووے
سبدِ رہے لِو لائے ॥

ਵਡੈ ਭਾਗਿ ਗੁਰੁ ਪੂਰਾ ਪਾਈਐ
ਅਨਦਿਨੁ ਨਾਮੁ ਧਿਆਏ ॥

وڈے بھاگِ گُرُ پوُرا پائیے
اندِنُ نامُ دھیائے ॥

ਸਹਜੇ ਸਹਜਿ ਮਿਲਿਆ ਜਗਜੀਵਨੁ

سہجے سہجِ مِلیا جگجیونُ

ਨਾਨਕ ਸੁੰਨਿ ਸਮਾਏ ॥੧॥	نانک سُنّنِ سمائے ॥1॥
ਸੰਗਤਿ ਸੰਤ ਮਿਲਾਏ ॥	سنگتِ سنّت مِلائے ॥
ਹਰਿ ਸਰਿ ਨਿਰਮਲਿ ਨਾਏ ॥	ہرِ سرِ نِرملِ نائے ॥
ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ ॥	نِرملِ جلِ نائے میَلُ گوائے بھئے پوِتُ سریرا ॥
ਦੁਰਮਤਿ ਮੈਲੁ ਗਈ ਭ੍ਰਮੁ ਭਾਗਾ ਹਉਮੈ ਬਿਨਠੀ ਪੀਰਾ ॥	دُرمتِ میَلُ گئی بھرمُ بھاگا ہئُمے بِنٹھی پیرا ॥
ਨਦਰਿ ਪ੍ਰਭੂ ਸਤਸੰਗਤਿ ਪਾਈ ਨਿਜ ਘਰਿ ਹੋਆ ਵਾਸਾ ॥	ندرِ پربھوُ ستسنگتِ پائی نِج گھرِ ہویا واسا ॥
ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ ॥੨॥	ہرِ منگل رسِ رسن رسائے نانک نامُ پرگاسا ॥2॥
ਅੰਤਰਿ ਰਤਨੁ ਬੀਚਾਰੇ ॥	انترِ رتنُ بیچارے ॥
ਗੁਰਮੁਖਿ ਨਾਮੁ ਪਿਆਰੇ ॥	گُرمُکھِ نامُ پیارے ॥
ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥	ہرِ نامُ پیارے سبدِ نِستارے اگیانُ ادھیرُ گوائیا ॥
ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥	گیانُ پرچنڈُ بلیا گھٹِ چانڑُ گھر مندر سوہائیا ॥
ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥	تنُ منُ ارپِ سیگار بنائے ہرِ پربھ ساچے بھائیا ॥
ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥੩॥	جو پربھُ کہے سوئی پُر کیجے نانک انکِ سمائیا ॥3॥
ਹਰਿ ਪ੍ਰਭਿ ਕਾਜੁ ਰਚਾਇਆ ॥	ہرِ پربھِ کاجُ رچائیا ॥
ਗੁਰਮੁਖਿ ਵੀਆਹਣਿ ਆਇਆ ॥	گُرمُکھِ ویِاہنِ آئیا ॥
ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾ ਧਨ ਕੰਤ ਪਿਆਰੀ ॥	ویِاہنِ آئیا گُرمُکھِ ہرِ پائیا

	سا دھن کنّت پِیاری ॥
ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ ॥	سنّت جنا مِلِ منگل گائے ہرِ جیِءُ آپِ سواری ॥
ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ ॥	سُرِ نر گنؤ گندھرب مِلِ آئے اپوُرب جنّج بنائی ॥
ਨਾਨਕ ਪ੍ਰਭੁ ਪਾਇਆ ਮੈ ਸਾਚਾ ਨਾ ਕਦੇ ਮਰੈ ਨ ਜਾਈ ॥੪॥੧॥੩॥	نانک پرّبھُ پائیا مے ساچا نا کدے مرے ن جائی ॥4॥1॥3॥
ਰਾਗੁ ਸੂਹੀ ਛੰਤ ਮਹਲਾ ੪ ਘਰੁ ੩ ॥	راگُ سوُہی چھنّت محلا 4 گھرُ 3 ॥
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਆਵਹੋ ਸੰਤ ਜਨਹੁ ਗੁਣ ਗਾਵਹ ਗੋਵਿੰਦ ਕੇਰੇ ਰਾਮ ॥	آوہو سنّت جنہُ گُنؤ گاوہ گووِندّ کیرے رام ॥
ਗੁਰਮੁਖਿ ਮਿਲਿ ਰਹੀਐ ਘਰਿ ਵਾਜਹਿ ਸਬਦ ਘਨੇਰੇ ਰਾਮ ॥	گُرمُکھِ مِلِ رہیئے گھرِ واجہِ سبد گھنیرے رام ॥
ਸਬਦ ਘਨੇਰੇ ਹਰਿ ਪ੍ਰਭ ਤੇਰੇ ਤੂ ਕਰਤਾ ਸਭ ਥਾਈ ॥	سبد گھنیرے ہرِ پرّبھ تیرے توُ کرتا سبھ تھائی ॥
ਅਹਿਨਿਸਿ ਜਪੀ ਸਦਾ ਸਾਲਾਹੀ ਸਾਚ ਸਬਦਿ ਲਿਵ ਲਾਈ ॥	اہِنِس جپی سدا سالاحی ساچ سبدِ لِو لائی ॥
ਅਨਦਿਨੁ ਸਹਜਿ ਰਹੈ ਰੰਗਿ ਰਾਤਾ ਰਾਮ ਨਾਮੁ ਰਿਦ ਪੂਜਾ ॥	اندِنُ سہجِ رہے رنگِ راتا رام نامُ رِد پوُجا ॥
ਨਾਨਕ ਗੁਰਮੁਖਿ ਏਕੁ ਪਛਾਣੈ ਅਵਰੁ ਨ ਜਾਣੈ ਦੂਜਾ ॥੧॥	نانک گُرمُکھِ ایکُ پچھانے اورُ ن جانے دوُجا ॥1॥
ਸਭ ਮਹਿ ਰਵਿ ਰਹਿਆ ਸੋ ਪ੍ਰਭੁ ਅੰਤਰਜਾਮੀ ਰਾਮ ॥	سبھ مہِ روِ رہیا سو پرّبھُ انترجامی رام ॥
ਗੁਰ ਸਬਦਿ ਰਵੈ ਰਵਿ ਰਹਿਆ ਸੋ ਪ੍ਰਭੁ ਮੇਰਾ ਸੁਆਮੀ ਰਾਮ ॥	گُر سبدِ روے روِ رہیا سو پرّبھُ میرا سُیامی رام ॥

ਪ੍ਰਭੁ ਮੇਰਾ ਸੁਆਮੀ ਅੰਤਰਜਾਮੀ
ਘਟਿ ਘਟਿ ਰਵਿਆ ਸੋਈ ॥

پربھُ میرا سُیامی انترجامی
گھٹِ گھٹِ رویا سوئی ॥

ਗੁਰਮਤਿ ਸਚੁ ਪਾਈਐ ਸਹਜਿ ਸਮਾਈਐ
ਤਿਸੁ ਬਿਨੁ ਅਵਰੁ ਨ ਕੋਈ ॥

گُرمتِ سچُ پائیئے سہجِ سمائیئے
تِس بِنُ اورُ ن کوئی ॥

ਸਹਜੇ ਗੁਣ ਗਾਵਾ ਜੇ ਪ੍ਰਭ ਭਾਵਾ
ਆਪੇ ਲਏ ਮਿਲਾਏ ॥

سہجے گُن گاوا جے پربھ بھاوا
آپے لئے مِلائے ॥

ਨਾਨਕ ਸੋ ਪ੍ਰਭੁ ਸਬਦੇ ਜਾਪੈ
ਅਹਿਨਿਸਿ ਨਾਮੁ ਧਿਆਏ ॥੨॥

نانک سو پربھُ سبدے جاپے
اہِنِس نامُ دھیائے ॥2॥

ਇਹੁ ਜਗੋ ਦੁਤਰੁ
ਮਨਮੁਖੁ ਪਾਰਿ ਨ ਪਾਈ ਰਾਮ ॥

اِہُ جگو دُترُ
منمکھُ پارِ ن پائی رام ॥

ਅੰਤਰੇ ਹਉਮੈ ਮਮਤਾ
ਕਾਮੁ ਕ੍ਰੋਧੁ ਚਤੁਰਾਈ ਰਾਮ ॥

انترے ہئُمے ممتا
کامُ کرودھُ چترائی رام ॥

ਅੰਤਰਿ ਚਤੁਰਾਈ ਥਾਇ ਨ ਪਾਈ
ਬਿਰਥਾ ਜਨਮੁ ਗਵਾਇਆ ॥

انترِ چترائی تھاءِ ن پائی
برتھا جنمُ گوائیا ॥

ਜਮ ਮਗਿ ਦੁਖੁ ਪਾਵੈ ਚੋਟਾ ਖਾਵੈ
ਅੰਤਿ ਗਇਆ ਪਛੁਤਾਇਆ ॥

جم مگِ دُکھُ پاوے چوٹا کھاوے
انتِ گئیا پچھُتائیا ॥

ਬਿਨੁ ਨਾਵੈ ਕੋ ਬੇਲੀ ਨਾਹੀ
ਪੁਤੁ ਕੁਟੰਬੁ ਸੁਤੁ ਭਾਈ ॥

بِنُ ناوے کو بیلی ناہی
پُتُ کُٹنّبُ سُتُ بھائی ॥

ਨਾਨਕ ਮਾਇਆ ਮੋਹੁ ਪਸਾਰਾ
ਆਗੈ ਸਾਥਿ ਨ ਜਾਈ ॥੩॥

نانک مائیا موہُ پسارا
آگے ساتھِ ن جائی ॥3॥

ਹਉ ਪੂਛਉ ਅਪਨਾ ਸਤਿਗੁਰੁ ਦਾਤਾ
ਕਿਨ ਬਿਧਿ ਦੁਤਰੁ ਤਰੀਐ ਰਾਮ ॥

ہءُ پُوچھءُ اپنا ستِگُرُ داتا
کِن بِدھِ دُترُ تریئے رام ॥

ਸਤਿਗੁਰ ਭਾਇ ਚਲਹੁ
ਜੀਵਤਿਆ ਇਵ ਮਰੀਐ ਰਾਮ ॥

ستِگُر بھاءِ چلہُ
جیوتیا اِو مریئے رام ॥

ਜੀਵਤਿਆ ਮਰੀਐ ਭਉਜਲੁ ਤਰੀਐ
ਗੁਰਮੁਖਿ ਨਾਮਿ ਸਮਾਵੈ ॥

جیوتیا مریئے بھجُلُ تریئے

ਪੂਰਾ ਪੁਰਖੁ ਪਾਇਆ ਵਡਭਾਗੀ
ਸਚਿ ਨਾਮਿ ਲਿਵ ਲਾਵੈ ॥

ਮਤਿ ਪਰਗਾਸੁ ਭਈ ਮਨੁ ਮਾਨਿਆ
ਰਾਮ ਨਾਮਿ ਵਡਿਆਈ ॥

ਨਾਨਕ ਪ੍ਰਭੁ ਪਾਇਆ ਸਬਦਿ ਮਿਲਾਇਆ
ਜੋਤੀ ਜੋਤਿ ਮਿਲਾਈ ॥੪॥੧॥੪॥

ਸੂਹੀ ਮਹਲਾ ੪ ਘਰੁ ੫

ੴ ਸਤਿਗੁਰ ਪ੍ਰਸਾਦਿ ॥

ਗੁਰੁ ਸੰਤ ਜਨੋ ਪਿਆਰਾ ਮੈ ਮਿਲਿਆ
ਮੇਰੀ ਤ੍ਰਿਸਨਾ ਬੁਝਿ ਗਈਆਸੇ ॥

ਹਉ ਮਨੁ ਤਨੁ ਦੇਵਾ ਸਤਿਗੁਰੈ
ਮੈ ਮੇਲੇ ਪ੍ਰਭ ਗੁਣਤਾਸੇ ॥

ਧਨੁ ਧੰਨੁ ਗੁਰੂ ਵਡ ਪੁਰਖੁ ਹੈ
ਮੈ ਦਸੇ ਹਰਿ ਸਾਬਾਸੇ ॥

ਵਡਭਾਗੀ ਹਰਿ ਪਾਇਆ
ਜਨ ਨਾਨਕ ਨਾਮਿ ਵਿਗਾਸੇ ॥੧॥

ਗੁਰੁ ਸਜਣੁ ਪਿਆਰਾ ਮੈ ਮਿਲਿਆ
ਹਰਿ ਮਾਰਗੁ ਪੰਥੁ ਦਸਾਹਾ ॥

ਘਰਿ ਆਵਹੁ ਚਿਰੀ ਵਿਛੁੰਨਿਆ
ਮਿਲੁ ਸਬਦਿ ਗੁਰੂ ਪ੍ਰਭ ਨਾਹਾ ॥

ਹਉ ਤੁਝੁ ਬਾਝਹੁ ਖਰੀ ਉਡੀਣੀਆ
ਜਿਉ ਜਲ ਬਿਨੁ ਮੀਨੁ ਮਰਾਹਾ ॥

ਵਡਭਾਗੀ ਹਰਿ ਧਿਆਇਆ
ਜਨ ਨਾਨਕ ਨਾਮਿ ਸਮਾਹਾ ॥੨॥

گُرمُکھِ نامِ سماوے ॥

پوُرا پُرکھُ پائیا وڈبھاگی
سچِ نامِ لِو لاوے ॥

متِ پرگاسُ بھئی منُ مانِیا
رام نامِ وڈِیائی ॥

نانک پّربھُ پائیا سبدِ مِلائیا
جوتی جوتِ مِلائی ॥4॥1॥4॥

سوُہی محلا 4 گھرُ 5

ੴ ستِگُر پّرسادِ ॥

گُرُ سنّت جنو پیارا مےَ مِلیا
میری تّرِسنا بُجھِ گئیِیاسے ॥

ہءُ منُ تنُ دیوا ستِگُرے
مےَ میلے پّربھ گُنّتاسے ॥

دھنُ دھنّنُ گُروُ وڈ پُرکھُ ہے
مےَ دسے ہرِ ساباسے ॥

وڈبھاگی ہرِ پائیا
جن نانک نامِ وِگاسے ॥1॥

گُرُ سجنُّ پیارا مےَ مِلیا
ہرِ مارگُ پنّتھُ دساہا ॥

گھرِ آوہُ چِری وِچھُنّیا
مِلُ سبدِ گُروُ پّربھ ناہا ॥

ہءُ تُجھُ باجھہُ کھری اُڈیّنیِیا
جِءُ جل بِنُ مِینُ مراہا ॥

وڈبھاگی ہرِ دھِیائیا
جن نانک نامِ سماہا ॥2॥

ਮਨੁ ਦਹ ਦਿਸਿ ਚਲਿ ਚਲਿ ਭਰਮਿਆ
ਮਨਮੁਖੁ ਭਰਮਿ ਭੁਲਾਇਆ ॥

ਨਿਤ ਆਸਾ ਮਨਿ ਚਿਤਵੈ
ਮਨ ਤ੍ਰਿਸਨਾ ਭੁਖ ਲਗਾਇਆ ॥

ਅਨਤਾ ਧਨੁ ਧਰਿ ਦਬਿਆ
ਫਿਰਿ ਬਿਖੁ ਭਾਲਣ ਗਇਆ ॥

ਜਨ ਨਾਨਕ ਨਾਮੁ ਸਲਾਹਿ ਤੂ
ਬਿਨੁ ਨਾਵੈ ਪਚਿ ਪਚਿ ਮੁਇਆ ॥੩॥

ਗੁਰੁ ਸੁੰਦਰੁ ਮੋਹਨੁ ਪਾਇ ਕਰੇ
ਹਰਿ ਪ੍ਰੇਮ ਬਾਣੀ ਮਨੁ ਮਾਰਿਆ ॥

ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ
ਮਨ ਆਸਾ ਚਿੰਤ ਵਿਸਾਰਿਆ ॥

ਮੈ ਅੰਤਰਿ ਵੇਦਨ ਪ੍ਰੇਮ ਕੀ
ਗੁਰ ਦੇਖਤ ਮਨੁ ਸਾਧਾਰਿਆ ॥

ਵਡਭਾਗੀ ਪ੍ਰਭ ਆਇ ਮਿਲੁ
ਜਨੁ ਨਾਨਕੁ ਖਿਨੁ ਖਿਨੁ ਵਾਰਿਆ ॥੪॥੧॥੫॥

ਸੂਹੀ ਛੰਤ ਮਹਲਾ ੪ ॥

ਮਾਰੇਹਿਸੁ ਵੇ ਜਨ ਹਉਮੈ ਬਿਖਿਆ
ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ ॥

ਦੇਹ ਕੰਚਨ ਵੇ ਵੰਨੀਆ
ਇਨਿ ਹਉਮੈ ਮਾਰਿ ਵਿਗੁਤੀਆ ॥

ਮੋਹੁ ਮਾਇਆ ਵੇ ਸਭ ਕਾਲਖਾ
ਇਨਿ ਮਨਮੁਖਿ ਮੂੜਿ ਸਜੁਤੀਆ ॥

ਜਨ ਨਾਨਕ ਗੁਰਮੁਖਿ ਉਬਰੇ
ਗੁਰ ਸਬਦੀ ਹਉਮੈ ਛੁਟੀਆ ॥੧॥

منُ دہ دِس چلِ چلِ بھرمِیا
منمُکھُ بھرمِ بھُلائِیا ॥

نِت آسا منِ چِتوے
من ترِسنا بھُکھ لگائِیا ॥

انتا دھنُ دھرِ دبِیا
پھِرِ بِکھُ بھالڻ گئِیا ॥

جن نانک نامُ سلاحِ توُ
بِنُ ناوے پچِ پچِ مُئِیا ॥3॥

گُرُ سُندرُ موہنُ پاءِ کرے
ہرِ پریم بانڻی منُ مارِیا ॥

میرے ہِردے سُدھِ بُدھِ وِسرِ گئی
من آسا چِنت وِسارِیا ॥

مے انترِ ویدن پریم کی
گُر دیکھت منُ سادھارِیا ॥

وڈبھاگی پربھ آءِ مِلُ
جنُ نانکُ کھِنُ کھِنُ وارِیا ॥4॥1॥5॥

سوُہی چھنت محلا 4 ॥

ماریہِسُ وے جن ہمئے بِکھِیا
جِنِ ہرِ پربھ مِلڻ ن دِتِیا ॥

دیہ کنچن وے وننِیا
اِنِ ہمئے مارِ وِگُتِیا ॥

موہُ مائِیا وے سبھ کالکھا
اِنِ منمُکھِ موُڑِ سجُتِیا ॥

جن نانک گُرمُکھِ اُبرے
گُر سبدی ہمئے چھُٹِیا ॥1॥

ਵਸਿ ਆਣਿਹੁ ਵੇ ਜਨ ਇਸੁ ਮਨ ਕਉ
ਮਨੁ ਬਾਸੇ ਜਿਉ ਨਿਤ ਭਉਦਿਆ ॥

وسِ آنِہُ وے جن اِسُ من ک ءُ
منُ باسے جِ ءُ نِت بھئُدِیا ॥

ਦੁਖਿ ਰੈਣਿ ਵੇ ਵਿਹਾਣੀਆ
ਨਿਤ ਆਸਾ ਆਸ ਕਰੇਦਿਆ ॥

دُکھِ ریَنِ وے وِہاٹِیا
نِت آسا آس کریدِیا ॥

ਗੁਰੁ ਪਾਇਆ ਵੇ ਸੰਤ ਜਨੋ
ਮਨਿ ਆਸ ਪੂਰੀ ਹਰਿ ਚਉਦਿਆ ॥

گُرُ پایَا وے سنّت جنو
منِ آس پوُری ہرِ چئُدِیا ॥

ਜਨ ਨਾਨਕ ਪ੍ਰਭ ਦੇਹੁ ਮਤੀ
ਛਡਿ ਆਸਾ ਨਿਤ ਸੁਖਿ ਸਉਦਿਆ ॥੨॥

جن نانک پرّبھ دیہُ متی
چھڈِ آسا نِت سُکھِ سئُدِیا ॥2॥

ਸਾ ਧਨ ਆਸਾ ਚਿਤਿ ਕਰੇ ਰਾਮ ਰਾਜਿਆ
ਹਰਿ ਪ੍ਰਭ ਸੇਜੜੀਐ ਆਈ ॥

سا دھن آسا چِتِ کرے رام راجِیا
ہرِ پرّبھ سیجڑِیے آئی ॥

ਮੇਰਾ ਠਾਕੁਰੁ ਅਗਮ ਦਇਆਲੁ ਹੈ ਰਾਮ ਰਾਜਿਆ
ਕਰਿ ਕਿਰਪਾ ਲੇਹੁ ਮਿਲਾਈ ॥

میرا ٹھاکُرُ اگم دئیالُ ہے رام راجِیا
کرِ کِرپا لیہُ مِلائی ॥

ਮੇਰੈ ਮਨਿ ਤਨਿ ਲੋਚਾ ਗੁਰਮੁਖੇ ਰਾਮ ਰਾਜਿਆ
ਹਰਿ ਸਰਧਾ ਸੇਜ ਵਿਛਾਈ ॥

میرے منِ تنِ لوچا گُرمُکھے رام راجِیا
ہرِ سردھا سیج وِچھائی ॥

ਜਨ ਨਾਨਕ ਹਰਿ ਪ੍ਰਭ ਭਾਣੀਆ ਰਾਮ ਰਾਜਿਆ
ਮਿਲਿਆ ਸਹਜਿ ਸੁਭਾਈ ॥੩॥

جن نانک ہرِ پرّبھ بھاٹِیا رام راجِیا
مِلِیا سہجِ سُبھائی ॥3॥

ਇਕਤੁ ਸੇਜੈ ਹਰਿ ਪ੍ਰਭੋ ਰਾਮ ਰਾਜਿਆ
ਗੁਰੁ ਦਸੇ ਹਰਿ ਮੇਲੇਈ ॥

اِکتُ سیجے ہرِ پرّبھو رام راجِیا
گُرُ دسے ہرِ میلیئی ॥

ਮੈ ਮਨਿ ਤਨਿ ਪ੍ਰੇਮ ਬੈਰਾਗੁ ਹੈ ਰਾਮ ਰਾਜਿਆ
ਗੁਰੁ ਮੇਲੇ ਕਿਰਪਾ ਕਰੇਈ ॥

مے منِ تنِ پریم بیراگُ ہے رام راجِیا
گُرُ میلے کِرپا کریئی ॥

ਹਉ ਗੁਰ ਵਿਟਹੁ ਘੋਲਿ ਘੁਮਾਇਆ ਰਾਮ ਰਾਜਿਆ
ਜੀਉ ਸਤਿਗੁਰ ਆਗੈ ਦੇਈ ॥

ہ ءُ گُر وِٹہُ گھولِ گھُمائِیا رام راجِیا
جِ ءُ ستِگُر آگے دیئی ॥

ਗੁਰੁ ਤੁਠਾ ਜੀਉ ਰਾਮ ਰਾਜਿਆ
ਜਨ ਨਾਨਕ ਹਰਿ ਮੇਲੇਈ ॥੪॥੨॥੬॥੫॥੭॥੬॥੧੮॥

گُرُ تُٹھا جِ ءُ رام راجِیا
جن نانک ہرِ میلیئی ॥4॥2॥6॥5॥7॥6॥ 18 ॥

ਰਾਗੁ ਸੂਹੀ ਛੰਤ ਮਹਲਾ ੫ ਘਰੁ ੧

راگُ سوُہی چھنّت محلا 5 گھرُ 1

ੴ ਸਤਿਗੁਰ ਪ੍ਰਸਾਦਿ ॥

ੴ ستگُر پرّسادِ ॥

ਸੁਣਿ ਬਾਵਰੇ ਤੂ ਕਾਏ ਦੇਖਿ ਭੁਲਾਨਾ ॥

سُنِ باورے توُ کائے دیکھِ بھُلانا ۔ ॥

ਸੁਣਿ ਬਾਵਰੇ
ਨੇਹੁ ਕੂੜਾ ਲਾਇਓ ਕੁਸੰਭ ਰੰਗਾਨਾ ॥

سُنِ باورے
نیہُ کوُڑا لائیو کُسنبھ رنگانا ॥

ਕੂੜੀ ਡੇਖਿ ਭੁਲੋ ਅਢੁ ਲਹੈ ਨ ਮੁਲੋ
ਗੋਵਿਦ ਨਾਮੁ ਮਜੀਠਾ ॥

کوُڑی ڈیکھِ بھُلو اڈھُ لہے ن مُلو
گووِد نامُ مجیٹھا ॥

ਥੀਵਹਿ ਲਾਲਾ ਅਤਿ ਗੁਲਾਲਾ
ਸਬਦੁ ਚੀਨਿ ਗੁਰ ਮੀਠਾ ॥

تھیوہِ لالا اتِ گُلالا
سبدُ چینِ گُر میٹھا ॥

ਮਿਥਿਆ ਮੋਹਿ ਮਗਨੁ ਥੀ ਰਹਿਆ
ਝੂਠ ਸੰਗਿ ਲਪਟਾਨਾ ॥

مِتھیا موہِ مگنُ تھی رہِیا
جھوُٹھ سنگِ لپٹانا ॥

ਨਾਨਕ ਦੀਨ ਸਰਣਿ ਕਿਰਪਾ ਨਿਧਿ
ਰਾਖੁ ਲਾਜ ਭਗਤਾਨਾ ॥੧॥

نانک دِین سرنِ کِرپا نِدھِ
راکھُ لاج بھگتانا ॥1॥

ਸੁਣਿ ਬਾਵਰੇ ਸੇਵਿ ਠਾਕੁਰੁ ਨਾਥੁ ਪਰਾਣਾ ॥

سُنِ باورے سیوِ ٹھاکُرُ ناتھُ پراٹا ॥

ਸੁਣਿ ਬਾਵਰੇ ਜੋ ਆਇਆ ਤਿਸੁ ਜਾਣਾ ॥

سُنِ باورے جو آئیا تِس جاٹا ॥

ਨਿਹਚਲੁ ਹਭ ਵੈਸੀ ਸੁਣਿ ਪਰਦੇਸੀ
ਸੰਤਸੰਗਿ ਮਿਲਿ ਰਹੀਐ ॥

نِہچلُ ہبھ ویَسی سُنِ پردیسی
سنتسنگِ مِلِ رہیئے ॥

ਹਰਿ ਪਾਈਐ ਭਾਗੀ ਸੁਣਿ ਬੈਰਾਗੀ
ਚਰਣ ਪ੍ਰਭੂ ਗਹਿ ਰਹੀਐ ॥

ہرِ پائیئے بھاگی سُنِ بیَراگی
چرنٹ پرّبھوُ گہِ رہیئے ॥

ਏਹੁ ਮਨੁ ਦੀਜੈ ਸੰਕ ਨ ਕੀਜੈ
ਗੁਰਮੁਖਿ ਤਜਿ ਬਹੁ ਮਾਣਾ ॥

ایہُ منُ دیجے سنک ن کیجے
گُرمُکھِ تجِ بہُ ماٹا ॥

ਨਾਨਕ ਦੀਨ ਭਗਤ ਭਵ ਤਾਰਣ
ਤੇਰੇ ਕਿਆ ਗੁਣ ਆਖਿ ਵਖਾਣਾ ॥੨॥

نانک دِین بھگت بھو تارنٹ
تیرے کِیا گُنٹ آکھِ وکھاٹا ۔ ॥2॥

ਸੁਣਿ ਬਾਵਰੇ
ਕਿਆ ਕੀਚੈ ਕੂੜਾ ਮਾਨੋ ॥

سُنِ باورے
کِیا کیجے کوُڑا مانو ॥

ਸੁਣਿ ਬਾਵਰੇ ਹਭੁ ਵੈਸੀ ਗਰਬੁ ਗੁਮਾਨੋ ॥

سُنِ باورے ہبھُ ویَسی گربُ گُمانو ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) (ਰਾਜਾ ਸਾਹਿਬ) سری گرُو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راجا صاہب)

ਨਿਹਚਲੁ ਹਭ ਜਾਣਾ ਮਿਥਿਆ ਮਾਣਾ
ਸੰਤ ਪ੍ਰਭੂ ਹੋਇ ਦਾਸਾ ॥

نِہچلُ ہبھ جاٹا مِتھیا ماٹا
سنّت پربھُو ہوءِ داسا ॥

ਜੀਵਤ ਮਰੀਐ ਭਉਜਲੁ ਤਰੀਐ
ਜੇ ਥੀਵੈ ਕਰਮਿ ਲਿਖਿਆਸਾ ॥

جیوت مریئے بھجُلُ تریئے
جے تھیوے کرمِ لِکھیاسا ॥

ਗੁਰੁ ਸੇਵੀਜੈ ਅੰਮ੍ਰਿਤੁ ਪੀਜੈ
ਜਿਸੁ ਲਾਵਹਿ ਸਹਜਿ ਧਿਆਨੋ ॥

گُرُ سیویجے انمرِتُ پیجے
جِسُ لاوہِ سہجِ دھیانو ॥

ਨਾਨਕੁ ਸਰਣਿ ਪਇਆ ਹਰਿ ਦੁਆਰੈ
ਹਉ ਬਲਿ ਬਲਿ ਸਦ ਕੁਰਬਾਨੋ ॥੩॥

نانکُ سرنِ پئیا ہرِ دُیارے
ہءُ بلِ بلِ سد قُربانو ॥3॥

ਸੁਣਿ ਬਾਵਰੇ ਮਤੁ ਜਾਣਹਿ ਪ੍ਰਭੁ ਮੈ ਪਾਇਆ ॥

سُنِ باورے مت جاٹہِ پربھُ مے پائیا ॥

ਸੁਣਿ ਬਾਵਰੇ ਥੀਉ ਰੇਣੂ ਜਿਨੀ ਪ੍ਰਭੁ ਧਿਆਇਆ ॥

سُنِ باورے تھیءُ رینُ جِنی پربھُ دھیائیا ॥

ਜਿਨਿ ਪ੍ਰਭੁ ਧਿਆਇਆ ਤਿਨਿ ਸੁਖੁ ਪਾਇਆ
ਵਡਭਾਗੀ ਦਰਸਨੁ ਪਾਈਐ ॥

جِنِ پربھُ دھیائیا تِنِ سُکھُ پائیا
وڈبھاگی درسنُ پائیئے ॥

ਥੀਉ ਨਿਮਾਣਾ ਸਦ ਕੁਰਬਾਣਾ
ਸਗਲਾ ਆਪੁ ਮਿਟਾਈਐ ॥

تھیءُ نِماٹا سد قُرباٹا
سگلا آپُ مِٹائیئے ॥

ਓਹੁ ਧਨੁ ਭਾਗ ਸੁਧਾ ਜਿਨਿ ਪ੍ਰਭੁ ਲਧਾ
ਹਮ ਤਿਸੁ ਪਹਿ ਆਪੁ ਵੇਚਾਇਆ ॥

اوہُ دھنُ بھاگ سُدھا جِنِ پربھُ لدھا
ہم تِسُ پہِ آپُ ویچائیا ॥

ਨਾਨਕ ਦੀਨ ਸਰਣਿ ਸੁਖ ਸਾਗਰ
ਰਾਖੁ ਲਾਜ ਅਪਨਾਇਆ ॥੪॥੧॥

نانک دِین سرنِ سُکھ ساگر
راکھُ لاج اپنائیا ॥4॥1॥

ਸੂਹੀ ਮਹਲਾ ੫ ॥

سوُہی محلا 5 ॥

ਹਰਿ ਚਰਣ ਕਮਲ ਕੀ ਟੇਕ
ਸਤਿਗੁਰਿ ਦਿਤੀ ਤੁਸਿ ਕੈ ਬਲਿ ਰਾਮ ਜੀਉ ॥

ہرِ چرنٹ کمل کی ٹیک
ستِگُرِ دِتی تُسِ کے بلِ رام جیءُ ॥

ਹਰਿ ਅੰਮ੍ਰਿਤਿ ਭਰੇ ਭੰਡਾਰ
ਸਭੁ ਕਿਛੁ ਹੈ ਘਰਿ ਤਿਸ ਕੈ ਬਲਿ ਰਾਮ ਜੀਉ ॥

ہرِ انمرِتِ بھرے بھنڈار
سبھُ کِچھُ ہے گھرِ تِس کے بلِ رام جیءُ ॥

ਬਾਬੁਲੁ ਮੇਰਾ ਵਡ ਸਮਰਥਾ
ਕਰਣ ਕਾਰਣ ਪ੍ਰਭੁ ਹਾਰਾ ॥

بابُلُ میرا وڈ سمرتھا
کرنٹ کارنٹ پربھُ ہارا ॥

ਜਿਸੁ ਸਿਮਰਤ ਦੁਖੁ ਕੋਈ ਨ ਲਾਗੈ
ਭਉਜਲੁ ਪਾਰਿ ਉਤਾਰਾ ॥

جِسُ سِمرت دُکھُ کوئی ن لاگے
بھجُّلُ پارِ اُتارا ॥

ਆਦਿ ਜੁਗਾਦਿ ਭਗਤਨ ਕਾ ਰਾਖਾ
ਉਸਤਤਿ ਕਰਿ ਕਰਿ ਜੀਵਾ ॥

آدِ جُگادِ بھگتن کا راکھا
اُستتِ کرِ کرِ جیِوا ॥

ਨਾਨਕ ਨਾਮੁ ਮਹਾ ਰਸੁ ਮੀਠਾ
ਅਨਦਿਨੁ ਮਨਿ ਤਨਿ ਪੀਵਾ ॥੧॥

نانک نامُ مہا رسُ میٹھا
اندِنُ منِ تنِ پیِوا ॥1॥

ਹਰਿ ਆਪੇ ਲਏ ਮਿਲਾਇ
ਕਿਉ ਵੇਛੋੜਾ ਥੀਵਈ ਬਲਿ ਰਾਮ ਜੀਉ ॥

ہرِ آپے لئے مِلاءِ
کِءُ ویچھوڑا تھیِوئی بلِ رام جیِءُ ॥

ਜਿਸ ਨੋ ਤੇਰੀ ਟੇਕ
ਸੋ ਸਦਾ ਸਦ ਜੀਵਈ ਬਲਿ ਰਾਮ ਜੀਉ ॥

جِس نو تیری ٹیک
سو سدا سد جیِوئی بلِ رام جیِءُ ॥

ਤੇਰੀ ਟੇਕ ਤੁਝੈ ਤੇ ਪਾਈ
ਸਾਚੇ ਸਿਰਜਣਹਾਰਾ ॥

تیری ٹیک تُجھے تے پائی
ساچے سِرجنہارا ॥

ਜਿਸ ਤੇ ਖਾਲੀ ਕੋਈ ਨਾਹੀ
ਐਸਾ ਪ੍ਰਭੁ ਹਮਾਰਾ ॥

جِس تے خالی کوئی ناہی
ایَسا پرّبھوُ ہمارا ॥

ਸੰਤ ਜਨਾ ਮਿਲਿ ਮੰਗਲੁ ਗਾਇਆ
ਦਿਨੁ ਰੈਨਿ ਆਸ ਤੁਮ੍ਾਰੀ ॥

سنّت جنا مِلِ منگلُ گائیا
دِنُ رینِ آس تُمہّاری ॥

ਸਫਲੁ ਦਰਸੁ ਭੇਟਿਆ ਗੁਰੁ ਪੂਰਾ
ਨਾਨਕ ਸਦ ਬਲਿਹਾਰੀ ॥੨॥

سپھلُ درسُ بھیٹیا گُرُ پوُرا
نانک سد بلِہاری ॥2॥

ਸੰਮ੍ਲਿਆ ਸਚੁ ਥਾਨੁ
ਮਾਨੁ ਮਹਤੁ ਸਚੁ ਪਾਇਆ ਬਲਿ ਰਾਮ ਜੀਉ ॥

سنّہلیا سچُ تھانُ
مانُ مہتُ سچُ پائیا بلِ رام جیِءُ ॥

ਸਤਿਗੁਰੁ ਮਿਲਿਆ ਦਇਆਲੁ
ਗੁਣ ਅਬਿਨਾਸੀ ਗਾਇਆ ਬਲਿ ਰਾਮ ਜੀਉ ॥

ستِگُرُ مِلیا دئیالُ
گُنؤ ابِناسی گائیا بلِ رام جیِءُ ॥

ਗੁਣ ਗੋਵਿੰਦ ਗਾਉ ਨਿਤ ਨਿਤ
ਪ੍ਰਾਣ ਪ੍ਰੀਤਮ ਸੁਆਮੀਆ ॥

گُنؤ گووِند گاءُ نِت نِت
پّراؤ پّریتم سُیامیِیا ॥

ਸੁਭ ਦਿਵਸ ਆਏ ਗਹਿ ਕੰਠਿ ਲਾਏ
ਮਿਲੇ ਅੰਤਰਜਾਮੀਆ ॥

سُبھ دِوس آئے گہِ کنٹھِ لائے

ਸਤੁ ਸੰਤੋਖੁ ਵਜਹਿ ਵਾਜੇ
ਅਨਹਦਾ ਝੁਣਕਾਰੇ ॥

ਸੁਣਿ ਭੈ ਬਿਨਾਸੇ ਸਗਲ ਨਾਨਕ
ਪ੍ਰਭ ਪੁਰਖ ਕਰਣੈਹਾਰੇ ॥੩॥

ਉਪਜਿਆ ਤਤੁ ਗਿਆਨੁ
ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ ॥

ਬ੍ਰਹਮੈ ਬ੍ਰਹਮੁ ਮਿਲਿਆ
ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ ॥

ਬਿਸਮੁ ਪੇਖੈ ਬਿਸਮੁ ਸੁਣੀਐ
ਬਿਸਮਾਦੁ ਨਦਰੀ ਆਇਆ ॥

ਜਲਿ ਥਲਿ ਮਹੀਅਲਿ ਪੂਰਨ ਸੁਆਮੀ
ਘਟਿ ਘਟਿ ਰਹਿਆ ਸਮਾਇਆ ॥

ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ
ਕੀਮਤਿ ਕਹਣੁ ਨ ਜਾਏ ॥

ਜਿਸ ਕੇ ਚਲਤ ਨ ਜਾਹੀ ਲਖਣੇ
ਨਾਨਕ ਤਿਸਹਿ ਧਿਆਏ ॥੪॥੨॥

ਰਾਗੁ ਸੂਹੀ ਛੰਤ ਮਹਲਾ ੫ ਘਰੁ ੨

ੴ ਸਤਿਗੁਰ ਪ੍ਰਸਾਦਿ ॥

ਗੋਬਿੰਦ ਗੁਣ ਗਾਵਣ ਲਾਗੇ ॥

ਹਰਿ ਰੰਗਿ ਅਨਦਿਨੁ ਜਾਗੇ ॥

ਹਰਿ ਰੰਗਿ ਜਾਗੇ ਪਾਪ ਭਾਗੇ
ਮਿਲੇ ਸੰਤ ਪਿਆਰਿਆ ॥

ਗੁਰ ਚਰਣ ਲਾਗੇ ਭਰਮ ਭਾਗੇ
ਕਾਜ ਸਗਲ ਸਵਾਰਿਆ ॥

ਸِلے انترجامِیا ॥

ست سنتوکھُ وجہِ واجے
انہدا جھُنکارے ॥

سُنِ بھے بِناسے سگل نانک
پربھ پُرکھ کرنیہارے ॥3॥

اُپجیا تتُ گیانُ
ساہُرے پیئے اِکُ ہرِ بلِ رام جیءُ ॥

برہمے برہمُ مِلیا
کوءِ ن ساکے بھِنّ کرِ بلِ رام جیءُ ॥

بِسمُ پیکھے بِسمُ سُنیئے
بِسمادُ ندری آئیا ॥

جلِ تھلِ مہیئلِ پوُرن سُیامی
گھٹِ گھٹِ رہِیا سمائیا ॥

جِس تے اُپجیا تِس ماہِ سمائیا
قِیمتِ کہنُ ن جائے ॥

جِس کے چلت ن جاہی لکھنے
نانک تِسہِ دھِیائے ॥4॥2॥

راگُ سوُہی چھنّت محلا 5 گھرُ 2

ੴ ستِگُر پرسادِ ॥

گوبِندّ گُن گاونُ لاگے ॥

ہرِ رنگِ اندِنُ جاگے ॥

ہرِ رنگِ جاگے پاپ بھاگے
مِلے سنّت پِیارِیا ॥

گُر چرنُ لاگے بھرم بھاگے
کاج سگل سوارِیا ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نُوں سمرپت|سیوا: بھائی بلجِندر سنگھ جی (راڑا صاہِب)

ਸੁਣਿ ਸ੍ਰਵਣ ਬਾਣੀ ਸਹਜਿ ਜਾਣੀ
ਹਰਿ ਨਾਮੁ ਜਪਿ ਵਡਭਾਗੈ ॥

سُنِ سّروٹ بانٹی سہجِ جانٹی
ہرِ نامُ جپِ وڈبھاگے ॥

ਬਿਨਵੰਤਿ ਨਾਨਕ ਸਰਣਿ ਸੁਆਮੀ
ਜੀਉ ਪਿੰਡੁ ਪ੍ਰਭ ਆਗੈ ॥੧॥

بِنونّتِ نانک سرنِ سُیامی
جیِءُ پِنڈُ پربھ آگے ॥1॥

ਅਨਹਤ ਸਬਦੁ ਸੁਹਾਵਾ ॥

انہت سبدُ سُہاوا ॥

ਸਚੁ ਮੰਗਲੁ ਹਰਿ ਜਸੁ ਗਾਵਾ ॥

سچُ منگلُ ہرِ جسُ گاوا ॥

ਗੁਣ ਗਾਇ ਹਰਿ ਹਰਿ ਦੂਖ ਨਾਸੇ
ਰਹਸੁ ਉਪਜੈ ਮਨਿ ਘਣਾ ॥

گُنٹ گاءِ ہرِ ہرِ دوُکھ ناسے
رہسُ اُپجے منِ گھٹا ॥

ਮਨੁ ਤੰਨੁ ਨਿਰਮਲੁ ਦੇਖਿ ਦਰਸਨੁ
ਨਾਮੁ ਪ੍ਰਭ ਕਾ ਮੁਖਿ ਭਣਾ ॥

منُ تنّنُ نِرملُ دیکھِ درسنُ
نامُ پربھ کا مُکھِ بھٹا ॥

ਹੋਇ ਰੇਣ ਸਾਧੂ ਪ੍ਰਭ ਅਰਾਧੂ
ਆਪਣੇ ਪ੍ਰਭ ਭਾਵਾ ॥

ہوءِ ریٹ سادھوُ پربھ ارادھوُ
آپنے پربھ بھاوا ॥

ਬਿਨਵੰਤਿ ਨਾਨਕ ਦਇਆ ਧਾਰਹੁ
ਸਦਾ ਹਰਿ ਗੁਣ ਗਾਵਾ ॥੨॥

بِنونّتِ نانک دئیا دھارہُ
سدا ہرِ گُنٹ گاوا ॥2॥

ਗੁਰ ਮਿਲਿ ਸਾਗਰੁ ਤਰਿਆ ॥

گُر مِلِ ساگرُ تریا ॥

ਹਰਿ ਚਰਣ ਜਪਤ ਨਿਸਤਰਿਆ ॥

ہرِ چرنٹ جپت نِستریا ॥

ਹਰਿ ਚਰਣ ਧਿਆਏ ਸਭਿ ਫਲ ਪਾਏ
ਮਿਟੇ ਆਵਣ ਜਾਣਾ ॥

ہرِ چرنٹ دھیائے سبھِ پھل پائے
مِٹے آونٹ جاٹا ॥

ਭਾਇ ਭਗਤਿ ਸੁਭਾਇ ਹਰਿ ਜਪਿ
ਆਪਣੇ ਪ੍ਰਭ ਭਾਵਾ ॥

بھاءِ بھگتِ سُبھاءِ ہرِ جپِ
آپنے پربھ بھاوا ॥

ਜਪਿ ਏਕੁ ਅਲਖ ਅਪਾਰ ਪੂਰਨ
ਤਿਸੁ ਬਿਨਾ ਨਹੀ ਕੋਈ ॥

جپِ ایکُ الکھ اپار پوُرن
تِسُ بِنا نہی کوئی ॥

ਬਿਨਵੰਤਿ ਨਾਨਕ ਗੁਰਿ ਭਰਮੁ ਖੋਇਆ
ਜਤ ਦੇਖਾ ਤਤ ਸੋਈ ॥੩॥

بِنونّتِ نانک گُرِ بھرمُ کھوئیا
جت دیکھا تت سوئی ॥3॥

ਪਤਿਤ ਪਾਵਨ ਹਰਿ ਨਾਮਾ ॥

پتت پاون ہرِ نامَا ॥

ਪੂਰਨ ਸੰਤ ਜਨਾ ਕੇ ਕਾਮਾ ॥

پُورن سنّت جنا کے کاما ॥

ਗੁਰੁ ਸੰਤੁ ਪਾਇਆ ਪ੍ਰਭੁ ਧਿਆਇਆ
ਸਗਲ ਇਛਾ ਪੁੰਨੀਆ ॥

گُرُ سنّتُ پائیا پربھُ دھیائیا
سگل اِچھا پُنّنیا ॥

ਹਉ ਤਾਪ ਬਿਨਸੇ ਸਦਾ ਸਰਸੇ
ਪ੍ਰਭ ਮਿਲੇ ਚਿਰੀ ਵਿਛੁੰਨਿਆ ॥

ہءُ تاپ بِنسے سدا سرسے
پربھ مِلے چِری وِچھُنّیا ॥

ਮਨਿ ਸਾਤਿ ਆਈ ਵਜੀ ਵਧਾਈ
ਮਨਹੁ ਕਦੇ ਨ ਵੀਸਰੈ ॥

منِ ساتِ آئی وجی ودھائی
منہُ کدے ن وِیسرے ॥

ਬਿਨਵੰਤਿ ਨਾਨਕ ਸਤਿਗੁਰਿ ਦ੍ਰਿੜਾਇਆ
ਸਦਾ ਭਜੁ ਜਗਦੀਸਰੈ ॥੪॥੧॥੩॥

بِنونّتِ نانک ستِگُرِ دڑِڑائیا
سدا بھجُ جگدیسرے ॥4॥1॥3॥

ਰਾਗੁ ਸੂਹੀ ਛੰਤ ਮਹਲਾ ੫ ਘਰੁ ੩

راگُ سوُہی چھنّت محلا 5 گھرُ 3

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਤੂ ਠਾਕੁਰੋ ਬੈਰਾਗਰੋ
ਮੈ ਜੇਹੀ ਘਣ ਚੇਰੀ ਰਾਮ ॥

توُ ٹھاکُرو بیراگرو
مے جیہی گھٹ چیری رام ॥

ਤੂੰ ਸਾਗਰੋ ਰਤਨਾਗਰੋ
ਹਉ ਸਾਰ ਨ ਜਾਣਾ ਤੇਰੀ ਰਾਮ ॥

توُنّ ساگرو رتناگرو
ہءُ سار ن جاٹا تیری رام ۔ ॥

ਸਾਰ ਨ ਜਾਣਾ ਤੂ ਵਡ ਦਾਣਾ
ਕਰਿ ਮਿਹਰੰਮਤਿ ਸਾਂਈ ॥

سار ن جاٹا توُ وڈ داٹا
کرِ مِہرنّمتِ سانئی ۔ ॥

ਕਿਰਪਾ ਕੀਜੈ ਸਾ ਮਤਿ ਦੀਜੈ
ਆਠ ਪਹਰ ਤੁਧੁ ਧਿਆਈ ॥

کِرپا کیجے سا متِ دیجے
آٹھ پہر تُدھُ دھیائی ॥

ਗਰਬੁ ਨ ਕੀਜੈ ਰੇਣ ਹੋਵੀਜੈ
ਤਾ ਗਤਿ ਜੀਅਰੇ ਤੇਰੀ ॥

گربُ ن کیجے ریڑ ہووِیجے
تا گتِ جیئرے تیری ॥

ਸਭ ਊਪਰਿ ਨਾਨਕ ਕਾ ਠਾਕੁਰੁ
ਮੈ ਜੇਹੀ ਘਣ ਚੇਰੀ ਰਾਮ ॥੧॥

سبھ اوُپرِ نانک کا ٹھاکُرُ
مے جیہی گھٹ چیری رام ॥1॥

ਤੁਮ੍ ਗਉਹਰ ਅਤਿ ਗਹਿਰ ਗੰਭੀਰਾ
ਤੁਮ ਪਿਰ ਹਮ ਬਹੁਰੀਆ ਰਾਮ ॥

تُمہ گہُر اتِ گہر گنبھیرا
تُم پِر ہم بہُریا رام ॥

ਤੁਮ ਵਡੇ ਵਡੇ ਵਡ ਊਚੇ
ਹਉ ਇਤਨੀਕ ਲਹੁਰੀਆ ਰਾਮ ॥

تُم وڈے وڈے وڈ اوُچے
ہءُ اِتنِیک لہُرِییا رام ॥

ਹਉ ਕਿਛੁ ਨਾਹੀ ਏਕੋ ਤੂਹੈ
ਆਪੇ ਆਪਿ ਸੁਜਾਨਾ ॥

ہءُ کِچھُ ناہی ایکو توُہے
آپے آپِ سُجانا ॥

ਅੰਮ੍ਰਿਤ ਦ੍ਰਿਸਟਿ ਨਿਮਖ ਪ੍ਰਭ ਜੀਵਾ
ਸਰਬ ਰੰਗ ਰਸ ਮਾਨਾ ॥

انمّرِت دّرِسٹِ نِمکھ پّربھ جیِوا
سرب رنگ رس مانا ॥

ਚਰਣਹ ਸਰਨੀ ਦਾਸਹ ਦਾਸੀ
ਮਨਿ ਮਉਲੈ ਤਨੁ ਹਰੀਆ ॥

چرنہ سرنی داسہ داسی
منِ مئُلےَ تنُ ہرِییا ॥

ਨਾਨਕ ਠਾਕੁਰੁ ਸਰਬ ਸਮਾਣਾ
ਆਪਨ ਭਾਵਨ ਕਰੀਆ ॥੨॥

نانک ٹھاکُرُ سرب سماٹا
آپن بھاون کرِییا ॥2॥

ਤੁਝੁ ਊਪਰਿ ਮੇਰਾ ਹੈ ਮਾਣਾ
ਤੂਹੈ ਮੇਰਾ ਤਾਣਾ ਰਾਮ ॥

تُجھُ اوُپرِ میرا ہےَ ماٹا
توُہےَ میرا تاٹا رام ۔ ॥

ਸੁਰਤਿ ਮਤਿ ਚਤੁਰਾਈ ਤੇਰੀ
ਤੂ ਜਾਣਾਇਹਿ ਜਾਣਾ ਰਾਮ ॥

سُرتِ متِ چترُائی تیری
توُ جاٹائہِ جاٹا رام ॥

ਸੋਈ ਜਾਣੈ ਸੋਈ ਪਛਾਣੈ
ਜਾ ਕਉ ਨਦਰਿ ਸਿਰੰਦੇ ॥

سوئی جانّے سوئی پچھانّے
جا کءُ ندرِ سِرنّدے ॥

ਮਨਮੁਖਿ ਭੂਲੀ ਬਹੁਤੀ ਰਾਹੀ
ਫਾਥੀ ਮਾਇਆ ਫੰਦੇ ॥

منمُکھِ بھوُلی بہُتی راہی
پھاتھی مائیا پھنّدے ॥

ਠਾਕੁਰ ਭਾਣੀ ਸਾ ਗੁਣਵੰਤੀ
ਤਿਨ ਹੀ ਸਭ ਰੰਗ ਮਾਣਾ ॥

ٹھاکُر بھانّی سا گُنّونتی
تِن ہی سبھ رنگ ماٹا ॥

ਨਾਨਕ ਕੀ ਧਰ ਤੂਹੈ ਠਾਕੁਰ
ਤੂ ਨਾਨਕ ਕਾ ਮਾਣਾ ॥੩॥

نانک کی دھر توُہےَ ٹھاکُر
توُ نانک کا ماٹا ॥3॥

ਹਉ ਵਾਰੀ ਵੰਞਾ ਘੋਲੀ ਵੰਞਾ
ਤੂ ਪਰਬਤੁ ਮੇਰਾ ਓਲ੍ਹਾ ਰਾਮ ॥

ہءُ واری ونّجا گھولی ونّجا
توُ پربتُ میرا اولّہا رام ॥

ਹਉ ਬਲਿ ਜਾਈ ਲਖ ਲਖ ਲਖ ਬਰੀਆ
ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ ॥

ہءُ بلِ جائی لکھ لکھ لکھ برِییا

ਮਿਟੇ ਅੰਧਾਰੇ ਤਜੇ ਬਿਕਾਰੇ
ਠਾਕੁਰ ਸਿਉ ਮਨੁ ਮਾਨਾ ॥

ਪ੍ਰਭ ਜੀ ਭਾਣੀ ਭਈ ਨਿਕਾਣੀ
ਸਫਲ ਜਨਮੁ ਪਰਵਾਨਾ ॥

ਭਈ ਅਮੋਲੀ ਭਾਰਾ ਤੋਲੀ
ਮੁਕਤਿ ਜੁਗਤਿ ਦਰੁ ਖੋਲ੍ਹਾ ॥

ਕਹੁ ਨਾਨਕ ਹਉ ਨਿਰਭਉ ਹੋਈ
ਸੋ ਪ੍ਰਭੁ ਮੇਰਾ ਓਲ੍ਹਾ ॥੪॥੧॥੪॥

ਸੂਹੀ ਮਹਲਾ ੫ ॥

ਸਾਜਨੁ ਪੁਰਖੁ ਸਤਿਗੁਰੁ ਮੇਰਾ ਪੂਰਾ
ਤਿਸੁ ਬਿਨੁ ਅਵਰੁ ਨ ਜਾਣਾ ਰਾਮ ॥

ਮਾਤ ਪਿਤਾ ਭਾਈ ਸੁਤ ਬੰਧਪ
ਜੀਅ ਪ੍ਰਾਣ ਮਨਿ ਭਾਣਾ ਰਾਮ ॥

ਜੀਉ ਪਿੰਡੁ ਸਭੁ ਤਿਸ ਕਾ ਦੀਆ
ਸਰਬ ਗੁਣਾ ਭਰਪੂਰੇ ॥

ਅੰਤਰਜਾਮੀ ਸੋ ਪ੍ਰਭੁ ਮੇਰਾ
ਸਰਬ ਰਹਿਆ ਭਰਪੂਰੇ ॥

ਤਾ ਕੀ ਸਰਣ ਸਰਬ ਸੁਖ ਪਾਏ
ਹੋਏ ਸਰਬ ਕਲਿਆਣਾ ॥

ਸਦਾ ਸਦਾ ਪ੍ਰਭ ਕਉ ਬਲਿਹਾਰੈ
ਨਾਨਕ ਸਦ ਕੁਰਬਾਣਾ ॥੧॥

ਐਸਾ ਗੁਰੁ ਵਡਭਾਗੀ ਪਾਈਐ
ਜਿਤੁ ਮਿਲਿਐ ਪ੍ਰਭੁ ਜਾਪੈ ਰਾਮ ॥

ਜਨਮ ਜਨਮ ਕੇ ਕਿਲਵਿਖ ਉਤਰਹਿ

جِنِ بھرّمُ پردا کھولّہا رام ॥

مِٹے اندھارے تجے بِکارے
ٹھاکُر سِءُ منُ مانا ॥

پربھ جی بھائی بھئی نِکائی
سپھل جنمُ پروانا ॥

بھئی امولی بھارا تولی
مُکتِ جُگتِ درُ کھولّہا ॥

کہُ نانک ہءُ نِربھءُ ہوئی
سو پربھُ میرا اولّہا ॥4॥1॥4॥

سوُہی محلا 5 ॥

ساجنُ پُرکھُ ستِگُرُ میرا پوُرا
تِسُ بِنُ اورُ ن جاٹا رام ॥

مات پِتا بھائی سُت بندھپ
جیء پرانٹ منِ بھاٹا رام ॥

جیِءُ پِنڈُ سبھُ تِس کا دِیِیا
سرب گُٹا بھرپوُرے ॥

انترجامی سو پربھُ میرا
سرب رہِیا بھرپوُرے ॥

تا کی سرنٹ سرب سُکھ پائے
ہوئے سرب کلِیاٹا ॥

سدا سدا پربھ کءُ بلِہارے
نانک سد قُرباٹا ॥1॥

ایَسا گُرُ وڈبھاگی پائیِئے
جِتُ مِلِئے پربھُ جاپے رام ॥

جنم جنم کے کِلوِکھ اُترہِ

ਹਰਿ ਸੰਤ ਧੂੜੀ ਨਿਤ ਨਾਪੈ ਰਾਮ ॥

ہرِ سنّت دھوڑی نِت ناپے رام ॥

ਹਰਿ ਧੂੜੀ ਨਾਈਐ ਪ੍ਰਭੁ ਧਿਆਈਐ
ਬਾਹੁੜਿ ਜੋਨਿ ਨ ਆਈਐ ॥

ہرِ دھوڑی نائیئے پربھُو دھیائیئے
باہُڑِ جونِ ن آئیئے ॥

ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ
ਮਨਿ ਚਿੰਦਿਆ ਫਲੁ ਪਾਈਐ ॥

گُر چرنّی لاگے بھرم بھءُ بھاگے
منِ چِنّدیا پھلُ پائیئے ॥

ਹਰਿ ਗੁਣ ਨਿਤ ਗਾਏ ਨਾਮੁ ਧਿਆਏ
ਫਿਰਿ ਸੋਗੁ ਨਾਹੀ ਸੰਤਾਪੈ ॥

ہرِ گُنّ نِت گائے نامُ دھیائے
پھِرِ سوگُ ناہی سنّتاپے ॥

ਨਾਨਕ ਸੋ ਪ੍ਰਭੁ ਜੀਅ ਕਾ ਦਾਤਾ
ਪੂਰਾ ਜਿਸੁ ਪਰਤਾਪੈ ॥੨॥

نانک سو پربھُ جیء کا داتا
پُورا جِسُ پرتاپے ॥2॥

ਹਰਿ ਹਰੇ ਹਰਿ ਗੁਣ ਨਿਧੇ
ਹਰਿ ਸੰਤਨ ਕੈ ਵਸਿ ਆਏ ਰਾਮ ॥

ہرِ ہرے ہرِ گُنّ نِدھے
ہرِ سنّتن کے وسِ آئے رام ॥

ਸੰਤ ਚਰਣ ਗੁਰ ਸੇਵਾ ਲਾਗੇ
ਤਿਨੀ ਪਰਮ ਪਦ ਪਾਏ ਰਾਮ ॥

سنّت چرنّ گُر سیوا لاگے
تِنی پرم پد پائے رام ॥

ਪਰਮ ਪਦੁ ਪਾਇਆ ਆਪੁ ਮਿਟਾਇਆ
ਹਰਿ ਪੂਰਨ ਕਿਰਪਾ ਧਾਰੀ ॥

پرم پدُ پائیا آپُ مِٹائیا
ہرِپُورن کِرپا دھاری ॥

ਸਫਲ ਜਨਮੁ ਹੋਆ ਭਉ ਭਾਗਾ
ਹਰਿ ਭੇਟਿਆ ਏਕੁ ਮੁਰਾਰੀ ॥

سپھل جنمُ ہویا بھءُ بھاگا
ہرِ بھیٹیا ایکُ مُراری ॥

ਜਿਸ ਕਾ ਸਾ ਤਿਨ ਹੀ ਮੇਲਿ ਲੀਆ
ਜੋਤੀ ਜੋਤਿ ਸਮਾਇਆ ॥

جِس کا سا تِن ہی میلِ لِیا
جوتی جوتِ سمائیا ॥

ਨਾਨਕ ਨਾਮੁ ਨਿਰੰਜਨ ਜਪੀਐ
ਮਿਲਿ ਸਤਿਗੁਰ ਸੁਖੁ ਪਾਇਆ ॥੩॥

نانک نامُ نِرنّجن جپیئے
مِلِ ستِگُر سُکھُ پائیا ॥3॥

ਗਾਉ ਮੰਗਲੋ ਨਿਤ ਹਰਿ ਜਨਹੁ
ਪੁੰਨੀ ਇਛ ਸਬਾਈ ਰਾਮ ॥

گاءُ منگلو نِت ہرِ جنہُ
پُنّی اِچھ سبائی رام ॥

ਰੰਗਿ ਰਤੇ ਆਪੁਨੇ ਸੁਆਮੀ ਸੇਤੀ
ਮਰੈ ਨ ਆਵੈ ਜਾਈ ਰਾਮ ॥

رنگِ رتے آپُنے سُیامی سیتی
مرے ن آوے جائی رام ॥

ਅਬਿਨਾਸੀ ਪਾਇਆ ਨਾਮੁ ਧਿਆਇਆ
ਸਗਲ ਮਨੋਰਥ ਪਾਏ ॥

ابِناسی پائیا نامُ دھیائیا
سگل منورتھ پائے ॥

ਸਾਂਤਿ ਸਹਜ ਆਨੰਦ ਘਨੇਰੇ
ਗੁਰ ਚਰਣੀ ਮਨੁ ਲਾਏ ॥

سانتِ سہج آنند گھنیرے
گُر چرنّی منُ لائے ॥

ਪੂਰਿ ਰਹਿਆ ਘਟਿ ਘਟਿ ਅਬਿਨਾਸੀ
ਥਾਨ ਥਨੰਤਰਿ ਸਾਈ ॥

پوُرِ رہِیا گھٹِ گھٹِ ابِناسی
تھان تھنتّرِ سائی ॥

ਕਹੁ ਨਾਨਕ ਕਾਰਜ ਸਗਲੇ ਪੂਰੇ
ਗੁਰ ਚਰਣੀ ਮਨੁ ਲਾਈ ॥੪॥੨॥੫॥

کہُ نانک کارج سگلے پوُرے
گُر چرنّی منُ لائی ॥4॥2॥5॥

ਸੂਹੀ ਮਹਲਾ ੫ ॥

سوُہی محلا 5 ॥

ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ
ਨੇਤ੍ਰ ਦੇਖਹਿ ਦਰਸੁ ਤੇਰਾ ਰਾਮ ॥

کرِ کِرپا میرے پرّیتم سُیامی
نیتّر دیکھہِ درسُ تیرا رام ॥

ਲਾਖ ਜਿਹਵਾ ਦੇਹੁ ਮੇਰੇ ਪਿਆਰੇ
ਮੁਖੁ ਹਰਿ ਆਰਾਧੇ ਮੇਰਾ ਰਾਮ ॥

لاکھ جِہوا دیہُ میرے پِیارے
مُکھُ ہرِ آرادھے میرا رام ॥

ਹਰਿ ਆਰਾਧੇ ਜਮ ਪੰਥੁ ਸਾਧੇ
ਦੂਖੁ ਨ ਵਿਆਪੈ ਕੋਈ ॥

ہرِ آرادھے جم پنّتھُ سادھے
دوُکھُ ن وِیاپے کوئی ॥

ਜਲਿ ਥਲਿ ਮਹੀਅਲਿ ਪੂਰਨ ਸੁਆਮੀ
ਜਤ ਦੇਖਾ ਤਤ ਸੋਈ ॥

جلِ تھلِ مہیئلِ پوُرن سُیامی
جت دیکھا تت سوئی ॥

ਭਰਮ ਮੋਹ ਬਿਕਾਰ ਨਾਠੇ
ਪ੍ਰਭੁ ਨੇਰ ਹੂ ਤੇ ਨੇਰਾ ॥

بھرم موہ بِکار ناٹھے
پرّبھُ نیر ہوُ تے نیرا ॥

ਨਾਨਕ ਕਉ ਪ੍ਰਭ ਕਿਰਪਾ ਕੀਜੈ
ਨੇਤ੍ਰ ਦੇਖਹਿ ਦਰਸੁ ਤੇਰਾ ॥੧॥

نانک ک ءُ پرّبھ کِرپا کیجے
نیتّر دیکھہِ درسُ تیرا ॥1॥

ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ
ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ ॥

کوٹِ کرن دیجہِ پرّبھ پرّیتم
ہرِ گُنؤ سُنیئہِ ابِناسی رام ॥

ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ
ਕਟੀਐ ਕਾਲ ਕੀ ਫਾਸੀ ਰਾਮ ॥

سُنؤ سُنؤ اِہُ منُ نِرملُ ہووے
کٹیئے کال کی پھاسی رام ॥

ਕਟੀਐ ਜਮ ਫਾਸੀ ਸਿਮਰਿ ਅਬਿਨਾਸੀ
ਸਗਲ ਮੰਗਲ ਸੁਗਿਆਨਾ ॥

ਹਰਿ ਹਰਿ ਜਪੁ ਜਪੀਐ ਦਿਨੁ ਰਾਤੀ
ਲਾਗੈ ਸਹਜਿ ਧਿਆਨਾ ॥

ਕਲਮਲ ਦੁਖ ਜਾਰੇ ਪ੍ਰਭੂ ਚਿਤਾਰੇ
ਮਨ ਕੀ ਦੁਰਮਤਿ ਨਾਸੀ ॥

ਕਹੁ ਨਾਨਕ ਪ੍ਰਭ ਕਿਰਪਾ ਕੀਜੈ
ਹਰਿ ਗੁਣ ਸੁਣੀਅਹਿ ਅਵਿਨਾਸੀ ॥੨॥

ਕਰੋੜਿ ਹਸਤ ਤੇਰੀ ਟਹਲ ਕਮਾਵਹਿ
ਚਰਣ ਚਲਹਿ ਪ੍ਰਭ ਮਾਰਗਿ ਰਾਮ ॥

ਭਵ ਸਾਗਰ ਨਾਵ ਹਰਿ ਸੇਵਾ
ਜੋ ਚੜੈ ਤਿਸੁ ਤਾਰਗਿ ਰਾਮ ॥

ਭਵਜਲੁ ਤਰਿਆ ਹਰਿ ਹਰਿ ਸਿਮਰਿਆ
ਸਗਲ ਮਨੋਰਥ ਪੂਰੇ ॥

ਮਹਾ ਬਿਕਾਰ ਗਏ ਸੁਖ ਉਪਜੇ
ਬਾਜੇ ਅਨਹਦ ਤੂਰੇ ॥

ਮਨ ਬਾਂਛਤ ਫਲ ਪਾਏ ਸਗਲੇ
ਕੁਦਰਤਿ ਕੀਮ ਅਪਾਰਗਿ ॥

ਕਹੁ ਨਾਨਕ ਪ੍ਰਭ ਕਿਰਪਾ ਕੀਜੈ
ਮਨੁ ਸਦਾ ਚਲੈ ਤੇਰੈ ਮਾਰਗਿ ॥੩॥

ਏਹੋ ਵਰੁ ਏਹਾ ਵਡਿਆਈ
ਇਹੁ ਧਨੁ ਹੋਇ ਵਡਭਾਗਾ ਰਾਮ ॥

ਏਹੋ ਰੰਗੁ ਏਹੋ ਰਸ ਭੋਗਾ
ਹਰਿ ਚਰਣੀ ਮਨੁ ਲਾਗਾ ਰਾਮ ॥

ਮਨੁ ਲਾਗਾ ਚਰਣੇ ਪ੍ਰਭ ਕੀ ਸਰਣੇ
ਕਰਣ ਕਾਰਣ ਗੋਪਾਲਾ ॥

کٹیئے جم پھاسی سِمرِ ابِناسی
سگل منگل سُگیانا ॥

ہرِ ہرِ جپُ جپیئے دِنُ راتی
لاگے سہجِ دھیانا ॥

کلمل دُکھ جارے پربھوُ چِتارے
من کی دُرمتِ ناسی ॥

کہُ نانک پربھ کِرپا کیجے
ہرِ گُنؔ سُنیئہِ اوِناسی ॥2॥

کروڑِ ہست تیری ٹہل کماوہِ
چرنؔ چلہِ پربھ مارگِ رام ॥

بھو ساگر ناو ہرِ سیوا
جو چڑے تِس تارگِ رام ॥

بھوجلُ تریا ہرِ ہرِ سِمریا
سگل منورتھ پوُرے ॥

مہا بِکار گئے سُکھ اُپجے
باجے انہد توُرے ॥

من بانچھت پھل پائے سگلے
قُدرتِ قیم اپارگِ ॥

کہُ نانک پربھ کِرپا کیجے
منُ سدا چلےَ تیرے مارگِ ॥3॥

ایہو ورُ ایہا وڈیائی
اِہُ دھنُ ہوءِ وڈبھاگا رام ॥

ایہو رنگُ ایہو رس بھوگا
ہرِ چرنؔی منُ لاگا رام ॥

منُ لاگا چرنے پربھ کی سرنے

ਕਰਨ ਕਾਰਨ ਗੋਪਾਲਾ ॥
کرنٹ کارنٹ گوپالا ॥

ਸਭੁ ਕਿਛੁ ਤੇਰਾ ਤੂ ਪ੍ਰਭੁ ਮੇਰਾ
ਮੇਰੇ ਠਾਕੁਰ ਦੀਨ ਦਇਆਲਾ ॥
سبھُ کچھُ تیرا توُ پربھُ میرا
میرے ٹھاکُر دِین دیَیالا ۔ ॥

ਮੋਹਿ ਨਿਰਗੁਣ ਪ੍ਰੀਤਮ ਸੁਖ ਸਾਗਰ
ਸੰਤਸੰਗਿ ਮਨੁ ਜਾਗਾ ॥
موہِ نِرگُنٹ پریتم سُکھ ساگر
سنّتسنگِ منُ جاگا ॥

ਕਹੁ ਨਾਨਕ ਪ੍ਰਭਿ ਕਿਰਪਾ ਕੀਨ੍ਹੀ
ਚਰਣ ਕਮਲ ਮਨੁ ਲਾਗਾ ॥੪॥੩॥੬॥
کہُ نانک پربھِ کِرپا کِینّہی
چرنٹ کمل منُ لاگا ॥4॥3॥6॥

ਸੂਹੀ ਮਹਲਾ ੫ ॥
سوُہی محلا 5 ॥

ਹਰਿ ਜਪੇ ਹਰਿ ਮੰਦਰੁ ਸਾਜਿਆ
ਸੰਤ ਭਗਤ ਗੁਣ ਗਾਵਹਿ ਰਾਮ ॥
ہرِ جپے ہرِ مندّرُ ساجِیا
سنّت بھگت گُنٹ گاوہِ رام ॥

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ
ਸਗਲੇ ਪਾਪ ਤਜਾਵਹਿ ਰਾਮ ॥
سِمرِ سِمرِ سُیامی پربھُ اپنا
سگلے پاپ تجاوہِ رام ॥

ਹਰਿ ਗੁਣ ਗਾਇ ਪਰਮ ਪਦੁ ਪਾਇਆ
ਪ੍ਰਭ ਕੀ ਊਤਮ ਬਾਣੀ ॥
ہرِ گُنٹ گاءِ پرم پدُ پایَیا
پربھ کی اوُتم بانٹی ॥

ਸਹਜ ਕਥਾ ਪ੍ਰਭ ਕੀ ਅਤਿ ਮੀਠੀ
ਕਥੀ ਅਕਥ ਕਹਾਣੀ ॥
سہج کتھا پربھ کی اتِ میٹھی
کتھی اکتھ کہانٹی ॥

ਭਲਾ ਸੰਜੋਗੁ ਮੂਰਤੁ ਪਲੁ ਸਾਚਾ
ਅਬਿਚਲ ਨੀਵ ਰਖਾਈ ॥
بھلا سنجوگُ موُرتُ پلُ ساچا
ابچل نِیو رکھائی ॥

ਜਨ ਨਾਨਕ ਪ੍ਰਭ ਭਏ ਦਇਆਲਾ
ਸਰਬ ਕਲਾ ਬਣਿ ਆਈ ॥੧॥
جن نانک پربھ بھئے دیَیالا
سرب کلا بنِ آئی ॥1॥

ਆਨੰਦਾ ਵਜਹਿ ਨਿਤ ਵਾਜੇ
ਪਾਰਬ੍ਰਹਮੁ ਮਨਿ ਵੂਠਾ ਰਾਮ ॥
آننّدا وجہِ نِت واجے
پاربرّہمُ منِ ووُٹھا رام ॥

ਗੁਰਮੁਖੇ ਸਚੁ ਕਰਣੀ ਸਾਰੀ
ਬਿਨਸੇ ਭ੍ਰਮ ਭੈ ਝੂਠਾ ਰਾਮ ॥
گُرمُکھے سچُ کرنٹی ساری
بِنسے بھرّم بھے جھوُٹھا رام ॥

ਅਨਹਦ ਬਾਣੀ ਗੁਰਮੁਖਿ ਵਖਾਣੀ
انہد بانٹی گُرمُکھِ وکھانٹی

ਜਸੁ ਸੁਣਿ ਸੁਣਿ ਮਨੁ ਤਨੁ ਹਰਿਆ ॥

جسُ سُنِ سُنِ منُ تنُ ہریا ॥

ਸਰਬ ਸੁਖਾ ਤਿਸ ਹੀ ਬਣਿ ਆਏ
ਜੋ ਪ੍ਰਭਿ ਅਪਨਾ ਕਰਿਆ ॥

سرب سُکھا تِس ہی بنِ آئے
جو پربھِ اپنا کریا ॥

ਘਰ ਮਹਿ ਨਵ ਨਿਧਿ ਭਰੇ ਭੰਡਾਰਾ
ਰਾਮ ਨਾਮਿ ਰੰਗੁ ਲਾਗਾ ॥

گھر مہِ نو نِدھِ بھرے بھنڈارا
رام نامِ رنگُ لاگا ॥

ਨਾਨਕ ਜਨ ਪ੍ਰਭੁ ਕਦੇ ਨ ਵਿਸਰੈ
ਪੂਰਨ ਜਾ ਕੇ ਭਾਗਾ ॥੨॥

نانک جن پربھُ کدے ن وِسرے
پوُرن جا کے بھاگا ॥2॥

ਛਾਇਆ ਪ੍ਰਭਿ ਛਤ੍ਰਪਤਿ ਕੀਨ੍ਹੀ
ਸਗਲੀ ਤਪਤਿ ਬਿਨਾਸੀ ਰਾਮ ॥

چھائیا پربھِ چھتّرپتِ کِینّہی
سگلی تپتِ بِناسی رام ॥

ਦੂਖ ਪਾਪ ਕਾ ਡੇਰਾ ਢਾਠਾ
ਕਾਰਜੁ ਆਇਆ ਰਾਸੀ ਰਾਮ ॥

دوُکھ پاپ کا ڈیرا ڈھاٹھا
کارجُ آئیا راسی رام ॥

ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ
ਸਾਚੁ ਧਰਮੁ ਪੁੰਨੁ ਫਲਿਆ ॥

ہرِ پربھِ فُرمائیا مِٹی بلائیا
ساچُ دھرمُ پُنّنُ پھلِیا ॥

ਸੋ ਪ੍ਰਭੁ ਅਪੁਨਾ ਸਦਾ ਧਿਆਈਐ
ਸੋਵਤ ਬੈਸਤ ਖਲਿਆ ॥

سو پربھُ اپُنا سدا دھیائیےّ
سووت بیَست کھلِیا ॥

ਗੁਣ ਨਿਧਾਨ ਸੁਖ ਸਾਗਰ ਸੁਆਮੀ
ਜਲਿ ਥਲਿ ਮਹੀਅਲਿ ਸੋਈ ॥

گُنّ نِدھان سُکھ ساگر سُیامی
جلِ تھلِ مہِیئلِ سوئی ॥

ਜਨ ਨਾਨਕ ਪ੍ਰਭ ਕੀ ਸਰਣਾਈ
ਤਿਸੁ ਬਿਨੁ ਅਵਰੁ ਨ ਕੋਈ ॥੩॥

جن نانک پربھ کی سرٹائی
تِسُ بِنُ اورُ ن کوئی ॥3॥

ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ
ਪ੍ਰਭ ਪਰਸੇ ਹਰਿ ਰਾਇਆ ਰਾਮ ॥

میرا گھرُ بنِیا بنُ تالُ بنِیا
پربھ پرسے ہرِ رائیا رام ॥

ਮੇਰਾ ਮਨੁ ਸੋਹਿਆ ਮੀਤ ਸਾਜਨ ਸਰਸੇ
ਗੁਣ ਮੰਗਲ ਹਰਿ ਗਾਇਆ ਰਾਮ ॥

میرا منُ سوہِیا مِیت ساجن سرسے
گُنّ منگل ہرِ گائیا رام ॥

ਗੁਣ ਗਾਇ ਪ੍ਰਭੂ ਧਿਆਇ ਸਾਚਾ
ਸਗਲ ਇਛਾ ਪਾਈਆ ॥

گُنّ گاءِ پربھوُ دھیاءِ ساچا
سگل اِچھا پائیِیا ॥

ਗੁਰ ਚਰਣ ਲਾਗੇ ਸਦਾ ਜਾਗੇ
ਮਨਿ ਵਜੀਆ ਵਾਧਾਈਆ ॥

گُر چرنؒ لاگے سدا جاگے
منِ وجِیِیا وادھائِیِا ॥

ਕਰੀ ਨਦਰਿ ਸੁਆਮੀ ਸੁਖਹ ਗਾਮੀ
ਹਲਤੁ ਪਲਤੁ ਸਵਾਰਿਆ ॥

کری ندرِ سُیامی سُکھہ گامی
ہلتُ پلتُ سوارِیا ॥

ਬਿਨਵੰਤਿ ਨਾਨਕ ਨਿਤ ਨਾਮੁ ਜਪੀਐ
ਜੀਉ ਪਿੰਡੁ ਜਿਨਿ ਧਾਰਿਆ ॥੪॥੪॥੭॥

بِنونّتِ نانک نِت نامُ جپیِئے
جیِءُ پِنّڈُ جِنِ دھارِیا ॥4॥4॥7॥

ਸੂਹੀ ਮਹਲਾ ੫ ॥

سوُہی محلا 5 ॥

ਭੈ ਸਾਗਰੋ ਭੈ ਸਾਗਰੁ ਤਰਿਆ
ਹਰਿ ਹਰਿ ਨਾਮੁ ਧਿਆਏ ਰਾਮ ॥

بھے سا گرو بھے سا گرُ ترِیا
ہرِ ہرِ نامُ دھِیائے رام ॥

ਬੋਹਿਥੜਾ ਹਰਿ ਚਰਣ ਅਰਾਧੇ
ਮਿਲਿ ਸਤਿਗੁਰ ਪਾਰਿ ਲਘਾਏ ਰਾਮ ॥

بوہتھڑا ہرِ چرنؒ ارادھے
مِلِ ستِگُر پارِ لگھائے رام ॥

ਗੁਰ ਸਬਦੀ ਤਰੀਐ ਬਹੁੜਿ ਨ ਮਰੀਐ
ਚੂਕੈ ਆਵਣ ਜਾਣਾ ॥

گُر سبدی ترِیئے بہُڑِ ن مرِیئے
چوُکے آونؒ جاٹا ॥

ਜੋ ਕਿਛੁ ਕਰੈ ਸੋਈ ਭਲ ਮਾਨਉ
ਤਾ ਮਨੁ ਸਹਜਿ ਸਮਾਣਾ ॥

جو کِچھُ کرے سوئی بھل مانءُ
تا منُ سہجِ سماٹا ॥

ਦੂਖ ਨ ਭੂਖ ਨ ਰੋਗੁ ਨ ਬਿਆਪੈ
ਸੁਖ ਸਾਗਰ ਸਰਣੀ ਪਾਏ ॥

دوُکھ ن بھوُکھ ن روگُ ن بِیاپے
سُکھ ساگر سرنؒی پائے ॥

ਹਰਿ ਸਿਮਰਿ ਸਿਮਰਿ ਨਾਨਕ ਰੰਗਿ ਰਾਤਾ
ਮਨ ਕੀ ਚਿੰਤ ਮਿਟਾਏ ॥੧॥

ہرِ سِمرِ سِمرِ نانک رنگِ راتا
من کی چِنّت مِٹائے ॥1॥

ਸੰਤ ਜਨਾ ਹਰਿ ਮੰਤ੍ਰੁ ਦ੍ਰਿੜਾਇਆ
ਹਰਿ ਸਾਜਨ ਵਸਗਤਿ ਕੀਨੇ ਰਾਮ ॥

سنّت جنا ہرِ منّتر دّرِڑائِیا
ہرِ ساجن وسگتِ کِینے رام ॥

ਆਪਨੜਾ ਮਨੁ ਆਗੈ ਧਰਿਆ
ਸਰਬਸੁ ਠਾਕੁਰਿ ਦੀਨੇ ਰਾਮ ॥

آپنڑا منُ آگے دھرِیا
سربسُ ٹھاکُرِ دِینے رام ॥

ਕਰਿ ਅਪੁਨੀ ਦਾਸੀ ਮਿਟੀ ਉਦਾਸੀ
ਹਰਿ ਮੰਦਰਿ ਥਿਤਿ ਪਾਈ ॥

کرِ اپُنی داسی مِٹی اُداسی
ہرِ منّدرِ تھِتِ پائی ॥

ਅਨਦ ਬਿਨੋਦ ਸਿਮਰਹੁ ਪ੍ਰਭੁ ਸਾਚਾ
ਵਿਛੁੜਿ ਕਬਹੂ ਨ ਜਾਈ ॥

اند بِنود سِمرہُ پربھُ ساچا
وِچھُڑِ کبہوُ ن جائی ॥

ਸਾ ਵਡਭਾਗਣਿ ਸਦਾ ਸੋਹਾਗਣਿ
ਰਾਮ ਨਾਮ ਗੁਣ ਚੀਨ੍ਹੇ ॥

سا وڈبھاگنِ سدا سوہاگنِ
رام نام گُن چِینّہے ॥

ਕਹੁ ਨਾਨਕ ਰਵਹਿ ਰੰਗਿ ਰਾਤੇ
ਪ੍ਰੇਮ ਮਹਾ ਰਸਿ ਭੀਨੇ ॥੨॥

کہُ نانک روہِ رنگِ راتے
پریم مہا رس بھینے ॥2॥

ਅਨਦ ਬਿਨੋਦ ਭਏ ਨਿਤ ਸਖੀਏ
ਮੰਗਲ ਸਦਾ ਹਮਾਰੈ ਰਾਮ ॥

اند بِنود بھئے نِت سکھیئے
منگل سدا ہمارے رام ॥

ਆਪਨੜੈ ਪ੍ਰਭਿ ਆਪਿ ਸੀਗਾਰੀ
ਸੋਭਾਵੰਤੀ ਨਾਰੇ ਰਾਮ ॥

آپنڑے پربھِ آپِ سِنگاری
سوبھاونتی نارے رام ॥

ਸਹਜ ਸੁਭਾਏ ਭਏ ਕਿਰਪਾਲਾ
ਗੁਣ ਅਵਗਣ ਨ ਬੀਚਾਰਿਆ ॥

سہج سُبھائے بھئے کِرپالا
گُن اوگُن ن بیچارِیا ॥

ਕੰਠਿ ਲਗਾਇ ਲੀਏ ਜਨ ਅਪੁਨੇ
ਰਾਮ ਨਾਮ ਉਰਿ ਧਾਰਿਆ ॥

کنٹھِ لگاءِ لیئے جن اپُنے
رام نام اُرِ دھارِیا ॥

ਮਾਨ ਮੋਹ ਮਦ ਸਗਲ ਬਿਆਪੀ
ਕਰਿ ਕਿਰਪਾ ਆਪਿ ਨਿਵਾਰੇ ॥

مان موہ مد سگل بِیاپی
کرِ کرِپا آپِ نِوارے ॥

ਕਹੁ ਨਾਨਕ ਭੈ ਸਾਗਰੁ ਤਰਿਆ
ਪੂਰਨ ਕਾਜ ਹਮਾਰੇ ॥੩॥

کہُ نانک بھے ساگرُ تریا
پوُرن کاج ہمارے ॥3॥

ਗੁਣ ਗੋਪਾਲ ਗਾਵਹੁ ਨਿਤ ਸਖੀਹੋ
ਸਗਲ ਮਨੋਰਥ ਪਾਏ ਰਾਮ ॥

گُن گوپال گاوہُ نِت سکھیہو
سگل منورتھ پائے رام ॥

ਸਫਲ ਜਨਮੁ ਹੋਆ ਮਿਲਿ ਸਾਧੂ
ਏਕੰਕਾਰੁ ਧਿਆਏ ਰਾਮ ॥

سپھل جنمُ ہویا مِلِ سادھوُ
ایکنکارُ دھِیائے رام ॥

ਜਪਿ ਏਕ ਪ੍ਰਭੂ ਅਨੇਕ ਰਵਿਆ
ਸਰਬ ਮੰਡਲਿ ਛਾਇਆ ॥

جپِ ایک پربھوُ انیک روِیا
سرب منڈلِ چھائِیا ॥

ਬ੍ਰਹਮੋ ਪਸਾਰਾ ਬ੍ਰਹਮੁ ਪਸਰਿਆ
ਸਭੁ ਬ੍ਰਹਮੁ ਦ੍ਰਿਸਟੀ ਆਇਆ ॥

برہمو پسارا برہمُ پسرِیا

ਜਲਿ ਥਲਿ ਮਹੀਅਲਿ ਪੂਰਿ ਪੂਰਨ
ਤਿਸੁ ਬਿਨਾ ਨਹੀ ਜਾਏ ॥

ਪੇਖਿ ਦਰਸਨੁ ਨਾਨਕ ਬਿਗਸੇ
ਆਪਿ ਲਏ ਮਿਲਾਏ ॥੪॥੫॥੮॥

ਸੂਹੀ ਮਹਲਾ ੫ ॥

ਅਬਿਚਲ ਨਗਰੁ ਗੋਬਿੰਦ ਗੁਰੂ ਕਾ
ਨਾਮੁ ਜਪਤ ਸੁਖੁ ਪਾਇਆ ਰਾਮ ॥

ਮਨ ਇਛੇ ਸੇਈ ਫਲ ਪਾਏ
ਕਰਤੈ ਆਪਿ ਵਸਾਇਆ ਰਾਮ ॥

ਕਰਤੈ ਆਪਿ ਵਸਾਇਆ ਸਰਬ ਸੁਖ ਪਾਇਆ
ਪੁਤ ਭਾਈ ਸਿਖ ਬਿਗਾਸੇ ॥

ਗੁਣ ਗਾਵਹਿ ਪੂਰਨ ਪਰਮੇਸਰੁ
ਕਾਰਜੁ ਆਇਆ ਰਾਸੇ ॥

ਪ੍ਰਭੁ ਆਪਿ ਸੁਆਮੀ ਆਪੇ ਰਖਾ
ਆਪਿ ਪਿਤਾ ਆਪਿ ਮਾਇਆ ॥

ਕਹੁ ਨਾਨਕ ਸਤਿਗੁਰ ਬਲਿਹਾਰੀ
ਜਿਨਿ ਏਹੁ ਥਾਨੁ ਸੁਹਾਇਆ ॥੧॥

ਘਰ ਮੰਦਰ ਹਟਨਾਲੇ ਸੋਹੇ
ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥

ਸੰਤ ਭਗਤ ਹਰਿ ਨਾਮੁ ਅਰਾਧਹਿ
ਕਟੀਐ ਜਮ ਕੀ ਫਾਸੀ ਰਾਮ ॥

ਕਾਟੀ ਜਮ ਫਾਸੀ ਪ੍ਰਭਿ ਅਬਿਨਾਸੀ
ਹਰਿ ਹਰਿ ਨਾਮੁ ਧਿਆਏ ॥

ਸਗਲ ਸਮਗ੍ਰੀ ਪੂਰਨ ਹੋਈ

سبھُ برہمُ درِستی آئیا ॥

جلِ تھلِ مہیئلِ پوُرِ پوُرن
تِسُ بِنا نہی جائے ॥

پیکھِ درسنُ نانک بِگسے
آپِ لئے مِلائے ॥4॥5॥8॥

سوُہی محلا 5 ॥

ابچل نگرُ گوبِند گُروُ کا
نامُ جپت سُکھُ پائیا رام ॥

من اِچھے سیئی پھل پائے
کرتے آپِ وسائیا رام ॥

کرتے آپِ وسائیا سرب سُکھ پائیا
پُت بھائی سِکھ بِگاسے ॥

گُنؤ گاوہِ پوُرن پرمیسرُ
کارجُ آئیا راسے ॥

پربھُ آپِ سُیامی آپے رکھا
آپِ پِتا آپِ مائیا ॥

کہُ نانک ستِگُر بلِہاری
جِنِ ایہُ تھانُ سُہائیا ॥1॥

گھر مندر ہٹنالے سوہے
جِسُ وِچِ نامُ نِواسی رام ॥

سنّت بھگت ہرِ نامُ ارادھہِ
کٹیئے جم کی پھاسی رام ॥

کاٹی جم پھاسی پربھِ ابِناسی
ہرِ ہرِ نامُ دھیائے ॥

سگل سمگری پوُرن ہوئی

ਮਨ ਇਛੇ ਫਲ ਪਾਏ ॥

من اِچھے پھل پائے ॥

ਸੰਤ ਸਜਨ ਸੁਖਿ ਮਾਣਹਿ ਰਲੀਆ
ਦੂਖ ਦਰਦ ਭ੍ਰਮ ਨਾਸੀ ॥

سنّت سجن سُکھِ ماڻہِ رلِیا
دوُکھ درد بھّرم ناسی ॥

ਸਬਦਿ ਸਵਾਰੇ ਸਤਿਗੁਰਿ ਪੂਰੈ
ਨਾਨਕ ਸਦ ਬਲਿ ਜਾਸੀ ॥੨॥

سبدِ سوارے ستِگُرِ پوُرے
نانک سد بلِ جاسی ॥2॥

ਦਾਤਿ ਖਸਮ ਕੀ ਪੂਰੀ ਹੋਈ
ਨਿਤ ਨਿਤ ਚੜੈ ਸਵਾਈ ਰਾਮ ॥

داتِ خصم کی پوُری ہوئی
نِت نِت چڑے سوائی رام ॥

ਪਾਰਬ੍ਰਹਮਿ ਖਸਮਾਨਾ ਕੀਆ
ਜਿਸ ਦੀ ਵਡੀ ਵਡਿਆਈ ਰਾਮ ॥

پاربّرہمِ کھسمانا کِیا
جِس دی وڈی وڈِیائی رام ॥

ਆਦਿ ਜੁਗਾਦਿ ਭਗਤਨ ਕਾ ਰਾਖਾ
ਸੋ ਪ੍ਰਭੁ ਭਇਆ ਦਇਆਲਾ ॥

آدِ جُگادِ بھگتن کا راکھا
سو پّربھُ بھئِیا دئِیالا ॥

ਜੀਅ ਜੰਤ ਸਭਿ ਸੁਖੀ ਵਸਾਏ
ਪ੍ਰਭਿ ਆਪੇ ਕਰਿ ਪ੍ਰਤਿਪਾਲਾ ॥

جیء جنّت سبھِ سُکھی وسائے
پّربھِ آپے کرِ پّرتپالا ॥

ਦਹ ਦਿਸ ਪੂਰਿ ਰਹਿਆ ਜਸੁ ਸੁਆਮੀ
ਕੀਮਤਿ ਕਹਣੁ ਨ ਜਾਈ ॥

دہ دِس پوُرِ رہِیا جسُ سُیامی
قِیمتِ کہنُّ ن جائی ॥

ਕਹੁ ਨਾਨਕ ਸਤਿਗੁਰ ਬਲਿਹਾਰੀ
ਜਿਨਿ ਅਬਿਚਲ ਨੀਵ ਰਖਾਈ ॥੩॥

کہُ نانک ستِگُر بلِہاری
جِنِ ابچل نِیو رکھائی ॥3॥

ਗਿਆਨ ਧਿਆਨ ਪੂਰਨ ਪਰਮੇਸਰੁ
ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥

گِیان دھِیان پوُرن پرمیسرُ
ہرِ ہرِ کتھا نِت سُنئیے رام ॥

ਅਨਹਦ ਚੋਜ ਭਗਤ ਭਵ ਭੰਜਨ
ਅਨਹਦ ਵਾਜੇ ਧੁਨੀਐ ਰਾਮ ॥

انہد چوج بھگت بھو بھنّجن
انہد واجے دھُنیئے رام ॥

ਅਨਹਦ ਝੁਣਕਾਰੇ ਤਤੁ ਬੀਚਾਰੇ
ਸੰਤ ਗੋਸਟਿ ਨਿਤ ਹੋਵੈ ॥

انہد جھُنکارے تتُ بیچارے
سنّت گوسٹِ نِت ہووے ॥

ਹਰਿ ਨਾਮੁ ਅਰਾਧਹਿ ਮੈਲੁ ਸਭ ਕਾਟਹਿ
ਕਿਲਵਿਖ ਸਗਲੇ ਖੋਵੈ ॥

ہرِ نامُ ارادھہِ میَلُ سبھ کاٹہِ
کِلوِکھ سگلے کھووے ॥

ਤਹ ਜਨਮ ਨ ਮਰਣਾ ਆਵਣ ਜਾਣਾ
ਬਹੁੜਿ ਨ ਪਾਈਐ ਜੋਨੀਐ ॥

تہ جنم ن مرنا آوڑ جاڑا
بہُڑِ ن پائیَے جونیَے ॥

ਨਾਨਕ ਗੁਰੁ ਪਰਮੇਸਰੁ ਪਾਇਆ
ਜਿਸੁ ਪ੍ਰਸਾਦਿ ਇਛ ਪੁਨੀਐ ॥੪॥੬॥੯॥

نانک گُرُ پریسرُ پائیا
جِسُ پرّسادِ اِچھ پُنیَے ॥4॥6॥9॥

ਸੂਹੀ ਮਹਲਾ ੫ ॥

سوُہی محلا 5 ॥

ਸੰਤਾ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ ॥

سنّتا کے کارجِ آپِ کھلوئیا
ہرِ کنّمُ کراونِ آئیا رام ॥

ਧਰਤਿ ਸੁਹਾਵੀ ਤਾਲੁ ਸੁਹਾਵਾ
ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥

دھرتِ سُہاوی تالُ سُہاوا
وِچِ انّمرِت جلُ چھائیا رام ॥

ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ
ਸਗਲ ਮਨੋਰਥ ਪੂਰੇ ॥

انّمرِت جلُ چھائیا پوُرن ساجُ کرائیا
سگل منورتھ پوُرے ॥

ਜੈ ਜੈ ਕਾਰੁ ਭਇਆ ਜਗ ਅੰਤਰਿ
ਲਾਥੇ ਸਗਲ ਵਿਸੂਰੇ ॥

جے جے کارُ بھئیا جگ انترِ
لاتھے سگل وِسوُرے ॥

ਪੂਰਨ ਪੁਰਖ ਅਚੁਤ ਅਬਿਨਾਸੀ
ਜਸੁ ਵੇਦ ਪੁਰਾਣੀ ਗਾਇਆ ॥

پوُرن پُرکھ اچُت اِبناسی
جسُ وید پُرانی گائیا ॥

ਅਪਨਾ ਬਿਰਦੁ ਰਖਿਆ ਪਰਮੇਸਰਿ
ਨਾਨਕ ਨਾਮੁ ਧਿਆਇਆ ॥੧॥

اپنا بِردُ رکھیا پریسرِ
نانک نامُ دھیائیا ॥1॥

ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ
ਤੋਟਿ ਨ ਆਵੈ ਕਾਈ ਰਾਮ ॥

نو نِدھِ سِدھِ رِدھِ دینے کرتے
توٹِ ن آوے کائی رام ॥

ਖਾਤ ਖਰਚਤ ਬਿਲਛਤ ਸੁਖੁ ਪਾਇਆ
ਕਰਤੇ ਕੀ ਦਾਤਿ ਸਵਾਈ ਰਾਮ ॥

کھات خرچت بِلچھت سُکھُ پائیا
کرتے کی داتِ سوائی رام ॥

ਦਾਤਿ ਸਵਾਈ ਨਿਖੁਟਿ ਨ ਜਾਈ
ਅੰਤਰਜਾਮੀ ਪਾਇਆ ॥

داتِ سوائی نِکھُٹِ ن جائی
انترجامی پائیا ॥

ਕੋਟਿ ਬਿਘਨ ਸਗਲੇ ਉਠਿ ਨਾਠੇ
ਦੂਖੁ ਨ ਨੇੜੈ ਆਇਆ ॥

کوٹِ بِگھن سگلے اُٹھِ ناٹھے
دوُکھُ ن نیڑے آئیا ॥

ਸਾਂਤਿ ਸਹਜ ਆਨੰਦ ਘਨੇਰੇ
ਬਿਨਸੀ ਭੂਖ ਸਬਾਈ ॥

سانتِ سہج آنند گھنیرے
بِنسی بھوُکھ سبائی ॥

ਨਾਨਕ ਗੁਣ ਗਾਵਹਿ ਸੁਆਮੀ ਕੇ
ਅਚਰਜੁ ਜਿਸੁ ਵਡਿਆਈ ਰਾਮ ॥੨॥

نانک گُنؤ گاوہِ سُیامی کے
اچرجُ جِسُ وڈِیائی رام ॥2॥

ਜਿਸ ਕਾ ਕਾਰਜੁ ਤਿਨ ਹੀ ਕੀਆ
ਮਾਣਸੁ ਕਿਆ ਵੇਚਾਰਾ ਰਾਮ ॥

جِس کا کارجُ تِن ہی کِیا
مانُس کِیا ویچارا رام ॥

ਭਗਤ ਸੋਹਨਿ ਹਰਿ ਕੇ ਗੁਣ ਗਾਵਹਿ
ਸਦਾ ਕਰਹਿ ਜੈਕਾਰਾ ਰਾਮ ॥

بھگت سوہنِ ہرِ کے گُنؤ گاوہِ
سدا کرہِ جیَکارا رام ॥

ਗੁਣ ਗਾਇ ਗੋਬਿੰਦ ਅਨਦ ਉਪਜੇ
ਸਾਧਸੰਗਤਿ ਸੰਗਿ ਬਨੀ ॥

گُنؤ گاءِ گوبِند اند اُپجے
سادھسنگتِ سنگِ بنی ॥

ਜਿਨਿ ਉਦਮੁ ਕੀਆ ਤਾਲ ਕੇਰਾ
ਤਿਸ ਕੀ ਉਪਮਾ ਕਿਆ ਗਨੀ ॥

جِنِ اُدمُ کِیا تال کیرا
تِس کی اُپما کِیا گنی ۔ ॥

ਅਠਸਠਿ ਤੀਰਥ ਪੁੰਨ ਕਿਰਿਆ
ਮਹਾ ਨਿਰਮਲ ਚਾਰਾ ॥

اٹھسٹھِ تیرتھ پُنّن کِریا
مہا نِرمل چارا ॥

ਪਤਿਤ ਪਾਵਨੁ ਬਿਰਦੁ ਸੁਆਮੀ
ਨਾਨਕ ਸਬਦ ਅਧਾਰਾ ॥੩॥

پتِت پاونُ بِردُ سُیامی
نانک سبد ادھارا ॥3॥

ਗੁਣ ਨਿਧਾਨ ਮੇਰਾ ਪ੍ਰਭੁ ਕਰਤਾ
ਉਸਤਤਿ ਕਉਨੁ ਕਰੀਜੈ ਰਾਮ ॥

گُنؤ نِدھان میرا پربھُ کرتا
اُستتِ کئُنُ کریجےَ رام ۔ ॥

ਸੰਤਾ ਕੀ ਬੇਨੰਤੀ ਸੁਆਮੀ
ਨਾਮੁ ਮਹਾ ਰਸੁ ਦੀਜੈ ਰਾਮ ॥

سنّتا کی بینّتی سُیامی
نامُ مہا رسُ دیجےَ رام ۔ ॥

ਨਾਮੁ ਦੀਜੈ ਦਾਨੁ ਕੀਜੈ
ਬਿਸਰੁ ਨਾਹੀ ਇਕ ਖਿਨੋ ॥

نامُ دیجےَ دانُ کیجےَ
بِسرُ ناہی اِک کھِنو ॥

ਗੁਣ ਗੋਪਾਲ ਉਚਰੁ ਰਸਨਾ
ਸਦਾ ਗਾਈਐ ਅਨਦਿਨੋ ॥

گُنؤ گوپال اُچرُ رسنا
سدا گائیےَ اندِنو ॥

ਜਿਸੁ ਪ੍ਰੀਤਿ ਲਾਗੀ ਨਾਮ ਸੇਤੀ
ਮਨੁ ਤਨੁ ਅੰਮ੍ਰਿਤ ਭੀਜੈ ॥

جِسُ پریتِ لاگی نام سیتی

	من تن انمرت بھیجے ॥
ਬਿਨਵੰਤਿ ਨਾਨਕ ਇਛ ਪੁੰਨੀ	بِنونتِ نانک اِچھ پُنّنی
ਪੇਖਿ ਦਰਸਨੁ ਜੀਜੈ ॥੪॥੭॥੧੦॥	پیکھِ درسنُ جیجے ॥4॥7॥ 10 ॥
ਰਾਗੁ ਸੂਹੀ ਮਹਲਾ ੫ ਛੰਤ	راگُ سوُہی محلا 5 چھنّت
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرسادِ ॥
ਮਿਠ ਬੋਲੜਾ ਜੀ	مِٹھ بولڑا جی
ਹਰਿ ਸਜਣੁ ਸੁਆਮੀ ਮੋਰਾ ॥	ہرِ سجنُ سُیامی مورا ॥
ਹਉ ਸੰਮਲਿ ਥਕੀ ਜੀ	ہءُ سنّملِ تھکی جی
ਓਹੁ ਕਦੇ ਨ ਬੋਲੈ ਕਉਰਾ ॥	اوہُ کدے ن بولے کئرا ॥
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ	کئڑا بولِ ن جانے پوُرن بھگوانے
ਅਉਗਣੁ ਕੋ ਨ ਚਿਤਾਰੇ ॥	اَئگنُ کو ن چِتارے ॥
ਪਤਿਤ ਪਾਵਨੁ ਹਰਿ ਬਿਰਦੁ ਸਦਾਏ	پتِت پاونُ ہرِ بِردُ سدائے
ਇਕੁ ਤਿਲੁ ਨਹੀ ਭੰਨੈ ਘਾਲੇ ॥	اِکُ تِلُ نہی بھنّنے گھالے ॥
ਘਟ ਘਟ ਵਾਸੀ ਸਰਬ ਨਿਵਾਸੀ	گھٹ گھٹ واسی سرب نِواسی
ਨੇਰੈ ਹੀ ਤੇ ਨੇਰਾ ॥	نیرے ہی تے نیرا ॥
ਨਾਨਕ ਦਾਸੁ ਸਦਾ ਸਰਣਾਗਤਿ	نانک داسُ سدا سرٹاگتِ
ਹਰਿ ਅੰਮ੍ਰਿਤ ਸਜਣੁ ਮੇਰਾ ॥੧॥	ہرِ انمّرِت سجنُ میرا ॥1॥
ਹਉ ਬਿਸਮੁ ਭਈ ਜੀ	ہءُ بِسمُ بھئی جی
ਹਰਿ ਦਰਸਨੁ ਦੇਖਿ ਅਪਾਰਾ ॥	ہرِ درسنُ دیکھِ اپارا ॥
ਮੇਰਾ ਸੁੰਦਰੁ ਸੁਆਮੀ ਜੀ	میرا سُنّدرُ سُیامی جی
ਹਉ ਚਰਨ ਕਮਲ ਪਗ ਛਾਰਾ ॥	ہءُ چرن کمل پگ چھارا ॥
ਪ੍ਰਭ ਪੇਖਤ ਜੀਵਾ ਠੰਢੀ ਥੀਵਾ	پربھ پیکھت جیوا ٹھنڈھی تھیوا
ਤਿਸੁ ਜੇਵਡੁ ਅਵਰੁ ਨ ਕੋਈ ॥	تِس جیوڈُ اورُ ن کوئی ॥
ਆਦਿ ਅੰਤਿ ਮਧਿ ਪ੍ਰਭੁ ਰਵਿਆ	آدِ انتِ مدھِ پربھُ روِیا
ਜਲਿ ਥਲਿ ਮਹੀਅਲਿ ਸੋਈ ॥	جلِ تھلِ مہیئلِ سوئی ॥

ਚਰਨ ਕਮਲ ਜਪਿ ਸਾਗਰੁ ਤਰਿਆ
ਭਵਜਲ ਉਤਰੇ ਪਾਰਾ ॥

چرن کمل جپِ ساگرُ تریا
بھوجل اُترے پارا ॥

ਨਾਨਕ ਸਰਣਿ ਪੂਰਨ ਪਰਮੇਸਰੁ
ਤੇਰਾ ਅੰਤੁ ਨ ਪਾਰਾਵਾਰਾ ॥੨॥

نانک سرنِٹ پوُرن پرمیسرُ
تیرا انتُ ن پاراوارا ॥2॥

ਹਉ ਨਿਮਖ ਨ ਛੋਡਾ ਜੀ
ਹਰਿ ਪ੍ਰੀਤਮ ਪ੍ਰਾਨ ਅਧਾਰੋ ॥

ہءُ نِمکھ ن چھوڈا جی
ہرِ پرِیتم پران ادھارو ॥

ਗੁਰਿ ਸਤਿਗੁਰ ਕਹਿਆ ਜੀ
ਸਾਚਾ ਅਗਮ ਬੀਚਾਰੋ ॥

گُرِ ستِگُر کہیا جی
ساچا اگم بیچارو ॥

ਮਿਲਿ ਸਾਧੂ ਦੀਨਾ ਤਾ ਨਾਮੁ ਲੀਨਾ
ਜਨਮ ਮਰਣ ਦੁਖ ਨਾਠੇ ॥

مِلِ سادھوُ دِینا تا نامُ لِینا
جنم مرنٹ دُکھ ناٹھے ॥

ਸਹਜ ਸੂਖ ਆਨੰਦ ਘਨੇਰੇ
ਹਉਮੈ ਬਿਨਠੀ ਗਾਠੇ ॥

سہج سوُکھ آننّد گھنیرے
ہئمےَ بِنٹھی گاٹھے ॥

ਸਭ ਕੈ ਮਧਿ ਸਭ ਹੂ ਤੇ ਬਾਹਰਿ
ਰਾਗ ਦੋਖ ਤੇ ਨਿਆਰੋ ॥

سبھ کے مدھِ سبھ ہوُ تے باہرِ
راگ دوکھ تے نِیارو ॥

ਨਾਨਕ ਦਾਸ ਗੋਬਿੰਦ ਸਰਣਾਈ
ਹਰਿ ਪ੍ਰੀਤਮੁ ਮਨਹਿ ਸਧਾਰੋ ॥੩॥

نانک داس گوبِنّد سرٹائی
ہرِ پرِیتمُ منہِ سدھارو ॥3॥

ਮੈ ਖੋਜਤ ਖੋਜਤ ਜੀ
ਹਰਿ ਨਿਹਚਲੁ ਸੁ ਘਰੁ ਪਾਇਆ ॥

مےَ کھوجت کھوجت جی
ہرِ نِہچلُ سُ گھرُ پائیا ॥

ਸਭਿ ਅਧੂਵ ਡਿਠੇ ਜੀਉ
ਤਾ ਚਰਨ ਕਮਲ ਚਿਤੁ ਲਾਇਆ ॥

سبھِ ادھرُو ڈِٹھے جیِءُ
تا چرن کمل چِتُ لائیا ॥

ਪ੍ਰਭੁ ਅਬਿਨਾਸੀ ਹਉ ਤਿਸ ਕੀ ਦਾਸੀ
ਮਰੈ ਨ ਆਵੈ ਜਾਏ ॥

پربھُ ابِناسی ہءُ تِس کی داسی
مرےَ ن آوےَ جائے ॥

ਧਰਮ ਅਰਥ ਕਾਮ ਸਭਿ ਪੂਰਨ
ਮਨਿ ਚਿੰਦੀ ਇਛ ਪੁਜਾਏ ॥

دھرم ارتھ کام سبھِ پوُرن
منِ چِنّدی اِچھ پُجائے ॥

ਸ੍ਰੁਤਿ ਸਿਮ੍ਰਿਤਿ ਗੁਨ ਗਾਵਹਿ ਕਰਤੇ
ਸਿਧ ਸਾਧਿਕ ਮੁਨਿ ਜਨ ਧਿਆਇਆ ॥

سرُتِ سِمرِتِ گُن گاوہِ کرتے

ਨਾਨਕ ਸਰਨਿ ਕ੍ਰਿਪਾ ਨਿਧਿ ਸੁਆਮੀ
ਵਡਭਾਗੀ ਹਰਿ ਹਰਿ ਗਾਇਆ ॥੪॥੧॥੧੧॥

سِدھ سادھِک مُنِ جن دھِیائِیا ॥
نانک سرنِ کرِپا نِدھِ سُیامی
وڈبھاگی ہرِ ہرِ گائِیا ॥4॥1॥ 11 ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਵਾਰ ਸੂਹੀ ਕੀ ਸਲੋਕਾ ਨਾਲਿ ਮਹਲਾ ੩ ॥

وار سوُہی کی سلوکا نالِ محلا 3 ॥

ਸਲੋਕੁ ਮਃ ੩ ॥

سلوکُ م: 3 ॥

ਸੂਹੈ ਵੇਸਿ ਦੋਹਾਗਣੀ
ਪਰ ਪਿਰੁ ਰਾਵਣ ਜਾਇ ॥

سوُہے ویسِ دوہاگنّی
پر پِرُ راونّ جاءِ ॥

ਪਿਰੁ ਛੋਡਿਆ ਘਰਿ ਆਪਣੈ
ਮੋਹੀ ਦੂਜੈ ਭਾਇ ॥

پِرُ چھوڈِیا گھرِ آپنّے
موہی دوُجے بھاءِ ॥

ਮਿਠਾ ਕਰਿ ਕੈ ਖਾਇਆ
ਬਹੁ ਸਾਦਹੁ ਵਧਿਆ ਰੋਗੁ ॥

مِٹھا کرِ کے کھائِیا
بہُ سادہُ ودھِیا روگُ ॥

ਸੁਧੁ ਭਤਾਰੁ ਹਰਿ ਛੋਡਿਆ
ਫਿਰਿ ਲਗਾ ਜਾਇ ਵਿਜੋਗੁ ॥

سُدھُ بھتارُ ہرِ چھوڈِیا
پھِرِ لگا جاءِ وِجوگُ ॥

ਗੁਰਮੁਖਿ ਹੋਵੈ ਸੁ ਪਲਟਿਆ
ਹਰਿ ਰਾਤੀ ਸਾਜਿ ਸੀਗਾਰਿ ॥

گُرمُکھِ ہووے سُ پلٹِیا
ہرِ راتی ساجِ سیِگارِ ॥

ਸਹਜਿ ਸਚੁ ਪਿਰੁ ਰਾਵਿਆ
ਹਰਿ ਨਾਮਾ ਉਰ ਧਾਰਿ ॥

سہجِ سچُ پِرُ راوِیا
ہرِ نامَا اُر دھارِ ॥

ਆਗਿਆਕਾਰੀ ਸਦਾ ਸੋਹਾਗਣਿ
ਆਪਿ ਮੇਲੀ ਕਰਤਾਰਿ ॥

آگیاکاری سدا سوہاگنِ
آپِ میلی کرتارِ ॥

ਨਾਨਕ ਪਿਰੁ ਪਾਇਆ ਹਰਿ ਸਾਚਾ
ਸਦਾ ਸੋਹਾਗਣਿ ਨਾਰਿ ॥੧॥

نانک پِرُ پائِیا ہرِ ساچا
سدا سوہاگنِ نارِ ॥1॥

ਮਃ ੩ ॥

م: 3 ॥

ਸੂਹਵੀਏ ਨਿਮਾਣੀਏ
ਸੋ ਸਹੁ ਸਦਾ ਸਮ੍ਹਾਲਿ ॥

سوُہویے نِماںنّیے
سو سہُ سدا سمّہالِ ॥

ਨਾਨਕ ਜਨਮੁ ਸਵਾਰਹਿ ਆਪਣਾ
ਕੁਲੁ ਭੀ ਛੁਟੀ ਨਾਲਿ ॥੨॥

نانک جنمُ سوارہِ آپٹا
کُلُ بھی چھُٹی نالِ ॥2॥

ਪਉੜੀ ॥

پئُڑی ॥

ਆਪੇ ਤਖਤੁ ਰਚਾਇਓਨੁ
ਆਕਾਸ ਪਤਾਲਾ ॥

آپے تخت رچائِئونُ
آکاس پتالا ॥

ਹੁਕਮੇ ਧਰਤੀ ਸਾਜੀਅਨੁ
ਸਚੀ ਧਰਮ ਸਾਲਾ ॥

حُکمے دھرتی ساجیئنُ
سچی دھرم سالا ॥

ਆਪਿ ਉਪਾਇ ਖਪਾਇਦਾ
ਸਚੇ ਦੀਨ ਦਇਆਲਾ ॥

آپِ اُپاءِ کھپائِدا
سچے دِین دئیالا ۔ ॥

ਸਭਨਾ ਰਿਜਕੁ ਸੰਬਾਹਿਦਾ
ਤੇਰਾ ਹੁਕਮੁ ਨਿਰਾਲਾ ॥

سبھنا رِزقُ سنبّاہِدا
تیرا حُکمُ نِرالا ॥

ਆਪੇ ਆਪਿ ਵਰਤਦਾ
ਆਪੇ ਪ੍ਰਤਿਪਾਲਾ ॥੧॥

آپے آپِ ورتدا
آپے پرتپالا ॥1॥

ਸਲੋਕੁ ਮਃ ੩ ॥

سلوکُ م: 3 ॥

ਸੂਹਬ ਤਾ ਸੋਹਾਗਣੀ
ਜਾ ਮੰਨਿ ਲੈਹਿ ਸਚੁ ਨਾਉ ॥

سُوہب تا سوہاگنٹی
جا منّنِ لیَہِ سچُ ناءُ ॥

ਸਤਿਗੁਰੁ ਅਪਣਾ ਮਨਾਇ ਲੈ ਰੂਪੁ ਚੜੀ ਤਾ ਅਗਲਾ
ਦੂਜਾ ਨਾਹੀ ਥਾਉ ॥

ستِگُرُ اپٹا مناءِ لے روُپُ چڑی تا اگلا
دوُجا ناہی تھاءُ ॥

ਐਸਾ ਸੀਗਾਰੁ ਬਣਾਇ ਤੂ ਮੈਲਾ ਕਦੇ ਨ ਹੋਵਈ
ਅਹਿਨਿਸਿ ਲਾਗੈ ਭਾਉ ॥

ایَسا سیِگارُ بنّاءِ توُ میَلا کدے ن ہووئی
اہِنِس لاگے بھاءُ ॥

ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ
ਅੰਦਰਿ ਸਚੁ ਮੁਖੁ ਉਜਲਾ
ਖਸਮੈ ਮਾਹਿ ਸਮਾਇ ॥੧॥

نانک سوہاگنِ کا کِیا چِہنُ ہے
اندرِ سچُ مُکھُ اُجلا
خصمے َ ماہِ سماءِ ॥1॥

ਮਃ ੩ ॥

م: 3 ॥

ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ ॥

لوکا وے ہءُ سوُہوی سوُہا ویسُ کری ॥

ਵੇਸੀ ਸਹੁ ਨ ਪਾਈਐ
ਕਰਿ ਕਰਿ ਵੇਸ ਰਹੀ ॥

ویسی سہُ ن پائیئے
کرِ کرِ ویس رہی ॥

ਨਾਨਕ ਤਿਨੀ ਸਹੁ ਪਾਇਆ
ਜਿਨੀ ਗੁਰ ਕੀ ਸਿਖ ਸੁਣੀ ॥

نانک تِنی سہُ پائیا
جِنی گُر کی سِکھ سُنّی ॥

ਜੋ ਤਿਸੁ ਭਾਵੈ ਸੋ ਥੀਐ
ਇਨ ਬਿਧਿ ਕੰਤ ਮਿਲੀ ॥੨॥

جو تِسُ بھاوے سو تھیئے
اِن بِدھِ کنّت مِلی ॥2॥

ਪਉੜੀ ॥

پؤڑی ॥

ਹੁਕਮੀ ਸ੍ਰਿਸਟਿ ਸਾਜੀਅਨੁ
ਬਹੁ ਭਿਤਿ ਸੰਸਾਰਾ ॥

حُکمی سرِسٹِ ساجیئنُ
بہُ بھِتِ سنّسارا ॥

ਤੇਰਾ ਹੁਕਮੁ ਨ ਜਾਪੀ ਕੇਤੜਾ
ਸਚੇ ਅਲਖ ਅਪਾਰਾ ॥

تیرا حُکمُ ن جاپی کیتڑا
سچے الکھ اپارا ॥

ਇਕਨਾ ਨੋ ਤੂ ਮੇਲਿ ਲੈਹਿ
ਗੁਰ ਸਬਦਿ ਬੀਚਾਰਾ ॥

اِکنا نو توُ میلِ لیہِ
گُر سبدِ بیچارا ॥

ਸਚਿ ਰਤੇ ਸੇ ਨਿਰਮਲੇ
ਹਉਮੈ ਤਜਿ ਵਿਕਾਰਾ ॥

سچِ رتے سے نِرملے
ہئُےَ تجِ وِکارا ॥

ਜਿਸੁ ਤੂ ਮੇਲਹਿ ਸੋ ਤੁਧੁ ਮਿਲੈ
ਸੋਈ ਸਚਿਆਰਾ ॥੨॥

جِسُ توُ میلہِ سو تُدھُ مِلےَ
سوئی سچِیارا ॥2॥

ਸਲੋਕੁ ਮਃ ੩ ॥

سلوکُ م: 3 ॥

ਸੂਹਵੀਏ ਸੂਹਾ ਸਭੁ ਸੰਸਾਰੁ ਹੈ
ਜਿਨ ਦੁਰਮਤਿ ਦੂਜਾ ਭਾਉ ॥

سوُہویئے سوُہا سبھُ سنّسارُ ہے
جِن دُرمتِ دوُجا بھاءُ ॥

ਖਿਨ ਮਹਿ ਝੂਠੁ ਸਭੁ ਬਿਨਸਿ ਜਾਇ
ਜਿਉ ਟਿਕੈ ਨ ਬਿਰਖ ਕੀ ਛਾਉ ॥

کھِن مہِ جھوُٹھُ سبھُ بِنسِ جاءِ
جِءُ ٹِکےَ ن بِرکھ کی چھاءُ ॥

ਗੁਰਮੁਖਿ ਲਾਲੋ ਲਾਲੁ ਹੈ
ਜਿਉ ਰੰਗਿ ਮਜੀਠ ਸਚੜਾਉ ॥

گُرمُکھِ لالو لالُ ہے
جِءُ رنگِ مجیٹھ سچڑاءُ ॥

ਉਲਟੀ ਸਕਤਿ ਸਿਵੈ ਘਰਿ ਆਈ

اُلٹی سکتِ سِوے گھرِ آئی

ਮਨਿ ਵਸਿਆ ਹਰਿ ਅੰਮ੍ਰਿਤ ਨਾਉ ॥

ਨਾਨਕ ਬਲਿਹਾਰੀ ਗੁਰ ਆਪਣੇ
ਜਿਤੁ ਮਿਲਿਐ ਹਰਿ ਗੁਣ ਗਾਉ ॥੧॥

ਮਃ ੩ ॥

ਸੂਹਾ ਰੰਗੁ ਵਿਕਾਰੁ ਹੈ
ਕੰਤੁ ਨ ਪਾਇਆ ਜਾਇ ॥

ਇਸੁ ਲਹਦੇ ਬਿਲਮ ਨ ਹੋਵਈ
ਰੰਡ ਬੈਠੀ ਦੂਜੈ ਭਾਇ ॥

ਮੁੰਧ ਇਆਣੀ ਦੁੰਮਣੀ
ਸੂਹੈ ਵੇਸਿ ਲੋਭਾਇ ॥

ਸਬਦਿ ਸਚੈ ਰੰਗੁ ਲਾਲੁ ਕਰਿ
ਭੈ ਭਾਇ ਸੀਗਾਰੁ ਬਣਾਇ ॥

ਨਾਨਕ ਸਦਾ ਸੋਹਾਗਣੀ
ਜਿ ਚਲਨਿ ਸਤਿਗੁਰ ਭਾਇ ॥੨॥

ਪਉੜੀ ॥

ਆਪੇ ਆਪਿ ਉਪਾਇਅਨੁ
ਆਪਿ ਕੀਮਤਿ ਪਾਈ ॥

ਤਿਸ ਦਾ ਅੰਤੁ ਨ ਜਾਪਈ
ਗੁਰ ਸਬਦਿ ਬੁਝਾਈ ॥

ਮਾਇਆ ਮੋਹੁ ਗੁਬਾਰੁ ਹੈ
ਦੂਜੈ ਭਰਮਾਈ ॥

ਮਨਮੁਖ ਠਉਰ ਨ ਪਾਇਨ੍ਹੀ
ਫਿਰਿ ਆਵੈ ਜਾਈ ॥

ਜੋ ਤਿਸੁ ਭਾਵੈ ਸੋ ਥੀਐ
ਸਭ ਚਲੈ ਰਜਾਈ ॥੩॥

من وسیا ہر انمرت ناءُ ॥

نانک بلہاری گُر آپنے
جِتُ ملِئے ہر گُن گاءُ ॥1॥

م: 3 ॥

سوہا رنگُ وِکارُ ہے
کنتُ ن پائیا جاءِ ॥

اِس لہدے بِلم ن ہووئی
رنڈ بیٹھی دوُجے بھاءِ ॥

مُندھ اِیانی دُنمنی
سوُہے ویس لوبھاءِ ॥

سبدِ سچے رنگُ لالُ کرِ
بھے بھاءِ سیگارُ بناءِ ॥

نانک سدا سوہاگنی
جِ چلنِ ستگُر بھاءِ ॥2॥

پئُڑی ॥

آپے آپِ اُپائینُ
آپِ قِیمتِ پائی ॥

تِس دا انتُ ن جاپئی
گُر سبدِ بُجھائی ॥

مائیا موہُ غُبارُ ہے
دوُجے بھرمائی ॥

منمُکھ ٹھئر ن پائنہی
پھِرِ آوے جائی ॥

جو تِسُ بھاوے سو تھیئے
سبھ چلے رضائی ॥3॥

ਸਲੋਕੁ ਮਃ ੩ ॥

ਸੂਹੈ ਵੇਸਿ ਕਾਮਣਿ ਕੁਲਖਣੀ
ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ ॥

ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ
ਮਨਮੁਖਿ ਕਰਮ ਖੁਆਰੁ ॥

ਜਿਸੁ ਪੂਰਬਿ ਹੋਵੈ ਲਿਖਿਆ
ਤਿਸੁ ਸਤਿਗੁਰੁ ਮਿਲੈ ਭਤਾਰੁ ॥

ਸੂਹਾ ਵੇਸੁ ਸਭੁ ਉਤਾਰਿ ਧਰੇ
ਗਲਿ ਪਹਿਰੈ ਖਿਮਾ ਸੀਗਾਰੁ ॥

ਪੇਈਐ ਸਾਹੁਰੈ ਬਹੁ ਸੋਭਾ ਪਾਏ
ਤਿਸੁ ਪੂਜ ਕਰੇ ਸਭੁ ਸੈਸਾਰੁ ॥

ਓਹ ਰਲਾਈ ਕਿਸੈ ਦੀ ਨਾ ਰਲੈ
ਜਿਸੁ ਰਾਵੇ ਸਿਰਜਨਹਾਰੁ ॥

ਨਾਨਕ ਗੁਰਮੁਖਿ ਸਦਾ ਸੁਹਾਗਣੀ
ਜਿਸੁ ਅਵਿਨਾਸੀ ਪੁਰਖੁ ਭਰਤਾਰੁ ॥੧॥

ਮਃ ੧ ॥

ਸੂਹਾ ਰੰਗੁ ਸੁਪਨੈ ਨਿਸੀ
ਬਿਨੁ ਤਾਗੇ ਗਲਿ ਹਾਰੁ ॥

ਸਚਾ ਰੰਗੁ ਮਜੀਠ ਕਾ
ਗੁਰਮੁਖਿ ਬ੍ਰਹਮ ਬੀਚਾਰੁ ॥

ਨਾਨਕ ਪ੍ਰੇਮ ਮਹਾ ਰਸੀ
ਸਭਿ ਬੁਰਿਆਈਆ ਛਾਰੁ ॥੨॥

ਪਉੜੀ ॥

ਇਹੁ ਜਗੁ ਆਪਿ ਉਪਾਇਓਨੁ
ਕਰਿ ਚੋਜ ਵਿਡਾਨੁ ॥

سلوکُ م: 3 ॥

سوُہے ویسِ کامنِ کلکھنی
جو پربھ چھوڈِ پر پُرکھ دھرے پِیارُ ॥

اوسُ سیلُ ن سنجمُ سدا جھوٹھُ بولے
منمُکھِ کرم خُیارُ ॥

جِسُ پوُربِ ہووے لِکھیا
تِسُ ستِگُرُ مِلے بھتارُ ॥

سوُہا ویسُ سبھُ اُتارِ دھرے
گلِ پہِرے کھِما سیِگارُ ॥

پیئیِے ساہُرے بہُ سوبھا پائے
تِسُ پوُج کرے سبھُ سیَسارُ ॥

اوہ رلائی کِسے دی نا رلے
جِسُ راوے سِرجنہارُ ॥

نانک گُرمُکھِ سدا سُہاگنی
جِسُ اوِناسی پُرکھُ بھرتارُ ॥1॥

م: 1 ॥

سوُہا رنگُ سُپنے نِسی
بِنُ تاگے گلِ ہارُ ॥

سچا رنگُ مجیٹھ کا
گُرمُکھِ برہم بیچارُ ॥

نانک پریم مہا رسی
سبھِ بُریائیِیا چھارُ ॥2॥

پیُڑی ॥

اِہُ جگُ آپِ اُپائیِنوُنُ
کرِ چوج وِڈانُ ॥

ਪੰਚ ਧਾਤੁ ਵਿਚਿ ਪਾਈਅਨੁ ਮੋਹੁ ਝੂਠੁ ਗੁਮਾਨੁ ॥	پنچ دھاتُ وِچ پائیئنُ موہُ جھوٹھُ گُمانُ ॥
ਆਵੈ ਜਾਇ ਭਵਾਈਐ ਮਨਮੁਖੁ ਅਗਿਆਨੁ ॥	آوے جاءِ بھوائیئے منمُکھُ اگیانُ ॥
ਇਕਨਾ ਆਪਿ ਬੁਝਾਇਓਨੁ ਗੁਰਮੁਖਿ ਹਰਿ ਗਿਆਨੁ ॥	اِکنا آپِ بُجھائیئونُ گُرمُکھِ ہرِ گیانُ ॥
ਭਗਤਿ ਖਜਾਨਾ ਬਖਸਿਓਨੁ ਹਰਿ ਨਾਮੁ ਨਿਧਾਨੁ ॥੪॥	بھگتِ خزانا بخشیئونُ ہرِ نامُ نِدھانُ ॥4॥
ਸਲੋਕੁ ਮਃ ੩ ॥	سلوکُ م: 3 ॥
ਸੂਹਵੀਏ ਸੂਹਾ ਵੇਸੁ ਛਡਿ ਤੂ ਤਾ ਪਿਰ ਲਗੀ ਪਿਆਰੁ ॥	سوُہویئے سوُہا ویسُ چھڈِ توُ تا پِر لگی پِیارُ ॥
ਸੂਹੈ ਵੇਸਿ ਪਿਰੁ ਕਿਨੈ ਨ ਪਾਇਓ ਮਨਮੁਖਿ ਦਝਿ ਮੁਈ ਗਾਵਾਰਿ ॥	سوُہے ویسِ پِرُ کِنے ن پائیئو منمُکھِ دجھِ مُئی گاوارِ ॥
ਸਤਿਗੁਰਿ ਮਿਲਿਐ ਸੂਹਾ ਵੇਸੁ ਗਇਆ ਹਉਮੈ ਵਿਚਹੁ ਮਾਰਿ ॥	ستِگُرِ مِلیئے سوُہا ویسُ گئیا ہئُمے وِچہُ مارِ ॥
ਮਨੁ ਤਨੁ ਰਤਾ ਲਾਲੁ ਹੋਆ ਰਸਨਾ ਰਤੀ ਗੁਣ ਸਾਰਿ ॥	منُ تنُ رتا لالُ ہویا رسنا رتی گُنٔ سارِ ॥
ਸਦਾ ਸੋਹਾਗਣਿ ਸਬਦੁ ਮਨਿ ਭੈ ਭਾਇ ਕਰੇ ਸੀਗਾਰੁ ॥	سدا سوہاگنٔ سبدُ منِ بھے بھاءِ کرے سیِگارُ ॥
ਨਾਨਕ ਕਰਮੀ ਮਹਲੁ ਪਾਇਆ ਪਿਰੁ ਰਾਖਿਆ ਉਰ ਧਾਰਿ ॥੧॥	نانک کرمی محلُ پائیا پِرُ راکھیا اُر دھارِ ॥1॥
ਮਃ ੩ ॥	م: 3 ॥
ਮੁੰਧੇ ਸੂਹਾ ਪਰਹਰਹੁ ਲਾਲੁ ਕਰਹੁ ਸੀਗਾਰੁ ॥	مُنڈھے سوُہا پرہرہُ لالُ کرہُ سیِگارُ ॥
ਆਵਣ ਜਾਣਾ ਵੀਸਰੈ	آونٔ جاٹا ویِسرے

ਗੁਰ ਸਬਦੀ ਵੀਚਾਰੁ ॥

گُر سبدی ویچارُ ॥

ਮੁੰਧ ਸੁਹਾਵੀ ਸੋਹਣੀ
ਜਿਸੁ ਘਰਿ ਸਹਜਿ ਭਤਾਰੁ ॥

مُنّدھ سُہاوی سوہنّی
جِسُ گھرِ سہجِ بھتارُ ॥

ਨਾਨਕ ਸਾ ਧਨ ਰਾਵੀਐ
ਰਾਵੇ ਰਾਵਣਹਾਰੁ ॥੨॥

نانک سا دھن راویِۓ
راوے راوٹہارُ ॥2॥

ਪਉੜੀ ॥

پؤڑی ॥

ਮੋਹੁ ਕੂੜੁ ਕੁਟੰਬੁ ਹੈ
ਮਨਮੁਖੁ ਮੁਗਧੁ ਰਤਾ ॥

موہُ کوڑُ کُٹنّبُ ہے
منمکھُ مُگدھُ رتا ॥

ਹਉਮੈ ਮੇਰਾ ਕਰਿ ਮੁਏ
ਕਿਛੁ ਸਾਥਿ ਨ ਲਿਤਾ ॥

ہئُمےَ میرا کرِ مُۓ
کِچھُ ساتھِ ن لِتا ॥

ਸਿਰ ਉਪਰਿ ਜਮਕਾਲੁ ਨ ਸੁਝਈ
ਦੂਜੈ ਭਰਮਿਤਾ ॥

سِر اُپرِ جمکالُ ن سُجھئ
دوُجےَ بھرمِتا ॥

ਫਿਰਿ ਵੇਲਾ ਹਥਿ ਨ ਆਵਈ
ਜਮਕਾਲਿ ਵਸਿ ਕਿਤਾ ॥

پھِرِ ویلا ہتھِ ن آوئ
جمکالِ وسِ کِتا ॥

ਜੇਹਾ ਧੁਰਿ ਲਿਖਿ ਪਾਇਓਨੁ
ਸੇ ਕਰਮ ਕਮਿਤਾ ॥੫॥

جیہا دھُرِ لِکھِ پائیئونُ
سے کرم کمِتا ॥5॥

ਸਲੋਕੁ ਮਃ ੩ ॥

سلوکُ م: 3 ॥

ਸਤੀਆ ਏਹਿ ਨ ਆਖੀਅਨਿ
ਜੋ ਮੜਿਆ ਲਗਿ ਜਲੰਨਿ ॥

ستِیا ایہِ ن آکھِیئنِ
جو مڑِیا لگِ جلنّنِہِ ॥

ਨਾਨਕ ਸਤੀਆ ਜਾਣੀਅਨਿ
ਜਿ ਬਿਰਹੇ ਚੋਟ ਮਰੰਨਿ ॥੧॥

نانک ستِیا جاٹیئنّہِ
جِ برہے چوٹ مرنّنہِ ॥1॥

ਮਃ ੩ ॥

م: 3 ॥

ਭੀ ਸੋ ਸਤੀਆ ਜਾਣੀਅਨਿ
ਸੀਲ ਸੰਤੋਖਿ ਰਹੰਨਿ ॥

بھی سو ستِیا جاٹیئنِ
سیِل سنّتوکھِ رہنّنہِ ॥

ਸੇਵਨਿ ਸਾਈ ਆਪਣਾ

سیونِ سائی آپٹا

ਨਿਤ ਉਠਿ ਸੰਮ੍ਹਾਲੰਨਿ੍ ॥੨॥

نِت اُٹھِ سمّہالنّہِ ॥2॥

ਮਃ ੩ ॥

م: 3 ॥

ਕੰਤਾ ਨਾਲਿ ਮਹੇਲੀਆ
ਸੇਤੀ ਅਗਿ ਜਲਾਹਿ ॥

کنّتا نالِ مہیلیا
سیتی اگِ جلاہِ ॥

ਜੇ ਜਾਣਹਿ ਪਿਰੁ ਆਪਣਾ
ਤਾ ਤਨਿ ਦੁਖ ਸਹਾਹਿ ॥

جے جاٹہِ پِرُ آپنّا
تا تنِ دُکھ سہاہِ ॥

ਨਾਨਕ ਕੰਤ ਨ ਜਾਣਨੀ
ਸੇ ਕਿਉ ਅਗਿ ਜਲਾਹਿ ॥

نانک کنّت ن جانّنی
سے کِءُ اگِ جلاہِ ۔ ॥

ਭਾਵੈ ਜੀਵਉ ਕੈ ਮਰਉ
ਦੂਰਹੁ ਹੀ ਭਜਿ ਜਾਹਿ ॥੩॥

بھاوے جیوءُ کے مرءُ
دوُرہُ ہی بھجِ جاہِ ॥3॥

ਪਉੜੀ ॥

پئڑی ॥

ਤੁਧੁ ਦੁਖੁ ਸੁਖੁ ਨਾਲਿ ਉਪਾਇਆ
ਲੇਖੁ ਕਰਤੈ ਲਿਖਿਆ ॥

تُدھُ دُکھُ سُکھُ نالِ اُپائیا
لیکھُ کرتے لِکھیا ॥

ਨਾਵੈ ਜੇਵਡ ਹੋਰ ਦਾਤਿ ਨਾਹੀ
ਤਿਸੁ ਰੂਪੁ ਨ ਰਿਖਿਆ ॥

ناوے جیوڈ ہور داتِ ناہی
تِسُ روُپُ ن رِکھیا ॥

ਨਾਮੁ ਅਖੁਟੁ ਨਿਧਾਨੁ ਹੈ
ਗੁਰਮੁਖਿ ਮਨਿ ਵਸਿਆ ॥

نامُ اکھُٹُ نِدھانُ ہے
گُرمُکھِ منِ وسِیا ॥

ਕਰਿ ਕਿਰਪਾ ਨਾਮੁ ਦੇਵਸੀ
ਫਿਰਿ ਲੇਖੁ ਨ ਲਿਖਿਆ ॥

کرِ کِرپا نامُ دیوسی
پھِرِ لیکھُ ن لِکھیا ॥

ਸੇਵਕ ਭਾਇ ਸੇ ਜਨ ਮਿਲੇ
ਜਿਨ ਹਰਿ ਜਪੁ ਜਪਿਆ ॥੬॥

سیوک بھاءِ سے جن مِلے
جِن ہرِ جپُ جپیا ॥6॥

ਸਲੋਕੁ ਮਃ ੨ ॥

سلوکُ م: 2 ॥

ਜਿਨੀ ਚਲਣੁ ਜਾਣਿਆ
ਸੇ ਕਿਉ ਕਰਹਿ ਵਿਥਾਰ ॥

جِنی چلنُ جاٹیا
سے کِءُ کرہِ وِتھار ۔ ॥

ਚਲਣ ਸਾਰ ਨ ਜਾਣਨੀ

چلنّ سار ن جانّنی

ਕਾਜ ਸਵਾਰਣਹਾਰ ॥੧॥

کاج سوارٹہار ॥1॥

ਮਃ ੨ ॥

م: 2 ॥

ਰਾਤਿ ਕਾਰਣਿ ਧਨੁ ਸੰਚੀਐ
ਭਲਕੇ ਚਲਣੁ ਹੋਇ ॥

راتِ کارنٕ دھنُ سنچیئے
بھلکے چلنُ ہوءِ ॥

ਨਾਨਕ ਨਾਲਿ ਨ ਚਲਈ
ਫਿਰਿ ਪਛੁਤਾਵਾ ਹੋਇ ॥੨॥

نانک نالِ ن چلئی
پھِرِ پچھُتاوا ہوءِ ॥2॥

ਮਃ ੨ ॥

م: 2 ॥

ਬਧਾ ਚਟੀ ਜੋ ਭਰੇ
ਨਾ ਗੁਣੁ ਨਾ ਉਪਕਾਰੁ ॥

بدھا چٹی جو بھرے
نا گُنٕ نا اُپکارُ ॥

ਸੇਤੀ ਖੁਸੀ ਸਵਾਰੀਐ
ਨਾਨਕ ਕਾਰਜੁ ਸਾਰੁ ॥੩॥

سیتی خُشی سوارِیے
نانک کارجُ سارُ ॥3॥

ਮਃ ੨ ॥

م: 2 ॥

ਮਨਹਠਿ ਤਰਫ ਨ ਜਿਪਈ
ਜੇ ਬਹੁਤਾ ਘਾਲੇ ॥

منہٹھِ طرف ن جِپئی
جے بہُتا گھالے ॥

ਤਰਫ ਜਿਣੈ ਸਤ ਭਾਉ ਦੇ
ਜਨ ਨਾਨਕ ਸਬਦੁ ਵੀਚਾਰੇ ॥੪॥

طرف جِتٔے ست بھاءُ دے
جن نانک سبدُ ویچارے ॥4॥

ਪਉੜੀ ॥

پئُڑی ॥

ਕਰਤੈ ਕਾਰਣੁ ਜਿਨਿ ਕੀਆ
ਸੋ ਜਾਣੈ ਸੋਈ ॥

کرتے کارنُ جِنِ کیِیا
سو جانٔے سوئی ॥

ਆਪੇ ਸ੍ਰਿਸਟਿ ਉਪਾਈਅਨੁ
ਆਪੇ ਫੁਨਿ ਗੋਈ ॥

آپے سرِسٹِ اُپائیئنُ
آپے پھُنِ گوئی ॥

ਜੁਗ ਚਾਰੇ ਸਭ ਭਵਿ ਥਕੀ
ਕਿਨਿ ਕੀਮਤਿ ਹੋਈ ॥

جُگ چارے سبھ بھوِ تھکی
کِنِ قِیمتِ ہوئی ۔ ॥

ਸਤਿਗੁਰਿ ਏਕੁ ਵਿਖਾਲਿਆ
ਮਨਿ ਤਨਿ ਸੁਖੁ ਹੋਈ ॥

ستِگُرِ ایکُ وِکھالیا
منِ تنِ سُکھُ ہوئی ॥

ਗੁਰਮੁਖਿ ਸਦਾ ਸਲਾਹੀਐ
ਕਰਤਾ ਕਰੇ ਸੁ ਹੋਈ ॥੭॥

گُرمُکھِ سدا سلاحیئے
کرتا کرے سُ ہوئی ॥7॥

ਸਲੋਕ ਮਹਲਾ ੨ ॥

سلوک محلا 2 ॥

ਜਿਨਾ ਭਉ ਤਿਨ੍ਹ ਨਾਹਿ ਭਉ
ਮੁਚੁ ਭਉ ਨਿਭਵਿਆਹ ॥

جِنا بھءُ تِنّہ ناہِ بھءُ
مُچُ بھءُ نِبھویاہ ॥

ਨਾਨਕ ਏਹੁ ਪਟੰਤਰਾ
ਤਿਤੁ ਦੀਬਾਣਿ ਗਇਆਹ ॥੧॥

نانک ایہُ پٹنترا
تِتُ دیبانِ گیَیاہ ॥1॥

ਮਃ ੨ ॥

م: 2 ॥

ਤੁਰਦੇ ਕਉ ਤੁਰਦਾ ਮਿਲੈ
ਉਡਤੇ ਕਉ ਉਡਤਾ ॥

تُردے کءُ تُردا مِلےَ
اُڈتے کءُ اُڈتا ॥

ਜੀਵਤੇ ਕਉ ਜੀਵਤਾ ਮਿਲੈ
ਮੂਏ ਕਉ ਮੂਆ ॥

جیوتے کءُ جیوتا مِلےَ
موُئے کءُ موُیا ॥

ਨਾਨਕ ਸੋ ਸਾਲਾਹੀਐ
ਜਿਨਿ ਕਾਰਣੁ ਕੀਆ ॥੨॥

نانک سو سالاحیئے
جِنِ کارنُ کیِیا ॥2॥

ਪਉੜੀ ॥

پئُڑی ॥

ਸਚੁ ਧਿਆਇਨਿ ਸੇ ਸਚੇ
ਗੁਰ ਸਬਦਿ ਵੀਚਾਰੀ ॥

سچُ دھیائِنِ سے سچے
گُر سبدِ ویچاری ॥

ਹਉਮੈ ਮਾਰਿ ਮਨੁ ਨਿਰਮਲਾ
ਹਰਿ ਨਾਮੁ ਉਰਿ ਧਾਰੀ ॥

ہئُمےَ مارِ منُ نِرملا
ہرِ نامُ اُرِ دھاری ॥

ਕੋਠੇ ਮੰਡਪ ਮਾੜੀਆ
ਲਗਿ ਪਏ ਗਾਵਾਰੀ ॥

کوٹھے منڈپ ماڑییا
لگِ پےَ گاواری ॥

ਜਿਨ੍ਹਿ ਕੀਏ ਤਿਸਹਿ ਨ ਜਾਣਨੀ
ਮਨਮੁਖਿ ਗੁਬਾਰੀ ॥

جِنّہِ کیِئے تِسہِ ن جانّنی
منمُکھِ غُباری ॥

ਜਿਸੁ ਬੁਝਾਇਹਿ ਸੋ ਬੁਝਸੀ ਸਚਿਆ
ਕਿਆ ਜੰਤ ਵਿਚਾਰੀ ॥੮॥

جِسُ بُجھائِہِ سو بُجھسی سچِیا
کِیا جنّت وِچاری ۔ ॥8॥

ਸਲੋਕ ਮਃ ੩ ॥

ਕਾਮਣਿ ਤਉ ਸੀਗਾਰੁ ਕਰਿ
ਜਾ ਪਹਿਲਾਂ ਕੰਤੁ ਮਨਾਇ ॥

ਮਤੁ ਸੇਜੈ ਕੰਤੁ ਨ ਆਵਈ
ਏਵੈ ਬਿਰਥਾ ਜਾਇ ॥

ਕਾਮਣਿ ਪਿਰ ਮਨੁ ਮਾਨਿਆ
ਤਉ ਬਣਿਆ ਸੀਗਾਰੁ ॥

ਕੀਆ ਤਉ ਪਰਵਾਣੁ ਹੈ
ਜਾ ਸਹੁ ਧਰੇ ਪਿਆਰੁ ॥

ਭਉ ਸੀਗਾਰੁ ਤਬੋਲ ਰਸੁ
ਭੋਜਨੁ ਭਾਉ ਕਰੇਇ ॥

ਤਨੁ ਮਨੁ ਸਉਪੇ ਕੰਤ ਕਉ
ਤਉ ਨਾਨਕ ਭੋਗੁ ਕਰੇਇ ॥੧॥

ਮਃ ੩ ॥

ਕਾਜਲ ਫੂਲ ਤੰਬੋਲ ਰਸੁ
ਲੇ ਧਨ ਕੀਆ ਸੀਗਾਰੁ ॥

ਸੇਜੈ ਕੰਤੁ ਨ ਆਇਓ
ਏਵੈ ਭਇਆ ਵਿਕਾਰੁ ॥੨॥

ਮਃ ੩ ॥

ਧਨ ਪਿਰੁ ਏਹਿ ਨ ਆਖੀਅਨਿ
ਬਹਨਿ ਇਕਠੇ ਹੋਇ ॥

ਏਕ ਜੋਤਿ ਦੁਇ ਮੂਰਤੀ
ਧਨ ਪਿਰੁ ਕਹੀਐ ਸੋਇ ॥੩॥

ਪਉੜੀ ॥

ਭੈ ਬਿਨੁ ਭਗਤਿ ਨ ਹੋਵਈ

سلوک م: 3 ॥

کامنِ ت ءُ سیگارُ کرِ
جا پہلاں کنّتُ مناءِ ॥

مت سیجے کنّتُ ن آوئی
ایوے برتھا جاءِ ॥

کامنِ پر منُ مانیا
ت ءُ بنّیا سیگارُ ॥

کیا ت ءُ پروانُ ہے
جا سہُ دھرے پیارُ ॥

بھ ءُ سیگارُ تبول رسُ
بھوجنُ بھاءُ کرے ءِ ॥

تنُ منُ سپُے کنّت ک ءُ
ت ءُ نانک بھوگُ کرے ءِ ॥1॥

م: 3 ॥

کاجل پھوُل تنّبول رسُ
لے دھن کیا سیگارُ ॥

سیجے کنّتُ ن آئیو
ایوے بھئیا وِکارُ ॥2॥

م: 3 ॥

دھن پُر ایہ ن آکھیئنِ
بہنِ اِکٹھے ہوءِ ॥

ایک جوتِ دُءِ موُرتی
دھن پُر کہیئے سوءِ ॥3॥

پئڑی ॥

بھے بِنُ بھگتِ ن ہووئی

ਨਾਮਿ ਨ ਲਗੈ ਪਿਆਰੁ ॥

نامِ ن لگےَ پیارُ ॥

ਸਤਿਗੁਰਿ ਮਿਲਿਐ ਭਉ ਊਪਜੈ
ਭੈ ਭਾਇ ਰੰਗੁ ਸਵਾਰਿ ॥

ستگُرِ ملےَ بھءُ اوُپجےَ
بھےَ بھاءِ رنگُ سوارِ ॥

ਤਨੁ ਮਨੁ ਰਤਾ ਰੰਗ ਸਿਉ
ਹਉਮੈ ਤ੍ਰਿਸਨਾ ਮਾਰਿ ॥

تنُ منُ رتا رنگ سِءُ
ہئُمےَ ترِسنا مارِ ॥

ਮਨੁ ਤਨੁ ਨਿਰਮਲੁ ਅਤਿ ਸੋਹਣਾ
ਭੇਟਿਆ ਕ੍ਰਿਸਨ ਮੁਰਾਰਿ ॥

منُ تنُ نِرملُ اتِ سوہنّا
بھیٹیا کرِسن مُرارِ ॥

ਭਉ ਭਾਉ ਸਭੁ ਤਿਸ ਦਾ
ਸੋ ਸਚੁ ਵਰਤੈ ਸੰਸਾਰਿ ॥੯॥

بھءُ بھاءُ سبھُ تِس دا
سو سچُ ورتے سنّسارِ ॥9॥

ਸਲੋਕ ਮਃ ੧ ॥

سلوک م: 1 ॥

ਵਾਹੁ ਖਸਮ ਤੂ ਵਾਹੁ
ਜਿਨਿ ਰਚਿ ਰਚਨਾ ਹਮ ਕੀਏ ॥

واہُ خصم توُ واہُ
جِنِ رچِ رچنا ہم کیۓ ॥

ਸਾਗਰ ਲਹਰਿ ਸਮੁੰਦ ਸਰ
ਵੇਲਿ ਵਰਸ ਵਰਾਹੁ ॥

ساگر لہرِ سمُنّد سر
ویلِ ورس وراہُ ॥

ਆਪਿ ਖੜੋਵਹਿ ਆਪਿ ਕਰਿ
ਆਪੀਣੈ ਆਪਾਹੁ ॥

آپِ کھڑووہِ آپِ کرِ
آپیِنّے آپاہُ ॥

ਗੁਰਮੁਖਿ ਸੇਵਾ ਥਾਇ ਪਵੈ
ਉਨਮਨਿ ਤਤੁ ਕਮਾਹੁ ॥

گُرمُکھِ سیوا تھاءِ پوےَ
اُنمنِ تتُ کماہُ ॥

ਮਸਕਤਿ ਲਹਹੁ ਮਜੂਰੀਆ
ਮੰਗਿ ਮੰਗਿ ਖਸਮ ਦਰਾਹੁ ॥

مشقتِ لہہُ مزدُورِیا
منگِ منگِ خصم دراہُ ॥

ਨਾਨਕ ਪੁਰ ਦਰ ਵੇਪਰਵਾਹ
ਤਉ ਦਰਿ ਊਣਾ ਨਾਹਿ ਕੋ ਸਚਾ ਵੇਪਰਵਾਹੁ ॥੧॥

نانک پُر در ویپرواہ
تءُ درِ اوُٹا ناہِ کو سچا ویپرواہُ ॥1॥

ਮਹਲਾ ੧ ॥

محلا 1 ॥

ਉਜਲ ਮੋਤੀ ਸੋਹਣੇ
ਰਤਨਾ ਨਾਲਿ ਜੁੜੰਨਿ ॥

اُجل موتی سوہنّے
رتنا نالِ جُڑنّنِ ॥

ਤਿਨ ਜਰੁ ਵੈਰੀ ਨਾਨਕਾ ਜਿ ਬੁਢੇ ਥੀਇ ਮਰੰਨਿ ॥੨॥	تِن جرُ ویَری نانکا جِ بُڈھے تھیِءِ مرنَنِ ॥2॥
ਪਉੜੀ ॥	پئُڑی ॥
ਹਰਿ ਸਾਲਾਹੀ ਸਦਾ ਸਦਾ ਤਨੁ ਮਨੁ ਸਉਪਿ ਸਰੀਰੁ ॥	ہرِ سالاحی سدا سدا تنُ منُ سئُپِ سریرُ ॥
ਗੁਰ ਸਬਦੀ ਸਚੁ ਪਾਇਆ ਸਚਾ ਗਹਿਰ ਗੰਭੀਰੁ ॥	گُر سبدی سچُ پائیا سچا گہِر گنبھیِرُ ॥
ਮਨਿ ਤਨਿ ਹਿਰਦੈ ਰਵਿ ਰਹਿਆ ਹਰਿ ਹੀਰਾ ਹੀਰੁ ॥	منِ تنِ ہِردے روِ رہِیا ہرِ ہیِرا ہیِرُ ॥
ਜਨਮ ਮਰਣ ਕਾ ਦੁਖੁ ਗਇਆ ਫਿਰਿ ਪਵੈ ਨ ਫੀਰੁ ॥	جنم مرنٹ کا دُکھُ گئیا پھِرِ پوے ن پھیِرُ ॥
ਨਾਨਕ ਨਾਮੁ ਸਲਾਹਿ ਤੂ ਹਰਿ ਗੁਣੀ ਗਹੀਰੁ ॥੧੦॥	نانک نامُ سلاحِ توُ ہرِ گُنٹی گہیِرُ ॥ 10 ॥
ਸਲੋਕ ਮਃ ੧ ॥	سلوک م: 1 ॥
ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ ॥	نانک اِہُ تنُ جالِ جِنِ جلِئے نامُ وِسارِیا ॥
ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ ॥੧॥	پئُدی جاءِ پرالِ پچھے ہتھُ ن انبڑے تِتُ نِونّدھے تالِ ॥1॥
ਮਃ ੧ ॥	م: 1 ॥
ਨਾਨਕ ਮਨ ਕੇ ਕੰਮ ਫਿਟਿਆ ਗਣਤ ਨ ਆਵਹੀ ॥	نانک من کے کنّم پھِٹیا گنٹ ن آوہی ॥
ਕਿਤੀ ਲਹਾ ਸਹੰਮ ਜਾ ਬਖਸੇ ਤਾ ਧਕਾ ਨਹੀ ॥੨॥	کِتی لہا سہنّم جا بخشے تا دھکا نہی ॥2॥
ਪਉੜੀ ॥	پئُڑی ॥
ਸਚਾ ਅਮਰੁ ਚਲਾਇਓਨੁ	سچا امرُ چلائیَنوُ

ਕਰਿ ਸਚੁ ਫੁਰਮਾਣੁ ॥	کرِ سچُ فُرمانُ ॥
ਸਦਾ ਨਿਹਚਲੁ ਰਵਿ ਰਹਿਆ ਸੋ ਪੁਰਖੁ ਸੁਜਾਣੁ ॥	سدا نِہچلُ روِ رہِیا سو پُرکھُ سُجانُ ॥
ਗੁਰ ਪਰਸਾਦੀ ਸੇਵੀਐ ਸਚੁ ਸਬਦਿ ਨੀਸਾਣੁ ॥	گُر پرسادی سیویےَ سچُ سبدِ نِیشانُ ॥
ਪੂਰਾ ਥਾਟੁ ਬਣਾਇਆ ਰੰਗੁ ਗੁਰਮਤਿ ਮਾਣੁ ॥	پُورا تھاٹُ بنّائِیا رنگُ گُرمتِ مانُ ॥
ਅਗਮ ਅਗੋਚਰੁ ਅਲਖੁ ਹੈ ਗੁਰਮੁਖਿ ਹਰਿ ਜਾਣੁ ॥੧੧॥	اگم اگوچرُ الکھُ ہےَ گُرمُکھِ ہرِ جانُ ॥ 11 ॥
ਸਲੋਕ ਮਃ ੧ ॥	سلوک م: 1 ॥
ਨਾਨਕ ਬਦਰਾ ਮਾਲ ਕਾ ਭੀਤਰਿ ਧਰਿਆ ਆਣਿ ॥	نانک بدرا مال کا بھیترِ دھرِیا آنِ ॥
ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ ॥੧॥	کھوٹے کھرے پرکھِیَنِ صاہِب کےَ دِیبانِ ॥1॥
ਮਃ ੧ ॥	م: 1 ॥
ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥	ناونُ چلے تیِرتھی منِ کھوٹےَ تنِ چور ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥	اِکُ بھاءُ لتھی ناتِیا دُءِ بھا چڑِیئسُ ہور ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥	باہرِ دھوتی تومڑی اندرِ وِسُ نِکور ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥੨॥	سادھ بھلے اٹناتِیا چور سِ چورا چور ॥2॥
ਪਉੜੀ ॥	پئُڑی ॥
ਆਪੇ ਹੁਕਮੁ ਚਲਾਇਦਾ	آپے حُکمُ چلائِدا

ਜਗੁ ਧੰਧੈ ਲਾਇਆ ॥

جگُ دھندھے َ لائیا ॥

ਇਕਿ ਆਪੇ ਹੀ ਆਪਿ ਲਾਇਅਨੁ
ਗੁਰ ਤੇ ਸੁਖੁ ਪਾਇਆ ॥

اِکِ آپے ہی آپِ لائِئنُ
گُر تے سُکھُ پائِیا ॥

ਦਹ ਦਿਸ ਇਹੁ ਮਨੁ ਧਾਵਦਾ
ਗੁਰਿ ਠਾਕਿ ਰਹਾਇਆ ॥

دہ دِس اِہُ منُ دھاودا
گُرِ ٹھاکِ رہائِیا ॥

ਨਾਵੈ ਨੋ ਸਭ ਲੋਚਦੀ
ਗੁਰਮਤੀ ਪਾਇਆ ॥

ناوے َ نو سبھ لوچدی
گُرمتی پائِیا ॥

ਧੁਰਿ ਲਿਖਿਆ ਮੇਟਿ ਨ ਸਕੀਐ
ਜੋ ਹਰਿ ਲਿਖਿ ਪਾਇਆ ॥੧੨॥

دھُرِ لِکھیا میٹِ ن سکیئے
جو ہرِ لِکھِ پائِیا ॥ 12 ॥

ਸਲੋਕ ਮਃ ੧ ॥

سلوک م: 1 ॥

ਦੁਇ ਦੀਵੇ ਚਉਦਹ ਹਟਨਾਲੇ ॥

دُءِ دیوے چئُدہ ہٹنالے ॥

ਜੇਤੇ ਜੀਅ ਤੇਤੇ ਵਣਜਾਰੇ ॥

جیتے جی ء تیتے وٹُجارے ॥

ਖੁਲ੍ਹੇ ਹਟ ਹੋਆ ਵਾਪਾਰੁ ॥

کھُلّہے ہٹ ہویا واپارُ ॥

ਜੋ ਪਹੁਚੈ ਸੋ ਚਲਣਹਾਰੁ ॥

جو پہُچے َ سو چلٹہارُ ॥

ਧਰਮੁ ਦਲਾਲੁ ਪਾਏ ਨੀਸਾਣੁ ॥

دھرمُ دلالُ پائے َ نیِشانُ ॥

ਨਾਨਕ ਨਾਮੁ ਲਾਹਾ ਪਰਵਾਣੁ ॥

نانک نامُ لاہا پروانُ ॥

ਘਰਿ ਆਏ ਵਜੀ ਵਾਧਾਈ ॥

گھرِ آئے وجی وادھائی ॥

ਸਚ ਨਾਮ ਕੀ ਮਿਲੀ ਵਡਿਆਈ ॥੧॥

سچ نام کی مِلی وڈِیائی ॥1॥

ਮਃ ੧ ॥

م: 1 ॥

ਰਾਤੀ ਹੋਵਨਿ ਕਾਲੀਆ
ਸੁਪੇਦਾ ਸੇ ਵੰਨ ॥

راتی ہوونِ کالِیا
سُپیدا سے وَنّ ॥

ਦਿਹੁ ਬਗਾ ਤਪੈ ਘਣਾ
ਕਾਲਿਆ ਕਾਲੇ ਵੰਨ ॥

دِہُ بگا تپے َ گھٹا
کالیا کالے وَنّ ॥

ਅੰਧੇ ਅਕਲੀ ਬਾਹਰੇ

اندھے عقلی باہرے

ਮੂਰਖ ਅੰਧ ਗਿਆਨੁ ॥	مورکھ اندھ گیانُ ॥
ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ ॥੨॥	نانک ندری باہرے کبہِ ن پاوہِ مانُ ॥2॥
ਪਉੜੀ ॥	پؤڑی ॥
ਕਾਇਆ ਕੋਟੁ ਰਚਾਇਆ ਹਰਿ ਸਚੈ ਆਪੇ ॥	کائیا کوٹُ رچائیا ہرِ سچے آپے ॥
ਇਕਿ ਦੂਜੈ ਭਾਇ ਖੁਆਇਅਨੁ ਹਉਮੈ ਵਿਚਿ ਵਿਆਪੇ ॥	اِکِ دوُجے بھاءِ کھُیائیَنُ ہئُمے وِچِ ویاپے ॥
ਇਹੁ ਮਾਨਸ ਜਨਮੁ ਦੁਲੰਭੁ ਸਾ ਮਨਮੁਖ ਸੰਤਾਪੇ ॥	اِہُ مانس جنمُ دُلنّبھُ سا منمُکھ سنّتاپے ॥
ਜਿਸੁ ਆਪਿ ਬੁਝਾਏ ਸੋ ਬੁਝਸੀ ਜਿਸੁ ਸਤਿਗੁਰੁ ਥਾਪੇ ॥	جِسُ آپِ بُجھائے سو بُجھسی جِسُ ستِگُر تھاپے ॥
ਸਭੁ ਜਗੁ ਖੇਲੁ ਰਚਾਇਓਨੁ ਸਭ ਵਰਤੈ ਆਪੇ ॥੧੩॥	سبھُ جگُ کھیلُ رچائیَونُ سبھ ورتے آپے ॥ 13 ॥
ਸਲੋਕ ਮਃ ੧ ॥	سلوک م: 1 ॥
ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥	چورا جارا رنڈییا کُٹنِیا دیِبانُ ॥
ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥	ویدیِنا کی دوستی ویدیِنا کا کھانُ ॥
ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥	صِفتی سار ن جانٹنی سدا وسے شیَطانُ ॥
ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ ॥	گدہُ چندنِ کھئُلیئے بھی ساہوُ سِءُ پانُ ॥
ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ ॥	نانک کوُڑے کتیئے کوُڑا تنّیئے تانُ ॥

ਕੂੜਾ ਕਪੜੁ ਕਛੀਐ
ਕੂੜਾ ਪੈਨਣੁ ਮਾਣੁ ॥੧॥

کوڑا کپڑُ لچھیئے
کوڑا پینّنُ ماںُ ॥1॥

ਮਃ ੧ ॥

م: 1 ॥

ਬਾਂਗਾ ਬੁਰਗੂ ਸਿੰਙੀਆ
ਨਾਲੇ ਮਿਲੀ ਕਲਾਣ ॥

بانگا بُرغوُ سِنگّیا
نالے مِلی کلاںُ ॥

ਇਕਿ ਦਾਤੇ ਇਕਿ ਮੰਗਤੇ
ਨਾਮੁ ਤੇਰਾ ਪਰਵਾਣੁ ॥

اِکِ داتے اِکِ منگتے
نامُ تیرا پروانُ ॥

ਨਾਨਕ ਜਿਨ੍ਹੀ ਸੁਣਿ ਕੈ ਮੰਨਿਆ
ਹਉ ਤਿਨਾ ਵਿਟਹੁ ਕੁਰਬਾਣੁ ॥੨॥

نانک جِنّہی سُنِ کے منّیا
ہءُ تِنا وِٹہُ قُربانُ ॥2॥

ਪਉੜੀ ॥

پئُڑی ॥

ਮਾਇਆ ਮੋਹੁ ਸਭੁ ਕੂੜੁ ਹੈ
ਕੂੜੋ ਹੋਇ ਗਇਆ ॥

مائیا موہُ سبھُ کوڑُ ہے
کوڑو ہوءِ گیا ॥

ਹਉਮੈ ਝਗੜਾ ਪਾਇਓਨੁ
ਝਗੜੈ ਜਗੁ ਮੁਇਆ ॥

ہئُمے جھگڑا پائیئونُ
جھگڑے جگُ مُیا ॥

ਗੁਰਮੁਖਿ ਝਗੜੁ ਚੁਕਾਇਓਨੁ
ਇਕੋ ਰਵਿ ਰਹਿਆ ॥

گُرمُکھِ جھگڑُ چُکائیئونُ
اِکو روِ رہیا ॥

ਸਭੁ ਆਤਮ ਰਾਮੁ ਪਛਾਣਿਆ
ਭਉਜਲੁ ਤਰਿ ਗਇਆ ॥

سبھُ آتم رامُ پچھاتیا
بھجُلُ ترِ گیا ॥

ਜੋਤਿ ਸਮਾਣੀ ਜੋਤਿ ਵਿਚਿ
ਹਰਿ ਨਾਮਿ ਸਮਇਆ ॥੧੪॥

جوتِ سماںُی جوتِ وِچ
ہرِ نامِ سمیّا ॥ 14 ॥

ਸਲੋਕ ਮਃ ੧ ॥

سلوک م: 1 ॥

ਸਤਿਗੁਰ ਭੀਖਿਆ ਦੇਹਿ ਮੈ
ਤੂੰ ਸੰਮ੍ਰਥੁ ਦਾਤਾਰੁ ॥

ستِگُر بھیکھیا دیہِ مے
توُنَ سمّرتھُ داتارُ ॥

ਹਉਮੈ ਗਰਬੁ ਨਿਵਾਰੀਐ
ਕਾਮੁ ਕ੍ਰੋਧੁ ਅਹੰਕਾਰੁ ॥

ہئُمے گربُ نِوارِیے
کامُ کرودھُ اہنکارُ ॥

ਲਬੁ ਲੋਭੁ ਪਰਜਾਲੀਐ
ਨਾਮੁ ਮਿਲੈ ਆਧਾਰੁ ॥

لبُ لوبھُ پرجالیئے
نامُ ملے آدھارُ ॥

ਅਹਿਨਿਸਿ ਨਵਤਨ ਨਿਰਮਲਾ
ਮੈਲਾ ਕਬਹੂੰ ਨ ਹੋਇ ॥

اہِنِس نوتن نِرملا
میَلا کبھوُنَ ن ہوءِ ॥

ਨਾਨਕ ਇਹ ਬਿਧਿ ਛੁਟੀਐ
ਨਦਰਿ ਤੇਰੀ ਸੁਖੁ ਹੋਇ ॥੧॥

نانک اِہ بِدھِ چھُٹیئے
ندرِ تیری سُکھُ ہوءِ ॥1॥

ਮਃ ੧ ॥

م: 1 ॥

ਇਕੋ ਕੰਤੁ ਸਬਾਈਆ
ਜਿਤੀ ਦਰਿ ਖੜੀਆਹ ॥

اِکو کنّتُ سبائیا
جِتی درِ کھڑییاہ ॥

ਨਾਨਕ ਕੰਤੈ ਰਤੀਆ
ਪੁਛਹਿ ਬਾਤੜੀਆਹ ॥੨॥

نانک کنّتے رتیا
پُچھہِ باتڑییاہ ॥2॥

ਮਃ ੧ ॥

م: 1 ॥

ਸਭੇ ਕੰਤੈ ਰਤੀਆ
ਮੈ ਦੋਹਾਗਣਿ ਕਿਤੁ ॥

سبھے کنّتے رتیا
مے دوہاگنِ کِتُ ۔ ॥

ਮੈ ਤਨਿ ਅਵਗਣ ਏਤੜੇ
ਖਸਮੁ ਨ ਫੇਰੇ ਚਿਤੁ ॥੩॥

مے تنِ اوگنُ ایتڑے
خصمُ ن پھیرے چِتُ ॥3॥

ਮਃ ੧ ॥

م: 1 ॥

ਹਉ ਬਲਿਹਾਰੀ ਤਿਨ ਕਉ
ਸਿਫਤਿ ਜਿਨਾ ਦੈ ਵਾਤਿ ॥

ہءُ بلِہاری تِن کءُ
صِفتِ جِنا دے واتِ ॥

ਸਭਿ ਰਾਤੀ ਸੋਹਾਗਣੀ
ਇਕ ਮੈ ਦੋਹਾਗਣਿ ਰਾਤਿ ॥੪॥

سبھِ راتی سوہاگنی
اِک مے دوہاگنِ راتِ ॥4॥

ਪਉੜੀ ॥

پئڑی ॥

ਦਰਿ ਮੰਗਤੁ ਜਾਚੈ ਦਾਨੁ
ਹਰਿ ਦੀਜੈ ਕ੍ਰਿਪਾ ਕਰਿ ॥

درِ منگتُ جاچے دانُ
ہرِ دیجے کرپا کرِ ॥

ਗੁਰਮੁਖਿ ਲੇਹੁ ਮਿਲਾਇ

گُرمُکھِ لیہُ ملاءِ

ਜਨੁ ਪਾਵੈ ਨਾਮੁ ਹਰਿ ॥	جنُ پاوے نامُ ہرِ ॥
ਅਨਹਦ ਸਬਦੁ ਵਜਾਇ ਜੋਤੀ ਜੋਤਿ ਧਰਿ ॥	انہد سبدُ وجاءِ جوتی جوتِ دھرِ ॥
ਹਿਰਦੈ ਹਰਿ ਗੁਣ ਗਾਇ ਜੈ ਜੈ ਸਬਦੁ ਹਰਿ ॥	ہِردے ہرِ گُن گاءِ جے جے سبدُ ہرِ ॥
ਜਗ ਮਹਿ ਵਰਤੈ ਆਪਿ ਹਰਿ ਸੇਤੀ ਪ੍ਰੀਤਿ ਕਰਿ ॥੧੫॥	جگ مہِ ورتے آپِ ہرِ سیتی پّریتِ کرِ ॥ 15 ॥
ਸਲੋਕ ਮਃ ੧ ॥	سلوک م: 1 ॥
ਜਿਨੀ ਨ ਪਾਇਓ ਪ੍ਰੇਮ ਰਸੁ ਕੰਤ ਨ ਪਾਇਓ ਸਾਉ ॥	جِنی ن پائیو پّریم رسُ کنّت ن پائیو ساءُ ॥
ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਉ ॥੧॥	سُنّجے گھر کا پاہُنّا جِءُ آئیا تِءُ جاءُ ॥1॥
ਮਃ ੧ ॥	م: 1 ॥
ਸਉ ਓਲਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ ॥	س ءُ اولامّہے دِنے کے راتی مِلنّہِ سہنّس ॥
ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ॥	صِفتِ سلاحنُ چھڈِ کے کرنگی لگا ہنّس ॥
ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥	پھِٹُ اِویہا جیویا جِتُ کھاءِ ودھائیا پیٹُ ॥
ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥੨॥	نانک سچے نام وِنُ سبھو دُسمنُ ہیتُ ॥2॥
ਪਉੜੀ ॥	پئڑی ॥
ਢਾਢੀ ਗੁਣ ਗਾਵੈ ਨਿਤ ਜਨਮੁ ਸਵਾਰਿਆ ॥	ڈھاڈھی گُن گاوے نِت جنمُ سوارِیا ॥
ਗੁਰਮੁਖਿ ਸੇਵਿ ਸਲਾਹਿ	گُرمُکھِ سیوِ سلاحِ

ਸਚਾ ਉਰ ਧਾਰਿਆ ॥	سچا اُر دھارِیا ॥
ਘਰੁ ਦਰੁ ਪਾਵੈ ਮਹਲੁ ਨਾਮੁ ਪਿਆਰਿਆ ॥	گھرُ درُ پاوے محلُ نامُ پِیارِیا ॥
ਗੁਰਮੁਖਿ ਪਾਇਆ ਨਾਮੁ ਹਉ ਗੁਰ ਕਉ ਵਾਰਿਆ ॥	گُرمُکھِ پائیا نامُ ہءُ گُر کءُ وارِیا ॥
ਤੂ ਆਪਿ ਸਵਾਰਹਿ ਆਪਿ ਸਿਰਜਨਹਾਰਿਆ ॥੧੬॥	توُ آپِ سوارہِ آپِ سِرجنہارِیا ॥ 16 ॥
ਸਲੋਕ ਮਃ ੧ ॥	سلوک م: 1 ॥
ਦੀਵਾ ਬਲੈ ਅੰਧੇਰਾ ਜਾਇ ॥	دِیوا بلےَ انّدھیرا جاءِ ॥
ਬੇਦ ਪਾਠ ਮਤਿ ਪਾਪਾ ਖਾਇ ॥	بید پاٹھ متِ پاپا کھاءِ ॥
ਉਗਵੈ ਸੂਰੁ ਨ ਜਾਪੈ ਚੰਦੁ ॥	اُگوےَ سوُرُ ن جاپےَ چنّدُ ॥
ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥	جہ گِیان پرّگاسُ اگِیانُ مٹنّتُ ॥
ਬੇਦ ਪਾਠ ਸੰਸਾਰ ਕੀ ਕਾਰ ॥	بید پاٹھ سنّسار کی کار ॥
ਪੜਿ੍ ਪੜਿ੍ ਪੰਡਿਤ ਕਰਹਿ ਬੀਚਾਰ ॥	پڑِہِ پڑِہِ پنّڈِت کرہِ بیچار ॥
ਬਿਨੁ ਬੂਝੇ ਸਭ ਹੋਇ ਖੁਆਰ ॥	بِنُ بوُجھے سبھ ہوءِ خُیار ॥
ਨਾਨਕ ਗੁਰਮੁਖਿ ਉਤਰਸਿ ਪਾਰਿ ॥੧॥	نانک گُرمُکھِ اُترسِ پارِ ॥ 1 ॥
ਮਃ ੧ ॥	م: 1 ॥
ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ ॥	سبدےَ سادُ ن آئیئو نامِ ن لگو پیارُ ॥
ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ॥	رسنا پھِکا بولنّا نِت نِت ہوءِ خُیارُ ॥
ਨਾਨਕ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰੁ ॥੨॥	نانک پئیےَ کِرتِ کماونّا کوءِ ن میٹنّہارُ ॥ 2 ॥
ਪਉੜੀ ॥	پئُڑی ॥

ਜਿ ਪ੍ਰਭੁ ਸਲਾਹੇ ਆਪਣਾ
ਸੋ ਸੋਭਾ ਪਾਏ ॥

جِ پربھُ سلاہے آپنا
سو سوبھا پائے ॥

ਹਉਮੈ ਵਿਚਹੁ ਦੂਰਿ ਕਰਿ
ਸਚੁ ਮੰਨਿ ਵਸਾਏ ॥

ہئمےَ وِچہُ دُور کرِ
سچُ منّ وسائے ॥

ਸਚੁ ਬਾਣੀ ਗੁਣ ਉਚਰੈ
ਸਚਾ ਸੁਖੁ ਪਾਏ ॥

سچُ باٹی گُنٹ اُچرے
سچا سُکھُ پائے ॥

ਮੇਲੁ ਭਇਆ ਚਿਰੀ ਵਿਛੁੰਨਿਆ
ਗੁਰ ਪੁਰਖਿ ਮਿਲਾਏ ॥

میلُ بھئیا چِری وِچھُنّیا
گُر پُرکھِ مِلائے ॥

ਮਨੁ ਮੈਲਾ ਇਵ ਸੁਧੁ ਹੈ
ਹਰਿ ਨਾਮੁ ਧਿਆਏ ॥੧੭॥

منُ میَلا اِو سُدھُ ہےَ
ہرِ نامُ دھیائے ॥ 17 ॥

ਸਲੋਕ ਮਃ ੧ ॥

سلوک م: 1 ॥

ਕਾਇਆ ਕੂਮਲ ਫੁਲ ਗੁਣ
ਨਾਨਕ ਗੁਪਸਿ ਮਾਲ ॥

کائیا کوُمل پھُل گُنٹ
نانک گُپس مال ॥

ਏਨੀ ਫੁਲੀ ਰਉ ਕਰੇ
ਅਵਰ ਕਿ ਚੁਣੀਅਹਿ ਡਾਲ ॥੧॥

اینی پھُلی رءُ کرے
اور کِ چُنیئہِ ڈال ॥1॥

ਮਹਲਾ ੨ ॥

محلا 2 ॥

ਨਾਨਕ ਤਿਨਾ ਬਸੰਤੁ ਹੈ
ਜਿਨ੍ ਘਰਿ ਵਸਿਆ ਕੰਤੁ ॥

نانک تِنا بسنّتُ ہےَ
جِنّہ گھرِ وسِیا کنّتُ ॥

ਜਿਨ ਕੇ ਕੰਤ ਦਿਸਾਪੁਰੀ
ਸੇ ਅਹਿਨਿਸਿ ਫਿਰਹਿ ਜਲੰਤ ॥੨॥

جِن کے کنّت دِساپُری
سے اہِنِس پھِرہِ جلنّت ॥2॥

ਪਉੜੀ ॥

پئُڑی ॥

ਆਪੇ ਬਖਸੇ ਦਇਆ ਕਰਿ
ਗੁਰ ਸਤਿਗੁਰ ਬਚਨੀ ॥

آپے بخشے دئیا کرِ
گُر ستِگُر بچنی ॥

ਅਨਦਿਨੁ ਸੇਵੀ ਗੁਣ ਰਵਾ
ਮਨੁ ਸਚੈ ਰਚਨੀ ॥

اندِنُ سیوی گُنٹ روا
منُ سچےَ رچنی ॥

ਪ੍ਰਭੁ ਮੇਰਾ ਬੇਅੰਤੁ ਹੈ ਅੰਤੁ ਕਿਨੈ ਨ ਲਖਨੀ ॥	پربھُ میرا بیئنتُ ہے انتُ کِنے ن لکھنی ॥
ਸਤਿਗੁਰ ਚਰਣੀ ਲਗਿਆ ਹਰਿ ਨਾਮੁ ਨਿਤ ਜਪਨੀ ॥	ستِگُر چرنٹی لگِیا ہرِ نامُ نِت جپنی ॥
ਜੋ ਇਛੈ ਸੋ ਫਲੁ ਪਾਇਸੀ ਸਭਿ ਘਰੈ ਵਿਚਿ ਜਚਨੀ ॥੧੮॥	جو اِچھے سو پھلُ پائسی سبھِ گھرے وِچِ جچنی ॥ 18 ॥
ਸਲੋਕ ਮਃ ੧ ॥	سلوک م: 1 ॥
ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ ॥	پہِل بسنّتے آگمنِ پہِلا مئُلِئو سوءِ ॥
ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ ॥੧॥	جِتُ مئُلِے سبھ مئُلیے تِسہِ ن مئُلِہُ کوءِ ॥1॥
ਮਃ ੨ ॥	م: 2 ॥
ਪਹਿਲ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ ॥	پہِل بسنّتے آگمنِ تِس کا کرہُ بیچارُ ॥
ਨਾਨਕ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ ॥੨॥	نانک سو سالاحیے جِ سبھسے دے آدھارُ ॥2॥
ਮਃ ੨ ॥	م: 2 ॥
ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ ॥	مِلے مِلیا نا مِلے مِلے مِلیا جے ہوءِ ॥
ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ॥੩॥	انتر آتمے جو مِلے مِلیا کہیے سوءِ ॥3॥
ਪਉੜੀ ॥	پئُڑی ॥
ਹਰਿ ਹਰਿ ਨਾਮੁ ਸਲਾਹੀਐ ਸਚੁ ਕਾਰ ਕਮਾਵੈ ॥	ہرِ ہرِ نامُ سلاحیے سچُ کار کماوے ॥
ਦੂਜੀ ਕਾਰੈ ਲਗਿਆ	دوُجی کارے لگِیا

ਫਿਰਿ ਜੋਨੀ ਪਾਵੈ ॥

پھِرِ جونی پاوےَ ॥

ਨਾਮਿ ਰਤਿਆ ਨਾਮੁ ਪਾਈਐ
ਨਾਮੇ ਗੁਣ ਗਾਵੈ ॥

نامِ رتیا نامُ پائیئےَ
نامے گُنؤ گاوےَ ॥

ਗੁਰ ਕੈ ਸਬਦਿ ਸਲਾਹੀਐ
ਹਰਿ ਨਾਮਿ ਸਮਾਵੈ ॥

گُر کےَ سبدِ سلاحیئےَ
ہرِ نامِ سماوےَ ॥

ਸਤਿਗੁਰ ਸੇਵਾ ਸਫਲ ਹੈ
ਸੇਵਿਐ ਫਲ ਪਾਵੈ ॥੧੯॥

ستِگُر سیوا سپھل ہےَ
سیوِئے پھل پاوےَ ॥ 19 ॥

ਸਲੋਕ ਮਃ ੨ ॥

سلوک م: 2 ॥

ਕਿਸ ਹੀ ਕੋਈ ਕੋਇ
ਮੰਞੁ ਨਿਮਾਣੀ ਇਕੁ ਤੂ ॥

کِس ہی کوئی کوءِ
منجُ نِمانؤں اِکُ توُ ॥

ਕਿਉ ਨ ਮਰੀਜੈ ਰੋਇ
ਜਾ ਲਗੁ ਚਿਤਿ ਨ ਆਵਹੀ ॥੧॥

کِءُ ن مریجےَ روءِ
جا لگُ چِتِ ن آوہی ॥1॥

ਮਃ ੨ ॥

م: 2 ॥

ਜਾਂ ਸੁਖੁ ਤਾ ਸਹੁ ਰਾਵਿਓ
ਦੁਖਿ ਭੀ ਸੰਮ੍ਾਲਿਓਇ ॥

جاں سُکھُ تا سہُ راوِئو
دُکھِ بھی سنّہالِئوءِ ॥

ਨਾਨਕੁ ਕਹੈ ਸਿਆਣੀਏ
ਇਉ ਕੰਤ ਮਿਲਾਵਾ ਹੋਇ ॥੨॥

نانکُ کہےَ سِیانیئے
اِءُ کنّت مِلاوا ہوءِ ॥2॥

ਪਉੜੀ ॥

پؤڑی ॥

ਹਉ ਕਿਆ ਸਾਲਾਹੀ ਕਿਰਮ ਜੰਤੁ
ਵਡੀ ਤੇਰੀ ਵਡਿਆਈ ॥

ہءُ کِیا سالاہی کِرم جنّتُ
وڈی تیری وڈِیائی ॥

ਤੂ ਅਗਮ ਦਇਆਲੁ ਅਗੰਮੁ ਹੈ
ਆਪਿ ਲੈਹਿ ਮਿਲਾਈ ॥

توُ اگم دیئالُ اگنمُ ہےَ
آپِ لیَہِ مِلائی ॥

ਮੈ ਤੁਝ ਬਿਨੁ ਬੇਲੀ ਕੋ ਨਹੀ
ਤੂ ਅੰਤਿ ਸਖਾਈ ॥

مےَ تُجھ بِنُ بیلی کو نہی
توُ انّتِ سکھائی ॥

ਜੋ ਤੇਰੀ ਸਰਣਾਗਤੀ

جو تیری سرنؤگتی

ਤਿਨ ਲੈਹਿ ਛਡਾਈ ॥	تِن لیَہِ چھڈائی ॥
ਨਾਨਕ ਵੇਪਰਵਾਹੁ ਹੈ ਤਿਸੁ ਤਿਲੁ ਨ ਤਮਾਈ ॥੨੦॥੧॥	نانک ویپرواہُ ہے تِس تِلُ ن طماعیِ ॥ 20 ॥ 1 ॥
ਰਾਗੁ ਸੂਹੀ ਬਾਣੀ ਸ੍ਰੀ ਕਬੀਰ ਜੀਉ ਤਥਾ ਸਭਨਾ ਭਗਤਾ ਕੀ ॥ ਕਬੀਰ ਕੇ	راگُ سوُہی باٹی سّری کبیِر جیِءُ تتھا سبھنا بھگتا کی ॥ کبیِر کے
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਅਵਤਰਿ ਆਇ ਕਹਾ ਤੁਮ ਕੀਨਾ ॥	اوترِ آءِ کہا تُم کِینا ۔ ॥
ਰਾਮ ਕੋ ਨਾਮੁ ਨ ਕਬਹੂ ਲੀਨਾ ॥੧॥	رام کو نامُ ن کبہوُ لِینا ॥ 1 ॥
ਰਾਮ ਨ ਜਪਹੁ ਕਵਨ ਮਤਿ ਲਾਗੇ ॥	رام ن جپہُ کون متِ لاگے ۔ ॥
ਮਰਿ ਜਇਬੇ ਕਉ ਕਿਆ ਕਰਹੁ ਅਭਾਗੇ ॥੧॥ ਰਹਾਉ ॥	مرِ جئبے ک ءُ کِیا کرہُ ابھاگے ۔ ॥ 1 ॥ رہاءُ ॥
ਦੁਖ ਸੁਖ ਕਰਿ ਕੈ ਕੁਟੰਬੁ ਜੀਵਾਇਆ ॥	دُکھ سُکھ کرِ کے کُٹنّبُ جیِوائیا ॥
ਮਰਤੀ ਬਾਰ ਇਕਸਰ ਦੁਖੁ ਪਾਇਆ ॥੨॥	مرتی بار اِکسر دُکھُ پائیا ॥ 2 ॥
ਕੰਠ ਗਹਨ ਤਬ ਕਰਨ ਪੁਕਾਰਾ ॥	کنّٹھ گہن تب کرن پُکارا ॥
ਕਹਿ ਕਬੀਰ ਆਗੇ ਤੇ ਨ ਸੰਮ੍ਹਾਰਾ ॥੩॥੧॥	کہِ کبیِر آگے تے ن سنّہارا ॥ 3 ॥ 1 ॥
ਸੂਹੀ ਕਬੀਰ ਜੀ ॥	سوُہی کبیِر جی ॥
ਥਰਹਰ ਕੰਪੈ ਬਾਲਾ ਜੀਉ ॥	تھرہر کنّپے بالا جیِءُ ॥
ਨਾ ਜਾਨਉ ਕਿਆ ਕਰਸੀ ਪੀਉ ॥੧॥	نا جان ءُ کِیا کرسی پیِءُ ۔ ॥ 1 ॥
ਰੈਨਿ ਗਈ ਮਤ ਦਿਨੁ ਭੀ ਜਾਇ ॥	ریَنِ گئی مت دِنُ بھی جاءِ ॥
ਭਵਰ ਗਏ ਬਗ ਬੈਠੇ ਆਇ ॥੧॥ ਰਹਾਉ ॥	بھور گئے بگ بیٹھے آءِ ॥ 1 ॥ رہاءُ ॥
ਕਾਚੈ ਕਰਵੈ ਰਹੈ ਨ ਪਾਨੀ ॥	کاچے کروے رہے ن پانی ॥
ਹੰਸੁ ਚਲਿਆ ਕਾਇਆ ਕੁਮਲਾਨੀ ॥੨॥	ہنّس چلیا کائیا کُملانی ॥ 2 ॥
ਕੁਆਰ ਕੰਨਿਆ ਜੈਸੇ ਕਰਤ ਸੀਗਾਰਾ ॥	کُیار کنّیا جیسے کرت سیِگارا ॥

ਕਿਉ ਰਲੀਆ ਮਾਨੈ ਬਾਝੁ ਭਤਾਰਾ ॥੩॥	کِءُ رلِیا مانے باجھُ بھتارا ॥3॥
ਕਾਗ ਉਡਾਵਤ ਭੁਜਾ ਪਿਰਾਨੀ ॥	کاگ اُڈاوت بھُجا پِرانی ॥
ਕਹਿ ਕਬੀਰ ਇਹ ਕਥਾ ਸਿਰਾਨੀ ॥੪॥੨॥	کہِ کبیِر اِہ کتھا سِرانی ॥4॥2॥
ਸੂਹੀ ਕਬੀਰ ਜੀਉ ॥	سوُہی کبیِر جیِءُ ॥
ਅਮਲੁ ਸਿਰਾਨੋ ਲੇਖਾ ਦੇਨਾ ॥	عملُ سِرانو لیکھا دینا ॥
ਆਏ ਕਠਿਨ ਦੂਤ ਜਮ ਲੇਨਾ ॥	آئے کٹھِن دوُت جم لینا ॥
ਕਿਆ ਤੈ ਖਟਿਆ ਕਹਾ ਗਵਾਇਆ ॥	کِیا تےَ کھٹِیا کہا گوائِیا ۔ ॥
ਚਲਹੁ ਸਿਤਾਬ ਦੀਬਾਨਿ ਬੁਲਾਇਆ ॥੧॥	چلہُ سِتاب دیِبانِ بُلائِیا ॥1॥
ਚਲੁ ਦਰਹਾਲੁ ਦੀਵਾਨਿ ਬੁਲਾਇਆ ॥	چلُ درحالُ دیِوانِ بُلائِیا ॥
ਹਰਿ ਫੁਰਮਾਨੁ ਦਰਗਹ ਕਾ ਆਇਆ ॥੧॥ ਰਹਾਉ ॥	ہرِ فُرمانُ درگہ کا آئِیا ॥1॥ رہاءُ ॥
ਕਰਉ ਅਰਦਾਸਿ ਗਾਵ ਕਿਛੁ ਬਾਕੀ ॥	کرءُ عرداسِ گاو کِچھُ باکی ॥
ਲੇਉ ਨਿਬੇਰਿ ਆਜੁ ਕੀ ਰਾਤੀ ॥	لیءُ نِبیرِ آجُ کی راتی ॥
ਕਿਛੁ ਭੀ ਖਰਚੁ ਤੁਮ੍ਹਾਰਾ ਸਾਰਉ ॥	کِچھُ بھی کھرچُ تُمہارا سارءُ ॥
ਸੁਬਹ ਨਿਵਾਜ ਸਰਾਇ ਗੁਜਾਰਉ ॥੨॥	صُبح نِواز سراءِ گُزارءُ ॥2॥
ਸਾਧਸੰਗਿ ਜਾ ਕਉ ਹਰਿ ਰੰਗੁ ਲਾਗਾ ॥	سادھسنگِ جا کءُ ہرِ رنگُ لاگا ॥
ਧਨੁ ਧਨੁ ਸੋ ਜਨੁ ਪੁਰਖੁ ਸੁਭਾਗਾ ॥	دھنُ دھنُ سو جنُ پُرکھُ سُبھاگا ॥
ਈਤ ਊਤ ਜਨ ਸਦਾ ਸੁਹੇਲੇ ॥	ایِت اوُت جن سدا سُہیلے ॥
ਜਨਮੁ ਪਦਾਰਥੁ ਜੀਤਿ ਅਮੋਲੇ ॥੩॥	جنمُ پدارتھُ جیِتِ امولے ॥3॥
ਜਾਗਤੁ ਸੋਇਆ ਜਨਮੁ ਗਵਾਇਆ ॥	جاگتُ سوِئیا جنمُ گوائِیا ॥
ਮਾਲੁ ਧਨੁ ਜੋਰਿਆ ਭਇਆ ਪਰਾਇਆ ॥	مالُ دھنُ جورِیا بھئِیا پرائِیا ॥
ਕਹੁ ਕਬੀਰ ਤੇਈ ਨਰ ਭੂਲੇ ॥	کہُ کبیِر تیئی نر بھوُلے ॥
ਖਸਮੁ ਬਿਸਾਰਿ ਮਾਟੀ ਸੰਗਿ ਰੂਲੇ ॥੪॥੩॥	خصمُ بِسارِ ماٹی سنگِ روُلے ॥4॥3॥

ਸੂਹੀ ਕਬੀਰ ਜੀਉ ਲਲਿਤ ॥	سوُہی کبیِر جیِءُ للِت ॥
ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ ॥	تھاکے نیَن سّرون سُنِ تھاکے تھاکی سُنَدرِ کائِیا ॥
ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ ॥੧॥	جرا ہاک دی سبھ متِ تھاکی ایک ن تھاکسِ مائِیا ॥1॥
ਬਾਵਰੇ ਤੈ ਗਿਆਨ ਬੀਚਾਰੁ ਨ ਪਾਇਆ ॥	باورے تےَ گیان بیچارُ ن پائِیا ॥
ਬਿਰਥਾ ਜਨਮੁ ਗਵਾਇਆ ॥੧॥ ਰਹਾਉ ॥	بِرتھا جنمُ گوائِیا ॥1॥ رہاءُ ॥
ਤਬ ਲਗੁ ਪ੍ਰਾਨੀ ਤਿਸੈ ਸਰੇਵਹੁ ਜਬ ਲਗੁ ਘਟ ਮਹਿ ਸਾਸਾ ॥	تب لگُ پّرانی تِسےَ سریوہُ جب لگُ گھٹ مہِ ساسا ॥
ਜੇ ਘਟੁ ਜਾਇ ਤ ਭਾਉ ਨ ਜਾਸੀ ਹਰਿ ਕੇ ਚਰਨ ਨਿਵਾਸਾ ॥੨॥	جے گھٹُ جاءِ ت بھاءُ ن جاسی ہرِ کے چرن نِواسا ॥2॥
ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ ॥	جِس کءُ سبدُ بساوےَ انتّرِ چوُکےَ تِسہِ پیاسا ॥
ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ ॥੩॥	ہُکمے بوُجھےَ چپُڑِ کھیلےَ منُ جِتِ ڈھالے پاسا ॥3॥
ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨ ਕਾ ਕਛੂ ਨ ਨਾਸਾ ॥	جو جن جانِ بھجہِ ابِگت کءُ تِن کا کچھوُ ن ناسا ॥
ਕਹੁ ਕਬੀਰ ਤੇ ਜਨ ਕਬਹੁ ਨ ਹਾਰਹਿ ਢਾਲਿ ਜੁ ਜਾਨਹਿ ਪਾਸਾ ॥੪॥੪॥	کہُ کبیِر تے جن کبہُ ن ہارہِ ڈھالِ جُ جانہِ پاسا ॥4॥4॥
ਸੂਹੀ ਲਲਿਤ ਕਬੀਰ ਜੀਉ ॥	سوُہی للِت کبیِر جیِءُ ॥
ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ ॥	ایکُ کوٹُ پنّچ سِکدارا پنّچے ماگہِ ہالا ॥
ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ ॥੧॥	زِمی ناہی مےَ کِسی کی بوئی ایَسا دینُ دُکھالا ॥1॥
ਹਰਿ ਕੇ ਲੋਗਾ	ہرِ کے لوگا

ਮੋ ਕਉ ਨੀਤਿ ਡਸੈ ਪਟਵਾਰੀ ॥

ھو ک ءُ نِیتِ ڈسے پٹواری ॥

ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ
ਤਿਨਿ ਹਉ ਲੀਆ ਉਬਾਰੀ ॥੧॥ ਰਹਾਉ ॥

اوُپر بھُجا کرِ مے گُر پہِ پُکارِیا
تِنِ ہءُ لِیِیا اُباری ॥1॥ رہاءُ ॥

ਨਉ ਡਾਡੀ ਦਸ ਮੁੰਸਫ ਧਾਵਹਿ
ਰਈਅਤਿ ਬਸਨ ਨ ਦੇਹੀ ॥

ن ءُ ڈاڈی دس مُنّصف دھاوہِ
رعِیئتِ بسن ن دیہی ॥

ਡੋਰੀ ਪੂਰੀ ਮਾਪਹਿ ਨਾਹੀ
ਬਹੁ ਬਿਸਟਾਲਾ ਲੇਹੀ ॥੨॥

ڈوری پوُری ماپہِ ناہی
بہُ بِسٹالا لیہی ॥2॥

ਬਹਤਰਿ ਘਰ ਇਕੁ ਪੁਰਖੁ ਸਮਾਇਆ
ਉਨਿ ਦੀਆ ਨਾਮੁ ਲਿਖਾਈ ॥

بہترِ گھر اِکُ پُرکھُ سمائِیا
اُنِ دیِیا نامُ لِکھائی ॥

ਧਰਮ ਰਾਇ ਕਾ ਦਫਤਰੁ ਸੋਧਿਆ
ਬਾਕੀ ਰਿਜਮ ਨ ਕਾਈ ॥੩॥

دھرم راءِ کا دفترُ سودھِیا
باکی رِزم ن کائی ॥3॥

ਸੰਤਾ ਕਉ ਮਤਿ ਕੋਈ ਨਿੰਦਹੁ
ਸੰਤ ਰਾਮੁ ਹੈ ਏਕੋ ॥

سنّتا ک ءُ متِ کوئی نِنّدہُ
سنّت رامُ ہے ایکو ॥

ਕਹੁ ਕਬੀਰ ਮੈ ਸੋ ਗੁਰੁ ਪਾਇਆ
ਜਾ ਕਾ ਨਾਉ ਬਿਬੇਕੋ ॥੪॥੫॥

کہُ کبیِر مے سو گُرُ پائِیا
جا کا ناءُ بِبیکو ॥4॥5॥

ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ

راگُ سوُہی بانٹی سّری روِداس جیِءُ کی

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਸਹ ਕੀ ਸਾਰ ਸੁਹਾਗਨਿ ਜਾਨੈ ॥

سہ کی سار سُہاگنِ جانے ॥

ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥

تجِ ابھِمانُ سُکھ رلِیا مانے ॥

ਤਨੁ ਮਨੁ ਦੇਇ ਨ ਅੰਤਰੁ ਰਾਖੈ ॥

تنُ منُ دے ءِ ن انّترُ راکھے ॥

ਅਵਰਾ ਦੇਖਿ ਨ ਸੁਨੈ ਅਭਾਖੈ ॥੧॥

اورا دیکھِ ن سُنے ابھاکھے ॥1॥

ਸੋ ਕਤ ਜਾਨੈ ਪੀਰ ਪਰਾਈ ॥

سو کت جانے پیِر پرائی ॥

ਜਾ ਕੈ ਅੰਤਰਿ ਦਰਦੁ ਨ ਪਾਈ ॥੧॥ ਰਹਾਉ ॥

جا کے انّترِ دردُ ن پائی ॥1॥ رہاءُ ॥

ਦੁਖੀ ਦੁਹਾਗਨਿ ਦੁਇ ਪਖ ਹੀਨੀ ॥

دُکھی دُہاگنِ دُءِ پکھ ہِینی ॥

ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ ॥	جِنِ ناہ نِرنترِ بھگتِ ن کِینی ॥
ਪੁਰ ਸਲਾਤ ਕਾ ਪੰਥੁ ਦੁਹੇਲਾ ॥	پُر صلات کا پنتھُ دُہیلا ॥
ਸੰਗਿ ਨ ਸਾਥੀ ਗਵਨੁ ਇਕੇਲਾ ॥੨॥	سنگِ ن ساتھی گونُ اِکیلا ॥2॥
ਦੁਖੀਆ ਦਰਦਵੰਦੁ ਦਰਿ ਆਇਆ ॥	دُکھیا دردوندُ درِ آئیا ॥
ਬਹੁਤੁ ਪਿਆਸ ਜਬਾਬੁ ਨ ਪਾਇਆ ॥	بہُتُ پِیاس جبابُ ن پائِیا ॥
ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥	کہِ روِداس سرنِ پربھ تیری ॥
ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ॥੩॥੧॥	جِءُ جانہُ تِءُ کرُ گتِ میری ॥3॥1॥
ਸੂਹੀ ॥	سوُہی ॥
ਜੋ ਦਿਨ ਆਵਹਿ ਸੋ ਦਿਨ ਜਾਹੀ ॥	جو دِن آوہِ سو دِن جاہی ॥
ਕਰਨਾ ਕੂਚੁ ਰਹਨੁ ਥਿਰੁ ਨਾਹੀ ॥	کرنا کوُچُ رہنُ تھِرُ ناہی ॥
ਸੰਗੁ ਚਲਤ ਹੈ ਹਮ ਭੀ ਚਲਨਾ ॥	سنگُ چلت ہے ہم بھی چلنا ॥
ਦੂਰਿ ਗਵਨੁ ਸਿਰ ਊਪਰਿ ਮਰਨਾ ॥੧॥	دوُرِ گونُ سِر اوُپرِ مرنا ॥1॥
ਕਿਆ ਤੂ ਸੋਇਆ ਜਾਗੁ ਇਆਨਾ ॥	کِیا توُ سوئِیا جاگُ اِیانا ۔ ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥੧॥ ਰਹਾਉ ॥	تے جیِونُ جگِ سچُ کرِ جانا ॥1॥ رہاءُ ॥
ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥	جِنِ جیِءُ دیِیا سُ رِزقُ انبراوے ॥
ਸਭ ਘਟ ਭੀਤਰਿ ਹਾਟੁ ਚਲਾਵੈ ॥	سبھ گھٹ بھیِترِ ہاٹُ چلاوے ॥
ਕਰਿ ਬੰਦਿਗੀ ਛਾਡਿ ਮੈ ਮੇਰਾ ॥	کرِ بندِگی چھاڈِ مے میرا ॥
ਹਿਰਦੈ ਨਾਮੁ ਸਮ੍ਹਾਰਿ ਸਵੇਰਾ ॥੨॥	ہِردے نامُ سمہّارِ سویرا ॥2॥
ਜਨਮੁ ਸਿਰਾਨੋ ਪੰਥੁ ਨ ਸਵਾਰਾ ॥	جنمُ سِرانو پنتھُ ن سوارا ॥
ਸਾਂਝ ਪਰੀ ਦਹ ਦਿਸ ਅੰਧਿਆਰਾ ॥	سانجھ پری دہ دِس اندھِیارا ॥
ਕਹਿ ਰਵਿਦਾਸ ਨਿਦਾਨਿ ਦਿਵਾਨੇ ॥	کہِ روِداس نِدانِ دِوانے ۔ ॥
ਚੇਤਸਿ ਨਾਹੀ ਦੁਨੀਆ ਫਨ ਖਾਨੇ ॥੩॥੨॥	چیتسِ ناہی دُنِیا پھن کھانے ॥3॥2॥

ਸੂਹੀ ॥	سوُہی ॥
ਊਚੇ ਮੰਦਰ ਸਾਲ ਰਸੋਈ ॥	اوُچے مندر سال رسوئی ॥
ਏਕ ਘਰੀ ਫੁਨਿ ਰਹਨੁ ਨ ਹੋਈ ॥੧॥	ایک گھری پھُنِ رہنُ ن ہوئی ॥1॥
ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ ॥	اِہُ تنُ ایَسا جیَسے گھاس کی ٹاٹی ॥
ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥੧॥ ਰਹਾਉ ॥	جلِ گئِنّو گھاسُ رلِ گئِنّو ماٹی ॥1॥ رہاءُ ॥
ਭਾਈ ਬੰਧ ਕੁਟੰਬ ਸਹੇਰਾ ॥	بھائی بندھ کُٹنّب سہیرا ॥
ਓਇ ਭੀ ਲਾਗੇ ਕਾਢੁ ਸਵੇਰਾ ॥੨॥	اوءِ بھی لاگے کاڈھُ سویرا ॥2॥
ਘਰ ਕੀ ਨਾਰਿ ਉਰਹਿ ਤਨ ਲਾਗੀ ॥	گھر کی نارِ اُرہِ تن لاگی ॥
ਉਹ ਤਉ ਭੂਤੁ ਭੂਤੁ ਕਰਿ ਭਾਗੀ ॥੩॥	اُہ تءُ بھوُتُ بھوُتُ کرِ بھاگی ॥3॥
ਕਹਿ ਰਵਿਦਾਸ ਸਭੈ ਜਗੁ ਲੂਟਿਆ ॥	کہِ روِداس سبھےَ جگُ لوُٹیا ॥
ਹਮ ਤਉ ਏਕ ਰਾਮੁ ਕਹਿ ਛੂਟਿਆ ॥੪॥੩॥	ہم تءُ ایک رامُ کہِ چھوُٹیا ॥4॥3॥
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ ॥	راگُ سوُہی باٹی سیکھ پھرِید جی کی ॥
ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥	تپِ تپِ لُہِ لُہِ ہاتھ مروِرءُ ॥
ਬਾਵਲਿ ਹੋਈ ਸੋ ਸਹੁ ਲੋਰਉ ॥	باولِ ہوئی سو سہُ لورءُ ॥
ਤੈ ਸਹਿ ਮਨ ਮਹਿ ਕੀਆ ਰੋਸੁ ॥	تےَ سہِ من مہِ کیِیا روسُ ॥
ਮੁਝੁ ਅਵਗਨ ਸਹ ਨਾਹੀ ਦੋਸੁ ॥੧॥	مُجھُ اوگن سہ ناہی دوسُ ॥1॥
ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥	تےَ صاہِب کی مےَ سار ن جانی ॥
ਜੋਬਨੁ ਖੋਇ ਪਾਛੈ ਪਛੁਤਾਨੀ ॥੧॥ ਰਹਾਉ ॥	جوبنُ کھوءِ پاچھےَ پچھُتانی ॥1॥ رہاءُ ॥
ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥	کالی کوئِل توُ کِت گُن کالی ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥	اپنے پرّیتم کے ہءُ برِہےَ جالی ॥
ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥	پرِہِ بِہوُن کتہِ سُکھُ پائے ॥

ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥੨॥	جا ہوءِ کرِپالُ تا پربھُو مِلائے ॥2॥
ਵਿਧਣ ਖੂਹੀ ਮੁੰਧ ਇਕੇਲੀ ॥	وِدھنْ کھوُہی مُندھ اِکیلی ॥
ਨਾ ਕੋ ਸਾਥੀ ਨਾ ਕੋ ਬੇਲੀ ॥	نا کو ساتھی نا کو بیلی ॥
ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ ॥	کرِ کِرپا پربھِ سادھسنگِ میلی ॥
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥੩॥	جا پھِرِ دیکھا تا میرا الہُ بیلی ॥3॥
ਵਾਟ ਹਮਾਰੀ ਖਰੀ ਉਡੀਣੀ ॥	واٹ ہماری کھری اُڈیِنْی ॥
ਖੰਨਿਅਹੁ ਤਿਖੀ ਬਹੁਤੁ ਪਿਈਣੀ ॥	کھنّنِہُ تِکھی بہُتُ پِئیِنْی ॥
ਉਸੁ ਊਪਰਿ ਹੈ ਮਾਰਗੁ ਮੇਰਾ ॥	اُس اوُپرِ ہے مارگُ میرا ॥
ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥੪॥੧॥	سیکھ پھریِدا پنّتھُ سمہّارِ سویرا ॥4॥1॥
ਸੂਹੀ ਲਲਿਤ ॥	سوُہی للِت ॥
ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥	بیڑا بندھِ ن سکِئو بندھن کی ویلا ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥੧॥	بھرِ سرورُ جب اوُچھلے تب ترنُ دُہیلا ॥1॥
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥੧॥ ਰਹਾਉ ॥	ہتھُ ن لاءِ کسُنّبھڑے جلِ جاسی ڈھولا ॥1॥ رہاءُ ॥
ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ ॥	اِک آپیِنّہے پتلی سہ کیرے بولا ॥
ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ॥੨॥	دُدھا تھنْی ن آوئی پھِرِ ہوءِ ن میلا ॥2॥
ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥	کہے پھریِدُ سہیلیہو سہُ الائیسی ॥
ਹੰਸੁ ਚਲਸੀ ਡੂੰਮਣਾ ਅਹਿ ਤਨੁ ਢੇਰੀ ਥੀਸੀ ॥੩॥੨॥	ہنّسُ چلسی ڈُنّمنْا اہِ تنُ ڈھیری تھیِسی ॥3॥2॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	ੴ ستِنامُ کرتا پُرکھُ نِربھءُ نِرویرُ اکال مُورتِ اجُونی سیَبھنَ گُرپرّسادِ ॥
ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥	راگُ بِلاولُ محلا 1 چئُپدے گھرُ 1 ॥
ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥	توُ سُلطانُ کہا ہءُ میِیا تیری کون وڈائی ۔ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥	جو توُ دیہِ سُ کہا سُیامی مے مُورکھ کہنُ ن جائی ॥1॥
ਤੇਰੇ ਗੁਣ ਗਾਵਾ ਦੇਹਿ ਬੁਝਾਈ ॥	تیرے گُنؤ گاوا دیہِ بُجھائی ॥
ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥	جیَسے سچ مہِ رہءُ رضائی ॥1॥ رہاءُ ॥
ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥	جو کِچھُ ہویا سبھُ کِچھُ تُجھ تے تیری سبھ اسنائی ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥	تیرا انتُ ن جاٹا میرے صاحِب مے اندھُلے کِیا چترائی ۔ ॥2॥
ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥	کِیا ہءُ کتھی کتھے کتھِ دیکھا مے اکتھُ ن کتھنا جائی ॥
ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥	جو تُدھُ بھاوے سوئی آکھا تِلُ تیری وڈِیائی ॥3॥
ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥	ایتے کوُکر ہءُ بیگانا بھئکا اِسُ تن تائی ॥
ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥	بھگتِ ہیِنُ نانکُ جے ہوئِگا تا خصمے ناءُ ن جائی ॥4॥1॥
ਬਿਲਾਵਲੁ ਮਹਲਾ ੧ ॥	بِلاولُ محلا 1 ॥
ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥	منُ منَدرُ تنُ ویس کلنَدرُ گھٹ ہی تیِرتھِ ناوا ॥
ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ	ایکُ سبدُ میرے پّرانِ بسُت ہے

ਬਾਹੁੜਿ ਜਨਮਿ ਨ ਆਵਾ ॥੧॥	بابُہڑِ جنمِ ن آوا ॥1॥
ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥	منُ بیدھیا دئیال سیتی میری مائی ۔ ॥
ਕਉਣੁ ਜਾਣੈ ਪੀਰ ਪਰਾਈ ॥	کئُنُ جانے پیِر پرائی ॥
ਹਮ ਨਾਹੀ ਚਿੰਤ ਪਰਾਈ ॥੧॥ ਰਹਾਉ ॥	ہم ناہی چِنّت پرائی ॥1॥ رہاءُ ॥
ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ ॥	اگم اگوچر الکھ اپارا چِنّتا کرہُ ہماری ॥
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮ੍ਾਰੀ ॥੨॥	جلِ تھلِ مہیئلِ بھرپُرِ لیِنّا گھٹِ گھٹِ جوتِ تُمہّاری ॥2॥
ਸਿਖ ਮਤਿ ਸਭ ਬੁਧਿ ਤੁਮ੍ਾਰੀ ਮੰਦਿਰ ਛਾਵਾ ਤੇਰੇ ॥	سِکھ متِ سبھ بُدھِ تُمہّاری مندِر چھاوا تیرے ॥
ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ ॥੩॥	تُجھ بِنُ اورُ ن جانا میرے صاحِبا گُنؔ گاوا نِت تیرے ॥3॥
ਜੀਅ ਜੰਤ ਸਭਿ ਸਰਣਿ ਤੁਮ੍ਾਰੀ ਸਰਬ ਚਿੰਤ ਤੁਧੁ ਪਾਸੇ ॥	جیء جنّت سبھِ سرنِؔ تُمہّاری سرب چِنّت تُدھُ پاسے ॥
ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥੪॥੨॥	جو تُدھُ بھاوے سوئی چنگا اِک نانک کی عرداسے ॥4॥2॥
ਬਿਲਾਵਲੁ ਮਹਲਾ ੧ ॥	بِلاولُ محلا 1 ॥
ਆਪੇ ਸਬਦੁ ਆਪੇ ਨੀਸਾਨੁ ॥	آپے سبدُ آپے نِیشانُ ॥
ਆਪੇ ਸੁਰਤਾ ਆਪੇ ਜਾਨੁ ॥	آپے سُرتا آپے جانُ ॥
ਆਪੇ ਕਰਿ ਕਰਿ ਵੇਖੈ ਤਾਣੁ ॥	آپے کرِ کرِ ویکھے تانُ ॥
ਤੂ ਦਾਤਾ ਨਾਮੁ ਪਰਵਾਣੁ ॥੧॥	توُ داتا نامُ پروانُ ॥1॥
ਐਸਾ ਨਾਮੁ ਨਿਰੰਜਨ ਦੇਉ ॥	ایَسا نامُ نِرنّجن دیءُ ॥
ਹਉ ਜਾਚਿਕੁ ਤੂ ਅਲਖ ਅਭੇਉ ॥੧॥ ਰਹਾਉ ॥	ہءُ جاچِکُ توُ الکھ ابھیءُ ॥1॥ رہاءُ ॥
ਮਾਇਆ ਮੋਹੁ ਧਰਕਟੀ ਨਾਰਿ ॥	مائیا موہُ دھرکٹی نارِ ॥

ਭੂੰਡੀ ਕਾਮਣਿ ਕਾਮਣਿਆਰਿ ॥	بھونڈی کامنِ کامنِیارِ ॥
ਰਾਜੁ ਰੂਪੁ ਝੂਠਾ ਦਿਨ ਚਾਰਿ ॥	راجُ روُپُ جھوُٹھا دِن چارِ ॥
ਨਾਮੁ ਮਿਲੈ ਚਾਨਣੁ ਅੰਧਿਆਰਿ ॥੨॥	نامُ مِلےَ چانڻُ انّدھِیارِ ॥2॥
ਚਖਿ ਛੋਡੀ ਸਹਸਾ ਨਹੀ ਕੋਇ ॥	چکھِ چھوڈی سہسا نہی کوءِ ॥
ਬਾਪੁ ਦਿਸੈ ਵੇਜਾਤਿ ਨ ਹੋਇ ॥	باپُ دِسےَ ویجاتِ ن ہوءِ ॥
ਏਕੇ ਕਉ ਨਾਹੀ ਭਉ ਕੋਇ ॥	ایکے ک ءُ ناہی بھ ءُ کوءِ ॥
ਕਰਤਾ ਕਰੇ ਕਰਾਵੈ ਸੋਇ ॥੩॥	کرتا کرے کراوے سوءِ ॥3॥
ਸਬਦਿ ਮੁਏ ਮਨੁ ਮਨ ਤੇ ਮਾਰਿਆ ॥	سبدِ مُےَ منُ من تے مارِیا ॥
ਠਾਕਿ ਰਹੇ ਮਨੁ ਸਾਚੈ ਧਾਰਿਆ ॥	ٹھاکِ رہے منُ ساچےَ دھارِیا ॥
ਅਵਰੁ ਨ ਸੂਝੈ ਗੁਰ ਕਉ ਵਾਰਿਆ ॥	اورُ ن سوُجھےَ گُر ک ءُ وارِیا ॥
ਨਾਨਕ ਨਾਮਿ ਰਤੇ ਨਿਸਤਾਰਿਆ ॥੪॥੩॥	نانک نامِ رتے نِستارِیا ॥4॥3॥
ਬਿਲਾਵਲੁ ਮਹਲਾ ੧ ॥	بِلاولُ محلا 1 ॥
ਗੁਰ ਬਚਨੀ ਮਨੁ ਸਹਜ ਧਿਆਨੇ ॥	گُر بچنی منُ سہج دھِیانے ॥
ਹਰਿ ਕੈ ਰੰਗਿ ਰਤਾ ਮਨੁ ਮਾਨੇ ॥	ہرِ کےَ رنگِ رتا منُ مانے ॥
ਮਨਮੁਖ ਭਰਮਿ ਭੁਲੇ ਬਉਰਾਨੇ ॥	منمُکھ بھرمِ بھُلے بئُرانے ॥
ਹਰਿ ਬਿਨੁ ਕਿਉ ਰਹੀਐ ਗੁਰ ਸਬਦਿ ਪਛਾਨੇ ॥੧॥	ہرِ بِنُ کِ ءُ رہیئےَ گُر سبدِ پچھانے ॥1॥
ਬਿਨੁ ਦਰਸਨ ਕੈਸੇ ਜੀਵਉ ਮੇਰੀ ਮਾਈ ॥	بِنُ درسن کیَسے جیوءُ میری مائی ۔ ॥
ਹਰਿ ਬਿਨੁ ਜੀਅਰਾ ਰਹਿ ਨ ਸਕੈ ਖਿਨੁ ਸਤਿਗੁਰਿ ਬੂਝ ਬੁਝਾਈ ॥੧॥ ਰਹਾਉ ॥	ہرِ بِنُ جیئرا رہِ ن سکےَ کھِنُ ستِگُرِ بوُجھ بُجھائی ॥1॥ رہاءُ ॥
ਮੇਰਾ ਪ੍ਰਭੁ ਬਿਸਰੈ ਹਉ ਮਰਉ ਦੁਖਾਲੀ ॥	میرا پربھُ بِسرےَ ہءُ مرءُ دُکھالی ॥

ਸਾਸਿ ਗਿਰਾਸਿ ਜਪਉ ਅਪੁਨੇ ਹਰਿ ਭਾਲੀ ॥	ساسِ گِراسِ جپ ءُ اپُنے ہرِ بھالی ॥
ਸਦ ਬੈਰਾਗਨਿ ਹਰਿ ਨਾਮੁ ਨਿਹਾਲੀ ॥	سد بیَراگنِ ہرِ نامُ نِہالی ॥
ਅਬ ਜਾਨੇ ਗੁਰਮੁਖਿ ਹਰਿ ਨਾਲੀ ॥੨॥	اب جانے گُرمُکھِ ہرِ نالی ॥2॥
ਅਕਥ ਕਥਾ ਕਹੀਐ ਗੁਰ ਭਾਇ ॥	اکتھ کتھا کہیئے گُر بھاءِ ॥
ਪ੍ਰਭੁ ਅਗਮ ਅਗੋਚਰੁ ਦੇਇ ਦਿਖਾਇ ॥	پربھُ اگم اگوچرُ دےءِ دِکھاءِ ॥
ਬਿਨੁ ਗੁਰ ਕਰਣੀ ਕਿਆ ਕਾਰ ਕਮਾਇ ॥	بِنُ گُر کرنی کِیا کار کماءِ ۔ ॥
ਹਉਮੈ ਮੇਟਿ ਚਲੈ ਗੁਰ ਸਬਦਿ ਸਮਾਇ ॥੩॥	ہئُمےَ میٹِ چلےَ گُر سبدِ سماءِ ॥3॥
ਮਨਮੁਖੁ ਵਿਛੁੜੈ ਖੋਟੀ ਰਾਸਿ ॥	منمُکھُ وِچھُڑے کھوٹی راسِ ॥
ਗੁਰਮੁਖਿ ਨਾਮਿ ਮਿਲੈ ਸਾਬਾਸਿ ॥	گُرمُکھِ نامِ مِلےَ ساباسِ ॥
ਹਰਿ ਕਿਰਪਾ ਧਾਰੀ ਦਾਸਨਿ ਦਾਸ ॥	ہرِ کِرپا دھاری داسنِ داس ॥
ਜਨ ਨਾਨਕ ਹਰਿ ਨਾਮ ਧਨੁ ਰਾਸਿ ॥੪॥੪॥	جن نانک ہرِ نام دھنُ راسِ ॥4॥4॥
ਬਿਲਾਵਲੁ ਮਹਲਾ ੩ ਘਰੁ ੧	بِلاولُ محلا 3 گھرُ 1
੧ੴ ਸਤਿਗੁਰ ਪ੍ਰਸਾਦਿ ॥	۱ۅ ستِگُر پرسادِ ॥
ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ ॥	دھرِگُ دھرِگُ کھائیا دھرِگُ دھرِگُ سوئیا دھرِگُ دھرِگُ کاپڑُ انگِ چڑائیا ॥
ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ ॥	دھرِگُ سریرُ کُٹنّب سہِت سِءُ جِتُ ہُنڑِ خصمُ ن پائیا ॥
ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ ॥੧॥	پئڑی چھُڑکی پھِرِ ہاتھِ ن آوے اہِلا جنمُ گوائیا ॥1॥
ਦੂਜਾ ਭਾਉ ਨ ਦੇਈ ਲਿਵ ਲਾਗਣਿ ਜਿਨਿ ਹਰਿ ਕੇ ਚਰਣ ਵਿਸਾਰੇ ॥	دوُجا بھاءُ ن دیئی لِو لاگڑِ جِنِ ہرِ کے چرنڑ وِسارے ॥
ਜਗਜੀਵਨ ਦਾਤਾ ਜਨ ਸੇਵਕ ਤੇਰੇ ਤਿਨ ਕੇ ਤੈ ਦੂਖ ਨਿਵਾਰੇ ॥੧॥ ਰਹਾਉ ॥	جگجیون داتا جن سیوک تیرے تِن کے تے دوُکھ نِوارے ॥1॥ رہاءُ ॥
ਤੂ ਦਇਆਲੁ ਦਇਆਪਤਿ ਦਾਤਾ	توُ دئیالُ دئیاپتِ داتا

ਕਿਆ ਏਹਿ ਜੰਤ ਵਿਚਾਰੇ ॥

ਮੁਕਤ ਬੰਧ ਸਭਿ ਤੁਝ ਤੇ ਹੋਏ
ਐਸਾ ਆਖਿ ਵਖਾਣੇ ॥

ਗੁਰਮੁਖਿ ਹੋਵੈ ਸੋ ਮੁਕਤੁ ਕਹੀਐ
ਮਨਮੁਖ ਬੰਧ ਵਿਚਾਰੇ ॥੨॥

ਸੋ ਜਨੁ ਮੁਕਤੁ ਜਿਸੁ ਏਕ ਲਿਵ ਲਾਗੀ
ਸਦਾ ਰਹੈ ਹਰਿ ਨਾਲੇ ॥

ਤਿਨ ਕੀ ਗਹਣ ਗਤਿ ਕਹੀ ਨ ਜਾਈ
ਸਚੈ ਆਪਿ ਸਵਾਰੇ ॥

ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ
ਨਾ ਉਰਵਾਰਿ ਨ ਪਾਰੇ ॥੩॥

ਜਿਸ ਨੋ ਨਦਰਿ ਕਰੇ ਸੋਈ ਜਨੁ ਪਾਏ
ਗੁਰ ਕਾ ਸਬਦੁ ਸਮ੍ਾਲੇ ॥

ਹਰਿ ਜਨ ਮਾਇਆ ਮਾਹਿ ਨਿਸਤਾਰੇ ॥

ਨਾਨਕ ਭਾਗੁ ਹੋਵੈ ਜਿਸੁ ਮਸਤਕਿ
ਕਾਲਹਿ ਮਾਰਿ ਬਿਦਾਰੇ ॥੪॥੧॥

ਬਿਲਾਵਲੁ ਮਹਲਾ ੩ ॥

ਅਤੁਲੁ ਕਿਉ ਤੋਲਿਆ ਜਾਇ ॥

ਦੂਜਾ ਹੋਇ ਤ ਸੋਝੀ ਪਾਇ ॥

ਤਿਸ ਤੇ ਦੂਜਾ ਨਾਹੀ ਕੋਇ ॥

ਤਿਸ ਦੀ ਕੀਮਤਿ ਕਿਕੂ ਹੋਇ ॥੨॥

ਗੁਰ ਪਰਸਾਦਿ ਵਸੈ ਮਨਿ ਆਇ ॥

ਤਾ ਕੋ ਜਾਣੈ ਦੁਬਿਧਾ ਜਾਇ ॥੧॥ ਰਹਾਉ ॥

ਆਪਿ ਸਰਾਫੁ ਕਸਵਟੀ ਲਾਏ ॥

کیا ایہِ جنّت وِچارے ۔ ॥

مُکت بندھ سبھِ تُجھ تے ہوئے
ایَسا آکھِ وکھانے ॥

گُرمُکھِ ہووے سو مُکتُ کہیئے
منمُکھ بندھ وِچارے ॥2॥

سو جنُ مُکتُ جِسُ ایک لِو لاگی
سدا رہے ہرِ نالے ॥

تِن کی گہنُ گتِ کہی ن جائی
سچے آپِ سوارے ॥

بھرمِ بھُلاٹے سِ منمُکھ کہیئہِ
نا اُروارِ ن پارے ॥3॥

جِس نو ندرِ کرے سوئی جنُ پائے
گُر کا سبدُ سمّہالے ॥

ہرِ جن مائیا ماہِ نِستارے ॥

نانک بھاگُ ہووے جِسُ مستکِ
کالہِ مارِ بِدارے ॥4॥1॥

بِلاولُ محلا 3 ॥

اتُلُ کِءُ تولیا جاءِ ۔ ॥

دوُجا ہوءِ ت سوجھی پاءِ ॥

تِس تے دوُجا ناہی کوءِ ॥

تِس دی قِیمتِ کِکوُ ہوءِ ۔ ॥2॥

گُر پرسادِ وسے منِ آءِ ॥

تا کو جانٹے دُبِدھا جاءِ ॥1॥ رہاءُ ॥

آپِ صرافُ کسوٹی لائے ॥

ਆਪੇ ਪਰਖੇ ਆਪਿ ਚਲਾਏ ॥	آپے پرکھے آپِ چلائے ॥
ਆਪੇ ਤੋਲੇ ਪੂਰਾ ਹੋਇ ॥	آپے تولے پُورا ہوءِ ॥
ਆਪੇ ਜਾਣੈ ਏਕੋ ਸੋਇ ॥੨॥	آپے جانےٗ ایکو سوءِ ॥2॥
ਮਾਇਆ ਕਾ ਰੂਪੁ ਸਭੁ ਤਿਸ ਤੇ ਹੋਇ ॥	مائیا کا روُپُ سبھُ تِس تے ہوءِ ॥
ਜਿਸ ਨੋ ਮੇਲੇ ਸੁ ਨਿਰਮਲੁ ਹੋਇ ॥	جِس نو میلے سُ نِرملُ ہوءِ ॥
ਜਿਸ ਨੋ ਲਾਏ ਲਗੈ ਤਿਸੁ ਆਇ ॥	جِس نو لائے لگےَ تِس آءِ ॥
ਸਭੁ ਸਚੁ ਦਿਖਾਲੇ ਤਾ ਸਚਿ ਸਮਾਇ ॥੩॥	سبھُ سچُ دِکھالے تا سچِ سماءِ ॥3॥
ਆਪੇ ਲਿਵ ਧਾਤੁ ਹੈ ਆਪੇ ॥	آپے لِو دھاتُ ہےَ آپے ॥
ਆਪਿ ਬੁਝਾਏ ਆਪੇ ਜਾਪੇ ॥	آپِ بُجھائے آپے جاپے ॥
ਆਪੇ ਸਤਿਗੁਰੁ ਸਬਦੁ ਹੈ ਆਪੇ ॥	آپے ستِگُرُ سبدُ ہےَ آپے ॥
ਨਾਨਕ ਆਖਿ ਸੁਣਾਏ ਆਪੇ ॥੪॥੨॥	نانک آکھِ سُنّائے آپے ॥4॥2॥
ਬਿਲਾਵਲੁ ਮਹਲਾ ੩ ॥	بِلاولُ محلا 3 ॥
ਸਾਹਿਬ ਤੇ ਸੇਵਕੁ ਸੇਵ ਸਾਹਿਬ ਤੇ ਕਿਆ ਕੋ ਕਹੈ ਬਹਾਨਾ ॥	صاحِب تے سیوکُ سیو صاحِب تے کِیا کو کہےَ بہانا ۔ ॥
ਐਸਾ ਇਕੁ ਤੇਰਾ ਖੇਲੁ ਬਨਿਆ ਹੈ ਸਭ ਮਹਿ ਏਕੁ ਸਮਾਨਾ ॥੧॥	ایَسا اِکُ تیرا کھیلُ بنِیا ہےَ سبھ مہِ ایکُ سمانا ॥1॥
ਸਤਿਗੁਰਿ ਪਰਚੈ ਹਰਿ ਨਾਮਿ ਸਮਾਨਾ ॥	ستِگُرِ پرچےَ ہرِ نامِ سمانا ॥
ਜਿਸੁ ਕਰਮੁ ਹੋਵੈ ਸੋ ਸਤਿਗੁਰੁ ਪਾਏ ਅਨਦਿਨੁ ਲਾਗੈ ਸਹਜ ਧਿਆਨਾ ॥੧॥ ਰਹਾਉ ॥	جِسُ کرمُ ہووے سو ستِگُرُ پائے اندِنُ لاگےَ سہج دھِیانا ॥1॥ رہاءُ ॥
ਕਿਆ ਕੋਈ ਤੇਰੀ ਸੇਵਾ ਕਰੇ ਕਿਆ ਕੋ ਕਰੇ ਅਭਿਮਾਨਾ ॥	کِیا کوئی تیری سیوا کرے کِیا کو کرے ابھِمانا ۔ ॥
ਜਬ ਅਪੁਨੀ ਜੋਤਿ ਖਿੰਚਹਿ ਤੂ ਸੁਆਮੀ ਤਬ ਕੋਈ ਕਰਉ ਦਿਖਾ ਵਖਿਆਨਾ ॥੨॥	جب اپنی جوتِ کھِنچّہِ توُ سُیامی تب کوئی کرءُ دِکھا وکھِیانا ॥2॥
ਆਪੇ ਗੁਰੁ ਚੇਲਾ ਹੈ ਆਪੇ	آپے گُرُ چیلا ہےَ آپے

ਆਪੇ ਗੁਣੀ ਨਿਧਾਨਾ ॥

آپے گُنی نِدھانا ॥

ਜਿਉ ਆਪਿ ਚਲਾਏ ਤਿਵੈ ਕੋਈ ਚਾਲੈ
ਜਿਉ ਹਰਿ ਭਾਵੈ ਭਗਵਾਨਾ ॥੩॥

جِءُ آپِ چلائے تِوے کوئی چالے
جِءُ ہرِ بھاوے بھگوانا ॥3॥

ਕਹਤ ਨਾਨਕੁ ਤੂ ਸਾਚਾ ਸਾਹਿਬੁ
ਕਉਣੁ ਜਾਣੈ ਤੇਰੇ ਕਾਮਾਂ ॥

کہت نانکُ تُو ساچا صاحِبُ
کُنُ جانے تیرے کاماں ۔ ॥

ਇਕਨਾ ਘਰ ਮਹਿ ਦੇ ਵਡਿਆਈ
ਇਕਿ ਭਰਮਿ ਭਵਹਿ ਅਭਿਮਾਨਾ ॥੪॥੩॥

اِکنا گھر مہِ دے وڈِیائی
اِکِ بھرمِ بھوہِ ابھِمانا ॥4॥3॥

ਬਿਲਾਵਲੁ ਮਹਲਾ ੩ ॥

بِلاولُ محلا 3 ॥

ਪੂਰਾ ਥਾਟੁ ਬਣਾਇਆ ਪੂਰੈ
ਵੇਖਹੁ ਏਕ ਸਮਾਨਾ ॥

پُورا تھاٹُ بنّائیا پُورے
ویکھہُ ایک سمانا ॥

ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ
ਮਤੁ ਕੋ ਧਰਹੁ ਗੁਮਾਨਾ ॥੧॥

اِسُ پرپنچ مہِ ساچے نام کی وڈِیائی
مت کو دھرہُ گُمانا ॥1॥

ਸਤਿਗੁਰ ਕੀ ਜਿਸ ਨੋ ਮਤਿ ਆਵੈ
ਸੋ ਸਤਿਗੁਰ ਮਾਹਿ ਸਮਾਨਾ ॥

ستِگُر کی جِس نو متِ آوے
سو ستِگُر ماہِ سمانا ॥

ਇਹ ਬਾਣੀ ਜੋ ਜੀਅਹੁ ਜਾਣੈ
ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ ਰਹਾਉ ॥

اِہ بانّی جو جیئہُ جانے
تِس انتر روے ہرِ نامانا ॥1॥ رہاءُ ॥

ਚਹੁ ਜੁਗਾ ਕਾ ਹੁਣਿ ਨਿਬੇੜਾ
ਨਰ ਮਨੁਖਾ ਨੋ ਏਕੁ ਨਿਧਾਨਾ ॥

چہُ جُگا کا ہُنِ نبیڑا
نر منکھا نو ایکُ نِدھانا ॥

ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ
ਕਲਿ ਮਹਿ ਕੀਰਤਿ ਹਰਿ ਨਾਮਾ ॥੨॥

جت سنجم تیرتھ اونا جُگا کا دھرمُ ہے
کلِ مہِ کیرتِ ہرِ نامانا ॥2॥

ਜੁਗਿ ਜੁਗਿ ਆਪੋ ਆਪਣਾ ਧਰਮੁ ਹੈ
ਸੋਧਿ ਦੇਖਹੁ ਬੇਦ ਪੁਰਾਨਾ ॥

جُگِ جُگِ آپو آپنّا دھرمُ ہے
سودھِ دیکھہُ بید پُرانا ॥

ਗੁਰਮੁਖਿ ਜਿਨੀ ਧਿਆਇਆ ਹਰਿ ਹਰਿ
ਜਗਿ ਤੇ ਪੂਰੇ ਪਰਵਾਨਾ ॥੩॥

گُرمُکھِ جِنی دھیائیا ہرِ ہرِ
جگِ تے پُورے پروانا ॥3॥

ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ

کہت نانکُ سچے سِءُ پریتِ لائے

ਚੂਕੈ ਮਨਿ ਅਭਿਮਾਨਾ ॥
چوُکے منِ ابھمانا ॥

ਕਹਤ ਸੁਣਤ ਸਭੇ ਸੁਖ ਪਾਵਹਿ
ਮਾਨਤ ਪਾਹਿ ਨਿਧਾਨਾ ॥੪॥੪॥
کہت سُنّت سبھے سُکھ پاوہِ
مانت پاہِ نِدھانا ॥4॥4॥

ਬਿਲਾਵਲੁ ਮਹਲਾ ੩ ॥
بِلاولُ محلا 3 ॥

ਗੁਰਮੁਖਿ ਪ੍ਰੀਤਿ ਜਿਸ ਨੋ ਆਪੇ ਲਾਏ ॥
گُرمُکھِ پرِیتِ جِس نو آپے لائے ॥

ਤਿਤੁ ਘਰਿ ਬਿਲਾਵਲੁ ਗੁਰ ਸਬਦਿ ਸੁਹਾਏ ॥
تِتُ گھرِ بِلاولُ گُر سبدِ سُہائے ॥

ਮੰਗਲੁ ਨਾਰੀ ਗਾਵਹਿ ਆਏ ॥
منگلُ ناری گاوہِ آئے ॥

ਮਿਲਿ ਪ੍ਰੀਤਮ ਸਦਾ ਸੁਖੁ ਪਾਏ ॥੧॥
مِلِ پرِیتم سدا سُکھُ پائے ॥1॥

ਹਉ ਤਿਨ ਬਲਿਹਾਰੈ ਜਿਨ੍ ਹਰਿ ਮੰਨਿ ਵਸਾਏ ॥
ہءُ تِن بلِہارے جِنّہ ہرِ منّنِ وسائے ॥

ਹਰਿ ਜਨ ਕਉ ਮਿਲਿਆ ਸੁਖੁ ਪਾਈਐ
ਹਰਿ ਗੁਣ ਗਾਵੈ ਸਹਜਿ ਸੁਭਾਏ ॥੧॥ ਰਹਾਉ ॥
ہرِ جن کءُ مِلیا سُکھُ پائیئے
ہرِ گُنّ گاوے سہجِ سُبھائے ॥1॥ رہاءُ ॥

ਸਦਾ ਰੰਗਿ ਰਾਤੇ ਤੇਰੈ ਚਾਏ ॥
سدا رنگِ راتے تیرے چائے ॥

ਹਰਿ ਜੀਉ ਆਪਿ ਵਸੈ ਮਨਿ ਆਏ ॥
ہرِ جیءُ آپِ وسے منِ آئے ॥

ਆਪੇ ਸੋਭਾ ਸਦ ਹੀ ਪਾਏ ॥
آپے سوبھا سد ہی پائے ॥

ਗੁਰਮੁਖਿ ਮੇਲੈ ਮੇਲਿ ਮਿਲਾਏ ॥੨॥
گُرمُکھِ میلے میلِ مِلائے ॥2॥

ਗੁਰਮੁਖਿ ਰਾਤੇ ਸਬਦਿ ਰੰਗਾਏ ॥
گُرمُکھِ راتے سبدِ رنگائے ॥

ਨਿਜ ਘਰਿ ਵਾਸਾ ਹਰਿ ਗੁਣ ਗਾਏ ॥
نِج گھرِ واسا ہرِ گُنّ گائے ॥

ਰੰਗਿ ਚਲੂਲੈ ਹਰਿ ਰਸਿ ਭਾਏ ॥
رنگِ چلوُلے ہرِ رس بھائے ॥

ਇਹੁ ਰੰਗੁ ਕਦੇ ਨ ਉਤਰੈ ਸਾਚਿ ਸਮਾਏ ॥੩॥
اِہُ رنگُ کدے ن اُترے ساچِ سمائے ॥3॥

ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥
انترِ سبدُ مِٹیا اگیانُ اندھیرا ॥

ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥
ستِگُر گیانُ مِلیا پرِیتمُ میرا ॥

ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ ॥
جو سچِ راتے تِن بہُڑِ ن پھیرا ॥

ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥੪॥੫॥
نانک نامُ دِرڑائے پوُرا گُرُ میرا ॥4॥5॥

ਬਿਲਾਵਲੁ ਮਹਲਾ ੩ ॥	بِلاولُ محلا 3 ॥
ਪੂਰੇ ਗੁਰ ਤੇ ਵਡਿਆਈ ਪਾਈ ॥	پوُرے گُر تے وڈِیائی پائی ॥
ਅਚਿੰਤ ਨਾਮੁ ਵਸਿਆ ਮਨਿ ਆਈ ॥	اچِنّت نامُ وسِیا منِ آئی ॥
ਹਉਮੈ ਮਾਇਆ ਸਬਦਿ ਜਲਾਈ ॥	ہئُمےَ مائِیا سبدِ جلائی ॥
ਦਰਿ ਸਾਚੈ ਗੁਰ ਤੇ ਸੋਭਾ ਪਾਈ ॥੧॥	درِ ساچےَ گُر تے سوبھا پائی ॥1॥
ਜਗਦੀਸ ਸੇਵਉ ਮੈ ਅਵਰੁ ਨ ਕਾਜਾ ॥	جگدِیس سیوءُ مےَ اورُ ن کاجا ॥
ਅਨਦਿਨੁ ਅਨਦੁ ਹੋਵੈ ਮਨਿ ਮੇਰੈ ਗੁਰਮੁਖਿ ਮਾਗਉ ਤੇਰਾ ਨਾਮੁ ਨਿਵਾਜਾ ॥੧॥ ਰਹਾਉ ॥	اندِنُ اندُ ہووےَ منِ میرےَ گُرمُکھِ ماگءُ تیرا نامُ نِوازا ॥1॥ رہاءُ ॥
ਮਨ ਕੀ ਪਰਤੀਤਿ ਮਨ ਤੇ ਪਾਈ ॥	من کی پرتِیتِ من تے پائی ॥
ਪੂਰੇ ਗੁਰ ਤੇ ਸਬਦਿ ਬੁਝਾਈ ॥	پوُرے گُر تے سبدِ بُجھائی ॥
ਜੀਵਣ ਮਰਣੁ ਕੋ ਸਮਸਰਿ ਵੇਖੈ ॥	جیِونُ مرنُ کو سمسرِ ویکھےَ ॥
ਬਹੁੜਿ ਨ ਮਰੈ ਨਾ ਜਮੁ ਪੇਖੈ ॥੨॥	بہُڑِ ن مرےَ نا جمُ پیکھےَ ॥2॥
ਘਰ ਹੀ ਮਹਿ ਸਭਿ ਕੋਟ ਨਿਧਾਨ ॥	گھر ہی مہِ سبھِ کوٹ نِدھان ॥
ਸਤਿਗੁਰਿ ਦਿਖਾਏ ਗਇਆ ਅਭਿਮਾਨੁ ॥	ستِگُرِ دِکھائے گئِیا ابھِمانُ ॥
ਸਦ ਹੀ ਲਾਗਾ ਸਹਜਿ ਧਿਆਨ ॥	سد ہی لاگا سہجِ دھِیان ॥
ਅਨਦਿਨੁ ਗਾਵੈ ਏਕੋ ਨਾਮ ॥੩॥	اندِنُ گاوےَ ایکو نام ॥3॥
ਇਸੁ ਜੁਗ ਮਹਿ ਵਡਿਆਈ ਪਾਈ ॥	اِسُ جُگ مہِ وڈِیائی پائی ॥
ਪੂਰੇ ਗੁਰ ਤੇ ਨਾਮੁ ਧਿਆਈ ॥	پوُرے گُر تے نامُ دھِیائی ॥
ਜਹ ਦੇਖਾ ਤਹ ਰਹਿਆ ਸਮਾਈ ॥	جہ دیکھا تہ رہِیا سمائی ॥
ਸਦਾ ਸੁਖਦਾਤਾ ਕੀਮਤਿ ਨਹੀ ਪਾਈ ॥੪॥	سدا سُکھداتا قِیمتِ نہی پائی ॥4॥
ਪੂਰੈ ਭਾਗਿ ਗੁਰੁ ਪੂਰਾ ਪਾਇਆ ॥	پوُرےَ بھاگِ گُرُ پوُرا پائِیا ॥
ਅੰਤਰਿ ਨਾਮੁ ਨਿਧਾਨੁ ਦਿਖਾਇਆ ॥	انتَرِ نامُ نِدھانُ دِکھائِیا ॥
ਗੁਰ ਕਾ ਸਬਦੁ ਅਤਿ ਮੀਠਾ ਲਾਇਆ ॥	گُر کا سبدُ اتِ میٹھا لائِیا ॥

ਨਾਨਕ ਤ੍ਰਿਸਨ ਬੁਝੀ
ਮਨਿ ਤਨਿ ਸੁਖੁ ਪਾਇਆ ॥੫॥੬॥੪॥੬॥੧੦॥

نانک ترِسن بُجھی
منِ تنِ سُکھُ پائیا ॥5॥6॥4॥6॥ 10 ॥

ਰਾਗੁ ਬਿਲਾਵਲੁ ਮਹਲਾ ੪ ਘਰੁ ੩

راگُ بِلاولُ محلا 4 گھرُ 3

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਉਦਮ ਮਤਿ ਪ੍ਰਭ ਅੰਤਰਜਾਮੀ
ਜਿਉ ਪ੍ਰੇਰੇ ਤਿਉ ਕਰਨਾ ॥

اُدم متِ پربھ انترجامی
جِءُ پریرے تِءُ کرنا ॥

ਜਿਉ ਨਟੂਆ ਤੰਤੁ ਵਜਾਏ ਤੰਤੀ
ਤਿਉ ਵਾਜਹਿ ਜੰਤ ਜਨਾ ॥੧॥

جِءُ نٹوُیا تنتُ وجائے تنتی
تِءُ واجہِ جنت جنا ॥1॥

ਜਪਿ ਮਨ ਰਾਮ ਨਾਮੁ ਰਸਨਾ ॥

جپِ من رام نامُ رسنا ॥

ਮਸਤਕਿ ਲਿਖਤ ਲਿਖੇ ਗੁਰੁ ਪਾਇਆ
ਹਰਿ ਹਿਰਦੈ ਹਰਿ ਬਸਨਾ ॥੧॥ ਰਹਾਉ ॥

مستکِ لِکھت لِکھے گُرُ پائیا
ہرِ ہِردے ہرِ بسنا ॥1॥ رہاءُ ॥

ਮਾਇਆ ਗਿਰਸਤਿ ਭ੍ਰਮਤੁ ਹੈ ਪ੍ਰਾਨੀ
ਰਖਿ ਲੇਵਹੁ ਜਨੁ ਅਪਨਾ ॥

مائیا گِرستِ بھرمتُ ہے پرانی
رکھِ لیوہُ جنُ اپنا ॥

ਜਿਉ ਪ੍ਰਹਿਲਾਦੁ ਹਰਣਾਖਸਿ ਗ੍ਰਸਿਓ
ਹਰਿ ਰਾਖਿਓ ਹਰਿ ਸਰਨਾ ॥੨॥

جِءُ پربِلادُ ہرناکھسِ گرسِئو
ہرِ راکھِئو ہرِ سرنا ॥2॥

ਕਵਨ ਕਵਨ ਕੀ ਗਤਿ ਮਿਤਿ ਕਹੀਐ
ਹਰਿ ਕੀਏ ਪਤਿਤ ਪਵੰਨਾ ॥

کون کون کی گتِ مِتِ کہیئے
ہرِ کیئے پتت پونّنا ॥

ਓਹੁ ਢੋਵੈ ਢੋਰ ਹਾਥਿ ਚਮੁ ਚਮਰੇ
ਹਰਿ ਉਧਰਿਓ ਪਰਿਓ ਸਰਨਾ ॥੩॥

اوہُ ڈھووے ڈھور ہاتھِ چمُ چمرے
ہرِ اُدھرِئو پرِئو سرنا ॥3॥

ਪ੍ਰਭ ਦੀਨ ਦਇਆਲ ਭਗਤ ਭਵ ਤਾਰਨ
ਹਮ ਪਾਪੀ ਰਾਖੁ ਪਪਨਾ ॥

پربھ دِین دیئال بھگت بھو تارن
ہم پاپی راکھُ پپنا ॥

ਹਰਿ ਦਾਸਨ ਦਾਸ ਦਾਸ ਹਮ ਕਰੀਅਹੁ
ਜਨ ਨਾਨਕ ਦਾਸ ਦਾਸੰਨਾ ॥੪॥੧॥

ہرِ داسن داس داس ہم کریئہ
جن نانک داس داسنّنا ॥4॥1॥

ਬਿਲਾਵਲੁ ਮਹਲਾ ੪ ॥

بِلاولُ محلا 4 ॥

ਹਮ ਮੂਰਖ ਮੁਗਧ ਅਗਿਆਨ ਮਤੀ

ہم مُورکھ مُگدھ اگیان متی

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਸਰਣਾਗਤਿ ਪੁਰਖ ਅਜਨਮਾ ॥

سرناگتِ پُرکھ اجنما ॥

ਕਰਿ ਕਿਰਪਾ ਰਖਿ ਲੇਵਹੁ ਮੇਰੇ ਠਾਕੁਰ
ਹਮ ਪਾਥਰ ਹੀਨ ਅਕਰਮਾ ॥੧॥

کرِ کرپا رکھِ لیوہُ میرے ٹھاکُر
ہم پاتھر ہین اکرما ॥1॥

ਮੇਰੇ ਮਨ ਭਜੁ ਰਾਮ ਨਾਮੈ ਰਾਮਾ ॥

میرے من بھجُ رام نامےَ راما ॥

ਗੁਰਮਤਿ ਹਰਿ ਰਸੁ ਪਾਈਐ
ਹੋਰਿ ਤਿਆਗਹੁ ਨਿਹਫਲ ਕਾਮਾ ॥੧॥ ਰਹਾਉ ॥

گُرمتِ ہرِ رسُ پائیئے
ہورِ تیاگہُ نہپھل کاما ॥1॥ رہاءُ ॥

ਹਰਿ ਜਨ ਸੇਵਕ ਸੇ ਹਰਿ ਤਾਰੇ
ਹਮ ਨਿਰਗੁਨ ਰਾਖੁ ਉਪਮਾ ॥

ہرِ جن سیوک سے ہرِ تارے
ہم نِرگُن راکھُ اُپما ॥

ਤੁਝ ਬਿਨੁ ਅਵਰੁ ਨ ਕੋਈ ਮੇਰੇ ਠਾਕੁਰ
ਹਰਿ ਜਪੀਐ ਵਡੇ ਕਰੰਮਾ ॥੨॥

تُجھ بِنُ اورُ ن کوئی میرے ٹھاکُر
ہرِ جپیئے وڈے کرنّما ॥2॥

ਨਾਮਹੀਨ ਧ੍ਰਿਗੁ ਜੀਵਤੇ
ਤਿਨ ਵਡ ਦੂਖ ਸਹੰਮਾ ॥

نامہین دھرِگُ جیوتے
تِن وڈ دوُکھ سہنّما ॥

ਓਇ ਫਿਰਿ ਫਿਰਿ ਜੋਨਿ ਭਵਾਈਅਹਿ
ਮੰਦਭਾਗੀ ਮੂੜ ਅਕਰਮਾ ॥੩॥

اوءِ پھرِ پھرِ جونِ بھوائیئہِ
مندبھاگی موُڑ اکرما ॥3॥

ਹਰਿ ਜਨ ਨਾਮੁ ਅਧਾਰੁ ਹੈ
ਧੁਰਿ ਪੂਰਬਿ ਲਿਖੇ ਵਡ ਕਰਮਾ ॥

ہرِ جن نامُ ادھارُ ہے
دھُرِ پوُربِ لِکھے وڈ کرما ॥

ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ
ਜਨ ਨਾਨਕ ਸਫਲੁ ਜਨੰਮਾ ॥੪॥੨॥

گُرِ ستِگُرِ نامُ دڑِڑائیا
جن نانک سپھلُ جننّما ॥4॥2॥

ਬਿਲਾਵਲੁ ਮਹਲਾ ੪ ॥

بِلاولُ محلا 4 ॥

ਹਮਰਾ ਚਿਤੁ ਲੁਭਤ ਮੋਹਿ ਬਿਖਿਆ
ਬਹੁ ਦੁਰਮਤਿ ਮੈਲੁ ਭਰਾ ॥

ہمرا چِتُ لُبھت موہِ بِکھیا
بہُ دُرمتِ میَلُ بھرا ॥

ਤੁਮ੍ਰੀ ਸੇਵਾ ਕਰਿ ਨ ਸਕਹ ਪ੍ਰਭ
ਹਮ ਕਿਉ ਕਰਿ ਮੁਗਧ ਤਰਾ ॥੧॥

تُمہری سیوا کرِ ن سکہ پربھ
ہم کِءُ کرِ مُگدھ ترا ۔ ॥1॥

ਮੇਰੇ ਮਨ ਜਪਿ
ਨਰਹਰ ਨਾਮੁ ਨਰਹਰਾ ॥

میرے من جپِ
نرہر نامُ نرہرا ॥

ਜਨ ਊਪਰਿ ਕਿਰਪਾ ਪ੍ਰਭਿ ਧਾਰੀ
ਮਿਲਿ ਸਤਿਗੁਰ ਪਾਰਿ ਪਰਾ ॥੧॥ ਰਹਾਉ ॥

جن اوُپرِ کِرپا پربھِ دھاری
مِلِ ستگُر پارِ پرا ॥1॥ رہاءُ ॥

ਹਮਰੇ ਪਿਤਾ ਠਾਕੁਰ ਪ੍ਰਭ ਸੁਆਮੀ
ਹਰਿ ਦੇਹੁ ਮਤੀ ਜਸੁ ਕਰਾ ॥

ہمرے پِتا ٹھاکُر پربھ سُیامی
ہرِ دیہُ متی جسُ کرا ॥

ਤੁਮ੍ਰੈ ਸੰਗਿ ਲਗੇ ਸੇ ਉਧਰੇ
ਜਿਉ ਸੰਗਿ ਕਾਸਟ ਲੋਹ ਤਰਾ ॥੨॥

تُمہرے سنگِ لگے سے اُدھرے
جِءُ سنگِ کاسٹ لوہ ترا ॥2॥

ਸਾਕਤ ਨਰ ਹੋਛੀ ਮਤਿ ਮਧਿਮ
ਜਿਨ੍ ਹਰਿ ਹਰਿ ਸੇਵ ਨ ਕਰਾ ॥

ساکت نر ہوچھی متِ مدھِم
جِنّہ ہرِ ہرِ سیو ن کرا ॥

ਤੇ ਨਰ ਭਾਗਹੀਨ ਦੁਹਚਾਰੀ
ਓਇ ਜਨਮਿ ਮੁਏ ਫਿਰਿ ਮਰਾ ॥੩॥

تے نر بھاگہین دُہچاری
اوءِ جنمِ مُۓ پھِرِ مرا ॥3॥

ਜਿਨ ਕਉ ਤੁਮ੍ ਹਰਿ ਮੇਲਹੁ ਸੁਆਮੀ
ਤੇ ਨ੍ਾਏ ਸੰਤੋਖ ਗੁਰ ਸਰਾ ॥

جِن کءُ تُمّہ ہرِ میلہُ سُیامی
تے نّہائے سنّتوکھ گُر سرا ॥

ਦੁਰਮਤਿ ਮੈਲੁ ਗਈ ਹਰਿ ਭਜਿਆ
ਜਨ ਨਾਨਕ ਪਾਰਿ ਪਰਾ ॥੪॥੩॥

دُرمتِ میَلُ گئی ہرِ بھجیا
جن نانک پارِ پرا ॥4॥3॥

ਬਿਲਾਵਲੁ ਮਹਲਾ ੪ ॥

بِلاولُ محلا 4 ॥

ਆਵਹੁ ਸੰਤ ਮਿਲਹੁ ਮੇਰੇ ਭਾਈ
ਮਿਲਿ ਹਰਿ ਹਰਿ ਕਥਾ ਕਰਹੁ ॥

آوہُ سنّت مِلہُ میرے بھائی
مِلِ ہرِ ہرِ کتھا کرہُ ॥

ਹਰਿ ਹਰਿ ਨਾਮੁ ਬੋਹਿਥੁ ਹੈ ਕਲਜੁਗਿ
ਖੇਵਟੁ ਗੁਰ ਸਬਦਿ ਤਰਹੁ ॥੧॥

ہرِ ہرِ نامُ بوہتھُ ہے کلجُگِ
کھیوٹُ گُر سبدِ ترہُ ॥1॥

ਮੇਰੇ ਮਨ ਹਰਿ ਗੁਣ ਹਰਿ ਉਚਰਹੁ ॥

میرے من ہرِ گُنؤ ہرِ اُچرہُ ॥

ਮਸਤਕਿ ਲਿਖਤ ਲਿਖੇ ਗੁਨ ਗਾਏ
ਮਿਲਿ ਸੰਗਤਿ ਪਾਰਿ ਪਰਹੁ ॥੧॥ ਰਹਾਉ ॥

مستکِ لِکھت لِکھے گُن گائے
مِلِ سنگتِ پارِ پرہُ ॥1॥ رہاءُ ॥

ਕਾਇਆ ਨਗਰ ਮਹਿ ਰਾਮ ਰਸੁ ਊਤਮੁ
ਕਿਉ ਪਾਈਐ ਉਪਦੇਸੁ ਜਨ ਕਰਹੁ ॥

کائیا نگر مہِ رام رسُ اوُتمُ
کِءُ پائیۓ اُپدیسُ جن کرہُ ॥

ਸਤਿਗੁਰੁ ਸੇਵਿ ਸਫਲ ਹਰਿ ਦਰਸਨੁ

ستِگُرُ سیوِ سپھل ہرِ درسنُ

ਮਿਲਿ ਅੰਮ੍ਰਿਤੁ ਹਰਿ ਰਸੁ ਪੀਅਹੁ ॥੨॥

ہرِ ہرِ نامُ انمرِتُ ہرِ میٹھا
ہرِ سنتہُ چاکھِ دِکھہُ ॥

ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ
ਹਰਿ ਸੰਤਹੁ ਚਾਖਿ ਦਿਖਹੁ ॥

ਗੁਰਮਤਿ ਹਰਿ ਰਸੁ ਮੀਠਾ ਲਾਗਾ
ਤਿਨ ਬਿਸਰੇ ਸਭਿ ਬਿਖ ਰਸਹੁ ॥੩॥

ਰਾਮ ਨਾਮੁ ਰਸੁ ਰਾਮ ਰਸਾਇਣੁ
ਹਰਿ ਸੇਵਹੁ ਸੰਤ ਜਨਹੁ ॥

ਚਾਰਿ ਪਦਾਰਥ ਚਾਰੇ ਪਾਏ
ਗੁਰਮਤਿ ਨਾਨਕ ਹਰਿ ਭਜਹੁ ॥੪॥੪॥

ਬਿਲਾਵਲੁ ਮਹਲਾ ੪ ॥

ਖਤ੍ਰੀ ਬ੍ਰਹਮਣੁ ਸੂਦੁ ਵੈਸੁ
ਕੋ ਜਾਪੈ ਹਰਿ ਮੰਤ੍ਰੁ ਜਪੈਨੀ ॥

ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ
ਨਿਤ ਸੇਵਹੁ ਦਿਨਸੁ ਸਭ ਰੈਨੀ ॥੧॥

ਹਰਿ ਜਨ ਦੇਖਹੁ ਸਤਿਗੁਰੁ ਨੈਨੀ ॥

ਜੋ ਇਛਹੁ ਸੋਈ ਫਲੁ ਪਾਵਹੁ
ਹਰਿ ਬੋਲਹੁ ਗੁਰਮਤਿ ਬੈਨੀ ॥੧॥ ਰਹਾਉ ॥

ਅਨਿਕ ਉਪਾਵ ਚਿਤਵੀਅਹਿ ਬਹੁਤੇਰੇ
ਸਾ ਹੋਵੈ ਜਿ ਬਾਤ ਹੋਵੈਨੀ ॥

ਅਪਨਾ ਭਲਾ ਸਭੁ ਕੋਈ ਬਾਛੈ
ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ ॥੨॥

ਮਨ ਕੀ ਮਤਿ ਤਿਆਗਹੁ ਹਰਿ ਜਨ
ਏਹਾ ਬਾਤ ਕਠੈਨੀ ॥

ਅਨਦਿਨੁ ਹਰਿ ਹਰਿ ਨਾਮੁ ਧਿਆਵਹੁ
ਗੁਰ ਸਤਿਗੁਰ ਕੀ ਮਤਿ ਲੈਨੀ ॥੩॥

مِلِ انمرِتُ ہرِ رسُ پِیئہُ ॥2॥

ہرِ ہرِ نامُ انمرِتُ ہرِ میٹھا
ہرِ سنتہُ چاکھِ دِکھہُ ॥

گُرمتِ ہرِ رسُ میٹھا لاگا
تِن بِسرے سبھِ بِکھ رسہُ ॥3॥

رام نامُ رسُ رام رسائِنُ
ہرِ سیوہُ سنّت جنہُ ۔ ॥

چارِ پدارتھ چارے پائے
گُرمتِ نانک ہرِ بھجہُ ॥4॥4॥

بِلاولُ محلا 4 ॥

کھتّری برہمنُ سوُدُ ویسُ
کو جاپے ہرِ منّترُ جپینی ॥

گُرُ ستِگُرُ پاربرہمُ کرِ پوُجہُ
نِت سیوہُ دِنسُ سبھ رینی ॥1॥

ہرِ جن دیکھہُ ستِگُرُ نینی ॥

جو اِچھہُ سوئی پھلُ پاوہُ
ہرِ بولہُ گُرمتِ بینی ॥1॥ رہاءُ ॥

انِک اُپاو چِتوِیہِ بہتیرے
سا ہووے جِ بات ہوویِنی ॥

اپنا بھلا سبھُ کوئی باچھے
سو کرے جِ میرے چِتِ ن چِتینی ॥2॥

من کی متِ تِیاگہُ ہرِ جن
ایہا بات کٹھینی ॥

اندِنُ ہرِ ہرِ نامُ دھِیاوہُ
گُر ستِگُر کی متِ لینی ॥3॥

ਮਤਿ ਸੁਮਤਿ ਤੇਰੈ ਵਸਿ ਸੁਆਮੀ
ਹਮ ਜੰਤ ਤੂ ਪੁਰਖੁ ਜੰਤੈਨੀ ॥

مت سُمت تیرے وس سُیامی
ہم جنّت توُ پُرکھُ جنّیَنی ॥

ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ
ਜਿਉ ਭਾਵੈ ਤਿਵੈ ਬੁਲੈਨੀ ॥੪॥੫॥

جن نانک کے پربھ کرتے سُیامی
جِءُ بھاوے تِوے بُلیَنی ॥4॥5॥

ਬਿਲਾਵਲੁ ਮਹਲਾ ੪ ॥

بِلاولُ محلا 4 ॥

ਅਨਦ ਮੂਲੁ ਧਿਆਇਓ ਪੁਰਖੋਤਮੁ
ਅਨਦਿਨੁ ਅਨਦ ਅਨੰਦੇ ॥

اند مولُ دھیائیو پُرکھوتمُ
اندِنُ اند انندے ॥

ਧਰਮ ਰਾਇ ਕੀ ਕਾਣਿ ਚੁਕਾਈ
ਸਭਿ ਚੂਕੇ ਜਮ ਕੇ ਛੰਦੇ ॥੧॥

دھرم راءِ کی کانِ چُکائی
سبھِ چھُوکے جم کے چھندے ॥1॥

ਜਪਿ ਮਨ ਹਰਿ ਹਰਿ ਨਾਮੁ ਗੋਬਿੰਦੇ ॥

جپِ من ہرِ ہرِ نامُ گوبِندے ॥

ਵਡਭਾਗੀ ਗੁਰੁ ਸਤਿਗੁਰੁ ਪਾਇਆ
ਗੁਣ ਗਾਏ ਪਰਮਾਨੰਦੇ ॥੧॥ ਰਹਾਉ ॥

وڈبھاگی گُرُ ستِگُرُ پائیا
گُنُ گائے پرمانندے ॥1॥ رہاءُ ॥

ਸਾਕਤ ਮੂੜ ਮਾਇਆ ਕੇ ਬਧਿਕ
ਵਿਚਿ ਮਾਇਆ ਫਿਰਹਿ ਫਿਰੰਦੇ ॥

ساکت موڑ مائیا کے بدھِک
وِچِ مائیا پھِرہِ پھِرندے ॥

ਤ੍ਰਿਸਨਾ ਜਲਤ ਕਿਰਤ ਕੇ ਬਾਧੇ
ਜਿਉ ਤੇਲੀ ਬਲਦ ਭਵੰਦੇ ॥੨॥

ترِسنا جلت کِرت کے بادھے
جِءُ تیلی بلد بھوندے ॥2॥

ਗੁਰਮੁਖਿ ਸੇਵ ਲਗੇ ਸੇ ਉਧਰੇ
ਵਡਭਾਗੀ ਸੇਵ ਕਰੰਦੇ ॥

گُرمُکھِ سیو لگے سے اُدھرے
وڈبھاگی سیو کرندے ॥

ਜਿਨ ਹਰਿ ਜਪਿਆ ਤਿਨ ਫਲੁ ਪਾਇਆ
ਸਭਿ ਤੂਟੇ ਮਾਇਆ ਫੰਦੇ ॥੩॥

جِن ہرِ جپیا تِن پھلُ پائیا
سبھِ توُٹے مائیا پھندے ॥3॥

ਆਪੇ ਠਾਕੁਰੁ ਆਪੇ ਸੇਵਕੁ
ਸਭੁ ਆਪੇ ਆਪਿ ਗੋਵਿੰਦੇ ॥

آپے ٹھاکُرُ آپے سیوکُ
سبھُ آپے آپِ گووِندے ॥

ਜਨ ਨਾਨਕ ਆਪੇ ਆਪਿ ਸਭੁ ਵਰਤੈ
ਜਿਉ ਰਾਖੈ ਤਿਵੈ ਰਹੰਦੇ ॥੪॥੬॥

جن نانک آپے آپِ سبھُ ورتے
جِءُ راکھے تِوے رہندے ॥4॥6॥

ੴ ਸਤਿਗੁਰ ਪ੍ਰਸਾਦਿ ॥

ۿ ستِگُر پرسادِ ॥

ਰਾਗੁ ਬਿਲਾਵਲੁ ਮਹਲਾ ੪ ਪੜਤਾਲ ਘਰੁ ੧੩ ॥	راگُ بِلاولُ محلا 4 پڑتال گھرُ 13 ॥
ਬੋਲਹੁ ਭਈਆ ਰਾਮ ਨਾਮੁ ਪਤਿਤ ਪਾਵਨੋ ॥	بولہُ بھئیا رام نامُ پتِت پاونو ॥
ਹਰਿ ਸੰਤ ਭਗਤ ਤਾਰਨੋ ॥	ہرِ سنّت بھگت تارنو ॥
ਹਰਿ ਭਰਿਪੁਰੇ ਰਹਿਆ ॥	ہرِ بھرِپُرے رہِیا ॥
ਜਲਿ ਥਲੇ ਰਾਮ ਨਾਮੁ ॥	جلِ تھلے رام نامُ ॥
ਨਿਤ ਗਾਈਐ ਹਰਿ ਦੂਖ ਬਿਸਾਰਨੋ ॥੧॥ ਰਹਾਉ ॥	نِت گائیئے ہرِ دوُکھ بِسارنو ॥1॥ رہاءُ ॥
ਹਰਿ ਕੀਆ ਹੈ ਸਫਲ ਜਨਮੁ ਹਮਾਰਾ ॥	ہرِ کیِیا ہے سپھل جنمُ ہمارا ॥
ਹਰਿ ਜਪਿਆ ਹਰਿ ਦੂਖ ਬਿਸਾਰਨਹਾਰਾ ॥	ہرِ جپِیا ہرِ دوُکھ بِسارنہارا ॥
ਗੁਰੁ ਭੇਟਿਆ ਹੈ ਮੁਕਤਿ ਦਾਤਾ ॥	گُرُ بھیٹِیا ہے مُکتِ داتا ॥
ਹਰਿ ਕੀਈ ਹਮਾਰੀ ਸਫਲ ਜਾਤਾ ॥	ہرِ کیِئی ہماری سپھل جاتا ॥
ਮਿਲਿ ਸੰਗਤੀ ਗੁਨ ਗਾਵਨੋ ॥੧॥	مِلِ سنگتی گُن گاونو ॥1॥
ਮਨ ਰਾਮ ਨਾਮ ਕਰਿ ਆਸਾ ॥	من رام نام کرِ آسا ॥
ਭਾਉ ਦੂਜਾ ਬਿਨਸਿ ਬਿਨਾਸਾ ॥	بھاءُ دوُجا بِنسِ بِناسا ॥
ਵਿਚਿ ਆਸਾ ਹੋਇ ਨਿਰਾਸੀ ॥	وِچِ آسا ہوءِ نِراسی ॥
ਸੋ ਜਨੁ ਮਿਲਿਆ ਹਰਿ ਪਾਸੀ ॥	سو جنُ مِلِیا ہرِ پاسی ॥
ਕੋਈ ਰਾਮ ਨਾਮ ਗੁਨ ਗਾਵਨੋ ॥	کوئی رام نام گُن گاونو ॥
ਜਨੁ ਨਾਨਕੁ ਤਿਸੁ ਪਗਿ ਲਾਵਨੋ ॥੨॥੧॥੭॥੪॥੬॥੭॥੧੭॥	جنُ نانکُ تِسُ پگِ لاونو ॥2॥1॥7॥4॥6॥7॥ 17 ॥
ਰਾਗੁ ਬਿਲਾਵਲੁ ਮਹਲਾ ੫ ਚਉਪਦੇ ਘਰੁ ੧	راگُ بِلاولُ محلا 5 چئُپدے گھرُ 1
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਨਦਰੀ ਆਵੈ ਤਿਸੁ ਸਿਉ ਮੋਹੁ ॥	ندری آوے تِسُ سِءُ موہُ ॥
ਕਿਉ ਮਿਲੀਐ ਪ੍ਰਭ ਅਬਿਨਾਸੀ ਤੋਹਿ ॥	کِءُ مِلیئے پربھ اِبناسی توہِ ॥
ਕਰਿ ਕਿਰਪਾ ਮੋਹਿ ਮਾਰਗਿ ਪਾਵਹੁ ॥	کرِ کِرپا موہِ مارگِ پاوہُ ॥

ਸਾਧਸੰਗਤਿ ਕੈ ਅੰਚਲਿ ਲਾਵਹੁ ॥੧॥	سادھسنگتِ کے انچلِ لاوہُ ॥1॥
ਕਿਉ ਤਰੀਐ ਬਿਖਿਆ ਸੰਸਾਰੁ ॥	کِءُ تریئے بِکھیا سنسارُ ॥
ਸਤਿਗੁਰੁ ਬੋਹਿਥੁ ਪਾਵੈ ਪਾਰਿ ॥੧॥ ਰਹਾਉ ॥	ستِگُرُ بوہتھُ پاوے پارِ ॥1॥ رہاءُ ॥
ਪਵਨ ਝੁਲਾਰੇ ਮਾਇਆ ਦੇਇ ॥	پون جھُلارے مائیا دےءِ ॥
ਹਰਿ ਕੇ ਭਗਤ ਸਦਾ ਥਿਰੁ ਸੇਇ ॥	ہرِ کے بھگت سدا تھِرُ سےءِ ॥
ਹਰਖ ਸੋਗ ਤੇ ਰਹਹਿ ਨਿਰਾਰਾ ॥	ہرکھ سوگ تے رہہِ نِرارا ॥
ਸਿਰ ਊਪਰਿ ਆਪਿ ਗੁਰੂ ਰਖਵਾਰਾ ॥੨॥	سِر اوُپرِ آپِ گُروُ رکھوارا ॥2॥
ਪਾਇਆ ਵੇੜੁ ਮਾਇਆ ਸਰਬ ਭੁਇਅੰਗਾ ॥	پائیا ویڑُ مائیا سرب بھُئنگا ॥
ਹਉਮੈ ਪਚੇ ਦੀਪਕ ਦੇਖਿ ਪਤੰਗਾ ॥	ہئُے پچے دیپک دیکھِ پتنگا ॥
ਸਗਲ ਸੀਗਾਰ ਕਰੇ ਨਹੀ ਪਾਵੈ ॥	سگل سیِگار کرے نہی پاوے ॥
ਜਾ ਹੋਇ ਕ੍ਰਿਪਾਲੁ ਤਾ ਗੁਰੂ ਮਿਲਾਵੈ ॥੩॥	جا ہوءِ کرِپالُ تا گُروُ مِلاوے ॥3॥
ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ ॥	ہءُ پھِرءُ اُداسی مے اِکُ رتنُ دسائیا ॥
ਨਿਰਮੋਲਕੁ ਹੀਰਾ ਮਿਲੈ ਨ ਉਪਾਇਆ ॥	نِرمولکُ ہیِرا مِلے ن اُپائیا ॥
ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥	ہرِ کا منّدرُ تِسُ مہِ لالُ ॥
ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥੪॥	گُرِ کھولیا پڑدا دیکھِ بھئی نِہالُ ॥4॥
ਜਿਨਿ ਚਾਖਿਆ ਤਿਸੁ ਆਇਆ ਸਾਦੁ ॥	جِنِ چاکھِیا تِسُ آئیا سادُ ॥
ਜਿਉ ਗੂੰਗਾ ਮਨ ਮਹਿ ਬਿਸਮਾਦੁ ॥	جِءُ گوُنگا من مہِ بِسمادُ ॥
ਆਨਦ ਰੂਪੁ ਸਭੁ ਨਦਰੀ ਆਇਆ ॥	آند روُپُ سبھُ ندری آئیا ॥
ਜਨ ਨਾਨਕ ਹਰਿ ਗੁਣ ਆਖਿ ਸਮਾਇਆ ॥੫॥੧॥	جن نانک ہرِ گُنؤ آکھِ سمائیا ॥5॥1॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਸਰਬ ਕਲਿਆਣ ਕੀਏ ਗੁਰਦੇਵ ॥	سرب کلیانؤ کیئے گُردیو ॥
ਸੇਵਕੁ ਅਪਨੀ ਲਾਇਓ ਸੇਵ ॥	سیوکُ اپنی لائیو سیو ॥

ਬਿਘਨੁ ਨ ਲਾਗੈ ਜਪਿ ਅਲਖ ਅਭੇਵ ॥੧॥	بِگھنُ ن لاگے جپِ الکھ ابھیو ॥1॥
ਧਰਤਿ ਪੁਨੀਤ ਭਈ ਗੁਨ ਗਾਏ ॥	دھرتِ پُنیت بھئی گُن گائے ॥
ਦੁਰਤੁ ਗਇਆ ਹਰਿ ਨਾਮੁ ਧਿਆਏ ॥੧॥ ਰਹਾਉ ॥	دُرتُ گئیا ہرِ نامُ دھیائے ॥1॥ رہاءُ ॥
ਸਭਨੀ ਥਾਂਈ ਰਵਿਆ ਆਪਿ ॥	سبھنی تھانئی رویا آپِ ॥
ਆਦਿ ਜੁਗਾਦਿ ਜਾ ਕਾ ਵਡ ਪਰਤਾਪੁ ॥	آدِ جُگادِ جا کا وڈ پرتاپُ ॥
ਗੁਰ ਪਰਸਾਦਿ ਨ ਹੋਇ ਸੰਤਾਪੁ ॥੨॥	گُر پرسادِ ن ہوءِ سنتاپُ ॥2॥
ਗੁਰ ਕੇ ਚਰਨ ਲਗੇ ਮਨਿ ਮੀਠੇ ॥	گُر کے چرن لگے منِ میٹھے ॥
ਨਿਰਬਿਘਨ ਹੋਇ ਸਭ ਥਾਂਈ ਵੂਠੇ ॥	نِربِگھن ہوءِ سبھ تھانئی وُوٹھے ॥
ਸਭਿ ਸੁਖ ਪਾਏ ਸਤਿਗੁਰ ਤੂਠੇ ॥੩॥	سبھِ سُکھ پائے ستِگُر توُٹھے ॥3॥
ਪਾਰਬ੍ਰਹਮ ਪ੍ਰਭ ਭਏ ਰਖਵਾਲੇ ॥	پاربّرہم پربھ بھئے رکھوالے ॥
ਜਿਥੈ ਕਿਥੈ ਦੀਸਹਿ ਨਾਲੇ ॥	جِتھے کِتھے دیسہِ نالے ॥
ਨਾਨਕ ਦਾਸ ਖਸਮਿ ਪ੍ਰਤਿਪਾਲੇ ॥੪॥੨॥	نانک داس خسمِ پرتپالے ॥4॥2॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਸੁਖ ਨਿਧਾਨ ਪ੍ਰੀਤਮ ਪ੍ਰਭ ਮੇਰੇ ॥	سُکھ نِدھان پریتم پربھ میرے ۔ ॥
ਅਗਨਤ ਗੁਣ ਠਾਕੁਰ ਪ੍ਰਭ ਤੇਰੇ ॥	اگنت گُن ٹھاکُر پربھ تیرے ॥
ਮੋਹਿ ਅਨਾਥ ਤੁਮਰੀ ਸਰਣਾਈ ॥	موہِ اناتھ تُمری سرٹائی ॥
ਕਰਿ ਕਿਰਪਾ ਹਰਿ ਚਰਨ ਧਿਆਈ ॥੧॥	کرِ کِرپا ہرِ چرن دھیائی ॥1॥
ਦਇਆ ਕਰਹੁ ਬਸਹੁ ਮਨਿ ਆਇ ॥	دئیا کرہُ بسہُ منِ آءِ ॥
ਮੋਹਿ ਨਿਰਗੁਨ ਲੀਜੈ ਲੜਿ ਲਾਇ ॥ ਰਹਾਉ ॥	موہِ نِرگُن لیجے لڑِ لاءِ ॥ رہاءُ ॥
ਪ੍ਰਭੁ ਚਿਤਿ ਆਵੈ ਤਾ ਕੈਸੀ ਭੀੜ ॥	پربھُ چِتِ آوے تا کیسی بھیڑ ۔ ॥
ਹਰਿ ਸੇਵਕ ਨਾਹੀ ਜਮ ਪੀੜ ॥	ہرِ سیوک ناہی جم پیڑ ॥
ਸਰਬ ਦੂਖ ਹਰਿ ਸਿਮਰਤ ਨਸੇ ॥	سرب دوُکھ ہرِ سِمرت نسے ॥

ਜਾ ਕੇ ਸੰਗਿ ਸਦਾ ਪ੍ਰਭੁ ਬਸੈ ॥੨॥	جا کے سنگِ سدا پربھُ بسے ॥2॥
ਪ੍ਰਭ ਕਾ ਨਾਮੁ ਮਨਿ ਤਨਿ ਆਧਾਰੁ ॥	پربھ کا نامُ منِ تنِ آدھارُ ॥
ਬਿਸਰਤ ਨਾਮੁ ਹੋਵਤ ਤਨੁ ਛਾਰੁ ॥	بِسرت نامُ ہووت تنُ چھارُ ॥
ਪ੍ਰਭ ਚਿਤਿ ਆਏ ਪੂਰਨ ਸਭ ਕਾਜ ॥	پربھ چِتِ آئے پُورن سبھ کاج ॥
ਹਰਿ ਬਿਸਰਤ ਸਭ ਕਾ ਮੁਹਤਾਜ ॥੩॥	ہرِ بِسرت سبھ کا مُحتاج ॥3॥
ਚਰਨ ਕਮਲ ਸੰਗਿ ਲਾਗੀ ਪ੍ਰੀਤਿ ॥	چرن کمل سنگِ لاگی پریتِ ॥
ਬਿਸਰਿ ਗਈ ਸਭ ਦੁਰਮਤਿ ਰੀਤਿ ॥	بِسرِ گئی سبھ دُرمتِ ریتِ ॥
ਮਨ ਤਨ ਅੰਤਰਿ ਹਰਿ ਹਰਿ ਮੰਤ ॥	من تن انترِ ہرِ ہرِ منت ॥
ਨਾਨਕ ਭਗਤਨ ਕੈ ਘਰਿ ਸਦਾ ਅਨੰਦ ॥੪॥੩॥	نانک بھگتن کے گھرِ سدا انند ॥4॥3॥
ਰਾਗੁ ਬਿਲਾਵਲੁ ਮਹਲਾ ੫ ਘਰੁ ੨ ਯਾਨੜੀਏ ਕੈ ਘਰਿ ਗਾਵਣਾ	راگُ بِلاولُ محلا 5 گھرُ 2 یانڑیے کے گھرِ گاوٹا
੧ੴ ਸਤਿਗੁਰ ਪ੍ਰਸਾਦਿ ॥	۱ۅ ستِگُر پرسادِ ॥
ਮੈ ਮਨਿ ਤੇਰੀ ਟੇਕ ਮੇਰੇ ਪਿਆਰੇ ਮੈ ਮਨਿ ਤੇਰੀ ਟੇਕ ॥	مے منِ تیری ٹیک میرے پیارے مے منِ تیری ٹیک ॥
ਅਵਰ ਸਿਆਣਪਾ ਬਿਰਥੀਆ ਪਿਆਰੇ ਰਾਖਨ ਕਉ ਤੁਮ ਏਕ ॥੧॥ ਰਹਾਉ ॥	اور سِیاٹپا برتھیا پیارے راکھن کءُ تُم ایک ॥1॥ رہاءُ ॥
ਸਤਿਗੁਰੁ ਪੂਰਾ ਜੇ ਮਿਲੈ ਪਿਆਰੇ ਸੋ ਜਨੁ ਹੋਤ ਨਿਹਾਲਾ ॥	ستِگُرُ پُورا جے ملے پیارے سو جنُ ہوت نِہالا ॥
ਗੁਰ ਕੀ ਸੇਵਾ ਸੋ ਕਰੇ ਪਿਆਰੇ ਜਿਸ ਨੋ ਹੋਇ ਦਇਆਲਾ ॥	گُر کی سیوا سو کرے پیارے جِس نو ہوءِ دئیالا ॥
ਸਫਲ ਮੂਰਤਿ ਗੁਰਦੇਉ ਸੁਆਮੀ ਸਰਬ ਕਲਾ ਭਰਪੂਰੇ ॥	سپھل مورتِ گُردیءُ سُیامی سرب کلا بھرپُورے ॥
ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ ਸਦਾ ਸਦਾ ਹਜੂਰੇ ॥੧॥	نانک گُرُ پاربرہمُ پرمیسرُ سدا سدا حضُورے ॥1॥
ਸੁਣਿ ਸੁਣਿ ਜੀਵਾ ਸੋਇ ਤਿਨਾ ਕੀ	سُنِ سُنِ جیوا سوءِ تِنا کی

ਜਿਨ੍ਹ ਅਪੁਨਾ ਪ੍ਰਭੁ ਜਾਤਾ ॥

جِنّہ اپُنا پربھُ جاتا ॥

ਹਰਿ ਨਾਮੁ ਅਰਾਧਹਿ ਨਾਮੁ ਵਖਾਣਹਿ
ਹਰਿ ਨਾਮੇ ਹੀ ਮਨੁ ਰਾਤਾ ॥

ہرِ نامُ ارادھہِ نامُ وکھاۓہِ
ہرِ نامے ہی منُ راتا ॥

ਸੇਵਕੁ ਜਨ ਕੀ ਸੇਵਾ ਮਾਗੈ
ਪੂਰੈ ਕਰਮਿ ਕਮਾਵਾ ॥

سیوکُ جن کی سیوا ماگے
پوُرے کرمِ کماوا ॥

ਨਾਨਕ ਕੀ ਬੇਨੰਤੀ ਸੁਆਮੀ
ਤੇਰੇ ਜਨ ਦੇਖਣੁ ਪਾਵਾ ॥੨॥

نانک کی بینتی سُیامی
تیرے جن دیکھنُ پاوا ॥2॥

ਵਡਭਾਗੀ ਸੇ ਕਾਢੀਅਹਿ ਪਿਆਰੇ
ਸੰਤਸੰਗਤਿ ਜਿਨਾ ਵਾਸੋ ॥

وڈبھاگی سے کاڈھیئہِ پیارے
سنتسنگتِ جِنا واسو ॥

ਅੰਮ੍ਰਿਤ ਨਾਮੁ ਅਰਾਧੀਐ
ਨਿਰਮਲੁ ਮਨੈ ਹੋਵੈ ਪਰਗਾਸੋ ॥

انمّرِت نامُ ارادھیۓ
نِرملُ منے ہووے پرگاسو ॥

ਜਨਮ ਮਰਣ ਦੁਖੁ ਕਾਟੀਐ ਪਿਆਰੇ
ਚੂਕੈ ਜਮ ਕੀ ਕਾਣੇ ॥

جنم مرنُ دُکھُ کاٹیۓ پیارے
چوُکے جم کی کانے ॥

ਤਿਨਾ ਪਰਾਪਤਿ ਦਰਸਨੁ ਨਾਨਕ
ਜੋ ਪ੍ਰਭ ਅਪਣੇ ਭਾਣੇ ॥੩॥

تِنا پراپتِ درسنُ نانک
جو پربھ اپنے بھانے ॥3॥

ਊਚ ਅਪਾਰ ਬੇਅੰਤ ਸੁਆਮੀ
ਕਉਣੁ ਜਾਣੈ ਗੁਣ ਤੇਰੇ ॥

اوُچ اپار بیئنت سُیامی
کنُ جانے گُن تیرے ۔ ॥

ਗਾਵਤੇ ਉਧਰਹਿ ਸੁਣਤੇ ਉਧਰਹਿ
ਬਿਨਸਹਿ ਪਾਪ ਘਨੇਰੇ ॥

گاوتے اُدھرہِ سُنتے اُدھرہِ
بِنسہِ پاپ گھنیرے ॥

ਪਸੂ ਪਰੇਤ ਮੁਗਧ ਕਉ ਤਾਰੇ
ਪਾਹਨ ਪਾਰਿ ਉਤਾਰੈ ॥

پسوُ پریت مُگدھ کءُ تارے
پاہن پارِ اُتارے ॥

ਨਾਨਕ ਦਾਸ ਤੇਰੀ ਸਰਣਾਈ
ਸਦਾ ਸਦਾ ਬਲਿਹਾਰੈ ॥੪॥੧॥੪॥

نانک داس تیری سرنائی
سدا سدا بلِہارے ॥4॥1॥4॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ

بِکھے بنُ پھیکا تیاگِ ری سکھیۓ

ਨਾਮੁ ਮਹਾ ਰਸੁ ਪੀਓ ॥

نامُ مہا رسُ پِیئو ॥

ਬਿਨੁ ਰਸ ਚਾਖੇ ਬੁਡਿ ਗਈ ਸਗਲੀ
ਸੁਖੀ ਨ ਹੋਵਤ ਜੀਓ ॥

بِنُ رس چاکھے بُڈِ گئی سگلی
سُکھی ن ہووت جیِئو ॥

ਮਾਨੁ ਮਹਤੁ ਨ ਸਕਤਿ ਹੀ ਕਾਈ
ਸਾਧਾ ਦਾਸੀ ਥੀਓ ॥

مانُ مہتُ ن سکتِ ہی کائی
سادھا داسی تھِیئو ॥

ਨਾਨਕ ਸੇ ਦਰਿ ਸੋਭਾਵੰਤੇ
ਜੋ ਪ੍ਰਭਿ ਅਪੁਨੈ ਕੀਓ ॥੧॥

نانک سے درِ سوبھاونّتے
جو پربھِ اپُنے کِیئو ॥1॥

ਹਰਿਚੰਦਉਰੀ ਚਿਤ ਭ੍ਰਮੁ ਸਖੀਏ
ਮ੍ਰਿਗ ਤ੍ਰਿਸਨਾ ਦ੍ਰੁਮ ਛਾਇਆ ॥

ہرِچندُری چِت بھرمُ سکھیے
مرِگ ترِسنا درُم چھائیا ॥

ਚੰਚਲਿ ਸੰਗਿ ਨ ਚਾਲਤੀ ਸਖੀਏ
ਅੰਤਿ ਤਜਿ ਜਾਵਤ ਮਾਇਆ ॥

چنچلِ سنگِ ن چالتی سکھیے
انّتِ تجِ جاوت مائیا ॥

ਰਸਿ ਭੋਗਣ ਅਤਿ ਰੂਪ ਰਸ ਮਾਤੇ
ਇਨ ਸੰਗਿ ਸੁਖੁ ਨ ਪਾਇਆ ॥

رسِ بھوگن اتِ روُپ رس ماتے
اِن سنگِ سوُکھُ ن پائیا ॥

ਧੰਨਿ ਧੰਨਿ ਹਰਿ ਸਾਧ ਜਨ ਸਖੀਏ
ਨਾਨਕ ਜਿਨੀ ਨਾਮੁ ਧਿਆਇਆ ॥੨॥

دھنّنِ دھنّنِ ہرِ سادھ جن سکھیے
نانک جِنی نامُ دھِیائیا ॥2॥

ਜਾਇ ਬਸਹੁ ਵਡਭਾਗਣੀ ਸਖੀਏ
ਸੰਤਾ ਸੰਗਿ ਸਮਾਈਐ ॥

جاءِ بسہُ وڈبھاگنی سکھیے
سنّتا سنگِ سمائیئے ॥

ਤਹ ਦੂਖ ਨ ਭੂਖ ਨ ਰੋਗੁ ਬਿਆਪੈ
ਚਰਨ ਕਮਲ ਲਿਵ ਲਾਈਐ ॥

تہ دوُکھ ن بھوُکھ ن روگُ بِیاپے
چرن کمل لِو لائیئے ॥

ਤਹ ਜਨਮ ਨ ਮਰਣੁ ਨ ਆਵਣ ਜਾਣਾ
ਨਿਹਚਲੁ ਸਰਣੀ ਪਾਈਐ ॥

تہ جنم ن مرنُّ ن آونُّ جانّا
نِہچلُ سرنی پائیئے ॥

ਪ੍ਰੇਮ ਬਿਛੋਹੁ ਨ ਮੋਹੁ ਬਿਆਪੈ
ਨਾਨਕ ਹਰਿ ਏਕੁ ਧਿਆਈਐ ॥੩॥

پریم بچھوہُ ن موہُ بِیاپے
نانک ہرِ ایکُ دھِیائیئے ॥3॥

ਦ੍ਰਿਸਟਿ ਧਾਰਿ ਮਨੁ ਬੇਧਿਆ ਪਿਆਰੇ
ਰਤੜੇ ਸਹਜਿ ਸੁਭਾਏ ॥

درِسٹِ دھارِ منُ بیدھِیا پیارے
رتڑے سہجِ سُبھائے ॥

ਸੇਜ ਸੁਹਾਵੀ ਸੰਗਿ ਮਿਲਿ ਪ੍ਰੀਤਮ
ਅਨਦ ਮੰਗਲ ਗੁਣ ਗਾਏ ॥

سیج سُہاوی سنگِ مِلِ پرِیتم
اند منگل گُنؤ گائے ॥

ਸਖੀ ਸਹੇਲੀ ਰਾਮ ਰੰਗਿ ਰਾਤੀ
ਮਨ ਤਨ ਇਛ ਪੁਜਾਏ ॥

سکھی سہیلی رام رنگِ راتی
من تن اِچھ پُجائے ॥

ਨਾਨਕ ਅਚਰਜੁ ਅਚਰਜ ਸਿਉ ਮਿਲਿਆ
ਕਹਣਾ ਕਛੂ ਨ ਜਾਏ ॥੪॥੨॥੫॥

نانک اچرجُ اچرج سِءُ مِلیا
کہنّا کچھوُ ن جائے ॥4॥2॥5॥

ਰਾਗੁ ਬਿਲਾਵਲੁ ਮਹਲਾ ੫ ਘਰੁ ੪

راگُ بِلاولُ محلا 5 گھرُ 4

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਏਕ ਰੂਪ ਸਗਲੋ ਪਾਸਾਰਾ ॥

ایک روُپ سگلو پاسارا ॥

ਆਪੇ ਬਨਜੁ ਆਪਿ ਬਿਉਹਾਰਾ ॥੧॥

آپے بنجُ آپِ بِہُارا ॥1॥

ਐਸੋ ਗਿਆਨੁ ਬਿਰਲੋ ਈ ਪਾਏ ॥

ایَسو گیانُ بِرلو ای پائے ॥

ਜਤ ਜਤ ਜਾਈਐ ਤਤ ਦ੍ਰਿਸਟਾਏ ॥੧॥ ਰਹਾਉ ॥

جت جت جائیئے تت دِرسٹائے ॥1॥ رہاءُ ॥

ਅਨਿਕ ਰੰਗ ਨਿਰਗੁਨ ਇਕ ਰੰਗਾ ॥

اِنِک رنگ نِرگُن اِک رنگا ॥

ਆਪੇ ਜਲੁ ਆਪ ਹੀ ਤਰੰਗਾ ॥੨॥

آپے جلُ آپ ہی ترنگا ॥2॥

ਆਪ ਹੀ ਮੰਦਰੁ ਆਪਹਿ ਸੇਵਾ ॥

آپ ہی مندّرُ آپہِ سیوا ॥

ਆਪ ਹੀ ਪੂਜਾਰੀ ਆਪ ਹੀ ਦੇਵਾ ॥੩॥

آپ ہی پوُجاری آپ ہی دیوا ॥3॥

ਆਪਹਿ ਜੋਗ ਆਪ ਹੀ ਜੁਗਤਾ ॥

آپہِ جوگ آپ ہی جُگتا ॥

ਨਾਨਕ ਕੇ ਪ੍ਰਭ ਸਦ ਹੀ ਮੁਕਤਾ ॥੪॥੧॥੬॥

نانک کے پربھ سد ہی مُکتا ॥4॥1॥6॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਆਪਿ ਉਪਾਵਨ ਆਪਿ ਸਧਰਨਾ ॥

آپِ اُپاون آپِ سدھرنا ॥

ਆਪਿ ਕਰਾਵਨ ਦੋਸੁ ਨ ਲੈਨਾ ॥੧॥

آپِ کراون دوسُ ن لینا ॥1॥

ਆਪਨ ਬਚਨੁ ਆਪ ਹੀ ਕਰਨਾ ॥

آپن بچنُ آپ ہی کرنا ॥

ਆਪਨ ਬਿਭਉ ਆਪ ਹੀ ਜਰਨਾ ॥੧॥ ਰਹਾਉ ॥

آپن بِبھءُ آپ ہی جرنا ॥1॥ رہاءُ ॥

ਆਪ ਹੀ ਮਸਟਿ ਆਪ ਹੀ ਬੁਲਨਾ ॥	آپ ہی مسٹِ آپ ہی بُلنا ॥
ਆਪ ਹੀ ਅਛਲੁ ਨ ਜਾਈ ਛਲਨਾ ॥੨॥	آپ ہی اچھلُ ن جائی چھلنا ॥2॥
ਆਪ ਹੀ ਗੁਪਤ ਆਪਿ ਪਰਗਟਨਾ ॥	آپ ہی گُپت آپِ پرگٹنا ॥
ਆਪ ਹੀ ਘਟਿ ਘਟਿ ਆਪਿ ਅਲਿਪਨਾ ॥੩॥	آپ ہی گھٹِ گھٹِ آپِ الپنا ॥3॥
ਆਪੇ ਅਵਿਗਤੁ ਆਪ ਸੰਗਿ ਰਚਨਾ ॥	آپے اوِگتُ آپ سنگِ رچنا ॥
ਕਹੁ ਨਾਨਕ ਪ੍ਰਭ ਕੇ ਸਭਿ ਜਚਨਾ ॥੪॥੨॥੭॥	کہُ نانک پربھ کے سبھِ جچنا ॥4॥2॥7॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਭੂਲੇ ਮਾਰਗੁ ਜਿਨਹਿ ਬਤਾਇਆ ॥	بھوُلے مارگُ جِنہِ بتائیا ॥
ਐਸਾ ਗੁਰੁ ਵਡਭਾਗੀ ਪਾਇਆ ॥੧॥	ایَسا گُرُ وڈبھاگی پائیا ॥1॥
ਸਿਮਰਿ ਮਨਾ ਰਾਮ ਨਾਮੁ ਚਿਤਾਰੇ ॥	سِمرِ منا رام نامُ چِتارے ॥
ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ ॥੧॥ ਰਹਾਉ ॥	بسِ رہے ہِردے گُر چرن پِیارے ॥1॥ رہاءُ ॥
ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥	کامِ کرودھِ لوبھِ موہِ منُ لِینا ॥
ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥੨॥	بندھن کاٹِ مُکتِ گُرِ کِینا ॥2॥
ਦੁਖ ਸੁਖ ਕਰਤ ਜਨਮਿ ਫੁਨਿ ਮੂਆ ॥	دُکھ سُکھ کرت جنمِ پھُنِ موُیا ॥
ਚਰਨ ਕਮਲ ਗੁਰਿ ਆਸ੍ਰਮੁ ਦੀਆ ॥੩॥	چرن کمل گُرِ آسرمُ دِیا ॥3॥
ਅਗਨਿ ਸਾਗਰ ਬੂਡਤ ਸੰਸਾਰਾ ॥	اگنِ ساگر بوُڈت سنسارا ॥
ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥੪॥੩॥੮॥	نانک باہ پکڑِ ستِگُرِ نِستارا ॥4॥3॥8॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਤਨੁ ਮਨੁ ਧਨੁ ਅਰਪਉ ਸਭੁ ਅਪਨਾ ॥	تنُ منُ دھنُ ارپءُ سبھُ اپنا ॥
ਕਵਨ ਸੁ ਮਤਿ ਜਿਤੁ ਹਰਿ ਹਰਿ ਜਪਨਾ ॥੧॥	کون سُ متِ جِتُ ہرِ ہرِ جپنا ॥1॥
ਕਰਿ ਆਸਾ ਆਇਓ ਪ੍ਰਭ ਮਾਗਨਿ ॥	کرِ آسا آئیَو پربھ ماگنِ ॥
ਤੁਮ੍ ਪੇਖਤ ਸੋਭਾ ਮੇਰੈ ਆਗਨਿ ॥੧॥ ਰਹਾਉ ॥	تُمہ پیکھت سوبھا میرے آگنِ ॥1॥ رہاءُ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نوں سمرپت | سیوا: بھائی بلجندر سنگھ جی (راڑا صاہب)

ਅਨਿਕ ਜੁਗਤਿ ਕਰਿ ਬਹੁਤੁ ਬੀਚਾਰਉ ॥	انِک جُگتِ کرِ بہُتُ بیچارءُ ॥
ਸਾਧਸੰਗਿ ਇਸੁ ਮਨਹਿ ਉਧਾਰਉ ॥੨॥	سادھسنگِ اِسُ منہِ اُدھارءُ ॥2॥
ਮਤਿ ਬੁਧਿ ਸੁਰਤਿ ਨਾਹੀ ਚਤੁਰਾਈ ॥	متِ بُدھِ سُرتِ ناہی چترائی ॥
ਤਾ ਮਿਲੀਐ ਜਾ ਲਏ ਮਿਲਾਈ ॥੩॥	تا مِلیۓ جا لۓ مِلائی ॥3॥
ਨੈਨ ਸੰਤੋਖੇ ਪ੍ਰਭ ਦਰਸਨੁ ਪਾਇਆ ॥	نیَن سنّتوکھے پربھ درسنُ پائیا ॥
ਕਹੁ ਨਾਨਕ ਸਫਲੁ ਸੋ ਆਇਆ ॥੪॥੪॥੯॥	کہُ نانک سپھلُ سو آئیا ॥4॥4॥9॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਮਾਤ ਪਿਤਾ ਸੁਤ ਸਾਥਿ ਨ ਮਾਇਆ ॥	مات پِتا سُت ساتھِ ن مائیا ॥
ਸਾਧਸੰਗਿ ਸਭੁ ਦੂਖੁ ਮਿਟਾਇਆ ॥੧॥	سادھسنگِ سبھُ دوُکھُ مِٹائیا ॥1॥
ਰਵਿ ਰਹਿਆ ਪ੍ਰਭੁ ਸਭ ਮਹਿ ਆਪੇ ॥	روِ رہِیا پربھُ سبھ مہِ آپے ॥
ਹਰਿ ਜਪੁ ਰਸਨਾ ਦੁਖੁ ਨ ਵਿਆਪੇ ॥੧॥ ਰਹਾਉ ॥	ہرِ جپُ رسنا دُکھُ ن ویاپے ॥1॥ رہاءُ ॥
ਤਿਖਾ ਭੂਖ ਬਹੁ ਤਪਤਿ ਵਿਆਪਿਆ ॥	تِکھا بھوُکھ بہُ تپتِ ویاپیا ॥
ਸੀਤਲ ਭਏ ਹਰਿ ਹਰਿ ਜਸੁ ਜਾਪਿਆ ॥੨॥	سِیتل بھۓ ہرِ ہرِ جسُ جاپِیا ॥2॥
ਕੋਟਿ ਜਤਨ ਸੰਤੋਖੁ ਨ ਪਾਇਆ ॥	کوٹِ جتن سنّتوکھُ ن پائیا ॥
ਮਨੁ ਤ੍ਰਿਪਤਾਨਾ ਹਰਿ ਗੁਣ ਗਾਇਆ ॥੩॥	منُ ترِپتانا ہرِ گُن گائیا ॥3॥
ਦੇਹੁ ਭਗਤਿ ਪ੍ਰਭ ਅੰਤਰਜਾਮੀ ॥	دیہُ بھگتِ پربھ انترجامی ॥
ਨਾਨਕ ਕੀ ਬੇਨੰਤੀ ਸੁਆਮੀ ॥੪॥੫॥੧੦॥	نانک کی بینتی سُیامی ॥4॥5॥10॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਗੁਰੁ ਪੂਰਾ ਵਡਭਾਗੀ ਪਾਈਐ ॥	گُرُ پوُرا وڈبھاگی پائیۓ ॥
ਮਿਲਿ ਸਾਧੂ ਹਰਿ ਨਾਮੁ ਧਿਆਈਐ ॥੧॥	مِلِ سادھوُ ہرِ نامُ دھیائیۓ ॥1॥
ਪਾਰਬ੍ਰਹਮ ਪ੍ਰਭ ਤੇਰੀ ਸਰਨਾ ॥	پاربرہم پربھ تیری سرنا ॥
ਕਿਲਬਿਖ ਕਾਟੈ ਭਜੁ ਗੁਰ ਕੇ ਚਰਨਾ ॥੧॥ ਰਹਾਉ ॥	کِلبِکھ کاٹے بھجُ گُر کے چرنا ॥1॥ رہاءُ ॥

ਅਵਰਿ ਕਰਮ ਸਭਿ ਲੋਕਾਚਾਰ ॥	اورِ کرم سبھِ لوکاچار ॥
ਮਿਲਿ ਸਾਧੂ ਸੰਗਿ ਹੋਇ ਉਧਾਰ ॥੨॥	مِلِ سادھوُ سنگِ ہوءِ اُدھار ॥2॥
ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥	سِمرِتِ ساست بید بیچارے ॥
ਜਪੀਐ ਨਾਮੁ ਜਿਤੁ ਪਾਰਿ ਉਤਾਰੇ ॥੩॥	جپیئے نامُ جِتُ پارِ اُتارے ॥3॥
ਜਨ ਨਾਨਕ ਕਉ ਪ੍ਰਭ ਕਿਰਪਾ ਕਰੀਐ ॥	جن نانک کءُ پربھ کِرپا کریئے ॥
ਸਾਧੂ ਧੂਰਿ ਮਿਲੈ ਨਿਸਤਰੀਐ ॥੪॥੬॥੧੧॥	سادھوُ دھوُرِ مِلے نِستریئے ॥4॥6॥ 11 ॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਗੁਰ ਕਾ ਸਬਦੁ ਰਿਦੇ ਮਹਿ ਚੀਨਾ ॥	گُر کا سبدُ رِدے مہِ چینا ॥
ਸਗਲ ਮਨੋਰਥ ਪੂਰਨ ਆਸੀਨਾ ॥੧॥	سگل منورتھ پوُرن آسینا ॥1॥
ਸੰਤ ਜਨਾ ਕਾ ਮੁਖੁ ਊਜਲੁ ਕੀਨਾ ॥	سنّت جنا کا مُکھُ اوُجلُ کینا ॥
ਕਰਿ ਕਿਰਪਾ ਅਪੁਨਾ ਨਾਮੁ ਦੀਨਾ ॥੧॥ ਰਹਾਉ ॥	کرِ کرپا اپُنا نامُ دینا ॥1॥ رہاءُ ॥
ਅੰਧ ਕੂਪ ਤੇ ਕਰੁ ਗਹਿ ਲੀਨਾ ॥	انّدھ کوُپ تے کرُ گہِ لینا ॥
ਜੈ ਜੈ ਕਾਰੁ ਜਗਤਿ ਪ੍ਰਗਟੀਨਾ ॥੨॥	جے جے کارُ جگتِ پرگٹینا ॥2॥
ਨੀਚਾ ਤੇ ਊਚ ਊਨ ਪੂਰੀਨਾ ॥	نیچا تے اوُچ اوُن پوُرینا ॥
ਅੰਮ੍ਰਿਤ ਨਾਮੁ ਮਹਾ ਰਸੁ ਲੀਨਾ ॥੩॥	انمّرِت نامُ مہا رسُ لینا ॥3॥
ਮਨ ਤਨ ਨਿਰਮਲ ਪਾਪ ਜਲਿ ਖੀਨਾ ॥	من تن نِرمل پاپ جلِ کھینا ॥
ਕਹੁ ਨਾਨਕ ਪ੍ਰਭ ਭਏ ਪ੍ਰਸੀਨਾ ॥੪॥੭॥੧੨॥	کہُ نانک پربھ بھئے پرسینا ॥4॥7॥ 12 ॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਸਗਲ ਮਨੋਰਥ ਪਾਈਅਹਿ ਮੀਤਾ ॥	سگل منورتھ پائیئہِ میتا ۔ ॥
ਚਰਨ ਕਮਲ ਸਿਉ ਲਾਈਐ ਚੀਤਾ ॥੧॥	چرن کمل سِءُ لائیئے چیتا ॥1॥
ਹਉ ਬਲਿਹਾਰੀ ਜੋ ਪ੍ਰਭੂ ਧਿਆਵਤ ॥	ہءُ بلِہاری جو پربھوُ دھیاوت ॥
ਜਲਨਿ ਬੁਝੈ ਹਰਿ ਹਰਿ ਗੁਨ ਗਾਵਤ ॥੧॥ ਰਹਾਉ ॥	جلنِ بُجھے ہرِ ہرِ گُن گاوت ॥1॥ رہاءُ ॥

ਸਫਲ ਜਨਮੁ ਹੋਵਤ ਵਡਭਾਗੀ ॥	سپھل جنمُ ہووت وڈبھاگی ॥
ਸਾਧਸੰਗਿ ਰਾਮਹਿ ਲਿਵ ਲਾਗੀ ॥੨॥	سادھسنگِ رامہِ لِو لاگی ॥2॥
ਮਤਿ ਪਤਿ ਧਨੁ ਸੁਖ ਸਹਜ ਅਨੰਦਾ ॥	متِ پتِ دھنُ سُکھ سہج انندا ॥
ਇਕ ਨਿਮਖ ਨ ਵਿਸਰਹੁ ਪਰਮਾਨੰਦਾ ॥੩॥	اِک نِمکھ ن وِسرہُ پرمانندا ॥3॥
ਹਰਿ ਦਰਸਨ ਕੀ ਮਨਿ ਪਿਆਸ ਘਨੇਰੀ ॥	ہرِ درسن کی منِ پیاس گھنیری ॥
ਭਨਤਿ ਨਾਨਕ ਸਰਣਿ ਪ੍ਰਭ ਤੇਰੀ ॥੪॥੮॥੧੩॥	بھنتِ نانک سرنِ پربھ تیری ॥4॥8॥ 13 ॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਮੋਹਿ ਨਿਰਗੁਨ ਸਭ ਗੁਣਹ ਬਿਹੂਨਾ ॥	موہِ نِرگُن سبھ گُنہ بِہوُنا ॥
ਦਇਆ ਧਾਰਿ ਅਪੁਨਾ ਕਰਿ ਲੀਨਾ ॥੧॥	دئیا دھارِ اپُنا کرِ لِینا ॥1॥
ਮੇਰਾ ਮਨੁ ਤਨੁ ਹਰਿ ਗੋਪਾਲਿ ਸੁਹਾਇਆ ॥	میرا منُ تنُ ہرِ گوپالِ سُہائیا ॥
ਕਰਿ ਕਿਰਪਾ ਪ੍ਰਭੁ ਘਰ ਮਹਿ ਆਇਆ ॥੧॥ ਰਹਾਉ ॥	کرِ کِرپا پربھُ گھر مہِ آئیا ॥1॥ رہاءُ ॥
ਭਗਤਿ ਵਛਲ ਭੈ ਕਾਟਨਹਾਰੇ ॥	بھگتِ وچھل بھےَ کاٹنہارے ॥
ਸੰਸਾਰ ਸਾਗਰ ਅਬ ਉਤਰੇ ਪਾਰੇ ॥੨॥	سنّسار ساگر اب اُترے پارے ॥2॥
ਪਤਿਤ ਪਾਵਨ ਪ੍ਰਭ ਬਿਰਦੁ ਬੇਦਿ ਲੇਖਿਆ ॥	پتِت پاون پربھ بِردُ بیدِ لیکھیا ॥
ਪਾਰਬ੍ਰਹਮੁ ਸੋ ਨੈਨਹੁ ਪੇਖਿਆ ॥੩॥	پاربرہمُ سو نینہُ پیکھیا ॥3॥
ਸਾਧਸੰਗਿ ਪ੍ਰਗਟੇ ਨਾਰਾਇਣ ॥	سادھسنگِ پرگٹے نارائنّ ॥
ਨਾਨਕ ਦਾਸ ਸਭਿ ਦੂਖ ਪਲਾਇਣ ॥੪॥੯॥੧੪॥	نانک داس سبھِ دوُکھ پلائنّ ॥4॥9॥ 14 ॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਕਵਨੁ ਜਾਨੈ ਪ੍ਰਭ ਤੁਮ੍ਰੀ ਸੇਵਾ ॥	کونُ جانے پربھ تُمہری سیوا ॥
ਪ੍ਰਭ ਅਵਿਨਾਸੀ ਅਲਖ ਅਭੇਵਾ ॥੧॥	پربھ اوِناسی الکھ ابھیوا ॥1॥
ਗੁਣ ਬੇਅੰਤ ਪ੍ਰਭ ਗਹਿਰ ਗੰਭੀਰੇ ॥	گُنّ بیئنّت پربھ گہر گنبھیرے ॥
ਊਚ ਮਹਲ ਸੁਆਮੀ ਪ੍ਰਭ ਮੇਰੇ ॥	اوُچ محل سُیامی پربھ میرے ॥

ਤੂ ਅਪਰੰਪਰ ਠਾਕੁਰ ਮੇਰੇ ॥੧॥ ਰਹਾਉ ॥	توُ اپرنپر ٹھاکُر میرے ॥1॥ رہاءُ ॥
ਏਕਸ ਬਿਨੁ ਨਾਹੀ ਕੋ ਦੂਜਾ ॥	ایکس بِنُ ناہی کو دوُجا ॥
ਤੁਮ੍ ਹੀ ਜਾਨਹੁ ਅਪਨੀ ਪੂਜਾ ॥੨॥	تُمہ ہی جانہُ اپنی پوُجا ॥2॥
ਆਪਹੁ ਕਛੂ ਨ ਹੋਵਤ ਭਾਈ ॥	آپہُ کچھوُ ن ہووت بھائی ॥
ਜਿਸੁ ਪ੍ਰਭੁ ਦੇਵੈ ਸੋ ਨਾਮੁ ਪਾਈ ॥੩॥	جِسُ پربھُ دیوے سو نامُ پائی ॥3॥
ਕਹੁ ਨਾਨਕ ਜੋ ਜਨੁ ਪ੍ਰਭ ਭਾਇਆ ॥	کہُ نانک جو جنُ پربھ بھائیا ॥
ਗੁਣ ਨਿਧਾਨ ਪ੍ਰਭੁ ਤਿਨ ਹੀ ਪਾਇਆ ॥੪॥੧੦॥੧੫॥	گُن نِدھان پربھُ تِن ہی پائیا ॥4॥ 10 ॥ 15 ॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਮਾਤ ਗਰਭ ਮਹਿ ਹਾਥ ਦੇ ਰਾਖਿਆ ॥	مات گربھ مہِ ہاتھ دے راکھیا ॥
ਹਰਿ ਰਸੁ ਛੋਡਿ ਬਿਖਿਆ ਫਲੁ ਚਾਖਿਆ ॥੧॥	ہرِ رسُ چھوڈِ بِکھیا پھلُ چاکھیا ॥1॥
ਭਜੁ ਗੋਬਿਦ ਸਭ ਛੋਡਿ ਜੰਜਾਲ ॥	بھجُ گوبِد سبھ چھوڈِ زنجال ॥
ਜਬ ਜਮੁ ਆਇ ਸੰਘਾਰੈ ਮੂੜੇ ਤਬ ਤਨੁ ਬਿਨਸਿ ਜਾਇ ਬੇਹਾਲ ॥੧॥ ਰਹਾਉ ॥	جب جمُ آءِ سنگھارے موُڑے تب تنُ بِنسِ جاءِ بیحال ॥1॥ رہاءُ ॥
ਤਨੁ ਮਨੁ ਧਨੁ ਅਪਨਾ ਕਰਿ ਥਾਪਿਆ ॥	تنُ منُ دھنُ اپنا کرِ تھاپیا ॥
ਕਰਨਹਾਰੁ ਇਕ ਨਿਮਖ ਨ ਜਾਪਿਆ ॥੨॥	کرنہارُ اِک نِمکھ ن جاپیا ॥2॥
ਮਹਾ ਮੋਹ ਅੰਧ ਕੂਪ ਪਰਿਆ ॥	مہا موہ اندھ کوُپ پریا ॥
ਪਾਰਬ੍ਰਹਮੁ ਮਾਇਆ ਪਟਲਿ ਬਿਸਰਿਆ ॥੩॥	پاربرہمُ مائیا پٹلِ بِسریا ॥3॥
ਵਡੈ ਭਾਗਿ ਪ੍ਰਭ ਕੀਰਤਨੁ ਗਾਇਆ ॥	وڈے بھاگِ پربھ کیرتنُ گائیا ॥
ਸੰਤਸੰਗਿ ਨਾਨਕ ਪ੍ਰਭੁ ਪਾਇਆ ॥੪॥੧੧॥੧੬॥	سنتسنگِ نانک پربھُ پائیا ॥4॥ 11 ॥ 16 ॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਮਾਤ ਪਿਤਾ ਸੁਤ ਬੰਧਪ ਭਾਈ ॥	مات پِتا سُت بندھپ بھائی ॥
ਨਾਨਕ ਹੋਆ ਪਾਰਬ੍ਰਹਮੁ ਸਹਾਈ ॥੧॥	نانک ہویا پاربرہمُ سہائی ॥1॥
ਸੂਖ ਸਹਜ ਆਨੰਦ ਘਣੇ ॥	سوُکھ سہج آنند گھنے ॥

ਗੁਰੁ ਪੂਰਾ ਪੂਰੀ ਜਾ ਕੀ ਬਾਣੀ	گُرُ پُورا پُوری جا کی باٹی
ਅਨਿਕ ਗੁਣਾ ਜਾ ਕੇ ਜਾਹਿ ਨ ਗਣੇ ॥੧॥ ਰਹਾਉ ॥	انِک گُنا جا کے جاہِ ن گنے ॥1॥ رہاءُ ॥
ਸਗਲ ਸਰੰਜਾਮ ਕਰੇ ਪ੍ਰਭੁ ਆਪੇ ॥	سگل سرنجام کرے پربھُ آپے ॥
ਭਏ ਮਨੋਰਥ ਸੋ ਪ੍ਰਭੁ ਜਾਪੇ ॥੨॥	بھئے منورتھ سو پربھُ جاپے ॥2॥
ਅਰਥ ਧਰਮ ਕਾਮ ਮੋਖ ਕਾ ਦਾਤਾ ॥	ارتھ دھرم کام موکھ کا داتا ॥
ਪੂਰੀ ਭਈ ਸਿਮਰਿ ਸਿਮਰਿ ਬਿਧਾਤਾ ॥੩॥	پُوری بھئی سِمرِ سِمرِ بِدھاتا ॥3॥
ਸਾਧਸੰਗਿ ਨਾਨਕਿ ਰੰਗੁ ਮਾਣਿਆ ॥	سادھسنگِ نانکِ رنگُ ماٹیا ॥
ਘਰਿ ਆਇਆ ਪੂਰੈ ਗੁਰਿ ਆਣਿਆ ॥੪॥੧੨॥੧੭॥	گھرِ آئیا پُورے گُرِ آٹیا ॥4॥ 12 ॥ 17 ॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਸ੍ਰਬ ਨਿਧਾਨ ਪੂਰਨ ਗੁਰਦੇਵ ॥੧॥ ਰਹਾਉ ॥	سّرب نِدھان پُورن گُردیو ॥1॥ رہاءُ ॥
ਹਰਿ ਹਰਿ ਨਾਮੁ ਜਪਤ ਨਰ ਜੀਵੇ ॥	ہرِ ہرِ نامُ جپت نر جِیوے ॥
ਮਰਿ ਖੁਆਰੁ ਸਾਕਤ ਨਰ ਥੀਵੇ ॥੧॥	مرِ خُیارُ ساکت نر تھِیوے ॥1॥
ਰਾਮ ਨਾਮੁ ਹੋਆ ਰਖਵਾਰਾ ॥	رام نامُ ہویا رکھوارا ॥
ਝਖ ਮਾਰਉ ਸਾਕਤੁ ਵੇਚਾਰਾ ॥੨॥	جھکھ مارءُ ساکتُ ویچارا ॥2॥
ਨਿੰਦਾ ਕਰਿ ਕਰਿ ਪਚਹਿ ਘਨੇਰੇ ॥	نِندا کرِ کرِ پچہِ گھنیرے ॥
ਮਿਰਤਕ ਫਾਸ ਗਲੈ ਸਿਰਿ ਪੈਰੇ ॥੩॥	مِرتک پھاس گلےَ سِرِ پیَرے ॥3॥
ਕਹੁ ਨਾਨਕ ਜਪਹਿ ਜਨ ਨਾਮ ॥	کہُ نانک جپہِ جن نام ॥
ਤਾ ਕੇ ਨਿਕਟਿ ਨ ਆਵੈ ਜਾਮ ॥੪॥੧੩॥੧੮॥	تا کے نِکٹِ ن آوےَ جام ॥4॥ 13 ॥ 18 ॥
ਰਾਗੁ ਬਿਲਾਵਲੁ ਮਹਲਾ ੫ ਘਰੁ ੪ ਦੁਪਦੇ	راگُ بِلاولُ محلا 5 گھرُ 4 دُپدے
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਕਵਨ ਸੰਜੋਗ ਮਿਲਉ ਪ੍ਰਭ ਅਪਨੇ ॥	کون سنجوگ مِلءُ پربھ اپنے ॥
ਪਲੁ ਪਲੁ ਨਿਮਖ ਸਦਾ ਹਰਿ ਜਪਨੇ ॥੧॥	پلُ پلُ نِمکھ سدا ہرِ جپنے ॥1॥
ਚਰਨ ਕਮਲ ਪ੍ਰਭ ਕੇ ਨਿਤ ਧਿਆਵਉ ॥	چرن کمل پربھ کے نِت دھیاوءُ ॥

ਕਵਨ ਸੁ ਮਤਿ ਜਿਤੁ ਪ੍ਰੀਤਮੁ ਪਾਵਉ ॥੧॥ ਰਹਾਉ ॥	کون سُ متِ جِتُ پریتمُ پاوءُ ॥1॥ رہاءُ ॥
ਐਸੀ ਕ੍ਰਿਪਾ ਕਰਹੁ ਪ੍ਰਭ ਮੇਰੇ ॥	ایَسی کرِپا کرہُ پربھ میرے ۔ ॥
ਹਰਿ ਨਾਨਕ ਬਿਸਰੁ ਨ ਕਾਹੂ ਬੇਰੇ ॥੨॥੧॥੧੯॥	ہرِ نانک بِسرُ ن کاہوُ بیرے ॥2॥1॥ 19 ॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਚਰਨ ਕਮਲ ਪ੍ਰਭ ਹਿਰਦੈ ਧਿਆਏ ॥	چرن کمل پربھ ہِردے دھیائے ॥
ਰੋਗ ਗਏ ਸਗਲੇ ਸੁਖ ਪਾਏ ॥੧॥	روگ گئے سگلے سُکھ پائے ॥1॥
ਗੁਰਿ ਦੁਖੁ ਕਾਟਿਆ ਦੀਨੋ ਦਾਨੁ ॥	گُرِ دُکھُ کاٹیا دینو دانُ ॥
ਸਫਲ ਜਨਮੁ ਜੀਵਨ ਪਰਵਾਨੁ ॥੧॥ ਰਹਾਉ ॥	سپھل جنمُ جیون پروانُ ॥1॥ رہاءُ ॥
ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ ॥	اکتھ کتھا انمّرِت پربھ بانی ॥
ਕਹੁ ਨਾਨਕ ਜਪਿ ਜੀਵੇ ਗਿਆਨੀ ॥੨॥੨॥੨੦॥	کہُ نانک جپِ جیوے گیانی ॥2॥2॥ 20 ॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ॥	سانتِ پائی گُرِ ستِگُرِ پوُرے ॥
ਸੁਖ ਉਪਜੇ ਬਾਜੇ ਅਨਹਦ ਤੂਰੇ ॥੧॥ ਰਹਾਉ ॥	سُکھ اُپجے باجے انہد توُرے ॥1॥ رہاءُ ॥
ਤਾਪ ਪਾਪ ਸੰਤਾਪ ਬਿਨਾਸੇ ॥	تاپ پاپ سنتاپ بِناسے ॥
ਹਰਿ ਸਿਮਰਤ ਕਿਲਵਿਖ ਸਭਿ ਨਾਸੇ ॥੧॥	ہرِ سِمرت کِلوِکھ سبھِ ناسے ॥1॥
ਅਨਦੁ ਕਰਹੁ ਮਿਲਿ ਸੁੰਦਰ ਨਾਰੀ ॥	اندُ کرہُ مِلِ سُندر ناری ۔ ॥
ਗੁਰਿ ਨਾਨਕਿ ਮੇਰੀ ਪੈਜ ਸਵਾਰੀ ॥੨॥੩॥੨੧॥	گُرِ نانکِ میری پیَج سواری ॥2॥3॥ 21 ॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਮਮਤਾ ਮੋਹ ਧ੍ਰੋਹ ਮਦਿ ਮਾਤਾ ਬੰਧਨਿ ਬਾਧਿਆ ਅਤਿ ਬਿਕਰਾਲ ॥	ممتا موہ دھّروہ مدِ ماتا بنّدھنِ بادھیا اتِ بِکرال ॥
ਦਿਨੁ ਦਿਨੁ ਛਿਜਤ ਬਿਕਾਰ ਕਰਤ ਅਉਧ ਫਾਹੀ ਫਾਥਾ ਜਮ ਕੈ ਜਾਲ ॥੧॥	دِنُ دِنُ چھِجت بِکار کرت اُندھ پھاہی پھاتھا جم کے جال ॥1॥
ਤੇਰੀ ਸਰਣਿ ਪ੍ਰਭ ਦੀਨ ਦਇਆਲਾ ॥	تیری سرنِ پربھ دِین دیَیالا ۔ ॥

ਮਹਾ ਬਿਖਮ ਸਾਗਰੁ ਅਤਿ ਭਾਰੀ
ਉਧਰਹੁ ਸਾਧੂ ਸੰਗਿ ਰਵਾਲਾ ॥੧॥ ਰਹਾਉ ॥

مہا بِکھم ساگرُ اتِ بھاری
اُدھرہُ سادھوُ سنگِ روالا ॥1॥ رہاءُ ॥

ਪ੍ਰਭ ਸੁਖਦਾਤੇ ਸਮਰਥ ਸੁਆਮੀ
ਜੀਉ ਪਿੰਡੁ ਸਭੁ ਤੁਮਰਾ ਮਾਲ ॥

پربھ سُکھداتے سمرتھ سُیامی
جِیءُ پِنڈُ سبھُ تُمرا مال ॥

ਭ੍ਰਮ ਕੇ ਬੰਧਨ ਕਾਟਹੁ ਪਰਮੇਸਰ
ਨਾਨਕ ਕੇ ਪ੍ਰਭ ਸਦਾ ਕ੍ਰਿਪਾਲ ॥੨॥੪॥੨੨॥

بھرم کے بندھن کاٹہُ پریسر
نانک کے پربھ سدا کرِپال ۔ ॥2॥4॥ 22 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਸਗਲ ਅਨੰਦੁ ਕੀਆ ਪਰਮੇਸਰਿ
ਅਪਣਾ ਬਿਰਦੁ ਸਮ੍ਹਾਰਿਆ ॥

سگل انندُ کِیا پریسرِ
اپنا بِردُ سمہارِیا ॥

ਸਾਧ ਜਨਾ ਹੋਏ ਕਿਰਪਾਲਾ
ਬਿਗਸੇ ਸਭਿ ਪਰਵਾਰਿਆ ॥੧॥

سادھ جنا ہوئے کِرپالا
بِگسے سبھِ پروارِیا ॥1॥

ਕਾਰਜੁ ਸਤਿਗੁਰਿ ਆਪਿ ਸਵਾਰਿਆ ॥

کارجُ ستِگُرِ آپِ سوارِیا ॥

ਵਡੀ ਆਰਜਾ ਹਰਿ ਗੋਬਿੰਦ ਕੀ
ਸੂਖ ਮੰਗਲ ਕਲਿਆਣ ਬੀਚਾਰਿਆ ॥੧॥ ਰਹਾਉ ॥

وڈی آرجا ہرِ گوبِند کی
سوُکھ منگل کلیانٹ بیچارِیا ॥1॥ رہاءُ ॥

ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ
ਸਗਲੇ ਜੀਅ ਸਾਧਾਰਿਆ ॥

ونٹ ترِنٹ ترِبھونٹ ہرِیا ہوئے
سگلے جیء سادھارِیا ॥

ਮਨ ਇਛੇ ਨਾਨਕ ਫਲ ਪਾਏ
ਪੂਰਨ ਇਛ ਪੁਜਾਰਿਆ ॥੨॥੫॥੨੩॥

من اِچھے نانک پھل پائے
پوُرن اِچھ پُجارِیا ॥2॥5॥ 23 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਜਿਸੁ ਊਪਰਿ ਹੋਵਤ ਦਇਆਲੁ ॥

جِسُ اوُپر ہووت دئیالُ ॥

ਹਰਿ ਸਿਮਰਤ ਕਾਟੈ ਸੋ ਕਾਲੁ ॥੧॥ ਰਹਾਉ ॥

ہرِ سِمرت کاٹے سو کالُ ॥1॥ رہاءُ ॥

ਸਾਧਸੰਗਿ ਭਜੀਐ ਗੋਪਾਲੁ ॥

سادھسنگِ بھجیئے گوپالُ ॥

ਗੁਨ ਗਾਵਤ ਤੂਟੈ ਜਮ ਜਾਲੁ ॥੧॥

گُن گاوت توٹے جم جالُ ॥1॥

ਆਪੇ ਸਤਿਗੁਰੁ ਆਪੇ ਪ੍ਰਤਿਪਾਲ ॥

آپے ستِگُرُ آپے پرتپال ॥

ਨਾਨਕੁ ਜਾਚੈ ਸਾਧ ਰਵਾਲ ॥੨॥੬॥੨੪॥

نانکُ جاچےَ سادھ روال ॥2॥6॥ 24 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਮਨ ਮਹਿ ਸਿੰਚਹੁ ਹਰਿ ਹਰਿ ਨਾਮ ॥

من مہِ سِنچّہُ ہرِ ہرِ نام ॥

ਅਨਦਿਨੁ ਕੀਰਤਨੁ ਹਰਿ ਗੁਣ ਗਾਮ ॥੧॥

اندِنُ کیِرتنُ ہرِ گُنؤ گام ॥1॥

ਐਸੀ ਪ੍ਰੀਤਿ ਕਰਹੁ ਮਨ ਮੇਰੇ ॥

ایَسی پرّیتِ کرہُ من میرے ۔ ॥

ਆਠ ਪਹਰ ਪ੍ਰਭ ਜਾਨਹੁ ਨੇਰੇ ॥੧॥ ਰਹਾਉ ॥

آٹھ پہر پرّبھ جانہُ نیرے ॥1॥ رہاءُ ॥

ਕਹੁ ਨਾਨਕ ਜਾ ਕੇ ਨਿਰਮਲ ਭਾਗ ॥

کہُ نانک جا کے نِرمل بھاگ ॥

ਹਰਿ ਚਰਨੀ ਤਾ ਕਾ ਮਨੁ ਲਾਗ ॥੨॥੭॥੨੫॥

ہرِ چرنی تا کا منُ لاگ ॥2॥7॥ 25 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਰੋਗੁ ਗਇਆ ਪ੍ਰਭਿ ਆਪਿ ਗਵਾਇਆ ॥

روگُ گئیا پرّبھِ آپِ گوائیا ॥

ਨੀਦ ਪਈ ਸੁਖ ਸਹਜ ਘਰੁ ਆਇਆ ॥੧॥ ਰਹਾਉ ॥

نیِد پئی سُکھ سہج گھرُ آئیا ॥1॥ رہاءُ ॥

ਰਜਿ ਰਜਿ ਭੋਜਨੁ ਖਾਵਹੁ ਮੇਰੇ ਭਾਈ ॥

رجِ رجِ بھوجنُ کھاوہُ میرے بھائی ۔ ॥

ਅੰਮ੍ਰਿਤ ਨਾਮੁ ਰਿਦ ਮਾਹਿ ਧਿਆਈ ॥੧॥

انمّرِت نامُ رِد ماہِ دھیائی ॥1॥

ਨਾਨਕ ਗੁਰ ਪੂਰੇ ਸਰਨਾਈ ॥

نانک گُرپُورے سرنائی ॥

ਜਿਨਿ ਅਪਨੇ ਨਾਮ ਕੀ ਪੈਜ ਰਖਾਈ ॥੨॥੮॥੨੬॥

جِنِ اپنے نام کی پیَج رکھائی ॥2॥8॥ 26 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਸਤਿਗੁਰ ਕਰਿ ਦੀਨੇ
ਅਸਥਿਰ ਘਰ ਬਾਰ ॥ ਰਹਾਉ ॥

ستِگُر کرِ دینے
استھِر گھر بار ॥ رہاءُ ॥

ਜੋ ਜੋ ਨਿੰਦ ਕਰੈ ਇਨ ਗ੍ਰਿਹਨ ਕੀ
ਤਿਸੁ ਆਗੈ ਹੀ ਮਾਰੈ ਕਰਤਾਰ ॥੧॥

جو جو نِندَ کرےَ اِن گرِہن کی
تِس آگےَ ہی مارےَ کرتار ॥1॥

ਨਾਨਕ ਦਾਸ ਤਾ ਕੀ ਸਰਨਾਈ
ਜਾ ਕੋ ਸਬਦੁ ਅਖੰਡ ਅਪਾਰ ॥੨॥੯॥੨੭॥

نانک داس تا کی سرنائی
جا کو سبدُ اکھنڈُ اپار ॥2॥9॥ 27 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਤਾਪ ਸੰਤਾਪ ਸਗਲੇ ਗਏ
ਬਿਨਸੇ ਤੇ ਰੋਗ ॥

تاپ سنّتاپ سگلے گئے
بِنسے تے روگ ॥

ਪਾਰਬ੍ਰਹਮਿ ਤੂ ਬਖਸਿਆ
ਸੰਤਨ ਰਸ ਭੋਗ ॥ ਰਹਾਉ ॥

پاربرّہمِ توُ بخشِیا
سنّتن رس بھوگ ॥ رہاءُ ॥

ਸਰਬ ਸੁਖਾ ਤੇਰੀ ਮੰਡਲੀ
ਤੇਰਾ ਮਨੁ ਤਨੁ ਆਰੋਗ ॥

سرب سُکھا تیری منّڈلی
تیرا منُ تنُ آروگ ॥

ਗੁਨ ਗਾਵਹੁ ਨਿਤ ਰਾਮ ਕੇ
ਇਹ ਅਵਖਦ ਜੋਗ ॥੧॥

گُن گاوہُ نِت رام کے
اِہ اوکھد جوگ ॥1॥

ਆਇ ਬਸਹੁ ਘਰ ਦੇਸ ਮਹਿ
ਇਹ ਭਲੇ ਸੰਜੋਗ ॥

آءِ بسہُ گھر دیس مہِ
اِہ بھلے سنّجوگ ॥

ਨਾਨਕ ਪ੍ਰਭ ਸੁਪ੍ਰਸੰਨ ਭਏ
ਲਹਿ ਗਏ ਬਿਓਗ ॥੨॥੧੦॥੨੮॥

نانک پربھ سُپرّسنّن بھئے
لہِ گئے بِئوگ ॥2॥ 10 ॥ 28 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਕਾਹੂ ਸੰਗਿ ਨ ਚਾਲਹੀ ਮਾਇਆ ਜੰਜਾਲ ॥

کاہوُ سنگِ ن چالہی مایَا زنّجال ॥

ਊਠਿ ਸਿਧਾਰੇ ਛਤ੍ਰਪਤਿ ਸੰਤਨ ਕੈ ਖਿਆਲ ॥ ਰਹਾਉ ॥

اوُٹھِ سِدھارے چھتّرپتِ سنّتن کے خِیال ॥ رہاءُ ॥

ਅਹੰਬੁਧਿ ਕਉ ਬਿਨਸਨਾ ਇਹ ਧੁਰ ਕੀ ਢਾਲ ॥

اہنّبُدھِ کءُ بِنسنا اِہ دھُر کی ڈھال ॥

ਬਹੁ ਜੋਨੀ ਜਨਮਹਿ ਮਰਹਿ ਬਿਖਿਆ ਬਿਕਰਾਲ ॥੧॥

بہُ جونی جنمہِ مرہِ بِکھیا بِکرال ॥1॥

ਸਤਿ ਬਚਨ ਸਾਧੂ ਕਹਹਿ ਨਿਤ ਜਪਹਿ ਗੁਪਾਲ ॥

ستِ بچن سادھوُ کہہِ نِت جپہِ گُپال ॥

ਸਿਮਰਿ ਸਿਮਰਿ ਨਾਨਕ ਤਰੇ
ਹਰਿ ਕੇ ਰੰਗ ਲਾਲ ॥੨॥੧੧॥੨੯॥

سِمرِ سِمرِ نانک ترے
ہرِ کے رنگ لال ॥2॥ 11 ॥ 29 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਸਹਜ ਸਮਾਧਿ ਅਨੰਦ ਸੂਖ
ਪੂਰੇ ਗੁਰਿ ਦੀਨ ॥

سہج سمادھِ انند سوُکھ
پوُرے گُرِ دِین ॥

ਸਦਾ ਸਹਾਈ ਸੰਗਿ ਪ੍ਰਭ
ਅੰਮ੍ਰਿਤ ਗੁਣ ਚੀਨ ॥ ਰਹਾਉ ॥

سدا سہائی سنگِ پربھ

ਜੈ ਜੈ ਕਾਰੁ ਜਗਤ੍ਰ ਮਹਿ
ਲੋਚਹਿ ਸਭਿ ਜੀਆ ॥

ਸੁਪ੍ਰਸੰਨ ਭਏ ਸਤਿਗੁਰ ਪ੍ਰਭੂ
ਕਛੁ ਬਿਘਨੁ ਨ ਥੀਆ ॥੧॥

ਜਾ ਕਾ ਅੰਗੁ ਦਇਆਲ ਪ੍ਰਭ
ਤਾ ਕੇ ਸਭ ਦਾਸ ॥

ਸਦਾ ਸਦਾ ਵਡਿਆਈਆ
ਨਾਨਕ ਗੁਰ ਪਾਸਿ ॥੨॥੧੨॥੩੦॥

ਰਾਗੁ ਬਿਲਾਵਲੁ ਮਹਲਾ ੫ ਘਰੁ ੫ ਚਉਪਦੇ

ੴ ਸਤਿਗੁਰ ਪ੍ਰਸਾਦਿ ॥

ਮ੍ਰਿਤ ਮੰਡਲ ਜਗੁ ਸਾਜਿਆ
ਜਿਉ ਬਾਲੂ ਘਰ ਬਾਰ ॥

ਬਿਨਸਤ ਬਾਰ ਨ ਲਾਗਈ
ਜਿਉ ਕਾਗਦ ਬੂੰਦਾਰ ॥੧॥

ਸੁਨਿ ਮੇਰੀ ਮਨਸਾ ਮਨੈ ਮਾਹਿ
ਸਤਿ ਦੇਖੁ ਬੀਚਾਰਿ ॥

ਸਿਧ ਸਾਧਿਕ ਗਿਰਹੀ ਜੋਗੀ
ਤਜਿ ਗਏ ਘਰ ਬਾਰ ॥੧॥ ਰਹਾਉ ॥

ਜੈਸਾ ਸੁਪਨਾ ਰੈਨਿ ਕਾ
ਤੈਸਾ ਸੰਸਾਰ ॥

ਦ੍ਰਿਸਟਿਮਾਨ ਸਭੁ ਬਿਨਸੀਐ
ਕਿਆ ਲਗਹਿ ਗਵਾਰ ॥੨॥

ਕਹਾ ਸੁ ਭਾਈ ਮੀਤ ਹੈ
ਦੇਖੁ ਨੈਨ ਪਸਾਰਿ ॥

اَمرِت گُٹ چِین ॥ رہاءُ ॥

جے جے کارُ جگتر مہِ
لوچہِ سبھِ جیِیا ॥

سُپرسنّ بھئے ستِگُر پربھُو
کچھُ بِگھنُ ن تھیِیا ॥1॥

جا کا انگُ دئیال پربھ
تا کے سبھ داس ॥

سدا سدا وڈیائیِیا
نانک گُر پاسِ ॥2॥ 12 ॥ 30 ॥

راگُ بِلاولُ محلا 5 گھرُ 5 چئُپدے

ੴ ستِگُر پرسادِ ॥

مرِت منڈل جگُ ساجِیا
جِءُ بالوُ گھر بار ॥

بِنست بار ن لاگئی
جِءُ کاگد بُوندار ॥1॥

سُنِ میری منسا منے ماہِ
ستِ دیکھُ بیچارِ ॥

سِدھ سادھک گرہی جوگی
تجِ گئے گھر بار ॥1॥ رہاءُ ॥

جیَسا سُپنا رینِ کا
تیَسا سنّسار ॥

درِسٹمان سبھُ بِنسیئے
کِیا لگہِ گوار ۔ ॥2॥

کہا سُ بھائی مِیت ہے
دیکھُ نین پسارِ ॥

ਇਕਿ ਚਾਲੇ ਇਕਿ ਚਾਲਸਹਿ
ਸਭਿ ਅਪਨੀ ਵਾਰ ॥੩॥

اِکِ چالے اِکِ چالسہِ
سبھِ اپنی وار ॥3॥

ਜਿਨ ਪੂਰਾ ਸਤਿਗੁਰੁ ਸੇਵਿਆ
ਸੇ ਅਸਥਿਰੁ ਹਰਿ ਦੁਆਰਿ ॥

جِن پُورا ستِگُرُ سیوِیا
سے استھِرُ ہرِ دُیارِ ॥

ਜਨੁ ਨਾਨਕੁ ਹਰਿ ਕਾ ਦਾਸੁ ਹੈ
ਰਖੁ ਪੈਜ ਮੁਰਾਰਿ ॥੪॥੧॥੩੧॥

جنُ نانکُ ہرِ کا داسُ ہے
رکھُ پیج مُرارِ ॥4॥1॥ 31 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਲੋਕਨ ਕੀਆ ਵਡਿਆਈਆ
ਬੈਸੰਤਰਿ ਪਾਗਉ ॥

لوکن کِیا وڈِیائیِیا
بیَسنّترِ پاگءُ ॥

ਜਿਉ ਮਿਲੈ ਪਿਆਰਾ ਆਪਨਾ
ਤੇ ਬੋਲ ਕਰਾਗਉ ॥੧॥

جِءُ مِلےَ پِیارا آپنا
تے بول کراگءُ ॥1॥

ਜਉ ਪ੍ਰਭ ਜੀਉ ਦਇਆਲ ਹੋਇ
ਤਉ ਭਗਤੀ ਲਾਗਉ ॥

جءُ پربھ جیِءُ دیَیال ہوءِ
تءُ بھگتی لاگءُ ॥

ਲਪਟਿ ਰਹਿਓ ਮਨੁ ਬਾਸਨਾ
ਗੁਰ ਮਿਲਿ ਇਹ ਤਿਆਗਉ ॥੧॥ ਰਹਾਉ ॥

لپٹِ رہِئو منُ باسنا
گُر مِلِ اِہ تِیاگءُ ॥1॥ رہاءُ ॥

ਕਰਉ ਬੇਨਤੀ ਅਤਿ ਘਨੀ
ਇਹੁ ਜੀਉ ਹੋਮਾਗਉ ॥

کرءُ بینتی اتِ گھنی
اِہُ جیِءُ ہوماگءُ ॥

ਅਰਥ ਆਨ ਸਭਿ ਵਾਰਿਆ
ਪ੍ਰਿਅ ਨਿਮਖ ਸੋਹਾਗਉ ॥੨॥

ارتھ آن سبھِ وارِیا
پرِء نِمکھ سوہاگءُ ॥2॥

ਪੰਚ ਸੰਗੁ ਗੁਰ ਤੇ ਛੁਟੇ
ਦੋਖ ਅਰੁ ਰਾਗਉ ॥

پنچ سنگُ گُر تے چھُٹے
دوکھ ارُ راگءُ ॥

ਰਿਦੈ ਪ੍ਰਗਾਸੁ ਪ੍ਰਗਟ ਭਇਆ
ਨਿਸਿ ਬਾਸੁਰ ਜਾਗਉ ॥੩॥

رِدے پرگاسُ پرگٹ بھئیا
نِسِ باسُر جاگءُ ॥3॥

ਸਰਣਿ ਸੋਹਾਗਨਿ ਆਇਆ
ਜਿਸੁ ਮਸਤਕਿ ਭਾਗਉ ॥

سرنِ سوہاگنِ آئیا
جِسُ مستکِ بھاگءُ ॥

ਕਹੁ ਨਾਨਕ ਤਿਨਿ ਪਾਇਆ
ਤਨੁ ਮਨੁ ਸੀਤਲਾਗਉ ॥੪॥੨॥੩੨॥

کہُ نانک تِنِ پائِیا
تنُ منُ سیِتلاگ ءُ ॥4॥2॥ 32 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਲਾਲ ਰੰਗੁ ਤਿਸ ਕਉ ਲਗਾ
ਜਿਸ ਕੇ ਵਡਭਾਗਾ ॥

لال رنگُ تِس ک ءُ لگا
جِس کے وڈبھاگا ॥

ਮੈਲਾ ਕਦੇ ਨ ਹੋਵਈ
ਨਹ ਲਾਗੈ ਦਾਗਾ ॥੧॥

میَلا کدے ن ہووئی
نہ لاگے داگا ॥1॥

ਪ੍ਰਭੁ ਪਾਇਆ ਸੁਖਦਾਈਆ
ਮਿਲਿਆ ਸੁਖ ਭਾਇ ॥

پّربھُ پائِیا سُکھدائِیا
مِلیا سُکھ بھاءِ ॥

ਸਹਜਿ ਸਮਾਨਾ ਭੀਤਰੇ
ਛੋਡਿਆ ਨਹ ਜਾਇ ॥੧॥ ਰਹਾਉ ॥

سہجِ سمانا بھیِترے
چھوڈِیا نہ جاءِ ॥1॥ رہاءُ ॥

ਜਰਾ ਮਰਾ ਨਹ ਵਿਆਪਈ
ਫਿਰਿ ਦੂਖੁ ਨ ਪਾਇਆ ॥

جرا مرا نہ وِیاپئی
پھِرِ دوُکھُ ن پائِیا ॥

ਪੀ ਅੰਮ੍ਰਿਤੁ ਆਘਾਨਿਆ
ਗੁਰਿ ਅਮਰੁ ਕਰਾਇਆ ॥੨॥

پی انمّرِتُ آگھانِیا
گُرِ امرُ کرائِیا ॥2॥

ਸੋ ਜਾਨੈ ਜਿਨਿ ਚਾਖਿਆ
ਹਰਿ ਨਾਮੁ ਅਮੋਲਾ ॥

سو جانے جِنِ چاکھِیا
ہرِ نامُ امولا ॥

ਕੀਮਤਿ ਕਹੀ ਨ ਜਾਈਐ
ਕਿਆ ਕਹਿ ਮੁਖਿ ਬੋਲਾ ॥੩॥

قِیمتِ کہی ن جائیئے
کِیا کہِ مُکھِ بولا ۔ ॥3॥

ਸਫਲ ਦਰਸੁ ਤੇਰਾ ਪਾਰਬ੍ਰਹਮ
ਗੁਣ ਨਿਧਿ ਤੇਰੀ ਬਾਣੀ ॥

سپھل درسُ تیرا پاربّرہم
گُنّ نِدھِ تیری بانّی ॥

ਪਾਵਉ ਧੂਰਿ ਤੇਰੇ ਦਾਸ ਕੀ
ਨਾਨਕ ਕੁਰਬਾਣੀ ॥੪॥੩॥੩੩॥

پاوءُ دھوُرِ تیرے داس کی
نانک قُربانّی ॥4॥3॥ 33 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਰਾਖਹੁ ਅਪਨੀ ਸਰਣਿ ਪ੍ਰਭ

راکھہُ اپنی سرنّ پّربھ

ਮੋਹਿ ਕਿਰਪਾ ਧਾਰੇ ॥

موہِ کِرپا دھارے ॥

ਸੇਵਾ ਕਛੂ ਨ ਜਾਨਊ
ਨੀਚੁ ਮੂਰਖਾਰੇ ॥੧॥

سیوا کچھوُ ن جانئوُ
نِیچُ موُرکھارے ॥1॥

ਮਾਨੁ ਕਰਉ ਤੁਧੁ ਊਪਰੇ
ਮੇਰੇ ਪ੍ਰੀਤਮ ਪਿਆਰੇ ॥

مانُ کرءُ تُدھُ اوُپرے
میرے پرّیتم پِیارے ۔ ॥

ਹਮ ਅਪਰਾਧੀ ਸਦ ਭੂਲਤੇ
ਤੁਮ੍ ਬਖਸਨਹਾਰੇ ॥੧॥ ਰਹਾਉ ॥

ہم اپرادھی سد بھوُلتے
تُمّہ بخشنہارے ॥1॥ رہاءُ ॥

ਹਮ ਅਵਗਨ ਕਰਹ ਅਸੰਖ ਨੀਤਿ
ਤੁਮ੍ ਨਿਰਗੁਨ ਦਾਤਾਰੇ ॥

ہم اوگن کرہ اسنکھ نِیتِ
تُمّہ نِرگُن داتارے ॥

ਦਾਸੀ ਸੰਗਤਿ ਪ੍ਰਭੂ ਤਿਆਗਿ
ਏ ਕਰਮ ਹਮਾਰੇ ॥੨॥

داسی سنگتِ پرّبھوُ تِیاگِ
اے کرم ہمارے ॥2॥

ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ
ਹਮ ਅਕਿਰਤਘਨਾਰੇ ॥

تُمّہ دیوہُ سبھُ کچھُ دئیا دھارِ
ہم اکِرتگھنارے ॥

ਲਾਗਿ ਪਰੇ ਤੇਰੇ ਦਾਨ ਸਿਉ
ਨਹ ਚਿਤਿ ਖਸਮਾਰੇ ॥੩॥

لاگِ پرے تیرے دان سِءُ
نہ چِتِ کھسمارے ॥3॥

ਤੁਝ ਤੇ ਬਾਹਰਿ ਕਿਛੁ ਨਹੀ
ਭਵ ਕਾਟਨਹਾਰੇ ॥

تُجھ تے باہرِ کچھُ نہی
بھو کاٹنہارے ۔ ॥

ਕਹੁ ਨਾਨਕ ਸਰਣਿ ਦਇਆਲ ਗੁਰ
ਲੇਹੁ ਮੁਗਧ ਉਧਾਰੇ ॥੪॥੪॥੩੪॥

کہُ نانک سرنِ دئیال گُر
لیہُ مُگدھ اُدھارے ॥4॥4॥ 34 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਦੋਸੁ ਨ ਕਾਹੂ ਦੀਜੀਐ
ਪ੍ਰਭੁ ਅਪਨਾ ਧਿਆਈਐ ॥

دوسُ ن کاہوُ دِیجیَے
پرّبھُ اپنا دھیائیَے ॥

ਜਿਤੁ ਸੇਵਿਐ ਸੁਖੁ ਹੋਇ ਘਨਾ
ਮਨ ਸੋਈ ਗਾਈਐ ॥੧॥

جِتُ سیوِئے سُکھُ ہوءِ گھنا
من سوئی گائیَے ॥1॥

ਕਹੀਐ ਕਾਇ ਪਿਆਰੇ ਤੁਝੁ ਬਿਨਾ ॥

کہیَے کاءِ پِیارے تُجھُ بِنا ॥

ਤੁਮ੍ ਦਇਆਲ ਸੁਆਮੀ
ਸਭ ਅਵਗਨ ਹਮਾ ॥੧॥ ਰਹਾਉ ॥

تُمہ دیَیال سُیامی
سبھ اوگن ہما ॥1॥ رہاءُ ॥

ਜਿਉ ਤੁਮ੍ ਰਾਖਹੁ ਤਿਉ ਰਹਾ
ਅਵਰੁ ਨਹੀ ਚਾਰਾ ॥

جِءُ تُمہ راکھہُ تِءُ رہا
اورُ نہی چارا ॥

ਨੀਧਰਿਆ ਧਰ ਤੇਰੀਆ
ਇਕ ਨਾਮ ਅਧਾਰਾ ॥੨॥

نِیدھریا دھر تیریِیا
اِک نام ادھارا ॥2॥

ਜੋ ਤੁਮ੍ ਕਰਹੁ ਸੋਈ ਭਲਾ
ਮਨਿ ਲੇਤਾ ਮੁਕਤਾ ॥

جو تُمہ کرہُ سوئی بھلا
منِ لیتا مُکتا ॥

ਸਗਲ ਸਮਗ੍ਰੀ ਤੇਰੀਆ
ਸਭ ਤੇਰੀ ਜੁਗਤਾ ॥੩॥

سگل سمگّری تیریِیا
سبھ تیری جُگتا ॥3॥

ਚਰਨ ਪਖਾਰਉ ਕਰਿ ਸੇਵਾ
ਜੇ ਠਾਕੁਰ ਭਾਵੈ ॥

چرن پکھارءُ کرِ سیوا
جے ٹھاکُر بھاوے ॥

ਹੋਹੁ ਕ੍ਰਿਪਾਲ ਦਇਆਲ ਪ੍ਰਭ
ਨਾਨਕੁ ਗੁਣ ਗਾਵੈ ॥੪॥੫॥੩੫॥

ہوہُ کِرپال دیَیال پربھ
نانکُ گُن گاوے ॥4॥5॥ 35 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਮਿਰਤੁ ਹਸੈ ਸਿਰ ਊਪਰੇ
ਪਸੂਆ ਨਹੀ ਬੂਝੈ ॥

مِرتُ ہسے سِر اوُپرے
پسوُیا نہی بوُجھے ॥

ਬਾਦ ਸਾਦ ਅਹੰਕਾਰ ਮਹਿ
ਮਰਣਾ ਨਹੀ ਸੂਝੈ ॥੧॥

باد ساد اہنکار مہِ
مرٹا نہی سوُجھے ॥1॥

ਸਤਿਗੁਰੁ ਸੇਵਹੁ ਆਪਨਾ
ਕਾਹੇ ਫਿਰਹੁ ਅਭਾਗੇ ॥

ستِگُرُ سیوہُ آپنا
کاہے پھِرہُ ابھاگے ۔ ॥

ਦੇਖਿ ਕਸੁੰਭਾ ਰੰਗੁਲਾ
ਕਾਹੇ ਭੂਲਿ ਲਾਗੇ ॥੧॥ ਰਹਾਉ ॥

دیکھِ کسُنبھا رنگُلا
کاہے بھوُلِ لاگے ۔ ॥1॥ رہاءُ ॥

ਕਰਿ ਕਰਿ ਪਾਪ ਦਰਬੁ ਕੀਆ
ਵਰਤਣ ਕੈ ਤਾਈ ॥

کرِ کرِ پاپ دربُ کیِیا
ورتنؔ کے تائی ॥

ਮਾਟੀ ਸਿਉ ਮਾਟੀ ਰਲੀ
ਨਾਗਾ ਉਠਿ ਜਾਈ ॥੨॥

ماٹی سِءُ ماٹی رلی
ناگا اُٹھِ جائی ॥2॥

ਜਾ ਕੈ ਕੀਐ ਸ੍ਰਮੁ ਕਰੈ
ਤੇ ਬੈਰ ਬਿਰੋਧੀ ॥

جا کے کیِئے سّرمُ کرے
تے بیَر بِرودھی ॥

ਅੰਤ ਕਾਲਿ ਭਜਿ ਜਾਹਿਗੇ
ਕਾਹੇ ਜਲਹੁ ਕਰੋਧੀ ॥੩॥

انّت کالِ بھجِ جاہِگے
کاہے جلہُ کرودھی ۔ ॥3॥

ਦਾਸ ਰੇਣੁ ਸੋਈ ਹੋਆ
ਜਿਸੁ ਮਸਤਕਿ ਕਰਮਾ ॥

داس رینُ سوئی ہویا
جِسُ مستکِ کرما ॥

ਕਹੁ ਨਾਨਕ ਬੰਧਨ ਛੁਟੇ
ਸਤਿਗੁਰ ਕੀ ਸਰਨਾ ॥੪॥੬॥੩੬॥

کہُ نانک بنّدھن چھُٹے
ستِگُر کی سرنا ॥4॥6॥ 36 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਪਿੰਗੁਲ ਪਰਬਤ ਪਾਰਿ ਪਰੇ
ਖਲ ਚਤੁਰ ਬਕੀਤਾ ॥

پِنگُل پربت پارِ پرے
کھل چترُ بکیِتا ॥

ਅੰਧੁਲੇ ਤ੍ਰਿਭਵਣ ਸੂਝਿਆ
ਗੁਰ ਭੇਟਿ ਪੁਨੀਤਾ ॥੧॥

انّدھُلے ترِبھونٹ سوُجھیا
گُر بھیٹِ پُنیِتا ॥1॥

ਮਹਿਮਾ ਸਾਧੂ ਸੰਗ ਕੀ
ਸੁਨਹੁ ਮੇਰੇ ਮੀਤਾ ॥

مہِما سادھوُ سنگ کی
سُنہُ میرے مِیتا ۔ ॥

ਮੈਲੁ ਖੋਈ ਕੋਟਿ ਅਘ ਹਰੇ
ਨਿਰਮਲ ਭਏ ਚੀਤਾ ॥੧॥ ਰਹਾਉ ॥

میَلُ کھوئی کوٹِ اگھ ہرے
نِرمل بھئے چیِتا ॥1॥ رہاءُ ॥

ਐਸੀ ਭਗਤਿ ਗੋਵਿੰਦ ਕੀ
ਕੀਟਿ ਹਸਤੀ ਜੀਤਾ ॥

ایَسی بھگتِ گووِنّد کی
کیِٹِ ہستی جیِتا ॥

ਜੋ ਜੋ ਕੀਨੋ ਆਪਨੋ
ਤਿਸੁ ਅਭੈ ਦਾਨੁ ਦੀਤਾ ॥੨॥

جو جو کِینو آپنو
تِسُ ابھے دانُ دیِتا ॥2॥

ਸਿੰਘੁ ਬਿਲਾਈ ਹੋਇ ਗਇਓ
ਤ੍ਰਿਣੁ ਮੇਰੁ ਦਿਖੀਤਾ ॥

سِنگھُ بِلائی ہوءِ گئِنو
ترِنُ میرُ دِکھیِتا ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਜਾ ਸਾਹਿਬ) سری گُرو نانک دیو جی مہاراج دے 550ویں پرکاش پُرب نوں سمرپت | سیوا: بھائی بلجِندر سنگھ جی (راجا صاہب)

ਸ੍ਰਮੁ ਕਰਤੇ ਦਮ ਆਢ ਕਉ
ਤੇ ਗਨੀ ਧਨੀਤਾ ॥੩॥

سرمُ کرتے دم آڈھ کءُ
تے گنی دھنیتا ॥3॥

ਕਵਨ ਵਡਾਈ ਕਹਿ ਸਕਉ
ਬੇਅੰਤ ਗੁਨੀਤਾ ॥

کون وڈائی کہِ سکءُ
بیئنّت گُنیتا ॥

ਕਰਿ ਕਿਰਪਾ ਮੁਹਿ ਨਾਮੁ ਦੇਹੁ
ਨਾਨਕ ਦਰ ਸਰੀਤਾ ॥੪॥੭॥੩੭॥

کرِ کرپا مُہِ نامُ دیہُ
نانک در سریتا ॥4॥7॥ 37 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਅਹੰਬੁਧਿ ਪਰਬਾਦ ਨੀਤ
ਲੋਭ ਰਸਨਾ ਸਾਦਿ ॥

اہنّبدھِ پربادِ نیت
لوبھ رسنا سادِ ॥

ਲਪਟਿ ਕਪਟਿ ਗ੍ਰਿਹਿ ਬੇਧਿਆ
ਮਿਥਿਆ ਬਿਖਿਆਦਿ ॥੧॥

لپٹِ کپٹِ گرِہِ بیدھیا
مِتھیا بِکھیادِ ॥1॥

ਐਸੀ ਪੇਖੀ ਨੇਤ੍ਰ ਮਹਿ
ਪੂਰੇ ਗੁਰ ਪਰਸਾਦਿ ॥

ایَسی پیکھی نیتّر مہِ
پوُرے گُر پرسادِ ॥

ਰਾਜ ਮਿਲਖ ਧਨ ਜੋਬਨਾ
ਨਾਮੈ ਬਿਨੁ ਬਾਦਿ ॥੧॥ ਰਹਾਉ ॥

راج مِلکھ دھن جوبنا
نامے َبِنُ بادِ ॥1॥ رہاءُ ॥

ਰੂਪ ਧੂਪ ਸੋਗੰਧਤਾ
ਕਾਪਰ ਭੋਗਾਦਿ ॥

روُپ دھوُپ سوگندھتا
کاپر بھوگادِ ॥

ਮਿਲਤ ਸੰਗਿ ਪਾਪਿਸਟ ਤਨ
ਹੋਏ ਦੁਰਗਾਦਿ ॥੨॥

مِلت سنگِ پاپِسٹ تن
ہوئے دُرگادِ ॥2॥

ਫਿਰਤ ਫਿਰਤ ਮਾਨੁਖੁ ਭਇਆ
ਖਿਨ ਭੰਗਨ ਦੇਹਾਦਿ ॥

پھِرت پھِرت مانُکھُ بھئیا
کھِن بھنگن دیہادِ ॥

ਇਹ ਅਉਸਰ ਤੇ ਚੂਕਿਆ
ਬਹੁ ਜੋਨਿ ਭ੍ਰਮਾਦਿ ॥੩॥

اِہ اُنسر تے چوُکیا
بہُ جونِ بھرّمادِ ॥3॥

ਪ੍ਰਭ ਕਿਰਪਾ ਤੇ ਗੁਰ ਮਿਲੇ
ਹਰਿ ਹਰਿ ਬਿਸਮਾਦ ॥

پربھ کرِپا تے گُر مِلے
ہرِ ہرِ بِسماد ॥

ਸੂਖ ਸਹਜ ਨਾਨਕ ਅਨੰਦ
ਤਾ ਕੈ ਪੂਰਨ ਨਾਦ ॥੪॥੮॥੩੮॥

سوُکھ سہج نانک انندّ
تا کے پوُرن ناد ॥4॥8॥ 38 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਚਰਨ ਭਏ ਸੰਤ ਬੋਹਿਥਾ
ਤਰੇ ਸਾਗਰੁ ਜੇਤ ॥

چرن بھئے سنّت بوہتھا
ترے ساگرُ جیت ॥

ਮਾਰਗ ਪਾਏ ਉਦਿਆਨ ਮਹਿ
ਗੁਰਿ ਦਸੇ ਭੇਤ ॥੧॥

مارگ پائے اُدِیان مہِ
گُرِ دسے بھیت ॥1॥

ਹਰਿ ਹਰਿ ਹਰਿ ਹਰਿ ਹਰਿ ਹਰੇ
ਹਰਿ ਹਰਿ ਹਰਿ ਹੇਤ ॥

ہرِ ہرِ ہرِ ہرِ ہرِ ہرے
ہرِ ہرِ ہرِ ہیت ॥

ਊਠਤ ਬੈਠਤ ਸੋਵਤੇ
ਹਰਿ ਹਰਿ ਹਰਿ ਚੇਤ ॥੧॥ ਰਹਾਉ ॥

اوُٹھت بیٹھت سووتے
ہرِ ہرِ ہرِ چیت ॥1॥ رہاءُ ॥

ਪੰਚ ਚੋਰ ਆਗੈ ਭਗੇ
ਜਬ ਸਾਧਸੰਗੇਤ ॥

پنّچ چور آگے بھگے
جب سادھسنگیت ॥

ਪੂੰਜੀ ਸਾਬਤੁ ਘਣੋ ਲਾਭੁ
ਗ੍ਰਿਹਿ ਸੋਭਾ ਸੇਤ ॥੨॥

پوُنجی سابتُ گھنّو لابھُ
گرِہِ سوبھا سیت ॥2॥

ਨਿਹਚਲ ਆਸਣੁ ਮਿਟੀ ਚਿੰਤ
ਨਾਹੀ ਡੋਲੇਤ ॥

نِہچل آسنُ مِٹی چِنّت
ناہی ڈولیت ॥

ਭਰਮੁ ਭੁਲਾਵਾ ਮਿਟਿ ਗਇਆ
ਪ੍ਰਭ ਪੇਖਤ ਨੇਤ ॥੩॥

بھرمُ بھُلاوا مِٹِ گئیا
پربھ پیکھت نیت ॥3॥

ਗੁਣ ਗਭੀਰ ਗੁਨ ਨਾਇਕਾ
ਗੁਣ ਕਹੀਅਹਿ ਕੇਤ ॥

گُنُ گبھیر گُن نائکا
گُنُ کہیئہِ کیت ۔ ॥

ਨਾਨਕ ਪਾਇਆ ਸਾਧਸੰਗਿ
ਹਰਿ ਹਰਿ ਅੰਮ੍ਰਿਤ ॥੪॥੯॥੩੯॥

نانک پائیا سادھسنگِ
ہرِ ہرِ انمّریت ॥4॥9॥ 39 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਬਿਨੁ ਸਾਧੂ ਜੋ ਜੀਵਨਾ

بِنُ سادھوُ جو جیِونا

ਤੇਤੋ ਬਿਰਥਾਰੀ ॥

تیتو بِرتھاری ॥

ਮਿਲਤ ਸੰਗਿ ਸਭਿ ਭ੍ਰਮ ਮਿਟੇ
ਗਤਿ ਭਈ ਹਮਾਰੀ ॥੧॥

مِلت سنگِ سبھِ بھّرم مِٹے
گتِ بھئی ہماری ॥1॥

ਜਾ ਦਿਨੁ ਭੇਟੇ ਸਾਧ ਮੋਹਿ
ਉਆ ਦਿਨ ਬਲਿਹਾਰੀ ॥

جا دِنُ بھیٹے سادھ موہِ
اُیا دِن بلِہاری ॥

ਤਨੁ ਮਨੁ ਅਪਨੋ ਜੀਅਰਾ
ਫਿਰਿ ਫਿਰਿ ਹਉ ਵਾਰੀ ॥੧॥ ਰਹਾਉ ॥

تنُ منُ اپنو جیئرا
پھِرِ پھِرِ ہءُ واری ॥1॥ رہاءُ ॥

ਏਤ ਛਡਾਈ ਮੋਹਿ ਤੇ
ਇਤਨੀ ਦ੍ਰਿੜਤਾਰੀ ॥

ایت چھڈائی موہِ تے
اِتنی دڑِڑتاری ॥

ਸਗਲ ਰੇਨ ਇਹੁ ਮਨੁ ਭਇਆ
ਬਿਨਸੀ ਅਪਧਾਰੀ ॥੨॥

سگل رین اِہُ منُ بھئیا
بِنسی اپدھاری ॥2॥

ਨਿੰਦ ਚਿੰਦ ਪਰ ਦੂਖਨਾ
ਏ ਖਿਨ ਮਹਿ ਜਾਰੀ ॥

نِندّ چِندّ پر دوُکھنا
اے کھِن مہِ جاری ॥

ਦਇਆ ਮਇਆ ਅਰੁ ਨਿਕਟਿ ਪੇਖੁ
ਨਾਹੀ ਦੂਰਾਰੀ ॥੩॥

دئیا مئیا ارُ نِکٹِ پیکھُ
ناہی دوُراری ॥3॥

ਤਨ ਮਨ ਸੀਤਲ ਭਏ ਅਬ
ਮੁਕਤੇ ਸੰਸਾਰੀ ॥

تن من سِیتل بھئے اب
مُکتے سنّساری ॥

ਹੀਤ ਚੀਤ ਸਭ ਪ੍ਰਾਨ ਧਨ
ਨਾਨਕ ਦਰਸਾਰੀ ॥੪॥੧੦॥੪੦॥

ہیِت چیِت سبھ پّران دھن
نانک درساری ॥4॥ 10 ॥ 40 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਟਹਲ ਕਰਉ ਤੇਰੇ ਦਾਸ ਕੀ
ਪਗ ਝਾਰਉ ਬਾਲ ॥

ٹہل کرءُ تیرے داس کی
پگ جھارءُ بال ॥

ਮਸਤਕੁ ਅਪਨਾ ਭੇਟ ਦੇਉ
ਗੁਨ ਸੁਨਉ ਰਸਾਲ ॥੧॥

مستکُ اپنا بھیٹ دیءُ
گُن سُنءُ رسال ॥1॥

ਤੁਮ੍ ਮਿਲਤੇ ਮੇਰਾ ਮਨੁ ਜੀਓ

تُمّہ مِلتے میرا منُ جیئو

ਤੁਮ੍ ਮਿਲਹੁ ਦਇਆਲ ॥

تُمہ مِلہُ دیَیال ۔ ॥

ਨਿਸਿ ਬਾਸੁਰ ਮਨਿ ਅਨਦੁ ਹੋਤ
ਚਿਤਵਤ ਕਿਰਪਾਲ ॥੧॥ ਰਹਾਉ ॥

نِس باسُر منِ اندُ ہوت
چِتوت کِرپال ॥1॥ رہاءُ ॥

ਜਗਤ ਉਧਾਰਨ ਸਾਧ ਪ੍ਰਭ
ਤਿਨ੍ ਲਾਗਹੁ ਪਾਲ ॥

جگت اُدھارن سادھ پربھ
تِنہ لاگہُ پال ॥

ਮੋ ਕਉ ਦੀਜੈ ਦਾਨੁ ਪ੍ਰਭ
ਸੰਤਨ ਪਗ ਰਾਲ ॥੨॥

مو کءُ دیجے دانُ پربھ
سنتن پگ رال ॥2॥

ਉਕਤਿ ਸਿਆਨਪ ਕਛੁ ਨਹੀ
ਨਾਹੀ ਕਛੁ ਘਾਲ ॥

اُکتِ سِیانپ کچھُ نہی
ناہی کچھُ گھال ॥

ਭ੍ਰਮ ਭੈ ਰਾਖਹੁ ਮੋਹ ਤੇ
ਕਾਟਹੁ ਜਮ ਜਾਲ ॥੩॥

بھرم بھے راکھہُ موہ تے
کاٹہُ جم جال ॥3॥

ਬਿਨਉ ਕਰਉ ਕਰੁਣਾਪਤੇ
ਪਿਤਾ ਪ੍ਰਤਿਪਾਲ ॥

بِنءُ کرءُ کرُناپتے
پِتا پرتپال ॥

ਗੁਣ ਗਾਵਉ ਤੇਰੇ ਸਾਧਸੰਗਿ
ਨਾਨਕ ਸੁਖ ਸਾਲ ॥੪॥੧੧॥੪੧॥

گُن گاوءُ تیرے سادھسنگِ
نانک سُکھ سال ॥4॥ 11 ॥ 41 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਕੀਤਾ ਲੋੜਹਿ ਸੋ ਕਰਹਿ
ਤੁਝ ਬਿਨੁ ਕਛੁ ਨਾਹਿ ॥

کِیتا لوڑہِ سو کرہِ
تُجھ بِنُ کچھُ ناہِ ॥

ਪਰਤਾਪੁ ਤੁਮ੍ਾਰਾ ਦੇਖਿ ਕੈ
ਜਮਦੂਤ ਛਡਿ ਜਾਹਿ ॥੧॥

پرتاپُ تُمہارا دیکھِ کے
جمدوُت چھڈِ جاہِ ॥1॥

ਤੁਮ੍ਰੀ ਕ੍ਰਿਪਾ ਤੇ ਛੂਟੀਐ
ਬਿਨਸੈ ਅਹੰਮੇਵ ॥

تُمہری کِرپا تے چھوٹیئے
بِنسے اہنمیو ॥

ਸਰਬ ਕਲਾ ਸਮਰਥ ਪ੍ਰਭ
ਪੂਰੇ ਗੁਰਦੇਵ ॥੧॥ ਰਹਾਉ ॥

سرب کلا سمرتھ پربھ
پوُرے گُردیو ॥1॥ رہاءُ ॥

ਖੋਜਤ ਖੋਜਤ ਖੋਜਿਆ

کھوجت کھوجت کھوجیا

ਨਾਮੈ ਬਿਨੁ ਕੂਰੁ ॥

نامے بِنُ کوُرُ ॥

ਜੀਵਨ ਸੁਖੁ ਸਭੁ ਸਾਧਸੰਗਿ
ਪ੍ਰਭ ਮਨਸਾ ਪੂਰੁ ॥੨॥

جیِون سُکھُ سبھُ سادھسنگِ
پربھ منسا پوُرُ ॥2॥

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ
ਸਿਆਨਪ ਸਭ ਜਾਲੀ ॥

جِتُ جِتُ لاوہُ تِتُ تِتُ لگہِ
سِیانپ سبھ جالی ॥

ਜਤ ਕਤ ਤੁਮ੍ ਭਰਪੂਰ ਹਹੁ
ਮੇਰੇ ਦੀਨ ਦਇਆਲੀ ॥੩॥

جت کت تُمہ بھرپوُر ہہُ
میرے دِین دیَیالی ۔ ॥3॥

ਸਭੁ ਕਿਛੁ ਤੁਮ ਤੇ ਮਾਗਨਾ
ਵਡਭਾਗੀ ਪਾਏ ॥

سبھُ کِچھُ تُم تے ماگنا
وڈبھاگی پائے ॥

ਨਾਨਕ ਕੀ ਅਰਦਾਸਿ ਪ੍ਰਭ
ਜੀਵਾ ਗੁਨ ਗਾਏ ॥੪॥੧੨॥੪੨॥

نانک کی عرداسِ پربھ
جیِوا گُن گائے ॥4॥ 12 ॥ 42 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਸਾਧਸੰਗਤਿ ਕੈ ਬਾਸਬੈ
ਕਲਮਲ ਸਭਿ ਨਸਨਾ ॥

سادھسنگتِ کے باسبے
کلمل سبھِ نسنا ॥

ਪ੍ਰਭ ਸੇਤੀ ਰੰਗਿ ਰਾਤਿਆ
ਤਾ ਤੇ ਗਰਭਿ ਨ ਗ੍ਰਸਨਾ ॥੧॥

پربھ سیتی رنگِ راتِیا
تا تے گربھِ ن گرّسنا ॥1॥

ਨਾਮੁ ਕਹਤ ਗੋਵਿੰਦ ਕਾ
ਸੂਚੀ ਭਈ ਰਸਨਾ ॥

نامُ کہت گووِندَ کا
سوُچی بھئی رسنا ॥

ਮਨ ਤਨ ਨਿਰਮਲ ਹੋਈ ਹੈ
ਗੁਰ ਕਾ ਜਪੁ ਜਪਨਾ ॥੧॥ ਰਹਾਉ ॥

من تن نِرمل ہوئی ہے
گُر کا جپُ جپنا ॥1॥ رہاءُ ॥

ਹਰਿ ਰਸੁ ਚਾਖਤ ਧ੍ਰਾਪਿਆ
ਮਨਿ ਰਸੁ ਲੈ ਹਸਨਾ ॥

ہرِ رسُ چاکھت دھّراپِیا
منِ رسُ لے ہسنا ॥

ਬੁਧਿ ਪ੍ਰਗਾਸ ਪ੍ਰਗਟ ਭਈ
ਉਲਟਿ ਕਮਲੁ ਬਿਗਸਨਾ ॥੨॥

بُدھِ پرّگاس پرّگٹ بھئی
اُلٹِ کملُ بِگسنا ॥2॥

ਸੀਤਲ ਸਾਂਤਿ ਸੰਤੋਖੁ ਹੋਇ

سِیتل سانتِ سنتوکھُ ہوءِ

ਸਭ ਬੂਝੀ ਤ੍ਰਿਸਨਾ ॥

سبھ بُوجھی ترِسنا ॥

ਦਹ ਦਿਸ ਧਾਵਤ ਮਿਟਿ ਗਏ
ਨਿਰਮਲ ਥਾਨਿ ਬਸਨਾ ॥੩॥

دہ دِس دھاوت مِٹ گئے
نِرمل تھانِ بسنا ॥3॥

ਰਾਖਨਹਾਰੈ ਰਾਖਿਆ
ਭਏ ਭ੍ਰਮ ਭਸਨਾ ॥

راکھنہارے راکھیا
بھئے بھرم بھسنا ॥

ਨਾਮੁ ਨਿਧਾਨ ਨਾਨਕ ਸੁਖੀ
ਪੇਖਿ ਸਾਧ ਦਰਸਨਾ ॥੪॥੧੩॥੪੩॥

نامُ نِدھان نانک سُکھی
پیکھِ سادھ درسنا ॥4॥ 13 ॥ 43 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਪਾਣੀ ਪਖਾ ਪੀਸੁ ਦਾਸ ਕੈ
ਤਬ ਹੋਹਿ ਨਿਹਾਲੁ ॥

پانی پکھا پیسُ داس کے
تب ہوہِ نِہالُ ॥

ਰਾਜ ਮਿਲਖ ਸਿਕਦਾਰੀਆ
ਅਗਨੀ ਮਹਿ ਜਾਲੁ ॥੧॥

راج مِلکھ سِکدارِیا
اگنی مہِ جالُ ॥1॥

ਸੰਤ ਜਨਾ ਕਾ ਛੋਹਰਾ
ਤਿਸੁ ਚਰਣੀ ਲਾਗਿ ॥

سنّت جنا کا چھوہرا
تِس چرنی لاگِ ॥

ਮਾਇਆਧਾਰੀ ਛਤ੍ਰਪਤਿ
ਤਿਨ੍ ਛੋਡਉ ਤਿਆਗਿ ॥੧॥ ਰਹਾਉ ॥

مائیادھاری چھتّرپتِ
تِنّہ چھوڈءُ تِیاگِ ॥1॥ رہاءُ ॥

ਸੰਤਨ ਕਾ ਦਾਨਾ ਰੂਖਾ
ਸੋ ਸਰਬ ਨਿਧਾਨ ॥

سنّتن کا دانا رُوکھا
سو سرب نِدھان ॥

ਗ੍ਰਿਹਿ ਸਾਕਤ ਛਤੀਹ ਪ੍ਰਕਾਰ
ਤੇ ਬਿਖੂ ਸਮਾਨ ॥੨॥

گرِہِ ساکت چھتیہ پرکار
تے بِکھوُ سمان ॥2॥

ਭਗਤ ਜਨਾ ਕਾ ਲੂਗਰਾ
ਓਢਿ ਨਗਨ ਨ ਹੋਈ ॥

بھگت جنا کا لوُگرا
اوڈھِ نگن ن ہوئی ॥

ਸਾਕਤ ਸਿਰਪਾਉ ਰੇਸਮੀ
ਪਹਿਰਤ ਪਤਿ ਖੋਈ ॥੩॥

ساکت سِرپاءُ ریشمی
پہِرت پتِ کھوئی ॥3॥

ਸਾਕਤ ਸਿਉ ਮੁਖਿ ਜੋਰਿਐ

ساکت سِءُ مُکھِ جورِئے

ਅਧ ਵੀਚਹੁ ਟੂਟੈ ॥

ادھ ویچہُ ٹُوٹے ॥

ਹਰਿ ਜਨ ਕੀ ਸੇਵਾ ਜੋ ਕਰੇ
ਇਤ ਊਤਹਿ ਛੂਟੈ ॥੪॥

ہرِ جن کی سیوا جو کرے
اِت اوُتہِ چھوُٹے ॥4॥

ਸਭ ਕਿਛੁ ਤੁਮ੍ ਹੀ ਤੇ ਹੋਆ
ਆਪਿ ਬਣਤ ਬਣਾਈ ॥

سبھ کِچھُ تُمّہ ہی تے ہویا
آپِ بنّت بنّائی ॥

ਦਰਸਨੁ ਭੇਟਤ ਸਾਧ ਕਾ
ਨਾਨਕ ਗੁਣ ਗਾਈ ॥੫॥੧੪॥੪੪॥

درسنُ بھیٹت سادھ کا
نانک گُنؔ گائی ॥5॥ 14 ॥ 44 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਸ੍ਰਵਨੀ ਸੁਨਉ ਹਰਿ ਹਰਿ ਹਰੇ
ਠਾਕੁਰ ਜਸੁ ਗਾਵਉ ॥

سّرونی سُن ءُ ہرِ ہرِ ہرے
ٹھاکُر جسُ گاوءُ ॥

ਸੰਤ ਚਰਣ ਕਰ ਸੀਸੁ ਧਰਿ
ਹਰਿ ਨਾਮੁ ਧਿਆਵਉ ॥੧॥

سنّت چرنؔ کر سیِسُ دھرِ
ہرِ نامُ دھِیاوءُ ॥1॥

ਕਰਿ ਕਿਰਪਾ ਦਇਆਲ ਪ੍ਰਭ
ਇਹ ਨਿਧਿ ਸਿਧਿ ਪਾਵਉ ॥

کرِ کِرپا دیئال پّربھ
اِہ نِدھِ سِدھِ پاوءُ ॥

ਸੰਤ ਜਨਾ ਕੀ ਰੇਣੁਕਾ
ਲੈ ਮਾਥੈ ਲਾਵਉ ॥੧॥ ਰਹਾਉ ॥

سنّت جنا کی ریُنکا
لے ماتھےَ لاوءُ ॥1॥ رہاءُ ॥

ਨੀਚ ਤੇ ਨੀਚੁ ਅਤਿ ਨੀਚੁ ਹੋਇ
ਕਰਿ ਬਿਨਉ ਬੁਲਾਵਉ ॥

نیچ تے نیچُ اتِ نیچُ ہوءِ
کرِ بِن ءُ بُلاوءُ ॥

ਪਾਵ ਮਲੋਵਾ ਆਪੁ ਤਿਆਗਿ
ਸੰਤਸੰਗਿ ਸਮਾਵਉ ॥੨॥

پاو ملووا آپُ تِیاگِ
سنّتسنّگِ سماوءُ ॥2॥

ਸਾਸਿ ਸਾਸਿ ਨਹ ਵੀਸਰੈ
ਅਨ ਕਤਹਿ ਨ ਧਾਵਉ ॥

ساسِ ساسِ نہ ویسرے
ان کتہِ ن دھاوءُ ॥

ਸਫਲ ਦਰਸਨ ਗੁਰੁ ਭੇਟੀਐ
ਮਾਨੁ ਮੋਹੁ ਮਿਟਾਵਉ ॥੩॥

سپھل درسن گُرُ بھیٹیےَ
مانُ موہُ مِٹاوءُ ॥3॥

ਸਤੁ ਸੰਤੋਖੁ ਦਇਆ ਧਰਮੁ

ست سنّتوکھُ دیئا دھرمُ

ਸੀਗਾਰੁ ਬਨਾਵਉ ॥
سیگارُ بناوءُ ॥

ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥੪॥੧੫॥੪੫॥
سپھل سُہاگنِ نانکا اپُنے پربھ بھاوءُ ॥4॥ 15 ॥ 45 ॥

ਬਿਲਾਵਲੁ ਮਹਲਾ ੫ ॥
بِلاولُ محلا 5 ॥

ਅਟਲ ਬਚਨ ਸਾਧੂ ਜਨਾ
ਸਭ ਮਹਿ ਪ੍ਰਗਟਾਇਆ ॥
اٹل بچن سادھوُ جنا
سبھ مہِ پرگٹائیا ॥

ਜਿਸੁ ਜਨ ਹੋਆ ਸਾਧਸੰਗੁ
ਤਿਸੁ ਭੇਟੈ ਹਰਿ ਰਾਇਆ ॥੧॥
جِسُ جن ہویا سادھسنگُ
تِسُ بھیٹے ہرِ رائیا ॥ 1 ॥

ਇਹ ਪਰਤੀਤਿ ਗੋਵਿੰਦ ਕੀ
ਜਪਿ ਹਰਿ ਸੁਖੁ ਪਾਇਆ ॥
اِہ پرتیتِ گووِند کی
جپِ ہرِ سُکھُ پائیا ॥

ਅਨਿਕ ਬਾਤਾ ਸਭਿ ਕਰਿ ਰਹੇ
ਗੁਰੁ ਘਰਿ ਲੈ ਆਇਆ ॥੧॥ ਰਹਾਉ ॥
انِک باتا سبھِ کرِ رہے
گُرُ گھرِ لے آئیا ॥ 1 ॥ رہاءُ ॥

ਸਰਣਿ ਪਰੇ ਕੀ ਰਾਖਤਾ
ਨਾਹੀ ਸਹਸਾਇਆ ॥
سرنِ پرے کی راکھتا
ناہی سہسائیا ॥

ਕਰਮ ਭੂਮਿ ਹਰਿ ਨਾਮੁ ਬੋਇ
ਅਉਸਰੁ ਦੁਲਭਾਇਆ ॥੨॥
کرم بھوُمِ ہرِ نامُ بوءِ
اُسرُ دُلبھائیا ॥ 2 ॥

ਅੰਤਰਜਾਮੀ ਆਪਿ ਪ੍ਰਭੁ
ਸਭ ਕਰੇ ਕਰਾਇਆ ॥
انترجامی آپِ پربھُ
سبھ کرے کرائیا ॥

ਪਤਿਤ ਪੁਨੀਤ ਘਣੇ ਕਰੇ
ਠਾਕੁਰ ਬਿਰਦਾਇਆ ॥੩॥
پتِت پُنیت گھنے کرے
ٹھاکُر برِدائیا ॥ 3 ॥

ਮਤ ਭੂਲਹੁ ਮਾਨੁਖ ਜਨ
ਮਾਇਆ ਭਰਮਾਇਆ ॥
مت بھوُلہُ مانُکھ جن
مائیا بھرمائیا ॥

ਨਾਨਕ ਤਿਸੁ ਪਤਿ ਰਾਖਸੀ
ਜੋ ਪ੍ਰਭਿ ਪਹਿਰਾਇਆ ॥੪॥੧੬॥੪੬॥
نانک تِسُ پتِ راکھسی
جو پربھِ پہرائیا ॥ 4 ॥ 16 ॥ 46 ॥

ਬਿਲਾਵਲੁ ਮਹਲਾ ੫ ॥
بِلاولُ محلا 5 ॥

ਮਾਟੀ ਤੇ ਜਿਨਿ ਸਾਜਿਆ
ਕਰਿ ਦੁਰਲਭ ਦੇਹ ॥

ماٹی تے جِنِ ساجِیا
کرِ دُرلبھ دیہ ॥

ਅਨਿਕ ਛਿਦ੍ਰ ਮਨ ਮਹਿ ਢਕੇ
ਨਿਰਮਲ ਦ੍ਰਿਸਟੇਹ ॥੧॥

انِک چھِدّر من مہِ ڈھکے
نِرمل دّرِسٹیہ ॥1॥

ਕਿਉ ਬਿਸਰੈ ਪ੍ਰਭੁ ਮਨੈ ਤੇ
ਜਿਸ ਕੇ ਗੁਣ ਏਹ ॥

کِءُ بِسرے پّربھُ منے تے
جِس کے گُنؤ ایہ ॥

ਪ੍ਰਭ ਤਜਿ ਰਚੇ ਜਿ ਆਨ ਸਿਉ
ਸੋ ਰਲੀਐ ਖੇਹ ॥੧॥ ਰਹਾਉ ॥

پّربھ تجِ رچے جِ آن سِءُ
سو رلیِۓ کھیہ ॥1॥ رہاءُ ॥

ਸਿਮਰਹੁ ਸਿਮਰਹੁ ਸਾਸਿ ਸਾਸਿ
ਮਤ ਬਿਲਮ ਕਰੇਹ ॥

سِمرہُ سِمرہُ ساسِ ساسِ
مت بِلم کریہ ॥

ਛੋਡਿ ਪ੍ਰਪੰਚੁ ਪ੍ਰਭ ਸਿਉ ਰਚਹੁ
ਤਜਿ ਕੂੜੇ ਨੇਹ ॥੨॥

چھوڈِ پّرپنچُ پّربھ سِءُ رچہُ
تجِ کوُڑے نیہ ॥2॥

ਜਿਨਿ ਅਨਿਕ ਏਕ ਬਹੁ ਰੰਗ ਕੀਏ
ਹੈ ਹੋਸੀ ਏਹ ॥

جِنِ انِک ایک بہُ رنگ کیِۓ
ہے ہوسی ایہ ॥

ਕਰਿ ਸੇਵਾ ਤਿਸੁ ਪਾਰਬ੍ਰਹਮ
ਗੁਰ ਤੇ ਮਤਿ ਲੇਹ ॥੩॥

کرِ سیوا تِسُ پاربّرہم
گُر تے متِ لیہ ॥3॥

ਊਚੇ ਤੇ ਊਚਾ ਵਡਾ
ਸਭ ਸੰਗਿ ਬਰਨੇਹ ॥

اوُچے تے اوُچا وڈا
سبھ سنگِ برنیہ ॥

ਦਾਸ ਦਾਸ ਕੋ ਦਾਸਰਾ
ਨਾਨਕ ਕਰਿ ਲੇਹ ॥੪॥੧੭॥੪੭॥

داس داس کو داسرا
نانک کرِ لیہ ॥4॥ 17 ॥ 47 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਏਕ ਟੇਕ ਗੋਵਿੰਦ ਕੀ
ਤਿਆਗੀ ਅਨ ਆਸ ॥

ایک ٹیک گووِنّد کی
تِیاگی ان آس ॥

ਸਭ ਊਪਰਿ ਸਮਰਥ ਪ੍ਰਭ
ਪੂਰਨ ਗੁਣਤਾਸ ॥੧॥

سبھ اوُپرِ سمرتھ پّربھ
پوُرن گُنتاس ॥1॥

ਜਨ ਕਾ ਨਾਮੁ ਅਧਾਰੁ ਹੈ
ਪ੍ਰਭ ਸਰਣੀ ਪਾਹਿ ॥

جن کا نامُ ادھارُ ہے
پربھ سرنی پاہِ ॥

ਪਰਮੇਸਰ ਕਾ ਆਸਰਾ
ਸੰਤਨ ਮਨ ਮਾਹਿ ॥੧॥ ਰਹਾਉ ॥

پرمیسر کا آسرا
سنتن من ماہِ ॥1॥ رہاءُ ॥

ਆਪਿ ਰਖੈ ਆਪਿ ਦੇਵਸੀ
ਆਪੇ ਪ੍ਰਤਿਪਾਰੈ ॥

آپِ رکھے آپِ دیوسی
آپے پرتپارے ॥

ਦੀਨ ਦਇਆਲ ਕ੍ਰਿਪਾ ਨਿਧੇ
ਸਾਸਿ ਸਾਸਿ ਸਮ੍ਹਾਰੈ ॥੨॥

دِین دئیال کرپا نِدھے
ساسِ ساسِ سمہارے ॥2॥

ਕਰਣਹਾਰੁ ਜੋ ਕਰਿ ਰਹਿਆ
ਸਾਈ ਵਡਿਆਈ ॥

کرٹہارُ جو کرِ رہیا
سائی وڈیائی ॥

ਗੁਰਿ ਪੂਰੈ ਉਪਦੇਸਿਆ
ਸੁਖੁ ਖਸਮ ਰਜਾਈ ॥੩॥

گُرِ پوُرے اُپدیسیا
سُکھُ خصم رضائی ॥3॥

ਚਿੰਤ ਅੰਦੇਸਾ ਗਣਤ ਤਜਿ
ਜਨਿ ਹੁਕਮੁ ਪਛਾਤਾ ॥

چِنّت اندیسا گنّت تجِ
جنِ حُکمُ پچھاتا ॥

ਨਹ ਬਿਨਸੈ ਨਹ ਛੋਡਿ ਜਾਇ
ਨਾਨਕ ਰੰਗਿ ਰਾਤਾ ॥੪॥੧੮॥੪੮॥

نہ بِنسے نہ چھوڈِ جاءِ
نانک رنگِ راتا ॥4॥ 18 ॥ 48 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਮਹਾ ਤਪਤਿ ਤੇ ਭਈ ਸਾਂਤਿ
ਪਰਸਤ ਪਾਪ ਨਾਠੇ ॥

مہا تپتِ تے بھئی سانتِ
پرست پاپ ناٹھے ॥

ਅੰਧ ਕੂਪ ਮਹਿ ਗਲਤ ਥੇ
ਕਾਢੇ ਦੇ ਹਾਥੇ ॥੧॥

اندھ کوُپ مہِ غلط تھے
کاڈھے دے ہاتھے ॥1॥

ਓਇ ਹਮਾਰੇ ਸਾਜਨਾ
ਹਮ ਉਨ ਕੀ ਰੇਨ ॥

اوءِ ہمارے ساجنا
ہم اُن کی رین ॥

ਜਿਨ ਭੇਟਤ ਹੋਵਤ ਸੁਖੀ
ਜੀਅ ਦਾਨੁ ਦੇਨ ॥੧॥ ਰਹਾਉ ॥

جِن بھیٹت ہووت سُکھی
جیء دانُ دین ॥1॥ رہاءُ ॥

ਪਰਾ ਪੂਰਬਲਾ ਲੀਖਿਆ
ਮਿਲਿਆ ਅਬ ਆਇ ॥

پرا پوُربلا لِیکھیا
مِلیا اب آءِ ॥

ਬਸਤ ਸੰਗਿ ਹਰਿ ਸਾਧ ਕੈ
ਪੂਰਨ ਆਸਾਇ ॥੨॥

بست سنگِ ہرِ سادھ کے
پوُرن آساءِ ॥2॥

ਭੈ ਬਿਨਸੇ ਤਿਹੁ ਲੋਕ ਕੇ
ਪਾਏ ਸੁਖ ਥਾਨ ॥

بھے بِنسے تِہُ لوک کے
پائے سُکھ تھان ॥

ਦਇਆ ਕਰੀ ਸਮਰਥ ਗੁਰਿ
ਬਸਿਆ ਮਨਿ ਨਾਮ ॥੩॥

دئیا کری سمرتھ گُرِ
بسِیا منِ نام ॥3॥

ਨਾਨਕ ਕੀ ਤੂ ਟੇਕ ਪ੍ਰਭ
ਤੇਰਾ ਆਧਾਰ ॥

نانک کی توُ ٹیک پربھ
تیرا آدھار ॥

ਕਰਣ ਕਾਰਣ ਸਮਰਥ ਪ੍ਰਭ
ਹਰਿ ਅਗਮ ਅਪਾਰ ॥੪॥੧੯॥੪੯॥

کرنؔ کارنؔ سمرتھ پربھ
ہرِ اگم اپار ॥4॥ 19 ॥ 49 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਸੋਈ ਮਲੀਨੁ ਦੀਨੁ ਹੀਨੁ
ਜਿਸੁ ਪ੍ਰਭੁ ਬਿਸਰਾਨਾ ॥

سوئی ملینُ دینُ ہینُ
جِسُ پربھُ بِسرانا ॥

ਕਰਨੈਹਾਰੁ ਨ ਬੂਝਈ
ਆਪੁ ਗਨੈ ਬਿਗਾਨਾ ॥੧॥

کرنیہارُ ن بوُجھئی
آپُ گنے بِگانا ॥1॥

ਦੂਖੁ ਤਦੇ ਜਦਿ ਵੀਸਰੈ
ਸੁਖੁ ਪ੍ਰਭ ਚਿਤਿ ਆਏ ॥

دوُکھُ تدے جدِ ویسرے
سُکھُ پربھ چِتِ آئے ॥

ਸੰਤਨ ਕੈ ਆਨੰਦੁ ਏਹੁ
ਨਿਤ ਹਰਿ ਗੁਣ ਗਾਏ ॥੧॥ ਰਹਾਉ ॥

سنتن کے آنندُ ایہُ
نِت ہرِ گُنؔ گائے ॥1॥ رہاءُ ॥

ਊਚੇ ਤੇ ਨੀਚਾ ਕਰੈ
ਨੀਚ ਖਿਨ ਮਹਿ ਥਾਪੈ ॥

اوُچے تے نیچا کرے
نیچ کھِن مہِ تھاپے ॥

ਕੀਮਤਿ ਕਹੀ ਨ ਜਾਈਐ
ਠਾਕੁਰ ਪਰਤਾਪੈ ॥੨॥

قیمتِ کہی ن جائیئے
ٹھاکُر پرتاپے ॥2॥

ਪੇਖਤ ਲੀਲਾ ਰੰਗ ਰੂਪ
ਚਲਨੈ ਦਿਨੁ ਆਇਆ ॥

ਸੁਪਨੇ ਕਾ ਸੁਪਨਾ ਭਇਆ
ਸੰਗਿ ਚਲਿਆ ਕਮਾਇਆ ॥੩॥

ਕਰਣ ਕਾਰਣ ਸਮਰਥ ਪ੍ਰਭ
ਤੇਰੀ ਸਰਣਾਈ ॥

ਹਰਿ ਦਿਨਸੁ ਰੈਣਿ ਨਾਨਕੁ ਜਪੈ
ਸਦ ਸਦ ਬਲਿ ਜਾਈ ॥੪॥੨੦॥੫੦॥

ਬਿਲਾਵਲੁ ਮਹਲਾ ੫ ॥

ਜਲੁ ਢੋਵਉ ਇਹੁ ਸੀਸ ਕਰਿ
ਕਰ ਪਗ ਪਖਲਾਵਉ ॥

ਬਾਰਿ ਜਾਉ ਲਖ ਬੇਰੀਆ
ਦਰਸੁ ਪੇਖਿ ਜੀਵਾਵਉ ॥੧॥

ਕਰਉ ਮਨੋਰਥ ਮਨੈ ਮਾਹਿ
ਅਪਨੇ ਪ੍ਰਭ ਤੇ ਪਾਵਉ ॥

ਦੇਉ ਸੂਹਨੀ ਸਾਧ ਕੈ
ਬੀਜਨੁ ਢੋਲਾਵਉ ॥੧॥ ਰਹਾਉ ॥

ਅੰਮ੍ਰਿਤ ਗੁਣ ਸੰਤ ਬੋਲਤੇ
ਸੁਣਿ ਮਨਹਿ ਪੀਲਾਵਉ ॥

ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ
ਬਿਖੈ ਜਲਨਿ ਬੁਝਾਵਉ ॥੨॥

ਜਬ ਭਗਤਿ ਕਰਹਿ ਸੰਤ ਮੰਡਲੀ
ਤਿਨ੍ਹ ਮਿਲਿ ਹਰਿ ਗਾਵਉ ॥

ਕਰਉ ਨਮਸਕਾਰ ਭਗਤ ਜਨ
ਧੂਰਿ ਮੁਖਿ ਲਾਵਉ ॥੩॥

پیکھت لِیلا رنگ روُپ
چلنے دِنُ آئیا ॥

سُپنے کا سُپنا بھئیا
سنگِ چلیا کمائیا ॥3॥

کرنٹ کارنٹ سمرتھ پربھ
تیری سرٹائی ॥

ہرِ دِنُس رینٹِ نانکُ جپے
سد سد بلِ جائی ॥4॥ 20 ॥ 50 ॥

بِلاولُ محلا 5 ॥

جلُ ڈھووءُ اِہُ سیس کرِ
کر پگ پکھلاوءُ ॥

بارِ جاءُ لکھ بیرییا
درسُ پیکھِ جیِواوءُ ॥1॥

کرءُ منورتھ منے ماہِ
اپنے پربھ تے پاوءُ ॥

دیءُ سوُہنی سادھ کے
بیجنُ ڈھولاوءُ ॥1॥ رہاءُ ॥

انمّرِت گُنٹ سنّت بولتے
سُنٹِ منہِ پیِلاوءُ ॥

اُیا رس مہِ سانتِ تّرِپتِ ہوءِ
بِکھےَ جلنِ بُجھاوءُ ॥2॥

جب بھگتِ کرہِ سنّت منڈلی
تِنّہ مِلِ ہرِ گاوءُ ॥

کرءُ نمسکار بھگت جن
دھوُرِ مُکھِ لاوءُ ॥3॥

ਊਠਤ ਬੈਠਤ ਜਪਉ ਨਾਮੁ
ਇਹੁ ਕਰਮੁ ਕਮਾਵਉ ॥

اوُٹھت بیٹھت جپ ءُ نامُ
اِہُ کرمُ کماوءُ ॥

ਨਾਨਕ ਕੀ ਪ੍ਰਭ ਬੇਨਤੀ
ਹਰਿ ਸਰਨਿ ਸਮਾਵਉ ॥੪॥੨੧॥੫੧॥

نانک کی پربھ بینتی
ہرِ سرنِ سماوءُ ॥4॥ 21 ॥ 51 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਇਹੁ ਸਾਗਰੁ ਸੋਈ ਤਰੈ
ਜੋ ਹਰਿ ਗੁਣ ਗਾਏ ॥

اِہُ ساگرُ سوئی ترے
جو ہرِ گُن گائے ॥

ਸਾਧਸੰਗਤਿ ਕੈ ਸੰਗਿ ਵਸੈ
ਵਡਭਾਗੀ ਪਾਏ ॥੧॥

سادھسنگتِ کے سنگِ وسے
وڈبھاگی پائے ॥1॥

ਸੁਣਿ ਸੁਣਿ ਜੀਵੈ ਦਾਸੁ ਤੁਮ੍
ਬਾਣੀ ਜਨ ਆਖੀ ॥

سُنِ سُنِ جیوے داسُ تُمہ
بانی جن آکھی ॥

ਪ੍ਰਗਟ ਭਈ ਸਭ ਲੋਅ ਮਹਿ
ਸੇਵਕ ਕੀ ਰਾਖੀ ॥੧॥ ਰਹਾਉ ॥

پرگٹ بھئی سبھ لوء مہِ
سیوک کی راکھی ॥1॥ رہاءُ ॥

ਅਗਨਿ ਸਾਗਰ ਤੇ ਕਾਢਿਆ
ਪ੍ਰਭਿ ਜਲਨਿ ਬੁਝਾਈ ॥

اگنِ ساگر تے کاڈھیا
پربھِ جلنِ بُجھائی ॥

ਅੰਮ੍ਰਿਤ ਨਾਮੁ ਜਲੁ ਸੰਚਿਆ
ਗੁਰ ਭਏ ਸਹਾਈ ॥੨॥

انمرت نامُ جلُ سنچیا
گُر بھے سہائی ॥2॥

ਜਨਮ ਮਰਣ ਦੁਖ ਕਾਟਿਆ
ਸੁਖ ਕਾ ਥਾਨੁ ਪਾਇਆ ॥

جنم مرن دُکھ کاٹیا
سُکھ کا تھانُ پائیا ॥

ਕਾਟੀ ਸਿਲਕ ਭ੍ਰਮ ਮੋਹ ਕੀ
ਅਪਨੇ ਪ੍ਰਭ ਭਾਇਆ ॥੩॥

کاٹی سِلک بھرم موہ کی
اپنے پربھ بھائیا ॥3॥

ਮਤ ਕੋਈ ਜਾਣਹੁ ਅਵਰੁ ਕਛੁ
ਸਭ ਪ੍ਰਭ ਕੈ ਹਾਥਿ ॥

مت کوئی جانہُ اورُ کچھُ
سبھ پربھ کے ہاتھِ ॥

ਸਰਬ ਸੂਖ ਨਾਨਕ ਪਾਏ
ਸੰਗਿ ਸੰਤਨ ਸਾਥਿ ॥੪॥੨੨॥੫੨॥

سرب سوُکھ نانک پائے
سنگِ سنتن ساتھِ ॥4॥ 22 ॥ 52 ॥

ਬਿਲਾਵਲੁ ਮਹਲਾ ੫ ॥

ਬੰਧਨ ਕਾਟੇ ਆਪਿ ਪ੍ਰਭਿ
ਹੋਆ ਕਿਰਪਾਲ ॥

ਦੀਨ ਦਇਆਲ ਪ੍ਰਭ ਪਾਰਬ੍ਰਹਮ
ਤਾ ਕੀ ਨਦਰਿ ਨਿਹਾਲ ॥੧॥

ਗੁਰਿ ਪੂਰੈ ਕਿਰਪਾ ਕਰੀ
ਕਾਟਿਆ ਦੁਖੁ ਰੋਗੁ ॥

ਮਨੁ ਤਨੁ ਸੀਤਲੁ ਸੁਖੀ ਭਇਆ
ਪ੍ਰਭ ਧਿਆਵਨ ਜੋਗੁ ॥੧॥ ਰਹਾਉ ॥

ਅਉਖਧੁ ਹਰਿ ਕਾ ਨਾਮੁ ਹੈ
ਜਿਤੁ ਰੋਗੁ ਨ ਵਿਆਪੈ ॥

ਸਾਧਸੰਗਿ ਮਨਿ ਤਨਿ ਹਿਤੈ
ਫਿਰਿ ਦੂਖੁ ਨ ਜਾਪੈ ॥੨॥

ਹਰਿ ਹਰਿ ਹਰਿ ਹਰਿ ਜਾਪੀਐ
ਅੰਤਰਿ ਲਿਵ ਲਾਈ ॥

ਕਿਲਵਿਖ ਉਤਰਹਿ ਸੁਧੁ ਹੋਇ
ਸਾਧੂ ਸਰਣਾਈ ॥੩॥

ਸੁਨਤ ਜਪਤ ਹਰਿ ਨਾਮ ਜਸੁ
ਤਾ ਕੀ ਦੂਰਿ ਬਲਾਈ ॥

ਮਹਾ ਮੰਤ੍ਰੁ ਨਾਨਕੁ ਕਥੈ
ਹਰਿ ਕੇ ਗੁਣ ਗਾਈ ॥੪॥੨੩॥੫੩॥

ਬਿਲਾਵਲੁ ਮਹਲਾ ੫ ॥

ਭੈ ਤੇ ਉਪਜੈ ਭਗਤਿ ਪ੍ਰਭ
ਅੰਤਰਿ ਹੋਇ ਸਾਂਤਿ ॥

ਨਾਮੁ ਜਪਤ ਗੋਵਿੰਦ ਕਾ

بِلاولُ محلا 5 ॥

بَندھن کاٹے آپِ پربھِ
ہویا کِرپال ॥

دِین دیئال پربھ پاربرہم
تا کی ندرِ نِہال ॥1॥

گُرِ پُورے کِرپا کری
کاٹیا دُکھُ روگُ ॥

منُ تنُ سیتلُ سُکھی بھئیا
پربھ دھیاون جوگُ ॥1॥ رہاءُ ॥

اَئکھدھُ ہرِ کا نامُ ہے
جِتُ روگُ ن وِیاپے ॥

سادھسنگِ منِ تنِ ہِتے
پھِرِ دوُکھُ ن جاپے ॥2॥

ہرِ ہرِ ہرِ ہرِ جاپیئے
انتر لِو لائی ॥

کِلوِکھ اُترہِ سُدھُ ہوءِ
سادھوُ سرنائی ॥3॥

سُنت جپت ہرِ نام جسُ
تا کی دوُرِ بلائی ॥

مہا منتّر نانکُ کتھے
ہرِ کے گُن گائی ॥4॥ 23 ॥ 53 ॥

بِلاولُ محلا 5 ॥

بھے تے اُپجے بھگتِ پربھ
انترِ ہوءِ سانتِ ॥

نامُ جپت گووِندَ کا

ਬਿਨਸੈ ਭ੍ਰਮ ਭ੍ਰਾਂਤਿ ॥੧॥

بِنسے بھرم بھرانتِ ॥1॥

ਗੁਰੁ ਪੂਰਾ ਜਿਸੁ ਭੇਟਿਆ
ਤਾ ਕੈ ਸੁਖਿ ਪਰਵੇਸੁ ॥

گُرُ پُورا جِسُ بھیٹیا
تا کے سُکھِ پرویسُ ॥

ਮਨ ਕੀ ਮਤਿ ਤਿਆਗੀਐ
ਸੁਣੀਐ ਉਪਦੇਸੁ ॥੧॥ ਰਹਾਉ ॥

من کی متِ تیاگیئے
سُنیئے اُپدیسُ ॥1॥ رہاءُ ॥

ਸਿਮਰਤ ਸਿਮਰਤ ਸਿਮਰੀਐ
ਸੋ ਪੁਰਖੁ ਦਾਤਾਰੁ ॥

سِمرت سِمرت سِمریئے
سو پُرکھُ داتارُ ॥

ਮਨ ਤੇ ਕਬਹੁ ਨ ਵੀਸਰੈ
ਸੋ ਪੁਰਖੁ ਅਪਾਰੁ ॥੨॥

من تے کبہُ ن ویسرے
سو پُرکھُ اپارُ ॥2॥

ਚਰਨ ਕਮਲ ਸਿਉ ਰੰਗੁ ਲਗਾ
ਅਚਰਜ ਗੁਰਦੇਵ ॥

چرن کمل سِءُ رنگُ لگا
اچرج گُردیو ॥

ਜਾ ਕਉ ਕਿਰਪਾ ਕਰਹੁ ਪ੍ਰਭ
ਤਾ ਕਉ ਲਾਵਹੁ ਸੇਵ ॥੩॥

جا کءُ کِرپا کرہُ پربھ
تا کءُ لاوہُ سیو ॥3॥

ਨਿਧਿ ਨਿਧਾਨ ਅੰਮ੍ਰਿਤੁ ਪੀਆ
ਮਨਿ ਤਨਿ ਆਨੰਦ ॥

نِدھِ نِدھان انمرِتُ پیِیا
منِ تنِ آننَد ॥

ਨਾਨਕ ਕਬਹੁ ਨ ਵੀਸਰੈ
ਪ੍ਰਭ ਪਰਮਾਨੰਦ ॥੪॥੨੪॥੫੪॥

نانک کبہُ ن ویسرے
پربھ پرمانَند ॥4॥ 24 ॥ 54 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਤ੍ਰਿਸਨ ਬੁਝੀ ਮਮਤਾ ਗਈ
ਨਾਠੇ ਭੈ ਭਰਮਾ ॥

ترِسن بُجھی ممتا گئی
ناٹھے بھے بھرما ॥

ਬਿਤਿ ਪਾਈ ਆਨਦੁ ਭਇਆ
ਗੁਰਿ ਕੀਨੇ ਧਰਮਾ ॥੧॥

تھِتِ پائی آندُ بھئیا
گُرِ کینے دھرما ॥1॥

ਗੁਰੁ ਪੂਰਾ ਆਰਾਧਿਆ
ਬਿਨਸੀ ਮੇਰੀ ਪੀਰ ॥

گُرُ پُورا آرادھیا
بِنسی میری پیر ॥

ਤਨੁ ਮਨੁ ਸਭੁ ਸੀਤਲੁ ਭਇਆ

تنُ منُ سبھُ سیتلُ بھئیا

ਪਾਇਆ ਸੁਖੁ ਬੀਰ ॥੧॥ ਰਹਾਉ ॥

پائیا سُکھُ بیر ۔ ॥1॥ رہاءُ ॥

ਸੋਵਤ ਹਰਿ ਜਪਿ ਜਾਗਿਆ
ਪੇਖਿਆ ਬਿਸਮਾਦੁ ॥

سووت ہرِ جپِ جاگِیا
پیکھیا بِسماد ُ॥

ਪੀ ਅੰਮ੍ਰਿਤੁ ਤ੍ਰਿਪਤਾਸਿਆ
ਤਾ ਕਾ ਅਚਰਜ ਸੁਆਦੁ ॥੨॥

پی انّمرِتُ ترِپتاسِیا
تا کا اچرج سُیادُ ॥2॥

ਆਪਿ ਮੁਕਤੁ ਸੰਗੀ ਤਰੇ
ਕੁਲ ਕੁਟੰਬ ਉਧਾਰੇ ॥

آپِ مُکتُ سنگی ترے
کُل کُٹنّب اُدھارے ॥

ਸਫਲ ਸੇਵਾ ਗੁਰਦੇਵ ਕੀ
ਨਿਰਮਲ ਦਰਬਾਰੇ ॥੩॥

سپھل سیوا گُردیو کی
نِرمل دربارے ॥3॥

ਨੀਚੁ ਅਨਾਥੁ ਅਜਾਨੁ ਮੈ
ਨਿਰਗੁਨੁ ਗੁਣਹੀਨੁ ॥

نِیچُ اناتھُ اجانُ مے
نِرگُنُ گُنہینُ ॥

ਨਾਨਕ ਕਉ ਕਿਰਪਾ ਭਈ
ਦਾਸੁ ਅਪਨਾ ਕੀਨੁ ॥੪॥੨੫॥੫੫॥

نانک ک ءُ کِرپا بھئی
داسُ اپنا کِینُ ॥4॥ 25 ॥ 55 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਹਰਿ ਭਗਤਾ ਕਾ ਆਸਰਾ
ਅਨ ਨਾਹੀ ਠਾਉ ॥

ہرِ بھگتا کا آسرا
ان ناہی ٹھاءُ ॥

ਤਾਣੁ ਦੀਬਾਣੁ ਪਰਵਾਰ ਧਨੁ
ਪ੍ਰਭ ਤੇਰਾ ਨਾਉ ॥੧॥

تانُ دیِبانُ پروار دھنُ
پربھ تیرا ناءُ ॥1॥

ਕਰਿ ਕਿਰਪਾ ਪ੍ਰਭਿ ਆਪਣੀ
ਅਪਨੇ ਦਾਸ ਰਖਿ ਲੀਏ ॥

کرِ کرِپا پربھِ آپنی
اپنے داس رکھِ لیئے ॥

ਨਿੰਦਕ ਨਿੰਦਾ ਕਰਿ ਪਚੇ
ਜਮਕਾਲਿ ਗ੍ਰਸੀਏ ॥੧॥ ਰਹਾਉ ॥

نِندک نِندا کرِ پچے
جمکالِ گرسیئے ॥1॥ رہاءُ ॥

ਸੰਤਾ ਏਕੁ ਧਿਆਵਨਾ
ਦੂਸਰ ਕੋ ਨਾਹਿ ॥

سنّتا ایکُ دھیاونا
دوُسر کو ناہِ ॥

ਏਕਸੁ ਆਗੈ ਬੇਨਤੀ

ایکسُ آگے بینتی

ਰਵਿਆ ਸ੍ਰਬ ਥਾਇ ॥੨॥

روِیا سّرب تھاءِ ॥2॥

ਕਥਾ ਪਰਾਤਨ ਇਉ ਸੁਣੀ
ਭਗਤਨ ਕੀ ਬਾਨੀ ॥

کتھا پراتن اِءُ سُنّی
بھگتن کی بانی ॥

ਸਗਲ ਦੁਸਟ ਖੰਡ ਖੰਡ ਕੀਏ
ਜਨ ਲੀਏ ਮਾਨੀ ॥੩॥

سگل دُسٹ کھنّڈ کھنّڈ کیِئے
جن لیِئے مانی ॥3॥

ਸਤਿ ਬਚਨ ਨਾਨਕੁ ਕਹੈ
ਪਰਗਟ ਸਭ ਮਾਹਿ ॥

ستِ بچن نانکُ کہے
پرگٹ سبھ ماہِ ॥

ਪ੍ਰਭ ਕੇ ਸੇਵਕ ਸਰਣਿ ਪ੍ਰਭ
ਤਿਨ ਕਉ ਭਉ ਨਾਹਿ ॥੪॥੨੬॥੫੬॥

پربھ کے سیوک سرنِ پربھ
تِن ک ءُ بھءُ ناہِ ॥4॥ 26 ॥ 56 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਬੰਧਨ ਕਾਟੈ ਸੋ ਪ੍ਰਭੂ
ਜਾ ਕੈ ਕਲ ਹਾਥ ॥

بنّدھن کاٹے سو پربھوُ
جا کے کل ہاتھ ॥

ਅਵਰ ਕਰਮ ਨਹੀ ਛੂਟੀਐ
ਰਾਖਹੁ ਹਰਿ ਨਾਥ ॥੧॥

اور کرم نہی چھوُٹیئے
راکھہُ ہرِ ناتھ ॥1॥

ਤਉ ਸਰਣਾਗਤਿ ਮਾਧਵੇ
ਪੂਰਨ ਦਇਆਲ ॥

ت ءُ سرناگتِ مادھوے
پوُرن دیئال ॥

ਛੂਟਿ ਜਾਇ ਸੰਸਾਰ ਤੇ
ਰਾਖੈ ਗੋਪਾਲ ॥੧॥ ਰਹਾਉ ॥

چھوُٹِ جاءِ سنّسار تے
راکھے گوپال ॥1॥ رہاءُ ॥

ਆਸਾ ਭਰਮ ਬਿਕਾਰ ਮੋਹ
ਇਨ ਮਹਿ ਲੋਭਾਨਾ ॥

آسا بھرم بِکار موہ
اِن مہِ لوبھانا ॥

ਝੂਠੁ ਸਮਗ੍ਰੀ ਮਨਿ ਵਸੀ
ਪਾਰਬ੍ਰਹਮੁ ਨ ਜਾਨਾ ॥੨॥

جھوُٹھُ سمگّری منِ وسی
پاربّرہمُ ن جانا ॥2॥

ਪਰਮ ਜੋਤਿ ਪੂਰਨ ਪੁਰਖ
ਸਭਿ ਜੀਅ ਤੁਮ੍ਹਾਰੇ ॥

پرم جوتِ پوُرن پُرکھ
سبھِ جیء تُمّہارے ॥

ਜਿਉ ਤੂ ਰਾਖਹਿ ਤਿਉ ਰਹਾ

جِءُ توُ راکھہِ تِءُ رہا

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سرپت | سیوا: بھائی بلجندر سنگھ جی (راڑا صاہب)

ਪ੍ਰਭ ਅਗਮ ਅਪਾਰੇ ॥੩॥	پربھ اگم اپارے ॥3॥
ਕਰਣ ਕਾਰਣ ਸਮਰਥ ਪ੍ਰਭ ਦੇਹਿ ਅਪਨਾ ਨਾਉ ॥	کرنؔ کارنؔ سمرتھ پربھ دیہِ اپنا ناءُ ॥
ਨਾਨਕ ਤਰੀਐ ਸਾਧਸੰਗਿ ਹਰਿ ਹਰਿ ਗੁਣ ਗਾਉ ॥੪॥੨੭॥੫੭॥	نانک ترِیےَ سادھسنگِ ہرِ ہرِ گُنؔ گاءُ ॥4॥ 27 ॥ 57 ॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਕਵਨੁ ਕਵਨੁ ਨਹੀ ਪਤਰਿਆ ਤੁਮ੍ਰੀ ਪਰਤੀਤਿ ॥	کونُ کونُ نہی پترِیا تُمہری پرتِیتِ ॥
ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ ॥੧॥	مہا موہنی موہِیا نرک کی ریتِ ॥1॥
ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥	من کھُٹہر تیرا نہی بِساسُ توُ مہا اُدمادا ॥
ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥੧॥ ਰਹਾਉ ॥	کھر کا پیکھرُ تءُ چھُٹےٗ جءُ اوُپر لادا ॥1॥ رہاءُ ॥
ਜਪ ਤਪ ਸੰਜਮ ਤੁਮ੍ ਖੰਡੇ ਜਮ ਕੇ ਦੁਖ ਡਾਂਡ ॥	جپ تپ سنجم تُمہ کھنڈے جم کے دُکھ ڈانڈ ॥
ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ ॥੨॥	سِمرہِ ناہی جونِ دُکھ نِرلجے بھانڈ ॥2॥
ਹਰਿ ਸੰਗਿ ਸਹਾਈ ਮਹਾ ਮੀਤੁ ਤਿਸ ਸਿਉ ਤੇਰਾ ਭੇਦੁ ॥	ہرِ سنگِ سہائی مہا میِتُ تِس سِءُ تیرا بھیدُ ॥
ਬੀਧਾ ਪੰਚ ਬਟਵਾਰਈ ਉਪਜਿਓ ਮਹਾ ਖੇਦੁ ॥੩॥	بیِدھا پنچؔ بٹوارئی اُپجِئو مہا کھیدُ ॥3॥
ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ ॥	نانک تِن سنّتن سرٹاگتی جِن منُ وسِ کِینا ॥
ਤਨੁ ਧਨੁ ਸਰਬਸੁ ਆਪਣਾ	تنُ دھنُ سربسُ آپٹا

ਪ੍ਰਭਿ ਜਨ ਕਉ ਦੀਨ੍ਹਾ ॥੪॥੨੮॥੫੮॥

پربھِ جن ک ءُ دینّہا ॥4॥ 28 ॥ 58 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਉਦਮੁ ਕਰਤ ਆਨਦੁ ਭਇਆ
ਸਿਮਰਤ ਸੁਖ ਸਾਰੁ ॥

اُدمُ کرت آندُ بھئیا
سِمرت سُکھ سارُ ॥

ਜਪਿ ਜਪਿ ਨਾਮੁ ਗੋਬਿੰਦ ਕਾ
ਪੂਰਨ ਬੀਚਾਰੁ ॥੧॥

جپِ جپِ نامُ گوبِندَ کا
پُورن بیچارُ ॥1॥

ਚਰਨ ਕਮਲ ਗੁਰ ਕੇ ਜਪਤ
ਹਰਿ ਜਪਿ ਹਉ ਜੀਵਾ ॥

چرن کمل گُر کے جپت
ہرِ جپِ ہءُ جیوا ॥

ਪਾਰਬ੍ਰਹਮੁ ਆਰਾਧਤੇ
ਮੁਖਿ ਅੰਮ੍ਰਿਤੁ ਪੀਵਾ ॥੧॥ ਰਹਾਉ ॥

پاربرّہمُ آرادھتے
مُکھِ انمّرِتُ پیوا ॥1॥ رہاءُ ॥

ਜੀਅ ਜੰਤ ਸਭਿ ਸੁਖਿ ਬਸੇ
ਸਭ ਕੈ ਮਨਿ ਲੋਚ ॥

جیء جنّت سبھِ سُکھِ بسے
سبھ کے منِ لوچ ॥

ਪਰਉਪਕਾਰੁ ਨਿਤ ਚਿਤਵਤੇ
ਨਾਹੀ ਕਛੁ ਪੋਚ ॥੨॥

پرُپکارُ نِت چِتوتے
ناہی کچھُ پوچ ॥2॥

ਧੰਨੁ ਸੁ ਥਾਨੁ ਬਸੰਤ ਧੰਨੁ
ਜਹ ਜਪੀਐ ਨਾਮੁ ॥

دھنّنُ سُ تھانُ بسنّت دھنّنُ
جہ جپیئے نامُ ॥

ਕਥਾ ਕੀਰਤਨੁ ਹਰਿ ਅਤਿ ਘਨਾ
ਸੁਖ ਸਹਜ ਬਿਸ੍ਰਾਮੁ ॥੩॥

کتھا کیرتنُ ہرِ اتِ گھنا
سُکھ سہج بِسّرامُ ॥3॥

ਮਨ ਤੇ ਕਦੇ ਨ ਵੀਸਰੈ
ਅਨਾਥ ਕੋ ਨਾਥ ॥

من تے کدے ن ویسرے
اناتھ کو ناتھ ॥

ਨਾਨਕ ਪ੍ਰਭ ਸਰਣਾਗਤੀ
ਜਾ ਕੈ ਸਭੁ ਕਿਛੁ ਹਾਥ ॥੪॥੨੯॥੫੯॥

نانک پربھ سرٹاگتی
جا کے سبھُ کچھُ ہاتھ ॥4॥ 29 ॥ 59 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਜਿਨਿ ਤੂ ਬੰਧਿ ਕਰਿ ਛੋਡਿਆ
ਫੁਨਿ ਸੁਖ ਮਹਿ ਪਾਇਆ ॥

جِنِ توُ بنّدھِ کرِ چھوڑیا
پھُنِ سُکھ مہِ پائیا ॥

ਸਦਾ ਸਿਮਰਿ ਚਰਣਾਰਬਿੰਦ
ਸੀਤਲ ਹੋਤਾਇਆ ॥੧॥

سدا سِمرِ چرٹارِبِنّد
سِیتل ہوتائیا ॥1॥

ਜੀਵਤਿਆ ਅਥਵਾ ਮੁਇਆ
ਕਿਛੁ ਕਾਮਿ ਨ ਆਵੈ ॥

جیِوتیا اتھوا مُئیا
کِچھُ کامِ ن آوے ॥

ਜਿਨਿ ਏਹੁ ਰਚਨੁ ਰਚਾਇਆ
ਕੋਊ ਤਿਸ ਸਿਉ ਰੰਗੁ ਲਾਵੈ ॥੧॥ ਰਹਾਉ ॥

جِنِ ایہُ رچنُ رچائیا
کوئوُ تِس سِءُ رنگُ لاوے ॥1॥ رہاءُ ॥

ਰੇ ਪ੍ਰਾਣੀ ਉਸਨ ਸੀਤ ਕਰਤਾ ਕਰੈ
ਘਾਮ ਤੇ ਕਾਢੈ ॥

رے پّرانیٔ اُسن سِیت کرتا کرے
گھام تے کاڈھے ॥

ਕੀਰੀ ਤੇ ਹਸਤੀ ਕਰੈ
ਟੂਟਾ ਲੇ ਗਾਢੈ ॥੨॥

کیِری تے ہستی کرے
ٹوٹا لے گاڈھے ॥2॥

ਅੰਡਜ ਜੇਰਜ ਸੇਤਜ ਉਤਭੁਜਾ
ਪ੍ਰਭ ਕੀ ਇਹ ਕਿਰਤਿ ॥

انّڈج جیرج سیتج اُتبھُجا
پّربھ کی اِہ کِرتِ ॥

ਕਿਰਤ ਕਮਾਵਨ ਸਰਬ ਫਲ
ਰਵੀਐ ਹਰਿ ਨਿਰਤਿ ॥੩॥

کِرت کماون سرب پھل
رویےٗ ہرِ نِرتِ ॥3॥

ਹਮ ਤੇ ਕਛੂ ਨ ਹੋਵਨਾ
ਸਰਣਿ ਪ੍ਰਭ ਸਾਧ ॥

ہم تے کچھوُ ن ہوونا
سرنِ پّربھ سادھ ॥

ਮੋਹ ਮਗਨ ਕੂਪ ਅੰਧ ਤੇ
ਨਾਨਕ ਗੁਰ ਕਾਢ ॥੪॥੩੦॥੬੦॥

موہ مگن کوُپ انّدھ تے
نانک گُر کاڈھ ॥4॥ 30 ॥ 60 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਖੋਜਤ ਖੋਜਤ ਮੈ ਫਿਰਾ
ਖੋਜਉ ਬਨ ਥਾਨ ॥

کھوجت کھوجت مےَ پھِرا
کھوجءُ بن تھان ॥

ਅਛਲ ਅਛੇਦ ਅਭੇਦ ਪ੍ਰਭ
ਐਸੇ ਭਗਵਾਨ ॥੧॥

اچھل اچھید ابھید پّربھ
ایَسے بھگوان ॥1॥

ਕਬ ਦੇਖਉ ਪ੍ਰਭੁ ਆਪਨਾ
ਆਤਮ ਕੈ ਰੰਗਿ ॥

کب دیکھءُ پّربھُ آپنا
آتم کےَ رنگِ ॥

ਜਾਗਨ ਤੇ ਸੁਪਨਾ ਭਲਾ
ਬਸੀਐ ਪ੍ਰਭ ਸੰਗਿ ॥੧॥ ਰਹਾਉ ॥

جاگن تے سُپنا بھلا
بسیۂ پربھ سنگِ ॥1॥ رہاءُ ॥

ਬਰਨ ਆਸ੍ਰਮ ਸਾਸਤ੍ਰ ਸੁਨਉ
ਦਰਸਨ ਕੀ ਪਿਆਸ ॥

برن آسرم ساستّر سُنءُ
درسن کی پِیاس ॥

ਰੂਪੁ ਨ ਰੇਖ ਨ ਪੰਚ ਤਤ
ਠਾਕੁਰ ਅਬਿਨਾਸ ॥੨॥

روُپُ ن ریکھ ن پنچ تت
ٹھاکُر ابِناس ॥2॥

ਓਹੁ ਸਰੂਪੁ ਸੰਤਨ ਕਹਹਿ
ਵਿਰਲੇ ਜੋਗੀਸੁਰ ॥

اوہُ سروُپُ سنتن کہہِ
وِرلے جوگیسُر ॥

ਕਰਿ ਕਿਰਪਾ ਜਾ ਕਉ ਮਿਲੇ
ਧਨਿ ਧਨਿ ਤੇ ਈਸੁਰ ॥੩॥

کرِ کرِپا جا کءُ مِلے
دھنِ دھنِ تے ایسُر ॥3॥

ਸੋ ਅੰਤਰਿ ਸੋ ਬਾਹਰੇ
ਬਿਨਸੇ ਤਹ ਭਰਮਾ ॥

سو انترِ سو باہرے
بِنسے تہ بھرما ॥

ਨਾਨਕ ਤਿਸੁ ਪ੍ਰਭੁ ਭੇਟਿਆ
ਜਾ ਕੇ ਪੂਰਨ ਕਰਮਾ ॥੪॥੩੧॥੬੧॥

نانک تِس پربھُ بھیٹیا
جا کے پوُرن کرما ॥4॥ 31 ॥ 61 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਜੀਅ ਜੰਤ ਸੁਪ੍ਰਸੰਨ ਭਏ
ਦੇਖਿ ਪ੍ਰਭ ਪਰਤਾਪ ॥

جیء جنّت سُپرسنّن بھۂ
دیکھِ پربھ پرتاپ ॥

ਕਰਜੁ ਉਤਾਰਿਆ ਸਤਿਗੁਰੂ
ਕਰਿ ਆਹਰੁ ਆਪ ॥੧॥

قرضُ اُتارِیا ستِگُروُ
کرِ آہرُ آپ ॥1॥

ਖਾਤ ਖਰਚਤ ਨਿਬਹਤ ਰਹੈ
ਗੁਰ ਸਬਦੁ ਅਖੁਟ ॥

کھات خرچت نِبہت رہۂ
گُر سبدُ اکھوُٹ ॥

ਪੂਰਨ ਭਈ ਸਮਗਰੀ
ਕਬਹੂ ਨਹੀ ਤੂਟ ॥੧॥ ਰਹਾਉ ॥

پوُرن بھئی سمگری
کبہوُ نہی توُٹ ॥1॥ رہاءُ ॥

ਸਾਧਸੰਗਿ ਆਰਾਧਨਾ
ਹਰਿ ਨਿਧਿ ਆਪਾਰ ॥

سادھسنگِ آرادھنا
ہرِ نِدھِ آپار ॥

ਧਰਮ ਅਰਥ ਅਰੁ ਕਾਮ ਮੋਖ
ਦੇਤੇ ਨਹੀ ਬਾਰ ॥੨॥

دھرم ارتھ ارُ کام موکھ
دیتے نہی بار ॥2॥

ਭਗਤ ਅਰਾਧਹਿ ਏਕ ਰੰਗਿ
ਗੋਬਿੰਦ ਗੁਪਾਲ ॥

بھگت ارادھہِ ایک رنگِ
گوبِند گُپال ॥

ਰਾਮ ਨਾਮ ਧਨੁ ਸੰਚਿਆ
ਜਾ ਕਾ ਨਹੀ ਸੁਮਾਰੁ ॥੩॥

رام نام دھنُ سنچِیا
جا کا نہی شُمارُ ॥3॥

ਸਰਨਿ ਪਰੇ ਪ੍ਰਭ ਤੇਰੀਆ
ਪ੍ਰਭ ਕੀ ਵਡਿਆਈ ॥

سرنِ پرے پربھ تیریا
پربھ کی وڈِیائی ॥

ਨਾਨਕ ਅੰਤੁ ਨ ਪਾਈਐ
ਬੇਅੰਤ ਗੁਸਾਈ ॥੪॥੩੨॥੬੨॥

نانک انتُ ن پائیئے
بیئنت گُسائی ॥4॥ 32 ॥ 62 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਸਿਮਰਿ ਸਿਮਰਿ ਪੂਰਨ ਪ੍ਰਭੂ
ਕਾਰਜ ਭਏ ਰਾਸਿ ॥

سِمرِ سِمرِ پوُرن پربھوُ
کارج بھئے راسِ ॥

ਕਰਤਾਰ ਪੁਰਿ ਕਰਤਾ ਵਸੈ
ਸੰਤਨ ਕੈ ਪਾਸਿ ॥੧॥ ਰਹਾਉ ॥

کرتار پُرِ کرتا وسے
سنتن کے پاسِ ॥1॥ رہاءُ ॥

ਬਿਘਨੁ ਨ ਕੋਊ ਲਾਗਤਾ
ਗੁਰ ਪਹਿ ਅਰਦਾਸਿ ॥

بِگھنُ ن کوئوُ لاگتا
گُر پہِ عرداسِ ॥

ਰਖਵਾਲਾ ਗੋਬਿੰਦ ਰਾਇ
ਭਗਤਨ ਕੀ ਰਾਸਿ ॥੧॥

رکھوالا گوبِند راءِ
بھگتن کی راسِ ॥1॥

ਤੋਟਿ ਨ ਆਵੈ ਕਦੇ ਮੂਲਿ
ਪੂਰਨ ਭੰਡਾਰ ॥

توٹِ ن آوے کدے موُلِ
پوُرن بھنڈار ॥

ਚਰਨ ਕਮਲ ਮਨਿ ਤਨਿ ਬਸੇ
ਪ੍ਰਭ ਅਗਮ ਅਪਾਰ ॥੨॥

چرن کمل منِ تنِ بسے
پربھ اگم اپار ॥2॥

ਬਸਤ ਕਮਾਵਤ ਸਭਿ ਸੁਖੀ
ਕਿਛੁ ਊਨ ਨ ਦੀਸੈ ॥

بست کماوت سبھِ سُکھی
کِچھُ اوُن ن دِسے ॥

ਸੰਤ ਪ੍ਰਸਾਦਿ ਭੇਟੇ ਪ੍ਰਭੂ
ਪੂਰਨ ਜਗਦੀਸੈ ॥੩॥

سنّت پرّسادِ بھیٹے پرّبھوُ
پوُرن جگدیسے ॥3॥

ਜੈ ਜੈ ਕਾਰੁ ਸਭੈ ਕਰਹਿ
ਸਚੁ ਥਾਨੁ ਸੁਹਾਇਆ ॥

جے جے کارُ سبھے کرہِ
سچُ تھانُ سُہائیا ॥

ਜਪਿ ਨਾਨਕ ਨਾਮੁ ਨਿਧਾਨ ਸੁਖ
ਪੂਰਾ ਗੁਰੁ ਪਾਇਆ ॥੪॥੩੩॥੬੩॥

جپِ نانک نامُ نِدھان سُکھ
پوُرا گُرُ پائیا ॥4॥ 33 ॥ 63 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਹਰਿ ਹਰਿ ਹਰਿ ਆਰਾਧੀਐ
ਹੋਈਐ ਆਰੋਗ ॥

ہرِ ہرِ ہرِ آرادھیئے
ہوئیئے آروگ ॥

ਰਾਮਚੰਦ ਕੀ ਲਸਟਿਕਾ
ਜਿਨਿ ਮਾਰਿਆ ਰੋਗੁ ॥੧॥ ਰਹਾਉ ॥

رامچنّد کی لسٹِکا
جِنِ مارِیا روگُ ॥1॥ رہاءُ ॥

ਗੁਰੁ ਪੂਰਾ ਹਰਿ ਜਾਪੀਐ
ਨਿਤ ਕੀਚੈ ਭੋਗੁ ॥

گُرُ پوُرا ہرِ جاپیئے
نِت کیجے بھوگُ ॥

ਸਾਧਸੰਗਤਿ ਕੈ ਵਾਰਣੈ
ਮਿਲਿਆ ਸੰਜੋਗੁ ॥੧॥

سادھسنگتِ کے وارنے
مِلیا سنجوگُ ॥1॥

ਜਿਸੁ ਸਿਮਰਤ ਸੁਖੁ ਪਾਈਐ
ਬਿਨਸੈ ਬਿਓਗੁ ॥

جِسُ سِمرت سُکھُ پائیئے
بِنسے بِئوگُ ॥

ਨਾਨਕ ਪ੍ਰਭ ਸਰਣਾਗਤੀ
ਕਰਣ ਕਾਰਣ ਜੋਗੁ ॥੨॥੩੪॥੬੪॥

نانک پرّبھ سرناگتی
کرنّ کارنّ جوگُ ॥2॥ 34 ॥ 64 ॥

ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੫

راگُ بِلاولُ محلا 5 دُپدے گھرُ 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਅਵਰਿ ਉਪਾਵ ਸਭਿ ਤਿਆਗਿਆ
ਦਾਰੂ ਨਾਮੁ ਲਇਆ ॥

اورِ اُپاو سبھِ تیاگیا
دارُو نامُ لئیا ॥

ਤਾਪ ਪਾਪ ਸਭਿ ਮਿਟੇ ਰੋਗ
ਸੀਤਲ ਮਨੁ ਭਇਆ ॥੧॥

تاپ پاپ سبھِ مِٹے روگ
سیتل منُ بھئیا ॥1॥

ਗੁਰੁ ਪੂਰਾ ਆਰਾਧਿਆ
ਸਗਲਾ ਦੁਖੁ ਗਇਆ ॥

گُرُ پوُرا آرادھِیا
سگلا دُکھُ گِئیا ॥

ਰਾਖਨਹਾਰੈ ਰਾਖਿਆ
ਅਪਨੀ ਕਰਿ ਮਇਆ ॥੧॥ ਰਹਾਉ ॥

راکھنہارے راکھِیا
اپنی کرِ مَیا ॥1॥ رہاءُ ॥

ਬਾਹ ਪਕੜਿ ਪ੍ਰਭਿ ਕਾਢਿਆ
ਕੀਨਾ ਅਪਨਇਆ ॥

باہ پکڑِ پربھِ کاڈھِیا
کِینا اپنئیا ॥

ਸਿਮਰਿ ਸਿਮਰਿ ਮਨ ਤਨ ਸੁਖੀ
ਨਾਨਕ ਨਿਰਭਇਆ ॥੨॥੧॥੬੫॥

سِمرِ سِمرِ من تن سُکھی
نانک نِربھئیا ॥2॥1॥ 65 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਕਰੁ ਧਰਿ ਮਸਤਕਿ ਥਾਪਿਆ
ਨਾਮੁ ਦੀਨੋ ਦਾਨਿ ॥

کرُ دھرِ مستکِ تھاپِیا
نامُ دینو دانِ ॥

ਸਫਲ ਸੇਵਾ ਪਾਰਬ੍ਰਹਮ ਕੀ
ਤਾ ਕੀ ਨਹੀ ਹਾਨਿ ॥੧॥

سپھل سیوا پاربرہم کی
تا کی نہی ہانِ ॥1॥

ਆਪੇ ਹੀ ਪ੍ਰਭੁ ਰਾਖਤਾ
ਭਗਤਨ ਕੀ ਆਨਿ ॥

آپے ہی پربھُ راکھتا
بھگتن کی آنِ ॥

ਜੋ ਜੋ ਚਿਤਵਹਿ ਸਾਧ ਜਨ
ਸੋ ਲੇਤਾ ਮਾਨਿ ॥੧॥ ਰਹਾਉ ॥

جو جو چِتوہِ سادھ جن
سو لیتا مانِ ॥1॥ رہاءُ ॥

ਸਰਣਿ ਪਰੇ ਚਰਣਾਰਬਿੰਦ
ਜਨ ਪ੍ਰਭ ਕੇ ਪ੍ਰਾਨ ॥

سرنِ پرے چرنارِبِند
جن پربھ کے پران ॥

ਸਹਜਿ ਸੁਭਾਇ ਨਾਨਕ ਮਿਲੇ
ਜੋਤੀ ਜੋਤਿ ਸਮਾਨ ॥੨॥੨॥੬੬॥

سہجِ سُبھاءِ نانک مِلے
جوتی جوتِ سمان ॥2॥2॥ 66 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਚਰਣ ਕਮਲ ਕਾ ਆਸਰਾ
ਦੀਨੋ ਪ੍ਰਭਿ ਆਪਿ ॥

چرنْ کمل کا آسرا
دینو پربھِ آپِ ॥

ਪ੍ਰਭ ਸਰਣਾਗਤਿ ਜਨ ਪਰੇ

پربھ سرناگتِ جن پرے

ਤਾ ਕਾ ਸਦ ਪਰਤਾਪੁ ॥੧॥

تا کا سد پرتاپُ ॥1॥

ਰਾਖਨਹਾਰ ਅਪਾਰ ਪ੍ਰਭ
ਤਾ ਕੀ ਨਿਰਮਲ ਸੇਵ ॥

راکھنہار اپار پربھ
تا کی نِرمل سیو ॥

ਰਾਮ ਰਾਜ ਰਾਮਦਾਸ ਪੁਰਿ
ਕੀਨੇ੍ ਗੁਰਦੇਵ ॥੧॥ ਰਹਾਉ ॥

رام راج رامداس پُرِ
کِینّہے گُردیو ॥1॥ رہاءُ ॥

ਸਦਾ ਸਦਾ ਹਰਿ ਧਿਆਈਐ
ਕਿਛੁ ਬਿਘਨੁ ਨ ਲਾਗੈ ॥

سدا سدا ہرِ دھیائیےً
کِچھُ بِگھنُ ن لاگے ॥

ਨਾਨਕ ਨਾਮੁ ਸਲਾਹੀਐ
ਭਇ ਦੁਸਮਨ ਭਾਗੈ ॥੨॥੩॥੬੭॥

نانک نامُ سلاحیےً
بھءِ دُسمن بھاگے ॥2॥3॥ 67 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਮਨਿ ਤਨਿ ਪ੍ਰਭੁ ਆਰਾਧੀਐ
ਮਿਲਿ ਸਾਧ ਸਮਾਗੈ ॥

منِ تنِ پربھُ آرادھیےً
مِلِ سادھ سماگے ॥

ਉਚਰਤ ਗੁਨ ਗੋਪਾਲ ਜਸੁ
ਦੂਰ ਤੇ ਜਮੁ ਭਾਗੈ ॥੧॥

اُچرت گُن گوپال جسُ
دوُر تے جمُ بھاگے ॥1॥

ਰਾਮ ਨਾਮੁ ਜੋ ਜਨੁ ਜਪੈ
ਅਨਦਿਨੁ ਸਦ ਜਾਗੈ ॥

رام نامُ جو جنُ جپے
اندِنُ سد جاگے ॥

ਤੰਤੁ ਮੰਤੁ ਨਹ ਜੋਹਈ
ਤਿਤੁ ਚਾਖੁ ਨ ਲਾਗੈ ॥੧॥ ਰਹਾਉ ॥

تنّتُ منّتُ نہ جوہئی
تِتُ چاکھُ ن لاگے ॥1॥ رہاءُ ॥

ਕਾਮ ਕ੍ਰੋਧ ਮਦ ਮਾਨ ਮੋਹ
ਬਿਨਸੇ ਅਨਰਾਗੈ ॥

کام کرودھ مد مان موہ
بِنسے انراگے ॥

ਆਨੰਦ ਮਗਨ ਰਸਿ ਰਾਮ ਰੰਗਿ
ਨਾਨਕ ਸਰਨਾਗੈ ॥੨॥੪॥੬੮॥

آنند مگن رسِ رام رنگِ
نانک سرناگے ॥2॥4॥ 68 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਜੀਅ ਜੁਗਤਿ ਵਸਿ ਪ੍ਰਭੂ ਕੈ
ਜੋ ਕਹੈ ਸੁ ਕਰਨਾ ॥

جیء جُگتِ وسِ پربھوُ کے
جو کہے سُ کرنا ॥

ਭਏ ਪ੍ਰਸੰਨ ਗੋਪਾਲ ਰਾਇ
ਭਉ ਕਿਛੁ ਨਹੀ ਕਰਨਾ ॥੧॥

بھے پرسنّن گوپال راءِ
بھءُ کچھُ نہی کرنا ॥1॥

ਦੂਖੁ ਨ ਲਾਗੈ ਕਦੇ ਤੁਧੁ
ਪਾਰਬ੍ਰਹਮੁ ਚਿਤਾਰੇ ॥

دوُکھُ ن لاگے کدے تُدھُ
پاربرّہمُ چِتارے ॥

ਜਮਕੰਕਰੁ ਨੇੜਿ ਨ ਆਵਈ
ਗੁਰਸਿਖ ਪਿਆਰੇ ॥੧॥ ਰਹਾਉ ॥

جمکنکرُ نیڑِ ن آوئی
گُرسِکھ پِیارے ۔ ॥1॥ رہاءُ ॥

ਕਰਣ ਕਾਰਣ ਸਮਰਥੁ ਹੈ
ਤਿਸੁ ਬਿਨੁ ਨਹੀ ਹੋਰੁ ॥

کرنٌ کارنٌ سمرتھُ ہے
تِسُ بِنُ نہی ہورُ ॥

ਨਾਨਕ ਪ੍ਰਭ ਸਰਣਾਗਤੀ
ਸਾਚਾ ਮਨਿ ਜੋਰੁ ॥੨॥੫॥੬੯॥

نانک پربھ سرنٹاگتی
ساچا منِ زورُ ॥2॥5॥ 69 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਸਿਮਰਿ ਸਿਮਰਿ ਪ੍ਰਭੁ ਆਪਨਾ
ਨਾਠਾ ਦੁਖ ਠਾਉ ॥

سِمرِ سِمرِ پربھُ آپنا
ناٹھا دُکھ ٹھاءُ ॥

ਬਿਸ੍ਰਾਮ ਪਾਏ ਮਿਲਿ ਸਾਧਸੰਗਿ
ਤਾ ਤੇ ਬਹੁੜਿ ਨ ਧਾਉ ॥੧॥

بِسّرام پائے مِلِ سادھسنگِ
تا تے بہُڑِ ن دھاءُ ॥1॥

ਬਲਿਹਾਰੀ ਗੁਰ ਆਪਨੇ
ਚਰਨਨ੍ ਬਲਿ ਜਾਉ ॥

بلِہاری گُر آپنے
چرننّہ بلِ جاءُ ॥

ਅਨਦ ਸੂਖ ਮੰਗਲ ਬਨੇ
ਪੇਖਤ ਗੁਨ ਗਾਉ ॥੧॥ ਰਹਾਉ ॥

اند سوُکھ منگل بنے
پیکھت گُن گاءُ ॥1॥ رہاءُ ॥

ਕਥਾ ਕੀਰਤਨੁ ਰਾਗ ਨਾਦ ਧੁਨਿ
ਇਹੁ ਬਨਿਓ ਸੁਆਉ ॥

کتھا کِیرتنُ راگ ناد دھُنِ
اِہُ بنِئو سُیاءُ ॥

ਨਾਨਕ ਪ੍ਰਭ ਸੁਪ੍ਰਸੰਨ ਭਏ
ਬਾਂਛਤ ਫਲ ਪਾਉ ॥੨॥੬॥੭੦॥

نانک پربھ سُپرسنّن بھے
بانچھت پھل پاءُ ॥2॥6॥ 70 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਦਾਸ ਤੇਰੇ ਕੀ ਬੇਨਤੀ

داس تیرے کی بینتی

ਰਿਦ ਕਰਿ ਪਰਗਾਸੁ ॥

رِد کرِ پرگاسُ ॥

ਤੁਮ੍ਰੀ ਕ੍ਰਿਪਾ ਤੇ ਪਾਰਬ੍ਰਹਮ
ਦੋਖਨ ਕੋ ਨਾਸੁ ॥੧॥

تُمہری کرِپا تے پاربرہم
دوکھن کو ناسُ ॥1॥

ਚਰਨ ਕਮਲ ਕਾ ਆਸਰਾ
ਪ੍ਰਭ ਪੁਰਖ ਗੁਣਤਾਸੁ ॥

چرن کمل کا آسرا
پربھ پُرکھ گُنتاسُ ॥

ਕੀਰਤਨ ਨਾਮੁ ਸਿਮਰਤ ਰਹਉ
ਜਬ ਲਗੁ ਘਟਿ ਸਾਸੁ ॥੧॥ ਰਹਾਉ ॥

کیرتن نامُ سِمرت رہءُ
جب لگُ گھٹِ ساسُ ॥1॥ رہاءُ ॥

ਮਾਤ ਪਿਤਾ ਬੰਧਪ ਤੂਹੈ
ਤੂ ਸਰਬ ਨਿਵਾਸੁ ॥

مات پِتا بندھپ توُہے
توُ سرب نِواسُ ॥

ਨਾਨਕ ਪ੍ਰਭ ਸਰਣਾਗਤੀ
ਜਾ ਕੋ ਨਿਰਮਲ ਜਾਸੁ ॥੨॥੭॥੭੧॥

نانک پربھ سرنا گتی
جا کو نِرمل جاسُ ॥2॥7॥ 71 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਸਰਬ ਸਿਧਿ ਹਰਿ ਗਾਈਐ
ਸਭਿ ਭਲਾ ਮਨਾਵਹਿ ॥

سرب سِدھِ ہرِ گائیئے
سبھِ بھلا مناوہِ ॥

ਸਾਧੁ ਸਾਧੁ ਮੁਖ ਤੇ ਕਹਹਿ
ਸੁਣਿ ਦਾਸ ਮਿਲਾਵਹਿ ॥੧॥

سادھُ سادھُ مُکھ تے کہہِ
سُنِ داس مِلاوہِ ॥1॥

ਸੂਖ ਸਹਜ ਕਲਿਆਣ ਰਸ
ਪੂਰੈ ਗੁਰਿ ਕੀਨ੍ ॥

سوُکھ سہج کلیانٹ رس
پوُرے گُرِ کینّہ ॥

ਜੀਅ ਸਗਲ ਦਇਆਲ ਭਏ
ਹਰਿ ਹਰਿ ਨਾਮੁ ਚੀਨ੍ ॥੧॥ ਰਹਾਉ ॥

جیء سگل دیئال بھئے
ہرِ ہرِ نامُ چینّہ ॥1॥ رہاءُ ॥

ਪੂਰਿ ਰਹਿਓ ਸਰਬਤ੍ਰ ਮਹਿ
ਪ੍ਰਭ ਗੁਣੀ ਗਹੀਰ ॥

پوُرِ رہِئو سربتّر مہِ
پربھ گُنی گہیِر ॥

ਨਾਨਕ ਭਗਤ ਆਨੰਦ ਮੈ
ਪੇਖਿ ਪ੍ਰਭ ਕੀ ਧੀਰ ॥੨॥੮॥੭੨॥

نانک بھگت آنند مے
پیکھِ پربھ کی دھیِر ॥2॥8॥ 72 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਅਰਦਾਸਿ ਸੁਣੀ ਦਾਤਾਰਿ ਪ੍ਰਭਿ
ਹੋਏ ਕਿਰਪਾਲ ॥

ਰਾਖਿ ਲੀਆ ਅਪਨਾ ਸੇਵਕੋ
ਮੁਖਿ ਨਿੰਦਕ ਛਾਰੁ ॥੧॥

ਤੁਝਹਿ ਨ ਜੋਹੈ ਕੋ ਮੀਤ ਜਨ
ਤੂੰ ਗੁਰ ਕਾ ਦਾਸ ॥

ਪਾਰਬ੍ਰਹਮਿ ਤੂ ਰਾਖਿਆ
ਦੇ ਅਪਨੇ ਹਾਥ ॥੧॥ ਰਹਾਉ ॥

ਜੀਅਨ ਕਾ ਦਾਤਾ ਏਕੁ ਹੈ
ਬੀਆ ਨਹੀ ਹੋਰੁ ॥

ਨਾਨਕ ਕੀ ਬੇਨੰਤੀਆ
ਮੈ ਤੇਰਾ ਜੋਰੁ ॥੨॥੯॥੭੩॥

ਬਿਲਾਵਲੁ ਮਹਲਾ ੫ ॥

ਮੀਤ ਹਮਾਰੇ ਸਾਜਨਾ
ਰਾਖੇ ਗੋਵਿੰਦ ॥

ਨਿੰਦਕ ਮਿਰਤਕ ਹੋਇ ਗਏ
ਤੁਮ੍ ਹੋਹੁ ਨਿਚਿੰਦ ॥੧॥ ਰਹਾਉ ॥

ਸਗਲ ਮਨੋਰਥ ਪ੍ਰਭਿ ਕੀਏ
ਭੇਟੇ ਗੁਰਦੇਵ ॥

ਜੈ ਜੈ ਕਾਰੁ ਜਗਤ ਮਹਿ
ਸਫਲ ਜਾ ਕੀ ਸੇਵ ॥੧॥

ਊਚ ਅਪਾਰ ਅਗਨਤ ਹਰਿ
ਸਭਿ ਜੀਅ ਜਿਸੁ ਹਾਥਿ ॥

ਨਾਨਕ ਪ੍ਰਭ ਸਰਣਾਗਤੀ
ਜਤ ਕਤ ਮੇਰੈ ਸਾਥਿ ॥੨॥੧੦॥੭੪॥

عرداس سُنّی داتارِ پربھ
ہوئے کرپال ॥

راکھِ لیا اپنا سیوکو
مُکھِ نِندک چھارُ ॥1॥

تُجھ ن جوہے کو میت جن
توُں گُر کا داس ॥

پاربرہمِ توُ راکھیا
دے اپنے ہاتھ ॥1॥ رہاءُ ॥

جیئن کا داتا ایکُ ہے
بیا نہی ہورُ ॥

نانک کی بینتیا
مے تیرا زورُ ॥2॥9॥ 73 ॥

بلاولُ محلا 5 ॥

میت ہمارے ساجنا
راکھے گووِند ॥

نِندک مرتک ہوءِ گئے
تُمہ ہوہُ نِچند ॥1॥ رہاءُ ॥

سگل منورتھ پربھ کیئے
بھیٹے گُردیو ॥

جے جے کارُ جگت مہِ
سپھل جا کی سیو ॥1॥

اوُچ اپار اگنت ہرِ
سبھ جیء جِسُ ہاتھِ ॥

نانک پربھ سرنا گتی
جت کت میرے ساتھِ ॥2॥ 10 ॥ 74 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਗੁਰੁ ਪੂਰਾ ਆਰਾਧਿਆ
ਹੋਏ ਕਿਰਪਾਲ ॥

گُرُ پوُرا آرادھِیا
ہوئے کِرپال ॥

ਮਾਰਗੁ ਸੰਤਿ ਬਤਾਇਆ
ਤੂਟੇ ਜਮ ਜਾਲ ॥੧॥

مارگُ سنّتِ بتائیا
توُٹے جم جال ॥1॥

ਦੂਖ ਭੂਖ ਸੰਸਾ ਮਿਟਿਆ
ਗਾਵਤ ਪ੍ਰਭ ਨਾਮ ॥

دوُکھ بھوُکھ سنّسا مِٹیا
گاوت پّربھ نام ॥

ਸਹਜ ਸੂਖ ਆਨੰਦ ਰਸ
ਪੂਰਨ ਸਭਿ ਕਾਮ ॥੧॥ ਰਹਾਉ ॥

سہج سوُکھ آنند رس
پوُرن سبھِ کام ॥1॥ رہاءُ ॥

ਜਲਨਿ ਬੁਝੀ ਸੀਤਲ ਭਏ
ਰਾਖੇ ਪ੍ਰਭਿ ਆਪ ॥

جلنِ بُجھی سِیتل بھئے
راکھے پّربھِ آپ ॥

ਨਾਨਕ ਪ੍ਰਭ ਸਰਣਾਗਤੀ
ਜਾ ਕਾ ਵਡ ਪਰਤਾਪ ॥੨॥੧੧॥੭੫॥

نانک پّربھ سرٹاگتی
جا کا وڈ پرتاپ ॥2॥ 11 ॥ 75 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਧਰਤਿ ਸੁਹਾਵੀ ਸਫਲ ਥਾਨੁ
ਪੂਰਨ ਭਏ ਕਾਮ ॥

دھرتِ سُہاوی سپھل تھانُ
پوُرن بھئے کام ॥

ਭਉ ਨਾਠਾ ਭ੍ਰਮੁ ਮਿਟਿ ਗਇਆ
ਰਵਿਆ ਨਿਤ ਰਾਮ ॥੧॥

بھءُ ناٹھا بھّرمُ مِٹِ گئیا
روِیا نِت رام ॥1॥

ਸਾਧ ਜਨਾ ਕੈ ਸੰਗਿ ਬਸਤ
ਸੁਖ ਸਹਜ ਬਿਸ੍ਰਾਮ ॥

سادھ جنا کے سنگِ بست
سُکھ سہج بِسّرام ॥

ਸਾਈ ਘੜੀ ਸੁਲਖਣੀ
ਸਿਮਰਤ ਹਰਿ ਨਾਮ ॥੧॥ ਰਹਾਉ ॥

سائی گھڑی سُلکھنی
سِمرت ہرِ نام ॥1॥ رہاءُ ॥

ਪ੍ਰਗਟ ਭਏ ਸੰਸਾਰ ਮਹਿ
ਫਿਰਤੇ ਪਹਨਾਮ ॥

پّرگٹ بھئے سنّسار مہِ
پھِرتے پہنام ॥

ਨਾਨਕ ਤਿਸੁ ਸਰਣਾਗਤੀ

نانک تِسُ سرٹاگتی

ਘਟ ਘਟ ਸਭ ਜਾਨ ॥੨॥੧੨॥੭੬॥

گھٹ گھٹ سبھ جان ॥2॥ 12 ॥ 76 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਰੋਗੁ ਮਿਟਾਇਆ ਆਪਿ ਪ੍ਰਭਿ
ਉਪਜਿਆ ਸੁਖੁ ਸਾਂਤਿ ॥

روگ مِٹائیا آپِ پربھِ
اُپجیا سُکھُ سانتِ ॥

ਵਡ ਪਰਤਾਪੁ ਅਚਰਜ ਰੂਪੁ
ਹਰਿ ਕੀਨ੍ਹੀ ਦਾਤਿ ॥੧॥

وڈ پرتاپُ اچرج روُپُ
ہرِ کینہی داتِ ॥1॥

ਗੁਰਿ ਗੋਵਿੰਦਿ ਕ੍ਰਿਪਾ ਕਰੀ
ਰਾਖਿਆ ਮੇਰਾ ਭਾਈ ॥

گُرِ گووِندِ کرپا کری
راکھیا میرا بھائی ॥

ਹਮ ਤਿਸ ਕੀ ਸਰਣਾਗਤੀ
ਜੋ ਸਦਾ ਸਹਾਈ ॥੧॥ ਰਹਾਉ ॥

ہم تِس کی سرٹاگتی
جو سدا سہائی ॥1॥ رہاءُ ॥

ਬਿਰਥੀ ਕਦੇ ਨ ਹੋਵਈ
ਜਨ ਕੀ ਅਰਦਾਸਿ ॥

بِرتھی کدے ن ہووئی
جن کی عرداسِ ॥

ਨਾਨਕ ਜੋਰੁ ਗੋਵਿੰਦ ਕਾ
ਪੂਰਨ ਗੁਣਤਾਸਿ ॥੨॥੧੩॥੭੭॥

نانک زورُ گووِندَ کا
پوُرن گُنٹاسِ ॥2॥ 13 ॥ 77 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਮਰਿ ਮਰਿ ਜਨਮੇ ਜਿਨ ਬਿਸਰਿਆ
ਜੀਵਨ ਕਾ ਦਾਤਾ ॥

مرِ مرِ جنمے جِن بِسرِیا
جیِون کا داتا ॥

ਪਾਰਬ੍ਰਹਮੁ ਜਨਿ ਸੇਵਿਆ
ਅਨਦਿਨੁ ਰੰਗਿ ਰਾਤਾ ॥੧॥

پاربرّہمُ جنِ سیوِیا
اندِنُ رنگِ راتا ॥1॥

ਸਾਂਤਿ ਸਹਜੁ ਆਨਦੁ ਘਨਾ
ਪੂਰਨ ਭਈ ਆਸ ॥

سانتِ سہجُ آندُ گھنا
پوُرن بھئی آس ॥

ਸੁਖੁ ਪਾਇਆ ਹਰਿ ਸਾਧਸੰਗਿ
ਸਿਮਰਤ ਗੁਣਤਾਸ ॥੧॥ ਰਹਾਉ ॥

سُکھُ پائیا ہرِ سادھسنگِ
سِمرت گُنٹاس ॥1॥ رہاءُ ॥

ਸੁਣਿ ਸੁਆਮੀ ਅਰਦਾਸਿ ਜਨ
ਤੁਮ੍ ਅੰਤਰਜਾਮੀ ॥

سُنِ سُیامی عرداسِ جن
تُمہ انترجامی ॥

ਥਾਨ ਥਨੰਤਰਿ ਰਵਿ ਰਹੇ
ਨਾਨਕ ਕੇ ਸੁਆਮੀ ॥੨॥੧੪॥੭੮॥

تھان تھننّترِ رو رہے
نانک کے سُیامی ॥2॥ 14 ॥ 78 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਤਾਤੀ ਵਾਉ ਨ ਲਗਈ
ਪਾਰਬ੍ਰਹਮ ਸਰਣਾਈ ॥

تاتی واءُ ن لگئی
پاربّرہم سرٹائی ॥

ਚਉਗਿਰਦ ਹਮਾਰੈ ਰਾਮ ਕਾਰ
ਦੁਖੁ ਲਗੈ ਨ ਭਾਈ ॥੧॥

چئگِرد ہمارے رام کار
دُکھُ لگے ن بھائی ॥1॥

ਸਤਿਗੁਰੁ ਪੂਰਾ ਭੇਟਿਆ
ਜਿਨਿ ਬਣਤ ਬਣਾਈ ॥

ستِگُرُ پُورا بھیٹیا
جِنِ بنّت بنّائی ॥

ਰਾਮ ਨਾਮੁ ਅਉਖਧੁ ਦੀਆ
ਏਕਾ ਲਿਵ ਲਾਈ ॥੧॥ ਰਹਾਉ ॥

رام نامُ اُکھدھُ دیِیا
ایکا لِو لائی ॥1॥ رہاءُ ॥

ਰਾਖਿ ਲੀਏ ਤਿਨਿ ਰਖਨਹਾਰਿ
ਸਭ ਬਿਆਧਿ ਮਿਟਾਈ ॥

راکھِ لیئے تِنِ رکھنہارِ
سبھ بِیادھِ مِٹائی ॥

ਕਹੁ ਨਾਨਕ ਕਿਰਪਾ ਭਈ
ਪ੍ਰਭ ਭਏ ਸਹਾਈ ॥੨॥੧੫॥੭੯॥

کہُ نانک کِرپا بھئی
پّربھ بھیۓ سہائی ॥2॥ 15 ॥ 79 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਅਪਣੇ ਬਾਲਕ ਆਪਿ ਰਖਿਅਨੁ
ਪਾਰਬ੍ਰਹਮ ਗੁਰਦੇਵ ॥

اپنّے بالک آپِ رکھِئنُ
پاربّرہم گُردیو ॥

ਸੁਖ ਸਾਂਤਿ ਸਹਜ ਆਨਦ ਭਏ
ਪੂਰਨ ਭਈ ਸੇਵ ॥੧॥ ਰਹਾਉ ॥

سُکھ سانتِ سہج آند بھیۓ
پُورن بھئی سیو ॥1॥ رہاءُ ॥

ਭਗਤ ਜਨਾ ਕੀ ਬੇਨਤੀ
ਸੁਣੀ ਪ੍ਰਭਿ ਆਪਿ ॥

بھگت جنا کی بینتی
سُنّی پّربھِ آپِ ॥

ਰੋਗ ਮਿਟਾਇ ਜੀਵਾਲਿਅਨੁ
ਜਾ ਕਾ ਵਡ ਪਰਤਾਪੁ ॥੧॥

روگ مِٹاءِ جیوالِئنُ
جا کا وڈ پرتاپُ ॥1॥

ਦੋਖ ਹਮਾਰੇ ਬਖਸਿਅਨੁ

دوکھ ہمارے بخشِئنُ

ਅਪਣੀ ਕਲ ਧਾਰੀ ॥

اپنّی کل دھاری ॥

ਮਨ ਬਾਂਛਤ ਫਲ ਦਿਤਿਅਨੁ
ਨਾਨਕ ਬਲਿਹਾਰੀ ॥੨॥੧੬॥੮੦॥

من بانْچھت پھل دِتِیَنُ
نانک بلِہاری ॥2॥ 16 ॥ 80 ॥

ਰਾਗੁ ਬਿਲਾਵਲੁ ਮਹਲਾ ੫ ਚਉਪਦੇ ਦੁਪਦੇ ਘਰੁ ੬

راگُ بِلاولُ محلا 5 چئُپدے دُپدے گھرُ 6

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥

میرے موہن سّرونی اِہ ن سُنائے ॥

ਸਾਕਤ ਗੀਤ ਨਾਦ ਧੁਨਿ ਗਾਵਤ
ਬੋਲਤ ਬੋਲ ਅਜਾਏ ॥੧॥ ਰਹਾਉ ॥

ساکت گِیت ناد دھُنِ گاوت
بولت بول اجائے ॥1॥ رہاءُ ॥

ਸੇਵਤ ਸੇਵਿ ਸੇਵਿ ਸਾਧ ਸੇਵਉ
ਸਦਾ ਕਰਉ ਕਿਰਤਾਏ ॥

سیوت سیوِ سیوِ سادھ سیوءُ
سدا کرءُ کِرتائے ॥

ਅਭੈ ਦਾਨੁ ਪਾਵਉ ਪੁਰਖ ਦਾਤੇ
ਮਿਲਿ ਸੰਗਤਿ ਹਰਿ ਗੁਣ ਗਾਏ ॥੧॥

ابھےَ دانُ پاوءُ پُرکھ داتے
مِلِ سنگتِ ہرِ گُنْ گائے ॥1॥

ਰਸਨਾ ਅਗਹ ਅਗਹ ਗੁਨ ਰਾਤੀ
ਨੈਨ ਦਰਸ ਰੰਗੁ ਲਾਏ ॥

رسنا اگہ اگہ گُن راتی
نیَن درس رنگُ لائے ॥

ਹੋਹੁ ਕ੍ਰਿਪਾਲ ਦੀਨ ਦੁਖ ਭੰਜਨ
ਮੋਹਿ ਚਰਣ ਰਿਦੈ ਵਸਾਏ ॥੨॥

ہوہُ کرِپال دِین دُکھ بھنّجن
موہِ چرنْ رِدےَ وسائے ॥2॥

ਸਭਹੂ ਤਲੈ ਤਲੈ ਸਭ ਊਪਰਿ
ਏਹ ਦ੍ਰਿਸਟਿ ਦ੍ਰਿਸਟਾਏ ॥

سبھہُو تلےَ تلےَ سبھ اوُپرِ
ایہ دّرِسٹِ دّرِسٹائے ॥

ਅਭਿਮਾਨੁ ਖੋਇ ਖੋਇ ਖੋਇ ਖੋਈ ਹਉ
ਮੋ ਕਉ ਸਤਿਗੁਰ ਮੰਤ੍ਰੁ ਦ੍ਰਿੜਾਏ ॥੩॥

ابھِمانُ کھوءِ کھوءِ کھوئی ہءُ
مو کءُ ستِگُر منّتّرُ دّرِڑائے ॥3॥

ਅਤੁਲੁ ਅਤੁਲੁ ਅਤੁਲੁ ਨਹ ਤੁਲੀਐ
ਭਗਤਿ ਵਛਲੁ ਕਿਰਪਾਏ ॥

اتُلُ اتُلُ اتُلُ نہ تُلیِےَ
بھگتِ وچھلُ کِرپائے ॥

ਜੋ ਜੋ ਸਰਣਿ ਪਰਿਓ ਗੁਰ ਨਾਨਕ
ਅਭੈ ਦਾਨੁ ਸੁਖ ਪਾਏ ॥੪॥੧॥੮੧॥

جو جو سرنِ پرِئو گُر نانک
ابھےَ دانُ سُکھ پائے ॥4॥1॥ 81 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ ॥

پربھ جی توُ میرے پران ادھارے ॥

ਨਮਸਕਾਰ ਡੰਡਉਤਿ ਬੰਦਨਾ
ਅਨਿਕ ਬਾਰ ਜਾਉ ਬਾਰੈ ॥੧॥ ਰਹਾਉ ॥

نمسکار ڈنڈُتِ بندنا
انِک بار جاءُ بارے ॥1॥ رہاءُ ॥

ਊਠਤ ਬੈਠਤ ਸੋਵਤ ਜਾਗਤ
ਇਹੁ ਮਨੁ ਤੁਝਹਿ ਚਿਤਾਰੈ ॥

اوُٹھت بیٹھت سووت جاگت
اِہ منُ تُجھہِ چِتارے ॥

ਸੂਖ ਦੂਖ ਇਸੁ ਮਨ ਕੀ ਬਿਰਥਾ
ਤੁਝ ਹੀ ਆਗੈ ਸਾਰੈ ॥੧॥

سوُکھ دوُکھ اِسُ من کی بِرتھا
تُجھ ہی آگے سارے ॥1॥

ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ
ਤੁਮਹਿ ਮੇਰੈ ਪਰਵਾਰੈ ॥

توُ میری اوٹ بل بُدھِ دھنُ تُم ہی
تُمہِ میرے پروارے ॥

ਜੋ ਤੁਮ ਕਰਹੁ ਸੋਈ ਭਲ ਹਮਰੈ
ਪੇਖਿ ਨਾਨਕ ਸੁਖ ਚਰਨਾਰੈ ॥੨॥੨॥੮੨॥

جو تُم کرہُ سوئی بھل ہمرے
پیکھِ نانک سُکھ چرنارے ॥2॥2॥ 82 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਸੁਨੀਅਤ ਪ੍ਰਭ ਤਉ ਸਗਲ ਉਧਾਰਨ ॥

سُنِیئت پربھ تءُ سگل اُدھارن ॥

ਮੋਹ ਮਗਨ ਪਤਿਤ ਸੰਗਿ ਪ੍ਰਾਨੀ
ਐਸੇ ਮਨਹਿ ਬਿਸਾਰਨ ॥੧॥ ਰਹਾਉ ॥

موہ مگن پتِت سنگِ پرانی
ایسے منہِ بِسارن ॥1॥ رہاءُ ॥

ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ
ਅੰਮ੍ਰਿਤੁ ਮਨ ਤੇ ਡਾਰਨ ॥

سنچِ بِکھیا لے گراہجُ کِینی
انمرِتُ من تے ڈارن ॥

ਕਾਮ ਕ੍ਰੋਧ ਲੋਭ ਰਤੁ ਨਿੰਦਾ
ਸਤੁ ਸੰਤੋਖੁ ਬਿਦਾਰਨ ॥੧॥

کام کرودھ لوبھ رتُ نِندا
ستُ سنتوکھُ بِدارن ॥1॥

ਇਨ ਤੇ ਕਾਢਿ ਲੇਹੁ ਮੇਰੇ ਸੁਆਮੀ
ਹਾਰਿ ਪਰੇ ਤੁਮ੍ ਸਾਰਨ ॥

اِن تے کاڈھِ لیہُ میرے سُیامی
ہارِ پرے تُمہ سارن ॥

ਨਾਨਕ ਕੀ ਬੇਨੰਤੀ ਪ੍ਰਭ ਪਹਿ
ਸਾਧਸੰਗਿ ਰੰਕ ਤਾਰਨ ॥੨॥੩॥੮੩॥

نانک کی بینتی پربھ پہِ
سادھسنگِ رنک تارن ॥2॥3॥ 83 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ॥

سنتن کے سُنِیئت پربھ کی بات ॥

ਕਥਾ ਕੀਰਤਨੁ ਆਨੰਦ ਮੰਗਲ ਧੁਨਿ
ਪੂਰਿ ਰਹੀ ਦਿਨਸੁ ਅਰੁ ਰਾਤਿ ॥੧॥ ਰਹਾਉ ॥

کتھا کیرتنُ آنند منگل دھُنِ
پوُرِ رہی دِنسُ ارُ راتِ ॥1॥ رہاءُ ॥

ਕਰਿ ਕਿਰਪਾ ਅਪਨੇ ਪ੍ਰਭਿ ਕੀਨੇ
ਨਾਮ ਅਪੁਨੇ ਕੀ ਕੀਨੀ ਦਾਤਿ ॥

کرِ کرِپا اپنے پربھِ کینے
نام اپُنے کی کینی داتِ ॥

ਆਠ ਪਹਰ ਗੁਨ ਗਾਵਤ ਪ੍ਰਭ ਕੇ
ਕਾਮ ਕ੍ਰੋਧ ਇਸੁ ਤਨ ਤੇ ਜਾਤ ॥੧॥

آٹھ پہر گُن گاوت پربھ کے
کام کرودھ اِسُ تن تے جات ॥1॥

ਤ੍ਰਿਪਤਿ ਅਘਾਏ ਪੇਖਿ ਪ੍ਰਭ ਦਰਸਨੁ
ਅੰਮ੍ਰਿਤ ਹਰਿ ਰਸੁ ਭੋਜਨੁ ਖਾਤ ॥

ترِپتِ اگھائے پیکھِ پربھ درسنُ
انمرِت ہرِ رسُ بھوجنُ کھات ॥

ਚਰਨ ਸਰਨ ਨਾਨਕ ਪ੍ਰਭ ਤੇਰੀ
ਕਰਿ ਕਿਰਪਾ ਸੰਤਸੰਗਿ ਮਿਲਾਤ ॥੨॥੪॥੮੪॥

چرن سرن نانک پربھ تیری
کرِ کرِپا سنتسنگِ ملات ॥2॥4॥ 84 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਰਾਖਿ ਲੀਏ ਅਪਨੇ ਜਨ ਆਪ ॥

راکھِ لیئے اپنے جن آپ ॥

ਕਰਿ ਕਿਰਪਾ ਹਰਿ ਹਰਿ ਨਾਮੁ ਦੀਨੋ
ਬਿਨਸਿ ਗਏ ਸਭ ਸੋਗ ਸੰਤਾਪ ॥੧॥ ਰਹਾਉ ॥

کرِ کرِپا ہرِ ہرِ نامُ دینو
بِنسِ گئے سبھ سوگ سنتاپ ॥1॥ رہاءُ ॥

ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ
ਰਾਗ ਰਤਨ ਰਸਨਾ ਆਲਾਪ ॥

گُنڻ گووِند گاوہُ سبھِ ہرِ جن
راگ رتن رسنا آلاپ ॥

ਕੋਟਿ ਜਨਮ ਕੀ ਤ੍ਰਿਸਨਾ ਨਿਵਰੀ
ਰਾਮ ਰਸਾਇਣਿ ਆਤਮ ਧ੍ਰਾਪ ॥੧॥

کوٹِ جنم کی ترِسنا نِوری
رام رسائنِ آتم دھراپ ॥1॥

ਚਰਣ ਗਹੇ ਸਰਣਿ ਸੁਖਦਾਤੇ
ਗੁਰ ਕੈ ਬਚਨਿ ਜਪੇ ਹਰਿ ਜਾਪ ॥

چرنڻ گہے سرنِ سُکھداتے
گُر کے بچنِ جپے ہرِ جاپ ॥

ਸਾਗਰ ਤਰੇ ਭਰਮ ਭੈ ਬਿਨਸੇ
ਕਹੁ ਨਾਨਕ ਠਾਕੁਰ ਪਰਤਾਪ ॥੨॥੫॥੮੫॥

ساگر ترے بھرم بھے بِنسے
کہُ نانک ٹھاکُر پرتاپ ॥2॥5॥ 85 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਤਾਪੁ ਲਾਹਿਆ ਗੁਰ ਸਿਰਜਨਹਾਰਿ ॥

تاپُ لاہیا گُر سِرجنہارِ ॥

ਸਤਿਗੁਰ ਅਪਨੇ ਕਉ ਬਲਿ ਜਾਈ

ستِگُر اپنے کءُ بلِ جائی

ਜਿਨਿ ਪੈਜ ਰਖੀ ਸਾਰੈ ਸੰਸਾਰਿ ॥੧॥ ਰਹਾਉ ॥

جِنِ پیَج رکھی سارے سنّسارِ ॥1॥ رہاءُ ॥

ਕਰੁ ਮਸਤਕਿ ਧਾਰਿ ਬਾਲਿਕੁ ਰਖਿ ਲੀਨੋ ॥

کرُ مستکِ دھارِ بالِکُ رکھِ لِینو ॥

ਪ੍ਰਭਿ ਅੰਮ੍ਰਿਤ ਨਾਮੁ ਮਹਾ ਰਸੁ ਦੀਨੋ ॥੧॥

پربھِ انمّرِت نامُ مہا رسُ دینو ॥1॥

ਦਾਸ ਕੀ ਲਾਜ ਰਖੈ ਮਿਹਰਵਾਨੁ ॥

داس کی لاج رکھے مِہروانُ ॥

ਗੁਰੁ ਨਾਨਕੁ ਬੋਲੈ ਦਰਗਹ ਪਰਵਾਨੁ ॥੨॥੬॥੮੬॥

گُرُ نانکُ بولے درگہ پروانُ ॥2॥6॥ 86 ॥

ਰਾਗੁ ਬਿਲਾਵਲੁ ਮਹਲਾ ੫ ਚਉਪਦੇ ਦੁਪਦੇ ਘਰੁ ੭

راگُ بِلاولُ محلا 5 چئُپدے دُپدے گھرُ 7

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਸਤਿਗੁਰ ਸਬਦਿ ਉਜਾਰੋ ਦੀਪਾ ॥

ستِگُر سبدِ اُجارو دیپا ॥

ਬਿਨਸਿਓ ਅੰਧਕਾਰ ਤਿਹ ਮੰਦਰਿ
ਰਤਨ ਕੋਠੜੀ ਖੁਲ੍ਹੀ ਅਨੂਪਾ ॥੧॥ ਰਹਾਉ ॥

بِنسِئو انّدھکار تِہ منّدرِ
رتن کوٹھڑی کھُلّہی انوُپا ॥1॥ رہاءُ ॥

ਬਿਸਮਨ ਬਿਸਮ ਭਏ ਜਉ ਪੇਖਿਓ
ਕਹਨੁ ਨ ਜਾਇ ਵਡਿਆਈ ॥

بِسمن بِسم بھئے جءُ پیکھِئو
کہنُ ن جاءِ وڈِیائی ॥

ਮਗਨ ਭਏ ਊਹਾ ਸੰਗਿ ਮਾਤੇ
ਓਤਿ ਪੋਤਿ ਲਪਟਾਈ ॥੧॥

مگن بھئے اوُہا سنگِ ماتے
اوتِ پوتِ لپٹائی ॥1॥

ਆਲ ਜਾਲ ਨਹੀ ਕਛੂ ਜੰਜਾਰਾ
ਅਹੰਬੁਧਿ ਨਹੀ ਭੋਰਾ ॥

آل جال نہی کچھوُ زنجّارا
اہنّبدھِ نہی بھورا ॥

ਊਚਨ ਊਚਾ ਬੀਚੁ ਨ ਖੀਚਾ
ਹਉ ਤੇਰਾ ਤੂੰ ਮੋਰਾ ॥੨॥

اوُچن اوُچا بیچُ ن کھیچا
ہءُ تیرا توُنّ مورا ॥2॥

ਏਕੰਕਾਰੁ ਏਕੁ ਪਾਸਾਰਾ
ਏਕੈ ਅਪਰ ਅਪਾਰਾ ॥

ایکنّکارُ ایکُ پاسارا
ایکے اپر اپارا ॥

ਏਕੁ ਬਿਸਥੀਰਨੁ ਏਕੁ ਸੰਪੂਰਨੁ
ਏਕੈ ਪ੍ਰਾਨ ਅਧਾਰਾ ॥੩॥

ایکُ بِستھیرنُ ایکُ سنپّوُرنُ
ایکے پّران ادھارا ॥3॥

ਨਿਰਮਲ ਨਿਰਮਲ ਸੂਚਾ ਸੂਚੋ
ਸੂਚਾ ਸੂਚੋ ਸੂਚਾ ॥

نِرمل نِرمل سوُچا سوُچو
سوُچا سوُچو سوُچا ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راتا صاہب)

ਅੰਤ ਨ ਅੰਤਾ ਸਦਾ ਬੇਅੰਤਾ
ਕਹੁ ਨਾਨਕ ਊਚੋ ਊਚਾ ॥੪॥੧॥੮੭॥

انّت ن انّتا سدا بیئنّتا
کہُ نانک اوُچو اوُچا ॥4॥1॥ 87 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਬਿਨੁ ਹਰਿ ਕਾਮਿ ਨ ਆਵਤ ਹੇ ॥

بِنُ ہرِ کامِ ن آوت ہے ॥

ਜਾ ਸਿਉ ਰਾਚਿ ਮਾਚਿ ਤੁਮ੍ ਲਾਗੇ
ਓਹ ਮੋਹਨੀ ਮੋਹਾਵਤ ਹੇ ॥੧॥ ਰਹਾਉ ॥

جا سِءُ راچِ ماچِ تُمّہ لاگے
اوہ موہنی موہاوت ہے ॥1॥ رہاءُ ॥

ਕਨਿਕ ਕਾਮਿਨੀ ਸੇਜ ਸੋਹਨੀ
ਛੋਡਿ ਖਿਨੈ ਮਹਿ ਜਾਵਤ ਹੇ ॥

کَنِک کامِنی سیج سوہنی
چھوڈِ کھِنے مہِ جاوت ہے ॥

ਉਰਝਿ ਰਹਿਓ ਇੰਦ੍ਰੀ ਰਸ ਪ੍ਰੇਰਿਓ
ਬਿਖੈ ਠਗਉਰੀ ਖਾਵਤ ਹੇ ॥੧॥

اُرجھِ رہِئو اِنّدری رس پّریرِئو
بِکھے ٹھگُری کھاوت ہے ॥1॥

ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ
ਪਾਵਕੁ ਤਲੈ ਜਰਾਵਤ ਹੇ ॥

تّرِنْ کو منّدرُ ساجِ سوارِئو
پاوکُ تلے جراوت ہے ॥

ਐਸੇ ਗੜ ਮਹਿ ਐਠਿ ਹਠੀਲੋ
ਫੂਲਿ ਫੂਲਿ ਕਿਆ ਪਾਵਤ ਹੇ ॥੨॥

ایَسے گڑ مہِ ایَٹھِ ہٹھیِلو
پھوُلِ پھوُلِ کِیا پاوت ہے ۔ ॥2॥

ਪੰਚ ਦੂਤ ਮੂਡ ਪਰਿ ਠਾਢੇ
ਕੇਸ ਗਹੇ ਫੇਰਾਵਤ ਹੇ ॥

پنّچ دوُت موُڈ پرِ ٹھاڈھے
کیس گہے پھیراوت ہے ॥

ਦ੍ਰਿਸਟਿ ਨ ਆਵਹਿ ਅੰਧ ਅਗਿਆਨੀ
ਸੋਇ ਰਹਿਓ ਮਦ ਮਾਵਤ ਹੇ ॥੩॥

دّرِسٹِ ن آوہِ انّدھ اگیانی
سوءِ رہِئو مد ماوت ہے ॥3॥

ਜਾਲੁ ਪਸਾਰਿ ਚੋਗ ਬਿਸਥਾਰੀ
ਪੰਖੀ ਜਿਉ ਫਾਹਾਵਤ ਹੇ ॥

جالُ پسارِ چوگ بِستھاری
پنکھی جِءُ پھاہاوت ہے ॥

ਕਹੁ ਨਾਨਕ ਬੰਧਨ ਕਾਟਨ ਕਉ
ਮੈ ਸਤਿਗੁਰੁ ਪੁਰਖੁ ਧਿਆਵਤ ਹੇ ॥੪॥੨॥੮੮॥

کہُ نانک بنّدھن کاٹن ک ءُ
مے ستِگُر پُرکھُ دھیاوت ہے ॥4॥2॥ 88 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਹਰਿ ਹਰਿ ਨਾਮੁ ਅਪਾਰ ਅਮੋਲੀ ॥

ہرِ ہرِ نامُ اپار امولی ॥

ਪ੍ਰਾਨ ਪਿਆਰੋ ਮਨਹਿ ਅਧਾਰੋ

پّران پِیارو منہِ ادھارو

ਚੀਤਿ ਚਿਤਵਉ ਜੈਸੇ ਪਾਨ ਤੰਬੋਲੀ ॥੧॥ ਰਹਾਉ ॥

چیتِ چِتوءُ جیَسے پان تنّبولی ॥1॥ رہاءُ ॥

ਸਹਜਿ ਸਮਾਇਓ ਗੁਰਹਿ ਬਤਾਇਓ
ਰੰਗਿ ਰੰਗੀ ਮੇਰੇ ਤਨ ਕੀ ਚੋਲੀ ॥

سہجِ سمائیو گُرہِ بتائیو
رنگِ رنگی میرے تن کی چولی ॥

ਪ੍ਰਿਅ ਮੁਖਿ ਲਾਗੋ ਜਉ ਵਡਭਾਗੋ
ਸੁਹਾਗੁ ਹਮਾਰੋ ਕਤਹੁ ਨ ਡੋਲੀ ॥੧॥

پّرِء مُکھِ لاگو جءُ وڈبھاگو
سُہاگُ ہمارو کتہٗ ن ڈولی ॥1॥

ਰੂਪ ਨ ਧੂਪ ਨ ਗੰਧ ਨ ਦੀਪਾ
ਓਤਿ ਪੋਤਿ ਅੰਗ ਅੰਗ ਸੰਗਿ ਮਉਲੀ ॥

روُپ ن دھوُپ ن گنّدھ ن دِیپا
اوتِ پوتِ انگ انگ سنگِ مئلی ॥

ਕਹੁ ਨਾਨਕ ਪ੍ਰਿਅ ਰਵੀ ਸੁਹਾਗਨਿ
ਅਤਿ ਨੀਕੀ ਮੇਰੀ ਬਨੀ ਖਟੋਲੀ ॥੨॥੩॥੮੯॥

کہُ نانک پّرِء روی سُہاگنِ
اتِ نِیکی میری بنی کھٹولی ॥2॥3॥ 89 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਗੋਬਿੰਦ ਗੋਬਿੰਦ ਗੋਬਿੰਦ ਮਈ ॥

گوبِنّد گوبِنّد گوبِنّد مئی ॥

ਜਬ ਤੇ ਭੇਟੇ ਸਾਧ ਦਇਆਰਾ
ਤਬ ਤੇ ਦੁਰਮਤਿ ਦੂਰਿ ਭਈ ॥੧॥ ਰਹਾਉ ॥

جب تے بھیٹے سادھ دئیارا
تب تے دُرمتِ دوُرِ بھئی ॥1॥ رہاءُ ॥

ਪੂਰਨ ਪੂਰਿ ਰਹਿਓ ਸੰਪੂਰਨ
ਸੀਤਲ ਸਾਂਤਿ ਦਇਆਲ ਦਈ ॥

پوُرن پوُرِ رہِئو سنّپوُرن
سِیتل سانْتِ دئیال دئی ॥

ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ
ਤਨ ਤੇ ਹੋਏ ਸਗਲ ਖਈ ॥੧॥

کام کّرودھ تّرِسنا اہنکارا
تن تے ہوئے سگل کھئی ॥1॥

ਸਤੁ ਸੰਤੋਖੁ ਦਇਆ ਧਰਮੁ ਸੁਚਿ
ਸੰਤਨ ਤੇ ਇਹੁ ਮੰਤੁ ਲਈ ॥

ست سنّتوکھُ دئیا دھرمُ سُچِ
سنّتن تے اِہُ منّتُ لئی ॥

ਕਹੁ ਨਾਨਕ ਜਿਨਿ ਮਨਹੁ ਪਛਾਨਿਆ
ਤਿਨ ਕਉ ਸਗਲੀ ਸੋਝ ਪਈ ॥੨॥੪॥੯੦॥

کہُ نانک جِنِ منہٗ پچھانِیا
تِن کءُ سگلی سوجھ پئی ॥2॥4॥ 90 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਕਿਆ ਹਮ ਜੀਅ ਜੰਤ ਬੇਚਾਰੇ
ਬਰਨਿ ਨ ਸਾਕਹ ਏਕ ਰੋਮਾਈ ॥

کِیا ہم جیء جنّت بیچارے
برنِ ن ساکہ ایک رومائی ॥

ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ

بّرہم مہیس سِدھ مُنِ اِنّدّرا

ਬੇਅੰਤ ਠਾਕੁਰ ਤੇਰੀ ਗਤਿ ਨਹੀ ਪਾਈ ॥੧॥

بیئنت ٹھاکُر تیری گتِ نہی پائی ॥1॥

ਕਿਆ ਕਥੀਐ ਕਿਛੁ ਕਥਨੁ ਨ ਜਾਈ ॥

کِیا کتھیئے کِچھُ کتھنُ ن جائی ॥

ਜਹ ਜਹ ਦੇਖਾ ਤਹ ਰਹਿਆ ਸਮਾਈ ॥੧॥ ਰਹਾਉ ॥

جہ جہ دیکھا تہ رہِیا سمائی ॥1॥ رہاءُ ॥

ਜਹ ਮਹਾ ਭਇਆਨ ਦੂਖ ਜਮ ਸੁਨੀਐ
ਤਹ ਮੇਰੇ ਪ੍ਰਭ ਤੂਹੈ ਸਹਾਈ ॥

جہ مہا بھئیان دوُکھ جم سُنیئے
تہ میرے پربھ توُہے سہائی ॥

ਸਰਨਿ ਪਰਿਓ ਹਰਿ ਚਰਨ ਗਹੇ ਪ੍ਰਭ
ਗੁਰਿ ਨਾਨਕ ਕਉ ਬੂਝ ਬੁਝਾਈ ॥੨॥੫॥੯੧॥

سرنِ پرِئو ہرِ چرن گہے پربھ
گُرِ نانک کءُ بوُجھ بُجھائی ॥2॥5॥ 91 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਅਗਮ ਰੂਪ ਅਬਿਨਾਸੀ ਕਰਤਾ
ਪਤਿਤ ਪਵਿਤ ਇਕ ਨਿਮਖ ਜਪਾਈਐ ॥

اگم روُپ اِبناسی کرتا
پتِت پوِت اِک نِمکھ جپائیئے ॥

ਅਚਰਜੁ ਸੁਨਿਓ ਪਰਾਪਤਿ ਭੇਟੁਲੇ
ਸੰਤ ਚਰਨ ਚਰਨ ਮਨੁ ਲਾਈਐ ॥੧॥

اچرجُ سُنِئو پراپتِ بھیٹُلے
سنّت چرن چرن منُ لائیئے ॥1॥

ਕਿਤੁ ਬਿਧੀਐ ਕਿਤੁ ਸੰਜਮਿ ਪਾਈਐ ॥

کِتُ بِدھیئے کِتُ سنجمِ پائیئے ۔ ॥

ਕਹੁ ਸੁਰਜਨ ਕਿਤੁ ਜੁਗਤੀ ਧਿਆਈਐ ॥੧॥ ਰਹਾਉ ॥

کہُ سُرجن کِتُ جُگتی دھِیائیئے ۔ ॥1॥ رہاءُ ॥

ਜੋ ਮਾਨੁਖੁ ਮਾਨੁਖ ਕੀ ਸੇਵਾ
ਓਹੁ ਤਿਸ ਕੀ ਲਈ ਲਈ ਫੁਨਿ ਜਾਈਐ ॥

جو مانُکھ مانُکھ کی سیوا
اوہُ تِس کی لئی لئی پھُنِ جائیئے ॥

ਨਾਨਕ ਸਰਨਿ ਸਰਣਿ ਸੁਖ ਸਾਗਰ
ਮੋਹਿ ਟੇਕ ਤੇਰੋ ਇਕ ਨਾਈਐ ॥੨॥੬॥੯੨॥

نانک سرنِ سرنِ سُکھ ساگر
موہِ ٹیک تیرو اِک نائیئے ॥2॥6॥ 92 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਸੰਤ ਸਰਣਿ ਸੰਤ ਟਹਲ ਕਰੀ ॥

سنّت سرنِ سنّت ٹہل کری ॥

ਧੰਧੁ ਬੰਧੁ ਅਰੁ ਸਗਲ ਜੰਜਾਰੋ
ਅਵਰ ਕਾਜ ਤੇ ਛੂਟਿ ਪਰੀ ॥੧॥ ਰਹਾਉ ॥

دھندھُ بندھُ ارُ سگل زنجارو
اور کاج تے چھوُٹِ پری ॥1॥ رہاءُ ॥

ਸੂਖ ਸਹਜ ਅਰੁ ਘਨੋ ਅਨੰਦਾ
ਗੁਰ ਤੇ ਪਾਇਓ ਨਾਮੁ ਹਰੀ ॥

سوُکھ سہج ارُ گھنو انندا
گُر تے پائیئو نامُ ہری ॥

ਐਸੋ ਹਰਿ ਰਸੁ ਬਰਨਿ ਨ ਸਾਕਉ
ਗੁਰਿ ਪੂਰੈ ਮੇਰੀ ਉਲਟਿ ਧਰੀ ॥੧॥

ایسو ہرِ رسُ برنِ ن ساکءُ
گُرِ پوُرے میری اُلٹِ دھری ॥1॥

ਪੇਖਿਓ ਮੋਹਨੁ ਸਭ ਕੈ ਸੰਗੇ
ਊਨ ਨ ਕਾਹੂ ਸਗਲ ਭਰੀ ॥

پیکھِئو موہنُ سبھ کے سنگے
اوُن ن کاہوُ سگل بھری ॥

ਪੂਰਨ ਪੂਰਿ ਰਹਿਓ ਕਿਰਪਾ ਨਿਧਿ
ਕਹੁ ਨਾਨਕ ਮੇਰੀ ਪੂਰੀ ਪਰੀ ॥੨॥੭॥੯੩॥

پوُرن پوُرِ رہِئو کِرپا نِدھِ
کہُ نانک میری پوُری پری ॥2॥7॥ 93 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਮਨ ਕਿਆ ਕਹਤਾ
ਹਉ ਕਿਆ ਕਹਤਾ ॥

من کِیا کہتا
ہءُ کِیا کہتا ۔ ॥

ਜਾਨ ਪ੍ਰਬੀਨ ਠਾਕੁਰ ਪ੍ਰਭ ਮੇਰੇ
ਤਿਸੁ ਆਗੈ ਕਿਆ ਕਹਤਾ ॥੧॥ ਰਹਾਉ ॥

جان پّربِن ٹھاکُر پّربھ میرے
تِس آگے کِیا کہتا ۔ ॥1॥ رہاءُ ॥

ਅਨਬੋਲੇ ਕਉ ਤੁਹੀ ਪਛਾਨਹਿ
ਜੋ ਜੀਅਨ ਮਹਿ ਹੋਤਾ ॥

انبولے کءُ تُہی پچھانہِ
جو جیئن مہِ ہوتا ॥

ਰੇ ਮਨ ਕਾਇ ਕਹਾ ਲਉ ਡਹਕਹਿ
ਜਉ ਪੇਖਤ ਹੀ ਸੰਗਿ ਸੁਨਤਾ ॥੧॥

رے من کاءِ کہا لءُ ڈہکہِ
جءُ پیکھت ہی سنگِ سُنتا ॥1॥

ਐਸੋ ਜਾਨਿ ਭਏ ਮਨਿ ਆਨਦ
ਆਨ ਨ ਬੀਓ ਕਰਤਾ ॥

ایسو جانِ بھئے منِ آند
آن ن بیئو کرتا ॥

ਕਹੁ ਨਾਨਕ ਗੁਰ ਭਏ ਦਇਆਰਾ
ਹਰਿ ਰੰਗੁ ਨ ਕਬਹੂ ਲਹਤਾ ॥੨॥੮॥੯੪॥

کہُ نانک گُر بھئے دئیارا
ہرِ رنگُ ن کبہوُ لہتا ॥2॥8॥ 94 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਨਿੰਦਕੁ ਐਸੇ ਹੀ ਝਰਿ ਪਰੀਐ ॥

نِندکُ ایسے ہی جھرِ پریئے ॥

ਇਹ ਨੀਸਾਨੀ ਸੁਨਹੁ ਤੁਮ ਭਾਈ
ਜਿਉ ਕਾਲਰ ਭੀਤਿ ਗਿਰੀਐ ॥੧॥ ਰਹਾਉ ॥

اِہ نیشانی سُنہُ تُم بھائی
جِءُ کالر بھیتِ گِریئے ॥1॥ رہاءُ ॥

ਜਉ ਦੇਖੈ ਛਿਦ੍ਰੁ ਤਉ ਨਿੰਦਕੁ ਉਮਾਹੈ
ਭਲੋ ਦੇਖਿ ਦੁਖ ਭਰੀਐ ॥

جءُ دیکھے چھدّرُ تءُ نِندکُ اُماہے
بھلو دیکھِ دُکھ بھریئے ॥

ਆਠ ਪਹਰ ਚਿਤਵੈ ਨਹੀ ਪਹੁਚੈ
ਬੁਰਾ ਚਿਤਵਤ ਚਿਤਵਤ ਮਰੀਐ ॥੧॥

آٹھ پہر چِتوے نہی پہُچے
بُرا چِتوت چِتوت مریِے ॥1॥

ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ
ਹਰਿ ਜਨ ਸਿਉ ਬਾਦੁ ਉਠਰੀਐ ॥

نِندکُ پربھُو بھُلایا کالُ نیرے آیا
ہرِ جن سِءُ بادُ اُٹھریِے ॥

ਨਾਨਕ ਕਾ ਰਾਖਾ ਆਪਿ ਪ੍ਰਭੁ ਸੁਆਮੀ
ਕਿਆ ਮਾਨਸ ਬਪੁਰੇ ਕਰੀਐ ॥੨॥੯॥੯੫॥

نانک کا راکھا آپِ پربھُ سُیامی
کِیا مانس بپُرے کریِے ۔ ॥2॥9॥ 95 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਐਸੇ ਕਾਹੇ ਭੂਲਿ ਪਰੇ ॥

ایَسے کاہے بھوُلِ پرے ۔ ॥

ਕਰਹਿ ਕਰਾਵਹਿ ਮੂਕਰਿ ਪਾਵਹਿ
ਪੇਖਤ ਸੁਨਤ ਸਦਾ ਸੰਗਿ ਹਰੇ ॥੧॥ ਰਹਾਉ ॥

کرہِ کراوہِ موُکرِ پاوہِ
پیکھت سُنت سدا سنگِ ہرے ॥1॥ رہاءُ ॥

ਕਾਚ ਬਿਹਾਝਨ ਕੰਚਨ ਛਾਡਨ
ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ ॥

کاچ بِہاجھن کنچن چھاڈن
بیَری سنگِ ہیتُ ساجن تِیاگِ کھرے ॥

ਹੋਵਨੁ ਕਉਰਾ ਅਨਹੋਵਨੁ ਮੀਠਾ
ਬਿਖਿਆ ਮਹਿ ਲਪਟਾਇ ਜਰੇ ॥੧॥

ہوونُ کئرا انہوونُ میٹھا
بِکھیا مہِ لپٹاءِ جرے ॥1॥

ਅੰਧ ਕੂਪ ਮਹਿ ਪਰਿਓ ਪਰਾਨੀ
ਭਰਮ ਗੁਬਾਰ ਮੋਹ ਬੰਧਿ ਪਰੇ ॥

انّدھ کوُپ مہِ پرِئو پرانی
بھرم غُبار موہ بنّدھِ پرے ॥

ਕਹੁ ਨਾਨਕ ਪ੍ਰਭ ਹੋਤ ਦਇਆਰਾ
ਗੁਰੁ ਭੇਟੈ ਕਾਢੈ ਬਾਹ ਫਰੇ ॥੨॥੧੦॥੯੬॥

کہُ نانک پربھ ہوت دئیارا
گُرُ بھیٹے کاڈھےَ باہ پھرے ॥2॥ 10 ॥ 96 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਮਨ ਤਨ ਰਸਨਾ ਹਰਿ ਚੀਨ੍ਹਾ ॥

من تن رسنا ہرِ چینّہا ॥

ਭਏ ਅਨੰਦਾ ਮਿਟੇ ਅੰਦੇਸੇ
ਸਰਬ ਸੂਖ ਮੋ ਕਉ ਗੁਰਿ ਦੀਨ੍ਹਾ ॥੧॥ ਰਹਾਉ ॥

بھےَ انندا مِٹے انّدیسے
سرب سوُکھ مو کءُ گُرِ دینّہا ॥1॥ رہاءُ ॥

ਇਆਨਪ ਤੇ ਸਭ ਭਈ ਸਿਆਨਪ
ਪ੍ਰਭੁ ਮੇਰਾ ਦਾਨਾ ਬੀਨਾ ॥

اِیانپ تے سبھ بھئی سِیانپ
پربھُ میرا دانا بِینا ॥

ਹਾਥ ਦੇਇ ਰਾਖੈ ਅਪਨੇ ਕਉ

ہاتھ دےءِ راکھےَ اپنے کءُ

ਕਾਹੂ ਨ ਕਰਤੇ ਕਛੁ ਖੀਨਾ ॥੧॥

کاہوُ ن کرتے کچھُ کھِینا ॥1॥

ਬਲਿ ਜਾਵਉ ਦਰਸਨ ਸਾਧੂ ਕੈ
ਜਿਹ ਪ੍ਰਸਾਦਿ ਹਰਿ ਨਾਮੁ ਲੀਨਾ ॥

بلِ جاوءُ درسن سادھوُ کے
جِہ پرّسادِ ہرِ نامُ لِینا ॥

ਕਹੁ ਨਾਨਕ ਠਾਕੁਰ ਭਾਰੋਸੈ
ਕਹੂ ਨ ਮਾਨਿਓ ਮਨਿ ਛੀਨਾ ॥੨॥੧੧॥੯੭॥

کہُ نانک ٹھاکُر بھاروسے
کہوُ ن مانِئو منِ چھِینا ॥2॥ 11 ॥ 97 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਗੁਰਿ ਪੂਰੈ ਮੇਰੀ ਰਾਖਿ ਲਈ ॥

گُرِ پوُرے میری راکھِ لئی ॥

ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ
ਜਨਮ ਜਨਮ ਕੀ ਮੈਲੁ ਗਈ ॥੧॥ ਰਹਾਉ ॥

انّمرِت نامُ رِدے مہِ دینھو
جنم جنم کی میَلُ گئی ॥1॥ رہاءُ ॥

ਨਿਵਰੇ ਦੂਤ ਦੁਸਟ ਬੈਰਾਈ
ਗੁਰ ਪੂਰੇ ਕਾ ਜਪਿਆ ਜਾਪੁ ॥

نِورے دوُت دُسٹ بیَرائی
گُر پوُرے کا جپِیا جاپُ ॥

ਕਹਾ ਕਰੈ ਕੋਈ ਬੇਚਾਰਾ
ਪ੍ਰਭ ਮੇਰੇ ਕਾ ਬਡ ਪਰਤਾਪੁ ॥੧॥

کہا کرے کوئی بیچارا
پربھ میرے کا بڈ پرتاپُ ॥1॥

ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ
ਚਰਨ ਕਮਲ ਰਖੁ ਮਨ ਮਾਹੀ ॥

سِمرِ سِمرِ سِمرِ سُکھُ پائیا
چرن کمل رکھُ من ماہی ॥

ਤਾ ਕੀ ਸਰਨਿ ਪਰਿਓ ਨਾਨਕ ਦਾਸੁ
ਜਾ ਤੇ ਊਪਰਿ ਕੋ ਨਾਹੀ ॥੨॥੧੨॥੯੮॥

تا کی سرنِ پرِئو نانک داسُ
جا تے اوُپرِ کو ناہی ॥2॥ 12 ॥ 98 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਸਦਾ ਸਦਾ ਜਪੀਐ ਪ੍ਰਭ ਨਾਮ ॥

سدا سدا جپیئے پربھ نام ॥

ਜਰਾ ਮਰਾ ਕਛੁ ਦੂਖੁ ਨ ਬਿਆਪੈ
ਆਗੈ ਦਰਗਹ ਪੂਰਨ ਕਾਮ ॥੧॥ ਰਹਾਉ ॥

جرا مرا کچھُ دوُکھُ ن بِیاپے
آگے درگہ پوُرن کام ॥1॥ رہاءُ ॥

ਆਪੁ ਤਿਆਗਿ ਪਰੀਐ ਨਿਤ ਸਰਨੀ
ਗੁਰ ਤੇ ਪਾਈਐ ਏਹੁ ਨਿਧਾਨੁ ॥

آپُ تِیاگِ پریئے نِت سرنی
گُر تے پائیئے ایہُ نِدھانُ ॥

ਜਨਮ ਮਰਣ ਕੀ ਕਟੀਐ ਫਾਸੀ
ਸਾਚੀ ਦਰਗਹ ਕਾ ਨੀਸਾਨੁ ॥੧॥

جنم مرنّ کی کٹیئے پھاسی
ساچی درگہ کا نیِشانُ ॥1॥

ਜੋ ਤੁਮ੍ਹ ਕਰਹੁ ਸੋਈ ਭਲ ਮਾਨਉ
ਮਨ ਤੇ ਛੂਟੈ ਸਗਲ ਗੁਮਾਨੁ ॥

جو تُمہ کرہُ سوئی بھل مان ءُ
من تے چھوٹے سگل گُمانُ ॥

ਕਹੁ ਨਾਨਕ ਤਾ ਕੀ ਸਰਣਾਈ
ਜਾ ਕਾ ਕੀਆ ਸਗਲ ਜਹਾਨੁ ॥੨॥੧੩॥੯੯॥

کہُ نانک تا کی سرٹائی
جا کا کِیا سگل جہانُ ॥2॥ 13 ॥ 99 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਮਨ ਤਨ ਅੰਤਰਿ ਪ੍ਰਭੁ ਆਹੀ ॥

من تن انترِ پربھُ آہی ॥

ਹਰਿ ਗੁਨ ਗਾਵਤ ਪਰਉਪਕਾਰ ਨਿਤ
ਤਿਸੁ ਰਸਨਾ ਕਾ ਮੋਲੁ ਕਿਛੁ ਨਾਹੀ ॥੧॥ ਰਹਾਉ ॥

ہرِ گُن گاوت پرُپکار نِت
تِس رسنا کا مولُ کچھُ ناہی ॥1॥ رہاءُ ॥

ਕੁਲ ਸਮੂਹ ਉਧਰੇ ਖਿਨ ਭੀਤਰਿ
ਜਨਮ ਜਨਮ ਕੀ ਮਲੁ ਲਾਹੀ ॥

کُل سموہ اُدھرے کھِن بھیترِ
جنم جنم کی مل لاہی ॥

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ
ਅਨਦ ਸੇਤੀ ਬਿਖਿਆ ਬਨੁ ਗਾਹੀ ॥੧॥

سِمرِ سِمرِ سُیامی پربھُ اپنا
اند سیتی بِکھیا بنُ گاہی ॥1॥

ਚਰਨ ਪ੍ਰਭੂ ਕੇ ਬੋਹਿਥੁ ਪਾਏ
ਭਵ ਸਾਗਰੁ ਪਾਰਿ ਪਰਾਹੀ ॥

چرن پربھوُ کے بوہتھُ پائے
بھو ساگرُ پارِ پراہی ॥

ਸੰਤ ਸੇਵਕ ਭਗਤ ਹਰਿ ਤਾ ਕੇ
ਨਾਨਕ ਮਨੁ ਲਾਗਾ ਹੈ ਤਾਹੀ ॥੨॥੧੪॥੧੦੦॥

سنّت سیوک بھگت ہرِ تا کے
نانک منُ لاگا ہے تاہی ॥2॥ 14 ॥ 100 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਧੀਰਉ ਦੇਖਿ ਤੁਮ੍ਹਾਰੈ ਰੰਗਾ ॥

دھیرءُ دیکھِ تُمہارے رنگا ॥

ਤੁਹੀ ਸੁਆਮੀ ਅੰਤਰਜਾਮੀ
ਤੂਹੀ ਵਸਹਿ ਸਾਧ ਕੈ ਸੰਗਾ ॥੧॥ ਰਹਾਉ ॥

تُہی سُیامی انترجامی
توہی وسہِ سادھ کے سنگا ॥1॥ رہاءُ ॥

ਖਿਨ ਮਹਿ ਥਾਪਿ ਨਿਵਾਜੇ ਠਾਕੁਰ
ਨੀਚ ਕੀਟ ਤੇ ਕਰਹਿ ਰਾਜੰਗਾ ॥੧॥

کھِن مہِ تھاپِ نِوازے ٹھاکُر
نِیچ کِیٹ تے کرہِ راجنگا ॥1॥

ਕਬਹੂ ਨ ਬਿਸਰੈ ਹੀਏ ਮੋਰੇ ਤੇ
ਨਾਨਕ ਦਾਸ ਇਹੀ ਦਾਨੁ ਮੰਗਾ ॥੨॥੧੫॥੧੦੧॥

کبہوُ ن بِسرے ہیئے مورے تے
نانک داس اِہی دانُ منگا ॥2॥ 15 ॥ 101 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਅਚੁਤ ਪੂਜਾ ਜੋਗ ਗੋਪਾਲ ॥

اچُت پوُجا جوگ گوپال ॥

ਮਨੁ ਤਨੁ ਅਰਪਿ ਰਖਉ ਹਰਿ ਆਗੈ
ਸਰਬ ਜੀਆ ਕਾ ਹੈ ਪ੍ਰਤਿਪਾਲ ॥੧॥ ਰਹਾਉ ॥

مَنُ تَنُ ارپِ رکھءُ ہرِ آگے
سرب جیِیا کا ہےَ پرتِپال ॥1॥ رہاءُ ॥

ਸਰਨਿ ਸਮ੍ਰਥ ਅਕਥ ਸੁਖਦਾਤਾ
ਕਿਰਪਾ ਸਿੰਧੁ ਬਡੋ ਦਇਆਲ ॥

سرنِ سمرّتھ اکتھ سُکھداتا
کِرپا سِنّدھُ بڈو دیَیال ॥

ਕੰਠਿ ਲਾਇ ਰਾਖੈ ਅਪਨੇ ਕਉ
ਤਿਸ ਨੋ ਲਗੈ ਨ ਤਾਤੀ ਬਾਲ ॥੧॥

کنّٹھِ لاءِ راکھےَ اپنے کءُ
تِس نو لگےَ ن تاتی بال ॥1॥

ਦਾਮੋਦਰ ਦਇਆਲ ਸੁਆਮੀ
ਸਰਬਸੁ ਸੰਤ ਜਨਾ ਧਨ ਮਾਲ ॥

دامودر دیَیال سُیامی
سربسُ سنّت جنا دھن مال ॥

ਨਾਨਕ ਜਾਚਿਕ ਦਰਸੁ ਪ੍ਰਭ ਮਾਗੈ
ਸੰਤ ਜਨਾ ਕੀ ਮਿਲੈ ਰਵਾਲ ॥੨॥੧੬॥੧੦੨॥

نانک جاچِک درسُ پربھ ماگے
سنّت جنا کی مِلےَ روال ॥2॥ 16 ॥ 102 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਸਿਮਰਤ ਨਾਮੁ ਕੋਟਿ ਜਤਨ ਭਏ ॥

سِمرت نامُ کوٹِ جتن بھےَ ॥

ਸਾਧਸੰਗਿ ਮਿਲਿ ਹਰਿ ਗੁਨ ਗਾਏ
ਜਮਦੂਤਨ ਕਉ ਤ੍ਰਾਸ ਅਹੇ ॥੧॥ ਰਹਾਉ ॥

سادھسنگِ مِلِ ہرِ گُن گائے
جمدوُتن کءُ ترّاس اہے ॥1॥ رہاءُ ॥

ਜੇਤੇ ਪੁਨਹਚਰਨ ਸੇ ਕੀਨੇ
ਮਨਿ ਤਨਿ ਪ੍ਰਭ ਕੇ ਚਰਣ ਗਹੇ ॥

جیتے پُنہچرن سے کِینّہے
منِ تنِ پربھ کے چرنؒ گہے ॥

ਆਵਣ ਜਾਣੁ ਭਰਮੁ ਭਉ ਨਾਠਾ
ਜਨਮ ਜਨਮ ਕੇ ਕਿਲਵਿਖ ਦਹੇ ॥੧॥

آونؒ جانؒ بھرمُ بھءُ ناٹھا
جنم جنم کے کِلوِکھ دہے ॥1॥

ਨਿਰਭਉ ਹੋਇ ਭਜਹੁ ਜਗਦੀਸੈ
ਏਹੁ ਪਦਾਰਥੁ ਵਡਭਾਗਿ ਲਹੇ ॥

نِربھءُ ہوءِ بھجہُ جگدیسےَ
ایہُ پدارتھُ وڈبھاگِ لہے ॥

ਕਰਿ ਕਿਰਪਾ ਪੂਰਨ ਪ੍ਰਭ ਦਾਤੇ
ਨਿਰਮਲ ਜਸੁ ਨਾਨਕ ਦਾਸ ਕਹੇ ॥੨॥੧੭॥੧੦੩॥

کرِ کِرپا پوُرن پربھ داتے
نِرمل جسُ نانک داس کہے ॥2॥ 17 ॥ 103 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਸੁਲਹੀ ਤੇ ਨਾਰਾਇਣ ਰਾਖੁ ॥

سُلہی تے نارائِنؒ راکھُ ॥

ਸੁਲਹੀ ਕਾ ਹਾਥੁ ਕਹੀ ਨ ਪਹੁਚੈ
ਸੁਲਹੀ ਹੋਇ ਮੂਆ ਨਾਪਾਕੁ ॥੧॥ ਰਹਾਉ ॥

سُلہی کا ہاتھُ کہی ن پہُچے
سُلہی ہوءِ موُیا ناپاکُ ॥1॥ رہاءُ ॥

ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ
ਖਿਨ ਮਹਿ ਹੋਇ ਗਇਆ ਹੈ ਖਾਕੁ ॥

کاڈھِ کُٹھارُ خصمِ سِرُ کاٹِیا
کھِن مہِ ہوءِ گئیا ہے خاکُ ॥

ਮੰਦਾ ਚਿਤਵਤ ਚਿਤਵਤ ਪਚਿਆ
ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥

منّدا چِتوت چِتوت پچِیا
جِنِ رچِیا تِنِ دِینا دھاکُ ॥1॥

ਪੁਤ੍ਰ ਮੀਤ ਧਨੁ ਕਿਛੂ ਨ ਰਹਿਓ
ਸੁ ਛੋਡਿ ਗਇਆ ਸਭ ਭਾਈ ਸਾਕੁ ॥

پُتّر میت دھنُ کچھوُ ن رہِئو
سُ چھوڈِ گئیا سبھ بھائی ساکُ ॥

ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ
ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥੨॥੧੮॥੧੦੪॥

کہُ نانک تِسُ پّربھ بلِہاری
جِنِ جن کا کِینو پوُرن واکُ ॥2॥ 18 ॥ 104 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਪੂਰੇ ਗੁਰ ਕੀ ਪੂਰੀ ਸੇਵ ॥

پوُرے گُر کی پوُری سیو ॥

ਆਪੇ ਆਪਿ ਵਰਤੈ ਸੁਆਮੀ
ਕਾਰਜੁ ਰਾਸਿ ਕੀਆ ਗੁਰਦੇਵ ॥੧॥ ਰਹਾਉ ॥

آپے آپِ ورتے سُیامی
کارجُ راسِ کِیا گُردیو ॥1॥ رہاءُ ॥

ਆਦਿ ਮਧਿ ਪ੍ਰਭੁ ਅੰਤਿ ਸੁਆਮੀ
ਅਪਨਾ ਥਾਟੁ ਬਨਾਇਓ ਆਪਿ ॥

آدِ مدھِ پّربھُ انّتِ سُیامی
اپنا تھاٹُ بنائِئو آپِ ॥

ਅਪਨੇ ਸੇਵਕ ਕੀ ਆਪੇ ਰਾਖੈ
ਪ੍ਰਭ ਮੇਰੇ ਕੋ ਵਡ ਪਰਤਾਪੁ ॥੧॥

اپنے سیوک کی آپے راکھے
پّربھ میرے کو وڈ پرتاپُ ॥1॥

ਪਾਰਬ੍ਰਹਮ ਪਰਮੇਸੁਰ ਸਤਿਗੁਰ
ਵਸਿ ਕੀਨੇ੍ ਜਿਨਿ ਸਗਲੇ ਜੰਤ ॥

پاربّرہم پرمیسُر ستِگُر
وسِ کِینّہے جِنِ سگلے جنّت ॥

ਚਰਨ ਕਮਲ ਨਾਨਕ ਸਰਣਾਈ
ਰਾਮ ਨਾਮ ਜਪਿ ਨਿਰਮਲ ਮੰਤ ॥੨॥੧੯॥੧੦੫॥

چرن کمل نانک سرٹائی
رام نام جپِ نِرمل منّت ॥2॥ 19 ॥ 105 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਤਾਪ ਪਾਪ ਤੇ ਰਾਖੇ ਆਪ ॥

تاپ پاپ تے راکھے آپ ॥

ਸੀਤਲ ਭਏ ਗੁਰ ਚਰਨੀ ਲਾਗੇ

سِیتل بھئے گُر چرنی لاگے

ਰਾਮ ਨਾਮ ਹਿਰਦੇ ਮਹਿ ਜਾਪ ॥੧॥ ਰਹਾਉ ॥

رام نام ہِردے مہِ جاپ ॥1॥ رہاءُ ॥

ਕਰਿ ਕਿਰਪਾ ਹਸਤ ਪ੍ਰਭਿ ਦੀਨੇ
ਜਗਤ ਉਧਾਰ ਨਵ ਖੰਡ ਪ੍ਰਤਾਪ ॥

کرِ کِرپا ہست پربھِ دینے
جگت اُدھار نو کھنڈ پرتاپ ॥

ਦੁਖ ਬਿਨਸੇ ਸੁਖ ਅਨਦ ਪ੍ਰਵੇਸਾ
ਤ੍ਰਿਸਨ ਬੁਝੀ ਮਨ ਤਨ ਸਚੁ ਧ੍ਰਾਪ ॥੧॥

دُکھ بِنسے سُکھ اند پرویسا
ترِسن بُجھی من تن سچُ دھراپ ॥1॥

ਅਨਾਥ ਕੋ ਨਾਥੁ ਸਰਣਿ ਸਮਰਥਾ
ਸਗਲ ਸ੍ਰਿਸਟਿ ਕੋ ਮਾਈ ਬਾਪੁ ॥

اناتھ کو ناتھُ سرنِ سمرتھا
سگل سرِسٹِ کو مائی باپُ ॥

ਭਗਤਿ ਵਛਲ ਭੈ ਭੰਜਨ ਸੁਆਮੀ
ਗੁਣ ਗਾਵਤ ਨਾਨਕ ਆਲਾਪ ॥੨॥੨੦॥੧੦੬॥

بھگتِ وچھل بھے بھنجن سُیامی
گُن گاوت نانک آلاپ ॥2॥ 20 ॥ 106 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਜਿਸ ਤੇ ਉਪਜਿਆ ਤਿਸਹਿ ਪਛਾਨੁ ॥

جِس تے اُپجیا تِسہِ پچھانُ ॥

ਪਾਰਬ੍ਰਹਮੁ ਪਰਮੇਸਰੁ ਧਿਆਇਆ
ਕੁਸਲ ਖੇਮ ਹੋਏ ਕਲਿਆਨ ॥੧॥ ਰਹਾਉ ॥

پاربرہمُ پریسرُ دھیائیا
کُسل کھیم ہوئے کلیان ॥1॥ رہاءُ ॥

ਗੁਰੁ ਪੂਰਾ ਭੇਟਿਓ ਬਡ ਭਾਗੀ
ਅੰਤਰਜਾਮੀ ਸੁਘੜੁ ਸੁਜਾਨੁ ॥

گُرُ پوُرا بھیٹِئو بڈ بھاگی
انترجامی سُگھڑُ سُجانُ ॥

ਹਾਥ ਦੇਇ ਰਾਖੇ ਕਰਿ ਅਪਨੇ
ਬਡ ਸਮਰਥੁ ਨਿਮਾਣਿਆ ਕੋ ਮਾਨੁ ॥੧॥

ہاتھ دےءِ راکھے کرِ اپنے
بڈ سمرتھُ نِماٹیا کو مانُ ॥1॥

ਭ੍ਰਮ ਭੈ ਬਿਨਸਿ ਗਏ ਖਿਨ ਭੀਤਰਿ
ਅੰਧਕਾਰ ਪ੍ਰਗਟੇ ਚਾਨਾਣੁ ॥

بھرم بھے بِنس گئے کھِن بھیترِ
اندھکار پرگٹے چاناںُ ॥

ਸਾਸਿ ਸਾਸਿ ਆਰਾਧੈ ਨਾਨਕੁ
ਸਦਾ ਸਦਾ ਜਾਈਐ ਕੁਰਬਾਣੁ ॥੨॥੨੧॥੧੦੭॥

ساسِ ساسِ آرادھے نانکُ
سدا سدا جائیئے قُربانُ ॥2॥ 21 ॥ 107 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਦੋਵੈ ਥਾਵ ਰਖੇ ਗੁਰ ਸੂਰੇ ॥

دووے تھاو رکھے گُر سوُرے ॥

ਹਲਤ ਪਲਤ ਪਾਰਬ੍ਰਹਮਿ ਸਵਾਰੇ
ਕਾਰਜ ਹੋਏ ਸਗਲੇ ਪੂਰੇ ॥੧॥ ਰਹਾਉ ॥

ہلت پلت پاربرہمِ سوارے
کارج ہوئے سگلے پوُرے ॥1॥ رہاءُ ॥

ਹਰਿ ਹਰਿ ਨਾਮੁ ਜਪਤ ਸੁਖ ਸਹਜੇ
ਮਜਨੁ ਹੋਵਤ ਸਾਧੂ ਧੂਰੇ ॥

ہرِ ہرِ نامُ جپت سُکھ سہجے
مجنُ ہووت سادھوُ دھوُرے ॥

ਆਵਣ ਜਾਣ ਰਹੇ ਬਿਤਿ ਪਾਈ
ਜਨਮ ਮਰਣ ਕੇ ਮਿਟੇ ਬਿਸੂਰੇ ॥੧॥

آونُ جانُ رہے تھِتِ پائی
جنم مرنُ کے مِٹے بِسوُرے ॥1॥

ਭ੍ਰਮ ਭੈ ਤਰੇ ਛੁਟੇ ਭੈ ਜਮ ਕੇ
ਘਟਿ ਘਟਿ ਏਕੁ ਰਹਿਆ ਭਰਪੂਰੇ ॥

بھرم بھے َترے چھُٹے بھے َجم کے
گھٹِ گھٹِ ایکُ رہِیا بھرپوُرے ॥

ਨਾਨਕ ਸਰਣਿ ਪਰਿਓ ਦੁਖ ਭੰਜਨ
ਅੰਤਰਿ ਬਾਹਰਿ ਪੇਖਿ ਹਜੂਰੇ ॥੨॥੨੨॥੧੦੮॥

نانک سرنِ پرِئو دُکھ بھنّجن
انترِ باہرِ پیکھِ حضوُرے ॥2॥ 22 ॥ 108 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਦਰਸਨੁ ਦੇਖਤ ਦੋਖ ਨਸੇ ॥

درسنُ دیکھت دوکھ نسے ॥

ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ
ਜੀਅ ਕੈ ਸੰਗਿ ਬਸੇ ॥੧॥ ਰਹਾਉ ॥

کبہُ ن ہووہُ دّرِسٹِ اگوچر
جی ء کے سنگِ بسے ॥1॥ رہاءُ ॥

ਪ੍ਰੀਤਮ ਪ੍ਰਾਨ ਅਧਾਰ ਸੁਆਮੀ ॥

پّریتم پّران ادھار سُیامی ۔ ॥

ਪੂਰਿ ਰਹੇ ਪ੍ਰਭ ਅੰਤਰਜਾਮੀ ॥੧॥

پوُرِ رہے پّربھ انترجامی ۔ ॥1॥

ਕਿਆ ਗੁਣ ਤੇਰੇ ਸਾਰਿ ਸਮ੍ਾਰੀ ॥

کِیا گُنُ تیرے سارِ سمّہاری ۔ ॥

ਸਾਸਿ ਸਾਸਿ ਪ੍ਰਭ ਤੁਝਹਿ ਚਿਤਾਰੀ ॥੨॥

ساسِ ساسِ پّربھ تُجھِ چِتاری ॥2॥

ਕਿਰਪਾ ਨਿਧਿ ਪ੍ਰਭ ਦੀਨ ਦਇਆਲਾ ॥

کِرپا نِدھِ پّربھ دِین دئیالا ۔ ॥

ਜੀਅ ਜੰਤ ਕੀ ਕਰਹੁ ਪ੍ਰਤਿਪਾਲਾ ॥੩॥

جی ء جنّت کی کرہُ پّرتپالا ॥3॥

ਆਠ ਪਹਰ ਤੇਰਾ ਨਾਮੁ ਜਨੁ ਜਾਪੇ ॥

آٹھ پہر تیرا نامُ جنُ جاپے ॥

ਨਾਨਕ ਪ੍ਰੀਤਿ ਲਾਈ ਪ੍ਰਭਿ ਆਪੇ ॥੪॥੨੩॥੧੦੯॥

نانک پّریتِ لائی پّربھِ آپے ॥4॥ 23 ॥ 109 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਤਨੁ ਧਨੁ ਜੋਬਨੁ ਚਲਤ ਗਇਆ ॥

تنُ دھنُ جوبنُ چلت گئیا ॥

ਰਾਮ ਨਾਮ ਕਾ ਭਜਨੁ ਨ ਕੀਨੋ
ਕਰਤ ਬਿਕਾਰ ਨਿਸਿ ਭੋਰੁ ਭਇਆ ॥੧॥ ਰਹਾਉ ॥

رام نام کا بھجنُ ن کِینو
کرت بِکار نِس بھوُرُ بھئیا ॥1॥ رہاءُ ॥

ਅਨਿਕ ਪ੍ਰਕਾਰ ਭੋਜਨ ਨਿਤ ਖਾਤੇ
ਮੁਖ ਦੰਤਾ ਘਸਿ ਖੀਨ ਖਇਆ ॥

انِک پرّکار بھوجن نِت کھاتے
مُکھ دنّتا گھسِ کھِین کھِئیا ॥

ਮੇਰੀ ਮੇਰੀ ਕਰਿ ਕਰਿ ਮੂਠਉ
ਪਾਪ ਕਰਤ ਨਹ ਪਰੀ ਦਇਆ ॥੧॥

میری میری کرِ کرِ موٹھءُ
پاپ کرت نہ پری دئیا ॥1॥

ਮਹਾ ਬਿਕਾਰ ਘੋਰ ਦੁਖ ਸਾਗਰ
ਤਿਸੁ ਮਹਿ ਪ੍ਰਾਣੀ ਗਲਤੁ ਪਇਆ ॥

مہا بِکار گھور دُکھ ساگر
تِس مہِ پرّانی گلتُ پئیا ॥

ਸਰਨਿ ਪਰੇ ਨਾਨਕ ਸੁਆਮੀ ਕੀ
ਬਾਹ ਪਕਰਿ ਪ੍ਰਭਿ ਕਾਢਿ ਲਇਆ ॥੨॥੨੪॥੧੧੦॥

سرنِ پرے نانک سُیامی کی
باہ پکرِ پربھِ کاڈھِ لئیا ॥2॥ 24 ॥ 110 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਆਪਨਾ ਪ੍ਰਭੁ ਆਇਆ ਚੀਤਿ ॥

آپنا پربھُ آئیا چیتِ ॥

ਦੁਸਮਨ ਦੁਸਟ ਰਹੇ ਝਖ ਮਾਰਤ
ਕੁਸਲੁ ਭਇਆ ਮੇਰੇ ਭਾਈ ਮੀਤ ॥੧॥ ਰਹਾਉ ॥

دُسمن دُسٹ رہے جھکھ مارت
کُسلُ بھئیا میرے بھائی میت ۔ ॥1॥ رہاءُ ॥

ਗਈ ਬਿਆਧਿ ਉਪਾਧਿ ਸਭ ਨਾਸੀ
ਅੰਗੀਕਾਰੁ ਕੀਓ ਕਰਤਾਰਿ ॥

گئی بِیادھِ اُپادھِ سبھ ناسی
انگیکارُ کِیئو کرتارِ ॥

ਸਾਂਤਿ ਸੂਖ ਅਰੁ ਅਨਦ ਘਨੇਰੇ
ਪ੍ਰੀਤਮ ਨਾਮੁ ਰਿਦੈ ਉਰ ਹਾਰਿ ॥੧॥

سانتِ سوُکھ ارُ اند گھنیرے
پرّیتم نامُ رِدے اُر ہارِ ॥1॥

ਜੀਉ ਪਿੰਡੁ ਧਨੁ ਰਾਸਿ ਪ੍ਰਭ ਤੇਰੀ
ਤੂੰ ਸਮਰਥੁ ਸੁਆਮੀ ਮੇਰਾ ॥

جیءُ پِنڈُ دھنُ راسِ پربھ تیری
توُنّ سمرتھُ سُیامی میرا ॥

ਦਾਸ ਅਪੁਨੇ ਕਉ ਰਾਖਨਹਾਰਾ
ਨਾਨਕ ਦਾਸ ਸਦਾ ਹੈ ਚੇਰਾ ॥੨॥੨੫॥੧੧੧॥

داس اپُنے کءُ راکھنہارا
نانک داس سدا ہے چیرا ॥2॥ 25 ॥ 111 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਗੋਬਿਦੁ ਸਿਮਰਿ ਹੋਆ ਕਲਿਆਣੁ ॥

گوبِدُ سِمرِ ہویا کلیانُ ॥

ਮਿਟੀ ਉਪਾਧਿ ਭਇਆ ਸੁਖੁ ਸਾਚਾ
ਅੰਤਰਜਾਮੀ ਸਿਮਰਿਆ ਜਾਣੁ ॥੧॥ ਰਹਾਉ ॥

مِٹی اُپادھِ بھئیا سُکھُ ساچا
انترجامی سِمریا جانُ ॥1॥ رہاءُ ॥

ਜਿਸ ਕੇ ਜੀਅ ਤਿਨਿ ਕੀਏ ਸੁਖਾਲੇ

جِس کے جیءِ تِنِ کیئے سُکھالے

ਭਗਤ ਜਨਾ ਕਉ ਸਾਚਾ ਤਾਣੁ ॥

بھگت جنا ک ءُ ساچا تانُ ॥

ਦਾਸ ਅਪੁਨੇ ਕੀ ਆਪੇ ਰਾਖੀ
ਭੈ ਭੰਜਨ ਊਪਰਿ ਕਰਤੇ ਮਾਣੁ ॥੧॥

داس اپُنے کی آپے راکھی
بھےَ بھنّجن اوُپر کرتے مانُ ॥1॥

ਭਈ ਮਿਤ੍ਰਾਈ ਮਿਟੀ ਬੁਰਾਈ
ਦੂਸਟ ਦੂਤ ਹਰਿ ਕਾਢੇ ਛਾਣਿ ॥

بھئی مِتّرائی مِٹی بُرائی
دُرسٹ دوُت ہرِ کاڈھے چھانِ ॥

ਸੂਖ ਸਹਜ ਆਨੰਦ ਘਨੇਰੇ
ਨਾਨਕ ਜੀਵੈ ਹਰਿ ਗੁਣਹ ਵਖਾਣਿ ॥੨॥੨੬॥੧੧੨॥

سوُکھ سہج آننّد گھنیرے
نانک جیِوےَ ہرِ گُنہ وکھانِ ॥2॥ 26 ॥ 112 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਪਾਰਬ੍ਰਹਮ ਪ੍ਰਭ ਭਏ ਕ੍ਰਿਪਾਲ ॥

پاربّرہم پ ّربھ بھےَ کرِپال ॥

ਕਾਰਜ ਸਗਲ ਸਵਾਰੇ ਸਤਿਗੁਰ
ਜਪਿ ਜਪਿ ਸਾਧੂ ਭਏ ਨਿਹਾਲ ॥੧॥ ਰਹਾਉ ॥

کارج سگل سوارے ستِگُر
جپِ جپِ سادھوُ بھےَ نِہال ॥1॥ رہاءُ ॥

ਅੰਗੀਕਾਰੁ ਕੀਆ ਪ੍ਰਭਿ ਅਪਨੈ
ਦੋਖੀ ਸਗਲੇ ਭਏ ਰਵਾਲ ॥

انگیِکارُ کیِیا پ ّربھِ اپنےَ
دوکھی سگلے بھےَ روال ॥

ਕੰਠਿ ਲਾਇ ਰਾਖੇ ਜਨ ਅਪਨੇ
ਉਧਰਿ ਲੀਏ ਲਾਇ ਅਪਨੈ ਪਾਲ ॥੧॥

کنٹھِ لاءِ راکھے جن اپنے
اُدھرِ لیےَ لاءِ اپنےَ پال ॥1॥

ਸਹੀ ਸਲਾਮਤਿ ਮਿਲਿ ਘਰਿ ਆਏ
ਨਿੰਦਕ ਕੇ ਮੁਖ ਹੋਏ ਕਾਲ ॥

صہی سلامتِ مِلِ گھرِ آئے
نِنّدک کے مُکھ ہوئے کال ॥

ਕਹੁ ਨਾਨਕ ਮੇਰਾ ਸਤਿਗੁਰੁ ਪੂਰਾ
ਗੁਰ ਪ੍ਰਸਾਦਿ ਪ੍ਰਭ ਭਏ ਨਿਹਾਲ ॥੨॥੨੭॥੧੧੩॥

کہُ نانک میرا ستِگُرُ پوُرا
گُر پ ّرسادِ پ ّربھ بھےَ نِہال ॥2॥ 27 ॥ 113 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਮੂ ਲਾਲਨ ਸਿਉ ਪ੍ਰੀਤਿ ਬਨੀ ॥ ਰਹਾਉ ॥

موُ لالن سِ ءُ پ ّریِتِ بنی ॥ رہاءُ ॥

ਤੋਰੀ ਨ ਤੂਟੈ ਛੋਰੀ ਨ ਛੂਟੈ
ਐਸੀ ਮਾਧੋ ਖਿੰਚ ਤਨੀ ॥੧॥

توری ن توٹے چھوری ن چھوٹے
ایَسی مادھو کھِنّچ تنی ॥1॥

ਦਿਨਸੁ ਰੈਨਿ ਮਨ ਮਾਹਿ ਬਸਤੁ ਹੈ
ਤੂ ਕਰਿ ਕਿਰਪਾ ਪ੍ਰਭ ਅਪਨੀ ॥੨॥

دِنسُ رینَ من ماہِ بسسُ ہےَ
توُ کرِ کرِپا پ ّربھ اپنی ॥2॥

ਬਲਿ ਬਲਿ ਜਾਉ ਸਿਆਮ ਸੁੰਦਰ ਕਉ
ਅਕਥ ਕਥਾ ਜਾ ਕੀ ਬਾਤ ਸੁਨੀ ॥੩॥

بلِ بلِ جاءُ سِیام سُنّدر ک ءُ
اکتھ کتھا جا کی بات سُنی ॥3॥

ਜਨ ਨਾਨਕ ਦਾਸਨਿ ਦਾਸੁ ਕਹੀਅਤ ਹੈ
ਮੋਹਿ ਕਰਹੁ ਕ੍ਰਿਪਾ ਠਾਕੁਰ ਅਪੁਨੀ ॥੪॥੨੮॥੧੧੪॥

جن نانک داسنِ داسُ کہیئت ہے
موہِ کرہُ کرِپا ٹھاکُر اپُنی ॥4॥ 28 ॥ 114 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਹਰਿ ਕੇ ਚਰਨ ਜਪਿ ਜਾਂਉ ਕੁਰਬਾਨੁ ॥

ہرِ کے چرن جپِ جانْءُ قُربانُ ॥

ਗੁਰੁ ਮੇਰਾ ਪਾਰਬ੍ਰਹਮ ਪਰਮੇਸੁਰੁ
ਤਾ ਕਾ ਹਿਰਦੈ ਧਰਿ ਮਨ ਧਿਆਨੁ ॥੧॥ ਰਹਾਉ ॥

گُرُ میرا پاربّرہم پرمیسُرُ
تا کا ہِردے دھرِ من دھِیانُ ॥1॥ رہاءُ ॥

ਸਿਮਰਿ ਸਿਮਰਿ ਸਿਮਰਿ ਸੁਖਦਾਤਾ
ਜਾ ਕਾ ਕੀਆ ਸਗਲ ਜਹਾਨੁ ॥

سِمرِ سِمرِ سِمرِ سُکھداتا
جا کا کِیا سگل جہانُ ॥

ਰਸਨਾ ਰਵਹੁ ਏਕੁ ਨਾਰਾਇਣੁ
ਸਾਚੀ ਦਰਗਹ ਪਾਵਹੁ ਮਾਨੁ ॥੧॥

رسنا روہُ ایکُ نارائنُ
ساچی درگہ پاوہُ مانُ ॥1॥

ਸਾਧੂ ਸੰਗੁ ਪਰਾਪਤਿ ਜਾ ਕਉ
ਤਿਨ ਹੀ ਪਾਇਆ ਏਹੁ ਨਿਧਾਨੁ ॥

سادھوُ سنگُ پراپتِ جا ک ءُ
تِن ہی پائیا ایہُ نِدھانُ ॥

ਗਾਵਉ ਗੁਣ ਕੀਰਤਨੁ ਨਿਤ ਸੁਆਮੀ
ਕਰਿ ਕਿਰਪਾ ਨਾਨਕ ਦੀਜੈ ਦਾਨੁ ॥੨॥੨੯॥੧੧੫॥

گاوءُ گُنْ کِیرتنُ نِت سُیامی
کرِ کِرپا نانک دیجے دانُ ॥2॥ 29 ॥ 115 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਰਾਖਿ ਲੀਏ ਸਤਿਗੁਰ ਕੀ ਸਰਣ ॥

راکھِ لیئے ستِگُر کی سرنْ ॥

ਜੈ ਜੈ ਕਾਰੁ ਹੋਆ ਜਗ ਅੰਤਰਿ
ਪਾਰਬ੍ਰਹਮੁ ਮੇਰੋ ਤਾਰਣ ਤਰਣ ॥੧॥ ਰਹਾਉ ॥

جے جے کارُ ہویا جگ انتر
پاربّرہمُ میرو تارنْ ترنْ ॥1॥ رہاءُ ॥

ਬਿਸ੍ਵੰਭਰ ਪੂਰਨ ਸੁਖਦਾਤਾ
ਸਗਲ ਸਮਗ੍ਰੀ ਪੋਖਣ ਭਰਣ ॥

بِسّونبھر پوُرن سُکھداتا
سگل سمگّری پوکھنْ بھرنْ ॥

ਥਾਨ ਥਨੰਤਰਿ ਸਰਬ ਨਿਰੰਤਰਿ
ਬਲਿ ਬਲਿ ਜਾਂਈ ਹਰਿ ਕੇ ਚਰਣ ॥੧॥

تھان تھننّترِ سرب نِرنّترِ
بلِ بلِ جانئی ہرِ کے چرنْ ॥1॥

ਜੀਅ ਜੁਗਤਿ ਵਸਿ ਮੇਰੇ ਸੁਆਮੀ

جی ء جُگتِ وسِ میرے سُیامی

ਸਰਬ ਸਿਧਿ ਤੁਮ ਕਾਰਣ ਕਰਣ ॥

سرب سِدھِ تُم کارنْ کرنْ ॥

ਆਦਿ ਜੁਗਾਦਿ ਪ੍ਰਭੁ ਰਖਦਾ ਆਇਆ
ਹਰਿ ਸਿਮਰਤ ਨਾਨਕ ਨਹੀ ਡਰਣ ॥੨॥੩੦॥੧੧੬॥

آدِ جُگادِ پربھُ رکھدا آئیا
ہرِ سِمرت نانک نہی ڈرنْ ॥2॥ 30 ॥ 116 ॥

ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੮

راگُ بِلاولُ محلا 5 دُپدے گھرُ 8

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥

مے ناہی پربھ سبھُ کچھُ تیرا ॥

ਈਘੈ ਨਿਰਗੁਨ ਊਘੈ ਸਰਗੁਨ
ਕੇਲ ਕਰਤ ਬਿਚਿ ਸੁਆਮੀ ਮੇਰਾ ॥੧॥ ਰਹਾਉ ॥

اِیگھے نِرگُن اوُگھے سرگُن
کیل کرت بِچِ سُیامی میرا ॥1॥ رہاءُ ॥

ਨਗਰ ਮਹਿ ਆਪਿ ਬਾਹਰਿ ਫੁਨਿ ਆਪਨ
ਪ੍ਰਭ ਮੇਰੇ ਕੋ ਸਗਲ ਬਸੇਰਾ ॥

نگر مہِ آپِ باہرِ پھُنِ آپن
پربھ میرے کو سگل بسیرا ॥

ਆਪੇ ਹੀ ਰਾਜਨੁ ਆਪੇ ਹੀ ਰਾਇਆ
ਕਹ ਕਹ ਠਾਕੁਰੁ ਕਹ ਕਹ ਚੇਰਾ ॥੧॥

آپے ہی راجنُ آپے ہی رائیا
کہ کہ ٹھاکُرُ کہ کہ چیرا ॥1॥

ਕਾ ਕਉ ਦੁਰਾਉ ਕਾ ਸਿਉ ਬਲਬੰਚਾ
ਜਹ ਜਹ ਪੇਖਉ ਤਹ ਤਹ ਨੇਰਾ ॥

کا کءُ دُراءُ کا سِءُ بلبنچا
جہ جہ پیکھءُ تہ تہ نیرا ॥

ਸਾਧ ਮੂਰਤਿ ਗੁਰੁ ਭੇਟਿਓ ਨਾਨਕ
ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥੨॥੧॥੧੧੭॥

سادھ مؤرتِ گُرُ بھیٹِئو نانک
مِلِ ساگر بوُنْد نہی ان ہیرا ॥2॥1॥ 117 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਤੁਮ੍ ਸਮਰਥਾ ਕਾਰਨ ਕਰਨ ॥

تُمّہ سمرتھا کارن کرن ۔ ॥

ਢਾਕਨ ਢਾਕਿ ਗੋਬਿਦ ਗੁਰ ਮੇਰੇ
ਮੋਹਿ ਅਪਰਾਧੀ ਸਰਨ ਚਰਨ ॥੧॥ ਰਹਾਉ ॥

ڈھاکن ڈھاکِ گوبِد گُر میرے
موہِ اپرادھی سرن چرن ॥1॥ رہاءُ ॥

ਜੋ ਜੋ ਕੀਨੋ ਸੋ ਤੁਮ੍ ਜਾਨਿਓ
ਪੇਖਿਓ ਠਉਰ ਨਾਹੀ ਕਛੁ ਢੀਠ ਮੁਕਰਨ ॥

جو جو کِینو سو تُمّہ جانِئو
پیکھِئو ٹھئُر ناہی کچھُ ڈھیٹھ مُکرن ॥

ਬਡ ਪਰਤਾਪੁ ਸੁਨਿਓ ਪ੍ਰਭ ਤੁਮ੍ਰੋ
ਕੋਟਿ ਅਘਾ ਤੇਰੋ ਨਾਮ ਹਰਨ ॥੧॥

بڈ پرتاپُ سُنِئو پربھ تُمّہرو
کوٹِ اگھا تیرو نام ہرن ॥1॥

ਹਮਰੋ ਸਹਾਉ ਸਦਾ ਸਦ ਭੂਲਨ

ہمرو سہاءُ سدا سد بھوُلن

ਤੁਮ੍ਰੋ ਬਿਰਦੁ ਪਤਿਤ ਉਧਰਨ ॥

ٹُمہرو بِردُ پتِت اُدھرن ॥

ਕਰੁਣਾ ਮੈ ਕਿਰਪਾਲ ਕ੍ਰਿਪਾ ਨਿਧਿ
ਜੀਵਨ ਪਦ ਨਾਨਕ ਹਰਿ ਦਰਸਨ ॥੨॥੨॥੧੧੮॥

کرُنا مے کِرپال کرِپا نِدھِ
جیِون پد نانک ہرِ درسن ॥2॥2॥ 118 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਐਸੀ ਕਿਰਪਾ ਮੋਹਿ ਕਰਹੁ ॥

ایَسی کِرپا موہِ کرہُ ॥

ਸੰਤਹ ਚਰਣ ਹਮਾਰੋ ਮਾਥਾ
ਨੈਨ ਦਰਸੁ ਤਨਿ ਧੂਰਿ ਪਰਹੁ ॥੧॥ ਰਹਾਉ ॥

سنّتہ چرنؒ ہمارو ماتھا
نیَن درسُ تنِ دھوُرِ پرہُ ॥1॥ رہاءُ ॥

ਗੁਰ ਕੋ ਸਬਦੁ ਮੇਰੈ ਹੀਅਰੈ ਬਾਸੈ
ਹਰਿ ਨਾਮਾ ਮਨ ਸੰਗਿ ਧਰਹੁ ॥

گُر کو سبدُ میرے ہیئرے باسے
ہرِ نامامن سنگِ دھرہُ ॥

ਤਸਕਰ ਪੰਚ ਨਿਵਾਰਹੁ ਠਾਕੁਰ
ਸਗਲੋ ਭਰਮਾ ਹੋਮਿ ਜਰਹੁ ॥੧॥

تسکر پنچ نِوارہُ ٹھاکُر
سگلو بھرما ہومِ جرہُ ॥1॥

ਜੋ ਤੁਮ੍ ਕਰਹੁ ਸੋਈ ਭਲ ਮਾਨੈ
ਭਾਵਨੁ ਦੁਬਿਧਾ ਦੂਰਿ ਟਰਹੁ ॥

جو ٹُمہ کرہُ سوئی بھل مانے
بھاونُ دُبِدھا دوُرِ ٹرہُ ॥

ਨਾਨਕ ਕੇ ਪ੍ਰਭ ਤੁਮ ਹੀ ਦਾਤੇ
ਸੰਤਸੰਗਿ ਲੇ ਮੋਹਿ ਉਧਰਹੁ ॥੨॥੩॥੧੧੯॥

نانک کے پربھ ٹُم ہی داتے
سنتسنگِ لے موہِ اُدھرہُ ॥2॥3॥ 119 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਐਸੀ ਦੀਖਿਆ ਜਨ ਸਿਉ ਮੰਗਾ ॥

ایَسی دیکھیا جن سِءُ منگا ॥

ਤੁਮ੍ਰੋ ਧਿਆਨੁ ਤੁਮ੍ਾਰੋ ਰੰਗਾ ॥

ٹُمہرو دھِیانُ ٹُمہارو رنگا ॥

ਤੁਮ੍ਰੀ ਸੇਵਾ ਤੁਮ੍ਾਰੇ ਅੰਗਾ ॥੧॥ ਰਹਾਉ ॥

ٹُمہری سیوا ٹُمہارے انگا ॥1॥ رہاءُ ॥

ਜਨ ਕੀ ਟਹਲ ਸੰਭਾਖਨੁ ਜਨ ਸਿਉ
ਊਠਨੁ ਬੈਠਨੁ ਜਨ ਕੈ ਸੰਗਾ ॥

جن کی ٹہل سنبھاکھنُ جن سِءُ
اوٹھنُ بیٹھنُ جن کے سنگا ॥

ਜਨ ਚਰ ਰਜ ਮੁਖਿ ਮਾਥੈ ਲਾਗੀ
ਆਸਾ ਪੂਰਨ ਅਨੰਤੁ ਤਰੰਗਾ ॥੧॥

جن چر رج مُکھِ ماتھے لاگی
آسا پوُرن اننتُ ترنگا ॥1॥

ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ
ਜਨ ਕੇ ਚਰਨ ਤੀਰਥ ਕੋਟਿ ਗੰਗਾ ॥

جن پاربرہم جا کی نِرمل مہما

جن کے چرن تیرتھ کوٹِ گنگا ॥

ਜਨ ਕੀ ਧੂਰਿ ਕੀਓ ਮਜਨੁ ਨਾਨਕ
ਜਨਮ ਜਨਮ ਕੇ ਹਰੇ ਕਲੰਗਾ ॥੨॥੪॥੧੨੦॥

جن کی دھوُرِ کِیئو مجنُ نانک
جنم جنم کے ہرے کلنگا ॥2॥4॥ 120 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਜਿਉ ਭਾਵੈ ਤਿਉ ਮੋਹਿ ਪ੍ਰਤਿਪਾਲ ॥

جِءُ بھاوے تِءُ موہِ پرتپال ॥

ਪਾਰਬ੍ਰਹਮ ਪਰਮੇਸਰ ਸਤਿਗੁਰ
ਹਮ ਬਾਰਿਕ ਤੁਮ੍ ਪਿਤਾ ਕਿਰਪਾਲ ॥੧॥ ਰਹਾਉ ॥

پاربرّہم پریسر ستِگُر
ہم بارِک تُمہ پِتا کِرپال ॥1॥ رہاءُ ॥

ਮੋਹਿ ਨਿਰਗੁਣ ਗੁਣੁ ਨਾਹੀ ਕੋਈ
ਪਹੁਚਿ ਨ ਸਾਕਉ ਤੁਮ੍ਰੀ ਘਾਲ ॥

موہِ نِرگُن گُنُ ناہی کوئی
پہُچِ ن ساکءُ تُمہری گھال ॥

ਤੁਮਰੀ ਗਤਿ ਮਿਤਿ ਤੁਮ ਹੀ ਜਾਨਹੁ
ਜੀਉ ਪਿੰਡੁ ਸਭੁ ਤੁਮਰੋ ਮਾਲ ॥੧॥

تُمری گتِ مِتِ تُم ہی جانہُ
جِءُ پِنڈُ سبھُ تُمرو مال ॥1॥

ਅੰਤਰਜਾਮੀ ਪੁਰਖ ਸੁਆਮੀ
ਅਨਬੋਲਤ ਹੀ ਜਾਨਹੁ ਹਾਲ ॥

انترجامی پُرکھ سُیامی
انبولت ہی جانہُ حال ॥

ਤਨੁ ਮਨੁ ਸੀਤਲੁ ਹੋਇ ਹਮਾਰੋ
ਨਾਨਕ ਪ੍ਰਭ ਜੀਉ ਨਦਰਿ ਨਿਹਾਲ ॥੨॥੫॥੧੨੧॥

تنُ منُ سِیتلُ ہوءِ ہمارو
نانک پربھ جِءُ ندرِ نِہال ॥2॥5॥ 121 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਰਾਖੁ ਸਦਾ ਪ੍ਰਭ ਅਪਨੈ ਸਾਥ ॥

راکھُ سدا پربھ اپنے ساتھ ॥

ਤੂ ਹਮਰੋ ਪ੍ਰੀਤਮੁ ਮਨਮੋਹਨੁ
ਤੁਝ ਬਿਨੁ ਜੀਵਨੁ ਸਗਲ ਅਕਾਥ ॥੧॥ ਰਹਾਉ ॥

توُ ہمرو پریتمُ منموہنُ
تُجھ بِنُ جیِونُ سگل اکاتھ ॥1॥ رہاءُ ॥

ਰੰਕ ਤੇ ਰਾਉ ਕਰਤ ਖਿਨ ਭੀਤਰਿ
ਪ੍ਰਭੁ ਮੇਰੋ ਅਨਾਥ ਕੋ ਨਾਥ ॥

رنک تے راءُ کرت کھِن بھیترِ
پربھُ میرو اناتھ کو ناتھ ॥

ਜਲਤ ਅਗਨਿ ਮਹਿ ਜਨ ਆਪਿ ਉਧਾਰੇ
ਕਰਿ ਅਪੁਨੇ ਦੇ ਰਾਖੇ ਹਾਥ ॥੧॥

جلت اگنِ مہِ جن آپِ اُدھارے
کرِ اپُنے دے راکھے ہاتھ ॥1॥

ਸੀਤਲ ਸੁਖੁ ਪਾਇਓ ਮਨ ਤ੍ਰਿਪਤੇ
ਹਰਿ ਸਿਮਰਤ ਸ੍ਰਮ ਸਗਲੇ ਲਾਥ ॥

سِیتل سُکھُ پائِئو من ترِپتے
ہرِ سِمرت سرم سگلے لاتھ ॥

ਨਿਧਿ ਨਿਧਾਨ ਨਾਨਕ ਹਰਿ ਸੇਵਾ
ਅਵਰ ਸਿਆਨਪ ਸਗਲ ਅਕਾਥ ॥੨॥੬॥੧੨੨॥

نِدھِ نِدھان نانک ہرِ سیوا
اور سِیانپ سگل اکاتھ ॥2॥6॥ 122 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਅਪਨੇ ਸੇਵਕ ਕਉ ਕਬਹੁ ਨ ਬਿਸਾਰਹੁ ॥

اپنے سیوک ک ءُ کبہُ ن بِسارہُ ॥

ਉਰਿ ਲਾਗਹੁ ਸੁਆਮੀ ਪ੍ਰਭ ਮੇਰੇ
ਪੂਰਬ ਪ੍ਰੀਤਿ ਗੋਬਿੰਦ ਬੀਚਾਰਹੁ ॥੧॥ ਰਹਾਉ ॥

اُرِ لاگہُ سُیامی پربھ میرے
پوُرب پریتِ گوبِند بیچارہُ ॥1॥ رہاءُ ॥

ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਹਾਰੋ
ਹਮਰੇ ਦੋਖ ਰਿਦੈ ਮਤ ਧਾਰਹੁ ॥

پتت پاون پربھ بِردُ تُمہارو
ہمرے دوکھ رِدے مت دھارہُ ॥

ਜੀਵਨ ਪ੍ਰਾਨ ਹਰਿ ਧਨੁ ਸੁਖੁ ਤੁਮ ਹੀ
ਹਉਮੈ ਪਟਲੁ ਕ੍ਰਿਪਾ ਕਰਿ ਜਾਰਹੁ ॥੧॥

جیون پران ہرِ دھنُ سُکھُ تُم ہی
ہئُمے پٹلُ کرِپا کرِ جارہُ ॥1॥

ਜਲ ਬਿਹੂਨ ਮੀਨ ਕਤ ਜੀਵਨ
ਦੂਧ ਬਿਨਾ ਰਹਨੁ ਕਤ ਬਾਰੋ ॥

جل بِہوُن مِین کت جِیون
دوُدھ بِنا رہنُ کت بارو ۔ ॥

ਜਨ ਨਾਨਕ ਪਿਆਸ ਚਰਨ ਕਮਲਨ੍ ਕੀ
ਪੇਖਿ ਦਰਸੁ ਸੁਆਮੀ ਸੁਖ ਸਾਰੋ ॥੨॥੭॥੧੨੩॥

جن نانک پیاس چرن کملنّہ کی
پیکھِ درسُ سُیامی سُکھ سارو ॥2॥7॥ 123 ॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਆਗੈ ਪਾਛੈ ਕੁਸਲੁ ਭਇਆ ॥

آگے پاچھے کُسلُ بھئیا ॥

ਗੁਰਿ ਪੂਰੈ ਪੂਰੀ ਸਭ ਰਾਖੀ
ਪਾਰਬ੍ਰਹਮਿ ਪ੍ਰਭਿ ਕੀਨੀ ਮਇਆ ॥੧॥ ਰਹਾਉ ॥

گُرِ پوُرے پوُری سبھ راکھی
پاربرہمِ پربھِ کِینی مئیا ॥1॥ رہاءُ ॥

ਮਨਿ ਤਨਿ ਰਵਿ ਰਹਿਆ ਹਰਿ ਪ੍ਰੀਤਮੁ
ਦੂਖ ਦਰਦ ਸਗਲਾ ਮਿਟਿ ਗਇਆ ॥

مَنِ تَنِ روِ رہِیا ہرِ پریتمُ
دوُکھ درد سگلا مِٹِ گئیا ॥

ਸਾਂਤਿ ਸਹਜ ਆਨਦ ਗੁਣ ਗਾਏ
ਦੂਤ ਦੁਸਟ ਸਭਿ ਹੋਏ ਖਇਆ ॥੧॥

سانتِ سہج آند گُن گائے
دوُت دُسٹ سبھِ ہوئے کھئیا ॥1॥

ਗੁਨੁ ਅਵਗੁਨੁ ਪ੍ਰਭਿ ਕਛੁ ਨ ਬੀਚਾਰਿਓ
ਕਰਿ ਕਿਰਪਾ ਅਪੁਨਾ ਕਰਿ ਲਇਆ ॥

گُنُ اوگُنُ پربھِ کچھُ ن بیچارِئو
کرِ کرِپا اپُنا کرِ لئیا ॥

ਅਤੁਲ ਬਡਾਈ ਅਚੁਤ ਅਬਿਨਾਸੀ

اتُل بڈائی اچُت اِبناسی

ਨਾਨਕੁ ਉਚਰੈ ਹਰਿ ਕੀ ਜਇਆ ॥੨॥੮॥੧੨੪॥	نانکُ اُچرے ہرِ کی جئیا ॥2॥8॥ 124 ॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਬਿਨੁ ਭੈ ਭਗਤੀ ਤਰਨੁ ਕੈਸੇ ॥	بِنُ بھے بھگتی ترنُ کیسے ۔ ॥
ਕਰਹੁ ਅਨੁਗ੍ਰਹੁ ਪਤਿਤ ਉਧਾਰਨ ਰਾਖੁ ਸੁਆਮੀ ਆਪ ਭਰੋਸੇ ॥੧॥ ਰਹਾਉ ॥	کرہُ انُگرہُ پتت اُدھارن راکھُ سُیامی آپ بھروسے ॥1॥ رہاءُ ॥
ਸਿਮਰਨੁ ਨਹੀ ਆਵਤ ਫਿਰਤ ਮਦ ਮਾਵਤ ਬਿਖਿਆ ਰਾਤਾ ਸੁਆਨ ਜੈਸੇ ॥	سِمرنُ نہی آوت پھِرت مد ماوت بِکھیا راتا سُیان جیَسے ॥
ਅਉਧ ਬਿਹਾਵਤ ਅਧਿਕ ਮੋਹਾਵਤ ਪਾਪ ਕਮਾਵਤ ਬੁਡੇ ਐਸੇ ॥੧॥	ائُدھ بِہاوت ادھِک موہاوت پاپ کماوت بُڈے ایَسے ॥1॥
ਸਰਨਿ ਦੁਖ ਭੰਜਨ ਪੁਰਖ ਨਿਰੰਜਨ ਸਾਧੂ ਸੰਗਤਿ ਰਵਣੁ ਜੈਸੇ ॥	سرنِ دُکھ بھنجن پُرکھ نِرنجن سادھوُ سنگتِ روںُ جیَسے ॥
ਕੇਸਵ ਕਲੇਸ ਨਾਸ ਅਘ ਖੰਡਨ ਨਾਨਕ ਜੀਵਤ ਦਰਸ ਦਿਸੇ ॥੨॥੯॥੧੨੫॥	کیسو کلیس ناس اگھ کھنڈن نانک جیِوت درس دِسے ॥2॥9॥ 125 ॥
ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੯	راگُ بِلاولُ محلا 5 دُپدے گھرُ 9
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਆਪਹਿ ਮੇਲਿ ਲਏ ॥	آپہِ میلِ لئے ॥
ਜਬ ਤੇ ਸਰਨਿ ਤੁਮਾਰੀ ਆਏ ਤਬ ਤੇ ਦੋਖ ਗਏ ॥੧॥ ਰਹਾਉ ॥	جب تے سرنِ تُماری آئے تب تے دوکھ گئے ॥1॥ رہاءُ ॥
ਤਜਿ ਅਭਿਮਾਨੁ ਅਰੁ ਚਿੰਤ ਬਿਰਾਨੀ ਸਾਧਹ ਸਰਨ ਪਏ ॥	تجِ ابھِمانُ ارُ چنّت بِرانی سادھ سرن پئے ॥
ਜਪਿ ਜਪਿ ਨਾਮੁ ਤੁਮ੍ਹਾਰੋ ਪ੍ਰੀਤਮ ਤਨ ਤੇ ਰੋਗ ਖਏ ॥੧॥	جپِ جپِ نامُ تُمہّارو پرّیتم تن تے روگ کھئے ॥1॥
ਮਹਾ ਮੁਗਧ ਅਜਾਨ ਅਗਿਆਨੀ ਰਾਖੇ ਧਾਰਿ ਦਏ ॥	مہا مُگدھ اجان اگیانی راکھے دھارِ دئے ॥
ਕਹੁ ਨਾਨਕ ਗੁਰੁ ਪੂਰਾ ਭੇਟਿਓ	کہُ نانک گُرُ پوُرا بھیٹئو

ਆਵਨ ਜਾਨ ਰਹੇ ॥੨॥੧॥੧੨੬॥	آون جان رہے ॥2॥1॥ 126 ॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਜੀਵਉ ਨਾਮੁ ਸੁਨੀ ॥	جیِوءُ نامُ سُنی ॥
ਜਉ ਸੁਪ੍ਰਸੰਨ ਭਏ ਗੁਰ ਪੂਰੇ ਤਬ ਮੇਰੀ ਆਸ ਪੁਨੀ ॥੧॥ ਰਹਾਉ ॥	ج ءُ سُپّرسنّن بھئے گُرپُورے تب میری آس پُنی ॥1॥ رہاءُ ॥
ਪੀਰ ਗਈ ਬਾਧੀ ਮਨਿ ਧੀਰਾ ਮੋਹਿਓ ਅਨਦ ਧੁਨੀ ॥	پیِر گئی بادھی منِ دھیِرا موہِئو اند دھُنی ॥
ਉਪਜਿਓ ਚਾਉ ਮਿਲਨ ਪ੍ਰਭ ਪ੍ਰੀਤਮ ਰਹਨੁ ਨ ਜਾਇ ਖਿਨੀ ॥੧॥	اُپجِئو چاءُ مِلن پربھ پریتم رہنُ ن جاءِ کھِنی ॥1॥
ਅਨਿਕ ਭਗਤ ਅਨਿਕ ਜਨ ਤਾਰੇ ਸਿਮਰਹਿ ਅਨਿਕ ਮੁਨੀ ॥	اِنک بھگت اِنک جن تارے سِمرہِ اِنک مُنی ॥
ਅੰਧੁਲੇ ਟਿਕ ਨਿਰਧਨ ਧਨੁ ਪਾਇਓ ਪ੍ਰਭ ਨਾਨਕ ਅਨਿਕ ਗੁਨੀ ॥੨॥੨॥੧੨੭॥	اندھُلے ٹِک نِردھن دھنُ پائِئو پربھ نانک اِنک گُنی ॥2॥2॥ 127 ॥
ਰਾਗੁ ਬਿਲਾਵਲੁ ਮਹਲਾ ੫ ਘਰੁ ੧੩ ਪੜਤਾਲ	راگُ بِلاولُ محلا 5 گھرُ 13 پڑتال
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ ॥	موہن نیِد ن آوے ہاوے ہار کجر بستّر ابھرن کیِنے ॥
ਉਡੀਨੀ ਉਡੀਨੀ ਉਡੀਨੀ ॥	اُڈیِنی اُڈیِنی اُڈیِنی ॥
ਕਬ ਘਰਿ ਆਵੈ ਰੀ ॥੧॥ ਰਹਾਉ ॥	کب گھرِ آوے ری ۔ ॥1॥ رہاءُ ॥
ਸਰਨਿ ਸੁਹਾਗਨਿ ਚਰਨ ਸੀਸੁ ਧਰਿ ॥	سرنِ سُہاگنِ چرن سیِسُ دھرِ ॥
ਲਾਲਨੁ ਮੋਹਿ ਮਿਲਾਵਹੁ ॥	لالنُ موہِ مِلاوہُ ॥
ਕਬ ਘਰਿ ਆਵੈ ਰੀ ॥੧॥	کب گھرِ آوے ری ۔ ॥1॥
ਸੁਨਹੁ ਸਹੇਰੀ ਮਿਲਨ ਬਾਤ ਕਹਉ ॥	سُنہُ سہیری مِلن بات کہءُ ॥
ਸਗਰੋ ਅਹੰ ਮਿਟਾਵਹੁ	سگرو اہنّ مِٹاوہُ

ਤਉ ਘਰ ਹੀ ਲਾਲਨੁ ਪਾਵਹੁ ॥	تءُ گھر ہی لالنُ پاوہُ ॥
ਤਬ ਰਸ ਮੰਗਲ ਗੁਨ ਗਾਵਹੁ ॥	تب رس منگل گُن گاوہُ ॥
ਆਨਦ ਰੂਪ ਧਿਆਵਹੁ ॥	آند روُپ دھیاوہُ ॥
ਨਾਨਕੁ ਦੁਆਰੈ ਆਇਓ ॥	نانکُ دُیارے آئیو ॥
ਤਉ ਮੈ ਲਾਲਨੁ ਪਾਇਓ ਰੀ ॥੨॥	تءُ مے لالنُ پائیو ری ॥2॥
ਮੋਹਨ ਰੂਪੁ ਦਿਖਾਵੈ ॥	موہن روُپُ دِکھاوے ॥
ਅਬ ਮੋਹਿ ਨੀਦ ਸੁਹਾਵੈ ॥	اب موہِ نیِد سُہاوے ॥
ਸਭ ਮੇਰੀ ਤਿਖਾ ਬੁਝਾਨੀ ॥	سبھ میری تِکھا بُجھانی ॥
ਅਬ ਮੈ ਸਹਜਿ ਸਮਾਨੀ ॥	اب مے سہجِ سمانی ॥
ਮੀਠੀ ਪਿਰਹਿ ਕਹਾਨੀ ॥	میٹھی پرہِ کہانی ॥
ਮੋਹਨੁ ਲਾਲਨੁ ਪਾਇਓ ਰੀ ॥ ਰਹਾਉ ਦੂਜਾ ॥੧॥੧੨੮॥	موہنُ لالنُ پائیو ری ۔ ॥ رہاءُ دوُجا ॥1॥ 128 ॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਮੋਰੀ ਅਹੰ ਜਾਇ ਦਰਸਨ ਪਾਵਤ ਹੇ ॥	موری اہنّ جاءِ درسن پاوت ہے ॥
ਰਾਚਹੁ ਨਾਥ ਹੀ ਸਹਾਈ ਸੰਤਨਾ ॥	راچہُ ناتھ ہی سہائی سنّتنا ॥
ਅਬ ਚਰਨ ਗਹੇ ॥੧॥ ਰਹਾਉ ॥	اب چرن گہے ॥1॥ رہاءُ ॥
ਆਹੇ ਮਨ ਅਵਰੁ ਨ ਭਾਵੈ ਚਰਨਾਵੈ ਚਰਨਾਵੈ ਉਲਝਿਓ ਅਲਿ ਮਕਰੰਦ ਕਮਲ ਜਿਉ ॥	آہے من اورُ ن بھاوے چرناوے چرناوے اُلجھیو الِ مکرنّد کمل جِءُ ॥
ਅਨ ਰਸ ਨਹੀ ਚਾਹੈ ਏਕੈ ਹਰਿ ਲਾਹੈ ॥੧॥	ان رس نہی چاہے ایکے ہرِ لاہے ॥1॥
ਅਨ ਤੇ ਟੂਟੀਐ ਰਿਖ ਤੇ ਛੂਟੀਐ ॥	ان تے ٹوُٹیئے رِکھ تے چھوُٹیئے ॥
ਮਨ ਹਰਿ ਰਸ ਘੂਟੀਐ ਸੰਗਿ ਸਾਧੂ ਉਲਟੀਐ ॥	من ہرِ رس گھوُٹیئے سنگِ سادھوُ اُلٹیئے ॥
ਅਨ ਨਾਹੀ ਨਾਹੀ ਰੇ ॥	ان ناہی ناہی رے ॥
ਨਾਨਕ ਪ੍ਰੀਤਿ ਚਰਨ ਚਰਨ ਹੇ ॥੨॥੨॥੧੨੯॥	نانک پریتِ چرن چرن ہے ॥2॥2॥ 129 ॥
ਰਾਗੁ ਬਿਲਾਵਲੁ ਮਹਲਾ ੯ ਦੁਪਦੇ	راگُ بِلاولُ محلا 9 دُپدے

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਦੁਖ ਹਰਤਾ ਹਰਿ ਨਾਮੁ ਪਛਾਨੋ ॥

دُکھ ہرتا ہرِ نامُ پچھانو ॥

ਅਜਾਮਲੁ ਗਨਿਕਾ ਜਿਹ ਸਿਮਰਤ
ਮੁਕਤ ਭਏ ਜੀਅ ਜਾਨੋ ॥੧॥ ਰਹਾਉ ॥

اجامِلُ گنِکا جِہ سِمرت
مُکت بھۓ جیء جانو ॥1॥ رہاءُ ॥

ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ
ਜਬ ਹੀ ਰਾਮੁ ਬਖਾਨੋ ॥

گج کی ترّاس مِٹی چھِنہُو مہِ
جب ہی رامُ بکھانو ॥

ਨਾਰਦ ਕਹਤ ਸੁਨਤ ਧ੍ਰੂਅ ਬਾਰਿਕ
ਭਜਨ ਮਾਹਿ ਲਪਟਾਨੋ ॥੧॥

نارد کہت سُنت دھرّوُء بارِک
بھجن ماہِ لپٹانو ॥1॥

ਅਚਲ ਅਮਰ ਨਿਰਭੈ ਪਦੁ ਪਾਇਓ
ਜਗਤ ਜਾਹਿ ਹੈਰਾਨੋ ॥

اچل امر نِربھۓ پدُ پائِئو
جگت جاہِ حیرانو ॥

ਨਾਨਕ ਕਹਤ ਭਗਤ ਰਛਕ ਹਰਿ
ਨਿਕਟਿ ਤਾਹਿ ਤੁਮ ਮਾਨੋ ॥੨॥੧॥

نانک کہت بھگت رچھک ہرِ
نِکٹِ تاہِ تُم مانو ॥2॥1॥

ਬਿਲਾਵਲੁ ਮਹਲਾ ੯ ॥

بِلاولُ محلا 9 ॥

ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥

ہرِ کے نام بِنا دُکھُ پاوے ॥

ਭਗਤਿ ਬਿਨਾ ਸਹਸਾ ਨਹ ਚੂਕੈ
ਗੁਰੁ ਇਹੁ ਭੇਦੁ ਬਤਾਵੈ ॥੧॥ ਰਹਾਉ ॥

بھگتِ بِنا سہسا نہ چھُوکے
گُرُ اِہُ بھیدُ بتاوے ॥1॥ رہاءُ ॥

ਕਹਾ ਭਇਓ ਤੀਰਥ ਬ੍ਰਤ ਕੀਏ
ਰਾਮ ਸਰਨਿ ਨਹੀ ਆਵੈ ॥

کہا بھئِئو تیرتھ برّت کیۓ
رام سرنِ نہی آوے ॥

ਜੋਗ ਜਗ ਨਿਹਫਲ ਤਿਹ ਮਾਨਉ
ਜੋ ਪ੍ਰਭ ਜਸੁ ਬਿਸਰਾਵੈ ॥੧॥

جوگ جگ نِہپھل تِہ مانءُ
جو پربھ جسُ بِسراوے ॥1॥

ਮਾਨ ਮੋਹ ਦੋਨੋ ਕਉ ਪਰਹਰਿ
ਗੋਬਿੰਦ ਕੇ ਗੁਨ ਗਾਵੈ ॥

مان موہ دونو کءُ پرہرِ
گوبِندّ کے گُن گاوے ॥

ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ
ਜੀਵਨ ਮੁਕਤਿ ਕਹਾਵੈ ॥੨॥੨॥

کہُ نانک اِہ بِدھِ کو پرّانی
جیون مُکتِ کہاوے ॥2॥2॥

ਬਿਲਾਵਲੁ ਮਹਲਾ ੯ ॥

بِلاولُ محلا 9 ॥

ਜਾ ਮੈ ਭਜਨੁ ਰਾਮ ਕੋ ਨਾਹੀ ॥

جا مے بھجنُ رام کو ناہی ॥

ਤਿਹ ਨਰ ਜਨਮੁ ਅਕਾਰਥੁ ਖੋਇਆ
ਯਹ ਰਾਖਹੁ ਮਨ ਮਾਹੀ ॥੧॥ ਰਹਾਉ ॥

تِہ نر جنمُ اکارتھُ کھویا
یہ راکھہُ من ماہی ॥1॥ رہاءُ ॥

ਤੀਰਥ ਕਰੈ ਬ੍ਰਤ ਫੁਨਿ ਰਾਖੈ
ਨਹ ਮਨੂਆ ਬਸਿ ਜਾ ਕੋ ॥

تیرتھ کرے برّت پھُنِ راکھے
نہ منوُیا بسِ جا کو ॥

ਨਿਹਫਲ ਧਰਮੁ ਤਾਹਿ ਤੁਮ ਮਾਨਹੁ
ਸਾਚੁ ਕਹਤ ਮੈ ਯਾ ਕਉ ॥੧॥

نِہپھل دھرمُ تاہِ تُم مانہُ
ساچُ کہت مے یا کءُ ॥1॥

ਜੈਸੇ ਪਾਹਨੁ ਜਲ ਮਹਿ ਰਾਖਿਓ
ਭੇਦੈ ਨਾਹਿ ਤਿਹ ਪਾਨੀ ॥

جیسے پاہنُ جل مہِ راکھِئو
بھیدے ناہِ تِہ پانی ॥

ਤੈਸੇ ਹੀ ਤੁਮ ਤਾਹਿ ਪਛਾਨਹੁ
ਭਗਤਿ ਹੀਨ ਜੋ ਪ੍ਰਾਨੀ ॥੨॥

تیسے ہی تُم تاہِ پچھانہُ
بھگتِ ہین جو پّرانی ॥2॥

ਕਲ ਮੈ ਮੁਕਤਿ ਨਾਮ ਤੇ ਪਾਵਤ
ਗੁਰੁ ਯਹ ਭੇਦੁ ਬਤਾਵੈ ॥

کل مے مُکتِ نام تے پاوت
گُرُ یہ بھیدُ بتاوے ॥

ਕਹੁ ਨਾਨਕ ਸੋਈ ਨਰੁ ਗਰੂਆ
ਜੋ ਪ੍ਰਭ ਕੇ ਗੁਨ ਗਾਵੈ ॥੩॥੩॥

کہُ نانک سوئی نرُ گروُیا
جو پّربھ کے گُن گاوے ॥3॥3॥

ਬਿਲਾਵਲੁ ਅਸਟਪਦੀਆ ਮਹਲਾ ੧ ਘਰੁ ੧੦

بِلاولُ اسٹپدیِیا محلا 1 گھرُ 10

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਨਿਕਟਿ ਵਸੈ ਦੇਖੈ ਸਭੁ ਸੋਈ ॥

نِکٹِ وسے دیکھے سبھُ سوئی ॥

ਗੁਰਮੁਖਿ ਵਿਰਲਾ ਬੂਝੈ ਕੋਈ ॥

گُرمُکھِ وِرلا بوُجھے کوئی ॥

ਵਿਣੁ ਭੈ ਪਇਐ ਭਗਤਿ ਨ ਹੋਈ ॥

وِنُ بھے پئے بھگتِ ن ہوئی ॥

ਸਬਦਿ ਰਤੇ ਸਦਾ ਸੁਖੁ ਹੋਈ ॥੧॥

سبدِ رتے سدا سُکھُ ہوئی ॥1॥

ਐਸਾ ਗਿਆਨੁ ਪਦਾਰਥੁ ਨਾਮੁ ॥

ایَسا گیانُ پدارتھُ نامُ ॥

ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥੧॥ ਰਹਾਉ ॥

گُرمُکھِ پاوسِ رسِ رسِ مانُ ॥1॥ رہاءُ ॥

ਗਿਆਨੁ ਗਿਆਨੁ ਕਥੈ ਸਭੁ ਕੋਈ ॥

گیانُ گیانُ کتھے سبھُ کوئی ॥

ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥	کتھِ کتھِ بادُ کرے دُکھُ ہوئی ॥
ਕਥਿ ਕਹਣੈ ਤੇ ਰਹੈ ਨ ਕੋਈ ॥	کتھِ کہنّے تے رہے ن کوئی ॥
ਬਿਨੁ ਰਸ ਰਾਤੇ ਮੁਕਤਿ ਨ ਹੋਈ ॥੨॥	بِنُ رس راتے مُکتِ ن ہوئی ॥2॥
ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥	گِیانُ دھِیانُ سبھُ گُر تے ہوئی ॥
ਸਾਚੀ ਰਹਤ ਸਾਚਾ ਮਨਿ ਸੋਈ ॥	ساچی رہت ساچا منِ سوئی ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥	منمُکھ کتھنی ہے پُر رہت ن ہوئی ॥
ਨਾਵਹੁ ਭੂਲੇ ਥਾਉ ਨ ਕੋਈ ॥੩॥	ناوہُ بھُولے تھاءُ ن کوئی ॥3॥
ਮਨੁ ਮਾਇਆ ਬੰਧਿਓ ਸਰ ਜਾਲਿ ॥	منُ مائیا بندھِئو سر جالِ ॥
ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥	گھٹِ گھٹِ بِیاپِ رہِئو بِکھُ نالِ ॥
ਜੋ ਆਜੈ ਸੋ ਦੀਸੈ ਕਾਲਿ ॥	جو آجے سو دیسے کالِ ॥
ਕਾਰਜੁ ਸੀਧੋ ਰਿਦੈ ਸਮ੍ਾਲਿ ॥੪॥	کارجُ سِدھو رِدے سمّہالِ ॥4॥
ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥	سو گِیانی جِنِ سبدِ لِو لائی ॥
ਮਨਮੁਖਿ ਹਉਮੈ ਪਤਿ ਗਵਾਈ ॥	منمُکھِ ہئُمے پتِ گوائی ॥
ਆਪੇ ਕਰਤੈ ਭਗਤਿ ਕਰਾਈ ॥	آپے کرتے بھگتِ کرائی ॥
ਗੁਰਮੁਖਿ ਆਪੇ ਦੇ ਵਡਿਆਈ ॥੫॥	گُرمُکھِ آپے دے وڈِیائی ॥5॥
ਰੈਣਿ ਅੰਧਾਰੀ ਨਿਰਮਲ ਜੋਤਿ ॥	رَینِ اندھاری نِرمل جوتِ ॥
ਨਾਮ ਬਿਨਾ ਝੂਠੇ ਕੁਚਲ ਕਛੋਤਿ ॥	نام بِنا جھوُٹھے کُچل کچھوتِ ॥
ਬੇਦੁ ਪੁਕਾਰੈ ਭਗਤਿ ਸਰੋਤਿ ॥	بیدُ پُکارے بھگتِ سروتِ ॥
ਸੁਣਿ ਸੁਣਿ ਮਾਨੈ ਵੇਖੈ ਜੋਤਿ ॥੬॥	سُنِ سُنِ مانے ویکھے جوتِ ॥6॥
ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥	ساستّر سِمرِتِ نامُ دّرِڑامنَ ॥
ਗੁਰਮੁਖਿ ਸਾਂਤਿ ਊਤਮ ਕਰਾਮੰ ॥	گُرمُکھِ سانتِ اوُتم کرامنَ ॥
ਮਨਮੁਖਿ ਜੋਨੀ ਦੂਖ ਸਹਾਮੰ ॥	منمُکھِ جونی دوُکھ سہامنَ ॥

ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥	بنّدھن توٹے اِکُ نامُ وسامنّ ॥7॥
ਮੰਨੇ ਨਾਮੁ ਸਚੀ ਪਤਿ ਪੂਜਾ ॥	منّنے نامُ سچی پتِ پوُجا ॥
ਕਿਸੁ ਵੇਖਾ ਨਾਹੀ ਕੋ ਦੂਜਾ ॥	کِسُ ویکھا ناہی کو دوُجا ॥
ਦੇਖਿ ਕਹਉ ਭਾਵੈ ਮਨਿ ਸੋਇ ॥	دیکھِ کہءُ بھاوے منِ سوءِ ॥
ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥	نانکُ کہے اورُ نہی کوءِ ॥8॥1॥
ਬਿਲਾਵਲੁ ਮਹਲਾ ੧ ॥	بِلاولُ محلا 1 ॥
ਮਨ ਕਾ ਕਹਿਆ ਮਨਸਾ ਕਰੈ ॥	من کا کہیا منسا کرے ॥
ਇਹੁ ਮਨੁ ਪੁੰਨੁ ਪਾਪੁ ਉਚਰੈ ॥	اِہُ منُ پُنّنُ پاپُ اُچرے ॥
ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥	مائیا مدِ ماتے ترِپتِ ن آوے ॥
ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥	ترِپتِ مُکتِ منِ ساچا بھاوے ॥1॥
ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ ॥	تنُ دھنُ کلتُ سبھُ دیکھُ ابھِمانا ॥
ਬਿਨੁ ਨਾਵੈ ਕਿਛੁ ਸੰਗਿ ਨ ਜਾਨਾ ॥੧॥ ਰਹਾਉ ॥	بِنُ ناوے کِچھُ سنگِ ن جانا ॥1॥ رہاءُ ॥
ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥	کیچہِ رس بھوگ کھُسیِیا من کیری ॥
ਧਨੁ ਲੋਕਾਂ ਤਨੁ ਭਸਮੈ ਢੇਰੀ ॥	دھنُ لوکاں تنُ بھسمے ڈھیری ॥
ਖਾਕੂ ਖਾਕੁ ਰਲੈ ਸਭੁ ਫੈਲੁ ॥	خاکوُ خاکُ رلے سبھُ پھیَلُ ॥
ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥	بِنُ سبدے نہی اُترے میَلُ ॥2॥
ਗੀਤ ਰਾਗ ਘਨ ਤਾਲ ਸਿ ਕੂਰੇ ॥	گیِت راگ گھن تال سِ کوُرے ॥
ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥	ترِہُ گُنٹ اُپجے بِنسے دوُرے ॥
ਦੂਜੀ ਦੁਰਮਤਿ ਦਰਦੁ ਨ ਜਾਇ ॥	دوُجی دُرمتِ دردُ ن جاءِ ॥
ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥	چھوٹے گُرمُکھِ دارو گُنٹ گاءِ ॥3॥
ਧੋਤੀ ਊਜਲ ਤਿਲਕੁ ਗਲਿ ਮਾਲਾ ॥	دھوتی اوُجل تِلکُ گلِ مالا ॥
ਅੰਤਰਿ ਕ੍ਰੋਧੁ	انترِ کرودھُ

ਪੜਹਿ ਨਾਟ ਸਾਲਾ ॥	پڑہِ ناٹ سالا ॥
ਨਾਮੁ ਵਿਸਾਰਿ ਮਾਇਆ ਮਦੁ ਪੀਆ ॥	نامُ وِسارِ مائیا مدُ پیِیا ॥
ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥	بِنُ گُر بھگتِ ناہی سُکھُ تھِیا ॥4॥
ਸੂਕਰ ਸੁਆਨ ਗਰਧਭ ਮੰਜਾਰਾ ॥	سوُکر سُیان گردھبھ منجّارا ॥
ਪਸੂ ਮਲੇਛ ਨੀਚ ਚੰਡਾਲਾ ॥	پسوُ ملیچھ نِیچ چنڈالا ॥
ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥	گُر تے مُہُ پھیرے تِنّہ جونِ بھوائیَےَ ॥
ਬੰਧਨਿ ਬਾਧਿਆ ਆਈਐ ਜਾਈਐ ॥੫॥	بندھنِ بادھِیا آئیَےَ جائیَےَ ॥5॥
ਗੁਰ ਸੇਵਾ ਤੇ ਲਹੈ ਪਦਾਰਥੁ ॥	گُر سیوا تے لہےَ پدارتھُ ॥
ਹਿਰਦੈ ਨਾਮੁ ਸਦਾ ਕਿਰਤਾਰਥੁ ॥	ہِردےَ نامُ سدا کِرتارتھُ ॥
ਸਾਚੀ ਦਰਗਹ ਪੂਛ ਨ ਹੋਇ ॥	ساچی درگہ پوُچھ ن ہوءِ ॥
ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥	مانے حُکمُ سیجھےَ دِر سوءِ ॥6॥
ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥	ستِگُر مِلےَ ت تِس ک ءُ جانےَ ॥
ਰਹੈ ਰਜਾਈ ਹੁਕਮੁ ਪਛਾਣੈ ॥	رہےَ رضائی حُکمُ پچھانےَ ॥
ਹੁਕਮੁ ਪਛਾਣਿ ਸਚੈ ਦਰਿ ਵਾਸੁ ॥	حُکمُ پچھانِ سچےَ دِر واسُ ॥
ਕਾਲ ਬਿਕਾਲ ਸਬਦਿ ਭਏ ਨਾਸੁ ॥੭॥	کال بِکال سبدِ بھےَ ناسُ ॥7॥
ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥	رہےَ اتیِتُ جانےَ سبھُ تِس کا ॥
ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥	تنُ منُ ارپےَ ہےَ اِہُ جِس کا ॥
ਨਾ ਓਹੁ ਆਵੈ ਨਾ ਓਹੁ ਜਾਇ ॥	نا اوہُ آوےَ نا اوہُ جاءِ ॥
ਨਾਨਕ ਸਾਚੇ ਸਾਚਿ ਸਮਾਇ ॥੮॥੨॥	نانک ساچے ساچِ سماءِ ॥8॥2॥
ਬਿਲਾਵਲੁ ਮਹਲਾ ੩ ਅਸਟਪਦੀ ਘਰੁ ੧੦	بِلاولُ محلا 3 اسٹپدی گھرُ 10
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਜਗੁ ਕਉਆ ਮੁਖਿ ਚੁੰਚ ਗਿਆਨੁ ॥	جگُ کئوِیا مُکھِ چُنچ گیانُ ॥

ਅੰਤਰਿ ਲੋਭੁ ਝੂਠੁ ਅਭਿਮਾਨੁ ॥
ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥੧॥

ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ ॥
ਗੁਰੁ ਭੇਟੇ ਹਰਿ ਨਾਮੁ ਚੇਤਾਵੈ
ਬਿਨੁ ਨਾਵੈ ਹੋਰ ਝੂਠੁ ਪਰੀਤਿ ॥੧॥ ਰਹਾਉ ॥

ਗੁਰਿ ਕਹਿਆ ਸਾ ਕਾਰ ਕਮਾਵਹੁ ॥
ਸਬਦੁ ਚੀਨ੍ਹਿ ਸਹਜ ਘਰਿ ਆਵਹੁ ॥
ਸਾਚੈ ਨਾਇ ਵਡਾਈ ਪਾਵਹੁ ॥੨॥

ਆਪਿ ਨ ਬੂਝੈ ਲੋਕ ਬੁਝਾਵੈ ॥
ਮਨ ਕਾ ਅੰਧਾ ਅੰਧੁ ਕਮਾਵੈ ॥
ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥੩॥

ਹਰਿ ਜੀਉ ਸੇਵੀਐ ਅੰਤਰਜਾਮੀ ॥
ਘਟ ਘਟ ਅੰਤਰਿ ਜਿਸ ਕੀ ਜੋਤਿ ਸਮਾਨੀ ॥
ਤਿਸੁ ਨਾਲਿ ਕਿਆ ਚਲੈ ਪਹਨਾਮੀ ॥੪॥

ਸਾਚਾ ਨਾਮੁ ਸਾਚੈ ਸਬਦਿ ਜਾਨੈ ॥
ਆਪੈ ਆਪੁ ਮਿਲੈ
ਚੂਕੈ ਅਭਿਮਾਨੈ ॥
ਗੁਰਮੁਖਿ ਨਾਮੁ ਸਦਾ ਸਦਾ ਵਖਾਨੈ ॥੫॥

ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥
ਅਉਗਣ ਕਾਟਿ ਪਾਪਾ ਮਤਿ ਖਾਈ ॥
ਕੰਚਨ ਕਾਇਆ ਜੋਤੀ ਜੋਤਿ ਸਮਾਈ ॥੬॥

ਸਤਿਗੁਰਿ ਮਿਲਿਐ ਵਡੀ ਵਡਿਆਈ ॥
ਦੁਖੁ ਕਾਟੈ ਹਿਰਦੈ ਨਾਮੁ ਵਸਾਈ ॥

انترِ لوبھُ جھوٹھُ ابھمانُ ॥
بِنُ ناوے پاجُ لہگُ نِدانِ ॥1॥

ستِگُر سیوِ نامُ وسے منِ چیتِ ॥
گُرُ بھیٹے ہرِ نامُ چیتاوے
بِنُ ناوے ہور جھوٹھُ پریتِ ॥1॥ رہاءُ ॥

گُرِ کہِیا سا کار کماوہُ ॥
سبدُ چینّہِ سہج گھرِ آوہُ ॥
ساچے ناءِ وڈائی پاوہُ ॥2॥

آپِ ن بُوجھے لوک بُجھاوے ॥
من کا اندھا اندھُ کماوے ॥
درُ گھرُ محلُ ٹھورُ کیسے پاوے ۔ ॥3॥

ہرِ جیءُ سیویے انترجامی ॥
گھٹ گھٹ انترِ جس کی جوتِ سمانی ॥
تِس نالِ کیا چلے پہنامی ۔ ॥4॥

ساچا نامُ ساچے سبدِ جانے ॥
آپے آپُ ملے
چُوکے ابھمانے ॥
گُرمُکھِ نامُ سدا سدا وکھانے ॥5॥

ستِگُرِ سیوے دُوجی دُرمتِ جائی ॥
انگُن کاٹِ پاپا متِ کھائی ॥
کنچن کائیا جوتی جوتِ سمائی ॥6॥

ستِگُرِ ملے وڈی وڈیائی ॥
دُکھُ کاٹے ہِردے نامُ وسائی ॥

ਨਾਮਿ ਰਤੇ ਸਦਾ ਸੁਖੁ ਪਾਈ ॥੭॥	نامِ رتے سدا سُکھُ پائی ॥7॥
ਗੁਰਮਤਿ ਮਾਨਿਆ ਕਰਣੀ ਸਾਰੁ ॥	گُرمتِ مانِیا کرنّی سارُ ॥
ਗੁਰਮਤਿ ਮਾਨਿਆ ਮੋਖ ਦੁਆਰੁ ॥	گُرمتِ مانِیا موکھ دُیارُ ॥
ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ ॥੮॥੧॥੩॥	نانک گُرمتِ مانِیا پروارے سادھارُ ॥8॥1॥3॥
ਬਿਲਾਵਲੁ ਮਹਲਾ ੪ ਅਸਟਪਦੀਆ ਘਰੁ ੧੧	بِلاولُ محلا 4 اسٹپدِیا گھرُ 11
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ ॥	آپے آپُ کھاءِ ہءُ میٹے اندِنُ ہرِ رس گِیت گوئیا ॥
ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਈਆ ॥੧॥	گُرمُکھِ پرچے کنّچن کائیا نِربھءُ جوتی جوتِ مِلئیا ॥1॥
ਮੈ ਹਰਿ ਹਰਿ ਨਾਮੁ ਅਧਾਰੁ ਰਮਈਆ ॥	مے ہرِ ہرِ نامُ ادھارُ رمئیا ॥
ਖਿਨੁ ਪਲੁ ਰਹਿ ਨ ਸਕਉ ਬਿਨੁ ਨਾਵੈ ਗੁਰਮੁਖਿ ਹਰਿ ਹਰਿ ਪਾਠ ਪੜਈਆ ॥੧॥ ਰਹਾਉ ॥	کھِنُ پلُ رہِ ن سکءُ بِنُ ناوے گُرمُکھِ ہرِ ہرِ پاٹھ پڑئیا ॥1॥ رہاءُ ॥
ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਈਆ ॥	ایکُ گِرہُ دس دُیار ہے جا کے اہِنِس تسکر پنّچ چور لگئیا ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ ॥੨॥	دھرمُ ارتھُ سبھُ ہِرِ لے جاوہِ منمُکھ اندھُلے خبرِ ن پئیا ॥2॥
ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ ਲਈਆ ॥	کنّچن کوٹُ بہُ ماٹکِ بھریا جاگے گیان تتِ لِو لئیا ॥
ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਈਆ ॥੩॥	تسکر ہیرُو آءِ لُکانے گُر کے سبدِ پکڑِ بندھِ پئیا ॥3॥
ਹਰਿ ਹਰਿ ਨਾਮੁ ਪੋਤੁ ਬੋਹਿਥਾ ਖੇਵਟੁ ਸਬਦੁ ਗੁਰੁ ਪਾਰਿ ਲੰਘਈਆ ॥	ہرِ ہرِ نامُ پوتُ بوہتھا کھیوٹُ سبدُ گُرُ پارِ لنگھئیا ॥
ਜਮੁ ਜਾਗਾਤੀ ਨੇੜਿ ਨ ਆਵੈ	جمُ جاگاتی نیڑِ ن آوے

ਨਾ ਕੋ ਤਸਕਰੁ ਚੋਰੁ ਲਗਈਆ ॥੪॥

نا کو تسکرُ چورُ لگئیا ॥4॥

ਹਰਿ ਗੁਣ ਗਾਵੈ ਸਦਾ ਦਿਨੁ ਰਾਤੀ
ਮੈ ਹਰਿ ਜਸੁ ਕਹਤੇ ਅੰਤੁ ਨ ਲਹੀਆ ॥

ہرِ گُن گاوے سدا دِنُ راتی
مے ہرِ جسُ کہتے انتُ ن لہیا ॥

ਗੁਰਮੁਖਿ ਮਨੂਆ ਇਕਤੁ ਘਰਿ ਆਵੈ
ਮਿਲਉ ਗੋਪਾਲ ਨੀਸਾਨੁ ਬਜਈਆ ॥੫॥

گُرمُکھِ منوُیا اِکتُ گھرِ آوے
مِل ءُ گوپال نِیشانُ بجئیا ॥5॥

ਨੈਨੀ ਦੇਖਿ ਦਰਸੁ ਮਨੁ ਤ੍ਰਿਪਤੈ
ਸ੍ਰਵਨ ਬਾਣੀ ਗੁਰ ਸਬਦੁ ਸੁਣਈਆ ॥

نیَنی دیکھِ درسُ منُ ترِپتے
سّرون باٹی گُر سبدُ سُنئیا ॥

ਸੁਨਿ ਸੁਨਿ ਆਤਮ ਦੇਵ ਹੈ ਭੀਨੇ
ਰਸਿ ਰਸਿ ਰਾਮ ਗੋਪਾਲ ਰਵਈਆ ॥੬॥

سُنِ سُنِ آتم دیو ہے بھینے
رسِ رسِ رام گوپال روئیا ॥6॥

ਤ੍ਰੈ ਗੁਣ ਮਾਇਆ ਮੋਹਿ ਵਿਆਪੇ
ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥

ترے گُن مائیا موہِ وِیاپے
تُریا گُنُ ہے گُرمُکھِ لہیا ॥

ਏਕ ਦ੍ਰਿਸਟਿ ਸਭ ਸਮ ਕਰਿ ਜਾਣੈ
ਨਦਰੀ ਆਵੈ ਸਭੁ ਬ੍ਰਹਮੁ ਪਸਰਈਆ ॥੭॥

ایک دّرِسٹِ سبھ سم کرِ جانے
ندری آوے سبھُ برہمُ پسرئیا ॥7॥

ਰਾਮ ਨਾਮੁ ਹੈ ਜੋਤਿ ਸਬਾਈ
ਗੁਰਮੁਖਿ ਆਪੇ ਅਲਖੁ ਲਖਈਆ ॥

رام نامُ ہے جوتِ سبائی
گُرمُکھِ آپے الکھُ لکھئیا ॥

ਨਾਨਕ ਦੀਨ ਦਇਆਲ ਭਏ ਹੈ
ਭਗਤਿ ਭਾਇ ਹਰਿ ਨਾਮਿ ਸਮਈਆ ॥੮॥੧॥੪॥

نانک دِین دئیال بھئے ہے
بھگتِ بھاءِ ہرِ نامِ سمئیا ॥8॥1॥4॥

ਬਿਲਾਵਲੁ ਮਹਲਾ ੪ ॥

بِلاولُ محلا 4 ॥

ਹਰਿ ਹਰਿ ਨਾਮੁ ਸੀਤਲ ਜਲੁ ਧਿਆਵਹੁ
ਹਰਿ ਚੰਦਨ ਵਾਸੁ ਸੁਗੰਧ ਗੰਧਈਆ ॥

ہرِ ہرِ نامُ سیتل جلُ دھیاوہُ
ہرِ چندن واسُ سُگندھ گندھئیا ॥

ਮਿਲਿ ਸਤਸੰਗਤਿ ਪਰਮ ਪਦੁ ਪਾਇਆ
ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ ॥੧॥

مِلِ ستسنگتِ پرم پدُ پائیا
مے ہِرڈ پلاس سنگِ ہرِ بُہیا ॥1॥

ਜਪਿ ਜਗੰਨਾਥ ਜਗਦੀਸ ਗੁਸਈਆ ॥

جپِ جگنّاتھ جگدیس گسئیا ॥

ਸਰਣਿ ਪਰੇ ਸੇਈ ਜਨ ਉਬਰੇ
ਜਿਉ ਪ੍ਰਹਿਲਾਦ ਉਧਾਰਿ ਸਮਈਆ ॥੧॥ ਰਹਾਉ ॥

سرنِ پرے سیئی جن اُبرے
جِءُ پّرہلاد اُدھارِ سمئیا ॥1॥ رہاءُ ॥

ਭਾਰ ਅਠਾਰਹ ਮਹਿ ਚੰਦਨੁ ਊਤਮ
ਚੰਦਨ ਨਿਕਟਿ ਸਭ ਚੰਦਨੁ ਹੁਈਆ ॥

ساکت کوڑے اوُبھ سُک ہوُئے
من ابھمانُ وِچھوڑِ دوُرِ گئیا ॥2॥

ਸਾਕਤ ਕੂੜੇ ਊਭ ਸੁਕ ਹੂਏ
ਮਨਿ ਅਭਿਮਾਨੁ ਵਿਛੁੜਿ ਦੂਰਿ ਗਈਆ ॥੨॥

ਹਰਿ ਗਤਿ ਮਿਤਿ ਕਰਤਾ ਆਪੇ ਜਾਣੈ
ਸਭ ਬਿਧਿ ਹਰਿ ਹਰਿ ਆਪਿ ਬਨਈਆ ॥

ہرِ گتِ مِتِ کرتا آپے جانے
سبھ بِدھِ ہرِ ہرِ آپِ بنئیا ॥

ਜਿਸੁ ਸਤਿਗੁਰੁ ਭੇਟੇ ਸੁ ਕੰਚਨੁ ਹੋਵੈ
ਜੋ ਧੁਰਿ ਲਿਖਿਆ ਸੁ ਮਿਟੈ ਨ ਮਿਟਈਆ ॥੩॥

جِسُ ستِگُرُ بھیٹے سُ کنچنُ ہووے
جو دھُرِ لِکھیا سُ مِٹے ن مِٹئیا ॥3॥

ਰਤਨ ਪਦਾਰਥ ਗੁਰਮਤਿ ਪਾਵੈ
ਸਾਗਰ ਭਗਤਿ ਭੰਡਾਰ ਖੁਲ੍ਹਈਆ ॥

رتن پدارتھ گُرمتِ پاوے
ساگر بھگتِ بھنڈار کھُلّہئیا ॥

ਗੁਰ ਚਰਣੀ ਇਕ ਸਰਧਾ ਉਪਜੀ
ਮੈ ਹਰਿ ਗੁਣ ਕਹਤੇ ਤ੍ਰਿਪਤਿ ਨ ਭਈਆ ॥੪॥

گُر چرنی اِک سردھا اُپجی
مے ہرِ گُنؒ کہتے تّرِپتِ ن بھئیا ॥4॥

ਪਰਮ ਬੈਰਾਗੁ ਨਿਤ ਨਿਤ ਹਰਿ ਧਿਆਏ
ਮੈ ਹਰਿ ਗੁਣ ਕਹਤੇ ਭਾਵਨੀ ਕਹੀਆ ॥

پرم بیراگُ نِت نِت ہرِ دھیائے
مے ہرِ گُنؒ کہتے بھاونی کہیا ॥

ਬਾਰ ਬਾਰ ਖਿਨੁ ਖਿਨੁ ਪਲੁ ਕਹੀਐ
ਹਰਿ ਪਾਰੁ ਨ ਪਾਵੈ ਪਰੈ ਪਰਈਆ ॥੫॥

بار بار کھِنُ کھِنُ پلُ کہیئے
ہرِ پارُ ن پاوے پرے پرئیا ॥5॥

ਸਾਸਤ ਬੇਦ ਪੁਰਾਣ ਪੁਕਾਰਹਿ
ਧਰਮੁ ਕਰਹੁ ਖਟੁ ਕਰਮ ਦ੍ਰਿੜਈਆ ॥

ساست بید پُراںؒ پُکارہِ
دھرمُ کرہُ کھٹُ کرم دّرِڑئیا ॥

ਮਨਮੁਖ ਪਾਖੰਡਿ ਭਰਮਿ ਵਿਗੂਤੇ
ਲੋਭ ਲਹਰਿ ਨਾਵ ਭਾਰਿ ਬੁਡਈਆ ॥੬॥

منمکھ پاکھنّڈِ بھرمِ وِگوُتے
لوبھ لہرِ ناو بھارِ بُڈّئیا ॥6॥

ਨਾਮੁ ਜਪਹੁ ਨਾਮੇ ਗਤਿ ਪਾਵਹੁ
ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਈਆ ॥

نامُ جپہُ نامے گتِ پاوہُ
سِمرّتِ ساستّر نامُ دّرِڑئیا ॥

ਹਉਮੈ ਜਾਇ ਤ ਨਿਰਮਲੁ ਹੋਵੈ
ਗੁਰਮੁਖਿ ਪਰਚੈ ਪਰਮ ਪਦੁ ਪਈਆ ॥੭॥

ہئُمے جاءِ ت نِرملُ ہووے
گُرمُکھِ پرچے پرم پدُ پئیا ॥7॥

ਇਹੁ ਜਗੁ ਵਰਨੁ ਰੂਪੁ ਸਭੁ ਤੇਰਾ
ਜਿਤੁ ਲਾਵਹਿ ਸੇ ਕਰਮ ਕਮਈਆ ॥

اِہُ جگُ ورنُ روُپُ سبھُ تیرا

ਨਾਨਕ ਜੰਤ ਵਜਾਏ ਵਾਜਹਿ
ਜਿਤੁ ਭਾਵੈ ਤਿਤੁ ਰਾਹਿ ਚਲਈਆ ॥੮॥੨॥੫॥

ਬਿਲਾਵਲੁ ਮਹਲਾ ੪ ॥

ਗੁਰਮੁਖਿ ਅਗਮ ਅਗੋਚਰੁ ਧਿਆਇਆ
ਹਉ ਬਲਿ ਬਲਿ ਸਤਿਗੁਰ ਸਤਿ ਪੁਰਖਈਆ ॥

ਰਾਮ ਨਾਮੁ ਮੇਰੈ ਪ੍ਰਾਣਿ ਵਸਾਏ
ਸਤਿਗੁਰ ਪਰਸਿ ਹਰਿ ਨਾਮਿ ਸਮਈਆ ॥੧॥

ਜਨ ਕੀ ਟੇਕ ਹਰਿ ਨਾਮੁ ਟਿਕਈਆ ॥

ਸਤਿਗੁਰ ਕੀ ਧਰ ਲਾਗਾ ਜਾਵਾ
ਗੁਰ ਕਿਰਪਾ ਤੇ ਹਰਿ ਦਰੁ ਲਹੀਆ ॥੧॥ ਰਹਾਉ ॥

ਇਹੁ ਸਰੀਰੁ ਕਰਮ ਕੀ ਧਰਤੀ
ਗੁਰਮੁਖਿ ਮਥਿ ਮਥਿ ਤਤੁ ਕਢਈਆ ॥

ਲਾਲੁ ਜਵੇਹਰ ਨਾਮੁ ਪ੍ਰਗਾਸਿਆ
ਭਾਂਡੈ ਭਾਉ ਪਵੈ ਤਿਤੁ ਅਈਆ ॥੨॥

ਦਾਸਨਿ ਦਾਸ ਦਾਸ ਹੋਇ ਰਹੀਐ
ਜੋ ਜਨ ਰਾਮ ਭਗਤ ਨਿਜ ਭਈਆ ॥

ਮਨੁ ਬੁਧਿ ਅਰਪਿ ਧਰਉ ਗੁਰ ਆਗੈ
ਗੁਰ ਪਰਸਾਦੀ ਮੈ ਅਕਥੁ ਕਥਈਆ ॥੩॥

ਮਨਮੁਖ ਮਾਇਆ ਮੋਹਿ ਵਿਆਪੇ
ਇਹੁ ਮਨੁ ਤ੍ਰਿਸਨਾ ਜਲਤ ਤਿਖਈਆ ॥

ਗੁਰਮਤਿ ਨਾਮੁ ਅੰਮ੍ਰਿਤ ਜਲੁ ਪਾਇਆ
ਅਗਨਿ ਬੁਝੀ ਗੁਰ ਸਬਦਿ ਬੁਝਈਆ ॥੪॥

ਇਹੁ ਮਨੁ ਨਾਚੈ ਸਤਿਗੁਰ ਆਗੈ
ਅਨਹਦ ਸਬਦ ਧੁਨਿ ਤੂਰ ਵਜਈਆ ॥

جِتُ لاوہِ سے کرم کمئیا ॥

نانک جنّت وجائے واجہِ
جِتُ بھاوے تِتُ راہِ چلئیا ॥8॥2॥5॥

بِلاول محلا 4 ॥

گُرمُکھِ اگم اگوچرُ دھیائیا
ہءُ بلِ بلِ ستِگُر ستِ پُرکھئیا ॥

رام نامُ میرے پّراٹِ وسائے
ستِگُر پرسِ ہرِ نامِ سمئیا ॥1॥

جن کی ٹیک ہرِ نامُ ٹِکئیا ॥

ستِگُر کی دھر لاگا جاوا
گُر کِرپا تے ہرِ درُ لہیا ॥1॥ رہاءُ ॥

اِہُ سریرُ کرم کی دھرتی
گُرمُکھِ متھِ متھِ تتُ کڈھئیا ॥

لالُ جویہر نامُ پّرگاسِیا
بھانڈے بھاءُ پوے تِتُ ائیا ॥2॥

داسنِ داس داس ہوءِ رہیئے
جو جن رام بھگت نِج بھئیا ॥

منُ بُدھِ ارپِ دھرءُ گُر آگے
گُر پرسادی مے اکتھُ کتھئیا ॥3॥

منمُکھ مائیا موہِ ویاپے
اِہُ منُ ترّسنا جلت تِکھئیا ॥

گُرمتِ نامُ انمّرت جلُ پائیا
اگنِ بُجھی گُر سبدِ بُجھئیا ॥4॥

اِہُ منُ ناچے ستِگُر آگے
انہد سبد دھُنِ توُر وجئیا ॥

ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ
ਰਖਿ ਰਖਿ ਚਰਣ ਹਰਿ ਤਾਲ ਪੂਰਈਆ ॥੫॥

ہرِ ہرِ اُستتِ کرے دِنُ راتی
رکھِ رکھِ چرنؔ ہرِ تال پوُرئیا ॥5॥

ਹਰਿ ਕੈ ਰੰਗਿ ਰਤਾ ਮਨੁ ਗਾਵੈ
ਰਸਿ ਰਸਾਲ ਰਸਿ ਸਬਦੁ ਰਵਈਆ ॥

ہرِ کے رنگِ رتا منُ گاوے
رسِ رسال رسِ سبدُ روئیا ॥

ਨਿਜ ਘਰਿ ਧਾਰ ਚੁਐ ਅਤਿ ਨਿਰਮਲ
ਜਿਨਿ ਪੀਆ ਤਿਨ ਹੀ ਸੁਖੁ ਲਹੀਆ ॥੬॥

نِج گھرِ دھار چُےَ اتِ نِرمل
جِنِ پِیا تِن ہی سُکھُ لہِیا ॥6॥

ਮਨਹਠਿ ਕਰਮ ਕਰੈ ਅਭਿਮਾਨੀ
ਜਿਉ ਬਾਲਕ ਬਾਲੂ ਘਰ ਉਸਰਈਆ ॥

منہٹھِ کرم کرے ابھِمانی
جِءُ بالک بالوُ گھر اُسرئیا ॥

ਆਵੈ ਲਹਰਿ ਸਮੁੰਦ ਸਾਗਰ ਕੀ
ਖਿਨ ਮਹਿ ਭਿੰਨ ਭਿੰਨ ਢਹਿ ਪਈਆ ॥੭॥

آوے لہرِ سمُندّ ساگر کی
کھِن مہِ بھِنّ بھِنّ ڈھہِ پئیا ॥7॥

ਹਰਿ ਸਰੁ ਸਾਗਰੁ ਹਰਿ ਹੈ ਆਪੇ
ਇਹੁ ਜਗੁ ਹੈ ਸਭੁ ਖੇਲੁ ਖੇਲਈਆ ॥

ہرِ سرُ ساگرُ ہرِ ہے آپے
اِہُ جگُ ہے سبھُ کھیلُ کھیلئیا ॥

ਜਿਉ ਜਲ ਤਰੰਗ ਜਲੁ ਜਲਹਿ ਸਮਾਵਹਿ
ਨਾਨਕ ਆਪੇ ਆਪਿ ਰਮਈਆ ॥੮॥੩॥੬॥

جِءُ جل ترنگ جلُ جلہِ سماوہِ
نانک آپے آپِ رمئیا ॥8॥3॥6॥

ਬਿਲਾਵਲੁ ਮਹਲਾ ੪ ॥

بِلاولُ محلا 4 ॥

ਸਤਿਗੁਰੁ ਪਰਚੈ ਮਨਿ ਮੁੰਦ੍ਰਾ ਪਾਈ
ਗੁਰ ਕਾ ਸਬਦੁ ਤਨਿ ਭਸਮ ਦ੍ਰਿੜਈਆ ॥

ستِگُرُ پرچےَ منِ مُندّرا پائی
گُر کا سبدُ تنِ بھسم دڑِڑئیا ॥

ਅਮਰ ਪਿੰਡ ਭਏ ਸਾਧੂ ਸੰਗਿ
ਜਨਮ ਮਰਨ ਦੋਊ ਮਿਟਿ ਗਈਆ ॥੧॥

امرِ پنڈّ بھئے سادھوُ سنگِ
جنم مرن دوئوُ مِٹِ گئیا ॥1॥

ਮੇਰੇ ਮਨ ਸਾਧਸੰਗਤਿ ਮਿਲਿ ਰਹੀਆ ॥

میرے من سادھسنگتِ مِلِ رہِیا ॥

ਕ੍ਰਿਪਾ ਕਰਹੁ ਮਧਸੂਦਨ ਮਾਧਉ
ਮੈ ਖਿਨੁ ਖਿਨੁ ਸਾਧੂ ਚਰਣ ਪਖਈਆ ॥੧॥ ਰਹਾਉ ॥

کرِپا کرہُ مدھسوُدن مادھءُ
مے کھِنُ کھِنُ سادھوُ چرنؔ پکھئیا ॥1॥ رہاءُ ॥

ਤਜੈ ਗਿਰਸਤੁ ਭਇਆ ਬਨ ਵਾਸੀ
ਇਕੁ ਖਿਨੁ ਮਨੂਆ ਟਿਕੈ ਨ ਟਿਕਈਆ ॥

تجےَ گِرستُ بھئیا بن واسی
اِکُ کھِنُ منوُیا ٹِکےَ ن ٹِکئیا ॥

ਧਾਵਤੁ ਧਾਇ ਤਦੇ ਘਰਿ ਆਵੈ

دھاوتُ دھاءِ تدے گھرِ آوے

ਹਰਿ ਹਰਿ ਸਾਧੂ ਸਰਣਿ ਪਵਈਆ ॥੨॥

ہرِ ہرِ سادھوُ سرنِٹ پوئیا ॥2॥

ਧੀਆ ਪੂਤ ਛੋਡਿ ਸੰਨਿਆਸੀ
ਆਸਾ ਆਸ ਮਨਿ ਬਹੁਤੁ ਕਰਈਆ ॥

دھیِیا پوُت چھوڈِ سنّیاسی
آسا آس منِ بہُتُ کرئیا ॥

ਆਸਾ ਆਸ ਕਰੈ ਨਹੀ ਬੂਝੈ
ਗੁਰ ਕੈ ਸਬਦਿ ਨਿਰਾਸ ਸੁਖੁ ਲਹੀਆ ॥੩॥

آسا آس کرے نہی بوُجھےَ
گُر کے سبدِ نِراس سُکھُ لہِیا ॥3॥

ਉਪਜੀ ਤਰਕ ਦਿਗੰਬਰੁ ਹੋਆ
ਮਨੁ ਦਹ ਦਿਸ ਚਲਿ ਚਲਿ ਗਵਨੁ ਕਰਈਆ ॥

اُپجی ترک دِگنّبرُ ہویا
منُ دہ دِس چلِ چلِ گونُ کرئیا ॥

ਪ੍ਰਭਵਨੁ ਕਰੈ ਬੂਝੈ ਨਹੀ ਤ੍ਰਿਸਨਾ
ਮਿਲਿ ਸੰਗਿ ਸਾਧ ਦਇਆ ਘਰੁ ਲਹੀਆ ॥੪॥

پربھونُ کرے بوُجھےَ نہی ترِسنا
مِلِ سنگِ سادھ دئیا گھرُ لہِیا ॥4॥

ਆਸਣ ਸਿਧ ਸਿਖਹਿ ਬਹੁਤੇਰੇ
ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ ॥

آسنٹ سِدھ سِکھہِ بہتیرے
منِ ماگہِ رِدھِ سِدھِ چیٹک چیٹکئیا ॥

ਤ੍ਰਿਪਤਿ ਸੰਤੋਖੁ ਮਨਿ ਸਾਂਤਿ ਨ ਆਵੈ
ਮਿਲਿ ਸਾਧੂ ਤ੍ਰਿਪਤਿ ਹਰਿ ਨਾਮਿ ਸਿਧਿ ਪਈਆ ॥੫॥

ترِپتِ سنتوکھُ منِ سانتِ ن آوےَ
مِلِ سادھوُ ترِپتِ ہرِ نامِ سِدھِ پئیا ॥5॥

ਅੰਡਜ ਜੇਰਜ ਸੇਤਜ ਉਤਭੁਜ
ਸਭਿ ਵਰਨ ਰੂਪ ਜੀਅ ਜੰਤ ਉਪਈਆ ॥

انڈج جیرج سیتج اُتبھُج
سبھِ ورن روُپ جیء جنّت اُپئیا ॥

ਸਾਧੂ ਸਰਣਿ ਪਰੈ ਸੋ ਉਬਰੈ
ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲੁ ਚੰਡਈਆ ॥੬॥

سادھوُ سرنِٹ پرےَ سو اُبرےَ
کھتّری برّاہمنُٹ سوُدُ ویَسُ چنڈالُ چنڈئیا ॥6॥

ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ
ਅਉਜਾਤਿ ਰਵਿਦਾਸੁ ਚਮਿਆਰੁ ਚਮਈਆ ॥

ناما جیَدیءُ کنّبیرُ ترِلوچنُ
انُجاتِ روِداسُ چمِیارُ چمئیا ॥

ਜੋ ਜੋ ਮਿਲੈ ਸਾਧੂ ਜਨ ਸੰਗਤਿ
ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ ॥੭॥

جو جو مِلےَ سادھوُ جن سنگتِ
دھنُ دھنّا جٹُ سینٹُ مِلیا ہرِ دئیا ॥7॥

ਸੰਤ ਜਨਾ ਕੀ ਹਰਿ ਪੈਜ ਰਖਾਈ
ਭਗਤਿ ਵਛਲੁ ਅੰਗੀਕਾਰੁ ਕਰਈਆ ॥

سنّت جنا کی ہرِ پیج رکھائی
بھگتِ وچھلُ انگیکارُ کرئیا ॥

ਨਾਨਕ ਸਰਣਿ ਪਰੇ ਜਗਜੀਵਨ
ਹਰਿ ਹਰਿ ਕਿਰਪਾ ਧਾਰਿ ਰਖਈਆ ॥੮॥੪॥੭॥

نانک سرنِٹ پرے جگجیون
ہرِ ہرِ کِرپا دھارِ رکھئیا ॥8॥4॥7॥

ਬਿਲਾਵਲੁ ਮਹਲਾ ੪ ॥

ਅੰਤਰਿ ਪਿਆਸ ਉਠੀ ਪ੍ਰਭ ਕੇਰੀ
ਸੁਣਿ ਗੁਰ ਬਚਨ ਮਨਿ ਤੀਰ ਲਗਈਆ ॥

ਮਨ ਕੀ ਬਿਰਥਾ ਮਨ ਹੀ ਜਾਣੈ
ਅਵਰੁ ਕਿ ਜਾਣੈ ਕੋ ਪੀਰ ਪਰਈਆ ॥੧॥

ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ ॥

ਹਉ ਆਕਲ ਬਿਕਲ ਭਈ ਗੁਰ ਦੇਖੇ
ਹਉ ਲੋਟ ਪੋਟ ਹੋਇ ਪਈਆ ॥੧॥ ਰਹਾਉ ॥

ਹਉ ਨਿਰਖਤ ਫਿਰਉ ਸਭਿ ਦੇਸ ਦਿਸੰਤਰ
ਮੈ ਪ੍ਰਭ ਦੇਖਨ ਕੋ ਬਹੁਤੁ ਮਨਿ ਚਈਆ ॥

ਮਨੁ ਤਨੁ ਕਾਟਿ ਦੇਉ ਗੁਰ ਆਗੈ
ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਈਆ ॥੨॥

ਕੋਈ ਆਣਿ ਸਦੇਸਾ ਦੇਇ ਪ੍ਰਭ ਕੇਰਾ
ਰਿਦ ਅੰਤਰਿ ਮਨਿ ਤਨਿ ਮੀਠ ਲਗਈਆ ॥

ਮਸਤਕੁ ਕਾਟਿ ਦੇਉ ਚਰਣਾ ਤਲਿ
ਜੋ ਹਰਿ ਪ੍ਰਭੁ ਮੇਲੇ ਮੇਲਿ ਮਿਲਈਆ ॥੩॥

ਚਲੁ ਚਲੁ ਸਖੀ ਹਮ ਪ੍ਰਭੁ ਪਰਬੋਧਹ
ਗੁਣ ਕਾਮਣ ਕਰਿ ਹਰਿ ਪ੍ਰਭੁ ਲਹੀਆ ॥

ਭਗਤਿ ਵਛਲੁ ਉਆ ਕੋ ਨਾਮੁ ਕਹੀਅਤੁ ਹੈ
ਸਰਣਿ ਪ੍ਰਭੂ ਤਿਸੁ ਪਾਛੈ ਪਈਆ ॥੪॥

ਖਿਮਾ ਸੀਗਾਰ ਕਰੇ ਪ੍ਰਭ ਖੁਸੀਆ
ਮਨਿ ਦੀਪਕ ਗੁਰ ਗਿਆਨੁ ਬਲਈਆ ॥

ਰਸਿ ਰਸਿ ਭੋਗ ਕਰੇ ਪ੍ਰਭੁ ਮੇਰਾ
ਹਮ ਤਿਸੁ ਆਗੈ ਜੀਉ ਕਟਿ ਕਟਿ ਪਈਆ ॥੫॥

ਹਰਿ ਹਰਿ ਹਾਰੁ ਕੰਠਿ ਹੈ ਬਨਿਆ

بِلاولُ محلا 4 ॥

انترِ پیاس اُٹھی پربھ کیری
سُنِ گُر بچن منِ تیر لگئیا ॥

من کی برتھا من ہی جانے
اورُ کِ جانے کو پیر پرئیا ॥1॥

رام گُرِ موہنِ موہِ منُ لئیا ॥

ہءُ آکل بِکل بھئی گُر دیکھے
ہءُ لوٹ پوٹ ہوءِ پئیا ॥1॥ رہاءُ ॥

ہءُ نِرکھت پھِرءُ سبھِ دیس دِسنّتر
مے پربھ دیکھن کو بہُتُ منِ چئیا ॥

منُ تنُ کاٹِ دیءُ گُر آگے
جِنِ ہرِ پربھ مارگُ پنّتھُ دِکھئیا ॥2॥

کوئی آنِ سدیسا دےءِ پربھ کیرا
رِد انترِ منِ تنِ میٹھ لگئیا ॥

مستکُ کاٹِ دیءُ چرنّا تلِ
جو ہرِ پربھُ میلے میلِ ملئیا ॥3॥

چلُ چلُ سکھی ہم پربھُ پربودھہ
گُنّ کامنّ کرِ ہرِ پربھُ لہیا ॥

بھگتِ وچھلُ اُیا کو نامُ کہیئتُ ہے
سرنِ پربھوُ تِس پاچھے پئیا ॥4॥

کھِما سیگار کرے پربھ کھُسیا
منِ دیپک گُر گیانُ بلئیا ॥

رس رس بھوگ کرے پربھُ میرا
ہم تِس آگے جیءُ کٹِ کٹِ پئیا ॥5॥

ہرِ ہرِ ہارُ کنٹھِ ہے بنیا

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) (ਰਾਜਾ صاہب) سری گُرو نانک دیو جی مہاراج دے 550ویں پرکاش پُرب نوں سمرپت | سیوا: بھائی بلجندر سنگھ جی

ਮਨੁ ਮੋਤੀਚੂਰੁ ਵਡ ਗਹਨ ਗਹਨਈਆ ॥

من موتیچُورُ وڈ گہن گہنئیا ॥

ਹਰਿ ਹਰਿ ਸਰਧਾ ਸੇਜ ਵਿਛਾਈ
ਪ੍ਰਭੁ ਛੋਡਿ ਨ ਸਕੈ ਬਹੁਤੁ ਮਨਿ ਭਈਆ ॥੬॥

ہرِ ہرِ سردھا سیج وِچھائی
پربھُ چھوڈِ ن سکے بہُت منِ بھئیا ॥6॥

ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ
ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥

کہے پربھُ اورُ اورُ کچھُ کیجے
سبھُ بادِ سیگارُ پھوکٹ پھوکٹئیا ॥

ਕੀਓ ਸੀਗਾਰੁ ਮਿਲਣ ਕੈ ਤਾਈ
ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥੭॥

کیئو سیگارُ مِلن کے تائی
پربھُ لیئو سُہاگنِ تھوُک مُکھِ پئیا ॥7॥

ਹਮ ਚੇਰੀ ਤੂ ਅਗਮ ਗੁਸਾਈ
ਕਿਆ ਹਮ ਕਰਹ ਤੇਰੈ ਵਸਿ ਪਈਆ ॥

ہم چیری توُ اگم گُسائی
کِیا ہم کرہ تیرے وسِ پئیا ॥

ਦਇਆ ਦੀਨ ਕਰਹੁ ਰਖਿ ਲੇਵਹੁ
ਨਾਨਕ ਹਰਿ ਗੁਰ ਸਰਣਿ ਸਮਈਆ ॥੮॥੫॥੮॥

دئیا دِین کرہُ رکھِ لیوہُ
نانک ہرِ گُر سرنِ سمئیا ॥8॥5॥8॥

ਬਿਲਾਵਲੁ ਮਹਲਾ ੪ ॥

بِلاولُ محلا 4 ॥

ਮੈ ਮਨਿ ਤਨਿ ਪ੍ਰੇਮੁ ਅਗਮ ਠਾਕੁਰ ਕਾ
ਖਿਨੁ ਖਿਨੁ ਸਰਧਾ ਮਨਿ ਬਹੁਤੁ ਉਠਈਆ ॥

مے منِ تنِ پریمُ اگم ٹھاکُر کا
کھِنُ کھِنُ سردھا منِ بہُت اُٹھئیا ॥

ਗੁਰ ਦੇਖੇ ਸਰਧਾ ਮਨ ਪੂਰੀ
ਜਿਉ ਚਾਤ੍ਰਿਕ ਪ੍ਰਿਉ ਪ੍ਰਿਉ ਬੂੰਦ ਮੁਖਿ ਪਈਆ ॥੧॥

گُر دیکھے سردھا من پوُری
جِءُ چاتّرِک پرِءُ پرِءُ بوُند مُکھِ پئیا ॥1॥

ਮਿਲੁ ਮਿਲੁ ਸਖੀ ਹਰਿ ਕਥਾ ਸੁਨਈਆ ॥

مِلُ مِلُ سکھی ہرِ کتھا سُنئیا ॥

ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ
ਮੈ ਤਿਸੁ ਆਗੈ ਸਿਰੁ ਕਟਿ ਕਟਿ ਪਈਆ ॥੧॥ ਰਹਾਉ ॥

ستِگُرُ دئیا کرے پربھُ میلے
مے تِس آگے سِرُ کٹِ کٹِ پئیا ॥1॥ رہاءُ ॥

ਰੋਮਿ ਰੋਮਿ ਮਨਿ ਤਨਿ ਇਕ ਬੇਦਨ
ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ ॥

رومِ رومِ منِ تنِ اِک بیدن
مے پربھ دیکھے بِنُ نیِد ن پئیا ॥

ਬੈਦਕ ਨਾਟਿਕ ਦੇਖਿ ਭੁਲਾਨੇ
ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ ॥੨॥

بیدک ناٹِک دیکھِ بھُلانے
مے ہِردے منِ تنِ پریم پیر لگئیا ॥2॥

ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ
ਜਿਉ ਬਿਨੁ ਅਮਲੈ ਅਮਲੀ ਮਰਿ ਗਈਆ ॥

ہءُ کھِنُ پلُ رہِ ن سکءُ بِنُ پریتم
جِءُ بِنُ املے املی مرِ گئیا ॥

ਜਿਨ ਕਉ ਪਿਆਸ ਹੋਇ ਪ੍ਰਭ ਕੇਰੀ
ਤਿਨ੍ ਅਵਰੁ ਨ ਭਾਵੈ ਬਿਨੁ ਹਰਿ ਕੋ ਦੁਈਆ ॥੩॥

جِن ک ءُ پیاس ہوءِ پربھ کیری
تِنّہ اورُ ن بھاوے بِنُ ہرِ کو دُئیا ॥3॥

ਕੋਈ ਆਨਿ ਆਨਿ ਮੇਰਾ ਪ੍ਰਭੂ ਮਿਲਾਵੈ
ਹਉ ਤਿਸੁ ਵਿਟਹੁ ਬਲਿ ਬਲਿ ਘੁਮਿ ਗਈਆ ॥

کوئی آنِ آنِ میرا پربھوُ مِلاوے
ہءُ تِس وِٹہُ بلِ بلِ گھُمِ گئیا ॥

ਅਨੇਕ ਜਨਮ ਕੇ ਵਿਛੁੜੇ ਜਨ ਮੇਲੇ
ਜਾ ਸਤਿ ਸਤਿ ਸਤਿਗੁਰ ਸਰਣਿ ਪਵਈਆ ॥੪॥

انیک جنم کے وِچھُڑے جن میلے
جا ستِ ستِ ستِگُر سرنِ پوئیا ॥4॥

ਸੇਜ ਏਕ ਏਕੋ ਪ੍ਰਭੁ ਠਾਕੁਰੁ
ਮਹਲੁ ਨ ਪਾਵੈ ਮਨਮੁਖ ਭਰਮਈਆ ॥

سیج ایک ایکو پربھُ ٹھاکُرُ
محلُ ن پاوے منمُکھ بھرمئیا ॥

ਗੁਰੁ ਗੁਰੁ ਕਰਤ ਸਰਣਿ ਜੇ ਆਵੈ
ਪ੍ਰਭੁ ਆਇ ਮਿਲੈ ਖਿਨੁ ਢੀਲ ਨ ਪਈਆ ॥੫॥

گُرُ گُرُ کرت سرنِ جے آوے
پربھُ آءِ ملے کھِنُ ڈھیل ن پئیا ॥5॥

ਕਰਿ ਕਰਿ ਕਿਰਿਆਚਾਰ ਵਧਾਏ
ਮਨਿ ਪਾਖੰਡ ਕਰਮੁ ਕਪਟ ਲੋਭਈਆ ॥

کرِ کرِ کِریاچار ودھائے
منِ پاکھنڈ کرمُ کپٹ لوبھئیا ॥

ਬੇਸੁਆ ਕੈ ਘਰਿ ਬੇਟਾ ਜਨਮਿਆ
ਪਿਤਾ ਤਾਹਿ ਕਿਆ ਨਾਮੁ ਸਦਈਆ ॥੬॥

بیسُیا کے گھرِ بیٹا جنمیا
پِتا تاہِ کیا نامُ سدئیا ۔ ॥6॥

ਪੂਰਬ ਜਨਮਿ ਭਗਤਿ ਕਰਿ ਆਏ
ਗੁਰਿ ਹਰਿ ਹਰਿ ਹਰਿ ਹਰਿ ਭਗਤਿ ਜਮਈਆ ॥

پُورب جنمِ بھگتِ کرِ آئے
گُرِ ہرِ ہرِ ہرِ ہرِ بھگتِ جمئیا ॥

ਭਗਤਿ ਭਗਤਿ ਕਰਤੇ ਹਰਿ ਪਾਇਆ
ਜਾ ਹਰਿ ਹਰਿ ਹਰਿ ਹਰਿ ਨਾਮਿ ਸਮਈਆ ॥੭॥

بھگتِ بھگتِ کرتے ہرِ پائیا
جا ہرِ ہرِ ہرِ ہرِ نامِ سمئیا ॥7॥

ਪ੍ਰਭਿ ਆਣਿ ਆਣਿ ਮਹਿੰਦੀ ਪੀਸਾਈ
ਆਪੇ ਘੋਲਿ ਘੋਲਿ ਅੰਗਿ ਲਈਆ ॥

پربھِ آنِ آنِ مہندی پِسائی
آپے گھولِ گھولِ انگِ لئیا ॥

ਜਿਨ ਕਉ ਠਾਕੁਰਿ ਕਿਰਪਾ ਧਾਰੀ
ਬਾਹ ਪਕਰਿ ਨਾਨਕ ਕਢਿ ਲਈਆ ॥੮॥੬॥੨॥੧॥੬॥੯॥

جِن ک ءُ ٹھاکُرِ کِرپا دھاری
باہ پکرِ نانک کڈھِ لئیا ॥8॥6॥2॥1॥6॥9॥

ਰਾਗੁ ਬਿਲਾਵਲੁ ਮਹਲਾ ੫ ਅਸਟਪਦੀ ਘਰੁ ੧੨

راگُ بِلاولُ محلا 5 اسٹپدی گھرُ 12

ੴ ਸਤਿਗੁਰ ਪ੍ਰਸਾਦਿ ॥

ॴ ستِگُر پرسادِ ॥

ਉਪਮਾ ਜਾਤ ਨ ਕਹੀ ਮੇਰੇ ਪ੍ਰਭ ਕੀ

اُپما جات ن کہی میرے پربھ کی

ਉਪਮਾ ਜਾਤ ਨ ਕਹੀ ॥	اُپما جات ن کہی ॥
ਤਜਿ ਆਨ ਸਰਣਿ ਗਹੀ ॥੧॥ ਰਹਾਉ ॥	تجِ آن سرنِ گہی ॥1॥ رہاءُ ॥
ਪ੍ਰਭ ਚਰਨ ਕਮਲ ਅਪਾਰ ॥	پربھ چرن کمل اپار ॥
ਹਉ ਜਾਉ ਸਦ ਬਲਿਹਾਰ ॥	ہءُ جاءُ سد بلِہار ॥
ਮਨਿ ਪ੍ਰੀਤਿ ਲਾਗੀ ਤਾਹਿ ॥	منِ پریتِ لاگی تاہِ ॥
ਤਜਿ ਆਨ ਕਤਹਿ ਨ ਜਾਹਿ ॥੧॥	تجِ آن کتہِ ن جاہِ ॥1॥
ਹਰਿ ਨਾਮ ਰਸਨਾ ਕਹਨ ॥	ہرِ نام رسنا کہن ॥
ਮਲ ਪਾਪ ਕਲਮਲ ਦਹਨ ॥	مل پاپ کلمل دہن ॥
ਚੜਿ ਨਾਵ ਸੰਤ ਉਧਾਰਿ ॥	چڑِ ناو سنّت اُدھارِ ॥
ਭੈ ਤਰੇ ਸਾਗਰ ਪਾਰਿ ॥੨॥	بھے ترے ساگر پارِ ॥2॥
ਮਨਿ ਡੋਰਿ ਪ੍ਰੇਮ ਪਰੀਤਿ ॥	منِ ڈورِ پریم پریتِ ॥
ਇਹ ਸੰਤ ਨਿਰਮਲ ਰੀਤਿ ॥	اِہ سنّت نِرمل ریتِ ॥
ਤਜਿ ਗਏ ਪਾਪ ਬਿਕਾਰ ॥	تجِ گئے پاپ بِکار ॥
ਹਰਿ ਮਿਲੇ ਪ੍ਰਭ ਨਿਰੰਕਾਰ ॥੩॥	ہرِ ملے پربھ نِرنکار ॥3॥
ਪ੍ਰਭ ਪੇਖੀਐ ਬਿਸਮਾਦ ॥	پربھ پیکھیئے بِسماد ॥
ਚਖਿ ਅਨਦ ਪੂਰਨ ਸਾਦ ॥	چکھِ اند پوُرن ساد ॥
ਨਹ ਡੋਲੀਐ ਇਤ ਊਤ ॥	نہ ڈولیئے اِت اوُت ॥
ਪ੍ਰਭ ਬਸੇ ਹਰਿ ਹਰਿ ਚੀਤ ॥੪॥	پربھ بسے ہرِ ہرِ چیت ॥4॥
ਤਿਨ੍ ਨਾਹਿ ਨਰਕ ਨਿਵਾਸੁ ॥	تِنّہ ناہِ نرک نِواسُ ॥
ਨਿਤ ਸਿਮਰਿ ਪ੍ਰਭ ਗੁਣਤਾਸੁ ॥	نِت سِمرِ پربھ گُنتاسُ ॥
ਤੇ ਜਮੁ ਨ ਪੇਖਹਿ ਨੈਨ ॥	تے جمُ ن پیکھہِ نیَن ॥
ਸੁਨਿ ਮੋਹੇ ਅਨਹਤ ਬੈਨ ॥੫॥	سُنِ موہے انہت بیَن ॥5॥

ਹਰਿ ਸਰਣਿ ਸੂਰ ਗੁਪਾਲ ॥	ہرِ سرنِ سوُر گپال ॥
ਪ੍ਰਭ ਭਗਤ ਵਸਿ ਦਇਆਲ ॥	پربھ بھگت وسِ دیئال ॥
ਹਰਿ ਨਿਗਮ ਲਹਹਿ ਨ ਭੇਵ ॥	ہرِ نِگم لہہِ ن بھیو ॥
ਨਿਤ ਕਰਹਿ ਮੁਨਿ ਜਨ ਸੇਵ ॥੬॥	نِت کرہِ مُنِ جن سیو ॥6॥
ਦੁਖ ਦੀਨ ਦਰਦ ਨਿਵਾਰ ॥	دُکھ دِین درد نِوار ॥
ਜਾ ਕੀ ਮਹਾ ਬਿਖੜੀ ਕਾਰ ॥	جا کی مہا بِکھڑی کار ॥
ਤਾ ਕੀ ਮਿਤਿ ਨ ਜਾਨੈ ਕੋਇ ॥	تا کی مِتِ ن جانے کوءِ ॥
ਜਲਿ ਥਲਿ ਮਹੀਅਲਿ ਸੋਇ ॥੭॥	جلِ تھلِ مہیئلِ سوءِ ॥7॥
ਕਰਿ ਬੰਦਨਾ ਲਖ ਬਾਰ ॥	کرِ بندنا لکھ بار ॥
ਥਕਿ ਪਰਿਓ ਪ੍ਰਭ ਦਰਬਾਰ ॥	تھکِ پرِئو پربھ دربار ॥
ਪ੍ਰਭ ਕਰਹੁ ਸਾਧੂ ਧੂਰਿ ॥	پربھ کرہُ سادھوُ دھوُرِ ॥
ਨਾਨਕ ਮਨਸਾ ਪੂਰਿ ॥੮॥੧॥	نانک منسا پوُرِ ॥8॥1॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਪ੍ਰਭ ਜਨਮ ਮਰਨ ਨਿਵਾਰਿ ॥	پربھ جنم مرن نِوارِ ॥
ਹਾਰਿ ਪਰਿਓ ਦੁਆਰਿ ॥	ہارِ پرِئو دُیارِ ॥
ਗਹਿ ਚਰਨ ਸਾਧੂ ਸੰਗ ॥	گہِ چرن سادھوُ سنگ ॥
ਮਨ ਮਿਸਟ ਹਰਿ ਹਰਿ ਰੰਗ ॥	من مِسٹ ہرِ ہرِ رنگ ॥
ਕਰਿ ਦਇਆ ਲੇਹੁ ਲੜਿ ਲਾਇ ॥	کرِ دیئیا لیہُ لڑِ لاءِ ॥
ਨਾਨਕਾ ਨਾਮੁ ਧਿਆਇ ॥੧॥	نانکا نامُ دھیاءِ ॥1॥
ਦੀਨਾ ਨਾਥ ਦਇਆਲ ਮੇਰੇ ਸੁਆਮੀ ਦੀਨਾ ਨਾਥ ਦਇਆਲ ॥	دِینا ناتھ دیئال میرے سُیامی دِینا ناتھ دیئال ۔ ॥
ਜਾਚਉ ਸੰਤ ਰਵਾਲ ॥੧॥ ਰਹਾਉ ॥	جاچءُ سنّت روال ॥1॥ رہاءُ ॥
ਸੰਸਾਰੁ ਬਿਖਿਆ ਕੂਪ ॥	سنّسارُ بِکھیا کوُپ ॥

ਤਮ ਅਗਿਆਨ ਮੋਹਤ ਘੂਪ ॥	تم اگیان موہت گھوُپ ॥
ਗਹਿ ਭੁਜਾ ਪ੍ਰਭ ਜੀ ਲੇਹੁ ॥	گہِ بھُجا پرّبھ جی لیہُ ॥
ਹਰਿ ਨਾਮੁ ਅਪੁਨਾ ਦੇਹੁ ॥	ہرِ نامُ اپُنا دیہُ ॥
ਪ੍ਰਭ ਤੁਝ ਬਿਨਾ ਨਹੀ ਠਾਉ ॥	پرّبھ تُجھ بِنا نہی ٹھاءُ ॥
ਨਾਨਕਾ ਬਲਿ ਬਲਿ ਜਾਉ ॥੨॥	نانکا بلِ بلِ جاءُ ॥2॥
ਲੋਭਿ ਮੋਹਿ ਬਾਧੀ ਦੇਹ ॥	لوبھِ موہِ بادھی دیہ ॥
ਬਿਨੁ ਭਜਨ ਹੋਵਤ ਖੇਹ ॥	بِنُ بھجن ہووت کھیہ ॥
ਜਮਦੂਤ ਮਹਾ ਭਇਆਨ ॥	جمدوُت مہا بھئیان ॥
ਚਿਤ ਗੁਪਤ ਕਰਮਹਿ ਜਾਨ ॥	چِت گُپت کرمہِ جان ॥
ਦਿਨੁ ਰੈਨਿ ਸਾਖਿ ਸੁਨਾਇ ॥	دِنُ ریَنِ ساکھِ سُناءِ ॥
ਨਾਨਕਾ ਹਰਿ ਸਰਨਾਇ ॥੩॥	نانکا ہرِ سرناءِ ॥3॥
ਭੈ ਭੰਜਨਾ ਮੁਰਾਰਿ ॥	بھے بھنّجنا مُرارِ ॥
ਕਰਿ ਦਇਆ ਪਤਿਤ ਉਧਾਰਿ ॥	کرِ دئیا پتِت اُدھارِ ॥
ਮੇਰੇ ਦੋਖ ਗਨੇ ਨ ਜਾਹਿ ॥	میرے دوکھ گنے ن جاہِ ॥
ਹਰਿ ਬਿਨਾ ਕਤਹਿ ਸਮਾਹਿ ॥	ہرِ بِنا کتہِ سماہِ ॥
ਗਹਿ ਓਟ ਚਿਤਵੀ ਨਾਥ ॥	گہِ اوٹ چِتوی ناتھ ۔ ॥
ਨਾਨਕਾ ਦੇ ਰਖੁ ਹਾਥ ॥੪॥	نانکا دے رکھُ ہاتھ ॥4॥
ਹਰਿ ਗੁਣ ਨਿਧੇ ਗੋਪਾਲ ॥	ہرِ گُنّ نِدھے گوپال ॥
ਸਰਬ ਘਟ ਪ੍ਰਤਿਪਾਲ ॥	سرب گھٹ پرتپال ॥
ਮਨਿ ਪ੍ਰੀਤਿ ਦਰਸਨ ਪਿਆਸ ॥	منِ پرّیتِ درسن پِیاس ॥
ਗੋਬਿੰਦ ਪੂਰਨ ਆਸ ॥	گوبِندّ پوُرن آس ॥
ਇਕ ਨਿਮਖ ਰਹਨੁ ਨ ਜਾਇ ॥	اِک نِمکھ رہنُ ن جاءِ ॥

ਵਡ ਭਾਗਿ ਨਾਨਕ ਪਾਇ ॥੫॥	وڈ بھاگِ نانک پاءِ ॥5॥
ਪ੍ਰਭ ਤੁਝ ਬਿਨਾ ਨਹੀ ਹੋਰ ॥	پربھ تُجھ بِنا نہی ہور ॥
ਮਨਿ ਪ੍ਰੀਤਿ ਚੰਦ ਚਕੋਰ ॥	منِ پریتِ چندّ چکور ॥
ਜਿਉ ਮੀਨ ਜਲ ਸਿਉ ਹੇਤੁ ॥	جِءُ مِین جل سِءُ ہیتُ ॥
ਅਲਿ ਕਮਲ ਭਿੰਨੁ ਨ ਭੇਤੁ ॥	الِ کمل بھِنّنُ ن بھیتُ ॥
ਜਿਉ ਚਕਵੀ ਸੂਰਜ ਆਸ ॥	جِءُ چکوی سوُرج آس ॥
ਨਾਨਕ ਚਰਨ ਪਿਆਸ ॥੬॥	نانک چرن پِیاس ॥6॥
ਜਿਉ ਤਰੁਨਿ ਭਰਤ ਪਰਾਨ ॥	جِءُ ترُنِ بھرت پران ॥
ਜਿਉ ਲੋਭੀਐ ਧਨੁ ਦਾਨੁ ॥	جِءُ لوبھیِءَ دھنُ دانُ ॥
ਜਿਉ ਦੂਧ ਜਲਹਿ ਸੰਜੋਗੁ ॥	جِءُ دوُدھ جلہِ سنّجوگُ ॥
ਜਿਉ ਮਹਾ ਖੁਧਿਆਰਥ ਭੋਗੁ ॥	جِءُ مہا کھُدھِیارتھ بھوگُ ॥
ਜਿਉ ਮਾਤ ਪੂਤਹਿ ਹੇਤੁ ॥	جِءُ مات پوُتہِ ہیتُ ॥
ਹਰਿ ਸਿਮਰਿ ਨਾਨਕ ਨੇਤ ॥੭॥	ہرِ سِمرِ نانک نیت ॥7॥
ਜਿਉ ਦੀਪ ਪਤਨ ਪਤੰਗ ॥	جِءُ دیپ پتن پتنگ ॥
ਜਿਉ ਚੋਰੁ ਹਿਰਤ ਨਿਸੰਗ ॥	جِءُ چورُ ہِرت نِسنگ ॥
ਮੈਗਲਹਿ ਕਾਮੈ ਬੰਧੁ ॥	میَگلہِ کامےَ بنّدھُ ॥
ਜਿਉ ਗ੍ਰਸਤ ਬਿਖਈ ਧੰਧੁ ॥	جِءُ گرّست بِکھئی دھندّھُ ॥
ਜਿਉ ਜੂਆਰ ਬਿਸਨੁ ਨ ਜਾਇ ॥	جِءُ جوُیار بِسنُ ن جاءِ ॥
ਹਰਿ ਨਾਨਕ ਇਹੁ ਮਨੁ ਲਾਇ ॥੮॥	ہرِ نانک اِہُ منُ لاءِ ॥8॥
ਕੁਰੰਕ ਨਾਦੈ ਨੇਹੁ ॥	کُرنک نادےَ نیہُ ॥
ਚਾਤ੍ਰਿਕੁ ਚਾਹਤ ਮੇਹੁ ॥	چاتّرِکُ چاہت میہُ ॥
ਜਨ ਜੀਵਨਾ ਸਤਸੰਗਿ ॥	جن جیِونا ستسنگِ ॥

ਗੋਬਿਦੁ ਭਜਨਾ ਰੰਗਿ ॥	گوبِدُ بھجنا رنگِ ॥
ਰਸਨਾ ਬਖਾਨੈ ਨਾਮੁ ॥	رسنا بکھانے نامُ ॥
ਨਾਨਕ ਦਰਸਨ ਦਾਨੁ ॥੯॥	نانک درسن دانُ ॥9
ਗੁਨ ਗਾਇ ਸੁਨਿ ਲਿਖਿ ਦੇਇ ॥	گُن گاءِ سُنِ لِکھِ دےءِ ॥
ਸੋ ਸਰਬ ਫਲ ਹਰਿ ਲੇਇ ॥	سو سرب پھل ہرِ لےءِ ॥
ਕੁਲ ਸਮੂਹ ਕਰਤ ਉਧਾਰੁ ॥	کُل سموُہ کرت اُدھارُ ॥
ਸੰਸਾਰੁ ਉਤਰਸਿ ਪਾਰਿ ॥	سنسارُ اُترسِ پارِ ॥
ਹਰਿ ਚਰਨ ਬੋਹਿਥ ਤਾਹਿ ॥	ہرِ چرن بوہِتھ تاہِ ॥
ਮਿਲਿ ਸਾਧਸੰਗਿ ਜਸੁ ਗਾਹਿ ॥	مِلِ سادھسنگِ جسُ گاہِ ॥
ਹਰਿ ਪੈਜ ਰਖੈ ਮੁਰਾਰਿ ॥	ہرِ پیج رکھے مُرارِ ॥
ਹਰਿ ਨਾਨਕ ਸਰਨਿ ਦੁਆਰਿ ॥੧੦॥੨॥	ہرِ نانک سرنِ دُیارِ ॥ 10 ॥2
ਬਿਲਾਵਲੁ ਮਹਲਾ ੧ ਥਿਤੀ ਘਰੁ ੧੦ ਜਤਿ	بِلاولُ محلا 1 تھِتی گھرُ 10 جتِ
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਏਕਮ ਏਕੰਕਾਰੁ ਨਿਰਾਲਾ ॥	ایکم ایکنکارُ نِرالا ॥
ਅਮਰੁ ਅਜੋਨੀ ਜਾਤਿ ਨ ਜਾਲਾ ॥	امرُ اجونی زاتِ ن جالا ॥
ਅਗਮ ਅਗੋਚਰੁ ਰੂਪੁ ਨ ਰੇਖਿਆ ॥	اگم اگوچرُ روُپُ ن ریکھیا ॥
ਖੋਜਤ ਖੋਜਤ ਘਟਿ ਘਟਿ ਦੇਖਿਆ ॥	کھوجت کھوجت گھٹِ گھٹِ دیکھیا ॥
ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ ॥	جو دیکھِ دِکھاوے تِس کءُ بلِ جائی ॥
ਗੁਰ ਪਰਸਾਦਿ ਪਰਮ ਪਦੁ ਪਾਈ ॥੧॥	گُر پرسادِ پرم پدُ پائی ॥1
ਕਿਆ ਜਪੁ ਜਾਪਉ ਬਿਨੁ ਜਗਦੀਸੈ ॥	کِیا جپُ جاپءُ بِنُ جگدیسے ॥
ਗੁਰ ਕੈ ਸਬਦਿ ਮਹਲੁ ਘਰੁ ਦੀਸੈ ॥੧॥ ਰਹਾਉ ॥	گُر کے سبدِ محلُ گھرُ دیسے ॥1 ॥ رہاءُ ॥
ਦੂਜੈ ਭਾਇ ਲਗੇ ਪਛੁਤਾਣੇ ॥	دوُجے بھاءِ لگے پچھُتانے ॥

ਜਮ ਦਰਿ ਬਾਧੇ ਆਵਣ ਜਾਣੇ ॥	جم درِ بادھے آونْ جانْے ॥
ਕਿਆ ਲੈ ਆਵਹਿ ਕਿਆ ਲੇ ਜਾਹਿ ॥	کِیا لے آوہِ کِیا لے جاہِ ۔ ॥
ਸਿਰਿ ਜਮਕਾਲੁ ਸਿ ਚੋਟਾ ਖਾਹਿ ॥	سِرِ جمکالُ سِ چوٹا کھاہِ ॥
ਬਿਨੁ ਗੁਰ ਸਬਦ ਨ ਛੂਟਸਿ ਕੋਇ ॥	بِنُ گُر سبد ن چھوُٹسِ کوءِ ॥
ਪਾਖੰਡਿ ਕੀਨ੍ਹੈ ਮੁਕਤਿ ਨ ਹੋਇ ॥੨॥	پاکھنڈِ کِینّہے مُکتِ ن ہوءِ ॥2॥
ਆਪੇ ਸਚੁ ਕੀਆ ਕਰ ਜੋੜਿ ॥	آپے سچُ کِیا کر جوڑِ ॥
ਅੰਡਜ ਫੋੜਿ ਜੋੜਿ ਵਿਛੋੜਿ ॥	انڈج پھوڑِ جوڑِ وِچھوڑِ ॥
ਧਰਤਿ ਅਕਾਸੁ ਕੀਏ ਬੈਸਣ ਕਉ ਥਾਉ ॥	دھرتِ اکاسُ کیۓ بیَسنْ ک ءُ تھاءُ ॥
ਰਾਤਿ ਦਿਨੰਤੁ ਕੀਏ ਭਉ ਭਾਉ ॥	راتِ دِننّتُ کیۓ بھ ءُ بھاءُ ॥
ਜਿਨਿ ਕੀਏ ਕਰਿ ਵੇਖਣਹਾਰਾ ॥	جِنِ کیۓ کرِ ویکھنْہارا ॥
ਅਵਰੁ ਨ ਦੂਜਾ ਸਿਰਜਣਹਾਰਾ ॥੩॥	اورُ ن دوُجا سِرجنْہارا ॥3॥
ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ ॥	ترِتیا برہما بِسنُ مہیسا ॥
ਦੇਵੀ ਦੇਵ ਉਪਾਏ ਵੇਸਾ ॥	دیوی دیو اُپاۓ ویسا ॥
ਜੋਤੀ ਜਾਤੀ ਗਣਤ ਨ ਆਵੈ ॥	جوتی جاتی گنْت ن آوۓ ॥
ਜਿਨਿ ਸਾਜੀ ਸੋ ਕੀਮਤਿ ਪਾਵੈ ॥	جِنِ ساجی سو قِیمتِ پاوۓ ॥
ਕੀਮਤਿ ਪਾਇ ਰਹਿਆ ਭਰਪੂਰਿ ॥	قِیمتِ پاءِ رہِیا بھرپوُرِ ॥
ਕਿਸੁ ਨੇੜੈ ਕਿਸੁ ਆਖਾ ਦੂਰਿ ॥੪॥	کِسُ نیڑۓ کِسُ آکھا دوُرِ ۔ ॥4॥
ਚਉਥਿ ਉਪਾਏ ਚਾਰੇ ਬੇਦਾ ॥	چتُھِ اُپاۓ چارے بیدا ॥
ਖਾਣੀ ਚਾਰੇ ਬਾਣੀ ਭੇਦਾ ॥	کھانْی چارے بانْی بھیدا ॥
ਅਸਟ ਦਸਾ ਖਟੁ ਤੀਨਿ ਉਪਾਏ ॥	اسٹ دسا کھٹُ تِینِ اُپاۓ ॥
ਸੋ ਬੂਝੈ ਜਿਸੁ ਆਪਿ ਬੁਝਾਏ ॥	سو بوُجھۓ جِسُ آپِ بُجھاۓ ॥
ਤੀਨਿ ਸਮਾਵੈ ਚਉਥੈ ਵਾਸਾ ॥	تِینِ سماوۓ چتُھۓ واسا ॥

ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥੫॥	پرنوتِ نانک ہم تا کے داسا ॥5॥
ਪੰਚਮੀ ਪੰਚ ਭੂਤ ਬੇਤਾਲਾ ॥	پنچمی پنچ بھوت بیتالا ॥
ਆਪਿ ਅਗੋਚਰੁ ਪੁਰਖੁ ਨਿਰਾਲਾ ॥	آپِ اگوچرُ پُرکھُ نِرالا ॥
ਇਕਿ ਭ੍ਰਮਿ ਭੂਖੇ ਮੋਹ ਪਿਆਸੇ ॥	اِکِ بھرّمِ بھوُکھے موہ پیاسے ॥
ਇਕਿ ਰਸੁ ਚਾਖਿ ਸਬਦਿ ਤ੍ਰਿਪਤਾਸੇ ॥	اِکِ رسُ چاکھِ سبدِ ترِپتاسے ॥
ਇਕਿ ਰੰਗਿ ਰਾਤੇ ਇਕਿ ਮਰਿ ਧੂਰਿ ॥	اِکِ رنگِ راتے اِکِ مرِ دھوُرِ ॥
ਇਕਿ ਦਰਿ ਘਰਿ ਸਾਚੈ ਦੇਖਿ ਹਦੂਰਿ ॥੬॥	اِکِ درِ گھرِ ساچےَ دیکھِ حدوُرِ ॥6॥
ਝੂਠੇ ਕਉ ਨਾਹੀ ਪਤਿ ਨਾਉ ॥	جھوُٹھے کءُ ناہی پتِ ناءُ ॥
ਕਬਹੁ ਨ ਸੂਚਾ ਕਾਲਾ ਕਾਉ ॥	کبہُ ن سوُچا کالا کاءُ ॥
ਪਿੰਜਰਿ ਪੰਖੀ ਬੰਧਿਆ ਕੋਇ ॥	پنجرِ پنکھی بندھیا کوءِ ॥
ਛੇਰੀਂ ਭਰਮੈ ਮੁਕਤਿ ਨ ਹੋਇ ॥	چھیریں بھرمےَ مُکتِ ن ہوءِ ॥
ਤਉ ਛੂਟੈ ਜਾ ਖਸਮੁ ਛਡਾਏ ॥	تءُ چھوُٹےَ جا خصمُ چھڈائے ॥
ਗੁਰਮਤਿ ਮੇਲੇ ਭਗਤਿ ਦ੍ਰਿੜਾਏ ॥੭॥	گُرمتِ میلے بھگتِ دڑِڑائے ॥7॥
ਖਸਟੀ ਖਟੁ ਦਰਸਨ ਪ੍ਰਭ ਸਾਜੇ ॥	کھسٹی کھٹُ درسن پربھ ساجے ॥
ਅਨਹਦ ਸਬਦੁ ਨਿਰਾਲਾ ਵਾਜੇ ॥	انہد سبدُ نِرالا واجے ॥
ਜੇ ਪ੍ਰਭ ਭਾਵੈ ਤਾ ਮਹਲਿ ਬੁਲਾਵੈ ॥	جے پربھ بھاوےَ تا محلِ بُلاوےَ ॥
ਸਬਦੇ ਭੇਦੇ ਤਉ ਪਤਿ ਪਾਵੈ ॥	سبدے بھیدے تءُ پتِ پاوےَ ॥
ਕਰਿ ਕਰਿ ਵੇਸ ਖਪਹਿ ਜਲਿ ਜਾਵਹਿ ॥	کرِ کرِ ویس کھپہِ جلِ جاوہِ ॥
ਸਾਚੈ ਸਾਚੇ ਸਾਚਿ ਸਮਾਵਹਿ ॥੮॥	ساچےَ ساچے ساچِ سماوہِ ॥8॥
ਸਪਤਮੀ ਸਤੁ ਸੰਤੋਖੁ ਸਰੀਰਿ ॥	سپتمی ستُ سنتوکھُ سریرِ ॥
ਸਾਤ ਸਮੁੰਦ ਭਰੇ ਨਿਰਮਲ ਨੀਰਿ ॥	سات سمُندّ بھرے نِرمل نیرِ ॥
ਮਜਨੁ ਸੀਲੁ ਸਚੁ ਰਿਦੈ ਵੀਚਾਰਿ ॥	مجنُ سیلُ سچُ رِدےَ ویچارِ ॥

ਗੁਰ ਕੈ ਸਬਦਿ ਪਾਵੈ ਸਭਿ ਪਾਰਿ ॥	گُر کے سبدِ پاوے سبھِ پارِ ॥
ਮਨਿ ਸਾਚਾ ਮੁਖਿ ਸਾਚਉ ਭਾਇ ॥	منِ ساچا مُکھِ ساچءُ بھاءِ ॥
ਸਚੁ ਨੀਸਾਣੈ ਠਾਕ ਨ ਪਾਇ ॥੯॥	سچُ نِیشانے ٹھاک ن پاءِ ॥9॥
ਅਸਟਮੀ ਅਸਟ ਸਿਧਿ ਬੁਧਿ ਸਾਧੈ ॥	استمی است سِدھِ بُدھِ سادھے ॥
ਸਚੁ ਨਿਹਕੇਵਲੁ ਕਰਮਿ ਅਰਾਧੈ ॥	سچُ نِہکیولُ کرمِ ارادھے ॥
ਪਉਣ ਪਾਣੀ ਅਗਨੀ ਬਿਸਰਾਉ ॥	پَؤنُ پانی اگنی بِسراءُ ॥
ਤਹੀ ਨਿਰੰਜਨੁ ਸਾਚੋ ਨਾਉ ॥	تہی نِرنجَنُ ساچو ناءُ ॥
ਤਿਸੁ ਮਹਿ ਮਨੂਆ ਰਹਿਆ ਲਿਵ ਲਾਇ ॥	تِس مہِ منوُیا رہِیا لِو لاءِ ॥
ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥੧੦॥	پرنوتِ نانکُ کالُ ن کھاءِ ॥ 10 ॥
ਨਾਉ ਨਉਮੀ ਨਵੇ ਨਾਥ ਨਵ ਖੰਡਾ ॥	ناءُ نمُی نوے ناتھ نو کھنڈا ॥
ਘਟਿ ਘਟਿ ਨਾਥੁ ਮਹਾ ਬਲਵੰਡਾ ॥	گھٹِ گھٹِ ناتھُ مہا بلونڈا ॥
ਆਈ ਪੂਤਾ ਇਹੁ ਜਗੁ ਸਾਰਾ ॥	آئی پوُتا اِہُ جگُ سارا ॥
ਪ੍ਰਭ ਆਦੇਸੁ ਆਦਿ ਰਖਵਾਰਾ ॥	پربھ آدیسُ آدِ رکھوارا ॥
ਆਦਿ ਜੁਗਾਦੀ ਹੈ ਭੀ ਹੋਗੁ ॥	آدِ جُگادی ہے بھی ہوگُ ॥
ਓਹੁ ਅਪਰੰਪਰੁ ਕਰਣੈ ਜੋਗੁ ॥੧੧॥	اوہُ اپرنپرُ کرنے جوگُ ॥ 11 ॥
ਦਸਮੀ ਨਾਮੁ ਦਾਨੁ ਇਸਨਾਨੁ ॥	دسمی نامُ دانُ اِسنانُ ॥
ਅਨਦਿਨੁ ਮਜਨੁ ਸਚਾ ਗੁਣ ਗਿਆਨੁ ॥	اندِنُ مجنُ سچا گُنُ گِیانُ ॥
ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ ॥	سچِ میَلُ ن لاگے بھرمُ بھءُ بھاگے ॥
ਬਿਲਮੁ ਨ ਤੂਟਸਿ ਕਾਚੈ ਤਾਗੈ ॥	بِلمُ ن توٹسِ کاچے تاگے ॥
ਜਿਉ ਤਾਗਾ ਜਗੁ ਏਵੈ ਜਾਣਹੁ ॥	جِءُ تاگا جگُ ایوے جانہُ ॥
ਅਸਥਿਰੁ ਚੀਤੁ ਸਾਚਿ ਰੰਗੁ ਮਾਣਹੁ ॥੧੨॥	استھِرُ چیتُ ساچِ رنگُ ماٹہُ ॥ 12 ॥
ਏਕਾਦਸੀ ਇਕੁ ਰਿਦੈ ਵਸਾਵੈ ॥	ایکادسی اِکُ رِدے وساوے ॥

ਹਿੰਸਾ ਮਮਤਾ ਮੋਹੁ ਚੁਕਾਵੈ ॥	ہِنّسا ممتا موہُ چُکاوے ॥
ਫਲੁ ਪਾਵੈ ਬ੍ਰਤੁ ਆਤਮ ਚੀਨੈ ॥	پھلُ پاوے برّتُ آتم چینے ॥
ਪਾਖੰਡਿ ਰਾਚਿ ਤਤੁ ਨਹੀ ਬੀਨੈ ॥	پاکھنّڈِ راچِ تتُ نہی بینے ॥
ਨਿਰਮਲੁ ਨਿਰਾਹਾਰੁ ਨਿਹਕੇਵਲੁ ॥	نِرملُ نِراہارُ نِہکیولُ ॥
ਸੂਚੈ ਸਾਚੇ ਨਾ ਲਾਗੈ ਮਲੁ ॥੧੩॥	سُوچے ساچے نا لاگے ملُ ॥ 13 ॥
ਜਹ ਦੇਖਉ ਤਹ ਏਕੋ ਏਕਾ ॥	جہ دیکھءُ تہ ایکو ایکا ॥
ਹੋਰਿ ਜੀਅ ਉਪਾਏ ਵੇਕੋ ਵੇਕਾ ॥	ہورِ جیء اُپائے ویکو ویکا ॥
ਫਲੋਹਾਰ ਕੀਏ ਫਲੁ ਜਾਇ ॥	پھلوہار کیے پھلُ جاءِ ॥
ਰਸ ਕਸ ਖਾਏ ਸਾਦੁ ਗਾਵਇ ॥	رس کس کھائے سادُ گاوءِ ॥
ਕੂੜੈ ਲਾਲਚਿ ਲਪਟੈ ਲਪਟਾਇ ॥	کوڑے لالچِ لپٹے لپٹاءِ ॥
ਛੂਟੈ ਗੁਰਮੁਖਿ ਸਾਚੁ ਕਮਾਇ ॥੧੪॥	چھوٹے گُرمُکھِ ساچُ کماءِ ॥ 14 ॥
ਦੁਆਦਸਿ ਮੁਦ੍ਰਾ ਮਨੁ ਅਉਧੂਤਾ ॥	دُیادسِ مُدّرا منُ اُندھوُتا ॥
ਅਹਿਨਿਸਿ ਜਾਗਹਿ ਕਬਹਿ ਨ ਸੂਤਾ ॥	اِہنِس جاگہِ کبہِ ن سوُتا ॥
ਜਾਗਤੁ ਜਾਗਿ ਰਹੈ ਲਿਵ ਲਾਇ ॥	جاگتُ جاگِ رہے لِو لاءِ ॥
ਗੁਰ ਪਰਚੈ ਤਿਸੁ ਕਾਲੁ ਨ ਖਾਇ ॥	گُر پرچے تِس کالُ ن کھاءِ ॥
ਅਤੀਤ ਭਏ ਮਾਰੇ ਬੈਰਾਈ ॥	اتیت بھے مارے بیرائی ॥
ਪ੍ਰਣਵਤਿ ਨਾਨਕ ਤਹ ਲਿਵ ਲਾਈ ॥੧੫॥	پرّنوتِ نانک تہ لِو لائی ॥ 15 ॥
ਦੁਆਦਸੀ ਦਇਆ ਦਾਨੁ ਕਰਿ ਜਾਣੈ ॥	دُیادسی دیَیا دانُ کرِ جانّے ॥
ਬਾਹਰਿ ਜਾਤੋ ਭੀਤਰਿ ਆਣੈ ॥	باہرِ جاتو بھیترِ آنّے ॥
ਬਰਤੀ ਬਰਤ ਰਹੈ ਨਿਹਕਾਮ ॥	برتی برت رہے نِہکام ॥
ਅਜਪਾ ਜਾਪੁ ਜਪੈ ਮੁਖਿ ਨਾਮ ॥	اجپا جاپُ جپے مُکھِ نام ॥
ਤੀਨਿ ਭਵਣ ਮਹਿ ਏਕੋ ਜਾਣੈ ॥	تینِ بھونّ مہِ ایکو جانّے ॥

ਸਭਿ ਸੁਚਿ ਸੰਜਮ ਸਾਚੁ ਪਛਾਣੈ ॥੧੬॥

سبھِ سُچِ سنجَم ساچُ پچھاٹے ॥ 16 ॥

ਤੇਰਸਿ ਤਰਵਰ ਸਮੁਦ ਕਨਾਰੈ ॥

تیرِس ترور سمُد کنارے ॥

ਅੰਮ੍ਰਿਤੁ ਮੂਲੁ ਸਿਖਰਿ ਲਿਵ ਤਾਰੈ ॥

انّمرِتُ موُلُ سِکھرِ لِو تارے ॥

ਡਰ ਡਰਿ ਮਰੈ ਨ ਬੂਡੈ ਕੋਇ ॥

ڈر ڈرِ مرے ن بوُڈے کوءِ ॥

ਨਿਡਰੁ ਬੂਡਿ ਮਰੈ ਪਤਿ ਖੋਇ ॥

نِڈرُ بوُڈِ مرے پتِ کھوءِ ॥

ਡਰ ਮਹਿ ਘਰੁ ਘਰ ਮਹਿ ਡਰੁ ਜਾਣੈ ॥

ڈر مہِ گھرُ گھر مہِ ڈر جاٹے ॥

ਤਖਤਿ ਨਿਵਾਸੁ ਸਚੁ ਮਨਿ ਭਾਣੈ ॥੧੭॥

تخت نِواسُ سچُ منِ بھاٹے ॥ 17 ॥

ਚਉਦਸਿ ਚਉਥੇ ਥਾਵਹਿ ਲਹਿ ਪਾਵੈ ॥

چنُدِس چتُھے تھاوہِ لہِ پاوے ॥

ਰਾਜਸ ਤਾਮਸ ਸਤ ਕਾਲ ਸਮਾਵੈ ॥

راجس تامس ست کال سماوے ॥

ਸਸੀਅਰ ਕੈ ਘਰਿ ਸੂਰੁ ਸਮਾਵੈ ॥

سسیئر کے گھرِ سوُرُ سماوے ॥

ਜੋਗ ਜੁਗਤਿ ਕੀ ਕੀਮਤਿ ਪਾਵੈ ॥

جوگ جُگتِ کی قِیمتِ پاوے ॥

ਚਉਦਸਿ ਭਵਨ ਪਾਤਾਲ ਸਮਾਏ ॥

چنُدِس بھون پاتال سماے ॥

ਖੰਡ ਬ੍ਰਹਮੰਡ ਰਹਿਆ ਲਿਵ ਲਾਏ ॥੧੮॥

کھنڈ برہمنڈ رہِیا لِو لائے ॥ 18 ॥

ਅਮਾਵਸਿਆ ਚੰਦੁ ਗੁਪਤੁ ਗੈਣਾਰਿ ॥

اماوسِیا چندُ گُپتُ گینّارِ ॥

ਬੂਝਹੁ ਗਿਆਨੀ ਸਬਦੁ ਬੀਚਾਰਿ ॥

بوُجھہُ گیانی سبدُ بیچارِ ॥

ਸਸੀਅਰੁ ਗਗਨਿ ਜੋਤਿ ਤਿਹੁ ਲੋਈ ॥

سسیئرُ گگنِ جوتِ تِہُ لوئی ॥

ਕਰਿ ਕਰਿ ਵੇਖੈ ਕਰਤਾ ਸੋਈ ॥

کرِ کرِ ویکھے کرتا سوئی ॥

ਗੁਰ ਤੇ ਦੀਸੈ ਸੋ ਤਿਸ ਹੀ ਮਾਹਿ ॥

گُر تے دیسے سو تِس ہی ماہِ ॥

ਮਨਮੁਖਿ ਭੂਲੇ ਆਵਹਿ ਜਾਹਿ ॥੧੯॥

منمکھِ بھوُلے آوہِ جاہِ ॥ 19 ॥

ਘਰੁ ਦਰੁ ਥਾਪਿ ਥਿਰੁ ਥਾਨਿ ਸੁਹਾਵੈ ॥

گھرُ درُ تھاپِ تھِرُ تھانِ سُہاوے ॥

ਆਪੁ ਪਛਾਣੈ ਜਾ ਸਤਿਗੁਰੁ ਪਾਵੈ ॥

آپُ پچھاٹے جا ستِگُرُ پاوے ॥

ਜਹ ਆਸਾ ਤਹ ਬਿਨਸਿ ਬਿਨਾਸਾ ॥

جہ آسا تہ بِنسِ بِناسا ॥

ਫੂਟੈ ਖਪਰੁ ਦੁਬਿਧਾ ਮਨਸਾ ॥	پھوٹے کھپرُ دُبدھا منسا ॥
ਮਮਤਾ ਜਾਲ ਤੇ ਰਹੈ ਉਦਾਸਾ ॥	ممتا جال تے رہے اُداسا ॥
ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥੨੦॥੧॥	پرنوتِ نانک ہم تا کے داسا ॥ 20 ॥ 1 ॥
ਬਿਲਾਵਲੁ ਮਹਲਾ ੩ ਵਾਰ ਸਤ ਘਰੁ ੧੦	بِلاولُ محلا 3 وار ست گھرُ 10
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرسادِ ॥
ਆਦਿਤ ਵਾਰਿ ਆਦਿ ਪੁਰਖੁ ਹੈ ਸੋਈ ॥	آدِت وارِ آدِ پُرکھُ ہے سوئی ॥
ਆਪੇ ਵਰਤੈ ਅਵਰੁ ਨ ਕੋਈ ॥	آپے ورتے اورُ ن کوئی ॥
ਓਤਿ ਪੋਤਿ ਜਗੁ ਰਹਿਆ ਪਰੋਈ ॥	اوتِ پوتِ جگُ رہِیا پروئی ॥
ਆਪੇ ਕਰਤਾ ਕਰੈ ਸੁ ਹੋਈ ॥	آپے کرتا کرے سُ ہوئی ॥
ਨਾਮਿ ਰਤੇ ਸਦਾ ਸੁਖੁ ਹੋਈ ॥	نامِ رتے سدا سُکھُ ہوئی ॥
ਗੁਰਮੁਖਿ ਵਿਰਲਾ ਬੂਝੈ ਕੋਈ ॥੧॥	گُرمُکھِ وِرلا بُوجھے کوئی ॥ 1 ॥
ਹਿਰਦੈ ਜਪਨੀ ਜਪਉ ਗੁਣਤਾਸਾ ॥	ہِردے جپنی جپ ءُ گُنتاسا ॥
ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ ਜਨ ਪਗਿ ਲਗਿ ਧਿਆਵਉ ਹੋਇ ਦਾਸਨਿ ਦਾਸਾ ॥੧॥ ਰਹਾਉ ॥	ہرِ اگم اگوچرُ اپرنّپر سُیامی جن پگِ لگِ دھیاوءُ ہوءِ داسنِ داسا ॥ 1 ॥ رہاءُ ॥
ਸੋਮਵਾਰਿ ਸਚਿ ਰਹਿਆ ਸਮਾਇ ॥	سوموارِ سچِ رہِیا سماءِ ॥
ਤਿਸ ਕੀ ਕੀਮਤਿ ਕਹੀ ਨ ਜਾਇ ॥	تِس کی قِیمتِ کہی ن جاءِ ॥
ਆਖਿ ਆਖਿ ਰਹੇ ਸਭਿ ਲਿਵ ਲਾਇ ॥	آکھِ آکھِ رہے سبھِ لِو لاءِ ॥
ਜਿਸੁ ਦੇਵੈ ਤਿਸੁ ਪਲੈ ਪਾਇ ॥	جِسُ دیوے تِس پلے پاءِ ॥
ਅਗਮ ਅਗੋਚਰੁ ਲਖਿਆ ਨ ਜਾਇ ॥	اگم اگوچرُ لکھیا ن جاءِ ॥
ਗੁਰ ਕੈ ਸਬਦਿ ਹਰਿ ਰਹਿਆ ਸਮਾਇ ॥੨॥	گُر کے سبدِ ہرِ رہِیا سماءِ ॥ 2 ॥
ਮੰਗਲਿ ਮਾਇਆ ਮੋਹੁ ਉਪਾਇਆ ॥	منگلِ مائیا موہُ اُپائیا ॥
ਆਪੇ ਸਿਰਿ ਸਿਰਿ ਧੰਧੈ ਲਾਇਆ ॥	آپے سِرِ سِرِ دھندّھے لائیا ॥

ਆਪਿ ਬੁਝਾਏ ਸੋਈ ਬੂਝੈ ॥	آپِ بُجھائے سوئی بُوجھے ॥
ਗੁਰ ਕੈ ਸਬਦਿ ਦਰੁ ਘਰੁ ਸੂਝੈ ॥	گُر کے سبدِ درُ گھرُ سُوجھے ॥
ਪ੍ਰੇਮ ਭਗਤਿ ਕਰੇ ਲਿਵ ਲਾਇ ॥	پّریم بھگتِ کرے لِو لاءِ ॥
ਹਉਮੈ ਮਮਤਾ ਸਬਦਿ ਜਲਾਇ ॥੩॥	ہئُمےَ ممتا سبدِ جلاءِ ॥3॥
ਬੁਧਵਾਰਿ ਆਪੇ ਬੁਧਿ ਸਾਰੁ ॥	بُدھوارِ آپے بُدھِ سارُ ॥
ਗੁਰਮੁਖਿ ਕਰਣੀ ਸਬਦੁ ਵੀਚਾਰੁ ॥	گُرمُکھِ کرنّی سبدُ ویچارُ ॥
ਨਾਮਿ ਰਤੇ ਮਨੁ ਨਿਰਮਲੁ ਹੋਇ ॥	نامِ رتے منُ نِرملُ ہوءِ ॥
ਹਰਿ ਗੁਣ ਗਾਵੈ ਹਉਮੈ ਮਲੁ ਖੋਇ ॥	ہرِ گُنّ گاوے ہئُمےَ ملُ کھوءِ ॥
ਦਰਿ ਸਚੈ ਸਦ ਸੋਭਾ ਪਾਏ ॥	درِ سچےَ سد سوبھا پائے ॥
ਨਾਮਿ ਰਤੇ ਗੁਰ ਸਬਦਿ ਸੁਹਾਏ ॥੪॥	نامِ رتے گُر سبدِ سُہائے ॥4॥
ਲਾਹਾ ਨਾਮੁ ਪਾਏ ਗੁਰ ਦੁਆਰਿ ॥	لاہا نامُ پائے گُر دُیارِ ॥
ਆਪੇ ਦੇਵੈ ਦੇਵਣਹਾਰੁ ॥	آپے دیوے دیوٹہارُ ॥
ਜੋ ਦੇਵੈ ਤਿਸ ਕਉ ਬਲਿ ਜਾਈਐ ॥	جو دیوے تِس کءُ بلِ جائیےَ ॥
ਗੁਰ ਪਰਸਾਦੀ ਆਪੁ ਗਵਾਈਐ ॥	گُر پرسادی آپُ گوائیےَ ॥
ਨਾਨਕ ਨਾਮੁ ਰਖਹੁ ਉਰ ਧਾਰਿ ॥	نانک نامُ رکھہُ اُر دھارِ ॥
ਦੇਵਣਹਾਰੇ ਕਉ ਜੈਕਾਰੁ ॥੫॥	دیوٹہارے کءُ جیَکارُ ॥5॥
ਵੀਰਵਾਰਿ ਵੀਰ ਭਰਮਿ ਭੁਲਾਏ ॥	ویِروارِ ویِر بھرمِ بھُلائے ॥
ਪ੍ਰੇਤ ਭੂਤ ਸਭਿ ਦੂਜੈ ਲਾਏ ॥	پّریت بھوُت سبھِ دوُجےَ لائے ॥
ਆਪਿ ਉਪਾਏ ਕਰਿ ਵੇਖੈ ਵੇਕਾ ॥	آپِ اُپائے کرِ ویکھےَ ویکا ॥
ਸਭਨਾ ਕਰਤੇ ਤੇਰੀ ਟੇਕਾ ॥	سبھنا کرتے تیری ٹیکا ॥
ਜੀਅ ਜੰਤ ਤੇਰੀ ਸਰਣਾਈ ॥	جیء جنّت تیری سرٹائی ॥
ਸੋ ਮਿਲੈ ਜਿਸੁ ਲੈਹਿ ਮਿਲਾਈ ॥੬॥	سو ملےَ جِسُ لیَہِ ملائی ॥6॥

ਸੁਕ੍ਰਵਾਰਿ ਪ੍ਰਭੁ ਰਹਿਆ ਸਮਾਈ ॥	سُکّروارِ پربھُ رہیا سمائی ॥
ਆਪਿ ਉਪਾਇ ਸਭ ਕੀਮਤਿ ਪਾਈ ॥	آپِ اُپاءِ سبھ قِیمتِ پائی ॥
ਗੁਰਮੁਖਿ ਹੋਵੈ ਸੁ ਕਰੈ ਬੀਚਾਰੁ ॥	گُرمُکھِ ہووے سُ کرے بیچارُ ॥
ਸਚੁ ਸੰਜਮੁ ਕਰਣੀ ਹੈ ਕਾਰ ॥	سچُ سنجَمُ کرنّی ہے کار ॥
ਵਰਤੁ ਨੇਮੁ ਨਿਤਾਪ੍ਰਤਿ ਪੂਜਾ ॥	ورتُ نیمُ نِتاپّرتِ پوُجا ॥
ਬਿਨੁ ਬੂਝੇ ਸਭੁ ਭਾਉ ਹੈ ਦੂਜਾ ॥੭॥	بِنُ بوُجھے سبھُ بھاءُ ہے دوُجا ॥7॥
ਛਨਿਛਰਵਾਰਿ ਸਉਣ ਸਾਸਤ ਬੀਚਾਰੁ ॥	چھنچھروارِ سنُّٹ ساست بیچارُ ॥
ਹਉਮੈ ਮੇਰਾ ਭਰਮੈ ਸੰਸਾਰੁ ॥	ہئُمےَ میرا بھرمےَ سنّسارُ ॥
ਮਨਮੁਖੁ ਅੰਧਾ ਦੂਜੈ ਭਾਇ ॥	منمُکھُ انّدھا دوُجےَ بھاءِ ॥
ਜਮ ਦਰ ਬਾਧਾ ਚੋਟਾ ਖਾਇ ॥	جم در بادھا چوٹا کھاءِ ॥
ਗੁਰ ਪਰਸਾਦੀ ਸਦਾ ਸੁਖੁ ਪਾਏ ॥	گُر پرسادی سدا سُکھُ پائے ॥
ਸਚੁ ਕਰਣੀ ਸਾਚਿ ਲਿਵ ਲਾਏ ॥੮॥	سچُ کرنّی ساچِ لِو لائے ॥8॥
ਸਤਿਗੁਰੁ ਸੇਵਹਿ ਸੇ ਵਡਭਾਗੀ ॥	ستِگُرُ سیوہِ سے وڈبھاگی ॥
ਹਉਮੈ ਮਾਰਿ ਸਚਿ ਲਿਵ ਲਾਗੀ ॥	ہئُمےَ مارِ سچِ لِو لاگی ॥
ਤੇਰੈ ਰੰਗਿ ਰਾਤੇ ਸਹਜਿ ਸੁਭਾਇ ॥	تیرےَ رنگِ راتے سہجِ سُبھاءِ ॥
ਤੂ ਸੁਖਦਾਤਾ ਲੈਹਿ ਮਿਲਾਇ ॥	توُ سُکھداتا لیہِ مِلاءِ ॥
ਏਕਸ ਤੇ ਦੂਜਾ ਨਾਹੀ ਕੋਇ ॥	ایکس تے دوُجا ناہی کوءِ ॥
ਗੁਰਮੁਖਿ ਬੂਝੈ ਸੋਝੀ ਹੋਇ ॥੯॥	گُرمُکھِ بوُجھےَ سوجھی ہوءِ ॥9॥
ਪੰਦ੍ਰਹ ਥਿਤੀ ਤੈ ਸਤ ਵਾਰ ॥	پنّدرہ تھِتیں تےَ ست وار ॥
ਮਾਹਾ ਰੁਤੀ ਆਵਹਿ ਵਾਰ ਵਾਰ ॥	ماہا رُتی آوہِ وار وار ॥
ਦਿਨਸੁ ਰੈਣਿ ਤਿਵੈ ਸੰਸਾਰੁ ॥	دِنسُ رینِّ تِوےَ سنّسارُ ॥
ਆਵਾ ਗਉਣੁ ਕੀਆ ਕਰਤਾਰਿ ॥	آوا گئُنُّ کیِیا کرتارِ ॥

ਨਿਹਚਲੁ ਸਾਚੁ ਰਹਿਆ ਕਲ ਧਾਰਿ ॥	نہچلُ ساچُ رہِیا کل دھارِ ॥
ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ ॥੧੦॥੧॥	نانک گُرمُکھِ بوُجھےَ کو سبدُ ویچارِ ॥ 10 ॥ 1 ॥
ਬਿਲਾਵਲੁ ਮਹਲਾ ੩ ॥	بِلاولُ محلا 3 ॥
ਆਦਿ ਪੁਰਖੁ ਆਪੇ ਸ੍ਰਿਸਟਿ ਸਾਜੇ ॥	آدِ پُرکھُ آپے سّرِسٹِ ساجے ॥
ਜੀਅ ਜੰਤ ਮਾਇਆ ਮੋਹਿ ਪਾਜੇ ॥	جیء جنّت مائِیا موہِ پاجے ॥
ਦੂਜੈ ਭਾਇ ਪਰਪੰਚਿ ਲਾਗੇ ॥	دوُجےَ بھاءِ پرپنّچِ لاگے ॥
ਆਵਹਿ ਜਾਵਹਿ ਮਰਹਿ ਅਭਾਗੇ ॥	آوہِ جاوہِ مرہِ ابھاگے ॥
ਸਤਿਗੁਰਿ ਭੇਟਿਐ ਸੋਝੀ ਪਾਇ ॥	ستِگُرِ بھیٹےِّ سوجھی پاءِ ॥
ਪਰਪੰਚੁ ਚੂਕੈ ਸਚਿ ਸਮਾਇ ॥੧॥	پرپنّچُ چوُکے سچِ سماءِ ॥ 1 ॥
ਜਾ ਕੈ ਮਸਤਕਿ ਲਿਖਿਆ ਲੇਖੁ ॥	جا کےَ مستکِ لِکھِیا لیکھُ ॥
ਤਾ ਕੈ ਮਨਿ ਵਸਿਆ ਪ੍ਰਭੁ ਏਕੁ ॥੧॥ ਰਹਾਉ ॥	تا کےَ منِ وسِیا پّربھُ ایکُ ॥ 1 ॥ رہاءُ ॥
ਸ੍ਰਿਸਟਿ ਉਪਾਇ ਆਪੇ ਸਭੁ ਵੇਖੈ ॥	سّرِسٹِ اُپاءِ آپے سبھُ ویکھےَ ॥
ਕੋਇ ਨ ਮੇਟੈ ਤੇਰੈ ਲੇਖੈ ॥	کوءِ ن میٹےِّ تیرے لیکھےَ ॥
ਸਿਧ ਸਾਧਿਕ ਜੇ ਕੋ ਕਹੈ ਕਹਾਏ ॥	سِدھ سادھِک جے کو کہےَ کہائے ॥
ਭਰਮੇ ਭੂਲਾ ਆਵੈ ਜਾਏ ॥	بھرمے بھوُلا آوےَ جائے ॥
ਸਤਿਗੁਰੁ ਸੇਵੈ ਸੋ ਜਨੁ ਬੂਝੈ ॥	ستِگُرُ سیوےَ سو جنُ بوُجھےَ ॥
ਹਉਮੈ ਮਾਰੇ ਤਾ ਦਰੁ ਸੂਝੈ ॥੨॥	ہئُمےَ مارے تا درُ سوُجھےَ ॥ 2 ॥
ਏਕਸੁ ਤੇ ਸਭੁ ਦੂਜਾ ਹੂਆ ॥	ایکسُ تے سبھُ دوُجا ہوُیا ॥
ਏਕੋ ਵਰਤੈ ਅਵਰੁ ਨ ਬੀਆ ॥	ایکو ورتےَ اورُ ن بِیا ॥
ਦੂਜੇ ਤੇ ਜੇ ਏਕੋ ਜਾਣੈ ॥	دوُجے تے جے ایکو جانےِّ ॥
ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥	گُر کےَ سبدِ ہرِ درِ نیِشانےِّ ॥
ਸਤਿਗੁਰੁ ਭੇਟੇ ਤਾ ਏਕੋ ਪਾਏ ॥	ستِگُرُ بھیٹے تا ایکو پائے ॥

ਵਿਚਹੁ ਦੂਜਾ ਠਾਕਿ ਰਹਾਏ ॥੩॥	وِچہُ دوُجا ٹھاکِ رہائے ॥3॥
ਜਿਸ ਦਾ ਸਾਹਿਬੁ ਡਾਢਾ ਹੋਇ ॥	جِس دا صاحِبُ ڈاڈھا ہوءِ ॥
ਤਿਸ ਨੋ ਮਾਰਿ ਨ ਸਾਕੈ ਕੋਇ ॥	تِس نو مارِ ن ساکےَ کوءِ ॥
ਸਾਹਿਬ ਕੀ ਸੇਵਕੁ ਰਹੈ ਸਰਣਾਈ ॥	صاحِب کی سیوکُ رہے سرٹائی ॥
ਆਪੇ ਬਖਸੇ ਦੇ ਵਡਿਆਈ ॥	آپے بخشے دے وڈِیائی ॥
ਤਿਸ ਤੇ ਊਪਰਿ ਨਾਹੀ ਕੋਇ ॥	تِس تے اوُپرِ ناہی کوءِ ॥
ਕਉਣੁ ਡਰੈ ਡਰੁ ਕਿਸ ਕਾ ਹੋਇ ॥੪॥	کئُنُ ڈرے ڈر کِس کا ہوءِ ۔ ॥4॥
ਗੁਰਮਤੀ ਸਾਂਤਿ ਵਸੈ ਸਰੀਰ ॥	گُرمتی سانتِ وسے سریر ॥
ਸਬਦੁ ਚੀਨ੍ਹਿ ਫਿਰਿ ਲਗੈ ਨ ਪੀਰ ॥	سبدُ چینہِ پھِرِ لگےَ ن پیِر ॥
ਆਵੈ ਨ ਜਾਇ ਨਾ ਦੁਖੁ ਪਾਏ ॥	آوے ن جاءِ نا دُکھُ پائے ॥
ਨਾਮੇ ਰਾਤੇ ਸਹਜਿ ਸਮਾਏ ॥	نامے راتے سہجِ سمائے ॥
ਨਾਨਕ ਗੁਰਮੁਖਿ ਵੇਖੈ ਹਦੂਰਿ ॥	نانک گُرمُکھِ ویکھےَ حدوُرِ ॥
ਮੇਰਾ ਪ੍ਰਭੁ ਸਦ ਰਹਿਆ ਭਰਪੂਰਿ ॥੫॥	میرا پربھُ سد رہیا بھرپوُرِ ॥5॥
ਇਕਿ ਸੇਵਕ ਇਕਿ ਭਰਮਿ ਭੁਲਾਏ ॥	اِکِ سیوک اِکِ بھرمِ بھُلائے ॥
ਆਪੇ ਕਰੇ ਹਰਿ ਆਪਿ ਕਰਾਏ ॥	آپے کرے ہرِ آپِ کرائے ॥
ਏਕੋ ਵਰਤੈ ਅਵਰੁ ਨ ਕੋਇ ॥	ایکو ورتےَ اورُ ن کوءِ ॥
ਮਨਿ ਰੋਸੁ ਕੀਜੈ ਜੇ ਦੂਜਾ ਹੋਇ ॥	منِ روسُ کیجےَ جے دوُجا ہوءِ ॥
ਸਤਿਗੁਰੁ ਸੇਵੇ ਕਰਣੀ ਸਾਰੀ ॥	ستِگُرُ سیوے کرٹی ساری ॥
ਦਰਿ ਸਾਚੈ ਸਾਚੇ ਵੀਚਾਰੀ ॥੬॥	درِ ساچےَ ساچے ویچاری ॥6॥
ਥਿਤੀ ਵਾਰ ਸਭਿ ਸਬਦਿ ਸੁਹਾਏ ॥	تھِتی وار سبھِ سبدِ سُہائے ॥
ਸਤਿਗੁਰੁ ਸੇਵੇ ਤਾ ਫਲੁ ਪਾਏ ॥	ستِگُرُ سیوے تا پھلُ پائے ॥
ਥਿਤੀ ਵਾਰ ਸਭਿ ਆਵਹਿ ਜਾਹਿ ॥	تھِتی وار سبھِ آوہِ جاہِ ॥

ਗੁਰ ਸਬਦੁ ਨਿਹਚਲੁ ਸਦਾ ਸਚਿ ਸਮਾਹਿ ॥	گُر سبدُ نہچلُ سدا سچِ سماہِ ॥
ਥਿਤੀ ਵਾਰ ਤਾ ਜਾ ਸਚਿ ਰਾਤੇ ॥	تھِتی وار تا جا سچِ راتے ॥
ਬਿਨੁ ਨਾਵੈ ਸਭਿ ਭਰਮਹਿ ਕਾਚੇ ॥੭॥	بِنُ ناوے سبھِ بھرمہِ کاچے ॥7॥
ਮਨਮੁਖ ਮਰਹਿ ਮਰਿ ਬਿਗਤੀ ਜਾਹਿ ॥	منمکھ مرہِ مرِ بگتی جاہِ ॥
ਏਕੁ ਨ ਚੇਤਹਿ ਦੂਜੈ ਲੋਭਾਹਿ ॥	ایکُ ن چیتہِ دوُجےَ لوبھاہِ ॥
ਅਚੇਤ ਪਿੰਡੀ ਅਗਿਆਨ ਅੰਧਾਰੁ ॥	اچیت پِنڈی اگیان انّدھارُ ॥
ਬਿਨੁ ਸਬਦੈ ਕਿਉ ਪਾਏ ਪਾਰੁ ॥	بِنُ سبدے کِءُ پائے پارُ ۔ ॥
ਆਪਿ ਉਪਾਏ ਉਪਾਵਣਹਾਰੁ ॥	آپِ اُپائے اُپاونہارُ ॥
ਆਪੇ ਕੀਤੋਨੁ ਗੁਰ ਵੀਚਾਰੁ ॥੮॥	آپے کِیتونُ گُر ویچارُ ॥8॥
ਬਹੁਤੇ ਭੇਖ ਕਰਹਿ ਭੇਖਧਾਰੀ ॥	بہُتے بھیکھ کرہِ بھیکھدھاری ॥
ਭਵਿ ਭਵਿ ਭਰਮਹਿ ਕਾਚੀ ਸਾਰੀ ॥	بھوِ بھوِ بھرمہِ کاچی ساری ॥
ਐਥੈ ਸੁਖੁ ਨ ਆਗੈ ਹੋਇ ॥	ایتھےَ سُکھُ ن آگے ہوءِ ॥
ਮਨਮੁਖ ਮੁਏ ਅਪਣਾ ਜਨਮੁ ਖੋਇ ॥	منمکھ مُےَ اپنّا جنمُ کھوءِ ॥
ਸਤਿਗੁਰੁ ਸੇਵੇ ਭਰਮੁ ਚੁਕਾਏ ॥	ستِگُرُ سیوے بھرمُ چُکائے ॥
ਘਰ ਹੀ ਅੰਦਰਿ ਸਚੁ ਮਹਲੁ ਪਾਏ ॥੯॥	گھر ہی انّدرِ سچُ محلُ پائے ॥9॥
ਆਪੇ ਪੂਰਾ ਕਰੇ ਸੁ ਹੋਇ ॥	آپے پوُرا کرے سُ ہوءِ ॥
ਏਹਿ ਥਿਤੀ ਵਾਰ ਦੂਜਾ ਦੋਇ ॥	ایہِ تھِتی وار دوُجا دوءِ ॥
ਸਤਿਗੁਰ ਬਾਝਹੁ ਅੰਧੁ ਗੁਬਾਰੁ ॥	ستِگُر باجھہُ انّدھُ غُبارُ ॥
ਥਿਤੀ ਵਾਰ ਸੇਵਹਿ ਮੁਗਧ ਗਵਾਰ ॥	تھِتی وار سیوہِ مُگدھ گوار ॥
ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥	نانک گُرمُکھِ بوُجھےَ سوجھی پاءِ ॥
ਇਕਤੁ ਨਾਮਿ ਸਦਾ ਰਹਿਆ ਸਮਾਇ ॥੧੦॥੨॥	اِکتُ نامِ سدا رہِیا سماءِ ॥ 10 ॥2॥
ਬਿਲਾਵਲੁ ਮਹਲਾ ੧ ਛੰਤ ਦਖਣੀ	بِلاولُ محلا 1 چھنّت دکھنّی

ੴ ਸਤਿਗੁਰ ਪ੍ਰਸਾਦਿ ॥

ਮੁੰਧ ਨਵੇਲੜੀਆ
ਗੋਇਲਿ ਆਈ ਰਾਮ ॥

ਮਟੁਕੀ ਡਾਰਿ ਧਰੀ
ਹਰਿ ਲਿਵ ਲਾਈ ਰਾਮ ॥

ਲਿਵ ਲਾਇ ਹਰਿ ਸਿਉ ਰਹੀ ਗੋਇਲਿ
ਸਹਜਿ ਸਬਦਿ ਸੀਗਾਰੀਆ ॥

ਕਰ ਜੋੜਿ ਗੁਰ ਪਹਿ ਕਰਿ ਬਿਨੰਤੀ
ਮਿਲਹੁ ਸਾਚਿ ਪਿਆਰੀਆ ॥

ਧਨ ਭਾਇ ਭਗਤੀ ਦੇਖਿ ਪ੍ਰੀਤਮ
ਕਾਮ ਕ੍ਰੋਧੁ ਨਿਵਾਰਿਆ ॥

ਨਾਨਕ ਮੁੰਧ ਨਵੇਲ ਸੁੰਦਰਿ
ਦੇਖਿ ਪਿਰੁ ਸਾਧਾਰਿਆ ॥੧॥

ਸਚਿ ਨਵੇਲੜੀਏ ਜੋਬਨਿ ਬਾਲੀ ਰਾਮ ॥

ਆਉ ਨ ਜਾਉ ਕਹੀ
ਅਪਨੇ ਸਹ ਨਾਲੀ ਰਾਮ ॥

ਨਾਹ ਅਪਨੇ ਸੰਗਿ ਦਾਸੀ
ਮੈ ਭਗਤਿ ਹਰਿ ਕੀ ਭਾਵਏ ॥

ਅਗਾਧਿ ਬੋਧਿ ਅਕਥੁ ਕਥੀਐ
ਸਹਜਿ ਪ੍ਰਭ ਗੁਣ ਗਾਵਏ ॥

ਰਾਮ ਨਾਮ ਰਸਾਲ ਰਸੀਆ
ਰਵੈ ਸਾਚਿ ਪਿਆਰੀਆ ॥

ਗੁਰਿ ਸਬਦੁ ਦੀਆ ਦਾਨੁ ਕੀਆ
ਨਾਨਕਾ ਵੀਚਾਰੀਆ ॥੨॥

ਸ੍ਰੀਧਰ ਮੋਹਿਅੜੀ

ੴ ستِگُر پرسادِ ॥

مُنّدھ نویلڑِیا
گوئِلِ آئی رام ॥

مٹُکی ڈارِ دھری
ہرِ لِو لائی رام ॥

لِو لاءِ ہرِ سِءُ رہی گوئِلِ
سہجِ سبدِ سیگارِیا ॥

کر جوڑِ گُر پہِ کرِ بِنّتی
مِلہُ ساچِ پیارِیا ॥

دھن بھاءِ بھگتی دیکھِ پرِیتم
کام کرودھُ نِوارِیا ॥

نانک مُنّدھ نویل سُندرِ
دیکھِ پِرُ سادھارِیا ॥1॥

سچِ نویلڑِیے جوبنِ بالی رام ॥

آءُ ن جاءُ کہی
اپنے سہ نالی رام ॥

ناہ اپنے سنگِ داسی
مے بھگتِ ہرِ کی بھاوے ॥

اگادھِ بودھِ اکتھُ کتھیئے
سہجِ پربھ گُن گاوے ॥

رام نام رسال رسِیا
روے ساچِ پیارِیا ॥

گُرِ سبدُ دِیا دانُ کِیا
نانکا وِیچارِیا ॥2॥

سرِیدھر موہِئڑی

ਪਿਰ ਸੰਗਿ ਸੂਤੀ ਰਾਮ ॥

پِر سنگِ سوُتی رام ॥

ਗੁਰ ਕੈ ਭਾਇ ਚਲੋ
ਸਾਚਿ ਸੰਗੂਤੀ ਰਾਮ ॥

گُر کے بھاءِ چلو
ساچِ سنگُوتی رام ॥

ਧਨ ਸਾਚਿ ਸੰਗੂਤੀ ਹਰਿ ਸੰਗਿ ਸੂਤੀ
ਸੰਗਿ ਸਖੀ ਸਹੇਲੀਆ ॥

دھن ساچِ سنگُوتی ہرِ سنگِ سوُتی
سنگِ سکھی سہیلیا ॥

ਇਕ ਭਾਇ ਇਕ ਮਨਿ ਨਾਮੁ ਵਸਿਆ
ਸਤਿਗੁਰੂ ਹਮ ਮੇਲੀਆ ॥

اِک بھاءِ اِک منِ نامُ وسِیا
ستِگُرو ہم میلِیا ॥

ਦਿਨੁ ਰੈਣਿ ਘੜੀ ਨ ਚਸਾ ਵਿਸਰੈ
ਸਾਸਿ ਸਾਸਿ ਨਿਰੰਜਨੋ ॥

دِنُ رینِ گھڑی ن چسا وِسرے
ساسِ ساسِ نِرنجنو ॥

ਸਬਦਿ ਜੋਤਿ ਜਗਾਇ ਦੀਪਕੁ
ਨਾਨਕਾ ਭਉ ਭੰਜਨੋ ॥੩॥

سبدِ جوتِ جگاءِ دیپکُ
نانکا بھءُ بھنجنو ॥3॥

ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ ॥

جوتِ سبائڑیے ترِبھونُ سارے رام ॥

ਘਟਿ ਘਟਿ ਰਵਿ ਰਹਿਆ
ਅਲਖ ਅਪਾਰੇ ਰਾਮ ॥

گھٹِ گھٹِ روِ رہِیا
الکھ اپارے رام ॥

ਅਲਖ ਅਪਾਰ ਅਪਾਰੁ ਸਾਚਾ
ਆਪੁ ਮਾਰਿ ਮਿਲਾਈਐ ॥

الکھ اپار اپارُ ساچا
آپُ مارِ مِلائیے ॥

ਹਉਮੈ ਮਮਤਾ ਲੋਭੁ ਜਾਲਹੁ
ਸਬਦਿ ਮੈਲੁ ਚੁਕਾਈਐ ॥

ہئُمے ممتا لوبھُ جالہُ
سبدِ میَلُ چُکائیے ॥

ਦਰਿ ਜਾਇ ਦਰਸਨੁ ਕਰੀ ਭਾਣੈ
ਤਾਰਿ ਤਾਰਣਹਾਰਿਆ ॥

درِ جاءِ درسنُ کری بھانے
تارِ تارنہارِیا ۔ ॥

ਹਰਿ ਨਾਮੁ ਅੰਮ੍ਰਿਤੁ ਚਾਖਿ ਤ੍ਰਿਪਤੀ
ਨਾਨਕਾ ਉਰ ਧਾਰਿਆ ॥੪॥੧॥

ہرِ نامُ انمرِتُ چاکھِ ترِپتی
نانکا اُر دھارِیا ॥4॥1॥

ਬਿਲਾਵਲੁ ਮਹਲਾ ੧ ॥

بِلاولُ محلا 1 ॥

ਮੈ ਮਨਿ ਚਾਉ ਘਣਾ
ਸਾਚਿ ਵਿਗਾਸੀ ਰਾਮ ॥

مے منِ چاءُ گھنا
ساچِ وِگاسی رام ॥

ਮੋਹੀ ਪ੍ਰੇਮ ਪਿਰੇ ਪ੍ਰਭਿ ਅਬਿਨਾਸੀ ਰਾਮ ॥

ماہی پریم پِرے پربھِ اِبناسی رام ॥

ਅਵਿਗਤੋ ਹਰਿ ਨਾਥੁ ਨਾਥਹ
ਤਿਸੈ ਭਾਵੈ ਸੋ ਥੀਐ ॥

اوِگتو ہرِ ناتھُ ناتھہ
تِسے بھاوے سو تھیئے ॥

ਕਿਰਪਾਲੁ ਸਦਾ ਦਇਆਲੁ ਦਾਤਾ
ਜੀਆ ਅੰਦਰਿ ਤੂੰ ਜੀਐ ॥

کِرپالُ سدا دیَالُ داتا
جِیا اندرِ توُنّ جیئے ॥

ਮੈ ਅਵਰੁ ਗਿਆਨੁ ਨ ਧਿਆਨੁ ਪੂਜਾ
ਹਰਿ ਨਾਮੁ ਅੰਤਰਿ ਵਸਿ ਰਹੇ ॥

مے اورُ گیانُ ن دھیانُ پوُجا
ہرِ نامُ انترِ وسِ رہے ॥

ਭੇਖੁ ਭਵਨੀ ਹਠੁ ਨ ਜਾਨਾ
ਨਾਨਕਾ ਸਚੁ ਗਹਿ ਰਹੇ ॥੧॥

بھیکھُ بھونی ہٹھُ ن جانا
نانکا سچُ گہِ رہے ॥1॥

ਭਿੰਨੜੀ ਰੈਣਿ ਭਲੀ
ਦਿਨਸ ਸੁਹਾਏ ਰਾਮ ॥

بھِنّڑی ریَنِ بھلی
دِنس سُہائے رام ॥

ਨਿਜ ਘਰਿ ਸੂਤੜੀਏ
ਪਿਰਮੁ ਜਗਾਏ ਰਾਮ ॥

نِج گھرِ سوُتڑیے
پِرمُ جگائے رام ॥

ਨਵ ਹਾਣਿ ਨਵ ਧਨ ਸਬਦਿ ਜਾਗੀ
ਆਪਣੇ ਪਿਰ ਭਾਣੀਆ ॥

نو ہانِ نو دھن سبدِ جاگی
آپنے پِر بھانیا ॥

ਤਜਿ ਕੂੜੁ ਕਪਟੁ ਸੁਭਾਉ ਦੂਜਾ
ਚਾਕਰੀ ਲੋਕਾਣੀਆ ॥

تجِ کوُڑُ کپٹُ سُبھاءُ دوُجا
چاکری لوکانیا ॥

ਮੈ ਨਾਮੁ ਹਰਿ ਕਾ ਹਾਰੁ ਕੰਠੇ
ਸਾਚ ਸਬਦੁ ਨੀਸਾਣਿਆ ॥

مے نامُ ہرِ کا ہارُ کنٹھے
ساچ سبدُ نیشانیا ॥

ਕਰ ਜੋੜਿ ਨਾਨਕੁ ਸਾਚੁ ਮਾਗੈ
ਨਦਰਿ ਕਰਿ ਤੁਧੁ ਭਾਣਿਆ ॥੨॥

کر جوڑِ نانکُ ساچُ ماگے
ندرِ کرِ تُدھُ بھانیا ॥2॥

ਜਾਗੁ ਸਲੋਨੜੀਏ
ਬੋਲੈ ਗੁਰਬਾਣੀ ਰਾਮ ॥

جاگُ سلونڑیے
بولے گُربانی رام ॥

ਜਿਨਿ ਸੁਣਿ ਮੰਨਿਅੜੀ
ਅਕਥ ਕਹਾਣੀ ਰਾਮ ॥

جِنِ سُنِ منّنڑی
اکتھ کہانی رام ॥

ਅਕਥ ਕਹਾਣੀ ਪਦੁ ਨਿਰਬਾਣੀ
ਕੋ ਵਿਰਲਾ ਗੁਰਮੁਖਿ ਬੂਝਏ ॥

اکتھ کہانی پدُ نِربانی
کو وِرلا گُرمُکھِ بُوجھےَ ॥

ਓਹੁ ਸਬਦਿ ਸਮਾਏ ਆਪੁ ਗਵਾਏ
ਤ੍ਰਿਭਵਣ ਸੋਝੀ ਸੂਝਏ ॥

اوہُ سبدِ سمائے آپُ گوائے
تّرِبھوٹ سوجھی سوُجھےَ ॥

ਰਹੈ ਅਤੀਤੁ ਅਪਰੰਪਰਿ ਰਾਤਾ
ਸਾਚੁ ਮਨਿ ਗੁਣ ਸਾਰਿਆ ॥

رہےَ اتیتُ اپرنّپرِ راتا
ساچُ منِ گُٹ سارِیا ॥

ਓਹੁ ਪੂਰਿ ਰਹਿਆ ਸਰਬ ਠਾਈ
ਨਾਨਕਾ ਉਰਿ ਧਾਰਿਆ ॥੩॥

اوہُ پُورِ رہِیا سرب ٹھائی
نانکا اُرِ دھارِیا ॥3॥

ਮਹਲਿ ਬੁਲਾਇੜੀਏ
ਭਗਤਿ ਸਨੇਹੀ ਰਾਮ ॥

محلِ بُلائڑیےَ
بھگتِ سنیہی رام ॥

ਗੁਰਮਤਿ ਮਨਿ ਰਹਸੀ
ਸੀਝਸਿ ਦੇਹੀ ਰਾਮ ॥

گُرمتِ منِ رہسی
سیجھسِ دیہی رام ॥

ਮਨੁ ਮਾਰਿ ਰੀਝੈ ਸਬਦਿ ਸੀਝੈ
ਤ੍ਰੈ ਲੋਕ ਨਾਥੁ ਪਛਾਣਏ ॥

منُ مارِ ریجھےَ سبدِ سیجھےَ
تّرےَ لوک ناتھُ پچھاٹےَ ॥

ਮਨੁ ਡੀਗਿ ਡੋਲਿ ਨ ਜਾਇ ਕਤ ਹੀ
ਆਪਣਾ ਪਿਰੁ ਜਾਣਏ ॥

منُ ڈِیگِ ڈولِ ن جاءِ کت ہی
آپٹا پِرُ جاٹےَ ॥

ਮੈ ਆਧਾਰੁ ਤੇਰਾ ਤੂ ਖਸਮੁ ਮੇਰਾ
ਮੈ ਤਾਣੁ ਤਕੀਆ ਤੇਰਓ ॥

مےَ آدھارُ تیرا توُ خصمُ میرا
مےَ تاٹُ تکیِیا تیرئو ॥

ਸਾਚਿ ਸੂਚਾ ਸਦਾ ਨਾਨਕ
ਗੁਰ ਸਬਦਿ ਝਗਰੁ ਨਿਬੇਰਓ ॥੪॥੨॥

ساچِ سوُچا سدا نانک
گُر سبدِ جھگڑُ نِبیرئو ॥4॥2॥

ਛੰਤ ਬਿਲਾਵਲੁ ਮਹਲਾ ੪ ਮੰਗਲ

چھنّت بِلاولُ محلا 4 منگل

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਮੇਰਾ ਹਰਿ ਪ੍ਰਭੁ ਸੇਜੈ ਆਇਆ
ਮਨੁ ਸੁਖਿ ਸਮਾਣਾ ਰਾਮ ॥

میرا ہرِ پّربھُ سیجےَ آئِیا
منُ سُکھِ سماٹا رام ॥

ਗੁਰਿ ਤੁਠੈ ਹਰਿ ਪ੍ਰਭੁ ਪਾਇਆ

گُرِ تُٹھےَ ہرِ پّربھُ پائِیا

ਰੰਗਿ ਰਲੀਆ ਮਾਣਾ ਰਾਮ ॥
رنگِ رلِیا ماٹا رام ॥

ਵਡਭਾਗੀਆ ਸੋਹਾਗਣੀ
ਹਰਿ ਮਸਤਕਿ ਮਾਣਾ ਰਾਮ ॥
وڈبھاگِیا سوہاگنٹی
ہرِ مستکِ ماٹا رام ॥

ਹਰਿ ਪ੍ਰਭੁ ਹਰਿ ਸੋਹਾਗੁ ਹੈ
ਨਾਨਕ ਮਨਿ ਭਾਣਾ ਰਾਮ ॥੧॥
ہرِ پربھُ ہرِ سوہاگُ ہے
نانک منِ بھاٹا رام ॥1॥

ਨਿੰਮਾਣਿਆ ਹਰਿ ਮਾਣੁ ਹੈ
ਹਰਿ ਪ੍ਰਭੁ ਹਰਿ ਆਪੈ ਰਾਮ ॥
نِمّاٹیا ہرِ ماٹُ ہے
ہرِ پربھُ ہرِ آپے رام ॥

ਗੁਰਮੁਖਿ ਆਪੁ ਗਵਾਇਆ
ਨਿਤ ਹਰਿ ਹਰਿ ਜਾਪੈ ਰਾਮ ॥
گُرمُکھِ آپُ گوائیا
نِت ہرِ ہرِ جاپے رام ॥

ਮੇਰੇ ਹਰਿ ਪ੍ਰਭ ਭਾਵੈ ਸੋ ਕਰੈ
ਹਰਿ ਰੰਗਿ ਹਰਿ ਰਾਪੈ ਰਾਮ ॥
میرے ہرِ پربھ بھاوے سو کرے
ہرِ رنگِ ہرِ راپے رام ॥

ਜਨੁ ਨਾਨਕੁ ਸਹਜਿ ਮਿਲਾਇਆ
ਹਰਿ ਰਸਿ ਹਰਿ ਧ੍ਰਾਪੈ ਰਾਮ ॥੨॥
جنُ نانکُ سہجِ مِلائیا
ہرِ رس ہرِ دھّراپے رام ॥2॥

ਮਾਣਸ ਜਨਮਿ ਹਰਿ ਪਾਈਐ
ਹਰਿ ਰਾਵਣ ਵੇਰਾ ਰਾਮ ॥
ماٹس جنمِ ہرِ پائیئے
ہرِ راوٹ ویرا رام ॥

ਗੁਰਮੁਖਿ ਮਿਲੁ ਸੋਹਾਗਣੀ
ਰੰਗੁ ਹੋਇ ਘਣੇਰਾ ਰਾਮ ॥
گُرمُکھِ مِلُ سوہاگنٹی
رنگُ ہوءِ گھنٹیرا رام ॥

ਜਿਨ ਮਾਣਸ ਜਨਮਿ ਨ ਪਾਇਆ
ਤਿਨ੍ ਭਾਗੁ ਮੰਦੇਰਾ ਰਾਮ ॥
جِن ماٹس جنمِ ن پائیا
تِنّہ بھاگُ منّدیرا رام ॥

ਹਰਿ ਹਰਿ ਹਰਿ ਹਰਿ ਰਾਖੁ ਪ੍ਰਭ
ਨਾਨਕੁ ਜਨੁ ਤੇਰਾ ਰਾਮ ॥੩॥
ہرِ ہرِ ہرِ ہرِ راکھُ پربھ
نانکُ جنُ تیرا رام ॥3॥

ਗੁਰਿ ਹਰਿ ਪ੍ਰਭੁ ਅਗਮੁ ਦ੍ਰਿੜਾਇਆ
ਮਨੁ ਤਨੁ ਰੰਗਿ ਭੀਨਾ ਰਾਮ ॥
گُرِ ہرِ پربھُ اگمُ دڑاِئیا
منُ تنُ رنگِ بھِینا رام ॥

ਭਗਤਿ ਵਛਲੁ ਹਰਿ ਨਾਮੁ ਹੈ
ਗੁਰਮੁਖਿ ਹਰਿ ਲੀਨਾ ਰਾਮ ॥
بھگتِ وچھلُ ہرِ نامُ ہے
گُرمُکھِ ہرِ لِینا رام ॥

ਬਿਨੁ ਹਰਿ ਨਾਮ ਨ ਜੀਵਦੇ	بِنُ ہرِ نام ن جیِودے
ਜਿਉ ਜਲ ਬਿਨੁ ਮੀਨਾ ਰਾਮ ॥	جِءُ جل بِنُ مِینا رام ॥
ਸਫਲ ਜਨਮੁ ਹਰਿ ਪਾਇਆ	سپھل جنمُ ہرِ پائیا
ਨਾਨਕ ਪ੍ਰਭਿ ਕੀਨਾ ਰਾਮ ॥੪॥੧॥੩॥	نانک پربھِ کِینا رام ॥4॥1॥3॥
ਬਿਲਾਵਲੁ ਮਹਲਾ ੪ ਸਲੋਕੁ ॥	بِلاولُ محلا 4 سلوکُ ॥
ਹਰਿ ਪ੍ਰਭੁ ਸਜਣੁ ਲੋੜਿ ਲਹੁ	ہرِ پربھُ سجنُ لوڑِ لہُ
ਮਨਿ ਵਸੈ ਵਡਭਾਗੁ ॥	منِ وسے وڈبھاگُ ॥
ਗੁਰਿ ਪੂਰੈ ਵੇਖਾਲਿਆ	گُرِ پوُرے ویکھالیا
ਨਾਨਕ ਹਰਿ ਲਿਵ ਲਾਗੁ ॥੧॥	نانک ہرِ لِو لاگُ ॥1॥
ਛੰਤ ॥	چھنّت ॥
ਮੇਰਾ ਹਰਿ ਪ੍ਰਭੁ ਰਾਵਣਿ ਆਈਆ	میرا ہرِ پربھُ راونِ آئیا
ਹਉਮੈ ਬਿਖੁ ਝਾਗੇ ਰਾਮ ॥	ہئُمےَ بِکھُ جھاگے رام ॥
ਗੁਰਮਤਿ ਆਪੁ ਮਿਟਾਇਆ	گُرمتِ آپُ مِٹائیا
ਹਰਿ ਹਰਿ ਲਿਵ ਲਾਗੇ ਰਾਮ ॥	ہرِ ہرِ لِو لاگے رام ॥
ਅੰਤਰਿ ਕਮਲੁ ਪਰਗਾਸਿਆ	انّترِ کملُ پرگاسِیا
ਗੁਰ ਗਿਆਨੀ ਜਾਗੇ ਰਾਮ ॥	گُر گِیانی جاگے رام ॥
ਜਨ ਨਾਨਕ ਹਰਿ ਪ੍ਰਭੁ ਪਾਇਆ	جن نانک ہرِ پربھُ پائیا
ਪੂਰੈ ਵਡਭਾਗੇ ਰਾਮ ॥੧॥	پوُرے وڈبھاگے رام ॥1॥
ਹਰਿ ਪ੍ਰਭੁ ਹਰਿ ਮਨਿ ਭਾਇਆ	ہرِ پربھُ ہرِ منِ بھائیا
ਹਰਿ ਨਾਮਿ ਵਧਾਈ ਰਾਮ ॥	ہرِ نامِ ودھائی رام ॥
ਗੁਰਿ ਪੂਰੈ ਪ੍ਰਭੁ ਪਾਇਆ	گُرِ پوُرے پربھُ پائیا
ਹਰਿ ਹਰਿ ਲਿਵ ਲਾਈ ਰਾਮ ॥	ہرِ ہرِ لِو لائی رام ॥
ਅਗਿਆਨੁ ਅੰਧੇਰਾ ਕਟਿਆ	اگیانُ اندھیرا کٹِیا
ਜੋਤਿ ਪਰਗਟਿਆਈ ਰਾਮ ॥	جوتِ پرگٹِیائی رام ॥
ਜਨ ਨਾਨਕ ਨਾਮੁ ਅਧਾਰੁ ਹੈ	جن نانک نامُ ادھارُ ہےَ

ਹਰਿ ਨਾਮਿ ਸਮਾਈ ਰਾਮ ॥੨॥

ہرِ نامِ سمائی رام ॥2॥

ਧਨ ਹਰਿ ਪ੍ਰਭਿ ਪਿਆਰੈ ਰਾਵੀਆ
ਜਾਂ ਹਰਿ ਪ੍ਰਭ ਭਾਈ ਰਾਮ ॥

دھن ہرِ پربھِ پیارے راویا
جاں ہرِ پربھ بھائی رام ॥

ਅਖੀ ਪ੍ਰੇਮ ਕਸਾਈਆ
ਜਿਉ ਬਿਲਕ ਮਸਾਈ ਰਾਮ ॥

اکھی پریم کسائیا
جِءُ بِلک مسائی رام ॥

ਗੁਰਿ ਪੂਰੈ ਹਰਿ ਮੇਲਿਆ
ਹਰਿ ਰਸਿ ਆਘਾਈ ਰਾਮ ॥

گُرِ پورے ہرِ میلیا
ہرِ رس آگھائی رام ॥

ਜਨ ਨਾਨਕ ਨਾਮਿ ਵਿਗਸਿਆ
ਹਰਿ ਹਰਿ ਲਿਵ ਲਾਈ ਰਾਮ ॥੩॥

جن نانک نامِ وِگسیا
ہرِ ہرِ لِو لائی رام ॥3॥

ਹਮ ਮੂਰਖ ਮੁਗਧ ਮਿਲਾਇਆ
ਹਰਿ ਕਿਰਪਾ ਧਾਰੀ ਰਾਮ ॥

ہم مورکھ مُگدھ مِلائیا
ہرِ کِرپا دھاری رام ॥

ਧਨੁ ਧੰਨੁ ਗੁਰੂ ਸਾਬਾਸਿ ਹੈ
ਜਿਨਿ ਹਉਮੈ ਮਾਰੀ ਰਾਮ ॥

دھنُ دھنّنُ گُرو ساباس ہے
جِنِ ہئُمے ماری رام ॥

ਜਿਨ੍ਹ ਵਡਭਾਗੀਆ ਵਡਭਾਗੁ ਹੈ
ਹਰਿ ਹਰਿ ਉਰ ਧਾਰੀ ਰਾਮ ॥

جِنّہ وڈبھاگیا وڈبھاگ ہے
ہرِ ہرِ اُر دھاری رام ॥

ਜਨ ਨਾਨਕ ਨਾਮੁ ਸਲਾਹਿ ਤੂ
ਨਾਮੇ ਬਲਿਹਾਰੀ ਰਾਮ ॥੪॥੨॥੪॥

جن نانک نامُ سلاہِ توُ
نامے بلِہاری رام ॥4॥2॥4॥

ਬਿਲਾਵਲੁ ਮਹਲਾ ੫ ਛੰਤ

بِلاولُ محلا 5 چھنّت

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਮੰਗਲ ਸਾਜੁ ਭਇਆ
ਪ੍ਰਭੁ ਅਪਨਾ ਗਾਇਆ ਰਾਮ ॥

منگل ساجُ بھئیا
پربھُ اپنا گائیا رام ॥

ਅਬਿਨਾਸੀ ਵਰੁ ਸੁਣਿਆ
ਮਨਿ ਉਪਜਿਆ ਚਾਇਆ ਰਾਮ ॥

ابِناسی ورُ سُنّیا
منِ اُپجیا چائیا رام ॥

ਮਨਿ ਪ੍ਰੀਤਿ ਲਾਗੈ ਵਡੈ ਭਾਗੈ
ਕਬ ਮਿਲੀਐ ਪੂਰਨ ਪਤੇ ॥

منِ پریتِ لاگے وڈے بھاگے
کب مِلیئے پورن پتے ॥

ਸਹਜੇ ਸਮਾਈਐ ਗੋਵਿੰਦੁ ਪਾਈਐ
ਦੇਹੁ ਸਖੀਏ ਮੋਹਿ ਮਤੇ ॥

سہجے سمائیئے گووِندُ پائیئے
دیہُ سکھیئے موہِ متے ॥

ਦਿਨੁ ਰੈਣਿ ਠਾਢੀ ਕਰਉ ਸੇਵਾ
ਪ੍ਰਭੁ ਕਵਨ ਜੁਗਤੀ ਪਾਇਆ ॥

دِنُ رینِ ٹھاڈھی کرءُ سیوا
پربھُ کون جُگتی پائیا ۔ ॥

ਬਿਨਵੰਤਿ ਨਾਨਕ ਕਰਹੁ ਕਿਰਪਾ
ਲੈਹੁ ਮੋਹਿ ਲੜਿ ਲਾਇਆ ॥੧॥

بِنونتِ نانک کرہُ کِرپا
لیَہُ موہِ لڑِ لائیا ॥1॥

ਭਇਆ ਸਮਾਹੜਾ ਹਰਿ ਰਤਨੁ ਵਿਸਾਹਾ ਰਾਮ ॥

بھئیا سماہڑا ہرِ رتنُ وِساہا رام ॥

ਖੋਜੀ ਖੋਜਿ ਲਧਾ ਹਰਿ ਸੰਤਨ ਪਾਹਾ ਰਾਮ ॥

کھوجی کھوجِ لدھا ہرِ سنّتن پاہا رام ॥

ਮਿਲੇ ਸੰਤ ਪਿਆਰੇ ਦਇਆ ਧਾਰੇ
ਕਥਹਿ ਅਕਥ ਬੀਚਾਰੋ ॥

مِلے سنّت پِیارے دئیا دھارے
کتھہِ اکتھ بیچارو ॥

ਇਕ ਚਿਤਿ ਇਕ ਮਨਿ ਧਿਆਇ ਸੁਆਮੀ
ਲਾਇ ਪ੍ਰੀਤਿ ਪਿਆਰੋ ॥

اِک چِتِ اِک منِ دھیاءِ سُیامی
لاءِ پریتِ پِیارو ॥

ਕਰ ਜੋੜਿ ਪ੍ਰਭ ਪਹਿ ਕਰਿ ਬਿਨੰਤੀ
ਮਿਲੈ ਹਰਿ ਜਸੁ ਲਾਹਾ ॥

کر جوڑِ پربھ پہِ کرِ بِنتی
مِلےَ ہرِ جسُ لاہا ॥

ਬਿਨਵੰਤਿ ਨਾਨਕ ਦਾਸੁ ਤੇਰਾ
ਮੇਰਾ ਪ੍ਰਭੁ ਅਗਮ ਅਥਾਹਾ ॥੨॥

بِنونتِ نانک داسُ تیرا
میرا پربھُ اگم اتھاہا ۔ ॥2॥

ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ ॥

ساہا اٹلُ گنِیا پوُرن سنجوگو رام ॥

ਸੁਖਹ ਸਮੂਹ ਭਇਆ ਗਇਆ ਵਿਜੋਗੋ ਰਾਮ ॥

سُکھہ سموُہ بھئیا گئیا وِجوگو رام ॥

ਮਿਲਿ ਸੰਤ ਆਏ ਪ੍ਰਭ ਧਿਆਏ
ਬਣੇ ਅਚਰਜ ਜਾਵੀਆ ॥

مِلِ سنّت آئے پربھ دھیائے
بنّے اچرج جاچِیا ॥

ਮਿਲਿ ਇਕਤ੍ਰ ਹੋਏ ਸਹਜਿ ਢੋਏ
ਮਨਿ ਪ੍ਰੀਤਿ ਉਪਜੀ ਮਾਵੀਆ ॥

مِلِ اِکتّر ہوئے سہجِ ڈھوئے
منِ پریتِ اُپجی ماچِیا ॥

ਮਿਲਿ ਜੋਤਿ ਜੋਤੀ ਓਤਿ ਪੋਤੀ
ਹਰਿ ਨਾਮੁ ਸਭਿ ਰਸ ਭੋਗੋ ॥

مِلِ جوتِ جوتی اوتِ پوتی
ہرِ نامُ سبھِ رس بھوگو ॥

ਬਿਨਵੰਤਿ ਨਾਨਕ ਸਭ ਸੰਤਿ ਮੇਲੀ

بِنونتِ نانک سبھ سنّتِ میلی

ਪ੍ਰਭੁ ਕਰਣ ਕਾਰਣ ਜੋਗੋ ॥੩॥	پربھُ کرنٹ کارنٹ جوگو ॥3॥
ਭਵਨੁ ਸੁਹਾਵੜਾ ਧਰਤਿ ਸਭਾਗੀ ਰਾਮ ॥	بھونُ سُہاوڑا دھرتِ سبھاگی رام ॥
ਪ੍ਰਭੁ ਘਰਿ ਆਇਅੜਾ ਗੁਰ ਚਰਣੀ ਲਾਗੀ ਰਾਮ ॥	پربھُ گھرِ آئیڑا گُر چرنٹی لاگی رام ॥
ਗੁਰ ਚਰਣੀ ਲਾਗੀ ਸਹਜਿ ਜਾਗੀ ਸਗਲ ਇਛਾ ਪੁੰਨੀਆ ॥	گُر چرنٹی لاگی سہجِ جاگی سگل اِچھا پُنّنیا ॥
ਮੇਰੀ ਆਸ ਪੂਰੀ ਸੰਤ ਧੂਰੀ ਹਰਿ ਮਿਲੇ ਕੰਤ ਵਿਛੁੰਨਿਆ ॥	میری آس پوُری سنّت دھوُری ہرِ مِلے کنّت وِچھُنّنیا ॥
ਆਨੰਦ ਅਨਦਿਨੁ ਵਜਹਿ ਵਾਜੇ ਅਹੰ ਮਤਿ ਮਨ ਕੀ ਤਿਆਗੀ ॥	آننّد اندِنُ وجہِ واجے اہنّ متِ من کی تِیاگی ॥
ਬਿਨਵੰਤਿ ਨਾਨਕ ਸਰਣਿ ਸੁਆਮੀ ਸੰਤਸੰਗਿ ਲਿਵ ਲਾਗੀ ॥੪॥੧॥	بِنونّتِ نانک سرنٹِ سُیامی سنتسنگِ لِو لاگی ॥4॥1॥
ਬਿਲਾਵਲੁ ਮਹਲਾ ੫ ॥	بِلاولُ محلا 5 ॥
ਭਾਗ ਸੁਲਖਣਾ ਹਰਿ ਕੰਤੁ ਹਮਾਰਾ ਰਾਮ ॥	بھاگ سُلکھٹا ہرِ کنّتُ ہمارا رام ॥
ਅਨਹਦ ਬਾਜਿਤ੍ਰਾ ਤਿਸੁ ਧੁਨਿ ਦਰਬਾਰਾ ਰਾਮ ॥	انہد باجِتّرا تِسُ دھُنِ دربارا رام ॥
ਆਨੰਦ ਅਨਦਿਨੁ ਵਜਹਿ ਵਾਜੇ ਦਿਨਸੁ ਰੈਣਿ ਉਮਾਹਾ ॥	آننّد اندِنُ وجہِ واجے دِنُس ریَنٹِ اُماہا ॥
ਤਹ ਰੋਗ ਸੋਗ ਨ ਦੂਖੁ ਬਿਆਪੈ ਜਨਮ ਮਰਣੁ ਨ ਤਾਹਾ ॥	تہ روگ سوگ ن دوُکھُ بِیاپے جنم مرنُ ن تاہا ॥
ਰਿਧਿ ਸਿਧਿ ਸੁਧਾ ਰਸੁ ਅੰਮ੍ਰਿਤੁ ਭਗਤਿ ਭਰੇ ਭੰਡਾਰਾ ॥	رِدھِ سِدھِ سُدھا رسُ انمّرِتُ بھگتِ بھرے بھنّڈارا ॥
ਬਿਨਵੰਤਿ ਨਾਨਕ ਬਲਿਹਾਰਿ ਵੰਞਾ ਪਾਰਬ੍ਰਹਮ ਪ੍ਰਾਨ ਅਧਾਰਾ ॥੧॥	بِنونّتِ نانک بلِہارِ ونّجا پاربّرہم پّران ادھارا ॥1॥
ਸੁਣਿ ਸਖੀਅ ਸਹੇਲੜੀਹੋ ਮਿਲਿ ਮੰਗਲੁ ਗਾਵਹ ਰਾਮ ॥	سُنٹِ سکھیء سہیلڑیہو مِلِ منگلُ گاوہ رام ॥
ਮਨਿ ਤਨਿ ਪ੍ਰੇਮੁ ਕਰੇ	منِ تنِ پّریمُ کرے

ਤਿਸੁ ਪ੍ਰਭ ਕਉ ਰਾਵਹ ਰਾਮ ॥

تِس پربھ ک ءُ راوہ رام ॥

ਕਰਿ ਪ੍ਰੇਮੁ ਰਾਵਹ ਤਿਸੈ ਭਾਵਹ
ਇਕ ਨਿਮਖ ਪਲਕ ਨ ਤਿਆਗੀਐ ॥

کرِ پریمُ راوہ تِسے بھاوہ
اِک نِمکھ پلک ن تِیاگیئے ॥

ਗਹਿ ਕੰਠਿ ਲਾਈਐ ਨਹ ਲਜਾਈਐ
ਚਰਨ ਰਜ ਮਨੁ ਪਾਗੀਐ ॥

گہِ کنٹھِ لائیئے نہ لجائیئے
چرن رج منُ پاگیئے ॥

ਭਗਤਿ ਠਗਉਰੀ ਪਾਇ ਮੋਹਹ
ਅਨਤ ਕਤਹੂ ਨ ਧਾਵਹ ॥

بھگتِ ٹھگئری پاءِ موہہ
انت کتہوُ ن دھاوہ ॥

ਬਿਨਵੰਤਿ ਨਾਨਕ ਮਿਲਿ ਸੰਗਿ ਸਾਜਨ
ਅਮਰ ਪਦਵੀ ਪਾਵਹ ॥੨॥

بِنونتِ نانک مِلِ سنگِ ساجن
امر پدوی پاوہ ॥2॥

ਬਿਸਮਨ ਬਿਸਮ ਭਈ
ਪੇਖਿ ਗੁਣ ਅਬਿਨਾਸੀ ਰਾਮ ॥

بِسمن بِسم بھئی
پیکھِ گُٹ اِبناسی رام ॥

ਕਰੁ ਗਹਿ ਭੁਜਾ ਗਹੀ
ਕਟਿ ਜਮ ਕੀ ਫਾਸੀ ਰਾਮ ॥

کرُ گہِ بھُجا گہی
کٹِ جم کی پھاسی رام ॥

ਗਹਿ ਭੁਜਾ ਲੀਨ੍ਹੀ ਦਾਸਿ ਕੀਨ੍ਹੀ
ਅੰਕੁਰਿ ਉਦੋਤੁ ਜਣਾਇਆ ॥

گہِ بھُجا لِینّہی داسِ کِینّہی
انکُرِ اُدوتُ جنّائیا ॥

ਮਲਨ ਮੋਹ ਬਿਕਾਰ ਨਾਠੇ
ਦਿਵਸ ਨਿਰਮਲ ਆਇਆ ॥

ملن موہ بِکار ناٹھے
دِوس نِرمل آئیا ॥

ਦ੍ਰਿਸਟਿ ਧਾਰੀ ਮਨਿ ਪਿਆਰੀ
ਮਹਾ ਦੁਰਮਤਿ ਨਾਸੀ ॥

دّرِسٹِ دھاری منِ پیاری
مہا دُرمتِ ناسی ॥

ਬਿਨਵੰਤਿ ਨਾਨਕ ਭਈ ਨਿਰਮਲ
ਪ੍ਰਭ ਮਿਲੇ ਅਬਿਨਾਸੀ ॥੩॥

بِنونتِ نانک بھئی نِرمل
پربھ مِلے اِبناسی ॥3॥

ਸੂਰਜ ਕਿਰਣਿ ਮਿਲੇ
ਜਲ ਕਾ ਜਲੁ ਹੂਆ ਰਾਮ ॥

سوُرج کِرنٹِ مِلے
جل کا جلُ ہوُیا رام ॥

ਜੋਤੀ ਜੋਤਿ ਰਲੀ
ਸੰਪੂਰਨੁ ਥੀਆ ਰਾਮ ॥

جوتی جوتِ رلی
سنپوُرنُ تھیا رام ॥

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ
ਏਕੁ ਏਕੁ ਵਖਾਣੀਐ ॥

بّرہمُ دیسے بّرہمُ سُنّیئے
ایکُ ایکُ وکھانّیئے ॥

ਆਤਮ ਪਸਾਰਾ ਕਰਣਹਾਰਾ
ਪ੍ਰਭ ਬਿਨਾ ਨਹੀ ਜਾਣੀਐ ॥

آتم پسارا کرنّہارا
پّربھ بِنا نہی جانّیئے ॥

ਆਪਿ ਕਰਤਾ ਆਪਿ ਭੁਗਤਾ
ਆਪਿ ਕਾਰਣੁ ਕੀਆ ॥

آپِ کرتا آپِ بھگتا
آپِ کارنُ کِیا ॥

ਬਿਨਵੰਤਿ ਨਾਨਕ ਸੇਈ ਜਾਣਹਿ
ਜਿਨ੍ਹੀ ਹਰਿ ਰਸੁ ਪੀਆ ॥੪॥੨॥

بِنونّتِ نانک سیئی جانّہِ
جِنّہی ہرِ رسُ پِیا ॥4॥2॥

ਬਿਲਾਵਲੁ ਮਹਲਾ ੫ ਛੰਤ

بِلاولُ محلا 5 چھنّت

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਸਖੀ ਆਉ ਸਖੀ ਵਸਿ ਆਉ ਸਖੀ
ਅਸੀ ਪਿਰ ਕਾ ਮੰਗਲੁ ਗਾਵਹ ॥

سکھی آءُ سکھی وسِ آءُ سکھی
اسی پِر کا منگلُ گاوہ ॥

ਤਜਿ ਮਾਨੁ ਸਖੀ ਤਜਿ ਮਾਨੁ ਸਖੀ
ਮਤੁ ਆਪਣੇ ਪ੍ਰੀਤਮ ਭਾਵਹ ॥

تجِ مانُ سکھی تجِ مانُ سکھی
متُ آپنّے پّریتم بھاوہ ॥

ਤਜਿ ਮਾਨੁ ਮੋਹੁ ਬਿਕਾਰੁ ਦੂਜਾ
ਸੇਵਿ ਏਕੁ ਨਿਰੰਜਨੋ ॥

تجِ مانُ موہُ بِکارُ دوُجا
سیوِ ایکُ نِرنّجنو ॥

ਲਗੁ ਚਰਣ ਸਰਣ ਦਇਆਲ ਪ੍ਰੀਤਮ
ਸਗਲ ਦੁਰਤ ਬਿਖੰਡਨੋ ॥

لگُ چرنُ سرنُ دیئال پّریتم
سگل دُرت بِکھنڈنو ॥

ਹੋਇ ਦਾਸ ਦਾਸੀ ਤਜਿ ਉਦਾਸੀ
ਬਹੁੜਿ ਬਿਧੀ ਨ ਧਾਵਾ ॥

ہوءِ داس داسی تجِ اُداسی
بہُڑِ بِدھی ن دھاوا ॥

ਨਾਨਕੁ ਪਇਅੰਪੈ ਕਰਹੁ ਕਿਰਪਾ
ਤਾਮਿ ਮੰਗਲੁ ਗਾਵਾ ॥੧॥

نانکُ پئنّپے کرہُ کِرپا
تامِ منگلُ گاوا ॥1॥

ਅੰਮ੍ਰਿਤੁ ਪ੍ਰਿਅ ਕਾ ਨਾਮੁ ਮੈ ਅੰਧੁਲੇ ਟੋਹਨੀ ॥

انّمرِتُ پّریء کا نامُ مے اندھُلے ٹوہنی ॥

ਓਹ ਜੋਹੈ ਬਹੁ ਪਰਕਾਰ ਸੁੰਦਰਿ ਮੋਹਨੀ ॥

اوہ جوہے بہُ پرکار سُندرِ موہنی ॥

ਮੋਹਨੀ ਮਹਾ ਬਚਿਤ੍ਰਿ ਚੰਚਲਿ

موہنی مہا بچتّرِ چنچّلِ

ਅਨਿਕ ਭਾਵ ਦਿਖਾਵਏ ॥

انِک بھاو دِکھاوے ॥

ਹੋਇ ਢੀਠ ਮੀਠੀ ਮਨਹਿ ਲਾਗੈ
ਨਾਮੁ ਲੈਣ ਨ ਆਵਏ ॥

ہوءِ ڈھیٹھ مِیٹھی منہِ لاگے
نامُ لیَنؔ ن آوے ॥

ਗ੍ਰਿਹ ਬਨਹਿ ਤੀਰੈ ਬਰਤ ਪੂਜਾ
ਬਾਟ ਘਾਟੈ ਜੋਹਨੀ ॥

گِرہ بنہِ تیرے برت پوُجا
باٹ گھاٹے جوہنی ॥

ਨਾਨਕੁ ਪਇਅੰਪੈ ਦਇਆ ਧਾਰਹੁ
ਮੈ ਨਾਮੁ ਅੰਧੁਲੇ ਟੋਹਨੀ ॥੨॥

نانکُ پئنپے دئیا دھارہُ
مے نامُ اندھُلے ٹوہنی ॥2॥

ਮੋਹਿ ਅਨਾਥ ਪ੍ਰਿਅ ਨਾਥ
ਜਿਉ ਜਾਨਹੁ ਤਿਉ ਰਖਹੁ ॥

موہِ اناتھ پرِء ناتھ
جِءُ جانہُ تِءُ رکھہُ ॥

ਚਤੁਰਾਈ ਮੋਹਿ ਨਾਹਿ ਰੀਝਾਵਉ ਕਹਿ ਮੁਖਹੁ ॥

چترُائی موہِ ناہِ ریجھاوءُ کہِ مُکھہُ ۔ ॥

ਨਹ ਚਤੁਰਿ ਸੁਘਰਿ ਸੁਜਾਨ ਬੇਤੀ
ਮੋਹਿ ਨਿਰਗੁਨਿ ਗੁਨੁ ਨਹੀ ॥

نہ چترِ سُگھرِ سُجان بیتی
موہِ نِرگُنِ گُنُ نہی ॥

ਨਹ ਰੂਪ ਧੂਪ ਨ ਨੈਣ ਬੰਕੇ
ਜਹ ਭਾਵੈ ਤਹ ਰਖੁ ਤੁਹੀ ॥

نہ روُپ دھوُپ ن نیَنؔ بنکے
جہ بھاوے تہ رکھُ تُہی ॥

ਜੈ ਜੈ ਜਇਅੰਪਹਿ ਸਗਲ ਜਾ ਕਉ
ਕਰੁਣਾਪਤਿ ਗਤਿ ਕਿਨਿ ਲਖਹੁ ॥

جے جے جئنپہِ سگل جا کءُ
کرُناپتِ گتِ کِنِ لکھہُ ۔ ॥

ਨਾਨਕੁ ਪਇਅੰਪੈ ਸੇਵ ਸੇਵਕੁ
ਜਿਉ ਜਾਨਹੁ ਤਿਉ ਮੋਹਿ ਰਖਹੁ ॥੩॥

نانکُ پئنپے سیو سیوکُ
جِءُ جانہُ تِءُ موہِ رکھہُ ॥3॥

ਮੋਹਿ ਮਛੁਲੀ ਤੁਮ ਨੀਰ
ਤੁਝ ਬਿਨੁ ਕਿਉ ਸਰੈ ॥

موہِ مچھُلی تُم نیر
تُجھ بِنُ کِءُ سرے ۔ ॥

ਮੋਹਿ ਚਾਤ੍ਰਿਕ ਤੁਮ੍ ਬੂੰਦ
ਤ੍ਰਿਪਤਉ ਮੁਖਿ ਪਰੈ ॥

موہِ چاتّرِک تُمّہ بوُنّد
تّرِپت ءُ مُکھِ پرے ॥

ਮੁਖਿ ਪਰੈ ਹਰੈ ਪਿਆਸ ਮੇਰੀ
ਜੀਅ ਹੀਆ ਪ੍ਰਾਨਪਤੇ ॥

مُکھِ پرے ہرے پِیاس میری
جیء ہِیا پّرانپتے ॥

ਲਾਡਲੇ ਲਾਡ ਲਡਾਇ ਸਭ ਮਹਿ

لاڈلے لاڈ لڈاءِ سبھ مہِ

ਮਿਲੁ ਹਮਾਰੀ ਹੋਇ ਗਤੇ ॥	مِلُ ہماری ہوءِ گتے ॥
ਚੀਤਿ ਚਿਤਵਉ ਮਿਟੁ ਅੰਧਾਰੇ ਜਿਉ ਆਸ ਚਕਵੀ ਦਿਨੁ ਚਰੈ ॥	چیتِ چِتوءُ مِٹُ اندھارے جِءُ آس چکوی دِنُ چرے ॥
ਨਾਨਕੁ ਪਇਅੰਪੈ ਪ੍ਰਿਅ ਸੰਗਿ ਮੇਲੀ ਮਛੁਲੀ ਨੀਰੁ ਨ ਵੀਸਰੈ ॥੪॥	نانکُ پئنپے پرِء سنگِ میلی مچھُلی نیرُ ن ویسرے ॥4॥
ਧਨਿ ਧੰਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ ॥	دھنِ دھنّنِ ہمارے بھاگ گھرِ آئیا پِرُ میرا ॥
ਸੋਹੇ ਬੰਕ ਦੁਆਰ ਸਗਲਾ ਬਨੁ ਹਰਾ ॥	سوہے بنک دُیار سگلا بنُ ہرا ॥
ਹਰ ਹਰਾ ਸੁਆਮੀ ਸੁਖਹ ਗਾਮੀ ਅਨਦ ਮੰਗਲ ਰਸੁ ਘਣਾ ॥	ہر ہرا سُیامی سُکھہ گامی اند منگل رسُ گھٹا ॥
ਨਵਲ ਨਵਤਨ ਨਾਹੁ ਬਾਲਾ ਕਵਨ ਰਸਨਾ ਗੁਨ ਭਣਾ ॥	نول نوتن ناہُ بالا کون رسنا گُن بھٹا ॥
ਮੇਰੀ ਸੇਜ ਸੋਹੀ ਦੇਖਿ ਮੋਹੀ ਸਗਲ ਸਹਸਾ ਦੁਖੁ ਹਰਾ ॥	میری سیج سوہی دیکھِ موہی سگل سہسا دُکھُ ہرا ॥
ਨਾਨਕੁ ਪਇਅੰਪੈ ਮੇਰੀ ਆਸ ਪੂਰੀ ਮਿਲੇ ਸੁਆਮੀ ਅਪਰੰਪਰਾ ॥੫॥੧॥੩॥	نانکُ پئنپے میری آس پوُری مِلے سُیامی اپرنّپرا ॥5॥1॥3॥
ਬਿਲਾਵਲੁ ਮਹਲਾ ੫ ਛੰਤ ਮੰਗਲ	بِلاولُ محلا 5 چھنّت منگل
ੴ ਸਤਿਗੁਰ ਪ੍ਰਸਾਦਿ ॥	۱ۄ ستِگُر پرسادِ ॥
ਸਲੋਕੁ ॥	سلوکُ ॥
ਸੁੰਦਰ ਸਾਂਤਿ ਦਇਆਲ ਪ੍ਰਭ ਸਰਬ ਸੁਖਾ ਨਿਧਿ ਪੀਉ ॥	سُندر سانتِ دیَیال پربھ سرب سُکھا نِدھِ پِیءُ ॥
ਸੁਖ ਸਾਗਰ ਪ੍ਰਭ ਭੇਟਿਐ ਨਾਨਕ ਸੁਖੀ ਹੋਤ ਇਹੁ ਜੀਉ ॥੧॥	سُکھ ساگر پربھ بھیٹیے نانک سُکھی ہوت اِہُ جیءُ ॥1॥
ਛੰਤ ॥	چھنّت ॥

ਸੁਖ ਸਾਗਰ ਪ੍ਰਭੁ ਪਾਈਐ
ਜਬ ਹੋਵੈ ਭਾਗੋ ਰਾਮ ॥

سُکھ ساگر پربھُ پائیئے
جب ہووے بھاگو رام ॥

ਮਾਨਨਿ ਮਾਨੁ ਵਞਾਈਐ
ਹਰਿ ਚਰਣੀ ਲਾਗੋ ਰਾਮ ॥

مانِن مانُ وِنجائیئے
ہرِ چرنی لاگو رام ॥

ਛੋਡਿ ਸਿਆਨਪ ਚਾਤੁਰੀ
ਦੁਰਮਤਿ ਬੁਧਿ ਤਿਆਗੋ ਰਾਮ ॥

چھوڈِ سِیانپ چاتُری
دُرمتِ بُدھِ تِیاگو رام ॥

ਨਾਨਕ ਪਉ ਸਰਣਾਈ ਰਾਮ ਰਾਇ
ਥਿਰੁ ਹੋਇ ਸੁਹਾਗੋ ਰਾਮ ॥੧॥

نانک پءُ سرنائی رام راءِ
تھِرُ ہوءِ سُہاگو رام ॥1॥

ਸੋ ਪ੍ਰਭੁ ਤਜਿ ਕਤ ਲਾਗੀਐ
ਜਿਸੁ ਬਿਨੁ ਮਰਿ ਜਾਈਐ ਰਾਮ ॥

سو پربھُ تجِ کت لاگیئے
جِسُ بِنُ مرِ جائیئے رام ॥

ਲਾਜ ਨ ਆਵੈ ਅਗਿਆਨ ਮਤੀ
ਦੁਰਜਨ ਬਿਰਮਾਈਐ ਰਾਮ ॥

لاج ن آوے اگیان متی
دُرجن بِرمائیئے رام ॥

ਪਤਿਤ ਪਾਵਨ ਪ੍ਰਭੁ ਤਿਆਗਿ ਕਰੇ
ਕਹੁ ਕਤ ਠਹਰਾਈਐ ਰਾਮ ॥

پتِت پاون پربھُ تِیاگِ کرے
کہُ کت ٹھہرائیئے رام ॥

ਨਾਨਕ ਭਗਤਿ ਭਾਉ ਕਰਿ ਦਇਆਲ ਕੀ
ਜੀਵਨ ਪਦੁ ਪਾਈਐ ਰਾਮ ॥੨॥

نانک بھگتِ بھاءُ کرِ دیئال کی
جیون پدُ پائیئے رام ॥2॥

ਸ੍ਰੀ ਗੋਪਾਲੁ ਨ ਉਚਰਹਿ ਬਲਿ ਗਈਏ
ਦੁਹਚਾਰਣਿ ਰਸਨਾ ਰਾਮ ॥

سّری گوپالُ ن اُچرہِ بلِ گئیئے
دُہچارنِ رسنا رام ॥

ਪ੍ਰਭੁ ਭਗਤਿ ਵਛਲੁ ਨਹ ਸੇਵਹੀ
ਕਾਇਆ ਕਾਕ ਗ੍ਰਸਨਾ ਰਾਮ ॥

پربھُ بھگتِ وچھلُ نہ سیوہی
کائیا کاک گرّسنا رام ॥

ਭ੍ਰਮਿ ਮੋਹੀ ਦੂਖ ਨ ਜਾਣਹੀ
ਕੋਟਿ ਜੋਨੀ ਬਸਨਾ ਰਾਮ ॥

بھرّمِ موہی دوُکھ ن جانہی
کوٹِ جونی بسنا رام ॥

ਨਾਨਕ ਬਿਨੁ ਹਰਿ ਅਵਰੁ ਜਿ ਚਾਹਨਾ
ਬਿਸਟਾ ਕ੍ਰਿਮ ਭਸਮਾ ਰਾਮ ॥੩॥

نانک بِنُ ہرِ اورُ جِ چاہنا
بِسٹا کرِم بھسما رام ॥3॥

ਲਾਇ ਬਿਰਹੁ ਭਗਵੰਤ ਸੰਗੇ
ਹੋਇ ਮਿਲੁ ਬੈਰਾਗਨਿ ਰਾਮ ॥

لاءِ برہُ بھگونت سنگے

ਹਉਮੈ ਬਿਖੁ ਤਿਆਗਨਿ ਰਾਮ ॥

ہوءِ بِلُ بیَراگنِ رام ॥

ਚੰਦਨ ਚੀਰ ਸੁਗੰਧ ਰਸਾ

چنّدن چیِر سُگنّدھ رسا

ਈਤ ਊਤ ਨਹ ਡੋਲੀਐ

ایت اوُت نہ ڈولیئے

ਹਰਿ ਸੇਵਾ ਜਾਗਨਿ ਰਾਮ ॥

ہرِ سیوا جاگنِ رام ॥

ਨਾਨਕ ਜਿਨਿ ਪ੍ਰਭੁ ਪਾਇਆ ਆਪਣਾ

نانک جِنِ پرّبھُ پائیا آپٹا

ਸਾ ਅਟਲ ਸੁਹਾਗਨਿ ਰਾਮ ॥੪॥੧॥੪॥

سا اٹل سُہاگنِ رام ॥4॥1॥4॥

ਬਿਲਾਵਲੁ ਮਹਲਾ ੫ ॥

بِلاولُ محلا 5 ॥

ਹਰਿ ਖੋਜਹੁ ਵਡਭਾਗੀਹੋ

ہرِ کھوجہُ وڈبھاگیہو

ਮਿਲਿ ਸਾਧੂ ਸੰਗੇ ਰਾਮ ॥

مِلِ سادھوُ سنگے رام ॥

ਗੁਨ ਗੋਵਿਦ ਸਦਾ ਗਾਈਅਹਿ

گُن گووِد سدا گائیئہِ

ਪਾਰਬ੍ਰਹਮ ਕੈ ਰੰਗੇ ਰਾਮ ॥

پاربّرہم کے رنگے رام ॥

ਸੋ ਪ੍ਰਭੁ ਸਦ ਹੀ ਸੇਵੀਐ

سو پرّبھُ سد ہی سیویئے

ਪਾਈਅਹਿ ਫਲ ਮੰਗੇ ਰਾਮ ॥

پائیئہِ پھل منگے رام ॥

ਨਾਨਕ ਪ੍ਰਭ ਸਰਨਾਗਤੀ

نانک پرّبھ سرناگتی

ਜਪਿ ਅਨਤ ਤਰੰਗੇ ਰਾਮ ॥੧॥

جپِ انت ترنگے رام ॥1॥

ਇਕੁ ਤਿਲੁ ਪ੍ਰਭੂ ਨ ਵੀਸਰੈ

اِکُ تِلُ پرّبھوُ ن ویسرے

ਜਿਨਿ ਸਭੁ ਕਿਛੁ ਦੀਨਾ ਰਾਮ ॥

جِنِ سبھُ کچھُ دینا رام ॥

ਵਡਭਾਗੀ ਮੇਲਾਵੜਾ

وڈبھاگی میلاوڑا

ਗੁਰਮੁਖਿ ਪਿਰੁ ਚੀਨ੍ਹਾ ਰਾਮ ॥

گُرمُکھِ پرُ چینّہا رام ॥

ਬਾਹ ਪਕੜਿ ਤਮ ਤੇ ਕਾਢਿਆ

باہ پکڑِ تم تے کاڈھیا

ਕਰਿ ਅਪੁਨਾ ਲੀਨਾ ਰਾਮ ॥

کرِ اپُنا لینا رام ॥

ਨਾਮੁ ਜਪਤ ਨਾਨਕ ਜੀਵੈ

نامُ جپت نانک جیوے

ਸੀਤਲੁ ਮਨੁ ਸੀਨਾ ਰਾਮ ॥੨॥

سیِتلُ منُ سینا رام ॥2॥

ਕਿਆ ਗੁਣ ਤੇਰੇ ਕਹਿ ਸਕਉ

کیا گُنؤ تیرے کہِ سکءُ

ਪ੍ਰਭ ਅੰਤਰਜਾਮੀ ਰਾਮ ॥	پربھ انترجامی رام ॥
ਸਿਮਰਿ ਸਿਮਰਿ ਨਾਰਾਇਣੈ ਭਏ ਪਾਰਗਰਾਮੀ ਰਾਮ ॥	سِمرِ سِمرِ نارائنے بھئے پارگرامی رام ॥
ਗੁਨ ਗਾਵਤ ਗੋਵਿੰਦ ਕੇ ਸਭ ਇਛ ਪੁਜਾਮੀ ਰਾਮ ॥	گُن گاوت گووِند کے سبھ اِچھ پُجامی رام ॥
ਨਾਨਕ ਉਧਰੇ ਜਪਿ ਹਰੇ ਸਭਹੂ ਕਾ ਸੁਆਮੀ ਰਾਮ ॥੩॥	نانک اُدھرے جپِ ہرے سبھہُو کا سُیامی رام ॥3॥
ਰਸ ਭਿੰਨਿਅੜੇ ਅਪੁਨੇ ਰਾਮ ਸੰਗੇ ਸੇ ਲੋਇਣ ਨੀਕੇ ਰਾਮ ॥	رس بھِنّڑے اپُنے رام سنگے سے لوئنْ نیکے رام ॥
ਪ੍ਰਭ ਪੇਖਤ ਇਛਾ ਪੁੰਨੀਆ ਮਿਲਿ ਸਾਜਨ ਜੀ ਕੇ ਰਾਮ ॥	پربھ پیکھت اِچھا پُنّیا مِلِ ساجن جی کے رام ॥
ਅੰਮ੍ਰਿਤ ਰਸੁ ਹਰਿ ਪਾਇਆ ਬਿਖਿਆ ਰਸ ਫੀਕੇ ਰਾਮ ॥	انمّرِت رسُ ہرِ پائیا بِکھیا رس پھیکے رام ॥
ਨਾਨਕ ਜਲੁ ਜਲਹਿ ਸਮਾਇਆ ਜੋਤੀ ਜੋਤਿ ਮੀਕੇ ਰਾਮ ॥੪॥੨॥੫॥੯॥	نانک جلُ جلہِ سمائیا جوتی جوتِ میکے رام ॥4॥2॥5॥9॥
ਬਿਲਾਵਲੁ ਕੀ ਵਾਰ ਮਹਲਾ ੪	بِلاولُ کی وار محلا 4
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਸਲੋਕ ਮਃ ੪ ॥	سلوک م: 4 ॥
ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥	ہرِ اُتمُ ہرِ پربھُ گاویا کرِ نادُ بِلاولُ راگُ ॥
ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥	اُپدیسُ گُرو سُنِ منّیا دھُرِ مستکِ پُورا بھاگُ ॥
ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥	سبھ دِنسُ رینِ گُنْ اُچرے ہرِ ہرِ ہرِ اُرِ لِو لاگُ ॥
ਸਭੁ ਤਨੁ ਮਨੁ ਹਰਿਆ ਹੋਇਆ	سبھُ تنُ منُ ہریا ہوئیا

ਮਨੁ ਖਿੜਿਆ ਹਰਿਆ ਬਾਗੁ ॥

من کھِڑیا ہریا باغُ ॥

ਅਗਿਆਨੁ ਅੰਧੇਰਾ ਮਿਟਿ ਗਇਆ
ਗੁਰ ਚਾਨਣੁ ਗਿਆਨੁ ਚਰਾਗੁ ॥

اگیانُ اندھیرا مِٹ گیَیا
گُر چانڻُ گیانُ چراغُ ॥

ਜਨੁ ਨਾਨਕੁ ਜੀਵੈ ਦੇਖਿ ਹਰਿ
ਇਕ ਨਿਮਖ ਘੜੀ ਮੁਖਿ ਲਾਗੁ ॥੧॥

جنُ نانکُ جیوے دیکھِ ہرِ
اِک نِمکھ گھڑی مُکھِ لاگُ ॥1॥

ਮਃ ੩ ॥

م: 3 ॥

ਬਿਲਾਵਲੁ ਤਬ ਹੀ ਕੀਜੀਐ
ਜਬ ਮੁਖਿ ਹੋਵੈ ਨਾਮੁ ॥

بِلاولُ تب ہی کیجیَے
جب مُکھِ ہووے نامُ ॥

ਰਾਗ ਨਾਦ ਸਬਦਿ ਸੋਹਣੇ
ਜਾ ਲਾਗੈ ਸਹਜਿ ਧਿਆਨੁ ॥

راگ ناد سبدِ سوہنے
جا لاگے سہجِ دھیانُ ॥

ਰਾਗ ਨਾਦ ਛੋਡਿ ਹਰਿ ਸੇਵੀਐ
ਤਾ ਦਰਗਹ ਪਾਈਐ ਮਾਨੁ ॥

راگ ناد چھوڈِ ہرِ سیویَے
تا درگہ پائیَے مانُ ॥

ਨਾਨਕ ਗੁਰਮੁਖਿ ਬ੍ਰਹਮੁ ਬੀਚਾਰੀਐ
ਚੂਕੈ ਮਨਿ ਅਭਿਮਾਨੁ ॥੨॥

نانک گُرمُکھِ برہمُ بیچاریَے
چوُکے منِ ابھِمانُ ॥2॥

ਪਉੜੀ ॥

پؤڑی ॥

ਤੂ ਹਰਿ ਪ੍ਰਭੁ ਆਪਿ ਅਗੰਮੁ ਹੈ
ਸਭਿ ਤੁਧੁ ਉਪਾਇਆ ॥

توُ ہرِ پربھُ آپِ اگنمُ ہے
سبھِ تُدھُ اُپائیَا ॥

ਤੂ ਆਪੇ ਆਪਿ ਵਰਤਦਾ
ਸਭੁ ਜਗਤੁ ਸਬਾਇਆ ॥

توُ آپے آپِ ورتدا
سبھُ جگتُ سبائیَا ॥

ਤੁਧੁ ਆਪੇ ਤਾੜੀ ਲਾਈਐ
ਆਪੇ ਗੁਣ ਗਾਇਆ ॥

تُدھُ آپے تاڑی لائیَے
آپے گُڻ گائیَا ॥

ਹਰਿ ਧਿਆਵਹੁ ਭਗਤਹੁ ਦਿਨਸੁ ਰਾਤਿ
ਅੰਤਿ ਲਏ ਛਡਾਇਆ ॥

ہرِ دھیاوہُ بھگتہ دِنسُ راتِ
انّتِ لے چھڈائیَا ॥

ਜਿਨਿ ਸੇਵਿਆ ਤਿਨਿ ਸੁਖੁ ਪਾਇਆ
ਹਰਿ ਨਾਮਿ ਸਮਾਇਆ ॥੧॥

جِنِ سیویا تِنِ سُکھُ پائیَا
ہرِ نامِ سمائیَا ॥1॥

ਸਲੋਕ ਮਃ ੩ ॥

ਦੂਜੈ ਭਾਇ ਬਿਲਾਵਲੁ ਨ ਹੋਵਈ
ਮਨਮੁਖਿ ਥਾਇ ਨ ਪਾਇ ॥

ਪਾਖੰਡਿ ਭਗਤਿ ਨ ਹੋਵਈ
ਪਾਰਬ੍ਰਹਮੁ ਨ ਪਾਇਆ ਜਾਇ ॥

ਮਨਹਠਿ ਕਰਮ ਕਮਾਵਣੇ
ਥਾਇ ਨ ਕੋਈ ਪਾਇ ॥

ਨਾਨਕ ਗੁਰਮੁਖਿ ਆਪੁ ਬੀਚਾਰੀਐ
ਵਿਚਹੁ ਆਪੁ ਗਵਾਇ ॥

ਆਪੇ ਆਪਿ ਪਾਰਬ੍ਰਹਮੁ ਹੈ
ਪਾਰਬ੍ਰਹਮੁ ਵਸਿਆ ਮਨਿ ਆਇ ॥

ਜੰਮਣੁ ਮਰਣਾ ਕਟਿਆ
ਜੋਤੀ ਜੋਤਿ ਮਿਲਾਇ ॥੧॥

ਮਃ ੩ ॥

ਬਿਲਾਵਲੁ ਕਰਿਹੁ ਤੁਮ੍ ਪਿਆਰਿਹੋ
ਏਕਸੁ ਸਿਉ ਲਿਵ ਲਾਇ ॥

ਜਨਮ ਮਰਣ ਦੁਖੁ ਕਟੀਐ
ਸਚੇ ਰਹੈ ਸਮਾਇ ॥

ਸਦਾ ਬਿਲਾਵਲੁ ਅਨੰਦੁ ਹੈ
ਜੇ ਚਲਹਿ ਸਤਿਗੁਰ ਭਾਇ ॥

ਸਤਸੰਗਤੀ ਬਹਿ ਭਾਉ ਕਰਿ
ਸਦਾ ਹਰਿ ਕੇ ਗੁਣ ਗਾਇ ॥

ਨਾਨਕ ਸੇ ਜਨ ਸੋਹਣੇ
ਜਿ ਗੁਰਮੁਖਿ ਮੇਲਿ ਮਿਲਾਇ ॥੨॥

ਪਉੜੀ ॥

سلوک م: 3 ॥

دوُجے بھاءِ بِلاولُ ن ہووئی
منمُکھِ تھاءِ ن پاءِ ॥

پاکھنڈِ بھگتِ ن ہووئی
پاربّرہمُ ن پائیا جاءِ ॥

منہٹھِ کرم کماوٹے
تھاءِ ن کوئی پاءِ ॥

نانک گُرمُکھِ آپُ بیچاریئے
وِچہُ آپُ گواءِ ॥

آپے آپِ پاربّرہمُ ہے
پاربّرہمُ وسِیا منِ آءِ ॥

جنّمُ مرٹا کٹِیا
جوتی جوتِ مِلاءِ ॥1॥

م: 3 ॥

بِلاولُ کرِہُ تُمّہ پیارِہو
ایکسُ سِءُ لِو لاءِ ॥

جنم مرنٹ دُکھُ کٹیئے
سچے رہے سماءِ ॥

سدا بِلاولُ اننّدُ ہے
جے چلہِ ستِگُر بھاءِ ॥

ستسنگتی بہِ بھاءُ کرِ
سدا ہرِ کے گُنٹ گاءِ ॥

نانک سے جن سوہنٹے
جِ گُرمُکھِ میلِ مِلاءِ ॥2॥

پئُڑی ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਜਾ ਸਾਹਿਬ) سری گرُو نانک دیو جی مہاراج دے 550ویں پرکاش پُرب نُوں سمرپت | سیوا: بھائی بلجِندر سنگھ جی (راجا صاہب)

ਸਭਨਾ ਜੀਆ ਵਿਚਿ ਹਰਿ ਆਪਿ
ਸੋ ਭਗਤਾ ਕਾ ਮਿਤੁ ਹਰਿ ॥

سبھنا جیِیا وِچ ہرِ آپِ
سو بھگتا کا مِتُ ہرِ ॥

ਸਭੁ ਕੋਈ ਹਰਿ ਕੈ ਵਸਿ
ਭਗਤਾ ਕੈ ਅਨੰਦੁ ਘਰਿ ॥

سبھُ کوئی ہرِ کے وسِ
بھگتا کے انندُ گھرِ ॥

ਹਰਿ ਭਗਤਾ ਕਾ ਮੇਲੀ ਸਰਬਤ ਸਉ
ਨਿਸੁਲ ਜਨ ਟੰਗ ਧਰਿ ॥

ہرِ بھگتا کا میلی سربت س ءُ
نِسُل جن ٹنگ دھرِ ॥

ਹਰਿ ਸਭਨਾ ਕਾ ਹੈ ਖਸਮੁ
ਸੋ ਭਗਤ ਜਨ ਚਿਤਿ ਕਰਿ ॥

ہرِ سبھنا کا ہے خصمُ
سو بھگت جن چِتِ کرِ ॥

ਤੁਧੁ ਅਪੜਿ ਕੋਇ ਨ ਸਕੈ
ਸਭ ਝਖਿ ਝਖਿ ਪਵੈ ਝੜਿ ॥੨॥

تُدھُ اپڑِ کوءِ ن سکے
سبھ جھکھِ جھکھِ پوے جھڑِ ॥2॥

ਸਲੋਕ ਮਃ ੩ ॥

سلوک م: 3 ॥

ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ
ਜੇ ਚਲਹਿ ਸਤਿਗੁਰ ਭਾਇ ॥

بّرہمُ بِندہِ تے بّراہمٹا
جے چلہِ ستِگُر بھاءِ ॥

ਜਿਨ ਕੈ ਹਿਰਦੈ ਹਰਿ ਵਸੈ
ਹਉਮੈ ਰੋਗੁ ਗਵਾਇ ॥

جِن کے ہِردے ہرِ وسے
ہئُمے روگُ گواءِ ॥

ਗੁਣ ਰਵਹਿ ਗੁਣ ਸੰਗ੍ਰਹਹਿ
ਜੋਤੀ ਜੋਤਿ ਮਿਲਾਇ ॥

گُنٹ روہِ گُنٹ سنگّرہہِ
جوتی جوتِ مِلاءِ ॥

ਇਸੁ ਜੁਗ ਮਹਿ ਵਿਰਲੇ ਬ੍ਰਾਹਮਣ
ਬ੍ਰਹਮੁ ਬਿੰਦਹਿ ਚਿਤੁ ਲਾਇ ॥

اِس جُگ مہِ وِرلے بّراہمٹ
بّرہمُ بِندہِ چِتُ لاءِ ॥

ਨਾਨਕ ਜਿਨ੍ ਕਉ ਨਦਰਿ ਕਰੇ ਹਰਿ ਸਚਾ
ਸੇ ਨਾਮਿ ਰਹੇ ਲਿਵ ਲਾਇ ॥੧॥

نانک جِنّہ ک ءُ ندرِ کرے ہرِ سچا
سے نامِ رہے لِو لاءِ ॥1॥

ਮਃ ੩ ॥

م: 3 ॥

ਸਤਿਗੁਰ ਕੀ ਸੇਵ ਨ ਕੀਤੀਆ
ਸਬਦਿ ਨ ਲਗੋ ਭਾਉ ॥

ستِگُر کی سیو ن کیتِیا
سبدِ ن لگو بھاءُ ॥

ਹਉਮੈ ਰੋਗੁ ਕਮਾਵਣਾ

ہئُمے روگُ کماوٹا

ਅਤਿ ਦੀਰਘੁ ਬਹੁ ਸੁਆਉ ॥
اتِ دِیرگھُ بہُ سُیاءُ ॥

ਮਨਹਠਿ ਕਰਮ ਕਮਾਵਣੇ
ਫਿਰਿ ਫਿਰਿ ਜੋਨੀ ਪਾਇ ॥
منہٹھِ کرم کماوٹے
پھِرِ پھِرِ جونی پاءِ ॥

ਗੁਰਮੁਖਿ ਜਨਮੁ ਸਫਲੁ ਹੈ
ਜਿਸ ਨੋ ਆਪੇ ਲਏ ਮਿਲਾਇ ॥
گُرمُکھِ جنمُ سپھلُ ہے
جِس نو آپے لئے مِلاءِ ॥

ਨਾਨਕ ਨਦਰੀ ਨਦਰਿ ਕਰੇ
ਤਾ ਨਾਮ ਧਨੁ ਪਲੈ ਪਾਇ ॥੨॥
نانک ندری ندرِ کرے
تا نام دھنُ پلےَ پاءِ ॥2॥

ਪਉੜੀ ॥
پئُڑی ॥

ਸਭ ਵਡਿਆਈਆ ਹਰਿ ਨਾਮ ਵਿਚਿ
ਹਰਿ ਗੁਰਮੁਖਿ ਧਿਆਈਐ ॥
سبھ وڈیائیا ہرِ نام وِچِ
ہرِ گُرمُکھِ دھیائیئے ॥

ਜਿ ਵਸਤੁ ਮੰਗੀਐ ਸਾਈ ਪਾਈਐ
ਜੇ ਨਾਮਿ ਚਿਤੁ ਲਾਈਐ ॥
جِ وستُ منگیئے سائی پائیئے
جے نامِ چِتُ لائیئے ॥

ਗੁਹਜ ਗਲ ਜੀਅ ਕੀ ਕੀਚੈ ਸਤਿਗੁਰੂ ਪਾਸਿ
ਤਾ ਸਰਬ ਸੁਖੁ ਪਾਈਐ ॥
گُہج گل جیء کی کیچیے ستِگُرو پاسِ
تا سرب سُکھُ پائیئے ॥

ਗੁਰੁ ਪੂਰਾ ਹਰਿ ਉਪਦੇਸੁ ਦੇਇ
ਸਭ ਭੁਖ ਲਹਿ ਜਾਈਐ ॥
گُرُ پوُرا ہرِ اُپدیسُ دےءِ
سبھ بھُکھ لہِ جائیئے ॥

ਜਿਸੁ ਪੂਰਬਿ ਹੋਵੈ ਲਿਖਿਆ
ਸੋ ਹਰਿ ਗੁਣ ਗਾਈਐ ॥੩॥
جِسُ پوُربِ ہووے لِکھیا
سو ہرِ گُنؒ گائیئے ॥3॥

ਸਲੋਕ ਮਃ ੩ ॥
سلوک م: 3 ॥

ਸਤਿਗੁਰ ਤੇ ਖਾਲੀ ਕੋ ਨਹੀ
ਮੇਰੈ ਪ੍ਰਭਿ ਮੇਲਿ ਮਿਲਾਏ ॥
ستِگُر تے خالی کو نہی
میرے پّربھِ میلِ مِلائے ॥

ਸਤਿਗੁਰ ਕਾ ਦਰਸਨੁ ਸਫਲੁ ਹੈ
ਜੇਹਾ ਕੋ ਇਛੇ ਤੇਹਾ ਫਲੁ ਪਾਏ ॥
ستِگُر کا درسنُ سپھلُ ہے
جیہا کو اِچھے تیہا پھلُ پائے ॥

ਗੁਰ ਕਾ ਸਬਦੁ ਅੰਮ੍ਰਿਤੁ ਹੈ
ਸਭ ਤ੍ਰਿਸਨਾ ਭੁਖ ਗਵਾਏ ॥
گُر کا سبدُ انمّرِتُ ہے
سبھ تّرِسنا بھُکھ گوائے ॥

ਹਰਿ ਰਸੁ ਪੀ ਸੰਤੋਖੁ ਹੋਆ
ਸਚੁ ਵਸਿਆ ਮਨਿ ਆਏ ॥

ہرِ رسُ پی سنتوکھُ ہویا
سچُ وسِیا منِ آئے ॥

ਸਚੁ ਧਿਆਇ ਅਮਰਾ ਪਦੁ ਪਾਇਆ
ਅਨਹਦ ਸਬਦ ਵਜਾਏ ॥

سچُ دھیاءِ امرا پدُ پائیا
انہد سبد وجائے ॥

ਸਚੋ ਦਹ ਦਿਸਿ ਪਸਰਿਆ
ਗੁਰ ਕੈ ਸਹਜਿ ਸੁਭਾਏ ॥

سچو دہ دِس پسریا
گُر کے سہجِ سُبھائے ॥

ਨਾਨਕ ਜਿਨ ਅੰਦਰਿ ਸਚੁ ਹੈ
ਸੇ ਜਨ ਛਪਹਿ ਨ ਕਿਸੈ ਦੇ ਛਪਾਏ ॥੧॥

نانک جِن انّدرِ سچُ ہے
سے جن چھپہِ ن کِسے دے چھپائے ॥1॥

ਮਃ ੩ ॥

م: 3 ॥

ਗੁਰ ਸੇਵਾ ਤੇ ਹਰਿ ਪਾਈਐ
ਜਾ ਕਉ ਨਦਰਿ ਕਰੇਇ ॥

گُر سیوا تے ہرِ پائیئے
جا ک ءُ ندرِ کرے ءِ ॥

ਮਾਨਸ ਤੇ ਦੇਵਤੇ ਭਏ
ਸਚੀ ਭਗਤਿ ਜਿਸੁ ਦੇਇ ॥

مانس تے دیوتے بھئے
سچی بھگتِ جِس دے ءِ ॥

ਹਉਮੈ ਮਾਰਿ ਮਿਲਾਇਅਨੁ
ਗੁਰ ਕੈ ਸਬਦਿ ਸੁਚੇਇ ॥

ہئمےَ مارِ مِلائینُ
گُر کے سبدِ سُچے ءِ ॥

ਨਾਨਕ ਸਹਜੇ ਮਿਲਿ ਰਹੇ
ਨਾਮੁ ਵਡਿਆਈ ਦੇਇ ॥੨॥

نانک سہجے مِلِ رہے
نامُ وڈِیائی دے ءِ ॥2॥

ਪਉੜੀ ॥

پئڑی ॥

ਗੁਰ ਸਤਿਗੁਰ ਵਿਚਿ ਨਾਵੈ ਕੀ ਵਡੀ ਵਡਿਆਈ
ਹਰਿ ਕਰਤੈ ਆਪਿ ਵਧਾਈ ॥

گُر ستِگُر وِچ ناوےَ کی وڈی وڈِیائی
ہرِ کرتے آپِ ودھائی ॥

ਸੇਵਕ ਸਿਖ ਸਭਿ ਵੇਖਿ ਵੇਖਿ ਜੀਵਨਿ
ਓਨ੍ਹਾ ਅੰਦਰਿ ਹਿਰਦੈ ਭਾਈ ॥

سیوک سِکھ سبھِ ویکھِ ویکھِ جِیونہِ
اونہّا انّدرِ ہِردے بھائی ॥

ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ
ਓਨ੍ਹਾ ਪਰਾਇਆ ਭਲਾ ਨ ਸੁਖਾਈ ॥

نِندک دُسٹ وڈِیائی ویکھِ ن سکنِ
اونہّا پرائیا بھلا ن سُکھائی ॥

ਕਿਆ ਹੋਵੈ ਕਿਸ ਹੀ ਕੀ ਝਖ ਮਾਰੀ

کِیا ہووے کِس ہی کی جھکھ ماری

ਜਾ ਸਚੇ ਸਿਉ ਬਣਿ ਆਈ ॥

جا سچے سِ ءُ بنّ آئی ॥

ਜਿ ਗਲ ਕਰਤੇ ਭਾਵੈ ਸਾ ਨਿਤ ਨਿਤ ਚੜੈ ਸਵਾਈ
ਸਭ ਝਖਿ ਝਖਿ ਮਰੈ ਲੋਕਾਈ ॥੪॥

جِ گل کرتے بھاوے سا نِت نِت چڑے سوائی
سبھ جھکھِ جھکھِ مرے لوکائی ॥4॥

ਸਲੋਕ ਮਃ ੩ ॥

سلوک م: 3 ॥

ਧ੍ਰਿਗੁ ਏਹ ਆਸਾ ਦੂਜੇ ਭਾਵ ਕੀ
ਜੋ ਮੋਹਿ ਮਾਇਆ ਚਿਤੁ ਲਾਏ ॥

دھرِگُ ایہ آسا دوُجے بھاو کی
جو موہِ مائیا چِتُ لائے ॥

ਹਰਿ ਸੁਖੁ ਪਲ੍ਹਰਿ ਤਿਆਗਿਆ
ਨਾਮੁ ਵਿਸਾਰਿ ਦੁਖੁ ਪਾਏ ॥

ہرِ سُکھُ پلّہرِ تیاگیا
نامُ وِسارِ دُکھُ پائے ॥

ਮਨਮੁਖ ਅਗਿਆਨੀ ਅੰਧੁਲੇ
ਜਨਮਿ ਮਰਹਿ ਫਿਰਿ ਆਵੈ ਜਾਏ ॥

منمُکھ اگیانی اندھُلے
جنمِ مرہِ پھِرِ آوے جائے ॥

ਕਾਰਜ ਸਿਧਿ ਨ ਹੋਵਨੀ
ਅੰਤਿ ਗਇਆ ਪਛੁਤਾਏ ॥

کارج سِدھِ ن ہوونی
انّتِ گئیا پچھُتائے ॥

ਜਿਸੁ ਕਰਮੁ ਹੋਵੈ ਤਿਸੁ ਸਤਿਗੁਰੁ ਮਿਲੈ
ਸੋ ਹਰਿ ਹਰਿ ਨਾਮੁ ਧਿਆਏ ॥

جِسُ کرمُ ہووے تِس ستِگُرُ مِلے
سو ہرِ ہرِ نامُ دھِیائے ॥

ਨਾਮਿ ਰਤੇ ਜਨ ਸਦਾ ਸੁਖੁ ਪਾਇਨ੍ਹਿ
ਜਨ ਨਾਨਕ ਤਿਨ ਬਲਿ ਜਾਏ ॥੧॥

نامِ رتے جن سدا سُکھُ پائنّہِ
جن نانک تِن بلِ جائے ॥1॥

ਮਃ ੩ ॥

م: 3 ॥

ਆਸਾ ਮਨਸਾ ਜਗਿ ਮੋਹਣੀ
ਜਿਨਿ ਮੋਹਿਆ ਸੰਸਾਰੁ ॥

آسا منسا جگِ موہنّی
جِنِ موہِیا سنّسارُ ॥

ਸਭੁ ਕੋ ਜਮ ਕੇ ਚੀਰੇ ਵਿਚਿ ਹੈ
ਜੇਤਾ ਸਭੁ ਆਕਾਰੁ ॥

سبھُ کو جم کے چیرے وِچِ ہے
جیتا سبھُ آکارُ ॥

ਹੁਕਮੀ ਹੀ ਜਮੁ ਲਗਦਾ
ਸੋ ਉਬਰੈ ਜਿਸੁ ਬਖਸੈ ਕਰਤਾਰੁ ॥

ہُکمی ہی جمُ لگدا
سو اُبرے جِسُ بخشے کرتارُ ॥

ਨਾਨਕ ਗੁਰ ਪਰਸਾਦੀ ਏਹੁ ਮਨੁ ਤਾਂ ਤਰੈ
ਜਾ ਛੋਡੈ ਅਹੰਕਾਰੁ ॥

نانک گُر پرسادی ایہُ منُ تاں ترے
جا چھوڈے اہنکارُ ॥

ਆਸਾ ਮਨਸਾ ਮਾਰੇ ਨਿਰਾਸੁ ਹੋਇ
ਗੁਰ ਸਬਦੀ ਵੀਚਾਰੁ ॥੨॥

آسا منسا مارے نِراسُ ہوءِ
گُر سبدی ویچارُ ॥2॥

ਪਉੜੀ ॥

پؤڑی ॥

ਜਿਥੈ ਜਾਈਐ ਜਗਤ ਮਹਿ
ਤਿਥੈ ਹਰਿ ਸਾਈ ॥

جِتھے جائیئے جگت مہِ
تِتھے ہرِ سائی ॥

ਅਗੈ ਸਭੁ ਆਪੇ ਵਰਤਦਾ
ਹਰਿ ਸਚਾ ਨਿਆਈ ॥

اگے سبھُ آپے ورتدا
ہرِ سچا نِیائی ॥

ਕੂੜਿਆਰਾ ਕੇ ਮੁਹ ਫਿਟਕੀਅਹਿ
ਸਚੁ ਭਗਤਿ ਵਡਿਆਈ ॥

کوُڑِیارا کے مُہ پھٹکِیئہِ
سچُ بھگتِ وڈِیائی ॥

ਸਚੁ ਸਾਹਿਬੁ ਸਚਾ ਨਿਆਉ ਹੈ
ਸਿਰਿ ਨਿੰਦਕ ਛਾਈ ॥

سچُ صاحِبُ سچا نِیاءُ ہےَ
سِرِ نِندک چھائی ॥

ਜਨ ਨਾਨਕ ਸਚੁ ਅਰਾਧਿਆ
ਗੁਰਮੁਖਿ ਸੁਖੁ ਪਾਈ ॥੫॥

جن نانک سچُ ارادھِیا
گُرمُکھِ سُکھُ پائی ॥5॥

ਸਲੋਕ ਮਃ ੩ ॥

سلوک م: 3 ॥

ਪੂਰੈ ਭਾਗਿ ਸਤਿਗੁਰੁ ਪਾਈਐ
ਜੇ ਹਰਿ ਪ੍ਰਭੁ ਬਖਸ ਕਰੇਇ ॥

پوُرے بھاگِ ستِگُرُ پائیئے
جے ہرِ پربھُ بخش کرےءِ ॥

ਓਪਾਵਾ ਸਿਰਿ ਓਪਾਉ ਹੈ
ਨਾਉ ਪਰਾਪਤਿ ਹੋਇ ॥

اوپاوا سِرِ اوپاءُ ہےَ
ناءُ پراپتِ ہوءِ ॥

ਅੰਦਰੁ ਸੀਤਲੁ ਸਾਂਤਿ ਹੈ
ਹਿਰਦੈ ਸਦਾ ਸੁਖੁ ਹੋਇ ॥

اندّرُ سِیتلُ سانْتِ ہےَ
ہِردے سدا سُکھُ ہوءِ ॥

ਅੰਮ੍ਰਿਤੁ ਖਾਣਾ ਪੈਨ੍ਣਾ
ਨਾਨਕ ਨਾਇ ਵਡਿਆਈ ਹੋਇ ॥੧॥

انمّرِتُ کھاٹا پینّہٹا
نانک ناءِ وڈِیائی ہوءِ ॥1॥

ਮਃ ੩ ॥

م: 3 ॥

ਏ ਮਨ ਗੁਰ ਕੀ ਸਿਖ ਸੁਣਿ
ਪਾਇਹਿ ਗੁਣੀ ਨਿਧਾਨੁ ॥

اے من گُر کی سِکھ سُنِ
پائہِ گُنی نِدھانُ ॥

ਸੁਖਦਾਤਾ ਤੇਰੈ ਮਨਿ ਵਸੈ
ਹਉਮੈ ਜਾਇ ਅਭਿਮਾਨੁ ॥

ਨਾਨਕ ਨਦਰੀ ਪਾਈਐ
ਅੰਮ੍ਰਿਤੁ ਗੁਣੀ ਨਿਧਾਨੁ ॥੨॥

ਪਉੜੀ ॥

ਜਿਤਨੇ ਪਾਤਿਸਾਹ ਸਾਹ ਰਾਜੇ ਖਾਨ ਉਮਰਾਵ ਸਿਕਦਾਰ
ਹਹਿ
ਤਿਤਨੇ ਸਭਿ ਹਰਿ ਕੇ ਕੀਏ ॥

ਜੋ ਕਿਛੁ ਹਰਿ ਕਰਾਵੈ ਸੁ ਓਇ ਕਰਹਿ
ਸਭਿ ਹਰਿ ਕੇ ਅਰਥੀਏ ॥

ਸੋ ਐਸਾ ਹਰਿ ਸਭਨਾ ਕਾ ਪ੍ਰਭੁ ਸਤਿਗੁਰ ਕੈ ਵਲਿ ਹੈ
ਤਿਨਿ ਸਭਿ ਵਰਨ ਚਾਰੇ ਖਾਣੀ ਸਭ ਸ੍ਰਿਸਟਿ ਗੋਲੇ ਕਰਿ
ਸਤਿਗੁਰ ਅਗੈ ਕਾਰ ਕਮਾਵਣ ਕਉ ਦੀਏ ॥

ਹਰਿ ਸੇਵੇ ਕੀ ਐਸੀ ਵਡਿਆਈ ਦੇਖਹੁ ਹਰਿ ਸੰਤਹੁ
ਜਿਨਿ ਵਿਚਹੁ ਕਾਇਆ ਨਗਰੀ ਦੁਸਮਨ ਦੂਤ ਸਭਿ ਮਾਰਿ
ਕਢੀਏ ॥

ਹਰਿ ਹਰਿ ਕਿਰਪਾਲੁ ਹੋਆ ਭਗਤ ਜਨਾ ਉਪਰਿ
ਹਰਿ ਆਪਣੀ ਕਿਰਪਾ ਕਰਿ ਹਰਿ ਆਪਿ ਰਖਿ ਲੀਏ ॥੬॥

ਸਲੋਕ ਮਃ ੩ ॥

ਅੰਦਰਿ ਕਪਟੁ ਸਦਾ ਦੁਖੁ ਹੈ
ਮਨਮੁਖ ਧਿਆਨੁ ਨ ਲਾਗੈ ॥

ਦੁਖ ਵਿਚਿ ਕਾਰ ਕਮਾਵਣੀ
ਦੁਖੁ ਵਰਤੈ ਦੁਖੁ ਆਗੈ ॥

ਕਰਮੀ ਸਤਿਗੁਰੁ ਭੇਟੀਐ
ਤਾ ਸਚਿ ਨਾਮਿ ਲਿਵ ਲਾਗੈ ॥

ਨਾਨਕ ਸਹਜੇ ਸੁਖੁ ਹੋਇ
ਅੰਦਰਹੁ ਭ੍ਰਮੁ ਭਉ ਭਾਗੈ ॥੧॥

سُکھداتا تیرے منِ وسے
ہئمے جاءِ ابھمانُ ॥

نانک ندری پائیئے
انمرِتُ گُنی نِدھانُ ॥2॥

پئڑی ॥

جِتنے پاتِشاہ ساہ راجے خان اُمراو سِکدار ہہِ
تِتنے سبھِ ہرِ کے کیئے ॥

جو کِچھُ ہرِ کراوے سُ اوءِ کرہِ
سبھِ ہرِ کے ارتھیئے ॥

سو ایَسا ہرِ سبھنا کا پربھُ ستِگُر کے ولِ ہے
تِنِ سبھِ ورن چارے کھانی سبھ سرِسٹِ گولے کرِ
ستِگُر اگے کار کماونی کءُ دیئے ॥

ہرِ سیوے کی ایَسی وڈیائی دیکھہُ ہرِ سنتہُ
جِنِ وِچہُ کائیا نگری دُسمن دوُت سبھِ مارِ کڈھیئے ॥

ہرِ ہرِ کرِپالُ ہویا بھگت جنا اُپرِ
ہرِ آپنی کِرپا کرِ ہرِ آپِ رکھِ لیئے ॥6॥

سلوک م: 3 ॥

اندرِ کپٹُ سدا دُکھُ ہے
منمکھ دھیانُ ن لاگے ॥

دُکھ وِچِ کار کماونی
دُکھُ ورتے دُکھُ آگے ॥

کرمی ستِگُرُ بھیٹیئے
تا سچِ نامِ لِو لاگے ॥

نانک سہجے سُکھُ ہوءِ
اندرہُ بھرمُ بھءُ بھاگے ॥1॥

ਮਃ ੩ ॥

ਗੁਰਮੁਖਿ ਸਦਾ ਹਰਿ ਰੰਗੁ ਹੈ
ਹਰਿ ਕਾ ਨਾਉ ਮਨਿ ਭਾਇਆ ॥

ਗੁਰਮੁਖਿ ਵੇਖਣੁ ਬੋਲਣਾ
ਨਾਮੁ ਜਪਤ ਸੁਖੁ ਪਾਇਆ ॥

ਨਾਨਕ ਗੁਰਮੁਖਿ ਗਿਆਨੁ ਪ੍ਰਗਾਸਿਆ
ਤਿਮਰ ਅਗਿਆਨੁ ਅੰਧੇਰੁ ਚੁਕਾਇਆ ॥੨॥

ਮਃ ੩ ॥

ਮਨਮੁਖ ਮੈਲੇ ਮਰਹਿ ਗਵਾਰ ॥

ਗੁਰਮੁਖਿ ਨਿਰਮਲ ਹਰਿ ਰਾਖਿਆ ਉਰ ਧਾਰਿ ॥

ਭਨਤਿ ਨਾਨਕੁ ਸੁਣਹੁ ਜਨ ਭਾਈ ॥

ਸਤਿਗੁਰੁ ਸੇਵਿਹੁ ਹਉਮੈ ਮਲੁ ਜਾਈ ॥

ਅੰਦਰਿ ਸੰਸਾ ਦੂਖੁ ਵਿਆਪੇ
ਸਿਰਿ ਧੰਧਾ ਨਿਤ ਮਾਰ ॥

ਦੂਜੈ ਭਾਇ ਸੂਤੇ ਕਬਹੁ ਨ ਜਾਗਹਿ
ਮਾਇਆ ਮੋਹ ਪਿਆਰ ॥

ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ
ਇਹੁ ਮਨਮੁਖ ਕਾ ਬੀਚਾਰ ॥

ਹਰਿ ਨਾਮੁ ਨ ਭਾਇਆ ਬਿਰਥਾ ਜਨਮੁ ਗਵਾਇਆ
ਨਾਨਕ ਜਮੁ ਮਾਰਿ ਕਰੇ ਖੁਆਰ ॥੩॥

ਪਉੜੀ ॥

ਜਿਸ ਨੋ ਹਰਿ ਭਗਤਿ ਸਚੁ ਬਖਸੀਅਨੁ
ਸੋ ਸਚਾ ਸਾਹੁ ॥

ਤਿਸ ਕੀ ਮੁਹਤਾਜੀ ਲੋਕੁ ਕਢਦਾ
ਹੋਰਤੁ ਹਟੁ ਨ ਵਥੁ ਨ ਵੇਸਾਹੁ ॥

م: 3 ॥

گُرمُکھِ سدا ہرِ رنگُ ہے
ہرِ کا ناءُ منِ بھائِیا ॥

گُرمُکھِ ویکھنُ بولنا
نامُ جپت سُکھُ پائِیا ॥

نانک گُرمُکھِ گیانُ پرگاسِیا
تِمر اگیانُ اندھیرُ چُکائِیا ॥2॥

م: 3 ॥

منمُکھ میلے مرہِ گوار ॥

گُرمُکھِ نِرمل ہرِ راکھِیا اُر دھارِ ॥

بھنتِ نانکُ سُنہُ جن بھائی ۔ ॥

ستِگُرُ سیوِہُ ہئُمےَ ملُ جائی ॥

اندرِ سنسا دوُکھُ وِیاپے
سِرِ دھندھا نِت مار ॥

دوُجےَ بھاءِ سوُتے کبہُ ن جاگہِ
مائِیا موہ پِیار ॥

نامُ ن چیتہِ سبدُ ن ویچارہِ
اِہُ منمُکھ کا بیچار ॥

ہرِ نامُ ن بھائِیا برِتھا جنمُ گوائِیا
نانک جمُ مارِ کرے خُیار ॥3॥

پئُڑی ॥

جِس نو ہرِ بھگتِ سچُ بخشِیَنُ
سو سچا ساہُ ॥

تِس کی مُحتاجی لوکُ کڈھدا

ਹੋਰਤੁ ਹਟੁ ਨ ਵਿਕਾਹੁ ॥

ਭਗਤ ਜਨਾ ਕਉ ਸਨਮੁਖੁ ਹੋਵੈ
ਸੁ ਹਰਿ ਰਾਸਿ ਲਏ ਵੇਮੁਖ ਭਸੁ ਪਾਹੁ ॥

ਹਰਿ ਕੇ ਨਾਮ ਕੇ ਵਾਪਾਰੀ ਹਰਿ ਭਗਤ ਹਹਿ
ਜਮੁ ਜਾਗਾਤੀ ਤਿਨਾ ਨੇੜਿ ਨ ਜਾਹੁ ॥

ਜਨ ਨਾਨਕਿ ਹਰਿ ਨਾਮ ਧਨੁ ਲਦਿਆ
ਸਦਾ ਵੇਪਰਵਾਹੁ ॥੭॥

ਸਲੋਕ ਮਃ ੩ ॥

ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ
ਹੋਰੁ ਸਭੁ ਜਗਤੁ ਭਰਮਿ ਭੁਲਾਇਆ ॥

ਗੁਰ ਪਰਸਾਦੀ ਨਾਮੁ ਮਨਿ ਵਸਿਆ
ਅਨਦਿਨੁ ਨਾਮੁ ਧਿਆਇਆ ॥

ਬਿਖਿਆ ਮਾਹਿ ਉਦਾਸ ਹੈ
ਹਉਮੈ ਸਬਦਿ ਜਲਾਇਆ ॥

ਆਪਿ ਤਰਿਆ ਕੁਲ ਉਧਰੇ
ਧੰਨੁ ਜਣੇਦੀ ਮਾਇਆ ॥

ਸਦਾ ਸਹਜੁ ਸੁਖੁ ਮਨਿ ਵਸਿਆ
ਸਚੇ ਸਿਉ ਲਿਵ ਲਾਇਆ ॥

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ
ਹਉਮੈ ਮੋਹੁ ਵਧਾਇਆ ॥

ਪੰਡਿਤ ਪੜਿ ਪੜਿ ਮੋਨੀ ਭੁਲੇ
ਦੂਜੈ ਭਾਇ ਚਿਤੁ ਲਾਇਆ ॥

ਜੋਗੀ ਜੰਗਮ ਸੰਨਿਆਸੀ ਭੁਲੇ
ਵਿਣੁ ਗੁਰ ਤਤੁ ਨ ਪਾਇਆ ॥

ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ

بھگت جنا کءُ سنمکھ ہووے
سُ ہرِ راسِ لے ویمکھ بھسُ پاہُ ॥

ہرِ کے نام کے واپاری ہرِ بھگت ہہِ
جمُ جاگاتی تِنا نیڑِ ن جاہُ ॥

جن نانکِ ہرِ نام دھنُ لدِیا
سدا ویپرواہُ ॥7॥

سلوک م: 3 ॥

اِسُ جُگ مہِ بھگتی ہرِ دھنُ کھٹِیا
ہورُ سبھُ جگتُ بھرمِ بھُلائِیا ॥

گُر پرسادی نامُ منِ وسِیا
اندِنُ نامُ دھِیائِیا ॥

بِکھِیا ماہِ اُداس ہے
ہئُمےَ سبدِ جلائِیا ॥

آپِ تریا کُل اُدھرے
دھنّنُ جنّیدی مائِیا ॥

سدا سہجُ سُکھُ منِ وسِیا
سچے سِءُ لِو لائِیا ॥

برہما بِسنُ مہادیءُ ترّے گُنّ بھُلے
ہئُمےَ موہُ ودھائِیا ॥

پنڈِت پڑِ پڑِ مونی بھُلے
دوُجےَ بھاءِ چِتُ لائِیا ॥

جوگی جنگم سنّیاسی بھُلے
وِنُ گُر تتُ ن پائِیا ॥

منمکھ دُکھِیے سدا بھرمِ بھُلے

ਤਿਨ੍ਹੀ ਬਿਰਥਾ ਜਨਮੁ ਗਵਾਇਆ ॥

تِنّہی برتھا جنمُ گوائیا ॥

ਨਾਨਕ ਨਾਮਿ ਰਤੇ ਸੇਈ ਜਨ ਸਮਧੇ
ਜਿ ਆਪੇ ਬਖਸਿ ਮਿਲਾਇਆ ॥੧॥

نانک نامِ رتے سیئی جن سمدھے
جِ آپے بخشِ مِلائیا ॥1॥

ਮਃ ੩ ॥

م: 3 ॥

ਨਾਨਕ ਸੋ ਸਾਲਾਹੀਐ
ਜਿਸੁ ਵਸਿ ਸਭੁ ਕਿਛੁ ਹੋਇ ॥

نانک سو سالاہیئے
جِسُ وسِ سبھُ کِچھُ ہوءِ ॥

ਤਿਸਹਿ ਸਰੇਵਹੁ ਪ੍ਰਾਣੀਹੋ
ਤਿਸੁ ਬਿਨੁ ਅਵਰੁ ਨ ਕੋਇ ॥

تِسہِ سریوہُ پّراٹّیہو
تِسُ بِنُ اورُ ن کوءِ ॥

ਗੁਰਮੁਖਿ ਅੰਤਰਿ ਮਨਿ ਵਸੈ
ਸਦਾ ਸਦਾ ਸੁਖੁ ਹੋਇ ॥੨॥

گُرمُکھِ انّترِ منِ وسے
سدا سدا سُکھُ ہوءِ ॥2॥

ਪਉੜੀ ॥

پئڑی ॥

ਜਿਨੀ ਗੁਰਮੁਖਿ ਹਰਿ ਨਾਮ ਧਨੁ ਨ ਖਟਿਓ
ਸੇ ਦੇਵਾਲੀਏ ਜੁਗ ਮਾਹਿ ॥

جِنی گُرمُکھِ ہرِ نام دھنُ ن کھٹِئو
سے دیوالیئے جُگ ماہِ ॥

ਓਇ ਮੰਗਦੇ ਫਿਰਹਿ ਸਭ ਜਗਤ ਮਹਿ
ਕੋਈ ਮੁਹਿ ਥੁਕ ਨ ਤਿਨ ਕਉ ਪਾਹਿ ॥

اوءِ منگدے پھِرہِ سبھ جگت مہِ
کوئی مُہِ تھُک ن تِن کءُ پاہِ ॥

ਪਰਾਈ ਬਖੀਲੀ ਕਰਹਿ ਆਪਣੀ ਪਰਤੀਤਿ ਖੋਵਨਿ
ਸਗਵਾ ਭੀ ਆਪੁ ਲਖਾਹਿ ॥

پرائی بخیلی کرہِ آپنّی پرتیتِ کھوونِ
سگوا بھی آپُ لکھاہِ ॥

ਜਿਸੁ ਧਨ ਕਾਰਣਿ ਚੁਗਲੀ ਕਰਹਿ ਸੋ ਧਨ ਚੁਗਲੀ ਹਥਿ ਨ ਆਵੈ
ਓਇ ਭਾਵੈ ਤਿਥੈ ਜਾਹਿ ॥

جِسُ دھن کارنِ چُغلی کرہِ سو دھن چُغلی ہتھِ ن آوے
اوءِ بھاوے تِتھے جاہِ ॥

ਗੁਰਮੁਖਿ ਸੇਵਕ ਭਾਇ ਹਰਿ ਧਨੁ ਮਿਲੈ
ਤਿਥਹੁ ਕਰਮਹੀਣ ਲੈ ਨ ਸਕਹਿ
ਹੋਰ ਥੈ ਦੇਸ ਦਿਸੰਤਰਿ ਹਰਿ ਧਨੁ ਨਾਹਿ ॥੮॥

گُرمُکھِ سیوک بھاءِ ہرِ دھنُ مِلے
تِتھہُ کرمہیِنُ لے ن سکہِ
ہور تھے دیس دِسنّترِ ہرِ دھنُ ناہِ ॥8॥

ਸਲੋਕ ਮਃ ੩ ॥

سلوک م: 3 ॥

ਗੁਰਮੁਖਿ ਸੰਸਾ ਮੂਲਿ ਨ ਹੋਵਈ
ਚਿੰਤਾ ਵਿਚਹੁ ਜਾਇ ॥

گُرمُکھِ سنسا موُلِ ن ہووئی
چِنّتا وِچہُ جاءِ ॥

ਜੋ ਕਿਛੁ ਹੋਇ ਸੁ ਸਹਜੇ ਹੋਇ
ਕਹਣਾ ਕਿਛੂ ਨ ਜਾਇ ॥

ਨਾਨਕ ਤਿਨ ਕਾ ਆਖਿਆ ਆਪਿ ਸੁਣੇ
ਜਿ ਲਇਅਨੁ ਪੰਨੈ ਪਾਇ ॥੧॥

ਮਃ ੩ ॥

ਕਾਲੁ ਮਾਰਿ ਮਨਸਾ ਮਨਹਿ ਸਮਾਣੀ
ਅੰਤਰਿ ਨਿਰਮਲੁ ਨਾਉ ॥

ਅਨਦਿਨੁ ਜਾਗੈ ਕਦੇ ਨ ਸੋਵੈ
ਸਹਜੇ ਅੰਮ੍ਰਿਤੁ ਪਿਆਉ ॥

ਮੀਠਾ ਬੋਲੇ ਅੰਮ੍ਰਿਤ ਬਾਣੀ
ਅਨਦਿਨੁ ਹਰਿ ਗੁਣ ਗਾਉ ॥

ਨਿਜ ਘਰਿ ਵਾਸਾ ਸਦਾ ਸੋਹਦੇ
ਨਾਨਕ ਤਿਨ ਮਿਲਿਆ ਸੁਖੁ ਪਾਉ ॥੨॥

ਪਉੜੀ ॥

ਹਰਿ ਧਨੁ ਰਤਨ ਜਵੇਹਰੀ
ਸੋ ਗੁਰਿ ਹਰਿ ਧਨੁ ਹਰਿ ਪਾਸਹੁ ਦੇਵਾਇਆ ॥

ਜੇ ਕਿਸੈ ਕਿਹੁ ਦਿਸਿ ਆਵੈ ਤਾ ਕੋਈ ਕਿਹੁ ਮੰਗਿ ਲਏ
ਅਕੈ ਕੋਈ ਕਿਹੁ ਦੇਵਾਏ
ਏਹੁ ਹਰਿ ਧਨੁ ਜੋਰਿ ਕੀਤੈ ਕਿਸੈ ਨਾਲਿ ਨ ਜਾਇ ਵੰਡਾਇਆ
॥

ਜਿਸ ਨੋ ਸਤਿਗੁਰ ਨਾਲਿ ਹਰਿ ਸਰਧਾ ਲਾਏ
ਤਿਸੁ ਹਰਿ ਧਨ ਕੀ ਵੰਡ ਹਥਿ ਆਵੈ
ਜਿਸ ਨੋ ਕਰਤੈ ਧੁਰਿ ਲਿਖਿ ਪਾਇਆ ॥

ਇਸੁ ਹਰਿ ਧਨ ਕਾ ਕੋਈ ਸਰੀਕੁ ਨਾਹੀ
ਕਿਸੈ ਕਾ ਖਤੁ ਨਾਹੀ ਕਿਸੈ ਕੈ ਸੀਵ ਬੰਨੈ ਰੋਲੁ ਨਾਹੀ
ਜੇ ਕੋ ਹਰਿ ਧਨ ਕੀ ਬਖੀਲੀ ਕਰੇ
ਤਿਸ ਕਾ ਮੁਹੁ ਹਰਿ ਚਹੁ ਕੁੰਡਾ ਵਿਚਿ ਕਾਲਾ ਕਰਾਇਆ ॥

جو کچھُ ہوءِ سُ سہجے ہوءِ
کہنا کچھوُ ن جاءِ ॥

نانک تِن کا آکھیا آپِ سُنے
جِ لئینُ پنّنے پاءِ ॥1॥

م: 3 ॥

کالُ مارِ منسا منہِ سماتی
انترِ نِرملُ ناءُ ॥

اندِنُ جاگے کدے ن سووے
سہجے انمّرِتُ پیاءُ ॥

میٹھا بولے انمّرِت باتی
اندِنُ ہرِ گُن گاءُ ॥

نج گھرِ واسا سدا سوہدے
نانک تِن مِلیا سُکھُ پاءُ ॥2॥

پئڑی ॥

ہرِ دھنُ رتن جوہری
سو گُرِ ہرِ دھنُ ہرِ پاسہُ دیوائیا ॥

جے کِسے کہُ دِس آوے تا کوئی کہُ منگِ لے
اکے کوئی کہُ دیوائے
ایہُ ہرِ دھنُ زورِ کیتے کِسے نالِ ن جاءِ ونڈائیا ॥

جِس نو ستِگُر نالِ ہرِ سردھا لائے
تِسُ ہرِ دھن کی ونڈ ہتھِ آوے
جِس نو کرتے دھُرِ لِکھِ پائیا ॥

اِسُ ہرِ دھن کا کوئی شریکُ ناہی
کِسے کا خطُ ناہی کِسے کے سیو بنّنے رولُ ناہی
جے کو ہرِ دھن کی بخیلی کرے

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پُرب نوں سمرپت | سیوا: بھائی بلجیندر سنگھ جی (راڑا صاہب)

ਤਿਸ ਕਾ ਮੁਹੁ ਹਰਿਚਹੁ ਕੁੰਡਾ ਵਿਚਿ ਕਾਲਾ ਕਰਾਇਆ ॥

ਹਰਿ ਕੇ ਦਿਤੇ ਨਾਲਿ ਕਿਸੈ ਜੋਰੁ ਬਖੀਲੀ ਨ ਚਲਈ
ਦਿਹੁ ਦਿਹੁ ਨਿਤ ਨਿਤ ਚੜੈ ਸਵਾਇਆ ॥੯॥

ਹرِ کے دِتے نالِ کِسے زورُ بخیلی ن چلئی
دِہُ دِہُ نِت نِت چڑے سوائیا ॥9॥

ਸਲੋਕ ਮਃ ੩ ॥

ਜਗਤੁ ਜਲੰਦਾ ਰਖਿ ਲੈ
ਆਪਣੀ ਕਿਰਪਾ ਧਾਰਿ ॥

ਜਿਤੁ ਦੁਆਰੈ ਉਬਰੈ
ਤਿਤੈ ਲੈਹੁ ਉਬਾਰਿ ॥

ਸਤਿਗੁਰਿ ਸੁਖੁ ਵੇਖਾਲਿਆ
ਸਚਾ ਸਬਦੁ ਬੀਚਾਰਿ ॥

ਨਾਨਕ ਅਵਰੁ ਨ ਸੁਝਈ
ਹਰਿ ਬਿਨੁ ਬਖਸਣਹਾਰੁ ॥੧॥

ਮਃ ੩ ॥

ਹਉਮੈ ਮਾਇਆ ਮੋਹਣੀ
ਦੂਜੈ ਲਗੈ ਜਾਇ ॥

ਨਾ ਇਹ ਮਾਰੀ ਨ ਮਰੈ
ਨਾ ਇਹ ਹਟੁ ਵਿਕਾਇ ॥

ਗੁਰ ਕੈ ਸਬਦਿ ਪਰਜਾਲੀਐ
ਤਾ ਇਹ ਵਿਚਹੁ ਜਾਇ ॥

ਤਨੁ ਮਨੁ ਹੋਵੈ ਉਜਲਾ
ਨਾਮੁ ਵਸੈ ਮਨਿ ਆਇ ॥

ਨਾਨਕ ਮਾਇਆ ਕਾ ਮਾਰਣੁ ਸਬਦੁ ਹੈ
ਗੁਰਮੁਖਿ ਪਾਇਆ ਜਾਇ ॥੨॥

ਪਉੜੀ ॥

ਸਤਿਗੁਰ ਕੀ ਵਡਿਆਈ ਸਤਿਗੁਰਿ ਦਿਤੀ

سلوک م: 3 ॥

جگتُ جلنّدا رکھِ لے
آپنّی کِرپا دھارِ ॥

جِتُ دُیارے اُبرے
تِتے لیہُ اُبارِ ॥

ستِگُرِ سُکھُ ویکھالیا
سچا سبدُ بیچارِ ॥

نانک اورُ ن سُجھئی
ہرِ بِنُ بخشنّہارُ ॥1॥

م: 3 ॥

ہئُمے مائیا موہنّی
دوُجے لگے جاءِ ॥

نا اِہ ماری ن مرے
نا اِہ ہٹُ وِکاءِ ॥

گُر کے سبدِ پرجالیئے
تا اِہ وِچہُ جاءِ ॥

تنُ منُ ہووے اُجلا
نامُ وسے منِ آءِ ॥

نانک مائیا کا مارنُ سبدُ ہے
گُرمُکھِ پائیا جاءِ ॥2॥

پئُڑی ॥

ستِگُر کی وڈیائی ستِگُرِ دِتی

ਧੁਰਹੁ ਹੁਕਮੁ ਬੁਝਿ ਨੀਸਾਣੁ ॥

دھُرہُ حُکمُ بُجھِ نِیشانُ ॥

ਪੁਤੀ ਭਾਤੀਈ ਜਾਵਾਈ ਸਕੀ
ਅਗਹੁ ਪਿਛਹੁ ਟੋਲਿ ਡਿਠਾ
ਲਾਹਿਓਨੁ ਸਭਨਾ ਕਾ ਅਭਿਮਾਨੁ ॥

پُتی بھاتِیئی جاوائی سکی
اگہُ پِچھہُ ٹولِ ڈِٹھا
لاہِئونُ سبھنا کا ابھِمانُ ॥

ਜਿਥੈ ਕੋ ਵੇਖੈ ਤਿਥੈ ਮੇਰਾ ਸਤਿਗੁਰੂ
ਹਰਿ ਬਖਸਿਓਸੁ ਸਭੁ ਜਹਾਨੁ ॥

جِتھے کو ویکھے تِتھے میرا ستِگُرُو
ہرِ بخشِئوسُ سبھُ جہانُ ॥

ਜਿ ਸਤਿਗੁਰ ਨੋ ਮਿਲਿ ਮੰਨੇ ਸੁ ਹਲਤਿ ਪਲਤਿ ਸਿਝੈ
ਜਿ ਵੇਮੁਖੁ ਹੋਵੈ ਸੁ ਫਿਰੈ ਭਰਿਸਟ ਥਾਨੁ ॥

جِ ستِگُر نو مِلِ منّنے سُ ہلتِ پلتِ سِجھے
جِ ویمُکھُ ہووے سُ پھِرے بھرِسٹ تھانُ ॥

ਜਨ ਨਾਨਕ ਕੈ ਵਲਿ ਹੋਆ ਮੇਰਾ ਸੁਆਮੀ
ਹਰਿ ਸਜਣ ਪੁਰਖੁ ਸੁਜਾਨੁ ॥

جن نانک کے ولِ ہویا میرا سُیامی
ہرِ سجنُ پُرکھُ سُجانُ ॥

ਪਉਦੀ ਭਿਤਿ ਦੇਖਿ ਕੈ
ਸਭਿ ਆਇ ਪਏ ਸਤਿਗੁਰ ਕੀ ਪੈਰੀ
ਲਾਹਿਓਨੁ ਸਭਨਾ ਕਿਅਹੁ ਮਨਹੁ ਗੁਮਾਨੁ ॥੧੦॥

پئُدی بھِتِ دیکھِ کے
سبھِ آءِ پئے ستِگُر کی پیَری
لاہِئونُ سبھنا کِنہُ منہُ گُمانُ ॥ 10 ॥

ਸਲੋਕ ਮਃ ੧ ॥

سلوک م: 1 ॥

ਕੋਈ ਵਾਹੇ ਕੋ ਲੁਣੈ
ਕੋ ਪਾਏ ਖਲਿਹਾਨਿ ॥

کوئی واہے کو لُنّے
کو پائے کھلِہانِ ॥

ਨਾਨਕ ਏਵ ਨ ਜਾਪਈ
ਕੋਈ ਖਾਇ ਨਿਦਾਨਿ ॥੧॥

نانک ایو ن جاپئی
کوئی کھاءِ نِدانِ ॥1॥

ਮਃ ੧ ॥

م: 1 ॥

ਜਿਸੁ ਮਨਿ ਵਸਿਆ ਤਰਿਆ ਸੋਇ ॥

جِسُ منِ وسِیا تریا سوءِ ॥

ਨਾਨਕ ਜੋ ਭਾਵੈ ਸੋ ਹੋਇ ॥੨॥

نانک جو بھاوے سو ہوءِ ॥2॥

ਪਉੜੀ ॥

پئُڑی ॥

ਪਾਰਬ੍ਰਹਮਿ ਦਇਆਲਿ ਸਾਗਰੁ ਤਾਰਿਆ ॥

پاربّرہمِ دئیالِ ساگرُ تارِیا ॥

ਗੁਰਿ ਪੂਰੈ ਮਿਹਰਵਾਨਿ ਭਰਮੁ ਭਉ ਮਾਰਿਆ ॥

گُرِ پوُرے مِہروانِ بھرمُ بھءُ مارِیا ॥

ਕਾਮ ਕ੍ਰੋਧੁ ਬਿਕਰਾਲੁ ਦੂਤ ਸਭਿ ਹਾਰਿਆ ॥	کام کرودھُ بِکرالُ دوُت سبھِ ہارِیا ॥
ਅੰਮ੍ਰਿਤ ਨਾਮੁ ਨਿਧਾਨੁ ਕੰਠਿ ਉਰਿ ਧਾਰਿਆ ॥	انمّرِت نامُ نِدھانُ کنٹھِ اُرِ دھارِیا ॥
ਨਾਨਕ ਸਾਧੂ ਸੰਗਿ ਜਨਮੁ ਮਰਣੁ ਸਵਾਰਿਆ ॥੧੧॥	نانک سادھوُ سنگِ جنمُ مرنُ سوارِیا ॥ 11 ॥
ਸਲੋਕ ਮਃ ੩ ॥	سلوک م: 3 ॥
ਜਿਨ੍ਹੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਹਿ ॥	جِنّہی نامُ وِسارِیا کوڑے کہنُ کہنّہِ ॥
ਪੰਚ ਚੋਰ ਤਿਨਾ ਘਰੁ ਮੁਹਨ੍ਹਿ ਹਉਮੈ ਅੰਦਰਿ ਸੰਨ੍ਹਿ ॥	پنچ چور تِنا گھرُ مُہنّہِ ہئمےَ اندرِ سنّہِ ॥
ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਹਿ ॥	ساکت مُٹھے دُرمتی ہرِ رسُ ن جانّنّہِ ॥
ਜਿਨ੍ਹੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਹਿ ॥	جِنّہی انمّرِتُ بھرمِ لُٹائیا بِکھُ سِءُ رچہِ رچنّہِ ॥
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਹਿ ॥	دُسٹا سیتی پِرہڑی جن سِءُ وادُ کرنّہِ ॥
ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਹਿ ॥	نانک ساکت نرک مہِ جمِ بدھے دُکھ سہنّہِ ॥
ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਹਿ ॥੧॥	پئے کِرتِ کماودے جِو راکھہِ توےَ رہنّہِ ॥ 1 ॥
ਮਃ ੩ ॥	م: 3 ॥
ਜਿਨ੍ਹੀ ਸਤਿਗੁਰੁ ਸੇਵਿਆ ਤਾਣੁ ਨਿਤਾਣੇ ਤਿਸੁ ॥	جِنّہی ستِگُرُ سیویا تانُ نِتانے تِسُ ॥
ਸਾਸਿ ਗਿਰਾਸਿ ਸਦਾ ਮਨਿ ਵਸੈ ਜਮੁ ਜੋਹਿ ਨ ਸਕੈ ਤਿਸੁ ॥	ساسِ گِراسِ سدا منِ وسےَ جمُ جوہِ ن سکےَ تِسُ ॥
ਹਿਰਦੈ ਹਰਿ ਹਰਿ ਨਾਮ ਰਸੁ	ہِردےَ ہرِ ہرِ نام رسُ

ਕਵਲਾ ਸੇਵਕਿ ਤਿਸੁ ॥

کولا سیوکِ تِسُ ॥

ਹਰਿ ਦਾਸਾ ਕਾ ਦਾਸੁ ਹੋਇ
ਪਰਮ ਪਦਾਰਥੁ ਤਿਸੁ ॥

ہرِ داسا کا داسُ ہوءِ
پرم پدارتھُ تِسُ ॥

ਨਾਨਕ ਮਨਿ ਤਨਿ ਜਿਸੁ ਪ੍ਰਭੁ ਵਸੈ
ਹਉ ਸਦ ਕੁਰਬਾਣੈ ਤਿਸੁ ॥

نانک منِ تنِ جِسُ پربھُ وسے
ہءُ سد قُربانے تِسُ ॥

ਜਿਨ੍ ਕਉ ਪੂਰਬਿ ਲਿਖਿਆ
ਰਸੁ ਸੰਤ ਜਨਾ ਸਿਉ ਤਿਸੁ ॥੨॥

جِنّہ کءُ پوُربِ لِکھیا
رسُ سنّت جنا سِءُ تِسُ ॥2॥

ਪਉੜੀ ॥

پئڑی ॥

ਜੋ ਬੋਲੇ ਪੂਰਾ ਸਤਿਗੁਰੂ
ਸੋ ਪਰਮੇਸਰਿ ਸੁਣਿਆ ॥

جو بولے پوُرا ستِگُرو
سو پریسرِ سُنّیا ॥

ਸੋਈ ਵਰਤਿਆ ਜਗਤ ਮਹਿ
ਘਟਿ ਘਟਿ ਮੁਖਿ ਭਣਿਆ ॥

سوئی ورتیا جگت مہِ
گھٹِ گھٹِ مُکھِ بھنّیا ॥

ਬਹੁਤੁ ਵਡਿਆਈਆ ਸਾਹਿਬੈ
ਨਹ ਜਾਹੀ ਗਣੀਆ ॥

بہُتُ وڈیائیا صاحِبے
نہ جاہی گنّیا ॥

ਸਚੁ ਸਹਜੁ ਅਨਦੁ ਸਤਿਗੁਰੂ ਪਾਸਿ
ਸਚੀ ਗੁਰ ਮਣੀਆ ॥

سچُ سہجُ اندُ ستِگُرو پاسِ
سچی گُر منّیا ॥

ਨਾਨਕ ਸੰਤ ਸਵਾਰੇ ਪਾਰਬ੍ਰਹਮਿ
ਸਚੇ ਜਿਉ ਬਣਿਆ ॥੧੨॥

نانک سنّت سوارے پاربرہمِ
سچے جِءُ بنّیا ॥ 12 ॥

ਸਲੋਕ ਮਃ ੩ ॥

سلوک م: 3 ॥

ਅਪਣਾ ਆਪੁ ਨ ਪਛਾਣਈ
ਹਰਿ ਪ੍ਰਭੁ ਜਾਤਾ ਦੂਰਿ ॥

اپنّا آپُ ن پچھانئی
ہرِ پربھُ جاتا دوُرِ ॥

ਗੁਰ ਕੀ ਸੇਵਾ ਵਿਸਰੀ
ਕਿਉ ਮਨੁ ਰਹੈ ਹਜੂਰਿ ॥

گُر کی سیوا وِسری
کِءُ منُ رہے حضوُرِ ۔ ॥

ਮਨਮੁਖਿ ਜਨਮੁ ਗਵਾਇਆ
ਝੂਠੈ ਲਾਲਚਿ ਕੂਰਿ ॥

منمُکھِ جنمُ گوائیا
جھوُٹھے لالچِ کوُرِ ॥

ਨਾਨਕ ਬਖਸਿ ਮਿਲਾਇਅਨੁ
ਸਚੈ ਸਬਦਿ ਹਦੂਰਿ ॥੧॥

نانک بخشِ مِلائینُ
سچے سبدِ حدوُرِ ॥1॥

ਮਃ ੩ ॥

م: 3 ॥

ਹਰਿ ਪ੍ਰਭੁ ਸਚਾ ਸੋਹਿਲਾ
ਗੁਰਮੁਖਿ ਨਾਮੁ ਗੋਵਿੰਦੁ ॥

ہرِ پربھُ سچا سوہِلا
گُرمُکھِ نامُ گووِندُ ॥

ਅਨਦਿਨੁ ਨਾਮੁ ਸਲਾਹਣਾ
ਹਰਿ ਜਪਿਆ ਮਨਿ ਆਨੰਦੁ ॥

اندِنُ نامُ سلاحٹا
ہرِ جپیا منِ آننَدُ ॥

ਵਡਭਾਗੀ ਹਰਿ ਪਾਇਆ
ਪੂਰਨੁ ਪਰਮਾਨੰਦੁ ॥

وڈبھاگی ہرِ پائیا
پوُرنُ پرمانَندُ ॥

ਜਨ ਨਾਨਕ ਨਾਮੁ ਸਲਾਹਿਆ
ਬਹੁੜਿ ਨ ਮਨਿ ਤਨਿ ਭੰਗੁ ॥੨॥

جن نانک نامُ سلاحِیا
بہُڑِ ن منِ تنِ بھنگُ ॥2॥

ਪਉੜੀ ॥

پئُڑی ॥

ਕੋਈ ਨਿੰਦਕੁ ਹੋਵੈ ਸਤਿਗੁਰੂ ਕਾ
ਫਿਰਿ ਸਰਣਿ ਗੁਰ ਆਵੈ ॥

کوئی نِندکُ ہووے ستِگُرو کا
پھِرِ سرنِ گُر آوے ॥

ਪਿਛਲੇ ਗੁਨਹ ਸਤਿਗੁਰੁ ਬਖਸਿ ਲਏ
ਸਤਸੰਗਤਿ ਨਾਲਿ ਰਲਾਵੈ ॥

پچھلے گُنہ ستِگُرُ بخشِ لے
ستسنگتِ نالِ رلاوے ॥

ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ
ਜਾਇ ਪਵੈ ਵਿਚਿ ਸੁਰਸਰੀ
ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ ॥

جِءُ میہِ وُٹھے گلیِیا نالیا ٹوبھیا کا جلُ
جاءِ پوے وِچِ سُرسری
سُرسری مِلت پوِتّرُ پاونُ ہوءِ جاوے ॥

ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ
ਜਿਤੁ ਮਿਲਿਐ ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ
॥

ایہ وڈِیائی ستِگُر نِرویَر وِچِ
جِتُ مِلِئے تِسنا بھُکھ اُترے ہرِ سانتِ تڑ آوے ॥

ਨਾਨਕ ਇਹੁ ਅਚਰਜੁ ਦੇਖਹੁ ਮੇਰੇ ਹਰਿ ਸਚੇ ਸਾਹ ਕਾ
ਜਿ ਸਤਿਗੁਰੂ ਨੋ ਮੰਨੈ ਸੁ ਸਭਨਾਂ ਭਾਵੈ ॥੧੩॥੧॥ ਸੁਧੁ ॥

نانک اِہُ اچرجُ دیکھہُ میرے ہرِ سچے ساہ کا
جِ ستِگُرو نو منّنے سُ سبھناں بھاوے ॥ 13 ॥1॥ سُدھُ ॥

ਬਿਲਾਵਲੁ ਬਾਣੀ ਭਗਤਾ ਕੀ ॥ ਕਬੀਰ ਜੀਉ ਕੀ

بِلاولُ بانٹی بھگتا کی ॥ کبیِر جیِءُ کی

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥

ੴ ستِنامُ کرتا پُرکھُ گُرپرسادِ ॥

ਐਸੋ ਇਹੁ ਸੰਸਾਰੁ ਪੇਖਨਾ
ਰਹਨੁ ਨ ਕੋਊ ਪਈਹੈ ਰੇ ॥

ایَسو اِہُ سنّسارُ پیکھنا
رہنُ ن کوئُو پئیہے رے ॥

ਸੂਧੇ ਸੂਧੇ ਰੇਗਿ ਚਲਹੁ ਤੁਮ
ਨਤਰ ਕੁਧਕਾ ਦਿਵਈਹੈ ਰੇ ॥੧॥ ਰਹਾਉ ॥

سُودھے سُودھے ریگِ چلہُ تُم
نتر کُدھکا دِوئیہے رے ॥1॥ رہاءُ ॥

ਬਾਰੇ ਬੂਢੇ ਤਰੁਨੇ ਭਈਆ
ਸਭਹੂ ਜਮੁ ਲੈ ਜਈਹੈ ਰੇ ॥

بارے بُوڈھے ترُنے بھئیا
سبھہُو جمُ لے جئیہے رے ॥

ਮਾਨਸੁ ਬਪੁਰਾ ਮੂਸਾ ਕੀਨੋ
ਮੀਚੁ ਬਿਲਈਆ ਖਈਹੈ ਰੇ ॥੧॥

مانُس بپُرا مُوسا کِینو
میچُ بِلئیا کھئیہے رے ॥1॥

ਧਨਵੰਤਾ ਅਰੁ ਨਿਰਧਨ ਮਨਈ
ਤਾ ਕੀ ਕਛੂ ਨ ਕਾਨੀ ਰੇ ॥

دھنونّتا ارُ نِردھن منئی
تا کی کچھُو ن کانی رے ॥

ਰਾਜਾ ਪਰਜਾ ਸਮ ਕਰਿ ਮਾਰੈ
ਐਸੋ ਕਾਲੁ ਬਡਾਨੀ ਰੇ ॥੨॥

راجا پرجا سم کرِ مارےَ
ایَسو کالُ بڈانی رے ॥2॥

ਹਰਿ ਕੇ ਸੇਵਕ ਜੋ ਹਰਿ ਭਾਏ
ਤਿਨ੍ ਕੀ ਕਥਾ ਨਿਰਾਰੀ ਰੇ ॥

ہرِ کے سیوک جو ہرِ بھائے
تِنّہ کی کتھا نِراری رے ॥

ਆਵਹਿ ਨ ਜਾਹਿ ਨ ਕਬਹੂ ਮਰਤੇ
ਪਾਰਬ੍ਰਹਮ ਸੰਗਾਰੀ ਰੇ ॥੩॥

آوہِ ن جاہِ ن کبہُو مرتے
پاربّرہم سنگاری رے ॥3॥

ਪੁਤ੍ਰ ਕਲਤ੍ਰ ਲਛਿਮੀ ਮਾਇਆ
ਇਹੈ ਤਜਹੁ ਜੀਅ ਜਾਨੀ ਰੇ ॥

پُتّر کلتّر لچھمی مائیا
اِہے تجہُ جیء جانی رے ۔ ॥

ਕਹਤ ਕਬੀਰੁ ਸੁਨਹੁ ਰੇ ਸੰਤਹੁ
ਮਿਲਿਹੈ ਸਾਰਿਗਪਾਨੀ ਰੇ ॥੪॥੧॥

کہت کبیرُ سُنہُ رے سنّتہُ
مِلہے سارِگپانی رے ॥4॥1॥

ਬਿਲਾਵਲੁ ॥

بِلاولُ ॥

ਬਿਦਿਆ ਨ ਪਰਉ ਬਾਦੁ ਨਹੀ ਜਾਨਉ ॥

بِدیا ن پرءُ بادُ نہی جانءُ ॥

ਹਰਿ ਗੁਨ ਕਥਤ ਸੁਨਤ ਬਉਰਾਨੋ ॥੧॥

ہرِ گُن کتھت سُنت بئُرانو ॥1॥

ਮੇਰੇ ਬਾਬਾ ਮੈ ਬਉਰਾ
ਸਭ ਖਲਕ ਸੈਆਨੀ ਮੈ ਬਉਰਾ ॥

میرے بابا مےَ بئُرا
سبھ خلق سیَانی مےَ بئُرا ॥

ਮੈ ਬਿਗਰਿਓ ਬਿਗਰੈ ਮਤਿ ਅਉਰਾ ॥੧॥ ਰਹਾਉ ॥	مے بِگرِئو بِگرے متِ اُرا ॥1॥ رہاءُ ॥
ਆਪਿ ਨ ਬਉਰਾ ਰਾਮ ਕੀਓ ਬਉਰਾ ॥	آپِ ن بُرا رام کِیئو بُرا ॥
ਸਤਿਗੁਰੁ ਜਾਰਿ ਗਇਓ ਭ੍ਰਮੁ ਮੋਰਾ ॥੨॥	ستِگُر جارِ گئیو بھرمُ مورا ॥2॥
ਮੈ ਬਿਗਰੇ ਅਪਨੀ ਮਤਿ ਖੋਈ ॥	مے بِگرے اپنی متِ کھوئی ॥
ਮੇਰੇ ਭਰਮਿ ਭੂਲਉ ਮਤਿ ਕੋਈ ॥੩॥	میرے بھرمِ بھُولءُ متِ کوئی ॥3॥
ਸੋ ਬਉਰਾ ਜੋ ਆਪੁ ਨ ਪਛਾਨੈ ॥	سو بُرا جو آپُ ن پچھانے ॥
ਆਪੁ ਪਛਾਨੈ ਤ ਏਕੈ ਜਾਨੈ ॥੪॥	آپُ پچھانے ت ایکے جانے ॥4॥
ਅਬਹਿ ਨ ਮਾਤਾ ਸੁ ਕਬਹੁ ਨ ਮਾਤਾ ॥	ابہِ ن ماتا سُ کبہُ ن ماتا ॥
ਕਹਿ ਕਬੀਰ ਰਾਮੈ ਰੰਗਿ ਰਾਤਾ ॥੫॥੨॥	کہِ کبیِر رامے رنگِ راتا ॥5॥2॥
ਬਿਲਾਵਲੁ ॥	بِلاولُ ॥
ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ॥	گرِہُ تجِ بن کھنڈ جائیئے چُنِ کھائیئے کندا ॥
ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥੧॥	اجہُ بِکار ن چھوڈئی پاپی منُ مندا ॥1॥
ਕਿਉ ਛੁਟਉ ਕੈਸੇ ਤਰਉ ਭਵਜਲ ਨਿਧਿ ਭਾਰੀ ॥	کِءُ چھُٹءُ کیسے ترءُ بھوجل نِدھِ بھاری ॥
ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮ੍ਹਾਰੀ ॥੧॥ ਰਹਾਉ ॥	راکھُ راکھُ میرے بیٹھُلا جنُ سرنِ تُمہاری ॥1॥ رہاءُ ॥
ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ ॥	بِکھے بِکھے کی باسنا تجیء نہ جائی ॥
ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ ਲਪਟਾਈ ॥੨॥	انِک جتن کرِ راکھیئے پھرِ پھرِ لپٹائی ॥2॥
ਜਰਾ ਜੀਵਨ ਜੋਬਨੁ ਗਇਆ ਕਿਛੁ ਕੀਆ ਨ ਨੀਕਾ ॥	جرا جیون جوبنُ گئیا کِچھُ کیا ن نیکا ॥

ਇਹੁ ਜੀਅਰਾ ਨਿਰਮੋਲਕੋ
ਕਉਡੀ ਲਗਿ ਮੀਕਾ ॥੩॥

اِہُ جیئرا نِرمولکو
کئڈی لگِ میِکا ॥3॥

ਕਹੁ ਕਬੀਰ ਮੇਰੇ ਮਾਧਵਾ
ਤੂ ਸਰਬ ਬਿਆਪੀ ॥

کہُ کبیِر میرے مادھوا
توُ سرب بِیاپی ॥

ਤੁਮ ਸਮਸਰਿ ਨਾਹੀ ਦਇਆਲੁ
ਮੋਹਿ ਸਮਸਰਿ ਪਾਪੀ ॥੪॥੩॥

تُم سمسرِ ناہی دیئالُ
موہِ سمسرِ پاپی ॥4॥3॥

ਬਿਲਾਵਲੁ ॥

بِلاولُ ॥

ਨਿਤ ਉਠਿ ਕੋਰੀ ਗਾਗਰਿ ਆਨੈ
ਲੀਪਤ ਜੀਉ ਗਇਓ ॥

نِت اُٹھِ کوری گاگرِ آنے
لِیپت جیِءُ گئیو ॥

ਤਾਨਾ ਬਾਨਾ ਕਛੂ ਨ ਸੂਝੈ
ਹਰਿ ਹਰਿ ਰਸਿ ਲਪਟਿਓ ॥੧॥

تانا بانا کچھوُ ن سوُجھے
ہرِ ہرِ رسِ لپٹیو ॥1॥

ਹਮਾਰੇ ਕੁਲ ਕਉਨੇ ਰਾਮੁ ਕਹਿਓ ॥

ہمارے کُل کئُنے رامُ کہیو ۔ ॥

ਜਬ ਕੀ ਮਾਲਾ ਲਈ ਨਿਪੂਤੇ
ਤਬ ਤੇ ਸੁਖੁ ਨ ਭਇਓ ॥੧॥ ਰਹਾਉ ॥

جب کی مالا لئی نِپوُتے
تب تے سُکھُ ن بھیئو ॥1॥ رہاءُ ॥

ਸੁਨਹੁ ਜਿਠਾਨੀ ਸੁਨਹੁ ਦਿਰਾਨੀ
ਅਚਰਜੁ ਏਕੁ ਭਇਓ ॥

سُنہُ جِٹھانی سُنہُ دِرانی
اچرجُ ایکُ بھیئو ॥

ਸਾਤ ਸੂਤ ਇਨਿ ਮੁਡੀਂਏ ਖੋਏ
ਇਹੁ ਮੁਡੀਆ ਕਿਉ ਨ ਮੁਇਓ ॥੨॥

سات سوُت اِنِ مُڈیئے کھوئے
اِہُ مُڈیِیا کِءُ ن مُیئو ۔ ॥2॥

ਸਰਬ ਸੁਖਾ ਕਾ ਏਕੁ ਹਰਿ ਸੁਆਮੀ
ਸੋ ਗੁਰਿ ਨਾਮੁ ਦਇਓ ॥

سرب سُکھا کا ایکُ ہرِ سُیامی
سو گُرِ نامُ دیئو ॥

ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ
ਹਰਨਾਖਸੁ ਨਖ ਬਿਦਰਿਓ ॥੩॥

سنّت پرہلاد کی پیج جِنِ راکھی
ہرناکھسُ نکھ بِدرِیو ॥3॥

ਘਰ ਕੇ ਦੇਵ ਪਿਤਰ ਕੀ ਛੋਡੀ
ਗੁਰ ਕੋ ਸਬਦੁ ਲਇਓ ॥

گھر کے دیو پِتر کی چھوڈی
گُر کو سبدُ لِئیو ॥

ਕਹਤ ਕਬੀਰੁ ਸਗਲ ਪਾਪ ਖੰਡਨੁ

کہت کبیِرُ سگل پاپ کھنڈنُ

ਸੰਤਹ ਲੈ ਉਧਰਿਓ ॥੪॥੪॥

سنّتہ لے اُدھرِئو ॥4॥4॥

ਬਿਲਾਵਲੁ ॥

بِلاولُ ॥

ਕੋਊ ਹਰਿ ਸਮਾਨਿ ਨਹੀ ਰਾਜਾ ॥

کوئُو ہرِ سمانِ نہی راجا ॥

ਏ ਭੂਪਤਿ ਸਭ ਦਿਵਸ ਚਾਰਿ ਕੇ
ਝੂਠੇ ਕਰਤ ਦਿਵਾਜਾ ॥੧॥ ਰਹਾਉ ॥

اے بھوُپتِ سبھ دِوس چارِ کے
جھوُٹھے کرت دِواجا ॥1॥ رہاءُ ॥

ਤੇਰੋ ਜਨੁ ਹੋਇ ਸੋਇ ਕਤ ਡੋਲੈ
ਤੀਨਿ ਭਵਨ ਪਰ ਛਾਜਾ ॥

تیرو جنُ ہوءِ سوءِ کت ڈولے
تِینِ بھون پر چھاجا ॥

ਹਾਥੁ ਪਸਾਰਿ ਸਕੈ ਕੋ ਜਨ ਕਉ
ਬੋਲਿ ਸਕੈ ਨ ਅੰਦਾਜਾ ॥੧॥

ہاتھُ پسارِ سکےَ کو جن کءُ
بولِ سکےَ ن ئنّدازا ॥1॥

ਚੇਤਿ ਅਚੇਤ ਮੂੜ ਮਨ ਮੇਰੇ
ਬਾਜੇ ਅਨਹਦ ਬਾਜਾ ॥

چیتِ اچیت موُڑ من میرے
باجے انہد باجا ॥

ਕਹਿ ਕਬੀਰ ਸੰਸਾ ਭ੍ਰਮੁ ਚੂਕੋ
ਧ੍ਰੂ ਪ੍ਰਹਿਲਾਦ ਨਿਵਾਜਾ ॥੨॥੫॥

کہِ کبیِر سنّسا بھّرمُ چوُکو
دھّرو پّرہِلاد نِوازا ॥2॥5॥

ਬਿਲਾਵਲੁ ॥

بِلاولُ ॥

ਰਾਖਿ ਲੇਹੁ ਹਮ ਤੇ ਬਿਗਰੀ ॥

راکھِ لیہُ ہم تے بِگری ॥

ਸੀਲੁ ਧਰਮੁ ਜਪੁ ਭਗਤਿ ਨ ਕੀਨੀ
ਹਉ ਅਭਿਮਾਨ ਟੇਢ ਪਗਰੀ ॥੧॥ ਰਹਾਉ ॥

سیِلُ دھرمُ جپُ بھگتِ ن کِینی
ہءُ ابھمان ٹیڈھ پگری ॥1॥ رہاءُ ॥

ਅਮਰ ਜਾਨਿ ਸੰਚੀ ਇਹ ਕਾਇਆ
ਇਹ ਮਿਥਿਆ ਕਾਚੀ ਗਗਰੀ ॥

امر جانِ سنچّی اِہ کائیا
اِہ مِتھیا کاچی گگری ॥

ਜਿਨਹਿ ਨਿਵਾਜਿ ਸਾਜਿ ਹਮ ਕੀਏ
ਤਿਸਹਿ ਬਿਸਾਰਿ ਅਵਰ ਲਗਰੀ ॥੧॥

جِنہِ نِواجِ ساجِ ہم کیئے
تِسہِ بِسارِ اور لگری ॥1॥

ਸੰਧਿਕ ਤੋਹਿ ਸਾਧ ਨਹੀ ਕਹੀਅਉ
ਸਰਨਿ ਪਰੇ ਤੁਮਰੀ ਪਗਰੀ ॥

سنّدھِک توہِ سادھ نہی کہیِئءُ
سرنِ پرے تُمری پگری ॥

ਕਹਿ ਕਬੀਰ ਇਹ ਬਿਨਤੀ ਸੁਨੀਅਹੁ
ਮਤ ਘਾਲਹੁ ਜਮ ਕੀ ਖਬਰੀ ॥੨॥੬॥

کہِ کبیِر اِہ بِنتی سُنیئہُ
مت گھالہُ جم کی خبری ॥2॥6॥

ਬਿਲਾਵਲੁ ॥

ਦਰਮਾਦੇ ਠਾਢੇ ਦਰਬਾਰਿ ॥

ਤੁਝ ਬਿਨੁ ਸੁਰਤਿ ਕਰੈ ਕੋ ਮੇਰੀ
ਦਰਸਨੁ ਦੀਜੈ ਖੋਲ੍ਹਿ ਕਿਵਾਰ ॥੧॥ ਰਹਾਉ ॥

ਤੁਮ ਧਨ ਧਨੀ ਉਦਾਰ ਤਿਆਗੀ
ਸ੍ਰਵਨਨ੍ ਸੁਨੀਅਤੁ ਸੁਜਸੁ ਤੁਮ੍ਾਰ ॥

ਮਾਗਉ ਕਾਹਿ ਰੰਕ ਸਭ ਦੇਖਉ
ਤੁਮ੍ ਹੀ ਤੇ ਮੇਰੋ ਨਿਸਤਾਰੁ ॥੧॥

ਜੈਦੇਉ ਨਾਮਾ ਬਿਪ ਸੁਦਾਮਾ
ਤਿਨ ਕਉ ਕ੍ਰਿਪਾ ਭਈ ਹੈ ਅਪਾਰ ॥

ਕਹਿ ਕਬੀਰ ਤੁਮ ਸੰਮ੍ਰਥ ਦਾਤੇ
ਚਾਰਿ ਪਦਾਰਥ ਦੇਤ ਨ ਬਾਰ ॥੨॥੭॥

ਬਿਲਾਵਲੁ ॥

ਡੰਡਾ ਮੁੰਦ੍ਰਾ ਖਿੰਥਾ ਆਧਾਰੀ ॥

ਭ੍ਰਮ ਕੈ ਭਾਇ ਭਵੈ ਭੇਖਧਾਰੀ ॥੧॥

ਆਸਨੁ ਪਵਨ ਦੂਰਿ ਕਰਿ ਬਵਰੇ ॥

ਛੋਡਿ ਕਪਟੁ
ਨਿਤ ਹਰਿ ਭਜੁ ਬਵਰੇ ॥੧॥ ਰਹਾਉ ॥

ਜਿਹ ਤੂ ਜਾਚਹਿ
ਸੋ ਤ੍ਰਿਭਵਨ ਭੋਗੀ ॥

ਕਹਿ ਕਬੀਰ ਕੇਸੌ ਜਗਿ ਜੋਗੀ ॥੨॥੮॥

ਬਿਲਾਵਲੁ ॥

ਇਨ੍ਹਿ ਮਾਇਆ ਜਗਦੀਸ ਗੁਸਾਈ
ਤੁਮ੍ਰੇ ਚਰਨ ਬਿਸਾਰੇ ॥

بِلاولُ ॥

درمادے ٹھاڈھے دربارِ ॥

تُجھ بِنُ سُرتِ کرے کو میری
درسنُ دیجے کھولّہِ کِوار ॥1॥ رہاءُ ॥

تُم دھن دھنی اُدار تِیاگی
سّرونّہ سُنیئتُ سُجسُ تُمّہار ॥

ماگ ءُ کاہِ رنک سبھ دیکھ ءُ
تُمّہ ہی تے میرو نِستارُ ॥1॥

جیَدی ءُ ناما بِپ سُداما
تِن ک ءُ کِرپا بھئی ہے اپار ॥

کہِ کبیر تُم سمّرتھ داتے
چارِ پدارتھ دیت ن بار ॥2॥7॥

بِلاولُ ॥

ڈنّڈا مُندّرا کھِنّتھا آدھاری ॥

بھّرم کے بھاءِ بھوے بھیکھدھاری ॥1॥

آسنُ پون دوُرِ کرِ بورے ۔ ॥

چھوڈِ کپٹُ
نِت ہرِ بھجُ بورے ۔ ॥1॥ رہاءُ ॥

جِہ توُ جاچہِ
سو ترّبھون بھوگی ॥

کہِ کبیر کیسوَ جگِ جوگی ॥2॥8॥

بِلاولُ ॥

اِنّہِ مائیا جگدیس گُسائی
تُمّہرے چرن بِسارے ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਕਿੰਚਤ ਪ੍ਰੀਤਿ ਨ ਉਪਜੈ ਜਨ ਕਉ
ਜਨ ਕਹਾ ਕਰਹਿ ਬੇਚਾਰੇ ॥੧॥ ਰਹਾਉ ॥

کِنچّت پرِیتِ ن اُپجے جن ک ءُ
جن کہا کرہِ بیچارے ۔ ॥1॥ رہاءُ ॥

ਧ੍ਰਿਗੁ ਤਨੁ ਧ੍ਰਿਗੁ ਧਨੁ ਧ੍ਰਿਗੁ ਇਹ ਮਾਇਆ
ਧ੍ਰਿਗੁ ਧ੍ਰਿਗੁ ਮਤਿ ਬੁਧਿ ਫੰਨੀ ॥

دھرِگُ تنُ دھرِگُ دھنُ دھرِگُ اِہ مائیا
دھرِگُ دھرِگُ متِ بُدھِ پھنّنی ॥

ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ
ਬਾਂਧੇ ਆਪ ਬਚੰਨੀ ॥੧॥

اِس مائیا ک ءُ دڑِڑُ کرِ راکھہُ
باندھے آپ بچنّنی ॥1॥

ਕਿਆ ਖੇਤੀ ਕਿਆ ਲੇਵਾ ਦੇਈ
ਪਰਪੰਚ ਝੂਠੁ ਗੁਮਾਨਾ ॥

کِیا کھیتی کِیا لیوا دیئی
پرپنچّ جھوُٹھُ گُمانا ॥

ਕਹਿ ਕਬੀਰ ਤੇ ਅੰਤਿ ਬਿਗੂਤੇ
ਆਇਆ ਕਾਲੁ ਨਿਦਾਨਾ ॥੨॥੯॥

کہِ کبیِر تے انّتِ بِگوُتے
آئیا کالُ نِدانا ॥2॥9॥

ਬਿਲਾਵਲੁ ॥

بِلاولُ ॥

ਸਰੀਰ ਸਰੋਵਰ ਭੀਤਰੇ
ਆਛੈ ਕਮਲ ਅਨੂਪ ॥

سریر سروور بھیترے
آچھے کمل انوُپ ॥

ਪਰਮ ਜੋਤਿ ਪੁਰਖੋਤਮੋ
ਜਾ ਕੈ ਰੇਖ ਨ ਰੂਪ ॥੧॥

پرم جوتِ پُرکھوتمو
جا کے ریکھ ن روُپ ॥1॥

ਰੇ ਮਨ ਹਰਿ ਭਜੁ ਭ੍ਰਮੁ ਤਜਹੁ
ਜਗਜੀਵਨ ਰਾਮ ॥੧॥ ਰਹਾਉ ॥

رے من ہرِ بھجُ بھرّمُ تجہُ
جگجیون رام ॥1॥ رہاءُ ॥

ਆਵਤ ਕਛੂ ਨ ਦੀਸਈ
ਨਹ ਦੀਸੈ ਜਾਤ ॥

آوت کچھوُ ن دیسئی
نہ دیسے جات ॥

ਜਹ ਉਪਜੈ ਬਿਨਸੈ ਤਹੀ
ਜੈਸੇ ਪੁਰਿਵਨ ਪਾਤ ॥੨॥

جہ اُپجے بِنسے تہی
جیسے پُرون پات ॥2॥

ਮਿਥਿਆ ਕਰਿ ਮਾਇਆ ਤਜੀ
ਸੁਖ ਸਹਜ ਬੀਚਾਰਿ ॥

مِتھیا کرِ مائیا تجی
سُکھ سہج بیچارِ ॥

ਕਹਿ ਕਬੀਰ ਸੇਵਾ ਕਰਹੁ
ਮਨ ਮੰਝਿ ਮੁਰਾਰਿ ॥੩॥੧੦॥

کہِ کبیِر سیوا کرہُ
من منجھِ مُرارِ ॥3॥ 10 ॥

ਬਿਲਾਵਲੁ ॥

ਜਨਮ ਮਰਨ ਕਾ ਭ੍ਰਮੁ ਗਇਆ
ਗੋਬਿਦ ਲਿਵ ਲਾਗੀ ॥

ਜੀਵਤ ਸੁੰਨਿ ਸਮਾਨਿਆ
ਗੁਰ ਸਾਖੀ ਜਾਗੀ ॥੧॥ ਰਹਾਉ ॥

ਕਾਸੀ ਤੇ ਧੁਨਿ ਊਪਜੈ
ਧੁਨਿ ਕਾਸੀ ਜਾਈ ॥

ਕਾਸੀ ਫੂਟੀ ਪੰਡਿਤਾ
ਧੁਨਿ ਕਹਾਂ ਸਮਾਈ ॥੧॥

ਤ੍ਰਿਕੁਟੀ ਸੰਧਿ ਮੈ ਪੇਖਿਆ
ਘਟ ਹੂ ਘਟ ਜਾਗੀ ॥

ਐਸੀ ਬੁਧਿ ਸਮਾਚਰੀ
ਘਟ ਮਾਹਿ ਤਿਆਗੀ ॥੨॥

ਆਪੁ ਆਪ ਤੇ ਜਾਨਿਆ
ਤੇਜ ਤੇਜੁ ਸਮਾਨਾ ॥

ਕਹੁ ਕਬੀਰ ਅਬ ਜਾਨਿਆ
ਗੋਬਿਦ ਮਨੁ ਮਾਨਾ ॥੩॥੧੧॥

ਬਿਲਾਵਲੁ ॥

ਚਰਨ ਕਮਲ ਜਾ ਕੈ ਰਿਦੈ ਬਸਹਿ
ਸੋ ਜਨੁ ਕਿਉ ਡੋਲੈ ਦੇਵ ॥

ਮਾਨੌ ਸਭ ਸੁਖ ਨਉ ਨਿਧਿ ਤਾ ਕੈ
ਸਹਜਿ ਸਹਜਿ ਜਸੁ ਬੋਲੈ ਦੇਵ ॥ ਰਹਾਉ ॥

ਤਬ ਇਹ ਮਤਿ ਜਉ ਸਭ ਮਹਿ ਪੇਖੈ
ਕੁਟਿਲ ਗਾਂਠਿ ਜਬ ਖੋਲੈ ਦੇਵ ॥

ਬਾਰੰ ਬਾਰ ਮਾਇਆ ਤੇ ਅਟਕੈ

بِلاولُ ॥

جنم مرن کا بھرمُ گیا
گوبِد لِو لاگی ॥

جیوت سُنّنِ سمانیا
گُر ساکھی جاگی ॥1॥ رہاءُ ॥

کاسی تے دھُنِ اوُپجے
دھُنِ کاسی جائی ॥

کاسی پھوٹی پنڈِتا
دھُنِ کہاں سمائی ۔ ॥1॥

ترِکُٹی سندھِ مے پیکھیا
گھٹ ہوُ گھٹ جاگی ॥

ایَسی بُدھِ سماچری
گھٹ ماہِ تِیاگی ॥2॥

آپُ آپ تے جانِیا
تیج تیجُ سمانا ॥

کہُ کبیر اب جانِیا
گوبِد منُ مانا ॥3॥ 11 ॥

بِلاولُ ॥

چرن کمل جا کے رِدے بسہِ
سو جنُ کِءُ ڈولے دیو ۔ ॥

مانوَ سبھ سُکھ نءُ نِدھِ تا کے
سہجِ سہجِ جسُ بولے دیو ॥ رہاءُ ॥

تب اِہ متِ جوُ سبھ مہِ پیکھے
کُٹِل گانٹھِ جب کھولے دیو ॥

بارنّ بار مائِیا تے اٹکے

ਲੈ ਨਰਜਾ ਮਨੁ ਤੋਲੈ ਦੇਵ ॥੧॥

لے نرجا منُ تولے دیو ॥1॥

ਜਹ ਉਹੁ ਜਾਇ ਤਹੀ ਸੁਖੁ ਪਾਵੈ
ਮਾਇਆ ਤਾਸੁ ਨ ਝੋਲੈ ਦੇਵ ॥

جہ اُہُ جاءِ تہی سُکھُ پاوے
مائیا تاسُ ن جھولے دیو ॥

ਕਹਿ ਕਬੀਰ ਮੇਰਾ ਮਨੁ ਮਾਨਿਆ
ਰਾਮ ਪ੍ਰੀਤਿ ਕੀਓ ਲੈ ਦੇਵ ॥੨॥੧੨॥

کہِ کبیر میرا منُ مانِیا
رام پرِیتِ کِینّو لے دیو ॥2॥ 12 ॥

ਬਿਲਾਵਲੁ ਬਾਣੀ ਭਗਤ ਨਾਮਦੇਵ ਜੀ ਕੀ

بِلاولُ بانّی بھگت نامدیو جی کی

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸਫਲ ਜਨਮੁ ਮੋ ਕਉ ਗੁਰ ਕੀਨਾ ॥

سپھل جنمُ مو ک ءُ گُر کِینا ॥

ਦੁਖ ਬਿਸਾਰਿ ਸੁਖ ਅੰਤਰਿ ਲੀਨਾ ॥੧॥

دُکھ بِسارِ سُکھ انترِ لِینا ॥1॥

ਗਿਆਨ ਅੰਜਨੁ ਮੋ ਕਉ ਗੁਰਿ ਦੀਨਾ ॥

گِیان انّجنُ مو ک ءُ گُرِ دِینا ॥

ਰਾਮ ਨਾਮ ਬਿਨੁ ਜੀਵਨੁ ਮਨ ਹੀਨਾ ॥੧॥ ਰਹਾਉ ॥

رام نام بِنُ جیِونُ من ہِینا ॥1॥ رہاءُ ॥

ਨਾਮਦੇਇ ਸਿਮਰਨੁ ਕਰਿ ਜਾਨਾਂ ॥

نامدےءِ سِمرنُ کرِ جاناں ॥

ਜਗਜੀਵਨ ਸਿਉ ਜੀਉ ਸਮਾਨਾਂ ॥੨॥੧॥

جگجِیون سِ ءُ جیِ ءُ سماناں ॥2॥1॥

ਬਿਲਾਵਲੁ ਬਾਣੀ ਰਵਿਦਾਸ ਭਗਤ ਕੀ

بِلاولُ بانّی روِداس بھگت کی

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਦਾਰਿਦੁ ਦੇਖਿ ਸਭ ਕੋ ਹਸੈ
ਐਸੀ ਦਸਾ ਹਮਾਰੀ ॥

دارِدُ دیکھِ سبھ کو ہسے
ایَسی دسا ہماری ॥

ਅਸਟ ਦਸਾ ਸਿਧਿ ਕਰ ਤਲੈ
ਸਭ ਕ੍ਰਿਪਾ ਤੁਮਾਰੀ ॥੧॥

اسٹ دسا سِدھِ کر تلے
سبھ کرِپا تُماری ॥1॥

ਤੂ ਜਾਨਤ ਮੈ ਕਿਛੁ ਨਹੀ
ਭਵ ਖੰਡਨ ਰਾਮ ॥

توُ جانت مے کچھُ نہی
بھو کھنڈن رام ۔ ॥

ਸਗਲ ਜੀਅ ਸਰਨਾਗਤੀ
ਪ੍ਰਭ ਪੂਰਨ ਕਾਮ ॥੧॥ ਰਹਾਉ ॥

سگل جی ء سرناگتی
پربھ پوُرن کام ॥1॥ رہاءُ ॥

ਜੋ ਤੇਰੀ ਸਰਨਾਗਤਾ

جو تیری سرناگتا

ਤਿਨ ਨਾਹੀ ਭਾਰੁ ॥	تِن ناہی بھارُ ॥
ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ ॥੨॥	اُوچ نیچ تُم تے ترے آلجُ سنسارُ ॥2॥
ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ ॥	کہِ روِداس اکتھ کتھا بہُ کاءِ کریجَے ۔ ॥
ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ॥੩॥੧॥	جیَسا توُ تیَسا تُہی کِیا اُپما دیجَے ۔ ॥3॥1॥
ਬਿਲਾਵਲੁ ॥	بِلاولُ ॥
ਜਿਹ ਕੁਲ ਸਾਧੁ ਬੈਸਨੌ ਹੋਇ ॥	جِہ کُل سادھُ بیَسنوَ ہوءِ ॥
ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ ਬਾਸੁ ਜਾਨੀਐ ਜਗਿ ਸੋਇ ॥੧॥ ਰਹਾਉ ॥	برن ابرن رنکُ نہی ایسُرُ بِمل باسُ جانیئے جگِ سوءِ ॥1॥ رہاءُ ॥
ਬ੍ਰਹਮਨ ਬੈਸ ਸੂਦ ਅਰੁ ਖ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥	برہمن بیَس سوُد ارُ کھتّری ڈوم چنڈار ملیچھ من سوءِ ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥੧॥	ہوءِ پُنیت بھگونت بھجن تے آپُ تارِ تارے کُل دوءِ ॥1॥
ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ ॥	دھنّنِ سُ گاءُ دھنّنِ سو ٹھاءُ دھنّنِ پُنیت کُٹنّب سبھ لوءِ ॥
ਜਿਨਿ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ ॥੨॥	جِنِ پیِیا سار رسُ تجے آن رس ہوءِ رس مگن ڈارے بِکھُ کھوءِ ॥2॥
ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ ॥	پنڈِت سوُر چھتّرپتِ راجا بھگت برابرِ اوُر ن کوءِ ॥
ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ ॥੩॥੨॥	جیَسے پُریَن پات رہے جل سمیپ بھنِ روِداس جنمے جگِ اوءِ ॥3॥2॥
ਬਾਣੀ ਸਧਨੇ ਕੀ ਰਾਗੁ ਬਿਲਾਵਲੁ	بانی سدھنے کی راگُ بِلاولُ
ੴ ਸਤਿਗੁਰ ਪ੍ਰਸਾਦਿ ॥	۱ۅ ستِگُر پرسادِ ॥

ਨ੍ਰਿਪ ਕੰਨਿਆ ਕੇ ਕਾਰਨੈ
ਇਕੁ ਭਇਆ ਭੇਖਧਾਰੀ ॥

ਕਾਮਾਰਥੀ ਸੁਆਰਥੀ
ਵਾ ਕੀ ਪੈਜ ਸਵਾਰੀ ॥੧॥

ਤਵ ਗੁਨ ਕਹਾ ਜਗਤ ਗੁਰਾ
ਜਉ ਕਰਮੁ ਨ ਨਾਸੈ ॥

ਸਿੰਘ ਸਰਨ ਕਤ ਜਾਈਐ
ਜਉ ਜੰਬੁਕੁ ਗ੍ਰਾਸੈ ॥੧॥ ਰਹਾਉ ॥

ਏਕ ਬੂੰਦ ਜਲ ਕਾਰਨੇ
ਚਾਤ੍ਰਿਕੁ ਦੁਖੁ ਪਾਵੈ ॥

ਪ੍ਰਾਨ ਗਏ ਸਾਗਰੁ ਮਿਲੈ
ਫੁਨਿ ਕਾਮਿ ਨ ਆਵੈ ॥੨॥

ਪ੍ਰਾਨ ਜੁ ਥਾਕੇ ਥਿਰੁ ਨਹੀ
ਕੈਸੇ ਬਿਰਮਾਵਉ ॥

ਬੂਡਿ ਮੂਏ ਨਉਕਾ ਮਿਲੈ
ਕਹੁ ਕਾਹਿ ਚਢਾਵਉ ॥੩॥

ਮੈ ਨਾਹੀ ਕਛੁ ਹਉ ਨਹੀ
ਕਿਛੁ ਆਹਿ ਨ ਮੋਰਾ ॥

ਅਉਸਰ ਲਜਾ ਰਾਖਿ ਲੇਹੁ
ਸਧਨਾ ਜਨੁ ਤੋਰਾ ॥੪॥੧॥

ਨ٘رِپ کنّیا کے کارنے
اِکُ بھئیا بھیکھدھاری ॥

کامارتھی سُیارتھی
وا کی پیَج سواری ॥1॥

تو گُن کہا جگت گُرا
جءُ کرمُ ن ناسےَ ॥

سِنگھ سرن کت جائیَے
جءُ جنبُکُ گراسےَ ॥1॥ رہاءُ ॥

ایک بوُنّد جل کارنے
چاتّرِکُ دُکھُ پاوےَ ॥

پّران گئے ساگرُ مِلےَ
پھُنِ کامِ ن آوےَ ॥2॥

پّران جُ تھاکے تھِرُ نہی
کیَسے بِرماوءُ ۔ ॥

بوُڈِ موُئے نئکا مِلےَ
کہُ کاہِ چڑھاوءُ ۔ ॥3॥

مےَ ناہی کچھُ ہءُ نہی
کِچھُ آہِ ن مورا ॥

اُسر لجا راکھِ لیہُ
سدھنا جنُ تورا ॥4॥1॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ
ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਰਾਗੁ ਗੋਂਡ ਚਉਪਦੇ ਮਹਲਾ ੪ ਘਰੁ ੧ ॥

ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ
ਤਾ ਮਨ ਚਿੰਦੇ ਅਨੇਕ ਅਨੇਕ ਫਲ ਪਾਈ ॥

ੴ ستِنامُ کرتا پُرکھُ نِربھءُ نِرویَرُ اکال موُرتِ اجوُنی سیَبھنَ گُرپّرسادِ
॥

راگُ گونڈ چئُپدے محلا 4 گھرُ 1 ॥

جے منِ چِتِ آس رکھہِ ہرِ اوُپرِ
تا من چِندّے انیک انیک پھل پائی ॥

ਹਰਿ ਜਾਣੈ ਸਭੁ ਕਿਛੁ ਜੋ ਜੀਇ ਵਰਤੈ
ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ ॥

ہرِ جانےٗ سبھُ کچھُ جو جیِءِ ورتے
پربھُ گھالیا کِسے کا اِکُ تِلُ ن گوائی ॥

ਹਰਿ ਤਿਸ ਕੀ ਆਸ ਕੀਜੈ ਮਨ ਮੇਰੇ
ਜੋ ਸਭ ਮਹਿ ਸੁਆਮੀ ਰਹਿਆ ਸਮਾਈ ॥੧॥

ہرِ تِس کی آس کیجے من میرے
جو سبھ مہِ سُیامی رہِیا سمائی ॥1॥

ਮੇਰੇ ਮਨ ਆਸਾ ਕਰਿ ਜਗਦੀਸ ਗੁਸਾਈ ॥

میرے من آسا کرِ جگدیس گُسائی ॥

ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ
ਸਾ ਨਿਹਫਲ ਆਸ ਸਭ ਬਿਰਥੀ ਜਾਈ ॥੧॥ ਰਹਾਉ ॥

جو بِنُ ہرِ آس اور کاہوُ کی کیجے
سا نِہپھل آس سبھ بِرتھی جائی ॥1॥ رہاءُ ॥

ਜੋ ਦੀਸੈ ਮਾਇਆ ਮੋਹ ਕੁਟੰਬੁ ਸਭੁ
ਮਤ ਤਿਸ ਕੀ ਆਸ ਲਗਿ ਜਨਮੁ ਗਵਾਈ ॥

جو دیسے مائیا موہ کُٹنّبُ سبھُ
مت تِس کی آس لگِ جنمُ گوائی ॥

ਇਨ੍ ਕੈ ਕਿਛੁ ਹਾਥਿ ਨਹੀ ਕਹਾ ਕਰਹਿ ਇਹਿ ਬਪੁੜੇ
ਇਨ੍ ਕਾ ਵਾਹਿਆ ਕਛੁ ਨ ਵਸਾਈ ॥

اِنّہ کے کچھُ ہاتھِ نہی کہا کرہِ اِہِ بپُڑے
اِنّہ کا واہِیا کچھُ ن وسائی ॥

ਮੇਰੇ ਮਨ ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ
ਜੋ ਤੁਝੁ ਤਾਰੈ ਤੇਰਾ ਕੁਟੰਬੁ ਸਭੁ ਛਡਾਈ ॥੨॥

میرے من آس کرِ ہرِ پرِیتم اپُنے کی
جو تُجھُ تارے تیرا کُٹنّبُ سبھُ چھڈائی ॥2॥

ਜੇ ਕਿਛੁ ਆਸ ਅਵਰ ਕਰਹਿ ਪਰਮਿਤ੍ਰੀ
ਮਤ ਤੂੰ ਜਾਣਹਿ ਤੇਰੈ ਕਿਤੈ ਕੰਮਿ ਆਈ ॥

جے کچھُ آس اور کرہِ پرمِتّری
مت توُنَ جانہِ تیرے کِتے کنّمِ آئی ॥

ਇਹ ਆਸ ਪਰਮਿਤ੍ਰੀ ਭਾਉ ਦੂਜਾ ਹੈ
ਖਿਨ ਮਹਿ ਝੂਠੁ ਬਿਨਸਿ ਸਭ ਜਾਈ ॥

اِہ آس پرمِتّری بھاءُ دوُجا ہے
کھِن مہِ جھوُٹھُ بِنسِ سبھ جائی ॥

ਮੇਰੇ ਮਨ ਆਸਾ ਕਰਿ ਹਰਿ ਪ੍ਰੀਤਮ ਸਾਚੇ ਕੀ
ਜੋ ਤੇਰਾ ਘਾਲਿਆ ਸਭੁ ਥਾਇ ਪਾਈ ॥੩॥

میرے من آسا کرِ ہرِ پرِیتم ساچے کی
جو تیرا گھالیا سبھُ تھاءِ پائی ॥3॥

ਆਸਾ ਮਨਸਾ ਸਭ ਤੇਰੀ ਮੇਰੇ ਸੁਆਮੀ
ਜੈਸੀ ਤੂ ਆਸ ਕਰਾਵਹਿ ਤੈਸੀ ਕੋ ਆਸ ਕਰਾਈ ॥

آسا منسا سبھ تیری میرے سُیامی
جیَسی توُ آس کراوہِ تیَسی کو آس کرائی ॥

ਕਿਛੁ ਕਿਸੀ ਕੈ ਹਥਿ ਨਾਹੀ ਮੇਰੇ ਸੁਆਮੀ
ਐਸੀ ਮੇਰੈ ਸਤਿਗੁਰਿ ਬੂਝ ਬੁਝਾਈ ॥

کچھُ کِسی کے ہتھِ ناہی میرے سُیامی
ایَسی میرے ستِگُرِ بوُجھ بُجھائی ॥

ਜਨ ਨਾਨਕ ਕੀ ਆਸ ਤੂ ਜਾਣਹਿ
ਹਰਿ ਦਰਸਨੁ ਦੇਖਿ ਹਰਿ ਦਰਸਨਿ ਤ੍ਰਿਪਤਾਈ ॥੪॥੧॥

جن نانک کی آس توُ جانہِ
ہرِ درسنُ دیکھِ ہرِ درسنِ ترِپتائی ॥4॥1॥

ਗੋਂਡ ਮਹਲਾ ੪ ॥

ऐसा हरि सेवीऐ नित धिआईऐ
जो खिन महि किलविख सभि करे बिनासा ॥

जे हरि तिआगि अवर की आस कीजै
ता हरि निहफल सभ घाल गवासा ॥

मेरे मन हरि सेविहु सुखदाता सुआमी
जिसु सेविऐ सभ भुख लहासा ॥१॥

मेरे मन हरि ऊपरि कीजै भरवासा ॥

जह जाईऐ तह नालि मेरा सुआमी
हरि अपनी पैज रखै जन दासा ॥१॥ रहाउ ॥

जे अपनी बिरथा कहहु अवरा पहि
ता आगै अपनी बिरथा बहु बहुतु कढासा ॥

अपनी बिरथा कहहु हरि अपुने सुआमी पहि
जो तुम्रे दूख ततकाल कटासा ॥

सो ऐसा प्रभु छोडि अपनी बिरथा अवरा पहि कहीऐ
अवरा पहि कहि मन लाज मरासा ॥२॥

जो संसारै के कुटंब मित्र भाई दीसहि मन मेरे
ते सभि अपनै सुआइ मिलासा ॥

जितु दिनि उन् का सुआउ होइ न आवै
तितु दिनि नेड़ै को न ढुकासा ॥

मन मेरे अपना हरि सेवि दिनु राती
जो तुधु उपकरै दूखि सुखासा ॥३॥

तिस का भरवासा किउ कीजै मन मेरे
जो अंती अउसरि रखि न सकासा ॥

हरि जपु मंतु गुर उपदेसु लै जापहु

گونڈ محلا 4 ॥

ایَسا ہرِ سیوِیۓ نِت دھِیائیۓ
جو کھِن مہِ کِلوِکھ سبھِ کرے بِناسا ॥

جے ہرِ تِیاگِ اور کی آس کِیجےَ
تا ہرِ نِہپھل سبھ گھال گواسا ॥

میرے من ہرِ سیوِہُ سُکھداتا سُیامی
جِسُ سیوِۓ سبھ بھُکھ لہاسا ॥1॥

میرے من ہرِ اوُپرِ کِیجےَ بھرواسا ॥

جہ جائیۓ تہ نالِ میرا سُیامی
ہرِ اپنی پیَج رکھےَ جن داسا ॥1॥ رہاءُ ॥

جے اپنی بِرتھا کہہُ اورا پہِ
تا آگے اپنی بِرتھا بہُ بہُتُ کڈھاسا ॥

اپنی بِرتھا کہہُ ہرِ اپُنے سُیامی پہِ
جو تُمّہرے دوُکھ تتکال کٹاسا ॥

سو ایَسا پّربھُ چھوڈِ اپنی بِرتھا اورا پہِ کہیۓ
اورا پہِ کہِ من لاج مراسا ॥2॥

جو سنّسارےَ کے کُٹنّب مِتّر بھائی دیِسہِ من میرے
تے سبھِ اپنے سُیاءِ مِلاسا ॥

جِتُ دِنِ اُنّہ کا سُیاءُ ہوءِ ن آوےَ
تِتُ دِنِ نیڑےَ کو ن ڈھُکاسا ॥

من میرے اپنا ہرِ سیوِ دِنُ راتی
جو تُدھُ اُپکرےَ دوُکھِ سُکھاسا ॥3॥

تِس کا بھرواسا کِءُ کِیجےَ من میرے
جو انّتی اُسرِ رکھِ ن سکاسا ॥

ہرِ جپُ منّتُ گُر اُپدیسُ لے جاپہُ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਜਾ ਸਾਹਿਬ) سری گرُو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راجا صاہب)

ਤਿਨ੍ਹ ਅੰਤਿ ਛਡਾਏ ਜਿਨ੍ਹ ਹਰਿ ਪ੍ਰੀਤਿ ਚਿਤਾਸਾ ॥

تِنّہ انّتِ چھڈائے جِنّہ ہرِ پرّیتِ چِتاسا ॥

ਜਨ ਨਾਨਕ ਅਨਦਿਨੁ ਨਾਮੁ ਜਪਹੁ ਹਰਿ ਸੰਤਹੁ
ਇਹੁ ਛੂਟਣ ਕਾ ਸਾਚਾ ਭਰਵਾਸਾ ॥੪॥੨॥

جن نانک اندِنُ نامُ جپہُ ہرِ سنّتہُ
اِہُ چھوُٹنّ کا ساچا بھرواسا ॥2॥4॥

ਗੋਂਡ ਮਹਲਾ ੪ ॥

گونڈ محلا 4 ॥

ਹਰਿ ਸਿਮਰਤ ਸਦਾ ਹੋਇ ਅਨੰਦੁ
ਸੁਖੁ ਅੰਤਰਿ ਸਾਂਤਿ ਸੀਤਲ ਮਨੁ ਅਪਨਾ ॥

ہرِ سِمرت سدا ہوءِ اننّدُ
سُکھُ انترِ سانتِ سِیتل منُ اپنا ॥

ਜੈਸੇ ਸਕਤਿ ਸੂਰੁ ਬਹੁ ਜਲਤਾ
ਗੁਰ ਸਸਿ ਦੇਖੇ ਲਹਿ ਜਾਇ ਸਭ ਤਪਨਾ ॥੧॥

جیَسے سکتِ سوُرُ بہُ جلتا
گُر سسِ دیکھے لہِ جاءِ سبھ تپنا ॥1॥

ਮੇਰੇ ਮਨ ਅਨਦਿਨੁ ਧਿਆਇ ਨਾਮੁ ਹਰਿ ਜਪਨਾ ॥

میرے من اندِنُ دھِیاءِ نامُ ہرِ جپنا ॥

ਜਹਾ ਕਹਾ ਤੁਝੁ ਰਾਖੈ ਸਭ ਠਾਈ
ਸੋ ਐਸਾ ਪ੍ਰਭੁ ਸੇਵਿ ਸਦਾ ਤੂ ਅਪਨਾ ॥੧॥ ਰਹਾਉ ॥

جہا کہا تُجھُ راکھےَ سبھ ٹھائی
سو ایَسا پربھُ سیوِ سدا توُ اپنا ॥1॥ رہاءُ ॥

ਜਾ ਮਹਿ ਸਭਿ ਨਿਧਾਨ ਸੋ ਹਰਿ ਜਪਿ ਮਨ ਮੇਰੇ
ਗੁਰਮੁਖਿ ਖੋਜਿ ਲਹਹੁ ਹਰਿ ਰਤਨਾ ॥

جا مہِ سبھِ نِدھان سو ہرِ جپِ من میرے
گُرمُکھِ کھوجِ لہہُ ہرِ رتنا ॥

ਜਿਨ ਹਰਿ ਧਿਆਇਆ ਤਿਨ ਹਰਿ ਪਾਇਆ ਮੇਰਾ ਸੁਆਮੀ
ਤਿਨ ਕੇ ਚਰਣ ਮਲਹੁ ਹਰਿ ਦਸਨਾ ॥੨॥

جِن ہرِ دھیائیا تِن ہرِ پائیا میرا سُیامی
تِن کے چرنّ ملہُ ہرِ دسنا ॥2॥

ਸਬਦੁ ਪਛਾਣਿ ਰਾਮ ਰਸੁ ਪਾਵਹੁ
ਓਹੁ ਊਤਮੁ ਸੰਤੁ ਭਇਓ ਬਡ ਬਡਨਾ ॥

سبدُ پچھانّ رام رسُ پاوہُ
اوہُ اوُتمُ سنّتُ بھئیو بڈ بڈنا ॥

ਤਿਸੁ ਜਨ ਕੀ ਵਡਿਆਈ ਹਰਿ ਆਪਿ ਵਧਾਈ
ਓਹੁ ਘਟੈ ਨ ਕਿਸੈ ਕੀ ਘਟਾਈ
ਇਕੁ ਤਿਲੁ ਤਿਲੁ ਤਿਲਨਾ ॥੩॥

تِسُ جن کی وڈِیائی ہرِ آپِ ودھائی
اوہُ گھٹے ن کِسےَ کی گھٹائی
اِکُ تِلُ تِلُ تِلنا ॥3॥

ਜਿਸ ਤੇ ਸੁਖ ਪਾਵਹਿ ਮਨ ਮੇਰੇ
ਸੋ ਸਦਾ ਧਿਆਇ ਨਿਤ ਕਰ ਜੁਰਨਾ ॥

جِس تے سُکھ پاوہِ من میرے
سو سدا دھِیاءِ نِت کر جُرنا ॥

ਜਨ ਨਾਨਕ ਕਉ ਹਰਿ ਦਾਨੁ ਇਕੁ ਦੀਜੈ
ਨਿਤ ਬਸਹਿ ਰਿਦੈ ਹਰੀ ਮੋਹਿ ਚਰਨਾ ॥੪॥੩॥

جن نانک کءُ ہرِ دانُ اِکُ دیجےَ
نِت بسہِ رِدےَ ہری موہِ چرنا ॥4॥3॥

ਗੋਂਡ ਮਹਲਾ ੪ ॥

گونڈ محلا 4 ॥

ਜਿਤਨੇ ਸਾਹ ਪਾਤਿਸਾਹ ਉਮਰਾਵ ਸਿਕਦਾਰ ਚਉਧਰੀ
ਸਭਿ ਮਿਥਿਆ ਝੂਠੁ ਭਾਉ ਦੂਜਾ ਜਾਣੁ ॥

ਹਰਿ ਅਬਿਨਾਸੀ ਸਦਾ ਥਿਰੁ ਨਿਹਚਲੁ
ਤਿਸੁ ਮੇਰੇ ਮਨ ਭਜੁ ਪਰਵਾਣੁ ॥੧॥

ਮੇਰੇ ਮਨ ਨਾਮੁ ਹਰੀ ਭਜੁ ਸਦਾ ਦੀਬਾਣੁ ॥

ਜੋ ਹਰਿ ਮਹਲੁ ਪਾਵੈ ਗੁਰ ਬਚਨੀ
ਤਿਸੁ ਜੇਵਡੁ ਅਵਰੁ ਨਾਹੀ ਕਿਸੈ ਦਾ ਤਾਣੁ ॥੧॥ ਰਹਾਉ ॥

ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ
ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ ॥

ਹਰਿ ਸਤਿ ਨਿਰੰਜਨੁ ਸਦਾ ਸੇਵਿ ਮਨ ਮੇਰੇ
ਜਿਤੁ ਹਰਿ ਦਰਗਹ ਪਾਵਹਿ ਤੂ ਮਾਣੁ ॥੨॥

ਬ੍ਰਾਹਮਣੁ ਖਤ੍ਰੀ ਸੂਦ ਵੈਸ
ਚਾਰਿ ਵਰਨ ਚਾਰਿ ਆਸ੍ਰਮ ਹਹਿ
ਜੋ ਹਰਿ ਧਿਆਵੈ ਸੋ ਪਰਧਾਨੁ ॥

ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ
ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ॥੩॥

ਓਹੁ ਸਭ ਤੇ ਊਚਾ ਸਭ ਤੇ ਸੂਚਾ
ਜਾ ਕੈ ਹਿਰਦੈ ਵਸਿਆ ਭਗਵਾਨੁ ॥

ਜਨ ਨਾਨਕੁ ਤਿਸ ਕੇ ਚਰਨ ਪਖਾਲੈ
ਜੋ ਹਰਿ ਜਨੁ ਨੀਚੁ ਜਾਤਿ ਸੇਵਕਾਣੁ ॥੪॥੪॥

ਗੋਂਡ ਮਹਲਾ ੪ ॥

ਹਰਿ ਅੰਤਰਜਾਮੀ ਸਭਤੈ ਵਰਤੈ
ਜੇਹਾ ਹਰਿ ਕਰਾਏ ਤੇਹਾ ਕੋ ਕਰਣੀਐ ॥

ਸੋ ਐਸਾ ਹਰਿ ਸੇਵਿ ਸਦਾ ਮਨ ਮੇਰੇ
ਜੋ ਤੁਧਨੋ ਸਭ ਦੂ ਰਖਿ ਲਈਐ ॥੧॥

جِتنے ساہ پاتِشاہ اُمراو سِکدار چئُدھری
سبھِ مِتھیا جھوُٹھُ بھاءُ دوُجا جانُ ॥

ہرِ اِبناسی سدا تھِرُ نِہچلُ
تِسُ میرے من بھجُ پروانُ ॥1॥

میرے من نامُ ہری بھجُ سدا دیِبانُ ॥

جو ہرِ محلُ پاوےَ گُر بچنی
تِسُ جیوڈُ اورُ ناہی کِسےَ دا تانُ ॥1॥ رہاءُ ॥

جِتنے دھنونّت کُلونّت مِلکھونّت دیِسہِ من میرے
سبھِ بِنِس جاہِ جِءُ رنگُ کسُنّبھ کچانُ ॥

ہرِ ستِ نِرنّجنُ سدا سیوِ من میرے
جِتُ ہرِ درگہ پاوہِ توُ مانُ ॥2॥

بّراہمنُ کھتّری سوُد ویَس
چارِ ورن چارِ آسّرم ہہِ
جو ہرِ دھیاوےَ سو پردھانُ ॥

جِءُ چنّدن نِکٹِ وسےَ ہِرڈُ بپڑا
تِءُ ستسنگتِ مِلِ پتت پروانُ ॥3॥

اوہُ سبھ تے اوُچا سبھ تے سوُچا
جا کے ہِردے وسِیا بھگوانُ ॥

جن نانکُ تِس کے چرن پکھالے
جو ہرِ جنُ نِیچُ زاتِ سیوکانُ ॥4॥4॥

گونڈ محلا 4 ॥

ہرِ انّترجامی سبھتے ورتے
جیہا ہرِ کرائے تیہا کو کرئیےَ ॥

سو ایَسا ہرِ سیوِ سدا من میرے
جو تُدھنو سبھ دوُ رکھِ لئیےَ ॥1॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پُرب نوں سمرپت | سیوا: بھائی بلجِندر سنگھ جی (راتا صاہِب)

ਮੇਰੇ ਮਨ ਹਰਿ ਜਪਿ ਹਰਿ ਨਿਤ ਪੜਈਐ ॥

ਹਰਿ ਬਿਨੁ ਕੋ ਮਾਰਿ ਜੀਵਾਲਿ ਨ ਸਾਕੈ
ਤਾ ਮੇਰੇ ਮਨ ਕਾਇਤੁ ਕੜਈਐ ॥੧॥ ਰਹਾਉ ॥

ਹਰਿ ਪਰਪੰਚੁ ਕੀਆ ਸਭੁ ਕਰਤੈ
ਵਿਚਿ ਆਪੇ ਆਪਣੀ ਜੋਤਿ ਧਰਈਐ ॥

ਹਰਿ ਏਕੋ ਬੋਲੈ ਹਰਿ ਏਕੁ ਬੁਲਾਏ
ਗੁਰਿ ਪੂਰੈ ਹਰਿ ਏਕੁ ਦਿਖਈਐ ॥੨॥

ਹਰਿ ਅੰਤਰਿ ਨਾਲੇ ਬਾਹਰਿ ਨਾਲੇ
ਕਹੁ ਤਿਸੁ ਪਾਸਹੁ ਮਨ ਕਿਆ ਚੋਰਈਐ ॥

ਨਿਹਕਪਟ ਸੇਵਾ ਕੀਜੈ ਹਰਿ ਕੇਰੀ
ਤਾਂ ਮੇਰੇ ਮਨ ਸਰਬ ਸੁਖ ਪਈਐ ॥੩॥

ਜਿਸ ਦੈ ਵਸਿ ਸਭੁ ਕਿਛੁ ਸੋ ਸਭ ਦੂ ਵਡਾ
ਸੋ ਮੇਰੇ ਮਨ ਸਦਾ ਧਿਅਈਐ ॥

ਜਨ ਨਾਨਕ ਸੋ ਹਰਿ ਨਾਲਿ ਹੈ ਤੇਰੈ
ਹਰਿ ਸਦਾ ਧਿਆਇ ਤੂ ਤੁਧੁ ਲਏ ਛਡਈਐ ॥੪॥੫॥

ਗੋਂਡ ਮਹਲਾ ੪ ॥

ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ
ਜਿਉ ਤ੍ਰਿਖਾਵੰਤੁ ਬਿਨੁ ਨੀਰ ॥੧॥

ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥

ਹਮਰੀ ਬੇਦਨ ਹਰਿ ਪ੍ਰਭੁ ਜਾਨੈ
ਮੇਰੇ ਮਨ ਅੰਤਰ ਕੀ ਪੀਰ ॥੧॥ ਰਹਾਉ ॥

ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ
ਸੋ ਭਾਈ ਸੋ ਮੇਰਾ ਬੀਰ ॥੨॥

ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ
ਲੇ ਸਤਿਗੁਰ ਕੀ ਮਤਿ ਧੀਰ ॥੩॥

میرے من ہرِ جپِ ہرِ نت پڑئیےَ ॥

ہرِ بِنُ کو مارِ جیوالِ ن ساکے
تا میرے من کائتُ کڑئیےَ ॥1॥ رہاءُ ॥

ہرِ پرپنچُ کیِیا سبھُ کرتے
وِچِ آپے آپنی جوتِ دھرئیےَ ॥

ہرِ ایکو بولے ہرِ ایکُ بُلائے
گُرِ پوُرے ہرِ ایکُ دِکھئیےَ ॥2॥

ہرِ انترِ نالے باہرِ نالے
کہُ تِس پاسہُ من کِیا چورئیےَ۔ ॥

نِہکپٹ سیوا کیجے ہرِ کیری
تاں میرے من سرب سُکھ پئیےَ ॥3॥

جِس دے وِس سبھُ کچھُ سو سبھ دوُ وڈا
سو میرے من سدا دھئیےَ ॥

جن نانک سو ہرِ نالِ ہے تیرے
ہرِ سدا دھِیاءِ توُ تُدھُ لے چھڈئیےَ ॥4॥5॥

گونڈ محلا 4 ॥

ہرِ درسن کءُ میرا منُ بہُ تپتے
جِءُ ترِکھاونتُ بِنُ نیِر ॥1॥

میرے منِ پریمُ لگو ہرِ تیِر ॥

ہمری بیدن ہرِ پربھُ جانے
میرے من انتر کی پیِر ॥1॥ رہاءُ ॥

میرے ہرِ پریتم کی کوئی بات سُناوے
سو بھائی سو میرا بیِر ॥2॥

مِلُ مِلُ سکھی گُن کہُ میرے پربھ کے
لے ستِگر کی متِ دھیِر ॥3॥

ਜਨ ਨਾਨਕ ਕੀ ਹਰਿ ਆਸ ਪੁਜਾਵਹੁ
ਹਰਿ ਦਰਸਨਿ ਸਾਂਤਿ ਸਰੀਰ ॥੪॥੬॥ ਛਕਾ ੧ ॥

جن نانک کی ہرِ آس پُجاوہُ
ہرِ درسنِ سانتِ سریر ॥4॥6॥ چھکا 1 ॥

ਰਾਗੁ ਗੋਂਡ ਮਹਲਾ ੫ ਚਉਪਦੇ ਘਰੁ ੧

راگُ گونڈ محلا 5 چئُپدے گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸਭੁ ਕਰਤਾ ਸਭੁ ਭੁਗਤਾ ॥੧॥ ਰਹਾਉ ॥

سبھُ کرتا سبھُ بھُگتا ॥1॥ رہاءُ ॥

ਸੁਨਤੋ ਕਰਤਾ ਪੇਖਤ ਕਰਤਾ ॥

سُنتو کرتا پیکھت کرتا ॥

ਅਦ੍ਰਿਸਟੋ ਕਰਤਾ ਦ੍ਰਿਸਟੋ ਕਰਤਾ ॥

ادّرِسٹو کرتا دّرِسٹو کرتا ॥

ਓਪਤਿ ਕਰਤਾ ਪਰਲਉ ਕਰਤਾ ॥

اوپتِ کرتا پرل ءُ کرتا ॥

ਬਿਆਪਤ ਕਰਤਾ ਅਲਿਪਤੋ ਕਰਤਾ ॥੧॥

بِیاپت کرتا الپتو کرتا ॥1॥

ਬਕਤੋ ਕਰਤਾ ਬੂਝਤ ਕਰਤਾ ॥

بکتو کرتا بوُجھت کرتا ॥

ਆਵਤੁ ਕਰਤਾ ਜਾਤੁ ਭੀ ਕਰਤਾ ॥

آوتُ کرتا جاتُ بھی کرتا ॥

ਨਿਰਗੁਨ ਕਰਤਾ ਸਰਗੁਨ ਕਰਤਾ ॥

نِرگُن کرتا سرگُن کرتا ॥

ਗੁਰ ਪ੍ਰਸਾਦਿ ਨਾਨਕ ਸਮਦ੍ਰਿਸਟਾ ॥੨॥੧॥

گُر پرّسادِ نانک سمدّرِسٹا ॥2॥1॥

ਗੋਂਡ ਮਹਲਾ ੫ ॥

گونڈ محلا 5 ॥

ਫਾਕਿਓ ਮੀਨ ਕਪਿਕ ਕੀ ਨਿਆਈ
ਤੂ ਉਰਝਿ ਰਹਿਓ ਕਸੁੰਭਾਇਲੇ ॥

پھاکِئو مِین کپِک کی نِیائی
توُ اُرجھِ رہِئو کسُنبھائِلے ॥

ਪਗ ਧਾਰਹਿ ਸਾਸੁ ਲੇਖੈ ਲੈ
ਤਉ ਉਧਰਹਿ ਹਰਿ ਗੁਣ ਗਾਇਲੇ ॥੧॥

پگ دھارہِ ساسُ لیکھے لے
ت ءُ اُدھرہِ ہرِ گُن گائِلے ॥1॥

ਮਨ ਸਮਝੁ ਛੋਡਿ ਆਵਾਇਲੇ ॥

من سمجھُ چھوڈِ آوائِلے ॥

ਅਪਨੇ ਰਹਨ ਕਉ ਠਉਰੁ ਨ ਪਾਵਹਿ
ਕਾਏ ਪਰ ਕੈ ਜਾਇਲੇ ॥੧॥ ਰਹਾਉ ॥

اپنے رہن ک ءُ ٹھئُر ن پاوہِ
کائے پر کے جائِلے ۔ ॥1॥ رہاءُ ॥

ਜਿਉ ਮੈਗਲੁ ਇੰਦ੍ਰੀ ਰਸਿ ਪ੍ਰੇਰਿਓ
ਤੂ ਲਾਗਿ ਪਰਿਓ ਕੁਟੰਬਾਇਲੇ ॥

جِ ءُ میَگل اِندّری رس پّرِیرِئو
توُ لاگِ پرِئو کُٹنّبائِلے ॥

ਜਿਉ ਪੰਖੀ ਇਕਤ੍ਰ ਹੋਇ ਫਿਰਿ ਬਿਛੁਰੈ

جِ ءُ پنکھی اِکتّر ہوءِ پھِرِ بچھُرے

ਥਿਰੁ ਸੰਗਤਿ ਹਰਿ ਹਰਿ ਧਿਆਇਲੇ ॥੨॥

تھِرُ سنگتِ ہرِ ہرِ دھیائِلے ॥2॥

ਜੈਸੇ ਮੀਨੁ ਰਸਨ ਸਾਦਿ ਬਿਨਸਿਓ
ਓਹੁ ਮੂਠੌ ਮੂੜ ਲੋਭਾਇਲੇ ॥

جیسے مِینُ رسن سادِ بِنسِئو
اوہُ موٗٹھوَ موٗڑ لوبھائِلے ॥

ਤੂ ਹੋਆ ਪੰਚ ਵਾਸਿ ਵੈਰੀ ਕੈ
ਛੂਟਹਿ ਪਰੁ ਸਰਨਾਇਲੇ ॥੩॥

توُ ہویا پنچ واسِ ویَری کے
چھوٗٹہِ پرُ سرنائِلے ॥3॥

ਹੋਹੁ ਕ੍ਰਿਪਾਲ ਦੀਨ ਦੁਖ ਭੰਜਨ
ਸਭਿ ਤੁਮ੍ਰੇ ਜੀਅ ਜੰਤਾਇਲੇ ॥

ہوہُ کرِپال دِین دُکھ بھنّجن
سبھِ تُمہرے جیء جنتائِلے ॥

ਪਾਵਉ ਦਾਨੁ ਸਦਾ ਦਰਸੁ ਪੇਖਾ
ਮਿਲੁ ਨਾਨਕ ਦਾਸ ਦਸਾਇਲੇ ॥੪॥੨॥

پاوءُ دانُ سدا درسُ پیکھا
مِلُ نانک داس دسائِلے ॥4॥2॥

ਰਾਗੁ ਗੋਂਡ ਮਹਲਾ ੫ ਚਉਪਦੇ ਘਰੁ ੨

راگُ گونڈ محلا 5 چئُپدے گھرُ 2

ੴ ਸਤਿਗੁਰ ਪ੍ਰਸਾਦਿ ॥

ۿ ستِگُر پرّسادِ ॥

ਜੀਅ ਪ੍ਰਾਨ ਕੀਏ ਜਿਨਿ ਸਾਜਿ ॥

جیء پرّان کیئے جِنِ ساجِ ॥

ਮਾਟੀ ਮਹਿ ਜੋਤਿ ਰਖੀ ਨਿਵਾਜਿ ॥

ماٹی مہِ جوتِ رکھی نِواجِ ॥

ਬਰਤਨ ਕਉ ਸਭੁ ਕਿਛੁ ਭੋਜਨ ਭੋਗਾਇ ॥

برتن کءُ سبھُ کچھُ بھوجن بھوگاءِ ॥

ਸੋ ਪ੍ਰਭੁ ਤਜਿ ਮੂੜੇ ਕਤ ਜਾਇ ॥੧॥

سو پرّبھُ تجِ موٗڑے کت جاءِ ۔ ॥1॥

ਪਾਰਬ੍ਰਹਮ ਕੀ ਲਾਗਉ ਸੇਵ ॥

پاربّرہم کی لاگءُ سیو ॥

ਗੁਰ ਤੇ ਸੁਝੈ ਨਿਰੰਜਨ ਦੇਵ ॥੧॥ ਰਹਾਉ ॥

گُر تے سُجھے نِرنّجن دیو ॥1॥ رہاءُ ॥

ਜਿਨਿ ਕੀਏ ਰੰਗ ਅਨਿਕ ਪਰਕਾਰ ॥

جِنِ کیئے رنگ اِنک پرکار ॥

ਓਪਤਿ ਪਰਲਉ ਨਿਮਖ ਮਝਾਰ ॥

اوپتِ پرلءُ نِمکھ مجھار ॥

ਜਾ ਕੀ ਗਤਿ ਮਿਤਿ ਕਹੀ ਨ ਜਾਇ ॥

جا کی گتِ مِتِ کہی ن جاءِ ॥

ਸੋ ਪ੍ਰਭੁ ਮਨ ਮੇਰੇ ਸਦਾ ਧਿਆਇ ॥੨॥

سو پرّبھُ من میرے سدا دھیاءِ ॥2॥

ਆਇ ਨ ਜਾਵੈ ਨਿਹਚਲੁ ਧਨੀ ॥

آءِ ن جاوے نِہچلُ دھنی ॥

ਬੇਅੰਤ ਗੁਨਾ ਤਾ ਕੇ ਕੇਤਕ ਗਨੀ ॥

بیئنّت گُنا تا کے کیتک گنی ۔ ॥

ਲਾਲ ਨਾਮ ਜਾ ਕੈ ਭਰੇ ਭੰਡਾਰ ॥	لال نام جا کے بھرے بھنڈار ॥
ਸਗਲ ਘਟਾ ਦੇਵੈ ਆਧਾਰ ॥੩॥	سگل گھٹا دیوے آدھار ॥3॥
ਸਤਿ ਪੁਰਖੁ ਜਾ ਕੋ ਹੈ ਨਾਉ ॥	ستِ پُرکھُ جا کو ہے ناءُ ॥
ਮਿਟਹਿ ਕੋਟਿ ਅਘ ਨਿਮਖ ਜਸੁ ਗਾਉ ॥	مِٹہِ کوٹِ اگھ نِمکھ جسُ گاءُ ॥
ਬਾਲ ਸਖਾਈ ਭਗਤਨ ਕੋ ਮੀਤ ॥	بال سکھائی بھگتن کو میت ॥
ਪ੍ਰਾਨ ਅਧਾਰ ਨਾਨਕ ਹਿਤ ਚੀਤ ॥੪॥੧॥੩॥	پّران ادھار نانک ہِت چیت ॥4॥1॥3॥
ਗੋਂਡ ਮਹਲਾ ੫ ॥	گونڈ محلا 5 ॥
ਨਾਮ ਸੰਗਿ ਕੀਨੋ ਬਿਉਹਾਰੁ ॥	نام سنگِ کِینو بِہُارُ ॥
ਨਾਮੋ ਹੀ ਇਸੁ ਮਨ ਕਾ ਅਧਾਰੁ ॥	نامو ہی اِسُ من کا ادھارُ ॥
ਨਾਮੋ ਹੀ ਚਿਤਿ ਕੀਨੀ ਓਟ ॥	نامو ہی چِتِ کِینی اوٹ ॥
ਨਾਮੁ ਜਪਤ ਮਿਟਹਿ ਪਾਪ ਕੋਟਿ ॥੧॥	نامُ جپت مِٹہِ پاپ کوٹِ ॥1॥
ਰਾਸਿ ਦੀਈ ਹਰਿ ਏਕੋ ਨਾਮੁ ॥	راسِ دیئی ہرِ ایکو نامُ ॥
ਮਨ ਕਾ ਇਸਟੁ ਗੁਰ ਸੰਗਿ ਧਿਆਨੁ ॥੧॥ ਰਹਾਉ ॥	من کا اِستُ گُر سنگِ دھِیانُ ॥1॥ رہاءُ ॥
ਨਾਮੁ ਹਮਾਰੇ ਜੀਅ ਕੀ ਰਾਸਿ ॥	نامُ ہمارے جیء کی راسِ ॥
ਨਾਮੋ ਸੰਗੀ ਜਤ ਕਤ ਜਾਤ ॥	نامو سنگی جت کت جات ॥
ਨਾਮੋ ਹੀ ਮਨਿ ਲਾਗਾ ਮੀਠਾ ॥	نامو ہی منِ لاگا میٹھا ॥
ਜਲਿ ਥਲਿ ਸਭ ਮਹਿ ਨਾਮੋ ਡੀਠਾ ॥੨॥	جلِ تھلِ سبھ مہِ نامو ڈیٹھا ॥2॥
ਨਾਮੇ ਦਰਗਹ ਮੁਖ ਉਜਲੇ ॥	نامے درگہ مُکھ اُجلے ॥
ਨਾਮੇ ਸਗਲੇ ਕੁਲ ਉਧਰੇ ॥	نامے سگلے کُل اُدھرے ॥
ਨਾਮਿ ਹਮਾਰੇ ਕਾਰਜ ਸੀਧ ॥	نامِ ہمارے کارج سیِدھ ॥
ਨਾਮ ਸੰਗਿ ਇਹੁ ਮਨੂਆ ਗੀਧ ॥੩॥	نام سنگِ اِہُ منوُیا گیِدھ ॥3॥
ਨਾਮੇ ਹੀ ਹਮ ਨਿਰਭਉ ਭਏ ॥	نامے ہی ہم نِربھءُ بھئے ॥

ਨਾਮੇ ਆਵਨ ਜਾਵਨ ਰਹੇ ॥	نامے آون جاون رہے ॥
ਗੁਰਿ ਪੂਰੈ ਮੇਲੇ ਗੁਣਤਾਸ ॥	گُرِ پوُرے میلے گُنتاس ॥
ਕਹੁ ਨਾਨਕ ਸੁਖਿ ਸਹਜਿ ਨਿਵਾਸੁ ॥੪॥੨॥੪॥	کہُ نانک سُکھِ سہجِ نِواسُ ॥4॥2॥4॥
ਗੋਂਡ ਮਹਲਾ ੫ ॥	گونڈ محلا 5 ॥
ਨਿਮਾਨੇ ਕਉ ਜੋ ਦੇਤੋ ਮਾਨੁ ॥	نِمانے کءُ جو دیتو مانُ ॥
ਸਗਲ ਭੂਖੇ ਕਉ ਕਰਤਾ ਦਾਨੁ ॥	سگل بھوُکھے کءُ کرتا دانُ ॥
ਗਰਭ ਘੋਰ ਮਹਿ ਰਾਖਨਹਾਰੁ ॥	گربھ گھور مہِ راکھنہارُ ॥
ਤਿਸੁ ਠਾਕੁਰ ਕਉ ਸਦਾ ਨਮਸਕਾਰੁ ॥੧॥	تِسُ ٹھاکُر کءُ سدا نمسکارُ ॥1॥
ਐਸੋ ਪ੍ਰਭੁ ਮਨ ਮਾਹਿ ਧਿਆਇ ॥	ایَسو پربھُ من ماہِ دھِیاءِ ॥
ਘਟਿ ਅਵਘਟਿ ਜਤ ਕਤਹਿ ਸਹਾਇ ॥੧॥ ਰਹਾਉ ॥	گھٹِ اوگھٹِ جت کتہِ سہاءِ ॥1॥ رہاءُ ॥
ਰੰਕੁ ਰਾਉ ਜਾ ਕੈ ਏਕ ਸਮਾਨਿ ॥	رنکُ راءُ جا کے ایک سمانِ ॥
ਕੀਟ ਹਸਤਿ ਸਗਲ ਪੂਰਾਨ ॥	کیٹ ہستِ سگل پوُران ॥
ਬੀਓ ਪੂਛਿ ਨ ਮਸਲਤਿ ਧਰੈ ॥	بیئو پوُچھِ ن مصلتِ دھرے ॥
ਜੋ ਕਿਛੁ ਕਰੈ ਸੁ ਆਪਹਿ ਕਰੈ ॥੨॥	جو کچھُ کرے سُ آپہِ کرے ॥2॥
ਜਾ ਕਾ ਅੰਤੁ ਨ ਜਾਨਸਿ ਕੋਇ ॥	جا کا انّتُ ن جانسِ کوءِ ॥
ਆਪੇ ਆਪਿ ਨਿਰੰਜਨੁ ਸੋਇ ॥	آپے آپِ نِرنّجنُ سوءِ ॥
ਆਪਿ ਅਕਾਰੁ ਆਪਿ ਨਿਰੰਕਾਰੁ ॥	آپِ اکارُ آپِ نِرنکارُ ॥
ਘਟ ਘਟ ਘਟਿ ਸਭ ਘਟ ਆਧਾਰੁ ॥੩॥	گھٹ گھٹ گھٹِ سبھ گھٹ آدھارُ ॥3॥
ਨਾਮ ਰੰਗਿ ਭਗਤ ਭਏ ਲਾਲ ॥	نام رنگِ بھگت بھئے لال ॥
ਜਸੁ ਕਰਤੇ ਸੰਤ ਸਦਾ ਨਿਹਾਲ ॥	جسُ کرتے سنّت سدا نِہال ॥
ਨਾਮ ਰੰਗਿ ਜਨ ਰਹੇ ਅਘਾਇ ॥	نام رنگِ جن رہے اگھاءِ ॥
ਨਾਨਕ ਤਿਨ ਜਨ ਲਾਗੈ ਪਾਇ ॥੪॥੩॥੫॥	نانک تِن جن لاگے پاءِ ॥4॥3॥5॥

ਗੋਂਡ ਮਹਲਾ ੫ ॥	گونڈ محلا 5 ॥
ਜਾ ਕੈ ਸੰਗਿ ਇਹੁ ਮਨੁ ਨਿਰਮਲੁ ॥	جا کے سنگِ اِہُ منُ نِرملُ ॥
ਜਾ ਕੈ ਸੰਗਿ ਹਰਿ ਹਰਿ ਸਿਮਰਨੁ ॥	جا کے سنگِ ہرِ ہرِ سِمرنُ ॥
ਜਾ ਕੈ ਸੰਗਿ ਕਿਲਬਿਖ ਹੋਹਿ ਨਾਸ ॥	جا کے سنگِ کِلبِکھ ہوہِ ناس ॥
ਜਾ ਕੈ ਸੰਗਿ ਰਿਦੈ ਪਰਗਾਸ ॥੧॥	جا کے سنگِ رِدے پرگاس ॥1॥
ਸੇ ਸੰਤਨ ਹਰਿ ਕੇ ਮੇਰੇ ਮੀਤ ॥	سے سنّتن ہرِ کے میرے میت ۔ ॥
ਕੇਵਲ ਨਾਮੁ ਗਾਈਐ ਜਾ ਕੈ ਨੀਤ ॥੧॥ ਰਹਾਉ ॥	کیول نامُ گائیئے جا کے نیت ॥1॥ رہاءُ ॥
ਜਾ ਕੈ ਮੰਤ੍ਰਿ ਹਰਿ ਹਰਿ ਮਨਿ ਵਸੈ ॥	جا کے منّترِ ہرِ ہرِ منِ وسے ॥
ਜਾ ਕੈ ਉਪਦੇਸਿ ਭਰਮੁ ਭਉ ਨਸੈ ॥	جا کے اُپدیسِ بھرمُ بھءُ نسے ॥
ਜਾ ਕੈ ਕੀਰਤਿ ਨਿਰਮਲ ਸਾਰ ॥	جا کے کیرتِ نِرمل سار ॥
ਜਾ ਕੀ ਰੇਨੁ ਬਾਂਛੈ ਸੰਸਾਰ ॥੨॥	جا کی رینُ بانچھے سنّسار ॥2॥
ਕੋਟਿ ਪਤਿਤ ਜਾ ਕੈ ਸੰਗਿ ਉਧਾਰ ॥	کوٹِ پتِت جا کے سنگِ اُدھار ॥
ਏਕੁ ਨਿਰੰਕਾਰੁ ਜਾ ਕੈ ਨਾਮ ਅਧਾਰ ॥	ایکُ نِرنکارُ جا کے نام ادھار ॥
ਸਰਬ ਜੀਆ ਕਾ ਜਾਨੈ ਭੇਉ ॥	سرب جیِیا کا جانے بھیءُ ॥
ਕ੍ਰਿਪਾ ਨਿਧਾਨ ਨਿਰੰਜਨ ਦੇਉ ॥੩॥	کرِپا نِدھان نِرنجن دیءُ ॥3॥
ਪਾਰਬ੍ਰਹਮ ਜਬ ਭਏ ਕ੍ਰਿਪਾਲ ॥	پاربرہم جب بھئے کرِپال ॥
ਤਬ ਭੇਟੇ ਗੁਰ ਸਾਧ ਦਇਆਲ ॥	تب بھیٹے گُر سادھ دیئال ॥
ਦਿਨੁ ਰੈਣਿ ਨਾਨਕੁ ਨਾਮੁ ਧਿਆਏ ॥	دِنُ رینِ نانکُ نامُ دھیائے ॥
ਸੂਖ ਸਹਜ ਆਨੰਦ ਹਰਿ ਨਾਏ ॥੪॥੪॥੬॥	سوُکھ سہج آنند ہرِ نائے ॥4॥4॥6॥
ਗੋਂਡ ਮਹਲਾ ੫ ॥	گونڈ محلا 5 ॥
ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥	گُر کی موُرتِ من مہِ دھیانُ ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥	گُر کے سبدِ منّترُ منُ مان ॥

ਗੁਰ ਕੇ ਚਰਨ ਰਿਦੈ ਲੈ ਧਾਰਉ ॥	گُر کے چرن رِدے لے دھارءُ ॥
ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥	گُرُ پاربّرہمُ سدا نمسکارءُ ॥1॥
ਮਤ ਕੋ ਭਰਮਿ ਭੁਲੈ ਸੰਸਾਰਿ ॥	مت کو بھرمِ بھُلے سنّسارِ ॥
ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ ਰਹਾਉ ॥	گُر بِنُ کوءِ ن اُترسِ پارِ ॥1॥ رہاءُ ॥
ਭੂਲੇ ਕਉ ਗੁਰਿ ਮਾਰਗਿ ਪਾਇਆ ॥	بھوُلے کءُ گُرِ مارگِ پائیا ॥
ਅਵਰ ਤਿਆਗਿ ਹਰਿ ਭਗਤੀ ਲਾਇਆ ॥	اور تِیاگِ ہرِ بھگتی لائیا ॥
ਜਨਮ ਮਰਨ ਕੀ ਤ੍ਰਾਸ ਮਿਟਾਈ ॥	جنم مرن کی تّراس مِٹائی ॥
ਗੁਰ ਪੂਰੇ ਕੀ ਬੇਅੰਤ ਵਡਾਈ ॥੨॥	گُر پوُرے کی بیئنّت وڈائی ॥2॥
ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥	گُر پّرسادِ اوُردھ کمل بِگاس ॥
ਅੰਧਕਾਰ ਮਹਿ ਭਇਆ ਪ੍ਰਗਾਸ ॥	انّدھکار مہِ بھئیا پّرگاس ॥
ਜਿਨਿ ਕੀਆ ਸੋ ਗੁਰ ਤੇ ਜਾਨਿਆ ॥	جِنِ کیِیا سو گُر تے جانِیا ॥
ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥੩॥	گُر کِرپا تے مُگدھ منُ مانِیا ॥3॥
ਗੁਰੁ ਕਰਤਾ ਗੁਰੁ ਕਰਣੈ ਜੋਗੁ ॥	گُرُ کرتا گُرُ کرنّے جوگُ ॥
ਗੁਰੁ ਪਰਮੇਸਰੁ ਹੈ ਭੀ ਹੋਗੁ ॥	گُرُ پریسرُ ہے بھی ہوگُ ॥
ਕਹੁ ਨਾਨਕ ਪ੍ਰਭਿ ਇਹੈ ਜਨਾਈ ॥	کہُ نانک پّربھِ اِہے جنائی ॥
ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥੪॥੫॥੭॥	بِنُ گُر مُکتِ ن پائیئے بھائی ॥4॥5॥7॥
ਗੋਂਡ ਮਹਲਾ ੫ ॥	گونڈ محلا 5 ॥
ਗੁਰੂ ਗੁਰੂ ਗੁਰੁ ਕਰਿ ਮਨ ਮੋਰ ॥	گُرُو گُرُو گُرُ کرِ من مور ॥
ਗੁਰੂ ਬਿਨਾ ਮੈ ਨਾਹੀ ਹੋਰ ॥	گُرُو بِنا مے ناہی ہور ॥
ਗੁਰ ਕੀ ਟੇਕ ਰਹਹੁ ਦਿਨੁ ਰਾਤਿ ॥	گُر کی ٹیک رہہُ دِنُ راتِ ॥
ਜਾ ਕੀ ਕੋਇ ਨ ਮੇਟੈ ਦਾਤਿ ॥੧॥	جا کی کوءِ ن میٹّے داتِ ॥1॥
ਗੁਰੁ ਪਰਮੇਸਰੁ ਏਕੋ ਜਾਣੁ ॥	گُرُ پریسرُ ایکو جانُ ॥

ਜੋ ਤਿਸੁ ਭਾਵੈ ਸੋ ਪਰਵਾਣੁ ॥੧॥ ਰਹਾਉ ॥	جو تِسُ بھاوے سو پرواڻُ ॥1॥ رہاءُ ॥
ਗੁਰ ਚਰਣੀ ਜਾ ਕਾ ਮਨੁ ਲਾਗੈ ॥	گُر چرڻی جا کا منُ لاگے ॥
ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥	دوُکھُ دردُ بھرمُ تا کا بھاگے ॥
ਗੁਰ ਕੀ ਸੇਵਾ ਪਾਏ ਮਾਨੁ ॥	گُر کی سیوا پائے مانُ ॥
ਗੁਰ ਊਪਰਿ ਸਦਾ ਕੁਰਬਾਨੁ ॥੨॥	گُر اوُپرِ سدا قُربانُ ॥2॥
ਗੁਰ ਕਾ ਦਰਸਨੁ ਦੇਖਿ ਨਿਹਾਲ ॥	گُر کا درسنُ دیکھِ نِہال ॥
ਗੁਰ ਕੇ ਸੇਵਕ ਕੀ ਪੂਰਨ ਘਾਲ ॥	گُر کے سیوک کی پوُرن گھال ॥
ਗੁਰ ਕੇ ਸੇਵਕ ਕਉ ਦੁਖੁ ਨ ਬਿਆਪੈ ॥	گُر کے سیوک کءُ دُکھُ ن بِیاپے ॥
ਗੁਰ ਕਾ ਸੇਵਕੁ ਦਹ ਦਿਸਿ ਜਾਪੈ ॥੩॥	گُر کا سیوکُ دہ دِسِ جاپے ॥3॥
ਗੁਰ ਕੀ ਮਹਿਮਾ ਕਥਨੁ ਨ ਜਾਇ ॥	گُر کی مہِما کتھنُ ن جاءِ ॥
ਪਾਰਬ੍ਰਹਮੁ ਗੁਰੁ ਰਹਿਆ ਸਮਾਇ ॥	پاربّرہمُ گُرُ رہِیا سماءِ ॥
ਕਹੁ ਨਾਨਕ ਜਾ ਕੇ ਪੂਰੇ ਭਾਗ ॥	کہُ نانک جا کے پوُرے بھاگ ॥
ਗੁਰ ਚਰਣੀ ਤਾ ਕਾ ਮਨੁ ਲਾਗ ॥੪॥੬॥੮॥	گُر چرڻی تا کا منُ لاگ ॥4॥6॥8॥
ਗੋਂਡ ਮਹਲਾ ੫ ॥	گونڈ محلا 5 ॥
ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ ॥	گُرُ میری پوُجا گُرُ گوبِنّدُ ॥
ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ ॥	گُرُ میرا پاربّرہمُ گُرُ بھگونّتُ ॥
ਗੁਰੁ ਮੇਰਾ ਦੇਉ ਅਲਖ ਅਭੇਉ ॥	گُرُ میرا دیءُ الکھ ابھیءُ ॥
ਸਰਬ ਪੂਜ ਚਰਨ ਗੁਰ ਸੇਉ ॥੧॥	سرب پوُج چرن گُر سیءُ ॥1॥
ਗੁਰ ਬਿਨੁ ਅਵਰੁ ਨਾਹੀ ਮੈ ਥਾਉ ॥	گُر بِنُ اورُ ناہی مے تھاءُ ॥
ਅਨਦਿਨੁ ਜਪਉ ਗੁਰੂ ਗੁਰ ਨਾਉ ॥੧॥ ਰਹਾਉ ॥	اندِنُ جپءُ گُرُو گُر ناءُ ॥1॥ رہاءُ ॥
ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥	گُرُ میرا گِیانُ گُرُ رِدے دھِیانُ ॥
ਗੁਰੁ ਗੋਪਾਲੁ ਪੁਰਖੁ ਭਗਵਾਨੁ ॥	گُرُ گوپالُ پُرکھُ بھگوانُ ॥

ਗੁਰ ਕੀ ਸਰਣਿ ਰਹਉ ਕਰ ਜੋਰਿ ॥	گُر کی سرنِ رہءُ کر جورِ ॥
ਗੁਰੂ ਬਿਨਾ ਮੈ ਨਾਹੀ ਹੋਰੁ ॥੨॥	گُرو بِنا مے نَاہی ہورُ ॥2॥
ਗੁਰੁ ਬੋਹਿਥੁ ਤਾਰੇ ਭਵ ਪਾਰਿ ॥	گُرُ بوہِتھُ تارے بھو پارِ ॥
ਗੁਰ ਸੇਵਾ ਜਮ ਤੇ ਛੁਟਕਾਰਿ ॥	گُر سیوا جم تے چھُٹکارِ ॥
ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥	اندھکار مہِ گُر منّترُ اُجارا ॥
ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥	گُر کے سنگِ سگل نِستارا ॥3॥
ਗੁਰੁ ਪੂਰਾ ਪਾਈਐ ਵਡਭਾਗੀ ॥	گُرُ پُورا پائیئے وڈبھاگی ॥
ਗੁਰ ਕੀ ਸੇਵਾ ਦੂਖੁ ਨ ਲਾਗੀ ॥	گُر کی سیوا دوُکھُ ن لاگی ॥
ਗੁਰ ਕਾ ਸਬਦੁ ਨ ਮੇਟੈ ਕੋਇ ॥	گُر کا سبدُ ن میٹے کوءِ ॥
ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥੭॥੯॥	گُرُ نانکُ نانکُ ہرِ سوءِ ॥4॥7॥9॥
ਗੋਂਡ ਮਹਲਾ ੫ ॥	گونڈ محلا 5 ॥
ਰਾਮ ਰਾਮ ਸੰਗਿ ਕਰਿ ਬਿਉਹਾਰ ॥	رام رام سنگِ کرِ بِہُار ॥
ਰਾਮ ਰਾਮ ਰਾਮ ਪ੍ਰਾਨ ਅਧਾਰ ॥	رام رام رام پّران ادھار ॥
ਰਾਮ ਰਾਮ ਰਾਮ ਕੀਰਤਨੁ ਗਾਇ ॥	رام رام رام کِیرتنُ گاءِ ॥
ਰਮਤ ਰਾਮੁ ਸਭ ਰਹਿਓ ਸਮਾਇ ॥੧॥	رمت رامُ سبھ رہئو سماءِ ॥1॥
ਸੰਤ ਜਨਾ ਮਿਲਿ ਬੋਲਹੁ ਰਾਮ ॥	سنّت جنا مِلِ بولہُ رام ॥
ਸਭ ਤੇ ਨਿਰਮਲ ਪੂਰਨ ਕਾਮ ॥੧॥ ਰਹਾਉ ॥	سبھ تے نِرمل پُورن کام ॥1॥ رہاءُ ॥
ਰਾਮ ਰਾਮ ਧਨੁ ਸੰਚਿ ਭੰਡਾਰ ॥	رام رام دھنُ سنچِ بھنڈار ॥
ਰਾਮ ਰਾਮ ਰਾਮ ਕਰਿ ਆਹਾਰ ॥	رام رام رام کرِ آہار ॥
ਰਾਮ ਰਾਮ ਵੀਸਰਿ ਨਹੀ ਜਾਇ ॥	رام رام ویسرِ نہی جاءِ ॥
ਕਰਿ ਕਿਰਪਾ ਗੁਰਿ ਦੀਆ ਬਤਾਇ ॥੨॥	کرِ کِرپا گُرِ دیِیا بتاءِ ॥2॥
ਰਾਮ ਰਾਮ ਰਾਮ ਸਦਾ ਸਹਾਇ ॥	رام رام رام سدا سہاءِ ॥

ਰਾਮ ਰਾਮ ਰਾਮ ਲਿਵ ਲਾਇ ॥	رام رام رام لِو لاءِ ॥
ਰਾਮ ਰਾਮ ਜਪਿ ਨਿਰਮਲ ਭਏ ॥	رام رام جپِ نِرمل بھئے ॥
ਜਨਮ ਜਨਮ ਕੇ ਕਿਲਬਿਖ ਗਏ ॥੩॥	جنم جنم کے کِلبِکھ گئے ॥3॥
ਰਮਤ ਰਾਮ ਜਨਮ ਮਰਣੁ ਨਿਵਾਰੈ ॥	رمت رام جنم مرنُ نِوارے ॥
ਉਚਰਤ ਰਾਮ ਭੈ ਪਾਰਿ ਉਤਾਰੈ ॥	اُچرت رام بھئے پارِ اُتارے ॥
ਸਭ ਤੇ ਊਚ ਰਾਮ ਪਰਗਾਸ ॥	سبھ تے اوُچ رام پرگاس ॥
ਨਿਸਿ ਬਾਸੁਰ ਜਪਿ ਨਾਨਕ ਦਾਸ ॥੪॥੮॥੧੦॥	نِس باسُر جپِ نانک داس ॥4॥8॥ 10 ॥
ਗੋਂਡ ਮਹਲਾ ੫ ॥	گونڈ محلا 5 ॥
ਉਨ ਕਉ ਖਸਮਿ ਕੀਨੀ ਠਾਕਹਾਰੇ ॥	اُن کءُ خصمِ کِینی ٹھاکہارے ॥
ਦਾਸ ਸੰਗ ਤੇ ਮਾਰਿ ਬਿਦਾਰੇ ॥	داس سنگ تے مارِ بِدارے ॥
ਗੋਬਿੰਦ ਭਗਤ ਕਾ ਮਹਲੁ ਨ ਪਾਇਆ ॥	گوبِنّد بھگت کا محلُ ن پائیا ॥
ਰਾਮ ਜਨਾ ਮਿਲਿ ਮੰਗਲੁ ਗਾਇਆ ॥੧॥	رام جنا مِلِ منگلُ گائیا ॥1॥
ਸਗਲ ਸ੍ਰਿਸਟਿ ਕੇ ਪੰਚ ਸਿਕਦਾਰ ॥	سگل سّرِسٹِ کے پنّچ سِکدار ॥
ਰਾਮ ਭਗਤ ਕੇ ਪਾਨੀਹਾਰ ॥੧॥ ਰਹਾਉ ॥	رام بھگت کے پانیہار ॥1॥ رہاءُ ॥
ਜਗਤ ਪਾਸ ਤੇ ਲੇਤੇ ਦਾਨੁ ॥	جگت پاس تے لیتے دانُ ॥
ਗੋਬਿੰਦ ਭਗਤ ਕਉ ਕਰਹਿ ਸਲਾਮੁ ॥	گوبِنّد بھگت کءُ کرہِ سلامُ ॥
ਲੂਟਿ ਲੇਹਿ ਸਾਕਤ ਪਤਿ ਖੋਵਹਿ ॥	لوُٹِ لیہِ ساکت پتِ کھووہِ ॥
ਸਾਧ ਜਨਾ ਪਗ ਮਲਿ ਮਲਿ ਧੋਵਹਿ ॥੨॥	سادھ جنا پگ مِلِ مِلِ دھووہِ ॥2॥
ਪੰਚ ਪੂਤ ਜਣੇ ਇਕ ਮਾਇ ॥	پنّچ پوُت جنّے اِک ماءِ ॥
ਉਤਭੁਜ ਖੇਲੁ ਕਰਿ ਜਗਤ ਵਿਆਇ ॥	اُتبھُج کھیلُ کرِ جگت وِیاءِ ॥
ਤੀਨਿ ਗੁਣਾ ਕੈ ਸੰਗਿ ਰਚਿ ਰਸੇ ॥	تِینِ گُنا کے سنگِ رچِ رسے ॥
ਇਨ ਕਉ ਛੋਡਿ ਊਪਰਿ ਜਨ ਬਸੇ ॥੩॥	اِن کءُ چھوڈِ اوُپرِ جن بسے ॥3॥

ਕਰਿ ਕਿਰਪਾ ਜਨ ਲੀਏ ਛਡਾਇ ॥	کرِ کرِپا جن لیۓ چھڈاءِ ॥
ਜਿਸ ਕੇ ਸੇ ਤਿਨਿ ਰਖੇ ਹਟਾਇ ॥	جِس کے سے تِنِ رکھے ہٹاءِ ॥
ਕਹੁ ਨਾਨਕ ਭਗਤਿ ਪ੍ਰਭ ਸਾਰੁ ॥	کہُ نانک بھگتِ پرّبھ سارُ ॥
ਬਿਨੁ ਭਗਤੀ ਸਭ ਹੋਇ ਖੁਆਰੁ ॥੪॥੯॥੧੧॥	بِنُ بھگتی سبھ ہوءِ خُیارُ ॥4॥9॥ 11 ॥
ਗੋਂਡ ਮਹਲਾ ੫ ॥	گونڈ محلا 5 ॥
ਕਲਿ ਕਲੇਸ ਮਿਟੇ ਹਰਿ ਨਾਇ ॥	کلِ کلیس مِٹے ہرِ ناءِ ॥
ਦੁਖ ਬਿਨਸੇ ਸੁਖ ਕੀਨੋ ਠਾਉ ॥	دُکھ بِنسے سُکھ کِینو ٹھاءُ ॥
ਜਪਿ ਜਪਿ ਅੰਮ੍ਰਿਤ ਨਾਮੁ ਅਘਾਏ ॥	جپِ جپِ انمّرِت نامُ اگھائے ॥
ਸੰਤ ਪ੍ਰਸਾਦਿ ਸਗਲ ਫਲ ਪਾਏ ॥੧॥	سنّت پرّسادِ سگل پھل پائے ॥1॥
ਰਾਮ ਜਪਤ ਜਨ ਪਾਰਿ ਪਰੇ ॥	رام جپت جن پارِ پرے ॥
ਜਨਮ ਜਨਮ ਕੇ ਪਾਪ ਹਰੇ ॥੧॥ ਰਹਾਉ ॥	جنم جنم کے پاپ ہرے ॥1॥ رہاءُ ॥
ਗੁਰ ਕੇ ਚਰਨ ਰਿਦੈ ਉਰਿ ਧਾਰੇ ॥	گُر کے چرن رِدۓ اُرِ دھارے ॥
ਅਗਨਿ ਸਾਗਰ ਤੇ ਉਤਰੇ ਪਾਰੇ ॥	اگنِ ساگر تے اُترے پارے ॥
ਜਨਮ ਮਰਣ ਸਭ ਮਿਟੀ ਉਪਾਧਿ ॥	جنم مرنّ سبھ مِٹی اُپادھِ ॥
ਪ੍ਰਭ ਸਿਉ ਲਾਗੀ ਸਹਜਿ ਸਮਾਧਿ ॥੨॥	پرّبھ سِءُ لاگی سہجِ سمادھِ ॥2॥
ਥਾਨ ਥਨੰਤਰਿ ਏਕੋ ਸੁਆਮੀ ॥	تھان تھننّترِ ایکو سُیامی ॥
ਸਗਲ ਘਟਾ ਕਾ ਅੰਤਰਜਾਮੀ ॥	سگل گھٹا کا انترجامی ॥
ਕਰਿ ਕਿਰਪਾ ਜਾ ਕਉ ਮਤਿ ਦੇਇ ॥	کرِ کرِپا جا کءُ متِ دےءِ ॥
ਆਠ ਪਹਰ ਪ੍ਰਭ ਕਾ ਨਾਉ ਲੇਇ ॥੩॥	آٹھ پہر پرّبھ کا ناءُ لےءِ ॥3॥
ਜਾ ਕੈ ਅੰਤਰਿ ਵਸੈ ਪ੍ਰਭੁ ਆਪਿ ॥	جا کےَ انترِ وسےَ پرّبھُ آپِ ॥
ਤਾ ਕੈ ਹਿਰਦੈ ਹੋਇ ਪ੍ਰਗਾਸੁ ॥	تا کے ہِردےَ ہوءِ پرّگاسُ ॥
ਭਗਤਿ ਭਾਇ ਹਰਿ ਕੀਰਤਨੁ ਕਰੀਐ ॥	بھگتِ بھاءِ ہرِ کیرتنُ کریۓَ ॥

ਜਪਿ ਪਾਰਬ੍ਰਹਮੁ ਨਾਨਕ ਨਿਸਤਰੀਐ ॥੪॥੧੦॥੧੨॥	جپِ پاربرہمُ نانک نِستریۓ ॥4॥ 10 ॥ 12 ॥
ਗੋਂਡ ਮਹਲਾ ੫ ॥	گونڈ محلا 5 ॥
ਗੁਰ ਕੇ ਚਰਨ ਕਮਲ ਨਮਸਕਾਰਿ ॥	گُر کے چرن کمل نمسکارِ ॥
ਕਾਮੁ ਕ੍ਰੋਧੁ ਇਸੁ ਤਨ ਤੇ ਮਾਰਿ ॥	کامُ کرودھُ اِسُ تن تے مارِ ॥
ਹੋਇ ਰਹੀਐ ਸਗਲ ਕੀ ਰੀਨਾ ॥	ہوۓ رہیۓ سگل کی رینا ॥
ਘਟਿ ਘਟਿ ਰਮਈਆ ਸਭ ਮਹਿ ਚੀਨਾ ॥੧॥	گھٹِ گھٹِ رمئیا سبھ مہِ چینا ॥1॥
ਇਨ ਬਿਧਿ ਰਮਹੁ ਗੋਪਾਲ ਗੋਬਿੰਦੁ ॥	اِن بِدھِ رمہُ گوپال گوبِندُ ॥
ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ ॥੧॥ ਰਹਾਉ ॥	تنُ دھنُ پربھ کا پربھ کی جِندُ ॥1॥ رہاءُ ॥
ਆਠ ਪਹਰ ਹਰਿ ਕੇ ਗੁਣ ਗਾਉ ॥	آٹھ پہر ہرِ کے گُن گاءُ ॥
ਜੀਅ ਪ੍ਰਾਨ ਕੋ ਇਹੈ ਸੁਆਉ ॥	جیء پران کو اِہے سُیاءُ ॥
ਤਜਿ ਅਭਿਮਾਨੁ ਜਾਨੁ ਪ੍ਰਭੁ ਸੰਗਿ ॥	تجِ ابھِمانُ جانُ پربھُ سنگِ ॥
ਸਾਧ ਪ੍ਰਸਾਦਿ ਹਰਿ ਸਿਉ ਮਨੁ ਰੰਗਿ ॥੨॥	سادھ پرسادِ ہرِ سِءُ منُ رنگِ ॥2॥
ਜਿਨਿ ਤੂੰ ਕੀਆ ਤਿਸ ਕਉ ਜਾਨੁ ॥	جِنِ توُنّ کیِیا تِس کءُ جانُ ॥
ਆਗੈ ਦਰਗਹ ਪਾਵੈ ਮਾਨੁ ॥	آگے درگہ پاوے مانُ ॥
ਮਨੁ ਤਨੁ ਨਿਰਮਲ ਹੋਇ ਨਿਹਾਲੁ ॥	منُ تنُ نِرمل ہوۓ نِہالُ ॥
ਰਸਨਾ ਨਾਮੁ ਜਪਤ ਗੋਪਾਲ ॥੩॥	رسنا نامُ جپت گوپال ॥3॥
ਕਰਿ ਕਿਰਪਾ ਮੇਰੇ ਦੀਨ ਦਇਆਲਾ ॥	کرِ کِرپا میرے دِین دئیالا ۔ ॥
ਸਾਧੂ ਕੀ ਮਨੁ ਮੰਗੈ ਰਵਾਲਾ ॥	سادھوُ کی منُ منگےَ روالا ॥
ਹੋਹੁ ਦਇਆਲ ਦੇਹੁ ਪ੍ਰਭ ਦਾਨੁ ॥	ہوہُ دئیال دیہُ پربھ دانُ ॥
ਨਾਨਕੁ ਜਪਿ ਜੀਵੈ ਪ੍ਰਭ ਨਾਮੁ ॥੪॥੧੧॥੧੩॥	نانکُ جپِ جیِوےَ پربھ نامُ ॥4॥ 11 ॥ 13 ॥
ਗੋਂਡ ਮਹਲਾ ੫ ॥	گونڈ محلا 5 ॥
ਧੂਪ ਦੀਪ ਸੇਵਾ ਗੋਪਾਲ ॥	دھوُپ دیِپ سیوا گوپال ॥

ਅਨਿਕ ਬਾਰ ਬੰਦਨ ਕਰਤਾਰ ॥	انِک بار بندن کرتار ॥
ਪ੍ਰਭ ਕੀ ਸਰਣਿ ਗਹੀ ਸਭ ਤਿਆਗਿ ॥	پربھ کی سرنِ گہی سبھ تِیاگِ ॥
ਗੁਰ ਸੁਪ੍ਰਸੰਨ ਭਏ ਵਡ ਭਾਗਿ ॥੧॥	گُر سُپرسنّن بھئے وڈ بھاگِ ॥1॥
ਆਠ ਪਹਰ ਗਾਈਐ ਗੋਬਿੰਦੁ ॥	آٹھ پہر گائیئے گوبِندُ ॥
ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ ॥੧॥ ਰਹਾਉ ॥	تنُ دھنُ پربھ کا پربھ کی جِندُ ॥1॥ رہاءُ ॥
ਹਰਿ ਗੁਣ ਰਮਤ ਭਏ ਆਨੰਦ ॥	ہرِ گُن رمت بھئے آنند ॥
ਪਾਰਬ੍ਰਹਮ ਪੂਰਨ ਬਖਸੰਦ ॥	پاربرہم پُورن بخشند ॥
ਕਰਿ ਕਿਰਪਾ ਜਨ ਸੇਵਾ ਲਾਏ ॥	کرِ کرپا جن سیوا لائے ॥
ਜਨਮ ਮਰਣ ਦੁਖ ਮੇਟਿ ਮਿਲਾਏ ॥੨॥	جنم مرنُ دُکھ میٹِ مِلائے ॥2॥
ਕਰਮ ਧਰਮ ਇਹੁ ਤਤੁ ਗਿਆਨੁ ॥	کرم دھرم اِہُ تتُ گیانُ ॥
ਸਾਧਸੰਗਿ ਜਪੀਐ ਹਰਿ ਨਾਮੁ ॥	سادھسنگِ جپیئے ہرِ نامُ ॥
ਸਾਗਰ ਤਰਿ ਬੋਹਿਥ ਪ੍ਰਭ ਚਰਣ ॥	ساگر ترِ بوہتھ پربھ چرنُ ॥
ਅੰਤਰਜਾਮੀ ਪ੍ਰਭ ਕਾਰਣ ਕਰਣ ॥੩॥	انترجامی پربھ کارنُ کرنُ ॥3॥
ਰਾਖਿ ਲੀਏ ਅਪਨੀ ਕਿਰਪਾ ਧਾਰਿ ॥	راکھِ لیئے اپنی کرپا دھارِ ॥
ਪੰਚ ਦੂਤ ਭਾਗੇ ਬਿਕਰਾਲ ॥	پنچ دوُت بھاگے بِکرال ॥
ਜੂਐ ਜਨਮੁ ਨ ਕਬਹੂ ਹਾਰਿ ॥	جوُئے جنمُ ن کبہوُ ہارِ ॥
ਨਾਨਕ ਕਾ ਅੰਗੁ ਕੀਆ ਕਰਤਾਰਿ ॥੪॥੧੨॥੧੪॥	نانک کا انگُ کِیا کرتارِ ॥4॥ 12 ॥ 14 ॥
ਗੋਂਡ ਮਹਲਾ ੫ ॥	گونڈ محلا 5 ॥
ਕਰਿ ਕਿਰਪਾ ਸੁਖ ਅਨਦ ਕਰੇਇ ॥	کرِ کرپا سُکھ اند کرےءِ ॥
ਬਾਲਕ ਰਾਖਿ ਲੀਏ ਗੁਰਦੇਵਿ ॥	بالک راکھِ لیئے گُردیوِ ॥
ਪ੍ਰਭ ਕਿਰਪਾਲ ਦਇਆਲ ਗੋਬਿੰਦ ॥	پربھ کِرپال دیئال گوبِند ॥
ਜੀਅ ਜੰਤ ਸਗਲੇ ਬਖਸਿੰਦ ॥੧॥	جیء جنّت سگلے بخشِند ॥1॥

ਤੇਰੀ ਸਰਣਿ ਪ੍ਰਭ ਦੀਨ ਦਇਆਲ ॥	تیری سرنِ پربھ دِین دئیال ॥
ਪਾਰਬ੍ਰਹਮ ਜਪਿ ਸਦਾ ਨਿਹਾਲ ॥੧॥ ਰਹਾਉ ॥	پاربرہم جپِ سدا نِہال ॥1॥ رہاءُ ॥
ਪ੍ਰਭ ਦਇਆਲ ਦੂਸਰ ਕੋਈ ਨਾਹੀ ॥	پربھ دئیال دوُسر کوئی ناہی ॥
ਘਟ ਘਟ ਅੰਤਰਿ ਸਰਬ ਸਮਾਹੀ ॥	گھٹ گھٹ انترِ سرب سماہی ॥
ਅਪਨੇ ਦਾਸ ਕਾ ਹਲਤੁ ਪਲਤੁ ਸਵਾਰੈ ॥	اپنے داس کا ہلتُ پلتُ سوارے ॥
ਪਤਿਤ ਪਾਵਨ ਪ੍ਰਭ ਬਿਰਦੁ ਤਮ੍ਾਰੈ ॥੨॥	پتت پاون پربھ بِردُ تمہارے ॥2॥
ਅਉਖਧ ਕੋਟਿ ਸਿਮਰਿ ਗੋਬਿੰਦ ॥	انکھدھ کوٹِ سِمرِ گوبِند ॥
ਤੰਤੁ ਮੰਤੁ ਭਜੀਐ ਭਗਵੰਤ ॥	تنتُ منتُ بھجیئے بھگونت ॥
ਰੋਗ ਸੋਗ ਮਿਟੇ ਪ੍ਰਭ ਧਿਆਏ ॥	روگ سوگ مِٹے پربھ دھیائے ॥
ਮਨ ਬਾਂਛਤ ਪੂਰਨ ਫਲ ਪਾਏ ॥੩॥	من بانچھت پوُرن پھل پائے ॥3॥
ਕਰਨ ਕਾਰਨ ਸਮਰਥ ਦਇਆਰ ॥	کرن کارن سمرتھ دئیار ॥
ਸਰਬ ਨਿਧਾਨ ਮਹਾ ਬੀਚਾਰ ॥	سرب نِدھان مہا بیچار ॥
ਨਾਨਕ ਬਖਸਿ ਲੀਏ ਪ੍ਰਭਿ ਆਪਿ ॥	نانک بخشِ لیئے پربھِ آپِ ॥
ਸਦਾ ਸਦਾ ਏਕੋ ਹਰਿ ਜਾਪਿ ॥੪॥੧੩॥੧੫॥	سدا سدا ایکو ہرِ جاپِ ॥4॥ 13 ॥ 15 ॥
ਗੋਂਡ ਮਹਲਾ ੫ ॥	گونڈ محلا 5 ॥
ਹਰਿ ਹਰਿ ਨਾਮੁ ਜਪਹੁ ਮੇਰੇ ਮੀਤ ॥	ہرِ ہرِ نامُ جپہُ میرے مِیت ۔ ॥
ਨਿਰਮਲ ਹੋਇ ਤੁਮ੍ਾਰਾ ਚੀਤ ॥	نِرمل ہوءِ تُمہارا چیت ॥
ਮਨ ਤਨ ਕੀ ਸਭ ਮਿਟੈ ਬਲਾਇ ॥	من تن کی سبھ مِٹے بلاءِ ॥
ਦੂਖੁ ਅੰਧੇਰਾ ਸਗਲਾ ਜਾਇ ॥੧॥	دوُکھُ اندھیرا سگلا جاءِ ॥1॥
ਹਰਿ ਗੁਣ ਗਾਵਤ ਤਰੀਐ ਸੰਸਾਰੁ ॥	ہرِ گُنؔ گاوت ترِیئے سنسارُ ॥
ਵਡ ਭਾਗੀ ਪਾਈਐ ਪੁਰਖੁ ਅਪਾਰੁ ॥੧॥ ਰਹਾਉ ॥	وڈ بھاگی پائیئے پُرکھُ اپارُ ॥1॥ رہاءُ ॥
ਜੋ ਜਨੁ ਕਰੈ ਕੀਰਤਨੁ ਗੋਪਾਲ ॥	جو جنُ کرے کیرتنُ گوپال ॥

ਤਿਸ ਕਉ ਪੋਹਿ ਨ ਸਕੈ ਜਮਕਾਲੁ ॥	تِس ک ءُ پوہِ ن سکے جمکالُ ॥
ਜਗ ਮਹਿ ਆਇਆ ਸੋ ਪਰਵਾਣੁ ॥	جگ مہِ آئیا سو پرواڻُ ॥
ਗੁਰਮੁਖਿ ਅਪਨਾ ਖਸਮੁ ਪਛਾਣੁ ॥੨॥	گُرمُکھِ اپنا خصمُ پچھاڻُ ॥2॥
ਹਰਿ ਗੁਣ ਗਾਵੈ ਸੰਤ ਪ੍ਰਸਾਦਿ ॥	ہرِ گُڻ گاوے سنّت پرّسادِ ॥
ਕਾਮ ਕ੍ਰੋਧ ਮਿਟਹਿ ਉਨਮਾਦ ॥	کام کرودھ مِٹہِ اُنماد ॥
ਸਦਾ ਹਜੂਰਿ ਜਾਣੁ ਭਗਵੰਤ ॥	سدا حضوُرِ جاڻُ بھگونّت ॥
ਪੂਰੇ ਗੁਰ ਕਾ ਪੂਰਨ ਮੰਤ ॥੩॥	پوُرے گُر کا پوُرن منّت ॥3॥
ਹਰਿ ਧਨੁ ਖਾਟਿ ਕੀਏ ਭੰਡਾਰ ॥	ہرِ دھنُ کھاٹِ کیۓ بھنڈار ॥
ਮਿਲਿ ਸਤਿਗੁਰ ਸਭਿ ਕਾਜ ਸਵਾਰ ॥	مِلِ ستِگُر سبھِ کاج سوار ॥
ਹਰਿ ਕੇ ਨਾਮ ਰੰਗ ਸੰਗਿ ਜਾਗਾ ॥	ہرِ کے نام رنگ سنگِ جاگا ॥
ਹਰਿ ਚਰਣੀ ਨਾਨਕ ਮਨੁ ਲਾਗਾ ॥੪॥੧੪॥੧੬॥	ہرِ چرڻی نانک منُ لاگا ॥4॥ 14 ॥ 16 ॥
ਗੋਂਡ ਮਹਲਾ ੫ ॥	گونڈ محلا 5 ॥
ਭਵ ਸਾਗਰ ਬੋਹਿਥ ਹਰਿ ਚਰਣ ॥	بھو ساگر بوہِتھ ہرِ چرڻ ॥
ਸਿਮਰਤ ਨਾਮੁ ਨਾਹੀ ਫਿਰਿ ਮਰਣ ॥	سِمرت نامُ ناہی پھِرِ مرڻ ॥
ਹਰਿ ਗੁਣ ਰਮਤ ਨਾਹੀ ਜਮ ਪੰਥ ॥	ہرِ گُڻ رمت ناہی جم پنّتھ ॥
ਮਹਾ ਬੀਚਾਰ ਪੰਚ ਦੂਤਹ ਮੰਥ ॥੧॥	مہا بیچار پنّچ دوُتہ منّتھ ॥1॥
ਤਉ ਸਰਣਾਈ ਪੂਰਨ ਨਾਥ ॥	ت ءُ سرڻائی پوُرن ناتھ ۔ ॥
ਜੰਤ ਅਪਨੇ ਕਉ ਦੀਜਹਿ ਹਾਥ ॥੧॥ ਰਹਾਉ ॥	جنّت اپنے ک ءُ دیجہِ ہاتھ ॥1॥ رہاءُ ॥
ਸਿਮ੍ਰਿਤਿ ਸਾਸਤ੍ਰ ਬੇਦ ਪੁਰਾਣ ॥	سِمرّتِ ساستّر بید پُراڻ ॥
ਪਾਰਬ੍ਰਹਮ ਕਾ ਕਰਹਿ ਵਖਿਆਣ ॥	پاربرّہم کا کرہِ وکھیاڻ ॥
ਜੋਗੀ ਜਤੀ ਬੈਸਨੋ ਰਾਮਦਾਸ ॥	جوگی جتی بیَسنو رامداس ॥
ਮਿਤਿ ਨਾਹੀ ਬ੍ਰਹਮ ਅਬਿਨਾਸ ॥੨॥	مِتِ ناہی برّہم ابِناس ॥2॥

ਕਰਣ ਪਲਾਹ ਕਰਹਿ ਸਿਵ ਦੇਵ ॥	کرنؔ پلاہ کرہِ سِو دیو ॥
ਤਿਲੁ ਨਹੀ ਬੂਝਹਿ ਅਲਖ ਅਭੇਵ ॥	تِلُ نہی بوُجھہِ الکھ ابھیو ॥
ਪ੍ਰੇਮ ਭਗਤਿ ਜਿਸੁ ਆਪੇ ਦੇਇ ॥	پّریم بھگتِ جِسُ آپے دےءِ ॥
ਜਗ ਮਹਿ ਵਿਰਲੇ ਕੇਈ ਕੇਇ ॥੩॥	جگ مہِ وِرلے کیئی کےءِ ॥3॥
ਮੋਹਿ ਨਿਰਗੁਣ ਗੁਣੁ ਕਿਛਹੂ ਨਾਹਿ ॥	موہِ نِرگُنؔ گُنُ کِچھہُو ناہِ ॥
ਸਰਬ ਨਿਧਾਨ ਤੇਰੀ ਦ੍ਰਿਸਟੀ ਮਾਹਿ ॥	سرب نِدھان تیری دّرِسٹی ماہِ ॥
ਨਾਨਕੁ ਦੀਨੁ ਜਾਚੈ ਤੇਰੀ ਸੇਵ ॥	نانکُ دِینُ جاچےَ تیری سیو ॥
ਕਰਿ ਕਿਰਪਾ ਦੀਜੈ ਗੁਰਦੇਵ ॥੪॥੧੫॥੧੭॥	کرِ کِرپا دیجےَ گُردیو ॥4॥ 15 ॥ 17 ॥
ਗੋਂਡ ਮਹਲਾ ੫ ॥	گونڈ محلا 5 ॥
ਸੰਤ ਕਾ ਲੀਆ ਧਰਤਿ ਬਿਦਾਰਉ ॥	سنّت کا لِیا دھرتِ بِدارءُ ॥
ਸੰਤ ਕਾ ਨਿੰਦਕੁ ਅਕਾਸ ਤੇ ਟਾਰਉ ॥	سنّت کا نِنّدکُ اکاس تے ٹارءُ ॥
ਸੰਤ ਕਉ ਰਾਖਉ ਅਪਨੇ ਜੀਅ ਨਾਲਿ ॥	سنّت کءُ راکھءُ اپنے جیء نالِ ॥
ਸੰਤ ਉਧਾਰਉ ਤਤਖਿਣ ਤਾਲਿ ॥੧॥	سنّت اُدھارءُ تتکھِنؔ تالِ ॥1॥
ਸੋਈ ਸੰਤੁ ਜਿ ਭਾਵੈ ਰਾਮ ॥	سوئی سنّتُ جِ بھاوےَ رام ॥
ਸੰਤ ਗੋਬਿੰਦ ਕੈ ਏਕੈ ਕਾਮ ॥੧॥ ਰਹਾਉ ॥	سنّت گوبِنّد کےَ ایکےَ کام ॥1॥ رہاءُ ॥
ਸੰਤ ਕੈ ਊਪਰਿ ਦੇਇ ਪ੍ਰਭੁ ਹਾਥ ॥	سنّت کےَ اوُپرِ دےءِ پّربھُ ہاتھ ॥
ਸੰਤ ਕੈ ਸੰਗਿ ਬਸੈ ਦਿਨੁ ਰਾਤਿ ॥	سنّت کےَ سنگِ بسےَ دِنُ راتِ ॥
ਸਾਸਿ ਸਾਸਿ ਸੰਤਹ ਪ੍ਰਤਿਪਾਲਿ ॥	ساسِ ساسِ سنّتہ پّرتپالِ ॥
ਸੰਤ ਕਾ ਦੋਖੀ ਰਾਜ ਤੇ ਟਾਲਿ ॥੨॥	سنّت کا دوکھی راج تے ٹالِ ॥2॥
ਸੰਤ ਕੀ ਨਿੰਦਾ ਕਰਹੁ ਨ ਕੋਇ ॥	سنّت کی نِنّدا کرہُ ن کوءِ ॥
ਜੋ ਨਿੰਦੈ ਤਿਸ ਕਾ ਪਤਨੁ ਹੋਇ ॥	جو نِنّدےَ تِس کا پتنُ ہوءِ ॥
ਜਿਸ ਕਉ ਰਾਖੈ ਸਿਰਜਨਹਾਰੁ ॥	جِس کءُ راکھےَ سِرجنہارُ ॥

ਝਖ ਮਾਰਉ ਸਗਲ ਸੰਸਾਰੁ ॥੩॥	جھکھ مارءُ سگل سنّسارُ ॥3॥
ਪ੍ਰਭ ਅਪਨੇ ਕਾ ਭਇਆ ਬਿਸਾਸੁ ॥	پربھ اپنے کا بھئیا بِساسُ ॥
ਜੀਉ ਪਿੰਡੁ ਸਭੁ ਤਿਸ ਕੀ ਰਾਸਿ ॥	جیِءُ پِنڈُ سبھُ تِس کی راسِ ॥
ਨਾਨਕ ਕਉ ਉਪਜੀ ਪਰਤੀਤਿ ॥	نانک ک ءُ اُپجی پرتیتِ ॥
ਮਨਮੁਖ ਹਾਰ ਗੁਰਮੁਖ ਸਦ ਜੀਤਿ ॥੪॥੧੬॥੧੮॥	منمکھ ہار گُرمُکھ سد جیتِ ॥4॥ 16 ॥ 18 ॥
ਗੋਂਡ ਮਹਲਾ ੫ ॥	گونڈ محلا 5 ॥
ਨਾਮੁ ਨਿਰੰਜਨੁ ਨੀਰਿ ਨਰਾਇਣ ॥	نامُ نِرنجنُ نیرِ نرائِنْ ॥
ਰਸਨਾ ਸਿਮਰਤ ਪਾਪ ਬਿਲਾਇਣ ॥੧॥ ਰਹਾਉ ॥	رسنا سِمرت پاپ بِلائِنْ ॥1॥ رہاءُ ॥
ਨਾਰਾਇਣ ਸਭ ਮਾਹਿ ਨਿਵਾਸ ॥	نارائِنْ سبھ ماہِ نِواس ॥
ਨਾਰਾਇਣ ਘਟਿ ਘਟਿ ਪਰਗਾਸ ॥	نارائِنْ گھٹِ گھٹِ پرگاس ॥
ਨਾਰਾਇਣ ਕਹਤੇ ਨਰਕਿ ਨ ਜਾਹਿ ॥	نارائِنْ کہتے نرکِ ن جاہِ ॥
ਨਾਰਾਇਣ ਸੇਵਿ ਸਗਲ ਫਲ ਪਾਹਿ ॥੧॥	نارائِنْ سیوِ سگل پھل پاہِ ॥1॥
ਨਾਰਾਇਣ ਮਨ ਮਾਹਿ ਅਧਾਰ ॥	نارائِنْ من ماہِ ادھار ॥
ਨਾਰਾਇਣ ਬੋਹਿਥ ਸੰਸਾਰ ॥	نارائِنْ بوہتھ سنّسار ॥
ਨਾਰਾਇਣ ਕਹਤ ਜਮੁ ਭਾਗਿ ਪਲਾਇਣ ॥	نارائِنْ کہت جمُ بھاگِ پلائِنْ ॥
ਨਾਰਾਇਣ ਦੰਤ ਭਾਨੇ ਡਾਇਣ ॥੨॥	نارائِنْ دنّت بھانے ڈائِنْ ॥2॥
ਨਾਰਾਇਣ ਸਦ ਸਦ ਬਖਸਿੰਦ ॥	نارائِنْ سد سد بخشِنّد ॥
ਨਾਰਾਇਣ ਕੀਨੇ ਸੂਖ ਅਨੰਦ ॥	نارائِنْ کِینے سوُکھ اننّد ॥
ਨਾਰਾਇਣ ਪ੍ਰਗਟ ਕੀਨੋ ਪਰਤਾਪ ॥	نارائِنْ پرگٹ کِینو پرتاپ ॥
ਨਾਰਾਇਣ ਸੰਤ ਕੋ ਮਾਈ ਬਾਪ ॥੩॥	نارائِنْ سنّت کو مائی باپ ॥3॥
ਨਾਰਾਇਣ ਸਾਧਸੰਗਿ ਨਰਾਇਣ ॥	نارائِنْ سادھسنگِ نرائِنْ ॥
ਬਾਰੰ ਬਾਰ ਨਰਾਇਣ ਗਾਇਣ ॥	بارنّ بار نرائِنْ گائِنْ ॥

ਬਸਤੁ ਅਗੋਚਰ ਗੁਰ ਮਿਲਿ ਲਹੀ ॥	بستُ اگوچر گُر مِلِ لہی ॥
ਨਾਰਾਇਣ ਓਟ ਨਾਨਕ ਦਾਸ ਗਹੀ ॥੪॥੧੭॥੧੯॥	نارائنؔ اوٹ نانک داس گہی ॥4॥ 17 ॥ 19 ॥
ਗੋਂਡ ਮਹਲਾ ੫ ॥	گونڈ محلا 5 ॥
ਜਾ ਕਉ ਰਾਖੈ ਰਾਖਣਹਾਰੁ ॥	جا ک ءُ راکھے راکھنہارُ ॥
ਤਿਸ ਕਾ ਅੰਗੁ ਕਰੇ ਨਿਰੰਕਾਰੁ ॥੧॥ ਰਹਾਉ ॥	تِس کا انگُ کرے نِرنکارُ ॥1॥ رہاءُ ॥
ਮਾਤ ਗਰਭ ਮਹਿ ਅਗਨਿ ਨ ਜੋਹੈ ॥	مات گربھ مہِ اگنِ ن جوہے ॥
ਕਾਮੁ ਕ੍ਰੋਧੁ ਲੋਭੁ ਮੋਹੁ ਨ ਪੋਹੈ ॥	کامُ کرودھُ لوبھُ موہُ ن پوہے ॥
ਸਾਧਸੰਗਿ ਜਪੈ ਨਿਰੰਕਾਰੁ ॥	سادھسنگِ جپے نِرنکارُ ॥
ਨਿੰਦਕ ਕੈ ਮੁਹਿ ਲਾਗੈ ਛਾਰੁ ॥੧॥	نِندک کے مُہِ لاگے چھارُ ॥1॥
ਰਾਮ ਕਵਚੁ ਦਾਸ ਕਾ ਸੰਨਾਹੁ ॥	رام کوچُ داس کا سنّاہُ ॥
ਦੂਤ ਦੁਸਟ ਤਿਸੁ ਪੋਹਤ ਨਾਹਿ ॥	دوُت دُسٹ تِسُ پوہت ناہِ ॥
ਜੋ ਜੋ ਗਰਬੁ ਕਰੇ ਸੋ ਜਾਇ ॥	جو جو گربُ کرے سو جاءِ ॥
ਗਰੀਬ ਦਾਸ ਕੀ ਪ੍ਰਭੁ ਸਰਣਾਇ ॥੨॥	غریب داس کی پربھُ سرناءِ ॥2॥
ਜੋ ਜੋ ਸਰਣਿ ਪਇਆ ਹਰਿ ਰਾਇ ॥	جو جو سرنِ پئیا ہرِ راءِ ॥
ਸੋ ਦਾਸੁ ਰਖਿਆ ਅਪਣੈ ਕੰਠਿ ਲਾਇ ॥	سو داسُ رکھیا اپنے کنٹھِ لاءِ ॥
ਜੇ ਕੋ ਬਹੁਤੁ ਕਰੇ ਅਹੰਕਾਰੁ ॥	جے کو بہُتُ کرے اہنکارُ ॥
ਓਹੁ ਖਿਨੁ ਮਹਿ ਰੁਲਤਾ ਖਾਕੂ ਨਾਲਿ ॥੩॥	اوہُ کھِنُ مہِ رُلتا خاکوُ نالِ ॥3॥
ਹੈ ਭੀ ਸਾਚਾ ਹੋਵਣਹਾਰੁ ॥	ہے بھی ساچا ہووٹہارُ ॥
ਸਦਾ ਸਦਾ ਜਾਈਂ ਬਲਿਹਾਰ ॥	سدا سدا جائیں بلِہار ॥
ਅਪਣੇ ਦਾਸ ਰਖੇ ਕਿਰਪਾ ਧਾਰਿ ॥	اپنے داس رکھے کِرپا دھارِ ॥
ਨਾਨਕ ਕੇ ਪ੍ਰਭ ਪ੍ਰਾਣ ਅਧਾਰ ॥੪॥੧੮॥੨੦॥	نانک کے پربھ پراںؔ ادھار ॥4॥ 18 ॥ 20 ॥
ਗੋਂਡ ਮਹਲਾ ੫ ॥	گونڈ محلا 5 ॥

ਅਚਰਜ ਕਥਾ ਮਹਾ ਅਨੂਪ ॥	اچرج کتھا مہا انوُپ ॥
ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ ਰਹਾਉ ॥	پّراتما پاربّرہم کا روُپ ॥ رہاءُ ॥
ਨਾ ਇਹੁ ਬੂਢਾ ਨਾ ਇਹੁ ਬਾਲਾ ॥	نا اِہُ بوُڈھا نا اِہُ بالا ॥
ਨਾ ਇਸੁ ਦੂਖੁ ਨਹੀ ਜਮ ਜਾਲਾ ॥	نا اِسُ دوُکھُ نہی جم جالا ॥
ਨਾ ਇਹੁ ਬਿਨਸੈ ਨਾ ਇਹੁ ਜਾਇ ॥	نا اِہُ بِنسے نا اِہُ جاءِ ॥
ਆਦਿ ਜੁਗਾਦੀ ਰਹਿਆ ਸਮਾਇ ॥੧॥	آدِ جُگادی رہِیا سماءِ ॥1॥
ਨਾ ਇਸੁ ਉਸਨੁ ਨਹੀ ਇਸੁ ਸੀਤੁ ॥	نا اِسُ اُسنُ نہی اِسُ سیِتُ ॥
ਨਾ ਇਸੁ ਦੁਸਮਨੁ ਨਾ ਇਸੁ ਮੀਤੁ ॥	نا اِسُ دُسمنُ نا اِسُ میِتُ ॥
ਨਾ ਇਸੁ ਹਰਖੁ ਨਹੀ ਇਸੁ ਸੋਗੁ ॥	نا اِسُ ہرکھُ نہی اِسُ سوگُ ॥
ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥੨॥	سبھُ کچھُ اِس کا اِہُ کرنے جوگُ ॥2॥
ਨਾ ਇਸੁ ਬਾਪੁ ਨਹੀ ਇਸੁ ਮਾਇਆ ॥	نا اِسُ باپُ نہی اِسُ مائیا ॥
ਇਹੁ ਅਪਰੰਪਰੁ ਹੋਤਾ ਆਇਆ ॥	اِہُ اپرنّپرُ ہوتا آئیا ॥
ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥	پاپ پُنّن کا اِسُ لیپُ ن لاگے ॥
ਘਟ ਘਟ ਅੰਤਰਿ ਸਦ ਹੀ ਜਾਗੈ ॥੩॥	گھٹ گھٹ انترِ سد ہی جاگے ॥3॥
ਤੀਨਿ ਗੁਣਾ ਇਕ ਸਕਤਿ ਉਪਾਇਆ ॥	تینِ گُنّا اِک سکتِ اُپائیا ॥
ਮਹਾ ਮਾਇਆ ਤਾ ਕੀ ਹੈ ਛਾਇਆ ॥	مہا مائیا تا کی ہے چھائیا ॥
ਅਛਲ ਅਛੇਦ ਅਭੇਦ ਦਇਆਲ ॥	اچھل اچھید ابھید دیئال ॥
ਦੀਨ ਦਇਆਲ ਸਦਾ ਕਿਰਪਾਲ ॥	دِین دیئال سدا کِرپال ॥
ਤਾ ਕੀ ਗਤਿ ਮਿਤਿ ਕਛੂ ਨ ਪਾਇ ॥	تا کی گتِ مِتِ کچھوُ ن پاءِ ॥
ਨਾਨਕ ਤਾ ਕੈ ਬਲਿ ਬਲਿ ਜਾਇ ॥੪॥੧੯॥੨੧॥	نانک تا کے بلِ بلِ جاءِ ॥4॥ 19 ॥ 21 ॥
ਗੋਂਡ ਮਹਲਾ ੫ ॥	گونڈ محلا 5 ॥
ਸੰਤਨ ਕੈ ਬਲਿਹਾਰੈ ਜਾਉ ॥	سنّتن کے بلِہارے جاءُ ॥

ਸੰਤਨ ਕੈ ਸੰਗਿ ਰਾਮ ਗੁਨ ਗਾਉ ॥	سنّتن کے سنگِ رام گُن گاءُ ॥
ਸੰਤ ਪ੍ਰਸਾਦਿ ਕਿਲਵਿਖ ਸਭਿ ਗਏ ॥	سنّت پرسادِ کِلوِکھ سبھِ گئے ॥
ਸੰਤ ਸਰਣਿ ਵਡਭਾਗੀ ਪਏ ॥੧॥	سنّت سرنِ وڈبھاگی پئے ॥1॥
ਰਾਮੁ ਜਪਤ ਕਛੁ ਬਿਘਨੁ ਨ ਵਿਆਪੈ ॥	رامُ جپت کچھُ بِگھنُ ن وِیاپے ॥
ਗੁਰ ਪ੍ਰਸਾਦਿ ਅਪੁਨਾ ਪ੍ਰਭੁ ਜਾਪੈ ॥੧॥ ਰਹਾਉ ॥	گُر پرسادِ اپُنا پربھُ جاپے ॥1॥ رہاءُ ॥
ਪਾਰਬ੍ਰਹਮੁ ਜਬ ਹੋਇ ਦਇਆਲ ॥	پاربرہمُ جب ہوءِ دئیال ॥
ਸਾਧੂ ਜਨ ਕੀ ਕਰੈ ਰਵਾਲ ॥	سادھوُ جن کی کرے روال ॥
ਕਾਮੁ ਕ੍ਰੋਧੁ ਇਸੁ ਤਨ ਤੇ ਜਾਇ ॥	کامُ کرودھُ اِس تن تے جاءِ ॥
ਰਾਮ ਰਤਨੁ ਵਸੈ ਮਨਿ ਆਇ ॥੨॥	رام رتنُ وسے منِ آءِ ॥2॥
ਸਫਲੁ ਜਨਮੁ ਤਾਂ ਕਾ ਪਰਵਾਣੁ ॥	سپھلُ جنمُ تاں کا پرواڻُ ॥
ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥	پاربرہمُ نِکٹِ کرِ جاڻُ ॥
ਭਾਇ ਭਗਤਿ ਪ੍ਰਭ ਕੀਰਤਨਿ ਲਾਗੈ ॥	بھاءِ بھگتِ پربھ کیرتنِ لاگے ॥
ਜਨਮ ਜਨਮ ਕਾ ਸੋਇਆ ਜਾਗੈ ॥੩॥	جنم جنم کا سوئیا جاگے ॥3॥
ਚਰਨ ਕਮਲ ਜਨ ਕਾ ਆਧਾਰੁ ॥	چرن کمل جن کا آدھارُ ॥
ਗੁਣ ਗੋਵਿੰਦ ਰਉਂ ਸਚੁ ਵਾਪਾਰੁ ॥	گُڻ گووِند رئُں سچُ واپارُ ॥
ਦਾਸ ਜਨਾ ਕੀ ਮਨਸਾ ਪੂਰਿ ॥	داس جنا کی منسا پوُرِ ॥
ਨਾਨਕ ਸੁਖੁ ਪਾਵੈ ਜਨ ਧੂਰਿ ॥੪॥੨੦॥੨੨॥੬॥੨੮॥	نانک سُکھُ پاوے جن دھوُرِ ॥4॥ 20 ॥ 22 ॥ 6 ॥ 28 ॥
ਰਾਗੁ ਗੋਂਡ ਅਸਟਪਦੀਆ ਮਹਲਾ ੫ ਘਰੁ ੨	راگُ گونڈ اسٹپدیا محلا 5 گھرُ 2
ੴ ਸਤਿਗੁਰ ਪ੍ਰਸਾਦਿ ॥	۞ ستِگُر پرسادِ ॥
ਕਰਿ ਨਮਸਕਾਰ ਪੂਰੇ ਗੁਰਦੇਵ ॥	کرِ نمسکار پوُرے گُردیو ॥
ਸਫਲ ਮੂਰਤਿ ਸਫਲ ਜਾ ਕੀ ਸੇਵ ॥	سپھل موُرتِ سپھل جا کی سیو ॥
ਅੰਤਰਜਾਮੀ ਪੁਰਖੁ ਬਿਧਾਤਾ ॥	انتربجامی پُرکھُ بِدھاتا ॥

ਆਠ ਪਹਰ ਨਾਮ ਰੰਗਿ ਰਾਤਾ ॥੧॥	آٹھ پہر نام رنگِ راتا ॥1॥
ਗੁਰੁ ਗੋਬਿੰਦ ਗੁਰੂ ਗੋਪਾਲ ॥	گُرُ گوبِنّد گُرُو گوپال ॥
ਅਪਨੇ ਦਾਸ ਕਉ ਰਾਖਨਹਾਰ ॥੧॥ ਰਹਾਉ ॥	اپنے داس کءُ راکھنہار ॥1॥ رہاءُ ॥
ਪਾਤਿਸਾਹ ਸਾਹ ਉਮਰਾਉ ਪਤੀਆਏ ॥	پاتِشاہ ساہ اُمراءُ پتیِیائے ॥
ਦੁਸਟ ਅਹੰਕਾਰੀ ਮਾਰਿ ਪਚਾਏ ॥	دُسٹ اہنکاری مارِ پچائے ॥
ਨਿੰਦਕ ਕੈ ਮੁਖਿ ਕੀਨੋ ਰੋਗੁ ॥	نِنّدک کے مُکھِ کِینو روگُ ॥
ਜੈ ਜੈ ਕਾਰੁ ਕਰੈ ਸਭੁ ਲੋਗੁ ॥੨॥	جے جے کارُ کرے سبھُ لوگُ ॥2॥
ਸੰਤਨ ਕੈ ਮਨਿ ਮਹਾ ਅਨੰਦੁ ॥	سنّتن کے منِ مہا انّندُ ॥
ਸੰਤ ਜਪਹਿ ਗੁਰਦੇਉ ਭਗਵੰਤੁ ॥	سنّت جپہِ گُردیءُ بھگونّتُ ॥
ਸੰਗਤਿ ਕੇ ਮੁਖ ਊਜਲ ਭਏ ॥	سنگتِ کے مُکھ اوُجل بھےَ ॥
ਸਗਲ ਥਾਨ ਨਿੰਦਕ ਕੇ ਗਏ ॥੩॥	سگل تھان نِنّدک کے گئے ॥3॥
ਸਾਸਿ ਸਾਸਿ ਜਨੁ ਸਦਾ ਸਲਾਹੇ ॥	ساسِ ساسِ جنُ سدا سلاہے ॥
ਪਾਰਬ੍ਰਹਮ ਗੁਰ ਬੇਪਰਵਾਹੇ ॥	پاربّرہم گُر بیپرواہے ॥
ਸਗਲ ਭੈ ਮਿਟੇ ਜਾ ਕੀ ਸਰਨਿ ॥	سگل بھےَ مِٹے جا کی سرنِ ॥
ਨਿੰਦਕ ਮਾਰਿ ਪਾਏ ਸਭਿ ਧਰਨਿ ॥੪॥	نِنّدک مارِ پائے سبھِ دھرنِ ॥4॥
ਜਨ ਕੀ ਨਿੰਦਾ ਕਰੈ ਨ ਕੋਇ ॥	جن کی نِنّدا کرے ن کوءِ ॥
ਜੋ ਕਰੈ ਸੋ ਦੁਖੀਆ ਹੋਇ ॥	جو کرے سو دُکھیا ہوءِ ॥
ਆਠ ਪਹਰ ਜਨੁ ਏਕੁ ਧਿਆਏ ॥	آٹھ پہر جنُ ایکُ دھیائے ॥
ਜਮੂਆ ਤਾ ਕੈ ਨਿਕਟਿ ਨ ਜਾਏ ॥੫॥	جموُیا تا کے نِکٹِ ن جائے ॥5॥
ਜਨ ਨਿਰਵੈਰ ਨਿੰਦਕ ਅਹੰਕਾਰੀ ॥	جن نِرویَر نِنّدک اہنکاری ॥
ਜਨ ਭਲ ਮਾਨਹਿ ਨਿੰਦਕ ਵੇਕਾਰੀ ॥	جن بھل مانہِ نِنّدک ویکاری ॥
ਗੁਰ ਕੈ ਸਿਖਿ ਸਤਿਗੁਰੂ ਧਿਆਇਆ ॥	گُر کے سِکھِ ستِگُرُو دھیائیا ॥

ਜਨ ਉਬਰੇ ਨਿੰਦਕ ਨਰਕਿ ਪਾਇਆ ॥੬॥	جن اُبرے نِندک نرکِ پائیا ॥6॥
ਸੁਣਿ ਸਾਜਨ ਮੇਰੇ ਮੀਤ ਪਿਆਰੇ ॥	سُنِ ساجن میرے مِیت پِیارے ۔ ॥
ਸਤਿ ਬਚਨ ਵਰਤਹਿ ਹਰਿ ਦੁਆਰੇ ॥	ستِ بچن ورتہِ ہرِ دُیارے ॥
ਜੈਸਾ ਕਰੇ ਸੁ ਤੈਸਾ ਪਾਏ ॥	جیَسا کرے سُ تیَسا پائے ॥
ਅਭਿਮਾਨੀ ਕੀ ਜੜ ਸਰਪਰ ਜਾਏ ॥੭॥	ابھمانی کی جڑ سرپر جائے ॥7॥
ਨੀਧਰਿਆ ਸਤਿਗੁਰ ਧਰ ਤੇਰੀ ॥	نِیدھریا ستِگُر دھر تیری ॥
ਕਰਿ ਕਿਰਪਾ ਰਾਖਹੁ ਜਨ ਕੇਰੀ ॥	کرِ کرِپا راکھہُ جن کیری ॥
ਕਹੁ ਨਾਨਕ ਤਿਸੁ ਗੁਰ ਬਲਿਹਾਰੀ ॥	کہُ نانک تِسُ گُر بلِہاری ॥
ਜਾ ਕੈ ਸਿਮਰਨਿ ਪੈਜ ਸਵਾਰੀ ॥੮॥੧॥੨੯॥	جا کے سِمرنِ پیَج سواری ॥8॥1॥ 29 ॥
ਰਾਗੁ ਗੋਂਡ ਬਾਣੀ ਭਗਤਾ ਕੀ ॥	راگُ گونڈ باٹی بھگتا کی ॥
ਕਬੀਰ ਜੀ ਘਰੁ ੧	کبیِر جی گھرُ 1
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਸੰਤੁ ਮਿਲੈ ਕਿਛੁ ਸੁਨੀਐ ਕਹੀਐ ॥	سنّتُ مِلے کِچھُ سُنیئے کہیئے ॥
ਮਿਲੈ ਅਸੰਤੁ ਮਸਟਿ ਕਰਿ ਰਹੀਐ ॥੧॥	مِلے اسنّتُ مسٹِ کرِ رہیئے ॥1॥
ਬਾਬਾ ਬੋਲਨਾ ਕਿਆ ਕਹੀਐ ॥	بابا بولنا کیا کہیئے ۔ ॥
ਜੈਸੇ ਰਾਮ ਨਾਮ ਰਵਿ ਰਹੀਐ ॥੧॥ ਰਹਾਉ ॥	جیَسے رام نام روِ رہیئے ॥1॥ رہاءُ ॥
ਸੰਤਨ ਸਿਉ ਬੋਲੇ ਉਪਕਾਰੀ ॥	سنّتن سِءُ بولے اُپکاری ॥
ਮੂਰਖ ਸਿਉ ਬੋਲੇ ਝਖ ਮਾਰੀ ॥੨॥	مؤرکھ سِءُ بولے جھکھ ماری ॥2॥
ਬੋਲਤ ਬੋਲਤ ਬਢਹਿ ਬਿਕਾਰਾ ॥	بولت بولت بڈھہِ بِکارا ॥
ਬਿਨੁ ਬੋਲੇ ਕਿਆ ਕਰਹਿ ਬੀਚਾਰਾ ॥੩॥	بِنُ بولے کیا کرہِ بیچارا ۔ ॥3॥
ਕਹੁ ਕਬੀਰ ਛੂਛਾ ਘਟੁ ਬੋਲੈ ॥	کہُ کبیِر چھوُچھا گھٹُ بولے ॥
ਭਰਿਆ ਹੋਇ ਸੁ ਕਬਹੁ ਨ ਡੋਲੈ ॥੪॥੧॥	بھریا ہوءِ سُ کبہُ ن ڈولے ॥4॥1॥

ਗੋਂਡ ॥	گونڈ ॥
ਨਰੂ ਮਰੈ ਨਰੁ ਕਾਮਿ ਨ ਆਵੈ ॥	نرُو مرے نرُ کامِ ن آوے ॥
ਪਸੂ ਮਰੈ ਦਸ ਕਾਜ ਸਵਾਰੈ ॥੧॥	پسُو مرے دس کاج سوارے ॥1॥
ਅਪਨੇ ਕਰਮ ਕੀ ਗਤਿ ਮੈ ਕਿਆ ਜਾਨਉ ॥	اپنے کرم کی گتِ مے کیا جانءُ ۔ ॥
ਮੈ ਕਿਆ ਜਾਨਉ ਬਾਬਾ ਰੇ ॥੧॥ ਰਹਾਉ ॥	مے کیا جانءُ بابا رے ۔ ॥1॥ رہاءُ ॥
ਹਾਡ ਜਲੇ ਜੈਸੇ ਲਕਰੀ ਕਾ ਤੂਲਾ ॥	ہاڈ جلے جیسے لکری کا توُلا ॥
ਕੇਸ ਜਲੇ ਜੈਸੇ ਘਾਸ ਕਾ ਪੂਲਾ ॥੨॥	کیس جلے جیسے گھاس کا پوُلا ॥2॥
ਕਹੁ ਕਬੀਰ ਤਬ ਹੀ ਨਰੁ ਜਾਗੈ ॥	کہُ کبیر تب ہی نرُ جاگے ॥
ਜਮ ਕਾ ਡੰਡੁ ਮੂੰਡ ਮਹਿ ਲਾਗੈ ॥੩॥੨॥	جم کا ڈنڈُ موُنڈ مہِ لاگے ॥3॥2॥
ਗੋਂਡ ॥	گونڈ ॥
ਆਕਾਸਿ ਗਗਨੁ ਪਾਤਾਲਿ ਗਗਨੁ ਹੈ ਚਹੁ ਦਿਸਿ ਗਗਨੁ ਰਹਾਇਲੇ ॥	آکاسِ گگنُ پاتالِ گگنُ ہے چہُ دِس گگنُ رہائِلے ॥
ਆਨਦ ਮੂਲੁ ਸਦਾ ਪੁਰਖੋਤਮੁ ਘਟੁ ਬਿਨਸੈ ਗਗਨੁ ਨ ਜਾਇਲੇ ॥੧॥	آند موُلُ سدا پُرکھوتمُ گھٹُ بِنسے گگنُ ن جائِلے ॥1॥
ਮੋਹਿ ਬੈਰਾਗੁ ਭਇਓ ॥	موہِ بیَراگُ بھئِئو ॥
ਇਹੁ ਜੀਉ ਆਇ ਕਹਾ ਗਇਓ ॥੧॥ ਰਹਾਉ ॥	اِہُ جیِءُ آءِ کہا گئِئو ۔ ॥1॥ رہاءُ ॥
ਪੰਚ ਤਤੁ ਮਿਲਿ ਕਾਇਆ ਕੀਨ੍ਹੀ ਤਤੁ ਕਹਾ ਤੇ ਕੀਨੁ ਰੇ ॥	پنچ تتُ مِلِ کائیا کِینّہی تتُ کہا تے کِینُ رے ۔ ॥
ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ ॥੨॥	کرم بدھ تُم جیِءُ کہت ہوَ کرمہِ کِنِ جیِءُ دِینُ رے ۔ ॥2॥
ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ ॥	ہرِ مہِ تنُ ہے تن مہِ ہرِ ہے سرب نِرنترِ سوءِ رے ॥
ਕਹਿ ਕਬੀਰ ਰਾਮ ਨਾਮੁ ਨ ਛੋਡਉ	کہِ کبیِر رام نامُ ن چھوڈءُ

ਸਹਜੇ ਹੋਇ ਸੁ ਹੋਇ ਰੇ ॥੩॥੩॥	سہجے ہوءِ سُ ہوءِ رے ॥3॥3
ਰਾਗੁ ਗੋਂਡ ਬਾਣੀ ਕਬੀਰ ਜੀਉ ਕੀ ਘਰੁ ੨	راگُ گونڈ بانی کبیر جیءُ کی گھرُ 2
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਭੁਜਾ ਬਾਂਧਿ ਭਿਲਾ ਕਰਿ ਡਾਰਿਓ ॥	بھُجا بانْدھِ بھِلا کرِ ڈارِئو ॥
ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ ॥	ہستی کرُوپِ مونڈ مہِ مارِئو ॥
ਹਸਤਿ ਭਾਗਿ ਕੈ ਚੀਸਾ ਮਾਰੈ ॥	ہستِ بھاگِ کے چیسا مارے ॥
ਇਆ ਮੂਰਤਿ ਕੈ ਹਉ ਬਲਿਹਾਰੈ ॥੧॥	اِیا مورتِ کے ہءُ بلِہارے ॥1॥
ਆਹਿ ਮੇਰੇ ਠਾਕੁਰ ਤੁਮਰਾ ਜੋਰੁ ॥	آہِ میرے ٹھاکُر تُمرا زورُ ॥
ਕਾਜੀ ਬਕਿਬੋ ਹਸਤੀ ਤੋਰੁ ॥੧॥ ਰਹਾਉ ॥	قاضی بکِبو ہستی تورُ ॥1॥ رہاءُ ॥
ਰੇ ਮਹਾਵਤ ਤੁਝੁ ਡਾਰਉ ਕਾਟਿ ॥	رے مہاوت تُجھُ ڈارءُ کاٹِ ॥
ਇਸਹਿ ਤੁਰਾਵਹੁ ਘਾਲਹੁ ਸਾਟਿ ॥	اِسہِ تُراوہُ گھالہُ ساٹِ ॥
ਹਸਤਿ ਨ ਤੋਰੈ ਧਰੈ ਧਿਆਨੁ ॥	ہستِ ن تورے دھرے دھیانُ ॥
ਵਾ ਕੈ ਰਿਦੈ ਬਸੈ ਭਗਵਾਨੁ ॥੨॥	وا کے رِدے بسے بھگوانُ ॥2॥
ਕਿਆ ਅਪਰਾਧੁ ਸੰਤ ਹੈ ਕੀਨਾ ॥	کِیا اپرادھُ سنّت ہے کِینّہا ۔ ॥
ਬਾਂਧਿ ਪੋਟ ਕੁੰਚਰ ਕਉ ਦੀਨਾ ॥	بانْدھِ پوٹ کُنچّر کءُ دینّہا ॥
ਕੁੰਚਰੁ ਪੋਟ ਲੈ ਲੈ ਨਮਸਕਾਰੈ ॥	کُنچّرُ پوٹ لے لے نمسکارے ॥
ਬੂਝੀ ਨਹੀ ਕਾਜੀ ਅੰਧਿਆਰੈ ॥੩॥	بوُجھی نہی قاضی اندھیارے ॥3॥
ਤੀਨਿ ਬਾਰ ਪਤੀਆ ਭਰਿ ਲੀਨਾ ॥	تِنِ بار پتیا بھرِ لینا ॥
ਮਨ ਕਠੋਰੁ ਅਜਹੂ ਨ ਪਤੀਨਾ ॥	من کٹھورُ اجہوُ ن پتینا ॥
ਕਹਿ ਕਬੀਰ ਹਮਰਾ ਗੋਬਿੰਦੁ ॥	کہِ کبیر ہمرا گوبِندُ ॥
ਚਉਥੇ ਪਦ ਮਹਿ ਜਨ ਕੀ ਜਿੰਦੁ ॥੪॥੧॥੪॥	چئتھے پد مہِ جن کی جِندُ ॥4॥1॥4
ਗੋਂਡ ॥	گونڈ ॥

ਨਾ ਇਹੁ ਮਾਨਸੁ ਨਾ ਇਹੁ ਦੇਉ ॥	نا اِہُ مانسُ نا اِہُ دیءُ ॥
ਨਾ ਇਹੁ ਜਤੀ ਕਹਾਵੈ ਸੇਉ ॥	نا اِہُ جتی کہاوے سیءُ ॥
ਨਾ ਇਹੁ ਜੋਗੀ ਨਾ ਅਵਧੂਤਾ ॥	نا اِہُ جوگی نا اودھوتا ॥
ਨਾ ਇਸੁ ਮਾਇ ਨ ਕਾਹੂ ਪੂਤਾ ॥੧॥	نا اِسُ ماءِ ن کاہوُ پوُتا ॥1॥
ਇਆ ਮੰਦਰ ਮਹਿ ਕੌਨ ਬਸਾਈ ॥	اِیا مندر مہِ کوَن بسائی ॥
ਤਾ ਕਾ ਅੰਤੁ ਨ ਕੋਊ ਪਾਈ ॥੧॥ ਰਹਾਉ ॥	تا کا انتُ ن کوئوُ پائی ॥1॥ رہاءُ ॥
ਨਾ ਇਹੁ ਗਿਰਹੀ ਨਾ ਓਦਾਸੀ ॥	نا اِہُ گِرہی نا اوداسی ॥
ਨਾ ਇਹੁ ਰਾਜ ਨ ਭੀਖ ਮੰਗਾਸੀ ॥	نا اِہُ راج ن بھیکھ منگاسی ॥
ਨਾ ਇਸੁ ਪਿੰਡੁ ਨ ਰਕਤੁ ਰਾਤੀ ॥	نا اِسُ پِنڈُ ن رکتوُ راتی ॥
ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ ॥੨॥	نا اِہُ برہمنُ نا اِہُ کھاتی ॥2॥
ਨਾ ਇਹੁ ਤਪਾ ਕਹਾਵੈ ਸੇਖੁ ॥	نا اِہُ تپا کہاوے سیکھُ ॥
ਨਾ ਇਹੁ ਜੀਵੈ ਨ ਮਰਤਾ ਦੇਖੁ ॥	نا اِہُ جیوے ن مرتا دیکھُ ॥
ਇਸੁ ਮਰਤੇ ਕਉ ਜੇ ਕੋਊ ਰੋਵੈ ॥	اِسُ مرتے کءُ جے کوئوُ روے ॥
ਜੋ ਰੋਵੈ ਸੋਈ ਪਤਿ ਖੋਵੈ ॥੩॥	جو روے سوئی پتِ کھوے ॥3॥
ਗੁਰ ਪ੍ਰਸਾਦਿ ਮੈ ਡਗਰੋ ਪਾਇਆ ॥	گُر پرسادِ مے ڈگرو پائیا ॥
ਜੀਵਨ ਮਰਨੁ ਦੋਊ ਮਿਟਵਾਇਆ ॥	جیون مرنُ دوئوُ مِٹوائیا ॥
ਕਹੁ ਕਬੀਰ ਇਹੁ ਰਾਮ ਕੀ ਅੰਸੁ ॥	کہُ کبیر اِہُ رام کی انسُ ॥
ਜਸ ਕਾਗਦ ਪਰ ਮਿਟੈ ਨ ਮੰਸੁ ॥੪॥੨॥੫॥	جس کاگد پر مِٹے ن منسُ ॥4॥2॥5॥
ਗੋਂਡ ॥	گونڈ ॥
ਤੂਟੇ ਤਾਗੇ ਨਿਖੁਟੀ ਪਾਨਿ ॥	توٹے تاگے نِکھٹی پانِ ॥
ਦੁਆਰ ਊਪਰਿ ਝਿਲਕਾਵਹਿ ਕਾਨ ॥	دُیار اوُپر جھِلکاوہِ کان ॥
ਕੂਚ ਬਿਚਾਰੇ ਫੂਏ ਫਾਲ ॥	کوُچ بچارے پھوُئے پھال ॥

ਇਆ ਮੁੰਡੀਆ ਸਿਰਿ ਚਢਿਬੋ ਕਾਲ ॥੧॥	اِیا مُنڈیِیا سِرِ چڑھِبو کال ॥1॥
ਇਹੁ ਮੁੰਡੀਆ ਸਗਲੋ ਦ੍ਰਬੁ ਖੋਈ ॥	اِہُ مُنڈیِیا سگلو دّربُ کھوئی ॥
ਆਵਤ ਜਾਤ ਨਾਕ ਸਰ ਹੋਈ ॥੧॥ ਰਹਾਉ ॥	آوت جات ناک سر ہوئی ॥1॥ رہاءُ ॥
ਤੁਰੀ ਨਾਰਿ ਕੀ ਛੋਡੀ ਬਾਤਾ ॥	تُری نارِ کی چھوڈی باتا ॥
ਰਾਮ ਨਾਮ ਵਾ ਕਾ ਮਨੁ ਰਾਤਾ ॥	رام نام وا کا منُ راتا ॥
ਲਰਿਕੀ ਲਰਿਕਨ ਖੈਬੋ ਨਾਹਿ ॥	لرِکی لرِکن کھیَبو ناہِ ॥
ਮੁੰਡੀਆ ਅਨਦਿਨੁ ਧਾਪੇ ਜਾਹਿ ॥੨॥	مُنڈیِیا اندِنُ دھاپے جاہِ ॥2॥
ਇਕ ਦੁਇ ਮੰਦਰਿ ਇਕ ਦੁਇ ਬਾਟ ॥	اِک دُءِ منّدرِ اِک دُءِ باٹ ॥
ਹਮ ਕਉ ਸਾਥਰੁ ਉਨ ਕਉ ਖਾਟ ॥	ہم ک ءُ ساتھرُ اُن ک ءُ کھاٹ ॥
ਮੂਡ ਪਲੋਸਿ ਕਮਰ ਬਧਿ ਪੋਥੀ ॥	موُڈ پلوسِ کمر بدھِ پوتھی ॥
ਹਮ ਕਉ ਚਾਬਨੁ ਉਨ ਕਉ ਰੋਟੀ ॥੩॥	ہم ک ءُ چابنُ اُن ک ءُ روٹی ॥3॥
ਮੁੰਡੀਆ ਮੁੰਡੀਆ ਹੂਏ ਏਕ ॥	مُنڈیِیا مُنڈیِیا ہوُئے ایک ॥
ਏ ਮੁੰਡੀਆ ਬੂਡਤ ਕੀ ਟੇਕ ॥	اے مُنڈیِیا بوُڈت کی ٹیک ॥
ਸੁਨਿ ਅੰਧਲੀ ਲੋਈ ਬੇਪੀਰਿ ॥	سُنِ انّدھلی لوئی بیپیرِ ॥
ਇਨ੍ ਮੁੰਡੀਅਨ ਭਜਿ ਸਰਨਿ ਕਬੀਰ ॥੪॥੩॥੬॥	اِنّہ مُنڈیِئن بھجِ سرنِ کبیرِ ॥4॥3॥6॥
ਗੋਂਡ ॥	گونڈ ॥
ਖਸਮੁ ਮਰੈ ਤਉ ਨਾਰਿ ਨ ਰੋਵੈ ॥	خصمُ مرے ت ءُ نارِ ن روے ॥
ਉਸੁ ਰਖਵਾਰਾ ਅਉਰੋ ਹੋਵੈ ॥	اُس رکھوارا اُرو ہووے ॥
ਰਖਵਾਰੇ ਕਾ ਹੋਇ ਬਿਨਾਸ ॥	رکھوارے کا ہوءِ بِناس ॥
ਆਗੈ ਨਰਕੁ ਈਹਾ ਭੋਗ ਬਿਲਾਸ ॥੧॥	آگے نرکُ ایہا بھوگ بِلاس ॥1॥
ਏਕ ਸੁਹਾਗਨਿ ਜਗਤ ਪਿਆਰੀ ॥	ایک سُہاگنِ جگت پِیاری ॥
ਸਗਲੇ ਜੀਅ ਜੰਤ ਕੀ ਨਾਰੀ ॥੧॥ ਰਹਾਉ ॥	سگلے جی ء جنّت کی ناری ॥1॥ رہاءُ ॥

ਸੋਹਾਗਨਿ ਗਲਿ ਸੋਹੈ ਹਾਰੁ ॥	سوہاگنِ گلِ سوہے ہارُ ॥
ਸੰਤ ਕਉ ਬਿਖੁ ਬਿਗਸੈ ਸੰਸਾਰੁ ॥	سنّت ک ءُ بِکھُ بِگسے سنّسارُ ॥
ਕਰਿ ਸੀਗਾਰੁ ਬਹੈ ਪਖਿਆਰੀ ॥	کرِ سیِگارُ بہے پکھیاری ॥
ਸੰਤ ਕੀ ਠਿਠਕੀ ਫਿਰੈ ਬਿਚਾਰੀ ॥੨॥	سنّت کی ٹھِٹھکی پھِرے بِچاری ॥2॥
ਸੰਤ ਭਾਗਿ ਓਹ ਪਾਛੈ ਪਰੈ ॥	سنّت بھاگِ اوہ پاچھے پرے ॥
ਗੁਰ ਪਰਸਾਦੀ ਮਾਰਹੁ ਡਰੈ ॥	گُر پرسادی مارہُ ڈرے ॥
ਸਾਕਤ ਕੀ ਓਹ ਪਿੰਡ ਪਰਾਇਣਿ ॥	ساکت کی اوہ پِنڈ پرائِنِ ॥
ਹਮ ਕਉ ਦ੍ਰਿਸਟਿ ਪਰੈ ਤ੍ਰਿਖ ਡਾਇਣਿ ॥੩॥	ہم ک ءُ دِرسٹِ پرے ترِکھ ڈائِنِ ॥3॥
ਹਮ ਤਿਸ ਕਾ ਬਹੁ ਜਾਨਿਆ ਭੇਉ ॥	ہم تِس کا بہُ جانِیا بھی ءُ ॥
ਜਬ ਹੂਏ ਕ੍ਰਿਪਾਲ ਮਿਲੇ ਗੁਰਦੇਉ ॥	جب ہوُئے کرِپال مِلے گُردی ءُ ॥
ਕਹੁ ਕਬੀਰ ਅਬ ਬਾਹਰਿ ਪਰੀ ॥	کہُ کبیِر اب باہرِ پری ॥
ਸੰਸਾਰੈ ਕੈ ਅੰਚਲਿ ਲਰੀ ॥੪॥੪॥੭॥	سنّسارے کے انچّلِ لری ॥4॥4॥7॥
ਗੋਂਡ ॥	گونڈ ॥
ਗ੍ਰਿਹਿ ਸੋਭਾ ਜਾ ਕੈ ਰੇ ਨਾਹਿ ॥	گرِہِ سوبھا جا کے رے ناہِ ॥
ਆਵਤ ਪਹੀਆ ਖੂਧੇ ਜਾਹਿ ॥	آوت پہیِا کھوُدھے جاہِ ॥
ਵਾ ਕੈ ਅੰਤਰਿ ਨਹੀ ਸੰਤੋਖੁ ॥	وا کے انترِ نہی سنّتوکھُ ॥
ਬਿਨੁ ਸੋਹਾਗਨਿ ਲਾਗੈ ਦੋਖੁ ॥੧॥	بِنُ سوہاگنِ لاگے دوکھُ ॥1॥
ਧਨੁ ਸੋਹਾਗਨਿ ਮਹਾ ਪਵੀਤ ॥	دھنُ سوہاگنِ مہا پویِت ॥
ਤਪੇ ਤਪੀਸਰ ਡੋਲੈ ਚੀਤ ॥੧॥ ਰਹਾਉ ॥	تپے تپِسر ڈولے چیِت ॥1॥ رہاءُ ॥
ਸੋਹਾਗਨਿ ਕਿਰਪਨ ਕੀ ਪੂਤੀ ॥	سوہاگنِ کرِپن کی پوُتی ॥
ਸੇਵਕ ਤਜਿ ਜਗਤ ਸਿਉ ਸੂਤੀ ॥	سیوک تجِ جگت سِ ءُ سوُتی ॥
ਸਾਧੂ ਕੈ ਠਾਢੀ ਦਰਬਾਰਿ ॥	سادھوُ کے ٹھاڈھی دربارِ ॥

ਸਰਨਿ ਤੇਰੀ ਮੋ ਕਉ ਨਿਸਤਾਰਿ ॥੨॥	سرنِ تیری مو ک ءُ نِستارِ ॥2॥
ਸੋਹਾਗਨਿ ਹੈ ਅਤਿ ਸੁੰਦਰੀ ॥	سوہاگنِ ہے اتِ سُنّدری ॥
ਪਗ ਨੇਵਰ ਛਨਕ ਛਨਹਰੀ ॥	پگ نیور چھنک چھنہری ॥
ਜਉ ਲਗੁ ਪ੍ਰਾਨ ਤਉ ਲਗੁ ਸੰਗੇ ॥	ج ءُ لگ پّران تئوُ لگ سنگے ॥
ਨਾਹਿ ਤ ਚਲੀ ਬੇਗਿ ਉਠਿ ਨੰਗੇ ॥੩॥	ناہِ ت چلی بیگِ اُٹھِ ننگے ॥3॥
ਸੋਹਾਗਨਿ ਭਵਨ ਤ੍ਰੈ ਲੀਆ ॥	سوہاگنِ بھون ترّے لِیا ॥
ਦਸ ਅਠ ਪੁਰਾਣ ਤੀਰਥ ਰਸ ਕੀਆ ॥	دس اٹھ پُراڻ تیرتھ رس کِیا ॥
ਬ੍ਰਹਮਾ ਬਿਸਨੁ ਮਹੇਸਰ ਬੇਧੇ ॥	بّرہما بِسنُ مہیسر بیدھے ॥
ਬਡੇ ਭੂਪਤਿ ਰਾਜੇ ਹੈ ਛੇਧੇ ॥੪॥	بڈے بھوُپتِ راجے ہے چھیدھے ॥4॥
ਸੋਹਾਗਨਿ ਉਰਵਾਰਿ ਨ ਪਾਰਿ ॥	سوہاگنِ اُروارِ ن پارِ ॥
ਪਾਂਚ ਨਾਰਦ ਕੈ ਸੰਗਿ ਬਿਧਵਾਰਿ ॥	پانْچ نارد کے سنگِ بِدھوارِ ॥
ਪਾਂਚ ਨਾਰਦ ਕੇ ਮਿਟਵੇ ਫੂਟੇ ॥	پانْچ نارد کے مِٹوے پھوُٹے ॥
ਕਹੁ ਕਬੀਰ ਗੁਰ ਕਿਰਪਾ ਛੂਟੇ ॥੫॥੫॥੮॥	کہُ کبیرِ گُر کِرپا چھوُٹے ॥5॥5॥8॥
ਗੋਂਡ ॥	گونڈ ॥
ਜੈਸੇ ਮੰਦਰ ਮਹਿ ਬਲਹਰ ਨਾ ਠਾਹਰੈ ॥	جیَسے منّدر مہِ بلہر نا ٹھاہرے ॥
ਨਾਮ ਬਿਨਾ ਕੈਸੇ ਪਾਰਿ ਉਤਰੈ ॥	نام بِنا کیَسے پارِ اُترے ۔ ॥
ਕੁੰਭ ਬਿਨਾ ਜਲੁ ਨਾ ਟੀਕਾਵੈ ॥	کُنبھ بِنا جلُ نا ٹیِکاوے ॥
ਸਾਧੂ ਬਿਨੁ ਐਸੇ ਅਬਗਤੁ ਜਾਵੈ ॥੧॥	سادھوُ بِنُ ایَسے ابگتُ جاوے ॥1॥
ਜਾਰਉ ਤਿਸੈ ਜੁ ਰਾਮੁ ਨ ਚੇਤੈ ॥	جارءُ تِسے جُ رامُ ن چیتے ॥
ਤਨ ਮਨ ਰਮਤ ਰਹੈ ਮਹਿ ਖੇਤੈ ॥੧॥ ਰਹਾਉ ॥	تن من رمت رہے مہِ کھیتے ॥1॥ رہاءُ ॥
ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ ॥	جیَسے ہلہر بِنا زِمی نہی بوئیَے ॥
ਸੂਤ ਬਿਨਾ ਕੈਸੇ ਮਣੀ ਪਰੋਈਐ ॥	سوُت بِنا کیَسے منّی پروئیَے ۔ ॥

ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ ॥	گھُنڈی بِنُ کیا گنٹھِ چڑھائیَے ۔ ॥
ਸਾਧੂ ਬਿਨੁ ਤੈਸੇ ਅਬਗਤੁ ਜਾਈਐ ॥੨॥	سادھوُ بِنُ تیَسے ابگتُ جائیَے ॥2॥
ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ ॥	جیَسے مات پِتا بِنُ بالُ ن ہوئی ॥
ਬਿੰਬ ਬਿਨਾ ਕੈਸੇ ਕਪਰੇ ਧੋਈ ॥	بِنّب بِنا کیَسے کپرے دھوئی ۔ ॥
ਘੋਰ ਬਿਨਾ ਕੈਸੇ ਅਸਵਾਰ ॥	گھور بِنا کیَسے اسوار ۔ ॥
ਸਾਧੂ ਬਿਨੁ ਨਾਹੀ ਦਰਵਾਰ ॥੩॥	سادھوُ بِنُ ناہی دروار ॥3॥
ਜੈਸੇ ਬਾਜੇ ਬਿਨੁ ਨਹੀ ਲੀਜੈ ਫੇਰੀ ॥	جیَسے باجے بِنُ نہی لیِجےَ پھیری ॥
ਖਸਮਿ ਦੁਹਾਗਨਿ ਤਜਿ ਅਉਹੇਰੀ ॥	خصمِ دُہاگنِ تجِ اُہیری ॥
ਕਹੈ ਕਬੀਰੁ ਏਕੈ ਕਰਿ ਕਰਨਾ ॥	کہے کبیرُ ایکےَ کرِ کرنا ॥
ਗੁਰਮੁਖਿ ਹੋਇ ਬਹੁਰਿ ਨਹੀ ਮਰਨਾ ॥੪॥੬॥੯॥	گُرمُکھِ ہوءِ بہُرِ نہی مرنا ॥4॥6॥9॥
ਗੋਂਡ ॥	گونڈ ॥
ਕੂਟਨੁ ਸੋਇ ਜੁ ਮਨ ਕਉ ਕੂਟੈ ॥	کوُٹنُ سوءِ جُ من کءُ کوُٹے ॥
ਮਨ ਕੂਟੈ ਤਉ ਜਮ ਤੇ ਛੂਟੈ ॥	من کوُٹے تءُ جم تے چھوُٹے ॥
ਕੁਟਿ ਕੁਟਿ ਮਨੁ ਕਸਵਟੀ ਲਾਵੈ ॥	کُٹِ کُٹِ منُ کسوٹی لاوے ॥
ਸੋ ਕੂਟਨੁ ਮੁਕਤਿ ਬਹੁ ਪਾਵੈ ॥੧॥	سو کوُٹنُ مُکتِ بہُ پاوے ॥1॥
ਕੂਟਨੁ ਕਿਸੈ ਕਹਹੁ ਸੰਸਾਰ ॥	کوُٹنُ کِسےَ کہہُ سنّسار ۔ ॥
ਸਗਲ ਬੋਲਨ ਕੇ ਮਾਹਿ ਬੀਚਾਰ ॥੧॥ ਰਹਾਉ ॥	سگل بولن کے ماہِ بیچار ॥1॥ رہاءُ ॥
ਨਾਚਨੁ ਸੋਇ ਜੁ ਮਨ ਸਿਉ ਨਾਚੈ ॥	ناچنُ سوءِ جُ من سِءُ ناچےَ ॥
ਝੂਠਿ ਨ ਪਤੀਐ ਪਰਚੈ ਸਾਚੈ ॥	جھوُٹھِ ن پتیئےَ پرچےَ ساچےَ ॥
ਇਸੁ ਮਨ ਆਗੇ ਪੂਰੈ ਤਾਲ ॥	اِسُ من آگے پوُرے تال ॥
ਇਸੁ ਨਾਚਨ ਕੇ ਮਨ ਰਖਵਾਲ ॥੨॥	اِسُ ناچن کے من رکھوال ॥2॥
ਬਜਾਰੀ ਸੋ ਜੁ ਬਜਾਰਹਿ ਸੋਧੈ ॥	بزاری سو جُ بزارہِ سودھےَ ॥

ਪਾਂਚ ਪਲੀਤਹ ਕਉ ਪਰਬੋਧੈ ॥	پانچ پلیتہ کءُ پربودھےَ ॥
ਨਉ ਨਾਇਕ ਕੀ ਭਗਤਿ ਪਛਾਨੈ ॥	نءُ نائک کی بھگتِ پچھانے ॥
ਸੋ ਬਾਜਾਰੀ ਹਮ ਗੁਰ ਮਾਨੇ ॥੩॥	سو بازاری ہم گُر مانے ॥3॥
ਤਸਕਰੁ ਸੋਇ ਜਿ ਤਾਤਿ ਨ ਕਰੈ ॥	تسکرُ سوءِ جِ تاتِ ن کرےَ ॥
ਇੰਦ੍ਰੀ ਕੈ ਜਤਨਿ ਨਾਮੁ ਉਚਰੈ ॥	اِنّدری کےَ جتنِ نامُ اُچرےَ ॥
ਕਹੁ ਕਬੀਰ ਹਮ ਐਸੇ ਲਖਨ ॥	کہُ کبیر ہم ایَسے لکھن ॥
ਧੰਨੁ ਗੁਰਦੇਵ ਅਤਿ ਰੂਪ ਬਿਚਖਨ ॥੪॥੭॥੧੦॥	دھنّنُ گُردیو اتِ روُپ بچکھن ॥4॥7॥ 10 ॥
ਗੋਂਡ ॥	گونڈ ॥
ਧੰਨੁ ਗੁਪਾਲ ਧੰਨੁ ਗੁਰਦੇਵ ॥	دھنّنُ گُپال دھنّنُ گُردیو ॥
ਧੰਨੁ ਅਨਾਦਿ ਭੂਖੇ ਕਵਲੁ ਟਹਕੇਵ ॥	دھنّنُ انادِ بھوُکھے کولُ ٹہکیو ॥
ਧਨੁ ਓਇ ਸੰਤ ਜਿਨ ਐਸੀ ਜਾਨੀ ॥	دھنُ اوءِ سنّت جِن ایَسی جانی ॥
ਤਿਨ ਕਉ ਮਿਲਿਬੋ ਸਾਰਿੰਗਪਾਨੀ ॥੧॥	تِن کءُ مِلِبو سارِنگپانی ॥1॥
ਆਦਿ ਪੁਰਖ ਤੇ ਹੋਇ ਅਨਾਦਿ ॥	آدِ پُرکھ تے ہوءِ انادِ ॥
ਜਪੀਐ ਨਾਮੁ ਅੰਨ ਕੈ ਸਾਦਿ ॥੧॥ ਰਹਾਉ ॥	جپیےَ نامُ انّن کےَ سادِ ॥1॥ رہاءُ ॥
ਜਪੀਐ ਨਾਮੁ ਜਪੀਐ ਅੰਨੁ ॥	جپیےَ نامُ جپیےَ انّنُ ॥
ਅੰਭੈ ਕੈ ਸੰਗਿ ਨੀਕਾ ਵੰਨੁ ॥	انبھےَ کےَ سنگِ نیِکا وننُ ॥
ਅੰਨੈ ਬਾਹਰਿ ਜੋ ਨਰ ਹੋਵਹਿ ॥	انّنے باہرِ جو نر ہووہِ ॥
ਤੀਨਿ ਭਵਨ ਮਹਿ ਅਪਨੀ ਖੋਵਹਿ ॥੨॥	تینِ بھون مہِ اپنی کھووہِ ॥2॥
ਛੋਡਹਿ ਅੰਨੁ ਕਰਹਿ ਪਾਖੰਡ ॥	چھوڈہِ انّنُ کرہِ پاکھنّڈ ॥
ਨਾ ਸੋਹਾਗਨਿ ਨਾ ਓਹਿ ਰੰਡ ॥	نا سوہاگنِ نا اوہِ رنّڈ ॥
ਜਗ ਮਹਿ ਬਕਤੇ ਦੂਧਾਧਾਰੀ ॥	جگ مہِ بکتے دوُدھادھاری ॥
ਗੁਪਤੀ ਖਾਵਹਿ ਵਟਿਕਾ ਸਾਰੀ ॥੩॥	گُپتی کھاوہِ وٹِکا ساری ॥3॥

ਅੰਨੈ ਬਿਨਾ ਨ ਹੋਇ ਸੁਕਾਲੁ ॥	انّنے بِنا ن ہوءِ سُکالُ ॥
ਤਜਿਐ ਅੰਨਿ ਨ ਮਿਲੈ ਗੁਪਾਲੁ ॥	تجِے انّنِ ن مِلے گُپالُ ॥
ਕਹੁ ਕਬੀਰ ਹਮ ਐਸੇ ਜਾਨਿਆ ॥	کہُ کبیرِ ہم ایسے جانِیا ॥
ਧੰਨੁ ਅਨਾਦਿ ਠਾਕੁਰ ਮਨੁ ਮਾਨਿਆ ॥੪॥੮॥੧੧॥	دھنّنُ انادِ ٹھاکُر منُ مانِیا ॥4॥8॥ 11 ॥
ਰਾਗੁ ਗੋਂਡ ਬਾਣੀ ਨਾਮਦੇਉ ਜੀ ਕੀ ਘਰੁ ੧	راگُ گونڈ بانٹی نامدیءُ جی کی گھرُ 1
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਅਸੁਮੇਧ ਜਗਨੇ ॥	اسُمیدھ جگنے ॥
ਤੁਲਾ ਪੁਰਖ ਦਾਨੇ ॥	تُلا پُرکھ دانے ॥
ਪ੍ਰਾਗ ਇਸਨਾਨੇ ॥੧॥	پرّاگ اِسنانے ॥1॥
ਤਉ ਨ ਪੁਜਹਿ ਹਰਿ ਕੀਰਤਿ ਨਾਮਾ ॥	تءُ ن پُجہِ ہرِ کیرتِ نامًا ॥
ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ ॥੧॥ ਰਹਾਉ ॥	اپُنے رامہِ بھجُ رے من آلسیِیا ۔ ॥1॥ رہاءُ ॥
ਗਇਆ ਪਿੰਡੁ ਭਰਤਾ ॥	گیِیا پِنڈُ بھرتا ॥
ਬਨਾਰਸਿ ਅਸਿ ਬਸਤਾ ॥	بنارسِ اسِ بستا ॥
ਮੁਖਿ ਬੇਦ ਚਤੁਰ ਪੜਤਾ ॥੨॥	مُکھِ بید چتُر پڑتا ॥2॥
ਸਗਲ ਧਰਮ ਅਛਿਤਾ ॥	سگل دھرم اچھِتا ॥
ਗੁਰ ਗਿਆਨ ਇੰਦ੍ਰੀ ਦ੍ਰਿੜਤਾ ॥	گُر گیان اِندّری دڑِڑتا ॥
ਖਟੁ ਕਰਮ ਸਹਿਤ ਰਹਤਾ ॥੩॥	کھٹُ کرم سہِت رہتا ॥3॥
ਸਿਵਾ ਸਕਤਿ ਸੰਬਾਦੰ ॥	سِوا سکتِ سنّبادنّ ॥
ਮਨ ਛੋਡਿ ਛੋਡਿ ਸਗਲ ਭੇਦੰ ॥	من چھوڈِ چھوڈِ سگل بھیدنّ ॥
ਸਿਮਰਿ ਸਿਮਰਿ ਗੋਬਿੰਦੰ ॥	سِمرِ سِمرِ گوبِنّدنّ ॥
ਭਜੁ ਨਾਮਾ ਤਰਸਿ ਭਵ ਸਿੰਧੰ ॥੪॥੧॥	بھجُ نامًا ترسِ بھو سِنّدھنّ ॥4॥1॥
ਗੋਂਡ ॥	گونڈ ॥

ਨਾਦ ਭ੍ਰਮੇ ਜੈਸੇ ਮਿਰਗਾਏ ॥

ناد بھّرمے جیَسے مِرگائے ॥

ਪ੍ਰਾਨ ਤਜੇ ਵਾ ਕੋ ਧਿਆਨੁ ਨ ਜਾਏ ॥੧॥

پّران تجے وا کو دھِیانُ ن جائے ॥1॥

ਐਸੇ ਰਾਮਾ ਐਸੇ ਹੇਰਉ ॥

ایَسے راما ایَسے ہیرءُ ॥

ਰਾਮੁ ਛੋਡਿ ਚਿਤੁ ਅਨਤ ਨ ਫੇਰਉ ॥੧॥ ਰਹਾਉ ॥

رامُ چھوڈِ چِتُ انت ن پھیرءُ ॥1॥ رہاءُ ॥

ਜਿਉ ਮੀਨਾ ਹੇਰੈ ਪਸੂਆਰਾ ॥

جِءُ مِینا ہیرے پسوُیارا ॥

ਸੋਨਾ ਗਢਤੇ ਹਿਰੈ ਸੁਨਾਰਾ ॥੨॥

سونا گڈھتے ہِرے سُنارا ॥2॥

ਜਿਉ ਬਿਖਈ ਹੇਰੈ ਪਰ ਨਾਰੀ ॥

جِءُ بِکھئی ہیرے پر ناری ॥

ਕਉਡਾ ਡਾਰਤ ਹਿਰੈ ਜੁਆਰੀ ॥੩॥

کئڈا ڈارت ہِرے جُیاری ॥3॥

ਜਹ ਜਹ ਦੇਖਉ ਤਹ ਤਹ ਰਾਮਾ ॥

جہ جہ دیکھءُ تہ تہ راما ॥

ਹਰਿ ਕੇ ਚਰਨ ਨਿਤ ਧਿਆਵੈ ਨਾਮਾ ॥੪॥੨॥

ہرِ کے چرن نِت دھِیاوے نامَا ॥4॥2॥

ਗੋਂਡ ॥

گونڈ ॥

ਮੋ ਕਉ ਤਾਰਿ ਲੇ ਰਾਮਾ ਤਾਰਿ ਲੇ ॥

مو کءُ تارِ لے راما تارِ لے ॥

ਮੈ ਅਜਾਨੁ ਜਨੁ ਤਰਿਬੇ ਨ ਜਾਨਉ
ਬਾਪ ਬੀਠੁਲਾ ਬਾਹ ਦੇ ॥੧॥ ਰਹਾਉ ॥

مے اجانُ جنُ ترِبے ن جانءُ
باپ بیٹھُلا باہ دے ॥1॥ رہاءُ ॥

ਨਰ ਤੇ ਸੁਰ ਹੋਇ ਜਾਤ ਨਿਮਖ ਮੈ
ਸਤਿਗੁਰ ਬੁਧਿ ਸਿਖਲਾਈ ॥

نر تے سُر ہوءِ جات نِمکھ مے
ستِگُر بُدھِ سِکھلائی ॥

ਨਰ ਤੇ ਉਪਜਿ ਸੁਰਗ ਕਉ ਜੀਤਿਓ
ਸੋ ਅਵਖਧ ਮੈ ਪਾਈ ॥੧॥

نر تے اُپجِ سُرگ کءُ جیتِئو
سو اوکھدھ مے پائی ॥1॥

ਜਹਾ ਜਹਾ ਧੂਅ ਨਾਰਦੁ ਟੇਕੇ
ਨੈਕੁ ਟਿਕਾਵਹੁ ਮੋਹਿ ॥

جہا جہا دھوُء نارد ٹیکے
نیکُ ٹِکاوہُ موہِ ॥

ਤੇਰੇ ਨਾਮ ਅਵਿਲੰਬਿ ਬਹੁਤੁ ਜਨ ਉਧਰੇ
ਨਾਮੇ ਕੀ ਨਿਜ ਮਤਿ ਏਹ ॥੨॥੩॥

تیرے نام اوِلنَبِ بہُتُ جن اُدھرے
نامے کی نِج متِ ایہ ॥2॥3॥

ਗੋਂਡ ॥

گونڈ ॥

ਮੋਹਿ ਲਾਗਤੀ ਤਾਲਾਬੇਲੀ ॥	موہِ لاگتی تالابیلی ॥
ਬਛਰੇ ਬਿਨੁ ਗਾਇ ਅਕੇਲੀ ॥੧॥	بچھرے بِنُ گاءِ اکیلی ॥1॥
ਪਾਨੀਆ ਬਿਨੁ ਮੀਨੁ ਤਲਫੈ ॥	پانِیا بِنُ مِینُ تلپھے ॥
ਐਸੇ ਰਾਮ ਨਾਮਾ ਬਿਨੁ ਬਾਪੁਰੋ ਨਾਮਾ ॥੧॥ ਰਹਾਉ ॥	ایَسے رام نامابِنُ باپُرو نامَا ॥1॥ رہاءُ ॥
ਜੈਸੇ ਗਾਇ ਕਾ ਬਾਛਾ ਛੂਟਲਾ ॥	جیَسے گاءِ کا باچھا چھوٹلا ॥
ਥਨ ਚੋਖਤਾ ਮਾਖਨੁ ਘੂਟਲਾ ॥੨॥	تھن چوکھتا ماکھنُ گھوٹلا ॥2॥
ਨਾਮਦੇਉ ਨਾਰਾਇਨੁ ਪਾਇਆ ॥	نامدیءُ نارائِنُ پائِیا ॥
ਗੁਰੁ ਭੇਟਤ ਅਲਖੁ ਲਖਾਇਆ ॥੩॥	گُرُ بھیٹت الکھُ لکھائِیا ॥3॥
ਜੈਸੇ ਬਿਖੈ ਹੇਤ ਪਰ ਨਾਰੀ ॥	جیَسے بِکھےَ ہیت پر ناری ॥
ਐਸੇ ਨਾਮੇ ਪ੍ਰੀਤਿ ਮੁਰਾਰੀ ॥੪॥	ایَسے نامے پّریتِ مُراری ॥4॥
ਜੈਸੇ ਤਾਪਤੇ ਨਿਰਮਲ ਘਾਮਾ ॥	جیَسے تاپتے نِرمل گھاما ॥
ਤੈਸੇ ਰਾਮ ਨਾਮਾ ਬਿਨੁ ਬਾਪੁਰੋ ਨਾਮਾ ॥੫॥੪॥	تیَسے رام نامابِنُ باپُرو نامَا ॥5॥4॥
ਰਾਗੁ ਗੌਂਡ ਬਾਣੀ ਨਾਮਦੇਉ ਜੀਉ ਕੀ ਘਰੁ ੨	راگُ گوَنڈ باٹی نامدیءُ جیِءُ کی گھرُ 2
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پّرسادِ ॥
ਹਰਿ ਹਰਿ ਕਰਤ ਮਿਟੇ ਸਭਿ ਭਰਮਾ ॥	ہرِ ہرِ کرت مِٹے سبھِ بھرما ॥
ਹਰਿ ਕੋ ਨਾਮੁ ਲੈ ਊਤਮ ਧਰਮਾ ॥	ہرِ کو نامُ لے اوُتم دھرما ॥
ਹਰਿ ਹਰਿ ਕਰਤ ਜਾਤਿ ਕੁਲ ਹਰੀ ॥	ہرِ ہرِ کرت زاتِ کُل ہری ॥
ਸੋ ਹਰਿ ਅੰਧੁਲੇ ਕੀ ਲਾਕਰੀ ॥੧॥	سو ہرِ انّدھُلے کی لاکری ॥1॥
ਹਰਏ ਨਮਸਤੇ ਹਰਏ ਨਮਹ ॥	ہرئے نمستے ہرئے نمہ ॥
ਹਰਿ ਹਰਿ ਕਰਤ ਨਹੀ ਦੁਖੁ ਜਮਹ ॥੧॥ ਰਹਾਉ ॥	ہرِ ہرِ کرت نہی دُکھُ جمہ ॥1॥ رہاءُ ॥
ਹਰਿ ਹਰਨਾਖਸ ਹਰੇ ਪਰਾਨ ॥	ہرِ ہرناکھس ہرے پران ॥
ਅਜੈਮਲ ਕੀਓ ਬੈਕੁੰਠਹਿ ਥਾਨ ॥	اجیَمل کِیئو بیَکُنٹھِ تھان ॥

ਸੂਆ ਪੜਾਵਤ ਗਨਿਕਾ ਤਰੀ ॥	سوُیا پڑاوت گنِکا تری ॥
ਸੋ ਹਰਿ ਨੈਨਹੁ ਕੀ ਪੂਤਰੀ ॥੨॥	سو ہرِ نینَہُ کی پوُتری ॥2॥
ਹਰਿ ਹਰਿ ਕਰਤ ਪੂਤਨਾ ਤਰੀ ॥	ہرِ ہرِ کرت پوُتنا تری ॥
ਬਾਲ ਘਾਤਨੀ ਕਪਟਹਿ ਭਰੀ ॥	بال گھاتنی کپٹہِ بھری ॥
ਸਿਮਰਨ ਦ੍ਰੋਪਦ ਸੁਤ ਉਧਰੀ ॥	سِمرن ڈروپد سُت اُدھری ॥
ਗਉਤਮ ਸਤੀ ਸਿਲਾ ਨਿਸਤਰੀ ॥੩॥	گئوتم ستی سِلا نِستری ॥3॥
ਕੇਸੀ ਕੰਸ ਮਥੁਨ ਜਿਨਿ ਕੀਆ ॥	کیسی کنّس متھُن جِنِ کِیا ॥
ਜੀਅ ਦਾਨੁ ਕਾਲੀ ਕਉ ਦੀਆ ॥	جیء دانُ کالی کءُ دیِیا ॥
ਪ੍ਰਣਵੈ ਨਾਮਾ ਐਸੋ ਹਰੀ ॥	پرّنوَے نامـا ایَسو ہری ॥
ਜਾਸੁ ਜਪਤ ਭੈ ਅਪਦਾ ਟਰੀ ॥੪॥੧॥੫॥	جاسُ جپت بھےَ اپدا ٹری ॥4॥1॥5॥
ਗੋਂਡ ॥	گونڈ ॥
ਭੈਰਉ ਭੂਤ ਸੀਤਲਾ ਧਾਵੈ ॥	بھیَرءُ بھوُت سِیتلا دھاوےَ ॥
ਖਰ ਬਾਹਨੁ ਉਹੁ ਛਾਰੁ ਉਡਾਵੈ ॥੧॥	کھر باہنُ اُہُ چھارُ اُڈاوےَ ॥1॥
ਹਉ ਤਉ ਏਕੁ ਰਮਈਆ ਲੈਹਉ ॥	ہءُ تءُ ایکُ رمئیِیا لیَہءُ ॥
ਆਨ ਦੇਵ ਬਦਲਾਵਨਿ ਦੈਹਉ ॥੧॥ ਰਹਾਉ ॥	آن دیو بدلاونِ دیَہءُ ॥1॥ رہاءُ ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥	سِو سِو کرتے جو نرُ دھِیاوےَ ॥
ਬਰਦ ਚਢੇ ਡਉਰੂ ਢਮਕਾਵੈ ॥੨॥	برد چڈھے ڈئُرُو ڈھمکاوےَ ॥2॥
ਮਹਾ ਮਾਈ ਕੀ ਪੂਜਾ ਕਰੈ ॥	مہا مائی کی پوُجا کرےَ ॥
ਨਰ ਸੈ ਨਾਰਿ ਹੋਇ ਅਉਤਰੈ ॥੩॥	نر سےَ نارِ ہوءِ اُترےَ ॥3॥
ਤੂ ਕਹੀਅਤ ਹੀ ਆਦਿ ਭਵਾਨੀ ॥	توُ کہِیئت ہی آدِ بھوانی ॥
ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥	مُکتِ کی برِیِیا کہا چھپانی ۔ ॥4॥
ਗੁਰਮਤਿ ਰਾਮ ਨਾਮ ਗਹੁ ਮੀਤਾ ॥	گُرمتِ رام نام گہُ مِیتا ۔ ॥

ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥੬॥

پرنوے نامـا اِءُ کہے گیتا ॥5॥2॥6॥

ਬਿਲਾਵਲੁ ਗੋਂਡ ॥

بِلاولُ گونڈ ॥

ਆਜੁ ਨਾਮੇ ਬੀਠਲੁ ਦੇਖਿਆ
ਮੂਰਖ ਕੋ ਸਮਝਾਊ ਰੇ ॥ ਰਹਾਉ ॥

آجُ نامے بیٹھلُ دیکھیا
مُورکھ کو سمجھائوُ رے ॥ رہاءُ ॥

ਪਾਂਡੇ ਤੁਮਰੀ ਗਾਇਤ੍ਰੀ
ਲੋਧੇ ਕਾ ਖੇਤੁ ਖਾਤੀ ਥੀ ॥

پانڈے تُمری گائتری
لودھے کا کھیتُ کھاتی تھی ॥

ਲੈ ਕਰਿ ਠੇਗਾ ਟਗਰੀ ਤੋਰੀ
ਲਾਂਗਤ ਲਾਂਗਤ ਜਾਤੀ ਥੀ ॥੧॥

لے کرِ ٹھیگا ٹگری توری
لانگت لانگت جاتی تھی ॥1॥

ਪਾਂਡੇ ਤੁਮਰਾ ਮਹਾਦੇਉ
ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ॥

پانڈے تُمرا مہادیءُ
دھئلے بلد چڑِیا آوتُ دیکھیا تھا ॥

ਮੋਦੀ ਕੇ ਘਰ ਖਾਣਾ ਪਾਕਾ
ਵਾ ਕਾ ਲੜਕਾ ਮਾਰਿਆ ਥਾ ॥੨॥

مودی کے گھر کھاٹا پاکا
وا کا لڑکا مارِیا تھا ॥2॥

ਪਾਂਡੇ ਤੁਮਰਾ ਰਾਮਚੰਦੁ
ਸੋ ਭੀ ਆਵਤੁ ਦੇਖਿਆ ਥਾ ॥

پانڈے تُمرا رامچندُ
سو بھی آوتُ دیکھیا تھا ॥

ਰਾਵਨ ਸੇਤੀ ਸਰਬਰ ਹੋਈ
ਘਰ ਕੀ ਜੋਇ ਗਵਾਈ ਥੀ ॥੩॥

راون سیتی سربر ہوئی
گھر کی جوءِ گوائی تھی ॥3॥

ਹਿੰਦੂ ਅੰਨ੍ਹਾ ਤੁਰਕੂ ਕਾਣਾ ॥

ہِندُو انّہا تُرکُو کاٹا ॥

ਦੁਹਾਂ ਤੇ ਗਿਆਨੀ ਸਿਆਣਾ ॥

دُہاں تے گیانی سِیاٹا ॥

ਹਿੰਦੂ ਪੂਜੈ ਦੇਹੁਰਾ
ਮੁਸਲਮਾਣੁ ਮਸੀਤਿ ॥

ہِندُو پُوجے دیہُرا
مُسلمانُ مسیتِ ॥

ਨਾਮੇ ਸੋਈ ਸੇਵਿਆ
ਜਹ ਦੇਹੁਰਾ ਨ ਮਸੀਤਿ ॥੪॥੩॥੭॥

نامے سوئی سیویا
جہ دیہُرا ن مسیتِ ॥4॥3॥7॥

ਰਾਗੁ ਗੋਂਡ ਬਾਣੀ ਰਵਿਦਾਸ ਜੀਉ ਕੀ ਘਰੁ ੨

راگُ گونڈ بانیٰ روِداس جیِءُ کی گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਮੁਕੰਦ ਮੁਕੰਦ ਜਪਹੁ ਸੰਸਾਰ ॥	مُکنّد مُکنّد جپہُ سنّسار ॥
ਬਿਨੁ ਮੁਕੰਦ ਤਨੁ ਹੋਇ ਅਉਹਾਰ ॥	بِنُ مُکنّد تنُ ہوءِ اُہار ॥
ਸੋਈ ਮੁਕੰਦੁ ਮੁਕਤਿ ਕਾ ਦਾਤਾ ॥	سوئی مُکنّدُ مُکتِ کا داتا ॥
ਸੋਈ ਮੁਕੰਦੁ ਹਮਰਾ ਪਿਤ ਮਾਤਾ ॥੧॥	سوئی مُکنّدُ ہمرا پِت ماتا ॥1॥
ਜੀਵਤ ਮੁਕੰਦੇ ਮਰਤ ਮੁਕੰਦੇ ॥	جِیوت مُکنّدے مرت مُکنّدے ॥
ਤਾ ਕੇ ਸੇਵਕ ਕਉ ਸਦਾ ਅਨੰਦੇ ॥੧॥ ਰਹਾਉ ॥	تا کے سیوک کءُ سدا انندے ॥1॥ رہاءُ ॥
ਮੁਕੰਦ ਮੁਕੰਦ ਹਮਾਰੇ ਪ੍ਰਾਨੰ ॥	مُکنّد مُکنّد ہمارے پّرانن ॥
ਜਪਿ ਮੁਕੰਦ ਮਸਤਕਿ ਨੀਸਾਨੰ ॥	جپِ مُکنّد مستکِ نِیشانن ॥
ਸੇਵ ਮੁਕੰਦ ਕਰੈ ਬੈਰਾਗੀ ॥	سیو مُکنّد کرے بیَراگی ॥
ਸੋਈ ਮੁਕੰਦੁ ਦੁਰਬਲ ਧਨੁ ਲਾਧੀ ॥੨॥	سوئی مُکنّدُ دُربل دھنُ لادھی ॥2॥
ਏਕੁ ਮੁਕੰਦੁ ਕਰੈ ਉਪਕਾਰੁ ॥	ایکُ مُکنّدُ کرے اُپکارُ ॥
ਹਮਰਾ ਕਹਾ ਕਰੈ ਸੰਸਾਰੁ ॥	ہمرا کہا کرے سنّسارُ ۔ ॥
ਮੇਟੀ ਜਾਤਿ ਹੂਏ ਦਰਬਾਰਿ ॥	میٹی زاتِ ہوُئے دربارِ ॥
ਤੁਹੀ ਮੁਕੰਦ ਜੋਗ ਜੁਗ ਤਾਰਿ ॥੩॥	تُہی مُکنّد جوگ جُگ تارِ ॥3॥
ਉਪਜਿਓ ਗਿਆਨੁ ਹੂਆ ਪਰਗਾਸ ॥	اُپجِئو گیانُ ہوُیا پرگاس ॥
ਕਰਿ ਕਿਰਪਾ ਲੀਨੇ ਕੀਟ ਦਾਸ ॥	کرِ کرِپا لِینے کیٹ داس ॥
ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ ॥	کہُ روِداس اب تّرِسنا چوُکی ॥
ਜਪਿ ਮੁਕੰਦ ਸੇਵਾ ਤਾਹੂ ਕੀ ॥੪॥੧॥	جپِ مُکنّد سیوا تاہوُ کی ॥4॥1॥
ਗੋਂਡ ॥	گونڈ ॥
ਜੇ ਓਹੁ ਅਠਸਿਠ ਤੀਰਥ ਨ੍ਹਾਵੈ ॥	جے اوہُ اٹھسِٹھ تیِرتھ نہاوے ॥
ਜੇ ਓਹੁ ਦੁਆਦਸ ਸਿਲਾ ਪੂਜਾਵੈ ॥	جے اوہُ دُیادس سِلا پوُجاوے ॥
ਜੇ ਓਹੁ ਕੂਪ ਤਟਾ ਦੇਵਾਵੈ ॥	جے اوہُ کوُپ تٹا دیواوے ॥

ਕਰੈ ਨਿੰਦ ਸਭ ਬਿਰਥਾ ਜਾਵੈ ॥੧॥	کرے نِندّ سبھ بِرتھا جاوے ॥1॥
ਸਾਧ ਕਾ ਨਿੰਦਕੁ ਕੈਸੇ ਤਰੈ ॥	سادھ کا نِندّکُ کیسے ترے ۔ ॥
ਸਰਪਰ ਜਾਨਹੁ ਨਰਕ ਹੀ ਪਰੈ ॥੧॥ ਰਹਾਉ ॥	سرپر جانہُ نرک ہی پرے ॥1॥ رہاءُ ॥
ਜੇ ਓਹੁ ਗ੍ਰਹਨ ਕਰੈ ਕੁਲਖੇਤਿ ॥	جے اوہُ گرّہن کرے کُلکھیتِ ॥
ਅਰਪੈ ਨਾਰਿ ਸੀਗਾਰ ਸਮੇਤਿ ॥	ارپے نارِ سیِگار سمیتِ ॥
ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ ॥	سگلی سِمرّتِ سّرونی سُنے ॥
ਕਰੈ ਨਿੰਦ ਕਵਨੈ ਨਹੀ ਗੁਨੈ ॥੨॥	کرے نِندّ کونے نہی گُنے ۔ ॥2॥
ਜੇ ਓਹੁ ਅਨਿਕ ਪ੍ਰਸਾਦ ਕਰਾਵੈ ॥	جے اوہُ اِنک پّرساد کراوے ॥
ਭੂਮਿ ਦਾਨ ਸੋਭਾ ਮੰਡਪਿ ਪਾਵੈ ॥	بھوُمِ دان سوبھا منڈّپِ پاوے ॥
ਅਪਨਾ ਬਿਗਾਰਿ ਬਿਰਾਂਨਾ ਸਾਂਢੈ ॥	اپنا بِگارِ برانّنا سانڈھے ॥
ਕਰੈ ਨਿੰਦ ਬਹੁ ਜੋਨੀ ਹਾਂਢੈ ॥੩॥	کرے نِندّ بہُ جونی ہانڈھے ॥3॥
ਨਿੰਦਾ ਕਹਾ ਕਰਹੁ ਸੰਸਾਰਾ ॥	نِندّا کہا کرہُ سنّسارا ॥
ਨਿੰਦਕ ਕਾ ਪਰਗਟਿ ਪਾਹਾਰਾ ॥	نِندّک کا پرگٹِ پاہارا ॥
ਨਿੰਦਕੁ ਸੋਧਿ ਸਾਧਿ ਬੀਚਾਰਿਆ ॥	نِندّکُ سودھِ سادھِ بیچارِیا ॥
ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥੪॥੨॥੧੧॥੭॥੨॥੪੯॥ ਜੋੜੁ ॥	کہُ روِداس پاپی نرکِ سِدھارِیا ॥4॥2॥ 11 ॥7॥2॥ 49 ॥ جوڑُ ॥
ਰਾਮਕਲੀ ਮਹਲਾ ੧ ਘਰੁ ੧ ਚਉਪਦੇ	رامکلی محلا 1 گھرُ 1 چئُپدے
ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	ੴ ستِنامُ کرتا پُرکھُ نِربھءُ نِرویرُ اکال موُرتِ اجوُنی سیَبھنّ گُرپّرسادِ ॥
ਕੋਈ ਪੜਤਾ ਸਹਸਾਕਿਰਤਾ ਕੋਈ ਪੜੈ ਪੁਰਾਨਾ ॥	کوئی پڑتا سہساکِرتا کوئی پڑے پُرانا ॥
ਕੋਈ ਨਾਮੁ ਜਪੈ ਜਪਮਾਲੀ ਲਾਗੈ ਤਿਸੈ ਧਿਆਨਾ ॥	کوئی نامُ جپے جپمالی لاگے تِسے دھِیانا ॥
ਅਬ ਹੀ ਕਬ ਹੀ ਕਿਛੂ ਨ ਜਾਨਾ ਤੇਰਾ ਏਕੋ ਨਾਮੁ ਪਛਾਨਾ ॥੧॥	اب ہی کب ہی کچھوُ ن جانا

ਤੇਰਾ ਏਕੋ ਨਾਮੁ ਪਛਾਨਾ ॥1॥

ਨ ਜਾਣਾ ਹਰੇ ਮੇਰੀ ਕਵਨ ਗਤੇ ॥

ن جاٹا ہرے میری کون گتے ۔ ॥

ਹਮ ਮੂਰਖ ਅਗਿਆਨ ਸਰਨਿ ਪ੍ਰਭ ਤੇਰੀ
ਕਰਿ ਕਿਰਪਾ ਰਾਖਹੁ ਮੇਰੀ ਲਾਜ ਪਤੇ ॥੧॥ ਰਹਾਉ ॥

ہم مُورکھ اگیان سرنِ پربھ تیری
کرِ کرپا راکھہُ میری لاج پتے ॥1॥ رہاءُ ॥

ਕਬਹੂ ਜੀਅੜਾ ਊਭਿ ਚੜਤੁ ਹੈ
ਕਬਹੂ ਜਾਇ ਪਇਆਲੇ ॥

کبہوُ جیِئڑا اوُبھِ چڑتُ ہے
کبہوُ جاءِ پئیالے ॥

ਲੋਭੀ ਜੀਅੜਾ ਥਿਰੁ ਨ ਰਹਤੁ ਹੈ
ਚਾਰੇ ਕੁੰਡਾ ਭਾਲੇ ॥੨॥

لوبھی جیِئڑا تھِرُ ن رہتُ ہے
چارے کُنڈا بھالے ॥2॥

ਮਰਣੁ ਲਿਖਾਇ ਮੰਡਲ ਮਹਿ ਆਏ
ਜੀਵਣੁ ਸਾਜਹਿ ਮਾਈ ॥

مرنُ لِکھاءِ منڈل مہِ آئے
جیِونُ ساجہِ مائی ۔ ॥

ਏਕਿ ਚਲੇ ਹਮ ਦੇਖਹ ਸੁਆਮੀ
ਭਾਹਿ ਬਲੰਤੀ ਆਈ ॥੩॥

ایکِ چلے ہم دیکھ سُیامی
بھاہِ بلنّتی آئی ॥3॥

ਨ ਕਿਸੀ ਕਾ ਮੀਤੁ ਨ ਕਿਸੀ ਕਾ ਭਾਈ
ਨਾ ਕਿਸੈ ਬਾਪੁ ਨ ਮਾਈ ॥

ن کِسی کا میِتُ ن کِسی کا بھائی
نا کِسے باپُ ن مائی ॥

ਪ੍ਰਣਵਤਿ ਨਾਨਕ ਜੇ ਤੂ ਦੇਵਹਿ
ਅੰਤੇ ਹੋਇ ਸਖਾਈ ॥੪॥੧॥

پرنوتِ نانک جے توُ دیوہِ
انّتے ہوءِ سکھائی ॥4॥1॥

ਰਾਮਕਲੀ ਮਹਲਾ ੧ ॥

رامکلی محلا 1 ॥

ਸਰਬ ਜੋਤਿ ਤੇਰੀ ਪਸਰਿ ਰਹੀ ॥

سرب جوتِ تیری پسرِ رہی ॥

ਜਹ ਜਹ ਦੇਖਾ ਤਹ ਨਰਹਰੀ ॥੧॥

جہ جہ دیکھا تہ نرہری ॥1॥

ਜੀਵਨ ਤਲਬ ਨਿਵਾਰਿ ਸੁਆਮੀ ॥

جیِون طلب نِوارِ سُیامی ۔ ॥

ਅੰਧ ਕੂਪਿ ਮਾਇਆ ਮਨੁ ਗਾਡਿਆ
ਕਿਉ ਕਰਿ ਉਤਰਉ ਪਾਰਿ ਸੁਆਮੀ ॥੧॥ ਰਹਾਉ ॥

انّدھ کوُپِ مائیا منُ گاڈِیا
کِءُ کرِ اُترءُ پارِ سُیامی ۔ ॥1॥ رہاءُ ॥

ਜਹ ਭੀਤਰਿ ਘਟ ਭੀਤਰਿ ਬਸਿਆ
ਬਾਹਰਿ ਕਾਹੇ ਨਾਹੀ ॥

جہ بھیِترِ گھٹ بھیِترِ بسِیا
باہرِ کاہے ناہی ۔ ॥

ਤਿਨ ਕੀ ਸਾਰ ਕਰੇ ਨਿਤ ਸਾਹਿਬੁ

تِن کی سار کرے نِت صاحِبُ

ਸਦਾ ਚਿੰਤ ਮਨ ਮਾਹੀ ॥੨॥	سدا چِنّت من ماہی ॥2॥
ਆਪੇ ਨੇੜੈ ਆਪੇ ਦੂਰਿ ॥	آپے نیڑے آپے دوُرِ ॥
ਆਪੇ ਸਰਬ ਰਹਿਆ ਭਰਪੂਰਿ ॥	آپے سرب رہِیا بھرپوُرِ ॥
ਸਤਗੁਰੁ ਮਿਲੈ ਅੰਧੇਰਾ ਜਾਇ ॥	ستگُرُ مِلےَ انّدھیرا جاءِ ॥
ਜਹ ਦੇਖਾ ਤਹ ਰਹਿਆ ਸਮਾਇ ॥੩॥	جہ دیکھا تہ رہِیا سماءِ ॥3॥
ਅੰਤਰਿ ਸਹਸਾ ਬਾਹਰਿ ਮਾਇਆ ਨੈਣੀ ਲਾਗਸਿ ਬਾਣੀ ॥	انّترِ سہسا باہرِ مائِیا نیَنّی لاگسِ بانّی ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਪਰਤਾਪਹਿਗਾ ਪ੍ਰਾਣੀ ॥੪॥੨॥	پرّنوتِ نانکُ داسنِ داسا پرتاپہِگا پرّانّی ۔ ॥4॥2॥
ਰਾਮਕਲੀ ਮਹਲਾ ੧ ॥	رامکلی محلا 1 ॥
ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ ॥	جِتُ درِ وسہِ کونُ درُ کہیئےَ درا بھیترِ درُ کونُ لہےَ ۔ ॥
ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ ॥੧॥	جِسُ در کارنِ پھِرا اُداسی سو درُ کوئی آءِ کہےَ ॥1॥
ਕਿਨ ਬਿਧਿ ਸਾਗਰੁ ਤਰੀਐ ॥	کِن بِدھِ ساگرُ ترِیئےَ ۔ ॥
ਜੀਵਤਿਆ ਨਹ ਮਰੀਐ ॥੧॥ ਰਹਾਉ ॥	جیِوتیا نہ مریئےَ ॥1॥ رہاءُ ॥
ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ ॥	دُکھُ دروازا روہُ رکھوالا آسا انّدیسا دُءِ پٹ جڑے ॥
ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ ਸਤ ਕੈ ਆਸਣਿ ਪੁਰਖੁ ਰਹੈ ॥੨॥	مائِیا جلُ کھائی پانّی گھرُ بادھِیا ست کےَ آسنِ پُرکھُ رہےَ ॥2॥
ਕਿੰਤੇ ਨਾਮਾ ਅੰਤੁ ਨ ਜਾਣਿਆ ਤੁਮ ਸਰਿ ਨਾਹੀ ਅਵਰ ਹਰੇ ॥	کِنّتے ناما انّتُ ن جانّیا تُم سرِ ناہی اور ہرے ۔ ॥
ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਆਪਿ ਕਰੇ ॥੩॥	اوُچا نہی کہنّا من مہِ رہنّا آپے جانّے آپِ کرے ॥3॥

ਜਬ ਆਸਾ ਅੰਦੇਸਾ ਤਬ ਹੀ
ਕਿਉ ਕਰਿ ਏਕੁ ਕਹੈ ॥

جب آسا اندیسا تب ہی
کِءُ کرِ ایکُ کہے۔ ॥

ਆਸਾ ਭੀਤਰਿ ਰਹੈ ਨਿਰਾਸਾ
ਤਉ ਨਾਨਕ ਏਕੁ ਮਿਲੈ ॥੪॥

آسا بھیترِ رہے نِراسا
ت ءُ نانک ایکُ مِلے ॥4॥

ਇਨ ਬਿਧਿ ਸਾਗਰੁ ਤਰੀਐ ॥

اِن بِدھِ ساگرُ ترِیے ॥

ਜੀਵਤਿਆ ਇਉ ਮਰੀਐ ॥੧॥ ਰਹਾਉ ਦੂਜਾ ॥੩॥

جیوتیا اِءُ مریے ॥1॥ رہاؤ دُوجا ॥3॥

ਰਾਮਕਲੀ ਮਹਲਾ ੧ ॥

رامکلی محلا 1 ॥

ਸੁਰਤਿ ਸਬਦੁ ਸਾਖੀ ਮੇਰੀ ਸਿੰਙੀ
ਬਾਜੈ ਲੋਕੁ ਸੁਣੇ ॥

سُرتِ سبدُ ساکھی میری سِنگّی
باجے لوکُ سُنے ॥

ਪਤੁ ਝੋਲੀ ਮੰਗਣ ਕੈ ਤਾਈ
ਭੀਖਿਆ ਨਾਮੁ ਪੜੇ ॥੧॥

پتُ جھولی منگّن کے تائی
بھیکھیا نامُ پڑے ॥1॥

ਬਾਬਾ ਗੋਰਖੁ ਜਾਗੈ ॥

بابا گورکھُ جاگے ॥

ਗੋਰਖੁ ਸੋ ਜਿਨਿ ਗੋਇ ਉਠਾਲੀ
ਕਰਤੇ ਬਾਰ ਨ ਲਾਗੈ ॥੧॥ ਰਹਾਉ ॥

گورکھُ سو جِنِ گوءِ اُٹھالی
کرتے بار ن لاگے ॥1॥ رہاءُ ॥

ਪਾਣੀ ਪ੍ਰਾਣ ਪਵਣਿ ਬੰਧਿ ਰਾਖੇ
ਚੰਦੁ ਸੂਰਜੁ ਮੁਖਿ ਦੀਏ ॥

پانّی پّراںّ پونِّ بندھِ راکھے
چندُ سوُرجُ مُکھِ دیے ॥

ਮਰਣ ਜੀਵਣ ਕਉ ਧਰਤੀ ਦੀਨੀ
ਏਤੇ ਗੁਣ ਵਿਸਰੇ ॥੨॥

مرنّ جیونّ ک ءُ دھرتی دینی
ایتے گُنّ وِسرے ॥2॥

ਸਿਧ ਸਾਧਿਕ ਅਰੁ ਜੋਗੀ ਜੰਗਮ
ਪੀਰ ਪੁਰਸ ਬਹੁਤੇਰੇ ॥

سِدھ سادھِک ارُ جوگی جنگم
پیر پُرس بہتیرے ॥

ਜੇ ਤਿਨ ਮਿਲਾ ਤ ਕੀਰਤਿ ਆਖਾ
ਤਾ ਮਨੁ ਸੇਵ ਕਰੇ ॥੩॥

جے تِن مِلا ت کیرتِ آکھا
تا منُ سیو کرے ॥3॥

ਕਾਗਦੁ ਲੂਣੁ ਰਹੈ ਘ੍ਰਿਤ ਸੰਗੇ
ਪਾਣੀ ਕਮਲੁ ਰਹੈ ॥

کاگدُ لوُنُّ رہے گھرِت سنگے
پانّی کملُ رہے ॥

ਐਸੇ ਭਗਤ ਮਿਲਹਿ ਜਨ ਨਾਨਕ

ایسے بھگت مِلہِ جن نانک

ਤਿਨ ਜਮੁ ਕਿਆ ਕਰੈ ॥੪॥੪॥	تِن جمُ کیا کرے ۔ ॥4॥4॥
ਰਾਮਕਲੀ ਮਹਲਾ ੧ ॥	رامکلی محلا 1 ॥
ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥	سُنِ ماچھِندّرا نانکُ بولے ॥
ਵਸਗਤਿ ਪੰਚ ਕਰੇ ਨਹ ਡੋਲੈ ॥	وسگتِ پنچ کرے نہ ڈولے ॥
ਐਸੀ ਜੁਗਤਿ ਜੋਗ ਕਉ ਪਾਲੇ ॥	ایَسی جُگتِ جوگ کءُ پالے ॥
ਆਪਿ ਤਰੈ ਸਗਲੇ ਕੁਲ ਤਾਰੇ ॥੧॥	آپِ ترے سگلے کُل تارے ॥1॥
ਸੋ ਅਉਧੂਤੁ ਐਸੀ ਮਤਿ ਪਾਵੈ ॥	سو اُدھوُتُ ایَسی متِ پاوے ॥
ਅਹਿਨਿਸਿ ਸੁੰਨਿ ਸਮਾਧਿ ਸਮਾਵੈ ॥੧॥ ਰਹਾਉ ॥	اِہنِس سُنّنِ سمادھِ سماوے ॥1॥ رہاءُ ॥
ਭਿਖਿਆ ਭਾਇ ਭਗਤਿ ਭੈ ਚਲੈ ॥	بھِکھیا بھاءِ بھگتِ بھے چلے ॥
ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ ॥	ہووے سُ ترِپتِ سنّتوکھِ املے ॥
ਧਿਆਨ ਰੂਪਿ ਹੋਇ ਆਸਣੁ ਪਾਵੈ ॥	دھِیان روُپِ ہوءِ آسنُ پاوے ॥
ਸਚਿ ਨਾਮਿ ਤਾੜੀ ਚਿਤੁ ਲਾਵੈ ॥੨॥	سچِ نامِ تاڑی چِتُ لاوے ॥2॥
ਨਾਨਕੁ ਬੋਲੈ ਅੰਮ੍ਰਿਤ ਬਾਣੀ ॥	نانکُ بولے انمّرِت بانُی ॥
ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ ॥	سُنِ ماچھِندّرا اُدھوُ نیِشانُی ॥
ਆਸਾ ਮਾਹਿ ਨਿਰਾਸੁ ਵਲਾਏ ॥	آسا ماہِ نِراسُ ولائے ॥
ਨਿਹਚਉ ਨਾਨਕ ਕਰਤੇ ਪਾਏ ॥੩॥	نِہچءُ نانک کرتے پائے ॥3॥
ਪ੍ਰਣਵਤਿ ਨਾਨਕੁ ਅਗਮੁ ਸੁਣਾਏ ॥	پرّنوتِ نانکُ اگمُ سُناۓ ॥
ਗੁਰ ਚੇਲੇ ਕੀ ਸੰਧਿ ਮਿਲਾਏ ॥	گُر چیلے کی سندھِ مِلائے ॥
ਦੀਖਿਆ ਦਾਰੂ ਭੋਜਨੁ ਖਾਇ ॥	دیکھیا دارُو بھوجنُ کھاءِ ॥
ਛਿਅ ਦਰਸਨ ਕੀ ਸੋਝੀ ਪਾਇ ॥੪॥੫॥	چھِءِ درسن کی سوجھی پاءِ ॥4॥5॥
ਰਾਮਕਲੀ ਮਹਲਾ ੧ ॥	رامکلی محلا 1 ॥
ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ ॥	ہم ڈولت بیڑی پاپ بھری ہے پوُنُ لگے مت جائی ॥

ਸਨਮੁਖ ਸਿਧ ਭੇਟਣ ਕਉ ਆਏ ਨਿਹਚਉ ਦੇਹਿ ਵਡਿਆਈ ॥੧॥	سنمُکھ سِدھ بھیٹن ک ءُ آئے نِہچ ءُ دیہِ وڈِیائی ॥1॥
ਗੁਰ ਤਾਰਿ ਤਾਰਣਹਾਰਿਆ ॥	گُر تارِ تارنہارِیا ۔ ॥
ਦੇਹਿ ਭਗਤਿ ਪੂਰਨ ਅਵਿਨਾਸੀ ਹਉ ਤੁਝ ਕਉ ਬਲਿਹਾਰਿਆ ॥੧॥ ਰਹਾਉ ॥	دیہِ بھگتِ پوُرن اوِناسی ہءُ تُجھ ک ءُ بلِہارِیا ॥1॥ رہاءُ ॥
ਸਿਧ ਸਾਧਿਕ ਜੋਗੀ ਅਰੁ ਜੰਗਮ ਏਕੁ ਸਿਧੁ ਜਿਨੀ ਧਿਆਇਆ ॥	سِدھ سادھِک جوگی ارُ جنگم ایکُ سِدھُ جِنی دھِیائِیا ॥
ਪਰਸਤ ਪੈਰ ਸਿਝਤ ਤੇ ਸੁਆਮੀ ਅਖਰੁ ਜਿਨ ਕਉ ਆਇਆ ॥੨॥	پرست پیَر سِجھت تے سُیامی اکھرُ جِن ک ءُ آئِیا ॥2॥
ਜਪ ਤਪ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭ ਤੇਰਾ ॥	جپ تپ سنجَم کرم ن جانا نامُ جپی پربھ تیرا ॥
ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ ॥੩॥੬॥	گُرُ پریسرُ نانک بھیٹِئو ساچےَ سبدِ نِبیرا ॥3॥6॥
ਰਾਮਕਲੀ ਮਹਲਾ ੧ ॥	رامکلی محلا 1 ॥
ਸੁਰਤੀ ਸੁਰਤਿ ਰਲਾਈਐ ਏਤੁ ॥	سُرتی سُرتِ رلائیَے ایتُ ॥
ਤਨੁ ਕਰਿ ਤੁਲਹਾ ਲੰਘਹਿ ਜੇਤੁ ॥	تنُ کرِ تُلہا لنگھہِ جیتُ ॥
ਅੰਤਰਿ ਭਾਹਿ ਤਿਸੈ ਤੂ ਰਖੁ ॥	انترِ بھاہِ تِسےَ توُ رکھُ ॥
ਅਹਿਨਿਸਿ ਦੀਵਾ ਬਲੈ ਅਥਕੁ ॥੧॥	اِہنِس دیِوا بلےَ اتھکُ ॥1॥
ਐਸਾ ਦੀਵਾ ਨੀਰਿ ਤਰਾਇ ॥	ایَسا دیِوا نیِرِ تراءِ ॥
ਜਿਤੁ ਦੀਵੈ ਸਭ ਸੋਝੀ ਪਾਇ ॥੧॥ ਰਹਾਉ ॥	جِتُ دیِوے سبھ سوجھی پاءِ ॥1॥ رہاءُ ॥
ਹਛੀ ਮਿਟੀ ਸੋਝੀ ਹੋਇ ॥	ہچھی مِٹی سوجھی ہوءِ ॥
ਤਾ ਕਾ ਕੀਆ ਮਾਨੈ ਸੋਇ ॥	تا کا کیِیا مانےَ سوءِ ॥
ਕਰਣੀ ਤੇ ਕਰਿ ਚਕਹੁ ਢਾਲਿ ॥	کرنُی تے کرِ چکہُ ڈھالِ ॥
ਐਥੈ ਓਥੈ ਨਿਬਹੀ ਨਾਲਿ ॥੨॥	ایَتھےَ اوتھےَ نِبہی نالِ ॥2॥

ਆਪੇ ਨਦਰਿ ਕਰੇ ਜਾ ਸੋਇ ॥	آپے ندرِ کرے جا سوءِ ॥
ਗੁਰਮੁਖਿ ਵਿਰਲਾ ਬੂਝੈ ਕੋਇ ॥	گُرمُکھِ وِرلا بُوجھے کوءِ ॥
ਤਿਤੁ ਘਟਿ ਦੀਵਾ ਨਿਹਚਲੁ ਹੋਇ ॥	تِتُ گھٹِ دیِوا نِہچلُ ہوءِ ॥
ਪਾਣੀ ਮਰੈ ਨ ਬੁਝਾਇਆ ਜਾਇ ॥	پاٹی مرے ن بُجھائیا جاءِ ॥
ਐਸਾ ਦੀਵਾ ਨੀਰਿ ਤਰਾਇ ॥੩॥	ایَسا دیِوا نیِرِ تراءِ ॥3॥
ਡੋਲੈ ਵਾਉ 'ਨ' ਵਡਾ ਹੋਇ ॥	ڈولے واءُ ن وڈا ہوءِ ॥
ਜਾਪੈ ਜਿਉ ਸਿੰਘਾਸਣਿ ਲੋਇ ॥	جاپے جِءُ سِنگھاسنِ لوءِ ॥
ਖਤ੍ਰੀ ਬ੍ਰਾਹਮਣੁ ਸੂਦੁ ਕਿ ਵੈਸੁ ॥	کھتّری برّاہمنُ سوُدُ کِ ویَسُ ॥
ਨਿਰਤਿ ਨ ਪਾਈਆ ਗਣੀ ਸਹੰਸ ॥	نِرتِ ن پائیِیا گنٹی سہنّس ॥
ਐਸਾ ਦੀਵਾ ਬਾਲੇ ਕੋਇ ॥	ایَسا دیِوا بالے کوءِ ॥
ਨਾਨਕ ਸੋ ਪਾਰੰਗਤਿ ਹੋਇ ॥੪॥੭॥	نانک سو پارنگتِ ہوءِ ॥4॥7॥
ਰਾਮਕਲੀ ਮਹਲਾ ੧ ॥	رامکلی محلا 1 ॥
ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥	تُدھنو نِونُ منّنُ تیرا ناءُ ॥
ਸਾਚੁ ਭੇਟ ਬੈਸਣ ਕਉ ਥਾਉ ॥	ساچُ بھیٹ بیَسنُ کءُ تھاءُ ॥
ਸਤੁ ਸੰਤੋਖੁ ਹੋਵੈ ਅਰਦਾਸਿ ॥	ستُ سنّتوکھُ ہووے عرداسِ ॥
ਤਾ ਸੁਣਿ ਸਦਿ ਬਹਾਲੇ ਪਾਸਿ ॥੧॥	تا سُنِ سدِ بہالے پاسِ ॥1॥
ਨਾਨਕ ਬਿਰਥਾ ਕੋਇ ਨ ਹੋਇ ॥	نانک برتھا کوءِ ن ہوءِ ॥
ਐਸੀ ਦਰਗਹ ਸਾਚਾ ਸੋਇ ॥੧॥ ਰਹਾਉ ॥	ایَسی درگہ ساچا سوءِ ॥1॥ رہاءُ ॥
ਪ੍ਰਾਪਤਿ ਪੋਤਾ ਕਰਮੁ ਪਸਾਉ ॥	پراپتِ پوتا کرمُ پساءُ ॥
ਤੂ ਦੇਵਹਿ ਮੰਗਤ ਜਨ ਚਾਉ ॥	توُ دیوہِ منگت جن چاءُ ॥
ਭਾਡੈ ਭਾਉ ਪਵੈ ਤਿਤੁ ਆਇ ॥	بھاڈے بھاءُ پوے تِتُ آءِ ॥
ਧੁਰਿ ਤੈ ਛੋਡੀ ਕੀਮਤਿ ਪਾਇ ॥੨॥	دھُرِ تے چھوڈی قیمتِ پاءِ ॥2॥

ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥
ਅਪਨੀ ਕੀਮਤਿ ਆਪੇ ਧਰੈ ॥
ਗੁਰਮੁਖਿ ਪਰਗਟੁ ਹੋਆ ਹਰਿ ਰਾਏ ॥
ਨਾ ਕੋ ਆਵੈ ਨਾ ਕੋ ਜਾਇ ॥੩॥

ਲੋਕੁ ਧਿਕਾਰੁ ਕਹੈ ਮੰਗਤ ਜਨ
ਮਾਗਤ ਮਾਨੁ ਨ ਪਾਇਆ ॥
ਸਹ ਕੀਆ ਗਲਾ ਦਰ ਕੀਆ ਬਾਤਾ
ਤੈ ਤਾ ਕਹਣੁ ਕਹਾਇਆ ॥੪॥੮॥

ਰਾਮਕਲੀ ਮਹਲਾ ੧ ॥

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ
ਕਵਣੁ ਬੁਝੈ ਬਿਧਿ ਜਾਣੈ ॥
ਉਤਭਜੁ ਚਲਤ ਆਪਿ ਕਰਿ ਚੀਨੈ
ਆਪੇ ਤਤੁ ਪਛਾਣੈ ॥੧॥

ਐਸਾ ਗਿਆਨੁ ਬੀਚਾਰੈ ਕੋਈ ॥
ਤਿਸ ਤੇ ਮੁਕਤਿ ਪਰਮ ਗਤਿ ਹੋਈ ॥੧॥ ਰਹਾਉ ॥

ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ
ਉਸਨ ਸੀਤ ਬਿਧਿ ਸੋਈ ॥
ਤਾ ਕੀ ਗਤਿ ਮਿਤਿ ਅਵਰੁ ਨ ਜਾਣੈ
ਗੁਰ ਬਿਨੁ ਸਮਝ ਨ ਹੋਈ ॥੨॥

ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ
ਬੂਝਹੁ ਬ੍ਰਹਮ ਗਿਆਨੀ ॥
ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ
ਗੁਰਮੁਖਿ ਅਕਥ ਕਹਾਨੀ ॥੩॥

ਮਨ ਮਹਿ ਜੋਤਿ ਜੋਤਿ ਮਹਿ ਮਨੂਆ
ਪੰਚ ਮਿਲੇ ਗੁਰ ਭਾਈ ॥

جِنِ کِچھُ کِیا سو کِچھُ کرے ॥
اپنی قِیمتِ آپے دھرے ॥
گُرمُکھِ پرگٹُ ہویا ہرِ رائے ॥
نا کو آوے نا کو جاءِ ॥3॥

لوکُ دھِکارُ کہے منگت جن
ماگت مانُ ن پائِیا ॥
سہ کِیا گلا در کِیا باتا
تے تا کہنُّ کہائِیا ॥4॥8॥

رامکلی محلا 1 ॥

ساگر مہِ بُوند بُوند مہِ ساگرُ
کونُّ بُجھے بِدھِ جانُّے ॥
اُتبھجُ چلت آپِ کرِ چِینے
آپے تتُ پچھانُّے ॥1॥

ایسا گیانُ بیچارے کوئی ॥
تِس تے مُکتِ پرم گتِ ہوئی ॥1॥ رہاءُ ॥

دِن مہِ رینُّ رینُّ مہِ دِنیرُ
اُسن سیت بِدھِ سوئی ॥
تا کی گتِ مِتِ اورُ ن جانُّے
گُر بِنُ سمجھ ن ہوئی ॥2॥

پُرکھ مہِ نارِ نارِ مہِ پُرکھا
بُوجھہُ برہم گیانی ۔ ॥
دھُنِ مہِ دھیانُ دھیان مہِ جانِیا
گُرمُکھِ اکتھ کہانی ॥3॥

من مہِ جوتِ جوتِ مہِ منوُیا

ਪਞਚ ਮਿਲੇ ਗੁਰ ਭਾਈ ॥

پنچ مِلے گُر بھائی ॥

ਨਾਨਕ ਤਿਨ ਕੈ ਸਦ ਬਲਿਹਾਰੀ
ਜਿਨ ਏਕ ਸਬਦਿ ਲਿਵ ਲਾਈ ॥੪॥੯॥

نانک تِن کے سد بلِہاری
جِن ایک سبدِ لِو لائی ॥4॥9॥

ਰਾਮਕਲੀ ਮਹਲਾ ੧ ॥

رامکلی محلا 1 ॥

ਜਾ ਹਰਿ ਪ੍ਰਭਿ ਕਿਰਪਾ ਧਾਰੀ ॥

جا ہرِ پربھِ کِرپا دھاری ॥

ਤਾ ਹਉਮੈ ਵਿਚਹੁ ਮਾਰੀ ॥

تا ہئُمے وِچہُ ماری ॥

ਸੋ ਸੇਵਕਿ ਰਾਮ ਪਿਆਰੀ ॥

سو سیوکِ رام پیاری ॥

ਜੋ ਗੁਰ ਸਬਦੀ ਬੀਚਾਰੀ ॥੧॥

جو گُر سبدی بیچاری ॥1॥

ਸੋ ਹਰਿ ਜਨੁ ਹਰਿ ਪ੍ਰਭ ਭਾਵੈ ॥

سو ہرِ جنُ ہرِ پربھ بھاوے ॥

ਅਹਿਨਿਸਿ ਭਗਤਿ ਕਰੇ ਦਿਨੁ ਰਾਤੀ
ਲਾਜ ਛੋਡਿ ਹਰਿ ਕੇ ਗੁਣ ਗਾਵੈ ॥੧॥ ਰਹਾਉ ॥

اہِنِس بھگتِ کرے دِنُ راتی
لاج چھوڈِ ہرِ کے گُن گاوے ॥1॥ رہاءُ ॥

ਧੁਨਿ ਵਾਜੇ ਅਨਹਦ ਘੋਰਾ ॥

دھُنِ واجے انہد گھورا ॥

ਮਨੁ ਮਾਨਿਆ ਹਰਿ ਰਸਿ ਮੋਰਾ ॥

منُ مانِیا ہرِ رسِ مورا ॥

ਗੁਰ ਪੂਰੈ ਸਚੁ ਸਮਾਇਆ ॥

گُر پُورے سچُ سمائِیا ॥

ਗੁਰੁ ਆਦਿ ਪੁਰਖੁ ਹਰਿ ਪਾਇਆ ॥੨॥

گُرُ آدِ پُرکھُ ہرِ پائِیا ॥2॥

ਸਭਿ ਨਾਦ ਬੇਦ ਗੁਰਬਾਣੀ ॥

سبھِ ناد بید گُربانی ॥

ਮਨੁ ਰਾਤਾ ਸਾਰਿਗਪਾਣੀ ॥

منُ راتا سارِگپانی ॥

ਤਹ ਤੀਰਥ ਵਰਤ ਤਪ ਸਾਰੇ ॥

تہ تیرتھ ورت تپ سارے ॥

ਗੁਰ ਮਿਲਿਆ ਹਰਿ ਨਿਸਤਾਰੇ ॥੩॥

گُر مِلِیا ہرِ نِستارے ॥3॥

ਜਹ ਆਪੁ ਗਇਆ ਭਉ ਭਾਗਾ ॥

جہ آپُ گئِیا بھءُ بھاگا ॥

ਗੁਰ ਚਰਣੀ ਸੇਵਕੁ ਲਾਗਾ ॥

گُر چرنی سیوکُ لاگا ॥

ਗੁਰਿ ਸਤਿਗੁਰਿ ਭਰਮੁ ਚੁਕਾਇਆ ॥

گُرِ ستِگُرِ بھرمُ چُکائِیا ॥

ਕਹੁ ਨਾਨਕ ਸਬਦਿ ਮਿਲਾਇਆ ॥੪॥੧੦॥

کہُ نانک سبدِ مِلائِیا ॥4॥ 10 ॥

ਰਾਮਕਲੀ ਮਹਲਾ ੧ ॥	رامکلی محلا 1 ॥
ਛਾਦਨੁ ਭੋਜਨੁ ਮਾਗਤੁ ਭਾਗੈ ॥	چھادنُ بھوجنُ ماگتُ بھاگے ॥
ਖੁਧਿਆ ਦੁਸਟ ਜਲੈ ਦੁਖੁ ਆਗੈ ॥	کھُدھیا دُسٹ جلے دُکھُ آگے ॥
ਗੁਰਮਤਿ ਨਹੀ ਲੀਨੀ ਦੁਰਮਤਿ ਪਤਿ ਖੋਈ ॥	گُرمتِ نہی لِینی دُرمتِ پتِ کھوئی ॥
ਗੁਰਮਤਿ ਭਗਤਿ ਪਾਵੈ ਜਨੁ ਕੋਈ ॥੧॥	گُرمتِ بھگتِ پاوے جنُ کوئی ॥1॥
ਜੋਗੀ ਜੁਗਤਿ ਸਹਜ ਘਰਿ ਵਾਸੈ ॥	جوگی جُگتِ سہج گھرِ واسے ॥
ਏਕ ਦ੍ਰਿਸਟਿ ਏਕੋ ਕਰਿ ਦੇਖਿਆ ਭੀਖਿਆ ਭਾਇ ਸਬਦਿ ਤ੍ਰਿਪਤਾਸੈ ॥੧॥ ਰਹਾਉ ॥	ایک دِرسٹِ ایکو کرِ دیکھیا بھیکھیا بھاءِ سبدِ ترِپتاسے ॥1॥ رہاءُ ॥
ਪੰਚ ਬੈਲ ਗਡੀਆ ਦੇਹ ਧਾਰੀ ॥	پنچ بیَل گڈیا دیہ دھاری ॥
ਰਾਮ ਕਲਾ ਨਿਬਹੈ ਪਤਿ ਸਾਰੀ ॥	رام کلا نِبہے پتِ ساری ॥
ਧਰ ਤੂਟੀ ਗਾਡੋ ਸਿਰ ਭਾਰਿ ॥	دھر توٹی گاڈو سِر بھارِ ॥
ਲਕਰੀ ਬਿਖਰਿ ਜਰੀ ਮੰਝ ਭਾਰਿ ॥੨॥	لکری بِکھرِ جری منجھ بھارِ ॥2॥
ਗੁਰ ਕਾ ਸਬਦੁ ਵੀਚਾਰਿ ਜੋਗੀ ॥	گُر کا سبدُ ویچارِ جوگی ۔ ॥
ਦੁਖੁ ਸੁਖੁ ਸਮ ਕਰਣਾ ਸੋਗ ਬਿਓਗੀ ॥	دُکھُ سُکھُ سم کرنا سوگ بِئوگی ॥
ਭੁਗਤਿ ਨਾਮੁ ਗੁਰ ਸਬਦਿ ਬੀਚਾਰੀ ॥	بھُگتِ نامُ گُر سبدِ بیچاری ॥
ਅਸਥਿਰੁ ਕੰਧੁ ਜਪੈ ਨਿਰੰਕਾਰੀ ॥੩॥	استھِرُ کندھُ جپے نِرنکاری ॥3॥
ਸਹਜ ਜਗੋਟਾ ਬੰਧਨ ਤੇ ਛੂਟਾ ॥	سہج جگوٹا بندھن تے چھوٹا ॥
ਕਾਮੁ ਕ੍ਰੋਧੁ ਗੁਰ ਸਬਦੀ ਲੂਟਾ ॥	کامُ کرودھُ گُر سبدی لوٹا ॥
ਮਨ ਮਹਿ ਮੁੰਦ੍ਰਾ ਹਰਿ ਗੁਰ ਸਰਣਾ ॥	من مہِ مُندّرا ہرِ گُر سرٹا ॥
ਨਾਨਕ ਰਾਮ ਭਗਤਿ ਜਨ ਤਰਣਾ ॥੪॥੧੧॥	نانک رام بھگتِ جن ترٹا ॥4॥ 11 ॥
੧ੴ ਸਤਿਗੁਰ ਪ੍ਰਸਾਦਿ ॥	۱ۅ ستِگُر پرسادِ ॥
ਰਾਮਕਲੀ ਮਹਲਾ ੩ ਘਰੁ ੧ ॥	رامکلی محلا 3 گھرُ 1 ॥
ਸਤਜੁਗਿ ਸਚੁ ਕਹੈ ਸਭੁ ਕੋਈ ॥	ستجُگِ سچُ کہے سبھُ کوئی ॥

ਘਰਿ ਘਰਿ ਭਗਤਿ ਗੁਰਮੁਖਿ ਹੋਈ ॥	گھرِ گھرِ بھگتِ گُرمُکھِ ہوئی ॥
ਸਤਜੁਗਿ ਧਰਮੁ ਪੈਰ ਹੈ ਚਾਰਿ ॥	ستجُگِ دھرمُ پیَر ہے چارِ ॥
ਗੁਰਮੁਖਿ ਬੂਝੈ ਕੋ ਬੀਚਾਰਿ ॥੧॥	گُرمُکھِ بُوجھےَ کو بیچارِ ॥1॥
ਜੁਗ ਚਾਰੇ ਨਾਮਿ ਵਡਿਆਈ ਹੋਈ ॥	جُگ چارے نامِ وڈِیائی ہوئی ॥
ਜਿ ਨਾਮਿ ਲਾਗੈ ਸੋ ਮੁਕਤਿ ਹੋਵੈ ਗੁਰ ਬਿਨੁ ਨਾਮੁ ਨ ਪਾਵੈ ਕੋਈ ॥੧॥ ਰਹਾਉ ॥	جِ نامِ لاگےَ سو مُکتِ ہووے گُر بِنُ نامُ ن پاوےَ کوئی ॥1॥ رہاءُ ॥
ਤ੍ਰੈਤੈ ਇਕ ਕਲ ਕੀਨੀ ਦੂਰਿ ॥	ترّیتےَ اِک کل کِینی دوُرِ ॥
ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ ॥	پاکھنڈُ ورتیا ہرِ جانّنِ دوُرِ ॥
ਗੁਰਮੁਖਿ ਬੂਝੈ ਸੋਝੀ ਹੋਈ ॥	گُرمُکھِ بُوجھےَ سوجھی ہوئی ॥
ਅੰਤਰਿ ਨਾਮੁ ਵਸੈ ਸੁਖੁ ਹੋਈ ॥੨॥	انترِ نامُ وسےَ سُکھُ ہوئی ॥2॥
ਦੁਆਪਰਿ ਦੂਜੈ ਦੁਬਿਧਾ ਹੋਇ ॥	دُیاپرِ دوُجےَ دُبِدھا ہوءِ ॥
ਭਰਮਿ ਭੁਲਾਨੇ ਜਾਣਹਿ ਦੋਇ ॥	بھرمِ بھُلانے جانّہِ دوءِ ॥
ਦੁਆਪੁਰਿ ਧਰਮਿ ਦੁਇ ਪੈਰ ਰਖਾਏ ॥	دُیاپُر دھرمِ دُءِ پیَر رکھائے ॥
ਗੁਰਮੁਖਿ ਹੋਵੈ ਤ ਨਾਮੁ ਦ੍ਰਿੜਾਏ ॥੩॥	گُرمُکھِ ہووےَ ت نامُ دّرِڑائے ॥3॥
ਕਲਜੁਗਿ ਧਰਮ ਕਲਾ ਇਕ ਰਹਾਏ ॥	کلجُگِ دھرم کلا اِک رہائے ॥
ਇਕ ਪੈਰਿ ਚਲੈ ਮਾਇਆ ਮੋਹੁ ਵਧਾਏ ॥	اِک پیَرِ چلےَ مائیا موہُ ودھائے ॥
ਮਾਇਆ ਮੋਹੁ ਅਤਿ ਗੁਬਾਰੁ ॥	مائیا موہُ اتِ غُبارُ ॥
ਸਤਗੁਰੁ ਭੇਟੈ ਨਾਮਿ ਉਧਾਰੁ ॥੪॥	ستگُرُ بھیٹے نامِ اُدھارُ ॥4॥
ਸਭ ਜੁਗ ਮਹਿ ਸਾਚਾ ਏਕੋ ਸੋਈ ॥	سبھ جُگ مہِ ساچا ایکو سوئی ॥
ਸਭ ਮਹਿ ਸਚੁ ਦੂਜਾ ਨਹੀ ਕੋਈ ॥	سبھ مہِ سچُ دوُجا نہی کوئی ॥
ਸਾਚੀ ਕੀਰਤਿ ਸਚੁ ਸੁਖੁ ਹੋਈ ॥	ساچی کِیرتِ سچُ سُکھُ ہوئی ॥
ਗੁਰਮੁਖਿ ਨਾਮੁ ਵਖਾਣੈ ਕੋਈ ॥੫॥	گُرمُکھِ نامُ وکھاّئے کوئی ॥5॥
ਸਭ ਜੁਗ ਮਹਿ ਨਾਮੁ ਉਤਮੁ ਹੋਈ ॥	سبھ جُگ مہِ نامُ اوُتمُ ہوئی ॥

ਗੁਰਮੁਖਿ ਵਿਰਲਾ ਬੂਝै ਕੋਈ ॥
ہرِ نامُ دھیائے بھگتُ جنُ سوئی ॥

ਹਰਿ ਨਾਮੁ ਧਿਆਏ ਭਗਤੁ ਜਨੁ ਸੋਈ ॥
نانک جُگِ جُگِ نامِ وڈِیائی ہوئی ॥6॥1॥

ਨਾਨਕ ਜੁਗਿ ਜੁਗਿ ਨਾਮਿ ਵਡਿਆਈ ਹੋਈ ॥੬॥੧॥

ਰਾਮਕਲੀ ਮਹਲਾ ੪ ਘਰੁ ੧
رامکلی محلا 4 گھرُ 1

ੴ ਸਤਿਗੁਰ ਪ੍ਰਸਾਦਿ ॥
ੴ ستِگُر پرّسادِ ॥

ਜੇ ਵਡ ਭਾਗ ਹੋਵਹਿ ਵਡਭਾਗੀ
ਤਾ ਹਰਿ ਹਰਿ ਨਾਮੁ ਧਿਆਵੈ ॥
جے وڈ بھاگ ہووہِ وڈبھاگی
تا ہرِ ہرِ نامُ دھیاوے ॥

ਨਾਮੁ ਜਪਤ ਨਾਮੇ ਸੁਖੁ ਪਾਵै
ਹਰਿ ਨਾਮੇ ਨਾਮਿ ਸਮਾਵै ॥੧॥
نامُ جپت نامے سُکھُ پاوے
ہرِ نامے نامِ سماوے ॥1॥

ਗੁਰਮੁਖਿ ਭਗਤਿ ਕਰਹੁ ਸਦ ਪ੍ਰਾਣੀ ॥
گُرمُکھِ بھگتِ کرہُ سد پرّانٹی ۔ ॥

ਹਿਰਦै ਪ੍ਰਗਾਸੁ ਹੋਵै ਲਿਵ ਲਾਗੈ
ਗੁਰਮਤਿ ਹਰਿ ਹਰਿ ਨਾਮਿ ਸਮਾਣੀ ॥੧॥ ਰਹਾਉ ॥
ہِردے پرّگاسُ ہووے لِو لاگے
گُرمتِ ہرِ ہرِ نامِ سمانٹی ॥1॥ رہاءُ ॥

ਹੀਰਾ ਰਤਨ ਜਵੇਹਰ ਮਾਣਕ
ਬਹੁ ਸਾਗਰ ਭਰਪੂਰੁ ਕੀਆ ॥
ہیرا رتن جویہر مانٹک
بہُ ساگر بھرپوُرُ کیِیا ॥

ਜਿਸੁ ਵਡ ਭਾਗੁ ਹੋਵै ਵਡ ਮਸਤਕਿ
ਤਿਨਿ ਗੁਰਮਤਿ ਕਢਿ ਕਢਿ ਲੀਆ ॥੨॥
جِسُ وڈ بھاگُ ہووے وڈ مستکِ
تِنِ گُرمتِ کڈھِ کڈھِ لِیِیا ॥2॥

ਰਤਨੁ ਜਵੇਹਰੁ ਲਾਲੁ ਹਰਿ ਨਾਮਾ
ਗੁਰਿ ਕਾਢਿ ਤਲੀ ਦਿਖਲਾਇਆ ॥
رتنُ جویہرُ لالُ ہرِ نامًا
گُرِ کاڈھِ تلی دِکھلائِیا ॥

ਭਾਗਹੀਣ ਮਨਮੁਖਿ ਨਹੀ ਲੀਆ
ਤ੍ਰਿਣ ਓਲै ਲਾਖੁ ਛਪਾਇਆ ॥੩॥
بھاگہیِنٹ منمُکھِ نہی لِیِیا
ترِنٹ اولے لاکھُ چھپائِیا ॥3॥

ਮਸਤਕਿ ਭਾਗੁ ਹੋਵै ਧੁਰਿ ਲਿਖਿਆ
ਤਾ ਸਤਗੁਰੁ ਸੇਵਾ ਲਾਏ ॥
مستکِ بھاگُ ہووے دھُرِ لِکھیا
تا ستگُرُ سیوا لائے ॥

ਨਾਨਕ ਰਤਨ ਜਵੇਹਰ ਪਾਵै
ਧਨੁ ਧਨੁ ਗੁਰਮਤਿ ਹਰਿ ਪਾਏ ॥੪॥੧॥
نانک رتن جویہر پاوے
دھنُ دھنُ گُرمتِ ہرِ پائے ॥4॥1॥

ਰਾਮਕਲੀ ਮਹਲਾ ੪ ॥

رامکلی محلا 4 ॥

ਰਾਮ ਜਨਾ ਮਿਲਿ ਭਇਆ ਅਨੰਦਾ
ਹਰਿ ਨੀਕੀ ਕਥਾ ਸੁਨਾਇ ॥

رام جنا مِلِ بھئیا انندا
ہرِ نیکی کتھا سُناءِ ॥

ਦੁਰਮਤਿ ਮੈਲੁ ਗਈ ਸਭ ਨੀਕਲਿ
ਸਤਸੰਗਤਿ ਮਿਲਿ ਬੁਧਿ ਪਾਇ ॥੧॥

دُرمتِ میَلُ گئی سبھ نِیکلِ
ستسنگتِ مِلِ بُدھِ پاءِ ॥1॥

ਰਾਮ ਜਨ ਗੁਰਮਤਿ ਰਾਮੁ ਬੋਲਾਇ ॥

رام جن گُرمتِ رامُ بولاءِ ॥

ਜੋ ਜੋ ਸੁਣੈ ਕਹੈ ਸੋ ਮੁਕਤਾ
ਰਾਮ ਜਪਤ ਸੋਹਾਇ ॥੧॥ ਰਹਾਉ ॥

جو جو سُنے کہے سو مُکتا
رام جپت سوہاءِ ॥1॥ رہاءُ ॥

ਜੇ ਵਡ ਭਾਗ ਹੋਵਹਿ ਮੁਖਿ ਮਸਤਕਿ
ਹਰਿ ਰਾਮ ਜਨਾ ਭੇਟਾਇ ॥

جے وڈ بھاگ ہووہِ مُکھِ مستکِ
ہرِ رام جنا بھیٹاءِ ॥

ਦਰਸਨੁ ਸੰਤ ਦੇਹੁ ਕਰਿ ਕਿਰਪਾ
ਸਭੁ ਦਾਲਦੁ ਦੁਖੁ ਲਹਿ ਜਾਇ ॥੨॥

درسنُ سنّت دیہُ کرِ کِرپا
سبھُ دالدُ دُکھُ لہِ جاءِ ॥2॥

ਹਰਿ ਕੇ ਲੋਗ ਰਾਮ ਜਨ ਨੀਕੇ
ਭਾਗਹੀਣ ਨ ਸੁਖਾਇ ॥

ہرِ کے لوگ رام جن نِیکے
بھاگہیِنْ ن سُکھاءِ ॥

ਜਿਉ ਜਿਉ ਰਾਮ ਕਹਹਿ ਜਨ ਊਚੇ
ਨਰ ਨਿੰਦਕ ਡੰਸੁ ਲਗਾਇ ॥੩॥

جِءُ جِءُ رام کہہِ جن اوُچے
نر نِنْدک ڈنْسُ لگاءِ ॥3॥

ਧ੍ਰਿਗੁ ਧ੍ਰਿਗੁ ਨਰ ਨਿੰਦਕ ਜਿਨ ਜਨ ਨਹੀ ਭਾਏ
ਹਰਿ ਕੇ ਸਖਾ ਸਖਾਇ ॥

دھرِگُ دھرِگُ نر نِنْدک جِن جن نہی بھائے
ہرِ کے سکھا سکھاءِ ॥

ਸੇ ਹਰਿ ਕੇ ਚੋਰ ਵੇਮੁਖ ਮੁਖ ਕਾਲੇ
ਜਿਨ ਗੁਰ ਕੀ ਪੈਜ ਨ ਭਾਇ ॥੪॥

سے ہرِ کے چور ویمُکھ مُکھ کالے
جِن گُر کی پیَج ن بھاءِ ॥4॥

ਦਇਆ ਦਇਆ ਕਰਿ ਰਾਖਹੁ ਹਰਿ ਜੀਉ
ਹਮ ਦੀਨ ਤੇਰੀ ਸਰਣਾਇ ॥

دئیا دئیا کرِ راکھُ ہرِ جیِءُ
ہم دِین تیری سرٹاءِ ॥

ਹਮ ਬਾਰਿਕ ਤੁਮ ਪਿਤਾ ਪ੍ਰਭ ਮੇਰੇ
ਜਨ ਨਾਨਕ ਬਖਸਿ ਮਿਲਾਇ ॥੫॥੨॥

ہم بارِک تُم پِتا پربھ میرے
جن نانک بخشِ مِلاءِ ॥5॥2॥

ਰਾਮਕਲੀ ਮਹਲਾ ੪ ॥

رامکلی محلا 4 ॥

ਹਰਿ ਕੇ ਸਖਾ ਸਾਧ ਜਨ ਨੀਕੇ
ਤਿਨ ਊਪਰਿ ਹਾਥੁ ਵਤਾਵੈ ॥

ہرِ کے سکھا سادھ جن نِیکے
تِن اوُپرِ ہاتھُ وتاوےَ ॥

ਗੁਰਮੁਖਿ ਸਾਧ ਸੇਈ ਪ੍ਰਭ ਭਾਏ
ਕਰਿ ਕਿਰਪਾ ਆਪਿ ਮਿਲਾਵੈ ॥੧॥

گُرمُکھِ سادھ سیئی پ٘ربھ بھائے
کرِ کِرپا آپِ مِلاوےَ ॥1॥

ਰਾਮ ਮੋ ਕਉ ਹਰਿ ਜਨ ਮੇਲਿ
ਮਨਿ ਭਾਵੈ ॥

رام موکءُ ہرِ جن میلِ
منِ بھاوےَ ॥

ਅਮਿਉ ਅਮਿਉ ਹਰਿ ਰਸੁ ਹੈ ਮੀਠਾ
ਮਿਲਿ ਸੰਤ ਜਨਾ ਮੁਖਿ ਪਾਵੈ ॥੧॥ ਰਹਾਉ ॥

امِءُ امِءُ ہرِ رسُ ہےَ میٹھا
مِلِ سنّت جنا مُکھِ پاوےَ ॥1॥ رہاءُ ॥

ਹਰਿ ਕੇ ਲੋਗ ਰਾਮ ਜਨ ਊਤਮ
ਮਿਲਿ ਊਤਮ ਪਦਵੀ ਪਾਵੈ ॥

ہرِ کے لوگ رام جن اوُتم
مِلِ اوُتم پدوی پاوےَ ॥

ਹਮ ਹੋਵਤ ਚੇਰੀ ਦਾਸ ਦਾਸਨ ਕੀ
ਮੇਰਾ ਠਾਕੁਰੁ ਖੁਸੀ ਕਰਾਵੈ ॥੨॥

ہم ہووت چیری داس داسن کی
میرا ٹھاکُرُ خُشی کراوےَ ॥2॥

ਸੇਵਕ ਜਨ ਸੇਵਹਿ ਸੇ ਵਡਭਾਗੀ
ਰਿਦ ਮਨਿ ਤਨਿ ਪ੍ਰੀਤਿ ਲਗਾਵੈ ॥

سیوک جن سیوہِ سے وڈبھاگی
رِد منِ تنِ پ٘ریتِ لگاوےَ ॥

ਬਿਨੁ ਪ੍ਰੀਤੀ ਕਰਹਿ ਬਹੁ ਬਾਤਾ
ਕੂੜੁ ਬੋਲਿ ਕੂੜੋ ਫਲੁ ਪਾਵੈ ॥੩॥

بِنُ پ٘ریتی کرہِ بہُ باتا
کوُڑُ بولِ کوُڑہ پھلُ پاوےَ ॥3॥

ਮੋ ਕਉ ਧਾਰਿ ਕ੍ਰਿਪਾ ਜਗਜੀਵਨ ਦਾਤੇ
ਹਰਿ ਸੰਤ ਪਗੀ ਲੇ ਪਾਵੈ ॥

موکءُ دھارِ کِرپا جگجیون داتے
ہرِ سنّت پگی لے پاوےَ ॥

ਹਉ ਕਾਟਉ ਕਾਟਿ ਬਾਢਿ ਸਿਰੁ ਰਾਖਉ
ਜਿਤੁ ਨਾਨਕ ਸੰਤੁ ਚੜਿ ਆਵੈ ॥੪॥੩॥

ہءُ کاٹءُ کاٹِ باڈھِ سِرُ راکھءُ
جِتُ نانک سنّتُ چڑِ آوےَ ॥4॥3॥

ਰਾਮਕਲੀ ਮਹਲਾ ੪ ॥

رامکلی محلا 4 ॥

ਜੇ ਵਡ ਭਾਗ ਹੋਵਹਿ ਵਡ ਮੇਰੇ
ਜਨ ਮਿਲਦਿਆ ਢਿਲ ਨ ਲਾਈਐ ॥

جے وڈ بھاگ ہووہِ وڈ میرے
جن مِلدِیا ڈھِل ن لائیےَ ॥

ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੇ
ਵਡਭਾਗੀ ਤਿਤੁ ਨਾਵਾਈਐ ॥੧॥

ہرِ جن انم٘رت کُنٹ سر نِیکے
وڈبھاگی تِتُ ناوائیےَ ॥1॥

ਰਾਮ ਮੋ ਕਉ ਹਰਿ ਜਨ ਕਾਰੈ ਲਾਈਐ ॥

ہوُ پاٹی پکھا پیسؤ سنّت آگے
پگ مِلِ مِلِ دھوُرِ مُکھِ لائیئے ॥1॥ رہاءُ ॥

ਹਉ ਪਾਣੀ ਪਖਾ ਪੀਸਉ ਸੰਤ ਆਗੈ
ਪਗ ਮਲਿ ਮਲਿ ਧੂਰਿ ਮੁਖਿ ਲਾਈਐ ॥੧॥ ਰਹਾਉ ॥

ہرِ جن وڈے وڈے وڈ اوُچے
جو ستگُر میلِ مِلائیئے ॥

ਹਰਿ ਜਨ ਵਡੇ ਵਡੇ ਵਡ ਊਚੇ
ਜੋ ਸਤਗੁਰ ਮੇਲਿ ਮਿਲਾਈਐ ॥

ستگُر جیوڈُ اورُ ن کوئی
مِلِ ستگُر پُرکھ دھِیائیئے ॥2॥

ਸਤਗੁਰ ਜੇਵਡੁ ਅਵਰੁ ਨ ਕੋਈ
ਮਿਲਿ ਸਤਗੁਰ ਪੁਰਖ ਧਿਆਈਐ ॥੨॥

ستگُر سرنِ پرے تِن پائیا
میرے ٹھاکُر لاج رکھائیئے ॥

ਸਤਗੁਰ ਸਰਣਿ ਪਰੇ ਤਿਨ ਪਾਇਆ
ਮੇਰੇ ਠਾਕੁਰ ਲਾਜ ਰਖਾਈਐ ॥

اِکِ اپنئے سُیاءِ آءِ بہہِ گُر آگے
جِءُ بُگل سمادھِ لگائیئے ॥3॥

ਇਕਿ ਅਪਣੈ ਸੁਆਇ ਆਇ ਬਹਹਿ ਗੁਰ ਆਗੈ
ਜਿਉ ਬਗੁਲ ਸਮਾਧਿ ਲਗਾਈਐ ॥੩॥

بُگلا کاگ نِیچ کی سنگتِ
جاءِ کرنگ بِکھوُ مُکھِ لائیئے ॥

ਬਗੁਲਾ ਕਾਗ ਨੀਚ ਕੀ ਸੰਗਤਿ
ਜਾਇ ਕਰੰਗ ਬਿਖੂ ਮੁਖਿ ਲਾਈਐ ॥

نانک میلِ میلِ پربھ سنگتِ
مِلِ سنگتِ ہنّس کرائیئے ॥4॥4॥

ਨਾਨਕ ਮੇਲਿ ਮੇਲਿ ਪ੍ਰਭ ਸੰਗਤਿ
ਮਿਲਿ ਸੰਗਤਿ ਹੰਸੁ ਕਰਾਈਐ ॥੪॥੪॥

رامکلی محلا 4 ॥

ਰਾਮਕਲੀ ਮਹਲਾ ੪ ॥

ستگُر دئیا کرہُ ہرِ میلہُ
میرے پریتم پران ہرِ رائیا ॥

ਸਤਗੁਰ ਦਇਆ ਕਰਹੁ ਹਰਿ ਮੇਲਹੁ
ਮੇਰੇ ਪ੍ਰੀਤਮ ਪ੍ਰਾਣ ਹਰਿ ਰਾਇਆ ॥

ہم چیری ہوءِ لگہ گُر چرنی
جِنِ ہرِ پربھ مارگُ پنّھُ دِکھائیا ॥1॥

ਹਮ ਚੇਰੀ ਹੋਇ ਲਗਹ ਗੁਰ ਚਰਣੀ
ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਾਇਆ ॥੧॥

رام مے ہرِ ہرِ نامُ منِ بھائیا ॥

ਰਾਮ ਮੈ ਹਰਿ ਹਰਿ ਨਾਮੁ ਮਨਿ ਭਾਇਆ ॥

مے ہرِ بِنُ اورُ ن کوئی بیلی
میرا پِتا ماتا ہرِ سکھائیا ॥1॥ رہاءُ ॥

ਮੈ ਹਰਿ ਬਿਨੁ ਅਵਰੁ ਨ ਕੋਈ ਬੇਲੀ
ਮੇਰਾ ਪਿਤਾ ਮਾਤਾ ਹਰਿ ਸਖਾਇਆ ॥੧॥ ਰਹਾਉ ॥

میرے اِکُ کھِنُ پران ن رہہِ بِنُ پریتم
بِنُ دیکھے مرہِ میری مائیا ۔ ॥

ਮੇਰੇ ਇਕੁ ਖਿਨੁ ਪ੍ਰਾਨ ਨ ਰਹਹਿ ਬਿਨੁ ਪ੍ਰੀਤਮ
ਬਿਨੁ ਦੇਖੇ ਮਰਹਿ ਮੇਰੀ ਮਾਇਆ ॥

ਧਨੁ ਧਨੁ ਵਡ ਭਾਗ ਗੁਰ ਸਰਣੀ ਆਏ
ਹਰਿ ਗੁਰ ਮਿਲਿ ਦਰਸਨੁ ਪਾਇਆ ॥੨॥

دھنُ دھنُ وڈ بھاگ گُر سرنی آئے
ہرِ گُر مِلِ درسنُ پائیا ॥2॥

ਮੈ ਅਵਰੁ ਨ ਕੋਈ ਸੂਝੈ ਬੂਝੈ
ਮਨਿ ਹਰਿ ਜਪੁ ਜਪਉ ਜਪਾਇਆ ॥

مےَ اورُ ن کوئی سوُجھےَ بوُجھےَ
منِ ہرِ جپُ جپءُ جپائیا ॥

ਨਾਮਹੀਣ ਫਿਰਹਿ ਸੇ ਨਕਟੇ
ਤਿਨ ਘਸਿ ਘਸਿ ਨਕ ਵਢਾਇਆ ॥੩॥

نامہیِنْ پھِرہِ سے نکٹے
تِن گھسِ گھسِ نک وڈھائیا ॥3॥

ਮੋ ਕਉ ਜਗਜੀਵਨ ਜੀਵਾਲਿ ਲੈ ਸੁਆਮੀ
ਰਿਦ ਅੰਤਰਿ ਨਾਮੁ ਵਸਾਇਆ ॥

موکءُ جگجیون جیوالِ لے سُیامی
رِد انترِ نامُ وسائیا ॥

ਨਾਨਕ ਗੁਰੂ ਗੁਰੂ ਹੈ ਪੂਰਾ
ਮਿਲਿ ਸਤਿਗੁਰ ਨਾਮੁ ਧਿਆਇਆ ॥੪॥੫॥

نانک گُرو گُرو ہےَ پوُرا
مِلِ ستِگُر نامُ دھِیائیا ॥4॥5॥

ਰਾਮਕਲੀ ਮਹਲਾ ੪ ॥

رامکلی محلا 4 ॥

ਸਤਗੁਰੁ ਦਾਤਾ ਵਡਾ ਵਡ ਪੁਰਖੁ ਹੈ
ਜਿਤੁ ਮਿਲਿਐ ਹਰਿ ਉਰ ਧਾਰੇ ॥

ستگُرُ داتا وڈا وڈ پُرکھُ ہےَ
جِتُ مِلِےَ ہرِ اُر دھارے ॥

ਜੀਅ ਦਾਨੁ ਗੁਰਿ ਪੂਰੈ ਦੀਆ
ਹਰਿ ਅੰਮ੍ਰਿਤ ਨਾਮੁ ਸਮਾਰੇ ॥੧॥

جیء دانُ گُرِ پوُرےَ دیِیا
ہرِ انمّرِت نامُ سمارے ॥1॥

ਰਾਮ ਗੁਰਿ ਹਰਿ ਹਰਿ ਨਾਮੁ ਕੰਠਿ ਧਾਰੇ ॥

رام گُرِ ہرِ ہرِ نامُ کنٹھِ دھارے ॥

ਗੁਰਮੁਖਿ ਕਥਾ ਸੁਣੀ ਮਨਿ ਭਾਈ
ਧਨੁ ਧਨੁ ਵਡ ਭਾਗ ਹਮਾਰੇ ॥੧॥ ਰਹਾਉ ॥

گُرمُکھِ کتھا سُنٹی منِ بھائی
دھنُ دھنُ وڈ بھاگ ہمارے ॥1॥ رہاءُ ॥

ਕੋਟਿ ਕੋਟਿ ਤੇਤੀਸ ਧਿਆਵਹਿ
ਤਾ ਕਾ ਅੰਤੁ ਨ ਪਾਵਹਿ ਪਾਰੇ ॥

کوٹِ کوٹِ تیتیِس دھِیاوہِ
تا کا انّتُ ن پاوہِ پارے ॥

ਹਿਰਦੈ ਕਾਮ ਕਾਮਨੀ ਮਾਗਹਿ
ਰਿਧਿ ਮਾਗਹਿ ਹਾਥੁ ਪਸਾਰੇ ॥੨॥

ہِردےَ کام کامنی ماگہِ
رِدھِ ماگہِ ہاتھُ پسارے ॥2॥

ਹਰਿ ਜਸੁ ਜਪਿ ਜਪੁ ਵਡਾ ਵਡੇਰਾ
ਗੁਰਮੁਖਿ ਰਖਉ ਉਰਿ ਧਾਰੇ ॥

ہرِ جسُ جپِ جپُ وڈا وڈیرا
گُرمُکھِ رکھءُ اُرِ دھارے ॥

ਜੇ ਵਡ ਭਾਗ ਹੋਵਹਿ ਤਾ ਜਪੀਐ

جے وڈ بھاگ ہووہِ تا جپیِےَ

ਹਰਿ ਭਉਜਲੁ ਪਾਰਿ ਉਤਾਰੇ ॥੩॥

ہرِ بھجُلُ پارِ اُتارے ॥3॥

ਹਰਿ ਜਨ ਨਿਕਟਿ ਨਿਕਟਿ ਹਰਿ ਜਨ ਹੈ
ਹਰਿ ਰਾਖੈ ਕੰਠਿ ਜਨ ਧਾਰੇ ॥

ہرِ جن نِکٹِ نِکٹِ ہرِ جن ہے
ہرِ راکھے کنٹھِ جن دھارے ॥

ਨਾਨਕ ਪਿਤਾ ਮਾਤਾ ਹੈ ਹਰਿ ਪ੍ਰਭੁ
ਹਮ ਬਾਰਿਕ ਹਰਿ ਪ੍ਰਤਿਪਾਰੇ ॥੪॥੬॥੧੮॥

نانک پِتا ماتا ہے ہرِ پربھُ
ہم بارِک ہرِ پرتپارے ॥4॥6॥ 18 ॥

ਰਾਗੁ ਰਾਮਕਲੀ ਮਹਲਾ ੫ ਘਰੁ ੧

راگُ رامکلی محلا 5 گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਕਿਰਪਾ ਕਰਹੁ ਦੀਨ ਕੇ ਦਾਤੇ
ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ ॥

کِرپا کرہُ دِین کے داتے
میرا گُنُ اوگُنُ ن بیچارہُ کوئی ॥

ਮਾਟੀ ਕਾ ਕਿਆ ਧੋਪੈ ਸੁਆਮੀ
ਮਾਣਸ ਕੀ ਗਤਿ ਏਹੀ ॥੧॥

ماٹی کا کِیا دھوپے سُیامی
ماٹس کی گتِ ایہی ॥1॥

ਮੇਰੇ ਮਨ ਸਤਿਗੁਰੁ ਸੇਵਿ ਸੁਖੁ ਹੋਈ ॥

میرے من ستِگُرُ سیوِ سُکھُ ہوئی ॥

ਜੋ ਇਛਹੁ ਸੋਈ ਫਲੁ ਪਾਵਹੁ
ਫਿਰਿ ਦੂਖੁ ਨ ਵਿਆਪੈ ਕੋਈ ॥੧॥ ਰਹਾਉ ॥

جو اِچھہُ سوئی پھلُ پاوہُ
پھِرِ دوُکھُ ن وِیاپے کوئی ॥1॥ رہاءُ ॥

ਕਾਚੇ ਭਾਡੇ ਸਾਜਿ ਨਿਵਾਜੇ
ਅੰਤਰਿ ਜੋਤਿ ਸਮਾਈ ॥

کاچے بھاڈے ساجِ نِوازے
انترِ جوتِ سمائی ॥

ਜੈਸਾ ਲਿਖਤੁ ਲਿਖਿਆ ਧੁਰਿ ਕਰਤੈ
ਹਮ ਤੈਸੀ ਕਿਰਤਿ ਕਮਾਈ ॥੨॥

جیَسا لِکھتُ لِکھیا دھُرِ کرتے
ہم تیَسی کِرتِ کمائی ॥2॥

ਮਨੁ ਤਨੁ ਥਾਪਿ ਕੀਆ ਸਭੁ ਅਪਨਾ
ਏਹੋ ਆਵਣ ਜਾਣਾ ॥

منُ تنُ تھاپِ کِیا سبھُ اپنا
ایہو آونُ جاٹا ॥

ਜਿਨਿ ਦੀਆ ਸੋ ਚਿਤਿ ਨ ਆਵੈ
ਮੋਹਿ ਅੰਧੁ ਲਪਟਾਣਾ ॥੩॥

جِنِ دِیِیا سو چِتِ ن آوے
موہِ اندھُ لپٹاٹا ॥3॥

ਜਿਨਿ ਕੀਆ ਸੋਈ ਪ੍ਰਭੁ ਜਾਣੈ
ਹਰਿ ਕਾ ਮਹਲੁ ਅਪਾਰਾ ॥

جِنِ کِیِیا سوئی پربھُ جانے
ہرِ کا محلُ اپارا ॥

ਭਗਤਿ ਕਰੀ ਹਰਿ ਕੇ ਗੁਣ ਗਾਵਾ

بھگتِ کری ہرِ کے گُنُ گاوا

ਨਾਨਕ ਦਾਸੁ ਤੁਮਾਰਾ ॥੪॥੧॥

نانک داسُ تُمارا ॥4॥1॥

ਰਾਮਕਲੀ ਮਹਲਾ ੫ ॥

رامکلی محلا 5 ॥

ਪਵਹੁ ਚਰਣਾ ਤਲਿ ਊਪਰਿ ਆਵਹੁ
ਐਸੀ ਸੇਵ ਕਮਾਵਹੁ ॥

پوہُ چرناں تلِ اوُپرِ آوہُ
ایَسی سیو کماوہُ ॥

ਆਪਸ ਤੇ ਊਪਰਿ ਸਭ ਜਾਣਹੁ
ਤਉ ਦਰਗਹ ਸੁਖੁ ਪਾਵਹੁ ॥੧॥

آپس تے اوُپرِ سبھ جاٹہُ
تءُ درگہ سُکھُ پاوہُ ॥1॥

ਸੰਤਹੁ ਐਸੀ ਕਥਹੁ ਕਹਾਣੀ ॥

سنّتہُ ایَسی کتھہُ کہاٹی ॥

ਸੁਰ ਪਵਿਤ੍ਰ ਨਰ ਦੇਵ ਪਵਿਤ੍ਰਾ
ਖਿਨੁ ਬੋਲਹੁ ਗੁਰਮੁਖਿ ਬਾਣੀ ॥੧॥ ਰਹਾਉ ॥

سُر پوِتّر نر دیو پوِتّرا
کھِنُ بولہُ گُرمُکھِ باٹی ॥1॥ رہاءُ ॥

ਪਰਪੰਚੁ ਛੋਡਿ ਸਹਜ ਘਰਿ ਬੈਸਹੁ
ਝੂਠਾ ਕਹਹੁ ਨ ਕੋਈ ॥

پرپنچُ چھوڈِ سہج گھرِ بیَسہُ
جھوُٹھا کہہُ ن کوئی ॥

ਸਤਿਗੁਰ ਮਿਲਹੁ ਨਵੈ ਨਿਧਿ ਪਾਵਹੁ
ਇਨ ਬਿਧਿ ਤਤੁ ਬਿਲੋਈ ॥੨॥

ستِگُر مِلہُ نوے نِدھِ پاوہُ
اِن بِدھِ تتُ بِلوئی ॥2॥

ਭਰਮੁ ਚੁਕਾਵਹੁ ਗੁਰਮੁਖਿ ਲਿਵ ਲਾਵਹੁ
ਆਤਮੁ ਚੀਨਹੁ ਭਾਈ ॥

بھرمُ چُکاوہُ گُرمُکھِ لِو لاوہُ
آتمُ چِینہُ بھائی ॥

ਨਿਕਟਿ ਕਰਿ ਜਾਣਹੁ ਸਦਾ ਪ੍ਰਭੁ ਹਾਜਰੁ
ਕਿਸੁ ਸਿਉ ਕਰਹੁ ਬੁਰਾਈ ॥੩॥

نِکٹِ کرِ جاٹہُ سدا پربھُ ہاجرُ
کِسُ سِءُ کرہُ بُرائی ۔ ॥3॥

ਸਤਿਗੁਰਿ ਮਿਲਿਐ ਮਾਰਗੁ ਮੁਕਤਾ
ਸਹਜੇ ਮਿਲੇ ਸੁਆਮੀ ॥

ستِگُرِ مِلےَ مارگُ مُکتا
سہجے مِلے سُیامی ॥

ਧਨੁ ਧਨੁ ਸੇ ਜਨ ਜਿਨੀ ਕਲਿ ਮਹਿ ਹਰਿ ਪਾਇਆ
ਜਨ ਨਾਨਕ ਸਦ ਕੁਰਬਾਨੀ ॥੪॥੨॥

دھنُ دھنُ سے جن جِنی کلِ مہِ ہرِ پائیا
جن نانک سد قُربانی ॥4॥2॥

ਰਾਮਕਲੀ ਮਹਲਾ ੫ ॥

رامکلی محلا 5 ॥

ਆਵਤ ਹਰਖ 'ਨ' ਜਾਵਤ ਦੂਖਾ
ਨਹ ਬਿਆਪੈ ਮਨ ਰੋਗਨੀ ॥

آوت ہرکھ ن جاوت دوُکھا
نہ بِیاپے من روگنی ॥

ਸਦਾ ਅਨੰਦੁ ਗੁਰੁ ਪੂਰਾ ਪਾਇਆ

سدا انندُ گُرُ پوُرا پائیا

ਤਉ ਉਤਰੀ ਸਗਲ ਬਿਓਗਨੀ ॥੧॥	ت ءُ اُتری سگل بِیوگنی ॥1॥
ਇਹ ਬਿਧਿ ਹੈ ਮਨੁ ਜੋਗਨੀ ॥	اِہ بِدھِ ہے منُ جوگنی ॥
ਮੋਹੁ ਸੋਗੁ ਰੋਗੁ ਲੋਗੁ ਨ ਬਿਆਪੈ ਤਹ ਹਰਿ ਹਰਿ ਹਰਿ ਰਸ ਭੋਗਨੀ ॥੧॥ ਰਹਾਉ ॥	موہُ سوگُ روگُ لوگُ ن بِیاپے تہ ہرِ ہرِ ہرِ رس بھوگنی ॥1॥ رہاءُ ॥
ਸੁਰਗ ਪਵਿਤ੍ਰਾ ਮਿਰਤ ਪਵਿਤ੍ਰਾ ਪਇਆਲ ਪਵਿਤ੍ਰ ਅਲੋਗਨੀ ॥	سُرگ پوِتّرا مِرت پوِتّرا پئیال پوِتّر الوگنی ॥
ਆਗਿਆਕਾਰੀ ਸਦਾ ਸੁਖੁ ਭੁੰਚੈ ਜਤ ਕਤ ਪੇਖਉ ਹਰਿ ਗੁਨੀ ॥੨॥	آگیاکاری سدا سُکھُ بھُنچّے جت کت پیکھ ءُ ہرِ گُنی ॥2॥
ਨਹ ਸਿਵ ਸਕਤੀ ਜਲੁ ਨਹੀ ਪਵਨਾ ਤਹ ਅਕਾਰੁ ਨਹੀ ਮੇਦਨੀ ॥	نہ سِو سکتی جلُ نہی پونا تہ اکارُ نہی میدنی ॥
ਸਤਿਗੁਰ ਜੋਗ ਕਾ ਤਹਾ ਨਿਵਾਸਾ ਜਹ ਅਵਿਗਤ ਨਾਥੁ ਅਗਮ ਧਨੀ ॥੩॥	ستِگُر جوگ کا تہا نِواسا جہ اوِگت ناتھُ اگم دھنی ॥3॥
ਤਨੁ ਮਨੁ ਹਰਿ ਕਾ ਧਨੁ ਸਭੁ ਹਰਿ ਕਾ ਹਰਿ ਕੇ ਗੁਣ ਹਉ ਕਿਆ ਗਨੀ ॥	تنُ منُ ہرِ کا دھنُ سبھُ ہرِ کا ہرِ کے گُنڑ ہءُ کِیا گنی ۔ ॥
ਕਹੁ ਨਾਨਕ ਹਮ ਤੁਮ ਗੁਰਿ ਖੋਈ ਹੈ ਅੰਭੈ ਅੰਭੁ ਮਿਲੋਗਨੀ ॥੪॥੩॥	کہُ نانک ہم تُم گُرِ کھوئی ہے انبھے انبھُ مِلوگنی ॥4॥3॥
ਰਾਮਕਲੀ ਮਹਲਾ ੫ ॥	رامکلی محلا 5 ॥
ਤ੍ਰੈ ਗੁਣ ਰਹਤ ਰਹੈ ਨਿਰਾਰੀ ਸਾਧਿਕ ਸਿਧ ਨ ਜਾਨੈ ॥	تّرے گُڑ رہت رہے نِراری سادھک سِدھ ن جانے ॥
ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ ॥੧॥	رتن کوٹھڑی انمّرِت سنپُورن ستِگُر کے خزانے ॥1॥
ਅਚਰਜੁ ਕਿਛੁ ਕਹਣੁ ਨ ਜਾਈ ॥	اچرجُ کِچھُ کہنُڑ ن جائی ॥
ਬਸਤੁ ਅਗੋਚਰ ਭਾਈ ॥੧॥ ਰਹਾਉ ॥	بستُ اگوچر بھائی ۔ ॥1॥ رہاءُ ॥
ਮੋਲੁ ਨਾਹੀ ਕਛੁ ਕਰਣੈ ਜੋਗਾ ਕਿਆ ਕੋ ਕਹੈ ਸੁਣਾਵੈ ॥	مولُ ناہی کچھُ کرنّے جوگا کِیا کو کہے سُنّاوے ۔ ॥

ਕਥਨ ਕਹਣ ਕਉ ਸੋਝੀ ਨਾਹੀ
ਜੋ ਪੇਖੈ ਤਿਸੁ ਬਣਿ ਆਵੈ ॥੨॥

کتھن کہنڑ ک ءُ سوجھی ناہی
جو پیکھے تِس بنِ آوے ॥2॥

ਸੋਈ ਜਾਣੈ ਕਰਣੈਹਾਰਾ
ਕੀਤਾ ਕਿਆ ਬੇਚਾਰਾ ॥

سوئی جانے کرنیہارا
کِیتا کِیا بیچارا ۔ ॥

ਆਪਣੀ ਗਤਿ ਮਿਤਿ ਆਪੇ ਜਾਣੈ
ਹਰਿ ਆਪੇ ਪੂਰ ਭੰਡਾਰਾ ॥੩॥

آپنی گتِ مِتِ آپے جانے
ہرِ آپے پُور بھنڈارا ॥3॥

ਐਸਾ ਰਸੁ ਅੰਮ੍ਰਿਤੁ ਮਨਿ ਚਾਖਿਆ
ਤ੍ਰਿਪਤਿ ਰਹੇ ਆਘਾਈ ॥

ایَسا رسُ انمرِتُ منِ چاکھیا
ترِپتِ رہے اگھائی ॥

ਕਹੁ ਨਾਨਕ ਮੇਰੀ ਆਸਾ ਪੂਰੀ
ਸਤਿਗੁਰ ਕੀ ਸਰਣਾਈ ॥੪॥੪॥

کہ نانک میری آسا پُوری
ستِگُر کی سرنائی ॥4॥4॥

ਰਾਮਕਲੀ ਮਹਲਾ ੫ ॥

رامکلی محلا 5 ॥

ਅੰਗੀਕਾਰ ਕੀਆ ਪ੍ਰਭਿ ਅਪਨੈ
ਬੈਰੀ ਸਗਲੇ ਸਾਧੇ ॥

انگیکار کیا پربھِ اپنے
بیَری سگلے سادھے ॥

ਜਿਨਿ ਬੈਰੀ ਹੈ ਇਹੁ ਜਗੁ ਲੂਟਿਆ
ਤੇ ਬੈਰੀ ਲੈ ਬਾਧੇ ॥੧॥

جِنِ بیَری ہے اِہُ جگُ لوُٹیا
تے بیَری لے بادھے ॥1॥

ਸਤਿਗੁਰੁ ਪਰਮੇਸਰੁ ਮੇਰਾ ॥

ستِگُرُ پریمسرُ میرا ॥

ਅਨਿਕ ਰਾਜ ਭੋਗ ਰਸ ਮਾਣੀ
ਨਾਉ ਜਪੀ ਭਰਵਾਸਾ ਤੇਰਾ ॥੧॥ ਰਹਾਉ ॥

انِک راج بھوگ رس ماٹی
ناءُ جپی بھرواسا تیرا ॥1॥ رہاءُ ॥

ਚੀਤਿ ਨ ਆਵਸਿ ਦੂਜੀ ਬਾਤਾ
ਸਿਰ ਊਪਰਿ ਰਖਵਾਰਾ ॥

چیتِ ن آوسِ دوُجی باتا
سِر اوُپرِ رکھوارا ॥

ਬੇਪਰਵਾਹੁ ਰਹਤ ਹੈ ਸੁਆਮੀ
ਇਕ ਨਾਮ ਕੈ ਅਧਾਰਾ ॥੨॥

بیپرواہُ رہت ہے سُیامی
اِک نام کے ادھارا ॥2॥

ਪੂਰਨ ਹੋਇ ਮਿਲਿਓ ਸੁਖਦਾਈ
ਊਨ ਨ ਕਾਈ ਬਾਤਾ ॥

پوُرن ہوءِ مِلیئو سُکھدائی
اوُن ن کائی باتا ॥

ਤਤੁ ਸਾਰੁ ਪਰਮ ਪਦੁ ਪਾਇਆ

تتُ سارُ پرم پدُ پائیا

ਛੋਡਿ ਨ ਕਤਹੂ ਜਾਤਾ ॥੩॥

چھوڈِ ن کتہُو جاتا ॥3॥

ਬਰਨਿ ਨ ਸਾਕਉ ਜੈਸਾ ਤੂ ਹੈ
ਸਾਚੇ ਅਲਖ ਅਪਾਰਾ ॥

برنِ ن ساک ءُ جیَسا توُ ہے
ساچے الکھ اپارا ۔ ॥

ਅਤੁਲ ਅਥਾਹ ਅਡੋਲ ਸੁਆਮੀ
ਨਾਨਕ ਖਸਮੁ ਹਮਾਰਾ ॥੪॥੫॥

اتُل اتھاہ اڈول سُیامی
نانک خصمُ ہمارا ॥4॥5॥

ਰਾਮਕਲੀ ਮਹਲਾ ੫ ॥

رامکلی محلا 5 ॥

ਤੂ ਦਾਨਾ ਤੂ ਅਬਿਚਲੁ ਤੂਹੀ
ਤੂ ਜਾਤਿ ਮੇਰੀ ਪਾਤੀ ॥

توُ دانا توُ اٮچلُ توُہی
توُ زاتِ میری پاتی ॥

ਤੂ ਅਡੋਲੁ ਕਦੇ ਡੋਲਹਿ ਨਾਹੀ
ਤਾ ਹਮ ਕੈਸੀ ਤਾਤੀ ॥੧॥

توُ اڈولُ کدے ڈولہِ ناہی
تا ہم کیَسی تاتی ۔ ॥1॥

ਏਕੈ ਏਕੈ ਏਕ ਤੂਹੀ ॥

ایکےَ ایکےَ ایک توُہی ॥

ਏਕੈ ਏਕੈ ਤੂ ਰਾਇਆ ॥

ایکےَ ایکےَ توُ رائیا ॥

ਤਉ ਕਿਰਪਾ ਤੇ ਸੁਖੁ ਪਾਇਆ ॥੧॥ ਰਹਾਉ ॥

ت ءُ کِرپا تے سُکھُ پائیا ॥1॥ رہاءُ ॥

ਤੂ ਸਾਗਰੁ ਹਮ ਹੰਸ ਤੁਮਾਰੇ
ਤੁਮ ਮਹਿ ਮਾਣਕ ਲਾਲਾ ॥

توُ ساگرُ ہم ہنَس تُمارے
تُم مہِ مانک لالا ॥

ਤੁਮ ਦੇਵਹੁ ਤਿਲੁ ਸੰਕ ਨ ਮਾਨਹੁ
ਹਮ ਭੁੰਚਹ ਸਦਾ ਨਿਹਾਲਾ ॥੨॥

تُم دیوہُ تِلُ سنک ن مانہُ
ہم بھُنچّہ سدا نِہالا ॥2॥

ਹਮ ਬਾਰਿਕ ਤੁਮ ਪਿਤਾ ਹਮਾਰੇ
ਤੁਮ ਮੁਖਿ ਦੇਵਹੁ ਖੀਰਾ ॥

ہم بارِک تُم پِتا ہمارے
تُم مُکھِ دیوہُ کھیِرا ॥

ਹਮ ਖੇਲਹ ਸਭਿ ਲਾਡ ਲਡਾਵਹ
ਤੁਮ ਸਦ ਗੁਣੀ ਗਹੀਰਾ ॥੩॥

ہم کھیلہ سبھِ لاڈ لڈاوہ
تُم سد گُنی گہیِرا ॥3॥

ਤੁਮ ਪੂਰਨ ਪੂਰਿ ਰਹੇ ਸੰਪੂਰਨ
ਹਮ ਭੀ ਸੰਗਿ ਅਘਾਏ ॥

تُم پوُرن پوُرِ رہے سنپّوُرن
ہم بھی سنگِ اگھائے ॥

ਮਿਲਤ ਮਿਲਤ ਮਿਲਤ ਮਿਲਿ ਰਹਿਆ
ਨਾਨਕ ਕਹਣੁ ਨ ਜਾਏ ॥੪॥੬॥

مِلت مِلت مِلت مِلِ رہِیا
نانک کہنُ ن جائے ॥4॥6॥

ਰਾਮਕਲੀ ਮਹਲਾ ੫ ॥

رامکلی محلا 5 ॥

ਕਰ ਕਰਿ ਤਾਲ ਪਖਾਵਜੁ ਨੈਨਹੁ
ਮਾਥੈ ਵਜਹਿ ਰਬਾਬਾ ॥

کر کرِ تال پکھاوجُ نینہٗ
ماتھےَ وجہِ ربابا ॥

ਕਰਨਹੁ ਮਧੁ ਬਾਸੁਰੀ ਬਾਜੈ
ਜਿਹਵਾ ਧੁਨਿ ਆਗਾਜਾ ॥

کرنہٗ مدھُ باسُری باجےَ
جِہوا دھُنِ آگاجا ॥

ਨਿਰਤਿ ਕਰੇ ਕਰਿ ਮਨੂਆ ਨਾਚੈ
ਆਣੇ ਘੂਘਰ ਸਾਜਾ ॥੧॥

نِرتِ کرے کرِ منوُیا ناچےَ
آنے گھوُگھر ساجا ॥1॥

ਰਾਮ ਕੋ ਨਿਰਤਿਕਾਰੀ ॥

رام کو نِرتِکاری ॥

ਪੇਖੈ ਪੇਖਨਹਾਰੁ ਦਇਆਲਾ
ਜੇਤਾ ਸਾਜੁ ਸੀਗਾਰੀ ॥੧॥ ਰਹਾਉ ॥

پیکھےَ پیکھنہارُ دیَیالا
جیتا ساجُ سیِگاری ॥1॥ رہاءُ ॥

ਆਖਾਰ ਮੰਡਲੀ ਧਰਣਿ ਸਬਾਈ
ਊਪਰਿ ਗਗਨੁ ਚੰਦੋਆ ॥

آکھار منڈلی دھرنِ سبائی
اوُپرِ گگنُ چندویا ॥

ਪਵਨੁ ਵਿਚੋਲਾ ਕਰਤ ਇਕੇਲਾ
ਜਲ ਤੇ ਓਪਤਿ ਹੋਆ ॥

پونُ وِچولا کرت اِکیلا
جل تے اوپتِ ہویا ॥

ਪੰਚ ਤਤੁ ਕਰਿ ਪੁਤਰਾ ਕੀਨਾ
ਕਿਰਤ ਮਿਲਾਵਾ ਹੋਆ ॥੨॥

پنّچ تتُ کرِ پُترا کِینا
کِرت مِلاوا ہویا ॥2॥

ਚੰਦੁ ਸੂਰਜੁ ਦੁਇ ਜਰੇ ਚਰਾਗਾ
ਚਹੁ ਕੁੰਟ ਭੀਤਰਿ ਰਾਖੇ ॥

چندُ سوُرجُ دُءِ جرے چراگا
چہُ کُنٹ بھیِترِ راکھے ॥

ਦਸ ਪਾਤਉ ਪੰਚ ਸੰਗੀਤਾ
ਏਕੈ ਭੀਤਰਿ ਸਾਥੇ ॥

دس پاتءُ پنّچ سنگیِتا
ایکےَ بھیِترِ ساتھے ॥

ਭਿੰਨ ਭਿੰਨ ਹੋਇ ਭਾਵ ਦਿਖਾਵਹਿ
ਸਭਹੁ ਨਿਰਾਰੀ ਭਾਖੇ ॥੩॥

بھِنّن بھِنّن ہوءِ بھاو دِکھاوہِ
سبھہٗ نِراری بھاکھے ॥3॥

ਘਰਿ ਘਰਿ ਨਿਰਤਿ ਹੋਵੈ ਦਿਨੁ ਰਾਤੀ
ਘਟਿ ਘਟਿ ਵਾਜੈ ਤੂਰਾ ॥

گھرِ گھرِ نِرتِ ہووےَ دِنُ راتی
گھٹِ گھٹِ واجےَ توُرا ॥

ਏਕਿ ਨਚਾਵਹਿ ਏਕਿ ਭਵਾਵਹਿ

ایکِ نچاوہِ ایکِ بھواوہِ

ਇਕਿ ਆਇ ਜਾਇ ਹੋਇ ਧੂਰਾ ॥

اِکِ آءِ جاءِ ہوءِ دھوُرا ॥

ਕਹੁ ਨਾਨਕ ਸੋ ਬਹੁਰਿ ਨ ਨਾਚੈ
ਜਿਸੁ ਗੁਰੁ ਭੇਟੈ ਪੂਰਾ ॥੪॥੭॥

کہُ نانک سو بہُرِ ن ناچےَ
جِسُ گُرُ بھیٹے پوُرا ॥4॥7॥

ਰਾਮਕਲੀ ਮਹਲਾ ੫ ॥

رامکلی محلا 5 ॥

ਓਅੰਕਾਰਿ ਏਕ ਧੁਨਿ ਏਕੈ
ਏਕੈ ਰਾਗੁ ਅਲਾਪੈ ॥

اوئنکارِ ایک دھُنِ ایکےَ
ایکےَ راگُ الاپےَ ॥

ਏਕਾ ਦੇਸੀ ਏਕੁ ਦਿਖਾਵੈ
ਏਕੋ ਰਹਿਆ ਬਿਆਪੈ ॥

ایکا دیسی ایکُ دِکھاوےَ
ایکو رہِیا بِیاپےَ ॥

ਏਕਾ ਸੁਰਤਿ ਏਕਾ ਹੀ ਸੇਵਾ
ਏਕੋ ਗੁਰ ਤੇ ਜਾਪੈ ॥੧॥

ایکا سُرتِ ایکا ہی سیوا
ایکو گُر تے جاپےَ ॥1॥

ਭਲੋ ਭਲੋ ਰੇ ਕੀਰਤਨੀਆ ॥

بھلو بھلو رے کیِرتنِیا ॥

ਰਾਮ ਰਮਾ ਰਾਮਾ ਗੁਨ ਗਾਉ ॥

رام رما راما گُن گاءُ ॥

ਛੋਡਿ ਮਾਇਆ ਕੇ ਧੰਧ ਸੁਆਉ ॥੧॥ ਰਹਾਉ ॥

چھوڈِ مائیا کے دھندھ سُیاءُ ॥1॥ رہاءُ ॥

ਪੰਚ ਬਜਿਤ੍ਰ ਕਰੇ ਸੰਤੋਖਾ
ਸਾਤ ਸੁਰਾ ਲੈ ਚਾਲੈ ॥

پنچ بجِتّر کرے سنتوکھا
سات سُرا لےَ چالےَ ॥

ਬਾਜਾ ਮਾਣੁ ਤਾਣੁ ਤਜਿ ਤਾਨਾ
ਪਾਉ ਨ ਬੀਗਾ ਘਾਲੈ ॥

باجا مانُ تانُ تجِ تانا
پاءُ ن بیِگا گھالےَ ॥

ਫੇਰੀ ਫੇਰੁ ਨ ਹੋਵੈ ਕਬ ਹੀ
ਏਕੁ ਸਬਦੁ ਬੰਧਿ ਪਾਲੈ ॥੨॥

پھیری پھیرُ ن ہووےَ کب ہی
ایکُ سبدُ بندھِ پالےَ ॥2॥

ਨਾਰਦੀ ਨਰਹਰ ਜਾਣਿ ਹਦੂਰੇ ॥

ناردی نرہر جانِ حدوُرے ॥

ਘੂੰਘਰ ਖੜਕੁ ਤਿਆਗਿ ਵਿਸੂਰੇ ॥

گھوُنگھر کھڑکُ تِیاگِ وِسوُرے ॥

ਸਹਜ ਅਨੰਦ ਦਿਖਾਵੈ ਭਾਵੈ ॥

سہج انند دِکھاوےَ بھاوےَ ॥

ਏਹੁ ਨਿਰਤਿਕਾਰੀ ਜਨਮਿ ਨ ਆਵੈ ॥੩॥

ایہُ نِرتِکاری جنمِ ن آوےَ ॥3॥

ਜੇ ਕੋ ਅਪਨੇ ਠਾਕੁਰ ਭਾਵੈ ॥

جے کو اپنے ٹھاکُر بھاوےَ ॥

ਕੋਟਿ ਮਧਿ ਏਹੁ ਕੀਰਤਨੁ ਗਾਵੈ ॥	کوٹِ مدھِ ایہُ کِیرتنُ گاوے ॥
ਸਾਧਸੰਗਤਿ ਕੀ ਜਾਵਉ ਟੇਕ ॥	سادھسنگتِ کی جاوءُ ٹیک ॥
ਕਹੁ ਨਾਨਕ ਤਿਸੁ ਕੀਰਤਨੁ ਏਕ ॥੪॥੮॥	کہُ نانک تِس کِیرتنُ ایک ॥4॥8॥
ਰਾਮਕਲੀ ਮਹਲਾ ੫ ॥	رامکلی محلا 5 ॥
ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥	کوئی بولے رام رام کوئی خُداءِ ॥
ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥	کوئی سیوے گُسئیا کوئی الاہِ ॥1॥
ਕਾਰਣ ਕਰਣ ਕਰੀਮ ॥	کارنٹ کرنٹ کریم ॥
ਕਿਰਪਾ ਧਾਰਿ ਰਹੀਮ ॥੧॥ ਰਹਾਉ ॥	کِرپا دھارِ رحیم ॥1॥ رہاءُ ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥	کوئی ناوے تیرتھِ کوئی ہج جاءِ ॥
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥	کوئی کرے پوُجا کوئی سِرُ نواءِ ॥2॥
ਕੋਈ ਪੜੈ ਬੇਦ ਕੋਈ ਕਤੇਬ ॥	کوئی پڑے بید کوئی کتیب ॥
ਕੋਈ ਓਢੈ ਨੀਲ ਕੋਈ ਸੁਪੇਦ ॥੩॥	کوئی اوڈھے نِیل کوئی سُپید ॥3॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥	کوئی کہے تُرکُ کوئی کہے ہِندوُ ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥	کوئی باچھے بِھست کوئی سُرگِندوُ ॥4॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥	کہُ نانک جِنِ حُکمُ پچھاتا ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥	پربھ صاحب کا تِنِ بھیدُ جاتا ॥5॥9॥
ਰਾਮਕਲੀ ਮਹਲਾ ੫ ॥	رامکلی محلا 5 ॥
ਪਵਨੈ ਮਹਿ ਪਵਨੁ ਸਮਾਇਆ ॥	پونے مہِ پونُ سمائیا ॥
ਜੋਤੀ ਮਹਿ ਜੋਤਿ ਰਲਿ ਜਾਇਆ ॥	جوتی مہِ جوتِ رلِ جائیا ॥
ਮਾਟੀ ਮਾਟੀ ਹੋਈ ਏਕ ॥	ماٹی ماٹی ہوئی ایک ۔ ॥
ਰੋਵਨਹਾਰੇ ਕੀ ਕਵਨ ਟੇਕ ॥੧॥	روونہارے کی کون ٹیک ۔ ॥1॥
ਕਉਨੁ ਮੂਆ ਰੇ ਕਉਨੁ ਮੂਆ ॥	کنُنُ موُیا رے کنُنُ موُیا ۔ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ	برہم گیانی مِلِ کرہُ بیچارا

ਇਹੁ ਤਉ ਚਲਤੁ ਭਇਆ ॥੧॥ ਰਹਾਉ ॥	اِہُ تءُ چلتُ بھئیا ॥1॥ رہاءُ ॥
ਅਗਲੀ ਕਿਛੁ ਖਬਰਿ ਨ ਪਾਈ ॥	اگلی کچھُ خبرِ ن پائی ॥
ਰੋਵਨਹਾਰੁ ਭਿ ਊਠਿ ਸਿਧਾਈ ॥	روونہارُ بھِ اوٹھِ سِدھائی ॥
ਭਰਮ ਮੋਹ ਕੇ ਬਾਂਧੇ ਬੰਧ ॥	بھرم موہ کے باندھے بندھ ॥
ਸੁਪਨੁ ਭਇਆ ਭਖਲਾਏ ਅੰਧ ॥੨॥	سُپنُ بھئیا بھکھلائے اندھ ॥2॥
ਇਹੁ ਤਉ ਰਚਨੁ ਰਚਿਆ ਕਰਤਾਰਿ ॥	اِہُ تءُ رچنُ رچیا کرتارِ ॥
ਆਵਤ ਜਾਵਤ ਹੁਕਮਿ ਅਪਾਰਿ ॥	آوت جاوت حُکمِ اپارِ ॥
ਨਹ ਕੋ ਮੂਆ ਨ ਮਰਣੈ ਜੋਗੁ ॥	نہ کو مؤیا ن مرنے جوگُ ॥
ਨਹ ਬਿਨਸੈ ਅਬਿਨਾਸੀ ਹੋਗੁ ॥੩॥	نہ بِنسے ابِناسی ہوگُ ॥3॥
ਜੋ ਇਹੁ ਜਾਣਹੁ ਸੋ ਇਹੁ ਨਾਹਿ ॥	جو اِہُ جانہُ سو اِہُ ناہِ ॥
ਜਾਨਣਹਾਰੇ ਕਉ ਬਲਿ ਜਾਉ ॥	جانہارے کءُ بلِ جاءُ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥	کہُ نانک گُرِ بھرمُ چُکائیا ॥
ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥	نا کوئی مرے ن آوے جائیا ॥4॥ 10 ॥
ਰਾਮਕਲੀ ਮਹਲਾ ੫ ॥	رامکلی محلا 5 ॥
ਜਪਿ ਗੋਬਿੰਦੁ ਗੋਪਾਲ ਲਾਲੁ ॥	جپِ گوبِندُ گوپال لالُ ॥
ਰਾਮ ਨਾਮ ਸਿਮਰਿ ਤੂ ਜੀਵਹਿ ਫਿਰਿ ਨ ਖਾਈ ਮਹਾ ਕਾਲੁ ॥੧॥ ਰਹਾਉ ॥	رام نام سِمرِ توُ جیوہِ پھِرِ ن کھائی مہا کالُ ॥1॥ رہاءُ ॥
ਕੋਟਿ ਜਨਮ ਭ੍ਰਮਿ ਭ੍ਰਮਿ ਆਇਓ ॥	کوٹِ جنم بھرمِ بھرمِ بھرمِ آئیو ॥
ਬਡੈ ਭਾਗਿ ਸਾਧਸੰਗੁ ਪਾਇਓ ॥੧॥	بڈے بھاگِ سادھسنگُ پائیو ॥1॥
ਬਿਨੁ ਗੁਰ ਪੂਰੇ ਨਾਹੀ ਉਧਾਰੁ ॥	بِنُ گُرپوُرے ناہی اُدھارُ ॥
ਬਾਬਾ ਨਾਨਕੁ ਆਖੈ ਏਹੁ ਬੀਚਾਰੁ ॥੨॥੧੧॥	بابا نانکُ آکھے ایہُ بیچارُ ॥2॥ 11 ॥
ਰਾਗੁ ਰਾਮਕਲੀ ਮਹਲਾ ੫ ਘਰੁ ੨	راگُ رامکلی محلا 5 گھرُ 2
ੴ ਸਤਿਗੁਰ ਪ੍ਰਸਾਦਿ ॥	۱ۅ ستِگُر پرسادِ ॥

ਚਾਰਿ ਪੁਕਾਰਹਿ ਨਾ ਤੂ ਮਾਨਹਿ ॥	چارِ پُکارہِ نا توُ مانہِ ॥
ਖਟੁ ਭੀ ਏਕਾ ਬਾਤ ਵਖਾਨਹਿ ॥	کھٹُ بھی ایکا بات وکھانہِ ॥
ਦਸ ਅਸਟੀ ਮਿਲਿ ਏਕੋ ਕਹਿਆ ॥	دس اسٹی مِلِ ایکو کہِیا ॥
ਤਾ ਭੀ ਜੋਗੀ ਭੇਦੁ ਨ ਲਹਿਆ ॥੧॥	تا بھی جوگی بھیدُ ن لہِیا ॥1॥
ਕਿੰਕੁਰੀ ਅਨੂਪ ਵਾਜੈ ॥	کِنگُری انوُپ واجےَ ॥
ਜੋਗੀਆ ਮਤਵਾਰੋ ਰੇ ॥੧॥ ਰਹਾਉ ॥	جوگِیا متوارو رے ۔ ॥1॥ رہاءُ ॥
ਪ੍ਰਥਮੇ ਵਸਿਆ ਸਤ ਕਾ ਖੇੜਾ ॥	پّرتھمے وسِیا ست کا کھیڑا ॥
ਤ੍ਰਿਤੀਏ ਮਹਿ ਕਿਛੁ ਭਇਆ ਦੁਤੇੜਾ ॥	تّرِتیئے مہِ کِچھُ بھئِیا دُتیڑا ॥
ਦੁਤੀਆ ਅਰਧੋ ਅਰਧਿ ਸਮਾਇਆ ॥	دّتِیا اردھو اردھِ سمائِیا ॥
ਏਕੁ ਰਹਿਆ ਤਾ ਏਕੁ ਦਿਖਾਇਆ ॥੨॥	ایکُ رہِیا تا ایکُ دِکھائِیا ॥2॥
ਏਕੈ ਸੂਤਿ ਪਰੋਏ ਮਣੀਏ ॥	ایکےَ سوُتِ پروئے مٹّیئے ॥
ਗਾਠੀ ਭਿਨਿ ਭਿਨਿ ਭਿਨਿ ਭਿਨਿ ਤਣੀਏ ॥	گاٹھی بھِنِ بھِنِ بھِنِ بھِنِ تنّیئے ॥
ਫਿਰਤੀ ਮਾਲਾ ਬਹੁ ਬਿਧਿ ਭਾਇ ॥	پھِرتی مالا بہُ بِدھِ بھاءِ ॥
ਖਿੰਚਿਆ ਸੂਤੁ ਤ ਆਈ ਥਾਇ ॥੩॥	کھِنچّیا سوُتُ ت آئی تھاءِ ॥3॥
ਚਹੁ ਮਹਿ ਏਕੈ ਮਟੁ ਹੈ ਕੀਆ ॥	چہُ مہِ ایکےَ مٹُ ہےَ کِیا ॥
ਤਹ ਬਿਖੜੇ ਥਾਨ ਅਨਿਕ ਖਿੜਕੀਆ ॥	تہ بِکھڑے تھان انِک کھِڑکِیا ॥
ਖੋਜਤ ਖੋਜਤ ਦੁਆਰੇ ਆਇਆ ॥	کھوجت کھوجت دُیارے آئِیا ॥
ਤਾ ਨਾਨਕ ਜੋਗੀ ਮਹਲੁ ਘਰੁ ਪਾਇਆ ॥੪॥	تا نانک جوگی محلُ گھرُ پائِیا ॥4॥
ਇਉ ਕਿੰਕੁਰੀ ਆਨੂਪ ਵਾਜੈ ॥	اِءُ کِنگُری آنوُپ واجےَ ॥
ਸੁਣਿ ਜੋਗੀ ਕੈ ਮਨਿ ਮੀਠੀ ਲਾਗੈ ॥੧॥ ਰਹਾਉ ਦੂਜਾ ॥੧॥੧੨॥	سُنِ جوگی کےَ منِ مِیٹھی لاگےَ ॥1॥ رہاءُ دوُجا ॥1॥ 12 ॥
ਰਾਮਕਲੀ ਮਹਲਾ ੫ ॥	رامکلی محلا 5 ॥
ਤਾਗਾ ਕਰਿ ਕੈ ਲਾਈ ਥਿਗਲੀ ॥	تاگا کرِ کے لائی تھِگلی ॥

ਲਉ ਨਾੜੀ ਸੂਆ ਹੈ ਅਸਤੀ ॥	ل ءُ ناڑی سوُیا ہے استی ॥
ਅੰਭੈ ਕਾ ਕਰਿ ਡੰਡਾ ਧਰਿਆ ॥	انبھے کا کرِ ڈنّڈا دھریا ॥
ਕਿਆ ਤੂ ਜੋਗੀ ਗਰਬਹਿ ਪਰਿਆ ॥੧॥	کِیا توُ جوگی گربہِ پریا ۔ ॥1॥
ਜਪਿ ਨਾਥੁ ਦਿਨੁ ਰੈਨਾਈ ॥	جپِ ناتھُ دِنُ رَینائی ॥
ਤੇਰੀ ਖਿੰਥਾ ਦੋ ਦਿਹਾਈ ॥੧॥ ਰਹਾਉ ॥	تیری کھِنتھا دو دِہائی ॥1॥ رہاءُ ॥
ਗਹਰੀ ਬਿਭੂਤ ਲਾਇ ਬੈਠਾ ਤਾੜੀ ॥	گہری بِبھوُت لاءِ بیٹھا تاڑی ॥
ਮੇਰੀ ਤੇਰੀ ਮੁੰਦ੍ਰਾ ਧਾਰੀ ॥	میری تیری مُنّدرا دھاری ॥
ਮਾਗਹਿ ਟੂਕਾ ਤ੍ਰਿਪਤਿ ਨ ਪਾਵੈ ॥	ماگہِ ٹوُکا ترِپتِ ن پاوے ॥
ਨਾਥੁ ਛੋਡਿ ਜਾਚਹਿ ਲਾਜ ਨ ਆਵੈ ॥੨॥	ناتھُ چھوڈِ جاچہِ لاج ن آوے ॥2॥
ਚਲ ਚਿਤ ਜੋਗੀ ਆਸਣੁ ਤੇਰਾ ॥	چل چِت جوگی آسنُ تیرا ॥
ਸਿੰਙੀ ਵਾਜੈ ਨਿਤ ਉਦਾਸੇਰਾ ॥	سِنگّی واجے نِت اُداسیرا ॥
ਗੁਰ ਗੋਰਖ ਕੀ ਤੈ ਬੂਝ ਨ ਪਾਈ ॥	گُر گورکھ کی تے بوُجھ ن پائی ॥
ਫਿਰਿ ਫਿਰਿ ਜੋਗੀ ਆਵੈ ਜਾਈ ॥੩॥	پھِرِ پھِرِ جوگی آوے جائی ॥3॥
ਜਿਸ ਨੋ ਹੋਆ ਨਾਥੁ ਕ੍ਰਿਪਾਲਾ ॥	جِس نو ہویا ناتھُ کرِپالا ॥
ਰਹਰਾਸਿ ਹਮਾਰੀ ਗੁਰ ਗੋਪਾਲਾ ॥	رہراسِ ہماری گُر گوپالا ۔ ॥
ਨਾਮੈ ਖਿੰਥਾ ਨਾਮੈ ਬਸਤਰੁ ॥	نامے کھِنتھا نامے بسترُ ॥
ਜਨ ਨਾਨਕ ਜੋਗੀ ਹੋਆ ਅਸਥਿਰੁ ॥੪॥	جن نانک جوگی ہویا استھِرُ ॥4॥
ਇਉ ਜਪਿਆ ਨਾਥੁ ਦਿਨੁ ਰੈਨਾਈ ॥	اِءُ جپِیا ناتھُ دِنُ رَینائی ॥
ਹੁਣਿ ਪਾਇਆ ਗੁਰੁ ਗੋਸਾਈ ॥੧॥ ਰਹਾਉ ਦੂਜਾ ॥੨॥੧੩॥	ہُنڑِ پائیا گُرُ گوسائی ॥1॥ رہاءُ دوُجا ॥2॥ 13 ॥
ਰਾਮਕਲੀ ਮਹਲਾ ੫ ॥	رامکلی محلا 5 ॥
ਕਰਨ ਕਰਾਵਨ ਸੋਈ ॥	کرن کراون سوئی ॥
ਆਨ ਨ ਦੀਸੈ ਕੋਈ ॥	آن ن دیسے کوئی ॥

ਠਾਕੁਰੁ ਮੇਰਾ ਸੁਘੜੁ ਸੁਜਾਨਾ ॥	ٹھاکُرُ میرا سُگھڑُ سُجانا ॥
ਗੁਰਮੁਖਿ ਮਿਲਿਆ ਰੰਗੁ ਮਾਨਾ ॥੧॥	گُرمُکھِ مِلِیا رنگُ مانا ॥1॥
ਐਸੋ ਰੇ ਹਰਿ ਰਸੁ ਮੀਠਾ ॥	ایَسو رے ہرِ رسُ مِیٹھا ॥
ਗੁਰਮੁਖਿ ਕਿਨੈ ਵਿਰਲੈ ਡੀਠਾ ॥੧॥ ਰਹਾਉ ॥	گُرمُکھِ کِنے وِرلے ڈِیٹھا ॥1॥ رہاءُ ॥
ਨਿਰਮਲ ਜੋਤਿ ਅੰਮ੍ਰਿਤੁ ਹਰਿ ਨਾਮ ॥	نِرمل جوتِ انّمرِتُ ہرِ نام ॥
ਪੀਵਤ ਅਮਰ ਭਏ ਨਿਹਕਾਮ ॥	پیِوت امر بھئے نِہکام ॥
ਤਨੁ ਮਨੁ ਸੀਤਲੁ ਅਗਨਿ ਨਿਵਾਰੀ ॥	تنُ منُ سِیتلُ اگنِ نِواری ॥
ਅਨਦ ਰੂਪ ਪ੍ਰਗਟੇ ਸੰਸਾਰੀ ॥੨॥	اند روُپ پرّگٹے سنّساری ॥2॥
ਕਿਆ ਦੇਵਉ ਜਾ ਸਭੁ ਕਿਛੁ ਤੇਰਾ ॥	کِیا دیوءُ جا سبھُ کِچھُ تیرا ॥
ਸਦ ਬਲਿਹਾਰਿ ਜਾਉ ਲਖ ਬੇਰਾ ॥	سد بلِہارِ جاءُ لکھ بیرا ॥
ਤਨੁ ਮਨੁ ਜੀਉ ਪਿੰਡੁ ਦੇ ਸਾਜਿਆ ॥	تنُ منُ جیِءُ پِنڈُ دے ساجِیا ॥
ਗੁਰ ਕਿਰਪਾ ਤੇ ਨੀਚੁ ਨਿਵਾਜਿਆ ॥੩॥	گُر کِرپا تے نِیچُ نِواجِیا ॥3॥
ਖੋਲਿ ਕਿਵਾਰਾ ਮਹਲਿ ਬੁਲਾਇਆ ॥	کھولِ کِوارا محلِ بُلائِیا ॥
ਜੈਸਾ ਸਾ ਤੈਸਾ ਦਿਖਲਾਇਆ ॥	جیَسا سا تیَسا دِکھلائِیا ॥
ਕਹੁ ਨਾਨਕ ਸਭੁ ਪੜਦਾ ਤੂਟਾ ॥	کہُ نانک سبھُ پڑدا توُٹا ॥
ਹਉ ਤੇਰਾ ਤੂ ਮੈ ਮਨਿ ਵੂਠਾ ॥੪॥੩॥੧੪॥	ہءُ تیرا توُ مے منِ ووُٹھا ॥4॥3॥ 14 ॥
ਰਾਮਕਲੀ ਮਹਲਾ ੫ ॥	رامکلی محلا 5 ॥
ਸੇਵਕੁ ਲਾਇਓ ਅਪੁਨੀ ਸੇਵ ॥	سیوکُ لائِئو اپُنی سیو ॥
ਅੰਮ੍ਰਿਤੁ ਨਾਮੁ ਦੀਓ ਮੁਖਿ ਦੇਵ ॥	انّمرِتُ نامُ دیِئو مُکھِ دیو ॥
ਸਗਲੀ ਚਿੰਤਾ ਆਪਿ ਨਿਵਾਰੀ ॥	سگلی چِنّتا آپِ نِواری ॥
ਤਿਸੁ ਗੁਰ ਕਉ ਹਉ ਸਦ ਬਲਿਹਾਰੀ ॥੧॥	تِسُ گُر ک ءُ ہءُ سد بلِہاری ॥1॥
ਕਾਜ ਹਮਾਰੇ ਪੂਰੇ ਸਤਗੁਰ ॥	کاج ہمارے پوُرے ستگُر ॥

ਬਾਜੇ ਅਨਹਦ ਤੂਰੇ ਸਤਗੁਰ ॥੧॥ ਰਹਾਉ ॥	باجے انہد تُورے ستگُر ॥1॥ رہاءُ ॥
ਮਹਿਮਾ ਜਾ ਕੀ ਗਹਿਰ ਗੰਭੀਰ ॥	مہِما جا کی گہِر گنبھِیر ॥
ਹੋਇ ਨਿਹਾਲੁ ਦੇਇ ਜਿਸੁ ਧੀਰ ॥	ہوءِ نِہالُ دےءِ جِسُ دھِیر ॥
ਜਾ ਕੇ ਬੰਧਨ ਕਾਟੇ ਰਾਇ ॥	جا کے بندھن کاٹے راءِ ॥
ਸੋ ਨਰੁ ਬਹੁਰਿ ਨ ਜੋਨੀ ਪਾਇ ॥੨॥	سو نرُ بہُرِ ن جونی پاءِ ॥2॥
ਜਾ ਕੈ ਅੰਤਰਿ ਪ੍ਰਗਟਿਓ ਆਪ ॥	جا کے انترِ پرگٹیو آپ ॥
ਤਾ ਕਉ ਨਾਹੀ ਦੂਖ ਸੰਤਾਪ ॥	تا کءُ ناہی دوُکھ سنتاپ ॥
ਲਾਲੁ ਰਤਨੁ ਤਿਸੁ ਪਾਲੈ ਪਰਿਆ ॥	لالُ رتنُ تِسُ پالے پریا ॥
ਸਗਲ ਕੁਟੰਬ ਓਹੁ ਜਨੁ ਲੈ ਤਰਿਆ ॥੩॥	سگل کُٹنب اوہُ جنُ لے تریا ॥3॥
ਨਾ ਕਿਛੁ ਭਰਮੁ ਨ ਦੁਬਿਧਾ ਦੂਜਾ ॥	نا کچھُ بھرمُ ن دُبِدھا دوُجا ॥
ਏਕੋ ਏਕੁ ਨਿਰੰਜਨ ਪੂਜਾ ॥	ایکو ایکُ نِرنجن پوُجا ॥
ਜਤ ਕਤ ਦੇਖਉ ਆਪਿ ਦਇਆਲ ॥	جت کت دیکھءُ آپِ دیَیال ॥
ਕਹੁ ਨਾਨਕ ਪ੍ਰਭ ਮਿਲੇ ਰਸਾਲ ॥੪॥੪॥੧੫॥	کہُ نانک پربھ مِلے رسال ॥4॥4॥ 15 ॥
ਰਾਮਕਲੀ ਮਹਲਾ ੫ ॥	رامکلی محلا 5 ॥
ਤਨ ਤੇ ਛੁਟਕੀ ਅਪਨੀ ਧਾਰੀ ॥	تن تے چھُٹکی اپنی دھاری ॥
ਪ੍ਰਭ ਕੀ ਆਗਿਆ ਲਗੀ ਪਿਆਰੀ ॥	پربھ کی آگیا لگی پیاری ॥
ਜੋ ਕਿਛੁ ਕਰੈ ਸੁ ਮਨਿ ਮੇਰੈ ਮੀਠਾ ॥	جو کچھُ کرے سُ منِ میرے میٹھا ॥
ਤਾ ਇਹੁ ਅਚਰਜੁ ਨੈਨਹੁ ਡੀਠਾ ॥੧॥	تا اِہُ اچرجُ نینہُ ڈیٹھا ॥1॥
ਅਬ ਮੋਹਿ ਜਾਨੀ ਰੇ ਮੇਰੀ ਗਈ ਬਲਾਇ ॥	اب موہِ جانی رے میری گئی بلاءِ ॥
ਬੁਝਿ ਗਈ ਤ੍ਰਿਸਨ ਨਿਵਾਰੀ ਮਮਤਾ ਗੁਰਿ ਪੂਰੈ ਲੀਓ ਸਮਝਾਇ ॥੧॥ ਰਹਾਉ ॥	بُجھِ گئی ترِسن نِواری ممتا گُرِ پوُرے لِیئو سمجھاءِ ॥1॥ رہاءُ ॥
ਕਰਿ ਕਿਰਪਾ ਰਾਖਿਓ ਗੁਰਿ ਸਰਨਾ ॥	کرِ کرپا راکھِیئو گُرِ سرنا ॥
ਗੁਰਿ ਪਕਰਾਏ ਹਰਿ ਕੇ ਚਰਨਾ ॥	گُرِ پکرائے ہرِ کے چرنا ॥

ਬੀਸ ਬਿਸੁਏ ਜਾ ਮਨ ਠਹਰਾਨੇ ॥	بِیس بِسُئے جا من ٹھہرانے ॥
ਗੁਰ ਪਾਰਬ੍ਰਹਮ ਏਕੈ ਹੀ ਜਾਨੇ ॥੨॥	گُر پاربرہم ایکے ہی جانے ॥2॥
ਜੋ ਜੋ ਕੀਨੋ ਹਮ ਤਿਸ ਕੇ ਦਾਸ ॥	جو جو کِینو ہم تِس کے داس ॥
ਪ੍ਰਭ ਮੇਰੇ ਕੋ ਸਗਲ ਨਿਵਾਸ ॥	پربھ میرے کو سگل نِواس ॥
ਨਾ ਕੋ ਦੂਤੁ ਨਹੀ ਬੈਰਾਈ ॥	نا کو دوُتُ نہی بیرائی ॥
ਗਲਿ ਮਿਲਿ ਚਾਲੇ ਏਕੈ ਭਾਈ ॥੩॥	گلِ مِلِ چالے ایکے بھائی ॥3॥
ਜਾ ਕਉ ਗੁਰਿ ਹਰਿ ਦੀਏ ਸੂਖਾ ॥	جا کءُ گُرِ ہرِ دیئے سوُکھا ॥
ਤਾ ਕਉ ਬਹੁਰਿ ਨ ਲਾਗਹਿ ਦੂਖਾ ॥	تا کءُ بہُرِ ن لاگہِ دوُکھا ॥
ਆਪੇ ਆਪਿ ਸਰਬ ਪ੍ਰਤਿਪਾਲ ॥	آپے آپِ سرب پرتپال ॥
ਨਾਨਕ ਰਾਤਉ ਰੰਗਿ ਗੋਪਾਲ ॥੪॥੫॥੧੬॥	نانک راتءُ رنگِ گوپال ॥4॥5॥ 16 ॥
ਰਾਮਕਲੀ ਮਹਲਾ ੫ ॥	رامکلی محلا 5 ॥
ਮੁਖ ਤੇ ਪੜਤਾ ਟੀਕਾ ਸਹਿਤ ॥	مُکھ تے پڑتا ٹیکا سہِت ॥
ਹਿਰਦੈ ਰਾਮੁ ਨਹੀ ਪੂਰਨ ਰਹਤ ॥	ہِردے رامُ نہی پوُرن رہت ॥
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥	اُپدیس کرے کرِ لوک دڑِڑاوے ॥
ਅਪਨਾ ਕਹਿਆ ਆਪਿ ਨ ਕਮਾਵੈ ॥੧॥	اپنا کہِیا آپِ ن کماوے ॥1॥
ਪੰਡਿਤ ਬੇਦੁ ਬੀਚਾਰਿ ਪੰਡਿਤ ॥	پنڈِت بیدُ بیچارِ پنڈِت ۔ ॥
ਮਨ ਕਾ ਕ੍ਰੋਧੁ ਨਿਵਾਰਿ ਪੰਡਿਤ ॥੧॥ ਰਹਾਉ ॥	من کا کرودھُ نِوارِ پنڈِت ۔ ॥1॥ رہاءُ ॥
ਆਗੈ ਰਾਖਿਓ ਸਾਲ ਗਿਰਾਮੁ ॥	آگے راکھِئو سال گِرامُ ॥
ਮਨੁ ਕੀਨੋ ਦਹ ਦਿਸ ਬਿਸ੍ਰਾਮੁ ॥	منُ کِینو دہ دِس بِسّرامُ ॥
ਤਿਲਕੁ ਚਰਾਵੈ ਪਾਈ ਪਾਇ ॥	تِلکُ چراوے پائی پاءِ ॥
ਲੋਕ ਪਚਾਰਾ ਅੰਧੁ ਕਮਾਇ ॥੨॥	لوک پچارا انّدھُ کماءِ ॥2॥
ਖਟੁ ਕਰਮਾ ਅਰੁ ਆਸਣੁ ਧੋਤੀ ॥	کھٹُ کرما ارُ آسنُ دھوتی ॥

ਭਾਗਠਿ ਗ੍ਰਿਹਿ ਪੜੈ ਨਿਤ ਪੋਥੀ ॥	بھاگٹھِ گرِہِ پڑے نِت پوتھی ॥
ਮਾਲਾ ਫੇਰੈ ਮੰਗੈ ਬਿਭੂਤ ॥	مالا پھیرے منگے بِبھوت ॥
ਇਹ ਬਿਧਿ ਕੋਇ ਨ ਤਰਿਓ ਮੀਤ ॥੩॥	اِہ بِدھِ کوءِ ن ترِئو میت ۔ ॥3॥
ਸੋ ਪੰਡਿਤੁ ਗੁਰ ਸਬਦੁ ਕਮਾਇ ॥	سو پنڈِتُ گُر سبدُ کماءِ ॥
ਤ੍ਰੈ ਗੁਣ ਕੀ ਓਸੁ ਉਤਰੀ ਮਾਇ ॥	ترّے گُن کی اوسُ اُتری ماءِ ॥
ਚਤੁਰ ਬੇਦ ਪੂਰਨ ਹਰਿ ਨਾਇ ॥	چتُر بید پوُرن ہرِ ناءِ ॥
ਨਾਨਕ ਤਿਸ ਕੀ ਸਰਣੀ ਪਾਇ ॥੪॥੬॥੧੭॥	نانک تِس کی سرنّی پاءِ ॥4॥6॥ 17 ॥
ਰਾਮਕਲੀ ਮਹਲਾ ੫ ॥	رامکلی محلا 5 ॥
ਕੋਟਿ ਬਿਘਨ ਨਹੀ ਆਵਹਿ ਨੇਰਿ ॥	کوٹِ بِگھن نہی آوہِ نیرِ ॥
ਅਨਿਕ ਮਾਇਆ ਹੈ ਤਾ ਕੀ ਚੇਰਿ ॥	اِنک مائیا ہے تا کی چیرِ ॥
ਅਨਿਕ ਪਾਪ ਤਾ ਕੇ ਪਾਨੀਹਾਰ ॥	اِنک پاپ تا کے پانیہار ॥
ਜਾ ਕਉ ਮਇਆ ਭਈ ਕਰਤਾਰ ॥੧॥	جا کءُ مئیا بھئی کرتار ॥1॥
ਜਿਸਹਿ ਸਹਾਈ ਹੋਇ ਭਗਵਾਨ ॥	جِسہِ سہائی ہوءِ بھگوان ॥
ਅਨਿਕ ਜਤਨ ਉਆ ਕੈ ਸਰੰਜਾਮ ॥੧॥ ਰਹਾਉ ॥	اِنک جتن اُیا کے سرنجام ॥1॥ رہاءُ ॥
ਕਰਤਾ ਰਾਖੈ ਕੀਤਾ ਕਉਨੁ ॥	کرتا راکھے کِیتا کئُن ۔ ॥
ਕੀਰੀ ਜੀਤੋ ਸਗਲਾ ਭਵਨੁ ॥	کیِری جیِتو سگلا بھونُ ॥
ਬੇਅੰਤ ਮਹਿਮਾ ਤਾ ਕੀ ਕੇਤਕ ਬਰਨ ॥	بیئنّت مہِما تا کی کیتک برن ۔ ॥
ਬਲਿ ਬਲਿ ਜਾਈਐ ਤਾ ਕੇ ਚਰਨ ॥੨॥	بلِ بلِ جائیئے تا کے چرن ॥2॥
ਤਿਨ ਹੀ ਕੀਆ ਜਪੁ ਤਪੁ ਧਿਆਨੁ ॥	تِن ہی کِیا جپُ تپُ دھِیانُ ॥
ਅਨਿਕ ਪ੍ਰਕਾਰ ਕੀਆ ਤਿਨਿ ਦਾਨੁ ॥	اِنک پرّکار کِیا تِنِ دانُ ॥
ਭਗਤੁ ਸੋਈ ਕਲਿ ਮਹਿ ਪਰਵਾਨੁ ॥	بھگتُ سوئی کلِ مہِ پروانُ ॥
ਜਾ ਕਉ ਠਾਕੁਰਿ ਦੀਆ ਮਾਨੁ ॥੩॥	جا کءُ ٹھاکُرِ دیِیا مانُ ॥3॥

ਸਾਧਸੰਗਿ ਮਿਲਿ ਭਏ ਪ੍ਰਗਾਸ ॥	سادھسنگِ مِلِ بھئے پرّگاس ॥
ਸਹਜ ਸੂਖ ਆਸ ਨਿਵਾਸ ॥	سہج سوُکھ آس نِواس ॥
ਪੂਰੈ ਸਤਿਗੁਰਿ ਦੀਆ ਬਿਸਾਸ ॥	پوُرے ستِگُرِ دیِیا بِساس ॥
ਨਾਨਕ ਹੋਏ ਦਾਸਨਿ ਦਾਸ ॥੪॥੭॥੧੮॥	نانک ہوئے داسنِ داس ॥4॥7॥ 18 ॥
ਰਾਮਕਲੀ ਮਹਲਾ ੫ ॥	رامکلی محلا 5 ॥
ਦੋਸੁ ਨ ਦੀਜੈ ਕਾਹੂ ਲੋਗ ॥	دوسُ ن دیجَے کاہوُ لوگ ॥
ਜੋ ਕਮਾਵਨੁ ਸੋਈ ਭੋਗ ॥	جو کماونُ سوئی بھوگ ॥
ਆਪਨ ਕਰਮ ਆਪੇ ਹੀ ਬੰਧ ॥	آپن کرم آپے ہی بندھ ॥
ਆਵਨੁ ਜਾਵਨੁ ਮਾਇਆ ਧੰਧ ॥੧॥	آونُ جاونُ مائیا دھندھ ॥1॥
ਐਸੀ ਜਾਨੀ ਸੰਤ ਜਨੀ ॥	ایَسی جانی سنّت جنی ॥
ਪਰਗਾਸੁ ਭਇਆ ਪੂਰੇ ਗੁਰ ਬਚਨੀ ॥੧॥ ਰਹਾਉ ॥	پرگاسُ بھئیا پوُرے گُر بچنی ॥1॥ رہاءُ ॥
ਤਨੁ ਧਨੁ ਕਲਤੁ ਮਿਥਿਆ ਬਿਸਥਾਰ ॥	تنُ دھنُ کلتُ مِتھیا بِستھار ॥
ਹੈਵਰ ਗੈਵਰ ਚਾਲਨਹਾਰ ॥	ہیَور گیَور چالنہار ॥
ਰਾਜ ਰੰਗ ਰੂਪ ਸਭਿ ਕੂਰ ॥	راج رنگ روُپ سبھِ کوُر ॥
ਨਾਮ ਬਿਨਾ ਹੋਇ ਜਾਸੀ ਧੂਰ ॥੨॥	نام بِنا ہوءِ جاسی دھوُر ॥2॥
ਭਰਮਿ ਭੂਲੇ ਬਾਦਿ ਅਹੰਕਾਰੀ ॥	بھرمِ بھوُلے بادِ اہنکاری ॥
ਸੰਗਿ ਨਾਹੀ ਰੇ ਸਗਲ ਪਸਾਰੀ ॥	سنگِ ناہی رے سگل پساری ॥
ਸੋਗ ਹਰਖ ਮਹਿ ਦੇਹ ਬਿਰਧਾਨੀ ॥	سوگ ہرکھ مہِ دیہ بِردھانی ॥
ਸਾਕਤ ਇਵ ਹੀ ਕਰਤ ਬਿਹਾਨੀ ॥੩॥	ساکت اِو ہی کرت بِہانی ॥3॥
ਹਰਿ ਕਾ ਨਾਮੁ ਅੰਮ੍ਰਿਤੁ ਕਲਿ ਮਾਹਿ ॥	ہرِ کا نامُ انمّرِتُ کلِ ماہِ ॥
ਏਹੁ ਨਿਧਾਨਾ ਸਾਧੂ ਪਾਹਿ ॥	ایہُ نِدھانا سادھوُ پاہِ ॥
ਨਾਨਕ ਗੁਰੁ ਗੋਵਿਦੁ ਜਿਸੁ ਤੂਠਾ ॥	نانک گُرُ گووِدُ جِسُ توُٹھا ॥

ਘਟਿ ਘਟਿ ਰਮਈਆ ਤਿਨ ਹੀ ਡੀਠਾ ॥੪॥੮॥੧੯॥	گھٹِ گھٹِ رمئیا تِن ہی ڈیٹھا ॥4॥8॥ 19 ॥
ਰਾਮਕਲੀ ਮਹਲਾ ੫ ॥	رامکلی محلا 5 ॥
ਪੰਚ ਸਬਦ ਤਹ ਪੂਰਨ ਨਾਦ ॥	پنچ سبد تہ پوُرن ناد ॥
ਅਨਹਦ ਬਾਜੇ ਅਚਰਜ ਬਿਸਮਾਦ ॥	انہد باجے اچرج بِسماد ॥
ਕੇਲ ਕਰਹਿ ਸੰਤ ਹਰਿ ਲੋਗ ॥	کیل کرہِ سنّت ہرِ لوگ ॥
ਪਾਰਬ੍ਰਹਮ ਪੂਰਨ ਨਿਰਜੋਗ ॥੧॥	پاربّرہم پوُرن نِرجوگ ॥1॥
ਸੂਖ ਸਹਜ ਆਨੰਦ ਭਵਨ ॥	سوُکھ سہج آنند بھون ॥
ਸਾਧਸੰਗਿ ਬੈਸਿ ਗੁਣ ਗਾਵਹਿ	سادھسنگِ بیَس گُن گاوہِ
ਤਹ ਰੋਗ ਸੋਗ ਨਹੀ ਜਨਮ ਮਰਨ ॥੧॥ ਰਹਾਉ ॥	تہ روگ سوگ نہی جنم مرن ॥1॥ رہاءُ ॥
ਊਹਾ ਸਿਮਰਹਿ ਕੇਵਲ ਨਾਮੁ ॥	اوُہا سِمرہِ کیول نامُ ॥
ਬਿਰਲੇ ਪਾਵਹਿ ਓਹੁ ਬਿਸ੍ਰਾਮੁ ॥	بِرلے پاوہِ اوہُ بِسّرامُ ॥
ਭੋਜਨੁ ਭਾਉ ਕੀਰਤਨ ਆਧਾਰੁ ॥	بھوجنُ بھاءُ کیِرتن آدھارُ ॥
ਨਿਹਚਲ ਆਸਨੁ ਬੇਸੁਮਾਰੁ ॥੨॥	نِہچل آسنُ بیشُمارُ ॥2॥
ਡਿਗਿ ਨ ਡੋਲੈ ਕਤਹੂ ਨ ਧਾਵੈ ॥	ڈِگِ ن ڈولے کتہوُ ن دھاوے ॥
ਗੁਰ ਪ੍ਰਸਾਦਿ ਕੋ ਇਹੁ ਮਹਲੁ ਪਾਵੈ ॥	گُر پرّسادِ کو اِہُ محلُ پاوے ॥
ਭ੍ਰਮ ਭੈ ਮੋਹ ਨ ਮਾਇਆ ਜਾਲ ॥	بھرّم بھے موہ ن مائیا جال ॥
ਸੁੰਨ ਸਮਾਧਿ ਪ੍ਰਭੂ ਕਿਰਪਾਲ ॥੩॥	سُنّن سمادھِ پرّبھوُ کِرپال ॥3॥
ਤਾ ਕਾ ਅੰਤੁ ਨ ਪਾਰਾਵਾਰੁ ॥	تا کا انتُ ن پاراوارُ ॥
ਆਪੇ ਗੁਪਤੁ ਆਪੇ ਪਾਸਾਰੁ ॥	آپے گُپتُ آپے پاسارُ ॥
ਜਾ ਕੈ ਅੰਤਰਿ ਹਰਿ ਹਰਿ ਸੁਆਦੁ ॥	جا کے انترِ ہرِ ہرِ سُیادُ ॥
ਕਹਨੁ ਨ ਜਾਈ ਨਾਨਕ ਬਿਸਮਾਦੁ ॥੪॥੯॥੨੦॥	کہنُ ن جائی نانک بِسمادُ ॥4॥9॥ 20 ॥
ਰਾਮਕਲੀ ਮਹਲਾ ੫ ॥	رامکلی محلا 5 ॥
ਭੇਟਤ ਸੰਗਿ ਪਾਰਬ੍ਰਹਮੁ ਚਿਤਿ ਆਇਆ ॥	بھیٹت سنگِ پاربّرہمُ چِتِ آئیا ॥

ਸੰਗਤਿ ਕਰਤ ਸੰਤੋਖੁ ਮਨਿ ਪਾਇਆ ॥	سنگتِ کرت سنتوکھُ منِ پائیا ॥
ਸੰਤਹ ਚਰਨ ਮਾਥਾ ਮੇਰੋ ਪਉਤ ॥	سنتہ چرن ماتھا میرو پئُت ॥
ਅਨਿਕ ਬਾਰ ਸੰਤਹ ਡੰਡਉਤ ॥੧॥	انِک بار سنتہ ڈنڈئُت ॥1॥
ਇਹੁ ਮਨੁ ਸੰਤਨ ਕੈ ਬਲਿਹਾਰੀ ॥	اِہُ منُ سنتن کے بلِہاری ॥
ਜਾ ਕੀ ਓਟ ਗਹੀ ਸੁਖੁ ਪਾਇਆ ਰਾਖੇ ਕਿਰਪਾ ਧਾਰੀ ॥੧॥ ਰਹਾਉ ॥	جا کی اوٹ گہی سُکھُ پائیا راکھے کِرپا دھاری ॥1॥ رہاءُ ॥
ਸੰਤਹ ਚਰਣ ਧੋਇ ਧੋਇ ਪੀਵਾ ॥	سنتہ چرنْ دھوءِ دھوءِ پیِوا ॥
ਸੰਤਹ ਦਰਸੁ ਪੇਖਿ ਪੇਖਿ ਜੀਵਾ ॥	سنتہ درسُ پیکھِ پیکھِ جیِوا ॥
ਸੰਤਹ ਕੀ ਮੇਰੈ ਮਨਿ ਆਸ ॥	سنتہ کی میرے منِ آس ॥
ਸੰਤ ਹਮਾਰੀ ਨਿਰਮਲ ਰਾਸਿ ॥੨॥	سنت ہماری نِرمل راسِ ॥2॥
ਸੰਤ ਹਮਾਰਾ ਰਾਖਿਆ ਪੜਦਾ ॥	سنت ہمارا راکھیا پڑدا ॥
ਸੰਤ ਪ੍ਰਸਾਦਿ ਮੋਹਿ ਕਬਹੂ ਨ ਕੜਦਾ ॥	سنت پرّسادِ موہِ کبہُو ن کڑدا ॥
ਸੰਤਹ ਸੰਗੁ ਦੀਆ ਕਿਰਪਾਲ ॥	سنتہ سنگُ دیِیا کِرپال ॥
ਸੰਤ ਸਹਾਈ ਭਏ ਦਇਆਲ ॥੩॥	سنت سہائی بھئے دئیال ॥3॥
ਸੁਰਤਿ ਮਤਿ ਬੁਧਿ ਪਰਗਾਸੁ ॥	سُرتِ متِ بُدھِ پرگاسُ ॥
ਗਹਿਰ ਗੰਭੀਰ ਅਪਾਰ ਗੁਣਤਾਸੁ ॥	گہِر گنبھیِر اپار گُنتاسُ ॥
ਜੀਅ ਜੰਤ ਸਗਲੇ ਪ੍ਰਤਿਪਾਲ ॥	جیء جنت سگلے پرّتپال ॥
ਨਾਨਕ ਸੰਤਹ ਦੇਖਿ ਨਿਹਾਲ ॥੪॥੧੦॥੨੧॥	نانک سنتہ دیکھِ نِہال ॥4॥ 10 ॥ 21 ॥
ਰਾਮਕਲੀ ਮਹਲਾ ੫ ॥	رامکلی محلا 5 ॥
ਤੇਰੈ ਕਾਜਿ ਨ ਗ੍ਰਿਹੁ ਰਾਜੁ ਮਾਲੁ ॥	تیرے کاجِ ن گرِہُ راجُ مالُ ॥
ਤੇਰੈ ਕਾਜਿ ਨ ਬਿਖੈ ਜੰਜਾਲੁ ॥	تیرے کاجِ ن بِکھے زنجالُ ॥
ਇਸਟ ਮੀਤ ਜਾਣੁ ਸਭ ਛਲੈ ॥	اِسٹ میت جانُ سبھ چھلے ॥
ਹਰਿ ਹਰਿ ਨਾਮੁ ਸੰਗਿ ਤੇਰੈ ਚਲੈ ॥੧॥	ہرِ ہرِ نامُ سنگِ تیرے چلے ॥1॥

ਰਾਮ ਨਾਮ ਗੁਣ ਗਾਇ ਲੇ ਮੀਤਾ ਹਰਿ ਸਿਮਰਤ ਤੇਰੀ ਲਾਜ ਰਹੈ ॥	رام نام گُن گاءِ لے مِیتا ہرِ سِمرت تیری لاج رہے ॥
ਹਰਿ ਸਿਮਰਤ ਜਮੁ ਕਛੁ ਨ ਕਹੈ ॥੧॥ ਰਹਾਉ ॥	ہرِ سِمرت جمُ کچھُ ن کہے ॥1॥ رہاءُ ॥
ਬਿਨੁ ਹਰਿ ਸਗਲ ਨਿਰਾਰਥ ਕਾਮ ॥	بِنُ ہرِ سگل نِرارتھ کام ॥
ਸੁਇਨਾ ਰੁਪਾ ਮਾਟੀ ਦਾਮ ॥	سُئِنا رُپا ماٹی دام ॥
ਗੁਰ ਕਾ ਸਬਦੁ ਜਾਪਿ ਮਨ ਸੁਖਾ ॥	گُر کا سبدُ جاپِ من سُکھا ॥
ਈਹਾ ਊਹਾ ਤੇਰੋ ਊਜਲ ਮੁਖਾ ॥੨॥	ایہا اوُہا تیرو اوُجل مُکھا ॥2॥
ਕਰਿ ਕਰਿ ਥਾਕੇ ਵਡੇ ਵਡੇਰੇ ॥	کرِ کرِ تھاکے وڈے وڈیرے ॥
ਕਿਨ ਹੀ ਨ ਕੀਏ ਕਾਜ ਮਾਇਆ ਪੂਰੇ ॥	کِن ہی ن کیئے کاج مائیا پوُرے ॥
ਹਰਿ ਹਰਿ ਨਾਮੁ ਜਪੈ ਜਨੁ ਕੋਇ ॥	ہرِ ہرِ نامُ جپے جنُ کوءِ ॥
ਤਾ ਕੀ ਆਸਾ ਪੂਰਨ ਹੋਇ ॥੩॥	تا کی آسا پوُرن ہوءِ ॥3॥
ਹਰਿ ਭਗਤਨ ਕੋ ਨਾਮੁ ਅਧਾਰੁ ॥	ہرِ بھگتن کو نامُ ادھارُ ॥
ਸੰਤੀ ਜੀਤਾ ਜਨਮੁ ਅਪਾਰੁ ॥	سنّتی جیتا جنمُ اپارُ ॥
ਹਰਿ ਸੰਤੁ ਕਰੇ ਸੋਈ ਪਰਵਾਣੁ ॥	ہرِ سنّتُ کرے سوئی پرواںُ ॥
ਨਾਨਕ ਦਾਸੁ ਤਾ ਕੈ ਕੁਰਬਾਣੁ ॥੪॥੧੧॥੨੨॥	نانک داسُ تا کے قُربانُ ॥4॥ 11 ॥ 22 ॥
ਰਾਮਕਲੀ ਮਹਲਾ ੫ ॥	رامکلی محلا 5 ॥
ਸਿੰਚਹਿ ਦਰਬੁ ਦੇਹਿ ਦੁਖੁ ਲੋਗ ॥	سِنچہِ دربُ دیہِ دُکھُ لوگ ॥
ਤੇਰੈ ਕਾਜਿ ਨ ਅਵਰਾ ਜੋਗ ॥	تیرے کاجِ ن اورا جوگ ॥
ਕਰਿ ਅਹੰਕਾਰੁ ਹੋਇ ਵਰਤਹਿ ਅੰਧ ॥	کرِ اہنکارُ ہوءِ ورتہِ انّدھ ॥
ਜਮ ਕੀ ਜੇਵੜੀ ਤੂ ਆਗੈ ਬੰਧ ॥੧॥	جم کی جیوڑی توُ آگے بنّدھ ॥1॥
ਛਾਡਿ ਵਿਡਾਣੀ ਤਾਤਿ ਮੂੜੇ ॥	چھاڈِ وِڈانّی تاتِ موُڑے ۔ ॥
ਈਹਾ ਬਸਨਾ ਰਾਤਿ ਮੂੜੇ ॥	ایہا بسنا راتِ موُڑے ۔ ॥
ਮਾਇਆ ਕੇ ਮਾਤੇ ਤੈ ਉਠਿ ਚਲਨਾ ॥	مائیا کے ماتے تے اُٹھِ چلنا ॥

ਰਾਚਿ ਰਹਿਓ ਤੂ ਸੰਗਿ ਸੁਪਨਾ ॥੧॥ ਰਹਾਉ ॥	راچِ رہِئو توُ سنگِ سُپنا ॥1॥ رہاءُ ॥
ਬਾਲ ਬਿਵਸਥਾ ਬਾਰਿਕੁ ਅੰਧ ॥	بال بِوستھا بارِکُ انّدھ ॥
ਭਰਿ ਜੋਬਨਿ ਲਾਗਾ ਦੁਰਗੰਧ ॥	بھرِ جوبنِ لاگا دُرگنّدھ ॥
ਤ੍ਰਿਤੀਅ ਬਿਵਸਥਾ ਸਿੰਚੇ ਮਾਇ ॥	تّرِتی ء بِوستھا سِنچّے ماءِ ॥
ਬਿਰਧਿ ਭਇਆ ਛੋਡਿ ਚਲਿਓ ਪਛੁਤਾਇ ॥੨॥	بِردھِ بھئیا چھوڈِ چلِئو پچھُتاءِ ॥2॥
ਚਿਰੰਕਾਲ ਪਾਈ ਦੁਲਭ ਦੇਹ ॥	چِرنّکال پائی دُرلبھ دیہ ॥
ਨਾਮ ਬਿਹੂਣੀ ਹੋਈ ਖੇਹ ॥	نام بِہوُنّی ہوئی کھیہ ॥
ਪਸੂ ਪਰੇਤ ਮੁਗਧ ਤੇ ਬੁਰੀ ॥	پسوُ پریت مُگدھ تے بُری ॥
ਤਿਸਹਿ ਨ ਬੂਝੈ ਜਿਨਿ ਏਹ ਸਿਰੀ ॥੩॥	تِسہِ ن بوُجھے جِنِ ایہ سِری ॥3॥
ਸੁਣਿ ਕਰਤਾਰ ਗੋਵਿੰਦ ਗੋਪਾਲ ॥	سُنِ کرتار گووِنّد گوپال ۔ ॥
ਦੀਨ ਦਇਆਲ ਸਦਾ ਕਿਰਪਾਲ ॥	دِین دیئال سدا کِرپال ۔ ॥
ਤੁਮਹਿ ਛਡਾਵਹੁ ਛੁਟਕਹਿ ਬੰਧ ॥	تُمہِ چھڈاوہُ چھُٹکہِ بنّدھ ॥
ਬਖਸਿ ਮਿਲਾਵਹੁ ਨਾਨਕ ਜਗ ਅੰਧ ॥੪॥੧੨॥੨੩॥	بخشِ مِلاوہُ نانک جگ انّدھ ॥4॥ 12 ॥ 23 ॥
ਰਾਮਕਲੀ ਮਹਲਾ ੫ ॥	رامکلی محلا 5 ॥
ਕਰਿ ਸੰਜੋਗੁ ਬਨਾਈ ਕਾਛਿ ॥	کرِ سنّجوگُ بنائی کاچھِ ॥
ਤਿਸੁ ਸੰਗਿ ਰਹਿਓ ਇਆਨਾ ਰਾਚਿ ॥	تِس سنگِ رہِئو اِیانا راچِ ॥
ਪ੍ਰਤਿਪਾਰੈ ਨਿਤ ਸਾਰਿ ਸਮਾਰੈ ॥	پّرتپارے نِت سارِ سمارے ॥
ਅੰਤ ਕੀ ਬਾਰ ਊਠਿ ਸਿਧਾਰੈ ॥੧॥	انّت کی بار اوُٹھِ سِدھارے ॥1॥
ਨਾਮ ਬਿਨਾ ਸਭੁ ਝੂਠੁ ਪਰਾਨੀ ॥	نام بِنا سبھُ جھوُٹھُ پرانی ۔ ॥
ਗੋਵਿਦ ਭਜਨ ਬਿਨੁ ਅਵਰ ਸੰਗਿ ਰਾਤੇ ਤੇ ਸਭਿ ਮਾਇਆ ਮੂਠੁ ਪਰਾਨੀ ॥੧॥ ਰਹਾਉ ॥	گووِد بھجن بِنُ اور سنگِ راتے تے سبھِ مائیا موُٹھُ پرانی ۔ ॥1॥ رہاءُ ॥
ਤੀਰਥ ਨਾਇ ਨ ਉਤਰਸਿ ਮੈਲੁ ॥	تیرتھ ناءِ ن اُترسِ میَلُ ॥
ਕਰਮ ਧਰਮ ਸਭਿ ਹਉਮੈ ਫੈਲੁ ॥	کرم دھرم سبھِ ہئُے پھیَلُ ॥

ਲੋਕ ਪਚਾਰੈ ਗਤਿ ਨਹੀ ਹੋਇ ॥	لوک پچارے گتِ نہی ہوءِ ॥
ਨਾਮ ਬਿਹੂਣੇ ਚਲਸਹਿ ਰੋਇ ॥੨॥	نام بِہوُنے چلسہِ روءِ ॥2॥
ਬਿਨੁ ਹਰਿ ਨਾਮ ਨ ਟੂਟਸਿ ਪਟਲ ॥	بِنُ ہرِ نام ن ٹوٹسِ پٹل ॥
ਸੋਧੇ ਸਾਸਤ੍ਰ ਸਿਮ੍ਰਿਤਿ ਸਗਲ ॥	سودھے ساستّر سِمرّتِ سگل ॥
ਸੋ ਨਾਮੁ ਜਪੈ ਜਿਸੁ ਆਪਿ ਜਪਾਏ ॥	سو نامُ جپے جِسُ آپِ جپائے ॥
ਸਗਲ ਫਲਾ ਸੇ ਸੂਖਿ ਸਮਾਏ ॥੩॥	سگل پھلا سے سوُکھِ سمائے ॥3॥
ਰਾਖਨਹਾਰੇ ਰਾਖਹੁ ਆਪਿ ॥	راکھنہارے راکھہُ آپِ ॥
ਸਗਲ ਸੁਖਾ ਪ੍ਰਭ ਤੁਮਰੈ ਹਾਥਿ ॥	سگل سُکھا پربھ تُمرے ہاتھِ ॥
ਜਿਤੁ ਲਾਵਹਿ ਤਿਤੁ ਲਾਗਹ ਸੁਆਮੀ ॥	جِتُ لاوہِ تِتُ لاگہ سُیامی ۔ ॥
ਨਾਨਕ ਸਾਹਿਬੁ ਅੰਤਰਜਾਮੀ ॥੪॥੧੩॥੨੪॥	نانک صاحِبُ انترجامی ॥4॥ 13 ॥ 24 ॥
ਰਾਮਕਲੀ ਮਹਲਾ ੫ ॥	رامکلی محلا 5 ॥
ਜੋ ਕਿਛੁ ਕਰੈ ਸੋਈ ਸੁਖੁ ਜਾਨਾ ॥	جو کِچھُ کرے سوئی سُکھُ جانا ॥
ਮਨੁ ਅਸਮਝੁ ਸਾਧਸੰਗਿ ਪਤੀਆਨਾ ॥	منُ اسمجھُ سادھسنگِ پتیِیانا ॥
ਡੋਲਨ ਤੇ ਚੂਕਾ ਠਹਰਾਇਆ ॥	ڈولن تے چوُکا ٹھہرائیا ॥
ਸਤਿ ਮਾਹਿ ਲੇ ਸਤਿ ਸਮਾਇਆ ॥੧॥	ستِ ماہِ لے ستِ سمائیا ॥1॥
ਦੂਖੁ ਗਇਆ ਸਭੁ ਰੋਗੁ ਗਇਆ ॥	دوُکھُ گئیا سبھُ روگُ گئیا ॥
ਪ੍ਰਭ ਕੀ ਆਗਿਆ ਮਨ ਮਹਿ ਮਾਨੀ ਮਹਾ ਪੁਰਖ ਕਾ ਸੰਗੁ ਭਇਆ ॥੧॥ ਰਹਾਉ ॥	پربھ کی آگیا من مہِ مانی مہا پُرکھ کا سنگُ بھئیا ॥1॥ رہاءُ ॥
ਸਗਲ ਪਵਿਤ੍ਰ ਸਰਬ ਨਿਰਮਲਾ ॥	سگل پوِتّر سرب نِرملا ॥
ਜੋ ਵਰਤਾਏ ਸੋਈ ਭਲਾ ॥	جو ورتائے سوئی بھلا ॥
ਜਹ ਰਾਖੈ ਸੋਈ ਮੁਕਤਿ ਥਾਨੁ ॥	جہ راکھے سوئی مُکتِ تھانُ ॥
ਜੋ ਜਪਾਏ ਸੋਈ ਨਾਮੁ ॥੨॥	جو جپائے سوئی نامُ ॥2॥
ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥	اٹھسٹھِ تیرتھ جہ سادھ پگ دھرہِ ॥

ਤਹ ਬੈਕੁੰਠੁ ਜਹ ਨਾਮੁ ਉਚਰਹਿ ॥	تہ بیکُنٹھُ جہ نامُ اُچرہِ ॥
ਸਰਬ ਅਨੰਦ ਜਬ ਦਰਸਨੁ ਪਾਈਐ ॥	سرب انند جب درسنُ پائیئے ॥
ਰਾਮ ਗੁਣਾ ਨਿਤ ਨਿਤ ਹਰਿ ਗਾਈਐ ॥੩॥	رام گُٹا نِت نِت ہرِ گائیئے ॥3॥
ਆਪੇ ਘਟਿ ਘਟਿ ਰਹਿਆ ਬਿਆਪਿ ॥	آپے گھٹِ گھٹِ رہِیا بِیاپِ ॥
ਦਇਆਲ ਪੁਰਖ ਪਰਗਟ ਪਰਤਾਪ ॥	دئیال پُرکھ پرگٹ پرتاپ ॥
ਕਪਟ ਖੁਲਾਨੇ ਭ੍ਰਮ ਨਾਠੇ ਦੂਰੇ ॥	کپٹ کھُلانے بھّرم ناٹھے دوُرے ॥
ਨਾਨਕ ਕਉ ਗੁਰ ਭੇਟੇ ਪੂਰੇ ॥੪॥੧੪॥੨੫॥	نانک ک ءُ گُر بھیٹے پوُرے ॥4॥ 14 ॥ 25 ॥
ਰਾਮਕਲੀ ਮਹਲਾ ੫ ॥	رامکلی محلا 5 ॥
ਕੋਟਿ ਜਾਪ ਤਾਪ ਬਿਸ੍ਰਾਮ ॥	کوٹِ جاپ تاپ بِسّرام ॥
ਰਿਧਿ ਬੁਧਿ ਸਿਧਿ ਸੁਰ ਗਿਆਨ ॥	رِدھِ بُدھِ سِدھِ سُرگیان ॥
ਅਨਿਕ ਰੂਪ ਰੰਗ ਭੋਗ ਰਸੈ ॥	انِک روُپ رنگ بھوگ رسےَ ॥
ਗੁਰਮੁਖਿ ਨਾਮੁ ਨਿਮਖ ਰਿਦੈ ਵਸੈ ॥੧॥	گُرمُکھِ نامُ نِمکھ رِدےَ وسےَ ॥1॥
ਹਰਿ ਕੇ ਨਾਮ ਕੀ ਵਡਿਆਈ ॥	ہرِ کے نام کی وڈِیائی ॥
ਕੀਮਤਿ ਕਹਣੁ ਨ ਜਾਈ ॥੧॥ ਰਹਾਉ ॥	قِیمتِ کہنُ ن جائی ॥1॥ رہاءُ ॥
ਸੂਰਬੀਰ ਧੀਰਜ ਮਤਿ ਪੂਰਾ ॥	سوُربیِر دھیِرج متِ پوُرا ॥
ਸਹਜ ਸਮਾਧਿ ਧੁਨਿ ਗਹਿਰ ਗੰਭੀਰਾ ॥	سہج سمادھِ دھُنِ گہِر گنّبھیِرا ॥
ਸਦਾ ਮੁਕਤੁ ਤਾ ਕੇ ਪੂਰੇ ਕਾਮ ॥	سدا مُکتُ تا کے پوُرے کام ॥
ਜਾ ਕੈ ਰਿਦੈ ਵਸੈ ਹਰਿ ਨਾਮ ॥੨॥	جا کےَ رِدےَ وسےَ ہرِ نام ॥2॥
ਸਗਲ ਸੂਖ ਆਨੰਦ ਅਰੋਗ ॥	سگل سوُکھ آنند اروگ ॥
ਸਮਦਰਸੀ ਪੂਰਨ ਨਿਰਜੋਗ ॥	سمدرسی پوُرن نِرجوگ ॥
ਆਇ ਨ ਜਾਇ ਡੋਲੈ ਕਤ ਨਾਹੀ ॥	آءِ ن جاءِ ڈولے کت ناہی ॥
ਜਾ ਕੈ ਨਾਮੁ ਬਸੈ ਮਨ ਮਾਹੀ ॥੩॥	جا کےَ نامُ بسےَ من ماہی ॥3॥

ਦੀਨ ਦਇਆਲ ਗੋਪਾਲ ਗੋਵਿੰਦ ॥	دِین دیَیال گوپال گووِندّ ॥
ਗੁਰਮੁਖਿ ਜਪੀਐ ਉਤਰੈ ਚਿੰਦ ॥	گُرمُکھِ جپیئے اُترے چِندّ ॥
ਨਾਨਕ ਕਉ ਗੁਰਿ ਦੀਆ ਨਾਮੁ ॥	نانک ک ءُ گُرِ دِیِیا نامُ ॥
ਸੰਤਨ ਕੀ ਟਹਲ ਸੰਤ ਕਾ ਕਾਮੁ ॥੪॥੧੫॥੨੬॥	سنّتن کی ٹہل سنّت کا کامُ ॥4॥ 15 ॥ 26 ॥
ਰਾਮਕਲੀ ਮਹਲਾ ੫ ॥	رامکلی محلا 5 ॥
ਬੀਜ ਮੰਤ੍ਰੁ ਹਰਿ ਕੀਰਤਨੁ ਗਾਉ ॥	بِیج منّتُر ہرِ کیرتنُ گاءُ ॥
ਆਗੈ ਮਿਲੀ ਨਿਥਾਵੇ ਥਾਉ ॥	آگے مِلی نِتھاوے تھاءُ ॥
ਗੁਰ ਪੂਰੇ ਕੀ ਚਰਣੀ ਲਾਗੁ ॥	گُرپوُرے کی چرنّی لاگُ ॥
ਜਨਮ ਜਨਮ ਕਾ ਸੋਇਆ ਜਾਗੁ ॥੧॥	جنم جنم کا سوئیا جاگُ ॥1॥
ਹਰਿ ਹਰਿ ਜਾਪੁ ਜਪਲਾ ॥	ہرِ ہرِ جاپُ جپلا ॥
ਗੁਰ ਕਿਰਪਾ ਤੇ ਹਿਰਦੈ ਵਾਸੈ ਭਉਜਲੁ ਪਾਰਿ ਪਰਲਾ ॥੧॥ ਰਹਾਉ ॥	گُر کِرپا تے ہِردے واسے بھجُلُ پارِ پرلا ॥1॥ رہاءُ ॥
ਨਾਮੁ ਨਿਧਾਨੁ ਧਿਆਇ ਮਨ ਅਟਲ ॥	نامُ نِدھانُ دھِیاءِ من اٹل ॥
ਤਾ ਛੂਟਹਿ ਮਾਇਆ ਕੇ ਪਟਲ ॥	تا چھوُٹہِ مائیا کے پٹل ॥
ਗੁਰ ਕਾ ਸਬਦੁ ਅੰਮ੍ਰਿਤ ਰਸੁ ਪੀਉ ॥	گُر کا سبدُ انمّرِت رسُ پِیءُ ॥
ਤਾ ਤੇਰਾ ਹੋਇ ਨਿਰਮਲ ਜੀਉ ॥੨॥	تا تیرا ہوءِ نِرمل جیءُ ॥2॥
ਸੋਧਤ ਸੋਧਤ ਸੋਧਿ ਬੀਚਾਰਾ ॥	سودھت سودھت سودھِ بیچارا ॥
ਬਿਨੁ ਹਰਿ ਭਗਤਿ ਨਹੀ ਛੁਟਕਾਰਾ ॥	بِنُ ہرِ بھگتِ نہی چھُٹکارا ॥
ਸੋ ਹਰਿ ਭਜਨੁ ਸਾਧ ਕੈ ਸੰਗਿ ॥	سو ہرِ بھجنُ سادھ کے سنگِ ॥
ਮਨੁ ਤਨੁ ਰਾਪੈ ਹਰਿ ਕੈ ਰੰਗਿ ॥੩॥	منُ تنُ راپے ہرِ کے رنگِ ॥3॥
ਛੋਡਿ ਸਿਆਣਪ ਬਹੁ ਚਤੁਰਾਈ ॥	چھوڈِ سِیانپ بہُ چترُائی ॥
ਮਨ ਬਿਨੁ ਹਰਿ ਨਾਵੈ ਜਾਇ ਨ ਕਾਈ ॥	من بِنُ ہرِ ناوے جاءِ ن کائی ॥

ਦਇਆ ਧਾਰੀ ਗੋਵਿਦ ਗੋਸਾਈ ॥	دئیا دھاری گووِد گوسائی ॥
ਹਰਿ ਹਰਿ ਨਾਨਕ ਟੇਕ ਟਿਕਾਈ ॥੪॥੧੬॥੨੭॥	ہرِ ہرِ نانک ٹیک ٹِکائی ॥4॥ 16 ॥ 27 ॥
ਰਾਮਕਲੀ ਮਹਲਾ ੫ ॥	رامکلی محلا 5 ॥
ਸੰਤ ਕੈ ਸੰਗਿ ਰਾਮ ਰੰਗ ਕੇਲ ॥	سنّت کے سنگِ رام رنگ کیل ॥
ਆਗੈ ਜਮ ਸਿਉ ਹੋਇ ਨ ਮੇਲ ॥	آگے جم سِءُ ہوءِ ن میل ॥
ਅਹੰਬੁਧਿ ਕਾ ਭਇਆ ਬਿਨਾਸ ॥	اہنّبدھِ کا بھئیا بِناس ॥
ਦੁਰਮਤਿ ਹੋਈ ਸਗਲੀ ਨਾਸ ॥੧॥	دُرمتِ ہوئی سگلی ناس ॥1॥
ਰਾਮ ਨਾਮ ਗੁਣ ਗਾਇ ਪੰਡਿਤ ॥	رام نام گُن گاءِ پنڈِت ۔ ॥
ਕਰਮ ਕਾਂਡ ਅਹੰਕਾਰੁ ਨ ਕਾਜੈ ਕੁਸਲ ਸੇਤੀ ਘਰਿ ਜਾਹਿ ਪੰਡਿਤ ॥੧॥ ਰਹਾਉ ॥	کرم کانڈ اہنکارُ ن کاجےَ کُسل سیتی گھرِ جاہِ پنڈِت ۔ ॥1॥ رہاءُ ॥
ਹਰਿ ਕਾ ਜਸੁ ਨਿਧਿ ਲੀਆ ਲਾਭ ॥	ہرِ کا جسُ نِدھِ لِیا لابھ ॥
ਪੂਰਨ ਭਏ ਮਨੋਰਥ ਸਾਭ ॥	پوُرن بھئے منورتھ سابھ ॥
ਦੁਖੁ ਨਾਠਾ ਸੁਖੁ ਘਰ ਮਹਿ ਆਇਆ ॥	دُکھُ ناٹھا سُکھُ گھر مہِ آئیا ॥
ਸੰਤ ਪ੍ਰਸਾਦਿ ਕਮਲੁ ਬਿਗਸਾਇਆ ॥੨॥	سنّت پرّسادِ کملُ بِگسائیا ॥2॥
ਨਾਮ ਰਤਨੁ ਜਿਨਿ ਪਾਇਆ ਦਾਨੁ ॥	نام رتنُ جِنِ پائیا دانُ ॥
ਤਿਸੁ ਜਨ ਹੋਏ ਸਗਲ ਨਿਧਾਨ ॥	تِسُ جن ہوئے سگل نِدھان ॥
ਸੰਤੋਖੁ ਆਇਆ ਮਨਿ ਪੂਰਾ ਪਾਇ ॥	سنّتوکھُ آئیا منِ پوُرا پاءِ ॥
ਫਿਰਿ ਫਿਰਿ ਮਾਗਨ ਕਾਹੇ ਜਾਇ ॥੩॥	پھرِ پھرِ ماگن کاہے جاءِ ۔ ॥3॥
ਹਰਿ ਕੀ ਕਥਾ ਸੁਨਤ ਪਵਿਤ ॥	ہرِ کی کتھا سُنت پوِت ॥
ਜਿਹਵਾ ਬਕਤ ਪਾਈ ਗਤਿ ਮਤਿ ॥	جِہوا بکت پائی گتِ متِ ॥
ਸੋ ਪਰਵਾਣੁ ਜਿਸੁ ਰਿਦੈ ਵਸਾਈ ॥	سو پرواںُ جِسُ رِدےَ وسائی ॥
ਨਾਨਕ ਤੇ ਜਨ ਊਤਮ ਭਾਈ ॥੪॥੧੭॥੨੮॥	نانک تے جن اوُتم بھائی ॥4॥ 17 ॥ 28 ॥
ਰਾਮਕਲੀ ਮਹਲਾ ੫ ॥	رامکلی محلا 5 ॥

ਗਹੁ ਕਰਿ ਪਕਰੀ ਨ ਆਈ ਹਾਥਿ ॥	گہُ کرِ پکری ن آئی ہاتھِ ॥
ਪ੍ਰੀਤਿ ਕਰੀ ਚਾਲੀ ਨਹੀ ਸਾਥਿ ॥	پرِیتِ کری چالی نہی ساتھِ ॥
ਕਹੁ ਨਾਨਕ ਜਉ ਤਿਆਗਿ ਦਈ ॥	کہُ نانک جءُ تِیاگِ دئی ॥
ਤਬ ਓਹ ਚਰਣੀ ਆਇ ਪਈ ॥੧॥	تب اوہ چرنّی آءِ پئی ॥1॥
ਸੁਣਿ ਸੰਤਹੁ ਨਿਰਮਲ ਬੀਚਾਰ ॥	سُنِ سنّتہ نِرمل بیچار ॥
ਰਾਮ ਨਾਮ ਬਿਨੁ ਗਤਿ ਨਹੀ ਕਾਈ ਗੁਰੁ ਪੂਰਾ ਭੇਟਤ ਉਧਾਰ ॥੧॥ ਰਹਾਉ ॥	رام نام بِنُ گتِ نہی کائی گُرُ پوُرا بھیٹت اُدھار ॥1॥ رہاءُ ॥
ਜਬ ਉਸ ਕਉ ਕੋਈ ਦੇਵੈ ਮਾਨੁ ॥	جب اُس کءُ کوئی دیوے مانُ ॥
ਤਬ ਆਪਸ ਊਪਰਿ ਰਖੈ ਗੁਮਾਨੁ ॥	تب آپس اوُپرِ رکھے گُمانُ ॥
ਜਬ ਉਸ ਕਉ ਕੋਈ ਮਨਿ ਪਰਹਰੈ ॥	جب اُس کءُ کوئی منِ پرہرے ॥
ਤਬ ਓਹ ਸੇਵਕਿ ਸੇਵਾ ਕਰੈ ॥੨॥	تب اوہ سیوکِ سیوا کرے ॥2॥
ਮੁਖਿ ਬੇਰਾਵੈ ਅੰਤਿ ਠਗਾਵੈ ॥	مُکھِ بیراوے انّتِ ٹھگاوے ॥
ਇਕਤੁ ਠਉਰ ਓਹ ਕਹੀ ਨ ਸਮਾਵੈ ॥	اِکتُ ٹھئُر اوہ کہی ن سماوے ॥
ਉਨਿ ਮੋਹੇ ਬਹੁਤੇ ਬ੍ਰਹਮੰਡ ॥	اُنِ موہے بہُتے برہمنڈ ॥
ਰਾਮ ਜਨੀ ਕੀਨੀ ਖੰਡ ਖੰਡ ॥੩॥	رام جنی کِینی کھنڈ کھنڈ ॥3॥
ਜੋ ਮਾਗੈ ਸੋ ਭੂਖਾ ਰਹੈ ॥	جو ماگے سو بھوُکھا رہے ॥
ਇਸੁ ਸੰਗਿ ਰਾਚੈ ਸੁ ਕਛੂ ਨ ਲਹੈ ॥	اِسُ سنگِ راچے سُ کچھوُ ن لہے ॥
ਇਸਹਿ ਤਿਆਗਿ ਸਤਸੰਗਤਿ ਕਰੈ ॥	اِسہِ تِیاگِ ستسنگتِ کرے ॥
ਵਡਭਾਗੀ ਨਾਨਕ ਓਹੁ ਤਰੈ ॥੪॥੧੮॥੨੯॥	وڈبھاگی نانک اوہُ ترے ॥4॥ 18 ॥ 29 ॥
ਰਾਮਕਲੀ ਮਹਲਾ ੫ ॥	رامکلی محلا 5 ॥
ਆਤਮ ਰਾਮੁ ਸਰਬ ਮਹਿ ਪੇਖੁ ॥	آتم رامُ سرب مہِ پیکھُ ॥
ਪੂਰਨ ਪੂਰਿ ਰਹਿਆ ਪ੍ਰਭ ਏਕੁ ॥	پوُرن پوُرِ رہِیا پربھ ایکُ ॥
ਰਤਨੁ ਅਮੋਲੁ ਰਿਦੇ ਮਹਿ ਜਾਨੁ ॥	رتنُ امولُ رِدے مہِ جانُ ॥

ਅਪਨੀ ਵਸਤੁ ਤੂ ਆਪਿ ਪਛਾਨੁ ॥੧॥	اپنی وستُ توُ آپِ پچھانُ ॥1॥
ਪੀ ਅੰਮ੍ਰਿਤੁ ਸੰਤਨ ਪਰਸਾਦਿ ॥	پی انمّرِتُ سنّتن پرسادِ॥
ਵਡੇ ਭਾਗ ਹੋਵਹਿ ਤਉ ਪਾਈਐ ਬਿਨੁ ਜਿਹਵਾ ਕਿਆ ਜਾਣੈ ਸੁਆਦੁ ॥੧॥ ਰਹਾਉ ॥	وڈے بھاگ ہووہِ تءُ پائیئے بِنُ جِہوا کِیا جانّے سُیادُ۔ ॥1॥ رہاءُ ॥
ਅਠ ਦਸ ਬੇਦ ਸੁਨੇ ਕਹ ਡੋਰਾ ॥	اٹھ دس بید سُنے کہ ڈورا۔ ॥
ਕੋਟਿ ਪ੍ਰਗਾਸ ਨ ਦਿਸੈ ਅੰਧੇਰਾ ॥	کوٹِ پرّگاس ن دِسےَ اندھیرا ॥
ਪਸੂ ਪਰੀਤਿ ਘਾਸ ਸੰਗਿ ਰਚੈ ॥	پسوُ پریتِ گھاس سنگِ رچےَ॥
ਜਿਸੁ ਨਹੀ ਬੁਝਾਵੈ ਸੋ ਕਿਤੁ ਬਿਧਿ ਬੁਝੈ ॥੨॥	جِسُ نہی بُجھاوےَ سو کِتُ بِدھِ بُجھےَ۔ ॥2॥
ਜਾਨਣਹਾਰੁ ਰਹਿਆ ਪ੍ਰਭੁ ਜਾਨਿ ॥	جانّہارُ رہِیا پّربھُ جانِ ॥
ਓਤਿ ਪੋਤਿ ਭਗਤਨ ਸੰਗਾਨਿ ॥	اوتِ پوتِ بھگتن سنگانِ ॥
ਬਿਗਸਿ ਬਿਗਸਿ ਅਪੁਨਾ ਪ੍ਰਭੁ ਗਾਵਹਿ ॥	بِگسِ بِگسِ اپُنا پّربھُ گاوہِ ॥
ਨਾਨਕ ਤਿਨ ਜਮ ਨੇੜਿ ਨ ਆਵਹਿ ॥੩॥੧੯॥੩੦॥	نانک تِن جم نیڑِ ن آوہِ ॥3॥ 19 ॥ 30 ॥
ਰਾਮਕਲੀ ਮਹਲਾ ੫ ॥	رامکلی محلا 5 ॥
ਦੀਨੋ ਨਾਮੁ ਕੀਓ ਪਵਿਤੁ ॥	دینو نامُ کیئو پوِتُ ॥
ਹਰਿ ਧਨੁ ਰਾਸਿ ਨਿਰਾਸ ਇਹ ਬਿਤੁ ॥	ہرِ دھنُ راسِ نِراس اِہ بِتُ ॥
ਕਾਟੀ ਬੰਧਿ ਹਰਿ ਸੇਵਾ ਲਾਏ ॥	کاٹی بندھِ ہرِ سیوا لائے ॥
ਹਰਿ ਹਰਿ ਭਗਤਿ ਰਾਮ ਗੁਣ ਗਾਏ ॥੧॥	ہرِ ہرِ بھگتِ رام گُنّ گائے ॥1॥
ਬਾਜੇ ਅਨਹਦ ਬਾਜਾ ॥	باجے انہد باجا ॥
ਰਸਕਿ ਰਸਕਿ ਗੁਣ ਗਾਵਹਿ ਹਰਿ ਜਨ ਅਪਨੈ ਗੁਰਦੇਵਿ ਨਿਵਾਜਾ ॥੧॥ ਰਹਾਉ ॥	رسکِ رسکِ گُنّ گاوہِ ہرِ جن اپنے گُردیوِ نوازا ॥1॥ رہاءُ ॥
ਆਇ ਬਨਿਓ ਪੂਰਬਲਾ ਭਾਗੁ ॥	آءِ بنِئو پوُربلا بھاگُ ॥
ਜਨਮ ਜਨਮ ਕਾ ਸੋਇਆ ਜਾਗੁ ॥	جنم جنم کا سوئیا جاگُ ॥

ਗਈ ਗਿਲਾਨਿ ਸਾਧ ਕੈ ਸੰਗਿ ॥	گئی گِلانِ سادھ کے سنگِ ॥
ਮਨੁ ਤਨੁ ਰਾਤੋ ਹਰਿ ਕੈ ਰੰਗਿ ॥੨॥	منُ تنُ راتو ہرِ کے رنگِ ॥2॥
ਰਾਖੇ ਰਾਖਨਹਾਰ ਦਇਆਲ ॥	راکھے راکھنہار دئیال ॥
ਨਾ ਕਿਛੁ ਸੇਵਾ ਨਾ ਕਿਛੁ ਘਾਲ ॥	نا کِچھُ سیوا نا کِچھُ گھال ॥
ਕਰਿ ਕਿਰਪਾ ਪ੍ਰਭਿ ਕੀਨੀ ਦਇਆ ॥	کرِ کرپا پربھِ کِینی دئیا ॥
ਬੂਡਤ ਦੁਖ ਮਹਿ ਕਾਢਿ ਲਇਆ ॥੩॥	بوُڈت دُکھ مہِ کاڈھِ لئیا ॥3॥
ਸੁਣਿ ਸੁਣਿ ਉਪਜਿਓ ਮਨ ਮਹਿ ਚਾਉ ॥	سُنِ سُنِ اُپجِئو من مہِ چاءُ ॥
ਆਠ ਪਹਰ ਹਰਿ ਕੇ ਗੁਣ ਗਾਉ ॥	آٹھ پہر ہرِ کے گُن گاءُ ॥
ਗਾਵਤ ਗਾਵਤ ਪਰਮ ਗਤਿ ਪਾਈ ॥	گاوت گاوت پرم گتِ پائی ॥
ਗੁਰ ਪ੍ਰਸਾਦਿ ਨਾਨਕ ਲਿਵ ਲਾਈ ॥੪॥੨੦॥੩੧॥	گُر پرّسادِ نانک لِو لائی ॥4॥ 20 ॥ 31 ॥
ਰਾਮਕਲੀ ਮਹਲਾ ੫ ॥	رامکلی محلا 5 ॥
ਕਉਡੀ ਬਦਲੈ ਤਿਆਗੈ ਰਤਨੁ ॥	کئڈی بدلے تِیاگے رتنُ ॥
ਛੋਡਿ ਜਾਇ ਤਾਹੂ ਕਾ ਜਤਨੁ ॥	چھوڈِ جاءِ تاہوُ کا جتنُ ॥
ਸੋ ਸੰਚੈ ਜੋ ਹੋਛੀ ਬਾਤ ॥	سو سنچَے جو ہوچھی بات ॥
ਮਾਇਆ ਮੋਹਿਆ ਟੇਢਉ ਜਾਤ ॥੧॥	مائیا موہیا ٹیڈھءُ جات ॥1॥
ਅਭਾਗੇ ਤੈ ਲਾਜ ਨਾਹੀ ॥	ابھاگے تے لاج ناہی ۔ ॥
ਸੁਖ ਸਾਗਰ ਪੂਰਨ ਪਰਮੇਸਰੁ ਹਰਿ ਨ ਚੇਤਿਓ ਮਨ ਮਾਹੀ ॥੧॥ ਰਹਾਉ ॥	سُکھ ساگر پوُرن پرمیسرُ ہرِ ن چیتِئو من ماہی ॥1॥ رہاءُ ॥
ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥	انمّرِتُ کئرا بِکھیا مِیٹھی ॥
ਸਾਕਤ ਕੀ ਬਿਧਿ ਨੈਨਹੁ ਡੀਠੀ ॥	ساکت کی بِدھِ نینہُ ڈیٹھی ॥
ਕੂੜਿ ਕਪਟਿ ਅਹੰਕਾਰਿ ਰੀਝਾਨਾ ॥	کوُڑِ کپٹِ اہنکارِ ریجھانا ॥
ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥੨॥	نامُ سُنت جنُ بچھوُء ڈسانا ॥2॥
ਮਾਇਆ ਕਾਰਣਿ ਸਦ ਹੀ ਝੂਰੈ ॥	مائیا کارنِ سد ہی جھوُرے ॥

ਮਨਿ ਮੁਖਿ ਕਬਹਿ ਨ ਉਸਤਤਿ ਕਰੈ ॥	منِ مُکھِ کبہِ ن اُستتِ کرے ॥
ਨਿਰਭਉ ਨਿਰੰਕਾਰ ਦਾਤਾਰੁ ॥	نِربھءُ نِرنکار داتارُ ॥
ਤਿਸੁ ਸਿਉ ਪ੍ਰੀਤਿ ਨ ਕਰੈ ਗਵਾਰੁ ॥੩॥	تِسُ سِءُ پرِیتِ ن کرے گوارُ ॥3॥
ਸਭ ਸਾਹਾ ਸਿਰਿ ਸਾਚਾ ਸਾਹੁ ॥	سبھ ساہا سِرِ ساچا ساہُ ॥
ਵੇਮੁਹਤਾਜੁ ਪੂਰਾ ਪਾਤਿਸਾਹੁ ॥	ویمُہتاجُ پوُرا پاتِشاہُ ॥
ਮੋਹ ਮਗਨ ਲਪਟਿਓ ਭ੍ਰਮ ਗਿਰਹ ॥	موہ مگن لپٹِئو بھرم گِرہ ॥
ਨਾਨਕ ਤਰੀਐ ਤੇਰੀ ਮਿਹਰ ॥੪॥੨੧॥੩੨॥	نانک ترِیے تیری مِہر ॥4॥ 21 ॥ 32 ॥
ਰਾਮਕਲੀ ਮਹਲਾ ੫ ॥	رامکلی محلا 5 ॥
ਰੈਣਿ ਦਿਨਸੁ ਜਪਉ ਹਰਿ ਨਾਉ ॥	رَیَنِ دِنسُ جپءُ ہرِ ناءُ ॥
ਆਗੈ ਦਰਗਹ ਪਾਵਉ ਥਾਉ ॥	آگے درگہ پاوءُ تھاءُ ॥
ਸਦਾ ਅਨੰਦੁ ਨ ਹੋਵੀ ਸੋਗੁ ॥	سدا انندُ ن ہووی سوگُ ॥
ਕਬਹੂ ਨ ਬਿਆਪੈ ਹਉਮੈ ਰੋਗੁ ॥੧॥	کبہوُ ن بِیاپے ہئُمے روگُ ॥1॥
ਖੋਜਹੁ ਸੰਤਹੁ ਹਰਿ ਬ੍ਰਹਮ ਗਿਆਨੀ ॥	کھوجہُ سنّتہُ ہرِ برّہم گیانی ॥
ਬਿਸਮਨ ਬਿਸਮ ਭਏ ਬਿਸਮਾਦਾ ਪਰਮ ਗਤਿ ਪਾਵਹਿ ਹਰਿ ਸਿਮਰਿ ਪਰਾਨੀ ॥੧॥ ਰਹਾਉ ॥	بِسمن بِسم بھے بِسمادا پرم گتِ پاوہِ ہرِ سِمرِ پرانی ॥1॥ رہاءُ ॥
ਗਨਿ ਮਿਨਿ ਦੇਖਹੁ ਸਗਲ ਬੀਚਾਰਿ ॥	گنِ مِنِ دیکھہُ سگل بیچارِ ॥
ਨਾਮ ਬਿਨਾ ਕੋ ਸਕੈ ਨ ਤਾਰਿ ॥	نام بِنا کو سکے ن تارِ ॥
ਸਗਲ ਉਪਾਵ ਨ ਚਾਲਹਿ ਸੰਗਿ ॥	سگل اُپاو ن چالہِ سنگِ ॥
ਭਵਜਲੁ ਤਰੀਐ ਪ੍ਰਭ ਕੈ ਰੰਗਿ ॥੨॥	بھوجلُ ترِیے پربھ کے رنگِ ॥2॥
ਦੇਹੀ ਧੋਇ ਨ ਉਤਰੈ ਮੈਲੁ ॥	دیہی دھوءِ ن اُترے میَلُ ॥
ਹਉਮੈ ਬਿਆਪੈ ਦੁਬਿਧਾ ਫੈਲੁ ॥	ہئُمے بِیاپے دُبِدھا پھیَلُ ॥
ਹਰਿ ਹਰਿ ਅਉਖਧੁ ਜੋ ਜਨੁ ਖਾਇ ॥	ہرِ ہرِ انکھدھُ جو جنُ کھاءِ ॥
ਤਾ ਕਾ ਰੋਗੁ ਸਗਲ ਮਿਟਿ ਜਾਇ ॥੩॥	تا کا روگُ سگل مِٹِ جاءِ ॥3॥

ਕਰਿ ਕਿਰਪਾ ਪਾਰਬ੍ਰਹਮ ਦਇਆਲ ॥	کرِ کرِپا پاربّرہم دیَیال ۔ ॥
ਮਨ ਤੇ ਕਬਹੁ ਨ ਬਿਸਰੁ ਗੋਪਾਲ ॥	من تے کبہُ ن بِسرُ گوپال ۔ ॥
ਤੇਰੇ ਦਾਸ ਕੀ ਹੋਵਾ ਧੂਰਿ ॥	تیرے داس کی ہووا دھوُرِ ॥
ਨਾਨਕ ਕੀ ਪ੍ਰਭ ਸਰਧਾ ਪੂਰਿ ॥੪॥੨੨॥੩੩॥	نانک کی پّربھ سردھا پوُرِ ॥4॥ 22 ॥ 33 ॥
ਰਾਮਕਲੀ ਮਹਲਾ ੫ ॥	رامکلی محلا 5 ॥
ਤੇਰੀ ਸਰਣਿ ਪੂਰੇ ਗੁਰਦੇਵ ॥	تیری سرنِ پوُرے گُردیو ۔ ॥
ਤੁਧੁ ਬਿਨੁ ਦੂਜਾ ਨਾਹੀ ਕੋਇ ॥	تُدھُ بِنُ دوُجا ناہی کوءِ ॥
ਤੂ ਸਮਰਥੁ ਪੂਰਨ ਪਾਰਬ੍ਰਹਮੁ ॥	توُ سمرتھُ پوُرن پاربّرہمُ ॥
ਸੋ ਧਿਆਏ ਪੂਰਾ ਜਿਸੁ ਕਰਮੁ ॥੧॥	سو دھِیائے پوُرا جِسُ کرمُ ॥1॥
ਤਰਣ ਤਾਰਣ ਪ੍ਰਭ ਤੇਰੋ ਨਾਉ ॥	ترنُ تارنُ پّربھ تیرو ناءُ ॥
ਏਕਾ ਸਰਣਿ ਗਹੀ ਮਨ ਮੇਰੇ ਤੁਧੁ ਬਿਨੁ ਦੂਜਾ ਨਾਹੀ ਠਾਉ ॥੧॥ ਰਹਾਉ ॥	ایکا سرنِ گہی من میرے تُدھُ بِنُ دوُجا ناہی ٹھاءُ ॥1॥ رہاءُ ॥
ਜਪਿ ਜਪਿ ਜੀਵਾ ਤੇਰਾ ਨਾਉ ॥	جپِ جپِ جیِوا تیرا ناءُ ॥
ਆਗੈ ਦਰਗਹ ਪਾਵਉ ਠਾਉ ॥	آگے درگہ پاوءُ ٹھاءُ ॥
ਦੂਖੁ ਅੰਧੇਰਾ ਮਨ ਤੇ ਜਾਇ ॥	دوُکھُ اندھیرا من تے جاءِ ॥
ਦੁਰਮਤਿ ਬਿਨਸੈ ਰਾਚੈ ਹਰਿ ਨਾਇ ॥੨॥	دُرمتِ بِنسے راچے ہرِ ناءِ ॥2॥
ਚਰਨ ਕਮਲ ਸਿਉ ਲਾਗੀ ਪ੍ਰੀਤਿ ॥	چرن کمل سِءُ لاگی پّریتِ ॥
ਗੁਰ ਪੂਰੇ ਕੀ ਨਿਰਮਲ ਰੀਤਿ ॥	گُر پوُرے کی نِرمل ریتِ ॥
ਭਉ ਭਾਗਾ ਨਿਰਭਉ ਮਨਿ ਬਸੈ ॥	بھءُ بھاگا نِربھءُ منِ بسے ॥
ਅੰਮ੍ਰਿਤ ਨਾਮੁ ਰਸਨਾ ਨਿਤ ਜਪੈ ॥੩॥	انّمرِت نامُ رسنا نِت جپے ॥3॥
ਕੋਟਿ ਜਨਮ ਕੇ ਕਾਟੇ ਫਾਹੇ ॥	کوٹِ جنم کے کاٹے پھاہے ॥
ਪਾਇਆ ਲਾਭੁ ਸਚਾ ਧਨੁ ਲਾਹੇ ॥	پائیا لابھُ سچا دھنُ لاہے ॥
ਤੋਟਿ ਨ ਆਵੈ ਅਖੁਟ ਭੰਡਾਰ ॥	توٹِ ن آوے اکھُٹ بھنّڈار ॥

ਨਾਨਕ ਭਗਤ ਸੋਹਹਿ ਹਰਿ ਦੁਆਰ ॥੪॥੨੩॥੩੪॥	نانک بھگت سوہہِ ہرِ دُیار ॥4॥ 23 ॥ 34 ॥
ਰਾਮਕਲੀ ਮਹਲਾ ੫ ॥	رامکلی محلا 5 ॥
ਰਤਨ ਜਵੇਹਰ ਨਾਮ ॥	رتن جویہر نام ॥
ਸਤੁ ਸੰਤੋਖੁ ਗਿਆਨ ॥	ستُ سنّتوکھُ گِیان ॥
ਸੂਖ ਸਹਜ ਦਇਆ ਕਾ ਪੋਤਾ ॥	سوُکھ سہج دیَیا کا پوتا ॥
ਹਰਿ ਭਗਤਾ ਹਵਾਲੈ ਹੋਤਾ ॥੧॥	ہرِ بھگتا ہوالے ہوتا ॥1॥
ਮੇਰੇ ਰਾਮ ਕੋ ਭੰਡਾਰੁ ॥	میرے رام کو بھنڈارُ ॥
ਖਾਤ ਖਰਚਿ ਕਛੁ ਤੋਟਿ ਨ ਆਵੈ ਅੰਤੁ ਨਹੀ ਹਰਿ ਪਾਰਾਵਾਰੁ ॥੧॥ ਰਹਾਉ ॥	کھات خرچِ کچھُ توٹِ ن آوے انتُ نہی ہرِ پاراوارُ ॥1॥ رہاءُ ॥
ਕੀਰਤਨੁ ਨਿਰਮੋਲਕੁ ਹੀਰਾ ॥	کیرتنُ نِرمولکُ ہیرا ॥
ਆਨੰਦ ਗੁਣੀ ਗਹੀਰਾ ॥	آنند گُنی گہیرا ॥
ਅਨਹਦ ਬਾਣੀ ਪੂੰਜੀ ॥	انہد بانی پوُنجی ॥
ਸੰਤਨ ਹਥਿ ਰਾਖੀ ਕੂੰਜੀ ॥੨॥	سنّتن ہتھِ راکھی کوُنجی ॥2॥
ਸੁੰਨ ਸਮਾਧਿ ਗੁਫਾ ਤਹ ਆਸਨੁ ॥	سُنّن سمادھِ گُپھا تہ آسنُ ॥
ਕੇਵਲ ਬ੍ਰਹਮ ਪੂਰਨ ਤਹ ਬਾਸਨੁ ॥	کیول برہم پوُرن تہ باسنُ ॥
ਭਗਤ ਸੰਗਿ ਪ੍ਰਭੁ ਗੋਸਟਿ ਕਰਤ ॥	بھگت سنگِ پربھُ گوسٹِ کرت ॥
ਤਹ ਹਰਖ 'ਨ' ਸੋਗ ਨ ਜਨਮ ਨ ਮਰਤ ॥੩॥	تہ ہرکھ ن سوگ ن جنم ن مرت ॥3॥
ਕਰਿ ਕਿਰਪਾ ਜਿਸੁ ਆਪਿ ਦਿਵਾਇਆ ॥	کرِ کرپا جِسُ آپِ دِوائیَا ॥
ਸਾਧਸੰਗਿ ਤਿਨਿ ਹਰਿ ਧਨੁ ਪਾਇਆ ॥	سادھسنگِ تِنِ ہرِ دھنُ پائیَا ॥
ਦਇਆਲ ਪੁਰਖ ਨਾਨਕ ਅਰਦਾਸਿ ॥	دیَیال پُرکھ نانک عرداسِ ॥
ਹਰਿ ਮੇਰੀ ਵਰਤਣਿ ਹਰਿ ਮੇਰੀ ਰਾਸਿ ॥੪॥੨੪॥੩੫॥	ہرِ میری ورتنِ ہرِ میری راسِ ॥4॥ 24 ॥ 35 ॥
ਰਾਮਕਲੀ ਮਹਲਾ ੫ ॥	رامکلی محلا 5 ॥

ਮਹਿਮਾ ਨ ਜਾਨਹਿ ਬੇਦ ॥	مہِما ن جانہِ بید ॥
ਬ੍ਰਹਮੇ ਨਹੀ ਜਾਨਹਿ ਭੇਦ ॥	برہمے نہی جانہِ بھید ॥
ਅਵਤਾਰ ਨ ਜਾਨਹਿ ਅੰਤੁ ॥	اوتار ن جانہِ انتُ ॥
ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥	پریسرُ پاربرہم بیئنتُ ॥1॥
ਅਪਨੀ ਗਤਿ ਆਪਿ ਜਾਨੈ ॥	اپنی گتِ آپِ جانے ॥
ਸੁਣਿ ਸੁਣਿ ਅਵਰ ਵਖਾਨੈ ॥੧॥ ਰਹਾਉ ॥	سُنِ سُنِ اور وکھانے ॥1॥ رہاءُ ॥
ਸੰਕਰਾ ਨਹੀ ਜਾਨਹਿ ਭੇਵ ॥	سنکرا نہی جانہِ بھیو ॥
ਖੋਜਤ ਹਾਰੇ ਦੇਵ ॥	کھوجت ہارے دیو ॥
ਦੇਵੀਆ ਨਹੀ ਜਾਨੈ ਮਰਮ ॥	دیوِیا نہی جانے مرم ॥
ਸਭ ਊਪਰਿ ਅਲਖ ਪਾਰਬ੍ਰਹਮ ॥੨॥	سبھ اوُپرِ الکھ پاربرہم ॥2॥
ਅਪਨੈ ਰੰਗਿ ਕਰਤਾ ਕੇਲ ॥	اپنے رنگِ کرتا کیل ॥
ਆਪਿ ਬਿਛੋਰੈ ਆਪੇ ਮੇਲ ॥	آپِ بچھورے آپے میل ॥
ਇਕਿ ਭਰਮੇ ਇਕਿ ਭਗਤੀ ਲਾਏ ॥	اِکِ بھرمے اِکِ بھگتی لائے ॥
ਅਪਣਾ ਕੀਆ ਆਪਿ ਜਣਾਏ ॥੩॥	اپنا کیِیا آپِ جنائے ॥3॥
ਸੰਤਨ ਕੀ ਸੁਣਿ ਸਾਚੀ ਸਾਖੀ ॥	سنتن کی سُنِ ساچی ساکھی ॥
ਸੋ ਬੋਲਹਿ ਜੋ ਪੇਖਹਿ ਆਖੀ ॥	سو بولہِ جو پیکھہِ آکھی ॥
ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥	نہی لیپُ تِس پُنِ ن پاپِ ॥
ਨਾਨਕ ਕਾ ਪ੍ਰਭੁ ਆਪੇ ਆਪਿ ॥੪॥੨੫॥੩੬॥	نانک کا پربھُ آپے آپِ ॥4॥ 25 ॥ 36 ॥
ਰਾਮਕਲੀ ਮਹਲਾ ੫ ॥	رامکلی محلا 5 ॥
ਕਿਛਹੂ ਕਾਜੁ ਨ ਕੀਓ ਜਾਨਿ ॥	کِچھہُ کاجُ ن کِیئو جانِ ॥
ਸੁਰਤਿ ਮਤਿ ਨਾਹੀ ਕਿਛੁ ਗਿਆਨਿ ॥	سُرتِ متِ ناہی کِچھُ گیانِ ॥
ਜਾਪ ਤਾਪ ਸੀਲ ਨਹੀ ਧਰਮ ॥	جاپ تاپ سیِل نہی دھرم ॥

ਕਿਛੂ ਨ ਜਾਨਉ ਕੈਸਾ ਕਰਮ ॥੧॥	کِچھوُ ن جانءُ کیَسا کرم ۔ ॥1॥
ਠਾਕੁਰ ਪ੍ਰੀਤਮ ਪ੍ਰਭ ਮੇਰੇ ॥	ٹھاکُر پرِیتم پربھ میرے ۔ ॥
ਤੁਝ ਬਿਨੁ ਦੂਜਾ ਅਵਰੁ ਨ ਕੋਈ	تُجھ بِنُ دوُجا اورُ ن کوئی
ਭੂਲਹ ਚੂਕਹ ਪ੍ਰਭ ਤੇਰੇ ॥੧॥ ਰਹਾਉ ॥	بھوُلہ چوُکہ پربھ تیرے ॥1॥ رہاءُ ॥
ਰਿਧਿ ਨ ਬੁਧਿ ਨ ਸਿਧਿ ਪ੍ਰਗਾਸੁ ॥	رِدھِ ن بُدھِ ن سِدھِ پرگاسُ ॥
ਬਿਖੈ ਬਿਆਧਿ ਕੇ ਗਾਵ ਮਹਿ ਬਾਸੁ ॥	بِکھےَ بِیادھِ کے گاو مہِ باسُ ॥
ਕਰਣਹਾਰ ਮੇਰੇ ਪ੍ਰਭ ਏਕ ॥	کرنہار میرے پربھ ایک ॥
ਨਾਮ ਤੇਰੇ ਕੀ ਮਨ ਮਹਿ ਟੇਕ ॥੨॥	نام تیرے کی من مہِ ٹیک ॥2॥
ਸੁਣਿ ਸੁਣਿ ਜੀਵਉ ਮਨਿ ਇਹੁ ਬਿਸ੍ਰਾਮੁ ॥	سُنِ سُنِ جیِوءُ منِ اِہُ بِسّرامُ ॥
ਪਾਪ ਖੰਡਨ ਪ੍ਰਭ ਤੇਰੋ ਨਾਮੁ ॥	پاپ کھنڈن پربھ تیرو نامُ ॥
ਤੂ ਅਗਨਤੁ ਜੀਅ ਕਾ ਦਾਤਾ ॥	توُ اگنتُ جیء کا داتا ॥
ਜਿਸਹਿ ਜਣਾਵਹਿ ਤਿਨਿ ਤੂ ਜਾਤਾ ॥੩॥	جِسہِ جنّاوہِ تِنِ توُ جاتا ॥3॥
ਜੋ ਉਪਾਇਓ ਤਿਸੁ ਤੇਰੀ ਆਸ ॥	جو اُپائیَو تِس تیری آس ॥
ਸਗਲ ਅਰਾਧਹਿ ਪ੍ਰਭ ਗੁਣਤਾਸ ॥	سگل ارادھہِ پربھ گُنتاس ۔ ॥
ਨਾਨਕ ਦਾਸ ਤੇਰੈ ਕੁਰਬਾਣੁ ॥	نانک داس تیرےَ قُربانُ ॥
ਬੇਅੰਤ ਸਾਹਿਬੁ ਮੇਰਾ ਮਿਹਰਵਾਣੁ ॥੪॥੨੬॥੩੭॥	بیئنّت صاحِبُ میرا مِہرواںُ ॥4॥ 26 ॥ 37 ॥
ਰਾਮਕਲੀ ਮਹਲਾ ੫ ॥	رامکلی محلا 5 ॥
ਰਾਖਨਹਾਰ ਦਇਆਲ ॥	راکھنہار دیئال ॥
ਕੋਟਿ ਭਵ ਖੰਡੇ ਨਿਮਖ ਖਿਆਲ ॥	کوٹِ بھو کھنڈے نِمکھ خِیال ॥
ਸਗਲ ਅਰਾਧਹਿ ਜੰਤ ॥	سگل ارادھہِ جنّت ॥
ਮਿਲੀਐ ਪ੍ਰਭ ਗੁਰ ਮਿਲਿ ਮੰਤ ॥੧॥	مِلیِئےَ پربھ گُر مِلِ منّت ॥1॥
ਜੀਅਨ ਕੋ ਦਾਤਾ ਮੇਰਾ ਪ੍ਰਭੁ ॥	جیِئن کو داتا میرا پربھُ ॥
ਪੂਰਨ ਪਰਮੇਸਰੁ ਸੁਆਮੀ	پوُرن پرمیسرُ سُیامی

ਘਟਿ ਘਟਿ ਰਾਤਾ ਮੇਰਾ ਪ੍ਰਭੁ ॥੧॥ ਰਹਾਉ ॥	گھٹِ گھٹِ راتا میرا پربھُ ॥1॥ رہاءُ ॥
ਤਾ ਕੀ ਗਹੀ ਮਨ ਓਟ ॥	تا کی گہی من اوٹ ॥
ਬੰਧਨ ਤੇ ਹੋਈ ਛੋਟ ॥	بندھن تے ہوئی چھوٹ ॥
ਹਿਰਦੈ ਜਪਿ ਪਰਮਾਨੰਦ ॥	ہِردے جپِ پرمانند ॥
ਮਨ ਮਾਹਿ ਭਏ ਅਨੰਦ ॥੨॥	من ماہِ بھئے انند ॥2॥
ਤਾਰਣ ਤਰਣ ਹਰਿ ਸਰਣ ॥	تارنٌ ترنٌ ہرِ سرنٌ ॥
ਜੀਵਨ ਰੂਪ ਹਰਿ ਚਰਣ ॥	جیِون روُپ ہرِ چرنٌ ॥
ਸੰਤਨ ਕੇ ਪ੍ਰਾਣ ਅਧਾਰ ॥	سنتن کے پرانٌ ادھار ॥
ਊਚੇ ਤੇ ਊਚ ਅਪਾਰ ॥੩॥	اوُچے تے اوُچ اپار ॥3॥
ਸੁ ਮਤਿ ਸਾਰੁ ਜਿਤੁ ਹਰਿ ਸਿਮਰੀਜੈ ॥	سُ متِ سارُ جِتُ ہرِ سِمریجےَ ॥
ਕਰਿ ਕਿਰਪਾ ਜਿਸੁ ਆਪੇ ਦੀਜੈ ॥	کرِ کرِپا جِسُ آپے دیجےَ ॥
ਸੂਖ ਸਹਜ ਆਨੰਦ ਹਰਿ ਨਾਉ ॥	سوُکھ سہج آنند ہرِ ناءُ ॥
ਨਾਨਕ ਜਪਿਆ ਗੁਰ ਮਿਲਿ ਨਾਉ ॥੪॥੨੭॥੩੮॥	نانک جپِیا گُر مِلِ ناءُ ॥4॥ 27 ॥ 38 ॥
ਰਾਮਕਲੀ ਮਹਲਾ ੫ ॥	رامکلی محلا 5 ॥
ਸਗਲ ਸਿਆਨਪ ਛਾਡਿ ॥	سگل سِیانپ چھاڈِ ॥
ਕਰਿ ਸੇਵਾ ਸੇਵਕ ਸਾਜਿ ॥	کرِ سیوا سیوک ساجِ ॥
ਅਪਨਾ ਆਪੁ ਸਗਲ ਮਿਟਾਇ ॥	اپنا آپُ سگل مِٹاءِ ॥
ਮਨ ਚਿੰਦੇ ਸੇਈ ਫਲ ਪਾਇ ॥੧॥	من چِنّدے سیئی پھل پاءِ ॥1॥
ਹੋਹੁ ਸਾਵਧਾਨ ਅਪੁਨੇ ਗੁਰ ਸਿਉ ॥	ہوہُ ساودھان اپُنے گُر سِءُ ॥
ਆਸਾ ਮਨਸਾ ਪੂਰਨ ਹੋਵੈ ਪਾਵਹਿ ਸਗਲ ਨਿਧਾਨ ਗੁਰ ਸਿਉ ॥੧॥ ਰਹਾਉ ॥	آسا منسا پوُرن ہووےَ پاوہِ سگل نِدھان گُر سِءُ ॥1॥ رہاءُ ॥
ਦੂਜਾ ਨਹੀ ਜਾਨੈ ਕੋਇ ॥	دوُجا نہی جانےَ کوءِ ॥
ਸਤਗੁਰੁ ਨਿਰੰਜਨੁ ਸੋਇ ॥	ستگُرُ نِرنجنُ سوءِ ॥

ਮਾਨੁਖ ਕਾ ਕਰਿ ਰੂਪੁ ਨ ਜਾਨੁ ॥	مانکھ کا کرِ روُپ ن جانُ ॥
ਮਿਲੀ ਨਿਮਾਨੇ ਮਾਨੁ ॥੨॥	مِلی نِمانے مانُ ॥2॥
ਗੁਰ ਕੀ ਹਰਿ ਟੇਕ ਟਿਕਾਇ ॥	گُر کی ہرِ ٹیک ٹِکاءِ ॥
ਅਵਰ ਆਸਾ ਸਭ ਲਾਹਿ ॥	اور آسا سبھ لاہِ ॥
ਹਰਿ ਕਾ ਨਾਮੁ ਮਾਗੁ ਨਿਧਾਨੁ ॥	ہرِ کا نامُ ماگُ نِدھانُ ॥
ਤਾ ਦਰਗਹ ਪਾਵਹਿ ਮਾਨੁ ॥੩॥	تا درگہ پاوہِ مانُ ॥3॥
ਗੁਰ ਕਾ ਬਚਨੁ ਜਪਿ ਮੰਤੁ ॥	گُر کا بچنُ جپِ منّتُ ॥
ਏਹਾ ਭਗਤਿ ਸਾਰ ਤਤੁ ॥	ایہا بھگتِ سار تتُ ॥
ਸਤਿਗੁਰ ਭਏ ਦਇਆਲ ॥	ستِگُر بھےَ دئیال ॥
ਨਾਨਕ ਦਾਸ ਨਿਹਾਲ ॥੪॥੨੮॥੩੯॥	نانک داس نِہال ॥4॥ 28 ॥ 39 ॥
ਰਾਮਕਲੀ ਮਹਲਾ ੫ ॥	رامکلی محلا 5 ॥
ਹੋਵੈ ਸੋਈ ਭਲ ਮਾਨੁ ॥	ہووے سوئی بھل مانُ ॥
ਆਪਨਾ ਤਜਿ ਅਭਿਮਾਨੁ ॥	آپنا تجِ ابھِمانُ ॥
ਦਿਨੁ ਰੈਨਿ ਸਦਾ ਗੁਨ ਗਾਉ ॥	دِنُ ریَنِ سدا گُن گاءُ ॥
ਪੂਰਨ ਏਹੀ ਸੁਆਉ ॥੧॥	پوُرن ایہی سُیاءُ ॥1॥
ਆਨੰਦ ਕਰਿ ਸੰਤ ਹਰਿ ਜਪਿ ॥	آنند کرِ سنّت ہرِ جپِ ॥
ਛਾਡਿ ਸਿਆਨਪ ਬਹੁ ਚਤੁਰਾਈ ਗੁਰ ਕਾ ਜਪਿ ਮੰਤੁ ਨਿਰਮਲ ॥੧॥ ਰਹਾਉ ॥	چھاڈِ سِیانپ بہُ چترُائی گُر کا جپِ منّتُ نِرمل ॥1॥ رہاءُ ॥
ਏਕ ਕੀ ਕਰਿ ਆਸ ਭੀਤਰਿ ॥	ایک کی کرِ آس بھیترِ ॥
ਨਿਰਮਲ ਜਪਿ ਨਾਮੁ ਹਰਿ ਹਰਿ ॥	نِرمل جپِ نامُ ہرِ ہرِ ॥
ਗੁਰ ਕੇ ਚਰਨ ਨਮਸਕਾਰਿ ॥	گُر کے چرن نمسکارِ ॥
ਭਵਜਲੁ ਉਤਰਹਿ ਪਾਰਿ ॥੨॥	بھوجلُ اُترہِ پارِ ॥2॥
ਦੇਵਨਹਾਰ ਦਾਤਾਰ ॥	دیونہار داتار ॥

ਅੰਤੁ ਨ ਪਾਰਾਵਾਰ ॥	انتُ ن پاراوار ॥
ਜਾ ਕੈ ਘਰਿ ਸਰਬ ਨਿਧਾਨ ॥	جا کے گھرِ سرب نِدھان ॥
ਰਾਖਨਹਾਰ ਨਿਦਾਨ ॥੩॥	راکھنہار نِدان ॥3॥
ਨਾਨਕ ਪਾਇਆ ਏਹੁ ਨਿਧਾਨ ॥	نانک پائیا ایہُ نِدھان ॥
ਹਰੇ ਹਰਿ ਨਿਰਮਲ ਨਾਮ ॥	ہرے ہرِ نِرمل نام ॥
ਜੋ ਜਪੈ ਤਿਸ ਕੀ ਗਤਿ ਹੋਇ ॥	جو جپے تِس کی گتِ ہوءِ ॥
ਨਾਨਕ ਕਰਮਿ ਪਰਾਪਤਿ ਹੋਇ ॥੪॥੨੯॥੪੦॥	نانک کرمِ پراپتِ ہوءِ ॥4॥ 29 ॥ 40 ॥
ਰਾਮਕਲੀ ਮਹਲਾ ੫ ॥	رامکلی محلا 5 ॥
ਦੁਲਭ ਦੇਹ ਸਵਾਰਿ ॥	دُلبھ دیہ سوارِ ॥
ਜਾਹਿ ਨ ਦਰਗਹ ਹਾਰਿ ॥	جاہِ ن درگہ ہارِ ॥
ਹਲਤਿ ਪਲਤਿ ਤੁਧੁ ਹੋਇ ਵਡਿਆਈ ॥	ہلتِ پلتِ تُدھُ ہوءِ وڈِیائی ॥
ਅੰਤ ਕੀ ਬੇਲਾ ਲਏ ਛਡਾਈ ॥੧॥	انّت کی بیلا لے چھڈائی ॥1॥
ਰਾਮ ਕੇ ਗੁਨ ਗਾਉ ॥	رام کے گُن گاءُ ॥
ਹਲਤੁ ਪਲਤੁ ਹੋਹਿ ਦੋਵੈ ਸੁਹੇਲੇ ਅਚਰਜ ਪੁਰਖੁ ਧਿਆਉ ॥੧॥ ਰਹਾਉ ॥	ہلتُ پلتُ ہوہِ دووے سُہیلے اچرج پُرکھُ دھِیاءُ ॥1॥ رہاءُ ॥
ਊਠਤ ਬੈਠਤ ਹਰਿ ਜਾਪੁ ॥	اوُٹھت بیٹھت ہرِ جاپُ ॥
ਬਿਨਸੈ ਸਗਲ ਸੰਤਾਪੁ ॥	بِنسے سگل سنّتاپُ ॥
ਬੈਰੀ ਸਭਿ ਹੋਵਹਿ ਮੀਤ ॥	بیَری سبھِ ہووہِ میت ॥
ਨਿਰਮਲੁ ਤੇਰਾ ਹੋਵੈ ਚੀਤ ॥੨॥	نِرملُ تیرا ہووے چیت ॥2॥
ਸਭ ਤੇ ਊਤਮ ਇਹੁ ਕਰਮੁ ॥	سبھ تے اوُتم اِہُ کرمُ ॥
ਸਗਲ ਧਰਮ ਮਹਿ ਸ੍ਰੇਸਟ ਧਰਮੁ ॥	سگل دھرم مہِ سّریسٹ دھرمُ ॥
ਹਰਿ ਸਿਮਰਨਿ ਤੇਰਾ ਹੋਇ ਉਧਾਰੁ ॥	ہرِ سِمرنِ تیرا ہوءِ اُدھارُ ॥
ਜਨਮ ਜਨਮ ਕਾ ਉਤਰੈ ਭਾਰੁ ॥੩॥	جنم جنم کا اُترے بھارُ ॥3॥

ਪੂਰਨ ਤੇਰੀ ਹੋਵੈ ਆਸ ॥	پوُرن تیری ہووے آس ॥
ਜਮ ਕੀ ਕਟੀਐ ਤੇਰੀ ਫਾਸ ॥	جم کی کٹیئے تیری پھاس ॥
ਗੁਰ ਕਾ ਉਪਦੇਸੁ ਸੁਨੀਜੈ ॥	گُر کا اُپدیسُ سُنیجے ॥
ਨਾਨਕ ਸੁਖਿ ਸਹਜਿ ਸਮੀਜੈ ॥੪॥੩੦॥੪੧॥	نانک سُکھِ سہجِ سمیجے ॥4॥ 30 ॥ 41 ॥
ਰਾਮਕਲੀ ਮਹਲਾ ੫ ॥	رامکلی محلا 5 ॥
ਜਿਸ ਕੀ ਤਿਸ ਕੀ ਕਰਿ ਮਾਨੁ ॥	جِس کی تِس کی کرِ مانُ ॥
ਆਪਨ ਲਾਹਿ ਗੁਮਾਨੁ ॥	آپن لاہِ گُمانُ ॥
ਜਿਸ ਕਾ ਤੂ ਤਿਸ ਕਾ ਸਭੁ ਕੋਇ ॥	جِس کا توُ تِس کا سبھُ کوءِ ॥
ਤਿਸਹਿ ਅਰਾਧਿ ਸਦਾ ਸੁਖੁ ਹੋਇ ॥੧॥	تِسہِ ارادھِ سدا سُکھُ ہوءِ ॥1॥
ਕਾਹੇ ਭ੍ਰਮਿ ਭ੍ਰਮਹਿ ਬਿਗਾਨੇ ॥	کاہے بھرمِ بھرمہِ بِگانے ۔ ॥
ਨਾਮ ਬਿਨਾ ਕਿਛੁ ਕਾਮਿ ਨ ਆਵੈ ਮੇਰਾ ਮੇਰਾ ਕਰਿ ਬਹੁਤੁ ਪਛੁਤਾਨੇ ॥੧॥ ਰਹਾਉ ॥	نام بِنا کچھُ کامِ ن آوے میرا میرا کرِ بہُتُ پچھُتانے ॥1॥ رہاءُ ॥
ਜੋ ਜੋ ਕਰੈ ਸੋਈ ਮਾਨਿ ਲੇਹੁ ॥	جو جو کرے سوئی مانِ لیہُ ॥
ਬਿਨੁ ਮਾਨੇ ਰਲਿ ਹੋਵਹਿ ਖੇਹ ॥	بِنُ مانے رلِ ہووہِ کھیہ ॥
ਤਿਸ ਕਾ ਭਾਣਾ ਲਾਗੈ ਮੀਠਾ ॥	تِس کا بھاٹا لاگے مِیٹھا ॥
ਗੁਰ ਪ੍ਰਸਾਦਿ ਵਿਰਲੇ ਮਨਿ ਵੂਠਾ ॥੨॥	گُر پرّسادِ وِرلے منِ ووُٹھا ॥2॥
ਵੇਪਰਵਾਹੁ ਅਗੋਚਰੁ ਆਪਿ ॥	ویپرواہُ اگوچرُ آپِ ॥
ਆਠ ਪਹਰ ਮਨ ਤਾ ਕਉ ਜਾਪਿ ॥	آٹھ پہر من تا کءُ جاپِ ॥
ਜਿਸੁ ਚਿਤਿ ਆਏ ਬਿਨਸਹਿ ਦੁਖਾ ॥	جِسُ چِتِ آئے بِنسہِ دُکھا ॥
ਹਲਤਿ ਪਲਤਿ ਤੇਰਾ ਊਜਲ ਮੁਖਾ ॥੩॥	ہلتِ پلتِ تیرا اوُجل مُکھا ॥3॥
ਕਉਨ ਕਉਨ ਉਧਰੇ ਗੁਨ ਗਾਇ ॥	کئُن کئُن اُدھرے گُن گاءِ ॥
ਗਨਣੁ ਨ ਜਾਈ ਕੀਮ ਨ ਪਾਇ ॥	گنئُ ن جائی قیم ن پاءِ ॥
ਬੂਡਤ ਲੋਹ ਸਾਧਸੰਗਿ ਤਰੈ ॥	بوُڈت لوہ سادھسنگِ ترے ॥

ਨਾਨਕ ਜਿਸਹਿ ਪਰਾਪਤਿ ਕਰੈ ॥੪॥੩੧॥੪੨॥	نانک جِسہِ پراپتِ کرے ॥4॥ 31 ॥ 42 ॥
ਰਾਮਕਲੀ ਮਹਲਾ ੫ ॥	رامکلی محلا 5 ॥
ਮਨ ਮਾਹਿ ਜਾਪਿ ਭਗਵੰਤੁ ॥	من ماہِ جاپِ بھگونتُ ॥
ਗੁਰਿ ਪੂਰੈ ਇਹੁ ਦੀਨੋ ਮੰਤੁ ॥	گُرِ پوُرے اِہُ دینو منتُ ॥
ਮਿਟੇ ਸਗਲ ਭੈ ਤ੍ਰਾਸ ॥	مِٹے سگل بھے تّراس ॥
ਪੂਰਨ ਹੋਈ ਆਸ ॥੧॥	پوُرن ہوئی آس ॥1॥
ਸਫਲ ਸੇਵਾ ਗੁਰਦੇਵਾ ॥	سپھل سیوا گُردیوا ॥
ਕੀਮਤਿ ਕਿਛੁ ਕਹਣੁ ਨ ਜਾਈ ਸਾਚੇ ਸਚੁ ਅਲਖ ਅਭੇਵਾ ॥੧॥ ਰਹਾਉ ॥	قِیمتِ کِچھُ کہنُ ن جائی ساچے سچُ الکھ ابھیوا ॥1॥ رہاءُ ॥
ਕਰਨ ਕਰਾਵਨ ਆਪਿ ॥	کرن کراون آپِ ॥
ਤਿਸ ਕਉ ਸਦਾ ਮਨ ਜਾਪਿ ॥	تِس کءُ سدا من جاپِ ॥
ਤਿਸ ਕੀ ਸੇਵਾ ਕਰਿ ਨੀਤ ॥	تِس کی سیوا کرِ نیت ॥
ਸਚੁ ਸਹਜੁ ਸੁਖੁ ਪਾਵਹਿ ਮੀਤ ॥੨॥	سچُ سہجُ سُکھُ پاوہِ میت ۔ ॥2॥
ਸਾਹਿਬੁ ਮੇਰਾ ਅਤਿ ਭਾਰਾ ॥	صاحِبُ میرا اتِ بھارا ॥
ਖਿਨ ਮਹਿ ਥਾਪਿ ਉਥਾਪਨਹਾਰਾ ॥	کھِن مہِ تھاپِ اُتھاپنہارا ॥
ਤਿਸੁ ਬਿਨੁ ਅਵਰੁ ਨ ਕੋਈ ॥	تِسُ بِنُ اورُ ن کوئی ॥
ਜਨ ਕਾ ਰਾਖਾ ਸੋਈ ॥੩॥	جن کا راکھا سوئی ॥3॥
ਕਰਿ ਕਿਰਪਾ ਅਰਦਾਸਿ ਸੁਣੀਜੈ ॥	کرِ کرِپا عرداسِ سُنیجے ॥
ਅਪਣੇ ਸੇਵਕ ਕਉ ਦਰਸਨੁ ਦੀਜੈ ॥	اپنے سیوک کءُ درسنُ دیجے ॥
ਨਾਨਕ ਜਾਪੀ ਜਪੁ ਜਾਪੁ ॥	نانک جاپی جپُ جاپُ ॥
ਸਭ ਤੇ ਊਚ ਜਾ ਕਾ ਪਰਤਾਪੁ ॥੪॥੩੨॥੪੩॥	سبھ تے اوُچ جا کا پرتاپُ ॥4॥ 32 ॥ 43 ॥
ਰਾਮਕਲੀ ਮਹਲਾ ੫ ॥	رامکلی محلا 5 ॥
ਬਿਰਥਾ ਭਰਵਾਸਾ ਲੋਕ ॥	برتھا بھرواسا لوک ॥

ਠਾਕੁਰ ਪ੍ਰਭ ਤੇਰੀ ਟੇਕ ॥	ٹھاکُر پربھ تیری ٹیک ॥
ਅਵਰ ਛੂਟੀ ਸਭ ਆਸ ॥	اور چھوٹی سبھ آس ॥
ਅਚਿੰਤ ਠਾਕੁਰ ਭੇਟੇ ਗੁਣਤਾਸ ॥੧॥	اچنت ٹھاکُر بھیٹے گُنتاس ॥1॥
ਏਕੋ ਨਾਮੁ ਧਿਆਇ ਮਨ ਮੇਰੇ ॥	ایکو نامُ دھیاءِ من میرے ۔ ॥
ਕਾਰਜੁ ਤੇਰਾ ਹੋਵੈ ਪੂਰਾ ਹਰਿ ਹਰਿ ਹਰਿ ਗੁਣ ਗਾਇ ਮਨ ਮੇਰੇ ॥੧॥ ਰਹਾਉ ॥	کارجُ تیرا ہووے پُورا ہرِ ہرِ ہرِ گُن گاءِ من میرے ۔ ॥1॥ رہاءُ ॥
ਤੁਮ ਹੀ ਕਾਰਨ ਕਰਨ ॥	تُم ہی کارن کرن ॥
ਚਰਨ ਕਮਲ ਹਰਿ ਸਰਨ ॥	چرن کمل ہرِ سرن ॥
ਮਨਿ ਤਨਿ ਹਰਿ ਓਹੀ ਧਿਆਇਆ ॥	منِ تنِ ہرِ اوہی دھیائیا ॥
ਆਨੰਦ ਹਰਿ ਰੂਪ ਦਿਖਾਇਆ ॥੨॥	آنند ہرِ روُپ دِکھائیا ॥2॥
ਤਿਸ ਹੀ ਕੀ ਓਟ ਸਦੀਵ ॥	تِس ہی کی اوٹ سدیِو ॥
ਜਾ ਕੇ ਕੀਨੇ ਹੈ ਜੀਵ ॥	جا کے کِینے ہے جیِو ॥
ਸਿਮਰਤ ਹਰਿ ਕਰਤ ਨਿਧਾਨ ॥	سِمرت ہرِ کرت نِدھان ॥
ਰਾਖਨਹਾਰ ਨਿਦਾਨ ॥੩॥	راکھنہار نِدان ॥3॥
ਸਰਬ ਕੀ ਰੇਣ ਹੋਵੀਜੈ ॥	سرب کی رینُ ہووِیجے ॥
ਆਪੁ ਮਿਟਾਇ ਮਿਲੀਜੈ ॥	آپُ مِٹاءِ مِلیجے ॥
ਅਨਦਿਨੁ ਧਿਆਈਐ ਨਾਮੁ ॥	اندِنُ دھیائیئے نامُ ॥
ਸਫਲ ਨਾਨਕ ਇਹੁ ਕਾਮੁ ॥੪॥੩੩॥੪੪॥	سپھل نانک اِہُ کامُ ॥4॥ 33 ॥ 44 ॥
ਰਾਮਕਲੀ ਮਹਲਾ ੫ ॥	رامکلی محلا 5 ॥
ਕਾਰਨ ਕਰਨ ਕਰੀਮ ॥	کارن کرن کریم ॥
ਸਰਬ ਪ੍ਰਤਿਪਾਲ ਰਹੀਮ ॥	سرب پرتپال رحیم ॥
ਅਲਹ ਅਲਖ ਅਪਾਰ ॥	الہ الکھ اپار ॥
ਖੁਦਿ ਖੁਦਾਇ ਵਡ ਬੇਸੁਮਾਰ ॥੧॥	خُدِ خُداءِ وڈ بیشُمار ॥1॥

ਉਂ ਨਮੋ ਭਗਵੰਤ ਗੁਸਾਈ ॥	اوُں نمو بھگونت گُسائی ॥
ਖਾਲਕੁ ਰਵਿ ਰਹਿਆ ਸਰਬ ਠਾਈ ॥੧॥ ਰਹਾਉ ॥	خالقُ روِ رہِیا سرب ٹھائی ॥1॥ رہاءُ ॥
ਜਗੰਨਾਥ ਜਗਜੀਵਨ ਮਾਧੋ ॥	جگنّاتھ جگجِیون مادھو ॥
ਭਉ ਭੰਜਨ ਰਿਦ ਮਾਹਿ ਅਰਾਧੋ ॥	بھءُ بھنّجن رِد ماہِ ارادھو ॥
ਰਿਖੀਕੇਸ ਗੋਪਾਲ ਗੋਵਿੰਦ ॥	رِکھِیکیس گوپال گووِنّد ॥
ਪੂਰਨ ਸਰਬਤ੍ਰ ਮੁਕੰਦ ॥੨॥	پوُرن سربتّر مُکنّد ॥2॥
ਮਿਹਰਵਾਨ ਮਉਲਾ ਤੂਹੀ ਏਕ ॥	مِہروان مئُلا توُہی ایک ॥
ਪੀਰ ਪੈਕਾਂਬਰ ਸੇਖ ॥	پیِر پیَکانبر سیکھ ॥
ਦਿਲਾ ਕਾ ਮਾਲਕੁ ਕਰੇ ਹਾਕੁ ॥	دِلا کا مالکُ کرے ہاکُ ॥
ਕੁਰਾਨ ਕਤੇਬ ਤੇ ਪਾਕੁ ॥੩॥	قُران کتیب تے پاکُ ॥3॥
ਨਾਰਾਇਣ ਨਰਹਰ ਦਇਆਲ ॥	نارائِنؔ نرہر دئِیال ॥
ਰਮਤ ਰਾਮ ਘਟ ਘਟ ਆਧਾਰ ॥	رمت رام گھٹ گھٹ آدھار ॥
ਬਾਸੁਦੇਵ ਬਸਤ ਸਭ ਠਾਇ ॥	باسُدیو بست سبھ ٹھاءِ ॥
ਲੀਲਾ ਕਿਛੁ ਲਖੀ ਨ ਜਾਇ ॥੪॥	لِیلا کِچھُ لکھی ن جاءِ ॥4॥
ਮਿਹਰ ਦਇਆ ਕਰਿ ਕਰਨੈਹਾਰ ॥	مِہر دئِیا کرِ کرنیَہار ۔ ॥
ਭਗਤਿ ਬੰਦਗੀ ਦੇਹਿ ਸਿਰਜਣਹਾਰ ॥	بھگتِ بنّدگی دیہِ سِرجنّہار ۔ ॥
ਕਹੁ ਨਾਨਕ ਗੁਰਿ ਖੋਏ ਭਰਮ ॥	کہُ نانک گُرِ کھوئے بھرم ॥
ਏਕੋ ਅਲਹੁ ਪਾਰਬ੍ਰਹਮ ॥੫॥੩੪॥੪੫॥	ایکو الہُ پاربرّہم ॥5॥ 34 ॥ 45 ॥
ਰਾਮਕਲੀ ਮਹਲਾ ੫ ॥	رامکلی محلا 5 ॥
ਕੋਟਿ ਜਨਮ ਕੇ ਬਿਨਸੇ ਪਾਪ ॥	کوٹِ جنم کے بِنسے پاپ ॥
ਹਰਿ ਹਰਿ ਜਪਤ ਨਾਹੀ ਸੰਤਾਪ ॥	ہرِ ہرِ جپت ناہی سنّتاپ ॥
ਗੁਰ ਕੇ ਚਰਨ ਕਮਲ ਮਨਿ ਵਸੇ ॥	گُر کے چرن کمل منِ وسے ॥

ਮਹਾ ਬਿਕਾਰ ਤਨ ਤੇ ਸਭਿ ਨਸੇ ॥੧॥	مہا بِکار تن تے سبھِ نسے ॥1॥
ਗੋਪਾਲ ਕੋ ਜਸੁ ਗਾਉ ਪ੍ਰਾਣੀ ॥	گوپال کو جسُ گاءُ پّراٹی ۔ ॥
ਅਕਥ ਕਥਾ ਸਾਚੀ ਪ੍ਰਭ ਪੂਰਨ ਜੋਤੀ ਜੋਤਿ ਸਮਾਣੀ ॥੧॥ ਰਹਾਉ ॥	اکتھ کتھا ساچی پّربھ پوُرن جوتی جوتِ سماٹی ॥1॥ رہاءُ ॥
ਤ੍ਰਿਸਨਾ ਭੂਖ ਸਭ ਨਾਸੀ ॥	تّرِسنا بھوُکھ سبھ ناسی ॥
ਸੰਤ ਪ੍ਰਸਾਦਿ ਜਪਿਆ ਅਬਿਨਾਸੀ ॥	سنّت پّرسادِ جپِیا ابِناسی ॥
ਰੈਨਿ ਦਿਨਸੁ ਪ੍ਰਭ ਸੇਵ ਕਮਾਨੀ ॥	ریَنِ دِنسُ پّربھ سیو کمانی ॥
ਹਰਿ ਮਿਲਣੈ ਕੀ ਏਹ ਨੀਸਾਨੀ ॥੨॥	ہرِ ملِٹنے کی ایہ نِیشانی ॥2॥
ਮਿਟੇ ਜੰਜਾਲ ਹੋਏ ਪ੍ਰਭ ਦਇਆਲ ॥	مِٹے زنّجال ہوئے پّربھ دئیال ॥
ਗੁਰ ਕਾ ਦਰਸਨੁ ਦੇਖਿ ਨਿਹਾਲ ॥	گُر کا درسنُ دیکھِ نِہال ॥
ਪਰਾ ਪੂਰਬਲਾ ਕਰਮੁ ਬਣਿ ਆਇਆ ॥	پرا پوُربلا کرمُ بنِ آئیا ॥
ਹਰਿ ਕੇ ਗੁਣ ਨਿਤ ਰਸਨਾ ਗਾਇਆ ॥੩॥	ہرِ کے گُن نِت رسنا گائیا ॥3॥
ਹਰਿ ਕੇ ਸੰਤ ਸਦਾ ਪਰਵਾਣੁ ॥	ہرِ کے سنّت سدا پرواٹُ ॥
ਸੰਤ ਜਨਾ ਮਸਤਕਿ ਨੀਸਾਣੁ ॥	سنّت جنا مستکِ نِیشاٹُ ॥
ਦਾਸ ਕੀ ਰੇਣੁ ਪਾਏ ਜੇ ਕੋਇ ॥	داس کی ریٹُ پائے جے کوءِ ॥
ਨਾਨਕ ਤਿਸ ਕੀ ਪਰਮ ਗਤਿ ਹੋਇ ॥੪॥੩੫॥੪੬॥	نانک تِس کی پرم گتِ ہوءِ ॥4॥ 35 ॥ 46 ॥
ਰਾਮਕਲੀ ਮਹਲਾ ੫ ॥	رامکلی محلا 5 ॥
ਦਰਸਨ ਕਉ ਜਾਈਐ ਕੁਰਬਾਨੁ ॥	درسن کءُ جائیئے قُربانُ ॥
ਚਰਨ ਕਮਲ ਹਿਰਦੈ ਧਰਿ ਧਿਆਨੁ ॥	چرن کمل ہِردے دھرِ دھیانُ ॥
ਧੂਰਿ ਸੰਤਨ ਕੀ ਮਸਤਕਿ ਲਾਇ ॥	دھوُرِ سنّتن کی مستکِ لاءِ ॥
ਜਨਮ ਜਨਮ ਕੀ ਦੁਰਮਤਿ ਮਲੁ ਜਾਇ ॥੧॥	جنم جنم کی دُرمتِ ملُ جاءِ ॥1॥
ਜਿਸੁ ਭੇਟਤ ਮਿਟੈ ਅਭਿਮਾਨੁ ॥	جِسُ بھیٹت مِٹے ابھِمانُ ॥
ਪਾਰਬ੍ਰਹਮੁ ਸਭੁ ਨਦਰੀ ਆਵੈ	پاربّرہمُ سبھُ ندری آوے

ਕਰਿ ਕਿਰਪਾ ਪੂਰਨ ਭਗਵਾਨ ॥੧॥ ਰਹਾਉ ॥	کرِ کِرپا پوُرن بھگوان ॥1॥ رہاءُ ॥
ਗੁਰ ਕੀ ਕੀਰਤਿ ਜਪੀਐ ਹਰਿ ਨਾਉ ॥	گُر کی کیرتِ جپیئے ہرِ ناءُ ॥
ਗੁਰ ਕੀ ਭਗਤਿ ਸਦਾ ਗੁਣ ਗਾਉ ॥	گُر کی بھگتِ سدا گُنؤ گاءُ ॥
ਗੁਰ ਕੀ ਸੁਰਤਿ ਨਿਕਟਿ ਕਰਿ ਜਾਨੁ ॥	گُر کی سُرتِ نِکٹِ کرِ جانُ ॥
ਗੁਰ ਕਾ ਸਬਦੁ ਸਤਿ ਕਰਿ ਮਾਨੁ ॥੨॥	گُر کا سبدُ ستِ کرِ مانُ ॥2॥
ਗੁਰ ਬਚਨੀ ਸਮਸਰਿ ਸੁਖ ਦੂਖ ॥	گُر بچنی سمسرِ سُکھ دوُکھ ॥
ਕਦੇ ਨ ਬਿਆਪੈ ਤ੍ਰਿਸਨਾ ਭੂਖ ॥	کدے ن بِیاپے ترِسنا بھوُکھ ॥
ਮਨਿ ਸੰਤੋਖੁ ਸਬਦਿ ਗੁਰ ਰਾਜੇ ॥	منِ سنّتوکھُ سبدِ گُر راجے ॥
ਜਪਿ ਗੋਬਿੰਦੁ ਪੜਦੇ ਸਭਿ ਕਾਜੇ ॥੩॥	جپِ گوبِنّدُ پڑدے سبھِ کاجے ॥3॥
ਗੁਰੁ ਪਰਮੇਸਰੁ ਗੁਰੁ ਗੋਵਿੰਦੁ ॥	گُرُ پرمیسرُ گُرُ گووِنّدُ ॥
ਗੁਰੁ ਦਾਤਾ ਦਇਆਲ ਬਖਸਿੰਦੁ ॥	گُرُ داتا دیَال بخشِنّدُ ॥
ਗੁਰ ਚਰਨੀ ਜਾ ਕਾ ਮਨੁ ਲਾਗਾ ॥	گُر چرنی جا کا منُ لاگا ॥
ਨਾਨਕ ਦਾਸ ਤਿਸੁ ਪੂਰਨ ਭਾਗਾ ॥੪॥੩੬॥੪੭॥	نانک داس تِسُ پوُرن بھاگا ॥4॥ 36 ॥ 47 ॥
ਰਾਮਕਲੀ ਮਹਲਾ ੫ ॥	رامکلی محلا 5 ॥
ਕਿਸੁ ਭਰਵਾਸੈ ਬਿਚਰਹਿ ਭਵਨ ॥	کِسُ بھرواسے بِچرہِ بھون ॥
ਮੂੜ ਮੁਗਧ ਤੇਰਾ ਸੰਗੀ ਕਵਨ ॥	موُڑ مُگدھ تیرا سنگی کون ۔ ॥
ਰਾਮੁ ਸੰਗੀ ਤਿਸੁ ਗਤਿ ਨਹੀ ਜਾਨਹਿ ॥	رامُ سنگی تِسُ گتِ نہی جانہِ ॥
ਪੰਚ ਬਟਵਾਰੇ ਸੇ ਮੀਤ ਕਰਿ ਮਾਨਹਿ ॥੧॥	پنّچ بٹوارے سے میت کرِ مانہِ ॥1॥
ਸੋ ਘਰੁ ਸੇਵਿ ਜਿਤੁ ਉਧਰਹਿ ਮੀਤ ॥	سو گھرُ سیوِ جِتُ اُدھرہِ میت ۔ ॥
ਗੁਣ ਗੋਵਿੰਦ ਰਵੀਅਹਿ ਦਿਨੁ ਰਾਤੀ ਸਾਧਸੰਗਿ ਕਰਿ ਮਨ ਕੀ ਪ੍ਰੀਤਿ ॥੧॥ ਰਹਾਉ ॥	گُنؤ گووِنّد رویَہِ دِنُ راتی سادھسنگِ کرِ من کی پرّیتِ ॥1॥ رہاءُ ॥
ਜਨਮੁ ਬਿਹਾਨੋ ਅਹੰਕਾਰਿ ਅਰੁ ਵਾਦਿ ॥	جنمُ بِہانو اہنکارِ ارُ وادِ ॥
ਤ੍ਰਿਪਤਿ ਨ ਆਵੈ ਬਿਖਿਆ ਸਾਦਿ ॥	ترّپتِ ن آوے بِکھیا سادِ ॥

ਭਰਮਤ ਭਰਮਤ ਮਹਾ ਦੁਖੁ ਪਾਇਆ ॥	بھرمت بھرمت مہا دُکھُ پائیا ॥
ਤਰੀ ਨ ਜਾਈ ਦੁਤਰ ਮਾਇਆ ॥੨॥	تری ن جائی دُتر مائیا ॥2॥
ਕਾਮਿ ਨ ਆਵੈ ਸੁ ਕਾਰ ਕਮਾਵੈ ॥	کامِ ن آوے سُ کار کماوے ॥
ਆਪਿ ਬੀਜਿ ਆਪੇ ਹੀ ਖਾਵੈ ॥	آپِ بیجِ آپے ہی کھاوے ॥
ਰਾਖਨ ਕਉ ਦੂਸਰ ਨਹੀ ਕੋਇ ॥	راکھن کءُ دوُسر نہی کوءِ ॥
ਤਉ ਨਿਸਤਰੈ ਜਉ ਕਿਰਪਾ ਹੋਇ ॥੩॥	تءُ نِسترے جءُ کِرپا ہوءِ ॥3॥
ਪਤਿਤ ਪੁਨੀਤ ਪ੍ਰਭ ਤੇਰੋ ਨਾਮੁ ॥	پتِت پُنیت پربھ تیرو نامُ ॥
ਅਪਨੇ ਦਾਸ ਕਉ ਕੀਜੈ ਦਾਨੁ ॥	اپنے داس کءُ کیجے دانُ ॥
ਕਰਿ ਕਿਰਪਾ ਪ੍ਰਭ ਗਤਿ ਕਰਿ ਮੇਰੀ ॥	کرِ کِرپا پربھ گتِ کرِ میری ॥
ਸਰਣਿ ਗਹੀ ਨਾਨਕ ਪ੍ਰਭ ਤੇਰੀ ॥੪॥੩੭॥੪੮॥	سرنِ گہی نانک پربھ تیری ॥4॥ 37 ॥ 48 ॥
ਰਾਮਕਲੀ ਮਹਲਾ ੫ ॥	رامکلی محلا 5 ॥
ਇਹ ਲੋਕੇ ਸੁਖੁ ਪਾਇਆ ॥	اِہ لوکے سُکھُ پائیا ॥
ਨਹੀ ਭੇਟਤ ਧਰਮ ਰਾਇਆ ॥	نہی بھیٹت دھرم رائیا ॥
ਹਰਿ ਦਰਗਹ ਸੋਭਾਵੰਤ ॥	ہرِ درگہ سوبھاونّت ॥
ਫੁਨਿ ਗਰਭਿ ਨਾਹੀ ਬਸੰਤ ॥੧॥	پھُنِ گربھِ ناہی بسنّت ॥1॥
ਜਾਨੀ ਸੰਤ ਕੀ ਮਿਤ੍ਰਾਈ ॥	جانی سنّت کی مِتّرائی ॥
ਕਰਿ ਕਿਰਪਾ ਦੀਨੋ ਹਰਿ ਨਾਮਾ ਪੂਰਬਿ ਸੰਜੋਗਿ ਮਿਲਾਈ ॥੧॥ ਰਹਾਉ ॥	کرِ کِرپا دینو ہرِ نامَا پوُربِ سنجّوگِ ملائی ॥1॥ رہاءُ ॥
ਗੁਰ ਕੈ ਚਰਣਿ ਚਿਤੁ ਲਾਗਾ ॥	گُر کے چرنِ چِتُ لاگا ॥
ਧੰਨਿ ਧੰਨਿ ਸੰਜੋਗੁ ਸਭਾਗਾ ॥	دھنّنِ دھنّنِ سنجّوگُ سبھاگا ॥
ਸੰਤ ਕੀ ਧੂਰਿ ਲਾਗੀ ਮੇਰੈ ਮਾਥੇ ॥	سنّت کی دھوُرِ لاگی میرے ماتھے ॥
ਕਿਲਬਿਖ ਦੁਖ ਸਗਲੇ ਮੇਰੇ ਲਾਥੇ ॥੨॥	کِلبِکھ دُکھ سگلے میرے لاتھے ॥2॥
ਸਾਧ ਕੀ ਸਚੁ ਟਹਲ ਕਮਾਨੀ ॥	سادھ کی سچُ ٹہل کمانی ॥

ਤਬ ਹੋਏ ਮਨ ਸੁਧ ਪਰਾਨੀ ॥	تب ہوئے من سُدھ پرانی ॥
ਜਨ ਕਾ ਸਫਲ ਦਰਸੁ ਡੀਠਾ ॥	جن کا سپھل درسُ ڈیٹھا ॥
ਨਾਮੁ ਪ੍ਰਭੂ ਕਾ ਘਟਿ ਘਟਿ ਵੂਠਾ ॥੩॥	نامُ پربھوُ کا گھٹِ گھٹِ ووُٹھا ॥3॥
ਮਿਟਾਨੇ ਸਭਿ ਕਲਿ ਕਲੇਸ ॥	مِٹانے سبھِ کلِ کلیس ॥
ਜਿਸ ਤੇ ਉਪਜੇ ਤਿਸੁ ਮਹਿ ਪਰਵੇਸ ॥	جِس تے اُپجے تِس مہِ پرویس ॥
ਪ੍ਰਗਟੇ ਆਨੂਪ ਗੋਵਿੰਦ ॥	پرگٹے آنوُپ گووِنّد ॥
ਪ੍ਰਭ ਪੂਰੇ ਨਾਨਕ ਬਖਸਿੰਦ ॥੪॥੩੮॥੪੯॥	پربھ پوُرے نانک بخشِنّد ॥4॥ 38 ॥ 49 ॥
ਰਾਮਕਲੀ ਮਹਲਾ ੫ ॥	رامکلی محلا 5 ॥
ਗਊ ਕਉ ਚਾਰੇ ਸਾਰਦੂਲੁ ॥	گئوُ کءُ چارے ساردوُلُ ॥
ਕਉਡੀ ਕਾ ਲਖ ਹੂਆ ਮੂਲੁ ॥	کئڈی کا لکھ ہوُیا موُلُ ॥
ਬਕਰੀ ਕਉ ਹਸਤੀ ਪ੍ਰਤਿਪਾਲੇ ॥	بکری کءُ ہستی پرتپالے ॥
ਅਪਨਾ ਪ੍ਰਭੁ ਨਦਰਿ ਨਿਹਾਲੇ ॥੧॥	اپنا پربھُ ندرِ نِہالے ॥1॥
ਕ੍ਰਿਪਾ ਨਿਧਾਨ ਪ੍ਰੀਤਮ ਪ੍ਰਭ ਮੇਰੇ ॥	کرِپا نِدھان پریتم پربھ میرے ۔ ॥
ਬਰਨਿ ਨ ਸਾਕਉ ਬਹੁ ਗੁਨ ਤੇਰੇ ॥੧॥ ਰਹਾਉ ॥	برنِ ن ساکءُ بہُ گُن تیرے ॥1॥ رہاءُ ॥
ਦੀਸਤ ਮਾਸੁ ਨ ਖਾਇ ਬਿਲਾਈ ॥	دیِست ماسُ ن کھاءِ بِلائی ॥
ਮਹਾ ਕਸਾਬਿ ਛੁਰੀ ਸਟਿ ਪਾਈ ॥	مہا قصابِ چھُری سٹِ پائی ॥
ਕਰਣਹਾਰ ਪ੍ਰਭੁ ਹਿਰਦੈ ਵੂਠਾ ॥	کرنّہار پربھُ ہِردے ووُٹھا ॥
ਫਾਥੀ ਮਛੁਲੀ ਕਾ ਜਾਲਾ ਤੂਟਾ ॥੨॥	پھاتھی مچھُلی کا جالا توُٹا ॥2॥
ਸੂਕੇ ਕਾਸਟ ਹਰੇ ਚਲੂਲ ॥	سوُکے کاسٹ ہرے چلوُل ॥
ਊਚੈ ਥਲਿ ਫੂਲੇ ਕਮਲ ਅਨੂਪ ॥	اوُچے تھلِ پھوُلے کمل انوُپ ॥
ਅਗਨਿ ਨਿਵਾਰੀ ਸਤਿਗੁਰ ਦੇਵ ॥	اگنِ نِواری ستِگُر دیو ॥
ਸੇਵਕੁ ਅਪਨੀ ਲਾਇਓ ਸੇਵ ॥੩॥	سیوکُ اپنی لائیو سیو ॥3॥

ਅਕਿਰਤਘਣਾ ਕਾ ਕਰੇ ਉਧਾਰੁ ॥	اکِرتگھٹا کا کرے اُدھارُ ॥
ਪ੍ਰਭੁ ਮੇਰਾ ਹੈ ਸਦਾ ਦਇਆਰੁ ॥	پربھُ میرا ہے سدا دئیارُ ॥
ਸੰਤ ਜਨਾ ਕਾ ਸਦਾ ਸਹਾਈ ॥	سنّت جنا کا سدا سہائی ॥
ਚਰਨ ਕਮਲ ਨਾਨਕ ਸਰਣਾਈ ॥੪॥੩੯॥੫੦॥	چرن کمل نانک سرٹائی ॥4॥ 39 ॥ 50 ॥
ਰਾਮਕਲੀ ਮਹਲਾ ੫ ॥	رامکلی محلا 5 ॥
ਪੰਚ ਸਿੰਘ ਰਾਖੇ ਪ੍ਰਭ ਮਾਰਿ ॥	پنچ سِنگھ راکھے پربھ مارِ ॥
ਦਸ ਬਿਘਿਆੜੀ ਲਈ ਨਿਵਾਰਿ ॥	دس بِگھیاڑی لئی نِوارِ ॥
ਤੀਨਿ ਆਵਰਤ ਕੀ ਚੂਕੀ ਘੇਰ ॥	تِینِ آورت کی چوُکی گھیر ॥
ਸਾਧਸੰਗਿ ਚੂਕੇ ਭੈ ਫੇਰ ॥੧॥	سادھسنگِ چوُکے بھےَ پھیر ॥1॥
ਸਿਮਰਿ ਸਿਮਰਿ ਜੀਵਾ ਗੋਵਿੰਦ ॥	سِمرِ سِمرِ جیِوا گووِنّد ॥
ਕਰਿ ਕਿਰਪਾ ਰਾਖਿਓ ਦਾਸੁ ਅਪਨਾ ਸਦਾ ਸਦਾ ਸਾਚਾ ਬਖਸਿੰਦ ॥੧॥ ਰਹਾਉ ॥	کرِ کرِپا راکھِئو داسُ اپنا سدا سدا ساچا بخشِنّد ॥1॥ رہاءُ ॥
ਦਾਝਿ ਗਏ ਤ੍ਰਿਣ ਪਾਪ ਸੁਮੇਰ ॥	داجھِ گئے ترِنٌ پاپ سُمیر ॥
ਜਪਿ ਜਪਿ ਨਾਮੁ ਪੂਜੇ ਪ੍ਰਭ ਪੈਰ ॥	جپِ جپِ نامُ پوُجے پربھ پیرَ ॥
ਅਨਦ ਰੂਪ ਪ੍ਰਗਟਿਓ ਸਭ ਥਾਨਿ ॥	اند روُپ پرگٹِئو سبھ تھانِ ॥
ਪ੍ਰੇਮ ਭਗਤਿ ਜੋਰੀ ਸੁਖ ਮਾਨਿ ॥੨॥	پریم بھگتِ جوری سُکھ مانِ ॥2॥
ਸਾਗਰੁ ਤਰਿਓ ਬਾਛਰ ਖੋਜ ॥	ساگرُ ترِئو باچھر کھوج ॥
ਖੇਦੁ ਨ ਪਾਇਓ ਨਹ ਫੁਨਿ ਰੋਜ ॥	کھیدُ ن پائِئو نہ پھُنِ روز ॥
ਸਿੰਧੁ ਸਮਾਇਓ ਘਟੁਕੇ ਮਾਹਿ ॥	سِنّدھُ سمائِئو گھٹُکے ماہِ ॥
ਕਰਣਹਾਰ ਕਉ ਕਿਛੁ ਅਚਰਜੁ ਨਾਹਿ ॥੩॥	کرنّہار کءُ کچھُ اچرجُ ناہِ ॥3॥
ਜਉ ਛੂਟਉ ਤਉ ਜਾਇ ਪਇਆਲ ॥	جءُ چھوُٹءُ تءُ جاءِ پئیال ॥
ਜਉ ਕਾਢਿਓ ਤਉ ਨਦਰਿ ਨਿਹਾਲ ॥	جءُ کاڈھِئو تءُ ندرِ نہال ॥
ਪਾਪ ਪੁੰਨ ਹਮਰੈ ਵਸਿ ਨਾਹਿ ॥	پاپ پُنّن ہمرے وسِ ناہِ ॥

ਰਸਕਿ ਰਸਕਿ ਨਾਨਕ ਗੁਣ ਗਾਹਿ ॥੪॥੪੦॥੫੧॥	رسکِ رسکِ نانک گُنؤ گاہِ ॥4॥ 40 ॥ 51 ॥
ਰਾਮਕਲੀ ਮਹਲਾ ੫ ॥	رامکلی محلا 5 ॥
ਨਾ ਤਨੁ ਤੇਰਾ ਨਾ ਮਨੁ ਤੋਹਿ ॥	نا تنُ تیرا نا منُ توہِ ॥
ਮਾਇਆ ਮੋਹਿ ਬਿਆਪਿਆ ਧੋਹਿ ॥	مائیا موہِ بیاپیا دھوہِ ॥
ਕੁਦਮ ਕਰੈ ਗਾਡਰ ਜਿਉ ਛੇਲ ॥	کُدم کرے گاڈر جِءُ چھیل ॥
ਅਚਿੰਤੁ ਜਾਲੁ ਕਾਲੁ ਚਕ੍ਰੁ ਪੇਲ ॥੧॥	اچنّتُ جالُ کالُ چکّرُ پیل ॥1॥
ਹਰਿ ਚਰਨ ਕਮਲ ਸਰਨਾਇ ਮਨਾ ॥	ہرِ چرن کمل سرناءِ منا ۔ ॥
ਰਾਮ ਨਾਮੁ ਜਪਿ ਸੰਗਿ ਸਹਾਈ ਗੁਰਮੁਖਿ ਪਾਵਹਿ ਸਾਚੁ ਧਨਾ ॥੧॥ ਰਹਾਉ ॥	رام نامُ جپِ سنگِ سہائی گُرمُکھِ پاوہِ ساچُ دھنا ॥1॥ رہاءُ ॥
ਊਨੇ ਕਾਜ ਨ ਹੋਵਤ ਪੂਰੇ ॥	اوُنے کاج ن ہووت پُورے ॥
ਕਾਮਿ ਕ੍ਰੋਧਿ ਮਦਿ ਸਦ ਹੀ ਝੂਰੇ ॥	کامِ کرودھِ مدِ سد ہی جھوُرے ॥
ਕਰੈ ਬਿਕਾਰ ਜੀਅਰੇ ਕੈ ਤਾਈ ॥	کرے بِکار جیئرے کے تائی ॥
ਗਾਫਲ ਸੰਗਿ ਨ ਤਸੂਆ ਜਾਈ ॥੨॥	غافل سنگِ ن تسوُیا جائی ॥2॥
ਧਰਤ ਧੋਹ ਅਨਿਕ ਛਲ ਜਾਨੈ ॥	دھرت دھوہ انِک چھل جانے ॥
ਕਉਡੀ ਕਉਡੀ ਕਉ ਖਾਕੁ ਸਿਰਿ ਛਾਨੈ ॥	کئڈی کئڈی کءُ خاکُ سِرِ چھانے ॥
ਜਿਨਿ ਦੀਆ ਤਿਸੈ ਨ ਚੇਤੈ ਮੂਲਿ ॥	جِنِ دیِیا تِسے ن چیتے موُلِ ॥
ਮਿਥਿਆ ਲੋਭੁ ਨ ਉਤਰੈ ਸੂਲੁ ॥੩॥	مِتھیا لوبھُ ن اُترے سوُلُ ॥3॥
ਪਾਰਬ੍ਰਹਮ ਜਬ ਭਏ ਦਇਆਲ ॥	پاربّرہم جب بھئے دئیال ॥
ਇਹੁ ਮਨੁ ਹੋਆ ਸਾਧ ਰਵਾਲ ॥	اِہُ منُ ہویا سادھ روال ॥
ਹਸਤ ਕਮਲ ਲੜਿ ਲੀਨੋ ਲਾਇ ॥	ہست کمل لڑِ لینو لاءِ ॥
ਨਾਨਕ ਸਾਚੈ ਸਾਚਿ ਸਮਾਇ ॥੪॥੪੧॥੫੨॥	نانک ساچے ساچِ سماءِ ॥4॥ 41 ॥ 52 ॥
ਰਾਮਕਲੀ ਮਹਲਾ ੫ ॥	رامکلی محلا 5 ॥
ਰਾਜਾ ਰਾਮ ਕੀ ਸਰਣਾਇ ॥	راجا رام کی سرناءِ ॥

ਨਿਰਭਉ ਭਏ ਗੋਬਿੰਦ ਗੁਨ ਗਾਵਤ ਸਾਧਸੰਗਿ ਦੁਖੁ ਜਾਇ ॥੧॥ ਰਹਾਉ ॥	نِربھ ءُ بھئے گوبِنّد گُن گاوت سادھسنگِ دُکھُ جاءِ ॥1॥ رہاءُ ॥
ਜਾ ਕੈ ਰਾਮੁ ਬਸੈ ਮਨ ਮਾਹੀ ॥	جا کے رامُ بسے من ماہی ॥
ਸੋ ਜਨੁ ਦੁਤਰੁ ਪੇਖਤ ਨਾਹੀ ॥	سو جنُ دُتّرُ پیکھت ناہی ॥
ਸਗਲੇ ਕਾਜ ਸਵਾਰੇ ਅਪਨੇ ॥	سگلے کاج سوارے اپنے ॥
ਹਰਿ ਹਰਿ ਨਾਮੁ ਰਸਨ ਨਿਤ ਜਪਨੇ ॥੧॥	ہرِ ہرِ نامُ رسن نِت جپنے ॥1॥
ਜਿਸ ਕੈ ਮਸਤਕਿ ਹਾਥੁ ਗੁਰੁ ਧਰੈ ॥	جِس کے مستکِ ہاتھُ گُرُ دھرے ॥
ਸੋ ਦਾਸੁ ਅਦੇਸਾ ਕਾਹੇ ਕਰੈ ॥	سو داسُ ادیسا کاہے کرے ۔ ॥
ਜਨਮ ਮਰਣ ਕੀ ਚੂਕੀ ਕਾਣਿ ॥	جنم مرنْ کی چوُکی کانِ ॥
ਪੂਰੈ ਗੁਰ ਊਪਰਿ ਕੁਰਬਾਣ ॥੨॥	پوُرے گُر اوُپرِ قُربانْ ॥2॥
ਗੁਰੁ ਪਰਮੇਸਰੁ ਭੇਟਿ ਨਿਹਾਲ ॥	گُرُ پرمیسرُ بھیٹِ نِہال ॥
ਸੋ ਦਰਸਨੁ ਪਾਏ ਜਿਸੁ ਹੋਇ ਦਇਆਲੁ ॥	سو درسنُ پائے جِسُ ہوءِ دئیالُ ॥
ਪਾਰਬ੍ਰਹਮੁ ਜਿਸੁ ਕਿਰਪਾ ਕਰੈ ॥	پاربّرہمُ جِسُ کِرپا کرے ॥
ਸਾਧਸੰਗਿ ਸੋ ਭਵਜਲੁ ਤਰੈ ॥੩॥	سادھسنگِ سو بھوجلُ ترے ॥3॥
ਅੰਮ੍ਰਿਤੁ ਪੀਵਹੁ ਸਾਧ ਪਿਆਰੇ ॥	انّمرِتُ پیوہُ سادھ پیارے ۔ ॥
ਮੁਖ ਊਜਲ ਸਾਚੈ ਦਰਬਾਰੇ ॥	مُکھ اوُجل ساچے دربارے ॥
ਅਨਦ ਕਰਹੁ ਤਜਿ ਸਗਲ ਬਿਕਾਰ ॥	اند کرہُ تجِ سگل بِکار ॥
ਨਾਨਕ ਹਰਿ ਜਪਿ ਉਤਰਹੁ ਪਾਰਿ ॥੪॥੪੨॥੫੩॥	نانک ہرِ جپِ اُترہُ پارِ ॥4॥ 42 ॥ 53 ॥
ਰਾਮਕਲੀ ਮਹਲਾ ੫ ॥	رامکلی محلا 5 ॥
ਈਧਨ ਤੇ ਬੈਸੰਤਰੁ ਭਾਗੈ ॥	ایندھن تے بیسنّتر بھاگے ॥
ਮਾਟੀ ਕਉ ਜਲੁ ਦਹ ਦਿਸ ਤਿਆਗੈ ॥	ماٹی ک ءُ جلُ دہ دِس تِیاگے ॥
ਊਪਰਿ ਚਰਨ ਤਲੈ ਆਕਾਸੁ ॥	اوُپرِ چرن تلے آکاسُ ॥
ਘਟ ਮਹਿ ਸਿੰਧੁ ਕੀਓ ਪਰਗਾਸੁ ॥੧॥	گھٹ مہِ سِندھُ کِیئو پرگاسُ ॥1॥

ਐਸਾ ਸੰਮ੍ਰਥੁ ਹਰਿ ਜੀਉ ਆਪਿ ॥

ایَسا سمّرتھُ ہرِ جیِءُ آپِ ॥

ਨਿਮਖ ਨ ਬਿਸਰੈ ਜੀਅ ਭਗਤਨ ਕੈ
ਆਠ ਪਹਰ ਮਨ ਤਾ ਕਉ ਜਾਪਿ ॥੧॥ ਰਹਾਉ ॥

نِمکھ ن بِسرے جیء بھگتن کے
آٹھ پہر من تا کءُ جاپِ ॥1॥ رہاءُ ॥

ਪ੍ਰਥਮੇ ਮਾਖਨੁ ਪਾਛੈ ਦੂਧੁ ॥

پرتھمے ماکھنُ پاچھے دوُدھُ ॥

ਮੈਲੂ ਕੀਨੋ ਸਾਬੁਨੁ ਸੂਧੁ ॥

میَلوُ کِینو صابُنُ سوُدھُ ॥

ਭੈ ਤੇ ਨਿਰਭਉ ਡਰਤਾ ਫਿਰੈ ॥

بھے تے نِربھءُ ڈرتا پھرے ॥

ਹੋਂਦੀ ਕਉ ਅਣਹੋਂਦੀ ਹਿਰੈ ॥੨॥

ہونْدی کءُ انْہونْدی ہِرے ॥2॥

ਦੇਹੀ ਗੁਪਤ ਬਿਦੇਹੀ ਦੀਸੈ ॥

دیہی گُپت بِدیہی دیسے ॥

ਸਗਲੇ ਸਾਜਿ ਕਰਤ ਜਗਦੀਸੈ ॥

سگلے ساجِ کرت جگدیسے ॥

ਠਗਣਹਾਰ ਅਣਠਗਦਾ ਠਾਗੈ ॥

ٹھگنْہار انْٹھگدا ٹھاگے ॥

ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ ॥੩॥

بِنُ وکھر پھِرِ پھِرِ اُٹھِ لاگے ॥3॥

ਸੰਤ ਸਭਾ ਮਿਲਿ ਕਰਹੁ ਬਖਿਆਣ ॥

سنّت سبھا مِلِ کرہُ بکھیانْ ॥

ਸਿੰਮ੍ਰਿਤਿ ਸਾਸਤ ਬੇਦ ਪੁਰਾਣ ॥

سِنمّرِتِ ساست بید پُرانْ ॥

ਬ੍ਰਹਮ ਬੀਚਾਰੁ ਬੀਚਾਰੇ ਕੋਇ ॥

برہم بیچارُ بیچارے کوءِ ॥

ਨਾਨਕ ਤਾ ਕੀ ਪਰਮ ਗਤਿ ਹੋਇ ॥੪॥੪੩॥੫੪॥

نانک تا کی پرم گتِ ہوءِ ॥4॥ 43 ॥ 54 ॥

ਰਾਮਕਲੀ ਮਹਲਾ ੫ ॥

رامکلی محلا 5 ॥

ਜੋ ਤਿਸੁ ਭਾਵੈ ਸੋ ਥੀਆ ॥

جو تِسُ بھاوے سو تھیا ॥

ਸਦਾ ਸਦਾ ਹਰਿ ਕੀ ਸਰਣਾਈ
ਪ੍ਰਭ ਬਿਨੁ ਨਾਹੀ ਆਨ ਬੀਆ ॥੧॥ ਰਹਾਉ ॥

سدا سدا ہرِ کی سرٹائی
پربھ بِنُ ناہی آن بِیا ॥1॥ رہاءُ ॥

ਪੁਤੁ ਕਲਤ੍ਰੁ ਲਖਿਮੀ ਦੀਸੈ
ਇਨ ਮਹਿ ਕਿਛੂ ਨ ਸੰਗਿ ਲੀਆ ॥

پُتُ کلتّرُ لکھمی دیسے
اِن مہِ کچھوُ ن سنگِ لیا ॥

ਬਿਖੈ ਠਗਉਰੀ ਖਾਇ ਭੁਲਾਨਾ
ਮਾਇਆ ਮੰਦਰੁ ਤਿਆਗਿ ਗਇਆ ॥੧॥

بِکھے ٹھگئری کھاءِ بھُلانا
مائیا مندرُ تیاگِ گیا ॥1॥

ਨਿੰਦਾ ਕਰਿ ਕਰਿ ਬਹੁਤੁ ਵਿਗੂਤਾ
ਗਰਭ ਜੋਨਿ ਮਹਿ ਕਿਰਤਿ ਪਇਆ ॥

ਪੁਰਬ ਕਮਾਣੇ ਛੋਡਹਿ ਨਾਹੀ
ਜਮਦੂਤਿ ਗ੍ਰਾਸਿਓ ਮਹਾ ਭਇਆ ॥੨॥

ਬੋਲੈ ਝੂਠੁ ਕਮਾਵੈ ਅਵਰਾ
ਤ੍ਰਿਸਨ ਨ ਬੂਝੈ ਬਹੁਤੁ ਹਇਆ ॥

ਅਸਾਧ ਰੋਗੁ ਉਪਜਿਆ ਸੰਤ ਦੂਖਨਿ
ਦੇਹ ਬਿਨਾਸੀ ਮਹਾ ਖਇਆ ॥੩॥

ਜਿਨਹਿ ਨਿਵਾਜੇ ਤਿਨ ਹੀ ਸਾਜੇ
ਆਪੇ ਕੀਨੇ ਸੰਤ ਜਇਆ ॥

ਨਾਨਕ ਦਾਸ ਕੰਠਿ ਲਾਇ ਰਾਖੇ
ਕਰਿ ਕਿਰਪਾ ਪਾਰਬ੍ਰਹਮ ਮਇਆ ॥੪॥੪੪॥੫੫॥

ਰਾਮਕਲੀ ਮਹਲਾ ੫ ॥

ਐਸਾ ਪੂਰਾ ਗੁਰਦੇਉ ਸਹਾਈ ॥

ਜਾ ਕਾ ਸਿਮਰਨੁ ਬਿਰਥਾ ਨ ਜਾਈ ॥੧॥ ਰਹਾਉ ॥

ਦਰਸਨੁ ਪੇਖਤ ਹੋਇ ਨਿਹਾਲੁ ॥

ਜਾ ਕੀ ਧੂਰਿ ਕਾਟੈ ਜਮ ਜਾਲੁ ॥

ਚਰਨ ਕਮਲ ਬਸੇ ਮੇਰੇ ਮਨ ਕੇ ॥

ਕਾਰਜ ਸਵਾਰੇ ਸਗਲੇ ਤਨ ਕੇ ॥੧॥

ਜਾ ਕੈ ਮਸਤਕਿ ਰਾਖੈ ਹਾਥੁ ॥

ਪ੍ਰਭੁ ਮੇਰੋ ਅਨਾਥ ਕੋ ਨਾਥੁ ॥

ਪਤਿਤ ਉਧਾਰਣੁ ਕ੍ਰਿਪਾ ਨਿਧਾਨੁ ॥

ਸਦਾ ਸਦਾ ਜਾਈਐ ਕੁਰਬਾਨੁ ॥੨॥

ਨਿਰਮਲ ਮੰਤੁ ਦੇਇ ਜਿਸੁ ਦਾਨੁ ॥

نِندا کرِ کرِ بہُتُ وِگوُتا
گربھ جونِ مہِ کِرتِ پیَیا ॥

پُرب کماٹے چھوڈہِ ناہی
جمدوُتِ گراسِئو مہا بھیَیا ॥2॥

بولے جھوُٹھُ کماوے اورا
تِرسن ن بوُجھے بہُتُ حیَیا ॥

اسادھ روگُ اُپجِیا سنّت دوُکھنِ
دیہ بِناسی مہا کھیَیا ॥3॥

جِنہِ نِوازے تِن ہی ساجے
آپے کِینے سنّت جیَیا ॥

نانک داس کنٹھِ لاءِ راکھے
کرِ کِرپا پاربّرہم مِیَیا ॥4॥ 44 ॥ 55 ॥

رامکلی محلا 5 ॥

ایَسا پوُرا گُردیءُ سہائی ॥

جا کا سِمرنُ بِرتھا ن جائی ॥1॥ رہاءُ ॥

درسنُ پیکھت ہوءِ نِہالُ ॥

جا کی دھوُرِ کاٹے جم جالُ ॥

چرن کمل بسے میرے من کے ॥

کارج سوارے سگلے تن کے ॥1॥

جا کے مستکِ راکھےَ ہاتھُ ॥

پربھُ میرو اناتھ کو ناتھُ ॥

پتِت اُدھارنُ کِرپا نِدھانُ ॥

سدا سدا جائیئے قُربانُ ॥2॥

نِرمل منّتُ دےءِ جِسُ دانُ ॥

ਤਜਹਿ ਬਿਕਾਰ ਬਿਨਸੈ ਅਭਿਮਾਨੁ ॥	تجہِ بِکار بِنسے ابھمانُ ॥
ਏਕੁ ਧਿਆਈਐ ਸਾਧ ਕੈ ਸੰਗਿ ॥	ایکُ دھیائیئے سادھ کے سنگِ ॥
ਪਾਪ ਬਿਨਾਸੇ ਨਾਮ ਕੈ ਰੰਗਿ ॥੩॥	پاپ بِناسے نام کے رنگِ ॥3॥
ਗੁਰ ਪਰਮੇਸੁਰ ਸਗਲ ਨਿਵਾਸ ॥	گُر پرمیسُر سگل نِواس ॥
ਘਟਿ ਘਟਿ ਰਵਿ ਰਹਿਆ ਗੁਣਤਾਸ ॥	گھٹِ گھٹِ روِ رہِیا گُنتاس ॥
ਦਰਸੁ ਦੇਹਿ ਧਾਰਉ ਪ੍ਰਭ ਆਸ ॥	درسُ دیہِ دھارءُ پربھ آس ॥
ਨਿਤ ਨਾਨਕੁ ਚਿਤਵੈ ਸਚੁ ਅਰਦਾਸਿ ॥੪॥੪੫॥੫੬॥	نِت نانکُ چِتوے سچُ عرداسِ ॥4॥ 45 ॥ 56 ॥
ਰਾਗੁ ਰਾਮਕਲੀ ਮਹਲਾ ੫ ਘਰੁ ੨ ਦੁਪਦੇ	راگُ رامکلی محلا 5 گھرُ 2 دُپدے
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਗਾਵਹੁ ਰਾਮ ਕੇ ਗੁਣ ਗੀਤ ॥	گاوہُ رام کے گُن گیت ॥
ਨਾਮੁ ਜਪਤ ਪਰਮ ਸੁਖੁ ਪਾਈਐ ਆਵਾ ਗਉਣੁ ਮਿਟੈ ਮੇਰੇ ਮੀਤ ॥੧॥ ਰਹਾਉ ॥	نامُ جپت پرم سُکھُ پائیئے آوا گئُنُ مِٹے میرے میت ۔ ॥1॥ رہاءُ ॥
ਗੁਣ ਗਾਵਤ ਹੋਵਤ ਪਰਗਾਸੁ ॥	گُن گاوت ہووت پرگاسُ ॥
ਚਰਨ ਕਮਲ ਮਹਿ ਹੋਇ ਨਿਵਾਸੁ ॥੧॥	چرن کمل مہِ ہوءِ نِواسُ ॥1॥
ਸੰਤਸੰਗਤਿ ਮਹਿ ਹੋਇ ਉਧਾਰੁ ॥	سنتسنگتِ مہِ ہوءِ اُدھارُ ॥
ਨਾਨਕ ਭਵਜਲੁ ਉਤਰਸਿ ਪਾਰਿ ॥੨॥੧॥੫੭॥	نانک بھوجلُ اُترسِ پارِ ॥2॥1॥ 57 ॥
ਰਾਮਕਲੀ ਮਹਲਾ ੫ ॥	رامکلی محلا 5 ॥
ਗੁਰੁ ਪੂਰਾ ਮੇਰਾ ਗੁਰੁ ਪੂਰਾ ॥	گُرُ پوُرا میرا گُرُ پوُرا ॥
ਰਾਮ ਨਾਮੁ ਜਪਿ ਸਦਾ ਸੁਹੇਲੇ ਸਗਲ ਬਿਨਾਸੇ ਰੋਗ ਕੂਰਾ ॥੧॥ ਰਹਾਉ ॥	رام نامُ جپِ سدا سُہیلے سگل بِناسے روگ کوُرا ॥1॥ رہاءُ ॥
ਏਕੁ ਅਰਾਧਹੁ ਸਾਚਾ ਸੋਇ ॥	ایکُ ارادھہُ ساچا سوءِ ॥
ਜਾ ਕੀ ਸਰਨਿ ਸਦਾ ਸੁਖੁ ਹੋਇ ॥੧॥	جا کی سرنِ سدا سُکھُ ہوءِ ॥1॥
ਨੀਦ ਸੁਹੇਲੀ ਨਾਮ ਕੀ ਲਾਗੀ ਭੂਖ ॥	نیِد سُہیلی نام کی لاگی بھوُکھ ॥

ਹਰਿ ਸਿਮਰਤ ਬਿਨਸੇ ਸਭ ਦੂਖ ॥੨॥	ہرِ سِمرت بِنسے سبھ دوُکھ ॥2॥
ਸਹਜਿ ਅਨੰਦ ਕਰਹੁ ਮੇਰੇ ਭਾਈ ॥	سہجِ انند کرہُ میرے بھائی ۔ ॥
ਗੁਰਿ ਪੂਰੈ ਸਭ ਚਿੰਤ ਮਿਟਾਈ ॥੩॥	گُرِ پوُرے سبھ چِنّت مِٹائی ॥3॥
ਆਠ ਪਹਰ ਪ੍ਰਭ ਕਾ ਜਪੁ ਜਾਪਿ ॥	آٹھ پہر پربھ کا جپُ جاپِ ॥
ਨਾਨਕ ਰਾਖਾ ਹੋਆ ਆਪਿ ॥੪॥੨॥੫੮॥	نانک راکھا ہویا آپِ ॥4॥2॥ 58 ॥
ਰਾਗੁ ਰਾਮਕਲੀ ਮਹਲਾ ੫ ਪੜਤਾਲ ਘਰੁ ੩	راگُ رامکلی محلا 5 پڑتال گھرُ 3
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਨਰਨਰਹ ਨਮਸਕਾਰੰ ॥	نرنرہ نمسکارنَ ॥
ਜਲਨ ਥਲਨ ਬਸੁਧ ਗਗਨ ਏਕ ਏਕੰਕਾਰੰ ॥੧॥ ਰਹਾਉ ॥	جلن تھلن بسُدھ گگن ایک ایکنکارنَ ॥1॥ رہاءُ ॥
ਹਰਨ ਧਰਨ ਪੁਨ ਪੁਨਹ ਕਰਨ ॥	ہرن دھرن پُن پُنہ کرن ॥
ਨਹ ਗਿਰਹ ਨਿਰੰਹਾਰੰ ॥੧॥	نہ گِرہ نِرنّہارنَ ॥1॥
ਗੰਭੀਰ ਧੀਰ ਨਾਮ ਹੀਰ ਊਚ ਮੂਚ ਅਪਾਰੰ ॥	گنبھیر دھیر نام ہیر اوُچ موُچ اپارنَ ॥
ਕਰਨ ਕੇਲ ਗੁਣ ਅਮੋਲ ਨਾਨਕ ਬਲਿਹਾਰੰ ॥੨॥੧॥੫੯॥	کرن کیل گُن امول نانک بلِہارنَ ॥2॥1॥ 59 ॥
ਰਾਮਕਲੀ ਮਹਲਾ ੫ ॥	رامکلی محلا 5 ॥
ਰੂਪ ਰੰਗ ਸੁਗੰਧ ਭੋਗ ਤਿਆਗਿ ਚਲੇ ਮਾਇਆ ਛਲੇ ਕਨਿਕ ਕਾਮਿਨੀ ॥੧॥ ਰਹਾਉ ॥	روُپ رنگ سُگندھ بھوگ تِیاگِ چلے مائیا چھلے کنِک کامِنی ॥1॥ رہاءُ ॥
ਭੰਡਾਰ ਦਰਬ ਅਰਬ ਖਰਬ ਪੇਖਿ ਲੀਲਾ ਮਨੁ ਸਧਾਰੈ ॥	بھنڈار درب ارب کھرب پیکھِ لِیلا منُ سدھارے ॥
ਨਹ ਸੰਗਿ ਗਾਮਨੀ ॥੧॥	نہ سنگِ گامنی ॥1॥
ਸੁਤ ਕਲਤ੍ਰ ਭ੍ਰਾਤ ਮੀਤ ਉਰਝਿ ਪਰਿਓ ਭਰਮਿ ਮੋਹਿਓ	سُت کلتّر بھّرات میت

ਇਹ ਬਿਰਖ ਛਾਮਨੀ ॥	اُرجھِ پرِئو بھرمِ موہِئو اِہ بِرکھ چھامنی ॥
ਚਰਨ ਕਮਲ ਸਰਨ ਨਾਨਕ ਸੁਖੁ ਸੰਤ ਭਾਵਨੀ ॥੨॥੨॥੬੦॥	چرن کمل سرن نانک سُکھُ سنّت بھاونی ॥2॥2॥ 60 ॥
੧ੴ ਸਤਿਗੁਰ ਪ੍ਰਸਾਦਿ ॥	۱ۅ ستِگُر پرّسادِ ॥
ਰਾਗੁ ਰਾਮਕਲੀ ਮਹਲਾ ੯ ਤਿਪਦੇ ॥	راگُ رامکلی محلا 9 تِپدے ॥
ਰੇ ਮਨ ਓਟ ਲੇਹੁ ਹਰਿ ਨਾਮਾ ॥	رے من اوٹ لیہُ ہرِ نامًا ॥
ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ ॥੧॥ ਰਹਾਉ ॥	جا کے سِمرنِ دُرمتِ ناسے پاوہِ پدُ نِربانا ॥1॥ رہاءُ ॥
ਬਡਭਾਗੀ ਤਿਹ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ ॥	بڈبھاگی تِہ جن کءُ جانہُ جو ہرِ کے گُن گاوے ॥
ਜਨਮ ਜਨਮ ਕੇ ਪਾਪ ਖੋਇ ਕੈ ਫੁਨਿ ਬੈਕੁੰਠਿ ਸਿਧਾਵੈ ॥੧॥	جنم جنم کے پاپ کھوءِ کے پھُنِ بیکُنٹھِ سِدھاوے ॥1॥
ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥	اجامل کءُ انّت کال مہِ نارائِن سُدھِ آئی ॥
ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥੨॥	جاں گتِ کءُ جوگیسُر باچھت سو گتِ چھِن مہِ پائی ॥2॥
ਨਾਹਿਨ ਗੁਨੁ ਨਾਹਿਨ ਕਛੁ ਬਿਦਿਆ ਧਰਮੁ ਕਉਨੁ ਗਜਿ ਕੀਨਾ ॥	ناہِن گُنُ ناہِن کچھُ بِدیا دھرمُ کئُنُ گجِ کِینا ۔ ॥
ਨਾਨਕ ਬਿਰਦੁ ਰਾਮ ਕਾ ਦੇਖਹੁ ਅਭੈ ਦਾਨੁ ਤਿਹ ਦੀਨਾ ॥੩॥੧॥	نانک بِردُ رام کا دیکھہُ ابھے دانُ تِہ دِینا ॥3॥1॥
ਰਾਮਕਲੀ ਮਹਲਾ ੯ ॥	رامکلی محلا 9 ॥
ਸਾਧੋ ਕਉਨ ਜੁਗਤਿ ਅਬ ਕੀਜੈ ॥	سادھو کئُن جُگتِ اب کِیجے ۔ ॥
ਜਾ ਤੇ ਦੁਰਮਤਿ ਸਗਲ ਬਿਨਾਸੈ ਰਾਮ ਭਗਤਿ ਮਨੁ ਭੀਜੈ ॥੧॥ ਰਹਾਉ ॥	جا تے دُرمتِ سگل بِناسے رام بھگتِ منُ بھیجے ॥1॥ رہاءُ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) (ਰਾਜਾ صاہب) سری گرُو نانک دیو جی مہاراج دے 550ویں پرکاش پُرب نوں سمرپت|سیوا: بھائی بلجِندر سنگھ جی

ਮਨੁ ਮਾਇਆ ਮਹਿ ਉਰਝਿ ਰਹਿਓ ਹੈ
ਬੂਝੈ ਨਹ ਕਛੁ ਗਿਆਨਾ ॥

ਕਉਨੁ ਨਾਮੁ ਜਗੁ ਜਾ ਕੈ ਸਿਮਰੈ
ਪਾਵੈ ਪਦੁ ਨਿਰਬਾਨਾ ॥੧॥

ਭਏ ਦਇਆਲ ਕ੍ਰਿਪਾਲ ਸੰਤ ਜਨ
ਤਬ ਇਹ ਬਾਤ ਬਤਾਈ ॥

ਸਰਬ ਧਰਮ ਮਾਨੋ ਤਿਹ ਕੀਏ
ਜਿਹ ਪ੍ਰਭ ਕੀਰਤਿ ਗਾਈ ॥੨॥

ਰਾਮ ਨਾਮੁ ਨਰੁ ਨਿਸਿ ਬਾਸੁਰ ਮਹਿ
ਨਿਮਖ ਏਕ ਉਰਿ ਧਾਰੈ ॥

ਜਮ ਕੋ ਤ੍ਰਾਸੁ ਮਿਟੈ ਨਾਨਕ ਤਿਹ
ਅਪੁਨੋ ਜਨਮੁ ਸਵਾਰੈ ॥੩॥੨॥

ਰਾਮਕਲੀ ਮਹਲਾ ੯ ॥

ਪ੍ਰਾਨੀ ਨਾਰਾਇਨ ਸੁਧਿ ਲੇਹਿ ॥

ਛਿਨੁ ਛਿਨੁ ਅਉਧ ਘਟੈ ਨਿਸਿ ਬਾਸੁਰ
ਬ੍ਰਿਥਾ ਜਾਤੁ ਹੈ ਦੇਹ ॥੧॥ ਰਹਾਉ ॥

ਤਰਨਾਪੋ ਬਿਖਿਅਨ ਸਿਉ ਖੋਇਓ
ਬਾਲਪਨੁ ਅਗਿਆਨਾ ॥

ਬਿਰਧਿ ਭਇਓ ਅਜਹੂ ਨਹੀ ਸਮਝੈ
ਕਉਨ ਕੁਮਤਿ ਉਰਝਾਨਾ ॥੧॥

ਮਾਨਸ ਜਨਮੁ ਦੀਓ ਜਿਹ ਠਾਕੁਰਿ
ਸੋ ਤੈ ਕਿਉ ਬਿਸਰਾਇਓ ॥

ਮੁਕਤੁ ਹੋਤ ਨਰ ਜਾ ਕੈ ਸਿਮਰੈ
ਨਿਮਖ ਨ ਤਾ ਕਉ ਗਾਇਓ ॥੨॥

ਮਾਇਆ ਕੋ ਮਦੁ ਕਹਾ ਕਰਤੁ ਹੈ

منُ مائیا مہِ اُرجھِ رہِئو ہے
بُوجھے نہ کچھُ گیانا ॥

کتُنُ نامُ جگُ جا کے سِمرے
پاوے پدُ نِربانا ॥1॥

بھے دئیال کرِپال سنّت جن
تب اِہ بات بتائی ॥

سرب دھرم مانو تِہ کیئے
جِہ پربھ کیرتِ گائی ॥2॥

رام نامُ نرُ نِس باسُر مہِ
نِمکھ ایک اُرِ دھارے ॥

جم کو ترّاسُ مِٹے نانک تِہ
اپُنو جنمُ سوارے ॥3॥2॥

رامکلی محلا 9 ॥

پرّانی نارائِن سُدھِ لیہِ ॥

چھِنُ چھِنُ اُدھ گھٹے نِس باسُر
برِتھا جاتُ ہے دیہ ॥1॥ رہاءُ ॥

ترناپو بِکھِئن سِءُ کھوئِئو
بالپنُ اگیانا ॥

بِردھِ بھئِئو اجہُو نہی سمجھے
کئُن کُمتِ اُرجھانا ۔ ॥1॥

مانس جنمُ دیئو جِہ ٹھاکُرِ
سو تے کِءُ بِسرائِئو ۔ ॥

مُکتُ ہوت نر جا کے سِمرے
نِمکھ ن تا کءُ گائِئو ॥2॥

مائیا کو مدُ کہا کرتُ ہے

ਸੰਗਿ ਨ ਕਾਹੂ ਜਾਈ ॥

ستنگِ ن کاہُو جائی ॥

ਨਾਨਕੁ ਕਹਤੁ ਚੇਤਿ ਚਿੰਤਾਮਨਿ
ਹੋਇ ਹੈ ਅੰਤਿ ਸਹਾਈ ॥੩॥੩॥੮੧॥

نانکُ کہتُ چیتِ چِنّتامنِ
ہوءِ ہے انّتِ سہائی ॥3॥3॥ 81 ॥

ਰਾਮਕਲੀ ਮਹਲਾ ੧ ਅਸਟਪਦੀਆ

رامکلی محلا 1 اسٹپدیا

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸੋਈ ਚੰਦੁ ਚੜਹਿ ਸੇ ਤਾਰੇ
ਸੋਈ ਦਿਨੀਅਰੁ ਤਪਤ ਰਹੈ ॥

سوئی چندُ چڑہِ سے تارے
سوئی دِنیئرُ تپت رہے ॥

ਸਾ ਧਰਤੀ ਸੋ ਪਉਣੁ ਝੁਲਾਰੇ
ਜੁਗ ਜੀਅ ਖੇਲੇ ਥਾਵ ਕੈਸੇ ॥੧॥

سا دھرتی سو پئُنُ جھُلارے
جُگ جیء کھیلے تھاو کیسے ۔ ॥1॥

ਜੀਵਨ ਤਲਬ ਨਿਵਾਰਿ ॥

جیون طلب نِوارِ ॥

ਹੋਵੈ ਪਰਵਾਣਾ ਕਰਹਿ ਧਿਙਾਣਾ
ਕਲਿ ਲਖਣ ਵੀਚਾਰਿ ॥੧॥ ਰਹਾਉ ॥

ہووے پرواٹا کرہِ دھِگّاٹا
کلِ لکھنُ ویچارِ ॥1॥ رہاءُ ॥

ਕਿਤੈ ਦੇਸਿ ਨ ਆਇਆ ਸੁਣੀਐ
ਤੀਰਥ ਪਾਸਿ ਨ ਬੈਠਾ ॥

کِتے دیسِ ن آئیا سُنیئے
تیرتھ پاسِ ن بیٹھا ॥

ਦਾਤਾ ਦਾਨੁ ਕਰੇ ਤਹ ਨਾਹੀ
ਮਹਲ ਉਸਾਰਿ ਨ ਬੈਠਾ ॥੨॥

داتا دانُ کرے تہ ناہی
محل اُسارِ ن بیٹھا ॥2॥

ਜੇ ਕੋ ਸਤੁ ਕਰੇ ਸੋ ਛੀਜੈ
ਤਪ ਘਰਿ ਤਪੁ ਨ ਹੋਈ ॥

جے کو ستُ کرے سو چھیجے
تپ گھرِ تپُ ن ہوئی ॥

ਜੇ ਕੋ ਨਾਉ ਲਏ ਬਦਨਾਵੀ
ਕਲਿ ਕੇ ਲਖਣ ਏਈ ॥੩॥

جے کو ناءُ لے بدناوی
کلِ کے لکھنُ ایئی ॥3॥

ਜਿਸੁ ਸਿਕਦਾਰੀ ਤਿਸਹਿ ਖੁਆਰੀ
ਚਾਕਰ ਕੇਹੇ ਡਰਣਾ ॥

جِسُ سِکداری تِسہِ خُیاری
چاکر کیہے ڈرٹا ॥

ਜਾ ਸਿਕਦਾਰੈ ਪਵੈ ਜੰਜੀਰੀ
ਤਾ ਚਾਕਰ ਹਥਹੁ ਮਰਣਾ ॥੪॥

جا سِکدارے پوے زنجیری
تا چاکر ہتھہُ مرٹا ॥4॥

ਆਖੁ ਗੁਣਾ ਕਲਿ ਆਈਐ ॥

آکھُ گُٹا کلِ آئیے ॥

ਤਿਹੁ ਜੁਗ ਕੇਰਾ ਰਹਿਆ ਤਪਾਵਸੁ
ਜੇ ਗੁਣ ਦੇਹਿ ਤ ਪਾਈਐ ॥੧॥ ਰਹਾਉ ॥

تِہٗ جُگ کیرا رہِیا تپاوسُ
جے گُنؔ دیہِ ت پائیَۓ ॥1॥ رہاءُ ॥

ਕਲਿ ਕਲਵਾਲੀ ਸਰਾ ਨਿਬੇੜੀ
ਕਾਜੀ ਕ੍ਰਿਸਨਾ ਹੋਆ ॥

کلِ کلوالی شرا نِبیڑی
قاضی کرِسنا ہویا ॥

ਬਾਣੀ ਬ੍ਰਹਮਾ ਬੇਦੁ ਅਥਰਬਣੁ
ਕਰਣੀ ਕੀਰਤਿ ਲਹਿਆ ॥੫॥

باٹی برہما بیدُ اتھربنُ
کرنٹی کیرتِ لہِیا ॥5॥

ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ
ਜਤ ਵਿਣੁ ਕਾਹੇ ਜਨੇਊ ॥

پتِ وِنُ پوُجا ست وِنُ سنجَمُ
جت وِنُ کاہے جنینوُ ۔ ॥

ਨਾਵਹੁ ਧੋਵਹੁ ਤਿਲਕੁ ਚੜਾਵਹੁ
ਸੁਚ ਵਿਣੁ ਸੋਚ ਨ ਹੋਈ ॥੬॥

ناوہُ دھووہُ تِلکُ چڑاوہُ
سُچ وِنُ سوچ ن ہوئی ॥6॥

ਕਲਿ ਪਰਵਾਣੁ ਕਤੇਬ ਕੁਰਾਣੁ ॥

کلِ پرواںُ کتیب قُراںُ ॥

ਪੋਥੀ ਪੰਡਿਤ ਰਹੇ ਪੁਰਾਣ ॥

پوتھی پنڈِت رہے پُراںُ ॥

ਨਾਨਕ ਨਾਉ ਭਇਆ ਰਹਮਾਣੁ ॥

نانک ناءُ بھئیا رحماںُ ॥

ਕਰਿ ਕਰਤਾ ਤੂ ਏਕੋ ਜਾਣੁ ॥੭॥

کرِ کرتا توُ ایکو جاںُ ॥7॥

ਨਾਨਕ ਨਾਮੁ ਮਿਲੈ ਵਡਿਆਈ
ਏਦੂ ਉਪਰਿ ਕਰਮੁ ਨਹੀ ॥

نانک نامُ مِلےَ وڈِیائی
ایدہُ اُپرِ کرمُ نہی ॥

ਜੇ ਘਰਿ ਹੋਦੈ ਮੰਗਣਿ ਜਾਈਐ
ਫਿਰਿ ਓਲਾਮਾ ਮਿਲੈ ਤਹੀ ॥੮॥੧॥

جے گھرِ ہودے منگنِ جائیَۓ
پھرِ اولاما مِلےَ تہی ॥8॥1॥

ਰਾਮਕਲੀ ਮਹਲਾ ੧ ॥

رامکلی محلا 1 ॥

ਜਗੁ ਪਰਬੋਧਹਿ ਮੜੀ ਬਧਾਵਹਿ ॥

جگُ پربودھہِ مڑی بدھاوہِ ॥

ਆਸਣੁ ਤਿਆਗਿ ਕਾਹੇ ਸਚੁ ਪਾਵਹਿ ॥

آسنُ تِیاگِ کاہے سچُ پاوہِ ۔ ॥

ਮਮਤਾ ਮੋਹੁ ਕਾਮਣਿ ਹਿਤਕਾਰੀ ॥

ممتا موہُ کامنِ ہِتکاری ॥

ਨਾ ਅਉਧੂਤੀ ਨਾ ਸੰਸਾਰੀ ॥੧॥

نا اُندھوُتی نا سنّساری ॥1॥

ਜੋਗੀ ਬੈਸਿ ਰਹਹੁ
ਦੁਬਿਧਾ ਦੁਖੁ ਭਾਗੈ ॥

جوگی بیَس رہہُ

ਘਰਿ ਘਰਿ ਮਾਗਤ
ਲਾਜ ਨ ਲਾਗੈ ॥੧॥ ਰਹਾਉ ॥

ਗਾਵਹਿ ਗੀਤ ਨ ਚੀਨਹਿ ਆਪੁ ॥
ਕਿਉ ਲਾਗੀ ਨਿਵਰੈ ਪਰਤਾਪੁ ॥
ਗੁਰ ਕੈ ਸਬਦਿ ਰਚੈ ਮਨ ਭਾਇ ॥
ਭਿਖਿਆ ਸਹਜ ਵੀਚਾਰੀ ਖਾਇ ॥੨॥
ਭਸਮ ਚੜਾਇ ਕਰਹਿ ਪਾਖੰਡੁ ॥
ਮਾਇਆ ਮੋਹਿ ਸਹਹਿ ਜਮ ਡੰਡੁ ॥
ਫੂਟੈ ਖਾਪਰੁ ਭੀਖ ਨ ਭਾਇ ॥
ਬੰਧਨਿ ਬਾਧਿਆ ਆਵੈ ਜਾਇ ॥੩॥
ਬਿੰਦੁ ਨ ਰਾਖਹਿ ਜਤੀ ਕਹਾਵਹਿ ॥
ਮਾਈ ਮਾਗਤ ਤ੍ਰੈ ਲੋਭਾਵਹਿ ॥
ਨਿਰਦਇਆ ਨਹੀ ਜੋਤਿ ਉਜਾਲਾ ॥
ਬੂਡਤ ਬੂਡੇ ਸਰਬ ਜੰਜਾਲਾ ॥੪॥
ਭੇਖ ਕਰਹਿ ਖਿੰਥਾ ਬਹੁ ਥਟੂਆ ॥
ਝੂਠੋ ਖੇਲੁ ਖੇਲੈ ਬਹੁ ਨਟੂਆ ॥
ਅੰਤਰਿ ਅਗਨਿ ਚਿੰਤਾ ਬਹੁ ਜਾਰੇ ॥
ਵਿਣੁ ਕਰਮਾ ਕੈਸੇ ਉਤਰਸਿ ਪਾਰੇ ॥੫॥
ਮੁੰਦ੍ਰਾ ਫਟਕ ਬਨਾਈ ਕਾਨਿ ॥
ਮੁਕਤਿ ਨਹੀ ਬਿਦਿਆ ਬਿਗਿਆਨਿ ॥
ਜਿਹਵਾ ਇੰਦ੍ਰੀ ਸਾਦਿ ਲੋਭਾਨਾ ॥
ਪਸੂ ਭਏ ਨਹੀ ਮਿਟੈ ਨਿਸਾਨਾ ॥੬॥

دُبِدھا دُکھُ بھاگے ॥

گھرِ گھرِ ماگت
لاج ن لاگے ۔ ॥1॥ رہاءُ ॥

گاوہِ گِیت ن چِینہِ آپُ ॥
کِءُ لاگی نِورے پرتاپُ ॥
گُر کے سبدِ رچے من بھاءِ ॥
بھِکھیا سہج ویچاری کھاءِ ॥2॥
بھسم چڑاءِ کرہِ پاکھنڈُ ॥
مائیا موہِ سہہِ جم ڈنّڈُ ॥
پھوٹے کھاپرُ بھِکھ ن بھاءِ ॥
بنّدھنِ بادھِیا آوے جاءِ ॥3॥
بِنّدُ ن راکھہِ جتی کہاوہِ ॥
مائی ماگت ترّے لوبھاوہِ ॥
نِردئیا نہی جوتِ اُجالا ॥
بوُڈت بوُڈے سرب زنجّالا ॥4॥
بھیکھ کرہِ کھِنّتھا بہُ تھٹوُیا ॥
جھوُٹھو کھیلُ کھیلے بہُ نٹوُیا ॥
انّترِ اگنِ چِنّتا بہُ جارے ॥
وِنُ کرما کیسے اُترسِ پارے ۔ ॥5॥
مُنّدرا پھٹک بنائی کانِ ॥
مُکتِ نہی بِدیا بِگیانِ ॥
جِہوا اِنّدری سادِ لوبھانا ॥
پسوُ بھئے نہی مِٹے نِسانا ॥6॥

ਤ੍ਰਿਬਿਧਿ ਲੋਗਾ ਤ੍ਰਿਬਿਧਿ ਜੋਗਾ ॥	تّرِبدھِ لوگا تّرِبدھِ جوگا ॥
ਸਬਦੁ ਵੀਚਾਰੈ ਚੂਕਸਿ ਸੋਗਾ ॥	سبدُ ویچارے چُوکسِ سوگا ॥
ਊਜਲੁ ਸਾਚੁ ਸੁ ਸਬਦੁ ਹੋਇ ॥	اوُجلُ ساچُ سُ سبدُ ہوءِ ॥
ਜੋਗੀ ਜੁਗਤਿ ਵੀਚਾਰੇ ਸੋਇ ॥੭॥	جوگی جُگتِ ویچارے سوءِ ॥7॥
ਤੁਝ ਪਹਿ ਨਉ ਨਿਧਿ ਤੂ ਕਰਣੈ ਜੋਗੁ ॥	تُجھ پہِ ن ءُ نِدھِ تُو کرنّے جوگُ ॥
ਥਾਪਿ ਉਥਾਪੇ ਕਰੇ ਸੁ ਹੋਗੁ ॥	تھاپِ اُتھاپے کرے سُ ہوگُ ॥
ਜਤੁ ਸਤੁ ਸੰਜਮੁ ਸਚੁ ਸੁਚੀਤੁ ॥	جتُ ستُ سنجَمُ سچُ سُچیتُ ॥
ਨਾਨਕ ਜੋਗੀ ਤ੍ਰਿਭਵਣ ਮੀਤੁ ॥੮॥੨॥	نانک جوگی تّرِبھونْ میتُ ॥8॥2॥
ਰਾਮਕਲੀ ਮਹਲਾ ੧ ॥	رامکلی محلا 1 ॥
ਖਟੁ ਮਟੁ ਦੇਹੀ ਮਨੁ ਬੈਰਾਗੀ ॥	کھٹُ مٹُ دیہی منُ بیَراگی ॥
ਸੁਰਤਿ ਸਬਦੁ ਧੁਨਿ ਅੰਤਰਿ ਜਾਗੀ ॥	سُرتِ سبدُ دھُنِ انّترِ جاگی ॥
ਵਾਜੈ ਅਨਹਦੁ ਮੇਰਾ ਮਨੁ ਲੀਣਾ ॥	واجےَ انہدُ میرا منُ لِیٹا ॥
ਗੁਰ ਬਚਨੀ ਸਚਿ ਨਾਮਿ ਪਤੀਣਾ ॥੧॥	گُر بچنی سچِ نامِ پتیٹا ॥1॥
ਪ੍ਰਾਣੀ ਰਾਮ ਭਗਤਿ ਸੁਖੁ ਪਾਈਐ ॥	پّرانّی رام بھگتِ سُکھُ پائیےَ ॥
ਗੁਰਮੁਖਿ ਹਰਿ ਹਰਿ ਮੀਠਾ ਲਾਗੈ ਹਰਿ ਹਰਿ ਨਾਮਿ ਸਮਾਈਐ ॥੧॥ ਰਹਾਉ ॥	گُرمُکھِ ہرِ ہرِ میٹھا لاگےَ ہرِ ہرِ نامِ سمائیےَ ॥1॥ رہاءُ ॥
ਮਾਇਆ ਮੋਹੁ ਬਿਵਰਜਿ ਸਮਾਏ ॥	مائیا موہُ بِورجِ سمائے ॥
ਸਤਿਗੁਰੁ ਭੇਟੈ ਮੇਲਿ ਮਿਲਾਏ ॥	ستِگُرُ بھیٹے میلِ مِلائے ॥
ਨਾਮੁ ਰਤਨੁ ਨਿਰਮੋਲਕੁ ਹੀਰਾ ॥	نامُ رتنُ نِرمولکُ ہیِرا ॥
ਤਿਤੁ ਰਾਤਾ ਮੇਰਾ ਮਨੁ ਧੀਰਾ ॥੨॥	تِتُ راتا میرا منُ دھیِرا ॥2॥
ਹਉਮੈ ਮਮਤਾ ਰੋਗੁ ਨ ਲਾਗੈ ॥	ہئُےَ ممتا روگُ ن لاگےَ ॥
ਰਾਮ ਭਗਤਿ ਜਮ ਕਾ ਭਉ ਭਾਗੈ ॥	رام بھگتِ جم کا بھءُ بھاگےَ ॥
ਜਮੁ ਜੰਦਾਰੁ ਨ ਲਾਗੈ ਮੋਹਿ ॥	جمُ جنّدارُ ن لاگےَ موہِ ॥

ਨਿਰਮਲ ਨਾਮੁ ਰਿਦੈ ਹਰਿ ਸੋਹਿ ॥੩॥	نِرمل نامُ رِدے ہرِ سوہِ ॥3॥
ਸਬਦੁ ਬੀਚਾਰਿ ਭਏ ਨਿਰੰਕਾਰੀ ॥	سبدُ بیچارِ بھئے نِرنکاری ॥
ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥	گُرمتِ جاگے دُرمتِ پرہاری ॥
ਅਨਦਿਨੁ ਜਾਗਿ ਰਹੇ ਲਿਵ ਲਾਈ ॥	اندِنُ جاگِ رہے لِو لائی ॥
ਜੀਵਨ ਮੁਕਤਿ ਗਤਿ ਅੰਤਰਿ ਪਾਈ ॥੪॥	جیون مُکتِ گتِ انترِ پائی ॥4॥
ਅਲਿਪਤ ਗੁਫਾ ਮਹਿ ਰਹਹਿ ਨਿਰਾਰੇ ॥	الپت گُپھا مہِ رہہِ نِرارے ॥
ਤਸਕਰ ਪੰਚ ਸਬਦਿ ਸੰਘਾਰੇ ॥	تسکر پنچ سبدِ سنگھارے ॥
ਪਰ ਘਰ ਜਾਇ ਨ ਮਨੁ ਡੋਲਾਏ ॥	پر گھر جاءِ ن منُ ڈولائے ॥
ਸਹਜ ਨਿਰੰਤਰਿ ਰਹਉ ਸਮਾਏ ॥੫॥	سہج نِرنترِ رہءُ سمائے ॥5॥
ਗੁਰਮੁਖਿ ਜਾਗਿ ਰਹੇ ਅਉਧੂਤਾ ॥	گُرمُکھِ جاگِ رہے اُدھوتا ॥
ਸਦ ਬੈਰਾਗੀ ਤਤੁ ਪਰੋਤਾ ॥	سد بیراگی تتُ پروتا ॥
ਜਗੁ ਸੂਤਾ ਮਰਿ ਆਵੈ ਜਾਇ ॥	جگُ سوُتا مرِ آوے جاءِ ॥
ਬਿਨੁ ਗੁਰ ਸਬਦ ਨ ਸੋਝੀ ਪਾਇ ॥੬॥	بِنُ گُر سبد ن سوجھی پاءِ ॥6॥
ਅਨਹਦ ਸਬਦੁ ਵਜੈ ਦਿਨੁ ਰਾਤੀ ॥	انہد سبدُ وجے دِنُ راتی ॥
ਅਵਿਗਤ ਕੀ ਗਤਿ ਗੁਰਮੁਖਿ ਜਾਤੀ ॥	اوِگت کی گتِ گُرمُکھِ جاتی ॥
ਤਉ ਜਾਨੀ ਜਾ ਸਬਦਿ ਪਛਾਨੀ ॥	تءُ جانی جا سبدِ پچھانی ॥
ਏਕੋ ਰਵਿ ਰਹਿਆ ਨਿਰਬਾਨੀ ॥੭॥	ایکو روِ رہیا نِربانی ॥7॥
ਸੁੰਨ ਸਮਾਧਿ ਸਹਜਿ ਮਨੁ ਰਾਤਾ ॥	سُنّن سمادھِ سہجِ منُ راتا ॥
ਤਜਿ ਹਉ ਲੋਭਾ ਏਕੋ ਜਾਤਾ ॥	تجِ ہءُ لوبھا ایکو جاتا ॥
ਗੁਰ ਚੇਲੇ ਅਪਨਾ ਮਨੁ ਮਾਨਿਆ ॥	گُر چیلے اپنا منُ مانیا ॥
ਨਾਨਕ ਦੂਜਾ ਮੇਟਿ ਸਮਾਨਿਆ ॥੮॥੩॥	نانک دوُجا میٹِ سمانیا ॥8॥3॥
ਰਾਮਕਲੀ ਮਹਲਾ ੧ ॥	رامکلی محلا 1 ॥

ਸਾਹਾ ਗਣਹਿ ਨ ਕਰਹਿ ਬੀਚਾਰੁ ॥	ساہا گنہِ ن کرہِ بیچارُ ॥
ਸਾਹੇ ਊਪਰਿ ਏਕੰਕਾਰੁ ॥	ساہے اوُپرِ ایکنکارُ ॥
ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ ॥	جِسُ گُرُ مِلےَ سوئی بِدھِ جانے ॥
ਗੁਰਮਤਿ ਹੋਇ ਤ ਹੁਕਮੁ ਪਛਾਣੈ ॥੧॥	گُرمتِ ہوءِ ت حُکمُ پچھانے ॥1॥
ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥	جھوُٹھُ ن بولِ پاڈے سچُ کہیےً ॥
ਹਉਮੈ ਜਾਇ ਸਬਦਿ ਘਰੁ ਲਹੀਐ ॥੧॥ ਰਹਾਉ ॥	ہئُمےَ جاءِ سبدِ گھرُ لہیےً ॥1॥ رہاءُ ॥
ਗਣਿ ਗਣਿ ਜੋਤਕੁ ਕਾਂਡੀ ਕੀਨੀ ॥	گنِ گنِ جوتکُ کانڈی کِینی ॥
ਪੜੈ ਸੁਣਾਵੈ ਤਤੁ ਨ ਚੀਨੀ ॥	پڑےَ سُنٹاوےَ تتُ ن چینِی ॥
ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥	سبھسےَ اوُپرِ گُر سبدُ بیچارُ ॥
ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥	ہور کتھنی بدءُ ن سگلی چھارُ ॥2॥
ਨਾਵਹਿ ਧੋਵਹਿ ਪੂਜਹਿ ਸੈਲਾ ॥	ناوہِ دھووہِ پوُجہِ سیَلا ॥
ਬਿਨੁ ਹਰਿ ਰਾਤੇ ਮੈਲੋ ਮੈਲਾ ॥	بِنُ ہرِ راتے میَلو میَلا ॥
ਗਰਬੁ ਨਿਵਾਰਿ ਮਿਲੈ ਪ੍ਰਭੁ ਸਾਰਥਿ ॥	گربُ نِوارِ مِلےَ پرّبھُ سارتھِ ॥
ਮੁਕਤਿ ਪ੍ਰਾਨ ਜਪਿ ਹਰਿ ਕਿਰਤਾਰਥਿ ॥੩॥	مُکتِ پرّان جپِ ہرِ کِرتارتھِ ॥3॥
ਵਾਚੈ ਵਾਦੁ ਨ ਬੇਦੁ ਬੀਚਾਰੈ ॥	واچےَ وادُ ن بیدُ بیچارےَ ॥
ਆਪਿ ਡੁਬੈ ਕਿਉ ਪਿਤਰਾ ਤਾਰੈ ॥	آپِ ڈُبےَ کِءُ پِترا تارےَ ۔ ॥
ਘਟਿ ਘਟਿ ਬ੍ਰਹਮੁ ਚੀਨੈ ਜਨੁ ਕੋਇ ॥	گھٹِ گھٹِ برہمُ چینے جنُ کوءِ ॥
ਸਤਿਗੁਰੁ ਮਿਲੈ ਤ ਸੋਝੀ ਹੋਇ ॥੪॥	ستِگُرُ مِلےَ ت سوجھی ہوءِ ॥4॥
ਗਣਤ ਗਣੀਐ ਸਹਸਾ ਦੁਖੁ ਜੀਐ ॥	گنّت گنّیےً سہسا دُکھُ جیےً ॥
ਗੁਰ ਕੀ ਸਰਣਿ ਪਵੈ ਸੁਖੁ ਥੀਐ ॥	گُر کی سرنِ پوےَ سُکھُ تھیےً ॥
ਕਰਿ ਅਪਰਾਧ ਸਰਣਿ ਹਮ ਆਇਆ ॥	کرِ اپرادھ سرنِ ہم آئیا ॥
ਗੁਰ ਹਰਿ ਭੇਟੇ ਪੁਰਬਿ ਕਮਾਇਆ ॥੫॥	گُر ہرِ بھیٹے پُربِ کمائیا ॥5॥

ਗੁਰ ਸਰਣਿ ਨ ਆਈਐ ਬ੍ਰਹਮੁ ਨ ਪਾਈਐ ॥	گُر سرنِ ن آئیئے برہمُ ن پائیئے ॥
ਭਰਮਿ ਭੁਲਾਈਐ ਜਨਮਿ ਮਰਿ ਆਈਐ ॥	بھرمِ بھُلائیئے جنمِ مرِ آئیئے ॥
ਜਮ ਦਰਿ ਬਾਧਉ ਮਰੈ ਬਿਕਾਰੁ ॥	جم درِ بادھءُ مرے بِکارُ ॥
ਨਾ ਰਿਦੈ ਨਾਮੁ ਨ ਸਬਦੁ ਅਚਾਰੁ ॥੬॥	نا رِدے نامُ ن سبدُ اچارُ ॥6॥
ਇਕਿ ਪਾਧੇ ਪੰਡਿਤ ਮਿਸਰ ਕਹਾਵਹਿ ॥	اِکِ پادھے پنڈِت مِسر کہاوہِ ॥
ਦੁਬਿਧਾ ਰਾਤੇ ਮਹਲੁ ਨ ਪਾਵਹਿ ॥	دُبِدھا راتے محلُ ن پاوہِ ॥
ਜਿਸੁ ਗੁਰ ਪਰਸਾਦੀ ਨਾਮੁ ਅਧਾਰੁ ॥	جِسُ گُر پرسادی نامُ ادھارُ ॥
ਕੋਟਿ ਮਧੇ ਕੋ ਜਨੁ ਆਪਾਰੁ ॥੭॥	کوٹِ مدھے کو جنُ آپارُ ॥7॥
ਏਕੁ ਬੁਰਾ ਭਲਾ ਸਚੁ ਏਕੈ ॥	ایکُ بُرا بھلا سچُ ایکے ॥
ਬੂਝੁ ਗਿਆਨੀ ਸਤਗੁਰ ਕੀ ਟੇਕੈ ॥	بوُجھُ گیانی ستگُر کی ٹیکے ॥
ਗੁਰਮੁਖਿ ਵਿਰਲੀ ਏਕੋ ਜਾਣਿਆ ॥	گُرمُکھِ وِرلی ایکو جاٹیا ॥
ਆਵਣੁ ਜਾਣਾ ਮੇਟਿ ਸਮਾਣਿਆ ॥੮॥	آونُ جاٹا میٹِ سماٹیا ॥8॥
ਜਿਨ ਕੈ ਹਿਰਦੈ ਏਕੰਕਾਰੁ ॥	جِن کے ہِردے ایکنکارُ ॥
ਸਰਬ ਗੁਣੀ ਸਾਚਾ ਬੀਚਾਰੁ ॥	سرب گُنی ساچا بیچارُ ॥
ਗੁਰ ਕੈ ਭਾਣੈ ਕਰਮ ਕਮਾਵੈ ॥	گُر کے بھاٹے کرم کماوے ॥
ਨਾਨਕ ਸਾਚੇ ਸਾਚਿ ਸਮਾਵੈ ॥੯॥੪॥	نانک ساچے ساچِ سماوے ॥9॥4॥
ਰਾਮਕਲੀ ਮਹਲਾ ੧ ॥	رامکلی محلا 1 ॥
ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥	ہٹھُ نِگرہُ کرِ کائیا چھیجے ॥
ਵਰਤੁ ਤਪਨੁ ਕਰਿ ਮਨੁ ਨਹੀ ਭੀਜੈ ॥	ورتُ تپنُ کرِ منُ نہی بھیجے ॥
ਰਾਮ ਨਾਮ ਸਰਿ ਅਵਰੁ ਨ ਪੂਜੈ ॥੧॥	رام نام سرِ اورُ ن پوُجے ॥1॥
ਗੁਰੁ ਸੇਵਿ ਮਨਾ ਹਰਿ ਜਨ ਸੰਗੁ ਕੀਜੈ ॥	گُرُ سیوِ منا ہرِ جن سنگُ کیجے ॥
ਜਮੁ ਜੰਦਾਰੁ ਜੋਹਿ ਨਹੀ ਸਾਕੈ ਸਰਪਨਿ ਡਸਿ ਨ ਸਕੈ	جمُ جنّدارُ جوہِ نہی ساکے سرپنِ ڈسِ ن سکے

ਹਰਿ ਕਾ ਰਸੁ ਪੀਜੈ ॥੧॥ ਰਹਾਉ ॥	ہرِ کا رسُ پیجےَ ॥1॥ رہاءُ ॥
ਵਾਦੁ ਪੜੈ ਰਾਗੀ ਜਗੁ ਭੀਜੈ ॥	وادُ پڑے راگی جگُ بھیجےَ ॥
ਤ੍ਰੈ ਗੁਣ ਬਿਖਿਆ ਜਨਮਿ ਮਰੀਜੈ ॥	ترے گُن بِکھیا جنمِ مریجےَ ॥
ਰਾਮ ਨਾਮ ਬਿਨੁ ਦੂਖੁ ਸਹੀਜੈ ॥੨॥	رام نام بِنُ دوُکھُ سہیجےَ ॥2॥
ਚਾੜਸਿ ਪਵਨੁ ਸਿੰਘਾਸਨੁ ਭੀਜੈ ॥	چاڑسِ پونُ سِنگھاسنُ بھیجےَ ॥
ਨਿਉਲੀ ਕਰਮ ਖਟੁ ਕਰਮ ਕਰੀਜੈ ॥	نِئلی کرم کھٹُ کرم کریجےَ ॥
ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ ॥੩॥	رام نام بِنُ بِرتھا ساسُ لیجےَ ॥3॥
ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ ॥	انترِ پنچ اگنِ کِءُ دھیرجُ دھیجےَ۔ ॥
ਅੰਤਰਿ ਚੋਰੁ ਕਿਉ ਸਾਦੁ ਲਹੀਜੈ ॥	انترِ چورُ کِءُ سادُ لہیجےَ۔ ॥
ਗੁਰਮੁਖਿ ਹੋਇ ਕਾਇਆ ਗੜੁ ਲੀਜੈ ॥੪॥	گُرمُکھِ ہوءِ کائیا گڑُ لیجےَ ॥4॥
ਅੰਤਰਿ ਮੈਲੁ ਤੀਰਥ ਭਰਮੀਜੈ ॥	انترِ میَلُ تیرتھ بھرمیجےَ ॥
ਮਨੁ ਨਹੀ ਸੂਚਾ ਕਿਆ ਸੋਚ ਕਰੀਜੈ ॥	منُ نہی سوُچا کِیا سوچ کریجےَ۔ ॥
ਕਿਰਤੁ ਪਇਆ ਦੋਸੁ ਕਾ ਕਉ ਦੀਜੈ ॥੫॥	کِرتُ پئیا دوسُ کا کءُ دیجےَ۔ ॥5॥
ਅੰਨੁ ਨ ਖਾਹਿ ਦੇਹੀ ਦੁਖੁ ਦੀਜੈ ॥	انّنُ ن کھاہِ دیہی دُکھُ دیجےَ ॥
ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ ॥	بِنُ گُر گیان ترِپت نہی تھیجےَ ॥
ਮਨਮੁਖਿ ਜਨਮੈ ਜਨਮਿ ਮਰੀਜੈ ॥੬॥	منمُکھِ جنمےَ جنمِ مریجےَ ॥6॥
ਸਤਿਗੁਰ ਪੂਛਿ ਸੰਗਤਿ ਜਨ ਕੀਜੈ ॥	ستِگُر پوُچھِ سنگتِ جن کیجےَ ॥
ਮਨੁ ਹਰਿ ਰਾਚੈ ਨਹੀ ਜਨਮਿ ਮਰੀਜੈ ॥	منُ ہرِ راچےَ نہی جنمِ مریجےَ ॥
ਰਾਮ ਨਾਮ ਬਿਨੁ ਕਿਆ ਕਰਮੁ ਕੀਜੈ ॥੭॥	رام نام بِنُ کیا کرمُ کیجےَ۔ ॥7॥
ਊਂਦਰ ਦੂੰਦਰ ਪਾਸਿ ਧਰੀਜੈ ॥	اوُندر دوُندر پاسِ دھریجےَ ॥
ਧੁਰ ਕੀ ਸੇਵਾ ਰਾਮੁ ਰਵੀਜੈ ॥	دھُر کی سیوا رامُ رویجےَ ॥
ਨਾਨਕ ਨਾਮੁ ਮਿਲੈ ਕਿਰਪਾ ਪ੍ਰਭ ਕੀਜੈ ॥੮॥੫॥	نانک نامُ مِلےَ کِرپا پربھ کیجےَ ॥8॥5॥

ਰਾਮਕਲੀ ਮਹਲਾ ੧ ॥

رامکلی محلا 1 ॥

ਅੰਤਰਿ ਉਤਭੁਜੁ
ਅਵਰੁ ਨ ਕੋਈ ॥

انترِ اُتبھجُ
اورُ ن کوئی ॥

ਜੋ ਕਹੀਐ ਸੋ ਪ੍ਰਭ ਤੇ ਹੋਈ ॥

جو کہیئے سو پربھ تے ہوئی ॥

ਜੁਗਹ ਜੁਗੰਤਰਿ ਸਾਹਿਬੁ ਸਚੁ ਸੋਈ ॥

جُگہ جُگنترِ صاحِبُ سچُ سوئی ॥

ਉਤਪਤਿ ਪਰਲਉ ਅਵਰੁ ਨ ਕੋਈ ॥੧॥

اُتپتِ پرل ءُ اورُ ن کوئی ॥1॥

ਐਸਾ ਮੇਰਾ ਠਾਕੁਰੁ ਗਹਿਰ ਗੰਭੀਰੁ ॥

ایَسا میرا ٹھاکُرُ گہِر گنبھیرُ ॥

ਜਿਨਿ ਜਪਿਆ ਤਿਨ ਹੀ ਸੁਖੁ ਪਾਇਆ
ਹਰਿ ਕੈ ਨਾਮਿ ਨ ਲਗੈ ਜਮ ਤੀਰੁ ॥੧॥ ਰਹਾਉ ॥

جِنِ جپیا تِن ہی سُکھُ پایَیا
ہرِ کے نامِ ن لگےَ جم تیرُ ॥1॥ رہاءُ ॥

ਨਾਮੁ ਰਤਨੁ ਹੀਰਾ ਨਿਰਮੋਲੁ ॥

نامُ رتنُ ہیِرا نِرمولُ ॥

ਸਾਚਾ ਸਾਹਿਬੁ ਅਮਰੁ ਅਤੋਲੁ ॥

ساچا صاحِبُ امرُ اتولُ ॥

ਜਿਹਵਾ ਸੂਚੀ ਸਾਚਾ ਬੋਲੁ ॥

جِہوا سوُچی ساچا بولُ ॥

ਘਰਿ ਦਰਿ ਸਾਚਾ ਨਾਹੀ ਰੋਲੁ ॥੨॥

گھرِ درِ ساچا ناہی رولُ ॥2॥

ਇਕਿ ਬਨ ਮਹਿ ਬੈਸਹਿ ਡੂਗਰਿ ਅਸਥਾਨੁ ॥

اِکِ بن مہِ بیَسہِ ڈُوگرِ استھانُ ॥

ਨਾਮੁ ਬਿਸਾਰਿ ਪਚਹਿ ਅਭਿਮਾਨੁ ॥

نامُ بِسارِ پچہِ ابھِمانُ ॥

ਨਾਮ ਬਿਨਾ ਕਿਆ ਗਿਆਨ ਧਿਆਨੁ ॥

نام بِنا کیا گِیان دھِیانُ ۔ ॥

ਗੁਰਮੁਖਿ ਪਾਵਹਿ ਦਰਗਹਿ ਮਾਨੁ ॥੩॥

گُرمُکھِ پاوہِ درگہِ مانُ ॥3॥

ਹਠੁ ਅਹੰਕਾਰੁ ਕਰੈ ਨਹੀ ਪਾਵੈ ॥

ہٹھُ اہنکارُ کرے نہی پاوےَ ॥

ਪਾਠ ਪੜੈ ਲੇ ਲੋਕ ਸੁਣਾਵੈ ॥

پاٹھ پڑےَ لے لوک سُناوےَ ॥

ਤੀਰਥਿ ਭਰਮਸਿ ਬਿਆਧਿ ਨ ਜਾਵੈ ॥

تیرتھِ بھرمسِ بیادھِ ن جاوےَ ॥

ਨਾਮ ਬਿਨਾ ਕੈਸੇ ਸੁਖੁ ਪਾਵੈ ॥੪॥

نام بِنا کیَسے سُکھُ پاوےَ ۔ ॥4॥

ਜਤਨ ਕਰੈ ਬਿੰਦੁ ਕਿਵੈ ਨ ਰਹਾਈ ॥

جتن کرےَ بِندُ کِوےَ ن رہائی ॥

ਮਨੂਆ ਡੋਲੈ ਨਰਕੇ ਪਾਈ ॥

منوُیا ڈولے نرکے پائی ॥

ਜਮ ਪੁਰਿ ਬਾਧੋ ਲਹੈ ਸਜਾਈ ॥

جم پُر بادھو لہے سزائی ॥

ਬਿਨੁ ਨਾਵੈ ਜੀਉ ਜਲਿ ਬਲਿ ਜਾਈ ॥੫॥

بِنُ ناوے جیءُ جلِ بلِ جائی ॥5॥

ਸਿਧ ਸਾਧਿਕ ਕੇਤੇ ਮੁਨਿ ਦੇਵਾ ॥

سِدھ سادھِک کیتے مُنِ دیوا ॥

ਹਠਿ ਨਿਗ੍ਰਹਿ ਨ ਤ੍ਰਿਪਤਾਵਹਿ ਭੇਵਾ ॥

ہٹھِ نِگّرہِ ن ترِپتاوہِ بھیوا ॥

ਸਬਦੁ ਵੀਚਾਰਿ ਗਹਹਿ ਗੁਰ ਸੇਵਾ ॥

سبدُ ویچارِ گہہِ گُر سیوا ॥

ਮਨਿ ਤਨਿ ਨਿਰਮਲ ਅਭਿਮਾਨ ਅਭੇਵਾ ॥੬॥

منِ تنِ نِرمل ابھمان ابھیوا ॥6॥

ਕਰਮਿ ਮਿਲੈ ਪਾਵੈ ਸਚੁ ਨਾਉ ॥

کرمِ مِلے پاوے سچُ ناءُ ॥

ਤੁਮ ਸਰਣਾਗਤਿ ਰਹਉ ਸੁਭਾਉ ॥

تُم سرٹاگتِ رہءُ سُبھاءُ ॥

ਤੁਮ ਤੇ ਉਪਜਿਓ ਭਗਤੀ ਭਾਉ ॥

تُم تے اُپجِیو بھگتی بھاءُ ॥

ਜਪੁ ਜਾਪਉ ਗੁਰਮੁਖਿ ਹਰਿ ਨਾਉ ॥੭॥

جپُ جاپءُ گُرمُکھِ ہرِ ناءُ ॥7॥

ਹਉਮੈ ਗਰਬੁ ਜਾਇ ਮਨ ਭੀਨੈ ॥

ہئُمےَ گربُ جاءِ من بھینے ॥

ਝੂਠਿ ਨ ਪਾਵਸਿ ਪਾਖੰਡਿ ਕੀਨੈ ॥

جھوُٹھِ ن پاوسِ پاکھنّڈِ کِینے ॥

ਬਿਨੁ ਗੁਰ ਸਬਦ ਨਹੀ ਘਰੁ ਬਾਰੁ ॥

بِنُ گُر سبد نہی گھرُ بارُ ॥

ਨਾਨਕ ਗੁਰਮੁਖਿ ਤਤੁ ਬੀਚਾਰੁ ॥੮॥੬॥

نانک گُرمُکھِ تتُ بیچارُ ॥8॥6॥

ਰਾਮਕਲੀ ਮਹਲਾ ੧ ॥

رامکلی محلا 1 ॥

ਜਿਉ ਆਇਆ ਤਿਉ ਜਾਵਹਿ ਬਉਰੇ
ਜਿਉ ਜਨਮੇ ਤਿਉ ਮਰਣੁ ਭਇਆ ॥

جِءُ آئیا تِءُ جاوہِ بئُرے
جِءُ جنمے تِءُ مرنُ بھئیا ॥

ਜਿਉ ਰਸ ਭੋਗ ਕੀਏ ਤੇਤਾ ਦੁਖੁ ਲਾਗੈ
ਨਾਮੁ ਵਿਸਾਰਿ ਭਵਜਲਿ ਪਇਆ ॥੧॥

جِءُ رس بھوگ کیئے تیتا دُکھُ لاگے
نامُ وِسارِ بھوجلِ پئیا ॥1॥

ਤਨੁ ਧਨੁ ਦੇਖਤ ਗਰਬਿ ਗਇਆ ॥

تنُ دھنُ دیکھت گربِ گئیا ॥

ਕਨਿਕ ਕਾਮਨੀ ਸਿਉ ਹੇਤੁ ਵਧਾਇਹਿ
ਕੀ ਨਾਮੁ ਵਿਸਾਰਹਿ ਭਰਮਿ ਗਇਆ ॥੧॥ ਰਹਾਉ ॥

کنِک کامنی سِءُ ہیتُ ودھائیہِ
کی نامُ وِسارہِ بھرمِ گئیا ॥1॥ رہاءُ ॥

ਜਤੁ ਸਤੁ ਸੰਜਮੁ ਸੀਲੁ ਨ ਰਾਖਿਆ
ਪ੍ਰੇਤ ਪਿੰਜਰ ਮਹਿ ਕਾਸਟੁ ਭਇਆ ॥

جتُ ستُ سنجمُ سیلُ ن راکھیا

ਪੁੰਨੁ ਦਾਨੁ ਇਸਨਾਨੁ 'ਨ' ਸੰਜਮੁ
ਸਾਧਸੰਗਤਿ ਬਿਨੁ ਬਾਦਿ ਜਇਆ ॥੨॥

پُنّنُ دانُ اِسنانُ ن سنجّمُ
سادھسنگتِ بِنُ بادِ جئیا ॥2॥

ਲਾਲਚਿ ਲਾਗੈ ਨਾਮੁ ਬਿਸਾਰਿਓ
ਆਵਤ ਜਾਵਤ ਜਨਮੁ ਗਇਆ ॥

لالچِ لاگے نامُ بِسارِئو
آوت جاوت جنمُ گئیا ॥

ਜਾ ਜਮੁ ਧਾਇ ਕੇਸ ਗਹਿ ਮਾਰੈ
ਸੁਰਤਿ ਨਹੀ ਮੁਖਿ ਕਾਲ ਗਇਆ ॥੩॥

جا جمُ دھاءِ کیس گہِ مارے
سُرتِ نہی مُکھِ کال گئیا ॥3॥

ਅਹਿਨਿਸਿ ਨਿੰਦਾ ਤਾਤਿ ਪਰਾਈ
ਹਿਰਦੈ ਨਾਮੁ 'ਨ' ਸਰਬ ਦਇਆ ॥

اِہنِس نِندا تاتِ پرائی
ہِردے نامُ ن سرب دئیا ॥

ਬਿਨੁ ਗੁਰ ਸਬਦ ਨ ਗਤਿ ਪਤਿ ਪਾਵਹਿ
ਰਾਮ ਨਾਮ ਬਿਨੁ ਨਰਕਿ ਗਇਆ ॥੪॥

بِنُ گُر سبد ن گتِ پتِ پاوہِ
رام نام بِنُ نرکِ گئیا ॥4॥

ਖਿਨ ਮਹਿ ਵੇਸ ਕਰਹਿ ਨਟੂਆ ਜਿਉ
ਮੋਹ ਪਾਪ ਮਹਿ ਗਲਤੁ ਗਇਆ ॥

کھِن مہِ ویس کرہِ نٹوُیا جِءُ
موہ پاپ مہِ گلتُ گئیا ॥

ਇਤ ਉਤ ਮਾਇਆ ਦੇਖਿ ਪਸਾਰੀ
ਮੋਹ ਮਾਇਆ ਕੈ ਮਗਨੁ ਭਇਆ ॥੫॥

اِت اُت مائیا دیکھِ پساری
موہ مائیا کے مگنُ بھئیا ॥5॥

ਕਰਹਿ ਬਿਕਾਰ ਵਿਥਾਰ ਘਨੇਰੇ
ਸੁਰਤਿ ਸਬਦ ਬਿਨੁ ਭਰਮਿ ਪਇਆ ॥

کرہِ بِکار وِتھار گھنیرے
سُرتِ سبد بِنُ بھرمِ پئیا ॥

ਹਉਮੈ ਰੋਗੁ ਮਹਾ ਦੁਖੁ ਲਾਗਾ
ਗੁਰਮਤਿ ਲੇਵਹੁ ਰੋਗੁ ਗਇਆ ॥੬॥

ہئُمےَ روگُ مہا دُکھُ لاگا
گُرمتِ لیوہُ روگُ گئیا ॥6॥

ਸੁਖ ਸੰਪਤਿ ਕਉ ਆਵਤ ਦੇਖੈ
ਸਾਕਤ ਮਨਿ ਅਭਿਮਾਨੁ ਭਇਆ ॥

سُکھ سنّپتِ کءُ آوت دیکھےَ
ساکت منِ ابھمانُ بھئیا ॥

ਜਿਸ ਕਾ ਇਹੁ ਤਨੁ ਧਨੁ ਸੋ ਫਿਰਿ ਲੇਵੈ
ਅੰਤਰਿ ਸਹਸਾ ਦੂਖੁ ਪਇਆ ॥੭॥

جِس کا اِہُ تنُ دھنُ سو پھِرِ لیوے
انّترِ سہسا دوُکھُ پئیا ॥7॥

ਅੰਤਿ ਕਾਲਿ ਕਿਛੁ ਸਾਥਿ ਨ ਚਾਲੈ
ਜੋ ਦੀਸੈ ਸਭੁ ਤਿਸਹਿ ਮਇਆ ॥

انّتِ کالِ کچھُ ساتھِ ن چالے
جو دیسے سبھُ تِسہِ مئیا ॥

ਆਦਿ ਪੁਰਖੁ ਅਪਰੰਪਰੁ ਸੋ ਪ੍ਰਭੁ
ਹਰਿ ਨਾਮੁ ਰਿਦੈ ਲੈ ਪਾਰਿ ਪਇਆ ॥੮॥

آدِ پُرکھُ اپرنّپرُ سو پربھُ
ہرِ نامُ رِدے لے پارِ پئیا ॥8॥

ਮੂਏ ਕਉ ਰੋਵਹਿ ਕਿਸਹਿ ਸੁਣਾਵਹਿ
ਭੈ ਸਾਗਰ ਅਸਰਾਲਿ ਪਇਆ ॥

مُوئے ک ءُ روہِ کِسہِ سُٹاوہِ
بھے ساگر اسرالِ پئیا ॥

ਦੇਖਿ ਕੁਟੰਬੁ ਮਾਇਆ ਗ੍ਰਿਹ ਮੰਦਰੁ
ਸਾਕਤੁ ਜੰਜਾਲਿ ਪਰਾਲਿ ਪਇਆ ॥੯॥

دیکھِ کُٹنّبُ مائیا گرِہ منّدرُ
ساکتُ جنجّالِ پرالِ پئیا ॥9॥

ਜਾ ਆਏ ਤਾ ਤਿਨਹਿ ਪਠਾਏ
ਚਾਲੇ ਤਿਨੈ ਬੁਲਾਇ ਲਇਆ ॥

جا آئے تا تِنہِ پٹھائے
چالے تِنے بُلاءِ لئیا ॥

ਜੋ ਕਿਛੁ ਕਰਣਾ ਸੋ ਕਰਿ ਰਹਿਆ
ਬਖਸਣਹਾਰੈ ਬਖਸਿ ਲਇਆ ॥੧੦॥

جو کچھُ کرٹا سو کرِ رہِیا
بخشنّہارے بخشِ لئیا ॥ 10 ॥

ਜਿਨਿ ਏਹੁ ਚਾਖਿਆ ਰਾਮ ਰਸਾਇਣੁ
ਤਿਨ ਕੀ ਸੰਗਤਿ ਖੋਜੁ ਭਇਆ ॥

جِنِ ایہُ چاکھیا رام رسائِنُّ
تِن کی سنگتِ کھوجُ بھئیا ॥

ਰਿਧਿ ਸਿਧਿ ਬੁਧਿ ਗਿਆਨੁ ਗੁਰੂ ਤੇ ਪਾਇਆ
ਮੁਕਤਿ ਪਦਾਰਥੁ ਸਰਣਿ ਪਇਆ ॥੧੧॥

رِدھِ سِدھِ بُدھِ گیانُ گُرو تے پائیا
مُکتِ پدارتھُ سرنِّ پئیا ॥ 11 ॥

ਦੁਖੁ ਸੁਖੁ ਗੁਰਮੁਖਿ ਸਮ ਕਰਿ ਜਾਣਾ
ਹਰਖ ਸੋਗ ਤੇ ਬਿਰਕਤੁ ਭਇਆ ॥

دُکھُ سُکھُ گُرمُکھِ سم کرِ جاٹا
ہرکھ سوگ تے بِرکتُ بھئیا ॥

ਆਪੁ ਮਾਰਿ ਗੁਰਮੁਖਿ ਹਰਿ ਪਾਏ
ਨਾਨਕ ਸਹਜਿ ਸਮਾਇ ਲਇਆ ॥੧੨॥੭॥

آپُ مارِ گُرمُکھِ ہرِ پائے
نانک سہجِ سماءِ لئیا ॥ 12 ॥7॥

ਰਾਮਕਲੀ ਦਖਣੀ ਮਹਲਾ ੧ ॥

رامکلی دکھنّی محلا 1 ॥

ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ
ਸਾਚ ਸਬਦਿ ਰਸਿ ਲੀਣਾ ॥੧॥

جتُ ستُ سنجّمُ ساچُ دڑاِئیا
ساچ سبدِ رس لِیٹا ॥1॥

ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ ॥

میرا گُرُ دئیالُ سدا رنگِ لِیٹا ॥

ਅਹਿਨਿਸਿ ਰਹੈ ਏਕ ਲਿਵ ਲਾਗੀ
ਸਾਚੇ ਦੇਖਿ ਪਤੀਣਾ ॥੧॥ ਰਹਾਉ ॥

اہِنِس رہے ایک لِو لاگی
ساچے دیکھِ پتیٹا ॥1॥ رہاءُ ॥

ਰਹੈ ਗਗਨ ਪੁਰਿ ਦ੍ਰਿਸਟਿ ਸਮੈਸਰਿ

رہے گگن پُر ڈرسٹِ سمیسرِ

ਅਨਹਤ ਸਬਦਿ ਰੰਗੀਣਾ ॥੨॥

انہت سبدِ رنگیٹا ॥2॥

ਸਤੁ ਬੰਧਿ ਕੁਪੀਨ ਭਰਿਪੁਰਿ ਲੀਣਾ
ਜਿਹਵਾ ਰੰਗਿ ਰਸੀਣਾ ॥੩॥

ست بندھِ کُپین بھرپُرِ لیٹا
جِہوا رنگِ رسیٹا ॥3॥

ਮਿਲੈ ਗੁਰ ਸਾਚੇ ਜਿਨਿ ਰਚੁ ਰਾਚੇ
ਕਿਰਤੁ ਵੀਚਾਰਿ ਪਤੀਣਾ ॥੪॥

مِلےَ گُر ساچے جِنِ رچُ راچے
کِرتُ ویچارِ پتیٹا ॥4॥

ਏਕ ਮਹਿ ਸਰਬ ਸਰਬ ਮਹਿ ਏਕਾ
ਏਹ ਸਤਿਗੁਰਿ ਦੇਖਿ ਦਿਖਾਈ ॥੫॥

ایک مہِ سرب سرب مہِ ایکا
ایہ ستِگُرِ دیکھِ دِکھائی ॥5॥

ਜਿਨਿ ਕੀਏ ਖੰਡ ਮੰਡਲ ਬ੍ਰਹਮੰਡਾ
ਸੋ ਪ੍ਰਭੁ ਲਖਨੁ ਨ ਜਾਈ ॥੬॥

جِنِ کیئے کھنڈ منڈل برہمنڈا
سو پربھُ لکھنُ ن جائی ॥6॥

ਦੀਪਕ ਤੇ ਦੀਪਕੁ ਪਰਗਾਸਿਆ
ਤ੍ਰਿਭਵਣ ਜੋਤਿ ਦਿਖਾਈ ॥੭॥

دیپک تے دیپکُ پرگاسیا
ترِبھونٹ جوتِ دِکھائی ॥7॥

ਸਚੈ ਤਖਤਿ ਸਚ ਮਹਲੀ ਬੈਠੇ
ਨਿਰਭਉ ਤਾੜੀ ਲਾਈ ॥੮॥

سچےَ تختِ سچ محلی بیٹھے
نِربھءُ تاڑی لائی ॥8॥

ਮੋਹਿ ਗਇਆ ਬੈਰਾਗੀ ਜੋਗੀ
ਘਟਿ ਘਟਿ ਕਿੰਗੁਰੀ ਵਾਈ ॥੯॥

موہِ گئیا بیراگی جوگی
گھٹِ گھٹِ کِنگُری وائی ॥9॥

ਨਾਨਕ ਸਰਣਿ ਪ੍ਰਭੂ ਕੀ ਛੂਟੇ
ਸਤਿਗੁਰ ਸਚੁ ਸਖਾਈ ॥੧੦॥੮॥

نانک سرنِ پربھُو کی چھوٹے
ستِگُر سچُ سکھائی ॥ 10 ॥8॥

ਰਾਮਕਲੀ ਮਹਲਾ ੧ ॥

رامکلی محلا 1 ॥

ਅਉਹਠਿ ਹਸਤ ਮੜੀ ਘਰੁ ਛਾਇਆ
ਧਰਣਿ ਗਗਨ ਕਲ ਧਾਰੀ ॥੧॥

اُہٹھِ ہست مڑی گھرُ چھائیا
دھرنِ گگن کل دھاری ॥1॥

ਗੁਰਮੁਖਿ ਕੇਤੀ ਸਬਦਿ ਉਧਾਰੀ ਸੰਤਹੁ ॥੧॥ ਰਹਾਉ ॥

گُرمُکھِ کیتی سبدِ اُدھاری سنتہُ ۔ ॥1॥ رہاءُ ॥

ਮਮਤਾ ਮਾਰਿ ਹਉਮੈ ਸੋਖੈ
ਤ੍ਰਿਭਵਣਿ ਜੋਤਿ ਤੁਮਾਰੀ ॥੨॥

ممتا مارِ ہئُمےَ سوکھےَ
ترِبھونٹِ جوتِ تُماری ॥2॥

ਮਨਸਾ ਮਾਰਿ ਮਨੈ ਮਹਿ ਰਾਖੈ
ਸਤਿਗੁਰ ਸਬਦਿ ਵੀਚਾਰੀ ॥੩॥

منسا مارِ منےَ مہِ راکھےَ
ستِگُر سبدِ ویچاری ॥3॥

ਸਿੰਙੀ ਸੁਰਤਿ ਅਨਾਹਦਿ ਵਾਜੈ
ਘਟਿ ਘਟਿ ਜੋਤਿ ਤੁਮਾਰੀ ॥੪॥

سِنگّی سُرتِ اناہدِ واجےَ
گھٹِ گھٹِ جوتِ تُماری ॥4॥

ਪਰਪੰਚ ਬੇਣੁ ਤਹੀ ਮਨੁ ਰਾਖਿਆ
ਬ੍ਰਹਮ ਅਗਨਿ ਪਰਜਾਰੀ ॥੫॥

پرپنچ بیُنُ تہی منُ راکھیا
برہم اگنِ پرجاری ॥5॥

ਪੰਚ ਤਤੁ ਮਿਲਿ ਅਹਿਨਿਸਿ ਦੀਪਕੁ
ਨਿਰਮਲ ਜੋਤਿ ਅਪਾਰੀ ॥੬॥

پنچ تتُ مِلِ اہِنِس دیپکُ
نِرمل جوتِ اپاری ॥6॥

ਰਵਿ ਸਸਿ ਲਉਕੇ ਇਹੁ ਤਨੁ ਕਿੰਗੁਰੀ
ਵਾਜੈ ਸਬਦੁ ਨਿਰਾਰੀ ॥੭॥

روِ سسِ لئکے اِہُ تنُ کِنگُری
واجےَ سبدُ نِراری ॥7॥

ਸਿਵ ਨਗਰੀ ਮਹਿ ਆਸਣੁ ਅਉਧੂ
ਅਲਖੁ ਅਗੰਮੁ ਅਪਾਰੀ ॥੮॥

سِو نگری مہِ آسنُ ائدھوُ
الکھُ اگمُ اپاری ॥8॥

ਕਾਇਆ ਨਗਰੀ ਇਹੁ ਮਨੁ ਰਾਜਾ
ਪੰਚ ਵਸਹਿ ਵੀਚਾਰੀ ॥੯॥

کائیا نگری اِہُ منُ راجا
پنچ وسہِ ویچاری ॥9॥

ਸਬਦਿ ਰਵੈ ਆਸਣਿ ਘਰਿ ਰਾਜਾ
ਅਦਲੁ ਕਰੇ ਗੁਣਕਾਰੀ ॥੧੦॥

سبدِ روے آسنُ گھرِ راجا
عدلُ کرے گُنکاری ॥ 10 ॥

ਕਾਲੁ ਬਿਕਾਲੁ ਕਹੇ ਕਹਿ ਬਪੁਰੇ
ਜੀਵਤ ਮੂਆ ਮਨੁ ਮਾਰੀ ॥੧੧॥

کالُ بِکالُ کہے کہِ بپُرے
جیوت موُیا منُ ماری ॥ 11 ॥

ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ
ਆਪੇ ਕਰਤਾ ਕਾਰੀ ॥੧੨॥

برہما بِسنُ مہیس اِک موُرتِ
آپے کرتا کاری ॥ 12 ॥

ਕਾਇਆ ਸੋਧਿ ਤਰੈ ਭਵ ਸਾਗਰੁ
ਆਤਮ ਤਤੁ ਵੀਚਾਰੀ ॥੧੩॥

کائیا سودھِ ترے بھو ساگرُ
آتم تتُ ویچاری ॥ 13 ॥

ਗੁਰ ਸੇਵਾ ਤੇ ਸਦਾ ਸੁਖੁ ਪਾਇਆ
ਅੰਤਰਿ ਸਬਦੁ ਰਵਿਆ ਗੁਣਕਾਰੀ ॥੧੪॥

گُر سیوا تے سدا سُکھُ پائیا
انترِ سبدُ رویا گُنکاری ॥ 14 ॥

ਆਪੇ ਮੇਲਿ ਲਏ ਗੁਣਦਾਤਾ
ਹਉਮੈ ਤ੍ਰਿਸਨਾ ਮਾਰੀ ॥੧੫॥

آپے میلِ لےَ گُنداتا
ہئُمےَ ترِسنا ماری ॥ 15 ॥

ਤ੍ਰੈ ਗੁਣ ਮੇਟੇ ਚਉਥੈ ਵਰਤੈ
ਏਹਾ ਭਗਤਿ ਨਿਰਾਰੀ ॥੧੬॥

ترےَ گُنُ میٹے چئُتھےَ ورتےَ

ਗੁਰਮੁਖਿ ਜੋਗ ਸਬਦਿ ਆਤਮੁ ਚੀਨੈ
ਹਿਰਦੈ ਏਕੁ ਮੁਰਾਰੀ ॥੧੭॥

ਮਨੂਆ ਅਸਥਿਰੁ ਸਬਦੇ ਰਾਤਾ
ਏਹਾ ਕਰਣੀ ਸਾਰੀ ॥੧੮॥

ਬੇਦੁ ਬਾਦੁ ਨ ਪਾਖੰਡੁ ਅਉਧੂ
ਗੁਰਮੁਖਿ ਸਬਦਿ ਬੀਚਾਰੀ ॥੧੯॥

ਗੁਰਮੁਖਿ ਜੋਗੁ ਕਮਾਵੈ ਅਉਧੂ
ਜਤੁ ਸਤੁ ਸਬਦਿ ਵੀਚਾਰੀ ॥੨੦॥

ਸਬਦਿ ਮਰੈ ਮਨੁ ਮਾਰੇ ਅਉਧੂ
ਜੋਗ ਜੁਗਤਿ ਵੀਚਾਰੀ ॥੨੧॥

ਮਾਇਆ ਮੋਹੁ ਭਵਜਲੁ ਹੈ ਅਵਧੂ
ਸਬਦਿ ਤਰੈ ਕੁਲ ਤਾਰੀ ॥੨੨॥

ਸਬਦਿ ਸੂਰ ਜੁਗ ਚਾਰੇ ਅਉਧੂ
ਬਾਣੀ ਭਗਤਿ ਵੀਚਾਰੀ ॥੨੩॥

ਏਹੁ ਮਨੁ ਮਾਇਆ ਮੋਹਿਆ ਅਉਧੂ
ਨਿਕਸੈ ਸਬਦਿ ਵੀਚਾਰੀ ॥੨੪॥

ਆਪੇ ਬਖਸੇ ਮੇਲਿ ਮਿਲਾਏ
ਨਾਨਕ ਸਰਣਿ ਤੁਮਾਰੀ ॥੨੫॥੯॥

ਰਾਮਕਲੀ ਮਹਲਾ ੩ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

ਸਰਮੈ ਦੀਆ ਮੁੰਦ੍ਰਾ ਕੰਨੀ ਪਾਇ ਜੋਗੀ
ਖਿੰਥਾ ਕਰਿ ਤੂ ਦਇਆ ॥

ਆਵਣੁ ਜਾਣੁ ਬਿਭੂਤਿ ਲਾਇ ਜੋਗੀ
ਤਾ ਤੀਨਿ ਭਵਣ ਜਿਣਿ ਲਇਆ ॥੧॥

ایہا بھگتِ نِراری ॥ 16 ॥

گُرمُکھِ جوگ سبدِ آتمُ چینے
ہِردے ایکُ مُراری ॥ 17 ॥

منوُیا استھِرُ سبدے راتا
ایہا کرنُی ساری ॥ 18 ॥

بیدُ بادُ ن پاکھنڈُ اُندھوُ
گُرمُکھِ سبدِ بیچاری ॥ 19 ॥

گُرمُکھِ جوگُ کماوے اُندھوُ
جتُ ستُ سبدِ ویچاری ॥ 20 ॥

سبدِ مرے منُ مارے اُندھوُ
جوگ جُگتِ ویچاری ॥ 21 ॥

مائیا موہُ بھوجلُ ہے اودھوُ
سبدِ ترے کُل تاری ॥ 22 ॥

سبدِ سوُر جُگ چارے اُندھوُ
بانُی بھگتِ ویچاری ॥ 23 ॥

ایہُ منُ مائیا موہیا اُندھوُ
نِکسے سبدِ ویچاری ॥ 24 ॥

آپے بخشے میلِ مِلائے
نانک سرنُ تُماری ॥ 25 ॥9॥

رامکلی محلا 3 اسٹپدیا

ؤ ستِگُر پرسادِ ॥

سرمے دیا مُندّرا کنّنی پاءِ جوگی
کھِنّتھا کرِ توُ دیا ॥

آونُ جانُ بِبھوُتِ لاءِ جوگی
تا تِنِ بھونُ جِتُ لیا ॥1॥

ਐਸੀ ਕਿੰਗੁਰੀ ਵਜਾਇ ਜੋਗੀ ॥

ایَسی کِنگُری وجاءِ جوگی ۔ ॥

ਜਿਤੁ ਕਿੰਗੁਰੀ ਅਨਹਦੁ ਵਾਜੈ
ਹਰਿ ਸਿਉ ਰਹੈ ਲਿਵ ਲਾਇ ॥੧॥ ਰਹਾਉ ॥

جِتُ کِنگُری انہدُ واجےَ
ہرِ سِءُ رہےَ لِو لاءِ ॥1॥ رہاءُ ॥

ਸਤੁ ਸੰਤੋਖੁ ਪਤੁ ਕਰਿ ਝੋਲੀ ਜੋਗੀ
ਅੰਮ੍ਰਿਤ ਨਾਮੁ ਭੁਗਤਿ ਪਾਈ ॥

ست سنتوکھُ پتُ کرِ جھولی جوگی
انمّرِت نامُ بھُگتِ پائی ॥

ਧਿਆਨ ਕਾ ਕਰਿ ਡੰਡਾ ਜੋਗੀ
ਸਿੰਙੀ ਸੁਰਤਿ ਵਜਾਈ ॥੨॥

دھِیان کا کرِ ڈنّڈا جوگی
سِنگّی سُرتِ وجائی ॥2॥

ਮਨੁ ਦ੍ਰਿੜੁ ਕਰਿ ਆਸਣਿ ਬੈਸੁ ਜੋਗੀ
ਤਾ ਤੇਰੀ ਕਲਪਣਾ ਜਾਈ ॥

منُ ڈرِڑُ کرِ آسنِ بیَسُ جوگی
تا تیری کلپنا جائی ॥

ਕਾਇਆ ਨਗਰੀ ਮਹਿ ਮੰਗਣਿ ਚੜਹਿ ਜੋਗੀ
ਤਾ ਨਾਮੁ ਪਲੈ ਪਾਈ ॥੩॥

کائیا نگری مہِ منگنِ چڑہِ جوگی
تا نامُ پلےَ پائی ॥3॥

ਇਤੁ ਕਿੰਗੁਰੀ ਧਿਆਨੁ ਨ ਲਾਗੈ ਜੋਗੀ
ਨਾ ਸਚੁ ਪਲੈ ਪਾਇ ॥

اِتُ کِنگُری دھِیانُ ن لاگےَ جوگی
نا سچُ پلےَ پاءِ ॥

ਇਤੁ ਕਿੰਗੁਰੀ ਸਾਂਤਿ ਨ ਆਵੈ ਜੋਗੀ
ਅਭਿਮਾਨੁ ਨ ਵਿਚਹੁ ਜਾਇ ॥੪॥

اِتُ کِنگُری سانتِ ن آوےَ جوگی
ابھمانُ ن وِچہُ جاءِ ॥4॥

ਭਉ ਭਾਉ ਦੁਇ ਪਤ ਲਾਇ ਜੋਗੀ
ਇਹੁ ਸਰੀਰੁ ਕਰਿ ਡੰਡੀ ॥

بھءُ بھاءُ دُءِ پت لاءِ جوگی
اِہُ سریرُ کرِ ڈنّڈی ॥

ਗੁਰਮੁਖਿ ਹੋਵਹਿ ਤਾ ਤੰਤੀ ਵਾਜੈ
ਇਨ ਬਿਧਿ ਤ੍ਰਿਸਨਾ ਖੰਡੀ ॥੫॥

گُرمُکھِ ہووہِ تا تنّتی واجےَ
اِن بِدھِ ترِسنا کھنّڈی ॥5॥

ਹੁਕਮੁ ਬੁਝੈ ਸੋ ਜੋਗੀ ਕਹੀਐ
ਏਕਸ ਸਿਉ ਚਿਤੁ ਲਾਏ ॥

حُکمُ بُجھےَ سو جوگی کہیےَ
ایکس سِءُ چِتُ لائے ॥

ਸਹਸਾ ਤੂਟੈ ਨਿਰਮਲੁ ਹੋਵੈ
ਜੋਗੁ ਜੁਗਤਿ ਇਵ ਪਾਏ ॥੬॥

سہسا توٹے نِرملُ ہووےَ
جوگُ جُگتِ اِو پائے ॥6॥

ਨਦਰੀ ਆਵਦਾ ਸਭੁ ਕਿਛੁ ਬਿਨਸੈ
ਹਰਿ ਸੇਤੀ ਚਿਤੁ ਲਾਇ ॥

ندری آودا سبھُ کِچھُ بِنسےَ
ہرِ سیتی چِتُ لاءِ ॥

ਸਤਿਗੁਰ ਨਾਲਿ ਤੇਰੀ ਭਾਵਨੀ ਲਾਗੈ
ਤਾ ਇਹ ਸੋਝੀ ਪਾਇ ॥੭॥

ستگُر نالِ تیری بھاونی لاگے
تا اِہ سوجھی پاءِ ॥7॥

ਏਹੁ ਜੋਗੁ ਨ ਹੋਵੈ ਜੋਗੀ
ਜਿ ਕੁਟੰਬੁ ਛੋਡਿ ਪਰਭਵਣੁ ਕਰਹਿ ॥

ایہُ جوگُ ن ہووے جوگی
جِ کُٹنّبُ چھوڈِ پربھونُ کرہِ ॥

ਗ੍ਰਿਹ ਸਰੀਰ ਮਹਿ ਹਰਿ ਹਰਿ ਨਾਮੁ
ਗੁਰ ਪਰਸਾਦੀ ਅਪਣਾ ਹਰਿ ਪ੍ਰਭੁ ਲਹਹਿ ॥੮॥

گرِہ سریر مہِ ہرِ ہرِ نامُ
گُر پرسادی اپنّا ہرِ پربھُ لہہِ ॥8॥

ਇਹੁ ਜਗਤੁ ਮਿਟੀ ਕਾ ਪੁਤਲਾ ਜੋਗੀ
ਇਸੁ ਮਹਿ ਰੋਗੁ ਵਡਾ ਤ੍ਰਿਸਨਾ ਮਾਇਆ ॥

اِہُ جگتُ مِٹی کا پُتلا جوگی
اِسُ مہِ روگُ وڈا ترِسنا مائیا ॥

ਅਨੇਕ ਜਤਨ ਭੇਖ ਕਰੇ ਜੋਗੀ
ਰੋਗੁ ਨ ਜਾਇ ਗਵਾਇਆ ॥੯॥

انیک جتن بھیکھ کرے جوگی
روگُ ن جاءِ گوائیا ॥9॥

ਹਰਿ ਕਾ ਨਾਮੁ ਅਉਖਧੁ ਹੈ ਜੋਗੀ
ਜਿਸ ਨੋ ਮੰਨਿ ਵਸਾਏ ॥

ہرِ کا نامُ اُکھدھُ ہے جوگی
جِس نو منّنِ وسائے ॥

ਗੁਰਮੁਖਿ ਹੋਵੈ ਸੋਈ ਬੂਝੈ
ਜੋਗ ਜੁਗਤਿ ਸੋ ਪਾਏ ॥੧੦॥

گُرمُکھِ ہووے سوئی بُوجھے
جوگ جُگتِ سو پائے ॥ 10 ॥

ਜੋਗੈ ਕਾ ਮਾਰਗੁ ਬਿਖਮੁ ਹੈ ਜੋਗੀ
ਜਿਸ ਨੋ ਨਦਰਿ ਕਰੇ ਸੋ ਪਾਏ ॥

جوگے کا مارگُ بِکھمُ ہے جوگی
جِس نو ندرِ کرے سو پائے ॥

ਅੰਤਰਿ ਬਾਹਰਿ ਏਕੋ ਵੇਖੈ
ਵਿਚਹੁ ਭਰਮੁ ਚੁਕਾਏ ॥੧੧॥

انّترِ باہرِ ایکو ویکھے
وِچہُ بھرمُ چُکائے ॥ 11 ॥

ਵਿਣੁ ਵਜਾਈ ਕਿੰਗੁਰੀ ਵਾਜੈ ਜੋਗੀ
ਸਾ ਕਿੰਗੁਰੀ ਵਜਾਇ ॥

وِنُ وجائی کِنگُری واجے جوگی
سا کِنگُری وجاءِ ॥

ਕਹੈ ਨਾਨਕੁ ਮੁਕਤਿ ਹੋਵਹਿ ਜੋਗੀ
ਸਾਚੇ ਰਹਹਿ ਸਮਾਇ ॥੧੨॥੧॥੧੦॥

کہے نانکُ مُکتِ ہووہِ جوگی
ساچے رہہِ سماءِ ॥ 12 ॥1॥ 10 ॥

ਰਾਮਕਲੀ ਮਹਲਾ ੩ ॥

رامکلی محلا 3 ॥

ਭਗਤਿ ਖਜਾਨਾ ਗੁਰਮੁਖਿ ਜਾਤਾ
ਸਤਿਗੁਰਿ ਬੂਝਿ ਬੁਝਾਈ ॥੧॥

بھگتِ خزانا گُرمُکھِ جاتا
ستگُرِ بُوجھِ بُجھائی ॥1॥

ਸੰਤਹੁ ਗੁਰਮੁਖਿ ਦੇਇ ਵਡਿਆਈ ॥੧॥ ਰਹਾਉ ॥

سنّتہ گُرمُکھِ دےءِ وڈِیائی ॥1॥ رہاءُ ॥

ਸਚਿ ਰਹਹੁ ਸਦਾ ਸਹਜੁ ਸੁਖੁ ਉਪਜੈ
ਕਾਮੁ ਕ੍ਰੋਧੁ ਵਿਚਹੁ ਜਾਈ ॥੨॥

سچِ رہہُ سدا سہجُ سُکھُ اُپجے
کامُ کرودھُ وِچہُ جائی ॥2॥

ਆਪੁ ਛੋਡਿ ਨਾਮ ਲਿਵ ਲਾਗੀ
ਮਮਤਾ ਸਬਦਿ ਜਲਾਈ ॥੩॥

آپُ چھوڈِ نام لِو لاگی
ممتا سبدِ جلائی ॥3॥

ਜਿਸ ਤੇ ਉਪਜੈ ਤਿਸ ਤੇ ਬਿਨਸੈ
ਅੰਤੇ ਨਾਮੁ ਸਖਾਈ ॥੪॥

جِس تے اُپجے تِس تے بِنسے
انّتے نامُ سکھائی ॥4॥

ਸਦਾ ਹਜੂਰਿ ਦੂਰਿ ਨਹ ਦੇਖਹੁ
ਰਚਨਾ ਜਿਨਿ ਰਚਾਈ ॥੫॥

سدا حضُورِ دُورِ نہ دیکھہُ
رچنا جِنِ رچائی ॥5॥

ਸਚਾ ਸਬਦੁ ਰਵੈ ਘਟ ਅੰਤਰਿ
ਸਚੇ ਸਿਉ ਲਿਵ ਲਾਈ ॥੬॥

سچا سبدُ روے گھٹ انترِ
سچے سِءُ لِو لائی ॥6॥

ਸਤਸੰਗਤਿ ਮਹਿ ਨਾਮੁ ਨਿਰਮੋਲਕੁ
ਵਡੈ ਭਾਗਿ ਪਾਇਆ ਜਾਈ ॥੭॥

ستسنگتِ مہِ نامُ نِرمولکُ
وڈے بھاگِ پائیا جائی ॥7॥

ਭਰਮਿ ਨ ਭੂਲਹੁ ਸਤਿਗੁਰੁ ਸੇਵਹੁ
ਮਨੁ ਰਾਖਹੁ ਇਕ ਠਾਈ ॥੮॥

بھرمِ ن بھُولہُ ستِگُرُ سیوہُ
منُ راکھہُ اِک ٹھائی ॥8॥

ਬਿਨੁ ਨਾਵੈ ਸਭ ਭੂਲੀ ਫਿਰਦੀ
ਬਿਰਥਾ ਜਨਮੁ ਗਵਾਈ ॥੯॥

بِنُ ناوے سبھ بھُولی پھِردی
برتھا جنمُ گوائی ॥9॥

ਜੋਗੀ ਜੁਗਤਿ ਗਵਾਈ ਹੰਢੈ
ਪਾਖੰਡਿ ਜੋਗੁ ਨ ਪਾਈ ॥੧੦॥

جوگی جُگتِ گوائی ہنڈھے
پاکھنڈِ جوگُ ن پائی ॥ 10 ॥

ਸਿਵ ਨਗਰੀ ਮਹਿ ਆਸਣਿ ਬੈਸੈ
ਗੁਰ ਸਬਦੀ ਜੋਗੁ ਪਾਈ ॥੧੧॥

سِو نگری مہِ آسنِ بیسے
گُر سبدی جوگُ پائی ॥ 11 ॥

ਧਾਤੁਰ ਬਾਜੀ ਸਬਦਿ ਨਿਵਾਰੇ
ਨਾਮੁ ਵਸੈ ਮਨਿ ਆਈ ॥੧੨॥

دھاتُر بازی سبدِ نِوارے
نامُ وسے منِ آئی ॥ 12 ॥

ਏਹੁ ਸਰੀਰੁ ਸਰਵਰੁ ਹੈ ਸੰਤਹੁ
ਇਸਨਾਨੁ ਕਰੇ ਲਿਵ ਲਾਈ ॥੧੩॥

ایہُ سریرُ سرورُ ہے سنّتہُ
اِسنانُ کرے لِو لائی ॥ 13 ॥

ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ
ਸਬਦੇ ਮੈਲੁ ਗਵਾਈ ॥੧੪॥

نامِ اِسنانُ کرہِ سے جن نِرمل
سبدے میَلُ گوائی ॥ 14 ॥

ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ
ਬਿਨੁ ਨਾਵੈ ਬਿਨਸਿ ਜਾਈ ॥੧੫॥

ترّے گُنٹ اچیت نامُ چیتہِ ناہی
بِنُ ناوے بِنِس جائی ॥ 15 ॥

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ
ਤ੍ਰਿਗੁਣਿ ਭਰਮਿ ਭੁਲਾਈ ॥੧੬॥

برہما بِسنُ مہیسُ ترّے مورتِ
ترِگُنٹِ بھرمِ بھُلائی ॥ 16 ॥

ਗੁਰ ਪਰਸਾਦੀ ਤ੍ਰਿਕੁਟੀ ਛੂਟੈ
ਚਉਥੈ ਪਦਿ ਲਿਵ ਲਾਈ ॥੧੭॥

گُر پرسادی ترِکُٹی چھوٹے
چتھے پدِ لو لائی ॥ 17 ॥

ਪੰਡਿਤ ਪੜਹਿ ਪੜਿ ਵਾਦੁ ਵਖਾਣਹਿ
ਤਿੰਨਾ ਬੂਝ ਨ ਪਾਈ ॥੧੮॥

پنڈِت پڑہِ پڑِ وادُ وکھانہِ
تِنّنا بوُجھ ن پائی ॥ 18 ॥

ਬਿਖਿਆ ਮਾਤੇ ਭਰਮਿ ਭੁਲਾਏ
ਉਪਦੇਸੁ ਕਹਹਿ ਕਿਸੁ ਭਾਈ ॥੧੯॥

بِکھیا ماتے بھرمِ بھُلائے
اُپدیسُ کہہِ کِسُ بھائی ۔ ॥ 19 ॥

ਭਗਤ ਜਨਾ ਕੀ ਊਤਮ ਬਾਣੀ
ਜੁਗਿ ਜੁਗਿ ਰਹੀ ਸਮਾਈ ॥੨੦॥

بھگت جنا کی اوُتم باٹی
جُگِ جُگِ رہی سمائی ॥ 20 ॥

ਬਾਣੀ ਲਾਗੈ ਸੋ ਗਤਿ ਪਾਏ
ਸਬਦੇ ਸਚਿ ਸਮਾਈ ॥੨੧॥

باٹی لاگے سو گتِ پائے
سبدے سچِ سمائی ॥ 21 ॥

ਕਾਇਆ ਨਗਰੀ ਸਬਦੇ ਖੋਜੇ
ਨਾਮੁ ਨਵੰ ਨਿਧਿ ਪਾਈ ॥੨੨॥

کائیا نگری سبدے کھوجے
نامُ نونَ نِدھِ پائی ॥ 22 ॥

ਮਨਸਾ ਮਾਰਿ ਮਨੁ ਸਹਜਿ ਸਮਾਣਾ
ਬਿਨੁ ਰਸਨਾ ਉਸਤਤਿ ਕਰਾਈ ॥੨੩॥

منسا مارِ منُ سہجِ سماٹا
بِنُ رسنا اُستتِ کرائی ॥ 23 ॥

ਲੋਇਣ ਦੇਖਿ ਰਹੇ ਬਿਸਮਾਦੀ
ਚਿਤੁ ਅਦਿਸਟਿ ਲਗਾਈ ॥੨੪॥

لوئِنٹ دیکھِ رہے بِسمادی
چِتُ اِدِسٹِ لگائی ॥ 24 ॥

ਅਦਿਸਟੁ ਸਦਾ ਰਹੈ ਨਿਰਾਲਮੁ
ਜੋਤੀ ਜੋਤਿ ਮਿਲਾਈ ॥੨੫॥

اِدِسٹُ سدا رہے نِرالمُ
جوتی جوتِ مِلائی ॥ 25 ॥

ਹਉ ਗੁਰੁ ਸਲਾਹੀ ਸਦਾ ਆਪਣਾ
ਜਿਨਿ ਸਾਚੀ ਬੂਝ ਬੁਝਾਈ ॥੨੬॥

ہءُ گُرُ سلاحی سدا آپٹا

ਨਾਨਕੁ ਏਕ ਕਹੈ ਬੇਨੰਤੀ
ਨਾਵਹੁ ਗਤਿ ਪਤਿ ਪਾਈ ॥੨੭॥੨॥੧੧॥

نانکُ ایک کہے بینتی
ناوہُ گتِ پتِ پائی ॥ 27 ॥2॥ 11 ॥

ਰਾਮਕਲੀ ਮਹਲਾ ੩ ॥

رامکلی محلا 3 ॥

ਹਰਿ ਕੀ ਪੂਜਾ ਦੁਲੰਭ ਹੈ ਸੰਤਹੁ
ਕਹਣਾ ਕਛੂ ਨ ਜਾਈ ॥੧॥

ہرِ کی پوُجا دُلنّبھ ہے سنّتہُ
کہنّا کچھوُ ن جائی ॥1॥

ਸੰਤਹੁ ਗੁਰਮੁਖਿ ਪੂਰਾ ਪਾਈ ॥

سنّتہ گُرمُکھِ پوُرا پائی ॥

ਨਾਮੋ ਪੂਜ ਕਰਾਈ ॥੧॥ ਰਹਾਉ ॥

ناموپوُج کرائی ॥1॥ رہاءُ ॥

ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ
ਕਿਆ ਹਉ ਪੂਜ ਚੜਾਈ ॥੨॥

ہرِ بِنُ سبھُ کِچھُ میَلا سنّتہ
کِیا ہءُ پوُج چڑائی ۔ ॥2॥

ਹਰਿ ਸਾਚੇ ਭਾਵੈ ਸਾ ਪੂਜਾ ਹੋਵੈ
ਭਾਣਾ ਮਨਿ ਵਸਾਈ ॥੩॥

ہرِ ساچے بھاوے سا پوُجا ہووے
بھاٹا منِ وسائی ॥3॥

ਪੂਜਾ ਕਰੈ ਸਭੁ ਲੋਕੁ ਸੰਤਹੁ
ਮਨਮੁਖਿ ਥਾਇ ਨ ਪਾਈ ॥੪॥

پوُجا کرے سبھُ لوکُ سنّتہ
منمُکھِ تھاءِ ن پائی ॥4॥

ਸਬਦਿ ਮਰੈ ਮਨੁ ਨਿਰਮਲੁ ਸੰਤਹੁ
ਏਹ ਪੂਜਾ ਥਾਇ ਪਾਈ ॥੫॥

سبدِ مرے منُ نِرملُ سنّتہُ
ایہ پوُجا تھاءِ پائی ॥5॥

ਪਵਿਤ ਪਾਵਨ ਸੇ ਜਨ ਸਾਚੇ
ਏਕ ਸਬਦਿ ਲਿਵ ਲਾਈ ॥੬॥

پوِت پاون سے جن ساچے
ایک سبدِ لِو لائی ॥6॥

ਬਿਨੁ ਨਾਵੈ ਹੋਰ ਪੂਜ ਨ ਹੋਵੀ
ਭਰਮਿ ਭੁਲੀ ਲੋਕਾਈ ॥੭॥

بِنُ ناوے ہور پوُج ن ہووی
بھرمِ بھُلی لوکائی ॥7॥

ਗੁਰਮੁਖਿ ਆਪ ਪਛਾਣੈ ਸੰਤਹੁ
ਰਾਮ ਨਾਮਿ ਲਿਵ ਲਾਈ ॥੮॥

گُرمُکھِ آپ پچھانّے سنّتہ
رام نامِ لِو لائی ॥8॥

ਆਪੇ ਨਿਰਮਲੁ ਪੂਜ ਕਰਾਏ
ਗੁਰ ਸਬਦੀ ਥਾਇ ਪਾਈ ॥੯॥

آپے نِرملُ پوُج کرائے
گُر سبدی تھاءِ پائی ॥9॥

ਪੂਜਾ ਕਰਹਿ ਪਰੁ ਬਿਧਿ ਨਹੀ ਜਾਣਹਿ

پوُجا کرہِ پرُ بِدھِ نہی جانہِ

ਦੂਜੈ ਭਾਇ ਮਲੁ ਲਾਈ ॥੧੦॥

دوُجےَ بھاءِ ملُ لائی ॥ 10 ॥

ਗੁਰਮੁਖਿ ਹੋਵੈ ਸੁ ਪੂਜਾ ਜਾਣੈ
ਭਾਣਾ ਮਨਿ ਵਸਾਈ ॥੧੧॥

گُرمُکھِ ہووےَ سُ پوُجا جانےٗ
بھاٹا منِ وسائی ॥ 11 ॥

ਭਾਣੇ ਤੇ ਸਭਿ ਸੁਖ ਪਾਵੈ ਸੰਤਹੁ
ਅੰਤੇ ਨਾਮੁ ਸਖਾਈ ॥੧੨॥

بھاٹےٗ تے سبھِ سُکھ پاوےَ سنّتہُ
انّتے نامُ سکھائی ॥ 12 ॥

ਅਪਣਾ ਆਪੁ ਨ ਪਛਾਣਹਿ ਸੰਤਹੁ
ਕੂੜਿ ਕਰਹਿ ਵਡਿਆਈ ॥੧੩॥

اپٹا آپُ ن پچھاٹہِ سنّتہُ
کوُڑِ کرہِ وڈِیائی ॥ 13 ॥

ਪਾਖੰਡਿ ਕੀਨੈ ਜਮੁ ਨਹੀ ਛੋਡੈ
ਲੈ ਜਾਸੀ ਪਤਿ ਗਵਾਈ ॥੧੪॥

پاکھنڈِ کینے جمُ نہی چھوڈےَ
لےَ جاسی پتِ گوائی ॥ 14 ॥

ਜਿਨ ਅੰਤਰਿ ਸਬਦੁ ਆਪੁ ਪਛਾਣਹਿ
ਗਤਿ ਮਿਤਿ ਤਿਨ ਹੀ ਪਾਈ ॥੧੫॥

جِن انّترِ سبدُ آپُ پچھاٹہِ
گتِ مِتِ تِن ہی پائی ॥ 15 ॥

ਏਹੁ ਮਨੂਆ ਸੁੰਨ ਸਮਾਧਿ ਲਗਾਵੈ
ਜੋਤੀ ਜੋਤਿ ਮਿਲਾਈ ॥੧੬॥

ایہُ منوُیا سُنّن سمادھِ لگاوےَ
جوتی جوتِ مِلائی ॥ 16 ॥

ਸੁਣਿ ਸੁਣਿ ਗੁਰਮੁਖਿ ਨਾਮੁ ਵਖਾਣਹਿ
ਸਤਸੰਗਤਿ ਮੇਲਾਈ ॥੧੭॥

سُنٹِ سُنٹِ گُرمُکھِ نامُ وکھاٹہِ
ستسنگتِ میلائی ॥ 17 ॥

ਗੁਰਮੁਖਿ ਗਾਵੈ ਆਪੁ ਗਵਾਵੈ
ਦਰਿ ਸਾਚੈ ਸੋਭਾ ਪਾਈ ॥੧੮॥

گُرمُکھِ گاوےَ آپُ گواوےَ
درِ ساچےَ سوبھا پائی ॥ 18 ॥

ਸਾਚੀ ਬਾਣੀ ਸਚੁ ਵਖਾਣੈ
ਸਚਿ ਨਾਮਿ ਲਿਵ ਲਾਈ ॥੧੯॥

ساچی بانٹی سچُ وکھاٹےٗ
سچِ نامِ لِو لائی ॥ 19 ॥

ਭੈ ਭੰਜਨੁ ਅਤਿ ਪਾਪ ਨਿਖੰਜਨੁ
ਮੇਰਾ ਪ੍ਰਭੁ ਅੰਤਿ ਸਖਾਈ ॥੨੦॥

بھےَ بھنّجنُ اتِ پاپ نِکھنّجنُ
میرا پرّبھُ انّتِ سکھائی ॥ 20 ॥

ਸਭੁ ਕਿਛੁ ਆਪੇ ਆਪਿ ਵਰਤੈ
ਨਾਨਕ ਨਾਮਿ ਵਡਿਆਈ ॥੨੧॥੩॥੧੨॥

سبھُ کِچھُ آپے آپِ ورتے
نانک نامِ وڈِیائی ॥ 21 ॥3॥ 12 ॥

ਰਾਮਕਲੀ ਮਹਲਾ ੩ ॥

رامکلی محلا 3 ॥

ਹਮ ਕੁਚਲ ਕੁਚੀਲ ਅਤਿ ਅਭਿਮਾਨੀ

ہم کُچل کچیل اتِ ابھِمانی

ਮਿਲਿ ਸਬਦੇ ਮੈਲੁ ਉਤਾਰੀ ॥੧॥

مِلِ سبدے میَلُ اُتاری ॥1॥

ਸੰਤਹੁ ਗੁਰਮੁਖਿ ਨਾਮਿ ਨਿਸਤਾਰੀ ॥

سنّتہُ گُرمُکھِ نامِ نِستاری ॥

ਸਚਾ ਨਾਮੁ ਵਸਿਆ ਘਟ ਅੰਤਰਿ
ਕਰਤੈ ਆਪਿ ਸਵਾਰੀ ॥੧॥ ਰਹਾਉ ॥

سچا نامُ وسِیا گھٹ انتَرِ
کرتے آپِ سواری ॥1॥ رہاءُ ॥

ਪਾਰਸ ਪਰਸੇ ਫਿਰਿ ਪਾਰਸੁ ਹੋਏ
ਹਰਿ ਜੀਉ ਅਪਣੀ ਕਿਰਪਾ ਧਾਰੀ ॥੨॥

پارس پرسے پھِرِ پارسُ ہوئے
ہرِ جیِءُ اپنّی کِرپا دھاری ॥2॥

ਇਕਿ ਭੇਖ ਕਰਹਿ ਫਿਰਹਿ ਅਭਿਮਾਨੀ
ਤਿਨ ਜੂਐ ਬਾਜੀ ਹਾਰੀ ॥੩॥

اِکِ بھیکھ کرہِ پھِرہِ ابھِمانی
تِن جُوئے بازی ہاری ॥3॥

ਇਕਿ ਅਨਦਿਨੁ ਭਗਤਿ ਕਰਹਿ ਦਿਨੁ ਰਾਤੀ
ਰਾਮ ਨਾਮੁ ਉਰਿ ਧਾਰੀ ॥੪॥

اِکِ اندِنُ بھگتِ کرہِ دِنُ راتی
رام نامُ اُرِ دھاری ॥4॥

ਅਨਦਿਨੁ ਰਾਤੇ ਸਹਜੇ ਮਾਤੇ
ਸਹਜੇ ਹਉਮੈ ਮਾਰੀ ॥੫॥

اندِنُ راتے سہجے ماتے
سہجے ہئُمےَ ماری ॥5॥

ਭੈ ਬਿਨੁ ਭਗਤਿ ਨ ਹੋਈ ਕਬ ਹੀ
ਭੈ ਭਾਇ ਭਗਤਿ ਸਵਾਰੀ ॥੬॥

بھےَ بِنُ بھگتِ ن ہوئی کب ہی
بھےَ بھاءِ بھگتِ سواری ॥6॥

ਮਾਇਆ ਮੋਹੁ ਸਬਦਿ ਜਲਾਇਆ
ਗਿਆਨਿ ਤਤਿ ਬੀਚਾਰੀ ॥੭॥

مائِیا موہُ سبدِ جلائِیا
گِیانِ تتِ بیچاری ॥7॥

ਆਪੇ ਆਪਿ ਕਰਾਏ ਕਰਤਾ
ਆਪੇ ਬਖਸਿ ਭੰਡਾਰੀ ॥੮॥

آپے آپِ کرائے کرتا
آپے بخشِ بھنّڈاری ॥8॥

ਤਿਸ ਕਿਆ ਗੁਣਾ ਕਾ ਅੰਤੁ ਨ ਪਾਇਆ
ਹਉ ਗਾਵਾ ਸਬਦਿ ਵੀਚਾਰੀ ॥੯॥

تِس کِیا گُٹا کا انتُ ن پائِیا
ہءُ گاوا سبدِ ویچاری ॥9॥

ਹਰਿ ਜੀਉ ਜਪੀ ਹਰਿ ਜੀਉ ਸਾਲਾਹੀ
ਵਿਚਹੁ ਆਪੁ ਨਿਵਾਰੀ ॥੧੦॥

ہرِ جیِءُ جپی ہرِ جیِءُ سالاحی
وِچہُ آپُ نِواری ॥ 10 ॥

ਨਾਮੁ ਪਦਾਰਥੁ ਗੁਰ ਤੇ ਪਾਇਆ
ਅਖੁਟ ਸਚੇ ਭੰਡਾਰੀ ॥੧੧॥

نامُ پدارتھُ گُر تے پائِیا
اکھُٹ سچے بھنّڈاری ॥ 11 ॥

ਅਪਣਿਆ ਭਗਤਾ ਨੋ ਆਪੇ ਤੁਠਾ

اپنّیا بھگتا نو آپے تُٹھا

ਅਪਣੀ ਕਿਰਪਾ ਕਰਿ ਕਲ ਧਾਰੀ ॥੧੨॥

اپنی کِرپا کرِ کل دھاری ॥ 12 ॥

ਤਿਨ ਸਾਚੇ ਨਾਮ ਕੀ ਸਦਾ ਭੁਖ ਲਾਗੀ
ਗਾਵਨਿ ਸਬਦਿ ਵੀਚਾਰੀ ॥੧੩॥

تِن ساچے نام کی سدا بھُکھ لاگی
گاونِ سبدِ ویچاری ॥ 13 ॥

ਜੀਉ ਪਿੰਡੁ ਸਭੁ ਕਿਛੁ ਹੈ ਤਿਸ ਕਾ
ਆਖਣੁ ਬਿਖਮੁ ਬੀਚਾਰੀ ॥੧੪॥

جیءُ پِنڈُ سبھُ کِچھُ ہے تِس کا
آکھنُ بِکھمُ بیچاری ॥ 14 ॥

ਸਬਦਿ ਲਗੇ ਸੇਈ ਜਨ ਨਿਸਤਰੇ
ਭਉਜਲੁ ਪਾਰਿ ਉਤਾਰੀ ॥੧੫॥

سبدِ لگے سیئی جن نِسترے
بھجُلُ پارِ اُتاری ॥ 15 ॥

ਬਿਨੁ ਹਰਿ ਸਾਚੇ ਕੋ ਪਾਰਿ ਨ ਪਾਵੈ
ਬੂਝੈ ਕੋ ਵੀਚਾਰੀ ॥੧੬॥

بِنُ ہرِ ساچے کو پارِ ن پاوے
بُوجھے کو ویچاری ॥ 16 ॥

ਜੋ ਧੁਰਿ ਲਿਖਿਆ ਸੋਈ ਪਾਇਆ
ਮਿਲਿ ਹਰਿ ਸਬਦਿ ਸਵਾਰੀ ॥੧੭॥

جو دھُرِ لِکھیا سوئی پائیا
مِلِ ہرِ سبدِ سواری ॥ 17 ॥

ਕਾਇਆ ਕੰਚਨੁ ਸਬਦੇ ਰਾਤੀ
ਸਾਚੈ ਨਾਇ ਪਿਆਰੀ ॥੧੮॥

کائیا کنچنُ سبدے راتی
ساچے ناءِ پیاری ॥ 18 ॥

ਕਾਇਆ ਅੰਮ੍ਰਿਤਿ ਰਹੀ ਭਰਪੂਰੇ
ਪਾਈਐ ਸਬਦਿ ਵੀਚਾਰੀ ॥੧੯॥

کائیا انمّرِتِ رہی بھرپُورے
پائیئے سبدِ ویچاری ॥ 19 ॥

ਜੋ ਪ੍ਰਭੁ ਖੋਜਹਿ ਸੇਈ ਪਾਵਹਿ
ਹੋਰਿ ਫੂਟਿ ਮੂਏ ਅਹੰਕਾਰੀ ॥੨੦॥

جو پربھُ کھوجہِ سیئی پاوہِ
ہورِ پھوٹِ مُوئے اہنکاری ॥ 20 ॥

ਬਾਦੀ ਬਿਨਸਹਿ ਸੇਵਕ ਸੇਵਹਿ
ਗੁਰ ਕੈ ਹੇਤਿ ਪਿਆਰੀ ॥੨੧॥

بادی بِنسہِ سیوک سیوہِ
گُر کے ہیتِ پیاری ॥ 21 ॥

ਸੋ ਜੋਗੀ ਤਤੁ ਗਿਆਨੁ ਬੀਚਾਰੇ
ਹਉਮੈ ਤ੍ਰਿਸਨਾ ਮਾਰੀ ॥੨੨॥

سو جوگی تتُ گیانُ بیچارے
ہئُمے ترّسنا ماری ॥ 22 ॥

ਸਤਿਗੁਰੁ ਦਾਤਾ ਤਿਨੈ ਪਛਾਤਾ
ਜਿਸ ਨੋ ਕ੍ਰਿਪਾ ਤੁਮਾਰੀ ॥੨॥੩॥

ستِگُر داتا تِنے پچھاتا
جِس نو کرپا تُماری ॥2॥3॥

ਸਤਿਗੁਰੁ ਨ ਸੇਵਹਿ ਮਾਇਆ ਲਾਗੇ
ਡੂਬਿ ਮੂਏ ਅਹੰਕਾਰੀ ॥੨੪॥

ستِگُر ن سیوہِ مائیا لاگے
ڈُوبِ مُوئے اہنکاری ॥ 24 ॥

ਜਿਚਰੁ ਅੰਦਰਿ ਸਾਸੁ ਤਿਚਰੁ ਸੇਵਾ ਕੀਚੈ
ਜਾਇ ਮਿਲੀਐ ਰਾਮ ਮੁਰਾਰੀ ॥੨੫॥

جِچرُ اندَرِ ساسُ تِچرُ سیوا کیچَے
جاءِ مِلیئے رام مُراری ॥ 25 ॥

ਅਨਦਿਨੁ ਜਾਗਤ ਰਹੈ ਦਿਨੁ ਰਾਤੀ
ਅਪਨੇ ਪ੍ਰਿਅ ਪ੍ਰੀਤਿ ਪਿਆਰੀ ॥੨੬॥

اندِنُ جاگت رہے دِنُ راتی
اپنے پّرِء پّریتِ پِیاری ॥ 26 ॥

ਤਨੁ ਮਨੁ ਵਾਰੀ ਵਾਰਿ ਘੁਮਾਈ
ਅਪਨੇ ਗੁਰ ਵਿਟਹੁ ਬਲਿਹਾਰੀ ॥੨੭॥

تنُ منُ واری وارِ گھُمائی
اپنے گُر وِٹہُ بلِہاری ॥ 27 ॥

ਮਾਇਆ ਮੋਹੁ ਬਿਨਸਿ ਜਾਇਗਾ
ਉਬਰੇ ਸਬਦਿ ਵੀਚਾਰੀ ॥੨੮॥

مائیا موہُ بِنسِ جائِگا
اُبرے سبدِ ویچاری ॥ 28 ॥

ਆਪਿ ਜਗਾਏ ਸੇਈ ਜਾਗੇ
ਗੁਰ ਕੈ ਸਬਦਿ ਵੀਚਾਰੀ ॥੨੯॥

آپِ جگائے سیئی جاگے
گُر کے سبدِ ویچاری ॥ 29 ॥

ਨਾਨਕ ਸੇਈ ਮੂਏ ਜਿ ਨਾਮੁ ਨ ਚੇਤਹਿ
ਭਗਤ ਜੀਵੇ ਵੀਚਾਰੀ ॥੩੦॥੪॥੧੩॥

نانک سیئی موُئے جِ نامُ ن چیتہِ
بھگت جیِوے ویچاری ॥ 30 ॥4॥ 13 ॥

ਰਾਮਕਲੀ ਮਹਲਾ ੩ ॥

رامکلی محلا 3 ॥

ਨਾਮੁ ਖਜਾਨਾ ਗੁਰ ਤੇ ਪਾਇਆ
ਤ੍ਰਿਪਤਿ ਰਹੇ ਆਘਾਈ ॥੧॥

نامُ خزانا گُر تے پائیا
تّرِپتِ رہے آگھائی ॥ 1 ॥

ਸੰਤਹੁ ਗੁਰਮੁਖਿ ਮੁਕਤਿ ਗਤਿ ਪਾਈ ॥

سنّتہ گُرمُکھِ مُکتِ گتِ پائی ॥

ਏਕੁ ਨਾਮੁ ਵਸਿਆ ਘਟ ਅੰਤਰਿ
ਪੂਰੇ ਕੀ ਵਡਿਆਈ ॥੧॥ ਰਹਾਉ ॥

ایکُ نامُ وسِیا گھٹ انتّرِ
پوُرے کی وڈِیائی ॥ 1 ॥ رہاءُ ॥

ਆਪੇ ਕਰਤਾ ਆਪੇ ਭੁਗਤਾ
ਦੇਦਾ ਰਿਜਕੁ ਸਬਾਈ ॥੨॥

آپے کرتا آپے بھُگتا
دیدا رِزقُ سبائی ॥ 2 ॥

ਜੋ ਕਿਛੁ ਕਰਣਾ ਸੋ ਕਰਿ ਰਹਿਆ
ਅਵਰੁ ਨ ਕਰਣਾ ਜਾਈ ॥੩॥

جو کِچھُ کرٹا سو کرِ رہِیا
اورُ ن کرٹا جائی ॥ 3 ॥

ਆਪੇ ਸਾਜੇ ਸ੍ਰਿਸਟਿ ਉਪਾਏ
ਸਿਰਿ ਸਿਰਿ ਧੰਧੈ ਲਾਈ ॥੪॥

آپے ساجے سّرِسٹِ اُپائے
سِرِ سِرِ دھندّھے لائی ॥ 4 ॥

ਤਿਸਹਿ ਸਰੇਵਹੁ ਤਾ ਸੁਖੁ ਪਾਵਹੁ

تِسہِ سریوہُ تا سُکھُ پاوہُ

ਸਤਿਗੁਰਿ ਮੇਲਿ ਮਿਲਾਈ ॥੫॥

ستِگُرِ میلِ مِلائی ॥5॥

ਆਪਣਾ ਆਪੁ ਆਪਿ ਉਪਾਏ
ਅਲਖੁ ਨ ਲਖਣਾ ਜਾਈ ॥੬॥

آپنا آپُ آپِ اُپائے
الکھُ ن لکھنا جائی ॥6॥

ਆਪੇ ਮਾਰਿ ਜੀਵਾਲੇ ਆਪੇ
ਤਿਸ ਨੋ ਤਿਲੁ ਨ ਤਮਾਈ ॥੭॥

آپے مارِ جیوالے آپے
تِس نو تِلُ ن طماعیِ ॥7॥

ਇਕਿ ਦਾਤੇ ਇਕਿ ਮੰਗਤੇ ਕੀਤੇ
ਆਪੇ ਭਗਤਿ ਕਰਾਈ ॥੮॥

اِکِ داتے اِکِ منگتے کِیتے
آپے بھگتِ کرائی ॥8॥

ਸੇ ਵਡਭਾਗੀ ਜਿਨੀ ਏਕੋ ਜਾਤਾ
ਸਚੇ ਰਹੇ ਸਮਾਈ ॥੯॥

سے وڈبھاگی جِنی ایکو جاتا
سچے رہے سمائی ॥9॥

ਆਪਿ ਸਰੂਪੁ ਸਿਆਣਾ ਆਪੇ
ਕੀਮਤਿ ਕਹਣੁ ਨ ਜਾਈ ॥੧੦॥

آپِ سروُپُ سِیاٹا آپے
قِیمتِ کہنُّ ن جائی ॥ 10 ॥

ਆਪੇ ਦੁਖੁ ਸੁਖੁ ਪਾਏ ਅੰਤਰਿ
ਆਪੇ ਭਰਮਿ ਭੁਲਾਈ ॥੧੧॥

آپے دُکھُ سُکھُ پائے انترِ
آپے بھرمِ بھُلائی ॥ 11 ॥

ਵਡਾ ਦਾਤਾ ਗੁਰਮੁਖਿ ਜਾਤਾ
ਨਿਗੁਰੀ ਅੰਧ ਫਿਰੈ ਲੋਕਾਈ ॥੧੨॥

وڈا داتا گُرمُکھِ جاتا
نِگُری اندھ پھِرے لوکائی ॥ 12 ॥

ਜਿਨੀ ਚਾਖਿਆ ਤਿਨਾ ਸਾਦੁ ਆਇਆ
ਸਤਿਗੁਰਿ ਬੂਝ ਬੁਝਾਈ ॥੧੩॥

جِنی چاکھیا تِنا ساد آئیا
ستِگُرِ بوُجھ بُجھائی ॥ 13 ॥

ਇਕਨਾ ਨਾਵਹੁ ਆਪਿ ਭੁਲਾਏ
ਇਕਨਾ ਗੁਰਮੁਖਿ ਦੇਇ ਬੁਝਾਈ ॥੧੪॥

اِکنا ناوہُ آپِ بھُلائے
اِکنا گُرمُکھِ دےءِ بُجھائی ॥ 14 ॥

ਸਦਾ ਸਦਾ ਸਾਲਾਹਿਹੁ ਸੰਤਹੁ
ਤਿਸ ਦੀ ਵਡੀ ਵਡਿਆਈ ॥੧੫॥

سدا سدا سالاہِہُ سنّتہ
تِس دی وڈی وڈِیائی ॥ 15 ॥

ਤਿਸੁ ਬਿਨੁ ਅਵਰੁ ਨ ਕੋਈ ਰਾਜਾ
ਕਰਿ ਤਪਾਵਸੁ ਬਣਤ ਬਣਾਈ ॥੧੬॥

تِس بِنُ اورُ ن کوئی راجا
کرِ تپاوسُ بنّت بنّائی ॥ 16 ॥

ਨਿਆਉ ਤਿਸੈ ਕਾ ਹੈ ਸਦ ਸਾਚਾ
ਵਿਰਲੇ ਹੁਕਮੁ ਮਨਾਈ ॥੧੭॥

نِیاءُ تِسے کا ہے سد ساچا
وِرلے حُکمُ منائی ॥ 17 ॥

ਤਿਸ ਨੋ ਪ੍ਰਾਣੀ ਸਦਾ ਧਿਆਵਹੁ
ਜਿਨਿ ਗੁਰਮੁਖਿ ਬਣਤ ਬਣਾਈ ॥੧੮॥

تِس نو پّرانی سدا دھیاوہُ
جِنِ گُرمُکھِ بنّت بنّائی ॥ 18 ॥

ਸਤਿਗੁਰ ਭੇਟੈ ਸੋ ਜਨੁ ਸੀਝੈ
ਜਿਸੁ ਹਿਰਦੈ ਨਾਮੁ ਵਸਾਈ ॥੧੯॥

ستِگُر بھیٹے سو جنُ سیجھے
جِسُ ہِردے نامُ وسائی ॥ 19 ॥

ਸਚਾ ਆਪਿ ਸਦਾ ਹੈ ਸਾਚਾ
ਬਾਣੀ ਸਬਦਿ ਸੁਣਾਈ ॥੨੦॥

سچا آپِ سدا ہے ساچا
بانی سبدِ سُنّائی ॥ 20 ॥

ਨਾਨਕ ਸੁਣਿ ਵੇਖਿ ਰਹਿਆ ਵਿਸਮਾਦੁ
ਮੇਰਾ ਪ੍ਰਭੁ ਰਵਿਆ ਸ੍ਰਬ ਥਾਈ ॥੨੧॥੫॥੧੪॥

نانک سُنِّ ویکھِ رہیا وِسمادُ
میرا پّربھُ رویا سّرب تھائی ॥ 21 ॥5॥ 14 ॥

ਰਾਮਕਲੀ ਮਹਲਾ ੫ ਅਸਟਪਦੀਆ

رامکلی محلا 5 اسٹپدیا

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਕਿਨਹੀ ਕੀਆ ਪਰਵਿਰਤਿ ਪਸਾਰਾ ॥

کِنہی کِیا پرورِتِ پسارا ॥

ਕਿਨਹੀ ਕੀਆ ਪੂਜਾ ਬਿਸਥਾਰਾ ॥

کِنہی کِیا پوُجا بِستھارا ॥

ਕਿਨਹੀ ਨਿਵਲ ਭੁਇਅੰਗਮ ਸਾਧੇ ॥

کِنہی نِول بھُئنگم سادھے ॥

ਮੋਹਿ ਦੀਨ ਹਰਿ ਹਰਿ ਆਰਾਧੇ ॥੧॥

موہِ دِین ہرِ ہرِ آرادھے ॥1॥

ਤੇਰਾ ਭਰੋਸਾ ਪਿਆਰੇ ॥

تیرا بھروسا پِیارے ۔ ॥

ਆਨ ਨ ਜਾਨਾ ਵੇਸਾ ॥੧॥ ਰਹਾਉ ॥

آن ن جانا ویسا ॥1॥ رہاءُ ॥

ਕਿਨਹੀ ਗ੍ਰਿਹੁ ਤਜਿ ਵਣ ਖੰਡਿ ਪਾਇਆ ॥

کِنہی گرِہُ تجِ وِنّ کھنڈِ پائیا ॥

ਕਿਨਹੀ ਮੋਨਿ ਅਉਧੂਤੁ ਸਦਾਇਆ ॥

کِنہی مونِ اُندھوُتُ سدائیا ॥

ਕੋਈ ਕਹਤਉ ਅਨੰਨਿ ਭਗਉਤੀ ॥

کوئی کہت ءُ اننّنِ بھگُتی ॥

ਮੋਹਿ ਦੀਨ ਹਰਿ ਹਰਿ ਓਟ ਲੀਤੀ ॥੨॥

موہِ دِین ہرِ ہرِ اوٹ لِیتی ॥2॥

ਕਿਨਹੀ ਕਹਿਆ ਹਉ ਤੀਰਥ ਵਾਸੀ ॥

کِنہی کہیا ہءُ تیرتھ واسی ॥

ਕੋਈ ਅੰਨੁ ਤਜਿ ਭਇਆ ਉਦਾਸੀ ॥

کوئی انّنُ تجِ بھئیا اُداسی ॥

ਕਿਨਹੀ ਭਵਨੁ ਸਭ ਧਰਤੀ ਕਰਿਆ ॥

کِنہی بھونُ سبھ دھرتی کریا ॥

ਮੋਹਿ ਦੀਨ ਹਰਿ ਹਰਿ ਦਰਿ ਪਰਿਆ ॥੩॥	موہِ دِین ہرِ ہرِ درِ پریا ॥3॥
ਕਿਨਹੀ ਕਹਿਆ ਮੈ ਕੁਲਹਿ ਵਡਿਆਈ ॥	کِنہی کہِیا مے کُلہِ وڈِیائی ॥
ਕਿਨਹੀ ਕਹਿਆ ਬਾਹ ਬਹੁ ਭਾਈ ॥	کِنہی کہِیا باہ بہُ بھائی ॥
ਕੋਈ ਕਹੈ ਮੈ ਧਨਹਿ ਪਸਾਰਾ ॥	کوئی کہے مے دھنہِ پسارا ॥
ਮੋਹਿ ਦੀਨ ਹਰਿ ਹਰਿ ਆਧਾਰਾ ॥੪॥	موہِ دِین ہرِ ہرِ آدھارا ॥4॥
ਕਿਨਹੀ ਘੂਘਰ ਨਿਰਤਿ ਕਰਾਈ ॥	کِنہی گھوُگھر نِرتِ کرائی ॥
ਕਿਨਹੂ ਵਰਤ ਨੇਮ ਮਾਲਾ ਪਾਈ ॥	کِنہوُ ورت نیم مالا پائی ॥
ਕਿਨਹੀ ਤਿਲਕੁ ਗੋਪੀ ਚੰਦਨ ਲਾਇਆ ॥	کِنہی تِلکُ گوپی چندّن لائِیا ॥
ਮੋਹਿ ਦੀਨ ਹਰਿ ਹਰਿ ਹਰਿ ਧਿਆਇਆ ॥੫॥	موہِ دِین ہرِ ہرِ ہرِ دھیائِیا ॥5॥
ਕਿਨਹੀ ਸਿਧ ਬਹੁ ਚੇਟਕ ਲਾਏ ॥	کِنہی سِدھ بہُ چیٹک لائے ॥
ਕਿਨਹੀ ਭੇਖ ਬਹੁ ਥਾਟ ਬਨਾਏ ॥	کِنہی بھیکھ بہُ تھاٹ بنائے ॥
ਕਿਨਹੀ ਤੰਤ ਮੰਤ ਬਹੁ ਖੇਵਾ ॥	کِنہی تنّت منّت بہُ کھیوا ॥
ਮੋਹਿ ਦੀਨ ਹਰਿ ਹਰਿ ਹਰਿ ਸੇਵਾ ॥੬॥	موہِ دِین ہرِ ہرِ ہرِ سیوا ॥6॥
ਕੋਈ ਚਤੁਰੁ ਕਹਾਵੈ ਪੰਡਿਤ ॥	کوئی چتُرُ کہاوے پنّڈِت ॥
ਕੋ ਖਟੁ ਕਰਮ ਸਹਿਤ ਸਿਉ ਮੰਡਿਤ ॥	کو کھٹُ کرم سہِت سِءُ منّڈِت ॥
ਕੋਈ ਕਰੈ ਆਚਾਰ ਸੁਕਰਣੀ ॥	کوئی کرے آچار سُکرنّی ॥
ਮੋਹਿ ਦੀਨ ਹਰਿ ਹਰਿ ਹਰਿ ਸਰਣੀ ॥੭॥	موہِ دِین ہرِ ہرِ ہرِ سرنّی ॥7॥
ਸਗਲੇ ਕਰਮ ਧਰਮ ਜੁਗ ਸੋਧੇ ॥	سگلے کرم دھرم جُگ سودھے ॥
ਬਿਨੁ ਨਾਵੈ ਇਹੁ ਮਨੁ ਨ ਪ੍ਰਬੋਧੇ ॥	بِنُ ناوے اِہُ منُ ن پرّبودھے ॥
ਕਹੁ ਨਾਨਕ ਜਉ ਸਾਧਸੰਗੁ ਪਾਇਆ ॥	کہُ نانک جءُ سادھسنگُ پائِیا ॥
ਬੂਝੀ ਤ੍ਰਿਸਨਾ ਮਹਾ ਸੀਤਲਾਇਆ ॥੮॥੧॥	بوُجھی ترِسنا مہا سیتلائِیا ॥8॥1॥
ਰਾਮਕਲੀ ਮਹਲਾ ੫ ॥	رامکلی محلا 5 ॥

ਇਸੁ ਪਾਨੀ ਤੇ ਜਿਨਿ ਤੂ ਘਰਿਆ ॥	اِسُ پانی تے جِنِ توُ گھریا ॥
ਮਾਟੀ ਕਾ ਲੇ ਦੇਹੁਰਾ ਕਰਿਆ ॥	ماٹی کا لے دیہُرا کریا ॥
ਉਕਤਿ ਜੋਤਿ ਲੈ ਸੁਰਤਿ ਪਰੀਖਿਆ ॥	اُکتِ جوتِ لے سُرتِ پریکھیا ॥
ਮਾਤ ਗਰਭ ਮਹਿ ਜਿਨਿ ਤੂ ਰਾਖਿਆ ॥੧॥	مات گربھ مہِ جِنِ توُ راکھیا ॥1॥
ਰਾਖਨਹਾਰੁ ਸਮ੍ਹਾਰਿ ਜਨਾ ॥	راکھنہارُ سمّہارِ جنا ۔ ॥
ਸਗਲੇ ਛੋਡਿ ਬੀਚਾਰ ਮਨਾ ॥੧॥ ਰਹਾਉ ॥	سگلے چھوڈِ بیچار منا ۔ ॥1॥ رہاءُ ॥
ਜਿਨਿ ਦੀਏ ਤੁਧੁ ਬਾਪ ਮਹਤਾਰੀ ॥	جِنِ دیۓ تُدھُ باپ مہتاری ॥
ਜਿਨਿ ਦੀਏ ਭ੍ਰਾਤ ਪੁਤ ਹਾਰੀ ॥	جِنِ دیۓ بھّرات پُت ہاری ॥
ਜਿਨਿ ਦੀਏ ਤੁਧੁ ਬਨਿਤਾ ਅਰੁ ਮੀਤਾ ॥	جِنِ دیۓ تُدھُ بنِتا ارُ مِیتا ॥
ਤਿਸੁ ਠਾਕੁਰ ਕਉ ਰਖਿ ਲੇਹੁ ਚੀਤਾ ॥੨॥	تِسُ ٹھاکُر کءُ رکھِ لیہُ چیتا ॥2॥
ਜਿਨਿ ਦੀਆ ਤੁਧੁ ਪਵਨੁ ਅਮੋਲਾ ॥	جِنِ دیِیا تُدھُ پونُ امولا ॥
ਜਿਨਿ ਦੀਆ ਤੁਧੁ ਨੀਰੁ ਨਿਰਮੋਲਾ ॥	جِنِ دیِیا تُدھُ نیِرُ نِرمولا ॥
ਜਿਨਿ ਦੀਆ ਤੁਧੁ ਪਾਵਕੁ ਬਲਨਾ ॥	جِنِ دیِیا تُدھُ پاوکُ بلنا ॥
ਤਿਸੁ ਠਾਕੁਰ ਕੀ ਰਹੁ ਮਨ ਸਰਨਾ ॥੩॥	تِسُ ٹھاکُر کی رہُ من سرنا ॥3॥
ਛਤੀਹ ਅੰਮ੍ਰਿਤ ਜਿਨਿ ਭੋਜਨ ਦੀਏ ॥	چھتیِہ انّمرِت جِنِ بھوجن دیۓ ॥
ਅੰਤਰਿ ਥਾਨ ਠਹਰਾਵਨ ਕਉ ਕੀਏ ॥	انترِ تھان ٹھہراون کءُ کیۓ ॥
ਬਸੁਧਾ ਦੀਓ ਬਰਤਨਿ ਬਲਨਾ ॥	بسُدھا دیِئو برتنِ بلنا ॥
ਤਿਸੁ ਠਾਕੁਰ ਕੇ ਚਿਤਿ ਰਖੁ ਚਰਨਾ ॥੪॥	تِسُ ٹھاکُر کے چِتِ رکھُ چرنا ॥4॥
ਪੇਖਨ ਕਉ ਨੇਤ੍ਰ ਸੁਨਨ ਕਉ ਕਰਨਾ ॥	پیکھن کءُ نیتّر سُنن کءُ کرنا ॥
ਹਸਤ ਕਮਾਵਨ ਬਾਸਨ ਰਸਨਾ ॥	ہست کماون باسن رسنا ॥
ਚਰਨ ਚਲਨ ਕਉ ਸਿਰੁ ਕੀਨੋ ਮੇਰਾ ॥	چرن چلن کءُ سِرُ کِینو میرا ॥
ਮਨ ਤਿਸੁ ਠਾਕੁਰ ਕੇ ਪੂਜਹੁ ਪੈਰਾ ॥੫॥	من تِسُ ٹھاکُر کے پوُجہُ پیَرا ॥5॥

ਅਪਵਿਤ੍ਰ ਪਵਿਤ੍ਰ ਜਿਨਿ ਤੂ ਕਰਿਆ ॥	اپوِتّر پوِتّر جِنِ توُ کریا ॥
ਸਗਲ ਜੋਨਿ ਮਹਿ ਤੂ ਸਿਰਿ ਧਰਿਆ ॥	سگل جونِ مہِ توُ سِرِ دھریا ॥
ਅਬ ਤੂ ਸੀਝੁ ਭਾਵੈ ਨਹੀ ਸੀਝੈ ॥	اب توُ سیجھُ بھاوے نہی سیجھے ॥
ਕਾਰਜੁ ਸਵਰੈ ਮਨ ਪ੍ਰਭੁ ਧਿਆਈਜੈ ॥੬॥	کارجُ سورے من پربھُ دھیائیجے ॥6॥
ਈਹਾ ਊਹਾ ਏਕੈ ਓਹੀ ॥	ایہا اوُہا ایکے اوہی ॥
ਜਤ ਕਤ ਦੇਖੀਐ ਤਤ ਤਤ ਤੋਹੀ ॥	جت کت دیکھیئے تت تت توہی ॥
ਤਿਸੁ ਸੇਵਤ ਮਨਿ ਆਲਸੁ ਕਰੈ ॥	تِس سیوت منِ آلس کرے ॥
ਜਿਸੁ ਵਿਸਰਿਐ ਇਕ ਨਿਮਖ ਨ ਸਰੈ ॥੭॥	جِس وِسرِئے اِک نِمکھ ن سرے ॥7॥
ਹਮ ਅਪਰਾਧੀ ਨਿਰਗੁਨੀਆਰੇ ॥	ہم اپرادھی نِرگُنیارے ॥
ਨਾ ਕਿਛੁ ਸੇਵਾ ਨਾ ਕਰਮਾਰੇ ॥	نا کچھُ سیوا نا کرمارے ॥
ਗੁਰੁ ਬੋਹਿਥੁ ਵਡਭਾਗੀ ਮਿਲਿਆ ॥	گُرُ بوہتھُ وڈبھاگی مِلیا ॥
ਨਾਨਕ ਦਾਸ ਸੰਗਿ ਪਾਥਰ ਤਰਿਆ ॥੮॥੨॥	نانک داس سنگِ پاتھر تریا ॥8॥2॥
ਰਾਮਕਲੀ ਮਹਲਾ ੫ ॥	رامکلی محلا 5 ॥
ਕਾਹੂ ਬਿਹਾਵੈ ਰੰਗ ਰਸ ਰੂਪ ॥	کاہوُ بِہاوے رنگ رس روُپ ॥
ਕਾਹੂ ਬਿਹਾਵੈ ਮਾਇ ਬਾਪ ਪੂਤ ॥	کاہوُ بِہاوے ماءِ باپ پوُت ॥
ਕਾਹੂ ਬਿਹਾਵੈ ਰਾਜ ਮਿਲਖ ਵਾਪਾਰਾ ॥	کاہوُ بِہاوے راج مِلکھ واپارا ॥
ਸੰਤ ਬਿਹਾਵੈ ਹਰਿ ਨਾਮ ਅਧਾਰਾ ॥੧॥	سنّت بِہاوے ہرِ نام ادھارا ॥1॥
ਰਚਨਾ ਸਾਚੁ ਬਨੀ ॥	رچنا ساچُ بنی ॥
ਸਭ ਕਾ ਏਕੁ ਧਨੀ ॥੧॥ ਰਹਾਉ ॥	سبھ کا ایکُ دھنی ॥1॥ رہاءُ ॥
ਕਾਹੂ ਬਿਹਾਵੈ ਬੇਦ ਅਰੁ ਬਾਦਿ ॥	کاہوُ بِہاوے بید ارُ بادِ ॥
ਕਾਹੂ ਬਿਹਾਵੈ ਰਸਨਾ ਸਾਦਿ ॥	کاہوُ بِہاوے رسنا سادِ ॥
ਕਾਹੂ ਬਿਹਾਵੈ ਲਪਟਿ ਸੰਗਿ ਨਾਰੀ ॥	کاہوُ بِہاوے لپٹِ سنگِ ناری ॥

ਸੰਤ ਰਚੇ ਕੇਵਲ ਨਾਮ ਮੁਰਾਰੀ ॥੨॥	سنّت رچے کیول نام مُراری ॥2॥
ਕਾਹੂ ਬਿਹਾਵੈ ਖੇਲਤ ਜੂਆ ॥	کاہوُ بِہاوے کھیلت جوُیا ॥
ਕਾਹੂ ਬਿਹਾਵੈ ਅਮਲੀ ਹੂਆ ॥	کاہوُ بِہاوے املی ہوُیا ॥
ਕਾਹੂ ਬਿਹਾਵੈ ਪਰ ਦਰਬ ਚੋਰਾਏ ॥	کاہوُ بِہاوے پر درب چورائے ॥
ਹਰਿ ਜਨ ਬਿਹਾਵੈ ਨਾਮ ਧਿਆਏ ॥੩॥	ہرِ جن بِہاوے نام دھِیائے ॥3॥
ਕਾਹੂ ਬਿਹਾਵੈ ਜੋਗ ਤਪ ਪੂਜਾ ॥	کاہوُ بِہاوے جوگ تپ پوُجا ॥
ਕਾਹੂ ਰੋਗ ਸੋਗ ਭਰਮੀਜਾ ॥	کاہوُ روگ سوگ بھرمیِجا ॥
ਕਾਹੂ ਪਵਨ ਧਾਰ ਜਾਤ ਬਿਹਾਏ ॥	کاہوُ پون دھار جات بِہائے ॥
ਸੰਤ ਬਿਹਾਵੈ ਕੀਰਤਨੁ ਗਾਏ ॥੪॥	سنّت بِہاوے کیِرتنُ گائے ॥4॥
ਕਾਹੂ ਬਿਹਾਵੈ ਦਿਨੁ ਰੈਨਿ ਚਾਲਤ ॥	کاہوُ بِہاوے دِنُ ریَنِ چالت ॥
ਕਾਹੂ ਬਿਹਾਵੈ ਸੋ ਪਿੜੁ ਮਾਲਤ ॥	کاہوُ بِہاوے سو پڑُ مالت ॥
ਕਾਹੂ ਬਿਹਾਵੈ ਬਾਲ ਪੜਾਵਤ ॥	کاہوُ بِہاوے بال پڑاوت ॥
ਸੰਤ ਬਿਹਾਵੈ ਹਰਿ ਜਸੁ ਗਾਵਤ ॥੫॥	سنّت بِہاوے ہرِ جسُ گاوت ॥5॥
ਕਾਹੂ ਬਿਹਾਵੈ ਨਟ ਨਾਟਿਕ ਨਿਰਤੇ ॥	کاہوُ بِہاوے نٹ ناٹِک نِرتے ॥
ਕਾਹੂ ਬਿਹਾਵੈ ਜੀਆਇਹ ਹਿਰਤੇ ॥	کاہوُ بِہاوے جیِیائِہ ہِرتے ॥
ਕਾਹੂ ਬਿਹਾਵੈ ਰਾਜ ਮਹਿ ਡਰਤੇ ॥	کاہوُ بِہاوے راج مہِ ڈرتے ॥
ਸੰਤ ਬਿਹਾਵੈ ਹਰਿ ਜਸੁ ਕਰਤੇ ॥੬॥	سنّت بِہاوے ہرِ جسُ کرتے ॥6॥
ਕਾਹੂ ਬਿਹਾਵੈ ਮਤਾ ਮਸੂਰਤਿ ॥	کاہوُ بِہاوے متا مسوُرتِ ॥
ਕਾਹੂ ਬਿਹਾਵੈ ਸੇਵਾ ਜਰੂਰਤਿ ॥	کاہوُ بِہاوے سیوا ضروُرتِ ॥
ਕਾਹੂ ਬਿਹਾਵੈ ਸੋਧਤ ਜੀਵਤ ॥	کاہوُ بِہاوے سودھت جیِوت ॥
ਸੰਤ ਬਿਹਾਵੈ ਹਰਿ ਰਸੁ ਪੀਵਤ ॥੭॥	سنّت بِہاوے ہرِ رسُ پیِوت ॥7॥
ਜਿਤੁ ਕੋ ਲਾਇਆ ਤਿਤ ਹੀ ਲਗਾਨਾ ॥	جِتُ کو لائیا تِت ہی لگانا ॥

ਨਾ ਕੋ ਮੂੜੁ ਨਹੀ ਕੋ ਸਿਆਨਾ ॥	نا کو موُڑُ نہی کو سِیانا ॥
ਕਰਿ ਕਿਰਪਾ ਜਿਸੁ ਦੇਵੈ ਨਾਉ ॥	کرِ کرِپا جِسُ دیوے ناءُ ॥
ਨਾਨਕ ਤਾ ਕੈ ਬਲਿ ਬਲਿ ਜਾਉ ॥੮॥੩॥	نانک تا کے بلِ بلِ جاءُ ॥8॥3॥
ਰਾਮਕਲੀ ਮਹਲਾ ੫ ॥	رامکلی محلا 5 ॥
ਦਾਵਾ ਅਗਨਿ ਰਹੇ ਹਰਿ ਬੂਟ ॥	داوا اگنِ رہے ہرِ بوُٹ ॥
ਮਾਤ ਗਰਭ ਸੰਕਟ ਤੇ ਛੂਟ ॥	مات گربھ سنکٹ تے چھوُٹ ॥
ਜਾ ਕਾ ਨਾਮੁ ਸਿਮਰਤ ਭਉ ਜਾਇ ॥	جا کا نامُ سِمرت بھءُ جاءِ ॥
ਤੈਸੇ ਸੰਤ ਜਨਾ ਰਾਖੈ ਹਰਿ ਰਾਇ ॥੧॥	تیَسے سنّت جنا راکھےَ ہرِ راءِ ॥1॥
ਐਸੇ ਰਾਖਨਹਾਰ ਦਇਆਲ ॥	ایَسے راکھنہار دئیال ۔ ॥
ਜਤ ਕਤ ਦੇਖਉ ਤੁਮ ਪ੍ਰਤਿਪਾਲ ॥੧॥ ਰਹਾਉ ॥	جت کت دیکھءُ تُم پرتپال ॥1॥ رہاءُ ॥
ਜਲੁ ਪੀਵਤ ਜਿਉ ਤਿਖਾ ਮਿਟੰਤ ॥	جلُ پیوت جِءُ تِکھا مِٹنّت ॥
ਧਨ ਬਿਗਸੈ ਗ੍ਰਿਹਿ ਆਵਤ ਕੰਤ ॥	دھن بِگسےَ گرِہِ آوت کنّت ॥
ਲੋਭੀ ਕਾ ਧਨੁ ਪ੍ਰਾਣ ਅਧਾਰੁ ॥	لوبھی کا دھنُ پرّانٹ ادھارُ ॥
ਤਿਉ ਹਰਿ ਜਨ ਹਰਿ ਹਰਿ ਨਾਮ ਪਿਆਰੁ ॥੨॥	تِءُ ہرِ جن ہرِ ہرِ نام پِیارُ ॥2॥
ਕਿਰਸਾਨੀ ਜਿਉ ਰਾਖੈ ਰਖਵਾਲਾ ॥	کِرسانی جِءُ راکھےَ رکھوالا ॥
ਮਾਤ ਪਿਤਾ ਦਇਆ ਜਿਉ ਬਾਲਾ ॥	مات پِتا دئیا جِءُ بالا ॥
ਪ੍ਰੀਤਮੁ ਦੇਖਿ ਪ੍ਰੀਤਮੁ ਮਿਲਿ ਜਾਇ ॥	پرّیتمُ دیکھِ پرّیتمُ مِلِ جاءِ ॥
ਤਿਉ ਹਰਿ ਜਨ ਰਾਖੈ ਕੰਠਿ ਲਾਇ ॥੩॥	تِءُ ہرِ جن راکھےَ کنٹھِ لاءِ ॥3॥
ਜਿਉ ਅੰਧੁਲੇ ਪੇਖਤ ਹੋਇ ਅਨੰਦ ॥	جِءُ انّدھُلے پیکھت ہوءِ انند ॥
ਗੂੰਗਾ ਬਕਤ ਗਾਵੈ ਬਹੁ ਛੰਦ ॥	گوُنگا بکت گاوے بہُ چھند ॥
ਪਿੰਗੁਲ ਪਰਬਤ ਪਰਤੇ ਪਾਰਿ ॥	پِنگُل پربت پرتے پارِ ॥
ਹਰਿ ਕੈ ਨਾਮਿ ਸਗਲ ਉਧਾਰਿ ॥੪॥	ہرِ کے نامِ سگل اُدھارِ ॥4॥

ਜਿਉ ਪਾਵਕ ਸੰਗਿ ਸੀਤ ਕੋ ਨਾਸ ॥
جِءُ پاوک سنگِ سیت کو ناس ॥

ਐਸੇ ਪ੍ਰਾਛਤ ਸੰਤਸੰਗਿ ਬਿਨਾਸ ॥
ایسے پّراچھت سنتسنگِ بِناس ॥

ਜਿਉ ਸਾਬੁਨਿ ਕਾਪਰ ਊਜਲ ਹੋਤ ॥
جِءُ صابُنِ کاپر اوُجل ہوت ॥

ਨਾਮ ਜਪਤ ਸਭੁ ਭ੍ਰਮੁ ਭਉ ਖੋਤ ॥੫॥
نام جپت سبھُ بھّرمُ بھءُ کھوت ॥5॥

ਜਿਉ ਚਕਵੀ ਸੂਰਜ ਕੀ ਆਸ ॥
جِءُ چکوی سوُرج کی آس ॥

ਜਿਉ ਚਾਤ੍ਰਿਕ ਬੂੰਦ ਕੀ ਪਿਆਸ ॥
جِءُ چاتّرِک بوُنّد کی پیاس ॥

ਜਿਉ ਕੁਰੰਕ ਨਾਦ ਕਰਨ ਸਮਾਨੇ ॥
جِءُ کُرنگ ناد کرن سمانے ॥

ਤਿਉ ਹਰਿ ਨਾਮ
ਹਰਿ ਜਨ ਮਨਹਿ ਸੁਖਾਨੇ ॥੬॥
تِءُ ہرِ نام
ہرِ جن منہِ سُکھانے ॥6॥

ਤੁਮਰੀ ਕ੍ਰਿਪਾ ਤੇ ਲਾਗੀ ਪ੍ਰੀਤਿ ॥
تُمری کّرپا تے لاگی پّریتِ ॥

ਦਇਆਲ ਭਏ ਤਾ ਆਏ ਚੀਤਿ ॥
دئیال بھئے تا آئے چیتِ ॥

ਦਇਆ ਧਾਰੀ ਤਿਨਿ ਧਾਰਣਹਾਰ ॥
دئیا دھاری تِنِ دھارنّہار ॥

ਬੰਧਨ ਤੇ ਹੋਈ ਛੁਟਕਾਰ ॥੭॥
بنّدھن تے ہوئی چھُٹکار ॥7॥

ਸਭਿ ਥਾਨ ਦੇਖੇ ਨੈਣ ਅਲੋਇ ॥
سبھِ تھان دیکھے نیَنْ الوءِ ॥

ਤਿਸੁ ਬਿਨੁ ਦੂਜਾ ਅਵਰੁ ਨ ਕੋਇ ॥
تِس بِنُ دوُجا اورُ ن کوءِ ॥

ਭ੍ਰਮ ਭੈ ਛੂਟੇ ਗੁਰ ਪਰਸਾਦ ॥
بھّرم بھےَ چھوُٹے گُر پرساد ॥

ਨਾਨਕ ਪੇਖਿਓ ਸਭੁ ਬਿਸਮਾਦ ॥੮॥੪॥
نانک پیکھِئو سبھُ بِسماد ॥8॥4॥

ਰਾਮਕਲੀ ਮਹਲਾ ੫ ॥
رامکلی محلا 5 ॥

ਜੀਅ ਜੰਤ ਸਭਿ ਪੇਖੀਅਹਿ
ਪ੍ਰਭ ਸਗਲ ਤੁਮਾਰੀ ਧਾਰਨਾ ॥੧॥
جیء جنّت سبھِ پیکھِیئہِ
پّربھ سگل تُماری دھارنا ॥1॥

ਇਹੁ ਮਨੁ ਹਰਿ ਕੈ ਨਾਮਿ ਉਧਾਰਨਾ ॥੧॥ ਰਹਾਉ ॥
اِہُ منُ ہرِ کے نامِ اُدھارنا ॥1॥ رہاءُ ॥

ਖਿਨ ਮਹਿ ਥਾਪਿ ਉਥਾਪੇ ਕੁਦਰਤਿ
ਸਭਿ ਕਰਤੇ ਕੇ ਕਾਰਨਾ ॥੨॥
کھِن مہِ تھاپِ اُتھاپے قُدرتِ
سبھِ کرتے کے کارنا ॥2॥

ਕਾਮੁ ਕ੍ਰੋਧੁ ਲੋਭੁ ਝੂਠੁ ਨਿੰਦਾ
ਸਾਧੂ ਸੰਗਿ ਬਿਦਾਰਨਾ ॥੩॥

کامُ کرودھُ لوبھُ جھوُٹھُ نِندا
سادھوُ سنگِ بِدارنا ॥3॥

ਨਾਮੁ ਜਪਤ ਮਨੁ ਨਿਰਮਲ ਹੋਵੈ
ਸੂਖੇ ਸੂਖਿ ਗੁਦਾਰਨਾ ॥੪॥

نامُ جپت منُ نِرمل ہووے
سوُکھے سوُکھِ گُدارنا ॥4॥

ਭਗਤ ਸਰਣਿ ਜੋ ਆਵੈ ਪ੍ਰਾਣੀ
ਤਿਸੁ ਈਹਾ ਊਹਾ ਨ ਹਾਰਨਾ ॥੫॥

بھگت سرنِ جو آوے پّراٹی
تِس ایہا اوُہا ن ہارنا ॥5॥

ਸੂਖ ਦੂਖ ਇਸੁ ਮਨ ਕੀ ਬਿਰਥਾ
ਤੁਮ ਹੀ ਆਗੈ ਸਾਰਨਾ ॥੬॥

سوُکھ دوُکھ اِس من کی بِرتھا
تُم ہی آگے سارنا ॥6॥

ਤੂ ਦਾਤਾ ਸਭਨਾ ਜੀਆ ਕਾ
ਆਪਨ ਕੀਆ ਪਾਲਨਾ ॥੭॥

توُ داتا سبھنا جیِیا کا
آپن کیِیا پالنا ॥7॥

ਅਨਿਕ ਬਾਰ ਕੋਟਿ ਜਨ ਊਪਰਿ
ਨਾਨਕੁ ਵੰਞੈ ਵਾਰਨਾ ॥੮॥੫॥

انِک بار کوٹِ جن اوُپرِ
نانکُ ونّجے وارنا ॥8॥5॥

ਰਾਮਕਲੀ ਮਹਲਾ ੫ ਅਸਟਪਦੀ

رامکلی محلا 5 اسٹپدی

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਦਰਸਨੁ ਭੇਟਤ ਪਾਪ ਸਭਿ ਨਾਸਹਿ
ਹਰਿ ਸਿਉ ਦੇਇ ਮਿਲਾਈ ॥੧॥

درسنُ بھیٹت پاپ سبھِ ناسہِ
ہرِ سِءُ دےءِ مِلائی ॥1॥

ਮੇਰਾ ਗੁਰੁ ਪਰਮੇਸਰੁ ਸੁਖਦਾਈ ॥

میرا گُرُ پرمیسرُ سُکھدائی ॥

ਪਾਰਬ੍ਰਹਮ ਕਾ ਨਾਮੁ ਦ੍ਰਿੜਾਏ
ਅੰਤੇ ਹੋਇ ਸਖਾਈ ॥੧॥ ਰਹਾਉ ॥

پاربّرہم کا نامُ دّرِڑائے
انّتے ہوءِ سکھائی ॥1॥ رہاءُ ॥

ਸਗਲ ਦੂਖ ਕਾ ਡੇਰਾ ਭੰਨਾ
ਸੰਤ ਧੂਰਿ ਮੁਖਿ ਲਾਈ ॥੨॥

سگل دوُکھ کا ڈیِرا بھنّنا
سنّت دھوُرِ مُکھِ لائی ॥2॥

ਪਤਿਤ ਪੁਨੀਤ ਕੀਏ ਖਿਨ ਭੀਤਰਿ
ਅਗਿਆਨੁ ਅੰਧੇਰੁ ਵੰਞਾਈ ॥੩॥

پتِت پُنیت کیِے کھِن بھیِترِ
اگیانُ اندھیرُ ونّجائی ॥3॥

ਕਰਣ ਕਾਰਣ ਸਮਰਥ ਸੁਆਮੀ
ਨਾਨਕ ਤਿਸੁ ਸਰਣਾਈ ॥੪॥

کرنُ کارنُ سمرتھ سُیامی
نانک تِس سرنّائی ॥4॥

ਬੰਧਨ ਤੋੜਿ ਚਰਨ ਕਮਲ ਦ੍ਰਿੜਾਏ
ਏਕ ਸਬਦਿ ਲਿਵ ਲਾਈ ॥੫॥

بنّدھن توڑِ چرن کمل دڑِڑائے
ایک سبدِ لِو لائی ॥5॥

ਅੰਧ ਕੂਪ ਬਿਖਿਆ ਤੇ ਕਾਢਿਓ
ਸਾਚ ਸਬਦਿ ਬਣਿ ਆਈ ॥੬॥

انّدھ کوُپ بِکھیا تے کاڈھِئو
ساچ سبدِ بنِ آئی ॥6॥

ਜਨਮ ਮਰਣ ਕਾ ਸਹਸਾ ਚੂਕਾ
ਬਾਹੁੜਿ ਕਤਹੁ ਨ ਧਾਈ ॥੭॥

جنم مرنّ کا سہسا چوُکا
باہُڑِ کتہٗ ن دھائی ॥7॥

ਨਾਮ ਰਸਾਇਣਿ ਇਹੁ ਮਨੁ ਰਾਤਾ
ਅੰਮ੍ਰਿਤੁ ਪੀ ਤ੍ਰਿਪਤਾਈ ॥੮॥

نام رسائِنّ اِہُ منُ راتا
انّمرِتُ پی ترِپتائی ॥8॥

ਸੰਤਸੰਗਿ ਮਿਲਿ ਕੀਰਤਨੁ ਗਾਇਆ
ਨਿਹਚਲ ਵਸਿਆ ਜਾਈ ॥੯॥

سنتسنگِ مِلِ کیرتنُ گائِیا
نِہچل وسِیا جائی ॥9॥

ਪੂਰੈ ਗੁਰਿ ਪੂਰੀ ਮਤਿ ਦੀਨੀ
ਹਰਿ ਬਿਨੁ ਆਨ ਨ ਭਾਈ ॥੧੦॥

پوُرے گُرِ پوُری متِ دینی
ہرِ بِنُ آن ن بھائی ॥ 10 ॥

ਨਾਮੁ ਨਿਧਾਨੁ ਪਾਇਆ ਵਡਭਾਗੀ
ਨਾਨਕ ਨਰਕਿ ਨ ਜਾਈ ॥੧੧॥

نامُ نِدھانُ پائِیا وڈبھاگی
نانک نرکِ ن جائی ॥ 11 ॥

ਘਾਲ ਸਿਆਣਪ ਉਕਤਿ ਨ ਮੇਰੀ
ਪੂਰੈ ਗੁਰੂ ਕਮਾਈ ॥੧੨॥

گھال سِیانپ اُکتِ ن میری
پوُرے گُروُ کمائی ॥ 12 ॥

ਜਪ ਤਪ ਸੰਜਮ ਸੁਚਿ ਹੈ ਸੋਈ
ਆਪੇ ਕਰੇ ਕਰਾਈ ॥੧੩॥

جپ تپ سنّجم سُچِ ہے سوئی
آپے کرے کرائی ॥ 13 ॥

ਪੁਤ੍ਰ ਕਲਤ੍ਰ ਮਹਾ ਬਿਖਿਆ ਮਹਿ
ਗੁਰਿ ਸਾਚੈ ਲਾਇ ਤਰਾਈ ॥੧੪॥

پُتّر کلتّر مہا بِکھیا مہِ
گُرِ ساچے لاءِ ترائی ॥ 14 ॥

ਅਪਣੇ ਜੀਅ ਤੈ ਆਪਿ ਸਮ੍ਹਾਲੇ
ਆਪਿ ਲੀਏ ਲੜਿ ਲਾਈ ॥੧੫॥

اپنّے جیء تے آپِ سمہّالے
آپِ لیئے لڑِ لائی ॥ 15 ॥

ਸਾਚ ਧਰਮ ਕਾ ਬੇੜਾ ਬਾਂਧਿਆ
ਭਵਜਲੁ ਪਾਰਿ ਪਵਾਈ ॥੧੬॥

ساچ دھرم کا بیڑا باندھِیا
بھوجلُ پارِ پوائی ॥ 16 ॥

ਬੇਸੁਮਾਰ ਬੇਅੰਤ ਸੁਆਮੀ
ਨਾਨਕ ਬਲਿ ਬਲਿ ਜਾਈ ॥੧੭॥

بیشُمار بیئنّت سُیامی

نانک بلِ بلِ جائی ॥ 17 ॥

ਅਕਾਲ ਮੂਰਤਿ ਅਜੂਨੀ ਸੰਭਉ
ਕਲਿ ਅੰਧਕਾਰ ਦੀਪਾਈ ॥੧੮॥

اکال مُورتِ اجُونی سنّبھءُ
کلِ اندھکار دیپائی ॥ 18 ॥

ਅੰਤਰਜਾਮੀ ਜੀਅਨ ਕਾ ਦਾਤਾ
ਦੇਖਤ ਤ੍ਰਿਪਤਿ ਅਘਾਈ ॥੧੯॥

انترجامی جیئن کا داتا
دیکھت ترِپتِ اگھائی ॥ 19 ॥

ਏਕੰਕਾਰੁ ਨਿਰੰਜਨੁ ਨਿਰਭਉ
ਸਭ ਜਲਿ ਥਲਿ ਰਹਿਆ ਸਮਾਈ ॥੨੦॥

ایکنکارُ نِرنجنُ نِربھءُ
سبھ جلِ تھلِ رہِیا سمائی ॥ 20 ॥

ਭਗਤਿ ਦਾਨੁ ਭਗਤਾ ਕਉ ਦੀਨਾ
ਹਰਿ ਨਾਨਕੁ ਜਾਚੈ ਮਾਈ ॥੨੧॥੧॥੬॥

بھگتِ دانُ بھگتا کءُ دِینا
ہرِ نانکُ جاچےَ مائی ۔ ॥ 21 ॥ 1 ॥ 6 ॥

ਰਾਮਕਲੀ ਮਹਲਾ ੫ ॥

رامکلی محلا 5 ॥

ਸਲੋਕੁ ॥

سلوکُ ॥

ਸਿਖਹੁ ਸਬਦੁ ਪਿਆਰਿਹੋ
ਜਨਮ ਮਰਨ ਕੀ ਟੇਕ ॥

سِکھہُ سبدُ پیارِہو
جنم مرن کی ٹیک ॥

ਮੁਖੁ ਊਜਲੁ ਸਦਾ ਸੁਖੀ
ਨਾਨਕ ਸਿਮਰਤ ਏਕ ॥੧॥

مُکھُ اوُجلُ سدا سُکھی
نانک سِمرت ایک ॥ 1 ॥

ਮਨੁ ਤਨੁ ਰਾਤਾ ਰਾਮ ਪਿਆਰੇ
ਹਰਿ ਪ੍ਰੇਮ ਭਗਤਿ ਬਣਿ ਆਈ ਸੰਤਹੁ ॥੧॥

منُ تنُ راتا رام پِیارے
ہرِ پریم بھگتِ بنِ آئی سنّتہُ ۔ ॥ 1 ॥

ਸਤਿਗੁਰਿ ਖੇਪ ਨਿਬਾਹੀ ਸੰਤਹੁ ॥

ستِگُرِ کھیپ نِباہی سنّتہُ ۔ ॥

ਹਰਿ ਨਾਮੁ ਲਾਹਾ ਦਾਸ ਕਉ ਦੀਆ
ਸਗਲੀ ਤ੍ਰਿਸਨ ਉਲਾਹੀ ਸੰਤਹੁ ॥੧॥ ਰਹਾਉ ॥

ہرِ نامُ لاہا داس کءُ دِیِیا
سگلی ترِسن اُلاہی سنّتہُ ۔ ॥ 1 ॥ رہاءُ ॥

ਖੋਜਤ ਖੋਜਤ ਲਾਲੁ ਇਕੁ ਪਾਇਆ
ਹਰਿ ਕੀਮਤਿ ਕਹਣੁ ਨ ਜਾਈ ਸੰਤਹੁ ॥੨॥

کھوجت کھوجت لالُ اِکُ پائِیا
ہرِ قِیمتِ کہنُ ن جائی سنّتہُ ۔ ॥ 2 ॥

ਚਰਨ ਕਮਲ ਸਿਉ ਲਾਗੋ ਧਿਆਨਾ
ਸਾਚੈ ਦਰਸਿ ਸਮਾਈ ਸੰਤਹੁ ॥੩॥

چرن کمل سِءُ لاگو دھِیانا
ساچےَ درسِ سمائی سنّتہُ ۔ ॥ 3 ॥

ਗੁਣ ਗਾਵਤ ਗਾਵਤ ਭਏ ਨਿਹਾਲਾ

گُنُ گاوت گاوت بھےَ نِہالا

ਹਰਿ ਸਿਮਰਤ ਤ੍ਰਿਪਤਿ ਅਘਾਈ ਸੰਤਹੁ ॥੪॥

ہرِ سِمرت ترِپتِ اگھائی سنّتہُ ۔ ॥4॥

ਆਤਮ ਰਾਮੁ ਰਵਿਆ ਸਭ ਅੰਤਰਿ
ਕਤ ਆਵੈ ਕਤ ਜਾਈ ਸੰਤਹੁ ॥੫॥

آتم رامُ روِیا سبھ انترِ
کت آوے کت جائی سنّتہُ ۔ ॥5॥

ਆਦਿ ਜੁਗਾਦੀ ਹੈ ਭੀ ਹੋਸੀ
ਸਭ ਜੀਆ ਕਾ ਸੁਖਦਾਈ ਸੰਤਹੁ ॥੬॥

آدِ جُگادی ہے بھی ہوسی
سبھ جیِیا کا سُکھدائی سنّتہُ ۔ ॥6॥

ਆਪਿ ਬੇਅੰਤੁ ਅੰਤੁ ਨਹੀ ਪਾਈਐ
ਪੂਰਿ ਰਹਿਆ ਸਭ ਠਾਈ ਸੰਤਹੁ ॥੭॥

آپِ بیئنّتُ انّتُ نہی پائیئے
پُورِ رہِیا سبھ ٹھائی سنّتہُ ۔ ॥7॥

ਮੀਤ ਸਾਜਨ ਮਾਲੁ ਜੋਬਨੁ ਸੁਤ
ਹਰਿ ਨਾਨਕ ਬਾਪੁ ਮੇਰੀ ਮਾਈ ਸੰਤਹੁ ॥੮॥੨॥੭॥

میت ساجن مالُ جوبنُ سُت
ہرِ نانک باپُ میری مائی سنّتہُ ۔ ॥8॥2॥7॥

ਰਾਮਕਲੀ ਮਹਲਾ ੫ ॥

رامکلی محلا 5 ॥

ਮਨ ਬਚ ਕ੍ਰਮਿ ਰਾਮ ਨਾਮੁ ਚਿਤਾਰੀ ॥

من بچ کرمِ رام نامُ چِتاری ॥

ਘੂਮਨ ਘੇਰਿ ਮਹਾ ਅਤਿ ਬਿਖੜੀ
ਗੁਰਮੁਖਿ ਨਾਨਕ ਪਾਰਿ ਉਤਾਰੀ ॥੧॥ ਰਹਾਉ ॥

گھومن گھیرِ مہا اتِ بِکھڑی
گُرمُکھِ نانک پارِ اُتاری ॥1॥ رہاءُ ॥

ਅੰਤਰਿ ਸੂਖਾ ਬਾਹਰਿ ਸੂਖਾ
ਹਰਿ ਜਪਿ ਮਲਨ ਭਏ ਦੁਸਟਾਰੀ ॥੧॥

انترِ سوُکھا باہرِ سوُکھا
ہرِ جپِ ملن بھئے دُسٹاری ॥1॥

ਜਿਸ ਤੇ ਲਾਗੇ ਤਿਨਹਿ ਨਿਵਾਰੇ
ਪ੍ਰਭ ਜੀਉ ਅਪਣੀ ਕਿਰਪਾ ਧਾਰੀ ॥੨॥

جِس تے لاگے تِنہِ نِوارے
پربھ جیِءُ اپنی کِرپا دھاری ॥2॥

ਉਧਰੇ ਸੰਤ ਪਰੇ ਹਰਿ ਸਰਨੀ
ਪਚਿ ਬਿਨਸੇ ਮਹਾ ਅਹੰਕਾਰੀ ॥੩॥

اُدھرے سنّت پرے ہرِ سرنی
پچِ بِنسے مہا اہنکاری ॥3॥

ਸਾਧੂ ਸੰਗਤਿ ਇਹੁ ਫਲੁ ਪਾਇਆ
ਇਕੁ ਕੇਵਲ ਨਾਮੁ ਅਧਾਰੀ ॥੪॥

سادھوُ سنگتِ اِہُ پھلُ پائیا
اِکُ کیول نامُ ادھاری ॥4॥

ਨ ਕੋਈ ਸੂਰੁ ਨ ਕੋਈ
ਹੀਣਾ ਸਭ ਪ੍ਰਗਟੀ ਜੋਤਿ ਤੁਮ੍ਹਾਰੀ ॥੫॥

ن کوئی سوُرُ ن کوئی
ہِینا سبھ پرگٹی جوتِ تُمہّاری ॥5॥

ਤੁਮ੍ ਸਮਰਥ ਅਕਥ ਅਗੋਚਰ
ਰਵਿਆ ਏਕੁ ਮੁਰਾਰੀ ॥੬॥

تُمہ سمرتھ اکتھ اگوچر
روِیا ایکُ مُراری ॥6॥

ਕੀਮਤਿ ਕਉਣੁ ਕਰੇ ਤੇਰੀ ਕਰਤੇ
ਪ੍ਰਭ ਅੰਤੁ ਨ ਪਾਰਾਵਾਰੀ ॥੭॥

قِیمتِ کُنُ کرے تیری کرتے
پربھ انتُ ن پاراواری ॥7॥

ਨਾਮ ਦਾਨੁ ਨਾਨਕ ਵਡਿਆਈ
ਤੇਰਿਆ ਸੰਤ ਜਨਾ ਰੇਣਾਰੀ ॥੮॥੩॥੮॥੨੨॥

نام دانُ نانک وڈیائی
تیریا سنت جنا ریٹاری ॥8॥3॥8॥ 22 ॥

ਰਾਮਕਲੀ ਮਹਲਾ ੩ ਅਨੰਦੁ

رامکلی محلا 3 انندُ

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਅਨੰਦੁ ਭਇਆ ਮੇਰੀ ਮਾਏ
ਸਤਿਗੁਰੂ ਮੈ ਪਾਇਆ ॥

انندُ بھئیا میری مائے
ستِگُرو مے پائیا ॥

ਸਤਿਗੁਰੁ ਤ ਪਾਇਆ ਸਹਜ ਸੇਤੀ
ਮਨਿ ਵਜੀਆ ਵਾਧਾਈਆ ॥

ستِگُرُ ت پائیا سہج سیتی
منِ وجیا وادھائیا ॥

ਰਾਗ ਰਤਨ ਪਰਵਾਰ ਪਰੀਆ
ਸਬਦ ਗਾਵਣ ਆਈਆ ॥

راگ رتن پروار پریا
سبد گاونُ آئیا ॥

ਸਬਦੋ ਤ ਗਾਵਹੁ ਹਰੀ ਕੇਰਾ
ਮਨਿ ਜਿਨੀ ਵਸਾਇਆ ॥

سبدو ت گاوہُ ہری کیرا
منِ جِنی وسائیا ॥

ਕਹੈ ਨਾਨਕੁ ਅਨੰਦੁ ਹੋਆ
ਸਤਿਗੁਰੂ ਮੈ ਪਾਇਆ ॥੧॥

کہے نانکُ انندُ ہویا
ستِگُرو مے پائیا ॥1॥

ਏ ਮਨ ਮੇਰਿਆ
ਤੂ ਸਦਾ ਰਹੁ ਹਰਿ ਨਾਲੇ ॥

اے من میریا
توُ سدا رہُ ہرِ نالے ॥

ਹਰਿ ਨਾਲਿ ਰਹੁ ਤੂ ਮੰਨ ਮੇਰੇ
ਦੂਖ ਸਭਿ ਵਿਸਾਰਣਾ ॥

ہرِ نالِ رہُ توُ منّ میرے
دوُکھ سبھِ وِسارٹا ॥

ਅੰਗੀਕਾਰੁ ਓਹੁ ਕਰੇ ਤੇਰਾ
ਕਾਰਜ ਸਭਿ ਸਵਾਰਣਾ ॥

انگیکارُ اوہُ کرے تیرا
کارج سبھِ سوارٹا ॥

ਸਭਨਾ ਗਲਾ ਸਮਰਥੁ ਸੁਆਮੀ
ਸੋ ਕਿਉ ਮਨਹੁ ਵਿਸਾਰੇ ॥

سبھنا گلا سمرتھُ سُیامی
سو کِءُ منہُ وِسارے ۔ ॥

ਕਹੈ ਨਾਨਕੁ ਮੰਨ ਮੇਰੇ

کہے نانکُ منّ میرے

ਸਦਾ ਰਹੁ ਹਰਿ ਨਾਲੇ ॥੨॥

سدا رہُ ہرِ نالے ॥2॥

ਸਾਚੇ ਸਾਹਿਬਾ
ਕਿਆ ਨਾਹੀ ਘਰਿ ਤੇਰੈ ॥

ساچے صاحِبا
کِیا ناہی گھرِ تیرے ۔ ॥

ਘਰਿ ਤ ਤੇਰੈ ਸਭੁ ਕਿਛੁ ਹੈ
ਜਿਸੁ ਦੇਹਿ ਸੁ ਪਾਵਏ ॥

گھرِت تیرے سبھُ کچھُ ہے
جِسُ دیہِ سُ پاوئے ॥

ਸਦਾ ਸਿਫਤਿ ਸਲਾਹ ਤੇਰੀ
ਨਾਮੁ ਮਨਿ ਵਸਾਵਏ ॥

سدا صِفتِ سلاح تیری
نامُ منِ وساوئے ॥

ਨਾਮੁ ਜਿਨ ਕੈ ਮਨਿ ਵਸਿਆ
ਵਾਜੇ ਸਬਦ ਘਨੇਰੇ ॥

نامُ جِن کے منِ وسِیا
واجے سبد گھنیرے ॥

ਕਹੈ ਨਾਨਕੁ ਸਚੇ ਸਾਹਿਬ
ਕਿਆ ਨਾਹੀ ਘਰਿ ਤੇਰੈ ॥੩॥

کہے نانکُ سچے صاحِب
کِیا ناہی گھرِ تیرے ۔ ॥3॥

ਸਾਚਾ ਨਾਮੁ ਮੇਰਾ ਆਧਾਰੋ ॥

ساچا نامُ میرا آدھارو ॥

ਸਾਚੁ ਨਾਮੁ ਅਧਾਰੁ ਮੇਰਾ
ਜਿਨਿ ਭੁਖਾ ਸਭਿ ਗਵਾਈਆ ॥

ساچُ نامُ ادھارُ میرا
جِنِ بھکھا سبھِ گوائِیا ॥

ਕਰਿ ਸਾਂਤਿ ਸੁਖ ਮਨਿ ਆਇ ਵਸਿਆ
ਜਿਨਿ ਇਛਾ ਸਭਿ ਪੁਜਾਈਆ ॥

کرِ سانتِ سُکھ منِ آءِ وسِیا
جِنِ اِچھا سبھِ پُجائِیا ॥

ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ
ਜਿਸ ਦੀਆ ਏਹਿ ਵਡਿਆਈਆ ॥

سدا قُربانُ کِیتا گُرو وِٹہُ
جِس دِیا ایہِ وڈِیائِیا ॥

ਕਹੈ ਨਾਨਕੁ ਸੁਣਹੁ ਸੰਤਹੁ
ਸਬਦਿ ਧਰਹੁ ਪਿਆਰੋ ॥

کہے نانکُ سُنّہُ سنّتہُ
سبدِ دھرہُ پِیارو ॥

ਸਾਚਾ ਨਾਮੁ ਮੇਰਾ ਆਧਾਰੋ ॥੪॥

ساچا نامُ میرا آدھارو ॥4॥

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥

واجے پنّج سبد تِتُ گھرِ سبھاگے ॥

ਘਰਿ ਸਭਾਗੈ ਸਬਦ ਵਾਜੇ
ਕਲਾ ਜਿਤੁ ਘਰਿ ਧਾਰੀਆ ॥

گھرِ سبھاگے سبد واجے
کلا جِتُ گھرِ دھارِیا ॥

ਪੰਚ ਦੂਤ ਤੁਧੁ ਵਸਿ ਕੀਤੇ

پنّج دوُت تُدھُ وسِ کِیتے

ਕਾਲੁ ਕੰਟਕੁ ਮਾਰਿਆ ॥

کالُ کنٹکُ مارِیا ॥

ਧੁਰਿ ਕਰਮਿ ਪਾਇਆ ਤੁਧੁ ਜਿਨ ਕਉ
ਸਿ ਨਾਮਿ ਹਰਿ ਕੈ ਲਾਗੇ ॥

دھُرِ کرمِ پائِیا تُدھُ جِن ک ءُ
سِ نامِ ہرِ کے لاگے ॥

ਕਹੈ ਨਾਨਕੁ ਤਹ ਸੁਖੁ ਹੋਆ
ਤਿਤੁ ਘਰਿ ਅਨਹਦ ਵਾਜੇ ॥੫॥

کہے نانکُ تہ سُکھُ ہویا
تِتُ گھرِ انہد واجے ॥5॥

ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥

ساچی لِوے بِنُ دیہ نِمانُّی ॥

ਦੇਹ ਨਿਮਾਣੀ ਲਿਵੈ ਬਾਝਹੁ
ਕਿਆ ਕਰੇ ਵੇਚਾਰੀਆ ॥

دیہ نِمانُّی لِوے باجھُ
کِیا کرے ویچارِیا ۔ ॥

ਤੁਧੁ ਬਾਝੁ ਸਮਰਥ ਕੋਇ ਨਾਹੀ
ਕ੍ਰਿਪਾ ਕਰਿ ਬਨਵਾਰੀਆ ॥

تُدھُ باجھُ سمرتھ کوءِ ناہی
کِرپا کرِ بنوارِیا ۔ ॥

ਏਸ ਨਉ ਹੋਰੁ ਥਾਉ ਨਾਹੀ
ਸਬਦਿ ਲਾਗਿ ਸਵਾਰੀਆ ॥

ایس ن ءُ ہورُ تھاءُ ناہی
سبدِ لاگِ سوارِیا ॥

ਕਹੈ ਨਾਨਕੁ ਲਿਵੈ ਬਾਝਹੁ
ਕਿਆ ਕਰੇ ਵੇਚਾਰੀਆ ॥੬॥

کہے نانکُ لِوے باجھُ
کِیا کرے ویچارِیا ۔ ॥6॥

ਆਨੰਦੁ ਆਨੰਦੁ ਸਭੁ ਕੋ ਕਹੈ
ਆਨੰਦੁ ਗੁਰੂ ਤੇ ਜਾਣਿਆ ॥

آنندُ آنندُ سبھُ کو کہے
آنندُ گُرو تے جانِیا ॥

ਜਾਣਿਆ ਆਨੰਦੁ ਸਦਾ ਗੁਰ ਤੇ
ਕ੍ਰਿਪਾ ਕਰੇ ਪਿਆਰਿਆ ॥

جانِیا آنندُ سدا گُر تے
کِرپا کرے پِیارِیا ۔ ॥

ਕਰਿ ਕਿਰਪਾ ਕਿਲਵਿਖ ਕਟੇ
ਗਿਆਨ ਅੰਜਨੁ ਸਾਰਿਆ ॥

کرِ کِرپا کِلوِکھ کٹے
گِیان انجنُ سارِیا ॥

ਅੰਦਰਹੁ ਜਿਨ ਕਾ ਮੋਹੁ ਤੁਟਾ
ਤਿਨ ਕਾ ਸਬਦੁ ਸਚੈ ਸਵਾਰਿਆ ॥

انّدرہُ جِن کا موہُ ٹُٹا
تِن کا سبدُ سچے سوارِیا ॥

ਕਹੈ ਨਾਨਕੁ ਏਹੁ ਅਨੰਦੁ ਹੈ
ਆਨੰਦੁ ਗੁਰ ਤੇ ਜਾਣਿਆ ॥੭॥

کہے نانکُ ایہُ انندُ ہے
آنندُ گُر تے جانِیا ॥7॥

ਬਾਬਾ ਜਿਸੁ ਤੂ ਦੇਹਿ

بابا جِسُ تُو دیہِ

ਸੋਈ ਜਨੁ ਪਾਵੈ ॥

سوئی جنُ پاوے ॥

ਪਾਵੈ ਤ ਸੋ ਜਨੁ ਦੇਹਿ ਜਿਸ ਨੋ
ਹੋਰਿ ਕਿਆ ਕਰਹਿ ਵੇਚਾਰਿਆ ॥

پاوے ت سو جنُ دیہِ جِس نو
ہورِ کِیا کرہِ ویچارِیا ۔ ॥

ਇਕਿ ਭਰਮਿ ਭੂਲੇ ਫਿਰਹਿ ਦਹ ਦਿਸਿ
ਇਕਿ ਨਾਮਿ ਲਾਗਿ ਸਵਾਰਿਆ ॥

اِکِ بھرمِ بھوُلے پھِرہِ دہ دِس
اِکِ نامِ لاگِ سوارِیا ॥

ਗੁਰ ਪਰਸਾਦੀ ਮਨੁ ਭਇਆ ਨਿਰਮਲੁ
ਜਿਨਾ ਭਾਣਾ ਭਾਵਏ ॥

گُر پرسادی منُ بھئِیا نِرملُ
جِنا بھاٹا بھاوے ॥

ਕਹੈ ਨਾਨਕੁ ਜਿਸੁ ਦੇਹਿ ਪਿਆਰੇ
ਸੋਈ ਜਨੁ ਪਾਵਏ ॥੮॥

کہے نانکُ جِسُ دیہِ پِیارے
سوئی جنُ پاوے ॥8॥

ਆਵਹੁ ਸੰਤ ਪਿਆਰਿਹੋ
ਅਕਥ ਕੀ ਕਰਹ ਕਹਾਣੀ ॥

آوہُ سنّت پِیارِہو
اکتھ کی کرہ کہاٹی ॥

ਕਰਹ ਕਹਾਣੀ ਅਕਥ ਕੇਰੀ
ਕਿਤੁ ਦੁਆਰੈ ਪਾਈਐ ॥

کرہ کہاٹی اکتھ کیری
کِتُ دُیارے پائیئے ۔ ॥

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ
ਹੁਕਮਿ ਮੰਨਿਐ ਪਾਈਐ ॥

تنُ منُ دھنُ سبھُ سنُپِ گُر ک ءُ
حُکمِ منّئے پائیئے ॥

ਹੁਕਮੁ ਮੰਨਿਹੁ ਗੁਰੂ ਕੇਰਾ
ਗਾਵਹੁ ਸਚੀ ਬਾਣੀ ॥

حُکمُ منّئہُ گُروُ کیرا
گاوہُ سچی باٹی ॥

ਕਹੈ ਨਾਨਕੁ ਸੁਣਹੁ ਸੰਤਹੁ
ਕਥਿਹੁ ਅਕਥ ਕਹਾਣੀ ॥੯॥

کہے نانکُ سُنّئہُ سنّتہُ
کتھِہُ اکتھ کہاٹی ॥9॥

ਏ ਮਨ ਚੰਚਲਾ
ਚਤੁਰਾਈ ਕਿਨੈ ਨ ਪਾਇਆ ॥

اے من چنچلا
چترائی کِنے ن پائِیا ॥

ਚਤੁਰਾਈ ਨ ਪਾਇਆ ਕਿਨੈ
ਤੂ ਸੁਣਿ ਮੰਨ ਮੇਰਿਆ ॥

چترائی ن پائِیا کِنے
توُ سُنِ منّ میرِیا ۔ ॥

ਏਹ ਮਾਇਆ ਮੋਹਣੀ
ਜਿਨਿ ਏਤੁ ਭਰਮਿ ਭੁਲਾਇਆ ॥

ایہ مائِیا موہنّی
جِنِ ایتُ بھرمِ بھُلائِیا ॥

ਮਾਇਆ ਤ ਮੋਹਣੀ ਤਿਨੈ ਕੀਤੀ
ਜਿਨਿ ਠਗਉਲੀ ਪਾਈਆ ॥

ماىٕيا ت موہنٹی تِنےٕ کِیتی
جِنِ ٹھگئلی پاىٕیا ॥

ਕੁਰਬਾਣੁ ਕੀਤਾ ਤਿਸੈ ਵਿਟਹੁ
ਜਿਨਿ ਮੋਹੁ ਮੀਠਾ ਲਾਇਆ ॥

قُربانُ کِیتا تِسےٕ وِٹہُ
جِنِ موہُ مِیٹھا لاىٕیا ॥

ਕਹੈ ਨਾਨਕੁ ਮਨ ਚੰਚਲ
ਚਤੁਰਾਈ ਕਿਨੈ ਨ ਪਾਇਆ ॥੧੦॥

کہےٕ نانکُ من چنچّل
چترائی کِنےٕ ن پاىٕیا ॥ 10 ॥

ਏ ਮਨ ਪਿਆਰਿਆ
ਤੂ ਸਦਾ ਸਚੁ ਸਮਾਲੇ ॥

اے من پِیارِیا
توُ سدا سچُ سمالے ॥

ਏਹੁ ਕੁਟੰਬੁ ਤੂ ਜਿ ਦੇਖਦਾ
ਚਲੈ ਨਾਹੀ ਤੇਰੈ ਨਾਲੇ ॥

ایہُ کُٹنّبُ توُ جِ دیکھدا
چلےَ ناہی تیرےَ نالے ॥

ਸਾਥਿ ਤੇਰੈ ਚਲੈ ਨਾਹੀ
ਤਿਸੁ ਨਾਲਿ ਕਿਉ ਚਿਤੁ ਲਾਈਐ ॥

ساتھِ تیرےَ چلےَ ناہی
تِس نالِ کِءُ چِتُ لائیئےَ۔ ॥

ਐਸਾ ਕੰਮੁ ਮੂਲੇ ਨ ਕੀਚੈ
ਜਿਤੁ ਅੰਤਿ ਪਛੋਤਾਈਐ ॥

ایَسا کنّمُ موُلے ن کِیچےَ
جِتُ انّتِ پچھوتائیئےَ ॥

ਸਤਿਗੁਰੂ ਕਾ ਉਪਦੇਸੁ ਸੁਣਿ ਤੂ
ਹੋਵੈ ਤੇਰੈ ਨਾਲੇ ॥

ستِگُرو کا اُپدیسُ سُنِ توُ
ہووےَ تیرےَ نالے ॥

ਕਹੈ ਨਾਨਕੁ ਮਨ ਪਿਆਰੇ
ਤੂ ਸਦਾ ਸਚੁ ਸਮਾਲੇ ॥੧੧॥

کہےٕ نانکُ من پِیارے
توُ سدا سچُ سمالے ॥ 11 ॥

ਅਗਮ ਅਗੋਚਰਾ
ਤੇਰਾ ਅੰਤੁ ਨ ਪਾਇਆ ॥

اگم اگوچرا
تیرا انّتُ ن پاىٕیا ॥

ਅੰਤੋ ਨ ਪਾਇਆ ਕਿਨੈ ਤੇਰਾ
ਆਪਣਾ ਆਪੁ ਤੂ ਜਾਣਹੇ ॥

انّتو ن پاىٕیا کِنےٕ تیرا
آپنا آپُ توُ جانھے ॥

ਜੀਅ ਜੰਤ ਸਭਿ ਖੇਲੁ ਤੇਰਾ
ਕਿਆ ਕੋ ਆਖਿ ਵਖਾਣਏ ॥

جیٔ جنّت سبھِ کھیلُ تیرا
کِیا کو آکھِ وکھانےٕ۔ ॥

ਆਖਹਿ ਤ ਵੇਖਹਿ ਸਭੁ ਤੂਹੈ
ਜਿਨਿ ਜਗਤੁ ਉਪਾਇਆ ॥

آکھِ ت ویکھِ سبھُ توُہےَ

ਕਹੈ ਨਾਨਕੁ ਤੂ ਸਦਾ ਅਗੰਮੁ ਹੈ
ਤੇਰਾ ਅੰਤੁ ਨ ਪਾਇਆ ॥੧੨॥

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ
ਸੁ ਅੰਮ੍ਰਿਤੁ ਗੁਰ ਤੇ ਪਾਇਆ ॥

ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ
ਸਚਾ ਮਨਿ ਵਸਾਇਆ ॥

ਜੀਅ ਜੰਤ ਸਭਿ ਤੁਧੁ ਉਪਾਏ
ਇਕਿ ਵੇਖਿ ਪਰਸਣਿ ਆਇਆ ॥

ਲਬੁ ਲੋਭੁ ਅਹੰਕਾਰੁ ਚੂਕਾ
ਸਤਿਗੁਰੂ ਭਲਾ ਭਾਇਆ ॥

ਕਹੈ ਨਾਨਕੁ ਜਿਸ ਨੋ ਆਪਿ ਤੁਠਾ
ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥੧੩॥

ਭਗਤਾ ਕੀ ਚਾਲ ਨਿਰਾਲੀ ॥

ਚਾਲਾ ਨਿਰਾਲੀ ਭਗਤਾਹ ਕੇਰੀ
ਬਿਖਮ ਮਾਰਗਿ ਚਲਣਾ ॥

ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ
ਬਹੁਤੁ ਨਾਹੀ ਬੋਲਣਾ ॥

ਖੰਨਿਅਹੁ ਤਿਖੀ ਵਾਲਹੁ ਨਿਕੀ
ਏਤੁ ਮਾਰਗਿ ਜਾਣਾ ॥

ਗੁਰ ਪਰਸਾਦੀ ਜਿਨੀ ਆਪੁ ਤਜਿਆ
ਹਰਿ ਵਾਸਨਾ ਸਮਾਣੀ ॥

ਕਹੈ ਨਾਨਕੁ ਚਾਲ ਭਗਤਾ
ਜੁਗਹੁ ਜੁਗੁ ਨਿਰਾਲੀ ॥੧੪॥

ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ

جِنِ جگتُ اُپائِیا ॥

کہے نانکُ توُ سدا اگمُ ہے
تیرا انتُ ن پائِیا ॥ 12 ॥

سُرِ نر مُنِ جن انمّرِتُ کھوجدے
سُ انمّرِتُ گُر تے پائِیا ॥

پائِیا انمّرِتُ گُرِ کرِپا کِینی
سچا منِ وسائِیا ॥

جیء جنّت سبھِ تُدھُ اُپائے
اِکِ ویکھِ پرسنِّ آئِیا ॥

لبُ لوبھُ اہنکارُ چوُکا
ستِگُروُ بھلا بھائِیا ॥

کہے نانکُ جِس نو آپِ تُٹھا
تِنِ انمّرِتُ گُر تے پائِیا ॥ 13 ॥

بھگتا کی چال نِرالی ॥

چالا نِرالی بھگتاہ کیری
بِکھم مارگِ چلنّا ॥

لبُ لوبھُ اہنکارُ تجِ ترِسنا
بہُتُ ناہی بولنّا ॥

کھنّنۂ تِکھی والہُ نِکی
ایتُ مارگِ جانّا ॥

گُر پرسادی جِنی آپُ تجِیا
ہرِ واسنا سمانّی ॥

کہے نانکُ چال بھگتا
جُگہُ جُگُ نِرالی ॥ 14 ॥

جِءُ توُ چلائِہِ تِو چلہ سُیامی

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نُوں سمرپت | سیوا: بھائی بلجِندر سنگھ جی (راڑا صاہب)

ਹੋਰੁ ਕਿਆ ਜਾਣਾ ਗੁਣ ਤੇਰੇ ॥

ہورُ کِیا جاٹا گُن تیرے ۔ ॥

ਜਿਵ ਤੂ ਚਲਾਇਹਿ ਤਿਵੈ ਚਲਹ
ਜਿਨਾ ਮਾਰਗਿ ਪਾਵਹੇ ॥

جِو توُ چلائِہِ توے چلہ
جِنا مارگِ پاوہے ॥

ਕਰਿ ਕਿਰਪਾ ਜਿਨ ਨਾਮਿ ਲਾਇਹਿ
ਸਿ ਹਰਿ ਹਰਿ ਸਦਾ ਧਿਆਵਹੇ ॥

کرِ کِرپا جِن نامِ لائِہِ
سِ ہرِ ہرِ سدا دھِیاوہے ॥

ਜਿਸ ਨੋ ਕਥਾ ਸੁਣਾਇਹਿ ਆਪਣੀ
ਸਿ ਗੁਰਦੁਆਰੈ ਸੁਖੁ ਪਾਵਹੇ ॥

جِس نو کتھا سُٹائِہِ آپنی
سِ گُردُیارے سُکھُ پاوہے ॥

ਕਹੈ ਨਾਨਕੁ ਸਚੇ ਸਾਹਿਬ
ਜਿਉ ਭਾਵੈ ਤਿਵੈ ਚਲਾਵਹੇ ॥੧੫॥

کہے نانکُ سچے صاحِب
جِءُ بھاوے تِوے چلاوہے ॥ 15 ॥

ਏਹੁ ਸੋਹਿਲਾ ਸਬਦੁ ਸੁਹਾਵਾ ॥

ایہُ سوہِلا سبدُ سُہاوا ॥

ਸਬਦੋ ਸੁਹਾਵਾ ਸਦਾ ਸੋਹਿਲਾ
ਸਤਿਗੁਰੂ ਸੁਣਾਇਆ ॥

سبدو سُہاوا سدا سوہِلا
ستِگُرو سُٹائِیا ॥

ਏਹੁ ਤਿਨ ਕੈ ਮੰਨਿ ਵਸਿਆ
ਜਿਨ ਧੁਰਹੁ ਲਿਖਿਆ ਆਇਆ ॥

ایہُ تِن کے منّ وسِیا
جِن دھُرہُ لِکھِیا آئِیا ॥

ਇਕਿ ਫਿਰਹਿ ਘਨੇਰੇ ਕਰਹਿ ਗਲਾ
ਗਲੀ ਕਿਨੈ ਨ ਪਾਇਆ ॥

اِکِ پھِرہِ گھنیرے کرہِ گلا
گلی کِنے ن پائِیا ॥

ਕਹੈ ਨਾਨਕੁ ਸਬਦੁ ਸੋਹਿਲਾ
ਸਤਿਗੁਰੂ ਸੁਣਾਇਆ ॥੧੬॥

کہے نانکُ سبدُ سوہِلا
ستِگُرو سُٹائِیا ॥ 16 ॥

ਪਵਿਤੁ ਹੋਏ ਸੇ ਜਨਾ
ਜਿਨੀ ਹਰਿ ਧਿਆਇਆ ॥

پوِتُ ہوئے سے جنا
جِنی ہرِ دھِیائِیا ॥

ਹਰਿ ਧਿਆਇਆ ਪਵਿਤੁ ਹੋਏ
ਗੁਰਮੁਖਿ ਜਿਨੀ ਧਿਆਇਆ ॥

ہرِ دھِیائِیا پوِتُ ہوئے
گُرمُکھِ جِنی دھِیائِیا ॥

ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ
ਪਵਿਤੁ ਸੰਗਤਿ ਸਬਾਈਆ ॥

پوِتُ ماتا پِتا کُٹنّب سہِت سِءُ
پوِتُ سنگتِ سبائِیا ॥

ਕਹਦੇ ਪਵਿਤੁ ਸੁਣਦੇ ਪਵਿਤੁ

کہدے پوِتُ سُنّدے پوِتُ

ਸੇ ਪਵਿਤੁ ਜਿਨੀ ਮੰਨਿ ਵਸਾਇਆ ॥

سے پوِتُ جِنی منّنِ وسائِیا ॥

ਕਹੈ ਨਾਨਕੁ ਸੇ ਪਵਿਤੁ
ਜਿਨੀ ਗੁਰਮੁਖਿ ਹਰਿ ਹਰਿ ਧਿਆਇਆ ॥੧੭॥

کہے نانکُ سے پوِتُ
جِنی گُرمُکھِ ہرِ ہرِ دھِیائِیا ॥ 17 ॥

ਕਰਮੀ ਸਹਜੁ ਨ ਊਪਜੈ
ਵਿਣੁ ਸਹਜੈ ਸਹਸਾ ਨ ਜਾਇ ॥

کرمی سہجُ ن اوُپجے
وِنُ سہجے سہسا ن جاءِ ॥

ਨਹ ਜਾਇ ਸਹਸਾ ਕਿਤੈ ਸੰਜਮਿ
ਰਹੇ ਕਰਮ ਕਮਾਏ ॥

نہ جاءِ سہسا کِتے سنّجمِ
رہے کرم کمائے ॥

ਸਹਸੈ ਜੀਉ ਮਲੀਣੁ ਹੈ
ਕਿਤੁ ਸੰਜਮਿ ਧੋਤਾ ਜਾਏ ॥

سہسے جیِءُ ملِینُ ہے
کِتُ سنّجمِ دھوتا جائے ۔ ॥

ਮੰਨੁ ਧੋਵਹੁ ਸਬਦਿ ਲਾਗਹੁ
ਹਰਿ ਸਿਉ ਰਹਹੁ ਚਿਤੁ ਲਾਇ ॥

منّنُ دھووہُ سبدِ لاگہُ
ہرِ سِءُ رہہُ چِتُ لاءِ ॥

ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ
ਇਹੁ ਸਹਸਾ ਇਵ ਜਾਇ ॥੧੮॥

کہے نانکُ گُر پرسادی سہجُ اُپجے
اِہُ سہسا اِو جاءِ ॥ 18 ॥

ਜੀਅਹੁ ਮੈਲੇ ਬਾਹਰਹੁ ਨਿਰਮਲ ॥

جیِئہُ میَلے باہرہُ نِرمل ॥

ਬਾਹਰਹੁ ਨਿਰਮਲ ਜੀਅਹੁ ਤ ਮੈਲੇ
ਤਿਨੀ ਜਨਮੁ ਜੂਐ ਹਾਰਿਆ ॥

باہرہُ نِرمل جیِئہُ ت میَلے
تِنی جنمُ جوُئے ہارِیا ॥

ਏਹ ਤਿਸਨਾ ਵਡਾ ਰੋਗੁ ਲਗਾ
ਮਰਣੁ ਮਨਹੁ ਵਿਸਾਰਿਆ ॥

ایہ تِسنا وڈا روگُ لگا
مرنُ منہُ وِسارِیا ॥

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ
ਫਿਰਹਿ ਜਿਉ ਬੇਤਾਲਿਆ ॥

ویدا مہِ نامُ اُتمُ سو سُنہِ ناہی
پھِرہِ جِءُ بیتالیا ॥

ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ
ਤਿਨੀ ਜਨਮੁ ਜੂਐ ਹਾਰਿਆ ॥੧੯॥

کہے نانکُ جِن سچُ تجِیا کوُڑے لاگے
تِنی جنمُ جوُئے ہارِیا ॥ 19 ॥

ਜੀਅਹੁ ਨਿਰਮਲ ਬਾਹਰਹੁ ਨਿਰਮਲ ॥

جیِئہُ نِرمل باہرہُ نِرمل ॥

ਬਾਹਰਹੁ ਤ ਨਿਰਮਲ ਜੀਅਹੁ ਨਿਰਮਲ
ਸਤਿਗੁਰ ਤੇ ਕਰਣੀ ਕਮਾਣੀ ॥

باہرہُ ت نِرمل جیِئہُ نِرمل
ستِگُر تے کرنُی کمانُی ॥

ਕੂੜ ਕੀ ਸੋਇ ਪਹੁਚੈ ਨਾਹੀ
ਮਨਸਾ ਸਚਿ ਸਮਾਣੀ ॥

کوڑ کی سوءِ پہُچے ناہی
منسا سچِ سماٹی ॥

ਜਨਮੁ ਰਤਨੁ ਜਿਨੀ ਖਟਿਆ
ਭਲੇ ਸੇ ਵਣਜਾਰੇ ॥

جنمُ رتنُ جِنی کھٹیا
بھلے سے وٹجارے ॥

ਕਹੈ ਨਾਨਕੁ ਜਿਨ ਮੰਨੁ ਨਿਰਮਲੁ
ਸਦਾ ਰਹਹਿ ਗੁਰ ਨਾਲੇ ॥੨੦॥

کہے نانکُ جِن منّنُ نِرملُ
سدا رہہِ گُر نالے ॥ 20 ॥

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥

جے کو سِکھُ گُرو سیتی سنمُکھُ ہووے ॥

ਹੋਵੈ ਤ ਸਨਮੁਖੁ ਸਿਖੁ ਕੋਈ
ਜੀਅਹੁ ਰਹੈ ਗੁਰ ਨਾਲੇ ॥

ہووے ت سنمُکھُ سِکھُ کوئی
جیئہُ رہے گُر نالے ॥

ਗੁਰ ਕੇ ਚਰਨ ਹਿਰਦੈ ਧਿਆਏ
ਅੰਤਰ ਆਤਮੈ ਸਮਾਲੇ ॥

گُر کے چرن ہِردے دھیائے
انتر آتمے سمالے ॥

ਆਪੁ ਛਡਿ ਸਦਾ ਰਹੈ ਪਰਣੈ
ਗੁਰ ਬਿਨੁ ਅਵਰੁ ਨ ਜਾਣੈ ਕੋਏ ॥

آپُ چھڈِ سدا رہے پرٹے
گُر بِنُ اورُ ن جاٹے کوئے ॥

ਕਹੈ ਨਾਨਕੁ ਸੁਣਹੁ ਸੰਤਹੁ
ਸੋ ਸਿਖੁ ਸਨਮੁਖੁ ਹੋਏ ॥੨੧॥

کہے نانکُ سُنہُ سنتہُ
سو سِکھُ سنمُکھُ ہوئے ॥ 21 ॥

ਜੇ ਕੋ ਗੁਰ ਤੇ ਵੇਮੁਖੁ ਹੋਵੈ
ਬਿਨੁ ਸਤਿਗੁਰ ਮੁਕਤਿ ਨ ਪਾਵੈ ॥

جے کو گُر تے ویمُکھُ ہووے
بِنُ ستِگُر مُکتِ ن پاوے ॥

ਪਾਵੈ ਮੁਕਤਿ ਨ ਹੋਰ ਥੈ ਕੋਈ
ਪੁਛਹੁ ਬਿਬੇਕੀਆ ਜਾਏ ॥

پاوے مُکتِ ن ہور تھے کوئی
پُچھہُ بِبیکیا جائے ॥

ਅਨੇਕ ਜੂਨੀ ਭਰਮਿ ਆਵੈ
ਵਿਣੁ ਸਤਿਗੁਰ ਮੁਕਤਿ ਨ ਪਾਏ ॥

انیک جوُنی بھرمِ آوے
وِنُ ستِگُر مُکتِ ن پائے ॥

ਫਿਰਿ ਮੁਕਤਿ ਪਾਏ ਲਾਗਿ ਚਰਣੀ
ਸਤਿਗੁਰੂ ਸਬਦੁ ਸੁਣਾਏ ॥

پھِرِ مُکتِ پائے لاگِ چرٹی
ستِگُرو سبدُ سُٹائے ॥

ਕਹੈ ਨਾਨਕੁ ਵੀਚਾਰਿ ਦੇਖਹੁ
ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥

کہے نانکُ ویچارِ دیکھہُ
وِنُ ستِگُر مُکتِ ن پائے ॥ 22 ॥

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ
ਗਾਵਹੁ ਸਚੀ ਬਾਣੀ ॥

آوہُ سِکھ ستِگُروُ کے پِیارِہو
گاوہُ سچی باٹی ॥

ਬਾਣੀ ਤ ਗਾਵਹੁ ਗੁਰੂ ਕੇਰੀ
ਬਾਣੀਆ ਸਿਰਿ ਬਾਣੀ ॥

باٹی ت گاوہُ گُروُ کیری
باٹیِیا سِرِ باٹی ॥

ਜਿਨ ਕਉ ਨਦਰਿ ਕਰਮੁ ਹੋਵੈ
ਹਿਰਦੈ ਤਿਨਾ ਸਮਾਣੀ ॥

جِن ک ءُ ندرِ کرمُ ہووے
ہِردے تِنا سماٹی ॥

ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ
ਜਪਿਹੁ ਸਾਰਿਗਪਾਣੀ ॥

پِیوہُ انمّرِتُ سدا رہہُ ہرِ رنگِ
جپِہُ سارِگپاٹی ॥

ਕਹੈ ਨਾਨਕੁ ਸਦਾ ਗਾਵਹੁ
ਏਹ ਸਚੀ ਬਾਣੀ ॥੨੩॥

کہے نانکُ سدا گاوہُ
ایہ سچی باٹی ॥ 23 ॥

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥

ستِگُروُ بِنا ہور کچی ہے باٹی ॥

ਬਾਣੀ ਤ ਕਚੀ ਸਤਿਗੁਰੂ ਬਾਝਹੁ
ਹੋਰ ਕਚੀ ਬਾਣੀ ॥

باٹی ت کچی ستِگُروُ باجھہُ
ہور کچی باٹی ॥

ਕਹਦੇ ਕਚੇ ਸੁਣਦੇ ਕਚੇ
ਕਚੀ ਆਖਿ ਵਖਾਣੀ ॥

کہدے کچے سُنّدے کچے
کچیِں آکھِ وکھاٹی ॥

ਹਰਿ ਹਰਿ ਨਿਤ ਕਰਹਿ ਰਸਨਾ
ਕਹਿਆ ਕਛੂ ਨ ਜਾਣੀ ॥

ہرِ ہرِ نِت کرہِ رسنا
کہِیا کچھوُ ن جاٹی ॥

ਚਿਤੁ ਜਿਨ ਕਾ ਹਿਰਿ ਲਇਆ ਮਾਇਆ
ਬੋਲਨਿ ਪਏ ਰਵਾਣੀ ॥

چِتُ جِن کا ہِرِ لئیا مائیا
بولنِ پے روائی ॥

ਕਹੈ ਨਾਨਕੁ ਸਤਿਗੁਰੂ ਬਾਝਹੁ
ਹੋਰ ਕਚੀ ਬਾਣੀ ॥੨੪॥

کہے نانکُ ستِگُروُ باجھہُ
ہور کچی باٹی ॥ 24 ॥

ਗੁਰ ਕਾ ਸਬਦੁ ਰਤੰਨੁ ਹੈ
ਹੀਰੇ ਜਿਤੁ ਜੜਾਉ ॥

گُر کا سبدُ رتنّنُ ہے
ہیِرے جِتُ جڑاءُ ॥

ਸਬਦੁ ਰਤਨੁ ਜਿਤੁ ਮੰਨੁ ਲਾਗਾ
ਏਹੁ ਹੋਆ ਸਮਾਉ ॥

سبدُ رتنُ جِتُ منّنُ لاگا
ایہُ ہویا سماءُ ॥

ਸਬਦ ਸੇਤੀ ਮਨੁ ਮਿਲਿਆ
ਸਚੈ ਲਾਇਆ ਭਾਉ ॥

ਆਪੇ ਹੀਰਾ ਰਤਨੁ ਆਪੇ
ਜਿਸ ਨੋ ਦੇਇ ਬੁਝਾਇ ॥

ਕਹੈ ਨਾਨਕੁ ਸਬਦੁ ਰਤਨੁ ਹੈ
ਹੀਰਾ ਜਿਤੁ ਜੜਾਉ ॥੨੫॥

ਸਿਵ ਸਕਤਿ ਆਪਿ ਉਪਾਇ ਕੈ ਕਰਤਾ
ਆਪੇ ਹੁਕਮੁ ਵਰਤਾਏ ॥

ਹੁਕਮੁ ਵਰਤਾਏ ਆਪਿ ਵੇਖੈ
ਗੁਰਮੁਖਿ ਕਿਸੈ ਬੁਝਾਏ ॥

ਤੋੜੇ ਬੰਧਨ ਹੋਵੈ ਮੁਕਤੁ
ਸਬਦੁ ਮੰਨਿ ਵਸਾਏ ॥

ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ
ਏਕਸ ਸਿਉ ਲਿਵ ਲਾਏ ॥

ਕਹੈ ਨਾਨਕੁ ਆਪਿ ਕਰਤਾ
ਆਪੇ ਹੁਕਮੁ ਬੁਝਾਏ ॥੨੬॥

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ
ਤਤੈ ਸਾਰ ਨ ਜਾਣੀ ॥

ਤਤੈ ਸਾਰ ਨ ਜਾਣੀ ਗੁਰੂ ਬਾਝਹੁ
ਤਤੈ ਸਾਰ ਨ ਜਾਣੀ ॥

ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ
ਸੁਤਿਆ ਰੈਣਿ ਵਿਹਾਣੀ ॥

ਗੁਰ ਕਿਰਪਾ ਤੇ ਸੇ ਜਨ ਜਾਗੇ
ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥

ਕਹੈ ਨਾਨਕੁ ਸੋ ਤਤੁ ਪਾਏ
ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ

سبد سیتی منُ مِلیا
سچے لائیا بھاءُ ॥

آپے ہیرا رتنُ آپے
جِس نو دےءِ بُجھاءِ ॥

کہے نانکُ سبدُ رتنُ ہے
ہیرا جِتُ جڑاءُ ॥ 25 ॥

سِو سکتِ آپِ اُپاءِ کے کرتا
آپے حُکمُ ورتائے ॥

حُکمُ ورتائے آپِ ویکھے
گُرمُکھِ کِسے بُجھائے ॥

توڑے بندھن ہووے مُکتُ
سبدُ منّنِ وسائے ॥

گُرمُکھِ جِس نو آپِ کرے سُ ہووے
ایکس سِءُ لِو لائے ॥

کہے نانکُ آپِ کرتا
آپے حُکمُ بُجھائے ॥ 26 ॥

سِمرِتِ ساستّر پُنّن پاپ بیچاردے
تتے سار ن جاٹی ॥

تتے سار ن جاٹی گُرو باجھہُ
تتے سار ن جاٹی ॥

تِہی گُنی سنّسارُ بھرّمِ سُتا
سُتیا رینِ وِہاٹی ॥

گُر کِرپا تے سے جن جاگے
جِنا ہرِ منِ وسِیا بولہِ انمّرِت باٹی ॥

کہے نانکُ سو تتُ پائے

॥੨੭॥

ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ
ਸੋ ਕਿਉ ਮਨਹੁ ਵਿਸਾਰੀਐ ॥

ਮਨਹੁ ਕਿਉ ਵਿਸਾਰੀਐ ਏਵਡੁ ਦਾਤਾ
ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥

ਓਸ ਨੋ ਕਿਹੁ ਪੋਹਿ ਨ ਸਕੀ
ਜਿਸ ਨਉ ਆਪਣੀ ਲਿਵ ਲਾਵਏ ॥

ਆਪਣੀ ਲਿਵ ਆਪੇ ਲਾਏ
ਗੁਰਮੁਖਿ ਸਦਾ ਸਮਾਲੀਐ ॥

ਕਹੈ ਨਾਨਕੁ ਏਵਡੁ ਦਾਤਾ
ਸੋ ਕਿਉ ਮਨਹੁ ਵਿਸਾਰੀਐ ॥੨੮॥

ਜੈਸੀ ਅਗਨਿ ਉਦਰ ਮਹਿ
ਤੈਸੀ ਬਾਹਰਿ ਮਾਇਆ ॥

ਮਾਇਆ ਅਗਨਿ ਸਭ ਇਕੋ ਜੇਹੀ
ਕਰਤੈ ਖੇਲੁ ਰਚਾਇਆ ॥

ਜਾ ਤਿਸੁ ਭਾਣਾ ਤਾ ਜੰਮਿਆ
ਪਰਵਾਰਿ ਭਲਾ ਭਾਇਆ ॥

ਲਿਵ ਛੁੜਕੀ ਲਗੀ ਤ੍ਰਿਸਨਾ
ਮਾਇਆ ਅਮਰੁ ਵਰਤਾਇਆ ॥

ਏਹ ਮਾਇਆ ਜਿਤੁ ਹਰਿ ਵਿਸਰੈ
ਮੋਹੁ ਉਪਜੈ ਭਾਉ ਦੂਜਾ ਲਾਇਆ ॥

ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ
ਤਿਨੀ ਵਿਚੇ ਮਾਇਆ ਪਾਇਆ ॥੨੯॥

ਹਰਿ ਆਪਿ ਅਮੁਲਕੁ ਹੈ
ਮੁਲਿ ਨ ਪਾਇਆ ਜਾਇ ॥

॥ 27 ॥

ماتا کے اُدر مہِ پرتپال کرے
سو کِءُ منہُ وِسارِیَے۔ ॥

منہُ کِءُ وِسارِیَے ایوڈُ داتا
جِ اگنِ مہِ آہارُ پہُچاوے ॥

اوس نو کِرُ پوہِ ن سکی
جِس نءُ آپنی لِو لاوے ॥

آپنی لِو آپے لائے
گُرمُکھِ سدا سمالِیَے ॥

کہے نانکُ ایوڈُ داتا
سو کِءُ منہُ وِسارِیَے۔ ॥ 28 ॥

جیَسی اگنِ اُدر مہِ
تیَسی باہرِ مائِیا ॥

مائِیا اگنِ سبھ اِکو جیہی
کرتے کھیلُ رچائِیا ॥

جا تِسُ بھاٹا تا جنّمِیا
پروارِ بھلا بھائِیا ॥

لِو چھُڑکی لگی تّرِسنا
مائِیا امرُ ورتائِیا ॥

ایہ مائِیا جِتُ ہرِ وِسرے
موہُ اُپجے بھاءُ دوُجا لائِیا ॥

کہے نانکُ گُر پرسادی جِنا لِو لاگی
تِنی وِچے مائِیا پائِیا ॥ 29 ॥

ہرِ آپِ اٹلکُ ہے
مُلِ ن پائِیا جاءِ ॥

ਮੁਲਿ ਨ ਪਾਇਆ ਜਾਇ ਕਿਸੈ ਵਿਟਹੁ
ਰਹੇ ਲੋਕ ਵਿਲਲਾਇ ॥

مُلِ ن پائیا جاءِ کِسے وِٹہُ
رہے لوک وِللاءِ ॥

ਐਸਾ ਸਤਿਗੁਰੁ ਜੇ ਮਿਲੈ
ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ ॥

ایَسا ستِگُر جے مِلے
تِس نو سِرُ سُپیئے وِچہُ آپُ جاءِ ॥

ਜਿਸ ਦਾ ਜੀਉ ਤਿਸੁ ਮਿਲਿ ਰਹੈ
ਹਰਿ ਵਸੈ ਮਨਿ ਆਇ ॥

جِس دا جیِءُ تِس مِلِ رہے
ہرِ وسے منِ آءِ ॥

ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ
ਜਿਨ ਹਰਿ ਪਲੈ ਪਾਇ ॥੩੦॥

ہرِ آپِ امُلکُ ہے بھاگ تِنا کے نانکا
جِن ہرِ پلے پاءِ ॥ 30 ॥

ਹਰਿ ਰਾਸਿ ਮੇਰੀ ਮਨੁ ਵਣਜਾਰਾ ॥

ہرِ راسِ میری منُ وٹجارا ॥

ਹਰਿ ਰਾਸਿ ਮੇਰੀ ਮਨੁ ਵਣਜਾਰਾ
ਸਤਿਗੁਰ ਤੇ ਰਾਸਿ ਜਾਣੀ ॥

ہرِ راسِ میری منُ وٹجارا
ستِگُر تے راسِ جاٹی ॥

ਹਰਿ ਹਰਿ ਨਿਤ ਜਪਿਹੁ ਜੀਅਹੁ
ਲਾਹਾ ਖਟਿਹੁ ਦਿਹਾੜੀ ॥

ہرِ ہرِ نِت جپہُ جیئہُ
لاہا کھٹہُ دِہاڑی ॥

ਏਹੁ ਧਨੁ ਤਿਨਾ ਮਿਲਿਆ
ਜਿਨ ਹਰਿ ਆਪੇ ਭਾਣਾ ॥

ایہُ دھنُ تِنا مِلیا
جِن ہرِ آپے بھاٹا ॥

ਕਹੈ ਨਾਨਕੁ ਹਰਿ ਰਾਸਿ ਮੇਰੀ
ਮਨੁ ਹੋਆ ਵਣਜਾਰਾ ॥੩੧॥

کہے نانکُ ہرِ راسِ میری
منُ ہویا وٹجارا ॥ 31 ॥

ਏ ਰਸਨਾ ਤੂ ਅਨ ਰਸਿ ਰਾਚਿ ਰਹੀ
ਤੇਰੀ ਪਿਆਸ ਨ ਜਾਇ ॥

اے رسنا توُ ان رسِ راچِ رہی
تیری پِیاس ن جاءِ ॥

ਪਿਆਸ ਨ ਜਾਇ ਹੋਰਤੁ ਕਿਤੈ
ਜਿਚਰੁ ਹਰਿ ਰਸੁ ਪਲੈ ਨ ਪਾਇ ॥

پِیاس ن جاءِ ہورتُ کِتے
جِچرُ ہرِ رسُ پلے ن پاءِ ॥

ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ
ਬਹੁੜਿ ਨ ਤ੍ਰਿਸਨਾ ਲਾਗੈ ਆਇ ॥

ہرِ رسُ پاءِ پلے پیئے ہرِ رسُ
بہُڑِ ن ترِسنا لاگے آءِ ॥

ਏਹੁ ਹਰਿ ਰਸੁ ਕਰਮੀ ਪਾਈਐ
ਸਤਿਗੁਰੁ ਮਿਲੈ ਜਿਸੁ ਆਇ ॥

ایہُ ہرِ رسُ کرمی پائیئے
ستِگُرُ مِلے جِسُ آءِ ॥

ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ
ਜਾ ਹਰਿ ਵਸੈ ਮਨਿ ਆਇ ॥੩੨॥

کہے نانکُ ہورِ ان رس سبھِ ویسرے
جا ہرِ وسے منِ آءِ ॥ 32 ॥

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ
ਤਾ ਤੂ ਜਗ ਮਹਿ ਆਇਆ ॥

اے سریرا میریا ہرِ تُم مہِ جوتِ رکھی
تا توُ جگ مہِ آئیا ॥

ਹਰਿ ਜੋਤਿ ਰਖੀ ਤੁਧੁ ਵਿਚਿ
ਤਾ ਤੂ ਜਗ ਮਹਿ ਆਇਆ ॥

ہرِ جوتِ رکھی تُدھُ وِچِ
تا توُ جگ مہِ آئیا ॥

ਹਰਿ ਆਪੇ ਮਾਤਾ ਆਪੇ ਪਿਤਾ
ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥

ہرِ آپے ماتا آپے پِتا
جِنِ جیءُ اُپاءِ جگتُ دِکھائیا ॥

ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ
ਚਲਤੁ ਨਦਰੀ ਆਇਆ ॥

گُر پرسادی بُجھیا تا چلتُ ہویا
چلتُ ندری آئیا ॥

ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ
ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥੩੩॥

کہے نانکُ سرِسٹِ کا مُولُ رچیا
جوتِ راکھی تا توُ جگ مہِ آئیا ॥ 33 ॥

ਮਨਿ ਚਾਉ ਭਇਆ
ਪ੍ਰਭ ਆਗਮੁ ਸੁਣਿਆ ॥

منِ چاءُ بھئیا
پربھ آگمُ سُنیا ॥

ਹਰਿ ਮੰਗਲੁ ਗਾਉ ਸਖੀ
ਗ੍ਰਿਹੁ ਮੰਦਰੁ ਬਣਿਆ ॥

ہرِ منگلُ گاءُ سکھی
گرِہُ مندرُ بنیا ॥

ਹਰਿ ਗਾਉ ਮੰਗਲੁ ਨਿਤ ਸਖੀਏ
ਸੋਗੁ ਦੂਖੁ ਨ ਵਿਆਪਏ ॥

ہرِ گاءُ منگلُ نِت سکھیے
سوگُ دوُکھُ ن ویاپے ॥

ਗੁਰ ਚਰਨ ਲਾਗੇ ਦਿਨ ਸਭਾਗੇ
ਆਪਣਾ ਪਿਰੁ ਜਾਪਏ ॥

گُر چرن لاگے دِن سبھاگے
آپنا پِرُ جاپے ॥

ਅਨਹਤ ਬਾਣੀ ਗੁਰ ਸਬਦਿ ਜਾਣੀ
ਹਰਿ ਨਾਮੁ ਹਰਿ ਰਸੁ ਭੋਗੋ ॥

انہت بانی گُر سبدِ جانی
ہرِ نامُ ہرِ رسُ بھوگو ॥

ਕਹੈ ਨਾਨਕੁ ਪ੍ਰਭੁ ਆਪਿ ਮਿਲਿਆ
ਕਰਣ ਕਾਰਣ ਜੋਗੋ ॥੩੪॥

کہے نانکُ پربھُ آپِ ملیا
کرنُ کارنُ جوگو ॥ 34 ॥

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ
ਕਿਆ ਤੁਧੁ ਕਰਮ ਕਮਾਇਆ ॥

اے سریرا میریا اِسُ جگ مہِ آءِ کے

ਕਿ ਕਰਮ ਕਮਾਇਆ ਤੁਧੁ ਸਰੀਰਾ
ਜਾ ਤੂ ਜਗ ਮਹਿ ਆਇਆ ॥

ਜਿਨਿ ਹਰਿ ਤੇਰਾ ਰਚਨੁ ਰਚਿਆ
ਸੋ ਹਰਿ ਮਨਿ ਨ ਵਸਾਇਆ ॥

ਗੁਰ ਪਰਸਾਦੀ ਹਰਿ ਮੰਨਿ ਵਸਿਆ
ਪੂਰਬਿ ਲਿਖਿਆ ਪਾਇਆ ॥

ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ
ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥

ਹਰਿ ਬਿਨੁ ਅਵਰੁ ਨ ਦੇਖਹੁ ਕੋਈ
ਨਦਰੀ ਹਰਿ ਨਿਹਾਲਿਆ ॥

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ ॥

ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ
ਹਰਿ ਬਿਨੁ ਅਵਰੁ ਨ ਕੋਈ ॥

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ
ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥

ਏ ਸ੍ਰਵਣਹੁ ਮੇਰਿਹੋ
ਸਾਚੈ ਸੁਨਣੈ ਨੋ ਪਠਾਏ ॥

ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ
ਸੁਣਹੁ ਸਤਿ ਬਾਣੀ ॥

ਜਿਤੁ ਸੁਣੀ ਮਨੁ ਤਨੁ ਹਰਿਆ ਹੋਆ
ਰਸਨਾ ਰਸਿ ਸਮਾਣੀ ॥

ਕِيا تُدھُ كرم كمائِيا ۔ ॥

كِ كرم كمائِيا تُدھُ سرِيرا
جا توُ جگ مہِ آئِيا ॥

جِنِ ہرِ تيرا رچنُ رچِيا
سو ہرِ منِ ن وسائِيا ॥

گُر پرسادی ہرِ منّنِ وسِيا
پوُربِ لِكھِيا پائِيا ॥

كہے نانكُ ايہُ سرِيرُ پرواڻُ ہويا
جِنِ ستِگُر سِءُ چِتُ لائِيا ॥ 35 ॥

اے نيتّرہُ ميرِہو ہرِ تُم مہِ جوتِ دھری
ہرِ بِنُ اورُ ن ديكھہُ كوئی ॥

ہرِ بِنُ اورُ ن ديكھہُ كوئی
ندری ہرِ نہالِيا ॥

ايہُ وِسُ سنّسارُ تُم ديكھدے ايہُ ہرِ كا روُپُ ہے
ہرِ روُپُ ندری آئِيا ॥

گُر پرسادی بُجھِيا جا ويكھا ہرِ اِكُ ہے
ہرِ بِنُ اورُ ن كوئی ॥

كہے نانكُ ايہِ نيتّر انّدھ سے
ستِگُرِ مِلےَ دِب دڑِسٹِ ہوئی ॥ 36 ॥

اے سّروٹہُ ميرِہو
ساچےَ سُنڻے نو پٹھائے ॥

ساچےَ سُنڻے نو پٹھائے سرِيرِ لائے
سُڻہُ ستِ باڻی ॥

جِتُ سُڻی منُ تنُ ہرِيا ہويا
رسنا رسِ سماڻی ॥

ਸਚੁ ਅਲਖ ਵਿਡਾਣੀ
ਤਾ ਕੀ ਗਤਿ ਕਹੀ ਨ ਜਾਏ ॥

سچُ الکھ وِڈانی
تا کی گتِ کہی ن جائے ॥

ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ
ਸਾਚੈ ਸੁਨਣੈ ਨੋ ਪਠਾਏ ॥੩੭॥

کہے نانکُ انمّرِت نامُ سُنّہُ پوِتّر ہووہُ
ساچے سُنّنے نو پٹھائے ॥ 37 ॥

ਹਰਿ ਜੀਉ ਗੁਫਾ ਅੰਦਰਿ ਰਖਿ ਕੈ
ਵਾਜਾ ਪਵਣੁ ਵਜਾਇਆ ॥

ہرِ جیِءُ گُپھا انّدرِ رکھِ کے
واجا پونُّ وجائیا ॥

ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ
ਦਸਵਾ ਗੁਪਤੁ ਰਖਾਇਆ ॥

وجائیا واجا پُنّ ن ءُ دُیارے پرگٹُ کیِے
دسوا گُپتُ رکھائیا ॥

ਗੁਰਦੁਆਰੈ ਲਾਇ ਭਾਵਨੀ
ਇਕਨਾ ਦਸਵਾ ਦੁਆਰੁ ਦਿਖਾਇਆ ॥

گُردُیارے لاءِ بھاونی
اِکنا دسوا دُیارُ دِکھائیا ॥

ਤਹ ਅਨੇਕ ਰੂਪ ਨਾਉ ਨਵ ਨਿਧਿ
ਤਿਸ ਦਾ ਅੰਤੁ ਨ ਜਾਈ ਪਾਇਆ ॥

تہ انیک روُپ ناءُ نو نِدھِ
تِس دا انّتُ ن جائی پائیا ॥

ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ
ਵਾਜਾ ਪਵਣੁ ਵਜਾਇਆ ॥੩੮॥

کہے نانکُ ہرِ پیارے جیِءُ گُپھا انّدرِ رکھِ کے
واجا پونُّ وجائیا ॥ 38 ॥

ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥

ایہُ ساچا سوہِلا ساچے گھرِ گاوہُ ॥

ਗਾਵਹੁ ਤ ਸੋਹਿਲਾ ਘਰਿ ਸਾਚੈ
ਜਿਥੈ ਸਦਾ ਸਚੁ ਧਿਆਵਹੇ ॥

گاوہُ ت سوہِلا گھرِ ساچے
جِتھے سدا سچُ دھِیاوہے ॥

ਸਚੋ ਧਿਆਵਹਿ ਜਾ ਤੁਧੁ ਭਾਵਹਿ
ਗੁਰਮੁਖਿ ਜਿਨਾ ਬੁਝਾਵਹੇ ॥

سچو دھِیاوہِ جا تُدھُ بھاوہِ
گُرمُکھِ جِنا بُجھاوہے ॥

ਇਹੁ ਸਚੁ ਸਭਨਾ ਕਾ ਖਸਮੁ ਹੈ
ਜਿਸੁ ਬਖਸੇ ਸੋ ਜਨੁ ਪਾਵਹੇ ॥

اِہُ سچُ سبھنا کا خصمُ ہے
جِسُ بخشے سو جنُ پاوہے ॥

ਕਹੈ ਨਾਨਕੁ ਸਚੁ ਸੋਹਿਲਾ
ਸਚੈ ਘਰਿ ਗਾਵਹੇ ॥੩੯॥

کہے نانکُ سچُ سوہِلا
سچے گھرِ گاوہے ॥ 39 ॥

ਅਨਦੁ ਸੁਣਹੁ ਵਡਭਾਗੀਹੋ
ਸਗਲ ਮਨੋਰਥ ਪੂਰੇ ॥

اندُ سُنّہُ وڈبھاگیہو
سگل منورتھ پوُرے ॥

ਪਾਰਬ੍ਰਹਮੁ ਪ੍ਰਭੁ ਪਾਇਆ
ਉਤਰੇ ਸਗਲ ਵਿਸੂਰੇ ॥

پاربرہمُ پربھُ پائیا
اُترے سگل وِسوُرے ॥

ਦੂਖ ਰੋਗ ਸੰਤਾਪ ਉਤਰੇ
ਸੁਣੀ ਸਚੀ ਬਾਣੀ ॥

دوُکھ روگ سنتاپ اُترے
سُنی سچی بانی ॥

ਸੰਤ ਸਾਜਨ ਭਏ ਸਰਸੇ
ਪੂਰੇ ਗੁਰ ਤੇ ਜਾਣੀ ॥

سنت ساجن بھئے سرسے
پوُرے گُر تے جانی ॥

ਸੁਣਤੇ ਪੁਨੀਤ ਕਹਤੇ ਪਵਿਤੁ
ਸਤਿਗੁਰੁ ਰਹਿਆ ਭਰਪੂਰੇ ॥

سُنتے پُنیت کہتے پوِتُ
ستِگُر رہِیا بھرپوُرے ॥

ਬਿਨਵੰਤਿ ਨਾਨਕੁ ਗੁਰ ਚਰਣ ਲਾਗੇ
ਵਾਜੇ ਅਨਹਦ ਤੂਰੇ ॥੪੦॥੧॥

بِنونتِ نانکُ گُر چرنؒ لاگے
واجے انہد توُرے ॥ 40 ॥ 1 ॥

ਰਾਮਕਲੀ ਸਦੁ

رامکلی صدُ

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਜਗਿ ਦਾਤਾ ਸੋਇ
ਭਗਤਿ ਵਛਲੁ ਤਿਹੁ ਲੋਇ ਜੀਉ ॥

جگِ داتا سوءِ
بھگتِ وچھلُ تِہُ لوءِ جیءُ ॥

ਗੁਰ ਸਬਦਿ ਸਮਾਵਏ
ਅਵਰੁ ਨ ਜਾਣੈ ਕੋਇ ਜੀਉ ॥

گُر سبدِ سماوئے
اورُ ن جانےٗ کوءِ جیءُ ॥

ਅਵਰੋ ਨ ਜਾਣਹਿ ਸਬਦਿ ਗੁਰ ਕੈ
ਏਕੁ ਨਾਮੁ ਧਿਆਵਹੇ ॥

اورو ن جانہِ سبدِ گُر کے
ایکُ نامُ دھِیاوہے ॥

ਪਰਸਾਦਿ ਨਾਨਕ ਗੁਰੂ ਅੰਗਦ
ਪਰਮ ਪਦਵੀ ਪਾਵਹੇ ॥

پرسادِ نانک گُروُ انگد
پرم پدوی پاوہے ॥

ਆਇਆ ਹਕਾਰਾ ਚਲਣਵਾਰਾ
ਹਰਿ ਰਾਮ ਨਾਮਿ ਸਮਾਇਆ ॥

آئیا ہکارا چلنوارا
ہرِ رام نامِ سمائیا ॥

ਜਗਿ ਅਮਰੁ ਅਟਲੁ ਅਤੋਲੁ ਠਾਕੁਰੁ
ਭਗਤਿ ਤੇ ਹਰਿ ਪਾਇਆ ॥੧॥

جگِ امرُ اٹلُ اتولُ ٹھاکُرُ
بھگتِ تے ہرِ پائیا ॥ 1 ॥

ਹਰਿ ਭਾਣਾ ਗੁਰ ਭਾਇਆ

ہرِ بھاٹا گُر بھائیا

ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ ॥

گُرُ جاوے ہرِ پربھ پاسِ جیءُ ॥

ਸਤਿਗੁਰੁ ਕਰੇ ਹਰਿ ਪਹਿ ਬੇਨਤੀ
ਮੇਰੀ ਪੈਜ ਰਖਹੁ ਅਰਦਾਸਿ ਜੀਉ ॥

ستِگُرُ کرے ہرِ پہ بینتی
میری پیج رکھہُ عرداسِ جیءُ ॥

ਪੈਜ ਰਾਖਹੁ ਹਰਿ ਜਨਹ ਕੇਰੀ
ਹਰਿ ਦੇਹੁ ਨਾਮੁ ਨਿਰੰਜਨੋ ॥

پیج راکھہُ ہرِ جنہ کیری
ہرِ دیہُ نامُ نرنجنو ॥

ਅੰਤਿ ਚਲਦਿਆ ਹੋਇ ਬੇਲੀ
ਜਮਦੂਤ ਕਾਲੁ ਨਿਖੰਜਨੋ ॥

انتِ چلدِیا ہوءِ بیلی
جمدوُت کالُ نِکھنجنو ॥

ਸਤਿਗੁਰੂ ਕੀ ਬੇਨਤੀ ਪਾਈ
ਹਰਿ ਪ੍ਰਭਿ ਸੁਣੀ ਅਰਦਾਸਿ ਜੀਉ ॥

ستِگُرو کی بینتی پائی
ہرِ پربھِ سُنّی عرداسِ جیءُ ॥

ਹਰਿ ਧਾਰਿ ਕਿਰਪਾ ਸਤਿਗੁਰੁ ਮਿਲਾਇਆ
ਧਨੁ ਧਨੁ ਕਹੈ ਸਾਬਾਸਿ ਜੀਉ ॥੨॥

ہرِ دھارِ کِرپا ستِگُرُ مِلائیا
دھنُ دھنُ کہے ساباسِ جیءُ ॥2॥

ਮੇਰੇ ਸਿਖ ਸੁਣਹੁ ਪੁਤ ਭਾਈਹੋ
ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ ॥

میرے سِکھ سُنّہُ پُت بھائیہو
میرے ہرِ بھانا آءُ مے پاسِ جیءُ ॥

ਹਰਿ ਭਾਣਾ ਗੁਰ ਭਾਇਆ
ਮੇਰਾ ਹਰਿ ਪ੍ਰਭੁ ਕਰੇ ਸਾਬਾਸਿ ਜੀਉ ॥

ہرِ بھانا گُر بھائیا
میرا ہرِ پربھُ کرے ساباسِ جیءُ ॥

ਭਗਤੁ ਸਤਿਗੁਰੁ ਪੁਰਖੁ ਸੋਈ
ਜਿਸੁ ਹਰਿ ਪ੍ਰਭ ਭਾਣਾ ਭਾਵਏ ॥

بھگتُ ستِگُرُ پُرکھُ سوئی
جِسُ ہرِ پربھ بھانا بھاوے ॥

ਆਨੰਦ ਅਨਹਦ ਵਜਹਿ ਵਾਜੇ
ਹਰਿ ਆਪਿ ਗਲਿ ਮੇਲਾਵਏ ॥

آنند انہد وجہِ واجے
ہرِ آپِ گلِ میلاوے ॥

ਤੁਸੀ ਪੁਤ ਭਾਈ ਪਰਵਾਰੁ ਮੇਰਾ
ਮਨਿ ਵੇਖਹੁ ਕਰਿ ਨਿਰਜਾਸਿ ਜੀਉ ॥

تُسی پُت بھائی پروارُ میرا
منِ ویکھہُ کرِ نِرجاسِ جیءُ ॥

ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ
ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ ॥੩॥

دھُرِ لِکھیا پرواٹا پھِرے ناہی
گُرُ جاءِ ہرِ پربھ پاسِ جیءُ ॥3॥

ਸਤਿਗੁਰਿ ਭਾਣੈ ਆਪਣੈ
ਬਹਿ ਪਰਵਾਰੁ ਸਦਾਇਆ ॥

ستِگُرِ بھانے آپنے
بہِ پروارُ سدائیا ॥

ਮਤ ਮੈ ਪਿਛੈ ਕੋਈ ਰੋਵਸੀ
ਸੋ ਮੈ ਮੂਲਿ ਨ ਭਾਇਆ ॥

مت مے پِچھے کوئی روسی
سو مے مُولِ ن بھائیا ॥

ਮਿਤੁ ਪੈਝੈ ਮਿਤੁ ਬਿਗਸੈ
ਜਿਸੁ ਮਿਤ ਕੀ ਪੈਜ ਭਾਵਏ ॥

مِتُ پیجھے مِتُ بِگسے
جِسُ مِت کی پیج بھاوئے ॥

ਤੁਸੀ ਵੀਚਾਰਿ ਦੇਖਹੁ ਪੁਤ ਭਾਈ
ਹਰਿ ਸਤਿਗੁਰੂ ਪੈਨਾਵਏ ॥

تُسی ویچارِ دیکھہُ پُت بھائی
ہرِ ستِگُرو پینَاوئے ॥

ਸਤਿਗੁਰੂ ਪਰਤਖਿ ਹੋਦੈ
ਬਹਿ ਰਾਜੁ ਆਪਿ ਟਿਕਾਇਆ ॥

ستِگُرو پرتکھِ ہودے
بہِ راجُ آپِ ٹِکائیا ॥

ਸਭਿ ਸਿਖ ਬੰਧਪ ਪੁਤ ਭਾਈ
ਰਾਮਦਾਸ ਪੈਰੀ ਪਾਇਆ ॥੪॥

سبھِ سِکھ بندھپ پُت بھائی
رامداس پیری پائیا ॥4॥

ਅੰਤੇ ਸਤਿਗੁਰੁ ਬੋਲਿਆ
ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥

انتے ستِگُرُ بولیا
مے پِچھے کیرتنُ کرِئہُ نِربانُ جیِءُ ॥

ਕੇਸੋ ਗੋਪਾਲ ਪੰਡਿਤ ਸਦਿਅਹੁ
ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ॥

کیسو گوپال پنڈِت سدِئہُ
ہرِ ہرِ کتھا پڑہِ پُرانُ جیِءُ ॥

ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ
ਬੇਬਾਣੁ ਹਰਿ ਰੰਗੁ ਗੁਰ ਭਾਵਏ ॥

ہرِ کتھا پڑیئے ہرِ نامُ سُنیئے
بیبانُ ہرِ رنگُ گُر بھاوئے ॥

ਪਿੰਡੁ ਪਤਲਿ ਕਿਰਿਆ ਦੀਵਾ
ਫੁਲ ਹਰਿ ਸਰਿ ਪਾਵਏ ॥

پِنڈُ پتلِ کِریا دیوا
پھُل ہرِ سرِ پاوئے ॥

ਹਰਿ ਭਾਇਆ ਸਤਿਗੁਰੁ ਬੋਲਿਆ
ਹਰਿ ਮਿਲਿਆ ਪੁਰਖੁ ਸੁਜਾਣੁ ਜੀਉ ॥

ہرِ بھائیا ستِگُرُ بولیا
ہرِ مِلیا پُرکھُ سُجانُ جیِءُ ॥

ਰਾਮਦਾਸ ਸੋਢੀ ਤਿਲਕੁ ਦੀਆ
ਗੁਰ ਸਬਦੁ ਸਚੁ ਨੀਸਾਣੁ ਜੀਉ ॥੫॥

رامداس سوڈھی تِلکُ دیِیا
گُر سبدُ سچُ نِیشانُ جیِءُ ॥5॥

ਸਤਿਗੁਰੁ ਪੁਰਖੁ ਜਿ ਬੋਲਿਆ
ਗੁਰਸਿਖਾ ਮੰਨਿ ਲਈ ਰਜਾਇ ਜੀਉ ॥

ستِگُرُ پُرکھُ جِ بولیا
گُرسِکھا منِ لئی رضاءِ جیِءُ ॥

ਮੋਹਰੀ ਪੁਤੁ ਸਨਮੁਖੁ ਹੋਇਆ
ਰਾਮਦਾਸੈ ਪੈਰੀ ਪਾਇ ਜੀਉ ॥

موہری پُتُ سنمُکھُ ہوئیا

ਸਭ ਪਵੈ ਪੈਰੀ ਸਤਿਗੁਰੂ ਕੇਰੀ
ਜਿਥੈ ਗੁਰੂ ਆਪੁ ਰਖਿਆ ॥

ਕੋਈ ਕਰਿ ਬਖੀਲੀ ਨਿਵੈ ਨਾਹੀ
ਫਿਰਿ ਸਤਿਗੁਰੂ ਆਣਿ ਨਿਵਾਇਆ ॥

ਹਰਿ ਗੁਰਹਿ ਭਾਣਾ ਦੀਈ ਵਡਿਆਈ
ਧੁਰਿ ਲਿਖਿਆ ਲੇਖੁ ਰਜਾਇ ਜੀਉ ॥

ਕਹੈ ਸੁੰਦਰੁ ਸੁਣਹੁ ਸੰਤਹੁ
ਸਭੁ ਜਗਤੁ ਪੈਰੀ ਪਾਇ ਜੀਉ ॥੬॥੧॥

ਰਾਮਕਲੀ ਮਹਲਾ ੫ ਛੰਤ

ੴ ਸਤਿਗੁਰ ਪ੍ਰਸਾਦਿ ॥

ਸਾਜਨੜਾ ਮੇਰਾ ਸਾਜਨੜਾ
ਨਿਕਟਿ ਖਲੋਇਅੜਾ ਮੇਰਾ ਸਾਜਨੜਾ ॥

ਜਾਨੀਅੜਾ ਹਰਿ ਜਾਨੀਅੜਾ
ਨੈਣ ਅਲੋਇਅੜਾ ਹਰਿ ਜਾਨੀਅੜਾ ॥

ਨੈਣ ਅਲੋਇਆ ਘਟਿ ਘਟਿ ਸੋਇਆ
ਅਤਿ ਅੰਮ੍ਰਿਤ ਪ੍ਰਿਅ ਗੂੜਾ ॥

ਨਾਲਿ ਹੋਵੰਦਾ ਲਹਿ ਨ ਸਕੰਦਾ
ਸੁਆਉ ਨ ਜਾਣੈ ਮੂੜਾ ॥

ਮਾਇਆ ਮਦਿ ਮਾਤਾ ਹੋਛੀ ਬਾਤਾ
ਮਿਲਣੁ ਨ ਜਾਈ ਭਰਮ ਧੜਾ ॥

ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ
ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥੧॥

ਗੋਬਿੰਦਾ ਮੇਰੇ ਗੋਬਿੰਦਾ
ਪ੍ਰਾਣ ਅਧਾਰਾ ਮੇਰੇ ਗੋਬਿੰਦਾ ॥

رامداسے پیَری پاءِ جیِءُ ॥

سبھ پوے پیَری ستِگُرو کیری
جِتھے گُرو آپُ رکھِیا ॥

کوئی کرِ بخیِلی نِوے ناہی
پھِرِ ستِگُرو آنِ نِوایِیا ॥

ہرِ گُرہِ بھاٹا دیِئی وڈِیائی
دھُرِ لِکھِیا لیکھُ رضاءِ جیِءُ ॥

کہے سُندَرُ سُنہُ سنّتہُ
سبھُ جگتُ پیَری پاءِ جیِءُ ॥6॥1॥

رامکلی محلا 5 چھنّت

ੴ ستِگُر پرّسادِ ॥

ساجنڑا میرا ساجنڑا
نِکٹِ کھلوئیڑا میرا ساجنڑا ॥

جانیئڑا ہرِ جانیئڑا
نیَنْ الوئیڑا ہرِ جانیئڑا ॥

نیَنْ الوئیا گھٹِ گھٹِ سوئیا
اتِ انّمرِت پرّءِ گوُڑا ॥

نالِ ہوونّدا لہِ ن سکنّدا
سُیاءُ ن جانّے موُڑا ॥

مائیا مدِ ماتا ہوچھی باتا
مِلنُّ ن جائی بھرم دھڑا ॥

کہُ نانک گُر بِنُ ناہی سوُجھے
ہرِ ساجنُ سبھ کے نِکٹِ کھڑا ॥1॥

گوبِنّدا میرے گوبِنّدا
پرّانْ ادھارا میرے گوبِنّدا ۔ ॥

ਕਿਰਪਾਲਾ ਮੇਰੇ ਕਿਰਪਾਲਾ
ਦਾਨ ਦਾਤਾਰਾ ਮੇਰੇ ਕਿਰਪਾਲਾ ॥

ਦਾਨ ਦਾਤਾਰਾ ਅਪਰ ਅਪਾਰਾ
ਘਟ ਘਟ ਅੰਤਰਿ ਸੋਹਨਿਆ ॥

ਇਕ ਦਾਸੀ ਧਾਰੀ ਸਬਲ ਪਸਾਰੀ
ਜੀਅ ਜੰਤ ਲੈ ਮੋਹਨਿਆ ॥

ਜਿਸ ਨੋ ਰਾਖੈ ਸੋ ਸਚੁ ਭਾਖੈ
ਗੁਰ ਕਾ ਸਬਦੁ ਬੀਚਾਰਾ ॥

ਕਹੁ ਨਾਨਕ ਜੋ ਪ੍ਰਭ ਕਉ ਭਾਣਾ
ਤਿਸ ਹੀ ਕਉ ਪ੍ਰਭੁ ਪਿਆਰਾ ॥੨॥

ਮਾਣੋ ਪ੍ਰਭ ਮਾਣੋ
ਮੇਰੇ ਪ੍ਰਭ ਕਾ ਮਾਣੋ ॥

ਜਾਣੋ ਪ੍ਰਭੁ ਜਾਣੋ
ਸੁਆਮੀ ਸੁਘੜੁ ਸੁਜਾਣੋ ॥

ਸੁਘੜ ਸੁਜਾਨਾ ਸਦ ਪਰਧਾਨਾ
ਅੰਮ੍ਰਿਤੁ ਹਰਿ ਕਾ ਨਾਮਾ ॥

ਚਾਖਿ ਅਘਾਣੇ ਸਾਰਿਗਪਾਣੇ
ਜਿਨ ਕੈ ਭਾਗ ਮਥਾਨਾ ॥

ਤਿਨ ਹੀ ਪਾਇਆ ਤਿਨਹਿ ਧਿਆਇਆ
ਸਗਲ ਤਿਸੈ ਕਾ ਮਾਣੋ ॥

ਕਹੁ ਨਾਨਕ ਥਿਰੁ ਤਖਤਿ ਨਿਵਾਸੀ
ਸਚੁ ਤਿਸੈ ਦੀਬਾਣੋ ॥੩॥

ਮੰਗਲਾ ਹਰਿ ਮੰਗਲਾ
ਮੇਰੇ ਪ੍ਰਭ ਕੈ ਸੁਣੀਐ ਮੰਗਲਾ ॥

ਸੋਹਿਲੜਾ ਪ੍ਰਭ ਸੋਹਿਲੜਾ
ਅਨਹਦ ਧੁਨੀਐ ਸੋਹਿਲੜਾ ॥

کِرپالا میرے کِرپالا
دان داتارا میرے کِرپالا ۔ ॥

دان داتارا اپر اپارا
گھٹ گھٹ انتر سوہنیا ॥

اِک داسی دھاری سبل پساری
جیء جنت لے موہنیا ॥

جِس نو راکھے سو سچُ بھاکھے
گُر کا سبدُ بیچارا ॥

کہُ نانک جو پربھ کءُ بھاٹا
تِس ہی کءُ پربھُ پیارا ॥2॥

مانو پربھ مانو
میرے پربھ کا مانو ॥

جانو پربھُ جانو
سُیامی سُگھڑُ سُجانو ॥

سُگھڑ سُجانا سد پردھانا
انمرِت ہرِ کا نانا ॥

چاکھِ اگھانے سارِگپانے
جِن کے بھاگ متھانا ॥

تِن ہی پائیا تِنہِ دھیائیا
سگل تِسے کا مانو ॥

کہُ نانک تھِرُ تختِ نِواسی
سچُ تِسے دیبانو ॥3॥

منگلا ہرِ منگلا
میرے پربھ کے سُنیئے منگلا ॥

سوہلڑا پربھ سوہلڑا

انہد دھُنیۓ سوہلڑا ॥

ਅਨਹਦ ਵਾਜੇ ਸਬਦ ਅਗਾਜੇ
ਨਿਤ ਨਿਤ ਜਿਸਹਿ ਵਧਾਈ ॥

انہد واجے سبد اگاجے
نِت نِت جِسہِ ودھائی ॥

ਸੋ ਪ੍ਰਭੁ ਧਿਆਈਐ ਸਭੁ ਕਿਛੁ ਪਾਈਐ
ਮਰੈ 'ਨ' ਆਵੈ ਜਾਈ ॥

سو پربھُ دھیائیۓ سبھُ کچھُ پائیۓ
مرے ن آوے جائی ॥

ਚੂਕੀ ਪਿਆਸਾ ਪੂਰਨ ਆਸਾ
ਗੁਰਮੁਖਿ ਮਿਲੁ ਨਿਰਗੁਨੀਐ ॥

چوُکی پیاسا پوُرن آسا
گُرمُکھِ مِلُ نِرگُنیۓ ॥

ਕਹੁ ਨਾਨਕ ਘਰਿ ਪ੍ਰਭ ਮੇਰੇ ਕੈ
ਨਿਤ ਨਿਤ ਮੰਗਲੁ ਸੁਨੀਐ ॥੪॥੧॥

کہُ نانک گھرِ پربھ میرے کے
نِت نِت منگلُ سُنیۓ ॥4॥1॥

ਰਾਮਕਲੀ ਮਹਲਾ ੫ ॥

رامکلی محلا 5 ॥

ਹਰਿ ਹਰਿ ਧਿਆਇ ਮਨਾ
ਖਿਨੁ ਨ ਵਿਸਾਰੀਐ ॥

ہرِ ہرِ دھیاءِ منا
کھِنُ ن وِسارِیۓ ॥

ਰਾਮ ਰਾਮਾ ਰਾਮ ਰਮਾ
ਕੰਠਿ ਉਰ ਧਾਰੀਐ ॥

رام راما رام رما
کنٹھِ اُر دھارِیۓ ॥

ਉਰ ਧਾਰਿ ਹਰਿ ਹਰਿ ਪੁਰਖੁ ਪੂਰਨੁ
ਪਾਰਬ੍ਰਹਮੁ ਨਿਰੰਜਨੋ ॥

اُر دھارِ ہرِ ہرِ پُرکھُ پوُرنُ
پاربرہمُ نِرنجنو ॥

ਭੈ ਦੂਰਿ ਕਰਤਾ ਪਾਪ ਹਰਤਾ
ਦੁਸਹ ਦੁਖ ਭਵ ਖੰਡਨੋ ॥

بھے دوُرِ کرتا پاپ ہرتا
دُسہ دُکھ بھو کھنڈنو ॥

ਜਗਦੀਸ ਈਸ ਗੋਪਾਲ ਮਾਧੋ
ਗੁਣ ਗੋਵਿੰਦ ਵੀਚਾਰੀਐ ॥

جگدیس ایس گوپال مادھو
گُن گووِند ویچارِیۓ ॥

ਬਿਨਵੰਤਿ ਨਾਨਕ ਮਿਲਿ ਸੰਗਿ ਸਾਧੂ
ਦਿਨਸੁ ਰੈਣਿ ਚਿਤਾਰੀਐ ॥੧॥

بِنونتِ نانک مِلِ سنگِ سادھوُ
دِنسُ رینِ چِتارِیۓ ॥1॥

ਚਰਨ ਕਮਲ ਆਧਾਰੁ
ਜਨ ਕਾ ਆਸਰਾ ॥

چرن کمل آدھارُ
جن کا آسرا ॥

ਮਾਲੁ ਮਿਲਖ ਭੰਡਾਰ

مالُ مِلکھ بھنڈار

ਨਾਮੁ ਅਨੰਤ ਧਰਾ ॥

نامُ اننّت دھرا ॥

ਨਾਮੁ ਨਰਹਰ ਨਿਧਾਨੁ ਜਿਨ ਕੈ
ਰਸ ਭੋਗ ਏਕ ਨਰਾਇਣਾ ॥

نامُ نرہر نِدھانُ جِن کے
رس بھوگ ایک نرائِنّا ॥

ਰਸ ਰੂਪ ਰੰਗ ਅਨੰਤ ਬੀਠਲ
ਸਾਸਿ ਸਾਸਿ ਧਿਆਇਣਾ ॥

رس روُپ رنگ اننّت بِیٹھل
ساسِ ساسِ دھِیائِنّا ॥

ਕਿਲਵਿਖ ਹਰਣਾ ਨਾਮ ਪੁਨਹਚਰਣਾ
ਨਾਮੁ ਜਮ ਕੀ ਤ੍ਰਾਸ ਹਰਾ ॥

کِلوِکھ ہرنّا نام پُنہچرنّا
نامُ جم کی تّراس ہرا ॥

ਬਿਨਵੰਤਿ ਨਾਨਕ ਰਾਸਿ ਜਨ ਕੀ
ਚਰਨ ਕਮਲਹ ਆਸਰਾ ॥੨॥

بِنونّتِ نانک راسِ جن کی
چرن کملہ آسرا ॥2॥

ਗੁਣ ਬੇਅੰਤ ਸੁਆਮੀ ਤੇਰੇ
ਕੋਇ ਨ ਜਾਨਈ ॥

گُنؤ بیئنّت سُیامی تیرے
کوءِ ن جانئی ॥

ਦੇਖਿ ਚਲਤ ਦਇਆਲ
ਸੁਣਿ ਭਗਤ ਵਖਾਨਈ ॥

دیکھِ چلت دیئال
سُنؤِ بھگت وکھانئی ॥

ਜੀਅ ਜੰਤ ਸਭਿ ਤੁਝੁ ਧਿਆਵਹਿ
ਪੁਰਖਪਤਿ ਪਰਮੇਸਰਾ ॥

جیء جنّت سبھِ تُجھُ دھِیاوہِ
پُرکھپتِ پریسرا ۔ ॥

ਸਰਬ ਜਾਚਿਕ ਏਕੁ ਦਾਤਾ
ਕਰੁਣਾ ਮੈ ਜਗਦੀਸਰਾ ॥

سرب جاچِک ایکُ داتا
کرُنّا مے جگدیسرا ۔ ॥

ਸਾਧੂ ਸੰਤੁ ਸੁਜਾਣੁ ਸੋਈ
ਜਿਸਹਿ ਪ੍ਰਭ ਜੀ ਮਾਨਈ ॥

سادھوُ سنّتُ سُجانُ سوئی
جِسہِ پّربھ جی مانئی ॥

ਬਿਨਵੰਤਿ ਨਾਨਕ ਕਰਹੁ ਕਿਰਪਾ
ਸੋਇ ਤੁਝਹਿ ਪਛਾਨਈ ॥੩॥

بِنونّتِ نانک کرہُ کِرپا
سوءِ تُجھہِ پچھانئی ॥3॥

ਮੋਹਿ ਨਿਰਗੁਣ ਅਨਾਥੁ
ਸਰਣੀ ਆਇਆ ॥

موہِ نِرگُنؤ اناتھُ
سرنّی آئیا ॥

ਬਲਿ ਬਲਿ ਬਲਿ ਗੁਰਦੇਵ
ਜਿਨਿ ਨਾਮੁ ਦ੍ਰਿੜਾਇਆ ॥

بلِ بلِ بلِ گُردیو
جِنِ نامُ دّرِڑائیا ॥

ਗੁਰਿ ਨਾਮੁ ਦੀਆ ਕੁਸਲੁ ਥੀਆ
ਸਰਬ ਇਛਾ ਪੁੰਨੀਆ ॥

گُرِ نامُ دِیِیا کُسلُ تھِیا
سرب اِچھا پُنّنِیا ॥

ਜਲਨੇ ਬੁਝਾਈ ਸਾਂਤਿ ਆਈ
ਮਿਲੇ ਚਿਰੀ ਵਿਛੁੰਨਿਆ ॥

جلنے بُجھائی سانتِ آئی
مِلے چِری وِچھُنّنِیا ॥

ਆਨੰਦ ਹਰਖ ਸਹਜ ਸਾਚੇ
ਮਹਾ ਮੰਗਲ ਗੁਣ ਗਾਇਆ ॥

آنند ہرکھ سہج ساچے
مہا منگل گُن گائِیا ॥

ਬਿਨਵੰਤਿ ਨਾਨਕ ਨਾਮੁ ਪ੍ਰਭ ਕਾ
ਗੁਰ ਪੂਰੇ ਤੇ ਪਾਇਆ ॥੪॥੨॥

بِنونتِ نانک نامُ پربھ کا
گُر پُورے تے پائِیا ॥4॥2॥

ਰਾਮਕਲੀ ਮਹਲਾ ੫ ॥

رامکلی محلا 5 ॥

ਰੁਣ ਝੁਣੋ ਸਬਦੁ ਅਨਾਹਦੁ
ਨਿਤ ਉਠਿ ਗਾਈਐ ਸੰਤਨ ਕੈ ॥

رُن جھُنو سبدُ اناہدُ
نِت اُٹھِ گائیئے سنتن کے ॥

ਕਿਲਵਿਖ ਸਭਿ ਦੋਖ ਬਿਨਾਸਨੁ
ਹਰਿ ਨਾਮੁ ਜਪੀਐ ਗੁਰ ਮੰਤਨ ਕੈ ॥

کِلوِکھ سبھِ دوکھ بِناسنُ
ہرِ نامُ جپیئے گُر منتن کے ॥

ਹਰਿ ਨਾਮੁ ਲੀਜੈ ਅਮਿਉ ਪੀਜੈ
ਰੈਣਿ ਦਿਨਸੁ ਅਰਾਧੀਐ ॥

ہرِ نامُ لیجے امِءُ پیجے
رَینِ دِنُس ارادھیئے ॥

ਜੋਗ ਦਾਨ ਅਨੇਕ ਕਿਰਿਆ
ਲਗਿ ਚਰਣ ਕਮਲਹ ਸਾਧੀਐ ॥

جوگ دان انیک کِریا
لگِ چرن کملہ سادھیئے ॥

ਭਾਉ ਭਗਤਿ ਦਇਆਲ ਮੋਹਨ
ਦੂਖ ਸਗਲੇ ਪਰਹਰੈ ॥

بھاءُ بھگتِ دیئال موہن
دوُکھ سگلے پرہرے ॥

ਬਿਨਵੰਤਿ ਨਾਨਕ ਤਰੈ ਸਾਗਰੁ
ਧਿਆਇ ਸੁਆਮੀ ਨਰਹਰੈ ॥੧॥

بِنونتِ نانک ترے ساگرُ
دھیاءِ سُیامی نرہرے ॥1॥

ਸੁਖ ਸਾਗਰ ਗੋਬਿੰਦ ਸਿਮਰਣੁ
ਭਗਤ ਗਾਵਹਿ ਗੁਣ ਤੇਰੇ ਰਾਮ ॥

سُکھ ساگر گوبِند سِمرنُ
بھگت گاوہِ گُن تیرے رام ۔ ॥

ਅਨਦ ਮੰਗਲ ਗੁਰ ਚਰਣੀ ਲਾਗੇ
ਪਾਏ ਸੂਖ ਘਨੇਰੇ ਰਾਮ ॥

اند منگل گُر چرنی لاگے
پائے سوُکھ گھنیرے رام ॥

ਸੁਖ ਨਿਧਾਨੁ ਮਿਲਿਆ ਦੂਖ ਹਰਿਆ
ਕ੍ਰਿਪਾ ਕਰਿ ਪ੍ਰਭਿ ਰਾਖਿਆ ॥

ਹਰਿ ਚਰਣ ਲਾਗਾ ਭ੍ਰਮੁ ਭਉ ਭਾਗਾ
ਹਰਿ ਨਾਮੁ ਰਸਨਾ ਭਾਖਿਆ ॥

ਹਰਿ ਏਕੁ ਚਿਤਵੈ ਪ੍ਰਭੁ ਏਕੁ ਗਾਵੈ
ਹਰਿ ਏਕੁ ਦ੍ਰਿਸਟੀ ਆਇਆ ॥

ਬਿਨਵੰਤਿ ਨਾਨਕ ਪ੍ਰਭਿ ਕਰੀ ਕਿਰਪਾ
ਪੂਰਾ ਸਤਿਗੁਰੁ ਪਾਇਆ ॥੨॥

ਮਿਲਿ ਰਹੀਐ ਪ੍ਰਭ ਸਾਧ ਜਨਾ
ਮਿਲਿ ਹਰਿ ਕੀਰਤਨੁ ਸੁਨੀਐ ਰਾਮ ॥

ਦਇਆਲ ਪ੍ਰਭੂ ਦਾਮੋਦਰ ਮਾਧੋ
ਅੰਤੁ ਨ ਪਾਈਐ ਗੁਨੀਐ ਰਾਮ ॥

ਦਇਆਲ ਦੁਖ ਹਰ ਸਰਣਿ ਦਾਤਾ
ਸਗਲ ਦੋਖ ਨਿਵਾਰਣੋ ॥

ਮੋਹ ਸੋਗ ਵਿਕਾਰ ਬਿਖੜੇ
ਜਪਤ ਨਾਮ ਉਧਾਰਣੋ ॥

ਸਭਿ ਜੀਅ ਤੇਰੇ ਪ੍ਰਭੂ ਮੇਰੇ
ਕਰਿ ਕਿਰਪਾ ਸਭ ਰੇਣ ਥੀਵਾ ॥

ਬਿਨਵੰਤਿ ਨਾਨਕ ਪ੍ਰਭ ਮਇਆ ਕੀਜੈ
ਨਾਮੁ ਤੇਰਾ ਜਪਿ ਜੀਵਾ ॥੩॥

ਰਾਖਿ ਲੀਏ ਪ੍ਰਭਿ ਭਗਤ ਜਨਾ
ਅਪਣੀ ਚਰਣੀ ਲਾਏ ਰਾਮ ॥

ਆਠ ਪਹਰ ਅਪਨਾ ਪ੍ਰਭੁ ਸਿਮਰਹ
ਏਕੋ ਨਾਮੁ ਧਿਆਏ ਰਾਮ ॥

ਧਿਆਇ ਸੋ ਪ੍ਰਭੁ ਤਰੇ ਭਵਜਲ
ਰਹੇ ਆਵਣ ਜਾਣਾ ॥

سُکھ نِدھانُ مِلیا دوُکھ ہرِیا
کرِپا کرِ پربھِ راکھِیا ॥

ہرِ چرنؒ لاگا بھرّمُ بھءُ بھاگا
ہرِ نامُ رسنا بھاکھِیا ॥

ہرِ ایکُ چِتوے پربھُ ایکُ گاوے
ہرِ ایکُ دِرسٹی آئِیا ॥

بِنونّتِ نانک پربھِ کری کرِپا
پوُرا ستِگُرُ پائِیا ॥2॥

مِلِ رہیئے پربھ سادھ جنا
مِلِ ہرِ کیرتنُ سُنیئے رام ॥

دئِیال پربھوُ دامودر مادھو
انّتُ ن پائیئے گُنیئے رام ॥

دئِیال دُکھ ہر سرنؒ داتا
سگل دوکھ نِوارنّو ॥

موہ سوگ وِکار بِکھڑے
جپت نام اُدھارنّو ॥

سبھِ جیء تیرے پربھوُ میرے
کرِ کرِپا سبھ رینؒ تھیِوا ॥

بِنونّتِ نانک پربھ مئِیا کیجے
نامُ تیرا جپِ جیِوا ॥3॥

راکھِ لیئے پربھِ بھگت جنا
اپنّی چرنؒی لائے رام ॥

آٹھ پہر اپنا پربھُ سِمرہ
ایکو نامُ دھِیائے رام ॥

دھِیاءِ سو پربھُ ترے بھوجل

ਸਦਾ ਸੁਖੁ ਕਲਿਆਣ ਕੀਰਤਨੁ
ਪ੍ਰਭ ਲਗਾ ਮੀਠਾ ਭਾਣਾ ॥

ਸਭ ਇਛ ਪੁੰਨੀ ਆਸ ਪੂਰੀ
ਮਿਲੇ ਸਤਿਗੁਰ ਪੂਰਿਆ ॥

ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੇ
ਫਿਰਿ ਨਾਹੀ ਦੂਖ ਵਿਸੂਰਿਆ ॥੪॥੩॥

ਰਾਮਕਲੀ ਮਹਲਾ ੫ ਛੰਤ ॥

ਸਲੋਕੁ ॥

ਚਰਨ ਕਮਲ ਸਰਣਾਗਤੀ ਅਨਦ ਮੰਗਲ ਗੁਣ ਗਾਮ ॥

ਨਾਨਕ ਪ੍ਰਭੁ ਆਰਾਧੀਐ ਬਿਪਤਿ ਨਿਵਾਰਣ ਰਾਮ ॥੧॥

ਛੰਤੁ ॥

ਪ੍ਰਭ ਬਿਪਤਿ ਨਿਵਾਰਣੋ
ਤਿਸੁ ਬਿਨੁ ਅਵਰੁ ਨ ਕੋਇ ਜੀਉ ॥

ਸਦਾ ਸਦਾ ਹਰਿ ਸਿਮਰੀਐ
ਜਲਿ ਥਲਿ ਮਹੀਅਲਿ ਸੋਇ ਜੀਉ ॥

ਜਲਿ ਥਲਿ ਮਹੀਅਲਿ ਪੂਰਿ ਰਹਿਆ
ਇਕ ਨਿਮਖ ਮਨਹੁ ਨ ਵੀਸਰੈ ॥

ਗੁਰ ਚਰਨ ਲਾਗੇ ਦਿਨ ਸਭਾਗੇ
ਸਰਬ ਗੁਣ ਜਗਦੀਸਰੈ ॥

ਕਰਿ ਸੇਵ ਸੇਵਕ ਦਿਨਸੁ ਰੈਣੀ
ਤਿਸੁ ਭਾਵੈ ਸੋ ਹੋਇ ਜੀਉ ॥

ਬਲਿ ਜਾਇ ਨਾਨਕੁ ਸੁਖਹ ਦਾਤੇ
ਪਰਗਾਸੁ ਮਨਿ ਤਨਿ ਹੋਇ ਜੀਉ ॥੧॥

رہے آوٹ جاٹا ॥

سدا سُکھ کلیاٹ کیرتنُ
پربھ لگا میٹھا بھاٹا ॥

سبھ اِچھ پُنّنی آس پُوری
مِلے ستِگُر پُورِیا ॥

بِنونّتِ نانک پربھِ آپِ میلے
پھِرِ ناہی دوُکھ وِسوُریا ॥4॥3॥

رامکلی محلا 5 چھنّت ॥

سلوکُ ॥

چرن کمل سرٹاگتی اند منگل گُٹ گام ॥

نانک پربھُ آرادھیئے بپتِ نِوارٹ رام ॥1॥

چھنّتُ ॥

پربھ بپتِ نِوارٹو
تِسُ بِنُ اورُ ن کوءِ جیءُ ॥

سدا سدا ہرِ سِمریئے
جلِ تھلِ مہیئلِ سوءِ جیءُ ॥

جلِ تھلِ مہیئلِ پوُرِ رہِیا
اِک نِمکھ منہ ن ویسرے ॥

گُر چرن لاگے دِن سبھاگے
سرب گُٹ جگدیسرے ॥

کرِ سیو سیوک دِنسُ رینٹی
تِسُ بھاوے سو ہوءِ جیءُ ॥

بلِ جاءِ نانکُ سُکھہ داتے
پرگاسُ منِ تنِ ہوءِ جیءُ ॥1॥

ਸਲੋਕੁ ॥

ہرِ سِمرت منُ تنُ سُکھی
بِنسی دُتیِیا سوچ ॥

ਹਰਿ ਸਿਮਰਤ ਮਨੁ ਤਨੁ ਸੁਖੀ
ਬਿਨਸੀ ਦੁਤੀਆ ਸੋਚ ॥

نانک ٹیک گوپال کی
گووِنّد سنّکٹ موچ ॥1॥

ਨਾਨਕ ਟੇਕ ਗੋਪਾਲ ਕੀ
ਗੋਵਿੰਦ ਸੰਕਟ ਮੋਚ ॥੧॥

چھنّتُ ॥

ਛੰਤੁ ॥

بھے سنّکٹ کاٹے
نارائِنؔ دیئال جیِءُ ॥

ਭੈ ਸੰਕਟ ਕਾਟੇ
ਨਾਰਾਇਣ ਦਇਆਲ ਜੀਉ ॥

ہرِ گُنؔ آنند گائے
پربھ دینا ناتھ پرتپال جیِءُ ॥

ਹਰਿ ਗੁਣ ਆਨੰਦ ਗਾਏ
ਪ੍ਰਭ ਦੀਨਾ ਨਾਥ ਪ੍ਰਤਿਪਾਲ ਜੀਉ ॥

پرتپال اچُت پُرکھُ ایکو
تِسہِ سِءُ رنگُ لاگا ॥

ਪ੍ਰਤਿਪਾਲ ਅਚੁਤ ਪੁਰਖੁ ਏਕੋ
ਤਿਸਹਿ ਸਿਉ ਰੰਗੁ ਲਾਗਾ ॥

کر چرن مستکُ میلِ لینے
سدا اندِنُ جاگا ॥

ਕਰ ਚਰਨ ਮਸਤਕੁ ਮੇਲਿ ਲੀਨੇ
ਸਦਾ ਅਨਦਿਨੁ ਜਾਗਾ ॥

جیِءُ پِنڈُ گرِہُ تھانُ تِس کا
تنُ جوبنُ دھنُ مالُ جیِءُ ॥

ਜੀਉ ਪਿੰਡੁ ਗ੍ਰਿਹੁ ਥਾਨੁ ਤਿਸ ਕਾ
ਤਨੁ ਜੋਬਨੁ ਧਨੁ ਮਾਲੁ ਜੀਉ ॥

سد سدا بلِ جاءِ نانکُ
سرب جیِیا پرتپال جیِءُ ॥2॥

ਸਦ ਸਦਾ ਬਲਿ ਜਾਇ ਨਾਨਕੁ
ਸਰਬ ਜੀਆ ਪ੍ਰਤਿਪਾਲ ਜੀਉ ॥੨॥

ਸਲੋਕੁ ॥

سلوکُ ॥

رسنا اُچرے ہرِ ہرے
گُنؔ گووِنّد وکھیان ॥

ਰਸਨਾ ਉਚਰੈ ਹਰਿ ਹਰੇ
ਗੁਣ ਗੋਵਿੰਦ ਵਖਿਆਨ ॥

نانک پکڑی ٹیک ایک
پریسرُ رکھے نِدان ॥1॥

ਨਾਨਕ ਪਕੜੀ ਟੇਕ ਏਕ
ਪਰਮੇਸਰੁ ਰਖੈ ਨਿਦਾਨ ॥੧॥

ਛੰਤੁ ॥

چھنّتُ ॥

ਸੋ ਸੁਆਮੀ ਪ੍ਰਭੁ ਰਖਕੋ

سو سُیامی پربھُ رکھکو

ਅੰਚਲਿ ਤਾ ਕੈ ਲਾਗੁ ਜੀਉ ॥

انچَلِ تا کے لاگُ جیِءُ ۔ ॥

ਭਜੁ ਸਾਧੂ ਸੰਗਿ ਦਇਆਲ ਦੇਵ
ਮਨ ਕੀ ਮਤਿ ਤਿਆਗੁ ਜੀਉ ॥

بھجُ سادھوُ سنگِ دیَیال دیو
من کی متِ تِیاگُ جیِءُ ۔ ॥

ਇਕ ਓਟ ਕੀਜੈ ਜੀਉ ਦੀਜੈ
ਆਸ ਇਕ ਧਰਣੀਧਰੈ ॥

اِک اوٹ کیجے جیِءُ دیجے
آس اِک دھرنیدھرے ॥

ਸਾਧਸੰਗੇ ਹਰਿ ਨਾਮ ਰੰਗੇ
ਸੰਸਾਰੁ ਸਾਗਰੁ ਸਭੁ ਤਰੈ ॥

سادھسنگے ہرِ نام رنگے
سنّسارُ ساگرُ سبھُ ترے ॥

ਜਨਮ ਮਰਣ ਬਿਕਾਰ ਛੂਟੇ
ਫਿਰਿ ਨ ਲਾਗੈ ਦਾਗੁ ਜੀਉ ॥

جنم مرنْ بِکار چھوُٹے
پھِرِ ن لاگے داگُ جیِءُ ॥

ਬਲਿ ਜਾਇ ਨਾਨਕੁ ਪੁਰਖ ਪੂਰਨ
ਥਿਰੁ ਜਾ ਕਾ ਸੋਹਾਗੁ ਜੀਉ ॥੩॥

بلِ جاءِ نانکُ پُرکھ پوُرن
تھِرُ جا کا سوہاگُ جیِءُ ॥3॥

ਸਲੋਕੁ ॥

سلوکُ ॥

ਧਰਮ ਅਰਥ ਅਰੁ ਕਾਮ ਮੋਖ
ਮੁਕਤਿ ਪਦਾਰਥ ਨਾਥ ॥

دھرم ارتھ ارُ کام موکھ
مُکتِ پدارتھ ناتھ ॥

ਸਗਲ ਮਨੋਰਥ ਪੂਰਿਆ
ਨਾਨਕ ਲਿਖਿਆ ਮਾਥ ॥੧॥

سگل منورتھ پوُریا
نانک لِکھیا ماتھ ॥1॥

ਛੰਤੁ ॥

چھنّتُ ॥

ਸਗਲ ਇਛ ਮੇਰੀ ਪੁੰਨੀਆ
ਮਿਲਿਆ ਨਿਰੰਜਨ ਰਾਇ ਜੀਉ ॥

سگل اِچھ میری پُنّنیا
مِلیا نِرنْجن راءِ جیِءُ ॥

ਅਨਦੁ ਭਇਆ ਵਡਭਾਗੀਹੋ
ਗ੍ਰਿਹਿ ਪ੍ਰਗਟੇ ਪ੍ਰਭ ਆਇ ਜੀਉ ॥

اندُ بھئیا وڈبھاگیہو
گرِہِ پرگٹے پربھ آءِ جیِءُ ॥

ਗ੍ਰਿਹਿ ਲਾਲ ਆਏ ਪੁਰਬਿ ਕਮਾਏ
ਤਾ ਕੀ ਉਪਮਾ ਕਿਆ ਗਣਾ ॥

گرِہِ لال آئے پُربِ کمائے
تا کی اُپما کِیا گنّا ۔ ॥

ਬੇਅੰਤ ਪੂਰਨ ਸੁਖ ਸਹਜ ਦਾਤਾ
ਕਵਨ ਰਸਨਾ ਗੁਣ ਭਣਾ ॥

بیئنّت پوُرن سُکھ سہج داتا
کون رسنا گُنْ بھنّا ॥

ਆਪੇ ਮਿਲਾਏ ਗਹਿ ਕੰਠਿ ਲਾਏ ਤਿਸੁ ਬਿਨਾ ਨਹੀ ਜਾਇ ਜੀਉ ॥	آپے مِلائے گہِ کنٹھِ لائے تِس بِنا نہی جاءِ جیءُ ॥
ਬਲਿ ਜਾਇ ਨਾਨਕੁ ਸਦਾ ਕਰਤੇ ਸਭ ਮਹਿ ਰਹਿਆ ਸਮਾਇ ਜੀਉ ॥੪॥੪॥	بلِ جاءِ نانکُ سدا کرتے سبھ مہِ رہِیا سماءِ جیءُ ॥4॥4॥
ਰਾਗੁ ਰਾਮਕਲੀ ਮਹਲਾ ੫ ॥	راگُ رامکلی محلا 5 ॥
ਰਣ ਝੁੰਝਨੜਾ ਗਾਉ ਸਖੀ ਹਰਿ ਏਕੁ ਧਿਆਵਹੁ ॥	رنْ جھُنجھنڑا گاءُ سکھی ہرِ ایکُ دھِیاوہُ ॥
ਸਤਿਗੁਰੁ ਤੁਮ ਸੇਵਿ ਸਖੀ ਮਨਿ ਚਿੰਦਿਅੜਾ ਫਲੁ ਪਾਵਹੁ ॥	ستِگُرُ تُم سیوِ سکھی منِ چِنْدِیڑا پھلُ پاوہُ ॥
ਰਾਮਕਲੀ ਮਹਲਾ ੫ ਰੁਤੀ ਸਲੋਕੁ	رامکلی محلا 5 رُتی سلوکُ
੧ੴ ਸਤਿਗੁਰ ਪ੍ਰਸਾਦਿ ॥	۱ۅ ستِگُر پرسادِ ॥
ਕਰਿ ਬੰਦਨ ਪ੍ਰਭ ਪਾਰਬ੍ਰਹਮ ਬਾਛਉ ਸਾਧਹ ਧੂਰਿ ॥	کرِ بندن پربھ پاربرہم باچھءُ سادھ دھوُرِ ॥
ਆਪੁ ਨਿਵਾਰਿ ਹਰਿ ਹਰਿ ਭਜਉ ਨਾਨਕ ਪ੍ਰਭ ਭਰਪੂਰਿ ॥੧॥	آپُ نِوارِ ہرِ ہرِ بھجءُ نانک پربھ بھرپوُرِ ॥1॥
ਕਿਲਵਿਖ ਕਾਟਣ ਭੈ ਹਰਣ ਸੁਖ ਸਾਗਰ ਹਰਿ ਰਾਇ ॥	کِلوِکھ کاٹنْ بھے ہرنْ سُکھ ساگر ہرِ راءِ ॥
ਦੀਨ ਦਇਆਲ ਦੁਖ ਭੰਜਨੋ ਨਾਨਕ ਨੀਤ ਧਿਆਇ ॥੨॥	دِین دیَیال دُکھ بھنْجنو نانک نِیت دھِیاءِ ॥2॥
ਛੰਤੁ ॥	چھنتُ ॥
ਜਸੁ ਗਾਵਹੁ ਵਡਭਾਗੀਹੋ ਕਰਿ ਕਿਰਪਾ ਭਗਵੰਤ ਜੀਉ ॥	جسُ گاوہُ وڈبھاگیہو کرِ کرپا بھگونت جیءُ ॥
ਰੁਤੀ ਮਾਹ ਮੂਰਤ ਘੜੀ ਗੁਣ ਉਚਰਤ ਸੋਭਾਵੰਤ ਜੀਉ ॥	رُتی ماہ مورت گھڑی گُنْ اُچرت سوبھاونت جیءُ ॥
ਗੁਣ ਰੰਗਿ ਰਾਤੇ ਧੰਨਿ ਤੇ ਜਨ	گُنْ رنگِ راتے دھنّنِ تے جن

ਜਿਨੀ ਇਕ ਮਨਿ ਧਿਆਇਆ ॥
جِنی اِک منِ دھِیائیا ॥

ਸਫਲ ਜਨਮੁ ਭਇਆ ਤਿਨ ਕਾ
ਜਿਨੀ ਸੋ ਪ੍ਰਭੁ ਪਾਇਆ ॥
سپھل جنمُ بھئیا تِن کا
جِنی سو پربھُ پائیا ॥

ਪੁੰਨ ਦਾਨ 'ਨ' ਤੁਲਿ ਕਿਰਿਆ
ਹਰਿ ਸਰਬ ਪਾਪਾ ਹੰਤ ਜੀਉ ॥
پُنّن دان ن تُلِ کِریا
ہرِ سرب پاپا ہنّت جیِءُ ॥

ਬਿਨਵੰਤਿ ਨਾਨਕ ਸਿਮਰਿ ਜੀਵਾ
ਜਨਮ ਮਰਣ ਰਹੰਤ ਜੀਉ ॥੧॥
بِنونّتِ نانک سِمرِ جیِوا
جنم مرنُ رہنّت جیِءُ ॥1॥

ਸਲੋਕ ॥
سلوک ॥

ਉਦਮੁ ਅਗਮੁ ਅਗੋਚਰੋ
ਚਰਨ ਕਮਲ ਨਮਸਕਾਰ ॥
اُدمُ اگمُ اگوچرو
چرن کمل نمسکار ॥

ਕਥਨੀ ਸਾ ਤੁਧੁ ਭਾਵਸੀ
ਨਾਨਕ ਨਾਮ ਅਧਾਰ ॥੧॥
کتھنی سا تُدھُ بھاوسی
نانک نام ادھار ॥1॥

ਸੰਤ ਸਰਣਿ ਸਾਜਨ ਪਰਹੁ
ਸੁਆਮੀ ਸਿਮਰਿ ਅਨੰਤ ॥
سنّت سرنُ ساجن پرہُ
سُیامی سِمرِ اننّت ॥

ਸੂਕੇ ਤੇ ਹਰਿਆ ਥੀਆ
ਨਾਨਕ ਜਪਿ ਭਗਵੰਤ ॥੨॥
سُوکے تے ہریا تھیا
نانک جپِ بھگونّت ॥2॥

ਛੰਤੁ ॥
چھنّتُ ॥

ਰੁਤਿ ਸਰਸ ਬਸੰਤ ਮਾਹ
ਚੇਤੁ ਵੈਸਾਖ ਸੁਖ ਮਾਸੁ ਜੀਉ ॥
رُتِ سرس بسنّت ماہ
چیتُ ویَساکھ سُکھ ماسُ جیِءُ ॥

ਹਰਿ ਜੀਉ ਨਾਹੁ ਮਿਲਿਆ
ਮਉਲਿਆ ਮਨੁ ਤਨੁ ਸਾਸੁ ਜੀਉ ॥
ہرِ جیِءُ ناہُ مِلیا
منُلیا منُ تنُ ساسُ جیِءُ ॥

ਘਰਿ ਨਾਹੁ ਨਿਹਚਲੁ ਅਨਦੁ ਸਖੀਏ
ਚਰਨ ਕਮਲ ਪ੍ਰਫੁਲਿਆ ॥
گھرِ ناہُ نِہچلُ اندُ سکھیے
چرن کمل پرپھُلیا ॥

ਸੁੰਦਰੁ ਸੁਘੜੁ ਸੁਜਾਣੁ ਬੇਤਾ
ਗੁਣ ਗੋਵਿੰਦ ਅਮੁਲਿਆ ॥
سُنّدرُ سُگھڑُ سُجانُ بیتا
گُنُ گووِنّد امُلیا ॥

ਵਡਭਾਗਿ ਪਾਇਆ ਦੁਖੁ ਗਵਾਇਆ
ਭਈ ਪੂਰਨ ਆਸ ਜੀਉ ॥

وڈبھاگِ پائیا دُکھُ گوائیا
بھئی پوُرن آس جیِءُ ॥

ਬਿਨਵੰਤਿ ਨਾਨਕ ਸਰਣਿ ਤੇਰੀ
ਮਿਟੀ ਜਮ ਕੀ ਤ੍ਰਾਸ ਜੀਉ ॥੨॥

بِنونّتِ نانک سرنٹِ تیری
مِٹی جم کی تّراس جیِءُ ॥2॥

ਸਲੋਕ ॥

سلوک ॥

ਸਾਧਸੰਗਤਿ ਬਿਨੁ ਭ੍ਰਮਿ ਮੁਈ
ਕਰਤੀ ਕਰਮ ਅਨੇਕ ॥

سادھسنگتِ بِنُ بھّرمِ مُئی
کرتی کرم انیک ॥

ਕੋਮਲ ਬੰਧਨ ਬਾਧੀਆ
ਨਾਨਕ ਕਰਮਹਿ ਲੇਖ ॥੧॥

کومل بنّدھن بادھِیا
نانک کرمہِ لیکھ ॥1॥

ਜੋ ਭਾਣੇ ਸੇ ਮੇਲਿਆ
ਵਿਛੋੜੇ ਭੀ ਆਪਿ ॥

جو بھانّے سے میلِیا
وِچھوڑے بھی آپِ ॥

ਨਾਨਕ ਪ੍ਰਭ ਸਰਣਾਗਤੀ
ਜਾ ਕਾ ਵਡ ਪਰਤਾਪੁ ॥੨॥

نانک پّربھ سرٹاگتی
جا کا وڈ پرتاپُ ॥2॥

ਛੰਤੁ ॥

چھنّتُ ॥

ਗ੍ਰੀਖਮ ਰੁਤਿ ਅਤਿ ਗਾਖੜੀ
ਜੇਠ ਅਖਾੜੈ ਘਾਮ ਜੀਉ ॥

گّریکھم رُتِ اتِ گاکھڑی
جیٹھ اکھاڑےَ گھام جیِءُ ॥

ਪ੍ਰੇਮ ਬਿਛੋਹੁ ਦੁਹਾਗਣੀ
ਦ੍ਰਿਸਟਿ ਨ ਕਰੀ ਰਾਮ ਜੀਉ ॥

پّریم بچھوہُ دُہاگنّی
دّرِستِ ن کری رام جیِءُ ॥

ਨਹ ਦ੍ਰਿਸਟਿ ਆਵੈ ਮਰਤ ਹਾਵੈ
ਮਹਾ ਗਾਰਬਿ ਮੁਠੀਆ ॥

نہ دّرِستِ آوےَ مرت ہاوےَ
مہا گاربِ مُٹھِیا ॥

ਜਲ ਬਾਝੁ ਮਛੁਲੀ ਤੜਫੜਾਵੈ
ਸੰਗਿ ਮਾਇਆ ਰੁਠੀਆ ॥

جل باجھُ مچھُلی تڑپھڑاوےَ
سنگِ مائیا رُٹھِیا ॥

ਕਰਿ ਪਾਪ ਜੋਨੀ ਭੈ ਭੀਤ ਹੋਈ
ਦੇਇ ਸਾਸਨ ਜਾਮ ਜੀਉ ॥

کرِ پاپ جونی بھےَ بھیت ہوئی
دےءِ ساسن جام جیِءُ ॥

ਬਿਨਵੰਤਿ ਨਾਨਕ ਓਟ ਤੇਰੀ

بِنونّتِ نانک اوٹ تیری

ਰਾਖੁ ਪੂਰਨ ਕਾਮ ਜੀਉ ॥੩॥

راکھُ پوُرن کام جیِءُ ॥3॥

ਸਲੋਕ ॥

سلوک ॥

ਸਰਧਾ ਲਾਗੀ ਸੰਗਿ ਪ੍ਰੀਤਮੈ
ਇਕੁ ਤਿਲੁ ਰਹਣੁ ਨ ਜਾਇ ॥

سردھا لاگی سنگِ پرِیتمے
اِکُ تِلُ رہنُ ن جاءِ ॥

ਮਨ ਤਨ ਅੰਤਰਿ ਰਵਿ ਰਹੇ
ਨਾਨਕ ਸਹਜਿ ਸੁਭਾਇ ॥੧॥

من تن انترِ روِ رہے
نانک سہجِ سُبھاءِ ॥1॥

ਕਰੁ ਗਹਿ ਲੀਨੀ ਸਾਜਨਹਿ
ਜਨਮ ਜਨਮ ਕੇ ਮੀਤ ॥

کرُ گہِ لینی ساجنہِ
جنم جنم کے میت ॥

ਚਰਨਹ ਦਾਸੀ ਕਰਿ ਲਈ
ਨਾਨਕ ਪ੍ਰਭ ਹਿਤ ਚੀਤ ॥੨॥

چرنہ داسی کرِ لئی
نانک پربھ ہِت چیت ॥2॥

ਛੰਤੁ ॥

چھنتُ ॥

ਰੁਤਿ ਬਰਸੁ ਸੁਹੇਲੀਆ
ਸਾਵਣ ਭਾਦਵੇ ਆਨੰਦ ਜੀਉ ॥

رُتِ برسُ سُہیلیا
ساونُ بھادوے آنند جیِءُ ॥

ਘਣ ਉਨਵਿ ਵੁਠੇ
ਜਲ ਥਲ ਪੂਰਿਆ ਮਕਰੰਦ ਜੀਉ ॥

گھنُ اُنوِ وُٹھے
جل تھل پوُرِیا مکرنّد جیِءُ ॥

ਪ੍ਰਭੁ ਪੂਰਿ ਰਹਿਆ ਸਰਬ ਠਾਈ
ਹਰਿ ਨਾਮ ਨਵ ਨਿਧਿ ਗ੍ਰਿਹ ਭਰੇ ॥

پربھُ پوُرِ رہیا سرب ٹھائی
ہرِ نام نو نِدھِ گرِہ بھرے ॥

ਸਿਮਰਿ ਸੁਆਮੀ ਅੰਤਰਜਾਮੀ
ਕੁਲ ਸਮੂਹਾ ਸਭਿ ਤਰੇ ॥

سِمرِ سُیامی انترجامی
کُل سموُہا سبھِ ترے ॥

ਪ੍ਰਿਅ ਰੰਗਿ ਜਾਗੇ ਨਹ ਛਿਦ੍ਰ ਲਾਗੇ
ਕ੍ਰਿਪਾਲੁ ਸਦ ਬਖਸਿੰਦੁ ਜੀਉ ॥

پرِء رنگِ جاگے نہ چھدّر لاگے
کرِپالُ سد بخشِنّدُ جیِءُ ॥

ਬਿਨਵੰਤਿ ਨਾਨਕ ਹਰਿ ਕੰਤੁ ਪਾਇਆ
ਸਦਾ ਮਨਿ ਭਾਵੰਦੁ ਜੀਉ ॥੪॥

بِنونتِ نانک ہرِ کنتُ پائیا
سدا منِ بھاونّدُ جیِءُ ॥4॥

ਸਲੋਕ ॥

سلوک ॥

ਆਸ ਪਿਆਸੀ ਮੈ ਫਿਰਉ

آس پیاسی مے پھرِءُ

ਕਬ ਪੇਖਉ ਗੋਪਾਲ ॥	کب پیکھ ءُ گوپال ॥
ਹੈ ਕੋਈ ਸਾਜਨੁ ਸੰਤ ਜਨੁ ਨਾਨਕ ਪ੍ਰਭ ਮੇਲਣਹਾਰ ॥੧॥	ہے کوئی ساجنُ سنّت جنُ نانک پربھ میلنہار ॥1॥
ਬਿਨੁ ਮਿਲਬੇ ਸਾਂਤਿ ਨ ਊਪਜੈ ਤਿਲੁ ਪਲੁ ਰਹਣੁ ਨ ਜਾਇ ॥	بِنُ مِلبے سانتِ ن اوُپجے تِلُ پلُ رہنُ ن جاءِ ॥
ਹਰਿ ਸਾਧਹ ਸਰਣਾਗਤੀ ਨਾਨਕ ਆਸ ਪੁਜਾਇ ॥੨॥	ہرِ سادھ سرنّاگتی نانک آس پُجاءِ ॥2॥
ਛੰਤੁ ॥	چھنتُ ॥
ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ ॥	رُتِ سرد اڈنبرو اسوُ کتکے ہرِ پیاس جیِءُ ॥
ਖੋਜੰਤੀ ਦਰਸਨੁ ਫਿਰਤ ਕਬ ਮਿਲੀਐ ਗੁਣਤਾਸ ਜੀਉ ॥	کھوجنّتی درسنُ پھِرت کب مِلیئے گُنّتاس جیِءُ ॥
ਬਿਨੁ ਕੰਤ ਪਿਆਰੇ ਨਹ ਸੂਖ ਸਾਰੇ ਹਾਰ ਕੰਙਣ ਧ੍ਰਿਗੁ ਬਨਾ ॥	بِنُ کنّت پیارے نہ سوُکھ سارے ہار کنگنّ دھرِگُ بنا ॥
ਸੁੰਦਰਿ ਸੁਜਾਣਿ ਚਤੁਰਿ ਬੇਤੀ ਸਾਸ ਬਿਨੁ ਜੈਸੇ ਤਨਾ ॥	سُندرِ سُجانِ چترِ بیتی ساس بِنُ جیَسے تنا ॥
ਈਤ ਉਤ ਦਹ ਦਿਸ ਅਲੋਕਨ ਮਨਿ ਮਿਲਨ ਕੀ ਪ੍ਰਭ ਪਿਆਸ ਜੀਉ ॥	ایت اُت دہ دِس الوکن منِ مِلن کی پربھ پیاس جیِءُ ॥
ਬਿਨਵੰਤਿ ਨਾਨਕ ਧਾਰਿ ਕਿਰਪਾ ਮੇਲਹੁ ਪ੍ਰਭ ਗੁਣਤਾਸ ਜੀਉ ॥੫॥	بِنونّتِ نانک دھارِ کِرپا میلہُ پربھ گُنّتاس جیِءُ ॥5॥
ਸਲੋਕ ॥	سلوک ॥
ਜਲਨਿ ਬੁਝੀ ਸੀਤਲ ਭਏ ਮਨਿ ਤਨਿ ਉਪਜੀ ਸਾਂਤਿ ॥	جلنِ بُجھی سیتل بھیَ منِ تنِ اُپجی سانتِ ॥
ਨਾਨਕ ਪ੍ਰਭ ਪੂਰਨ ਮਿਲੇ ਦੁਤੀਆ ਬਿਨਸੀ ਭ੍ਰਾਂਤਿ ॥੧॥	نانک پربھ پوُرن مِلے دُتیِیا بِنسی بھرانتِ ॥1॥

ਸਾਧ ਪਠਾਏ ਆਪਿ ਹਰਿ
ਹਮ ਤੁਮ ਤੇ ਨਾਹੀ ਦੂਰਿ ॥

ساد ھ پٹھائے آپِ ہرِ
ہم تُم تے ناہی دوُرِ ॥

ਨਾਨਕ ਭ੍ਰਮ ਭੈ ਮਿਟਿ ਗਏ
ਰਮਣ ਰਾਮ ਭਰਪੂਰਿ ॥੨॥

نانک بھرّم بھےَ مِٹِ گئے
رمنؒ رام بھرپوُرِ ॥2॥

ਛੰਤੁ ॥

چھنَتُ ॥

ਰੁਤਿ ਸਿਸੀਅਰ ਸੀਤਲ
ਹਰਿ ਪ੍ਰਗਟੇ ਮੰਘਰ ਪੋਹਿ ਜੀਉ ॥

رُتِ سِسیِئر سیِتل
ہرِ پرّگٹے منگھر پوہِ جیِءُ ॥

ਜਲਨਿ ਬੁਝੀ ਦਰਸੁ ਪਾਇਆ
ਬਿਨਸੇ ਮਾਇਆ ਧ੍ਰੋਹ ਜੀਉ ॥

جلنِ بُجھی درسُ پائیا
بِنسے مائیا دھّروہ جیِءُ ॥

ਸਭਿ ਕਾਮ ਪੂਰੇ ਮਿਲਿ ਹਜੂਰੇ
ਹਰਿ ਚਰਣ ਸੇਵਕਿ ਸੇਵਿਆ ॥

سبھِ کام پوُرے مِلِ حضوُرے
ہرِ چرنؒ سیوکِ سیویا ॥

ਹਾਰ ਡੋਰ ਸੀਗਾਰ ਸਭਿ ਰਸ
ਗੁਣ ਗਾਉ ਅਲਖ ਅਭੇਵਿਆ ॥

ہار ڈوُر سیِگار سبھِ رس
گُنؒ گاءُ الکھ ابھیویا ॥

ਭਾਉ ਭਗਤਿ ਗੋਵਿੰਦ ਬਾਂਛਤ
ਜਮੁ ਨ ਸਾਕੈ ਜੋਹਿ ਜੀਉ ॥

بھاءُ بھگتِ گووِنّد با نْچھت
جمُ ن ساکے جوہِ جیِءُ ॥

ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੀ
ਤਹ ਨ ਪ੍ਰੇਮ ਬਿਛੋਹ ਜੀਉ ॥੬॥

بِنونّتِ نانک پربھِ آپِ میلی
تہ ن پریم بچھوہ جیِءُ ॥6॥

ਸਲੋਕ ॥

سلوک ॥

ਹਰਿ ਧਨੁ ਪਾਇਆ ਸੋਹਾਗਣੀ
ਡੋਲਤ ਨਾਹੀ ਚੀਤ ॥

ہرِ دھنُ پائیا سوہاگنی
ڈولت ناہی چیِت ॥

ਸੰਤ ਸੰਜੋਗੀ ਨਾਨਕਾ
ਗ੍ਰਿਹਿ ਪ੍ਰਗਟੇ ਪ੍ਰਭ ਮੀਤ ॥੧॥

سنّت سنجوگی نانکا
گرِہِ پرّگٹے پربھ میت ॥1॥

ਨਾਦ ਬਿਨੋਦ ਅਨੰਦ ਕੋਡ
ਪ੍ਰਿਅ ਪ੍ਰੀਤਮ ਸੰਗਿ ਬਨੇ ॥

نادِ بِنود اننّد کوڈ
پرِء پریتم سنگِ بنے ॥

ਮਨ ਬਾਂਛਤ ਫਲ ਪਾਇਆ

من با نْچھت پھل پائیا

ਹਰਿ ਨਾਨਕ ਨਾਮ ਭਨੇ ॥੨॥

ہرِ نانک نام بھنے ॥2॥

ਛੰਤੁ ॥

چھنتُ ॥

ਹਿਮਕਰ ਰੁਤਿ ਮਨਿ ਭਾਵਤੀ
ਮਾਘੁ ਫਗਣੁ ਗੁਣਵੰਤ ਜੀਉ ॥

ہِمکر رُتِ منِ بھاوتی
ماگھُ پھگنُ گُنوَنت جیِءُ ॥

ਸਖੀ ਸਹੇਲੀ ਗਾਉ ਮੰਗਲੋ
ਗ੍ਰਿਹਿ ਆਏ ਹਰਿ ਕੰਤ ਜੀਉ ॥

سکھی سہیلی گاءُ منگلو
گرِہِ آئے ہرِ کنّت جیِءُ ॥

ਗ੍ਰਿਹਿ ਲਾਲ ਆਏ ਮਨਿ ਧਿਆਏ
ਸੇਜ ਸੁੰਦਰਿ ਸੋਹੀਆ ॥

گرِہِ لال آئے منِ دھیائے
سیج سُندرِ سوہیا ॥

ਵਣੁ ਤ੍ਰਿਣੁ ਤ੍ਰਿਭਵਣ ਭਏ ਹਰਿਆ
ਦੇਖਿ ਦਰਸਨ ਮੋਹੀਆ ॥

وُنُ ترِنُ ترِبھونُ بھئے ہریا
دیکھِ درسن موہیا ॥

ਮਿਲੇ ਸੁਆਮੀ ਇਛ ਪੁੰਨੀ
ਮਨਿ ਜਪਿਆ ਨਿਰਮਲ ਮੰਤ ਜੀਉ ॥

مِلے سُیامی اِچھ پُنّنی
منِ جپیا نِرمل منّت جیِءُ ॥

ਬਿਨਵੰਤਿ ਨਾਨਕ ਨਿਤ ਕਰਹੁ ਰਲੀਆ
ਹਰਿ ਮਿਲੇ ਸ੍ਰੀਧਰ ਕੰਤ ਜੀਉ ॥੭॥

بِنونّتِ نانک نِت کرہُ رلیا
ہرِ مِلے سّرِیدھر کنّت جیِءُ ॥7॥

ਸਲੋਕ ॥

سلوک ॥

ਸੰਤ ਸਹਾਈ ਜੀਅ ਕੇ
ਭਵਜਲ ਤਾਰਣਹਾਰ ॥

سنّت سہائی جیء کے
بھوجل تارنہار ॥

ਸਭ ਤੇ ਊਚੇ ਜਾਣੀਅਹਿ
ਨਾਨਕ ਨਾਮ ਪਿਆਰ ॥੧॥

سبھ تے اُوچے جانیئہِ
نانک نام پیار ॥1॥

ਜਿਨ ਜਾਨਿਆ ਸੇਈ ਤਰੇ
ਸੇ ਸੂਰੇ ਸੇ ਬੀਰ ॥

جِن جانیا سیئی ترے
سے سُورے سے بیر ॥

ਨਾਨਕ ਤਿਨ ਬਲਿਹਾਰਣੈ
ਹਰਿ ਜਪਿ ਉਤਰੇ ਤੀਰ ॥੨॥

نانک تِن بلِہارنے
ہرِ جپِ اُترے تیر ॥2॥

ਛੰਤੁ ॥

چھنتُ ॥

ਚਰਣ ਬਿਰਾਜਿਤ ਸਭ ਊਪਰੇ

چرنُ براجت سبھ اُوپرے

ਮਿਟਿਆ ਸਗਲ ਕਲੇਸੁ ਜੀਉ ॥

مِٹیا سگل کلیسُ جیِءُ ॥

ਆਵਣ ਜਾਵਣ ਦੁਖ ਹਰੇ
ਹਰਿ ਭਗਤਿ ਕੀਆ ਪਰਵੇਸੁ ਜੀਉ ॥

آونْ جاونْ دُکھ ہرے
ہرِ بھگتِ کیِیا پرویسُ جیِءُ ॥

ਹਰਿ ਰੰਗਿ ਰਾਤੇ ਸਹਜਿ ਮਾਤੇ
ਤਿਲੁ ਨ ਮਨ ਤੇ ਬੀਸਰੈ ॥

ہرِ رنگِ راتے سہجِ ماتے
تِلُ ن من تے بِسرے ॥

ਤਜਿ ਆਪੁ ਸਰਣੀ ਪਰੇ ਚਰਨੀ
ਸਰਬ ਗੁਣ ਜਗਦੀਸਰੈ ॥

تجِ آپُ سرنْی پرے چرنی
سرب گُنْ جگدیسرے ॥

ਗੋਵਿੰਦ ਗੁਣ ਨਿਧਿ ਸ੍ਰੀਰੰਗ ਸੁਆਮੀ
ਆਦਿ ਕਉ ਆਦੇਸੁ ਜੀਉ ॥

گووِندّ گُنْ نِدھِ سّریرنگ سُیامی
آدِ کءُ آدیسُ جیِءُ ॥

ਬਿਨਵੰਤਿ ਨਾਨਕ ਮਇਆ ਧਾਰਹੁ
ਜੁਗੁ ਜੁਗੋ ਇਕ ਵੇਸੁ ਜੀਉ ॥੮॥੧॥੬॥੮॥

بِنونّتِ نانک مئیا دھارہُ
جُگُ جُگو اِک ویسُ جیِءُ ॥8॥1॥6॥8॥

ਰਾਮਕਲੀ ਮਹਲਾ ੧ ਦਖਣੀ ਓਅੰਕਾਰੁ

رامکلی محلا 1 دکھنی اوئنکارُ

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਓਅੰਕਾਰਿ ਬ੍ਰਹਮਾ ਉਤਪਤਿ ॥

اوئنکارِ برّہما اُتپتِ ॥

ਓਅੰਕਾਰੁ ਕੀਆ ਜਿਨਿ ਚਿਤਿ ॥

اوئنکارُ کیِیا جِنِ چِتِ ॥

ਓਅੰਕਾਰਿ ਸੈਲ ਜੁਗ ਭਏ ॥

اوئنکارِ سیَل جُگ بھےَ ॥

ਓਅੰਕਾਰਿ ਬੇਦ ਨਿਰਮਏ ॥

اوئنکارِ بید نِرمےَ ॥

ਓਅੰਕਾਰਿ ਸਬਦਿ ਉਧਰੇ ॥

اوئنکارِ سبدِ اُدھرے ॥

ਓਅੰਕਾਰਿ ਗੁਰਮੁਖਿ ਤਰੇ ॥

اوئنکارِ گُرمُکھِ ترے ॥

ਓਨਮ ਅਖਰ ਸੁਣਹੁ ਬੀਚਾਰੁ ॥

اونم اکھر سُنْہُ بیچارُ ॥

ਓਨਮ ਅਖਰੁ ਤ੍ਰਿਭਵਣ ਸਾਰੁ ॥੧॥

اونم اکھرُ ترِبھونْ سارُ ॥1॥

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥

سُنْ پاڈے کیِیا لِکھہُ زنجالا ۔ ॥

ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥੧॥ ਰਹਾਉ ॥

لِکھُ رام نام گُرمُکھِ گوپالا ॥1॥ رہاءُ ॥

ਸਸੈ ਸਭੁ ਜਗੁ ਸਹਜਿ ਉਪਾਇਆ

سسے سبھُ جگُ سہجِ اُپائیا

ਤੀਨਿ ਭਵਨ ਇਕ ਜੋਤੀ ॥

تِنِ بھون اِک جوتی ॥

ਗੁਰਮੁਖਿ ਵਸਤੁ ਪਰਾਪਤਿ ਹੋਵੈ
ਚੁਣਿ ਲੈ ਮਾਣਕ ਮੋਤੀ ॥

گُرمُکھِ وستُ پراپتِ ہووے
چُنِ لے مانک موتی ॥

ਸਮਝੈ ਸੂਝੈ ਪੜਿ ਪੜਿ ਬੂਝੈ
ਅੰਤਿ ਨਿਰੰਤਰਿ ਸਾਚਾ ॥

سمجھے سُوجھے پڑِ پڑِ بُوجھے
انّتِ نِرنّترِ ساچا ॥

ਗੁਰਮੁਖਿ ਦੇਖੈ ਸਾਚੁ ਸਮਾਲੇ
ਬਿਨੁ ਸਾਚੇ ਜਗੁ ਕਾਚਾ ॥੨॥

گُرمُکھِ دیکھے ساچُ سمالے
بِنُ ساچے جگُ کاچا ॥2॥

ਧਧੈ ਧਰਮੁ ਧਰੇ ਧਰਮਾ ਪੁਰਿ
ਗੁਣਕਾਰੀ ਮਨੁ ਧੀਰਾ ॥

دھدھے دھرمُ دھرے دھرما پُرِ
گُنکاری منُ دھیرا ॥

ਧਧੈ ਧੂਲਿ ਪੜੈ ਮੁਖਿ ਮਸਤਕਿ
ਕੰਚਨ ਭਏ ਮਨੂਰਾ ॥

دھدھے دھوُلِ پڑے مُکھِ مستکِ
کنّچن بھے منوُرا ॥

ਧਨੁ ਧਰਣੀਧਰੁ ਆਪਿ ਅਜੋਨੀ
ਤੋਲਿ ਬੋਲਿ ਸਚੁ ਪੂਰਾ ॥

دھنُ دھرنِیدھرُ آپِ اجونی
تولِ بولِ سچُ پوُرا ॥

ਕਰਤੇ ਕੀ ਮਿਤਿ ਕਰਤਾ ਜਾਣੈ
ਕੈ ਜਾਣੈ ਗੁਰੁ ਸੂਰਾ ॥੩॥

کرتے کی مِتِ کرتا جانے
کے جانے گُرُ سوُرا ॥3॥

ਙਿਆਨੁ ਗਵਾਇਆ ਦੂਜਾ ਭਾਇਆ
ਗਰਬਿ ਗਲੇ ਬਿਖੁ ਖਾਇਆ ॥

ङِیانُ گوائیا دوُجا بھائیا
گربِ گلے بِکھُ کھائیا ॥

ਗੁਰ ਰਸੁ ਗੀਤ ਬਾਦ ਨਹੀ ਭਾਵੈ ਸੁਣੀਐ
ਗਹਿਰ ਗੰਭੀਰੁ ਗਵਾਇਆ ॥

گُر رسُ گیت باد نہی بھاوے سُنّیئے
گہِر گنّبھیرُ گوائیا ॥

ਗੁਰਿ ਸਚੁ ਕਹਿਆ ਅੰਮ੍ਰਿਤੁ ਲਹਿਆ
ਮਨਿ ਤਨਿ ਸਾਚੁ ਸੁਖਾਇਆ ॥

گُرِ سچُ کہیا انمّرِتُ لہیا
منِ تنِ ساچُ سُکھائیا ॥

ਆਪੇ ਗੁਰਮੁਖਿ ਆਪੇ ਦੇਵੈ
ਆਪੇ ਅੰਮ੍ਰਿਤੁ ਪੀਆਇਆ ॥੪॥

آپے گُرمُکھِ آپے دیوے
آپے انمّرِتُ پِیائیا ॥4॥

ਏਕੋ ਏਕੁ ਕਹੈ ਸਭੁ ਕੋਈ
ਹਉਮੈ ਗਰਬੁ ਵਿਆਪੈ ॥

ایکو ایکُ کہے سبھُ کوئی
ہئُمے گربُ وِیاپے ॥

ਅੰਤਰਿ ਬਾਹਰਿ ਏਕੁ ਪਛਾਣੈ
ਇਉ ਘਰੁ ਮਹਲੁ ਸਿਞਾਪੈ ॥

اَنتر باہر ایکُ پچھانے
اِءُ گھرُ محلُ سِجاپے ॥

ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ
ਏਕੋ ਸ੍ਰਿਸਟਿ ਸਬਾਈ ॥

پربھُ نیڑے ہرِ دوُرِ ن جانہُ
ایکو سرِسٹِ سبائی ॥

ਏਕੰਕਾਰੁ ਅਵਰੁ ਨਹੀ ਦੂਜਾ
ਨਾਨਕ ਏਕੁ ਸਮਾਈ ॥੫॥

ایکنکارُ اورُ نہی دوُجا
نانک ایکُ سمائی ॥5॥

ਇਸੁ ਕਰਤੇ ਕਉ ਕਿਉ ਗਹਿ ਰਾਖਉ
ਅਫਰਿਓ ਤੁਲਿਓ ਨ ਜਾਈ ॥

اِسُ کرتے کءُ کِءُ گہِ راکھءُ
اپھرِئو تُلیئو ن جائی ॥

ਮਾਇਆ ਕੇ ਦੇਵਾਨੇ ਪ੍ਰਾਣੀ
ਝੂਠਿ ਠਗਉਰੀ ਪਾਈ ॥

مائیا کے دیوانے پرانیُ
جھوُٹھِ ٹھگئُری پائی ॥

ਲਬਿ ਲੋਭਿ ਮੁਹਤਾਜਿ ਵਿਗੂਤੇ
ਇਬ ਤਬ ਫਿਰਿ ਪੁਛਤਾਈ ॥

لبِ لوبھِ مُحتاجِ وِگوُتے
اِب تب پھِرِ پچھتائی ॥

ਏਕੁ ਸਰੇਵੈ ਤਾ ਗਤਿ ਮਿਤਿ ਪਾਵੈ
ਆਵਣੁ ਜਾਣੁ ਰਹਾਈ ॥੬॥

ایکُ سریوے تا گتِ مِتِ پاوے
آونُ جانُ رہائی ॥6॥

ਏਕੁ ਅਚਾਰੁ ਰੰਗੁ ਇਕੁ ਰੂਪੁ ॥

ایکُ اچارُ رنگُ اِکُ روُپُ ॥

ਪਉਣ ਪਾਣੀ ਅਗਨੀ ਅਸਰੂਪੁ ॥

پئُن پانیُ اگنی اسروُپُ ॥

ਏਕੋ ਭਵਰੁ ਭਵੈ ਤਿਹੁ ਲੋਇ ॥

ایکو بھورُ بھوے تِہُ لوءِ ॥

ਏਕੋ ਬੂਝੈ ਸੂਝੈ ਪਤਿ ਹੋਇ ॥

ایکو بوُجھے سوُجھے پتِ ہوءِ ॥

ਗਿਆਨੁ ਧਿਆਨੁ ਲੇ ਸਮਸਰਿ ਰਹੈ ॥

گیانُ دھیانُ لے سمسرِ رہے ॥

ਗੁਰਮੁਖਿ ਏਕੁ ਵਿਰਲਾ ਕੋ ਲਹੈ ॥

گُرمُکھِ ایکُ وِرلا کو لہے ॥

ਜਿਸ ਨੋ ਦੇਇ ਕਿਰਪਾ ਤੇ ਸੁਖੁ ਪਾਏ ॥

جِس نو دے ءِ کرپا تے سُکھُ پائے ॥

ਗੁਰੂ ਦੁਆਰੈ ਆਖਿ ਸੁਣਾਏ ॥੭॥

گُرو دُیارے آکھِ سُنائے ॥7॥

ਊਰਮ ਧੂਰਮ ਜੋਤਿ ਉਜਾਲਾ ॥

اوُرم دھوُرم جوتِ اُجالا ॥

ਤੀਨਿ ਭਵਣ ਮਹਿ ਗੁਰ ਗੋਪਾਲਾ ॥

تِینِ بھونُ مہِ گُر گوپالا ॥

ਊਗਵਿਆ ਅਸਰੂਪੁ ਦਿਖਾਵੈ ॥	اوُگویا اسروُپ دِکھاوے ॥
ਕਰਿ ਕਿਰਪਾ ਅਪੁਨੈ ਘਰਿ ਆਵੈ ॥	کرِ کرِپا اپُنے گھرِ آوے ॥
ਊਨਵਿ ਬਰਸੈ ਨੀਝਰ ਧਾਰਾ ॥	اوُنوِ برسے نیجھر دھارا ॥
ਊਤਮ ਸਬਦਿ ਸਵਾਰਣਹਾਰਾ ॥	اوُتم سبدِ سوارنہارا ॥
ਇਸੁ ਏਕੇ ਕਾ ਜਾਣੈ ਭੇਉ ॥	اِس ایکے کا جانے بھیءُ ॥
ਆਪੇ ਕਰਤਾ ਆਪੇ ਦੇਉ ॥੮॥	آپے کرتا آپے دیءُ ॥8॥
ਉਗਵੈ ਸੂਰੁ ਅਸੁਰ ਸੰਘਾਰੈ ॥	اُگوے سوُرُ اسُر سنگھارے ॥
ਊਚਉ ਦੇਖਿ ਸਬਦਿ ਬੀਚਾਰੈ ॥	اوُچءُ دیکھِ سبدِ بیچارے ॥
ਊਪਰਿ ਆਦਿ ਅੰਤਿ ਤਿਹੁ ਲੋਇ ॥	اوُپرِ آدِ انّتِ تِہ لوءِ ॥
ਆਪੇ ਕਰੈ ਕਥੈ ਸੁਣੈ ਸੋਇ ॥	آپے کرے کتھے سُنے سوءِ ॥
ਓਹੁ ਬਿਧਾਤਾ ਮਨੁ ਤਨੁ ਦੇਇ ॥	اوہُ بِدھاتا منُ تنُ دےءِ ॥
ਓਹੁ ਬਿਧਾਤਾ ਮਨਿ ਮੁਖਿ ਸੋਇ ॥	اوہُ بِدھاتا منِ مُکھِ سوءِ ॥
ਪ੍ਰਭੁ ਜਗਜੀਵਨੁ ਅਵਰੁ ਨ ਕੋਇ ॥	پربھُ جگجیونُ اورُ ن کوءِ ॥
ਨਾਨਕ ਨਾਮਿ ਰਤੇ ਪਤਿ ਹੋਇ ॥੯॥	نانک نامِ رتے پتِ ہوءِ ॥9॥
ਰਾਜਨ ਰਾਮ ਰਵੈ ਹਿਤਕਾਰਿ ॥	راجن رام روے ہِتکارِ ॥
ਰਣ ਮਹਿ ਲੂਝੈ ਮਨੂਆ ਮਾਰਿ ॥	رنُ مہِ لوُجھے منوُیا مارِ ॥
ਰਾਤਿ ਦਿਨੰਤਿ ਰਹੈ ਰੰਗਿ ਰਾਤਾ ॥	راتِ دِننّتِ رہے رنگِ راتا ॥
ਤੀਨਿ ਭਵਨ ਜੁਗ ਚਾਰੇ ਜਾਤਾ ॥	تِینِ بھون جُگ چارے جاتا ॥
ਜਿਨਿ ਜਾਤਾ ਸੋ ਤਿਸ ਹੀ ਜੇਹਾ ॥	جِنِ جاتا سو تِس ہی جیہا ॥
ਅਤਿ ਨਿਰਮਾਇਲੁ ਸੀਝਸਿ ਦੇਹਾ ॥	اتِ نِرمائِلُ سیجھسِ دیہا ॥
ਰਹਸੀ ਰਾਮੁ ਰਿਦੈ ਇਕ ਭਾਇ ॥	رہسی رامُ رِدے اِک بھاءِ ॥
ਅੰਤਰਿ ਸਬਦੁ ਸਾਚਿ ਲਿਵ ਲਾਇ ॥੧੦॥	انّترِ سبدُ ساچِ لِو لاءِ ॥ 10 ॥
ਰੋਸੁ ਨ ਕੀਜੈ ਅੰਮ੍ਰਿਤੁ ਪੀਜੈ	روُس ن کیجے انّمرِت پیجے

ਰਹਣੁ ਨਹੀ ਸੰਸਾਰੇ ॥

رہنُ نہی سنّسارے ॥

ਰਾਜੇ ਰਾਇ ਰੰਕ ਨਹੀ ਰਹਣਾ
ਆਇ ਜਾਇ ਜੁਗ ਚਾਰੇ ॥

راجے راءِ رنک نہی رہنّا
آءِ جاءِ جُگ چارے ॥

ਰਹਣ ਕਹਣ ਤੇ ਰਹੈ ਨ ਕੋਈ
ਕਿਸੁ ਪਹਿ ਕਰਉ ਬਿਨੰਤੀ ॥

رہنُ کہنُ تے رہے ن کوئی
کِسُ پہِ کرءُ بِنّتی ۔ ॥

ਏਕੁ ਸਬਦੁ ਰਾਮ ਨਾਮ ਨਿਰੋਧਰੁ
ਗੁਰੁ ਦੇਵੈ ਪਤਿ ਮਤੀ ॥੧੧॥

ایکُ سبدُ رام نام نِرودھرُ
گُرُ دیوے پتِ متی ॥ 11 ॥

ਲਾਜ ਮਰੰਤੀ ਮਰਿ ਗਈ
ਘੂਘਟੁ ਖੋਲਿ ਚਲੀ ॥

لاج مرنّتی مرِ گئی
گھوُگھٹُ کھولِ چلی ॥

ਸਾਸੁ ਦਿਵਾਨੀ ਬਾਵਰੀ
ਸਿਰ ਤੇ ਸੰਕ ਟਲੀ ॥

ساسُ دِوانی باوری
سِر تے سنک ٹلی ॥

ਪ੍ਰੇਮਿ ਬੁਲਾਈ ਰਲੀ ਸਿਉ
ਮਨ ਮਹਿ ਸਬਦੁ ਅਨੰਦੁ ॥

پّریمِ بُلائی رلی سِءُ
من مہِ سبدُ انندُ ॥

ਲਾਲਿ ਰਤੀ ਲਾਲੀ ਭਈ
ਗੁਰਮੁਖਿ ਭਈ ਨਿਚਿੰਦੁ ॥੧੨॥

لالِ رتی لالی بھئی
گُرمُکھِ بھئی نِچِنّدُ ॥ 12 ॥

ਲਾਹਾ ਨਾਮੁ ਰਤਨੁ ਜਪਿ ਸਾਰੁ ॥

لاہا نامُ رتنُ جپِ سارُ ॥

ਲਬੁ ਲੋਭੁ ਬੁਰਾ ਅਹੰਕਾਰੁ ॥

لبُ لوبھُ بُرا اہنکارُ ॥

ਲਾੜੀ ਚਾੜੀ ਲਾਇਤਬਾਰੁ ॥

لاڑی چاڑی لائتِبارُ ॥

ਮਨਮੁਖੁ ਅੰਧਾ ਮੁਗਧੁ ਗਵਾਰੁ ॥

منمُکھُ اندھا مُگدھُ گوارُ ॥

ਲਾਹੇ ਕਾਰਣਿ ਆਇਆ ਜਗਿ ॥

لاہے کارنِ آئیا جگِ ॥

ਹੋਇ ਮਜੂਰੁ ਗਇਆ ਠਗਾਇ ਠਗਿ ॥

ہوءِ مزوُرُ گئیا ٹھگاءِ ٹھگِ ॥

ਲਾਹਾ ਨਾਮੁ ਪੂੰਜੀ ਵੇਸਾਹੁ ॥

لاہا نامُ پوُنجی ویساہُ ॥

ਨਾਨਕ ਸਚੀ ਪਤਿ
ਸਚਾ ਪਾਤਿਸਾਹੁ ॥੧੩॥

نانک سچی پتِ
سچا پاتِشاہُ ॥ 13 ॥

ਆਇ ਵਿਗੂਤਾ ਜਗੁ ਜਮ ਪੰਥੁ ॥	آءِ وِگوُتا جگُ جم پنّتھُ ॥
ਆਈ ਨ ਮੇਟਣ ਕੋ ਸਮਰਥੁ ॥	آئی ن میٹنؤ کو سمرتھُ ॥
ਆਥਿ ਸੈਲ ਨੀਚ ਘਰਿ ਹੋਇ ॥	آتھِ سیَل نِیچ گھرِ ہوءِ ॥
ਆਥਿ ਦੇਖਿ ਨਿਵੈ ਜਿਸੁ ਦੋਇ ॥	آتھِ دیکھِ نِوے جِسُ دوءِ ॥
ਆਥਿ ਹੋਇ ਤਾ ਮੁਗਧੁ ਸਿਆਨਾ ॥	آتھِ ہوءِ تا مُگدھُ سِیانا ॥
ਭਗਤਿ ਬਿਹੂਨਾ ਜਗੁ ਬਉਰਾਨਾ ॥	بھگتِ بِہوُنا جگُ بئُرانا ॥
ਸਭ ਮਹਿ ਵਰਤੈ ਏਕੋ ਸੋਇ ॥	سبھ مہِ ورتے ایکو سوءِ ॥
ਜਿਸ ਨੋ ਕਿਰਪਾ ਕਰੇ ਤਿਸੁ ਪਰਗਟੁ ਹੋਇ ॥੧੪॥	جِس نو کِرپا کرے تِسُ پرگٹُ ہوءِ ॥ 14 ॥
ਜੁਗਿ ਜੁਗਿ ਥਾਪਿ ਸਦਾ ਨਿਰਵੈਰੁ ॥	جُگِ جُگِ تھاپِ سدا نِرویَرُ ॥
ਜਨਮਿ ਮਰਣਿ ਨਹੀ ਧੰਧਾ ਧੈਰੁ ॥	جنمِ مرنؤِ نہی دھندّھا دھیَرُ ॥
ਜੋ ਦੀਸੈ ਸੋ ਆਪੇ ਆਪਿ ॥	جو دیسے سو آپے آپِ ॥
ਆਪਿ ਉਪਾਇ ਆਪੇ ਘਟ ਥਾਪਿ ॥	آپِ اُپاءِ آپے گھٹ تھاپِ ॥
ਆਪਿ ਅਗੋਚਰੁ ਧੰਧੈ ਲੋਈ ॥	آپِ اگوچرُ دھندّھے لوئی ॥
ਜੋਗ ਜੁਗਤਿ ਜਗਜੀਵਨੁ ਸੋਈ ॥	جوگ جُگتِ جگجِیونُ سوئی ॥
ਕਰਿ ਆਚਾਰੁ ਸਚੁ ਸੁਖੁ ਹੋਈ ॥	کرِ آچارُ سچُ سُکھُ ہوئی ॥
ਨਾਮ ਵਿਹੂਣਾ ਮੁਕਤਿ ਕਿਵ ਹੋਈ ॥੧੫॥	نام وِہوُٹا مُکتِ کِو ہوئی ۔ ॥ 15 ॥
ਵਿਣੁ ਨਾਵੈ ਵੇਰੋਧੁ ਸਰੀਰ ॥	وِنُ ناوے ویرودھُ سریر ॥
ਕਿਉ ਨ ਮਿਲਹਿ ਕਾਟਹਿ ਮਨ ਪੀਰ ॥	کِءُ ن مِلہِ کاٹہِ من پیِر ॥
ਵਾਟ ਵਟਾਊ ਆਵੈ ਜਾਇ ॥	واٹ وٹائوُ آوے جاءِ ॥
ਕਿਆ ਲੇ ਆਇਆ ਕਿਆ ਪਲੈ ਪਾਇ ॥	کِیا لے آئیا کِیا پلے پاءِ ۔ ॥
ਵਿਣੁ ਨਾਵੈ ਤੋਟਾ ਸਭ ਥਾਇ ॥	وِنُ ناوے توٹا سبھ تھاءِ ॥
ਲਾਹਾ ਮਿਲੈ ਜਾ ਦੇਇ ਬੁਝਾਇ ॥	لاہا مِلے جا دےءِ بُجھاءِ ॥

ਵਣਜੁ ਵਾਪਾਰੁ ਵਣਜੈ ਵਾਪਾਰੀ ॥	وَنجُ واپارُ وَنجَے واپاری ॥
ਵਿਣੁ ਨਾਵੈ ਕੈਸੀ ਪਤਿ ਸਾਰੀ ॥੧੬॥	وِنُ ناوے کیَسی پتِ ساری ۔ ॥ 16 ॥
ਗੁਣ ਵਿਚਾਰੇ ਗਿਆਨੀ ਸੋਇ ॥	گُنُ وِچارے گیانی سوءِ ॥
ਗੁਣ ਮਹਿ ਗਿਆਨੁ ਪਰਾਪਤਿ ਹੋਇ ॥	گُنُ مہِ گیانُ پراپتِ ہوءِ ॥
ਗੁਣਦਾਤਾ ਵਿਰਲਾ ਸੰਸਾਰਿ ॥	گُنڈاتا وِرلا سنّسارِ ॥
ਸਾਚੀ ਕਰਣੀ ਗੁਰ ਵੀਚਾਰਿ ॥	ساچی کرنی گُر ویچارِ ॥
ਅਗਮ ਅਗੋਚਰ ਕੀਮਤਿ ਨਹੀ ਪਾਇ ॥	اگم اگوچر قِیمتِ نہی پاءِ ॥
ਤਾ ਮਿਲੀਐ ਜਾ ਲਏ ਮਿਲਾਇ ॥	تا مِلیئے جا لے مِلاءِ ॥
ਗੁਣਵੰਤੀ ਗੁਣ ਸਾਰੇ ਨੀਤ ॥	گُنونتی گُنُ سارے نِیت ॥
ਨਾਨਕ ਗੁਰਮਤਿ ਮਿਲੀਐ ਮੀਤ ॥੧੭॥	نانک گُرمتِ مِلیئے میت ॥ 17 ॥
ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥	کامُ کرودھُ کائیا کءُ گالے ॥
ਜਿਉ ਕੰਚਨ ਸੋਹਾਗਾ ਢਾਲੈ ॥	جِءُ کنچن سوہاگا ڈھالے ॥
ਕਸਿ ਕਸਵਟੀ ਸਹੈ ਸੁ ਤਾਉ ॥	کِس کسوٹی سہے سُ تاءُ ॥
ਨਦਰਿ ਸਰਾਫ ਵੰਨੀ ਸਚੜਾਉ ॥	ندرِ صراف وَنّی سچڑاءُ ॥
ਜਗਤੁ ਪਸੂ ਅਹੰ ਕਾਲੁ ਕਸਾਈ ॥	جگتُ پسوُ اہنّ کالُ قصائی ॥
ਕਰਿ ਕਰਤੈ ਕਰਣੀ ਕਰਿ ਪਾਈ ॥	کرِ کرتے کرنی کرِ پائی ॥
ਜਿਨਿ ਕੀਤੀ ਤਿਨਿ ਕੀਮਤਿ ਪਾਈ ॥	جِنِ کیتی تِنِ قِیمتِ پائی ॥
ਹੋਰ ਕਿਆ ਕਹੀਐ ਕਿਛੁ ਕਹਣੁ ਨ ਜਾਈ ॥੧੮॥	ہور کیا کہیئے کچھُ کہنُ ن جائی ॥ 18 ॥
ਖੋਜਤ ਖੋਜਤ ਅੰਮ੍ਰਿਤੁ ਪੀਆ ॥	کھوجت کھوجت انّمرِتُ پیِیا ॥
ਖਿਮਾ ਗਹੀ ਮਨੁ ਸਤਗੁਰਿ ਦੀਆ ॥	کھِما گہی منُ ستگُرِ دیِیا ॥
ਖਰਾ ਖਰਾ ਆਖੈ ਸਭੁ ਕੋਇ ॥	کھرا کھرا آکھے سبھُ کوءِ ॥
ਖਰਾ ਰਤਨੁ ਜੁਗ ਚਾਰੇ ਹੋਇ ॥	کھرا رتنُ جُگ چارے ہوءِ ॥

ਖਾਤ ਪੀਅੰਤ ਮੂਏ ਨਹੀ ਜਾਨਿਆ ॥	کھات پیئنت موئے نہی جانیا ॥
ਖਿਨ ਮਹਿ ਮੂਏ ਜਾ ਸਬਦੁ ਪਛਾਨਿਆ ॥	کھِن مہِ موئے جا سبدُ پچھانیا ॥
ਅਸਥਿਰੁ ਚੀਤੁ ਮਰਨਿ ਮਨੁ ਮਾਨਿਆ ॥	استھِرُ چیتُ مرنِ منُ مانیا ॥
ਗੁਰ ਕਿਰਪਾ ਤੇ ਨਾਮੁ ਪਛਾਨਿਆ ॥੧੯॥	گُر کِرپا تے نامُ پچھانیا ॥ 19 ॥
ਗਗਨ ਗੰਭੀਰੁ ਗਗਨੰਤਰਿ ਵਾਸੁ ॥	گگن گنبھیرُ گگنتر واسُ ॥
ਗੁਣ ਗਾਵੈ ਸੁਖ ਸਹਜਿ ਨਿਵਾਸੁ ॥	گُن گاوے سُکھ سہجِ نِواسُ ॥
ਗਇਆ ਨ ਆਵੈ ਆਇ ਨ ਜਾਇ ॥	گئیا ن آوے آءِ ن جاءِ ॥
ਗੁਰ ਪਰਸਾਦਿ ਰਹੈ ਲਿਵ ਲਾਇ ॥	گُر پرسادِ رہے لِو لاءِ ॥
ਗਗਨੁ ਅਗੰਮੁ ਅਨਾਥੁ ਅਜੋਨੀ ॥	گگنُ اگنمُ اناتھُ اجونی ॥
ਅਸਥਿਰੁ ਚੀਤੁ ਸਮਾਧਿ ਸਗੋਨੀ ॥	استھِرُ چیتُ سمادھِ سگونی ॥
ਹਰਿ ਨਾਮੁ ਚੇਤਿ ਫਿਰਿ ਪਵਹਿ ਨ ਜੂਨੀ ॥	ہرِ نامُ چیتِ پھِرِ پوہِ ن جوُنی ॥
ਗੁਰਮਤਿ ਸਾਰੁ ਹੋਰ ਨਾਮ ਬਿਹੂਨੀ ॥੨੦॥	گُرمتِ سارُ ہور نام بِہوُنی ॥ 20 ॥
ਘਰ ਦਰ ਫਿਰਿ ਥਾਕੀ ਬਹੁਤੇਰੇ ॥	گھر در پھِرِ تھاکی بہتیرے ॥
ਜਾਤਿ ਅਸੰਖ ਅੰਤ ਨਹੀ ਮੇਰੇ ॥	زاتِ اسنکھ انّت نہی میرے ॥
ਕੇਤੇ ਮਾਤ ਪਿਤਾ ਸੁਤ ਧੀਆ ॥	کیتے مات پِتا سُت دھِیا ॥
ਕੇਤੇ ਗੁਰ ਚੇਲੇ ਫੁਨਿ ਹੂਆ ॥	کیتے گُر چیلے پھُنِ ہوُیا ॥
ਕਾਚੇ ਗੁਰ ਤੇ ਮੁਕਤਿ ਨ ਹੂਆ ॥	کاچے گُر تے مُکتِ ن ہوُیا ॥
ਕੇਤੀ ਨਾਰਿ ਵਰੁ ਏਕੁ ਸਮਾਲਿ ॥	کیتی نارِ ورُ ایکُ سمالِ ॥
ਗੁਰਮੁਖਿ ਮਰਣੁ ਜੀਵਣੁ ਪ੍ਰਭ ਨਾਲਿ ॥	گُرمُکھِ مرنُ جیونُ پربھ نالِ ॥
ਦਹ ਦਿਸ ਢੂਢਿ ਘਰੈ ਮਹਿ ਪਾਇਆ ॥	دہ دِس ڈھوُڈھِ گھرے مہِ پائیا ॥
ਮੇਲੁ ਭਇਆ ਸਤਿਗੁਰੂ ਮਿਲਾਇਆ ॥੨੧॥	میلُ بھئیا ستِگُروُ مِلائیا ॥ 21 ॥
ਗੁਰਮੁਖਿ ਗਾਵੈ ਗੁਰਮੁਖਿ ਬੋਲੈ ॥	گُرمُکھِ گاوے گُرمُکھِ بولے ॥

ਗੁਰਮੁਖਿ ਤੋਲਿ ਤੁਲਾਵੈ ਤੋਲੈ ॥	گُرمُکھِ تولِ تولاوے تولے ॥
ਗੁਰਮੁਖਿ ਆਵੈ ਜਾਇ ਨਿਸੰਗੁ ॥	گُرمُکھِ آوے جاءِ نِسنگُ ॥
ਪਰਹਰਿ ਮੈਲੁ ਜਲਾਇ ਕਲੰਕੁ ॥	پرہرِ میَلُ جلاءِ کلنکُ ॥
ਗੁਰਮੁਖਿ ਨਾਦ ਬੇਦ ਬੀਚਾਰੁ ॥	گُرمُکھِ ناد بید بیچارُ ॥
ਗੁਰਮੁਖਿ ਮਜਨੁ ਚਜੁ ਅਚਾਰੁ ॥	گُرمُکھِ مجنُ چجُ اچارُ ॥
ਗੁਰਮੁਖਿ ਸਬਦੁ ਅੰਮ੍ਰਿਤੁ ਹੈ ਸਾਰੁ ॥	گُرمُکھِ سبدُ انّمرِتُ ہے سارُ ॥
ਨਾਨਕ ਗੁਰਮੁਖਿ ਪਾਵੈ ਪਾਰੁ ॥੨੨॥	نانک گُرمُکھِ پاوے پارُ ॥ 22 ॥
ਚੰਚਲੁ ਚੀਤੁ ਨ ਰਹਈ ਠਾਇ ॥	چنچّلُ چیتُ ن رہئی ٹھاءِ ॥
ਚੋਰੀ ਮਿਰਗੁ ਅੰਗੂਰੀ ਖਾਇ ॥	چوری مِرگُ انگُوری کھاءِ ॥
ਚਰਨ ਕਮਲ ਉਰ ਧਾਰੇ ਚੀਤ ॥	چرن کمل اُر دھارے چیت ॥
ਚਿਰੁ ਜੀਵਨੁ ਚੇਤਨੁ ਨਿਤ ਨੀਤ ॥	چِرُ جیونُ چیتنُ نِت نِیت ॥
ਚਿੰਤਤ ਹੀ ਦੀਸੈ ਸਭੁ ਕੋਇ ॥	چِنّتت ہی دیسے سبھُ کوءِ ॥
ਚੇਤਹਿ ਏਕੁ ਤਹੀ ਸੁਖੁ ਹੋਇ ॥	چیتہِ ایکُ تہی سُکھُ ہوءِ ॥
ਚਿਤਿ ਵਸੈ ਰਾਚੈ ਹਰਿ ਨਾਇ ॥	چِتِ وسے راچے ہرِ ناءِ ॥
ਮੁਕਤਿ ਭਇਆ ਪਤਿ ਸਿਉ ਘਰਿ ਜਾਇ ॥੨੩॥	مُکتِ بھئیا پتِ سِءُ گھرِ جاءِ ॥ 23 ॥
ਛੀਜੈ ਦੇਹ ਖੁਲੈ ਇਕ ਗੰਢਿ ॥	چھیجے دیہ کھُلے اِک گنڈھِ ॥
ਛੇਆ ਨਿਤ ਦੇਖਹੁ ਜਗਿ ਹੰਢਿ ॥	چھیا نِت دیکھہُ جگِ ہنڈھِ ॥
ਧੂਪ ਛਾਵ ਜੇ ਸਮ ਕਰਿ ਜਾਣੈ ॥	دھوُپ چھاو جے سم کرِ جانے ॥
ਬੰਧਨ ਕਾਟਿ ਮੁਕਤਿ ਘਰਿ ਆਣੈ ॥	بندھن کاٹِ مُکتِ گھرِ آنے ॥
ਛਾਇਆ ਛੂਛੀ ਜਗਤੁ ਭੁਲਾਨਾ ॥	چھائیا چھوُچھی جگتُ بھُلانا ॥
ਲਿਖਿਆ ਕਿਰਤੁ ਧੁਰੇ ਪਰਵਾਨਾ ॥	لِکھیا کِرتُ دھُرے پروانا ॥
ਛੀਜੈ ਜੋਬਨੁ ਜਰੂਆ ਸਿਰਿ ਕਾਲੁ ॥	چھیجے جوبنُ جرُویا سِرِ کالُ ॥

ਕਾਇਆ ਛੀਜੈ ਭਈ ਸਿਬਾਲੁ ॥੨੪॥	کائیا چھیجےَ بھئی سِبالُ ॥ 24 ॥
ਜਾਪੈ ਆਪਿ ਪ੍ਰਭੂ ਤਿਹੁ ਲੋਇ ॥	جاپے آپِ پربھوُ تِہُ لوءِ ॥
ਜੁਗਿ ਜੁਗਿ ਦਾਤਾ ਅਵਰੁ ਨ ਕੋਇ ॥	جُگِ جُگِ داتا اورُ ن کوءِ ॥
ਜਿਉ ਭਾਵੈ ਤਿਉ ਰਾਖਹਿ ਰਾਖੁ ॥	جِءُ بھاوےَ تِءُ راکھِ راکھُ ॥
ਜਸੁ ਜਾਚਉ ਦੇਵੈ ਪਤਿ ਸਾਖੁ ॥	جسُ جاچءُ دیوےَ پتِ ساکھُ ॥
ਜਾਗਤੁ ਜਾਗਿ ਰਹਾ ਤੁਧੁ ਭਾਵਾ ॥	جاگتُ جاگِ رہا تُدھُ بھاوا ॥
ਜਾ ਤੂ ਮੇਲਹਿ ਤਾ ਤੁਝੈ ਸਮਾਵਾ ॥	جا توُ میلہِ تا تُجھےَ سماوا ॥
ਜੈ ਜੈ ਕਾਰੁ ਜਪਉ ਜਗਦੀਸ ॥	جےَ جےَ کارُ جپءُ جگدیس ॥
ਗੁਰਮਤਿ ਮਿਲੀਐ ਬੀਸ ਇਕੀਸ ॥੨੫॥	گُرمتِ مِلیےَ بیِس اِکیِس ॥ 25 ॥
ਝਖਿ ਬੋਲਣੁ ਕਿਆ ਜਗ ਸਿਉ ਵਾਦੁ ॥	جھکھِ بولنُ کیا جگ سِءُ وادُ ॥
ਝੂਰਿ ਮਰੈ ਦੇਖੈ ਪਰਮਾਦੁ ॥	جھوُرِ مرےَ دیکھےَ پرمادُ ॥
ਜਨਮਿ ਮੂਏ ਨਹੀ ਜੀਵਣ ਆਸਾ ॥	جنمِ موُئے نہی جیِونُ آسا ॥
ਆਇ ਚਲੇ ਭਏ ਆਸ ਨਿਰਾਸਾ ॥	آءِ چلے بھےَ آس نِراسا ॥
ਝੁਰਿ ਝੁਰਿ ਝਖਿ ਮਾਟੀ ਰਲਿ ਜਾਇ ॥	جھُرِ جھُرِ جھکھِ ماٹی رلِ جاءِ ॥
ਕਾਲੁ ਨ ਚਾਂਪੈ ਹਰਿ ਗੁਣ ਗਾਇ ॥	کالُ ن چانپےَ ہرِ گُنُ گاءِ ॥
ਪਾਈ ਨਵ ਨਿਧਿ ਹਰਿ ਕੈ ਨਾਇ ॥	پائی نو نِدھِ ہرِ کے ناءِ ॥
ਆਪੇ ਦੇਵੈ ਸਹਜਿ ਸੁਭਾਇ ॥੨੬॥	آپے دیوےَ سہجِ سُبھاءِ ॥ 26 ॥
ਵਿਆਨੋ ਬੋਲੈ ਆਪੇ ਬੂਝੈ ॥	وِیانو بولے آپے بوُجھےَ ॥
ਆਪੇ ਸਮਝੈ ਆਪੇ ਸੂਝੈ ॥	آپے سمجھےَ آپے سوُجھےَ ॥
ਗੁਰ ਕਾ ਕਹਿਆ ਅੰਕਿ ਸਮਾਵੈ ॥	گُر کا کہِیا انکِ سماوےَ ॥
ਨਿਰਮਲ ਸੂਚੇ ਸਾਚੋ ਭਾਵੈ ॥	نِرمل سوُچے ساچو بھاوےَ ॥
ਗੁਰੁ ਸਾਗਰੁ ਰਤਨੀ ਨਹੀ ਤੋਟ ॥	گُرُ ساگرُ رتنی نہی توٹ ॥

ਲਾਲ ਪਦਾਰਥ ਸਾਚੁ ਅਖੋਟ ॥	لال پدارتھ ساچُ اکھوٹ ॥
ਗੁਰਿ ਕਹਿਆ ਸਾ ਕਾਰ ਕਮਾਵਹੁ ॥	گُرِ کہِیا سا کار کماوہُ ॥
ਗੁਰ ਕੀ ਕਰਣੀ ਕਾਹੇ ਧਾਵਹੁ ॥	گُر کی کرنٹی کاہے دھاوہُ ۔ ॥
ਨਾਨਕ ਗੁਰਮਤਿ ਸਾਚਿ ਸਮਾਵਹੁ ॥੨੭॥	نانک گُرمتِ ساچِ سماوہُ ॥ 27 ॥
ਟੂਟੈ ਨੇਹੁ ਕਿ ਬੋਲਹਿ ਸਹੀ ॥	ٹوٹے نیہُ کِ بولہِ سہی ॥
ਟੂਟੈ ਬਾਹ ਦੁਹੂ ਦਿਸ ਗਹੀ ॥	ٹوٹے باہ دُہوُ دِس گہی ॥
ਟੂਟਿ ਪਰੀਤਿ ਗਈ ਬੁਰ ਬੋਲਿ ॥	ٹوٹِ پریتِ گئی بُر بولِ ॥
ਦੁਰਮਤਿ ਪਰਹਰਿ ਛਾਡੀ ਢੋਲਿ ॥	دُرمتِ پرہرِ چھاڈی ڈھولِ ॥
ਟੂਟੈ ਗੰਠਿ ਪੜੈ ਵੀਚਾਰਿ ॥	ٹوٹے گنٹھِ پڑے ویچارِ ॥
ਗੁਰ ਸਬਦੀ ਘਰਿ ਕਾਰਜੁ ਸਾਰਿ ॥	گُر سبدی گھرِ کارجُ سارِ ॥
ਲਾਹਾ ਸਾਚੁ ਨ ਆਵੈ ਤੋਟਾ ॥	لاہا ساچُ ن آوے توٹا ॥
ਤ੍ਰਿਭਵਣ ਠਾਕੁਰੁ ਪ੍ਰੀਤਮੁ ਮੋਟਾ ॥੨੮॥	ترِبھونٹ ٹھاکُرُ پریتمُ موٹا ॥ 28 ॥
ਠਾਕਹੁ ਮਨੂਆ ਰਾਖਹੁ ਠਾਇ ॥	ٹھاکہُ منوُیا راکھہُ ٹھاءِ ॥
ਠਹਕਿ ਮੁਈ ਅਵਗੁਣਿ ਪਛੁਤਾਇ ॥	ٹھہکِ مُئی اوگُنٹِ پچھُتاءِ ॥
ਠਾਕੁਰੁ ਏਕੁ ਸਬਾਈ ਨਾਰਿ ॥	ٹھاکُرُ ایکُ سبائی نارِ ॥
ਬਹੁਤੇ ਵੇਸ ਕਰੇ ਕੂੜਿਆਰਿ ॥	بہُتے ویس کرے کوُڑِیارِ ॥
ਪਰ ਘਰਿ ਜਾਤੀ ਠਾਕਿ ਰਹਾਈ ॥	پر گھرِ جاتی ٹھاکِ رہائی ॥
ਮਹਲਿ ਬੁਲਾਈ ਠਾਕ ਨ ਪਾਈ ॥	محلِ بُلائی ٹھاک ن پائی ॥
ਸਬਦਿ ਸਵਾਰੀ ਸਾਚਿ ਪਿਆਰੀ ॥	سبدِ سواری ساچِ پیاری ॥
ਸਾਈ ਸੋਹਾਗਣਿ ਠਾਕੁਰਿ ਧਾਰੀ ॥੨੯॥	سائی سوہاگنٹِ ٹھاکُرِ دھاری ॥ 29 ॥
ਡੋਲਤ ਡੋਲਤ ਹੇ ਸਖੀ	ڈولت ڈولت ہے سکھی
ਫਾਟੇ ਚੀਰ ਸੀਗਾਰ ॥	پھاٹے چیِر سیِگار ॥
ਡਾਹਪਣਿ ਤਨਿ ਸੁਖੁ ਨਹੀ	ڈاہپنٹِ تنِ سُکھُ نہی

ਬਿਨੁ ਡਰ ਬਿਣਠੀ ਡਾਰ ॥
بِنُ ڈر بِنٹھی ڈار ॥

ਡਰਪਿ ਮੁਈ ਘਰਿ ਆਪਣੈ
ڈرپِ مُئی گھرِ آپنے

ਡੀਠੀ ਕੰਤਿ ਸੁਜਾਣਿ ॥
ڈیٹھی کنّتِ سُجانٹِ ॥

ਡਰੁ ਰਾਖਿਆ ਗੁਰਿ ਆਪਣੈ
ڈر راکھیا گُرِ آپنے

ਨਿਰਭਉ ਨਾਮੁ ਵਖਾਣਿ ॥
نِربھءُ نامُ وکھانٹِ ॥

ਡੂਗਰਿ ਵਾਸੁ ਤਿਖਾ ਘਣੀ
ڈُوگرِ واسُ تِکھا گھنّی

ਜਬ ਦੇਖਾ ਨਹੀ ਦੂਰਿ ॥
جب دیکھا نہی دوُرِ ॥

ਤਿਖਾ ਨਿਵਾਰੀ ਸਬਦੁ ਮੰਨਿ
تِکھا نِواری سبدُ منّنِ

ਅੰਮ੍ਰਿਤੁ ਪੀਆ ਭਰਪੂਰਿ ॥
انّمرِتُ پیِیا بھرپوُرِ ॥

ਦੇਹਿ ਦੇਹਿ ਆਖੈ ਸਭੁ ਕੋਈ
دیہِ دیہِ آکھےَ سبھُ کوئی

ਜੈ ਭਾਵੈ ਤੈ ਦੇਇ ॥
جےَ بھاوےَ تےَ دےءِ ॥

ਗੁਰੂ ਦੁਆਰੈ ਦੇਵਸੀ
گُروُ دُیارےَ دیوسی

ਤਿਖਾ ਨਿਵਾਰੈ ਸੋਇ ॥੩੦॥
تِکھا نِوارےَ سوءِ ॥ 30 ॥

ਢੰਢੋਲਤ ਢੂਢਤ ਹਉ ਫਿਰੀ
ڈھنڈھولت ڈھوُڈھت ہءُ پھِری

ਢਹਿ ਢਹਿ ਪਵਨਿ ਕਰਾਰਿ ॥
ڈھہِ ڈھہِ پونِ کرارِ ॥

ਭਾਰੇ ਢਹਤੇ ਢਹਿ ਪਏ
بھارے ڈھہتے ڈھہِ پےَ

ਹਉਲੇ ਨਿਕਸੇ ਪਾਰਿ ॥
ہئُلے نِکسے پارِ ॥

ਅਮਰ ਅਜਾਚੀ ਹਰਿ ਮਿਲੇ
امر اجاچی ہرِ مِلے

ਤਿਨ ਕੈ ਹਉ ਬਲਿ ਜਾਉ ॥
تِن کےَ ہءُ بلِ جاءُ ॥

ਤਿਨ ਕੀ ਧੂੜਿ ਅਘੁਲੀਐ
تِن کی دھوُڑِ اگھُلیےَ

ਸੰਗਤਿ ਮੇਲਿ ਮਿਲਾਉ ॥
سنگتِ میلِ مِلاءُ ॥

ਮਨੁ ਦੀਆ ਗੁਰਿ ਆਪਣੈ
منُ دیِیا گُرِ آپنے

ਪਾਇਆ ਨਿਰਮਲ ਨਾਉ ॥
پائیا نِرمل ناءُ ॥

ਜਿਨਿ ਨਾਮੁ ਦੀਆ ਤਿਸੁ ਸੇਵਸਾ
جِنِ نامُ دیِیا تِسُ سیوسا

ਤਿਸੁ ਬਲਿਹਾਰੈ ਜਾਉ ॥
تِسُ بلِہارےَ جاءُ ॥

ਜੋ ਉਸਾਰੇ ਸੋ ਢਾਹਸੀ
ਤਿਸੁ ਬਿਨੁ ਅਵਰੁ ਨ ਕੋਇ ॥

جو اُسارے سو ڈھاہسی
تِسُ بِنُ اورُ ن کوءِ ॥

ਗੁਰ ਪਰਸਾਦੀ ਤਿਸੁ ਸੰਮ੍ਲਾ
ਤਾ ਤਨਿ ਦੂਖੁ ਨ ਹੋਇ ॥੩੧॥

گُر پرسادی تِسُ سنبھلا
تا تنِ دوُکھُ ن ہوءِ ॥ 31 ॥

ਣਾ ਕੋ ਮੇਰਾ ਕਿਸੁ ਗਹੀ
ਣਾ ਕੋ ਹੋਆ ਨ ਹੋਗੁ ॥

ٹا کو میرا کِسُ گہی
ٹا کو ہویا ن ہوگُ ॥

ਆਵਣਿ ਜਾਣਿ ਵਿਗੁਚੀਐ
ਦੁਬਿਧਾ ਵਿਆਪੈ ਰੋਗੁ ॥

آونِ جانِ وِگچیئے
دُبِدھا وِیاپے روگُ ॥

ਣਾਮ ਵਿਹੂਣੇ ਆਦਮੀ
ਕਲਰ ਕੰਧ ਗਿਰੰਤਿ ॥

ٹام وِہوُنے آدمی
کلر کنّدھ گِرنّتِ ॥

ਵਿਣੁ ਨਾਵੈ ਕਿਉ ਛੂਟੀਐ
ਜਾਇ ਰਸਾਤਲਿ ਅੰਤਿ ॥

وِنُ ناوے کِءُ چھوُٹیئے
جاءِ رساتلِ انّتِ ॥

ਗਣਤ ਗਣਾਵੈ ਅਖਰੀ
ਅਗਣਤੁ ਸਾਚਾ ਸੋਇ ॥

گنّت گٹاوے اکھری
اگنّتُ ساچا سوءِ ॥

ਅਗਿਆਨੀ ਮਤਿਹੀਣੁ ਹੈ
ਗੁਰ ਬਿਨੁ ਗਿਆਨੁ ਨ ਹੋਇ ॥

اگیانی متِہیِنُ ہے
گُر بِنُ گیانُ ن ہوءِ ॥

ਤੂਟੀ ਤੰਤੁ ਰਬਾਬ ਕੀ
ਵਾਜੈ ਨਹੀ ਵਿਜੋਗਿ ॥

توٹی تنّتُ رباب کی
واجے نہی وِجوگِ ॥

ਵਿਛੁੜਿਆ ਮੇਲੈ ਪ੍ਰਭੂ
ਨਾਨਕ ਕਰਿ ਸੰਜੋਗ ॥੩੨॥

وِچھُڑیا میلے پربھوُ
نانک کرِ سنجوگ ॥ 32 ॥

ਤਰਵਰੁ ਕਾਇਆ ਪੰਖਿ ਮਨੁ
ਤਰਵਰਿ ਪੰਖੀ ਪੰਚ ॥

ترورُ کائیا پنکھِ منُ
ترورِ پنکھی پنچ ॥

ਤਤੁ ਚੁਗਹਿ ਮਿਲਿ ਏਕਸੇ
ਤਿਨ ਕਉ ਫਾਸ ਨ ਰੰਚ ॥

تتُ چگہِ مِلِ ایکسے
تِن کءُ پھاس ن رنچ ॥

ਉਡਹਿ ਤ ਬੇਗੁਲ ਬੇਗੁਲੇ
ਤਾਕਹਿ ਚੋਗ ਘਣੀ ॥

اُڈہِ ت بیگُل بیگُلے

تاکہِ چوگ گھٹی ॥

ਪੰਖ ਤੁਟੇ ਫਾਹੀ ਪੜੀ
ਅਵਗੁਣਿ ਭੀੜ ਬਣੀ ॥

پنکھ ٹُٹے پھاہی پڑی
اوگُنِ بھیڑ بنّی ॥

ਬਿਨੁ ਸਾਚੇ ਕਿਉ ਛੂਟੀਐ
ਹਰਿ ਗੁਣ ਕਰਮਿ ਮਣੀ ॥

بِنُ ساچے کِءُ چھوُٹیئے
ہرِ گُن کرمِ منّی ॥

ਆਪਿ ਛਡਾਏ ਛੂਟੀਐ
ਵਡਾ ਆਪਿ ਧਣੀ ॥

آپِ چھڈائے چھوُٹیئے
وڈا آپِ دھنّی ॥

ਗੁਰ ਪਰਸਾਦੀ ਛੂਟੀਐ
ਕਿਰਪਾ ਆਪਿ ਕਰੇਇ ॥

گُر پرسادی چھوُٹیئے
کِرپا آپِ کرےءِ ॥

ਅਪਣੈ ਹਾਥਿ ਵਡਾਈਆ
ਜੈ ਭਾਵੈ ਤੈ ਦੇਇ ॥੩੩॥

اپنّے ہاتھِ وڈائیا
جےَ بھاوےَ تےَ دےءِ ॥ 33 ॥

ਥਰ ਥਰ ਕੰਪੈ ਜੀਅੜਾ
ਥਾਨ ਵਿਹੂਣਾ ਹੋਇ ॥

تھر تھر کنّپے جیئڑا
تھان وِہوُنّا ہوءِ ॥

ਥਾਨਿ ਮਾਨਿ ਸਚੁ ਏਕੁ ਹੈ
ਕਾਜੁ ਨ ਫੀਟੈ ਕੋਇ ॥

تھانِ مانِ سچُ ایکُ ہےَ
کاجُ ن پھیٹّے کوءِ ॥

ਥਿਰੁ ਨਾਰਾਇਣੁ ਥਿਰੁ ਗੁਰੂ
ਥਿਰੁ ਸਾਚਾ ਬੀਚਾਰੁ ॥

تھِرُ نارائنُ تھِرُ گُرُو
تھِرُ ساچا بیچارُ ॥

ਸੁਰਿ ਨਰ ਨਾਥਹ ਨਾਥੁ ਤੂ
ਨਿਧਾਰਾ ਆਧਾਰੁ ॥

سُرِ نر ناتھہ ناتھُ توُ
نِدھارا آدھارُ ॥

ਸਰਬੇ ਥਾਨ ਥਨੰਤਰੀ ਤੂ ਦਾਤਾ ਦਾਤਾਰੁ ॥

سربے تھان تھننّتری توُ داتا داتارُ ॥

ਜਹ ਦੇਖਾ ਤਹ ਏਕੁ ਤੂ
ਅੰਤੁ ਨ ਪਾਰਾਵਾਰੁ ॥

جہ دیکھا تہ ایکُ توُ
انّتُ ن پاراوارُ ॥

ਥਾਨ ਥਨੰਤਰਿ ਰਵਿ ਰਹਿਆ
ਗੁਰ ਸਬਦੀ ਵੀਚਾਰਿ ॥

تھان تھننّترِ روِ رہِیا
گُر سبدی ویچارِ ॥

ਅਣਮੰਗਿਆ ਦਾਨੁ ਦੇਵਸੀ

انمنگیا دانُ دیوسی

ਵਡਾ ਅਗਮ ਅਪਾਰੁ ॥੩੪॥

وڈا اگم اپارُ ॥ 34 ॥

ਦਇਆ ਦਾਨੁ ਦਇਆਲੁ ਤੂ
ਕਰਿ ਕਰਿ ਦੇਖਣਹਾਰੁ ॥

دئیا دانُ دئیالُ توُ
کرِ کرِ دیکھنہارُ ॥

ਦਇਆ ਕਰਹਿ ਪ੍ਰਭ ਮੇਲਿ ਲੈਹਿ
ਖਿਨ ਮਹਿ ਢਾਹਿ ਉਸਾਰਿ ॥

دئیا کرہِ پربھ میلِ لیَہِ
کھِن مہِ ڈھاہِ اُسارِ ॥

ਦਾਨਾ ਤੂ ਬੀਨਾ ਤੁਹੀ
ਦਾਨਾ ਕੈ ਸਿਰਿ ਦਾਨੁ ॥

دانا توُ بِینا تُہی
دانا کے سِرِ دانُ ॥

ਦਾਲਦ ਭੰਜਨ ਦੁਖ ਦਲਣ
ਗੁਰਮੁਖਿ ਗਿਆਨੁ ਧਿਆਨੁ ॥੩੫॥

دالد بھنّجن دُکھ دلنُ
گُرمُکھِ گِیانُ دھِیانُ ॥ 35 ॥

ਧਨਿ ਗਇਐ ਬਹਿ ਝੂਰੀਐ
ਧਨ ਮਹਿ ਚੀਤੁ ਗਵਾਰ ॥

دھنِ گئے بہِ جھورِیَے
دھن مہِ چیتُ گوار ॥

ਧਨੁ ਵਿਰਲੀ ਸਚੁ ਸੰਚਿਆ
ਨਿਰਮਲੁ ਨਾਮੁ ਪਿਆਰਿ ॥

دھنُ وِرلی سچُ سنّچیا
نِرملُ نامُ پیارِ ॥

ਧਨੁ ਗਇਆ ਤਾ ਜਾਣ ਦੇਹਿ
ਜੇ ਰਾਚਹਿ ਰੰਗਿ ਏਕ ॥

دھنُ گئیا تا جانُ دیہِ
جے راچہِ رنگِ ایک ॥

ਮਨੁ ਦੀਜੈ ਸਿਰੁ ਸਉਪੀਐ
ਭੀ ਕਰਤੇ ਕੀ ਟੇਕ ॥

منُ دیجے سِرُ سُپیَے
بھی کرتے کی ٹیک ॥

ਧੰਧਾ ਧਾਵਤ ਰਹਿ ਗਏ
ਮਨ ਮਹਿ ਸਬਦੁ ਅਨੰਦੁ ॥

دھندّھا دھاوت رہِ گئے
من مہِ سبدُ انندُ ॥

ਦੁਰਜਨ ਤੇ ਸਾਜਨ ਭਏ
ਭੇਟੇ ਗੁਰ ਗੋਵਿੰਦ ॥

دُرجن تے ساجن بھئے
بھیٹے گُر گووِندّ ॥

ਬਨੁ ਬਨੁ ਫਿਰਤੀ ਢੂਢਤੀ
ਬਸਤੁ ਰਹੀ ਘਰਿ ਬਾਰਿ ॥

بنُ بنُ پھرتی ڈھوُڈھتی
بسُت رہی گھرِ بارِ ॥

ਸਤਿਗੁਰਿ ਮੇਲੀ ਮਿਲਿ ਰਹੀ
ਜਨਮ ਮਰਣ ਦੁਖੁ ਨਿਵਾਰਿ ॥੩੬॥

ستِگُرِ میلی مِلِ رہی
جنم مرنُ دُکھُ نِوارِ ॥ 36 ॥

ਨਾਨਾ ਕਰਤ ਨ ਛੂਟੀਐ
ਵਿਣੁ ਗੁਣ ਜਮ ਪੁਰਿ ਜਾਹਿ ॥

نانا کرت ن چھوٹیئے
وِنُ گُنُ جم پُر جاہِ ॥

ਨਾ ਤਿਸੁ ਏਹੁ ਨ ਓਹੁ ਹੈ
ਅਵਗੁਣਿ ਫਿਰਿ ਪਛੁਤਾਹਿ ॥

نا تِس ایہُ ن اوہُ ہے
اوگُنِ پھِرِ پچھُتاہِ ॥

ਨਾ ਤਿਸੁ ਗਿਆਨੁ ਨ ਧਿਆਨੁ ਹੈ
ਨਾ ਤਿਸੁ ਧਰਮੁ ਧਿਆਨੁ ॥

نا تِس گیانُ ن دھیانُ ہے
نا تِس دھرمُ دھیانُ ॥

ਵਿਣੁ ਨਾਵੈ ਨਿਰਭਉ ਕਹਾ
ਕਿਆ ਜਾਣਾ ਅਭਿਮਾਨੁ ॥

وِنُ ناوے نِربھءُ کہا
کِیا جاٹا ابھِمانُ ۔ ॥

ਥਾਕਿ ਰਹੀ ਕਿਵ ਅਪੜਾ
ਹਾਥ ਨਹੀ ਨਾ ਪਾਰੁ ॥

تھاکِ رہی کِو اپڑا
ہاتھ نہی نا پارُ ॥

ਨਾ ਸਾਜਨ ਸੇ ਰੰਗੁਲੇ
ਕਿਸੁ ਪਹਿ ਕਰੀ ਪੁਕਾਰ ॥

نا ساجن سے رنگُلے
کِس پہِ کری پُکار ۔ ॥

ਨਾਨਕ ਪ੍ਰਿਉ ਪ੍ਰਿਉ ਜੇ ਕਰੀ
ਮੇਲੇ ਮੇਲਣਹਾਰੁ ॥

نانک پّرِءُ پّرِءُ جے کری
میلے میلنہارُ ॥

ਜਿਨਿ ਵਿਛੋੜੀ ਸੋ ਮੇਲਸੀ
ਗੁਰ ਕੈ ਹੇਤਿ ਅਪਾਰਿ ॥੩੭॥

جِنِ وِچھوڑی سو میلسی
گُر کے ہیتِ اپارِ ॥ 37 ॥

ਪਾਪੁ ਬੁਰਾ ਪਾਪੀ ਕਉ ਪਿਆਰਾ ॥

پاپُ بُرا پاپی کءُ پیارا ॥

ਪਾਪਿ ਲਦੇ ਪਾਪੇ ਪਾਸਾਰਾ ॥

پاپِ لدے پاپے پاسارا ॥

ਪਰਹਰਿ ਪਾਪੁ ਪਛਾਣੈ ਆਪੁ ॥

پرہرِ پاپُ پچھاٹے آپُ ॥

ਨਾ ਤਿਸੁ ਸੋਗੁ ਵਿਜੋਗੁ ਸੰਤਾਪੁ ॥

نا تِس سوگُ وِجوگُ سنّتاپُ ॥

ਨਰਕਿ ਪੜੰਤਉ ਕਿਉ ਰਹੈ
ਕਿਉ ਬੰਚੈ ਜਮਕਾਲੁ ॥

نرکِ پڑنّتءُ کِءُ رہے
کِءُ بنچّے جمکالُ ۔ ॥

ਕਿਉ ਆਵਣ ਜਾਣਾ ਵੀਸਰੈ
ਝੂਠੁ ਬੁਰਾ ਖੈ ਕਾਲੁ ॥

کِءُ آونُ جاٹا ویسرے
جھوٹھُ بُرا کھے کالُ ॥

ਮਨੁ ਜੰਜਾਲੀ ਵੇੜਿਆ

مَنُ زنجالی ویڑیا

ਭੀ ਜੰਜਾਲਾ ਮਾਹਿ ॥

بھی زنجّالا ماہِ ॥

ਵਿਣੁ ਨਾਵੈ ਕਿਉ ਛੂਟੀਐ
ਪਾਪੇ ਪਚਹਿ ਪਚਾਹਿ ॥੩੮॥

وِنُ ناوے کِءُ چھوُٹیئے
پاپے پچہِ پچاہِ ॥ 38 ॥

ਫਿਰਿ ਫਿਰਿ ਫਾਹੀ ਫਾਸੈ ਕਉਆ ॥

پھِرِ پھِرِ پھاہی پھاسے کئوُیا ॥

ਫਿਰਿ ਪਛੁਤਾਨਾ ਅਬ ਕਿਆ ਹੂਆ ॥

پھِرِ پچھُتانا اب کِیا ہوُیا ۔ ॥

ਫਾਥਾ ਚੋਗ ਚੁਗੈ ਨਹੀ ਬੂਝੈ ॥

پھاتھا چوگ چُگے نہی بوُجھے ॥

ਸਤਗੁਰੁ ਮਿਲੈ ਤ ਆਖੀ ਸੂਝੈ ॥

ستگُرُ مِلے ت آکھی سوُجھے ॥

ਜਿਉ ਮਛੁਲੀ ਫਾਥੀ ਜਮ ਜਾਲਿ ॥

جِءُ مچھُلی پھاتھی جم جالِ ॥

ਵਿਣੁ ਗੁਰ ਦਾਤੇ ਮੁਕਤਿ ਨ ਭਾਲਿ ॥

وِنُ گُر داتے مُکتِ ن بھالِ ॥

ਫਿਰਿ ਫਿਰਿ ਆਵੈ ਫਿਰਿ ਫਿਰਿ ਜਾਇ ॥

پھِرِ پھِرِ آوے پھِرِ پھِرِ جاءِ ॥

ਇਕ ਰੰਗਿ ਰਚੈ ਰਹੈ ਲਿਵ ਲਾਇ ॥

اِک رنگِ رچے رہے لِو لاءِ ॥

ਇਵ ਛੂਟੈ ਫਿਰਿ ਫਾਸ ਨ ਪਾਇ ॥੩੯॥

اِو چھوُٹے پھِرِ پھاس ن پاءِ ॥ 39 ॥

ਬੀਰਾ ਬੀਰਾ ਕਰਿ ਰਹੀ
ਬੀਰ ਭਏ ਬੈਰਾਇ ॥

بیِرا بیِرا کرِ رہی
بیِر بھئے بیَراءِ ॥

ਬੀਰ ਚਲੇ ਘਰਿ ਆਪਣੈ
ਬਹਿਣ ਬਿਰਹਿ ਜਲਿ ਜਾਇ ॥

بیِر چلے گھرِ آپنے
بہِنُ بِرہِ جلِ جاءِ ॥

ਬਾਬੁਲ ਕੈ ਘਰਿ ਬੇਟੜੀ
ਬਾਲੀ ਬਾਲੈ ਨੇਹਿ ॥

بابُل کے گھرِ بیٹڑی
بالی بالے نیہِ ॥

ਜੇ ਲੋੜਹਿ ਵਰੁ ਕਾਮਣੀ
ਸਤਿਗੁਰੁ ਸੇਵਹਿ ਤੇਹਿ ॥

جے لوڑہِ ورُ کامنی
ستِگُرُ سیوہِ تیہِ ॥

ਬਿਰਲੋ ਗਿਆਨੀ ਬੂਝਣਉ
ਸਤਿਗੁਰੁ ਸਾਚਿ ਮਿਲੇਇ ॥

بِرلو گیانی بوُجھنُءُ
ستِگُرُ ساچِ مِلےءِ ॥

ਠਾਕੁਰ ਹਾਥਿ ਵਡਾਈਆ
ਜੈ ਭਾਵੈ ਤੈ ਦੇਇ ॥

ٹھاکُر ہاتھِ وڈائیا
جے بھاوے تے دےءِ ॥

ਬਾਣੀ ਬਿਰਲਉ ਬੀਚਾਰਸੀ
ਜੇ ਕੋ ਗੁਰਮੁਖਿ ਹੋਇ ॥

ਇਹ ਬਾਣੀ ਮਹਾ ਪੁਰਖ ਕੀ
ਨਿਜ ਘਰਿ ਵਾਸਾ ਹੋਇ ॥੪੦॥

ਭਨਿ ਭਨਿ ਘੜੀਐ ਘੜਿ ਘੜਿ ਭਜੈ
ਢਾਹਿ ਉਸਾਰੈ ਉਸਰੇ ਢਾਹੈ ॥

ਸਰ ਭਰਿ ਸੋਖੈ ਭੀ ਭਰਿ ਪੋਖੈ
ਸਮਰਥ ਵੇਪਰਵਾਹੈ ॥

ਭਰਮਿ ਭੁਲਾਨੇ ਭਏ ਦਿਵਾਨੇ
ਵਿਣੁ ਭਾਗਾ ਕਿਆ ਪਾਈਐ ॥

ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ
ਜਿਨ ਖਿੰਚੈ ਤਿਨ ਜਾਈਐ ॥

ਹਰਿ ਗੁਣ ਗਾਇ ਸਦਾ ਰੰਗਿ ਰਾਤੇ
ਬਹੁੜਿ ਨ ਪਛੋਤਾਈਐ ॥

ਭਭੈ ਭਾਲਹਿ ਗੁਰਮੁਖਿ ਬੂਝਹਿ
ਤਾ ਨਿਜ ਘਰਿ ਵਾਸਾ ਪਾਈਐ ॥

ਭਭੈ ਭਉਜਲੁ ਮਾਰਗੁ ਵਿਖੜਾ
ਆਸ ਨਿਰਾਸਾ ਤਰੀਐ ॥

ਗੁਰ ਪਰਸਾਦੀ ਆਪੋ ਚੀਨ੍ਹੈ
ਜੀਵਤਿਆ ਇਵ ਮਰੀਐ ॥੪੧॥

ਮਾਇਆ ਮਾਇਆ ਕਰਿ ਮੁਏ
ਮਾਇਆ ਕਿਸੈ ਨ ਸਾਥਿ ॥

ਹੰਸੁ ਚਲੈ ਉਠਿ ਡੁਮਣੋ
ਮਾਇਆ ਭੂਲੀ ਆਥਿ ॥

ਮਨੁ ਝੂਠਾ ਜਮਿ ਜੋਹਿਆ
ਅਵਗੁਣ ਚਲਹਿ ਨਾਲਿ ॥

بانیٔ برلءُ بیچارسی
جے کو گُرمُکھِ ہوءِ ॥

اِہ بانیٔ مہا پُرکھ کی
نِج گھرِ واسا ہوءِ ॥ 40 ॥

بھنِ بھنِ گھڑیئے گھڑِ گھڑِ بھجے
ڈھاہِ اُسارے اُسرے ڈھاہے ॥

سر بھرِ سوکھے بھی بھرِ پوکھے
سمرتھ ویپرواہے ॥

بھرمِ بھُلانے بھئے دِوانے
وِنُ بھاگا کِیا پائیے ۔ ॥

گُرمُکھِ گیانُ ڈوری پربھِ پکڑی
جِن کھِنچے تِن جائیے ॥

ہرِ گُن گاءِ سدا رنگِ راتے
بہُڑِ ن پچھوتائیے ॥

بھبھے بھالہِ گُرمُکھِ بوُجھہِ
تا نِج گھرِ واسا پائیے ॥

بھبھے بھجُلُ مارگُ وِکھڑا
آس نِراسا تریئے ॥

گُر پرسادی آپو چینّہے
جیوتیا اِو مریئے ॥ 41 ॥

مائیا مائیا کرِ مُئے
مائیا کِسے ن ساتھِ ॥

ہنّس چلے اُٹھِ ڈُمنّو
مائیا بھوُلی آتھِ ॥

منُ جھوُٹھا جمِ جوہیا

اوگُن چلہِ نالِ ॥

ਮਨ ਮਹਿ ਮਨੁ ਉਲਟੋ ਮਰੈ
ਜੇ ਗੁਣ ਹੋਵਹਿ ਨਾਲਿ ॥

من مہِ منُ اُلٹو مرے
جے گُن ہووہِ نالِ ॥

ਮੇਰੀ ਮੇਰੀ ਕਰਿ ਮੁਏ
ਵਿਣੁ ਨਾਵੈ ਦੁਖੁ ਭਾਲਿ ॥

میری میری کرِ مُے
وِنُ ناوے دُکھُ بھالِ ॥

ਗੜ ਮੰਦਰ ਮਹਲਾ ਕਹਾ
ਜਿਉ ਬਾਜੀ ਦੀਬਾਣੁ ॥

گڑ مندر محلا کہا
جِءُ بازی دیبانُ ॥

ਨਾਨਕ ਸਚੇ ਨਾਮ ਵਿਣੁ
ਝੂਠਾ ਆਵਣ ਜਾਣੁ ॥

نانک سچے نام وِنُ
جھوٹھا آونُ جانُ ॥

ਆਪੇ ਚਤੁਰੁ ਸਰੂਪੁ ਹੈ
ਆਪੇ ਜਾਣੁ ਸੁਜਾਣੁ ॥੪੨॥

آپے چترُ سروُپُ ہے
آپے جانُ سُجانُ ॥ 42 ॥

ਜੋ ਆਵਹਿ ਸੇ ਜਾਹਿ ਫੁਨਿ
ਆਇ ਗਏ ਪਛੁਤਾਹਿ ॥

جو آوہِ سے جاہِ پھُنِ
آءِ گے پچھُتاہِ ॥

ਲਖ ਚਉਰਾਸੀਹ ਮੇਦਨੀ
ਘਟੈ ਨ ਵਧੈ ਉਤਾਹਿ ॥

لکھ چترُاسیہِ میدنی
گھٹے ن ودھے اُتاہِ ॥

ਸੇ ਜਨ ਉਬਰੇ ਜਿਨ ਹਰਿ ਭਾਇਆ ॥

سے جن اُبرے جِن ہرِ بھائیا ॥

ਧੰਧਾ ਮੁਆ ਵਿਗੂਤੀ ਮਾਇਆ ॥

دھندھا مُیا وِگوُتی مائیا ॥

ਜੋ ਦੀਸੈ ਸੋ ਚਾਲਸੀ
ਕਿਸ ਕਉ ਮੀਤੁ ਕਰੇਉ ॥

جو دیسے سو چالسی
کِس کءُ میتُ کریءُ ۔ ॥

ਜੀਉ ਸਮਪਉ ਆਪਣਾ
ਤਨੁ ਮਨੁ ਆਗੈ ਦੇਉ ॥

جِءُ سمپءُ آپنا
تنُ منُ آگے دیءُ ॥

ਅਸਥਿਰੁ ਕਰਤਾ ਤੂ ਧਣੀ
ਤਿਸ ਹੀ ਕੀ ਮੈ ਓਟ ॥

استھِرُ کرتا توُ دھنی
تِس ہی کی مے اوٹ ॥

ਗੁਣ ਕੀ ਮਾਰੀ ਹਉ ਮੁਈ
ਸਬਦਿ ਰਤੀ ਮਨਿ ਚੋਟ ॥੪੩॥

گُن کی ماری ہءُ مُئی
سبدِ رتی منِ چوٹ ॥ 43 ॥

ਰਾਣਾ ਰਾਉ ਨ ਕੋ ਰਹੈ
ਰੰਗੁ ਨ ਤੁੰਗੁ ਫਕੀਰੁ ॥

راٹا راءُ ن کو رہے
رنگُ ن تُنگُ فقیرُ ॥

ਵਾਰੀ ਆਪੋ ਆਪਣੀ
ਕੋਇ ਨ ਬੰਧੈ ਧੀਰ ॥

واری آپو آپنی
کوءِ ن بنّدھے دھیرِ ॥

ਰਾਹੁ ਬੁਰਾ ਭੀਹਾਵਲਾ
ਸਰ ਡੂਗਰ ਅਸਗਾਹ ॥

راہُ بُرا بھیہاولا
سر ڈُوگر اسگاہ ॥

ਮੈ ਤਨਿ ਅਵਗਣ ਝੁਰਿ ਮੁਈ
ਵਿਣੁ ਗੁਣ ਕਿਉ ਘਰਿ ਜਾਹ ॥

مے تنِ اوگُن جھُرِ مُئی
وِنُ گُن کِءُ گھرِ جاہ ۔ ॥

ਗੁਣੀਆ ਗੁਣ ਲੇ ਪ੍ਰਭ ਮਿਲੇ
ਕਿਉ ਤਿਨ ਮਿਲਉ ਪਿਆਰਿ ॥

گُنیِیا گُن لے پربھ مِلے
کِءُ تِن مِلءُ پیارِ ۔ ॥

ਤਿਨ ਹੀ ਜੈਸੀ ਥੀ ਰਹਾਂ
ਜਪਿ ਜਪਿ ਰਿਦੈ ਮੁਰਾਰਿ ॥

تِن ہی جیَسی تھی رہاں
جپِ جپِ رِدے مُرارِ ॥

ਅਵਗੁਣੀ ਭਰਪੂਰ ਹੈ
ਗੁਣ ਭੀ ਵਸਹਿ ਨਾਲਿ ॥

اوگُنی بھرپُور ہے
گُن بھی وسہِ نالِ ॥

ਵਿਣੁ ਸਤਗੁਰ ਗੁਣ ਨ ਜਾਪਨੀ
ਜਿਚਰੁ ਸਬਦਿ ਨ ਕਰੇ ਬੀਚਾਰੁ ॥੪੪॥

وِنُ ستگُر گُن ن جاپنی
جِچرُ سبدِ ن کرے بیچارُ ॥ 44 ॥

ਲਸਕਰੀਆ ਘਰ ਸੰਮਲੇ
ਆਏ ਵਜਹੁ ਲਿਖਾਇ ॥

لشکریِیا گھر سنّملے
آئے وجہُ لِکھاءِ ॥

ਕਾਰ ਕਮਾਵਹਿ ਸਿਰਿ ਧਣੀ
ਲਾਹਾ ਪਲੈ ਪਾਇ ॥

کار کماوہِ سِرِ دھنّی
لاہا پلےَ پاءِ ॥

ਲਬੁ ਲੋਭੁ ਬੁਰਿਆਈਆ
ਛੋਡੇ ਮਨਹੁ ਵਿਸਾਰਿ ॥

لبُ لوبھُ بُریائیِیا
چھوڈے منہُ وِسارِ ॥

ਗੜਿ ਦੋਹੀ ਪਾਤਿਸਾਹ ਕੀ
ਕਦੇ ਨ ਆਵੈ ਹਾਰਿ ॥

گڑِ دوہی پاتِشاہ کی
کدے ن آوے ہارِ ॥

ਚਾਕਰੁ ਕਹੀਐ ਖਸਮ ਕਾ
ਸਉਹੇ ਉਤਰ ਦੇਇ ॥

چاکرُ کہیئے خصم کا

ਸਤੁਹੇ ਉਤਰ ਦੇਇ ॥
سُتُہے اُتر دےءِ ॥

ਵਜਹੁ ਗਵਾਏ ਆਪਣਾ
ਤਖਤਿ ਨ ਬੈਸਹਿ ਸੇਇ ॥
وجہُ گوائے آپنا
تخت ِ ن بیَسہِ سےءِ ॥

ਪ੍ਰੀਤਮ ਹਥਿ ਵਡਿਆਈਆ
ਜੈ ਭਾਵੈ ਤੈ ਦੇਇ ॥
پرِیتم ہتھِ وڈِیائیِیا
جےَ بھاوےَ تےَ دےءِ ॥

ਆਪਿ ਕਰੇ ਕਿਸੁ ਆਖੀਐ
ਅਵਰੁ ਨ ਕੋਇ ਕਰੇਇ ॥੪੫॥
آپِ کرے کِسُ آکھیِئے
اورُ ن کوءِ کرےءِ ॥ 45 ॥

ਬੀਜਉ ਸੂਝੈ ਕੋ ਨਹੀ
ਬਹੈ ਦੁਲੀਚਾ ਪਾਇ ॥
بِیجءُ سُوجھےَ کو نہی
بہےَ دُلیچا پاءِ ॥

ਨਰਕ ਨਿਵਾਰਣੁ ਨਰਹ ਨਰੁ
ਸਾਚਉ ਸਾਚੈ ਨਾਇ ॥
نرک نِوارنُ نرہ نرُ
ساچءُ ساچےَ ناءِ ॥

ਵਣੁ ਤ੍ਰਿਣੁ ਢੂਢਤ ਫਿਰਿ ਰਹੀ
ਮਨ ਮਹਿ ਕਰਉ ਬੀਚਾਰੁ ॥
ونُ ترِنُ ڈھوُڈھت پھِرِ رہی
من مہِ کرءُ بیچارُ ॥

ਲਾਲ ਰਤਨ ਬਹੁ ਮਾਣਕੀ
ਸਤਿਗੁਰ ਹਾਥਿ ਭੰਡਾਰੁ ॥
لال رتن بہُ مانکی
ستِگُر ہاتھِ بھنڈارُ ॥

ਊਤਮੁ ਹੋਵਾ ਪ੍ਰਭੁ ਮਿਲੈ
ਇਕ ਮਨਿ ਏਕੈ ਭਾਇ ॥
اوُتمُ ہووا پربھُ مِلےَ
اِک منِ ایکےَ بھاءِ ॥

ਨਾਨਕ ਪ੍ਰੀਤਮ ਰਸਿ ਮਿਲੇ
ਲਾਹਾ ਲੈ ਪਰਥਾਇ ॥
نانک پرِیتم رسِ مِلے
لاہا لے پرتھاءِ ॥

ਰਚਨਾ ਰਾਚਿ ਜਿਨਿ ਰਚੀ
ਜਿਨਿ ਸਿਰਿਆ ਆਕਾਰੁ ॥
رچنا راچِ جِنِ رچی
جِنِ سِریا آکارُ ॥

ਗੁਰਮੁਖਿ ਬੇਅੰਤੁ ਧਿਆਈਐ
ਅੰਤੁ ਨ ਪਾਰਾਵਾਰੁ ॥੪੬॥
گُرمُکھِ بیئنّتُ دھیائیِئے
انّتُ ن پاراوارُ ॥ 46 ॥

ਝਾੜੈ ਰੂੜਾ ਹਰਿ ਜੀਉ ਸੋਈ ॥
ڑاڑےَ روُڑا ہرِ جیِءُ سوئی ॥

ਤਿਸੁ ਬਿਨੁ ਰਾਜਾ ਅਵਰੁ ਨ ਕੋਈ ॥
تِسُ بِنُ راجا اورُ ن کوئی ॥

ਝਾੜੈ ਗਾਰੁੜੁ ਤੁਮ ਸੁਣਹੁ
ਹਰਿ ਵਸੈ ਮਨ ਮਾਹਿ ॥

ڑاڑے گارڑُ تُم سُنہُ
ہرِ وسے من ماہِ ॥

ਗੁਰ ਪਰਸਾਦੀ ਹਰਿ ਪਾਈਐ
ਮਤੁ ਕੋ ਭਰਮਿ ਭੁਲਾਹਿ ॥

گُر پرسادی ہرِ پائیئے
مت کو بھرمِ بھُلاہِ ॥

ਸੋ ਸਾਹੁ ਸਾਚਾ ਜਿਸੁ ਹਰਿ ਧਨੁ ਰਾਸਿ ॥

سو ساہُ ساچا جِس ہرِ دھنُ راسِ ॥

ਗੁਰਮੁਖਿ ਪੂਰਾ ਤਿਸੁ ਸਾਬਾਸਿ ॥

گُرمُکھِ پوُرا تِس ساباسِ ॥

ਰੂੜੀ ਬਾਣੀ ਹਰਿ ਪਾਇਆ
ਗੁਰ ਸਬਦੀ ਬੀਚਾਰਿ ॥

روُڑی باٹی ہرِ پائیا
گُر سبدی بیچارِ ॥

ਆਪੁ ਗਇਆ ਦੁਖੁ ਕਟਿਆ
ਹਰਿ ਵਰੁ ਪਾਇਆ ਨਾਰਿ ॥੪੭॥

آپُ گئیا دُکھُ کٹیا
ہرِ ورُ پائیا نارِ ॥ 47 ॥

ਸੁਇਨਾ ਰੁਪਾ ਸੰਚੀਐ
ਧਨੁ ਕਾਚਾ ਬਿਖੁ ਛਾਰੁ ॥

سُئنا رُپا سنچیئے
دھنُ کاچا بِکھُ چھارُ ॥

ਸਾਹੁ ਸਦਾਏ ਸੰਚਿ ਧਨੁ
ਦੁਬਿਧਾ ਹੋਇ ਖੁਆਰੁ ॥

ساہُ سدائے سنچِ دھنُ
دُبِدھا ہوءِ خُیارُ ॥

ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ ॥

سچیاری سچُ سنچیا ساچءُ نامُ امولُ ॥

ਹਰਿ ਨਿਰਮਾਇਲੁ ਊਜਲੋ
ਪਤਿ ਸਾਚੀ ਸਚੁ ਬੋਲੁ ॥

ہرِ نِرمائلُ اوُجلو
پتِ ساچی سچُ بولُ ॥

ਸਾਜਨੁ ਮੀਤੁ ਸੁਜਾਣੁ ਤੂ
ਤੂ ਸਰਵਰੁ ਤੂ ਹੰਸੁ ॥

ساجنُ میتُ سُجانُ توُ
توُ سرورُ توُ ہنّس ॥

ਸਾਚਉ ਠਾਕੁਰੁ ਮਨਿ ਵਸੈ
ਹਉ ਬਲਿਹਾਰੀ ਤਿਸੁ ॥

ساچءُ ٹھاکُرُ منِ وسے
ہءُ بلِہاری تِس ॥

ਮਾਇਆ ਮਮਤਾ ਮੋਹਣੀ
ਜਿਨਿ ਕੀਤੀ ਸੋ ਜਾਣੁ ॥

مائیا ممتا موہنی
جِنِ کیتی سو جانُ ॥

ਬਿਖਿਆ ਅੰਮ੍ਰਿਤੁ ਏਕੁ ਹੈ
ਬੂਝੈ ਪੁਰਖੁ ਸੁਜਾਣੁ ॥੪੮॥

بِکھیا انمّرِتُ ایکُ ہے
بوُجھے پُرکھُ سُجانُ ॥ 48 ॥

ਖਿਮਾ ਵਿਹੂਣੇ ਖਪਿ ਗਏ
ਖੂਹਣਿ ਲਖ ਅਸੰਖ ॥

کھِما وِہوُنے کھپِ گئے
کھوُہنِ لکھ اسنکھ ॥

ਗਣਤ ਨ ਆਵੈ ਕਿਉ ਗਣੀ
ਖਪਿ ਖਪਿ ਮੁਏ ਬਿਸੰਖ ॥

گنّت ن آوے کِءُ گنّی
کھپِ کھپِ مُئے بِسنکھ ॥

ਖਸਮੁ ਪਛਾਣੈ ਆਪਣਾ
ਖੂਲੈ ਬੰਧੁ ਨ ਪਾਇ ॥

خصمُ پچھانے آپنا
کھوُلے بندھُ ن پاءِ ॥

ਸਬਦਿ ਮਹਲੀ ਖਰਾ ਤੂ
ਖਿਮਾ ਸਚੁ ਸੁਖ ਭਾਇ ॥

سبدِ محلی کھرا توُ
کھِما سچُ سُکھ بھاءِ ॥

ਖਰਚੁ ਖਰਾ ਧਨੁ ਧਿਆਨੁ ਤੂ
ਆਪੇ ਵਸਹि ਸਰੀਰਿ ॥

کھرچُ کھرا دھنُ دھِیانُ توُ
آپے وسہِ سریرِ ॥

ਮਨਿ ਤਨਿ ਮੁਖਿ ਜਾਪੈ ਸਦਾ
ਗੁਣ ਅੰਤਰਿ ਮਨਿ ਧੀਰ ॥

منِ تنِ مُکھِ جاپے سدا
گُن انترِ منِ دھیرِ ॥

ਹਉਮੈ ਖਪੈ ਖਪਾਇਸੀ
ਬੀਜਉ ਵਥੁ ਵਿਕਾਰੁ ॥

ہئُمے کھپے کھپائسی
بیجءُ وتھُ وِکارُ ॥

ਜੰਤ ਉਪਾਇ ਵਿਚਿ ਪਾਇਆਨੁ
ਕਰਤਾ ਅਲਗੁ ਅਪਾਰੁ ॥੪੯॥

جنّت اُپاءِ وِچِ پائیانُ
کرتا الگُ اپارُ ॥ 49 ॥

ਸ੍ਰਿਸਟੇ ਭੇਉ ਨ ਜਾਣੈ ਕੋਇ ॥

سّرِسٹے بھیءُ ن جانے کوءِ ॥

ਸ੍ਰਿਸਟਾ ਕਰੈ ਸੁ ਨਿਹਚਉ ਹੋਇ ॥

سّرِسٹا کرے سُ نِہچءُ ہوءِ ॥

ਸੰਪੈ ਕਉ ਈਸਰੁ ਧਿਆਈਐ ॥

سنّپے کءُ ایسرُ دھیائیے ॥

ਸੰਪੈ ਪੁਰਬਿ ਲਿਖੇ ਕੀ ਪਾਈਐ ॥

سنّپے پُربِ لِکھے کی پائیے ॥

ਸੰਪੈ ਕਾਰਣਿ ਚਾਕਰ ਚੋਰ ॥

سنّپے کارنِ چاکر چور ॥

ਸੰਪੈ ਸਾਥਿ ਨ ਚਾਲੈ ਹੋਰ ॥

سنّپے ساتھِ ن چالے ہور ॥

ਬਿਨੁ ਸਾਚੇ ਨਹੀ ਦਰਗਹ ਮਾਨੁ ॥

بِنُ ساچے نہی درگہ مانُ ॥

ਹਰਿ ਰਸੁ ਪੀਵੈ ਛੁਟੈ ਨਿਦਾਨਿ ॥੫੦॥

ہرِ رسُ پیوے چھُٹے نِدانِ ॥ 50 ॥

ਹੇਰਤ ਹੇਰਤ ਹੇ ਸਖੀ
ਹੋਇ ਰਹੀ ਹੈਰਾਨੁ ॥

ہیرت ہیرت ہے سکھی
ہوءِ رہی حیرانُ ॥

ਹਉ ਹਉ ਕਰਤੀ ਮੈ ਮੁਈ
ਸਬਦਿ ਰਵੈ ਮਨਿ ਗਿਆਨੁ ॥

ہءُ ہءُ کرتی مے مُئی
سبدِ روے منِ گیانُ ॥

ਹਾਰ ਡੋਰ ਕੰਕਨ ਘਣੇ
ਕਰਿ ਥਾਕੀ ਸੀਗਾਰੁ ॥

ہار ڈور کنکن گھنے
کرِ تھاکی سیگارُ ॥

ਮਿਲਿ ਪ੍ਰੀਤਮ ਸੁਖੁ ਪਾਇਆ
ਸਗਲ ਗੁਣਾ ਗਲਿ ਹਾਰੁ ॥

مِلِ پریتم سُکھُ پائیا
سگل گُنا گلِ ہارُ ॥

ਨਾਨਕ ਗੁਰਮੁਖਿ ਪਾਈਐ
ਹਰਿ ਸਿਉ ਪ੍ਰੀਤਿ ਪਿਆਰੁ ॥

نانک گُرمُکھِ پائیَے
ہرِ سِءُ پریتِ پیارُ ॥

ਹਰਿ ਬਿਨੁ ਕਿਨਿ ਸੁਖੁ ਪਾਇਆ
ਦੇਖਹੁ ਮਨਿ ਬੀਚਾਰਿ ॥

ہرِ بِنُ کِنِ سُکھُ پائیا
دیکھُ منِ بیچارِ ॥

ਹਰਿ ਪੜਣਾ ਹਰਿ ਬੁਝਣਾ
ਹਰਿ ਸਿਉ ਰਖਹੁ ਪਿਆਰੁ ॥

ہرِ پڑنا ہرِ بُجھنا
ہرِ سِءُ رکھُ پیارُ ॥

ਹਰਿ ਜਪੀਐ ਹਰਿ ਧਿਆਈਐ
ਹਰਿ ਕਾ ਨਾਮੁ ਅਧਾਰੁ ॥੫੧॥

ہرِ جپیَے ہرِ دھیائیَے
ہرِ کا نامُ ادھارُ ॥ 51 ॥

ਲੇਖੁ ਨ ਮਿਟਈ ਹੇ ਸਖੀ
ਜੋ ਲਿਖਿਆ ਕਰਤਾਰਿ ॥

لیکھُ ن مٹئی ہے سکھی
جو لِکھیا کرتارِ ॥

ਆਪੇ ਕਾਰਣੁ ਜਿਨਿ ਕੀਆ
ਕਰਿ ਕਿਰਪਾ ਪਗੁ ਧਾਰਿ ॥

آپے کارنُ جِنِ کیا
کرِ کِرپا پگُ دھارِ ॥

ਕਰਤੇ ਹਥਿ ਵਡਿਆਈਆ
ਬੂਝਹੁ ਗੁਰ ਬੀਚਾਰਿ ॥

کرتے ہتھِ وڈیائیا
بُوجھُ گُر بیچارِ ॥

ਲਿਖਿਆ ਫੇਰਿ ਨ ਸਕੀਐ
ਜਿਉ ਭਾਵੀ ਤਿਉ ਸਾਰਿ ॥

لِکھیا پھیرِ ن سکیَے
جِءُ بھاوی تِءُ سارِ ॥

ਨਦਰਿ ਤੇਰੀ ਸੁਖੁ ਪਾਇਆ
ਨਾਨਕ ਸਬਦੁ ਵੀਚਾਰਿ ॥

ندرِ تیری سُکھُ پائیا

ਮਨਮੁਖ ਭੂਲੇ ਪਚਿ ਮੁਏ
ਉਬਰੇ ਗੁਰ ਬੀਚਾਰਿ ॥

منمُکھ بھُولے پچِ مُۓ
اُبرے گُر بیچارِ ॥

ਜਿ ਪੁਰਖੁ ਨਦਰਿ ਨ ਆਵਈ
ਤਿਸ ਕਾ ਕਿਆ ਕਰਿ ਕਹਿਆ ਜਾਇ ॥

جِ پُرکھُ ندرِ ن آوئی
تِس کا کِیا کرِ کہِیا جاءِ ۔ ॥

ਬਲਿਹਾਰੀ ਗੁਰ ਆਪਣੇ
ਜਿਨਿ ਹਿਰਦੈ ਦਿਤਾ ਦਿਖਾਇ ॥੫੨॥

بلِہاری گُر آپنے
جِنِ ہِردے دِتا دِکھاءِ ॥ 52 ॥

ਪਾਧਾ ਪੜਿਆ ਆਖੀਐ
ਬਿਦਿਆ ਬਿਚਰੈ ਸਹਜਿ ਸੁਭਾਇ ॥

پادھا پڑِیا آکھیۓ
بِدِیا بِچرے سہجِ سُبھاءِ ॥

ਬਿਦਿਆ ਸੋਧੈ ਤਤੁ ਲਹੈ
ਰਾਮ ਨਾਮ ਲਿਵ ਲਾਇ ॥

بِدِیا سودھے تتُ لہے
رام نام لِو لاءِ ॥

ਮਨਮੁਖੁ ਬਿਦਿਆ ਬਿਕ੍ਰਦਾ
ਬਿਖੁ ਖਟੇ ਬਿਖੁ ਖਾਇ ॥

منمُکھُ بِدِیا بِکّردا
بِکھُ کھٹے بِکھُ کھاءِ ॥

ਮੂਰਖੁ ਸਬਦੁ ਨ ਚੀਨਈ
ਸੂਝ ਬੂਝ ਨਹ ਕਾਇ ॥੫੩॥

مُورکھُ سبدُ ن چینئی
سُوجھ بُوجھ نہ کاءِ ॥ 53 ॥

ਪਾਧਾ ਗੁਰਮੁਖਿ ਆਖੀਐ
ਚਾਟੜਿਆ ਮਤਿ ਦੇਇ ॥

پادھا گُرمُکھِ آکھیۓ
چاٹڑِیا مت دےءِ ॥

ਨਾਮੁ ਸਮਾਲਹੁ ਨਾਮੁ ਸੰਗਰਹੁ
ਲਾਹਾ ਜਗ ਮਹਿ ਲੇਇ ॥

نامُ سمالہُ نامُ سنگرہُ
لاہا جگ مہِ لےءِ ॥

ਸਚੀ ਪਟੀ ਸਚੁ ਮਨਿ
ਪੜੀਐ ਸਬਦੁ ਸੁ ਸਾਰੁ ॥

سچی پٹی سچُ منِ
پڑِیۓ سبدُ سُ سارُ ॥

ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ
ਜਿਸੁ ਰਾਮ ਨਾਮੁ ਗਲਿ ਹਾਰੁ ॥੫੪॥੧॥

نانک سو پڑِیا سو پنڈِتُ بِینا
جِسُ رام نامُ گلِ ہارُ ॥ 54 ॥ 1 ॥

ਰਾਮਕਲੀ ਮਹਲਾ ੧ ਸਿਧ ਗੋਸਟਿ

رامکلی محلا 1 سِدھ گوسٹِ

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਸਿਧ ਸਭਾ ਕਰਿ ਆਸਣਿ ਬੈਠੇ
ਸੰਤ ਸਭਾ ਜੈਕਾਰੋ ॥

ਤਿਸੁ ਆਗੈ ਰਹਰਾਸਿ ਹਮਾਰੀ
ਸਾਚਾ ਅਪਰ ਅਪਾਰੋ ॥

ਮਸਤਕੁ ਕਾਟਿ ਧਰੀ ਤਿਸੁ ਆਗੈ
ਤਨੁ ਮਨੁ ਆਗੈ ਦੇਉ ॥

ਨਾਨਕ ਸੰਤੁ ਮਿਲੈ ਸਚੁ ਪਾਈਐ
ਸਹਜ ਭਾਇ ਜਸੁ ਲੇਉ ॥੧॥

ਕਿਆ ਭਵੀਐ ਸਚਿ ਸੂਚਾ ਹੋਇ ॥

ਸਾਚ ਸਬਦ ਬਿਨੁ ਮੁਕਤਿ ਨ ਕੋਇ ॥੧॥ ਰਹਾਉ ॥

ਕਵਨ ਤੁਮੇ ਕਿਆ ਨਾਉ ਤੁਮਾਰਾ
ਕਉਨੁ ਮਾਰਗੁ ਕਉਨੁ ਸੁਆਓ ॥

ਸਾਚੁ ਕਹਉ ਅਰਦਾਸਿ ਹਮਾਰੀ
ਹਉ ਸੰਤ ਜਨਾ ਬਲਿ ਜਾਓ ॥

ਕਹ ਬੈਸਹੁ ਕਹ ਰਹੀਐ ਬਾਲੇ
ਕਹ ਆਵਹੁ ਕਹ ਜਾਹੋ ॥

ਨਾਨਕੁ ਬੋਲੈ ਸੁਣਿ ਬੈਰਾਗੀ
ਕਿਆ ਤੁਮਾਰਾ ਰਾਹੋ ॥੨॥

ਘਟਿ ਘਟਿ ਬੈਸਿ ਨਿਰੰਤਰਿ ਰਹੀਐ
ਚਾਲਹਿ ਸਤਿਗੁਰ ਭਾਏ ॥

ਸਹਜੇ ਆਏ ਹੁਕਮਿ ਸਿਧਾਏ
ਨਾਨਕ ਸਦਾ ਰਜਾਏ ॥

ਆਸਣਿ ਬੈਸਣਿ ਥਿਰੁ ਨਾਰਾਇਣੁ
ਐਸੀ ਗੁਰਮਤਿ ਪਾਏ ॥

ਗੁਰਮੁਖਿ ਬੂਝੈ ਆਪੁ ਪਛਾਣੈ

سِدھ سبھا کرِ آسنِ بیٹھے
سنّت سبھا جیَکارو ॥

تِس آگے رہراسِ ہماری
ساچا اپر اپارو ॥

مستکُ کاٹِ دھری تِس آگے
تنُ منُ آگے دیءُ ॥

نانک سنّتُ مِلے سچُ پائیے
سہج بھاءِ جسُ لیءُ ॥1॥

کِیا بھویے سچِ سوُچا ہوءِ ॥

ساچ سبد بِنُ مُکتِ ن کوءِ ॥1॥ رہاءُ ॥

کون تُمے کِیا ناءُ تُمارا
کنُنُ مارگُ کنُنُ سُیائو ۔ ॥

ساچُ کہءُ عرداسِ ہماری
ہءُ سنّت جنا بلِ جائو ॥

کہ بیَسہُ کہ رہیے بالے
کہ آوہُ کہ جاہو ۔ ॥

نانکُ بولے سُنِ بیَراگی
کِیا تُمارا راہو ۔ ॥2॥

گھٹِ گھٹِ بیَسِ نِرنترِ رہیے
چالہِ ستِگُر بھائے ॥

سہجے آئے حُکمِ سِدھائے
نانک سدا رضائے ॥

آسنِ بیَسنِ تھِرُ نارائنُ
ایَسی گُرمتِ پائے ॥

گُرمُکھِ بوُجھے آپُ پچھانے

ਸਚੇ ਸਚਿ ਸਮਾਏ ॥੩॥

سچے سچِ سمائے ॥3॥

ਦੁਨੀਆ ਸਾਗਰੁ ਦੁਤਰੁ ਕਹੀਐ
ਕਿਉ ਕਰਿ ਪਾਈਐ ਪਾਰੋ ॥

دُنیا ساگرُ دُترُ کہیئے
کِءُ کرِ پائیئے پارو ۔ ॥

ਚਰਪਟੁ ਬੋਲੈ ਅਉਧੂ ਨਾਨਕ
ਦੇਹੁ ਸਚਾ ਬੀਚਾਰੋ ॥

چرپٹُ بولے اُدھوُ نانک
دیہُ سچا بیچارو ॥

ਆਪੇ ਆਖੈ ਆਪੇ ਸਮਝੈ
ਤਿਸੁ ਕਿਆ ਉਤਰੁ ਦੀਜੈ ॥

آپے آکھے آپے سمجھے
تِس کیا اُترُ دیجے ۔ ॥

ਸਾਚੁ ਕਹਹੁ ਤੁਮ ਪਾਰਗਰਾਮੀ
ਤੁਝੁ ਕਿਆ ਬੈਸਣੁ ਦੀਜੈ ॥੪॥

ساچُ کہہُ تُم پارگرامی
تُجھُ کیا بیَسنُ دیجے ۔ ॥4॥

ਜੈਸੇ ਜਲ ਮਹਿ ਕਮਲੁ ਨਿਰਾਲਮੁ
ਮੁਰਗਾਈ ਨੈ ਸਾਣੇ ॥

جیَسے جل مہِ کملُ نِرالمُ
مُرغائی نے ساٹے ॥

ਸੁਰਤਿ ਸਬਦਿ ਭਵ ਸਾਗਰੁ ਤਰੀਐ
ਨਾਨਕ ਨਾਮੁ ਵਖਾਣੇ ॥

سُرتِ سبدِ بھو ساگرُ ترِیئے
نانک نامُ وکھاٹے ॥

ਰਹਹਿ ਇਕਾਂਤਿ ਏਕੋ ਮਨਿ ਵਸਿਆ
ਆਸਾ ਮਾਹਿ ਨਿਰਾਸੋ ॥

رہہِ اِکانتِ ایکو منِ وسِیا
آسا ماہِ نِراسو ॥

ਅਗਮੁ ਅਗੋਚਰੁ ਦੇਖਿ ਦਿਖਾਏ
ਨਾਨਕੁ ਤਾ ਕਾ ਦਾਸੋ ॥੫॥

اگمُ اگوچرُ دیکھِ دِکھائے
نانکُ تا کا داسو ॥5॥

ਸੁਣਿ ਸੁਆਮੀ ਅਰਦਾਸਿ ਹਮਾਰੀ
ਪੂਛਉ ਸਾਚੁ ਬੀਚਾਰੋ ॥

سُنِ سُیامی عرداسِ ہماری
پوُچھءُ ساچُ بیچارو ॥

ਰੋਸੁ ਨ ਕੀਜੈ ਉਤਰੁ ਦੀਜੈ
ਕਿਉ ਪਾਈਐ ਗੁਰ ਦੁਆਰੋ ॥

روسُ ن کیجے اُترُ دیجے
کِءُ پائیئے گُر دُیارو ۔ ॥

ਇਹੁ ਮਨੁ ਚਲਤਉ ਸਚ ਘਰਿ ਬੈਸੈ
ਨਾਨਕ ਨਾਮੁ ਅਧਾਰੋ ॥

اِہُ منُ چلتءُ سچ گھرِ بیَسے
نانک نامُ ادھارو ॥

ਆਪੇ ਮੇਲਿ ਮਿਲਾਏ ਕਰਤਾ
ਲਾਗੈ ਸਾਚਿ ਪਿਆਰੋ ॥੬॥

آپے میلِ مِلائے کرتا
لاگے ساچِ پیارو ॥6॥

ਹਾਟੀ ਬਾਟੀ ਰਹਹਿ ਨਿਰਾਲੇ
ਰੂਖਿ ਬਿਰਖਿ ਉਦਿਆਨੇ ॥

ہاٹی باٹی رہہِ نِرالے
رُوکھِ برکھِ اُدیانے ॥

ਕੰਦ ਮੂਲੁ ਅਹਾਰੋ ਖਾਈਐ
ਅਉਧੂ ਬੋਲੈ ਗਿਆਨੇ ॥

کنّد مُولُ اہارو کھائیئے
انُدھو بولے گیانے ॥

ਤੀਰਥਿ ਨਾਈਐ ਸੁਖੁ ਫਲੁ ਪਾਈਐ
ਮੈਲੁ ਨ ਲਾਗੈ ਕਾਈ ॥

تِیرتھِ نائیئے سُکھُ پھلُ پائیئے
میَلُ ن لاگے کائی ॥

ਗੋਰਖ ਪੂਤੁ ਲੋਹਾਰੀਪਾ ਬੋਲੈ
ਜੋਗ ਜੁਗਤਿ ਬਿਧਿ ਸਾਈ ॥੭॥

گورکھ پُوتُ لوہارِیپا بولے
جوگ جُگتِ بِدھِ سائی ॥7॥

ਹਾਟੀ ਬਾਟੀ ਨੀਦ ਨ ਆਵੈ
ਪਰ ਘਰਿ ਚਿਤੁ ਨ ਡੋਲਾਈ ॥

ہاٹی باٹی نِید ن آوے
پر گھرِ چِتُ ن ڈولائی ॥

ਬਿਨੁ ਨਾਵੈ ਮਨੁ ਟੇਕ ਨ ਟਿਕਈ
ਨਾਨਕ ਭੂਖ ਨ ਜਾਈ ॥

بِنُ ناوے منُ ٹیک ن ٹِکئی
نانک بھوُکھ ن جائی ॥

ਹਾਟੁ ਪਟਣੁ ਘਰੁ ਗੁਰੂ ਦਿਖਾਇਆ
ਸਹਜੇ ਸਚੁ ਵਾਪਾਰੋ ॥

ہاٹُ پٹّنُ گھرُ گُرُو دِکھائیا
سہجے سچُ واپارو ॥

ਖੰਡਿਤ ਨਿਦ੍ਰਾ ਅਲਪ ਅਹਾਰੰ
ਨਾਨਕ ਤਤੁ ਬੀਚਾਰੋ ॥੮॥

کھنّڈِت نِدّرا الپ اہارنّ
نانک تتُ بیچارو ॥8॥

ਦਰਸਨੁ ਭੇਖ ਕਰਹੁ ਜੋਗਿੰਦ੍ਰਾ
ਮੁੰਦ੍ਰਾ ਝੋਲੀ ਖਿੰਥਾ ॥

درسنُ بھیکھ کرہُ جوگِنّدّرا
مُنّدّرا جھولی کھِنّتھا ॥

ਬਾਰਹ ਅੰਤਰਿ ਏਕੁ ਸਰੇਵਹੁ
ਖਟੁ ਦਰਸਨ ਇਕ ਪੰਥਾ ॥

بارہ انتّرِ ایکُ سریوہُ
کھٹُ درسن اِک پنّتھا ॥

ਇਨ ਬਿਧਿ ਮਨੁ ਸਮਝਾਈਐ ਪੁਰਖਾ
ਬਾਹੁੜਿ ਚੋਟ ਨ ਖਾਈਐ ॥

اِن بِدھِ منُ سمجھائیئے پُرکھا
باہڑِ چوٹ ن کھائیئے ॥

ਨਾਨਕੁ ਬੋਲੈ ਗੁਰਮੁਖਿ ਬੂਝੈ
ਜੋਗ ਜੁਗਤਿ ਇਵ ਪਾਈਐ ॥੯॥

نانکُ بولے گُرمُکھِ بُوجھے
جوگ جُگتِ اِو پائیئے ॥9॥

ਅੰਤਰਿ ਸਬਦੁ ਨਿਰੰਤਰਿ ਮੁਦ੍ਰਾ
ਹਉਮੈ ਮਮਤਾ ਦੂਰਿ ਕਰੀ ॥

انتّرِ سبدُ نِرنتّرِ مُدّرا

ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ
ਗੁਰ ਕੈ ਸਬਦਿ ਸੁ ਸਮਝ ਪਰੀ ॥

ਖਿੰਥਾ ਝੋਲੀ ਭਰਿਪੁਰਿ ਰਹਿਆ
ਨਾਨਕ ਤਾਰੈ ਏਕੁ ਹਰੀ ॥

ਸਾਚਾ ਸਾਹਿਬੁ ਸਾਚੀ ਨਾਈ
ਪਰਖੈ ਗੁਰ ਕੀ ਬਾਤ ਖਰੀ ॥੧੦॥

ਊਂਧਉ ਖਪਰੁ
ਪੰਚ ਭੂ ਟੋਪੀ ॥

ਕਾਂਇਆ ਕੜਾਸਣੁ ਮਨੁ ਜਾਗੋਟੀ ॥

ਸਤੁ ਸੰਤੋਖੁ ਸੰਜਮੁ ਹੈ ਨਾਲਿ ॥

ਨਾਨਕ ਗੁਰਮੁਖਿ ਨਾਮੁ ਸਮਾਲਿ ॥੧੧॥

ਕਵਨੁ ਸੁ ਗੁਪਤਾ ਕਵਨੁ ਸੁ ਮੁਕਤਾ ॥

ਕਵਨੁ ਸੁ ਅੰਤਰਿ ਬਾਹਰਿ ਜੁਗਤਾ ॥

ਕਵਨੁ ਸੁ ਆਵੈ ਕਵਨੁ ਸੁ ਜਾਇ ॥

ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ ॥੧੨॥

ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ ॥

ਅੰਤਰਿ ਬਾਹਰਿ ਸਬਦਿ ਸੁ ਜੁਗਤਾ ॥

ਮਨਮੁਖਿ ਬਿਨਸੈ ਆਵੈ ਜਾਇ ॥

ਨਾਨਕ ਗੁਰਮੁਖਿ ਸਾਚਿ ਸਮਾਇ ॥੧੩॥

ਕਿਉ ਕਰਿ ਬਾਧਾ ਸਰਪਨਿ ਖਾਧਾ ॥

ਕਿਉ ਕਰਿ ਖੋਇਆ ਕਿਉ ਕਰਿ ਲਾਧਾ ॥

ਕਿਉ ਕਰਿ ਨਿਰਮਲੁ ਕਿਉ ਕਰਿ ਅੰਧਿਆਰਾ ॥

ہئُمے ممتا دوُرِ کری ॥

کامُ کرودھُ اہنکارُ نِوارے
گُر کے سبدِ سُ سمجھ پری ॥

کھِنتھا جھولی بھرپُرِ رہِیا
نانک تارے ایکُ ہری ॥

ساچا صاحِبُ ساچی نائی
پرکھے گُر کی بات کھری ॥ 10 ॥

اوُندھ ءُ کھپرُ
پنچ بھوُ ٹوپی ॥

کانئیا کڑاسنُ منُ جاگوٹی ॥

ست سنتوکھُ سنجمُ ہے نالِ ॥

نانک گُرمُکھِ نامُ سمالِ ॥ 11 ॥

کونُ سُ گُپتا کونُ سُ مُکتا ۔ ॥

کونُ سُ انترِ باہرِ جُگتا ۔ ॥

کونُ سُ آوے کونُ سُ جاءِ ۔ ॥

کونُ سُ ترِبھونِ رہِیا سماءِ ॥ 12 ॥

گھٹِ گھٹِ گُپتا گُرمُکھِ مُکتا ॥

انترِ باہرِ سبدِ سُ جُگتا ॥

منمُکھِ بِنسے آوے جاءِ ॥

نانک گُرمُکھِ ساچِ سماءِ ॥ 13 ॥

کِءُ کرِ بادھا سرپنِ کھادھا ॥

کِءُ کرِ کھوئیا کِءُ کرِ لادھا ۔ ॥

کِءُ کرِ نِرملُ کِءُ کرِ اندھیارا ۔ ॥

ਇਹੁ ਤਤੁ ਬੀਚਾਰੈ ਸੁ ਗੁਰੂ ਹਮਾਰਾ ॥੧੪॥	اِہُ تتُ بیچارے سُ گُرو ہمارا ॥ 14 ॥
ਦੁਰਮਤਿ ਬਾਧਾ ਸਰਪਨਿ ਖਾਧਾ ॥	دُرمتِ بادھا سرپنِ کھادھا ॥
ਮਨਮੁਖਿ ਖੋਇਆ ਗੁਰਮੁਖਿ ਲਾਧਾ ॥	منمُکھِ کھوئیا گُرمُکھِ لادھا ॥
ਸਤਿਗੁਰੁ ਮਿਲੈ ਅੰਧੇਰਾ ਜਾਇ ॥	ستِگُرُ ملے اندھیرا جاءِ ॥
ਨਾਨਕ ਹਉਮੈ ਮੇਟਿ ਸਮਾਇ ॥੧੫॥	نانک ہئُمے میٹِ سماءِ ॥ 15 ॥
ਸੁੰਨ ਨਿਰੰਤਰਿ ਦੀਜੈ ਬੰਧੁ ॥	سُنّن نِرنترِ دیجے بندھُ ॥
ਉਡੈ ਨ ਹੰਸਾ ਪੜੈ ਨ ਕੰਧੁ ॥	اُڈے ن ہنسا پڑے ن کندھُ ॥
ਸਹਜ ਗੁਫਾ ਘਰੁ ਜਾਣੈ ਸਾਚਾ ॥	سہج گُپھا گھرُ جانے ساچا ॥
ਨਾਨਕ ਸਾਚੇ ਭਾਵੈ ਸਾਚਾ ॥੧੬॥	نانک ساچے بھاوے ساچا ॥ 16 ॥
ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥	کِسُ کارنِ گرِہُ تجِئو اُداسی ॥
ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥	کِسُ کارنِ اِہُ بھیکھُ نِواسی ॥
ਕਿਸੁ ਵਖਰ ਕੇ ਤੁਮ ਵਣਜਾਰੇ ॥	کِسُ وکھر کے تُم ونجارے ॥
ਕਿਉ ਕਰਿ ਸਾਥੁ ਲੰਘਾਵਹੁ ਪਾਰੇ ॥੧੭॥	کِءُ کرِ ساتھُ لنگھاوہُ پارے ۔ ॥ 17 ॥
ਗੁਰਮੁਖਿ ਖੋਜਤ ਭਏ ਉਦਾਸੀ ॥	گُرمُکھِ کھوجت بھئے اُداسی ॥
ਦਰਸਨ ਕੈ ਤਾਈ ਭੇਖ ਨਿਵਾਸੀ ॥	درسن کے تائی بھیکھ نِواسی ॥
ਸਾਚ ਵਖਰ ਕੇ ਹਮ ਵਣਜਾਰੇ ॥	ساچ وکھر کے ہم ونجارے ॥
ਨਾਨਕ ਗੁਰਮੁਖਿ ਉਤਰਸਿ ਪਾਰੇ ॥੧੮॥	نانک گُرمُکھِ اُترسِ پارے ॥ 18 ॥
ਕਿਤੁ ਬਿਧਿ ਪੁਰਖਾ ਜਨਮੁ ਵਟਾਇਆ ॥	کِتُ بِدھِ پُرکھا جنمُ وٹائیا ۔ ॥
ਕਾਹੇ ਕਉ ਤੁਝੁ ਇਹੁ ਮਨੁ ਲਾਇਆ ॥	کاہے کءُ تُجھُ اِہُ منُ لائیا ۔ ॥
ਕਿਤੁ ਬਿਧਿ ਆਸਾ ਮਨਸਾ ਖਾਈ ॥	کِتُ بِدھِ آسا منسا کھائی ۔ ॥
ਕਿਤੁ ਬਿਧਿ ਜੋਤਿ ਨਿਰੰਤਰਿ ਪਾਈ ॥	کِتُ بِدھِ جوتِ نِرنترِ پائی ۔ ॥
ਬਿਨੁ ਦੰਤਾ ਕਿਉ ਖਾਈਐ ਸਾਰੁ ॥	بِنُ دنتا کِءُ کھائیئے سارُ ۔ ॥

ਨਾਨਕ ਸਾਚਾ ਕਰਹੁ ਬੀਚਾਰੁ ॥੧੯॥

نانک ساچا کرہُ بیچارُ ॥ 19 ॥

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥

ستگُر کے جنمے گونُ مِٹائیا ॥

ਅਨਹਤਿ ਰਾਤੇ ਇਹੁ ਮਨੁ ਲਾਇਆ ॥

انہتِ راتے اِہُ منُ لائیا ॥

ਮਨਸਾ ਆਸਾ ਸਬਦਿ ਜਲਾਈ ॥

منسا آسا سبدِ جلائی ॥

ਗੁਰਮੁਖਿ ਜੋਤਿ ਨਿਰੰਤਰਿ ਪਾਈ ॥

گُرمُکھِ جوتِ نِرنترِ پائی ॥

ਤ੍ਰੈ ਗੁਣ ਮੇਟੇ ਖਾਈਐ ਸਾਰੁ ॥

ترّے گُن میٹے کھائیئے سارُ ॥

ਨਾਨਕ ਤਾਰੇ ਤਾਰਣਹਾਰੁ ॥੨੦॥

نانک تارے تارنہارُ ॥ 20 ॥

ਆਦਿ ਕਉ ਕਵਨੁ ਬੀਚਾਰੁ ਕਥੀਅਲੇ
ਸੁੰਨ ਕਹਾ ਘਰ ਵਾਸੋ ॥

آدِ کءُ کونُ بیچارُ کتھیئلے
سُنّن کہا گھر واسو ۔ ॥

ਗਿਆਨ ਕੀ ਮੁਦ੍ਰਾ ਕਵਨ ਕਥੀਅਲੇ
ਘਟਿ ਘਟਿ ਕਵਨ ਨਿਵਾਸੋ ॥

گیان کی مُدّرا کون کتھیئلے
گھٹِ گھٹِ کون نِواسو ۔ ॥

ਕਾਲ ਕਾ ਠੀਗਾ ਕਿਉ ਜਲਾਈਅਲੇ
ਕਿਉ ਨਿਰਭਉ ਘਰਿ ਜਾਈਐ ॥

کال کا ٹھیگا کِءُ جلائیئلے
کِءُ نِربھءُ گھرِ جائیئے ۔ ॥

ਸਹਜ ਸੰਤੋਖ ਕਾ ਆਸਣੁ ਜਾਣੈ
ਕਿਉ ਛੇਦੇ ਬੈਰਾਈਐ ॥

سہج سنتوکھ کا آسنُ جانے
کِءُ چھیدے بیرائیئے ۔ ॥

ਗੁਰ ਕੈ ਸਬਦਿ ਹਉਮੈ ਬਿਖੁ ਮਾਰੈ
ਤਾ ਨਿਜ ਘਰਿ ਹੋਵੈ ਵਾਸੋ ॥

گُر کے سبدِ ہئمے بِکھُ مارے
تا نِج گھرِ ہووے واسو ॥

ਜਿਨਿ ਰਚਿ ਰਚਿਆ ਤਿਸੁ ਸਬਦਿ ਪਛਾਣੈ
ਨਾਨਕੁ ਤਾ ਕਾ ਦਾਸੋ ॥੨੧॥

جِنِ رچِ رچیا تِس سبدِ پچھانے
نانکُ تا کا داسو ॥ 21 ॥

ਕਹਾ ਤੇ ਆਵੈ ਕਹਾ ਇਹੁ ਜਾਵੈ
ਕਹਾ ਇਹੁ ਰਹੈ ਸਮਾਈ ॥

کہا تے آوے کہا اِہُ جاوے
کہا اِہُ رہے سمائی ۔ ॥

ਏਸੁ ਸਬਦ ਕਉ ਜੋ ਅਰਥਾਵੈ
ਤਿਸੁ ਗੁਰ ਤਿਲੁ ਨ ਤਮਾਈ ॥

ایُس سبد کءُ جو ارتھاوے
تِس گُر تِلُ ن طماعیِ ॥

ਕਿਉ ਤਤੈ ਅਵਿਗਤੈ ਪਾਵੈ
ਗੁਰਮੁਖਿ ਲਗੈ ਪਿਆਰੋ ॥

کِءُ تتے اوِگتے پاوے

ਆਪੇ ਸੁਰਤਾ ਆਪੇ ਕਰਤਾ
ਕਹੁ ਨਾਨਕ ਬੀਚਾਰੋ ॥

ਹੁਕਮੇ ਆਵੈ ਹੁਕਮੇ ਜਾਵੈ
ਹੁਕਮੇ ਰਹੈ ਸਮਾਈ ॥

ਪੂਰੇ ਗੁਰ ਤੇ ਸਾਚੁ ਕਮਾਵੈ
ਗਤਿ ਮਿਤਿ ਸਬਦੇ ਪਾਈ ॥੨੨॥

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ
ਸੁੰਨ ਨਿਰੰਤਰਿ ਵਾਸੁ ਲੀਆ ॥

ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ
ਘਟਿ ਘਟਿ ਸਾਚਾ ਸਰਬ ਜੀਆ ॥

ਗੁਰ ਬਚਨੀ ਅਵਿਗਤਿ ਸਮਾਈਐ
ਤਤੁ ਨਿਰੰਜਨੁ ਸਹਜਿ ਲਹੈ ॥

ਨਾਨਕ ਦੂਜੀ ਕਾਰ ਨ ਕਰਣੀ
ਸੇਵੈ ਸਿਖੁ ਸੁ ਖੋਜਿ ਲਹੈ ॥

ਹੁਕਮੁ ਬਿਸਮਾਦੁ ਹੁਕਮਿ ਪਛਾਣੈ
ਜੀਅ ਜੁਗਤਿ ਸਚੁ ਜਾਣੈ ਸੋਈ ॥

ਆਪੁ ਮੇਟਿ ਨਿਰਾਲਮੁ ਹੋਵੈ
ਅੰਤਰਿ ਸਾਚੁ ਜੋਗੀ ਕਹੀਐ ਸੋਈ ॥੨੩॥

ਅਵਿਗਤੋ ਨਿਰਮਾਇਲੁ ਉਪਜੇ
ਨਿਰਗੁਣ ਤੇ ਸਰਗੁਣੁ ਥੀਆ ॥

ਸਤਿਗੁਰ ਪਰਚੈ ਪਰਮ ਪਦੁ ਪਾਈਐ
ਸਾਚੈ ਸਬਦਿ ਸਮਾਇ ਲੀਆ ॥

ਏਕੇ ਕਉ ਸਚੁ ਏਕਾ ਜਾਣੈ
ਹਉਮੈ ਦੂਜਾ ਦੂਰਿ ਕੀਆ ॥

ਗُرمُکھِ لگے پِیارو ॥

آپے سُرتا آپے کرتا
کہُ نانک بیچارو ॥

حُکمے آوے حُکمے جاوے
حُکمے رہے سمائی ॥

پُورے گُر تے ساچُ کماوے
گتِ مِتِ سبدے پائی ॥ 22 ॥

آدِ کءُ بِسمادُ بیچارُ کتھیئلے
سُنّن نِرنّترِ واسُ لِیا ॥

اکلپت مُدّرا گُر گیانُ بیچاریئلے
گھٹِ گھٹِ ساچا سرب جِیا ॥

گُر بچنی اوِگتِ سمائیئے
تتُ نِرنجنُ سہجِ لہے ॥

نانک دوُجی کار ن کرنّی
سیوے سِکھُ سُ کھوجِ لہے ॥

حُکمُ بِسمادُ حُکمِ پچھانّے
جیء جُگتِ سچُ جانّے سوئی ॥

آپُ میٹِ نِرالمُ ہووے
انّترِ ساچُ جوگی کہیئے سوئی ॥ 23 ॥

اوِگتو نِرمائلُ اُپجے
نِرگُنّ تے سرگُنّ تھِیا ॥

ستِگُر پرچے پرم پدُ پائیئے
ساچے سبدِ سماءِ لِیا ॥

ایکے کءُ سچُ ایکا جانّے
ہئمّے دوُجا دوُرِ کِیا ॥

ਸੋ ਜੋਗੀ ਗੁਰ ਸਬਦੁ ਪਛਾਣੈ
ਅੰਤਰਿ ਕਮਲੁ ਪ੍ਰਗਾਸੁ ਥੀਆ ॥

سو جوگی گُر سبدُ پچھاٹےَ
انترِ کملُ پرّگاسُ تھیِیا ॥

ਜੀਵਤੁ ਮਰੈ ਤਾ ਸਭੁ ਕਿਛੁ ਸੂਝੈ
ਅੰਤਰਿ ਜਾਣੈ ਸਰਬ ਦਇਆ ॥

جیِوتُ مرےَ تا سبھُ کِچھُ سُوجھےَ
انترِ جاٹےَ سرب دئیا ॥

ਨਾਨਕ ਤਾ ਕਉ ਮਿਲੈ ਵਡਾਈ
ਆਪੁ ਪਛਾਣੈ ਸਰਬ ਜੀਆ ॥੨੪॥

نانک تا ک ءُ مِلےَ وڈائی
آپُ پچھاٹےَ سرب جیِیا ॥ 24 ॥

ਸਾਚੌ ਉਪਜੈ ਸਾਚਿ ਸਮਾਵੈ
ਸਾਚੇ ਸੂਚੇ ਏਕ ਮਇਆ ॥

ساچوَ اُپجےَ ساچِ سماوےَ
ساچے سُوچے ایک مئیا ॥

ਝੂਠੇ ਆਵਹਿ ਠਵਰ ਨ ਪਾਵਹਿ
ਦੂਜੈ ਆਵਾ ਗਉਣੁ ਭਇਆ ॥

جھوُٹھے آوہِ ٹھور ن پاوہِ
دوُجےَ آوا گئُنُ بھئیا ॥

ਆਵਾ ਗਉਣੁ ਮਿਟੈ ਗੁਰ ਸਬਦੀ
ਆਪੇ ਪਰਖੈ ਬਖਸਿ ਲਇਆ ॥

آوا گئُنُ مِٹےَ گُر سبدی
آپے پرکھےَ بخشِ لئیا ॥

ਏਕਾ ਬੇਦਨ ਦੂਜੈ ਬਿਆਪੀ
ਨਾਮੁ ਰਸਾਇਣੁ ਵੀਸਰਿਆ ॥

ایکا بیدن دوُجےَ بِیاپی
نامُ رسائِنُ ویِسریا ॥

ਸੋ ਬੂਝੈ ਜਿਸੁ ਆਪਿ ਬੁਝਾਏ
ਗੁਰ ਕੈ ਸਬਦਿ ਸੁ ਮੁਕਤੁ ਭਇਆ ॥

سو بوُجھےَ جِسُ آپِ بُجھائے
گُر کےَ سبدِ سُ مُکتُ بھئیا ॥

ਨਾਨਕ ਤਾਰੇ ਤਾਰਣਹਾਰਾ
ਹਉਮੈ ਦੂਜਾ ਪਰਹਰਿਆ ॥੨੫॥

نانک تارے تارٹہارا
ہئُمےَ دوُجا پرہریا ॥ 25 ॥

ਮਨਮੁਖਿ ਭੂਲੈ ਜਮ ਕੀ ਕਾਣਿ ॥

منمُکھِ بھوُلے جم کی کانِ ॥

ਪਰ ਘਰੁ ਜੋਹੈ ਹਾਣੇ ਹਾਣਿ ॥

پر گھرُ جوہےَ ہاٹے ہانِ ॥

ਮਨਮੁਖਿ ਭਰਮਿ ਭਵੈ ਬੇਬਾਣਿ ॥

منمُکھِ بھرمِ بھوےَ بیبانِ ॥

ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥

ویمارگِ موُسےَ منّترِ مسانِ ॥

ਸਬਦੁ ਨ ਚੀਨੈ ਲਵੈ ਕੁਬਾਣਿ ॥

سبدُ ن چینےَ لوےَ کُبانِ ॥

ਨਾਨਕ ਸਾਚਿ ਰਤੇ ਸੁਖੁ ਜਾਣਿ ॥੨੬॥

نانک ساچِ رتے سُکھُ جانِ ॥ 26 ॥

ਗੁਰਮੁਖਿ ਸਾਚੇ ਕਾ ਭਉ ਪਾਵੈ ॥ گُرمُکھِ ساچے کا بھءُ پاوےَ ॥

ਗੁਰਮੁਖਿ ਬਾਣੀ ਅਘੜੁ ਘੜਾਵੈ ॥ گُرمُکھِ بانٹی اگھڑُ گھڑاوےَ ॥

ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ॥ گُرمُکھِ نِرمل ہرِ گُنٹ گاوےَ ॥

ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ ॥ گُرمُکھِ پوِتّرُ پرم پدُ پاوےَ ॥

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ گُرمُکھِ رومِ رومِ ہرِ دھیاوےَ ॥

ਨਾਨਕ ਗੁਰਮੁਖਿ ਸਾਚਿ ਸਮਾਵੈ ॥੨੭॥ نانک گُرمُکھِ ساچِ سماوےَ ॥ 27 ॥

ਗੁਰਮੁਖਿ ਪਰਚੈ ਬੇਦ ਬੀਚਾਰੀ ॥ گُرمُکھِ پرچےَ بید بیچاری ॥

ਗੁਰਮੁਖਿ ਪਰਚੈ ਤਰੀਐ ਤਾਰੀ ॥ گُرمُکھِ پرچےَ ترِیےَ تاری ॥

ਗੁਰਮੁਖਿ ਪਰਚੈ ਸੁ ਸਬਦਿ ਗਿਆਨੀ ॥ گُرمُکھِ پرچےَ سُ سبدِ گیانی ॥

ਗੁਰਮੁਖਿ ਪਰਚੈ ਅੰਤਰ ਬਿਧਿ ਜਾਨੀ ॥ گُرمُکھِ پرچےَ انتر بِدھِ جانی ॥

ਗੁਰਮੁਖਿ ਪਾਈਐ ਅਲਖ ਅਪਾਰੁ ॥ گُرمُکھِ پائیےَ الکھ اپارُ ॥

ਨਾਨਕ ਗੁਰਮੁਖਿ ਮੁਕਤਿ ਦੁਆਰੁ ॥੨੮॥ نانک گُرمُکھِ مُکتِ دُیارُ ॥ 28 ॥

ਗੁਰਮੁਖਿ ਅਕਥੁ ਕਥੈ ਬੀਚਾਰਿ ॥ گُرمُکھِ اکتھُ کتھےَ بیچارِ ॥

ਗੁਰਮੁਖਿ ਨਿਬਹੈ ਸਪਰਵਾਰਿ ॥ گُرمُکھِ نِبہےَ سپروارِ ॥

ਗੁਰਮੁਖਿ ਜਪੀਐ ਅੰਤਰਿ ਪਿਆਰਿ ॥ گُرمُکھِ جپیےَ انترِ پیارِ ॥

ਗੁਰਮੁਖਿ ਪਾਈਐ ਸਬਦਿ ਅਚਾਰਿ ॥ گُرمُکھِ پائیےَ سبدِ اچارِ ॥

ਸਬਦਿ ਭੇਦਿ ਜਾਣੈ ਜਾਣਾਈ ॥ سبدِ بھیدِ جانےَ جاٹائی ॥

ਨਾਨਕ ਹਉਮੈ ਜਾਲਿ ਸਮਾਈ ॥੨੯॥ نانک ہئُمےَ جالِ سمائی ॥ 29 ॥

ਗੁਰਮੁਖਿ ਧਰਤੀ ਸਾਚੈ ਸਾਜੀ ॥ گُرمُکھِ دھرتی ساچےَ ساجی ॥

ਤਿਸ ਮਹਿ ਓਪਤਿ ਖਪਤਿ ਸੁ ਬਾਜੀ ॥ تِس مہِ اوپتِ کھپتِ سُ بازی ॥

ਗੁਰ ਕੈ ਸਬਦਿ ਰਪੈ ਰੰਗੁ ਲਾਇ ॥ گُر کے سبدِ رپےَ رنگُ لاءِ ॥

ਸਾਚਿ ਰਤਉ ਪਤਿ ਸਿਉ ਘਰਿ ਜਾਇ ॥ ساچِ رتءُ پتِ سِءُ گھرِ جاءِ ॥

ਸਾਚ ਸਬਦ ਬਿਨੁ ਪਤਿ ਨਹੀ ਪਾਵੈ ॥
ساچ سبد بِنُ پتِ نہی پاوے ॥

ਨਾਨਕ ਬਿਨੁ ਨਾਵੈ
ਕਿਉ ਸਾਚਿ ਸਮਾਵੈ ॥੩੦॥
نانک بِنُ ناوے
کِءُ ساچِ سماوے ۔ ॥ 30 ॥

ਗੁਰਮੁਖਿ ਅਸਟ ਸਿਧੀ ਸਭਿ ਬੁਧੀ ॥
گُرمُکھِ اسٹ سِدھی سبھِ بُدھی ॥

ਗੁਰਮੁਖਿ ਭਵਜਲੁ ਤਰੀਐ ਸਚ ਸੁਧੀ ॥
گُرمُکھِ بھوجلُ ترِیۓ سچ سُدھی ॥

ਗੁਰਮੁਖਿ ਸਰ ਅਪਸਰ ਬਿਧਿ ਜਾਣੈ ॥
گُرمُکھِ سر اپسر بِدھِ جانۓ ॥

ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ ॥
گُرمُکھِ پروِرتِ نروِرتِ پچھانۓ ॥

ਗੁਰਮੁਖਿ ਤਾਰੇ ਪਾਰਿ ਉਤਾਰੇ ॥
گُرمُکھِ تارے پارِ اُتارے ॥

ਨਾਨਕ ਗੁਰਮੁਖਿ ਸਬਦਿ ਨਿਸਤਾਰੇ ॥੩੧॥
نانک گُرمُکھِ سبدِ نِستارے ॥ 31 ॥

ਨਾਮੇ ਰਾਤੇ ਹਉਮੈ ਜਾਇ ॥
نامے راتے ہئُمےَ جاءِ ॥

ਨਾਮਿ ਰਤੇ ਸਚਿ ਰਹੇ ਸਮਾਇ ॥
نامِ رتے سچِ رہے سماءِ ॥

ਨਾਮਿ ਰਤੇ ਜੋਗ ਜੁਗਤਿ ਬੀਚਾਰੁ ॥
نامِ رتے جوگ جُگتِ بیچارُ ॥

ਨਾਮਿ ਰਤੇ ਪਾਵਹਿ ਮੋਖ ਦੁਆਰੁ ॥
نامِ رتے پاوہِ موکھ دُیارُ ॥

ਨਾਮਿ ਰਤੇ ਤ੍ਰਿਭਵਣ ਸੋਝੀ ਹੋਇ ॥
نامِ رتے تّرِبھونْ سوجھی ہوءِ ॥

ਨਾਨਕ ਨਾਮਿ ਰਤੇ
ਸਦਾ ਸੁਖੁ ਹੋਇ ॥੩੨॥
نانک نامِ رتے
سدا سُکھُ ہوءِ ॥ 32 ॥

ਨਾਮਿ ਰਤੇ ਸਿਧ ਗੋਸਟਿ ਹੋਇ ॥
نامِ رتے سِدھ گوسٹِ ہوءِ ॥

ਨਾਮਿ ਰਤੇ ਸਦਾ ਤਪੁ ਹੋਇ ॥
نامِ رتے سدا تپُ ہوءِ ॥

ਨਾਮਿ ਰਤੇ ਸਚੁ ਕਰਣੀ ਸਾਰੁ ॥
نامِ رتے سچُ کرنْی سارُ ॥

ਨਾਮਿ ਰਤੇ ਗੁਣ ਗਿਆਨ ਬੀਚਾਰੁ ॥
نامِ رتے گُنْ گِیان بیچارُ ॥

ਬਿਨੁ ਨਾਵੈ ਬੋਲੈ ਸਭੁ ਵੇਕਾਰੁ ॥
بِنُ ناوے بولے سبھُ ویکارُ ॥

ਨਾਨਕ ਨਾਮਿ ਰਤੇ
ਤਿਨ ਕਉ ਜੈਕਾਰੁ ॥੩੩॥
نانک نامِ رتے
تِن کءُ جیَکارُ ॥ 33 ॥

ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥
پُورے گُر تے نامُ پائیا جاءِ ॥

ਜੋਗ ਜੁਗਤਿ ਸਚਿ ਰਹੈ ਸਮਾਇ ॥
جوگ جُگتِ سچِ رہے سماءِ ॥

ਬਾਰਹ ਮਹ ਜੋਗੀ ਭਰਮਾਏ
ਸੰਨਿਆਸੀ ਛਿਅ ਚਾਰਿ ॥
بارہ مہ جوگی بھرمائے
سنّیاسی چھِء چارِ ॥

ਗੁਰ ਕੈ ਸਬਦਿ ਜੋ ਮਰਿ ਜੀਵੈ
ਸੋ ਪਾਏ ਮੋਖ ਦੁਆਰੁ ॥
گُر کے سبدِ جو مرِ جیوے
سو پائے موکھ دُیارُ ॥

ਬਿਨੁ ਸਬਦੈ ਸਭਿ ਦੂਜੈ ਲਾਗੇ
ਦੇਖਹੁ ਰਿਦੈ ਬੀਚਾਰਿ ॥
بِنُ سبدے سبھِ دوُجے لاگے
دیکھُ رِدے بیچارِ ॥

ਨਾਨਕ ਵਡੇ ਸੇ ਵਡਭਾਗੀ
ਜਿਨੀ ਸਚੁ ਰਖਿਆ ਉਰ ਧਾਰਿ ॥੩੪॥
نانک وڈے سے وڈبھاگی
جِنی سچُ رکھیا اُر دھارِ ॥ 34 ॥

ਗੁਰਮੁਖਿ ਰਤਨੁ ਲਹੈ ਲਿਵ ਲਾਇ ॥
گُرمُکھِ رتنُ لہے لِو لاءِ ॥

ਗੁਰਮੁਖਿ ਪਰਖੈ ਰਤਨੁ ਸੁਭਾਇ ॥
گُرمُکھِ پرکھے رتنُ سُبھاءِ ॥

ਗੁਰਮੁਖਿ ਸਾਚੀ ਕਾਰ ਕਮਾਇ ॥
گُرمُکھِ ساچی کار کماءِ ॥

ਗੁਰਮੁਖਿ ਸਾਚੇ ਮਨੁ ਪਤੀਆਇ ॥
گُرمُکھِ ساچے منُ پتیاءِ ॥

ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ ॥
گُرمُکھِ الکھُ لکھائے تِس بھاوے ॥

ਨਾਨਕ ਗੁਰਮੁਖਿ ਚੋਟ ਨ ਖਾਵੈ ॥੩੫॥
نانک گُرمُکھِ چوٹ ن کھاوے ॥ 35 ॥

ਗੁਰਮੁਖਿ ਨਾਮੁ ਦਾਨੁ ਇਸਨਾਨੁ ॥
گُرمُکھِ نامُ دانُ اِسنانُ ॥

ਗੁਰਮੁਖਿ ਲਾਗੈ ਸਹਜਿ ਧਿਆਨੁ ॥
گُرمُکھِ لاگے سہجِ دھیانُ ॥

ਗੁਰਮੁਖਿ ਪਾਵੈ ਦਰਗਹ ਮਾਨੁ ॥
گُرمُکھِ پاوے درگہ مانُ ॥

ਗੁਰਮੁਖਿ ਭਉ ਭੰਜਨੁ ਪਰਧਾਨੁ ॥
گُرمُکھِ بھءُ بھنجنُ پردھانُ ॥

ਗੁਰਮੁਖਿ ਕਰਣੀ ਕਾਰ ਕਰਾਏ ॥
گُرمُکھِ کرنّی کار کرائے ॥

ਨਾਨਕ ਗੁਰਮੁਖਿ ਮੇਲਿ ਮਿਲਾਏ ॥੩੬॥
نانک گُرمُکھِ میلِ مِلائے ॥ 36 ॥

ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ ॥
گُرمُکھِ ساستّر سِمرّتِ بید ॥

ਗੁਰਮੁਖਿ ਪਾਵੈ ਘਟਿ ਘਟਿ ਭੇਦ ॥	گُرمُکھِ پاوے گھٹِ گھٹِ بھید ॥
ਗੁਰਮੁਖਿ ਵੈਰ ਵਿਰੋਧ ਗਵਾਵੈ ॥	گُرمُکھِ ویَر وِرودھ گواوے ॥
ਗੁਰਮੁਖਿ ਸਗਲੀ ਗਣਤ ਮਿਟਾਵੈ ॥	گُرمُکھِ سگلی گنت مِٹاوے ॥
ਗੁਰਮੁਖਿ ਰਾਮ ਨਾਮ ਰੰਗਿ ਰਾਤਾ ॥	گُرمُکھِ رام نام رنگِ راتا ॥
ਨਾਨਕ ਗੁਰਮੁਖਿ ਖਸਮੁ ਪਛਾਤਾ ॥੩੭॥	نانک گُرمُکھِ خصمُ پچھاتا ॥ 37 ॥
ਬਿਨੁ ਗੁਰ ਭਰਮੈ ਆਵੈ ਜਾਇ ॥	بِنُ گُر بھرمےَ آوے جاءِ ॥
ਬਿਨੁ ਗੁਰ ਘਾਲ ਨ ਪਵਈ ਥਾਇ ॥	بِنُ گُر گھال ن پوئی تھاءِ ॥
ਬਿਨੁ ਗੁਰ ਮਨੂਆ ਅਤਿ ਡੋਲਾਇ ॥	بِنُ گُر منوُیا اتِ ڈولاءِ ॥
ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ ॥	بِنُ گُر ترِپتِ نہی بِکھُ کھاءِ ॥
ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ ॥	بِنُ گُر بِسیئرُ ڈسےَ مرِ واٹ ॥
ਨਾਨਕ ਗੁਰ ਬਿਨੁ ਘਾਟੇ ਘਾਟ ॥੩੮॥	نانک گُر بِنُ گھاٹے گھاٹ ॥ 38 ॥
ਜਿਸੁ ਗੁਰੁ ਮਿਲੈ ਤਿਸੁ ਪਾਰਿ ਉਤਾਰੈ ॥	جِسُ گُرُ مِلےَ تِسُ پارِ اُتارے ॥
ਅਵਗਣ ਮੇਟੈ ਗੁਣਿ ਨਿਸਤਾਰੈ ॥	اوگُنؔ میٹے گُنِؔ نِستارے ॥
ਮੁਕਤਿ ਮਹਾ ਸੁਖ ਗੁਰ ਸਬਦੁ ਬੀਚਾਰਿ ॥	مُکتِ مہا سُکھ گُر سبدُ بیچارِ ॥
ਗੁਰਮੁਖਿ ਕਦੇ ਨ ਆਵੈ ਹਾਰਿ ॥	گُرمُکھِ کدے ن آوے ہارِ ॥
ਤਨੁ ਹਟੜੀ ਇਹੁ ਮਨੁ ਵਣਜਾਰਾ ॥	تنُ ہٹڑی اِہُ منُ وَنجارا ॥
ਨਾਨਕ ਸਹਜੇ ਸਚੁ ਵਾਪਾਰਾ ॥੩੯॥	نانک سہجے سچُ واپارا ॥ 39 ॥
ਗੁਰਮੁਖਿ ਬਾਂਧਿਓ ਸੇਤੁ ਬਿਧਾਤੈ ॥	گُرمُکھِ باندھِئو سیتُ بِدھاتے ॥
ਲੰਕਾ ਲੂਟੀ ਦੈਤ ਸੰਤਾਪੈ ॥	لنکا لوُٹی دیَت سنّتاپے ॥
ਰਾਮਚੰਦਿ ਮਾਰਿਓ ਅਹਿ ਰਾਵਣੁ ॥	رامچنّدِ مارِئو اہِ راونُ ॥

ਭੇਦੁ ਬਭੀਖਣ ਗੁਰਮੁਖਿ ਪਰਚਾਇਣੁ ॥	بھیدُ ببھیکھنؤ گُرمُکھِ پرچائِنُ ॥
ਗੁਰਮੁਖਿ ਸਾਇਰਿ ਪਾਹਣ ਤਾਰੇ ॥	گُرمُکھِ سائِرِ پاہنؤ تارے ॥
ਗੁਰਮੁਖਿ ਕੋਟਿ ਤੇਤੀਸ ਉਧਾਰੇ ॥੪੦॥	گُرمُکھِ کوٹِ تیتیس اُدھارے ॥ 40 ॥
ਗੁਰਮੁਖਿ ਚੂਕੈ ਆਵਣ ਜਾਣੁ ॥	گُرمُکھِ چوُکے آونؤ جانُ ॥
ਗੁਰਮੁਖਿ ਦਰਗਹ ਪਾਵੈ ਮਾਣੁ ॥	گُرمُکھِ درگہ پاوے مانُ ॥
ਗੁਰਮੁਖਿ ਖੋਟੇ ਖਰੇ ਪਛਾਣੁ ॥	گُرمُکھِ کھوٹے کھرے پچھانُ ॥
ਗੁਰਮੁਖਿ ਲਾਗੈ ਸਹਜਿ ਧਿਆਨੁ ॥	گُرمُکھِ لاگے سہجِ دھیانُ ॥
ਗੁਰਮੁਖਿ ਦਰਗਹ ਸਿਫਤਿ ਸਮਾਇ ॥	گُرمُکھِ درگہ صِفتِ سماءِ ॥
ਨਾਨਕ ਗੁਰਮੁਖਿ ਬੰਧੁ ਨ ਪਾਇ ॥੪੧॥	نانک گُرمُکھِ بندھُ ن پاءِ ॥ 41 ॥
ਗੁਰਮੁਖਿ ਨਾਮੁ ਨਿਰੰਜਨ ਪਾਏ ॥	گُرمُکھِ نامُ نِرنجن پائے ॥
ਗੁਰਮੁਖਿ ਹਉਮੈ ਸਬਦਿ ਜਲਾਏ ॥	گُرمُکھِ ہئُمےَ سبدِ جلائے ॥
ਗੁਰਮੁਖਿ ਸਾਚੇ ਕੇ ਗੁਣ ਗਾਏ ॥	گُرمُکھِ ساچے کے گُنؤ گائے ॥
ਗੁਰਮੁਖਿ ਸਾਚੈ ਰਹੈ ਸਮਾਏ ॥	گُرمُکھِ ساچےَ رہےَ سمائے ॥
ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ ॥	گُرمُکھِ ساچِ نامِ پتِ اوُتم ہوءِ ॥
ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ ॥੪੨॥	نانک گُرمُکھِ سگل بھونؤ کی سوجھی ہوءِ ॥ 42 ॥
ਕਵਣ ਮੂਲੁ ਕਵਣ ਮਤਿ ਵੇਲਾ ॥	کونؤ مولُ کونؤ متِ ویلا ॥
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥	تیرا کونُ گُرو جِس کا توُ چیلا ॥
ਕਵਣ ਕਥਾ ਲੇ ਰਹਹੁ ਨਿਰਾਲੇ ॥	کونؤ کتھا لے رہہُ نِرالے ॥
ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥	بولےَ نانکُ سُنہُ تُم بالے ۔ ॥
ਏਸੁ ਕਥਾ ਕਾ ਦੇਇ ਬੀਚਾਰੁ ॥	ایسُ کتھا کا دےءِ بیچارُ ॥
ਭਵਜਲੁ ਸਬਦਿ ਲੰਘਾਵਣਹਾਰੁ ॥੪੩॥	بھوجلُ سبدِ لنگھاونہارُ ॥ 43 ॥
ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥	پون ارنبھُ ستگُر متِ ویلا ॥

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥	سبدُ گُرو سُرتِ دھُنِ چیلا ॥
ਅਕਥ ਕਥਾ ਲੇ ਰਹਉ ਨਿਰਾਲਾ ॥	اکتھ کتھا لے رہءُ نِرالا ॥
ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥	نانک جُگِ جُگِ گُر گوپالا ॥
ਏਕੁ ਸਬਦੁ ਜਿਤੁ ਕਥਾ ਵੀਚਾਰੀ ॥	ایکُ سبدُ جِتُ کتھا ویچاری ॥
ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥	گُرمُکھِ ہئُمےَ اگنِ نِواری ॥ 44 ॥
ਮੈਣ ਕੇ ਦੰਤ ਕਿਉ ਖਾਈਐ ਸਾਰੁ ॥	میَنْ کے دنّت کِءُ کھائیئےَ سارُ ۔ ॥
ਜਿਤੁ ਗਰਬੁ ਜਾਇ ਸੁ ਕਵਣੁ ਆਹਾਰੁ ॥	جِتُ گربُ جاءِ سُ کونُ آہارُ ۔ ॥
ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ ॥	ہِوےَ کا گھرُ منّدرُ اگنِ پِراہنُ ॥
ਕਵਨ ਗੁਫਾ ਜਿਤੁ ਰਹੈ ਅਵਾਹਨੁ ॥	کون گُپھا جِتُ رہےَ اواہنُ ॥
ਇਤ ਉਤ ਕਿਸ ਕਉ ਜਾਣਿ ਸਮਾਵੈ ॥	اِت اُت کِس کءُ جانِ سماوےَ ۔ ॥
ਕਵਨ ਧਿਆਨੁ ਮਨੁ ਮਨਹਿ ਸਮਾਵੈ ॥੪੫॥	کون دھِیانُ منُ منہِ سماوےَ ॥ 45 ॥
ਹਉ ਹਉ ਮੈ ਮੈ ਵਿਚਹੁ ਖੋਵੈ ॥	ہءُ ہءُ مےَ مےَ وِچہُ کھووےَ ॥
ਦੂਜਾ ਮੇਟੈ ਏਕੋ ਹੋਵੈ ॥	دوُجا میٹےَ ایکو ہووےَ ॥
ਜਗੁ ਕਰੜਾ ਮਨਮੁਖੁ ਗਵਾਰੁ ॥	جگُ کرڑا منمُکھُ گوارُ ॥
ਸਬਦੁ ਕਮਾਈਐ ਖਾਈਐ ਸਾਰੁ ॥	سبدُ کمائیئےَ کھائیئےَ سارُ ॥
ਅੰਤਰਿ ਬਾਹਰਿ ਏਕੋ ਜਾਣੈ ॥	انّترِ باہرِ ایکو جانےَ ॥
ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ ॥੪੬॥	نانک اگنِ مرےَ ستِگُر کےَ بھانےَ ॥ 46 ॥
ਸਚ ਭੈ ਰਾਤਾ ਗਰਬੁ ਨਿਵਾਰੈ ॥	سچ بھےَ راتا گربُ نِوارےَ ॥
ਏਕੋ ਜਾਤਾ ਸਬਦੁ ਵੀਚਾਰੈ ॥	ایکو جاتا سبدُ ویچارےَ ॥
ਸਬਦੁ ਵਸੈ ਸਚੁ ਅੰਤਰਿ ਹੀਆ ॥	سبدُ وسےَ سچُ انّترِ ہِیا ॥
ਤਨੁ ਮਨੁ ਸੀਤਲੁ ਰੰਗਿ ਰੰਗੀਆ ॥	تنُ منُ سیِتلُ رنگِ رنگیِا ॥

ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ ॥	کامُ کرودھُ بِکھُ اگنِ نِوارے ॥
ਨਾਨਕ ਨਦਰੀ ਨਦਰਿ ਪਿਆਰੇ ॥੪੭॥	نانک ندری ندرِ پیارے ॥ 47 ॥
ਕਵਨ ਮੁਖਿ ਚੰਦੁ ਹਿਵੈ ਘਰੁ ਛਾਇਆ ॥	کون مُکھِ چندُ ہِوے گھرُ چھائیا ॥
ਕਵਨ ਮੁਖਿ ਸੂਰਜੁ ਤਪੈ ਤਪਾਇਆ ॥	کون مُکھِ سوُرجُ تپے تپائیا ॥
ਕਵਨ ਮੁਖਿ ਕਾਲੁ ਜੋਹਤ ਨਿਤ ਰਹੈ ॥	کون مُکھِ کالُ جوہت نِت رہے ॥
ਕਵਨ ਬੁਧਿ ਗੁਰਮੁਖਿ ਪਤਿ ਰਹੈ ॥	کون بُدھِ گُرمُکھِ پتِ رہے ॥
ਕਵਨੁ ਜੋਧੁ ਜੋ ਕਾਲੁ ਸੰਘਾਰੈ ॥	کونُ جودھُ جو کالُ سنگھارے ॥
ਬੋਲੈ ਬਾਣੀ ਨਾਨਕੁ ਬੀਚਾਰੈ ॥੪੮॥	بولے بانٹی نانکُ بیچارے ॥ 48 ॥
ਸਬਦੁ ਭਾਖਤ ਸਸਿ ਜੋਤਿ ਅਪਾਰਾ ॥	سبدُ بھاکھت سسِ جوتِ اپارا ॥
ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ॥	سسِ گھرِ سوُرُ وسے مِٹے اندھیارا ॥
ਸੁਖੁ ਦੁਖੁ ਸਮ ਕਰਿ ਨਾਮੁ ਅਧਾਰਾ ॥	سُکھُ دُکھُ سم کرِ نامُ ادھارا ॥
ਆਪੇ ਪਾਰਿ ਉਤਾਰਣਹਾਰਾ ॥	آپے پارِ اُتارنہارا ॥
ਗੁਰ ਪਰਚੈ ਮਨੁ ਸਾਚਿ ਸਮਾਇ ॥	گُر پرچے منُ ساچِ سماءِ ॥
ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥੪੯॥	پرنوتِ نانکُ کالُ ن کھاءِ ॥ 49 ॥
ਨਾਮ ਤਤੁ ਸਭ ਹੀ ਸਿਰਿ ਜਾਪੈ ॥	نام تتُ سبھ ہی سِرِ جاپے ॥
ਬਿਨੁ ਨਾਵੈ ਦੁਖੁ ਕਾਲੁ ਸੰਤਾਪੈ ॥	بِنُ ناوے دُکھُ کالُ سنتاپے ॥
ਤਤੋ ਤਤੁ ਮਿਲੈ ਮਨੁ ਮਾਨੈ ॥	تتو تتُ ملے منُ مانے ॥
ਦੂਜਾ ਜਾਇ ਇਕਤੁ ਘਰਿ ਆਨੈ ॥	دوُجا جاءِ اِکتُ گھرِ آنے ॥
ਬੋਲੈ ਪਵਨਾ ਗਗਨੁ ਗਰਜੈ ॥	بولے پونا گگنُ گرجے ॥
ਨਾਨਕ ਨਿਹਚਲੁ ਮਿਲਣੁ ਸਹਜੈ ॥੫੦॥	نانک نِہچلُ مِلنُ سہجے ॥ 50 ॥
ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥	انترِ سُنّنّ باہرِ سُنّنّ ترِبھونٹ سُنّن مسُنّنّ ॥
ਚਉਥੇ ਸੁੰਨੈ ਜੋ ਨਰੁ ਜਾਣੈ	چتھے سُنّنے جو نرُ جانٹے

ਤਾ ਕਉ ਪਾਪੁ ਨ ਪੁੰਨੰ ॥	تا ک ءُ پاپُ ن پُنّنں ॥
ਘਟਿ ਘਟਿ ਸੁੰਨ ਕਾ ਜਾਣੈ ਭੇਉ ॥	گھٹِ گھٹِ سُنّن کا جانےٗ بھیءُ ॥
ਆਦਿ ਪੁਰਖੁ ਨਿਰੰਜਨ ਦੇਉ ॥	آدِ پُرکھُ نِرنّجن دیءُ ॥
ਜੋ ਜਨੁ ਨਾਮ ਨਿਰੰਜਨ ਰਾਤਾ ॥	جو جنُ نام نِرنّجن راتا ॥
ਨਾਨਕ ਸੋਈ ਪੁਰਖੁ ਬਿਧਾਤਾ ॥੫੧॥	نانک سوئی پُرکھُ بِدھاتا ॥ 51 ॥
ਸੁੰਨੋ ਸੁੰਨੁ ਕਹੈ ਸਭੁ ਕੋਈ ॥	سُنّنو سُنّنُ کہے سبھُ کوئی ॥
ਅਨਹਤ ਸੁੰਨੁ ਕਹਾ ਤੇ ਹੋਈ ॥	انہت سُنّنُ کہا تے ہوئی ۔ ॥
ਅਨਹਤ ਸੁੰਨਿ ਰਤੇ ਸੇ ਕੈਸੇ ॥	انہت سُنّنِ رتے سے کیسے ۔ ॥
ਜਿਸ ਤੇ ਉਪਜੇ ਤਿਸ ਹੀ ਜੈਸੇ ॥	جِس تے اُپجے تِس ہی جیسے ॥
ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥	اوءِ جنمِ ن مرہِ ن آوہِ جاہِ ॥
ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥	نانک گُرمُکھِ منُ سمجھاہِ ॥ 52 ॥
ਨਉ ਸਰ ਸੁਭਰ ਦਸਵੈ ਪੂਰੇ ॥	ن ءُ سر سُبھر دسوے پُورے ॥
ਤਹ ਅਨਹਤ ਸੁੰਨ ਵਜਾਵਹਿ ਤੂਰੇ ॥	تہ انہت سُنّن وجاوہِ توُرے ॥
ਸਾਚੈ ਰਾਚੇ ਦੇਖਿ ਹਜੂਰੇ ॥	ساچےَ راچے دیکھِ حضوُرے ॥
ਘਟਿ ਘਟਿ ਸਾਚੁ ਰਹਿਆ ਭਰਪੂਰੇ ॥	گھٹِ گھٹِ ساچُ رہِیا بھرپوُرے ॥
ਗੁਪਤੀ ਬਾਣੀ ਪਰਗਟੁ ਹੋਇ ॥	گُپتی باٹی پرگٹُ ہوءِ ॥
ਨਾਨਕ ਪਰਖਿ ਲਏ ਸਚੁ ਸੋਇ ॥੫੩॥	نانک پرکھِ لےَ سچُ سوءِ ॥ 53 ॥
ਸਹਜ ਭਾਇ ਮਿਲੀਐ ਸੁਖੁ ਹੋਵੈ ॥	سہج بھاءِ مِلیےَ سُکھُ ہووے ॥
ਗੁਰਮੁਖਿ ਜਾਗੈ ਨੀਦ ਨ ਸੋਵੈ ॥	گُرمُکھِ جاگےَ نِید ن سووے ॥
ਸੁੰਨ ਸਬਦੁ ਅਪਰੰਪਰਿ ਧਾਰੈ ॥	سُنّن سبدُ اپرنّپرِ دھارے ॥
ਕਹਤੇ ਮੁਕਤੁ ਸਬਦਿ ਨਿਸਤਾਰੈ ॥	کہتے مُکتُ سبدِ نِستارے ॥
ਗੁਰ ਕੀ ਦੀਖਿਆ ਸੇ ਸਚਿ ਰਾਤੇ ॥	گُر کی دیکھیا سے سچِ راتے ॥
ਨਾਨਕ ਆਪੁ ਗਵਾਇ	نانک آپُ گواءِ

ਮਿਲਣ ਨਹੀ ਭ੍ਰਾਤੇ ॥੫੪॥	مِلنُ نہی بھّراتے ॥ 54 ॥
ਕੁਬੁਧਿ ਚਵਾਵੈ ਸੋ ਕਿਤੁ ਠਾਇ ॥	کُبُدھِ چواوے سو کِتُ ٹھاءِ ۔ ॥
ਕਿਉ ਤਤੁ ਨ ਬੂਝੈ ਚੋਟਾ ਖਾਇ ॥	کِءُ تتُ ن بُوجھے چوٹا کھاءِ ॥
ਜਮ ਦਰਿ ਬਾਧੇ ਕੋਇ ਨ ਰਾਖੈ ॥	جم درِ بادھے کوءِ ن راکھے ॥
ਬਿਨੁ ਸਬਦੈ ਨਾਹੀ ਪਤਿ ਸਾਖੈ ॥	بِنُ سبدے ناہی پتِ ساکھے ॥
ਕਿਉ ਕਰਿ ਬੂਝੈ ਪਾਵੈ ਪਾਰੁ ॥	کِءُ کرِ بُوجھے پاوے پارُ ॥
ਨਾਨਕ ਮਨਮੁਖਿ ਨ ਬੁਝੈ ਗਵਾਰੁ ॥੫੫॥	نانک منمُکھِ ن بُجھے گوارُ ॥ 55 ॥
ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥	کُبُدھِ مِٹے گُر سبدُ بیچارِ ॥
ਸਤਿਗੁਰੁ ਭੇਟੈ ਮੋਖ ਦੁਆਰ ॥	ستِگُرُ بھیٹے موکھ دُیار ॥
ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥	تتُ ن چینے منمُکھُ جلِ جاءِ ॥
ਦੁਰਮਤਿ ਵਿਛੁੜਿ ਚੋਟਾ ਖਾਇ ॥	دُرمتِ وِچھُڑِ چوٹا کھاءِ ॥
ਮਾਨੈ ਹੁਕਮੁ ਸਭੇ ਗੁਣ ਗਿਆਨ ॥	مانے حُکمُ سبھے گُنُ گیان ॥
ਨਾਨਕ ਦਰਗਹ ਪਾਵੈ ਮਾਨੁ ॥੫੬॥	نانک درگہ پاوے مانُ ॥ 56 ॥
ਸਾਚੁ ਵਖਰੁ ਧਨੁ ਪਲੈ ਹੋਇ ॥	ساچُ وکھرُ دھنُ پلے ہوءِ ॥
ਆਪਿ ਤਰੈ ਤਾਰੇ ਭੀ ਸੋਇ ॥	آپِ ترے تارے بھی سوءِ ॥
ਸਹਜਿ ਰਤਾ ਬੂਝੈ ਪਤਿ ਹੋਇ ॥	سہجِ رتا بُوجھے پتِ ہوءِ ॥
ਤਾ ਕੀ ਕੀਮਤਿ ਕਰੈ ਨ ਕੋਇ ॥	تا کی قِیمتِ کرے ن کوءِ ॥
ਜਹ ਦੇਖਾ ਤਹ ਰਹਿਆ ਸਮਾਇ ॥	جہ دیکھا تہ رہیا سماءِ ॥
ਨਾਨਕ ਪਾਰਿ ਪਰੈ ਸਚ ਭਾਇ ॥੫੭॥	نانک پارِ پرے سچ بھاءِ ॥ 57 ॥
ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ ॥	سُ سبد کا کہا واسُ کتھیئلے جِتُ ترِیَ بھوجلُ سنّسارو ॥
ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨ ਅਧਾਰੋ ॥	ترے ست انگُل وائی کہیئے تِسُ کہُ کون ادھارو ۔ ॥

ਬੋਲੈ ਖੇਲੈ ਅਸਥਿਰੁ ਹੋਵੈ
ਕਿਉ ਕਰਿ ਅਲਖੁ ਲਖਾਏ ॥

ਸੁਣਿ ਸੁਆਮੀ ਸਚੁ ਨਾਨਕੁ ਪ੍ਰਣਵੈ
ਅਪਣੇ ਮਨ ਸਮਝਾਏ ॥

ਗੁਰਮੁਖਿ ਸਬਦੇ ਸਚਿ ਲਿਵ ਲਾਗੈ
ਕਰਿ ਨਦਰੀ ਮੇਲਿ ਮਿਲਾਏ ॥

ਆਪੇ ਦਾਨਾ ਆਪੇ ਬੀਨਾ
ਪੂਰੈ ਭਾਗਿ ਸਮਾਏ ॥੫੮॥

ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ
ਜਹ ਦੇਖਾ ਤਹ ਸੋਈ ॥

ਪਵਨ ਕਾ ਵਾਸਾ ਸੁੰਨ ਨਿਵਾਸਾ
ਅਕਲ ਕਲਾ ਧਰ ਸੋਈ ॥

ਨਦਰਿ ਕਰੇ ਸਬਦੁ ਘਟ ਮਹਿ ਵਸੈ
ਵਿਚਹੁ ਭਰਮੁ ਗਵਾਏ ॥

ਤਨੁ ਮਨੁ ਨਿਰਮਲੁ ਨਿਰਮਲ ਬਾਣੀ
ਨਾਮੋ ਮੰਨਿ ਵਸਾਏ ॥

ਸਬਦਿ ਗੁਰੂ ਭਵਸਾਗਰੁ ਤਰੀਐ
ਇਤ ਉਤ ਏਕੋ ਜਾਣੈ ॥

ਚਿਹਨੁ ਵਰਨੁ ਨਹੀ ਛਾਇਆ ਮਾਇਆ
ਨਾਨਕ ਸਬਦੁ ਪਛਾਣੈ ॥੫੯॥

ਤ੍ਰੈ ਸਤ ਅੰਗੁਲ ਵਾਈ ਅਉਧੂ
ਸੁੰਨ ਸਚੁ ਆਹਾਰੋ ॥

ਗੁਰਮੁਖਿ ਬੋਲੈ ਤਤੁ ਬਿਰੋਲੈ
ਚੀਨੈ ਅਲਖ ਅਪਾਰੋ ॥

ਤ੍ਰੈ ਗੁਣ ਮੇਟੈ ਸਬਦੁ ਵਸਾਏ
ਤਾ ਮਨਿ ਚੂਕੈ ਅਹੰਕਾਰੋ ॥

بولے کھیلے استھِر ہووے
کِءُ کرِ الکھُ لکھائے ۔ ॥

سُنِ سُیامی سچُ نانکُ پرّنُوے
اپنے من سمجھائے ॥

گُرمُکھِ سبدے سچِ لِو لاگے
کرِ ندری میلِ مِلائے ॥

آپے دانا آپے بِینا
پُورے بھاگِ سمائے ॥ 58 ॥

سُ سبد کءُ نِرنترِ واسُ الکھنَ
جہ دیکھا تہ سوئی ॥

پون کا واسا سُنّن نِواسا
اکل کلا دھر سوئی ॥

ندرِ کرے سبدُ گھٹ مہِ وسے
وِچہُ بھرمُ گوائے ॥

تنُ منُ نِرملُ نِرمل بانی
نامو منّنِ وسائے ॥

سبدِ گُرو بھوساگرُ ترِیئے
اِت اُت ایکو جانے ॥

چِہنُ ورنُ نہی چھائیا مائیا
نانک سبدُ پچھانے ॥ 59 ॥

ترّے ست انگُل وائی اُندھو
سُنّن سچُ آہارو ॥

گُرمُکھِ بولے تتُ بِرولے
چِینے الکھ اپارو ॥

ترّے گُن میٹے سبدُ وسائے

تا منِ چوُکے اہنکارو ॥

ਅੰਤਰਿ ਬਾਹਰਿ ਏਕੋ ਜਾਣੈ
ਤਾ ਹਰਿ ਨਾਮਿ ਲਗੈ ਪਿਆਰੋ ॥

انترِ باہرِ ایکو جانے
تا ہرِ نامِ لگے پیارو ॥

ਸੁਖਮਨਾ ਇੜਾ ਪਿੰਗੁਲਾ ਬੂਝੈ
ਜਾ ਆਪੇ ਅਲਖੁ ਲਖਾਏ ॥

سُکھمنا اِڑا پِنگُلا بوُجھے
جا آپے الکھُ لکھائے ॥

ਨਾਨਕ ਤਿਹੁ ਤੇ ਊਪਰਿ ਸਾਚਾ
ਸਤਿਗੁਰ ਸਬਦਿ ਸਮਾਏ ॥੬੦॥

نانک تِہ تے اوُپر ساچا
ستِگُر سبدِ سمائے ॥ 60 ॥

ਮਨ ਕਾ ਜੀਉ ਪਵਨੁ ਕਥੀਅਲੇ
ਪਵਨੁ ਕਹਾ ਰਸੁ ਖਾਈ ॥

من کا جیءُ پونُ کتھیلے
پونُ کہا رسُ کھائی ۔ ॥

ਗਿਆਨ ਕੀ ਮੁਦ੍ਰਾ ਕਵਨ ਅਉਧੂ
ਸਿਧ ਕੀ ਕਵਨ ਕਮਾਈ ॥

گیان کی مُدّرا کون اُندھوُ
سِدھ کی کون کمائی ۔ ॥

ਬਿਨੁ ਸਬਦੈ ਰਸੁ ਨ ਆਵੈ ਅਉਧੂ
ਹਉਮੈ ਪਿਆਸ ਨ ਜਾਈ ॥

بِنُ سبدے رسُ ن آوے اُندھوُ
ہئُمے پیاس ن جائی ॥

ਸਬਦਿ ਰਤੇ ਅੰਮ੍ਰਿਤ ਰਸੁ ਪਾਇਆ
ਸਾਚੇ ਰਹੇ ਅਘਾਈ ॥

سبدِ رتے انمرِت رسُ پائیا
ساچے رہے اگھائی ॥

ਕਵਨ ਬੁਧਿ ਜਿਤੁ ਅਸਥਿਰੁ ਰਹੀਐ
ਕਿਤੁ ਭੋਜਨਿ ਤ੍ਰਿਪਤਾਸੈ ॥

کون بُدھِ جِتُ استھِرُ رہیئے
کِتُ بھوجنِ ترِپتاسے ۔ ॥

ਨਾਨਕ ਦੁਖੁ ਸੁਖੁ ਸਮ ਕਰਿ ਜਾਪੈ
ਸਤਿਗੁਰ ਤੇ ਕਾਲੁ ਨ ਗ੍ਰਾਸੈ ॥੬੧॥

نانک دُکھُ سُکھُ سم کرِ جاپے
ستِگُر تے کالُ ن گراسے ॥ 61 ॥

ਰੰਗਿ ਨ ਰਾਤਾ ਰਸਿ ਨਹੀ ਮਾਤਾ ॥

رنگِ ن راتا رسِ نہی ماتا ॥

ਬਿਨੁ ਗੁਰ ਸਬਦੈ ਜਲਿ ਬਲਿ ਤਾਤਾ ॥

بِنُ گُر سبدے جلِ بلِ تاتا ॥

ਬਿੰਦੁ ਨ ਰਾਖਿਆ ਸਬਦੁ ਨ ਭਾਖਿਆ ॥

بِندُ ن راکھیا سبدُ ن بھاکھیا ॥

ਪਵਨੁ ਨ ਸਾਧਿਆ ਸਚੁ ਨ ਅਰਾਧਿਆ ॥

پونُ ن سادھِیا سچُ ن ارادھِیا ॥

ਅਕਥ ਕਥਾ ਲੇ ਸਮ ਕਰਿ ਰਹੈ ॥

اکتھ کتھا لے سم کرِ رہے ॥

ਤਉ ਨਾਨਕ ਆਤਮ ਰਾਮ ਕਉ ਲਹੈ ॥੬੨॥

ت ءُ نانک آتم رام ک ءُ لہے ॥ 62 ॥

ਗੁਰ ਪਰਸਾਦੀ ਰੰਗੇ ਰਾਤਾ ॥

گُر پرسادی رنگے راتا ॥

ਅੰਮ੍ਰਿਤੁ ਪੀਆ ਸਾਚੇ ਮਾਤਾ ॥

انمّرِتُ پیِیا ساچے ماتا ॥

ਗੁਰ ਵੀਚਾਰੀ ਅਗਨਿ ਨਿਵਾਰੀ ॥

گُر ویچاری اگنِ نِواری ॥

ਅਪਿਉ ਪੀਓ ਆਤਮ ਸੁਖੁ ਧਾਰੀ ॥

اپِئوُ پِیئو آتم سُکھُ دھاری ॥

ਸਚੁ ਅਰਾਧਿਆ ਗੁਰਮੁਖਿ ਤਰੁ ਤਾਰੀ ॥

سچُ ارادھِیا گُرمُکھِ ترُ تاری ॥

ਨਾਨਕ ਬੂਝੈ ਕੋ ਵੀਚਾਰੀ ॥੬੩॥

نانک بوُجھے کو ویچاری ॥ 63 ॥

ਇਹੁ ਮਨੁ ਮੈਗਲੁ ਕਹਾ ਬਸੀਅਲੇ
ਕਹਾ ਬਸੈ ਇਹੁ ਪਵਨਾ ॥

اِہُ منُ میَگلُ کہا بسیِئلے
کہا بسے اِہُ پونا ۔ ॥

ਕਹਾ ਬਸੈ ਸੁ ਸਬਦੁ ਅਉਧੂ
ਤਾ ਕਉ ਚੂਕੈ ਮਨ ਕਾ ਭਵਨਾ ॥

کہا بسے سُ سبدُ اوُدھوُ
تا ک ءُ چوُکے من کا بھونا ॥

ਨਦਰਿ ਕਰੇ ਤਾ ਸਤਿਗੁਰਿ ਮੇਲੇ
ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ॥

ندرِ کرے تا ستِگُرِ میلے
تا نج گھرِ واسا اِہُ منُ پائے ॥

ਆਪੈ ਆਪੁ ਖਾਇ ਤਾ ਨਿਰਮਲੁ ਹੋਵੈ
ਧਾਵਤੁ ਵਰਜਿ ਰਹਾਏ ॥

آپے آپُ کھاءِ تا نِرملُ ہووے
دھاوتُ ورجِ رہائے ॥

ਕਿਉ ਮੂਲੁ ਪਛਾਣੈ ਆਤਮੁ ਜਾਣੈ
ਕਿਉ ਸਸਿ ਘਰਿ ਸੂਰੁ ਸਮਾਵੈ ॥

کِ ءُ موُلُ پچھاٹے آتمُ جاٹے
کِ ءُ سسِ گھرِ سوُرُ سماوے ۔ ॥

ਗੁਰਮੁਖਿ ਹਉਮੈ ਵਿਚਹੁ ਖੋਵੈ
ਤਉ ਨਾਨਕ ਸਹਜਿ ਸਮਾਵੈ ॥੬੪॥

گُرمُکھِ ہئُمے وِچہُ کھووے
ت ءُ نانک سہجِ سماوے ॥ 64 ॥

ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ
ਗੁਰਮੁਖਿ ਮੂਲੁ ਪਛਾਣਿ ਰਹੈ ॥

اِہُ منُ نِہچلُ ہِردے وسیِئلے
گُرمُکھِ موُلُ پچھانِ رہے ॥

ਨਾਭਿ ਪਵਨੁ ਘਰਿ ਆਸਣਿ ਬੈਸੈ
ਗੁਰਮੁਖਿ ਖੋਜਤ ਤਤੁ ਲਹੈ ॥

نابھِ پونُ گھرِ آسنِ بیَسے
گُرمُکھِ کھوجت تتُ لہے ॥

ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ
ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥

سُ سبدُ نِرنترِ نج گھرِ آچھے

ਖਾਵੈ ਦੂਖ ਭੂਖ ਸਾਚੇ ਕੀ
ਸਾਚੇ ਹੀ ਤ੍ਰਿਪਤਾਸਿ ਰਹੈ ॥

ਅਨਹਦ ਬਾਣੀ ਗੁਰਮੁਖਿ ਜਾਣੀ
ਬਿਰਲੋ ਕੋ ਅਰਥਾਵੈ ॥

ਨਾਨਕੁ ਆਖੈ ਸਚੁ ਸੁਭਾਖੈ
ਸਚਿ ਰਪੈ ਰੰਗੁ ਕਬਹੂ ਨ ਜਾਵੈ ॥੬੫॥

ਜਾ ਇਹੁ ਹਿਰਦਾ ਦੇਹ ਨ ਹੋਤੀ
ਤਉ ਮਨੁ ਕੈਠੈ ਰਹਤਾ ॥

ਨਾਭਿ ਕਮਲ ਅਸਥੰਭੁ ਨ ਹੋਤੋ
ਤਾ ਪਵਨੁ ਕਵਨ ਘਰਿ ਸਹਤਾ ॥

ਰੂਪੁ ਨ ਹੋਤੋ ਰੇਖ ਨ ਕਾਈ
ਤਾ ਸਬਦਿ ਕਹਾ ਲਿਵ ਲਾਈ ॥

ਰਕਤੁ ਬਿੰਦੁ ਕੀ ਮੜੀ ਨ ਹੋਤੀ
ਮਿਤਿ ਕੀਮਤਿ ਨਹੀ ਪਾਈ ॥

ਵਰਨੁ ਭੇਖੁ ਅਸਰੂਪੁ ਨ ਜਾਪੀ
ਕਿਉ ਕਰਿ ਜਾਪਸਿ ਸਾਚਾ ॥

ਨਾਨਕ ਨਾਮਿ ਰਤੇ ਬੈਰਾਗੀ
ਇਬ ਤਬ ਸਾਚੋ ਸਾਚਾ ॥੬੬॥

ਹਿਰਦਾ ਦੇਹ ਨ ਹੋਤੀ ਅਉਧੂ
ਤਉ ਮਨੁ ਸੁੰਨਿ ਰਹੈ ਬੈਰਾਗੀ ॥

ਨਾਭਿ ਕਮਲੁ ਅਸਥੰਭੁ ਨ ਹੋਤੋ
ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ ॥

ਰੂਪੁ ਨ ਰੇਖਿਆ ਜਾਤਿ ਨ ਹੋਤੀ
ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ ॥

ترِبھونٹ جوتِ سُ سبدِ لہے ॥

کھاوے دوُکھ بھوُکھ ساچے کی
ساچے ہی ترِپتاسِ رہے ॥

انہد بانٹی گُرمُکھِ جانٹی
بِرلو کو ارتھاوے ॥

نانکُ آکھے سچُ سُبھاکھے
سچِ رپے رنگُ کبہوُ ن جاوے ॥ 65 ॥

جا اِہُ ہِردا دیہ ن ہوتی
تءُ منُ کیٹھے رہتا ۔ ॥

نابھِ کمل استھنبھُ ن ہوتو
تا پونُ کون گھرِ سہتا ۔ ॥

روُپُ ن ہوتو ریکھ ن کائی
تا سبدِ کہا لِو لائی ۔ ॥

رکتُ بِندُ کی مڑی ن ہوتی
مِتِ قِیمتِ نہی پائی ॥

ورنُ بھیکھُ اسروُپُ ن جاپی
کِءُ کرِ جاپسِ ساچا ۔ ॥

نانک نامِ رتے بیَراگی
اِب تب ساچو ساچا ॥ 66 ॥

ہِردا دیہ ن ہوتی انُدھوُ
تءُ منُ سُنّنِ رہے بیَراگی ॥

نابھِ کملُ استھنبھُ ن ہوتو
تا نج گھرِ بستءُ پونُ انراگی ॥

روُپُ ن ریکھیا زاتِ ن ہوتی
تءُ اکُلیٹِ رہتءُ سبدُ سُ سارُ ॥

ਗਉਨੁ ਗਗਨੁ ਜਬ ਤਬਹਿ ਨ ਹੋਤਉ
ਤ੍ਰਿਭਵਣ ਜੋਤਿ ਆਪੇ ਨਿਰੰਕਾਰੁ ॥

گئُنُ گگنُ جب تبہِ ن ہوتءُ
تّرِبھونٞ جوتِ آپے نِرنکارُ ॥

ਵਰਨੁ ਭੇਖੁ ਅਸਰੂਪੁ ਸੁ ਏਕੋ
ਏਕੋ ਸਬਦੁ ਵਿਡਾਣੀ ॥

ورنُ بھیکھُ اسروُپُ سُ ایکو
ایکو سبدُ وِڈانٞی ॥

ਸਾਚ ਬਿਨਾ ਸੂਚਾ ਕੋ ਨਾਹੀ
ਨਾਨਕ ਅਕਥ ਕਹਾਣੀ ॥੬੭॥

ساچ بِنا سوُچا کو ناہی
نانک اکتھ کہانٞی ॥ 67 ॥

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ
ਕਿਤੁ ਕਿਤੁ ਦੁਖਿ ਬਿਨਸਿ ਜਾਈ ॥

کِتُ کِتُ بِدھِ جگُ اُپجےَ پُرکھا
کِتُ کِتُ دُکھِ بِنسِ جائی ۔ ॥

ਹਉਮੈ ਵਿਚਿ ਜਗੁ ਉਪਜੈ ਪੁਰਖਾ
ਨਾਮਿ ਵਿਸਰਿਐ ਦੁਖੁ ਪਾਈ ॥

ہئُمےَ وِچِ جگُ اُپجےَ پُرکھا
نامِ وِسرِئے دُکھُ پائی ॥

ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ
ਹਉਮੈ ਸਬਦਿ ਜਲਾਏ ॥

گُرمُکھِ ہووے سُ گیانُ تتُ بیچارے
ہئُمےَ سبدِ جلائے ॥

ਤਨੁ ਮਨੁ ਨਿਰਮਲੁ ਨਿਰਮਲ ਬਾਣੀ
ਸਾਚੈ ਰਹੈ ਸਮਾਏ ॥

تنُ منُ نِرملُ نِرمل بانٞی
ساچےَ رہےَ سمائے ॥

ਨਾਮੇ ਨਾਮਿ ਰਹੈ ਬੈਰਾਗੀ
ਸਾਚੁ ਰਖਿਆ ਉਰਿ ਧਾਰੇ ॥

نامے نامِ رہےَ بیَراگی
ساچُ رکھیا اُرِ دھارے ॥

ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ
ਦੇਖਹੁ ਰਿਦੈ ਬੀਚਾਰੇ ॥੬੮॥

نانک بِنُ ناوے جوگُ کدے ن ہووے
دیکھُ رِدے بیچارے ॥ 68 ॥

ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥

گُرمُکھِ ساچُ سبدُ بیچارے کوءِ ॥

ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥

گُرمُکھِ سچُ بانٞی پرگٹُ ہوءِ ॥

ਗੁਰਮੁਖਿ ਮਨੁ ਭੀਜੈ
ਵਿਰਲਾ ਬੂਝੈ ਕੋਇ ॥

گُرمُکھِ منُ بھیجےَ
وِرلا بوُجھےَ کوءِ ॥

ਗੁਰਮੁਖਿ ਨਿਜ ਘਰਿ ਵਾਸਾ ਹੋਇ ॥

گُرمُکھِ نج گھرِ واسا ہوءِ ॥

ਗੁਰਮੁਖਿ ਜੋਗੀ ਜੁਗਤਿ ਪਛਾਣੈ ॥

گُرمُکھِ جوگی جُگتِ پچھانٞے ॥

ਗੁਰਮੁਖਿ ਨਾਨਕ ਏਕੋ ਜਾਣੈ ॥੬੯॥

گُرمُکھِ نانک ایکو جانٞے ॥ 69 ॥

ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ॥
بِنُ ستِگُر سیوے جوگُ ن ہوئی ॥

ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ॥
بِنُ ستِگُر بھیٹے مُکتِ ن کوئی ॥

ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ॥
بِنُ ستِگُر بھیٹے نامُ پائیا ن جاءِ ॥

ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ॥
بِنُ ستِگُر بھیٹے مہا دُکھُ پاءِ ॥

ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ॥
بِنُ ستِگُر بھیٹے مہا گربِ غُبارِ ॥

ਨਾਨਕ ਬਿਨੁ ਗੁਰ
ਮੁਆ ਜਨਮੁ ਹਾਰਿ ॥੭੦॥
نانک بِنُ گُر
مُیا جنمُ ہارِ ॥ 70 ॥

ਗੁਰਮੁਖਿ ਮਨੁ ਜੀਤਾ
ਹਉਮੈ ਮਾਰਿ ॥
گُرمُکھِ منُ جیِتا
ہئُمےَ مارِ ॥

ਗੁਰਮੁਖਿ ਸਾਚੁ ਰਖਿਆ ਉਰ ਧਾਰਿ ॥
گُرمُکھِ ساچُ رکھِیا اُر دھارِ ॥

ਗੁਰਮੁਖਿ ਜਗੁ ਜੀਤਾ
ਜਮਕਾਲੁ ਮਾਰਿ ਬਿਦਾਰਿ ॥
گُرمُکھِ جگُ جیِتا
جمکالُ مارِ بِدارِ ॥

ਗੁਰਮੁਖਿ ਦਰਗਹ ਨ ਆਵੈ ਹਾਰਿ ॥
گُرمُکھِ درگہ ن آوےَ ہارِ ॥

ਗੁਰਮੁਖਿ ਮੇਲਿ ਮਿਲਾਏ
ਸੋ ਜਾਣੈ ॥
گُرمُکھِ میلِ مِلائے
سو جاٹےَ ॥

ਨਾਨਕ ਗੁਰਮੁਖਿ ਸਬਦਿ ਪਛਾਣੈ ॥੭੧॥
نانک گُرمُکھِ سبدِ پچھاٹےَ ॥ 71 ॥

ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ
ਬਿਨੁ ਨਾਵੈ ਜੋਗੁ ਨ ਹੋਈ ॥
سبدےَ کا نِبیڑا سُنِ توُ ائُدھوُ
بِنُ ناوےَ جوگُ ن ہوئی ॥

ਨਾਮੇ ਰਾਤੇ ਅਨਦਿਨੁ ਮਾਤੇ
ਨਾਮੈ ਤੇ ਸੁਖੁ ਹੋਈ ॥
نامے راتے اندِنُ ماتے
نامےَ تے سُکھُ ہوئی ॥

ਨਾਮੈ ਹੀ ਤੇ ਸਭੁ ਪਰਗਟੁ ਹੋਵੈ
ਨਾਮੇ ਸੋਝੀ ਪਾਈ ॥
نامےَ ہی تے سبھُ پرگٹُ ہووےَ
نامے سوجھی پائی ॥

ਬਿਨੁ ਨਾਵੈ ਭੇਖ ਕਰਹਿ ਬਹੁਤੇਰੇ
ਸਚੈ ਆਪਿ ਖੁਆਈ ॥
بِنُ ناوےَ بھیکھ کرہِ بہتیرے
سچےَ آپِ کھُیائی ॥

ਸਤਿਗੁਰ ਤੇ ਨਾਮੁ ਪਾਈਐ ਅਉਧੂ
ਜੋਗ ਜੁਗਤਿ ਤਾ ਹੋਈ ॥

ستگُر تے نامُ پائیئے اُدھو
جوگ جُگتِ تا ہوئی ॥

ਕਰਿ ਬੀਚਾਰੁ ਮਨਿ ਦੇਖਹੁ ਨਾਨਕ
ਬਿਨੁ ਨਾਵੈ ਮੁਕਤਿ ਨ ਹੋਈ ॥੭੨॥

کرِ بیچارُ منِ دیکھُ نانک
بِنُ ناوے مُکتِ ن ہوئی ॥ 72 ॥

ਤੇਰੀ ਗਤਿ ਮਿਤਿ ਤੂਹੈ ਜਾਣਹਿ
ਕਿਆ ਕੋ ਆਖਿ ਵਖਾਣੈ ॥

تیری گتِ مِتِ توُہے جاٹہِ
کِیا کو آکھِ وکھاٹے ۔ ॥

ਤੂ ਆਪੇ ਗੁਪਤਾ ਆਪੇ ਪਰਗਟੁ
ਆਪੇ ਸਭਿ ਰੰਗ ਮਾਣੈ ॥

توُ آپے گُپتا آپے پرگٹُ
آپے سبھِ رنگ ماٹے ॥

ਸਾਧਿਕ ਸਿਧ ਗੁਰੂ ਬਹੁ ਚੇਲੇ
ਖੋਜਤ ਫਿਰਹਿ ਫੁਰਮਾਣੈ ॥

سادھِک سِدھ گُرو بہُ چیلے
کھوجت پھِرہِ فُرماٹے ॥

ਮਾਗਹਿ ਨਾਮੁ ਪਾਇ ਇਹ ਭਿਖਿਆ
ਤੇਰੇ ਦਰਸਨ ਕਉ ਕੁਰਬਾਣੈ ॥

ماگہِ نامُ پاءِ اِہ بھِکھیا
تیرے درسن ک ءُ قُرباٹے ॥

ਅਬਿਨਾਸੀ ਪ੍ਰਭਿ ਖੇਲੁ ਰਚਾਇਆ
ਗੁਰਮੁਖਿ ਸੋਝੀ ਹੋਈ ॥

اِبناسی پربھِ کھیلُ رچائیا
گُرمُکھِ سوجھی ہوئی ॥

ਨਾਨਕ ਸਭਿ ਜੁਗ ਆਪੇ ਵਰਤੈ
ਦੂਜਾ ਅਵਰੁ ਨ ਕੋਈ ॥੭੩॥੧॥

نانک سبھِ جُگ آپے ورتے
دوُجا اورُ ن کوئی ॥ 73 ॥ 1 ॥

ੴ ਸਤਿਗੁਰ ਪ੍ਰਸਾਦਿ ॥

ੴ ستگُر پرسادِ ॥

ਰਾਮਕਲੀ ਕੀ ਵਾਰ ਮਹਲਾ ੩ ॥

رامکلی کی وار محلا 3 ॥

ਜੋਧੈ ਵੀਰੈ ਪੂਰਬਾਣੀ ਕੀ ਧੁਨੀ ॥

جودھے وِیرے پوُرباٹی کی دھُنی ॥

ਸਲੋਕੁ ਮਃ ੩ ॥

سلوکُ م: 3 ॥

ਸਤਿਗੁਰੁ ਸਹਜੈ ਦਾ ਖੇਤੁ ਹੈ
ਜਿਸ ਨੋ ਲਾਏ ਭਾਉ ॥

ستگُرُ سہجے دا کھیتُ ہے
جِس نو لائے بھاءُ ॥

ਨਾਉ ਬੀਜੇ ਨਾਉ ਉਗਵੈ
ਨਾਮੇ ਰਹੈ ਸਮਾਇ ॥

ناءُ بیجے ناءُ اُگوے
نامے رہے سماءِ ॥

ਹਉਮੈ ਏਹੋ ਬੀਜੁ ਹੈ

ہئُمے ایہو بیجُ ہے

ਸਹਸਾ ਗਇਆ ਵਿਲਾਇ ॥

سہسا گئیا وِلاءِ ॥

ਨਾ ਕਿਛੁ ਬੀਜੇ ਨ ਉਗਵੈ
ਜੋ ਬਖਸੇ ਸੋ ਖਾਇ ॥

نا کِچھُ بیجے ن اُگوے
جو بخشے سو کھاءِ ॥

ਅੰਭੈ ਸੇਤੀ ਅੰਭੁ ਰਲਿਆ
ਬਹੁੜਿ ਨ ਨਿਕਸਿਆ ਜਾਇ ॥

انبھے سیتی انبھُ رلیا
بہُڑِ ن نِکسیا جاءِ ॥

ਨਾਨਕ ਗੁਰਮੁਖਿ ਚਲਤੁ ਹੈ
ਵੇਖਹੁ ਲੋਕਾ ਆਇ ॥

نانک گُرمُکھِ چلتُ ہے
ویکھہُ لوکا آءِ ॥

ਲੋਕੁ ਕਿ ਵੇਖੈ ਬਪੁੜਾ
ਜਿਸ ਨੋ ਸੋਝੀ ਨਾਹਿ ॥

لوکُ کِ ویکھے بپُڑا
جِس نو سوجھی ناہِ ॥

ਜਿਸੁ ਵੇਖਾਲੇ ਸੋ ਵੇਖੈ
ਜਿਸੁ ਵਸਿਆ ਮਨ ਮਾਹਿ ॥੧॥

جِسُ ویکھالے سو ویکھے
جِسُ وسِیا من ماہِ ॥1॥

ਮਃ ੩ ॥

م: 3 ॥

ਮਨਮੁਖੁ ਦੁਖ ਕਾ ਖੇਤੁ ਹੈ
ਦੁਖੁ ਬੀਜੇ ਦੁਖੁ ਖਾਇ ॥

منمُکھُ دُکھ کا کھیتُ ہے
دُکھُ بیجے دُکھُ کھاءِ ॥

ਦੁਖ ਵਿਚਿ ਜੰਮੈ ਦੁਖਿ ਮਰੈ
ਹਉਮੈ ਕਰਤ ਵਿਹਾਇ ॥

دُکھ وِچ جنمے دُکھِ مرے
ہئمے کرت وِہاءِ ॥

ਆਵਣੁ ਜਾਣੁ ਨ ਸੁਝਈ
ਅੰਧਾ ਅੰਧੁ ਕਮਾਇ ॥

آونُ جانُ ن سُجھئی
اندھا اندھُ کماءِ ॥

ਜੋ ਦੇਵੈ ਤਿਸੈ ਨ ਜਾਣਈ
ਦਿਤੇ ਕਉ ਲਪਟਾਇ ॥

جو دیوے تِسے ن جانئی
دِتے کءُ لپٹاءِ ॥

ਨਾਨਕ ਪੂਰਬਿ ਲਿਖਿਆ ਕਮਾਵਣਾ
ਅਵਰੁ ਨ ਕਰਣਾ ਜਾਇ ॥੨॥

نانک پوُربِ لِکھیا کماوٹا
اورُ ن کرٹا جاءِ ॥2॥

ਮਃ ੩ ॥

م: 3 ॥

ਸਤਿਗੁਰਿ ਮਿਲਿਐ ਸਦਾ ਸੁਖੁ
ਜਿਸ ਨੋ ਆਪੇ ਮੇਲੇ ਸੋਇ ॥

ستِگُرِ ملِے سدا سُکھُ
جِس نو آپے میلے سوءِ ॥

ਸੁਖੈ ਏਹੁ ਬਿਬੇਕੁ ਹੈ
ਅੰਤਰੁ ਨਿਰਮਲੁ ਹੋਇ ॥

ਅਗਿਆਨ ਕਾ ਭ੍ਰਮੁ ਕਟੀਐ
ਗਿਆਨੁ ਪਰਾਪਤਿ ਹੋਇ ॥

ਨਾਨਕ ਏਕੋ ਨਦਰੀ ਆਇਆ
ਜਹ ਦੇਖਾ ਤਹ ਸੋਇ ॥੩॥

ਪਉੜੀ ॥

ਸਚੈ ਤਖਤੁ ਰਚਾਇਆ
ਬੈਸਣ ਕਉ ਜਾਂਈ ॥

ਸਭੁ ਕਿਛੁ ਆਪੇ ਆਪਿ ਹੈ
ਗੁਰ ਸਬਦਿ ਸੁਣਾਈ ॥

ਆਪੇ ਕੁਦਰਤਿ ਸਾਜੀਅਨੁ
ਕਰਿ ਮਹਲ ਸਰਾਈ ॥

ਚੰਦੁ ਸੂਰਜੁ ਦੁਇ ਚਾਨਣੇ
ਪੂਰੀ ਬਣਤ ਬਣਾਈ ॥

ਆਪੇ ਵੇਖੈ ਸੁਣੇ ਆਪਿ
ਗੁਰ ਸਬਦਿ ਧਿਆਈ ॥੧॥

ਵਾਹੁ ਵਾਹੁ ਸਚੇ ਪਾਤਿਸਾਹ
ਤੂ ਸਚੀ ਨਾਈ ॥੧॥ ਰਹਾਉ ॥

ਸਲੋਕੁ ॥

ਕਬੀਰ ਮਹਿਦੀ ਕਰਿ ਕੈ ਘਾਲਿਆ
ਆਪੁ ਪੀਸਾਇ ਪੀਸਾਇ ॥

ਤੈ ਸਹ ਬਾਤ ਨ ਪੁਛੀਆ
ਕਬਹੂ ਨ ਲਾਈ ਪਾਇ ॥੧॥

ਮਃ ੩ ॥

سُکھے ایہُ بِبیکُ ہے
انتر نِرملُ ہوءِ ॥

اِگیان کا بھرمُ کٹیئے
گیانُ پراپتِ ہوءِ ॥

نانک ایکو ندری آئیا
جہ دیکھا تہ سوءِ ॥3॥

پڑی ॥

سچے تختُ رچائیا
بیَسنُ کءُ جانئی ॥

سبھُ کچھُ آپے آپِ ہے
گُر سبدِ سُنائی ॥

آپے قُدرتِ ساجیئنُ
کرِ محل سرائی ॥

چندُ سوُرجُ دُءِ چانٹے
پوُری بنّت بنّائی ॥

آپے ویکھے سُنّے آپِ
گُر سبدِ دھِیائی ॥1॥

واہُ واہُ سچے پاتِشاہ
توُ سچی نائی ॥1॥ رہاءُ ॥

سلوکُ ॥

کبیرِ مہدی کرِ کے گھالیا
آپُ پیساءِ پیساءِ ॥

تے سہ بات ن پچھیا
کبہوُ ن لائی پاءِ ॥1॥

م: 3 ॥

ਨਾਨਕ ਮਹਿਦੀ ਕਰਿ ਕੈ ਰਖਿਆ
ਸੋ ਸਹੁ ਨਦਰਿ ਕਰੇਇ ॥

نانک مہدی کرِ کے رکھیا
سو سہُ ندرِ کرے ءِ ॥

ਆਪੇ ਪੀਸੈ ਆਪੇ ਘਸੈ
ਆਪੇ ਹੀ ਲਾਇ ਲਏਇ ॥

آپے پیسے آپے گھسے
آپے ہی لاءِ لئی ءِ ॥

ਇਹੁ ਪਿਰਮ ਪਿਆਲਾ ਖਸਮ ਕਾ
ਜੈ ਭਾਵੈ ਤੈ ਦੇਇ ॥੨॥

اِہُ پرم پیالا خصم کا
جے بھاوے تے دے ءِ ॥2॥

ਪਉੜੀ ॥

پئڑی ॥

ਵੇਕੀ ਸ੍ਰਿਸਟਿ ਉਪਾਈਅਨੁ
ਸਭ ਹੁਕਮਿ ਆਵੈ ਜਾਇ ਸਮਾਹੀ ॥

ویکی سرِسٹِ اُپائیئنُ
سبھ حُکمِ آوے جاءِ سماہی ॥

ਆਪੇ ਵੇਖਿ ਵਿਗਸਦਾ
ਦੂਜਾ ਕੋ ਨਾਹੀ ॥

آپے ویکھِ وِگسدا
دوُجا کو ناہی ॥

ਜਿਉ ਭਾਵੈ ਤਿਉ ਰਖੁ ਤੂ
ਗੁਰ ਸਬਦਿ ਬੁਝਾਹੀ ॥

جِءُ بھاوے تِءُ رکھُ توُ
گُر سبدِ بُجھاہی ॥

ਸਭਨਾ ਤੇਰਾ ਜੋਰੁ ਹੈ
ਜਿਉ ਭਾਵੈ ਤਿਵੈ ਚਲਾਹੀ ॥

سبھنا تیرا زورُ ہے
جِءُ بھاوے توے چلاہی ॥

ਤੁਧੁ ਜੇਵਡ ਮੈ ਨਾਹਿ ਕੋ
ਕਿਸੁ ਆਖਿ ਸੁਣਾਈ ॥੨॥

تُدھُ جیوڈ مے ناہِ کو
کِس آکھِ سُٹائی ۔ ॥2॥

ਸਲੋਕੁ ਮਃ ੩ ॥

سلوکُ م: 3 ॥

ਭਰਮਿ ਭੁਲਾਈ ਸਭੁ ਜਗੁ ਫਿਰੀ
ਫਾਵੀ ਹੋਈ ਭਾਲਿ ॥

بھرمِ بھُلائی سبھُ جگُ پھری
پھاوی ہوئی بھالِ ॥

ਸੋ ਸਹੁ ਸਾਂਤਿ ਨ ਦੇਵਈ
ਕਿਆ ਚਲੈ ਤਿਸੁ ਨਾਲਿ ॥

سو سہُ سانتِ ن دیوئی
کِیا چلے تِس نالِ ۔ ॥

ਗੁਰ ਪਰਸਾਦੀ ਹਰਿ ਧਿਆਈਐ
ਅੰਤਰਿ ਰਖੀਐ ਉਰ ਧਾਰਿ ॥

گُر پرسادی ہرِ دھیائیئے
انترِ رکھیئے اُر دھارِ ॥

ਨਾਨਕ ਘਰਿ ਬੈਠਿਆ ਸਹੁ ਪਾਇਆ

نانک گھرِ بیٹھیا سہُ پائیا

ਜਾ ਕਿਰਪਾ ਕੀਤੀ ਕਰਤਾਰਿ ॥੧॥

جا کِرپا کِیتی کرتارِ ॥1॥

ਮਃ ੩ ॥

م: 3 ॥

ਧੰਧਾ ਧਾਵਤ ਦਿਨੁ ਗਇਆ
ਰੈਣਿ ਗਵਾਈ ਸੋਇ ॥

دھندھا دھاوت دِنُ گیَیا
ریَنِ گوائی سوءِ ॥

ਕੂੜੁ ਬੋਲਿ ਬਿਖੁ ਖਾਇਆ
ਮਨਮੁਖਿ ਚਲਿਆ ਰੋਇ ॥

کوڑُ بولِ بِکھُ کھائیَا
منمُکھِ چلیا روءِ ॥

ਸਿਰੈ ਉਪਰਿ ਜਮ ਡੰਡੁ ਹੈ
ਦੂਜੈ ਭਾਇ ਪਤਿ ਖੋਇ ॥

سِرے اُپرِ جم ڈنّڈُ ہے
دوُجے بھاءِ پتِ کھوءِ ॥

ਹਰਿ ਨਾਮੁ ਕਦੇ ਨ ਚੇਤਿਓ
ਫਿਰਿ ਆਵਣ ਜਾਣਾ ਹੋਇ ॥

ہرِ نامُ کدے ن چیتِئو
پھِرِ آوڻ جاڻا ہوءِ ॥

ਗੁਰ ਪਰਸਾਦੀ ਹਰਿ ਮਨਿ ਵਸੈ
ਜਮ ਡੰਡੁ ਨ ਲਾਗੈ ਕੋਇ ॥

گُر پرسادی ہرِ منِ وسے
جم ڈنّڈُ ن لاگے کوءِ ॥

ਨਾਨਕ ਸਹਜੇ ਮਿਲਿ ਰਹੈ
ਕਰਮਿ ਪਰਾਪਤਿ ਹੋਇ ॥੨॥

نانک سہجے مِلِ رہے
کرمِ پراپتِ ہوءِ ॥2॥

ਪਉੜੀ ॥

پئڑی ॥

ਇਕਿ ਆਪਣੀ ਸਿਫਤੀ ਲਾਇਅਨੁ
ਦੇ ਸਤਿਗੁਰ ਮਤੀ ॥

اِکِ آپڻی صِفتی لائِئنُ
دے ستِگُر متی ॥

ਇਕਨਾ ਨੋ ਨਾਉ ਬਖਸਿਓਨੁ
ਅਸਥਿਰੁ ਹਰਿ ਸਤੀ ॥

اِکنا نو ناءُ بخشِئونُ
استھِرُ ہرِ ستی ॥

ਪਉਣੁ ਪਾਣੀ ਬੈਸੰਤਰੋ
ਹੁਕਮਿ ਕਰਹਿ ਭਗਤੀ ॥

پئُنُ پاڻی بیَسنَترو
حُکمِ کرہِ بھگتی ॥

ਏਨਾ ਨੋ ਭਉ ਅਗਲਾ
ਪੂਰੀ ਬਣਤ ਬਣਤੀ ॥

اینا نو بھءُ اگلا
پوُری بنّت بنّتی ॥

ਸਭੁ ਇਕੋ ਹੁਕਮੁ ਵਰਤਦਾ
ਮੰਨਿਐ ਸੁਖੁ ਪਾਈ ॥੩॥

سبھُ اِکو حُکمُ ورتدا
منّیَے سُکھُ پائی ॥3॥

ਸਲੋਕੁ ॥	سلوکُ ॥
ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥	کبیرِ کسُٹی رام کی جھوُٹھا ٹِکےَ ن کوءِ ॥
ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥੧॥	رام کسُٹی سو سہے جو مرجیوا ہوءِ ॥1॥
ਮਃ ੩ ॥	م: 3 ॥
ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥	کِءُ کرِ اِہُ منُ مارِیےَ کِءُ کرِ مِرتکُ ہوءِ ۔ ॥
ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ ॥	کہیا سبدُ ن مانئی ہئُمےَ چھڈےَ ن کوءِ ॥
ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥	گُر پرسادی ہئُمےَ چھُٹےَ جیِون مُکتُ سو ہوءِ ॥
ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥੨॥	نانک جِس نو بخشے تِس مِلےَ تِس بِگھنُ ن لاگےَ کوءِ ॥2॥
ਮਃ ੩ ॥	م: 3 ॥
ਜੀਵਤ ਮਰਣਾ ਸਭੁ ਕੋ ਕਹੈ ਜੀਵਨ ਮੁਕਤਿ ਕਿਉ ਹੋਇ ॥	جیِوت مرٹا سبھُ کو کہے جیِون مُکتِ کِءُ ہوءِ ۔ ॥
ਭੈ ਕਾ ਸੰਜਮੁ ਜੇ ਕਰੇ ਦਾਰੂ ਭਾਉ ਲਾਏਇ ॥	بھےَ کا سنجَمُ جے کرے دارُو بھاءُ لائیِءِ ॥
ਅਨਦਿਨੁ ਗੁਣ ਗਾਵੈ ਸੁਖ ਸਹਜੇ ਬਿਖੁ ਭਵਜਲੁ ਨਾਮਿ ਤਰੇਇ ॥	اندِنُ گُٹ گاوےَ سُکھ سہجے بِکھُ بھوجلُ نامِ ترےءِ ॥
ਨਾਨਕ ਗੁਰਮੁਖਿ ਪਾਈਐ ਜਾ ਕਉ ਨਦਰਿ ਕਰੇਇ ॥੩॥	نانک گُرمُکھِ پائیےَ جا کءُ ندرِ کرےءِ ॥3॥
ਪਉੜੀ ॥	پئُڑی ॥
ਦੂਜਾ ਭਾਉ ਰਚਾਇਓਨੁ	دوُجا بھاءُ رچائیَنوُنُ

ਤ੍ਰੈ ਗੁਣ ਵਰਤਾਰਾ ॥	ترے گُن ورتارا ॥
ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ ॥	برہما بِسنُ مہیسُ اُپائینُ حُکمِ کماونِ کارا ॥
ਪੰਡਿਤ ਪੜਦੇ ਜੋਤਕੀ ਨਾ ਬੂਝਹਿ ਬੀਚਾਰਾ ॥	پنڈِت پڑدے جوتکی نا بوُجھہِ بیچارا ॥
ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ ॥	سبھُ کچھُ تیرا کھیلُ ہے سچُ سِرجنہارا ॥
ਜਿਸੁ ਭਾਵੈ ਤਿਸੁ ਬਖਸਿ ਲੈਹਿ ਸਚਿ ਸਬਦਿ ਸਮਾਈ ॥੪॥	جِسُ بھاوے تِسُ بخشِ لیَہِ سچِ سبدِ سمائی ॥4॥
ਸਲੋਕੁ ਮਃ ੩ ॥	سلوکُ م: 3 ॥
ਮਨ ਕਾ ਝੂਠਾ ਝੂਠੁ ਕਮਾਵੈ ॥	من کا جھوُٹھا جھوُٹھُ کماوے ॥
ਮਾਇਆ ਨੋ ਫਿਰੈ ਤਪਾ ਸਦਾਵੈ ॥	مائیا نو پھِرے تپا سداوے ॥
ਭਰਮੇ ਭੂਲਾ ਸਭਿ ਤੀਰਥ ਗਹੈ ॥	بھرمے بھوُلا سبھِ تیرتھ گہے ॥
ਓਹੁ ਤਪਾ ਕੈਸੇ ਪਰਮ ਗਤਿ ਲਹੈ ॥	اوہُ تپا کیَسے پرم گتِ لہے ۔ ॥
ਗੁਰ ਪਰਸਾਦੀ ਕੋ ਸਚੁ ਕਮਾਵੈ ॥	گُر پرسادی کو سچُ کماوے ॥
ਨਾਨਕ ਸੋ ਤਪਾ ਮੋਖੰਤਰੁ ਪਾਵੈ ॥੧॥	نانک سو تپا موکھنتر پاوے ॥1॥
ਮਃ ੩ ॥	م: 3 ॥
ਸੋ ਤਪਾ ਜਿ ਇਹੁ ਤਪੁ ਘਾਲੇ ॥	سو تپا جِ اِہُ تپُ گھالے ॥
ਸਤਿਗੁਰ ਨੋ ਮਿਲੈ ਸਬਦੁ ਸਮਾਲੇ ॥	ستِگُر نو ملِے سبدُ سمالے ॥
ਸਤਿਗੁਰ ਕੀ ਸੇਵਾ ਇਹੁ ਤਪੁ ਪਰਵਾਣੁ ॥	ستِگُر کی سیوا اِہُ تپُ پرواڻُ ॥
ਨਾਨਕ ਸੋ ਤਪਾ ਦਰਗਹਿ ਪਾਵੈ ਮਾਣੁ ॥੨॥	نانک سو تپا درگہِ پاوے ماڻُ ॥2॥
ਪਉੜੀ ॥	پئڑی ॥
ਰਾਤਿ ਦਿਨਸੁ ਉਪਾਇਅਨੁ ਸੰਸਾਰ ਕੀ ਵਰਤਣਿ ॥	راتِ دِنسُ اُپائینُ

ਗੁਰਮਤੀ ਘਟਿ ਚਾਨਣਾ
ਆਨੇਰੁ ਬਿਨਾਸਣਿ ॥

ਹੁਕਮੇ ਹੀ ਸਭ ਸਾਜੀਅਨੁ
ਰਵਿਆ ਸਭ ਵਣਿ ਤ੍ਰਿਣਿ ॥

ਸਭੁ ਕਿਛੁ ਆਪੇ ਆਪਿ ਹੈ
ਗੁਰਮੁਖਿ ਸਦਾ ਹਰਿ ਭਣਿ ॥

ਸਬਦੇ ਹੀ ਸੋਝੀ ਪਈ
ਸਚੈ ਆਪਿ ਬੁਝਾਈ ॥੫॥

ਸਲੋਕ ਮਃ ੩ ॥

ਅਭਿਆਗਤ ਏਹਿ ਨ ਆਖੀਅਨਿ
ਜਿਨ ਕੇ ਚਿਤ ਮਹਿ ਭਰਮੁ ॥

ਤਿਸ ਦੈ ਦਿਤੈ ਨਾਨਕਾ
ਤੇਹੋ ਜੇਹਾ ਧਰਮੁ ॥

ਅਭੈ ਨਿਰੰਜਨੁ ਪਰਮ ਪਦੁ
ਤਾ ਕਾ ਭੂਖਾ ਹੋਇ ॥

ਤਿਸ ਕਾ ਭੋਜਨੁ ਨਾਨਕਾ
ਵਿਰਲਾ ਪਾਏ ਕੋਇ ॥੧॥

ਮਃ ੩ ॥

ਅਭਿਆਗਤ ਏਹਿ ਨ ਆਖੀਅਨਿ
ਜਿ ਪਰ ਘਰਿ ਭੋਜਨੁ ਕਰੇਨਿ ॥

ਉਦਰੈ ਕਾਰਣਿ ਆਪਣੇ
ਬਹਲੇ ਭੇਖਿ ਕਰੇਨਿ ॥

ਅਭਿਆਗਤ ਸੇਈ ਨਾਨਕਾ
ਜਿ ਆਤਮ ਗਉਣੁ ਕਰੇਨਿ ॥

سنسار کی ورتِ ॥

گُرمتی گھٹِ چانٹا
آنیرُ بناسِ ॥

حُکمے ہی سبھ ساجیئنُ
رویا سبھ ونِ ترِنِ ॥

سبھُ کچھُ آپے آپِ ہے
گُرمُکھِ سدا ہرِ بھنِ ॥

سبدے ہی سوجھی پئی
سچے آپِ بُجھائی ॥5॥

سلوک م: 3 ॥

ابھیاگت ایہِ ن آکھیئنِ
جِن کے چِت مہِ بھرمُ ॥

تِس دے دِتے نانکا
تیہو جیہا دھرمُ ॥

ابھے نِرنجنُ پرم پدُ
تا کا بھوُکھا ہوءِ ॥

تِس کا بھوجنُ نانکا
وِرلا پائے کوءِ ॥1॥

م: 3 ॥

ابھیاگت ایہِ ن آکھیئنِ
جِ پر گھرِ بھوجنُ کرینِ ॥

اُدرے کارنِ آپنے
بہلے بھیکھِ کرینِ ॥

ابھیاگت سیئی نانکا
جِ آتم گنُ کرینِ ॥

ਭਾਲਿ ਲਹਨਿ ਸਹੁ ਆਪਣਾ
ਨਿਜ ਘਰਿ ਰਹਣੁ ਕਰੇਨਿ ॥੨॥

بھالِ لہنِ سہُ آپنّا
نِج گھرِ رہنُ کرینِ ॥2॥

ਪਉੜੀ ॥

پئُڑی ॥

ਅੰਬਰੁ ਧਰਤਿ ਵਿਛੋੜਿਅਨੁ
ਵਿਚਿ ਸਚਾ ਅਸਰਾਉ ॥

انبرُ دھرتِ وِچھوڑِئنُ
وِچِ سچا اسراءُ ॥

ਘਰੁ ਦਰੁ ਸਭੋ ਸਚੁ ਹੈ
ਜਿਸੁ ਵਿਚਿ ਸਚਾ ਨਾਉ ॥

گھرُ درُ سبھو سچُ ہے
جِسُ وِچِ سچا ناءُ ॥

ਸਭੁ ਸਚਾ ਹੁਕਮੁ ਵਰਤਦਾ
ਗੁਰਮੁਖਿ ਸਚਿ ਸਮਾਉ ॥

سبھُ سچا حُکمُ ورتدا
گُرمُکھِ سچِ سماءُ ॥

ਸਚਾ ਆਪਿ ਤਖਤੁ ਸਚਾ
ਬਹਿ ਸਚਾ ਕਰੇ ਨਿਆਉ ॥

سچا آپِ تختُ سچا
بہِ سچا کرے نِیاءُ ॥

ਸਭੁ ਸਚੋ ਸਚੁ ਵਰਤਦਾ
ਗੁਰਮੁਖਿ ਅਲਖੁ ਲਖਾਈ ॥੬॥

سبھُ سچو سچُ ورتدا
گُرمُکھِ الکھُ لکھائی ॥6॥

ਸਲੋਕੁ ਮਃ ੩ ॥

سلوکُ م: 3 ॥

ਰੈਣਾਇਰ ਮਾਹਿ ਅਨੰਤੁ ਹੈ
ਕੂੜੀ ਆਵੈ ਜਾਇ ॥

رینّائِر ماہِ اننّتُ ہے
کوُڑی آوے جاءِ ॥

ਭਾਣੈ ਚਲੈ ਆਪਣੈ
ਬਹੁਤੀ ਲਹੈ ਸਜਾਇ ॥

بھاٹے چلے آپنے
بہُتی لہے سزاءِ ॥

ਰੈਣਾਇਰ ਮਹਿ ਸਭੁ ਕਿਛੁ ਹੈ
ਕਰਮੀ ਪਲੈ ਪਾਇ ॥

رینّائِر مہِ سبھُ کچھُ ہے
کرمی پلے پاءِ ॥

ਨਾਨਕ ਨਉ ਨਿਧਿ ਪਾਈਐ
ਜੇ ਚਲੈ ਤਿਸੈ ਰਜਾਇ ॥੧॥

نانک ن ءُ نِدھِ پائیئے
جے چلے تِسے رضاءِ ॥1॥

ਮਃ ੩ ॥

م: 3 ॥

ਸਹਜੇ ਸਤਿਗੁਰੁ ਨ ਸੇਵਿਓ
ਵਿਚਿ ਹਉਮੈ ਜਨਮਿ ਬਿਨਾਸੁ ॥

سہجے ستِگُرُ ن سیوِئو
وِچِ ہئُمے جنمِ بِناسُ ॥

ਰਸਨਾ ਹਰਿ ਰਸੁ ਨ ਚਖਿਓ
ਕਮਲੁ ਨ ਹੋਇਓ ਪਰਗਾਸੁ ॥

رسنا ہرِ رسُ ن چکھِئو
کملُ ن ہوئِئو پرگاسُ ॥

ਬਿਖੁ ਖਾਧੀ ਮਨਮੁਖੁ ਮੁਆ
ਮਾਇਆ ਮੋਹਿ ਵਿਣਾਸੁ ॥

بِکھُ کھادھی منمُکھُ مُیا
مائِیا موہِ وِناسُ ॥

ਇਕਸੁ ਹਰਿ ਕੇ ਨਾਮ ਵਿਣੁ
ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥

اِکسُ ہرِ کے نام وِنُ
دھرِگُ جیِونُ دھرِگُ واسُ ॥

ਜਾ ਆਪੇ ਨਦਰਿ ਕਰੇ ਪ੍ਰਭੁ ਸਚਾ
ਤਾ ਹੋਵੈ ਦਾਸਨਿ ਦਾਸੁ ॥

جا آپے ندرِ کرے پربھُ سچا
تا ہووے داسنِ داسُ ॥

ਤਾ ਅਨਦਿਨੁ ਸੇਵਾ ਕਰੇ ਸਤਿਗੁਰੂ ਕੀ
ਕਬਹਿ ਨ ਛੋਡੈ ਪਾਸੁ ॥

تا اندِنُ سیوا کرے ستِگُرو کی
کبہِ ن چھوڈے پاسُ ॥

ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ
ਤਿਉ ਵਿਚੇ ਗਿਰਹ ਉਦਾਸੁ ॥

جِءُ جل مہِ کملُ الپتو ورتے
تِءُ وِچے گِرہ اُداسُ ॥

ਜਨ ਨਾਨਕ ਕਰੇ ਕਰਾਇਆ ਸਭੁ ਕੋ
ਜਿਉ ਭਾਵੈ ਤਿਵ ਹਰਿ ਗੁਣਤਾਸੁ ॥੨॥

جن نانک کرے کرائِیا سبھُ کو
جِءُ بھاوے تِو ہرِ گُنتاسُ ॥2॥

ਪਉੜੀ ॥

پئُڑی ॥

ਛਤੀਹ ਜੁਗ ਗੁਬਾਰੁ ਸਾ
ਆਪੇ ਗਣਤ ਕੀਨੀ ॥

چھتیہِ جُگ غُبارُ سا
آپے گنُت کِینی ॥

ਆਪੇ ਸ੍ਰਿਸਟਿ ਸਭ ਸਾਜੀਅਨੁ
ਆਪਿ ਮਤਿ ਦੀਨੀ ॥

آپے سرِسٹِ سبھ ساجِیئنُ
آپِ متِ دِینی ॥

ਸਿਮ੍ਰਿਤਿ ਸਾਸਤ ਸਾਜਿਅਨੁ
ਪਾਪ ਪੁੰਨ ਗਣਤ ਗਣੀਨੀ ॥

سِمرِتِ ساست ساجِئنُ
پاپ پُنّن گنُت گنِینی ॥

ਜਿਸੁ ਬੁਝਾਏ ਸੋ ਬੁਝਸੀ
ਸਚੈ ਸਬਦਿ ਪਤੀਨੀ ॥

جِسُ بُجھائے سو بُجھسی
سچے سبدِ پتِینی ॥

ਸਭੁ ਆਪੇ ਆਪਿ ਵਰਤਦਾ
ਆਪੇ ਬਖਸਿ ਮਿਲਾਈ ॥੭॥

سبھُ آپے آپِ ورتدا
آپے بخشِ مِلائی ॥7॥

ਸਲੋਕ ਮਃ ੩ ॥

ਇਹੁ ਤਨੁ ਸਭੋ ਰਤੁ ਹੈ
ਰਤੁ ਬਿਨੁ ਤੰਨੁ ਨ ਹੋਇ ॥

ਜੋ ਸਹਿ ਰਤੇ ਆਪਣੈ
ਤਿਨ ਤਨਿ ਲੋਭ ਰਤੁ ਨ ਹੋਇ ॥

ਭੈ ਪਇਐ ਤਨੁ ਖੀਣੁ ਹੋਇ
ਲੋਭ ਰਤੁ ਵਿਚਹੁ ਜਾਇ ॥

ਜਿਉ ਬੈਸੰਤਰਿ ਧਾਤੁ ਸੁਧੁ ਹੋਇ
ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥

ਨਾਨਕ ਤੇ ਜਨ ਸੋਹਣੇ
ਜੋ ਰਤੇ ਹਰਿ ਰੰਗੁ ਲਾਇ ॥੧॥

ਮਃ ੩ ॥

ਰਾਮਕਲੀ ਰਾਮੁ ਮਨਿ ਵਸਿਆ
ਤਾ ਬਨਿਆ ਸੀਗਾਰੁ ॥

ਗੁਰ ਕੈ ਸਬਦਿ ਕਮਲੁ ਬਿਗਸਿਆ
ਤਾ ਸਉਪਿਆ ਭਗਤਿ ਭੰਡਾਰੁ ॥

ਭਰਮੁ ਗਇਆ ਤਾ ਜਾਗਿਆ
ਚੂਕਾ ਅਗਿਆਨ ਅੰਧਾਰੁ ॥

ਤਿਸ ਨੋ ਰੂਪੁ ਅਤਿ ਅਗਲਾ
ਜਿਸੁ ਹਰਿ ਨਾਲਿ ਪਿਆਰੁ ॥

ਸਦਾ ਰਵੈ ਪਿਰੁ ਆਪਣਾ
ਸੋਭਾਵੰਤੀ ਨਾਰਿ ॥

ਮਨਮੁਖਿ ਸੀਗਾਰੁ ਨ ਜਾਣਨੀ
ਜਾਸਨਿ ਜਨਮੁ ਸਭੁ ਹਾਰਿ ॥

ਬਿਨੁ ਹਰਿ ਭਗਤੀ ਸੀਗਾਰੁ ਕਰਹਿ

سلوک م: 3 ॥

اِہُ تنُ سبھو رتُ ہے
رتُ بِنُ تنّنُ ن ہوءِ ॥

جو سہِ رتے آپنّے
تِن تنِ لوبھ رتُ ن ہوءِ ॥

بھے پیئے تنُ کھیِنُّ ہوءِ
لوبھ رتُ وِچہُ جاءِ ॥

جِءُ بیَسنّترِ دھاتُ سُدھُ ہوءِ
تِءُ ہرِ کا بھءُ دُرمتِ میَلُ گواءِ ॥

نانک تے جن سوہنّے
جو رتے ہرِ رنگُ لاءِ ॥1॥

م: 3 ॥

رامکلی رامُ منِ وسِیا
تا بنِیا سیِگارُ ॥

گُر کے سبدِ کملُ بِگسِیا
تا سپُنِیا بھگتِ بھنّڈارُ ॥

بھرمُ گئِیا تا جاگِیا
چوُکا اگِیان اندھارُ ॥

تِس نو روُپُ اتِ اگلا
جِسُ ہرِ نالِ پِیارُ ॥

سدا روے پِرُ آپنّا
سوبھاونّتی نارِ ॥

منمُکھِ سیِگارُ ن جانّنی
جاسنِ جنمُ سبھُ ہارِ ॥

بِنُ ہرِ بھگتی سیِگارُ کرہِ

ਨਿਤ ਜੰਮਹਿ ਹੋਇ ਖੁਆਰੁ ॥

نِت جنمَہِ ہوءِ خُیارُ ॥

ਸੈਸਾਰੈ ਵਿਚਿ ਸੋਭ ਨ ਪਾਇਨੀ
ਅਗੈ ਜਿ ਕਰੇ ਸੁ ਜਾਣੈ ਕਰਤਾਰੁ ॥

سیَسارے وِچ سوبھ ن پائِنی
اگے جِ کرے سُ جانٹے کرتارُ ॥

ਨਾਨਕ ਸਚਾ ਏਕੁ ਹੈ
ਦੁਹੁ ਵਿਚਿ ਹੈ ਸੰਸਾਰੁ ॥

نانک سچا ایکُ ہے
دُہُ وِچ ہے سنّسارُ ॥

ਚੰਗੈ ਮੰਦੈ ਆਪਿ ਲਾਇਅਨੁ
ਸੋ ਕਰਨਿ ਜਿ ਆਪਿ ਕਰਾਏ ਕਰਤਾਰੁ ॥੨॥

چنگے منّدے آپِ لائِئنُ
سو کرنِ جِ آپِ کرائے کرتارُ ॥2॥

ਮਃ ੩ ॥

م: 3 ॥

ਬਿਨੁ ਸਤਿਗੁਰ ਸੇਵੇ ਸਾਂਤਿ ਨ ਆਵਈ
ਦੂਜੀ ਨਾਹੀ ਜਾਇ ॥

بِنُ ستِگُر سیوے سانتِ ن آوئی
دوُجی ناہی جاءِ ॥

ਜੇ ਬਹੁਤੇਰਾ ਲੋਚੀਐ
ਵਿਣੁ ਕਰਮਾ ਪਾਇਆ ਨ ਜਾਇ ॥

جے بہتیرا لوچیئے
وِنُ کرما پائیا ن جاءِ ॥

ਅੰਤਰਿ ਲੋਭੁ ਵਿਕਾਰੁ ਹੈ
ਦੂਜੈ ਭਾਇ ਖੁਆਇ ॥

انترِ لوبھُ وِکارُ ہے
دوُجے بھاءِ کھُیاءِ ॥

ਤਿਨ ਜੰਮਣੁ ਮਰਣੁ ਨ ਚੁਕਈ
ਹਉਮੈ ਵਿਚਿ ਦੁਖੁ ਪਾਇ ॥

تِن جنّمنُ مرنُ ن چُکئی
ہئُمے وِچ دُکھُ پاءِ ॥

ਜਿਨੀ ਸਤਿਗੁਰ ਸਿਉ ਚਿਤੁ ਲਾਇਆ
ਸੋ ਖਾਲੀ ਕੋਈ ਨਾਹਿ ॥

جِنی ستِگُر سِءُ چِتُ لائِیا
سو خالی کوئی ناہِ ॥

ਤਿਨ ਜਮ ਕੀ ਤਲਬ ਨ ਹੋਵਈ
ਨਾ ਓਇ ਦੁਖ ਸਹਾਹਿ ॥

تِن جم کی طلب ن ہووئی
نا اوءِ دُکھ سہاہِ ॥

ਨਾਨਕ ਗੁਰਮੁਖਿ ਉਬਰੇ
ਸਚੈ ਸਬਦਿ ਸਮਾਹਿ ॥੩॥

نانک گُرمُکھِ اُبرے
سچے سبدِ سماہِ ॥3॥

ਪਉੜੀ ॥

پئُڑی ॥

ਆਪਿ ਅਲਿਪਤੁ ਸਦਾ ਰਹੈ
ਹੋਰਿ ਧੰਧੈ ਸਭਿ ਧਾਵਹਿ ॥

آپِ الپتُ سدا رہے
ہورِ دھندّھے سبھِ دھاوہِ ॥

ਆਪਿ ਨਿਹਚਲੁ ਅਚਲੁ ਹੈ
ਹੋਰਿ ਆਵਹਿ ਜਾਵਹਿ ॥

آپِ نِہچلُ اچلُ ہے
ہورِ آوہِ جاوہِ ॥

ਸਦਾ ਸਦਾ ਹਰਿ ਧਿਆਈਐ
ਗੁਰਮੁਖਿ ਸੁਖੁ ਪਾਵਹਿ ॥

سدا سدا ہرِ دھیائیئے
گُرمُکھِ سُکھُ پاوہِ ॥

ਨਿਜ ਘਰਿ ਵਾਸਾ ਪਾਈਐ
ਸਚਿ ਸਿਫਤਿ ਸਮਾਵਹਿ ॥

نِج گھرِ واسا پائیئے
سچِ صِفتِ سماوہِ ॥

ਸਚਾ ਗਹਿਰ ਗੰਭੀਰੁ ਹੈ
ਗੁਰ ਸਬਦਿ ਬੁਝਾਈ ॥੮॥

سچا گہِر گنبھیرُ ہے
گُر سبدِ بُجھائی ॥8॥

ਸਲੋਕ ਮਃ ੩ ॥

سلوک م: 3 ॥

ਸਚਾ ਨਾਮੁ ਧਿਆਇ ਤੂ
ਸਭੋ ਵਰਤੈ ਸਚੁ ॥

سچا نامُ دھیاءِ توُ
سبھو ورتے سچُ ॥

ਨਾਨਕ ਹੁਕਮੈ ਜੋ ਬੁਝੈ
ਸੋ ਫਲੁ ਪਾਏ ਸਚੁ ॥

نانک حُکمے جو بُجھے
سو پھلُ پائے سچُ ॥

ਕਥਨੀ ਬਦਨੀ ਕਰਤਾ ਫਿਰੈ
ਹੁਕਮੁ ਨ ਬੂਝੈ ਸਚੁ ॥

کتھنی بدنی کرتا پھرے
حُکمُ ن بُوجھے سچُ ॥

ਨਾਨਕ ਹਰਿ ਕਾ ਭਾਣਾ ਮੰਨੇ ਸੋ ਭਗਤੁ ਹੋਇ
ਵਿਣੁ ਮੰਨੇ ਕਚੁ ਨਿਕਚੁ ॥੧॥

نانک ہرِ کا بھاٹا منّنے سو بھگتُ ہوءِ
وِنُ منّنے کچُ نِکچُ ॥1॥

ਮਃ ੩ ॥

م: 3 ॥

ਮਨਮੁਖ ਬੋਲਿ ਨ ਜਾਣਨੀ
ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥

منمکھ بولِ ن جانٹنی
اونا اندرِ کامُ کرودھُ اہنکارُ ॥

ਓਇ ਥਾਉ ਕੁਥਾਉ ਨ ਜਾਣਨੀ
ਉਨ ਅੰਤਰਿ ਲੋਭੁ ਵਿਕਾਰੁ ॥

اوءِ تھاءُ کُتھاءُ ن جانٹنی
اُن انترِ لوبھُ وِکارُ ॥

ਓਇ ਆਪਣੈ ਸੁਆਇ ਆਇ ਬਹਿ ਗਲਾ ਕਰਹਿ
ਓਨਾ ਮਾਰੇ ਜਮੁ ਜੰਦਾਰੁ ॥

اوءِ آپنٹے سُیاءِ آءِ بہِ گلا کرہِ
اونا مارے جمُ جندارُ ॥

ਅਗੈ ਦਰਗਹ ਲੇਖੈ ਮੰਗਿਐ

اگے درگہ لیکھے منگئے

ਮਾਰਿ ਖੁਆਰੁ ਕੀਚਹਿ ਕੂੜਿਆਰ ॥

مارِ خُیارُ کیچہِ کوُڑِیارُ ॥

ਏਹ ਕੂੜੈ ਕੀ ਮਲੁ ਕਿਉ ਉਤਰੈ
ਕੋਈ ਕਢਹੁ ਇਹੁ ਵੀਚਾਰੁ ॥

ایہ کوُڑے کی ملُ کِءُ اُترے
کوئی کڈھہُ اِہُ ویچارُ ॥

ਸਤਿਗੁਰੁ ਮਿਲੈ ਤਾ ਨਾਮੁ ਦਿੜਾਏ
ਸਭਿ ਕਿਲਵਿਖ ਕਟਣਹਾਰੁ ॥

ستِگُرُ مِلے تا نامُ دِڑائے
سبھِ کِلوِکھ کٹنہارُ ॥

ਨਾਮੁ ਜਪੇ ਨਾਮੋ ਆਰਾਧੇ
ਤਿਸੁ ਜਨ ਕਉ ਕਰਹੁ ਸਭਿ ਨਮਸਕਾਰੁ ॥

نامُ جپے نامو آرادھے
تِسُ جن کءُ کرہُ سبھِ نمسکارُ ॥

ਮਲੁ ਕੂੜੀ ਨਾਮਿ ਉਤਾਰੀਅਨੁ
ਜਪਿ ਨਾਮੁ ਹੋਆ ਸਚਿਆਰੁ ॥

ملُ کوُڑی نامِ اُتارِیئنُ
جپِ نامُ ہویا سچِیارُ ॥

ਜਨ ਨਾਨਕ ਜਿਸ ਦੇ ਏਹਿ ਚਲਤ ਹਹਿ
ਸੋ ਜੀਵਉ ਦੇਵਣਹਾਰੁ ॥੨॥

جن نانک جِس دے ایہِ چلت ہہِ
سو جیِوءُ دیونہارُ ॥2॥

ਪਉੜੀ ॥

پئُڑی ॥

ਤੁਧੁ ਜੇਵਡੁ ਦਾਤਾ ਨਾਹਿ
ਕਿਸੁ ਆਖਿ ਸੁਣਾਈਐ ॥

تُدھُ جیوڈُ داتا ناہِ
کِسُ آکھِ سُنائیئے ۔ ॥

ਗੁਰ ਪਰਸਾਦੀ ਪਾਇ
ਜਿਥਹੁ ਹਉਮੈ ਜਾਈਐ ॥

گُر پرسادی پاءِ
جِتھہُ ہئمے جائیئے ॥

ਰਸ ਕਸ ਸਾਦਾ ਬਾਹਰਾ
ਸਚੀ ਵਡਿਆਈਐ ॥

رس کس سادا باہرا
سچی وڈِیائیئے ॥

ਜਿਸ ਨੋ ਬਖਸੇ ਤਿਸੁ ਦੇਇ
ਆਪਿ ਲਏ ਮਿਲਾਈਐ ॥

جِس نو بخشے تِسُ دےءِ
آپِ لے مِلائیئے ॥

ਘਟ ਅੰਤਰਿ ਅੰਮ੍ਰਿਤੁ ਰਖਿਓਨੁ
ਗੁਰਮੁਖਿ ਕਿਸੈ ਪਿਆਈ ॥੯॥

گھٹ انترِ انمرِت رکھِئونُ
گُرمُکھِ کِسے پِیائی ॥9॥

ਸਲੋਕ ਮਃ ੩ ॥

سلوک م: 3 ॥

ਬਾਬਾਣੀਆ ਕਹਾਣੀਆ
ਪੁਤ ਸਪੁਤ ਕਰੇਨਿ ॥

باباٹیا کہاٹیا
پُت سپُت کرینِ ॥

ਜਿ ਸਤਿਗੁਰ ਭਾਵੈ ਸੁ ਮੰਨਿ ਲੈਨਿ
ਸੇਈ ਕਰਮ ਕਰੇਨਿ ॥

جِ ستِگُر بھاوے سُ منّنِ لیَنِ
سیئی کرم کرینِ ॥

ਜਾਇ ਪੁਛਹੁ ਸਿਮ੍ਰਿਤਿ ਸਾਸਤ ਬਿਆਸ ਸੁਕ ਨਾਰਦ
ਬਚਨ ਸਭ ਸ੍ਰਿਸਟਿ ਕਰੇਨਿ ॥

جاءِ پُچھہُ سِمرِتِ ساست بِیاس سُک نارد
بچن سبھ سّرِسٹِ کرینِ ॥

ਸਚੈ ਲਾਏ ਸਚਿ ਲਗੇ
ਸਦਾ ਸਚੁ ਸਮਾਲੇਨਿ ॥

سچے لائے سچِ لگے
سدا سچُ سمالینِ ॥

ਨਾਨਕ ਆਏ ਸੇ ਪਰਵਾਣੁ ਭਏ
ਜਿ ਸਗਲੇ ਕੁਲ ਤਾਰੇਨਿ ॥੧॥

نانک آئے سے پرواںُ بھے
جِ سگلے کُل تارینِ ॥1॥

ਮਃ ੩ ॥

م: 3 ॥

ਗੁਰੂ ਜਿਨਾ ਕਾ ਅੰਧੁਲਾ
ਸਿਖ ਭੀ ਅੰਧੇ ਕਰਮ ਕਰੇਨਿ ॥

گُرو جِنا کا اندھُلا
سِکھ بھی اندھے کرم کرینِ ॥

ਓਇ ਭਾਣੈ ਚਲਨਿ ਆਪਣੈ
ਨਿਤ ਝੂਠੋ ਝੂਠੁ ਬੋਲੇਨਿ ॥

اوءِ بھاٹے چلنِ آپنے
نِت جھوُٹھو جھوُٹھُ بولینِ ॥

ਕੂੜੁ ਕੁਸਤੁ ਕਮਾਵਦੇ
ਪਰ ਨਿੰਦਾ ਸਦਾ ਕਰੇਨਿ ॥

کوُڑُ کُستُ کماودے
پر نِندا سدا کرینِ ॥

ਓਇ ਆਪਿ ਡੁਬੇ ਪਰ ਨਿੰਦਕਾ
ਸਗਲੇ ਕੁਲ ਡੋਬੇਨਿ ॥

اوءِ آپِ ڈُبے پر نِندکا
سگلے کُل ڈوبینِ ॥

ਨਾਨਕ ਜਿਤੁ ਓਇ ਲਾਏ ਤਿਤੁ ਲਗੇ
ਉਇ ਬਪੁੜੇ ਕਿਆ ਕਰੇਨਿ ॥੨॥

نانک جِتُ اوءِ لائے تِتُ لگے
اُءِ بپُڑے کِیا کرینِ ۔ ॥2॥

ਪਉੜੀ ॥

پئُڑی ॥

ਸਭ ਨਦਰੀ ਅੰਦਰਿ ਰਖਦਾ
ਜੇਤੀ ਸਿਸਟਿ ਸਭ ਕੀਤੀ ॥

سبھ ندری اندرِ رکھدا
جیتی سِسٹِ سبھ کِیتی ॥

ਇਕਿ ਕੂੜਿ ਕੁਸਤਿ ਲਾਇਅਨੁ
ਮਨਮੁਖ ਵਿਗੁਤੀ ॥

اِکِ کوُڑِ کُستِ لائینُ
منمُکھ وِگوُتی ॥

ਗੁਰਮੁਖਿ ਸਦਾ ਧਿਆਈਐ

گُرمُکھِ سدا دھیائیئے

ਅੰਦਰਿ ਹਰਿ ਪ੍ਰੀਤੀ ॥	اندرِ ہرِ پرِیتی ॥
ਜਿਨ ਕਉ ਪੋਤੈ ਪੁੰਨੁ ਹੈ ਤਿਨ੍ਹ ਵਾਤਿ ਸਿਪੀਤੀ ॥	جِن ک ءُ پوتے پُنّنُ ہے تِنّہ واتِ سِپیتی ॥
ਨਾਨਕ ਨਾਮੁ ਧਿਆਈਐ ਸਚੁ ਸਿਫਤਿ ਸਨਾਈ ॥੧੦॥	نانک نامُ دھیائیئے سچُ صِفتِ سنائی ॥ 10 ॥
ਸਲੋਕੁ ਮਃ ੧ ॥	سلوکُ م: 1 ॥
ਸਤੀ ਪਾਪੁ ਕਰਿ ਸਤੁ ਕਮਾਹਿ ॥	ستی پاپُ کرِ ست کماہِ ॥
ਗੁਰ ਦੀਖਿਆ ਘਰਿ ਦੇਵਣ ਜਾਹਿ ॥	گُر دیکھیا گھرِ دیونْ جاہِ ॥
ਇਸਤਰੀ ਪੁਰਖੈ ਖਟਿਐ ਭਾਉ ॥	اِستری پُرکھے کھٹیئے بھاءُ ॥
ਭਾਵੈ ਆਵਉ ਭਾਵੈ ਜਾਉ ॥	بھاوے آوءُ بھاوے جاءُ ॥
ਸਾਸਤੁ ਬੇਦੁ ਨ ਮਾਨੈ ਕੋਇ ॥	ساست بیدُ ن مانے کوءِ ॥
ਆਪੋ ਆਪੈ ਪੂਜਾ ਹੋਇ ॥	آپو آپے پُوجا ہوءِ ॥
ਕਾਜੀ ਹੋਇ ਕੈ ਬਹੈ ਨਿਆਇ ॥	قاضی ہوءِ کے بہے نیاءِ ॥
ਫੇਰੇ ਤਸਬੀ ਕਰੇ ਖੁਦਾਇ ॥	پھیرے تسبی کرے خُداءِ ॥
ਵਡੀ ਲੈ ਕੈ ਹਕੁ ਗਵਾਏ ॥	وڈی لے کے حق گوائے ॥
ਜੇ ਕੋ ਪੁਛੈ ਤਾ ਪੜਿ ਸੁਣਾਏ ॥	جے کو پُچھے تا پڑِ سُٹائے ॥
ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ ॥	تُرک منّتر کنِ رِدے سماہِ ॥
ਲੋਕ ਮੁਹਾਵਹਿ ਚਾੜੀ ਖਾਹਿ ॥	لوک مُہاوہِ چاڑی کھاہِ ॥
ਚਉਕਾ ਦੇ ਕੈ ਸੁਚਾ ਹੋਇ ॥	چئکا دے کے سُچا ہوءِ ॥
ਐਸਾ ਹਿੰਦੂ ਵੇਖਹੁ ਕੋਇ ॥	ایَسا ہِندُ ویکھہُ کوءِ ॥
ਜੋਗੀ ਗਿਰਹੀ ਜਟਾ ਬਿਭੂਤ ॥	جوگی گِرہی جٹا بِبھوت ॥
ਆਗੈ ਪਾਛੈ ਰੋਵਹਿ ਪੂਤ ॥	آگے پاچھے روہِ پوُت ॥
ਜੋਗੁ ਨ ਪਾਇਆ ਜੁਗਤਿ ਗਵਾਈ ॥	جوگُ ن پائیا جُگتِ گوائی ॥

ਕਿਤੁ ਕਾਰਣਿ ਸਿਰਿ ਛਾਈ ਪਾਈ ॥	کِتُ کارنِ سِرِ چھائی پائی ۔ ॥
ਨਾਨਕ ਕਲਿ ਕਾ ਏਹੁ ਪਰਵਾਣੁ ॥	نانک کلِ کا ایہُ پرواۃُ ॥
ਆਪੇ ਆਖਣੁ ਆਪੇ ਜਾਣੁ ॥੧॥	آپے آکھنُ آپے جانُ ॥1॥
ਮਃ ੧ ॥	م: 1 ॥
ਹਿੰਦੂ ਕੈ ਘਰਿ ਹਿੰਦੂ ਆਵੈ ॥	ہِندُو کے گھرِ ہِندُو آوے ॥
ਸੂਤੁ ਜਨੇਊ ਪੜਿ ਗਲਿ ਪਾਵੈ ॥	سوُتُ جنیئوُ پڑِ گلِ پاوے ॥
ਸੂਤੁ ਪਾਇ ਕਰੇ ਬੁਰਿਆਈ ॥	سوُتُ پاءِ کرے بُریائی ॥
ਨਾਤਾ ਧੋਤਾ ਥਾਇ ਨ ਪਾਈ ॥	ناتا دھوتا تھاءِ ن پائی ॥
ਮੁਸਲਮਾਨੁ ਕਰੇ ਵਡਿਆਈ ॥	مُسلمانُ کرے وڈِیائی ॥
ਵਿਣੁ ਗੁਰ ਪੀਰੈ ਕੋ ਥਾਇ ਨ ਪਾਈ ॥	وِنُ گُر پیِرے کو تھاءِ ن پائی ॥
ਰਾਹੁ ਦਸਾਇ ਓਥੈ ਕੋ ਜਾਇ ॥	راہُ دساءِ اوتھے کو جاءِ ॥
ਕਰਣੀ ਬਾਝਹੁ ਭਿਸਤਿ ਨ ਪਾਇ ॥	کرنُی باجھہُ بھِستِ ن پاءِ ॥
ਜੋਗੀ ਕੈ ਘਰਿ ਜੁਗਤਿ ਦਸਾਈ ॥	جوگی کے گھرِ جُگتِ دسائی ॥
ਤਿਤੁ ਕਾਰਣਿ ਕਨਿ ਮੁੰਦ੍ਰਾ ਪਾਈ ॥	تِتُ کارنِ کنِ مُندّرا پائی ॥
ਮੁੰਦ੍ਰਾ ਪਾਇ ਫਿਰੈ ਸੰਸਾਰਿ ॥	مُندّرا پاءِ پھِرے سنسارِ ॥
ਜਿਥੈ ਕਿਥੈ ਸਿਰਜਣਹਾਰੁ ॥	جِتھے کِتھے سِرجنہارُ ॥
ਜੇਤੇ ਜੀਅ ਤੇਤੇ ਵਾਟਾਊ ॥	جیتے جیء تیتے واٹائوُ ॥
ਚੀਰੀ ਆਈ ਢਿਲ ਨ ਕਾਊ ॥	چیِری آئی ڈھِل ن کائوُ ॥
ਏਥੈ ਜਾਣੈ ਸੁ ਜਾਇ ਸਿਵਾਣੈ ॥	ایتھے جانے سُ جاءِ سِجانے ॥
ਹੋਰੁ ਫਕੜੁ ਹਿੰਦੂ ਮੁਸਲਮਾਣੈ ॥	ہورُ پھکڑُ ہِندُو مُسلمانے ॥
ਸਭਨਾ ਕਾ ਦਰਿ ਲੇਖਾ ਹੋਇ ॥	سبھنا کا درِ لیکھا ہوءِ ॥
ਕਰਣੀ ਬਾਝਹੁ ਤਰੈ ਨ ਕੋਇ ॥	کرنُی باجھہُ ترے ن کوءِ ॥

ਸਚੋ ਸਚੁ ਵਖਾਣੈ ਕੋਇ ॥	سچو سچُ وکھانےَ کوءِ ॥
ਨਾਨਕ ਅਗੈ ਪੁਛ ਨ ਹੋਇ ॥੨॥	نانک اگےَ پُچھ ن ہوءِ ॥2॥
ਪਉੜੀ ॥	پئُڑی ॥
ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥	ہرِ کا منّدرُ آکھیےَ کائیا کوٹُ گڑُ ॥
ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥	انّدرِ لال جویہری گُرمُکھِ ہرِ نامُ پڑُ ॥
ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥	ہرِ کا منّدرُ سریرُ اتِ سوہٹا ہرِ ہرِ نامُ دِڑُ ॥
ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ ॥	منمُکھ آپِ کھُیائیَنُ مائیا موہ نِت کڑُ ॥
ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ ॥੧੧॥	سبھنا صاحِبُ ایکُ ہےَ پُورےَ بھاگِ پائیا جائی ॥ 11 ॥
ਸਲੋਕ ਮਃ ੧ ॥	سلوک م: 1 ॥
ਨਾ ਸਤਿ ਦੁਖੀਆ ਨਾ ਸਤਿ ਸੁਖੀਆ ਨਾ ਸਤਿ ਪਾਣੀ ਜੰਤ ਫਿਰਹਿ ॥	نا ستِ دُکھِیا نا ستِ سُکھِیا نا ستِ پانٹی جنّت پھِرہِ ॥
ਨਾ ਸਤਿ ਮੂੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ ॥	نا ستِ مونّڈ مُڈائی کیسی نا ستِ پڑیا دیس پھِرہِ ॥
ਨਾ ਸਤਿ ਰੁਖੀ ਬਿਰਖੀ ਪਥਰ ਆਪੁ ਤਛਾਵਹਿ ਦੁਖ ਸਹਹਿ ॥	نا ستِ رُکھی بِرکھی پتھر آپُ تچھاوہِ دُکھ سہہِ ॥
ਨਾ ਸਤਿ ਹਸਤੀ ਬਧੇ ਸੰਗਲ ਨਾ ਸਤਿ ਗਾਈ ਘਾਹੁ ਚਰਹਿ ॥	نا ستِ ہستی بدھے سنّگل نا ستِ گائی گھاہُ چرہِ ॥
ਜਿਸੁ ਹਥਿ ਸਿਧਿ ਦੇਵੈ ਜੇ ਸੋਈ ਜਿਸ ਨੋ ਦੇਇ ਤਿਸੁ ਆਇ ਮਿਲੈ ॥	جِسُ ہتھِ سِدھِ دیوےَ جے سوئی جِس نو دےءِ تِس آءِ مِلےَ ॥
ਨਾਨਕ ਤਾ ਕਉ ਮਿਲੈ ਵਡਾਈ	نانک تا کءُ مِلےَ وڈائی

ਜਿਸੁ ਘਟ ਭੀਤਰਿ ਸਬਦੁ ਰਵੈ ॥

جِسُ گھٹ بھیترِ سبدُ روے ॥

ਸਭਿ ਘਟ ਮੇਰੇ ਹਉ ਸਭਨਾ ਅੰਦਰਿ
ਜਿਸਹਿ ਖੁਆਈ ਤਿਸੁ ਕਉਣੁ ਕਹੈ ॥

سبھِ گھٹ میرے ہءُ سبھنا انّدرِ
جِسہِ کھُیائی تِس کنُ کہے ۔ ॥

ਜਿਸਹਿ ਦਿਖਾਲਾ ਵਾਟੜੀ
ਤਿਸਹਿ ਭੁਲਾਵੈ ਕਉਣੁ ॥

جِسہِ دِکھالا واٹڑی
تِسہِ بھُلاوے کنُ ۔ ॥

ਜਿਸਹਿ ਭੁਲਾਈ ਪੰਧ ਸਿਰਿ
ਤਿਸਹਿ ਦਿਖਾਵੈ ਕਉਣੁ ॥੧॥

جِسہِ بھُلائی پنّدھ سِرِ
تِسہِ دِکھاوے کنُ ۔ ॥1॥

ਮਃ ੧ ॥

م: 1 ॥

ਸੋ ਗਿਰਹੀ ਜੋ ਨਿਗ੍ਰਹੁ ਕਰੈ ॥

سو گِرہی جو نِگّرہُ کرے ॥

ਜਪੁ ਤਪੁ ਸੰਜਮੁ ਭੀਖਿਆ ਕਰੈ ॥

جپُ تپُ سنّجمُ بھِیکھیا کرے ॥

ਪੁੰਨ ਦਾਨ ਕਾ ਕਰੇ ਸਰੀਰੁ ॥

پُنّن دان کا کرے سریرُ ॥

ਸੋ ਗਿਰਹੀ ਗੰਗਾ ਕਾ ਨੀਰੁ ॥

سو گِرہی گنگا کا نیرُ ॥

ਬੋਲੈ ਈਸਰੁ ਸਤਿ ਸਰੂਪੁ ॥

بولے ایسرُ ستِ سروُپُ ॥

ਪਰਮ ਤੰਤ ਮਹਿ ਰੇਖ ਨ ਰੂਪੁ ॥੨॥

پرم تنّت مہِ ریکھ ن روُپُ ॥2॥

ਮਃ ੧ ॥

م: 1 ॥

ਸੋ ਅਉਧੂਤੀ ਜੋ ਧੂਪੈ ਆਪੁ ॥

سو انُدھوُتی جو دھوُپے آپُ ॥

ਭਿਖਿਆ ਭੋਜਨੁ ਕਰੈ ਸੰਤਾਪੁ ॥

بھِکھیا بھوجنُ کرے سنّتاپُ ॥

ਅਉਹਠ ਪਟਣ ਮਹਿ
ਭੀਖਿਆ ਕਰੈ ॥

اُہٹھ پٹّن مہِ
بھِیکھیا کرے ॥

ਸੋ ਅਉਧੂਤੀ ਸਿਵ ਪੁਰਿ ਚੜੈ ॥

سو انُدھوُتی سِو پُر چڑے ॥

ਬੋਲੈ ਗੋਰਖੁ ਸਤਿ ਸਰੂਪੁ ॥

بولے گورکھُ ستِ سروُپُ ॥

ਪਰਮ ਤੰਤ ਮਹਿ ਰੇਖ ਨ ਰੂਪੁ ॥੩॥

پرم تنّت مہِ ریکھ ن روُپُ ॥3॥

ਮਃ ੧ ॥

م: 1 ॥

ਸੋ ਉਦਾਸੀ ਜਿ ਪਾਲੇ ਉਦਾਸੁ ॥	سو اُداسی جِ پالے اُداسُ ॥
ਅਰਧ ਉਰਧ ਕਰੇ ਨਿਰੰਜਨ ਵਾਸੁ ॥	اردھ اُردھ کرے نِرنجن واسُ ॥
ਚੰਦ ਸੂਰਜ ਕੀ ਪਾਏ ਗੰਢਿ ॥	چنّد سوُرج کی پائے گنڈھِ ॥
ਤਿਸੁ ਉਦਾਸੀ ਕਾ ਪੜੈ ਨ ਕੰਧੁ ॥	تِسُ اُداسی کا پڑے ن کنّدھُ ॥
ਬੋਲੈ ਗੋਪੀ ਚੰਦੁ ਸਤਿ ਸਰੂਪੁ ॥	بولے گوپی چنّدُ ستِ سروُپُ ॥
ਪਰਮ ਤੰਤ ਮਹਿ ਰੇਖ ਨ ਰੂਪੁ ॥੪॥	پرم تنّت مہِ ریکھ ن روُپُ ॥4॥
ਮਃ ੧ ॥	م: 1 ॥
ਸੋ ਪਾਖੰਡੀ ਜਿ ਕਾਇਆ ਪਖਾਲੇ ॥	سو پاکھنّڈی جِ کائیا پکھالے ॥
ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ ॥	کائیا کی اگنِ برہمُ پرجالے ॥
ਸੁਪਨੈ ਬਿੰਦੁ ਨ ਦੇਈ ਝਰਣਾ ॥	سُپنے بِنّدُ ن دیئی جھرٹا ॥
ਤਿਸੁ ਪਾਖੰਡੀ ਜਰਾ ਨ ਮਰਣਾ ॥	تِس پاکھنّڈی جرا ن مرٹا ॥
ਬੋਲੈ ਚਰਪਟੁ ਸਤਿ ਸਰੂਪੁ ॥	بولے چرپٹُ ستِ سروُپُ ॥
ਪਰਮ ਤੰਤ ਮਹਿ ਰੇਖ ਨ ਰੂਪੁ ॥੫॥	پرم تنّت مہِ ریکھ ن روُپُ ॥5॥
ਮਃ ੧ ॥	م: 1 ॥
ਸੋ ਬੈਰਾਗੀ ਜਿ ਉਲਟੇ ਬ੍ਰਹਮੁ ॥	سو بیَراگی جِ اُلٹے برہمُ ॥
ਗਗਨ ਮੰਡਲ ਮਹਿ ਰੋਪੈ ਥੰਮੁ ॥	گگن منّڈل مہِ روپے تھنّمُ ॥
ਅਹਿਨਿਸਿ ਅੰਤਰਿ ਰਹੈ ਧਿਆਨਿ ॥	اہِنِس انّترِ رہے دھیانِ ॥
ਤੇ ਬੈਰਾਗੀ ਸਤ ਸਮਾਨਿ ॥	تے بیَراگی ست سمانِ ॥
ਬੋਲੈ ਭਰਥਰਿ ਸਤਿ ਸਰੂਪੁ ॥	بولے بھرتھرِ ستِ سروُپُ ॥
ਪਰਮ ਤੰਤ ਮਹਿ ਰੇਖ ਨ ਰੂਪੁ ॥੬॥	پرم تنّت مہِ ریکھ ن روُپُ ॥6॥
ਮਃ ੧ ॥	م: 1 ॥
ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ ॥	کِءُ مرے منّدا کِءُ جیوے جُگتِ ۔ ॥

ਕੰਨ ਪੜਾਇ ਕਿਆ ਖਾਜੈ ਭੁਗਤਿ ॥	کنّن پڑاءِ کِیا کھاجےَ بھُگتِ ۔ ॥
ਆਸਤਿ ਨਾਸਤਿ ਏਕੋ ਨਾਉ ॥	آستِ ناستِ ایکو ناءُ ॥
ਕਉਣੁ ਸੁ ਅਖਰੁ ਜਿਤੁ ਰਹੈ ਹਿਆਉ ॥	کئُنُ سُ اکھرُ جِتُ رہےَ ہِیاءُ ॥
ਧੂਪ ਛਾਵ ਜੇ ਸਮ ਕਰਿ ਸਹੈ ॥	دھوُپ چھاو جے سم کرِ سہےَ ॥
ਤਾ ਨਾਨਕੁ ਆਖੈ ਗੁਰੁ ਕੋ ਕਹੈ ॥	تا نانکُ آکھےَ گُرُ کو کہےَ ॥
ਛਿਅ ਵਰਤਾਰੇ ਵਰਤਹਿ ਪੂਤ ॥	چھِء ورتارے ورتہِ پوُت ॥
ਨਾ ਸੰਸਾਰੀ ਨਾ ਅਉਧੂਤ ॥	نا سنّساری نا ائدھوُت ॥
ਨਿਰੰਕਾਰਿ ਜੋ ਰਹੈ ਸਮਾਇ ॥	نِرنّکارِ جو رہےَ سماءِ ॥
ਕਾਹੇ ਭੀਖਿਆ ਮੰਗਣਿ ਜਾਇ ॥੭॥	کاہے بھیکھیا منگنِ جاءِ ۔ ॥7॥
ਪਉੜੀ ॥	پئُڑی ॥
ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥	ہرِ منّدرُ سوئی آکھیےَ جِتھہُ ہرِ جاتا ॥
ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ ॥	مانس دیہ گُر بچنی پائیا سبھُ آتم رامُ پچھاتا ॥
ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥	باہرِ موُلِ ن کھوجیےَ گھر ماہِ بِدھاتا ॥
ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥	منمُکھ ہرِ منّدر کی سار ن جانّنی تِنی جنمُ گواتا ॥
ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ ॥੧੨॥	سبھ مہِ اِکُ ورتدا گُر سبدی پائیا جائی ॥ 12 ॥
ਸਲੋਕ ਮਃ ੩ ॥	سلوک م: 3 ॥
ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ ॥	موُرکھُ ہووےَ سو سُنّے موُرکھ کا کہنّا ॥
ਮੂਰਖ ਕੇ ਕਿਆ ਲਖਣ ਹੈ ਕਿਆ ਮੂਰਖ ਕਾ ਕਰਣਾ ॥	موُرکھ کے کِیا لکھنّ ہےَ کِیا موُرکھ کا کرنّا ۔ ॥

ਮੂਰਖੁ ਓਹੁ ਜਿ ਮੁਗਧੁ ਹੈ
ਅਹੰਕਾਰੇ ਮਰਣਾ ॥

مُورکھُ اوہُ جِ مُگدھُ ہے
اہنکارے مرنا ॥

ਏਤੁ ਕਮਾਣੈ ਸਦਾ ਦੁਖੁ
ਦੁਖ ਹੀ ਮਹਿ ਰਹਣਾ ॥

ایتُ کمانے سدا دُکھُ
دُکھ ہی مہِ رہنا ॥

ਅਤਿ ਪਿਆਰਾ ਪਵੈ ਖੂਹਿ
ਕਿਹੁ ਸੰਜਮੁ ਕਰਣਾ ॥

اتِ پیارا پوے کھوُہِ
کِہُ سنجمُ کرنا ॥

ਗੁਰਮੁਖਿ ਹੋਇ ਸੁ ਕਰੇ ਵੀਚਾਰੁ
ਓਸੁ ਅਲਿਪਤੋ ਰਹਣਾ ॥

گُرمُکھِ ہوءِ سُ کرے ویچارُ
اوسُ الپتو رہنا ॥

ਹਰਿ ਨਾਮੁ ਜਪੈ ਆਪਿ ਉਧਰੈ
ਓਸੁ ਪਿਛੈ ਡੁਬਦੇ ਭੀ ਤਰਣਾ ॥

ہرِ نامُ جپے آپِ اُدھرے
اوسُ پچھے ڈُبدے بھی ترنا ॥

ਨਾਨਕ ਜੋ ਤਿਸੁ ਭਾਵੈ ਸੋ ਕਰੇ
ਜੋ ਦੇਇ ਸੁ ਸਹਣਾ ॥੧॥

نانک جو تِسُ بھاوے سو کرے
جو دےءِ سُ سہنا ॥1॥

ਮਃ ੧ ॥

م: 1 ॥

ਨਾਨਕੁ ਆਖੈ ਰੇ ਮਨਾ
ਸੁਣੀਐ ਸਿਖ ਸਹੀ ॥

نانکُ آکھے رے منا
سُنیئے سِکھ صہی ॥

ਲੇਖਾ ਰਬੁ ਮੰਗੇਸੀਆ
ਬੈਠਾ ਕਢਿ ਵਹੀ ॥

لیکھا ربُ منگیسیا
بیٹھا کڈھِ وہی ॥

ਤਲਬਾ ਪਉਸਨਿ ਆਕੀਆ
ਬਾਕੀ ਜਿਨਾ ਰਹੀ ॥

تلبا پُسنِ یاقیا
باکی جِنا رہی ॥

ਅਜਰਾਈਲੁ ਫਰੇਸਤਾ
ਹੋਸੀ ਆਇ ਤਈ ॥

عزرائیلُ فریشتا
ہوسی آءِ تئی ॥

ਆਵਣੁ ਜਾਣੁ ਨ ਸੁਝਈ
ਭੀੜੀ ਗਲੀ ਫਹੀ ॥

آونُ جانُ ن سُجھئی
بھیڑی گلی پھہی ॥

ਕੂੜ ਨਿਖੁਟੇ ਨਾਨਕਾ
ਓੜਕਿ ਸਚਿ ਰਹੀ ॥੨॥

کوُڑ نِکھُٹے نانکا
اوڑکِ سچِ رہی ॥2॥

ਪਉੜੀ ॥	پئڑی ॥
ਹਰਿ ਕਾ ਸਭੁ ਸਰੀਰੁ ਹੈ ਹਰਿ ਰਵਿ ਰਹਿਆ ਸਭੁ ਆਪੈ ॥	ہرِ کا سبھُ سریرُ ہے ہرِ روِ رہِیا سبھُ آپے ॥
ਹਰਿ ਕੀ ਕੀਮਤਿ ਨ ਪਵੈ ਕਿਛੁ ਕਹਣੁ ਨ ਜਾਪੈ ॥	ہرِ کی قِیمتِ ن پوے کِچھُ کہنُ ن جاپے ॥
ਗੁਰ ਪਰਸਾਦੀ ਸਾਲਾਹੀਐ ਹਰਿ ਭਗਤੀ ਰਾਪੈ ॥	گُر پرسادی سالاحیئے ہرِ بھگتی راپے ॥
ਸਭੁ ਮਨੁ ਤਨੁ ਹਰਿਆ ਹੋਇਆ ਅਹੰਕਾਰੁ ਗਵਾਪੈ ॥	سبھُ منُ تنُ ہریا ہوئیا اہنکارُ گواپے ॥
ਸਭੁ ਕਿਛੁ ਹਰਿ ਕਾ ਖੇਲੁ ਹੈ ਗੁਰਮੁਖਿ ਕਿਸੈ ਬੁਝਾਈ ॥੧੩॥	سبھُ کِچھُ ہرِ کا کھیلُ ہے گُرمُکھِ کِسے بُجھائی ॥ 13 ॥
ਸਲੋਕੁ ਮਃ ੧ ॥	سلوکُ م: 1 ॥
ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥	سہنسر دان دے اِندّر رویائیا ॥
ਪਰਸ ਰਾਮੁ ਰੋਵੈ ਘਰਿ ਆਇਆ ॥	پرس رامُ رووے گھرِ آئیا ॥
ਅਜੈ ਸੁ ਰੋਵੈ ਭੀਖਿਆ ਖਾਇ ॥	اجے سُ رووے بھیکھیا کھاءِ ॥
ਐਸੀ ਦਰਗਹ ਮਿਲੈ ਸਜਾਇ ॥	ایَسی درگہ مِلے سزاءِ ॥
ਰੋਵੈ ਰਾਮੁ ਨਿਕਾਲਾ ਭਇਆ ॥	رووے رامُ نِکالا بھئیا ॥
ਸੀਤਾ ਲਖਮਣੁ ਵਿਛੁੜਿ ਗਇਆ ॥	سِیتا لکھمنُ وِچھُڑِ گئیا ॥
ਰੋਵੈ ਦਹਸਿਰੁ ਲੰਕ ਗਵਾਇ ॥	رووے دہسِرُ لنک گواءِ ॥
ਜਿਨਿ ਸੀਤਾ ਆਦੀ ਡਉਰੂ ਵਾਇ ॥	جِنِ سِیتا آدی ڈُرُو واءِ ॥
ਰੋਵਹਿ ਪਾਂਡਹ ਭਏ ਮਜੂਰ ॥	رووہِ پانڈہ بھئے مزوُر ॥
ਜਿਨ ਕੈ ਸੁਆਮੀ ਰਹਤ ਹਦੂਰਿ ॥	جِن کے سُیامی رہت حدوُرِ ॥
ਰੋਵੈ ਜਨਮੇਜਾ ਖੁਇ ਗਇਆ ॥	رووے جنمیجا کھُءِ گئیا ॥

ਏਕੀ ਕਾਰਣਿ ਪਾਪੀ ਭਇਆ ॥	ایکی کارنِ پاپی بھئیا ॥
ਰੋਵਹਿ ਸੇਖ ਮਸਾਇਕ ਪੀਰ ॥	روہِ سیکھ مشائِک پیر ॥
ਅੰਤਿ ਕਾਲਿ ਮਤੁ ਲਾਗੈ ਭੀੜ ॥	انّتِ کالِ مت لاگے بھیڑ ॥
ਰੋਵਹਿ ਰਾਜੇ ਕੰਨ ਪੜਾਇ ॥	روہِ راجے کنّن پڑاءِ ॥
ਘਰਿ ਘਰਿ ਮਾਗਹਿ ਭੀਖਿਆ ਜਾਇ ॥	گھرِ گھرِ ماگہِ بھیکھیا جاءِ ॥
ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥	روہِ کِرپن سنچّہِ دھنُ جاءِ ॥
ਪੰਡਿਤ ਰੋਵਹਿ ਗਿਆਨੁ ਗਵਾਇ ॥	پنڈِت روہِ گیانُ گواءِ ॥
ਬਾਲੀ ਰੋਵੈ ਨਾਹਿ ਭਤਾਰੁ ॥	بالی رووے ناہِ بھتارُ ॥
ਨਾਨਕ ਦੁਖੀਆ ਸਭੁ ਸੰਸਾਰੁ ॥	نانک دُکھیا سبھُ سنّسارُ ॥
ਮੰਨੇ ਨਾਉ ਸੋਈ ਜਿਣਿ ਜਾਇ ॥	منّنے ناءُ سوئی جِتِ جاءِ ॥
ਅਉਰੀ ਕਰਮ ਨ ਲੇਖੈ ਲਾਇ ॥੧॥	اُری کرم ن لیکھے لاءِ ॥1॥
ਮਃ ੨ ॥	م: 2 ॥
ਜਪੁ ਤਪੁ ਸਭੁ ਕਿਛੁ ਮੰਨਿਐ ਅਵਰਿ ਕਾਰਾ ਸਭਿ ਬਾਦਿ ॥	جپُ تپُ سبھُ کچھُ منّئے اورِ کارا سبھِ بادِ ॥
ਨਾਨਕ ਮੰਨਿਆ ਮੰਨੀਐ ਬੁਝੀਐ ਗੁਰ ਪਰਸਾਦਿ ॥੨॥	نانک منّیا منّیئے بُجھیئے گُر پرسادِ ॥2॥
ਪਉੜੀ ॥	پئڑی ॥
ਕਾਇਆ ਹੰਸੁ ਧੁਰਿ ਮੇਲੁ ਕਰਤੈ ਲਿਖਿ ਪਾਇਆ ॥	کائیا ہنّس دھُرِ میلُ کرتے لِکھِ پائیا ॥
ਸਭ ਮਹਿ ਗੁਪਤੁ ਵਰਤਦਾ ਗੁਰਮੁਖਿ ਪ੍ਰਗਟਾਇਆ ॥	سبھ مہِ گُپتُ ورتدا گُرمُکھِ پرگٹائیا ॥
ਗੁਣ ਗਾਵੈ ਗੁਣ ਉਚਰੈ ਗੁਣ ਮਾਹਿ ਸਮਾਇਆ ॥	گُنّ گاوے گُنّ اُچرے گُنّ ماہِ سمائیا ॥
ਸਚੀ ਬਾਣੀ ਸਚੁ ਹੈ	سچی بانّی سچُ ہے

ਸਚੁ ਮੇਲਿ ਮਿਲਾਇਆ ॥

سچُ میلِ مِلائیا ॥

ਸਭੁ ਕਿਛੁ ਆਪੇ ਆਪਿ ਹੈ
ਆਪੇ ਦੇਇ ਵਡਿਆਈ ॥੧੪॥

سبھُ کِچھُ آپے آپِ ہے
آپے دےءِ وڈِیائی ॥ 14 ॥

ਸਲੋਕ ਮਃ ੨ ॥

سلوک م: 2 ॥

ਨਾਨਕ ਅੰਧਾ ਹੋਇ ਕੈ
ਰਤਨਾ ਪਰਖਣ ਜਾਇ ॥

نانک انّدھا ہوءِ کے
رتنا پرکھنْ جاءِ ॥

ਰਤਨਾ ਸਾਰ ਨ ਜਾਣਈ
ਆਵੈ ਆਪੁ ਲਖਾਇ ॥੧॥

رتنا سار ن جانْئی
آوے آپُ لکھاءِ ॥ 1 ॥

ਮਃ ੨ ॥

م: 2 ॥

ਰਤਨਾ ਕੇਰੀ ਗੁਥਲੀ
ਰਤਨੀ ਖੋਲੀ ਆਇ ॥

رتنا کیری گُتھلی
رتنی کھولی آءِ ॥

ਵਖਰ ਤੈ ਵਣਜਾਰਿਆ
ਦੁਹਾ ਰਹੀ ਸਮਾਇ ॥

وکھر تے ونْجارِیا
دُہا رہی سماءِ ॥

ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ ॥

جِن گُنُ پلےَ نانکا ماٹک ونْجہِ سےءِ ॥

ਰਤਨਾ ਸਾਰ ਨ ਜਾਣਨੀ
ਅੰਧੇ ਵਤਹਿ ਲੋਇ ॥੨॥

رتنا سار ن جانْئی
انّدھے وتہِ لوءِ ॥ 2 ॥

ਪਉੜੀ ॥

پئُڑی ॥

ਨਉ ਦਰਵਾਜੇ ਕਾਇਆ ਕੋਟੁ ਹੈ
ਦਸਵੈ ਗੁਪਤੁ ਰਖੀਜੈ ॥

ن ءُ دروازے کائِیا کوٹُ ہے
دسوےَ گُپتُ رکھِیجےَ ॥

ਬਜਰ ਕਪਾਟ ਨ ਖੁਲਨੀ
ਗੁਰ ਸਬਦਿ ਖੁਲੀਜੈ ॥

بجر کپاٹ ن کھُلنی
گُر سبدِ کھُلیجےَ ॥

ਅਨਹਦ ਵਾਜੇ ਧੁਨਿ ਵਜਦੇ
ਗੁਰ ਸਬਦਿ ਸੁਣੀਜੈ ॥

انہد واجے دھُنِ وجدے
گُر سبدِ سُنْیجےَ ॥

ਤਿਤੁ ਘਟ ਅੰਤਰਿ ਚਾਨਣਾ
ਕਰਿ ਭਗਤਿ ਮਿਲੀਜੈ ॥

تِتُ گھٹ انترِ چانْنا
کرِ بھگتِ مِلیجےَ ॥

ਸਭ ਮਹਿ ਏਕੁ ਵਰਤਦਾ
ਜਿਨਿ ਆਪੇ ਰਚਨ ਰਚਾਈ ॥੧੫॥

سبھ مہِ ایکُ ورتدا
جِنِ آپے رچن رچائی ॥ 15 ॥

ਸਲੋਕ ਮਃ ੨ ॥

سلوک م: 2 ॥

ਅੰਧੇ ਕੈ ਰਾਹਿ ਦਸਿਐ
ਅੰਧਾ ਹੋਇ ਸੁ ਜਾਇ ॥

انّدھے کے راہِ دسِئے
انّدھا ہوءِ سُ جاءِ ॥

ਹੋਇ ਸੁਜਾਖਾ ਨਾਨਕਾ
ਸੋ ਕਿਉ ਉਝੜਿ ਪਾਇ ॥

ہوءِ سُجاکھا نانکا
سو کِءُ اُجھڑِ پاءِ ۔ ॥

ਅੰਧੇ ਏਹਿ ਨ ਆਖੀਅਨਿ
ਜਿਨ ਮੁਖਿ ਲੋਇਣ ਨਾਹਿ ॥

انّدھے ایہِ ن آکھیئنِ
جِن مُکھِ لوئِنْ ناہِ ॥

ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥੧॥

انّدھے سیئی نانکا خصمہُ گھُتھے جاہِ ॥ 1 ॥

ਮਃ ੨ ॥

م: 2 ॥

ਸਾਹਿਬਿ ਅੰਧਾ ਜੋ ਕੀਆ
ਕਰੇ ਸੁਜਾਖਾ ਹੋਇ ॥

صاحِبِ انّدھا جو کِیا
کرے سُجاکھا ہوءِ ॥

ਜੇਹਾ ਜਾਣੈ ਤੇਹੋ ਵਰਤੈ
ਜੇ ਸਉ ਆਖੈ ਕੋਇ ॥

جیہا جانْے تیہو ورتے
جے س ءُ آکھے کوءِ ॥

ਜਿਥੈ ਸੁ ਵਸਤੁ ਨ ਜਾਪਈ
ਆਪੇ ਵਰਤਉ ਜਾਣਿ ॥

جِتھے سُ وستُ ن جاپئی
آپے ورت ءُ جانْ ॥

ਨਾਨਕ ਗਾਹਕੁ ਕਿਉ ਲਏ
ਸਕੈ ਨ ਵਸਤੁ ਪਛਾਣਿ ॥੨॥

نانک گاہکُ کِءُ لے
سکے ن وستُ پچھانْ ॥ 2 ॥

ਮਃ ੨ ॥

م: 2 ॥

ਸੋ ਕਿਉ ਅੰਧਾ ਆਖੀਐ
ਜਿ ਹੁਕਮੁਹ ਅੰਧਾ ਹੋਇ ॥

سو کِءُ انّدھا آکھیئے
جِ حُکمُہ انّدھا ہوءِ ॥

ਨਾਨਕ ਹੁਕਮੁ ਨ ਬੁਝਈ
ਅੰਧਾ ਕਹੀਐ ਸੋਇ ॥੩॥

نانک حُکمُ ن بُجھئی
انّدھا کہیئے سوءِ ॥ 3 ॥

ਪਉੜੀ ॥

پئڑی ॥

ਕਾਇਆ ਅੰਦਰਿ ਗੜੁ ਕੋਟੁ ਹੈ
ਸਭਿ ਦਿਸੰਤਰ ਦੇਸਾ ॥

کائیا اندّرِ گڑُ کوٹُ ہے
سبھِ دِسنّتر دیسا ॥

ਆਪੇ ਤਾੜੀ ਲਾਈਅਨੁ
ਸਭ ਮਹਿ ਪਰਵੇਸਾ ॥

آپے تاڑی لائیئنُ
سبھ مہِ پرویسا ॥

ਆਪੇ ਸ੍ਰਿਸਟਿ ਸਾਜੀਅਨੁ
ਆਪਿ ਗੁਪਤੁ ਰਖੇਸਾ ॥

آپے سّرِسٹِ ساجیئنُ
آپِ گُپتُ رکھیسا ॥

ਗੁਰ ਸੇਵਾ ਤੇ ਜਾਣਿਆ
ਸਚੁ ਪਰਗਟੀਏਸਾ ॥

گُر سیوا تے جاٹیا
سچُ پرگٹیئیسا ॥

ਸਭੁ ਕਿਛੁ ਸਚੋ ਸਚੁ ਹੈ
ਗੁਰਿ ਸੋਝੀ ਪਾਈ ॥੧੬॥

سبھُ کچھُ سچو سچُ ہے
گُرِ سوجھی پائی ॥ 16 ॥

ਸਲੋਕ ਮਃ ੧ ॥

سلوک م: 1 ॥

ਸਾਵਣੁ ਰਾਤਿ ਅਹਾੜੁ ਦਿਹੁ
ਕਾਮੁ ਕ੍ਰੋਧੁ ਦੁਇ ਖੇਤ ॥

ساونُ راتِ اہاڑُ دِہُ
کامُ کّرودھُ دُءِ کھیت ॥

ਲਬੁ ਵਤ੍ਰ ਦਰੋਗੁ ਬੀਉ
ਹਾਲੀ ਰਾਹਕੁ ਹੇਤ ॥

لبُ وتّر دروغُ بِیءُ
ہالی راہکُ ہیت ॥

ਹਲੁ ਬੀਚਾਰੁ ਵਿਕਾਰ ਮਣ
ਹੁਕਮੀ ਖਟੇ ਖਾਇ ॥

ہلُ بیچارُ وِکار منّ
حُکمی کھٹے کھاءِ ॥

ਨਾਨਕ ਲੇਖੈ ਮੰਗਿਐ
ਅਉਤੁ ਜਣੇਦਾ ਜਾਇ ॥੧॥

نانک لیکھےَ منگِئے
انُتُ جنّیدا جاءِ ॥1॥

ਮਃ ੧ ॥

م: 1 ॥

ਭਉ ਭੁਇ ਪਵਿਤੁ ਪਾਣੀ
ਸਤੁ ਸੰਤੋਖੁ ਬਲੇਦ ॥

بھءُ بھُءِ پوِتُ پانّی
ست سنّتوکھُ بلید ॥

ਹਲੁ ਹਲੇਮੀ ਹਾਲੀ ਚਿਤੁ ਚੇਤਾ
ਵਤ੍ਰ ਵਖਤ ਸੰਜੋਗੁ ॥

ہلُ ہلیمی ہالی چِتُ چیتا
وتّر وکھت سنّجوگُ ॥

ਨਾਉ ਬੀਜੁ ਬਖਸੀਸ ਬੋਹਲ

ناءُ بِیجُ بخشیِس بوہل

ਦੁਨੀਆ ਸਗਲ ਦਰੋਗ ॥

ਨਾਨਕ ਨਦਰੀ ਕਰਮੁ ਹੋਇ
ਜਾਵਹਿ ਸਗਲ ਵਿਜੋਗ ॥੨॥

ਪਉੜੀ ॥

ਮਨਮੁਖਿ ਮੋਹੁ ਗੁਬਾਰੁ ਹੈ
ਦੂਜੈ ਭਾਇ ਬੋਲੈ ॥

ਦੂਜੈ ਭਾਇ ਸਦਾ ਦੁਖੁ ਹੈ
ਨਿਤ ਨੀਰੁ ਵਿਰੋਲੈ ॥

ਗੁਰਮੁਖਿ ਨਾਮੁ ਧਿਆਈਐ
ਮਥਿ ਤਤੁ ਕਢੋਲੈ ॥

ਅੰਤਰਿ ਪਰਗਾਸੁ ਘਟਿ ਚਾਨਣਾ
ਹਰਿ ਲਧਾ ਟੋਲੈ ॥

ਆਪੇ ਭਰਮਿ ਭੁਲਾਇਦਾ
ਕਿਛੁ ਕਹਣੁ ਨ ਜਾਈ ॥੧੭॥

ਸਲੋਕ ਮਃ ੨ ॥

ਨਾਨਕ ਚਿੰਤਾ ਮਤਿ ਕਰਹੁ
ਚਿੰਤਾ ਤਿਸ ਹੀ ਹੇਇ ॥

ਜਲ ਮਹਿ ਜੰਤ ਉਪਾਇਅਨੁ
ਤਿਨਾ ਭਿ ਰੋਜੀ ਦੇਇ ॥

ਓਥੈ ਹਟੁ ਨ ਚਲਈ
ਨਾ ਕੋ ਕਿਰਸ ਕਰੇਇ ॥

ਸਉਦਾ ਮੂਲਿ ਨ ਹੋਵਈ
ਨਾ ਕੋ ਲਏ ਨ ਦੇਇ ॥

ਜੀਆ ਕਾ ਆਹਾਰੁ ਜੀਅ
ਖਾਣਾ ਏਹੁ ਕਰੇਇ ॥

دُنیا سگل دروغ ॥

نانک ندری کرمُ ہوءِ
جاوہِ سگل وِجوگ ॥2॥

پُڑی ॥

منمُکھِ موہُ غُبارُ ہے
دُوجے بھاءِ بولے ॥

دُوجے بھاءِ سدا دُکھُ ہے
نِت نیرُ وِرولے ॥

گُرمُکھِ نامُ دھیائیئے
متھِ تتُ کڈھولے ॥

انترِ پرگاسُ گھٹِ چانٹا
ہرِ لدھا ٹولے ॥

آپے بھرمِ بھُلائِدا
کِچھُ کہنُ ن جائی ॥ 17 ॥

سلوک م: 2 ॥

نانک چِنّتا متِ کرہُ
چِنّتا تِس ہی ہےءِ ॥

جل مہِ جنّت اُپائِئنُ
تِنا بھِ روزی دےءِ ॥

اوتھے ہٹُ ن چلئی
نا کو کِرس کرےءِ ॥

سُدا موُلِ ن ہووئی
نا کو لے ن دےءِ ॥

جِیا کا آہارُ جیء
کھاٹا ایہُ کرےءِ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت|سیوا: بھائی بلجندر سنگھ جی (راڑا صاہب)

ਵਿਚਿ ਉਪਾਏ ਸਾਇਰਾ
ਤਿਨਾ ਭਿ ਸਾਰ ਕਰੇਇ ॥

وِچ اُپائے سائِرا
تِنا بھِ سار کرےءِ ॥

ਨਾਨਕ ਚਿੰਤਾ ਮਤ ਕਰਹੁ
ਚਿੰਤਾ ਤਿਸ ਹੀ ਹੇਇ ॥੧॥

نانک چِنتا مت کرہُ
چِنتا تِس ہی ہےءِ ॥1॥

ਮਃ ੧ ॥

م: 1 ॥

ਨਾਨਕ ਇਹੁ ਜੀਉ ਮਛੁਲੀ
ਝੀਵਰੁ ਤ੍ਰਿਸਨਾ ਕਾਲੁ ॥

نانک اِہُ جیِءُ مچھُلی
جھیِورُ ترِسنا کالُ ॥

ਮਨੂਆ ਅੰਧੁ ਨ ਚੇਤਈ
ਪੜੈ ਅਚਿੰਤਾ ਜਾਲੁ ॥

منُویا اندھُ ن چیتئی
پڑےَ اچِنتا جالُ ॥

ਨਾਨਕ ਚਿਤੁ ਅਚੇਤੁ ਹੈ
ਚਿੰਤਾ ਬਧਾ ਜਾਇ ॥

نانک چِتُ اچیتُ ہےَ
چِنتا بدھا جاءِ ॥

ਨਦਰਿ ਕਰੇ ਜੇ ਆਪਣੀ
ਤਾ ਆਪੇ ਲਏ ਮਿਲਾਇ ॥੨॥

ندرِ کرے جے آپنڑی
تا آپے لےَ مِلاءِ ॥2॥

ਪਉੜੀ ॥

پئُڑی ॥

ਸੇ ਜਨ ਸਾਚੇ ਸਦਾ ਸਦਾ
ਜਿਨੀ ਹਰਿ ਰਸੁ ਪੀਤਾ ॥

سے جن ساچے سدا سدا
جِنی ہرِ رسُ پیِتا ॥

ਗੁਰਮੁਖਿ ਸਚਾ ਮਨਿ ਵਸੈ
ਸਚੁ ਸਉਦਾ ਕੀਤਾ ॥

گُرمُکھِ سچا منِ وسےَ
سچُ سئُدا کیِتا ॥

ਸਭੁ ਕਿਛੁ ਘਰ ਹੀ ਮਾਹਿ ਹੈ
ਵਡਭਾਗੀ ਲੀਤਾ ॥

سبھُ کِچھُ گھر ہی ماہِ ہےَ
وڈبھاگی لیِتا ॥

ਅੰਤਰਿ ਤ੍ਰਿਸਨਾ ਮਰਿ ਗਈ
ਹਰਿ ਗੁਣ ਗਾਵੀਤਾ ॥

انترِ ترِسنا مرِ گئی
ہرِ گُڑ گاویِتا ॥

ਆਪੇ ਮੇਲਿ ਮਿਲਾਇਅਨੁ
ਆਪੇ ਦੇਇ ਬੁਝਾਈ ॥੧੮॥

آپے میلِ مِلائینُ
آپے دےءِ بُجھائی ॥ 18 ॥

ਸਲੋਕ ਮਃ ੧ ॥

سلوک م: 1 ॥

ਵੇਲਿ ਪਿੰਞਾਇਆ ਕਤਿ ਵੁਣਾਇਆ ॥
ਕਟਿ ਕੁਟਿ ਕਰਿ ਖੁੰਬਿ ਚੜਾਇਆ ॥

ويلِ پِنجَايَا كتِ وُٹايَا ॥
كٹِ كُٹِ كرِ كھُنّبِ چڑايَا ॥

ਲੋਹਾ ਵਢੇ ਦਰਜੀ ਪਾੜੇ
ਸੂਈ ਧਾਗਾ ਸੀਵੈ ॥

لوہا وڈھے درزی پاڑے
سوئی دھاگا سِیوے ॥

ਇਉ ਪਤਿ ਪਾਟੀ ਸਿਫਤੀ ਸੀਪੈ
ਨਾਨਕ ਜੀਵਤ ਜੀਵੈ ॥

اِءُ پتِ پاٹی صِفتی سِیپے
نانک جِیوت جِیوے ॥

ਹੋਇ ਪੁਰਾਣਾ ਕਪੜੁ ਪਾਟੈ
ਸੂਈ ਧਾਗਾ ਗੰਢੈ ॥

ہوءِ پُراٹا کپڑُ پاٹے
سوئی دھاگا گنڈھے ॥

ਮਾਹੁ ਪਖੁ ਕਿਹੁ ਚਲੈ ਨਾਹੀ
ਘੜੀ ਮੁਹਤੁ ਕਿਛੁ ਹੰਢੈ ॥

ماہُ پکھُ کِہُ چلے ناہی
گھڑی مُہتُ کِچھُ ہنڈھے ॥

ਸਚੁ ਪੁਰਾਣਾ ਹੋਵੈ ਨਾਹੀ
ਸੀਤਾ ਕਦੇ ਨ ਪਾਟੈ ॥

سچُ پُراٹا ہووے ناہی
سِیتا کدے ن پاٹے ॥

ਨਾਨਕ ਸਾਹਿਬੁ ਸਚੋ ਸਚਾ
ਤਿਚਰੁ ਜਾਪੀ ਜਾਪੈ ॥੧॥

نانک صاحِبُ سچو سچا
تِچرُ جاپی جاپے ॥1॥

ਮਃ ੧ ॥

م: 1 ॥

ਸਚ ਕੀ ਕਾਤੀ ਸਚੁ ਸਭੁ ਸਾਰੁ ॥
ਘਾੜਤ ਤਿਸ ਕੀ ਅਪਰ ਅਪਾਰ ॥
ਸਬਦੇ ਸਾਣ ਰਖਾਈ ਲਾਇ ॥
ਗੁਣ ਕੀ ਥੇਕੈ ਵਿਚਿ ਸਮਾਇ ॥
ਤਿਸ ਦਾ ਕੁਠਾ ਹੋਵੈ ਸੇਖੁ ॥
ਲੋਹੂ ਲਬੁ ਨਿਕਥਾ ਵੇਖੁ ॥
ਹੋਇ ਹਲਾਲੁ ਲਗੈ ਹਕਿ ਜਾਇ ॥
ਨਾਨਕ ਦਰਿ ਦੀਦਾਰਿ ਸਮਾਇ ॥੨॥

سچ کی کاتی سچُ سبھُ سارُ ॥
گھاڑت تِس کی اپر اپار ॥
سبدے ساڻ رکھائی لاءِ ॥
گُڻ کی تھیکے وِچ سماءِ ॥
تِس دا کُٹھا ہووے سیکھُ ۔ ॥
لوہوُ لبُ نِکتھا ویکھُ ॥
ہوءِ حلالُ لگے حقِ جاءِ ॥
نانک درِ دیدارِ سماءِ ॥2॥

ਮਃ ੧ ॥

م: 1 ॥

ਕਮਰਿ ਕਟਾਰਾ ਬੰਕੁੜਾ
ਬੰਕੇ ਕਾ ਅਸਵਾਰੁ ॥

کمرِ کٹارا بنکُڑا
بنکے کا اسوارُ ॥

ਗਰਬੁ ਨ ਕੀਜੈ ਨਾਨਕਾ
ਮਤੁ ਸਿਰਿ ਆਵੈ ਭਾਰੁ ॥੩॥

گربُ ن کیجے نانکا
مت سِرِ آوے بھارُ ॥3॥

ਪਉੜੀ ॥

پُڑی ॥

ਸੋ ਸਤਸੰਗਤਿ ਸਬਦਿ ਮਿਲੈ
ਜੋ ਗੁਰਮੁਖਿ ਚਲੈ ॥

سو ستسنگتِ سبدِ ملے
جو گُرمُکھِ چلے ॥

ਸਚੁ ਧਿਆਇਨਿ ਸੇ ਸਚੇ
ਜਿਨ ਹਰਿ ਖਰਚੁ ਧਨੁ ਪਲੈ ॥

سچُ دھیائِن سے سچے
جِن ہرِ کھرچُ دھنُ پلے ॥

ਭਗਤ ਸੋਹਨਿ ਗੁਣ ਗਾਵਦੇ
ਗੁਰਮਤਿ ਅਚਲੈ ॥

بھگت سوہنِ گُن گاودے
گُرمتِ اچلے ॥

ਰਤਨ ਬੀਚਾਰੁ ਮਨਿ ਵਸਿਆ
ਗੁਰ ਕੈ ਸਬਦਿ ਭਲੈ ॥

رتن بیچارُ منِ وسِیا
گُر کے سبدِ بھلے ॥

ਆਪੇ ਮੇਲਿ ਮਿਲਾਇਦਾ
ਆਪੇ ਦੇਇ ਵਡਿਆਈ ॥੧੯॥

آپے میلِ مِلائِدا
آپے دےءِ وڈِیائی ॥ 19 ॥

ਸਲੋਕ ਮਃ ੩ ॥

سلوک م: 3 ॥

ਆਸਾ ਅੰਦਰਿ ਸਭੁ ਕੋ
ਕੋਇ ਨਿਰਾਸਾ ਹੋਇ ॥

آسا اندرِ سبھُ کو
کوءِ نِراسا ہوءِ ॥

ਨਾਨਕ ਜੋ ਮਰਿ ਜੀਵਿਆ
ਸਹਿਲਾ ਆਇਆ ਸੋਇ ॥੧॥

نانک جو مرِ جیویا
سہلا آئیا سوءِ ॥1॥

ਮਃ ੩ ॥

م: 3 ॥

ਨਾ ਕਿਛੁ ਆਸਾ ਹਥਿ ਹੈ
ਕੇਉ ਨਿਰਾਸਾ ਹੋਇ ॥

نا کچھُ آسا ہتھِ ہے
کیءُ نِراسا ہوءِ ॥

ਕਿਆ ਕਰੇ ਏਹ ਬਪੁੜੀ
ਜਾਂ ਭੁਲਾਏ ਸੋਇ ॥੨॥

کیا کرے ایہ بپُڑی
جاں بھولائے سوءِ ॥2॥

ਪਉੜੀ ॥

ਧ੍ਰਿਗੁ ਜੀਵਣੁ ਸੰਸਾਰ
ਸਚੇ ਨਾਮ ਬਿਨੁ ॥

ਪ੍ਰਭੁ ਦਾਤਾ ਦਾਤਾਰ
ਨਿਹਚਲੁ ਏਹੁ ਧਨੁ ॥

ਸਾਸਿ ਸਾਸਿ ਆਰਾਧੇ
ਨਿਰਮਲੁ ਸੋਇ ਜਨੁ ॥

ਅੰਤਰਜਾਮੀ ਅਗਮੁ
ਰਸਨਾ ਏਕੁ ਭਨੁ ॥

ਰਵਿ ਰਹਿਆ ਸਰਬਤਿ
ਨਾਨਕੁ ਬਲਿ ਜਾਈ ॥੨੦॥

ਸਲੋਕੁ ਮਃ ੧ ॥

ਸਰਵਰ ਹੰਸ ਧੁਰੇ ਹੀ ਮੇਲਾ
ਖਸਮੈ ਏਵੈ ਭਾਣਾ ॥

ਸਰਵਰ ਅੰਦਰਿ ਹੀਰਾ ਮੋਤੀ
ਸੋ ਹੰਸਾ ਕਾ ਖਾਣਾ ॥

ਬਗੁਲਾ ਕਾਗੁ ਨ ਰਹਈ ਸਰਵਰਿ
ਜੇ ਹੋਵੈ ਅਤਿ ਸਿਆਣਾ ॥

ਓਨਾ ਰਿਜਕੁ ਨ ਪਇਓ ਓਥੈ
ਓਨ੍ਹਾ ਹੋਰੋ ਖਾਣਾ ॥

ਸਚਿ ਕਮਾਣੈ ਸਚੋ ਪਾਈਐ
ਕੂੜੈ ਕੂੜਾ ਮਾਣਾ ॥

ਨਾਨਕ ਤਿਨ ਕੌ ਸਤਿਗੁਰੁ ਮਿਲਿਆ
ਜਿਨਾ ਧੁਰੇ ਪੈਯਾ ਪਰਵਾਣਾ ॥੧॥

ਮਃ ੧ ॥

پؤڑی ॥

دھرِگ جیِونُ سنّسار
سچے نام بِنُ ॥

پربھُ داتا داتار
نِہچلُ ایہُ دھنُ ॥

ساسِ ساسِ آرادھے
نِرملُ سوءِ جنُ ॥

انترجامی اگمُ
رسنا ایکُ بھنُ ॥

روِ رہِیا سربتِ
نانکُ بلِ جائی ॥ 20 ॥

سلوکُ م: 1 ॥

سرور ہنّس دھُرے ہی میلا
خصمےَ ایوےَ بھاٹا ॥

سرور انّدرِ ہیِرا موتی
سو ہنّسا کا کھاٹا ॥

بگُلا کاگُ ن رہئی سرورِ
جے ہووےَ اتِ سِیاٹا ॥

اونا رِزقُ ن پئِئو اوتھےَ
اونّہا ہورو کھاٹا ॥

سچِ کماٹےَ سچو پائیےَ
کوُڑےَ کوُڑا ماٹا ॥

نانک تِن کوَ ستِگُرُ مِلیا
جِنا دھُرے پیَیا پرواٹا ॥1॥

م: 1 ॥

ਸਾਹਿਬੁ ਮੇਰਾ ਉਜਲਾ ਜੇ ਕੋ ਚਿਤਿ ਕਰੇਇ ॥	صاحِبُ میرا اُجلا جے کو چِتِ کرےءِ ॥
ਨਾਨਕ ਸੋਈ ਸੇਵੀਐ ਸਦਾ ਸਦਾ ਜੋ ਦੇਇ ॥	نانک سوئی سیویَۓ سدا سدا جو دےءِ ॥
ਨਾਨਕ ਸੋਈ ਸੇਵੀਐ ਜਿਤੁ ਸੇਵਿਐ ਦੁਖੁ ਜਾਇ ॥	نانک سوئی سیویَۓ جِتُ سیوِۓ دُکھُ جاءِ ॥
ਅਵਗੁਣ ਵੰਞਨਿ ਗੁਣ ਰਵਹਿ ਮਨਿ ਸੁਖੁ ਵਸੈ ਆਇ ॥੨॥	اوگُنؔ ونجِنِ گُنؔ روہِ منِ سُکھُ وسےَ آءِ ॥2॥
ਪਉੜੀ ॥	پؤڑی ॥
ਆਪੇ ਆਪਿ ਵਰਤਦਾ ਆਪਿ ਤਾੜੀ ਲਾਈਅਨੁ ॥	آپے آپِ ورتدا آپِ تاڑی لائیئنُ ॥
ਆਪੇ ਹੀ ਉਪਦੇਸਦਾ ਗੁਰਮੁਖਿ ਪਤੀਆਈਅਨੁ ॥	آپے ہی اُپدیسدا گُرمُکھِ پتیِیائیئنُ ॥
ਇਕਿ ਆਪੇ ਉਝੜਿ ਪਾਇਅਨੁ ਇਕਿ ਭਗਤੀ ਲਾਇਅਨੁ ॥	اِکِ آپے اُجھڑِ پائیئنُ اِکِ بھگتی لائیئنُ ॥
ਜਿਸੁ ਆਪਿ ਬੁਝਾਏ ਸੋ ਬੁਝਸੀ ਆਪੇ ਨਾਇ ਲਾਇਅਨੁ ॥	جِسُ آپِ بُجھائے سو بُجھسی آپے ناءِ لائیئنُ ॥
ਨਾਨਕ ਨਾਮੁ ਧਿਆਈਐ ਸਚੀ ਵਡਿਆਈ ॥੨੧॥੧॥ ਸੁਧੁ ॥	نانک نامُ دھیائیَۓ سچی وڈِیائی ॥ 21 ॥1॥ سُدھُ ॥
ਰਾਮਕਲੀ ਕੀ ਵਾਰ ਮਹਲਾ ੫	رامکلی کی وار محلا 5
ੴ ਸਤਿਗੁਰ ਪ੍ਰਸਾਦਿ ॥	ؤ ستِگُر پرّسادِ ॥
ਸਲੋਕ ਮਃ ੫ ॥	سلوک م: 5 ॥
ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥	جیَسا ستِگُرُ سُنیِدا تیَسو ہی مے ڈیٹھُ ॥
ਵਿਛੁੜਿਆ ਮੇਲੇ ਪ੍ਰਭੂ	وِچھُڑِیا میلے پربھُو

ਹਰਿ ਦਰਗਹ ਕਾ ਬਸੀਠੁ ॥

ہرِ درگہ کا بسیٹھُ ॥

ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ
ਕਟੇ ਹਉਮੈ ਰੋਗੁ ॥

ہرِ نامو منّتر دّرِڑائِدا
کٹے ہئُمَے روگُ ॥

ਨਾਨਕ ਸਤਿਗੁਰੁ ਤਿਨਾ ਮਿਲਾਇਆ
ਜਿਨਾ ਧੁਰੇ ਪਇਆ ਸੰਜੋਗੁ ॥੧॥

نانک ستِگُرُ تِنا مِلائِیا
جِنا دھُرے پئِیا سنّجوگُ ॥1॥

ਮਃ ੫ ॥

م: 5 ॥

ਇਕੁ ਸਜਣੁ ਸਭਿ ਸਜਣਾ
ਇਕੁ ਵੈਰੀ ਸਭਿ ਵਾਦਿ ॥

اِکُ سجنُ سبھِ سجنا
اِکُ ویَری سبھِ وادِ ॥

ਗੁਰਿ ਪੂਰੈ ਦੇਖਾਲਿਆ
ਵਿਣੁ ਨਾਵੈ ਸਭ ਬਾਦਿ ॥

گُرِ پوُرے دیکھالِیا
وِنُ ناوے سبھ بادِ ॥

ਸਾਕਤ ਦੁਰਜਨ ਭਰਮਿਆ
ਜੋ ਲਗੇ ਦੂਜੈ ਸਾਦਿ ॥

ساکت دُرجن بھرمِیا
جو لگے دوُجے سادِ ॥

ਜਨ ਨਾਨਕਿ ਹਰਿ ਪ੍ਰਭੁ ਬੁਝਿਆ
ਗੁਰ ਸਤਿਗੁਰ ਕੈ ਪਰਸਾਦਿ ॥੨॥

جن نانکِ ہرِ پربھُ بُجھِیا
گُر ستِگُر کے پرسادِ ॥2॥

ਪਉੜੀ ॥

پئُڑی ॥

ਥਟਣਹਾਰੈ ਥਾਟੁ
ਆਪੇ ਹੀ ਥਟਿਆ ॥

تھٹنّہارے تھاٹُ
آپے ہی تھٹِیا ॥

ਆਪੇ ਪੂਰਾ ਸਾਹੁ
ਆਪੇ ਹੀ ਖਟਿਆ ॥

آپے پوُرا ساہُ
آپے ہی کھٹِیا ॥

ਆਪੇ ਕਰਿ ਪਾਸਾਰੁ
ਆਪੇ ਰੰਗ ਰਟਿਆ ॥

آپے کرِ پاسارُ
آپے رنگ رٹِیا ॥

ਕੁਦਰਤਿ ਕੀਮ ਨ ਪਾਇ
ਅਲਖ ਬ੍ਰਹਮਟਿਆ ॥

قُدرتِ قِیم ن پاءِ
الکھ برہمٹِیا ॥

ਅਗਮ ਅਥਾਹ ਬੇਅੰਤ
ਪਰੈ ਪਰਟਿਆ ॥

اگم اتھاہ بیئنّت
پرے پرٹِیا ॥

ਆਪੇ ਵਡ ਪਾਤਿਸਾਹੁ
ਆਪਿ ਵਜੀਰਟਿਆ ॥

آپے وڈ پاتِشاہُ
آپِ وزیرٹیا ॥

ਕੋਇ ਨ ਜਾਣੈ ਕੀਮ
ਕੇਵਡੁ ਮਟਿਆ ॥

کوءِ ن جانے قِیم
کیوڈُ مٹیا ॥

ਸਚਾ ਸਾਹਿਬੁ ਆਪਿ
ਗੁਰਮੁਖਿ ਪਰਗਟਿਆ ॥੧॥

سچا صاحِبُ آپِ
گُرمُکھِ پرگٹیا ॥1॥

ਸਲੋਕ ਮਃ ੫ ॥

سلوک م: 5 ॥

ਸੁਣਿ ਸਜਣ ਪ੍ਰੀਤਮ ਮੇਰਿਆ
ਮੈ ਸਤਿਗੁਰੁ ਦੇਹੁ ਦਿਖਾਲਿ ॥

سُنِ سجنُ پریتم میریا
مے ستِگُر دیہُ دِکھالِ ॥

ਹਉ ਤਿਸੁ ਦੇਵਾ ਮਨੁ ਆਪਣਾ
ਨਿਤ ਹਿਰਦੈ ਰਖਾ ਸਮਾਲਿ ॥

ہءُ تِس دیوا منُ آپنا
نِت ہِردے رکھا سمالِ ॥

ਇਕਸੁ ਸਤਿਗੁਰ ਬਾਹਰਾ
ਧ੍ਰਿਗੁ ਜੀਵਣੁ ਸੰਸਾਰਿ ॥

اِکسُ ستِگُر باہرا
دھرِگ جیونُ سنسارِ ॥

ਜਨ ਨਾਨਕ ਸਤਿਗੁਰੁ ਤਿਨਾ ਮਿਲਾਇਓਨੁ
ਜਿਨ ਸਦ ਹੀ ਵਰਤੈ ਨਾਲਿ ॥੧॥

جن نانک ستِگُر تِنا مِلائیونُ
جِن سد ہی ورتے نالِ ॥1॥

ਮਃ ੫ ॥

م: 5 ॥

ਮੇਰੈ ਅੰਤਰਿ ਲੋਚਾ ਮਿਲਣ ਕੀ
ਕਿਉ ਪਾਵਾ ਪ੍ਰਭ ਤੋਹਿ ॥

میرے انترِ لوچا مِلنُ کی
کِءُ پاوا پربھ توہِ ॥

ਕੋਈ ਐਸਾ ਸਜਣੁ ਲੋੜਿ ਲਹੁ
ਜੋ ਮੇਲੇ ਪ੍ਰੀਤਮੁ ਮੋਹਿ ॥

کوئی ایسا سجنُ لوڑِ لہُ
جو میلے پریتمُ موہِ ॥

ਗੁਰਿ ਪੂਰੈ ਮੇਲਾਇਆ
ਜਤ ਦੇਖਾ ਤਤ ਸੋਇ ॥

گُرِ پوُرے میلائیا
جت دیکھا تت سوءِ ॥

ਜਨ ਨਾਨਕ ਸੋ ਪ੍ਰਭੁ ਸੇਵਿਆ
ਤਿਸੁ ਜੇਵਡੁ ਅਵਰੁ ਨ ਕੋਇ ॥੨॥

جن نانک سو پربھُ سیویا
تِس جیوڈُ اورُ ن کوءِ ॥2॥

ਪਉੜੀ ॥

پئڑی ॥

ਦੇਵਣਹਾਰੁ ਦਾਤਾਰੁ
ਕਿਤੁ ਮੁਖਿ ਸਾਲਾਹੀਐ ॥

دیوٹہارُ داتارُ
کِتُ مُکھِ سالاحیِۓ ۔ ॥

ਜਿਸੁ ਰਖੈ ਕਿਰਪਾ ਧਾਰਿ
ਰਿਜਕੁ ਸਮਾਹੀਐ ॥

جِسُ رکھے کِرپا دھارِ
رِزقُ سماہیِۓ ॥

ਕੋਇ ਨ ਕਿਸ ਹੀ ਵਸਿ
ਸਭਨਾ ਇਕ ਧਰ ॥

کوءِ ن کِس ہی وِس
سبھنا اِک دھر ॥

ਪਾਲੇ ਬਾਲਕ ਵਾਗਿ
ਦੇ ਕੈ ਆਪਿ ਕਰ ॥

پالے بالک واگِ
دے کے آپِ کر ॥

ਕਰਦਾ ਅਨਦ ਬਿਨੋਦ
ਕਿਛੂ ਨ ਜਾਣੀਐ ॥

کردا اند بِنود
کِچھوُ ن جانیِۓ ॥

ਸਰਬ ਧਾਰ ਸਮਰਥ
ਹਉ ਤਿਸੁ ਕੁਰਬਾਣੀਐ ॥

سرب دھار سمرتھ
ہءُ تِس قُربانیِۓ ॥

ਗਾਈਐ ਰਾਤਿ ਦਿਨੰਤੁ
ਗਾਵਣ ਜੋਗਿਆ ॥

گانیِۓ راتِ دِننّتُ
گاونُ جوگیا ॥

ਜੋ ਗੁਰ ਕੀ ਪੈਰੀ ਪਾਹਿ
ਤਿਨੀ ਹਰਿ ਰਸੁ ਭੋਗਿਆ ॥੨॥

جو گُر کی پیَری پاہِ
تِنی ہرِ رسُ بھوگیا ॥2॥

ਸਲੋਕ ਮਃ ੫ ॥

سلوک م: 5 ॥

ਭੀੜਹੁ ਮੋਕਲਾਈ ਕੀਤੀਅਨੁ
ਸਭ ਰਖੇ ਕੁਟੰਬੈ ਨਾਲਿ ॥

بھیڑہُ موکلائی کیتیِئنُ
سبھ رکھے کُٹنّبے نالِ ॥

ਕਾਰਜ ਆਪਿ ਸਵਾਰਿਅਨੁ
ਸੋ ਪ੍ਰਭ ਸਦਾ ਸਭਾਲਿ ॥

کارج آپِ سوارِئنُ
سو پّربھ سدا سبھالِ ॥

ਪ੍ਰਭੁ ਮਾਤ ਪਿਤਾ ਕੰਠਿ ਲਾਇਦਾ
ਲਹੁੜੇ ਬਾਲਕ ਪਾਲਿ ॥

پّربھُ مات پِتا کنّٹھِ لائِدا
لہُڑے بالک پالِ ॥

ਦਇਆਲ ਹੋਏ ਸਭ ਜੀਅ ਜੰਤ੍ਰ
ਹਰਿ ਨਾਨਕ ਨਦਰਿ ਨਿਹਾਲ ॥੧॥

دئیال ہوئے سبھ جیء جنّتر
ہرِ نانک ندرِ نِہال ॥1॥

ਮਃ ੫ ॥

ویُں تُدھُ ہورُ جِ منگنا
سِرِ دُکھا کے دُکھ ॥

ਵਿਣੁ ਤੁਧੁ ਹੋਰੁ ਜਿ ਮੰਗਣਾ
ਸਿਰਿ ਦੁਖਾ ਕੈ ਦੁਖ ॥

دیہِ نامُ سنتوکھیا
اُترے من کی بھکھ ॥

ਦੇਹਿ ਨਾਮੁ ਸੰਤੋਖੀਆ
ਉਤਰੇ ਮਨ ਕੀ ਭੁਖ ॥

گُرِ ویُں تِنُں ہریا کیتیا
نانک کِیا منکھ ۔ ॥2॥

ਗੁਰਿ ਵਣੁ ਤਿਣੁ ਹਰਿਆ ਕੀਤਿਆ
ਨਾਨਕ ਕਿਆ ਮਨੁਖ ॥੨॥

پئُڑی ॥

ਪਉੜੀ ॥

سو ایَسا داتارُ
منہُ ن ویِسرے ॥

ਸੋ ਐਸਾ ਦਾਤਾਰੁ
ਮਨਹੁ ਨ ਵੀਸਰੈ ॥

گھڑی ن مُہتُ چسا
تِسُ بِنُ نا سرے ॥

ਘੜੀ ਨ ਮੁਹਤੁ ਚਸਾ
ਤਿਸੁ ਬਿਨੁ ਨਾ ਸਰੈ ॥

انترِ باہرِ سنگِ
کِیا کو لُکِ کرے ۔ ॥

ਅੰਤਰਿ ਬਾਹਰਿ ਸੰਗਿ
ਕਿਆ ਕੋ ਲੁਕਿ ਕਰੈ ॥

جِسُ پتِ رکھے آپِ
سو بھوجلُ ترے ॥

ਜਿਸੁ ਪਤਿ ਰਖੈ ਆਪਿ
ਸੋ ਭਵਜਲੁ ਤਰੈ ॥

بھگتُ گیانی تپا
جِسُ کِرپا کرے ॥

ਭਗਤੁ ਗਿਆਨੀ ਤਪਾ
ਜਿਸੁ ਕਿਰਪਾ ਕਰੈ ॥

سو پوُرا پردھانُ
جِس نو بلُ دھرے ॥

ਸੋ ਪੂਰਾ ਪਰਧਾਨੁ
ਜਿਸ ਨੋ ਬਲੁ ਧਰੈ ॥

جِسہِ جرائے آپِ
سوئی اجرُ جرے ॥

ਜਿਸਹਿ ਜਰਾਏ ਆਪਿ
ਸੋਈ ਅਜਰੁ ਜਰੈ ॥

تِس ہی مِلیا سچُ
منّترُ گُر منِ دھرے ॥3॥

ਤਿਸ ਹੀ ਮਿਲਿਆ ਸਚੁ
ਮੰਤ੍ਰੁ ਗੁਰ ਮਨਿ ਧਰੈ ॥੩॥

سلوکُ م: ۵ ॥

ਸਲੋਕੁ ਮਃ ੫ ॥

ਧੰਨੁ ਸੁ ਰਾਗ ਸੁਰੰਗੜੇ
ਆਲਾਪਤ ਸਭ ਤਿਖ ਜਾਇ ॥

دھنّنُ سُ راگ سُرنگڑے
آلاپت سبھ تِکھ جاءِ ॥

ਧੰਨੁ ਸੁ ਜੰਤ ਸੁਹਾਵੜੇ
ਜੋ ਗੁਰਮੁਖਿ ਜਪਦੇ ਨਾਉ ॥

دھنّنُ سُ جنّت سُہاوڑے
جو گُرمُکھِ جپدے ناءُ ॥

ਜਿਨੀ ਇਕ ਮਨਿ ਇਕੁ ਅਰਾਧਿਆ
ਤਿਨ ਸਦ ਬਲਿਹਾਰੈ ਜਾਉ ॥

جِنی اِک منِ اِکُ ارادھِیا
تِن سد بلِہارے جاءُ ॥

ਤਿਨ ਕੀ ਧੂੜਿ ਹਮ ਬਾਛਦੇ
ਕਰਮੀ ਪਲੈ ਪਾਇ ॥

تِن کی دھوُڑِ ہم باچھدے
کرمی پلےَ پاءِ ॥

ਜੋ ਰਤੇ ਰੰਗਿ ਗੋਵਿਦ ਕੈ
ਹਉ ਤਿਨ ਬਲਿਹਾਰੈ ਜਾਉ ॥

جو رتے رنگِ گووِد کے
ہءُ تِن بلِہارے جاءُ ॥

ਆਖਾ ਬਿਰਥਾ ਜੀਅ ਕੀ
ਹਰਿ ਸਜਣੁ ਮੇਲਹੁ ਰਾਇ ॥

آکھا بِرتھا جیء کی
ہرِ سجنُ میلہُ راءِ ॥

ਗੁਰਿ ਪੂਰੈ ਮੇਲਾਇਆ
ਜਨਮ ਮਰਣ ਦੁਖੁ ਜਾਇ ॥

گُرِ پوُرے میلائیا
جنم مرنُ دُکھُ جاءِ ॥

ਜਨ ਨਾਨਕ ਪਾਇਆ ਅਗਮ ਰੂਪੁ
ਅਨਤ ਨ ਕਾਹੂ ਜਾਇ ॥੧॥

جن نانک پائیا اگم روُپُ
انت ن کاہوُ جاءِ ॥1॥

ਮਃ ੫ ॥

م: 5 ॥

ਧੰਨੁ ਸੁ ਵੇਲਾ ਘੜੀ ਧੰਨੁ
ਧਨੁ ਮੂਰਤੁ ਪਲੁ ਸਾਰੁ ॥

دھنّنُ سُ ویلا گھڑی دھنّنُ
دھنُ موُرتُ پلُ سارُ ॥

ਧੰਨੁ ਸੁ ਦਿਨਸੁ ਸੰਜੋਗੜਾ
ਜਿਤੁ ਡਿਠਾ ਗੁਰ ਦਰਸਾਰੁ ॥

دھنّنُ سُ دِنسُ سنجوگڑا
جِتُ ڈِٹھا گُر درسارُ ॥

ਮਨ ਕੀ ਇਛਾ ਪੂਰੀਆ
ਹਰਿ ਪਾਇਆ ਅਗਮ ਅਪਾਰੁ ॥

من کی اِچھا پوُرِیا
ہرِ پائیا اگم اپارُ ॥

ਹਉਮੈ ਤੁਟਾ ਮੋਹੜਾ
ਇਕੁ ਸਚੁ ਨਾਮੁ ਆਧਾਰੁ ॥

ہئُمے ٹُٹا موہڑا
اِکُ سچُ نامُ آدھارُ ॥

ਜਨੁ ਨਾਨਕੁ ਲਗਾ ਸੇਵ ਹਰਿ	جنُ نانکُ لگا سیو ہرِ
ਉਧਰਿਆ ਸਗਲ ਸੰਸਾਰੁ ॥੨॥	اُدھرِیا سگل سنّسارُ ॥2॥
ਪਉੜੀ ॥	پؤڑی ॥
ਸਿਫਤਿ ਸਲਾਹਣੁ ਭਗਤਿ	صِفتِ سلاحنُ بھگتِ
ਵਿਰਲੇ ਦਿਤੀਅਨੁ ॥	وِرلے دِتیئنُ ॥
ਸਉਪੇ ਜਿਸੁ ਭੰਡਾਰ	سئُپے جِسُ بھنڈار
ਫਿਰਿ ਪੁਛ ਨ ਲੀਤੀਅਨੁ ॥	پھِرِ پُچھ ن لیتیئنُ ॥
ਜਿਸ ਨੋ ਲਗਾ ਰੰਗੁ	جِس نو لگا رنگُ
ਸੇ ਰੰਗਿ ਰਤਿਆ ॥	سے رنگِ رتیا ॥
ਓਨਾ ਇਕੋ ਨਾਮੁ ਅਧਾਰੁ	اونا اِکو نامُ ادھارُ
ਇਕਾ ਉਨ ਭਤਿਆ ॥	اِکا اُن بھتیا ॥
ਓਨਾ ਪਿਛੈ ਜਗੁ	اونا پچھے جگُ
ਭੁੰਚੈ ਭੋਗਈ ॥	بھُنچے بھوگئی ॥
ਓਨਾ ਪਿਆਰਾ ਰਬੁ	اونا پیارا ربُ
ਓਨਾਹਾ ਜੋਗਈ ॥	اوناہا جوگئی ॥
ਜਿਸੁ ਮਿਲਿਆ ਗੁਰੁ ਆਇ	جِسُ مِلیا گُرُ آءِ
ਤਿਨਿ ਪ੍ਰਭੁ ਜਾਣਿਆ ॥	تِنِ پربھُ جاتیا ॥
ਹਉ ਬਲਿਹਾਰੀ ਤਿਨ	ہءُ بلِہاری تِن
ਜਿ ਖਸਮੈ ਭਾਣਿਆ ॥੪॥	جِ خصمے بھاتیا ॥4॥
ਸਲੋਕ ਮਃ ੫ ॥	سلوک م: 5 ॥
ਹਰਿ ਇਕਸੈ ਨਾਲਿ ਮੈ ਦੋਸਤੀ	ہرِ اِکسے نالِ مے دوستی
ਹਰਿ ਇਕਸੈ ਨਾਲਿ ਮੈ ਰੰਗੁ ॥	ہرِ اِکسے نالِ مے رنگُ ॥
ਹਰਿ ਇਕੋ ਮੇਰਾ ਸਜਣੋ	ہرِ اِکو میرا سجنّو
ਹਰਿ ਇਕਸੈ ਨਾਲਿ ਮੈ ਸੰਗੁ ॥	ہرِ اِکسے نالِ مے سنگُ ॥
ਹਰਿ ਇਕਸੈ ਨਾਲਿ ਮੈ ਗੋਸਟੇ	ہرِ اِکسے نالِ مے گوسٹے

ਮੁਹੁ ਮੈਲਾ ਕਰੈ ਨ ਭੰਗੁ ॥

مُہُ میَلا کرے ن بھنگُ ॥

ਜਾਣੈ ਬਿਰਥਾ ਜੀਅ ਕੀ
ਕਦੇ ਨ ਮੋੜੈ ਰੰਗੁ ॥

جانے بِرتھا جیء کی
کدے ن موڑے رنگُ ॥

ਹਰਿ ਇਕੋ ਮੇਰਾ ਮਸਲਤੀ
ਭੰਨਣ ਘੜਨ ਸਮਰਥੁ ॥

ہرِ اِکو میرا مصلتی
بھنّنُ گھڑن سمرتھُ ॥

ਹਰਿ ਇਕੋ ਮੇਰਾ ਦਾਤਾਰੁ ਹੈ
ਸਿਰਿ ਦਾਤਿਆ ਜਗ ਹਥੁ ॥

ہرِ اِکو میرا داتارُ ہے
سِرِ داتیا جگ ہتھُ ॥

ਹਰਿ ਇਕਸੈ ਦੀ ਮੈ ਟੇਕ ਹੈ
ਜੋ ਸਿਰਿ ਸਭਨਾ ਸਮਰਥੁ ॥

ہرِ اِکسے دی مے ٹیک ہے
جو سِرِ سبھنا سمرتھُ ॥

ਸਤਿਗੁਰਿ ਸੰਤੁ ਮਿਲਾਇਆ
ਮਸਤਕਿ ਧਰਿ ਕੈ ਹਥੁ ॥

ستِگُرِ سنّتُ مِلائیا
مستکِ دھرِ کے ہتھُ ॥

ਵਡਾ ਸਾਹਿਬੁ ਗੁਰੂ ਮਿਲਾਇਆ
ਜਿਨਿ ਤਾਰਿਆ ਸਗਲ ਜਗਤੁ ॥

وڈا صاحِبُ گُرُو مِلائیا
جِنِ تارِیا سگل جگتُ ॥

ਮਨ ਕੀਆ ਇਛਾ ਪੂਰੀਆ
ਪਾਇਆ ਧੁਰਿ ਸੰਜੋਗ ॥

من کِیا اِچھا پُورِیا
پائیا دھُرِ سنجوگ ॥

ਨਾਨਕ ਪਾਇਆ ਸਚੁ ਨਾਮੁ
ਸਦ ਹੀ ਭੋਗੇ ਭੋਗ ॥੧॥

نانک پائیا سچُ نامُ
سد ہی بھوگے بھوگ ॥1॥

ਮਃ ੫ ॥

م: 5 ॥

ਮਨਮੁਖਾ ਕੇਰੀ ਦੋਸਤੀ
ਮਾਇਆ ਕਾ ਸਨਬੰਧੁ ॥

منمکھا کیری دوستی
مائیا کا سنبندھُ ॥

ਵੇਖਦਿਆ ਹੀ ਭਜਿ ਜਾਨਿ
ਕਦੇ ਨ ਪਾਇਨਿ ਬੰਧੁ ॥

ویکھدِیا ہی بھجِ جانِ
کدے ن پائِنِ بندھُ ॥

ਜਿਚਰੁ ਪੈਨਨਿ ਖਾਵਨੇ
ਤਿਚਰੁ ਰਖਨਿ ਗੰਢੁ ॥

جِچرُ پیَنِن کھاونّہے
تِچرُ رکھنِ گنڈھُ ॥

ਜਿਤੁ ਦਿਨਿ ਕਿਛੁ ਨ ਹੋਵਈ

جِتُ دِنِ کچھُ ن ہوویَ

ਤਿਤੁ ਦਿਨਿ ਬੋਲਨਿ ਗੰਧੁ ॥

تِتُ دِنِ بولنِ گندھُ ॥

ਜੀਅ ਕੀ ਸਾਰ ਨ ਜਾਣਨੀ
ਮਨਮੁਖ ਅਗਿਆਨੀ ਅੰਧੁ ॥

جیء کی سار ن جانئی
منمکھ اگیانی اندھُ ॥

ਕੂੜਾ ਗੰਢੁ ਨ ਚਲਈ
ਚਿਕੜਿ ਪਥਰ ਬੰਧੁ ॥

کوُڑا گنڈھُ ن چلئی
چِکڑِ پتھر بندھُ ॥

ਅੰਧੇ ਆਪੁ ਨ ਜਾਣਨੀ
ਫਕੜੁ ਪਿਟਨਿ ਧੰਧੁ ॥

اندھے آپُ ن جانئی
پھکڑُ پٹِنِ دھندھُ ॥

ਝੂਠੈ ਮੋਹਿ ਲਪਟਾਇਆ
ਹਉ ਹਉ ਕਰਤ ਬਿਹੰਧੁ ॥

جھوُٹھے موہِ لپٹائیا
ہءُ ہءُ کرت بِہندھُ ॥

ਕ੍ਰਿਪਾ ਕਰੇ ਜਿਸੁ ਆਪਣੀ
ਧੁਰਿ ਪੂਰਾ ਕਰਮੁ ਕਰੇਇ ॥

کرِپا کرے جِسُ آپنئی
دھُرِ پوُرا کرمُ کرےءِ ॥

ਜਨ ਨਾਨਕ ਸੇ ਜਨ ਉਬਰੇ
ਜੋ ਸਤਿਗੁਰ ਸਰਣਿ ਪਰੇ ॥੨॥

جن نانک سے جن اُبرے
جو ستِگُر سرنِ پرے ॥2॥

ਪਉੜੀ ॥

پئڑی ॥

ਜੋ ਰਤੇ ਦੀਦਾਰ
ਸੇਈ ਸਚੁ ਹਾਕੁ ॥

جو رتے دیدار
سیئی سچُ ہاکُ ॥

ਜਿਨੀ ਜਾਤਾ ਖਸਮੁ
ਕਿਉ ਲਭੈ ਤਿਨਾ ਖਾਕੁ ॥

جِنی جاتا خصمُ
کِءُ لبھےَ تِنا خاکُ ۔ ॥

ਮਨੁ ਮੈਲਾ ਵੇਕਾਰੁ
ਹੋਵੈ ਸੰਗਿ ਪਾਕੁ ॥

منُ میَلا ویکارُ
ہووے سنگِ پاکُ ॥

ਦਿਸੈ ਸਚਾ ਮਹਲੁ
ਖੁਲੈ ਭਰਮ ਤਾਕੁ ॥

دِسے سچا محلُ
کھُلےَ بھرم تاکُ ॥

ਜਿਸਹਿ ਦਿਖਾਲੇ ਮਹਲੁ
ਤਿਸੁ ਨ ਮਿਲੈ ਧਾਕੁ ॥

جِسہِ دِکھالے محلُ
تِسُ ن مِلےَ دھاکُ ॥

ਮਨੁ ਤਨੁ ਹੋਇ ਨਿਹਾਲੁ

منُ تنُ ہوءِ نِہالُ

ਬਿੰਦਕ ਨਦਰਿ ਝਾਕੁ ॥

بِندک ندرِ جھاکُ ॥

ਨਉ ਨਿਧਿ ਨਾਮੁ ਨਿਧਾਨੁ
ਗੁਰ ਕੈ ਸਬਦਿ ਲਾਗੁ ॥

ن ءُ نِدھِ نامُ نِدھانُ
گُر کے سبدِ لاگُ ॥

ਤਿਸੈ ਮਿਲੈ ਸੰਤ ਖਾਕੁ
ਮਸਤਕਿ ਜਿਸੈ ਭਾਗੁ ॥੫॥

تِسے مِلے سنّت خاکُ
مستکِ جِسے بھاگُ ॥5॥

ਸਲੋਕ ਮਃ ੫ ॥

سلوک م: 5 ॥

ਹਰਣਾਖੀ ਕੂ ਸਚੁ ਵੈਣੁ ਸੁਣਾਈ
ਜੋ ਤਉ ਕਰੇ ਉਧਾਰਣੁ ॥

ہرٹاکھی کوُ سچُ ویَنُ سُٹائی
جو ت ءُ کرے اُدھارنُ ॥

ਸੁੰਦਰ ਬਚਨ ਤੁਮ ਸੁਣਹੁ ਛਬੀਲੀ
ਪਿਰੁ ਤੈਡਾ ਮਨ ਸਾਧਾਰਣੁ ॥

سُندر بچن تُم سُنہُ چھبیلی
پِرُ تیَڈا من سادھارنُ ॥

ਦੁਰਜਨ ਸੇਤੀ ਨੇਹੁ ਰਚਾਇਓ
ਦਸਿ ਵਿਖਾ ਮੈ ਕਾਰਣੁ ॥

دُرجن سیتی نیہُ رچائیو
دس وِکھا مے کارنُ ॥

ਊਣੀ ਨਾਹੀ ਝੂਣੀ ਨਾਹੀ
ਨਾਹੀ ਕਿਸੈ ਵਿਹੂਣੀ ॥

اوُنی ناہی جھوُنی ناہی
ناہی کِسے وِہوُنی ॥

ਪਿਰੁ ਛੈਲੁ ਛਬੀਲਾ ਛਡਿ ਗਵਾਇਓ
ਦੁਰਮਤਿ ਕਰਮਿ ਵਿਹੂਣੀ ॥

پِرُ چھیَلُ چھبیلا چھڈِ گوائیو
دُرمتِ کرمِ وِہوُنی ॥

ਨਾ ਹਉ ਭੁਲੀ ਨਾ ਹਉ ਚੁਕੀ
ਨਾ ਮੈ ਨਾਹੀ ਦੋਸਾ ॥

نا ہءُ بھُلی نا ہءُ چُکی
نا مے ناہی دوسا ॥

ਜਿਤੁ ਹਉ ਲਾਈ ਤਿਤੁ ਹਉ ਲਗੀ
ਤੂ ਸੁਣਿ ਸਚੁ ਸੰਦੇਸਾ ॥

جِتُ ہءُ لائی تِتُ ہءُ لگی
توُ سُنِ سچُ سندیسا ॥

ਸਾਈ ਸੋਹਾਗਣਿ ਸਾਈ ਭਾਗਣਿ
ਜੈ ਪਿਰਿ ਕਿਰਪਾ ਧਾਰੀ ॥

سائی سوہاگنِ سائی بھاگنِ
جے پِر کِرپا دھاری ॥

ਪਿਰਿ ਅਉਗਣ ਤਿਸ ਕੇ ਸਭਿ ਗਵਾਏ
ਗਲ ਸੇਤੀ ਲਾਇ ਸਵਾਰੀ ॥

پِر اَوگُن تِس کے سبھِ گوائے
گل سیتی لائِ سواری ॥

ਕਰਮਹੀਣ ਧਨ ਕਰੈ ਬਿਨੰਤੀ

کرمہیِنْ دھن کرے بِنَنتی

ਕਦਿ ਨਾਨਕ ਆਵੈ ਵਾਰੀ ॥

کدِ نانک آوے واری ۔ ॥

ਸਭਿ ਸੁਹਾਗਣਿ ਮਾਣਹਿ ਰਲੀਆ
ਇਕ ਦੇਵਹੁ ਰਾਤਿ ਮੁਰਾਰੀ ॥੧॥

سبھِ سُہاگنِ ماٹہِ رلِیا
اِک دیوہُ راتِ مُراری ۔ ॥1॥

ਮਃ ੫ ॥

م: 5 ॥

ਕਾਹੇ ਮਨ ਤੂ ਡੋਲਤਾ
ਹਰਿ ਮਨਸਾ ਪੂਰਣਹਾਰੁ ॥

کاہے من توُ ڈولتا
ہرِ منسا پوُرنہارُ ॥

ਸਤਿਗੁਰੁ ਪੁਰਖੁ ਧਿਆਇ ਤੂ
ਸਭਿ ਦੁਖ ਵਿਸਾਰਣਹਾਰੁ ॥

ستِگُرُ پُرکھُ دھِیاءِ توُ
سبھِ دُکھ وِسارنہارُ ॥

ਹਰਿ ਨਾਮਾ ਆਰਾਧਿ ਮਨ
ਸਭਿ ਕਿਲਵਿਖ ਜਾਹਿ ਵਿਕਾਰ ॥

ہرِ نامَا آرادھِ من
سبھِ کِلوِکھ جاہِ وِکار ॥

ਜਿਨ ਕਉ ਪੂਰਬਿ ਲਿਖਿਆ
ਤਿਨ ਰੰਗੁ ਲਗਾ ਨਿਰੰਕਾਰ ॥

جِن کءُ پوُربِ لِکھِیا
تِن رنگُ لگا نِرنکار ॥

ਓਨੀ ਛਡਿਆ ਮਾਇਆ ਸੁਆਵੜਾ
ਧਨੁ ਸੰਚਿਆ ਨਾਮੁ ਅਪਾਰੁ ॥

اونی چھڈِیا مائِیا سُیاوڑا
دھنُ سنچِیا نامُ اپارُ ॥

ਅਠੇ ਪਹਰ ਇਕਤੈ ਲਿਵੈ
ਮੰਨੇਨਿ ਹੁਕਮੁ ਅਪਾਰੁ ॥

اٹھے پہر اِکتے لِوے
منّنینِ حُکمُ اپارُ ॥

ਜਨੁ ਨਾਨਕੁ ਮੰਗੈ ਦਾਨੁ ਇਕੁ
ਦੇਹੁ ਦਰਸੁ ਮਨਿ ਪਿਆਰੁ ॥੨॥

جنُ نانکُ منگّے دانُ اِکُ
دیہُ درسُ منِ پِیارُ ॥2॥

ਪਉੜੀ ॥

پئڑی ॥

ਜਿਸੁ ਤੂ ਆਵਹਿ ਚਿਤਿ
ਤਿਸ ਨੋ ਸਦਾ ਸੁਖ ॥

جِسُ توُ آوہِ چِتِ
تِس نو سدا سُکھ ॥

ਜਿਸੁ ਤੂ ਆਵਹਿ ਚਿਤਿ
ਤਿਸੁ ਜਮ ਨਾਹਿ ਦੁਖ ॥

جِسُ توُ آوہِ چِتِ
تِسُ جم ناہِ دُکھ ॥

ਜਿਸੁ ਤੂ ਆਵਹਿ ਚਿਤਿ
ਤਿਸੁ ਕਿ ਕਾੜਿਆ ॥

جِسُ توُ آوہِ چِتِ
تِسُ کِ کاڑِیا ॥

ਜਿਸ ਦਾ ਕਰਤਾ ਮਿਤ੍ਰੁ
ਸਭਿ ਕਾਜ ਸਵਾਰਿਆ ॥

جِس دا کرتا مِتّرُ
سبھِ کاج سوارِیا ॥

ਜਿਸੁ ਤੂ ਆਵਹਿ ਚਿਤਿ
ਸੋ ਪਰਵਾਣੁ ਜਨੁ ॥

جِسُ توُ آوہِ چِتِ
سو پرواڻُ جنُ ॥

ਜਿਸੁ ਤੂ ਆਵਹਿ ਚਿਤਿ
ਬਹੁਤਾ ਤਿਸੁ ਧਨੁ ॥

جِسُ توُ آوہِ چِتِ
بہُتا تِسُ دھنُ ॥

ਜਿਸੁ ਤੂ ਆਵਹਿ ਚਿਤਿ
ਸੋ ਵਡ ਪਰਵਾਰਿਆ ॥

جِسُ توُ آوہِ چِتِ
سو وڈ پروارِیا ॥

ਜਿਸੁ ਤੂ ਆਵਹਿ ਚਿਤਿ
ਤਿਨਿ ਕੁਲ ਉਧਾਰਿਆ ॥੬॥

جِسُ توُ آوہِ چِتِ
تِنِ کُل اُدھارِیا ॥6॥

ਸਲੋਕ ਮਃ ੫ ॥

سلوک م: 5 ॥

ਅੰਦਰਹੁ ਅੰਨਾ ਬਾਹਰਹੁ ਅੰਨਾ
ਕੂੜੀ ਕੂੜੀ ਗਾਵੈ ॥

انّدرہُ انّنا باہرہُ انّنا
کوُڑی کوُڑی گاوے ॥

ਦੇਹੀ ਧੋਵੈ ਚਕ੍ਰ ਬਣਾਏ
ਮਾਇਆ ਨੋ ਬਹੁ ਧਾਵੈ ॥

دیہی دھووے چکّر بڻائے
مائیا نو بہُ دھاوے ॥

ਅੰਦਰਿ ਮੈਲੁ ਨ ਉਤਰੈ ਹਉਮੈ
ਫਿਰਿ ਫਿਰਿ ਆਵੈ ਜਾਵੈ ॥

انّدرِ میَلُ ن اُترے ہئُمے
پھِرِ پھِرِ آوے جاوے ॥

ਨੀਂਦ ਵਿਆਪਿਆ ਕਾਮਿ ਸੰਤਾਪਿਆ
ਮੁਖਹੁ ਹਰਿ ਹਰਿ ਕਹਾਵੈ ॥

نیئنْد وِیاپِیا کامِ سنّتاپِیا
مُکھہُ ہرِ ہرِ کہاوے ॥

ਬੈਸਨੋ ਨਾਮੁ ਕਰਮ ਹਉ ਜੁਗਤਾ
ਤੁਹ ਕੁਟੇ ਕਿਆ ਫਲੁ ਪਾਵੈ ॥

بیَسنو نامُ کرم ہءُ جُگتا
تُہ کُٹے کِیا پھلُ پاوے ۔ ॥

ਹੰਸਾ ਵਿਚਿ ਬੈਠਾ ਬਗੁ ਨ ਬਣਈ
ਨਿਤ ਬੈਠਾ ਮਛੀ ਨੋ ਤਾਰ ਲਾਵੈ ॥

ہنّسا وِچ بیَٹھا بگُ ن بڻئی
نِت بیَٹھا مچھی نو تار لاوے ॥

ਜਾ ਹੰਸ ਸਭਾ ਵੀਚਾਰੁ ਕਰਿ ਦੇਖਨਿ
ਤਾ ਬਗਾ ਨਾਲਿ ਜੋੜੁ ਕਦੇ ਨ ਆਵੈ ॥

جا ہنّس سبھا ویچارُ کرِ دیکھنِ
تا بگا نالِ جوڑُ کدے ن آوے ॥

ਹੰਸਾ ਹੀਰਾ ਮੋਤੀ ਚੁਗਣਾ
ਬਗੁ ਡਡਾ ਭਾਲਣ ਜਾਵੈ ॥

ہنسا ہیرا موتی چُگنا
بگُ ڈڈا بھالنؔ جاوےَ ॥

ਉਡਰਿਆ ਵੇਚਾਰਾ ਬਗੁਲਾ
ਮਤੁ ਹੋਵੈ ਮੰਞੂ ਲਖਾਵੈ ॥

اُڈریا ویچارا بگُلا
مت ہووےَ منّجُ لکھاوےَ ॥

ਜਿਤੁ ਕੋ ਲਾਇਆ ਤਿਤ ਹੀ ਲਾਗਾ
ਕਿਸੁ ਦੋਸੁ ਦਿਚੈ ਜਾ ਹਰਿ ਏਵੈ ਭਾਵੈ ॥

جِتُ کو لائیا تِت ہی لاگا
کِسُ دوسُ دِچےَ جا ہرِ ایوےَ بھاوےَ ॥

ਸਤਿਗੁਰੁ ਸਰਵਰੁ ਰਤਨੀ ਭਰਪੂਰੇ
ਜਿਸੁ ਪ੍ਰਾਪਤਿ ਸੋ ਪਾਵੈ ॥

ستِگُرُ سرورُ رتنی بھرپُورے
جِسُ پّراپتِ سو پاوےَ ॥

ਸਿਖ ਹੰਸ ਸਰਵਰਿ ਇਕਠੇ ਹੋਏ
ਸਤਿਗੁਰ ਕੈ ਹੁਕਮਾਵੈ ॥

سِکھ ہنّس سرورِ اِکٹھے ہوئے
ستِگُر کےَ حُکماوےَ ॥

ਰਤਨ ਪਦਾਰਥ ਮਾਣਕ ਸਰਵਰਿ ਭਰਪੂਰੇ
ਖਾਇ ਖਰਚਿ ਰਹੇ ਤੋਟਿ ਨ ਆਵੈ ॥

رتن پدارتھ مانک سرورِ بھرپُورے
کھاءِ خرچِ رہے توٹِ ن آوےَ ॥

ਸਰਵਰ ਹੰਸੁ ਦੂਰਿ ਨ ਹੋਈ
ਕਰਤੇ ਏਵੈ ਭਾਵੈ ॥

سرور ہنّس دوُرِ ن ہوئی
کرتے ایوےَ بھاوےَ ॥

ਜਨ ਨਾਨਕ ਜਿਸ ਦੈ ਮਸਤਕਿ ਭਾਗੁ ਧੁਰਿ ਲਿਖਿਆ
ਸੋ ਸਿਖੁ ਗੁਰੂ ਪਹਿ ਆਵੈ ॥

جن نانک جِس دےَ مستکِ بھاگُ دھُرِ لِکھیا
سو سِکھُ گُرُو پہِ آوےَ ॥

ਆਪਿ ਤਰਿਆ ਕੁਟੰਬ ਸਭਿ ਤਾਰੇ
ਸਭਾ ਸ੍ਰਿਸਟਿ ਛਡਾਵੈ ॥੧॥

آپِ تریا کُٹنّب سبھِ تارے
سبھا سّرِسٹِ چھڈاوےَ ॥1॥

ਮਃ ੫ ॥

م: 5 ॥

ਪੰਡਿਤੁ ਆਖਾਏ ਬਹੁਤੀ ਰਾਹੀ
ਕੋਰੜ ਮੋਠ ਜਿਨੇਹਾ ॥

پنّڈِتُ آکھائے بہُتی راہی
کورڑ موٹھ جِنیہا ॥

ਅੰਦਰਿ ਮੋਹੁ ਨਿਤ ਭਰਮਿ ਵਿਆਪਿਆ
ਤਿਸਟਸਿ ਨਾਹੀ ਦੇਹਾ ॥

انّدرِ موہُ نِت بھرمِ وِیاپیا
تِسٹسِ ناہی دیہا ॥

ਕੂੜੀ ਆਵੈ ਕੂੜੀ ਜਾਵੈ
ਮਾਇਆ ਕੀ ਨਿਤ ਜੋਹਾ ॥

کوُڑی آوےَ کوُڑی جاوےَ
مائیا کی نِت جوہا ॥

ਸਚੁ ਕਹੈ ਤਾ ਛੋਹੋ ਆਵੈ
ਅੰਤਰਿ ਬਹੁਤਾ ਰੋਹਾ ॥

سچُ کہے تا چھوہو آوے
انترِ بہُتا روہا ॥

ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ
ਮਨਿ ਲਾਗਾ ਤਿਸੁ ਮੋਹਾ ॥

وِیاپیا دُرمتِ کُبُدھِ کُموڑا
منِ لاگا تِس موہا ॥

ਠਗੈ ਸੇਤੀ ਠਗੁ ਰਲਿ ਆਇਆ
ਸਾਥੁ ਭਿ ਇਕੋ ਜੇਹਾ ॥

ٹھگے سیتی ٹھگ رلِ آئیا
ساتھُ بھِ اِکو جیہا ॥

ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ
ਤਾਂ ਉਘੜਿ ਆਇਆ ਲੋਹਾ ॥

ستِگُرُ صرافُ ندری وِچدو کڈھے
تاں اُگھڑِ آئیا لوہا ॥

ਬਹੁਤੇਰੀ ਥਾਈ ਰਲਾਇ ਰਲਾਇ ਦਿਤਾ
ਉਘੜਿਆ ਪੜਦਾ ਅਗੈ ਆਇ ਖਲੋਹਾ ॥

بہتیری تھائی رلاءِ رلاءِ دِتا
اُگھڑِیا پڑدا اگے آءِ کھلوہا ॥

ਸਤਿਗੁਰ ਕੀ ਜੇ ਸਰਣੀ ਆਵੈ
ਫਿਰਿ ਮਨੂਰਹੁ ਕੰਚਨੁ ਹੋਹਾ ॥

ستِگُر کی جے سرنی آوے
پھِرِ منوُرہُ کنچنُ ہوہا ॥

ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ
ਅਉਗਣ ਕਟੇ ਕਰੇ ਸੁਧੁ ਦੇਹਾ ॥

ستِگُرُ نِرویَرُ پُتّر ستّر سمانے
اَگُنّ کٹے کرے سُدھُ دیہا ॥

ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ
ਤਿਸੁ ਸਤਿਗੁਰ ਨਾਲਿ ਸਨੇਹਾ ॥

نانک جِس دھُرِ مستکِ ہووے لِکھیا
تِس ستِگُر نالِ سنیہا ॥

ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ
ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥

اَمّرت بانی ستِگُر پُورے کی
جِس کِرپالُ ہووے تِس رِدے وسیہا ॥

ਆਵਣ ਜਾਣਾ ਤਿਸ ਕਾ ਕਟੀਐ
ਸਦਾ ਸਦਾ ਸੁਖੁ ਹੋਹਾ ॥੨॥

آونّ جانّا تِس کا کٹیئے
سدا سدا سُکھُ ہوہا ॥2॥

ਪਉੜੀ ॥

پؤڑی ॥

ਜੋ ਤੁਧੁ ਭਾਣਾ ਜੰਤੁ
ਸੋ ਤੁਧੁ ਬੁਝਈ ॥

جو تُدھُ بھانا جنّتُ
سو تُدھُ بُجھئی ॥

ਜੋ ਤੁਧੁ ਭਾਣਾ ਜੰਤੁ
ਸੁ ਦਰਗਹ ਸਿਝਈ ॥

جو تُدھُ بھانا جنّتُ
سُ درگہ سِجھئی ॥

ਜਿਸ ਨੋ ਤੇਰੀ ਨਦਰਿ
ਹਉਮੈ ਤਿਸੁ ਗਈ ॥

جِس نو تیری ندرِ
ہئُمےَ تِس گئی ॥

ਜਿਸ ਨੋ ਤੂ ਸੰਤੁਸਟੁ
ਕਲਮਲ ਤਿਸੁ ਖਈ ॥

جِس نو توُ سنتُسٹُ
کلمل تِس کھئی ॥

ਜਿਸ ਕੈ ਸੁਆਮੀ ਵਲਿ
ਨਿਰਭਉ ਸੋ ਭਈ ॥

جِس کےَ سُیامی ولِ
نِربھءُ سو بھئی ॥

ਜਿਸ ਨੋ ਤੂ ਕਿਰਪਾਲੁ
ਸਚਾ ਸੋ ਥਿਅਈ ॥

جِس نو توُ کِرپالُ
سچا سو تھِئَئی ॥

ਜਿਸ ਨੋ ਤੇਰੀ ਮਇਆ
ਨ ਪੋਹੈ ਅਗਨਈ ॥

جِس نو تیری مِئیا
ن پوہےَ اگنئی ॥

ਤਿਸ ਨੋ ਸਦਾ ਦਇਆਲੁ
ਜਿਨਿ ਗੁਰ ਤੇ ਮਤਿ ਲਈ ॥੭॥

تِس نو سدا دئیالُ
جِنِ گُر تے متِ لئی ॥7॥

ਸਲੋਕ ਮਃ ੫ ॥

سلوک م: 5 ॥

ਕਰਿ ਕਿਰਪਾ ਕਿਰਪਾਲ
ਆਪੇ ਬਖਸਿ ਲੈ ॥

کرِ کِرپا کِرپال
آپے بخشِ لے ॥

ਸਦਾ ਸਦਾ ਜਪੀ ਤੇਰਾ ਨਾਮੁ
ਸਤਿਗੁਰ ਪਾਇ ਪੈ ॥

سدا سدا جپی تیرا نامُ
ستِگُر پاءِ پے ॥

ਮਨ ਤਨ ਅੰਤਰਿ ਵਸੁ
ਦੂਖਾ ਨਾਸੁ ਹੋਇ ॥

من تن انترِ وسُ
دوُکھا ناسُ ہوءِ ॥

ਹਥ ਦੇਇ ਆਪਿ ਰਖੁ
ਵਿਆਪੈ ਭਉ ਨ ਕੋਇ ॥

ہتھ دےءِ آپِ رکھُ
وِیاپے بھءُ ن کوءِ ॥

ਗੁਣ ਗਾਵਾ ਦਿਨੁ ਰੈਣਿ
ਏਤੈ ਕੰਮਿ ਲਾਇ ॥

گُنؤ گاوا دِنُ ریَنؤِ
ایتےَ کنّمِ لاءِ ॥

ਸੰਤ ਜਨਾ ਕੈ ਸੰਗਿ
ਹਉਮੈ ਰੋਗੁ ਜਾਇ ॥

سنّت جنا کےَ سنگِ
ہئُمےَ روگُ جاءِ ॥

ਸਰਬ ਨਿਰੰਤਰਿ ਖਸਮੁ
ਏਕੋ ਰਵਿ ਰਹਿਆ ॥

سرب نِرنترِ خصمُ
ایکو روِ رہِیا ॥

ਗੁਰ ਪਰਸਾਦੀ ਸਚੁ
ਸਚੋ ਸਚੁ ਲਹਿਆ ॥

گُر پرسادی سچُ
سچھو سچُ لہِیا ॥

ਦਇਆ ਕਰਹੁ ਦਇਆਲ
ਅਪਣੀ ਸਿਫਤਿ ਦੇਹੁ ॥

دئیا کرہُ دئیال
اپنّی صِفتِ دیہُ ॥

ਦਰਸਨੁ ਦੇਖਿ ਨਿਹਾਲ
ਨਾਨਕ ਪ੍ਰੀਤਿ ਏਹ ॥੧॥

درسنُ دیکھِ نِہال
نانک پرِیتِ ایہ ॥1॥

ਮਃ ੫ ॥

م: 5 ॥

ਏਕੋ ਜਪੀਐ ਮਨੈ ਮਾਹਿ
ਇਕਸ ਕੀ ਸਰਣਾਇ ॥

ایکو جپیئے منے ماہِ
اِکس کی سرناءِ ॥

ਇਕਸ ਸਿਉ ਕਰਿ ਪਿਰਹੜੀ
ਦੂਜੀ ਨਾਹੀ ਜਾਇ ॥

اِکس سِءُ کرِ پرہڑی
دوُجی ناہی جاءِ ॥

ਇਕੋ ਦਾਤਾ ਮੰਗੀਐ
ਸਭੁ ਕਿਛੁ ਪਲੈ ਪਾਇ ॥

اِکو داتا منگیئے
سبھُ کچھُ پلے پاءِ ॥

ਮਨਿ ਤਨਿ ਸਾਸਿ ਗਿਰਾਸਿ ਪ੍ਰਭੁ
ਇਕੋ ਇਕੁ ਧਿਆਇ ॥

منِ تنِ ساسِ گِراسِ پربھُ
اِکو اِکُ دھیاءِ ॥

ਅੰਮ੍ਰਿਤੁ ਨਾਮੁ ਨਿਧਾਨੁ ਸਚੁ
ਗੁਰਮੁਖਿ ਪਾਇਆ ਜਾਇ ॥

انمرِتُ نامُ نِدھانُ سچُ
گُرمُکھِ پائیا جاءِ ॥

ਵਡਭਾਗੀ ਤੇ ਸੰਤ ਜਨ
ਜਿਨ ਮਨਿ ਵੁਠਾ ਆਇ ॥

وڈبھاگی تے سنّت جن
جِن منِ وُٹھا آءِ ॥

ਜਲਿ ਥਲਿ ਮਹੀਅਲਿ ਰਵਿ ਰਹਿਆ
ਦੂਜਾ ਕੋਇ ਨਾਹਿ ॥

جلِ تھلِ مہیئلِ روِ رہِیا
دوُجا کوءِ ناہِ ॥

ਨਾਮੁ ਧਿਆਈ ਨਾਮੁ ਉਚਰਾ
ਨਾਨਕ ਖਸਮ ਰਜਾਇ ॥੨॥

نامُ دھیائی نامُ اُچرا
نانک خصم رضاءِ ॥2॥

ਪਉੜੀ ॥

ਜਿਸ ਨੋ ਤੂ ਰਖਵਾਲਾ
ਮਾਰੇ ਤਿਸੁ ਕਉਣੁ ॥

ਜਿਸ ਨੋ ਤੂ ਰਖਵਾਲਾ
ਜਿਤਾ ਤਿਨੈ ਭੈਣੁ ॥

ਜਿਸ ਨੋ ਤੇਰਾ ਅੰਗੁ
ਤਿਸੁ ਮੁਖੁ ਉਜਲਾ ॥

ਜਿਸ ਨੋ ਤੇਰਾ ਅੰਗੁ
ਸੁ ਨਿਰਮਲੀ ਹੂੰ ਨਿਰਮਲਾ ॥

ਜਿਸ ਨੋ ਤੇਰੀ ਨਦਰਿ
ਨ ਲੇਖਾ ਪੁਛੀਐ ॥

ਜਿਸ ਨੋ ਤੇਰੀ ਖੁਸੀ
ਤਿਨਿ ਨਉ ਨਿਧਿ ਭੁੰਚੀਐ ॥

ਜਿਸ ਨੋ ਤੂ ਪ੍ਰਭ ਵਲਿ
ਤਿਸੁ ਕਿਆ ਮੁਹਛੰਦਗੀ ॥

ਜਿਸ ਨੋ ਤੇਰੀ ਮਿਹਰ
ਸੁ ਤੇਰੀ ਬੰਦਿਗੀ ॥੮॥

ਸਲੋਕ ਮਹਲਾ ੫ ॥

ਹੋਹੁ ਕ੍ਰਿਪਾਲ ਸੁਆਮੀ ਮੇਰੇ
ਸੰਤਾਂ ਸੰਗਿ ਵਿਹਾਵੇ ॥

ਤੁਧਹੁ ਭੁਲੇ ਸਿ ਜਮਿ ਜਮਿ ਮਰਦੇ
ਤਿਨ ਕਦੇ ਨ ਚੁਕਨਿ ਹਾਵੇ ॥੧॥

ਮਃ ੫ ॥

ਸਤਿਗੁਰੁ ਸਿਮਰਹੁ ਆਪਣਾ
ਘਟਿ ਅਵਘਟਿ ਘਟ ਘਾਟ ॥

پؤڑی ॥

جِس نو توُ رکھوالا
مارے تِس کئُنُ ۔ ॥

جِس نو توُ رکھوالا
جِتا تِنے بھیَنُ ॥

جِس نو تیرا انگُ
تِس مُکھُ اُجلا ॥

جِس نو تیرا انگُ
سُ نِرملی ہوُنّ نِرملا ॥

جِس نو تیری ندرِ
ن لیکھا پُچھیِۓ ॥

جِس نو تیری خُشی
تِنِ ن ءُ نِدھِ بھُنچیِۓ ॥

جِس نو توُ پّربھ ولِ
تِس کِیا مُہچھنّدگی ۔ ॥

جِس نو تیری مِہر
سُ تیری بنّدِگی ॥8॥

سلوک محلا 5 ॥

ہوہُ کِرپال سُیامی میرے
سنّتاں سنّگِ وِہاوے ॥

تُدھہُ بھُلے سِ جمِ جمِ مردے
تِن کدے ن چُکنِ ہاوے ॥1॥

م: 5 ॥

ستِگُر سِمرہُ آپنّا
گھٹِ اوگھٹِ گھٹ گھاٹ ॥

ਹਰਿ ਹਰਿ ਨਾਮੁ ਜਪੰਤਿਆ
ਕੋਇ ਨ ਬੰਧੈ ਵਾਟ ॥੨॥

ہرِ ہرِ نامُ جپنتیا
کوءِ ن بندھے واٹ ॥2॥

ਪਉੜੀ ॥

پئڑی ॥

ਤਿਥੈ ਤੂ ਸਮਰਥੁ
ਜਿਥੈ ਕੋਇ ਨਾਹਿ ॥

تِتھے تو سمرتھُ
جِتھے کوءِ ناہِ ॥

ਓਥੈ ਤੇਰੀ ਰਖ
ਅਗਨੀ ਉਦਰ ਮਾਹਿ ॥

اوتھے تیری رکھ
اگنی اُدر ماہِ ॥

ਸੁਣਿ ਕੈ ਜਮ ਕੇ ਦੂਤ
ਨਾਇ ਤੇਰੈ ਛਡਿ ਜਾਹਿ ॥

سُنِ کے جم کے دوُت
ناءِ تیرے چھڈِ جاہِ ॥

ਭਉਜਲੁ ਬਿਖਮੁ ਅਸਗਾਹੁ
ਗੁਰ ਸਬਦੀ ਪਾਰਿ ਪਾਹਿ ॥

بھجُلُ بِکھمُ اسگاہُ
گُر سبدی پارِ پاہِ ॥

ਜਿਨ ਕਉ ਲਗੀ ਪਿਆਸ
ਅੰਮ੍ਰਿਤੁ ਸੇਇ ਖਾਹਿ ॥

جِن کءُ لگی پیاس
انمّرِتُ سےءِ کھاہِ ॥

ਕਲਿ ਮਹਿ ਏਹੋ ਪੁੰਨੁ
ਗੁਣ ਗੋਵਿੰਦ ਗਾਹਿ ॥

کلِ مہِ ایہو پُنّنُ
گُنُ گووِنّد گاہِ ॥

ਸਭਸੈ ਨੋ ਕਿਰਪਾਲੁ
ਸਮ੍ਹਾਲੇ ਸਾਹਿ ਸਾਹਿ ॥

سبھسے نو کِرپالُ
سمہّالے ساہِ ساہِ ॥

ਬਿਰਥਾ ਕੋਇ ਨ ਜਾਇ
ਜਿ ਆਵੈ ਤੁਧੁ ਆਹਿ ॥੯॥

برتھا کوءِ ن جاءِ
جِ آوے تُدھُ آہِ ॥9॥

ਸਲੋਕ ਮਃ ੫ ॥

سلوک م: 5 ॥

ਦੂਜਾ ਤਿਸੁ ਨ ਬੁਝਾਇਹੁ
ਪਾਰਬ੍ਰਹਮ ਨਾਮੁ ਦੇਹੁ ਆਧਾਰੁ ॥

دوُجا تِسُ ن بُجھائیہُ
پاربّرہم نامُ دیہُ آدھارُ ॥

ਅਗਮੁ ਅਗੋਚਰੁ ਸਾਹਿਬੋ
ਸਮਰਥੁ ਸਚੁ ਦਾਤਾਰੁ ॥

اگمُ اگوچرُ صاحِبو
سمرتھُ سچُ داتارُ ॥

ਤੂ ਨਿਹਚਲੁ ਨਿਰਵੈਰੁ ਸਚੁ

توُ نِہچلُ نِرویرُ سچُ

ਸਚਾ ਤੁਧੁ ਦਰਬਾਰੁ ॥

سچا تُدھُ دربارُ ॥

ਕੀਮਤਿ ਕਹਣੁ ਨ ਜਾਈਐ
ਅੰਤੁ ਨ ਪਾਰਾਵਾਰੁ ॥

قِیمتِ کہنُ ن جائیَے
انتُ ن پاراوارُ ॥

ਪ੍ਰਭੁ ਛੋਡਿ ਹੋਰੁ ਜਿ ਮੰਗਣਾ
ਸਭੁ ਬਿਖਿਆ ਰਸ ਛਾਰੁ ॥

پربھُ چھوڈِ ہورُ جِ منگنّا
سبھُ بِکھیا رس چھارُ ॥

ਸੇ ਸੁਖੀਏ ਸਚੁ ਸਾਹ ਸੇ
ਜਿਨ ਸਚਾ ਬਿਉਹਾਰੁ ॥

سے سُکھیئے سچُ ساہ سے
جِن سچا بِہُہارُ ॥

ਜਿਨਾ ਲਗੀ ਪ੍ਰੀਤਿ ਪ੍ਰਭ ਨਾਮ
ਸਹਜ ਸੁਖ ਸਾਰੁ ॥

جِنا لگی پریتِ پربھ نام
سہج سُکھ سارُ ॥

ਨਾਨਕ ਇਕੁ ਆਰਾਧੇ
ਸੰਤਨ ਰੇਣਾਰੁ ॥੧॥

نانک اِکُ آرادھے
سنتن ریٹارُ ॥1॥

ਮਃ ੫ ॥

م: 5 ॥

ਅਨਦ ਸੂਖ ਬਿਸ੍ਰਾਮ ਨਿਤ
ਹਰਿ ਕਾ ਕੀਰਤਨੁ ਗਾਇ ॥

اند سوُکھ بِسّرام نِت
ہرِ کا کیرتنُ گاءِ ॥

ਅਵਰ ਸਿਆਣਪ ਛਾਡਿ ਦੇਹਿ
ਨਾਨਕ ਉਧਰਸਿ ਨਾਇ ॥੨॥

اور سِیانپ چھاڈِ دیہِ
نانک اُدھرسِ ناءِ ॥2॥

ਪਉੜੀ ॥

پئُڑی ॥

ਨਾ ਤੂ ਆਵਹਿ ਵਸਿ
ਬਹੁਤੁ ਘਿਣਾਵਣੇ ॥

نا توُ آوہِ وسِ
بہُتُ گھِٹاوٹے ॥

ਨਾ ਤੂ ਆਵਹਿ ਵਸਿ
ਬੇਦ ਪੜਾਵਣੇ ॥

نا توُ آوہِ وسِ
بید پڑاوٹے ॥

ਨਾ ਤੂ ਆਵਹਿ ਵਸਿ
ਤੀਰਥਿ ਨਾਈਐ ॥

نا توُ آوہِ وسِ
تیرتھِ نائیَے ॥

ਨਾ ਤੂ ਆਵਹਿ ਵਸਿ
ਧਰਤੀ ਧਾਈਐ ॥

نا توُ آوہِ وسِ
دھرتی دھائیَے ॥

ਨਾ ਤੂ ਆਵਹਿ ਵਸਿ
ਕਿਤੈ ਸਿਆਣਪੈ ॥

نا توُ آوہِ وسِ
کِتے سِیاٹپے ॥

ਨਾ ਤੂ ਆਵਹਿ ਵਸਿ
ਬਹੁਤਾ ਦਾਨੁ ਦੇ ॥

نا توُ آوہِ وسِ
بہُتا دانُ دے ॥

ਸਭੁ ਕੋ ਤੇਰੈ ਵਸਿ
ਅਗਮ ਅਗੋਚਰਾ ॥

سبھُ کو تیرے وسِ
اگم اگوچرا ۔ ॥

ਤੂ ਭਗਤਾ ਕੈ ਵਸਿ
ਭਗਤਾ ਤਾਣੁ ਤੇਰਾ ॥੧੦॥

توُ بھگتا کے وسِ
بھگتا تانُ تیرا ॥ 10 ॥

ਸਲੋਕ ਮਃ ੫ ॥

سلوک م: 5 ॥

ਆਪੇ ਵੈਦੁ ਆਪਿ ਨਾਰਾਇਣੁ ॥

آپے ویَدُ آپِ نارائِنُ ॥

ਏਹਿ ਵੈਦ ਜੀਅ ਕਾ ਦੁਖੁ ਲਾਇਣ ॥

ایہ ویَد جیء کا دُکھُ لائِنُ ॥

ਗੁਰ ਕਾ ਸਬਦੁ ਅੰਮ੍ਰਿਤ ਰਸੁ ਖਾਇਣ ॥

گُر کا سبدُ انمّرِت رسُ کھائِنُ ॥

ਨਾਨਕ ਜਿਸੁ ਮਨਿ ਵਸੈ
ਤਿਸ ਕੇ ਸਭਿ ਦੂਖ ਮਿਟਾਇਣ ॥੧॥

نانک جِسُ منِ وسے
تِس کے سبھِ دوُکھ مِٹائِنُ ॥ 1 ॥

ਮਃ ੫ ॥

م: 5 ॥

ਹੁਕਮਿ ਉਛਲੈ ਹੁਕਮੇ ਰਹੈ ॥

حُکمِ اُچھلے حُکمے رہے ॥

ਹੁਕਮੇ ਦੁਖੁ ਸੁਖੁ ਸਮ ਕਰਿ ਸਹੈ ॥

حُکمے دُکھُ سُکھُ سم کرِ سہے ॥

ਹੁਕਮੇ ਨਾਮੁ ਜਪੈ ਦਿਨੁ ਰਾਤਿ ॥

حُکمے نامُ جپے دِنُ راتِ ॥

ਨਾਨਕ ਜਿਸ ਨੋ ਹੋਵੈ ਦਾਤਿ ॥

نانک جِس نو ہووے داتِ ॥

ਹੁਕਮਿ ਮਰੈ ਹੁਕਮੇ ਹੀ ਜੀਵੈ ॥

حُکمِ مرے حُکمے ہی جیوے ॥

ਹੁਕਮੇ ਨਾਨ੍ਹਾ ਵਡਾ ਥੀਵੈ ॥

حُکمے نانّہا وڈا تھیوے ॥

ਹੁਕਮੇ ਸੋਗ ਹਰਖ ਆਨੰਦ ॥

حُکمے سوگ ہرکھ آننّد ॥

ਹੁਕਮੇ ਜਪੈ ਨਿਰੋਧਰ ਗੁਰਮੰਤ ॥

حُکمے جپے نِرودھر گُرمنّت ॥

ਹੁਕਮੇ ਆਵਣੁ ਜਾਣੁ ਰਹਾਏ ॥	ہُکمے آونُ جانُ رہائے ॥
ਨਾਨਕ ਜਾ ਕਉ ਭਗਤੀ ਲਾਏ ॥੨॥	نانک جا ک ءُ بھگتی لائے ॥2॥
ਪਉੜੀ ॥	پئڑی ॥
ਹਉ ਤਿਸੁ ਢਾਢੀ ਕੁਰਬਾਣੁ ਜਿ ਤੇਰਾ ਸੇਵਦਾਰੁ ॥	ہءُ تِسُ ڈھاڈھی قُربانُ جِ تیرا سیودارُ ॥
ਹਉ ਤਿਸੁ ਢਾਢੀ ਬਲਿਹਾਰ ਜਿ ਗਾਵੈ ਗੁਣ ਅਪਾਰ ॥	ہءُ تِسُ ڈھاڈھی بلِہار جِ گاوے گُنؔ اپار ॥
ਸੋ ਢਾਢੀ ਧਨੁ ਧੰਨੁ ਜਿਸੁ ਲੋੜੇ ਨਿਰੰਕਾਰੁ ॥	سو ڈھاڈھی دھنُ دھنّنُ جِسُ لوڑے نِرنّکارُ ॥
ਸੋ ਢਾਢੀ ਭਾਗਠੁ ਜਿਸੁ ਸਚਾ ਦੁਆਰ ਬਾਰੁ ॥	سو ڈھاڈھی بھاگٹھُ جِسُ سچا دُیار بارُ ॥
ਓਹੁ ਢਾਢੀ ਤੁਧੁ ਧਿਆਇ ਕਲਾਣੇ ਦਿਨੁ ਰੈਣਾਰ ॥	اوہُ ڈھاڈھی تُدھُ دھِیاءِ کلاٹے دِنُ ریٹّار ॥
ਮੰਗੈ ਅੰਮ੍ਰਿਤ ਨਾਮੁ ਨ ਆਵੈ ਕਦੇ ਹਾਰਿ ॥	منگے انّمرِت نامُ ن آوے کدے ہارِ ॥
ਕਪੜੁ ਭੋਜਨੁ ਸਚੁ ਰਹਦਾ ਲਿਵੈ ਧਾਰ ॥	کپڑُ بھوجنُ سچُ رہدا لِوے دھار ॥
ਸੋ ਢਾਢੀ ਗੁਣਵੰਤੁ ਜਿਸ ਨੋ ਪ੍ਰਭ ਪਿਆਰੁ ॥੧੧॥	سو ڈھاڈھی گُنّونّتُ جِس نو پربھ پیارُ ॥ 11 ॥
ਸਲੋਕ ਮਃ ੫ ॥	سلوک م: 5 ॥
ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤੁ ਹਰਿ ਕਾ ਨਾਉ ॥	انّمرِت باٹی امِءُ رسُ انّمرِتُ ہرِ کا ناءُ ॥
ਮਨਿ ਤਨਿ ਹਿਰਦੈ ਸਿਮਰਿ ਹਰਿ ਆਠ ਪਹਰ ਗੁਣ ਗਾਉ ॥	منِ تنِ ہِردے سِمرِ ہرِ آٹھ پہر گُنؔ گاءُ ॥
ਉਪਦੇਸੁ ਸੁਣਹੁ ਤੁਮ ਗੁਰਸਿਖਹੁ	اُپدیسُ سُنّہُ تُم گُرسِکھہُ

ਸਚਾ ਇਹੈ ਸੁਆਉ ॥	سچا اِہے سُیاءُ ॥
ਜਨਮੁ ਪਦਾਰਥੁ ਸਫਲੁ ਹੋਇ ਮਨ ਮਹਿ ਲਾਇਹੁ ਭਾਉ ॥	جنمُ پدارتھُ سپھلُ ہوءِ من مہِ لائِہُ بھاءُ ॥
ਸੂਖ ਸਹਜ ਆਨਦੁ ਘਣਾ ਪ੍ਰਭੁ ਜਪਤਿਆ ਦੁਖੁ ਜਾਇ ॥	سوُکھ سہج آندُ گھنا پّربھُ جپتیا دُکھُ جاءِ ॥
ਨਾਨਕ ਨਾਮੁ ਜਪਤ ਸੁਖੁ ਊਪਜੈ ਦਰਗਹ ਪਾਈਐ ਥਾਉ ॥੧॥	نانک نامُ جپت سُکھُ اوُپجے درگہ پائیئے تھاءُ ॥1॥
ਮਃ ੫ ॥	م: 5 ॥
ਨਾਨਕ ਨਾਮੁ ਧਿਆਈਐ ਗੁਰੁ ਪੂਰਾ ਮਤਿ ਦੇਇ ॥	نانک نامُ دھیائیئے گُرُ پوُرا متِ دے ءِ ॥
ਭਾਣੈ ਜਪ ਤਪ ਸੰਜਮੋ ਭਾਣੈ ਹੀ ਕਢਿ ਲੇਇ ॥	بھانے جپ تپ سنجمو بھانے ہی کڈھِ لے ءِ ॥
ਭਾਣੈ ਜੋਨਿ ਭਵਾਈਐ ਭਾਣੈ ਬਖਸ ਕਰੇਇ ॥	بھانے جونِ بھوائیئے بھانے بخش کرے ءِ ॥
ਭਾਣੈ ਦੁਖੁ ਸੁਖੁ ਭੋਗੀਐ ਭਾਣੈ ਕਰਮ ਕਰੇਇ ॥	بھانے دُکھُ سُکھُ بھوگیئے بھانے کرم کرے ءِ ॥
ਭਾਣੈ ਮਿਟੀ ਸਾਜਿ ਕੈ ਭਾਣੈ ਜੋਤਿ ਧਰੇਇ ॥	بھانے مِٹی ساجِ کے بھانے جوتِ دھرے ءِ ॥
ਭਾਣੈ ਭੋਗ ਭੋਗਾਇਦਾ ਭਾਣੈ ਮਨਹਿ ਕਰੇਇ ॥	بھانے بھوگ بھوگائِدا بھانے منہِ کرے ءِ ॥
ਭਾਣੈ ਨਰਕਿ ਸੁਰਗਿ ਅਉਤਾਰੇ ਭਾਣੈ ਧਰਣਿ ਪਰੇਇ ॥	بھانے نرکِ سُرگِ اُتارے بھانے دھرنِ پرے ءِ ॥
ਭਾਣੈ ਹੀ ਜਿਸੁ ਭਗਤੀ ਲਾਏ ਨਾਨਕ ਵਿਰਲੇ ਹੇ ॥੨॥	بھانے ہی جِسُ بھگتی لائے نانک وِرلے ہے ॥2॥
ਪਉੜੀ ॥	پئُڑی ॥

ਵਡਿਆਈ ਸਚੇ ਨਾਮ ਕੀ
ਹਉ ਜੀਵਾ ਸੁਣਿ ਸੁਣੇ ॥

وڈِیائی سچے نام کی
ہءُ جیِوا سُنِ سُنے ॥

ਪਸੂ ਪਰੇਤ ਅਗਿਆਨ
ਉਧਾਰੇ ਇਕ ਖਣੇ ॥

پسوُ پریت اگیان
اُدھارے اِک کھنے ॥

ਦਿਨਸੁ ਰੈਣਿ ਤੇਰਾ ਨਾਉ
ਸਦਾ ਸਦ ਜਾਪੀਐ ॥

دِنُس رینِ تیرا ناءُ
سدا سد جاپیئے ॥

ਤ੍ਰਿਸਨਾ ਭੁਖ ਵਿਕਰਾਲ
ਨਾਇ ਤੇਰੈ ਧ੍ਰਾਪੀਐ ॥

ترِسنا بھُکھ وِکرال
ناءِ تیرے دھرّاپیئے ॥

ਰੋਗੁ ਸੋਗੁ ਦੁਖੁ ਵੰਞੈ
ਜਿਸੁ ਨਾਉ ਮਨਿ ਵਸੈ ॥

روگُ سوگُ دُکھُ ونجے
جِسُ ناءُ منِ وسے ॥

ਤਿਸਹਿ ਪਰਾਪਤਿ ਲਾਲੁ
ਜੋ ਗੁਰ ਸਬਦੀ ਰਸੈ ॥

تِسہِ پراپتِ لالُ
جو گُر سبدی رسے ॥

ਖੰਡ ਬ੍ਰਹਮੰਡ ਬੇਅੰਤ
ਉਧਾਰਣਹਾਰਿਆ ॥

کھنڈ برہمنڈ بیئنّت
اُدھارٹہارِیا ॥

ਤੇਰੀ ਸੋਭਾ ਤੁਧੁ
ਸਚੇ ਮੇਰੇ ਪਿਆਰਿਆ ॥੧੨॥

تیری سوبھا تُدھُ
سچے میرے پِیارِیا ۔ ॥ 12 ॥

ਸਲੋਕ ਮਃ ੫ ॥

سلوک م: 5 ॥

ਮਿਤ੍ਰੁ ਪਿਆਰਾ ਨਾਨਕ ਜੀ ਮੈ ਛਡਿ ਗਵਾਇਆ
ਰੰਗਿ ਕਸੁੰਭੈ ਭੁਲੀ ॥

مِتّر پیارا نانک جی مے چھڈِ گوائیا
رنگِ کسُنبھے بھُلی ॥

ਤਉ ਸਜਣ ਕੀ ਮੈ ਕੀਮ ਨ ਪਉਦੀ
ਹਉ ਤੁਧੁ ਬਿਨੁ ਅਢੁ ਨ ਲਹਦੀ ॥੧॥

ت ءُ سجنّ کی مے قِیم ن پئدی
ہءُ تُدھُ بِنُ اڈھُ ن لہدی ॥ 1 ॥

ਮਃ ੫ ॥

م: 5 ॥

ਸਸੁ ਵਿਰਾਇਨਿ ਨਾਨਕ ਜੀਉ ਸਸੁਰਾ ਵਾਦੀ
ਜੇਠੋ ਪਉ ਪਉ ਲੂਹੈ ॥

سسُ وِرائنِ نانک جیِءُ سسُرا وادی
جیٹھو پ ءُ پ ءُ لوُہے ॥

ਹਭੇ ਭਸੁ ਪੁਣੇਦੇ ਵਤਨੁ

ہبھے بھسُ پُنیدے وتنُ

ਜਾ ਮੈ ਸਜਣੁ ਤੂਹੈ ॥੨॥	جا مے سجنُ توہے ॥2॥
ਪਉੜੀ ॥	پؤڑی ॥
ਜਿਸੁ ਤੂ ਵੁਠਾ ਚਿਤਿ ਤਿਸੁ ਦਰਦੁ ਨਿਵਾਰਣੋ ॥	جِسُ توُ وُٹھا چِتِ تِسُ دردُ نِوارنُو ॥
ਜਿਸੁ ਤੂ ਵੁਠਾ ਚਿਤਿ ਤਿਸੁ ਕਦੇ ਨ ਹਾਰਣੋ ॥	جِسُ توُ وُٹھا چِتِ تِسُ کدے ن ہارنُو ॥
ਜਿਸੁ ਮਿਲਿਆ ਪੂਰਾ ਗੁਰੂ ਸੁ ਸਰਪਰ ਤਾਰਣੋ ॥	جِسُ مِلیا پوُرا گُرو سُ سرپر تارنُو ॥
ਜਿਸ ਨੋ ਲਾਏ ਸਚਿ ਤਿਸੁ ਸਚੁ ਸਮ੍ਹਾਲਣੋ ॥	جِس نو لائے سچِ تِسُ سچُ سمہالنُو ॥
ਜਿਸੁ ਆਇਆ ਹਥਿ ਨਿਧਾਨੁ ਸੁ ਰਹਿਆ ਭਾਲਣੋ ॥	جِسُ آئیا ہتھِ نِدھانُ سُ رہِیا بھالنُو ॥
ਜਿਸ ਨੋ ਇਕੋ ਰੰਗੁ ਭਗਤੁ ਸੋ ਜਾਣਣੋ ॥	جِس نو اِکو رنگُ بھگتُ سو جانُنو ॥
ਓਹੁ ਸਭਨਾ ਕੀ ਰੇਣੁ ਬਿਰਹੀ ਚਾਰਣੋ ॥	اوہُ سبھنا کی ریُنُ بِرہی چارنُو ॥
ਸਭਿ ਤੇਰੇ ਚੋਜ ਵਿਡਾਣ ਸਭੁ ਤੇਰਾ ਕਾਰਣੋ ॥੧੩॥	سبھِ تیرے چوج وِڈانُ سبھُ تیرا کارنُو ॥ 13 ॥
ਸਲੋਕ ਮਃ ੫ ॥	سلوک م: 5 ॥
ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ ॥	اُستتِ نِندا نانک جی مے ہبھ وِجائی چھوڑِیا ہبھُ کِجھُ تِیاگی ॥
ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ ॥੧॥	ہبھے ساک کوُڑاوے ڈِٹھے تءُ پلے تیڈے لاگی ॥ 1 ॥
ਮਃ ੫ ॥	م: 5 ॥
ਫਿਰਦੀ ਫਿਰਦੀ ਨਾਨਕ ਜੀਉ ਹਉ ਫਾਵੀ ਥੀਈ	پھِردی پھِردی نانک جیِءُ ہءُ پھاوی تھیئی

ਬਹੁਤੁ ਦਿਸਾਵਰ ਪੰਧਾ ॥

بہُتُ دِساور پنّدھا ॥

ਤਾ ਹਉ ਸੁਖਿ ਸੁਖਾਲੀ ਸੁਤੀ
ਜਾ ਗੁਰ ਮਿਲਿ ਸਜਣੁ ਮੈ ਲਧਾ ॥੨॥

تا ہءُ سُکھِ سُکھالی سُتی
جا گُر مِلِ سجنُ مے لدھا ॥2॥

ਪਉੜੀ ॥

پئڑی ॥

ਸਭੇ ਦੁਖ ਸੰਤਾਪ
ਜਾਂ ਤੁਧਹੁ ਭੁਲੀਐ ॥

سبھے دُکھ سنتاپ
جاں تُدھہُ بھُلیِّے ॥

ਜੇ ਕੀਚਨਿ ਲਖ ਉਪਾਵ
ਤਾਂ ਕਹੀ ਨ ਘੁਲੀਐ ॥

جے کیچنِ لکھ اُپاو
تاں کہی ن گھُلیِّے ॥

ਜਿਸ ਨੋ ਵਿਸਰੈ ਨਾਉ
ਸੁ ਨਿਰਧਨੁ ਕਾਂਢੀਐ ॥

جِس نو وِسرے ناءُ
سُ نِردھنُ کانڈھیِّے ॥

ਜਿਸ ਨੋ ਵਿਸਰੈ ਨਾਉ
ਸੋ ਜੋਨੀ ਹਾਂਢੀਐ ॥

جِس نو وِسرے ناءُ
سو جونی ہانڈھیِّے ॥

ਜਿਸੁ ਖਸਮੁ ਨ ਆਵੈ ਚਿਤਿ
ਤਿਸੁ ਜਮੁ ਡੰਡੁ ਦੇ ॥

جِسُ خصمُ ن آوے چِتِ
تِسُ جمُ ڈنّڈُ دے ॥

ਜਿਸੁ ਖਸਮੁ ਨ ਆਵੀ ਚਿਤਿ
ਰੋਗੀ ਸੇ ਗਣੇ ॥

جِسُ خصمُ ن آوی چِتِ
روگی سے گنّے ॥

ਜਿਸੁ ਖਸਮੁ ਨ ਆਵੀ ਚਿਤਿ
ਸੁ ਖਰੋ ਅਹੰਕਾਰੀਆ ॥

جِسُ خصمُ ن آوی چِتِ
سُ کھرو اہنکارِیا ॥

ਸੋਈ ਦੁਹੇਲਾ ਜਗਿ
ਜਿਨਿ ਨਾਉ ਵਿਸਾਰੀਆ ॥੧੪॥

سوئی دُہیلا جگِ
جِنِ ناءُ وِسارِیا ॥ 14 ॥

ਸਲੋਕ ਮਃ ੫ ॥

سلوک م: 5 ॥

ਤੈਡੀ ਬੰਦਸਿ ਮੈ ਕੋਇ ਨ ਡਿਠਾ
ਤੂ ਨਾਨਕ ਮਨਿ ਭਾਣਾ ॥

تیڈی بندش مے کوءِ ن ڈِٹھا
توُ نانک منِ بھاٹا ॥

ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ
ਜੈ ਮਿਲਿ ਕੰਤੁ ਪਛਾਣਾ ॥੧॥

گھولِ گھُمائی تِسُ مِتّر وِچولے
جے مِلِ کنّتُ پچھاٹا ॥1॥

ਮਃ ੫ ॥

پاو سُہاوے جاں تءُ دھرِ جُلدے
سِیسُ سُہاوا چرنُّی ॥

ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ
ਸੀਸੁ ਸੁਹਾਵਾ ਚਰਣੀ ॥

ਮੁਖੁ ਸੁਹਾਵਾ ਜਾਂ ਤਉ ਜਸੁ ਗਾਵੈ
ਜੀਉ ਪਇਆ ਤਉ ਸਰਣੀ ॥੨॥

ਪਉੜੀ ॥

ਮਿਲਿ ਨਾਰੀ ਸਤਸੰਗਿ
ਮੰਗਲੁ ਗਾਵੀਆ ॥

ਘਰ ਕਾ ਹੋਆ ਬੰਧਾਨੁ
ਬਹੁੜਿ ਨ ਧਾਵੀਆ ॥

ਬਿਨਠੀ ਦੁਰਮਤਿ ਦੁਰਤੁ
ਸੋਇ ਕੂੜਾਵੀਆ ॥

ਸੀਲਵੰਤਿ ਪਰਧਾਨਿ
ਰਿਦੈ ਸਚਾਵੀਆ ॥

ਅੰਤਰਿ ਬਾਹਰਿ ਇਕੁ
ਇਕ ਰੀਤਾਵੀਆ ॥

ਮਨਿ ਦਰਸਨ ਕੀ ਪਿਆਸ
ਚਰਣ ਦਾਸਾਵੀਆ ॥

ਸੋਭਾ ਬਣੀ ਸੀਗਾਰੁ
ਖਸਮਿ ਜਾਂ ਰਾਵੀਆ ॥

ਮਿਲੀਆ ਆਇ ਸੰਜੋਗਿ
ਜਾਂ ਤਿਸੁ ਭਾਵੀਆ ॥੧੫॥

ਸਲੋਕ ਮਃ ੫ ॥

ہبھِ گُنؒ تیڈے نانک جیءُ مے کو تھیے
مے نِرگُنؒ تے کِیا ہووے ۔ ॥

ਹਭਿ ਗੁਣ ਤੈਡੇ ਨਾਨਕ ਜੀਉ ਮੈ ਕੂ ਥੀਏ
ਮੈ ਨਿਰਗੁਣ ਤੇ ਕਿਆ ਹੋਵੈ ॥

ਤਉ ਜੇਵਡੁ ਦਾਤਾਰੁ ਨ ਕੋਈ
ਜਾਚਕੁ ਸਦਾ ਜਾਚੋਵੈ ॥੧॥

ت ءُ جیوڈُ داتارُ ن کوئی
جاچکُ سدا جاچووے ॥1॥

ਮਃ ੫ ॥

م: 5 ॥

ਦੇਹ ਛਿਜੰਦੜੀ ਊਣ ਮਝੂਣਾ
ਗੁਰਿ ਸਜਣਿ ਜੀਉ ਧਰਾਇਆ ॥

دیہ چھِجنّڈڑی اوُنْ مجھوُٹا
گُرِ سجنْ جیِءُ دھرائیا ॥

ਹਭੇ ਸੁਖ ਸੁਹੇਲੜਾ ਸੁਤਾ
ਜਿਤਾ ਜਗੁ ਸਬਾਇਆ ॥੨॥

ہبھے سُکھ سُہیلڑا سُتا
جِتا جگُ سبائیا ॥2॥

ਪਉੜੀ ॥

پئڑی ॥

ਵਡਾ ਤੇਰਾ ਦਰਬਾਰੁ
ਸਚਾ ਤੁਧੁ ਤਖਤੁ ॥

وڈا تیرا دربارُ
سچا تُدھُ تخت ॥

ਸਿਰਿ ਸਾਹਾ ਪਾਤਿਸਾਹੁ
ਨਿਹਚਲੁ ਚਉਰੁ ਛਤੁ ॥

سِرِ ساہا پاتِشاہُ
نِہچلُ چرُ چھتُ ॥

ਜੋ ਭਾਵੈ ਪਾਰਬ੍ਰਹਮ
ਸੋਈ ਸਚੁ ਨਿਆਉ ॥

جو بھاوے پاربّرہم
سوئی سچُ نِیاءُ ॥

ਜੇ ਭਾਵੈ ਪਾਰਬ੍ਰਹਮ
ਨਿਥਾਵੇ ਮਿਲੈ ਥਾਉ ॥

جے بھاوے پاربّرہم
نِتھاوے مِلے تھاءُ ॥

ਜੋ ਕੀਨ੍ਹੀ ਕਰਤਾਰਿ
ਸਾਈ ਭਲੀ ਗਲ ॥

جو کِینّہی کرتارِ
سائی بھلی گل ॥

ਜਿਨ੍ਹੀ ਪਛਾਤਾ ਖਸਮੁ
ਸੇ ਦਰਗਾਹ ਮਲ ॥

جِنّہی پچھاتا خصمُ
سے درگاہ مل ॥

ਸਹੀ ਤੇਰਾ ਫੁਰਮਾਨੁ
ਕਿਨੈ ਨ ਫੇਰੀਐ ॥

صہی تیرا فُرمانُ
کِنے ن پھیریے ॥

ਕਾਰਣ ਕਰਣ ਕਰੀਮ
ਕੁਦਰਤਿ ਤੇਰੀਐ ॥੧੬॥

کارنْ کرنْ کریم
قُدرتِ تیریے ॥ 16 ॥

ਸਲੋਕ ਮਃ ੫ ॥

سلوک م: 5 ॥

ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ
ਨਾਮੁ ਜਪੰਦੜੀ ਲਾਲੀ ॥

ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ
ਗੁਰ ਦਰਸਨੁ ਦੇਖਿ ਨਿਹਾਲੀ ॥੧॥

ਮਃ ੫ ॥

ਹਠ ਮੰਝਾਹੂ ਮੈ ਮਾਣਕੁ ਲਧਾ ॥

ਮੁਲਿ ਨ ਘਿਧਾ ਮੈ ਕੂ ਸਤਿਗੁਰਿ ਦਿਤਾ ॥

ਢੂੰਢ ਵਵਾਈ ਥੀਆ ਥਿਤਾ ॥

ਜਨਮੁ ਪਦਾਰਥੁ ਨਾਨਕ ਜਿਤਾ ॥੨॥

ਪਉੜੀ ॥

ਜਿਸ ਕੈ ਮਸਤਕਿ ਕਰਮੁ ਹੋਇ
ਸੋ ਸੇਵਾ ਲਾਗਾ ॥

ਜਿਸੁ ਗੁਰ ਮਿਲਿ ਕਮਲੁ ਪ੍ਰਗਾਸਿਆ
ਸੋ ਅਨਦਿਨੁ ਜਾਗਾ ॥

ਲਗਾ ਰੰਗੁ ਚਰਣਾਰਬਿੰਦ
ਸਭੁ ਭ੍ਰਮੁ ਭਉ ਭਾਗਾ ॥

ਆਤਮੁ ਜਿਤਾ ਗੁਰਮਤੀ
ਆਗੰਜਤ ਪਾਗਾ ॥

ਜਿਸਹਿ ਧਿਆਇਆ ਪਾਰਬ੍ਰਹਮੁ
ਸੋ ਕਲਿ ਮਹਿ ਤਾਗਾ ॥

ਸਾਧੂ ਸੰਗਤਿ ਨਿਰਮਲਾ
ਅਠਸਠਿ ਮਜਨਾਗਾ ॥

ਜਿਸੁ ਪ੍ਰਭੁ ਮਿਲਿਆ ਆਪਣਾ
ਸੋ ਪੁਰਖੁ ਸਭਾਗਾ ॥

ਨਾਨਕ ਤਿਸੁ ਬਲਿਹਾਰਣੈ

سوءِ سُنّڈڑی میرا تنُ منُ مئُلا
نامُ جپنّڈڑی لالی ॥

پنّدھِ جُلنّڈڑی میرا اندَرُ ٹھنّڈھا
گُر درسنُ دیکھِ نِہالی ॥1॥

م: 5 ॥

ہٹھ منجّھاہوُ مے ماٹکُ لدھا ॥

مُلِ ن گھِدھا مے کوُ ستِگُرِ دِتا ॥

ڈھوُنّڈھ وِچائی تھِیا تھِتا ॥

جنمُ پدارتھُ نانک جِتا ॥2॥

پئڑی ॥

جِس کے مستکِ کرمُ ہوءِ
سو سیوا لاگا ॥

جِسُ گُر مِلِ کملُ پرّگاسِیا
سو اندِنُ جاگا ॥

لگا رنگُ چرٹار بِنّد
سبھُ بھرّمُ بھءُ بھاگا ॥

آتمُ جِتا گُرمتی
آگنّجت پاگا ॥

جِسہِ دھِیائِیا پاربرّہمُ
سو کلِ مہِ تاگا ॥

سادھوُ سنگتِ نِرملا
اٹھسٹھِ مجناگا ॥

جِسُ پرّبھُ مِلیا آپنّا
سو پُرکھُ سبھاگا ॥

نانک تِسُ بلِہارنے

ਜਿਸੁ ਏਵਡ ਭਾਗਾ ॥੧੭॥	جِسُ ایوڈ بھاگا ॥ 17 ॥
ਸਲੋਕ ਮਃ ੫ ॥	سلوک م: 5 ॥
ਜਾਂ ਪਿਰੁ ਅੰਦਰਿ ਤਾਂ ਧਨ ਬਾਹਰਿ ॥	جاں پِرُ انْدرِ تاں دھن باہرِ ॥
ਜਾਂ ਪਿਰੁ ਬਾਹਰਿ ਤਾਂ ਧਨ ਮਾਹਰਿ ॥	جاں پِرُ باہرِ تاں دھن ماہرِ ॥
ਬਿਨੁ ਨਾਵੈ ਬਹੁ ਫੇਰੁ ਫਿਰਾਹਰਿ ॥	بِنُ ناوے بہُ پھیرُ پھِراہرِ ॥
ਸਤਿਗੁਰ ਸੰਗਿ ਦਿਖਾਇਆ ਜਾਹਰਿ ॥	ستِگُر سنگِ دِکھائِیا ظاہرِ ॥
ਜਨ ਨਾਨਕ ਸਚੇ ਸਚਿ ਸਮਾਹਰਿ ॥੧॥	جن نانک سچے سچِ سماہرِ ॥ 1 ॥
ਮਃ ੫ ॥	م: 5 ॥
ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ ॥	آہر سبھِ کردا پھِرے آہرُ اِکُ ن ہوءِ ॥
ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ ॥੨॥	نانک جِتُ آہرِ جگُ اُدھرے وِرلا بُوجھے کوءِ ॥ 2 ॥
ਪਉੜੀ ॥	پؤڑی ॥
ਵਡੀ ਹੂ ਵਡਾ ਅਪਾਰੁ ਤੇਰਾ ਮਰਤਬਾ ॥	وڈی ہوُ وڈا اپارُ تیرا مرتبا ॥
ਰੰਗ ਪਰੰਗ ਅਨੇਕ ਨ ਜਾਪਨਿ੍ ਕਰਤਬਾ ॥	رنگ پرنگ انیک ن جاپنّہِ کرتبا ॥
ਜੀਆ ਅੰਦਰਿ ਜੀਉ ਸਭੁ ਕਿਛੁ ਜਾਣਲਾ ॥	جِیا انْدرِ جِیءُ سبھُ کِچھُ جاٹلا ॥
ਸਭੁ ਕਿਛੁ ਤੇਰੈ ਵਸਿ ਤੇਰਾ ਘਰੁ ਭਲਾ ॥	سبھُ کِچھُ تیرے وسِ تیرا گھرُ بھلا ॥
ਤੇਰੈ ਘਰਿ ਆਨੰਦੁ ਵਧਾਈ ਤੁਧੁ ਘਰਿ ॥	تیرے گھرِ آننْدُ ودھائی تُدھُ گھرِ ॥
ਮਾਣੁ ਮਹਤਾ ਤੇਜੁ ਆਪਣਾ ਆਪਿ ਜਰਿ ॥	ماںُ مہتا تیجُ

ਆਪਿਨਾ ਆਪਿ ਜਿਰ ॥
آپِنا آپِ جرِ ॥

ਸਰਬ ਕਲਾ ਭਰਪੂਰੁ
ਦਿਸੈ ਜਤ ਕਤਾ ॥
سرب کلا بھرپُورُ
دِسے جت کتا ॥

ਨਾਨਕ ਦਾਸਨਿ ਦਾਸੁ
ਤੁਧੁ ਆਗੈ ਬਿਨਵਤਾ ॥੧੮॥
نانک داسنِ داسُ
تُدھُ آگے بِنوتا ॥ 18 ॥

ਸਲੋਕ ਮਃ ੫ ॥
سلوک م: 5 ॥

ਛਤੜੇ ਬਾਜਾਰ
ਸੋਹਨਿ ਵਿਚਿ ਵਪਾਰੀਏ ॥
چھتڑے بازار
سوہنِ وِچ وپارِیے ॥

ਵਖਰੁ ਹਿਕੁ ਅਪਾਰੁ
ਨਾਨਕ ਖਟੇ ਸੋ ਧਣੀ ॥੧॥
وکھرُ ہِکُ اپارُ
نانک کھٹے سو دھنّی ॥1॥

ਮਹਲਾ ੫ ॥
محلا 5 ॥

ਕਬੀਰਾ ਹਮਰਾ ਕੋ ਨਹੀ
ਹਮ ਕਿਸ ਹੂ ਕੇ ਨਾਹਿ ॥
کبیرا ہمرا کو نہی
ہم کِس ہوُ کے ناہِ ॥

ਜਿਨਿ ਇਹੁ ਰਚਨੁ ਰਚਾਇਆ
ਤਿਸ ਹੀ ਮਾਹਿ ਸਮਾਹਿ ॥੨॥
جِنِ اِہُ رچنُ رچائِیا
تِس ہی ماہِ سماہِ ॥2॥

ਪਉੜੀ ॥
پؤڑی ॥

ਸਫਲਿਉ ਬਿਰਖੁ ਸੁਹਾਵੜਾ
ਹਰਿ ਸਫਲ ਅੰਮ੍ਰਿਤਾ ॥
سپھلِءُ بِرکھُ سُہاوڑا
ہرِ سپھل انّمرِتا ॥

ਮਨੁ ਲੋਚੈ ਉਨ੍ਹ ਮਿਲਣ ਕਉ
ਕਿਉ ਵੰਞੈ ਘਿਤਾ ॥
منُ لوچے اُنّہ مِلڻ ک ءُ
کِ ءُ وِنّجے گھِتا ۔ ॥

ਵਰਨਾ ਚਿਹਨਾ ਬਾਹਰਾ
ਓਹੁ ਅਗਮੁ ਅਜਿਤਾ ॥
ورنا چِہنا باہرا
اوہُ اگمُ اجِتا ॥

ਓਹੁ ਪਿਆਰਾ ਜੀਅ ਕਾ
ਜੋ ਖੋਲ੍ਹੈ ਭਿਤਾ ॥
اوہُ پِیارا جی ء کا
جو کھولّہے بھِتا ॥

ਸੇਵਾ ਕਰੀ ਤੁਸਾੜੀਆ
سیوا کری تُساڑِیا

ਮੈ ਦਸਿਹੁ ਮਿਤਾ ॥	مے دسِہُ مِتا ۔ ॥
ਕੁਰਬਾਣੀ ਵੰਞਾ ਵਾਰਣੈ ਬਲੇ ਬਲਿ ਕਿਤਾ ॥	قُربانی ونجا وارنے بلے بلِ کِتا ॥
ਦਸਨਿ ਸੰਤ ਪਿਆਰਿਆ ਸੁਣਹੁ ਲਾਇ ਚਿਤਾ ॥	دسنِ سنّت پیارِیا سُنّہُ لاءِ چِتا ॥
ਜਿਸੁ ਲਿਖਿਆ ਨਾਨਕ ਦਾਸ ਤਿਸੁ ਨਾਉ ਅੰਮ੍ਰਿਤੁ ਸਤਿਗੁਰਿ ਦਿਤਾ ॥੧੯॥	جِسُ لِکھیا نانک داس تِسُ ناءُ انمّرِتُ ستِگُرِ دِتا ॥ 19 ॥
ਸਲੋਕ ਮਹਲਾ ੫ ॥	سلوک محلا 5 ॥
ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ ॥	کبیِر دھرتی سادھ کی تسکر بیَسہِ گاہِ ॥
ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ ॥੧॥	دھرتی بھارِ ن بِیاپئی اُن کءُ لاہوُ لاہِ ॥1॥
ਮਹਲਾ ੫ ॥	محلا 5 ॥
ਕਬੀਰ ਚਾਵਲ ਕਾਰਣੇ ਤੁਖ ਕਉ ਮੁਹਲੀ ਲਾਇ ॥	کبیِر چاول کارنے تُکھ کءُ مُہلی لاءِ ॥
ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ ॥੨॥	سنگِ کسنگی بیَستے تب پوُچھے دھرم راءِ ॥2॥
ਪਉੜੀ ॥	پئُڑی ॥
ਆਪੇ ਹੀ ਵਡ ਪਰਵਾਰੁ ਆਪਿ ਇਕਾਤੀਆ ॥	آپے ہی وڈ پروارُ آپِ اِکاتِیا ॥
ਆਪਣੀ ਕੀਮਤਿ ਆਪਿ ਆਪੇ ਹੀ ਜਾਤੀਆ ॥	آپنی قِیمتِ آپِ آپے ہی جاتِیا ॥
ਸਭੁ ਕਿਛੁ ਆਪੇ ਆਪਿ ਆਪਿ ਉਪੰਨਿਆ ॥	سبھُ کِچھُ آپے آپِ آپِ اُپنّیا ॥
ਆਪਣਾ ਕੀਤਾ ਆਪਿ	آپنّا کِیتا آپِ

ਆਪਿ ਵਰੰਨਿਆ ॥	آپِ ورنِنیا ॥
ਧੰਨੁ ਸੁ ਤੇਰਾ ਥਾਨੁ ਜਿਥੈ ਤੂ ਵੁਠਾ ॥	دھنّنُ سُ تیرا تھانُ جِتھے تُو وُٹھا ॥
ਧੰਨੁ ਸੁ ਤੇਰੇ ਭਗਤ ਜਿਨ੍ਹੀ ਸਚੁ ਤੂੰ ਡਿਠਾ ॥	دھنّنُ سُ تیرے بھگت جِنّہی سچُ توُنّ ڈِٹھا ॥
ਜਿਸ ਨੋ ਤੇਰੀ ਦਇਆ ਸਲਾਹੇ ਸੋਇ ਤੁਧੁ ॥	جِس نو تیری دیئیا سلاہے سوءِ تُدھُ ॥
ਜਿਸੁ ਗੁਰ ਭੇਟੇ ਨਾਨਕ ਨਿਰਮਲ ਸੋਈ ਸੁਧੁ ॥੨੦॥	جِسُ گُر بھیٹے نانک نِرمل سوئی سُدھُ ॥ 20 ॥
ਸਲੋਕ ਮਃ ੫ ॥	سلوک م: 5 ॥
ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗੁ ॥	پھریدا بھوُمِ رنگاولی منجّھِ وِسوُلا باغُ ॥
ਜੋ ਨਰ ਪੀਰਿ ਨਿਵਾਜਿਆ ਤਿਨ੍ਹਾ ਅੰਚ ਨ ਲਾਗ ॥੧॥	جو نر پیرِ نواجِیا تِنّہا انّچ ن لاگ ॥ 1 ॥
ਮਃ ੫ ॥	م: 5 ॥
ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥	پھریدا عُمر سُہاوڑی سنگِ سُونّڑی دیہ ॥
ਵਿਰਲੇ ਕੇਈ ਪਈਅਨ੍ਹਿ ਜਿਨ੍ਹਾ ਪਿਆਰੇ ਨੇਹ ॥੨॥	وِرلے کیئی پئیئنّہِ جِنّہا پیارے نیہ ॥ 2 ॥
ਪਉੜੀ ॥	پؤڑی ॥
ਜਪੁ ਤਪੁ ਸੰਜਮੁ ਦਇਆ ਧਰਮੁ ਜਿਸੁ ਦੇਹਿ ਸੁ ਪਾਏ ॥	جپُ تپُ سنجّمُ دیئیا دھرمُ جِسُ دیہِ سُ پائے ॥
ਜਿਸੁ ਬੁਝਾਇਹਿ ਅਗਨਿ ਆਪਿ ਸੋ ਨਾਮੁ ਧਿਆਏ ॥	جِسُ بُجھائیہِ اگنِ آپِ سو نامُ دھیائے ॥
ਅੰਤਰਜਾਮੀ ਅਗਮ ਪੁਰਖੁ	انترجامی اگم پُرکھُ

ਇਕ ਦ੍ਰਿਸਟਿ ਦਿਖਾਏ ॥	اِک دْرِسٹِ دِکھائے ॥
ਸਾਧਸੰਗਤਿ ਕੈ ਆਸਰੈ ਪ੍ਰਭ ਸਿਉ ਰੰਗੁ ਲਾਏ ॥	سادھسنگتِ کے آسرے پْربھ سِ ءُ رنگُ لائے ॥
ਅਉਗਣ ਕਟਿ ਮੁਖੁ ਉਜਲਾ ਹਰਿ ਨਾਮਿ ਤਰਾਏ ॥	اَنگُن کٹِ مُکھُ اُجلا ہرِ نامِ ترائے ॥
ਜਨਮ ਮਰਣ ਭਉ ਕਟਿਓਨੁ ਫਿਰਿ ਜੋਨਿ ਨ ਪਾਏ ॥	جنم مرنْ بھ ءُ کٹِئونُ پھِرِ جونِ ن پائے ॥
ਅੰਧ ਕੂਪ ਤੇ ਕਾਢਿਅਨੁ ਲੜੁ ਆਪਿ ਫੜਾਏ ॥	انّدھ کوُپ تے کاڈھِئنُ لڑُ آپِ پھڑائے ॥
ਨਾਨਕ ਬਖਸਿ ਮਿਲਾਇਅਨੁ ਰਖੇ ਗਲਿ ਲਾਏ ॥੨੧॥	نانک بخشِ مِلائِئنُ رکھے گلِ لائے ॥ 21 ॥
ਸਲੋਕ ਮਃ ੫ ॥	سلوک م: 5 ॥
ਮੁਹਬਤਿ ਜਿਸੁ ਖੁਦਾਇ ਦੀ ਰਤਾ ਰੰਗਿ ਚਲੂਲਿ ॥	مُحبتِ جِسُ خُداءِ دی رتا رنگِ چلوُلِ ॥
ਨਾਨਕ ਵਿਰਲੇ ਪਾਈਅਹਿ ਤਿਸੁ ਜਨ ਕੀਮ ਨ ਮੂਲਿ ॥੧॥	نانک وِرلے پائیئہِ تِسُ جن قیِم ن موُلِ ॥ 1 ॥
ਮਃ ੫ ॥	م: 5 ॥
ਅੰਦਰੁ ਵਿਧਾ ਸਚਿ ਨਾਇ ਬਾਹਰਿ ਭੀ ਸਚੁ ਡਿਠੋਮਿ ॥	انّدرُ وِدھا سچِ ناءِ باہرِ بھی سچُ ڈِٹھومِ ॥
ਨਾਨਕ ਰਵਿਆ ਹਭ ਥਾਇ ਵਣਿ ਤ੍ਰਿਣਿ ਤ੍ਰਿਭਵਣਿ ਰੋਮਿ ॥੨॥	نانک روِیا ہبھ تھاءِ ونِ ترِنِ ترِبھونِ رومِ ॥ 2 ॥
ਪਉੜੀ ॥	پئڑی ॥
ਆਪੇ ਕੀਤੋ ਰਚਨੁ ਆਪੇ ਹੀ ਰਤਿਆ ॥	آپے کِیتو رچنُ آپے ہی رتیا ॥
ਆਪੇ ਹੋਇਓ ਇਕੁ	آپے ہوئِئو اِکُ

ਆਪੇ ਬਹੁ ਭਤਿਆ ॥
آپے بہُ بھتِیا ॥

ਆਪੇ ਸਭਨਾ ਮੰਝਿ
ਆਪੇ ਬਾਹਰਾ ॥
آپے سبھنا منجھِ
آپے باہرا ॥

ਆਪੇ ਜਾਣਹਿ ਦੂਰਿ
ਆਪੇ ਹੀ ਜਾਹਰਾ ॥
آپے جاڻہِ دوُرِ
آپے ہی ظاہرا ॥

ਆਪੇ ਹੋਵਹਿ ਗੁਪਤੁ
ਆਪੇ ਪਰਗਟੀਐ ॥
آپے ہووہِ گُپتُ
آپے پرگٹیئے ॥

ਕੀਮਤਿ ਕਿਸੈ ਨ ਪਾਇ
ਤੇਰੀ ਥਟੀਐ ॥
قِیمتِ کِسے ن پاءِ
تیری تھٹیئے ॥

ਗਹਿਰ ਗੰਭੀਰੁ ਅਥਾਹੁ
ਅਪਾਰੁ ਅਗਣਤ ਤੂੰ ॥
گہِر گنبھیرُ اتھاہُ
اپارُ اگنت توُنّ ॥

ਨਾਨਕ ਵਰਤੈ ਇਕੁ
ਇਕੋ ਇਕੁ ਤੂੰ ॥੨੨॥੧॥੨॥ ਸੁਧੁ ॥
نانک ورتے اِکُ
اِکو اِکُ توُنّ ॥ 22 ॥ 1 ॥ 2 ॥ سُدھُ ॥

ਰਾਮਕਲੀ ਕੀ ਵਾਰ
ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ
رامکلی کی وار
راءِ بلوَنڈِ تتھا ستے ڈوُمِ آکھی

ੴ ਸਤਿਗੁਰ ਪ੍ਰਸਾਦਿ ॥
ੴ ستِگُر پرّسادِ ॥

ਨਾਉ ਕਰਤਾ ਕਾਦਰੁ ਕਰੇ
ਕਿਉ ਬੋਲੁ ਹੋਵੈ ਜੋਖੀਵਦੈ ॥
ناءُ کرتا قادرُ کرے
کِءُ بولُ ہووے جوکھیودے ۔ ॥

ਦੇ ਗੁਨਾ ਸਤਿ ਭੈਣ ਭਰਾਵ ਹੈ
ਪਾਰੰਗਤਿ ਦਾਨੁ ਪੜੀਵਦੈ ॥
دے گُنا ستِ بھیَڻ بھراو ہے
پارنگتِ دانُ پڑِیودے ॥

ਨਾਨਕ ਰਾਜੁ ਚਲਾਇਆ
ਸਚੁ ਕੋਟੁ ਸਤਾਣੀ ਨੀਵ ਦੈ ॥
نانک راجُ چلائیا
سچُ کوٹُ ستاڻی نِیو دے ॥

ਲਹਣੇ ਧਰਿਓਨੁ ਛਤੁ ਸਿਰਿ
ਕਰਿ ਸਿਫਤੀ ਅੰਮ੍ਰਿਤੁ ਪੀਵਦੈ ॥
لہنے دھرِیَونُ چھتُ سِرِ
کرِ صِفتی انّمرِتُ پیِودے ॥

ਮਤਿ ਗੁਰ ਆਤਮ ਦੇਵ ਦੀ
متِ گُر آتم دیو دی

ਖੜਗਿ ਜੋਰਿ ਪਰਾਕੁਇ ਜੀਅ ਦੈ ॥
کھڑگِ زورِ پراکُءِ جیء دے ॥

ਗੁਰਿ ਚੇਲੇ ਰਹਰਾਸਿ ਕੀਈ
ਨਾਨਕਿ ਸਲਾਮਤਿ ਥੀਵਦੈ ॥
گُرِ چیلے رہراسِ کیئی
نانکِ سلامتِ تھیودے ॥

ਸਹਿ ਟਿਕਾ ਦਿਤੋਸੁ ਜੀਵਦੈ ॥੧॥
سہِ ٹِکا دِتوسُ جیودے ॥1॥

ਲਹਣੇ ਦੀ ਫੇਰਾਈਐ
ਨਾਨਕਾ ਦੋਹੀ ਖਟੀਐ ॥
لہنے دی پھیرائیئے
نانکا دوہی کھٹیئے ॥

ਜੋਤਿ ਓਹਾ ਜੁਗਤਿ ਸਾਇ
ਸਹਿ ਕਾਇਆ ਫੇਰਿ ਪਲਟੀਐ ॥
جوتِ اوہا جُگتِ ساءِ
سہِ کائیا پھیرِ پلٹیئے ॥

ਝੁਲੈ ਸੁ ਛਤੁ ਨਿਰੰਜਨੀ
ਮਲਿ ਤਖਤੁ ਬੈਠਾ ਗੁਰ ਹਟੀਐ ॥
جھُلے سُ چھتُ نِرنجنی
مِل تختُ بیٹھا گُر ہٹیئے ॥

ਕਰਹਿ ਜਿ ਗੁਰ ਫੁਰਮਾਇਆ
ਸਿਲ ਜੋਗੁ ਅਲੂਣੀ ਚਟੀਐ ॥
کرہِ جِ گُر فُرمائیا
سِل جوگُ الوُنی چٹیئے ॥

ਲੰਗਰੁ ਚਲੈ ਗੁਰ ਸਬਦਿ
ਹਰਿ ਤੋਟਿ ਨ ਆਵੀ ਖਟੀਐ ॥
لنگُر چلے گُر سبدِ
ہرِ توٹِ ن آوی کھٹیئے ॥

ਖਰਚੇ ਦਿਤਿ ਖਸੰਮ ਦੀ
ਆਪ ਖਹਦੀ ਖੈਰਿ ਦਬਟੀਐ ॥
کھرچے دِتِ کھسنّم دی
آپ کھہدی کھیرِ دبٹیئے ॥

ਹੋਵੈ ਸਿਫਤਿ ਖਸੰਮ ਦੀ
ਨੂਰੁ ਅਰਸਹੁ ਕੁਰਸਹੁ ਝਟੀਐ ॥
ہووے صِفتِ کھسنّم دی
نوُرُ عرشہُ قُرسہُ جھٹیئے ॥

ਤੁਧੁ ਡਿਠੇ ਸਚੇ ਪਾਤਿਸਾਹ
ਮਲੁ ਜਨਮ ਜਨਮ ਦੀ ਕਟੀਐ ॥
تُدھُ ڈِٹھے سچے پاتِشاہ
مل جنم جنم دی کٹیئے ॥

ਸਚੁ ਜਿ ਗੁਰਿ ਫੁਰਮਾਇਆ
ਕਿਉ ਏਦੂ ਬੋਲਹੁ ਹਟੀਐ ॥
سچُ جِ گُرِ فُرمائیا
کِءُ ایدوُ بولہُ ہٹیئے ۔ ॥

ਪੁਤ੍ਰੀ ਕਉਲੁ ਨ ਪਾਲਿਓ
ਕਰਿ ਪੀਰਹੁ ਕੰਨ੍ ਮੁਰਟੀਐ ॥
پُتّری قئلُ ن پالِئو
کرِ پیرہُ کنّہ مُرٹیئے ॥

ਦਿਲਿ ਖੋਟੈ ਆਕੀ ਫਿਰਨ੍ਹਿ
دِلِ کھوٹے یاقی پھرنّہِ

ਬੰਨ੍ ਭਾਰੁ ਉਚਾਇਨਿ੍ ਛਟੀਐ ॥

بنّنہ بھارُ اُچائنہِ چھٹیئے ॥

ਜਿਨਿ ਆਖੀ ਸੋਈ ਕਰੇ
ਜਿਨਿ ਕੀਤੀ ਤਿਨੈ ਥਟੀਐ ॥

جِنِ آکھی سوئی کرے
جِنِ کِیتی تِنے تھٹیئے ॥

ਕਉਣੁ ਹਾਰੇ ਕਿਨਿ ਉਵਟੀਐ ॥੨॥

کئُنُ ہارے کِنِ اُوٹیئے ۔ ॥2॥

ਜਿਨਿ ਕੀਤੀ ਸੋ ਮੰਨਣਾ
ਕੋ ਸਾਲੁ ਜਿਵਾਹੇ ਸਾਲੀ ॥

جِنِ کِیتی سو منّنٹا
کو سالُ جِواہے سالی ॥

ਧਰਮ ਰਾਇ ਹੈ ਦੇਵਤਾ
ਲੈ ਗਲਾ ਕਰੇ ਦਲਾਲੀ ॥

دھرم راءِ ہے دیوتا
لے گلا کرے دلالی ॥

ਸਤਿਗੁਰੁ ਆਖੈ ਸਚਾ ਕਰੇ
ਸਾ ਬਾਤ ਹੋਵੈ ਦਰਹਾਲੀ ॥

ستِگُرُ آکھے سچا کرے
سا بات ہووے درحالی ॥

ਗੁਰ ਅੰਗਦ ਦੀ ਦੋਹੀ ਫਿਰੀ
ਸਚੁ ਕਰਤੈ ਬੰਧਿ ਬਹਾਲੀ ॥

گُر انگد دی دوہی پھِری
سچُ کرتے بندھِ بہالی ॥

ਨਾਨਕੁ ਕਾਇਆ ਪਲਟੁ ਕਰਿ
ਮਲਿ ਤਖਤੁ ਬੈਠਾ ਸੈ ਡਾਲੀ ॥

نانکُ کائیا پلٹُ کرِ
مِلِ تخت بیٹھا سے ڈالی ॥

ਦਰੁ ਸੇਵੇ ਉਮਤਿ ਖੜੀ
ਮਸਕਲੈ ਹੋਇ ਜੰਗਾਲੀ ॥

درُ سیوے اُمتِ کھڑی
مصقلے ہوءِ زنگالی ॥

ਦਰਿ ਦਰਵੇਸੁ ਖਸੰਮ ਦੈ
ਨਾਇ ਸਚੈ ਬਾਣੀ ਲਾਲੀ ॥

درِ درویش کھسنم دے
ناءِ سچے باٹی لالی ॥

ਬਲਵੰਡ ਖੀਵੀ ਨੇਕ ਜਨ
ਜਿਸੁ ਬਹੁਤੀ ਛਾਉ ਪਤ੍ਰਾਲੀ ॥

بلونڈ کھیوی نیک زن
جِسُ بہُتی چھاءُ پتّرالی ॥

ਲੰਗਰਿ ਦਉਲਤਿ ਵੰਡੀਐ
ਰਸੁ ਅੰਮ੍ਰਿਤੁ ਖੀਰਿ ਘਿਆਲੀ ॥

لنگرِ دئلتِ ونڈیئے
رسُ انمرِتُ کھیرِ گھیالی ॥

ਗੁਰਸਿਖਾ ਕੇ ਮੁਖ ਉਜਲੇ
ਮਨਮੁਖ ਥੀਏ ਪਰਾਲੀ ॥

گُرسِکھا کے مُکھ اُجلے
منمُکھ تھیئے پرالی ॥

ਪਏ ਕਬੂਲੁ ਖਸੰਮ ਨਾਲਿ

پئے قبُولُ کھسنم نالِ

ਜਾਂ ਘਾਲ ਮਰਦੀ ਘਾਲੀ ॥

جاں گھال مردی گھالی ॥

ਮਾਤਾ ਖੀਵੀ ਸਹੁ ਸੋਇ
ਜਿਨਿ ਗੋਇ ਉਠਾਲੀ ॥੩॥

ماتا کھِیوی سہُ سوءِ
جِنِ گوءِ اُٹھالی ॥3॥

ਹੋਰਿਓ ਗੰਗ ਵਹਾਈਐ
ਦੁਨਿਆਈ ਆਖੈ ਕਿ ਕਿਓਨੁ ॥

ہورِنہُو گنگ وہائیَۓ
دُنیائی آکھےَ کِ کِئونُ ۔ ॥

ਨਾਨਕ ਈਸਰਿ ਜਗਨਾਥਿ
ਉਚਹਦੀ ਵੈਣੁ ਵਿਰਿਕਿਓਨੁ ॥

نانک ایسرِ جگناتھِ
اُچہدی ویَنُ وِرِکِئونُ ॥

ਮਾਧਾਣਾ ਪਰਬਤੁ ਕਰਿ
ਨੇਤ੍ਰੀ ਬਾਸਕੁ ਸਬਦਿ ਰਿੜਕਿਓਨੁ ॥

مادھاٹا پربتُ کرِ
نیتّرِ باسکُ سبدِ رِڑکِئونُ ॥

ਚਉਦਹ ਰਤਨ ਨਿਕਾਲਿਅਨੁ
ਕਰਿ ਆਵਾ ਗਉਣੁ ਚਿਲਕਿਓਨੁ ॥

چئُدہ رتن نِکالِئنُ
کرِ آوا گئُنُ چِلکِئونُ ॥

ਕੁਦਰਤਿ ਅਹਿ ਵੇਖਾਲੀਅਨੁ
ਜਿਣਿ ਐਵਡ ਪਿਡ ਠਿਣਕਿਓਨੁ ॥

قُدرتِ اہِ ویکھالِیئنُ
جِنُ ایوڈ پِڈ ٹھِنکِئونُ ॥

ਲਹਣੇ ਧਰਿਓਨੁ ਛਤ੍ਰੁ ਸਿਰਿ
ਅਸਮਾਨਿ ਕਿਆੜਾ ਛਿਕਿਓਨੁ ॥

لہنے دھرِئونُ چھتّر سِرِ
اسمانِ کِیاڑا چھِکِئونُ ॥

ਜੋਤਿ ਸਮਾਣੀ ਜੋਤਿ ਮਾਹਿ
ਆਪੁ ਆਪੈ ਸੇਤੀ ਮਿਕਿਓਨੁ ॥

جوتِ سماٹی جوتِ ماہِ
آپُ آپے سیتی مِکِئونُ ॥

ਸਿਖਾਂ ਪੁਤ੍ਰਾਂ ਘੋਖਿ ਕੈ
ਸਭ ਉਮਤਿ ਵੇਖਹੁ ਜਿ ਕਿਓਨੁ ॥

سِکھاں پُتّراں گھوکھِ کے
سبھ اُمتِ ویکھہُ جِ کِئونُ ॥

ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥੪॥

جاں سُدھوسُ تاں لہنا ٹِکِئونُ ॥4॥

ਫੇਰਿ ਵਸਾਇਆ ਫੇਰੁਆਣਿ
ਸਤਿਗੁਰਿ ਖਾਡੂਰੁ ॥

پھیرِ وسائیا پھیرُیانِ
ستِگُرِ کھاڈُوُرُ ॥

ਜਪੁ ਤਪੁ ਸੰਜਮੁ ਨਾਲਿ ਤੁਧੁ
ਹੋਰੁ ਮੁਚੁ ਗਰੂਰੁ ॥

جپُ تپُ سنجَمُ نالِ تُدھُ
ہورُ مُچُ غرُورُ ॥

ਲਬੁ ਵਿਣਾਹੇ ਮਾਣਸਾ

لبُ وِٹاہے ماٹسا

ਜਿਉ ਪਾਣੀ ਬੂਰੁ ॥

جِءُ پانی بُورُ ॥

ਵਰ੍ਹਿਐ ਦਰਗਹ ਗੁਰੂ ਕੀ
ਕੁਦਰਤੀ ਨੂਰੁ ॥

وَرہِےَ درگہ گُرُو کی
قُدرتی نُورُ ॥

ਜਿਤੁ ਸੁ ਹਾਥ ਨ ਲਭਈ
ਤੂੰ ਓਹੁ ਠਰੂਰੁ ॥

جِتُ سُ ہاتھ ن لبھئی
توُنَ اوہُ ٹھرُورُ ॥

ਨਉ ਨਿਧਿ ਨਾਮੁ ਨਿਧਾਨੁ ਹੈ
ਤੁਧੁ ਵਿਚਿ ਭਰਪੂਰੁ ॥

ن ءُ نِدھِ نامُ نِدھانُ ہےَ
تُدھُ وِچِ بھرپُورُ ॥

ਨਿੰਦਾ ਤੇਰੀ ਜੋ ਕਰੇ
ਸੋ ਵੰਞੈ ਚੂਰੁ ॥

نِندا تیری جو کرے
سو وںجےَ چوُرُ ॥

ਨੇੜੈ ਦਿਸੈ ਮਾਤ ਲੋਕ
ਤੁਧੁ ਸੁਝੈ ਦੂਰੁ ॥

نیڑےَ دِسےَ مات لوک
تُدھُ سُجھےَ دوُرُ ॥

ਫੇਰਿ ਵਸਾਇਆ ਫੇਰੁਆਣਿ
ਸਤਿਗੁਰਿ ਖਾਡੂਰੁ ॥੫॥

پھیرِ وسائیا پھیرُیانِٞ
ستِگُرِ کھاڈُورُ ॥5॥

ਸੋ ਟਿਕਾ ਸੋ ਬੈਹਣਾ
ਸੋਈ ਦੀਬਾਣੁ ॥

سو ٹِکا سو بیہٹا
سوئی دِیبانُٞ ॥

ਪਿਯੂ ਦਾਦੇ ਜੇਵਿਹਾ
ਪੋਤਾ ਪਰਵਾਣੁ ॥

پِیُو دادے جیوِہا
پوتا پروانُٞ ॥

ਜਿਨਿ ਬਾਸਕੁ ਨੇਤ੍ਰੈ ਘਤਿਆ
ਕਰਿ ਨੇਹੀ ਤਾਣੁ ॥

جِنِ باسکُ نیتّرےَ گھتیا
کرِ نیہی تانُٞ ॥

ਜਿਨਿ ਸਮੁੰਦੁ ਵਿਰੋਲਿਆ
ਕਰਿ ਮੇਰੁ ਮਧਾਣੁ ॥

جِنِ سمُنّدُ وِرولیا
کرِ میرُ مدھانُٞ ॥

ਚਉਦਹ ਰਤਨ ਨਿਕਾਲਿਅਨੁ
ਕੀਤੋਨੁ ਚਾਨਾਣੁ ॥

چنُدہ رتن نِکالِنَ
کِیتونُ چانانُٞ ॥

ਘੋੜਾ ਕੀਤੋ ਸਹਜ ਦਾ
ਜਤੁ ਕੀਓ ਪਲਾਣੁ ॥

گھوڑا کِیتو سہج دا
جتُ کِیئو پلانُٞ ॥

ਧਣਖੁ ਚੜਾਇਓ ਸਤ ਦਾ
ਜਸ ਹੰਦਾ ਬਾਣੁ ॥

دھنکھُ چڑائیو ست دا
جس ہندا بانُ ॥

ਕਲਿ ਵਿਚਿ ਧੂ ਅੰਧਾਰੁ ਸਾ
ਚੜਿਆ ਰੈ ਭਾਣੁ ॥

کلِ وِچِ دھوُ اندھارُ سا
چڑِیا رے بھانُ ॥

ਸਤਹੁ ਖੇਤੁ ਜਮਾਇਓ
ਸਤਹੁ ਛਾਵਾਣੁ ॥

ستہ کھیتُ جمائیو
ستہ چھاوانُ ॥

ਨਿਤ ਰਸੋਈ ਤੇਰੀਐ
ਘਿਉ ਮੈਦਾ ਖਾਣੁ ॥

نِت رسوئی تیرِیَ
گھِءُ میدا کھانُ ॥

ਚਾਰੇ ਕੁੰਡਾਂ ਸੁਝੀਓਸੁ
ਮਨ ਮਹਿ ਸਬਦੁ ਪਰਵਾਣੁ ॥

چارے کُنڈاں سُجھِیوسُ
من مہِ سبدُ پروانُ ॥

ਆਵਾ ਗਉਣੁ ਨਿਵਾਰਿਓ
ਕਰਿ ਨਦਰਿ ਨੀਸਾਣੁ ॥

آوا گئُنُ نِوارِیو
کرِ ندرِ نیشانُ ॥

ਅਉਤਰਿਆ ਅਉਤਾਰੁ ਲੈ
ਸੋ ਪੁਰਖੁ ਸੁਜਾਣੁ ॥

اُترِیا اُتارُ لے
سو پُرکھُ سُجانُ ॥

ਝਖੜਿ ਵਾਉ ਨ ਡੋਲਈ
ਪਰਬਤੁ ਮੇਰਾਣੁ ॥

جھکھڑِ واءُ ن ڈولئی
پربتُ میرانُ ॥

ਜਾਣੈ ਬਿਰਥਾ ਜੀਅ ਕੀ
ਜਾਣੀ ਹੂ ਜਾਣੁ ॥

جانے بِرتھا جیء کی
جانی ہوُ جانُ ॥

ਕਿਆ ਸਾਲਾਹੀ ਸਚੇ ਪਾਤਿਸਾਹ
ਜਾਂ ਤੂ ਸੁਘੜੁ ਸੁਜਾਣੁ ॥

کِیا سالاحی سچے پاتِشاہ
جاں توُ سُگھڑُ سُجانُ ॥

ਦਾਨੁ ਜਿ ਸਤਿਗੁਰ ਭਾਵਸੀ
ਸੋ ਸਤੇ ਦਾਣੁ ॥

دانُ جِ ستِگُر بھاوسی
سو ستے دانُ ॥

ਨਾਨਕ ਹੰਦਾ ਛਤ੍ਰੁ ਸਿਰਿ
ਉਮਤਿ ਹੈਰਾਣੁ ॥

نانک ہندا چھتّر سِرِ
اُمتِ حیرانُ ॥

ਸੋ ਟਿਕਾ ਸੋ ਬੈਹਣਾ
ਸੋਈ ਦੀਬਾਣੁ ॥

سو ٹِکا سو بیٹھنا

سوئی دیِبانُ ॥

ਪਿਯੂ ਦਾਦੇ ਜੇਵਿਹਾ
ਪੋਤ੍ਰਾ ਪਰਵਾਣੁ ॥੬॥

پِیُو دادے جیوِہا
پوتّرا پروانُ ॥6॥

ਧੰਨੁ ਧੰਨੁ ਰਾਮਦਾਸ ਗੁਰੁ
ਜਿਨਿ ਸਿਰਿਆ ਤਿਨੈ ਸਵਾਰਿਆ ॥

دھنّنُ دھنّنُ رامداس گُرُ
جِنِ سِرِیا تِنے سوارِیا ॥

ਪੂਰੀ ਹੋਈ ਕਰਾਮਾਤਿ
ਆਪਿ ਸਿਰਜਣਹਾਰੈ ਧਾਰਿਆ ॥

پُوری ہوئی کراماتِ
آپِ سِرجنّہارے دھارِیا ॥

ਸਿਖੀ ਅਤੈ ਸੰਗਤੀ
ਪਾਰਬ੍ਰਹਮੁ ਕਰਿ ਨਮਸਕਾਰਿਆ ॥

سِکھی اتے سنگتی
پاربّرہمُ کرِ نمسکارِیا ॥

ਅਟਲੁ ਅਥਾਹੁ ਅਤੋਲੁ ਤੂ
ਤੇਰਾ ਅੰਤੁ ਨ ਪਾਰਾਵਾਰਿਆ ॥

اٹلُ اتھاہُ اتولُ توُ
تیرا انتُ ن پاراوارِیا ॥

ਜਿਨ੍ਹੀ ਤੂੰ ਸੇਵਿਆ ਭਾਉ ਕਰਿ
ਸੇ ਤੁਧੁ ਪਾਰਿ ਉਤਾਰਿਆ ॥

جِنّہی توُنّ سیوِیا بھاءُ کرِ
سے تُدھُ پارِ اُتارِیا ॥

ਲਬੁ ਲੋਭੁ ਕਾਮੁ ਕ੍ਰੋਧੁ ਮੋਹੁ
ਮਾਰਿ ਕਢੇ ਤੁਧੁ ਸਪਰਵਾਰਿਆ ॥

لبُ لوبھُ کامُ کرودھُ موہُ
مارِ کڈھے تُدھُ سپروارِیا ॥

ਧੰਨੁ ਸੁ ਤੇਰਾ ਥਾਨੁ ਹੈ
ਸਚੁ ਤੇਰਾ ਪੈਸਕਾਰਿਆ ॥

دھنّنُ سُ تیرا تھانُ ہے
سچُ تیرا پیَسکارِیا ॥

ਨਾਨਕੁ ਤੂ ਲਹਣਾ ਤੂਹੈ
ਗੁਰੁ ਅਮਰੁ ਤੂ ਵੀਚਾਰਿਆ ॥

نانکُ توُ لہنّا توُہے
گُرُ امرُ توُ ویچارِیا ॥

ਗੁਰੁ ਡਿਠਾ ਤਾਂ ਮਨੁ ਸਾਧਾਰਿਆ ॥੭॥

گُرُ ڈِٹھا تاں منُ سادھارِیا ॥7॥

ਚਾਰੇ ਜਾਗੇ ਚਹੁ ਜੁਗੀ
ਪੰਚਾਇਣੁ ਆਪੇ ਹੋਆ ॥

چارے جاگے چہُ جُگی
پنّچائنُ آپے ہویا ॥

ਆਪੀਨ੍ਹੈ ਆਪੁ ਸਾਜਿਓਨੁ
ਆਪੇ ਹੀ ਥੰਮਿ੍ ਖਲੋਆ ॥

آپِینّہے آپُ ساجِئونُ
آپے ہی تھمّنِہ کھلویا ॥

ਆਪੇ ਪਟੀ ਕਲਮ ਆਪਿ

آپے پٹی قلم آپِ

ਆਪਿ ਲਿਖਣਹਾਰਾ ਹੋਆ ॥
آپِ لِکھنہارا ہویا ॥

ਸਭ ਉਮਤਿ ਆਵਣ ਜਾਵਣੀ
ਆਪੇ ਹੀ ਨਵਾ ਨਿਰੋਆ ॥
سبھ اُمتِ آونؒ جاونؒی
آپے ہی نوا نِرویا ॥

ਤਖਤਿ ਬੈਠਾ ਅਰਜਨ ਗੁਰੂ
ਸਤਿਗੁਰ ਕਾ ਖਿਵੈ ਚੰਦੋਆ ॥
تخت بیٹھا ارجن گُرو
ستِگُر کا کھِوے چندویا ॥

ਉਗਵਣਹੁ ਤੈ ਆਥਵਣਹੁ
ਚਹੁ ਚਕੀ ਕੀਅਨੁ ਲੋਆ ॥
اُگوٹہ تے آتھوٹہ
چہُ چکی کِینُ لویا ॥

ਜਿਨ੍ਹੀ ਗੁਰੂ ਨ ਸੇਵਿਓ
ਮਨਮੁਖਾ ਪਇਆ ਮੋਆ ॥
جِنّہی گُرو ن سیوِئو
منمکھا پئیا مویا ॥

ਦੂਣੀ ਚਉਣੀ ਕਰਾਮਾਤਿ
ਸਚੇ ਕਾ ਸਚਾ ਢੋਆ ॥
دوُنؒی چنُنؒی کراماتِ
سچے کا سچا ڈھویا ॥

ਚਾਰੇ ਜਾਗੇ ਚਹੁ ਜੁਗੀ
ਪੰਚਾਇਣੁ ਆਪੇ ਹੋਆ ॥੮॥੧॥
چارے جاگے چہُ جُگی
پنچائنؒ آپے ہویا ॥8॥1॥

ਰਾਮਕਲੀ ਬਾਣੀ ਭਗਤਾ ਕੀ ॥ ਕਬੀਰ ਜੀਉ
رامکلی بانؒی بھگتا کی ॥ کبیِر جیِءُ

ੴ ਸਤਿਗੁਰ ਪ੍ਰਸਾਦਿ ॥
ੴ ستِگُر پرّسادِ ॥

ਕਾਇਆ ਕਲਾਲਨਿ ਲਾਹਨਿ ਮੇਲਉ
ਗੁਰ ਕਾ ਸਬਦੁ ਗੁੜੁ ਕੀਨੁ ਰੇ ॥
کایِیا کلالنِ لاہنِ میل ءُ
گُر کا سبدُ گُڑُ کِینُ رے ॥

ਤ੍ਰਿਸਨਾ ਕਾਮੁ ਕ੍ਰੋਧੁ ਮਦ ਮਤਸਰ
ਕਾਟਿ ਕਾਟਿ ਕਸੁ ਦੀਨੁ ਰੇ ॥੧॥
ترِسنا کامُ کرودھُ مد متسر
کاٹِ کاٹِ کُس دِینُ رے ॥1॥

ਕੋਈ ਹੈ ਰੇ ਸੰਤੁ ਸਹਜ ਸੁਖ ਅੰਤਰਿ
ਜਾ ਕਉ ਜਪੁ ਤਪੁ ਦੇਉ ਦਲਾਲੀ ਰੇ ॥
کوئی ہے رے سنتُ سہج سُکھ انترِ
جا ک ءُ جپُ تپُ دی ءُ دلالی رے ॥

ਏਕ ਬੂੰਦ ਭਰਿ ਤਨੁ ਮਨੁ ਦੇਵਉ
ਜੋ ਮਦੁ ਦੇਇ ਕਲਾਲੀ ਰੇ ॥੧॥ ਰਹਾਉ ॥
ایک بوُنّد بھرِ تنُ منُ دیوءُ
جو مدُ دے ءِ کلالی رے ॥1॥ رہاءُ ॥

ਭਵਨ ਚਤੁਰ ਦਸ ਭਾਠੀ ਕੀਨ੍ਹੀ
ਬ੍ਰਹਮ ਅਗਨਿ ਤਨਿ ਜਾਰੀ ਰੇ ॥
بھون چتُر دس بھاٹھی کِینّہی
برّہم اگنِ تنِ جاری رے ॥

ਮੁਦ੍ਰਾ ਮਦਕ ਸਹਜ ਧੁਨਿ ਲਾਗੀ
ਸੁਖਮਨ ਪੋਚਨਹਾਰੀ ਰੇ ॥੨॥

مُدّرا مدک سہج دھُنِ لاگی
سُکھمن پوچنہاری رے ॥2॥

ਤੀਰਥ ਬਰਤ ਨੇਮ ਸੁਚਿ ਸੰਜਮ
ਰਵਿ ਸਸਿ ਗਹਨੈ ਦੇਉ ਰੇ ॥

تِیرتھ برت نیم سُچِ سنجَم
روِ سسِ گہنے دیءُ رے ॥

ਸੁਰਤਿ ਪਿਆਲ ਸੁਧਾ ਰਸੁ ਅੰਮ੍ਰਿਤੁ
ਏਹੁ ਮਹਾ ਰਸੁ ਪੇਉ ਰੇ ॥੩॥

سُرتِ پیال سُدھا رسُ انمّرِتُ
ایہُ مہا رسُ پیءُ رے ॥3॥

ਨਿਝਰ ਧਾਰ ਚੁਐ ਅਤਿ ਨਿਰਮਲ
ਇਹ ਰਸ ਮਨੂਆ ਰਾਤੋ ਰੇ ॥

نِجھر دھار چُےَ اتِ نِرمل
اِہ رس منوُیا راتو رے ॥

ਕਹਿ ਕਬੀਰ ਸਗਲੇ ਮਦ ਛੂਛੇ
ਇਹੈ ਮਹਾ ਰਸੁ ਸਾਚੋ ਰੇ ॥੪॥੧॥

کہِ کبیِر سگلے مد چھوُچھے
اِہےَ مہا رسُ ساچو رے ॥4॥1॥

ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ
ਭਉ ਭਾਠੀ ਮਨ ਧਾਰਾ ॥

گُڑُ کرِ گیانُ دھِیانُ کرِ مہوُیا
بھءُ بھاٹھی من دھارا ॥

ਸੁਖਮਨ ਨਾਰੀ ਸਹਜ ਸਮਾਨੀ
ਪੀਵੈ ਪੀਵਨਹਾਰਾ ॥੧॥

سُکھمن ناری سہج سمانی
پیِوےَ پیِونہارا ॥1॥

ਅਉਧੂ ਮੇਰਾ ਮਨੁ ਮਤਵਾਰਾ ॥

انُدھوُ میرا منُ متوارا ॥

ਉਨਮਦ ਚਢਾ ਮਦਨ ਰਸੁ ਚਾਖਿਆ
ਤ੍ਰਿਭਵਨ ਭਇਆ ਉਜਿਆਰਾ ॥੧॥ ਰਹਾਉ ॥

اُنمد چڑھا مدن رسُ چاکھِیا
ترِبھون بھئیا اُجِیارا ॥1॥ رہاءُ ॥

ਦੁਇ ਪੁਰ ਜੋਰਿ ਰਸਾਈ ਭਾਠੀ
ਪੀਉ ਮਹਾ ਰਸੁ ਭਾਰੀ ॥

دُءِ پُر جورِ رسائی بھاٹھی
پیِءُ مہا رسُ بھاری ॥

ਕਾਮੁ ਕ੍ਰੋਧੁ ਦੁਇ ਕੀਏ ਜਲੇਤਾ
ਛੂਟਿ ਗਈ ਸੰਸਾਰੀ ॥੨॥

کامُ کرودھُ دُءِ کیِےَ جلیتا
چھوُٹِ گئی سنّساری ॥2॥

ਪ੍ਰਗਟ ਪ੍ਰਗਾਸ ਗਿਆਨ ਗੁਰ ਗੰਮਿਤ
ਸਤਿਗੁਰ ਤੇ ਸੁਧਿ ਪਾਈ ॥

پرگٹ پرّگاس گیان گُر گنّمِت
ستِگُر تے سُدھِ پائی ॥

ਦਾਸੁ ਕਬੀਰੁ ਤਾਸੁ ਮਦ ਮਾਤਾ
ਉਚਕਿ ਨ ਕਬਹੂ ਜਾਈ ॥੩॥੨॥

داسُ کبیِرُ تاسُ مد ماتا
اُچکِ ن کبہوُ جائی ॥3॥2॥

ਤੂੰ ਮੇਰੋ ਮੇਰੁ ਪਰਬਤੁ ਸੁਆਮੀ
ਓਟ ਗਹੀ ਮੈ ਤੇਰੀ ॥

ਨਾ ਤੁਮ ਡੋਲਹੁ ਨਾ ਹਮ ਗਿਰਤੇ
ਰਖਿ ਲੀਨੀ ਹਰਿ ਮੇਰੀ ॥੧॥

ਅਬ ਤਬ ਜਬ ਕਬ
ਤੁਹੀ ਤੁਹੀ ॥

ਹਮ ਤੁਅ ਪਰਸਾਦਿ
ਸੁਖੀ ਸਦ ਹੀ ॥੧॥ ਰਹਾਉ ॥

ਤੋਰੇ ਭਰੋਸੇ ਮਗਹਰ ਬਸਿਓ
ਮੇਰੇ ਤਨ ਕੀ ਤਪਤਿ ਬੁਝਾਈ ॥

ਪਹਿਲੇ ਦਰਸਨੁ ਮਗਹਰ ਪਾਇਓ
ਫੁਨਿ ਕਾਸੀ ਬਸੇ ਆਈ ॥੨॥

ਜੈਸਾ ਮਗਹਰੁ ਤੈਸੀ ਕਾਸੀ
ਹਮ ਏਕੈ ਕਰਿ ਜਾਨੀ ॥

ਹਮ ਨਿਰਧਨ ਜਿਉ ਇਹੁ ਧਨੁ ਪਾਇਆ
ਮਰਤੇ ਫੂਟਿ ਗੁਮਾਨੀ ॥੩॥

ਕਰੈ ਗੁਮਾਨੁ ਚੁਭਹਿ ਤਿਸੁ ਸੂਲਾ
ਕੋ ਕਾਢਨ ਕਉ ਨਾਹੀ ॥

ਅਜੈ ਸੁ ਚੋਭ ਕਉ ਬਿਲਲ ਬਿਲਾਤੇ
ਨਰਕੇ ਘੋਰ ਪਚਾਹੀ ॥੪॥

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ
ਸੰਤਨ ਦੋਊ ਰਾਦੇ ॥

ਹਮ ਕਾਹੂ ਕੀ ਕਾਣਿ ਨ ਕਢਤੇ
ਅਪਨੇ ਗੁਰ ਪਰਸਾਦੇ ॥੫॥

ਅਬ ਤਉ ਜਾਇ ਚਢੇ ਸਿੰਘਾਸਨਿ
ਮਿਲੇ ਹੈ ਸਾਰਿੰਗਪਾਨੀ ॥

تُوں میرو میرُ پربتُ سُیامی
اوٹ گہی مے تیری ॥

نا تُم ڈولہُ نا ہم گِرتے
رکھِ لِینی ہرِ میری ॥1॥

اب تب جب کب
تُہی تُہی ॥

ہم تُ ء پرسادِ
سُکھی سد ہی ॥1॥ رہاءُ ॥

تورے بھروسے مگہر بسِئو
میرے تن کی تپتِ بُجھائی ॥

پہِلے درسنُ مگہر پائِئو
پھُنِ کاسی بسے آئی ॥2॥

جیَسا مگہرُ تیَسی کاسی
ہم ایکے کرِ جانی ॥

ہم نِردھن جِ ءُ اِہُ دھنُ پائِیا
مرتے پھوُٹِ گُمانی ॥3॥

کرے گُمانُ چُبھہِ تِسُ سوُلا
کو کاڈھن ک ءُ ناہی ॥

اجے سُ چوبھ ک ءُ بِلل بِلاتے
نرکے گھور پچاہی ॥4॥

کونُ نرکُ کِیا سُرگُ بِچارا
سنّتن دوئوُ رادے ॥

ہم کاہوُ کی کاڑِ ن کڈھتے
اپنے گُر پرسادے ॥5॥

اب ت ءُ جاءِ چڈھے سِنگھاسنِ

ਰਾਮ ਕਬੀਰਾ ਏਕ ਭਏ ਹੈ
ਕੋਇ ਨ ਸਕੈ ਪਛਾਨੀ ॥੬॥੩॥

ਸੰਤਾ ਮਾਨਉ ਦੂਤਾ ਡਾਨਉ
ਇਹ ਕੁਟਵਾਰੀ ਮੇਰੀ ॥

ਦਿਵਸ ਰੈਨਿ ਤੇਰੇ ਪਾਉ ਪਲੋਸਉ
ਕੇਸ ਚਵਰ ਕਰਿ ਫੇਰੀ ॥੧॥

ਹਮ ਕੂਕਰ ਤੇਰੇ ਦਰਬਾਰਿ ॥

ਭਉਕਹਿ ਆਗੈ ਬਦਨੁ ਪਸਾਰਿ ॥੧॥ ਰਹਾਉ ॥

ਪੂਰਬ ਜਨਮ ਹਮ ਤੁਮ੍ਰੇ ਸੇਵਕ
ਅਬ ਤਉ ਮਿਟਿਆ ਨ ਜਾਈ ॥

ਤੇਰੇ ਦੁਆਰੈ ਧੁਨਿ ਸਹਜ ਕੀ
ਮਾਥੈ ਮੇਰੇ ਦਗਾਈ ॥੨॥

ਦਾਗੇ ਹੋਹਿ ਸੁ ਰਨ ਮਹਿ ਜੂਝਹਿ
ਬਿਨੁ ਦਾਗੇ ਭਗਿ ਜਾਈ ॥

ਸਾਧੂ ਹੋਇ ਸੁ ਭਗਤਿ ਪਛਾਨੈ
ਹਰਿ ਲਏ ਖਜਾਨੈ ਪਾਈ ॥੩॥

ਕੋਠਰੇ ਮਹਿ ਕੋਠਰੀ
ਪਰਮ ਕੋਠੀ ਬੀਚਾਰਿ ॥

ਗੁਰਿ ਦੀਨੀ ਬਸਤੁ ਕਬੀਰ ਕਉ
ਲੇਵਹੁ ਬਸਤੁ ਸਮ੍ਾਰਿ ॥੪॥

ਕਬੀਰਿ ਦੀਈ ਸੰਸਾਰ ਕਉ
ਲੀਨੀ ਜਿਸੁ ਮਸਤਕਿ ਭਾਗੁ ॥

ਅੰਮ੍ਰਿਤ ਰਸੁ ਜਿਨਿ ਪਾਇਆ
ਥਿਰੁ ਤਾ ਕਾ ਸੋਹਾਗੁ ॥੫॥੪॥

ملے ہے سارنگپانی ॥

رام کبیرا ایک بھئے ہے
کوءِ ن سکے پچھانی ॥6॥3॥

سنتا مان ءُ دوُتا ڈان ءُ
اِہ کُٹواری میری ॥

دِوس ریَنِ تیرے پاءُ پلوس ءُ
کیس چور کرِ پھیری ॥1॥

ہم کوُکر تیرے دربارِ ॥

بھُکہِ آگے بدنُ پسارِ ॥1॥ رہاءُ ॥

پوُرب جنم ہم تُمہرے سیوک
اب ت ءُ مِٹیا ن جائی ॥

تیرے دُیارے دھُنِ سہج کی
ماتھے میرے دگائی ॥2॥

داگے ہوہِ سُ رن مہِ جوُجھہِ
بِنُ داگے بھگِ جائی ॥

سادھوُ ہوءِ سُ بھگتِ پچھانے
ہرِ لے خزانے پائی ॥3॥

کوٹھرے مہِ کوٹھری
پرم کوٹھی بیچارِ ॥

گُرِ دینی بست کبیر ک ءُ
لیوہُ بست سمہّارِ ॥4॥

کبیرِ دیئی سنسار ک ءُ
لینی جِسُ مستکِ بھاگُ ॥

انمّرت رسُ جِنِ پائیا
تھِرُ تا کا سوہاگُ ॥5॥4॥

ਜਿਹ ਮੁਖਿ ਬੇਦੁ ਗਾਇਤ੍ਰੀ ਨਿਕਸੈ
ਸੋ ਕਿਉ ਬ੍ਰਹਮਨੁ ਬਿਸਰੁ ਕਰੈ ॥

جِہ مُکھِ بیدُ گائتّری نِکسے
سو کِءُ برہمنُ بِسرُ کرے ۔ ॥

ਜਾ ਕੈ ਪਾਇ ਜਗਤੁ ਸਭੁ ਲਾਗੈ
ਸੋ ਕਿਉ ਪੰਡਿਤੁ ਹਰਿ ਨ ਕਹੈ ॥੧॥

جا کے پاءِ جگتُ سبھُ لاگے
سو کِءُ پنڈِتُ ہرِ ن کہے ۔ ॥1॥

ਕਾਹੇ ਮੇਰੇ ਬਾਮ੍ਹਨ ਹਰਿ ਨ ਕਹਹਿ ॥

کاہے میرے بامّہن ہرِ ن کہہِ ۔ ॥

ਰਾਮੁ ਨ ਬੋਲਹਿ ਪਾਡੇ ਦੋਜਕੁ ਭਰਹਿ ॥੧॥ ਰਹਾਉ ॥

رامُ ن بولہِ پاڈے دوزکُ بھرہِ ॥1॥ رہاءُ ॥

ਆਪਨ ਊਚ ਨੀਚ ਘਰਿ ਭੋਜਨੁ
ਹਠੇ ਕਰਮ ਕਰਿ ਉਦਰੁ ਭਰਹਿ ॥

آپن اوُچ نِچ گھرِ بھوجنُ
ہٹھے کرم کرِ اُدرُ بھرہِ ॥

ਚਉਦਸ ਅਮਾਵਸ ਰਚਿ ਰਚਿ ਮਾਂਗਹਿ
ਕਰ ਦੀਪਕੁ ਲੈ ਕੂਪਿ ਪਰਹਿ ॥੨॥

چئدس اماوس رچِ رچِ مانگہِ
کر دیپکُ لے کوُپِ پرہِ ॥2॥

ਤੂੰ ਬ੍ਰਹਮਨੁ ਮੈ ਕਾਸੀਕ ਜੁਲਹਾ
ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ ॥

توُنّ برہمنُ مے کاسیک جُلہا
مُہِ توہِ برابری کیسے کے بنہِ ۔ ॥

ਹਮਰੇ ਰਾਮ ਨਾਮ ਕਹਿ ਉਬਰੇ
ਬੇਦ ਭਰੋਸੇ ਪਾਂਡੇ ਡੂਬਿ ਮਰਹਿ ॥੩॥੫॥

ہمرے رام نام کہِ اُبرے
بید بھروسے پانڈے ڈوُبِ مرہِ ॥3॥5॥

ਤਰਵਰੁ ਏਕੁ ਅਨੰਤ ਡਾਰ ਸਾਖਾ
ਪੁਹਪ ਪਤ੍ਰ ਰਸ ਭਰੀਆ ॥

ترورُ ایکُ اننّت ڈار ساکھا
پُہپ پتّر رس بھریِیا ॥

ਇਹ ਅੰਮ੍ਰਿਤ ਕੀ ਬਾੜੀ ਹੈ ਰੇ
ਤਿਨਿ ਹਰਿ ਪੂਰੈ ਕਰੀਆ ॥੧॥

اِہ انمّرِت کی باڑی ہے رے
تِنِ ہرِ پوُرے کریِیا ॥1॥

ਜਾਨੀ ਜਾਨੀ ਰੇ
ਰਾਜਾ ਰਾਮ ਕੀ ਕਹਾਨੀ ॥

جانی جانی رے
راجا رام کی کہانی ॥

ਅੰਤਰਿ ਜੋਤਿ ਰਾਮ ਪਰਗਾਸਾ
ਗੁਰਮੁਖਿ ਬਿਰਲੈ ਜਾਨੀ ॥੧॥ ਰਹਾਉ ॥

انترِ جوتِ رام پرگاسا
گُرمُکھِ بِرلے جانی ॥1॥ رہاءُ ॥

ਭਵਰੁ ਏਕੁ ਪੁਹਪ ਰਸ ਬੀਧਾ
ਬਾਰਹ ਲੇ ਉਰ ਧਰਿਆ ॥

بھورُ ایکُ پُہپ رس بیِدھا
بارہ لے اُر دھریِا ॥

ਸੋਰਹ ਮਧੇ ਪਵਨੁ ਝਕੋਰਿਆ

سورہ مدھے پونُ جھکوریِا

ਆਕਾਸੇ ਫਰੁ ਫਰਿਆ ॥੨॥

آکاسے پھرُ پھریا ॥2॥

ਸਹਜ ਸੁੰਨਿ ਇਕੁ ਬਿਰਵਾ ਉਪਜਿਆ
ਧਰਤੀ ਜਲਹਰੁ ਸੋਖਿਆ ॥

سہج سُنّنِ اِکُ بِروا اُپجیا
دھرتی جلہرُ سوکھیا ॥

ਕਹਿ ਕਬੀਰ ਹਉ ਤਾ ਕਾ ਸੇਵਕੁ
ਜਿਨਿ ਇਹੁ ਬਿਰਵਾ ਦੇਖਿਆ ॥੩॥੬॥

کہِ کبیِر ہءُ تا کا سیوکُ
جِنِ اِہُ بِروا دیکھیا ॥3॥6॥

ਮੁੰਦ੍ਰਾ ਮੋਨਿ ਦਇਆ ਕਰਿ ਝੋਲੀ
ਪਤ੍ਰ ਕਾ ਕਰਹੁ ਬੀਚਾਰੁ ਰੇ ॥

مُنّدّرا مونِ دئیا کرِ جھولی
پتّر کا کرہُ بیچارُ رے ॥

ਖਿੰਥਾ ਇਹੁ ਤਨੁ ਸੀਅਉ ਅਪਨਾ
ਨਾਮੁ ਕਰਉ ਆਧਾਰੁ ਰੇ ॥੧॥

کھِنّتھا اِہُ تنُ سیِئءُ اپنا
نامُ کرءُ آدھارُ رے ॥1॥

ਐਸਾ ਜੋਗੁ ਕਮਾਵਹੁ ਜੋਗੀ ॥

ایَسا جوگُ کماوہُ جوگی ۔ ॥

ਜਪ ਤਪ ਸੰਜਮੁ ਗੁਰਮੁਖਿ ਭੋਗੀ ॥੧॥ ਰਹਾਉ ॥

جپ تپ سنجمُ گُرمُکھِ بھوگی ॥1॥ رہاءُ ॥

ਬੁਧਿ ਬਿਭੂਤਿ ਚਢਾਵਉ ਅਪੁਨੀ
ਸਿੰਗੀ ਸੁਰਤਿ ਮਿਲਾਈ ॥

بُدھِ بِبھوُتِ چڑھاوءُ اپُنی
سِنگی سُرتِ مِلائی ॥

ਕਰਿ ਬੈਰਾਗੁ ਫਿਰਉ ਤਨਿ ਨਗਰੀ
ਮਨ ਕੀ ਕਿੰਗੁਰੀ ਬਜਾਈ ॥੨॥

کرِ بیَراگُ پھِرءُ تنِ نگری
من کی کِنگُری بجائی ॥2॥

ਪੰਚ ਤਤੁ ਲੈ ਹਿਰਦੈ ਰਾਖਹੁ
ਰਹੈ ਨਿਰਾਲਮ ਤਾੜੀ ॥

پنچ تتُ لے ہِردے راکھہُ
رہے نِرالم تاڑی ॥

ਕਹਤੁ ਕਬੀਰੁ ਸੁਨਹੁ ਰੇ ਸੰਤਹੁ
ਧਰਮੁ ਦਇਆ ਕਰਿ ਬਾੜੀ ॥੩॥੭॥

کہتُ کبیِرُ سُنہُ رے سنّتہُ
دھرمُ دئیا کرِ باڑی ॥3॥7॥

ਕਵਨ ਕਾਜ ਸਿਰਜੇ ਜਗ ਭੀਤਰਿ
ਜਨਮਿ ਕਵਨ ਫਲੁ ਪਾਇਆ ॥

کون کاج سِرجے جگ بھیِترِ
جنمِ کون پھلُ پائیا ॥

ਭਵ ਨਿਧਿ ਤਰਨ ਤਾਰਨ ਚਿੰਤਾਮਨਿ
ਇਕ ਨਿਮਖ ਨ ਇਹੁ ਮਨੁ ਲਾਇਆ ॥੧॥

بھو نِدھِ ترن تارن چِنّتامنِ
اِک نِمکھ ن اِہُ منُ لائیا ॥1॥

ਗੋਬਿੰਦ ਹਮ ਐਸੇ ਅਪਰਾਧੀ ॥

گوبِنّد ہم ایَسے اپرادھی ॥

ਜਿਨਿ ਪ੍ਰਭਿ ਜੀਉ ਪਿੰਡੁ ਥਾ ਦੀਆ

جِنِ پربھِ جیِءُ پِنڈُ تھا دیِیا

ਤਿਸ ਕੀ ਭਾਉ ਭਗਤਿ ਨਹੀ ਸਾਧੀ ॥੧॥ ਰਹਾਉ ॥

تِس کی بھاءُ بھگتِ نہی سادھی ॥1॥ رہاءُ ॥

ਪਰ ਧਨ ਪਰ ਤਨ ਪਰ ਤੀ ਨਿੰਦਾ
ਪਰ ਅਪਬਾਦੁ ਨ ਛੂਟੈ ॥

پر دھن پر تن پر تی نِندا
پر اپبادُ ن چھوُٹے ॥

ਆਵਾ ਗਵਨੁ ਹੋਤੁ ਹੈ ਫੁਨਿ ਫੁਨਿ
ਇਹੁ ਪਰਸੰਗੁ ਨ ਤੂਟੈ ॥੨॥

آوا گونُ ہوتُ ہے پھُنِ پھُنِ
اِہُ پرسنگُ ن توُٹے ॥2॥

ਜਿਹ ਘਰਿ ਕਥਾ ਹੋਤ ਹਰਿ ਸੰਤਨ
ਇਕ ਨਿਮਖ ਨ ਕੀਨ੍ਹੋ ਮੈ ਫੇਰਾ ॥

جِہ گھرِ کتھا ہوت ہرِ سنّتن
اِک نِمکھ ن کِینّہو مے پھیرا ॥

ਲੰਪਟ ਚੋਰ ਦੂਤ ਮਤਵਾਰੇ
ਤਿਨ ਸੰਗਿ ਸਦਾ ਬਸੇਰਾ ॥੩॥

لنّپٹ چور دوُت متوارے
تِن سنگِ سدا بسیرا ॥3॥

ਕਾਮ ਕ੍ਰੋਧ ਮਾਇਆ ਮਦ ਮਤਸਰ
ਏ ਸੰਪੈ ਮੋ ਮਾਹੀ ॥

کام کرودھ مائیا مد متسر
اے سنپے مو ماہی ॥

ਦਇਆ ਧਰਮੁ ਅਰੁ ਗੁਰ ਕੀ ਸੇਵਾ
ਏ ਸੁਪਨੰਤਰਿ ਨਾਹੀ ॥੪॥

دئیا دھرمُ ارُ گُر کی سیوا
اے سُپننّترِ ناہی ॥4॥

ਦੀਨ ਦਇਆਲ ਕ੍ਰਿਪਾਲ ਦਮੋਦਰ
ਭਗਤਿ ਬਛਲ ਭੈ ਹਾਰੀ ॥

دِین دئیال کرِپال دموودر
بھگتِ بچھل بھے ہاری ۔ ॥

ਕਹਤ ਕਬੀਰ ਭੀਰ ਜਨ ਰਾਖਹੁ
ਹਰਿ ਸੇਵਾ ਕਰਉ ਤੁਮਾਰੀ ॥੫॥੮॥

کہت کبیر بھیر جن راکھہُ
ہرِ سیوا کرءُ تُماری ॥5॥8॥

ਜਿਹ ਸਿਮਰਨਿ ਹੋਇ ਮੁਕਤਿ ਦੁਆਰੁ ॥
ਜਾਹਿ ਬੈਕੁੰਠਿ ਨਹੀ ਸੰਸਾਰਿ ॥
ਨਿਰਭਉ ਕੈ ਘਰਿ ਬਜਾਵਹਿ ਤੂਰ ॥
ਅਨਹਦ ਬਜਹਿ ਸਦਾ ਭਰਪੂਰ ॥੧॥

جِہ سِمرنِ ہوءِ مُکتِ دُیارُ ॥
جاہِ بیکُنٹھِ نہی سنّسارِ ॥
نِربھءُ کے گھرِ بجاوہِ توُر ॥
انہد بجہِ سدا بھرپوُر ॥1॥

ਐਸਾ ਸਿਮਰਨੁ ਕਰਿ ਮਨ ਮਾਹਿ ॥
ਬਿਨੁ ਸਿਮਰਨ ਮੁਕਤਿ ਕਤ ਨਾਹਿ ॥੧॥ ਰਹਾਉ ॥

ایسا سِمرنُ کرِ من ماہِ ॥
بِنُ سِمرن مُکتِ کت ناہِ ॥1॥ رہاءُ ॥

ਜਿਹ ਸਿਮਰਨਿ ਨਾਹੀ ਨਨਕਾਰੁ ॥

جِہ سِمرنِ ناہی ننکارُ ॥

ਮੁਕਤਿ ਕਰੈ ਉਤਰੈ ਬਹੁ ਭਾਰੁ ॥	مُکتِ کرے اُترے بہُ بھارُ ॥
ਨਮਸਕਾਰੁ ਕਰਿ ਹਿਰਦੈ ਮਾਹਿ ॥	نمسکارُ کرِ ہِردے ماہِ ॥
ਫਿਰਿ ਫਿਰਿ ਤੇਰਾ ਆਵਨੁ ਨਾਹਿ ॥੨॥	پھرِ پھرِ تیرا آونُ ناہِ ॥2॥
ਜਿਹ ਸਿਮਰਨਿ ਕਰਹਿ ਤੂ ਕੇਲ ॥	جِہ سِمرنِ کرہِ توُ کیل ॥
ਦੀਪਕੁ ਬਾਂਧਿ ਧਰਿਓ ਬਿਨੁ ਤੇਲ ॥	دیپکُ باندھِ دھرِئو بِنُ تیل ॥
ਸੋ ਦੀਪਕੁ ਅਮਰਕੁ ਸੰਸਾਰਿ ॥	سو دیپکُ امرکُ سنّسارِ ॥
ਕਾਮ ਕ੍ਰੋਧ ਬਿਖੁ ਕਾਢੀਲੇ ਮਾਰਿ ॥੩॥	کام کرودھ بِکھُ کاڈھیلے مارِ ॥3॥
ਜਿਹ ਸਿਮਰਨਿ ਤੇਰੀ ਗਤਿ ਹੋਇ ॥	جِہ سِمرنِ تیری گتِ ہوءِ ॥
ਸੋ ਸਿਮਰਨੁ ਰਖੁ ਕੰਠਿ ਪਰੋਇ ॥	سو سِمرنُ رکھُ کنٹھِ پروءِ ॥
ਸੋ ਸਿਮਰਨੁ ਕਰਿ ਨਹੀ ਰਾਖੁ ਉਤਾਰਿ ॥	سو سِمرنُ کرِ نہی راکھُ اُتارِ ॥
ਗੁਰ ਪਰਸਾਦੀ ਉਤਰਹਿ ਪਾਰਿ ॥੪॥	گُر پرسادی اُترہِ پارِ ॥4॥
ਜਿਹ ਸਿਮਰਨਿ ਨਾਹੀ ਤੁਹਿ ਕਾਨਿ ॥	جِہ سِمرنِ ناہی تُہِ کانِ ॥
ਮੰਦਰਿ ਸੋਵਹਿ ਪਟੰਬਰ ਤਾਨਿ ॥	منّدرِ سووہِ پٹنّبر تانِ ॥
ਸੇਜ ਸੁਖਾਲੀ ਬਿਗਸੈ ਜੀਉ ॥	سیج سُکھالی بِگسے جیءُ ॥
ਸੋ ਸਿਮਰਨੁ ਤੂ ਅਨਦਿਨੁ ਪੀਉ ॥੫॥	سو سِمرنُ توُ اندِنُ پِیءُ ॥5॥
ਜਿਹ ਸਿਮਰਨਿ ਤੇਰੀ ਜਾਇ ਬਲਾਇ ॥	جِہ سِمرنِ تیری جاءِ بلاءِ ॥
ਜਿਹ ਸਿਮਰਨਿ ਤੁਝੁ ਪੋਹੈ ਨ ਮਾਇ ॥	جِہ سِمرنِ تُجھُ پوہے ن ماءِ ॥
ਸਿਮਰਿ ਸਿਮਰਿ ਹਰਿ ਹਰਿ ਮਨਿ ਗਾਈਐ ॥	سِمرِ سِمرِ ہرِ ہرِ منِ گائیئے ॥
ਇਹੁ ਸਿਮਰਨੁ ਸਤਿਗੁਰ ਤੇ ਪਾਈਐ ॥੬॥	اِہُ سِمرنُ ستِگُر تے پائیئے ॥6॥
ਸਦਾ ਸਦਾ ਸਿਮਰਿ ਦਿਨੁ ਰਾਤਿ ॥	سدا سدا سِمرِ دِنُ راتِ ॥
ਊਠਤ ਬੈਠਤ ਸਾਸਿ ਗਿਰਾਸਿ ॥	اوُٹھت بیٹھت ساسِ گِراسِ ॥
ਜਾਗੁ ਸੋਇ ਸਿਮਰਨ ਰਸ ਭੋਗ ॥	جاگُ سوءِ سِمرن رس بھوگ ॥

ਹਰਿ ਸਿਮਰਨੁ ਪਾਈਐ ਸੰਜੋਗ ॥੭॥	ہرِ سِمرنُ پائیئے سنجوگ ॥7॥
ਜਿਹ ਸਿਮਰਨਿ ਨਾਹੀ ਤੁਝੁ ਭਾਰ ॥	جِہ سِمرنِ ناہی تُجھُ بھار ॥
ਸੋ ਸਿਮਰਨੁ ਰਾਮ ਨਾਮ ਅਧਾਰੁ ॥	سو سِمرنُ رام نام ادھارُ ॥
ਕਹਿ ਕਬੀਰ ਜਾ ਕਾ ਨਹੀ ਅੰਤੁ ॥	کہِ کبیِر جا کا نہی انّتُ ॥
ਤਿਸ ਕੇ ਆਗੇ ਤੰਤੁ ਨ ਮੰਤੁ ॥੮॥੯॥	تِس کے آگے تنّتُ ن منّتُ ॥8॥9॥
ਰਾਮਕਲੀ ਘਰੁ ੨ ਬਾਣੀ ਕਬੀਰ ਜੀ ਕੀ	رامکلی گھرُ 2 باٹی کبیِر جی کی
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਬੰਧਚਿ ਬੰਧਨੁ ਪਾਇਆ ॥	بنّدھچِ بنّدھنُ پائیا ॥
ਮੁਕਤੈ ਗੁਰਿ ਅਨਲੁ ਬੁਝਾਇਆ ॥	مُکتے گُرِ انلُ بُجھائیا ॥
ਜਬ ਨਖ ਸਿਖ ਇਹੁ ਮਨੁ ਚੀਨ੍ਹਾ ॥	جب نکھ سِکھ اِہُ منُ چینّہا ॥
ਤਬ ਅੰਤਰਿ ਮਜਨੁ ਕੀਨ੍ਹਾ ॥੧॥	تب انّترِ مجنُ کِینّہا ॥1॥
ਪਵਨਪਤਿ ਓਨਮਨਿ ਰਹਨੁ ਖਰਾ ॥	پونپتِ اونمنِ رہنُ کھرا ॥
ਨਹੀ ਮਿਰਤੁ ਨ ਜਨਮੁ ਜਰਾ ॥੧॥ ਰਹਾਉ ॥	نہی مِرتُ ن جنمُ جرا ॥1॥ رہاءُ ॥
ਉਲਟੀ ਲੇ ਸਕਤਿ ਸਹਾਰੰ ॥	اُلٹی لے سکتِ سہارنّ ॥
ਪੈਸੀਲੇ ਗਗਨ ਮਝਾਰੰ ॥	پیَسیلے گگن مجھارنّ ॥
ਬੇਧੀਅਲੇ ਚਕ੍ਰ ਭੁਅੰਗਾ ॥	بیدھیئلے چکّر بھُنّگا ॥
ਭੇਟੀਅਲੇ ਰਾਇ ਨਿਸੰਗਾ ॥੨॥	بھیٹیئلے راءِ نِسنّگا ॥2॥
ਚੂਕੀਅਲੇ ਮੋਹ ਮਇਆਸਾ ॥	چوُکیئلے موہ مئیاسا ॥
ਸਸਿ ਕੀਨੋ ਸੂਰ ਗਿਰਾਸਾ ॥	سسِ کینو سوُر گِراسا ॥
ਜਬ ਕੁੰਭਕੁ ਭਰਿਪੁਰਿ ਲੀਣਾ ॥	جب کُنبھکُ بھرِپُرِ لیِنّا ॥
ਤਹ ਬਾਜੇ ਅਨਹਦ ਬੀਣਾ ॥੩॥	تہ باجے انہد بیِنّا ॥3॥
ਬਕਤੈ ਬਕਿ ਸਬਦੁ ਸੁਨਾਇਆ ॥	بکتے بکِ سبدُ سُنائیا ॥

ਸੁਨਤੈ ਸੁਨਿ ਮੰਨਿ ਬਸਾਇਆ ॥	سُنتے سُنِ منّنِ بسائیا ॥
ਕਰਿ ਕਰਤਾ ਉਤਰਸਿ ਪਾਰੰ ॥	کرِ کرتا اُترسِ پارنّ ॥
ਕਹੈ ਕਬੀਰਾ ਸਾਰੰ ॥੪॥੧॥੧੦॥	کہے کبیرا سارنّ ॥4॥1॥ 10 ॥
ਚੰਦੁ ਸੂਰਜੁ ਦੁਇ ਜੋਤਿ ਸਰੂਪੁ ॥	چنّدُ سوُرجُ دُءِ جوتِ سروُپُ ॥
ਜੋਤੀ ਅੰਤਰਿ ਬ੍ਰਹਮੁ ਅਨੂਪੁ ॥੧॥	جوتی انّترِ برّہمُ انوُپُ ॥1॥
ਕਰੁ ਰੇ ਗਿਆਨੀ ਬ੍ਰਹਮ ਬੀਚਾਰੁ ॥	کرُ رے گیانی برّہم بیچارُ ॥
ਜੋਤੀ ਅੰਤਰਿ ਧਰਿਆ ਪਸਾਰੁ ॥੧॥ ਰਹਾਉ ॥	جوتی انّترِ دھریا پسارُ ॥1॥ رہاءُ ॥
ਹੀਰਾ ਦੇਖਿ ਹੀਰੇ ਕਰਉ ਆਦੇਸੁ ॥	ہیرا دیکھِ ہیرے کرءُ آدیسُ ॥
ਕਹੈ ਕਬੀਰੁ ਨਿਰੰਜਨ ਅਲੇਖੁ ॥੨॥੨॥੧੧॥	کہے کبیرُ نرنّجن الیکھُ ॥2॥2॥ 11 ॥
ਦੁਨੀਆ ਹੁਸੀਆਰ ਬੇਦਾਰ ਜਾਗਤ ਮੁਸੀਅਤ ਹਉ ਰੇ ਭਾਈ ॥	دُنیا ہُسیار بیدار جاگت مُسیئت ہءُ رے بھائی ۔ ॥
ਨਿਗਮ ਹੁਸੀਆਰ ਪਹਰੂਆ ਦੇਖਤ ਜਮੁ ਲੇ ਜਾਈ ॥੧॥ ਰਹਾਉ ॥	نِگم ہُسیار پہروُیا دیکھت جمُ لے جائی ॥1॥ رہاءُ ॥
ਨੀਬੁ ਭਇਓ ਆਬੁ ਆਬੁ ਭਇਓ ਨੀਬਾ ਕੇਲਾ ਪਾਕਾ ਝਾਰਿ ॥	نیبُ بھئیو آبُ آبُ بھئیو نیبّا کیلا پاکا جھارِ ॥
ਨਾਲੀਏਰ ਫਲੁ ਸੇਬਰਿ ਪਾਕਾ ਮੂਰਖ ਮੁਗਧ ਗਵਾਰ ॥੧॥	نالیئیر پھلُ سیبرِ پاکا مؤرکھ مُگدھ گوار ॥1॥
ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸਤੀ ਚੁਨਿਓ ਨ ਜਾਈ ॥	ہرِ بھئیو کھانڈُ ریتُ مہِ بِکھرِیو ہستینّ چُنیو ن جائی ॥
ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ ॥੨॥੩॥੧੨॥	کہِ کمیر کُل زاتِ پانتِ تجِ چیٹی ہوءِ چُنِ کھائی ॥2॥3॥ 12 ॥
ਬਾਣੀ ਨਾਮਦੇਉ ਜੀਉ ਕੀ ਰਾਮਕਲੀ ਘਰੁ ੧	بانّی نامدیءُ جیءُ کی رامکلی گھرُ 1
੧ੴ ਸਤਿਗੁਰ ਪ੍ਰਸਾਦਿ ॥	۱ۄ ستگُر پرّسادِ ॥
ਆਨੀਲੇ ਕਾਗਦੁ ਕਾਟੀਲੇ ਗੂਡੀ	آنیلے کاگدُ کاٹیلے گوُڈی

ਆਕਾਸ ਮਧੇ ਭਰਮੀਅਲੇ ॥

آکاس مدھے بھرمِیَلے ॥

ਪੰਚ ਜਨਾ ਸਿਉ ਬਾਤ ਬਤਊਆ
ਚੀਤੁ ਸੁ ਡੋਰੀ ਰਾਖੀਅਲੇ ॥੧॥

پنچ جنا سِءُ بات بتئویا
چِیتُ سُ ڈوری راکھِیَلے ॥1॥

ਮਨੁ ਰਾਮ ਨਾਮਾ ਬੇਧੀਅਲੇ ॥

منُ رام نامـا بیدھِیَلے ॥

ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥੧॥ ਰਹਾਉ ॥

جیَسے کنِک کلا چِتُ مانڈِیَلے ॥1॥ رہاءُ ॥

ਆਨੀਲੇ ਕੁੰਭੁ ਭਰਾਈਲੇ ਊਦਕ
ਰਾਜ ਕੁਆਰਿ ਪੁਰੰਦਰੀਏ ॥

آنِیلے کُنبھُ بھرائِیلے اوُدک
راج کُیارِ پُرندریِے ॥

ਹਸਤ ਬਿਨੋਦ ਬੀਚਾਰ ਕਰਤੀ ਹੈ
ਚੀਤੁ ਸੁ ਗਾਗਰਿ ਰਾਖੀਅਲੇ ॥੨॥

ہست بِنود بیچار کرتی ہے
چِیتُ سُ گاگرِ راکھِیَلے ॥2॥

ਮੰਦਰੁ ਏਕੁ ਦੁਆਰ ਦਸ ਜਾ ਕੇ
ਗਊ ਚਰਾਵਨ ਛਾਡੀਅਲੇ ॥

مندَرُ ایکُ دُیار دس جا کے
گئوُ چراون چھاڈِیَلے ॥

ਪਾਂਚ ਕੋਸ ਪਰ ਗਊ ਚਰਾਵਤ
ਚੀਤੁ ਸੁ ਬਛਰਾ ਰਾਖੀਅਲੇ ॥੩॥

پانچ کوس پر گئوُ چراوت
چِیتُ سُ بچھرا راکھِیَلے ॥3॥

ਕਹਤ ਨਾਮਦੇਉ ਸੁਨਹੁ ਤਿਲੋਚਨ
ਬਾਲਕੁ ਪਾਲਨ ਪਉਢੀਅਲੇ ॥

کہت نامدیءُ سُنہُ تِلوچن
بالکُ پالن پئڈھِیَلے ॥

ਅੰਤਰਿ ਬਾਹਰਿ ਕਾਜ ਬਿਰੂਧੀ
ਚੀਤੁ ਸੁ ਬਾਰਿਕ ਰਾਖੀਅਲੇ ॥੪॥੧॥

انترِ باہرِ کاج بِرُودھی
چِیتُ سُ بارِک راکھِیَلے ॥4॥1॥

ਬੇਦ ਪੁਰਾਨ ਸਾਸਤ੍ਰ ਆਨੰਤਾ
ਗੀਤ ਕਬਿਤ ਨ ਗਾਵਉਗੋ ॥

بید پُران ساستّر آنَنتا
گِیت کبِت ن گاوئگو ॥

ਅਖੰਡ ਮੰਡਲ ਨਿਰੰਕਾਰ ਮਹਿ
ਅਨਹਦ ਬੇਨੁ ਬਜਾਵਉਗੋ ॥੧॥

اکھنّڈ منّڈل نِرنّکار مہِ
انہد بینُ بجاوئگو ॥1॥

ਬੈਰਾਗੀ ਰਾਮਹਿ ਗਾਵਉਗੋ ॥

بیَراگی رامہِ گاوئگو ॥

ਸਬਦਿ ਅਤੀਤ ਅਨਾਹਦਿ ਰਾਤਾ
ਆਕੁਲ ਕੈ ਘਰਿ ਜਾਉਗੋ ॥੧॥ ਰਹਾਉ ॥

سبدِ اتِیت اناہدِ راتا
آکُل کے گھرِ جائگو ॥1॥ رہاءُ ॥

ਇੜਾ ਪਿੰਗੁਲਾ ਅਉਰੁ ਸੁਖਮਨਾ

اِڑا پِنگُلا اَرُ سُکھمنا

ਪਉਨੈ ਬੰਧਿ ਰਹਾਉਗੋ ॥

پُنے بندھِ رہائگو ॥

ਚੰਦੁ ਸੂਰਜੁ ਦੁਇ ਸਮ ਕਰਿ ਰਾਖਉ
ਬ੍ਰਹਮ ਜੋਤਿ ਮਿਲਿ ਜਾਉਗੋ ॥੨॥

چندُ سوُرجُ دُءِ سم کرِ راکھءُ
برہم جوتِ مِلِ جائگو ॥2॥

ਤੀਰਥ ਦੇਖਿ ਨ ਜਲ ਮਹਿ ਪੈਸਉ
ਜੀਅ ਜੰਤ ਨ ਸਤਾਵਉਗੋ ॥

تِیرتھ دیکھِ ن جل مہِ پیَسءُ
جیء جنّت ن ستاوئگو ॥

ਅਠਸਠਿ ਤੀਰਥ ਗੁਰੂ ਦਿਖਾਏ
ਘਟ ਹੀ ਭੀਤਰਿ ਨ੍ਹਾਉਗੋ ॥੩॥

اٹھسٹھِ تِیرتھ گُرو دِکھائے
گھٹ ہی بھیترِ نہائگو ॥3॥

ਪੰਚ ਸਹਾਈ ਜਨ ਕੀ ਸੋਭਾ
ਭਲੋ ਭਲੋ ਨ ਕਹਾਵਉਗੋ ॥

پنچ سہائی جن کی سوبھا
بھلو بھلو ن کہاوئگو ॥

ਨਾਮਾ ਕਹੈ ਚਿਤੁ ਹਰਿ ਸਿਉ ਰਾਤਾ
ਸੁੰਨ ਸਮਾਧਿ ਸਮਾਉਗੋ ॥੪॥੨॥

نامـا کہے چِتُ ہرِ سِءُ راتا
سُنّن سمادھِ سمائگو ॥4॥2॥

ਮਾਇ ਨ ਹੋਤੀ ਬਾਪੁ ਨ ਹੋਤਾ
ਕਰਮੁ ਨ ਹੋਤੀ ਕਾਇਆ ॥

ماءِ ن ہوتی باپُ ن ہوتا
کرمُ ن ہوتی کائیا ॥

ਹਮ ਨਹੀ ਹੋਤੇ ਤੁਮ ਨਹੀ ਹੋਤੇ
ਕਵਨੁ ਕਹਾਂ ਤੇ ਆਇਆ ॥੧॥

ہم نہی ہوتے تُم نہی ہوتے
کونُ کہاں تے آئیا ۔ ॥1॥

ਰਾਮ ਕੋਇ ਨ ਕਿਸ ਹੀ ਕੇਰਾ ॥

رام کوءِ ن کِس ہی کیرا ॥

ਜੈਸੇ ਤਰਵਰਿ ਪੰਖਿ ਬਸੇਰਾ ॥੧॥ ਰਹਾਉ ॥

جیَسے ترورِ پنکھِ بسیرا ॥1॥ رہاءُ ॥

ਚੰਦੁ ਨ ਹੋਤਾ ਸੂਰੁ ਨ ਹੋਤਾ
ਪਾਨੀ ਪਵਨੁ ਮਿਲਾਇਆ ॥

چندُ ن ہوتا سوُرُ ن ہوتا
پانی پونُ مِلائیا ॥

ਸਾਸਤੁ ਨ ਹੋਤਾ ਬੇਦੁ ਨ ਹੋਤਾ
ਕਰਮੁ ਕਹਾਂ ਤੇ ਆਇਆ ॥੨॥

ساستُ ن ہوتا بیدُ ن ہوتا
کرمُ کہاں تے آئیا ۔ ॥2॥

ਖੇਚਰ ਭੂਚਰ ਤੁਲਸੀ ਮਾਲਾ
ਗੁਰ ਪਰਸਾਦੀ ਪਾਇਆ ॥

کھیچر بھوُچر تُلسی مالا
گُر پرسادی پائیا ॥

ਨਾਮਾ ਪ੍ਰਣਵੈ ਪਰਮ ਤਤੁ ਹੈ
ਸਤਿਗੁਰ ਹੋਇ ਲਖਾਇਆ ॥੩॥੩॥

نامـا پرّنوے پرم تتُ ہے
ستِگُر ہوءِ لکھائیا ॥3॥3॥

ਰਾਮਕਲੀ ਘਰੁ ੨ ॥

رامکلی گھرُ 2 ॥

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ
ਅਗਨਿ ਦਹੈ ਕਾਇਆ ਕਲਪੁ ਕੀਜੈ ॥

بانارسی تپُ کرے اُلٹِ تیرتھ مرے
اگنِ دہے کائیا کلپُ کیجے ॥

ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ
ਰਾਮ ਨਾਮ ਸਰਿ ਤਊ ਨ ਪੂਜੈ ॥੧॥

اسُمیدھ جگُ کیجے سونا گربھ دانُ دیجے
رام نام سرِ تئوُ ن پوُجے ॥1॥

ਛੋਡਿ ਛੋਡਿ ਰੇ ਪਾਖੰਡੀ
ਮਨ ਕਪਟੁ ਨ ਕੀਜੈ ॥

چھوڈِ چھوڈِ رے پاکھنڈی
من کپٹُ ن کیجے ॥

ਹਰਿ ਕਾ ਨਾਮੁ
ਨਿਤ ਨਿਤਹਿ ਲੀਜੈ ॥੧॥ ਰਹਾਉ ॥

ہرِ کا نامُ
نِت نِتہِ لیجے ॥1॥ رہاءُ ॥

ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ
ਗੋਮਤੀ ਸਹਸ ਗਊ ਦਾਨੁ ਕੀਜੈ ॥

گنگا جءُ گوداورِ جائیئے کُنبھِ جءُ کیدار نہائیئے
گومتی سہس گئوُ دانُ کیجے ॥

ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ
ਰਾਮ ਨਾਮ ਸਰਿ ਤਊ ਨ ਪੂਜੈ ॥੨॥

کوٹِ جءُ تیرتھ کرے تنُ جءُ ہِوالے گارے
رام نام سرِ تئوُ ن پوُجے ॥2॥

ਅਸੁ ਦਾਨ ਗਜ ਦਾਨ
ਸਿਹਜਾ ਨਾਰੀ ਭੂਮਿ ਦਾਨ
ਐਸੋ ਦਾਨੁ ਨਿਤ ਨਿਤਹਿ ਕੀਜੈ ॥

اسُ دان گج دان
سِہجا ناری بھوُمِ دان
ایَسو دانُ نِت نِتہِ کیجے ॥

ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ
ਰਾਮ ਨਾਮ ਸਰਿ ਤਊ ਨ ਪੂਜੈ ॥੩॥

آتم جءُ نِرمائِلُ کیجے آپ برابرِ کنچنُ دیجے
رام نام سرِ تئوُ ن پوُجے ॥3॥

ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ
ਨਿਰਮਲ ਨਿਰਬਾਣ ਪਦੁ ਚੀਨ੍ਹਿ ਲੀਜੈ ॥

منہِ ن کیجے روسُ جمہِ ن دیجے دوسُ
نِرمل نِرباڻ پدُ چینّہِ لیجے ॥

ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ
ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ ॥੪॥੪॥

جسرتھ راءِ نندُ راجا میرا رام چندُ
پرّٹوے ناما تتُ رسُ انمرِتُ پیجے ॥4॥4॥

ਰਾਮਕਲੀ ਬਾਣੀ ਰਵਿਦਾਸ ਜੀ ਕੀ

رامکلی باڻی روِداس جی کی

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਪੜੀਐ ਗੁਨੀਐ ਨਾਮੁ ਸਭੁ ਸੁਨੀਐ

پڑیئے گُنیئے نامُ سبھُ سُنیئے

ਅਨਭਉ ਭਾਉ ਨ ਦਰਸੈ ॥

انبھءُ بھاءُ ن درسے ॥

ਲੋਹਾ ਕੰਚਨੁ ਹਿਰਨ ਹੋਇ ਕੈਸੇ
ਜਉ ਪਾਰਸਹਿ ਨ ਪਰਸੈ ॥੧॥

لوہا کنچنُ ہِرن ہوءِ کیسے
جءُ پارسہِ ن پرسے ॥1॥

ਦੇਵ ਸੰਸੈ ਗਾਂਠਿ ਨ ਛੂਟੈ ॥

دیو سنسے گانٹھِ ن چھوٹے ॥

ਕਾਮ ਕ੍ਰੋਧ ਮਾਇਆ ਮਦੁ ਮਤਸਰ
ਇਨ ਪੰਚਹੁ ਮਿਲਿ ਲੂਟੇ ॥੧॥ ਰਹਾਉ ॥

کام کرودھ مائیا مدُ متسر
اِن پنچہُ مِلِ لوُٹے ॥1॥ رہاءُ ॥

ਹਮ ਬਡ ਕਬਿ ਕੁਲੀਨ ਹਮ ਪੰਡਿਤ
ਹਮ ਜੋਗੀ ਸੰਨਿਆਸੀ ॥

ہم بڈ کبِ کُلین ہم پنڈِت
ہم جوگی سنّیاسی ॥

ਗਿਆਨੀ ਗੁਨੀ ਸੂਰ ਹਮ ਦਾਤੇ
ਇਹ ਬੁਧਿ ਕਬਹਿ ਨ ਨਾਸੀ ॥੨॥

گیانی گُنی سوُر ہم داتے
اِہ بُدھِ کبہِ ن ناسی ॥2॥

ਕਹੁ ਰਵਿਦਾਸ ਸਭੈ ਨਹੀ ਸਮਝਸਿ
ਭੂਲਿ ਪਰੇ ਜੈਸੇ ਬਉਰੇ ॥

کہُ روِداس سبھے نہی سمجھسِ
بھوُلِ پرے جیسے بئُرے ॥

ਮੋਹਿ ਅਧਾਰੁ ਨਾਮੁ ਨਾਰਾਇਨ
ਜੀਵਨ ਪ੍ਰਾਨ ਧਨ ਮੋਰੇ ॥੩॥੧॥

موہِ ادھارُ نامُ نارائِن
جیِون پران دھن مورے ॥3॥1॥

ਰਾਮਕਲੀ ਬਾਣੀ ਬੇਣੀ ਜੀਉ ਕੀ

رامکلی باٹی بینٹی جیِءُ کی

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਇੜਾ ਪਿੰਗੁਲਾ ਅਉਰ ਸੁਖਮਨਾ
ਤੀਨਿ ਬਸਹਿ ਇਕ ਠਾਈ ॥

اِڑا پِنگُلا اُر سُکھمنا
تینِ بسہِ اِک ٹھائی ॥

ਬੇਣੀ ਸੰਗਮੁ ਤਹ ਪਿਰਾਗੁ
ਮਨੁ ਮਜਨੁ ਕਰੇ ਤਿਥਾਈ ॥੧॥

بینٹی سنگمُ تہ پِراگُ
منُ مجنُ کرے تِتھائی ॥1॥

ਸੰਤਹੁ ਤਹਾ ਨਿਰੰਜਨ ਰਾਮੁ ਹੈ ॥

سنّتہُ تہا نِرنّجن رامُ ہے ॥

ਗੁਰ ਗਮਿ ਚੀਨੈ ਬਿਰਲਾ ਕੋਇ ॥

گُر گمِ چینے بِرلا کوءِ ॥

ਤਹਾਂ ਨਿਰੰਜਨੁ ਰਮਈਆ ਹੋਇ ॥੧॥ ਰਹਾਉ ॥

تہاں نِرنّجنُ رمئیا ہوءِ ॥1॥ رہاءُ ॥

ਦੇਵ ਸਥਾਨੈ ਕਿਆ ਨੀਸਾਣੀ ॥

دیو ستھانے کیا نیِشانی ۔ ॥

ਤਹ ਬਾਜੇ ਸਬਦ ਅਨਾਹਦ ਬਾਣੀ ॥
تہ باجے سبد اناہد باٹی ॥

ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ॥
تہ چنّدُ ن سوُرجُ پؤُنُ ن پاٹی ॥

ਸਾਖੀ ਜਾਗੀ ਗੁਰਮੁਖਿ ਜਾਣੀ ॥੨॥
ساکھی جاگی گُرمُکھِ جاٹی ॥2॥

ਉਪਜੈ ਗਿਆਨੁ ਦੁਰਮਤਿ ਛੀਜੈ ॥
اُپجےَ گیانُ دُرمتِ چھیجےَ ॥

ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥
انّمرِت رسِ گگنّترِ بھیجےَ ॥

ਏਸੁ ਕਲਾ ਜੋ ਜਾਣੈ ਭੇਉ ॥
ایُس کلا جو جاٹےَ بھیءُ ॥

ਭੇਟੈ ਤਾਸੁ ਪਰਮ ਗੁਰਦੇਉ ॥੩॥
بھیٹےَ تاسُ پرم گُردیءُ ॥3॥

ਦਸਮ ਦੁਆਰਾ ਅਗਮ ਅਪਾਰਾ
ਪਰਮ ਪੁਰਖ ਕੀ ਘਾਟੀ ॥
دسم دُیارا اگم اپارا
پرم پُرکھ کی گھاٹی ॥

ਊਪਰਿ ਹਾਟੁ ਹਾਟ ਪਰਿ ਆਲਾ
ਆਲੇ ਭੀਤਰਿ ਥਾਤੀ ॥੪॥
اوُپرِ ہاٹُ ہاٹ پرِ آلا
آلے بھیترِ تھاتی ॥4॥

ਜਾਗਤੁ ਰਹੈ ਸੁ ਕਬਹੁ ਨ ਸੋਵੈ ॥
جاگتُ رہےَ سُ کبہُ ن سووےَ ॥

ਤੀਨਿ ਤਿਲੋਕ ਸਮਾਧਿ ਪਲੋਵੈ ॥
تینِ تِلوک سمادھِ پلووےَ ॥

ਬੀਜ ਮੰਤ੍ਰੁ ਲੈ ਹਿਰਦੈ ਰਹੈ ॥
بِیج منّتّر لے ہِردےَ رہےَ ॥

ਮਨੂਆ ਉਲਟਿ ਸੁੰਨ ਮਹਿ ਗਹੈ ॥੫॥
منوُیا اُلٹِ سُنّن مہِ گہےَ ॥5॥

ਜਾਗਤੁ ਰਹੈ ਨ ਅਲੀਆ ਭਾਖੈ ॥
جاگتُ رہےَ ن الِیا بھاکھےَ ॥

ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥
پاچءُ اِنّدّری بسِ کرِ راکھےَ ॥

ਗੁਰ ਕੀ ਸਾਖੀ ਰਾਖੈ ਚੀਤਿ ॥
گُر کی ساکھی راکھےَ چیتِ ॥

ਮਨੁ ਤਨੁ ਅਰਪੇ ਕ੍ਰਿਸਨ ਪਰੀਤਿ ॥੬॥
منُ تنُ ارپے کرِسن پریتِ ॥6॥

ਕਰ ਪਲਵ ਸਾਖਾ ਬੀਚਾਰੇ ॥
کر پلو ساکھا بیچارے ॥

ਅਪਨਾ ਜਨਮੁ ਨ ਜੂਐ ਹਾਰੇ ॥
اپنا جنمُ ن جوُئےَ ہارے ॥

ਅਸੁਰ ਨਦੀ ਕਾ ਬੰਧੈ ਮੂਲੁ ॥
اسُر ندی کا بنّدھےَ موُلُ ॥

ਪਛਿਮ ਫੇਰਿ ਚੜਾਵੈ ਸੂਰੁ ॥
پچھِم پھیرِ چڑاوےَ سوُرُ ॥

ਅਜਰੁ ਜਰੈ ਸੁ ਨਿਝਰੁ ਝਰੈ ॥	اجرُ جرے سُ نِجھرُ جھرے ॥
ਜਗੰਨਾਥ ਸਿਉ ਗੋਸਟਿ ਕਰੈ ॥੭॥	جگنّاتھ سِءُ گوسٹِ کرے ॥7॥
ਚਉਮੁਖ ਦੀਵਾ ਜੋਤਿ ਦੁਆਰ ॥	چتمُکھ دِیوا جوتِ دُیار ॥
ਪਲੂ ਅਨਤ ਮੂਲੁ ਬਿਚਕਾਰਿ ॥	پلوُ انت مؤلُ بِچکارِ ॥
ਸਰਬ ਕਲਾ ਲੇ ਆਪੇ ਰਹੈ ॥	سرب کلا لے آپے رہے ॥
ਮਨੁ ਮਾਣਕੁ ਰਤਨਾ ਮਹਿ ਗੁਹੈ ॥੮॥	منُ مانکُ رتنا مہِ گُہے ॥8॥
ਮਸਤਕਿ ਪਦਮੁ ਦੁਆਲੈ ਮਣੀ ॥	مستکِ پدمُ دُیالے منّی ॥
ਮਾਹਿ ਨਿਰੰਜਨੁ ਤ੍ਰਿਭਵਣ ਧਣੀ ॥	ماہِ نِرنجنُ ترِبھونْ دھنّی ॥
ਪੰਚ ਸਬਦ ਨਿਰਮਾਇਲ ਬਾਜੇ ॥	پنچ سبد نِرمائِل باجے ॥
ਢੁਲਕੇ ਚਵਰ ਸੰਖ ਘਨ ਗਾਜੇ ॥	ڈھُلکے چور سنکھ گھن گاجے ॥
ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ ॥	دلِ ملِ دیَتہُ گُرمُکھِ گیانُ ॥
ਬੇਣੀ ਜਾਚੈ ਤੇਰਾ ਨਾਮੁ ॥੯॥੧॥	بینّی جاچے تیرا نامُ ॥9॥1॥
ਰਾਗੁ ਨਟ ਨਾਰਾਇਨ ਮਹਲਾ ੪	راگُ نٹ نارائِن محلا 4
ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	ੴ ستِنامُ کرتا پُرکھُ نِربھءُ نِرویَرُ اکال مؤرتِ اجوُنی سیَبھنّ گُرپرّساد ॥
ਮੇਰੇ ਮਨ ਜਪਿ ਅਹਿਨਿਸਿ ਨਾਮੁ ਹਰੇ ॥	میرے من جپِ اہِنِس نامُ ہرے ॥
ਕੋਟਿ ਕੋਟਿ ਦੋਖ ਬਹੁ ਕੀਨੇ ਸਭ ਪਰਹਰਿ ਪਾਸਿ ਧਰੇ ॥੧॥ ਰਹਾਉ ॥	کوٹِ کوٹِ دوکھ بہُ کِینے سبھ پرہرِ پاسِ دھرے ॥1॥ رہاءُ ॥
ਹਰਿ ਹਰਿ ਨਾਮੁ ਜਪਹਿ ਆਰਾਧਹਿ ਸੇਵਕ ਭਾਇ ਖਰੇ ॥	ہرِ ہرِ نامُ جپہِ آرادھہِ سیوک بھاءِ کھرے ॥
ਕਿਲਬਿਖ ਦੋਖ ਗਏ ਸਭ ਨੀਕਰਿ ਜਿਉ ਪਾਨੀ ਮੈਲੁ ਹਰੇ ॥੧॥	کِلبِکھ دوکھ گئے سبھ نِیکرِ جِءُ پانی میَلُ ہرے ॥1॥
ਖਿਨੁ ਖਿਨੁ ਨਰੁ ਨਾਰਾਇਨੁ ਗਾਵਹਿ ਮੁਖਿ ਬੋਲਹਿ ਨਰ ਨਰਹਰੇ ॥	کھِنُ کھِنُ نرُ نارائِنُ گاوہِ مُکھِ بولہِ نر نرہرے ॥

ਪੰਚ ਦੋਖ ਅਸਾਧ ਨਗਰ ਮਹਿ
ਇਕੁ ਖਿਨੁ ਪਲੁ ਦੂਰਿ ਕਰੇ ॥੨॥

پنچ دوکھ اسادھ نگر مہِ
اِکُ کھِنُ پلُ دوُرِ کرے ॥2॥

ਵਡਭਾਗੀ ਹਰਿ ਨਾਮੁ ਧਿਆਵਹਿ
ਹਰਿ ਕੇ ਭਗਤ ਹਰੇ ॥

وڈبھاگی ہرِ نامُ دھیاوہِ
ہرِ کے بھگت ہرے ॥

ਤਿਨ ਕੀ ਸੰਗਤਿ ਦੇਹਿ ਪ੍ਰਭ ਜਾਚਉ
ਮੈ ਮੂੜ ਮੁਗਧ ਨਿਸਤਰੇ ॥੩॥

تِن کی سنگتِ دیہِ پربھ جاچ ءُ
مے َ موُڑ مُگدھ نِسترے ॥3॥

ਕ੍ਰਿਪਾ ਕ੍ਰਿਪਾ ਧਾਰਿ ਜਗਜੀਵਨ
ਰਖਿ ਲੇਵਹੁ ਸਰਨਿ ਪਰੇ ॥

کرِپا کرِپا دھارِ جگجیون
رکھِ لیوہُ سرنِ پرے ॥

ਨਾਨਕੁ ਜਨੁ ਤੁਮਰੀ ਸਰਨਾਈ
ਹਰਿ ਰਾਖਹੁ ਲਾਜ ਹਰੇ ॥੪॥੧॥

نانکُ جنُ تُمری سرنائی
ہرِ راکھہُ لاج ہرے ॥4॥1॥

ਨਟ ਮਹਲਾ ੪ ॥

نٹ محلا 4 ॥

ਰਾਮ ਜਪਿ ਜਨ ਰਾਮੈ ਨਾਮਿ ਰਲੇ ॥

رام جپِ جن رامے َ نامِ رلے ॥

ਰਾਮ ਨਾਮੁ ਜਪਿਓ ਗੁਰ ਬਚਨੀ
ਹਰਿ ਧਾਰੀ ਹਰਿ ਕ੍ਰਿਪਲੇ ॥੧॥ ਰਹਾਉ ॥

رام نامُ جپِئو گُر بچنی
ہرِ دھاری ہرِ کرِپلے ॥1॥ رہاءُ ॥

ਹਰਿ ਹਰਿ ਅਗਮ ਅਗੋਚਰੁ ਸੁਆਮੀ
ਜਨ ਜਪਿ ਮਿਲਿ ਸਲਲ ਸਲਲੇ ॥

ہرِ ہرِ اگم اگوچرُ سُیامی
جن جپِ مِلِ سلل سللے ॥

ਹਰਿ ਕੇ ਸੰਤ ਮਿਲਿ ਰਾਮ ਰਸੁ ਪਾਇਆ
ਹਮ ਜਨ ਕੈ ਬਲਿ ਬਲਲੇ ॥੧॥

ہرِ کے سنّت مِلِ رام رسُ پائیا
ہم جن کے بلِ بللے ॥1॥

ਪੁਰਖੋਤਮੁ ਹਰਿ ਨਾਮੁ ਜਨਿ ਗਾਇਓ
ਸਭਿ ਦਾਲਦ ਦੁਖ ਦਲਲੇ ॥

پُرکھوتمُ ہرِ نامُ جنِ گائِئو
سبھِ دالد دُکھ دللے ॥

ਵਿਚਿ ਦੇਹੀ ਦੋਖ ਅਸਾਧ ਪੰਚ ਧਾਤੂ
ਹਰਿ ਕੀਏ ਖਿਨ ਪਰਲੇ ॥੨॥

وِچِ دیہی دوکھ اسادھ پنچ دھاتوُ
ہرِ کیئے کھِن پرلے ॥2॥

ਹਰਿ ਕੇ ਸੰਤ ਮਨਿ ਪ੍ਰੀਤਿ ਲਗਾਈ
ਜਿਉ ਦੇਖੈ ਸਸਿ ਕਮਲੇ ॥

ہرِ کے سنّت منِ پرِیتِ لگائی
جِ ءُ دیکھے َ سسِ کملے ॥

ਉਨਵੈ ਘਨੁ ਘਨ ਘਨਿਹਰੁ ਗਰਜੈ

اُنوے َ گھنُ گھن گھنِہرُ گرجے َ

ਮਨਿ ਬਿਗਸੈ ਮੋਰ ਮੁਰਲੇ ॥੩॥

ہمرے سُیامی لوچ ہم لائی
ہم جیوہِ دیکھِ ہرِ ملے ॥

ਹਮਰੈ ਸੁਆਮੀ ਲੋਚ ਹਮ ਲਾਈ
ਹਮ ਜੀਵਹਿ ਦੇਖਿ ਹਰਿ ਮਿਲੇ ॥

جن نانک ہرِ امل ہرِ لائے
ہرِ میلہُ اند بھلے ॥4॥2॥

ਜਨ ਨਾਨਕ ਹਰਿ ਅਮਲ ਹਰਿ ਲਾਏ
ਹਰਿ ਮੇਲਹੁ ਅਨਦ ਭਲੇ ॥੪॥੨॥

نٹ محلا 4 ॥

ਨਟ ਮਹਲਾ ੪ ॥

میرے من جپِ ہرِ ہرِ نامُ سکھے ॥

ਮੇਰੇ ਮਨ ਜਪਿ ਹਰਿ ਹਰਿ ਨਾਮੁ ਸਖੇ ॥

گُر پرسادی ہرِ نامُ دھیائیو
ہم ستِگُر چرن پکھے ॥1॥ رہاءُ ॥

ਗੁਰ ਪਰਸਾਦੀ ਹਰਿ ਨਾਮੁ ਧਿਆਇਓ
ਹਮ ਸਤਿਗੁਰ ਚਰਨ ਪਖੇ ॥੧॥ ਰਹਾਉ ॥

اوُتم جگنّاتھ جگدیسُر
ہم پاپی سرنِ رکھے ॥

ਊਤਮ ਜਗੰਨਾਥ ਜਗਦੀਸੁਰ
ਹਮ ਪਾਪੀ ਸਰਨਿ ਰਖੇ ॥

تُم وڈ پُرکھ دِین دُکھ بھنّجن
ہرِ دیئو نامُ مُکھے ॥1॥

ਤੁਮ ਵਡ ਪੁਰਖ ਦੀਨ ਦੁਖ ਭੰਜਨ
ਹਰਿ ਦੀਓ ਨਾਮੁ ਮੁਖੇ ॥੧॥

ہرِ گُن اوُچ نِچ ہم گائے
گُر ستِگُر سنگِ سکھے ॥

ਹਰਿ ਗੁਨ ਊਚ ਨੀਚ ਹਮ ਗਾਏ
ਗੁਰ ਸਤਿਗੁਰ ਸੰਗਿ ਸਖੇ ॥

جِءُ چندن سنگِ بسے نِمّ برکھا
گُن چندن کے بسکھے ॥2॥

ਜਿਉ ਚੰਦਨ ਸੰਗਿ ਬਸੈ ਨਿੰਮੁ ਬਿਰਖਾ
ਗੁਨ ਚੰਦਨ ਕੇ ਬਸਖੇ ॥੨॥

ہمرے اوگن بِکھیا بِکھے کے
بہُ بار بار نِمکھے ॥

ਹਮਰੇ ਅਵਗਨ ਬਿਖਿਆ ਬਿਖੈ ਕੇ
ਬਹੁ ਬਾਰ ਬਾਰ ਨਿਮਖੇ ॥

اوگنیارے پاتھر بھارے
ہرِ تارے سنگِ جنکھے ॥3॥

ਅਵਗਨਿਆਰੇ ਪਾਥਰ ਭਾਰੇ
ਹਰਿ ਤਾਰੇ ਸੰਗਿ ਜਨਖੇ ॥੩॥

جِن کءُ تُم ہرِ راکھہُ سُیامی
سبھ تِن کے پاپ کرِکھے ॥

ਜਿਨ ਕਉ ਤੁਮ ਹਰਿ ਰਾਖਹੁ ਸੁਆਮੀ
ਸਭ ਤਿਨ ਕੇ ਪਾਪ ਕ੍ਰਿਖੇ ॥

جن نانک کے دئیال پربھ سُیامی
تُم دُسٹ تارے ہرِنکھے ॥4॥3॥

ਜਨ ਨਾਨਕ ਕੇ ਦਇਆਲ ਪ੍ਰਭ ਸੁਆਮੀ
ਤੁਮ ਦੁਸਟ ਤਾਰੇ ਹਰਣਖੇ ॥੪॥੩॥

ਨਟ ਮਹਲਾ ੪ ॥

ਮੇਰੇ ਮਨ ਜਪਿ ਹਰਿ ਹਰਿ ਰਾਮ ਰੰਗੇ ॥

ਹਰਿ ਹਰਿ ਕ੍ਰਿਪਾ ਕਰੀ ਜਗਦੀਸੁਰਿ
ਹਰਿ ਧਿਆਇਓ ਜਨ ਪਗਿ ਲਗੇ ॥੧॥ ਰਹਾਉ ॥

ਜਨਮ ਜਨਮ ਕੇ ਭੂਲ ਚੂਕ ਹਮ
ਅਬ ਆਏ ਪ੍ਰਭ ਸਰਨਗੇ ॥

ਤੁਮ ਸਰਣਾਗਤਿ ਪ੍ਰਤਿਪਾਲਕ ਸੁਆਮੀ
ਹਮ ਰਾਖਹੁ ਵਡ ਪਾਪਗੇ ॥੧॥

ਤੁਮਰੀ ਸੰਗਤਿ ਹਰਿ ਕੋ ਕੋ ਨ ਉਧਰਿਓ
ਪ੍ਰਭ ਕੀਏ ਪਤਿਤ ਪਵਗੇ ॥

ਗੁਨ ਗਾਵਤ ਛੀਪਾ ਦੁਸਟਾਰਿਓ
ਪ੍ਰਭਿ ਰਾਖੀ ਪੈਜ ਜਨਗੇ ॥੨॥

ਜੋ ਤੁਮਰੇ ਗੁਨ ਗਾਵਹਿ ਸੁਆਮੀ
ਹਉ ਬਲਿ ਬਲਿ ਬਲਿ ਤਿਨਗੇ ॥

ਭਵਨ ਭਵਨ ਪਵਿਤ੍ਰ ਸਭਿ ਕੀਏ
ਜਹ ਧੂਰਿ ਪਰੀ ਜਨ ਪਗੇ ॥੩॥

ਤੁਮਰੇ ਗੁਨ ਪ੍ਰਭ ਕਹਿ ਨ ਸਕਹਿ ਹਮ
ਤੁਮ ਵਡ ਵਡ ਪੁਰਖ ਵਡਗੇ ॥

ਜਨ ਨਾਨਕ ਕਉ ਦਇਆ ਪ੍ਰਭ ਧਾਰਹੁ
ਹਮ ਸੇਵਹ ਤੁਮ ਜਨ ਪਗੇ ॥੪॥੪॥

ਨਟ ਮਹਲਾ ੪ ॥

ਮੇਰੇ ਮਨ ਜਪਿ ਹਰਿ ਹਰਿ ਨਾਮੁ ਮਨੇ ॥

ਜਗੰਨਾਥਿ ਕਿਰਪਾ ਪ੍ਰਭਿ ਧਾਰੀ
ਮਤਿ ਗੁਰਮਤਿ ਨਾਮ ਬਨੇ ॥੧॥ ਰਹਾਉ ॥

ਹਰਿ ਜਨ ਹਰਿ ਜਸੁ ਹਰਿ ਹਰਿ ਗਾਇਓ

نٹ محلا 4 ॥

میرے من جپِ ہرِ ہرِ رام رنگے ॥

ہرِ ہرِ کرِپا کری جگدیسُرِ
ہرِ دھیائیو جن پگِ لگے ॥1॥ رہاءُ ॥

جنم جنم کے بھوُل چوُک ہم
اب آئے پربھ سرنگے ॥

تُم سرٹاگتِ پرتپالک سُیامی
ہم راکھہُ وڈ پاپگے ॥1॥

تُمری سنگتِ ہرِ کو کو ن اُدھرِیو
پربھ کیئے پتت پوگے ॥

گُن گاوت چھیپا دُسٹارِیو
پربھِ راکھی پیج جنگے ॥2॥

جو تُمرے گُن گاوہِ سُیامی
ہءُ بلِ بلِ بلِ تِنگے ॥

بھون بھون پوِتّر سبھِ کیئے
جہ دھوُرِ پری جن پگے ॥3॥

تُمرے گُن پربھ کہِ ن سکہِ ہم
تُم وڈ وڈ پُرکھ وڈگے ॥

جن نانک کءُ دئیا پربھ دھارہُ
ہم سیوہ تُم جن پگے ॥4॥4॥

نٹ محلا 4 ॥

میرے من جپِ ہرِ ہرِ نامُ منے ॥

جگنّاتھِ کرِپا پربھِ دھاری
متِ گُرمتِ نام بنے ॥1॥ رہاءُ ॥

ہرِ جن ہرِ جسُ ہرِ ہرِ گائیو

ਉਪਦੇਸਿ ਗੁਰੂ ਗੁਰ ਸੁਨੇ ॥

اُپدیسِ گُرو گُر سُنے ॥

ਕਿਲਬਿਖ ਪਾਪ ਨਾਮ ਹਰਿ ਕਾਟੇ
ਜਿਵ ਖੇਤ ਕ੍ਰਿਸਾਨਿ ਲੁਨੇ ॥੧॥

کِلبِکھ پاپ نام ہرِ کاٹے
جِو کھیت کرِسانِ لُنے ॥1॥

ਤੁਮਰੀ ਉਪਮਾ ਤੁਮ ਹੀ ਪ੍ਰਭ ਜਾਨਹੁ
ਹਮ ਕਹਿ ਨ ਸਕਹਿ ਹਰਿ ਗੁਨੇ ॥

تُمری اُپما تُم ہی پربھ جانہُ
ہم کہِ ن سکہِ ہرِ گُنے ॥

ਜੈਸੇ ਤੁਮ ਤੈਸੇ ਪ੍ਰਭ ਤੁਮ ਹੀ
ਗੁਨ ਜਾਨਹੁ ਪ੍ਰਭ ਅਪੁਨੇ ॥੨॥

جیَسے تُم تیَسے پربھ تُم ہی
گُن جانہُ پربھ اپُنے ॥2॥

ਮਾਇਆ ਫਾਸ ਬੰਧ ਬਹੁ ਬੰਧੇ
ਹਰਿ ਜਪਿਓ ਖੁਲ ਖੁਲਨੇ ॥

مائیا پھاس بندھ بہُ بندھے
ہرِ جپِئو کھُل کھُلنے ॥

ਜਿਉ ਜਲ ਕੁੰਚਰੁ ਤਦੂਐ ਬਾਂਧਿਓ
ਹਰਿ ਚੇਤਿਓ ਮੋਖ ਮੁਖਨੇ ॥੩॥

جِءُ جل کُنچرُ تدوُئے باندھِئو
ہرِ چیتِئو موکھ مُکھنے ॥3॥

ਸੁਆਮੀ ਪਾਰਬ੍ਰਹਮ ਪਰਮੇਸਰੁ
ਤੁਮ ਖੋਜਹੁ ਜੁਗ ਜੁਗਨੇ ॥

سُیامی پاربرہم پریسرُ
تُم کھوجہُ جُگ جُگنے ॥

ਤੁਮਰੀ ਥਾਹ ਪਾਈ ਨਹੀ ਪਾਵੈ
ਜਨ ਨਾਨਕ ਕੇ ਪ੍ਰਭ ਵਡਨੇ ॥੪॥੫॥

تُمری تھاہ پائی نہی پاوے
جن نانک کے پربھ وڈنے ۔ ॥4॥5॥

ਨਟ ਮਹਲਾ ੪ ॥

نٹ محلا 4 ॥

ਮੇਰੇ ਮਨ ਕਲਿ ਕੀਰਤਿ ਹਰਿ ਪ੍ਰਵਣੇ ॥

میرے من کلِ کیرتِ ہرِ پروٹے ॥

ਹਰਿ ਹਰਿ ਦਇਆਲਿ ਦਇਆ ਪ੍ਰਭ ਧਾਰੀ
ਲਗਿ ਸਤਿਗੁਰ ਹਰਿ ਜਪਣੇ ॥੧॥ ਰਹਾਉ ॥

ہرِ ہرِ دئیالِ دئیا پربھ دھاری
لگِ ستِگُر ہرِ جپنے ॥1॥ رہاءُ ॥

ਹਰਿ ਤੁਮ ਵਡ ਅਗਮ ਅਗੋਚਰ ਸੁਆਮੀ
ਸਭਿ ਧਿਆਵਹਿ ਹਰਿ ਰੁੜਣੇ ॥

ہرِ تُم وڈ اگم اگوچر سُیامی
سبھِ دھیاوہِ ہرِ رُڑنے ॥

ਜਿਨ ਕਉ ਤੁਮ੍ਰੇ ਵਡ ਕਟਾਖ ਹੈ
ਤੇ ਗੁਰਮੁਖਿ ਹਰਿ ਸਿਮਰਣੇ ॥੧॥

جِن کءُ تُمہرے وڈ کٹاکھ ہے
تے گُرمُکھِ ہرِ سِمرنے ॥1॥

ਇਹੁ ਪਰਪੰਚੁ ਕੀਆ ਪ੍ਰਭ ਸੁਆਮੀ
ਸਭੁ ਜਗਜੀਵਨੁ ਜੁਗਣੇ ॥

اِہُ پرپنچُ کیا پربھ سُیامی
سبھُ جگجیونُ جُگنے ॥

ਜਿਉ ਸਲਲੈ ਸਲਲ ਉਠਹਿ ਬਹੁ ਲਹਰੀ
ਮਿਲਿ ਸਲਲੈ ਸਲਲ ਸਮਣੇ ॥੨॥

جِءُ سللےَ سلل اُٹھہِ بہُ لہری
مِلِ سللےَ سلل سمنٹے ॥2॥

ਜੋ ਪ੍ਰਭ ਕੀਆ ਸੁ ਤੁਮ ਹੀ ਜਾਨਹੁ
ਹਮ ਨਹ ਜਾਣੀ ਹਰਿ ਗਹਣੇ ॥

جو پربھ کیِیا سُ تُم ہی جانہُ
ہم نہ جانٹی ہرِ گہنٹے ॥

ਹਮ ਬਾਰਿਕ ਕਉ ਰਿਦ ਉਸਤਤਿ ਧਾਰਹੁ
ਹਮ ਕਰਹ ਪ੍ਰਭੂ ਸਿਮਰਣੇ ॥੩॥

ہم بارِک ک ءُ رِد اُستتِ دھارہُ
ہم کرہ پربھوُ سِمرنٹے ॥3॥

ਤੁਮ ਜਲ ਨਿਧਿ ਹਰਿ ਮਾਨ ਸਰੋਵਰ
ਜੋ ਸੇਵੈ ਸਭ ਫਲਣੇ ॥

تُم جل نِدھِ ہرِ مان سروور
جو سیوےَ سبھ پھلٹے ॥

ਜਨੁ ਨਾਨਕੁ ਹਰਿ ਹਰਿ ਹਰਿ ਹਰਿ ਬਾਂਛੈ
ਹਰਿ ਦੇਵਹੁ ਕਰਿ ਕ੍ਰਿਪਣੇ ॥੪॥੬॥

جنُ نانکُ ہرِ ہرِ ہرِ ہرِ بانچھےَ
ہرِ دیوہُ کرِ کرِپنٹے ॥4॥6॥

ਨਟ ਨਾਰਾਇਨ ਮਹਲਾ ੪ ਪੜਤਾਲ

نٹ نارائِن محلا 4 پڑتال

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਮੇਰੇ ਮਨ ਸੇਵ ਸਫਲ ਹਰਿ ਘਾਲ ॥

میرے من سیو سپھل ہرِ گھال ॥

ਲੇ ਗੁਰ ਪਗ ਰੇਨ ਰਵਾਲ ॥

لے گُر پگ رین روال ॥

ਸਭਿ ਦਲਿਦ ਭੰਜਿ ਦੁਖ ਦਾਲ ॥

سبھِ دلِد بھنجِ دُکھ دال ॥

ਹਰਿ ਹੋ ਹੋ ਹੋ ਨਦਰਿ ਨਿਹਾਲ ॥੧॥ ਰਹਾਉ ॥

ہرِ ہو ہو ہو ندرِ نِہال ॥1॥ رہاءُ ॥

ਹਰਿ ਕਾ ਗ੍ਰਿਹੁ ਹਰਿ ਆਪਿ ਸਵਾਰਿਓ
ਹਰਿ ਰੰਗ ਰੰਗ ਮਹਲ ਬੇਅੰਤ ਲਾਲ ਲਾਲ ਹਰਿ ਲਾਲ ॥

ہرِ کا گرِہُ ہرِ آپِ سوارِئو
ہرِ رنگ رنگ محل بیئنت لال لال ہرِ لال ॥

ਹਰਿ ਆਪਨੀ ਕ੍ਰਿਪਾ ਕਰੀ ਆਪਿ ਗ੍ਰਿਹਿ ਆਇਓ
ਹਮ ਹਰਿ ਕੀ ਗੁਰ ਕੀਈ ਹੈ ਬਸੀਠੀ
ਹਮ ਹਰਿ ਦੇਖੇ ਭਈ ਨਿਹਾਲ
ਨਿਹਾਲ ਨਿਹਾਲ ਨਿਹਾਲ ॥੧॥

ہرِ آپنی کرِپا کری آپِ گرِہِ آئیئو
ہم ہرِ کی گُر کیِئی ہےَ بسیٹھی
ہم ہرِ دیکھے بھئی نِہال
نِہال نِہال نِہال ॥1॥

ਹਰਿ ਆਵਤੇ ਕੀ ਖਬਰਿ ਗੁਰਿ ਪਾਈ ਮਨਿ ਤਨਿ ਆਨਦੋ ਆਨੰਦ ਭਏ
ਹਰਿ ਆਵਤੇ ਸੁਨੇ ਮੇਰੇ ਲਾਲ ਹਰਿ ਲਾਲ ॥

ہرِ آوتے کی خبرِ گُرِ پائی منِ تنِ آندو آنند بھےَ
ہرِ آوتے سُنے میرے لال ہرِ لال ॥

ਜਨੁ ਨਾਨਕੁ ਹਰਿ ਹਰਿ ਮਿਲੇ

جنُ نانکُ ہرِ ہرِ ملے

ਭਏ ਗਲਤਾਨ ਹਾਲ ਨਿਹਾਲ ਨਿਹਾਲ ॥੨॥੧॥੭॥

بھئے غلطان ہال نِہال نِہال ॥2॥1॥7॥

ਨਟ ਮਹਲਾ ੪ ॥

نٹ محلا 4 ॥

ਮਨ ਮਿਲੁ ਸੰਤ ਸੰਗਤਿ ਸੁਭਵੰਤੀ ॥

من مِلُ سنّت سنگتِ سُبھونّتی ॥

ਸੁਨਿ ਅਕਥ ਕਥਾ ਸੁਖਵੰਤੀ ॥

سُنِ اکتھ کتھا سُکھونّتی ॥

ਸਭ ਕਿਲਵਿਖ ਪਾਪ ਲਹੰਤੀ ॥

سبھ کِلوِکھ پاپ لہنّتی ॥

ਹਰਿ ਹੋ ਹੋ ਹੋ ਲਿਖਤੁ ਲਿਖੰਤੀ ॥੧॥ ਰਹਾਉ ॥

ہرِ ہو ہو ہو لِکھتُ لِکھنّتی ॥1॥ رہاءُ ॥

ਹਰਿ ਕੀਰਤਿ ਕਲਜੁਗ ਵਿਚਿ ਊਤਮ
ਮਤਿ ਗੁਰਮਤਿ ਕਥਾ ਭਜੰਤੀ ॥

ہرِ کیرتِ کلجُگ وِچ اوُتم
متِ گُرمتِ کتھا بھجنّتی ॥

ਜਿਨਿ ਜਨਿ ਸੁਣੀ ਮਨੀ ਹੈ ਜਿਨਿ ਜਨਿ
ਤਿਸੁ ਜਨ ਕੈ ਹਉ ਕੁਰਬਾਨੰਤੀ ॥੧॥

جِنِ جنِ سُنّی منی ہے جِنِ جنِ
تِسُ جن کے ہءُ قُربانّتی ॥1॥

ਹਰਿ ਅਕਥ ਕਥਾ ਕਾ ਜਿਨਿ ਰਸੁ ਚਾਖਿਆ
ਤਿਸੁ ਜਨ ਸਭ ਭੂਖ ਲਹੰਤੀ ॥

ہرِ اکتھ کتھا کا جِنِ رسُ چاکھیا
تِسُ جن سبھ بھوُکھ لہنّتی ॥

ਨਾਨਕ ਜਨ ਹਰਿ ਕਥਾ ਸੁਣਿ ਤ੍ਰਿਪਤੇ
ਜਪਿ ਹਰਿ ਹਰਿ ਹਰਿ ਹੋਵੰਤੀ ॥੨॥੨॥੮॥

نانک جن ہرِ کتھا سُنِ ترِپتے
جپِ ہرِ ہرِ ہرِ ہووّنتی ॥2॥2॥8॥

ਨਟ ਮਹਲਾ ੪ ॥

نٹ محلا 4 ॥

ਕੋਈ ਆਨਿ ਸੁਨਾਵੈ ਹਰਿ ਕੀ ਹਰਿ ਗਾਲ ॥

کوئی آنِ سُناوے ہرِ کی ہرِ گال ॥

ਤਿਸ ਕਉ ਹਉ ਬਲਿ ਬਲਿ ਬਾਲ ॥

تِس کءُ ہءُ بلِ بلِ بال ॥

ਸੋ ਹਰਿ ਜਨੁ ਹੈ ਭਲ ਭਾਲ ॥

سو ہرِ جنُ ہے بھل بھال ॥

ਹਰਿ ਹੋ ਹੋ ਹੋ ਮੇਲਿ ਨਿਹਾਲ ॥੧॥ ਰਹਾਉ ॥

ہرِ ہو ہو ہو میلِ نِہال ॥1॥ رہاءُ ॥

ਹਰਿ ਕਾ ਮਾਰਗੁ ਗੁਰ ਸੰਤਿ ਬਤਾਇਓ
ਗੁਰਿ ਚਾਲ ਦਿਖਾਈ ਹਰਿ ਚਾਲ ॥

ہرِ کا مارگ گُر سنّتِ بتائیو
گُرِ چال دِکھائی ہرِ چال ॥

ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ
ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ ਨਿਹਾਲ ਨਿਹਾਲ
ਨਿਹਾਲ ॥੧॥

انتر کپٹُ چُکاوہُ میرے گُرسِکھہُ
نِہکپٹ کماوہُ ہرِ کی ہرِ گھال نِہال نِہال نِہال ॥1॥

ਤੇ ਗੁਰ ਕੇ ਸਿਖ ਮੇਰੇ ਹਰਿ ਪ੍ਰਭਿ ਭਾਏ

تے گُر کے سِکھ میرے ہرِ پربھ بھائے

ਜਿਨਾ ਹਰਿ ਪ੍ਰਭੁ ਜਾਨਿਓ ਮੇਰਾ ਨਾਲਿ ॥

جِنا ہرِ پربھُ جانِئو میرا نالِ ॥

ਜਨ ਨਾਨਕ ਕਉ ਮਤਿ ਹਰਿ ਪ੍ਰਭਿ ਦੀਨੀ
ਹਰਿ ਦੇਖਿ ਨਿਕਟਿ ਹਦੂਰਿ ਨਿਹਾਲ ਨਿਹਾਲ ਨਿਹਾਲ
ਨਿਹਾਲ ॥੨॥੩॥੯॥

جن نانک ک ءُ متِ ہرِ پربھِ دینی
ہرِ دیکھِ نِکٹِ حدوُرِ نِہال نِہال نِہال نِہال ॥2॥3॥9॥

ਰਾਗੁ ਨਟ ਨਾਰਾਇਨ ਮਹਲਾ ੫

راگُ نٹ نارائِن محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਰਾਮ ਹਉ ਕਿਆ ਜਾਨਾ ਕਿਆ ਭਾਵੈ ॥

رام ہءُ کِیا جانا کِیا بھاوے ۔ ॥

ਮਨਿ ਪਿਆਸ ਬਹੁਤੁ ਦਰਸਾਵੈ ॥੧॥ ਰਹਾਉ ॥

منِ پیاس بہُت درساوے ॥1॥ رہاءُ ॥

ਸੋਈ ਗਿਆਨੀ ਸੋਈ ਜਨੁ ਤੇਰਾ
ਜਿਸੁ ਊਪਰਿ ਰੁਚ ਆਵੈ ॥

سوئی گیانی سوئی جنُ تیرا
جِسُ اوُپر رُچ آوے ॥

ਕ੍ਰਿਪਾ ਕਰਹੁ ਜਿਸੁ ਪੁਰਖ ਬਿਧਾਤੇ
ਸੋ ਸਦਾ ਸਦਾ ਤੁਧੁ ਧਿਆਵੈ ॥੧॥

کرِپا کرہُ جِسُ پُرکھ بِدھاتے
سو سدا سدا تُدھُ دھیاوے ॥1॥

ਕਵਨ ਜੋਗ ਕਵਨ ਗਿਆਨ ਧਿਆਨਾ
ਕਵਨ ਗੁਨੀ ਰੀਝਾਵੈ ॥

کون جوگ کون گیان دھیانا
کون گُنی ریجھاوے ॥

ਸੋਈ ਜਨੁ ਸੋਈ ਨਿਜ ਭਗਤਾ
ਜਿਸੁ ਊਪਰਿ ਰੰਗੁ ਲਾਵੈ ॥੨॥

سوئی جنُ سوئی نِج بھگتا
جِسُ اوُپرِ رنگُ لاوے ॥2॥

ਸਾਈ ਮਤਿ ਸਾਈ ਬੁਧਿ ਸਿਆਨਪ
ਜਿਤੁ ਨਿਮਖ ਨ ਪ੍ਰਭੁ ਬਿਸਰਾਵੈ ॥

سائی متِ سائی بُدھِ سِیانپ
جِتُ نِمکھ ن پربھُ بِسراوے ॥

ਸੰਤਸੰਗਿ ਲਗਿ ਏਹੁ ਸੁਖੁ ਪਾਇਓ
ਹਰਿ ਗੁਨ ਸਦ ਹੀ ਗਾਵੈ ॥੩॥

سنتسنگِ لگِ ایہُ سُکھُ پائِئو
ہرِ گُن سد ہی گاوے ॥3॥

ਦੇਖਿਓ ਅਚਰਜੁ ਮਹਾ ਮੰਗਲ ਰੂਪ
ਕਿਛੁ ਆਨ ਨਹੀ ਦਿਸਟਾਵੈ ॥

دیکھِئو اچرجُ مہا منگل روُپ
کِچھُ آن نہی دِسٹاوے ॥

ਕਹੁ ਨਾਨਕ ਮੋਰਚਾ ਗੁਰਿ ਲਾਹਿਓ
ਤਹ ਗਰਭ ਜੋਨਿ ਕਹ ਆਵੈ ॥੪॥੧॥

کہُ نانک مورچا گُرِ لاہِئو
تہ گربھ جونِ کہ آوے ۔ ॥4॥1॥

ਨਟ ਨਾਰਾਇਨ ਮਹਲਾ ੫ ਦੁਪਦੇ

نٹ نارائِن محلا 5 دُپدے

ੴ ਸਤਿਗੁਰ ਪ੍ਰਸਾਦਿ ॥

ॐ ستِگُر پرّسادِ ॥

ਉਲਾਹਨੋ ਮੈ ਕਾਹੂ ਨ ਦੀਓ ॥

اُلاہنو مے کاہُو ن دیئو ॥

ਮਨ ਮੀਠ ਤੁਹਾਰੋ ਕੀਓ ॥੧॥ ਰਹਾਉ ॥

من میٹھ تُہارو کیئو ॥1॥ رہاءُ ॥

ਆਗਿਆ ਮਾਨਿ ਜਾਨਿ ਸੁਖੁ ਪਾਇਆ
ਸੁਨਿ ਸੁਨਿ ਨਾਮੁ ਤੁਹਾਰੋ ਜੀਓ ॥

آگیا مانِ جانِ سُکھُ پایئا
سُنِ سُنِ نامُ تُہارو جیئو ॥

ਈਹਾਂ ਊਹਾ ਹਰਿ ਤੁਮ ਹੀ ਤੁਮ ਹੀ
ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ ॥੧॥

ایہاں اوُہا ہرِ تُم ہی تُم ہی
اِہُ گُر تے منّتر دّرڑیئو ॥1॥

ਜਬ ਤੇ ਜਾਨਿ ਪਾਈ ਏਹ ਬਾਤਾ
ਤਬ ਕੁਸਲ ਖੇਮ ਸਭ ਥੀਓ ॥

جب تے جانِ پائی ایہ باتا
تب کُسل کھیم سبھ تھیئو ॥

ਸਾਧਸੰਗਿ ਨਾਨਕ ਪਰਗਾਸਿਓ
ਆਨ ਨਾਹੀ ਰੇ ਬੀਓ ॥੨॥੧॥੨॥

سادھسنگِ نانک پرگاسِیئو
آن ناہی رے بِیئو ॥2॥1॥2॥

ਨਟ ਮਹਲਾ ੫ ॥

نٹ محلا 5 ॥

ਜਾ ਕਉ ਭਈ ਤੁਮਾਰੀ ਧੀਰ ॥

جا ک ءُ بھئی تُماری دھیِر ॥

ਜਮ ਕੀ ਤ੍ਰਾਸ ਮਿਟੀ ਸੁਖੁ ਪਾਇਆ
ਨਿਕਸੀ ਹਉਮੈ ਪੀਰ ॥੧॥ ਰਹਾਉ ॥

جم کی تّراس مِٹی سُکھُ پایئا
نِکسی ہئُمے پیِر ॥1॥ رہاءُ ॥

ਤਪਤਿ ਬੁਝਾਨੀ ਅੰਮ੍ਰਿਤ ਬਾਨੀ
ਤ੍ਰਿਪਤੇ ਜਿਉ ਬਾਰਿਕ ਖੀਰ ॥

تپتِ بُجھانی انمّرِت بانی
تّرِپتے جِ ءُ بارِک کھیِر ॥

ਮਾਤ ਪਿਤਾ ਸਾਜਨ ਸੰਤ ਮੇਰੇ
ਸੰਤ ਸਹਾਈ ਬੀਰ ॥੧॥

مات پِتا ساجن سنّت میرے
سنّت سہائی بیِر ॥1॥

ਖੁਲੇ ਭ੍ਰਮ ਭੀਤਿ ਮਿਲੇ ਗੋਪਾਲਾ
ਹੀਰੈ ਬੇਧੇ ਹੀਰ ॥

کھُلے بھّرم بھیِت مِلے گوپالا
ہیِرے بیدھے ہیِر ॥

ਬਿਸਮ ਭਏ ਨਾਨਕ ਜਸੁ ਗਾਵਤ
ਠਾਕੁਰ ਗੁਨੀ ਗਹੀਰ ॥੨॥੨॥੩॥

بِسم بھئے نانک جسُ گاوت
ٹھاکُر گُنی گہیِر ॥2॥2॥3॥

ਨਟ ਮਹਲਾ ੫ ॥

نٹ محلا 5 ॥

ਅਪਨਾ ਜਨੁ ਆਪਹਿ ਆਪਿ ਉਧਾਰਿਓ ॥

اپنا جنُ آپہِ آپِ اُدھارِئو ॥

ਆਠ ਪਹਰ ਜਨ ਕੈ ਸੰਗਿ ਬਸਿਓ
ਮਨ ਤੇ ਨਾਹਿ ਬਿਸਾਰਿਓ ॥੧॥ ਰਹਾਉ ॥

آٹھ پہر جن کے سنگِ بسِئو
من تے ناہِ بِسارِئو ॥1॥ رہاءُ ॥

ਬਰਨੁ ਚਿਹਨੁ ਨਾਹੀ ਕਿਛੁ ਪੇਖਿਓ
ਦਾਸ ਕਾ ਕੁਲੁ ਨ ਬਿਚਾਰਿਓ ॥

برنُ چِہنُ ناہی کِچھُ پیکھِئو
داس کا کُلُ ن بِچارِئو ॥

ਕਰਿ ਕਿਰਪਾ ਨਾਮੁ ਹਰਿ ਦੀਓ
ਸਹਜਿ ਸੁਭਾਇ ਸਵਾਰਿਓ ॥੧॥

کرِ کِرپا نامُ ہرِ دیئو
سہجِ سُبھاءِ سوارِئو ॥1॥

ਮਹਾ ਬਿਖਮੁ ਅਗਨਿ ਕਾ ਸਾਗਰੁ
ਤਿਸ ਤੇ ਪਾਰਿ ਉਤਾਰਿਓ ॥

مہا بِکھمُ اگنِ کا ساگرُ
تِس تے پارِ اُتارِئو ॥

ਪੇਖਿ ਪੇਖਿ ਨਾਨਕ ਬਿਗਸਾਨੋ
ਪੁਨਹ ਪੁਨਹ ਬਲਿਹਾਰਿਓ ॥੨॥੩॥੪॥

پیکھِ پیکھِ نانک بِگسانو
پُنہ پُنہ بلِہارِئو ॥2॥3॥4॥

ਨਟ ਮਹਲਾ ੫ ॥

نٹ محلا 5 ॥

ਹਰਿ ਹਰਿ ਮਨ ਮਹਿ ਨਾਮੁ ਕਹਿਓ ॥

ہرِ ہرِ من مہِ نامُ کہِئو ॥

ਕੋਟਿ ਅਪ੍ਰਾਧ ਮਿਟਹਿ ਖਿਨ ਭੀਤਰਿ
ਤਾ ਕਾ ਦੁਖੁ ਨ ਰਹਿਓ ॥੧॥ ਰਹਾਉ ॥

کوٹِ اپّرادھ مِٹہِ کھِن بھیترِ
تا کا دُکھُ ن رہِئو ॥1॥ رہاءُ ॥

ਖੋਜਤ ਖੋਜਤ ਭਇਓ ਬੈਰਾਗੀ
ਸਾਧੂ ਸੰਗਿ ਲਹਿਓ ॥

کھوجت کھوجت بھِئو بیَراگی
سادھوُ سنگِ لہِئو ॥

ਸਗਲ ਤਿਆਗਿ ਏਕ ਲਿਵ ਲਾਗੀ
ਹਰਿ ਹਰਿ ਚਰਨ ਗਹਿਓ ॥੧॥

سگل تِیاگِ ایک لِو لاگی
ہرِ ہرِ چرن گہِئو ॥1॥

ਕਹਤ ਮੁਕਤ ਸੁਨਤੇ ਨਿਸਤਾਰੇ
ਜੋ ਜੋ ਸਰਨਿ ਪਇਓ ॥

کہت مُکت سُنتے نِستارے
جو جو سرنِ پئِو ॥

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ
ਕਹੁ ਨਾਨਕ ਅਨਦੁ ਭਇਓ ॥੨॥੪॥੫॥

سِمرِ سِمرِ سُیامی پربھُ اپُنا
کہُ نانک اندُ بھِئو ॥2॥4॥5॥

ਨਟ ਮਹਲਾ ੫ ॥

نٹ محلا 5 ॥

ਚਰਨ ਕਮਲ ਸੰਗਿ ਲਾਗੀ ਡੋਰੀ ॥

چرن کمل سنگِ لاگی ڈوری ॥

ਸੁਖ ਸਾਗਰ ਕਰਿ ਪਰਮ ਗਤਿ ਮੋਰੀ ॥੧॥ ਰਹਾਉ ॥

سُکھ ساگر کرِ پرم گتِ موری ॥1॥ رہاءُ ॥

ਅੰਚਲਾ ਗਹਾਇਓ ਜਨ ਅਪੁਨੇ ਕਉ
ਮਨੁ ਬੀਧੋ ਪ੍ਰੇਮ ਕੀ ਖੋਰੀ ॥

انچلا گہائیو جن اپُنے کءُ
منُ بیدھو پریم کی کھوری ॥

ਜਸੁ ਗਾਵਤ ਭਗਤਿ ਰਸੁ ਉਪਜਿਓ
ਮਾਇਆ ਕੀ ਜਾਲੀ ਤੋਰੀ ॥੧॥

جسُ گاوت بھگتِ رسُ اُپجِیو
مائیا کی جالی توری ॥1॥

ਪੂਰਨ ਪੂਰਿ ਰਹੇ ਕਿਰਪਾ ਨਿਧਿ
ਆਨ ਨ ਪੇਖਉ ਹੋਰੀ ॥

پوُرن پوُرِ رہے کِرپا نِدھِ
آن ن پیکھءُ ہوری ॥

ਨਾਨਕ ਮੇਲਿ ਲੀਓ ਦਾਸੁ ਅਪੁਨਾ
ਪ੍ਰੀਤਿ ਨ ਕਬਹੂ ਥੋਰੀ ॥੨॥੫॥੬॥

نانک میلِ لِیئو داسُ اپُنا
پریتِ ن کبہوُ تھوری ॥2॥5॥6॥

ਨਟ ਮਹਲਾ ੫ ॥

نٹ محلا 5 ॥

ਮੇਰੇ ਮਨ ਜਪੁ ਜਪਿ ਹਰਿ ਨਾਰਾਇਣ ॥

میرے من جپُ جپِ ہرِ نارائِنْ ॥

ਕਬਹੂ ਨ ਬਿਸਰਹੁ ਮਨ ਮੇਰੇ ਤੇ
ਆਠ ਪਹਰ ਗੁਨ ਗਾਇਣ ॥੧॥ ਰਹਾਉ ॥

کبہوُ ن بِسرہُ من میرے تے
آٹھ پہر گُن گائِنْ ॥1॥ رہاءُ ॥

ਸਾਧੂ ਧੂਰਿ ਕਰਉ ਨਿਤ ਮਜਨੁ
ਸਭ ਕਿਲਬਿਖ ਪਾਪ ਗਵਾਇਣ ॥

سادھوُ دھوُرِ کرءُ نِت مجنُ
سبھ کِلبِکھ پاپ گوائِنْ ॥

ਪੂਰਨ ਪੂਰਿ ਰਹੇ ਕਿਰਪਾ ਨਿਧਿ
ਘਟਿ ਘਟਿ ਦਿਸਟਿ ਸਮਾਇਣੁ ॥੧॥

پوُرن پوُرِ رہے کِرپا نِدھِ
گھٹِ گھٹِ دِسٹِ سمائِنْ ॥1॥

ਜਾਪ ਤਾਪ ਕੋਟਿ ਲਖ ਪੂਜਾ
ਹਰਿ ਸਿਮਰਣ ਤੁਲਿ ਨ ਲਾਇਣ ॥

جاپ تاپ کوٹِ لکھ پوُجا
ہرِ سِمرنْ تُلِ ن لائِنْ ॥

ਦੁਇ ਕਰ ਜੋੜਿ ਨਾਨਕੁ ਦਾਨੁ ਮਾਂਗੈ
ਤੇਰੇ ਦਾਸਨਿ ਦਾਸ ਦਸਾਇਣੁ ॥੨॥੬॥੭॥

دُءِ کر جوڑِ نانکُ دانُ مانگےَ
تیرے داسنِ داس دسائِنْ ॥2॥6॥7॥

ਨਟ ਮਹਲਾ ੫ ॥

نٹ محلا 5 ॥

ਮੇਰੈ ਸਰਬਸੁ ਨਾਮੁ ਨਿਧਾਨੁ ॥

میرےَ سربسُ نامُ نِدھانُ ॥

ਕਰਿ ਕਿਰਪਾ ਸਾਧੂ ਸੰਗਿ ਮਿਲਿਓ
ਸਤਿਗੁਰਿ ਦੀਨੋ ਦਾਨੁ ॥੧॥ ਰਹਾਉ ॥

کرِ کِرپا سادھوُ سنگِ مِلِیئو
ستِگُرِ دینو دانُ ॥1॥ رہاءُ ॥

ਸੁਖਦਾਤਾ ਦੁਖ ਭੰਜਨਹਾਰਾ	سُکھداتا دُکھ بھنجنہارا
ਗਾਉ ਕੀਰਤਨੁ ਪੂਰਨ ਗਿਆਨੁ ॥	گاءُ کیرتنُ پوُرن گیانُ ॥
ਕਾਮੁ ਕ੍ਰੋਧੁ ਲੋਭੁ ਖੰਡ ਖੰਡ ਕੀਨੇ੍	کامُ کرودھُ لوبھُ کھنڈ کھنڈ کینہے
ਬਿਨਸਿਓ ਮੂੜ ਅਭਿਮਾਨੁ ॥੧॥	بِنسِئو موُڑ ابھِمانُ ॥1॥
ਕਿਆ ਗੁਣ ਤੇਰੇ ਆਖਿ ਵਖਾਣਾ	کِیا گُنؤ تیرے آکھِ وکھاٹا
ਪ੍ਰਭ ਅੰਤਰਜਾਮੀ ਜਾਨੁ ॥	پربھ انترجامی جانُ ॥
ਚਰਨ ਕਮਲ ਸਰਨਿ ਸੁਖ ਸਾਗਰ	چرن کمل سرنِ سُکھ ساگر
ਨਾਨਕੁ ਸਦ ਕੁਰਬਾਨੁ ॥੨॥੭॥੮॥	نانکُ سد قُربانُ ॥2॥7॥8॥
ਨਟ ਮਹਲਾ ੫ ॥	نٹ محلا 5 ॥
ਹਉ ਵਾਰਿ ਵਾਰਿ ਜਾਉ	ہءُ وارِ وارِ جاءُ
ਗੁਰ ਗੋਪਾਲ ॥੧॥ ਰਹਾਉ ॥	گُر گوپال ۔ ॥1॥ رہاءُ ॥
ਮੋਹਿ ਨਿਰਗੁਨ ਤੁਮ ਪੂਰਨ ਦਾਤੇ	موہِ نِرگُن تُم پوُرن داتے
ਦੀਨਾ ਨਾਥ ਦਇਆਲ ॥੧॥	دینا ناتھ دیَیال ۔ ॥1॥
ਊਠਤ ਬੈਠਤ ਸੋਵਤ ਜਾਗਤ	اوُٹھت بیٹھت سووت جاگت
ਜੀਅ ਪ੍ਰਾਨ ਧਨ ਮਾਲ ॥੨॥	جیء پران دھن مال ॥2॥
ਦਰਸਨ ਪਿਆਸ ਬਹੁਤੁ ਮਨਿ ਮੇਰੈ	درسن پیاس بہُتُ منِ میرے
ਨਾਨਕ ਦਰਸ ਨਿਹਾਲ ॥੩॥੮॥੯॥	نانک درس نِہال ॥3॥8॥9॥
ਨਟ ਪੜਤਾਲ ਮਹਲਾ ੫	نٹ پڑتال محلا 5
ੴ ਸਤਿਗੁਰ ਪ੍ਰਸਾਦਿ ॥	۱ۄ ستِگُر پرسادِ ॥
ਕੋਊ ਹੈ ਮੇਰੋ ਸਾਜਨੁ ਮੀਤੁ ॥	کوئوُ ہے میرو ساجنُ میتُ ॥
ਹਰਿ ਨਾਮੁ ਸੁਨਾਵੈ ਨੀਤ ॥	ہرِ نامُ سُناوے نِیت ॥
ਬਿਨਸੈ ਦੁਖੁ ਬਿਪਰੀਤਿ ॥	بِنسے دُکھُ بپریتِ ॥
ਸਭੁ ਅਰਪਉ ਮਨੁ ਤਨੁ ਚੀਤੁ ॥੧॥ ਰਹਾਉ ॥	سبھُ ارپءُ منُ تنُ چیتُ ॥1॥ رہاءُ ॥
ਕੋਈ ਵਿਰਲਾ ਆਪਨ ਕੀਤ ॥	کوئی وِرلا آپن کیت ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سرپت | سیوا: بھائی بلجندر سنگھ جی (راڑا صاہب)

ਸੰਗਿ ਚਰਨ ਕਮਲ ਮਨੁ ਸੀਤ ॥	سنگِ چرن کمل منُ سِیت ॥
ਕਰਿ ਕਿਰਪਾ ਹਰਿ ਜਸੁ ਦੀਤ ॥੧॥	کرِ کرِپا ہرِ جسُ دیِت ॥1॥
ਹਰਿ ਭਜਿ ਜਨਮੁ ਪਦਾਰਥੁ ਜੀਤ ॥	ہرِ بھجِ جنمُ پدارتھُ جیِت ॥
ਕੋਟਿ ਪਤਿਤ ਹੋਹਿ ਪੁਨੀਤ ॥	کوٹِ پتِت ہوہِ پُنیِت ॥
ਨਾਨਕ ਦਾਸ ਬਲਿ ਬਲਿ ਕੀਤ ॥੨॥੧॥੧੦॥੧੯॥	نانک داس بلِ بلِ کیِت ॥2॥1॥ 10 ॥ 19 ॥
ਨਟ ਅਸਟਪਦੀਆ ਮਹਲਾ ੪	نٹ اسٹپدیِیا محلا 4
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਰਾਮ ਮੇਰੇ ਮਨਿ ਤਨਿ ਨਾਮੁ ਅਧਾਰੇ ॥	رام میرے منِ تنِ نامُ ادھارے ॥
ਖਿਨੁ ਪਲੁ ਰਹਿ ਨ ਸਕਉ ਬਿਨੁ ਸੇਵਾ ਮੈ ਗੁਰਮਤਿ ਨਾਮੁ ਸਮ੍ਾਰੇ ॥੧॥ ਰਹਾਉ ॥	کھِنُ پلُ رہِ ن سک ءُ بِنُ سیوا مے گُرمتِ نامُ سمہّارے ॥1॥ رہاءُ ॥
ਹਰਿ ਹਰਿ ਹਰਿ ਹਰਿ ਹਰਿ ਮਨਿ ਧਿਆਵਹੁ ਮੈ ਹਰਿ ਹਰਿ ਨਾਮੁ ਪਿਆਰੇ ॥	ہرِ ہرِ ہرِ ہرِ ہرِ منِ دھِیاوہُ مے ہرِ ہرِ نامُ پیارے ॥
ਦੀਨ ਦਇਆਲ ਭਏ ਪ੍ਰਭ ਠਾਕੁਰ ਗੁਰ ਕੈ ਸਬਦਿ ਸਵਾਰੇ ॥੧॥	دِین دیئال بھے پّربھ ٹھاکُر گُر کے سبدِ سوارے ॥1॥
ਮਧਸੂਦਨ ਜਗਜੀਵਨ ਮਾਧੋ ਮੇਰੇ ਠਾਕੁਰ ਅਗਮ ਅਪਾਰੇ ॥	مدھسوُدن جگجیِون مادھو میرے ٹھاکُر اگم اپارے ۔ ॥
ਇਕ ਬਿਨਉ ਬੇਨਤੀ ਕਰਉ ਗੁਰ ਆਗੈ ਮੈ ਸਾਧੂ ਚਰਨ ਪਖਾਰੇ ॥੨॥	اِک بِنءُ بینتی کرءُ گُر آگے مے سادھوُ چرن پکھارے ॥2॥
ਸਹਸ ਨੇਤ੍ਰ ਨੇਤ੍ਰ ਹੈ ਪ੍ਰਭ ਕਉ ਪ੍ਰਭ ਏਕੋ ਪੁਰਖੁ ਨਿਰਾਰੇ ॥	سہس نیتّر نیتّر ہے پّربھ کءُ پّربھ ایکو پُرکھُ نِرارے ॥
ਸਹਸ ਮੂਰਤਿ ਏਕੋ ਪ੍ਰਭੁ ਠਾਕੁਰੁ ਪ੍ਰਭੁ ਏਕੋ ਗੁਰਮਤਿ ਤਾਰੇ ॥੩॥	سہس موُرتِ ایکو پّربھُ ٹھاکُرُ پّربھُ ایکو گُرمتِ تارے ॥3॥
ਗੁਰਮਤਿ ਨਾਮੁ ਦਮੋਦਰੁ ਪਾਇਆ ਹਰਿ ਹਰਿ ਨਾਮੁ ਉਰਿ ਧਾਰੇ ॥	گُرمتِ نامُ دمودرُ پائیا ہرِ ہرِ نامُ اُرِ دھارے ॥

ਹਰਿ ਹਰਿ ਕਥਾ ਬਨੀ ਅਤਿ ਮੀਠੀ
ਜਿਉ ਗੂੰਗਾ ਗਟਕ ਸਮ੍ਹਾਰੇ ॥੪॥

ہرِ ہرِ کتھا بنی اتِ میٹھی
جِءُ گوُنگا گٹک سمہّارے ॥4॥

ਰਸਨਾ ਸਾਦ ਚਖੈ ਭਾਇ ਦੂਜੈ
ਅਤਿ ਫੀਕੇ ਲੋਭ ਬਿਕਾਰੇ ॥

رسنا ساد چکھےَ بھاءِ دوُجےَ
اتِ پھیکے لوبھ بِکارے ॥

ਜੋ ਗੁਰਮੁਖਿ ਸਾਦ ਚਖਹਿ ਰਾਮ ਨਾਮਾ
ਸਭ ਅਨ ਰਸ ਸਾਦ ਬਿਸਾਰੇ ॥੫॥

جوُ گُرمُکھِ ساد چکھہِ رام نامـا
سبھ ان رس ساد بِسارے ॥5॥

ਗੁਰਮਤਿ ਰਾਮ ਨਾਮੁ ਧਨੁ ਪਾਇਆ
ਸੁਣਿ ਕਹਤਿਆ ਪਾਪ ਨਿਵਾਰੇ ॥

گُرمتِ رام نامُ دھنُ پائیا
سُنِ کہتِیا پاپ نِوارے ॥

ਧਰਮ ਰਾਇ ਜਮੁ ਨੇੜਿ ਨ ਆਵੈ
ਮੇਰੇ ਠਾਕੁਰ ਕੇ ਜਨ ਪਿਆਰੇ ॥੬॥

دھرم راءِ جمُ نیڑِ ن آوےَ
میرے ٹھاکُر کے جن پِیارے ॥6॥

ਸਾਸ ਸਾਸ ਸਾਸ ਹੈ ਜੇਤੇ
ਮੈ ਗੁਰਮਤਿ ਨਾਮੁ ਸਮ੍ਹਾਰੇ ॥

ساس ساس ساس ہےَ جیتے
مےَ گُرمتِ نامُ سمہّارے ॥

ਸਾਸੁ ਸਾਸੁ ਜਾਇ ਨਾਮੈ ਬਿਨੁ
ਸੋ ਬਿਰਥਾ ਸਾਸੁ ਬਿਕਾਰੇ ॥੭॥

ساسُ ساسُ جاءِ نامےَ بِنُ
سو بِرتھا ساسُ بِکارے ॥7॥

ਕ੍ਰਿਪਾ ਕ੍ਰਿਪਾ ਕਰਿ ਦੀਨ ਪ੍ਰਭ ਸਰਨੀ
ਮੋ ਕਉ ਹਰਿ ਜਨ ਮੇਲਿ ਪਿਆਰੇ ॥

کرِپا کرِپا کرِ دِین پربھ سرنی
موُ کءُ ہرِ جن میلِ پِیارے ॥

ਨਾਨਕ ਦਾਸਨਿ ਦਾਸੁ ਕਹਤੁ ਹੈ
ਹਮ ਦਾਸਨ ਕੇ ਪਨਿਹਾਰੇ ॥੮॥੧॥

نانک داسنِ داسُ کہتُ ہےَ
ہم داسن کے پنہارے ॥8॥1॥

ਨਟ ਮਹਲਾ ੪ ॥

نٹ محلا 4 ॥

ਰਾਮ ਹਮ ਪਾਥਰ ਨਿਰਗੁਨੀਆਰੇ ॥

رام ہم پاتھر نِرگُنیارے ॥

ਕ੍ਰਿਪਾ ਕ੍ਰਿਪਾ ਕਰਿ ਗੁਰੂ ਮਿਲਾਏ
ਹਮ ਪਾਹਨ ਸਬਦਿ ਗੁਰ ਤਾਰੇ ॥੧॥ ਰਹਾਉ ॥

کرِپا کرِپا کرِ گُروُ مِلائے
ہم پاہن سبدِ گُر تارے ॥1॥ رہاءُ ॥

ਸਤਿਗੁਰ ਨਾਮੁ ਦ੍ਰਿੜਾਏ ਅਤਿ ਮੀਠਾ
ਮੈਲਾਗਰੁ ਮਲਗਾਰੇ ॥

ستِگُر نامُ دڑِڑائے اتِ میٹھا
میَلاگرُ ملگارے ॥

ਨਾਮੈ ਸੁਰਤਿ ਵਜੀ ਹੈ ਦਹ ਦਿਸਿ

نامےَ سُرتِ وجی ہےَ دہ دِس

ਹਰਿ ਮੁਸਕੀ ਮੁਸਕ ਗੰਧਾਰੇ ॥੧॥

ہرِ مُشکی مُشک گندھارے ॥1॥

ਤੇਰੀ ਨਿਰਗੁਣ ਕਥਾ ਕਥਾ ਹੈ ਮੀਠੀ
ਗੁਰਿ ਨੀਕੇ ਬਚਨ ਸਮਾਰੇ ॥

تیری نِرگُن کتھا کتھا ہے مِیٹھی
گُرِ نیکے بچن سمارے ॥

ਗਾਵਤ ਗਾਵਤ ਹਰਿ ਗੁਨ ਗਾਏ
ਗੁਨ ਗਾਵਤ ਗੁਰਿ ਨਿਸਤਾਰੇ ॥੨॥

گاوت گاوت ہرِ گُن گائے
گُن گاوت گُرِ نِستارے ॥2॥

ਬਿਬੇਕੁ ਗੁਰੂ ਗੁਰੂ ਸਮਦਰਸੀ
ਤਿਸੁ ਮਿਲੀਐ ਸੰਕ ਉਤਾਰੇ ॥

بِبیکُ گُرو گُرو سمدرسی
تِس مِلیئے سنک اُتارے ॥

ਸਤਿਗੁਰ ਮਿਲਿਐ ਪਰਮ ਪਦੁ ਪਾਇਆ
ਹਉ ਸਤਿਗੁਰ ਕੈ ਬਲਿਹਾਰੇ ॥੩॥

ستِگُر مِلیئے پرم پدُ پائیا
ہءُ ستِگُر کے بلِہارے ॥3॥

ਪਾਖੰਡ ਪਾਖੰਡ ਕਰਿ ਕਰਿ ਭਰਮੇ
ਲੋਭੁ ਪਾਖੰਡੁ ਜਗਿ ਬੁਰਿਆਰੇ ॥

پاکھنڈ پاکھنڈ کرِ کرِ بھرمے
لوبھُ پاکھنڈُ جگِ بُریارے ॥

ਹਲਤਿ ਪਲਤਿ ਦੁਖਦਾਈ ਹੋਵਹਿ
ਜਮਕਾਲੁ ਖੜਾ ਸਿਰਿ ਮਾਰੇ ॥੪॥

ہلتِ پلتِ دُکھدائی ہووہِ
جمکالُ کھڑا سِرِ مارے ॥4॥

ਉਗਵੈ ਦਿਨਸੁ ਆਲੁ ਜਾਲੁ ਸਮ੍ਹਾਲੈ
ਬਿਖੁ ਮਾਇਆ ਕੇ ਬਿਸਥਾਰੇ ॥

اُگوے دِنُس آلُ جالُ سمہالے
بِکھُ مائیا کے بِستھارے ॥

ਆਈ ਰੈਨਿ ਭਇਆ ਸੁਪਨੰਤਰੁ
ਬਿਖੁ ਸੁਪਨੈ ਭੀ ਦੁਖ ਸਾਰੇ ॥੫॥

آئی رینِ بھئیا سُپننّترُ
بِکھُ سُپنے بھی دُکھ سارے ॥5॥

ਕਲਰੁ ਖੇਤੁ ਲੈ ਕੂੜੁ ਜਮਾਇਆ
ਸਭ ਕੂੜੈ ਕੇ ਖਲਵਾਰੇ ॥

کلرُ کھیتُ لے کوُڑُ جمائیا
سبھ کوُڑے کے کھلوارے ॥

ਸਾਕਤ ਨਰ ਸਭਿ ਭੂਖ ਭੁਖਾਨੇ
ਦਰਿ ਠਾਢੇ ਜਮ ਜੰਦਾਰੇ ॥੬॥

ساکت نر سبھِ بھوُکھ بھکھانے
دِر ٹھاڈھے جم جنّدارے ॥6॥

ਮਨਮੁਖ ਕਰਜੁ ਚੜਿਆ ਬਿਖੁ ਭਾਰੀ
ਉਤਰੈ ਸਬਦੁ ਵੀਚਾਰੇ ॥

منمُکھ کرجُ چڑِیا بِکھُ بھاری
اُترے سبدُ وِیچارے ॥

ਜਿਤਨੇ ਕਰਜ ਕਰਜ ਕੇ ਮੰਗੀਏ
ਕਰਿ ਸੇਵਕ ਪਗਿ ਲਗਿ ਵਾਰੇ ॥੭॥

جِتنے قرض قرض کے منگیئے
کرِ سیوک پگِ لگِ وارے ॥7॥

ਜਗੰਨਾਥ ਸਭਿ ਜੰਤ੍ਰ ਉਪਾਏ
ਨਕਿ ਖੀਨੀ ਸਭ ਨਥਹਾਰੇ ॥

جگنّناتھ سبھِ جنتّر اُپائے
نکِ کھینی سبھ نتھہارے ॥

ਨਾਨਕ ਪ੍ਰਭੁ ਖਿੰਚੈ ਤਿਵ ਚਲੀਐ
ਜਿਉ ਭਾਵੈ ਰਾਮ ਪਿਆਰੇ ॥੮॥੨॥

نانک پربھُ کھینچےَ تِو چلیےَ
جِءُ بھاوےَ رام پیارے ॥8॥2॥

ਨਟ ਮਹਲਾ ੪ ॥

نٹ محلا 4 ॥

ਰਾਮ ਹਰਿ ਅੰਮ੍ਰਿਤ ਸਰਿ ਨਾਵਾਰੇ ॥

رام ہرِ انمّرِت سرِ ناوارے ॥

ਸਤਿਗੁਰਿ ਗਿਆਨੁ ਮਜਨੁ ਹੈ ਨੀਕੋ
ਮਿਲਿ ਕਲਮਲ ਪਾਪ ਉਤਾਰੇ ॥੧॥ ਰਹਾਉ ॥

ستِگُرِ گیانُ مجنُ ہےَ نیکو
مِلِ کلمل پاپ اُتارے ॥1॥ رہاءُ ॥

ਸੰਗਤਿ ਕਾ ਗੁਨੁ ਬਹੁਤੁ ਅਧਿਕਾਈ
ਪੜਿ ਸੂਆ ਗਨਕ ਉਧਾਰੇ ॥

سنگتِ کا گُنُ بہُتُ ادھِکائی
پڑِ سوُیا گنک اُدھارے ॥

ਪਰਸ ਨਪਰਸ ਭਏ ਕੁਬਿਜਾ ਕਉ
ਲੈ ਬੈਕੁੰਠਿ ਸਿਧਾਰੇ ॥੧॥

پرس نپرس بھےَ کُبِجا کءُ
لے بیکُنٹھِ سِدھارے ॥1॥

ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ
ਕਰਿ ਨਾਰਾਇਣ ਬੋਲਾਰੇ ॥

اجامل پّریتِ پُتّر پّرتِ کِینی
کرِ نارائنّ بولارے ॥

ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ
ਜਮਕੰਕਰ ਮਾਰਿ ਬਿਦਾਰੇ ॥੨॥

میرے ٹھاکُر کےَ منِ بھاءِ بھاونی
جمکنکر مارِ بِدارے ॥2॥

ਮਾਨੁਖੁ ਕਥੈ ਕਥਿ ਲੋਕ ਸੁਨਾਵੈ
ਜੋ ਬੋਲੈ ਸੋ ਨ ਬੀਚਾਰੇ ॥

مانُکھُ کتھےَ کتھِ لوک سُناوےَ
جو بولےَ سو ن بیچارے ॥

ਸਤਸੰਗਤਿ ਮਿਲੈ ਤ ਦਿੜਤਾ ਆਵੈ
ਹਰਿ ਰਾਮ ਨਾਮਿ ਨਿਸਤਾਰੇ ॥੩॥

ستسنگتِ مِلےَ ت دِڑتا آوےَ
ہرِ رام نامِ نِستارے ॥3॥

ਜਬ ਲਗੁ ਜੀਉ ਪਿੰਡੁ ਹੈ ਸਾਬਤੁ
ਤਬ ਲਗਿ ਕਿਛੁ ਨ ਸਮਾਰੇ ॥

جب لگُ جیِءُ پِنڈُ ہےَ سابتُ
تب لگِ کچھُ ن سمارے ॥

ਜਬ ਘਰ ਮੰਦਰਿ ਆਗਿ ਲਗਾਨੀ
ਕਢਿ ਕੂਪੁ ਕਢੈ ਪਨਿਹਾਰੇ ॥੪॥

جب گھر مندِر آگِ لگانی
کڈھِ کوُپُ کڈھےَ پنہارے ॥4॥

ਸਾਕਤ ਸਿਉ ਮਨ ਮੇਲੁ ਨ ਕਰੀਅਹੁ

ساکت سِءُ من میلُ ن کریئہُ

ਜਿਨਿ ਹਰਿ ਹਰਿ ਨਾਮੁ ਬਿਸਾਰੇ ॥

جِنِ ہرِ ہرِ نامُ بِسارے ॥

ਸਾਕਤ ਬਚਨ ਬਿਛੂਆ ਜਿਉ ਡਸੀਐ
ਤਜਿ ਸਾਕਤ ਪਰੈ ਪਰਾਰੇ ॥੫॥

ساکت بچن بچھوُیا جِءُ ڈسیئے
تجِ ساکت پرے پرارے ॥5॥

ਲਗਿ ਲਗਿ ਪ੍ਰੀਤਿ ਬਹੁ ਪ੍ਰੀਤਿ ਲਗਾਈ
ਲਗਿ ਸਾਧੂ ਸੰਗਿ ਸਵਾਰੇ ॥

لگِ لگِ پّریتِ بہُ پّریتِ لگائی
لگِ سادھوُ سنگِ سوارے ॥

ਗੁਰ ਕੇ ਬਚਨ ਸਤਿ ਸਤਿ ਕਰਿ ਮਾਨੇ
ਮੇਰੇ ਠਾਕੁਰ ਬਹੁਤੁ ਪਿਆਰੇ ॥੬॥

گُر کے بچن ستِ ستِ کرِ مانے
میرے ٹھاکُر بہُتُ پِیارے ॥6॥

ਪੂਰਬਿ ਜਨਮਿ ਪਰਚੂਨ ਕਮਾਏ
ਹਰਿ ਹਰਿ ਹਰਿ ਨਾਮਿ ਪਿਆਰੇ ॥

پوُربِ جنمِ پرچوُن کمائے
ہرِ ہرِ ہرِ نامِ پِیارے ॥

ਗੁਰ ਪ੍ਰਸਾਦਿ ਅੰਮ੍ਰਿਤ ਰਸੁ ਪਾਇਆ
ਰਸੁ ਗਾਵੈ ਰਸੁ ਵੀਚਾਰੇ ॥੭॥

گُر پّرسادِ انمّرت رسُ پائیا
رسُ گاوے رسُ ویچارے ॥7॥

ਹਰਿ ਹਰਿ ਰੂਪ ਰੰਗਿ ਸਭਿ ਤੇਰੇ
ਮੇਰੇ ਲਾਲਨ ਲਾਲ ਗੁਲਾਰੇ ॥

ہرِ ہرِ روُپ رنگِ سبھِ تیرے
میرے لالن لال گُلارے ۔ ॥

ਜੈਸਾ ਰੰਗੁ ਦੇਹਿ ਸੋ ਹੋਵੈ
ਕਿਆ ਨਾਨਕ ਜੰਤ ਵਿਚਾਰੇ ॥੮॥੩॥

جیَسا رنگُ دیہِ سو ہووے
کِیا نانک جنّت وِچارے ۔ ॥8॥3॥

ਨਟ ਮਹਲਾ ੪ ॥

نٹ محلا 4 ॥

ਰਾਮ ਗੁਰ ਸਰਨਿ ਪ੍ਰਭੂ ਰਖਵਾਰੇ ॥

رام گُر سرنِ پّربھوُ رکھوارے ॥

ਜਿਉ ਕੁੰਚਰੁ ਤਦੂਐ ਪਕਰਿ ਚਲਾਇਓ
ਕਰਿ ਊਪਰੁ ਕਢਿ ਨਿਸਤਾਰੇ ॥੧॥ ਰਹਾਉ ॥

جِءُ کُنچّرُ تدوُئے پکرِ چلائیو
کرِ اوُپرُ کڈھِ نِستارے ॥1॥ رہاءُ ॥

ਪ੍ਰਭ ਕੇ ਸੇਵਕ ਬਹੁਤੁ ਅਤਿ ਨੀਕੇ
ਮਨਿ ਸਰਧਾ ਕਰਿ ਹਰਿ ਧਾਰੇ ॥

پّربھ کے سیوک بہُتُ اتِ نیکے
منِ سردھا کرِ ہرِ دھارے ॥

ਮੇਰੇ ਪ੍ਰਭਿ ਸਰਧਾ ਭਗਤਿ ਮਨਿ ਭਾਵੈ
ਜਨ ਕੀ ਪੈਜ ਸਵਾਰੇ ॥੧॥

میرے پّربھِ سردھا بھگتِ منِ بھاوے
جن کی پیَج سوارے ॥1॥

ਹਰਿ ਹਰਿ ਸੇਵਕੁ ਸੇਵਾ ਲਾਗੈ
ਸਭੁ ਦੇਖੈ ਬ੍ਰਹਮ ਪਸਾਰੇ ॥੧॥

ہرِ ہرِ سیوکُ سیوا لاگے
سبھُ دیکھے بّرہم پسارے ॥1॥

ਏਕੁ ਪੁਰਖੁ ਇਕੁ ਨਦਰੀ ਆਵੈ
ਸਭ ਏਕਾ ਨਦਰਿ ਨਿਹਾਰੇ ॥੨॥

ایکُ پُرکھُ اِکُ ندری آوے
سبھ ایکا ندرِ نِہارے ॥2॥

ਹਰਿ ਪ੍ਰਭੁ ਠਾਕੁਰੁ ਰਵਿਆ ਸਭ ਠਾਈ
ਸਭੁ ਚੇਰੀ ਜਗਤੁ ਸਮਾਰੇ ॥

ہرِ پربھُ ٹھاکُرُ رویا سبھ ٹھائی
سبھُ چیری جگتُ سمارے ॥

ਆਪਿ ਦਇਆਲੁ ਦਇਆ ਦਾਨੁ ਦੇਵੈ
ਵਿਚਿ ਪਾਥਰ ਕੀਰੇ ਕਾਰੇ ॥੩॥

آپِ دئیالُ دئیا دانُ دیوے
وِچِ پاتھر کیِرے کارے ॥3॥

ਅੰਤਰਿ ਵਾਸੁ ਬਹੁਤੁ ਮੁਸਕਾਈ
ਭ੍ਰਮਿ ਭੂਲਾ ਮਿਰਗੁ ਸਿੰਙਾਰੇ ॥

انّترِ واسُ بہُتُ مُشکائی
بھرّمِ بھوُلا مِرگُ سِنگّہارے ॥

ਬਨੁ ਬਨੁ ਢੂਢਿ ਢੂਢਿ ਫਿਰਿ ਥਾਕੀ
ਗੁਰਿ ਪੂਰੈ ਘਰਿ ਨਿਸਤਾਰੇ ॥੪॥

بنُ بنُ ڈھوُڈھِ ڈھوُڈھِ پھِرِ تھاکی
گُرِ پوُرے گھرِ نِستارے ॥4॥

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ ॥

باٹی گُرُو گُرُو ہے باٹی
وِچِ باٹی انّمرِتُ سارے ॥

ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ ॥੫॥

گُرُ باٹی کہے سیوکُ جنُ مانے
پرتکھِ گُرُو نِستارے ॥5॥

ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ
ਮਨਿ ਬੀਜਿਆ ਖਾਵਾਰੇ ॥

سبھُ ہے برہمُ برہمُ ہے پسرِیا
منِ بیجیا کھاوارے ॥

ਜਿਉ ਜਨ ਚੰਦ੍ਰਹਾਂਸੁ ਦੁਖਿਆ ਧ੍ਰਿਸਟਬੁਧੀ
ਅਪੁਨਾ ਘਰੁ ਲੂਕੀ ਜਾਰੇ ॥੬॥

جِءُ جن چندّرہانسُ دُکھیا دھرِسٹبُدھی
اپُنا گھرُ لوُکی جارے ॥6॥

ਪ੍ਰਭ ਕਉ ਜਨੁ ਅੰਤਰਿ ਰਿਦ ਲੋਚੈ
ਪ੍ਰਭ ਜਨ ਕੇ ਸਾਸ ਨਿਹਾਰੇ ॥

پربھ کءُ جنُ انّترِ رِد لوچے
پربھ جن کے ساس نِہارے ॥

ਕ੍ਰਿਪਾ ਕ੍ਰਿਪਾ ਕਰਿ ਭਗਤਿ ਦ੍ਰਿੜਾਏ
ਜਨ ਪੀਛੈ ਜਗੁ ਨਿਸਤਾਰੇ ॥੭॥

کرِپا کرِپا کرِ بھگتِ دڑِڑائے
جن پیچھے جگُ نِستارے ॥7॥

ਆਪਨ ਆਪਿ ਆਪਿ ਪ੍ਰਭੁ ਠਾਕੁਰੁ
ਪ੍ਰਭੁ ਆਪੇ ਸ੍ਰਿਸਟਿ ਸਵਾਰੇ ॥

آپن آپِ آپِ پربھُ ٹھاکُرُ
پربھُ آپے سرِسٹِ سوارے ॥

ਜਨ ਨਾਨਕ ਆਪੇ ਆਪਿ ਸਭੁ ਵਰਤੈ
ਕਰਿ ਕ੍ਰਿਪਾ ਆਪਿ ਨਿਸਤਾਰੇ ॥੮॥੪॥

جن نانک آپے آپِ سبھُ ورتے

ਕਰਿ ਕਿਰਪਾ ਆਪਿ ਨਿਸਤਾਰੇ ॥8॥4॥

ਨਟ ਮਹਲਾ ੪ ॥

نٹ محلا 4 ॥

ਰਾਮ ਕਰਿ ਕਿਰਪਾ ਲੇਹੁ ਉਬਾਰੇ ॥

رام کرِ کرِپا لیہُ اُبارے ॥

ਜਿਉ ਪਕਰਿ ਦ੍ਰੋਪਤੀ ਦੁਸਟਾਂ ਆਨੀ
ਹਰਿ ਹਰਿ ਲਾਜ ਨਿਵਾਰੇ ॥੧॥ ਰਹਾਉ ॥

جِءُ پکرِ دّروپتی دُسٹاں آنی
ہرِ ہرِ لاج نِوارے ॥1॥ رہاءُ ॥

ਕਰਿ ਕਿਰਪਾ ਜਾਚਿਕ ਜਨ ਤੇਰੇ
ਇਕੁ ਮਾਗਉ ਦਾਨੁ ਪਿਆਰੇ ॥

کرِ کرِپا جاچِک جن تیرے
اِکُ ماگءُ دانُ پِیارے ۔ ॥

ਸਤਿਗੁਰ ਕੀ ਨਿਤ ਸਰਧਾ ਲਾਗੀ
ਮੋ ਕਉ ਹਰਿ ਗੁਰੁ ਮੇਲਿ ਸਵਾਰੇ ॥੧॥

ستِگُر کی نِت سردھا لاگی
مو کءُ ہرِ گُرُ میلِ سوارے ॥1॥

ਸਾਕਤ ਕਰਮ ਪਾਣੀ ਜਿਉ ਮਥੀਐ
ਨਿਤ ਪਾਣੀ ਝੋਲ ਝੁਲਾਰੇ ॥

ساکت کرم پانّی جِءُ متھیئے
نِت پانّی جھول جھُلارے ॥

ਮਿਲਿ ਸਤਸੰਗਤਿ ਪਰਮ ਪਦੁ ਪਾਇਆ
ਕਢਿ ਮਾਖਨ ਕੇ ਗਟਕਾਰੇ ॥੨॥

مِلِ ستسنگتِ پرم پدُ پائیا
کڈھِ ماکھن کے گٹکارے ॥2॥

ਨਿਤ ਨਿਤ ਕਾਇਆ ਮਜਨੁ ਕੀਆ
ਨਿਤ ਮਲਿ ਮਲਿ ਦੇਹ ਸਵਾਰੇ ॥

نِت نِت کائیا مجنُ کیِیا
نِت مِلِ مِلِ دیہ سوارے ॥

ਮੇਰੇ ਸਤਿਗੁਰ ਕੇ ਮਨਿ ਬਚਨ ਨ ਭਾਏ
ਸਭ ਫੋਕਟ ਚਾਰ ਸੀਗਾਰੇ ॥੩॥

میرے ستِگُر کے منِ بچن ن بھائے
سبھ پھوکٹ چار سیِگارے ॥3॥

ਮਟਕਿ ਮਟਕਿ ਚਲੁ ਸਖੀ ਸਹੇਲੀ
ਮੇਰੇ ਠਾਕੁਰ ਕੇ ਗੁਨ ਸਾਰੇ ॥

مٹکِ مٹکِ چلُ سکھی سہیلی
میرے ٹھاکُر کے گُن سارے ॥

ਗੁਰਮੁਖਿ ਸੇਵਾ ਮੇਰੇ ਪ੍ਰਭ ਭਾਈ
ਮੈ ਸਤਿਗੁਰ ਅਲਖੁ ਲਖਾਰੇ ॥੪॥

گُرمُکھِ سیوا میرے پربھ بھائی
مے ستِگُر الکھُ لکھارے ॥4॥

ਨਾਰੀ ਪੁਰਖੁ ਪੁਰਖੁ ਸਭ ਨਾਰੀ
ਸਭੁ ਏਕੋ ਪੁਰਖੁ ਮੁਰਾਰੇ ॥

ناری پُرکھُ پُرکھُ سبھ ناری
سبھُ ایکو پُرکھُ مُرارے ॥

ਸੰਤ ਜਨ ਕੀ ਰੇਨੁ ਮਨਿ ਭਾਈ
ਮਿਲਿ ਹਰਿ ਜਨ ਹਰਿ ਨਿਸਤਾਰੇ ॥੫॥

سنّت جن کی رینُ منِ بھائی
مِلِ ہرِ جن ہرِ نِستارے ॥5॥

ਗ੍ਰਾਮ ਗ੍ਰਾਮ ਨਗਰ ਸਭ ਫਿਰਿਆ
ਰਿਦ ਅੰਤਰਿ ਹਰਿ ਜਨ ਭਾਰੇ ॥

ਸਰਧਾ ਸਰਧਾ ਉਪਾਇ ਮਿਲਾਏ
ਮੋ ਕਉ ਹਰਿ ਗੁਰ ਗੁਰਿ ਨਿਸਤਾਰੇ ॥੬॥

ਪਵਨ ਸੂਤੁ ਸਭੁ ਨੀਕਾ ਕਰਿਆ
ਸਤਿਗੁਰਿ ਸਬਦੁ ਵੀਚਾਰੇ ॥

ਨਿਜ ਘਰਿ ਜਾਇ ਅੰਮ੍ਰਿਤ ਰਸੁ ਪੀਆ
ਬਿਨੁ ਨੈਨਾ ਜਗਤੁ ਨਹਾਰੇ ॥੭॥

ਤਉ ਗੁਨ ਈਸ ਬਰਨਿ ਨਹੀ ਸਾਕਉ
ਤੁਮ ਮੰਦਰ ਹਮ ਨਿਕ ਕੀਰੇ ॥

ਨਾਨਕ ਕ੍ਰਿਪਾ ਕਰਹੁ ਗੁਰ ਮੇਲਹੁ
ਮੈ ਰਾਮੁ ਜਪਤ ਮਨੁ ਧੀਰੇ ॥੮॥੫॥

ਨਟ ਮਹਲਾ ੪ ॥

ਮੇਰੇ ਮਨ ਭਜੁ ਠਾਕੁਰ ਅਗਮ ਅਪਾਰੇ ॥

ਹਮ ਪਾਪੀ ਬਹੁ ਨਿਰਗੁਣੀਆਰੇ
ਕਰਿ ਕਿਰਪਾ ਗੁਰਿ ਨਿਸਤਾਰੇ ॥੧॥ ਰਹਾਉ ॥

ਸਾਧੂ ਪੁਰਖ ਸਾਧ ਜਨ ਪਾਏ
ਇਕ ਬਿਨਉ ਕਰਉ ਗੁਰ ਪਿਆਰੇ ॥

ਰਾਮ ਨਾਮੁ ਧਨੁ ਪੂਜੀ ਦੇਵਹੁ
ਸਭੁ ਤਿਸਨਾ ਭੂਖ ਨਿਵਾਰੇ ॥੧॥

ਪਚੈ ਪਤੰਗ ਮ੍ਰਿਗ ਭ੍ਰਿੰਗ ਕੁੰਚਰ ਮੀਨ
ਇਕ ਇੰਦ੍ਰੀ ਪਕਰਿ ਸਘਾਰੇ ॥

ਪੰਚ ਭੂਤ ਸਬਲ ਹੈ ਦੇਹੀ
ਗੁਰੁ ਸਤਿਗੁਰੁ ਪਾਪ ਨਿਵਾਰੇ ॥੨॥

ਸਾਸਤ੍ਰ ਬੇਦ ਸੋਧਿ ਸੋਧਿ ਦੇਖੇ

گرام گرام نگر سبھ پھریا
رِد انتر ہرِ جن بھارے ॥

سردھا سردھا اُپاءِ مِلائے
موکءُ ہرِ گُر گُرِ نِستارے ॥6॥

پون سوُتُ سبھُ نِیکا کریا
ستِگُرِ سبدُ وِیچارے ॥

نِج گھرِ جاءِ انمّرت رسُ پِیا
بِنُ نینَا جگتُ نہارے ॥7॥

تءُ گُن ایس برنِ نہی ساکءُ
تُم مندّر ہم نِک کِیرے ॥

نانک کرِپا کرہُ گُر میلہُ
مے رامُ جپت منُ دھیرے ॥8॥5॥

نٹ محلا 4 ॥

میرے من بھجُ ٹھاکُر اگم اپارے ॥

ہم پاپی بہُ نِرگُنیارے
کرِ کرِپا گُرِ نِستارے ॥1॥ رہاءُ ॥

سادھوُ پُرکھ سادھ جن پائے
اِک بِنءُ کرءُ گُر پِیارے ۔ ॥

رام نامُ دھنُ پوُجی دیوہُ
سبھُ تِسنا بھوُکھ نِوارے ॥1॥

پچے پتنگ مرِگ بھرِنگ کُنچر مِین
اِک اِندّری پکرِ سگھارے ॥

پنچ بھوُت سبل ہے دیہی
گُرُ ستِگُرُ پاپ نِوارے ॥2॥

ساستّر بید سودھِ سودھِ دیکھے

ਮੁਨਿ ਨਾਰਦ ਬਚਨ ਪੁਕਾਰੇ ॥
مُنِ نارد بچن پُکارے ॥

ਰਾਮ ਨਾਮੁ ਪੜਹੁ ਗਤਿ ਪਾਵਹੁ
ਸਤਸੰਗਤਿ ਗੁਰਿ ਨਿਸਤਾਰੇ ॥੩॥
رام نامُ پڑہُ گتِ پاوہُ
ستسنگتِ گُرِ نِستارے ॥3॥

ਪ੍ਰੀਤਮ ਪ੍ਰੀਤਿ ਲਗੀ ਪ੍ਰਭ ਕੇਰੀ
ਜਿਵ ਸੂਰਜੁ ਕਮਲੁ ਨਿਹਾਰੇ ॥
پریتم پریت لگی پربھ کیری
جِو سوُرج کملُ نِہارے ॥

ਮੇਰ ਸੁਮੇਰ ਮੋਰੁ ਬਹੁ ਨਾਚੈ
ਜਬ ਉਨਵੈ ਘਨ ਘਨਹਾਰੇ ॥੪॥
میر سُمیر مورُ بہُ ناچے
جب اُنوے گھن گھنہارے ॥4॥

ਸਾਕਤ ਕਉ ਅੰਮ੍ਰਿਤ ਬਹੁ ਸਿੰਚਹੁ
ਸਭ ਡਾਲ ਫੂਲ ਬਿਸੁਕਾਰੇ ॥
ساکت کءُ انمرت بہُ سِنچہُ
سبھ ڈال پھوُل بِسُکارے ॥

ਜਿਉ ਜਿਉ ਨਿਵਹਿ ਸਾਕਤ ਨਰ ਸੇਤੀ
ਛੇੜਿ ਛੇੜਿ ਕਢੈ ਬਿਖੁ ਖਾਰੇ ॥੫॥
جِءُ جِءُ نِوہِ ساکت نر سیتی
چھیڑِ چھیڑِ کڈھے بِکھُ کھارے ॥5॥

ਸੰਤਨ ਸੰਤ ਸਾਧ ਮਿਲਿ ਰਹੀਐ
ਗੁਣ ਬੋਲਹਿ ਪਰਉਪਕਾਰੇ ॥
سنّتن سنّت سادھ مِلِ رہیئے
گُنؤ بولہِ پرُپکارے ॥

ਸੰਤੈ ਸੰਤੁ ਮਿਲੈ ਮਨੁ ਬਿਗਸੈ
ਜਿਉ ਜਲ ਮਿਲਿ ਕਮਲ ਸਵਾਰੇ ॥੬॥
سنّتے سنّتُ مِلے منُ بِگسے
جِءُ جل مِلِ کمل سوارے ॥6॥

ਲੋਭ ਲਹਰਿ ਸਭੁ ਸੁਆਨੁ ਹਲਕੁ ਹੈ
ਹਲਕਿਓ ਸਭਹਿ ਬਿਗਾਰੇ ॥
لوبھ لہرِ سبھُ سُیانُ ہلکُ ہے
ہلکِئو سبھہِ بِگارے ॥

ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੋਈ
ਗੁਰਿ ਗਿਆਨੁ ਖੜਗੁ ਲੈ ਮਾਰੇ ॥੭॥
میرے ٹھاکُر کے دیبانِ خبرِ ہوئی
گُرِ گیانُ کھڑگُ لے مارے ॥7॥

ਰਾਖੁ ਰਾਖੁ ਰਾਖੁ ਪ੍ਰਭ ਮੇਰੇ
ਮੈ ਰਾਖਹੁ ਕਿਰਪਾ ਧਾਰੇ ॥
راکھُ راکھُ راکھُ پربھ میرے
مے راکھہُ کِرپا دھارے ॥

ਨਾਨਕ ਮੈ ਧਰ ਅਵਰ ਨ ਕਾਈ
ਮੈ ਸਤਿਗੁਰੁ ਗੁਰੁ ਨਿਸਤਾਰੇ ॥੮॥੬॥ ਛਕਾ ੧ ॥
نانک مے دھر اور ن کائی
مے ستِگُرُ گُرُ نِستارے ॥8॥6॥ چھکا 1 ॥

ਰਾਗੁ ਮਾਲੀ ਗਉੜਾ ਮਹਲਾ ੪
راگُ مالی گئڑا محلا 4

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ
ؤ ستِنامُ کرتا پُرکھُ نِربھءُ نِرویرُ اکال مورتِ اجونی سیبھنّ گُرپرسادِ

ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਅਨਿਕ ਜਤਨ ਕਰਿ ਰਹੇ
ਹਰਿ ਅੰਤੁ ਨਾਹੀ ਪਾਇਆ ॥

ਹਰਿ ਅਗਮ ਅਗਮ ਅਗਾਧਿ ਬੋਧਿ
ਆਦੇਸੁ ਹਰਿ ਪ੍ਰਭ ਰਾਇਆ ॥੧॥ ਰਹਾਉ ॥

ਕਾਮੁ ਕ੍ਰੋਧੁ ਲੋਭੁ ਮੋਹੁ
ਨਿਤ ਝਗਰਤੇ ਝਗਰਾਇਆ ॥

ਹਮ ਰਾਖੁ ਰਾਖੁ ਦੀਨ ਤੇਰੇ
ਹਰਿ ਸਰਨਿ ਹਰਿ ਪ੍ਰਭ ਆਇਆ ॥੧॥

ਸਰਣਾਗਤੀ ਪ੍ਰਭ ਪਾਲਤੇ
ਹਰਿ ਭਗਤਿ ਵਛਲੁ ਨਾਇਆ ॥

ਪ੍ਰਹਿਲਾਦੁ ਜਨੁ ਹਰਨਾਖਿ ਪਕਰਿਆ
ਹਰਿ ਰਾਖਿ ਲੀਓ ਤਰਾਇਆ ॥੨॥

ਹਰਿ ਚੇਤਿ ਰੇ ਮਨ ਮਹਲੁ ਪਾਵਣ
ਸਭ ਦੂਖ ਭੰਜਨੁ ਰਾਇਆ ॥

ਭਉ ਜਨਮ ਮਰਨ ਨਿਵਾਰਿ ਠਾਕੁਰ
ਹਰਿ ਗੁਰਮਤੀ ਪ੍ਰਭੁ ਪਾਇਆ ॥੩॥

ਹਰਿ ਪਤਿਤ ਪਾਵਨ ਨਾਮੁ ਸੁਆਮੀ
ਭਉ ਭਗਤ ਭੰਜਨੁ ਗਾਇਆ ॥

ਹਰਿ ਹਾਰੁ ਹਰਿ ਉਰਿ ਧਾਰਿਓ
ਜਨ ਨਾਨਕ ਨਾਮਿ ਸਮਾਇਆ ॥੪॥੧॥

ਮਾਲੀ ਗਉੜਾ ਮਹਲਾ ੪ ॥

ਜਪਿ ਮਨ ਰਾਮ ਨਾਮੁ ਸੁਖਦਾਤਾ ॥

ਸਤਸੰਗਤਿ ਮਿਲਿ ਹਰਿ ਸਾਦੁ ਆਇਆ
ਗੁਰਮੁਖਿ ਬ੍ਰਹਮੁ ਪਛਾਤਾ ॥੧॥ ਰਹਾਉ ॥

॥

انِک جتن کرِ رہے
ہرِ انتُ ناہی پائیا ॥

ہرِ اگم اگم اگادھِ بودھِ
آدیسُ ہرِ پربھ رائیا ॥1॥ رہاءُ ॥

کامُ کرودھُ لوبھُ موہُ
نِت جھگرتے جھگرائیا ॥

ہم راکھُ راکھُ دِین تیرے
ہرِ سرنِ ہرِ پربھ آئیا ॥1॥

سرٹاگتی پربھ پالتے
ہرِ بھگتِ وچھلُ نائیا ॥

پربِہلادُ جنُ ہرناکھِ پکریا
ہرِ راکھِ لیئو ترائیا ॥2॥

ہرِ چیتِ رے من محلُ پاوڑ
سبھ دوُکھ بھنجّنُ رائیا ॥

بھءُ جنم مرن نِوارِ ٹھاکُر
ہرِ گُرمتی پربھُ پائیا ॥3॥

ہرِ پتت پاون نامُ سُیامی
بھءُ بھگت بھنجّنُ گائیا ॥

ہرِ ہارُ ہرِ اُرِ دھارِئو
جن نانک نامِ سمائیا ॥4॥1॥

مالی گئڑا محلا 4 ॥

جپِ من رام نامُ سُکھداتا ॥

ستسنگتِ مِلِ ہرِ سادُ آئیا
گُرمُکھِ برہمُ پچھاتا ॥1॥ رہاءُ ॥

ਵਡਭਾਗੀ ਗੁਰ ਦਰਸਨੁ ਪਾਇਆ
ਗੁਰਿ ਮਿਲਿਐ ਹਰਿ ਪ੍ਰਭੁ ਜਾਤਾ ॥

وڈبھاگی گُر درسنُ پائیا
گُرِ ملِئے ہرِ پربھُ جاتا ॥

ਦੁਰਮਤਿ ਮੈਲੁ ਗਈ ਸਭੁ ਨੀਕਰਿ
ਹਰਿ ਅੰਮ੍ਰਿਤਿ ਹਰਿ ਸਰਿ ਨਾਤਾ ॥੧॥

دُرمتِ میَلُ گئی سبھُ نِیکرِ
ہرِ انّمرِتِ ہرِ سرِ ناتا ॥1॥

ਧਨੁ ਧਨੁ ਸਾਧੁ ਜਿਨ੍ਹੀ ਹਰਿ ਪ੍ਰਭੁ ਪਾਇਆ
ਤਿਨ੍ ਪੂਛਉ ਹਰਿ ਕੀ ਬਾਤਾ ॥

دھنُ دھنُ سادھُ جِنّہی ہرِ پربھُ پائیا
تِنّہ پوُچھ ءُ ہرِ کی باتا ॥

ਪਾਇ ਲਗਉ ਨਿਤ ਕਰਉ ਜੁਦਰੀਆ
ਹਰਿ ਮੇਲਹੁ ਕਰਮਿ ਬਿਧਾਤਾ ॥੨॥

پاءِ لگ ءُ نِت کرءُ جُدرییا
ہرِ میلہُ کرمِ بِدھاتا ॥2॥

ਲਿਲਾਟ ਲਿਖੇ ਪਾਇਆ ਗੁਰੁ ਸਾਧੂ
ਗੁਰ ਬਚਨੀ ਮਨੁ ਤਨੁ ਰਾਤਾ ॥

لِلاٹ لِکھے پائیا گُرُ سادھوُ
گُر بچنی منُ تنُ راتا ॥

ਹਰਿ ਪ੍ਰਭ ਆਇ ਮਿਲੇ ਸੁਖੁ ਪਾਇਆ
ਸਭ ਕਿਲਵਿਖ ਪਾਪ ਗਵਾਤਾ ॥੩॥

ہرِ پربھ آءِ ملے سُکھُ پائیا
سبھ کِلوِکھ پاپ گواتا ॥3॥

ਰਾਮ ਰਸਾਇਣੁ ਜਿਨ੍ ਗੁਰਮਤਿ ਪਾਇਆ
ਤਿਨ੍ ਕੀ ਊਤਮ ਬਾਤਾ ॥

رام رسائِنُ جِنّہ گُرمتِ پائیا
تِنّہ کی اوُتم باتا ॥

ਤਿਨ ਕੀ ਪੰਕ ਪਾਈਐ ਵਡਭਾਗੀ
ਜਨ ਨਾਨਕੁ ਚਰਨਿ ਪਰਾਤਾ ॥੪॥੨॥

تِن کی پنک پائیئے وڈبھاگی
جن نانکُ چرنِ پراتا ॥4॥2॥

ਮਾਲੀ ਗਉੜਾ ਮਹਲਾ ੪ ॥

مالی گئُڑا محلا 4 ॥

ਸਭਿ ਸਿਧ ਸਾਧਿਕ ਮੁਨਿ ਜਨਾ
ਮਨਿ ਭਾਵਨੀ ਹਰਿ ਧਿਆਇਓ ॥

سبھِ سِدھ سادھِک مُنِ جنا
منِ بھاونی ہرِ دھِیائِئو ॥

ਅਪਰੰਪਰੋ ਪਾਰਬ੍ਰਹਮੁ ਸੁਆਮੀ
ਹਰਿ ਅਲਖੁ ਗੁਰੂ ਲਖਾਇਓ ॥੧॥ ਰਹਾਉ ॥

اپرنّپرو پاربّرہمُ سُیامی
ہرِ الکھُ گُروُ لکھائِئو ॥1॥ رہاءُ ॥

ਹਮ ਨੀਚ ਮਧਿਮ ਕਰਮ ਕੀਏ
ਨਹੀ ਚੇਤਿਓ ਹਰਿ ਰਾਇਓ ॥

ہم نیچ مدھِم کرم کیئے
نہی چیتِئو ہرِ رائِئو ॥

ਹਰਿ ਆਨਿ ਮੇਲਿਓ ਸਤਿਗੁਰੂ
ਖਿਨੁ ਬੰਧ ਮੁਕਤਿ ਕਰਾਇਓ ॥੧॥

ہرِ آنِ میلِئو ستِگُروُ
کھِنُ بندھ مُکتِ کرائِئو ॥1॥

ਪ੍ਰਭਿ ਮਸਤਕੇ ਧੁਰਿ ਲੀਖਿਆ
ਗੁਰਮਤੀ ਹਰਿ ਲਿਵ ਲਾਇਓ ॥

پربھِ مستکے دھُرِ لیکھیا
گُرمتی ہرِ لِو لائیو ॥

ਪੰਚ ਸਬਦ ਦਰਗਹ ਬਾਜਿਆ
ਹਰਿ ਮਿਲਿਓ ਮੰਗਲੁ ਗਾਇਓ ॥੨॥

پنچ سبد درگہ باجِیا
ہرِ مِلیئو منگلُ گائیو ॥2॥

ਪਤਿਤ ਪਾਵਨੁ ਨਾਮੁ ਨਰਹਰਿ
ਮੰਦਭਾਗੀਆ ਨਹੀ ਭਾਇਓ ॥

پتِت پاونُ نامُ نرہرِ
مندبھاگیِیا نہی بھائیو ॥

ਤੇ ਗਰਭ ਜੋਨੀ ਗਾਲੀਅਹਿ
ਜਿਉ ਲੋਨੁ ਜਲਹਿ ਗਲਾਇਓ ॥੩॥

تے گربھ جونی گالیئہِ
جِءُ لونُ جلہِ گلائیو ॥3॥

ਮਤਿ ਦੇਹਿ ਹਰਿ ਪ੍ਰਭ ਅਗਮ ਠਾਕੁਰ
ਗੁਰ ਚਰਨ ਮਨੁ ਮੈ ਲਾਇਓ ॥

متِ دیہِ ہرِ پربھ اگم ٹھاکُر
گُر چرن منُ مے لائیو ॥

ਹਰਿ ਰਾਮ ਨਾਮੈ ਰਹਉ ਲਾਗੋ
ਜਨ ਨਾਨਕ ਨਾਮਿ ਸਮਾਇਓ ॥੪॥੩॥

ہرِ رام نامے رہءُ لاگو
جن نانک نامِ سمائیو ॥4॥3॥

ਮਾਲੀ ਗਉੜਾ ਮਹਲਾ ੪ ॥

مالی گئڑا محلا 4 ॥

ਮੇਰਾ ਮਨੁ ਰਾਮ ਨਾਮਿ ਰਸਿ ਲਾਗਾ ॥

میرا منُ رام نامِ رسِ لاگا ॥

ਕਮਲ ਪ੍ਰਗਾਸੁ ਭਇਆ ਗੁਰੁ ਪਾਇਆ
ਹਰਿ ਜਪਿਓ ਭ੍ਰਮੁ ਭਉ ਭਾਗਾ ॥੧॥ ਰਹਾਉ ॥

کمل پرگاسُ بھئیا گُرُ پائیا
ہرِ جپیئو بھرمُ بھءُ بھاگا ॥1॥ رہاءُ ॥

ਭੈ ਭਾਇ ਭਗਤਿ ਲਾਗੋ ਮੇਰਾ ਹੀਅਰਾ
ਮਨੁ ਸੋਇਓ ਗੁਰਮਤਿ ਜਾਗਾ ॥

بھے بھاءِ بھگتِ لاگو میرا ہیئرا
منُ سوئیو گُرمتِ جاگا ॥

ਕਿਲਬਿਖ ਖੀਨ ਭਏ ਸਾਂਤਿ ਆਈ
ਹਰਿ ਉਰ ਧਾਰਿਓ ਵਡਭਾਗਾ ॥੧॥

کِلبِکھ کھِین بھئے سانتِ آئی
ہرِ اُر دھارِئو وڈبھاگا ॥1॥

ਮਨਮੁਖੁ ਰੰਗੁ ਕਸੁੰਭੁ ਹੈ ਕਚੂਆ
ਜਿਉ ਕੁਸਮ ਚਾਰਿ ਦਿਨ ਚਾਗਾ ॥

منمکھُ رنگُ کسُنبھُ ہے کچوُیا
جِءُ کُسم چارِ دِن چاگا ॥

ਖਿਨ ਮਹਿ ਬਿਨਸਿ ਜਾਇ ਪਰਤਾਪੈ
ਡੰਡੁ ਧਰਮ ਰਾਇ ਕਾ ਲਾਗਾ ॥੨॥

کھِن مہِ بِنسِ جاءِ پرتاپے
ڈنڈُ دھرم راءِ کا لاگا ॥2॥

ਸਤਸੰਗਤਿ ਪ੍ਰੀਤਿ ਸਾਧ ਅਤਿ ਗੂੜੀ

ستسنگتِ پریتِ سادھ اتِ گوڑی

ਜਿਉ ਰੰਗੁ ਮਜੀਠ ਬਹੁ ਲਾਗਾ ॥

جِءُ رنگُ مجیٹھ بہُ لاگا ॥

ਕਾਇਆ ਕਾਪਰੁ ਚੀਰ ਬਹੁ ਫਾਰੇ
ਹਰਿ ਰੰਗੁ ਨ ਲਹੈ ਸਭਾਗਾ ॥੩॥

کائیا کاپڑُ چیِر بہُ پھارے
ہرِ رنگُ ن لہے سبھاگا ॥3॥

ਹਰਿ ਚਾਰ੍ਯਿਓ ਰੰਗੁ ਮਿਲੈ ਗੁਰੁ ਸੋਭਾ
ਹਰਿ ਰੰਗਿ ਚਲੂਲੈ ਰਾਂਗਾ ॥

ہرِ چارہِئو رنگُ مِلے گُرُ سوبھا
ہرِ رنگِ چلوُلے رانگا ॥

ਜਨ ਨਾਨਕੁ ਤਿਨ ਕੇ ਚਰਨ ਪਖਾਰੈ
ਜੋ ਹਰਿ ਚਰਨੀ ਜਨੁ ਲਾਗਾ ॥੪॥੪॥

جن نانکُ تِن کے چرن پکھارے
جو ہرِ چرنی جنُ لاگا ॥4॥4॥

ਮਾਲੀ ਗਉੜਾ ਮਹਲਾ ੪ ॥

مالی گئڑا محلا 4 ॥

ਮੇਰੇ ਮਨ ਭਜੁ ਹਰਿ ਹਰਿ ਨਾਮੁ ਗੁਪਾਲਾ ॥

میرے من بھجُ ہرِ ہرِ نامُ گُپالا ॥

ਮੇਰਾ ਮਨੁ ਤਨੁ ਲੀਨੁ ਭਇਆ ਰਾਮ ਨਾਮੈ
ਮਤਿ ਗੁਰਮਤਿ ਰਾਮ ਰਸਾਲਾ ॥੧॥ ਰਹਾਉ ॥

میرا منُ تنُ لینُ بھئیا رام نامے
متِ گُرمتِ رام رسالا ॥1॥ رہاءُ ॥

ਗੁਰਮਤਿ ਨਾਮੁ ਧਿਆਈਐ ਹਰਿ ਹਰਿ
ਮਨਿ ਜਪੀਐ ਹਰਿ ਜਪਮਾਲਾ ॥

گُرمتِ نامُ دھیائیئے ہرِ ہرِ
منِ جپیئے ہرِ جپمالا ॥

ਜਿਨ੍ ਕੈ ਮਸਤਕਿ ਲੀਖਿਆ
ਹਰਿ ਮਿਲਿਆ ਹਰਿ ਬਨਮਾਲਾ ॥੧॥

جِنّہ کے مستکِ لیکھیا
ہرِ ملِیا ہرِ بنمالا ॥1॥

ਜਿਨ੍ ਹਰਿ ਨਾਮੁ ਧਿਆਇਆ
ਤਿਨ੍ ਚੂਕੇ ਸਰਬ ਜੰਜਾਲਾ ॥

جِنّہ ہرِ نامُ دھیائیا
تِنّہ چوُکے سرب زنجالا ॥

ਤਿਨ੍ ਜਮੁ ਨੇੜਿ ਨ ਆਵਈ
ਗੁਰਿ ਰਾਖੇ ਹਰਿ ਰਖਵਾਲਾ ॥੨॥

تِنّہ جمُ نیڑِ ن آوئی
گُرِ راکھے ہرِ رکھوالا ॥2॥

ਹਮ ਬਾਰਿਕ ਕਿਛੂ ਨ ਜਾਣਹੂ
ਹਰਿ ਮਾਤ ਪਿਤਾ ਪ੍ਰਤਿਪਾਲਾ ॥

ہم بارِک کچھوُ ن جانھُو
ہرِ مات پِتا پرتپالا ॥

ਕਰੁ ਮਾਇਆ ਅਗਨਿ ਨਿਤ ਮੇਲਤੇ
ਗੁਰਿ ਰਾਖੇ ਦੀਨ ਦਇਆਲਾ ॥੩॥

کرُ مائیا اگنِ نِت میلتے
گُرِ راکھے دِین دیئالا ॥3॥

ਬਹੁ ਮੈਲੇ ਨਿਰਮਲ ਹੋਇਆ
ਸਭ ਕਿਲਬਿਖ ਹਰਿ ਜਸਿ ਜਾਲਾ ॥

بہُ میلے نِرمل ہوئیا
سبھ کِلبِکھ ہرِ جسِ جالا ॥

ਮਨਿ ਅਨਦੁ ਭਇਆ ਗੁਰੁ ਪਾਇਆ
ਜਨ ਨਾਨਕ ਸਬਦਿ ਨਿਹਾਲਾ ॥੪॥੫॥

مَنِ اندُ بھئیا گُرُ پائیا
جن نانک سبدِ نِہالا ॥4॥5॥

ਮਾਲੀ ਗਉੜਾ ਮਹਲਾ ੪ ॥

مالی گئڑا محلا 4 ॥

ਮੇਰ ਮਨ ਹਰਿ ਭਜੁ ਸਭ ਕਿਲਬਿਖ ਕਾਟ ॥

میر من ہرِ بھجُ سبھ کِلبِکھ کاٹ ॥

ਹਰਿ ਹਰਿ ਉਰ ਧਾਰਿਓ ਗੁਰਿ ਪੂਰੈ
ਮੇਰਾ ਸੀਸੁ ਕੀਜੈ ਗੁਰ ਵਾਟ ॥੧॥ ਰਹਾਉ ॥

ہرِ ہرِ اُر دھارِئو گُرِ پُورے
میرا سیِس کیجے گُر واٹ ॥1॥ رہاءُ ॥

ਮੇਰੇ ਹਰਿ ਪ੍ਰਭ ਕੀ ਮੈ ਬਾਤ ਸੁਨਾਵੈ
ਤਿਸੁ ਮਨੁ ਦੇਵਉ ਕਟਿ ਕਾਟ ॥

میرے ہرِ پربھ کی مے بات سُناوے
تِس منُ دیوءُ کٹِ کاٹ ॥

ਹਰਿ ਸਾਜਨੁ ਮੇਲਿਓ ਗੁਰਿ ਪੂਰੈ
ਗੁਰ ਬਚਨਿ ਬਿਕਾਨੋ ਹਟੁ ਹਾਟ ॥੧॥

ہرِ ساجنُ میلِئو گُرِ پُورے
گُر بچنِ بِکانو ہٹُ ہاٹ ॥1॥

ਮਕਰ ਪ੍ਰਾਗਿ ਦਾਨੁ ਬਹੁ ਕੀਆ
ਸਰੀਰੁ ਦੀਓ ਅਧ ਕਾਟਿ ॥

مکر پراگِ دانُ بہُ کیِیا
سریرُ دیئو ادھ کاٹِ ॥

ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵੈ
ਬਹੁ ਕੰਚਨੁ ਦੀਜੈ ਕਟਿ ਕਾਟ ॥੨॥

بِنُ ہرِ نام کو مُکتِ ن پاوے
بہُ کنچُن دیجے کٹِ کاٹ ॥2॥

ਹਰਿ ਕੀਰਤਿ ਗੁਰਮਤਿ ਜਸੁ ਗਾਇਓ
ਮਨਿ ਉਘਰੇ ਕਪਟ ਕਪਾਟ ॥

ہرِ کیرتِ گُرمتِ جسُ گائیو
منِ اُگھرے کپٹ کپاٹ ॥

ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ
ਲਜ ਭਾਨੀ ਮਟੁਕੀ ਮਾਟ ॥੩॥

ترِکُٹی پھورِ بھرمُ بھءُ بھاگا
لج بھانی مٹکی ماٹ ॥3॥

ਕਲਜੁਗਿ ਗੁਰੁ ਪੂਰਾ ਤਿਨ ਪਾਇਆ
ਜਿਨ ਧੁਰਿ ਮਸਤਕਿ ਲਿਖੇ ਲਿਲਾਟ ॥

کلجُگِ گُرُ پُورا تِن پائیا
جِن دھُرِ مستکِ لِکھے لِلاٹ ॥

ਜਨ ਨਾਨਕ ਰਸੁ ਅੰਮ੍ਰਿਤੁ ਪੀਆ
ਸਭ ਲਾਥੀ ਭੂਖ ਤਿਖਾਟ ॥੪॥੬॥ ਛਕਾ ੧ ॥

جن نانک رسُ انمرِتُ پیِیا
سبھ لاتھی بھوُکھ تِکھاٹ ॥4॥6॥ چھکا 1 ॥

ਮਾਲੀ ਗਉੜਾ ਮਹਲਾ ੫

مالی گئڑا محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਰੇ ਮਨ ਟਹਲ ਹਰਿ ਸੁਖ ਸਾਰ ॥

رے من ٹہل ہرِ سُکھ سار ॥

ਅਵਰ ਟਹਲਾ ਝੂਠੀਆ
ਨਿਤ ਕਰੈ ਜਮੁ ਸਿਰਿ ਮਾਰ ॥੧॥ ਰਹਾਉ ॥

اور ٹہلا جھوُٹھِیا
نِت کرے جمُ سِرِ مار ॥1॥ رہاءُ ॥

ਜਿਨਾ ਮਸਤਕਿ ਲੀਖਿਆ
ਤੇ ਮਿਲੇ ਸੰਗਾਰ ॥

جِنا مستکِ لِیکھِیا
تے مِلے سنگار ॥

ਸੰਸਾਰੁ ਭਉਜਲੁ ਤਾਰਿਆ
ਹਰਿ ਸੰਤ ਪੁਰਖ ਅਪਾਰ ॥੧॥

سنّسارُ بھجُل تارِیا
ہرِ سنّت پُرکھ اپار ॥1॥

ਨਿਤ ਚਰਨ ਸੇਵਹੁ ਸਾਧ ਕੇ
ਤਜਿ ਲੋਭ ਮੋਹ ਬਿਕਾਰ ॥

نِت چرن سیوہُ سادھ کے
تجِ لوبھ موہ بِکار ॥

ਸਭ ਤਜਹੁ ਦੂਜੀ ਆਸੜੀ
ਰਖੁ ਆਸ ਇਕ ਨਿਰੰਕਾਰ ॥੨॥

سبھ تجہُ دوُجی آسڑی
رکھُ آس اِک نِرنّکار ॥2॥

ਇਕਿ ਭਰਮਿ ਭੂਲੇ ਸਾਕਤਾ
ਬਿਨੁ ਗੁਰ ਅੰਧ ਅੰਧਾਰ ॥

اِکِ بھرمِ بھوُلے ساکتا
بِنُ گُر انّدھ انّدھار ॥

ਧੁਰਿ ਹੋਵਨਾ ਸੁ ਹੋਇਆ
ਕੋ ਨ ਮੇਟਣਹਾਰ ॥੩॥

دھُرِ ہوونا سُ ہوئِیا
کو ن میٹنّہار ॥3॥

ਅਗਮ ਰੂਪੁ ਗੋਬਿੰਦ ਕਾ
ਅਨਿਕ ਨਾਮ ਅਪਾਰ ॥

اگم روُپُ گوبِنّد کا
انِک نام اپار ॥

ਧਨੁ ਧੰਨੁ ਤੇ ਜਨ ਨਾਨਕਾ
ਜਿਨ ਹਰਿ ਨਾਮਾ ਉਰਿ ਧਾਰ ॥੪॥੧॥

دھنُ دھنّنُ تے جن نانکا
جِن ہرِ نامـا اُرِ دھار ॥4॥1॥

ਮਾਲੀ ਗਉੜਾ ਮਹਲਾ ੫ ॥

مالی گئڑا محلا 5 ॥

ਰਾਮ ਨਾਮ ਕਉ ਨਮਸਕਾਰ ॥

رام نام کءُ نمسکار ॥

ਜਾਸੁ ਜਪਤ ਹੋਵਤ ਉਧਾਰ ॥੧॥ ਰਹਾਉ ॥

جاسُ جپت ہووت اُدھار ॥1॥ رہاءُ ॥

ਜਾ ਕੈ ਸਿਮਰਨਿ ਮਿਟਹਿ ਧੰਧ ॥

جا کے سِمرنِ مِٹہِ دھنّدھ ॥

ਜਾ ਕੈ ਸਿਮਰਨਿ ਛੂਟਹਿ ਬੰਧ ॥

جا کے سِمرنِ چھوُٹہِ بنّدھ ॥

ਜਾ ਕੈ ਸਿਮਰਨਿ ਮੂਰਖ ਚਤੁਰ ॥

جا کے سِمرنِ موُرکھ چترُ ॥

ਜਾ ਕੈ ਸਿਮਰਨਿ ਕੁਲਹ ਉਧਰ ॥੧॥	جا کے سِمرنِ کُلہ اُدھر ॥1॥
ਜਾ ਕੈ ਸਿਮਰਨਿ ਭਉ ਦੁਖ ਹਰੈ ॥	جا کے سِمرنِ بھءُ دُکھ ہرے ॥
ਜਾ ਕੈ ਸਿਮਰਨਿ ਅਪਦਾ ਟਰੈ ॥	جا کے سِمرنِ اپدا ٹرے ॥
ਜਾ ਕੈ ਸਿਮਰਨਿ ਮੁਚਤ ਪਾਪ ॥	جا کے سِمرنِ مُچت پاپ ॥
ਜਾ ਕੈ ਸਿਮਰਨਿ ਨਹੀ ਸੰਤਾਪ ॥੨॥	جا کے سِمرنِ نہی سنّتاپ ॥2॥
ਜਾ ਕੈ ਸਿਮਰਨਿ ਰਿਦ ਬਿਗਾਸ ॥	جا کے سِمرنِ رِد بِگاس ॥
ਜਾ ਕੈ ਸਿਮਰਨਿ ਕਵਲਾ ਦਾਸਿ ॥	جا کے سِمرنِ کولا داسِ ॥
ਜਾ ਕੈ ਸਿਮਰਨਿ ਨਿਧਿ ਨਿਧਾਨ ॥	جا کے سِمرنِ نِدھِ نِدھان ॥
ਜਾ ਕੈ ਸਿਮਰਨਿ ਤਰੇ ਨਿਦਾਨ ॥੩॥	جا کے سِمرنِ ترے نِدان ॥3॥
ਪਤਿਤ ਪਾਵਨੁ ਨਾਮੁ ਹਰੀ ॥	پتت پاونُ نامُ ہری ॥
ਕੋਟਿ ਭਗਤ ਉਧਾਰੁ ਕਰੀ ॥	کوٹِ بھگت اُدھارُ کری ॥
ਹਰਿ ਦਾਸ ਦਾਸਾ ਦੀਨੁ ਸਰਨ ॥	ہرِ داس داسا دِینُ سرن ॥
ਨਾਨਕ ਮਾਥਾ ਸੰਤ ਚਰਨ ॥੪॥੨॥	نانک ماتھا سنّت چرن ॥4॥2॥
ਮਾਲੀ ਗਉੜਾ ਮਹਲਾ ੫ ॥	مالی گئڑا محلا 5 ॥
ਐਸੋ ਸਹਾਈ ਹਰਿ ਕੋ ਨਾਮ ॥	ایَسو سہائی ہرِ کو نام ॥
ਸਾਧਸੰਗਤਿ ਭਜੁ ਪੂਰਨ ਕਾਮ ॥੧॥ ਰਹਾਉ ॥	سادھسنگتِ بھجُ پوُرن کام ॥1॥ رہاءُ ॥
ਬੂਡਤ ਕਉ ਜੈਸੇ ਬੇੜੀ ਮਿਲਤ ॥	بوُڈت کءُ جیَسے بیڑی مِلت ॥
ਬੂਝਤ ਦੀਪਕ ਮਿਲਤ ਤਿਲਤ ॥	بوُجھت دیپک مِلت تِلت ॥
ਜਲਤ ਅਗਨੀ ਮਿਲਤ ਨੀਰ ॥	جلت اگنی مِلت نیِر ॥
ਜੈਸੇ ਬਾਰਿਕ ਮੁਖਹਿ ਖੀਰ ॥੧॥	جیَسے بارِک مُکھہِ کھیِر ॥1॥
ਜੈਸੇ ਰਣ ਮਹਿ ਸਖਾ ਭ੍ਰਾਤ ॥	جیَسے رنؤ مہِ سکھا بھّرات ॥
ਜੈਸੇ ਭੂਖੇ ਭੋਜਨ ਮਾਤ ॥	جیَسے بھوُکھے بھوجن مات ॥

ਜੈਸੇ ਕਿਰਖਹਿ ਬਰਸ ਮੇਘ ॥	جیَسے کِرکھہِ برس میگھ ॥
ਜੈਸੇ ਪਾਲਨ ਸਰਨਿ ਸੇਂਘ ॥੨॥	جیَسے پالن سرنِ سینگھ ॥2॥
ਗਰੁੜ ਮੁਖਿ ਨਹੀ ਸਰਪ ਤ੍ਰਾਸ ॥	گرُڑ مُکھِ نہی سرپ ترّاس ॥
ਸੂਆ ਪਿੰਜਰਿ ਨਹੀ ਖਾਇ ਬਿਲਾਸੁ ॥	سوُیا پِنجرِ نہی کھاءِ بِلاسُ ॥
ਜੈਸੋ ਆਡੋ ਹਿਰਦੇ ਮਾਹਿ ॥	جیَسو آڈو ہِردے ماہِ ॥
ਜੈਸੋ ਦਾਨੋ ਚਕੀ ਦਰਾਹਿ ॥੩॥	جیَسو دانو چکی دراہِ ॥3॥
ਬਹੁਤੁ ਓਪਮਾ ਥੋਰ ਕਹੀ ॥	بہُتُ اوپما تھور کہی ॥
ਹਰਿ ਅਗਮ ਅਗਮ ਅਗਾਧਿ ਤੁਹੀ ॥	ہرِ اگم اگم اگادھِ تُہی ॥
ਊਚ ਮੂਚੌ ਬਹੁ ਅਪਾਰ ॥	اوُچ موُچوَ بہُ اپار ॥
ਸਿਮਰਤ ਨਾਨਕ ਤਰੇ ਸਾਰ ॥੪॥੩॥	سِمرت نانک ترے سار ॥4॥3॥
ਮਾਲੀ ਗਉੜਾ ਮਹਲਾ ੫ ॥	مالی گئڑا محلا 5 ॥
ਇਹੀ ਹਮਾਰੈ ਸਫਲ ਕਾਜ ॥	اِہی ہمارے سپھل کاج ॥
ਅਪੁਨੇ ਦਾਸ ਕਉ ਲੇਹੁ ਨਿਵਾਜਿ ॥੧॥ ਰਹਾਉ ॥	اپُنے داس کءُ لیہُ نِواجِ ॥1॥ رہاءُ ॥
ਚਰਨ ਸੰਤਹ ਮਾਥ ਮੋਰ ॥	چرن سنّتہ ماتھ مور ॥
ਨੈਨਿ ਦਰਸੁ ਪੇਖਉ ਨਿਸਿ ਭੋਰ ॥	نیَنِ درسُ پیکھءُ نِس بھور ॥
ਹਸਤ ਹਮਰੇ ਸੰਤ ਟਹਲ ॥	ہست ہمرے سنّت ٹہل ॥
ਪ੍ਰਾਨ ਮਨੁ ਧਨੁ ਸੰਤ ਬਹਲ ॥੧॥	پّران منُ دھنُ سنّت بہل ॥1॥
ਸੰਤਸੰਗਿ ਮੇਰੇ ਮਨ ਕੀ ਪ੍ਰੀਤਿ ॥	سنّتسنگِ میرے من کی پّریتِ ॥
ਸੰਤ ਗੁਨ ਬਸਹਿ ਮੇਰੈ ਚੀਤਿ ॥	سنّت گُن بسہِ میرے چیتِ ॥
ਸੰਤ ਆਗਿਆ ਮਨਹਿ ਮੀਠ ॥	سنّت آگیا منہِ میٹھ ॥
ਮੇਰਾ ਕਮਲੁ ਬਿਗਸੈ ਸੰਤ ਡੀਠ ॥੨॥	میرا کملُ بِگسے سنّت ڈیٹھ ॥2॥
ਸੰਤਸੰਗਿ ਮੇਰਾ ਹੋਇ ਨਿਵਾਸੁ ॥	سنّتسنگِ میرا ہوءِ نِواسُ ॥

ਸੰਤਨ ਕੀ ਮੋਹਿ ਬਹੁਤੁ ਪਿਆਸ ॥	سنّتن کی موہِ بہُتُ پِیاس ॥
ਸੰਤ ਬਚਨ ਮੇਰੇ ਮਨਹਿ ਮੰਤ ॥	سنّت بچن میرے منہِ منّت ॥
ਸੰਤ ਪ੍ਰਸਾਦਿ ਮੇਰੇ ਬਿਖੈ ਹੰਤ ॥੩॥	سنّت پّرسادِ میرے بِکھے ہنّت ॥3॥
ਮੁਕਤਿ ਜੁਗਤਿ ਏਹਾ ਨਿਧਾਨ ॥	مُکتِ جُگتِ ایہا نِدھان ॥
ਪ੍ਰਭ ਦਇਆਲ ਮੋਹਿ ਦੇਵਹੁ ਦਾਨ ॥	پّربھ دئیال موہِ دیوہُ دان ॥
ਨਾਨਕ ਕਉ ਪ੍ਰਭ ਦਇਆ ਧਾਰਿ ॥	نانک کءُ پّربھ دئیا دھارِ ॥
ਚਰਨ ਸੰਤਨ ਕੇ ਮੇਰੇ ਰਿਦੇ ਮਝਾਰਿ ॥੪॥੪॥	چرن سنّتن کے میرے رِدے مجھارِ ॥4॥4॥
ਮਾਲੀ ਗਉੜਾ ਮਹਲਾ ੫ ॥	مالی گئڑا محلا 5 ॥
ਸਭ ਕੈ ਸੰਗੀ ਨਾਹੀ ਦੂਰਿ ॥	سبھ کے سنگی ناہی دوُرِ ॥
ਕਰਨ ਕਰਾਵਨ ਹਾਜਰਾ ਹਜੂਰਿ ॥੧॥ ਰਹਾਉ ॥	کرن کراون حاضرا حضوُرِ ॥1॥ رہاءُ ॥
ਸੁਨਤ ਜੀਓ ਜਾਸੁ ਨਾਮੁ ॥	سُنت جیئو جاسُ نامُ ॥
ਦੁਖ ਬਿਨਸੇ ਸੁਖ ਕੀਓ ਬਿਸ੍ਰਾਮੁ ॥	دُکھ بِنسے سُکھ کیئو بِسّرامُ ॥
ਸਗਲ ਨਿਧਿ ਹਰਿ ਹਰਿ ਹਰੇ ॥	سگل نِدھِ ہرِ ہرِ ہرے ॥
ਮੁਨਿ ਜਨ ਤਾ ਕੀ ਸੇਵ ਕਰੇ ॥੧॥	مُنِ جن تا کی سیو کرے ॥1॥
ਜਾ ਕੈ ਘਰਿ ਸਗਲੇ ਸਮਾਹਿ ॥	جا کے گھرِ سگلے سماہِ ॥
ਜਿਸ ਤੇ ਬਿਰਥਾ ਕੋਇ ਨਾਹਿ ॥	جِس تے بِرتھا کوءِ ناہِ ॥
ਜੀਅ ਜੰਤ੍ਰ ਕਰੇ ਪ੍ਰਤਿਪਾਲ ॥	جیء جنّتر کرے پّرتپال ॥
ਸਦਾ ਸਦਾ ਸੇਵਹੁ ਕਿਰਪਾਲ ॥੨॥	سدا سدا سیوہُ کِرپال ॥2॥
ਸਦਾ ਧਰਮੁ ਜਾ ਕੈ ਦੀਬਾਣਿ ॥	سدا دھرمُ جا کے دیِبانِ ॥
ਬੇਮੁਹਤਾਜ ਨਹੀ ਕਿਛੁ ਕਾਣਿ ॥	بیمُحتاج نہی کِچھُ کانِ ॥
ਸਭ ਕਿਛੁ ਕਰਨਾ ਆਪਨ ਆਪਿ ॥	سبھ کِچھُ کرنا آپن آپِ ॥
ਰੇ ਮਨ ਮੇਰੇ ਤੂ ਤਾ ਕਉ ਜਾਪਿ ॥੩॥	رے من میرے توُ تا کءُ جاپِ ॥3॥

ਸਾਧਸੰਗਤਿ ਕਉ ਹਉ ਬਲਿਹਾਰ ॥	سادھسنگتِ ک ءُ ہءُ بلِہار ॥
ਜਾਸੁ ਮਿਲਿ ਹੋਵੈ ਉਧਾਰੁ ॥	جاسُ مِلِ ہووے اُدھارُ ॥
ਨਾਮ ਸੰਗਿ ਮਨ ਤਨਹਿ ਰਾਤ ॥	نام سنگِ من تنہِ رات ॥
ਨਾਨਕ ਕਉ ਪ੍ਰਭਿ ਕਰੀ ਦਾਤਿ ॥੪॥੫॥	نانک ک ءُ پربھِ کری داتِ ॥4॥5॥
ਮਾਲੀ ਗਉੜਾ ਮਹਲਾ ੫ ਦੁਪਦੇ	مالی گئڑا محلا 5 دُپدے
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਹਰਿ ਸਮਰਥ ਕੀ ਸਰਨਾ ॥	ہرِ سمرتھ کی سرنا ॥
ਜੀਉ ਪਿੰਡੁ ਧਨੁ ਰਾਸਿ ਮੇਰੀ ਪ੍ਰਭ ਏਕ ਕਾਰਨ ਕਰਨਾ ॥੧॥ ਰਹਾਉ ॥	جیِءُ پِنڈُ دھنُ راسِ میری پربھ ایک کارن کرنا ॥1॥ رہاءُ ॥
ਸਿਮਰਿ ਸਿਮਰਿ ਸਦਾ ਸੁਖੁ ਪਾਈਐ ਜੀਵਣੈ ਕਾ ਮੂਲੁ ॥	سِمرِ سِمرِ سدا سُکھُ پائیئے جیِوٹے کا مؤلُ ॥
ਰਵਿ ਰਹਿਆ ਸਰਬਤ ਠਾਈ ਸੂਖਮੋ ਅਸਥੂਲ ॥੧॥	روِ رہِیا سربت ٹھائی سوُکھمو استھوُل ॥1॥
ਆਲ ਜਾਲ ਬਿਕਾਰ ਤਜਿ ਸਭਿ ਹਰਿ ਗੁਨਾ ਨਿਤ ਗਾਉ ॥	آل جال بِکار تجِ سبھِ ہرِ گُنا نِت گاءُ ॥
ਕਰ ਜੋੜਿ ਨਾਨਕੁ ਦਾਨੁ ਮਾਂਗੈ ਦੇਹੁ ਅਪਨਾ ਨਾਉ ॥੨॥੧॥੬॥	کر جوڑِ نانکُ دانُ مانگے دیہُ اپنا ناءُ ॥2॥1॥6॥
ਮਾਲੀ ਗਉੜਾ ਮਹਲਾ ੫ ॥	مالی گئڑا محلا 5 ॥
ਪ੍ਰਭ ਸਮਰਥ ਦੇਵ ਅਪਾਰ ॥	پربھ سمرتھ دیو اپار ॥
ਕਉਨੁ ਜਾਨੈ ਚਲਿਤ ਤੇਰੇ ਕਿਛੁ ਅੰਤੁ ਨਾਹੀ ਪਾਰ ॥੧॥ ਰਹਾਉ ॥	کئُن جانے چلِت تیرے کِچھُ انّتُ ناہی پار ॥1॥ رہاءُ ॥
ਇਕ ਖਿਨਹਿ ਥਾਪਿ ਉਥਾਪਦਾ ਘੜਿ ਭੰਨਿ ਕਰਨੈਹਾਰੁ ॥	اِک کھِنہِ تھاپِ اُتھاپدا گھڑِ بھنّنِ کرنیہارُ ॥
ਜੇਤ ਕੀਨ ਉਪਾਰਜਨਾ ਪ੍ਰਭੁ ਦਾਨੁ ਦੇਇ ਦਾਤਾਰ ॥੧॥	جیت کِین اُپارجنا

ਹਰਿ ਸਰਨਿ ਆਇਓ ਦਾਸੁ ਤੇਰਾ
ਪ੍ਰਭ ਊਚ ਅਗਮ ਮੁਰਾਰ ॥

ਕਢਿ ਲੇਹੁ ਭਉਜਲ ਬਿਖਮ ਤੇ
ਜਨੁ ਨਾਨਕੁ ਸਦ ਬਲਿਹਾਰ ॥੨॥੨॥੭॥

ਮਾਲੀ ਗਉੜਾ ਮਹਲਾ ੫ ॥

ਮਨਿ ਤਨਿ ਬਸਿ ਰਹੇ ਗੋਪਾਲ ॥

ਦੀਨ ਬਾਂਧਵ ਭਗਤਿ ਵਛਲ
ਸਦਾ ਸਦਾ ਕ੍ਰਿਪਾਲ ॥੧॥ ਰਹਾਉ ॥

ਆਦਿ ਅੰਤੇ ਮਧਿ ਤੂਹੈ
ਪ੍ਰਭ ਬਿਨਾ ਨਾਹੀ ਕੋਇ ॥

ਪੂਰਿ ਰਹਿਆ ਸਗਲ ਮੰਡਲ
ਏਕੁ ਸੁਆਮੀ ਸੋਇ ॥੧॥

ਕਰਨਿ ਹਰਿ ਜਸੁ ਨੇਤ੍ਰ ਦਰਸਨੁ
ਰਸਨਿ ਹਰਿ ਗੁਨ ਗਾਉ ॥

ਬਲਿਹਾਰਿ ਜਾਏ ਸਦਾ ਨਾਨਕੁ
ਦੇਹੁ ਅਪਣਾ ਨਾਉ ॥੨॥੩॥੮॥੬॥੧੪॥

ਮਾਲੀ ਗਉੜਾ ਬਾਣੀ ਭਗਤ ਨਾਮਦੇਵ ਜੀ ਕੀ

ੴ ਸਤਿਗੁਰ ਪ੍ਰਸਾਦਿ ॥

ਧਨਿ ਧੰਨਿ ਓ ਰਾਮ ਬੇਨੁ ਬਾਜੈ ॥

ਮਧੁਰ ਮਧੁਰ ਧੁਨਿ ਅਨਹਤ ਗਾਜੈ ॥੧॥ ਰਹਾਉ ॥

ਧਨਿ ਧਨਿ ਮੇਘਾ ਰੋਮਾਵਲੀ ॥

ਧਨਿ ਧਨਿ ਕ੍ਰਿਸਨ ਓਢੈ ਕਾਂਬਲੀ ॥੧॥

ਧਨਿ ਧਨਿ ਤੂ ਮਾਤਾ ਦੇਵਕੀ ॥

پربھُ دانُ دےءِ داتار ۔ ॥1॥

ہرِ سرنِ آئیو داسُ تیرا
پربھ اوُچ اگم مُرار ۔ ॥

کڈھِ لیہُ بھجُل بِکھم تے
جنُ نانکُ سد بلِہار ॥2॥2॥7॥

مالی گئڑا محلا 5 ॥

منِ تنِ بسِ رہے گوپال ۔ ॥

دِین باندھو بھگتِ وچھل
سدا سدا کرپال ॥1॥ رہاءُ ॥

آدِ انتے مدھِ توُہے
پربھ بِنا ناہی کوءِ ॥

پوُرِ رہِیا سگل منڈل
ایکُ سُیامی سوءِ ॥1॥

کرنِ ہرِ جسُ نیتر درسنُ
رسنِ ہرِ گُن گاءُ ॥

بلِہارِ جائے سدا نانکُ
دیہُ اپنا ناءُ ॥2॥3॥8॥6॥14॥

مالی گئڑا باٹی بھگت نامدیو جی کی

ੴ ستِگُر پرسادِ ॥

دھنِ دھنّ اوہ رام بینُ باجے ॥

مدھُر مدھُر دھُنِ انہت گاجے ॥1॥ رہاءُ ॥

دھنِ دھنِ میگھا روماولی ॥

دھنِ دھنِ کرسن اوڈھے کانبلی ॥1॥

دھنِ دھنِ توُ ماتا دیوکی ۔ ॥

ਜਿਹ ਗ੍ਰਿਹ ਰਮਈਆ ਕਵਲਾਪਤੀ ॥੨॥	جِہ گرِہ رمئیا کولاپتی ॥2॥
ਧਨਿ ਧਨਿ ਬਨ ਖੰਡ ਬਿੰਦ੍ਰਾਬਨਾ ॥	دھنِ دھنِ بن کھنڈ بِندّرا بنا ॥
ਜਹ ਖੇਲੈ ਸ੍ਰੀ ਨਾਰਾਇਨਾ ॥੩॥	جہ کھیلےَ سّری نارائِنا ॥3॥
ਬੇਨੁ ਬਜਾਵੈ ਗੋਧਨੁ ਚਰੈ ॥	بینُ بجاوےَ گودھنُ چرےَ ॥
ਨਾਮੇ ਕੇ ਸੁਆਮੀ ਆਨਦ ਕਰੈ ॥੪॥੧॥	نامے کے سُیامی آند کرےَ ॥4॥1॥
ਮੇਰੋ ਬਾਪੁ ਮਾਧਉ ਤੂ ਧਨੁ ਕੇਸੌ ਸਾਂਵਲੀਓ ਬੀਠੁਲਾਇ ॥੧॥ ਰਹਾਉ ॥	میرہ باپُ مادھءُ توُ دھنُ کیسوَ سانولِیئو بیٹھُلاءِ ۔ ॥1॥ رہاءُ ॥
ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ ॥	کر دھرے چکّر بیکُنٹھ تے آئے گج ہستی کے پّران اُدھارِیئلے ॥
ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ ॥੧॥	دُہساسن کی سبھا دّروپتی انّبر لیت اُبارِیئلے ॥1॥
ਗੋਤਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ ॥	گوتم نارِ اہلیا تاری پاون کیتک تارِیئلے ॥
ਐਸਾ ਅਧਮੁ ਅਜਾਤਿ ਨਾਮਦੇਉ ਤਉ ਸਰਨਾਗਤਿ ਆਈਅਲੇ ॥੨॥੨॥	ایَسا ادھمُ ئزاتِ نامدیءُ تءُ سرناگتِ آئِیئلے ॥2॥2॥
ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥	سبھےَ گھٹ رامُ بولےَ راما بولے ॥
ਰਾਮ ਬਿਨਾ ਕੋ ਬੋਲੈ ਰੇ ॥੧॥ ਰਹਾਉ ॥	رام بِنا کو بولےَ رے ۔ ॥1॥ رہاءُ ॥
ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ ॥	ایکل ماٹی کُنجر چیٹی بھاجن ہیَں بہُ نانا رے ॥
ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ ॥੧॥	استھاور جنگم کیٹ پتنگم گھٹِ گھٹِ رامُ سمانا رے ॥1॥
ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ ॥	ایکل چِنتا راکھُ اننّتا اُر تجہُ سبھ آسا رے ॥
ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ ॥੨॥੩॥	پّرنوےَ نامابھئے نِہکاما

کو ٹھاکُرُ کو داسا رے ॥2॥3॥

ਰਾਗੁ ਮਾਰੂ ਮਹਲਾ ੧ ਘਰੁ ੧ ਚਉਪਦੇ

راگُ مارُو محلا 1 گھرُ 1 چئُپدے

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ੴ ستِنامُ کرتا پُرکھُ نِربھءُ نِرویرُ اکال مُورتِ اجُونی سیَبھنَ گُرپرّسادِ ॥

ਸਲੋਕੁ ॥

سلوکُ ॥

ਸਾਜਨ ਤੇਰੇ ਚਰਨ ਕੀ
ਹੋਇ ਰਹਾ ਸਦ ਧੂਰਿ ॥

ساجن تیرے چرن کی
ہوءِ رہا سد دھوُرِ ॥

ਨਾਨਕ ਸਰਣਿ ਤੁਹਾਰੀਆ
ਪੇਖਉ ਸਦਾ ਹਜੂਰਿ ॥੧॥

نانک سرنِ تُہارِیا
پیکھءُ سدا حضوُرِ ॥1॥

ਸਬਦ ॥

سبد ॥

ਪਿਛਹੁ ਰਾਤੀ ਸਦੜਾ
ਨਾਮੁ ਖਸਮ ਕਾ ਲੇਹਿ ॥

پِچھہُ راتی صدڑا
نامُ خصم کا لیہِ ॥

ਖੇਮੇ ਛਤ੍ਰ ਸਰਾਇਚੇ
ਦਿਸਨਿ ਰਥ ਪੀੜੇ ॥

خیمے چھتّر سرائِچے
دِسنِ رتھ پیڑے ॥

ਜਿਨੀ ਤੇਰਾ ਨਾਮੁ ਧਿਆਇਆ
ਤਿਨ ਕਉ ਸਦਿ ਮਿਲੇ ॥੧॥

جِنی تیرا نامُ دھیائیا
تِن کءُ سدِ مِلے ॥1॥

ਬਾਬਾ ਮੈ ਕਰਮਹੀਣ ਕੂੜਿਆਰ ॥

بابا مےَ کرمہیِنْ کوُڑِیار ॥

ਨਾਮੁ ਨ ਪਾਇਆ ਤੇਰਾ
ਅੰਧਾ ਭਰਮਿ ਭੂਲਾ ਮਨੁ ਮੇਰਾ ॥੧॥ ਰਹਾਉ ॥

نامُ ن پائیا تیرا
انّدھا بھرمِ بھوُلا منُ میرا ॥1॥ رہاءُ ॥

ਸਾਦ ਕੀਤੇ ਦੁਖ ਪਰਫੁੜੇ
ਪੂਰਬਿ ਲਿਖੇ ਮਾਇ ॥

سادِ کیتے دُکھ پرپھُڑے
پوُربِ لِکھے ماءِ ۔ ॥

ਸੁਖ ਥੋੜੇ ਦੁਖ ਅਗਲੇ
ਦੂਖੇ ਦੂਖਿ ਵਿਹਾਇ ॥੨॥

سُکھ تھوڑے دُکھ اگلے
دوُکھے دوُکھِ وِہاءِ ॥2॥

ਵਿਛੁੜਿਆ ਕਾ ਕਿਆ ਵੀਛੁੜੈ
ਮਿਲਿਆ ਕਾ ਕਿਆ ਮੇਲੁ ॥

وِچھُڑِیا کا کِیا وِیچھُڑےَ
مِلیا کا کِیا میلُ ۔ ॥

ਸਾਹਿਬੁ ਸੋ ਸਾਲਾਹੀਐ
ਜਿਨਿ ਕਰਿ ਦੇਖਿਆ ਖੇਲੁ ॥੩॥

صاحِبُ سو سالاحیِۓ
جِنِ کرِ دیکھیا کھیلُ ॥3॥

ਸੰਜੋਗੀ ਮੇਲਾਵੜਾ
ਇਨਿ ਤਨਿ ਕੀਤੇ ਭੋਗ ॥

سنّجوگی میلاوڑا
اِنِ تنِ کیتے بھوگ ॥

ਵਿਜੋਗੀ ਮਿਲਿ ਵਿਛੁੜੇ
ਨਾਨਕ ਭੀ ਸੰਜੋਗ ॥੪॥੧॥

وِجوگی مِلِ وِچھُڑے
نانک بھی سنّجوگ ॥4॥1॥

ਮਾਰੂ ਮਹਲਾ ੧ ॥

مارُو محلا 1 ॥

ਮਿਲਿ ਮਾਤ ਪਿਤਾ ਪਿੰਡੁ ਕਮਾਇਆ ॥

مِلِ مات پِتا پِنڈُ کمائیا ॥

ਤਿਨਿ ਕਰਤੈ ਲੇਖੁ ਲਿਖਾਇਆ ॥

تِنِ کرتے لیکھُ لِکھائیا ॥

ਲਿਖੁ ਦਾਤਿ ਜੋਤਿ ਵਡਿਆਈ ॥

لِکھُ داتِ جوتِ وڈِیائی ॥

ਮਿਲਿ ਮਾਇਆ ਸੁਰਤਿ ਗਵਾਈ ॥੧॥

مِلِ مائیا سُرتِ گوائی ॥1॥

ਮੂਰਖ ਮਨ ਕਾਹੇ ਕਰਸਹਿ ਮਾਣਾ ॥

مُورکھ من کاہے کرسہِ ماٹا ۔ ॥

ਉਠਿ ਚਲਣਾ ਖਸਮੈ ਭਾਣਾ ॥੧॥ ਰਹਾਉ ॥

اُٹھِ چلنا خصمے بھاٹا ॥1॥ رہاءُ ॥

ਤਜਿ ਸਾਦ ਸਹਜ ਸੁਖੁ ਹੋਈ ॥

تجِ ساد سہج سُکھُ ہوئی ॥

ਘਰ ਛਡਣੇ ਰਹੈ ਨ ਕੋਈ ॥

گھر چھڈنے رہے ن کوئی ॥

ਕਿਛੁ ਖਾਜੈ ਕਿਛੁ ਧਰਿ ਜਾਈਐ ॥

کِچھُ کھاجے کِچھُ دھرِ جائیِۓ ॥

ਜੇ ਬਾਹੁੜਿ ਦੁਨੀਆ ਆਈਐ ॥੨॥

جے باہُڑِ دُنیا آئیِۓ ॥2॥

ਸਜੁ ਕਾਇਆ ਪਟੁ ਹਢਾਏ ॥

سجُ کائیا پٹُ ہڈھائے ॥

ਫੁਰਮਾਇਸਿ ਬਹੁਤੁ ਚਲਾਏ ॥

فُرمائِس بہُتُ چلائے ॥

ਕਰਿ ਸੇਜ ਸੁਖਾਲੀ ਸੋਵੈ ॥

کرِ سیج سُکھالی سووے ॥

ਹਥੀ ਪਉਦੀ ਕਾਹੇ ਰੋਵੈ ॥੩॥

ہتھی پئُدی کاہے روے ۔ ॥3॥

ਘਰ ਘੁੰਮਣਵਾਣੀ ਭਾਈ ॥

گھر گھُمّنوانی بھائی ۔ ॥

ਪਾਪ ਪਥਰ ਤਰਣੁ ਨ ਜਾਈ ॥

پاپ پتھر ترنُ ن جائی ॥

ਭਉ ਬੇੜਾ ਜੀਉ ਚੜਾਊ ॥	بھءُ بیڑا جیِءُ چڑائوُ ॥
ਕਹੁ ਨਾਨਕ ਦੇਵੈ ਕਾਹੂ ॥੪॥੨॥	کہُ نانک دیوے کاہوُ ॥4॥2॥
ਮਾਰੂ ਮਹਲਾ ੧ ਘਰੁ ੧ ॥	مارو محلا 1 گھرُ 1 ॥
ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥	کرنٹی کاگدُ منُ مسوانٹی بُرا بھلا دُءِ لیکھ پے ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥੧॥	جِءُ جِءُ کِرتُ چلائے تِءُ چلیِے تءُ گُنٹ ناہی انتُ ہرے ۔ ॥1॥
ਚਿਤ ਚੇਤਸਿ ਕੀ ਨਹੀ ਬਾਵਰਿਆ ॥	چِت چیتسِ کی نہی باورِیا ۔ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥	ہرِ بِسرت تیرے گُنٹ گلِیا ॥1॥ رہاءُ ॥
ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥	جالی رَینِ جالُ دِنُ ہوُیا جیتی گھڑی پھاہی تیتی ॥
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥੨॥	رسِ رسِ چوگ چُگہِ نِت پھاسہِ چھوُٹسِ موڑے کون گُنٹی ۔ ॥2॥
ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥	کائیا آرنُ منُ وِچِ لوہا پنچ اگنِ تِتُ لاگِ رہی ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥੩॥	کوئِلے پاپ پڑے تِس اوُپرِ منُ جلیا سنّہی چِنّت بھئی ॥3॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥	بھئیا منوُرُ کنچنُ پھِرِ ہووے جے گُرُ مِلے تِنیہا ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥੪॥੩॥	ایکُ نامُ انّمرِتُ اوہُ دیوے تءُ نانک ترِسٹسِ دیہا ॥4॥3॥
ਮਾਰੂ ਮਹਲਾ ੧ ॥	مارو محلا 1 ॥
ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ ॥	بِمل مجھارِ بسسِ نِرمل جل پدمنِ جاول رے ॥
ਪਦਮਨਿ ਜਾਵਲ ਜਲ ਰਸ ਸੰਗਤਿ	پدمنِ جاول جل رس سنگتِ

ਸੰਗਿ ਦੋਖ ਨਹੀ ਰੇ ॥੧॥	سنگِ دوکھ نہی رے ॥1॥
ਦਾਦਰ ਤੂ ਕਬਹਿ ਨ ਜਾਨਸਿ ਰੇ ॥	دادر توُ کبہِ ن جانسِ رے ॥
ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ ॥੧॥ ਰਹਾਉ ॥	بھکھسِ سِبالُ بسسِ نِرمل جل انمّرِتُ ن لکھسِ رے ॥1॥ رہاءُ ॥
ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ ॥	بسُ جل نِت ن وست الِیَل میر چچا گُن رے ॥
ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ ॥੨॥	چنّد کُمُدنی دوُرہُ نِوسسِ انبھءُ کارنِ رے ॥2॥
ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ ॥	انمّرِت کھنّڈُ دوُدھِ مدھُ سنچّسِ توُ بن چاتُر رے ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ ॥੩॥	اپنا آپُ توُ کبہُ ن چھوڈسِ پِسن پّریتِ جِءُ رے ॥3॥
ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ ॥	پنّڈِت سنگِ وسہِ جن موُرکھ آگم ساس سُنے ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ ॥੪॥	اپنا آپُ توُ کبہُ ن چھوڈسِ سُیان پوُچھِ جِءُ رے ॥4॥
ਇਕਿ ਪਾਖੰਡੀ ਨਾਮਿ ਨ ਰਾਚਹਿ ਇਕ ਹਰਿ ਹਰਿ ਚਰਣੀ ਰੇ ॥	اِکِ پاکھنّڈی نامِ ن راچہِ اِک ہرِ ہرِ چرنّی رے ॥
ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ ॥੫॥੪॥	پوُربِ لِکھیا پاوسِ نانک رسنا نامُ جپِ رے ॥5॥4॥
ਮਾਰੂ ਮਹਲਾ ੧ ॥	مارُو محلا 1 ॥
ਸਲੋਕੁ ॥	سلوکُ ॥
ਪਤਿਤ ਪੁਨੀਤ ਅਸੰਖ ਹੋਹਿ ਹਰਿ ਚਰਨੀ ਮਨੁ ਲਾਗ ॥	پتِت پُنیت اسنکھ ہوہِ ہرِ چرنی منُ لاگ ॥
ਅਠਸਠਿ ਤੀਰਥ ਨਾਮੁ ਪ੍ਰਭ	اٹھسٹھِ تیرتھ نامُ پربھ

ਨਾਨਕ ਜਿਸੁ ਮਸਤਕਿ ਭਾਗ ॥੧॥	نانک جِسُ مستکِ بھاگ ॥1॥
ਸਬਦੁ ॥	سبدُ ॥
ਸਖੀ ਸਹੇਲੀ ਗਰਬਿ ਗਹੇਲੀ ॥	سکھی سہیلی گربِ گہیلی ۔ ॥
ਸੁਣਿ ਸਹ ਕੀ ਇਕ ਬਾਤ ਸੁਹੇਲੀ ॥੧॥	سُنِٹ سہ کی اِک بات سُہیلی ॥1॥
ਜੋ ਮੈ ਬੇਦਨ ਸਾ ਕਿਸੁ ਆਖਾ ਮਾਈ ॥	جو مے بیدن سا کِسُ آکھا مائی ۔ ॥
ਹਰਿ ਬਿਨੁ ਜੀਉ ਨ ਰਹੈ ਕੈਸੇ ਰਾਖਾ ਮਾਈ ॥੧॥ ਰਹਾਉ ॥	ہرِ بِنُ جیِءُ ن رہے کیَسے راکھا مائی ۔ ॥1॥ رہاءُ ॥
ਹਉ ਦੋਹਾਗਣਿ ਖਰੀ ਰੰਵਾਣੀ ॥	ہءُ دوہاگنٹِ کھری رنچانٹی ॥
ਗਇਆ ਸੁ ਜੋਬਨੁ ਧਨ ਪਛੁਤਾਣੀ ॥੨॥	گیَیا سُ جوبنُ دھن پچھُتانٹی ॥2॥
ਤੂ ਦਾਨਾ ਸਾਹਿਬੁ ਸਿਰਿ ਮੇਰਾ ॥	توُ دانا صاحِبُ سِرِ میرا ॥
ਖਿਜਮਤਿ ਕਰੀ ਜਨੁ ਬੰਦਾ ਤੇਰਾ ॥੩॥	خِجمتِ کری جنُ بندا تیرا ॥3॥
ਭਣਤਿ ਨਾਨਕੁ ਅੰਦੇਸਾ ਏਹੀ ॥	بھنٹتِ نانکُ اندیسا ایہی ॥
ਬਿਨੁ ਦਰਸਨ ਕੈਸੇ ਰਵਉ ਸਨੇਹੀ ॥੪॥੫॥	بِنُ درسن کیَسے روءُ سنیہی ۔ ॥4॥5॥
ਮਾਰੂ ਮਹਲਾ ੧ ॥	مارُو محلا 1 ॥
ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥	مُل خریِدی لالا گولا میرا ناءُ سبھاگا ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥	گُر کی بچنی ہاٹِ بِکانا جِتُ لائیَا تِتُ لاگا ॥1॥
ਤੇਰੇ ਲਾਲੇ ਕਿਆ ਚਤੁਰਾਈ ॥	تیرے لالے کِیا چترُائی ۔ ॥
ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥੧॥ ਰਹਾਉ ॥	صاحِب کا حُکمُ ن کرٹا جائی ॥1॥ رہاءُ ॥
ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ ॥	ما لالی پِءُ لالا میرا ہءُ لالے کا جائیَا ॥
ਲਾਲੀ ਨਾਚੈ ਲਾਲਾ ਗਾਵੈ	لالی ناچےَ لالا گاوے

ਭਗਤਿ ਕਰਉ ਤੇਰੀ ਰਾਇਆ ॥੨॥	بھگتِ کرءُ تیری رائیا ॥2॥
ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ ॥	پِیئہِ ت پانی آنی میرا کھاہِ ت پِیسنُ جاءُ ۔ ॥
ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥੩॥	پکھا پھیری پیَر ملووا جپت رہا تیرا ناءُ ॥3॥
ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ ॥	لوُنُ حرامی نانکُ لالا بخشِہِ تُدھُ وڈِیائی ॥
ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ ॥੪॥੬॥	آدِ جُگادِ دیَیاپتِ داتا تُدھُ وِنُ مُکتِ ن پائی ॥4॥6॥
ਮਾਰੂ ਮਹਲਾ ੧ ॥	مارُو محلا 1 ॥
ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥	کوئی آکھےَ بھوُتنا کو کہے بیتالا ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥	کوئی آکھےَ آدمی نانکُ ویچارا ॥1॥
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥	بھئیا دِوانا ساہ کا نانکُ بئُرانا ॥
ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ ਰਹਾਉ ॥	ہءُ ہرِ بِنُ اورُ ن جانا ॥1॥ رہاءُ ॥
ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ ॥	تءُ دیوانا جانئیےَ جا بھےَ دیوانا ہوءِ ॥
ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ ॥੨॥	ایکی صاہِب باہرا دوُجا اورُ ن جانئےَ کوءِ ॥2॥
ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ ॥	تءُ دیوانا جانئیےَ جا ایکا کار کماءِ ॥
ਹੁਕਮੁ ਪਛਾਣੈ ਖਸਮ ਕਾ	حُکمُ پچھانئےَ خصم کا

ਦੂਜੀ ਅਵਰ ਸਿਆਣਪ ਕਾਇ ॥੩॥	دوُجی اور سِیاٹپ کاءِ ۔ ॥3॥
ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥	تءُ دیوانا جانیئے جا صاحِب دھرے پِیارُ ॥
ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥੪॥੭॥	منّدا جانے آپ کءُ اورُ بھلا سنّسارُ ॥4॥7॥
ਮਾਰੂ ਮਹਲਾ ੧ ॥	مارُو محلا 1 ॥
ਇਹੁ ਧਨੁ ਸਰਬ ਰਹਿਆ ਭਰਪੂਰਿ ॥	اِہُ دھنُ سرب رہِیا بھرپوُرِ ॥
ਮਨਮੁਖ ਫਿਰਹਿ ਸਿ ਜਾਣਹਿ ਦੂਰਿ ॥੧॥	منمُکھ پھِرہِ سِ جانہِ دوُرِ ॥1॥
ਸੋ ਧਨੁ ਵਖਰੁ ਨਾਮੁ ਰਿਦੈ ਹਮਾਰੈ ॥	سو دھنُ وکھرُ نامُ رِدے ہمارے ॥
ਜਿਸੁ ਤੂ ਦੇਹਿ ਤਿਸੈ ਨਿਸਤਾਰੈ ॥੧॥ ਰਹਾਉ ॥	جِسُ توُ دیہِ تِسے نِستارے ॥1॥ رہاءُ ॥
ਨ ਇਹੁ ਧਨੁ ਜਲੈ ਨ ਤਸਕਰੁ ਲੈ ਜਾਇ ॥	ن اِہُ دھنُ جلے ن تسکرُ لے جاءِ ॥
ਨ ਇਹੁ ਧਨੁ ਡੂਬੈ ਨ ਇਸੁ ਧਨ ਕਉ ਮਿਲੈ ਸਜਾਇ ॥੨॥	ن اِہُ دھنُ ڈوُبے ن اِسُ دھن کءُ ملے سزاءِ ॥2॥
ਇਸੁ ਧਨ ਕੀ ਦੇਖਹੁ ਵਡਿਆਈ ॥	اِسُ دھن کی دیکھہُ وڈیائی ॥
ਸਹਜੇ ਮਾਤੇ ਅਨਦਿਨੁ ਜਾਈ ॥੩॥	سہجے ماتے اندِنُ جائی ॥3॥
ਇਕ ਬਾਤ ਅਨੂਪ ਸੁਨਹੁ ਨਰ ਭਾਈ ॥	اِک بات انوُپ سُنہُ نر بھائی ۔ ॥
ਇਸੁ ਧਨ ਬਿਨੁ ਕਹਹੁ ਕਿਨੈ ਪਰਮ ਗਤਿ ਪਾਈ ॥੪॥	اِسُ دھن بِنُ کہہُ کِنے پرم گتِ پائی ۔ ॥4॥
ਭਣਤਿ ਨਾਨਕੁ ਅਕਥ ਕੀ ਕਥਾ ਸੁਣਾਏ ॥	بھنّتِ نانکُ اکتھ کی کتھا سُناے ॥
ਸਤਿਗੁਰੁ ਮਿਲੈ ਤ ਇਹੁ ਧਨੁ ਪਾਏ ॥੫॥੮॥	ستِگُر ملے ت اِہُ دھنُ پائے ॥5॥8॥
ਮਾਰੂ ਮਹਲਾ ੧ ॥	مارُو محلا 1 ॥

ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ
ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ ॥

ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ
ਉਡੈ ਨਹ ਹੰਸੁ ਨਹ ਕੰਧੁ ਛੀਜੈ ॥੧॥

ਮੂੜੇ ਕਾਇਚੇ ਭਰਮਿ ਭੁਲਾ ॥

ਨਹ ਚੀਨਿਆ ਪਰਮਾਨੰਦੁ ਬੈਰਾਗੀ ॥੧॥ ਰਹਾਉ ॥

ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ
ਭ੍ਰਾਤਿ ਤਜਿ ਛੋਡਿ ਤਉ ਅਪਿਉ ਪੀਜੈ ॥

ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ
ਉਡੈ ਨਹ ਹੰਸੁ ਨਹ ਕੰਧੁ ਛੀਜੈ ॥੨॥

ਭਣਤਿ ਨਾਨਕੁ ਜਨੋ ਰਵੈ ਜੇ ਹਰਿ ਮਨੋ
ਮਨ ਪਵਨ ਸਿਉ ਅੰਮ੍ਰਿਤੁ ਪੀਜੈ ॥

ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ
ਉਡੈ ਨਹ ਹੰਸੁ ਨਹ ਕੰਧੁ ਛੀਜੈ ॥੩॥੯॥

ਮਾਰੂ ਮਹਲਾ ੧ ॥

ਮਾਇਆ ਮੁਈ ਨ ਮਨੁ ਮੁਆ
ਸਰੁ ਲਹਰੀ ਮੈ ਮਤੁ ॥

ਬੋਹਿਥੁ ਜਲ ਸਿਰਿ ਤਰਿ ਟਿਕੈ
ਸਾਚਾ ਵਖਰੁ ਜਿਤੁ ॥

ਮਾਣਕੁ ਮਨ ਮਹਿ ਮਨੁ ਮਾਰਸੀ
ਸਚਿ ਨ ਲਾਗੈ ਕਤੁ ॥

ਰਾਜਾ ਤਖਤਿ ਟਿਕੈ ਗੁਣੀ
ਭੈ ਪੰਚਾਇਣ ਰਤੁ ॥੧॥

ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ ॥

ਸਰਬ ਜੋਤਿ ਜਗਜੀਵਨਾ

سُور سرُ سوسِ لے سوم سرُ پوکھِ لے
جُگتِ کرِ مرتُ سُ سنبنّدھُ کیجے ॥

مِین کی چپل سِ ءُ جُگتِ منُ راکھیئے
اُڈے نہ ہنّس نہ کنّدھُ چھیجے ॥1॥

موُڑے کائِچے بھرمِ بھُلا ۔ ॥

نہ چینِیا پرمانّدُ بیَراگی ॥1॥ رہاءُ ॥

اجر گہُ جارِ لے امر گہُ مارِ لے
بھّراتِ تجِ چھوڈِ تءُ اپِءُ پیِجے ॥

مِین کی چپل سِ ءُ جُگتِ منُ راکھیئے
اُڈے نہ ہنّس نہ کنّدھُ چھیجے ॥2॥

بھنّتِ نانکُ جنو روے جے ہرِ منو
من پون سِ ءُ انّمرِتُ پیِجے ॥

مِین کی چپل سِ ءُ جُگتِ منُ راکھیئے
اُڈے نہ ہنّس نہ کنّدھُ چھیجے ॥3॥9॥

مارُو محلا 1 ॥

مائیا مُئی ن منُ مُیا
سرُ لہری مے مت ॥

بوہِتھُ جل سِرِ ترِ ٹِکے
ساچا وکھرُ جِتُ ॥

مانّکُ من مہِ منُ مارسی
سچِ ن لاگے کتُ ॥

راجا تخت ٹِکے گُنی
بھے پنچائِڑ رتُ ॥1॥

بابا ساچا صاحبُ دوُرِ ن دیکھُ ॥

سرب جوتِ جگجیونا

ਸਿਰਿ ਸਿਰਿ ਸਾਚਾ ਲੇਖੁ ॥੧॥ ਰਹਾਉ ॥

سِرِ سِرِ ساچا لیکھُ ॥1॥ رہاءُ ॥

ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ
ਇੰਦੁ ਤਪੈ ਭੇਖਾਰੀ ॥

بّرہما بِسنُ رِکھی مُنی سنکرُ
اِنّدُ تپے بھیکھاری ॥

ਮਾਨੈ ਹੁਕਮੁ ਸੋਹੈ ਦਰਿ ਸਾਚੈ
ਆਕੀ ਮਰਹਿ ਅਫਾਰੀ ॥

مانے حُکمُ سوہے دِر ساچے
یاقی مرہِ اپھاری ॥

ਜੰਗਮ ਜੋਧ ਜਤੀ ਸੰਨਿਆਸੀ
ਗੁਰਿ ਪੂਰੈ ਵੀਚਾਰੀ ॥

جنگم جودھ جتی سنّیاسی
گُرِ پوُرے ویچاری ॥

ਬਿਨੁ ਸੇਵਾ ਫਲੁ ਕਬਹੁ ਨ ਪਾਵਸਿ
ਸੇਵਾ ਕਰਣੀ ਸਾਰੀ ॥੨॥

بِنُ سیوا پھلُ کبہُ ن پاوسِ
سیوا کرنّی ساری ॥2॥

ਨਿਧਨਿਆ ਧਨੁ ਨਿਗੁਰਿਆ ਗੁਰੁ
ਨਿੰਮਾਣਿਆ ਤੂ ਮਾਣੁ ॥

نِدھنیا دھنُ نِگُریا گُرُ
نِمّانیا توُ مانُ ॥

ਅੰਧੁਲੈ ਮਾਣਕੁ ਗੁਰੁ ਪਕੜਿਆ
ਨਿਤਾਣਿਆ ਤੂ ਤਾਣੁ ॥

انّدھُلے ماٹکُ گُرُ پکڑِیا
نِتانیا توُ تانُ ॥

ਹੋਮ ਜਪਾ ਨਹੀ ਜਾਣਿਆ
ਗੁਰਮਤੀ ਸਾਚੁ ਪਛਾਣੁ ॥

ہوم جپا نہی جانیا
گُرمتی ساچُ پچھانُ ॥

ਨਾਮ ਬਿਨਾ ਨਾਹੀ ਦਰਿ ਢੋਈ
ਝੂਠਾ ਆਵਣ ਜਾਣੁ ॥੩॥

نام بِنا ناہی دِر ڈھوئی
جھوُٹھا آونٹ جانُ ॥3॥

ਸਾਚਾ ਨਾਮੁ ਸਲਾਹੀਐ
ਸਾਚੇ ਤੇ ਤ੍ਰਿਪਤਿ ਹੋਇ ॥

ساچا نامُ سلاہیئے
ساچے تے تّرِپتِ ہوءِ ॥

ਗਿਆਨ ਰਤਨਿ ਮਨੁ ਮਾਜੀਐ
ਬਹੁੜਿ ਨ ਮੈਲਾ ਹੋਇ ॥

گیان رتنِ منُ ماجیئے
بہُڑِ ن میلا ہوءِ ॥

ਜਬ ਲਗੁ ਸਾਹਿਬੁ ਮਨਿ ਵਸੈ
ਤਬ ਲਗੁ ਬਿਘਨੁ ਨ ਹੋਇ ॥

جب لگُ صاہِبُ منِ وسے
تب لگُ بِگھنُ ن ہوءِ ॥

ਨਾਨਕ ਸਿਰੁ ਦੇ ਛੁਟੀਐ
ਮਨਿ ਤਨਿ ਸਾਚਾ ਸੋਇ ॥੪॥੧੦॥

نانک سِرُ دے چھُٹیئے
منِ تنِ ساچا سوءِ ॥4॥ 10 ॥

ਮਾਰੂ ਮਹਲਾ ੧ ॥

ਜੋਗੀ ਜੁਗਤਿ ਨਾਮੁ ਨਿਰਮਾਇਲੁ
ਤਾ ਕੈ ਮੈਲੁ ਨ ਰਾਤੀ ॥

ਪ੍ਰੀਤਮ ਨਾਥੁ ਸਦਾ ਸਚੁ ਸੰਗੇ
ਜਨਮ ਮਰਣ ਗਤਿ ਬੀਤੀ ॥੧॥

ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ ॥

ਜਾ ਤਉ ਭੀਤਰਿ ਮਹਲਿ ਬੁਲਾਵਹਿ
ਪੂਛਉ ਬਾਤ ਨਿਰੰਤੀ ॥੧॥ ਰਹਾਉ ॥

ਬ੍ਰਹਮਣੁ ਬ੍ਰਹਮ ਗਿਆਨ ਇਸਨਾਨੀ
ਹਰਿ ਗੁਣ ਪੂਜੇ ਪਾਤੀ ॥

ਏਕੋ ਨਾਮੁ ਏਕੁ ਨਾਰਾਇਣੁ
ਤ੍ਰਿਭਵਣ ਏਕਾ ਜੋਤੀ ॥੨॥

ਜਿਹਵਾ ਡੰਡੀ ਇਹੁ ਘਟੁ ਛਾਬਾ
ਤੋਲਉ ਨਾਮੁ ਅਜਾਚੀ ॥

ਏਕੋ ਹਾਟੁ ਸਾਹੁ ਸਭਨਾ ਸਿਰਿ
ਵਣਜਾਰੇ ਇਕ ਭਾਤੀ ॥੩॥

ਦੋਵੈ ਸਿਰੇ ਸਤਿਗੁਰੂ ਨਿਬੇੜੇ
ਸੋ ਬੂਝੈ ਜਿਸੁ ਏਕ ਲਿਵ ਲਾਗੀ
ਜੀਅਹੁ ਰਹੈ ਨਿਭਰਾਤੀ ॥

ਸਬਦੁ ਵਸਾਏ ਭਰਮੁ ਚੁਕਾਏ
ਸਦਾ ਸੇਵਕੁ ਦਿਨੁ ਰਾਤੀ ॥੪॥

ਊਪਰਿ ਗਗਨੁ ਗਗਨ ਪਰਿ ਗੋਰਖੁ
ਤਾ ਕਾ ਅਗਮੁ ਗੁਰੂ ਪੁਨਿ ਵਾਸੀ ॥

ਗੁਰ ਬਚਨੀ ਬਾਹਰਿ ਘਰਿ ਏਕੋ
ਨਾਨਕੁ ਭਇਆ ਉਦਾਸੀ ॥੫॥੧੧॥

مارُو محلا 1 ॥

جوگی جُگتِ نامُ نِرمائلُ
تا کے میَلُ ن راتی ॥

پرِیتم ناتھُ سدا سچُ سنگے
جنم مرنُ گتِ بیتی ॥1॥

گُسائی تیرا کہا نامُ کیَسے زاتی ۔ ॥

جا تُ ءُ بھِیترِ محلِ بُلاوہِ
پُوچھ ءُ بات نِرنَتی ॥1॥ رہاءُ ॥

برہمنُ برہم گِیان اِسنانی
ہرِ گُنُ پُوجے پاتی ॥

ایکو نامُ ایکُ نارائنُ
ترِبھونُ ایکا جوتی ॥2॥

جِہوا ڈنڈی اِہُ گھٹُ چھابا
تول ءُ نامُ اجاچی ॥

ایکو ہاٹُ ساہُ سبھنا سِرِ
وَنجارے اِک بھاتی ॥3॥

دووے سِرے ستِگُرو نِبیڑے
سو بُوجھے جِسُ ایک لِو لاگی
جیِئہُ رہے نِبھراتی ॥

سبدُ وسائے بھرمُ چُکائے
سدا سیوکُ دِنُ راتی ॥4॥

اوُپرِ گگنُ گگن پرِ گورکھُ
تا کا اگمُ گُرو پُنِ واسی ॥

گُر بچنی باہرِ گھرِ ایکو
نانکُ بھئیا اُداسی ॥5॥ 11 ॥

ਰਾਗੁ ਮਾਰੂ ਮਹਲਾ ੧ ਘਰੁ ੫

راگُ مارُو محلا 1 گھرُ 5

੧ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਅਹਿਨਿਸਿ ਜਾਗੈ ਨੀਦ ਨ ਸੋਵੈ ॥

اہِنِس جاگے نِید ن سووے ॥

ਸੋ ਜਾਣੈ ਜਿਸੁ ਵੇਦਨ ਹੋਵੈ ॥

سو جانے جِسُ ویدن ہووے ॥

ਪ੍ਰੇਮ ਕੇ ਕਾਨ ਲਗੇ ਤਨ ਭੀਤਰਿ
ਵੈਦੁ ਕਿ ਜਾਣੈ ਕਾਰੀ ਜੀਉ ॥੧॥

پرّیم کے کان لگے تن بھیترِ
ویدُ کِ جانے کاری جیِءُ ॥1॥

ਜਿਸ ਨੋ ਸਾਚਾ ਸਿਫਤੀ ਲਾਏ ॥

جِس نو ساچا صِفتی لائے ॥

ਗੁਰਮੁਖਿ ਵਿਰਲੇ ਕਿਸੈ ਬੁਝਾਏ ॥

گُرمُکھِ وِرلے کِسے بُجھائے ॥

ਅੰਮ੍ਰਿਤ ਕੀ ਸਾਰ ਸੋਈ ਜਾਣੈ
ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥੧॥ ਰਹਾਉ ॥

انّمرِت کی سار سوئی جانے
جِ انّمرِت کا واپاری جیِءُ ॥1॥ رہاءُ ॥

ਪਿਰ ਸੇਤੀ ਧਨ ਪ੍ਰੇਮੁ ਰਚਾਏ ॥

پِر سیتی دھن پرّیمُ رچائے ॥

ਗੁਰ ਕੈ ਸਬਦਿ ਤਥਾ ਚਿਤੁ ਲਾਏ ॥

گُر کے سبدِ تتھا چِتُ لائے ॥

ਸਹਜ ਸੇਤੀ ਧਨ ਖਰੀ ਸੁਹੇਲੀ
ਤ੍ਰਿਸਨਾ ਤਿਖਾ ਨਿਵਾਰੀ ਜੀਉ ॥੨॥

سہج سیتی دھن کھری سُہیلی
ترِسنا تِکھا نِواری جیِءُ ॥2॥

ਸਹਸਾ ਤੋੜੇ ਭਰਮੁ ਚੁਕਾਏ ॥

سہسا توڑے بھرمُ چُکائے ॥

ਸਹਜੇ ਸਿਫਤੀ ਧਣਖੁ ਚੜਾਏ ॥

سہجے صِفتی دھنکھُ چڑائے ॥

ਗੁਰ ਕੈ ਸਬਦਿ ਮਰੈ ਮਨੁ ਮਾਰੇ
ਸੁੰਦਰਿ ਜੋਗਾਧਾਰੀ ਜੀਉ ॥੩॥

گُر کے سبدِ مرے منُ مارے
سُندرِ جوگادھاری جیِءُ ॥3॥

ਹਉਮੈ ਜਲਿਆ ਮਨਹੁ ਵਿਸਾਰੇ ॥

ہئُمے جلیا منہُ وِسارے ॥

ਜਮ ਪੁਰਿ ਵਜਹਿ ਖੜਗ ਕਰਾਰੇ ॥

جم پُر وجہِ کھڑگ کرارے ॥

ਅਬ ਕੈ ਕਹਿਐ ਨਾਮੁ ਨ ਮਿਲਈ
ਤੂ ਸਹੁ ਜੀਅੜੇ ਭਾਰੀ ਜੀਉ ॥੪॥

اب کے کہِئے نامُ ن مِلئی
توُ سہُ جیِئڑے بھاری جیِءُ ॥4॥

ਮਾਇਆ ਮਮਤਾ ਪਵਹਿ ਖਿਆਲੀ ॥

مائیا ممتا پوہِ خِیالی ॥

ਜਮ ਪੁਰਿ ਫਾਸਹਿਗਾ ਜਮ ਜਾਲੀ ॥

جم پُر پھاسہِگا جم جالی ॥

ਹੇਤ ਕੇ ਬੰਧਨ ਤੋੜਿ ਨ ਸਾਕਹਿ
ਤਾ ਜਮੁ ਕਰੇ ਖੁਆਰੀ ਜੀਉ ॥੫॥

ہیت کے بندھن توڑِ ن ساکہِ
تا جمُ کرے خُیاری جیِءُ ॥5॥

ਨਾ ਹਉ ਕਰਤਾ ਨਾ ਮੈ ਕੀਆ ॥

نا ہءُ کرتا نا مےَ کِیا ॥

ਅੰਮ੍ਰਿਤੁ ਨਾਮੁ ਸਤਿਗੁਰਿ ਦੀਆ ॥

انمّرِتُ نامُ ستِگُرِ دِیِیا ॥

ਜਿਸੁ ਤੂ ਦੇਹਿ ਤਿਸੈ ਕਿਆ ਚਾਰਾ
ਨਾਨਕ ਸਰਣਿ ਤੁਮਾਰੀ ਜੀਉ ॥੬॥੧॥੧੨॥

جِسُ توُ دیہِ تِسے کِیا چارا
نانک سرنِ تُماری جیِءُ ॥6॥1॥ 12 ॥

ਮਾਰੂ ਮਹਲਾ ੩ ਘਰੁ ੧

مارُو محلا 3 گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਜਹ ਬੈਸਾਲਹਿ ਤਹ ਬੈਸਾ ਸੁਆਮੀ
ਜਹ ਭੇਜਹਿ ਤਹ ਜਾਵਾ ॥

جہ بیَسالہِ تہ بیَسا سُیامی
جہ بھیجہِ تہ جاوا ॥

ਸਭ ਨਗਰੀ ਮਹਿ ਏਕੋ ਰਾਜਾ
ਸਭੇ ਪਵਿਤੁ ਹਹਿ ਥਾਵਾ ॥੧॥

سبھ نگری مہِ ایکوِ راجا
سبھے پوِتُ ہہِ تھاوا ॥1॥

ਬਾਬਾ ਦੇਹਿ ਵਸਾ ਸਚ ਗਾਵਾ ॥

بابا دیہِ وسا سچ گاوا ॥

ਜਾ ਤੇ ਸਹਜੇ ਸਹਜਿ ਸਮਾਵਾ ॥੧॥ ਰਹਾਉ ॥

جا تے سہجے سہجِ سماوا ॥1॥ رہاءُ ॥

ਬੁਰਾ ਭਲਾ ਕਿਛੁ ਆਪਸ ਤੇ ਜਾਨਿਆ
ਏਈ ਸਗਲ ਵਿਕਾਰਾ ॥

بُرا بھلا کِچھُ آپس تے جانِیا
ایئی سگل وِکارا ॥

ਇਹੁ ਫੁਰਮਾਇਆ ਖਸਮ ਕਾ ਹੋਆ
ਵਰਤੈ ਇਹੁ ਸੰਸਾਰਾ ॥੨॥

اِہُ فُرمائِیا خصم کا ہویا
ورتےَ اِہُ سنّسارا ॥2॥

ਇੰਦ੍ਰੀ ਧਾਤੁ ਸਬਲ ਕਹੀਅਤ ਹੈ
ਇੰਦ੍ਰੀ ਕਿਸ ਤੇ ਹੋਈ ॥

اِنّدّری دھاتُ سبل کہِیئت ہےَ
اِنّدّری کِس تے ہوئی ۔ ॥

ਆਪੇ ਖੇਲ ਕਰੈ ਸਭਿ ਕਰਤਾ
ਐਸਾ ਬੂਝੈ ਕੋਈ ॥੩॥

آپے کھیل کرے سبھِ کرتا
ایَسا بوُجھےَ کوئی ॥3॥

ਗੁਰ ਪਰਸਾਦੀ ਏਕ ਲਿਵ ਲਾਗੀ
ਦੁਬਿਧਾ ਤਦੇ ਬਿਨਾਸੀ ॥

گُر پرسادی ایک لِو لاگی

دُبِدھا تدے بِناسی ॥

ਜੋ ਤਿਸੁ ਭਾਣਾ ਸੋ ਸਤਿ ਕਰਿ ਮਾਨਿਆ
ਕਾਟੀ ਜਮ ਕੀ ਫਾਸੀ ॥੪॥

جو تِسُ بھاٹا سو ستِ کرِ مانِیا
کاٹی جم کی پھاسی ॥4॥

ਭਣਤਿ ਨਾਨਕੁ ਲੇਖਾ ਮਾਗੈ ਕਵਨਾ
ਜਾ ਚੂਕਾ ਮਨਿ ਅਭਿਮਾਨਾ ॥

بھنٹتِ نانکُ لیکھا ماگے کونا
جا چوُکا منِ ابھِمانا ॥

ਤਾਸੁ ਤਾਸੁ ਧਰਮ ਰਾਇ ਜਪਤੁ ਹੈ
ਪਏ ਸਚੇ ਕੀ ਸਰਨਾ ॥੫॥੧॥

تاسُ تاسُ دھرم راءِ جپتُ ہے
پئے سچے کی سرنا ॥5॥1॥

ਮਾਰੂ ਮਹਲਾ ੩ ॥

مارُو محلا 3 ॥

ਆਵਣ ਜਾਣਾ ਨਾ ਥੀਐ
ਨਿਜ ਘਰਿ ਵਾਸਾ ਹੋਇ ॥

آونْ جاٹا نا تھیئے
نِج گھرِ واسا ہوءِ ॥

ਸਚੁ ਖਜਾਨਾ ਬਖਸਿਆ
ਆਪੇ ਜਾਣੈ ਸੋਇ ॥੧॥

سچُ خزانا بخشِیا
آپے جانے سوءِ ॥1॥

ਏ ਮਨ ਹਰਿ ਜੀਉ ਚੇਤਿ ਤੂ
ਮਨਹੁ ਤਜਿ ਵਿਕਾਰ ॥

اے من ہرِ جیِءُ چیتِ توُ
منہُ تجِ وِکار ॥

ਗੁਰ ਕੈ ਸਬਦਿ ਧਿਆਇ ਤੂ
ਸਚਿ ਲਗੀ ਪਿਆਰੁ ॥੧॥ ਰਹਾਉ ॥

گُر کے سبدِ دھِیاءِ توُ
سچِ لگی پیارُ ॥1॥ رہاءُ ॥

ਐਥੈ ਨਾਵਹੁ ਭੁਲਿਆ
ਫਿਰਿ ਹਥੁ ਕਿਥਾਊ ਨ ਪਾਇ ॥

ایتھے ناوہُ بھُلِیا
پھِرِ ہتھُ کِتھائوُ ن پاءِ ॥

ਜੋਨੀ ਸਭਿ ਭਵਾਈਅਨਿ
ਬਿਸਟਾ ਮਾਹਿ ਸਮਾਇ ॥੨॥

جونی سبھِ بھوائیَنِ
بِسٹا ماہِ سماءِ ॥2॥

ਵਡਭਾਗੀ ਗੁਰੁ ਪਾਇਆ
ਪੂਰਬਿ ਲਿਖਿਆ ਮਾਇ ॥

وڈبھاگی گُرُ پائِیا
پوُربِ لِکھِیا ماءِ ॥

ਅਨਦਿਨੁ ਸਚੀ ਭਗਤਿ ਕਰਿ
ਸਚਾ ਲਏ ਮਿਲਾਇ ॥੩॥

اندِنُ سچی بھگتِ کرِ
سچا لے مِلاءِ ॥3॥

ਆਪੇ ਸ੍ਰਿਸਟਿ ਸਭ ਸਾਜੀਅਨੁ

آپے سرِسٹِ سبھ ساجِیَنُ

ਆਪੇ ਨਦਰਿ ਕਰੇਇ ॥	آپے ندرِ کرےءِ ॥
ਨਾਨਕ ਨਾਮਿ ਵਡਿਆਈਆ ਜੈ ਭਾਵੈ ਤੈ ਦੇਇ ॥੪॥੨॥	نانک نامِ وڈِیائیِیا جےَ بھاوےَ تےَ دےءِ ॥4॥2॥
ਮਾਰੂ ਮਹਲਾ ੩ ॥	مارُو محلا 3 ॥
ਪਿਛਲੇ ਗੁਨਹ ਬਖਸਾਇ ਜੀਉ ਅਬ ਤੂ ਮਾਰਗਿ ਪਾਇ ॥	پچھلے گُنہ بخشاءِ جیِءُ اب توُ مارگِ پاءِ ॥
ਹਰਿ ਕੀ ਚਰਣੀ ਲਾਗਿ ਰਹਾ ਵਿਚਹੁ ਆਪੁ ਗਵਾਇ ॥੧॥	ہرِ کی چرنٹی لاگِ رہا وِچہُ آپُ گواءِ ॥1॥
ਮੇਰੇ ਮਨ ਗੁਰਮੁਖਿ ਨਾਮੁ ਹਰਿ ਧਿਆਇ ॥	میرے من گُرمُکھِ نامُ ہرِ دھِیاءِ ॥
ਸਦਾ ਹਰਿ ਚਰਣੀ ਲਾਗਿ ਰਹਾ ਇਕ ਮਨਿ ਏਕੈ ਭਾਇ ॥੧॥ ਰਹਾਉ ॥	سدا ہرِ چرنٹی لاگِ رہا اِک منِ ایکےَ بھاءِ ॥1॥ رہاءُ ॥
ਨਾ ਮੈ ਜਾਤਿ ਨ ਪਤਿ ਹੈ ਨਾ ਮੈ ਥੇਹੁ ਨ ਥਾਉ ॥	نا مےَ زاتِ ن پتِ ہےَ نا مےَ تھیہُ ن تھاءُ ॥
ਸਬਦਿ ਭੇਦਿ ਭ੍ਰਮੁ ਕਟਿਆ ਗੁਰਿ ਨਾਮੁ ਦੀਆ ਸਮਝਾਇ ॥੨॥	سبدِ بھیدِ بھرمُ کٹِیا گُرِ نامُ دیِیا سمجھاءِ ॥2॥
ਇਹੁ ਮਨੁ ਲਾਲਚ ਕਰਦਾ ਫਿਰੈ ਲਾਲਚਿ ਲਾਗਾ ਜਾਇ ॥	اِہُ منُ لالچ کردا پھِرےَ لالچِ لاگا جاءِ ॥
ਧੰਧੈ ਕੂੜਿ ਵਿਆਪਿਆ ਜਮ ਪੁਰਿ ਚੋਟਾ ਖਾਇ ॥੩॥	دھندھےَ کوُڑِ ویاپیا جم پُرِ چوٹا کھاءِ ॥3॥
ਨਾਨਕ ਸਭੁ ਕਿਛੁ ਆਪੇ ਆਪਿ ਹੈ ਦੂਜਾ ਨਾਹੀ ਕੋਇ ॥	نانک سبھُ کِچھُ آپے آپِ ہےَ دوُجا ناہی کوءِ ॥
ਭਗਤਿ ਖਜਾਨਾ ਬਖਸਿਓਨੁ ਗੁਰਮੁਖਾ ਸੁਖੁ ਹੋਇ ॥੪॥੩॥	بھگتِ خزانا بخشِئونُ گُرمُکھا سُکھُ ہوءِ ॥4॥3॥
ਮਾਰੂ ਮਹਲਾ ੩ ॥	مارُو محلا 3 ॥
ਸਚਿ ਰਤੇ ਸੇ ਟੋਲਿ ਲਹੁ	سچِ رتے سے ٹولِ لہُ

ਸੇ ਵਿਰਲੇ ਸੰਸਾਰਿ ॥

سے وِرلے سنّسارِ ॥

ਤਿਨ ਮਿਲਿਆ ਮੁਖੁ ਉਜਲਾ
ਜਪਿ ਨਾਮੁ ਮੁਰਾਰਿ ॥੧॥

تِن مِلیا مُکھُ اُجلا
جپِ نامُ مُرارِ ॥1॥

ਬਾਬਾ ਸਾਚਾ ਸਾਹਿਬੁ ਰਿਦੈ ਸਮਾਲਿ ॥

بابا ساچا صاحِبُ رِدے سمالِ ॥

ਸਤਿਗੁਰੁ ਅਪਨਾ ਪੁਛਿ ਦੇਖੁ
ਲੇਹੁ ਵਖਰੁ ਭਾਲਿ ॥੧॥ ਰਹਾਉ ॥

ستِگُرُ اپنا پُچھِ دیکھُ
لیہُ وکھرُ بھالِ ॥1॥ رہاءُ ॥

ਇਕੁ ਸਚਾ ਸਭ ਸੇਵਦੀ
ਧੁਰਿ ਭਾਗਿ ਮਿਲਾਵਾ ਹੋਇ ॥

اِکُ سچا سبھ سیودی
دھُرِ بھاگِ مِلاوا ہوءِ ॥

ਗੁਰਮੁਖਿ ਮਿਲੇ ਸੇ ਨ ਵਿਛੁੜਹਿ
ਪਾਵਹਿ ਸਚੁ ਸੋਇ ॥੨॥

گُرمُکھِ مِلے سے ن وِچھُڑہِ
پاوہِ سچُ سوءِ ॥2॥

ਇਕਿ ਭਗਤੀ ਸਾਰ ਨ ਜਾਣਨੀ
ਮਨਮੁਖ ਭਰਮਿ ਭੁਲਾਇ ॥

اِکِ بھگتی سار ن جانّنی
منمُکھ بھرمِ بھُلاءِ ॥

ਓਨਾ ਵਿਚਿ ਆਪਿ ਵਰਤਦਾ
ਕਰਣਾ ਕਿਛੂ ਨ ਜਾਇ ॥੩॥

اونا وِچِ آپِ ورتدا
کرنّا کِچھوُ ن جاءِ ॥3॥

ਜਿਸੁ ਨਾਲਿ ਜੋਰੁ ਨ ਚਲਈ
ਖਲੇ ਕੀਚੈ ਅਰਦਾਸਿ ॥

جِسُ نالِ زورُ ن چلئی
کھلے کِیچےَ عرداسِ ॥

ਨਾਨਕ ਗੁਰਮੁਖਿ ਨਾਮੁ ਮਨਿ ਵਸੈ
ਤਾ ਸੁਣਿ ਕਰੇ ਸਾਬਾਸਿ ॥੪॥੪॥

نانک گُرمُکھِ نامُ منِ وسےَ
تا سُنِ کرے ساباسِ ॥4॥4॥

ਮਾਰੂ ਮਹਲਾ ੩ ॥

مارُو محلا 3 ॥

ਮਾਰੂ ਤੇ ਸੀਤਲੁ ਕਰੇ
ਮਨੂਰਹੁ ਕੰਚਨੁ ਹੋਇ ॥

مارُو تے سِیتلُ کرے
منوُرہُ کنچّنُ ہوءِ ॥

ਸੋ ਸਾਚਾ ਸਾਲਾਹੀਐ
ਤਿਸੁ ਜੇਵਡੁ ਅਵਰੁ ਨ ਕੋਇ ॥੧॥

سو ساچا سالاحیےَ
تِسُ جیوڈُ اورُ ن کوءِ ॥1॥

ਮੇਰੇ ਮਨ ਅਨਦਿਨੁ ਧਿਆਇ ਹਰਿ ਨਾਉ ॥

میرے من اندِنُ دھیاءِ ہرِ ناءُ ॥

ਸਤਿਗੁਰ ਕੈ ਬਚਨਿ ਅਰਾਧਿ ਤੂ

ستِگُر کے بچنِ ارادھِ توُ

ਅਨਦਿਨੁ ਗੁਣ ਗਾਉ ॥੧॥ ਰਹਾਉ ॥

اندِنُ گُنؔ گاءُ ॥1॥ رہاءُ ॥

ਗੁਰਮੁਖਿ ਏਕੋ ਜਾਣੀਐ
ਜਾ ਸਤਿਗੁਰੁ ਦੇਇ ਬੁਝਾਇ ॥

گُرمُکھِ ایکو جانئیےؔ
جا ستِگُرُ دےءِ بُجھاءِ ॥

ਸੋ ਸਤਿਗੁਰੁ ਸਾਲਾਹੀਐ
ਜਿਦੂ ਏਹ ਸੋਝੀ ਪਾਇ ॥੨॥

سو ستِگُرُ سالاحیےؔ
جِدوُ ایہ سوجھی پاءِ ॥2॥

ਸਤਿਗੁਰੁ ਛੋਡਿ ਦੂਜੈ ਲਗੇ
ਕਿਆ ਕਰਨਿ ਅਗੈ ਜਾਇ ॥

ستِگُرُ چھوڈِ دوُجےَ لگے
کِیا کرنِ اگےَ جاءِ ۔ ॥

ਜਮ ਪੁਰਿ ਬਧੇ ਮਾਰੀਅਹਿ
ਬਹੁਤੀ ਮਿਲੈ ਸਜਾਇ ॥੩॥

جم پُرِ بدھے ماریئہِ
بہُتی مِلےَ سزاءِ ॥3॥

ਮੇਰਾ ਪ੍ਰਭੁ ਵੇਪਰਵਾਹੁ ਹੈ
ਨਾ ਤਿਸੁ ਤਿਲੁ ਨ ਤਮਾਇ ॥

میرا پ٘ربھُ ویپرواہُ ہےَ
نا تِسُ تِلُ ن طماعِ ॥

ਨਾਨਕ ਤਿਸੁ ਸਰਣਾਈ ਭਜਿ ਪਉ
ਆਪੇ ਬਖਸਿ ਮਿਲਾਇ ॥੪॥੫॥

نانک تِسُ سرٹائی بھجِ پ٘ءُ
آپے بخشِ مِلاءِ ॥4॥5॥

ਮਾਰੂ ਮਹਲਾ ੪ ਘਰੁ ੨

مارُو محلا 4 گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پ٘رسادِ ॥

ਜਪਿਓ ਨਾਮੁ ਸੁਕ ਜਨਕ ਗੁਰ ਬਚਨੀ
ਹਰਿ ਹਰਿ ਸਰਣਿ ਪਰੇ ॥

جپِئو نامُ سُک جنک گُر بچنی
ہرِ ہرِ سرنِؔ پرے ॥

ਦਾਲਦੁ ਭੰਜਿ ਸੁਦਾਮੇ ਮਿਲਿਓ
ਭਗਤੀ ਭਾਇ ਤਰੇ ॥

دالدُ بھنجِؔ سُدامے مِلِئو
بھگتی بھاءِ ترے ॥

ਭਗਤਿ ਵਛਲੁ ਹਰਿ ਨਾਮੁ ਕ੍ਰਿਤਾਰਥੁ
ਗੁਰਮੁਖਿ ਕ੍ਰਿਪਾ ਕਰੇ ॥੧॥

بھگتِ وچھلُ ہرِ نامُ کرِتارتھُ
گُرمُکھِ کرِپا کرے ॥1॥

ਮੇਰੇ ਮਨ ਨਾਮੁ ਜਪਤ ਉਧਰੇ ॥

میرے من نامُ جپت اُدھرے ॥

ਧ੍ਰੂ ਪ੍ਰਹਿਲਾਦੁ ਬਿਦਰੁ ਦਾਸੀ ਸੁਤੁ
ਗੁਰਮੁਖਿ ਨਾਮਿ ਤਰੇ ॥੧॥ ਰਹਾਉ ॥

دھ٘رو پ٘رہِلادُ بِدرُ داسی سُتُ
گُرمُکھِ نامِ ترے ॥1॥ رہاءُ ॥

ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ

کلجُگِ نامُ پ٘ردھانُ پدارتھُ

ਭਗਤ ਜਨਾ ਉਧਰੇ ॥

بھگت جنا اُدھرے ॥

ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ
ਸਭਿ ਦੋਖ ਗਏ ਚਮਰੇ ॥

نامَا جیَدیءُ کبیرُ ترِلوچنُ
سبھِ دوکھ گئے چمرے ॥

ਗੁਰਮੁਖਿ ਨਾਮਿ ਲਗੇ ਸੇ ਉਧਰੇ
ਸਭਿ ਕਿਲਬਿਖ ਪਾਪ ਟਰੇ ॥੨॥

گُرمُکھِ نامِ لگے سے اُدھرے
سبھِ کِلبِکھ پاپ ٹرے ॥2॥

ਜੋ ਜੋ ਨਾਮੁ ਜਪੈ ਅਪਰਾਧੀ
ਸਭਿ ਤਿਨ ਕੇ ਦੋਖ ਪਰਹਰੇ ॥

جو جو نامُ جپے اپرادھی
سبھِ تِن کے دوکھ پرہرے ॥

ਬੇਸੁਆ ਰਵਤ ਅਜਾਮਲੁ ਉਧਰਿਓ
ਮੁਖਿ ਬੋਲੈ ਨਾਰਾਇਣੁ ਨਰਹਰੇ ॥

بیسُیا روت اجامِلُ اُدھرِئو
مُکھِ بولے نارائِنُ نرہرے ॥

ਨਾਮੁ ਜਪਤ ਉਗ੍ਰਸੈਣਿ ਗਤਿ ਪਾਈ
ਤੋੜਿ ਬੰਧਨ ਮੁਕਤਿ ਕਰੇ ॥੩॥

نامُ جپت اُگرسیَنِ گتِ پائی
توڑِ بندھن مُکتِ کرے ॥3॥

ਜਨ ਕਉ ਆਪਿ ਅਨੁਗ੍ਰਹੁ ਕੀਆ
ਹਰਿ ਅੰਗੀਕਾਰੁ ਕਰੇ ॥

جن کءُ آپِ انگرہُ کیِیا
ہرِ انگیِکارُ کرے ॥

ਸੇਵਕ ਪੈਜ ਰਖੈ ਮੇਰਾ ਗੋਵਿਦੁ
ਸਰਣਿ ਪਰੇ ਉਧਰੇ ॥

سیوک پیَج رکھے میرا گووِدُ
سرنِ پرے اُدھرے ॥

ਜਨ ਨਾਨਕ ਹਰਿ ਕਿਰਪਾ ਧਾਰੀ
ਉਰ ਧਰਿਓ ਨਾਮੁ ਹਰੇ ॥੪॥੧॥

جن نانک ہرِ کِرپا دھاری
اُر دھرِئو نامُ ہرے ॥4॥1॥

ਮਾਰੂ ਮਹਲਾ ੪ ॥

مارُو محلا 4 ॥

ਸਿਧ ਸਮਾਧਿ ਜਪਿਓ ਲਿਵ ਲਾਈ
ਸਾਧਿਕ ਮੁਨਿ ਜਪਿਆ ॥

سِدھ سمادھِ جپِئو لِو لائی
سادھِک مُنِ جپِیا ॥

ਜਤੀ ਸਤੀ ਸੰਤੋਖੀ ਧਿਆਇਆ
ਮੁਖਿ ਇੰਦ੍ਰਾਦਿਕ ਰਵਿਆ ॥

جتی ستی سنتوکھی دھیائِیا
مُکھِ اِندّرادِک رویا ॥

ਸਰਣਿ ਪਰੇ ਜਪਿਓ ਤੇ ਭਾਏ
ਗੁਰਮੁਖਿ ਪਾਰਿ ਪਇਆ ॥੧॥

سرنِ پرے جپِئو تے بھائے
گُرمُکھِ پارِ پئیا ॥1॥

ਮੇਰੇ ਮਨ ਨਾਮੁ ਜਪਤ ਤਰਿਆ ॥

میرے من نامُ جپت ترِیا ॥

ਧੰਨਾ ਜਟੁ ਬਾਲਮੀਕੁ ਬਟਵਾਰਾ
ਗੁਰਮੁਖਿ ਪਾਰਿ ਪਇਆ ॥੧॥ ਰਹਾਉ ॥

دھنّا جٹُ بالمیکُ بٹوارا
گُرمُکھِ پارِ پئیا ॥1॥ رہاءُ ॥

ਸੁਰਿ ਨਰ ਗਣ ਗੰਧਰਬੇ ਜਪਿਓ
ਰਿਖਿ ਬਪੁਰੈ ਹਰਿ ਗਾਇਆ ॥

سُرِ نر گنٹ گندھربے جپِئو
رِکھِ بپُرے ہرِ گائیا ॥

ਸੰਕਰਿ ਬ੍ਰਹਮੈ ਦੇਵੀ ਜਪਿਓ
ਮੁਖਿ ਹਰਿ ਹਰਿ ਨਾਮੁ ਜਪਿਆ ॥

سنکرِ برہمے دیوی جپِئو
مُکھِ ہرِ ہرِ نامُ جپیا ॥

ਹਰਿ ਹਰਿ ਨਾਮਿ ਜਿਨਾ ਮਨੁ ਭੀਨਾ
ਤੇ ਗੁਰਮੁਖਿ ਪਾਰਿ ਪਇਆ ॥੨॥

ہرِ ہرِ نامِ جِنا منُ بھِینا
تے گُرمُکھِ پارِ پئیا ॥2॥

ਕੋਟਿ ਕੋਟਿ ਤੇਤੀਸ ਧਿਆਇਓ
ਹਰਿ ਜਪਤਿਆ ਅੰਤੁ ਨ ਪਾਇਆ ॥

کوٹِ کوٹِ تیتیس دھیائِئو
ہرِ جپتیا انتُ ن پائیا ॥

ਬੇਦ ਪੁਰਾਣ ਸਿਮ੍ਰਿਤਿ ਹਰਿ ਜਪਿਆ
ਮੁਖਿ ਪੰਡਿਤ ਹਰਿ ਗਾਇਆ ॥

بید پُراٹ سِمرِتِ ہرِ جپیا
مُکھِ پنڈِت ہرِ گائیا ॥

ਨਾਮੁ ਰਸਾਲੁ ਜਿਨਾ ਮਨਿ ਵਸਿਆ
ਤੇ ਗੁਰਮੁਖਿ ਪਾਰਿ ਪਇਆ ॥੩॥

نامُ رسالُ جِنا منِ وسِیا
تے گُرمُکھِ پارِ پئیا ॥3॥

ਅਨਤ ਤਰੰਗੀ ਨਾਮੁ ਜਿਨ ਜਪਿਆ
ਮੈ ਗਣਤ ਨ ਕਰਿ ਸਕਿਆ ॥

انت ترنگی نامُ جِن جپیا
مے گنٹت ن کرِ سکیا ॥

ਗੋਬਿਦੁ ਕ੍ਰਿਪਾ ਕਰੇ ਥਾਇ ਪਾਏ
ਜੋ ਹਰਿ ਪ੍ਰਭ ਮਨਿ ਭਾਇਆ ॥

گوبِدُ کرِپا کرے تھاءِ پائے
جو ہرِ پربھ منِ بھائیا ॥

ਗੁਰਿ ਧਾਰਿ ਕ੍ਰਿਪਾ ਹਰਿ ਨਾਮੁ ਦ੍ਰਿੜਾਇਓ
ਜਨ ਨਾਨਕ ਨਾਮੁ ਲਇਆ ॥੪॥੨॥

گُرِ دھارِ کرِپا ہرِ نامُ دڑِڑائِئو
جن نانک نامُ لِئیا ॥4॥2॥

ਮਾਰੂ ਮਹਲਾ ੪ ਘਰੁ ੩

مارُو محلا 4 گھرُ 3

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਹਰਿ ਹਰਿ ਨਾਮੁ ਨਿਧਾਨੁ ਲੈ
ਗੁਰਮਤਿ ਹਰਿ ਪਤਿ ਪਾਇ ॥

ہرِ ہرِ نامُ نِدھانُ لے
گُرمتِ ہرِ پتِ پاءِ ॥

ਹਲਤਿ ਪਲਤਿ ਨਾਲਿ ਚਲਦਾ

ہلتِ پلتِ نالِ چلدا

ਹਰਿ ਅੰਤੇ ਲਏ ਛਡਾਇ ॥

ہرِ انتے لۓ چھڈاءِ ॥

ਜਿਥੈ ਅਵਘਟ ਗਲੀਆ ਭੀੜੀਆ
ਤਿਥੈ ਹਰਿ ਹਰਿ ਮੁਕਤਿ ਕਰਾਇ ॥੧॥

جتھے اوگھٹ گلیا بھیڑیا
تتھے ہرِ ہرِ مُکتِ کراءِ ॥1॥

ਮੇਰੇ ਸਤਿਗੁਰਾ ਮੈ ਹਰਿ ਹਰਿ ਨਾਮੁ ਦ੍ਰਿੜਾਇ ॥

میرے ستگُرا مے ہرِ ہرِ نامُ دّرڑاءِ ॥

ਮੇਰਾ ਮਾਤ ਪਿਤਾ ਸੁਤ ਬੰਧਪੋ
ਮੈ ਹਰਿ ਬਿਨੁ ਅਵਰੁ ਨ ਮਾਇ ॥੧॥ ਰਹਾਉ ॥

میرا مات پِتا سُت بندھپو
مے ہرِ بِنُ اورُ ن ماءِ ۔ ॥1॥ رہاءُ ॥

ਮੈ ਹਰਿ ਬਿਰਹੀ ਹਰਿ ਨਾਮੁ ਹੈ
ਕੋਈ ਆਣਿ ਮਿਲਾਵੈ ਮਾਇ ॥

مے ہرِ برہی ہرِ نامُ ہے
کوئی آنِ مِلاوے ماءِ ۔ ॥

ਤਿਸੁ ਆਗੈ ਮੈ ਜੋਦੜੀ
ਮੇਰਾ ਪ੍ਰੀਤਮੁ ਦੇਇ ਮਿਲਾਇ ॥

تِس آگے مے جودڑی
میرا پّریتمُ دےءِ مِلاءِ ॥

ਸਤਿਗੁਰੁ ਪੁਰਖੁ ਦਇਆਲ ਪ੍ਰਭੁ
ਹਰਿ ਮੇਲੇ ਢਿਲ ਨ ਪਾਇ ॥੨॥

ستگُرُ پُرکھُ دئیال پّربھُ
ہرِ میلے ڈھِل ن پاءِ ॥2॥

ਜਿਨ ਹਰਿ ਹਰਿ ਨਾਮੁ ਨ ਚੇਤਿਓ
ਸੇ ਭਾਗਹੀਣ ਮਰਿ ਜਾਇ ॥

جِن ہرِ ہرِ نامُ ن چیتیئو
سے بھاگہیِنٹ مرِ جاءِ ॥

ਓਇ ਫਿਰਿ ਫਿਰਿ ਜੋਨਿ ਭਵਾਈਅਹਿ
ਮਰਿ ਜੰਮਹਿ ਆਵੈ ਜਾਇ ॥

اوءِ پھرِ پھرِ جونِ بھوائیئہِ
مرِ جنمہِ آوے جاءِ ॥

ਓਇ ਜਮ ਦਰਿ ਬਧੇ ਮਾਰੀਅਹਿ
ਹਰਿ ਦਰਗਹ ਮਿਲੈ ਸਜਾਇ ॥੩॥

اوءِ جم درِ بدھے ماریئہِ
ہرِ درگہ مِلے سزاءِ ॥3॥

ਤੂ ਪ੍ਰਭੁ ਹਮ ਸਰਣਾਗਤੀ
ਮੋ ਕਉ ਮੇਲਿ ਲੈਹੁ ਹਰਿ ਰਾਇ ॥

توُ پّربھُ ہم سرٹاگتی
مو کءُ میلِ لیۓ ہرِ راءِ ۔ ॥

ਹਰਿ ਧਾਰਿ ਕ੍ਰਿਪਾ ਜਗਜੀਵਨਾ
ਗੁਰ ਸਤਿਗੁਰ ਕੀ ਸਰਣਾਇ ॥

ہرِ دھارِ کرِپا جگجیونا
گُر ستگُر کی سرٹاءِ ॥

ਹਰਿ ਜੀਉ ਆਪਿ ਦਇਆਲੁ ਹੋਇ
ਜਨ ਨਾਨਕ ਹਰਿ ਮੇਲਾਇ ॥੪॥੧॥੩॥

ہرِ جیءُ آپ دئیالُ ہوءِ
جن نانک ہرِ میلاءِ ॥4॥1॥3॥

ਮਾਰੂ ਮਹਲਾ ੪ ॥

مارُو محلا 4 ॥

ਹਉ ਪੂੰਜੀ ਨਾਮੁ ਦਸਾਇਦਾ
ਕੋ ਦਸੇ ਹਰਿ ਧਨੁ ਰਾਸਿ ॥

ہءُ پونجی نامُ دسائِدا
کو دسے ہرِ دھنُ راسِ ॥

ਹਉ ਤਿਸੁ ਵਿਟਹੁ ਖਨ ਖੰਨੀਐ
ਮੈ ਮੇਲੇ ਹਰਿ ਪ੍ਰਭ ਪਾਸਿ ॥

ہءُ تِس وِٹہُ کھن کھنّنیۓ
مے میلے ہرِ پربھ پاسِ ॥

ਮੈ ਅੰਤਰਿ ਪ੍ਰੇਮੁ ਪਿਰੰਮ ਕਾ
ਕਿਉ ਸਜਣੁ ਮਿਲੈ ਮਿਲਾਸਿ ॥੧॥

مے انترِ پریمُ پرنم کا
کِءُ سجنُ ملے مِلاسِ ۔ ॥1॥

ਮਨ ਪਿਆਰਿਆ ਮਿਤ੍ਰਾ
ਮੈ ਹਰਿ ਹਰਿ ਨਾਮੁ ਧਨੁ ਰਾਸਿ ॥

من پیارِیا مِتّرا
مے ہرِ ہرِ نامُ دھنُ راسِ ॥

ਗੁਰਿ ਪੂਰੈ ਨਾਮੁ ਦ੍ਰਿੜਾਇਆ
ਹਰਿ ਧੀਰਕ ਹਰਿ ਸਾਬਾਸਿ ॥੧॥ ਰਹਾਉ ॥

گُرِ پورے نامُ ڈرِڑائیا
ہرِ دھیرک ہرِ ساباسِ ॥1॥ رہاءُ ॥

ਹਰਿ ਹਰਿ ਆਪਿ ਮਿਲਾਇ ਗੁਰੁ
ਮੈ ਦਸੇ ਹਰਿ ਧਨੁ ਰਾਸਿ ॥

ہرِ ہرِ آپِ ملاءِ گُرُ
مے دسے ہرِ دھنُ راسِ ॥

ਬਿਨੁ ਗੁਰ ਪ੍ਰੇਮੁ ਨ ਲਭਈ
ਜਨ ਵੇਖਹੁ ਮਨਿ ਨਿਰਜਾਸਿ ॥

بِنُ گُر پریمُ ن لبھئی
جن ویکھہُ منِ نِرجاسِ ॥

ਹਰਿ ਗੁਰ ਵਿਚਿ ਆਪੁ ਰਖਿਆ
ਹਰਿ ਮੇਲੇ ਗੁਰ ਸਾਬਾਸਿ ॥੨॥

ہرِ گُر وِچِ آپُ رکھیا
ہرِ میلے گُر ساباسِ ॥2॥

ਸਾਗਰ ਭਗਤਿ ਭੰਡਾਰ ਹਰਿ
ਪੂਰੇ ਸਤਿਗੁਰ ਪਾਸਿ ॥

ساگر بھگتِ بھنڈار ہرِ
پورے ستِگُر پاسِ ॥

ਸਤਿਗੁਰੁ ਤੁਠਾ ਖੋਲਿ ਦੇਇ
ਮੁਖਿ ਗੁਰਮੁਖਿ ਹਰਿ ਪਰਗਾਸਿ ॥

ستِگُرُ تُٹھا کھولِ دےءِ
مُکھِ گُرمُکھِ ہرِ پرگاسِ ॥

ਮਨਮੁਖਿ ਭਾਗ ਵਿਹੂਣਿਆ
ਤਿਖ ਮੁਈਆ ਕੰਧੀ ਪਾਸਿ ॥੩॥

منمُکھِ بھاگ وِہوُنیا
تِکھ مُئیا کندھی پاسِ ॥3॥

ਗੁਰੁ ਦਾਤਾ ਦਾਤਾਰੁ ਹੈ
ਹਉ ਮਾਗਉ ਦਾਨੁ ਗੁਰ ਪਾਸਿ ॥

گُرُ داتا داتارُ ہے
ہءُ ماگءُ دانُ گُر پاسِ ॥

ਚਿਰੀ ਵਿਛੁੰਨਾ ਮੇਲਿ ਪ੍ਰਭ
ਮੈ ਮਨਿ ਤਨਿ ਵਡੜੀ ਆਸ ॥

چِری وِچھُنّا میلِ پربھ

ਗੁਰ ਭਾਵੈ ਸੁਣਿ ਬੇਨਤੀ
ਜਨ ਨਾਨਕ ਕੀ ਅਰਦਾਸਿ ॥੪॥੨॥੪॥

ਮਾਰੂ ਮਹਲਾ ੪ ॥

ਹਰਿ ਹਰਿ ਕਥਾ ਸੁਣਾਇ ਪ੍ਰਭ
ਗੁਰਮਤਿ ਹਰਿ ਰਿਦੈ ਸਮਾਣੀ ॥

ਜਪਿ ਹਰਿ ਹਰਿ ਕਥਾ ਵਡਭਾਗੀਆ
ਹਰਿ ਉਤਮ ਪਦੁ ਨਿਰਬਾਣੀ ॥

ਗੁਰਮੁਖਾ ਮਨਿ ਪਰਤੀਤਿ ਹੈ
ਗੁਰਿ ਪੂਰੈ ਨਾਮਿ ਸਮਾਣੀ ॥੧॥

ਮਨ ਮੇਰੇ
ਮੈ ਹਰਿ ਹਰਿ ਕਥਾ ਮਨਿ ਭਾਣੀ ॥

ਹਰਿ ਹਰਿ ਕਥਾ ਨਿਤ ਸਦਾ ਕਰਿ
ਗੁਰਮੁਖਿ ਅਕਥ ਕਹਾਣੀ ॥੧॥ ਰਹਾਉ ॥

ਮੈ ਮਨੁ ਤਨੁ ਖੋਜਿ ਢੰਢੋਲਿਆ
ਕਿਉ ਪਾਈਐ ਅਕਥ ਕਹਾਣੀ ॥

ਸੰਤ ਜਨਾ ਮਿਲਿ ਪਾਇਆ
ਸੁਣਿ ਅਕਥ ਕਥਾ ਮਨਿ ਭਾਣੀ ॥

ਮੇਰੈ ਮਨਿ ਤਨਿ ਨਾਮੁ ਅਧਾਰੁ ਹਰਿ
ਮੈ ਮੇਲੇ ਪੁਰਖੁ ਸੁਜਾਣੀ ॥੨॥

ਗੁਰ ਪੁਰਖੈ ਪੁਰਖੁ ਮਿਲਾਇ ਪ੍ਰਭ
ਮਿਲਿ ਸੁਰਤੀ ਸੁਰਤਿ ਸਮਾਣੀ ॥

ਵਡਭਾਗੀ ਗੁਰੁ ਸੇਵਿਆ
ਹਰਿ ਪਾਇਆ ਸੁਘੜ ਸੁਜਾਣੀ ॥

ਮਨਮੁਖ ਭਾਗ ਵਿਹੂਣਿਆ

مے من تن وڈڑی آس ॥

گُر بھاوے سُنِ بینتی
جن نانک کی عرداس ॥4॥2॥4॥

مارُو محلا 4 ॥

ہرِ ہرِ کتھا سُٹاءِ پربھ
گُرمتِ ہرِ ردے سماٹی ॥

جپِ ہرِ ہرِ کتھا وڈبھاگیا
ہرِ اُتم پدُ نربانٹی ॥

گُرمکھا منِ پرتیتِ ہے
گُرِ پُورے نامِ سماٹی ॥1॥

من میرے
مے ہرِ ہرِ کتھا منِ بھاٹی ॥

ہرِ ہرِ کتھا نِت سدا کرِ
گُرمُکھِ اکتھ کہانٹی ॥1॥ رہاءُ ॥

مے منُ تنُ کھوجِ ڈھنڈھولیا
کِءُ پائیئے اکتھ کہانٹی ۔ ॥

سنّت جنا مِلِ پائیا
سُنِ اکتھ کتھا منِ بھاٹی ॥

میرے منِ تنِ نامُ ادھارُ ہرِ
مے میلے پُرکھُ سُجانٹی ॥2॥

گُر پُرکھے پُرکھُ مِلاءِ پربھ
مِلِ سُرتی سُرتِ سماٹی ॥

وڈبھاگی گُرُ سیویا
ہرِ پائیا سُگھڑ سُجانٹی ॥

منمکھ بھاگ وِہُونیا

ਤਿਨ ਦੁਖੀ ਰੈਣਿ ਵਿਹਾਣੀ ॥੩॥

تِن دُکھی رَیَنِ وِہانی ॥3॥

ਹਮ ਜਾਚਿਕ ਦੀਨ ਪ੍ਰਭ ਤੇਰਿਆ
ਮੁਖਿ ਦੀਜੈ ਅੰਮ੍ਰਿਤ ਬਾਣੀ ॥

ہم جاچِک دِین پربھ تیرِیا
مُکھِ دیجَے اَمرِت بانی ॥

ਸਤਿਗੁਰੁ ਮੇਰਾ ਮਿਤ੍ਰੁ ਪ੍ਰਭ
ਹਰਿ ਮੇਲਹੁ ਸੁਘੜ ਸੁਜਾਣੀ ॥

ستِگُرُ میرا مِتّرُ پربھ
ہرِ میلہُ سُگھڑ سُجانی ॥

ਜਨ ਨਾਨਕ ਸਰਣਾਗਤੀ
ਕਰਿ ਕਿਰਪਾ ਨਾਮਿ ਸਮਾਣੀ ॥੪॥੩॥੫॥

جن نانک سرناگتی
کرِ کرِپا نامِ سمانی ॥4॥3॥5॥

ਮਾਰੂ ਮਹਲਾ ੪ ॥

مارُو محلا 4 ॥

ਹਰਿ ਭਾਉ ਲਗਾ ਬੈਰਾਗੀਆ
ਵਡਭਾਗੀ ਹਰਿ ਮਨਿ ਰਾਖੁ ॥

ہرِ بھاءُ لگا بیَراگِیا
وڈبھاگی ہرِ منِ راکھُ ॥

ਮਿਲਿ ਸੰਗਤਿ ਸਰਧਾ ਊਪਜੈ
ਗੁਰ ਸਬਦੀ ਹਰਿ ਰਸੁ ਚਾਖੁ ॥

مِلِ سنگتِ سردھا اوُپجَے
گُر سبدی ہرِ رسُ چاکھُ ॥

ਸਭੁ ਮਨੁ ਤਨੁ ਹਰਿਆ ਹੋਇਆ
ਗੁਰਬਾਣੀ ਹਰਿ ਗੁਣ ਭਾਖੁ ॥੧॥

سبھُ منُ تنُ ہرِیا ہوئیا
گُربانی ہرِ گُن بھاکھُ ॥1॥

ਮਨ ਪਿਆਰਿਆ ਮਿਤ੍ਰਾ
ਹਰਿ ਹਰਿ ਨਾਮ ਰਸੁ ਚਾਖੁ ॥

من پیارِیا مِتّرا
ہرِ ہرِ نام رسُ چاکھُ ॥

ਗੁਰਿ ਪੂਰੈ ਹਰਿ ਪਾਇਆ
ਹਲਤਿ ਪਲਤਿ ਪਤਿ ਰਾਖੁ ॥੧॥ ਰਹਾਉ ॥

گُرِ پوُرے ہرِ پائیا
ہلتِ پلتِ پتِ راکھُ ॥1॥ رہاءُ ॥

ਹਰਿ ਹਰਿ ਨਾਮੁ ਧਿਆਈਐ
ਹਰਿ ਕੀਰਤਿ ਗੁਰਮੁਖਿ ਚਾਖੁ ॥

ہرِ ہرِ نامُ دھیائیَے
ہرِ کیرتِ گُرمُکھِ چاکھُ ॥

ਤਨੁ ਧਰਤੀ ਹਰਿ ਬੀਜੀਐ
ਵਿਚਿ ਸੰਗਤਿ ਹਰਿ ਪ੍ਰਭ ਰਾਖੁ ॥

تنُ دھرتی ہرِ بیجیَے
وِچِ سنگتِ ہرِ پربھ راکھُ ॥

ਅੰਮ੍ਰਿਤੁ ਹਰਿ ਹਰਿ ਨਾਮੁ ਹੈ
ਗੁਰਿ ਪੂਰੈ ਹਰਿ ਰਸੁ ਚਾਖੁ ॥੨॥

اَمرِتُ ہرِ ہرِ نامُ ہے
گُرِ پوُرے ہرِ رسُ چاکھُ ॥2॥

ਮਨਮੁਖ ਤ੍ਰਿਸਨਾ ਭਰਿ ਰਹੇ

منمُکھ ترِسنا بھرِ رہے

ਮਨਿ ਆਸਾ ਦਹ ਦਿਸ ਬਹੁ ਲਾਖੁ ॥
من آسا دہ دِس بہُ لاکھُ ॥

ਬਿਨੁ ਨਾਵੈ ਧ੍ਰਿਗੁ ਜੀਵਦੇ
ਵਿਚਿ ਬਿਸਟਾ ਮਨਮੁਖ ਰਾਖੁ ॥
بِنُ ناوے دھرِگُ جیِودے
وِچِ بِسٹا منمُکھ راکھُ ॥

ਓਇ ਆਵਹਿ ਜਾਹਿ ਭਵਾਈਅਹਿ
ਬਹੁ ਜੋਨੀ ਦੁਰਗੰਧ ਭਾਖੁ ॥੩॥
اوءِ آوہِ جاہِ بھوائیَہِ
بہُ جونی دُرگندھ بھاکھُ ॥3॥

ਤ੍ਰਾਹਿ ਤ੍ਰਾਹਿ ਸਰਣਾਗਤੀ
ਹਰਿ ਦਇਆ ਧਾਰਿ ਪ੍ਰਭ ਰਾਖੁ ॥
ترّاہِ ترّاہِ سرناگتی
ہرِ دئیا دھارِ پربھ راکھُ ॥

ਸੰਤਸੰਗਤਿ ਮੇਲਾਪੁ ਕਰਿ
ਹਰਿ ਨਾਮੁ ਮਿਲੈ ਪਤਿ ਸਾਖੁ ॥
سنتسنگتِ میلاپُ کرِ
ہرِ نامُ مِلے پتِ ساکھُ ॥

ਹਰਿ ਹਰਿ ਨਾਮੁ ਧਨੁ ਪਾਇਆ
ਜਨ ਨਾਨਕ ਗੁਰਮਤਿ ਭਾਖੁ ॥੪॥੪॥੬॥
ہرِ ہرِ نامُ دھنُ پائیا
جن نانک گُرمتِ بھاکھُ ॥4॥4॥6॥

ਮਾਰੂ ਮਹਲਾ ੪ ਘਰੁ ੫
مارُو محلا 4 گھرُ 5

ੴ ਸਤਿਗੁਰ ਪ੍ਰਸਾਦਿ ॥
ੴ ستِگُر پرسادِ ॥

ਹਰਿ ਹਰਿ ਭਗਤਿ ਭਰੇ ਭੰਡਾਰਾ ॥
ہرِ ہرِ بھگتِ بھرے بھنڈارا ॥

ਗੁਰਮੁਖਿ ਰਾਮੁ ਕਰੇ ਨਿਸਤਾਰਾ ॥
گُرمُکھِ رامُ کرے نِستارا ॥

ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ
ਸੋ ਹਰਿ ਕੇ ਗੁਣ ਗਾਵੈ ਜੀਉ ॥੧॥
جِس نو کرِپا کرے میرا سُیامی
سو ہرِ کے گُنؤ گاوے جیِءُ ॥1॥

ਹਰਿ ਹਰਿ ਕ੍ਰਿਪਾ ਕਰੇ ਬਨਵਾਲੀ ॥
ہرِ ہرِ کرِپا کرے بنوالی ॥

ਹਰਿ ਹਿਰਦੈ ਸਦਾ ਸਦਾ ਸਮਾਲੀ ॥
ہرِ ہِردے سدا سدا سمالی ॥

ਹਰਿ ਹਰਿ ਨਾਮੁ ਜਪਹੁ ਮੇਰੇ ਜੀਅੜੇ
ਜਪਿ ਹਰਿ ਹਰਿ ਨਾਮੁ ਛਡਾਵੈ ਜੀਉ ॥੧॥ ਰਹਾਉ ॥
ہرِ ہرِ نامُ جپہُ میرے جیئڑے
جپِ ہرِ ہرِ نامُ چھڈاوے جیِءُ ॥1॥ رہاءُ ॥

ਸੁਖ ਸਾਗਰੁ ਅੰਮ੍ਰਿਤੁ ਹਰਿ ਨਾਉ ॥
سُکھ ساگرُ انمّرِتُ ہرِ ناءُ ॥

ਮੰਗਤ ਜਨੁ ਜਾਚੈ ਹਰਿ ਦੇਹੁ ਪਸਾਉ ॥
منگت جنُ جاچے ہرِ دیہُ پساءُ ॥

ਹਰਿ ਸਤਿ ਸਤਿ ਸਦਾ ਹਰਿ ਸਤਿ
ਹਰਿ ਸਤਿ ਮੇਰੈ ਮਨਿ ਭਾਵੈ ਜੀਉ ॥੨॥
ہرِ ستِ ستِ سدا ہرِ ستِ

ਹਰਿ ਸਤਿ ਮੇਰੇ ਮਨਿ ਭਾਵੈ ॥2॥

ہرِ ستِ میرے منِ بھاوے جیِءُ ॥2॥

ਨਵੇ ਛਿਦ੍ਰ ਸ੍ਰਵਹਿ ਅਪਵਿਤ੍ਰਾ ॥

نوے چھِدّر سّروہِ اپوِتّرا ॥

ਬੋਲਿ ਹਰਿ ਨਾਮ ਪਵਿਤ੍ਰ ਸਭਿ ਕਿਤਾ ॥

بولِ ہرِ نام پوِتّر سبھِ کِتا ॥

ਜੇ ਹਰਿ ਸੁਪ੍ਰਸੰਨੁ ਹੋਵੈ ਮੇਰਾ ਸੁਆਮੀ
ਹਰਿ ਸਿਮਰਤ ਮਲੁ ਲਹਿ ਜਾਵੈ ਜੀਉ ॥੩॥

جے ہرِ سُپّرسنّنُ ہووے میرا سُیامی
ہرِ سِمرت مل لہِ جاوے جیِءُ ॥3॥

ਮਾਇਆ ਮੋਹੁ ਬਿਖਮੁ ਹੈ ਭਾਰੀ ॥

مائیا موہُ بِکھمُ ہے بھاری ॥

ਕਿਉ ਤਰੀਐ ਦੁਤਰੁ ਸੰਸਾਰੀ ॥

کِءُ ترِیَے دُتّرُ سنّساری ॥

ਸਤਿਗੁਰੁ ਬੋਹਿਥੁ ਦੇਇ ਪ੍ਰਭੁ ਸਾਚਾ
ਜਪਿ ਹਰਿ ਹਰਿ ਪਾਰਿ ਲੰਘਾਵੈ ਜੀਉ ॥੪॥

ستِگُرُ بوہتھُ دےءِ پربھُ ساچا
جپِ ہرِ ہرِ پارِ لنگھاوے جیِءُ ॥4॥

ਤੂ ਸਰਬਤ੍ਰ ਤੇਰਾ ਸਭੁ ਕੋਈ ॥

توُ سربتّر تیرا سبھُ کوئی ॥

ਜੋ ਤੂ ਕਰਹਿ ਸੋਈ ਪ੍ਰਭ ਹੋਈ ॥

جو توُ کرہِ سوئی پربھ ہوئی ॥

ਜਨੁ ਨਾਨਕੁ ਗੁਣ ਗਾਵੈ ਬੇਚਾਰਾ
ਹਰਿ ਭਾਵੈ ਹਰਿ ਥਾਇ ਪਾਵੈ ਜੀਉ ॥੫॥੧॥੭॥

جنُ نانکُ گُنّ گاوے بیچارا
ہرِ بھاوے ہرِ تھاءِ پاوے جیِءُ ॥5॥1॥7॥

ਮਾਰੂ ਮਹਲਾ ੪ ॥

مارُو محلا 4 ॥

ਹਰਿ ਹਰਿ ਨਾਮੁ ਜਪਹੁ ਮਨ ਮੇਰੇ ॥

ہرِ ہرِ نامُ جپہُ من میرے ۔ ॥

ਸਭਿ ਕਿਲਵਿਖ ਕਾਟੈ ਹਰਿ ਤੇਰੇ ॥

سبھِ کِلوِکھ کاٹے ہرِ تیرے ॥

ਹਰਿ ਧਨੁ ਰਾਖਹੁ ਹਰਿ ਧਨੁ ਸੰਚਹੁ
ਹਰਿ ਚਲਦਿਆ ਨਾਲਿ ਸਖਾਈ ਜੀਉ ॥੧॥

ہرِ دھنُ راکھہُ ہرِ دھنُ سنچّہُ
ہرِ چلدِیا نالِ سکھائی جیِءُ ॥1॥

ਜਿਸ ਨੋ ਕ੍ਰਿਪਾ ਕਰੇ ਸੋ ਧਿਆਵੈ ॥

جِس نو کرِّپا کرے سو دھِیاوے ॥

ਨਿਤ ਹਰਿ ਜਪੁ ਜਾਪੈ
ਜਪਿ ਹਰਿ ਸੁਖੁ ਪਾਵੈ ॥

نِت ہرِ جپُ جاپے
جپِ ہرِ سُکھُ پاوے ॥

ਗੁਰ ਪਰਸਾਦੀ ਹਰਿ ਰਸੁ ਆਵੈ
ਜਪਿ ਹਰਿ ਹਰਿ ਪਾਰਿ ਲੰਘਾਈ ਜੀਉ ॥੧॥ ਰਹਾਉ ॥

گُر پرسادی ہرِ رسُ آوے
جپِ ہرِ ہرِ پارِ لنگھائی جیِءُ ॥1॥ رہاءُ ॥

ਨਿਰਭਉ ਨਿਰੰਕਾਰੁ ਸਤਿ ਨਾਮੁ ॥

نِربھءُ نِرنّکارُ ستِ نامُ ॥

ਜਗੁ ਮਹਿ ਸ੍ਰੇਸਟੁ ਊਤਮ ਕਾਮੁ ॥
جگُ مہِ سّریسٹُ اوُتم کامُ ॥

ਦੁਸਮਨ ਦੂਤ ਜਮਕਾਲੁ ਠੇਹ ਮਾਰਉ
ਹਰਿ ਸੇਵਕ ਨੇੜਿ ਨ ਜਾਈ ਜੀਉ ॥੨॥
دُسمن دوُت جمکالُ ٹھیہ مارءُ
ہرِ سیوک نیڑِ ن جائی جیِءُ ॥2॥

ਜਿਸੁ ਉਪਰਿ ਹਰਿ ਕਾ ਮਨੁ ਮਾਨਿਆ ॥
جِسُ اُپرِ ہرِ کا منُ مانِیا ॥

ਸੋ ਸੇਵਕੁ ਚਹੁ ਜੁਗ ਚਹੁ ਕੁੰਟ ਜਾਨਿਆ ॥
سو سیوکُ چہُ جُگ چہُ کُنٹ جانِیا ॥

ਜੇ ਉਸ ਕਾ ਬੁਰਾ ਕਹੈ ਕੋਈ ਪਾਪੀ
ਤਿਸੁ ਜਮਕੰਕਰੁ ਖਾਈ ਜੀਉ ॥੩॥
جے اُس کا بُرا کہے کوئی پاپی
تِسُ جمکنکرُ کھائی جیِءُ ॥3॥

ਸਭ ਮਹਿ ਏਕੁ ਨਿਰੰਜਨ ਕਰਤਾ ॥
سبھ مہِ ایکُ نِرنجن کرتا ॥

ਸਭਿ ਕਰਿ ਕਰਿ ਵੇਖੈ ਅਪਣੇ ਚਲਤਾ ॥
سبھِ کرِ کرِ ویکھے اپنے چلتا ॥

ਜਿਸੁ ਹਰਿ ਰਾਖੈ ਤਿਸੁ ਕਉਣੁ ਮਾਰੈ
ਜਿਸੁ ਕਰਤਾ ਆਪਿ ਛਡਾਈ ਜੀਉ ॥੪॥
جِسُ ہرِ راکھے تِسُ کنُ مارے
جِسُ کرتا آپِ چھڈائی جیِءُ ॥4॥

ਹਉ ਅਨਦਿਨੁ ਨਾਮੁ ਲਈ ਕਰਤਾਰੇ ॥
ہءُ اندِنُ نامُ لئی کرتارے ॥

ਜਿਨਿ ਸੇਵਕ ਭਗਤ ਸਭੇ ਨਿਸਤਾਰੇ ॥
جِنِ سیوک بھگت سبھے نِستارے ॥

ਦਸ ਅਠ ਚਾਰਿ ਵੇਦ ਸਭਿ ਪੂਛਹੁ
ਜਨ ਨਾਨਕ ਨਾਮੁ ਛਡਾਈ ਜੀਉ ॥੫॥੨॥੮॥
دس اٹھ چارِ وید سبھِ پوُچھہُ
جن نانک نامُ چھڈائی جیِءُ ॥5॥2॥8॥

ਮਾਰੂ ਮਹਲਾ ੫ ਘਰੁ ੨
مارو محلا 5 گھرُ 2

ੴ ਸਤਿਗੁਰ ਪ੍ਰਸਾਦਿ ॥
ੴ ستِگُر پرّسادِ ॥

ਡਰਪੈ ਧਰਤਿ ਅਕਾਸੁ ਨਖਤ੍ਰਾ
ਸਿਰ ਊਪਰਿ ਅਮਰੁ ਕਰਾਰਾ ॥
ڈرپے دھرتِ اکاسُ نکھتّرا
سِر اوُپرِ امرُ کرارا ॥

ਪਉਣੁ ਪਾਣੀ ਬੈਸੰਤਰੁ ਡਰਪੈ
ਡਰਪੈ ਇੰਦ੍ਰੁ ਬਿਚਾਰਾ ॥੧॥
پئُنُ پانی بیسنّترُ ڈرپے
ڈرپے اِندّرُ بچارا ॥1॥

ਏਕਾ ਨਿਰਭਉ ਬਾਤ ਸੁਨੀ ॥
ایکا نِربھءُ بات سُنی ॥

ਸੋ ਸੁਖੀਆ ਸੋ ਸਦਾ ਸੁਹੇਲਾ
ਜੋ ਗੁਰ ਮਿਲਿ ਗਾਇ ਗੁਨੀ ॥੧॥ ਰਹਾਉ ॥
سو سُکھیا سو سدا سُہیلا
جو گُر مِلِ گاءِ گُنی ॥1॥ رہاءُ ॥

ਦੇਹਧਾਰ ਅਰੁ ਦੇਵਾ ਡਰਪਹਿ
ਸਿਧ ਸਾਧਿਕ ਡਰਿ ਮੁਇਆ ॥

دیہدھار ارُ دیوا ڈرپہِ
سِدھ سادھک ڈرِ مُئیا ॥

ਲਖ ਚਉਰਾਸੀਹ ਮਰਿ ਮਰਿ ਜਨਮੇ
ਫਿਰਿ ਫਿਰਿ ਜੋਨੀ ਜੋਇਆ ॥੨॥

لکھ چترُاسیہِ مرِ مرِجنمے
پھرِ پھرِ جونی جوئیا ॥2॥

ਰਾਜਸੁ ਸਾਤਕੁ ਤਾਮਸੁ ਡਰਪਹਿ
ਕੇਤੇ ਰੂਪ ਉਪਾਇਆ ॥

راجسُ ساتکُ تامسُ ڈرپہِ
کیتے روُپ اُپائیا ॥

ਛਲ ਬਪੁਰੀ ਇਹ ਕਉਲਾ ਡਰਪੈ
ਅਤਿ ਡਰਪੈ ਧਰਮ ਰਾਇਆ ॥੩॥

چھل بپُری اِہ کئُلا ڈرپے
اتِ ڈرپے دھرم رائیا ॥3॥

ਸਗਲ ਸਮਗ੍ਰੀ ਡਰਹਿ ਬਿਆਪੀ
ਬਿਨੁ ਡਰ ਕਰਣੈਹਾਰਾ ॥

سگل سمگّری ڈرہِ بیاپی
بِنُ ڈر کرتّیہارا ॥

ਕਹੁ ਨਾਨਕ ਭਗਤਨ ਕਾ ਸੰਗੀ
ਭਗਤ ਸੋਹਹਿ ਦਰਬਾਰਾ ॥੪॥੧॥

کہُ نانک بھگتن کا سنگی
بھگت سوہہِ دربارا ॥4॥1॥

ਮਾਰੂ ਮਹਲਾ ੫ ॥

مارُو محلا 5 ॥

ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ
ਹਰਿ ਸਿਮਰਤ ਅਮਰ ਅਟਾਰੇ ॥

پانچ برکھ کو اناتھُ دھرّوُ بارِکُ
ہرِ سِمرت امر اٹارے ॥

ਪੁਤ੍ਰ ਹੇਤਿ ਨਾਰਾਇਣੁ ਕਹਿਓ
ਜਮਕੰਕਰ ਮਾਰਿ ਬਿਦਾਰੇ ॥੧॥

پُتّر ہیتِ نارائنُ کہِئو
جمکنکر مارِ بِدارے ॥1॥

ਮੇਰੇ ਠਾਕੁਰ ਕੇਤੇ ਅਗਨਤ ਉਧਾਰੇ ॥

میرے ٹھاکُر کیتے اگنت اُدھارے ॥

ਮੋਹਿ ਦੀਨ ਅਲਪ ਮਤਿ ਨਿਰਗੁਣ
ਪਰਿਓ ਸਰਣਿ ਦੁਆਰੇ ॥੧॥ ਰਹਾਉ ॥

موہِ دِین الپ متِ نِرگُنٹ
پرِئو سرنِ دُیارے ॥1॥ رہاءُ ॥

ਬਾਲਮੀਕੁ ਸੁਪਚਾਰੋ ਤਰਿਓ
ਬਧਿਕ ਤਰੇ ਬਿਚਾਰੇ ॥

بالمیکُ سُپچارہ ترِئو
بدھِک ترے بچارے ॥

ਏਕ ਨਿਮਖ ਮਨ ਮਾਹਿ ਅਰਾਧਿਓ
ਗਜਪਤਿ ਪਾਰਿ ਉਤਾਰੇ ॥੨॥

ایک نِمکھ من ماہِ ارادھِئو
گجپتِ پارِ اُتارے ॥2॥

ਕੀਨੀ ਰਖਿਆ ਭਗਤ ਪ੍ਰਹਿਲਾਦੈ

کِینی رکھیا بھگت پرّہِلادے

ਹਰਨਾਖਸ ਨਖਹਿ ਬਿਦਾਰੇ ॥

ہرناکھس نکھہِ بِدارے ॥

ਬਿਦਰੁ ਦਾਸੀ ਸੁਤੁ ਭਇਓ ਪੁਨੀਤਾ
ਸਗਲੇ ਕੁਲ ਉਜਾਰੇ ॥੩॥

بِدرُ داسی سُتُ بھئِئو پُنیتا
سگلے کُل اُجارے ॥3॥

ਕਵਨ ਪਰਾਧ ਬਤਾਵਉ ਅਪੁਨੇ
ਮਿਥਿਆ ਮੋਹ ਮਗਨਾਰੇ ॥

کون پرادھ بتاوءُ اپُنے
مِتھیا موہ مگنارے ॥

ਆਇਓ ਸਾਮ ਨਾਨਕ ਓਟ ਹਰਿ ਕੀ
ਲੀਜੈ ਭੁਜਾ ਪਸਾਰੇ ॥੪॥੨॥

آئِئو سام نانک اوٹ ہرِ کی
لیجے بھُجا پسارے ॥4॥2॥

ਮਾਰੂ ਮਹਲਾ ੫ ॥

مارُو محلا 5 ॥

ਵਿਤ ਨਵਿਤ ਭ੍ਰਮਿਓ ਬਹੁ ਭਾਤੀ
ਅਨਿਕ ਜਤਨ ਕਰਿ ਧਾਏ ॥

وِت نوِت بھرمِئو بہُ بھاتی
انِک جتن کرِ دھائے ॥

ਜੋ ਜੋ ਕਰਮ ਕੀਏ ਹਉ ਹਉਮੈ
ਤੇ ਤੇ ਭਏ ਅਜਾਏ ॥੧॥

جو جو کرم کیئے ہءُ ہئُمے
تے تے بھئے اجائے ॥1॥

ਅਵਰ ਦਿਨ ਕਾਹੂ ਕਾਜ ਨ ਲਾਏ ॥

اور دِن کاہوُ کاج ن لائے ॥

ਸੋ ਦਿਨੁ ਮੋ ਕਉ ਦੀਜੈ ਪ੍ਰਭ ਜੀਉ
ਜਾ ਦਿਨ ਹਰਿ ਜਸੁ ਗਾਏ ॥੧॥ ਰਹਾਉ ॥

سو دِنُ موہ کءُ دیجے پربھ جیِءُ
جا دِن ہرِ جسُ گائے ॥1॥ رہاءُ ॥

ਪੁਤ੍ਰ ਕਲਤ੍ਰ ਗ੍ਰਿਹ ਦੇਖਿ ਪਸਾਰਾ
ਇਸ ਹੀ ਮਹਿ ਉਰਝਾਏ ॥

پُتّر کلتّر گرِہ دیکھِ پسارا
اِس ہی مہِ اُرجھائے ॥

ਮਾਇਆ ਮਦ ਚਾਖਿ ਭਏ ਉਦਮਾਤੇ
ਹਰਿ ਹਰਿ ਕਬਹੁ ਨ ਗਾਏ ॥੨॥

مائیا مد چاکھِ بھئے اُدماتے
ہرِ ہرِ کبہُ ن گائے ॥2॥

ਇਹ ਬਿਧਿ ਖੋਜੀ ਬਹੁ ਪਰਕਾਰਾ
ਬਿਨੁ ਸੰਤਨ ਨਹੀ ਪਾਏ ॥

اِہ بِدھِ کھوجی بہُ پرکارا
بِنُ سنّتن نہی پائے ॥

ਤੁਮ ਦਾਤਾਰ ਵਡੇ ਪ੍ਰਭ ਸੰਮ੍ਰਥ
ਮਾਗਨ ਕਉ ਦਾਨੁ ਆਏ ॥੩॥

تُم داتار وڈے پربھ سمّرتھ
ماگن کءُ دانُ آئے ॥3॥

ਤਿਆਗਿਓ ਸਗਲਾ ਮਾਨੁ ਮਹਤਾ
ਦਾਸ ਰੇਣ ਸਰਣਾਏ ॥

تِیاگِئو سگلا مانُ مہتا
داس ریٹ سرٹائے ॥

ਕਹੁ ਨਾਨਕ ਹਰਿ ਮਿਲਿ ਭਏ ਏਕੈ
ਮਹਾ ਅਨੰਦ ਸੁਖ ਪਾਏ ॥੪॥੩॥

کہُ نانک ہرِ مِلِ بھئے ایکے
مہا انند سُکھ پائے ॥4॥3॥

ਮਾਰੂ ਮਹਲਾ ੫ ॥

مارُو محلا 5 ॥

ਕਵਨ ਥਾਨ ਧੀਰਿਓ ਹੈ ਨਾਮਾ
ਕਵਨ ਬਸਤੁ ਅਹੰਕਾਰਾ ॥

کون تھان دھیرِئو ہے نانا
کون بستُ اہنکارا ۔ ॥

ਕਵਨ ਚਿਹਨ ਸੁਨਿ ਊਪਰਿ ਛੋਹਿਓ
ਮੁਖ ਤੇ ਸੁਨਿ ਕਰਿ ਗਾਰਾ ॥੧॥

کون چِہن سُنِ اوُپر چھوہِئو
مُکھ تے سُنِ کرِ گارا ॥1॥

ਸੁਨਹੁ ਰੇ ਤੂ ਕਉਨੁ
ਕਹਾ ਤੇ ਆਇਓ ॥

سُنہُ رے توُ کئُنُ
کہا تے آئِئو ۔ ॥

ਏਤੀ ਨ ਜਾਨਉ ਕੇਤੀਕ ਮੁਦਤਿ
ਚਲਤੇ ਖਬਰਿ ਨ ਪਾਇਓ ॥੧॥ ਰਹਾਉ ॥

ایتی ن جان ءُ کیتیِک مُدتِ
چلتے خبرِ ن پائِئو ॥1॥ رہاءُ ॥

ਸਹਨ ਸੀਲ ਪਵਨ ਅਰੁ ਪਾਣੀ
ਬਸੁਧਾ ਖਿਮਾ ਨਿਭਰਾਤੇ ॥

سہن سِیل پون ارُ پانئی
بسُدھا کھِما نِبھراتے ॥

ਪੰਚ ਤਤ ਮਿਲਿ ਭਇਓ ਸੰਜੋਗਾ
ਇਨ ਮਹਿ ਕਵਨ ਦੁਰਾਤੇ ॥੨॥

پنچ تت مِلِ بھئِئو سنجوگا
اِن مہِ کون دُراتے ۔ ॥2॥

ਜਿਨਿ ਰਚਿ ਰਚਿਆ ਪੁਰਖਿ ਬਿਧਾਤੈ
ਨਾਲੇ ਹਉਮੈ ਪਾਈ ॥

جِنِ رچِ رچیا پُرکھِ بِدھاتے
نالے ہئُمے پائی ॥

ਜਨਮ ਮਰਣੁ ਉਸ ਹੀ ਕਉ ਹੈ ਰੇ
ਓਹਾ ਆਵੈ ਜਾਈ ॥੩॥

جنم مرنُ اُس ہی ک ءُ ہے رے
اوہا آوے جائی ॥3॥

ਬਰਨੁ ਚਿਹਨੁ ਨਾਹੀ ਕਿਛੁ ਰਚਨਾ
ਮਿਥਿਆ ਸਗਲ ਪਸਾਰਾ ॥

برنُ چِہنُ ناہی کچھُ رچنا
مِتھیا سگل پسارا ॥

ਭਣਤਿ ਨਾਨਕੁ ਜਬ ਖੇਲੁ ਉਝਾਰੈ
ਤਬ ਏਕੈ ਏਕੰਕਾਰਾ ॥੪॥੪॥

بھنٹتِ نانکُ جب کھیلُ اُجھارے
تب ایکے ایکنکارا ॥4॥4॥

ਮਾਰੂ ਮਹਲਾ ੫ ॥

مارُو محلا 5 ॥

ਮਾਨ ਮੋਹ ਅਰੁ ਲੋਭ ਵਿਕਾਰਾ

مان موہ ارُ لوبھ وِکارا

ਬੀਓ ਚੀਤਿ ਨ ਘਾਲਿਓ ॥

بِیئو چیتِ ن گھالِئو ॥

ਨਾਮ ਰਤਨੁ ਗੁਣਾ ਹਰਿ ਬਣਜੇ
ਲਾਦਿ ਵਖਰੁ ਲੈ ਚਾਲਿਓ ॥੧॥

نام رتنُ گُنا ہرِ بنجے
لادِ وکھرُ لے چالِئو ॥1॥

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥

سیوک کی اوڑکِ نِبہی پرِیتِ ॥

ਜੀਵਤ ਸਾਹਿਬੁ ਸੇਵਿਓ ਅਪਨਾ
ਚਲਤੇ ਰਾਖਿਓ ਚੀਤਿ ॥੧॥ ਰਹਾਉ ॥

جیوت صاحِبُ سیوِئو اپنا
چلتے راکھِئو چیتِ ॥1॥ رہاءُ ॥

ਜੈਸੀ ਆਗਿਆ ਕੀਨੀ ਠਾਕੁਰਿ
ਤਿਸ ਤੇ ਮੁਖੁ ਨਹੀ ਮੋਰਿਓ ॥

جیَسی آگیا کِینی ٹھاکُرِ
تِس تے مُکھُ نہی مورِئو ॥

ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ
ਉਠਿ ਉਆਹੂ ਕਉ ਦਉਰਿਓ ॥੨॥

سہجُ انندُ رکھِئو گرِہ بھیترِ
اُٹھِ اُیاہوُ کءُ دئُرِئو ॥2॥

ਆਗਿਆ ਮਹਿ ਭੂਖ ਸੋਈ ਕਰਿ ਸੂਖਾ
ਸੋਗ ਹਰਖ ਨਹੀ ਜਾਨਿਓ ॥

آگیا مہِ بھوُکھ سوئی کرِ سوُکھا
سوگ ہرکھ نہی جانِئو ॥

ਜੋ ਜੋ ਹੁਕਮੁ ਭਇਓ ਸਾਹਿਬ ਕਾ
ਸੋ ਮਾਥੈ ਲੇ ਮਾਨਿਓ ॥੩॥

جو جو حُکمُ بھئِئو صاحِب کا
سو ماتھےَ لے مانِئو ॥3॥

ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ
ਸਵਰੇ ਹਲਤ ਪਲਾਤਾ ॥

بھئِئو کرِپالُ ٹھاکُرُ سیوک کءُ
سورے ہلت پلاتا ॥

ਧੰਨੁ ਸੇਵਕੁ ਸਫਲੁ ਓਹੁ ਆਇਆ
ਜਿਨਿ ਨਾਨਕ ਖਸਮੁ ਪਛਾਤਾ ॥੪॥੫॥

دھنّنُ سیوکُ سپھلُ اوہُ آئیا
جِنِ نانک خصمُ پچھاتا ॥4॥5॥

ਮਾਰੂ ਮਹਲਾ ੫ ॥

مارُو محلا 5 ॥

ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ
ਕੀਰਤਨੁ ਹਰਿ ਹਰਿ ਗਾਈ ॥

کھُلیا کرمُ کرِپا بھئی ٹھاکُر
کیرتنُ ہرِ ہرِ گائی ॥

ਸ੍ਰਮੁ ਥਾਕਾ ਪਾਏ ਬਿਸ੍ਰਾਮਾ
ਮਿਟਿ ਗਈ ਸਗਲੀ ਧਾਈ ॥੧॥

سّرمُ تھاکا پائے بِسّراما
مِٹ گئی سگلی دھائی ॥1॥

ਅਬ ਮੋਹਿ ਜੀਵਨ ਪਦਵੀ ਪਾਈ ॥

اب موہِ جیون پدوی پائی ॥

ਚੀਤਿ ਆਇਓ ਮਨਿ ਪੁਰਖੁ ਬਿਧਾਤਾ

چیتِ آئِئو منِ پُرکھُ بِدھاتا

ਸੰਤਨ ਕੀ ਸਰਣਾਈ ॥੧॥ ਰਹਾਉ ॥

سنّتن کی سرٹائی ॥1॥ رہاءُ ॥

ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ
ਨਿਵਰੇ ਸਗਲ ਬੈਰਾਈ ॥

کامُ کرودھُ لوبھُ موہُ نِوارے
نِورے سگل بیَرائی ॥

ਸਦ ਹਜੂਰਿ ਹਾਜਰੁ ਹੈ ਨਾਜਰੁ
ਕਤਹਿ ਨ ਭਇਓ ਦੂਰਾਈ ॥੨॥

سد حضوُرِ ہاجرُ ہےَ ناظرُ
کتہِ ن بھئِنو دوُرائی ॥2॥

ਸੁਖ ਸੀਤਲ ਸਰਧਾ ਸਭ ਪੂਰੀ
ਹੋਏ ਸੰਤ ਸਹਾਈ ॥

سُکھ سیِتل سردھا سبھ پوُری
ہوئے سنّت سہائی ॥

ਪਾਵਨ ਪਤਿਤ ਕੀਏ ਖਿਨ ਭੀਤਰਿ
ਮਹਿਮਾ ਕਥਨੁ ਨ ਜਾਈ ॥੩॥

پاون پتِت کیِئے کھِن بھیِترِ
مہِما کتھنُ ن جائی ॥3॥

ਨਿਰਭਉ ਭਏ ਸਗਲ ਭੈ ਖੋਏ
ਗੋਬਿਦ ਚਰਣ ਓਟਾਈ ॥

نِربھءُ بھئے سگل بھےَ کھوئے
گوبِد چرنٹ اوٹائی ॥

ਨਾਨਕੁ ਜਸੁ ਗਾਵੈ ਠਾਕੁਰ ਕਾ
ਰੈਣਿ ਦਿਨਸੁ ਲਿਵ ਲਾਈ ॥੪॥੬॥

نانکُ جسُ گاوےَ ٹھاکُر کا
ریَنٹِ دِنسُ لِو لائی ॥4॥6॥

ਮਾਰੂ ਮਹਲਾ ੫ ॥

مارُو محلا 5 ॥

ਜੋ ਸਮਰਥੁ ਸਰਬ ਗੁਣ ਨਾਇਕੁ
ਤਿਸ ਕਉ ਕਬਹੁ ਨ ਗਾਵਸਿ ਰੇ ॥

جو سمرتھُ سرب گُنٹ نائکُ
تِس کءُ کبہُ ن گاوسِ رے ॥

ਛੋਡਿ ਜਾਇ ਖਿਨ ਭੀਤਰਿ ਤਾ ਕਉ
ਉਆ ਕਉ ਫਿਰਿ ਫਿਰਿ ਧਾਵਸਿ ਰੇ ॥੧॥

چھوڈِ جاءِ کھِن بھیِترِ تا کءُ
اُیا کءُ پھِرِ پھِرِ دھاوسِ رے ॥1॥

ਅਪੁਨੇ ਪ੍ਰਭ ਕਉ
ਕਿਉ ਨ ਸਮਾਰਸਿ ਰੇ ॥

اپُنے پربھ کءُ
کِءُ ن سمارسِ رے ۔ ॥

ਬੈਰੀ ਸੰਗਿ ਰੰਗ ਰਸਿ ਰਚਿਆ
ਤਿਸੁ ਸਿਉ ਜੀਅਰਾ ਜਾਰਸਿ ਰੇ ॥੧॥ ਰਹਾਉ ॥

بیَری سنگِ رنگ رسِ رچِیا
تِس سِءُ جیِئرا جارسِ رے ॥1॥ رہاءُ ॥

ਜਾ ਕੈ ਨਾਮਿ ਸੁਨਿਐ ਜਮੁ ਛੋਡੈ
ਤਾ ਕੀ ਸਰਣਿ ਨ ਪਾਵਸਿ ਰੇ ॥

جا کےَ نامِ سُنِئے جمُ چھوڈےَ
تا کی سرنٹِ ن پاوسِ رے ॥

ਕਾਢਿ ਦੇਇ ਸਿਆਲ ਬਪੁਰੇ ਕਉ

کاڈھِ دےءِ سِیال بپُرے کءُ

ਤਾ ਕੀ ਓਟ ਟਿਕਾਵਸਿ ਰੇ ॥੨॥

تا کی اوٹ ٹِکاوسِ رے ॥2॥

ਜਿਸ ਕਾ ਜਾਸੁ ਸੁਨਤ ਭਵ ਤਰੀਐ
ਤਾ ਸਿਉ ਰੰਗੁ ਨ ਲਾਵਸਿ ਰੇ ॥

جِس کا جاسُ سُنت بھو ترِیۓ
تا سِءُ رنگُ ن لاوسِ رے ॥

ਥੋਰੀ ਬਾਤ ਅਲਪ ਸੁਪਨੇ ਕੀ
ਬਹੁਰਿ ਬਹੁਰਿ ਅਟਕਾਵਸਿ ਰੇ ॥੩॥

تھوری بات الپ سُپنے کی
بہُرِ بہُرِ اٹکاوسِ رے ॥3॥

ਭਇਓ ਪ੍ਰਸਾਦੁ ਕ੍ਰਿਪਾ ਨਿਧਿ ਠਾਕੁਰ
ਸੰਤਸੰਗਿ ਪਤਿ ਪਾਈ ॥

بھئیو پرّسادُ کرِپا نِدھِ ٹھاکُر
سنتسنگِ پتِ پائی ॥

ਕਹੁ ਨਾਨਕ ਤ੍ਰੈ ਗੁਣ ਭ੍ਰਮੁ ਛੂਟਾ
ਜਉ ਪ੍ਰਭ ਭਏ ਸਹਾਈ ॥੪॥੭॥

کہُ نانک ترّےَ گُن بھرّمُ چھوٹا
جءُ پرّبھ بھےَ سہائی ॥4॥7॥

ਮਾਰੂ ਮਹਲਾ ੫ ॥

مارُو محلا 5 ॥

ਅੰਤਰਜਾਮੀ ਸਭ ਬਿਧਿ ਜਾਨੈ
ਤਿਸ ਤੇ ਕਹਾ ਦੁਲਾਰਿਓ ॥

انترجامی سبھ بِدھِ جانے
تِس تے کہا دُلارِئو ۔ ॥

ਹਸਤ ਪਾਵ ਝਰੇ ਖਿਨ ਭੀਤਰਿ
ਅਗਨਿ ਸੰਗਿ ਲੈ ਜਾਰਿਓ ॥੧॥

ہست پاو جھرے کھِن بھیترِ
اگنِ سنگِ لےَ جارِئو ॥1॥

ਮੂੜੇ ਤੈ ਮਨ ਤੇ ਰਾਮੁ ਬਿਸਾਰਿਓ ॥

موُڑے تے من تے رامُ بِسارِئو ॥

ਲੂਣੁ ਖਾਇ ਕਰਹਿ ਹਰਾਮਖੋਰੀ
ਪੇਖਤ ਨੈਨ ਬਿਦਾਰਿਓ ॥੧॥ ਰਹਾਉ ॥

لوُنُ کھاءِ کرہِ حرامکھوری
پیکھت نیَن بِدارِئو ॥1॥ رہاءُ ॥

ਅਸਾਧ ਰੋਗੁ ਉਪਜਿਓ ਤਨ ਭੀਤਰਿ
ਟਰਤ ਨ ਕਾਹੂ ਟਾਰਿਓ ॥

اسادھ روگُ اُپجِئو تن بھیترِ
ٹرت ن کاہوُ ٹارِئو ॥

ਪ੍ਰਭ ਬਿਸਰਤ ਮਹਾ ਦੁਖੁ ਪਾਇਓ
ਇਹੁ ਨਾਨਕ ਤਤੁ ਬੀਚਾਰਿਓ ॥੨॥੮॥

پرّبھ بِسرت مہا دُکھُ پائِئو
اِہُ نانک تتُ بیچارِئو ॥2॥8॥

ਮਾਰੂ ਮਹਲਾ ੫ ॥

مارُو محلا 5 ॥

ਚਰਨ ਕਮਲ ਪ੍ਰਭ ਰਾਖੇ ਚੀਤਿ ॥

چرن کمل پرّبھ راکھے چیتِ ॥

ਹਰਿ ਗੁਣ ਗਾਵਹ ਨੀਤਾ ਨੀਤ ॥

ہرِ گُن گاوہ نِیتا نِیت ॥

ਤਿਸੁ ਬਿਨੁ ਦੂਜਾ ਅਵਰੁ ਨ ਕੋਊ ॥	تِس بِنُ دوُجا اورُ ن کوئوُ ॥
ਆਦਿ ਮਧਿ ਅੰਤਿ ਹੈ ਸੋਊ ॥੧॥	آدِ مدھِ انّتِ ہے سوئوُ ॥1॥
ਸੰਤਨ ਕੀ ਓਟ ਆਪੇ ਆਪਿ ॥੧॥ ਰਹਾਉ ॥	سنّتن کی اوٹ آپے آپِ ॥1॥ رہاءُ ॥
ਜਾ ਕੈ ਵਸਿ ਹੈ ਸਗਲ ਸੰਸਾਰੁ ॥	جا کے وسِ ہے سگل سنّسارُ ॥
ਆਪੇ ਆਪਿ ਆਪਿ ਨਿਰੰਕਾਰੁ ॥	آپے آپِ آپِ نِرنّکارُ ॥
ਨਾਨਕ ਗਹਿਓ ਸਾਚਾ ਸੋਇ ॥	نانک گہِئو ساچا سوءِ ॥
ਸੁਖੁ ਪਾਇਆ ਫਿਰਿ ਦੂਖੁ ਨ ਹੋਇ ॥੨॥੯॥	سُکھُ پائیا پھِرِ دوُکھُ ن ہوءِ ॥2॥9॥
ਮਾਰੂ ਮਹਲਾ ੫ ਘਰੁ ੩	مارُو محلا 5 گھرُ 3
੧ੴ ਸਤਿਗੁਰ ਪ੍ਰਸਾਦਿ ॥	۱ۄ ستِگُر پرّسادِ ॥
ਪ੍ਰਾਨ ਸੁਖਦਾਤਾ ਜੀਅ ਸੁਖਦਾਤਾ ਤੁਮ ਕਾਹੇ ਬਿਸਾਰਿਓ ਅਗਿਆਨਥ ॥	پرّان سُکھداتا جیء سُکھداتا تُم کاہے بِسارِئو اگیانتھ ۔ ॥
ਹੋਛਾ ਮਦੁ ਚਾਖਿ ਹੋਏ ਤੁਮ ਬਾਵਰ ਦੁਲਭ ਜਨਮੁ ਅਕਾਰਥ ॥੧॥	ہوچھا مدُ چاکھِ ہوئے تُم باور دُلبھ جنمُ اکارتھ ॥1॥
ਰੇ ਨਰ ਐਸੀ ਕਰਹਿ ਇਆਨਥ ॥	رے نر ایَسی کرہِ اِیانتھ ॥
ਤਜਿ ਸਾਰੰਗਧਰ ਭ੍ਰਮਿ ਤੂ ਭੂਲਾ ਮੋਹਿ ਲਪਟਿਓ ਦਾਸੀ ਸੰਗਿ ਸਾਨਥ ॥੧॥ ਰਹਾਉ ॥	تجِ سارنگدھر بھرّمِ توُ بھوُلا موہِ لپٹِئو داسی سنگِ سانتھ ॥1॥ رہاءُ ॥
ਧਰਣੀਧਰੁ ਤਿਆਗਿ ਨੀਚ ਕੁਲ ਸੇਵਹਿ ਹਉ ਹਉ ਕਰਤ ਬਿਹਾਵਥ ॥	دھرنیدھرُ تیاگِ نیچ کُل سیوہِ ہءُ ہءُ کرت بِہاوتھ ॥
ਫੋਕਟ ਕਰਮ ਕਰਹਿ ਅਗਿਆਨੀ ਮਨਮੁਖਿ ਅੰਧ ਕਹਾਵਥ ॥੨॥	پھوکٹ کرم کرہِ اگیانی منمُکھِ انّدھ کہاوتھ ॥2॥
ਸਤਿ ਹੋਤਾ ਅਸਤਿ ਕਰਿ ਮਾਨਿਆ ਜੋ ਬਿਨਸਤ ਸੋ ਨਿਹਚਲੁ ਜਾਨਥ ॥	ستِ ہوتا استِ کرِ مانِیا جو بِنست سو نِہچلُ جانتھ ॥
ਪਰ ਕੀ ਕਉ ਅਪਨੀ ਕਰਿ ਪਕਰੀ ਐਸੇ ਭੂਲ ਭੁਲਾਨਥ ॥੩॥	پر کی کءُ اپنی کرِ پکری ایَسے بھوُل بھُلانتھ ॥3॥

ਖਤ੍ਰੀ ਬ੍ਰਾਹਮਣ ਸੂਦ ਵੈਸ
ਸਭ ਏਕੈ ਨਾਮਿ ਤਰਾਨਥ ॥

ਗੁਰੁ ਨਾਨਕੁ ਉਪਦੇਸੁ ਕਹਤੁ ਹੈ
ਜੋ ਸੁਨੈ ਸੋ ਪਾਰਿ ਪਰਾਨਥ ॥੪॥੧॥੧੦॥

کھتّری برّاہمنُ سوُد ویَس
سبھ ایکے نامِ ترانتھ ॥

گُرُ نانکُ اُپدیسُ کہتُ ہے
جو سُنے سو پارِ پرانتھ ॥4॥1॥ 10 ॥

ਮਾਰੂ ਮਹਲਾ ੫ ॥

مارُو محلا 5 ॥

ਗੁਪਤੁ ਕਰਤਾ ਸੰਗਿ ਸੋ ਪ੍ਰਭੁ
ਡਹਕਾਵਏ ਮਨੁਖਾਇ ॥

گُپتُ کرتا سنگِ سو پربھُ
ڈہکاوئے منکھاءِ ॥

ਬਿਸਾਰਿ ਹਰਿ ਜੀਉ ਬਿਖੈ ਭੋਗਹਿ
ਤਪਤ ਥੰਮ ਗਲਿ ਲਾਇ ॥੧॥

بِسارِ ہرِ جیءُ بِکھے بھوگہِ
تپت تھنّم گلِ لاءِ ॥1॥

ਰੇ ਨਰ ਕਾਇ ਪਰ ਗ੍ਰਿਹਿ ਜਾਇ ॥

رے نر کاءِ پر گرِہِ جاءِ ۔ ॥

ਕੁਚਲ ਕਠੋਰ ਕਾਮਿ ਗਰਧਭ
ਤੁਮ ਨਹੀ ਸੁਨਿਓ ਧਰਮ ਰਾਇ ॥੧॥ ਰਹਾਉ ॥

کُچل کٹھور کامِ گردھبھ
تُم نہی سُنِیو دھرم راءِ ॥1॥ رہاءُ ॥

ਬਿਕਾਰ ਪਾਥਰ ਗਲਹਿ ਬਾਧੇ
ਨਿੰਦ ਪੋਟ ਸਿਰਾਇ ॥

بِکار پاتھر گلہِ بادھے
نِندپوٹ سِراءِ ॥

ਮਹਾ ਸਾਗਰੁ ਸਮੁਦੁ ਲੰਘਨਾ
ਪਾਰਿ ਨ ਪਰਨਾ ਜਾਇ ॥੨॥

مہا ساگرُ سمُدُ لنگھنا
پارِ ن پرنا جاءِ ॥2॥

ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ
ਨੇਤ੍ਰ ਰਖੇ ਫਿਰਾਇ ॥

کامِ کرودھِ لوبھِ موہِ بِیاپِئو
نیتّر رکھے پھِراءِ ॥

ਸੀਸੁ ਉਠਾਵਨ ਨ ਕਬਹੂ ਮਿਲਈ
ਮਹਾ ਦੁਤਰ ਮਾਇ ॥੩॥

سیسُ اُٹھاون ن کبہُو مِلئی
مہا دُتر ماءِ ॥3॥

ਸੂਰੁ ਮੁਕਤਾ ਸਸੀ ਮੁਕਤਾ
ਬ੍ਰਹਮ ਗਿਆਨੀ ਅਲਿਪਾਇ ॥

سوُرُ مُکتا سسی مُکتا
برہم گیانی الپاءِ ॥

ਸੁਭਾਵਤ ਜੈਸੇ ਬੈਸੰਤਰ
ਅਲਿਪਤ ਸਦਾ ਨਿਰਮਲਾਇ ॥੪॥

سُبھاوت جیَسے بیَسنتر
الپت سدا نِرملاءِ ॥4॥

ਜਿਸੁ ਕਰਮੁ ਖੁਲਿਆ ਤਿਸੁ ਲਹਿਆ ਪੜਦਾ

جِسُ کرمُ کھُلیا تِسُ لہیا پڑدا

ਜਿਨਿ ਗੁਰ ਪਹਿ ਮੰਨਿਆ ਸੁਭਾਇ ॥

جِنِ گُر پہِ منّنیا سُبھاءِ ॥

ਗੁਰਿ ਮੰਤ੍ਰੁ ਅਵਖਧੁ ਨਾਮੁ ਦੀਨਾ
ਜਨ ਨਾਨਕ ਸੰਕਟ ਜੋਨਿ ਨ ਪਾਇ ॥੫॥੨॥

گُرِ منّتر اوکھدھُ نامُ دِینا
جن نانک سنکٹ جونِ ن پاءِ ॥5॥2॥

ਰੇ ਨਰ ਇਨ ਬਿਧਿ ਪਾਰਿ ਪਰਾਇ ॥

رے نر اِن بِدھِ پارِ پراءِ ॥

ਧਿਆਇ ਹਰਿ ਜੀਉ ਹੋਇ ਮਿਰਤਕੁ
ਤਿਆਗਿ ਦੂਜਾ ਭਾਉ ॥ ਰਹਾਉ ਦੂਜਾ ॥੨॥੧੧॥

دھِیاءِ ہرِ جیءُ ہوءِ مِرتکُ
تِیاگِ دوُجا بھاءُ ॥ رہاءُ دوُجا ॥2॥ 11 ॥

ਮਾਰੂ ਮਹਲਾ ੫ ॥

مارُو محلا 5 ॥

ਬਾਹਰਿ ਢੂਢਨ ਤੇ ਛੂਟਿ ਪਰੇ
ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥

باہرِ ڈھوُڈھن تے چھوُٹِ پرے
گُرِ گھر ہی ماہِ دِکھائیا تھا ॥

ਅਨਭਉ ਅਚਰਜ ਰੂਪੁ ਪ੍ਰਭ ਪੇਖਿਆ
ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥੧॥

انبھءُ اچرج روُپُ پربھ پیکھیا
میرا منُ چھوڈِ ن کتہوُ جائیا تھا ॥1॥

ਮਾਨਕੁ ਪਾਇਓ ਰੇ ਪਾਇਓ
ਹਰਿ ਪੂਰਾ ਪਾਇਆ ਥਾ ॥

مانکُ پائیو رے پائیو
ہرِپوُرا پائیا تھا ॥

ਮੋਲਿ ਅਮੋਲੁ ਨ ਪਾਇਆ ਜਾਈ
ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ ਰਹਾਉ ॥

مولِ امولُ ن پائیا جائی
کرِ کِرپا گُروُ دِوائیا تھا ॥1॥ رہاءُ ॥

ਅਦਿਸਟੁ ਅਗੋਚਰੁ ਪਾਰਬ੍ਰਹਮੁ
ਮਿਲਿ ਸਾਧੂ ਅਕਥੁ ਕਥਾਇਆ ਥਾ ॥

اِدِسٹُ اگوچرُ پاربرہمُ
مِلِ سادھوُ اکتھُ کتھائیا تھا ॥

ਅਨਹਦ ਸਬਦੁ ਦਸਮ ਦੁਆਰਿ ਵਜਿਓ
ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥

انہد سبدُ دسم دُیارِ وجِیو
تہ انمّرِت نامُ چُیائیا تھا ॥2॥

ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ
ਅਖੁਟ ਭੰਡਾਰ ਸਮਾਇਆ ਥਾ ॥

توٹِ ناہی منِ ترِسنا بوُجھی
اکھُٹ بھنڈار سمائیا تھا ॥

ਚਰਣ ਚਰਣ ਚਰਣ ਗੁਰ ਸੇਵੇ
ਅਘੜੁ ਘੜਿਓ ਰਸੁ ਪਾਇਆ ਥਾ ॥੩॥

چرنٹ چرنٹ چرنٹ گُر سیوے
اگھڑُ گھڑِیو رسُ پائیا تھا ॥3॥

ਸਹਜੇ ਆਵਾ ਸਹਜੇ ਜਾਵਾ
ਸਹਜੇ ਮਨੁ ਖੇਲਾਇਆ ਥਾ ॥

سہجے آوا سہجے جاوا
سہجے منُ کھیلائیا تھا ॥

ਕਹੁ ਨਾਨਕ ਭਰਮੁ ਗੁਰਿ ਖੋਇਆ
ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥

کہُ نانک بھرمُ گُرِ کھوئیا
تا ہرِ محلی محلُ پائیا تھا ॥4॥3॥ 12 ॥

ਮਾਰੂ ਮਹਲਾ ੫ ॥

مارُو محلا 5 ॥

ਜਿਸਹਿ ਸਾਜਿ ਨਿਵਾਜਿਆ
ਤਿਸਹਿ ਸਿਉ ਰੁਚ ਨਾਹਿ ॥

جِسہِ ساجِ نِواجِیا
تِسہِ سِ ءُ رُچ ناہِ ॥

ਆਨ ਰੂਤੀ ਆਨ ਬੋਈਐ
ਫਲੁ ਨ ਫੂਲੈ ਤਾਹਿ ॥੧॥

آن رُوتی آن بوئیَے
پھلُ ن پھُولے تاہِ ॥1॥

ਰੇ ਮਨ ਵਤ੍ਰ ਬੀਜਣ ਨਾਉ ॥

رے من وتّر بیجنْ ناءُ ॥

ਬੋਇ ਖੇਤੀ ਲਾਇ ਮਨੂਆ
ਭਲੋ ਸਮਉ ਸੁਆਉ ॥੧॥ ਰਹਾਉ ॥

بوءِ کھیتی لاءِ منوُیا
بھلو سم ءُ سُیاءُ ॥1॥ رہاءُ ॥

ਖੋਇ ਖਹੜਾ ਭਰਮੁ ਮਨ ਕਾ
ਸਤਿਗੁਰ ਸਰਣੀ ਜਾਇ ॥

کھوءِ کھہڑا بھرمُ من کا
ستِگُر سرنْی جاءِ ॥

ਕਰਮੁ ਜਿਸ ਕਉ ਧੁਰਹੁ ਲਿਖਿਆ
ਸੋਈ ਕਾਰ ਕਮਾਇ ॥੨॥

کرمُ جِس ک ءُ دھُرہُ لِکھیا
سوئی کار کماءِ ॥2॥

ਭਾਉ ਲਾਗਾ ਗੋਬਿਦ ਸਿਉ
ਘਾਲ ਪਾਈ ਥਾਇ ॥

بھاءُ لاگا گوبِد سِ ءُ
گھال پائی تھاءِ ॥

ਖੇਤਿ ਮੇਰੈ ਜੰਮਿਆ
ਨਿਖੁਟਿ ਨ ਕਬਹੂ ਜਾਇ ॥੩॥

کھیتِ میرے جنّمیا
نِکھُٹِ ن کبہوُ جاءِ ॥3॥

ਪਾਇਆ ਅਮੋਲੁ ਪਦਾਰਥੋ
ਛੋਡਿ ਨ ਕਤਹੂ ਜਾਇ ॥

پائیا امولُ پدارتھو
چھوڈِ ن کتہوُ جاءِ ॥

ਕਹੁ ਨਾਨਕ ਸੁਖੁ ਪਾਇਆ
ਤ੍ਰਿਪਤਿ ਰਹੇ ਆਘਾਇ ॥੪॥੪॥੧੩॥

کہُ نانک سُکھُ پائیا
تّرِپتِ رہے آگھاءِ ॥4॥4॥ 13 ॥

ਮਾਰੂ ਮਹਲਾ ੫ ॥

مارُو محلا 5 ॥

ਫੂਟੋ ਆਡਾ ਭਰਮ ਕਾ
ਮਨਹਿ ਭਇਓ ਪਰਗਾਸੁ ॥

پھوٹو آڈا بھرم کا
منہِ بھئیو پرگاسُ ॥

ਕਾਟੀ ਬੇਰੀ ਪਗਹ ਤੇ
ਗੁਰਿ ਕੀਨੀ ਬੰਦਿ ਖਲਾਸੁ ॥੧॥

کاٹی بیری پگہ تے
گُرِ کِینی بندِ خلاسُ ॥1॥

ਆਵਣ ਜਾਣੁ ਰਹਿਓ ॥

آوڑ جاڑُ رہِئو ॥

ਤਪਤ ਕੜਾਹਾ ਬੁਝਿ ਗਇਆ
ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥

تپت کڑاہا بُجھِ گئیا
گُرِ سِیتل نامُ دِیئو ॥1॥ رہاءُ ॥

ਜਬ ਤੇ ਸਾਧੂ ਸੰਗੁ ਭਇਆ
ਤਉ ਛੋਡਿ ਗਏ ਨਿਗਹਾਰ ॥

جب تے سادھوُ سنگُ بھئیا
تءُ چھوڈِ گئے نِگہار ॥

ਜਿਸ ਕੀ ਅਟਕ ਤਿਸ ਤੇ ਛੁਟੀ
ਤਉ ਕਹਾ ਕਰੈ ਕੋਟਵਾਰ ॥੨॥

جِس کی اٹک تِس تے چھُٹی
تءُ کہا کرے کوٹوار۔ ॥2॥

ਚੂਕਾ ਭਾਰਾ ਕਰਮ ਕਾ
ਹੋਏ ਨਿਹਕਰਮਾ ॥

چوُکا بھارا کرم کا
ہوئے نِہکرما ॥

ਸਾਗਰ ਤੇ ਕੰਢੈ ਚੜੇ
ਗੁਰਿ ਕੀਨੇ ਧਰਮਾ ॥੩॥

ساگر تے کنڈھے چڑے
گُرِ کِینے دھرما ॥3॥

ਸਚੁ ਥਾਨੁ ਸਚੁ ਬੈਠਕਾ
ਸਚੁ ਸੁਆਉ ਬਣਾਇਆ ॥

سچُ تھانُ سچُ بیٹھکا
سچُ سُیاءُ بنائیا ॥

ਸਚੁ ਪੂੰਜੀ ਸਚੁ ਵਖਰੋ
ਨਾਨਕ ਘਰਿ ਪਾਇਆ ॥੪॥੫॥੧੪॥

سچُ پونجی سچُ وکھرو
نانک گھرِ پائیا ॥4॥5॥ 14 ॥

ਮਾਰੂ ਮਹਲਾ ੫ ॥

مارو محلا 5 ॥

ਬੇਦੁ ਪੁਕਾਰੈ ਮੁਖ ਤੇ ਪੰਡਤ
ਕਾਮਾਮਨ ਕਾ ਮਾਠਾ ॥

بیدُ پُکارے مُکھ تے پنڈت
کامامن کا ماٹھا ॥

ਮੋਨੀ ਹੋਇ ਬੈਠਾ ਇਕਾਂਤੀ
ਹਿਰਦੈ ਕਲਪਨ ਗਾਠਾ ॥

مونی ہوءِ بیٹھا اِکانتی
ہِردے کلپن گاٹھا ॥

ਹੋਇ ਉਦਾਸੀ ਗ੍ਰਿਹੁ ਤਜਿ ਚਲਿਓ
ਛੁਟਕੈ ਨਾਹੀ ਨਾਠਾ ॥੧॥

ہوءِ اُداسی گرِہُ تجِ چلِئو
چھُٹکے ناہی ناٹھا ॥1॥

ਜੀਅ ਕੀ ਕੈ ਪਹਿ ਬਾਤ ਕਹਾ ॥

جیء کی کے پہِ بات کہا۔ ॥

ਆਪਿ ਮੁਕਤੁ ਮੋ ਕਉ ਪ੍ਰਭੁ ਮੇਲੇ
ਐਸੋ ਕਹਾ ਲਹਾ ॥੧॥ ਰਹਾਉ ॥

آپِ مُکتُ موکءُ پربھُ میلے
ایَسو کہا لہا ۔ ॥1॥ رہاءُ ॥

ਤਪਸੀ ਕਰਿ ਕੈ ਦੇਹੀ ਸਾਧੀ
ਮਨੂਆ ਦਹ ਦਿਸ ਧਾਨਾ ॥

تپسی کرِ کے دیہی سادھی
منوُیا دہ دِس دھانا ॥

ਬ੍ਰਹਮਚਾਰਿ ਬ੍ਰਹਮਚਜੁ ਕੀਨਾ
ਹਿਰਦੈ ਭਇਆ ਗੁਮਾਨਾ ॥

برہمچارِ برہمچُ کِینا
ہِردے بھئیا گُمانا ॥

ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ
ਉਸੁ ਮਹਿ ਕ੍ਰੋਧੁ ਬਿਗਾਨਾ ॥੨॥

سنّیاسی ہوءِ کے تیرتھِ بھرّمِئو
اُس مہِ کرودھُ بِگانا ॥2॥

ਘ੍ਰੰਘਰ ਬਾਧਿ ਭਏ ਰਾਮਦਾਸਾ
ਰੋਟੀਅਨ ਕੇ ਓਪਾਵਾ ॥

گھونگھر بادھِ بھے رامداسا
روٹیئن کے اوپاوا ॥

ਬਰਤ ਨੇਮ ਕਰਮ ਖਟ ਕੀਨੇ
ਬਾਹਰਿ ਭੇਖ ਦਿਖਾਵਾ ॥

برت نیم کرم کھٹ کِینے
باہرِ بھیکھ دِکھاوا ॥

ਗੀਤ ਨਾਦ ਮੁਖਿ ਰਾਗ ਅਲਾਪੇ
ਮਨਿ ਨਹੀ ਹਰਿ ਹਰਿ ਗਾਵਾ ॥੩॥

گیت نادُ مُکھِ راگ الاپے
منِ نہی ہرِ ہرِ گاوا ॥3॥

ਹਰਖ ਸੋਗ ਲੋਭ ਮੋਹ ਰਹਤ ਹਹਿ
ਨਿਰਮਲ ਹਰਿ ਕੇ ਸੰਤਾ ॥

ہرکھ سوگ لوبھ موہ رہت ہہِ
نِرمل ہرِ کے سنّتا ॥

ਤਿਨ ਕੀ ਧੂੜਿ ਪਾਏ ਮਨੁ ਮੇਰਾ
ਜਾ ਦਇਆ ਕਰੇ ਭਗਵੰਤਾ ॥

تِن کی دھوُڑِ پائے منُ میرا
جا دئیا کرے بھگونّتا ॥

ਕਹੁ ਨਾਨਕ ਗੁਰੁ ਪੂਰਾ ਮਿਲਿਆ
ਤਾਂ ਉਤਰੀ ਮਨ ਕੀ ਚਿੰਤਾ ॥੪॥

کہُ نانک گُرُ پوُرا مِلیا
تاں اُتری من کی چِنّتا ॥4॥

ਮੇਰਾ ਅੰਤਰਜਾਮੀ ਹਰਿ ਰਾਇਆ ॥

میرا انترجامی ہرِ رائیا ॥

ਸਭੁ ਕਿਛੁ ਜਾਣੈ ਮੇਰੇ ਜੀਅ ਕਾ ਪ੍ਰੀਤਮੁ
ਬਿਸਰਿ ਗਏ ਬਕਬਾਇਆ ॥੧॥ ਰਹਾਉ ਦੂਜਾ ॥੬॥੧੫॥

سبھُ کِچھُ جانّے میرے جیء کا پریتمُ
بِسرِ گئے بکبائیا ॥1॥ رہاءُ دوُجا ॥6॥ 15 ॥

ਮਾਰੂ ਮਹਲਾ ੫ ॥

مارُو محلا 5 ॥

ਕੋਟਿ ਲਾਖ ਸਰਬ ਕੋ ਰਾਜਾ

کوٹِ لاکھ سرب کو راجا

ਜਿਸੁ ਹਿਰਦੈ ਨਾਮੁ ਤੁਮਾਰਾ ॥	جِسُ ہِردے نامُ تُمارا ॥
ਜਾ ਕਉ ਨਾਮੁ ਨ ਦੀਆ ਮੇਰੈ ਸਤਿਗੁਰਿ ਸੇ ਮਰਿ ਜਨਮਹਿ ਗਾਵਾਰਾ ॥੧॥	جا ک ءُ نامُ ن دِیِیا میرے ستِگُرِ سے مرِ جنمہِ گاوارا ॥1॥
ਮੇਰੇ ਸਤਿਗੁਰ ਹੀ ਪਤਿ ਰਾਖੁ ॥	میرے ستِگُر ہی پتِ راکھُ ॥
ਚੀਤਿ ਆਵਹਿ ਤਬ ਹੀ ਪਤਿ ਪੂਰੀ ਬਿਸਰਤ ਰਲੀਐ ਖਾਕੁ ॥੧॥ ਰਹਾਉ ॥	چیتِ آوہِ تب ہی پتِ پُوری بِسرت رلیِۓ خاکُ ॥1॥ رہاءُ ॥
ਰੂਪ ਰੰਗ ਖੁਸੀਆ ਮਨ ਭੋਗਣ ਤੇ ਤੇ ਛਿਦ੍ਰ ਵਿਕਾਰਾ ॥	روُپ رنگ کھُسیِیا من بھوگنُ تے تے چھِدّر وِکارا ॥
ਹਰਿ ਕਾ ਨਾਮੁ ਨਿਧਾਨੁ ਕਲਿਆਣਾ ਸੂਖ ਸਹਜੁ ਇਹੁ ਸਾਰਾ ॥੨॥	ہرِ کا نامُ نِدھانُ کلِیاٹا سوُکھ سہجُ اِہُ سارا ॥2॥
ਮਾਇਆ ਰੰਗ ਬਿਰੰਗ ਖਿਨੈ ਮਹਿ ਜਿਉ ਬਾਦਰ ਕੀ ਛਾਇਆ ॥	مائیا رنگ برِنگ کھِنے مہِ جِءُ بادر کی چھائیا ॥
ਸੇ ਲਾਲ ਭਏ ਗੂੜੈ ਰੰਗਿ ਰਾਤੇ ਜਿਨ ਗੁਰ ਮਿਲਿ ਹਰਿ ਹਰਿ ਗਾਇਆ ॥੩॥	سے لال بھۓ گوُڑے رنگِ راتے جِن گُر مِلِ ہرِ ہرِ گائیا ॥3॥
ਊਚ ਮੂਚ ਅਪਾਰ ਸੁਆਮੀ ਅਗਮ ਦਰਬਾਰਾ ॥	اوُچ موُچ اپار سُیامی اگم دربارا ॥
ਨਾਮੋ ਵਡਿਆਈ ਸੋਭਾ ਨਾਨਕ ਖਸਮੁ ਪਿਆਰਾ ॥੪॥੭॥੧੬॥	نامو وڈِیائی سوبھا نانک خصمُ پِیارا ॥4॥7॥ 16 ॥
ਮਾਰੂ ਮਹਲਾ ੫ ਘਰੁ ੪	مارُو محلا 5 گھرُ 4
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਓਅੰਕਾਰਿ ਉਤਪਾਤੀ ॥	اوئنکارِ اُتپاتی ॥
ਕੀਆ ਦਿਨਸੁ ਸਭ ਰਾਤੀ ॥	کِیا دِنسُ سبھ راتی ॥
ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥	ونُ ترِنُ ترِبھونُ پانی ॥
ਚਾਰਿ ਬੇਦ ਚਾਰੇ ਖਾਣੀ ॥	چارِ بید چارے کھانی ॥
ਖੰਡ ਦੀਪ ਸਭਿ ਲੋਆ ॥	کھنڈ دیپ سبھِ لویا ॥

ਏਕ ਕਵਾਵੈ ਤੇ ਸਭਿ ਹੋਆ ॥੧॥	ایک کواوے تے سبھِ ہویا ॥1॥
ਕਰਣੈਹਾਰਾ ਬੂਝਹੁ ਰੇ ॥	کرنیَہارا بوُجھہُ رے ۔ ॥
ਸਤਿਗੁਰੁ ਮਿਲੈ ਤ ਸੂਝੈ ਰੇ ॥੧॥ ਰਹਾਉ ॥	ستِگُرُ مِلےَ ت سوُجھےَ رے ॥1॥ رہاءُ ॥
ਤ੍ਰੈ ਗੁਣ ਕੀਆ ਪਸਾਰਾ ॥	ترےَ گُن کِیا پسارا ॥
ਨਰਕ ਸੁਰਗ ਅਵਤਾਰਾ ॥	نرک سُرگ اوتارا ॥
ਹਉਮੈ ਆਵੈ ਜਾਈ ॥	ہئُمےَ آوے جائی ॥
ਮਨੁ ਟਿਕਣੁ ਨ ਪਾਵੈ ਰਾਈ ॥	منُ ٹِکنُ ن پاوے رائی ॥
ਬਾਝੁ ਗੁਰੂ ਗੁਬਾਰਾ ॥	باجھُ گُرو غُبارا ॥
ਮਿਲਿ ਸਤਿਗੁਰ ਨਿਸਤਾਰਾ ॥੨॥	مِلِ ستِگُر نِستارا ॥2॥
ਹਉ ਹਉ ਕਰਮ ਕਮਾਣੇ ॥	ہءُ ہءُ کرم کماٹے ॥
ਤੇ ਤੇ ਬੰਧ ਗਲਾਣੇ ॥	تے تے بندھ گلاٹے ॥
ਮੇਰੀ ਮੇਰੀ ਧਾਰੀ ॥	میری میری دھاری ॥
ਓਹਾ ਪੈਰਿ ਲੋਹਾਰੀ ॥	اوہا پیَرِ لوہاری ॥
ਸੋ ਗੁਰ ਮਿਲਿ ਏਕੁ ਪਛਾਣੈ ॥	سو گُر مِلِ ایکُ پچھاٹے ॥
ਜਿਸੁ ਹੋਵੈ ਭਾਗੁ ਮਥਾਣੈ ॥੩॥	جِسُ ہووے بھاگُ متھاٹے ॥3॥
ਸੋ ਮਿਲਿਆ ਜਿ ਹਰਿ ਮਨਿ ਭਾਇਆ ॥	سو مِلیا جِ ہرِ منِ بھائیا ॥
ਸੋ ਭੂਲਾ ਜਿ ਪ੍ਰਭੂ ਭੁਲਾਇਆ ॥	سو بھوُلا جِ پربھوُ بھُلائیا ॥
ਨਹ ਆਪਹੁ ਮੂਰਖੁ ਗਿਆਨੀ ॥	نہ آپہُ موُرکھُ گیانی ॥
ਜਿ ਕਰਾਵੈ ਸੁ ਨਾਮੁ ਵਖਾਨੀ ॥	جِ کراوے سُ نامُ وکھانی ॥
ਤੇਰਾ ਅੰਤੁ ਨ ਪਾਰਾਵਾਰਾ ॥	تیرا انّتُ ن پاراوارا ॥
ਜਨ ਨਾਨਕ ਸਦ ਬਲਿਹਾਰਾ ॥੪॥੧॥੧੭॥	جن نانک سد بلِہارا ॥4॥1॥ 17 ॥
ਮਾਰੂ ਮਹਲਾ ੫ ॥	مارُو محلا 5 ॥

ਮੋਹਨੀ ਮੋਹਿ ਲੀਏ ਤ੍ਰੈ ਗੁਨੀਆ ॥
موہنی موہِ لیۓ ترے گُنیا ॥

ਲੋਭਿ ਵਿਆਪੀ ਝੂਠੀ ਦੁਨੀਆ ॥
لوبھِ وِیاپی جھوٹھی دُنیا ॥

ਮੇਰੀ ਮੇਰੀ ਕਰਿ ਕੈ ਸੰਚੀ
ਅੰਤ ਕੀ ਬਾਰ ਸਗਲ ਲੇ ਛਲੀਆ ॥੧॥
میری میری کرِ کے سنچی
انّت کی بار سگل لے چھلیا ॥1॥

ਨਿਰਭਉ ਨਿਰੰਕਾਰੁ ਦਇਅਲੀਆ ॥
نِربھءُ نِرنکارُ دئیلیا ॥

ਜੀਅ ਜੰਤ ਸਗਲੇ ਪ੍ਰਤਿਪਲੀਆ ॥੧॥ ਰਹਾਉ ॥
جیء جنّت سگلے پرتپلیا ॥1॥ رہاءُ ॥

ਏਕੈ ਸ੍ਰਮੁ ਕਰਿ ਗਾਡੀ ਗਡਹੈ ॥
ایکے سرمُ کرِ گاڈی گڈہے ॥

ਏਕਹਿ ਸੁਪਨੈ ਦਾਮੁ ਨ ਛਡਹੈ ॥
ایکہِ سُپنے دامُ ن چھڈہے ॥

ਰਾਜੁ ਕਮਾਇ ਕਰੀ ਜਿਨਿ ਥੈਲੀ
ਤਾ ਕੈ ਸੰਗਿ ਨ ਚੰਚਲਿ ਚਲੀਆ ॥੨॥
راجُ کماءِ کری جِنِ تھیلی
تا کے سنگِ ن چنچلِ چلیا ॥2॥

ਏਕਹਿ ਪ੍ਰਾਣ ਪਿੰਡ ਤੇ ਪਿਆਰੀ ॥
ایکہِ پراٹ پنڈ تے پیاری ॥

ਏਕ ਸੰਚੀ ਤਜਿ ਬਾਪ ਮਹਤਾਰੀ ॥
ایک سنچی تجِ باپ مہتاری ॥

ਸੁਤ ਮੀਤ ਭ੍ਰਾਤ ਤੇ ਗੁਹਜੀ
ਤਾ ਕੈ ਨਿਕਟਿ ਨ ਹੋਈ ਖਲੀਆ ॥੩॥
سُت میت بھرات تے گہجی
تا کے نِکٹِ ن ہوئی کھلیا ॥3॥

ਹੋਇ ਅਉਧੂਤ ਬੈਠੇ ਲਾਇ ਤਾਰੀ ॥
ہوءِ اُدھوت بیٹھے لاءِ تاری ॥

ਜੋਗੀ ਜਤੀ ਪੰਡਿਤ ਬੀਚਾਰੀ ॥
جوگی جتی پنڈت بیچاری ॥

ਗ੍ਰਿਹਿ ਮੜੀ ਮਸਾਣੀ ਬਨ ਮਹਿ ਬਸਤੇ
ਊਠਿ ਤਿਨਾ ਕੈ ਲਾਗੀ ਪਲੀਆ ॥੪॥
گرِہِ مڑی مساٹی بن مہِ بستے
اوٹھِ تِنا کے لاگی پلیا ॥4॥

ਕਾਟੇ ਬੰਧਨ ਠਾਕੁਰਿ ਜਾ ਕੇ ॥
کاٹے بندھن ٹھاکُرِ جا کے ॥

ਹਰਿ ਹਰਿ ਨਾਮੁ ਬਸਿਓ ਜੀਅ ਤਾ ਕੈ ॥
ہرِ ہرِ نامُ بسِئو جیء تا کے ॥

ਸਾਧਸੰਗਿ ਭਏ ਜਨ ਮੁਕਤੇ
ਗਤਿ ਪਾਈ ਨਾਨਕ ਨਦਰਿ ਨਿਹਲੀਆ ॥੫॥੨॥੧੮॥
سادھسنگِ بھۓ جن مُکتے
گتِ پائی نانک ندرِ نِہلیا ॥5॥2॥ 18 ॥

ਮਾਰੂ ਮਹਲਾ ੫ ॥
مارُو محلا 5 ॥

ਸਿਮਰਹੁ ਏਕੁ ਨਿਰੰਜਨ ਸੋਊ ॥	سِمرہُ ایکُ نِرنجن سوئُو ॥
ਜਾ ਤੇ ਬਿਰਥਾ ਜਾਤ ਨ ਕੋਊ ॥	جا تے بِرتھا جات ن کوئُو ॥
ਮਾਤ ਗਰਭ ਮਹਿ ਜਿਨਿ ਪ੍ਰਤਿਪਾਰਿਆ ॥	مات گربھ مہِ جِنِ پرتپارِیا ॥
ਜੀਉ ਪਿੰਡੁ ਦੇ ਸਾਜਿ ਸਵਾਰਿਆ ॥	جیِءُ پِنڈُ دے ساجِ سوارِیا ॥
ਸੋਈ ਬਿਧਾਤਾ ਖਿਨੁ ਖਿਨੁ ਜਪੀਐ ॥	سوئی بِدھاتا کھِنُ کھِنُ جپیِئے ॥
ਜਿਸੁ ਸਿਮਰਤ ਅਵਗੁਣ ਸਭਿ ਢਕੀਐ ॥	جِسُ سِمرت اوگُنؔ سبھِ ڈھکیِئے ॥
ਚਰਣ ਕਮਲ ਉਰ ਅੰਤਰਿ ਧਾਰਹੁ ॥	چرنؔ کمل اُر انترِ دھارہُ ॥
ਬਿਖਿਆ ਬਨ ਤੇ ਜੀਉ ਉਧਾਰਹੁ ॥	بِکھیا بن تے جیِءُ اُدھارہُ ॥
ਕਰਣ ਪਲਾਹ ਮਿਟਹਿ ਬਿਲਲਾਟਾ ॥	کرنؔ پلاہ مِٹہِ بِللاٹا ॥
ਜਪਿ ਗੋਵਿਦ ਭਰਮੁ ਭਉ ਫਾਟਾ ॥	جپِ گووِد بھرمُ بھءُ پھاٹا ॥
ਸਾਧਸੰਗਿ ਵਿਰਲਾ ਕੋ ਪਾਏ ॥	سادھسنگِ وِرلا کو پائے ॥
ਨਾਨਕੁ ਤਾ ਕੈ ਬਲਿ ਬਲਿ ਜਾਏ ॥੧॥	نانکُ تا کےَ بلِ بلِ جائے ॥1॥
ਰਾਮ ਨਾਮੁ ਮਨਿ ਤਨਿ ਆਧਾਰਾ ॥	رام نامُ منِ تنِ آدھارا ॥
ਜੋ ਸਿਮਰੈ ਤਿਸ ਕਾ ਨਿਸਤਾਰਾ ॥੧॥ ਰਹਾਉ ॥	جو سِمرےَ تِس کا نِستارا ॥1॥ رہاءُ ॥
ਮਿਥਿਆ ਵਸਤੁ ਸਤਿ ਕਰਿ ਮਾਨੀ ॥	مِتھیا وستُ ستِ کرِ مانی ॥
ਹਿਤੁ ਲਾਇਓ ਸਠ ਮੂੜ ਅਗਿਆਨੀ ॥	ہِتُ لائِئو سٹھ موُڑ اگیانی ॥
ਕਾਮ ਕ੍ਰੋਧ ਲੋਭ ਮਦ ਮਾਤਾ ॥	کام کرودھ لوبھ مد ماتا ॥
ਕਉਡੀ ਬਦਲੈ ਜਨਮੁ ਗਵਾਤਾ ॥	کئڈی بدلے جنمُ گواتا ॥
ਅਪਨਾ ਛੋਡਿ ਪਰਾਇਐ ਰਾਤਾ ॥	اپنا چھوڈِ پرائےَ راتا ॥
ਮਾਇਆ ਮਦ ਮਨ ਤਨ ਸੰਗਿ ਜਾਤਾ ॥	مائیا مد من تن سنگِ جاتا ॥
ਤ੍ਰਿਸਨ ਨ ਬੂਝੈ ਕਰਤ ਕਲੋਲਾ ॥	ترِسن ن بوُجھےَ کرت کلولا ॥
ਊਣੀ ਆਸ ਮਿਥਿਆ ਸਭਿ ਬੋਲਾ ॥	اوُنی آس مِتھیا سبھِ بولا ॥

ਆਵਤ ਇਕੇਲਾ ਜਾਤ ਇਕੇਲਾ ॥	آوت اِکیلا جات اِکیلا ॥
ਹਮ ਤੁਮ ਸੰਗਿ ਝੂਠੇ ਸਭਿ ਬੋਲਾ ॥	ہم تُم سنگِ جھوُٹھے سبھِ بولا ॥
ਪਾਇ ਠਗਉਰੀ ਆਪਿ ਭੁਲਾਇਓ ॥	پاءِ ٹھگئُری آپِ بھُلائِئو ॥
ਨਾਨਕ ਕਿਰਤੁ ਨ ਜਾਇ ਮਿਟਾਇਓ ॥੨॥	نانک کِرتُ ن جاءِ مِٹائِئو ॥2॥
ਪਸੁ ਪੰਖੀ ਭੂਤ ਅਰੁ ਪ੍ਰੇਤਾ ॥	پسُ پنکھی بھوُت ارُ پرّیتا ॥
ਬਹੁ ਬਿਧਿ ਜੋਨੀ ਫਿਰਤ ਅਨੇਤਾ ॥	بہُ بِدھِ جونی پھِرت انیتا ॥
ਜਹ ਜਾਨੋ ਤਹ ਰਹਨੁ ਨ ਪਾਵੈ ॥	جہ جانو تہ رہنُ ن پاوے ॥
ਥਾਨ ਬਿਹੂਨ ਉਠਿ ਉਠਿ ਫਿਰਿ ਧਾਵੈ ॥	تھان بِہوُن اُٹھِ اُٹھِ پھِرِ دھاوے ॥
ਮਨਿ ਤਨਿ ਬਾਸਨਾ ਬਹੁਤੁ ਬਿਸਥਾਰਾ ॥	منِ تنِ باسنا بہُتُ بِستھارا ॥
ਅਹੰਮੇਵ ਮੂਠੋ ਬੇਚਾਰਾ ॥	اہنّمیو موُٹھو بیچارا ॥
ਅਨਿਕ ਦੋਖ ਅਰੁ ਬਹੁਤੁ ਸਜਾਈ ॥	انِک دوکھ ارُ بہُتُ سزائی ॥
ਤਾ ਕੀ ਕੀਮਤਿ ਕਹਣੁ ਨ ਜਾਈ ॥	تا کی قِیمتِ کہنُ ن جائی ॥
ਪ੍ਰਭ ਬਿਸਰਤ ਨਰਕ ਮਹਿ ਪਾਇਆ ॥	پّربھ بِسرت نرک مہِ پائِیا ॥
ਤਹ ਮਾਤ ਨ ਬੰਧੁ ਨ ਮੀਤ ਨ ਜਾਇਆ ॥	تہ مات ن بنّدھُ ن میِت ن جائِیا ॥
ਜਿਸ ਕਉ ਹੋਤ ਕ੍ਰਿਪਾਲ ਸੁਆਮੀ ॥	جِس ک ءُ ہوت کِرپال سُیامی ॥
ਸੋ ਜਨੁ ਨਾਨਕ ਪਾਰਗਰਾਮੀ ॥੩॥	سو جنُ نانک پارگرامی ॥3॥
ਭ੍ਰਮਤ ਭ੍ਰਮਤ ਪ੍ਰਭ ਸਰਨੀ ਆਇਆ ॥	بھّرمت بھّرمت پّربھ سرنی آئِیا ॥
ਦੀਨਾ ਨਾਥ ਜਗਤ ਪਿਤ ਮਾਇਆ ॥	دِینا ناتھ جگت پِت مائِیا ॥
ਪ੍ਰਭ ਦਇਆਲ ਦੁਖ ਦਰਦ ਬਿਦਾਰਣ ॥	پّربھ دئیال دُکھ درد بِدارنٌ ॥
ਜਿਸੁ ਭਾਵੈ ਤਿਸ ਹੀ ਨਿਸਤਾਰਣ ॥	جِسُ بھاوے تِس ہی نِستارنٌ ॥
ਅੰਧ ਕੂਪ ਤੇ ਕਾਢਨਹਾਰਾ ॥	انّدھ کوُپ تے کاڈھنہارا ॥
ਪ੍ਰੇਮ ਭਗਤਿ ਹੋਵਤ ਨਿਸਤਾਰਾ ॥	پّریم بھگتِ ہووت نِستارا ॥

ਸਾਧ ਰੂਪ ਅਪਨਾ ਤਨੁ ਧਾਰਿਆ ॥
ساد ھ روُپ اپنا تنُ دھارِیا ॥

ਮਹਾ ਅਗਨਿ ਤੇ ਆਪਿ ਉਬਾਰਿਆ ॥
مہا اگنِ تے آپِ اُبارِیا ॥

ਜਪ ਤਪ ਸੰਜਮ ਇਸ ਤੇ ਕਿਛੁ ਨਾਹੀ ॥
جپ تپ سنجم اِس تے کِچھُ ناہی ॥

ਆਦਿ ਅੰਤਿ ਪ੍ਰਭ ਅਗਮ ਅਗਾਹੀ ॥
آدِ انتِ پربھ اگم اگاہی ॥

ਨਾਮੁ ਦੇਹਿ ਮਾਗੈ ਦਾਸੁ ਤੇਰਾ ॥
نامُ دیہِ ماگے داسُ تیرا ॥

ਹਰਿ ਜੀਵਨ ਪਦੁ
ਨਾਨਕ ਪ੍ਰਭੁ ਮੇਰਾ ॥੪॥੩॥੧੯॥
ہرِ جیون پدُ
نانک پربھُ میرا ॥4॥3॥ 19 ॥

ਮਾਰੂ ਮਹਲਾ ੫ ॥
مارُو محلا 5 ॥

ਕਤ ਕਉ ਡਹਕਾਵਹੁ ਲੋਗਾ
ਮੋਹਨ ਦੀਨ ਕਿਰਪਾਈ ॥੧॥
کت ک ءُ ڈہکاوہُ لوگا
موہن دِین کِرپائی ॥1॥

ਐਸੀ ਜਾਨਿ ਪਾਈ ॥
ایَسی جانِ پائی ॥

ਸਰਣਿ ਸੂਰੋ ਗੁਰ ਦਾਤਾ
ਰਾਖੈ ਆਪਿ ਵਡਾਈ ॥੧॥ ਰਹਾਉ ॥
سرنِ سوُرہ گُر داتا
راکھے آپِ وڈائی ॥1॥ رہاءُ ॥

ਭਗਤਾ ਕਾ ਆਗਿਆਕਾਰੀ
ਸਦਾ ਸਦਾ ਸੁਖਦਾਈ ॥੨॥
بھگتا کا آگیاکاری
سدا سدا سُکھدائی ॥2॥

ਅਪਨੇ ਕਉ ਕਿਰਪਾ ਕਰੀਅਹੁ
ਇਕੁ ਨਾਮੁ ਧਿਆਈ ॥੩॥
اپنے ک ءُ کِرپا کریئہُ
اِکُ نامُ دھِیائی ॥3॥

ਨਾਨਕੁ ਦੀਨੁ ਨਾਮੁ ਮਾਗੈ
ਦੁਤੀਆ ਭਰਮੁ ਚੁਕਾਈ ॥੪॥੪॥੨੦॥
نانکُ دِینُ نامُ ماگے
دُتِیا بھرمُ چُکائی ॥4॥4॥ 20 ॥

ਮਾਰੂ ਮਹਲਾ ੫ ॥
مارُو محلا 5 ॥

ਮੇਰਾ ਠਾਕੁਰੁ ਅਤਿ ਭਾਰਾ ॥
میرا ٹھاکُرُ اتِ بھارا ॥

ਮੋਹਿ ਸੇਵਕੁ ਬੇਚਾਰਾ ॥੧॥
موہِ سیوکُ بیچارا ॥1॥

ਮੋਹਨੁ ਲਾਲੁ ਮੇਰਾ ਪ੍ਰੀਤਮ ਮਨ ਪ੍ਰਾਨਾ ॥
موہنُ لالُ میرا پرِیتم من پرانا ॥

ਮੋ ਕਉ ਦੇਹੁ ਦਾਨਾ ॥੧॥ ਰਹਾਉ ॥
مو ک ءُ دیہُ دانا ॥1॥ رہاءُ ॥

ਸਗਲੇ ਮੈ ਦੇਖੇ ਜੋਈ ॥	سگلے مے دیکھے جوئی ॥
ਬੀਜਉ ਅਵਰੁ ਨ ਕੋਈ ॥੨॥	بِیجءُ اورُ ن کوئی ॥2॥
ਜੀਅਨ ਪ੍ਰਤਿਪਾਲਿ ਸਮਾਹੈ ॥	جیئن پرتپالِ سماہے ॥
ਹੈ ਹੋਸੀ ਆਹੇ ॥੩॥	ہے ہوسی آہے ॥3॥
ਦਇਆ ਮੋਹਿ ਕੀਜੈ ਦੇਵਾ ॥	دئیا موہِ کیجے دیوا ۔ ॥
ਨਾਨਕ ਲਾਗੋ ਸੇਵਾ ॥੪॥੫॥੨੧॥	نانک لاگو سیوا ॥4॥5॥ 21 ॥
ਮਾਰੂ ਮਹਲਾ ੫ ॥	مارُو محلا 5 ॥
ਪਤਿਤ ਉਧਾਰਨ ਤਾਰਨ ਬਲਿ ਬਲਿ ਬਲੇ ਬਲਿ ਜਾਈਐ ॥	پتت اُدھارن تارن بلِ بلِ بلے بلِ جائیئے ॥
ਐਸਾ ਕੋਈ ਭੇਟੈ ਸੰਤੁ ਜਿਤੁ ਹਰਿ ਹਰੇ ਹਰਿ ਧਿਆਈਐ ॥੧॥	ایَسا کوئی بھیٹے سنّتُ جِتُ ہرِ ہرے ہرِ دھیائیئے ॥1॥
ਮੋ ਕਉ ਕੋਇ ਨ ਜਾਨਤ ਕਹੀਅਤ ਦਾਸੁ ਤੁਮਾਰਾ ॥	مو کءُ کوءِ ن جانت کہیئت داسُ تُمارا ॥
ਏਹਾ ਓਟ ਆਧਾਰਾ ॥੧॥ ਰਹਾਉ ॥	ایہا اوٹ آدھارا ॥1॥ رہاءُ ॥
ਸਰਬ ਧਾਰਨ ਪ੍ਰਤਿਪਾਰਨ ਇਕ ਬਿਨਉ ਦੀਨਾ ॥	سرب دھارن پرتپارن اِک بِنءُ دِینا ॥
ਤੁਮਰੀ ਬਿਧਿ ਤੁਮ ਹੀ ਜਾਨਹੁ ਤੁਮ ਜਲ ਹਮ ਮੀਨਾ ॥੨॥	تُمری بِدھِ تُم ہی جانہُ تُم جل ہم مِینا ॥2॥
ਪੂਰਨ ਬਿਸਥੀਰਨ ਸੁਆਮੀ ਆਹਿ ਆਇਓ ਪਾਛੈ ॥	پوُرن بِستھیرن سُیامی آہِ آئیئو پاچھے ॥
ਸਗਲੋ ਭੂ ਮੰਡਲ ਖੰਡਲ ਪ੍ਰਭ ਤੁਮ ਹੀ ਆਛੈ ॥੩॥	سگلو بھوُ منڈل کھنڈل پربھ تُم ہی آچھے ॥3॥
ਅਟਲ ਅਖਇਓ ਦੇਵਾ ਮੋਹਨ ਅਲਖ ਅਪਾਰਾ ॥	اٹل اکھیئو دیوا موہن الکھ اپارا ۔ ॥

ਦਾਨੁ ਪਾਵਉ ਸੰਤਾ ਸੰਗੁ	دانُ پاوءُ سنّتا سنگُ
ਨਾਨਕ ਰੇਨੁ ਦਾਸਾਰਾ ॥੪॥੬॥੨੨॥	نانک رینُ داسارا ॥4॥6॥ 22 ॥
ਮਾਰੂ ਮਹਲਾ ੫ ॥	مارُو محلا 5 ॥
ਤ੍ਰਿਪਤਿ ਆਘਾਏ ਸੰਤਾ ॥	تّرِپتِ آگھائے سنّتا ॥
ਗੁਰ ਜਾਨੇ ਜਿਨ ਮੰਤਾ ॥	گُر جانے جِن منّتا ॥
ਤਾ ਕੀ ਕਿਛੁ ਕਹਨੁ ਨ ਜਾਈ ॥	تا کی کِچھُ کہنُ ن جائی ॥
ਜਾ ਕਉ ਨਾਮ ਬਡਾਈ ॥੧॥	جا کءُ نام بڈائی ॥1॥
ਲਾਲੁ ਅਮੋਲਾ ਲਾਲੋ ॥	لالُ امولا لالو ॥
ਅਗਹ ਅਤੋਲਾ ਨਾਮੋ ॥੧॥ ਰਹਾਉ ॥	اگہ اتولا نامو ॥1॥ رہاءُ ॥
ਅਵਿਗਤ ਸਿਉ ਮਾਨਿਆ ਮਾਨੋ ॥	اوِگت سِءُ مانِیا مانو ॥
ਗੁਰਮੁਖਿ ਤਤੁ ਗਿਆਨੋ ॥	گُرمُکھِ تتُ گِیانو ॥
ਪੇਖਤ ਸਗਲ ਧਿਆਨੋ ॥	پیکھت سگل دھِیانو ॥
ਤਜਿਓ ਮਨ ਤੇ ਅਭਿਮਾਨੋ ॥੨॥	تجِئو من تے ابھِمانو ॥2॥
ਨਿਹਚਲੁ ਤਿਨ ਕਾ ਠਾਣਾ ॥	نِہچلُ تِن کا ٹھاٹا ॥
ਗੁਰ ਤੇ ਮਹਲੁ ਪਛਾਣਾ ॥	گُر تے محلُ پچھاٹا ॥
ਅਨਦਿਨੁ ਗੁਰ ਮਿਲਿ ਜਾਗੇ ॥	اندِنُ گُر مِلِ جاگے ॥
ਹਰਿ ਕੀ ਸੇਵਾ ਲਾਗੇ ॥੩॥	ہرِ کی سیوا لاگے ॥3॥
ਪੂਰਨ ਤ੍ਰਿਪਤਿ ਅਘਾਏ ॥	پُورن تّرِپتِ اگھائے ॥
ਸਹਜ ਸਮਾਧਿ ਸੁਭਾਏ ॥	سہج سمادھِ سُبھائے ॥
ਹਰਿ ਭੰਡਾਰੁ ਹਾਥਿ ਆਇਆ ॥	ہرِ بھنڈارُ ہاتھِ آئیا ॥
ਨਾਨਕ ਗੁਰ ਤੇ ਪਾਇਆ ॥੪॥੭॥੨੩॥	نانک گُر تے پائیا ॥4॥7॥ 23 ॥
ਮਾਰੂ ਮਹਲਾ ੫ ਘਰੁ ੬ ਦੁਪਦੇ	مارُو محلا 5 گھرُ 6 دُپدے
ੴ ਸਤਿਗੁਰ ਪ੍ਰਸਾਦਿ ॥	۞ ستِگُر پرّسادِ ॥

ਛੋਡਿ ਸਗਲ ਸਿਆਣਪਾ
ਮਿਲਿ ਸਾਧ ਤਿਆਗਿ ਗੁਮਾਨੁ ॥

چھوڈِ سگل سِیاپا
مِلِ سادھ تِیاگِ گُمانُ ॥

ਅਵਰੁ ਸਭੁ ਕਿਛੁ ਮਿਥਿਆ
ਰਸਨਾ ਰਾਮ ਰਾਮ ਵਖਾਨੁ ॥੧॥

اورُ سبھُ کِچھُ مِتھیا
رسنا رام رام وکھانُ ॥1॥

ਮੇਰੇ ਮਨ ਕਰਨ ਸੁਣਿ ਹਰਿ ਨਾਮੁ ॥

میرے من کرن سُنِ ہرِ نامُ ॥

ਮਿਟਹਿ ਅਘ ਤੇਰੇ ਜਨਮ ਜਨਮ ਕੇ
ਕਵਨੁ ਬਪੁਰੋ ਜਾਮੁ ॥੧॥ ਰਹਾਉ ॥

مِٹہِ اگھ تیرے جنم جنم کے
کونُ بپُرو جامُ ۔ ॥1॥ رہاءُ ॥

ਦੂਖ ਦੀਨ ਨ ਭਉ ਬਿਆਪੈ
ਮਿਲੈ ਸੁਖ ਬਿਸ੍ਰਾਮੁ ॥

دوُکھ دِین ن بھءُ بِیاپے
مِلے سُکھ بِسّرامُ ॥

ਗੁਰ ਪ੍ਰਸਾਦਿ ਨਾਨਕੁ ਬਖਾਨੈ
ਹਰਿ ਭਜਨੁ ਤਤੁ ਗਿਆਨੁ ॥੨॥੧॥੨੪॥

گُر پرّساد نانکُ بکھانے
ہرِ بھجنُ تتُ گیانُ ॥2॥1॥ 24 ॥

ਮਾਰੂ ਮਹਲਾ ੫ ॥

مارُو محلا 5 ॥

ਜਿਨੀ ਨਾਮੁ ਵਿਸਾਰਿਆ
ਸੇ ਹੋਤ ਦੇਖੇ ਖੇਹ ॥

جِنی نامُ وِسارِیا
سے ہوت دیکھے کھیہ ॥

ਪੁਤ੍ਰ ਮਿਤ੍ਰ ਬਿਲਾਸ ਬਨਿਤਾ
ਤੂਟਤੇ ਏ ਨੇਹ ॥੧॥

پُتّر مِتّر بِلاس بِنِتا
توُٹتے اے نیہ ॥1॥

ਮੇਰੇ ਮਨ ਨਾਮੁ ਨਿਤ ਨਿਤ ਲੇਹ ॥

میرے من نامُ نِت نِت لیہ ॥

ਜਲਤ ਨਾਹੀ ਅਗਨਿ ਸਾਗਰ
ਸੂਖੁ ਮਨਿ ਤਨਿ ਦੇਹ ॥੧॥ ਰਹਾਉ ॥

جلت ناہی اگنِ ساگر
سوُکھُ منِ تنِ دیہ ॥1॥ رہاءُ ॥

ਬਿਰਖ ਛਾਇਆ ਜੈਸੇ ਬਿਨਸਤ
ਪਵਨ ਝੂਲਤ ਮੇਹ ॥

برکھ چھائیا جیسے بِنست
پون جھوُلت میہ ॥

ਹਰਿ ਭਗਤਿ ਦ੍ਰਿੜੁ ਮਿਲੁ ਸਾਧ ਨਾਨਕ
ਤੇਰੈ ਕਾਮਿ ਆਵਤ ਏਹ ॥੨॥੨॥੨੫॥

ہرِ بھگتِ دڑِڑُ مِلُ سادھ نانک
تیرے کامِ آوت ایہ ॥2॥2॥ 25 ॥

ਮਾਰੂ ਮਹਲਾ ੫ ॥

مارُو محلا 5 ॥

ਪੁਰਖੁ ਪੂਰਨ ਸੁਖਹ ਦਾਤਾ

پُرکھُ پوُرن سُکھ داتا

ਸੰਗਿ ਬਸਤੋ ਨੀਤ ॥

سنگِ بستو نِیت ॥

ਮਰੈ ਨ ਆਵੈ ਨ ਜਾਇ ਬਿਨਸੈ
ਬਿਆਪਤ ਉਸਨ 'ਨ' ਸੀਤ ॥੧॥

مرے ن آوے ن جاءِ بِنسے
بِیاپت اُسن ن سِیت ॥1॥

ਮੇਰੇ ਮਨ ਨਾਮ ਸਿਉ ਕਰਿ ਪ੍ਰੀਤਿ ॥

میرے من نام سِءُ کرِ پّریتِ ॥

ਚੇਤਿ ਮਨ ਮਹਿ ਹਰਿ ਹਰਿ ਨਿਧਾਨਾ
ਏਹ ਨਿਰਮਲ ਰੀਤਿ ॥੧॥ ਰਹਾਉ ॥

چیتِ من مہِ ہرِ ہرِ نِدھانا
ایہ نِرمل ریتِ ॥1॥ رہاءُ ॥

ਕ੍ਰਿਪਾਲ ਦਇਆਲ ਗੋਪਾਲ ਗੋਬਿਦ
ਜੋ ਜਪੈ ਤਿਸੁ ਸੀਧਿ ॥

کّرِپال دیَیال گوپال گوبِد
جو جپے تِسُ سیدھِ ॥

ਨਵਲ ਨਵਤਨ ਚਤੁਰ ਸੁੰਦਰ
ਮਨੁ ਨਾਨਕ ਤਿਸੁ ਸੰਗਿ ਬੀਧਿ ॥੨॥੩॥੨੬॥

نول نوتن چتُر سُندر
منُ نانک تِسُ سنگِ بیدھِ ॥2॥3॥ 26 ॥

ਮਾਰੂ ਮਹਲਾ ੫ ॥

مارُو محلا 5 ॥

ਚਲਤ ਬੈਸਤ ਸੋਵਤ ਜਾਗਤ
ਗੁਰ ਮੰਤ੍ਰੁ ਰਿਦੈ ਚਿਤਾਰਿ ॥

چلت بیَست سووت جاگت
گُر منّتّرُ رِدے چِتارِ ॥

ਚਰਣ ਸਰਣ ਭਜੁ ਸੰਗਿ ਸਾਧੂ
ਭਵ ਸਾਗਰ ਉਤਰਹਿ ਪਾਰਿ ॥੧॥

چرنْ سرنْ بھجُ سنگِ سادھوُ
بھو ساگر اُترہِ پارِ ॥1॥

ਮੇਰੇ ਮਨ ਨਾਮੁ ਹਿਰਦੈ ਧਾਰਿ ॥

میرے من نامُ ہِردے دھارِ ॥

ਕਰਿ ਪ੍ਰੀਤਿ ਮਨੁ ਤਨੁ ਲਾਇ ਹਰਿ ਸਿਉ
ਅਵਰ ਸਗਲ ਵਿਸਾਰਿ ॥੧॥ ਰਹਾਉ ॥

کرِ پّریتِ منُ تنُ لاءِ ہرِ سِءُ
اور سگل وِسارِ ॥1॥ رہاءُ ॥

ਜੀਉ ਮਨੁ ਤਨੁ ਪ੍ਰਾਣ ਪ੍ਰਭ ਕੇ
ਤੂ ਆਪਨ ਆਪੁ ਨਿਵਾਰਿ ॥

جیِءُ منُ تنُ پّراںْ پّربھ کے
توُ آپن آپُ نِوارِ ॥

ਗੋਵਿਦ ਭਜੁ ਸਭਿ ਸੁਆਰਥ ਪੂਰੇ
ਨਾਨਕ ਕਬਹੁ ਨ ਹਾਰਿ ॥੨॥੪॥੨੭॥

گووِد بھجُ سبھِ سُیارتھ پوُرے
نانک کبہُ ن ہارِ ॥2॥4॥ 27 ॥

ਮਾਰੂ ਮਹਲਾ ੫ ॥

مارُو محلا 5 ॥

ਤਜਿ ਆਪੁ ਬਿਨਸੀ ਤਾਪੁ
ਰੇਣ ਸਾਧੂ ਥੀਉ ॥

تجِ آپُ بِنسی تاپُ
ریںْ سادھوُ تھیِءُ ॥

ਤਿਸਹਿ ਪਰਾਪਤਿ ਨਾਮੁ ਤੇਰਾ
ਕਰਿ ਕ੍ਰਿਪਾ ਜਿਸੁ ਦੀਉ ॥੧॥

تِسہِ پراپتِ نامُ تیرا
کرِ کرپا جِسُ دیِءُ ॥1॥

ਮੇਰੇ ਮਨ ਨਾਮੁ ਅੰਮ੍ਰਿਤੁ ਪੀਉ ॥

میرے من نامُ انمرِتُ پیِءُ ॥

ਆਨ ਸਾਦ ਬਿਸਾਰਿ ਹੋਛੇ
ਅਮਰੁ ਜੁਗੁ ਜੁਗੁ ਜੀਉ ॥੧॥ ਰਹਾਉ ॥

آن ساد بِسارِ ہوچھے
امرُ جُگُ جُگُ جیِءُ ॥1॥ رہاءُ ॥

ਨਾਮੁ ਇਕ ਰਸ ਰੰਗ ਨਾਮਾ
ਨਾਮਿ ਲਾਗੀ ਲੀਉ ॥

نامُ اِک رس رنگ نامـا
نامِ لاگی لیِءُ ॥

ਮੀਤੁ ਸਾਜਨੁ ਸਖਾ ਬੰਧਪੁ
ਹਰਿ ਏਕੁ ਨਾਨਕ ਕੀਉ ॥੨॥੫॥੨੮॥

میِتُ ساجنُ سکھا بنّدھپُ
ہرِ ایکُ نانک کیِءُ ॥2॥5॥ 28 ॥

ਮਾਰੂ ਮਹਲਾ ੫ ॥

مارُو محلا 5 ॥

ਪ੍ਰਤਿਪਾਲਿ ਮਾਤਾ ਉਦਰਿ ਰਾਖੈ
ਲਗਨਿ ਦੇਤ ਨ ਸੇਕ ॥

پّرتپالِ ماتا اُدرِ راکھےَ
لگنِ دیت ن سیک ॥

ਸੋਈ ਸੁਆਮੀ ਈਹਾ ਰਾਖੈ
ਬੂਝੁ ਬੁਧਿ ਬਿਬੇਕ ॥੧॥

سوئی سُیامی ایہا راکھےَ
بوُجھُ بُدھِ بِبیک ॥1॥

ਮੇਰੇ ਮਨ ਨਾਮ ਕੀ ਕਰਿ ਟੇਕ ॥

میرے من نام کی کرِ ٹیک ॥

ਤਿਸਹਿ ਬੂਝੁ ਜਿਨਿ ਤੂ ਕੀਆ
ਪ੍ਰਭੁ ਕਰਣ ਕਾਰਣ ਏਕ ॥੧॥ ਰਹਾਉ ॥

تِسہِ بوُجھُ جِنِ توُ کیِیا
پّربھُ کرنٹ کارنٹ ایک ॥1॥ رہاءُ ॥

ਚੇਤਿ ਮਨ ਮਹਿ ਤਜਿ ਸਿਆਣਪ
ਛੋਡਿ ਸਗਲੇ ਭੇਖ ॥

چیتِ من مہِ تجِ سِیانٹپ
چھوڈِ سگلے بھیکھ ॥

ਸਿਮਰਿ ਹਰਿ ਹਰਿ ਸਦਾ ਨਾਨਕ
ਤਰੇ ਕਈ ਅਨੇਕ ॥੨॥੬॥੨੯॥

سِمرِ ہرِ ہرِ سدا نانک
ترے کئی انیک ॥2॥6॥ 29 ॥

ਮਾਰੂ ਮਹਲਾ ੫ ॥

مارُو محلا 5 ॥

ਪਤਿਤ ਪਾਵਨ ਨਾਮੁ ਜਾ ਕੋ
ਅਨਾਥ ਕੋ ਹੈ ਨਾਥੁ ॥

پتِت پاون نامُ جا کو
اناتھ کو ہےَ ناتھُ ॥

ਮਹਾ ਭਉਜਲ ਮਾਹਿ ਤੁਲਹੋ

مہا بھجُل ماہِ تُلہو

ਜਾ ਕੋ ਲਿਖਿਓ ਮਾਥ ॥੧॥

جا کو لِکھِئو ماتھ ॥1॥

ਡੂਬੇ ਨਾਮ ਬਿਨੁ ਘਨ ਸਾਥ ॥

ڈُوبے نام بِنُ گھن ساتھ ॥

ਕਰਣ ਕਾਰਣੁ ਚਿਤਿ ਨ ਆਵੈ
ਦੇ ਕਰਿ ਰਾਖੈ ਹਾਥ ॥੧॥ ਰਹਾਉ ॥

کرنؔ کارنُؔ چِتِ ن آوے
دے کرِ راکھے ہاتھ ॥1॥ رہاءُ ॥

ਸਾਧਸੰਗਤਿ ਗੁਣ ਉਚਾਰਣ
ਹਰਿ ਨਾਮ ਅੰਮ੍ਰਿਤ ਪਾਥ ॥

سادھسنگتِ گُنؔ اُچارنؔ
ہرِ نام انّمرِت پاتھ ॥

ਕਰਹੁ ਕ੍ਰਿਪਾ ਮੁਰਾਰਿ ਮਾਧਉ
ਸੁਣਿ ਨਾਨਕ ਜੀਵੈ ਗਾਥ ॥੨॥੭॥੩੦॥

کرہُ کرِپا مُرارِ مادھءُ
سُنؔ نانک جیوے گاتھ ॥2॥7॥ 30 ॥

ਮਾਰੂ ਅੰਜੁਲੀ ਮਹਲਾ ੫ ਘਰੁ ੭

مارُو انجُلی محلا 5 گھرُ 7

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸੰਜੋਗੁ ਵਿਜੋਗੁ ਧੁਰਹੁ ਹੀ ਹੁਆ ॥

سنجوگُ وِجوگُ دھُرہُ ہی ہوُیا ॥

ਪੰਚ ਧਾਤੁ ਕਰਿ ਪੁਤਲਾ ਕੀਆ ॥

پنّچ دھاتُ کرِ پُتلا کِیا ॥

ਸਾਹੈ ਕੈ ਫੁਰਮਾਇਅੜੈ ਜੀ
ਦੇਹੀ ਵਿਚਿ ਜੀਉ ਆਇ ਪਇਆ ॥੧॥

ساہے کے فُرمائیڑے جی
دیہی وِچ جیِءُ آءِ پئیا ॥1॥

ਜਿਥੈ ਅਗਨਿ ਭਖੈ ਭੜਹਾਰੇ ॥

جِتھے اگنِ بھکھے بھڑہارے ॥

ਊਰਧ ਮੁਖ ਮਹਾ ਗੁਬਾਰੇ ॥

اوُردھ مُکھ مہا غُبارے ॥

ਸਾਸਿ ਸਾਸਿ ਸਮਾਲੇ ਸੋਈ
ਓਥੈ ਖਸਮਿ ਛਡਾਇ ਲਇਆ ॥੨॥

ساسِ ساسِ سمالے سوئی
اوتھے خصمِ چھڈاءِ لئیا ॥2॥

ਵਿਚਹੁ ਗਰਭੈ ਨਿਕਲਿ ਆਇਆ ॥

وِچہُ گربھے نِکلِ آئیا ॥

ਖਸਮੁ ਵਿਸਾਰਿ ਦੁਨੀ ਚਿਤੁ ਲਾਇਆ ॥

خصمُ وِسارِ دُنی چِتُ لائیا ॥

ਆਵੈ ਜਾਇ ਭਵਾਈਐ ਜੋਨੀ
ਰਹਣੁ ਨ ਕਿਤਹੀ ਥਾਇ ਭਇਆ ॥੩॥

آوے جاءِ بھوائیئے جونی
رہنؔ ن کِتہی تھاءِ بھئیا ॥3॥

ਮਿਹਰਵਾਨਿ ਰਖਿ ਲਇਅਨੁ ਆਪੇ ॥

مِہروانِ رکھِ لئینُ آپے ॥

ਜੀਅ ਜੰਤ ਸਭਿ ਤਿਸ ਕੇ ਥਾਪੇ ॥

جیء جنّت سبھِ تِس کے تھاپے ॥

ਜਨਮੁ ਪਦਾਰਥੁ ਜਿਣਿ ਚਲਿਆ ਨਾਨਕ
ਆਇਆ ਸੋ ਪਰਵਾਣੁ ਥਿਆ ॥੪॥੧॥੩੧॥

جنمُ پدارتھُ جِتُّ چلیا نانک
آئیا سو پرواںُ تھیا ॥4॥1॥ 31 ॥

ਮਾਰੂ ਮਹਲਾ ੫ ॥

مارُو محلا 5 ॥

ਵੈਦੋ ਨ ਵਾਈ ਭੈਣੋ ਨ ਭਾਈ
ਏਕੋ ਸਹਾਈ ਰਾਮੁ ਹੇ ॥੧॥

ویدو ن وائی بھینّو ن بھائی
ایکو سہائی رامُ ہے ॥1॥

ਕੀਤਾ ਜਿਸੋ ਹੋਵੈ ਪਾਪਾਂ ਮਲੋ ਧੋਵੈ
ਸੋ ਸਿਮਰਹੁ ਪਰਧਾਨੁ ਹੇ ॥੨॥

کِیتا جِسو ہووے پاپاں ملو دھووے
سو سِمرہُ پردھانُ ہے ॥2॥

ਘਟਿ ਘਟੇ ਵਾਸੀ ਸਰਬ ਨਿਵਾਸੀ
ਅਸਥਿਰੁ ਜਾ ਕਾ ਥਾਨੁ ਹੇ ॥੩॥

گھٹِ گھٹے واسی سرب نِواسی
استھِرُ جا کا تھانُ ہے ॥3॥

ਆਵੈ ਨ ਜਾਵੈ ਸੰਗੇ ਸਮਾਵੈ
ਪੂਰਨ ਜਾ ਕਾ ਕਾਮੁ ਹੇ ॥੪॥

آوے ن جاوے سنگے سماوے
پُورن جا کا کامُ ہے ॥4॥

ਭਗਤ ਜਨਾ ਕਾ ਰਾਖਣਹਾਰਾ ॥

بھگت جنا کا راکھنّہارا ॥

ਸੰਤ ਜੀਵਹਿ ਜਪਿ ਪ੍ਰਾਨ ਅਧਾਰਾ ॥

سنّت جیوہِ جپِ پّران ادھارا ॥

ਕਰਨ ਕਾਰਨ ਸਮਰਥੁ ਸੁਆਮੀ
ਨਾਨਕੁ ਤਿਸੁ ਕੁਰਬਾਨੁ ਹੇ ॥੫॥੨॥੩੨॥

کرن کارن سمرتھُ سُیامی
نانکُ تِسُ قُربانُ ہے ॥5॥2॥ 32 ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਮਾਰੂ ਮਹਲਾ ੯ ॥

مارُو محلا 9 ॥

ਹਰਿ ਕੋ ਨਾਮੁ ਸਦਾ ਸੁਖਦਾਈ ॥

ہرِ کو نامُ سدا سُکھدائی ॥

ਜਾ ਕਉ ਸਿਮਰਿ ਅਜਾਮਲੁ ਉਧਰਿਓ
ਗਨਿਕਾ ਹੂ ਗਤਿ ਪਾਈ ॥੧॥ ਰਹਾਉ ॥

جا کءُ سِمرِ اجاملُ اُدھرِئو
گنِکا ہوُ گتِ پائی ॥1॥ رہاءُ ॥

ਪੰਚਾਲੀ ਕਉ ਰਾਜ ਸਭਾ ਮਹਿ
ਰਾਮ ਨਾਮ ਸੁਧਿ ਆਈ ॥

پنچّالی کءُ راج سبھا مہِ
رام نام سُدھِ آئی ॥

ਤਾ ਕੋ ਦੂਖੁ ਹਰਿਓ ਕਰੁਣਾ ਮੈ
ਅਪਨੀ ਪੈਜ ਬਢਾਈ ॥੧॥

تا کو دوُکھُ ہرِئو کرُٹا مے
اپنی پیج بڈھائی ॥1॥

ਜਿਹ ਨਰ ਜਸੁ ਕਿਰਪਾ ਨਿਧਿ ਗਾਇਓ

جِہ نر جسُ کِرپا نِدھِ گائِئو

ਤਾ ਕਉ ਭਇਓ ਸਹਾਈ ॥

تا ک ءُ بھئیو سہائی ॥

ਕਹੁ ਨਾਨਕ ਮੈ ਇਹੀ ਭਰੋਸੈ
ਗਹੀ ਆਨਿ ਸਰਨਾਈ ॥੨॥੧॥

کہُ نانک مے اِہی بھروسے
گہی آنِ سرنائی ॥2॥1॥

ਮਾਰੂ ਮਹਲਾ ੯ ॥

مارُو محلا 9 ॥

ਅਬ ਮੈ ਕਹਾ ਕਰਉ ਰੀ ਮਾਈ ॥

اب مے کہا کرءُ ری مائی ۔ ॥

ਸਗਲ ਜਨਮੁ ਬਿਖਿਅਨ ਸਿਉ ਖੋਇਆ
ਸਿਮਰਿਓ ਨਾਹਿ ਕਨ੍ਾਈ ॥੧॥ ਰਹਾਉ ॥

سگل جنمُ بِکھِئن سِ ءُ کھوئیا
سِمرِیو ناہِ کنّہائی ॥1॥ رہاءُ ॥

ਕਾਲ ਫਾਸ ਜਬ ਗਰ ਮਹਿ ਮੇਲੀ
ਤਿਹ ਸੁਧਿ ਸਭ ਬਿਸਰਾਈ ॥

کال پھاس جب گر مہِ میلی
تِہ سُدھِ سبھ بِسرائی ॥

ਰਾਮ ਨਾਮ ਬਿਨੁ ਯਾ ਸੰਕਟ ਮਹਿ
ਕੋ ਅਬ ਹੋਤ ਸਹਾਈ ॥੧॥

رام نام بِنُ یا سنکٹ مہِ
کو اب ہوت سہائی ॥1॥

ਜੋ ਸੰਪਤਿ ਅਪਨੀ ਕਰਿ ਮਾਨੀ
ਛਿਨ ਮਹਿ ਭਈ ਪਰਾਈ ॥

جو سنپتِ اپنی کرِ مانی
چھِن مہِ بھئی پرائی ॥

ਕਹੁ ਨਾਨਕ ਯਹ ਸੋਚ ਰਹੀ ਮਨਿ
ਹਰਿ ਜਸੁ ਕਬਹੂ ਨ ਗਾਈ ॥੨॥੨॥

کہُ نانک یہ سوچ رہی منِ
ہرِ جسُ کبہوُ ن گائی ॥2॥2॥

ਮਾਰੂ ਮਹਲਾ ੯ ॥

مارُو محلا 9 ॥

ਮਾਈ ਮੈ ਮਨ ਕੋ ਮਾਨੁ ਨ ਤਿਆਗਿਓ ॥

مائی مے من کو مانُ ن تِیاگِئو ॥

ਮਾਇਆ ਕੇ ਮਦਿ ਜਨਮੁ ਸਿਰਾਇਓ
ਰਾਮ ਭਜਨਿ ਨਹੀ ਲਾਗਿਓ ॥੧॥ ਰਹਾਉ ॥

مائیا کے مدِ جنمُ سِرائِئو
رام بھجنِ نہی لاگِئو ॥1॥ رہاءُ ॥

ਜਮ ਕੋ ਡੰਡੁ ਪਰਿਓ ਸਿਰ ਊਪਰਿ
ਤਬ ਸੋਵਤ ਤੈ ਜਾਗਿਓ ॥

جم کو ڈنڈُ پرِئو سِر اوُپرِ
تب سووت تے جاگِئو ॥

ਕਹਾ ਹੋਤ ਅਬ ਕੈ ਪਛੁਤਾਏ
ਛੂਟਤ ਨਾਹਿਨ ਭਾਗਿਓ ॥੧॥

کہا ہوت اب کے پچھُتائے
چھوُٹت ناہِن بھاگِئو ॥1॥

ਇਹ ਚਿੰਤਾ ਉਪਜੀ ਘਟ ਮਹਿ ਜਬ
ਗੁਰ ਚਰਨਨ ਅਨੁਰਾਗਿਓ ॥

اِہ چنّتا اُپجی گھٹ مہِ جب
گُر چرنن انُراگِئو ॥

ਸੁਫਲੁ ਜਨਮੁ ਨਾਨਕ ਤਬ ਹੂਆ
ਜਉ ਪ੍ਰਭ ਜਸ ਮਹਿ ਪਾਗਿਓ ॥੨॥੩॥

سُپھلُ جنمُ نانک تب ہوُیا
جءُ پربھ جس مہِ پاگِئو ॥2॥3॥

ਮਾਰੂ ਅਸਟਪਦੀਆ ਮਹਲਾ ੧ ਘਰੁ ੧

مارُو اسٹپدیِیا محلا 1 گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਬੇਦ ਪੁਰਾਣ ਕਥੇ ਸੁਣੇ
ਹਾਰੇ ਮੁਨੀ ਅਨੇਕਾ ॥

بید پُراںٔ کتھے سُنے
ہارے مُنی انیکا ॥

ਅਠਸਿਠ ਤੀਰਥ ਬਹੁ ਘਣਾ
ਭ੍ਰਮਿ ਥਾਕੇ ਭੇਖਾ ॥

اٹھسِٹھ تِیرتھ بہُ گھٹا
بھرّمِ تھاکے بھیکھا ॥

ਸਾਚੋ ਸਾਹਿਬੁ ਨਿਰਮਲੋ
ਮਨਿ ਮਾਨੈ ਏਕਾ ॥੧॥

ساچو صاحِبُ نِرملو
منِ مانے ایکا ॥1॥

ਤੂ ਅਜਰਾਵਰੁ ਅਮਰੁ ਤੂ
ਸਭ ਚਾਲਣਹਾਰੀ ॥

توُ اجراورُ امرُ توُ
سبھ چالٹہاری ॥

ਨਾਮੁ ਰਸਾਇਣੁ ਭਾਇ ਲੈ
ਪਰਹਰਿ ਦੁਖੁ ਭਾਰੀ ॥੧॥ ਰਹਾਉ ॥

نامُ رسائِںٔ بھاءِ لے
پرہرِ دُکھُ بھاری ॥1॥ رہاءُ ॥

ਹਰਿ ਪੜੀਐ ਹਰਿ ਬੁਝੀਐ
ਗੁਰਮਤੀ ਨਾਮਿ ਉਧਾਰਾ ॥

ہرِ پڑیِئے ہرِ بُجھیِئے
گُرمتی نامِ اُدھارا ॥

ਗੁਰਿ ਪੂਰੈ ਪੂਰੀ ਮਤਿ ਹੈ
ਪੂਰੈ ਸਬਦਿ ਬੀਚਾਰਾ ॥

گُرِ پوُرے پوُری متِ ہے
پوُرے سبدِ بیچارا ॥

ਅਠਸਠਿ ਤੀਰਥ ਹਰਿ ਨਾਮੁ ਹੈ
ਕਿਲਵਿਖ ਕਾਟਣਹਾਰਾ ॥੨॥

اٹھسٹھِ تِیرتھ ہرِ نامُ ہے
کِلوِکھ کاٹٹہارا ॥2॥

ਜਲੁ ਬਿਲੋਵੈ ਜਲੁ ਮਥੈ
ਤਤੁ ਲੋੜੈ ਅੰਧੁ ਅਗਿਆਨਾ ॥

جلُ بِلووے جلُ متھے
تتُ لوڑے انّدھُ اگیانا ॥

ਗੁਰਮਤੀ ਦਧਿ ਮਥੀਐ
ਅੰਮ੍ਰਿਤੁ ਪਾਈਐ ਨਾਮੁ ਨਿਧਾਨਾ ॥

گُرمتی ددھِ متھیِئے
انّمرِتُ پائیِئے نامُ نِدھانا ॥

ਮਨਮੁਖ ਤਤੁ ਨ ਜਾਣਨੀ

منمُکھ تتُ ن جاٹنی

ਪਸੂ ਮਾਹਿ ਸਮਾਨਾ ॥੩॥

پسوُ ماہِ سمانا ॥3॥

ਹਉਮੈ ਮੇਰਾ ਮਰੀ ਮਰੁ
ਮਰਿ ਜੰਮੈ ਵਾਰੋ ਵਾਰ ॥

ہئُمَے میرا مری مرُ
مرِجنّمَے وارو وار ॥

ਗੁਰ ਕੈ ਸਬਦੇ ਜੇ ਮਰੈ
ਫਿਰਿ ਮਰੈ ਨ ਦੂਜੀ ਵਾਰ ॥

گُر کے سبدے جے مرے
پھِرِ مرے ن دوُجی وار ॥

ਗੁਰਮਤੀ ਜਗਜੀਵਨੁ ਮਨਿ ਵਸੈ
ਸਭਿ ਕੁਲ ਉਧਾਰਣਹਾਰ ॥੪॥

گُرمتی جگجیونُ منِ وسے
سبھِ کُل اُدھارنہار ॥4॥

ਸਚਾ ਵਖਰੁ ਨਾਮੁ ਹੈ
ਸਚਾ ਵਾਪਾਰਾ ॥

سچا وکھرُ نامُ ہے
سچا واپارا ॥

ਲਾਹਾ ਨਾਮੁ ਸੰਸਾਰਿ ਹੈ
ਗੁਰਮਤੀ ਵੀਚਾਰਾ ॥

لاہا نامُ سنّسارِ ہے
گُرمتی ویچارا ॥

ਦੂਜੈ ਭਾਇ ਕਾਰ ਕਮਾਵਣੀ
ਨਿਤ ਤੋਟਾ ਸੈਸਾਰਾ ॥੫॥

دوُجے بھاءِ کار کماونی
نِت توٹا سیَسارا ॥5॥

ਸਾਚੀ ਸੰਗਤਿ ਥਾਨੁ ਸਚੁ
ਸਚੇ ਘਰ ਬਾਰਾ ॥

ساچی سنگتِ تھانُ سچُ
سچے گھر بارا ॥

ਸਚਾ ਭੋਜਨੁ ਭਾਉ ਸਚੁ
ਸਚੁ ਨਾਮੁ ਅਧਾਰਾ ॥

سچا بھوجنُ بھاءُ سچُ
سچُ نامُ ادھارا ॥

ਸਚੀ ਬਾਣੀ ਸੰਤੋਖਿਆ
ਸਚਾ ਸਬਦੁ ਵੀਚਾਰਾ ॥੬॥

سچی بانی سنتوکھیا
سچا سبدُ ویچارا ॥6॥

ਰਸ ਭੋਗਣ ਪਾਤਿਸਾਹੀਆ
ਦੁਖ ਸੁਖ ਸੰਘਾਰਾ ॥

رس بھوگنُ پاتِشاہیا
دُکھ سُکھ سنگھارا ॥

ਮੋਟਾ ਨਾਉ ਧਰਾਈਐ
ਗਲਿ ਅਉਗਣ ਭਾਰਾ ॥

موٹا ناءُ دھرائیَے
گلِ انگنُ بھارا ॥

ਮਾਣਸ ਦਾਤਿ ਨ ਹੋਵਈ
ਤੂ ਦਾਤਾ ਸਾਰਾ ॥੭॥

مانُس داتِ ن ہووئی
توُ داتا سارا ॥7॥

ਅਗਮ ਅਗੋਚਰੁ ਤੂ ਧਣੀ
ਅਵਿਗਤੁ ਅਪਾਰਾ ॥

اگم اگوچرُ توُ دھنیٚ
اوِگتُ اپارا ॥

ਗੁਰ ਸਬਦੀ ਦਰੁ ਜੋਈਐ
ਮੁਕਤੇ ਭੰਡਾਰਾ ॥

گُر سبدی درُ جوئیےَ
مُکتے بھنڈارا ॥

ਨਾਨਕ ਮੇਲੁ ਨ ਚੂਕਈ
ਸਾਚੇ ਵਾਪਾਰਾ ॥੮॥੧॥

نانک میلُ ن چوُکئی
ساچے واپارا ॥8॥1॥

ਮਾਰੂ ਮਹਲਾ ੧ ॥

مارُو محلا 1 ॥

ਬਿਖੁ ਬੋਹਿਥਾ ਲਾਦਿਆ
ਦੀਆ ਸਮੁੰਦ ਮੰਝਾਰਿ ॥

بِکھُ بوہتھا لادِیا
دیِیا سمُنّد منجھارِ ॥

ਕੰਧੀ ਦਿਸਿ ਨ ਆਵਈ
ਨਾ ਉਰਵਾਰੁ ਨ ਪਾਰੁ ॥

کنّدھی دِس ن آوئی
نا اُروارُ ن پارُ ॥

ਵੰਝੀ ਹਾਥਿ ਨ ਖੇਵਟੂ
ਜਲੁ ਸਾਗਰੁ ਅਸਰਾਲੁ ॥੧॥

ونجھی ہاتھِ ن کھیوٹوُ
جلُ ساگرُ اسرالُ ॥1॥

ਬਾਬਾ ਜਗੁ ਫਾਥਾ ਮਹਾ ਜਾਲਿ ॥

بابا جگُ پھاتھا مہا جالِ ॥

ਗੁਰ ਪਰਸਾਦੀ ਉਬਰੇ
ਸਚਾ ਨਾਮੁ ਸਮਾਲਿ ॥੧॥ ਰਹਾਉ ॥

گُر پرسادی اُبرے
سچا نامُ سمالِ ॥1॥ رہاءُ ॥

ਸਤਿਗੁਰੂ ਹੈ ਬੋਹਿਥਾ
ਸਬਦਿ ਲੰਘਾਵਣਹਾਰੁ ॥

ستِگُرو ہےَ بوہتھا
سبدِ لنگھاوٹہارُ ॥

ਤਿਥੈ ਪਵਣੁ ਨ ਪਾਵਕੋ
ਨਾ ਜਲੁ ਨਾ ਆਕਾਰੁ ॥

تِتھےَ پونُ ن پاوکو
نا جلُ نا آکارُ ॥

ਤਿਥੈ ਸਚਾ ਸਚਿ ਨਾਇ
ਭਵਜਲ ਤਾਰਣਹਾਰੁ ॥੨॥

تِتھےَ سچا سچِ ناءِ
بھوجل تارٹہارُ ॥2॥

ਗੁਰਮੁਖਿ ਲੰਘੇ ਸੇ ਪਾਰਿ ਪਏ
ਸਚੇ ਸਿਉ ਲਿਵ ਲਾਇ ॥

گُرمُکھِ لنگھے سے پارِ پےَ
سچے سِءُ لِو لاءِ ॥

ਆਵਾ ਗਉਣੁ ਨਿਵਾਰਿਆ

آوا گئُنُ نِوارِیا

ਜੋਤੀ ਜੋਤਿ ਮਿਲਾਇ ॥

جوتی جوتِ مِلاءِ ॥

ਗੁਰਮਤੀ ਸਹਜੁ ਊਪਜੈ
ਸਚੇ ਰਹੈ ਸਮਾਇ ॥੨॥

گُرمتی سہجُ اوُپجے
سچے رہے سماءِ ॥2॥

ਸਪੁ ਪਿੜਾਈ ਪਾਈਐ
ਬਿਖੁ ਅੰਤਰਿ ਮਨਿ ਰੋਸੁ ॥

سپُ پڑائی پائیئے
بِکھُ انترِ منِ روسُ ॥

ਪੂਰਬਿ ਲਿਖਿਆ ਪਾਈਐ
ਕਿਸ ਨੋ ਦੀਜੈ ਦੋਸੁ ॥

پوُربِ لِکھیا پائیئے
کِس نو دیجے دوسُ ॥

ਗੁਰਮੁਖਿ ਗਾਰੜੁ ਜੇ ਸੁਣੇ
ਮੰਨੇ ਨਾਉ ਸੰਤੋਸੁ ॥੪॥

گُرمُکھِ گارڑُ جے سُنے
منّنے ناءُ سنتوسُ ॥4॥

ਮਾਗਰਮਛੁ ਫਹਾਈਐ
ਕੁੰਡੀ ਜਾਲੁ ਵਤਾਇ ॥

ماگرمچھُ پھہائیئے
کُنڈی جالُ وتاءِ ॥

ਦੁਰਮਤਿ ਫਾਥਾ ਫਾਹੀਐ
ਫਿਰਿ ਫਿਰਿ ਪਛੋਤਾਇ ॥

دُرمتِ پھاتھا پھاہیئے
پھِرِ پھِرِ پچھوتاءِ ॥

ਜੰਮਣ ਮਰਣੁ ਨ ਸੁਝਈ
ਕਿਰਤੁ ਨ ਮੇਟਿਆ ਜਾਇ ॥੫॥

جنمّنُ مرنُ ن سُجھئی
کِرتُ ن میٹیا جاءِ ॥5॥

ਹਉਮੈ ਬਿਖੁ ਪਾਇ ਜਗਤੁ ਉਪਾਇਆ
ਸਬਦੁ ਵਸੈ ਬਿਖੁ ਜਾਇ ॥

ہئُمے بِکھُ پاءِ جگتُ اُپائیا
سبدُ وسے بِکھُ جاءِ ॥

ਜਰਾ ਜੋਹਿ ਨ ਸਕਈ
ਸਚਿ ਰਹੈ ਲਿਵ ਲਾਇ ॥

جرا جوہِ ن سکئی
سچِ رہے لِو لاءِ ॥

ਜੀਵਨ ਮੁਕਤੁ ਸੋ ਆਖੀਐ
ਜਿਸੁ ਵਿਚਹੁ ਹਉਮੈ ਜਾਇ ॥੬॥

جیون مُکتُ سو آکھیئے
جِسُ وِچہُ ہئُمے جاءِ ॥6॥

ਧੰਧੈ ਧਾਵਤ ਜਗੁ ਬਾਧਿਆ
ਨਾ ਬੂਝੈ ਵੀਚਾਰੁ ॥

دھندّھے دھاوت جگُ بادھیا
نا بوُجھے ویچارُ ॥

ਜੰਮਣ ਮਰਣੁ ਵਿਸਾਰਿਆ
ਮਨਮੁਖ ਮੁਗਧੁ ਗਵਾਰੁ ॥

جنمّنُ مرنُ وِسارِیا
منمُکھ مُگدھُ گوارُ ॥

ਗੁਰਿ ਰਾਖੇ ਸੇ ਉਬਰੇ
ਸਚਾ ਸਬਦੁ ਵੀਚਾਰਿ ॥੭॥

گُرِ راکھے سے اُبرے
سچا سبدُ ویچارِ ॥7॥

ਸੂਹਟੁ ਪਿੰਜਰਿ ਪ੍ਰੇਮ ਕੈ
ਬੋਲੈ ਬੋਲਣਹਾਰੁ ॥

سُوہٹُ پِنجرِ پریم کے
بولے بولنہارُ ॥

ਸਚੁ ਚੁਗੈ ਅੰਮ੍ਰਿਤੁ ਪੀਐ
ਉਡੈ ਤ ਏਕਾ ਵਾਰ ॥

سچُ چُگے انمرِتُ پیئے
اُڈے ت ایکا وار ॥

ਗੁਰਿ ਮਿਲਿਐ ਖਸਮੁ ਪਛਾਣੀਐ
ਕਹੁ ਨਾਨਕ ਮੋਖ ਦੁਆਰੁ ॥੮॥੨॥

گُرِ ملِئے خصمُ پچھانیئے
کہُ نانک موکھ دُیارُ ॥8॥2॥

ਮਾਰੂ ਮਹਲਾ ੧ ॥

مارُو محلا 1 ॥

ਸਬਦਿ ਮਰੈ ਤਾ ਮਾਰਿ ਮਰੁ
ਭਾਗੋ ਕਿਸੁ ਪਹਿ ਜਾਉ ॥

سبدِ مرے تا مارِ مرُ
بھاگو کِسُ پہِ جاءُ ۔ ॥

ਜਿਸ ਕੈ ਡਰਿ ਭੈ ਭਾਗੀਐ
ਅੰਮ੍ਰਿਤੁ ਤਾ ਕੋ ਨਾਉ ॥

جِس کے ڈرِ بھے بھاگیئے
انمرِتُ تا کو ناءُ ॥

ਮਾਰਹਿ ਰਾਖਹਿ ਏਕੁ ਤੂ
ਬੀਜਉ ਨਾਹੀ ਥਾਉ ॥੧॥

مارہِ راکھہِ ایکُ توُ
بیجءُ ناہی تھاءُ ॥1॥

ਬਾਬਾ ਮੈ ਕੁਚੀਲੁ ਕਾਚਉ ਮਤਿਹੀਨ ॥

بابا مے کچیلُ کاچءُ متِہین ॥

ਨਾਮ ਬਿਨਾ ਕੋ ਕਛੁ ਨਹੀ
ਗੁਰਿ ਪੂਰੈ ਪੂਰੀ ਮਤਿ ਕੀਨ ॥੧॥ ਰਹਾਉ ॥

نام بِنا کو کچھُ نہی
گُرِ پورے پوری متِ کین ॥1॥ رہاءُ ॥

ਅਵਗਣਿ ਸੁਭਰ ਗੁਣ ਨਹੀ
ਬਿਨੁ ਗੁਣ ਕਿਉ ਘਰਿ ਜਾਉ ॥

اوگنِ سُبھر گُن نہی
بِنُ گُن کِءُ گھرِ جاءُ ۔ ॥

ਸਹਜਿ ਸਬਦਿ ਸੁਖੁ ਊਪਜੈ
ਬਿਨੁ ਭਾਗਾ ਧਨੁ ਨਾਹਿ ॥

سہجِ سبدِ سُکھُ اوُپجے
بِنُ بھاگا دھنُ ناہِ ॥

ਜਿਨ ਕੈ ਨਾਮੁ ਨ ਮਨਿ ਵਸੈ
ਸੇ ਬਾਧੇ ਦੂਖ ਸਹਾਹਿ ॥੨॥

جِن کے نامُ ن منِ وسے
سے بادھے دوُکھ سہاہِ ॥2॥

ਜਿਨੀ ਨਾਮੁ ਵਿਸਾਰਿਆ

جِنی نامُ وِسارِیا

ਸੇ ਕਿਤੁ ਆਏ ਸੰਸਾਰਿ ॥

سے کِتُ آئے سنّسارِ ۔ ॥

ਆਗੈ ਪਾਛੈ ਸੁਖੁ ਨਹੀ
ਗਾਡੇ ਲਾਦੇ ਛਾਰੁ ॥

آگے پاچھے سُکھُ نہی
گاڈے لادے چھارُ ॥

ਵਿਛੁੜਿਆ ਮੇਲਾ ਨਹੀ
ਦੂਖੁ ਘਣੋ ਜਮ ਦੁਆਰਿ ॥੩॥

وِچھُڑِیا میلا نہی
دوُکھُ گھنّو جم دُیارِ ॥3॥

ਅਗੈ ਕਿਆ ਜਾਣਾ ਨਾਹਿ ਮੈ
ਭੂਲੇ ਤੂ ਸਮਝਾਇ ॥

اگے کِیا جاٹا ناہِ مےَ
بھوُلے توُ سمجھاءِ ॥

ਭੂਲੇ ਮਾਰਗੁ ਜੋ ਦਸੇ
ਤਿਸ ਕੈ ਲਾਗਉ ਪਾਇ ॥

بھوُلے مارگُ جو دسے
تِس کے لاگ ءُ پاءِ ॥

ਗੁਰ ਬਿਨੁ ਦਾਤਾ ਕੋ ਨਹੀ
ਕੀਮਤਿ ਕਹਣੁ ਨ ਜਾਇ ॥੪॥

گُر بِنُ داتا کو نہی
قِیمتِ کہنُّ ن جاءِ ॥4॥

ਸਾਜਨੁ ਦੇਖਾ ਤਾ ਗਲਿ ਮਿਲਾ
ਸਾਚੁ ਪਠਾਇਓ ਲੇਖੁ ॥

ساجنُ دیکھا تا گلِ مِلا
ساچُ پٹھائیئو لیکھُ ॥

ਮੁਖਿ ਧਿਮਾਣੈ ਧਨ ਖੜੀ
ਗੁਰਮੁਖਿ ਆਖੀ ਦੇਖੁ ॥

مُکھِ دھِماٹے دھن کھڑی
گُرمُکھِ آکھی دیکھُ ॥

ਤੁਧੁ ਭਾਵੈ ਤੂ ਮਨਿ ਵਸਹਿ
ਨਦਰੀ ਕਰਮਿ ਵਿਸੇਖੁ ॥੫॥

تُدھُ بھاوےَ توُ منِ وسہِ
ندری کرمِ وِسیکھُ ॥5॥

ਭੂਖ ਪਿਆਸੋ ਜੇ ਭਵੈ
ਕਿਆ ਤਿਸੁ ਮਾਗਉ ਦੇਇ ॥

بھوُکھ پِیاسو جے بھوےَ
کِیا تِس ماگ ءُ دےءِ ۔ ॥

ਬੀਜਉ ਸੂਝੈ ਕੋ ਨਹੀ
ਮਨਿ ਤਨਿ ਪੂਰਨੁ ਦੇਇ ॥

بِیج ءُ سوُجھےَ کو نہی
منِ تنِ پوُرنُ دےءِ ॥

ਜਿਨਿ ਕੀਆ ਤਿਨਿ ਦੇਖਿਆ
ਆਪਿ ਵਡਾਈ ਦੇਇ ॥੬॥

جِنِ کِیِیا تِنِ دیکھِیا
آپِ وڈائی دےءِ ॥6॥

ਨਗਰੀ ਨਾਇਕੁ ਨਵਤਨੋ
ਬਾਲਕੁ ਲੀਲ ਅਨੂਪੁ ॥

نگری نائِکُ نوتنو
بالکُ لِیل انوُپُ ॥

ਨਾਰਿ 'ਨ' ਪੁਰਖੁ ਨ ਪੰਖਣੂ
ਸਾਚਉ ਚਤੁਰੁ ਸਰੂਪੁ ॥

نارِ ن پُرکھُ ن پنکھٹُو
ساچءُ چترُ سروُپُ ॥

ਜੋ ਤਿਸੁ ਭਾਵੈ ਸੋ ਥੀਐ
ਤੂ ਦੀਪਕੁ ਤੂ ਧੂਪੁ ॥੭॥

جو تِسُ بھاوے سو تھیئے
توُ دیپک توُ دھوُپُ ॥7॥

ਗੀਤ ਸਾਦ ਚਾਖੇ ਸੁਣੇ
ਬਾਦ ਸਾਦ ਤਨਿ ਰੋਗੁ ॥

گِیت ساد چاکھے سُنے
باد ساد تنِ روگُ ॥

ਸਚੁ ਭਾਵੈ ਸਾਚਉ ਚਵੈ
ਛੂਟੈ ਸੋਗ ਵਿਜੋਗੁ ॥

سچُ بھاوے ساچءُ چوے
چھوُٹے سوگ وِجوگُ ॥

ਨਾਨਕ ਨਾਮੁ ਨ ਵੀਸਰੈ
ਜੋ ਤਿਸੁ ਭਾਵੈ ਸੁ ਹੋਗੁ ॥੮॥੩॥

نانک نامُ ن ویسرے
جو تِسُ بھاوے سُ ہوگُ ॥8॥3॥

ਮਾਰੂ ਮਹਲਾ ੧ ॥

مارُو محلا 1 ॥

ਸਾਚੀ ਕਾਰ ਕਮਾਵਣੀ
ਹੋਰਿ ਲਾਲਚ ਬਾਦਿ ॥

ساچی کار کماونٹی
ہورِ لالچ بادِ ॥

ਇਹੁ ਮਨੁ ਸਾਚੈ ਮੋਹਿਆ
ਜਿਹਵਾ ਸਚਿ ਸਾਦਿ ॥

اِہُ منُ ساچے موہِیا
جِہوا سچِ سادِ ॥

ਬਿਨੁ ਨਾਵੈ ਕੋ ਰਸੁ ਨਹੀ
ਹੋਰਿ ਚਲਹਿ ਬਿਖੁ ਲਾਦਿ ॥੧॥

بِنُ ناوے کو رسُ نہی
ہورِ چلہِ بِکھُ لادِ ॥1॥

ਐਸਾ ਲਾਲਾ ਮੇਰੇ ਲਾਲ ਕੋ
ਸੁਣਿ ਖਸਮ ਹਮਾਰੇ ॥

ایَسا لالا میرے لال کو
سُنِ خصم ہمارے ۔ ॥

ਜਿਉ ਫੁਰਮਾਵਹਿ ਤਿਉ ਚਲਾ
ਸਚੁ ਲਾਲ ਪਿਆਰੇ ॥੧॥ ਰਹਾਉ ॥

جِءُ فُرماوہِ تِءُ چلا
سچُ لال پِیارے ۔ ॥1॥ رہاءُ ॥

ਅਨਦਿਨੁ ਲਾਲੇ ਚਾਕਰੀ
ਗੋਲੇ ਸਿਰਿ ਮੀਰਾ ॥

اندِنُ لالے چاکری
گولے سِرِ میرا ॥

ਗੁਰ ਬਚਨੀ ਮਨੁ ਵੇਚਿਆ
ਸਬਦਿ ਮਨੁ ਧੀਰਾ ॥

گُر بچنی منُ ویچیا
سبدِ منُ دھیرا ॥

ਗੁਰ ਪੂਰੇ ਸਾਬਾਸਿ ਹੈ
ਕਾਟੈ ਮਨ ਪੀਰਾ ॥੨॥

گُر پُورے ساباس ہے
کاٹے من پیرا ॥2॥

ਲਾਲਾ ਗੋਲਾ ਧਣੀ ਕੋ
ਕਿਆ ਕਹਉ ਵਡਿਆਈਐ ॥

لالا گولا دھنّی کو
کِیا کہءُ وڈِیائیَے۔ ॥

ਭਾਣੈ ਬਖਸੇ ਪੂਰਾ ਧਣੀ
ਸਚੁ ਕਾਰ ਕਮਾਈਐ ॥

بھاٹے بخشے پُورا دھنّی
سچُ کار کمائیَے ॥

ਵਿਛੁੜਿਆ ਕਉ ਮੇਲਿ ਲਏ
ਗੁਰ ਕਉ ਬਲਿ ਜਾਈਐ ॥੩॥

وِچھُڑِیا کءُ میلِ لے
گُر کءُ بلِ جائیَے ॥3॥

ਲਾਲੇ ਗੋਲੇ ਮਤਿ ਖਰੀ
ਗੁਰ ਕੀ ਮਤਿ ਨੀਕੀ ॥

لالے گولے متِ کھری
گُر کی متِ نِیکی ॥

ਸਾਚੀ ਸੁਰਤਿ ਸੁਹਾਵਣੀ
ਮਨਮੁਖ ਮਤਿ ਫੀਕੀ ॥

ساچی سُرتِ سُہاونّی
منمُکھ متِ پھِیکی ॥

ਮਨੁ ਤਨੁ ਤੇਰਾ ਤੂ ਪ੍ਰਭੂ
ਸਚੁ ਧੀਰਕ ਧੁਰ ਕੀ ॥੪॥

منُ تنُ تیرا توُ پرّبھوُ
سچُ دھیِرک دھُر کی ॥4॥

ਸਾਚੈ ਬੈਸਣੁ ਉਠਣਾ
ਸਚੁ ਭੋਜਨੁ ਭਾਖਿਆ ॥

ساچےَ بیَسنُ اُٹھنا
سچُ بھوجنُ بھاکھِیا ॥

ਚਿਤਿ ਸਚੈ ਵਿਤੋ ਸਚਾ
ਸਾਚਾ ਰਸੁ ਚਾਖਿਆ ॥

چِتِ سچےَ وِتو سچا
ساچا رسُ چاکھِیا ॥

ਸਾਚੈ ਘਰਿ ਸਾਚੈ ਰਖੇ
ਗੁਰ ਬਚਨਿ ਸੁਭਾਖਿਆ ॥੫॥

ساچےَ گھرِ ساچےَ رکھے
گُر بچنِ سُبھاکھِیا ॥5॥

ਮਨਮੁਖ ਕਉ ਆਲਸੁ ਘਣੋ
ਫਾਥੇ ਓਜਾੜੀ ॥

منمُکھ کءُ آلسُ گھنوُ
پھاتھے اوجاڑی ॥

ਫਾਥਾ ਚੁਗੈ ਨਿਤ ਚੋਗੜੀ
ਲਗਿ ਬੰਧੁ ਵਿਗਾੜੀ ॥

پھاتھا چُگےَ نِت چوگڑی
لگِ بنّدھُ وِگاڑی ॥

ਗੁਰ ਪਰਸਾਦੀ ਮੁਕਤੁ ਹੋਇ
ਸਾਚੇ ਨਿਜ ਤਾੜੀ ॥੬॥

گُر پرسادی مُکتُ ہوءِ

ਅਨਹਤਿ ਲਾਲਾ ਬੇਧਿਆ
ਪ੍ਰਭ ਹੇਤਿ ਪਿਆਰੀ ॥

ਬਿਨੁ ਸਾਚੇ ਜੀਉ ਜਲਿ ਬਲਉ
ਝੂਠੇ ਵੇਕਾਰੀ ॥

ਬਾਦਿ ਕਾਰਾ ਸਭਿ ਛੋਡੀਆ
ਸਾਚੀ ਤਰੁ ਤਾਰੀ ॥੭॥

ਜਿਨੀ ਨਾਮੁ ਵਿਸਾਰਿਆ
ਤਿਨਾ ਠਉਰ ਨ ਠਾਉ ॥

ਲਾਲੈ ਲਾਲਚੁ ਤਿਆਗਿਆ
ਪਾਇਆ ਹਰਿ ਨਾਉ ॥

ਤੂ ਬਖਸਹਿ ਤਾ ਮੇਲਿ ਲੈਹਿ
ਨਾਨਕ ਬਲਿ ਜਾਉ ॥੮॥੪॥

ਮਾਰੂ ਮਹਲਾ ੧ ॥

ਲਾਲੈ ਗਾਰਬੁ ਛੋਡਿਆ
ਗੁਰ ਕੈ ਭੈ ਸਹਜਿ ਸੁਭਾਈ ॥

ਲਾਲੈ ਖਸਮੁ ਪਛਾਣਿਆ
ਵਡੀ ਵਡਿਆਈ ॥

ਖਸਮਿ ਮਿਲਿਐ ਸੁਖੁ ਪਾਇਆ
ਕੀਮਤਿ ਕਹਣੁ ਨ ਜਾਈ ॥੧॥

ਲਾਲਾ ਗੋਲਾ ਖਸਮ ਕਾ
ਖਸਮੈ ਵਡਿਆਈ ॥

ਗੁਰ ਪਰਸਾਦੀ ਉਬਰੇ
ਹਰਿ ਕੀ ਸਰਣਾਈ ॥੧॥ ਰਹਾਉ ॥

ਲਾਲੇ ਨੋ ਸਿਰਿ ਕਾਰ ਹੈ

ساچے نِج تاڑی ॥6॥

انہتِ لالا بیدھیا
پربھ ہیتِ پیاری ॥

بِنُ ساچے جیءُ جلِ بلءُ
جھوٹھے ویکاری ॥

بادِ کارا سبھِ چھوڑیا
ساچی ترُ تاری ॥7॥

جِنی نامُ وِسارِیا
تِنا ٹھرُ ن ٹھاءُ ॥

لالے لالچُ تِیاگِیا
پائِیا ہرِ ناءُ ॥

توُ بخشہِ تا میلِ لیَہِ
نانک بلِ جاءُ ॥8॥4॥

مارُو محلا 1 ॥

لالے گاربُ چھوڑِیا
گُر کے بھے سہجِ سُبھائی ॥

لالے خصمُ پچھاٹِیا
وڈی وڈِیائی ॥

خصمِ مِلے سُکھُ پائِیا
قِیمتِ کہنُ ن جائی ॥1॥

لالا گولا خصم کا
خصمے وڈِیائی ॥

گُر پرسادی اُبرے
ہرِ کی سرٹائی ॥1॥ رہاءُ ॥

لالے نو سِرِ کار ہے

ਧੁਰਿ ਖਸਮਿ ਫੁਰਮਾਈ ॥

دھُرِ خصمِ فُرمائی ॥

ਲਾਲੈ ਹੁਕਮੁ ਪਛਾਣਿਆ
ਸਦਾ ਰਹੈ ਰਜਾਈ ॥

لالے حُکمُ پچھاٹیا
سدا رہے رضائی ॥

ਆਪੇ ਮੀਰਾ ਬਖਸਿ ਲਏ
ਵਡੀ ਵਡਿਆਈ ॥੨॥

آپے میرا بخشِ لے
وڈی وڈِیائی ॥2॥

ਆਪਿ ਸਚਾ ਸਭੁ ਸਚੁ ਹੈ
ਗੁਰ ਸਬਦਿ ਬੁਝਾਈ ॥

آپِ سچا سبھُ سچُ ہے
گُر سبدِ بُجھائی ॥

ਤੇਰੀ ਸੇਵਾ ਸੋ ਕਰੇ
ਜਿਸ ਨੋ ਲੈਹਿ ਤੂ ਲਾਈ ॥

تیری سیوا سو کرے
جِس نو لیہِ توُ لائی ॥

ਬਿਨੁ ਸੇਵਾ ਕਿਨੈ ਨ ਪਾਇਆ
ਦੂਜੈ ਭਰਮਿ ਖੁਆਈ ॥੩॥

بِنُ سیوا کِنے ن پائیا
دوُجے بھرمِ کھُیائی ॥3॥

ਸੋ ਕਿਉ ਮਨਹੁ ਵਿਸਾਰੀਐ
ਨਿਤ ਦੇਵੈ ਚੜੈ ਸਵਾਇਆ ॥

سو کِءُ منہُ وِسارِیے
نِت دیوے چڑے سوائیا ॥

ਜੀਉ ਪਿੰਡੁ ਸਭੁ ਤਿਸ ਦਾ
ਸਾਹੁ ਤਿਨੈ ਵਿਚਿ ਪਾਇਆ ॥

جِیءُ پِنڈُ سبھُ تِس دا
ساہُ تِنے وِچ پائیا ॥

ਜਾ ਕ੍ਰਿਪਾ ਕਰੇ ਤਾ ਸੇਵੀਐ
ਸੇਵਿ ਸਚਿ ਸਮਾਇਆ ॥੪॥

جا کرِپا کرے تا سیوِیے
سیوِ سچِ سمائیا ॥4॥

ਲਾਲਾ ਸੋ ਜੀਵਤੁ ਮਰੈ
ਮਰਿ ਵਿਚਹੁ ਆਪੁ ਗਵਾਏ ॥

لالا سو جیوتُ مرے
مرِ وِچہُ آپُ گوائے ॥

ਬੰਧਨ ਤੂਟਹਿ ਮੁਕਤਿ ਹੋਇ
ਤ੍ਰਿਸਨਾ ਅਗਨਿ ਬੁਝਾਏ ॥

بنّدھن توٹہِ مُکتِ ہوءِ
تّرِسنا اگنِ بُجھائے ॥

ਸਭ ਮਹਿ ਨਾਮੁ ਨਿਧਾਨੁ ਹੈ
ਗੁਰਮੁਖਿ ਕੋ ਪਾਏ ॥੫॥

سبھ مہِ نامُ نِدھانُ ہے
گُرمُکھِ کو پائے ॥5॥

ਲਾਲੇ ਵਿਚਿ ਗੁਣੁ ਕਿਛੁ ਨਹੀ
ਲਾਲਾ ਅਵਗਣਿਆਰੁ ॥

لالے وِچ گُنُ کچھُ نہی
لالا اوگنِیارُ ॥

ਤੁਧੁ ਜੇਵਡੁ ਦਾਤਾ ਕੋ ਨਹੀ
ਤੂ ਬਖਸਣਹਾਰੁ ॥

تُدھُ جیوڈُ داتا کو نہی
توُ بخشنہارُ ॥

ਤੇਰਾ ਹੁਕਮੁ ਲਾਲਾ ਮੰਨੇ
ਏਹ ਕਰਣੀ ਸਾਰੁ ॥੬॥

تیرا حُکمُ لالا منّنے
ایہ کرنی سارُ ॥6॥

ਗੁਰੁ ਸਾਗਰੁ ਅੰਮ੍ਰਿਤ ਸਰੁ
ਜੋ ਇਛੇ ਸੋ ਫਲੁ ਪਾਏ ॥

گُرُ ساگرُ انمّرِت سرُ
جو اِچھے سو پھلُ پائے ॥

ਨਾਮੁ ਪਦਾਰਥੁ ਅਮਰੁ ਹੈ
ਹਿਰਦੈ ਮੰਨਿ ਵਸਾਏ ॥

نامُ پدارتھُ امرُ ہے
ہِردے منّنِ وسائے ॥

ਗੁਰ ਸੇਵਾ ਸਦਾ ਸੁਖੁ ਹੈ
ਜਿਸ ਨੋ ਹੁਕਮੁ ਮਨਾਏ ॥੭॥

گُر سیوا سدا سُکھُ ہے
جِس نو حُکمُ منائے ॥7॥

ਸੁਇਨਾ ਰੁਪਾ ਸਭ ਧਾਤੁ ਹੈ
ਮਾਟੀ ਰਲਿ ਜਾਈ ॥

سُنّا رُپا سبھ دھاتُ ہے
ماٹی رلِ جائی ॥

ਬਿਨੁ ਨਾਵੈ ਨਾਲਿ ਨ ਚਲਈ
ਸਤਿਗੁਰਿ ਬੂਝ ਬੁਝਾਈ ॥

بِنُ ناوے نالِ ن چلئی
ستِگُرِ بوُجھ بُجھائی ॥

ਨਾਨਕ ਨਾਮਿ ਰਤੇ ਸੇ ਨਿਰਮਲੇ
ਸਾਚੈ ਰਹੇ ਸਮਾਈ ॥੮॥੫॥

نانک نامِ رتے سے نِرملے
ساچے رہے سمائی ॥8॥5॥

ਮਾਰੂ ਮਹਲਾ ੧ ॥

مارُو محلا 1 ॥

ਹੁਕਮੁ ਭਇਆ ਰਹਣਾ ਨਹੀ
ਧੁਰਿ ਫਾਟੇ ਚੀਰੈ ॥

حُکمُ بھئیا رہنّا نہی
دھُرِ پھاٹے چیرے ॥

ਏਹੁ ਮਨੁ ਅਵਗਣਿ ਬਾਧਿਆ
ਸਹੁ ਦੇਹ ਸਰੀਰੈ ॥

ایہُ منُ اوگنِ بادھیا
سہُ دیہ سریرے ॥

ਪੂਰੈ ਗੁਰਿ ਬਖਸਾਈਅਹਿ
ਸਭਿ ਗੁਨਹ ਫਕੀਰੈ ॥੧॥

پوُرے گُرِ بخشائینہِ
سبھِ گُنہ فقیرے ॥1॥

ਕਿਉ ਰਹੀਐ ਉਠਿ ਚਲਣਾ
ਬੁਝੁ ਸਬਦ ਬੀਚਾਰਾ ॥

کِءُ رہیئے اُٹھِ چلنّا
بُجھُ سبد بیچارا ॥

ਜਿਸੁ ਤੂ ਮੇਲਹਿ ਸੋ ਮਿਲੈ
ਧੁਰਿ ਹੁਕਮੁ ਅਪਾਰਾ ॥੧॥ ਰਹਾਉ ॥

جِسُ تُو میلہِ سو ملِے
دھُرِ حُکمُ اپارا ॥1॥ رہاءُ ॥

ਜਿਉ ਤੂ ਰਾਖਹਿ ਤਿਉ ਰਹਾ
ਜੋ ਦੇਹਿ ਸੁ ਖਾਉ ॥

جِءُ تُو راکھہِ تِءُ رہا
جو دیہِ سُ کھاءُ ॥

ਜਿਉ ਤੂ ਚਲਾਵਹਿ ਤਿਉ ਚਲਾ
ਮੁਖਿ ਅੰਮ੍ਰਿਤ ਨਾਉ ॥

جِءُ تُو چلاوہِ تِءُ چلا
مُکھِ انمّرِت ناءُ ॥

ਮੇਰੇ ਠਾਕੁਰ ਹਥਿ ਵਡਿਆਈਆ
ਮੇਲਹਿ ਮਨਿ ਚਾਉ ॥੨॥

میرے ٹھاکُر ہتھِ وڈِیائیِیا
میلہِ منِ چاءُ ॥2॥

ਕੀਤਾ ਕਿਆ ਸਾਲਾਹੀਐ
ਕਰਿ ਦੇਖੈ ਸੋਈ ॥

کِیتا کِیا سالاہیِۓ
کرِ دیکھے سوئی ॥

ਜਿਨਿ ਕੀਆ ਸੋ ਮਨਿ ਵਸੈ
ਮੈ ਅਵਰੁ ਨ ਕੋਈ ॥

جِنِ کِیِیا سو منِ وسے
مے اورُ ن کوئی ॥

ਸੋ ਸਾਚਾ ਸਾਲਾਹੀਐ
ਸਾਚੀ ਪਤਿ ਹੋਈ ॥੩॥

سو ساچا سالاہیِۓ
ساچی پتِ ہوئی ॥3॥

ਪੰਡਿਤੁ ਪੜਿ ਨ ਪਹੁਚਈ
ਬਹੁ ਆਲ ਜੰਜਾਲਾ ॥

پنڈِتُ پڑِ ن پہُچئی
بہُ آل زنجالا ॥

ਪਾਪ ਪੁੰਨ ਦੁਇ ਸੰਗਮੇ
ਖੁਧਿਆ ਜਮਕਾਲਾ ॥

پاپ پُنّن دُءِ سنگمے
کھُدھیا جمکالا ॥

ਵਿਛੋੜਾ ਭਉ ਵੀਸਰੈ
ਪੂਰਾ ਰਖਵਾਲਾ ॥੪॥

وِچھوڑا بھءُ ویسرے
پوُرا رکھوالا ॥4॥

ਜਿਨ ਕੀ ਲੇਖੈ ਪਤਿ ਪਵੈ
ਸੇ ਪੂਰੇ ਭਾਈ ॥

جِن کی لیکھے پتِ پوے
سے پوُرے بھائی ۔ ॥

ਪੂਰੇ ਪੂਰੀ ਮਤਿ ਹੈ
ਸਚੀ ਵਡਿਆਈ ॥

پوُرے پوُری متِ ہے
سچی وڈِیائی ॥

ਦੇਦੇ ਤੋਟਿ ਨ ਆਵਈ
ਲੈ ਲੈ ਥਕਿ ਪਾਈ ॥੫॥

دیدے توٹِ ن آوئی

ਲੇ ਲੇ ਥਕਿ ਪਾਈ ॥5॥

لے لے تھکِ پائی ॥5॥

ਖਾਰ ਸਮੁਦ੍ਰ ਢੰਢੋਲੀਐ
ਇਕੁ ਮਣੀਆ ਪਾਵੈ ॥

کھار سمُدّرُ ڈھنڈھولیئے
اِکُ منیا پاوے ॥

ਦੁਇ ਦਿਨ ਚਾਰਿ ਸੁਹਾਵਣਾ
ਮਾਟੀ ਤਿਸੁ ਖਾਵੈ ॥

دُءِ دِن چارِ سُہاوٹا
ماٹی تِسُ کھاوے ॥

ਗੁਰੁ ਸਾਗਰੁ ਸਤਿ ਸੇਵੀਐ
ਦੇ ਤੋਟਿ ਨ ਆਵੈ ॥੬॥

گُرُ ساگرُ ستِ سیویئے
دے توٹِ ن آوے ॥6॥

ਮੇਰੇ ਪ੍ਰਭ ਭਾਵਨਿ ਸੇ ਊਜਲੇ
ਸਭ ਮੈਲੁ ਭਰੀਜੈ ॥

میرے پربھ بھاونِ سے اوُجلے
سبھ میَلُ بھریجے ॥

ਮੈਲਾ ਊਜਲੁ ਤਾ ਥੀਐ
ਪਾਰਸ ਸੰਗਿ ਭੀਜੈ ॥

میَلا اوُجلُ تا تھیئے
پارس سنگِ بھیجے ॥

ਵੰਨੀ ਸਾਚੇ ਲਾਲ ਕੀ
ਕਿਨਿ ਕੀਮਤਿ ਕੀਜੈ ॥੭॥

ونّنی ساچے لال کی
کِنِ قیمتِ کیجے ۔ ॥7॥

ਭੇਖੀ ਹਾਥ ਨ ਲਭਈ
ਤੀਰਥਿ ਨਹੀ ਦਾਨੇ ॥

بھیکھی ہاتھ ن لبھئی
تیرتھِ نہی دانے ॥

ਪੂਛਉ ਬੇਦ ਪੜੰਤਿਆ
ਮੂਠੀ ਵਿਣੁ ਮਾਨੇ ॥

پوُچھ ءُ بید پڑنتیا
موُٹھی وِنُ مانے ॥

ਨਾਨਕ ਕੀਮਤਿ ਸੋ ਕਰੇ
ਪੂਰਾ ਗੁਰੁ ਗਿਆਨੇ ॥੮॥੬॥

نانک قیمتِ سو کرے
پوُرا گُرُ گیانے ॥8॥6॥

ਮਾਰੂ ਮਹਲਾ ੧ ॥

مارو محلا 1 ॥

ਮਨਮੁਖ ਲਹਰਿ ਘਰੁ ਤਜਿ ਵਿਗੂਚੈ
ਅਵਰਾ ਕੇ ਘਰ ਹੇਰੈ ॥

منمکھ لہرِ گھرُ تجِ وِگوُچے
اورا کے گھر ہیرے ॥

ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ
ਦੁਰਮਤਿ ਘੂਮਨ ਘੇਰੈ ॥

گرِہ دھرمُ گوائے ستِگُرُ ن بھیٹے
دُرمتِ گھوُمن گھیرے ॥

ਦਿਸੰਤਰੁ ਭਵੈ ਪਾਠ ਪੜਿ ਥਾਕਾ

دِسنّتر بھوے پاٹھ پڑِ تھاکا

ਤ੍ਰਿਸਨਾ ਹੋਇ ਵਧੇਰੈ ॥

ਕਾਚੀ ਪਿੰਡੀ ਸਬਦੁ ਨ ਚੀਨੈ
ਉਦਰੁ ਭਰੈ ਜੈਸੇ ਢੋਰੈ ॥੧॥

ਬਾਬਾ ਐਸੀ ਰਵਤ ਰਵੈ ਸੰਨਿਆਸੀ ॥

ਗੁਰ ਕੈ ਸਬਦਿ ਏਕ ਲਿਵ ਲਾਗੀ
ਤੇਰੈ ਨਾਮਿ ਰਤੇ ਤ੍ਰਿਪਤਾਸੀ ॥੧॥ ਰਹਾਉ ॥

ਘੋਲੀ ਗੇਰੂ ਰੰਗੁ ਚੜਾਇਆ
ਵਸਤ੍ਰ ਭੇਖ ਭੇਖਾਰੀ ॥

ਕਾਪੜ ਫਾਰਿ ਬਨਾਈ ਖਿੰਥਾ
ਝੋਲੀ ਮਾਇਆਧਾਰੀ ॥

ਘਰਿ ਘਰਿ ਮਾਗੈ ਜਗੁ ਪਰਬੋਧੈ
ਮਨਿ ਅੰਧੈ ਪਤਿ ਹਾਰੀ ॥

ਭਰਮਿ ਭੁਲਾਣਾ ਸਬਦੁ ਨ ਚੀਨੈ
ਜੂਐ ਬਾਜੀ ਹਾਰੀ ॥੨॥

ਅੰਤਰਿ ਅਗਨਿ ਨ ਗੁਰ ਬਿਨੁ ਬੂਝੈ
ਬਾਹਰਿ ਪੂਅਰ ਤਾਪੈ ॥

ਗੁਰ ਸੇਵਾ ਬਿਨੁ ਭਗਤਿ ਨ ਹੋਵੀ
ਕਿਉ ਕਰਿ ਚੀਨਸਿ ਆਪੈ ॥

ਨਿੰਦਾ ਕਰਿ ਕਰਿ ਨਰਕ ਨਿਵਾਸੀ
ਅੰਤਰਿ ਆਤਮ ਜਾਪੈ ॥

ਅਠਸਠਿ ਤੀਰਥ ਭਰਮਿ ਵਿਗੂਚਹਿ
ਕਿਉ ਮਲੁ ਧੋਪੈ ਪਾਪੈ ॥੩॥

ਛਾਣੀ ਖਾਕੁ ਬਿਭੂਤ ਚੜਾਈ
ਮਾਇਆ ਕਾ ਮਗੁ ਜੋਹੈ ॥

ਅੰਤਰਿ ਬਾਹਰਿ ਏਕੁ ਨ ਜਾਣੈ

ترِسنا ہوءِ ودھیرے ॥

کاچی پِنڈی سبدُ ن چِینے
اُدرُ بھرے جیسے ڈھورے ॥1॥

بابا ایسی روت روے سنّیاسی ॥

گُر کے سبدِ ایک لِو لاگی
تیرے نامِ رتے ترِپتاسی ॥1॥ رہاءُ ॥

گھولی گیرُو رنگُ چڑائیا
وستّر بھیکھ بھیکھاری ॥

کاپڑ پھارِ بنائی کھنّتھا
جھولی مائیادھاری ॥

گھرِ گھرِ ماگے جگُ پربودھے
منِ انّدھے پتِ ہاری ॥

بھرمِ بھُلاٹا سبدُ ن چِینے
جوُئے بازی ہاری ॥2॥

انترِ اگنِ ن گُر بِنُ بوُجھے
باہرِ پوُئر تاپے ॥

گُر سیوا بِنُ بھگتِ ن ہووی
کِءُ کرِ چِینسِ آپے ۔ ॥

نِندا کرِ کرِ نرک نِواسی
انترِ آتم جاپے ॥

اٹھسٹھِ تِیرتھ بھرمِ وِگوُچہِ
کِءُ مُل دھوپے پاپے ۔ ॥3॥

چھائی خاکُ بِبھوُت چڑائی
مائیا کا مگُ جوہے ॥

انترِ باہرِ ایکُ ن جانے

ਸਾਚੁ ਕਹੇ ਤੇ ਛੋਹੈ ॥

ساچُ کہے تے چھوہے ॥

ਪਾਠੁ ਪੜੈ ਮੁਖਿ ਝੂਠੋ ਬੋਲੈ
ਨਿਗੁਰੇ ਕੀ ਮਤਿ ਓਹੈ ॥

پاٹھُ پڑے مُکھِ جھوٹھو بولے
نِگُرے کی متِ اوہے ॥

ਨਾਮੁ ਨ ਜਪਈ ਕਿਉ ਸੁਖੁ ਪਾਵੈ
ਬਿਨੁ ਨਾਵੈ ਕਿਉ ਸੋਹੈ ॥੪॥

نامُ ن جپئی کِءُ سُکھُ پاوے
بِنُ ناوے کِءُ سوہے ۔ ॥4॥

ਮੂੰਡੁ ਮੁਡਾਇ ਜਟਾ ਸਿਖ ਬਾਧੀ
ਮੋਨਿ ਰਹੈ ਅਭਿਮਾਨਾ ॥

موُنڈُ مُڈاءِ جٹا سِکھ بادھی
مونِ رہے ابھمانا ॥

ਮਨੂਆ ਡੋਲੈ ਦਹ ਦਿਸ ਧਾਵੈ
ਬਿਨੁ ਰਤ ਆਤਮ ਗਿਆਨਾ ॥

منویا ڈولے دہ دِس دھاوے
بِنُ رت آتم گیانا ॥

ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ
ਮਾਇਆ ਕਾ ਦੇਵਾਨਾ ॥

انّمرِتُ چھوڈِ مہا بِکھُ پیوے
مائیا کا دیوانا ॥

ਕਿਰਤੁ ਨ ਮਿਟਈ ਹੁਕਮੁ ਨ ਬੂਝੈ
ਪਸੂਆ ਮਾਹਿ ਸਮਾਨਾ ॥੫॥

کِرتُ ن مِٹئی حُکمُ ن بوُجھے
پسوُیا ماہِ سمانا ॥5॥

ਹਾਥ ਕਮੰਡਲੁ ਕਾਪੜੀਆ
ਮਨਿ ਤ੍ਰਿਸਨਾ ਉਪਜੀ ਭਾਰੀ ॥

ہاتھ کمنڈلُ کاپڑِیا
منِ ترِسنا اُپجی بھاری ॥

ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ
ਚਿਤੁ ਲਾਇਆ ਪਰ ਨਾਰੀ ॥

اِستّری تجِ کرِ کامِ ویاپِیا
چِتُ لائیا پر ناری ॥

ਸਿਖ ਕਰੇ ਕਰਿ ਸਬਦੁ ਨ ਚੀਨੈ
ਲੰਪਟੁ ਹੈ ਬਾਜਾਰੀ ॥

سِکھ کرے کرِ سبدُ ن چینے
لنّپٹُ ہے بازاری ॥

ਅੰਤਰਿ ਬਿਖੁ ਬਾਹਰਿ ਨਿਭਰਾਤੀ
ਤਾ ਜਮੁ ਕਰੇ ਖੁਆਰੀ ॥੬॥

انترِ بِکھُ باہرِ نِبھراتی
تا جمُ کرے خُیاری ॥6॥

ਸੋ ਸੰਨਿਆਸੀ ਜੋ ਸਤਿਗੁਰ ਸੇਵੈ
ਵਿਚਹੁ ਆਪੁ ਗਵਾਏ ॥

سو سنّیاسی جو ستِگُر سیوے
وِچہُ آپُ گوائے ॥

ਛਾਦਨ ਭੋਜਨ ਕੀ ਆਸ ਨ ਕਰਈ
ਅਚਿੰਤੁ ਮਿਲੈ ਸੋ ਪਾਏ ॥

چھادن بھوجن کی آس ن کرئی
اچِنتُ ملے سو پائے ॥

ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ
ਤਾਮਸੁ ਨਾਮਿ ਜਲਾਏ ॥

بکےَ ن بولےَ کھِما دھنُ سنگّرہےَ
تامسُ نامِ جلائے ॥

ਧਨੁ ਗਿਰਹੀ ਸੰਨਿਆਸੀ ਜੋਗੀ
ਜਿ ਹਰਿ ਚਰਣੀ ਚਿਤੁ ਲਾਏ ॥੭॥

دھنُ گِرہی سنّیاسی جوگی
جِ ہرِ چرنّی چِتُ لائے ॥7॥

ਆਸ ਨਿਰਾਸ ਰਹੈ ਸੰਨਿਆਸੀ
ਏਕਸੁ ਸਿਉ ਲਿਵ ਲਾਏ ॥

آس نِراس رہےَ سنّیاسی
ایکسُ سِ ءُ لِو لائے ॥

ਹਰਿ ਰਸੁ ਪੀਵੈ ਤਾ ਸਾਤਿ ਆਵੈ
ਨਿਜ ਘਰਿ ਤਾੜੀ ਲਾਏ ॥

ہرِ رسُ پیوےَ تا ساتِ آوےَ
نِج گھرِ تاڑی لائے ॥

ਮਨੂਆ ਨ ਡੋਲੈ ਗੁਰਮੁਖਿ ਬੂਝੈ
ਧਾਵਤੁ ਵਰਜਿ ਰਹਾਏ ॥

منویا ن ڈولےَ گُرمُکھِ بوُجھےَ
دھاوتُ ورجِ رہائے ॥

ਗ੍ਰਿਹੁ ਸਰੀਰੁ ਗੁਰਮਤੀ ਖੋਜੇ
ਨਾਮੁ ਪਦਾਰਥੁ ਪਾਏ ॥੮॥

گّرِہُ سریرُ گُرمتی کھوجے
نامُ پدارتھُ پائے ॥8॥

ਬ੍ਰਹਮਾ ਬਿਸਨੁ ਮਹੇਸੁ ਸਰੇਸਟ
ਨਾਮਿ ਰਤੇ ਵੀਚਾਰੀ ॥

بّرہما بِسنُ مہیسُ سریسٹ
نامِ رتے ویچاری ॥

ਖਾਣੀ ਬਾਣੀ ਗਗਨ ਪਤਾਲੀ
ਜੰਤਾ ਜੋਤਿ ਤੁਮਾਰੀ ॥

کھانّی بانّی گگن پتالی
جنّتا جوتِ تُماری ॥

ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ
ਸਚੁ ਨਾਮੁ ਉਰ ਧਾਰੀ ॥

سبھِ سُکھ مُکتِ نام دھُنِ بانّی
سچُ نامُ اُر دھاری ॥

ਨਾਮ ਬਿਨਾ ਨਹੀ ਛੂਟਸਿ ਨਾਨਕ
ਸਾਚੀ ਤਰੁ ਤੂ ਤਾਰੀ ॥੯॥੭॥

نام بِنا نہی چھوُٹسِ نانک
ساچی ترُ توُ تاری ॥9॥7॥

ਮਾਰੂ ਮਹਲਾ ੧ ॥

مارُو محلا 1 ॥

ਮਾਤ ਪਿਤਾ ਸੰਜੋਗਿ ਉਪਾਏ
ਰਕਤੁ ਬਿੰਦੁ ਮਿਲਿ ਪਿੰਡੁ ਕਰੇ ॥

مات پِتا سنجوگِ اُپائے
رکتُ بِندُ مِلِ پِنڈُ کرے ॥

ਅੰਤਰਿ ਗਰਭ ਉਰਧਿ ਲਿਵ ਲਾਗੀ
ਸੋ ਪ੍ਰਭੁ ਸਾਰੇ ਦਾਤਿ ਕਰੇ ॥੧॥

انترِ گربھ اُردھِ لِو لاگی
سو پربھُ سارے داتِ کرے ॥1॥

ਸੰਸਾਰੁ ਭਵਜਲੁ ਕਿਉ ਤਰੈ ॥

سنّسارُ بھوجلُ کِءُ ترے ۔ ॥

ਗੁਰਮੁਖਿ ਨਾਮੁ ਨਿਰੰਜਨੁ ਪਾਈਐ
ਅਫਰਿਓ ਭਾਰੁ ਅਫਾਰੁ ਟਰੈ ॥੧॥ ਰਹਾਉ ॥

گُرمُکھِ نامُ نِرنجنُ پائیئے
اپھرِئو بھارُ اپھارُ ٹرے ॥1॥ رہاءُ ॥

ਤੇ ਗੁਣ ਵਿਸਰਿ ਗਏ ਅਪਰਾਧੀ
ਮੈ ਬਉਰਾ ਕਿਆ ਕਰਉ ਹਰੇ ॥

تے گُنٹ وِسرِ گئے اپرادھی
مے بئرا کیا کرءُ ہرے ۔ ॥

ਤੂ ਦਾਤਾ ਦਇਆਲੁ ਸਭੈ ਸਿਰਿ
ਅਹਿਨਿਸਿ ਦਾਤਿ ਸਮਾਰਿ ਕਰੇ ॥੨॥

توُ داتا دئیالُ سبھے سِرِ
اہِنِس داتِ سمارِ کرے ॥2॥

ਚਾਰਿ ਪਦਾਰਥ ਲੈ ਜਗਿ ਜਨਮਿਆ
ਸਿਵ ਸਕਤੀ ਘਰਿ ਵਾਸੁ ਧਰੇ ॥

چارِ پدارتھ لے جگِ جنمیا
سِو سکتی گھرِ واسُ دھرے ॥

ਲਾਗੀ ਭੂਖ ਮਾਇਆ ਮਗੁ ਜੋਹੈ
ਮੁਕਤਿ ਪਦਾਰਥੁ ਮੋਹਿ ਖਰੇ ॥੩॥

لاگی بھوُکھ مائیا مگُ جوہے
مُکتِ پدارتھُ موہِ کھرے ॥3॥

ਕਰਣ ਪਲਾਵ ਕਰੇ ਨਹੀ ਪਾਵੈ
ਇਤ ਉਤ ਢੂਢਤ ਥਾਕਿ ਪਰੇ ॥

کرنٹ پلاو کرے نہی پاوے
اِت اُت ڈھوُڈھت تھاکِ پرے ॥

ਕਾਮਿ ਕ੍ਰੋਧਿ ਅਹੰਕਾਰਿ ਵਿਆਪੇ
ਕੂੜ ਕੁਟੰਬ ਸਿਉ ਪ੍ਰੀਤਿ ਕਰੇ ॥੪॥

کامِ کرودھِ اہنکارِ ویاپے
کوُڑ کُٹنّب سِءُ پّریتِ کرے ॥4॥

ਖਾਵੈ ਭੋਗੈ ਸੁਣਿ ਸੁਣਿ ਦੇਖੈ
ਪਹਿਰਿ ਦਿਖਾਵੈ ਕਾਲ ਘਰੇ ॥

کھاوے بھوگے سُنٹِ سُنٹِ دیکھے
پہِرِ دِکھاوے کال گھرے ॥

ਬਿਨੁ ਗੁਰ ਸਬਦ ਨ ਆਪੁ ਪਛਾਣੈ
ਬਿਨੁ ਹਰਿ ਨਾਮ ਨ ਕਾਲੁ ਟਰੇ ॥੫॥

بِنُ گُر سبد ن آپُ پچھانّے
بِنُ ہرِ نام ن کالُ ٹرے ॥5॥

ਜੇਤਾ ਮੋਹੁ ਹਉਮੈ ਕਰਿ ਭੂਲੇ
ਮੇਰੀ ਮੇਰੀ ਕਰਤੇ ਛੀਨਿ ਖਰੇ ॥

جیتا موہُ ہئمّے کرِ بھوُلے
میری میری کرتے چھینِ کھرے ॥

ਤਨੁ ਧਨੁ ਬਿਨਸੈ ਸਹਸੈ ਸਹਸਾ
ਫਿਰਿ ਪਛੁਤਾਵੈ ਮੁਖਿ ਧੂਰਿ ਪਰੇ ॥੬॥

تنُ دھنُ بِنسے سہسے سہسا
پھِرِ پچھُتاوے مُکھِ دھوُرِ پرے ॥6॥

ਬਿਰਧਿ ਭਇਆ ਜੋਬਨੁ ਤਨੁ ਖਿਸਿਆ
ਕਫੁ ਕੰਠੁ ਬਿਰੂਧੋ ਨੈਨਹੁ ਨੀਰੁ ਢਰੇ ॥

بِردھِ بھئیا جوبنُ تنُ کھِسیا
کپھُ کنٹھُ بِروُدھو نینہُ نیرُ ڈھرے ॥

ਚਰਣ ਰਹੇ ਕਰ ਕੰਪਣ ਲਾਗੇ
ਸਾਕਤ ਰਾਮੁ ਨ ਰਿਦੈ ਹਰੇ ॥੭॥

چرنؔ رہے کر کنپنؔ لاگے
ساکت رامُ ن رِدے ہرے ॥7॥

ਸੁਰਤਿ ਗਈ ਕਾਲੀ ਹੂ ਧਉਲੇ
ਕਿਸੈ ਨ ਭਾਵੈ ਰਖਿਓ ਘਰੇ ॥

سُرتِ گئی کالی ہوُ دھئُلے
کِسے ن بھاوے رکھِئو گھرے ॥

ਬਿਸਰਤ ਨਾਮ ਐਸੇ ਦੋਖ ਲਾਗਹਿ
ਜਮੁ ਮਾਰਿ ਸਮਾਰੇ ਨਰਕਿ ਖਰੇ ॥੮॥

بِسرت نام ایسے دوکھ لاگہِ
جمُ مارِ سمارے نرکِ کھرے ॥8॥

ਪੂਰਬ ਜਨਮ ਕੋ ਲੇਖੁ ਨ ਮਿਟਈ
ਜਨਮਿ ਮਰੈ ਕਾ ਕਉ ਦੋਸੁ ਧਰੇ ॥

پوُرب جنم کو لیکھُ ن مٹئی
جنمِ مرے کا کءُ دوسُ دھرے ۔ ॥

ਬਿਨੁ ਗੁਰ ਬਾਦਿ ਜੀਵਣੁ ਹੋਰੁ ਮਰਣਾ
ਬਿਨੁ ਗੁਰ ਸਬਦੈ ਜਨਮੁ ਜਰੇ ॥੯॥

بِنُ گُر بادِ جیِونُ ہورُ مرٹا
بِنُ گُر سبدے جنمُ جرے ॥9॥

ਖੁਸੀ ਖੁਆਰ ਭਏ ਰਸ ਭੋਗਣ
ਫੋਕਟ ਕਰਮ ਵਿਕਾਰ ਕਰੇ ॥

خُشی خُیار بھئے رس بھوگنؔ
پھوکٹ کرم وِکار کرے ॥

ਨਾਮੁ ਬਿਸਾਰਿ ਲੋਭਿ ਮੂਲੁ ਖੋਇਓ
ਸਿਰਿ ਧਰਮ ਰਾਇ ਕਾ ਡੰਡੁ ਪਰੇ ॥੧੦॥

نامُ بِسارِ لوبھِ موُلُ کھوئِئو
سِرِ دھرم راءِ کا ڈنڈُ پرے ॥ 10 ॥

ਗੁਰਮੁਖਿ ਰਾਮ ਨਾਮ ਗੁਣ ਗਾਵਹਿ
ਜਾ ਕਉ ਹਰਿ ਪ੍ਰਭੁ ਨਦਰਿ ਕਰੇ ॥

گُرمُکھِ رام نام گُنؔ گاوہِ
جا کءُ ہرِ پربھُ ندرِ کرے ॥

ਤੇ ਨਿਰਮਲ ਪੁਰਖ ਅਪਰੰਪਰ ਪੂਰੇ
ਤੇ ਜਗ ਮਹਿ ਗੁਰ ਗੋਵਿੰਦ ਹਰੇ ॥੧੧॥

تے نِرمل پُرکھ اپرنّپر پوُرے
تے جگ مہِ گُر گووِنّد ہرے ॥ 11 ॥

ਹਰਿ ਸਿਮਰਹੁ ਗੁਰ ਬਚਨ ਸਮਾਰਹੁ
ਸੰਗਤਿ ਹਰਿ ਜਨ ਭਾਉ ਕਰੇ ॥

ہرِ سِمرہُ گُر بچن سمارہُ
سنگتِ ہرِ جن بھاءُ کرے ॥

ਹਰਿ ਜਨ ਗੁਰੁ ਪਰਧਾਨੁ ਦੁਆਰੈ
ਨਾਨਕ ਤਿਨ ਜਨ ਕੀ ਰੇਣੁ ਹਰੇ ॥੧੨॥੮॥

ہرِ جن گُرُ پردھانُ دُیارے
نانک تِن جن کی ریُنؔ ہرے ۔ ॥ 12 ॥8॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਮਾਰੂ ਕਾਫੀ ਮਹਲਾ ੧ ਘਰੁ ੨ ॥

مارُو کاپھی محلا 1 گھرُ 2 ॥

ਆਵਉ ਵੰਞਉ ਡੂੰਮਣੀ

آوءُ ونّجءُ ڈُنّمنؔی

ਕਿਤੀ ਮਿਤ੍ਰ ਕਰੇਉ ॥

کِتی مِتّر کری ءُ ॥

ਸਾ ਧਨ ਢੋਈ ਨ ਲਹੈ
ਵਾਢੀ ਕਿਉ ਧੀਰੇਉ ॥੧॥

سا دھن ڈھوئی ن لہے
واڈھی کِ ءُ دھیری ءُ ۔ ॥1॥

ਮੈਡਾ ਮਨੁ ਰਤਾ
ਆਪਨੜੇ ਪਿਰ ਨਾਲਿ ॥

میَڈا منُ رتا
آپنڑے پِر نالِ ॥

ਹਉ ਘੋਲਿ ਘੁਮਾਈ ਖੰਨੀਐ ਕੀਤੀ
ਹਿਕ ਭੋਰੀ ਨਦਰਿ ਨਿਹਾਲਿ ॥੧॥ ਰਹਾਉ ॥

ہءُ گھولِ گھُمائی کھنّنیےِ کِیتی
ہِک بھوری ندرِ نِہالِ ॥1॥ رہاءُ ॥

ਪੇਈਅੜੈ ਡੋਹਾਗਣੀ
ਸਾਹੁਰੜੈ ਕਿਉ ਜਾਉ ॥

پیئیڑے ڈوہاگنی
ساہُڑے کِ ءُ جاءُ ۔ ॥

ਮੈ ਗਲਿ ਅਉਗਣ ਮੁਠੜੀ
ਬਿਨੁ ਪਿਰ ਝੂਰਿ ਮਰਾਉ ॥੨॥

مے گلِ انگُن مُٹھڑی
بِنُ پِر جھوُرِ مراءُ ॥2॥

ਪੇਈਅੜੈ ਪਿਰੁ ਸੰਮਲਾ
ਸਾਹੁਰੜੈ ਘਰਿ ਵਾਸੁ ॥

پیئیڑے پِر سنّملا
ساہُڑے گھرِ واسُ ॥

ਸੁਖਿ ਸਵੰਧਿ ਸੋਹਾਗਣੀ
ਪਿਰੁ ਪਾਇਆ ਗੁਣਤਾਸੁ ॥੩॥

سُکھِ سونّدھِ سوہاگنی
پِر پائیا گُنتاسُ ॥3॥

ਲੇਫੁ ਨਿਹਾਲੀ ਪਟ ਕੀ
ਕਾਪੜੁ ਅੰਗਿ ਬਣਾਇ ॥

لیفُ نِہالی پٹ کی
کاپڑُ انگِ بنّاءِ ॥

ਪਿਰੁ ਮੁਤੀ ਡੋਹਾਗਣੀ
ਤਿਨ ਡੁਖੀ ਰੈਣਿ ਵਿਹਾਇ ॥੪॥

پِر مُتی ڈوہاگنی
تِن ڈُکھی ریَنِ وِہاءِ ॥4॥

ਕਿਤੀ ਚਖਉ ਸਾਡੜੇ
ਕਿਤੀ ਵੇਸ ਕਰੇਉ ॥

کِتی چکھ ءُ ساڈڑے
کِتی ویس کری ءُ ॥

ਪਿਰ ਬਿਨੁ ਜੋਬਨੁ ਬਾਦਿ ਗਇਅਮੁ
ਵਾਢੀ ਝੂਰੇਦੀ ਝੂਰੇਉ ॥੫॥

پِر بِنُ جوبنُ بادِ کِنّمُ
واڈھی جھوُریدی جھوُری ءُ ॥5॥

ਸਚੇ ਸੰਦਾ ਸਦੜਾ
ਸੁਣੀਐ ਗੁਰ ਵੀਚਾਰਿ ॥

سچے سنّدا صدڑا
سُنّیےِ گُر ویچارِ ॥

ਸਚੇ ਸਚਾ ਬੈਹਣਾ
ਨਦਰੀ ਨਦਰਿ ਪਿਆਰਿ ॥੬॥

سچے سچا بیہنّا
ندری ندرِ پیارِ ॥6॥

ਗਿਆਨੀ ਅੰਜਨੁ ਸਚ ਕਾ
ਡੇਖੈ ਡੇਖਣਹਾਰੁ ॥

گِیانی انجَنُ سچ کا
ڈیکھے ڈیکھنّہارُ ॥

ਗੁਰਮੁਖਿ ਬੂਝੈ ਜਾਣੀਐ
ਹਉਮੈ ਗਰਬੁ ਨਿਵਾਰਿ ॥੭॥

گُرمُکھِ بوُجھے جانیئے
ہئُمےَ گربُ نِوارِ ॥7॥

ਤਉ ਭਾਵਨਿ ਤਉ ਜੇਹੀਆ
ਮੂ ਜੇਹੀਆ ਕਿਤੀਆਹ ॥

ت ءُ بھاونِ ت ءُ جیہیا
موُ جیہیا کِتیاہ ॥

ਨਾਨਕ ਨਾਹੁ ਨ ਵੀਛੁੜੈ
ਤਿਨ ਸਚੈ ਰਤੜੀਆਹ ॥੮॥੧॥੯॥

نانک ناہُ ن ویچھُڑے
تِن سچےَ رتڑیاہ ॥8॥1॥9॥

ਮਾਰੂ ਮਹਲਾ ੧ ॥

مارُو محلا 1 ॥

ਨਾ ਭੈਣਾ ਭਰਜਾਈਆ
ਨਾ ਸੇ ਸਸੁੜੀਆਹ ॥

نا بھینّا بھرجائیا
نا سے سسُڑیاہ ॥

ਸਚਾ ਸਾਕੁ ਨ ਤੁਟਈ
ਗੁਰੁ ਮੇਲੇ ਸਹੀਆਹ ॥੧॥

سچا ساکُ ن ٹُٹئی
گُرُ میلے سہیاہ ॥1॥

ਬਲਿਹਾਰੀ ਗੁਰ ਆਪਣੇ
ਸਦ ਬਲਿਹਾਰੈ ਜਾਉ ॥

بلِہاری گُر آپنّے
سد بلِہارےَ جاءُ ॥

ਗੁਰ ਬਿਨੁ ਏਤਾ ਭਵਿ ਥਕੀ
ਗੁਰਿ ਪਿਰੁ ਮੇਲਿਮੁ ਦਿਤਮੁ ਮਿਲਾਇ ॥੧॥ ਰਹਾਉ ॥

گُرِ بِنُ ایتا بھوِ تھکی
گُرِ پِرُ میلِمُ دِتمُ مِلاءِ ॥1॥ رہاءُ ॥

ਫੁਫੀ ਨਾਨੀ ਮਾਸੀਆ
ਦੇਰ ਜੇਠਾਨੜੀਆਹ ॥

پھُپھی نانی ماسیا
دیر جیٹھانڑیاہ ॥

ਆਵਨਿ ਵੰਞਨਿ ਨਾ ਰਹਨਿ
ਪੂਰ ਭਰੇ ਪਹੀਆਹ ॥੨॥

آونِ ونجَنِ نا رہنِ
پوُر بھرے پہیاہ ॥2॥

ਮਾਮੇ ਤੈ ਮਾਮਾਣੀਆ
ਭਾਇਰ ਬਾਪ ਨ ਮਾਉ ॥

مامے تےَ ماماٹیا
بھائِر باپ ن ماءُ ॥

ਸਾਥ ਲਡੇ ਤਿਨ ਨਾਠੀਆ
ਭੀੜ ਘਣੀ ਦਰੀਆਉ ॥੩॥

ساتھ لڈے تِن ناٹھِیا
بھیڑ گھٹی دریِیاءُ ॥3॥

ਸਾਚਉ ਰੰਗਿ ਰੰਗਾਵਲੋ
ਸਖੀ ਹਮਾਰੋ ਕੰਤੁ ॥

ساچءُ رنگِ رنگاولو
سکھی ہمارو کنّتُ ॥

ਸਚਿ ਵਿਛੋੜਾ ਨਾ ਥੀਐ
ਸੋ ਸਹੁ ਰੰਗਿ ਰਵੰਤੁ ॥੪॥

سچِ وِچھوڑا نا تھیئے
سو سہُ رنگِ رونّتُ ॥4॥

ਸਭੇ ਰੁਤੀ ਚੰਗੀਆ
ਜਿਤੁ ਸਚੇ ਸਿਉ ਨੇਹੁ ॥

سبھے رُتی چنگِیا
جِتُ سچے سِءُ نیہُ ॥

ਸਾ ਧਨ ਕੰਤੁ ਪਛਾਣਿਆ
ਸੁਖਿ ਸੁਤੀ ਨਿਸਿ ਡੇਹੁ ॥੫॥

سا دھن کنّتُ پچھاٹِیا
سُکھِ سُتی نِس ڈیہُ ॥5॥

ਪਤਣਿ ਕੂਕੇ ਪਾਤਣੀ
ਵੰਞਹੁ ਧ੍ਰੂਕਿ ਵਿਲਾੜਿ ॥

پتّنِ کوُکے پاتنی
ونجہُ دھرُکِ وِلاڑِ ॥

ਪਾਰਿ ਪਵੰਦੜੇ ਡਿਠੁ ਮੈ
ਸਤਿਗੁਰ ਬੋਹਿਥਿ ਚਾੜਿ ॥੬॥

پارِ پوندڑے ڈِٹھُ مے
ستِگُر بوہِتھِ چاڑِ ॥6॥

ਹਿਕਨੀ ਲਦਿਆ ਹਿਕਿ ਲਦਿ ਗਏ
ਹਿਕਿ ਭਾਰੇ ਭਰ ਨਾਲਿ ॥

ہِکنی لدِیا ہِکِ لدِ گئے
ہِکِ بھارے بھر نالِ ॥

ਜਿਨੀ ਸਚੁ ਵਣੰਜਿਆ
ਸੇ ਸਚੇ ਪ੍ਰਭ ਨਾਲਿ ॥੭॥

جِنی سچُ وتّنجِیا
سے سچے پربھ نالِ ॥7॥

ਨਾ ਹਮ ਚੰਗੇ ਆਖੀਅਹ
ਬੁਰਾ ਨ ਦਿਸੈ ਕੋਇ ॥

نا ہم چنگے آکھِیہ
بُرا ن دِسے کوءِ ॥

ਨਾਨਕ ਹਉਮੈ ਮਾਰੀਐ
ਸਚੇ ਜੇਹੜਾ ਸੋਇ ॥੮॥੨॥੧੦॥

نانک ہئُمے مارِیئے
سچے جیہڑا سوءِ ॥8॥2॥ 10 ॥

ਮਾਰੂ ਮਹਲਾ ੧ ॥

مارُو محلا 1 ॥

ਨਾ ਜਾਣਾ ਮੂਰਖੁ ਹੈ ਕੋਈ
ਨਾ ਜਾਣਾ ਸਿਆਣਾ ॥

نا جاٹا مورکھُ ہے کوئی
نا جاٹا سِیاٹا ॥

ਸਦਾ ਸਾਹਿਬ ਕੈ ਰੰਗੇ ਰਾਤਾ
ਅਨਦਿਨੁ ਨਾਮੁ ਵਖਾਣਾ ॥੧॥

ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥

ਤੂ ਕਰਤਾ ਤੂ ਦਾਨਾ ਬੀਨਾ
ਤੇਰੈ ਨਾਮਿ ਤਰਾਉ ॥੧॥ ਰਹਾਉ ॥

ਮੂਰਖੁ ਸਿਆਣਾ ਏਕੁ ਹੈ
ਏਕ ਜੋਤਿ ਦੁਇ ਨਾਉ ॥

ਮੂਰਖਾ ਸਿਰਿ ਮੂਰਖੁ ਹੈ
ਜਿ ਮੰਨੇ ਨਾਹੀ ਨਾਉ ॥੨॥

ਗੁਰ ਦੁਆਰੈ ਨਾਉ ਪਾਈਐ
ਬਿਨੁ ਸਤਿਗੁਰ ਪਲੈ ਨ ਪਾਇ ॥

ਸਤਿਗੁਰ ਕੈ ਭਾਣੈ ਮਨਿ ਵਸੈ
ਤਾ ਅਹਿਨਿਸਿ ਰਹੈ ਲਿਵ ਲਾਇ ॥੩॥

ਰਾਜੰ ਰੰਗੰ ਰੂਪੰ ਮਾਲੰ
ਜੋਬਨੁ ਤੇ ਜੂਆਰੀ ॥

ਹੁਕਮੀ ਬਾਧੇ ਪਾਸੈ ਖੇਲਹਿ
ਚਉਪੜਿ ਏਕਾ ਸਾਰੀ ॥੪॥

ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ
ਨਾਉ ਪੰਡਿਤ ਪੜਹਿ ਗਾਵਾਰੀ ॥

ਨਾਉ ਵਿਸਾਰਹਿ ਬੇਦੁ ਸਮਾਲਹਿ
ਬਿਖੁ ਭੂਲੇ ਲੇਖਾਰੀ ॥੫॥

ਕਲਰ ਖੇਤੀ ਤਰਵਰ ਕੰਠੇ
ਬਾਗਾ ਪਹਿਰਹਿ ਕਜਲੁ ਝਰੈ ॥

ਏਹੁ ਸੰਸਾਰੁ ਤਿਸੈ ਕੀ ਕੋਠੀ
ਜੋ ਪੈਸੈ ਸੋ ਗਰਬਿ ਜਰੈ ॥੬॥

سدا صاحِب کے رنگے راتا
اندِنُ نامُ وکھاٹا ॥1॥

بابا مُورکھُ ہا ناوے بلِ جاءُ ॥

توُ کرتا توُ دانا بِینا
تیرے نامِ تراءُ ॥1॥ رہاءُ ॥

مُورکھُ سِیاٹا ایکُ ہے
ایک جوتِ دُءِ ناءُ ॥

مُورکھا سِرِ مُورکھُ ہے
جِ منّنے ناہی ناءُ ॥2॥

گُر دُیارے ناءُ پائیئے
بِنُ ستِگُر پلے ن پاءِ ॥

ستِگُر کے بھانے منِ وسے
تا اہِنِس رہے لِو لاءِ ॥3॥

راجنّ رنگنّ روُپنّ مالنّ
جوبنُ تے جوُیاری ॥

حُکمی بادھے پاسے کھیلہِ
چُپڑِ ایکا ساری ॥4॥

جگِ چترُ سِیاٹا بھرمِ بھُلاٹا
ناءُ پنڈِت پڑہِ گاواری ॥

ناءُ وِسارہِ بیدُ سمالہِ
بِکھُ بھوُلے لیکھاری ॥5॥

کلر کھیتی ترور کنّٹھے
باگا پہِرہِ کجلُ جھرے ॥

ایہُ سنّسارُ تِسے کی کوٹھی
جو پیّسے سو گربِ جرے ॥6॥

ਰਹਤਿ ਰਾਜੇ ਕਹਾ ਸਬਾਏ
ਦੁਹੁ ਅੰਤਰਿ ਸੋ ਜਾਸੀ ॥

ਕਹਤ ਨਾਨਕੁ ਗੁਰ ਸਚੇ ਕੀ ਪਉੜੀ
ਰਹਸੀ ਅਲਖੁ ਨਿਵਾਸੀ ॥੭॥੩॥੧੧॥

ਮਾਰੂ ਮਹਲਾ ੩ ਘਰੁ ੫ ਅਸਟਪਦੀ

ੴ ਸਤਿਗੁਰ ਪ੍ਰਸਾਦਿ ॥

ਜਿਸ ਨੋ ਪ੍ਰੇਮੁ ਮੰਨਿ ਵਸਾਏ ॥

ਸਾਚੈ ਸਬਦਿ ਸਹਜਿ ਸੁਭਾਏ ॥

ਏਹਾ ਵੇਦਨ ਸੋਈ ਜਾਣੈ
ਅਵਰੁ ਕਿ ਜਾਣੈ ਕਾਰੀ ਜੀਉ ॥੧॥

ਆਪੇ ਮੇਲੇ ਆਪਿ ਮਿਲਾਏ ॥

ਆਪਣਾ ਪਿਆਰੁ ਆਪੇ ਲਾਏ ॥

ਪ੍ਰੇਮ ਕੀ ਸਾਰ ਸੋਈ ਜਾਣੈ
ਜਿਸ ਨੋ ਨਦਰਿ ਤੁਮਾਰੀ ਜੀਉ ॥੧॥ ਰਹਾਉ ॥

ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ ॥

ਗੁਰ ਪਰਸਾਦਿ ਪਰਮ ਪਦੁ ਪਾਏ ॥

ਸੋ ਜੋਗੀ ਇਹ ਜੁਗਤਿ ਪਛਾਣੈ
ਗੁਰ ਕੈ ਸਬਦਿ ਬੀਚਾਰੀ ਜੀਉ ॥੨॥

ਸੰਜੋਗੀ ਧਨ ਪਿਰ ਮੇਲਾ ਹੋਵੈ ॥

ਗੁਰਮਤਿ ਵਿਚਹੁ ਦੁਰਮਤਿ ਖੋਵੈ ॥

ਰੰਗ ਸਿਉ ਨਿਤ ਰਲੀਆ ਮਾਣੈ
ਅਪਣੇ ਕੰਤ ਪਿਆਰੀ ਜੀਉ ॥੩॥

ਸਤਿਗੁਰ ਬਾਝਹੁ ਵੈਦੁ ਨ ਕੋਈ ॥

ਆਪੇ ਆਪਿ ਨਿਰੰਜਨੁ ਸੋਈ ॥

رہتِ راجے کہا سبائے
دُہُ انتر سو جاسی ॥

کہت نانکُ گُر سچے کی پُڑی
رہسی الکھُ نِواسی ॥7॥3॥ 11 ॥

مارُو محلا 3 گھرُ 5 اسٹپدی

ੴ ستِگُر پرسادِ ॥

جِس نو پریمُ منّنِ وسائے ॥

ساچےَ سبدِ سہجِ سُبھائے ॥

ایہا ویدن سوئی جانے
اورُ کِ جانے کاری جیِءُ ॥1॥

آپے میلے آپِ مِلائے ॥

آپنا پِیارُ آپے لائے ॥

پریم کی سار سوئی جانے
جِس نو ندرِ تُماری جیِءُ ॥1॥ رہاءُ ॥

دِب دِرسٹِ جاگے بھرمُ چُکائے ॥

گُر پرسادِ پرم پدُ پائے ॥

سو جوگی اِہ جُگتِ پچھانے
گُر کے سبدِ بیچاری جیِءُ ॥2॥

سنجوگی دھن پِر میلا ہووے ॥

گُرمتِ وِچہُ دُرمتِ کھووے ॥

رنگ سِءُ نِت رلیا مانے
اپنے کنّت پیاری جیِءُ ॥3॥

ستِگُر باجھہُ ویدُ ن کوئی ॥

آپے آپِ نِرنجنُ سوئی ॥

ਸਤਿਗੁਰ ਮਿਲਿਐ ਮਰੈ ਮੰਦਾ
ਹੋਵੈ ਗਿਆਨ ਬੀਚਾਰੀ ਜੀਉ ॥੪॥

ستگُر ملیۂ مرے مندا
ہووے گیان بیچاری جیءُ ॥4॥

ਏਹੁ ਸਬਦੁ ਸਾਰੁ ਜਿਸ ਨੋ ਲਾਏ ॥

ایہُ سبدُ سارُ جِس نو لائے ॥

ਗੁਰਮੁਖਿ ਤ੍ਰਿਸਨਾ ਭੁਖ ਗਵਾਏ ॥

گُرمُکھِ ترِسنا بھُکھ گوائے ॥

ਆਪਣ ਲੀਆ ਕਿਛੂ ਨ ਪਾਈਐ
ਕਰਿ ਕਿਰਪਾ ਕਲ ਧਾਰੀ ਜੀਉ ॥੫॥

آپنُ لیا کچھُو ن پائیۓ
کرِ کرپا کل دھاری جیءُ ॥5॥

ਅਗਮ ਨਿਗਮੁ ਸਤਿਗੁਰੂ ਦਿਖਾਇਆ ॥

اگم نِگمُ ستِگُروُ دِکھائیا ॥

ਕਰਿ ਕਿਰਪਾ ਅਪਨੈ ਘਰਿ ਆਇਆ ॥

کرِ کرپا اپنے گھرِ آئیا ॥

ਅੰਜਨ ਮਾਹਿ ਨਿਰੰਜਨੁ ਜਾਤਾ
ਜਿਨ ਕਉ ਨਦਰਿ ਤੁਮਾਰੀ ਜੀਉ ॥੬॥

انّجن ماہِ نِرنّجنُ جاتا
جِن کءُ ندرِ تُماری جیءُ ॥6॥

ਗੁਰਮੁਖਿ ਹੋਵੈ ਸੋ ਤਤੁ ਪਾਏ ॥

گُرمُکھِ ہووے سو تتُ پائے ॥

ਆਪਣਾ ਆਪੁ ਵਿਚਹੁ ਗਵਾਏ ॥

آپنا آپُ وِچہُ گوائے ॥

ਸਤਿਗੁਰ ਬਾਝਹੁ ਸਭੁ ਧੰਧੁ ਕਮਾਵੈ
ਵੇਖਹੁ ਮਨਿ ਵੀਚਾਰੀ ਜੀਉ ॥੭॥

ستِگُر باجھہُ سبھُ دھندھُ کماوے
ویکھہُ منِ ویچاری جیءُ ॥7॥

ਇਕਿ ਭ੍ਰਮਿ ਭੂਲੇ ਫਿਰਹਿ ਅਹੰਕਾਰੀ ॥

اِکِ بھرمِ بھوُلے پھِرہِ اہنکاری ॥

ਇਕਨਾ ਗੁਰਮੁਖਿ ਹਉਮੈ ਮਾਰੀ ॥

اِکنا گُرمُکھِ ہئُمے ماری ॥

ਸਚੈ ਸਬਦਿ ਰਤੇ ਬੈਰਾਗੀ
ਹੋਰਿ ਭਰਮਿ ਭੁਲੇ ਗਾਵਾਰੀ ਜੀਉ ॥੮॥

سچے سبدِ رتے بیراگی
ہورِ بھرمِ بھُلے گاواری جیءُ ॥8॥

ਗੁਰਮੁਖਿ ਜਿਨੀ ਨਾਮੁ ਨ ਪਾਇਆ ॥

گُرمُکھِ جِنی نامُ ن پائیا ॥

ਮਨਮੁਖਿ ਬਿਰਥਾ ਜਨਮੁ ਗਵਾਇਆ ॥

منمُکھِ برتھا جنمُ گوائیا ॥

ਅਗੈ ਵਿਣੁ ਨਾਵੈ ਕੋ ਬੇਲੀ ਨਾਹੀ
ਬੂਝੈ ਗੁਰ ਬੀਚਾਰੀ ਜੀਉ ॥੯॥

اگے وِنُ ناوے کو بیلی ناہی
بوُجھے گُر بیچاری جیءُ ॥9॥

ਅੰਮ੍ਰਿਤ ਨਾਮੁ ਸਦਾ ਸੁਖਦਾਤਾ ॥

انّمرِت نامُ سدا سُکھداتا ॥

ਗੁਰਿ ਪੂਰੈ ਜੁਗ ਚਾਰੇ ਜਾਤਾ ॥

گُرِ پوُرے جُگ چارے جاتا ॥

ਜਿਸੁ ਤੂ ਦੇਵਹਿ ਸੋਈ ਪਾਏ
ਨਾਨਕ ਤਤੁ ਬੀਚਾਰੀ ਜੀਉ ॥੧੦॥੧॥

جِسُ تُو دیوہِ سوئی پائے
نانک تتُ بیچاری جیِءُ ॥10॥1॥

ਮਾਰੂ ਮਹਲਾ ੫ ਘਰੁ ੩ ਅਸਟਪਦੀਆ

مارُو محلا 5 گھرُ 3 اسٹپدیِیا

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਲਖ ਚਉਰਾਸੀਹ ਭ੍ਰਮਤੇ ਭ੍ਰਮਤੇ
ਦੁਲਭ ਜਨਮੁ ਅਬ ਪਾਇਓ ॥੧॥

لکھ چرُاسیہ بھرمتے بھرمتے
دُلبھ جنمُ اب پائِئو ॥1॥

ਰੇ ਮੂੜੇ ਤੂ ਹੋਛੈ ਰਸਿ ਲਪਟਾਇਓ ॥

رے مُوڑے تُو ہوچھے رس لپٹائِئو ॥

ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ
ਬਿਖਿਆ ਸਿਉ ਉਰਝਾਇਓ ॥੧॥ ਰਹਾਉ ॥

انمرِتُ سنگِ بستُ ہے تیرے
بِکھیا سِءُ اُرجھائِئو ॥1॥ رہاءُ ॥

ਰਤਨ ਜਵੇਹਰ ਬਨਜਨਿ ਆਇਓ
ਕਾਲਰੁ ਲਾਦਿ ਚਲਾਇਓ ॥੨॥

رتن جویہر بنجنِ آئِئو
کالرُ لادِ چلائِئو ॥2॥

ਜਿਹ ਘਰ ਮਹਿ ਤੁਧੁ ਰਹਨਾ ਬਸਨਾ
ਸੋ ਘਰੁ ਚੀਤਿ ਨ ਆਇਓ ॥੩॥

جِہ گھر مہِ تُدھُ رہنا بسنا
سو گھرُ چیتِ ن آئِئو ॥3॥

ਅਟਲ ਅਖੰਡ ਪ੍ਰਾਣ ਸੁਖਦਾਈ
ਇਕ ਨਿਮਖ ਨਹੀ ਤੁਝੁ ਗਾਇਓ ॥੪॥

اٹل اکھنڈ پرانٹ سُکھدائی
اِک نِمکھ نہی تُجھُ گائِئو ॥4॥

ਜਹਾ ਜਾਣਾ ਸੋ ਥਾਨੁ ਵਿਸਾਰਿਓ
ਇਕ ਨਿਮਖ ਨਹੀ ਮਨੁ ਲਾਇਓ ॥੫॥

جہا جاٹا سو تھانُ وِسارِئو
اِک نِمکھ نہی منُ لائِئو ॥5॥

ਪੁਤ੍ਰ ਕਲਤ੍ਰ ਗ੍ਰਿਹ ਦੇਖਿ ਸਮਗ੍ਰੀ
ਇਸ ਹੀ ਮਹਿ ਉਰਝਾਇਓ ॥੬॥

پتّر کلتّر گرِہ دیکھِ سمگّری
اِس ہی مہِ اُرجھائِئو ॥6॥

ਜਿਤੁ ਕੋ ਲਾਇਓ ਤਿਤ ਹੀ ਲਾਗਾ
ਤੈਸੇ ਕਰਮ ਕਮਾਇਓ ॥੭॥

جِتُ کو لائِئو تِت ہی لاگا
تیَسے کرم کمائِئو ॥7॥

ਜਉ ਭਇਓ ਕ੍ਰਿਪਾਲੁ ਤਾ ਸਾਧਸੰਗੁ ਪਾਇਆ
ਜਨ ਨਾਨਕ ਬ੍ਰਹਮੁ ਧਿਆਇਓ ॥੮॥੧॥

جءُ بھئِئو کرِپالُ تا سادھسنگُ پائیا
جن نانک برہمُ دھیائِئو ॥8॥1॥

ਮਾਰੂ ਮਹਲਾ ੫ ॥

مارُو محلا 5 ॥

ਕਰਿ ਅਨੁਗ੍ਰਹੁ ਰਾਖਿ ਲੀਨੋ

کرِ انگّرہُ راکھِ لِینو

ਭਇਓ ਸਾਧੂ ਸੰਗੁ ॥

بھئیو سادھوُ سنگُ ॥

ਹਰਿ ਨਾਮ ਰਸੁ ਰਸਨਾ ਉਚਾਰੈ
ਮਿਸਟ ਗੂੜਾ ਰੰਗੁ ॥੧॥

ہرِ نام رسُ رسنا اُچارے
مِسٹ گوُڑا رنگُ ॥1॥

ਮੇਰੇ ਮਾਨ ਕੋ ਅਸਥਾਨੁ ॥

میرے مان کو استھانُ ॥

ਮੀਤ ਸਾਜਨ ਸਖਾ ਬੰਧਪੁ
ਅੰਤਰਜਾਮੀ ਜਾਨੁ ॥੧॥ ਰਹਾਉ ॥

میت ساجن سکھا بندھپُ
انترجامی جانُ ॥1॥ رہاءُ ॥

ਸੰਸਾਰ ਸਾਗਰੁ ਜਿਨਿ ਉਪਾਇਓ
ਸਰਣਿ ਪ੍ਰਭ ਕੀ ਗਹੀ ॥

سنسار ساگرُ جِنِ اُپائیو
سرنِ پربھ کی گہی ॥

ਗੁਰ ਪ੍ਰਸਾਦੀ ਪ੍ਰਭੁ ਅਰਾਧੇ
ਜਮਕੰਕਰੁ ਕਿਛੁ ਨ ਕਹੀ ॥੨॥

گُر پرسادی پربھُ ارادھے
جمکنکرُ کچھُ ن کہی ॥2॥

ਮੋਖ ਮੁਕਤਿ ਦੁਆਰਿ ਜਾ ਕੈ
ਸੰਤ ਰਿਦਾ ਭੰਡਾਰੁ ॥

موکھ مُکتِ دُیارِ جا کے
سنت رِدا بھنڈارُ ॥

ਜੀਅ ਜੁਗਤਿ ਸੁਜਾਣੁ ਸੁਆਮੀ
ਸਦਾ ਰਾਖਣਹਾਰੁ ॥੩॥

جیء جُگتِ سُجانُ سُیامی
سدا راکھنہارُ ॥3॥

ਦੂਖ ਦਰਦ ਕਲੇਸ ਬਿਨਸਹਿ
ਜਿਸੁ ਬਸੈ ਮਨ ਮਾਹਿ ॥

دوُکھ درد کلیس بِنسہِ
جِسُ بسے من ماہِ ॥

ਮਿਰਤੁ ਨਰਕੁ ਅਸਥਾਨ ਬਿਖੜੇ
ਬਿਖੁ ਨ ਪੋਹੈ ਤਾਹਿ ॥੪॥

مِرتُ نرکُ استھان بِکھڑے
بِکھُ ن پوہے تاہِ ॥4॥

ਰਿਧਿ ਸਿਧਿ ਨਵ ਨਿਧਿ ਜਾ ਕੈ
ਅੰਮ੍ਰਿਤਾ ਪਰਵਾਹ ॥

رِدھِ سِدھِ نو نِدھِ جا کے
انمرِتا پرواہ ॥

ਆਦਿ ਅੰਤੇ ਮਧਿ ਪੂਰਨ
ਊਚ ਅਗਮ ਅਗਾਹ ॥੫॥

آدِ انتے مدھِ پوُرن
اوُچ اگم اگاہ ॥5॥

ਸਿਧ ਸਾਧਿਕ ਦੇਵ ਮੁਨਿ ਜਨ
ਬੇਦ ਕਰਹਿ ਉਚਾਰੁ ॥

سِدھ سادھک دیو مُنِ جن
بید کرہِ اُچارُ ॥

ਸਿਮਰਿ ਸੁਆਮੀ ਸੁਖ ਸਹਜਿ ਭੁੰਚਹਿ

سِمرِ سُیامی سُکھ سہجِ بھُنچہِ

ਨਹੀ ਅੰਤੁ ਪਾਰਾਵਾਰੁ ॥੬॥

نہی انتُ پاراوارُ ॥6॥

ਅਨਿਕ ਪ੍ਰਾਛਤ ਮਿਟਹਿ ਖਿਨ ਮਹਿ
ਰਿਦੈ ਜਪਿ ਭਗਵਾਨ ॥

انِک پّراچھت مِٹہِ کھِن مہِ
رِدے جپِ بھگوان ॥

ਪਾਵਨਾ ਤੇ ਮਹਾ ਪਾਵਨ
ਕੋਟਿ ਦਾਨ ਇਸਨਾਨ ॥੭॥

پاونا تے مہا پاون
کوٹِ دان اِسنان ॥7॥

ਬਲ ਬੁਧਿ ਸੁਧਿ ਪਰਾਣ ਸਰਬਸੁ
ਸੰਤਨਾ ਕੀ ਰਾਸਿ ॥

بل بُدھِ سُدھِ پراڻ سربسُ
سنّتنا کی راسِ ॥

ਬਿਸਰੁ ਨਾਹੀ ਨਿਮਖ ਮਨ ਤੇ
ਨਾਨਕ ਕੀ ਅਰਦਾਸਿ ॥੮॥੨॥

بِسرُ ناہی نِمکھ من تے
نانک کی عرداسِ ॥8॥2॥

ਮਾਰੂ ਮਹਲਾ ੫ ॥

مارُو محلا 5 ॥

ਸਸਤ੍ਰਿ ਤੀਖਣਿ ਕਾਟਿ ਡਾਰਿਓ
ਮਨਿ ਨ ਕੀਨੋ ਰੋਸੁ ॥

سسترِّ تیکھنِ کاٹِ ڈارِئو
منِ ن کِینو روسُ ॥

ਕਾਜੁ ਉਆ ਕੋ ਲੇ ਸਵਾਰਿਓ
ਤਿਲੁ ਨ ਦੀਨੋ ਦੋਸੁ ॥੧॥

کاجُ اُیا کو لے سوارِئو
تِلُ ن دینو دوسُ ॥1॥

ਮਨ ਮੇਰੇ ਰਾਮ ਰਉ ਨਿਤ ਨੀਤਿ ॥

من میرے رام رءُ نِت نیتِ ॥

ਦਇਆਲ ਦੇਵ ਕ੍ਰਿਪਾਲ ਗੋਬਿੰਦ
ਸੁਨਿ ਸੰਤਨਾ ਕੀ ਰੀਤਿ ॥੧॥ ਰਹਾਉ ॥

دیَیال دیو کرِپال گوبِنّد
سُنِ سنّتنا کی ریتِ ॥1॥ رہاءُ ॥

ਚਰਣ ਤਲੈ ਉਗਾਹਿ ਬੈਸਿਓ
ਸ੍ਰਮੁ ਨ ਰਹਿਓ ਸਰੀਰਿ ॥

چرڻ تلےَ اُگاہِ بیَسِئو
سّرمُ ن رہِئو سریرِ ॥

ਮਹਾ ਸਾਗਰੁ ਨਹ ਵਿਆਪੈ
ਖਿਨਹਿ ਉਤਰਿਓ ਤੀਰਿ ॥੨॥

مہا ساگرُ نہ ویاپےَ
کھِنہِ اُترِئو تیرِ ॥2॥

ਚੰਦਨ ਅਗਰ ਕਪੂਰ ਲੇਪਨ
ਤਿਸੁ ਸੰਗੇ ਨਹੀ ਪ੍ਰੀਤਿ ॥

چنّدن اگر کپوُر لیپن
تِسُ سنگے نہی پّریتِ ॥

ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ
ਮਨਿ ਨ ਮਨੀ ਬਿਪਰੀਤਿ ॥੩॥

بِسٹا موُتّر کھودِ تِلُ تِلُ
منِ ن منی بپریتِ ॥3॥

ਊਚ ਨੀਚ ਬਿਕਾਰ ਸੁਕ੍ਰਿਤ
ਸੰਲਗਨ ਸਭ ਸੁਖ ਛਤ੍ਰ ॥

اوُچ نِیچ بِکار سُکّرِت
سنّلگن سبھ سُکھ چھتّر ॥

ਮਿਤ੍ਰ ਸਤ੍ਰੁ ਨ ਕਛੂ ਜਾਨੈ
ਸਰਬ ਜੀਅ ਸਮਤ ॥੪॥

مِتّر ستّرُ ن کچھوُ جانے
سرب جیء سمت ॥4॥

ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ
ਅੰਧਕਾਰ ਬਿਨਾਸ ॥

کرِ پرّگاسُ پرچنڈ پرّگٹیو
انّدھکار بِناس ॥

ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ
ਮਨਿ ਨ ਭਇਓ ਬਿਖਾਦੁ ॥੫॥

پوِتّر اپوِتّرہ کِرنٹ لاگے
منِ ن بھئیو بِکھادُ ॥5॥

ਸੀਤ ਮੰਦ ਸੁਗੰਧ ਚਲਿਓ
ਸਰਬ ਥਾਨ ਸਮਾਨ ॥

سِیت منّد سُگنّدھ چلیو
سرب تھان سمان ॥

ਜਹਾ ਸਾ ਕਿਛੁ ਤਹਾ ਲਾਗਿਓ
ਤਿਲੁ ਨ ਸੰਕਾ ਮਾਨ ॥੬॥

جہا سا کِچھُ تہا لاگیو
تِلُ ن سنکا مان ॥6॥

ਸੁਭਾਇ ਅਭਾਇ ਜੁ ਨਿਕਟਿ ਆਵੈ
ਸੀਤੁ ਤਾ ਕਾ ਜਾਇ ॥

سُبھاءِ ابھاءِ جُ نِکٹِ آوے
سِیتُ تا کا جاءِ ॥

ਆਪ ਪਰ ਕਾ ਕਛੁ ਨ ਜਾਣੈ
ਸਦਾ ਸਹਜਿ ਸੁਭਾਇ ॥੭॥

آپ پر کا کچھُ ن جانٹے
سدا سہجِ سُبھاءِ ॥7॥

ਚਰਣ ਸਰਣ ਸਨਾਥ ਇਹੁ ਮਨੁ
ਰੰਗਿ ਰਾਤੇ ਲਾਲ ॥

چرنٹ سرنٹ سناتھ اِہُ منُ
رنگِ راتے لال ॥

ਗੋਪਾਲ ਗੁਣ ਨਿਤ ਗਾਉ ਨਾਨਕ
ਭਏ ਪ੍ਰਭ ਕਿਰਪਾਲ ॥੮॥੩॥

گوپال گُنٹ نِت گاءُ نانک
بھئے پربھ کِرپال ॥8॥3॥

ਮਾਰੂ ਮਹਲਾ ੫ ਘਰੁ ੪ ਅਸਟਪਦੀਆ

مارُو محلا 5 گھرُ 4 اسٹپدیا

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਚਾਦਨਾ ਚਾਦਨੁ ਆਗਨਿ
ਪ੍ਰਭ ਜੀਉ ਅੰਤਰਿ ਚਾਦਨਾ ॥੧॥

چادنا چادنُ آگنِ
پربھ جیءُ انترِ چادنا ॥1॥

ਆਰਾਧਨਾ ਅਰਾਧਨੁ ਨੀਕਾ

آرادھنا ارادھنُ نیکا

ਹਰਿ ਹਰਿ ਨਾਮੁ ਅਰਾਧਨਾ ॥੨॥

ہرِ ہرِ نامُ ارادھنا ॥2॥

ਤਿਆਗਨਾ ਤਿਆਗਨੁ ਨੀਕਾ
ਕਾਮੁ ਕ੍ਰੋਧੁ ਲੋਭੁ ਤਿਆਗਨਾ ॥੩॥

تِیاگنا تِیاگنُ نِیکا
کامُ کرودھُ لوبھُ تِیاگنا ॥3॥

ਮਾਗਨਾ ਮਾਗਨੁ ਨੀਕਾ
ਹਰਿ ਜਸੁ ਗੁਰ ਤੇ ਮਾਗਨਾ ॥੪॥

ماگنا ماگنُ نِیکا
ہرِ جسُ گُر تے ماگنا ॥4॥

ਜਾਗਨਾ ਜਾਗਨੁ ਨੀਕਾ
ਹਰਿ ਕੀਰਤਨ ਮਹਿ ਜਾਗਨਾ ॥੫॥

جاگنا جاگنُ نِیکا
ہرِ کِیرتن مہِ جاگنا ॥5॥

ਲਾਗਨਾ ਲਾਗਨੁ ਨੀਕਾ
ਗੁਰ ਚਰਣੀ ਮਨੁ ਲਾਗਨਾ ॥੬॥

لاگنا لاگنُ نِیکا
گُر چرنٹی منُ لاگنا ॥6॥

ਇਹ ਬਿਧਿ ਤਿਸਹਿ ਪਰਾਪਤੇ
ਜਾ ਕੈ ਮਸਤਕਿ ਭਾਗਨਾ ॥੭॥

اِہ بِدھِ تِسہِ پراپتے
جا کے مستکِ بھاگنا ॥7॥

ਕਹੁ ਨਾਨਕ ਤਿਸੁ ਸਭੁ ਕਿਛੁ ਨੀਕਾ
ਜੋ ਪ੍ਰਭ ਕੀ ਸਰਨਾਗਨਾ ॥੮॥੧॥੪॥

کہُ نانک تِسُ سبھُ کِچھُ نِیکا
جو پربھ کی سرناگنا ॥8॥1॥4॥

ਮਾਰੂ ਮਹਲਾ ੫ ॥

مارُو محلا 5 ॥

ਆਉ ਜੀ ਤੂ ਆਉ ਹਮਾਰੈ
ਹਰਿ ਜਸੁ ਸ੍ਰਵਨ ਸੁਨਾਵਨਾ ॥੧॥ ਰਹਾਉ ॥

آءُ جی تُو آءُ ہمارے
ہرِ جسُ سّرون سُناونا ॥1॥ رہاءُ ॥

ਤੁਧੁ ਆਵਤ ਮੇਰਾ ਮਨੁ ਤਨੁ ਹਰਿਆ
ਹਰਿ ਜਸੁ ਤੁਮ ਸੰਗਿ ਗਾਵਨਾ ॥੧॥

تُدھُ آوت میرا منُ تنُ ہرِیا
ہرِ جسُ تُم سنگِ گاونا ॥1॥

ਸੰਤ ਕ੍ਰਿਪਾ ਤੇ ਹਿਰਦੈ ਵਾਸੈ
ਦੂਜਾ ਭਾਉ ਮਿਟਾਵਨਾ ॥੨॥

سنّت کرِپا تے ہِردے واسے
دوُجا بھاءُ مِٹاونا ॥2॥

ਭਗਤ ਦਇਆ ਤੇ ਬੁਧਿ ਪਰਗਾਸੈ
ਦੁਰਮਤਿ ਦੂਖ ਤਜਾਵਨਾ ॥੩॥

بھگت دئیا تے بُدھِ پرگاسے
دُرمتِ دوُکھ تجاونا ॥3॥

ਦਰਸਨੁ ਭੇਟਤ ਹੋਤ ਪੁਨੀਤਾ
ਪੁਨਰਪਿ ਗਰਭਿ ਨ ਪਾਵਨਾ ॥੪॥

درسنُ بھیٹت ہوت پُنیتا
پُنرپِ گربھِ ن پاونا ॥4॥

ਨਉ ਨਿਧਿ ਰਿਧਿ ਸਿਧਿ ਪਾਈ

ن ءُ نِدھِ رِدھِ سِدھِ پائی

ਜੋ ਤੁਮਰੈ ਮਨਿ ਭਾਵਨਾ ॥੫॥

جو تُمرے مَنِ بھاونا ॥5॥

ਸੰਤ ਬਿਨਾ ਮੈ ਥਾਉ ਨ ਕੋਈ
ਅਵਰ ਨ ਸੂਝੈ ਜਾਵਨਾ ॥੬॥

سنّت بِنا مے تھاءُ ن کوئی
اور ن سُوجھے جاونا ॥6॥

ਮੋਹਿ ਨਿਰਗੁਨ ਕਉ ਕੋਇ ਨ ਰਾਖੈ
ਸੰਤਾ ਸੰਗਿ ਸਮਾਵਨਾ ॥੭॥

موہِ نِرگُن کءُ کوءِ ن راکھے
سنّتا سنگِ سماونا ॥7॥

ਕਹੁ ਨਾਨਕ ਗੁਰਿ ਚਲਤੁ ਦਿਖਾਇਆ
ਮਨ ਮਧੇ ਹਰਿ ਹਰਿ ਰਾਵਨਾ ॥੮॥੨॥੫॥

کہُ نانک گُرِ چلتُ دِکھائیا
من مدھے ہرِ ہرِ راونا ॥8॥2॥5॥

ਮਾਰੂ ਮਹਲਾ ੫ ॥

مارُو محلا 5 ॥

ਜੀਵਨਾ ਸਫਲ ਜੀਵਨ
ਸੁਨਿ ਹਰਿ ਜਪਿ ਜਪਿ ਸਦ ਜੀਵਨਾ ॥੧॥ ਰਹਾਉ ॥

جِیونا سپھل جِیون
سُنِ ہرِ جپِ جپِ سد جِیونا ॥1॥ رہاءُ ॥

ਪੀਵਨਾ ਜਿਤੁ ਮਨੁ ਆਘਾਵੈ
ਨਾਮੁ ਅੰਮ੍ਰਿਤ ਰਸੁ ਪੀਵਨਾ ॥੧॥

پِیونا جِتُ منُ اگھاوے
نامُ انمّرِت رسُ پِیونا ॥1॥

ਖਾਵਨਾ ਜਿਤੁ ਭੂਖ ਨ ਲਾਗੈ
ਸੰਤੋਖਿ ਸਦਾ ਤ੍ਰਿਪਤੀਵਨਾ ॥੨॥

کھاونا جِتُ بھوُکھ ن لاگے
سنّتوکھِ سدا ترِپتِیونا ॥2॥

ਪੈਨਣਾ ਰਖੁ ਪਤਿ ਪਰਮੇਸੁਰ
ਫਿਰਿ ਨਾਗੇ ਨਹੀ ਥੀਵਨਾ ॥੩॥

پَینّنا رکھُ پتِ پرمیسُر
پھِرِ ناگے نہی تھِیونا ॥3॥

ਭੋਗਨਾ ਮਨ ਮਧੇ ਹਰਿ ਰਸੁ
ਸੰਤਸੰਗਤਿ ਮਹਿ ਲੀਵਨਾ ॥੪॥

بھوگنا من مدھے ہرِ رسُ
سنّتسنگتِ مہِ لِیونا ॥4॥

ਬਿਨੁ ਤਾਗੇ ਬਿਨੁ ਸੂਈ ਆਨੀ
ਮਨੁ ਹਰਿ ਭਗਤੀ ਸੰਗਿ ਸੀਵਨਾ ॥੫॥

بِنُ تاگے بِنُ سوُئی آنی
منُ ہرِ بھگتی سنگِ سِیونا ॥5॥

ਮਾਤਿਆ ਹਰਿ ਰਸ ਮਹਿ ਰਾਤੇ
ਤਿਸੁ ਬਹੁੜਿ ਨ ਕਬਹੂ ਅਉਖੀਵਨਾ ॥੬॥

ماتِیا ہرِ رس مہِ راتے
تِسُ بہُڑِ ن کبہوُ اُکھِیونا ॥6॥

ਮਿਲਿਓ ਤਿਸੁ ਸਰਬ ਨਿਧਾਨਾ
ਪ੍ਰਭਿ ਕ੍ਰਿਪਾਲਿ ਜਿਸੁ ਦੀਵਨਾ ॥੭॥

مِلِیئو تِسُ سرب نِدھانا
پربھِ کِرپالِ جِسُ دِیونا ॥7॥

ਸੁਖੁ ਨਾਨਕ ਸੰਤਨ ਕੀ ਸੇਵਾ

سُکھُ نانک سنّتن کی سیوا

ਚਰਣ ਸੰਤ ਧੋਇ ਪੀਵਨਾ ॥੮॥੩॥੬॥

چرنؔ سنّت دھوءِ پیونا ॥8॥3॥6॥

ਮਾਰੂ ਮਹਲਾ ੫ ਘਰੁ ੮ ਅੰਜੁਲੀਆ

مارُو محلا 5 گھرُ 8 انجُلیا

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਜਿਸੁ ਗ੍ਰਿਹਿ ਬਹੁਤੁ
ਤਿਸੈ ਗ੍ਰਿਹਿ ਚਿੰਤਾ ॥

جِسُ گرّہِ بہُتُ
تِسے گرّہِ چِنّتا ॥

ਜਿਸੁ ਗ੍ਰਿਹਿ ਥੋਰੀ
ਸੁ ਫਿਰੈ ਭ੍ਰਮੰਤਾ ॥

جِسُ گرّہِ تھوری
سُ پھِرے بھرمنّتا ॥

ਦੁਹੂ ਬਿਵਸਥਾ ਤੇ ਜੋ ਮੁਕਤਾ
ਸੋਈ ਸੁਹੇਲਾ ਭਾਲੀਐ ॥੧॥

دُہُو بِوستھا تے جو مُکتا
سوئی سُہیلا بھالیئے ॥1॥

ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ ॥

گرّہِ راج مہِ نرکُ اُداس کرودھا ॥

ਬਹੁ ਬਿਧਿ ਬੇਦ ਪਾਠ ਸਭਿ ਸੋਧਾ ॥

بہُ بِدھِ بید پاٹھ سبھِ سودھا ॥

ਦੇਹੀ ਮਹਿ ਜੋ ਰਹੈ ਅਲਿਪਤਾ
ਤਿਸੁ ਜਨ ਕੀ ਪੂਰਨ ਘਾਲੀਐ ॥੨॥

دیہی مہِ جو رہے الپتا
تِس جن کی پوُرن گھالیئے ॥2॥

ਜਾਗਤ ਸੂਤਾ ਭਰਮਿ ਵਿਗੂਤਾ ॥

جاگت سوُتا بھرمِ وِگوُتا ॥

ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥

بِنُ گُر مُکتِ ن ہوئیئے میتا ۔ ॥

ਸਾਧਸੰਗਿ ਤੁਟਹਿ ਹਉ ਬੰਧਨ
ਏਕੋ ਏਕੁ ਨਿਹਾਲੀਐ ॥੩॥

سادھسنگِ ٹُٹہِ ہءُ بندھن
ایکو ایکُ نِہالیئے ॥3॥

ਕਰਮ ਕਰੈ ਤ ਬੰਧਾ
ਨਹ ਕਰੈ ਤ ਨਿੰਦਾ ॥

کرم کرے ت بندھا
نہ کرے ت نِندا ॥

ਮੋਹ ਮਗਨ ਮਨੁ ਵਿਆਪਿਆ ਚਿੰਦਾ ॥

موہ مگن منُ وِیاپیا چِندا ॥

ਗੁਰ ਪ੍ਰਸਾਦਿ ਸੁਖੁ ਦੁਖੁ ਸਮ ਜਾਣੈ
ਘਟਿ ਘਟਿ ਰਾਮੁ ਹਿਆਲੀਐ ॥੪॥

گُر پرّسادِ سُکھُ دُکھُ سم جانے
گھٹِ گھٹِ رامُ ہِیالیئے ॥4॥

ਸੰਸਾਰੈ ਮਹਿ ਸਹਸਾ ਬਿਆਪੈ ॥

سنّسارے مہِ سہسا بِیاپے ॥

ਅਕਥ ਕਥਾ ਅਗੋਚਰ ਨਹੀ ਜਾਪੈ ॥

اکتھ کتھا اگوچر نہی جاپے ॥

ਜਿਸਹਿ ਬੁਝਾਏ ਸੋਈ ਬੂਝੈ
ਓਹੁ ਬਾਲਕ ਵਾਗੀ ਪਾਲੀਐ ॥੫॥

جِسہِ بُجھائے سوئی بُوجھے
اوہُ بالک واگی پالیئے ॥5॥

ਛੋਡਿ ਬਹੈ ਤਉ ਛੂਟੈ ਨਾਹੀ ॥

چھوڈِ بہے تءُ چھوٹے ناہی ॥

ਜਉ ਸੰਚੈ ਤਉ ਭਉ ਮਨ ਮਾਹੀ ॥

ج ءُ سنچے تءُ بھءُ من ماہی ॥

ਇਸ ਹੀ ਮਹਿ ਜਿਸ ਕੀ ਪਤਿ ਰਾਖੈ
ਤਿਸੁ ਸਾਧੂ ਚਉਰੁ ਢਾਲੀਐ ॥੬॥

اِس ہی مہِ جِس کی پتِ راکھے
تِس سادھوُ چمرُ ڈھالیئے ॥6॥

ਜੋ ਸੂਰਾ ਤਿਸ ਹੀ ਹੋਇ ਮਰਣਾ ॥

جو سوُرا تِس ہی ہوءِ مرٹا ॥

ਜੋ ਭਾਗੈ ਤਿਸੁ ਜੋਨੀ ਫਿਰਣਾ ॥

جو بھاگے تِس جونی پھرٹا ॥

ਜੋ ਵਰਤਾਏ ਸੋਈ ਭਲ ਮਾਨੈ
ਬੁਝਿ ਹੁਕਮੈ ਦੁਰਮਤਿ ਜਾਲੀਐ ॥੭॥

جو ورتائے سوئی بھل مانے
بُجھِ حُکمے دُرمتِ جالیئے ॥7॥

ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥

جِتُ جِتُ لاوہِ تِتُ تِتُ لگنا ॥

ਕਰਿ ਕਰਿ ਵੇਖੈ ਅਪਣੇ ਜਚਨਾ ॥

کرِ کرِ ویکھے اپنے جچنا ॥

ਨਾਨਕ ਕੇ ਪੂਰਨ ਸੁਖਦਾਤੇ
ਤੂ ਦੇਹਿ ਤ ਨਾਮੁ ਸਮਾਲੀਐ ॥੮॥੧॥੭॥

نانک کے پوُرن سُکھداتے
توُ دیہِ ت نامُ سمالیئے ॥8॥1॥7॥

ਮਾਰੂ ਮਹਲਾ ੫ ॥

مارو محلا 5 ॥

ਬਿਰਖੈ ਹੇਠਿ ਸਭਿ ਜੰਤ ਇਕਠੇ ॥

برکھے ہیٹھِ سبھِ جنّت اِکٹھے ॥

ਇਕਿ ਤਤੇ ਇਕਿ ਬੋਲਨਿ ਮਿਠੇ ॥

اِکِ تتے اِکِ بولنِ مِٹھے ॥

ਅਸਤੁ ਉਦੋਤੁ ਭਇਆ ਉਠਿ ਚਲੇ
ਜਿਉ ਜਿਉ ਅਉਧ ਵਿਹਾਣੀਆ ॥੧॥

استُ اُدوتُ بھئیا اُٹھِ چلے
جِ ءُ جِ ءُ انُدھ وِہاٹیا ॥1॥

ਪਾਪ ਕਰੇਦੜ ਸਰਪਰ ਮੁਠੇ ॥

پاپ کریدڑ سرپر مُٹھے ॥

ਅਜਰਾਈਲਿ ਫੜੇ ਫੜਿ ਕੁਠੇ ॥

عزرائیلِ پھڑے پھڑِ کُٹھے ॥

ਦੋਜਕਿ ਪਾਏ ਸਿਰਜਣਹਾਰੈ
ਲੇਖਾ ਮੰਗੈ ਬਾਣੀਆ ॥੨॥

دوزکِ پائے سِرجنہارے
لیکھا منگے باٹیا ॥2॥

ਸੰਗਿ ਨ ਕੋਈ ਭਈਆ ਬੇਬਾ ॥

سنگِ ن کوئی بھئیا بیبا ॥

ਮਾਲੁ ਜੋਬਨੁ ਧਨੁ ਛੋਡਿ ਵਞੈਸਾ ॥
ਕਰਣ ਕਰੀਮ ਨ ਜਾਤੋ ਕਰਤਾ
ਤਿਲ ਪੀੜੇ ਜਿਉ ਘਾਣੀਆ ॥੩॥

ماۃُ جوبنُ دھنُ چھوڈِ وِچیسا ॥
کرنْ کریم ن جاتو کرتا
تِل پیڑے جِءُ گھاٹِیا ॥3॥

ਖੁਸਿ ਖੁਸਿ ਲੈਦਾ ਵਸਤੁ ਪਰਾਈ ॥
ਵੇਖੈ ਸੁਣੇ ਤੇਰੈ ਨਾਲਿ ਖੁਦਾਈ ॥
ਦੁਨੀਆ ਲਬਿ ਪਇਆ ਖਾਤ ਅੰਦਰਿ
ਅਗਲੀ ਗਲ ਨ ਜਾਣੀਆ ॥੪॥

کھُس کھُس لیَدا وستُ پرائی ॥
ویکھے سُنے تیرے نالِ خُدائی ॥
دُنِیا لبِ پئیا کھات اندرِ
اگلی گل ن جاٹِیا ॥4॥

ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥
ਬਹੁਤੁ ਸਜਾਇ ਪਇਆ ਦੇਸਿ ਲੰਮੈ ॥
ਜਿਨਿ ਕੀਤਾ ਤਿਸੈ ਨ ਜਾਣੀ ਅੰਧਾ
ਤਾ ਦੁਖੁ ਸਹੈ ਪਰਾਣੀਆ ॥੫॥

جمِ جمِ مرے مرے پھرِ جنمے ॥
بہُتُ سزاءِ پئیا دیسِ لنمے ॥
جِنِ کیتا تِسے ن جانی اندھا
تا دُکھُ سہے پراٹِیا ॥5॥

ਖਾਲਕ ਥਾਵਹੁ ਭੁਲਾ ਮੁਠਾ ॥
ਦੁਨੀਆ ਖੇਲੁ ਬੁਰਾ ਰੁਠ ਤੁਠਾ ॥
ਸਿਦਕੁ ਸਬੂਰੀ ਸੰਤੁ ਨ ਮਿਲਿਓ
ਵਤੈ ਆਪਣ ਭਾਣੀਆ ॥੬॥

خالق تھاوہُ بھُلا مُٹھا ॥
دُنِیا کھیلُ بُرا رُٹھ تُٹھا ॥
صِدکُ صبوُری سنّتُ ن مِلِئو
وتے آپنْ بھاٹِیا ॥6॥

ਮਉਲਾ ਖੇਲ ਕਰੇ ਸਭਿ ਆਪੇ ॥
ਇਕਿ ਕਢੇ ਇਕਿ ਲਹਰਿ ਵਿਆਪੇ ॥
ਜਿਉ ਨਚਾਏ ਤਿਉ ਤਿਉ ਨਚਨਿ
ਸਿਰਿ ਸਿਰਿ ਕਿਰਤ ਵਿਹਾਣੀਆ ॥੭॥

مئُلا کھیل کرے سبھِ آپے ॥
اِکِ کڈھے اِکِ لہرِ وِیاپے ॥
جِءُ نچائے تِءُ تِءُ نچنِ
سِرِ سِرِ کِرت وِہاٹِیا ॥7॥

ਮਿਹਰ ਕਰੇ ਤਾ ਖਸਮੁ ਧਿਆਈ ॥
ਸੰਤਾ ਸੰਗਤਿ ਨਰਕਿ ਨ ਪਾਈ ॥
ਅੰਮ੍ਰਿਤ ਨਾਮ ਦਾਨੁ ਨਾਨਕ ਕਉ
ਗੁਣ ਗੀਤਾ ਨਿਤ ਵਖਾਣੀਆ ॥੮॥੨॥੮॥੧੨॥੨੦॥

مِہر کرے تا خصمُ دھِیائی ॥
سنّتا سنگتِ نرکِ ن پائی ॥
انمّرِت نام دانُ نانک کءُ
گُنْ گیتا نِت وکھاٹِیا ॥8॥2॥8॥ 12 ॥ 20 ॥

ਮਾਰੂ ਸੋਲਹੇ ਮਹਲਾ ੧

مارُو سولہے محلا 1

ੴ ਸਤਿਗੁਰ ਪ੍ਰਸਾਦਿ ॥

ساچا سچُ سوئی اورُ ن کوئی ॥

ਸਾਚਾ ਸਚੁ ਸੋਈ ਅਵਰੁ ਨ ਕੋਈ ॥

جِنِ سِرجی تِن ہی پھُنِ گوئی ॥

ਜਿਨਿ ਸਿਰਜੀ ਤਿਨ ਹੀ ਫੁਨਿ ਗੋਈ ॥

جِءُ بھاوے تِءُ راکھہُ رہٹا
تُم سِءُ کِیا مُکرائی ہے ۔ ॥1॥

ਜਿਉ ਭਾਵੈ ਤਿਉ ਰਾਖਹੁ ਰਹਣਾ
ਤੁਮ ਸਿਉ ਕਿਆ ਮੁਕਰਾਈ ਹੇ ॥੧॥

آپِ اُپائے آپِ کھپائے ॥

ਆਪਿ ਉਪਾਏ ਆਪਿ ਖਪਾਏ ॥

آپے سِرِ سِرِ دھندھے لائے ॥

ਆਪੇ ਸਿਰਿ ਸਿਰਿ ਧੰਧੈ ਲਾਏ ॥

آپے وِیچاری گُنکاری
آپے مارگِ لائی ہے ॥2॥

ਆਪੇ ਵੀਚਾਰੀ ਗੁਣਕਾਰੀ
ਆਪੇ ਮਾਰਗਿ ਲਾਈ ਹੇ ॥੨॥

آپے دانا آپے بِینا ॥

ਆਪੇ ਦਾਨਾ ਆਪੇ ਬੀਨਾ ॥

آپے آپُ اُپاءِ پتِینا ॥

ਆਪੇ ਆਪੁ ਉਪਾਇ ਪਤੀਨਾ ॥

آپے پُنُّ پانی بیسنتر
آپے میلِ مِلائی ہے ॥3॥

ਆਪੇ ਪਉਣੁ ਪਾਣੀ ਬੈਸੰਤਰੁ
ਆਪੇ ਮੇਲਿ ਮਿਲਾਈ ਹੇ ॥੩॥

آپے سِس سوُرا پوُرو پوُرا ॥

ਆਪੇ ਸਸਿ ਸੂਰਾ ਪੂਰੋ ਪੂਰਾ ॥

آپے گِیانِ دھِیانِ گُر سوُرا ॥

ਆਪੇ ਗਿਆਨਿ ਧਿਆਨਿ ਗੁਰ ਸੂਰਾ ॥

کالُ جالُ جمُ جوہِ ن ساکے
ساچے سِءُ لِو لائی ہے ॥4॥

ਕਾਲੁ ਜਾਲੁ ਜਮੁ ਜੋਹਿ ਨ ਸਾਕੈ
ਸਾਚੇ ਸਿਉ ਲਿਵ ਲਾਈ ਹੇ ॥੪॥

آپے پُرکھُ آپے ہی ناری ॥

ਆਪੇ ਪੁਰਖੁ ਆਪੇ ਹੀ ਨਾਰੀ ॥

آپے پاسا آپے ساری ॥

ਆਪੇ ਪਾਸਾ ਆਪੇ ਸਾਰੀ ॥

آپے پِڑ بادھی جگُ کھیلےَ
آپے قِیمتِ پائی ہے ॥5॥

ਆਪੇ ਪਿੜ ਬਾਧੀ ਜਗੁ ਖੇਲੈ
ਆਪੇ ਕੀਮਤਿ ਪਾਈ ਹੇ ॥੫॥

آپے بھورُ پھُلُ پھلُ ترورُ ॥

ਆਪੇ ਭਵਰੁ ਫੁਲੁ ਫਲੁ ਤਰਵਰੁ ॥

آپے جلُ تھلُ ساگرُ سرورُ ॥

ਆਪੇ ਜਲੁ ਥਲੁ ਸਾਗਰੁ ਸਰਵਰੁ ॥

آپے مچھُ کچھُ کرٹِیکرُ

ਆਪੇ ਮਛੁ ਕਛੁ ਕਰਣੀਕਰੁ

ਤੇਰਾ ਰੂਪੁ ਨ ਲਖਣਾ ਜਾਈ ਹੇ ॥੬॥

تیرا روُپ ن لکھنا جائی ہے ॥6॥

ਆਪੇ ਦਿਨਸੁ ਆਪੇ ਹੀ ਰੈਣੀ ॥

آپے دِنُس آپے ہی رینّی ॥

ਆਪਿ ਪਤੀਜੈ ਗੁਰ ਕੀ ਬੈਣੀ ॥

آپِ پتیجے گُر کی بینّی ॥

ਆਦਿ ਜੁਗਾਦਿ ਅਨਾਹਦਿ ਅਨਦਿਨੁ
ਘਟਿ ਘਟਿ ਸਬਦੁ ਰਜਾਈ ਹੇ ॥੭॥

آدِ جُگادِ اناہدِ اندِنُ
گھٹِ گھٹِ سبدُ رضائی ہے ॥7॥

ਆਪੇ ਰਤਨੁ ਅਨੂਪੁ ਅਮੋਲੋ ॥

آپے رتنُ انوُپ امولو ॥

ਆਪੇ ਪਰਖੇ ਪੂਰਾ ਤੋਲੋ ॥

آپے پرکھے پوُرا تولو ॥

ਆਪੇ ਕਿਸ ਹੀ ਕਸਿ ਬਖਸੇ
ਆਪੇ ਦੇ ਲੈ ਭਾਈ ਹੇ ॥੮॥

آپے کِس ہی کِس بخشے
آپے دے لے بھائی ہے ۔ ॥8॥

ਆਪੇ ਧਨਖੁ ਆਪੇ ਸਰਬਾਣਾ ॥

آپے دھنکھُ آپے سرباٹا ॥

ਆਪੇ ਸੁਘੜੁ ਸਰੂਪੁ ਸਿਆਣਾ ॥

آپے سُگھڑُ سروُپ سِیاٹا ॥

ਕਹਤਾ ਬਕਤਾ ਸੁਣਤਾ ਸੋਈ
ਆਪੇ ਬਣਤ ਬਣਾਈ ਹੇ ॥੯॥

کہتا بکتا سُنّتا سوئی
آپے بنّت بنّائی ہے ॥9॥

ਪਉਣੁ ਗੁਰੂ ਪਾਣੀ ਪਿਤ ਜਾਤਾ ॥

پنُّ گُرو پانّی پِت جاتا ॥

ਉਦਰ ਸੰਜੋਗੀ ਧਰਤੀ ਮਾਤਾ ॥

اُدر سنجوگی دھرتی ماتا ॥

ਰੈਣਿ ਦਿਨਸੁ ਦੁਇ ਦਾਈ ਦਾਇਆ
ਜਗੁ ਖੇਲੈ ਖੇਲਾਈ ਹੇ ॥੧੦॥

رینّ دِنُس دُءِ دائی دائیا
جگُ کھیلے کھیلائی ہے ॥ 10 ॥

ਆਪੇ ਮਛੁਲੀ ਆਪੇ ਜਾਲਾ ॥

آپے مچھُلی آپے جالا ॥

ਆਪੇ ਗਊ ਆਪੇ ਰਖਵਾਲਾ ॥

آپے گئوُ آپے رکھوالا ॥

ਸਰਬ ਜੀਆ ਜਗਿ ਜੋਤਿ ਤੁਮਾਰੀ
ਜੈਸੀ ਪ੍ਰਭਿ ਫੁਰਮਾਈ ਹੇ ॥੧੧॥

سرب جِیا جگِ جوتِ تُماری
جیَسی پربھِ فُرمائی ہے ॥ 11 ॥

ਆਪੇ ਜੋਗੀ ਆਪੇ ਭੋਗੀ ॥

آپے جوگی آپے بھوگی ॥

ਆਪੇ ਰਸੀਆ ਪਰਮ ਸੰਜੋਗੀ ॥

آپے رسیا پرم سنجوگی ॥

ਆਪੇ ਵੇਬਾਣੀ ਨਿਰੰਕਾਰੀ

آپے ویبانّی نِرنکاری

ਨਿਰਭਉ ਤਾੜੀ ਲਾਈ ਹੇ ॥੧੨॥

نِربھءُ تاڑی لائی ہے ॥ 12 ॥

ਖਾਣੀ ਬਾਣੀ ਤੁਝਹਿ ਸਮਾਣੀ ॥

کھانی بانی تُجھہِ سمانی ॥

ਜੋ ਦੀਸੈ ਸਭ ਆਵਣ ਜਾਣੀ ॥

جو دیسےَ سبھ آونؒ جانی ॥

ਸੇਈ ਸਾਹ ਸਚੇ ਵਾਪਾਰੀ
ਸਤਿਗੁਰਿ ਬੂਝ ਬੁਝਾਈ ਹੇ ॥੧੩॥

سیئی ساہ سچے واپاری
ستِگُرِ بوُجھ بُجھائی ہے ॥ 13 ॥

ਸਬਦੁ ਬੁਝਾਏ ਸਤਿਗੁਰੁ ਪੂਰਾ ॥

سبدُ بُجھائے ستِگُرُ پوُرا ॥

ਸਰਬ ਕਲਾ ਸਾਚੇ ਭਰਪੂਰਾ ॥

سرب کلا ساچے بھرپوُرا ॥

ਅਫਰਿਓ ਵੇਪਰਵਾਹੁ ਸਦਾ ਤੂ
ਨਾ ਤਿਸੁ ਤਿਲੁ ਨ ਤਮਾਈ ਹੇ ॥੧੪॥

اپھرِئو ویپرواہُ سدا توُ
نا تِسُ تِلُ ن طماعیِ ہے ॥ 14 ॥

ਕਾਲੁ ਬਿਕਾਲੁ ਭਏ ਦੇਵਾਨੇ ॥

کالُ بِکالُ بھےَ دیوانے ॥

ਸਬਦੁ ਸਹਜ ਰਸੁ ਅੰਤਰਿ ਮਾਨੇ ॥

سبدُ سہج رسُ انّترِ مانے ॥

ਆਪੇ ਮੁਕਤਿ ਤ੍ਰਿਪਤਿ ਵਰਦਾਤਾ
ਭਗਤਿ ਭਾਇ ਮਨਿ ਭਾਈ ਹੇ ॥੧੫॥

آپے مُکتِ ترِپتِ ورداتا
بھگتِ بھاءِ منِ بھائی ہے ॥ 15 ॥

ਆਪਿ ਨਿਰਾਲਮੁ ਗੁਰ ਗਮ ਗਿਆਨਾ ॥

آپِ نِرالمُ گُر گم گِیانا ॥

ਜੋ ਦੀਸੈ ਤੁਝ ਮਾਹਿ ਸਮਾਨਾ ॥

جو دیسےَ تُجھ ماہِ سمانا ॥

ਨਾਨਕੁ ਨੀਚੁ ਭਿਖਿਆ ਦਰਿ ਜਾਚੈ
ਮੈ ਦੀਜੈ ਨਾਮੁ ਵਡਾਈ ਹੇ ॥੧੬॥੧॥

نانکُ نِیچُ بھِکھیا درِ جاچےَ
مےَ دیجےَ نامُ وڈائی ہے ॥ 16 ॥1॥

ਮਾਰੂ ਮਹਲਾ ੧ ॥

مارُو محلا 1 ॥

ਆਪੇ ਧਰਤੀ ਧਉਲੁ ਅਕਾਸੰ ॥

آپے دھرتی دھئُلُ اکاسنّ ॥

ਆਪੇ ਸਾਚੇ ਗੁਣ ਪਰਗਾਸੰ ॥

آپے ساچے گُنؒ پرگاسنّ ॥

ਜਤੀ ਸਤੀ ਸੰਤੋਖੀ ਆਪੇ
ਆਪੇ ਕਾਰ ਕਮਾਈ ਹੇ ॥੧॥

جتی ستی سنّتوُکھی آپے
آپے کار کمائی ہے ॥1॥

ਜਿਸੁ ਕਰਣਾ ਸੋ ਕਰਿ ਕਰਿ ਵੇਖੈ ॥

جِسُ کرٹا سو کرِ کرِ ویکھےَ ॥

ਕੋਇ ਨ ਮੇਟੈ ਸਾਚੇ ਲੇਖੈ ॥
کوءِ ن میٹے ساچے لیکھےَ ॥

ਆਪੇ ਕਰੇ ਕਰਾਏ ਆਪੇ
ਆਪੇ ਦੇ ਵਡਿਆਈ ਹੇ ॥੨॥
آپے کرے کرائے آپے
آپے دے وڈِیائی ہے ॥2॥

ਪੰਚ ਚੋਰ ਚੰਚਲ ਚਿਤੁ ਚਾਲਹਿ ॥
پنچ چور چنچل چِتُ چالہِ ॥

ਪਰ ਘਰ ਜੋਹਹਿ ਘਰੁ ਨਹੀ ਭਾਲਹਿ ॥
پر گھر جوہہِ گھرُ نہی بھالہِ ॥

ਕਾਇਆ ਨਗਰੁ ਢਹੈ ਢਹਿ ਢੇਰੀ
ਬਿਨੁ ਸਬਦੈ ਪਤਿ ਜਾਈ ਹੇ ॥੩॥
کائیا نگرُ ڈھہےَ ڈھہِ ڈھیری
بِنُ سبدےَ پتِ جائی ہے ॥3॥

ਗੁਰ ਤੇ ਬੂਝੈ ਤ੍ਰਿਭਵਣੁ ਸੂਝੈ ॥
گُر تے بُوجھےَ ترِبھونُ سُوجھےَ ॥

ਮਨਸਾ ਮਾਰਿ ਮਨੈ ਸਿਉ ਲੂਝੈ ॥
منسا مارِ منے سِءُ لُوجھےَ ॥

ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ
ਨਿਰਭਉ ਬਾਲ ਸਖਾਈ ਹੇ ॥੪॥
جو تُدھُ سیوہِ سے تُدھ ہی جیہے
نِربھءُ بال سکھائی ہے ॥4॥

ਆਪੇ ਸੁਰਗੁ ਮਛੁ ਪਇਆਲਾ ॥
آپے سُرگُ مچھُ پئیالا ॥

ਆਪੇ ਜੋਤਿ ਸਰੂਪੀ ਬਾਲਾ ॥
آپے جوتِ سروُپی بالا ॥

ਜਟਾ ਬਿਕਟ ਬਿਕਰਾਲ ਸਰੂਪੀ
ਰੂਪੁ ਨ ਰੇਖਿਆ ਕਾਈ ਹੇ ॥੫॥
جٹا بِکٹ بِکرال سروُپی
روُپُ ن ریکھیا کائی ہے ॥5॥

ਬੇਦ ਕਤੇਬੀ ਭੇਦੁ ਨ ਜਾਤਾ ॥
بید کتیبی بھیدُ ن جاتا ॥

ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ ॥
نا تِس مات پِتا سُت بھّراتا ॥

ਸਗਲੇ ਸੈਲ ਉਪਾਇ ਸਮਾਏ
ਅਲਖੁ ਨ ਲਖਣਾ ਜਾਈ ਹੇ ॥੬॥
سگلے سیَل اُپاءِ سمائے
الکھُ ن لکھٹا جائی ہے ॥6॥

ਕਰਿ ਕਰਿ ਥਾਕੀ ਮੀਤ ਘਨੇਰੇ ॥
کرِ کرِ تھاکی میت گھنیرے ॥

ਕੋਇ ਨ ਕਾਟੈ ਅਵਗੁਣ ਮੇਰੇ ॥
کوءِ ن کاٹے اوگُنُ میرے ॥

ਸੁਰਿ ਨਰ ਨਾਥੁ ਸਾਹਿਬੁ ਸਭਨਾ ਸਿਰਿ
ਭਾਇ ਮਿਲੈ ਭਉ ਜਾਈ ਹੇ ॥੭॥
سُرِ نر ناتھُ صاحِبُ سبھنا سِرِ
بھاءِ مِلےَ بھءُ جائی ہے ॥7॥

ਭੂਲੇ ਚੂਕੇ ਮਾਰਗਿ ਪਾਵਹਿ ॥
بھوُلے چوُکے مارگِ پاوہِ ॥

ਆਪਿ ਭੁਲਾਇ ਤੂਹੈ ਸਮਝਾਵਹਿ ॥

آپِ بھُلاءِ توُہے سمجھاوہِ ॥

ਬਿਨੁ ਨਾਵੈ ਮੈ ਅਵਰੁ ਨ ਦੀਸੈ
ਨਾਵਹੁ ਗਤਿ ਮਿਤਿ ਪਾਈ ਹੇ ॥੮॥

بِنُ ناوے مے اورُ ن دیسے
ناوہُ گتِ مِتِ پائی ہے ॥8॥

ਗੰਗਾ ਜਮੁਨਾ ਕੇਲ ਕੇਦਾਰਾ ॥

گنگا جمُنا کیل کیدارا ॥

ਕਾਸੀ ਕਾਂਤੀ ਪੁਰੀ ਦੁਆਰਾ ॥

کاسی کانتی پُری دُیارا ॥

ਗੰਗਾ ਸਾਗਰੁ ਬੇਣੀ ਸੰਗਮੁ
ਅਠਸਠਿ ਅੰਕਿ ਸਮਾਈ ਹੇ ॥੯॥

گنگا ساگرُ بینٹی سنگمُ
اٹھسٹھِ انکِ سمائی ہے ॥9॥

ਆਪੇ ਸਿਧ ਸਾਧਿਕੁ ਵੀਚਾਰੀ ॥

آپے سِدھ سادھِکُ ویچاری ॥

ਆਪੇ ਰਾਜਨੁ ਪੰਚਾ ਕਾਰੀ ॥

آپے راجنُ پنچا کاری ॥

ਤਖਤਿ ਬਹੈ ਅਦਲੀ ਪ੍ਰਭੁ ਆਪੇ
ਭਰਮੁ ਭੇਦੁ ਭਉ ਜਾਈ ਹੇ ॥੧੦॥

تخت بہے عدلی پربھُ آپے
بھرمُ بھیدُ بھءُ جائی ہے ॥ 10 ॥

ਆਪੇ ਕਾਜੀ ਆਪੇ ਮੁਲਾ ॥

آپے قاضی آپے مُلا ॥

ਆਪਿ ਅਭੁਲੁ ਨ ਕਬਹੂ ਭੁਲਾ ॥

آپِ ابھُلُ ن کبہوُ بھُلا ॥

ਆਪੇ ਮਿਹਰ ਦਇਆਪਤਿ ਦਾਤਾ
ਨਾ ਕਿਸੈ ਕੋ ਬੈਰਾਈ ਹੇ ॥੧੧॥

آپے مِہر دئیاپتِ داتا
نا کِسے کو بیرائی ہے ॥ 11 ॥

ਜਿਸੁ ਬਖਸੇ ਤਿਸੁ ਦੇ ਵਡਿਆਈ ॥

جِسُ بخشے تِسُ دے وڈِیائی ॥

ਸਭਸੈ ਦਾਤਾ ਤਿਲੁ ਨ ਤਮਾਈ ॥

سبھسے داتا تِلُ ن طماعیِ ॥

ਭਰਪੁਰਿ ਧਾਰਿ ਰਹਿਆ ਨਿਹਕੇਵਲੁ
ਗੁਪਤੁ ਪ੍ਰਗਟੁ ਸਭ ਠਾਈ ਹੇ ॥੧੨॥

بھرپُرِ دھارِ رہیا نہکیولُ
گُپتُ پرگٹُ سبھ ٹھائی ہے ॥ 12 ॥

ਕਿਆ ਸਾਲਾਹੀ ਅਗਮ ਅਪਾਰੈ ॥

کِیا سالاحی اگم اپارے ॥

ਸਾਚੇ ਸਿਰਜਣਹਾਰ ਮੁਰਾਰੈ ॥

ساچے سِرجنہار مُرارے ॥

ਜਿਸ ਨੋ ਨਦਰਿ ਕਰੇ ਤਿਸੁ ਮੇਲੇ
ਮੇਲਿ ਮਿਲੈ ਮੇਲਾਈ ਹੇ ॥੧੩॥

جِس نو ندرِ کرے تِسُ میلے
میلِ مِلے میلائی ہے ॥ 13 ॥

ਬ੍ਰਹਮਾ ਬਿਸਨੁ ਮਹੇਸੁ ਦੁਆਰੈ ॥

برہما بِسنُ مہیسُ دُیارے ॥

ਊਭੇ ਸੇਵਹਿ ਅਲਖ ਅਪਾਰੈ ॥

اوُبھے سیوہِ الکھ اپارے ॥

ਹੋਰ ਕੇਤੀ ਦਰਿ ਦੀਸੈ ਬਿਲਲਾਦੀ
ਮੈ ਗਣਤ ਨ ਆਵੈ ਕਾਈ ਹੇ ॥੧੪॥

ہور کیتی درِ دیسے بِللادی
مے گنت ن آوے کائی ہے ॥ 14 ॥

ਸਾਚੀ ਕੀਰਤਿ ਸਾਚੀ ਬਾਣੀ ॥

ساچی کیرتِ ساچی باٹی ॥

ਹੋਰ ਨ ਦੀਸੈ ਬੇਦ ਪੁਰਾਣੀ ॥

ہور ن دیسے بید پُراٹی ॥

ਪੂੰਜੀ ਸਾਚੁ ਸਚੇ ਗੁਣ ਗਾਵਾ
ਮੈ ਧਰ ਹੋਰ ਨ ਕਾਈ ਹੇ ॥੧੫॥

پوُنجی ساچُ سچے گُن گاوا
مے دھر ہور ن کائی ہے ॥ 15 ॥

ਜੁਗੁ ਜੁਗੁ ਸਾਚਾ
ਹੈ ਭੀ ਹੋਸੀ ॥

جُگ جُگ ساچا
ہے بھی ہوسی ॥

ਕਉਣੁ ਨ ਮੂਆ ਕਉਣੁ ਨ ਮਰਸੀ ॥

کُنُ ن موُیا کُنُ ن مرسی ۔ ॥

ਨਾਨਕੁ ਨੀਚੁ ਕਹੈ ਬੇਨੰਤੀ
ਦਰਿ ਦੇਖਹੁ ਲਿਵ ਲਾਈ ਹੇ ॥੧੬॥੨॥

نانکُ نیچُ کہے بینتی
درِ دیکھہُ لِو لائی ہے ॥ 16 ॥2॥

ਮਾਰੂ ਮਹਲਾ ੧ ॥

مارُو محلا 1 ॥

ਦੂਜੀ ਦੁਰਮਤਿ ਅੰਨੀ ਬੋਲੀ ॥

دوُجی دُرمتِ انّی بولی ॥

ਕਾਮ ਕ੍ਰੋਧ ਕੀ ਕਚੀ ਚੋਲੀ ॥

کام کرودھ کی کچی چولی ॥

ਘਰਿ ਵਰੁ ਸਹਜੁ ਨ ਜਾਣੈ ਛੋਹਰਿ
ਬਿਨੁ ਪਿਰ ਨੀਦ ਨ ਪਾਈ ਹੇ ॥੧॥

گھرِ ورُ سہجُ ن جانے چھوہرِ
بِنُ پِر نید ن پائی ہے ॥1॥

ਅੰਤਰਿ ਅਗਨਿ ਜਲੈ ਭੜਕਾਰੇ ॥

انترِ اگنِ جلے بھڑکارے ॥

ਮਨਮੁਖੁ ਤਕੇ ਕੁੰਡਾ ਚਾਰੇ ॥

منمکھُ تکے کُنڈا چارے ॥

ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ
ਸਾਚੇ ਹਾਥਿ ਵਡਾਈ ਹੇ ॥੨॥

بِنُ ستگُر سیوے کِءُ سُکھُ پائیے
ساچے ہاتھِ وڈائی ہے ॥2॥

ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥

کامُ کرودھُ اہنکارُ نِوارے ॥

ਤਸਕਰ ਪੰਚ ਸਬਦਿ ਸੰਘਾਰੇ ॥

تسکر پنچ سبدِ سنگھارے ॥

ਗਿਆਨ ਖੜਗੁ ਲੈ ਮਨ ਸਿਉ ਲੂਝੈ

گیان کھڑگُ لے من سِءُ لوُجھے

ਮਨਸਾ ਮਨਹਿ ਸਮਾਈ ਹੇ ॥੩॥

منسا منہِ سمائی ہے ॥3॥

ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥

ما کی رکتُ پِتا بِدُ دھارا ॥

ਮੂਰਤਿ ਸੂਰਤਿ ਕਰਿ ਆਪਾਰਾ ॥

مورتِ صورتِ کرِ آپارا ॥

ਜੋਤਿ ਦਾਤਿ ਜੇਤੀ ਸਭ ਤੇਰੀ
ਤੂ ਕਰਤਾ ਸਭ ਠਾਈ ਹੇ ॥੪॥

جوتِ داتِ جیتی سبھ تیری
توُ کرتا سبھ ٹھائی ہے ॥4॥

ਤੁਝ ਹੀ ਕੀਆ ਜੰਮਣ ਮਰਣਾ ॥

تُجھ ہی کِیا جنمَنُ مرٹا ॥

ਗੁਰ ਤੇ ਸਮਝ ਪੜੀ ਕਿਆ ਡਰਣਾ ॥

گُر تے سمجھ پڑی کِیا ڈرٹا ۔ ॥

ਤੂ ਦਇਆਲੁ ਦਇਆ ਕਰਿ ਦੇਖਹਿ
ਦੁਖੁ ਦਰਦੁ ਸਰੀਰਹੁ ਜਾਈ ਹੇ ॥੫॥

توُ دئیالُ دئیا کرِ دیکھہِ
دُکھُ دردُ سریرہُ جائی ہے ॥5॥

ਨਿਜ ਘਰਿ ਬੈਸਿ ਰਹੇ ਭਉ ਖਾਇਆ ॥

نِج گھرِ بیَس رہے بھءُ کھائیا ॥

ਧਾਵਤ ਰਾਖੇ ਠਾਕਿ ਰਹਾਇਆ ॥

دھاوت راکھے ٹھاکِ رہائیا ॥

ਕਮਲ ਬਿਗਾਸ ਹਰੇ ਸਰ ਸੁਭਰ
ਆਤਮ ਰਾਮੁ ਸਖਾਈ ਹੇ ॥੬॥

کمل بِگاس ہرے سر سُبھر
آتم رامُ سکھائی ہے ॥6॥

ਮਰਣੁ ਲਿਖਾਇ ਮੰਡਲ ਮਹਿ ਆਏ ॥

مرنُ لِکھاءِ منّڈل مہِ آئے ॥

ਕਿਉ ਰਹੀਐ ਚਲਣਾ ਪਰਥਾਏ ॥

کِءُ رہیئے چلٹا پرتھائے ॥

ਸਚਾ ਅਮਰੁ ਸਚੇ ਅਮਰਾ ਪੁਰਿ
ਸੋ ਸਚੁ ਮਿਲੈ ਵਡਾਈ ਹੇ ॥੭॥

سچا امرُ سچے امرا پُرِ
سو سچُ مِلے وڈائی ہے ॥7॥

ਆਪਿ ਉਪਾਇਆ ਜਗਤੁ ਸਬਾਇਆ ॥

آپِ اُپائیا جگتُ سبائیا ॥

ਜਿਨਿ ਸਿਰਿਆ ਤਿਨਿ ਧੰਧੈ ਲਾਇਆ ॥

جِنِ سِریا تِنِ دھندھے لائیا ॥

ਸਚੈ ਊਪਰਿ ਅਵਰ ਨ ਦੀਸੈ
ਸਾਚੇ ਕੀਮਤਿ ਪਾਈ ਹੇ ॥੮॥

سچے اوُپر اور ن دیسے
ساچے قیمتِ پائی ہے ॥8॥

ਐਥੈ ਗੋਇਲੜਾ ਦਿਨ ਚਾਰੇ ॥

ایتھے گوئلڑا دِن چارے ॥

ਖੇਲੁ ਤਮਾਸਾ ਧੁੰਧੂਕਾਰੇ ॥

کھیلُ تماشا دھُندھوُکارے ॥

ਬਾਜੀ ਖੇਲਿ ਗਏ ਬਾਜੀਗਰ

بازی کھیلِ گئے بازیگر

ਜਿਉ ਨਿਸਿ ਸੁਪਨੈ ਭਖਲਾਈ ਹੇ ॥੯॥
جِءُ نِس سُپنے بھکھلائی ہے ॥9॥

ਤਿਨ ਕਉ ਤਖਤਿ ਮਿਲੀ ਵਡਿਆਈ ॥
تِن ک ءُ تخت مِلی وڈِیائی ॥

ਨਿਰਭਉ ਮਨਿ ਵਸਿਆ ਲਿਵ ਲਾਈ ॥
نِربھءُ منِ وسِیا لِو لائی ॥

ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ
ਤ੍ਰਿਭਵਣ ਤਾੜੀ ਲਾਈ ਹੇ ॥੧੦॥
کھنڈی برہمنڈی پاتالی پُرِیئی
ترِبھوٹ تاڑی لائی ہے ॥ 10 ॥

ਸਾਚੀ ਨਗਰੀ ਤਖਤੁ ਸਚਾਵਾ ॥
ساچی نگری تخت سچاوا ॥

ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ ॥
گُرمُکھِ ساچُ مِلے سُکھُ پاوا ॥

ਸਾਚੇ ਸਾਚੈ ਤਖਤਿ ਵਡਾਈ
ਹਉਮੈ ਗਣਤ ਗਵਾਈ ਹੇ ॥੧੧॥
ساچے ساچے تخت وڈائی
ہئُمے گنت گوائی ہے ॥ 11 ॥

ਗਣਤ ਗਣੀਐ ਸਹਸਾ ਜੀਐ ॥
گنت گنِیے سہسا جیے ॥

ਕਿਉ ਸੁਖੁ ਪਾਵੈ ਦੂਐ ਤੀਐ ॥
کِءُ سُکھُ پاوے دوئے تیے ॥

ਨਿਰਮਲੁ ਏਕੁ ਨਿਰੰਜਨੁ ਦਾਤਾ
ਗੁਰ ਪੂਰੇ ਤੇ ਪਤਿ ਪਾਈ ਹੇ ॥੧੨॥
نِرمل ایکُ نِرنجن داتا
گُرپوُرے تے پت پائی ہے ॥ 12 ॥

ਜੁਗਿ ਜੁਗਿ ਵਿਰਲੀ ਗੁਰਮੁਖਿ ਜਾਤਾ ॥
جُگِ جُگِ وِرلی گُرمُکھِ جاتا ॥

ਸਾਚਾ ਰਵਿ ਰਹਿਆ ਮਨੁ ਰਾਤਾ ॥
ساچا روِ رہِیا منُ راتا ॥

ਤਿਸ ਕੀ ਓਟ ਗਹੀ ਸੁਖੁ ਪਾਇਆ
ਮਨਿ ਤਨਿ ਮੈਲੁ ਨ ਕਾਈ ਹੇ ॥੧੩॥
تِس کی اوٹ گہی سُکھُ پائیا
منِ تنِ میَلُ ن کائی ہے ॥ 13 ॥

ਜੀਭ ਰਸਾਇਣਿ ਸਾਚੈ ਰਾਤੀ ॥
جیبھ رسائِنِ ساچے راتی ॥

ਹਰਿ ਪ੍ਰਭੁ ਸੰਗੀ ਭਉ ਨ ਭਰਾਤੀ ॥
ہرِ پربھُ سنگی بھءُ ن بھراتی ॥

ਸ੍ਰਵਣ ਸ੍ਰੋਤ ਰਜੇ ਗੁਰਬਾਣੀ
ਜੋਤੀ ਜੋਤਿ ਮਿਲਾਈ ਹੇ ॥੧੪॥
سروٹ سروت رجے گُربانی
جوتی جوتِ مِلائی ہے ॥ 14 ॥

ਰਖਿ ਰਖਿ ਪੈਰ ਧਰੇ ਪਉ ਧਰਣਾ ॥
رکھِ رکھِ پیر دھرے پءُ دھرٹا ॥

ਜਤ ਕਤ ਦੇਖਉ ਤੇਰੀ ਸਰਣਾ ॥
جت کت دیکھءُ تیری سرٹا ॥

ਦੁਖੁ ਸੁਖੁ ਦੇਹਿ ਤੂਹੈ ਮਨਿ ਭਾਵਹਿ
دُکھُ سُکھُ دیہِ توُہے منِ بھاوہِ

ਤੁਝ ਹੀ ਸਿਉ ਬਣਿ ਆਈ ਹੇ ॥੧੫॥

تُجھ ہی سِ ءُ بنِ آئی ہے ॥ 15 ॥

ਅੰਤ ਕਾਲਿ ਕੋ ਬੇਲੀ ਨਾਹੀ ॥

انّت کالِ کو بیلی ناہی ॥

ਗੁਰਮੁਖਿ ਜਾਤਾ ਤੁਧੁ ਸਾਲਾਹੀ ॥

گُرمُکھِ جاتا تُدھُ سالاہی ॥

ਨਾਨਕ ਨਾਮਿ ਰਤੇ ਬੈਰਾਗੀ
ਨਿਜ ਘਰਿ ਤਾੜੀ ਲਾਈ ਹੇ ॥੧੬॥੩॥

نانک نامِ رتے بیَراگی
نِج گھرِ تاڑی لائی ہے ॥ 16 ॥3॥

ਮਾਰੂ ਮਹਲਾ ੧ ॥

مارُو محلا 1 ॥

ਆਦਿ ਜੁਗਾਦੀ ਅਪਰ ਅਪਾਰੇ ॥

آدِ جُگادی اپر اپارے ॥

ਆਦਿ ਨਿਰੰਜਨ ਖਸਮ ਹਮਾਰੇ ॥

آدِ نِرنجن خصم ہمارے ॥

ਸਾਚੇ ਜੋਗ ਜੁਗਤਿ ਵੀਚਾਰੀ
ਸਾਚੇ ਤਾੜੀ ਲਾਈ ਹੇ ॥੧॥

ساچے جوگ جُگتِ ویچاری
ساچے تاڑی لائی ہے ॥1॥

ਕੇਤੜਿਆ ਜੁਗ ਧੁੰਧੂਕਾਰੈ ॥

کیتڑِیا جُگ دھُندھوُکارے ॥

ਤਾੜੀ ਲਾਈ ਸਿਰਜਣਹਾਰੈ ॥

تاڑی لائی سِرجنہارے ॥

ਸਚੁ ਨਾਮੁ ਸਚੀ ਵਡਿਆਈ
ਸਾਚੈ ਤਖਤਿ ਵਡਾਈ ਹੇ ॥੨॥

سچُ نامُ سچی وڈِیائی
ساچے تخت وڈائی ہے ॥2॥

ਸਤਜੁਗਿ ਸਤੁ ਸੰਤੋਖੁ ਸਰੀਰਾ ॥

ستجُگِ ستُ سنتوکھُ سریرا ॥

ਸਤਿ ਸਤਿ ਵਰਤੈ ਗਹਿਰ ਗੰਭੀਰਾ ॥

ستِ ستِ ورتے گہِر گنبھیرا ॥

ਸਚਾ ਸਾਹਿਬੁ ਸਚੁ ਪਰਖੈ
ਸਾਚੈ ਹੁਕਮਿ ਚਲਾਈ ਹੇ ॥੩॥

سچا صاحِبُ سچُ پرکھے
ساچے حُکمِ چلائی ہے ॥3॥

ਸਤ ਸੰਤੋਖੀ ਸਤਿਗੁਰੁ ਪੂਰਾ ॥

ست سنتوکھی ستِگُر پوُرا ॥

ਗੁਰ ਕਾ ਸਬਦੁ ਮਨੇ ਸੋ ਸੂਰਾ ॥

گُر کا سبدُ منے سو سوُرا ॥

ਸਾਚੀ ਦਰਗਹ ਸਾਚੁ ਨਿਵਾਸਾ
ਮਾਨੈ ਹੁਕਮੁ ਰਜਾਈ ਹੇ ॥੪॥

ساچی درگہ ساچُ نِواسا
مانے حُکمُ رضائی ہے ॥4॥

ਸਤਜੁਗਿ ਸਾਚੁ ਕਹੈ ਸਭੁ ਕੋਈ ॥

ستجُگِ ساچُ کہے سبھُ کوئی ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ)
سری گُرو نانک دیو جی مہاراج دے 550ویں پرکاش پُرب نوں سمرپت | سیوا: بھائی بلجِندر سنگھ جی (راڑا صاہب)

ਸਚਿ ਵਰਤੈ ਸਾਚਾ ਸੋਈ ॥

ਮਨਿ ਮੁਖਿ ਸਾਚੁ ਭਰਮ ਭਉ ਭੰਜਨੁ
ਗੁਰਮੁਖਿ ਸਾਚੁ ਸਖਾਈ ਹੇ ॥੫॥

ਤ੍ਰੈਤੈ ਧਰਮ ਕਲਾ ਇਕ ਚੂਕੀ ॥

ਤੀਨਿ ਚਰਣ ਇਕ ਦੁਬਿਧਾ ਸੂਕੀ ॥

ਗੁਰਮੁਖਿ ਹੋਵੈ ਸੁ ਸਾਚੁ ਵਖਾਣੈ
ਮਨਮੁਖਿ ਪਚੈ ਅਵਾਈ ਹੇ ॥੬॥

ਮਨਮੁਖਿ ਕਦੇ ਨ ਦਰਗਹ ਸੀਝੈ ॥

ਬਿਨੁ ਸਬਦੈ ਕਿਉ ਅੰਤਰੁ ਰੀਝੈ ॥

ਬਾਧੇ ਆਵਹਿ ਬਾਧੇ ਜਾਵਹਿ
ਸੋਝੀ ਬੂਝ ਨ ਕਾਈ ਹੇ ॥੭॥

ਦਇਆ ਦੁਆਪੁਰਿ ਅਧੀ ਹੋਈ ॥

ਗੁਰਮੁਖਿ ਵਿਰਲਾ ਚੀਨੈ ਕੋਈ ॥

ਦੁਇ ਪਗ ਧਰਮੁ ਧਰੇ ਧਰਣੀਧਰ
ਗੁਰਮੁਖਿ ਸਾਚੁ ਤਿਥਾਈ ਹੇ ॥੮॥

ਰਾਜੇ ਧਰਮੁ ਕਰਹਿ ਪਰਥਾਏ ॥

ਆਸਾ ਬੰਧੇ ਦਾਨੁ ਕਰਾਏ ॥

ਰਾਮ ਨਾਮ ਬਿਨੁ ਮੁਕਤਿ ਨ ਹੋਈ
ਥਾਕੇ ਕਰਮ ਕਮਾਈ ਹੇ ॥੯॥

ਕਰਮ ਧਰਮ ਕਰਿ ਮੁਕਤਿ ਮੰਗਾਹੀ ॥

ਮੁਕਤਿ ਪਦਾਰਥੁ ਸਬਦਿ ਸਲਾਹੀ ॥

ਬਿਨੁ ਗੁਰ ਸਬਦੈ ਮੁਕਤਿ ਨ ਹੋਈ
ਪਰਪੰਚੁ ਕਰਿ ਭਰਮਾਈ ਹੇ ॥੧੦॥

ਮਾਇਆ ਮਮਤਾ ਛੋਡੀ ਨ ਜਾਈ ॥

سچِ ورتے ساچا سوئی ॥

منِ مُکھِ ساچُ بھرم بھءُ بھنجَنُ
گُرمُکھِ ساچُ سکھائی ہے ॥5॥

ترّیتے دھرم کلا اِک چوُکی ॥

تِینِ چرنؒ اِک دُبِدھا سوُکی ॥

گُرمُکھِ ہووے سُ ساچُ وکھاٹے
منمُکھِ پچے اوائی ہے ॥6॥

منمُکھِ کدے ن درگہ سیجھے ॥

بِنُ سبدے کِءُ انتر ریجھے ۔ ॥

بادھے آوہِ بادھے جاوہِ
سوجھی بوُجھ ن کائی ہے ॥7॥

دئیا دُیاپُر ادھی ہوئی ॥

گُرمُکھِ وِرلا چینے کوئی ॥

دُءِ پگ دھرمُ دھرے دھرنیدھر
گُرمُکھِ ساچُ تِتھائی ہے ॥8॥

راجے دھرمُ کرہِ پرتھائے ॥

آسا بندھے دانُ کرائے ॥

رام نام بِنُ مُکتِ ن ہوئی
تھاکے کرم کمائی ہے ॥9॥

کرم دھرم کرِ مُکتِ منگاہی ॥

مُکتِ پدارتھُ سبدِ سلاحی ॥

بِنُ گُر سبدے مُکتِ ن ہوئی
پرپنچُ کرِ بھرمائی ہے ॥ 10 ॥

مائیا ممتا چھوڈی ن جائی ॥

ਸੇ ਛੂਟੇ ਸਚੁ ਕਾਰ ਕਮਾਈ ॥

سے چھوٹے سچُ کار کمائی ॥

ਅਹਿਨਿਸਿ ਭਗਤਿ ਰਤੇ ਵੀਚਾਰੀ
ਠਾਕੁਰ ਸਿਉ ਬਣਿ ਆਈ ਹੇ ॥੧੧॥

اہِنِس بھگتِ رتے ویچاری
ٹھاکُر سِ ءُ بنِّ آئی ہے ॥ 11 ॥

ਇਕਿ ਜਪ ਤਪ ਕਰਿ ਕਰਿ ਤੀਰਥ ਨਾਵਹਿ ॥

اِکِ جپ تپ کرِ کرِ تیرتھ ناوہِ ॥

ਜਿਉ ਤੁਧੁ ਭਾਵੈ ਤਿਵੈ ਚਲਾਵਹਿ ॥

جِ ءُ تُدھُ بھاوے تِوے چلاوہِ ॥

ਹਠਿ ਨਿਗ੍ਰਹਿ ਅਪਤੀਜੁ ਨ ਭੀਜੈ
ਬਿਨੁ ਹਰਿ ਗੁਰ ਕਿਨਿ ਪਤਿ ਪਾਈ ਹੇ ॥੧੨॥

ہٹھِ نِگرہِ اپتیجُ ن بھیجے
بِنُ ہرِ گُر کِنِ پتِ پائی ہے ۔ ॥ 12 ॥

ਕਲੀ ਕਾਲ ਮਹਿ ਇਕ ਕਲ ਰਾਖੀ ॥

کلی کال مہِ اِک کل راکھی ॥

ਬਿਨੁ ਗੁਰ ਪੂਰੇ ਕਿਨੈ ਨ ਭਾਖੀ ॥

بِنُ گُر پوُرے کِنے ن بھاکھی ॥

ਮਨਮੁਖਿ ਕੂੜੁ ਵਰਤੈ ਵਰਤਾਰਾ
ਬਿਨੁ ਸਤਿਗੁਰ ਭਰਮੁ ਨ ਜਾਈ ਹੇ ॥੧੩॥

منمُکھِ کوُڑُ ورتے ورتارا
بِنُ ستِگُر بھرمُ ن جائی ہے ॥ 13 ॥

ਸਤਿਗੁਰੁ ਵੇਪਰਵਾਹੁ ਸਿਰੰਦਾ ॥

ستِگُرُ ویپرواہُ سِرنّدا ॥

ਨਾ ਜਮ ਕਾਣਿ ਨ ਛੰਦਾ ਬੰਦਾ ॥

نا جم کانِ ن چھندا بندا ॥

ਜੋ ਤਿਸੁ ਸੇਵੇ ਸੋ ਅਬਿਨਾਸੀ
ਨਾ ਤਿਸੁ ਕਾਲੁ ਸੰਤਾਈ ਹੇ ॥੧੪॥

جو تِس سیوے سو اِبناسی
نا تِس کالُ سنتائی ہے ॥ 14 ॥

ਗੁਰ ਮਹਿ ਆਪੁ ਰਖਿਆ ਕਰਤਾਰੇ ॥

گُر مہِ آپُ رکھیا کرتارے ॥

ਗੁਰਮੁਖਿ ਕੋਟਿ ਅਸੰਖ ਉਧਾਰੇ ॥

گُرمُکھِ کوٹِ اسنکھ اُدھارے ॥

ਸਰਬ ਜੀਆ ਜਗਜੀਵਨੁ ਦਾਤਾ
ਨਿਰਭਉ ਮੈਲੁ ਨ ਕਾਈ ਹੇ ॥੧੫॥

سرب جیِیا جگجیِونُ داتا
نِربھ ءُ میَلُ ن کائی ہے ॥ 15 ॥

ਸਗਲੇ ਜਾਚਹਿ ਗੁਰ ਭੰਡਾਰੀ ॥

سگلے جاچہِ گُر بھنڈاری ॥

ਆਪਿ ਨਿਰੰਜਨੁ ਅਲਖ ਅਪਾਰੀ ॥

آپِ نِرنجنُ الکھ اپاری ॥

ਨਾਨਕੁ ਸਾਚੁ ਕਹੈ ਪ੍ਰਭ ਜਾਚੈ
ਮੈ ਦੀਜੈ ਸਾਚੁ ਰਜਾਈ ਹੇ ॥੧੬॥੪॥

نانکُ ساچُ کہے پربھ جاچے
مے دیجے ساچُ رضائی ہے ॥ 16 ॥4॥

ਮਾਰੂ ਮਹਲਾ ੧ ॥

مارُو محلا 1 ॥

ਸਾਚੈ ਮੇਲੇ ਸਬਦਿ ਮਿਲਾਏ ॥	ساچےَ میلے سبدِ مِلائے ॥
ਜਾ ਤਿਸੁ ਭਾਣਾ ਸਹਜਿ ਸਮਾਏ ॥	جا تِسُ بھاٹا سہجِ سمائے ॥
ਤ੍ਰਿਭਵਣ ਜੋਤਿ ਧਰੀ ਪਰਮੇਸਰਿ ਅਵਰੁ ਨ ਦੂਜਾ ਭਾਈ ਹੇ ॥੧॥	ترِبھوٹ جوتِ دھری پریسرِ اورُ ن دوُجا بھائی ہے ॥1॥
ਜਿਸ ਕੇ ਚਾਕਰ ਤਿਸ ਕੀ ਸੇਵਾ ॥	جِس کے چاکر تِس کی سیوا ॥
ਸਬਦਿ ਪਤੀਜੈ ਅਲਖ ਅਭੇਵਾ ॥	سبدِ پتیجےَ الکھ ابھیوا ॥
ਭਗਤਾ ਕਾ ਗੁਣਕਾਰੀ ਕਰਤਾ ਬਖਸਿ ਲਏ ਵਡਿਆਈ ਹੇ ॥੨॥	بھگتا کا گُنکاری کرتا بخشِ لےَ وڈِیائی ہے ॥2॥
ਦੇਦੇ ਤੋਟਿ ਨ ਆਵੈ ਸਾਚੇ ॥	دیدے توٹِ ن آوےَ ساچے ॥
ਲੈ ਲੈ ਮੁਕਰਿ ਪਉਦੇ ਕਾਚੇ ॥	لےَ لےَ مُکرِ پئدے کاچے ॥
ਮੂਲੁ ਨ ਬੂਝਹਿ ਸਾਚਿ ਨ ਰੀਝਹਿ ਦੂਜੈ ਭਰਮਿ ਭੁਲਾਈ ਹੇ ॥੩॥	مؤلُ ن بوُجھہِ ساچِ ن ریجھہِ دوُجےَ بھرمِ بھُلائی ہے ॥3॥
ਗੁਰਮੁਖਿ ਜਾਗਿ ਰਹੇ ਦਿਨ ਰਾਤੀ ॥	گُرمُکھِ جاگِ رہے دِن راتی ॥
ਸਾਚੇ ਕੀ ਲਿਵ ਗੁਰਮਤਿ ਜਾਤੀ ॥	ساچے کی لِو گُرمتِ جاتی ॥
ਮਨਮੁਖ ਸੋਇ ਰਹੇ ਸੇ ਲੂਟੇ ਗੁਰਮੁਖਿ ਸਾਬਤੁ ਭਾਈ ਹੇ ॥੪॥	منمُکھ سوءِ رہے سے لوُٹے گُرمُکھِ سابتُ بھائی ہے ॥4॥
ਕੂੜੇ ਆਵੈ ਕੂੜੇ ਜਾਵੈ ॥	کوُڑے آوےَ کوُڑے جاوےَ ॥
ਕੂੜੇ ਰਾਤੀ ਕੂੜੁ ਕਮਾਵੈ ॥	کوُڑے راتی کوُڑُ کماوےَ ॥
ਸਬਦਿ ਮਿਲੇ ਸੇ ਦਰਗਹ ਪੈਧੇ ਗੁਰਮੁਖਿ ਸੁਰਤਿ ਸਮਾਈ ਹੇ ॥੫॥	سبدِ مِلے سے درگہ پیَدھے گُرمُکھِ سُرتِ سمائی ہے ॥5॥
ਕੂੜਿ ਮੁਠੀ ਠਗੀ ਠਗਵਾੜੀ ॥	کوُڑِ مُٹھی ٹھگی ٹھگواڑی ॥
ਜਿਉ ਵਾੜੀ ਓਜਾੜਿ ਉਜਾੜੀ ॥	جِءُ واڑی اوجاڑِ اُجاڑی ॥
ਨਾਮ ਬਿਨਾ ਕਿਛੁ ਸਾਦਿ ਨ ਲਾਗੈ	نام بِنا کِچھُ سادِ ن لاگےَ

ਹਰਿ ਬਿਸਰਿਐ ਦੁਖੁ ਪਾਈ ਹੇ ॥੬॥

ہرِ بِسرِئے دُکھُ پائی ہے ॥6॥

ਭੋਜਨੁ ਸਾਚੁ ਮਿਲੈ ਆਘਾਈ ॥

بھوجنُ ساچُ مِلے اَگھائی ॥

ਨਾਮ ਰਤਨੁ ਸਾਚੀ ਵਡਿਆਈ ॥

نام رتنُ ساچی وڈِیائی ॥

ਚੀਨੈ ਆਪੁ ਪਛਾਣੈ ਸੋਈ
ਜੋਤੀ ਜੋਤਿ ਮਿਲਾਈ ਹੇ ॥੭॥

چِینے آپُ پچھانے سوئی
جوتی جوتِ مِلائی ہے ॥7॥

ਨਾਵਹੁ ਭੁਲੀ ਚੋਟਾ ਖਾਏ ॥

ناوہُ بھُلی چوٹا کھائے ॥

ਬਹੁਤੁ ਸਿਆਣਪ ਭਰਮੁ ਨ ਜਾਏ ॥

بہُتُ سِیانپ بھرمُ ن جائے ॥

ਪਚਿ ਪਚਿ ਮੁਏ ਅਚੇਤ ਨ ਚੇਤਹਿ
ਅਜਗਰਿ ਭਾਰਿ ਲਦਾਈ ਹੇ ॥੮॥

پچِ پچِ مُے اچیت ن چیتہِ
اجگرِ بھارِ لدائی ہے ॥8॥

ਬਿਨੁ ਬਾਦ ਬਿਰੋਧਹਿ ਕੋਈ ਨਾਹੀ ॥

بِنُ باد بِرودھِ کوئی ناہی ॥

ਮੈ ਦੇਖਾਲਿਹੁ ਤਿਸੁ ਸਾਲਾਹੀ ॥

مے دیکھالِہُ تِس سالاحی ॥

ਮਨੁ ਤਨੁ ਅਰਪਿ ਮਿਲੈ ਜਗਜੀਵਨੁ
ਹਰਿ ਸਿਉ ਬਣਤ ਬਣਾਈ ਹੇ ॥੯॥

منُ تنُ ارپِ مِلے جگجیونُ
ہرِ سِءُ بنّت بنّائی ہے ॥9॥

ਪ੍ਰਭ ਕੀ ਗਤਿ ਮਿਤਿ ਕੋਇ ਨ ਪਾਵੈ ॥

پربھ کی گتِ مِتِ کوءِ ن پاوے ॥

ਜੇ ਕੋ ਵਡਾ ਕਹਾਇ ਵਡਾਈ ਖਾਵੈ ॥

جے کو وڈا کہاءِ وڈائی کھاوے ॥

ਸਾਚੇ ਸਾਹਿਬ ਤੋਟਿ ਨ ਦਾਤੀ
ਸਗਲੀ ਤਿਨਹਿ ਉਪਾਈ ਹੇ ॥੧੦॥

ساچے صاحِب توٹِ ن داتی
سگلی تِنہِ اُپائی ہے ॥ 10 ॥

ਵਡੀ ਵਡਿਆਈ ਵੇਪਰਵਾਹੇ ॥

وڈی وڈِیائی ویپرواہے ॥

ਆਪਿ ਉਪਾਏ ਦਾਨੁ ਸਮਾਹੇ ॥

آپِ اُپائے دانُ سماہے ॥

ਆਪਿ ਦਇਆਲੁ ਦੂਰਿ ਨਹੀ ਦਾਤਾ
ਮਿਲਿਆ ਸਹਜਿ ਰਜਾਈ ਹੇ ॥੧੧॥

آپِ دیئالُ دوُرِ نہی داتا
مِلیا سہجِ رضائی ہے ॥ 11 ॥

ਇਕਿ ਸੋਗੀ ਇਕਿ ਰੋਗਿ ਵਿਆਪੇ ॥

اِکِ سوگی اِکِ روگِ ویاپے ॥

ਜੋ ਕਿਛੁ ਕਰੇ ਸੁ ਆਪੇ ਆਪੇ ॥

جو کِچھُ کرے سُ آپے آپے ॥

ਭਗਤਿ ਭਾਉ ਗੁਰ ਕੀ ਮਤਿ ਪੂਰੀ

بھگتِ بھاءُ گُر کی متِ پوُری

ਅਨਹਦਿ ਸਬਦਿ ਲਖਾਈ ਹੇ ॥੧੨॥

انہدِ سبدِ لکھائی ہے ॥ 12 ॥

ਇਕਿ ਨਾਗੇ ਭੂਖੇ ਭਵਹਿ ਭਵਾਏ ॥

اِکِ ناگے بھوُکھے بھوہِ بھوائے ॥

ਇਕਿ ਹਠੁ ਕਰਿ ਮਰਹਿ ਨ ਕੀਮਤਿ ਪਾਏ ॥

اِکِ ہٹھُ کرِ مرہِ ن قِیمتِ پائے ॥

ਗਤਿ ਅਵਿਗਤ ਕੀ ਸਾਰ ਨ ਜਾਣੈ
ਬੂਝੈ ਸਬਦੁ ਕਮਾਈ ਹੇ ॥੧੩॥

گتِ اوِگت کی سار ن جانے
بوُجھے سبدُ کمائی ہے ॥ 13 ॥

ਇਕਿ ਤੀਰਥਿ ਨਾਵਹਿ ਅੰਨੁ ਨ ਖਾਵਹਿ ॥

اِکِ تیرتھِ ناوہِ انّنُ ن کھاوہِ ॥

ਇਕਿ ਅਗਨਿ ਜਲਾਵਹਿ ਦੇਹ ਖਪਾਵਹਿ ॥

اِکِ اگنِ جلاوہِ دیہ کھپاوہِ ॥

ਰਾਮ ਨਾਮ ਬਿਨੁ ਮੁਕਤਿ ਨ ਹੋਈ
ਕਿਤੁ ਬਿਧਿ ਪਾਰਿ ਲੰਘਾਈ ਹੇ ॥੧੪॥

رام نام بِنُ مُکتِ ن ہوئی
کِتُ بِدھِ پارِ لنگھائی ہے ۔ ॥ 14 ॥

ਗੁਰਮਤਿ ਛੋਡਹਿ ਉਝੜਿ ਜਾਈ ॥

گُرمتِ چھوڈہِ اُجھڑِ جائی ॥

ਮਨਮੁਖਿ ਰਾਮੁ ਨ ਜਪੈ ਅਵਾਈ ॥

منمُکھِ رامُ ن جپے اوائی ॥

ਪਚਿ ਪਚਿ ਬੂਡਹਿ ਕੂੜੁ ਕਮਾਵਹਿ
ਕੂੜਿ ਕਾਲੁ ਬੈਰਾਈ ਹੇ ॥੧੫॥

پچِ پچِ بوُڈہِ کوُڑُ کماوہِ
کوُڑِ کالُ بیَرائی ہے ॥ 15 ॥

ਹੁਕਮੇ ਆਵੈ ਹੁਕਮੇ ਜਾਵੈ ॥

حُکمے آوے حُکمے جاوے ॥

ਬੂਝੈ ਹੁਕਮੁ ਸੋ ਸਾਚਿ ਸਮਾਵੈ ॥

بوُجھے حُکمُ سو ساچِ سماوے ॥

ਨਾਨਕ ਸਾਚੁ ਮਿਲੈ ਮਨਿ ਭਾਵੈ
ਗੁਰਮੁਖਿ ਕਾਰ ਕਮਾਈ ਹੇ ॥੧੬॥੫॥

نانک ساچُ مِلے منِ بھاوے
گُرمُکھِ کار کمائی ہے ॥ 16 ॥5॥

ਮਾਰੂ ਮਹਲਾ ੧ ॥

مارُو محلا 1 ॥

ਆਪੇ ਕਰਤਾ ਪੁਰਖੁ ਬਿਧਾਤਾ ॥

آپے کرتا پُرکھُ بِدھاتا ॥

ਜਿਨਿ ਆਪੇ ਆਪਿ ਉਪਾਇ ਪਛਾਤਾ ॥

جِنِ آپے آپِ اُپاءِ پچھاتا ॥

ਆਪੇ ਸਤਿਗੁਰੁ ਆਪੇ ਸੇਵਕੁ
ਆਪੇ ਸ੍ਰਿਸਟਿ ਉਪਾਈ ਹੇ ॥੧॥

آپے ستِگُرُ آپے سیوکُ
آپے سرِسٹِ اُپائی ہے ॥1॥

ਆਪੇ ਨੇੜੈ ਨਾਹੀ ਦੂਰੇ ॥

آپے نیڑے ناہی دوُرے ॥

ਬੂਝਹਿ ਗੁਰਮੁਖਿ ਸੇ ਜਨ ਪੂਰੇ ॥

بُوجھہِ گُرمُکھِ سے جن پُورے ॥

ਤਿਨ ਕੀ ਸੰਗਤਿ ਅਹਿਨਿਸਿ ਲਾਹਾ
ਗੁਰ ਸੰਗਤਿ ਏਹ ਵਡਾਈ ਹੇ ॥੨॥

تِن کی سنگتِ اِہنِس لاہا
گُر سنگتِ ایہ وڈائی ہے ॥2॥

ਜੁਗਿ ਜੁਗਿ ਸੰਤ ਭਲੇ ਪ੍ਰਭ ਤੇਰੇ ॥

جُگِ جُگِ سنّت بھلے پربھ تیرے ۔ ॥

ਹਰਿ ਗੁਣ ਗਾਵਹਿ ਰਸਨ ਰਸੇਰੇ ॥

ہرِ گُنؤ گاوہِ رسن رسیرے ॥

ਉਸਤਤਿ ਕਰਹਿ ਪਰਹਰਿ ਦੁਖੁ ਦਾਲਦੁ
ਜਿਨ ਨਾਹੀ ਚਿੰਤ ਪਰਾਈ ਹੇ ॥੩॥

اُستتِ کرہِ پرہرِ دُکھُ دالدُ
جِن ناہی چِنّت پرائی ہے ॥3॥

ਓਇ ਜਾਗਤ ਰਹਹਿ ਨ ਸੂਤੇ ਦੀਸਹਿ ॥

اوءِ جاگت رہہِ ن سوُتے دِیسہِ ॥

ਸੰਗਤਿ ਕੁਲ ਤਾਰੇ ਸਾਚੁ ਪਰੀਸਹਿ ॥

سنگتِ کُل تارے ساچُ پریسہِ ॥

ਕਲਿਮਲ ਮੈਲੁ ਨਾਹੀ ਤੇ ਨਿਰਮਲ
ਓਇ ਰਹਹਿ ਭਗਤਿ ਲਿਵ ਲਾਈ ਹੇ ॥੪॥

کلِمل میَلُ ناہی تے نِرمل
اوءِ رہہِ بھگتِ لِو لائی ہے ॥4॥

ਬੂਝਹੁ ਹਰਿ ਜਨ ਸਤਿਗੁਰ ਬਾਣੀ ॥

بُوجھہُ ہرِ جن ستِگُر باٹی ॥

ਏਹੁ ਜੋਬਨੁ ਸਾਸੁ ਹੈ ਦੇਹ ਪੁਰਾਣੀ ॥

ایہُ جوبنُ ساسُ ہے دیہ پُراٹی ॥

ਆਜੁ ਕਾਲਿ ਮਰਿ ਜਾਈਐ ਪ੍ਰਾਣੀ
ਹਰਿ ਜਪੁ ਜਪਿ ਰਿਦੈ ਧਿਆਈ ਹੇ ॥੫॥

آجُ کالِ مرِ جائیَۓ پّراٹی
ہرِ جپُ جپِ رِدے دھِیائی ہے ॥5॥

ਛੋਡਹੁ ਪ੍ਰਾਣੀ ਕੂੜ ਕਬਾੜਾ ॥

چھوڈہُ پّراٹی کوُڑ کباڑا ॥

ਕੂੜੁ ਮਾਰੇ ਕਾਲੁ ਉਛਾਹਾੜਾ ॥

کوُڑُ مارے کالُ اُچھاہاڑا ॥

ਸਾਕਤ ਕੂੜਿ ਪਚਹਿ ਮਨਿ ਹਉਮੈ
ਦੁਹੁ ਮਾਰਗਿ ਪਚੈ ਪਚਾਈ ਹੇ ॥੬॥

ساکت کوُڑِ پچہِ منِ ہمئے
دُہُ مارگِ پچے پچائی ہے ॥6॥

ਛੋਡਿਹੁ ਨਿੰਦਾ ਤਾਤਿ ਪਰਾਈ ॥

چھوڈِہُ نِندا تاتِ پرائی ॥

ਪੜਿ ਪੜਿ ਦਝਹਿ ਸਾਤਿ ਨ ਆਈ ॥

پڑِ پڑِ دجھہِ ساتِ ن آئی ॥

ਮਿਲਿ ਸਤਸੰਗਤਿ ਨਾਮੁ ਸਲਾਹਹੁ
ਆਤਮ ਰਾਮੁ ਸਖਾਈ ਹੇ ॥੭॥

مِلِ ستسنگتِ نامُ سلاہہُ
آتم رامُ سکھائی ہے ॥7॥

ਛੋਡਹੁ ਕਾਮ ਕ੍ਰੋਧੁ ਬੁਰਿਆਈ ॥

چھوڈہُ کام کّرودھُ بُریائی ॥

ਹਉਮੈ ਧੰਧੁ ਛੋਡਹੁ ਲੰਪਟਾਈ ॥
ہئمے دھندھُ چھوڈہُ لنپٹائی ॥

ਸਤਿਗੁਰ ਸਰਣਿ ਪਰਹੁ ਤਾ ਉਬਰਹੁ
ਇਉ ਤਰੀਐ ਭਵਜਲੁ ਭਾਈ ਹੇ ॥੮॥
ستگُر سرنِ پرہُ تا اُبرہُ
اِءُ ترِیَے بھوجلُ بھائی ہے ۔ ॥8॥

ਆਗੈ ਬਿਮਲ ਨਦੀ ਅਗਨਿ ਬਿਖੁ ਝੇਲਾ ॥
آگے بِمل ندی اگنِ بِکھُ جھیلا ॥

ਤਿਥੈ ਅਵਰੁ ਨ ਕੋਈ ਜੀਉ ਇਕੇਲਾ ॥
تِتھے اورُ ن کوئی جیِءُ اِکیلا ॥

ਭੜ ਭੜ ਅਗਨਿ ਸਾਗਰੁ ਦੇ ਲਹਰੀ
ਪੜਿ ਦਝਹਿ ਮਨਮੁਖ ਤਾਈ ਹੇ ॥੯॥
بھڑ بھڑ اگنِ ساگرُ دے لہری
پڑِ دجھہِ منمُکھ تائی ہے ॥9॥

ਗੁਰ ਪਹਿ ਮੁਕਤਿ ਦਾਨੁ ਦੇ ਭਾਣੈ ॥
گُر پہِ مُکتِ دانُ دے بھاٹے ॥

ਜਿਨਿ ਪਾਇਆ ਸੋਈ ਬਿਧਿ ਜਾਣੈ ॥
جِنِ پائیا سوئی بِدھِ جاٹے ॥

ਜਿਨ ਪਾਇਆ ਤਿਨ ਪੂਛਹੁ ਭਾਈ
ਸੁਖੁ ਸਤਿਗੁਰ ਸੇਵ ਕਮਾਈ ਹੇ ॥੧੦॥
جِن پائیا تِن پوُچھہُ بھائی
سُکھُ ستگُر سیو کمائی ہے ॥ 10 ॥

ਗੁਰ ਬਿਨੁ ਉਰਝਿ ਮਰਹਿ ਬੇਕਾਰਾ ॥
گُر بِنُ اُرجھِ مرہِ بیکارا ॥

ਜਮੁ ਸਿਰਿ ਮਾਰੇ ਕਰੇ ਖੁਆਰਾ ॥
جمُ سِرِ مارے کرے خُیارا ॥

ਬਾਧੇ ਮੁਕਤਿ ਨਾਹੀ ਨਰ ਨਿੰਦਕ
ਡੂਬਹਿ ਨਿੰਦ ਪਰਾਈ ਹੇ ॥੧੧॥
بادھے مُکتِ ناہی نر نِندک
ڈُوبہِ نِند پرائی ہے ॥ 11 ॥

ਬੋਲਹੁ ਸਾਚੁ ਪਛਾਣਹੁ ਅੰਦਰਿ ॥
بولہُ ساچُ پچھاٹہُ اندرِ ॥

ਦੂਰਿ ਨਾਹੀ ਦੇਖਹੁ ਕਰਿ ਨੰਦਰਿ ॥
دوُرِ ناہی دیکھہُ کرِ نندرِ ॥

ਬਿਘਨੁ ਨਾਹੀ ਗੁਰਮੁਖਿ ਤਰੁ ਤਾਰੀ
ਇਉ ਭਵਜਲੁ ਪਾਰਿ ਲੰਘਾਈ ਹੇ ॥੧੨॥
بِگھنُ ناہی گُرمُکھِ ترُ تاری
اِءُ بھوجلُ پارِ لنگھائی ہے ॥ 12 ॥

ਦੇਹੀ ਅੰਦਰਿ ਨਾਮੁ ਨਿਵਾਸੀ ॥
دیہی اندرِ نامُ نِواسی ॥

ਆਪੇ ਕਰਤਾ ਹੈ ਅਬਿਨਾਸੀ ॥
آپے کرتا ہےَ ابِناسی ॥

ਨਾ ਜੀਉ ਮਰੈ ਨ ਮਾਰਿਆ ਜਾਈ
ਕਰਿ ਦੇਖੈ ਸਬਦਿ ਰਜਾਈ ਹੇ ॥੧੩॥
نا جیِءُ مرے ن مارِیا جائی
کرِ دیکھےَ سبدِ رضائی ہے ॥ 13 ॥

ਓਹੁ ਨਿਰਮਲੁ ਹੈ ਨਾਹੀ ਅੰਧਿਆਰਾ ॥
اوہُ نِرملُ ہےَ ناہی اندھِیارا ॥

ਓਹੁ ਆਪੇ ਤਖਤਿ ਬਹੈ ਸਚਿਆਰਾ ॥

اوہُ آپے تخت بہے سچیارا ॥

ਸਾਕਤ ਕੂੜੇ ਬੰਧਿ ਭਵਾਈਅਹਿ
ਮਰਿ ਜਨਮਹਿ ਆਈ ਜਾਈ ਹੇ ॥੧੪॥

ساکت کوڑے بندھِ بھوائیئہِ
مرِ جنمہِ آئی جائی ہے ॥ 14 ॥

ਗੁਰ ਕੇ ਸੇਵਕ ਸਤਿਗੁਰ ਪਿਆਰੇ ॥

گُر کے سیوک ستگُر پیارے ॥

ਓਇ ਬੈਸਹਿ ਤਖਤਿ ਸੁ ਸਬਦੁ ਵੀਚਾਰੇ ॥

اوءِ بیَسہِ تخت سُ سبدُ ویچارے ॥

ਤਤੁ ਲਹਹਿ ਅੰਤਰਗਤਿ ਜਾਣਹਿ
ਸਤਸੰਗਤਿ ਸਾਚੁ ਵਡਾਈ ਹੇ ॥੧੫॥

تتُ لہہِ انترگت جاڑہِ
ستسنگت ساچُ وڈائی ہے ॥ 15 ॥

ਆਪਿ ਤਰੈ ਜਨੁ ਪਿਤਰਾ ਤਾਰੇ ॥

آپِ ترے جنُ پترا تارے ॥

ਸੰਗਤਿ ਮੁਕਤਿ ਸੁ ਪਾਰਿ ਉਤਾਰੇ ॥

سنگت مُکت سُ پارِ اُتارے ॥

ਨਾਨਕੁ ਤਿਸ ਕਾ ਲਾਲਾ ਗੋਲਾ
ਜਿਨਿ ਗੁਰਮੁਖਿ ਹਰਿ ਲਿਵ ਲਾਈ ਹੇ ॥੧੬॥੬॥

نانکُ تِس کا لالا گولا
جِنِ گُرمُکھِ ہرِ لِو لائی ہے ॥ 16 ॥6॥

ਮਾਰੂ ਮਹਲਾ ੧ ॥

مارُو محلا 1 ॥

ਕੇਤੇ ਜੁਗ ਵਰਤੇ ਗੁਬਾਰੈ ॥

کیتے جُگ ورتے غُبارے ॥

ਤਾੜੀ ਲਾਈ ਅਪਰ ਅਪਾਰੈ ॥

تاڑی لائی اپر اپارے ॥

ਧੁੰਧੂਕਾਰਿ ਨਿਰਾਲਮੁ ਬੈਠਾ
ਨਾ ਤਦਿ ਧੰਧੁ ਪਸਾਰਾ ਹੇ ॥੧॥

دھُندھوُکارِ نِرالمُ بیٹھا
نا تدِ دھندھُ پسارا ہے ॥1॥

ਜੁਗ ਛਤੀਹ ਤਿਨੈ ਵਰਤਾਏ ॥

جُگ چھتیہِ تِنے ورتائے ॥

ਜਿਉ ਤਿਸੁ ਭਾਣਾ ਤਿਵੈ ਚਲਾਏ ॥

جِءُ تِس بھاٹا توے چلائے ॥

ਤਿਸਹਿ ਸਰੀਕੁ ਨ ਦੀਸੈ ਕੋਈ
ਆਪੇ ਅਪਰ ਅਪਾਰਾ ਹੇ ॥੨॥

تِسہِ شریکُ ن دیسے کوئی
آپے اپر اپارا ہے ॥2॥

ਗੁਪਤੇ ਬੂਝਹੁ ਜੁਗ ਚਤੁਆਰੇ ॥

گُپتے بوُجھہُ جُگ چتُیارے ॥

ਘਟਿ ਘਟਿ ਵਰਤੈ ਉਦਰ ਮਝਾਰੇ ॥

گھٹِ گھٹِ ورتے اُدر مجھارے ॥

ਜੁਗੁ ਜੁਗੁ ਏਕਾ ਏਕੀ ਵਰਤੈ
ਕੋਈ ਬੂਝੈ ਗੁਰ ਵੀਚਾਰਾ ਹੇ ॥੩॥

جُگُ جُگُ ایکا ایکی ورتے
کوئی بوُجھے گُر ویچارا ہے ॥3॥

ਬਿੰਦੁ ਰਕਤੁ ਮਿਲਿ ਪਿੰਡੁ ਸਰੀਆ ॥
ਪਉਣੁ ਪਾਣੀ ਅਗਨੀ ਮਿਲਿ ਜੀਆ ॥
ਆਪੇ ਚੋਜ ਕਰੇ ਰੰਗ ਮਹਲੀ
ਹੋਰ ਮਾਇਆ ਮੋਹ ਪਸਾਰਾ ਹੇ ॥੪॥

ਗਰਭ ਕੁੰਡਲ ਮਹਿ ਉਰਧ ਧਿਆਨੀ ॥
ਆਪੇ ਜਾਣੈ ਅੰਤਰਜਾਮੀ ॥
ਸਾਸਿ ਸਾਸਿ ਸਚੁ ਨਾਮੁ ਸਮਾਲੇ
ਅੰਤਰਿ ਉਦਰ ਮਝਾਰਾ ਹੇ ॥੫॥

ਚਾਰਿ ਪਦਾਰਥ ਲੈ ਜਗਿ ਆਇਆ ॥
ਸਿਵ ਸਕਤੀ ਘਰਿ ਵਾਸਾ ਪਾਇਆ ॥
ਏਕੁ ਵਿਸਾਰੇ ਤਾ ਪਿੜ ਹਾਰੇ
ਅੰਧੁਲੈ ਨਾਮੁ ਵਿਸਾਰਾ ਹੇ ॥੬॥

ਬਾਲਕੁ ਮਰੈ ਬਾਲਕ ਕੀ ਲੀਲਾ ॥
ਕਹਿ ਕਹਿ ਰੋਵਹਿ ਬਾਲੁ ਰੰਗੀਲਾ ॥
ਜਿਸ ਕਾ ਸਾ ਸੋ ਤਿਨ ਹੀ ਲੀਆ
ਭੂਲਾ ਰੋਵਣਹਾਰਾ ਹੇ ॥੭॥

ਭਰਿ ਜੋਬਨਿ ਮਰਿ ਜਾਹਿ ਕਿ ਕੀਜੈ ॥
ਮੇਰਾ ਮੇਰਾ ਕਰਿ ਰੋਵੀਜੈ ॥
ਮਾਇਆ ਕਾਰਣਿ ਰੋਇ ਵਿਗੂਚਹਿ
ਧ੍ਰਿਗੁ ਜੀਵਣੁ ਸੰਸਾਰਾ ਹੇ ॥੮॥

ਕਾਲੀ ਹੂ ਫੁਨਿ ਧਉਲੇ ਆਏ ॥
ਵਿਣੁ ਨਾਵੈ ਗਥੁ ਗਇਆ ਗਵਾਏ ॥
ਦੁਰਮਤਿ ਅੰਧੁਲਾ ਬਿਨਸਿ ਬਿਨਾਸੈ
ਮੂਠੇ ਰੋਇ ਪੂਕਾਰਾ ਹੇ ॥੯॥

بِندُ رکتُ مِلِ پِنڈُ سریِیا ॥
پَؤنُ پانی اگنی مِلِ جِیِیا ॥
آپے چوج کرے رنگ محلی
ہور مائِیا موہ پسارا ہے ॥4॥

گربھ کُنڈل مہِ اُردھ دھِیانی ॥
آپے جانَے انترجامی ॥
ساسِ ساسِ سچُ نامُ سمالے
انترِ اُدر مجھارا ہے ॥5॥

چارِ پدارتھ لے جگِ آئِیا ॥
سِو سکتی گھرِ واسا پائِیا ॥
ایکُ وِسارے تا پڑِ ہارے
اندھُلے نامُ وِسارا ہے ॥6॥

بالکُ مرے بالک کی لِیلا ॥
کہِ کہِ روہِ بالُ رنگِیلا ॥
جِس کا سا سو تِن ہی لِیِیا
بھوُلا روہِ وِچارا ہے ॥7॥

بھرِ جوبنِ مرِ جاہِ کِ کِیجے ॥
میرا میرا کرِ روہِیجے ॥
مائِیا کارنِ روءِ وِگوُچہِ
دھرِگُ جیِونُ سنسارا ہے ॥8॥

کالی ہوُ پھُنِ دھئُلے آئے ॥
وِنُ ناوے گتھُ گئِیا گوائے ॥
دُرمتِ اندھُلا بِنسِ بِناسے
موُٹھے روءِ پوُکارا ہے ॥9॥

ਆਪੁ ਵੀਚਾਰਿ ਨ ਰੋਵੈ ਕੋਈ ॥
ਸਤਿਗੁਰੁ ਮਿਲੈ ਤ ਸੋਝੀ ਹੋਈ ॥
ਬਿਨੁ ਗੁਰ ਬਜਰ ਕਪਾਟ ਨ ਖੂਲਹਿ
ਸਬਦਿ ਮਿਲੈ ਨਿਸਤਾਰਾ ਹੇ ॥੧੦॥

ਬਿਰਧਿ ਭਇਆ ਤਨੁ ਛੀਜੈ ਦੇਹੀ ॥
ਰਾਮੁ ਨ ਜਪਈ ਅੰਤਿ ਸਨੇਹੀ ॥
ਨਾਮੁ ਵਿਸਾਰਿ ਚਲੈ ਮੁਹਿ ਕਾਲੈ
ਦਰਗਹ ਝੂਠੁ ਖੁਆਰਾ ਹੇ ॥੧੧॥

ਨਾਮੁ ਵਿਸਾਰਿ ਚਲੈ ਕੂੜਿਆਰੋ ॥
ਆਵਤ ਜਾਤ ਪੜੈ ਸਿਰਿ ਛਾਰੋ ॥
ਸਾਹੁਰੜੈ ਘਰਿ ਵਾਸੁ ਨ ਪਾਏ
ਪੇਈਅੜੈ ਸਿਰਿ ਮਾਰਾ ਹੇ ॥੧੨॥

ਖਾਜੈ ਪੈਝੈ ਰਲੀ ਕਰੀਜੈ ॥
ਬਿਨੁ ਅਭ ਭਗਤੀ ਬਾਦਿ ਮਰੀਜੈ ॥
ਸਰ ਅਪਸਰ ਕੀ ਸਾਰ ਨ ਜਾਣੈ
ਜਮੁ ਮਾਰੇ ਕਿਆ ਚਾਰਾ ਹੇ ॥੧੩॥

ਪਰਵਿਰਤੀ ਨਰਵਿਰਤਿ ਪਛਾਣੈ ॥
ਗੁਰ ਕੈ ਸੰਗਿ ਸਬਦਿ ਘਰੁ ਜਾਣੈ ॥
ਕਿਸ ਹੀ ਮੰਦਾ ਆਖਿ ਨ ਚਲੈ
ਸਚਿ ਖਰਾ ਸਚਿਆਰਾ ਹੇ ॥੧੪॥

ਸਾਚ ਬਿਨਾ ਦਰਿ ਸਿਝੈ ਨ ਕੋਈ ॥
ਸਾਰ ਸਬਦਿ ਪੈਝੈ ਪਤਿ ਹੋਈ ॥
ਆਪੇ ਬਖਸਿ ਲਏ ਤਿਸੁ ਭਾਵੈ
ਹਉਮੈ ਗਰਬੁ ਨਿਵਾਰਾ ਹੇ ॥੧੫॥

آپُ وِیچارِ ن روِوے کوئی ॥
ستِگُرُ مِلے َت سوجھی ہوئی ॥
بِنُ گُر بجر کپاٹ ن کھوُلہِ
سبدِ مِلے َنِستارا ہے ॥ 10 ॥

بِردھِ بھئِیا تنُ چھیجے دیہی ॥
رامُ ن جپئی انّتِ سنیہی ॥
نامُ وِسارِ چلے َمُہِ کالے
درگہ جھوُٹھُ خُیارا ہے ॥ 11 ॥

نامُ وِسارِ چلے َکوُڑِیارہ ॥
آوت جات پڑے َسِرِ چھارہ ॥
ساہُرڑے َگھرِ واسُ ن پائے
پیئیڑے َسِرِ مارا ہے ॥ 12 ॥

کھاجے َپیجھے َرلی کریجے َ॥
بِنُ ابھ بھگتی بادِ مریجے َ॥
سر اپسر کی سار ن جانے ُ
جمُ مارے کِیا چارا ہے ۔ ॥ 13 ॥

پرِورتی نرِورتِ پچھانے ُ॥
گُر کے سنگِ سبدِ گھرُ جانے ُ॥
کِس ہی منّدا آکھِ ن چلے َ
سچِ کھرا سچِیارا ہے ॥ 14 ॥

ساچ بِنا درِ سِجھے َ ن کوئی ॥
سار سبدِ پیجھے َپتِ ہوئی ॥
آپے بخشِ لے تِسُ بھاوے َ
ہئمے َگربُ نِوارا ہے ॥ 15 ॥

ਗੁਰ ਕਿਰਪਾ ਤੇ ਹੁਕਮੁ ਪਛਾਣੈ ॥
ਜੁਗਹ ਜੁਗੰਤਰ ਕੀ ਬਿਧਿ ਜਾਣੈ ॥

ਨਾਨਕ ਨਾਮੁ ਜਪਹੁ ਤਰੁ ਤਾਰੀ
ਸਚੁ ਤਾਰੇ ਤਾਰਣਹਾਰਾ ਹੇ ॥੧੬॥੧॥੭॥

ਮਾਰੂ ਮਹਲਾ ੧ ॥

ਹਰਿ ਸਾ ਮੀਤੁ ਨਾਹੀ ਮੈ ਕੋਈ ॥
ਜਿਨਿ ਤਨੁ ਮਨੁ ਦੀਆ ਸੁਰਤਿ ਸਮੋਈ ॥

ਸਰਬ ਜੀਆ ਪ੍ਰਤਿਪਾਲਿ ਸਮਾਲੇ
ਸੋ ਅੰਤਰਿ ਦਾਨਾ ਬੀਨਾ ਹੇ ॥੧॥

ਗੁਰੁ ਸਰਵਰੁ ਹਮ ਹੰਸ ਪਿਆਰੇ ॥
ਸਾਗਰ ਮਹਿ ਰਤਨ ਲਾਲ ਬਹੁ ਸਾਰੇ ॥

ਮੋਤੀ ਮਾਣਕ ਹੀਰਾ ਹਰਿ ਜਸੁ
ਗਾਵਤ ਮਨੁ ਤਨੁ ਭੀਨਾ ਹੇ ॥੨॥

ਹਰਿ ਅਗਮ ਅਗਾਹੁ ਅਗਾਧਿ ਨਿਰਾਲਾ ॥
ਹਰਿ ਅੰਤੁ ਨ ਪਾਈਐ ਗੁਰ ਗੋਪਾਲਾ ॥

ਸਤਿਗੁਰ ਮਤਿ ਤਾਰੇ ਤਾਰਣਹਾਰਾ
ਮੇਲਿ ਲਏ ਰੰਗਿ ਲੀਨਾ ਹੇ ॥੩॥

ਸਤਿਗੁਰ ਬਾਝਹੁ ਮੁਕਤਿ ਕਿਨੇਹੀ ॥
ਓਹੁ ਆਦਿ ਜੁਗਾਦੀ ਰਾਮ ਸਨੇਹੀ ॥

ਦਰਗਹ ਮੁਕਤਿ ਕਰੇ ਕਰਿ ਕਿਰਪਾ
ਬਖਸੇ ਅਵਗੁਣ ਕੀਨਾ ਹੇ ॥੪॥

ਸਤਿਗੁਰੁ ਦਾਤਾ ਮੁਕਤਿ ਕਰਾਏ ॥
ਸਭਿ ਰੋਗ ਗਵਾਏ ਅੰਮ੍ਰਿਤ ਰਸੁ ਪਾਏ ॥

ਜਮੁ ਜਾਗਾਤਿ ਨਾਹੀ ਕਰੁ ਲਾਗੈ

گُر کِرپا تے حُکمُ پچھانے ॥
جُگہ جُگنتر کی بِدھِ جانے ॥

نانک نامُ جپہُ ترُ تاری
سچُ تارے تارنہارا ہے ॥ 16 ॥ 1 ॥ 7 ॥

مارُو محلا 1 ॥

ہرِ سا میتُ ناہی مے کوئی ॥
جِنِ تنُ منُ دیِیا سُرتِ سموئی ॥

سرب جیِیا پرتپالِ سمالے
سو انترِ دانا بِینا ہے ॥ 1 ॥

گُرُ سرورُ ہم ہنّس پِیارے ॥
ساگر مہِ رتن لال بہُ سارے ॥

موتی مانک ہیِرا ہرِ جسُ
گاوت منُ تنُ بھِینا ہے ॥ 2 ॥

ہرِ اگم اگاہُ اگادھِ نِرالا ॥
ہرِ انتُ ن پائیِےُ گُر گوپالا ॥

ستِگُر متِ تارے تارنہارا
میلِ لے رنگِ لِینا ہے ॥ 3 ॥

ستِگُر باجھہُ مُکتِ کِنیہی ۔ ॥
اوہُ آدِ جُگادی رام سنیہی ॥

درگہ مُکتِ کرے کرِ کِرپا
بخشے اوگُنُ کِینا ہے ॥ 4 ॥

ستِگُرُ داتا مُکتِ کرائے ॥
سبھِ روگ گوائے انمّرِت رسُ پائے ॥

جمُ جاگاتِ ناہی کرُ لاگے

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سرپت | سیوا: بھائی بلجندر سنگھ جی (راڑا صاہب)

ਜਿਸੁ ਅਗਨਿ ਬੁਝੀ ਠਰੁ ਸੀਨਾ ਹੇ ॥੫॥

جِسُ اگنِ بُجھی ٹھرُ سِینا ہے ॥5॥

ਕਾਇਆ ਹੰਸ ਪ੍ਰੀਤਿ ਬਹੁ ਧਾਰੀ ॥

کائیا ہنّس پرِیتِ بہُ دھاری ॥

ਓਹੁ ਜੋਗੀ ਪੁਰਖੁ ਓਹ ਸੁੰਦਰਿ ਨਾਰੀ ॥

اوہُ جوگی پُرکھُ اوہ سُندرِ ناری ॥

ਅਹਿਨਿਸਿ ਭੋਗੈ ਚੋਜ ਬਿਨੋਦੀ
ਉਠਿ ਚਲਤੈ ਮਤਾ ਨ ਕੀਨਾ ਹੇ ॥੬॥

اِہنِس بھوگے چوج بِنودی
اُٹھِ چلتے متا ن کِینا ہے ॥6॥

ਸ੍ਰਿਸਟਿ ਉਪਾਇ ਰਹੇ ਪ੍ਰਭ ਛਾਜੈ ॥

سّرِسٹِ اُپاءِ رہے پّربھ چھاجےَ ॥

ਪਉਣ ਪਾਣੀ ਬੈਸੰਤਰੁ ਗਾਜੈ ॥

پُنّ پانّی بیَسنّتر گاجےَ ॥

ਮਨੂਆ ਡੋਲੈ ਦੂਤ ਸੰਗਤਿ ਮਿਲਿ
ਸੋ ਪਾਏ ਜੋ ਕਿਛੁ ਕੀਨਾ ਹੇ ॥੭॥

منوُیا ڈولے دوُت سنگتِ مِلِ
سو پائے جو کچھُ کِینا ہے ॥7॥

ਨਾਮੁ ਵਿਸਾਰਿ ਦੋਖ ਦੁਖ ਸਹੀਐ ॥

نامُ وِسارِ دوکھ دُکھ سہیےَ ॥

ਹੁਕਮੁ ਭਇਆ ਚਲਣਾ ਕਿਉ ਰਹੀਐ ॥

حُکمُ بھئیا چلنّا کِءُ رہیےَ ۔ ॥

ਨਰਕ ਕੂਪ ਮਹਿ ਗੋਤੇ ਖਾਵੈ
ਜਿਉ ਜਲ ਤੇ ਬਾਹਰਿ ਮੀਨਾ ਹੇ ॥੮॥

نرک کوُپ مہِ گوطے کھاوےَ
جِءُ جل تے باہرِ مِینا ہے ॥8॥

ਚਉਰਾਸੀਹ ਨਰਕ ਸਾਕਤੁ ਭੋਗਾਈਐ ॥

چرُاسیہ نرک ساکتُ بھوگائیےَ ॥

ਜੈਸਾ ਕੀਚੈ ਤੈਸੋ ਪਾਈਐ ॥

جیَسا کِیچےَ تیَسو پائیےَ ॥

ਸਤਿਗੁਰ ਬਾਝਹੁ ਮੁਕਤਿ ਨ ਹੋਈ
ਕਿਰਤਿ ਬਾਧਾ ਗ੍ਰਸਿ ਦੀਨਾ ਹੇ ॥੯॥

ستِگُر باجھہُ مُکتِ ن ہوئی
کِرتِ بادھا گّرسِ دِینا ہے ॥9॥

ਖੰਡੇ ਧਾਰ ਗਲੀ ਅਤਿ ਭੀੜੀ ॥

کھنّڈے دھار گلی اتِ بھیڑی ॥

ਲੇਖਾ ਲੀਜੈ ਤਿਲ ਜਿਉ ਪੀੜੀ ॥

لیکھا لیجےَ تِل جِءُ پیڑی ॥

ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ
ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ ॥੧੦॥

مات پِتا کلتّر سُت بیلی ناہی
بِنُ ہرِ رس مُکتِ ن کِینا ہے ॥ 10 ॥

ਮੀਤ ਸਖੇ ਕੇਤੇ ਜਗ ਮਾਹੀ ॥

میت سکھے کیتے جگ ماہی ॥

ਬਿਨੁ ਗੁਰ ਪਰਮੇਸਰ ਕੋਈ ਨਾਹੀ ॥

بِنُ گُر پریسر کوئی ناہی ॥

ਗੁਰ ਕੀ ਸੇਵਾ ਮੁਕਤਿ ਪਰਾਇਣਿ

گُر کی سیوا مُکتِ پرائنِّ

ਅਨਦਿਨੁ ਕੀਰਤਨੁ ਕੀਨਾ ਹੇ ॥੧੧॥

اندِنُ کیرتنُ کِینا ہے ॥ 11 ॥

ਕੂੜੁ ਛੋਡਿ ਸਾਚੇ ਕਉ ਧਾਵਹੁ ॥

کوُڑُ چھوڈِ ساچے کءُ دھاوہُ ॥

ਜੋ ਇਛਹੁ ਸੋਈ ਫਲੁ ਪਾਵਹੁ ॥

جو اِچھہُ سوئی پھلُ پاوہُ ॥

ਸਾਚ ਵਖਰ ਕੇ ਵਾਪਾਰੀ ਵਿਰਲੇ
ਲੈ ਲਾਹਾ ਸਉਦਾ ਕੀਨਾ ਹੇ ॥੧੨॥

ساچ وکھر کے واپاری وِرلے
لے لاہا سئُدا کِینا ہے ॥ 12 ॥

ਹਰਿ ਹਰਿ ਨਾਮੁ ਵਖਰੁ ਲੈ ਚਲਹੁ ॥

ہرِ ہرِ نامُ وکھرُ لے چلہُ ॥

ਦਰਸਨੁ ਪਾਵਹੁ ਸਹਜਿ ਮਹਲਹੁ ॥

درسنُ پاوہُ سہجِ محلہُ ॥

ਗੁਰਮੁਖਿ ਖੋਜਿ ਲਹਹਿ ਜਨ ਪੂਰੇ
ਇਉ ਸਮਦਰਸੀ ਚੀਨਾ ਹੇ ॥੧੩॥

گُرمُکھِ کھوجِ لہہِ جن پوُرے
اِءُ سمدرسی چِینا ہے ॥ 13 ॥

ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ ॥

پّربھ بیئنّت گُرمتِ کو پاوہِ ॥

ਗੁਰ ਕੈ ਸਬਦਿ ਮਨ ਕਉ ਸਮਝਾਵਹਿ ॥

گُر کے سبدِ من کءُ سمجھاوہِ ॥

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ
ਇਉ ਆਤਮ ਰਾਮੈ ਲੀਨਾ ਹੇ ॥੧੪॥

ستِگُر کی باٹی ستِ ستِ کرِ مانہُ
اِءُ آتم رامےَ لِینا ہے ॥ 14 ॥

ਨਾਰਦ ਸਾਰਦ ਸੇਵਕ ਤੇਰੇ ॥

نارد سارد سیوک تیرے ॥

ਤ੍ਰਿਭਵਣਿ ਸੇਵਕ ਵਡਹੁ ਵਡੇਰੇ ॥

تّرِبھونِ سیوک وڈّہُ وڈیرے ॥

ਸਭ ਤੇਰੀ ਕੁਦਰਤਿ ਤੂ ਸਿਰਿ ਸਿਰਿ ਦਾਤਾ
ਸਭੁ ਤੇਰੋ ਕਾਰਣੁ ਕੀਨਾ ਹੇ ॥੧੫॥

سبھ تیری قُدرتِ توُ سِرِ سِرِ داتا
سبھُ تیرو کارنُ کِینا ہے ॥ 15 ॥

ਇਕਿ ਦਰਿ ਸੇਵਹਿ ਦਰਦੁ ਵਵਾਏ ॥

اِکِ درِ سیوہِ دردُ وچائے ॥

ਓਇ ਦਰਗਹ ਪੈਧੇ ਸਤਿਗੁਰੂ ਛਡਾਏ ॥

اوءِ درگہ پیَدھے ستِگُروُ چھڈائے ॥

ਹਉਮੈ ਬੰਧਨ ਸਤਿਗੁਰਿ ਤੋੜੇ
ਚਿਤੁ ਚੰਚਲੁ ਚਲਣਿ ਨ ਦੀਨਾ ਹੇ ॥੧੬॥

ہئُمےَ بندھن ستِگُرِ توڑے
چِتُ چنّچلُ چلنِ ن دِینا ہے ॥ 16 ॥

ਸਤਿਗੁਰ ਮਿਲਹੁ ਚੀਨਹੁ ਬਿਧਿ ਸਾਈ ॥

ستِگُر ملِہُ چِینہُ بِدھِ سائی ॥

ਜਿਤੁ ਪ੍ਰਭੁ ਪਾਵਹੁ ਗਣਤ ਨ ਕਾਈ ॥

جِتُ پّربھُ پاوہُ گنّت ن کائی ॥

ਹਉਮੈ ਮਾਰਿ ਕਰਹੁ ਗੁਰ ਸੇਵਾ

ہئُمےَ مارِ کرہُ گُر سیوا

ਜਨ ਨਾਨਕ ਹਰਿ ਰੰਗਿ ਭੀਨਾ ਹੇ ॥੧੭॥੨॥੮॥

جن نانک ہرِ رنگِ بھِینا ہے ॥ 17 ॥2॥8॥

ਮਾਰੂ ਮਹਲਾ ੧ ॥

مارُو محلا 1 ॥

ਅਸੁਰ ਸਘਾਰਣ ਰਾਮੁ ਹਮਾਰਾ ॥

اسُر سگھارنؔ رامُ ہمارا ॥

ਘਟਿ ਘਟਿ ਰਮਈਆ ਰਾਮੁ ਪਿਆਰਾ ॥

گھٹِ گھٹِ رمئیا رامُ پیارا ॥

ਨਾਲੇ ਅਲਖੁ ਨ ਲਖੀਐ ਮੂਲੇ
ਗੁਰਮੁਖਿ ਲਿਖੁ ਵੀਚਾਰਾ ਹੇ ॥੧॥

نالے الکھُ ن لکھیِےَ مُولے
گُرمُکھِ لِکھُ وِیچارا ہے ॥1॥

ਗੁਰਮੁਖਿ ਸਾਧੂ ਸਰਣਿ ਤੁਮਾਰੀ ॥

گُرمُکھِ سادھوُ سرنؔ تُماری ॥

ਕਰਿ ਕਿਰਪਾ ਪ੍ਰਭਿ ਪਾਰਿ ਉਤਾਰੀ ॥

کرِ کِرپا پربھِ پارِ اُتاری ॥

ਅਗਨਿ ਪਾਣੀ ਸਾਗਰੁ ਅਤਿ ਗਹਰਾ
ਗੁਰੁ ਸਤਿਗੁਰੁ ਪਾਰਿ ਉਤਾਰਾ ਹੇ ॥੨॥

اگنِ پانؔی ساگرُ اتِ گہرا
گُرُ ستِگُرُ پارِ اُتارا ہے ॥2॥

ਮਨਮੁਖ ਅੰਧੁਲੇ ਸੋਝੀ ਨਾਹੀ ॥

منمُکھ اندھُلے سوجھی ناہی ॥

ਆਵਹਿ ਜਾਹਿ ਮਰਹਿ ਮਰਿ ਜਾਹੀ ॥

آوہِ جاہِ مرہِ مرِ جاہی ॥

ਪੂਰਬਿ ਲਿਖਿਆ ਲੇਖੁ ਨ ਮਿਟਈ
ਜਮ ਦਰਿ ਅੰਧੁ ਖੁਆਰਾ ਹੇ ॥੩॥

پُورب لِکھیا لیکھُ ن مٹئی
جم درِ اندھُ خُیارا ہے ॥3॥

ਇਕਿ ਆਵਹਿ ਜਾਵਹਿ ਘਰਿ ਵਾਸੁ ਨ ਪਾਵਹਿ ॥

اِکِ آوہِ جاوہِ گھرِ واسُ ن پاوہِ ॥

ਕਿਰਤ ਕੇ ਬਾਧੇ ਪਾਪ ਕਮਾਵਹਿ ॥

کِرت کے بادھے پاپ کماوہِ ॥

ਅੰਧੁਲੇ ਸੋਝੀ ਬੂਝ ਨ ਕਾਈ
ਲੋਭੁ ਬੁਰਾ ਅਹੰਕਾਰਾ ਹੇ ॥੪॥

اندھُلے سوجھی بوُجھ ن کائی
لوبھُ بُرا اہنکارا ہے ॥4॥

ਪਿਰ ਬਿਨੁ ਕਿਆ ਤਿਸੁ ਧਨ ਸੀਗਾਰਾ ॥

پِر بِنُ کِیا تِسُ دھن سیِگارا ۔ ॥

ਪਰ ਪਿਰ ਰਾਤੀ ਖਸਮੁ ਵਿਸਾਰਾ ॥

پر پِر راتی خصمُ وِسارا ॥

ਜਿਉ ਬੇਸੁਆ ਪੂਤ ਬਾਪੁ ਕੋ ਕਹੀਐ
ਤਿਉ ਫੋਕਟ ਕਾਰ ਵਿਕਾਰਾ ਹੇ ॥੫॥

جِءُ بیسُیا پوُت باپُ کو کہیِےَ
تِءُ پھوکٹ کار وِکارا ہے ॥5॥

ਪ੍ਰੇਤ ਪਿੰਜਰ ਮਹਿ ਦੂਖ ਘਨੇਰੇ ॥

پّریت پِنجّر مہِ دوُکھ گھنیرے ॥

ਨਰਕਿ ਪਚਹਿ ਅਗਿਆਨ ਅੰਧੇਰੇ ॥

نرکِ پچہِ اگیان انّدھیرے ॥

ਧਰਮ ਰਾਇ ਕੀ ਬਾਕੀ ਲੀਜੈ
ਜਿਨਿ ਹਰਿ ਕਾ ਨਾਮੁ ਵਿਸਾਰਾ ਹੇ ॥੬॥

دھرم راءِ کی باکی لیجےَ
جِنِ ہرِ کا نامُ وِسارا ہے ॥6॥

ਸੂਰਜੁ ਤਪੈ ਅਗਨਿ ਬਿਖੁ ਝਾਲਾ ॥

سوُرجُ تپےَ اگنِ بِکھُ جھالا ॥

ਅਪਤੁ ਪਸੂ ਮਨਮੁਖੁ ਬੇਤਾਲਾ ॥

اپتُ پسوُ منمُکھُ بیتالا ॥

ਆਸਾ ਮਨਸਾ ਕੂੜੁ ਕਮਾਵਹਿ
ਰੋਗੁ ਬੁਰਾ ਬੁਰਿਆਰਾ ਹੇ ॥੭॥

آسا منسا کوُڑُ کماوہِ
روگُ بُرا بُریارا ہے ॥7॥

ਮਸਤਕਿ ਭਾਰੁ ਕਲਰ ਸਿਰਿ ਭਾਰਾ ॥

مستکِ بھارُ کلر سِرِ بھارا ॥

ਕਿਉ ਕਰਿ ਭਵਜਲੁ ਲੰਘਸਿ ਪਾਰਾ ॥

کِءُ کرِ بھوجلُ لنگھسِ پارا ۔ ॥

ਸਤਿਗੁਰੁ ਬੋਹਿਥੁ ਆਦਿ ਜੁਗਾਦੀ
ਰਾਮ ਨਾਮਿ ਨਿਸਤਾਰਾ ਹੇ ॥੮॥

ستِگُرُ بوہِتھُ آدِ جُگادی
رام نامِ نِستارا ہے ॥8॥

ਪੁਤ੍ਰ ਕਲਤ੍ਰ ਜਗਿ ਹੇਤੁ ਪਿਆਰਾ ॥

پُتّر کلتّر جگِ ہیتُ پِیارا ॥

ਮਾਇਆ ਮੋਹੁ ਪਸਰਿਆ ਪਾਸਾਰਾ ॥

مائیا موہُ پسرِیا پاسارا ॥

ਜਮ ਕੇ ਫਾਹੇ ਸਤਿਗੁਰਿ ਤੋੜੇ
ਗੁਰਮੁਖਿ ਤਤੁ ਬੀਚਾਰਾ ਹੇ ॥੯॥

جم کے پھاہے ستِگُرِ توڑے
گُرمُکھِ تتُ بیچارا ہے ॥9॥

ਕੂੜਿ ਮੁਠੀ ਚਾਲੈ ਬਹੁ ਰਾਹੀ ॥

کوُڑِ مُٹھی چالےَ بہُ راہی ॥

ਮਨਮੁਖੁ ਦਾਝੈ ਪੜਿ ਪੜਿ ਭਾਹੀ ॥

منمُکھُ داجھےَ پڑِ پڑِ بھاہی ॥

ਅੰਮ੍ਰਿਤ ਨਾਮੁ ਗੁਰੂ ਵਡ ਦਾਣਾ
ਨਾਮੁ ਜਪਹੁ ਸੁਖ ਸਾਰਾ ਹੇ ॥੧੦॥

انّمرِت نامُ گُرہُ وڈ داٹا
نامُ جپہُ سُکھ سارا ہے ॥ 10 ॥

ਸਤਿਗੁਰੁ ਤੁਠਾ ਸਚੁ ਦ੍ਰਿੜਾਏ ॥

ستِگُرُ تُٹھا سچُ دّرِڑائے ॥

ਸਭਿ ਦੁਖ ਮੇਟੇ ਮਾਰਗਿ ਪਾਏ ॥

سبھِ دُکھ میٹے مارگِ پائے ॥

ਕੰਡਾ ਪਾਇ ਨ ਗਡਈ ਮੂਲੇ
ਜਿਸੁ ਸਤਿਗੁਰੁ ਰਾਖਣਹਾਰਾ ਹੇ ॥੧੧॥

کنّڈا پاءِ ن گڈئی موُلے
جِسُ ستِگُرُ راکھنّہارا ہے ॥ 11 ॥

ਖੇਹੂ ਖੇਹ ਰਲੈ ਤਨੁ ਛੀਜੈ ॥

کھیہُو کھیہ رلے تنُ چھیجےَ ॥

ਮਨਮੁਖੁ ਪਾਥਰੁ ਸੈਲੁ ਨ ਭੀਜੈ ॥

منمکھُ پاتھرُ سیَلُ ن بھیجےَ ॥

ਕਰਣ ਪਲਾਵ ਕਰੇ ਬਹੁਤੇਰੇ
ਨਰਕਿ ਸੁਰਗਿ ਅਵਤਾਰਾ ਹੇ ॥੧੨॥

کرنؔ پلاو کرے بہتیرے
نرکِ سُرگِ اوتارا ہے ॥ 12 ॥

ਮਾਇਆ ਬਿਖੁ ਭੁਇਅੰਗਮ ਨਾਲੇ ॥

مائیا بِکھُ بھُئنگم نالے ॥

ਇਨਿ ਦੁਬਿਧਾ ਘਰ ਬਹੁਤੇ ਗਾਲੇ ॥

اِنِ دُبِدھا گھر بہُتے گالے ॥

ਸਤਿਗੁਰ ਬਾਝਹੁ ਪ੍ਰੀਤਿ ਨ ਉਪਜੈ
ਭਗਤਿ ਰਤੇ ਪਤੀਆਰਾ ਹੇ ॥੧੩॥

ستِگُر باجھہُ پّریِتِ ن اُپجےَ
بھگتِ رتے پتِیارا ہے ॥ 13 ॥

ਸਾਕਤ ਮਾਇਆ ਕਉ ਬਹੁ ਧਾਵਹਿ ॥

ساکت مائیا کءُ بہُ دھاوہِ ॥

ਨਾਮੁ ਵਿਸਾਰਿ ਕਹਾ ਸੁਖੁ ਪਾਵਹਿ ॥

نامُ وِسارِ کہا سُکھُ پاوہِ۔ ॥

ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ
ਨਾਹੀ ਪਾਰਿ ਉਤਾਰਾ ਹੇ ॥੧੪॥

تّرِہُ گُنؔ انّترِ کھپہِ کھپاوہِ
ناہی پارِ اُتارا ہے ॥ 14 ॥

ਕੂਕਰ ਸੂਕਰ ਕਹੀਅਹਿ ਕੂੜਿਆਰਾ ॥

کوُکر سوُکر کہیئہِ کوُڑِیارا ॥

ਭਉਕਿ ਮਰਹਿ ਭਉ ਭਉ ਭਉ ਹਾਰਾ ॥

بھئکِ مرہِ بھءُ بھءُ بھءُ ہارا ॥

ਮਨਿ ਤਨਿ ਝੂਠੇ ਕੂੜੁ ਕਮਾਵਹਿ
ਦੁਰਮਤਿ ਦਰਗਹ ਹਾਰਾ ਹੇ ॥੧੫॥

منِ تنِ جھوُٹھے کوُڑُ کماوہِ
دُرمتِ درگہ ہارا ہے ॥ 15 ॥

ਸਤਿਗੁਰੁ ਮਿਲੈ ਤ ਮਨੂਆ ਟੇਕੈ ॥

ستِگُرُ مِلےَ ت منوُیا ٹیکےَ ॥

ਰਾਮ ਨਾਮੁ ਦੇ ਸਰਣਿ ਪਰੇਕੈ ॥

رام نامُ دے سرنؔ پریکےَ ॥

ਹਰਿ ਧਨੁ ਨਾਮੁ ਅਮੋਲਕੁ ਦੇਵੈ
ਹਰਿ ਜਸੁ ਦਰਗਹ ਪਿਆਰਾ ਹੇ ॥੧੬॥

ہرِ دھنُ نامُ امولکُ دیوےَ
ہرِ جسُ درگہ پِیارا ہے ॥ 16 ॥

ਰਾਮ ਨਾਮੁ ਸਾਧੂ ਸਰਣਾਈ ॥

رام نامُ سادھوُ سرٹائی ॥

ਸਤਿਗੁਰ ਬਚਨੀ ਗਤਿ ਮਿਤਿ ਪਾਈ ॥

ستِگُر بچنی گتِ مِتِ پائی ॥

ਨਾਨਕ ਹਰਿ ਜਪਿ ਹਰਿ ਮਨ ਮੇਰੇ
ਹਰਿ ਮੇਲੇ ਮੇਲਣਹਾਰਾ ਹੇ ॥੧੭॥੩॥੯॥

نانک ہرِ جپِ ہرِ من میرے
ہرِ میلے میلنہارا ہے ॥ 17 ॥3॥9॥

ਮਾਰੂ ਮਹਲਾ ੧ ॥

مارُو محلا 1 ॥

ਘਰਿ ਰਹੁ ਰੇ ਮਨ ਮੁਗਧ ਇਆਨੇ ॥
ਰਾਮੁ ਜਪਹੁ ਅੰਤਰਗਤਿ ਧਿਆਨੇ ॥
ਲਾਲਚ ਛੋਡਿ ਰਚਹੁ ਅਪਰੰਪਰਿ
ਇਉ ਪਾਵਹੁ ਮੁਕਤਿ ਦੁਆਰਾ ਹੇ ॥੧॥

ਜਿਸੁ ਬਿਸਰਿਐ ਜਮੁ ਜੋਹਣਿ ਲਾਗੈ ॥
ਸਭਿ ਸੁਖ ਜਾਹਿ ਦੁਖਾ ਫੁਨਿ ਆਗੈ ॥
ਰਾਮ ਨਾਮੁ ਜਪਿ ਗੁਰਮੁਖਿ ਜੀਅੜੇ
ਏਹੁ ਪਰਮ ਤਤੁ ਵੀਚਾਰਾ ਹੇ ॥੨॥

ਹਰਿ ਹਰਿ ਨਾਮੁ ਜਪਹੁ ਰਸੁ ਮੀਠਾ ॥
ਗੁਰਮੁਖਿ ਹਰਿ ਰਸੁ ਅੰਤਰਿ ਡੀਠਾ ॥
ਅਹਿਨਿਸਿ ਰਾਮ ਰਹਹੁ ਰੰਗਿ ਰਾਤੇ
ਏਹੁ ਜਪੁ ਤਪੁ ਸੰਜਮੁ ਸਾਰਾ ਹੇ ॥੩॥

ਰਾਮ ਨਾਮੁ ਗੁਰ ਬਚਨੀ ਬੋਲਹੁ ॥
ਸੰਤ ਸਭਾ ਮਹਿ ਇਹੁ ਰਸੁ ਟੋਲਹੁ ॥
ਗੁਰਮਤਿ ਖੋਜਿ ਲਹਹੁ ਘਰੁ ਅਪਨਾ
ਬਹੁੜਿ ਨ ਗਰਭ ਮਝਾਰਾ ਹੇ ॥੪॥

ਸਚੁ ਤੀਰਥਿ ਨਾਵਹੁ ਹਰਿ ਗੁਣ ਗਾਵਹੁ ॥
ਤਤੁ ਵੀਚਾਰਹੁ ਹਰਿ ਲਿਵ ਲਾਵਹੁ ॥
ਅੰਤ ਕਾਲਿ ਜਮੁ ਜੋਹਿ ਨ ਸਾਕੈ
ਹਰਿ ਬੋਲਹੁ ਰਾਮੁ ਪਿਆਰਾ ਹੇ ॥੫॥

ਸਤਿਗੁਰੁ ਪੁਰਖੁ ਦਾਤਾ ਵਡ ਦਾਣਾ ॥
ਜਿਸੁ ਅੰਤਰਿ ਸਾਚੁ ਸੁ ਸਬਦਿ ਸਮਾਣਾ ॥
ਜਿਸ ਕਉ ਸਤਿਗੁਰੁ ਮੇਲਿ ਮਿਲਾਏ
ਤਿਸੁ ਚੂਕਾ ਜਮ ਭੈ ਭਾਰਾ ਹੇ ॥੬॥

گھرِ رہُ رے من مُگدھ اِیانے ۔ ॥
رامُ جپہُ انترگتِ دھیانے ॥
لالچ چھوڈِ رچہُ اپرنّپرِ
اِءُ پاوہُ مُکتِ دُیارا ہے ॥1॥

جِسُ بِسرِئے جمُ جوہنِّ لاگے ॥
سبھِ سُکھ جاہِ دُکھا پھُنِ آگے ॥
رام نامُ جپِ گُرمُکھِ جیئڑے
ایہُ پرم تتُ ویچارا ہے ॥2॥

ہرِ ہرِ نامُ جپہُ رسُ مِیٹھا ॥
گُرمُکھِ ہرِ رسُ انترِ ڈیٹھا ॥
اہِنِس رام رہہُ رنگِ راتے
ایہُ جپُ تپُ سنّجمُ سارا ہے ॥3॥

رام نامُ گُر بچنی بولہُ ॥
سنّت سبھا مہِ اِہُ رسُ ٹولہُ ॥
گُرمتِ کھوجِ لہہُ گھرُ اپنا
بہُڑِ ن گربھ مجھارا ہے ॥4॥

سچُ تِیرتھِ ناوہُ ہرِ گُنّ گاوہُ ॥
تتُ ویچارہُ ہرِ لِو لاوہُ ॥
انّت کالِ جمُ جوہِ ن ساکے
ہرِ بولہُ رامُ پِیارا ہے ॥5॥

ستِگُرُ پُرکھُ داتا وڈ داٹا ॥
جِسُ انترِ ساچُ سُ سبدِ سماٹا ॥
جِس کءُ ستِگُرُ میلِ مِلائے
تِسُ چوُکا جم بھےَ بھارا ہے ॥6॥

ਪੰਚ ਤਤੁ ਮਿਲਿ ਕਾਇਆ ਕੀਨੀ ॥
ਤਿਸ ਮਹਿ ਰਾਮ ਰਤਨੁ ਲੈ ਚੀਨੀ ॥
ਆਤਮ ਰਾਮੁ ਰਾਮੁ ਹੈ ਆਤਮ
ਹਰਿ ਪਾਈਐ ਸਬਦਿ ਵੀਚਾਰਾ ਹੇ ॥੭॥

ਸਤ ਸੰਤੋਖਿ ਰਹਹੁ ਜਨ ਭਾਈ ॥
ਖਿਮਾ ਗਹਹੁ ਸਤਿਗੁਰ ਸਰਣਾਈ ॥
ਆਤਮੁ ਚੀਨਿ ਪਰਾਤਮੁ ਚੀਨਹੁ
ਗੁਰ ਸੰਗਤਿ ਇਹੁ ਨਿਸਤਾਰਾ ਹੇ ॥੮॥

ਸਾਕਤ ਕੂੜ ਕਪਟ ਮਹਿ ਟੇਕਾ ॥
ਅਹਿਨਿਸਿ ਨਿੰਦਾ ਕਰਹਿ ਅਨੇਕਾ ॥
ਬਿਨੁ ਸਿਮਰਨ ਆਵਹਿ ਫੁਨਿ ਜਾਵਹਿ
ਗ੍ਰਭ ਜੋਨੀ ਨਰਕ ਮਝਾਰਾ ਹੇ ॥੯॥

ਸਾਕਤ ਜਮ ਕੀ ਕਾਣਿ ਨ ਚੂਕੈ ॥
ਜਮ ਕਾ ਡੰਡੁ ਨ ਕਬਹੂ ਮੂਕੈ ॥
ਬਾਕੀ ਧਰਮ ਰਾਇ ਕੀ ਲੀਜੈ
ਸਿਰਿ ਅਫਰਿਓ ਭਾਰੁ ਅਫਾਰਾ ਹੇ ॥੧੦॥

ਬਿਨੁ ਗੁਰ ਸਾਕਤੁ ਕਹਹੁ ਕੋ ਤਰਿਆ ॥
ਹਉਮੈ ਕਰਤਾ ਭਵਜਲਿ ਪਰਿਆ ॥
ਬਿਨੁ ਗੁਰ ਪਾਰੁ ਨ ਪਾਵੈ ਕੋਈ
ਹਰਿ ਜਪੀਐ ਪਾਰਿ ਉਤਾਰਾ ਹੇ ॥੧੧॥

ਗੁਰ ਕੀ ਦਾਤਿ ਨ ਮੇਟੈ ਕੋਈ ॥
ਜਿਸੁ ਬਖਸੇ ਤਿਸੁ ਤਾਰੇ ਸੋਈ ॥
ਜਨਮ ਮਰਣ ਦੁਖੁ ਨੇੜਿ ਨ ਆਵੈ
ਮਨਿ ਸੋ ਪ੍ਰਭੁ ਅਪਰ ਅਪਾਰਾ ਹੇ ॥੧੨॥

پنچ تتُ مِلِ کائیا کِینی ॥
تِس مہِ رام رتنُ لے چِینی ॥
آتم رامُ رامُ ہے آتم
ہرِ پائیئے سبدِ ویچارا ہے ॥7॥

ست سنتوکھِ رہہُ جن بھائی ۔ ॥
کھِما گہہُ ستِگُر سرٹائی ॥
آتمُ چِینِ پراتمُ چِینہُ
گُر سنگتِ اِہُ نِستارا ہے ॥8॥

ساکت کوڑ کپٹ مہِ ٹیکا ॥
اہِنِس نِندا کرہِ انیکا ॥
بِنُ سِمرن آوہِ پھُنِ جاوہِ
گربھ جونی نرک مجھارا ہے ॥9॥

ساکت جم کی کانِ ن چھُوکے ॥
جم کا ڈنڈُ ن کبہوُ موُکے ॥
باکی دھرم راءِ کی لِیجے
سِرِ اپھرِئو بھارُ اپھارا ہے ॥ 10 ॥

بِنُ گُر ساکتُ کہہُ کو تریا ۔ ॥
ہئُمے کرتا بھوجلِ پریا ॥
بِنُ گُر پارُ ن پاوے کوئی
ہرِ جپیئے پارِ اُتارا ہے ॥ 11 ॥

گُر کی داتِ ن میٹے کوئی ॥
جِسُ بخشے تِسُ تارے سوئی ॥
جنم مرنُ دُکھُ نیڑِ ن آوے
منِ سو پربھُ اپر اپارا ہے ॥ 12 ॥

ਗੁਰ ਤੇ ਭੂਲੇ ਆਵਹੁ ਜਾਵਹੁ ॥	گُر تے بھُولے آوہُ جاوہُ ॥
ਜਨਮਿ ਮਰਹੁ ਫੁਨਿ ਪਾਪ ਕਮਾਵਹੁ ॥	جنمِ مرہُ پھُنِ پاپ کماوہُ ॥
ਸਾਕਤ ਮੂੜ ਅਚੇਤ ਨ ਚੇਤਹਿ ਦੁਖੁ ਲਾਗੈ ਤਾ ਰਾਮੁ ਪੁਕਾਰਾ ਹੇ ॥੧੩॥	ساکت موُڑ اچیت ن چیتہِ دُکھُ لاگے تا رامُ پُکارا ہے ॥ 13 ॥
ਸੁਖੁ ਦੁਖੁ ਪੁਰਬ ਜਨਮ ਕੇ ਕੀਏ ॥	سُکھُ دُکھُ پُرب جنم کے کیئے ॥
ਸੋ ਜਾਣੈ ਜਿਨਿ ਦਾਤੈ ਦੀਏ ॥	سو جانے جِنِ داتے دیئے ॥
ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ ॥੧੪॥	کِس ک ءُ دوسُ دیہِ توُ پّرانّی سہُ اپنّا کیِیا کرارا ہے ॥ 14 ॥
ਹਉਮੈ ਮਮਤਾ ਕਰਦਾ ਆਇਆ ॥	ہئُمےَ ممتا کردا آئیا ॥
ਆਸਾ ਮਨਸਾ ਬੰਧਿ ਚਲਾਇਆ ॥	آسا منسا بنّدھِ چلائیا ॥
ਮੇਰੀ ਮੇਰੀ ਕਰਤ ਕਿਆ ਲੇ ਚਾਲੇ ਬਿਖੁ ਲਾਦੇ ਛਾਰ ਬਿਕਾਰਾ ਹੇ ॥੧੫॥	میری میری کرت کِیا لے چالے بِکھُ لادے چھار بِکارا ہے ॥ 15 ॥
ਹਰਿ ਕੀ ਭਗਤਿ ਕਰਹੁ ਜਨ ਭਾਈ ॥	ہرِ کی بھگتِ کرہُ جن بھائی ۔ ॥
ਅਕਥੁ ਕਥਹੁ ਮਨੁ ਮਨਹਿ ਸਮਾਈ ॥	اکتھُ کتھہُ منُ منہِ سمائی ॥
ਉਠਿ ਚਲਤਾ ਠਾਕਿ ਰਖਹੁ ਘਰਿ ਅਪੁਨੈ ਦੁਖੁ ਕਾਟੇ ਕਾਟਣਹਾਰਾ ਹੇ ॥੧੬॥	اُٹھِ چلتا ٹھاکِ رکھہُ گھرِ اپُنے دُکھُ کاٹے کاٹنّہارا ہے ॥ 16 ॥
ਹਰਿ ਗੁਰ ਪੂਰੇ ਕੀ ਓਟ ਪਰਾਤੀ ॥	ہرِ گُر پوُرے کی اوٹ پراتی ॥
ਗੁਰਮੁਖਿ ਹਰਿ ਲਿਵ ਗੁਰਮੁਖਿ ਜਾਤੀ ॥	گُرمُکھِ ہرِ لِو گُرمُکھِ جاتی ॥
ਨਾਨਕ ਰਾਮ ਨਾਮਿ ਮਤਿ ਉਤਮ ਹਰਿ ਬਖਸੇ ਪਾਰਿ ਉਤਾਰਾ ਹੇ ॥੧੭॥੪॥੧੦॥	نانک رام نامِ متِ اوُتم ہرِ بخشے پارِ اُتارا ہے ॥ 17 ॥4॥ 10 ॥
ਮਾਰੂ ਮਹਲਾ ੧ ॥	مارہُ محلا 1 ॥
ਸਰਣਿ ਪਰੇ ਗੁਰਦੇਵ ਤੁਮਾਰੀ ॥	سرنِ پرے گُردیو تُماری ॥
ਤੂ ਸਮਰਥੁ ਦਇਆਲੁ ਮੁਰਾਰੀ ॥	توُ سمرتھُ دئیالُ مُراری ۔ ॥
ਤੇਰੇ ਚੋਜ ਨ ਜਾਣੈ ਕੋਈ	تیرے چوج ن جانّے کوئی

ਤੂ ਪੂਰਾ ਪੁਰਖੁ ਬਿਧਾਤਾ ਹੇ ॥੧॥

تُو پُورا پُرکھُ بِدھاتا ہے ॥1॥

ਤੂ ਆਦਿ ਜੁਗਾਦਿ ਕਰਹਿ ਪ੍ਰਤਿਪਾਲਾ ॥

تُو آدِ جُگادِ کرہِ پرتپالا ॥

ਘਟਿ ਘਟਿ ਰੂਪੁ ਅਨੂਪੁ ਦਇਆਲਾ ॥

گھٹِ گھٹِ روُپُ انوُپُ دئیالا ۔ ॥

ਜਿਉ ਤੁਧੁ ਭਾਵੈ ਤਿਵੈ ਚਲਾਵਹਿ
ਸਭੁ ਤੇਰੋ ਕੀਆ ਕਮਾਤਾ ਹੇ ॥੨॥

جِءُ تُدھُ بھاوے تِوے چلاوہِ
سبھُ تیرو کِیا کماتا ہے ॥2॥

ਅੰਤਰਿ ਜੋਤਿ ਭਲੀ ਜਗਜੀਵਨ ॥

انترِ جوتِ بھلی جگجیون ۔ ॥

ਸਭਿ ਘਟ ਭੋਗੈ ਹਰਿ ਰਸੁ ਪੀਵਨ ॥

سبھِ گھٹ بھوگے ہرِ رسُ پیون ॥

ਆਪੇ ਲੇਵੈ ਆਪੇ ਦੇਵੈ
ਤਿਹੁ ਲੋਈ ਜਗਤ ਪਿਤ ਦਾਤਾ ਹੇ ॥੩॥

آپے لیوے آپے دیوے
تِہ لوئی جگت پِت داتا ہے ॥3॥

ਜਗਤੁ ਉਪਾਇ ਖੇਲੁ ਰਚਾਇਆ ॥

جگتُ اُپاءِ کھیلُ رچائیا ॥

ਪਵਣੈ ਪਾਣੀ ਅਗਨੀ ਜੀਉ ਪਾਇਆ ॥

پوٹے پانٹی اگنی جِءُ پائیا ॥

ਦੇਹੀ ਨਗਰੀ ਨਉ ਦਰਵਾਜੇ
ਸੋ ਦਸਵਾ ਗੁਪਤੁ ਰਹਾਤਾ ਹੇ ॥੪॥

دیہی نگری ن ءُ دروازے
سو دسوا گُپتُ رہاتا ہے ॥4॥

ਚਾਰਿ ਨਦੀ ਅਗਨੀ ਅਸਰਾਲਾ ॥

چارِ ندی اگنی اسرالا ॥

ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ ॥

کوئی گُرمُکھِ بوُجھے سبدِ نِرالا ॥

ਸਾਕਤ ਦੁਰਮਤਿ ਡੂਬਹਿ ਦਾਝਹਿ
ਗੁਰਿ ਰਾਖੇ ਹਰਿ ਲਿਵ ਰਾਤਾ ਹੇ ॥੫॥

ساکت دُرمتِ ڈوُبہِ داجھہِ
گُرِ راکھے ہرِ لِو راتا ہے ॥5॥

ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ ॥

اپُ تیجُ واءِ پرتھمی آکاسا ॥

ਤਿਨ ਮਹਿ ਪੰਚ ਤਤੁ ਘਰਿ ਵਾਸਾ ॥

تِن مہِ پنچ تتُ گھرِ واسا ॥

ਸਤਿਗੁਰ ਸਬਦਿ ਰਹਹਿ ਰੰਗਿ ਰਾਤਾ
ਤਜਿ ਮਾਇਆ ਹਉਮੈ ਭ੍ਰਾਤਾ ਹੇ ॥੬॥

ستِگُر سبدِ رہہِ رنگِ راتا
تجِ مائیا ہئُمے بھراتا ہے ॥6॥

ਇਹੁ ਮਨੁ ਭੀਜੈ ਸਬਦਿ ਪਤੀਜੈ ॥

اِہُ منُ بھیجے سبدِ پتیجے ॥

ਬਿਨੁ ਨਾਵੈ ਕਿਆ ਟੇਕ ਟਿਕੀਜੈ ॥

بِنُ ناوے کِیا ٹیک ٹِکیجے ۔ ॥

ਅੰਤਰਿ ਚੋਰੁ ਮੁਹੈ ਘਰੁ ਮੰਦਰੁ

انترِ چورُ مُہے گھرُ مندرُ

ਇਨਿ ਸਾਕਤਿ ਦੂਤੁ ਨ ਜਾਤਾ ਹੇ ॥੭॥

اِنِ ساکتِ دوُتُ ن جاتا ہے ॥7॥

ਦੁੰਦਰ ਦੂਤ ਭੂਤ ਭੀਹਾਲੇ ॥

دُنّدر دوُت بھوُت بھیِہالے ॥

ਖਿੰਚੋਤਾਣਿ ਕਰਹਿ ਬੇਤਾਲੇ ॥

کھِنچّوتانِ کرہِ بیتالے ॥

ਸਬਦ ਸੁਰਤਿ ਬਿਨੁ ਆਵੈ ਜਾਵੈ
ਪਤਿ ਖੋਈ ਆਵਤ ਜਾਤਾ ਹੇ ॥੮॥

سبد سُرتِ بِنُ آوے جاوے
پتِ کھوئی آوت جاتا ہے ॥8॥

ਕੂੜੁ ਕਲਰੁ ਤਨੁ ਭਸਮੈ ਢੇਰੀ ॥

کوُڑُ کلرُ تنُ بھسمے ڈھیری ॥

ਬਿਨੁ ਨਾਵੈ ਕੈਸੀ ਪਤਿ ਤੇਰੀ ॥

بِنُ ناوے کیَسی پتِ تیری ۔ ॥

ਬਾਧੇ ਮੁਕਤਿ ਨਾਹੀ ਜੁਗ ਚਾਰੇ
ਜਮਕੰਕਰਿ ਕਾਲਿ ਪਰਾਤਾ ਹੇ ॥੯॥

بادھے مُکتِ ناہی جُگ چارے
جمکنکرِ کالِ پراتا ہے ॥9॥

ਜਮ ਦਰਿ ਬਾਧੇ ਮਿਲਹਿ ਸਜਾਈ ॥

جم درِ بادھے مِلہِ سزائی ॥

ਤਿਸੁ ਅਪਰਾਧੀ ਗਤਿ ਨਹੀ ਕਾਈ ॥

تِسُ اپرادھی گتِ نہی کائی ॥

ਕਰਣ ਪਲਾਵ ਕਰੇ ਬਿਲਲਾਵੈ
ਜਿਉ ਕੁੰਡੀ ਮੀਨੁ ਪਰਾਤਾ ਹੇ ॥੧੦॥

کرنٌ پلاو کرے بِللاوے
جِءُ کُنڈی مِینُ پراتا ہے ॥ 10 ॥

ਸਾਕਤ ਫਾਸੀ ਪੜੈ ਇਕੇਲਾ ॥

ساکت پھاسی پڑے اِکیلا ॥

ਜਮ ਵਸਿ ਕੀਆ ਅੰਧੁ ਦੁਹੇਲਾ ॥

جم وسِ کیِیا انّدھُ دُہیلا ॥

ਰਾਮ ਨਾਮ ਬਿਨੁ ਮੁਕਤਿ ਨ ਸੂਝੈ
ਆਜੁ ਕਾਲਿ ਪਚਿ ਜਾਤਾ ਹੇ ॥੧੧॥

رام نام بِنُ مُکتِ ن سوُجھے
آجُ کالِ پچ جاتا ہے ॥ 11 ॥

ਸਤਿਗੁਰ ਬਾਝੁ ਨ ਬੇਲੀ ਕੋਈ ॥

ستِگُر باجھُ ن بیلی کوئی ॥

ਐਥੈ ਓਥੈ ਰਾਖਾ ਪ੍ਰਭੁ ਸੋਈ ॥

ایتھے اوتھے راکھا پربھُ سوئی ॥

ਰਾਮ ਨਾਮੁ ਦੇਵੈ ਕਰਿ ਕਿਰਪਾ
ਇਉ ਸਲਲੈ ਸਲਲ ਮਿਲਾਤਾ ਹੇ ॥੧੨॥

رام نامُ دیوے کرِ کرِپا
اِءُ سللے سلل مِلاتا ہے ॥ 12 ॥

ਭੂਲੇ ਸਿਖ ਗੁਰੂ ਸਮਝਾਏ ॥

بھوُلے سِکھ گُرو سمجھائے ॥

ਉਝੜਿ ਜਾਦੇ ਮਾਰਗਿ ਪਾਏ ॥

اُجھڑِ جادے مارگِ پائے ॥

ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ

تِسُ گُر سیوِ سدا دِنُ راتی

ਦੁਖ ਭੰਜਨ ਸੰਗਿ ਸਖਾਤਾ ਹੇ ॥੧੩॥

دُکھ بھنّجن سنگِ سکھاتا ہے ॥ 13 ॥

ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥

گُر کی بھگتِ کرہِ کیا پّرانّی ۔ ॥

ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥

بّرہمےَ اِندّرِ مہیس ن جانّی ॥

ਸਤਿਗੁਰੁ ਅਲਖੁ ਕਹਹੁ ਕਿਉ ਲਖੀਐ
ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥

ستِگُرُ الکھُ کہہُ کِءُ لکھیئے
جِسُ بخشے تِسہِ پچھاتا ہے ॥ 14 ॥

ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥

انّترِ پّریمُ پراپتِ درسنُ ॥

ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥

گُربانّی سِءُ پّریتِ سُ پرسنُ ॥

ਅਹਿਨਿਸਿ ਨਿਰਮਲ ਜੋਤਿ ਸਬਾਈ
ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥

اِہنِس نِرمل جوتِ سبائی
گھٹِ دیپکُ گُرمُکھِ جاتا ہے ॥ 15 ॥

ਭੋਜਨ ਗਿਆਨੁ ਮਹਾ ਰਸੁ ਮੀਠਾ ॥

بھوجن گیانُ مہا رسُ میٹھا ॥

ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥

جِنِ چاکھیا تِنِ درسنُ ڈیٹھا ॥

ਦਰਸਨੁ ਦੇਖਿ ਮਿਲੇ ਬੈਰਾਗੀ
ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥

درسنُ دیکھِ ملے بیَراگی
منُ منسا مارِ سماتا ہے ॥ 16 ॥

ਸਤਿਗੁਰੁ ਸੇਵਹਿ ਸੇ ਪਰਧਾਨਾ ॥

ستِگُرُ سیوہِ سے پردھانا ॥

ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥

تِن گھٹ گھٹ انّترِ بّرہمُ پچھانا ॥

ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ
ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥

نانک ہرِ جسُ ہرِ جن کی سنگتِ دیجےَ
جِن ستِگُرُ ہرِ پّربھُ جاتا ہے ॥ 17 ॥5॥ 11 ॥

ਮਾਰੂ ਮਹਲਾ ੧ ॥

مارُو محلا 1 ॥

ਸਾਚੇ ਸਾਹਿਬ ਸਿਰਜਣਹਾਰੇ ॥

ساچے صاہب سِرجنّہارے ॥

ਜਿਨਿ ਧਰ ਚਕ੍ਰ ਧਰੇ ਵੀਚਾਰੇ ॥

جِنِ دھر چکّر دھرے ویچارے ॥

ਆਪੇ ਕਰਤਾ ਕਰਿ ਕਰਿ ਵੇਖੈ
ਸਾਚਾ ਵੇਪਰਵਾਹਾ ਹੇ ॥੧॥

آپے کرتا کرِ کرِ ویکھےَ
ساچا ویپرواہا ہے ॥1॥

ਵੇਕੀ ਵੇਕੀ ਜੰਤ ਉਪਾਏ ॥

ویکی ویکی جنّت اُپائے ॥

ਦੁਇ ਪੰਦੀ ਦੁਇ ਰਾਹ ਚਲਾਏ ॥

دُءِ پنّدی دُءِ راہ چلائے ॥

ਗੁਰ ਪੂਰੇ ਵਿਣੁ ਮੁਕਤਿ ਨ ਹੋਈ
ਸਚੁ ਨਾਮੁ ਜਪਿ ਲਾਹਾ ਹੇ ॥੨॥

گُرپُورے وِنُ مُکتِ ن ہوئی
سچُ نامُ جپِ لاہا ہے ॥2॥

ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ ॥

پڑہِ منمکھ پرُ بِدھِ نہی جانا ॥

ਨਾਮੁ ਨ ਬੂਝਹਿ ਭਰਮਿ ਭੁਲਾਨਾ ॥

نامُ ن بُوجھہِ بھرمِ بھُلانا ॥

ਲੈ ਕੈ ਵਢੀ ਦੇਨਿ ਉਗਾਹੀ
ਦੁਰਮਤਿ ਕਾ ਗਲਿ ਫਾਹਾ ਹੇ ॥੩॥

لے کے وڈھی دینِ اُگاہی
دُرمتِ کا گلِ پھاہا ہے ॥3॥

ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥

سِمرِتِ ساستّر پڑہِ پُراٹا ॥

ਵਾਦੁ ਵਖਾਣਹਿ ਤਤੁ ਨ ਜਾਣਾ ॥

وادُ وکھاٹہِ تتُ ن جاٹا ॥

ਵਿਣੁ ਗੁਰ ਪੂਰੇ ਤਤੁ ਨ ਪਾਈਐ
ਸਚ ਸੂਚੇ ਸਚੁ ਰਾਹਾ ਹੇ ॥੪॥

وِنُ گُرپُورے تتُ ن پائیئے
سچ سُوچے سچُ راہا ہے ॥4॥

ਸਭ ਸਾਲਾਹੇ ਸੁਣਿ ਸੁਣਿ ਆਖੈ ॥

سبھ سالاحے سُنِ سُنِ آکھے ॥

ਆਪੇ ਦਾਨਾ ਸਚੁ ਪਰਾਖੈ ॥

آپے دانا سچُ پراکھے ॥

ਜਿਨ ਕਉ ਨਦਰਿ ਕਰੇ ਪ੍ਰਭ ਅਪਨੀ
ਗੁਰਮੁਖਿ ਸਬਦੁ ਸਲਾਹਾ ਹੇ ॥੫॥

جِن ک ءُ ندرِ کرے پربھ اپنی
گُرمُکھِ سبدُ سلاہا ہے ॥5॥

ਸੁਣਿ ਸੁਣਿ ਆਖੈ ਕੇਤੀ ਬਾਣੀ ॥

سُنِ سُنِ آکھے کیتی باٹی ॥

ਸੁਣਿ ਕਹੀਐ ਕੋ ਅੰਤੁ ਨ ਜਾਣੀ ॥

سُنِ کہیئے کو انّتُ ن جاٹی ॥

ਜਾ ਕਉ ਅਲਖੁ ਲਖਾਏ ਆਪੇ
ਅਕਥ ਕਥਾ ਬੁਧਿ ਤਾਹਾ ਹੇ ॥੬॥

جا ک ءُ الکھُ لکھائے آپے
اکتھ کتھا بُدھِ تاہا ہے ॥6॥

ਜਨਮੇ ਕਉ ਵਾਜਹਿ ਵਾਧਾਏ ॥

جنمے ک ءُ واجہِ وادھائے ॥

ਸੋਹਿਲੜੇ ਅਗਿਆਨੀ ਗਾਏ ॥

سوہِلڑے اگیانی گائے ॥

ਜੋ ਜਨਮੈ ਤਿਸੁ ਸਰਪਰ ਮਰਣਾ
ਕਿਰਤੁ ਪਇਆ ਸਿਰਿ ਸਾਹਾ ਹੇ ॥੭॥

جو جنمے تِس سرپر مرٹا
کِرتُ پئیا سِرِ ساہا ہے ॥7॥

ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ ॥

سنجوگُ وِجوگُ میرے پربھِ کیئے ॥

ਸ੍ਰਿਸਟਿ ਉਪਾਇ ਦੁਖਾ ਸੁਖ ਦੀਏ ॥
ਦੁਖ ਸੁਖ ਹੀ ਤੇ ਭਏ ਨਿਰਾਲੇ
ਗੁਰਮੁਖਿ ਸੀਲੁ ਸਨਾਹਾ ਹੇ ॥੮॥

ਨੀਕੇ ਸਾਚੇ ਕੇ ਵਾਪਾਰੀ ॥
ਸਚੁ ਸਉਦਾ ਲੈ ਗੁਰ ਵੀਚਾਰੀ ॥
ਸਚਾ ਵਖਰੁ ਜਿਸੁ ਧਨੁ ਪਲੈ
ਸਬਦਿ ਸਚੈ ਓਮਾਹਾ ਹੇ ॥੯॥

ਕਾਚੀ ਸਉਦੀ ਤੋਟਾ ਆਵੈ ॥
ਗੁਰਮੁਖਿ ਵਣਜੁ ਕਰੇ ਪ੍ਰਭ ਭਾਵੈ ॥
ਪੂੰਜੀ ਸਾਬਤੁ ਰਾਸਿ ਸਲਾਮਤਿ
ਚੂਕਾ ਜਮ ਕਾ ਫਾਹਾ ਹੇ ॥੧੦॥

ਸਭੁ ਕੋ ਬੋਲੈ ਆਪਣ ਭਾਣੈ ॥
ਮਨਮੁਖੁ ਦੂਜੈ ਬੋਲਿ ਨ ਜਾਣੈ ॥
ਅੰਧੁਲੇ ਕੀ ਮਤਿ ਅੰਧਲੀ ਬੋਲੀ
ਆਇ ਗਇਆ ਦੁਖੁ ਤਾਹਾ ਹੇ ॥੧੧॥

ਦੁਖ ਮਹਿ ਜਨਮੈ ਦੁਖ ਮਹਿ ਮਰਣਾ ॥
ਦੂਖੁ ਨ ਮਿਟੈ ਬਿਨੁ ਗੁਰ ਕੀ ਸਰਣਾ ॥
ਦੂਖੀ ਉਪਜੈ ਦੂਖੀ ਬਿਨਸੈ
ਕਿਆ ਲੈ ਆਇਆ ਕਿਆ ਲੈ ਜਾਹਾ ਹੇ ॥੧੨॥

ਸਚੀ ਕਰਣੀ ਗੁਰ ਕੀ ਸਿਰਕਾਰਾ ॥
ਆਵਣੁ ਜਾਣੁ 'ਨਹੀ' ਜਮ ਧਾਰਾ ॥
ਡਾਲ ਛੋਡਿ ਤਤੁ ਮੂਲੁ ਪਰਾਤਾ
ਮਨਿ ਸਾਚਾ ਓਮਾਹਾ ਹੇ ॥੧੩॥

ਹਰਿ ਕੇ ਲੋਗ ਨਹੀ ਜਮੁ ਮਾਰੈ ॥

سرِسٹِ اُپاءِ دُکھا سُکھ دیۓ ॥
دُکھ سُکھ ہی تے بھۓ نِرالے
گُرمُکھِ سیِلُ سناہا ہے ॥8॥

نِیکے ساچے کے واپاری ॥
سچُ سئُدا لۓ گُر وِیچاری ॥
سچا وکھرُ جِسُ دھنُ پلےَ
سبدِ سچےَ اوماہا ہے ॥9॥

کاچی سئُدی توٹا آوےَ ॥
گُرمُکھِ وِنّجُ کرے پّربھ بھاوےَ ॥
پُونّجی سابتُ راسِ سلامتِ
چوُکا جم کا پھاہا ہے ॥ 10 ॥

سبھُ کو بولے آپنّ بھانّے ॥
منمُکھُ دوُجےَ بولِ ن جانّےَ ॥
انّدھُلے کی متِ انّدھلی بولی
آءِ گئیا دُکھُ تاہا ہے ॥ 11 ॥

دُکھ مہِ جنمےَ دُکھ مہِ مرنّا ॥
دوُکھُ ن مِٹّے بِنُ گُر کی سرنّا ॥
دوُکھی اُپجےَ دوُکھی بِنسےَ
کِیا لے آئیا کِیا لے جاہا ہے ۔ ॥ 12 ॥

سچی کرنّی گُر کی سِرکارا ॥
آونّ جانّ نہی جم دھارا ॥
ڈال چھوڑِ تتُ موُلُ پراتا
منِ ساچا اوماہا ہے ॥ 13 ॥

ہرِ کے لوگ نہی جمُ مارےَ ॥

ਨਾ ਦੁਖੁ ਦੇਖਹਿ ਪੰਥਿ ਕਰਾਰੈ ॥

نا دُکھُ دیکھہِ پنتھِ کرارے ॥

ਰਾਮ ਨਾਮੁ ਘਟ ਅੰਤਰਿ ਪੂਜਾ
ਅਵਰੁ ਨ ਦੂਜਾ ਕਾਹਾ ਹੇ ॥੧੪॥

رام نامُ گھٹ انترِ پوُجا
اورُ ن دوُجا کاہا ہے ॥ 14 ॥

ਓੜੁ ਨ ਕਥਨੈ ਸਿਫਤਿ ਸਜਾਈ ॥

اوڑُ ن کتھنے صِفتِ سزائی ॥

ਜਿਉ ਤੁਧੁ ਭਾਵਹਿ ਰਹਹਿ ਰਜਾਈ ॥

جِءُ تُدھُ بھاوہِ رہہِ رضائی ॥

ਦਰਗਹ ਪੈਧੇ ਜਾਨਿ ਸੁਹੇਲੇ
ਹੁਕਮਿ ਸਚੇ ਪਾਤਿਸਾਹਾ ਹੇ ॥੧੫॥

درگہ پیَدھے جانِ سُہیلے
حُکمِ سچے پاتِشاہا ہے ॥ 15 ॥

ਕਿਆ ਕਹੀਐ ਗੁਣ ਕਥਹਿ ਘਨੇਰੇ ॥

کِیا کہیئے گُن کتھہِ گھنیرے ॥

ਅੰਤੁ ਨ ਪਾਵਹਿ ਵਡੇ ਵਡੇਰੇ ॥

انّتُ ن پاوہِ وڈے وڈیرے ॥

ਨਾਨਕ ਸਾਚੁ ਮਿਲੈ ਪਤਿ ਰਾਖਹੁ
ਤੂ ਸਿਰਿ ਸਾਹਾ ਪਾਤਿਸਾਹਾ ਹੇ ॥੧੬॥੬॥੧੨॥

نانک ساچُ مِلے پت راکھہُ
توُ سِرِ ساہا پاتِشاہا ہے ॥ 16 ॥6॥ 12 ॥

ਮਾਰੂ ਮਹਲਾ ੧ ਦਖਣੀ ॥

مارو محلا 1 دکھنی ॥

ਕਾਇਆ ਨਗਰੁ ਨਗਰ ਗੜ ਅੰਦਰਿ ॥

کائیا نگرُ نگر گڑ انّدرِ ॥

ਸਾਚਾ ਵਾਸਾ ਪੁਰਿ ਗਗਨੰਦਰਿ ॥

ساچا واسا پُرِ گگنندرِ ॥

ਅਸਥਿਰੁ ਥਾਨੁ ਸਦਾ ਨਿਰਮਾਇਲੁ
ਆਪੇ ਆਪੁ ਉਪਾਇਦਾ ॥੧॥

استھِرُ تھانُ سدا نِرمائِلُ
آپے آپُ اُپائِدا ॥ 1 ॥

ਅੰਦਰਿ ਕੋਟ ਛਜੇ ਹਟਨਾਲੇ ॥

انّدرِ کوٹ چھجے ہٹنالے ॥

ਆਪੇ ਲੇਵੈ ਵਸਤੁ ਸਮਾਲੇ ॥

آپے لیوے وستُ سمالے ॥

ਬਜਰ ਕਪਾਟ ਜੜੇ ਜੜਿ ਜਾਣੈ
ਗੁਰ ਸਬਦੀ ਖੋਲਾਇਦਾ ॥੨॥

بجر کپاٹ جڑے جڑِ جانے
گُر سبدی کھولائِدا ॥ 2 ॥

ਭੀਤਰਿ ਕੋਟ ਗੁਫਾ ਘਰ ਜਾਈ ॥

بھیترِ کوٹ گُپھا گھر جائی ॥

ਨਉ ਘਰ ਥਾਪੇ ਹੁਕਮਿ ਰਜਾਈ ॥

نءُ گھر تھاپے حُکمِ رضائی ॥

ਦਸਵੈ ਪੁਰਖੁ ਅਲੇਖੁ ਅਪਾਰੀ
ਆਪੇ ਅਲਖੁ ਲਖਾਇਦਾ ॥੩॥

دسوے پُرکھُ الیکھُ اپاری
آپے الکھُ لکھائِدا ॥ 3 ॥

ਪਉਣ ਪਾਣੀ ਅਗਨੀ ਇਕ ਵਾਸਾ ॥
ਆਪੇ ਕੀਤੋ ਖੇਲੁ ਤਮਾਸਾ ॥
ਬਲਦੀ ਜਲਿ ਨਿਵਰੈ ਕਿਰਪਾ ਤੇ
ਆਪੇ ਜਲ ਨਿਧਿ ਪਾਇਦਾ ॥੪॥

ਧਰਤਿ ਉਪਾਇ ਧਰੀ ਧਰਮ ਸਾਲਾ ॥
ਉਤਪਤਿ ਪਰਲਉ ਆਪਿ ਨਿਰਾਲਾ ॥
ਪਵਣੈ ਖੇਲੁ ਕੀਆ ਸਭ ਥਾਈ
ਕਲਾ ਖਿੰਚਿ ਢਾਹਾਇਦਾ ॥੫॥

ਭਾਰ ਅਠਾਰਹ ਮਾਲਣਿ ਤੇਰੀ ॥
ਚਉਰੁ ਢੁਲੈ ਪਵਣੈ ਲੈ ਫੇਰੀ ॥
ਚੰਦੁ ਸੂਰਜੁ ਦੁਇ ਦੀਪਕ ਰਾਖੇ
ਸਸਿ ਘਰਿ ਸੂਰੁ ਸਮਾਇਦਾ ॥੬॥

ਪੰਖੀ ਪੰਚ ਉਡਰਿ ਨਹੀ ਧਾਵਹਿ ॥
ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ ॥
ਗੁਰਮੁਖਿ ਸਹਜਿ ਰਵੈ ਗੁਣ ਗਾਵੈ
ਹਰਿ ਰਸੁ ਚੋਗ ਚੁਗਾਇਦਾ ॥੭॥

ਝਿਲਮਿਲ ਝਿਲਕੈ ਚੰਦੁ ਨ ਤਾਰਾ ॥
ਸੂਰਜ ਕਿਰਣਿ ਨ ਬਿਜੁਲਿ ਗੈਣਾਰਾ ॥
ਅਕਥੀ ਕਥਉ ਚਿਹਨੁ ਨਹੀ ਕੋਈ
ਪੂਰਿ ਰਹਿਆ ਮਨਿ ਭਾਇਦਾ ॥੮॥

ਪਸਰੀ ਕਿਰਣਿ ਜੋਤਿ ਉਜਿਆਲਾ ॥
ਕਰਿ ਕਰਿ ਦੇਖੈ ਆਪਿ ਦਇਆਲਾ ॥
ਅਨਹਦ ਰੁਣ ਝੁਣਕਾਰੁ ਸਦਾ ਧੁਨਿ
ਨਿਰਭਉ ਕੈ ਘਰਿ ਵਾਇਦਾ ॥੯॥

پَوَنُ پانی اگنی اِک واسا ॥
آپے کِیتو کھیلُ تماشا ॥
بلدی جلِ نِورے کِرپا تے
آپے جل نِدھِ پائِدا ॥4॥

دھرتِ اُپاءِ دھری دھرم سالا ॥
اُتپتِ پرل ءُ آپِ نِرالا ॥
پوَنے کھیلُ کِیا سبھ تھائی
کلا کھِنچِ ڈھاہائِدا ॥5॥

بھار اٹھارہ مالنِ تیری ॥
چمُر ڈھُلے پوَنے لے پھیری ॥
چنَدُ سوُرجُ دُءِ دیپک راکھے
سسِ گھرِ سوُرُ سمائِدا ॥6॥

پنکھی پنچِ اُڈرِ نہی دھاوہِ ॥
سپھلِئو بِرکھُ انمّرِت پھلُ پاوہِ ॥
گُرمُکھِ سہجِ روے گُن گاوے
ہرِ رسُ چوگ چُگائِدا ॥7॥

جھِلمِل جھِلکے چنَدُ ن تارا ॥
سوُرج کِرنِ ن بِجُلِ گیَتارا ॥
اکتھی کتھ ءُ چِہنُ نہی کوئی
پوُرِ رہِیا منِ بھائِدا ॥8॥

پسری کِرنِ جوتِ اُجیالا ॥
کرِ کرِ دیکھے آپِ دیَیالا ॥
انہد رُنُ جھُنکارُ سدا دھُنِ
نِربھ ءُ کے گھرِ وائِدا ॥9॥

ਅਨਹਦੁ ਵਾਜੈ ਭ੍ਰਮੁ ਭਉ ਭਾਜੈ ॥
ਸਗਲ ਬਿਆਪਿ ਰਹਿਆ ਪ੍ਰਭੁ ਛਾਜੈ ॥
ਸਭ ਤੇਰੀ ਤੂ ਗੁਰਮੁਖਿ ਜਾਤਾ
ਦਰਿ ਸੋਹੈ ਗੁਣ ਗਾਇਦਾ ॥੧੦॥

انہدُ واجےَ بھرمُ بھءُ بھاجےَ ॥
سگل بِیاپِ رہِیا پربھُ چھاجےَ ॥
سبھ تیری توُ گُرمُکھِ جاتا
درِ سوہےَ گُن گائِدا ॥ 10 ॥

ਆਦਿ ਨਿਰੰਜਨੁ ਨਿਰਮਲੁ ਸੋਈ ॥
ਅਵਰੁ ਨ ਜਾਣਾ ਦੂਜਾ ਕੋਈ ॥
ਏਕੰਕਾਰੁ ਵਸੈ ਮਨਿ ਭਾਵੈ
ਹਉਮੈ ਗਰਬੁ ਗਵਾਇਦਾ ॥੧੧॥

آدِ نِرنجنُ نِرملُ سوئی ॥
اورُ ن جاٹا دوُجا کوئی ॥
ایکنکارُ وسےَ منِ بھاوےَ
ہئُمےَ گربُ گوائِدا ॥ 11 ॥

ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥
ਅਵਰੁ ਨ ਜਾਣਾ ਦੂਆ ਤੀਆ ॥
ਏਕੋ ਏਕੁ ਸੁ ਅਪਰ ਪਰੰਪਰੁ
ਪਰਖਿ ਖਜਾਨੈ ਪਾਇਦਾ ॥੧੨॥

انمّرِتُ پِیا ستِگُرِ دِیا ॥
اورُ ن جاٹا دوُیا تِیا ॥
ایکو ایکُ سُ اپر پرنّپرُ
پرکھِ خزانےَ پائِدا ॥ 12 ॥

ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ ॥
ਕੋਇ ਨ ਜਾਣੈ ਤੇਰਾ ਚੀਰਾ ॥
ਜੇਤੀ ਹੈ ਤੇਤੀ ਤੁਧੁ ਜਾਚੈ
ਕਰਮਿ ਮਿਲੈ ਸੋ ਪਾਇਦਾ ॥੧੩॥

گِیانُ دھِیانُ سچُ گہِر گنبھِیرا ॥
کوءِ ن جانےَ تیرا چیِرا ॥
جیتی ہےَ تیتی تُدھُ جاچےَ
کرمِ مِلےَ سو پائِدا ॥ 13 ॥

ਕਰਮੁ ਧਰਮੁ ਸਚੁ ਹਾਥਿ ਤੁਮਾਰੈ ॥
ਵੇਪਰਵਾਹ ਅਖੁਟ ਭੰਡਾਰੈ ॥
ਤੂ ਦਇਆਲੁ ਕਿਰਪਾਲੁ ਸਦਾ ਪ੍ਰਭੁ
ਆਪੇ ਮੇਲਿ ਮਿਲਾਇਦਾ ॥੧੪॥

کرمُ دھرمُ سچُ ہاتھِ تُمارےَ ॥
ویپرواہ اکھُٹ بھنڈارےَ ॥
توُ دیئالُ کِرپالُ سدا پربھُ
آپے میلِ مِلائِدا ॥ 14 ॥

ਆਪੇ ਦੇਖਿ ਦਿਖਾਵੈ ਆਪੇ ॥
ਆਪੇ ਥਾਪਿ ਉਥਾਪੇ ਆਪੇ ॥
ਆਪੇ ਜੋੜਿ ਵਿਛੋੜੇ ਕਰਤਾ
ਆਪੇ ਮਾਰਿ ਜੀਵਾਇਦਾ ॥੧੫॥

آپے دیکھِ دِکھاوےَ آپے ॥
آپے تھاپِ اُتھاپے آپے ॥
آپے جوڑِ وِچھوڑے کرتا
آپے مارِ جیِوائِدا ॥ 15 ॥

ਜੇਤੀ ਹੈ ਤੇਤੀ ਤੁਧੁ ਅੰਦਰਿ ॥
جیتی ہے تیتی تُدھُ اندرِ ॥

ਦੇਖਹਿ ਆਪਿ ਬੈਸਿ ਬਿਜ ਮੰਦਰਿ ॥
دیکھہِ آپِ بیَس بِج مندرِ ॥

ਨਾਨਕੁ ਸਾਚੁ ਕਹੈ ਬੇਨੰਤੀ
ਹਰਿ ਦਰਸਨਿ ਸੁਖੁ ਪਾਇਦਾ ॥੧੬॥੧॥੧੩॥
نانکُ ساچُ کہے بینتی
ہرِ درسنِ سُکھُ پائِدا ॥ 16 ॥ 1 ॥ 13 ॥

ਮਾਰੂ ਮਹਲਾ ੧ ॥
مارُو محلا 1 ॥

ਦਰਸਨੁ ਪਾਵਾ ਜੇ ਤੁਧੁ ਭਾਵਾ ॥
درسنُ پاوا جے تُدھُ بھاوا ॥

ਭਾਇ ਭਗਤਿ ਸਾਚੇ ਗੁਣ ਗਾਵਾ ॥
بھاءِ بھگتِ ساچے گُنؤ گاوا ॥

ਤੁਧੁ ਭਾਣੇ ਤੂ ਭਾਵਹਿ ਕਰਤੇ
ਆਪੇ ਰਸਨ ਰਸਾਇਦਾ ॥੧॥
تُدھُ بھاٹے توُ بھاوہِ کرتے
آپے رسن رسائِدا ॥ 1 ॥

ਸੋਹਨਿ ਭਗਤ ਪ੍ਰਭੂ ਦਰਬਾਰੇ ॥
سوہنِ بھگت پربھوُ دربارے ॥

ਮੁਕਤੁ ਭਏ ਹਰਿ ਦਾਸ ਤੁਮਾਰੇ ॥
مُکتُ بھئے ہرِ داس تُمارے ॥

ਆਪੁ ਗਵਾਇ ਤੇਰੈ ਰੰਗਿ ਰਾਤੇ
ਅਨਦਿਨੁ ਨਾਮੁ ਧਿਆਇਦਾ ॥੨॥
آپُ گواءِ تیرے رنگِ راتے
اندِنُ نامُ دھیائِدا ॥ 2 ॥

ਈਸਰੁ ਬ੍ਰਹਮਾ ਦੇਵੀ ਦੇਵਾ ॥
ایسرُ برہما دیوی دیوا ॥

ਇੰਦ੍ਰ ਤਪੇ ਮੁਨਿ ਤੇਰੀ ਸੇਵਾ ॥
اِندّر تپے مُنِ تیری سیوا ॥

ਜਤੀ ਸਤੀ ਕੇਤੇ ਬਨਵਾਸੀ
ਅੰਤੁ ਨ ਕੋਈ ਪਾਇਦਾ ॥੩॥
جتی ستی کیتے بنواسی
انتُ ن کوئی پائِدا ॥ 3 ॥

ਵਿਣੁ ਜਾਣਾਏ ਕੋਇ ਨ ਜਾਣੈ ॥
وِنُ جاٹائے کوءِ ن جانے ॥

ਜੋ ਕਿਛੁ ਕਰੇ ਸੁ ਆਪਣ ਭਾਣੈ ॥
جو کِچھُ کرے سُ آپنؤ بھانے ॥

ਲਖ ਚਉਰਾਸੀਹ ਜੀਅ ਉਪਾਏ
ਭਾਣੈ ਸਾਹ ਲਵਾਇਦਾ ॥੪॥
لکھ چئُراسیہِ جیء اُپائے
بھانے ساہ لوائِدا ॥ 4 ॥

ਜੋ ਤਿਸੁ ਭਾਵੈ ਸੋ ਨਿਹਚਉ ਹੋਵੈ ॥
جو تِسُ بھاوے سو نِہچءُ ہووے ॥

ਮਨਮੁਖੁ ਆਪੁ ਗਣਾਏ ਰੋਵੈ ॥
منمُکھُ آپُ گٹائے رووے ॥

ਨਾਵਹੁ ਭੁਲਾ ਠਉਰ ਨ ਪਾਏ
ناوہُ بھُلا ٹھئُر ن پائے

ਆਇ ਜਾਇ ਦੁਖੁ ਪਾਇਦਾ ॥੫॥

آءِ جاءِ دُکھُ پائِدا ॥5॥

ਨਿਰਮਲ ਕਾਇਆ ਊਜਲ ਹੰਸਾ ॥

نِرمل کائِیا اوُجل ہنّسا ॥

ਤਿਸੁ ਵਿਚਿ ਨਾਮੁ ਨਿਰੰਜਨ ਅੰਸਾ ॥

تِسُ وِچِ نامُ نِرنّجن انّسا ॥

ਸਗਲੇ ਦੂਖ ਅੰਮ੍ਰਿਤੁ ਕਰਿ ਪੀਵੈ
ਬਾਹੁੜਿ ਦੂਖੁ ਨ ਪਾਇਦਾ ॥੬॥

سگلے دوُکھ انمّرِتُ کرِ پیِوے
باہُڑِ دوُکھُ ن پائِدا ॥6॥

ਬਹੁ ਸਾਦਹੁ ਦੂਖੁ ਪਰਾਪਤਿ ਹੋਵੈ ॥

بہُ سادہُ دوُکھُ پراپتِ ہووے ॥

ਭੋਗਹੁ ਰੋਗ ਸੁ ਅੰਤਿ ਵਿਗੋਵੈ ॥

بھوگہُ روگ سُ انّتِ وِگووے ॥

ਹਰਖਹੁ ਸੋਗੁ ਨ ਮਿਟਈ ਕਬਹੂ
ਵਿਣੁ ਭਾਣੇ ਭਰਮਾਇਦਾ ॥੭॥

ہرکھہُ سوگُ ن مٹئی کبہوُ
وِنُ بھاٹے بھرمائِدا ॥7॥

ਗਿਆਨ ਵਿਹੂਣੀ ਭਵੈ ਸਬਾਈ ॥

گیان وِہوُنی بھوے سبائی ॥

ਸਾਚਾ ਰਵਿ ਰਹਿਆ ਲਿਵ ਲਾਈ ॥

ساچا رِو رہِیا لِو لائی ॥

ਨਿਰਭਉ ਸਬਦੁ ਗੁਰੂ ਸਚੁ ਜਾਤਾ
ਜੋਤੀ ਜੋਤਿ ਮਿਲਾਇਦਾ ॥੮॥

نِربھءُ سبدُ گُروُ سچُ جاتا
جوتی جوتِ مِلائِدا ॥8॥

ਅਟਲੁ ਅਡੋਲੁ ਅਤੋਲੁ ਮੁਰਾਰੇ ॥

اٹلُ اڈولُ اتولُ مُرارے ॥

ਖਿਨ ਮਹਿ ਢਾਹਿ ਫੇਰਿ ਉਸਾਰੇ ॥

کھِن مہِ ڈھاہِ پھیرِ اُسارے ॥

ਰੂਪੁ ਨ ਰੇਖਿਆ ਮਿਤਿ ਨਹੀ ਕੀਮਤਿ
ਸਬਦਿ ਭੇਦਿ ਪਤੀਆਇਦਾ ॥੯॥

روُپُ ن ریکھیا مِتِ نہی قِیمتِ
سبدِ بھیدِ پتیِائِدا ॥9॥

ਹਮ ਦਾਸਨ ਕੇ ਦਾਸ ਪਿਆਰੇ ॥

ہم داسن کے داس پِیارے ۔ ॥

ਸਾਧਿਕ ਸਾਚ ਭਲੇ ਵੀਚਾਰੇ ॥

سادھِک ساچ بھلے ویچارے ॥

ਮੰਨੇ ਨਾਉ ਸੋਈ ਜਿਣਿ ਜਾਸੀ
ਆਪੇ ਸਾਚੁ ਦ੍ਰਿੜਾਇਦਾ ॥੧੦॥

منّنے ناءُ سوئی جِنِ جاسی
آپے ساچُ دڑِڑائِدا ॥ 10 ॥

ਪਲੈ ਸਾਚੁ ਸਚੇ ਸਚਿਆਰਾ ॥

پلےَ ساچُ سچے سچِیارا ॥

ਸਾਚੇ ਭਾਵੈ ਸਬਦੁ ਪਿਆਰਾ ॥

ساچے بھاوے سبدُ پِیارا ॥

ਤ੍ਰਿਭਵਣਿ ਸਾਚੁ ਕਲਾ ਧਰਿ ਥਾਪੀ

تّرِبھونِ ساچُ کلا دھرِ تھاپی

ਸਾਚੇ ਹੀ ਪਤੀਆਇਦਾ ॥੧੧॥

ساچے ہی پتیِیائِدا ॥ 11 ॥

ਵਡਾ ਵਡਾ ਆਖੈ ਸਭੁ ਕੋਈ ॥

وڈا وڈا آکھےَ سبھُ کوئی ॥

ਗੁਰ ਬਿਨੁ ਸੋਝੀ ਕਿਨੈ ਨ ਹੋਈ ॥

گُر بِنُ سوجھی کِنے ن ہوئی ॥

ਸਾਚਿ ਮਿਲੈ ਸੋ ਸਾਚੇ ਭਾਏ
ਨਾ ਵੀਛੁੜਿ ਦੁਖੁ ਪਾਇਦਾ ॥੧੨॥

ساچِ مِلےَ سو ساچے بھائے
نا وِیچھُڑِ دُکھُ پائِدا ॥ 12 ॥

ਧੁਰਹੁ ਵਿਛੁੰਨੇ ਧਾਹੀ ਰੁੰਨੇ ॥

دھُرہُ وِچھُنّے دھاہی رُنّے ॥

ਮਰਿ ਮਰਿ ਜਨਮਹਿ ਮੁਹਲਤਿ ਪੁੰਨੇ ॥

مرِ مرِ جنمہِ مُہلتِ پُنّے ॥

ਜਿਸੁ ਬਖਸੇ ਤਿਸੁ ਦੇ ਵਡਿਆਈ
ਮੇਲਿ ਨ ਪਛੋਤਾਇਦਾ ॥੧੩॥

جِسُ بخشے تِسُ دے وڈِیائی
میلِ ن پچھوتائِدا ॥ 13 ॥

ਆਪੇ ਕਰਤਾ ਆਪੇ ਭੁਗਤਾ ॥

آپے کرتا آپے بھُگتا ॥

ਆਪੇ ਤ੍ਰਿਪਤਾ ਆਪੇ ਮੁਕਤਾ ॥

آپے ترِپتا آپے مُکتا ॥

ਆਪੇ ਮੁਕਤਿ ਦਾਨੁ ਮੁਕਤੀਸਰੁ
ਮਮਤਾ ਮੋਹੁ ਚੁਕਾਇਦਾ ॥੧੪॥

آپے مُکتِ دانُ مُکتیِسرُ
ممتا موہُ چُکائِدا ॥ 14 ॥

ਦਾਨਾ ਕੈ ਸਿਰਿ ਦਾਨੁ ਵੀਚਾਰਾ ॥

دانا کے سِرِ دانُ ویچارا ॥

ਕਰਣ ਕਾਰਣ ਸਮਰਥੁ ਅਪਾਰਾ ॥

کرنُ کارنُ سمرتھُ اپارا ॥

ਕਰਿ ਕਰਿ ਵੇਖੈ ਕੀਤਾ ਅਪਣਾ
ਕਰਣੀ ਕਾਰ ਕਰਾਇਦਾ ॥੧੫॥

کرِ کرِ ویکھےَ کِیتا اپنا
کرنی کار کرائِدا ॥ 15 ॥

ਸੇ ਗੁਣ ਗਾਵਹਿ ਸਾਚੇ ਭਾਵਹਿ ॥

سے گُنُ گاوہِ ساچے بھاوہِ ॥

ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ ॥

تُجھ تے اُپجہِ تُجھ ماہِ سماوہِ ॥

ਨਾਨਕੁ ਸਾਚੁ ਕਹੈ ਬੇਨੰਤੀ
ਮਿਲਿ ਸਾਚੇ ਸੁਖੁ ਪਾਇਦਾ ॥੧੬॥੨॥੧੪॥

نانکُ ساچُ کہےَ بینّتی
مِلِ ساچے سُکھُ پائِدا ॥ 16 ॥2॥ 14 ॥

ਮਾਰੂ ਮਹਲਾ ੧ ॥

مارُو محلا 1 ॥

ਅਰਬਦ ਨਰਬਦ ਧੁੰਧੂਕਾਰਾ ॥

اربد نربد دھُندھوُکارا ॥

ਧਰਣਿ ਨ ਗਗਨਾ ਹੁਕਮੁ ਅਪਾਰਾ ॥
دھرنِ ن گگنا حُکمُ اپارا ॥

ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ
ਸੁੰਨ ਸਮਾਧਿ ਲਗਾਇਦਾ ॥੧॥
نا دِنُ ریَنِ ن چندُ ن سوُرجُ
سُنّن سمادھِ لگائِدا ॥1॥

ਖਾਣੀ ਨ ਬਾਣੀ ਪਉਣ ਨ ਪਾਣੀ ॥
کھانی ن بانی پُنّ ن پانی ॥

ਓਪਤਿ ਖਪਤਿ ਨ ਆਵਣ ਜਾਣੀ ॥
اوپتِ کھپتِ ن آونّ جانی ॥

ਖੰਡ ਪਤਾਲ ਸਪਤ ਨਹੀ ਸਾਗਰ
ਨਦੀ ਨ ਨੀਰੁ ਵਹਾਇਦਾ ॥੨॥
کھنڈ پتال سپت نہی ساگر
ندی ن نیرُ وہائِدا ॥2॥

ਨਾ ਤਦਿ ਸੁਰਗੁ ਮਛੁ ਪਇਆਲਾ ॥
نا تدِ سُرگُ مچھُ پئیالا ॥

ਦੋਜਕੁ ਭਿਸਤੁ ਨਹੀ ਖੈ ਕਾਲਾ ॥
دوزکُ بھِستُ نہی کھے َکالا ॥

ਨਰਕੁ ਸੁਰਗੁ ਨਹੀ ਜੰਮਣੁ ਮਰਣਾ
ਨਾ ਕੋ ਆਇ ਨ ਜਾਇਦਾ ॥੩॥
نرکُ سُرگُ نہی جنّمنُ مرنا
نا کو آءِ ن جائِدا ॥3॥

ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥
برہما بِسنُ مہیسُ ن کوئی ॥

ਅਵਰੁ ਨ ਦੀਸੈ ਏਕੋ ਸੋਈ ॥
اورُ ن دیسے ایکو سوئی ॥

ਨਾਰਿ ਪੁਰਖੁ ਨਹੀ ਜਾਤਿ ਨ ਜਨਮਾ
ਨਾ ਕੋ ਦੁਖੁ ਸੁਖੁ ਪਾਇਦਾ ॥੪॥
نارِ پُرکھُ نہی زاتِ ن جنما
نا کو دُکھُ سُکھُ پائِدا ॥4॥

ਨਾ ਤਦਿ ਜਤੀ ਸਤੀ ਬਨਵਾਸੀ ॥
نا تدِ جتی ستی بنواسی ॥

ਨਾ ਤਦਿ ਸਿਧ ਸਾਧਿਕ ਸੁਖਵਾਸੀ ॥
نا تدِ سِدھ سادھِک سُکھواسی ॥

ਜੋਗੀ ਜੰਗਮ ਭੇਖੁ ਨ ਕੋਈ
ਨਾ ਕੋ ਨਾਥੁ ਕਹਾਇਦਾ ॥੫॥
جوگی جنگم بھیکھُ ن کوئی
نا کو ناتھُ کہائِدا ॥5॥

ਜਪ ਤਪ ਸੰਜਮ ਨਾ ਬ੍ਰਤ ਪੂਜਾ ॥
جپ تپ سنّجم نا برّت پوُجا ॥

ਨਾ ਕੋ ਆਖਿ ਵਖਾਣੈ ਦੂਜਾ ॥
نا کو آکھِ وکھانے دوُجا ॥

ਆਪੇ ਆਪਿ ਉਪਾਇ ਵਿਗਸੈ
ਆਪੇ ਕੀਮਤਿ ਪਾਇਦਾ ॥੬॥
آپے آپِ اُپاءِ وِگسے
آپے قِیمتِ پائِدا ॥6॥

ਨਾ ਸੁਚਿ ਸੰਜਮੁ ਤੁਲਸੀ ਮਾਲਾ ॥
نا سُچِ سنّجمُ تُلسی مالا ॥

ਗੋਪੀ ਕਾਨੁ ਨ ਗਊ ਗੋਆਲਾ ॥
ਤੰਤੁ ਮੰਤੁ ਪਾਖੰਡੁ ਨ ਕੋਈ
ਨਾ ਕੋ ਵੰਸੁ ਵਜਾਇਦਾ ॥੭॥

گوپی کانُ ن گئوُ گویالا ॥
تنّتُ منّتُ پاکھنّڈُ ن کوئی
نا کو ونّسُ وجائِدا ॥7॥

ਕਰਮ ਧਰਮ 'ਨਹੀ' ਮਾਇਆ ਮਾਖੀ ॥
ਜਾਤਿ ਜਨਮੁ ਨਹੀ ਦੀਸੈ ਆਖੀ ॥
ਮਮਤਾ ਜਾਲੁ ਕਾਲੁ ਨਹੀ ਮਾਥੈ
ਨਾ ਕੋ ਕਿਸੈ ਧਿਆਇਦਾ ॥੮॥

کرم دھرم نہی مائِیا ماکھی ॥
زاتِ جنمُ نہی دیسےَ آکھی ॥
ممتا جالُ کالُ نہی ماتھےَ
نا کو کِسےَ دھِیائِدا ॥8॥

ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ ॥
ਨਾ ਤਦਿ ਗੋਰਖੁ ਨ ਮਾਛਿੰਦੋ ॥
ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ
ਨਾ ਕੋ ਗਣਤ ਗਣਾਇਦਾ ॥੯॥

نِندُ بِندُ نہی جِیءُ ن جِندو ॥
نا تدِ گورکھُ ن ماچھِندو ॥
نا تدِ گیانُ دھِیانُ کُل اوپتِ
نا کو گنّت گنّائِدا ॥9॥

ਵਰਨ ਭੇਖ 'ਨਹੀ' ਬ੍ਰਹਮਣ ਖਤ੍ਰੀ ॥
ਦੇਉ ਨ ਦੇਹੁਰਾ ਗਊ ਗਾਇਤ੍ਰੀ ॥
ਹੋਮ ਜਗ 'ਨਹੀ' ਤੀਰਥਿ ਨਾਵਣੁ
ਨਾ ਕੋ ਪੂਜਾ ਲਾਇਦਾ ॥੧੦॥

ورن بھیکھ نہی برہمنُ کھتّری ॥
دیءُ ن دیہُرا گئوُ گائِتّری ॥
ہوم جگ نہی تیرتھِ ناونُّ
نا کو پوُجا لائِدا ॥ 10 ॥

ਨਾ ਕੋ ਮੁਲਾ ਨਾ ਕੋ ਕਾਜੀ ॥
ਨਾ ਕੋ ਸੇਖੁ ਮਸਾਇਕੁ ਹਾਜੀ ॥
ਰਈਅਤਿ ਰਾਉ 'ਨ' ਹਉਮੈ ਦੁਨੀਆ
ਨਾ ਕੋ ਕਹਣੁ ਕਹਾਇਦਾ ॥੧੧॥

نا کو مُلا نا کو قاضی ॥
نا کو سیکھُ مشائِکُ ہاجی ॥
رعِیّتِ راءُ ن ہئُےَ دُنِیا
نا کو کہنُّ کہائِدا ॥ 11 ॥

ਭਾਉ ਨ ਭਗਤੀ ਨਾ ਸਿਵ ਸਕਤੀ ॥
ਸਾਜਨੁ ਮੀਤੁ ਬਿੰਦੁ ਨਹੀ ਰਕਤੀ ॥
ਆਪੇ ਸਾਹੁ ਆਪੇ ਵਣਜਾਰਾ
ਸਾਚੇ ਏਹੋ ਭਾਇਦਾ ॥੧੨॥

بھاءُ ن بھگتی نا سِو سکتی ॥
ساجنُ میتُ بِندُ نہی رکتی ॥
آپے ساہُ آپے ونّجارا
ساچے ایہو بھائِدا ॥ 12 ॥

ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥

بید کتیب ن سِمّرِتِ ساست ॥

ਪਾਠ ਪੁਰਾਣ ਉਦੈ ਨਹੀ ਆਸਤ ॥

پاٹھ پُراڻ اُدے نہی آست ॥

ਕਹਤਾ ਬਕਤਾ ਆਪਿ ਅਗੋਚਰੁ
ਆਪੇ ਅਲਖੁ ਲਖਾਇਦਾ ॥੧੩॥

کہتا بکتا آپِ اگوچرُ
آپے الکھُ لکھائِدا ॥ 13 ॥

ਜਾ ਤਿਸੁ ਭਾਣਾ
ਤਾ ਜਗਤੁ ਉਪਾਇਆ ॥

جا تِسُ بھاٹا
تا جگتُ اُپائِیا ॥

ਬਾਝੁ ਕਲਾ ਆਡਾਣੁ ਰਹਾਇਆ ॥

باجھُ کلا آڈاڻُ رہائِیا ॥

ਬ੍ਰਹਮਾ ਬਿਸਨੁ ਮਹੇਸੁ ਉਪਾਏ
ਮਾਇਆ ਮੋਹੁ ਵਧਾਇਦਾ ॥੧੪॥

برہما بِسنُ مہیسُ اُپائے
مائِیا موہُ ودھائِدا ॥ 14 ॥

ਵਿਰਲੇ ਕਉ ਗੁਰ ਸਬਦੁ ਸੁਣਾਇਆ ॥

وِرلے ک ءُ گُر سبدُ سُناۓِیا ॥

ਕਰਿ ਕਰਿ ਦੇਖੈ ਹੁਕਮੁ ਸਬਾਇਆ ॥

کرِ کرِ دیکھے حُکمُ سبائِیا ॥

ਖੰਡ ਬ੍ਰਹਮੰਡ ਪਾਤਾਲ ਅਰੰਭੇ
ਗੁਪਤਹੁ ਪਰਗਟੀ ਆਇਦਾ ॥੧੫॥

کھنڈ برہمنڈ پاتال ارنبھے
گُپتہٗ پرگٹی آئِدا ॥ 15 ॥

ਤਾ ਕਾ ਅੰਤੁ ਨ ਜਾਣੈ ਕੋਈ ॥

تا کا انتُ ن جاڻے کوئی ॥

ਪੂਰੇ ਗੁਰ ਤੇ ਸੋਝੀ ਹੋਈ ॥

پوُرے گُر تے سوجھی ہوئی ॥

ਨਾਨਕ ਸਾਚਿ ਰਤੇ ਬਿਸਮਾਦੀ
ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥

نانک ساچِ رتے بِسمادی
بِسم بھۓ گُڻ گائِدا ॥ 16 ॥3॥ 15 ॥

ਮਾਰੂ ਮਹਲਾ ੧ ॥

مارُو محلا 1 ॥

ਆਪੇ ਆਪੁ ਉਪਾਇ ਨਿਰਾਲਾ ॥

آپے آپُ اُپاءِ نِرالا ॥

ਸਾਚਾ ਥਾਨੁ ਕੀਓ ਦਇਆਲਾ ॥

ساچا تھانُ کِیئو دئِیالا ॥

ਪਉਣ ਪਾਣੀ ਅਗਨੀ ਕਾ ਬੰਧਨੁ
ਕਾਇਆ ਕੋਟੁ ਰਚਾਇਦਾ ॥੧॥

پُڻ پاڻی اگنی کا بندھنُ
کائِیا کوٹُ رچائِدا ॥1॥

ਨਉ ਘਰੁ ਥਾਪੇ ਥਾਪਣਹਾਰੈ ॥

ن ءُ گھرُ تھاپے تھاپڻہارے ॥

ਦਸਵੈ ਵਾਸਾ ਅਲਖ ਅਪਾਰੈ ॥

دسوے واسا الکھ اپارے ॥

ਸਾਇਰ ਸਪਤ ਭਰੇ ਜਲਿ ਨਿਰਮਲਿ

سائِر سپت بھرے جلِ نِرملِ

ਗੁਰਮੁਖਿ ਮੈਲੁ ਨ ਲਾਇਦਾ ॥੨॥

گُرمُکھِ میَلُ ن لائِدا ॥2॥

ਰਵਿ ਸਸਿ ਦੀਪਕ ਜੋਤਿ ਸਬਾਈ ॥

روِ سسِ دیپک جوتِ سبائی ॥

ਆਪੇ ਕਰਿ ਵੇਖੈ ਵਡਿਆਈ ॥

آپے کرِ ویکھےَ وڈِیائی ॥

ਜੋਤਿ ਸਰੂਪ ਸਦਾ ਸੁਖਦਾਤਾ
ਸਚੇ ਸੋਭਾ ਪਾਇਦਾ ॥੩॥

جوتِ سروُپ سدا سُکھداتا
سچے سوبھا پائِدا ॥3॥

ਗੜ ਮਹਿ ਹਾਟ ਪਟਣ ਵਾਪਾਰਾ ॥

گڑ مہِ ہاٹ پٹّن واپارا ॥

ਪੂਰੈ ਤੋਲਿ ਤੋਲੈ ਵਣਜਾਰਾ ॥

پوُرےَ تولِ تولے وٹّجارا ॥

ਆਪੇ ਰਤਨੁ ਵਿਸਾਹੇ ਲੇਵੈ
ਆਪੇ ਕੀਮਤਿ ਪਾਇਦਾ ॥੪॥

آپے رتنُ وِساہے لیوےَ
آپے قِیمتِ پائِدا ॥4॥

ਕੀਮਤਿ ਪਾਈ ਪਾਵਣਹਾਰੈ ॥

قِیمتِ پائی پاوٹّہارےَ ॥

ਵੇਪਰਵਾਹ ਪੂਰੇ ਭੰਡਾਰੈ ॥

ویپرواہ پوُرے بھنّڈارےَ ॥

ਸਰਬ ਕਲਾ ਲੇ ਆਪੇ ਰਹਿਆ
ਗੁਰਮੁਖਿ ਕਿਸੈ ਬੁਝਾਇਦਾ ॥੫॥

سرب کلا لے آپے رہِیا
گُرمُکھِ کِسےَ بُجھائِدا ॥5॥

ਨਦਰਿ ਕਰੇ ਪੂਰਾ ਗੁਰੁ ਭੇਟੈ ॥

ندرِ کرے پوُرا گُرُ بھیٹےَ ॥

ਜਮ ਜੰਦਾਰੁ ਨ ਮਾਰੈ ਫੇਟੈ ॥

جم جنّدارُ ن مارےَ پھیٹےَ ॥

ਜਿਉ ਜਲ ਅੰਤਰਿ ਕਮਲੁ ਬਿਗਾਸੀ
ਆਪੇ ਬਿਗਸਿ ਧਿਆਇਦਾ ॥੬॥

جِءُ جل انتّرِ کملُ بِگاسی
آپے بِگسِ دھِیائِدا ॥6॥

ਆਪੇ ਵਰਖੈ ਅੰਮ੍ਰਿਤ ਧਾਰਾ ॥

آپے ورکھےَ انمّرِت دھارا ॥

ਰਤਨ ਜਵੇਹਰ ਲਾਲ ਅਪਾਰਾ ॥

رتن جویہر لال اپارا ॥

ਸਤਿਗੁਰੁ ਮਿਲੈ ਤ ਪੂਰਾ ਪਾਈਐ
ਪ੍ਰੇਮ ਪਦਾਰਥੁ ਪਾਇਦਾ ॥੭॥

ستِگُرُ ملِےَ ت پوُرا پائیےَ
پّریم پدارتھُ پائِدا ॥7॥

ਪ੍ਰੇਮ ਪਦਾਰਥੁ ਲਹੈ ਅਮੋਲੋ ॥

پّریم پدارتھُ لہےَ امولو ॥

ਕਬ ਹੀ ਨ ਘਾਟਸਿ ਪੂਰਾ ਤੋਲੋ ॥

کب ہی ن گھاٹسِ پوُرا تولو ॥

ਸਚੇ ਕਾ ਵਾਪਾਰੀ ਹੋਵੈ

سچے کا واپاری ہووےَ

ਸਚੋ ਸਉਦਾ ਪਾਇਦਾ ॥੮॥	سچو سئُدا پائِدا ॥8॥
ਸਚਾ ਸਉਦਾ ਵਿਰਲਾ ਕੋ ਪਾਏ ॥	سچا سئُدا وِرلا کو پائے ॥
ਪੂਰਾ ਸਤਿਗੁਰੁ ਮਿਲੈ ਮਿਲਾਏ ॥	پُورا ستِگُرُ مِلےَ مِلائے ॥
ਗੁਰਮੁਖਿ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇਦਾ ॥੯॥	گُرمُکھِ ہوءِ سُ حُکمُ پچھانے مانے حُکمُ سمائِدا ॥9॥
ਹੁਕਮੇ ਆਇਆ ਹੁਕਮਿ ਸਮਾਇਆ ॥	حُکمے آئِیا حُکمِ سمائِیا ॥
ਹੁਕਮੇ ਦੀਸੈ ਜਗਤੁ ਉਪਾਇਆ ॥	حُکمے دِسِےَ جگتُ اُپائِیا ॥
ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ ॥੧੦॥	حُکمے سُرگُ مچھُ پئِیالا حُکمے کلا رہائِدا ॥ 10 ॥
ਹੁਕਮੇ ਧਰਤੀ ਧਉਲ ਸਿਰਿ ਭਾਰੰ ॥	حُکمے دھرتی دھئُل سِرِ بھارنّ ॥
ਹੁਕਮੇ ਪਉਣ ਪਾਣੀ ਗੈਣਾਰੰ ॥	حُکمے پئُنُ پانئُ گیئارنّ ॥
ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ ॥੧੧॥	حُکمے سِو سکتی گھرِ واسا حُکمے کھیل کھیلائِدا ॥ 11 ॥
ਹੁਕਮੇ ਆਡਾਣੇ ਆਗਾਸੀ ॥	حُکمے آڈانے آگاسی ॥
ਹੁਕਮੇ ਜਲ ਥਲ ਤ੍ਰਿਭਵਣ ਵਾਸੀ ॥	حُکمے جل تھل ترِبھونٔ واسی ॥
ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ ॥੧੨॥	حُکمے ساس گِراس سدا پھُنِ حُکمے دیکھِ دِکھائِدا ॥ 12 ॥
ਹੁਕਮਿ ਉਪਾਏ ਦਸ ਅਉਤਾਰਾ ॥	حُکمِ اُپائے دس اُتارا ॥
ਦੇਵ ਦਾਨਵ ਅਗਣਤ ਅਪਾਰਾ ॥	دیو دانو اگنّت اپارا ॥
ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ ॥੧੩॥	مانے حُکمُ سُ درگہ پیجھےَ ساچِ مِلاءِ سمائِدا ॥ 13 ॥
ਹੁਕਮੇ ਜੁਗ ਛਤੀਹ ਗੁਦਾਰੇ ॥	حُکمے جُگ چھتیہِ گُدارے ॥
ਹੁਕਮੇ ਸਿਧ ਸਾਧਿਕ ਵੀਚਾਰੇ ॥	حُکمے سِدھ سادھِک ویچارے ॥
ਆਪਿ ਨਾਥੁ ਨਥੀਂ ਸਭ ਜਾ ਕੀ	آپِ ناتھُ نتھیِں سبھ جا کی

ਬਖਸੇ ਮੁਕਤਿ ਕਰਾਇਦਾ ॥੧੪॥

بخشے مُکتِ کرائِدا ॥ 14 ॥

ਕਾਇਆ ਕੋਟੁ ਗੜੈ ਮਹਿ ਰਾਜਾ ॥

کائِیا کوٹُ گڑے مہِ راجا ॥

ਨੇਬ ਖਵਾਸ ਭਲਾ ਦਰਵਾਜਾ ॥

نیب خواس بھلا دروازا ॥

ਮਿਥਿਆ ਲੋਭੁ ਨਾਹੀ ਘਰਿ ਵਾਸਾ
ਲਬਿ ਪਾਪਿ ਪਛੁਤਾਇਦਾ ॥੧੫॥

مِتھیا لوبھُ ناہی گھرِ واسا
لبِ پاپِ پچھُتائِدا ॥ 15 ॥

ਸਤੁ ਸੰਤੋਖੁ ਨਗਰ ਮਹਿ ਕਾਰੀ ॥

ست سنّتوکھُ نگر مہِ کاری ॥

ਜਤੁ ਸਤੁ ਸੰਜਮੁ ਸਰਣਿ ਮੁਰਾਰੀ ॥

جتُ ست سنّجمُ سرنِٹِ مُراری ॥

ਨਾਨਕ ਸਹਜਿ ਮਿਲੈ ਜਗਜੀਵਨੁ
ਗੁਰ ਸਬਦੀ ਪਤਿ ਪਾਇਦਾ ॥੧੬॥੪॥੧੬॥

نانک سہجِ ملِےَ جگجِیونُ
گُر سبدی پتِ پائِدا ॥ 16 ॥4॥ 16 ॥

ਮਾਰੂ ਮਹਲਾ ੧ ॥

مارُو محلا 1 ॥

ਸੁੰਨ ਕਲਾ ਅਪਰੰਪਰਿ ਧਾਰੀ ॥

سُنّن کلا اپرنّپرِ دھاری ॥

ਆਪਿ ਨਿਰਾਲਮੁ ਅਪਰ ਅਪਾਰੀ ॥

آپِ نِرالمُ اپر اپاری ॥

ਆਪੇ ਕੁਦਰਤਿ ਕਰਿ ਕਰਿ ਦੇਖੈ
ਸੁੰਨਹੁ ਸੁੰਨੁ ਉਪਾਇਦਾ ॥੧॥

آپے قُدرتِ کرِ کرِ دیکھےَ
سُنّنہُ سُنّنُ اُپائِدا ॥1॥

ਪਉਣੁ ਪਾਣੀ ਸੁੰਨੈ ਤੇ ਸਾਜੇ ॥

پؤنُ پانٹی سُنّنے تے ساجے ॥

ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥

سّرِسٹِ اُپاءِ کائِیا گڑ راجے ॥

ਅਗਨਿ ਪਾਣੀ ਜੀਉ ਜੋਤਿ ਤੁਮਾਰੀ
ਸੁੰਨੇ ਕਲਾ ਰਹਾਇਦਾ ॥੨॥

اگنِ پانٹی جیءُ جوتِ تُماری
سُنّنے کلا رہائِدا ॥2॥

ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ ॥

سُنّنہُ برہما بِسنُ مہیسُ اُپائے ॥

ਸੁੰਨੇ ਵਰਤੇ ਜੁਗ ਸਬਾਏ ॥

سُنّنے ورتے جُگ سبائے ॥

ਇਸੁ ਪਦ ਵੀਚਾਰੇ ਸੋ ਜਨੁ ਪੂਰਾ
ਤਿਸੁ ਮਿਲੀਐ ਭਰਮੁ ਚੁਕਾਇਦਾ ॥੩॥

اِسُ پد ویچارے سو جنُ پوُرا
تِسُ ملِیےَ بھرمُ چُکائِدا ॥3॥

ਸੁੰਨਹੁ ਸਪਤ ਸਰੋਵਰ ਥਾਪੇ ॥

سُنّنہُ سپت سروور تھاپے ॥

ਜਿਨਿ ਸਾਜੇ ਵੀਚਾਰੇ ਆਪੇ ॥
جِنِ ساجے ویچارے آپے ॥

ਤਿਤੁ ਸਤ ਸਰਿ ਮਨੂਆ ਗੁਰਮੁਖਿ ਨਾਵੈ
ਫਿਰਿ ਬਾਹੁੜਿ ਜੋਨਿ ਨ ਪਾਇਦਾ ॥੪॥
تِتُ ست سرِ منوُیا گُرمُکھِ ناوے
پھِرِ باہُڑِ جونِ ن پائِدا ॥4॥

ਸੁੰਨਹੁ ਚੰਦੁ ਸੂਰਜੁ ਗੈਣਾਰੇ ॥
سُنّنہُ چندُ سوُرجُ گیَنّارے ॥

ਤਿਸ ਕੀ ਜੋਤਿ ਤ੍ਰਿਭਵਣ ਸਾਰੇ ॥
تِس کی جوتِ ترِبھونٌ سارے ॥

ਸੁੰਨੇ ਅਲਖ ਅਪਾਰ ਨਿਰਾਲਮੁ
ਸੁੰਨੇ ਤਾੜੀ ਲਾਇਦਾ ॥੫॥
سُنّنے الکھ اپار نِرالمُ
سُنّنے تاڑی لائِدا ॥5॥

ਸੁੰਨਹੁ ਧਰਤਿ ਅਕਾਸੁ ਉਪਾਏ ॥
سُنّنہُ دھرتِ اکاسُ اُپائے ॥

ਬਿਨੁ ਥੰਮਾ ਰਾਖੇ ਸਚੁ ਕਲ ਪਾਏ ॥
بِنُ تھمّا راکھے سچُ کل پائے ॥

ਤ੍ਰਿਭਵਣ ਸਾਜਿ ਮੇਖੁਲੀ ਮਾਇਆ
ਆਪਿ ਉਪਾਇ ਖਪਾਇਦਾ ॥੬॥
ترِبھونٌ ساجِ میکھُلی مائیا
آپِ اُپاءِ کھپائِدا ॥6॥

ਸੁੰਨਹੁ ਖਾਣੀ ਸੁੰਨਹੁ ਬਾਣੀ ॥
سُنّنہُ کھانٹی سُنّنہُ بانٹی ॥

ਸੁੰਨਹੁ ਉਪਜੀ ਸੁੰਨਿ ਸਮਾਣੀ ॥
سُنّنہُ اُپجی سُنّنِ سمانٹی ॥

ਉਤਭੁਜੁ ਚਲਤੁ ਕੀਆ ਸਿਰਿ ਕਰਤੈ
ਬਿਸਮਾਦੁ ਸਬਦਿ ਦੇਖਾਇਦਾ ॥੭॥
اُتبھُجُ چلتُ کِیا سِرِ کرتے
بِسماد سبدِ دیکھائِدا ॥7॥

ਸੁੰਨਹੁ ਰਾਤਿ ਦਿਨਸੁ ਦੁਇ ਕੀਏ ॥
سُنّنہُ راتِ دِنُس دُءِ کیئے ॥

ਓਪਤਿ ਖਪਤਿ ਸੁਖਾ ਦੁਖ ਦੀਏ ॥
اوپتِ کھپتِ سُکھا دُکھ دیئے ॥

ਸੁਖ ਦੁਖ ਹੀ ਤੇ ਅਮਰੁ ਅਤੀਤਾ
ਗੁਰਮੁਖਿ ਨਿਜ ਘਰੁ ਪਾਇਦਾ ॥੮॥
سُکھ دُکھ ہی تے امرُ اتیتا
گُرمُکھِ نِج گھرُ پائِدا ॥8॥

ਸਾਮ ਵੇਦੁ ਰਿਗੁ ਜੁਜਰੁ ਅਥਰਬਣੁ ॥
سام ویدُ رِگُ جُجرُ اتھربنُ ॥

ਬ੍ਰਹਮੇ ਮੁਖਿ ਮਾਇਆ ਹੈ ਤ੍ਰੈ ਗੁਣ ॥
برہمے مُکھِ مائیا ہے ترے گُنٌ ॥

ਤਾ ਕੀ ਕੀਮਤਿ ਕਹਿ ਨ ਸਕੈ ਕੋ
ਤਿਉ ਬੋਲੇ ਜਿਉ ਬੋਲਾਇਦਾ ॥੯॥
تا کی قِیمتِ کہِ ن سکے کو
تِءُ بولے جِءُ بولائِدا ॥9॥

ਸੁੰਨਹੁ ਸਪਤ ਪਾਤਾਲ ਉਪਾਏ ॥
سُنّنہُ سپت پاتال اُپائے ॥

ਸੁੰਨਹੁ ਭਵਣ ਰਖੇ ਲਿਵ ਲਾਏ ॥

ٱپے کارنُ کِیا اپرنپَرِ
سبھُ تیرو کِیا کمائِدا ॥ 10 ॥

ਆਪੇ ਕਾਰਣੁ ਕੀਆ ਅਪਰੰਪਰਿ
ਸਭੁ ਤੇਰੋ ਕੀਆ ਕਮਾਇਦਾ ॥੧੦॥

ਰਜ ਤਮ ਸਤ ਕਲ
ਤੇਰੀ ਛਾਇਆ ॥

رج تم ست کل
تیری چھائیا ॥

ਜਨਮ ਮਰਣ ਹਉਮੈ ਦੁਖੁ ਪਾਇਆ ॥

جنم مرنُ ہئُمےَ دُکھُ پائیا ॥

ਜਿਸ ਨੋ ਕ੍ਰਿਪਾ ਕਰੇ ਹਰਿ ਗੁਰਮੁਖਿ
ਗੁਣਿ ਚਉਥੈ ਮੁਕਤਿ ਕਰਾਇਦਾ ॥੧੧॥

جِس نو کرِپا کرے ہرِ گُرمُکھِ
گُنِ چتُھےَ مُکتِ کرائِدا ॥ 11 ॥

ਸੁੰਨਹੁ ਉਪਜੇ ਦਸ ਅਵਤਾਰਾ ॥

سُنّہُ اُپجے دس اوتارا ॥

ਸ੍ਰਿਸਟਿ ਉਪਾਇ ਕੀਆ ਪਾਸਾਰਾ ॥

سرِسٹِ اُپاءِ کِیا پاسارا ॥

ਦੇਵ ਦਾਨਵ ਗਣ ਗੰਧਰਬ ਸਾਜੇ
ਸਭਿ ਲਿਖਿਆ ਕਰਮ ਕਮਾਇਦਾ ॥੧੨॥

دیو دانو گنُ گندھرب ساجے
سبھِ لِکھِیا کرم کمائِدا ॥ 12 ॥

ਗੁਰਮੁਖਿ ਸਮਝੈ ਰੋਗੁ ਨ ਹੋਈ ॥

گُرمُکھِ سمجھےَ روگُ ن ہوئی ॥

ਇਹ ਗੁਰ ਕੀ ਪਉੜੀ ਜਾਣੈ ਜਨੁ ਕੋਈ ॥

اِہ گُر کی پئڑی جانےَ جنُ کوئی ॥

ਜੁਗਹ ਜੁਗੰਤਰਿ ਮੁਕਤਿ ਪਰਾਇਣ
ਸੋ ਮੁਕਤਿ ਭਇਆ ਪਤਿ ਪਾਇਦਾ ॥੧੩॥

جُگہ جُگنترِ مُکتِ پرائنُ
سو مُکتِ بھئیا پتِ پائِدا ॥ 13 ॥

ਪੰਚ ਤਤੁ ਸੁੰਨਹੁ ਪਰਗਾਸਾ ॥

پنچ تتُ سُنّہُ پرگاسا ॥

ਦੇਹ ਸੰਜੋਗੀ ਕਰਮ ਅਭਿਆਸਾ ॥

دیہ سنجوگی کرم ابھیاسا ॥

ਬੁਰਾ ਭਲਾ ਦੁਇ ਮਸਤਕਿ ਲੀਖੇ
ਪਾਪੁ ਪੁੰਨੁ ਬੀਜਾਇਦਾ ॥੧੪॥

بُرا بھلا دُءِ مستکِ لیکھے
پاپُ پُنّنُ بیجائِدا ॥ 14 ॥

ਊਤਮ ਸਤਿਗੁਰ ਪੁਰਖ ਨਿਰਾਲੇ ॥

اوُتم ستِگُر پُرکھ نِرالے ॥

ਸਬਦਿ ਰਤੇ ਹਰਿ ਰਸਿ ਮਤਵਾਲੇ ॥

سبدِ رتے ہرِ رسِ متوالے ॥

ਰਿਧਿ ਬੁਧਿ ਸਿਧਿ ਗਿਆਨੁ ਗੁਰੂ ਤੇ ਪਾਈਐ
ਪੂਰੈ ਭਾਗਿ ਮਿਲਾਇਦਾ ॥੧੫॥

رِدھِ بُدھِ سِدھِ گیانُ گُرو تے پائیئےَ
پوُرے بھاگِ مِلائِدا ॥ 15 ॥

ਇਸੁ ਮਨ ਮਾਇਆ ਕਉ ਨੇਹੁ ਘਨੇਰਾ ॥
اِسُ من مائیا ک ءُ نیہُ گھنیرا ॥

ਕੋਈ ਬੂਝਹੁ ਗਿਆਨੀ ਕਰਹੁ ਨਿਬੇਰਾ ॥
کوئی بُوجھہُ گیانی کرہُ نِبیرا ॥

ਆਸਾ ਮਨਸਾ ਹਉਮੈ ਸਹਸਾ
ਨਰੁ ਲੋਭੀ ਕੂੜੁ ਕਮਾਇਦਾ ॥੧੬॥
آسا منسا ہئُمےَ سہسا
نرُ لوبھی کوُڑُ کمائِدا ॥ 16 ॥

ਸਤਿਗੁਰ ਤੇ ਪਾਏ ਵੀਚਾਰਾ ॥
ستِگُر تے پائے ویچارا ॥

ਸੁੰਨ ਸਮਾਧਿ ਸਚੇ ਘਰ ਬਾਰਾ ॥
سُنّن سمادھِ سچے گھر بارا ॥

ਨਾਨਕ ਨਿਰਮਲ ਨਾਦੁ ਸਬਦ ਧੁਨਿ
ਸਚੁ ਰਾਮੈ ਨਾਮਿ ਸਮਾਇਦਾ ॥੧੭॥੫॥੧੭॥
نانک نِرمل نادُ سبد دھُنِ
سچُ رامےَ نامِ سمائِدا ॥ 17 ॥5॥ 17 ॥

ਮਾਰੂ ਮਹਲਾ ੧ ॥
مارُو محلا 1 ॥

ਜਹ ਦੇਖਾ ਤਹ ਦੀਨ ਦਇਆਲਾ ॥
جہ دیکھا تہ دِین دئیالا ॥

ਆਇ ਨ ਜਾਈ ਪ੍ਰਭੁ ਕਿਰਪਾਲਾ ॥
آءِ ن جائی پربھُ کِرپالا ॥

ਜੀਆ ਅੰਦਰਿ ਜੁਗਤਿ ਸਮਾਈ
ਰਹਿਓ ਨਿਰਾਲਮੁ ਰਾਇਆ ॥੧॥
جِیا اندرِ جُگتِ سمائی
رہِئو نِرالمُ رائِیا ॥1॥

ਜਗੁ ਤਿਸ ਕੀ ਛਾਇਆ
ਜਿਸੁ ਬਾਪੁ ਨ ਮਾਇਆ ॥
جگُ تِس کی چھائِیا
جِسُ باپُ ن مائِیا ॥

ਨਾ ਤਿਸੁ ਭੈਣ ਨ ਭਰਾਉ ਕਮਾਇਆ ॥
نا تِسُ بھیَنُ ن بھراءُ کمائِیا ॥

ਨਾ ਤਿਸੁ ਓਪਤਿ ਖਪਤਿ ਕੁਲ ਜਾਤੀ
ਓਹੁ ਅਜਰਾਵਰੁ ਮਨਿ ਭਾਇਆ ॥੨॥
نا تِسُ اوپتِ کھپتِ کُل زاتی
اوہُ اجراورُ منِ بھائِیا ॥2॥

ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ ॥
توُ اکال پُرکھُ ناہی سِرِ کالا ॥

ਤੂ ਪੁਰਖੁ ਅਲੇਖ ਅਗੰਮ ਨਿਰਾਲਾ ॥
توُ پُرکھُ الیکھ اگنم نِرالا ॥

ਸਤ ਸੰਤੋਖਿ ਸਬਦਿ ਅਤਿ ਸੀਤਲੁ
ਸਹਜ ਭਾਇ ਲਿਵ ਲਾਇਆ ॥੩॥
ست سنّتوکھِ سبدِ اتِ سِیتلُ
سہج بھاءِ لِو لائِیا ॥3॥

ਤ੍ਰੈ ਵਰਤਾਇ ਚਉਥੈ ਘਰਿ ਵਾਸਾ ॥
ترّےَ ورتاءِ چنُتھےَ گھرِ واسا ॥

ਕਾਲ ਬਿਕਾਲ ਕੀਏ ਇਕ ਗ੍ਰਾਸਾ ॥
کال بِکال کیئے اِک گراسا ॥

ਨਿਰਮਲ ਜੋਤਿ ਸਰਬ ਜਗਜੀਵਨੁ
ਗੁਰਿ ਅਨਹਦ ਸਬਦਿ ਦਿਖਾਇਆ ॥੪॥

نِرمل جوتِ سرب جگجیونُ
گُرِ انہد سبدِ دِکھائیا ॥4॥

ਊਤਮ ਜਨ ਸੰਤ ਭਲੇ ਹਰਿ ਪਿਆਰੇ ॥

اوُتم جن سنّت بھلے ہرِ پیارے ॥

ਹਰਿ ਰਸ ਮਾਤੇ ਪਾਰਿ ਉਤਾਰੇ ॥

ہرِ رس ماتے پارِ اُتارے ॥

ਨਾਨਕ ਰੇਣ ਸੰਤ ਜਨ ਸੰਗਤਿ
ਹਰਿ ਗੁਰ ਪਰਸਾਦੀ ਪਾਇਆ ॥੫॥

نانک ریڑ سنّت جن سنگتِ
ہرِ گُر پرسادی پائیا ॥5॥

ਤੂ ਅੰਤਰਜਾਮੀ ਜੀਅ ਸਭਿ ਤੇਰੇ ॥

توُ انترجامی جیء سبھِ تیرے ॥

ਤੂ ਦਾਤਾ ਹਮ ਸੇਵਕ ਤੇਰੇ ॥

توُ داتا ہم سیوک تیرے ॥

ਅੰਮ੍ਰਿਤ ਨਾਮੁ ਕ੍ਰਿਪਾ ਕਰਿ ਦੀਜੈ
ਗੁਰਿ ਗਿਆਨ ਰਤਨੁ ਦੀਪਾਇਆ ॥੬॥

انمّرِت نامُ کرِپا کرِ دیجے
گُرِ گیان رتنُ دیپائیا ॥6॥

ਪੰਚ ਤਤੁ ਮਿਲਿ ਇਹੁ ਤਨੁ ਕੀਆ ॥

پنچ تتُ مِلِ اِہُ تنُ کیِیا ॥

ਆਤਮ ਰਾਮ ਪਾਏ ਸੁਖੁ ਥੀਆ ॥

آتم رام پائے سُکھُ تھیِیا ॥

ਕਰਮ ਕਰਤੂਤਿ ਅੰਮ੍ਰਿਤ ਫਲੁ ਲਾਗਾ
ਹਰਿ ਨਾਮ ਰਤਨੁ ਮਨਿ ਪਾਇਆ ॥੭॥

کرم کرتوُتِ انمّرِت پھلُ لاگا
ہرِ نام رتنُ منِ پائیا ॥7॥

ਨਾ ਤਿਸੁ ਭੂਖ ਪਿਆਸ ਮਨੁ ਮਾਨਿਆ ॥

نا تِسُ بھوُکھ پیاس منُ مانِیا ॥

ਸਰਬ ਨਿਰੰਜਨੁ ਘਟਿ ਘਟਿ ਜਾਨਿਆ ॥

سرب نِرنجنُ گھٹِ گھٹِ جانِیا ॥

ਅੰਮ੍ਰਿਤ ਰਸਿ ਰਾਤਾ ਕੇਵਲ ਬੈਰਾਗੀ
ਗੁਰਮਤਿ ਭਾਇ ਸੁਭਾਇਆ ॥੮॥

انمّرِت رسِ راتا کیول بیَراگی
گُرمتِ بھاءِ سُبھائیا ॥8॥

ਅਧਿਆਤਮ ਕਰਮ ਕਰੇ ਦਿਨੁ ਰਾਤੀ ॥

ادھیاتم کرم کرے دِنُ راتی ॥

ਨਿਰਮਲ ਜੋਤਿ ਨਿਰੰਤਰਿ ਜਾਤੀ ॥

نِرمل جوتِ نِرنترِ جاتی ॥

ਸਬਦੁ ਰਸਾਲੁ ਰਸਨ ਰਸਿ ਰਸਨਾ
ਬੇਣੁ ਰਸਾਲੁ ਵਜਾਇਆ ॥੯॥

سبدُ رسالُ رسن رسِ رسنا
بینُ رسالُ وجائیا ॥9॥

ਬੇਣੁ ਰਸਾਲੁ ਵਜਾਵੈ ਸੋਈ ॥

بینُ رسالُ وجاوے سوئی ॥

ਜਾ ਕੀ ਤ੍ਰਿਭਵਣ ਸੋਝੀ ਹੋਈ ॥

جا کی ترِبھونُ سوجھی ہوئی ॥

ਨਾਨਕ ਬੂਝਹੁ ਇਹ ਬਿਧਿ ਗੁਰਮਤਿ
ਹਰਿ ਰਾਮ ਨਾਮਿ ਲਿਵ ਲਾਇਆ ॥੧੦॥

نانک بُوجھہُ اِہ بِدھِ گُرمتِ
ہرِ رام نامِ لِو لائیا ॥ 10 ॥

ਐਸੇ ਜਨ ਵਿਰਲੇ ਸੰਸਾਰੇ ॥

ایَسے جن وِرلے سنّسارے ॥

ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥

گُر سبدُ ویچارہِ رہہِ نِرارے ॥

ਆਪਿ ਤਰਹਿ ਸੰਗਤਿ ਕੁਲ ਤਾਰਹਿ
ਤਿਨ ਸਫਲ ਜਨਮੁ ਜਗਿ ਆਇਆ ॥੧੧॥

آپِ ترہِ سنگتِ کُل تارہِ
تِن سپھل جنمُ جگِ آئیا ॥ 11 ॥

ਘਰੁ ਦਰੁ ਮੰਦਰੁ ਜਾਣੈ ਸੋਈ ॥

گھرُ درُ مندّرُ جانےٗ سوئی ॥

ਜਿਸੁ ਪੂਰੇ ਗੁਰ ਤੇ ਸੋਝੀ ਹੋਈ ॥

جِسُ پوُرے گُر تے سوجھی ہوئی ॥

ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ
ਸਚੁ ਸਾਚਾ ਤਖਤੁ ਰਚਾਇਆ ॥੧੨॥

کائیا گڑھ محل محلی پربھُ ساچا
سچُ ساچا تخت رچائیا ॥ 12 ॥

ਚਤੁਰ ਦਸ ਹਾਟ ਦੀਵੇ ਦੁਇ ਸਾਖੀ ॥

چترُ دس ہاٹ دیوے دُءِ ساکھی ॥

ਸੇਵਕ ਪੰਚ ਨਾਹੀ ਬਿਖੁ ਚਾਖੀ ॥

سیوک پنچ ناہی بِکھُ چاکھی ॥

ਅੰਤਰਿ ਵਸਤੁ ਅਨੂਪ ਨਿਰਮੋਲਕ
ਗੁਰਿ ਮਿਲਿਐ ਹਰਿ ਧਨੁ ਪਾਇਆ ॥੧੩॥

انترِ وستُ انوُپ نِرمولک
گُرِ ملِئے ہرِ دھنُ پائیا ॥ 13 ॥

ਤਖਤਿ ਬਹੈ ਤਖਤੈ ਕੀ ਲਾਇਕ ॥

تخت ِ بہے تختے کی لائِک ॥

ਪੰਚ ਸਮਾਏ ਗੁਰਮਤਿ ਪਾਇਕ ॥

پنچ سمائے گُرمتِ پائِک ॥

ਆਦਿ ਜੁਗਾਦੀ ਹੈ ਭੀ ਹੋਸੀ
ਸਹਸਾ ਭਰਮੁ ਚੁਕਾਇਆ ॥੧੪॥

آدِ جُگادی ہے بھی ہوسی
سہسا بھرمُ چُکائیا ॥ 14 ॥

ਤਖਤਿ ਸਲਾਮੁ ਹੋਵੈ ਦਿਨੁ ਰਾਤੀ ॥

تخت ِ سلامُ ہووے دِنُ راتی ॥

ਇਹੁ ਸਾਚੁ ਵਡਾਈ ਗੁਰਮਤਿ ਲਿਵ ਜਾਤੀ ॥

اِہُ ساچُ وڈائی گُرمتِ لِو جاتی ॥

ਨਾਨਕ ਰਾਮੁ ਜਪਹੁ ਤਰੁ ਤਾਰੀ
ਹਰਿ ਅੰਤਿ ਸਖਾਈ ਪਾਇਆ ॥੧੫॥੧॥੧੮॥

نانک رامُ جپہُ ترُ تاری
ہرِ انتِ سکھائی پائیا ॥ 15 ॥1॥ 18 ॥

ਮਾਰੂ ਮਹਲਾ ੧ ॥

مارُو محلا 1 ॥

ਹਰਿ ਧਨੁ ਸੰਚਹੁ ਰੇ ਜਨ ਭਾਈ ॥

ہرِ دھنُ سنچہُ رے جن بھائی ۔ ॥

ਸਤਿਗੁਰ ਸੇਵਿ ਰਹਹੁ ਸਰਣਾਈ ॥

ستِگُر سیوِ رہہُ سرٹائی ॥

ਤਸਕਰੁ ਚੋਰੁ ਨ ਲਾਗੈ ਤਾ ਕਉ
ਧੁਨਿ ਉਪਜੈ ਸਬਦਿ ਜਗਾਇਆ ॥੧॥

تسکرُ چورُ ن لاگے تا ک ءُ
دھُنِ اُپجے سبدِ جگائیا ॥1॥

ਤੂ ਏਕੰਕਾਰੁ ਨਿਰਾਲਮੁ ਰਾਜਾ ॥

توُ ایکنکارُ نِرالمُ راجا ॥

ਤੂ ਆਪਿ ਸਵਾਰਹਿ ਜਨ ਕੇ ਕਾਜਾ ॥

توُ آپِ سوارہِ جن کے کاجا ॥

ਅਮਰੁ ਅਡੋਲੁ ਅਪਾਰੁ ਅਮੋਲਕੁ
ਹਰਿ ਅਸਥਿਰ ਥਾਨਿ ਸੁਹਾਇਆ ॥੨॥

امرُ اڈولُ اپارُ امولکُ
ہرِ استھِر تھانِ سُہائیا ॥2॥

ਦੇਹੀ ਨਗਰੀ ਊਤਮ ਥਾਨਾ ॥

دیہی نگری اوُتم تھانا ॥

ਪੰਚ ਲੋਕ ਵਸਹਿ ਪਰਧਾਨਾ ॥

پنّچ لوک وسہِ پردھانا ॥

ਊਪਰਿ ਏਕੰਕਾਰੁ ਨਿਰਾਲਮੁ
ਸੁੰਨ ਸਮਾਧਿ ਲਗਾਇਆ ॥੩॥

اوُپرِ ایکنکارُ نِرالمُ
سُنّن سمادھِ لگائیا ॥3॥

ਦੇਹੀ ਨਗਰੀ ਨਉ ਦਰਵਾਜੇ ॥

دیہی نگری ن ءُ دروازے ॥

ਸਿਰਿ ਸਿਰਿ ਕਰਣੈਹਾਰੈ ਸਾਜੇ ॥

سِرِ سِرِ کرنٹیہارے ساجے ॥

ਦਸਵੈ ਪੁਰਖੁ ਅਤੀਤੁ ਨਿਰਾਲਾ
ਆਪੇ ਅਲਖੁ ਲਖਾਇਆ ॥੪॥

دسوے پُرکھُ اتیتُ نِرالا
آپے الکھُ لکھائیا ॥4॥

ਪੁਰਖੁ ਅਲੇਖੁ ਸਚੇ ਦੀਵਾਨਾ ॥

پُرکھُ الیکھُ سچے دیوانا ॥

ਹੁਕਮਿ ਚਲਾਏ ਸਚੁ ਨੀਸਾਨਾ ॥

حُکمِ چلائے سچُ نِیشانا ॥

ਨਾਨਕ ਖੋਜਿ ਲਹਹੁ ਘਰੁ ਅਪਨਾ
ਹਰਿ ਆਤਮ ਰਾਮ ਨਾਮੁ ਪਾਇਆ ॥੫॥

نانک کھوجِ لہہُ گھرُ اپنا
ہرِ آتم رام نامُ پائیا ॥5॥

ਸਰਬ ਨਿਰੰਜਨ ਪੁਰਖੁ ਸੁਜਾਨਾ ॥

سرب نِرنّجن پُرکھُ سُجانا ॥

ਅਦਲੁ ਕਰੇ ਗੁਰ ਗਿਆਨ ਸਮਾਨਾ ॥

عدلُ کرے گُر گیان سمانا ॥

ਕਾਮੁ ਕ੍ਰੋਧੁ ਲੈ ਗਰਦਨਿ ਮਾਰੇ
ਹਉਮੈ ਲੋਭੁ ਚੁਕਾਇਆ ॥੬॥

کامُ کرودھُ لے گردنِ مارے
ہئُمے لوبھُ چُکائیا ॥6॥

ਸਚੈ ਥਾਨਿ ਵਸੈ ਨਿਰੰਕਾਰਾ ॥

سچے تھانِ وسے نِرنّکارا ॥

ਆਪਿ ਪਛਾਣੈ ਸਬਦੁ ਵੀਚਾਰਾ ॥
آپِ پچھاٹےَ سبدُ ویچارا ॥

ਸਚੈ ਮਹਲਿ ਨਿਵਾਸੁ ਨਿਰੰਤਰਿ
ਆਵਣ ਜਾਣੁ ਚੁਕਾਇਆ ॥੭॥
سچےَ محلِ نِواسُ نِرنترِ
آونُ جانُ چُکائِیا ॥7॥

ਨਾ ਮਨੁ ਚਲੈ ਨ ਪਉਣੁ ਉਡਾਵੈ ॥
نا منُ چلےَ ن پئُنُ اُڈاوےَ ॥

ਜੋਗੀ ਸਬਦੁ ਅਨਾਹਦੁ ਵਾਵੈ ॥
جوگی سبدُ اناہدُ واوےَ ॥

ਪੰਚ ਸਬਦ ਝੁਣਕਾਰੁ ਨਿਰਾਲਮੁ
ਪ੍ਰਭਿ ਆਪੇ ਵਾਇ ਸੁਣਾਇਆ ॥੮॥
پنچ سبد جھُنکارُ نِرالمُ
پربھِ آپے واءِ سُٹائِیا ॥8॥

ਭਉ ਬੈਰਾਗਾ ਸਹਜਿ ਸਮਾਤਾ ॥
بھءُ بیَراگا سہجِ سماتا ॥

ਹਉਮੈ ਤਿਆਗੀ ਅਨਹਦਿ ਰਾਤਾ ॥
ہئُمےَ تیاگی انہدِ راتا ॥

ਅੰਜਨੁ ਸਾਰਿ ਨਿਰੰਜਨੁ ਜਾਣੈ
ਸਰਬ ਨਿਰੰਜਨੁ ਰਾਇਆ ॥੯॥
انجنُ سارِ نِرنجنُ جاٹےَ
سرب نِرنجنُ رائِیا ॥9॥

ਦੁਖ ਭੈ ਭੰਜਨ ਪ੍ਰਭੁ ਅਬਿਨਾਸੀ ॥
دُکھ بھےَ بھنجن پربھُ اِبناسی ॥

ਰੋਗ ਕਟੇ ਕਾਟੀ ਜਮ ਫਾਸੀ ॥
روگ کٹےَ کاٹی جم پھاسی ॥

ਨਾਨਕ ਹਰਿ ਪ੍ਰਭੁ ਸੋ ਭਉ ਭੰਜਨੁ
ਗੁਰ ਮਿਲਿਐ ਹਰਿ ਪ੍ਰਭੁ ਪਾਇਆ ॥੧੦॥
نانک ہرِ پربھُ سو بھءُ بھنجنُ
گُر مِلِےَ ہرِ پربھُ پائِیا ॥ 10 ॥

ਕਾਲੈ ਕਵਲੁ ਨਿਰੰਜਨੁ ਜਾਣੈ ॥
کالےَ کولُ نِرنجنُ جاٹےَ ॥

ਬੂਝੈ ਕਰਮੁ ਸੁ ਸਬਦੁ ਪਛਾਣੈ ॥
بوُجھےَ کرمُ سُ سبدُ پچھاٹےَ ॥

ਆਪੇ ਜਾਣੈ ਆਪਿ ਪਛਾਣੈ
ਸਭੁ ਤਿਸ ਕਾ ਚੋਜੁ ਸਬਾਇਆ ॥੧੧॥
آپے جاٹےَ آپِ پچھاٹےَ
سبھُ تِس کا چوجُ سبائِیا ॥ 11 ॥

ਆਪੇ ਸਾਹੁ ਆਪੇ ਵਣਜਾਰਾ ॥
آپے ساہُ آپے ونجارا ॥

ਆਪੇ ਪਰਖੇ ਪਰਖਣਹਾਰਾ ॥
آپے پرکھے پرکھنہارا ॥

ਆਪੇ ਕਸਿ ਕਸਵਟੀ ਲਾਏ
ਆਪੇ ਕੀਮਤਿ ਪਾਇਆ ॥੧੨॥
آپے کِس کسوٹی لائے
آپے قِیمتِ پائِیا ॥ 12 ॥

ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥
آپِ دئِیالِ دئِیا پربھِ دھاری ॥

ਘਟਿ ਘਟਿ ਰਵਿ ਰਹਿਆ ਬਨਵਾਰੀ ॥

گھٹِ گھٹِ روِ رہِیا بنواری ॥

ਪੁਰਖੁ ਅਤੀਤੁ ਵਸੈ ਨਿਹਕੇਵਲੁ
ਗੁਰ ਪੁਰਖੈ ਪੁਰਖੁ ਮਿਲਾਇਆ ॥੧੩॥

پُرکھُ اتیِتُ وسے نِہکیولُ
گُر پُرکھے پُرکھُ مِلائِیا ॥ 13 ॥

ਪ੍ਰਭੁ ਦਾਨਾ ਬੀਨਾ ਗਰਬੁ ਗਵਾਏ ॥

پربھُ دانا بِینا گربُ گوائے ॥

ਦੂਜਾ ਮੇਟੈ ਏਕੁ ਦਿਖਾਏ ॥

دوُجا میٹے ایکُ دِکھائے ॥

ਆਸਾ ਮਾਹਿ ਨਿਰਾਲਮੁ ਜੋਨੀ
ਅਕੁਲ ਨਿਰੰਜਨੁ ਗਾਇਆ ॥੧੪॥

آسا ماہِ نِرالمُ جونی
اُکل نِرنجنُ گائِیا ॥ 14 ॥

ਹਉਮੈ ਮੇਟਿ ਸਬਦਿ ਸੁਖੁ ਹੋਈ ॥

ہئُمے میٹِ سبدِ سُکھُ ہوئی ॥

ਆਪੁ ਵੀਚਾਰੇ ਗਿਆਨੀ ਸੋਈ ॥

آپُ ویچارے گِیانی سوئی ॥

ਨਾਨਕ ਹਰਿ ਜਸੁ ਹਰਿ ਗੁਣ ਲਾਹਾ
ਸਤਸੰਗਤਿ ਸਚੁ ਫਲੁ ਪਾਇਆ ॥੧੫॥੨॥੧੯॥

نانک ہرِ جسُ ہرِ گُن لاہا
ستسنگتِ سچُ پھلُ پائِیا ॥ 15 ॥2॥ 19 ॥

ਮਾਰੂ ਮਹਲਾ ੧ ॥

مارو محلا 1 ॥

ਸਚੁ ਕਹਹੁ ਸਚੈ ਘਰਿ ਰਹਣਾ ॥

سچُ کہہُ سچے گھرِ رہنّا ॥

ਜੀਵਤ ਮਰਹੁ ਭਵਜਲੁ ਜਗੁ ਤਰਣਾ ॥

جیِوت مرہُ بھوجلُ جگُ ترنّا ॥

ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ
ਮਨ ਹਰਿ ਜਪਿ ਪਾਰਿ ਲੰਘਾਇਆ ॥੧॥

گُرُ بوہتھُ گُرُ بیڑی تُلہا
من ہرِ جپِ پارِ لنگھائِیا ॥1॥

ਹਉਮੈ ਮਮਤਾ ਲੋਭ ਬਿਨਾਸਨੁ ॥

ہئُمے ممتا لوبھ بِناسنُ ॥

ਨਉ ਦਰ ਮੁਕਤੇ ਦਸਵੈ ਆਸਨੁ ॥

ن ءُ درُ مُکتے دسوے آسنُ ॥

ਊਪਰਿ ਪਰੈ ਪਰੈ ਅਪਰੰਪਰੁ
ਜਿਨਿ ਆਪੇ ਆਪੁ ਉਪਾਇਆ ॥੨॥

اوُپرِ پرے پرے اپرنّپرُ
جِنِ آپے آپُ اُپائِیا ॥2॥

ਗੁਰਮਤਿ ਲੇਵਹੁ ਹਰਿ ਲਿਵ ਤਰੀਐ ॥

گُرمتِ لیوہُ ہرِ لِو ترِیئے ॥

ਅਕਲੁ ਗਾਇ ਜਮ ਤੇ ਕਿਆ ਡਰੀਐ ॥

اکُلُ گاءِ جم تے کِیا ڈرِیئے۔ ॥

ਜਤ ਜਤ ਦੇਖਉ ਤਤ ਤਤ ਤੁਮ ਹੀ
ਅਵਰੁ ਨ ਦੁਤੀਆ ਗਾਇਆ ॥੩॥

جت جت دیکھ ءُ تت تت تُم ہی
اورُ ن دُتِیا گائِیا ॥3॥

ਸਚੁ ਹਰਿ ਨਾਮੁ ਸਚੁ ਹੈ ਸਰਣਾ ॥
ਸچُ ہرِ نامُ سچُ ہے سرٹا ॥

ਸਚੁ ਗੁਰ ਸਬਦੁ ਜਿਤੈ ਲਗਿ ਤਰਣਾ ॥
سچُ گُر سبدُ جِتے لگِ ترٹا ॥

ਅਕਥੁ ਕਥੈ ਦੇਖੈ ਅਪਰੰਪਰੁ
ਫੁਨਿ ਗਰਭਿ ਨ ਜੋਨੀ ਜਾਇਆ ॥੪॥
اکتھُ کتھے دیکھے اپرنپرُ
پھُنِ گربھِ ن جونی جائیا ॥4॥

ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥
سچ بِنُ ست سنتوکھُ ن پاوے ॥

ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥
بِنُ گُر مُکتِ ن آوے جاوے ॥

ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ
ਕਹੁ ਨਾਨਕ ਪੂਰਾ ਪਾਇਆ ॥੫॥
مُول منّترُ ہرِ نامُ رسائنُ
کہُ نانک پُورا پائیا ॥5॥

ਸਚ ਬਿਨੁ ਭਵਜਲੁ ਜਾਇ ਨ ਤਰਿਆ ॥
سچ بِنُ بھوجلُ جاءِ ن ترِیا ॥

ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ ॥
ایہُ سمُندُ اتھاہُ مہا بِکھُ بھرِیا ॥

ਰਹੈ ਅਤੀਤੁ ਗੁਰਮਤਿ ਲੇ ਊਪਰਿ
ਹਰਿ ਨਿਰਭਉ ਕੈ ਘਰਿ ਪਾਇਆ ॥੬॥
رہے اتیتُ گُرمتِ لے اوُپرِ
ہرِ نربھءُ کے گھرِ پائیا ॥6॥

ਝੂਠੀ ਜਗ ਹਿਤ ਕੀ ਚਤੁਰਾਈ ॥
جھوُٹھی جگ ہِت کی چترائی ॥

ਬਿਲਮ ਨ ਲਾਗੈ ਆਵੈ ਜਾਈ ॥
بِلم ن لاگے آوے جائی ॥

ਨਾਮੁ ਵਿਸਾਰਿ ਚਲਹਿ ਅਭਿਮਾਨੀ
ਉਪਜੈ ਬਿਨਸਿ ਖਪਾਇਆ ॥੭॥
نامُ وِسارِ چلہِ ابھِمانی
اُپجے بِنسِ کھپائیا ॥7॥

ਉਪਜਹਿ ਬਿਨਸਹਿ ਬੰਧਨ ਬੰਧੇ ॥
اُپجہِ بِنسہِ بندھن بندھے ॥

ਹਉਮੈ ਮਾਇਆ ਕੇ ਗਲ ਫੰਧੇ ॥
ہئُمےَ مائیا کے گل پھندھے ॥

ਜਿਸੁ ਰਾਮ ਨਾਮੁ ਨਾਹੀ ਮਤਿ ਗੁਰਮਤਿ
ਸੋ ਜਮ ਪੁਰਿ ਬੰਧਿ ਚਲਾਇਆ ॥੮॥
جِسُ رام نامُ ناہی متِ گُرمتِ
سو جم پُر بندھِ چلائیا ॥8॥

ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ॥
گُر بِنُ موکھ مُکتِ کِءُ پائیےَ ۔ ॥

ਬਿਨੁ ਗੁਰ ਰਾਮ ਨਾਮੁ ਕਿਉ ਧਿਆਈਐ ॥
بِنُ گُر رام نامُ کِءُ دھیائیےَ ۔ ॥

ਗੁਰਮਤਿ ਲੇਹੁ ਤਰਹੁ ਭਵ ਦੁਤਰੁ
ਮੁਕਤਿ ਭਏ ਸੁਖੁ ਪਾਇਆ ॥੯॥
گُرمتِ لیہُ ترہُ بھو دُترُ
مُکتِ بھےَ سُکھُ پائیا ॥9॥

ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ ॥
گُرمتِ کرِسنِ گووردھن دھارے ॥

ਗੁਰਮਤਿ ਸਾਇਰਿ ਪਾਹਣ ਤਾਰੇ ॥
گُرمتِ سائرِ پاہنؔ تارے ॥

ਗੁਰਮਤਿ ਲੇਹੁ ਪਰਮ ਪਦੁ ਪਾਈਐ
ਨਾਨਕ ਗੁਰਿ ਭਰਮੁ ਚੁਕਾਇਆ ॥੧੦॥
گُرمتِ لیہُ پرم پدُ پائیئے
نانک گُرِ بھرمُ چُکائیا ॥ 10 ॥

ਗੁਰਮਤਿ ਲੇਹੁ ਤਰਹੁ ਸਚੁ ਤਾਰੀ ॥
گُرمتِ لیہُ ترہُ سچُ تاری ॥

ਆਤਮ ਚੀਨਹੁ ਰਿਦੈ ਮੁਰਾਰੀ ॥
آتم چینہُ رِدے مُراری ॥

ਜਮ ਕੇ ਫਾਹੇ ਕਾਟਹਿ ਹਰਿ ਜਪਿ
ਅਕੁਲ ਨਿਰੰਜਨੁ ਪਾਇਆ ॥੧੧॥
جم کے پھاہے کاٹہِ ہرِ جپِ
اُکل نِرنجنُ پائیا ॥ 11 ॥

ਗੁਰਮਤਿ ਪੰਚ ਸਖੇ ਗੁਰ ਭਾਈ ॥
گُرمتِ پنچؔ سکھے گُر بھائی ॥

ਗੁਰਮਤਿ ਅਗਨਿ ਨਿਵਾਰਿ ਸਮਾਈ ॥
گُرمتِ اگنِ نِوارِ سمائی ॥

ਮਨਿ ਮੁਖਿ ਨਾਮੁ ਜਪਹੁ ਜਗਜੀਵਨ
ਰਿਦ ਅੰਤਰਿ ਅਲਖੁ ਲਖਾਇਆ ॥੧੨॥
منِ مُکھِ نامُ جپہُ جگجیون
رِد انترِ الکھُ لکھائیا ॥ 12 ॥

ਗੁਰਮੁਖਿ ਬੂਝੈ ਸਬਦਿ ਪਤੀਜੈ ॥
گُرمُکھِ بوُجھےَ سبدِ پتیجےَ ॥

ਉਸਤਤਿ ਨਿੰਦਾ ਕਿਸ ਕੀ ਕੀਜੈ ॥
اُستتِ نِندا کِس کی کیجےَ ۔ ॥

ਚੀਨਹੁ ਆਪੁ ਜਪਹੁ ਜਗਦੀਸਰੁ
ਹਰਿ ਜਗੰਨਾਥੁ ਮਨਿ ਭਾਇਆ ॥੧੩॥
چینہُ آپُ جپہُ جگدیسرُ
ہرِ جگنّناتھُ منِ بھائیا ॥ 13 ॥

ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥
جو برہمنڈِ کھنڈِ سو جاٹہُ ॥

ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥
گُرمُکھِ بوُجھہُ سبدِ پچھاٹہُ ॥

ਘਟਿ ਘਟਿ ਭੋਗੇ ਭੋਗਣਹਾਰਾ
ਰਹੈ ਅਤੀਤੁ ਸਬਾਇਆ ॥੧੪॥
گھٹِ گھٹِ بھوگے بھوگنہارا
رہےَ اتیتُ سبائیا ॥ 14 ॥

ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥
گُرمتِ بولہُ ہرِ جسُ سوُچا ॥

ਗੁਰਮਤਿ ਆਖੀ ਦੇਖਹੁ ਊਚਾ ॥
گُرمتِ آکھی دیکھہُ اوُچا ॥

ਸ੍ਰਵਣੀ ਨਾਮੁ ਸੁਣੈ ਹਰਿ ਬਾਣੀ
ਨਾਨਕ ਹਰਿ ਰੰਗਿ ਰੰਗਾਇਆ ॥੧੫॥੩॥੨੦॥
سّروَنی نامُ سُنےَ ہرِ باٹی
نانک ہرِ رنگِ رنگائیا ॥ 15 ॥3॥ 20 ॥

ਮਾਰੂ ਮਹਲਾ ੧ ॥	مارُو محلا 1 ॥
ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ ॥	کامُ کرودھُ پرہرُ پر نِندا ॥
ਲਬੁ ਲੋਭੁ ਤਜਿ ਹੋਹੁ ਨਿਚਿੰਦਾ ॥	لبُ لوبھُ تجِ ہوہُ نِچِندا ॥
ਭ੍ਰਮ ਕਾ ਸੰਗਲੁ ਤੋੜਿ ਨਿਰਾਲਾ ਹਰਿ ਅੰਤਰਿ ਹਰਿ ਰਸੁ ਪਾਇਆ ॥੧॥	بھرم کا سنگلُ توڑِ نِرالا ہرِ انترِ ہرِ رسُ پائیا ॥1॥
ਨਿਸਿ ਦਾਮਨਿ ਜਿਉ ਚਮਕਿ ਚੰਦਾਇਣੁ ਦੇਖੈ ॥	نِس دامنِ جِءُ چمکِ چندائِنُ دیکھےَ ॥
ਅਹਿਨਿਸਿ ਜੋਤਿ ਨਿਰੰਤਰਿ ਪੇਖੈ ॥	اہِنِس جوتِ نِرنترِ پیکھےَ ॥
ਆਨੰਦ ਰੂਪੁ ਅਨੂਪੁ ਸਰੂਪਾ ਗੁਰਿ ਪੂਰੈ ਦੇਖਾਇਆ ॥੨॥	آنند روُپُ انوُپُ سروُپا گُرِ پوُرے دیکھائیا ॥2॥
ਸਤਿਗੁਰ ਮਿਲਹੁ ਆਪੇ ਪ੍ਰਭੁ ਤਾਰੇ ॥	ستِگُر مِلہُ آپے پربھُ تارے ॥
ਸਸਿ ਘਰਿ ਸੂਰੁ ਦੀਪਕੁ ਗੈਣਾਰੇ ॥	سسِ گھرِ سوُرُ دیپکُ گینارے ॥
ਦੇਖਿ ਅਦਿਸਟੁ ਰਹਹੁ ਲਿਵ ਲਾਗੀ ਸਭੁ ਤ੍ਰਿਭਵਣਿ ਬ੍ਰਹਮੁ ਸਬਾਇਆ ॥੩॥	دیکھِ ادِسٹُ رہہُ لِو لاگی سبھُ ترِبھونِ برہمُ سبائیا ॥3॥
ਅੰਮ੍ਰਿਤ ਰਸੁ ਪਾਏ ਤ੍ਰਿਸਨਾ ਭਉ ਜਾਏ ॥	انمرِت رسُ پائے ترِسنا بھءُ جائے ॥
ਅਨਭਉ ਪਦੁ ਪਾਵੈ ਆਪੁ ਗਵਾਏ ॥	انبھءُ پدُ پاوے آپُ گوائے ॥
ਊਚੀ ਪਦਵੀ ਊਚੋ ਊਚਾ ਨਿਰਮਲ ਸਬਦੁ ਕਮਾਇਆ ॥੪॥	اوُچی پدوی اوُچو اوُچا نِرمل سبدُ کمائیا ॥4॥
ਅਦ੍ਰਿਸਟ ਅਗੋਚਰੁ ਨਾਮੁ ਅਪਾਰਾ ॥	ادرِسٹ اگوچرُ نامُ اپارا ॥
ਅਤਿ ਰਸੁ ਮੀਠਾ ਨਾਮੁ ਪਿਆਰਾ ॥	اتِ رسُ میٹھا نامُ پیارا ॥
ਨਾਨਕ ਕਉ ਜੁਗਿ ਜੁਗਿ ਹਰਿ ਜਸੁ ਦੀਜੈ ਹਰਿ ਜਪੀਐ ਅੰਤੁ ਨ ਪਾਇਆ ॥੫॥	نانک کءُ جُگِ جُگِ ہرِ جسُ دیجےَ ہرِ جپیےَ انتُ ن پائیا ॥5॥
ਅੰਤਰਿ ਨਾਮੁ ਪਰਾਪਤਿ ਹੀਰਾ ॥	انترِ نامُ پراپتِ ہیرا ॥
ਹਰਿ ਜਪਤੇ	ہرِ جپتے

ਮਨੁ ਮਨ ਤੇ ਧੀਰਾ ॥	منُ من تے دھیرا ॥
ਦੁਘਟ ਘਟ ਭਉ ਭੰਜਨੁ ਪਾਈਐ ਬਾਹੁੜਿ ਜਨਮਿ ਨ ਜਾਇਆ ॥੬॥	دُگھٹ گھٹ بھءُ بھنجنُ پائیئے باہُڑِ جنمِ ن جائیا ॥6॥
ਭਗਤਿ ਹੇਤਿ ਗੁਰ ਸਬਦਿ ਤਰੰਗਾ ॥	بھگتِ ہیتِ گُر سبدِ ترنگا ॥
ਹਰਿ ਜਸੁ ਨਾਮੁ ਪਦਾਰਥੁ ਮੰਗਾ ॥	ہرِ جسُ نامُ پدارتھُ منگا ॥
ਹਰਿ ਭਾਵੈ ਗੁਰ ਮੇਲਿ ਮਿਲਾਏ ਹਰਿ ਤਾਰੇ ਜਗਤੁ ਸਬਾਇਆ ॥੭॥	ہرِ بھاوے گُر میلِ مِلائے ہرِ تارے جگتُ سبائیا ॥7॥
ਜਿਨਿ ਜਪੁ ਜਪਿਓ ਸਤਿਗੁਰ ਮਤਿ ਵਾ ਕੇ ॥	جِنِ جپُ جپِئو ستِگُر متِ وا کے ॥
ਜਮਕੰਕਰੁ ਕਾਲੁ ਸੇਵਕ ਪਗ ਤਾ ਕੇ ॥	جمکنکرُ کالُ سیوک پگ تا کے ॥
ਊਤਮ ਸੰਗਤਿ ਗਤਿ ਮਿਤਿ ਊਤਮ ਜਗੁ ਭਉਜਲੁ ਪਾਰਿ ਤਰਾਇਆ ॥੮॥	اوُتم سنگتِ گتِ مِتِ اوُتم جگُ بھجُّلُ پارِ ترائیا ॥8॥
ਇਹੁ ਭਵਜਲੁ ਜਗਤੁ ਸਬਦਿ ਗੁਰ ਤਰੀਐ ॥	اِہُ بھوجلُ جگتُ سبدِ گُر ترییَّ ॥
ਅੰਤਰ ਕੀ ਦੁਬਿਧਾ ਅੰਤਰਿ ਜਰੀਐ ॥	انتر کی دُبِدھا انترِ جرییَّ ॥
ਪੰਚ ਬਾਣ ਲੇ ਜਮ ਕਉ ਮਾਰੈ ਗਗਨੰਤਰਿ ਧਣਖੁ ਚੜਾਇਆ ॥੯॥	پنچ باٹ لے جم کءُ مارے گگننترِ دھنکھُ چڑائیا ॥9॥
ਸਾਕਤ ਨਰਿ ਸਬਦ ਸੁਰਤਿ ਕਿਉ ਪਾਈਐ ॥	ساکت نرِ سبد سُرتِ کِءُ پائیئے۔ ॥
ਸਬਦੁ ਸੁਰਤਿ ਬਿਨੁ ਆਈਐ ਜਾਈਐ ॥	سبدُ سُرتِ بِنُ آئیئے جائیئے ॥
ਨਾਨਕ ਗੁਰਮੁਖਿ ਮੁਕਤਿ ਪਰਾਇਣੁ ਹਰਿ ਪੂਰੈ ਭਾਗਿ ਮਿਲਾਇਆ ॥੧੦॥	نانک گُرمُکھِ مُکتِ پرائنُ ہرِ پوُرے بھاگِ مِلائیا ॥ 10 ॥
ਨਿਰਭਉ ਸਤਿਗੁਰੁ ਹੈ ਰਖਵਾਲਾ ॥	نِربھءُ ستِگُر ہے رکھوالا ॥
ਭਗਤਿ ਪਰਾਪਤਿ ਗੁਰ ਗੋਪਾਲਾ ॥	بھگتِ پراپتِ گُر گوپالا ॥
ਧੁਨਿ ਅਨੰਦ ਅਨਾਹਦੁ ਵਾਜੈ ਗੁਰ ਸਬਦਿ ਨਿਰੰਜਨੁ ਪਾਇਆ ॥੧੧॥	دھُنِ انند اناہدُ واجے

ਨਿਰਭਉ ਸੋ ਸਿਰਿ ਨਾਹੀ ਲੇਖਾ ॥
ਆਪਿ ਅਲੇਖੁ ਕੁਦਰਤਿ ਹੈ ਦੇਖਾ ॥
ਆਪਿ ਅਤੀਤੁ ਅਜੋਨੀ ਸੰਭਉ
ਨਾਨਕ ਗੁਰਮਤਿ ਸੋ ਪਾਇਆ ॥੧੨॥

ਅੰਤਰ ਕੀ ਗਤਿ ਸਤਿਗੁਰੁ ਜਾਣੈ ॥
ਸੋ ਨਿਰਭਉ ਗੁਰ ਸਬਦਿ ਪਛਾਣੈ ॥
ਅੰਤਰੁ ਦੇਖਿ ਨਿਰੰਤਰਿ ਬੂਝੈ
ਅਨਤ ਨ ਮਨੁ ਡੋਲਾਇਆ ॥੧੩॥

ਨਿਰਭਉ ਸੋ ਅਭ ਅੰਤਰਿ ਵਸਿਆ ॥
ਅਹਿਨਿਸਿ ਨਾਮਿ ਨਿਰੰਜਨ ਰਸਿਆ ॥
ਨਾਨਕ ਹਰਿ ਜਸੁ ਸੰਗਤਿ ਪਾਈਐ
ਹਰਿ ਸਹਜੇ ਸਹਜਿ ਮਿਲਾਇਆ ॥੧੪॥

ਅੰਤਰਿ ਬਾਹਰਿ ਸੋ ਪ੍ਰਭੁ ਜਾਣੈ ॥
ਰਹੈ ਅਲਿਪਤੁ ਚਲਤੇ ਘਰਿ ਆਣੈ ॥
ਊਪਰਿ ਆਦਿ ਸਰਬ ਤਿਹੁ ਲੋਈ
ਸਚੁ ਨਾਨਕ ਅੰਮ੍ਰਿਤ ਰਸੁ ਪਾਇਆ ॥੧੫॥੪॥੨੧॥

ਮਾਰੂ ਮਹਲਾ ੧ ॥
ਕੁਦਰਤਿ ਕਰਨੈਹਾਰ ਅਪਾਰਾ ॥
ਕੀਤੇ ਕਾ ਨਾਹੀ ਕਿਹੁ ਚਾਰਾ ॥
ਜੀਅ ਉਪਾਇ ਰਿਜਕੁ ਦੇ ਆਪੇ
ਸਿਰਿ ਸਿਰਿ ਹੁਕਮੁ ਚਲਾਇਆ ॥੧॥

ਹੁਕਮੁ ਚਲਾਇ ਰਹਿਆ ਭਰਪੂਰੇ ॥

گُر سبدِ نِرنجَنُ پائیا ॥ 11 ॥
نِربھءُ سو سِرِ ناہی لیکھا ॥
آپِ الیکھُ قُدرتِ ہے دیکھا ॥
آپِ اتیتُ اجونی سنبھءُ
نانک گُرمتِ سو پائیا ॥ 12 ॥
انتر کی گتِ ستگُر جانے ॥
سو نِربھءُ گُر سبدِ پچھانے ॥
انترُ دیکھِ نِرنترِ بُوجھے
انت ن منُ ڈولائیا ॥ 13 ॥
نِربھءُ سو ابھ انترِ وسِیا ॥
اہنِس نامِ نِرنجن رسِیا ॥
نانک ہرِ جسُ سنگتِ پائیے
ہرِ سہجے سہجِ مِلائیا ॥ 14 ॥
انترِ باہرِ سو پربھُ جانے ॥
رہے الپتُ چلتے گھرِ آنے ॥
اوُپرِ آدِ سرب تہِ لوئی
سچُ نانک انمرت رسُ پائیا ॥ 15 ॥4॥ 21 ॥
مارُو محلا 1 ॥
قُدرتِ کرنیہار اپارا ॥
کیتے کا ناہی کِہُ چارا ॥
جیء اُپاءِ رِزقُ دے آپے
سِرِ سِرِ حُکمُ چلائیا ॥1॥
حُکمُ چلاءِ رہِیا بھرپُورے ॥

ਕਿਸੁ ਨੇੜੈ ਕਿਸੁ ਆਖਾਂ ਦੂਰੇ ॥
کِس نیڑے کِس آکھاں دُورے ۔ ॥

ਗੁਪਤ ਪ੍ਰਗਟ ਹਰਿ ਘਟਿ ਘਟਿ ਦੇਖਹੁ
ਵਰਤੈ ਤਾਕੁ ਸਬਾਇਆ ॥੨॥
گُپت پرگٹ ہرِ گھٹِ گھٹِ دیکھہُ
ورتے تاکُ سبائیا ॥2॥

ਜਿਸ ਕਉ ਮੇਲੇ ਸੁਰਤਿ ਸਮਾਏ ॥
جِس کءُ میلے سُرتِ سمائے ॥

ਗੁਰ ਸਬਦੀ ਹਰਿ ਨਾਮੁ ਧਿਆਏ ॥
گُر سبدی ہرِ نامُ دھیائے ॥

ਆਨਦ ਰੂਪ ਅਨੂਪ ਅਗੋਚਰ
ਗੁਰ ਮਿਲਿਐ ਭਰਮੁ ਜਾਇਆ ॥੩॥
آند روُپ انوُپ اگوچر
گُر ملِئے بھرمُ جائیا ॥3॥

ਮਨ ਤਨ ਧਨ ਤੇ ਨਾਮੁ ਪਿਆਰਾ ॥
من تن دھن تے نامُ پیارا ॥

ਅੰਤਿ ਸਖਾਈ ਚਲਣਵਾਰਾ ॥
انّتِ سکھائی چلنّوارا ॥

ਮੋਹ ਪਸਾਰ ਨਹੀ ਸੰਗਿ ਬੇਲੀ
ਬਿਨੁ ਹਰਿ ਗੁਰ ਕਿਨਿ ਸੁਖੁ ਪਾਇਆ ॥੪॥
موہ پسار نہی سنگِ بیلی
بِنُ ہرِ گُر کِنِ سُکھُ پائیا ۔ ॥4॥

ਜਿਸ ਕਉ ਨਦਰਿ ਕਰੇ ਗੁਰੁ ਪੂਰਾ ॥
جِس کءُ ندرِ کرے گُرُ پوُرا ॥

ਸਬਦਿ ਮਿਲਾਏ ਗੁਰਮਤਿ ਸੂਰਾ ॥
سبدِ مِلائے گُرمتِ سوُرا ॥

ਨਾਨਕ ਗੁਰ ਕੇ ਚਰਨ ਸਰੇਵਹੁ
ਜਿਨਿ ਭੂਲਾ ਮਾਰਗਿ ਪਾਇਆ ॥੫॥
نانک گُر کے چرن سریوہُ
جِنِ بھوُلا مارگِ پائیا ॥5॥

ਸੰਤ ਜਨਾਂ ਹਰਿ ਧਨੁ ਜਸੁ ਪਿਆਰਾ ॥
سنّت جناں ہرِ دھنُ جسُ پیارا ॥

ਗੁਰਮਤਿ ਪਾਇਆ ਨਾਮੁ ਤੁਮਾਰਾ ॥
گُرمتِ پائیا نامُ تُمارا ॥

ਜਾਚਿਕੁ ਸੇਵ ਕਰੇ ਦਰਿ ਹਰਿ ਕੈ
ਹਰਿ ਦਰਗਹ ਜਸੁ ਗਾਇਆ ॥੬॥
جاچِکُ سیو کرے درِ ہرِ کے
ہرِ درگہ جسُ گائیا ॥6॥

ਸਤਿਗੁਰੁ ਮਿਲੈ ਤ ਮਹਲਿ ਬੁਲਾਏ ॥
ستِگُرُ ملِے ت محلِ بُلائے ॥

ਸਾਚੀ ਦਰਗਹ ਗਤਿ ਪਤਿ ਪਾਏ ॥
ساچی درگہ گتِ پتِ پائے ॥

ਸਾਕਤ ਠਉਰ ਨਾਹੀ ਹਰਿ ਮੰਦਰ
ਜਨਮ ਮਰੈ ਦੁਖੁ ਪਾਇਆ ॥੭॥
ساکت ٹھُرُ ناہی ہرِ مندّر
جنم مرے دُکھُ پائیا ॥7॥

ਸੇਵਹੁ ਸਤਿਗੁਰ ਸਮੁੰਦੁ ਅਥਾਹਾ ॥
سیوہُ ستِگُر سمُندّ اتھاہا ॥

ਪਾਵਹੁ ਨਾਮੁ ਰਤਨੁ ਧਨੁ ਲਾਹਾ ॥

پاوہُ نامُ رتنُ دھنُ لاہا ॥

ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ
ਗੁਰ ਸਰ ਸੰਤੋਖੁ ਪਾਇਆ ॥੮॥

بِکھیا ملُ جاءِ انمّرِت سرِ ناوہُ
گُر سر سنّتوکھُ پائیا ॥8॥

ਸਤਿਗੁਰ ਸੇਵਹੁ ਸੰਕ ਨ ਕੀਜੈ ॥

ستِگُر سیوہُ سنک ن کیجےَ ॥

ਆਸਾ ਮਾਹਿ ਨਿਰਾਸੁ ਰਹੀਜੈ ॥

آسا ماہِ نِراسُ رہیجےَ ॥

ਸੰਸਾ ਦੂਖ ਬਿਨਾਸਨੁ ਸੇਵਹੁ
ਫਿਰਿ ਬਾਹੁੜਿ ਰੋਗੁ ਨ ਲਾਇਆ ॥੯॥

سنّسا دوُکھ بِناسنُ سیوہُ
پھِرِ باہُڑِ روگُ ن لائیا ॥9॥

ਸਾਚੇ ਭਾਵੈ ਤਿਸੁ ਵਡੀਆਏ ॥

ساچے بھاوےَ تِسُ وڈیِیائے ॥

ਕਉਨੁ ਸੁ ਦੂਜਾ ਤਿਸੁ ਸਮਝਾਏ ॥

کئُنُ سُ دوُجا تِسُ سمجھائے ॥

ਹਰਿ ਗੁਰ ਮੂਰਤਿ ਏਕਾ ਵਰਤੈ
ਨਾਨਕ ਹਰਿ ਗੁਰ ਭਾਇਆ ॥੧੦॥

ہرِ گُر موُرتِ ایکا ورتےَ
نانک ہرِ گُر بھائیا ॥ 10 ॥

ਵਾਚਹਿ ਪੁਸਤਕ ਵੇਦ ਪੁਰਾਨਾਂ ॥

واچہِ پُستک وید پُراناں ॥

ਇਕਿ ਬਹਿ ਸੁਨਹਿ ਸੁਨਾਵਹਿ ਕਾਨਾਂ ॥

اِکِ بہِ سُنہِ سُناوہِ کاناں ॥

ਅਜਗਰ ਕਪਟੁ ਕਹਹੁ ਕਿਉ ਖੁਲ੍ਹੈ
ਬਿਨੁ ਸਤਿਗੁਰ ਤਤੁ ਨ ਪਾਇਆ ॥੧੧॥

اجگر کپٹُ کہہُ کِءُ کھُلّہےَ
بِنُ ستِگُر تتُ ن پائیا ॥ 11 ॥

ਕਰਹਿ ਬਿਭੂਤਿ ਲਗਾਵਹਿ ਭਸਮੈ ॥

کرہِ بِبھوُتِ لگاوہِ بھسمےَ ॥

ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥

انترِ کرودھُ چنڈالُ سُ ہئُمےَ ॥

ਪਾਖੰਡ ਕੀਨੇ ਜੋਗੁ ਨ ਪਾਈਐ
ਬਿਨੁ ਸਤਿਗੁਰ ਅਲਖੁ ਨ ਪਾਇਆ ॥੧੨॥

پاکھنڈ کِینے جوگُ ن پائیےَ
بِنُ ستِگُر الکھُ ن پائیا ॥ 12 ॥

ਤੀਰਥ ਵਰਤ ਨੇਮ ਕਰਹਿ ਉਦਿਆਨਾ ॥

تیِرتھ ورت نیم کرہِ اُدِیانا ॥

ਜਤੁ ਸਤੁ ਸੰਜਮੁ ਕਥਹਿ ਗਿਆਨਾ ॥

جتُ ستُ سنّجمُ کتھہِ گیانا ॥

ਰਾਮ ਨਾਮ ਬਿਨੁ ਕਿਉ ਸੁਖੁ ਪਾਈਐ
ਬਿਨੁ ਸਤਿਗੁਰ ਭਰਮੁ ਨ ਜਾਇਆ ॥੧੩॥

رام نام بِنُ کِءُ سُکھُ پائیےَ
بِنُ ستِگُر بھرمُ ن جائیا ॥ 13 ॥

ਨਿਉਲੀ ਕਰਮ ਭੁਇਅੰਗਮ ਭਾਠੀ ॥

نئُلی کرم بھُئنگم بھاٹھی ॥

ਰੇਚਕ ਕੁੰਭਕ ਪੂਰਕ ਮਨ ਹਾਠੀ ॥

ریچک کُنبھک پُورک من ہاٹھی ॥

ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ
ਗੁਰ ਸਬਦ ਮਹਾ ਰਸੁ ਪਾਇਆ ॥੧੪॥

پاکھنڈ دھرمُ پرِیتِ نہی ہرِ سءُ
گُر سبد مہا رسُ پائیا ॥ 14 ॥

ਕੁਦਰਤਿ ਦੇਖਿ ਰਹੇ ਮਨੁ ਮਾਨਿਆ ॥

قُدرتِ دیکھِ رہے منُ مانیا ॥

ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ ॥

گُر سبدی سبھُ برہمُ پچھانِیا ॥

ਨਾਨਕ ਆਤਮ ਰਾਮੁ ਸਬਾਇਆ
ਗੁਰ ਸਤਿਗੁਰ ਅਲਖੁ ਲਖਾਇਆ ॥੧੫॥੫॥੨੨॥

نانک آتم رامُ سبائِیا
گُر ستِگُر الکھُ لکھائِیا ॥ 15 ॥5॥ 22 ॥

ਮਾਰੂ ਸੋਲਹੇ ਮਹਲਾ ੩

مارُو سولہے محلا 3

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਹੁਕਮੀ ਸਹਜੇ ਸ੍ਰਿਸਟਿ ਉਪਾਈ ॥

حُکمی سہجے سرِسٹِ اُپائی ॥

ਕਰਿ ਕਰਿ ਵੇਖੈ ਅਪਣੀ ਵਡਿਆਈ ॥

کرِ کرِ ویکھےَ اپنی وڈِیائی ॥

ਆਪੇ ਕਰੇ ਕਰਾਏ ਆਪੇ
ਹੁਕਮੇ ਰਹਿਆ ਸਮਾਈ ਹੇ ॥੧॥

آپے کرے کرائے آپے
حُکمے رہِیا سمائی ہے ॥1॥

ਮਾਇਆ ਮੋਹੁ ਜਗਤੁ ਗੁਬਾਰਾ ॥

مائِیا موہُ جگتُ غُبارا ॥

ਗੁਰਮੁਖਿ ਬੂਝੈ ਕੋ ਵੀਚਾਰਾ ॥

گُرمُکھِ بُوجھےَ کو ویچارا ॥

ਆਪੇ ਨਦਰਿ ਕਰੇ ਸੋ ਪਾਏ
ਆਪੇ ਮੇਲਿ ਮਿਲਾਈ ਹੇ ॥੨॥

آپے ندرِ کرے سو پائے
آپے میلِ مِلائی ہے ॥2॥

ਆਪੇ ਮੇਲੇ ਦੇ ਵਡਿਆਈ ॥

آپے میلے دے وڈِیائی ॥

ਗੁਰ ਪਰਸਾਦੀ ਕੀਮਤਿ ਪਾਈ ॥

گُر پرسادی قِیمتِ پائی ॥

ਮਨਮੁਖਿ ਬਹੁਤੁ ਫਿਰੈ ਬਿਲਲਾਦੀ
ਦੂਜੈ ਭਾਇ ਖੁਆਈ ਹੇ ॥੩॥

منمُکھِ بہُتُ پھِرےَ بِللادی
دوُجےَ بھاءِ کھُیائی ہے ॥3॥

ਹਉਮੈ ਮਾਇਆ ਵਿਚੇ ਪਾਈ ॥

ہمئُےَ مائِیا وِچے پائی ॥

ਮਨਮੁਖ ਭੂਲੇ ਪਤਿ ਗਵਾਈ ॥

منمُکھ بھوُلے پتِ گوائی ॥

ਗੁਰਮੁਖਿ ਹੋਵੈ ਸੋ ਨਾਇ ਰਾਚੈ

گُرمُکھِ ہووےَ سو ناءِ راچےَ

ਸਾਚੈ ਰਹਿਆ ਸਮਾਈ ਹੇ ॥੪॥

ساچےَ رہِیا سمائی ہے ॥4॥

ਗੁਰ ਤੇ ਗਿਆਨੁ ਨਾਮ ਰਤਨੁ ਪਾਇਆ ॥

گُر تے گِیانُ نام رتنُ پائِیا ॥

ਮਨਸਾ ਮਾਰਿ ਮਨ ਮਾਹਿ ਸਮਾਇਆ ॥

منسا مارِ من ماہِ سمائِیا ॥

ਆਪੇ ਖੇਲ ਕਰੇ ਸਭਿ ਕਰਤਾ
ਆਪੇ ਦੇਇ ਬੁਝਾਈ ਹੇ ॥੫॥

آپے کھیل کرے سبھِ کرتا
آپے دےءِ بُجھائی ہے ॥5॥

ਸਤਿਗੁਰੁ ਸੇਵੇ ਆਪੁ ਗਵਾਏ ॥

ستِگُرُ سیوے آپُ گوائے ॥

ਮਿਲਿ ਪ੍ਰੀਤਮ ਸਬਦਿ ਸੁਖੁ ਪਾਏ ॥

مِلِ پ٘ریتم سبدِ سُکھُ پائے ॥

ਅੰਤਰਿ ਪਿਆਰੁ ਭਗਤੀ ਰਾਤਾ
ਸਹਜਿ ਮਤੇ ਬਣਿ ਆਈ ਹੇ ॥੬॥

انّترِ پیارُ بھگتی راتا
سہجِ متے بنِ آئی ہے ॥6॥

ਦੂਖ ਨਿਵਾਰਣੁ ਗੁਰ ਤੇ ਜਾਤਾ ॥

دوُکھ نِوارنُ گُر تے جاتا ॥

ਆਪਿ ਮਿਲਿਆ ਜਗਜੀਵਨੁ ਦਾਤਾ ॥

آپِ مِلِیا جگجِیونُ داتا ॥

ਜਿਸ ਨੋ ਲਾਏ ਸੋਈ ਬੂਝੈ
ਭਉ ਭਰਮੁ ਸਰੀਰਹੁ ਜਾਈ ਹੇ ॥੭॥

جِس نو لائے سوئی بوُجھےَ
بھءُ بھرمُ سریرہُ جائی ہے ॥7॥

ਆਪੇ ਗੁਰਮੁਖਿ ਆਪੇ ਦੇਵੈ ॥

آپے گُرمُکھِ آپے دیوےَ ॥

ਸਚੈ ਸਬਦਿ ਸਤਿਗੁਰੁ ਸੇਵੈ ॥

سچےَ سبدِ ستِگُرُ سیوےَ ॥

ਜਰਾ ਜਮੁ ਤਿਸੁ ਜੋਹਿ ਨ ਸਾਕੈ
ਸਾਚੇ ਸਿਉ ਬਣਿ ਆਈ ਹੇ ॥੮॥

جرا جمُ تِسُ جوہِ ن ساکےَ
ساچے سِءُ بنِ آئی ہے ॥8॥

ਤ੍ਰਿਸਨਾ ਅਗਨਿ ਜਲੈ ਸੰਸਾਰਾ ॥

تّرِسنا اگنِ جلےَ سنّسارا ॥

ਜਲਿ ਜਲਿ ਖਪੈ ਬਹੁਤੁ ਵਿਕਾਰਾ ॥

جلِ جلِ کھپےَ بہُتُ وِکارا ॥

ਮਨਮੁਖੁ ਠਉਰ ਨ ਪਾਏ ਕਬਹੂ
ਸਤਿਗੁਰ ਬੂਝ ਬੁਝਾਈ ਹੇ ॥੯॥

منمُکھُ ٹھئُر ن پائے کبہوُ
ستِگُر بوُجھ بُجھائی ہے ॥9॥

ਸਤਿਗੁਰੁ ਸੇਵਨਿ ਸੇ ਵਡਭਾਗੀ ॥

ستِگُرُ سیونِ سے وڈبھاگی ॥

ਸਾਚੈ ਨਾਮਿ ਸਦਾ ਲਿਵ ਲਾਗੀ ॥

ساچےَ نامِ سدا لِو لاگی ॥

ਅੰਤਰਿ ਨਾਮੁ ਰਵਿਆ ਨਿਹਕੇਵਲੁ

انّترِ نامُ رویا نِہکیولُ

ਤ੍ਰਿਸਨਾ ਸਬਦਿ ਬੁਝਾਈ ਹੇ ॥੧੦॥

تِرسنا سبدِ بُجھائی ہے ॥ 10 ॥

ਸਚਾ ਸਬਦੁ ਸਚੀ ਹੈ ਬਾਣੀ ॥

سچا سبدُ سچی ہے بانٹی ॥

ਗੁਰਮੁਖਿ ਵਿਰਲੈ ਕਿਨੈ ਪਛਾਣੀ ॥

گُرمُکھِ وِرلے کِنے پچھانٹی ॥

ਸਚੇ ਸਬਦਿ ਰਤੇ ਬੈਰਾਗੀ
ਆਵਣੁ ਜਾਣੁ ਰਹਾਈ ਹੇ ॥੧੧॥

سچے سبدِ رتے بیَراگی
آونُ جانُ رہائی ہے ॥ 11 ॥

ਸਬਦੁ ਬੁਝੈ ਸੋ ਮੈਲੁ ਚੁਕਾਏ ॥

سبدُ بُجھے سو میَلُ چُکائے ॥

ਨਿਰਮਲ ਨਾਮੁ ਵਸੈ ਮਨਿ ਆਏ ॥

نِرمل نامُ وسے منِ آئے ॥

ਸਤਿਗੁਰੁ ਅਪਣਾ ਸਦ ਹੀ ਸੇਵਹਿ
ਹਉਮੈ ਵਿਚਹੁ ਜਾਈ ਹੇ ॥੧੨॥

ستِگُرُ اپنا سد ہی سیوہِ
ہئُمَے وِچہُ جائی ہے ॥ 12 ॥

ਗੁਰ ਤੇ ਬੂਝੈ ਤਾ ਦਰੁ ਸੂਝੈ ॥

گُر تے بُوجھے تا درُ سُوجھے ॥

ਨਾਮ ਵਿਹੂਣਾ ਕਥਿ ਕਥਿ ਲੂਝੈ ॥

نام وِہُونا کتھِ کتھِ لُوجھے ॥

ਸਤਿਗੁਰ ਸੇਵੇ ਕੀ ਵਡਿਆਈ
ਤ੍ਰਿਸਨਾ ਭੂਖ ਗਵਾਈ ਹੇ ॥੧੩॥

ستِگُر سیوے کی وڈِیائی
تِرسنا بھُوکھ گوائی ہے ॥ 13 ॥

ਆਪੇ ਆਪਿ ਮਿਲੈ ਤਾ ਬੂਝੈ ॥

آپے آپِ مِلے تا بُوجھے ॥

ਗਿਆਨ ਵਿਹੂਣਾ ਕਿਛੂ ਨ ਸੂਝੈ ॥

گیان وِہُونا کچھُو ن سُوجھے ॥

ਗੁਰ ਕੀ ਦਾਤਿ ਸਦਾ ਮਨ ਅੰਤਰਿ
ਬਾਣੀ ਸਬਦਿ ਵਜਾਈ ਹੇ ॥੧੪॥

گُر کی داتِ سدا من انتَرِ
بانٹی سبدِ وجائی ہے ॥ 14 ॥

ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥

جو دھُرِ لِکھیا سُ کرم کمائیا ॥

ਕੋਇ ਨ ਮੇਟੈ ਧੁਰਿ ਫੁਰਮਾਇਆ ॥

کوءِ ن میٹے دھُرِ فُرمائیا ॥

ਸਤਸੰਗਤਿ ਮਹਿ ਤਿਨ ਹੀ ਵਾਸਾ
ਜਿਨ ਕਉ ਧੁਰਿ ਲਿਖਿ ਪਾਈ ਹੇ ॥੧੫॥

ستسنگتِ مہِ تِن ہی واسا
جِن ک ءُ دھُرِ لِکھِ پائی ہے ॥ 15 ॥

ਅਪਣੀ ਨਦਰਿ ਕਰੇ ਸੋ ਪਾਏ ॥

اپنٹی ندرِ کرے سو پائے ॥

ਸਚੈ ਸਬਦਿ ਤਾੜੀ ਚਿਤੁ ਲਾਏ ॥

سچے سبدِ تاڑی چِتُ لائے ॥

ਨਾਨਕ ਦਾਸੁ ਕਹੈ ਬੇਨੰਤੀ

نانک داسُ کہے بینَنتی

ਭੀਖਿਆ ਨਾਮੁ ਦਰਿ ਪਾਈ ਹੇ ॥੧੬॥੧॥

بھیکھیا نامُ درِ پائی ہے ॥16॥1॥

ਮਾਰੂ ਮਹਲਾ ੩ ॥

مارُو محلا 3 ॥

ਏਕੋ ਏਕੁ ਵਰਤੈ ਸਭੁ ਸੋਈ ॥

ایکو ایکُ ورتے سبھُ سوئی ॥

ਗੁਰਮੁਖਿ ਵਿਰਲਾ ਬੂਝੈ ਕੋਈ ॥

گُرمُکھِ وِرلا بُوجھے کوئی ॥

ਏਕੋ ਰਵਿ ਰਹਿਆ ਸਭ ਅੰਤਰਿ
ਤਿਸੁ ਬਿਨੁ ਅਵਰੁ ਨ ਕੋਈ ਹੇ ॥੧॥

ایکو روِ رہیا سبھ انترِ
تِس بِنُ اورُ ن کوئی ہے ॥1॥

ਲਖ ਚਉਰਾਸੀਹ ਜੀਅ ਉਪਾਏ ॥

لکھ چرُاسیہِ جیء اُپائے ॥

ਗਿਆਨੀ ਧਿਆਨੀ ਆਖਿ ਸੁਣਾਏ ॥

گِیانی دھِیانی آکھِ سُنٹائے ॥

ਸਭਨਾ ਰਿਜਕੁ ਸਮਾਹੇ ਆਪੇ
ਕੀਮਤਿ ਹੋਰ ਨ ਹੋਈ ਹੇ ॥੨॥

سبھنا رِزقُ سماہے آپے
قِیمتِ ہور ن ہوئی ہے ॥2॥

ਮਾਇਆ ਮੋਹੁ ਅੰਧੁ ਅੰਧਾਰਾ ॥

مایَا موہُ اندھُ اندھارا ॥

ਹਉਮੈ ਮੇਰਾ ਪਸਰਿਆ ਪਾਸਾਰਾ ॥

ہئُمےَ میرا پسرِیا پاسارا ॥

ਅਨਦਿਨੁ ਜਲਤ ਰਹੈ ਦਿਨੁ ਰਾਤੀ
ਗੁਰ ਬਿਨੁ ਸਾਂਤਿ ਨ ਹੋਈ ਹੇ ॥੩॥

اندِنُ جلت رہےَ دِنُ راتی
گُر بِنُ سانتِ ن ہوئی ہے ॥3॥

ਆਪੇ ਜੋੜਿ ਵਿਛੋੜੇ ਆਪੇ ॥

آپے جوڑِ وِچھوڑے آپے ॥

ਆਪੇ ਥਾਪਿ ਉਥਾਪੇ ਆਪੇ ॥

آپے تھاپِ اُتھاپے آپے ॥

ਸਚਾ ਹੁਕਮੁ ਸਚਾ ਪਾਸਾਰਾ
ਹੋਰਨਿ ਹੁਕਮੁ ਨ ਹੋਈ ਹੇ ॥੪॥

سچا حُکمُ سچا پاسارا
ہورنِ حُکمُ ن ہوئی ہے ॥4॥

ਆਪੇ ਲਾਇ ਲਏ ਸੋ ਲਾਗੈ ॥

آپے لاءِ لےَ سو لاگےَ ॥

ਗੁਰ ਪਰਸਾਦੀ ਜਮ ਕਾ ਭਉ ਭਾਗੈ ॥

گُر پرسادی جم کا بھءُ بھاگے ॥

ਅੰਤਰਿ ਸਬਦੁ ਸਦਾ ਸੁਖਦਾਤਾ
ਗੁਰਮੁਖਿ ਬੂਝੈ ਕੋਈ ਹੇ ॥੫॥

انترِ سبدُ سدا سُکھداتا
گُرمُکھِ بُوجھے کوئی ہے ॥5॥

ਆਪੇ ਮੇਲੇ ਮੇਲਿ ਮਿਲਾਏ ॥

آپے میلے میلِ مِلائے ॥

ਪੁਰਬਿ ਲਿਖਿਆ ਸੋ ਮੇਟਣਾ ਨ ਜਾਏ ॥

پُربِ لِکھیا سو میٹنا ن جائے ॥

ਅਨਦਿਨੁ ਭਗਤਿ ਕਰੇ ਦਿਨੁ ਰਾਤੀ
ਗੁਰਮੁਖਿ ਸੇਵਾ ਹੋਈ ਹੇ ॥੬॥

اندِنُ بھگتِ کرے دِنُ راتی
گُرمُکھِ سیوا ہوئی ہے ॥6॥

ਸਤਿਗੁਰੁ ਸੇਵਿ ਸਦਾ ਸੁਖੁ ਜਾਤਾ ॥

ستِگُرُ سیوِ سدا سُکھُ جاتا ॥

ਆਪੇ ਆਇ ਮਿਲਿਆ ਸਭਨਾ ਕਾ ਦਾਤਾ ॥

آپے آءِ مِلیا سبھنا کا داتا ॥

ਹਉਮੈ ਮਾਰਿ ਤ੍ਰਿਸਨਾ ਅਗਨਿ ਨਿਵਾਰੀ
ਸਬਦੁ ਚੀਨਿ ਸੁਖੁ ਹੋਈ ਹੇ ॥੭॥

ہئُمَے مارِ ترِسنا اگنِ نِواری
سبدُ چینِ سُکھُ ہوئی ہے ॥7॥

ਕਾਇਆ ਕੁਟੰਬੁ ਮੋਹੁ ਨ ਬੂਝੈ ॥

کائیا کُٹنّبُ موہُ ن بُوجھےَ ॥

ਗੁਰਮੁਖਿ ਹੋਵੈ ਤ ਆਖੀ ਸੂਝੈ ॥

گُرمُکھِ ہووے ت آکھی سُوجھےَ ॥

ਅਨਦਿਨੁ ਨਾਮੁ ਰਵੈ ਦਿਨੁ ਰਾਤੀ
ਮਿਲਿ ਪ੍ਰੀਤਮ ਸੁਖੁ ਹੋਈ ਹੇ ॥੮॥

اندِنُ نامُ روے دِنُ راتی
مِلِ پریتم سُکھُ ہوئی ہے ॥8॥

ਮਨਮੁਖ ਧਾਤੁ ਦੂਜੈ ਹੈ ਲਾਗਾ ॥

منمُکھ دھاتُ دوُجےَ ہےَ لاگا ॥

ਜਨਮਤ ਕੀ ਨ ਮੂਓ ਆਭਾਗਾ ॥

جنمت کی ن موُئو آبھاگا ۔ ॥

ਆਵਤ ਜਾਤ ਬਿਰਥਾ ਜਨਮੁ ਗਵਾਇਆ
ਬਿਨੁ ਗੁਰ ਮੁਕਤਿ ਨ ਹੋਈ ਹੇ ॥੯॥

آوت جات بِرتھا جنمُ گوائیا
بِنُ گُرمُکتِ ن ہوئی ہے ॥9॥

ਕਾਇਆ ਕੁਸੁਧ ਹਉਮੈ ਮਲੁ ਲਾਈ ॥

کائیا کُسُدھ ہئُمَے مَلُ لائی ॥

ਜੇ ਸਉ ਧੋਵਹਿ ਤਾ ਮੈਲੁ ਨ ਜਾਈ ॥

جے سءُ دھووہِ تا میَلُ ن جائی ॥

ਸਬਦਿ ਧੋਪੈ ਤਾ ਹਛੀ ਹੋਵੈ
ਫਿਰਿ ਮੈਲੀ ਮੂਲਿ ਨ ਹੋਈ ਹੇ ॥੧੦॥

سبدِ دھوپے تا ہچھی ہووے
پھِرِ میَلی موُلِ ن ہوئی ہے ॥ 10 ॥

ਪੰਚ ਦੂਤ ਕਾਇਆ ਸੰਘਾਰਹਿ ॥

پنّچ دوُت کائیا سنگھارہِ ॥

ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥

مرِ مرِ جنّمہِ سبدُ ن ویچارہِ ॥

ਅੰਤਰਿ ਮਾਇਆ ਮੋਹ ਗੁਬਾਰਾ
ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥

انّترِ مائیا موہ غُبارا
جِءُ سُپنے سُدھِ ن ہوئی ہے ॥ 11 ॥

ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥

اِکِ پنّچا مارِ سبدِ ہےَ لاگے ॥

ਸਤਿਗੁਰੁ ਆਇ ਮਿਲਿਆ ਵਡਭਾਗੇ ॥

ستگُر آءِ ملیا وڈبھاگے ॥

ਅੰਤਰਿ ਸਾਚੁ ਰਵਹਿ ਰੰਗਿ ਰਾਤੇ
ਸਹਜਿ ਸਮਾਵੈ ਸੋਈ ਹੇ ॥੧੨॥

انترِ ساچُ روہِ رنگِ راتے
سہجِ سماوے سوئی ہے ॥ 12 ॥

ਗੁਰ ਕੀ ਚਾਲ ਗੁਰੂ ਤੇ ਜਾਪੈ ॥

گُر کی چال گُرو تے جاپے ॥

ਪੂਰਾ ਸੇਵਕੁ ਸਬਦਿ ਸਿਞਾਪੈ ॥

پُورا سیوکُ سبدِ سِجاپے ॥

ਸਦਾ ਸਬਦੁ ਰਵੈ ਘਟ ਅੰਤਰਿ
ਰਸਨਾ ਰਸੁ ਚਾਖੈ ਸਚੁ ਸੋਈ ਹੇ ॥੧੩॥

سدا سبدُ روے گھٹ انترِ
رسنا رسُ چاکھے سچُ سوئی ہے ॥ 13 ॥

ਹਉਮੈ ਮਾਰੇ ਸਬਦਿ ਨਿਵਾਰੇ ॥

ہئمے مارے سبدِ نِوارے ॥

ਹਰਿ ਕਾ ਨਾਮੁ ਰਖੈ ਉਰਿ ਧਾਰੇ ॥

ہرِ کا نامُ رکھے اُرِ دھارے ॥

ਏਕਸੁ ਬਿਨੁ ਹਉ ਹੋਰੁ ਨ ਜਾਣਾ
ਸਹਜੇ ਹੋਇ ਸੁ ਹੋਈ ਹੇ ॥੧੪॥

ایکسُ بِنُ ہءُ ہورُ ن جاٹا
سہجے ہوءِ سُ ہوئی ہے ॥ 14 ॥

ਬਿਨੁ ਸਤਿਗੁਰ ਸਹਜੁ ਕਿਨੈ ਨਹੀ ਪਾਇਆ ॥

بِنُ ستگُر سہجُ کِنے نہی پایَا ॥

ਗੁਰਮੁਖਿ ਬੂਝੈ ਸਚਿ ਸਮਾਇਆ ॥

گُرمُکھِ بُوجھے سچِ سمایَا ॥

ਸਚਾ ਸੇਵਿ ਸਬਦਿ ਸਚ ਰਾਤੇ
ਹਉਮੈ ਸਬਦੇ ਖੋਈ ਹੇ ॥੧੫॥

سچا سیوِ سبدِ سچ راتے
ہئمے سبدے کھوئی ہے ॥ 15 ॥

ਆਪੇ ਗੁਣਦਾਤਾ ਬੀਚਾਰੀ ॥

آپے گُنداتا بیچاری ॥

ਗੁਰਮੁਖਿ ਦੇਵਹਿ ਪਕੀ ਸਾਰੀ ॥

گُرمُکھِ دیوہِ پکی ساری ॥

ਨਾਨਕ ਨਾਮਿ ਸਮਾਵਹਿ ਸਾਚੈ
ਸਾਚੇ ਤੇ ਪਤਿ ਹੋਈ ਹੇ ॥੧੬॥੨॥

نانک نامِ سماوہِ ساچے
ساچے تے پتِ ہوئی ہے ॥ 16 ॥2॥

ਮਾਰੂ ਮਹਲਾ ੩ ॥

مارُو محلا 3 ॥

ਜਗਜੀਵਨੁ ਸਾਚਾ ਏਕੋ ਦਾਤਾ ॥

جگجیونُ ساچا ایکو داتا ॥

ਗੁਰ ਸੇਵਾ ਤੇ ਸਬਦਿ ਪਛਾਤਾ ॥

گُر سیوا تے سبدِ پچھاتا ॥

ਏਕੋ ਅਮਰੁ ਏਕਾ ਪਤਿਸਾਹੀ
ਜੁਗੁ ਜੁਗੁ ਸਿਰਿ ਕਾਰ ਬਣਾਈ ਹੇ ॥੧॥

ایکو امرُ ایکا پتِساہی
جُگُ جُگُ سِرِ کار بٹائی ہے ॥ 1 ॥

ਸੋ ਜਨੁ ਨਿਰਮਲੁ ਜਿਨਿ ਆਪੁ ਪਛਾਤਾ ॥
سو جنُ نِرملُ جِنِ آپُ پچھاتا ॥

ਆਪੇ ਆਇ ਮਿਲਿਆ ਸੁਖਦਾਤਾ ॥
آپے آءِ مِلیا سُکھداتا ॥

ਰਸਨਾ ਸਬਦਿ ਰਤੀ ਗੁਣ ਗਾਵੈ
ਦਰਿ ਸਾਚੈ ਪਤਿ ਪਾਈ ਹੇ ॥੨॥
رسنا سبدِ رتی گُن گاوے
درِ ساچے پتِ پائی ہے ॥2॥

ਗੁਰਮੁਖਿ ਨਾਮਿ ਮਿਲੈ ਵਡਿਆਈ ॥
گُرمُکھِ نامِ مِلے وڈیائی ॥

ਮਨਮੁਖਿ ਨਿੰਦਕਿ ਪਤਿ ਗਵਾਈ ॥
منمُکھِ نِندکِ پتِ گوائی ॥

ਨਾਮਿ ਰਤੇ ਪਰਮ ਹੰਸ ਬੈਰਾਗੀ
ਨਿਜ ਘਰਿ ਤਾੜੀ ਲਾਈ ਹੇ ॥੩॥
نامِ رتے پرم ہنّس بیراگی
نِج گھرِ تاڑی لائی ہے ॥3॥

ਸਬਦਿ ਮਰੈ ਸੋਈ ਜਨੁ ਪੂਰਾ ॥
سبدِ مرے سوئی جنُ پوُرا ॥

ਸਤਿਗੁਰੁ ਆਖਿ ਸੁਣਾਏ ਸੂਰਾ ॥
ستِگُرُ آکھِ سُنائے سوُرا ॥

ਕਾਇਆ ਅੰਦਰਿ ਅੰਮ੍ਰਿਤ ਸਰੁ ਸਾਚਾ
ਮਨੁ ਪੀਵੈ ਭਾਇ ਸੁਭਾਈ ਹੇ ॥੪॥
کائیا اندرِ انمرِت سرُ ساچا
منُ پیوے بھاءِ سُبھائی ہے ॥4॥

ਪੜਿ ਪੰਡਿਤੁ ਅਵਰਾ ਸਮਝਾਏ ॥
پڑِ پنڈِتُ اورا سمجھائے ॥

ਘਰ ਜਲਤੇ ਕੀ ਖਬਰਿ ਨ ਪਾਏ ॥
گھر جلتے کی خبرِ ن پائے ॥

ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ
ਪੜਿ ਥਾਕੇ ਸਾਂਤਿ ਨ ਆਈ ਹੇ ॥੫॥
بِنُ ستِگُر سیوے نامُ ن پائیئے
پڑِ تھاکے سانتِ ن آئی ہے ॥5॥

ਇਕਿ ਭਸਮ ਲਗਾਇ ਫਿਰਹਿ ਭੇਖਧਾਰੀ ॥
اِکِ بھسم لگاءِ پھِرہِ بھیکھدھاری ॥

ਬਿਨੁ ਸਬਦੈ ਹਉਮੈ ਕਿਨਿ ਮਾਰੀ ॥
بِنُ سبدے ہئُمے کِنِ ماری ۔ ॥

ਅਨਦਿਨੁ ਜਲਤ ਰਹਹਿ ਦਿਨੁ ਰਾਤੀ
ਭਰਮਿ ਭੇਖਿ ਭਰਮਾਈ ਹੇ ॥੬॥
اندِنُ جلت رہہِ دِنُ راتی
بھرمِ بھیکھِ بھرمائی ہے ॥6॥

ਇਕਿ ਗ੍ਰਿਹ ਕੁਟੰਬ ਮਹਿ ਸਦਾ ਉਦਾਸੀ ॥
اِکِ گرِہ کُٹنّب مہِ سدا اُداسی ॥

ਸਬਦਿ ਮੁਏ ਹਰਿ ਨਾਮਿ ਨਿਵਾਸੀ ॥
سبدِ مُے ہرِ نامِ نِواسی ॥

ਅਨਦਿਨੁ ਸਦਾ ਰਹਹਿ ਰੰਗਿ ਰਾਤੇ
ਭੈ ਭਾਇ ਭਗਤਿ ਚਿਤੁ ਲਾਈ ਹੇ ॥੭॥
اندِنُ سدا رہہِ رنگِ راتے
بھے بھاءِ بھگتِ چِتُ لائی ہے ॥7॥

ਮਨਮੁਖੁ ਨਿੰਦਾ ਕਰਿ ਕਰਿ ਵਿਗੁਤਾ ॥
ਅੰਤਰਿ ਲੋਭੁ ਭਉਕੈ ਜਿਸੁ ਕੁਤਾ ॥
ਜਮਕਾਲੁ ਤਿਸੁ ਕਦੇ ਨ ਛੋਡੈ
ਅੰਤਿ ਗਇਆ ਪਛੁਤਾਈ ਹੇ ॥੮॥

ਸਚੈ ਸਬਦਿ ਸਚੀ ਪਤਿ ਹੋਈ ॥
ਬਿਨੁ ਨਾਵੈ ਮੁਕਤਿ ਨ ਪਾਵੈ ਕੋਈ ॥
ਬਿਨੁ ਸਤਿਗੁਰ ਕੋ ਨਾਉ ਨ ਪਾਏ
ਪ੍ਰਭਿ ਐਸੀ ਬਣਤ ਬਣਾਈ ਹੇ ॥੯॥

ਇਕਿ ਸਿਧ ਸਾਧਿਕ ਬਹੁਤੁ ਵੀਚਾਰੀ ॥
ਇਕਿ ਅਹਿਨਿਸਿ ਨਾਮਿ ਰਤੇ ਨਿਰੰਕਾਰੀ ॥
ਜਿਸ ਨੋ ਆਪਿ ਮਿਲਾਏ ਸੋ ਬੂਝੈ
ਭਗਤਿ ਭਾਇ ਭਉ ਜਾਈ ਹੇ ॥੧੦॥

ਇਸਨਾਨੁ ਦਾਨੁ ਕਰਹਿ ਨਹੀ ਬੂਝਹਿ ॥
ਇਕਿ ਮਨੂਆ ਮਾਰਿ ਮਨੈ ਸਿਉ ਲੂਝਹਿ ॥
ਸਾਚੈ ਸਬਦਿ ਰਤੇ ਇਕ ਰੰਗੀ
ਸਾਚੈ ਸਬਦਿ ਮਿਲਾਈ ਹੇ ॥੧੧॥

ਆਪੇ ਸਿਰਜੇ ਦੇ ਵਡਿਆਈ ॥
ਆਪੇ ਭਾਣੈ ਦੇਇ ਮਿਲਾਈ ॥
ਆਪੇ ਨਦਰਿ ਕਰੇ ਮਨਿ ਵਸਿਆ
ਮੇਰੈ ਪ੍ਰਭਿ ਇਉ ਫੁਰਮਾਈ ਹੇ ॥੧੨॥

ਸਤਿਗੁਰੁ ਸੇਵਹਿ ਸੇ ਜਨ ਸਾਚੇ ॥
ਮਨਮੁਖ ਸੇਵਿ ਨ ਜਾਣਨਿ ਕਾਚੇ ॥
ਆਪੇ ਕਰਤਾ ਕਰਿ ਕਰਿ ਵੇਖੈ
ਜਿਉ ਭਾਵੈ ਤਿਉ ਲਾਈ ਹੇ ॥੧੩॥

ممنکھُ نِندا کرِ کرِ وِگُتا ॥
انترِ لوبھُ بھُئکے جِسُ کُتا ॥
جمکالُ تِسُ کدے ن چھوڈے
انتِ گیَیا پچھُتائی ہے ॥8॥

سچے سبدِ سچی پتِ ہوئی ॥
بِنُ ناوے مُکتِ ن پاوے کوئی ॥
بِنُ ستِگُر کو ناءُ ن پائے
پربھِ ایَسی بنّت بنّائی ہے ॥9॥

اِکِ سِدھ سادھِک بہُتُ ویچاری ॥
اِکِ اہنِس نامِ رتے نِرنکاری ॥
جِس نو آپِ مِلائے سو بُوجھے
بھگتِ بھاءِ بھءُ جائی ہے ॥ 10 ॥

اِسنانُ دانُ کرہِ نہی بُوجھہِ ॥
اِکِ منویا مارِ منے سِءُ لُوجھہِ ॥
ساچے سبدِ رتے اِک رنگی
ساچے سبدِ مِلائی ہے ॥ 11 ॥

آپے سِرجے دے وڈِیائی ॥
آپے بھانے دےءِ مِلائی ॥
آپے ندرِ کرے منِ وسِیا
میرے پربھِ اِءُ فُرمائی ہے ॥ 12 ॥

ستِگُرُ سیوہِ سے جن ساچے ॥
ممنکھ سیوِ ن جانّنِ کاچے ॥
آپے کرتا کرِ کرِ ویکھے
جِءُ بھاوے تِءُ لائی ہے ॥ 13 ॥

ਜੁਗਿ ਜੁਗਿ ਸਾਚਾ ਏਕੋ ਦਾਤਾ ॥	جُگِ جُگِ ساچا ایکو داتا ॥
ਪੂਰੈ ਭਾਗਿ ਗੁਰ ਸਬਦੁ ਪਛਾਤਾ ॥	پُورے بھاگِ گُر سبدُ پچھاتا ॥
ਸਬਦਿ ਮਿਲੇ ਸੇ ਵਿਛੁੜੇ ਨਾਹੀ ਨਦਰੀ ਸਹਜਿ ਮਿਲਾਈ ਹੇ ॥੧੪॥	سبدِ مِلے سے وِچھُڑے ناہی ندری سہجِ مِلائی ہے ॥ 14 ॥
ਹਉਮੈ ਮਾਇਆ ਮੈਲੁ ਕਮਾਇਆ ॥	ہئُمَے مائیا میَلُ کمائیا ॥
ਮਰਿ ਮਰਿ ਜੰਮਹਿ ਦੂਜਾ ਭਾਇਆ ॥	مرِ مرِ جنّمہِ دوُجا بھائیا ॥
ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ਮਨਿ ਦੇਖਹੁ ਲਿਵ ਲਾਈ ਹੇ ॥੧੫॥	بِنُ ستِگُر سیوے مُکتِ ن ہوئی منِ دیکھہُ لِو لائی ہے ॥ 15 ॥
ਜੋ ਤਿਸੁ ਭਾਵੈ ਸੋਈ ਕਰਸੀ ॥	جو تِسُ بھاوے سوئی کرسی ॥
ਆਪਹੁ ਹੋਆ ਨਾ ਕਿਛੁ ਹੋਸੀ ॥	آپہُ ہویا نا کِچھُ ہوسی ॥
ਨਾਨਕ ਨਾਮੁ ਮਿਲੈ ਵਡਿਆਈ ਦਰਿ ਸਾਚੈ ਪਤਿ ਪਾਈ ਹੇ ॥੧੬॥੩॥	نانک نامُ مِلے وڈِیائی درِ ساچے پتِ پائی ہے ॥ 16 ॥3॥
ਮਾਰੂ ਮਹਲਾ ੩ ॥	مارُو محلا 3 ॥
ਜੋ ਆਇਆ ਸੋ ਸਭੁ ਕੋ ਜਾਸੀ ॥	جو آئیا سو سبھُ کو جاسی ॥
ਦੂਜੈ ਭਾਇ ਬਾਧਾ ਜਮ ਫਾਸੀ ॥	دوُجے بھاءِ بادھا جم پھاسی ॥
ਸਤਿਗੁਰਿ ਰਾਖੇ ਸੇ ਜਨ ਉਬਰੇ ਸਾਚੇ ਸਾਚਿ ਸਮਾਈ ਹੇ ॥੧॥	ستِگُرِ راکھے سے جن اُبرے ساچے ساچِ سمائی ہے ॥1॥
ਆਪੇ ਕਰਤਾ ਕਰਿ ਕਰਿ ਵੇਖੈ ॥	آپے کرتا کرِ کرِ ویکھے ॥
ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ ॥	جِس نو ندرِ کرے سوئی جنُ لیکھے ॥
ਗੁਰਮੁਖਿ ਗਿਆਨੁ ਤਿਸੁ ਸਭੁ ਕਿਛੁ ਸੂਝੈ ਅਗਿਆਨੀ ਅੰਧੁ ਕਮਾਈ ਹੇ ॥੨॥	گُرمُکھِ گیانُ تِسُ سبھُ کِچھُ سوُجھے اگیانی اندھُ کمائی ہے ॥2॥
ਮਨਮੁਖ ਸਹਸਾ ਬੂਝ ਨ ਪਾਈ ॥	منمُکھ سہسا بوُجھ ن پائی ॥
ਮਰਿ ਮਰਿ ਜੰਮੈ ਜਨਮੁ ਗਵਾਈ ॥	مرِ مرِ جنّمے جنمُ گوائی ॥
ਗੁਰਮੁਖਿ ਨਾਮਿ ਰਤੇ ਸੁਖੁ ਪਾਇਆ	گُرمُکھِ نامِ رتے سُکھُ پائیا

ਸਹਜੇ ਸਾਚਿ ਸਮਾਈ ਹੇ ॥੩॥	سہجے ساچِ سمائی ہے ॥3॥
ਧੰਧੈ ਧਾਵਤ ਮਨੁ ਭਇਆ ਮਨੂਰਾ ॥	دھندھے دھاوت منُ بھیَا منوُرا ॥
ਫਿਰਿ ਹੋਵੈ ਕੰਚਨੁ ਭੇਟੈ ਗੁਰੁ ਪੂਰਾ ॥	پھِرِ ہووے کنچَنُ بھیٹے گُرُ پوُرا ॥
ਆਪੇ ਬਖਸਿ ਲਏ ਸੁਖੁ ਪਾਏ ਪੂਰੈ ਸਬਦਿ ਮਿਲਾਈ ਹੇ ॥੪॥	آپے بخشِ لے سُکھُ پائے پوُرے سبدِ مِلائی ہے ॥4॥
ਦੁਰਮਤਿ ਝੂਠੀ ਬੁਰੀ ਬੁਰਿਆਰਿ ॥	دُرمتِ جھوُٹھی بُری بُریارِ ॥
ਅਉਗਣਿਆਰੀ ਅਉਗਣਿਆਰਿ ॥	اَئگنِیاری اَئگنِیارِ ॥
ਕਚੀ ਮਤਿ ਫੀਕਾ ਮੁਖਿ ਬੋਲੈ ਦੁਰਮਤਿ ਨਾਮੁ ਨ ਪਾਈ ਹੇ ॥੫॥	کچی متِ پھیِکا مُکھِ بولے دُرمتِ نامُ ن پائی ہے ॥5॥
ਅਉਗਣਿਆਰੀ ਕੰਤ ਨ ਭਾਵੈ ॥	اَئگنِیاری کنّت ن بھاوے ॥
ਮਨ ਕੀ ਜੂਠੀ ਜੂਠੁ ਕਮਾਵੈ ॥	من کی جوُٹھی جوُٹھُ کماوے ॥
ਪਿਰ ਕਾ ਸਾਉ ਨ ਜਾਣੈ ਮੂਰਖਿ ਬਿਨੁ ਗੁਰ ਬੂਝ ਨ ਪਾਈ ਹੇ ॥੬॥	پِر کا ساءُ ن جانئے موُرکھِ بِنُ گُر بوُجھ ن پائی ہے ॥6॥
ਦੁਰਮਤਿ ਖੋਟੀ ਖੋਟੁ ਕਮਾਵੈ ॥	دُرمتِ کھوٹی کھوٹُ کماوے ॥
ਸੀਗਾਰੁ ਕਰੇ ਪਿਰ ਖਸਮ ਨ ਭਾਵੈ ॥	سیِگارُ کرے پِر خصم ن بھاوے ॥
ਗੁਣਵੰਤੀ ਸਦਾ ਪਿਰੁ ਰਾਵੈ ਸਤਿਗੁਰਿ ਮੇਲਿ ਮਿਲਾਈ ਹੇ ॥੭॥	گُنوَنتی سدا پِرُ راوے ستِگُرِ میلِ مِلائی ہے ॥7॥
ਆਪੇ ਹੁਕਮੁ ਕਰੇ ਸਭੁ ਵੇਖੈ ॥	آپے حُکمُ کرے سبھُ ویکھے ॥
ਇਕਨਾ ਬਖਸਿ ਲਏ ਧੁਰਿ ਲੇਖੈ ॥	اِکنا بخشِ لے دھُرِ لیکھے ॥
ਅਨਦਿਨੁ ਨਾਮਿ ਰਤੇ ਸਚੁ ਪਾਇਆ ਆਪੇ ਮੇਲਿ ਮਿਲਾਈ ਹੇ ॥੮॥	اندِنُ نامِ رتے سچُ پائیَا آپے میلِ مِلائی ہے ॥8॥
ਹਉਮੈ ਧਾਤੁ ਮੋਹ ਰਸਿ ਲਾਈ ॥	ہمئے دھاتُ موہ رسِ لائی ॥
ਗੁਰਮੁਖਿ ਲਿਵ ਸਾਚੀ ਸਹਜਿ ਸਮਾਈ ॥	گُرمُکھِ لِو ساچی سہجِ سمائی ॥
ਆਪੇ ਮੇਲੈ ਆਪੇ ਕਰਿ ਵੇਖੈ	آپے میلے آپے کرِ ویکھے

ਬਿਨੁ ਸਤਿਗੁਰ ਬੂਝ ਨ ਪਾਈ ਹੇ ॥੯॥

بِنُ ستِگُر بوُجھ ن پائی ہے ॥9॥

ਇਕਿ ਸਬਦੁ ਵੀਚਾਰਿ ਸਦਾ ਜਨ ਜਾਗੇ ॥

اِکِ سبدُ ویچارِ سدا جن جاگے ॥

ਇਕਿ ਮਾਇਆ ਮੋਹਿ ਸੋਇ ਰਹੇ ਅਭਾਗੇ ॥

اِکِ مائیا موہِ سوءِ رہے ابھاگے ॥

ਆਪੇ ਕਰੇ ਕਰਾਏ ਆਪੇ
ਹੋਰੁ ਕਰਣਾ ਕਿਛੂ ਨ ਜਾਈ ਹੇ ॥੧੦॥

آپے کرے کرائے آپے
ہورُ کرنا کِچھوُ ن جائی ہے ॥ 10 ॥

ਕਾਲੁ ਮਾਰਿ ਗੁਰ ਸਬਦਿ ਨਿਵਾਰੇ ॥

کالُ مارِ گُر سبدِ نِوارے ॥

ਹਰਿ ਕਾ ਨਾਮੁ ਰਖੈ ਉਰ ਧਾਰੇ ॥

ہرِ کا نامُ رکھےَ اُر دھارے ॥

ਸਤਿਗੁਰ ਸੇਵਾ ਤੇ ਸੁਖੁ ਪਾਇਆ
ਹਰਿ ਕੈ ਨਾਮਿ ਸਮਾਈ ਹੇ ॥੧੧॥

ستِگُر سیوا تے سُکھُ پائیا
ہرِ کے نامِ سمائی ہے ॥ 11 ॥

ਦੂਜੈ ਭਾਇ ਫਿਰੈ ਦੇਵਾਨੀ ॥

دوُجےَ بھاءِ پھِرے دیوانی ॥

ਮਾਇਆ ਮੋਹਿ ਦੁਖ ਮਾਹਿ ਸਮਾਨੀ ॥

مائیا موہِ دُکھ ماہِ سمانی ॥

ਬਹੁਤੇ ਭੇਖ ਕਰੈ ਨਹ ਪਾਏ
ਬਿਨੁ ਸਤਿਗੁਰ ਸੁਖੁ ਨ ਪਾਈ ਹੇ ॥੧੨॥

بہُتے بھیکھ کرے نہ پائے
بِنُ ستِگُر سُکھُ ن پائی ہے ॥ 12 ॥

ਕਿਸ ਨੋ ਕਹੀਐ ਜਾ ਆਪਿ ਕਰਾਏ ॥

کِس نو کہیئے جا آپِ کرائے ॥

ਜਿਤੁ ਭਾਵੈ ਤਿਤੁ ਰਾਹਿ ਚਲਾਏ ॥

جِتُ بھاوےَ تِتُ راہِ چلائے ॥

ਆਪੇ ਮਿਹਰਵਾਨੁ ਸੁਖਦਾਤਾ
ਜਿਉ ਭਾਵੈ ਤਿਵੈ ਚਲਾਈ ਹੇ ॥੧੩॥

آپے مِہروانُ سُکھداتا
جِءُ بھاوےَ تِوےَ چلائی ہے ॥ 13 ॥

ਆਪੇ ਕਰਤਾ ਆਪੇ ਭੁਗਤਾ ॥

آپے کرتا آپے بھُگتا ॥

ਆਪੇ ਸੰਜਮੁ ਆਪੇ ਜੁਗਤਾ ॥

آپے سنجَمُ آپے جُگتا ॥

ਆਪੇ ਨਿਰਮਲੁ ਮਿਹਰਵਾਨੁ ਮਧੁਸੂਦਨੁ
ਜਿਸ ਦਾ ਹੁਕਮੁ ਨ ਮੇਟਿਆ ਜਾਈ ਹੇ ॥੧੪॥

آپے نِرملُ مِہروانُ مدھُسوُدنُ
جِس دا حُکمُ ن میٹیا جائی ہے ॥ 14 ॥

ਸੇ ਵਡਭਾਗੀ ਜਿਨੀ ਏਕੋ ਜਾਤਾ ॥

سے وڈبھاگی جِنی ایکو جاتا ॥

ਘਟਿ ਘਟਿ ਵਸਿ ਰਹਿਆ ਜਗਜੀਵਨੁ ਦਾਤਾ ॥

گھٹِ گھٹِ وسِ رہیا جگجیونُ داتا ॥

ਇਕ ਥੈ ਗੁਪਤੁ ਪਰਗਟੁ ਹੈ ਆਪੇ

اِک تھےَ گُپتُ پرگٹُ ہےَ آپے

ਗੁਰਮੁਖਿ ਭ੍ਰਮੁ ਭਉ ਜਾਈ ਹੇ ॥੧੫॥

گُرمُکھِ بھرمُ بھءُ جائی ہے ॥ 15 ॥

ਗੁਰਮੁਖਿ ਹਰਿ ਜੀਉ ਏਕੋ ਜਾਤਾ ॥

گُرمُکھِ ہرِ جیءُ ایکو جاتا ॥

ਅੰਤਰਿ ਨਾਮੁ ਸਬਦਿ ਪਛਾਤਾ ॥

انترِ نامُ سبدِ پچھاتا ॥

ਜਿਸੁ ਤੂ ਦੇਹਿ ਸੋਈ ਜਨੁ ਪਾਏ
ਨਾਨਕ ਨਾਮਿ ਵਡਾਈ ਹੇ ॥੧੬॥੪॥

جِسُ تُو دیہِ سوئی جنُ پائے
نانک نامِ وڈائی ہے ॥ 16 ॥4॥

ਮਾਰੂ ਮਹਲਾ ੩ ॥

مارُو محلا 3 ॥

ਸਚੁ ਸਾਲਾਹੀ ਗਹਿਰ ਗੰਭੀਰੈ ॥

سچُ سالاحی گہِر گنبھیرے ॥

ਸਭੁ ਜਗੁ ਹੈ ਤਿਸ ਹੀ ਕੈ ਚੀਰੈ ॥

سبھُ جگُ ہے تِس ہی کے چیرے ॥

ਸਭਿ ਘਟ ਭੋਗਵੈ ਸਦਾ ਦਿਨੁ ਰਾਤੀ
ਆਪੇ ਸੂਖ ਨਿਵਾਸੀ ਹੇ ॥੧॥

سبھِ گھٹ بھوگوے سدا دِنُ راتی
آپے سوُکھ نِواسی ہے ॥1॥

ਸਚਾ ਸਾਹਿਬੁ ਸਚੀ ਨਾਈ ॥

سچا صاحِبُ سچی نائی ॥

ਗੁਰ ਪਰਸਾਦੀ ਮੰਨਿ ਵਸਾਈ ॥

گُر پرسادی منّ وسائی ॥

ਆਪੇ ਆਇ ਵਸਿਆ ਘਟ ਅੰਤਰਿ
ਤੂਟੀ ਜਮ ਕੀ ਫਾਸੀ ਹੇ ॥੨॥

آپے آءِ وسِیا گھٹ انترِ
توٹی جم کی پھاسی ہے ॥2॥

ਕਿਸੁ ਸੇਵੀ ਤੈ ਕਿਸੁ ਸਾਲਾਹੀ ॥

کِسُ سیوی تے کِسُ سالاحی ۔ ॥

ਸਤਿਗੁਰੁ ਸੇਵੀ ਸਬਦਿ ਸਾਲਾਹੀ ॥

ستِگُرُ سیوی سبدِ سالاحی ॥

ਸਚੈ ਸਬਦਿ ਸਦਾ ਮਤਿ ਊਤਮ
ਅੰਤਰਿ ਕਮਲੁ ਪ੍ਰਗਾਸੀ ਹੇ ॥੩॥

سچے سبدِ سدا متِ اوُتم
انترِ کملُ پرّگاسی ہے ॥3॥

ਦੇਹੀ ਕਾਚੀ ਕਾਗਦ ਮਿਕਦਾਰਾ ॥

دیہی کاچی کاگد مِکدارا ॥

ਬੂੰਦ ਪਵੈ ਬਿਨਸੈ ਢਹਤ ਨ ਲਾਗੈ ਬਾਰਾ ॥

بوُنّد پوے بِنسے ڈھہت ن لاگے بارا ॥

ਕੰਚਨ ਕਾਇਆ ਗੁਰਮੁਖਿ ਬੂਝੈ
ਜਿਸੁ ਅੰਤਰਿ ਨਾਮੁ ਨਿਵਾਸੀ ਹੇ ॥੪॥

کنچن کائیا گُرمُکھِ بوُجھے
جِسُ انترِ نامُ نِواسی ہے ॥4॥

ਸਚਾ ਚਉਕਾ ਸੁਰਤਿ ਕੀ ਕਾਰਾ ॥

سچا چنُکا سُرتِ کی کارا ॥

ਹਰਿ ਨਾਮੁ ਭੋਜਨੁ ਸਚੁ ਆਧਾਰਾ ॥

ہرِ نامُ بھوجنُ سچُ آدھارا ॥

ਸਦਾ ਤ੍ਰਿਪਤਿ ਪਵਿਤ੍ਰੁ ਹੈ ਪਾਵਨੁ
ਜਿਤੁ ਘਟਿ ਹਰਿ ਨਾਮੁ ਨਿਵਾਸੀ ਹੇ ॥੫॥

سدا ترِپت پوِترُ ہے پاونُ
جِتُ گھٹِ ہرِ نامُ نِواسی ہے ॥5॥

ਹਉ ਤਿਨੁ ਬਲਿਹਾਰੀ ਜੋ ਸਾਚੈ ਲਾਗੇ ॥

ہءُ تِنُ بلِہاری جو ساچےَ لاگے ॥

ਹਰਿ ਗੁਣ ਗਾਵਹਿ ਅਨਦਿਨੁ ਜਾਗੇ ॥

ہرِ گُنؤ گاوہِ اندِنُ جاگے ॥

ਸਾਚਾ ਸੂਖੁ ਸਦਾ ਤਿਨ ਅੰਤਰਿ
ਰਸਨਾ ਹਰਿ ਰਸਿ ਰਾਸੀ ਹੇ ॥੬॥

ساچا سوُکھُ سدا تِن انترِ
رسنا ہرِ رسِ راسی ہے ॥6॥

ਹਰਿ ਨਾਮੁ ਚੇਤਾ ਅਵਰੁ ਨ ਪੂਜਾ ॥

ہرِ نامُ چیتا اورُ ن پوُجا ॥

ਏਕੋ ਸੇਵੀ ਅਵਰੁ ਨ ਦੂਜਾ ॥

ایکو سیوی اورُ ن دوُجا ॥

ਪੂਰੈ ਗੁਰਿ ਸਭੁ ਸਚੁ ਦਿਖਾਇਆ
ਸਚੈ ਨਾਮਿ ਨਿਵਾਸੀ ਹੇ ॥੭॥

پوُرے گُرِ سبھُ سچُ دِکھائیا
سچےَ نامِ نِواسی ہے ॥7॥

ਭ੍ਰਮਿ ਭ੍ਰਮਿ ਜੋਨੀ ਫਿਰਿ ਫਿਰਿ ਆਇਆ ॥

بھرّمِ بھرّمِ جونی پھِرِ پھِرِ آئیا ॥

ਆਪਿ ਭੂਲਾ ਜਾ ਖਸਮਿ ਭੁਲਾਇਆ ॥

آپِ بھوُلا جا خصمِ بھُلائیا ॥

ਹਰਿ ਜੀਉ ਮਿਲੈ ਤਾ ਗੁਰਮੁਖਿ ਬੂਝੈ
ਚੀਨੈ ਸਬਦੁ ਅਬਿਨਾਸੀ ਹੇ ॥੮॥

ہرِ جیِءُ ملےَ تا گُرمُکھِ بوُجھےَ
چینےَ سبدُ ابِناسی ہے ॥8॥

ਕਾਮਿ ਕ੍ਰੋਧਿ ਭਰੇ ਹਮ ਅਪਰਾਧੀ ॥

کامِ کرودھِ بھرے ہم اپرادھی ॥

ਕਿਆ ਮੁਹੁ ਲੈ ਬੋਲਹ
ਨਾ ਹਮ ਗੁਣ ਨ ਸੇਵਾ ਸਾਧੀ ॥

کِیا مُہُ لے بولہ
نا ہم گُنؤ ن سیوا سادھی ॥

ਡੁਬਦੇ ਪਾਥਰ ਮੇਲਿ ਲੈਹੁ ਤੁਮ ਆਪੇ
ਸਾਚੁ ਨਾਮੁ ਅਬਿਨਾਸੀ ਹੇ ॥੯॥

ڈُبدے پاتھر میلِ لیَہُ تُم آپے
ساچُ نامُ ابِناسی ہے ॥9॥

ਨਾ ਕੋਈ ਕਰੇ ਨ ਕਰਣੈ ਜੋਗਾ ॥

نا کوئی کرے ن کرنےُ جوگا ॥

ਆਪੇ ਕਰਹਿ ਕਰਾਵਹਿ ਸੁ ਹੋਇਗਾ ॥

آپے کرہِ کراوہِ سُ ہوئگا ॥

ਆਪੇ ਬਖਸਿ ਲੈਹਿ ਸੁਖੁ ਪਾਏ
ਸਦ ਹੀ ਨਾਮਿ ਨਿਵਾਸੀ ਹੇ ॥੧੦॥

آپے بخشِ لیَہِ سُکھُ پائے
سد ہی نامِ نِواسی ہے ॥ 10 ॥

ਇਹੁ ਤਨੁ ਧਰਤੀ ਸਬਦੁ ਬੀਜਿ ਅਪਾਰਾ ॥
اِہُ تنُ دھرتی سبدُ بیجِ اپارا ॥

ਹਰਿ ਸਾਚੇ ਸੇਤੀ ਵਣਜੁ ਵਾਪਾਰਾ ॥
ہرِ ساچے سیتی ونّجُ واپارا ॥

ਸਚੁ ਧਨੁ ਜੰਮਿਆ ਤੋਟਿ ਨ ਆਵੇ
ਅੰਤਰਿ ਨਾਮੁ ਨਿਵਾਸੀ ਹੇ ॥੧੧॥
سچُ دھنُ جنمّیا توٹِ ن آوے
انترِ نامُ نِواسی ہے ॥ 11 ॥

ਹਰਿ ਜੀਉ
ਅਵਗਣਿਆਰੇ ਨੋ ਗੁਣੁ ਕੀਜੈ ॥
ہرِ جیِءُ
اوگُنیارے نو گُنُ کیجےَ ॥

ਆਪੇ ਬਖਸਿ ਲੈਹਿ ਨਾਮੁ ਦੀਜੈ ॥
آپے بخشِ لیہِ نامُ دیجےَ ॥

ਗੁਰਮੁਖਿ ਹੋਵੈ ਸੋ ਪਤਿ ਪਾਏ
ਇਕਤੁ ਨਾਮਿ ਨਿਵਾਸੀ ਹੇ ॥੧੨॥
گُرمُکھِ ہووے سو پتِ پائے
اِکتُ نامِ نِواسی ہے ॥ 12 ॥

ਅੰਤਰਿ ਹਰਿ ਧਨੁ ਸਮਝ ਨ ਹੋਈ ॥
انترِ ہرِ دھنُ سمجھ ن ہوئی ॥

ਗੁਰ ਪਰਸਾਦੀ ਬੂਝੈ ਕੋਈ ॥
گُر پرسادی بُوجھےَ کوئی ॥

ਗੁਰਮੁਖਿ ਹੋਵੈ ਸੋ ਧਨੁ ਪਾਏ
ਸਦ ਹੀ ਨਾਮਿ ਨਿਵਾਸੀ ਹੇ ॥੧੩॥
گُرمُکھِ ہووے سو دھنُ پائے
سد ہی نامِ نِواسی ہے ॥ 13 ॥

ਅਨਲ ਵਾਉ ਭਰਮਿ ਭੁਲਾਈ ॥
انل واءُ بھرمِ بھُلائی ॥

ਮਾਇਆ ਮੋਹਿ ਸੁਧਿ ਨ ਕਾਈ ॥
مائیا موہِ سُدھِ ن کائی ॥

ਮਨਮੁਖ ਅੰਧੇ ਕਿਛੂ ਨ ਸੂਝੈ
ਗੁਰਮਤਿ ਨਾਮੁ ਪ੍ਰਗਾਸੀ ਹੇ ॥੧੪॥
منمُکھ اندھے کچھوُ ن سوُجھےَ
گُرمتِ نامُ پرّگاسی ہے ॥ 14 ॥

ਮਨਮੁਖ ਹਉਮੈ ਮਾਇਆ ਸੂਤੇ ॥
منمُکھ ہئُمےَ مائیا سوُتے ॥

ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ ॥
اپنّا گھرُ ن سمالہِ انّتِ وِگوُتے ॥

ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ
ਦੁਖੇ ਦੁਖਿ ਨਿਵਾਸੀ ਹੇ ॥੧੫॥
پر نِندا کرہِ بہُ چِنّتا جالےَ
دُکھے دُکھِ نِواسی ہے ॥ 15 ॥

ਆਪੇ ਕਰਤੈ ਕਾਰ ਕਰਾਈ ॥
آپے کرتےَ کار کرائی ॥

ਆਪੇ ਗੁਰਮੁਖਿ ਦੇਇ ਬੁਝਾਈ ॥
آپے گُرمُکھِ دےءِ بجُھائی ॥

ਨਾਨਕ ਨਾਮਿ ਰਤੇ ਮਨੁ ਨਿਰਮਲੁ
نانک نامِ رتے منُ نِرملُ

ਨਾਮੇ ਨਾਮਿ ਨਿਵਾਸੀ ਹੇ ॥੧੬॥੫॥

نامے نامِ نِواسی ہے ॥ 16 ॥5॥

ਮਾਰੂ ਮਹਲਾ ੩ ॥

مارُو محلا 3 ॥

ਏਕੋ ਸੇਵੀ ਸਦਾ ਥਿਰੁ ਸਾਚਾ ॥

ایکو سیوی سدا تھِرُ ساچا ॥

ਦੂਜੈ ਲਾਗਾ ਸਭੁ ਜਗੁ ਕਾਚਾ ॥

دوُجے لاگا سبھُ جگُ کاچا ॥

ਗੁਰਮਤੀ ਸਦਾ ਸਚੁ ਸਾਲਾਹੀ
ਸਾਚੇ ਹੀ ਸਾਚਿ ਪਤੀਜੈ ਹੇ ॥੧॥

گُرمتی سدا سچُ سالاحی
ساچے ہی ساچِ پتیجے ہے ॥1॥

ਤੇਰੇ ਗੁਣ ਬਹੁਤੇ ਮੈ ਏਕੁ ਨ ਜਾਤਾ ॥

تیرے گُن بہُتے مے ایکُ ن جاتا ॥

ਆਪੇ ਲਾਇ ਲਏ ਜਗਜੀਵਨੁ ਦਾਤਾ ॥

آپے لاءِ لے جگجیونُ داتا ॥

ਆਪੇ ਬਖਸੇ ਦੇ ਵਡਿਆਈ
ਗੁਰਮਤਿ ਇਹੁ ਮਨੁ ਭੀਜੈ ਹੇ ॥੨॥

آپے بخشے دے وڈِیائی
گُرمتِ اِہُ منُ بھیجے ہے ॥2॥

ਮਾਇਆ ਲਹਰਿ ਸਬਦਿ ਨਿਵਾਰੀ ॥

مائیا لہرِ سبدِ نِواری ॥

ਇਹੁ ਮਨੁ ਨਿਰਮਲੁ ਹਉਮੈ ਮਾਰੀ ॥

اِہُ منُ نِرملُ ہئُے ماری ॥

ਸਹਜੇ ਗੁਣ ਗਾਵੈ ਰੰਗਿ ਰਾਤਾ
ਰਸਨਾ ਰਾਮੁ ਰਵੀਜੈ ਹੇ ॥੩॥

سہجے گُن گاوے رنگِ راتا
رسنا رامُ رویجے ہے ॥3॥

ਮੇਰੀ ਮੇਰੀ ਕਰਤ ਵਿਹਾਣੀ ॥

میری میری کرت وِہانی ॥

ਮਨਮੁਖਿ ਨ ਬੂਝੈ ਫਿਰੈ ਇਆਣੀ ॥

منمُکھِ ن بوُجھے پھرے اِیانی ॥

ਜਮਕਾਲੁ ਘੜੀ ਮੁਹਤੁ ਨਿਹਾਲੇ
ਅਨਦਿਨੁ ਆਰਜਾ ਛੀਜੈ ਹੇ ॥੪॥

جمکالُ گھڑی مُہتُ نِہالے
اندِنُ آرجا چھیجے ہے ॥4॥

ਅੰਤਰਿ ਲੋਭੁ ਕਰੈ ਨਹੀ ਬੂਝੈ ॥

انترِ لوبھُ کرے نہی بوُجھے ॥

ਸਿਰ ਊਪਰਿ ਜਮਕਾਲੁ ਨ ਸੂਝੈ ॥

سِر اوُپرِ جمکالُ ن سوُجھے ॥

ਐਥੈ ਕਮਾਣਾ ਸੁ ਅਗੈ ਆਇਆ
ਅੰਤਕਾਲਿ ਕਿਆ ਕੀਜੈ ਹੇ ॥੫॥

ایتھے کماٹا سُ اگے آئیا
انتکالِ کیا کیجے ہے ۔ ॥5॥

ਜੋ ਸਚਿ ਲਾਗੇ ਤਿਨ ਸਾਚੀ ਸੋਇ ॥

جو سچِ لاگے تِن ساچی سوءِ ॥

ਦੂਜੈ ਲਾਗੇ ਮਨਮੁਖਿ ਰੋਇ ॥

دوُجےَ لاگے منمُکھِ روءِ ॥

ਦੁਹਾ ਸਿਰਿਆ ਕਾ ਖਸਮੁ ਹੈ ਆਪੇ
ਆਪੇ ਗੁਣ ਮਹਿ ਭੀਜੈ ਹੇ ॥੬॥

دُہا سِرِیا کا خصمُ ہےَ آپے
آپے گُنؤ مہِ بھِیجےَ ہے ॥6॥

ਗੁਰ ਕੈ ਸਬਦਿ ਸਦਾ ਜਨੁ ਸੋਹੈ ॥

گُر کےَ سبدِ سدا جنُ سوہےَ ॥

ਨਾਮ ਰਸਾਇਣਿ ਇਹੁ ਮਨੁ ਮੋਹੈ ॥

نام رسائِنؤ اِہُ منُ موہےَ ॥

ਮਾਇਆ ਮੋਹ ਮੈਲੁ ਪਤੰਗੁ ਨ ਲਾਗੈ
ਗੁਰਮਤੀ ਹਰਿ ਨਾਮਿ ਭੀਜੈ ਹੇ ॥੭॥

مائِیا موہ میَلُ پتنگُ ن لاگےَ
گُرمتی ہرِ نامِ بھِیجےَ ہے ॥7॥

ਸਭਨਾ ਵਿਚਿ ਵਰਤੈ ਇਕੁ ਸੋਈ ॥

سبھنا وِچِ ورتےَ اِکُ سوئی ॥

ਗੁਰ ਪਰਸਾਦੀ ਪਰਗਟੁ ਹੋਈ ॥

گُر پرسادی پرگٹُ ہوئی ॥

ਹਉਮੈ ਮਾਰਿ ਸਦਾ ਸੁਖੁ ਪਾਇਆ
ਨਾਇ ਸਾਚੈ ਅੰਮ੍ਰਿਤੁ ਪੀਜੈ ਹੇ ॥੮॥

ہئُمےَ مارِ سدا سُکھُ پائِیا
ناءِ ساچےَ انّمرِتُ پِیجےَ ہے ॥8॥

ਕਿਲਬਿਖ ਦੂਖ ਨਿਵਾਰਣਹਾਰਾ ॥

کِلبِکھ دوُکھ نِوارنہارا ॥

ਗੁਰਮੁਖਿ ਸੇਵਿਆ ਸਬਦਿ ਵੀਚਾਰਾ ॥

گُرمُکھِ سیویا سبدِ ویچارا ॥

ਸਭੁ ਕਿਛੁ ਆਪੇ ਆਪਿ ਵਰਤੈ
ਗੁਰਮੁਖਿ ਤਨੁ ਮਨੁ ਭੀਜੈ ਹੇ ॥੯॥

سبھُ کِچھُ آپے آپِ ورتےَ
گُرمُکھِ تنُ منُ بھِیجےَ ہے ॥9॥

ਮਾਇਆ ਅਗਨਿ ਜਲੈ ਸੰਸਾਰੇ ॥

مائِیا اگنِ جلےَ سنّسارے ॥

ਗੁਰਮੁਖਿ ਨਿਵਾਰੈ ਸਬਦਿ ਵੀਚਾਰੇ ॥

گُرمُکھِ نِوارےَ سبدِ ویچارے ॥

ਅੰਤਰਿ ਸਾਂਤਿ ਸਦਾ ਸੁਖੁ ਪਾਇਆ
ਗੁਰਮਤੀ ਨਾਮੁ ਲੀਜੈ ਹੇ ॥੧੦॥

انترِ سانتِ سدا سُکھُ پائِیا
گُرمتی نامُ لِیجےَ ہے ॥ 10 ॥

ਇੰਦ੍ਰ ਇੰਦ੍ਰਾਸਣਿ ਬੈਠੇ
ਜਮ ਕਾ ਭਉ ਪਾਵਹਿ ॥

اِنّدر اِنّدراسنؤ بیٹھے
جم کا بھءُ پاوہِ ॥

ਜਮੁ ਨ ਛੋਡੈ ਬਹੁ ਕਰਮ ਕਮਾਵਹਿ ॥

جمُ ن چھوڈےَ بہُ کرم کماوہِ ॥

ਸਤਿਗੁਰੁ ਭੇਟੈ ਤਾ ਮੁਕਤਿ ਪਾਈਐ
ਹਰਿ ਹਰਿ ਰਸਨਾ ਪੀਜੈ ਹੇ ॥੧੧॥

ستِگُر بھیٹےَ تا مُکتِ پائیےَ
ہرِ ہرِ رسنا پِیجےَ ہے ॥ 11 ॥

ਮਨਮੁਖਿ ਅੰਤਰਿ ਭਗਤਿ ਨ ਹੋਈ ॥
ਗੁਰਮੁਖਿ ਭਗਤਿ ਸਾਂਤਿ ਸੁਖੁ ਹੋਈ ॥
ਪਵਿਤ੍ਰ ਪਾਵਨ ਸਦਾ ਹੈ ਬਾਣੀ
ਗੁਰਮਤਿ ਅੰਤਰੁ ਭੀਜੈ ਹੇ ॥੧੨॥

ਬ੍ਰਹਮਾ ਬਿਸਨੁ ਮਹੇਸੁ ਵੀਚਾਰੀ ॥
ਤ੍ਰੈ ਗੁਣ ਬਧਕ ਮੁਕਤਿ ਨਿਰਾਰੀ ॥
ਗੁਰਮੁਖਿ ਗਿਆਨੁ ਏਕੋ ਹੈ ਜਾਤਾ
ਅਨਦਿਨੁ ਨਾਮੁ ਰਵੀਜੈ ਹੇ ॥੧੩॥

ਬੇਦ ਪੜਹਿ ਹਰਿ ਨਾਮੁ ਨ ਬੂਝਹਿ ॥
ਮਾਇਆ ਕਾਰਣਿ ਪੜਿ ਪੜਿ ਲੂਝਹਿ ॥
ਅੰਤਰਿ ਮੈਲੁ ਅਗਿਆਨੀ ਅੰਧਾ
ਕਿਉ ਕਰਿ ਦੁਤਰੁ ਤਰੀਜੈ ਹੇ ॥੧੪॥

ਬੇਦ ਬਾਦ ਸਭਿ ਆਖਿ ਵਖਾਣਹਿ ॥
ਨ ਅੰਤਰੁ ਭੀਜੈ ਨ ਸਬਦੁ ਪਛਾਣਹਿ ॥
ਪੁੰਨੁ ਪਾਪੁ ਸਭੁ ਬੇਦਿ ਦ੍ਰਿੜਾਇਆ
ਗੁਰਮੁਖਿ ਅੰਮ੍ਰਿਤੁ ਪੀਜੈ ਹੇ ॥੧੫॥

ਆਪੇ ਸਾਚਾ ਏਕੋ ਸੋਈ ॥
ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥
ਨਾਨਕ ਨਾਮਿ ਰਤੇ ਮਨੁ ਸਾਚਾ
ਸਚੋ ਸਚੁ ਰਵੀਜੈ ਹੇ ॥੧੬॥੬॥

ਮਾਰੂ ਮਹਲਾ ੩ ॥
ਸਚੈ ਸਚਾ ਤਖਤੁ ਰਚਾਇਆ ॥
ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ ॥
ਸਦ ਹੀ ਸਾਚੁ ਵਸਿਆ ਘਟ ਅੰਤਰਿ

منمکھِ انترِ بھگتِ ن ہوئی ॥
گُرمُکھِ بھگتِ سانتِ سُکھُ ہوئی ॥
پوِتّر پاون سدا ہے بانٔی
گُرمتِ انترُ بھیجےَ ہے ॥ 12 ॥

برہما بِسنُ مہیسُ ویچاری ॥
ترےَ گُنٔ بدھک مُکتِ نِراری ॥
گُرمُکھِ گِیانُ ایکو ہےَ جاتا
اندِنُ نامُ رویجےَ ہے ॥ 13 ॥

بید پڑہِ ہرِ نامُ ن بُوجھہِ ॥
مائیا کارنِٔ پڑِ پڑِ لُوجھہِ ॥
انترِ میَلُ اگیانی اندھا
کِءُ کرِ دُترُ تریجےَ ہے ۔ ॥ 14 ॥

بید باد سبھِ آکھِ وکھاٹہِ ॥
ن انترُ بھیجےَ ن سبدُ پچھاٹہِ ॥
پُنّنُ پاپُ سبھُ بیدِ دڑاِئیا
گُرمُکھِ انمّرِٹُ پیجےَ ہے ॥ 15 ॥

آپے ساچا ایکو سوئی ॥
تِسُ بِنُ دوُجا اورُ ن کوئی ॥
نانک نامِ رتے منُ ساچا
سچو سچُ رویجےَ ہے ॥ 16 ॥6॥

مارُو محلا 3 ॥
سچےَ سچا تخٹُ رچائیا ॥
نج گھرِ وسِیا تِتھےَ موہُ ن مائیا ॥
سد ہی ساچُ وسِیا گھٹ انترِ

ਗੁਰਮੁਖਿ ਕਰਣੀ ਸਾਰੀ ਹੇ ॥੧॥	گُرمُکھِ کرنٹی ساری ہے ॥1॥
ਸਚਾ ਸਉਦਾ ਸਚੁ ਵਾਪਾਰਾ ॥	سچا سئُدا سچُ واپارا ॥
ਨ ਤਿਥੈ ਭਰਮੁ ਨ ਦੂਜਾ ਪਸਾਰਾ ॥	ن تِتھے بھرمُ ن دوُجا پسارا ॥
ਸਚਾ ਧਨੁ ਖਟਿਆ ਕਦੇ ਤੋਟਿ ਨ ਆਵੈ ਬੂਝੈ ਕੋ ਵੀਚਾਰੀ ਹੇ ॥੨॥	سچا دھنُ کھٹیا کدے توٹِ ن آوے بوُجھے کو ویچاری ہے ॥2॥
ਸਚੈ ਲਾਏ ਸੇ ਜਨ ਲਾਗੇ ॥	سچے لائے سے جن لاگے ॥
ਅੰਤਰਿ ਸਬਦੁ ਮਸਤਕਿ ਵਡਭਾਗੇ ॥	انترِ سبدُ مستکِ وڈبھاگے ॥
ਸਚੈ ਸਬਦਿ ਸਦਾ ਗੁਣ ਗਾਵਹਿ ਸਬਦਿ ਰਤੇ ਵੀਚਾਰੀ ਹੇ ॥੩॥	سچے سبدِ سدا گُنٹ گاوہِ سبدِ رتے ویچاری ہے ॥3॥
ਸਚੋ ਸਚਾ ਸਚੁ ਸਾਲਾਹੀ ॥	سچو سچا سچُ سالاہی ॥
ਏਕੋ ਵੇਖਾ ਦੂਜਾ ਨਾਹੀ ॥	ایکو ویکھا دوُجا ناہی ॥
ਗੁਰਮਤਿ ਊਚੋ ਊਚੀ ਪਉੜੀ ਗਿਆਨਿ ਰਤਨਿ ਹਉਮੈ ਮਾਰੀ ਹੇ ॥੪॥	گُرمتِ اوُچو اوُچی پئڑی گیانِ رتنِ ہئُمے ماری ہے ॥4॥
ਮਾਇਆ ਮੋਹਿ ਸਬਦਿ ਜਲਾਇਆ ॥	مائیا موہِ سبدِ جلائیا ॥
ਸਚੁ ਮਨਿ ਵਸਿਆ ਜਾ ਤੁਧੁ ਭਾਇਆ ॥	سچُ منِ وسیا جا تُدھُ بھائیا ॥
ਸਚੇ ਕੀ ਸਭ ਸਚੀ ਕਰਣੀ ਹਉਮੈ ਤਿਖਾ ਨਿਵਾਰੀ ਹੇ ॥੫॥	سچے کی سبھ سچی کرنٹی ہئُمے تِکھا نِواری ہے ॥5॥
ਮਾਇਆ ਮੋਹੁ ਸਭੁ ਆਪੇ ਕੀਨਾ ॥	مائیا موہُ سبھُ آپے کِینا ॥
ਗੁਰਮੁਖਿ ਵਿਰਲੈ ਕਿਨ ਹੀ ਚੀਨਾ ॥	گُرمُکھِ وِرلے کِن ہی چِینا ॥
ਗੁਰਮੁਖਿ ਹੋਵੈ ਸੁ ਸਚੁ ਕਮਾਵੈ ਸਾਚੀ ਕਰਣੀ ਸਾਰੀ ਹੇ ॥੬॥	گُرمُکھِ ہووے سُ سچُ کماوے ساچی کرنٹی ساری ہے ॥6॥
ਕਾਰ ਕਮਾਈ ਜੋ ਮੇਰੇ ਪ੍ਰਭ ਭਾਈ ॥	کار کمائی جو میرے پربھ بھائی ॥
ਹਉਮੈ ਤ੍ਰਿਸਨਾ ਸਬਦਿ ਬੁਝਾਈ ॥	ہئُمے ترِسنا سبدِ بُجھائی ॥
ਗੁਰਮਤਿ ਸਦ ਹੀ ਅੰਤਰੁ ਸੀਤਲੁ	گُرمتِ سد ہی انترِ سِیتلُ

ਹਉਮੈ ਮਾਰਿ ਨਿਵਾਰੀ ਹੇ ॥੭॥

ہئُمَے مارِ نِواری ہے ॥7॥

ਸਚਿ ਲਗੇ ਤਿਨ ਸਭੁ ਕਿਛੁ ਭਾਵੈ ॥

سچِ لگے تِن سبھُ کِچھُ بھاوے ॥

ਸਚੈ ਸਬਦੇ ਸਚਿ ਸੁਹਾਵੈ ॥

سچےَ سبدے سچِ سُہاوے ॥

ਐਥੈ ਸਾਚੇ ਸੇ ਦਰਿ ਸਾਚੇ
ਨਦਰੀ ਨਦਰਿ ਸਵਾਰੀ ਹੇ ॥੮॥

ایَتھےَ ساچے سے درِ ساچے
ندری ندرِ سواری ہے ॥8॥

ਬਿਨੁ ਸਾਚੇ ਜੋ ਦੂਜੈ ਲਾਇਆ ॥

بِنُ ساچے جو دوُجےَ لائیا ॥

ਮਾਇਆ ਮੋਹੁ ਦੁਖ ਸਬਾਇਆ ॥

مائیا موہُ دُکھ سبائیا ॥

ਬਿਨੁ ਗੁਰ ਦੁਖੁ ਸੁਖੁ ਜਾਪੈ ਨਾਹੀ
ਮਾਇਆ ਮੋਹ ਦੁਖੁ ਭਾਰੀ ਹੇ ॥੯॥

بِنُ گُر دُکھُ سُکھُ جاپےَ ناہی
مائیا موہ دُکھُ بھاری ہے ॥9॥

ਸਾਚਾ ਸਬਦੁ ਜਿਨਾ ਮਨਿ ਭਾਇਆ ॥

ساچا سبدُ جِنا منِ بھائیا ॥

ਪੂਰਬਿ ਲਿਖਿਆ ਤਿਨੀ ਕਮਾਇਆ ॥

پوُربِ لِکھیا تِنی کمائیا ॥

ਸਚੋ ਸੇਵਹਿ ਸਚੁ ਧਿਆਵਹਿ
ਸਚਿ ਰਤੇ ਵੀਚਾਰੀ ਹੇ ॥੧੦॥

سچھو سیوہِ سچُ دھیاوہِ
سچِ رتے ویچاری ہے ॥ 10 ॥

ਗੁਰ ਕੀ ਸੇਵਾ ਮੀਠੀ ਲਾਗੀ ॥

گُر کی سیوا مِیٹھی لاگی ॥

ਅਨਦਿਨੁ ਸੂਖ ਸਹਜ ਸਮਾਧੀ ॥

اندِنُ سوُکھ سہج سمادھی ॥

ਹਰਿ ਹਰਿ ਕਰਤਿਆ ਮਨੁ ਨਿਰਮਲੁ ਹੋਆ
ਗੁਰ ਕੀ ਸੇਵ ਪਿਆਰੀ ਹੇ ॥੧੧॥

ہرِ ہرِ کرتیا منُ نِرملُ ہویا
گُر کی سیو پِیاری ہے ॥ 11 ॥

ਸੇ ਜਨ ਸੁਖੀਏ ਸਤਿਗੁਰਿ ਸਚੇ ਲਾਏ ॥

سے جن سُکھیئے ستِگُرِ سچے لائے ॥

ਆਪੇ ਭਾਣੇ ਆਪਿ ਮਿਲਾਏ ॥

آپے بھاٹے آپِ مِلائے ॥

ਸਤਿਗੁਰਿ ਰਾਖੇ ਸੇ ਜਨ ਉਬਰੇ
ਹੋਰ ਮਾਇਆ ਮੋਹ ਖੁਆਰੀ ਹੇ ॥੧੨॥

ستِگُرِ راکھے سے جن اُبرے
ہور مائیا موہ خُیاری ہے ॥ 12 ॥

ਗੁਰਮੁਖਿ ਸਾਚਾ ਸਬਦਿ ਪਛਾਤਾ ॥

گُرمُکھِ ساچا سبدِ پچھاتا ॥

ਨਾ ਤਿਸੁ ਕੁਟੰਬੁ ਨਾ ਤਿਸੁ ਮਾਤਾ ॥

نا تِسُ کُٹنَبُ نا تِسُ ماتا ॥

ਏਕੋ ਏਕੁ ਰਵਿਆ ਸਭ ਅੰਤਰਿ

ایکو ایکُ رویا سبھ انترِ

ਸਭਨਾ ਜੀਆ ਕਾ ਆਧਾਰੀ ਹੇ ॥੧੩॥

سبھنا جیِیا کا آدھاری ہے ॥ 13 ॥

ਹਉਮੈ ਮੇਰਾ ਦੂਜਾ ਭਾਇਆ ॥

ہئُمےَ میرا دوُجا بھائِیا ॥

ਕਿਛੁ ਨ ਚਲੈ ਧੁਰਿ ਖਸਮਿ ਲਿਖਿ ਪਾਇਆ ॥

کِچھُ ن چلےَ دھُرِ خصمِ لِکھِ پائِیا ॥

ਗੁਰ ਸਾਚੇ ਤੇ ਸਾਚੁ ਕਮਾਵਹਿ
ਸਾਚੈ ਦੂਖ ਨਿਵਾਰੀ ਹੇ ॥੧੪॥

گُر ساچے تے ساچُ کماوہِ
ساچےَ دوُکھ نِواری ہے ॥ 14 ॥

ਜਾ ਤੂ ਦੇਹਿ ਸਦਾ ਸੁਖੁ ਪਾਏ ॥

جا توُ دیہِ سدا سُکھُ پائے ॥

ਸਾਚੈ ਸਬਦੇ ਸਾਚੁ ਕਮਾਏ ॥

ساچےَ سبدے ساچُ کمائے ॥

ਅੰਦਰੁ ਸਾਚਾ ਮਨੁ ਤਨੁ ਸਾਚਾ
ਭਗਤਿ ਭਰੇ ਭੰਡਾਰੀ ਹੇ ॥੧੫॥

انّدرُ ساچا منُ تنُ ساچا
بھگتِ بھرے بھنّڈاری ہے ॥ 15 ॥

ਆਪੇ ਵੇਖੈ ਹੁਕਮਿ ਚਲਾਏ ॥

آپے ویکھےَ حُکمِ چلائے ॥

ਅਪਣਾ ਭਾਣਾ ਆਪਿ ਕਰਾਏ ॥

اپنّا بھاٹا آپِ کرائے ॥

ਨਾਨਕ ਨਾਮਿ ਰਤੇ ਬੈਰਾਗੀ
ਮਨੁ ਤਨੁ ਰਸਨਾ ਨਾਮਿ ਸਵਾਰੀ ਹੇ ॥੧੬॥੭॥

نانک نامِ رتے بیَراگی
منُ تنُ رسنا نامِ سواری ہے ॥ 16 ॥7॥

ਮਾਰੂ ਮਹਲਾ ੩ ॥

مارُو محلا 3 ॥

ਆਪੇ ਆਪੁ ਉਪਾਇ ਉਪੰਨਾ ॥

آپے آپُ اُپاءِ اُپنّا ॥

ਸਭ ਮਹਿ ਵਰਤੈ ਏਕੁ ਪਰਛੰਨਾ ॥

سبھ مہِ ورتےَ ایکُ پرچھنّا ॥

ਸਭਨਾ ਸਾਰ ਕਰੇ ਜਗਜੀਵਨੁ
ਜਿਨਿ ਅਪਣਾ ਆਪੁ ਪਛਾਤਾ ਹੇ ॥੧॥

سبھنا سار کرے جگجِیونُ
جِنِ اپنّا آپُ پچھاتا ہے ॥ 1 ॥

ਜਿਨਿ ਬ੍ਰਹਮਾ ਬਿਸਨੁ ਮਹੇਸੁ ਉਪਾਏ ॥

جِنِ برہما بِسنُ مہیسُ اُپائے ॥

ਸਿਰਿ ਸਿਰਿ ਧੰਧੈ ਆਪੇ ਲਾਏ ॥

سِرِ سِرِ دھنّدھےَ آپے لائے ॥

ਜਿਸੁ ਭਾਵੈ ਤਿਸੁ ਆਪੇ ਮੇਲੇ
ਜਿਨਿ ਗੁਰਮੁਖਿ ਏਕੋ ਜਾਤਾ ਹੇ ॥੨॥

جِسُ بھاوےَ تِسُ آپے میلے
جِنِ گُرمُکھِ ایکو جاتا ہے ॥ 2 ॥

ਆਵਾ ਗਉਣੁ ਹੈ ਸੰਸਾਰਾ ॥

آوا گئُنُ ہےَ سنّسارا ॥

ਮਾਇਆ ਮੋਹੁ ਬਹੁ ਚਿਤੈ ਬਿਕਾਰਾ ॥

ਥਿਰੁ ਸਾਚਾ ਸਾਲਾਹੀ ਸਦ ਹੀ
ਜਿਨਿ ਗੁਰ ਕਾ ਸਬਦੁ ਪਛਾਤਾ ਹੇ ॥੩॥

ਇਕਿ ਮੂਲਿ ਲਗੇ ਓਨੀ ਸੁਖੁ ਪਾਇਆ ॥

ਡਾਲੀ ਲਾਗੇ ਤਿਨੀ ਜਨਮੁ ਗਵਾਇਆ ॥

ਅੰਮ੍ਰਿਤ ਫਲ ਤਿਨ ਜਨ ਕਉ ਲਾਗੇ
ਜੋ ਬੋਲਹਿ ਅੰਮ੍ਰਿਤ ਬਾਤਾ ਹੇ ॥੪॥

ਹਮ ਗੁਣ ਨਾਹੀ ਕਿਆ ਬੋਲਹ ਬੋਲ ॥

ਤੂ ਸਭਨਾ ਦੇਖਹਿ ਤੋਲਹਿ ਤੋਲ ॥

ਜਿਉ ਭਾਵੈ ਤਿਉ ਰਾਖਹਿ ਰਹਣਾ
ਗੁਰਮੁਖਿ ਏਕੋ ਜਾਤਾ ਹੇ ॥੫॥

ਜਾ ਤੁਧੁ ਭਾਣਾ ਤਾ ਸਚੀ ਕਾਰੈ ਲਾਏ ॥

ਅਵਗਣ ਛੋਡਿ ਗੁਣ ਮਾਹਿ ਸਮਾਏ ॥

ਗੁਣ ਮਹਿ ਏਕੋ ਨਿਰਮਲੁ ਸਾਚਾ
ਗੁਰ ਕੈ ਸਬਦਿ ਪਛਾਤਾ ਹੇ ॥੬॥

ਜਹ ਦੇਖਾ ਤਹ ਏਕੋ ਸੋਈ ॥

ਦੂਜੀ ਦੁਰਮਤਿ ਸਬਦੇ ਖੋਈ ॥

ਏਕਸੁ ਮਹਿ ਪ੍ਰਭੁ ਏਕੁ ਸਮਾਣਾ
ਅਪਣੈ ਰੰਗਿ ਸਦ ਰਾਤਾ ਹੇ ॥੭॥

ਕਾਇਆ ਕਮਲੁ ਹੈ ਕੁਮਲਾਣਾ ॥

ਮਨਮੁਖੁ ਸਬਦੁ ਨ ਬੁਝੈ ਇਆਣਾ ॥

ਗੁਰ ਪਰਸਾਦੀ ਕਾਇਆ ਖੋਜੇ
ਪਾਏ ਜਗਜੀਵਨੁ ਦਾਤਾ ਹੇ ॥੮॥

ਕੋਟ ਗਹੀ ਕੇ ਪਾਪ ਨਿਵਾਰੇ ॥

مائیا موہُ بہُ چِتے بِکارا ॥

تھِرُ ساچا سالاہی سد ہی
جِنِ گُر کا سبدُ پچھاتا ہے ॥3॥

اِکِ موُلِ لگے اونی سُکھُ پائیا ॥

ڈالی لاگے تِنی جنمُ گوائیا ॥

انمّرِت پھل تِن جن ک ءُ لاگے
جو بولہِ انمّرِت باتا ہے ॥4॥

ہم گُڑ ناہی کِیا بولہ بول ۔ ॥

توُ سبھنا دیکھہِ تولہِ تول ॥

جِ ءُ بھاوے تِ ءُ راکھہِ رہٹا
گُرمُکھِ ایکو جاتا ہے ॥5॥

جا تُدھُ بھاٹا تا سچی کارے لائے ॥

اوگُڑ چھوڈِ گُڑ ماہِ سمائے ॥

گُڑ مہِ ایکو نِرملُ ساچا
گُر کے سبدِ پچھاتا ہے ॥6॥

جہ دیکھا تہ ایکو سوئی ॥

دوُجی دُرمتِ سبدے کھوئی ॥

ایکسُ مہِ پربھُ ایکُ سماٹا
اپنّے رنگِ سد راتا ہے ॥7॥

کائیا کملُ ہے کُملاٹا ॥

منمُکھُ سبدُ ن بُجھے اِیاٹا ॥

گُر پرسادی کائیا کھوجے
پائے جگجیونُ داتا ہے ॥8॥

کوٹ گہی کے پاپ نِوارے ॥

ਸਦਾ ਹਰਿ ਜੀਉ ਰਾਖੈ ਉਰ ਧਾਰੇ ॥
سدا ہرِ جیِءُ راکھےَ اُر دھارے ॥

ਜੋ ਇਛੇ ਸੋਈ ਫਲੁ ਪਾਏ
ਜਿਉ ਰੰਗੁ ਮਜੀਠੈ ਰਾਤਾ ਹੇ ॥੯॥
جو اِچھے سوئی پھلُ پائے
جِءُ رنگُ مجیٹھےَ راتا ہے ॥9॥

ਮਨਮੁਖੁ ਗਿਆਨੁ ਕਥੇ ਨ ਹੋਈ ॥
منمُکھُ گیانُ کتھے ن ہوئی ॥

ਫਿਰਿ ਫਿਰਿ ਆਵੈ ਠਉਰ ਨ ਕੋਈ ॥
پھِرِ پھِرِ آوےَ ٹھئُر ن کوئی ॥

ਗੁਰਮੁਖਿ ਗਿਆਨੁ ਸਦਾ ਸਾਲਾਹੇ
ਜੁਗਿ ਜੁਗਿ ਏਕੋ ਜਾਤਾ ਹੇ ॥੧੦॥
گُرمُکھِ گیانُ سدا سالاہے
جُگِ جُگِ ایکو جاتا ہے ॥ 10 ॥

ਮਨਮੁਖੁ ਕਾਰ ਕਰੇ ਸਭਿ ਦੁਖ ਸਬਾਏ ॥
منمُکھُ کار کرے سبھِ دُکھ سبائے ॥

ਅੰਤਰਿ ਸਬਦੁ ਨਾਹੀ ਕਿਉ ਦਰਿ ਜਾਏ ॥
انترِ سبدُ ناہی کِءُ درِ جائے ۔ ॥

ਗੁਰਮੁਖਿ ਸਬਦੁ ਵਸੈ ਮਨਿ ਸਾਚਾ
ਸਦ ਸੇਵੇ ਸੁਖਦਾਤਾ ਹੇ ॥੧੧॥
گُرمُکھِ سبدُ وسےَ منِ ساچا
سد سیوے سُکھداتا ہے ॥ 11 ॥

ਜਹ ਦੇਖਾ ਤੂ ਸਭਨੀ ਥਾਈ ॥
جہ دیکھا توُ سبھنی تھائی ॥

ਪੂਰੈ ਗੁਰਿ ਸਭ ਸੋਝੀ ਪਾਈ ॥
پوُرےَ گُرِ سبھ سوجھی پائی ॥

ਨਾਮੋ ਨਾਮੁ ਧਿਆਈਐ ਸਦਾ ਸਦ
ਇਹੁ ਮਨੁ ਨਾਮੇ ਰਾਤਾ ਹੇ ॥੧੨॥
نامو نامُ دھیائیئےَ سدا سد
اِہُ منُ نامے راتا ہے ॥ 12 ॥

ਨਾਮੇ ਰਾਤਾ ਪਵਿਤੁ ਸਰੀਰਾ ॥
نامے راتا پوِتُ سریِرا ॥

ਬਿਨੁ ਨਾਵੈ ਡੂਬਿ ਮੁਏ ਬਿਨੁ ਨੀਰਾ ॥
بِنُ ناوےَ ڈوُبِ مُےَ بِنُ نیِرا ॥

ਆਵਹਿ ਜਾਵਹਿ ਨਾਮੁ ਨਹੀ ਬੂਝਹਿ
ਇਕਨਾ ਗੁਰਮੁਖਿ ਸਬਦੁ ਪਛਾਤਾ ਹੇ ॥੧੩॥
آوہِ جاوہِ نامُ نہی بوُجھہِ
اِکنا گُرمُکھِ سبدُ پچھاتا ہے ॥ 13 ॥

ਪੂਰੈ ਸਤਿਗੁਰਿ ਬੂਝ ਬੁਝਾਈ ॥
پوُرےَ ستِگُرِ بوُجھ بُجھائی ॥

ਵਿਣੁ ਨਾਵੈ ਮੁਕਤਿ ਕਿਨੈ ਨ ਪਾਈ ॥
وِنُ ناوےَ مُکتِ کِنےَ ن پائی ॥

ਨਾਮੇ ਨਾਮਿ ਮਿਲੈ ਵਡਿਆਈ
ਸਹਜਿ ਰਹੈ ਰੰਗਿ ਰਾਤਾ ਹੇ ॥੧੪॥
نامے نامِ ملےَ وڈِیائی
سہجِ رہےَ رنگِ راتا ہے ॥ 14 ॥

ਕਾਇਆ ਨਗਰੁ ਢਹੈ ਢਹਿ ਢੇਰੀ ॥
کائیا نگرُ ڈھہے ڈھہِ ڈھیری ॥

ਬਿਨ ਸਬਦੈ ਚੂਕੈ ਨਹੀ ਫੇਰੀ ॥

بِن سبدے چوُکے نہی پھیری ॥

ਸਾਚੁ ਸਲਾਹੇ ਸਾਚਿ ਸਮਾਵੈ
ਜਿਨਿ ਗੁਰਮੁਖਿ ਏਕੋ ਜਾਤਾ ਹੇ ॥੧੫॥

ساچُ سلاہے ساچِ سماوے
جِنِ گُرمُکھِ ایکو جاتا ہے ॥ 15 ॥

ਜਿਸ ਨੋ ਨਦਰਿ ਕਰੇ ਸੋ ਪਾਏ ॥

جِس نو ندرِ کرے سو پائے ॥

ਸਾਚਾ ਸਬਦੁ ਵਸੈ ਮਨਿ ਆਏ ॥

ساچا سبدُ وسے منِ آئے ॥

ਨਾਨਕ ਨਾਮਿ ਰਤੇ ਨਿਰੰਕਾਰੀ
ਦਰਿ ਸਾਚੈ ਸਾਚੁ ਪਛਾਤਾ ਹੇ ॥੧੬॥੮॥

نانک نامِ رتے نِرنکاری
درِ ساچے ساچُ پچھاتا ہے ॥ 16 ॥8॥

ਮਾਰੂ ਸੋਲਹੇ ੩ ॥

مارُو سولہے 3 ॥

ਆਪੇ ਕਰਤਾ ਸਭੁ ਜਿਸੁ ਕਰਣਾ ॥

آپے کرتا سبھُ جِسُ کرنا ॥

ਜੀਅ ਜੰਤ ਸਭਿ ਤੇਰੀ ਸਰਣਾ ॥

جیء جنّت سبھِ تیری سرنا ॥

ਆਪੇ ਗੁਪਤੁ ਵਰਤੈ ਸਭ ਅੰਤਰਿ
ਗੁਰ ਕੈ ਸਬਦਿ ਪਛਾਤਾ ਹੇ ॥੧॥

آپے گُپتُ ورتے سبھ انترِ
گُر کے سبدِ پچھاتا ہے ॥1॥

ਹਰਿ ਕੇ ਭਗਤਿ ਭਰੇ ਭੰਡਾਰਾ ॥

ہرِ کے بھگتِ بھرے بھنڈارا ॥

ਆਪੇ ਬਖਸੇ ਸਬਦਿ ਵੀਚਾਰਾ ॥

آپے بخشے سبدِ ویچارا ॥

ਜੋ ਤੁਧੁ ਭਾਵੈ ਸੋਈ ਕਰਸਹਿ
ਸਚੇ ਸਿਉ ਮਨੁ ਰਾਤਾ ਹੇ ॥੨॥

جو تُدھُ بھاوے سوئی کرسہِ
سچے سِءُ منُ راتا ہے ॥2॥

ਆਪੇ ਹੀਰਾ ਰਤਨੁ ਅਮੋਲੋ ॥

آپے ہیرا رتنُ امولو ॥

ਆਪੇ ਨਦਰੀ ਤੋਲੇ ਤੋਲੋ ॥

آپے ندری تولے تولو ॥

ਜੀਅ ਜੰਤ ਸਭਿ ਸਰਣਿ ਤੁਮਾਰੀ
ਕਰਿ ਕਿਰਪਾ ਆਪਿ ਪਛਾਤਾ ਹੇ ॥੩॥

جیء جنّت سبھِ سرنِ تُماری
کرِ کِرپا آپِ پچھاتا ہے ॥3॥

ਜਿਸ ਨੋ ਨਦਰਿ ਹੋਵੈ ਧੁਰਿ ਤੇਰੀ ॥

جِس نو ندرِ ہووے دھُرِ تیری ॥

ਮਰੈ ਨ ਜੰਮੈ ਚੂਕੈ ਫੇਰੀ ॥

مرے ن جنّمے چوُکے پھیری ॥

ਸਾਚੇ ਗੁਣ ਗਾਵੈ ਦਿਨੁ ਰਾਤੀ
ਜੁਗਿ ਜੁਗਿ ਏਕੋ ਜਾਤਾ ਹੇ ॥੪॥

ساچے گُن گاوے دِنُ راتی
جُگِ جُگِ ایکو جاتا ہے ॥4॥

ਮਾਇਆ ਮੋਹਿ ਸਭੁ ਜਗਤੁ ਉਪਾਇਆ ॥
ਬ੍ਰਹਮਾ ਬਿਸਨੁ ਦੇਵ ਸਬਾਇਆ ॥
ਜੋ ਤੁਧੁ ਭਾਣੇ ਸੇ ਨਾਮਿ ਲਾਗੇ
ਗਿਆਨ ਮਤੀ ਪਛਾਤਾ ਹੇ ॥੫॥

ਪਾਪ ਪੁੰਨ ਵਰਤੈ ਸੰਸਾਰਾ ॥
ਹਰਖੁ ਸੋਗੁ ਸਭੁ ਦੁਖੁ ਹੈ ਭਾਰਾ ॥
ਗੁਰਮੁਖਿ ਹੋਵੈ ਸੋ ਸੁਖੁ ਪਾਏ
ਜਿਨਿ ਗੁਰਮੁਖਿ ਨਾਮੁ ਪਛਾਤਾ ਹੇ ॥੬॥

ਕਿਰਤੁ ਨ ਕੋਈ ਮੇਟਣਹਾਰਾ ॥
ਗੁਰ ਕੈ ਸਬਦੇ ਮੋਖ ਦੁਆਰਾ ॥
ਪੂਰਬਿ ਲਿਖਿਆ ਸੋ ਫਲ ਪਾਇਆ
ਜਿਨਿ ਆਪੁ ਮਾਰਿ ਪਛਾਤਾ ਹੇ ॥੭॥

ਮਾਇਆ ਮੋਹਿ ਹਰਿ ਸਿਉ ਚਿਤੁ ਨ ਲਾਗੈ ॥
ਦੂਜੈ ਭਾਇ ਘਣਾ ਦੁਖੁ ਆਗੈ ॥
ਮਨਮੁਖ ਭਰਮਿ ਭੁਲੇ ਭੇਖਧਾਰੀ
ਅੰਤ ਕਾਲਿ ਪਛੁਤਾਤਾ ਹੇ ॥੮॥

ਹਰਿ ਕੈ ਭਾਣੈ ਹਰਿ ਗੁਣ ਗਾਏ ॥
ਸਭਿ ਕਿਲਬਿਖ ਕਾਟੇ ਦੂਖ ਸਬਾਏ ॥
ਹਰਿ ਨਿਰਮਲੁ ਨਿਰਮਲ ਹੈ ਬਾਣੀ
ਹਰਿ ਸੇਤੀ ਮਨੁ ਰਾਤਾ ਹੇ ॥੯॥

ਜਿਸ ਨੋ ਨਦਰਿ ਕਰੇ
ਸੋ ਗੁਣ ਨਿਧਿ ਪਾਏ ॥
ਹਉਮੈ ਮੇਰਾ ਠਾਕਿ ਰਹਾਏ ॥
ਗੁਣ ਅਵਗਣ ਕਾ ਏਕੋ ਦਾਤਾ

ماٸیا موہِ سبھُ جگتُ اُپاٸیا ॥
برہما بِسنُ دیو سباٸیا ॥
جو تُدھُ بھاٹے سے نامِ لاگے
گِیان متی پچھاتا ہے ॥5॥

پاپ پُنّن ورتے سنّسارا ॥
ہرکھُ سوگُ سبھُ دُکھُ ہے بھارا ॥
گُرمُکھِ ہووے سو سُکھُ پاٸے
جِنِ گُرمُکھِ نامُ پچھاتا ہے ॥6॥

کِرتُ ن کوٸی میٹنہارا ॥
گُر کے سبدے موکھ دُیارا ॥
پُورب لِکھیا سو پھل پاٸیا
جِنِ آپُ مارِ پچھاتا ہے ॥7॥

ماٸیا موہِ ہرِ سِءُ چِتُ ن لاگے ॥
دوُجے بھاءِ گھٹا دُکھُ آگے ॥
منمُکھ بھرمِ بھُلے بھیکھدھاری
انّت کالِ پچھُتاتا ہے ॥8॥

ہرِ کے بھاٹے ہرِ گُنؤ گاٸے ॥
سبھِ کِلبِکھ کاٹے دوُکھ سباٸے ॥
ہرِ نِرملُ نِرمل ہے باٹی
ہرِ سیتی منُ راتا ہے ॥9॥

جِس نو ندرِ کرے
سو گُنؤ نِدھِ پاٸے ॥
ہیُمے میرا ٹھاکِ رہاٸے ॥
گُنؤ اوگُنؤ کا ایکو داتا

ਗੁਰਮੁਖਿ ਵਿਰਲੀ ਜਾਤਾ ਹੇ ॥੧੦॥

گُرمُکھِ وِرلی جاتا ہے ॥ 10 ॥

ਮੇਰਾ ਪ੍ਰਭੁ ਨਿਰਮਲੁ ਅਤਿ ਅਪਾਰਾ ॥

میرا پربھُ نِرملُ اتِ اپارا ॥

ਆਪੇ ਮੇਲੈ ਗੁਰ ਸਬਦਿ ਵੀਚਾਰਾ ॥

آپے میلےَ گُر سبدِ ویچارا ॥

ਆਪੇ ਬਖਸੇ ਸਚੁ ਦ੍ਰਿੜਾਏ
ਮਨੁ ਤਨੁ ਸਾਚੈ ਰਾਤਾ ਹੇ ॥੧੧॥

آپے بخشے سچُ دڑِڑائے
منُ تنُ ساچےَ راتا ہے ॥ 11 ॥

ਮਨੁ ਤਨੁ ਮੈਲਾ ਵਿਚਿ ਜੋਤਿ ਅਪਾਰਾ ॥

منُ تنُ میَلا وِچِ جوتِ اپارا ॥

ਗੁਰਮਤਿ ਬੂਝੈ ਕਰਿ ਵੀਚਾਰਾ ॥

گُرمتِ بوُجھےَ کرِ ویچارا ॥

ਹਉਮੈ ਮਾਰਿ ਸਦਾ ਮਨੁ ਨਿਰਮਲੁ
ਰਸਨਾ ਸੇਵਿ ਸੁਖਦਾਤਾ ਹੇ ॥੧੨॥

ہئُمےَ مارِ سدا منُ نِرملُ
رسنا سیوِ سُکھداتا ہے ॥ 12 ॥

ਗੜ ਕਾਇਆ ਅੰਦਰਿ ਬਹੁ ਹਟ ਬਾਜਾਰਾ ॥

گڑ کائیا اندّرِ بہُ ہٹ بازارا ॥

ਤਿਸੁ ਵਿਚਿ ਨਾਮੁ ਹੈ ਅਤਿ ਅਪਾਰਾ ॥

تِسُ وِچِ نامُ ہےَ اتِ اپارا ॥

ਗੁਰ ਕੈ ਸਬਦਿ ਸਦਾ ਦਰਿ ਸੋਹੈ
ਹਉਮੈ ਮਾਰਿ ਪਛਾਤਾ ਹੇ ॥੧੩॥

گُر کےَ سبدِ سدا درِ سوہےَ
ہئُمےَ مارِ پچھاتا ہے ॥ 13 ॥

ਰਤਨੁ ਅਮੋਲਕੁ ਅਗਮ ਅਪਾਰਾ ॥

رتنُ امولکُ اگم اپارا ॥

ਕੀਮਤਿ ਕਵਣੁ ਕਰੇ ਵੇਚਾਰਾ ॥

قِیمتِ کونُ کرے ویچارا ۔ ॥

ਗੁਰ ਕੈ ਸਬਦੇ ਤੋਲਿ ਤੋਲਾਏ
ਅੰਤਰਿ ਸਬਦਿ ਪਛਾਤਾ ਹੇ ॥੧੪॥

گُر کےَ سبدے تولِ تولائے
انترِ سبدِ پچھاتا ہے ॥ 14 ॥

ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ ॥

سِمرِتِ ساسترّ بہُتُ بِستھارا ॥

ਮਾਇਆ ਮੋਹੁ ਪਸਰਿਆ ਪਾਸਾਰਾ ॥

مائیا موہُ پسریا پاسارا ॥

ਮੂਰਖ ਪੜਹਿ ਸਬਦੁ ਨ ਬੂਝਹਿ
ਗੁਰਮੁਖਿ ਵਿਰਲੈ ਜਾਤਾ ਹੇ ॥੧੫॥

مؤرکھ پڑہِ سبدُ ن بوُجھہِ
گُرمُکھِ وِرلےَ جاتا ہے ॥ 15 ॥

ਆਪੇ ਕਰਤਾ ਕਰੇ ਕਰਾਏ ॥

آپے کرتا کرے کرائے ॥

ਸਚੀ ਬਾਣੀ ਸਚੁ ਦ੍ਰਿੜਾਏ ॥

سچی بانٹی سچُ دڑِڑائے ॥

ਨਾਨਕ ਨਾਮੁ ਮਿਲੈ ਵਡਿਆਈ

نانک نامُ ملےَ وڈیائی

ਜੁਗਿ ਜੁਗਿ ਏਕੋ ਜਾਤਾ ਹੇ ॥੧੬॥੯॥

جُگِ جُگِ ایکو جاتا ہے ॥ 16 ॥9॥

ਮਾਰੂ ਮਹਲਾ ੩ ॥

مارُو محلا 3 ॥

ਸੋ ਸਚੁ ਸੇਵਿਹੁ ਸਿਰਜਣਹਾਰਾ ॥

سو سچُ سیوِہُ سِرجنہارا ॥

ਸਬਦੇ ਦੂਖ ਨਿਵਾਰਣਹਾਰਾ ॥

سبدے دوُکھ نِوارنہارا ॥

ਅਗਮੁ ਅਗੋਚਰੁ ਕੀਮਤਿ ਨਹੀ ਪਾਈ
ਆਪੇ ਅਗਮ ਅਥਾਹਾ ਹੇ ॥੧॥

اگمُ اگوچرُ قِیمتِ نہی پائی
آپے اگم اتھاہا ہے ॥ 1 ॥

ਆਪੇ ਸਚਾ ਸਚੁ ਵਰਤਾਏ ॥

آپے سچا سچُ ورتائے ॥

ਇਕਿ ਜਨ ਸਾਚੈ ਆਪੇ ਲਾਏ ॥

اِکِ جن ساچےَ آپے لائے ॥

ਸਾਚੋ ਸੇਵਹਿ ਸਾਚੁ ਕਮਾਵਹਿ
ਨਾਮੇ ਸਚਿ ਸਮਾਹਾ ਹੇ ॥੨॥

ساچو سیوہِ ساچُ کماوہِ
نامے سچِ سماہا ہے ॥ 2 ॥

ਧੁਰਿ ਭਗਤਾ ਮੇਲੇ ਆਪਿ ਮਿਲਾਏ ॥

دھُرِ بھگتا میلے آپِ مِلائے ॥

ਸਚੀ ਭਗਤੀ ਆਪੇ ਲਾਏ ॥

سچی بھگتی آپے لائے ॥

ਸਾਚੀ ਬਾਣੀ ਸਦਾ ਗੁਣ ਗਾਵੈ
ਇਸੁ ਜਨਮੈ ਕਾ ਲਾਹਾ ਹੇ ॥੩॥

ساچی بانٹی سدا گُنؔ گاوےَ
اِسُ جنمےَ کا لاہا ہے ॥ 3 ॥

ਗੁਰਮੁਖਿ ਵਣਜੁ ਕਰਹਿ ਪਰੁ ਆਪੁ ਪਛਾਣਹਿ ॥

گُرمُکھِ ونّجُ کرہِ پرُ آپُ پچھانہِ ॥

ਏਕਸ ਬਿਨੁ ਕੋ ਅਵਰੁ ਨ ਜਾਣਹਿ ॥

ایکس بِنُ کو اورُ ن جانہِ ॥

ਸਚਾ ਸਾਹੁ ਸਚੇ ਵਣਜਾਰੇ
ਪੂੰਜੀ ਨਾਮੁ ਵਿਸਾਹਾ ਹੇ ॥੪॥

سچا ساہُ سچے ونّجارے
پوُنّجی نامُ وِساہا ہے ॥ 4 ॥

ਆਪੇ ਸਾਜੇ ਸ੍ਰਿਸਟਿ ਉਪਾਏ ॥

آپے ساجے سرِسٹِ اُپائے ॥

ਵਿਰਲੇ ਕਉ ਗੁਰ ਸਬਦੁ ਬੁਝਾਏ ॥

وِرلے کءُ گُر سبدُ بُجھائے ॥

ਸਤਿਗੁਰੁ ਸੇਵਹਿ ਸੇ ਜਨ ਸਾਚੇ
ਕਾਟੇ ਜਮ ਕਾ ਫਾਹਾ ਹੇ ॥੫॥

ستِگُرُ سیوہِ سے جن ساچے
کاٹے جم کا پھاہا ہے ॥ 5 ॥

ਭੰਨੈ ਘੜੇ ਸਵਾਰੇ ਸਾਜੇ ॥

بھنّنے گھڑے سوارے ساجے ॥

ਮਾਇਆ ਮੋਹਿ ਦੂਜੈ ਜੰਤ ਪਾਜੇ ॥
ਮਨਮੁਖ ਫਿਰਹਿ ਸਦਾ ਅੰਧੁ ਕਮਾਵਹਿ
ਜਮ ਕਾ ਜੇਵੜਾ ਗਲਿ ਫਾਹਾ ਹੇ ॥੬॥

ਆਪੇ ਬਖਸੇ ਗੁਰ ਸੇਵਾ ਲਾਏ ॥
ਗੁਰਮਤੀ ਨਾਮੁ ਮੰਨਿ ਵਸਾਏ ॥
ਅਨਦਿਨੁ ਨਾਮੁ ਧਿਆਏ ਸਾਚਾ
ਇਸੁ ਜਗ ਮਹਿ ਨਾਮੋ ਲਾਹਾ ਹੇ ॥੭॥

ਆਪੇ ਸਚਾ ਸਚੀ ਨਾਈ ॥
ਗੁਰਮੁਖਿ ਦੇਵੈ ਮੰਨਿ ਵਸਾਈ ॥
ਜਿਨ ਮਨਿ ਵਸਿਆ ਸੇ ਜਨ ਸੋਹਹਿ
ਤਿਨ ਸਿਰਿ ਚੂਕਾ ਕਾਹਾ ਹੇ ॥੮॥

ਅਗਮ ਅਗੋਚਰੁ ਕੀਮਤਿ ਨਹੀ ਪਾਈ ॥
ਗੁਰ ਪਰਸਾਦੀ ਮੰਨਿ ਵਸਾਈ ॥
ਸਦਾ ਸਬਦਿ ਸਾਲਾਹੀ ਗੁਣਦਾਤਾ
ਲੇਖਾ ਕੋਇ ਨ ਮੰਗੈ ਤਾਹਾ ਹੇ ॥੯॥

ਬ੍ਰਹਮਾ ਬਿਸਨੁ ਰੁਦ੍ਰੁ ਤਿਸ ਕੀ ਸੇਵਾ ॥
ਅੰਤੁ ਨ ਪਾਵਹਿ ਅਲਖ ਅਭੇਵਾ ॥
ਜਿਨ ਕਉ ਨਦਰਿ ਕਰਹਿ ਤੂ ਅਪਣੀ
ਗੁਰਮੁਖਿ ਅਲਖੁ ਲਖਾਹਾ ਹੇ ॥੧੦॥

ਪੂਰੈ ਸਤਿਗੁਰਿ ਸੋਝੀ ਪਾਈ ॥
ਏਕੋ ਨਾਮੁ ਮੰਨਿ ਵਸਾਈ ॥
ਨਾਮੁ ਜਪੀ ਤੈ ਨਾਮੁ ਧਿਆਈ
ਮਹਲੁ ਪਾਇ ਗੁਣ ਗਾਹਾ ਹੇ ॥੧੧॥

ਸੇਵਕ ਸੇਵਹਿ ਮੰਨਿ ਹੁਕਮੁ ਅਪਾਰਾ ॥

مایَا موہِ دوُجے جنّت پاجے ॥
منمُکھ پھِرہِ سدا اندھُ کماوہِ
جم کا جیوڑا گلِ پھاہا ہے ॥6॥

آپے بخشے گُر سیوا لائے ॥
گُرمتی نامُ منّنِ وسائے ॥
اندِنُ نامُ دھِیائے ساچا
اِس جگ مہِ نامو لاہا ہے ॥7॥

آپے سچا سچی نائی ॥
گُرمُکھِ دیوے منّنِ وسائی ॥
جِن منِ وسِیا سے جن سوہہِ
تِن سِرِ چوُکا کاہا ہے ॥8॥

اگم اگوچرُ قِیمتِ نہی پائی ॥
گُر پرسادی منّنِ وسائی ॥
سدا سبدِ سالاحی گُنڈاتا
لیکھا کوءِ ن منگےَ تاہا ہے ॥9॥

برّہما بِسنُ رُدرّ تِس کی سیوا ॥
انّتُ ن پاوہِ الکھ ابھیوا ॥
جِن ک ءُ ندرِ کرہِ توُ اپنّی
گُرمُکھِ الکھُ لکھاہا ہے ॥ 10 ॥

پوُرے ستِگُرِ سوجھی پائی ॥
ایکو نامُ منّنِ وسائی ॥
نامُ جپی تے نامُ دھِیائی
محلُ پاءِ گُنّ گاہا ہے ॥ 11 ॥

سیوک سیوہِ منّنِ حُکمُ اپارا ॥

ਮਨਮੁਖ ਹੁਕਮੁ ਨ ਜਾਣਹਿ ਸਾਰਾ ॥

منمکھ حُکمُ ن جانہِ سارا ॥

ਹੁਕਮੇ ਮੰਨੇ ਹੁਕਮੇ ਵਡਿਆਈ
ਹੁਕਮੇ ਵੇਪਰਵਾਹਾ ਹੇ ॥੧੨॥

حُکمے منّنے حُکمے وڈیائی
حُکمے ویپرواہا ہے ॥ 12 ॥

ਗੁਰ ਪਰਸਾਦੀ ਹੁਕਮੁ ਪਛਾਣੈ ॥

گُر پرسادی حُکمُ پچھانے ॥

ਧਾਵਤੁ ਰਾਖੈ ਇਕਤੁ ਘਰਿ ਆਣੈ ॥

دھاوتُ راکھے اِکتُ گھرِ آنے ॥

ਨਾਮੇ ਰਾਤਾ ਸਦਾ ਬੈਰਾਗੀ
ਨਾਮੁ ਰਤਨੁ ਮਨਿ ਤਾਹਾ ਹੇ ॥੧੩॥

نامے راتا سدا بیَراگی
نامُ رتنُ منِ تاہا ہے ॥ 13 ॥

ਸਭ ਜਗ ਮਹਿ ਵਰਤੈ ਏਕੋ ਸੋਈ ॥

سبھ جگ مہِ ورتے ایکو سوئی ॥

ਗੁਰ ਪਰਸਾਦੀ ਪਰਗਟੁ ਹੋਈ ॥

گُر پرسادی پرگٹُ ہوئی ॥

ਸਬਦੁ ਸਲਾਹਹਿ ਸੇ ਜਨ ਨਿਰਮਲ
ਨਿਜ ਘਰਿ ਵਾਸਾ ਤਾਹਾ ਹੇ ॥੧੪॥

سبدُ سلاحہِ سے جن نِرمل
نِج گھرِ واسا تاہا ہے ॥ 14 ॥

ਸਦਾ ਭਗਤ ਤੇਰੀ ਸਰਣਾਈ ॥

سدا بھگت تیری سرٹائی ॥

ਅਗਮ ਅਗੋਚਰ ਕੀਮਤਿ ਨਹੀ ਪਾਈ ॥

اگم اگوچر قیمتِ نہی پائی ॥

ਜਿਉ ਤੁਧੁ ਭਾਵੈ ਤਿਉ ਤੂ ਰਾਖਹਿ
ਗੁਰਮੁਖਿ ਨਾਮੁ ਧਿਆਹਾ ਹੇ ॥੧੫॥

جِءُ تُدھُ بھاوے تِءُ توُ راکھہِ
گُرمُکھِ نامُ دھیاہا ہے ॥ 15 ॥

ਸਦਾ ਸਦਾ ਤੇਰੇ ਗੁਣ ਗਾਵਾ ॥

سدا سدا تیرے گُن گاوا ॥

ਸਚੇ ਸਾਹਿਬ ਤੇਰੈ ਮਨਿ ਭਾਵਾ ॥

سچے صاحِب تیرے منِ بھاوا ॥

ਨਾਨਕੁ ਸਾਚੁ ਕਹੈ ਬੇਨੰਤੀ
ਸਚੁ ਦੇਵਹੁ ਸਚਿ ਸਮਾਹਾ ਹੇ ॥੧੬॥੧॥੧੦॥

نانکُ ساچُ کہے بینّتی
سچُ دیوہُ سچِ سماہا ہے ॥ 16 ॥ 1 ॥ 10 ॥

ਮਾਰੂ ਮਹਲਾ ੩ ॥

مارُو محلا 3 ॥

ਸਤਿਗੁਰੁ ਸੇਵਨਿ ਸੇ ਵਡਭਾਗੀ ॥

ستِگُر سیونِ سے وڈبھاگی ॥

ਅਨਦਿਨੁ ਸਾਚਿ ਨਾਮਿ ਲਿਵ ਲਾਗੀ ॥

اندِنُ ساچِ نامِ لِو لاگی ॥

ਸਦਾ ਸੁਖਦਾਤਾ ਰਵਿਆ ਘਟ ਅੰਤਰਿ
ਸਬਦਿ ਸਚੈ ਓਮਾਹਾ ਹੇ ॥੧॥

سدا سُکھداتا رویا گھٹ انترِ
سبدِ سچے اوماہا ہے ॥ 1 ॥

ਨਦਰਿ ਕਰੇ ਤਾ ਗੁਰੂ ਮਿਲਾਏ ॥

ہرِ کا نامُ منّنِ وسائے ॥

ਹਰਿ ਕਾ ਨਾਮੁ ਮੰਨਿ ਵਸਾਏ ॥

ہرِ منِ وسِیا سدا سُکھداتا
سبدے منِ اوماہا ہے ॥2॥

ਹਰਿ ਮਨਿ ਵਸਿਆ ਸਦਾ ਸੁਖਦਾਤਾ
ਸਬਦੇ ਮਨਿ ਓਮਾਹਾ ਹੇ ॥੨॥

ਕ੍ਰਿਪਾ ਕਰੇ ਤਾ ਮੇਲਿ ਮਿਲਾਏ ॥

ہئُےَ ممتا سبدِ جلائے ॥

ਹਉਮੈ ਮਮਤਾ ਸਬਦਿ ਜਲਾਏ ॥

سدا نکٹ رہے اِک رنگی
ناہی کِسے نالِ کاہا ہے ॥3॥

ਸਦਾ ਮੁਕਤੁ ਰਹੈ ਇਕ ਰੰਗੀ
ਨਾਹੀ ਕਿਸੈ ਨਾਲਿ ਕਾਹਾ ਹੇ ॥੩॥

ਬਿਨੁ ਸਤਿਗੁਰ ਸੇਵੇ ਘੋਰ ਅੰਧਾਰਾ ॥

بِنُ ستِگُر سیوے گھور اندھارا ॥

ਬਿਨੁ ਸਬਦੈ ਕੋਇ ਨ ਪਾਵੈ ਪਾਰਾ ॥

بِنُ سبدےَ کوءِ ن پاوےَ پارا ॥

ਜੋ ਸਬਦਿ ਰਾਤੇ ਮਹਾ ਬੈਰਾਗੀ
ਸੋ ਸਚੁ ਸਬਦੇ ਲਾਹਾ ਹੇ ॥੪॥

جو سبدِ راتے مہا بیَراگی
سو سچُ سبدے لاہا ہے ॥4॥

ਦੁਖੁ ਸੁਖੁ ਕਰਤੈ ਧੁਰਿ ਲਿਖਿ ਪਾਇਆ ॥

دُکھُ سُکھُ کرتے دھُرِ لِکھِ پائِیا ॥

ਦੂਜਾ ਭਾਉ ਆਪਿ ਵਰਤਾਇਆ ॥

دوُجا بھاءُ آپِ ورتائِیا ॥

ਗੁਰਮੁਖਿ ਹੋਵੈ ਸੁ ਅਲਿਪਤੋ ਵਰਤੈ
ਮਨਮੁਖ ਕਾ ਕਿਆ ਵੇਸਾਹਾ ਹੇ ॥੫॥

گُرمُکھِ ہووےَ سُ الپتو ورتےَ
منمُکھ کا کِیا ویساہا ہے ۔ ॥5॥

ਸੇ ਮਨਮੁਖ ਜੋ ਸਬਦੁ ਨ ਪਛਾਣਹਿ ॥

سے منمُکھ جو سبدُ ن پچھاٹہِ ॥

ਗੁਰ ਕੇ ਭੈ ਕੀ ਸਾਰ ਨ ਜਾਣਹਿ ॥

گُر کے بھےَ کی سار ن جانٹہِ ॥

ਭੈ ਬਿਨੁ ਕਿਉ ਨਿਰਭਉ ਸਚੁ ਪਾਈਐ
ਜਮੁ ਕਾਢਿ ਲਏਗਾ ਸਾਹਾ ਹੇ ॥੬॥

بھےَ بِنُ کِءُ نِربھءُ سچُ پائیےَ
جمُ کاڈھِ لئیگا ساہا ہے ॥6॥

ਅਫਰਿਓ ਜਮੁ ਮਾਰਿਆ ਨ ਜਾਈ ॥

اپھرِئو جمُ مارِیا ن جائی ॥

ਗੁਰ ਕੈ ਸਬਦੇ ਨੇੜਿ ਨ ਆਈ ॥

گُر کےَ سبدے نیڑِ ن آئی ॥

ਸਬਦੁ ਸੁਣੇ ਤਾ ਦੂਰਹੁ ਭਾਗੈ
ਮਤੁ ਮਾਰੇ ਹਰਿ ਜੀਉ ਵੇਪਰਵਾਹਾ ਹੇ ॥੭॥

سبدُ سُنّے تا دوُرہُ بھاگے
مت مارے ہرِ جیِءُ ویپرواہا ہے ॥7॥

ਹਰਿ ਜੀਉ ਕੀ ਹੈ ਸਭ ਸਿਰਕਾਰਾ ॥
ہرِ جیِءُ کی ہے سبھ سِرکارا ॥

ਏਹੁ ਜਮੁ ਕਿਆ ਕਰੇ ਵਿਚਾਰਾ ॥
ایہُ جمُ کِیا کرے وِچارا ۔ ॥

ਹੁਕਮੀ ਬੰਦਾ ਹੁਕਮੁ ਕਮਾਵੈ
ਹੁਕਮੇ ਕਢਦਾ ਸਾਹਾ ਹੇ ॥੮॥

حُکمی بندا حُکمُ کماوے
حُکمے کڈھدا ساہا ہے ॥8॥

ਗੁਰਮੁਖਿ ਸਾਚੈ ਕੀਆ ਅਕਾਰਾ ॥
گُرمُکھِ ساچے کِیا اکارا ॥

ਗੁਰਮੁਖਿ ਪਸਰਿਆ ਸਭੁ ਪਾਸਾਰਾ ॥
گُرمُکھِ پسرِیا سبھُ پاسارا ॥

ਗੁਰਮੁਖਿ ਹੋਵੈ ਸੋ ਸਚੁ ਬੂਝੈ
ਸਬਦਿ ਸਚੈ ਸੁਖੁ ਤਾਹਾ ਹੇ ॥੯॥

گُرمُکھِ ہووے سو سچُ بوُجھے
سبدِ سچے سُکھُ تاہا ہے ॥9॥

ਗੁਰਮੁਖਿ ਜਾਤਾ ਕਰਮਿ ਬਿਧਾਤਾ ॥
گُرمُکھِ جاتا کرمِ بِدھاتا ॥

ਜੁਗ ਚਾਰੇ ਗੁਰ ਸਬਦਿ ਪਛਾਤਾ ॥
جُگ چارے گُر سبدِ پچھاتا ॥

ਗੁਰਮੁਖਿ ਮਰੈ 'ਨ' ਜਨਮੈ ਗੁਰਮੁਖਿ
ਗੁਰਮੁਖਿ ਸਬਦਿ ਸਮਾਹਾ ਹੇ ॥੧੦॥

گُرمُکھِ مرے ن جنمے گُرمُکھِ
گُرمُکھِ سبدِ سماہا ہے ॥ 10 ॥

ਗੁਰਮੁਖਿ ਨਾਮਿ ਸਬਦਿ ਸਾਲਾਹੇ ॥
گُرمُکھِ نامِ سبدِ سالاحے ॥

ਅਗਮ ਅਗੋਚਰ ਵੇਪਰਵਾਹੇ ॥
اگم اگوچر ویپرواہے ॥

ਏਕ ਨਾਮਿ ਜੁਗ ਚਾਰਿ ਉਧਾਰੇ
ਸਬਦੇ ਨਾਮ ਵਿਸਾਹਾ ਹੇ ॥੧੧॥

ایک نامِ جُگ چارِ اُدھارے
سبدے نام وِساہا ہے ॥ 11 ॥

ਗੁਰਮੁਖਿ ਸਾਂਤਿ ਸਦਾ ਸੁਖੁ ਪਾਏ ॥
گُرمُکھِ سانتِ سدا سُکھُ پائے ॥

ਗੁਰਮੁਖਿ ਹਿਰਦੈ ਨਾਮੁ ਵਸਾਏ ॥
گُرمُکھِ ہِردے نامُ وسائے ॥

ਗੁਰਮੁਖਿ ਹੋਵੈ ਸੋ ਨਾਮੁ ਬੂਝੈ
ਕਾਟੇ ਦੁਰਮਤਿ ਫਾਹਾ ਹੇ ॥੧੨॥

گُرمُکھِ ہووے سو نامُ بوُجھے
کاٹے دُرمتِ پھاہا ہے ॥ 12 ॥

ਗੁਰਮੁਖਿ ਉਪਜੈ ਸਾਚਿ ਸਮਾਵੈ ॥
گُرمُکھِ اُپجے ساچِ سماوے ॥

ਨਾ ਮਰਿ ਜੰਮੈ ਨ ਜੂਨੀ ਪਾਵੈ ॥
نا مرِ جنمے ن جوُنی پاوے ॥

ਗੁਰਮੁਖਿ ਸਦਾ ਰਹਹਿ ਰੰਗਿ ਰਾਤੇ
ਅਨਦਿਨੁ ਲੈਦੇ ਲਾਹਾ ਹੇ ॥੧੩॥

گُرمُکھِ سدا رہہِ رنگِ راتے
اندِنُ لیدے لاہا ہے ॥ 13 ॥

ਗੁਰਮੁਖਿ ਭਗਤ ਸੋਹਹਿ ਦਰਬਾਰੇ ॥
گُرمُکھِ بھگت سوہہِ دربارے ॥

ਸਚੀ ਬਾਣੀ ਸਬਦਿ ਸਵਾਰੇ ॥
سچی باٹی سبدِ سوارے ॥

ਅਨਦਿਨੁ ਗੁਣ ਗਾਵੈ ਦਿਨੁ ਰਾਤੀ
ਸਹਜ ਸੇਤੀ ਘਰਿ ਜਾਹਾ ਹੇ ॥੧੪॥
اندِنُ گُنٹ گاوے دِنُ راتی
سہج سیتی گھرِ جاہا ہے ॥ 14 ॥

ਸਤਿਗੁਰੁ ਪੂਰਾ ਸਬਦੁ ਸੁਣਾਏ ॥
ستِگُرُ پوُرا سبدُ سُٹائے ॥

ਅਨਦਿਨੁ ਭਗਤਿ ਕਰਹੁ ਲਿਵ ਲਾਏ ॥
اندِنُ بھگتِ کرہُ لِو لائے ॥

ਹਰਿ ਗੁਣ ਗਾਵਹਿ ਸਦ ਹੀ ਨਿਰਮਲ
ਨਿਰਮਲ ਗੁਣ ਪਾਤਿਸਾਹਾ ਹੇ ॥੧੫॥
ہرِ گُنٹ گاوہِ سد ہی نِرمل
نِرمل گُنٹ پاتِشاہا ہے ॥ 15 ॥

ਗੁਣ ਕਾ ਦਾਤਾ ਸਚਾ ਸੋਈ ॥
گُنٹ کا داتا سچا سوئی ॥

ਗੁਰਮੁਖਿ ਵਿਰਲਾ ਬੂਝै ਕੋਈ ॥
گُرمُکھِ وِرلا بوُجھے کوئی ॥

ਨਾਨਕ ਜਨੁ ਨਾਮੁ ਸਲਾਹੇ ਬਿਗਸै
ਸੋ ਨਾਮੁ ਬੇਪਰਵਾਹਾ ਹੇ ॥੧੬॥੨॥੧੧॥
نانک جنُ نامُ سلاہے بِگسے
سو نامُ بیپرواہا ہے ॥ 16 ॥2॥ 11 ॥

ਮਾਰੂ ਮਹਲਾ ੩ ॥
مارُو محلا 3 ॥

ਹਰਿ ਜੀਉ ਸੇਵਿਹੁ ਅਗਮ ਅਪਾਰਾ ॥
ہرِ جیِءُ سیوِہُ اگم اپارا ॥

ਤਿਸ ਦਾ ਅੰਤੁ ਨ ਪਾਈਐ ਪਾਰਾਵਾਰਾ ॥
تِس دا انّتُ ن پائیئے پاراوارا ॥

ਗੁਰ ਪਰਸਾਦਿ ਰਵਿਆ ਘਟ ਅੰਤਰਿ
ਤਿਤੁ ਘਟਿ ਮਤਿ ਅਗਾਹਾ ਹੇ ॥੧॥
گُر پرسادِ روِیا گھٹ انّترِ
تِتُ گھٹِ متِ اگاہا ہے ॥1॥

ਸਭ ਮਹਿ ਵਰਤੈ ਏਕੋ ਸੋਈ ॥
سبھ مہِ ورتے ایکو سوئی ॥

ਗੁਰ ਪਰਸਾਦੀ ਪਰਗਟੁ ਹੋਈ ॥
گُر پرسادی پرگٹُ ہوئی ॥

ਸਭਨਾ ਪ੍ਰਤਿਪਾਲ ਕਰੇ ਜਗਜੀਵਨੁ
ਦੇਦਾ ਰਿਜਕੁ ਸੰਬਾਹਾ ਹੇ ॥੨॥
سبھنا پرتپال کرے جگجیونُ
دیدا رِزقُ سنبّاہا ہے ॥2॥

ਪੂਰੈ ਸਤਿਗੁਰਿ ਬੂਝਿ ਬੁਝਾਇਆ ॥
پوُرے ستِگُرِ بوُجھِ بُجھائیا ॥

ਹੁਕਮੇ ਹੀ ਸਭੁ ਜਗਤੁ ਉਪਾਇਆ ॥
حُکمے ہی سبھُ جگتُ اُپائیا ॥

ਹੁਕਮੁ ਮੰਨੇ ਸੋਈ ਸੁਖੁ ਪਾਏ
حُکمُ منّنے سوئی سُکھُ پائے

ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ ॥੩॥

حُکمُ سِرِ ساہا پاتِشاہا ہے ॥3॥

ਸਚਾ ਸਤਿਗੁਰੁ ਸਬਦੁ ਅਪਾਰਾ ॥

سچا ستِگُرُ سبدُ اپارا ॥

ਤਿਸ ਦੈ ਸਬਦਿ ਨਿਸਤਰੈ ਸੰਸਾਰਾ ॥

تِس دے سبدِ نِسترے سنّسارا ॥

ਆਪੇ ਕਰਤਾ ਕਰਿ ਕਰਿ ਵੇਖੈ
ਦੇਦਾ ਸਾਸ ਗਿਰਾਹਾ ਹੇ ॥੪॥

آپے کرتا کرِ کرِ ویکھے
دیدا ساس گِراہا ہے ॥4॥

ਕੋਟਿ ਮਧੇ ਕਿਸਹਿ ਬੁਝਾਏ ॥

کوٹِ مدھے کِسہِ بُجھائے ॥

ਗੁਰ ਕੈ ਸਬਦਿ ਰਤੇ ਰੰਗੁ ਲਾਏ ॥

گُر کے سبدِ رتے رنگُ لائے ॥

ਹਰਿ ਸਾਲਾਹਹਿ ਸਦਾ ਸੁਖਦਾਤਾ
ਹਰਿ ਬਖਸੇ ਭਗਤਿ ਸਲਾਹਾ ਹੇ ॥੫॥

ہرِ سالاہہِ سدا سُکھداتا
ہرِ بخشے بھگتِ سلاہا ہے ॥5॥

ਸਤਿਗੁਰੁ ਸੇਵਹਿ ਸੇ ਜਨ ਸਾਚੇ ॥

ستِگُرُ سیوہِ سے جن ساچے ॥

ਜੋ ਮਰਿ ਜੰਮਹਿ ਕਾਚਨਿ ਕਾਚੇ ॥

جو مرِ جنّمہِ کاچنِ کاچے ॥

ਅਗਮ ਅਗੋਚਰੁ ਵੇਪਰਵਾਹਾ
ਭਗਤਿ ਵਛਲੁ ਅਥਾਹਾ ਹੇ ॥੬॥

اگم اگوچرُ ویپرواہا
بھگتِ وچھلُ اتھاہا ہے ॥6॥

ਸਤਿਗੁਰੁ ਪੂਰਾ ਸਾਚੁ ਦ੍ਰਿੜਾਏ ॥

ستِگُرُ پُورا ساچُ دّرِڑائے ॥

ਸਚੈ ਸਬਦਿ ਸਦਾ ਗੁਣ ਗਾਏ ॥

سچے سبدِ سدا گُنؤ گائے ॥

ਗੁਣਦਾਤਾ ਵਰਤੈ ਸਭ ਅੰਤਰਿ
ਸਿਰਿ ਸਿਰਿ ਲਿਖਦਾ ਸਾਹਾ ਹੇ ॥੭॥

گُنڈاتا ورتے سبھ انترِ
سِرِ سِرِ لِکھدا ساہا ہے ॥7॥

ਸਦਾ ਹਦੂਰਿ ਗੁਰਮੁਖਿ ਜਾਪੈ ॥

سدا حدوُرِ گُرمُکھِ جاپے ॥

ਸਬਦੇ ਸੇਵੈ ਸੋ ਜਨੁ ਧ੍ਰਾਪੈ ॥

سبدے سیوے سو جنُ دھّراپے ॥

ਅਨਦਿਨੁ ਸੇਵਹਿ ਸਚੀ ਬਾਣੀ
ਸਬਦਿ ਸਚੈ ਓਮਾਹਾ ਹੇ ॥੮॥

اندِنُ سیوہِ سچی باؤ
سبدِ سچے اوماہا ہے ॥8॥

ਅਗਿਆਨੀ ਅੰਧਾ ਬਹੁ ਕਰਮ ਦ੍ਰਿੜਾਏ ॥

اگیانی اندھا بہُ کرم دّرِڑائے ॥

ਮਨਹਠਿ ਕਰਮ ਫਿਰਿ ਜੋਨੀ ਪਾਏ ॥

منہٹھِ کرم پھِرِ جونی پائے ॥

ਬਿਖਿਆ ਕਾਰਣਿ ਲਬੁ ਲੋਭੁ ਕਮਾਵਹਿ

بِکھیا کارنؤ لبُ لوبھُ کماوہِ

ਦੁਰਮਤਿ ਕਾ ਦੋਰਾਹਾ ਹੇ ॥੯॥

دُرمتِ کا دوراہا ہے ॥9॥

ਪੂਰਾ ਸਤਿਗੁਰੁ ਭਗਤਿ ਦ੍ਰਿੜਾਏ ॥

پوُرا ستِگُرُ بھگتِ دڑِڑائے ॥

ਗੁਰ ਕੈ ਸਬਦਿ ਹਰਿ ਨਾਮਿ ਚਿਤੁ ਲਾਏ ॥

گُر کے سبدِ ہرِ نامِ چِتُ لائے ॥

ਮਨਿ ਤਨਿ ਹਰਿ ਰਵਿਆ ਘਟ ਅੰਤਰਿ
ਮਨਿ ਭੀਨੈ ਭਗਤਿ ਸਲਾਹਾ ਹੇ ॥੧੦॥

مَنِ تَنِ ہرِ روِیا گھٹ انتَرِ
مَنِ بھینے بھگتِ سلاہا ہے ॥ 10 ॥

ਮੇਰਾ ਪ੍ਰਭੁ ਸਾਚਾ ਅਸੁਰ ਸੰਘਾਰਣੁ ॥

میرا پڑبھُ ساچا اسُر سنگھارنُ ॥

ਗੁਰ ਕੈ ਸਬਦਿ ਭਗਤਿ ਨਿਸਤਾਰਣੁ ॥

گُر کے سبدِ بھگتِ نِستارنُ ॥

ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ
ਸਿਰਿ ਸਾਹਾ ਪਾਤਿਸਾਹਾ ਹੇ ॥੧੧॥

میرا پڑبھُ ساچا سد ہی ساچا
سِرِ ساہا پاتِشاہا ہے ॥ 11 ॥

ਸੇ ਭਗਤ ਸਚੇ ਤੇਰੈ ਮਨਿ ਭਾਏ ॥

سے بھگت سچے تیرے مَنِ بھائے ॥

ਦਰਿ ਕੀਰਤਨੁ ਕਰਹਿ ਗੁਰ ਸਬਦਿ ਸੁਹਾਏ ॥

دِر کیرتنُ کرہِ گُر سبدِ سُہائے ॥

ਸਾਚੀ ਬਾਣੀ ਅਨਦਿਨੁ ਗਾਵਹਿ
ਨਿਰਧਨ ਕਾ ਨਾਮੁ ਵੇਸਾਹਾ ਹੇ ॥੧੨॥

ساچی باٹی اندِنُ گاوہِ
نِردھن کا نامُ ویساہا ہے ॥ 12 ॥

ਜਿਨ ਆਪੇ ਮੇਲਿ ਵਿਛੋੜਹਿ ਨਾਹੀ ॥

جِن آپے میلِ وِچھوڑہِ ناہی ॥

ਗੁਰ ਕੈ ਸਬਦਿ ਸਦਾ ਸਾਲਾਹੀ ॥

گُر کے سبدِ سدا سالاحی ॥

ਸਭਨਾ ਸਿਰਿ ਤੂ ਏਕੋ ਸਾਹਿਬੁ
ਸਬਦੇ ਨਾਮੁ ਸਲਾਹਾ ਹੇ ॥੧੩॥

سبھنا سِرِ توُ ایکو صاحِبُ
سبدے نامُ سلاہا ہے ॥ 13 ॥

ਬਿਨੁ ਸਬਦੈ ਤੁਧੁਨੋ ਕੋਈ ਨ ਜਾਣੀ ॥

بِنُ سبدے تُدھُنو کوئی ن جاٹی ॥

ਤੁਧੁ ਆਪੇ ਕਥੀ ਅਕਥ ਕਹਾਣੀ ॥

تُدھُ آپے کتھی اکتھ کہاٹی ॥

ਆਪੇ ਸਬਦੁ ਸਦਾ ਗੁਰੁ ਦਾਤਾ
ਹਰਿ ਨਾਮੁ ਜਪਿ ਸੰਬਾਹਾ ਹੇ ॥੧੪॥

آپے سبدُ سدا گُرُ داتا
ہرِ نامُ جپِ سنّباہا ہے ॥ 14 ॥

ਤੂ ਆਪੇ ਕਰਤਾ ਸਿਰਜਣਹਾਰਾ ॥

توُ آپے کرتا سِرجنّہارا ॥

ਤੇਰਾ ਲਿਖਿਆ ਕੋਇ ਨ ਮੇਟਣਹਾਰਾ ॥

تیرا لِکھیا کوءِ ن میٹنّہارا ॥

ਗੁਰਮੁਖਿ ਨਾਮੁ ਦੇਵਹਿ ਤੂ ਆਪੇ

گُرمُکھِ نامُ دیوہِ توُ آپے

ਸਹਸਾ ਗਣਤ ਨ ਤਾਹਾ ਹੇ ॥੧੫॥

سہسا گنت ن تاہا ہے ॥ 15 ॥

ਭਗਤ ਸਚੇ ਤੇਰੈ ਦਰਵਾਰੇ ॥

بھگت سچے تیرے درواے ॥

ਸਬਦੇ ਸੇਵਨਿ ਭਾਇ ਪਿਆਰੇ ॥

سبدے سیونِ بھاءِ پیارے ॥

ਨਾਨਕ ਨਾਮਿ ਰਤੇ ਬੈਰਾਗੀ
ਨਾਮੇ ਕਾਰਜੁ ਸੋਹਾ ਹੇ ॥੧੬॥੩॥੧੨॥

نانک نامِ رتے بیراگی
نامے کارجُ سوہا ہے ॥ 16 ॥3॥ 12 ॥

ਮਾਰੂ ਮਹਲਾ ੩ ॥

مارُو محلا 3 ॥

ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥

میرے پربھِ ساچے اِکُ کھیلُ رچائیا ॥

ਕੋਇ ਨ ਕਿਸ ਹੀ ਜੇਹਾ ਉਪਾਇਆ ॥

کوءِ ن کِس ہی جیہا اُپائیا ॥

ਆਪੇ ਫਰਕੁ ਕਰੇ ਵੇਖਿ ਵਿਗਸੈ
ਸਭਿ ਰਸ ਦੇਹੀ ਮਾਹਾ ਹੇ ॥੧॥

آپے پھرکُ کرے ویکھِ وِگسے
سبھِ رس دیہی ماہا ہے ॥1॥

ਵਾਜੈ ਪਉਣੁ ਤੈ ਆਪਿ ਵਜਾਏ ॥

واجے پُنُّ تے آپِ وجائے ॥

ਸਿਵ ਸਕਤੀ ਦੇਹੀ ਮਹਿ ਪਾਏ ॥

سِو سکتی دیہی مہِ پائے ॥

ਗੁਰ ਪਰਸਾਦੀ ਉਲਟੀ ਹੋਵੈ
ਗਿਆਨ ਰਤਨੁ ਸਬਦੁ ਤਾਹਾ ਹੇ ॥੨॥

گُر پرسادی اُلٹی ہووے
گیان رتنُ سبدُ تاہا ہے ॥2॥

ਅੰਧੇਰਾ ਚਾਨਣੁ ਆਪੇ ਕੀਆ ॥

انّدھیرا چانڻُ آپے کیِیا ॥

ਏਕੋ ਵਰਤੈ ਅਵਰੁ ਨ ਬੀਆ ॥

ایکو ورتے اورُ ن بیِیا ॥

ਗੁਰ ਪਰਸਾਦੀ ਆਪੁ ਪਛਾਣੈ
ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥

گُر پرسادی آپُ پچھاڻے
کملُ بِگسے بُدھِ تاہا ہے ॥3॥

ਅਪਣੀ ਗਹਣ ਗਤਿ ਆਪੇ ਜਾਣੈ ॥

اپڻی گہڻ گتِ آپے جاڻے ॥

ਹੋਰੁ ਲੋਕੁ ਸੁਣਿ ਸੁਣਿ ਆਖਿ ਵਖਾਣੈ ॥

ہورُ لوکُ سُڻِ سُڻِ آکھِ وکھاڻے ॥

ਗਿਆਨੀ ਹੋਵੈ ਸੁ ਗੁਰਮੁਖਿ ਬੂਝੈ
ਸਾਚੀ ਸਿਫਤਿ ਸਲਾਹਾ ਹੇ ॥੪॥

گیانی ہووے سُ گُرمُکھِ بُوجھے
ساچی صِفتِ سلاہا ہے ॥4॥

ਦੇਹੀ ਅੰਦਰਿ ਵਸਤੁ ਅਪਾਰਾ ॥

دیہی انّدرِ وستُ اپارا ॥

ਆਪੇ ਕਪਟ ਖੁਲਾਵਣਹਾਰਾ ॥

آپے کپٹ کھُلاوٹہارا ॥

ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ
ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥

گُرمُکھِ سہجے انّمرِتُ پیوے
ترِسنا اگنِ بُجھاہا ہے ॥5॥

ਸਭਿ ਰਸ ਦੇਹੀ ਅੰਦਰਿ ਪਾਏ ॥

سبھِ رس دیہی انّدرِ پائے ॥

ਵਿਰਲੇ ਕਉ ਗੁਰੁ ਸਬਦੁ ਬੁਝਾਏ ॥

وِرلے ک ءُ گُرُ سبدُ بُجھائے ॥

ਅੰਦਰੁ ਖੋਜੇ ਸਬਦੁ ਸਾਲਾਹੇ
ਬਾਹਰਿ ਕਾਹੇ ਜਾਹਾ ਹੇ ॥੬॥

انّدرُ کھوجے سبدُ سالاحے
باہرِ کاہے جاہا ہے ۔ ॥6॥

ਵਿਣੁ ਚਾਖੇ ਸਾਦੁ ਕਿਸੈ ਨ ਆਇਆ ॥

وِنُ چاکھے سادُ کِسے ن آئیا ॥

ਗੁਰ ਕੈ ਸਬਦਿ
ਅੰਮ੍ਰਿਤੁ ਪੀਆਇਆ ॥

گُر کے سبدِ
انّمرِتُ پِیائیا ॥

ਅੰਮ੍ਰਿਤੁ ਪੀ ਅਮਰਾ ਪਦੁ ਹੋਏ
ਗੁਰ ਕੈ ਸਬਦਿ ਰਸੁ ਤਾਹਾ ਹੇ ॥੭॥

انّمرِتُ پی امرا پدُ ہوئے
گُر کے سبدِ رسُ تاہا ہے ॥7॥

ਆਪੁ ਪਛਾਣੈ ਸੋ ਸਭਿ ਗੁਣ ਜਾਣੈ ॥

آپُ پچھاٹے سو سبھِ گُن جاٹے ॥

ਗੁਰ ਕੈ ਸਬਦਿ ਹਰਿ ਨਾਮੁ ਵਖਾਣੈ ॥

گُر کے سبدِ ہرِ نامُ وکھاٹے ॥

ਅਨਦਿਨੁ ਨਾਮਿ ਰਤਾ ਦਿਨੁ ਰਾਤੀ
ਮਾਇਆ ਮੋਹੁ ਚੁਕਾਹਾ ਹੇ ॥੮॥

اندِنُ نامِ رتا دِنُ راتی
مائیا موہُ چُکاہا ہے ॥8॥

ਗੁਰ ਸੇਵਾ ਤੇ ਸਭੁ ਕਿਛੁ ਪਾਏ ॥

گُر سیوا تے سبھُ کچھُ پائے ॥

ਹਉਮੈ ਮੇਰਾ ਆਪੁ ਗਵਾਏ ॥

ہئُمے میرا آپُ گوائے ॥

ਆਪੇ ਕ੍ਰਿਪਾ ਕਰੇ ਸੁਖਦਾਤਾ
ਗੁਰ ਕੈ ਸਬਦੇ ਸੋਹਾ ਹੇ ॥੯॥

آپے کرِپا کرے سُکھداتا
گُر کے سبدے سوہا ہے ॥9॥

ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥

گُر کا سبدُ انّمرِت ہے باٹی ॥

ਅਨਦਿਨੁ ਹਰਿ ਕਾ ਨਾਮੁ ਵਖਾਣੀ ॥

اندِنُ ہرِ کا نامُ وکھاٹی ॥

ਹਰਿ ਹਰਿ ਸਚਾ ਵਸੈ ਘਟ ਅੰਤਰਿ
ਸੋ ਘਟੁ ਨਿਰਮਲੁ ਤਾਹਾ ਹੇ ॥੧੦॥

ہرِ ہرِ سچا وسے گھٹ انترِ
سو گھٹُ نِرملُ تاہا ہے ॥ 10 ॥

ਸੇਵਕ ਸੇਵਹਿ ਸਬਦਿ ਸਲਾਹਹਿ ॥
ਸਦਾ ਰੰਗਿ ਰਾਤੇ ਹਰਿ ਗੁਣ ਗਾਵਹਿ ॥
ਆਪੇ ਬਖਸੇ ਸਬਦਿ ਮਿਲਾਏ
ਪਰਮਲ ਵਾਸੁ ਮਨਿ ਤਾਹਾ ਹੇ ॥੧੧॥

ਸਬਦੇ ਅਕਥੁ ਕਥੇ ਸਾਲਾਹੇ ॥
ਮੇਰੇ ਪ੍ਰਭ ਸਾਚੇ ਵੇਪਰਵਾਹੇ ॥
ਆਪੇ ਗੁਣਦਾਤਾ ਸਬਦਿ ਮਿਲਾਏ
ਸਬਦੈ ਕਾ ਰਸੁ ਤਾਹਾ ਹੇ ॥੧੨॥

ਮਨਮੁਖੁ ਭੂਲਾ ਠਉਰ ਨ ਪਾਏ ॥
ਜੋ ਧੁਰਿ ਲਿਖਿਆ ਸੁ ਕਰਮ ਕਮਾਏ ॥
ਬਿਖਿਆ ਰਾਤੇ ਬਿਖਿਆ ਖੋਜੈ
ਮਰਿ ਜਨਮੈ ਦੁਖੁ ਤਾਹਾ ਹੇ ॥੧੩॥

ਆਪੇ ਆਪਿ ਆਪਿ ਸਾਲਾਹੇ ॥
ਤੇਰੇ ਗੁਣ ਪ੍ਰਭ ਤੁਝ ਹੀ ਮਾਹੇ ॥
ਤੂ ਆਪਿ ਸਚਾ ਤੇਰੀ ਬਾਣੀ ਸਚੀ
ਆਪੇ ਅਲਖੁ ਅਥਾਹਾ ਹੇ ॥੧੪॥

ਬਿਨੁ ਗੁਰ ਦਾਤੇ ਕੋਇ ਨ ਪਾਏ ॥
ਲਖ ਕੋਟੀ ਜੇ ਕਰਮ ਕਮਾਏ ॥
ਗੁਰ ਕਿਰਪਾ ਤੇ ਘਟ ਅੰਤਰਿ ਵਸਿਆ
ਸਬਦੇ ਸਚੁ ਸਾਲਾਹਾ ਹੇ ॥੧੫॥

ਸੇ ਜਨ ਮਿਲੇ ਧੁਰਿ ਆਪਿ ਮਿਲਾਏ ॥
ਸਾਚੀ ਬਾਣੀ ਸਬਦਿ ਸੁਹਾਏ ॥
ਨਾਨਕ ਜਨੁ ਗੁਣ ਗਾਵੈ ਨਿਤ ਸਾਚੇ
ਗੁਣ ਗਾਵਹ ਗੁਣੀ ਸਮਾਹਾ ਹੇ ॥੧੬॥੪॥੧੩॥

سیوک سیوہِ سبدِ سلاحہِ ॥
سدا رنگِ راتے ہرِ گُن گاوہِ ॥
آپے بخشے سبدِ مِلائے
پرمل واسُ منِ تاہا ہے ॥ 11 ॥

سبدے اکتھُ کتھے سالاحے ॥
میرے پربھ ساچے ویپرواہے ॥
آپے گُنداتا سبدِ مِلائے
سبدے کا رسُ تاہا ہے ॥ 12 ॥

منمُکھُ بھوُلا ٹھرُ ن پائے ॥
جو دھُرِ لِکھیا سُ کرم کمائے ॥
بِکھیا راتے بِکھیا کھوجے
مرِجنمے دُکھُ تاہا ہے ॥ 13 ॥

آپے آپِ آپِ سالاحے ॥
تیرے گُن پربھ تُجھ ہی ماہے ॥
توُ آپِ سچا تیری بانٹی سچی
آپے الکھُ اتھاہا ہے ॥ 14 ॥

بِنُ گُر داتے کوءِ ن پائے ॥
لکھ کوٹی جے کرم کمائے ॥
گُر کِرپا تے گھٹ انترِ وسِیا
سبدے سچُ سالاہا ہے ॥ 15 ॥

سے جن مِلے دھُرِ آپِ مِلائے ॥
ساچی بانٹی سبدِ سُہائے ॥
نانک جنُ گُن گاوے نِت ساچے
گُن گاوہ گُنٹی سماہا ہے ॥ 16 ॥ 4 ॥ 13 ॥

ਮਾਰੂ ਮਹਲਾ ੩ ॥

ਨਿਹਚਲੁ ਏਕੁ ਸਦਾ ਸਚੁ ਸੋਈ ॥
ਪੂਰੇ ਗੁਰ ਤੇ ਸੋਝੀ ਹੋਈ ॥
ਹਰਿ ਰਸਿ ਭੀਨੇ ਸਦਾ ਧਿਆਇਨਿ
ਗੁਰਮਤਿ ਸੀਲੁ ਸੰਨਾਹਾ ਹੇ ॥੧॥
ਅੰਦਰਿ ਰੰਗੁ ਸਦਾ ਸਚਿਆਰਾ ॥
ਗੁਰ ਕੈ ਸਬਦਿ ਹਰਿ ਨਾਮਿ ਪਿਆਰਾ ॥
ਨਉ ਨਿਧਿ ਨਾਮੁ ਵਸਿਆ ਘਟ ਅੰਤਰਿ
ਛੋਡਿਆ ਮਾਇਆ ਕਾ ਲਾਹਾ ਹੇ ॥੨॥
ਰਈਅਤਿ ਰਾਜੇ ਦੁਰਮਤਿ ਦੋਈ ॥
ਬਿਨੁ ਸਤਿਗੁਰ ਸੇਵੇ ਏਕੁ ਨ ਹੋਈ ॥
ਏਕੁ ਧਿਆਇਨਿ ਸਦਾ ਸੁਖੁ ਪਾਇਨਿ
ਨਿਹਚਲੁ ਰਾਜੁ ਤਿਨਾਹਾ ਹੇ ॥੩॥
ਆਵਣੁ ਜਾਣਾ ਰਖੈ ਨ ਕੋਈ ॥
ਜੰਮਣੁ ਮਰਣੁ ਤਿਸੈ ਤੇ ਹੋਈ ॥
ਗੁਰਮੁਖਿ ਸਾਚਾ ਸਦਾ ਧਿਆਵਹੁ
ਗਤਿ ਮੁਕਤਿ ਤਿਸੈ ਤੇ ਪਾਹਾ ਹੇ ॥੪॥
ਸਚੁ ਸੰਜਮੁ ਸਤਿਗੁਰੂ ਦੁਆਰੈ ॥
ਹਉਮੈ ਕ੍ਰੋਧੁ ਸਬਦਿ ਨਿਵਾਰੈ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਈਐ
ਸੀਲੁ ਸੰਤੋਖੁ ਸਭੁ ਤਾਹਾ ਹੇ ॥੫॥
ਹਉਮੈ ਮੋਹੁ ਉਪਜੈ ਸੰਸਾਰਾ ॥
ਸਭੁ ਜਗੁ ਬਿਨਸੈ ਨਾਮੁ ਵਿਸਾਰਾ ॥
ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ

ماروُ محلا 3 ॥

نِہچلُ ایکُ سدا سچُ سوئی ॥
پوُرے گُر تے سوجھی ہوئی ॥
ہرِ رسِ بھِینے سدا دھِیائِنِ
گُرمتِ سیِلُ سنّاہا ہے ॥1॥
اندَرِ رنگُ سدا سچِیارا ॥
گُر کے سبدِ ہرِ نامِ پِیارا ॥
نءُ نِدھِ نامُ وسِیا گھٹ انّترِ
چھوڈِیا مائِیا کا لاہا ہے ॥2॥
رعِیّتِ راجے دُرمتِ دوئی ॥
بِنُ ستِگُر سیوے ایکُ ن ہوئی ॥
ایکُ دھِیائِنِ سدا سُکھُ پائِنِ
نِہچلُ راجُ تِناہا ہے ॥3॥
آونُ جاٹا رکھےَ ن کوئی ॥
جنّمُ مرنُ تِسےَ تے ہوئی ॥
گُرمُکھِ ساچا سدا دھِیاوہُ
گتِ مُکتِ تِسےَ تے پاہا ہے ॥4॥
سچُ سنّجمُ ستِگُرو دُیارے ॥
ہئُمےَ کرودھُ سبدِ نِوارے ॥
ستِگُرُ سیوِ سدا سُکھُ پائیےَ
سیِلُ سنّتوکھُ سبھُ تاہا ہے ॥5॥
ہئُمےَ موہُ اُپجےَ سنّسارا ॥
سبھُ جگُ بِنسےَ نامُ وِسارا ॥
بِنُ ستِگُر سیوے نامُ ن پائیےَ

ਨਾਮੁ ਸਚਾ ਜਗਿ ਲਾਹਾ ਹੇ ॥੬॥

نامُ سچا جگِ لاہا ہے ॥6॥

ਸਚਾ ਅਮਰੁ ਸਬਦਿ ਸੁਹਾਇਆ ॥

سچا امرُ سبدِ سُہائیا ॥

ਪੰਚ ਸਬਦ ਮਿਲਿ ਵਾਜਾ ਵਾਇਆ ॥

پنچ سبد مِلِ واجا وائیا ॥

ਸਦਾ ਕਾਰਜੁ ਸਚਿ ਨਾਮਿ ਸੁਹੇਲਾ
ਬਿਨੁ ਸਬਦੈ ਕਾਰਜੁ ਕੇਹਾ ਹੇ ॥੭॥

سدا کارجُ سچِ نامِ سُہیلا
بِنُ سبدے کارجُ کیہا ہے۔ ॥7॥

ਖਿਨ ਮਹਿ ਹਸੈ ਖਿਨ ਮਹਿ ਰੋਵੈ ॥

کھِن مہِ ہسے کھِن مہِ روے ॥

ਦੂਜੀ ਦੁਰਮਤਿ ਕਾਰਜੁ ਨ ਹੋਵੈ ॥

دوُجی دُرمتِ کارجُ ن ہووے ॥

ਸੰਜੋਗੁ ਵਿਜੋਗੁ ਕਰਤੈ ਲਿਖਿ ਪਾਏ
ਕਿਰਤੁ ਨ ਚਲੈ ਚਲਾਹਾ ਹੇ ॥੮॥

سنجوگُ وِجوگُ کرتے لِکھِ پائے
کِرتُ ن چلے چلاہا ہے ॥8॥

ਜੀਵਨ ਮੁਕਤਿ ਗੁਰ ਸਬਦੁ ਕਮਾਏ ॥

جیون مُکتِ گُر سبدُ کمائے ॥

ਹਰਿ ਸਿਉ ਸਦ ਹੀ ਰਹੈ ਸਮਾਏ ॥

ہرِ سِءُ سد ہی رہے سمائے ॥

ਗੁਰ ਕਿਰਪਾ ਤੇ ਮਿਲੈ ਵਡਿਆਈ
ਹਉਮੈ ਰੋਗੁ ਨ ਤਾਹਾ ਹੇ ॥੯॥

گُر کِرپا تے مِلے وڈیائی
ہئمے روگُ ن تاہا ہے ॥9॥

ਰਸ ਕਸ ਖਾਏ ਪਿੰਡੁ ਵਧਾਏ ॥

رس کس کھائے پِنڈُ ودھائے ॥

ਭੇਖ ਕਰੈ ਗੁਰ ਸਬਦੁ ਨ ਕਮਾਏ ॥

بھیکھ کرے گُر سبدُ ن کمائے ॥

ਅੰਤਰਿ ਰੋਗੁ ਮਹਾ ਦੁਖੁ ਭਾਰੀ
ਬਿਸਟਾ ਮਾਹਿ ਸਮਾਹਾ ਹੇ ॥੧੦॥

انترِ روگُ مہا دُکھُ بھاری
بِسٹا ماہِ سماہا ہے ॥ 10 ॥

ਬੇਦ ਪੜਹਿ ਪੜਿ ਬਾਦੁ ਵਖਾਣਹਿ ॥

بید پڑہِ پڑِ بادُ وکھانہِ ॥

ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ ॥

گھٹ مہِ برہمُ تِسُ سبدِ ن پچھانہِ ॥

ਗੁਰਮੁਖਿ ਹੋਵੈ ਸੁ ਤਤੁ ਬਿਲੋਵੈ
ਰਸਨਾ ਹਰਿ ਰਸੁ ਤਾਹਾ ਹੇ ॥੧੧॥

گُرمُکھِ ہووے سُ تتُ بِلووے
رسنا ہرِ رسُ تاہا ہے ॥ 11 ॥

ਘਰਿ ਵਥੁ ਛੋਡਹਿ ਬਾਹਰਿ ਧਾਵਹਿ ॥

گھرِ وتھُ چھوڈہِ باہرِ دھاوہِ ॥

ਮਨਮੁਖ ਅੰਧੇ ਸਾਦੁ ਨ ਪਾਵਹਿ ॥

منمُکھ اندھے سادُ ن پاوہِ ॥

ਅਨ ਰਸ ਰਾਤੀ ਰਸਨਾ ਫੀਕੀ ਬੋਲੇ

ان رس راتی رسنا پھیکی بولے

ਹਰਿ ਰਸੁ ਮੂਲਿ ਨ ਤਾਹਾ ਹੇ ॥੧੨॥

ہرِ رسُ موُلِ ن تاہا ہے ॥ 12 ॥

ਮਨਮੁਖ ਦੇਹੀ ਭਰਮੁ ਭਤਾਰੋ ॥

منمُکھ دیہی بھرمُ بھتارو ॥

ਦੁਰਮਤਿ ਮਰੈ ਨਿਤ ਹੋਇ ਖੁਆਰੋ ॥

دُرمتِ مرے نِت ہوءِ خُیارو ॥

ਕਾਮਿ ਕ੍ਰੋਧਿ ਮਨੁ ਦੂਜੈ ਲਾਇਆ
ਸੁਪਨੈ ਸੁਖੁ ਨ ਤਾਹਾ ਹੇ ॥੧੩॥

کامِ کرودھِ منُ دوُجے لائیا
سُپنے سُکھُ ن تاہا ہے ॥ 13 ॥

ਕੰਚਨ ਦੇਹੀ ਸਬਦੁ ਭਤਾਰੋ ॥

کنچن دیہی سبدُ بھتارو ॥

ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ॥

اندِنُ بھوگ بھوگے ہرِ سِءُ پیارو ॥

ਮਹਲਾ ਅੰਦਰਿ ਗੈਰ ਮਹਲੁ ਪਾਏ
ਭਾਣਾ ਬੁਝਿ ਸਮਾਹਾ ਹੇ ॥੧੪॥

محلا اندّرِ غیر محلُ پائے
بھاٹا بُجھِ سماہا ہے ॥ 14 ॥

ਆਪੇ ਦੇਵੈ ਦੇਵਣਹਾਰਾ ॥

آپے دیوے دیوٹہارا ॥

ਤਿਸੁ ਆਗੈ ਨਹੀ ਕਿਸੈ ਕਾ ਚਾਰਾ ॥

تِس آگے نہی کِسے کا چارا ॥

ਆਪੇ ਬਖਸੇ ਸਬਦਿ ਮਿਲਾਏ
ਤਿਸ ਦਾ ਸਬਦੁ ਅਥਾਹਾ ਹੇ ॥੧੫॥

آپے بخشے سبدِ مِلائے
تِس دا سبدُ اتھاہا ہے ॥ 15 ॥

ਜੀਉ ਪਿੰਡੁ ਸਭੁ ਹੈ ਤਿਸੁ ਕੇਰਾ ॥

جِءُ پِنڈُ سبھُ ہے تِس کیرا ॥

ਸਚਾ ਸਾਹਿਬੁ ਠਾਕੁਰੁ ਮੇਰਾ ॥

سچا صاحِبُ ٹھاکُرُ میرا ॥

ਨਾਨਕ ਗੁਰਬਾਣੀ ਹਰਿ ਪਾਇਆ
ਹਰਿ ਜਪੁ ਜਾਪਿ ਸਮਾਹਾ ਹੇ ॥੧੬॥੫॥੧੪॥

نانک گُربانی ہرِ پائیا
ہرِ جپُ جاپِ سماہا ہے ॥ 16 ॥5॥ 14 ॥

ਮਾਰੂ ਮਹਲਾ ੩ ॥

مارُو محلا 3 ॥

ਗੁਰਮੁਖਿ ਨਾਦ ਬੇਦ ਬੀਚਾਰੁ ॥

گُرمُکھِ ناد بید بیچارُ ॥

ਗੁਰਮੁਖਿ ਗਿਆਨੁ ਧਿਆਨੁ ਆਪਾਰੁ ॥

گُرمُکھِ گیانُ دھیانُ آپارُ ॥

ਗੁਰਮੁਖਿ ਕਾਰ ਕਰੇ ਪ੍ਰਭ ਭਾਵੈ
ਗੁਰਮੁਖਿ ਪੂਰਾ ਪਾਇਦਾ ॥੧॥

گُرمُکھِ کار کرے پربھ بھاوے
گُرمُکھِ پوُرا پائِدا ॥ 1 ॥

ਗੁਰਮੁਖਿ ਮਨੂਆ ਉਲਟਿ ਪਰਾਵੈ ॥

گُرمُکھِ منوُیا اُلٹِ پراوے ॥

ਗੁਰਮੁਖਿ ਬਾਣੀ ਨਾਦੁ ਵਜਾਵੈ ॥

گُرمُکھِ بانٹی نادُ وجاوےَ ॥

ਗੁਰਮੁਖਿ ਸਚਿ ਰਤੇ ਬੈਰਾਗੀ
ਨਿਜ ਘਰਿ ਵਾਸਾ ਪਾਇਦਾ ॥੨॥

گُرمُکھِ سچِ رتے بیَراگی
نِج گھرِ واسا پائِدا ॥2॥

ਗੁਰ ਕੀ ਸਾਖੀ ਅੰਮ੍ਰਿਤ ਭਾਖੀ ॥

گُر کی ساکھی انمّرِت بھاکھی ॥

ਸਚੈ ਸਬਦੇ ਸਚੁ ਸੁਭਾਖੀ ॥

سچےَ سبدے سچُ سُبھاکھی ॥

ਸਦਾ ਸਚਿ ਰੰਗਿ ਰਾਤਾ ਮਨੁ ਮੇਰਾ
ਸਚੇ ਸਚਿ ਸਮਾਇਦਾ ॥੩॥

سدا سچِ رنگِ راتا منُ میرا
سچے سچِ سمائِدا ॥3॥

ਗੁਰਮੁਖਿ ਮਨੁ ਨਿਰਮਲੁ ਸਤ ਸਰਿ ਨਾਵੈ ॥

گُرمُکھِ منُ نِرملُ ست سرِ ناوےَ ॥

ਮੈਲੁ ਨ ਲਾਗੈ ਸਚਿ ਸਮਾਵੈ ॥

میَلُ ن لاگےَ سچِ سماوےَ ॥

ਸਚੋ ਸਚੁ ਕਮਾਵੈ ਸਦ ਹੀ
ਸਚੀ ਭਗਤਿ ਦ੍ਰਿੜਾਇਦਾ ॥੪॥

سچو سچُ کماوےَ سد ہی
سچی بھگتِ دّرِڑائِدا ॥4॥

ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ ॥

گُرمُکھِ سچُ بیَنٹی گُرمُکھِ سچُ نیَنٹی ॥

ਗੁਰਮੁਖਿ ਸਚੁ ਕਮਾਵੈ ਕਰਣੀ ॥

گُرمُکھِ سچُ کماوےَ کرنٹی ॥

ਸਦ ਹੀ ਸਚੁ ਕਹੈ ਦਿਨੁ ਰਾਤੀ
ਅਵਰਾ ਸਚੁ ਕਹਾਇਦਾ ॥੫॥

سد ہی سچُ کہےَ دِنُ راتی
اورا سچُ کہائِدا ॥5॥

ਗੁਰਮੁਖਿ ਸਚੀ ਊਤਮ ਬਾਣੀ ॥

گُرمُکھِ سچی اوُتم بانٹی ॥

ਗੁਰਮੁਖਿ ਸਚੋ ਸਚੁ ਵਖਾਣੀ ॥

گُرمُکھِ سچو سچُ وکھانٹی ॥

ਗੁਰਮੁਖਿ ਸਦ ਸੇਵਹਿ ਸਚੋ ਸਚਾ
ਗੁਰਮੁਖਿ ਸਬਦੁ ਸੁਣਾਇਦਾ ॥੬॥

گُرمُکھِ سد سیوہِ سچو سچا
گُرمُکھِ سبدُ سُنٹائِدا ॥6॥

ਗੁਰਮੁਖਿ ਹੋਵੈ ਸੁ ਸੋਝੀ ਪਾਏ ॥

گُرمُکھِ ہووےَ سُ سوجھی پائے ॥

ਹਉਮੈ ਮਾਇਆ ਭਰਮੁ ਗਵਾਏ ॥

ہئُمےَ مائیا بھرمُ گوائے ॥

ਗੁਰ ਕੀ ਪਉੜੀ ਊਤਮ ਊਚੀ
ਦਰਿ ਸਚੈ ਹਰਿ ਗੁਣ ਗਾਇਦਾ ॥੭॥

گُر کی پئڑی اوُتم اوُچی
دِر سچےَ ہرِ گُن گائِدا ॥7॥

ਗੁਰਮੁਖਿ ਸਚੁ ਸੰਜਮੁ ਕਰਣੀ ਸਾਰੁ ॥

گُرمُکھِ سچُ سنجّمُ کرنٹی سارُ ॥

ਗੁਰਮੁਖਿ ਪਾਏ ਮੋਖ ਦੁਆਰੁ ॥

ਭਾਇ ਭਗਤਿ ਸਦਾ ਰੰਗਿ ਰਾਤਾ
ਆਪੁ ਗਵਾਇ ਸਮਾਇਦਾ ॥੮॥

ਗੁਰਮੁਖਿ ਹੋਵੈ ਮਨੁ ਖੋਜਿ ਸੁਣਾਏ ॥

ਸਚੈ ਨਾਮਿ ਸਦਾ ਲਿਵ ਲਾਏ ॥

ਜੋ ਤਿਸੁ ਭਾਵੈ ਸੋਈ ਕਰਸੀ
ਜੋ ਸਚੇ ਮਨਿ ਭਾਇਦਾ ॥੯॥

ਜਾ ਤਿਸੁ ਭਾਵੈ ਸਤਿਗੁਰੂ ਮਿਲਾਏ ॥

ਜਾ ਤਿਸੁ ਭਾਵੈ ਤਾ ਮੰਨਿ ਵਸਾਏ ॥

ਆਪਣੈ ਭਾਣੈ ਸਦਾ ਰੰਗਿ ਰਾਤਾ
ਭਾਣੈ ਮੰਨਿ ਵਸਾਇਦਾ ॥੧੦॥

ਮਨਹਠਿ ਕਰਮ ਕਰੇ ਸੋ ਛੀਜੈ ॥

ਬਹੁਤੇ ਭੇਖ ਕਰੇ ਨਹੀ ਭੀਜੈ ॥

ਬਿਖਿਆ ਰਾਤੇ ਦੁਖੁ ਕਮਾਵਹਿ
ਦੁਖੇ ਦੁਖਿ ਸਮਾਇਦਾ ॥੧੧॥

ਗੁਰਮੁਖਿ ਹੋਵੈ ਸੁ ਸੁਖੁ ਕਮਾਏ ॥

ਮਰਣ ਜੀਵਣ ਕੀ ਸੋਝੀ ਪਾਏ ॥

ਮਰਣੁ ਜੀਵਣੁ ਜੋ ਸਮ ਕਰਿ ਜਾਣੈ
ਸੋ ਮੇਰੇ ਪ੍ਰਭ ਭਾਇਦਾ ॥੧੨॥

ਗੁਰਮੁਖਿ ਮਰਹਿ ਸੁ ਹਹਿ ਪਰਵਾਣੁ ॥

ਆਵਣ ਜਾਣਾ ਸਬਦੁ ਪਛਾਣੁ ॥

ਮਰੈ ਨ ਜੰਮੈ ਨਾ ਦੁਖੁ ਪਾਏ
ਮਨ ਹੀ ਮਨਹਿ ਸਮਾਇਦਾ ॥੧੩॥

ਸੇ ਵਡਭਾਗੀ ਜਿਨੀ ਸਤਿਗੁਰੁ ਪਾਇਆ ॥

گُرمُکھِ پائے موکھ دُیارُ ॥

بھاءِ بھگتِ سدا رنگِ راتا
آپُ گواءِ سمائِدا ॥8॥

گُرمُکھِ ہووے منُ کھوجِ سُنٹائے ॥

سچے نامِ سدا لِو لائے ॥

جو تِسُ بھاوے سوئی کرسی
جو سچے منِ بھائِدا ॥9॥

جا تِسُ بھاوے ستِگُرُو مِلائے ॥

جا تِسُ بھاوے تا منّنِ وسائے ॥

آپنّے بھانّے سدا رنگِ راتا
بھانّے منّنِ وسائِدا ॥ 10 ॥

منہٹھِ کرم کرے سو چھیجے ॥

بہُتے بھیکھ کرے نہی بھیجے ॥

بِکھیا راتے دُکھُ کماوہِ
دُکھے دُکھِ سمائِدا ॥ 11 ॥

گُرمُکھِ ہووے سُ سُکھُ کمائے ॥

مرنّ جیِونّ کی سوجھی پائے ॥

مرنُّ جیِونُّ جو سم کرِ جانّے
سو میرے پّربھ بھائِدا ॥ 12 ॥

گُرمُکھِ مرہِ سُ ہہِ پروانُّ ॥

آونّ جانّا سبدُ پچھانُّ ॥

مرے ن جنّمے نا دُکھُ پائے
من ہی منہِ سمائِدا ॥ 13 ॥

سے وڈبھاگی جِنی ستِگُر پائیا ॥

ਹਉਮੈ ਵਿਚਹੁ ਮੋਹੁ ਚੁਕਾਇਆ ॥

ہئُمے وِچہُ موہُ چُکائیا ॥

ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ
ਦਰਿ ਸਚੈ ਸੋਭਾ ਪਾਇਦਾ ॥੧੪॥

منُ نِرملُ پھِرِ میَلُ ن لاگے
درِ سچے سوبھا پائِدا ॥ 14 ॥

ਆਪੇ ਕਰੇ ਕਰਾਏ ਆਪੇ ॥

آپے کرے کرائے آپے ॥

ਆਪੇ ਵੇਖੈ ਥਾਪਿ ਉਥਾਪੇ ॥

آپے ویکھے تھاپِ اُتھاپے ॥

ਗੁਰਮੁਖਿ ਸੇਵਾ ਮੇਰੇ ਪ੍ਰਭ ਭਾਵੈ
ਸਚੁ ਸੁਣਿ ਲੇਖੈ ਪਾਇਦਾ ॥੧੫॥

گُرمُکھِ سیوا میرے پربھ بھاوے
سچُ سُنِ لیکھے پائِدا ॥ 15 ॥

ਗੁਰਮੁਖਿ ਸਚੋ ਸਚੁ ਕਮਾਵੈ ॥

گُرمُکھِ سچو سچُ کماوے ॥

ਗੁਰਮੁਖਿ ਨਿਰਮਲੁ ਮੈਲੁ ਨ ਲਾਵੈ ॥

گُرمُکھِ نِرملُ میَلُ ن لاوے ॥

ਨਾਨਕ ਨਾਮਿ ਰਤੇ ਵੀਚਾਰੀ
ਨਾਮੇ ਨਾਮਿ ਸਮਾਇਦਾ ॥੧੬॥੧॥੧੫॥

نانک نامِ رتے ویچاری
نامے نامِ سمائِدا ॥ 16 ॥1॥ 15 ॥

ਮਾਰੂ ਮਹਲਾ ੩ ॥

مارُو محلا 3 ॥

ਆਪੇ ਸ੍ਰਿਸਟਿ ਹੁਕਮਿ ਸਭ ਸਾਜੀ ॥

آپے سرِسٹِ حُکمِ سبھ ساجی ॥

ਆਪੇ ਥਾਪਿ ਉਥਾਪਿ ਨਿਵਾਜੀ ॥

آپے تھاپِ اُتھاپِ نِواجی ॥

ਆਪੇ ਨਿਆਉ ਕਰੇ ਸਭੁ ਸਾਚਾ
ਸਾਚੇ ਸਾਚਿ ਮਿਲਾਇਦਾ ॥੧॥

آپے نِیاءُ کرے سبھُ ساچا
ساچے ساچِ مِلائِدا ॥1॥

ਕਾਇਆ ਕੋਟੁ ਹੈ ਆਕਾਰਾ ॥

کائِیا کوٹُ ہے آکارا ॥

ਮਾਇਆ ਮੋਹੁ ਪਸਰਿਆ ਪਾਸਾਰਾ ॥

مائِیا موہُ پسریا پاسارا ॥

ਬਿਨੁ ਸਬਦੈ ਭਸਮੈ ਕੀ ਢੇਰੀ
ਖੇਹੂ ਖੇਹ ਰਲਾਇਦਾ ॥੨॥

بِنُ سبدے بھسمے کی ڈھیری
کھیہُو کھیہ رلائِدا ॥2॥

ਕਾਇਆ ਕੰਚਨ ਕੋਟੁ ਅਪਾਰਾ ॥

کائِیا کنچن کوٹُ اپارا ॥

ਜਿਸੁ ਵਿਚਿ ਰਵਿਆ ਸਬਦੁ ਅਪਾਰਾ ॥

جِسُ وِچِ رویا سبدُ اپارا ॥

ਗੁਰਮੁਖਿ ਗਾਵੈ ਸਦਾ ਗੁਣ ਸਾਚੇ
ਮਿਲਿ ਪ੍ਰੀਤਮ ਸੁਖੁ ਪਾਇਦਾ ॥੩॥

گُرمُکھِ گاوے سدا گُنُ ساچے
مِلِ پریتم سُکھُ پائِدا ॥3॥

ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥
کائیا ہرِ مندّرُ ہرِ آپِ سوارے ॥

ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥
تِسُ وِچِ ہرِ جیِءُ وسے مُرارے ॥

ਗੁਰ ਕੈ ਸਬਦਿ ਵਣਜਨਿ ਵਾਪਾਰੀ
ਨਦਰੀ ਆਪਿ ਮਿਲਾਇਦਾ ॥੪॥
گُر کے سبدِ وَنجَنِ واپاری
ندری آپِ مِلائِدا ॥4॥

ਸੋ ਸੂਚਾ ਜਿ ਕਰੋਧੁ ਨਿਵਾਰੇ ॥
سو سُوچا جِ کرودھُ نِوارے ॥

ਸਬਦੇ ਬੂਝੈ ਆਪੁ ਸਵਾਰੇ ॥
سبدے بُوجھے آپُ سوارے ॥

ਆਪੇ ਕਰੇ ਕਰਾਏ ਕਰਤਾ
ਆਪੇ ਮੰਨਿ ਵਸਾਇਦਾ ॥੫॥
آپے کرے کرائے کرتا
آپے منّنِ وسائِدا ॥5॥

ਨਿਰਮਲ ਭਗਤਿ ਹੈ ਨਿਰਾਲੀ ॥
نِرمل بھگتِ ہے نِرالی ॥

ਮਨੁ ਤਨੁ ਧੋਵਹਿ ਸਬਦਿ ਵੀਚਾਰੀ ॥
منُ تنُ دھووہِ سبدِ ویچاری ॥

ਅਨਦਿਨੁ ਸਦਾ ਰਹੈ ਰੰਗਿ ਰਾਤਾ
ਕਰਿ ਕਿਰਪਾ ਭਗਤਿ ਕਰਾਇਦਾ ॥੬॥
اندِنُ سدا رہے رنگِ راتا
کرِ کِرپا بھگتِ کرائِدا ॥6॥

ਇਸੁ ਮਨ ਮੰਦਰ ਮਹਿ ਮਨੂਆ ਧਾਵੈ ॥
اِسُ من مندّر مہِ منوُیا دھاوے ॥

ਸੁਖੁ ਪਲਰਿ ਤਿਆਗਿ ਮਹਾ ਦੁਖੁ ਪਾਵੈ ॥
سُکھُ پلرِ تیاگِ مہا دُکھُ پاوے ॥

ਬਿਨੁ ਸਤਿਗੁਰ ਭੇਟੇ ਠਉਰ ਨ ਪਾਵੈ
ਆਪੇ ਖੇਲੁ ਕਰਾਇਦਾ ॥੭॥
بِنُ ستِگُر بھیٹے ٹھئُر ن پاوے
آپے کھیلُ کرائِدا ॥7॥

ਆਪਿ ਅਪਰੰਪਰੁ ਆਪਿ ਵੀਚਾਰੀ ॥
آپِ اپرنّپرُ آپِ ویچاری ॥

ਆਪੇ ਮੇਲੇ ਕਰਣੀ ਸਾਰੀ ॥
آپے میلے کرنٹی ساری ॥

ਕਿਆ ਕੋ ਕਾਰ ਕਰੇ ਵੇਚਾਰਾ
ਆਪੇ ਬਖਸਿ ਮਿਲਾਇਦਾ ॥੮॥
کِیا کو کار کرے ویچارا
آپے بخشِ مِلائِدا ॥8॥

ਆਪੇ ਸਤਿਗੁਰੁ ਮੇਲੇ ਪੂਰਾ ॥
آپے ستِگُرُ میلے پوُرا ॥

ਸਚੈ ਸਬਦਿ ਮਹਾਬਲ ਸੂਰਾ ॥
سچے سبدِ مہابل سوُرا ॥

ਆਪੇ ਮੇਲੇ ਦੇ ਵਡਿਆਈ
ਸਚੇ ਸਿਉ ਚਿਤੁ ਲਾਇਦਾ ॥੯॥
آپے میلے دے وڈِیائی
سچے سِءُ چِتُ لائِدا ॥9॥

ਘਰ ਹੀ ਅੰਦਰਿ ਸਾਚਾ ਸੋਈ ॥
ਗੁਰਮੁਖਿ ਵਿਰਲਾ ਬੂਝै ਕੋਈ ॥
ਨਾਮੁ ਨਿਧਾਨੁ ਵਸਿਆ ਘਟ ਅੰਤਰਿ
ਰਸਨਾ ਨਾਮੁ ਧਿਆਇਦਾ ॥੧੦॥

گھر ہی انّدرِ ساچا سوئی ॥
گُرمُکھِ وِرلا بُوجھے کوئی ॥
نامُ نِدھانُ وسِیا گھٹ انترِ
رسنا نامُ دھیائِدا ॥ 10 ॥

ਦਿਸੰਤਰੁ ਭਵै ਅੰਤਰੁ ਨਹੀ ਭਾਲੇ ॥
ਮਾਇਆ ਮੋਹਿ ਬਧਾ ਜਮਕਾਲੇ ॥
ਜਮ ਕੀ ਫਾਸੀ ਕਬਹੂ ਨ ਤੂਟੈ
ਦੂਜै ਭਾਇ ਭਰਮਾਇਦਾ ॥੧੧॥

دِسنّترُ بھوے انترُ نہی بھالے ॥
مائِیا موہِ بدھا جمکالے ॥
جم کی پھاسی کبہُو ن توٹے
دوُجے بھاءِ بھرمائِدا ॥ 11 ॥

ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ ॥
ਜਬ ਲਗੁ ਗੁਰ ਕਾ ਸਬਦੁ ਨ ਕਮਾਹੀ ॥
ਗੁਰ ਕै ਸਬਦਿ ਮਿਲਿਆ ਸਚੁ ਪਾਇਆ
ਸਚੇ ਸਚਿ ਸਮਾਇਦਾ ॥੧੨॥

جپُ تپُ سنّجمُ ہورُ کوئی ناہی ॥
جب لگُ گُر کا سبدُ ن کماہی ॥
گُر کے سبدِ مِلیا سچُ پائِیا
سچے سچِ سمائِدا ॥ 12 ॥

ਕਾਮ ਕਰੋਧੁ ਸਬਲ ਸੰਸਾਰਾ ॥
ਬਹੁ ਕਰਮ ਕਮਾਵਹਿ ਸਭੁ ਦੁਖ ਕਾ ਪਸਾਰਾ ॥
ਸਤਿਗੁਰੁ ਸੇਵਹਿ ਸੇ ਸੁਖੁ ਪਾਵਹਿ
ਸਚै ਸਬਦਿ ਮਿਲਾਇਦਾ ॥੧੩॥

کام کرودھُ سبل سنّسارا ॥
بہُ کرم کماوہِ سبھُ دُکھ کا پسارا ॥
ستِگُرُ سیوہِ سے سُکھُ پاوہِ
سچے سبدِ مِلائِدا ॥ 13 ॥

ਪਉਣੁ ਪਾਣੀ ਹੈ ਬैਸੰਤਰੁ ॥
ਮਾਇਆ ਮੋਹੁ ਵਰਤै ਸਭ ਅੰਤਰਿ ॥
ਜਿਨਿ ਕੀਤੇ ਜਾ ਤਿਸै ਪਛਾਣਹਿ
ਮਾਇਆ ਮੋਹੁ ਚੁਕਾਇਦਾ ॥੧੪॥

پؤُنُ پانٹی ہے بیسنّترُ ॥
مائِیا موہُ ورتے سبھ انترِ ॥
جِنِ کِیتے جا تِسے پچھانٹہِ
مائِیا موہُ چُکائِدا ॥ 14 ॥

ਇਕਿ ਮਾਇਆ ਮੋਹਿ ਗਰਬਿ ਵਿਆਪੇ ॥
ਹਉਮै ਹੋਇ ਰਹੇ ਹै ਆਪੇ ॥
ਜਮਕਾਲै ਕੀ ਖਬਰਿ ਨ ਪਾਈ
ਅੰਤਿ ਗਇਆ ਪਛੁਤਾਇਦਾ ॥੧੫॥

اِکِ مائِیا موہِ گربِ وِیاپے ॥
ہمئے ہوءِ رہے ہے آپے ॥
جمکالے کی خبرِ ن پائی
انتِ گئیا پچھُتائِدا ॥ 15 ॥

ਜਿਨਿ ਉਪਾਏ ਸੋ ਬਿਧਿ ਜਾਣੈ ॥
ਗੁਰਮੁਖਿ ਦੇਵੈ ਸਬਦੁ ਪਛਾਣੈ ॥
ਨਾਨਕ ਦਾਸੁ ਕਹੈ ਬੇਨੰਤੀ
ਸਚਿ ਨਾਮਿ ਚਿਤੁ ਲਾਇਦਾ ॥੧੬॥੨॥੧੬॥

جِنِ اُپائے سو بِدھِ جانٹے ॥
گُرمُکھِ دیوے سبدُ پچھانٹے ॥
نانک داسُ کہے بینَنتی
سچِ نامِ چِتُ لائِدا ॥ 16 ॥2॥ 16 ॥

ਮਾਰੂ ਮਹਲਾ ੩ ॥

مارُو محلا 3 ॥

ਆਦਿ ਜੁਗਾਦਿ ਦਇਆਪਤਿ ਦਾਤਾ ॥
ਪੂਰੇ ਗੁਰ ਕੈ ਸਬਦਿ ਪਛਾਤਾ ॥
ਤੁਧੁਨੋ ਸੇਵਹਿ ਸੇ ਤੁਝਹਿ ਸਮਾਵਹਿ
ਤੂ ਆਪੇ ਮੇਲਿ ਮਿਲਾਇਦਾ ॥੧॥

آدِ جُگادِ دئیاپتِ داتا ॥
پُورے گُر کے سبدِ پچھاتا ॥
تُدھُنو سیوہِ سے تُجھِ سماوہِ
توُ آپے میلِ مِلائِدا ॥1॥

ਅਗਮ ਅਗੋਚਰੁ ਕੀਮਤਿ ਨਹੀ ਪਾਈ ॥
ਜੀਅ ਜੰਤ ਤੇਰੀ ਸਰਣਾਈ ॥
ਜਿਉ ਤੁਧੁ ਭਾਵੈ ਤਿਵੈ ਚਲਾਵਹਿ
ਤੂ ਆਪੇ ਮਾਰਗਿ ਪਾਇਦਾ ॥੨॥

اگم اگوچرُ قِیمتِ نہی پائی ॥
جیء جنّت تیری سرٹائی ॥
جِءُ تُدھُ بھاوے تِوے چلاوہِ
توُ آپے مارگِ پائِدا ॥2॥

ਹੈ ਭੀ ਸਾਚਾ ਹੋਸੀ ਸੋਈ ॥
ਆਪੇ ਸਾਜੇ ਅਵਰੁ ਨ ਕੋਈ ॥
ਸਭਨਾ ਸਾਰ ਕਰੇ ਸੁਖਦਾਤਾ
ਆਪੇ ਰਿਜਕੁ ਪਹੁਚਾਇਦਾ ॥੩॥

ہے بھی ساچا ہوسی سوئی ॥
آپے ساجے اورُ ن کوئی ॥
سبھنا سار کرے سُکھداتا
آپے رِزقُ پہُچائِدا ॥3॥

ਅਗਮ ਅਗੋਚਰੁ ਅਲਖ ਅਪਾਰਾ ॥
ਕੋਇ ਨ ਜਾਣੈ ਤੇਰਾ ਪਰਵਾਰਾ ॥
ਆਪਣਾ ਆਪੁ ਪਛਾਣਹਿ ਆਪੇ
ਗੁਰਮਤੀ ਆਪਿ ਬੁਝਾਇਦਾ ॥੪॥

اگم اگوچرُ الکھ اپارا ॥
کوءِ ن جانٹے تیرا پروارا ॥
آپنا آپُ پچھانٹہِ آپے
گُرمتی آپِ بُجھائِدا ॥4॥

ਪਾਤਾਲ ਪੁਰੀਆ ਲੋਅ ਆਕਾਰਾ ॥
ਤਿਸੁ ਵਿਚਿ ਵਰਤੈ ਹੁਕਮੁ ਕਰਾਰਾ ॥
ਹੁਕਮੇ ਸਾਜੇ ਹੁਕਮੇ ਢਾਹੇ

پاتال پُرِیا لوء آکارا ॥
تِس وِچِ ورتے حُکمُ کرارا ॥
حُکمے ساجے حُکمے ڈھاہے

ਹੁਕਮੇ ਮੇਲਿ ਮਿਲਾਇਦਾ ॥੫॥

ہُکمے میلِ مِلائِدا ॥5॥

ਹੁਕਮੈ ਬੂਝੈ ਸੁ ਹੁਕਮੁ ਸਲਾਹੇ ॥

ہُکمے بُوجھے سُ ہُکمُ سلاہے ॥

ਅਗਮ ਅਗੋਚਰ ਵੇਪਰਵਾਹੇ ॥

اگم اگوچر ویپرواہے ॥

ਜੇਹੀ ਮਤਿ ਦੇਹਿ ਸੋ ਹੋਵੈ
ਤੂ ਆਪੇ ਸਬਦਿ ਬੁਝਾਇਦਾ ॥੬॥

جیہی متِ دیہِ سو ہووے
توُ آپے سبدِ بُجھائِدا ॥6॥

ਅਨਦਿਨੁ ਆਰਜਾ ਛਿਜਦੀ ਜਾਏ ॥

اندِنُ آرجا چھِجدی جائے ॥

ਰੈਣਿ ਦਿਨਸੁ ਦੁਇ ਸਾਖੀ ਆਏ ॥

رَیَنِ دِنُس دُءِ ساکھی آئے ॥

ਮਨਮੁਖੁ ਅੰਧੁ ਨ ਚੇਤੈ ਮੂੜਾ
ਸਿਰ ਊਪਰਿ ਕਾਲੁ ਰੂਆਇਦਾ ॥੭॥

منمُکھُ اندھُ ن چیتے موڑا
سِر اوُپرِ کالُ روُیائِدا ॥7॥

ਮਨੁ ਤਨੁ ਸੀਤਲੁ ਗੁਰ ਚਰਣੀ ਲਾਗਾ ॥

منُ تنُ سیتلُ گُر چرنّی لاگا ॥

ਅੰਤਰਿ ਭਰਮੁ ਗਇਆ ਭਉ ਭਾਗਾ ॥

انترِ بھرمُ گئیا بھءُ بھاگا ॥

ਸਦਾ ਅਨੰਦੁ ਸਚੇ ਗੁਣ ਗਾਵਹਿ
ਸਚੁ ਬਾਣੀ ਬੋਲਾਇਦਾ ॥੮॥

سدا انندُ سچے گُنّ گاوہِ
سچُ بانّی بولائِدا ॥8॥

ਜਿਨਿ ਤੂ ਜਾਤਾ ਕਰਮ ਬਿਧਾਤਾ ॥

جِنِ توُ جاتا کرم بِدھاتا ॥

ਪੂਰੈ ਭਾਗਿ ਗੁਰ ਸਬਦਿ ਪਛਾਤਾ ॥

پوُرے بھاگِ گُر سبدِ پچھاتا ॥

ਜਤਿ ਪਤਿ ਸਚੁ ਸਚਾ ਸਚੁ ਸੋਈ
ਹਉਮੈ ਮਾਰਿ ਮਿਲਾਇਦਾ ॥੯॥

جتِ پتِ سچُ سچا سچُ سوئی
ہئُمے مارِ مِلائِدا ॥9॥

ਮਨੁ ਕਠੋਰੁ ਦੂਜੈ ਭਾਇ ਲਾਗਾ ॥

منُ کٹھورُ دوُجے بھاءِ لاگا ॥

ਭਰਮੇ ਭੂਲਾ ਫਿਰੈ ਅਭਾਗਾ ॥

بھرمے بھوُلا پھِرے ابھاگا ॥

ਕਰਮ ਹੋਵੈ ਤਾ ਸਤਿਗੁਰੁ ਸੇਵੇ
ਸਹਜੇ ਹੀ ਸੁਖੁ ਪਾਇਦਾ ॥੧੦॥

کرم ہووے تا ستِگُر سیوے
سہجے ہی سُکھُ پائِدا ॥ 10 ॥

ਲਖ ਚਉਰਾਸੀਹ ਆਪਿ ਉਪਾਏ ॥

لکھ چئُراسیہِ آپِ اُپائے ॥

ਮਾਨਸ ਜਨਮਿ ਗੁਰ ਭਗਤਿ ਦ੍ਰਿੜਾਏ ॥

مانس جنمِ گُر بھگتِ دّرِڑائے ॥

ਬਿਨੁ ਭਗਤੀ ਬਿਸਟਾ ਵਿਚਿ ਵਾਸਾ

بِنُ بھگتی بِسٹا وِچِ واسا

ਬਿਸਟਾ ਵਿਚਿ ਫਿਰਿ ਪਾਇਦਾ ॥੧੧॥

بِسٹا وِچ پھِرِ پائِدا ॥ 11 ॥

ਕਰਮੁ ਹੋਵੈ ਗੁਰੁ ਭਗਤਿ ਦ੍ਰਿੜਾਏ ॥

کرمُ ہووے گُرُ بھگتِ دڑاے ॥

ਵਿਣੁ ਕਰਮਾ ਕਿਉ ਪਾਇਆ ਜਾਏ ॥

وِنُ کرما کِءُ پائیا جائے ۔ ॥

ਆਪੇ ਕਰੇ ਕਰਾਏ ਕਰਤਾ
ਜਿਉ ਭਾਵੈ ਤਿਵੈ ਚਲਾਇਦਾ ॥੧੨॥

آپے کرے کرائے کرتا
جِءُ بھاوے تِوے چلائِدا ॥ 12 ॥

ਸਿਮ੍ਰਿਤਿ ਸਾਸਤ ਅੰਤੁ ਨ ਜਾਣੈ ॥

سِمرِتِ ساست انتُ ن جانے ॥

ਮੂਰਖੁ ਅੰਧਾ ਤਤੁ ਨ ਪਛਾਣੈ ॥

مُورکھُ اندھا تتُ ن پچھانے ॥

ਆਪੇ ਕਰੇ ਕਰਾਏ ਕਰਤਾ
ਆਪੇ ਭਰਮਿ ਭੁਲਾਇਦਾ ॥੧੩॥

آپے کرے کرائے کرتا
آپے بھرمِ بھُلائِدا ॥ 13 ॥

ਸਭੁ ਕਿਛੁ ਆਪੇ ਆਪਿ ਕਰਾਏ ॥

سبھُ کِچھُ آپے آپِ کرائے ॥

ਆਪੇ ਸਿਰਿ ਸਿਰਿ ਧੰਧੈ ਲਾਏ ॥

آپے سِرِ سِرِ دھندھے لائے ॥

ਆਪੇ ਥਾਪਿ ਉਥਾਪੇ ਵੇਖੈ
ਗੁਰਮੁਖਿ ਆਪਿ ਬੁਝਾਇਦਾ ॥੧੪॥

آپے تھاپِ اُتھاپے ویکھے
گُرمُکھِ آپِ بُجھائِدا ॥ 14 ॥

ਸਚਾ ਸਾਹਿਬੁ ਗਹਿਰ ਗੰਭੀਰਾ ॥

سچا صاحِبُ گہِر گنبھیرا ॥

ਸਦਾ ਸਲਾਹੀ ਤਾ ਮਨੁ ਧੀਰਾ ॥

سدا سلاحی تا منُ دھیرا ॥

ਅਗਮ ਅਗੋਚਰੁ ਕੀਮਤਿ ਨਹੀ ਪਾਈ
ਗੁਰਮੁਖਿ ਮੰਨਿ ਵਸਾਇਦਾ ॥੧੫॥

اگم اگوچرُ قِیمتِ نہی پائی
گُرمُکھِ منّنِ وسائِدا ॥ 15 ॥

ਆਪਿ ਨਿਰਾਲਮੁ ਹੋਰ ਧੰਧੈ ਲੋਈ ॥

آپِ نِرالمُ ہور دھندھے لوئی ॥

ਗੁਰ ਪਰਸਾਦੀ ਬੂਝੈ ਕੋਈ ॥

گُر پرسادی بُوجھے کوئی ॥

ਨਾਨਕ ਨਾਮੁ ਵਸੈ ਘਟ ਅੰਤਰਿ
ਗੁਰਮਤੀ ਮੇਲਿ ਮਿਲਾਇਦਾ ॥੧੬॥੩॥੧੭॥

نانک نامُ وسے گھٹ انترِ
گُرمتی میلِ مِلائِدا ॥ 16 ॥3॥ 17 ॥

ਮਾਰੂ ਮਹਲਾ ੩ ॥

مارُو محلا 3 ॥

ਜੁਗ ਛਤੀਹ ਕੀਓ ਗੁਬਾਰਾ ॥

جُگ چھتیہ کِیئو غُبارا ॥

ਤੂ ਆਪੇ ਜਾਣਹਿ ਸਿਰਜਣਹਾਰਾ ॥
ہور کِیا کو کہے کِ آکھِ وکھالے
ਹੋਰ ਕਿਆ ਕੋ ਕਹੈ ਕਿ ਆਖਿ ਵਖਾਣੈ
ਤੂ ਆਪੇ ਕੀਮਤਿ ਪਾਇਦਾ ॥੧॥
تُو آپے قِیمتِ پائِدا ॥1॥

ਓਅੰਕਾਰਿ ਸਭ ਸ੍ਰਿਸਟਿ ਉਪਾਈ ॥
اوئنکارِ سبھ سرِسٹِ اُپائی ॥
ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥
سبھُ کھیلُ تماشا تیری وڈِیائی ॥
ਆਪੇ ਵੇਕ ਕਰੇ ਸਭਿ ਸਾਚਾ
آپے ویک کرے سبھِ ساچا
ਆਪੇ ਭੰਨਿ ਘੜਾਇਦਾ ॥੨॥
آپے بھنّنِ گھڑائِدا ॥2॥

ਬਾਜੀਗਰਿ ਇਕ ਬਾਜੀ ਪਾਈ ॥
بازِیگرِ اِک بازی پائی ॥
ਪੂਰੇ ਗੁਰ ਤੇ ਨਦਰੀ ਆਈ ॥
پوُرے گُر تے ندری آئی ॥
ਸਦਾ ਅਲਿਪਤੁ ਰਹੈ ਗੁਰ ਸਬਦੀ
سدا الپٹ رہے گُر سبدی
ਸਾਚੇ ਸਿਉ ਚਿਤੁ ਲਾਇਦਾ ॥੩॥
ساچے سِءُ چِتُ لائِدا ॥3॥

ਬਾਜਹਿ ਬਾਜੇ ਧੁਨਿ ਆਕਾਰਾ ॥
باجہِ باجے دھُنِ آکارا ॥
ਆਪਿ ਵਜਾਏ ਵਜਾਵਣਹਾਰਾ ॥
آپِ وجائے وجاونہارا ॥
ਘਟਿ ਘਟਿ ਪਉਣੁ ਵਹੈ ਇਕ ਰੰਗੀ
گھٹِ گھٹِ پئُنُ وہے اِک رنگی
ਮਿਲਿ ਪਵਣੈ ਸਭ ਵਜਾਇਦਾ ॥੪॥
مِلِ پوٹے سبھ وجائِدا ॥4॥

ਕਰਤਾ ਕਰੇ ਸੁ ਨਿਹਚਉ ਹੋਵੈ ॥
کرتا کرے سُ نِہچءُ ہووے ॥
ਗੁਰ ਕੈ ਸਬਦੇ ਹਉਮੈ ਖੋਵੈ ॥
گُر کے سبدے ہئُمے کھووے ॥
ਗੁਰ ਪਰਸਾਦੀ ਕਿਸੈ ਦੇ ਵਡਿਆਈ
گُر پرسادی کِسے دے وڈِیائی
ਨਾਮੋ ਨਾਮੁ ਧਿਆਇਦਾ ॥੫॥
نامو نامُ دھِیائِدا ॥5॥

ਗੁਰ ਸੇਵੇ ਜੇਵਡੁ ਹੋਰੁ ਲਾਹਾ ਨਾਹੀ ॥
گُر سیوے جیوڈُ ہورُ لاہا ناہی ॥
ਨਾਮੁ ਮੰਨਿ ਵਸੈ ਨਾਮੋ ਸਾਲਾਹੀ ॥
نامُ منّنِ وسے نامو سالاحی ॥
ਨਾਮੋ ਨਾਮੁ ਸਦਾ ਸੁਖਦਾਤਾ
نامو نامُ سدا سُکھداتا
ਨਾਮੋ ਲਾਹਾ ਪਾਇਦਾ ॥੬॥
نامو لاہا پائِدا ॥6॥

ਬਿਨੁ ਨਾਵੈ ਸਭ ਦੁਖੁ ਸੰਸਾਰਾ ॥
بِنُ ناوے سبھ دُکھُ سنّسارا ॥

ਬਹੁ ਕਰਮ ਕਮਾਵਹਿ ਵਧਹਿ ਵਿਕਾਰਾ ॥

بہُ کرم کماوہِ ودھہِ وِکارا ॥

ਨਾਮੁ ਨ ਸੇਵਹਿ ਕਿਉ ਸੁਖੁ ਪਾਈਐ
ਬਿਨੁ ਨਾਵੈ ਦੁਖੁ ਪਾਇਦਾ ॥੭॥

نامُ ن سیوہِ کِءُ سُکھُ پائیئے
بِنُ ناوے دُکھُ پائِدا ॥7॥

ਆਪਿ ਕਰੇ ਤੈ ਆਪਿ ਕਰਾਏ ॥

آپِ کرے تے آپِ کرائے ॥

ਗੁਰ ਪਰਸਾਦੀ ਕਿਸੈ ਬੁਝਾਏ ॥

گُر پرسادی کِسے بُجھائے ॥

ਗੁਰਮੁਖਿ ਹੋਵਹਿ ਸੇ ਬੰਧਨ ਤੋੜਹਿ
ਮੁਕਤੀ ਕੈ ਘਰਿ ਪਾਇਦਾ ॥੮॥

گُرمُکھِ ہووہِ سے بندھن توڑہِ
مُکتی کے گھرِ پائِدا ॥8॥

ਗਣਤ ਗਣੇ ਸੋ ਜਲੈ ਸੰਸਾਰਾ ॥

گنّت گنے سو جلے سنسارا ॥

ਸਹਸਾ ਮੂਲਿ ਨ ਚੁਕੈ ਵਿਕਾਰਾ ॥

سہسا مُولِ ن چُکے وِکارا ॥

ਗੁਰਮੁਖਿ ਹੋਵੈ ਸੁ ਗਣਤ ਚੁਕਾਏ
ਸਚੇ ਸਚਿ ਸਮਾਇਦਾ ॥੯॥

گُرمُکھِ ہووے سُ گنّت چُکائے
سچے سچِ سمائِدا ॥9॥

ਜੇ ਸਚੁ ਦੇਇ ਤ ਪਾਏ ਕੋਈ ॥

جے سچُ دےءِ ت پائے کوئی ॥

ਗੁਰ ਪਰਸਾਦੀ ਪਰਗਟੁ ਹੋਈ ॥

گُر پرسادی پرگٹُ ہوئی ॥

ਸਚੁ ਨਾਮੁ ਸਾਲਾਹੇ ਰੰਗਿ ਰਾਤਾ
ਗੁਰ ਕਿਰਪਾ ਤੇ ਸੁਖੁ ਪਾਇਦਾ ॥੧੦॥

سچُ نامُ سالاہے رنگِ راتا
گُر کِرپا تے سُکھُ پائِدا ॥ 10 ॥

ਜਪੁ ਤਪੁ ਸੰਜਮੁ ਨਾਮੁ ਪਿਆਰਾ ॥

جپُ تپُ سنجّمُ نامُ پِیارا ॥

ਕਿਲਵਿਖ ਕਾਟੇ ਕਾਟਣਹਾਰਾ ॥

کِلوِکھ کاٹے کاٹنہارا ॥

ਹਰਿ ਕੈ ਨਾਮਿ ਤਨੁ ਮਨੁ ਸੀਤਲੁ ਹੋਆ
ਸਹਜੇ ਸਹਜਿ ਸਮਾਇਦਾ ॥੧੧॥

ہرِ کے نامِ تنُ منُ سِیتلُ ہویا
سہجے سہجِ سمائِدا ॥ 11 ॥

ਅੰਤਰਿ ਲੋਭੁ
ਮਨਿ ਮੈਲੈ ਮਲੁ ਲਾਏ ॥

انترِ لوبھُ
منِ میلے مَلُ لائے ॥

ਮੈਲੇ ਕਰਮ ਕਰੇ ਦੁਖੁ ਪਾਏ ॥

میلے کرم کرے دُکھُ پائے ॥

ਕੂੜੋ ਕੂੜੁ ਕਰੇ ਵਾਪਾਰਾ
ਕੂੜੁ ਬੋਲਿ ਦੁਖੁ ਪਾਇਦਾ ॥੧੨॥

کوڑو کوڑُ کرے واپارا
کوڑُ بولِ دُکھُ پائِدا ॥ 12 ॥

ਨਿਰਮਲ ਬਾਣੀ ਕੋ ਮੰਨਿ ਵਸਾਏ ॥
ਗੁਰ ਪਰਸਾਦੀ ਸਹਸਾ ਜਾਏ ॥
ਗੁਰ ਕੈ ਭਾਣੈ ਚਲੈ ਦਿਨੁ ਰਾਤੀ
ਨਾਮੁ ਚੇਤਿ ਸੁਖੁ ਪਾਇਦਾ ॥੧੩॥

ਆਪਿ ਸਿਰੰਦਾ ਸਚਾ ਸੋਈ ॥
ਆਪਿ ਉਪਾਇ ਖਪਾਏ ਸੋਈ ॥
ਗੁਰਮੁਖਿ ਹੋਵੈ ਸੁ ਸਦਾ ਸਲਾਹੇ
ਮਿਲਿ ਸਾਚੇ ਸੁਖੁ ਪਾਇਦਾ ॥੧੪॥

ਅਨੇਕ ਜਤਨ ਕਰੇ ਇੰਦ੍ਰੀ ਵਸਿ ਨ ਹੋਈ ॥
ਕਾਮਿ ਕਰੋਧਿ ਜਲੈ ਸਭੁ ਕੋਈ ॥
ਸਤਿਗੁਰ ਸੇਵੇ ਮਨੁ ਵਸਿ ਆਵੈ
ਮਨ ਮਾਰੇ ਮਨਹਿ ਸਮਾਇਦਾ ॥੧੫॥

ਮੇਰਾ ਤੇਰਾ ਤੁਧੁ ਆਪੇ ਕੀਆ ॥
ਸਭਿ ਤੇਰੇ ਜੰਤ ਤੇਰੇ ਸਭਿ ਜੀਆ ॥
ਨਾਨਕ ਨਾਮੁ ਸਮਾਲਿ ਸਦਾ ਤੂ
ਗੁਰਮਤੀ ਮੰਨਿ ਵਸਾਇਦਾ ॥੧੬॥੪॥੧੮॥

ਮਾਰੂ ਮਹਲਾ ੩ ॥
ਹਰਿ ਜੀਉ ਦਾਤਾ ਅਗਮ ਅਥਾਹਾ ॥
ਓਸੁ ਤਿਲੁ ਨ ਤਮਾਇ ਵੇਪਰਵਾਹਾ ॥
ਤਿਸ ਨੋ ਅਪੜਿ ਨ ਸਕੈ ਕੋਈ
ਆਪੇ ਮੇਲਿ ਮਿਲਾਇਦਾ ॥੧॥

ਜੋ ਕਿਛੁ ਕਰੈ ਸੁ ਨਿਹਚਉ ਹੋਈ ॥
ਤਿਸੁ ਬਿਨੁ ਦਾਤਾ ਅਵਰੁ ਨ ਕੋਈ ॥
ਜਿਸ ਨੋ ਨਾਮ ਦਾਨੁ ਕਰੇ ਸੋ ਪਾਏ

نِرمل بانٹی کو منّنِ وسائے ॥
گُر پرسادی سہسا جائے ॥
گُر کے بھانٹے چلے دِنُ راتی
نامُ چیتِ سُکھُ پائِدا ॥ 13 ॥

آپِ سِرنّدا سچا سوئی ॥
آپِ اُپاءِ کھپائے سوئی ॥
گُرمُکھِ ہووے سُ سدا سلاہے
مِلِ ساچے سُکھُ پائِدا ॥ 14 ॥

انیک جتن کرے اِنّدری وِس ن ہوئی ॥
کامِ کرودھِ جلے سبھُ کوئی ॥
ستِگُر سیوے منُ وِس آوے
من مارے منہِ سمائِدا ॥ 15 ॥

میرا تیرا تُدھُ آپے کِیا ॥
سبھِ تیرے جنّت تیرے سبھِ جِیا ॥
نانک نامُ سمالِ سدا توُ
گُرمتی منّنِ وسائِدا ॥ 16 ॥4॥ 18 ॥

مارُو محلا 3 ॥
ہرِ جیءُ داتا اگم اتھاہا ॥
اوسُ تِلُ ن طماعِ وپروا ہا ॥
تِس نو اپڑِ ن سکے کوئی
آپے میلِ مِلائِدا ॥ 1 ॥

جو کِچھُ کرے سُ نِہچءُ ہوئی ॥
تِسُ بِنُ داتا اورُ ن کوئی ॥
جِس نو نام دانُ کرے سو پائے

ਗੁਰ ਸਬਦੀ ਮੇਲਾਇਦਾ ॥੨॥	گُر سبدی میلائِدا ॥2॥
ਚਉਦਹ ਭਵਣ ਤੇਰੇ ਹਟਨਾਲੇ ॥	چئُدہ بھوٗن تیرے ہٹنالے ॥
ਸਤਿਗੁਰਿ ਦਿਖਾਏ ਅੰਤਰਿ ਨਾਲੇ ॥	ستِگُرِ دِکھائے انترِ نالے ॥
ਨਾਵੈ ਕਾ ਵਾਪਾਰੀ ਹੋਵੈ ਗੁਰ ਸਬਦੀ ਕੋ ਪਾਇਦਾ ॥੩॥	ناوےَ کا واپاری ہووےَ گُر سبدی کو پائِدا ॥3॥
ਸਤਿਗੁਰਿ ਸੇਵਿਐ ਸਹਜ ਅਨੰਦਾ ॥	ستِگُرِ سیوِےَ سہج انندا ॥
ਹਿਰਦੈ ਆਇ ਵੁਠਾ ਗੋਵਿੰਦਾ ॥	ہِردےَ آءِ وُٹھا گووِندا ॥
ਸਹਜੇ ਭਗਤਿ ਕਰੇ ਦਿਨੁ ਰਾਤੀ ਆਪੇ ਭਗਤਿ ਕਰਾਇਦਾ ॥੪॥	سہجے بھگتِ کرے دِنُ راتی آپے بھگتِ کرائِدا ॥4॥
ਸਤਿਗੁਰ ਤੇ ਵਿਛੁੜੇ ਤਿਨੀ ਦੁਖੁ ਪਾਇਆ ॥	ستِگُر تے وِچھُڑے تِنی دُکھُ پائِیا ॥
ਅਨਦਿਨੁ ਮਾਰੀਅਹਿ ਦੁਖੁ ਸਬਾਇਆ ॥	اندِنُ ماریئہِ دُکھُ سبائِیا ॥
ਮਥੇ ਕਾਲੇ ਮਹਲੁ ਨ ਪਾਵਹਿ ਦੁਖ ਹੀ ਵਿਚਿ ਦੁਖੁ ਪਾਇਦਾ ॥੫॥	متھے کالے محلُ ن پاوہِ دُکھ ہی وِچِ دُکھُ پائِدا ॥5॥
ਸਤਿਗੁਰੁ ਸੇਵਹਿ ਸੇ ਵਡਭਾਗੀ ॥	ستِگُرُ سیوہِ سے وڈبھاگی ॥
ਸਹਜ ਭਾਇ ਸਚੀ ਲਿਵ ਲਾਗੀ ॥	سہج بھاءِ سچی لِو لاگی ॥
ਸਚੋ ਸਚੁ ਕਮਾਵਹਿ ਸਦ ਹੀ ਸਚੈ ਮੇਲਿ ਮਿਲਾਇਦਾ ॥੬॥	سچھو سچُ کماوہِ سد ہی سچےَ میلِ مِلائِدا ॥6॥
ਜਿਸ ਨੋ ਸਚਾ ਦੇਇ ਸੁ ਪਾਏ ॥	جِس نو سچا دےءِ سُ پائے ॥
ਅੰਤਰਿ ਸਾਚੁ ਭਰਮੁ ਚੁਕਾਏ ॥	انترِ ساچُ بھرمُ چُکائے ॥
ਸਚੁ ਸਚੈ ਕਾ ਆਪੇ ਦਾਤਾ ਜਿਸੁ ਦੇਵੈ ਸੋ ਸਚੁ ਪਾਇਦਾ ॥੭॥	سچُ سچےَ کا آپے داتا جِسُ دیوےَ سو سچُ پائِدا ॥7॥
ਆਪੇ ਕਰਤਾ ਸਭਨਾ ਕਾ ਸੋਈ ॥	آپے کرتا سبھنا کا سوئی ॥
ਜਿਸ ਨੋ ਆਪਿ ਬੁਝਾਏ ਬੂਝੈ ਕੋਈ ॥	جِس نو آپِ بُجھائے بُوجھےَ کوئی ॥
ਆਪੇ ਬਖਸੇ ਦੇ ਵਡਿਆਈ	آپے بخشے دے وڈِیائی

ਆਪੇ ਮੇਲਿ ਮਿਲਾਇਦਾ ॥੮॥

آپے میلِ مِلائِدا ॥8॥

ਹਉਮੈ ਕਰਦਿਆ ਜਨਮੁ ਗਵਾਇਆ ॥

ہئُمے کردِیا جنمُ گوائِیا ॥

ਆਗੈ ਮੋਹੁ ਨ ਚੂਕੈ ਮਾਇਆ ॥

آگے موہُ ن چھُوکے مائِیا ॥

ਅਗੈ ਜਮਕਾਲੁ ਲੇਖਾ ਲੇਵੈ
ਜਿਉ ਤਿਲ ਘਾਣੀ ਪੀੜਾਇਦਾ ॥੯॥

اگے جمکالُ لیکھا لیوے
جِءُ تِل گھانی پیڑائِدا ॥9॥

ਪੂਰੈ ਭਾਗਿ ਗੁਰ ਸੇਵਾ ਹੋਈ ॥

پُورے بھاگِ گُر سیوا ہوئی ॥

ਨਦਰਿ ਕਰੇ ਤਾ ਸੇਵੇ ਕੋਈ ॥

ندرِ کرے تا سیوے کوئی ॥

ਜਮਕਾਲੁ ਤਿਸੁ ਨੇੜਿ ਨ ਆਵੈ
ਮਹਲਿ ਸਚੈ ਸੁਖੁ ਪਾਇਦਾ ॥੧੦॥

جمکالُ تِس نیڑِ ن آوے
محلِ سچے سُکھُ پائِدا ॥ 10 ॥

ਤਿਨ ਸੁਖੁ ਪਾਇਆ ਜੋ ਤੁਧੁ ਭਾਏ ॥

تِن سُکھُ پائِیا جو تُدھُ بھائے ॥

ਪੂਰੈ ਭਾਗਿ ਗੁਰ ਸੇਵਾ ਲਾਏ ॥

پُورے بھاگِ گُر سیوا لائے ॥

ਤੇਰੈ ਹਥਿ ਹੈ ਸਭ ਵਡਿਆਈ
ਜਿਸੁ ਦੇਵਹਿ ਸੋ ਪਾਇਦਾ ॥੧੧॥

تیرے ہتھِ ہے سبھ وڈِیائی
جِس دیوہِ سو پائِدا ॥ 11 ॥

ਅੰਦਰਿ ਪਰਗਾਸੁ ਗੁਰੂ ਤੇ ਪਾਏ ॥

اندرِ پرگاسُ گُرو تے پائے ॥

ਨਾਮੁ ਪਦਾਰਥੁ ਮੰਨਿ ਵਸਾਏ ॥

نامُ پدارتھُ منّ وسائے ॥

ਗਿਆਨ ਰਤਨੁ ਸਦਾ ਘਟਿ ਚਾਨਣੁ
ਅਗਿਆਨ ਅੰਧੇਰੁ ਗਵਾਇਦਾ ॥੧੨॥

گِیان رتنُ سدا گھٹِ چانڑُ
اگِیان اندھیرُ گوائِدا ॥ 12 ॥

ਅਗਿਆਨੀ ਅੰਧੇ ਦੂਜੈ ਲਾਗੇ ॥

اگِیانی اندھے دوُجے لاگے ॥

ਬਿਨੁ ਪਾਣੀ ਡੁਬਿ ਮੂਏ ਅਭਾਗੇ ॥

بِنُ پانڑی ڈُبِ موُئے ابھاگے ॥

ਚਲਦਿਆ ਘਰੁ ਦਰੁ ਨਦਰਿ ਨ ਆਵੈ
ਜਮ ਦਰਿ ਬਾਧਾ ਦੁਖੁ ਪਾਇਦਾ ॥੧੩॥

چلدِیا گھرُ دُر ندرِ ن آوے
جم درِ بادھا دُکھُ پائِدا ॥ 13 ॥

ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥

بِنُ ستِگُر سیوے مُکتِ ن ہوئی ॥

ਗਿਆਨੀ ਧਿਆਨੀ ਪੂਛਹੁ ਕੋਈ ॥

گِیانی دھِیانی پوُچھہُ کوئی ॥

ਸਤਿਗੁਰੁ ਸੇਵੇ ਤਿਸੁ ਮਿਲੈ ਵਡਿਆਈ

ستِگُرُ سیوے تِس مِلے وڈِیائی

ਦਰਿ ਸਚੈ ਸੋਭਾ ਪਾਇਦਾ ॥੧੪॥

دِر سچے سوبھا پائِدا ॥ 14 ॥

ਸਤਿਗੁਰ ਨੋ ਸੇਵੇ ਤਿਸੁ ਆਪਿ ਮਿਲਾਏ ॥

ستِگُر نو سیوے تِس آپِ مِلائے ॥

ਮਮਤਾ ਕਾਟਿ ਸਚਿ ਲਿਵ ਲਾਏ ॥

ممتا کاٹِ سچِ لِو لائے ॥

ਸਦਾ ਸਚੁ ਵਣਜਹਿ ਵਾਪਾਰੀ
ਨਾਮੋ ਲਾਹਾ ਪਾਇਦਾ ॥੧੫॥

سدا سچُ ونجہِ واپاری
نامو لاہا پائِدا ॥ 15 ॥

ਆਪੇ ਕਰੇ ਕਰਾਏ ਕਰਤਾ ॥

آپے کرے کرائے کرتا ॥

ਸਬਦਿ ਮਰੈ ਸੋਈ ਜਨੁ ਮੁਕਤਾ ॥

سبدِ مرے سوئی جنُ مُکتا ॥

ਨਾਨਕ ਨਾਮੁ ਵਸੈ ਮਨ ਅੰਤਰਿ
ਨਾਮੋ ਨਾਮੁ ਧਿਆਇਦਾ ॥੧੬॥੫॥੧੯॥

نانک نامُ وسے من انترِ
نامو نامُ دھِیائِدا ॥ 16 ॥5॥ 19 ॥

ਮਾਰੂ ਮਹਲਾ ੩ ॥

مارُو محلا 3 ॥

ਜੋ ਤੁਧੁ ਕਰਣਾ ਸੋ ਕਰਿ ਪਾਇਆ ॥

جو تُدھُ کرنا سو کرِ پائیا ॥

ਭਾਣੇ ਵਿਚਿ ਕੋ ਵਿਰਲਾ ਆਇਆ ॥

بھانے وِچِ کو وِرلا آئیا ॥

ਭਾਣਾ ਮੰਨੇ ਸੋ ਸੁਖੁ ਪਾਏ
ਭਾਣੇ ਵਿਚਿ ਸੁਖੁ ਪਾਇਦਾ ॥੧॥

بھانا منّنے سو سُکھُ پائے
بھانے وِچِ سُکھُ پائِدا ॥1॥

ਗੁਰਮੁਖਿ ਤੇਰਾ ਭਾਣਾ ਭਾਵੈ ॥

گُرمُکھِ تیرا بھانا بھاوے ॥

ਸਹਜੇ ਹੀ ਸੁਖੁ ਸਚੁ ਕਮਾਵੈ ॥

سہجے ہی سُکھُ سچُ کماوے ॥

ਭਾਣੇ ਨੋ ਲੋਚੈ ਬਹੁਤੇਰੀ
ਆਪਣਾ ਭਾਣਾ ਆਪਿ ਮਨਾਇਦਾ ॥੨॥

بھانے نو لوچے بہتیری
آپنا بھانا آپِ منائِدا ॥2॥

ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ ॥

تیرا بھانا منّنے سُ مِلے تُدھُ آئے ॥

ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ ॥

جِسُ بھانا بھاوے سو تُجھہِ سمائے ॥

ਭਾਣੇ ਵਿਚਿ ਵਡੀ ਵਡਿਆਈ
ਭਾਣਾ ਕਿਸਹਿ ਕਰਾਇਦਾ ॥੩॥

بھانے وِچِ وڈی وڈیائی
بھانا کِسہِ کرائِدا ॥3॥

ਜਾ ਤਿਸੁ ਭਾਵੈ ਤਾ ਗੁਰੂ ਮਿਲਾਏ ॥

جا تِس بھاوے تا گُرو مِلائے ॥

ਗੁਰਮੁਖਿ ਨਾਮੁ ਪਦਾਰਥੁ ਪਾਏ ॥

گُرمُکھِ نامُ پدارتھُ پائے ॥

ਤੁਧੁ ਆਪਣੈ ਭਾਣੈ ਸਭ ਸ੍ਰਿਸਟਿ ਉਪਾਈ
ਜਿਸ ਨੋ ਭਾਣਾ ਦੇਹਿ ਤਿਸੁ ਭਾਇਦਾ ॥੪॥

تُدھُ آپنے بھانے سبھ سرِسٹِ اُپائی
جِس نو بھاٹا دیہِ تِسُ بھائِدا ॥4॥

ਮਨਮੁਖੁ ਅੰਧੁ ਕਰੇ ਚਤੁਰਾਈ ॥

منمُکھُ اندھُ کرے چترائی ॥

ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥

بھاٹا ن منّنے بہُتُ دُکھُ پائی ॥

ਭਰਮੇ ਭੂਲਾ ਆਵੈ ਜਾਏ
ਘਰੁ ਮਹਲੁ ਨ ਕਬਹੂ ਪਾਇਦਾ ॥੫॥

بھرمے بھوُلا آوے جائے
گھرُ محلُ ن کبہوُ پائِدا ॥5॥

ਸਤਿਗੁਰੁ ਮੇਲੇ ਦੇ ਵਡਿਆਈ ॥

ستِگُرُ میلے دے وڈِیائی ॥

ਸਤਿਗੁਰ ਕੀ ਸੇਵਾ ਧੁਰਿ ਫੁਰਮਾਈ ॥

ستِگُر کی سیوا دھُرِ فُرمائی ॥

ਸਤਿਗੁਰ ਸੇਵੇ ਤਾ ਨਾਮੁ ਪਾਏ
ਨਾਮੇ ਹੀ ਸੁਖੁ ਪਾਇਦਾ ॥੬॥

ستِگُر سیوے تا نامُ پائے
نامے ہی سُکھُ پائِدا ॥6॥

ਸਭ ਨਾਵਹੁ ਉਪਜੈ ਨਾਵਹੁ ਛੀਜੈ ॥

سبھ ناوہُ اُپجے ناوہُ چھیجے ॥

ਗੁਰ ਕਿਰਪਾ ਤੇ ਮਨੁ ਤਨੁ ਭੀਜੈ ॥

گُر کِرپا تے منُ تنُ بھیجے ॥

ਰਸਨਾ ਨਾਮੁ ਧਿਆਏ ਰਸਿ ਭੀਜੈ
ਰਸ ਹੀ ਤੇ ਰਸੁ ਪਾਇਦਾ ॥੭॥

رسنا نامُ دھِیائے رس بھیجے
رس ہی تے رسُ پائِدا ॥7॥

ਮਹਲੈ ਅੰਦਰਿ ਮਹਲੁ ਕੋ ਪਾਏ ॥

محلے اندرِ محلُ کو پائے ॥

ਗੁਰ ਕੈ ਸਬਦਿ ਸਚਿ ਚਿਤੁ ਲਾਏ ॥

گُر کے سبدِ سچِ چِتُ لائے ॥

ਜਿਸ ਨੋ ਸਚੁ ਦੇਇ ਸੋਈ ਸਚੁ ਪਾਏ
ਸਚੇ ਸਚਿ ਮਿਲਾਇਦਾ ॥੮॥

جِس نو سچُ دےءِ سوئی سچُ پائے
سچے سچِ مِلائِدا ॥8॥

ਨਾਮੁ ਵਿਸਾਰਿ ਮਨਿ ਤਨਿ ਦੁਖੁ ਪਾਇਆ ॥

نامُ وِسارِ منِ تنِ دُکھُ پائِیا ॥

ਮਾਇਆ ਮੋਹੁ ਸਭੁ ਰੋਗੁ ਕਮਾਇਆ ॥

مائِیا موہُ سبھُ روگُ کمائِیا ॥

ਬਿਨੁ ਨਾਵੈ ਮਨੁ ਤਨੁ ਹੈ ਕੁਸਟੀ
ਨਰਕੇ ਵਾਸਾ ਪਾਇਦਾ ॥੯॥

بِنُ ناوے منُ تنُ ہے کُسٹی
نرکے واسا پائِدا ॥9॥

ਨਾਮਿ ਰਤੇ ਤਿਨ ਨਿਰਮਲ ਦੇਹਾ ॥

نامِ رتے تِن نِرمل دیہا ॥

ਨਿਰਮਲ ਹੰਸਾ ਸਦਾ ਸੁਖੁ ਨੇਹਾ ॥
ਨਾਮੁ ਸਲਾਹਿ ਸਦਾ ਸੁਖੁ ਪਾਇਆ
ਨਿਜ ਘਰਿ ਵਾਸਾ ਪਾਇਦਾ ॥੧੦॥

ਸਭੁ ਕੋ ਵਣਜੁ ਕਰੇ ਵਾਪਾਰਾ ॥
ਵਿਣੁ ਨਾਵੈ ਸਭੁ ਤੋਟਾ ਸੰਸਾਰਾ ॥
ਨਾਗੋ ਆਇਆ ਨਾਗੋ ਜਾਸੀ
ਵਿਣੁ ਨਾਵੈ ਦੁਖੁ ਪਾਇਦਾ ॥੧੧॥

ਜਿਸ ਨੋ ਨਾਮੁ ਦੇਇ ਸੋ ਪਾਏ ॥
ਗੁਰ ਕੈ ਸਬਦਿ ਹਰਿ ਮੰਨਿ ਵਸਾਏ ॥
ਗੁਰ ਕਿਰਪਾ ਤੇ ਨਾਮੁ ਵਸਿਆ ਘਟ ਅੰਤਰਿ
ਨਾਮੋ ਨਾਮੁ ਧਿਆਇਦਾ ॥੧੨॥

ਨਾਵੈ ਨੋ ਲੋਚੈ ਜੇਤੀ ਸਭ ਆਈ ॥
ਨਾਉ ਤਿਨਾ ਮਿਲੈ ਧੁਰਿ ਪੁਰਬਿ ਕਮਾਈ ॥
ਜਿਨੀ ਨਾਉ ਪਾਇਆ ਸੇ ਵਡਭਾਗੀ
ਗੁਰ ਕੈ ਸਬਦਿ ਮਿਲਾਇਦਾ ॥੧੩॥

ਕਾਇਆ ਕੋਟੁ ਅਤਿ ਅਪਾਰਾ ॥
ਤਿਸੁ ਵਿਚਿ ਬਹਿ ਪ੍ਰਭੁ ਕਰੇ ਵੀਚਾਰਾ ॥
ਸਚਾ ਨਿਆਉ ਸਚੋ ਵਾਪਾਰਾ
ਨਿਹਚਲੁ ਵਾਸਾ ਪਾਇਦਾ ॥੧੪॥

ਅੰਤਰ ਘਰ ਬੰਕੇ ਥਾਨੁ ਸੁਹਾਇਆ ॥
ਗੁਰਮੁਖਿ ਵਿਰਲੈ ਕਿਨੈ ਥਾਨੁ ਪਾਇਆ ॥
ਇਤੁ ਸਾਥਿ ਨਿਬਹੈ ਸਾਲਾਹੇ ਸਚੇ
ਹਰਿ ਸਚਾ ਮੰਨਿ ਵਸਾਇਦਾ ॥੧੫॥

ਮੇਰੈ ਕਰਤੈ ਇਕ ਬਣਤ ਬਣਾਈ ॥

نِرمل ہنّسا سدا سُکھُ نیہا ॥
نامُ سلاحِ سدا سُکھُ پائیا
نِج گھرِ واسا پائِدا ॥ 10 ॥

سبھُ کو ونّجُ کرے واپارا ॥
وِنُّ ناوے سبھُ توٹا سنّسارا ॥
ناگو آئیا ناگو جاسی
وِنُّ ناوے دُکھُ پائِدا ॥ 11 ॥

جِس نو نامُ دےءِ سو پائے ॥
گُر کے سبدِ ہرِ منّنِ وسائے ॥
گُر کِرپا تے نامُ وسِیا گھٹ انّترِ
نامو نامُ دھِیائِدا ॥ 12 ॥

ناوے نو لوچے جیتی سبھ آئی ॥
ناءُ تِنا مِلے دھُرِ پُربِ کمائی ॥
جِنی ناءُ پائیا سے وڈبھاگی
گُر کے سبدِ مِلائِدا ॥ 13 ॥

کائیا کوٹُ اتِ اپارا ॥
تِس وِچِ بہِ پّربھُ کرے ویچارا ॥
سچا نِیاءُ سچو واپارا
نِہچلُ واسا پائِدا ॥ 14 ॥

انّتر گھر بنکے تھانُ سُہائیا ॥
گُرمُکھِ وِرلے کِنے تھانُ پائیا ॥
اِتُ ساتھِ نِبہے سالاہے سچے
ہرِ سچا منّنِ وسائِدا ॥ 15 ॥

میرے کرتے اِک بنّت بنّائی ॥

ਇਸੁ ਦੇਹੀ ਵਿਚਿ ਸਭ ਵਥੁ ਪਾਈ ॥
اِس دیہی وِچ سبھ وتھُ پائی ॥

ਨਾਨਕ ਨਾਮੁ ਵਣਜਹਿ ਰੰਗਿ ਰਾਤੇ
ਗੁਰਮੁਖਿ ਕੋ ਨਾਮੁ ਪਾਇਦਾ ॥੧੬॥੬॥੨੦॥
نانک نامُ ونجہِ رنگِ راتے
گُرمُکھِ کو نامُ پائِدا ॥ 16 ॥6॥ 20 ॥

ਮਾਰੂ ਮਹਲਾ ੩ ॥
مارُو محلا 3 ॥

ਕਾਇਆ ਕੰਚਨੁ ਸਬਦੁ ਵੀਚਾਰਾ ॥
کائِیا کنچنُ سبدُ ویچارا ॥

ਤਿਥੈ ਹਰਿ ਵਸੈ
ਜਿਸ ਦਾ ਅੰਤੁ ਨ ਪਾਰਾਵਾਰਾ ॥
تِتھے ہرِ وسے
جِس دا انتُ ن پاراوارا ॥

ਅਨਦਿਨੁ ਹਰਿ ਸੇਵਿਹੁ ਸਚੀ ਬਾਣੀ
ਹਰਿ ਜੀਉ ਸਬਦਿ ਮਿਲਾਇਦਾ ॥੧॥
اندِنُ ہرِ سیوِہُ سچی بانٹی
ہرِ جیِءُ سبدِ مِلائِدا ॥1॥

ਹਰਿ ਚੇਤਹਿ ਤਿਨ ਬਲਿਹਾਰੈ ਜਾਉ ॥
ہرِ چیتہِ تِن بلِہارے جاءُ ॥

ਗੁਰ ਕੈ ਸਬਦਿ ਤਿਨ ਮੇਲਿ ਮਿਲਾਉ ॥
گُر کے سبدِ تِن میلِ مِلاءُ ॥

ਤਿਨ ਕੀ ਧੂਰਿ ਲਾਈ ਮੁਖਿ ਮਸਤਕਿ
ਸਤਸੰਗਤਿ ਬਹਿ ਗੁਣ ਗਾਇਦਾ ॥੨॥
تِن کی دھوُرِ لائی مُکھِ مستکِ
ستسنگتِ بہِ گُنٹ گائِدا ॥2॥

ਹਰਿ ਕੇ ਗੁਣ ਗਾਵਾ
ਜੇ ਹਰਿ ਪ੍ਰਭ ਭਾਵਾ ॥
ہرِ کے گُنٹ گاوا
جے ہرِ پربھ بھاوا ॥

ਅੰਤਰਿ ਹਰਿ ਨਾਮੁ ਸਬਦਿ ਸੁਹਾਵਾ ॥
انترِ ہرِ نامُ سبدِ سُہاوا ॥

ਗੁਰਬਾਣੀ ਚਹੁ ਕੁੰਡੀ ਸੁਣੀਐ
ਸਾਚੈ ਨਾਮਿ ਸਮਾਇਦਾ ॥੩॥
گُربانٹی چہُ کُنڈی سُنٹیئے
ساچے نامِ سمائِدا ॥3॥

ਸੋ ਜਨੁ ਸਾਚਾ ਜਿ ਅੰਤਰੁ ਭਾਲੇ ॥
سو جنُ ساچا جِ انترُ بھالے ॥

ਗੁਰ ਕੈ ਸਬਦਿ ਹਰਿ ਨਦਰਿ ਨਿਹਾਲੇ ॥
گُر کے سبدِ ہرِ ندرِ نِہالے ॥

ਗਿਆਨ ਅੰਜਨੁ ਪਾਏ ਗੁਰ ਸਬਦੀ
ਨਦਰੀ ਨਦਰਿ ਮਿਲਾਇਦਾ ॥੪॥
گیان انجنُ پائے گُر سبدی
ندری ندرِ مِلائِدا ॥4॥

ਵਡੈ ਭਾਗਿ ਇਹੁ ਸਰੀਰੁ ਪਾਇਆ ॥
وڈے بھاگِ اِہُ سریرُ پائِیا ॥

ਮਾਣਸ ਜਨਮਿ ਸਬਦਿ ਚਿਤੁ ਲਾਇਆ ॥
مانٹس جنمِ سبدِ چِتُ لائِیا ॥

ਬਿਨੁ ਸਬਦੈ ਸਭੁ ਅੰਧ ਅੰਧੇਰਾ
ਗੁਰਮੁਖਿ ਕਿਸਹਿ ਬੁਝਾਇਦਾ ॥੫॥

بِنُ سبدے سبھُ انّدھ انّدھیرا
گُرمُکھِ کِسہِ بُجھائِدا ॥5॥

ਇਕਿ ਕਿਤੁ ਆਏ ਜਨਮੁ ਗਵਾਏ ॥

اِکِ کِتُ آئے جنمُ گوائے ॥

ਮਨਮੁਖ ਲਾਗੇ ਦੂਜੈ ਭਾਏ ॥

منمُکھ لاگے دوُجے بھائے ॥

ਏਹ ਵੇਲਾ ਫਿਰਿ ਹਾਥਿ ਨ ਆਵੈ
ਪਗਿ ਖਿਸਿਐ ਪਛੁਤਾਇਦਾ ॥੬॥

ایہ ویلا پھِرِ ہاتھِ ن آوے
پگِ کھِسِئے پچھُتائِدا ॥6॥

ਗੁਰ ਕੈ ਸਬਦਿ ਪਵਿਤ੍ਰੁ ਸਰੀਰਾ ॥

گُر کے سبدِ پوِتّرُ سریرا ॥

ਤਿਸੁ ਵਿਚਿ ਵਸੈ ਸਚੁ ਗੁਣੀ ਗਹੀਰਾ ॥

تِس وِچِ وسے سچُ گُنی گہیرا ॥

ਸਚੋ ਸਚੁ ਵੇਖੈ ਸਭ ਥਾਈ
ਸਚੁ ਸੁਣਿ ਮੰਨਿ ਵਸਾਇਦਾ ॥੭॥

سچو سچُ ویکھے سبھ تھائی
سچُ سُنِ منّنِ وسائِدا ॥7॥

ਹਉਮੈ ਗਣਤ ਗੁਰ ਸਬਦਿ ਨਿਵਾਰੇ ॥

ہئُمے گنّت گُر سبدِ نِوارے ॥

ਹਰਿ ਜੀਉ ਹਿਰਦੈ ਰਖਹੁ ਉਰ ਧਾਰੇ ॥

ہرِ جیِءُ ہِردے رکھہُ اُر دھارے ॥

ਗੁਰ ਕੈ ਸਬਦਿ ਸਦਾ ਸਾਲਾਹੇ
ਮਿਲਿ ਸਾਚੇ ਸੁਖੁ ਪਾਇਦਾ ॥੮॥

گُر کے سبدِ سدا سالاہے
مِلِ ساچے سُکھُ پائِدا ॥8॥

ਸੋ ਚੇਤੇ ਜਿਸੁ ਆਪਿ ਚੇਤਾਏ ॥

سو چیتے جِسُ آپِ چیتائے ॥

ਗੁਰ ਕੈ ਸਬਦਿ ਵਸੈ ਮਨਿ ਆਏ ॥

گُر کے سبدِ وسے منِ آئے ॥

ਆਪੇ ਵੇਖੈ ਆਪੇ ਬੂਝੈ
ਆਪੈ ਆਪੁ ਸਮਾਇਦਾ ॥੯॥

آپے ویکھے آپے بُوجھے
آپے آپُ سمائِدا ॥9॥

ਜਿਨਿ ਮਨ ਵਿਚਿ ਵਥੁ ਪਾਈ ਸੋਈ ਜਾਣੈ ॥

جِنِ من وِچِ وتھُ پائی سوئی جانّے ॥

ਗੁਰ ਕੈ ਸਬਦੇ ਆਪੁ ਪਛਾਣੈ ॥

گُر کے سبدے آپُ پچھانّے ॥

ਆਪੁ ਪਛਾਣੈ ਸੋਈ ਜਨੁ ਨਿਰਮਲੁ
ਬਾਣੀ ਸਬਦੁ ਸੁਣਾਇਦਾ ॥੧੦॥

آپُ پچھانّے سوئی جنُ نِرملُ
بانّی سبدُ سُنائِدا ॥ 10 ॥

ਏਹ ਕਾਇਆ ਪਵਿਤੁ ਹੈ ਸਰੀਰੁ ॥

ایہ کائیا پوِتُ ہے سریرُ ॥

ਗੁਰ ਸਬਦੀ ਚੇਤੈ ਗੁਣੀ ਗਹੀਰੁ ॥

گُر سبدی چیتے گُنی گہیرُ ॥

ਅਨਦਿਨੁ ਗੁਣ ਗਾਵੈ ਰੰਗਿ ਰਾਤਾ
ਗੁਣ ਕਹਿ ਗੁਣੀ ਸਮਾਇਦਾ ॥੧੧॥

اندِنُ گُڻ گاوے رنگِ راتا
گُڻ کہِ گُنی سمائِدا ॥ 11 ॥

ਏਹੁ ਸਰੀਰੁ ਸਭ ਮੂਲੁ ਹੈ ਮਾਇਆ ॥

ایہُ سریرُ سبھ مولُ ہے مائیا ॥

ਦੂਜੈ ਭਾਇ ਭਰਮਿ ਭੁਲਾਇਆ ॥

دوُجے بھاءِ بھرمِ بھُلائیا ॥

ਹਰਿ ਨ ਚੇਤੈ ਸਦਾ ਦੁਖੁ ਪਾਏ
ਬਿਨੁ ਹਰਿ ਚੇਤੇ ਦੁਖੁ ਪਾਇਦਾ ॥੧੨॥

ہرِ ن چیتے سدا دُکھُ پائے
بِنُ ہرِ چیتے دُکھُ پائِدا ॥ 12 ॥

ਜਿ ਸਤਿਗੁਰੁ ਸੇਵੇ ਸੋ ਪਰਵਾਣੁ ॥

جِ ستِگُرُ سیوے سو پرواڻُ ॥

ਕਾਇਆ ਹੰਸੁ ਨਿਰਮਲੁ ਦਰਿ ਸਚੈ ਜਾਣੁ ॥

کائیا ہنسُ نِرملُ درِ سچے جاڻُ ॥

ਹਰਿ ਸੇਵੇ ਹਰਿ ਮੰਨਿ ਵਸਾਏ
ਸੋਹੈ ਹਰਿ ਗੁਣ ਗਾਇਦਾ ॥੧੩॥

ہرِ سیوے ہرِ منّنِ وسائے
سوہے ہرِ گُڻ گائِدا ॥ 13 ॥

ਬਿਨੁ ਭਾਗਾ ਗੁਰੁ ਸੇਵਿਆ ਨ ਜਾਇ ॥

بِنُ بھاگا گُرُ سیویا ن جاءِ ॥

ਮਨਮੁਖ ਭੂਲੇ ਮੁਏ ਬਿਲਲਾਇ ॥

منمُکھ بھوُلے مُے بِللاءِ ॥

ਜਿਨ ਕਉ ਨਦਰਿ ਹੋਵੈ ਗੁਰ ਕੇਰੀ
ਹਰਿ ਜੀਉ ਆਪਿ ਮਿਲਾਇਦਾ ॥੧੪॥

جِن ک ءُ ندرِ ہووے گُر کیری
ہرِ جیِءُ آپِ مِلائِدا ॥ 14 ॥

ਕਾਇਆ ਕੋਟੁ ਪਕੇ ਹਟਨਾਲੇ ॥

کائیا کوٹُ پکے ہٹنالے ॥

ਗੁਰਮੁਖਿ ਲੇਵੈ ਵਸਤੁ ਸਮਾਲੇ ॥

گُرمُکھِ لیوے وستُ سمالے ॥

ਹਰਿ ਕਾ ਨਾਮੁ ਧਿਆਇ ਦਿਨੁ ਰਾਤੀ
ਊਤਮ ਪਦਵੀ ਪਾਇਦਾ ॥੧੫॥

ہرِ کا نامُ دھیاءِ دِنُ راتی
اوُتم پدوی پائِدا ॥ 15 ॥

ਆਪੇ ਸਚਾ ਹੈ ਸੁਖਦਾਤਾ ॥

آپے سچا ہے سُکھداتا ॥

ਪੂਰੇ ਗੁਰ ਕੈ ਸਬਦਿ ਪਛਾਤਾ ॥

پوُرے گُر کے سبدِ پچھاتا ॥

ਨਾਨਕ ਨਾਮੁ ਸਲਾਹੇ ਸਾਚਾ
ਪੂਰੈ ਭਾਗਿ ਕੋ ਪਾਇਦਾ ॥੧੬॥੭॥੨੧॥

نانک نامُ سلاہے ساچا
پوُرے بھاگِ کو پائِدا ॥ 16 ॥ 7 ॥ 21 ॥

ਮਾਰੂ ਮਹਲਾ ੩ ॥

مارو محلا 3 ॥

ਨਿਰੰਕਾਰਿ ਆਕਾਰੁ ਉਪਾਇਆ ॥

نِرنکارِ آکارُ اُپائیا ॥

ਮਾਇਆ ਮੋਹੁ ਹੁਕਮਿ ਬਣਾਇਆ ॥

ماىِيا موہُ حُکمِ بنّائِيا ॥

ਆਪੇ ਖੇਲ ਕਰੇ ਸਭਿ ਕਰਤਾ
ਸੁਣਿ ਸਾਚਾ ਮੰਨਿ ਵਸਾਇਦਾ ॥੧॥

آپے کھیل کرے سبھِ کرتا
سُنِ ساچا منّنِ وسائِدا ॥1॥

ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥

ماىِيا مائی ترّے گُن پرسوُتِ جماىِيا ॥

ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥

چارے بید برّہمے نو فُرماىِيا ॥

ਵਰ੍ਹੇ ਮਾਹ ਵਾਰ ਥਿਤੀ ਕਰਿ
ਇਸੁ ਜਗ ਮਹਿ ਸੋਝੀ ਪਾਇਦਾ ॥੨॥

ورّہے ماہ وار تھِتی کرِ
اِس جگ مہِ سوجھی پائِدا ॥2॥

ਗੁਰ ਸੇਵਾ ਤੇ ਕਰਣੀ ਸਾਰ ॥

گُر سیوا تے کرنّی سار ॥

ਰਾਮ ਨਾਮੁ ਰਾਖਹੁ ਉਰਿ ਧਾਰ ॥

رام نامُ راکھہُ اُرِ دھار ॥

ਗੁਰਬਾਣੀ ਵਰਤੀ ਜਗ ਅੰਤਰਿ
ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥

گُربانّی ورتی جگ انترِ
اِس بانّی تے ہرِ نامُ پائِدا ॥3॥

ਵੇਦੁ ਪੜੈ ਅਨਦਿਨੁ ਵਾਦ ਸਮਾਲੇ ॥

ویدُ پڑے اندِنُ واد سمالے ॥

ਨਾਮੁ ਨ ਚੇਤੈ ਬਧਾ ਜਮਕਾਲੇ ॥

نامُ ن چیتے بدھا جمکالے ॥

ਦੂਜੈ ਭਾਇ ਸਦਾ ਦੁਖੁ ਪਾਏ
ਤ੍ਰੈ ਗੁਣ ਭਰਮਿ ਭੁਲਾਇਦਾ ॥੪॥

دوُجے بھاءِ سدا دُکھُ پائے
ترّے گُن بھرمِ بھُلائِدا ॥4॥

ਗੁਰਮੁਖਿ ਏਕਸੁ ਸਿਉ ਲਿਵ ਲਾਏ ॥

گُرمُکھِ ایکسُ سِءُ لِو لائے ॥

ਤ੍ਰਿਬਿਧਿ ਮਨਸਾ ਮਨਹਿ ਸਮਾਏ ॥

ترّبِدھِ منسا منہِ سمائے ॥

ਸਾਚੈ ਸਬਦਿ ਸਦਾ ਹੈ ਮੁਕਤਾ
ਮਾਇਆ ਮੋਹੁ ਚੁਕਾਇਦਾ ॥੫॥

ساچے سبدِ سدا ہے مُکتا
ماىِيا موہُ چُکائِدا ॥5॥

ਜੋ ਧੁਰਿ ਰਾਤੇ ਸੇ ਹੁਣਿ ਰਾਤੇ ॥

جو دھُرِ راتے سے ہُنِ راتے ॥

ਗੁਰ ਪਰਸਾਦੀ ਸਹਜੇ ਮਾਤੇ ॥

گُر پرسادی سہجے ماتے ॥

ਸਤਿਗੁਰੁ ਸੇਵਿ ਸਦਾ ਪ੍ਰਭੁ ਪਾਇਆ
ਆਪੈ ਆਪੁ ਮਿਲਾਇਦਾ ॥੬॥

ستِگُرُ سیوِ سدا پربھُ پائِيا
آپے آپ مِلائِدا ॥6॥

ਮਾਇਆ ਮੋਹਿ ਭਰਮਿ ਨ ਪਾਏ ॥

ماىِيا موہِ بھرمِ ن پائے ॥

ਦੂਜੈ ਭਾਇ ਲਗਾ ਦੁਖੁ ਪਾਏ ॥
دوُجے بھاءِ لگا دُکھُ پائے ॥

ਸੂਹਾ ਰੰਗੁ ਦਿਨ ਥੋੜੇ ਹੋਵੈ
ਇਸੁ ਜਾਦੇ ਬਿਲਮ ਨ ਲਾਇਦਾ ॥੭॥
سوُہا رنگُ دِن تھوڑے ہووے
اِسُ جادے بِلم ن لائِدا ॥7॥

ਏਹੁ ਮਨੁ ਭੈ ਭਾਇ ਰੰਗਾਏ ॥
ایہُ منُ بھے بھاءِ رنگائے ॥

ਇਤੁ ਰੰਗਿ ਸਾਚੇ ਮਾਹਿ ਸਮਾਏ ॥
اِتُ رنگِ ساچے ماہِ سمائے ॥

ਪੂਰੈ ਭਾਗਿ ਕੋ ਇਹੁ ਰੰਗੁ ਪਾਏ
ਗੁਰਮਤੀ ਰੰਗੁ ਚੜਾਇਦਾ ॥੮॥
پوُرے بھاگِ کو اِہُ رنگُ پائے
گُرمتی رنگُ چڑھائِدا ॥8॥

ਮਨਮੁਖੁ ਬਹੁਤੁ ਕਰੇ ਅਭਿਮਾਨੁ ॥
منمُکھُ بہُتُ کرے ابھِمانُ ॥

ਦਰਗਹ ਕਬ ਹੀ ਨ ਪਾਵੈ ਮਾਨੁ ॥
درگہ کب ہی ن پاوے مانُ ॥

ਦੂਜੈ ਲਾਗੇ ਜਨਮੁ ਗਵਾਇਆ
ਬਿਨੁ ਬੂਝੇ ਦੁਖੁ ਪਾਇਦਾ ॥੯॥
دوُجے لاگے جنمُ گوائیا
بِنُ بوُجھے دُکھُ پائِدا ॥9॥

ਮੇਰੈ ਪ੍ਰਭਿ ਅੰਦਰਿ ਆਪੁ ਲੁਕਾਇਆ ॥
میرے پربھِ اندرِ آپُ لُکائیا ॥

ਗੁਰ ਪਰਸਾਦੀ ਹਰਿ ਮਿਲੈ ਮਿਲਾਇਆ ॥
گُر پرسادی ہرِ ملے مِلائیا ॥

ਸਚਾ ਪ੍ਰਭੁ ਸਚਾ ਵਾਪਾਰਾ
ਨਾਮੁ ਅਮੋਲਕੁ ਪਾਇਦਾ ॥੧੦॥
سچا پربھُ سچا واپارا
نامُ امولکُ پائِدا ॥ 10 ॥

ਇਸੁ ਕਾਇਆ ਕੀ ਕੀਮਤਿ ਕਿਨੈ ਨ ਪਾਈ ॥
اِسُ کائیا کی قِیمتِ کِنے ن پائی ॥

ਮੇਰੈ ਠਾਕੁਰਿ ਇਹ ਬਣਤ ਬਣਾਈ ॥
میرے ٹھاکُرِ اِہ بنّت بنّائی ॥

ਗੁਰਮੁਖਿ ਹੋਵੈ ਸੁ ਕਾਇਆ ਸੋਧੈ
ਆਪਹਿ ਆਪੁ ਮਿਲਾਇਦਾ ॥੧੧॥
گُرمُکھِ ہووے سُ کائیا سودھے
آپہِ آپُ مِلائِدا ॥ 11 ॥

ਕਾਇਆ ਵਿਚਿ ਤੋਟਾ ਕਾਇਆ ਵਿਚਿ ਲਾਹਾ ॥
کائیا وِچِ توٹا کائیا وِچِ لاہا ॥

ਗੁਰਮੁਖਿ ਖੋਜੇ ਵੇਪਰਵਾਹਾ ॥
گُرمُکھِ کھوجے ویپرواہا ॥

ਗੁਰਮੁਖਿ ਵਣਜਿ ਸਦਾ ਸੁਖੁ ਪਾਏ
ਸਹਜੇ ਸਹਜਿ ਮਿਲਾਇਦਾ ॥੧੨॥
گُرمُکھِ ونّجِ سدا سُکھُ پائے
سہجے سہجِ مِلائِدا ॥ 12 ॥

ਸਚਾ ਮਹਲੁ ਸਚੇ ਭੰਡਾਰਾ ॥
سچا محلُ سچے بھنّڈارا ॥

ਆਪੇ ਦੇਵੈ ਦੇਵਣਹਾਰਾ ॥

آپے دیوے دیوٹہارا ॥

ਗੁਰਮੁਖਿ ਸਾਲਾਹੇ ਸੁਖਦਾਤੇ
ਮਨਿ ਮੇਲੇ ਕੀਮਤਿ ਪਾਇਦਾ ॥੧੩॥

گُرمُکھِ سالاہے سُکھداتے
منِ میلے قِیمتِ پائِدا ॥ 13 ॥

ਕਾਇਆ ਵਿਚਿ ਵਸਤੁ ਕੀਮਤਿ ਨਹੀ ਪਾਈ ॥

کائیا وِچِ وستُ قِیمتِ نہی پائی ॥

ਗੁਰਮੁਖਿ ਆਪੇ ਦੇ ਵਡਿਆਈ ॥

گُرمُکھِ آپے دے وڈِیائی ॥

ਜਿਸ ਦਾ ਹਟੁ ਸੋਈ ਵਥੁ ਜਾਣੈ
ਗੁਰਮੁਖਿ ਦੇਇ ਨ ਪਛੋਤਾਇਦਾ ॥੧੪॥

جِس دا ہٹُ سوئی وتھُ جانے
گُرمُکھِ دےءِ ن پچھوتائِدا ॥ 14 ॥

ਹਰਿ ਜੀਉ ਸਭ ਮਹਿ ਰਹਿਆ ਸਮਾਈ ॥

ہرِ جیِءُ سبھ مہِ رہِیا سمائی ॥

ਗੁਰ ਪਰਸਾਦੀ ਪਾਇਆ ਜਾਈ ॥

گُر پرسادی پائِیا جائی ॥

ਆਪੇ ਮੇਲਿ ਮਿਲਾਏ ਆਪੇ
ਸਬਦੇ ਸਹਜਿ ਸਮਾਇਦਾ ॥੧੫॥

آپے میلِ مِلائے آپے
سبدے سہجِ سمائِدا ॥ 15 ॥

ਆਪੇ ਸਚਾ ਸਬਦਿ ਮਿਲਾਏ ॥

آپے سچا سبدِ مِلائے ॥

ਸਬਦੇ ਵਿਚਹੁ ਭਰਮੁ ਚੁਕਾਏ ॥

سبدے وِچہُ بھرمُ چُکائے ॥

ਨਾਨਕ ਨਾਮਿ ਮਿਲੈ ਵਡਿਆਈ
ਨਾਮੇ ਹੀ ਸੁਖੁ ਪਾਇਦਾ ॥੧੬॥੮॥੨੨॥

نانک نامِ مِلےَ وڈِیائی
نامے ہی سُکھُ پائِدا ॥ 16 ॥8॥ 22 ॥

ਮਾਰੂ ਮਹਲਾ ੩ ॥

مارُو محلا 3 ॥

ਅਗਮ ਅਗੋਚਰ ਵੇਪਰਵਾਹੇ ॥

اگم اگوچر ویپرواہے ॥

ਆਪੇ ਮਿਹਰਵਾਨ ਅਗਮ ਅਥਾਹੇ ॥

آپے مِہروان اگم اتھاہے ॥

ਅਪੜਿ ਕੋਇ ਨ ਸਕੈ ਤਿਸ ਨੋ
ਗੁਰ ਸਬਦੀ ਮੇਲਾਇਆ ॥੧॥

اپڑِ کوءِ ن سکےَ تِس نو
گُر سبدی میلائِیا ॥1॥

ਤੁਧੁਨੋ ਸੇਵਹਿ ਜੋ ਤੁਧੁ ਭਾਵਹਿ ॥

تُدھُنو سیوہِ جو تُدھُ بھاوہِ ॥

ਗੁਰ ਕੈ ਸਬਦੇ ਸਚਿ ਸਮਾਵਹਿ ॥

گُر کے سبدے سچِ سماوہِ ॥

ਅਨਦਿਨੁ ਗੁਣ ਰਵਹਿ ਦਿਨੁ ਰਾਤੀ
ਰਸਨਾ ਹਰਿ ਰਸੁ ਭਾਇਆ ॥੨॥

اندِنُ گُنؤ روہِ دِنُ راتی
رسنا ہرِ رسُ بھائِیا ॥2॥

ਸਬਦਿ ਮਰਹਿ ਸੇ ਮਰਣੁ ਸਵਾਰਹਿ ॥
ਹਰਿ ਕੇ ਗੁਣ ਹਿਰਦੈ ਉਰ ਧਾਰਹਿ ॥

ਜਨਮੁ ਸਫਲੁ ਹਰਿ ਚਰਣੀ ਲਾਗੇ
ਦੂਜਾ ਭਾਉ ਚੁਕਾਇਆ ॥੩॥

ਹਰਿ ਜੀਉ ਮੇਲੇ ਆਪਿ ਮਿਲਾਏ ॥
ਗੁਰ ਕੈ ਸਬਦੇ ਆਪੁ ਗਵਾਏ ॥

ਅਨਦਿਨੁ ਸਦਾ ਹਰਿ ਭਗਤੀ ਰਾਤੇ
ਇਸੁ ਜਗ ਮਹਿ ਲਾਹਾ ਪਾਇਆ ॥੪॥

ਤੇਰੇ ਗੁਣ ਕਹਾ ਮੈ ਕਹਣੁ ਨ ਜਾਈ ॥
ਅੰਤੁ ਨ ਪਾਰਾ ਕੀਮਤਿ ਨਹੀ ਪਾਈ ॥

ਆਪੇ ਦਇਆ ਕਰੇ ਸੁਖਦਾਤਾ
ਗੁਣ ਮਹਿ ਗੁਣੀ ਸਮਾਇਆ ॥੫॥

ਇਸੁ ਜਗ ਮਹਿ ਮੋਹੁ ਹੈ ਪਾਸਾਰਾ ॥
ਮਨਮੁਖੁ ਅਗਿਆਨੀ ਅੰਧੁ ਅੰਧਾਰਾ ॥

ਧੰਧੈ ਧਾਵਤੁ ਜਨਮੁ ਗਵਾਇਆ
ਬਿਨੁ ਨਾਵੈ ਦੁਖੁ ਪਾਇਆ ॥੬॥

ਕਰਮੁ ਹੋਵੈ ਤਾ ਸਤਿਗੁਰੁ ਪਾਏ ॥
ਹਉਮੈ ਮੈਲੁ ਸਬਦਿ ਜਲਾਏ ॥

ਮਨੁ ਨਿਰਮਲੁ ਗਿਆਨੁ ਰਤਨੁ ਚਾਨਣੁ
ਅਗਿਆਨੁ ਅੰਧੇਰੁ ਗਵਾਇਆ ॥੭॥

ਤੇਰੇ ਨਾਮ ਅਨੇਕ ਕੀਮਤਿ ਨਹੀ ਪਾਈ ॥
ਸਚੁ ਨਾਮੁ ਹਰਿ ਹਿਰਦੈ ਵਸਾਈ ॥

ਕੀਮਤਿ ਕਉਣੁ ਕਰੇ ਪ੍ਰਭ ਤੇਰੀ
ਤੂ ਆਪੇ ਸਹਜਿ ਸਮਾਇਆ ॥੮॥

سبدِ مرہِ سے مرنُ سوارہِ ॥
ہرِ کے گُنُ ہِردے اُر دھارہِ ॥

جنمُ سپھلُ ہرِ چرنیٰ لاگے
دوُجا بھاءُ چُکائیا ॥3॥

ہرِ جیِءُ میلے آپِ مِلائے ॥
گُر کے سبدے آپُ گوائے ॥

اندِنُ سدا ہرِ بھگتی راتے
اِسُ جگ مہِ لاہا پائیا ॥4॥

تیرے گُنُ کہا مے کہنُ ن جائی ॥
انتُ ن پارا قِیمتِ نہی پائی ॥

آپے دیِیا کرے سُکھداتا
گُنُ مہِ گُنی سمائیا ॥5॥

اِسُ جگ مہِ موہُ ہے پاسارا ॥
منمُکھُ اگیانی اندھُ اندھارا ॥

دھندھے دھاوتُ جنمُ گوائیا
بِنُ ناوے دُکھُ پائیا ॥6॥

کرمُ ہووے تا ستِگُر پائے ॥
ہمُئے میَلُ سبدِ جلائے ॥

منُ نِرملُ گِیانُ رتنُ چانُنُ
اگیانُ اندھیرُ گوائیا ॥7॥

تیرے نام انیک قِیمتِ نہی پائی ॥
سچُ نامُ ہرِ ہِردے وسائی ॥

قِیمتِ کنُ کرے پربھ تیری
توُ آپے سہجِ سمائیا ॥8॥

ਨਾਮੁ ਅਮੋਲਕੁ ਅਗਮ ਅਪਾਰਾ ॥
نامُ امولکُ اگم اپارا ॥

ਨਾ ਕੋ ਹੋਆ ਤੋਲਣਹਾਰਾ ॥
نا کو ہویا تولٹہارا ॥

ਆਪੇ ਤੋਲੇ ਤੋਲਿ ਤੋਲਾਏ
ਗੁਰ ਸਬਦੀ ਮੇਲਿ ਤੋਲਾਇਆ ॥੯॥
آپے تولے تولِ تولائے
گُر سبدی میلِ تولائیا ॥9॥

ਸੇਵਕ ਸੇਵਹਿ ਕਰਹਿ ਅਰਦਾਸਿ ॥
سیوک سیوہِ کرہِ عرداسِ ॥

ਤੂ ਆਪੇ ਮੇਲਿ ਬਹਾਲਹਿ ਪਾਸਿ ॥
توُ آپے میلِ بہالہِ پاسِ ॥

ਸਭਨਾ ਜੀਆ ਕਾ ਸੁਖਦਾਤਾ
ਪੂਰੈ ਕਰਮਿ ਧਿਆਇਆ ॥੧੦॥
سبھنا جیِیا کا سُکھداتا
پوُرے کرمِ دھیائیا ॥ 10 ॥

ਜਤੁ ਸਤੁ ਸੰਜਮੁ ਜਿ ਸਚੁ ਕਮਾਵੈ ॥
جتُ ستُ سنجَمُ جِ سچُ کماوے ॥

ਇਹੁ ਮਨੁ ਨਿਰਮਲੁ ਜਿ ਹਰਿ ਗੁਣ ਗਾਵੈ ॥
اِہُ منُ نِرملُ جِ ہرِ گُنؤ گاوے ॥

ਇਸੁ ਬਿਖੁ ਮਹਿ ਅੰਮ੍ਰਿਤੁ ਪਰਾਪਤਿ ਹੋਵੈ
ਹਰਿ ਜੀਉ ਮੇਰੇ ਭਾਇਆ ॥੧੧॥
اِسُ بِکھُ مہِ انمّرِتُ پراپتِ ہووے
ہرِ جیِءُ میرے بھائیا ॥ 11 ॥

ਜਿਸ ਨੋ ਬੁਝਾਏ ਸੋਈ ਬੂਝੈ ॥
جِس نو بُجھائے سوئی بوُجھے ॥

ਹਰਿ ਗੁਣ ਗਾਵੈ ਅੰਦਰੁ ਸੂਝੈ ॥
ہرِ گُنؤ گاوے اندرُ سوُجھے ॥

ਹਉਮੈ ਮੇਰਾ ਠਾਕਿ ਰਹਾਏ
ਸਹਜੇ ਹੀ ਸਚੁ ਪਾਇਆ ॥੧੨॥
ہئمےَ میرا ٹھاکِ رہائے
سہجے ہی سچُ پائیا ॥ 12 ॥

ਬਿਨੁ ਕਰਮਾ ਹੋਰ ਫਿਰੈ ਘਨੇਰੀ ॥
بِنُ کرما ہور پھرے گھنیری ॥

ਮਰਿ ਮਰਿ ਜੰਮੈ ਚੁਕੈ ਨ ਫੇਰੀ ॥
مرِ مرِ جنمےَ چُکےَ ن پھیری ॥

ਬਿਖੁ ਕਾ ਰਾਤਾ ਬਿਖੁ ਕਮਾਵੈ
ਸੁਖੁ ਨ ਕਬਹੂ ਪਾਇਆ ॥੧੩॥
بِکھُ کا راتا بِکھُ کماوے
سُکھُ ن کبہوُ پائیا ॥ 13 ॥

ਬਹੁਤੇ ਭੇਖ ਕਰੇ ਭੇਖਧਾਰੀ ॥
بہُتے بھیکھ کرے بھیکھدھاری ॥

ਬਿਨੁ ਸਬਦੈ ਹਉਮੈ ਕਿਨੈ ਨ ਮਾਰੀ ॥
بِنُ سبدے ہئمےَ کِنے ن ماری ॥

ਜੀਵਤੁ ਮਰੈ ਤਾ ਮੁਕਤਿ ਪਾਏ
ਸਚੈ ਨਾਇ ਸਮਾਇਆ ॥੧੪॥
جیِوتُ مرے تا مُکتِ پائے
سچےَ ناءِ سمائیا ॥ 14 ॥

ਅਗਿਆਨੁ ਤ੍ਰਿਸਨਾ ਇਸੁ ਤਨਹਿ ਜਲਾਏ ॥
اگیانُ ترِسنا اِسُ تنہِ جلائے ॥

ਤਿਸ ਦੀ ਬੂਝੈ ਜਿ ਗੁਰ ਸਬਦੁ ਕਮਾਏ ॥
تِس دی بُوجھے جِ گُر سبدُ کمائے ॥

ਤਨੁ ਮਨੁ ਸੀਤਲੁ ਕ੍ਰੋਧੁ ਨਿਵਾਰੇ
ਹਉਮੈ ਮਾਰਿ ਸਮਾਇਆ ॥੧੫॥
تنُ منُ سیتلُ کرودھُ نِوارے
ہئُمےَ مارِ سمائیا ॥ 15 ॥

ਸਚਾ ਸਾਹਿਬੁ ਸਚੀ ਵਡਿਆਈ ॥
سچا صاحِبُ سچی وڈِیائی ॥

ਗੁਰ ਪਰਸਾਦੀ ਵਿਰਲੈ ਪਾਈ ॥
گُر پرسادی وِرلے پائی ॥

ਨਾਨਕੁ ਏਕ ਕਹੈ ਬੇਨੰਤੀ
ਨਾਮੇ ਨਾਮਿ ਸਮਾਇਆ ॥੧੬॥੧॥੨੩॥
نانکُ ایک کہے بینتی
نامے نامِ سمائیا ॥ 16 ॥ 1 ॥ 23 ॥

ਮਾਰੂ ਮਹਲਾ ੩ ॥
مارُو محلا 3 ॥

ਨਦਰੀ ਭਗਤਾ ਲੈਹੁ ਮਿਲਾਏ ॥
ندری بھگتا لیہُ مِلائے ॥

ਭਗਤ ਸਲਾਹਨਿ ਸਦਾ ਲਿਵ ਲਾਏ ॥
بھگت سلاحنِ سدا لِو لائے ॥

ਤਉ ਸਰਣਾਈ ਉਬਰਹਿ ਕਰਤੇ
ਆਪੇ ਮੇਲਿ ਮਿਲਾਇਆ ॥੧॥
تءُ سرٹائی اُبرہِ کرتے
آپے میلِ مِلائیا ॥ 1 ॥

ਪੂਰੈ ਸਬਦਿ ਭਗਤਿ ਸੁਹਾਈ ॥
پُورے سبدِ بھگتِ سُہائی ॥

ਅੰਤਰਿ ਸੁਖੁ ਤੇਰੈ ਮਨਿ ਭਾਈ ॥
انترِ سُکھُ تیرے منِ بھائی ॥

ਮਨੁ ਤਨੁ ਸਚੀ ਭਗਤੀ ਰਾਤਾ
ਸਚੇ ਸਿਉ ਚਿਤੁ ਲਾਇਆ ॥੨॥
منُ تنُ سچی بھگتی راتا
سچے سِءُ چِتُ لائیا ॥ 2 ॥

ਹਉਮੈ ਵਿਚਿ ਸਦ ਜਲੈ ਸਰੀਰਾ ॥
ہئُمےَ وِچِ سد جلےَ سریرا ॥

ਕਰਮੁ ਹੋਵੈ ਭੇਟੇ ਗੁਰੁ ਪੂਰਾ ॥
کرمُ ہووے بھیٹے گُرُ پُورا ॥

ਅੰਤਰਿ ਅਗਿਆਨੁ ਸਬਦਿ ਬੁਝਾਏ
ਸਤਿਗੁਰ ਤੇ ਸੁਖੁ ਪਾਇਆ ॥੩॥
انترِ اگیانُ سبدِ بُجھائے
ستِگُر تے سُکھُ پائیا ॥ 3 ॥

ਮਨਮੁਖੁ ਅੰਧਾ ਅੰਧੁ ਕਮਾਏ ॥
منمُکھُ اندھا اندھُ کمائے ॥

ਬਹੁ ਸੰਕਟ ਜੋਨੀ ਭਰਮਾਏ ॥
بہُ سنکٹ جونی بھرمائے ॥

ਜਮ ਕਾ ਜੇਵੜਾ ਕਦੇ ਨ ਕਾਟੈ
جم کا جیوڑا کدے ن کاٹے

ਅੰਤੇ ਬਹੁ ਦੁਖੁ ਪਾਇਆ ॥੪॥
انّتے بہُ دُکھُ پائیا ॥4॥

ਆਵਣ ਜਾਣਾ ਸਬਦਿ ਨਿਵਾਰੇ ॥
آونْ جاٹا سبدِ نِوارے ॥

ਸਚੁ ਨਾਮੁ ਰਖੈ ਉਰ ਧਾਰੇ ॥
سچُ نامُ رکھےَ اُر دھارے ॥

ਗੁਰ ਕੈ ਸਬਦਿ ਮਰੈ ਮਨੁ ਮਾਰੇ
ਹਉਮੈ ਜਾਇ ਸਮਾਇਆ ॥੫॥
گُر کے سبدِ مرےَ منُ مارے
ہئُمےَ جاءِ سمائیا ॥5॥

ਆਵਣ ਜਾਣੈ ਪਰਜ ਵਿਗੋਈ ॥
آونْ جاٹے پرج وِگوئی ॥

ਬਿਨੁ ਸਤਿਗੁਰ ਥਿਰੁ ਕੋਇ ਨ ਹੋਈ ॥
بِنُ ستِگُر تھِرُ کوءِ ن ہوئی ॥

ਅੰਤਰਿ ਜੋਤਿ ਸਬਦਿ ਸੁਖੁ ਵਸਿਆ
ਜੋਤੀ ਜੋਤਿ ਮਿਲਾਇਆ ॥੬॥
انّترِ جوتِ سبدِ سُکھُ وسِیا
جوتی جوتِ مِلائیا ॥6॥

ਪੰਚ ਦੂਤ ਚਿਤਵਹਿ ਵਿਕਾਰਾ ॥
پنّچ دوُت چِتوہِ وِکارا ॥

ਮਾਇਆ ਮੋਹ ਕਾ ਏਹੁ ਪਸਾਰਾ ॥
مائیا موہ کا ایہُ پسارا ॥

ਸਤਿਗੁਰੁ ਸੇਵੇ ਤਾ ਮੁਕਤੁ ਹੋਵੈ
ਪੰਚ ਦੂਤ ਵਸਿ ਆਇਆ ॥੭॥
ستِگُرُ سیوے تا مُکتُ ہووےَ
پنّچ دوُت وسِ آئیا ॥7॥

ਬਾਝੁ ਗੁਰੂ ਹੈ ਮੋਹੁ ਗੁਬਾਰਾ ॥
باجھُ گُروُ ہےَ موہُ غُبارا ॥

ਫਿਰਿ ਫਿਰਿ ਡੁਬੈ ਵਾਰੋ ਵਾਰਾ ॥
پھِرِ پھِرِ ڈُبےَ وارو وارا ॥

ਸਤਿਗੁਰ ਭੇਟੇ ਸਚੁ ਦ੍ਰਿੜਾਏ
ਸਚੁ ਨਾਮੁ ਮਨਿ ਭਾਇਆ ॥੮॥
ستِگُر بھیٹے سچُ دّرِڑائے
سچُ نامُ منِ بھائیا ॥8॥

ਸਾਚਾ ਦਰੁ ਸਾਚਾ ਦਰਬਾਰਾ ॥
ساچا دُر ساچا دربارا ॥

ਸਚੇ ਸੇਵਹਿ ਸਬਦਿ ਪਿਆਰਾ ॥
سچے سیوہِ سبدِ پِیارا ॥

ਸਚੀ ਧੁਨਿ ਸਚੇ ਗੁਣ ਗਾਵਾ
ਸਚੇ ਮਾਹਿ ਸਮਾਇਆ ॥੯॥
سچی دھُنِ سچے گُنْ گاوا
سچے ماہِ سمائیا ॥9॥

ਘਰੈ ਅੰਦਰਿ ਕੋ ਘਰੁ ਪਾਏ ॥
گھرےَ انّدرِ کو گھرُ پائے ॥

ਗੁਰ ਕੈ ਸਬਦੇ ਸਹਜਿ ਸੁਭਾਏ ॥
گُر کے سبدے سہجِ سُبھائے ॥

ਓਥੈ ਸੋਗੁ ਵਿਜੋਗੁ ਨ ਵਿਆਪੈ
اوتھےَ سوگُ وِجوگُ ن وِیاپےَ

ਸਹਜੇ ਸਹਜਿ ਸਮਾਇਆ ॥੧੦॥

سہجے سہجِ سمائیا ॥ 10 ॥

ਦੂਜੈ ਭਾਇ ਦੁਸਟਾ ਕਾ ਵਾਸਾ ॥

دوُجےَ بھاءِ دُسٹا کا واسا ॥

ਭਉਦੇ ਫਿਰਹਿ ਬਹੁ ਮੋਹ ਪਿਆਸਾ ॥

بھئُدے پھِرہِ بہُ موہ پِیاسا ॥

ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ
ਦੁਖੋ ਦੁਖੁ ਕਮਾਇਆ ॥੧੧॥

کسنگتِ بہہِ سدا دُکھُ پاوہِ
دُکھو دُکھُ کمائیا ॥ 11 ॥

ਸਤਿਗੁਰ ਬਾਝਹੁ ਸੰਗਤਿ ਨ ਹੋਈ ॥

ستِگُر باجھہُ سنگتِ ن ہوئی ॥

ਬਿਨੁ ਸਬਦੇ ਪਾਰੁ ਨ ਪਾਏ ਕੋਈ ॥

بِنُ سبدے پارُ ن پائے کوئی ॥

ਸਹਜੇ ਗੁਣ ਰਵਹਿ ਦਿਨੁ ਰਾਤੀ
ਜੋਤੀ ਜੋਤਿ ਮਿਲਾਇਆ ॥੧੨॥

سہجے گُن روہِ دِنُ راتی
جوتی جوتِ مِلائیا ॥ 12 ॥

ਕਾਇਆ ਬਿਰਖੁ ਪੰਖੀ ਵਿਚਿ ਵਾਸਾ ॥

کائیا بِرکھُ پنکھی وِچِ واسا ॥

ਅੰਮ੍ਰਿਤੁ ਚੁਗਹਿ ਗੁਰ ਸਬਦਿ ਨਿਵਾਸਾ ॥

انّمرِتُ چگہِ گُر سبدِ نِواسا ॥

ਉਡਹਿ ਨ ਮੂਲੇ ਨ ਆਵਹਿ ਨ ਜਾਹੀ
ਨਿਜ ਘਰਿ ਵਾਸਾ ਪਾਇਆ ॥੧੩॥

اُڈہِ ن موُلے ن آوہِ ن جاہی
نِج گھرِ واسا پائیا ॥ 13 ॥

ਕਾਇਆ ਸੋਧਹਿ ਸਬਦੁ ਵੀਚਾਰਹਿ ॥

کائیا سودھہِ سبدُ وِیچارہِ ॥

ਮੋਹ ਠਗਉਰੀ ਭਰਮੁ ਨਿਵਾਰਹਿ ॥

موہ ٹھگئُری بھرمُ نِوارہِ ॥

ਆਪੇ ਕ੍ਰਿਪਾ ਕਰੇ ਸੁਖਦਾਤਾ
ਆਪੇ ਮੇਲਿ ਮਿਲਾਇਆ ॥੧੪॥

آپے کرِپا کرے سُکھداتا
آپے میلِ مِلائیا ॥ 14 ॥

ਸਦ ਹੀ ਨੇੜੈ ਦੂਰਿ ਨ ਜਾਣਹੁ ॥

سد ہی نیڑےَ دوُرِ ن جانہُ ॥

ਗੁਰ ਕੈ ਸਬਦਿ ਨਜੀਕਿ ਪਛਾਣਹੁ ॥

گُر کےَ سبدِ نجیکِ پچھانہُ ॥

ਬਿਗਸੈ ਕਮਲੁ ਕਿਰਣਿ ਪਰਗਾਸੈ
ਪਰਗਟੁ ਕਰਿ ਦੇਖਾਇਆ ॥੧੫॥

بِگسےَ کملُ کِرنِ پرگاسےَ
پرگٹُ کرِ دیکھائیا ॥ 15 ॥

ਆਪੇ ਕਰਤਾ ਸਚਾ ਸੋਈ ॥

آپے کرتا سچا سوئی ॥

ਆਪੇ ਮਾਰਿ ਜੀਵਾਲੇ ਅਵਰੁ ਨ ਕੋਈ ॥

آپے مارِ جیوالے اورُ ن کوئی ॥

ਨਾਨਕ ਨਾਮੁ ਮਿਲੈ ਵਡਿਆਈ

نانک نامُ مِلےَ وڈِیائی

ਆਪੁ ਗਵਾਇ ਸੁਖੁ ਪਾਇਆ ॥੧੬॥੨॥੨੪॥

آپُ گواءِ سُکھُ پائیا ॥ 16 ॥2॥ 24 ॥

ਮਾਰੂ ਸੋਲਹੇ ਮਹਲਾ ੪

مارُو سولہے محلا 4

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਸਚਾ ਆਪਿ ਸਵਾਰਣਹਾਰਾ ॥

سچا آپِ سوارنہارا ॥

ਅਵਰ ਨ ਸੂਝਸਿ ਬੀਜੀ ਕਾਰਾ ॥

اور ن سُوجھسِ بیجی کارا ॥

ਗੁਰਮੁਖਿ ਸਚੁ ਵਸੈ ਘਟ ਅੰਤਰਿ
ਸਹਜੇ ਸਚਿ ਸਮਾਈ ਹੇ ॥੧॥

گُرمُکھِ سچُ وسے گھٹ انترِ
سہجے سچِ سمائی ہے ॥1॥

ਸਭਨਾ ਸਚੁ ਵਸੈ ਮਨ ਮਾਹੀ ॥

سبھنا سچُ وسے من ماہی ॥

ਗੁਰ ਪਰਸਾਦੀ ਸਹਜਿ ਸਮਾਹੀ ॥

گُر پرسادی سہجِ سماہی ॥

ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ
ਗੁਰ ਚਰਣੀ ਚਿਤੁ ਲਾਈ ਹੇ ॥੨॥

گُرُ گُرُ کرت سدا سُکھُ پائیا
گُر چرنی چِتُ لائی ہے ॥2॥

ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥

ستِگُرُ ہے گیانُ ستِگُرُ ہے پُوجا ॥

ਸਤਿਗੁਰੁ ਸੇਵੀ ਅਵਰੁ ਨ ਦੂਜਾ ॥

ستِگُرُ سیوی اورُ ن دُوجا ॥

ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ
ਸਤਿਗੁਰ ਕੀ ਸੇਵਾ ਭਾਈ ਹੇ ॥੩॥

ستِگُر تے نامُ رتن دھنُ پائیا
ستِگُر کی سیوا بھائی ہے ॥3॥

ਬਿਨੁ ਸਤਿਗੁਰ ਜੋ ਦੂਜੈ ਲਾਗੇ ॥

بِنُ ستِگُر جو دُوجے لاگے ॥

ਆਵਹਿ ਜਾਹਿ ਭ੍ਰਮਿ ਮਰਹਿ ਅਭਾਗੇ ॥

آوہِ جاہِ بھرمِ مرہِ ابھاگے ॥

ਨਾਨਕ ਤਿਨ ਕੀ ਫਿਰਿ ਗਤਿ ਹੋਵੈ
ਜਿ ਗੁਰਮੁਖਿ ਰਹਹਿ ਸਰਣਾਈ ਹੇ ॥੪॥

نانک تِن کی پھِر گتِ ہووے
جِ گُرمُکھِ رہہِ سرٹائی ہے ॥4॥

ਗੁਰਮੁਖਿ ਪ੍ਰੀਤਿ ਸਦਾ ਹੈ ਸਾਚੀ ॥

گُرمُکھِ پریتِ سدا ہے ساچی ॥

ਸਤਿਗੁਰ ਤੇ ਮਾਗਉ ਨਾਮੁ ਅਜਾਚੀ ॥

ستِگُر تے ماگءُ نامُ اجاچی ॥

ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ
ਰਖਿ ਲੇਵਹੁ ਗੁਰ ਸਰਣਾਈ ਹੇ ॥੫॥

ہوہُ دئیالُ کرپا کرِ ہرِ جیءُ
رکھِ لیوہُ گُر سرٹائی ہے ॥5॥

ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥
انمرِت رسُ ستِگُرو چُیائیا ॥

ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
دسوے دُیارِ پرگٹُ ہوءِ آئیا ॥

ਤਹ ਅਨਹਦ ਸਬਦ ਵਜਹਿ ਧੁਨਿ ਬਾਣੀ
ਸਹਜੇ ਸਹਜਿ ਸਮਾਈ ਹੇ ॥੬॥
تہ انہد سبد وجہِ دھُنِ باٹی
سہجے سہجِ سمائی ہے ॥6॥

ਜਿਨ ਕਉ ਕਰਤੈ ਧੁਰਿ ਲਿਖਿ ਪਾਈ ॥
جِن ک ءُ کرتے دھُرِ لِکھِ پائی ॥

ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥
اندِنُ گُرُ گُرُ کرت وِہائی ॥

ਬਿਨੁ ਸਤਿਗੁਰ ਕੋ ਸੀਝੈ ਨਾਹੀ
ਗੁਰ ਚਰਣੀ ਚਿਤੁ ਲਾਈ ਹੇ ॥੭॥
بِنُ ستِگُر کو سیجھے ناہی
گُر چرٹی چِتُ لائی ہے ॥7॥

ਜਿਸੁ ਭਾਵੈ ਤਿਸੁ ਆਪੇ ਦੇਇ ॥
جِسُ بھاوے تِسُ آپے دے ءِ ॥

ਗੁਰਮੁਖਿ ਨਾਮੁ ਪਦਾਰਥੁ ਲੇਇ ॥
گُرمُکھِ نامُ پدارتھُ لے ءِ ॥

ਆਪੇ ਕ੍ਰਿਪਾ ਕਰੇ ਨਾਮੁ ਦੇਵੈ
ਨਾਨਕ ਨਾਮਿ ਸਮਾਈ ਹੇ ॥੮॥
آپے کرِپا کرے نامُ دیوے
نانک نامِ سمائی ہے ॥8॥

ਗਿਆਨ ਰਤਨੁ ਮਨਿ ਪਰਗਟੁ ਭਇਆ ॥
گیان رتنُ منِ پرگٹُ بھئیا ॥

ਨਾਮੁ ਪਦਾਰਥੁ ਸਹਜੇ ਲਇਆ ॥
نامُ پدارتھُ سہجے لئیا ॥

ਏਹ ਵਡਿਆਈ ਗੁਰ ਤੇ ਪਾਈ
ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ایہ وڈیائی گُر تے پائی
ستِگُر ک ءُ سد بلِ جائی ہے ॥9॥

ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥
پرگٹیا سوُرُ نِس مِٹیا اندھیارا ॥

ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
اگیانُ مِٹیا گُر رتنِ اپارا ॥

ਸਤਿਗੁਰ ਗਿਆਨੁ ਰਤਨੁ ਅਤਿ ਭਾਰੀ
ਕਰਮਿ ਮਿਲੈ ਸੁਖੁ ਪਾਈ ਹੇ ॥੧੦॥
ستِگُر گیانُ رتنُ اتِ بھاری
کرمِ ملے سُکھُ پائی ہے ॥ 10 ॥

ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥
گُرمُکھِ نامُ پرگٹی ہے سوءِ ॥

ਚਹੁ ਜੁਗਿ ਨਿਰਮਲੁ ਹਛਾ ਲੋਇ ॥
چہُ جُگِ نِرملُ ہچھا لوءِ ॥

ਨਾਮੇ ਨਾਮਿ ਰਤੇ ਸੁਖੁ ਪਾਇਆ
ਨਾਮਿ ਰਹਿਆ ਲਿਵ ਲਾਈ ਹੇ ॥੧੧॥
نامے نامِ رتے سُکھُ پائیا
نامِ رہیا لِو لائی ہے ॥ 11 ॥

ਗੁਰਮੁਖਿ ਨਾਮੁ ਪਰਾਪਤਿ ਹੋਵੈ ॥
گُرمُکھِ نامُ پراپتِ ہووے ॥

ਸਹਜੇ ਜਾਗੈ ਸਹਜੇ ਸੋਵੈ ॥
سہجے جاگے سہجے سووے ॥

ਗੁਰਮੁਖਿ ਨਾਮਿ ਸਮਾਇ ਸਮਾਵੈ
ਨਾਨਕ ਨਾਮੁ ਧਿਆਈ ਹੇ ॥੧੨॥
گُرمُکھِ نامِ سماءِ سماوے
نانک نامُ دھِیائی ہے ॥ 12 ॥

ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥
بھگتا مُکھِ انمّرِت ہے باٹی ॥

ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
گُرمُکھِ ہرِ نامُ آکھِ وکھاٹی ॥

ਹਰਿ ਹਰਿ ਕਰਤ ਸਦਾ ਮਨੁ ਬਿਗਸੈ
ਹਰਿ ਚਰਣੀ ਮਨੁ ਲਾਈ ਹੇ ॥੧੩॥
ہرِ ہرِ کرت سدا منُ بِگسے
ہرِ چرٹی منُ لائی ہے ॥ 13 ॥

ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥
ہم مؤرکھ اگیان گیانُ کچھُ ناہی ॥

ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ستِگُر تے سمجھ پڑی من ماہی ॥

ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ
ਸਤਿਗੁਰ ਕੀ ਸੇਵਾ ਲਾਈ ਹੇ ॥੧੪॥
ہوہُ دئیالُ کرِپا کرِ ہرِ جیِءُ
ستِگُر کی سیوا لائی ہے ॥ 14 ॥

ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥
جِنِ ستِگُرُ جاتا تِنِ ایکُ پچھاتا ॥

ਸਰਬੇ ਰਵਿ ਰਹਿਆ ਸੁਖਦਾਤਾ ॥
سربے روِ رہِیا سُکھداتا ॥

ਆਤਮੁ ਚੀਨਿ ਪਰਮ ਪਦੁ ਪਾਇਆ
ਸੇਵਾ ਸੁਰਤਿ ਸਮਾਈ ਹੇ ॥੧੫॥
آتمُ چینِ پرم پدُ پائیا
سیوا سُرتِ سمائی ہے ॥ 15 ॥

ਜਿਨ ਕਉ ਆਦਿ ਮਿਲੀ ਵਡਿਆਈ ॥
جِن کءُ آدِ ملی وڈیائی ॥

ਸਤਿਗੁਰੁ ਮਨਿ ਵਸਿਆ ਲਿਵ ਲਾਈ ॥
ستِگُرُ منِ وسِیا لِو لائی ॥

ਆਪਿ ਮਿਲਿਆ ਜਗਜੀਵਨੁ ਦਾਤਾ
ਨਾਨਕ ਅੰਕਿ ਸਮਾਈ ਹੇ ॥੧੬॥੧॥
آپِ ملِیا جگجیونُ داتا
نانک انکِ سمائی ہے ॥ 16 ॥1॥

ਮਾਰੂ ਮਹਲਾ ੪ ॥
مارُو محلا 4 ॥

ਹਰਿ ਅਗਮ ਅਗੋਚਰੁ ਸਦਾ ਅਬਿਨਾਸੀ ॥
ہرِ اگم اگوچرُ سدا اِبناسی ॥

ਸਰਬੇ ਰਵਿ ਰਹਿਆ ਘਟ ਵਾਸੀ ॥
سربے روِ رہِیا گھٹ واسی ॥

ਤਿਸੁ ਬਿਨੁ ਅਵਰੁ ਨ ਕੋਈ ਦਾਤਾ
تِسُ بِنُ اورُ ن کوئی داتا

ਹਰਿ ਤਿਸਹਿ ਸਰੇਵਹੁ ਪ੍ਰਾਣੀ ਹੇ ॥੧॥
ہرِ تِسہِ سریوہُ پّرانّی ہے ॥1॥

ਜਾ ਕਉ ਰਾਖੈ ਹਰਿ ਰਾਖਣਹਾਰਾ ॥
جا ک ءُ را کھے ہرِ راکھنّہارا ॥

ਤਾ ਕਉ ਕੋਇ ਨ ਸਾਕਸਿ ਮਾਰਾ ॥
تا ک ءُ کوءِ ن ساکسِ مارا ॥

ਸੋ ਐਸਾ ਹਰਿ ਸੇਵਹੁ ਸੰਤਹੁ
ਜਾ ਕੀ ਊਤਮ ਬਾਣੀ ਹੇ ॥੨॥
سو ایَسا ہرِ سیوہُ سنّتہٗ
جا کی اوُتم بانّی ہے ॥2॥

ਜਾ ਜਾਪੈ ਕਿਛੁ ਕਿਥਾਊ ਨਾਹੀ ॥
جا جاپے کِچھُ کِتھائوُ ناہی ॥

ਤਾ ਕਰਤਾ ਭਰਪੂਰਿ ਸਮਾਹੀ ॥
تا کرتا بھرپوُرِ سماہی ॥

ਸੂਕੇ ਤੇ ਫੁਨਿ ਹਰਿਆ ਕੀਤੋਨੁ
ਹਰਿ ਧਿਆਵਹੁ ਚੋਜ ਵਿਡਾਣੀ ਹੇ ॥੩॥
سوُکے تے پھُنِ ہریا کِیتونُ
ہرِ دھیاوہُ چوج وِڈانّی ہے ॥3॥

ਜੋ ਜੀਆ ਕੀ ਵੇਦਨ ਜਾਣੈ ॥
جو جِیا کی ویدن جانّے ॥

ਤਿਸੁ ਸਾਹਿਬ ਕੈ ਹਉ ਕੁਰਬਾਣੈ ॥
تِس صاحِب کے ہءُ قُربانّے ॥

ਤਿਸੁ ਆਗੈ ਜਨ ਕਰਿ ਬੇਨੰਤੀ
ਜੋ ਸਰਬ ਸੁਖਾ ਕਾ ਦਾਣੀ ਹੇ ॥੪॥
تِس آگے جن کرِ بینّتی
جو سرب سُکھا کا دانّی ہے ॥4॥

ਜੋ ਜੀਐ ਕੀ ਸਾਰ ਨ ਜਾਣੈ ॥
جو جیئے کی سار ن جانّے ॥

ਤਿਸੁ ਸਿਉ ਕਿਛੁ ਨ ਕਹੀਐ ਅਜਾਣੈ ॥
تِس سِ ءُ کِچھُ ن کہیئے اجانّے ॥

ਮੂਰਖ ਸਿਉ ਨਹ ਲੂਝੁ ਪਰਾਣੀ
ਹਰਿ ਜਪੀਐ ਪਦੁ ਨਿਰਬਾਣੀ ਹੇ ॥੫॥
مؤرکھ سِ ءُ نہ لوُجھُ پرانّی
ہرِ جپیئے پدُ نِربانّی ہے ॥5॥

ਨਾ ਕਰਿ ਚਿੰਤ ਚਿੰਤਾ ਹੈ ਕਰਤੇ ॥
نا کرِ چِنّت چِنّتا ہے کرتے ॥

ਹਰਿ ਦੇਵੈ ਜਲਿ ਥਲਿ ਜੰਤਾ ਸਭਤੈ ॥
ہرِ دیوے جلِ تھلِ جنّتا سبھتے ॥

ਅਚਿੰਤ ਦਾਨੁ ਦੇਇ ਪ੍ਰਭੁ ਮੇਰਾ
ਵਿਚਿ ਪਾਥਰ ਕੀਟ ਪਖਾਣੀ ਹੇ ॥੬॥
اچِنّت دانُ دےءِ پّربھُ میرا
وِچِ پاتھر کیٹ پکھانّی ہے ॥6॥

ਨਾ ਕਰਿ ਆਸ ਮੀਤ ਸੁਤ ਭਾਈ ॥
نا کرِ آس میت سُت بھائی ॥

ਨਾ ਕਰਿ ਆਸ
ਕਿਸੈ ਸਾਹ ਬਿਉਹਾਰ ਕੀ ਪਰਾਈ ॥
نا کرِ آس
کِسے ساہ بِہُار کی پرائی ॥

ਬਿਨੁ ਹਰਿ ਨਾਵੈ ਕੋ ਬੇਲੀ ਨਾਹੀ
ਹਰਿ ਜਪੀਐ ਸਾਰੰਗਪਾਣੀ ਹੇ ॥੭॥

بِنُ ہرِ ناوے کو بیلی ناہی
ہرِ جپیئے سارنگپانی ہے ॥7॥

ਅਨਦਿਨੁ ਨਾਮੁ ਜਪਹੁ ਬਨਵਾਰੀ ॥

اندِنُ نامُ جپہُ بنواری ॥

ਸਭ ਆਸਾ ਮਨਸਾ ਪੂਰੈ ਥਾਰੀ ॥

سبھ آسا منسا پُورے تھاری ॥

ਜਨ ਨਾਨਕ ਨਾਮੁ ਜਪਹੁ ਭਵ ਖੰਡਨੁ
ਸੁਖਿ ਸਹਜੇ ਰੈਣਿ ਵਿਹਾਣੀ ਹੇ ॥੮॥

جن نانک نامُ جپہُ بھو کھنڈنُ
سُکھِ سہجے ریَنِ وِہانی ہے ॥8॥

ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥

جِنِ ہرِ سیویا تِنِ سُکھُ پائیا ॥

ਸਹਜੇ ਹੀ ਹਰਿ ਨਾਮਿ ਸਮਾਇਆ ॥

سہجے ہی ہرِ نامِ سمائیا ॥

ਜੋ ਸਰਣਿ ਪਰੈ ਤਿਸ ਕੀ ਪਤਿ ਰਾਖੈ
ਜਾਇ ਪੂਛਹੁ ਵੇਦ ਪੁਰਾਣੀ ਹੇ ॥੯॥

جو سرنِ پرے تِس کی پتِ راکھے
جاءِ پُوچھہُ وید پُرانی ہے ॥9॥

ਜਿਸੁ ਹਰਿ ਸੇਵਾ ਲਾਏ ਸੋਈ ਜਨੁ ਲਾਗੈ ॥

جِسُ ہرِ سیوا لائے سوئی جنُ لاگے ॥

ਗੁਰ ਕੈ ਸਬਦਿ ਭਰਮ ਭਉ ਭਾਗੈ ॥

گُر کے سبدِ بھرم بھءُ بھاگے ॥

ਵਿਚੇ ਗ੍ਰਿਹ ਸਦਾ ਰਹੈ ਉਦਾਸੀ
ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥੧੦॥

وِچے گرہ سدا رہے اُداسی
جِءُ کملُ رہے وِچِ پانی ہے ॥ 10 ॥

ਵਿਚਿ ਹਉਮੈ ਸੇਵਾ ਥਾਇ ਨ ਪਾਏ ॥

وِچِ ہئمے سیوا تھاءِ ن پائے ॥

ਜਨਮਿ ਮਰੈ ਫਿਰਿ ਆਵੈ ਜਾਏ ॥

جنمِ مرے پھِرِ آوے جائے ॥

ਸੋ ਤਪੁ ਪੂਰਾ ਸਾਈ ਸੇਵਾ
ਜੋ ਹਰਿ ਮੇਰੇ ਮਨਿ ਭਾਣੀ ਹੇ ॥੧੧॥

سو تپُ پُورا سائی سیوا
جو ہرِ میرے منِ بھانی ہے ॥ 11 ॥

ਹਉ ਕਿਆ ਗੁਣ ਤੇਰੇ ਆਖਾ ਸੁਆਮੀ ॥

ہءُ کیا گُن تیرے آکھا سُیامی ۔ ॥

ਤੂ ਸਰਬ ਜੀਆ ਕਾ ਅੰਤਰਜਾਮੀ ॥

توُ سرب جیِیا کا انترجامی ॥

ਹਉ ਮਾਗਉ ਦਾਨੁ ਤੁਝੈ ਪਹਿ ਕਰਤੇ
ਹਰਿ ਅਨਦਿਨੁ ਨਾਮੁ ਵਖਾਣੀ ਹੇ ॥੧੨॥

ہءُ ماگءُ دانُ تُجھے پہِ کرتے
ہرِ اندِنُ نامُ وکھانی ہے ॥ 12 ॥

ਕਿਸ ਹੀ ਜੋਰੁ ਅਹੰਕਾਰ ਬੋਲਣ ਕਾ ॥

کِس ہی زورُ اہنکار بولنُ کا ॥

ਕਿਸ ਹੀ ਜੋਰੁ ਦੀਬਾਨ ਮਾਇਆ ਕਾ ॥

کِس ہی زورُ دیبان مائیا کا ॥

ਮੈ ਹਰਿ ਬਿਨੁ ਟੇਕ ਧਰ ਅਵਰ ਨ ਕਾਈ
ਤੂ ਕਰਤੇ ਰਾਖੁ ਮੈ ਨਿਮਾਣੀ ਹੇ ॥੧੩॥

مے ہرِ بِنُ ٹیک دھر اور ن کائی
توُ کرتے راکھُ مے نِماٹی ہے ॥ 13 ॥

ਨਿਮਾਣੇ ਮਾਣੁ ਕਰਹਿ ਤੁਧੁ ਭਾਵੈ ॥

نِماٹے ماٹُ کرہِ تُدھُ بھاوے ॥

ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥

ہور کیتی جھکھِ جھکھِ آوے جاوے ॥

ਜਿਨ ਕਾ ਪਖੁ ਕਰਹਿ ਤੂ ਸੁਆਮੀ
ਤਿਨ ਕੀ ਊਪਰਿ ਗਲ ਤੁਧੁ ਆਣੀ ਹੇ ॥੧੪॥

جِن کا پکھُ کرہِ توُ سُیامی
تِن کی اوُپر گل تُدھُ آٹی ہے ॥ 14 ॥

ਹਰਿ ਹਰਿ ਨਾਮੁ ਜਿਨੀ ਸਦਾ ਧਿਆਇਆ ॥

ہرِ ہرِ نامُ جِنی سدا دھیائیا ॥

ਤਿਨੀ ਗੁਰ ਪਰਸਾਦਿ ਪਰਮ ਪਦੁ ਪਾਇਆ ॥

تِنی گُر پرسادِ پرم پدُ پائیا ॥

ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ
ਬਿਨੁ ਸੇਵਾ ਪਛੋਤਾਣੀ ਹੇ ॥੧੫॥

جِنِ ہرِ سیویا تِنِ سُکھُ پائیا
بِنُ سیوا پچھوتاٹی ہے ॥ 15 ॥

ਤੂ ਸਭ ਮਹਿ ਵਰਤਹਿ ਹਰਿ ਜਗੰਨਾਥੁ ॥

توُ سبھ مہِ ورتہِ ہرِ جگنّاتھُ ۔ ॥

ਸੋ ਹਰਿ ਜਪੈ ਜਿਸੁ ਗੁਰ ਮਸਤਕਿ ਹਾਥੁ ॥

سو ہرِ جپے جِسُ گُر مستکِ ہاتھُ ॥

ਹਰਿ ਕੀ ਸਰਣਿ ਪਇਆ ਹਰਿ ਜਾਪੀ
ਜਨੁ ਨਾਨਕੁ ਦਾਸੁ ਦਸਾਣੀ ਹੇ ॥੧੬॥੨॥

ہرِ کی سرنِ پئیا ہرِ جاپی
جنُ نانکُ داسُ دساٹی ہے ॥ 16 ॥2॥

ਮਾਰੂ ਸੋਲਹੇ ਮਹਲਾ ੫

مارُو سولہے محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਕਲਾ ਉਪਾਇ ਧਰੀ ਜਿਨਿ ਧਰਣਾ ॥

کلا اُپاءِ دھری جِنِ دھرٹا ॥

ਗਗਨੁ ਰਹਾਇਆ ਹੁਕਮੇ ਚਰਣਾ ॥

گگنُ رہائیا حُکمے چرٹا ॥

ਅਗਨਿ ਉਪਾਇ ਈਧਨ ਮਹਿ ਬਾਧੀ
ਸੋ ਪ੍ਰਭੁ ਰਾਖੈ ਭਾਈ ਹੇ ॥੧॥

اگنِ اُپاءِ ایدھن مہِ بادھی
سو پربھُ راکھے بھائی ہے ॥1॥

ਜੀਅ ਜੰਤ ਕਉ ਰਿਜਕੁ ਸੰਬਾਹੇ ॥

جیء جنّت کءُ رِزقُ سنبّاہے ॥

ਕਰਣ ਕਾਰਣ ਸਮਰਥ ਆਪਾਹੇ ॥

کرٹ کارٹ سمرتھ آپاہے ॥

ਖਿਨ ਮਹਿ ਥਾਪਿ ਉਥਾਪਨਹਾਰਾ
ਸੋਈ ਤੇਰਾ ਸਹਾਈ ਹੇ ॥੨॥

کھِن مہِ تھاپِ اُتھاپنہارا
سوئی تیرا سہائی ہے ॥2॥

ਮਾਤ ਗਰਭ ਮਹਿ ਜਿਨਿ ਪ੍ਰਤਿਪਾਲਿਆ ॥
ماتُ گربھ مہِ جِنِ پرتپالیا ॥

ਸਾਸਿ ਗ੍ਰਾਸਿ ਹੋਇ ਸੰਗਿ ਸਮਾਲਿਆ ॥
ساسِ گراسِ ہوءِ سنگِ سمالیا ॥

ਸਦਾ ਸਦਾ ਜਪੀਐ ਸੋ ਪ੍ਰੀਤਮੁ
ਵਡੀ ਜਿਸੁ ਵਡਿਆਈ ਹੇ ॥੩॥
سدا سدا جپیئے سو پریتمُ
وڈی جِسُ وڈیائی ہے ॥3॥

ਸੁਲਤਾਨ ਖਾਨ ਕਰੇ ਖਿਨ ਕੀਰੇ ॥
سُلطان خان کرے کھِن کیرے ॥

ਗਰੀਬ ਨਿਵਾਜਿ ਕਰੇ ਪ੍ਰਭੁ ਮੀਰੇ ॥
غریب نِواجِ کرے پربھُ میرے ॥

ਗਰਬ ਨਿਵਾਰਣ ਸਰਬ ਸਧਾਰਣ
ਕਿਛੁ ਕੀਮਤਿ ਕਹੀ ਨ ਜਾਈ ਹੇ ॥੪॥
گرب نِوارنُ سرب سدھارنُ
کچھُ قیمتِ کہی ن جائی ہے ॥4॥

ਸੋ ਪਤਿਵੰਤਾ ਸੋ ਧਨਵੰਤਾ ॥
سو پتِونتا سو دھنونتا ॥

ਜਿਸੁ ਮਨਿ ਵਸਿਆ ਹਰਿ ਭਗਵੰਤਾ ॥
جِسُ منِ وسِیا ہرِ بھگونتا ॥

ਮਾਤ ਪਿਤਾ ਸੁਤ ਬੰਧਪ ਭਾਈ
ਜਿਨਿ ਇਹ ਸ੍ਰਿਸਟਿ ਉਪਾਈ ਹੇ ॥੫॥
ماتُ پِتا سُت بندھپ بھائی
جِنِ اِہ سرِسٹِ اُپائی ہے ॥5॥

ਪ੍ਰਭ ਆਏ ਸਰਣਾ ਭਉ ਨਹੀ ਕਰਣਾ ॥
پربھ آئے سرنا بھءُ نہی کرنا ॥

ਸਾਧਸੰਗਤਿ ਨਿਹਚਉ ਹੈ ਤਰਣਾ ॥
سادھسنگتِ نِہچءُ ہے ترنا ॥

ਮਨ ਬਚ ਕਰਮ ਅਰਾਧੇ ਕਰਤਾ
ਤਿਸੁ ਨਾਹੀ ਕਦੇ ਸਜਾਈ ਹੇ ॥੬॥
من بچ کرم ارادھے کرتا
تِسُ ناہی کدے سزائی ہے ॥6॥

ਗੁਣ ਨਿਧਾਨ ਮਨ ਤਨ ਮਹਿ ਰਵਿਆ ॥
گُنُ نِدھان من تن مہِ رویا ॥

ਜਨਮ ਮਰਣ ਕੀ ਜੋਨਿ ਨ ਭਵਿਆ ॥
جنم مرنُ کی جونِ ن بھویا ॥

ਦੂਖ ਬਿਨਾਸ ਕੀਆ ਸੁਖਿ ਡੇਰਾ
ਜਾ ਤ੍ਰਿਪਤਿ ਰਹੇ ਆਘਾਈ ਹੇ ॥੭॥
دوُکھ بِناس کیا سُکھِ ڈیرا
جا ترِپتِ رہے اگھائی ہے ॥7॥

ਮੀਤੁ ਹਮਾਰਾ ਸੋਈ ਸੁਆਮੀ ॥
میتُ ہمارا سوئی سُیامی ॥

ਥਾਨ ਥਨੰਤਰਿ ਅੰਤਰਜਾਮੀ ॥
تھان تھنتر انترجامی ॥

ਸਿਮਰਿ ਸਿਮਰਿ ਪੂਰਨ ਪਰਮੇਸੁਰ
ਚਿੰਤਾ ਗਣਤ ਮਿਟਾਈ ਹੇ ॥੮॥
سِمرِ سِمرِ پوُرن پرمیسُر
چِنتا گنت مِٹائی ہے ॥8॥

ਹਰਿ ਕਾ ਨਾਮੁ ਕੋਟਿ ਲਖ ਬਾਹਾ ॥
ہرِ کا نامُ کوٹِ لکھ باہا ॥

ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ ॥
ہرِ جسُ کیرتنُ سنگِ دھنُ تاہا ॥

ਗਿਆਨ ਖੜਗੁ ਕਰਿ ਕਿਰਪਾ ਦੀਨਾ
ਦੂਤ ਮਾਰੇ ਕਰਿ ਧਾਈ ਹੇ ॥੯॥
گیان کھڑگُ کرِ کرپا دینا
دوُت مارے کرِ دھائی ہے ॥9॥

ਹਰਿ ਕਾ ਜਾਪੁ ਜਪਹੁ ਜਪੁ ਜਪਨੇ ॥
ہرِ کا جاپُ جپہُ جپُ جپنے ॥

ਜੀਤਿ ਆਵਹੁ ਵਸਹੁ ਘਰਿ ਅਪਨੇ ॥
جیتِ آوہُ وسہُ گھرِ اپنے ॥

ਲਖ ਚਉਰਾਸੀਹ ਨਰਕ ਨ ਦੇਖਹੁ
ਰਸਕਿ ਰਸਕਿ ਗੁਣ ਗਾਈ ਹੇ ॥੧੦॥
لکھ چرُاسیہ نرک ن دیکھہُ
رسکِ رسکِ گُنؤ گائی ہے ॥ 10 ॥

ਖੰਡ ਬ੍ਰਹਮੰਡ ਉਧਾਰਣਹਾਰਾ ॥
کھنڈ برہمنڈ اُدھارنہارا ॥

ਊਚ ਅਥਾਹ ਅਗੰਮ ਅਪਾਰਾ ॥
اوُچ اتھاہ اگنم اپارا ॥

ਜਿਸ ਨੋ ਕ੍ਰਿਪਾ ਕਰੇ ਪ੍ਰਭੁ ਅਪਨੀ
ਸੋ ਜਨੁ ਤਿਸਹਿ ਧਿਆਈ ਹੇ ॥੧੧॥
جِس نوٗ کرِپا کرے پربھُ اپنی
سو جنُ تِسہِ دھِیائی ہے ॥ 11 ॥

ਬੰਧਨ ਤੋੜਿ ਲੀਏ ਪ੍ਰਭਿ ਮੋਲੇ ॥
بندھن توڑِ لیئے پربھِ مولے ॥

ਕਰਿ ਕਿਰਪਾ ਕੀਨੇ ਘਰ ਗੋਲੇ ॥
کرِ کرِپا کینے گھر گولے ॥

ਅਨਹਦ ਰੁਣ ਝੁਣਕਾਰੁ ਸਹਜ ਧੁਨਿ
ਸਾਚੀ ਕਾਰ ਕਮਾਈ ਹੇ ॥੧੨॥
انہد رُنؤ جھُنکارُ سہج دھُنِ
ساچی کار کمائی ہے ॥ 12 ॥

ਮਨਿ ਪਰਤੀਤਿ ਬਨੀ ਪ੍ਰਭ ਤੇਰੀ ॥
منِ پرتیتِ بنی پربھ تیری ॥

ਬਿਨਸਿ ਗਈ ਹਉਮੈ ਮਤਿ ਮੇਰੀ ॥
بِنسِ گئی ہمئے متِ میری ॥

ਅੰਗੀਕਾਰੁ ਕੀਆ ਪ੍ਰਭਿ ਅਪਨੈ
ਜਗ ਮਹਿ ਸੋਭ ਸੁਹਾਈ ਹੇ ॥੧੩॥
انگیکارُ کیِیا پربھِ اپنے
جگ مہِ سوبھ سُہائی ہے ॥ 13 ॥

ਜੈ ਜੈ ਕਾਰੁ ਜਪਹੁ ਜਗਦੀਸੈ ॥
جے جے کارُ جپہُ جگدیسے ॥

ਬਲਿ ਬਲਿ ਜਾਈ ਪ੍ਰਭ ਅਪੁਨੇ ਈਸੈ ॥
بلِ بلِ جائی پربھ اپُنے ایسے ॥

ਤਿਸੁ ਬਿਨੁ ਦੂਜਾ ਅਵਰੁ ਨ ਦੀਸੈ
ਏਕਾ ਜਗਤਿ ਸਬਾਈ ਹੇ ॥੧੪॥
تِسُ بِنُ دوُجا اورُ ن دیسے
ایکا جگتِ سبائی ہے ॥ 14 ॥

ਸਤਿ ਸਤਿ ਸਤਿ ਪ੍ਰਭੁ ਜਾਤਾ ॥	ستِ ستِ ستِ پربھُ جاتا ॥
ਗੁਰ ਪਰਸਾਦਿ ਸਦਾ ਮਨੁ ਰਾਤਾ ॥	گُر پرسادِ سدا منُ راتا ॥
ਸਿਮਰਿ ਸਿਮਰਿ ਜੀਵਹਿ ਜਨ ਤੇਰੇ ਏਕੰਕਾਰਿ ਸਮਾਈ ਹੇ ॥੧੫॥	سِمرِ سِمرِ جیوہِ جن تیرے ایکنکارِ سمائی ہے ॥ 15 ॥
ਭਗਤ ਜਨਾ ਕਾ ਪ੍ਰੀਤਮੁ ਪਿਆਰਾ ॥	بھگت جنا کا پریتمُ پیارا ॥
ਸਭੈ ਉਧਾਰਣੁ ਖਸਮੁ ਹਮਾਰਾ ॥	سبھےَ اُدھارنُ خصمُ ہمارا ॥
ਸਿਮਰਿ ਨਾਮੁ ਪੁੰਨੀ ਸਭ ਇਛਾ ਜਨ ਨਾਨਕ ਪੈਜ ਰਖਾਈ ਹੇ ॥੧੬॥੧॥	سِمرِ نامُ پُنّنی سبھ اِچھا جن نانک پیج رکھائی ہے ॥ 16 ॥ 1 ॥
ਮਾਰੂ ਸੋਲਹੇ ਮਹਲਾ ੫	مارُو سولہے محلا 5
੧ੴ ਸਤਿਗੁਰ ਪ੍ਰਸਾਦਿ ॥	۱ۓ ستِگُر پرسادِ ॥
ਸੰਗੀ ਜੋਗੀ ਨਾਰਿ ਲਪਟਾਣੀ ॥	سنگی جوگی نارِ لپٹانُی ॥
ਉਰਝਿ ਰਹੀ ਰੰਗ ਰਸ ਮਾਣੀ ॥	اُرجھِ رہی رنگ رس مانُی ॥
ਕਿਰਤ ਸੰਜੋਗੀ ਭਏ ਇਕਤ੍ਰਾ ਕਰਤੇ ਭੋਗ ਬਿਲਾਸਾ ਹੇ ॥੧॥	کِرت سنجوگی بھےَ اِکترا کرتے بھوگ بِلاسا ہے ॥ 1 ॥
ਜੋ ਪਿਰ ਕਰੈ ਸੁ ਧਨ ਤਤੁ ਮਾਨੈ ॥	جو پِر کرےَ سُ دھن تتُ مانے ॥
ਪਿਰੁ ਧਨਹਿ ਸੀਗਾਰਿ ਰਖੈ ਸੰਗਾਨੈ ॥	پِرُ دھنہِ سیِگارِ رکھےَ سنگانے ॥
ਮਿਲਿ ਏਕਤ੍ਰ ਵਸਹਿ ਦਿਨੁ ਰਾਤੀ ਪ੍ਰਿਉ ਦੇ ਧਨਹਿ ਦਿਲਾਸਾ ਹੇ ॥੨॥	مِلِ ایکتّر وسہِ دِنُ راتی پریُ دے دھنہِ دِلاسا ہے ॥ 2 ॥
ਧਨ ਮਾਗੈ ਪ੍ਰਿਉ ਬਹੁ ਬਿਧਿ ਧਾਵੈ ॥	دھن ماگے پریُ بہُ بِدھِ دھاوےَ ॥
ਜੋ ਪਾਵੈ ਸੋ ਆਣਿ ਦਿਖਾਵੈ ॥	جو پاوےَ سو آنِ دِکھاوےَ ॥
ਏਕ ਵਸਤੁ ਕਉ ਪਹੁਚਿ ਨ ਸਾਕੈ ਧਨ ਰਹਤੀ ਭੂਖ ਪਿਆਸਾ ਹੇ ॥੩॥	ایک وستُ کءُ پہُچِ ن ساکے دھن رہتی بھوُکھ پیاسا ہے ॥ 3 ॥
ਧਨ ਕਰੈ ਬਿਨਉ ਦੋਊ ਕਰ ਜੋਰੈ ॥	دھن کرےَ بِنءُ دوئوُ کر جورےَ ॥

ਪ੍ਰਿਅ ਪਰਦੇਸਿ ਨ ਜਾਹੁ ਵਸਹੁ ਘਰਿ ਮੋਰੈ ॥
پرِء پردیسِ ن جاہُ وسہُ گھرِ مورے ॥

ਐਸਾ ਬਣਜੁ ਕਰਹੁ ਗ੍ਰਿਹ ਭੀਤਰਿ
ਜਿਤੁ ਉਤਰੈ ਭੂਖ ਪਿਆਸਾ ਹੇ ॥੪॥
ایسا بنُجُ کرہُ گرِہ بھیترِ
جِتُ اُترے بھوُکھ پِیاسا ہے ॥4॥

ਸਗਲੇ ਕਰਮ ਧਰਮ ਜੁਗ ਸਾਧਾ ॥
سگلے کرم دھرم جُگ سادھا ॥

ਬਿਨੁ ਹਰਿ ਰਸ ਸੁਖੁ ਤਿਲੁ ਨਹੀ ਲਾਧਾ ॥
بِنُ ہرِ رس سُکھُ تِلُ نہی لادھا ॥

ਭਈ ਕ੍ਰਿਪਾ ਨਾਨਕ ਸਤਸੰਗੇ
ਤਉ ਧਨ ਪਿਰ ਅਨੰਦ ਉਲਾਸਾ ਹੇ ॥੫॥
بھئی کرِپا نانک ستسنگے
تءُ دھن پِر انند اُلاسا ہے ॥5॥

ਧਨ ਅੰਧੀ ਪਿਰੁ ਚਪਲੁ ਸਿਆਨਾ ॥
دھن اندھی پِرُ چپلُ سِیانا ॥

ਪੰਚ ਤਤੁ ਕਾ ਰਚਨੁ ਰਚਾਨਾ ॥
پنچ تتُ کا رچنُ رچانا ॥

ਜਿਸੁ ਵਖਰ ਕਉ ਤੁਮ ਆਏ ਹਹੁ
ਸੋ ਪਾਇਓ ਸਤਿਗੁਰ ਪਾਸਾ ਹੇ ॥੬॥
جِسُ وکھر کءُ تُم آئے ہہُ
سو پائِئو ستِگُر پاسا ہے ॥6॥

ਧਨ ਕਹੈ ਤੂ ਵਸੁ ਮੈ ਨਾਲੇ ॥
دھن کہے توُ وسُ مے نالے ॥

ਪ੍ਰਿਅ ਸੁਖਵਾਸੀ ਬਾਲ ਗੁਪਾਲੇ ॥
پرِء سُکھواسی بال گُپالے ۔ ॥

ਤੁਝੈ ਬਿਨਾ ਹਉ ਕਿਤ ਹੀ ਨ ਲੇਖੈ
ਵਚਨੁ ਦੇਹਿ ਛੋਡਿ ਨ ਜਾਸਾ ਹੇ ॥੭॥
تُجھے بِنا ہءُ کِت ہی ن لیکھے
وچنُ دیہِ چھوڈِ ن جاسا ہے ॥7॥

ਪਿਰਿ ਕਹਿਆ ਹਉ ਹੁਕਮੀ ਬੰਦਾ ॥
پِر کہیا ہءُ حُکمی بندا ॥

ਓਹੁ ਭਾਰੋ ਠਾਕੁਰੁ ਜਿਸੁ ਕਾਣਿ ਨ ਛੰਦਾ ॥
اوہُ بھارو ٹھاکُرُ جِسُ کانِ ن چھندا ॥

ਜਿਚਰੁ ਰਾਖੈ ਤਿਚਰੁ ਤੁਮ ਸੰਗਿ ਰਹਣਾ
ਜਾ ਸਦੇ ਤ ਉਠਿ ਸਿਧਾਸਾ ਹੇ ॥੮॥
جِچرُ راکھے تِچرُ تُم سنگِ رہنا
جا صدے ت اوُٹھِ سِدھاسا ہے ॥8॥

ਜਉ ਪ੍ਰਿਅ ਬਚਨ ਕਹੇ ਧਨ ਸਾਚੇ ॥
جءُ پرِء بچن کہے دھن ساچے ॥

ਧਨ ਕਛੂ ਨ ਸਮਝੈ ਚੰਚਲਿ ਕਾਚੇ ॥
دھن کچھوُ ن سمجھے چنچلِ کاچے ॥

ਬਹੁਰਿ ਬਹੁਰਿ ਪਿਰ ਹੀ ਸੰਗੁ ਮਾਗੈ
ਓਹੁ ਬਾਤ ਜਾਨੈ ਕਰਿ ਹਾਸਾ ਹੇ ॥੯॥
بہُرِ بہُرِ پِر ہی سنگُ ماگے
اوہُ بات جانے کرِ ہاسا ہے ॥9॥

ਆਈ ਆਗਿਆ ਪਿਰਹੁ ਬੁਲਾਇਆ ॥
آئی آگیا پِرہُ بُلائیا ॥

ਨਾ ਧਨ ਪੁਛੀ ਨ ਮਤਾ ਪਕਾਇਆ ॥

نا دھن پُچھی ن متا پکائیا ॥

ਊਠਿ ਸਿਧਾਇਓ ਛੂਟਰਿ ਮਾਟੀ
ਦੇਖੁ ਨਾਨਕ ਮਿਥਨ ਮੋਹਾਸਾ ਹੇ ॥੧੦॥

اوُٹھِ سِدھائِئو چھوُٹڑِ ماٹی
دیکھُ نانک مِتھن موہاسا ہے ॥ 10 ॥

ਰੇ ਮਨ ਲੋਭੀ ਸੁਣਿ ਮਨ ਮੇਰੇ ॥

رے من لوبھی سُنِ من میرے ۔ ॥

ਸਤਿਗੁਰੁ ਸੇਵਿ ਦਿਨੁ ਰਾਤਿ ਸਦੇਰੇ ॥

ستِگُرُ سیوِ دِنُ راتِ سدیرے ॥

ਬਿਨੁ ਸਤਿਗੁਰ ਪਚਿ ਮੂਏ ਸਾਕਤ
ਨਿਗੁਰੇ ਗਲਿ ਜਮ ਫਾਸਾ ਹੇ ॥੧੧॥

بِنُ ستِگُر پچِ موُئے ساکت
نِگُرے گلِ جم پھاسا ہے ॥ 11 ॥

ਮਨਮੁਖਿ ਆਵੈ ਮਨਮੁਖਿ ਜਾਵੈ ॥

منمُکھِ آوے منمُکھِ جاوے ॥

ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥

منمُکھِ پھِرِ پھِرِ چوٹا کھاوے ॥

ਜਿਤਨੇ ਨਰਕ ਸੇ ਮਨਮੁਖਿ ਭੋਗੈ
ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥

جِتنے نرک سے منمُکھِ بھوگے
گُرمُکھِ لیپُ ن ماشا ہے ॥ 12 ॥

ਗੁਰਮੁਖਿ ਸੋਇ ਜਿ ਹਰਿ ਜੀਉ ਭਾਇਆ ॥

گُرمُکھِ سوءِ جِ ہرِ جیِءُ بھائیا ॥

ਤਿਸੁ ਕਉਣੁ ਮਿਟਾਵੈ ਜਿ ਪ੍ਰਭਿ ਪਹਿਰਾਇਆ ॥

تِس کُنُ مِٹاوے جِ پربھِ پہرائیا ॥

ਸਦਾ ਅਨੰਦੁ ਕਰੇ ਆਨੰਦੀ
ਜਿਸੁ ਸਿਰਪਾਉ ਪਇਆ ਗਲਿ ਖਾਸਾ ਹੇ ॥੧੩॥

سدا انندُ کرے آنندی
جِسُ سِرپاءُ پئیا گلِ خاسا ہے ॥ 13 ॥

ਹਉ ਬਲਿਹਾਰੀ ਸਤਿਗੁਰ ਪੂਰੇ ॥

ہءُ بلِہاری ستِگُر پوُرے ॥

ਸਰਣਿ ਕੇ ਦਾਤੇ ਬਚਨ ਕੇ ਸੂਰੇ ॥

سرنِ کے داتے بچن کے سوُرے ॥

ਐਸਾ ਪ੍ਰਭੁ ਮਿਲਿਆ ਸੁਖਦਾਤਾ
ਵਿਛੁੜਿ ਨ ਕਤ ਹੀ ਜਾਸਾ ਹੇ ॥੧੪॥

ایَسا پربھُ مِلیا سُکھداتا
وِچھُڑِ ن کت ہی جاسا ہے ॥ 14 ॥

ਗੁਣ ਨਿਧਾਨ ਕਿਛੁ ਕੀਮ ਨ ਪਾਈ ॥

گُنُ نِدھان کِچھُ قِیم ن پائی ॥

ਘਟਿ ਘਟਿ ਪੂਰਿ ਰਹਿਓ ਸਭ ਠਾਈ ॥

گھٹِ گھٹِ پوُرِ رہِئو سبھ ٹھائی ॥

ਨਾਨਕ ਸਰਣਿ ਦੀਨ ਦੁਖ ਭੰਜਨ
ਹਉ ਰੇਣ ਤੇਰੇ ਜੋ ਦਾਸਾ ਹੇ ॥੧੫॥੧॥੨॥

نانک سرنِ دِین دُکھ بھنجن
ہءُ رینُ تیرے جو داسا ہے ॥ 15 ॥ 1 ॥ 2 ॥

ਮਾਰੂ ਸੋਲਹੇ ਮਹਲਾ ੫

مارُو سولہے محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਕਰੈ ਅਨੰਦੁ ਅਨੰਦੀ ਮੇਰਾ ॥

کرے انندُ انندی میرا ॥

ਘਟਿ ਘਟਿ ਪੂਰਨੁ ਸਿਰ ਸਿਰਹਿ ਨਿਬੇਰਾ ॥

گھٹِ گھٹِ پوُرنُ سِر سِرہِ نِبیرا ॥

ਸਿਰਿ ਸਾਹਾ ਕੈ ਸਚਾ ਸਾਹਿਬੁ
ਅਵਰੁ ਨਾਹੀ ਕੋ ਦੂਜਾ ਹੇ ॥੧॥

سِرِ ساہا کے سچا صاحِبُ
اورُ ناہی کو دوُجا ہے ॥1॥

ਹਰਖਵੰਤ ਆਨੰਤ ਦਇਆਲਾ ॥

ہرکھونّت آنّنت دیَالا ॥

ਪ੍ਰਗਟਿ ਰਹਿਓ ਪ੍ਰਭੁ ਸਰਬ ਉਜਾਲਾ ॥

پّرگٹِ رہِئو پّربھُ سرب اُجالا ॥

ਰੂਪ ਕਰੇ ਕਰਿ ਵੇਖੈ ਵਿਗਸੈ
ਆਪੇ ਹੀ ਆਪਿ ਪੂਜਾ ਹੇ ॥੨॥

روُپ کرے کرِ ویکھے وِگسے
آپے ہی آپِ پوُجا ہے ॥2॥

ਆਪੇ ਕੁਦਰਤਿ ਕਰੇ ਵੀਚਾਰਾ ॥

آپے قُدرتِ کرے وِیچارا ॥

ਆਪੇ ਹੀ ਸਚੁ ਕਰੇ ਪਸਾਰਾ ॥

آپے ہی سچُ کرے پسارا ॥

ਆਪੇ ਖੇਲ ਖਿਲਾਵੈ ਦਿਨੁ ਰਾਤੀ
ਆਪੇ ਸੁਣਿ ਸੁਣਿ ਭੀਜਾ ਹੇ ॥੩॥

آپے کھیل کھِلاوے دِنُ راتی
آپے سُنِ سُنِ بھیجا ہے ॥3॥

ਸਾਚਾ ਤਖਤੁ ਸਚੀ ਪਾਤਿਸਾਹੀ ॥

ساچا تختُ سچی پاتِشاہی ॥

ਸਚੁ ਖਜੀਨਾ ਸਾਚਾ ਸਾਹੀ ॥

سچُ خزِینا ساچا ساہی ॥

ਆਪੇ ਸਚੁ ਧਾਰਿਓ ਸਭੁ ਸਾਚਾ
ਸਚੇ ਸਚਿ ਵਰਤੀਜਾ ਹੇ ॥੪॥

آپے سچُ دھارِئو سبھُ ساچا
سچے سچِ ورتیجا ہے ॥4॥

ਸਚੁ ਤਪਾਵਸੁ ਸਚੇ ਕੇਰਾ ॥

سچُ تپاوسُ سچے کیرا ॥

ਸਾਚਾ ਥਾਨੁ ਸਦਾ ਪ੍ਰਭ ਤੇਰਾ ॥

ساچا تھانُ سدا پّربھ تیرا ॥

ਸਚੀ ਕੁਦਰਤਿ ਸਚੀ ਬਾਣੀ
ਸਚੁ ਸਾਹਿਬ ਸੁਖੁ ਕੀਜਾ ਹੇ ॥੫॥

سچی قُدرتِ سچی باٹی
سچُ صاحِب سُکھُ کیجا ہے ॥5॥

ਏਕੋ ਆਪਿ ਤੂਹੈ ਵਡ ਰਾਜਾ ॥

ایکو آپِ توُہے وڈ راجا ॥

ਹੁਕਮਿ ਸਚੇ ਕੈ ਪੂਰੇ ਕਾਜਾ ॥

حُکمِ سچے کے پوُرے کاجا ॥

ਅੰਤਰਿ ਬਾਹਰਿ ਸਭੁ ਕਿਛੁ ਜਾਣੈ

انّترِ باہرِ سبھُ کچھُ جاٹے

ਆਪੇ ਹੀ ਆਪਿ ਪਤੀਜਾ ਹੇ ॥੬॥

آپے ہی آپِ پتیجا ہے ॥6॥

ਤੂ ਵਡ ਰਸੀਆ ਤੂ ਵਡ ਭੋਗੀ ॥

توُ وڈ رسیِیا توُ وڈ بھوگی ॥

ਤੂ ਨਿਰਬਾਣੁ ਤੂਹੈ ਹੀ ਜੋਗੀ ॥

توُ نِربانُ توُہے ہی جوگی ॥

ਸਰਬ ਸੂਖ ਸਹਜ ਘਰਿ ਤੇਰੈ
ਅਮਿਉ ਤੇਰੀ ਦ੍ਰਿਸਟੀਜਾ ਹੇ ॥੭॥

سرب سوُکھ سہج گھرِ تیرے
امِءُ تیری دّرِسٹیجا ہے ॥7॥

ਤੇਰੀ ਦਾਤਿ ਤੁਝੈ ਤੇ ਹੋਵੈ ॥

تیری داتِ تُجھے تے ہووے ॥

ਦੇਹਿ ਦਾਨੁ ਸਭਸੈ ਜੰਤ ਲੋਐ ॥

دیہِ دانُ سبھسے جنّت لوے ॥

ਤੋਟਿ ਨ ਆਵੈ ਪੂਰ ਭੰਡਾਰੈ
ਤ੍ਰਿਪਤਿ ਰਹੇ ਆਘੀਜਾ ਹੇ ॥੮॥

توٹِ ن آوے پوُر بھنّڈارے
ترِپتِ رہے آگھیجا ہے ॥8॥

ਜਾਚਹਿ ਸਿਧ ਸਾਧਿਕ ਬਨਵਾਸੀ ॥

جاچہِ سِدھ سادھِک بنواسی ॥

ਜਾਚਹਿ ਜਤੀ ਸਤੀ ਸੁਖਵਾਸੀ ॥

جاچہِ جتی ستی سُکھواسی ॥

ਇਕੁ ਦਾਤਾਰੁ ਸਗਲ ਹੈ ਜਾਚਿਕ
ਦੇਹਿ ਦਾਨੁ ਸ੍ਰਿਸਟੀਜਾ ਹੇ ॥੯॥

اِکُ داتارُ سگل ہے جاچِک
دیہِ دانُ سّرِسٹیجا ہے ॥9॥

ਕਰਹਿ ਭਗਤਿ ਅਰੁ ਰੰਗ ਅਪਾਰਾ ॥

کرہِ بھگتِ ارُ رنگ اپارا ॥

ਖਿਨ ਮਹਿ ਥਾਪਿ ਉਥਾਪਨਹਾਰਾ ॥

کھِن مہِ تھاپِ اُتھاپنہارا ॥

ਭਾਰੋ ਤੋਲੁ ਬੇਅੰਤ ਸੁਆਮੀ
ਹੁਕਮੁ ਮੰਨਿ ਭਗਤੀਜਾ ਹੇ ॥੧੦॥

بھارو تولُ بیئنّت سُیامی
حُکمُ منّنِ بھگتیجا ہے ॥ 10 ॥

ਜਿਸੁ ਦੇਹਿ ਦਰਸੁ ਸੋਈ ਤੁਧੁ ਜਾਣੈ ॥

جِسُ دیہِ درسُ سوئی تُدھُ جانے ॥

ਓਹੁ ਗੁਰ ਕੈ ਸਬਦਿ ਸਦਾ ਰੰਗ ਮਾਣੈ ॥

اوہُ گُر کے سبدِ سدا رنگ مانے ॥

ਚਤੁਰੁ ਸਰੂਪੁ ਸਿਆਣਾ ਸੋਈ
ਜੋ ਮਨਿ ਤੇਰੈ ਭਾਵੀਜਾ ਹੇ ॥੧੧॥

چتُر سروُپُ سِیاٹا سوئی
جو منِ تیرے بھاویجا ہے ॥ 11 ॥

ਜਿਸੁ ਚੀਤਿ ਆਵਹਿ ਸੋ ਵੇਪਰਵਾਹਾ ॥

جِسُ چیِتِ آوہِ سو ویپرواہا ॥

ਜਿਸੁ ਚੀਤਿ ਆਵਹਿ ਸੋ ਸਾਚਾ ਸਾਹਾ ॥

جِسُ چیِتِ آوہِ سو ساچا ساہا ॥

ਜਿਸੁ ਚੀਤਿ ਆਵਹਿ ਤਿਸੁ ਭਉ ਕੇਹਾ

جِسُ چیِتِ آوہِ تِسُ بھءُ کیہا

ਅਵਰੁ ਕਹਾ ਕਿਛੁ ਕੀਜਾ ਹੇ ॥੧੨॥

اورُ کہا کچھُ کیِجا ہے ۔ ॥ 12 ॥

ਤ੍ਰਿਸਨਾ ਬੂਝੀ ਅੰਤਰੁ ਠੰਢਾ ॥

ترِسنا بُوجھی انترُ ٹھنڈھا ॥

ਗੁਰਿ ਪੂਰੈ ਲੈ ਤੂਟਾ ਗੰਢਾ ॥

گُرِ پوُرے لے توُٹا گنڈھا ॥

ਸੁਰਤਿ ਸਬਦੁ ਰਿਦ ਅੰਤਰਿ ਜਾਗੀ
ਅਮਿਉ ਝੋਲਿ ਝੋਲਿ ਪੀਜਾ ਹੇ ॥੧੩॥

سُرتِ سبدُ رِد انترِ جاگی
امِءُ جھولِ جھولِ پیِجا ہے ॥ 13 ॥

ਮਰੈ ਨਾਹੀ ਸਦ ਸਦ ਹੀ ਜੀਵੈ ॥

مرے ناہی سد سد ہی جیِوے ॥

ਅਮਰੁ ਭਇਆ ਅਬਿਨਾਸੀ ਥੀਵੈ ॥

امرُ بھئیا ابِناسی تھیِوے ॥

ਨਾ ਕੋ ਆਵੈ ਨਾ ਕੋ ਜਾਵੈ
ਗੁਰਿ ਦੂਰਿ ਕੀਆ ਭਰਮੀਜਾ ਹੇ ॥੧੪॥

نا کو آوے نا کو جاوے
گُرِ دوُرِ کیِیا بھرمیِجا ہے ॥ 14 ॥

ਪੂਰੇ ਗੁਰ ਕੀ ਪੂਰੀ ਬਾਣੀ ॥

پوُرے گُر کی پوُری باٹی ॥

ਪੂਰੈ ਲਾਗਾ ਪੂਰੇ ਮਾਹਿ ਸਮਾਣੀ ॥

پوُرے لاگا پوُرے ماہِ سماٹی ॥

ਚੜੈ ਸਵਾਇਆ ਨਿਤ ਨਿਤ ਰੰਗਾ
ਘਟੈ ਨਾਹੀ ਤੋਲੀਜਾ ਹੇ ॥੧੫॥

چڑے سوائیا نِت نِت رنگا
گھٹے ناہی تولیِجا ہے ॥ 15 ॥

ਬਾਰਹਾ ਕੰਚਨੁ ਸੁਧੁ ਕਰਾਇਆ ॥

بارہا کنچنُ سُدھُ کرائیا ॥

ਨਦਰਿ ਸਰਾਫ ਵੰਨੀ ਸਚੜਾਇਆ ॥

ندرِ صراف وننّی سچڑائیا ॥

ਪਰਖਿ ਖਜਾਨੈ ਪਾਇਆ ਸਰਾਫੀ
ਫਿਰਿ ਨਾਹੀ ਤਾਈਜਾ ਹੇ ॥੧੬॥

پرکھِ خزانے پائیا صرافی
پھرِ ناہی تائیِجا ہے ॥ 16 ॥

ਅੰਮ੍ਰਿਤ ਨਾਮੁ ਤੁਮਾਰਾ ਸੁਆਮੀ ॥

انمّرِت نامُ تُمارا سُیامی ॥

ਨਾਨਕ ਦਾਸ ਸਦਾ ਕੁਰਬਾਨੀ ॥

نانک داس سدا قُربانی ॥

ਸੰਤਸੰਗਿ ਮਹਾ ਸੁਖੁ ਪਾਇਆ
ਦੇਖਿ ਦਰਸਨੁ ਇਹੁ ਮਨੁ ਭੀਜਾ ਹੇ ॥੧੭॥੧॥੩॥

سنتسنگِ مہا سُکھُ پائیا
دیکھِ درسنُ اِہُ منُ بھیِجا ہے ॥ 17 ॥ 1 ॥ 3 ॥

ਮਾਰੂ ਮਹਲਾ ੫ ਸੋਲਹੇ

مارُو محلا 5 سولہے

ੴ ਸਤਿਗੁਰ ਪ੍ਰਸਾਦਿ

ੴ ستِگُر پرّسادِ

ਗੁਰੁ ਗੋਪਾਲੁ ਗੁਰੁ ਗੋਵਿੰਦਾ ॥
ਗੁਰੁ ਦਇਆਲੁ ਸਦਾ ਬਖਸਿੰਦਾ ॥
ਗੁਰੁ ਸਾਸਤ ਸਿਮ੍ਰਿਤਿ ਖਟੁ ਕਰਮਾ
ਗੁਰੁ ਪਵਿਤ੍ਰੁ ਅਸਥਾਨਾ ਹੇ ॥੧॥

ਗੁਰੁ ਸਿਮਰਤ ਸਭਿ ਕਿਲਵਿਖ ਨਾਸਹਿ ॥
ਗੁਰੁ ਸਿਮਰਤ ਜਮ ਸੰਗਿ ਨ ਫਾਸਹਿ ॥
ਗੁਰੁ ਸਿਮਰਤ ਮਨੁ ਨਿਰਮਲੁ ਹੋਵੈ
ਗੁਰੁ ਕਾਟੇ ਅਪਮਾਨਾ ਹੇ ॥੨॥

ਗੁਰ ਕਾ ਸੇਵਕੁ ਨਰਕਿ ਨ ਜਾਏ ॥
ਗੁਰ ਕਾ ਸੇਵਕੁ ਪਾਰਬ੍ਰਹਮੁ ਧਿਆਏ ॥
ਗੁਰ ਕਾ ਸੇਵਕੁ ਸਾਧਸੰਗੁ ਪਾਏ
ਗੁਰੁ ਕਰਦਾ ਨਿਤ ਜੀਅ ਦਾਨਾ ਹੇ ॥੩॥

ਗੁਰ ਦੁਆਰੈ ਹਰਿ ਕੀਰਤਨੁ ਸੁਣੀਐ ॥
ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ॥
ਕਲਿ ਕਲੇਸ ਮਿਟਾਏ ਸਤਿਗੁਰੁ
ਹਰਿ ਦਰਗਹ ਦੇਵੈ ਮਾਨਾਂ ਹੇ ॥੪॥

ਅਗਮੁ ਅਗੋਚਰੁ ਗੁਰੂ ਦਿਖਾਇਆ ॥
ਭੂਲਾ ਮਾਰਗਿ ਸਤਿਗੁਰਿ ਪਾਇਆ ॥
ਗੁਰ ਸੇਵਕ ਕਉ ਬਿਘਨੁ ਨ ਭਗਤੀ
ਹਰਿ ਪੂਰ ਦ੍ਰਿੜ੍ਹਾਇਆ ਗਿਆਨਾਂ ਹੇ ॥੫॥

ਗੁਰ ਦ੍ਰਿਸਟਾਇਆ ਸਭਨੀ ਠਾਂਈ ॥
ਜਲਿ ਥਲਿ ਪੂਰਿ ਰਹਿਆ ਗੋਸਾਈ ॥
ਊਚ ਊਨ ਸਭ ਏਕ ਸਮਾਨਾਂ
ਮਨਿ ਲਾਗਾ ਸਹਜਿ ਧਿਆਨਾ ਹੇ ॥੬॥

گُرُ گوپالُ گُرُ گووِندا ॥
گُرُ دئیالُ سدا بخشِندا ॥
گُرُ ساست سِمرِتِ کھٹُ کرما
گُرُ پوِتّرُ استھانا ہے ॥1॥

گُرُ سِمرت سبھِ کِلوِکھ ناسہِ ॥
گُرُ سِمرت جم سنگِ ن پھاسہِ ॥
گُرُ سِمرت منُ نِرملُ ہووے
گُرُ کاٹے اپمانا ہے ॥2॥

گُر کا سیوکُ نرکِ ن جائے ॥
گُر کا سیوکُ پاربّرہمُ دھِیائے ॥
گُر کا سیوکُ سادھسنگُ پائے
گُرُ کردا نِت جیء دانا ہے ॥3॥

گُر دُیارے ہرِ کیرتنُ سُنئیے ॥
ستِگُرُ بھیٹِ ہرِ جسُ مُکھِ بھنئیے ॥
کلِ کلیس مِٹائے ستِگُرُ
ہرِ درگہ دیوے ماناں ہے ॥4॥

اگمُ اگوچرُ گُرُو دِکھائیا ॥
بھوُلا مارگِ ستِگُرِ پائیا ॥
گُر سیوک کءُ بِگھنُ ن بھگتی
ہرِ پوُر دڑّہائیا گیاناں ہے ॥5॥

گُر دڑِسٹائیا سبھنی ٹھائنیِ ॥
جلِ تھلِ پوُرِ رہِیا گوسائیِ ॥
اوُچ اوُن سبھ ایک سماناں
منِ لاگا سہجِ دھِیانا ہے ॥6॥

ਗੁਰਿ ਮਿਲਿਐ ਸਭ ਤ੍ਰਿਸਨ ਬੁਝਾਈ ॥
گُرِ مِلِئے سبھ ترِسن بُجھائی ॥

ਗੁਰਿ ਮਿਲਿਐ ਨਹ ਜੋਹੈ ਮਾਈ ॥
گُرِ مِلِئے نہ جوہے مائی ॥

ਸਤੁ ਸੰਤੋਖੁ ਦੀਆ ਗੁਰਿ ਪੂਰੈ
ਨਾਮੁ ਅੰਮ੍ਰਿਤੁ ਪੀ ਪਾਨਾਂ ਹੇ ॥੭॥
ستُ سنتوکھُ دِیا گُرِ پُورے
نامُ انمرِتُ پی پاناں ہے ॥7॥

ਗੁਰ ਕੀ ਬਾਣੀ ਸਭ ਮਾਹਿ ਸਮਾਣੀ ॥
گُر کی بانی سبھ ماہِ سمانی ॥

ਆਪਿ ਸੁਣੀ ਤੈ ਆਪਿ ਵਖਾਣੀ ॥
آپِ سُنی تے آپِ وکھانی ॥

ਜਿਨਿ ਜਿਨਿ ਜਪੀ ਤੇਈ ਸਭਿ ਨਿਸਤ੍ਰੇ
ਤਿਨ ਪਾਇਆ ਨਿਹਚਲ ਥਾਨਾਂ ਹੇ ॥੮॥
جِنِ جِنِ جپی تیئی سبھِ نِستّرے
تِن پائیا نِہچل تھاناں ہے ॥8॥

ਸਤਿਗੁਰ ਕੀ ਮਹਿਮਾ ਸਤਿਗੁਰੁ ਜਾਣੈ ॥
ستِگُر کی مہِما ستِگُر جانے ॥

ਜੋ ਕਿਛੁ ਕਰੇ ਸੁ ਆਪਣ ਭਾਣੈ ॥
جو کِچھُ کرے سُ آپنے بھانے ॥

ਸਾਧੂ ਧੂਰਿ ਜਾਚਹਿ ਜਨ ਤੇਰੇ
ਨਾਨਕ ਸਦ ਕੁਰਬਾਨਾਂ ਹੇ ॥੯॥੧॥੪॥
سادھوُ دھوُرِ جاچہِ جن تیرے
نانک سد قُرباناں ہے ॥9॥1॥4॥

ਮਾਰੂ ਸੋਲਹੇ ਮਹਲਾ ੫
مارُو سولہے محلا 5

ੴ ਸਤਿਗੁਰ ਪ੍ਰਸਾਦਿ ॥
ੴ ستِگُر پرسادِ ॥

ਆਦਿ ਨਿਰੰਜਨੁ ਪ੍ਰਭੁ ਨਿਰੰਕਾਰਾ ॥
آدِ نِرنجنُ پربھُ نِرنکارا ॥

ਸਭ ਮਹਿ ਵਰਤੈ ਆਪਿ ਨਿਰਾਰਾ ॥
سبھ مہِ ورتے آپِ نِرارا ॥

ਵਰਨੁ ਜਾਤਿ ਚਿਹਨੁ ਨਹੀ ਕੋਈ
ਸਭ ਹੁਕਮੇ ਸ੍ਰਿਸਟਿ ਉਪਾਇਦਾ ॥੧॥
ورنُ زاتِ چِہنُ نہی کوئی
سبھ حُکمے سرِسٹِ اُپائِدا ॥1॥

ਲਖ ਚਉਰਾਸੀਹ ਜੋਨਿ ਸਬਾਈ ॥
لکھ چُراسیہ جونِ سبائی ॥

ਮਾਣਸ ਕਉ ਪ੍ਰਭਿ ਦੀਈ ਵਡਿਆਈ ॥
مانُس کءُ پربھِ دیئی وڈیائی ॥

ਇਸੁ ਪਉੜੀ ਤੇ ਜੋ ਨਰੁ ਚੂਕੈ
ਸੋ ਆਇ ਜਾਇ ਦੁਖੁ ਪਾਇਦਾ ॥੨॥
اِسُ پئڑی تے جو نرُ چوُکے
سو آءِ جاءِ دُکھُ پائِدا ॥2॥

ਕੀਤਾ ਹੋਵੈ ਤਿਸੁ ਕਿਆ ਕਹੀਐ ॥
کِیتا ہووے تِسُ کیا کہیئے ۔ ॥

ਗੁਰਮੁਖਿ ਨਾਮੁ ਪਦਾਰਥੁ ਲਹੀਐ ॥

گُرمُکھِ نامُ پدارتھُ لہیئے ॥

ਜਿਸੁ ਆਪਿ ਭੁਲਾਏ ਸੋਈ ਭੂਲੈ
ਸੋ ਬੂਝੈ ਜਿਸਹਿ ਬੁਝਾਇਦਾ ॥੩॥

جِسُ آپِ بھُلائے سوئی بھوُلے
سو بوُجھے جِسہِ بُجھائِدا ॥3॥

ਹਰਖ ਸੋਗ ਕਾ ਨਗਰੁ ਇਹੁ ਕੀਆ ॥

ہرکھ سوگ کا نگرُ اِہُ کِیا ॥

ਸੇ ਉਬਰੇ ਜੋ ਸਤਿਗੁਰ ਸਰਣੀਆ ॥

سے اُبرے جو ستِگُر سرنِیا ॥

ਤ੍ਰਿਹਾ ਗੁਣਾ ਤੇ ਰਹੈ ਨਿਰਾਰਾ
ਸੋ ਗੁਰਮੁਖਿ ਸੋਭਾ ਪਾਇਦਾ ॥੪॥

ترِہا گُٹا تے رہے نِرارا
سو گُرمُکھِ سوبھا پائِدا ॥4॥

ਅਨਿਕ ਕਰਮ ਕੀਏ ਬਹੁਤੇਰੇ ॥

اِنک کرم کیئے بہتیرے ॥

ਜੋ ਕੀਜੈ ਸੋ ਬੰਧਨੁ ਪੈਰੇ ॥

جو کیجے سو بندھنُ پیرے ॥

ਕੁਰੁਤਾ ਬੀਜੁ ਬੀਜੇ ਨਹੀ ਜੰਮੈ
ਸਭੁ ਲਾਹਾ ਮੂਲੁ ਗਵਾਇਦਾ ॥੫॥

کُرتا بیجُ بیجے نہی جنّمے
سبھُ لاہا مؤلُ گوائِدا ॥5॥

ਕਲਜੁਗ ਮਹਿ ਕੀਰਤਨੁ ਪਰਧਾਨਾ ॥

کلجُگ مہِ کیرتنُ پردھانا ॥

ਗੁਰਮੁਖਿ ਜਪੀਐ ਲਾਇ ਧਿਆਨਾ ॥

گُرمُکھِ جپیئے لاءِ دھیانا ॥

ਆਪਿ ਤਰੈ ਸਗਲੇ ਕੁਲ ਤਾਰੇ
ਹਰਿ ਦਰਗਹ ਪਤਿ ਸਿਉ ਜਾਇਦਾ ॥੬॥

آپِ ترے سگلے کُل تارے
ہرِ درگہ پتِ سِءُ جائِدا ॥6॥

ਖੰਡ ਪਤਾਲ ਦੀਪ ਸਭਿ ਲੋਆ ॥

کھنڈ پتال دیپ سبھِ لویا ॥

ਸਭਿ ਕਾਲੈ ਵਸਿ ਆਪਿ ਪ੍ਰਭਿ ਕੀਆ ॥

سبھِ کالے وسِ آپِ پربھِ کِیا ॥

ਨਿਹਚਲੁ ਏਕੁ ਆਪਿ ਅਬਿਨਾਸੀ
ਸੋ ਨਿਹਚਲੁ ਜੋ ਤਿਸਹਿ ਧਿਆਇਦਾ ॥੭॥

نِہچلُ ایکُ آپِ ابِناسی
سو نِہچلُ جو تِسہِ دھیائِدا ॥7॥

ਹਰਿ ਕਾ ਸੇਵਕੁ ਸੋ ਹਰਿ ਜੇਹਾ ॥

ہرِ کا سیوکُ سو ہرِ جیہا ॥

ਭੇਦੁ ਨ ਜਾਣਹੁ ਮਾਣਸ ਦੇਹਾ ॥

بھیدُ ن جانہُ مانُس دیہا ॥

ਜਿਉ ਜਲ ਤਰੰਗ ਉਠਹਿ ਬਹੁ ਭਾਤੀ
ਫਿਰਿ ਸਲਲੈ ਸਲਲ ਸਮਾਇਦਾ ॥੮॥

جِءُ جل ترنگ اُٹھہِ بہُ بھاتی
پھِرِ سللے سلل سمائِدا ॥8॥

ਇਕੁ ਜਾਚਿਕੁ ਮੰਗੈ ਦਾਨੁ ਦੁਆਰੈ ॥

اِکُ جاچِکُ منگے دانُ دُیارے ॥

ਜਾ ਪ੍ਰਭ ਭਾਵੈ ਤਾ ਕਿਰਪਾ ਧਾਰੈ ॥

جا پربھ بھاوے تا کرپا دھارے ॥

ਦੇਹੁ ਦਰਸੁ ਜਿਤੁ ਮਨੁ ਤ੍ਰਿਪਤਾਸੈ
ਹਰਿ ਕੀਰਤਨਿ ਮਨੁ ਠਹਰਾਇਦਾ ॥੯॥

دیہُ درسُ جِتُ منُ ترِپتاسے
ہرِ کیرتنِ منُ ٹھہرائِدا ॥ 9 ॥

ਰੂੜੋ ਠਾਕੁਰੁ ਕਿਤੈ ਵਸਿ ਨ ਆਵੈ ॥

روڑو ٹھاکُرُ کِتے وسِ ن آوے ॥

ਹਰਿ ਸੋ ਕਿਛੁ ਕਰੇ
ਜਿ ਹਰਿ ਕਿਆ ਸੰਤਾ ਭਾਵੈ ॥

ہرِ سو کِچھُ کرے
جِ ہرِ کیا سنتا بھاوے ॥

ਕੀਤਾ ਲੋੜਨਿ ਸੋਈ ਕਰਾਇਨਿ
ਦਰਿ ਫੇਰੁ ਨ ਕੋਈ ਪਾਇਦਾ ॥੧੦॥

کیتا لوڑنِ سوئی کرائِنِ
درِ پھیرُ ن کوئی پائِدا ॥ 10 ॥

ਜਿਥੈ ਅਉਘਟੁ ਆਇ ਬਨਤੁ ਹੈ ਪ੍ਰਾਣੀ ॥

جِتھے انگھٹُ آءِ بنتُ ہے پراٹی ॥

ਤਿਥੈ ਹਰਿ ਧਿਆਈਐ ਸਾਰਿੰਗਪਾਣੀ ॥

تِتھے ہرِ دھیائیے سارنگپانٹی ॥

ਜਿਥੈ ਪੁਤ੍ਰੁ ਕਲਤ੍ਰੁ ਨ ਬੇਲੀ ਕੋਈ
ਤਿਥੈ ਹਰਿ ਆਪਿ ਛਡਾਇਦਾ ॥੧੧॥

جِتھے پُتّر کلتّر ن بیلی کوئی
تِتھے ہرِ آپِ چھڈائِدا ॥ 11 ॥

ਵਡਾ ਸਾਹਿਬੁ ਅਗਮ ਅਥਾਹਾ ॥

وڈا صاحِبُ اگم اتھاہا ॥

ਕਿਉ ਮਿਲੀਐ ਪ੍ਰਭ ਵੇਪਰਵਾਹਾ ॥

کِءُ مِلیئے پربھ ویپرواہا ॥

ਕਾਟਿ ਸਿਲਕ ਜਿਸੁ ਮਾਰਗਿ ਪਾਏ
ਸੋ ਵਿਚਿ ਸੰਗਤਿ ਵਾਸਾ ਪਾਇਦਾ ॥੧੨॥

کاٹِ سِلک جِسُ مارگِ پائے
سو وِچِ سنگتِ واسا پائِدا ॥ 12 ॥

ਹੁਕਮੁ ਬੂਝੈ ਸੋ ਸੇਵਕੁ ਕਹੀਐ ॥

حُکمُ بوُجھے سو سیوکُ کہیئے ॥

ਬੁਰਾ ਭਲਾ ਦੁਇ ਸਮਸਰਿ ਸਹੀਐ ॥

بُرا بھلا دُءِ سمسرِ سہیئے ॥

ਹਉਮੈ ਜਾਇ ਤ ਏਕੋ ਬੂਝੈ
ਸੋ ਗੁਰਮੁਖਿ ਸਹਜਿ ਸਮਾਇਦਾ ॥੧੩॥

ہئمے جاءِ ت ایکو بوُجھے
سو گُرمُکھِ سہجِ سمائِدا ॥ 13 ॥

ਹਰਿ ਕੇ ਭਗਤ ਸਦਾ ਸੁਖਵਾਸੀ ॥

ہرِ کے بھگت سدا سُکھواسی ॥

ਬਾਲ ਸੁਭਾਇ ਅਤੀਤ ਉਦਾਸੀ ॥

بال سُبھاءِ اتیت اُداسی ॥

ਅਨਿਕ ਰੰਗ ਕਰਹਿ ਬਹੁ ਭਾਤੀ
ਜਿਉ ਪਿਤਾ ਪੂਤੁ ਲਾਡਾਇਦਾ ॥੧੪॥

انِک رنگ کرہِ بہُ بھاتی
جِءُ پِتا پوُتُ لاڈائِدا ॥ 14 ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਅਗਮ ਅਗੋਚਰੁ ਕੀਮਤਿ ਨਹੀ ਪਾਈ ॥

اگم اگوچرُ قیمتِ نہی پائی ॥

ਤਾ ਮਿਲੀਐ ਜਾ ਲਏ ਮਿਲਾਈ ॥

تا مِلیئے جا لئے مِلائی ॥

ਗੁਰਮੁਖਿ ਪ੍ਰਗਟੁ ਭਇਆ ਤਿਨ ਜਨ ਕਉ
ਜਿਨ ਧੁਰਿ ਮਸਤਕਿ ਲੇਖੁ ਲਿਖਾਇਦਾ ॥੧੫॥

گُرمُکھِ پرّگٹُ بھئیا تِن جن ک ءُ
جِن دھُرِ مستکِ لیکھُ لِکھائِدا ॥ 15 ॥

ਤੂ ਆਪੇ ਕਰਤਾ ਕਾਰਣ ਕਰਣਾ ॥

توُ آپے کرتا کارنُ کرٹا ॥

ਸ੍ਰਿਸਟਿ ਉਪਾਇ ਧਰੀ ਸਭ ਧਰਣਾ ॥

سّرِسٹِ اُپاءِ دھری سبھ دھرٹا ॥

ਜਨ ਨਾਨਕੁ ਸਰਣਿ ਪਇਆ ਹਰਿ ਦੁਆਰੈ
ਹਰਿ ਭਾਵੈ ਲਾਜ ਰਖਾਇਦਾ ॥੧੬॥੧॥੫॥

جن نانکُ سرنِٹ پئیا ہرِ دُیارے
ہرِ بھاوے لاج رکھائِدا ॥ 16 ॥ 1 ॥ 5 ॥

ਮਾਰੂ ਸੋਲਹੇ ਮਹਲਾ ੫

مارُو سولہے محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਜੋ ਦੀਸੈ ਸੋ ਏਕੋ ਤੂਹੈ ॥

جو دیسے سو ایکو توُہے ॥

ਬਾਣੀ ਤੇਰੀ ਸ੍ਰਵਣਿ ਸੁਣੀਐ ॥

بانٹی تیری سّروٹِ سُنٹیئے ॥

ਦੂਜੀ ਅਵਰ ਨ ਜਾਪਸਿ ਕਾਈ
ਸਗਲ ਤੁਮਾਰੀ ਧਾਰਣਾ ॥੧॥

دوُجی اور ن جاپس کائی
سگل تُماری دھارٹا ॥ 1 ॥

ਆਪਿ ਚਿਤਾਰੇ ਅਪਣਾ ਕੀਆ ॥

آپِ چِتارے اپٹا کِیا ॥

ਆਪੇ ਆਪਿ ਆਪਿ ਪ੍ਰਭੁ ਥੀਆ ॥

آپے آپِ آپِ پربھُ تھِیا ॥

ਆਪਿ ਉਪਾਇ ਰਚਿਓਨੁ ਪਸਾਰਾ
ਆਪੇ ਘਟਿ ਘਟਿ ਸਾਰਣਾ ॥੨॥

آپِ اُپاءِ رچِئونُ پسارا
آپے گھٹِ گھٹِ سارٹا ॥ 2 ॥

ਇਕਿ ਉਪਾਏ ਵਡ ਦਰਵਾਰੀ ॥

اِکِ اُپائے وڈ درواری ॥

ਇਕਿ ਉਦਾਸੀ ਇਕਿ ਘਰ ਬਾਰੀ ॥

اِکِ اُداسی اِکِ گھر باری ॥

ਇਕਿ ਭੂਖੇ ਇਕਿ ਤ੍ਰਿਪਤਿ ਅਘਾਏ
ਸਭਸੈ ਤੇਰਾ ਪਾਰਣਾ ॥੩॥

اِکِ بھوُکھے اِکِ ترّپتِ اگھائے
سبھسے تیرا پارٹا ॥ 3 ॥

ਆਪੇ ਸਤਿ ਸਤਿ ਸਤਿ ਸਾਚਾ ॥

آپے ستِ ستِ ستِ ساچا ॥

ਓਤਿ ਪੋਤਿ ਭਗਤਨ ਸੰਗਿ ਰਾਚਾ ॥
اوتِ پوتِ بھگتن سنگِ راچا ॥

ਆਪੇ ਗੁਪਤੁ ਆਪੇ ਹੈ ਪਰਗਟੁ
ਅਪਣਾ ਆਪੁ ਪਸਾਰਣਾ ॥੪॥
آپے گُپتُ آپے ہے پرگٹُ
اپنا آپُ پسارنا ॥4॥

ਸਦਾ ਸਦਾ ਸਦ ਹੋਵਣਹਾਰਾ ॥
سدا سدا سد ہووَنہارا ॥

ਊਚਾ ਅਗਮੁ ਅਥਾਹੁ ਅਪਾਰਾ ॥
اوُچا اگمُ اتھاہُ اپارا ॥

ਊਣੇ ਭਰੇ ਭਰੇ ਭਰਿ ਊਣੇ
ਏਹਿ ਚਲਤ ਸੁਆਮੀ ਕੇ ਕਾਰਣਾ ॥੫॥
اوُنے بھرے بھرے بھرِ اوُنے
ایہِ چلت سُیامی کے کارنا ॥5॥

ਮੁਖਿ ਸਾਲਾਹੀ ਸਚੇ ਸਾਹਾ ॥
مُکھِ سالاہی سچے ساہا ۔ ॥

ਨੈਣੀ ਪੇਖਾ ਅਗਮ ਅਥਾਹਾ ॥
نیَنی پیکھا اگم اتھاہا ۔ ॥

ਕਰਨੀ ਸੁਣਿ ਸੁਣਿ ਮਨੁ ਤਨੁ ਹਰਿਆ
ਮੇਰੇ ਸਾਹਿਬ ਸਗਲ ਉਧਾਰਣਾ ॥੬॥
کرنی سُنِ سُنِ منُ تنُ ہریا
میرے صاحِب سگل اُدھارنا ॥6॥

ਕਰਿ ਕਰਿ ਵੇਖਹਿ ਕੀਤਾ ਅਪਣਾ ॥
کرِ کرِ ویکھہِ کِیتا اپنا ॥

ਜੀਅ ਜੰਤ ਸੋਈ ਹੈ ਜਪਣਾ ॥
جیء جنّت سوئی ہے جپنا ॥

ਅਪਣੀ ਕੁਦਰਤਿ ਆਪੇ ਜਾਣੈ
ਨਦਰੀ ਨਦਰਿ ਨਿਹਾਲਣਾ ॥੭॥
اپنی قُدرتِ آپے جانے
ندری ندرِ نِہالنا ॥7॥

ਸੰਤ ਸਭਾ ਜਹ ਬੈਸਹਿ ਪ੍ਰਭ ਪਾਸੇ ॥
سنّت سبھا جہ بیَسہِ پربھ پاسے ॥

ਅਨੰਦ ਮੰਗਲ ਹਰਿ ਚਲਤ ਤਮਾਸੇ ॥
انند منگل ہرِ چلت تماشے ॥

ਗੁਣ ਗਾਵਹਿ ਅਨਹਦ ਧੁਨਿ ਬਾਣੀ
ਤਹ ਨਾਨਕ ਦਾਸੁ ਚਿਤਾਰਣਾ ॥੮॥
گُن گاوہِ انہد دھُنِ بانی
تہ نانک داسُ چِتارنا ॥8॥

ਆਵਣੁ ਜਾਣਾ ਸਭੁ ਚਲਤੁ ਤੁਮਾਰਾ ॥
آونُ جانا سبھُ چلتُ تُمارا ॥

ਕਰਿ ਕਰਿ ਦੇਖੈ ਖੇਲੁ ਅਪਾਰਾ ॥
کرِ کرِ دیکھے کھیلُ اپارا ॥

ਆਪਿ ਉਪਾਏ ਉਪਾਵਣਹਾਰਾ
ਅਪਣਾ ਕੀਆ ਪਾਲਣਾ ॥੯॥
آپِ اُپائے اُپاونہارا
اپنا کِیا پالنا ॥9॥

ਸੁਣਿ ਸੁਣਿ ਜੀਵਾ ਸੋਇ ਤੁਮਾਰੀ ॥
سُنِ سُنِ جیوا سوءِ تُماری ॥

ਸਦਾ ਸਦਾ ਜਾਈ ਬਲਿਹਾਰੀ ॥

سدا سدا جائی بلِہاری ॥

ਦੁਇ ਕਰ ਜੋੜਿ ਸਿਮਰਉ ਦਿਨੁ ਰਾਤੀ
ਮੇਰੇ ਸੁਆਮੀ ਅਗਮ ਅਪਾਰਣਾ ॥੧੦॥

دُءِ کر جوڑِ سِمرءُ دِنُ راتی
میرے سُیامی اگم اپارٹا ॥ 10 ॥

ਤੁਧੁ ਬਿਨੁ ਦੂਜੇ ਕਿਸੁ ਸਾਲਾਹੀ ॥

تُدھُ بِنُ دوُجے کِسُ سالاحی ۔ ॥

ਏਕੋ ਏਕੁ ਜਪੀ ਮਨ ਮਾਹੀ ॥

ایکو ایکُ جپی من ماہی ॥

ਹੁਕਮੁ ਬੂਝਿ ਜਨ ਭਏ ਨਿਹਾਲਾ
ਇਹ ਭਗਤਾ ਕੀ ਘਾਲਣਾ ॥੧੧॥

ہُکم بُوجھِ جن بھےَ نِہالا
اِہ بھگتا کی گھالٹا ॥ 11 ॥

ਗੁਰ ਉਪਦੇਸਿ ਜਪੀਐ ਮਨਿ ਸਾਚਾ ॥

گُر اُپدیسِ جپیئے منِ ساچا ॥

ਗੁਰ ਉਪਦੇਸਿ ਰਾਮ ਰੰਗਿ ਰਾਚਾ ॥

گُر اُپدیسِ رام رنگِ راچا ॥

ਗੁਰ ਉਪਦੇਸਿ ਤੁਟਹਿ ਸਭਿ ਬੰਧਨ
ਇਹੁ ਭਰਮੁ ਮੋਹੁ ਪਰਜਾਲਣਾ ॥੧੨॥

گُر اُپدیسِ ٹُٹہِ سبھِ بندھن
اِہُ بھرمُ موہُ پرجالٹا ॥ 12 ॥

ਜਹ ਰਾਖੈ ਸੋਈ ਸੁਖ ਥਾਨਾ ॥

جہ راکھےَ سوئی سُکھ تھانا ॥

ਸਹਜੇ ਹੋਇ ਸੋਈ ਭਲ ਮਾਨਾ ॥

سہجے ہوءِ سوئی بھل مانا ॥

ਬਿਨਸੇ ਬੈਰ ਨਾਹੀ ਕੋ ਬੈਰੀ
ਸਭੁ ਏਕੋ ਹੈ ਭਾਲਣਾ ॥੧੩॥

بِنسے بیَر ناہی کو بیَری
سبھُ ایکو ہےَ بھالٹا ॥ 13 ॥

ਡਰ ਚੂਕੇ ਬਿਨਸੇ ਅੰਧਿਆਰੇ ॥

ڈر چوُکے بِنسے اندھِیارے ॥

ਪ੍ਰਗਟ ਭਏ ਪ੍ਰਭ ਪੁਰਖ ਨਿਰਾਰੇ ॥

پرّگٹ بھےَ پرّبھ پُرکھ نِرارے ॥

ਆਪੁ ਛੋਡਿ ਪਏ ਸਰਣਾਈ
ਜਿਸ ਕਾ ਸਾ ਤਿਸੁ ਘਾਲਣਾ ॥੧੪॥

آپُ چھوڈِ پےَ سرٹائی
جِس کا سا تِسُ گھالٹا ॥ 14 ॥

ਐਸਾ ਕੋ ਵਡਭਾਗੀ ਆਇਆ ॥

ایَسا کو وڈبھاگی آئیا ॥

ਆਠ ਪਹਰ ਜਿਨਿ ਖਸਮੁ ਧਿਆਇਆ ॥

آٹھ پہر جِنِ خصمُ دھِیائیا ॥

ਤਿਸੁ ਜਨ ਕੈ ਸੰਗਿ ਤਰੈ ਸਭੁ ਕੋਈ
ਸੋ ਪਰਵਾਰ ਸਧਾਰਣਾ ॥੧੫॥

تِسُ جن کے سنگِ ترے سبھُ کوئی
سو پروار سدھارٹا ॥ 15 ॥

ਇਹ ਬਖਸੀਸ ਖਸਮ ਤੇ ਪਾਵਾ ॥

اِہ بخشِیس خصم تے پاوا ॥

ਆਠ ਪਹਰ ਕਰ ਜੋੜਿ ਧਿਆਵਾ ॥
آٹھ پہر کر جوڑِ دھیاوا ॥

ਨਾਮੁ ਜਪੀ ਨਾਮਿ ਸਹਜਿ ਸਮਾਵਾ
ਨਾਮੁ ਨਾਨਕ ਮਿਲੈ ਉਚਾਰਣਾ ॥੧੬॥੧॥੬॥
نامُ جپی نامِ سہجِ سماوا
نامُ نانک مِلے اُچارٹا ॥ 16 ॥ 1 ॥ 6 ॥

ਮਾਰੂ ਮਹਲਾ ੫ ॥
مارُو محلا 5 ॥

ਸੂਰਤਿ ਦੇਖਿ ਨ ਭੂਲੁ ਗਵਾਰਾ ॥
صوُرتِ دیکھِ ن بھوُلُ گوارا ॥

ਮਿਥਨ ਮੋਹਾਰਾ ਝੂਠੁ ਪਸਾਰਾ ॥
مِتھن موہارا جھوُٹھُ پسارا ॥

ਜਗ ਮਹਿ ਕੋਈ ਰਹਣੁ ਨ ਪਾਏ
ਨਿਹਚਲੁ ਏਕੁ ਨਾਰਾਇਣਾ ॥੧॥
جگ مہِ کوئی رہنُ ن پائے
نِہچلُ ایکُ نارائِنٹا ॥ 1 ॥

ਗੁਰ ਪੂਰੇ ਕੀ ਪਉ ਸਰਣਾਈ ॥
گُر پوُرے کی پ ءُ سرنٹائی ॥

ਮੋਹੁ ਸੋਗੁ ਸਭੁ ਭਰਮੁ ਮਿਟਾਈ ॥
موہُ سوگُ سبھُ بھرمُ مِٹائی ॥

ਏਕੋ ਮੰਤ੍ਰੁ ਦ੍ਰਿੜਾਏ ਅਉਖਧੁ
ਸਚੁ ਨਾਮੁ ਰਿਦ ਗਾਇਣਾ ॥੨॥
ایکو منّتر دڑِڑائے انکھدھُ
سچُ نامُ رِد گائِنٹا ॥ 2 ॥

ਜਿਸੁ ਨਾਮੈ ਕਉ ਤਰਸਹਿ ਬਹੁ ਦੇਵਾ ॥
جِسُ نامے ک ءُ ترسہِ بہُ دیوا ॥

ਸਗਲ ਭਗਤ ਜਾ ਕੀ ਕਰਦੇ ਸੇਵਾ ॥
سگل بھگت جا کی کردے سیوا ॥

ਅਨਾਥਾ ਨਾਥੁ ਦੀਨ ਦੁਖ ਭੰਜਨੁ
ਸੋ ਗੁਰ ਪੂਰੇ ਤੇ ਪਾਇਣਾ ॥੩॥
اناتھا ناتھُ دِین دُکھ بھنّجنُ
سو گُر پوُرے تے پائِنٹا ॥ 3 ॥

ਹੋਰੁ ਦੁਆਰਾ ਕੋਇ ਨ ਸੂਝੈ ॥
ہوُرُ دُیارا کوءِ ن سوُجھے ॥

ਤ੍ਰਿਭਵਣ ਧਾਵੈ ਤਾ ਕਿਛੁ ਨ ਬੂਝੈ ॥
تّرِبھونٹ دھاوے تا کِچھوُ ن بوُجھے ॥

ਸਤਿਗੁਰੁ ਸਾਹੁ ਭੰਡਾਰੁ ਨਾਮੁ ਜਿਸੁ
ਇਹੁ ਰਤਨੁ ਤਿਸੈ ਤੇ ਪਾਇਣਾ ॥੪॥
ستِگُرُ ساہُ بھنڈارُ نامُ جِسُ
اِہُ رتنُ تِسے تے پائِنٹا ॥ 4 ॥

ਜਾ ਕੀ ਧੂਰਿ ਕਰੇ ਪੁਨੀਤਾ ॥
جا کی دھوُرِ کرے پُنیتا ॥

ਸੁਰਿ ਨਰ ਦੇਵ ਨ ਪਾਵਹਿ ਮੀਤਾ ॥
سُرِ نر دیو ن پاوہِ مِیتا ۔ ॥

ਸਤਿ ਪੁਰਖੁ ਸਤਿਗੁਰੁ ਪਰਮੇਸਰੁ
ਜਿਸੁ ਭੇਟਤ ਪਾਰਿ ਪਰਾਇਣਾ ॥੫॥
ستِ پُرکھُ ستِگُرُ پریسرُ
جِسُ بھیٹت پارِ پرائِنٹا ॥ 5 ॥

ਪਾਰਜਾਤੁ ਲੋੜਹਿ ਮਨ ਪਿਆਰੇ ॥
پارجاتُ لوڑہِ من پیارے ۔ ॥

ਕਾਮਧੇਨੁ ਸੋਹੀ ਦਰਬਾਰੇ ॥
کامدھینُ سوہی دربارے ॥

ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ
ਨਾਮੁ ਕਮਾਇ ਰਸਾਇਣਾ ॥੬॥
تّرِپتِ سنّتوکھُ سیوا گُر پوُرے
نامُ کماءِ رسائِنّا ॥6॥

ਗੁਰ ਕੈ ਸਬਦਿ ਮਰਹਿ ਪੰਚ ਧਾਤੂ ॥
گُر کے سبدِ مرہِ پنّچ دھاتوُ ॥

ਭੈ ਪਾਰਬ੍ਰਹਮ ਹੋਵਹਿ ਨਿਰਮਲਾ ਤੂ ॥
بھے پاربّرہم ہووہِ نِرملا توُ ॥

ਪਾਰਸੁ ਜਬ ਭੇਟੈ ਗੁਰੁ ਪੂਰਾ
ਤਾ ਪਾਰਸੁ ਪਰਸਿ ਦਿਖਾਇਣਾ ॥੭॥
پارسُ جب بھیٹے گُرُ پوُرا
تا پارسُ پرسِ دِکھائِنّا ॥7॥

ਕਈ ਬੈਕੁੰਠ ਨਾਹੀ ਲਵੈ ਲਾਗੇ ॥
کئی بیکُنّٹھ ناہی لوے لاگے ॥

ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥
مُکتِ بپڑی بھی گیانی تِیاگے ॥

ਏਕੰਕਾਰੁ ਸਤਿਗੁਰ ਤੇ ਪਾਈਐ
ਹਉ ਬਲਿ ਬਲਿ ਗੁਰ ਦਰਸਾਇਣਾ ॥੮॥
ایکنّکارُ ستِگُر تے پائیئے
ہءُ بلِ بلِ گُر درسائِنّا ॥8॥

ਗੁਰ ਕੀ ਸੇਵ ਨ ਜਾਣੈ ਕੋਈ ॥
گُر کی سیو ن جانّے کوئی ॥

ਗੁਰੁ ਪਾਰਬ੍ਰਹਮੁ ਅਗੋਚਰੁ ਸੋਈ ॥
گُرُ پاربّرہمُ اگوچرُ سوئی ॥

ਜਿਸ ਨੋ ਲਾਇ ਲਏ ਸੋ ਸੇਵਕੁ
ਜਿਸੁ ਵਡਭਾਗ ਮਥਾਇਣਾ ॥੯॥
جِس نو لاءِ لے سو سیوکُ
جِسُ وڈبھاگ متھائِنّا ॥9॥

ਗੁਰ ਕੀ ਮਹਿਮਾ ਬੇਦ ਨ ਜਾਣਹਿ ॥
گُر کی مہما بید ن جانّہِ ॥

ਤੁਛ ਮਾਤ ਸੁਣਿ ਸੁਣਿ ਵਖਾਣਹਿ ॥
تُچھ مات سُنّ سُنّ وکھانّہِ ॥

ਪਾਰਬ੍ਰਹਮ ਅਪਰੰਪਰ ਸਤਿਗੁਰ
ਜਿਸੁ ਸਿਮਰਤ ਮਨੁ ਸੀਤਲਾਇਣਾ ॥੧੦॥
پاربّرہم اپرنّپر ستِگُر
جِسُ سِمرت منُ سیتلائِنّا ॥ 10 ॥

ਜਾ ਕੀ ਸੋਇ ਸੁਣੀ ਮਨੁ ਜੀਵੈ ॥
جا کی سوءِ سُنّی منُ جیوے ॥

ਰਿਦੈ ਵਸੈ ਤਾ ਠੰਢਾ ਥੀਵੈ ॥
رِدے وسے تا ٹھنڈھا تھیوے ॥

ਗੁਰੁ ਮੁਖਹੁ ਅਲਾਏ ਤਾ ਸੋਭਾ ਪਾਏ
ਤਿਸੁ ਜਮ ਕੈ ਪੰਥਿ ਨ ਪਾਇਣਾ ॥੧੧॥
گُرُ مُکھہُ الائے تا سوبھا پائے
تِسُ جم کے پنّتھِ ن پائِنّا ॥ 11 ॥

ਸੰਤਨ ਕੀ ਸਰਣਾਈ ਪੜਿਆ ॥
سنّتن کی سرٹائی پڑیا ॥

ਜੀਉ ਪ੍ਰਾਣ ਧਨੁ ਆਗੈ ਧਰਿਆ ॥
جِیءُ پّراٹ دھنُ آگے دھریا ॥

ਸੇਵਾ ਸੁਰਤਿ ਨ ਜਾਣਾ ਕਾਈ
ਤੁਮ ਕਰਹੁ ਦਇਆ ਕਿਰਮਾਇਣਾ ॥੧੨॥
سیوا سُرتِ ن جاٹا کائی
تُم کرہُ دئیا کِرمائِٹا ॥ 12 ॥

ਨਿਰਗੁਣ ਕਉ ਸੰਗਿ ਲੇਹੁ ਰਲਾਏ ॥
نِرگُٹ ک ءُ سنگِ لیہُ رلائے ॥

ਕਰਿ ਕਿਰਪਾ ਮੋਹਿ ਟਹਲੈ ਲਾਏ ॥
کرِ کِرپا موہِ ٹہلے لائے ॥

ਪਖਾ ਫੇਰਉ ਪੀਸਉ ਸੰਤ ਆਗੈ
ਚਰਣ ਧੋਇ ਸੁਖੁ ਪਾਇਣਾ ॥੧੩॥
پکھا پھیرءُ پیِس ءُ سنّت آگے
چرٹ دھوءِ سُکھُ پائِٹا ॥ 13 ॥

ਬਹੁਤੁ ਦੁਆਰੇ ਭ੍ਰਮਿ ਭ੍ਰਮਿ ਆਇਆ ॥
بہُتُ دُیارے بھّرمِ بھّرمِ آئیا ॥

ਤੁਮਰੀ ਕ੍ਰਿਪਾ ਤੇ ਤੁਮ ਸਰਣਾਇਆ ॥
تُمری کّرپا تے تُم سرٹائیا ॥

ਸਦਾ ਸਦਾ ਸੰਤਹ ਸੰਗਿ ਰਾਖਹੁ
ਏਹੁ ਨਾਮ ਦਾਨੁ ਦੇਵਾਇਣਾ ॥੧੪॥
سدا سدا سنّتہ سنگِ راکھہُ
ایہُ نام دانُ دیوائِٹا ॥ 14 ॥

ਭਏ ਕ੍ਰਿਪਾਲ ਗੁਸਾਈ ਮੇਰੇ ॥
بھئے کّرپال گُسائی میرے ॥

ਦਰਸਨੁ ਪਾਇਆ ਸਤਿਗੁਰ ਪੂਰੇ ॥
درسنُ پائیا ستِگُر پُورے ॥

ਸੂਖ ਸਹਜ ਸਦਾ ਆਨੰਦਾ
ਨਾਨਕ ਦਾਸ ਦਸਾਇਣਾ ॥੧੫॥੨॥੭॥
سُوکھ سہج سدا آنندا
نانک داس دسائِٹا ॥ 15 ॥2॥7॥

ਮਾਰੂ ਸੋਲਹੇ ਮਹਲਾ ੫
مارُو سولہے محلا 5

ੴ ਸਤਿਗੁਰ ਪ੍ਰਸਾਦਿ ॥
ੴ ستِگُر پّرسادِ ॥

ਸਿਮਰੈ ਧਰਤੀ ਅਰੁ ਆਕਾਸਾ ॥
سِمرے دھرتی ارُ آکاسا ॥

ਸਿਮਰਹਿ ਚੰਦ ਸੂਰਜ ਗੁਣਤਾਸਾ ॥
سِمرہِ چنّد سُورج گُٹّاسا ॥

ਪਉਣ ਪਾਣੀ ਬੈਸੰਤਰ ਸਿਮਰਹਿ
ਸਿਮਰੈ ਸਗਲ ਉਪਾਰਜਨਾ ॥੧॥
پُٹّ پانی بیَسنّتر سِمرہِ
سِمرے سگل اُپارجنا ॥ 1 ॥

ਸਿਮਰਹਿ ਖੰਡ ਦੀਪ ਸਭਿ ਲੋਆ ॥
سِمرہِ کھنّڈ دیپ سبھِ لویا ॥

ਸਿਮਰਹਿ ਪਾਤਾਲ ਪੁਰੀਆ ਸਚੁ ਸੋਆ ॥
ਸਿਮਰਹਿ ਖਾਣੀ ਸਿਮਰਹਿ ਬਾਣੀ
ਸਿਮਰਹਿ ਸਗਲੇ ਹਰਿ ਜਨਾ ॥੨॥

ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥
ਸਿਮਰਹਿ ਦੇਵਤੇ ਕੋੜਿ ਤੇਤੀਸਾ ॥
ਸਿਮਰਹਿ ਜਖ੍ਹਿ ਦੈਤ ਸਭਿ ਸਿਮਰਹਿ
ਅਗਨਤੁ ਨ ਜਾਈ ਜਸੁ ਗਨਾ ॥੩॥

ਸਿਮਰਹਿ ਪਸੁ ਪੰਖੀ ਸਭਿ ਭੂਤਾ ॥
ਸਿਮਰਹਿ ਬਨ ਪਰਬਤ ਅਉਧੂਤਾ ॥
ਲਤਾ ਬਲੀ ਸਾਖ ਸਭ ਸਿਮਰਹਿ
ਰਵਿ ਰਹਿਆ ਸੁਆਮੀ ਸਭ ਮਨਾ ॥੪॥

ਸਿਮਰਹਿ ਥੂਲ ਸੂਖਮ ਸਭਿ ਜੰਤਾ ॥
ਸਿਮਰਹਿ ਸਿਧ ਸਾਧਿਕ ਹਰਿ ਮੰਤਾ ॥
ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ
ਸਗਲ ਭਵਨ ਕਾ ਪ੍ਰਭ ਧਨਾ ॥੫॥

ਸਿਮਰਹਿ ਨਰ ਨਾਰੀ ਆਸਰਮਾ ॥
ਸਿਮਰਹਿ ਜਾਤਿ ਜੋਤਿ ਸਭਿ ਵਰਨਾ ॥
ਸਿਮਰਹਿ ਗੁਣੀ ਚਤੁਰ ਸਭਿ ਬੇਤੇ
ਸਿਮਰਹਿ ਰੈਣੀ ਅਰੁ ਦਿਨਾ ॥੬॥

ਸਿਮਰਹਿ ਘੜੀ ਮੂਰਤ ਪਲ ਨਿਮਖਾ ॥
ਸਿਮਰੈ ਕਾਲੁ ਅਕਾਲੁ ਸੁਚਿ ਸੋਚਾ ॥
ਸਿਮਰਹਿ ਸਉਣ ਸਾਸਤ੍ਰ ਸੰਜੋਗਾ
ਅਲਖੁ ਨ ਲਖੀਐ ਇਕੁ ਖਿਨਾ ॥੭॥

ਕਰਨ ਕਰਾਵਨਹਾਰ ਸੁਆਮੀ ॥

سِمرہِ پاتال پُریا سچُ سویا ॥
سِمرہِ کھانٹی سِمرہِ بانٹی
سِمرہِ سگلے ہرِ جنا ॥2॥

سِمرہِ برہمے بِسن مہیسا ॥
سِمرہِ دیوتے کوڑِ تیتیسا ॥
سِمرہِ جکھّی دیَت سبھِ سِمرہِ
اگنتُ ن جائیَ جسُ گنا ॥3॥

سِمرہِ پسُ پنکھی سبھِ بھوُتا ॥
سِمرہِ بن پربت اُندھوُتا ॥
لتا بلی ساکھ سبھ سِمرہِ
روِ رہِیا سُیامی سبھ منا ॥4॥

سِمرہِ تھوُل سوُکھم سبھِ جنّتا ॥
سِمرہِ سِدھ سادھِک ہرِ منّتا ॥
گُپت پرّگٹ سِمرہِ پرّبھ میرے
سگل بھون کا پرّبھ دھنا ॥5॥

سِمرہِ نر ناری آسرما ॥
سِمرہِ زاتِ جوتِ سبھِ ورنا ॥
سِمرہِ گُنّی چتُر سبھِ بیتے
سِمرہِ رینّی ارُ دِنا ॥6॥

سِمرہِ گھڑی موُرت پل نِمکھا ॥
سِمرے کالُ اکالُ سُچِ سوچا ॥
سِمرہِ سنُّ ساسترّ سنجّوگا
الکھُ ن لکھیےَ اِکُ کھِنا ॥7॥

کرن کراونہار سُیامی ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਸਗਲ ਘਟਾ ਕੇ ਅੰਤਰਜਾਮੀ ॥
سگل گھٹا کے انترجامی ॥

ਕਰਿ ਕਿਰਪਾ ਜਿਸੁ ਭਗਤੀ ਲਾਵਹੁ
ਜਨਮੁ ਪਦਾਰਥ ਸੋ ਜਿਨਾ ॥੮॥
کرِ کرِپا جِسُ بھگتی لاوہُ
جنمُ پدارتھ سو جِنا ॥8॥

ਜਾ ਕੈ ਮਨਿ ਵੂਠਾ ਪ੍ਰਭੁ ਅਪਨਾ ॥
جا کے منِ ووٹھا پربھُ اپنا ॥

ਪੂਰੈ ਕਰਮਿ ਗੁਰ ਕਾ ਜਪੁ ਜਪਨਾ ॥
پُورے کرمِ گُر کا جپُ جپنا ॥

ਸਰਬ ਨਿਰੰਤਰਿ ਸੋ ਪ੍ਰਭੁ ਜਾਤਾ
ਬਹੁੜਿ ਨ ਜੋਨੀ ਭਰਮਿ ਰੁਨਾ ॥੯॥
سرب نِرنترِ سو پربھُ جاتا
بہُڑِ ن جونی بھرمِ رُنا ॥9॥

ਗੁਰ ਕਾ ਸਬਦੁ ਵਸੈ ਮਨਿ ਜਾ ਕੈ ॥
گُر کا سبدُ وسے منِ جا کے ॥

ਦੁਖੁ ਦਰਦੁ ਭ੍ਰਮੁ ਤਾ ਕਾ ਭਾਗੈ ॥
دُکھُ دردُ بھرمُ تا کا بھاگے ॥

ਸੂਖ ਸਹਜ ਆਨੰਦ ਨਾਮ ਰਸੁ
ਅਨਹਦ ਬਾਣੀ ਸਹਜ ਧੁਨਾ ॥੧੦॥
سوُکھ سہج آنند نام رسُ
انہد بانٹی سہج دھُنا ॥ 10 ॥

ਸੋ ਧਨਵੰਤਾ ਜਿਨਿ ਪ੍ਰਭੁ ਧਿਆਇਆ ॥
سو دھنونتا جِنِ پربھُ دھیایا ॥

ਸੋ ਪਤਿਵੰਤਾ ਜਿਨਿ ਸਾਧਸੰਗੁ ਪਾਇਆ ॥
سو پتِونتا جِنِ سادھسنگُ پایا ॥

ਪਾਰਬ੍ਰਹਮੁ ਜਾ ਕੈ ਮਨਿ ਵੂਠਾ
ਸੋ ਪੂਰ ਕਰੰਮਾ ਨਾ ਛਿਨਾ ॥੧੧॥
پاربرہمُ جا کے منِ ووٹھا
سو پوُر کرنما نا چھِنا ॥ 11 ॥

ਜਲਿ ਥਲਿ ਮਹੀਅਲਿ ਸੁਆਮੀ ਸੋਈ ॥
جلِ تھلِ مہیئلِ سُیامی سوئی ॥

ਅਵਰੁ ਨ ਕਹੀਐ ਦੂਜਾ ਕੋਈ ॥
اورُ ن کہیئے دوُجا کوئی ॥

ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ
ਅਵਰੁ ਨ ਦੀਸੈ ਏਕ ਬਿਨਾ ॥੧੨॥
گُر گیان انجنِ کاٹیو بھرمُ سگلا
اورُ ن دیسے ایک بِنا ॥ 12 ॥

ਊਚੇ ਤੇ ਊਚਾ ਦਰਬਾਰਾ ॥
اوُچے تے اوُچا دربارا ॥

ਕਹਣੁ ਨ ਜਾਈ ਅੰਤੁ ਨ ਪਾਰਾ ॥
کہنُ ن جائی انتُ ن پارا ॥

ਗਹਿਰ ਗੰਭੀਰ ਅਥਾਹ ਸੁਆਮੀ
ਅਤੁਲੁ ਨ ਜਾਈ ਕਿਆ ਮਿਨਾ ॥੧੩॥
گہِر گنبھیر اتھاہ سُیامی
اتُلُ ن جائی کِیا مِنا ۔ ॥ 13 ॥

ਤੂ ਕਰਤਾ ਤੇਰਾ ਸਭੁ ਕੀਆ ॥
توُ کرتا تیرا سبھُ کِیا ॥

ਤੁਝੁ ਬਿਨੁ ਅਵਰੁ ਨ ਕੋਈ ਬੀਆ ॥

ਆਦਿ ਮਧਿ ਅੰਤਿ ਪ੍ਰਭੁ ਤੂਹੈ
ਸਗਲ ਪਸਾਰਾ ਤੁਮ ਤਨਾ ॥੧੪॥

ਜਮਦੂਤੁ ਤਿਸੁ ਨਿਕਟਿ ਨ ਆਵੈ ॥

ਸਾਧਸੰਗਿ ਹਰਿ ਕੀਰਤਨੁ ਗਾਵੈ ॥

ਸਗਲ ਮਨੋਰਥ ਤਾ ਕੇ ਪੂਰਨ
ਜੋ ਸ੍ਰਵਣੀ ਪ੍ਰਭ ਕਾ ਜਸੁ ਸੁਨਾ ॥੧੫॥

ਤੂ ਸਭਨਾ ਕਾ ਸਭੁ ਕੋ ਤੇਰਾ ॥

ਸਾਚੇ ਸਾਹਿਬ ਗਹਿਰ ਗੰਭੀਰਾ ॥

ਕਹੁ ਨਾਨਕ ਸੇਈ ਜਨ ਊਤਮ
ਜੋ ਭਾਵਹਿ ਸੁਆਮੀ ਤੁਮ ਮਨਾ ॥੧੬॥੧॥੮॥

ਮਾਰੂ ਮਹਲਾ ੫ ॥

ਪ੍ਰਭ ਸਮਰਥ ਸਰਬ ਸੁਖ ਦਾਨਾ ॥

ਸਿਮਰਉ ਨਾਮੁ ਹੋਹੁ ਮਿਹਰਵਾਨਾ ॥

ਹਰਿ ਦਾਤਾ ਜੀਅ ਜੰਤ ਭੇਖਾਰੀ
ਜਨੁ ਬਾਂਛੈ ਜਾਚੰਗਨਾ ॥੧॥

ਮਾਗਉ ਜਨ ਧੂਰਿ ਪਰਮ ਗਤਿ ਪਾਵਉ ॥

ਜਨਮ ਜਨਮ ਕੀ ਮੈਲੁ ਮਿਟਾਵਉ ॥

ਦੀਰਘ ਰੋਗ ਮਿਟਹਿ ਹਰਿ ਅਉਖਧਿ
ਹਰਿ ਨਿਰਮਲਿ ਰਾਪੈ ਮੰਗਨਾ ॥੨॥

ਸ੍ਰਵਣੀ ਸੁਣਉ ਬਿਮਲ ਜਸੁ ਸੁਆਮੀ ॥

ਏਕਾ ਓਟ ਤਜਉ ਬਿਖੁ ਕਾਮੀ ॥

ਨਿਵਿ ਨਿਵਿ ਪਾਇ ਲਗਉ ਦਾਸ ਤੇਰੇ
ਕਰਿ ਸੁਕ੍ਰਿਤੁ ਨਾਹੀ ਸੰਗਨਾ ॥੩॥

تُجھُ بِنُ اورُ ن کوئی بِیا ॥

آدِ مدھِ انّتِ پربھُ توُہے
سگل پسارا تُم تنا ॥ 14 ॥

جمدوُتُ تِسُ نِکٹِ ن آوے ॥

سادھسنگِ ہرِ کیرتنُ گاوے ॥

سگل منورتھ تا کے پوُرن
جو سّروٹی پربھ کا جسُ سُنا ॥ 15 ॥

توُ سبھنا کا سبھُ کو تیرا ॥

ساچے صاحِب گہِر گنبھیرا ॥

کہُ نانک سیئی جن اوُتم
جو بھاوہِ سُیامی تُم منا ॥ 16 ॥ 1 ॥ 8 ॥

مارو محلا 5 ॥

پربھ سمرتھ سرب سُکھ دانا ॥

سِمرءُ نامُ ہوہُ مِہروانا ॥

ہرِ داتا جیء جنّت بھیکھاری
جنُ بانچھےَ جاچنگنا ॥ 1 ॥

ماگءُ جن دھوُرِ پرم گتِ پاوءُ ॥

جنم جنم کی میَلُ مِٹاوءُ ॥

دیِرگھ روگ مِٹہِ ہرِ اُکھدھِ
ہرِ نِرملِ راپےَ منگنا ॥ 2 ॥

سّروٹی سُنءُ بِمل جسُ سُیامی ॥

ایکا اوٹ تجءُ بِکھُ کامی ॥

نِوِ نِوِ پاءِ لگءُ داس تیرے
کرِ سُکّرِتُ ناہی سنگنا ॥ 3 ॥

ਰਸਨਾ ਗੁਣ ਗਾਵੈ ਹਰਿ ਤੇਰੇ ॥
ਮਿਟਹਿ ਕਮਾਤੇ ਅਵਗੁਣ ਮੇਰੇ ॥
ਸਿਮਰਿ ਸਿਮਰਿ ਸੁਆਮੀ ਮਨੁ ਜੀਵੈ
ਪੰਚ ਦੂਤ ਤਜਿ ਤੰਗਨਾ ॥੪॥

رسنا گُن گاوے ہرِ تیرے ॥
مِٹہِ کماتے اوگُن میرے ॥
سِمرِ سِمرِ سُیامی منُ جیوے
پنچ دوُت تجِ تنگنا ॥4॥

ਚਰਨ ਕਮਲ ਜਪਿ ਬੋਹਿਥਿ ਚਰੀਐ ॥
ਸੰਤਸੰਗਿ ਮਿਲਿ ਸਾਗਰੁ ਤਰੀਐ ॥
ਅਰਚਾ ਬੰਦਨ ਹਰਿ ਸਮਤ ਨਿਵਾਸੀ
ਬਾਹੁੜਿ ਜੋਨਿ ਨ ਨੰਗਨਾ ॥੫॥

چرن کمل جپِ بوہتھِ چریئے ॥
سنتسنگِ مِلِ ساگرُ تریئے ॥
ارچا بندن ہرِ سمت نِواسی
باہُڑِ جونِ ن ننگنا ॥5॥

ਦਾਸ ਦਾਸਨ ਕੋ ਕਰਿ ਲੇਹੁ ਗੋਪਾਲਾ ॥
ਕ੍ਰਿਪਾ ਨਿਧਾਨ ਦੀਨ ਦਇਆਲਾ ॥
ਸਖਾ ਸਹਾਈ ਪੂਰਨ ਪਰਮੇਸੁਰ
ਮਿਲੁ ਕਦੇ ਨ ਹੋਵੀ ਭੰਗਨਾ ॥੬॥

داس داسن کو کرِ لیہُ گوپالا ۔ ॥
کرِپا نِدھان دِین دئیالا ۔ ॥
سکھا سہائی پوُرن پرمیسُر
مِلُ کدے ن ہووی بھنگنا ॥6॥

ਮਨੁ ਤਨੁ ਅਰਪਿ ਧਰੀ ਹਰਿ ਆਗੈ ॥
ਜਨਮ ਜਨਮ ਕਾ ਸੋਇਆ ਜਾਗੈ ॥
ਜਿਸ ਕਾ ਸਾ ਸੋਈ ਪ੍ਰਤਿਪਾਲਕੁ
ਹਤਿ ਤਿਆਗੀ ਹਉਮੈ ਹੰਤਨਾ ॥੭॥

منُ تنُ ارپِ دھری ہرِ آگے ॥
جنم جنم کا سوئیا جاگے ॥
جِس کا سا سوئی پرتپالکُ
ہتِ تِیاگی ہمئے ہنتنا ॥7॥

ਜਲਿ ਥਲਿ ਪੂਰਨ ਅੰਤਰਜਾਮੀ ॥
ਘਟਿ ਘਟਿ ਰਵਿਆ ਅਛਲ ਸੁਆਮੀ ॥
ਭਰਮ ਭੀਤਿ ਖੋਈ ਗੁਰਿ ਪੂਰੈ
ਏਕੁ ਰਵਿਆ ਸਰਬੰਗਨਾ ॥੮॥

جلِ تھلِ پوُرن انترجامی ॥
گھٹِ گھٹِ روِیا اچھل سُیامی ॥
بھرم بھیتِ کھوئی گُرِ پوُرے
ایکُ روِیا سربنگنا ॥8॥

ਜਤ ਕਤ ਪੇਖਉ ਪ੍ਰਭ ਸੁਖ ਸਾਗਰ ॥
ਹਰਿ ਤੋਟਿ ਭੰਡਾਰ ਨਾਹੀ ਰਤਨਾਗਰ ॥
ਅਗਹ ਅਗਾਹ ਕਿਛੁ ਮਿਤਿ ਨਹੀ ਪਾਈਐ
ਸੋ ਬੂਝੈ ਜਿਸੁ ਕਿਰਪੰਗਨਾ ॥੯॥

جت کت پیکھ ءُ پربھ سُکھ ساگر ॥
ہرِ توٹِ بھنڈار ناہی رتناگر ॥
اگہ اگاہ کچھُ مِتِ نہی پائیئے
سو بوُجھے جِس کرِپنگنا ॥9॥

ਛਾਤੀ ਸੀਤਲ ਮਨੁ ਤਨੁ ਠੰਢਾ ॥
ਜਨਮ ਮਰਣ ਕੀ ਮਿਟਵੀ ਡੰਝਾ ॥

چھاتی سِیتل منُ تنُ ٹھنڈھا ॥
جنم مرنؤ کی مِٹوی ڈنجھا ॥

ਕਰੁ ਗਹਿ ਕਾਢਿ ਲੀਏ ਪ੍ਰਭਿ ਅਪੁਨੈ
ਅਮਿਉ ਧਾਰਿ ਦ੍ਰਿਸਟੰਗਨਾ ॥੧੦॥

کرُ گہِ کاڈھِ لیئے پربھ اپُنے
امِءُ دھارِ دِرسٹنگنا ॥ 10 ॥

ਏਕੋ ਏਕੁ ਰਵਿਆ ਸਭ ਠਾਈ ॥
ਤਿਸੁ ਬਿਨੁ ਦੂਜਾ ਕੋਈ ਨਾਹੀ ॥

ایکو ایکُ رویا سبھ ٹھائی ॥
تِس بِنُ دوُجا کوئی ناہی ॥

ਆਦਿ ਮਧਿ ਅੰਤਿ ਪ੍ਰਭੁ ਰਵਿਆ
ਤ੍ਰਿਸਨ ਬੁਝੀ ਭਰਮੰਗਨਾ ॥੧੧॥

آدِ مدھِ انّتِ پربھُ رویا
ترِسن بُجھی بھرمنگنا ॥ 11 ॥

ਗੁਰੁ ਪਰਮੇਸਰੁ ਗੁਰੁ ਗੋਬਿੰਦੁ ॥
ਗੁਰੁ ਕਰਤਾ ਗੁਰੁ ਸਦ ਬਖਸੰਦੁ ॥

گُرُ پرمیسرُ گُرُ گوبِندُ ॥
گُرُ کرتا گُرُ سد بخشندُ ॥

ਗੁਰ ਜਪੁ ਜਾਪਿ ਜਪਤ ਫਲੁ ਪਾਇਆ
ਗਿਆਨ ਦੀਪਕੁ ਸੰਤ ਸੰਗਨਾ ॥੧੨॥

گُر جپُ جاپِ جپت پھلُ پایَیا
گِیان دیپکُ سنّت سنگنا ॥ 12 ॥

ਜੋ ਪੇਖਾ ਸੋ ਸਭੁ ਕਿਛੁ ਸੁਆਮੀ ॥
ਜੋ ਸੁਨਣਾ ਸੋ ਪ੍ਰਭ ਕੀ ਬਾਨੀ ॥

جو پیکھا سو سبھُ کِچھُ سُیامی ॥
جو سُنڻا سو پربھ کی بانی ॥

ਜੋ ਕੀਨੋ ਸੋ ਤੁਮਹਿ ਕਰਾਇਓ
ਸਰਣਿ ਸਹਾਈ ਸੰਤਹ ਤਨਾ ॥੧੩॥

جو کِینو سو تُمہِ کرائِئو
سرنؤِ سہائی سنّتہ تنا ॥ 13 ॥

ਜਾਚਕੁ ਜਾਚੈ ਤੁਮਹਿ ਅਰਾਧੈ ॥
ਪਤਿਤ ਪਾਵਨ ਪੂਰਨ ਪ੍ਰਭ ਸਾਧੈ ॥

جاچکُ جاچےَ تُمہِ ارادھےَ ॥
پتِت پاون پوُرن پربھ سادھےَ ॥

ਏਕੋ ਦਾਨੁ ਸਰਬ ਸੁਖ ਗੁਣ ਨਿਧਿ
ਆਨ ਮੰਗਨ ਨਿਹਕਿੰਚਨਾ ॥੧੪॥

ایکو دانُ سرب سُکھ گُنؤ نِدھِ
آن منگن نِہکنچنا ॥ 14 ॥

ਕਾਇਆ ਪਾਤ੍ਰੁ ਪ੍ਰਭੁ ਕਰਣੈਹਾਰਾ ॥
ਲਗੀ ਲਾਗਿ ਸੰਤ ਸੰਗਾਰਾ ॥

کایَیا پاتّرُ پربھُ کرٹیہارا ॥
لگی لاگِ سنّت سنگارا ॥

ਨਿਰਮਲ ਸੋਇ ਬਣੀ ਹਰਿ ਬਾਣੀ
ਮਨੁ ਨਾਮਿ ਮਜੀਠੈ ਰੰਗਨਾ ॥੧੫॥

نِرمل سوءِ بنّی ہرِ بانؤ
منُ نامِ مجیٹھےَ رنگنا ॥ 15 ॥

ਸੋਲਹ ਕਲਾ ਸੰਪੂਰਨ ਫਲਿਆ ॥	سولہ کلا سنپوُرن پھلیا ॥
ਅਨਤ ਕਲਾ ਹੋਇ ਠਾਕੁਰੁ ਚੜਿਆ ॥	انت کلا ہوءِ ٹھاکُرُ چڑِیا ॥
ਅਨਦ ਬਿਨੋਦ ਹਰਿ ਨਾਮਿ ਸੁਖ ਨਾਨਕ ਅੰਮ੍ਰਿਤ ਰਸੁ ਹਰਿ ਭੁੰਚਨਾ ॥੧੬॥੨॥੯॥	اند بِنود ہرِ نامِ سُکھ نانک انمّرِت رسُ ہرِ بھُنچّنا ॥ 16 ॥2॥9॥
ਮਾਰੂ ਸੋਲਹੇ ਮਹਲਾ ੫	مارُو سولہے محلا 5
੧ੴ ਸਤਿਗੁਰ ਪ੍ਰਸਾਦਿ ॥	۱ۅ ستِگُر پرّسادِ ॥
ਤੂ ਸਾਹਿਬੁ ਹਉ ਸੇਵਕੁ ਕੀਤਾ ॥	توُ صاحِبُ ہءُ سیوکُ کِیتا ॥
ਜੀਉ ਪਿੰਡੁ ਸਭੁ ਤੇਰਾ ਦੀਤਾ ॥	جِیءُ پِنڈُ سبھُ تیرا دِیتا ॥
ਕਰਨ ਕਰਾਵਨ ਸਭੁ ਤੂਹੈ ਤੂਹੈ ਹੈ ਨਾਹੀ ਕਿਛੁ ਅਸਾੜਾ ॥੧॥	کرن کراون سبھُ توُہے توُہے ہے ناہی کِچھُ اساڑا ॥ 1 ॥
ਤੁਮਹਿ ਪਠਾਏ ਤਾ ਜਗ ਮਹਿ ਆਏ ॥	تُمہِ پٹھائے تا جگ مہِ آئے ॥
ਜੋ ਤੁਧੁ ਭਾਣਾ ਸੇ ਕਰਮ ਕਮਾਏ ॥	جو تُدھُ بھاٹا سے کرم کمائے ॥
ਤੁਝ ਤੇ ਬਾਹਰਿ ਕਿਛੂ ਨ ਹੋਆ ਤਾ ਭੀ ਨਾਹੀ ਕਿਛੁ ਕਾੜਾ ॥੨॥	تُجھ تے باہرِ کِچھوُ ن ہویا تا بھی ناہی کِچھُ کاڑا ॥ 2 ॥
ਊਹਾ ਹੁਕਮੁ ਤੁਮਾਰਾ ਸੁਣੀਐ ॥	اوُہا حُکمُ تُمارا سُنّیئے ॥
ਈਹਾ ਹਰਿ ਜਸੁ ਤੇਰਾ ਭਣੀਐ ॥	ایہا ہرِ جسُ تیرا بھنّیئے ॥
ਆਪੇ ਲੇਖ ਅਲੇਖੈ ਆਪੇ ਤੁਮ ਸਿਉ ਨਾਹੀ ਕਿਛੁ ਝਾੜਾ ॥੩॥	آپے لیکھ الیکھے آپے تُم سِءُ ناہی کِچھُ جھاڑا ॥ 3 ॥
ਤੂ ਪਿਤਾ ਸਭਿ ਬਾਰਿਕ ਥਾਰੇ ॥	توُ پِتا سبھِ بارِک تھارے ॥
ਜਿਉ ਖੇਲਾਵਹਿ ਤਿਉ ਖੇਲਣਹਾਰੇ ॥	جِءُ کھیلاوہِ تِءُ کھیلنہارے ॥
ਉਝੜ ਮਾਰਗੁ ਸਭੁ ਤੁਮ ਹੀ ਕੀਨਾ ਚਲੈ ਨਾਹੀ ਕੋ ਵੇਪਾੜਾ ॥੪॥	اُجھڑ مارگُ سبھُ تُم ہی کِینا چلے ناہی کو ویپاڑا ॥ 4 ॥
ਇਕਿ ਬੈਸਾਇ ਰਖੇ ਗ੍ਰਿਹ ਅੰਤਰਿ ॥	اِکِ بیَساءِ رکھے گرِہ انّترِ ॥

ਇਕਿ ਪਠਾਏ ਦੇਸ ਦਿਸੰਤਰਿ ॥
اِکِ پٹھائے دیس دِسنّترِ ॥

ਇਕ ਹੀ ਕਉ ਘਾਸੁ ਇਕ ਹੀ ਕਉ ਰਾਜਾ
ਇਨ ਮਹਿ ਕਹੀਐ ਕਿਆ ਕੂੜਾ ॥੫॥
اِک ہی ک ءُ گھاسُ اِک ہی ک ءُ راجا
اِن مہِ کہیئے کِیا کوُڑا ۔ ॥5॥

ਕਵਨ ਸੁ ਮੁਕਤੀ ਕਵਨ ਸੁ ਨਰਕਾ ॥
کون سُ مُکتی کون سُ نرکا ۔ ॥

ਕਵਨੁ ਸੈਸਾਰੀ ਕਵਨੁ ਸੁ ਭਗਤਾ ॥
کونُ سیَساری کونُ سُ بھگتا ۔ ॥

ਕਵਨ ਸੁ ਦਾਨਾ ਕਵਨੁ ਸੁ ਹੋਛਾ
ਕਵਨ ਸੁ ਸੁਰਤਾ ਕਵਨੁ ਜੜਾ ॥੬॥
کون سُ دانا کونُ سُ ہوچھا
کون سُ سُرتا کونُ جڑا ۔ ॥6॥

ਹੁਕਮੇ ਮੁਕਤੀ ਹੁਕਮੇ ਨਰਕਾ ॥
حُکمے مُکتی حُکمے نرکا ॥

ਹੁਕਮਿ ਸੈਸਾਰੀ ਹੁਕਮੇ ਭਗਤਾ ॥
حُکمِ سیَساری حُکمے بھگتا ॥

ਹੁਕਮੇ ਹੋਛਾ ਹੁਕਮੇ ਦਾਨਾ
ਦੂਜਾ ਨਾਹੀ ਅਵਰੁ ਧੜਾ ॥੭॥
حُکمے ہوچھا حُکمے دانا
دوُجا ناہی اورُ دھڑا ॥7॥

ਸਾਗਰੁ ਕੀਨਾ ਅਤਿ ਤੁਮ ਭਾਰਾ ॥
ساگرُ کِینا اتِ تُم بھارا ॥

ਇਕਿ ਖੜੇ ਰਸਾਤਲਿ ਕਰਿ ਮਨਮੁਖ ਗਾਵਾਰਾ ॥
اِکِ کھڑے رساتلِ کرِ منمکھ گاوارا ॥

ਇਕਨਾ ਪਾਰਿ ਲੰਘਾਵਹਿ ਆਪੇ
ਸਤਿਗੁਰੁ ਜਿਨ ਕਾ ਸਚੁ ਬੇੜਾ ॥੮॥
اِکنا پارِ لنگھاوہِ آپے
ستِگُرُ جِن کا سچُ بیڑا ॥8॥

ਕਉਤਕੁ ਕਾਲੁ ਇਹੁ ਹੁਕਮਿ ਪਠਾਇਆ ॥
کُتُک کالُ اِہُ حُکمِ پٹھائیا ॥

ਜੀਅ ਜੰਤ ਓਪਾਇ ਸਮਾਇਆ ॥
جی ء جنّت اوپاءِ سمائیا ॥

ਵੇਖੈ ਵਿਗਸੈ ਸਭਿ ਰੰਗ ਮਾਣੇ
ਰਚਨੁ ਕੀਨਾ ਇਕੁ ਆਖਾੜਾ ॥੯॥
ویکھے وِگسے سبھِ رنگ ماٹے
رچنُ کِینا اِکُ آکھاڑا ॥9॥

ਵਡਾ ਸਾਹਿਬੁ ਵਡੀ ਨਾਈ ॥
وڈا صاحِبُ وڈی نائی ॥

ਵਡ ਦਾਤਾਰੁ ਵਡੀ ਜਿਸੁ ਜਾਈ ॥
وڈ داتارُ وڈی جِسُ جائی ॥

ਅਗਮ ਅਗੋਚਰੁ ਬੇਅੰਤ ਅਤੋਲਾ
ਹੈ ਨਾਹੀ ਕਿਛੁ ਆਹਾੜਾ ॥੧੦॥
اگم اگوچرُ بیئنّت اتولا
ہے ناہی کِچھُ آہاڑا ॥ 10 ॥

ਕੀਮਤਿ ਕੋਇ ਨ ਜਾਣੈ ਦੂਜਾ ॥
قِیمتِ کوءِ ن جانٹے دوُجا ॥

ਆਪੇ ਆਪਿ ਨਿਰੰਜਨ ਪੂਜਾ ॥

آپے آپِ نِرنجن پُوجا ॥

ਆਪਿ ਸੁ ਗਿਆਨੀ ਆਪਿ ਧਿਆਨੀ
ਆਪਿ ਸਤਵੰਤਾ ਅਤਿ ਗਾੜਾ ॥੧੧॥

آپِ سُ گیانی آپِ دھیانی
آپِ ستونتا اتِ گاڑا ॥ 11 ॥

ਕੇਤੜਿਆ ਦਿਨ ਗੁਪਤੁ ਕਹਾਇਆ ॥

کیتڑِیا دِن گُپتُ کہائِیا ॥

ਕੇਤੜਿਆ ਦਿਨ ਸੁੰਨਿ ਸਮਾਇਆ ॥

کیتڑِیا دِن سُنّنِ سمائِیا ॥

ਕੇਤੜਿਆ ਦਿਨ ਧੁੰਧੂਕਾਰਾ
ਆਪੇ ਕਰਤਾ ਪਰਗਟੜਾ ॥੧੨॥

کیتڑِیا دِن دھُنّدھوُکارا
آپے کرتا پرگٹڑا ॥ 12 ॥

ਆਪੇ ਸਕਤੀ ਸਬਲੁ ਕਹਾਇਆ ॥

آپے سکتی سبلُ کہائِیا ॥

ਆਪੇ ਸੂਰਾ ਅਮਰੁ ਚਲਾਇਆ ॥

آپے سوُرا امرُ چلائِیا ॥

ਆਪੇ ਸਿਵ ਵਰਤਾਈਅਨੁ ਅੰਤਰਿ
ਆਪੇ ਸੀਤਲੁ ਠਾਰੁ ਗੜਾ ॥੧੩॥

آپے سِو ورتائیَنُ انترِ
آپے سیِتلُ ٹھارُ گڑا ॥ 13 ॥

ਜਿਸਹਿ ਨਿਵਾਜੇ ਗੁਰਮੁਖਿ ਸਾਜੇ ॥

جِسہِ نِوازے گُرمُکھِ ساجے ॥

ਨਾਮੁ ਵਸੈ ਤਿਸੁ ਅਨਹਦ ਵਾਜੇ ॥

نامُ وسے تِس انہد واجے ॥

ਤਿਸ ਹੀ ਸੁਖੁ ਤਿਸ ਹੀ ਠਕੁਰਾਈ
ਤਿਸਹਿ ਨ ਆਵੈ ਜਮੁ ਨੇੜਾ ॥੧੪॥

تِس ہی سُکھُ تِس ہی ٹھکُرائی
تِسہِ ن آوے جمُ نیڑا ॥ 14 ॥

ਕੀਮਤਿ ਕਾਗਦ ਕਹੀ ਨ ਜਾਈ ॥

قِیمتِ کاگد کہی ن جائی ॥

ਕਹੁ ਨਾਨਕ ਬੇਅੰਤ ਗੁਸਾਈ ॥

کہُ نانک بیئنّت گُسائی ॥

ਆਦਿ ਮਧਿ ਅੰਤਿ ਪ੍ਰਭੁ ਸੋਈ
ਹਾਥਿ ਤਿਸੈ ਕੈ ਨੇਬੇੜਾ ॥੧੫॥

آدِ مدھِ انّتِ پربھُ سوئی
ہاتھِ تِسے کے نبیڑا ॥ 15 ॥

ਤਿਸਹਿ ਸਰੀਕੁ ਨਾਹੀ ਰੇ ਕੋਈ ॥

تِسہِ شریکُ ناہی رے کوئی ॥

ਕਿਸ ਹੀ ਬੁਤੈ ਜਬਾਬੁ ਨ ਹੋਈ ॥

کِس ہی بُتے جبابُ ن ہوئی ॥

ਨਾਨਕ ਕਾ ਪ੍ਰਭੁ ਆਪੇ ਆਪੇ
ਕਰਿ ਕਰਿ ਵੇਖੈ ਚੋਜ ਖੜਾ ॥੧੬॥੧॥੧੦॥

نانک کا پربھُ آپے آپے
کرِ کرِ ویکھے چوج کھڑا ॥ 16 ॥ 1 ॥ 10 ॥

ਮਾਰੂ ਮਹਲਾ ੫ ॥

مارُو محلا 5 ॥

ਅਚੁਤ ਪਾਰਬ੍ਰਹਮ ਪਰਮੇਸਰੁ ਅੰਤਰਜਾਮੀ ॥
اچُت پاربرہم پرمیسرُ انترجامی ۔ ॥

ਮਧੁਸੂਦਨ ਦਾਮੋਦਰ ਸੁਆਮੀ ॥
مدھُسوُدن دامودر سُیامی ۔ ॥

ਰਿਖੀਕੇਸ ਗੋਵਰਧਨ ਧਾਰੀ
ਮੁਰਲੀ ਮਨੋਹਰ ਹਰਿ ਰੰਗਾ ॥੧॥
رِکھیکیس گووردھن دھاری
مُرلی منوہر ہرِ رنگا ۔ ॥1॥

ਮੋਹਨ ਮਾਧਵ ਕ੍ਰਿਸ੍ਨ ਮੁਰਾਰੇ ॥
موہن مادھو کرِسّن مُرارے ۔ ॥

ਜਗਦੀਸਰੁ ਹਰਿ ਜੀਉ ਅਸੁਰ ਸੰਘਾਰੇ ॥
جگدیسرُ ہرِ جیِءُ اسُر سنگھارے ॥

ਜਗਜੀਵਨ ਅਬਿਨਾਸੀ ਠਾਕੁਰ
ਘਟ ਘਟ ਵਾਸੀ ਹੈ ਸੰਗਾ ॥੨॥
جگجیون اِبناسی ٹھاکُر
گھٹ گھٹ واسی ہے سنگا ॥2॥

ਧਰਣੀਧਰ ਈਸ ਨਰਸਿੰਘ ਨਾਰਾਇਣ ॥
دھرنیدھر ایِس نرسِنگھ نارائنؔ ۔ ॥

ਦਾੜਾ ਅਗ੍ਰੇ ਪ੍ਰਿਥਮਿ ਧਰਾਇਣ ॥
داڑا اگّرے پرِتھمِ دھرائنؔ ۔ ॥

ਬਾਵਨ ਰੂਪੁ ਕੀਆ ਤੁਧੁ ਕਰਤੇ
ਸਭ ਹੀ ਸੇਤੀ ਹੈ ਚੰਗਾ ॥੩॥
باون روُپُ کیِیا تُدھُ کرتے
سبھ ہی سیتی ہے چنگا ॥3॥

ਸ੍ਰੀ ਰਾਮਚੰਦ ਜਿਸੁ ਰੂਪੁ ਨ ਰੇਖਿਆ ॥
سّری رامچندّ جِسُ روُپُ ن ریکھیا ॥

ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ ॥
بنوالی چکّرپانیِ درسِ انوُپیا ॥

ਸਹਸ ਨੇਤ੍ਰ ਮੂਰਤਿ ਹੈ ਸਹਸਾ
ਇਕੁ ਦਾਤਾ ਸਭ ਹੈ ਮੰਗਾ ॥੪॥
سہس نیتّر موُرتِ ہے سہسا
اِکُ داتا سبھ ہے منگا ॥4॥

ਭਗਤਿ ਵਛਲੁ ਅਨਾਥਹ ਨਾਥੇ ॥
بھگتِ وچھلُ اناتھ ناتھے ॥

ਗੋਪੀ ਨਾਥੁ ਸਗਲ ਹੈ ਸਾਥੇ ॥
گوپی ناتھُ سگل ہے ساتھے ॥

ਬਾਸੁਦੇਵ ਨਿਰੰਜਨ ਦਾਤੇ
ਬਰਨਿ ਨ ਸਾਕਉ ਗੁਣ ਅੰਗਾ ॥੫॥
باسُدیو نِرنجن داتے
برنِ ن ساک ءُ گُنؔ انگا ॥5॥

ਮੁਕੰਦ ਮਨੋਹਰ ਲਖਮੀ ਨਾਰਾਇਣ ॥
مُکندّ منوہر لکھمی نارائنؔ ॥

ਦ੍ਰੋਪਤੀ ਲਜਾ ਨਿਵਾਰਿ ਉਧਾਰਣ ॥
دّروپتی لجا نِوارِ اُدھارنؔ ۔ ॥

ਕਮਲਾਕੰਤ ਕਰਹਿ ਕੰਤੂਹਲ
ਅਨਦ ਬਿਨੋਦੀ ਨਿਹਸੰਗਾ ॥੬॥
کملاکنّت کرہِ کنّتوہل
اندِ بِنودی نہسنگا ॥6॥

ਅਮੋਘ ਦਰਸਨ ਆਜੂਨੀ ਸੰਭਉ ॥
امو گھ درسن آجونی سنبھءُ ॥

ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ ॥
اکال مورتِ جِسُ کدے ناہی کھءُ ॥

ਅਬਿਨਾਸੀ ਅਬਿਗਤ ਅਗੋਚਰ
ਸਭੁ ਕਿਛੁ ਤੁਝ ਹੀ ਹੈ ਲਗਾ ॥੭॥
ابِناسی ابِگت اگوچر
سبھُ کِچھُ تُجھ ہی ہے لگا ॥7॥

ਸ੍ਰੀਰੰਗ ਬੈਕੁੰਠ ਕੇ ਵਾਸੀ ॥
سّریرنگ بیکُنٹھ کے واسی ۔ ॥

ਮਛੁ ਕਛੁ ਕੂਰਮੁ ਆਗਿਆ ਅਉਤਰਾਸੀ ॥
مچھُ کچھُ کورمُ آگیا اُتراسی ॥

ਕੇਸਵ ਚਲਤ ਕਰਹਿ ਨਿਰਾਲੇ
ਕੀਤਾ ਲੋੜਹਿ ਸੋ ਹੋਇਗਾ ॥੮॥
کیسو چلت کرہِ نِرالے
کِیتا لوڑہِ سو ہوئِگا ॥8॥

ਨਿਰਾਹਾਰੀ ਨਿਰਵੈਰੁ ਸਮਾਇਆ ॥
نِراہاری نِرویَرُ سمائیا ॥

ਧਾਰਿ ਖੇਲੁ ਚਤੁਰਭੁਜੁ ਕਹਾਇਆ ॥
دھارِ کھیلُ چترُبھُجُ کہائیا ॥

ਸਾਵਲ ਸੁੰਦਰ ਰੂਪ ਬਣਾਵਹਿ
ਬੇਣੁ ਸੁਨਤ ਸਭ ਮੋਹੈਗਾ ॥੯॥
ساول سُندر روُپ بنّاوہِ
بینُ سُنت سبھ موہیَگا ॥9॥

ਬਨਮਾਲਾ ਬਿਭੂਖਨ ਕਮਲ ਨੈਨ ॥
بنمالا بِبھوُکھن کمل نیَن ۔ ॥

ਸੁੰਦਰ ਕੁੰਡਲ ਮੁਕਟ ਬੈਨ ॥
سُندر کُنڈل مُکٹ بیَن ॥

ਸੰਖ ਚਕ੍ਰ ਗਦਾ ਹੈ ਧਾਰੀ
ਮਹਾ ਸਾਰਥੀ ਸਤਸੰਗਾ ॥੧੦॥
سنکھ چکّر گدا ہے دھاری
مہا سارتھی ستسنگا ॥ 10 ॥

ਪੀਤ ਪੀਤੰਬਰ ਤ੍ਰਿਭਵਣ ਧਣੀ ॥
پیت پیتنّبر ترِبھونْ دھنّی ॥

ਜਗੰਨਾਥੁ ਗੋਪਾਲੁ ਮੁਖਿ ਭਣੀ ॥
جگنّناتھُ گوپالُ مُکھِ بھنّی ॥

ਸਾਰਿੰਗਧਰ ਭਗਵਾਨ ਬੀਠੁਲਾ
ਮੈ ਗਣਤ ਨ ਆਵੈ ਸਰਬੰਗਾ ॥੧੧॥
سارِنگدھر بھگوان بیٹھُلا
مے گنّت ن آوے سربنگا ॥ 11 ॥

ਨਿਹਕੰਟਕੁ ਨਿਹਕੇਵਲੁ ਕਹੀਐ ॥
نِہکنٹک نِہکیولُ کہیئے ॥

ਧਨੰਜੈ ਜਲਿ ਥਲਿ ਹੈ ਮਹੀਐ ॥
دھننجّے جلِ تھلِ ہے مہیئے ॥

ਮਿਰਤ ਲੋਕ ਪਇਆਲ ਸਮੀਪਤ
ਅਸਥਿਰ ਥਾਨੁ ਜਿਸੁ ਹੈ ਅਭਗਾ ॥੧੨॥
مِرت لوک پئیال سمیپت
استھِر تھانُ جِسُ ہے ابھگا ॥ 12 ॥

ਪਤਿਤ ਪਾਵਨ ਦੁਖ ਭੈ ਭੰਜਨੁ ॥

پتِت پاون دُکھ بھے بھنجَنُ ॥

ਅਹੰਕਾਰ ਨਿਵਾਰਣੁ ਹੈ ਭਵ ਖੰਡਨੁ ॥

اہنکار نِوارنُ ہے بھو کھنڈنُ ॥

ਭਗਤੀ ਤੋਖਿਤ ਦੀਨ ਕ੍ਰਿਪਾਲਾ
ਗੁਣੇ ਨ ਕਿਤ ਹੀ ਹੈ ਭਿਗਾ ॥੧੩॥

بھگتی توکھِت دِین کرِپالا
گُنے ن کِت ہی ہے بھِگا ॥ 13 ॥

ਨਿਰੰਕਾਰੁ ਅਛਲ ਅਡੋਲੋ ॥

نِرنکارُ اچھل اڈولو ॥

ਜੋਤਿ ਸਰੂਪੀ ਸਭੁ ਜਗੁ ਮਉਲੋ ॥

جوتِ سروُپی سبھُ جگُ منُلو ॥

ਸੋ ਮਿਲੈ ਜਿਸੁ ਆਪਿ ਮਿਲਾਏ
ਆਪਹੁ ਕੋਇ ਨ ਪਾਵੈਗਾ ॥੧੪॥

سو مِلے جِسُ آپِ مِلائے
آپہُ کوءِ ن پاویگا ॥ 14 ॥

ਆਪੇ ਗੋਪੀ ਆਪੇ ਕਾਨਾ ॥

آپے گوپی آپے کانا ॥

ਆਪੇ ਗਊ ਚਰਾਵੈ ਬਾਨਾ ॥

آپے گئوُ چراوے بانا ॥

ਆਪਿ ਉਪਾਵਹਿ ਆਪਿ ਖਪਾਵਹਿ
ਤੁਧੁ ਲੇਪੁ ਨਹੀ ਇਕੁ ਤਿਲੁ ਰੰਗਾ ॥੧੫॥

آپِ اُپاوہِ آپِ کھپاوہِ
تُدھُ لیپُ نہی اِکُ تِلُ رنگا ॥ 15 ॥

ਏਕ ਜੀਹ ਗੁਣ ਕਵਨ ਬਖਾਨੈ ॥

ایک جیہِ گُنُ کون بکھانے ۔ ॥

ਸਹਸ ਫਨੀ ਸੇਖ ਅੰਤੁ ਨ ਜਾਨੈ ॥

سہس پھنی سیکھ انتُ ن جانے ॥

ਨਵਤਨ ਨਾਮ ਜਪੈ ਦਿਨੁ ਰਾਤੀ
ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ ॥੧੬॥

نوتن نام جپے دِنُ راتی
اِکُ گُنُ ناہی پربھ کہِ سنگا ॥ 16 ॥

ਓਟ ਗਹੀ ਜਗਤ ਪਿਤ ਸਰਣਾਇਆ ॥

اوٹ گہی جگت پِت سرٹائیا ॥

ਭੈ ਭਇਆਨਕ ਜਮਦੂਤ ਦੁਤਰ ਹੈ ਮਾਇਆ ॥

بھے بھئیانک جمدوُت دُتر ہے مائیا ॥

ਹੋਹੁ ਕ੍ਰਿਪਾਲ ਇਛਾ ਕਰਿ ਰਾਖਹੁ
ਸਾਧ ਸੰਤਨ ਕੈ ਸੰਗਿ ਸੰਗਾ ॥੧੭॥

ہوہُ کرِپال اِچھا کرِ راکھہُ
سادھ سنتن کے سنگِ سنگا ॥ 17 ॥

ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥

دِرسٹِمان ہے سگل مِتھینا ॥

ਇਕੁ ਮਾਗਉ ਦਾਨੁ
ਗੋਬਿਦ ਸੰਤ ਰੇਨਾ ॥

اِکُ ماگءُ دانُ
گوبِد سنت رینا ॥

ਮਸਤਕਿ ਲਾਇ ਪਰਮ ਪਦੁ ਪਾਵਉ

مستکِ لاءِ پرم پدُ پاوءُ

ਜਿਸੁ ਪ੍ਰਾਪਤਿ ਸੋ ਪਾਵੈਗਾ ॥੧੮॥

جِسُ پراپتِ سو پاویگا ॥ 18 ॥

ਜਿਨ ਕਉ ਕ੍ਰਿਪਾ ਕਰੀ ਸੁਖਦਾਤੇ ॥

جِن ک ءُ کرِپا کری سُکھداتے ॥

ਤਿਨ ਸਾਧੂ ਚਰਣ ਲੈ ਰਿਦੈ ਪਰਾਤੇ ॥

تِن سادھوُ چرنُ لے رِدے پراتے ॥

ਸਗਲ ਨਾਮ ਨਿਧਾਨੁ ਤਿਨ ਪਾਇਆ
ਅਨਹਦ ਸਬਦ ਮਨਿ ਵਾਜੰਗਾ ॥੧੯॥

سگل نام نِدھانُ تِن پائیا
انہد سبد منِ واجنگا ॥ 19 ॥

ਕਿਰਤਮ ਨਾਮ ਕਥੇ ਤੇਰੇ ਜਿਹਬਾ ॥

کِرتم نام کتھے تیرے جِہبا ॥

ਸਤਿ ਨਾਮੁ ਤੇਰਾ ਪਰਾ ਪੂਰਬਲਾ ॥

ستِ نامُ تیرا پرا پوُربلا ॥

ਕਹੁ ਨਾਨਕ ਭਗਤ ਪਏ ਸਰਣਾਈ
ਦੇਹੁ ਦਰਸੁ ਮਨਿ ਰੰਗੁ ਲਗਾ ॥੨੦॥

کہُ نانک بھگت پے سرٹائی
دیہُ درسُ منِ رنگُ لگا ॥ 20 ॥

ਤੇਰੀ ਗਤਿ ਮਿਤਿ ਤੂਹੈ ਜਾਣਹਿ ॥

تیری گتِ مِتِ توُہے جانہِ ॥

ਤੂ ਆਪੇ ਕਥਹਿ ਤੈ ਆਪਿ ਵਖਾਣਹਿ ॥

توُ آپے کتھہِ تے آپِ وکھانہِ ॥

ਨਾਨਕ ਦਾਸੁ ਦਾਸਨ ਕੋ ਕਰੀਅਹੁ
ਹਰਿ ਭਾਵੈ ਦਾਸਾ ਰਾਖੁ ਸੰਗਾ ॥੨੧॥੨॥੧੧॥

نانک داسُ داسن کو کریئہُ
ہرِ بھاوے داسا راکھُ سنگا ॥ 21 ॥2॥ 11 ॥

ਮਾਰੂ ਮਹਲਾ ੫ ॥

مارو محلا 5 ॥

ਅਲਹ ਅਗਮ ਖੁਦਾਈ ਬੰਦੇ ॥

الہ اگم خُدائی بندے ۔ ॥

ਛੋਡਿ ਖਿਆਲ ਦੁਨੀਆ ਕੇ ਧੰਧੇ ॥

چھوڈِ خِیال دُنیا کے دھندے ॥

ਹੋਇ ਪੈ ਖਾਕ ਫਕੀਰ ਮੁਸਾਫਰੁ
ਇਹੁ ਦਰਵੇਸੁ ਕਬੂਲੁ ਦਰਾ ॥੧॥

ہوءِ پے خاک فقیرِ مُسافرُ
اِہُ درویشُ قبوُلُ درا ॥1॥

ਸਚੁ ਨਿਵਾਜ ਯਕੀਨ ਮੁਸਲਾ ॥

سچُ نِواز یقِین مُصلا ॥

ਮਨਸਾ ਮਾਰਿ ਨਿਵਾਰਿਹੁ ਆਸਾ ॥

منسا مارِ نِوارِہُ یا◌ٔصا ॥

ਦੇਹ ਮਸੀਤਿ ਮਨੁ ਮਉਲਾਣਾ
ਕਲਮ ਖੁਦਾਈ ਪਾਕੁ ਖਰਾ ॥੨॥

دیہ مسیتِ منُ منُّلاٹا
قلم خُدائی پاکُ کھرا ॥2॥

ਸਰਾ ਸਰੀਅਤਿ ਲੇ ਕੰਮਾਵਹੁ ॥

شرا شرِیئتِ لے کنّماوہُ ॥

ਤਰੀਕਤਿ ਤਰਕ ਖੋਜਿ ਟੋਲਾਵਹੁ ॥
طریقتِ ترک کھوجِ ٹولاوہُ ॥

ਮਾਰਫਤਿ ਮਨੁ ਮਾਰਹੁ ਅਬਦਾਲਾ
ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ ॥੩॥
مارفتِ منُ مارہُ ابدالا
مِلہُ حقیقتِ جِتُ پھِرِ ن مرا ॥3॥

ਕੁਰਾਣੁ ਕਤੇਬ ਦਿਲ ਮਾਹਿ ਕਮਾਹੀ ॥
قُرانُ کتیب دِل ماہِ کماہی ॥

ਦਸ ਅਉਰਾਤ ਰਖਹੁ ਬਦ ਰਾਹੀ ॥
دس اُرات رکھہُ بد راہی ॥

ਪੰਚ ਮਰਦ ਸਿਦਕਿ ਲੇ ਬਾਧਹੁ
ਖੈਰਿ ਸਬੂਰੀ ਕਬੂਲ ਪਰਾ ॥੪॥
پنّج مرد صِدقِ لے بادھہُ
کھیرِ صبوُری قبوُل پرا ॥4॥

ਮਕਾ ਮਿਹਰ
ਰੋਜਾ ਪੈ ਖਾਕਾ ॥
مقا مِہر
روزا پے کھاکا ॥

ਭਿਸਤੁ ਪੀਰ ਲਫਜ
ਕਮਾਇ ਅੰਦਾਜਾ ॥
بھِستُ پیِر لفز
کماءِ ئنّدازا ॥

ਹੂਰ ਨੂਰ ਮੁਸਕੁ ਖੁਦਾਇਆ
ਬੰਦਗੀ ਅਲਹ ਆਲਾ ਹੁਜਰਾ ॥੫॥
حوُر نوُر مُشکُ خُدائیا
بنّدگی الہ آلا حُجرا ॥5॥

ਸਚੁ ਕਮਾਵੈ ਸੋਈ ਕਾਜੀ ॥
سچُ کماوے سوئی قاضی ॥

ਜੋ ਦਿਲੁ ਸੋਧੈ ਸੋਈ ਹਾਜੀ ॥
جو دِلُ سودھے سوئی ہاجی ॥

ਸੋ ਮੁਲਾ ਮਲਊਨ ਨਿਵਾਰੈ
ਸੋ ਦਰਵੇਸੁ ਜਿਸੁ ਸਿਫਤਿ ਧਰਾ ॥੬॥
سو مُلا ملعوُن نِوارے
سو درویشُ جِسُ صِفتِ دھرا ॥6॥

ਸਭੇ ਵਖਤ ਸਭੇ ਕਰਿ ਵੇਲਾ ॥
سبھے وکھت سبھے کرِ ویلا ॥

ਖਾਲਕੁ ਯਾਦਿ ਦਿਲੈ ਮਹਿ ਮਉਲਾ ॥
خالقُ یادِ دِلے مہِ مئُلا ॥

ਤਸਬੀ ਯਾਦਿ ਕਰਹੁ ਦਸ ਮਰਦਨੁ
ਸੁੰਨਤਿ ਸੀਲੁ ਬੰਧਾਨਿ ਬਰਾ ॥੭॥
تسبی یادِ کرہُ دس مردنُ
سُنّنتِ سیِلُ بنّدھانِ برا ॥7॥

ਦਿਲ ਮਹਿ ਜਾਨਹੁ ਸਭ ਫਿਲਹਾਲਾ ॥
دِل مہِ جانہُ سبھ فِلحالا ॥

ਖਿਲਖਾਨਾ ਬਿਰਾਦਰ ਹਮੂ ਜੰਜਾਲਾ ॥
خِلخانا بِرادر ہموُ زنّجالا ॥

ਮੀਰ ਮਲਕ ਉਮਰੇ ਫਾਨਾਇਆ
ਏਕ ਮੁਕਾਮ ਖੁਦਾਇ ਦਰਾ ॥੮॥
میِر ملک اُمرے پھانائیا

ਅਵਲਿ ਸਿਫਤਿ ਦੂਜੀ ਸਾਬੂਰੀ ॥
ਤੀਜੈ ਹਲੇਮੀ ਚਉਥੈ ਖੈਰੀ ॥
ਪੰਜਵੈ ਪੰਜੇ ਇਕਤੁ ਮੁਕਾਮੈ
ਏਹਿ ਪੰਜਿ ਵਖਤ ਤੇਰੇ ਅਪਰਪਰਾ ॥੯॥

ایک مُقام خُداءِ درا ॥8॥
اولِ صِفتِ دوُجی صابوُری ॥
تِیجے ہلیمی چُتھے کھیَری ॥
پنجوےَ پنجے اِکتُ مُقامےَ
ایہِ پنجِ وکھت تیرے اپرپرا ॥9॥

ਸਗਲੀ ਜਾਨਿ ਕਰਹੁ ਮਉਦੀਫਾ ॥
ਬਦ ਅਮਲ ਛੋਡਿ ਕਰਹੁ ਹਥਿ ਕੂਜਾ ॥
ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ
ਬੁਰਗੂ ਬਰਖੁਰਦਾਰ ਖਰਾ ॥੧੦॥

سگلی جانِ کرہُ مئدیپھا ॥
بد عمل چھوڈِ کرہُ ہتھِ کوُجا ॥
خُداءِ ایکُ بُجھِ دیوہُ بانگاں
بُرغوُ برخُردار کھرا ॥ 10 ॥

ਹਕੁ ਹਲਾਲੁ ਬਖੋਰਹੁ ਖਾਣਾ ॥
ਦਿਲ ਦਰੀਆਉ ਧੋਵਹੁ ਮੈਲਾਣਾ ॥
ਪੀਰੁ ਪਛਾਣੈ ਭਿਸਤੀ ਸੋਈ
ਅਜਰਾਈਲੁ ਨ ਦੋਜ ਠਰਾ ॥੧੧॥

حقُ حلالُ بخورہُ کھاٹا ॥
دِل دریِیاءُ دھووہُ میَلاٹا ॥
پیِرُ پچھاٹےٗ بھِستی سوئی
عزرائیِلُ ن دوزُ ٹھرا ॥ 11 ॥

ਕਾਇਆ ਕਿਰਦਾਰ ਅਉਰਤ ਯਕੀਨਾ ॥
ਰੰਗ ਤਮਾਸੇ ਮਾਣਿ ਹਕੀਨਾ ॥
ਨਾਪਾਕ ਪਾਕੁ ਕਰਿ ਹਦੂਰਿ ਹਦੀਸਾ
ਸਾਬਤ ਸੂਰਤਿ ਦਸਤਾਰ ਸਿਰਾ ॥੧੨॥

کائیِا کِردار اُرت یقِینا ॥
رنگ تماشے ماںِ حقِینا ॥
ناپاک پاکُ کرِ حدوُرِ حدیِسا
سابت صوُرتِ دستار سِرا ॥ 12 ॥

ਮੁਸਲਮਾਣੁ ਮੋਮ ਦਿਲ ਹੋਵੈ ॥
ਅੰਤਰ ਕੀ ਮਲੁ ਦਿਲ ਤੇ ਧੋਵੈ ॥
ਦੁਨੀਆ ਰੰਗ ਨ ਆਵੈ ਨੇੜੈ
ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ॥੧੩॥

مُسلماںُ موم دِل ہووےَ ॥
اَترکی ملُ دِل تے دھووےَ ॥
دُنیِیا رنگ ن آوےَ نیڑےَ
جِءُ کُسم پاٹُ گھِءُ پاکُ ہرا ॥ 13 ॥

ਜਾ ਕਉ ਮਿਹਰ ਮਿਹਰ ਮਿਹਰਵਾਨਾ ॥
ਸੋਈ ਮਰਦੁ ਮਰਦੁ ਮਰਦਾਨਾ ॥
ਸੋਈ ਸੇਖੁ ਮਸਾਇਕੁ ਹਾਜੀ

جا کءُ مِہر مِہر مِہروانا ॥
سوئی مردُ مردُ مردانا ॥
سوئی سیکھُ مشائِکُ ہاجی

ਸੋ ਬੰਦਾ ਜਿਸੁ ਨਜਰਿ ਨਰਾ ॥੧੪॥

سو بندا جِسُ نظرِ نرا ॥ 14 ॥

ਕੁਦਰਤਿ ਕਾਦਰ ਕਰਣ ਕਰੀਮਾ ॥

قُدرتِ قادر کرنؔ کریما ॥

ਸਿਫਤਿ ਮੁਹਬਤਿ ਅਥਾਹ ਰਹੀਮਾ ॥

صِفتِ مُحبتِ اتھاہ رہیما ॥

ਹਕੁ ਹੁਕਮੁ ਸਚੁ ਖੁਦਾਇਆ ਬੁਝਿ
ਨਾਨਕ ਬੰਦਿ ਖਲਾਸ ਤਰਾ ॥੧੫॥੩॥੧੨॥

حقُ حُکمُ سچُ خُدائیا بُجھِ
نانک بندِ خلاس ترا ॥ 15 ॥3॥ 12 ॥

ਮਾਰੂ ਮਹਲਾ ੫ ॥

مارُو محلا 5 ॥

ਪਾਰਬ੍ਰਹਮ ਸਭ ਊਚ ਬਿਰਾਜੇ ॥

پاربّرہم سبھ اوُچ بِراجے ॥

ਆਪੇ ਥਾਪਿ ਉਥਾਪੇ ਸਾਜੇ ॥

آپے تھاپِ اُتھاپے ساجے ॥

ਪ੍ਰਭ ਕੀ ਸਰਣਿ ਗਹਤ ਸੁਖੁ ਪਾਈਐ
ਕਿਛੁ ਭਉ ਨ ਵਿਆਪੈ ਬਾਲ ਕਾ ॥੧॥

پّربھ کی سرنؔ گہت سُکھُ پائیئے
کِچھُ بھءُ ن وِیاپے بال کا ॥ 1 ॥

ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥

گربھ اگنِ مہِ جِنہِ اُبارِیا ॥

ਰਕਤ ਕਿਰਮ ਮਹਿ ਨਹੀ ਸੰਘਾਰਿਆ ॥

رکت کِرم مہِ نہی سنگھارِیا ॥

ਅਪਨਾ ਸਿਮਰਨੁ ਦੇ ਪ੍ਰਤਿਪਾਲਿਆ
ਓਹੁ ਸਗਲ ਘਟਾ ਕਾ ਮਾਲਕਾ ॥੨॥

اپنا سِمرنُ دے پّرتپالیا
اوہُ سگل گھٹا کا مالکا ॥ 2 ॥

ਚਰਣ ਕਮਲ ਸਰਣਾਈ ਆਇਆ ॥

چرنؔ کمل سرنائی آئیا ॥

ਸਾਧਸੰਗਿ ਹੈ ਹਰਿ ਜਸੁ ਗਾਇਆ ॥

سادھسنگِ ہے ہرِ جسُ گائیا ॥

ਜਨਮ ਮਰਣ ਸਭਿ ਦੂਖ ਨਿਵਾਰੇ
ਜਪਿ ਹਰਿ ਹਰਿ ਭਉ ਨਹੀ ਕਾਲ ਕਾ ॥੩॥

جنم مرنؔ سبھِ دوُکھ نِوارے
جپِ ہرِ ہرِ بھءُ نہی کال کا ॥ 3 ॥

ਸਮਰਥ ਅਕਥ ਅਗੋਚਰ ਦੇਵਾ ॥

سمرتھ اکتھ اگوچر دیوا ॥

ਜੀਅ ਜੰਤ ਸਭਿ ਤਾ ਕੀ ਸੇਵਾ ॥

جیء جنّت سبھِ تا کی سیوا ॥

ਅੰਡਜ ਜੇਰਜ ਸੇਤਜ ਉਤਭੁਜ
ਬਹੁ ਪਰਕਾਰੀ ਪਾਲਕਾ ॥੪॥

انّڈج جیرج سیتج اُتبھُج
بہُ پرکاری پالکا ॥ 4 ॥

ਤਿਸਹਿ ਪਰਾਪਤਿ ਹੋਇ ਨਿਧਾਨਾ ॥

تِسہِ پراپتِ ہوءِ ندھانا ॥

ਰਾਮ ਨਾਮ ਰਸੁ ਅੰਤਰਿ ਮਾਨਾ ॥
رام نام رسُ انترِ مانا ॥

ਕਰੁ ਗਹਿ ਲੀਨੇ ਅੰਧ ਕੂਪ ਤੇ
ਵਿਰਲੇ ਕੇਈ ਸਾਲਕਾ ॥੫॥
کرُ گہِ لینے اندھ کوُپ تے
وِرلے کیئی سالکا ॥5॥

ਆਦਿ ਅੰਤਿ ਮਧਿ ਪ੍ਰਭੁ ਸੋਈ ॥
آدِ انتِ مدھِ پربھُ سوئی ॥

ਆਪੇ ਕਰਤਾ ਕਰੇ ਸੁ ਹੋਈ ॥
آپے کرتا کرے سُ ہوئی ॥

ਭ੍ਰਮੁ ਭਉ ਮਿਟਿਆ ਸਾਧਸੰਗ ਤੇ
ਦਾਲਿਦ ਨ ਕੋਈ ਘਾਲਕਾ ॥੬॥
بھرّمُ بھءُ مِٹیا سادھسنگ تے
دالِد ن کوئی گھالکا ॥6॥

ਊਤਮ ਬਾਣੀ ਗਾਉ ਗੋਪਾਲਾ ॥
اوُتم باٹی گاءُ گوپالا ॥

ਸਾਧਸੰਗਤਿ ਕੀ ਮੰਗਹੁ ਰਵਾਲਾ ॥
سادھسنگتِ کی منگہُ روالا ॥

ਬਾਸਨ ਮੇਟਿ ਨਿਬਾਸਨ ਹੋਈਐ
ਕਲਮਲ ਸਗਲੇ ਜਾਲਕਾ ॥੭॥
باسن میٹِ نِباسن ہوئیئے
کلمل سگلے جالکا ॥7॥

ਸੰਤਾ ਕੀ ਇਹ ਰੀਤਿ ਨਿਰਾਲੀ ॥
سنّتا کی اِہ ریتِ نِرالی ॥

ਪਾਰਬ੍ਰਹਮੁ ਕਰਿ ਦੇਖਹਿ ਨਾਲੀ ॥
پاربرّہمُ کرِ دیکھِ نالی ॥

ਸਾਸਿ ਸਾਸਿ ਆਰਾਧਨਿ ਹਰਿ ਹਰਿ
ਕਿਉ ਸਿਮਰਤ ਕੀਜੈ ਆਲਕਾ ॥੮॥
ساسِ ساسِ آرادھنِ ہرِ ہرِ
کِءُ سِمرت کیجے آلکا ۔ ॥8॥

ਜਹ ਦੇਖਾ ਤਹ ਅੰਤਰਜਾਮੀ ॥
جہ دیکھا تہ انترجامی ॥

ਨਿਮਖ ਨ ਵਿਸਰਹੁ ਪ੍ਰਭ ਮੇਰੇ ਸੁਆਮੀ ॥
نِمکھ ن وِسرہُ پربھ میرے سُیامی ۔ ॥

ਸਿਮਰਿ ਸਿਮਰਿ ਜੀਵਹਿ ਤੇਰੇ ਦਾਸਾ
ਬਨਿ ਜਲਿ ਪੂਰਨ ਥਾਲਕਾ ॥੯॥
سِمرِ سِمرِ جیوہِ تیرے داسا
بنِ جلِ پوُرن تھالکا ॥9॥

ਤਤੀ ਵਾਉ ਨ ਤਾ ਕਉ ਲਾਗੈ ॥
تتی واءُ ن تا کءُ لاگے ॥

ਸਿਮਰਤ ਨਾਮੁ ਅਨਦਿਨੁ ਜਾਗੈ ॥
سِمرت نامُ اندِنُ جاگے ॥

ਅਨਤ ਬਿਨੋਦ ਕਰੇ ਹਰਿ ਸਿਮਰਨੁ
ਤਿਸੁ ਮਾਇਆ ਸੰਗਿ ਨ ਤਾਲਕਾ ॥੧੦॥
انت بِنود کرے ہرِ سِمرنُ
تِسُ مائیا سنگِ ن تالقا ॥ 10 ॥

ਰੋਗ ਸੋਗ ਦੂਖ ਤਿਸੁ ਨਾਹੀ ॥
روگ سوگ دوُکھ تِسُ ناہی ॥

ਸਾਧਸੰਗਿ ਹਰਿ ਕੀਰਤਨੁ ਗਾਹੀ ॥	سادھسنگِ ہرِ کیرتنُ گاہی ॥
ਆਪਣਾ ਨਾਮੁ ਦੇਹਿ ਪ੍ਰਭ ਪ੍ਰੀਤਮ ਸੁਣਿ ਬੇਨੰਤੀ ਖਾਲਕਾ ॥੧੧॥	آپنّا نامُ دیہِ پربھ پریتم سُنِ بینتی خالقا ۔ ॥ 11 ॥
ਨਾਮ ਰਤਨੁ ਤੇਰਾ ਹੈ ਪਿਆਰੇ ॥	نام رتنُ تیرا ہے پیارے ۔ ॥
ਰੰਗਿ ਰਤੇ ਤੇਰੈ ਦਾਸ ਅਪਾਰੇ ॥	رنگِ رتے تیرے داس اپارے ॥
ਤੇਰੈ ਰੰਗਿ ਰਤੇ ਤੁਧੁ ਜੇਹੇ ਵਿਰਲੇ ਕੇਈ ਭਾਲਕਾ ॥੧੨॥	تیرے رنگِ رتے تُدھُ جیہے وِرلے کیئی بھالکا ॥ 12 ॥
ਤਿਨ ਕੀ ਧੂੜਿ ਮਾਂਗੈ ਮਨੁ ਮੇਰਾ ॥	تِن کی دھوُڑِ مانگے منُ میرا ॥
ਜਿਨ ਵਿਸਰਹਿ ਨਾਹੀ ਕਾਹੂ ਬੇਰਾ ॥	جِن وِسرہِ ناہی کاہوُ بیرا ॥
ਤਿਨ ਕੈ ਸੰਗਿ ਪਰਮ ਪਦੁ ਪਾਈ ਸਦਾ ਸੰਗੀ ਹਰਿ ਨਾਲਕਾ ॥੧੩॥	تِن کے سنگِ پرم پدُ پائی سدا سنگی ہرِ نالکا ॥ 13 ॥
ਸਾਜਨੁ ਮੀਤੁ ਪਿਆਰਾ ਸੋਈ ॥	ساجنُ میتُ پیارا سوئی ॥
ਏਕੁ ਦ੍ਰਿੜਾਏ ਦੁਰਮਤਿ ਖੋਈ ॥	ایکُ دڑِڑائے دُرمتِ کھوئی ॥
ਕਾਮੁ ਕ੍ਰੋਧੁ ਅਹੰਕਾਰੁ ਤਜਾਏ ਤਿਸੁ ਜਨ ਕਉ ਉਪਦੇਸੁ ਨਿਰਮਾਲਕਾ ॥੧੪॥	کامُ کرودھُ اہنکارُ تجائے تِسُ جن کءُ اُپدیسُ نِرمالکا ॥ 14 ॥
ਤੁਧੁ ਵਿਣੁ ਨਾਹੀ ਕੋਈ ਮੇਰਾ ॥	تُدھُ وِنُ ناہی کوئی میرا ॥
ਗੁਰਿ ਪਕੜਾਏ ਪ੍ਰਭ ਕੇ ਪੈਰਾ ॥	گُرِ پکڑائے پربھ کے پیرا ॥
ਹਉ ਬਲਿਹਾਰੀ ਸਤਿਗੁਰ ਪੂਰੇ ਜਿਨਿ ਖੰਡਿਆ ਭਰਮੁ ਅਨਾਲਕਾ ॥੧੫॥	ہءُ بلِہاری ستِگُر پوُرے جِنِ کھنڈیا بھرمُ انالکا ॥ 15 ॥
ਸਾਸਿ ਸਾਸਿ ਪ੍ਰਭੁ ਬਿਸਰੈ ਨਾਹੀ ॥	ساسِ ساسِ پربھُ بِسرے ناہی ॥
ਆਠ ਪਹਰ ਹਰਿ ਹਰਿ ਕਉ ਧਿਆਈ ॥	آٹھ پہر ہرِ ہرِ کءُ دھیائی ॥
ਨਾਨਕ ਸੰਤ ਤੇਰੈ ਰੰਗਿ ਰਾਤੇ ਤੂ ਸਮਰਥੁ ਵਡਾਲਕਾ ॥੧੬॥੪॥੧੩॥	نانک سنت تیرے رنگِ راتے توُ سمرتھُ وڈالکا ॥ 16 ॥4॥ 13 ॥
ਮਾਰੂ ਮਹਲਾ ੫	مارو محلا 5

ੴ ਸਤਿਗੁਰ ਪ੍ਰਸਾਦਿ ॥	۞ ستِگُر پرّسادِ ॥
ਚਰਨ ਕਮਲ ਹਿਰਦੈ ਨਿਤ ਧਾਰੀ ॥	چرن کمل ہِردے نِت دھاری ॥
ਗੁਰੁ ਪੂਰਾ ਖਿਨੁ ਖਿਨੁ ਨਮਸਕਾਰੀ ॥	گُرُ پوُرا کھِنُ کھِنُ نمسکاری ॥
ਤਨੁ ਮਨੁ ਅਰਪਿ ਧਰੀ ਸਭੁ ਆਗੈ ਜਗ ਮਹਿ ਨਾਮੁ ਸੁਹਾਵਣਾ ॥੧॥	تنُ منُ ارپِ دھری سبھُ آگے جگ مہِ نامُ سُہاوٹا ॥1॥
ਸੋ ਠਾਕੁਰੁ ਕਿਉ ਮਨਹੁ ਵਿਸਾਰੇ ॥	سو ٹھاکُرُ کِءُ منہُ وِسارے ۔ ॥
ਜੀਉ ਪਿੰਡੁ ਦੇ ਸਾਜਿ ਸਵਾਰੇ ॥	جیِءُ پِنڈُ دے ساجِ سوارے ॥
ਸਾਸਿ ਗਰਾਸਿ ਸਮਾਲੇ ਕਰਤਾ ਕੀਤਾ ਅਪਣਾ ਪਾਵਣਾ ॥੨॥	ساسِ گراسِ سمالے کرتا کِیتا اپنّا پاوٹا ॥2॥
ਜਾ ਤੇ ਬਿਰਥਾ ਕੋਊ ਨਾਹੀ ॥	جا تے بِرتھا کوئوُ ناہی ॥
ਆਠ ਪਹਰ ਹਰਿ ਰਖੁ ਮਨ ਮਾਹੀ ॥	آٹھ پہر ہرِ رکھُ من ماہی ॥
ਸਾਧਸੰਗਿ ਭਜੁ ਅਚੁਤ ਸੁਆਮੀ ਦਰਗਹ ਸੋਭਾ ਪਾਵਣਾ ॥੩॥	سادھسنگِ بھجُ اچُت سُیامی درگہ سوبھا پاوٹا ॥3॥
ਚਾਰਿ ਪਦਾਰਥ ਅਸਟ ਦਸਾ ਸਿਧਿ ॥	چارِ پدارتھ اسٹ دسا سِدھِ ॥
ਨਾਮੁ ਨਿਧਾਨੁ ਸਹਜ ਸੁਖ ਨਉ ਨਿਧਿ ॥	نامُ نِدھانُ سہج سُکھ نءُ نِدھِ ॥
ਸਰਬ ਕਲਿਆਣ ਜੇ ਮਨ ਮਹਿ ਚਾਹਹਿ ਮਿਲਿ ਸਾਧੂ ਸੁਆਮੀ ਰਾਵਣਾ ॥੪॥	سرب کلیاںٹ جے من مہِ چاہہِ مِلِ سادھوُ سُیامی راوٹا ॥4॥
ਸਾਸਤ ਸਿੰਮ੍ਰਿਤਿ ਬੇਦ ਵਖਾਣੀ ॥	ساست سِمرِتِ بید وکھانٹی ॥
ਜਨਮੁ ਪਦਾਰਥੁ ਜੀਤੁ ਪਰਾਣੀ ॥	جنمُ پدارتھُ جیِتُ پراٹی ۔ ॥
ਕਾਮੁ ਕ੍ਰੋਧੁ ਨਿੰਦਾ ਪਰਹਰੀਐ ਹਰਿ ਰਸਨਾ ਨਾਨਕ ਗਾਵਣਾ ॥੫॥	کامُ کرودھُ نِندا پرہریے ہرِ رسنا نانک گاوٹا ॥5॥
ਜਿਸੁ ਰੂਪੁ ਨ ਰੇਖਿਆ ਕੁਲੁ ਨਹੀ ਜਾਤੀ ॥	جِسُ روُپُ ن ریکھیا کُلُ نہی زاتی ॥
ਪੂਰਨ ਪੂਰਿ ਰਹਿਆ ਦਿਨੁ ਰਾਤੀ ॥	پوُرن پوُرِ رہِیا دِنُ راتی ॥
ਜੋ ਜੋ ਜਪੈ ਸੋਈ ਵਡਭਾਗੀ	جو جو جپے سوئی وڈبھاگی

ਬਹੁੜਿ ਨ ਜੋਨੀ ਪਾਵਣਾ ॥੬॥

بہُڑِ ن جونی پاوٹا ॥6॥

ਜਿਸ ਨੋ ਬਿਸਰੈ ਪੁਰਖੁ ਬਿਧਾਤਾ ॥

جِس نو بِسرے پُرکھُ بِدھاتا ॥

ਜਲਤਾ ਫਿਰੈ ਰਹੈ ਨਿਤ ਤਾਤਾ ॥

جلتا پھِرے رہے نِت تاتا ॥

ਅਕਿਰਤਘਣੈ ਕਉ ਰਖੈ ਨ ਕੋਈ
ਨਰਕ ਘੋਰ ਮਹਿ ਪਾਵਣਾ ॥੭॥

اکِرتگھنے ک ءُ رکھے ن کوئی
نرک گھور مہِ پاوٹا ॥7॥

ਜੀਉ ਪ੍ਰਾਣ ਤਨੁ ਧਨੁ ਜਿਨਿ ਸਾਜਿਆ ॥

جیِ ءُ پّراںٹ تنُ دھنُ جِنِ ساجِیا ॥

ਮਾਤ ਗਰਭ ਮਹਿ ਰਾਖਿ ਨਿਵਾਜਿਆ ॥

مات گربھ مہِ راکھِ نِواجِیا ॥

ਤਿਸ ਸਿਉ ਪ੍ਰੀਤਿ ਛਾਡਿ ਅਨ ਰਾਤਾ
ਕਾਹੂ ਸਿਰੈ ਨ ਲਾਵਣਾ ॥੮॥

تِس سِ ءُ پّریتِ چھاڈِ ان راتا
کاہوُ سِرے ن لاوٹا ॥8॥

ਧਾਰਿ ਅਨੁਗ੍ਰਹੁ ਸੁਆਮੀ ਮੇਰੇ ॥

دھارِ انگّرہُ سُیامی میرے ۔ ॥

ਘਟਿ ਘਟਿ ਵਸਹਿ ਸਭਨ ਕੈ ਨੇਰੇ ॥

گھٹِ گھٹِ وسہِ سبھن کے نیرے ॥

ਹਾਥਿ ਹਮਾਰੈ ਕਛੂਐ ਨਾਹੀ
ਜਿਸੁ ਜਣਾਇਹਿ ਤਿਸੈ ਜਣਾਵਣਾ ॥੯॥

ہاتھِ ہمارے کچھوُئے ناہی
جِسُ جنٹائِہِ تِسے جنٹاوٹا ॥9॥

ਜਾ ਕੈ ਮਸਤਕਿ ਧੁਰਿ ਲਿਖਿ ਪਾਇਆ ॥

جا کے مستکِ دھُرِ لِکھِ پائِیا ॥

ਤਿਸ ਹੀ ਪੁਰਖ ਨ ਵਿਆਪੈ ਮਾਇਆ ॥

تِس ہی پُرکھ ن وِیاپے مائِیا ॥

ਨਾਨਕ ਦਾਸ ਸਦਾ ਸਰਣਾਈ
ਦੂਸਰ ਲਵੈ ਨ ਲਾਵਣਾ ॥੧੦॥

نانک داس سدا سرٹائی
دوُسر لوے ن لاوٹا ॥ 10 ॥

ਆਗਿਆ ਦੂਖ ਸੂਖ ਸਭਿ ਕੀਨੇ ॥

آگیا دوُکھ سوُکھ سبھِ کِینے ॥

ਅੰਮ੍ਰਿਤ ਨਾਮੁ ਬਿਰਲੈ ਹੀ ਚੀਨੇ ॥

انّمرِّت نامُ بِرلے ہی چِینے ॥

ਤਾ ਕੀ ਕੀਮਤਿ ਕਹਣੁ ਨ ਜਾਈ
ਜਤ ਕਤ ਓਹੀ ਸਮਾਵਣਾ ॥੧੧॥

تا کی قِیمتِ کہنُ ن جائی
جت کت اوہی سماوٹا ॥ 11 ॥

ਸੋਈ ਭਗਤੁ ਸੋਈ ਵਡ ਦਾਤਾ ॥

سوئی بھگتُ سوئی وڈ داتا ॥

ਸੋਈ ਪੂਰਨ ਪੁਰਖੁ ਬਿਧਾਤਾ ॥

سوئی پوُرن پُرکھُ بِدھاتا ॥

ਬਾਲ ਸਹਾਈ ਸੋਈ ਤੇਰਾ

بال سہائی سوئی تیرا

ਜੋ ਤੇਰੈ ਮਨਿ ਭਾਵਣਾ ॥੧੨॥

جو تیرے منِ بھاوٹا ॥ 12 ॥

ਮਿਰਤੁ ਦੂਖ ਸੂਖ ਲਿਖਿ ਪਾਏ ॥

مِرتُ دوُکھ سوُکھ لِکھِ پائے ॥

ਤਿਲੁ ਨਹੀ ਬਧਹਿ ਘਟਹਿ ਨ ਘਟਾਏ ॥

تِلُ نہی بدھہِ گھٹہِ ن گھٹائے ॥

ਸੋਈ ਹੋਇ ਜਿ ਕਰਤੇ ਭਾਵੈ
ਕਹਿ ਕੈ ਆਪੁ ਵਞਾਵਣਾ ॥੧੩॥

سوئی ہوءِ جِ کرتے بھاوے
کہِ کے آپُ وِجاوٹا ॥ 13 ॥

ਅੰਧ ਕੂਪ ਤੇ ਸੇਈ ਕਾਢੇ ॥

انّدھ کوُپ تے سیئی کاڈھے ॥

ਜਨਮ ਜਨਮ ਕੇ ਟੂਟੇ ਗਾਂਢੇ ॥

جنم جنم کے ٹوُٹے گانڈھے ॥

ਕਿਰਪਾ ਧਾਰਿ ਰਖੇ ਕਰਿ ਅਪੁਨੇ
ਮਿਲਿ ਸਾਧੂ ਗੋਬਿੰਦੁ ਧਿਆਵਣਾ ॥੧੪॥

کِرپا دھارِ رکھے کرِ اپُنے
مِلِ سادھوُ گوبِنّدُ دھیاوٹا ॥ 14 ॥

ਤੇਰੀ ਕੀਮਤਿ ਕਹਣੁ ਨ ਜਾਈ ॥

تیری قِیمتِ کہنُ ن جائی ॥

ਅਚਰਜੁ ਰੂਪੁ ਵਡੀ ਵਡਿਆਈ ॥

اچرجُ روُپُ وڈی وڈِیائی ॥

ਭਗਤਿ ਦਾਨੁ ਮੰਗੈ ਜਨੁ ਤੇਰਾ
ਨਾਨਕ ਬਲਿ ਬਲਿ ਜਾਵਣਾ
॥੧੫॥੧॥੧੪॥੨੨॥੨੪॥੨॥੧੪॥੬੨॥

بھگتِ دانُ منگےَ جنُ تیرا
نانک بلِ بلِ جاوٹا ॥ 15 ॥1॥ 14 ॥ 22 ॥ 24 ॥2॥ 14 ॥ 62 ॥

ਮਾਰੂ ਵਾਰ ਮਹਲਾ ੩

مارُو وار محلا 3

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸਲੋਕੁ ਮਃ ੧ ॥

سلوکُ م: 1 ॥

ਵਿਣੁ ਗਾਹਕ ਗੁਣ ਵੇਚੀਐ
ਤਉ ਗੁਣੁ ਸਹਘੋ ਜਾਇ ॥

وِنُ گاہک گُنُ ویچیےَ
تءُ گُنُ سہگھو جاءِ ॥

ਗੁਣ ਕਾ ਗਾਹਕੁ ਜੇ ਮਿਲੈ
ਤਉ ਗੁਣੁ ਲਾਖ ਵਿਕਾਇ ॥

گُنُ کا گاہکُ جے مِلےَ
تءُ گُنُ لاکھ وِکاءِ ॥

ਗੁਣ ਤੇ ਗੁਣ ਮਿਲਿ ਪਾਈਐ
ਜੇ ਸਤਿਗੁਰ ਮਾਹਿ ਸਮਾਇ ॥

گُنُ تے گُنُ مِلِ پائیےَ
جے ستِگُر ماہِ سماءِ ॥

ਮੋਲਿ ਅਮੋਲੁ ਨ ਪਾਈਐ
ਵਣਜਿ ਨ ਲੀਜੈ ਹਾਟਿ ॥

مولِ امولُ ن پائیےَ
وٹنجِ ن لیجےَ ہاٹِ ॥

ਨਾਨਕ ਪੂਰਾ ਤੋਲੁ ਹੈ
ਕਬਹੁ ਨ ਹੋਵੈ ਘਾਟਿ ॥੧॥

نانک پوُرا تولُ ہے
کبہُ ن ہووے گھاٹِ ॥1॥

ਮਃ ੪ ॥

م: 4 ॥

ਨਾਮ ਵਿਹੂਣੇ ਭਰਮਸਹਿ
ਆਵਹਿ ਜਾਵਹਿ ਨੀਤ ॥

نام وِہوُنے بھرمسہِ
آوہِ جاوہِ نِیت ॥

ਇਕਿ ਬਾਂਧੇ ਇਕਿ ਢੀਲਿਆ
ਇਕਿ ਸੁਖੀਏ ਹਰਿ ਪ੍ਰੀਤਿ ॥

اِکِ باندھے اِکِ ڈھیلِیا
اِکِ سُکھیئے ہرِ پرّیتِ ॥

ਨਾਨਕ ਸਚਾ ਮੰਨਿ ਲੈ
ਸਚੁ ਕਰਣੀ ਸਚੁ ਰੀਤਿ ॥੨॥

نانک سچا منّنِ لے
سچُ کرنیٰ سچُ ریتِ ॥2॥

ਪਉੜੀ ॥

پئُڑی ॥

ਗੁਰ ਤੇ ਗਿਆਨੁ ਪਾਇਆ
ਅਤਿ ਖੜਗੁ ਕਰਾਰਾ ॥

گُر تے گیانُ پائیا
اتِ کھڑگُ کرارا ॥

ਦੂਜਾ ਭ੍ਰਮੁ ਗੜੁ ਕਟਿਆ
ਮੋਹੁ ਲੋਭੁ ਅਹੰਕਾਰਾ ॥

دوُجا بھرّمُ گڑُ کٹیا
موہُ لوبھُ اہنکارا ॥

ਹਰਿ ਕਾ ਨਾਮੁ ਮਨਿ ਵਸਿਆ
ਗੁਰ ਸਬਦਿ ਵੀਚਾਰਾ ॥

ہرِ کا نامُ منِ وسِیا
گُر سبدِ ویچارا ॥

ਸਚ ਸੰਜਮਿ ਮਤਿ ਊਤਮਾ
ਹਰਿ ਲਗਾ ਪਿਆਰਾ ॥

سچ سنجَمِ متِ اوُتما
ہرِ لگا پِیارا ॥

ਸਭੁ ਸਚੋ ਸਚੁ ਵਰਤਦਾ
ਸਚੁ ਸਿਰਜਣਹਾਰਾ ॥੧॥

سبھُ سچو سچُ ورتدا
سچُ سِرجنہارا ॥1॥

ਸਲੋਕੁ ਮਃ ੩ ॥

سلوکُ م: 3 ॥

ਕੇਦਾਰਾ ਰਾਗਾ ਵਿਚਿ ਜਾਣੀਐ ਭਾਈ
ਸਬਦੇ ਕਰੇ ਪਿਆਰੁ ॥

کیدارا راگا وِچِ جانیئے بھائی
سبدے کرے پِیارُ ॥

ਸਤਸੰਗਤਿ ਸਿਉ ਮਿਲਦੋ ਰਹੈ
ਸਚੇ ਧਰੇ ਪਿਆਰੁ ॥

ستسنگتِ سِءُ مِلدو رہے
سچے دھرے پِیارُ ॥

ਵਿਚਹੁ ਮਲੁ ਕਟੇ ਆਪਣੀ
ਕੁਲਾ ਕਾ ਕਰੇ ਉਧਾਰੁ ॥

وِچہُ مل کٹے آپنی
کُلا کا کرے اُدھارُ ॥

ਗੁਣਾ ਕੀ ਰਾਸਿ ਸੰਗ੍ਰਹੈ
ਅਵਗਣ ਕਢੈ ਵਿਡਾਰਿ ॥

گُنا کی راسِ سنگّرہے
اوگُن کڈھے وِڈارِ ॥

ਨਾਨਕ ਮਿਲਿਆ ਸੋ ਜਾਣੀਐ
ਗੁਰੂ ਨ ਛੋਡੈ ਆਪਣਾ ਦੂਜੈ ਨ ਧਰੇ ਪਿਆਰੁ ॥੧॥

نانک مِلیا سو جانئیے
گُرو ن چھوڈے آپنا دوجے ن دھرے پِیارُ ॥1॥

ਮਃ ੪ ॥

م: 4 ॥

ਸਾਗਰੁ ਦੇਖਉ ਡਰਿ ਮਰਉ
ਭੈ ਤੇਰੈ ਡਰੁ ਨਾਹਿ ॥

ساگرُ دیکھ ءُ ڈرِ مرءُ
بھے تیرے ڈر ناہِ ॥

ਗੁਰ ਕੈ ਸਬਦਿ ਸੰਤੋਖੀਆ
ਨਾਨਕ ਬਿਗਸਾ ਨਾਇ ॥੨॥

گُر کے سبدِ سنتوکھیا
نانک بِگسا ناءِ ॥2॥

ਮਃ ੪ ॥

م: 4 ॥

ਚੜਿ ਬੋਹਿਥੈ ਚਾਲਸਉ
ਸਾਗਰੁ ਲਹਰੀ ਦੇਇ ॥

چڑِ بوہتھے چالس ءُ
ساگرُ لہری دے ءِ ॥

ਠਾਕ ਨ ਸਚੈ ਬੋਹਿਥੈ
ਜੇ ਗੁਰੁ ਧੀਰਕ ਦੇਇ ॥

ٹھاک ن سچے بوہتھے
جے گُرُ دھیرک دے ءِ ॥

ਤਿਤੁ ਦਰਿ ਜਾਇ ਉਤਾਰੀਆ
ਗੁਰੁ ਦਿਸੈ ਸਾਵਧਾਨੁ ॥

تِتُ درِ جاءِ اُتاریا
گُرُ دِسے ساودھانُ ॥

ਨਾਨਕ ਨਦਰੀ ਪਾਈਐ
ਦਰਗਹ ਚਲੈ ਮਾਨੁ ॥੩॥

نانک ندری پائیے
درگہ چلے مانُ ॥3॥

ਪਉੜੀ ॥

پئڑی ॥

ਨਿਹਕੰਟਕ ਰਾਜੁ ਭੁੰਚਿ ਤੂ
ਗੁਰਮੁਖਿ ਸਚੁ ਕਮਾਈ ॥

نِہکنٹک راجُ بھُنچِ توُ
گُرمُکھِ سچُ کمائی ॥

ਸਚੈ ਤਖਤਿ ਬੈਠਾ ਨਿਆਉ ਕਰਿ
ਸਤਸੰਗਤਿ ਮੇਲਿ ਮਿਲਾਈ ॥

سچے تخت بیٹھا نیاءُ کرِ
ستسنگتِ میلِ مِلائی ॥

ਸਚਾ ਉਪਦੇਸੁ ਹਰਿ ਜਾਪਣਾ
ਹਰਿ ਸਿਉ ਬਣਿ ਆਈ ॥

سچا اُپدیسُ ہرِ جاپنا
ہرِ سِ ءُ بنِ آئی ॥

ਐਥੈ ਸੁਖਦਾਤਾ ਮਨਿ ਵਸੈ
ਅੰਤਿ ਹੋਇ ਸਖਾਈ ॥

ایتھے سُکھداتا منِ وسے
انّتِ ہوءِ سکھائی ॥

ਹਰਿ ਸਿਉ ਪ੍ਰੀਤਿ ਊਪਜੀ
ਗੁਰਿ ਸੋਝੀ ਪਾਈ ॥੨॥

ہرِ سِ ءُ پّریتِ اوُپجی
گُرِ سوجھی پائی ॥2॥

ਸਲੋਕੁ ਮਃ ੧ ॥

سلوکُ م: 1 ॥

ਭੂਲੀ ਭੂਲੀ ਮੈ ਫਿਰੀ
ਪਾਧਰੁ ਕਹੈ ਨ ਕੋਇ ॥

بھوُلی بھوُلی مے پھِری
پادھرُ کہے ن کوءِ ॥

ਪੂਛਹੁ ਜਾਇ ਸਿਆਣਿਆ
ਦੁਖੁ ਕਾਟੈ ਮੇਰਾ ਕੋਇ ॥

پوُچھہُ جاءِ سِیانِیا
دُکھُ کاٹے میرا کوءِ ॥

ਸਤਿਗੁਰੁ ਸਾਚਾ ਮਨਿ ਵਸੈ
ਸਾਜਨੁ ਉਤ ਹੀ ਠਾਇ ॥

ستِگُرُ ساچا منِ وسے
ساجنُ اُت ہی ٹھاءِ ॥

ਨਾਨਕ ਮਨੁ ਤ੍ਰਿਪਤਾਸੀਐ
ਸਿਫਤੀ ਸਾਚੈ ਨਾਇ ॥੧॥

نانک منُ ترّپتاسیئے
صِفتی ساچے ناءِ ॥1॥

ਮਃ ੩ ॥

م: 3 ॥

ਆਪੇ ਕਰਣੀ ਕਾਰ ਆਪਿ
ਆਪੇ ਕਰੇ ਰਜਾਇ ॥

آپے کرنّی کار آپِ
آپے کرے رضاءِ ॥

ਆਪੇ ਕਿਸ ਹੀ ਬਖਸਿ ਲਏ
ਆਪੇ ਕਾਰ ਕਮਾਇ ॥

آپے کِس ہی بخشِ لے
آپے کار کماءِ ॥

ਨਾਨਕ ਚਾਨਣੁ ਗੁਰ ਮਿਲੇ
ਦੁਖ ਬਿਖੁ ਜਾਲੀ ਨਾਇ ॥੨॥

نانک چانڻُ گُر ملے
دُکھ بِکھُ جالی ناءِ ॥2॥

ਪਉੜੀ ॥

پئڑی ॥

ਮਾਇਆ ਵੇਖਿ ਨ ਭੁਲੁ ਤੂ
ਮਨਮੁਖ ਮੂਰਖਾ ॥

مائیا ویکھِ ن بھُلُ توُ
منمُکھ موُرکھا ۔ ॥

ਚਲਦਿਆ ਨਾਲਿ ਨ ਚਲਈ
ਸਭੁ ਝੂਠੁ ਦਰਬੁ ਲਖਾ ॥

چلدِیا نالِ ن چلئی
سبھُ جھوُٹھُ دربُ لکھا ॥

ਅਗਿਆਨੀ ਅੰਧੁ ਨ ਬੂਝਈ
ਸਿਰ ਊਪਰਿ ਜਮ ਖੜਗੁ ਕਲਖਾ ॥

اگیانی اندھُ ن بوُجھئی
سِر اوُپرِ جم کھڑگُ کلکھا ॥

ਗੁਰ ਪਰਸਾਦੀ ਉਬਰੇ
ਜਿਨ ਹਰਿ ਰਸੁ ਚਖਾ ॥

گُر پرسادی اُبرے
جِن ہرِ رسُ چکھا ॥

ਆਪਿ ਕਰਾਏ ਕਰੇ ਆਪਿ
ਆਪੇ ਹਰਿ ਰਖਾ ॥੩॥

آپِ کرائے کرے آپِ
آپے ہرِ رکھا ॥3॥

ਸਲੋਕੁ ਮਃ ੩ ॥

سلوکُ م: 3 ॥

ਜਿਨਾ ਗੁਰੁ ਨਹੀ ਭੇਟਿਆ
ਭੈ ਕੀ ਨਾਹੀ ਬਿੰਦ ॥

جِنا گُرُ نہی بھیٹِیا
بھےَ کی ناہی بِندّ ॥

ਆਵਣੁ ਜਾਵਣੁ ਦੁਖੁ ਘਣਾ
ਕਦੇ ਨ ਚੂਕੈ ਚਿੰਦ ॥

آونُ جاونُ دُکھُ گھنّا
کدے ن چوُکےَ چِندّ ॥

ਕਾਪੜ ਜਿਵੈ ਪਛੋੜੀਐ
ਘੜੀ ਮੁਹਤ ਘੜੀਆਲੁ ॥

کاپڑ جِوےَ پچھوڑِیےَ
گھڑی مُہت گھڑِیالُ ॥

ਨਾਨਕ ਸਚੇ ਨਾਮ ਬਿਨੁ
ਸਿਰਹੁ ਨ ਚੁਕੈ ਜੰਜਾਲੁ ॥੧॥

نانک سچے نام بِنُ
سِرہُ ن چُکےَ زنجالُ ॥1॥

ਮਃ ੩ ॥

م: 3 ॥

ਤ੍ਰਿਭਵਣ ਢੂਢੀ ਸਜਣਾ
ਹਉਮੈ ਬੁਰੀ ਜਗਤਿ ॥

ترِبھونُ ڈھوُڈھی سجنّا
ہئمےَ بُری جگتِ ॥

ਨਾ ਝੁਰੁ ਹੀਅੜੇ ਸਚੁ ਚਉ
ਨਾਨਕ ਸਚੋ ਸਚੁ ॥੨॥

نا جھُرُ ہِیئڑے سچُ چ ءُ
نانک سچھُ سچُ ॥2॥

ਪਉੜੀ ॥

پئُڑی ॥

ਗੁਰਮੁਖਿ ਆਪੇ ਬਖਸਿਓਨੁ
ਹਰਿ ਨਾਮਿ ਸਮਾਣੇ ॥

گُرمُکھِ آپے بخشِئونُ
ہرِ نامِ سماٹے ॥

ਆਪੇ ਭਗਤੀ ਲਾਇਓਨੁ
ਗੁਰ ਸਬਦਿ ਨੀਸਾਣੇ ॥

آپے بھگتی لائیونُ
گُر سبدِ نیشانے ॥

ਸਨਮੁਖ ਸਦਾ ਸੋਹਣੇ
ਸਚੈ ਦਰਿ ਜਾਣੇ ॥

سنمُکھ سدا سوہنے
سچے دَرِ جانے ॥

ਐਥੈ ਓਥੈ ਮੁਕਤਿ ਹੈ
ਜਿਨ ਰਾਮ ਪਛਾਣੇ ॥

ایتھے اوتھے مُکتِ ہے
جِن رام پچھانے ॥

ਧੰਨੁ ਧੰਨੁ ਸੇ ਜਨ ਜਿਨ ਹਰਿ ਸੇਵਿਆ
ਤਿਨ ਹਉ ਕੁਰਬਾਣੇ ॥੪॥

دھنّنُ دھنّنُ سے جن جِن ہرِ سیویا
تِن ہءُ قُربانے ॥4॥

ਸਲੋਕੁ ਮਃ ੧ ॥

سلوکُ م: 1 ॥

ਮਹਲ ਕੁਚਜੀ ਮੜਵੜੀ
ਕਾਲੀ ਮਨਹੁ ਕਸੁਧ ॥

محل کچجی مڑوڑی
کالی منہ کسُدھ ॥

ਜੇ ਗੁਣ ਹੋਵਨਿ ਤਾ ਪਿਰੁ ਰਵੈ
ਨਾਨਕ ਅਵਗੁਣ ਮੁੰਧ ॥੧॥

جے گُنؤ ہوونِ تا پِرُ روے
نانک اوگُنؤ مُندھ ॥1॥

ਮਃ ੧ ॥

م: 1 ॥

ਸਾਚੁ ਸੀਲ ਸਚੁ ਸੰਜਮੀ
ਸਾ ਪੂਰੀ ਪਰਵਾਰਿ ॥

ساچُ سیِل سچُ سنّجمی
سا پوُری پروارِ ॥

ਨਾਨਕ ਅਹਿਨਿਸਿ ਸਦਾ ਭਲੀ
ਪਿਰ ਕੈ ਹੇਤਿ ਪਿਆਰਿ ॥੨॥

نانک اِہنِس سدا بھلی
پِر کے ہیتِ پیارِ ॥2॥

ਪਉੜੀ ॥

پئڑی ॥

ਆਪਣਾ ਆਪੁ ਪਛਾਣਿਆ
ਨਾਮੁ ਨਿਧਾਨੁ ਪਾਇਆ ॥

آپنا آپُ پچھانیا
نامُ نِدھانُ پائیا ॥

ਕਿਰਪਾ ਕਰਿ ਕੈ ਆਪਣੀ
ਗੁਰ ਸਬਦਿ ਮਿਲਾਇਆ ॥

کِرپا کرِ کے آپنی
گُر سبدِ مِلائیا ॥

ਗੁਰ ਕੀ ਬਾਣੀ ਨਿਰਮਲੀ
ਹਰਿ ਰਸੁ ਪੀਆਇਆ ॥

گُر کی بانی نِرملی
ہرِ رسُ پیِیائیا ॥

ਹਰਿ ਰਸੁ ਜਿਨੀ ਚਾਖਿਆ
ਅਨ ਰਸ ਠਾਕਿ ਰਹਾਇਆ ॥

ہرِ رسُ جِنی چاکھیا
ان رس ٹھاکِ رہائیا ॥

ਹਰਿ ਰਸੁ ਪੀ ਸਦਾ ਤ੍ਰਿਪਤਿ ਭਏ
ਫਿਰਿ ਤ੍ਰਿਸਨਾ ਭੁਖ ਗਵਾਇਆ ॥੫॥

ہرِ رسُ پی سدا ترِپت بھئے
پھرِ ترِسنا بھُکھ گوائیا ॥5॥

ਸਲੋਕੁ ਮਃ ੩ ॥

سلوکُ م: 3 ॥

ਪਿਰ ਖੁਸੀਏ ਧਨ ਰਾਵੀਏ
ਧਨ ਉਰਿ ਨਾਮੁ ਸੀਗਾਰੁ ॥

پِر کھُسیئے دھن راویئے
دھن اُرِ نامُ سیِگارُ ॥

ਨਾਨਕ ਧਨ ਆਗੈ ਖੜੀ
ਸੋਭਾਵੰਤੀ ਨਾਰਿ ॥੧॥

نانک دھن آگے کھڑی
سوبھاونتی نارِ ॥1॥

ਮਃ ੧ ॥

م: 1 ॥

ਸਸੁਰੈ ਪੇਈਐ ਕੰਤ ਕੀ
ਕੰਤੁ ਅਗੰਮੁ ਅਥਾਹੁ ॥

سسُرے پیئیے کنّت کی
کنّتُ اگنّمُ اتھاہُ ॥

ਨਾਨਕ ਧੰਨੁ ਸੋਹਾਗਣੀ
ਜੋ ਭਾਵਹਿ ਵੇਪਰਵਾਹ ॥੨॥

نانک دھنّنُ سوہاگنّی
جو بھاوہِ ویپرواہ ॥2॥

ਪਉੜੀ ॥

پئُڑی ॥

ਤਖਤਿ ਰਾਜਾ ਸੋ ਬਹੈ
ਜਿ ਤਖਤੈ ਲਾਇਕ ਹੋਈ ॥

تخت ِراجا سو بہے
جِ تخت ے لائک ہوئی ॥

ਜਿਨੀ ਸਚੁ ਪਛਾਣਿਆ
ਸਚੁ ਰਾਜੇ ਸੇਈ ॥

جِنی سچُ پچھاٹیا
سچُ راجے سیئی ॥

ਏਹਿ ਭੂਪਤਿ ਰਾਜੇ ਨ ਆਖੀਅਹਿ
ਦੂਜੈ ਭਾਇ ਦੁਖੁ ਹੋਈ ॥

ایہِ بھوُپتِ راجے ن آکھیئہِ
دوُجے بھاءِ دُکھُ ہوئی ॥

ਕੀਤਾ ਕਿਆ ਸਾਲਾਹੀਐ
ਜਿਸੁ ਜਾਦੇ ਬਿਲਮ ਨ ਹੋਈ ॥

کِیتا کیا سالاہیئے
جِسُ جادے بِلم ن ہوئی ॥

ਨਿਹਚਲੁ ਸਚਾ ਏਕੁ ਹੈ
ਗੁਰਮੁਖਿ ਬੂਝੈ ਸੁ ਨਿਹਚਲੁ ਹੋਈ ॥੬॥

نِہچلُ سچا ایکُ ہے
گُرمُکھِ بوُجھے سُ نِہچلُ ہوئی ॥6॥

ਸਲੋਕੁ ਮਃ ੩ ॥	سلوکُ م: 3 ॥
ਸਭਨਾ ਕਾ ਪਿਰੁ ਏਕੁ ਹੈ ਪਿਰ ਬਿਨੁ ਖਾਲੀ ਨਾਹਿ ॥	سبھنا کا پِرُ ایکُ ہے پِر بِنُ خالی ناہِ ॥
ਨਾਨਕ ਸੇ ਸੋਹਾਗਣੀ ਜਿ ਸਤਿਗੁਰ ਮਾਹਿ ਸਮਾਹਿ ॥੧॥	نانک سے سوہاگنٹی جِ ستِگُر ماہِ سماہِ ॥1॥
ਮਃ ੩ ॥	م: 3 ॥
ਮਨ ਕੇ ਅਧਿਕ ਤਰੰਗ ਕਿਉ ਦਰਿ ਸਾਹਿਬ ਛੁਟੀਐ ॥	من کے ادھِک ترنگ کِءُ درِ صاحِب چھُٹیئے۔ ॥
ਜੇ ਰਾਚੈ ਸਚ ਰੰਗਿ ਗੂੜੈ ਰੰਗਿ ਅਪਾਰ ਕੈ ॥	جے راچےَ سچ رنگِ گوُڑے رنگِ اپار کے ॥
ਨਾਨਕ ਗੁਰ ਪਰਸਾਦੀ ਛੁਟੀਐ ਜੇ ਚਿਤੁ ਲਗੈ ਸਚਿ ॥੨॥	نانک گُر پرسادی چھُٹیئے جے چِتُ لگےَ سچِ ॥2॥
ਪਉੜੀ ॥	پئُڑی ॥
ਹਰਿ ਕਾ ਨਾਮੁ ਅਮੋਲੁ ਹੈ ਕਿਉ ਕੀਮਤਿ ਕੀਜੈ ॥	ہرِ کا نامُ امولُ ہے کِءُ قِیمتِ کیجےَ۔ ॥
ਆਪੇ ਸ੍ਰਿਸਟਿ ਸਭ ਸਾਜੀਅਨੁ ਆਪੇ ਵਰਤੀਜੈ ॥	آپے سرِسٹِ سبھ ساجیئنُ آپے ورتیجےَ ॥
ਗੁਰਮੁਖਿ ਸਦਾ ਸਲਾਹੀਐ ਸਚੁ ਕੀਮਤਿ ਕੀਜੈ ॥	گُرمُکھِ سدا سلاحیئے سچُ قِیمتِ کیجےَ ॥
ਗੁਰ ਸਬਦੀ ਕਮਲੁ ਬਿਗਾਸਿਆ ਇਵ ਹਰਿ ਰਸੁ ਪੀਜੈ ॥	گُر سبدی کملُ بِگاسیا اِو ہرِ رسُ پیجےَ ॥
ਆਵਣ ਜਾਣਾ ਠਾਕਿਆ ਸੁਖਿ ਸਹਜਿ ਸਵੀਜੈ ॥੭॥	آونٹ جاٹا ٹھاکیا سُکھِ سہجِ سویجےَ ॥7॥
ਸਲੋਕੁ ਮਃ ੧ ॥	سلوکُ م: 1 ॥
ਨਾ ਮੈਲਾ ਨਾ ਧੁੰਧਲਾ	نا میَلا نا دھُندھلا

ਨਾ ਭਗਵਾ ਨਾ ਕਚੁ ॥
نا بھگوا نا کچُ ॥

ਨਾਨਕ ਲਾਲੋ ਲਾਲੁ ਹੈ
ਸਚੈ ਰਤਾ ਸਚੁ ॥੧॥
نانک لالو لالُ ہے
سچے رتا سچُ ॥1॥

ਮਃ ੩ ॥
م: 3 ॥

ਸਹਜਿ ਵਣਸਪਤਿ ਫੁਲੁ ਫਲੁ
ਭਵਰੁ ਵਸੈ ਭੈ ਖੰਡਿ ॥
سہجِ وَنسپتِ پھُلُ پھلُ
بھورُ وسے بھے کھنڈِ ॥

ਨਾਨਕ ਤਰਵਰੁ ਏਕੁ ਹੈ
ਏਕੋ ਫੁਲੁ ਭਿਰੰਗੁ ॥੨॥
نانک ترورُ ایکُ ہے
ایکو پھُلُ بھرنگُ ॥2॥

ਪਉੜੀ ॥
پؤڑی ॥

ਜੋ ਜਨ ਲੂਝਹਿ ਮਨੈ ਸਿਉ
ਸੇ ਸੂਰੇ ਪਰਧਾਨਾ ॥
جو جن لوجھِ منے سِ ءُ
سے سوُرے پردھانا ॥

ਹਰਿ ਸੇਤੀ ਸਦਾ ਮਿਲਿ ਰਹੇ
ਜਿਨੀ ਆਪੁ ਪਛਾਨਾ ॥
ہرِ سیتی سدا مِلِ رہے
جِنی آپُ پچھانا ॥

ਗਿਆਨੀਆ ਕਾ ਇਹੁ ਮਹਤੁ ਹੈ
ਮਨ ਮਾਹਿ ਸਮਾਨਾ ॥
گیانِیا کا اِہُ مہتُ ہے
من ماہِ سمانا ॥

ਹਰਿ ਜੀਉ ਕਾ ਮਹਲੁ ਪਾਇਆ
ਸਚੁ ਲਾਇ ਧਿਆਨਾ ॥
ہرِ جیِ ءُ کا محلُ پائیا
سچُ لاءِ دھیانا ॥

ਜਿਨ ਗੁਰ ਪਰਸਾਦੀ ਮਨੁ ਜੀਤਿਆ
ਜਗੁ ਤਿਨਹਿ ਜਿਤਾਨਾ ॥੮॥
جِن گُر پرسادی منُ جیتِیا
جگُ تِنہِ جِتانا ॥8॥

ਸਲੋਕੁ ਮਃ ੩ ॥
سلوکُ م: 3 ॥

ਜੋਗੀ ਹੋਵਾ ਜਗਿ ਭਵਾ
ਘਰਿ ਘਰਿ ਭੀਖਿਆ ਲੇਉ ॥
جوگی ہووا جگِ بھوا
گھرِ گھرِ بھیکھیا لی ءُ ॥

ਦਰਗਹ ਲੇਖਾ ਮੰਗੀਐ
ਕਿਸੁ ਕਿਸੁ ਉਤਰੁ ਦੇਉ ॥
درگہ لیکھا منگیِےَ
کِسُ کِسُ اُترُ دی ءُ ۔ ॥

ਭਿਖਿਆ ਨਾਮੁ ਸੰਤੋਖੁ ਮੜੀ
بھِکھیا نامُ سنتوکھُ مڑی

ਸਦਾ ਸਚੁ ਹੈ ਨਾਲਿ ॥

سدا سچُ ہےَ نالِ ॥

ਭੇਖੀ ਹਾਥ ਨ ਲਧੀਆ
ਸਭ ਬਧੀ ਜਮਕਾਲਿ ॥

بھیکھی ہاتھ ن لدھِیا
سبھ بدھی جمکالِ ॥

ਨਾਨਕ ਗਲਾ ਝੂਠੀਆ
ਸਚਾ ਨਾਮੁ ਸਮਾਲਿ ॥੧॥

نانک گلا جھوُٹھِیا
سچا نامُ سمالِ ॥1॥

ਮਃ ੩ ॥

م: 3 ॥

ਜਿਤੁ ਦਰਿ ਲੇਖਾ ਮੰਗੀਐ
ਸੋ ਦਰੁ ਸੇਵਿਹੁ ਨ ਕੋਇ ॥

جِتُ درِ لیکھا منگیِےَ
سو دُر سیوِہُ ن کوءِ ॥

ਐਸਾ ਸਤਿਗੁਰੁ ਲੋੜਿ ਲਹੁ
ਜਿਸੁ ਜੇਵਡੁ ਅਵਰੁ ਨ ਕੋਇ ॥

ایَسا ستِگُر لوڑِ لہُ
جِسُ جیوڈُ اورُ ن کوءِ ॥

ਤਿਸੁ ਸਰਣਾਈ ਛੁਟੀਐ
ਲੇਖਾ ਮੰਗੈ ਨ ਕੋਇ ॥

تِسُ سرٹائی چھوُٹیِےَ
لیکھا منگےَ ن کوءِ ॥

ਸਚੁ ਦ੍ਰਿੜਾਏ ਸਚੁ ਦ੍ਰਿੜੁ
ਸਚਾ ਓਹੁ ਸਬਦੁ ਦੇਇ ॥

سچُ ڈرِڑائے سچُ ڈرِڑُ
سچا اوہُ سبدُ دےءِ ॥

ਹਿਰਦੈ ਜਿਸ ਦੈ ਸਚੁ ਹੈ
ਤਨੁ ਮਨੁ ਭੀ ਸਚਾ ਹੋਇ ॥

ہِردےَ جِس دےَ سچُ ہےَ
تنُ منُ بھی سچا ہوءِ ॥

ਨਾਨਕ ਸਚੈ ਹੁਕਮਿ ਮੰਨਿਐ
ਸਚੀ ਵਡਿਆਈ ਦੇਇ ॥

نانک سچےَ حُکمِ منِّےَ
سچی وڈِیائی دےءِ ॥

ਸਚੇ ਮਾਹਿ ਸਮਾਵਸੀ
ਜਿਸ ਨੋ ਨਦਰਿ ਕਰੇਇ ॥੨॥

سچے ماہِ سماوسی
جِس نو ندرِ کرےءِ ॥2॥

ਪਉੜੀ ॥

پئُڑی ॥

ਸੂਰੇ ਏਹਿ ਨ ਆਖੀਅਹਿ
ਅਹੰਕਾਰਿ ਮਰਹਿ ਦੁਖੁ ਪਾਵਹਿ ॥

سوُرے ایہِ ن آکھیِئہِ
اہنکارِ مرہِ دُکھُ پاوہِ ॥

ਅੰਧੇ ਆਪੁ ਨ ਪਛਾਣਨੀ
ਦੂਜੈ ਪਚਿ ਜਾਵਹਿ ॥

اندھے آپُ ن پچھانٹنی
دوُجےَ پچِ جاوہِ ॥

ਅਤਿ ਕਰੋਧ ਸਿਉ ਲੂਝਦੇ
ਅਗੈ ਪਿਛੈ ਦੁਖੁ ਪਾਵਹਿ ॥

اتِ کرودھ سِ ءُ لوُجھدے
اگے پِچھے دُکھُ پاوہِ ॥

ਹਰਿ ਜੀਉ ਅਹੰਕਾਰੁ ਨ ਭਾਵਈ
ਵੇਦ ਕੂਕਿ ਸੁਣਾਵਹਿ ॥

ہرِ جیِءُ اہنکارُ ن بھاوئی
وید کوُکِ سُناوہِ ॥

ਅਹੰਕਾਰਿ ਮੁਏ
ਸੇ ਵਿਗਤੀ ਗਏ
ਮਰਿ ਜਨਮਹਿ ਫਿਰਿ ਆਵਹਿ ॥੯॥

اہنکارِ مُے
سے وِگتی گے
مرِ جنمہِ پھِرِ آوہِ ॥9॥

ਸਲੋਕੁ ਮਃ ੩ ॥

سلوکُ م: 3 ॥

ਕਾਗਉ ਹੋਇ ਨ ਊਜਲਾ
ਲੋਹੇ ਨਾਵ ਨ ਪਾਰੁ ॥

کاگ ءُ ہوءِ ن اوُجلا
لوہے ناو ن پارُ ॥

ਪਿਰਮ ਪਦਾਰਥੁ ਮੰਨਿ ਲੈ
ਧੰਨੁ ਸਵਾਰਣਹਾਰੁ ॥

پِرم پدارتھُ منّنِ لے
دھنّنُ سوارنہارُ ॥

ਹੁਕਮੁ ਪਛਾਣੈ ਊਜਲਾ
ਸਿਰਿ ਕਾਸਟ ਲੋਹਾ ਪਾਰਿ ॥

حُکمُ پچھانے اوُجلا
سِرِ کاسٹ لوہا پارِ ॥

ਤ੍ਰਿਸਨਾ ਛੋਡੈ ਭੈ ਵਸੈ
ਨਾਨਕ ਕਰਣੀ ਸਾਰੁ ॥੧॥

تّرِسنا چھوڈے بھے وسے
نانک کرنّی سارُ ॥1॥

ਮਃ ੩ ॥

م: 3 ॥

ਮਾਰੂ ਮਾਰਣ ਜੋ ਗਏ
ਮਾਰਿ ਨ ਸਕਹਿ ਗਵਾਰ ॥

مارُو مارنّ جو گے
مارِ ن سکہِ گوار ॥

ਨਾਨਕ ਜੇ ਇਹੁ ਮਾਰੀਐ
ਗੁਰ ਸਬਦੀ ਵੀਚਾਰਿ ॥

نانک جے اِہُ مارِیے
گُر سبدی ویچارِ ॥

ਏਹੁ ਮਨੁ ਮਾਰਿਆ ਨਾ ਮਰੈ
ਜੇ ਲੋਚੈ ਸਭੁ ਕੋਇ ॥

ایہُ منُ مارِیا نا مرے
جے لوچے سبھُ کوءِ ॥

ਨਾਨਕ ਮਨ ਹੀ ਕਉ ਮਨੁ ਮਾਰਸੀ
ਜੇ ਸਤਿਗੁਰੁ ਭੇਟੈ ਸੋਇ ॥੨॥

نانک من ہی ک ءُ منُ مارسی
جے ستِگُر بھیٹے سوءِ ॥2॥

ਪਉੜੀ ॥	پئڑی ॥
ਦੋਵੈ ਤਰਫਾ ਉਪਾਈਓਨੁ ਵਿਚਿ ਸਕਤਿ ਸਿਵ ਵਾਸਾ ॥	دووے طرفا اُپائیئونُ وِچِ سکتِ سِو واسا ॥
ਸਕਤੀ ਕਿਨੈ ਨ ਪਾਇਓ ਫਿਰਿ ਜਨਮਿ ਬਿਨਾਸਾ ॥	سکتی کِنے ن پائیئو پھِرِ جنمِ بِناسا ॥
ਗੁਰਿ ਸੇਵਿਐ ਸਾਤਿ ਪਾਈਐ ਜਪਿ ਸਾਸ ਗਿਰਾਸਾ ॥	گُرِ سیوِئے ساتِ پائیئے جپِ ساس گِراسا ॥
ਸਿਮ੍ਰਿਤਿ ਸਾਸਤ ਸੋਧਿ ਦੇਖੁ ਊਤਮ ਹਰਿ ਦਾਸਾ ॥	سِمرِتِ ساست سودھِ دیکھُ اوُتم ہرِ داسا ॥
ਨਾਨਕ ਨਾਮ ਬਿਨਾ ਕੋ ਥਿਰੁ ਨਹੀ ਨਾਮੇ ਬਲਿ ਜਾਸਾ ॥੧੦॥	نانک نام بِنا کوِ تھِرُ نہی نامے بلِ جاسا ॥ 10 ॥
ਸਲੋਕੁ ਮਃ ੩ ॥	سلوکُ م: 3 ॥
ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ ॥	ہووا پنڈِتُ جوتکی وید پڑا مُکھِ چارِ ॥
ਨਵ ਖੰਡ ਮਧੇ ਪੂਜੀਆ ਅਪਣੈ ਚਜਿ ਵੀਚਾਰਿ ॥	نو کھنڈ مدھے پوُجِیا اپنےَ چجِ ویچارِ ॥
ਮਤੁ ਸਚਾ ਅਖਰੁ ਭੁਲਿ ਜਾਇ ਚਉਕੈ ਭਿਟੈ ਨ ਕੋਇ ॥	مت سچا اکھرُ بھُلِ جاءِ چئکے بھِٹے ن کوءِ ॥
ਝੂਠੇ ਚਉਕੇ ਨਾਨਕਾ ਸਚਾ ਏਕੋ ਸੋਇ ॥੧॥	جھوُٹھے چئکے نانکا سچا ایکو سوءِ ॥1॥
ਮਃ ੩ ॥	م: 3 ॥
ਆਪਿ ਉਪਾਏ ਕਰੇ ਆਪਿ ਆਪੇ ਨਦਰਿ ਕਰੇਇ ॥	آپِ اُپائے کرے آپِ آپے ندرِ کرےءِ ॥
ਆਪੇ ਦੇ ਵਡਿਆਈਆ ਕਹੁ ਨਾਨਕ ਸਚਾ ਸੋਇ ॥੨॥	آپے دے وڈِیائیِیا کہُ نانک سچا سوءِ ॥2॥
ਪਉੜੀ ॥	پئڑی ॥

ਕੰਟਕੁ ਕਾਲੁ ਏਕੁ ਹੈ ਹੋਰੁ ਕੰਟਕੁ ਨ ਸੂਝੈ ॥	کنٹکُ کالُ ایکُ ہے ہورُ کنٹکُ ن سوُجھے ॥
ਅਫਰਿਓ ਜਗ ਮਹਿ ਵਰਤਦਾ ਪਾਪੀ ਸਿਉ ਲੂਝੈ ॥	اپھرِئو جگ مہِ ورتدا پاپی سِ ءُ لوُجھے ॥
ਗੁਰ ਸਬਦੀ ਹਰਿ ਭੇਦੀਐ ਹਰਿ ਜਪਿ ਹਰਿ ਬੂਝੈ ॥	گُر سبدی ہرِ بھیدیئے ہرِ جپِ ہرِ بوُجھے ॥
ਸੋ ਹਰਿ ਸਰਣਾਈ ਛੁਟੀਐ ਜੋ ਮਨ ਸਿਉ ਜੂਝੈ ॥	سو ہرِ سرٹائی چھُٹیئے جو من سِ ءُ جوُجھے ॥
ਮਨਿ ਵੀਚਾਰਿ ਹਰਿ ਜਪੁ ਕਰੇ ਹਰਿ ਦਰਗਹ ਸੀਝੈ ॥੧੧॥	منِ ویچارِ ہرِ جپُ کرے ہرِ درگہ سیجھے ॥ 11 ॥
ਸਲੋਕੁ ਮਃ ੧ ॥	سلوکُ م: 1 ॥
ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ ॥	حُکمِ رضائی ساختی درگہ سچُ قبوُلُ ॥
ਸਾਹਿਬੁ ਲੇਖਾ ਮੰਗਸੀ ਦੁਨੀਆ ਦੇਖਿ ਨ ਭੂਲੁ ॥	صاحِبُ لیکھا منگسی دُنیا دیکھِ ن بھوُلُ ॥
ਦਿਲ ਦਰਵਾਨੀ ਜੋ ਕਰੇ ਦਰਵੇਸੀ ਦਿਲੁ ਰਾਸਿ ॥	دِل دروانی جو کرے درویشی دِلُ راسِ ॥
ਇਸਕ ਮੁਹਬਤਿ ਨਾਨਕਾ ਲੇਖਾ ਕਰਤੇ ਪਾਸਿ ॥੧॥	عِشق مُحبتِ نانکا لیکھا کرتے پاسِ ॥1॥
ਮਃ ੧ ॥	م: 1 ॥
ਅਲਗਉ ਜੋਇ ਮਧੂਕੜਉ ਸਾਰੰਗਪਾਣਿ ਸਬਾਇ ॥	الگ ءُ جوءِ مدھوُکڑءُ سارنگپاٹِ سباءِ ॥
ਹੀਰੈ ਹੀਰਾ ਬੇਧਿਆ ਨਾਨਕ ਕੰਠਿ ਸੁਭਾਇ ॥੨॥	ہیرے ہیرا بیدھیا نانک کنٹھِ سُبھاءِ ॥2॥
ਪਉੜੀ ॥	پئڑی ॥

ਮਨਮੁਖ ਕਾਲੁ ਵਿਆਪਦਾ
ਮੋਹਿ ਮਾਇਆ ਲਾਗੇ ॥

منمُکھ کالُ وِیاپدا
موہِ مائیا لاگے ॥

ਖਿਨ ਮਹਿ ਮਾਰਿ ਪਛਾੜਸੀ
ਭਾਇ ਦੂਜੈ ਠਾਗੇ ॥

کھِن مہِ مارِ پچھاڑسی
بھاءِ دوُجےَ ٹھاگے ॥

ਫਿਰਿ ਵੇਲਾ ਹਥਿ ਨ ਆਵਈ
ਜਮ ਕਾ ਡੰਡੁ ਲਾਗੇ ॥

پھِرِ ویلا ہتھِ ن آوئی
جم کا ڈنّڈُ لاگے ॥

ਤਿਨ ਜਮ ਡੰਡੁ ਨ ਲਗਈ
ਜੋ ਹਰਿ ਲਿਵ ਜਾਗੇ ॥

تِن جم ڈنّڈُ ن لگئی
جو ہرِ لِو جاگے ॥

ਸਭ ਤੇਰੀ ਤੁਧੁ ਛਡਾਵਣੀ
ਸਭ ਤੁਧੈ ਲਾਗੇ ॥੧੨॥

سبھ تیری تُدھُ چھڈاوٹی
سبھ تُدھےَ لاگے ॥ 12 ॥

ਸਲੋਕੁ ਮਃ ੧ ॥

سلوکُ م: 1 ॥

ਸਰਬੇ ਜੋਇ ਅਗਛਮੀ
ਦੂਖੁ ਘਨੇਰੋ ਆਥਿ ॥

سربے جوءِ اگچھمی
دوُکھُ گھنیرو آتھِ ॥

ਕਾਲਰੁ ਲਾਦਸਿ ਸਰੁ ਲਾਘਣਉ
ਲਾਭੁ ਨ ਪੂੰਜੀ ਸਾਥਿ ॥੧॥

کالرُ لادسِ سرُ لاگھنءُ
لابھُ ن پوُنّجی ساتھِ ॥1॥

ਮਃ ੧ ॥

م: 1 ॥

ਪੂੰਜੀ ਸਾਚਉ ਨਾਮੁ ਤੂ
ਅਖੁਟਉ ਦਰਬੁ ਅਪਾਰੁ ॥

پوُنّجی ساچءُ نامُ توُ
اکھُٹءُ دربُ اپارُ ॥

ਨਾਨਕ ਵਖਰੁ ਨਿਰਮਲਉ
ਧੰਨੁ ਸਾਹੁ ਵਾਪਾਰੁ ॥੨॥

نانک وکھرُ نِرملءُ
دھنّنُ ساہُ واپارُ ॥2॥

ਮਃ ੧ ॥

م: 1 ॥

ਪੂਰਬ ਪ੍ਰੀਤਿ ਪਿਰਾਣਿ ਲੈ
ਮੋਟਉ ਠਾਕੁਰੁ ਮਾਣਿ ॥

پوُرب پّریتِ پِراٹِ لے
موٹءُ ٹھاکُرُ ماٹِ ॥

ਮਾਥੈ ਊਭੈ ਜਮੁ ਮਾਰਸੀ
ਨਾਨਕ ਮੇਲਣ ਨਾਮਿ ॥੩॥

ماتھےَ اوُبھےَ جمُ مارسی
نانک میلٹ نامِ ॥3॥

ਪਉੜੀ ॥	پئڑی ॥
ਆਪੇ ਪਿੰਡੁ ਸਵਾਰਿਓਨੁ ਵਿਚਿ ਨਵ ਨਿਧਿ ਨਾਮੁ ॥	آپے پِنڈُ سوارِئونُ وِچِ نو نِدھِ نامُ ॥
ਇਕਿ ਆਪੇ ਭਰਮਿ ਭੁਲਾਇਅਨੁ ਤਿਨ ਨਿਹਫਲ ਕਾਮੁ ॥	اِکِ آپے بھرمِ بھُلائِئنُ تِن نِہپھل کامُ ॥
ਇਕਨੀ ਗੁਰਮੁਖਿ ਬੁਝਿਆ ਹਰਿ ਆਤਮ ਰਾਮੁ ॥	اِکنی گُرمُکھِ بُجھیا ہرِ آتم رامُ ॥
ਇਕਨੀ ਸੁਣਿ ਕੈ ਮੰਨਿਆ ਹਰਿ ਊਤਮ ਕਾਮੁ ॥	اِکنی سُنِ کے منّنیا ہرِ اوُتم کامُ ॥
ਅੰਤਰਿ ਹਰਿ ਰੰਗੁ ਉਪਜਿਆ ਗਾਇਆ ਹਰਿ ਗੁਣ ਨਾਮੁ ॥੧੩॥	انترِ ہرِ رنگُ اُپجیا گائیا ہرِ گُنِ نامُ ॥ 13 ॥
ਸਲੋਕੁ ਮਃ ੧ ॥	سلوکُ م: 1 ॥
ਭੋਲਤਣਿ ਭੈ ਮਨਿ ਵਸੈ ਹੇਕੈ ਪਾਧਰ ਹੀਡੁ ॥	بھولتنِ بھے منِ وسے ہیکے پادھر ہیڈُ ॥
ਅਤਿ ਡਾਹਪਣਿ ਦੁਖੁ ਘਣੋ ਤੀਨੈ ਥਾਵ ਭਰੀਡੁ ॥੧॥	اتِ ڈاہپنِ دُکھُ گھنّو تِینے تھاو بھریڈُ ॥1॥
ਮਃ ੧ ॥	م: 1 ॥
ਮਾਂਦਲੁ ਬੇਦਿ ਸਿ ਬਾਜਣੋ ਘਣੋ ਧੜੀਐ ਜੋਇ ॥	مانْدلُ بیدِ سِ باجنّو گھنّو دھڑیے جوءِ ॥
ਨਾਨਕ ਨਾਮੁ ਸਮਾਲਿ ਤੂ ਬੀਜਉ ਅਵਰੁ ਨ ਕੋਇ ॥੨॥	نانک نامُ سمالِ توُ بیجءُ اورُ ن کوءِ ॥2॥
ਮਃ ੧ ॥	م: 1 ॥
ਸਾਗਰੁ ਗੁਣੀ ਅਥਾਹੁ ਕਿਨਿ ਹਾਥਾਲਾ ਦੇਖੀਐ ॥	ساگرُ گُنی اتھاہُ کِنِ ہاتھالا دیکھیے ۔ ॥
ਵਡਾ ਵੇਪਰਵਾਹੁ	وڈا ویپرواہُ

ਸਤਿਗੁਰੁ ਮਿਲੈ ਤ ਪਾਰਿ ਪਵਾ ॥	ستگُر مِلےَ ت پارِ پوا ॥
ਮਝ ਭਰਿ ਦੁਖ ਬਦੁਖ ॥	مجھ بھرِ دُکھ بدُکھ ॥
ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ ॥੩॥	نانک سچے نام بِنُ کِسےَ ن لتھی بھُکھ ॥3॥
ਪਉੜੀ ॥	پؤڑی ॥
ਜਿਨੀ ਅੰਦਰੁ ਭਾਲਿਆ ਗੁਰ ਸਬਦਿ ਸੁਹਾਵੈ ॥	جِنی انّدرُ بھالیا گُر سبدِ سُہاوےَ ॥
ਜੋ ਇਛਨਿ ਸੋ ਪਾਇਦੇ ਹਰਿ ਨਾਮੁ ਧਿਆਵੈ ॥	جو اِچھنِ سو پائِدے ہرِ نامُ دھِیاوےَ ॥
ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਸੋ ਹਰਿ ਗੁਣ ਗਾਵੈ ॥	جِس نو کرِپا کرے تِس گُرُ مِلےَ سو ہرِ گُنؤ گاوےَ ॥
ਧਰਮ ਰਾਇ ਤਿਨ ਕਾ ਮਿਤੁ ਹੈ ਜਮ ਮਗਿ ਨ ਪਾਵੈ ॥	دھرم راءِ تِن کا مِتُ ہےَ جم مگِ ن پاوےَ ॥
ਹਰਿ ਨਾਮੁ ਧਿਆਵਹਿ ਦਿਨਸੁ ਰਾਤਿ ਹਰਿ ਨਾਮਿ ਸਮਾਵੈ ॥੧੪॥	ہرِ نامُ دھِیاوہِ دِنسُ راتِ ہرِ نامِ سماوےَ ॥ 14 ॥
ਸਲੋਕੁ ਮਃ ੧ ॥	سلوکُ م: 1 ॥
ਸੁਣੀਐ ਏਕੁ ਵਖਾਣੀਐ ਸੁਰਗਿ ਮਿਰਤਿ ਪਇਆਲਿ ॥	سُنیئےِ ایکُ وکھانیئےِ سُرگِ مِرتِ پئیالِ ॥
ਹੁਕਮੁ ਨ ਜਾਈ ਮੇਟਿਆ ਜੋ ਲਿਖਿਆ ਸੋ ਨਾਲਿ ॥	حُکمُ ن جائی میٹیا جو لِکھیا سو نالِ ॥
ਕਉਣੁ ਮੂਆ ਕਉਣੁ ਮਾਰਸੀ ਕਉਣੁ ਆਵੈ ਕਉਣੁ ਜਾਇ ॥	کئُنُ موُیا کئُنُ مارسی کئُنُ آوےَ کئُنُ جاءِ ۔ ॥
ਕਉਣੁ ਰਹਸੀ ਨਾਨਕਾ ਕਿਸ ਕੀ ਸੁਰਤਿ ਸਮਾਇ ॥੧॥	کئُنُ رہسی نانکا کِس کی سُرتِ سماءِ ۔ ॥1॥
ਮਃ ੧ ॥	م: 1 ॥

ਹਉ ਮੁਆ ਮੈ ਮਾਰਿਆ
ਪਉਣੁ ਵਹੈ ਦਰੀਆਉ ॥

ہءُ مُیا مے مارِیا
پُنُّ وہے دریِیاءُ ॥

ਤ੍ਰਿਸਨਾ ਥਕੀ ਨਾਨਕਾ
ਜਾ ਮਨੁ ਰਤਾ ਨਾਇ ॥

تّرِسنا تھکی نانکا
جا منُ رتا ناءِ ॥

ਲੋਇਣ ਰਤੇ ਲੋਇਣੀ
ਕੰਨੀ ਸੁਰਤਿ ਸਮਾਇ ॥

لوئِنّ رتے لوئِنّی
کنّنی سُرتِ سماءِ ॥

ਜੀਭ ਰਸਾਇਣਿ ਚੂਨੜੀ
ਰਤੀ ਲਾਲ ਲਵਾਇ ॥

جیبھ رسائِنّ چونڑی
رتی لال لواءِ ॥

ਅੰਦਰੁ ਮੁਸਕਿ ਝਕੋਲਿਆ
ਕੀਮਤਿ ਕਹੀ ਨ ਜਾਇ ॥੨॥

اندّرُ مُشکِ جھکولیا
قِیمتِ کہی ن جاءِ ॥2॥

ਪਉੜੀ ॥

پئڑی ॥

ਇਸੁ ਜੁਗ ਮਹਿ ਨਾਮੁ ਨਿਧਾਨੁ ਹੈ
ਨਾਮੋ ਨਾਲਿ ਚਲੈ ॥

اِسُ جُگ مہِ نامُ نِدھانُ ہے
نامو نالِ چلے ॥

ਏਹੁ ਅਖੁਟੁ ਕਦੇ ਨ ਨਿਖੁਟਈ
ਖਾਇ ਖਰਚਿਉ ਪਲੈ ॥

ایہُ اکھُٹُ کدے ن نِکھُٹئی
کھاءِ خرچِءُ پلے ॥

ਹਰਿ ਜਨ ਨੇੜਿ ਨ ਆਵਈ
ਜਮਕੰਕਰ ਜਮਕਲੈ ॥

ہرِ جن نیڑِ ن آوئی
جمکنکر جمکلے ॥

ਸੇ ਸਾਹ ਸਚੇ ਵਣਜਾਰਿਆ
ਜਿਨ ਹਰਿ ਧਨੁ ਪਲੈ ॥

سے ساہ سچے ونّجارِیا
جِن ہرِ دھنُ پلے ॥

ਹਰਿ ਕਿਰਪਾ ਤੇ ਹਰਿ ਪਾਈਐ
ਜਾ ਆਪਿ ਹਰਿ ਘਲੈ ॥੧੫॥

ہرِ کِرپا تے ہرِ پائیئے
جا آپِ ہرِ گھلے ॥ 15 ॥

ਸਲੋਕੁ ਮਃ ੩ ॥

سلوکُ م: 3 ॥

ਮਨਮੁਖ ਵਾਪਾਰੈ ਸਾਰ ਨ ਜਾਣਨੀ
ਬਿਖੁ ਵਿਹਾਝਹਿ ਬਿਖੁ ਸੰਗ੍ਰਹਹਿ
ਬਿਖ ਸਿਉ ਧਰਹਿ ਪਿਆਰੁ ॥

منمُکھ واپارے سار ن جانئی
بِکھُ وِہاجھہِ بِکھُ سنگّرہہِ
بِکھ سِءُ دھرہِ پِیارُ ॥

ਬਾਹਰਹੁ ਪੰਡਿਤ ਸਦਾਇਦੇ
ਮਨਹੁ ਮੂਰਖ ਗਾਵਾਰ ॥

باہرہُ پنڈِت سدائِدے
منہُ موُرکھ گاوار ॥

ਹਰਿ ਸਿਉ ਚਿਤੁ ਨ ਲਾਇਨੀ
ਵਾਦੀ ਧਰਨਿ ਪਿਆਰੁ ॥

ہرِ سِءُ چِتُ ن لائِنی
وادی دھرنِ پِیارُ ॥

ਵਾਦਾ ਕੀਆ ਕਰਨਿ ਕਹਾਣੀਆ
ਕੂੜੁ ਬੋਲਿ ਕਰਹਿ ਆਹਾਰੁ ॥

وادا کِیا کرنِ کہاٹِیا
کوُڑُ بولِ کرہِ آہارُ ॥

ਜਗ ਮਹਿ ਰਾਮ ਨਾਮੁ ਹਰਿ ਨਿਰਮਲਾ
ਹੋਰੁ ਮੈਲਾ ਸਭੁ ਆਕਾਰੁ ॥

جگ مہِ رام نامُ ہرِ نِرملا
ہورُ میَلا سبھُ آکارُ ॥

ਨਾਨਕ ਨਾਮੁ ਨ ਚੇਤਨੀ
ਹੋਇ ਮੈਲੇ ਮਰਹਿ ਗਵਾਰ ॥੧॥

نانک نامُ ن چیتنی
ہوءِ میَلے مرہِ گوار ॥1॥

ਮਃ ੩ ॥

م: 3 ॥

ਦੁਖੁ ਲਗਾ ਬਿਨੁ ਸੇਵਿਐ
ਹੁਕਮੁ ਮੰਨੇ ਦੁਖੁ ਜਾਇ ॥

دُکھُ لگا بِنُ سیوِئے
حُکمُ مَنّے دُکھُ جاءِ ॥

ਆਪੇ ਦਾਤਾ ਸੁਖੈ ਦਾ
ਆਪੇ ਦੇਇ ਸਜਾਇ ॥

آپے داتا سُکھے دا
آپے دےءِ سزاءِ ॥

ਨਾਨਕ ਏਵੈ ਜਾਣੀਐ
ਸਭੁ ਕਿਛੁ ਤਿਸੈ ਰਜਾਇ ॥੨॥

نانک ایوے جانِیئے
سبھُ کِچھُ تِسے رضاءِ ॥2॥

ਪਉੜੀ ॥

پئُڑی ॥

ਹਰਿ ਨਾਮ ਬਿਨਾ ਜਗਤੁ ਹੈ ਨਿਰਧਨੁ
ਬਿਨੁ ਨਾਵੈ ਤ੍ਰਿਪਤਿ ਨਾਹੀ ॥

ہرِ نام بِنا جگتُ ہے نِردھنُ
بِنُ ناوے ترِپتِ ناہی ॥

ਦੂਜੈ ਭਰਮਿ ਭੁਲਾਇਆ
ਹਉਮੈ ਦੁਖੁ ਪਾਹੀ ॥

دوُجے بھرمِ بھُلائِیا
ہئُمے دُکھُ پاہی ॥

ਬਿਨੁ ਕਰਮਾ ਕਿਛੂ ਨ ਪਾਈਐ
ਜੇ ਬਹੁਤੁ ਲੋਚਾਹੀ ॥

بِنُ کرما کِچھوُ ن پائِیے
جے بہُتُ لوچاہی ॥

ਆਵੈ ਜਾਇ ਜੰਮੈ ਮਰੈ

آوے جاءِ جنمَے مرے

ਗੁਰ ਸਬਦਿ ਛੁਟਾਹੀ ॥

گُر سبدِ چھُٹاہی ॥

ਆਪਿ ਕਰੈ ਕਿਸੁ ਆਖੀਐ
ਦੂਜਾ ਕੋ ਨਾਹੀ ॥੧੬॥

آپِ کرے کِسُ آکھیئے
دوُجا کو ناہی ॥ 16 ॥

ਸਲੋਕੁ ਮਃ ੩ ॥

سلوکُ م: 3 ॥

ਇਸੁ ਜਗ ਮਹਿ ਸੰਤੀ ਧਨੁ ਖਟਿਆ
ਜਿਨਾ ਸਤਿਗੁਰੁ ਮਿਲਿਆ ਪ੍ਰਭੁ ਆਇ ॥

اِسُ جگ مہِ سنّتی دھنُ کھٹیا
جِنا ستِگُرُ ملِیا پّربھُ آءِ ॥

ਸਤਿਗੁਰਿ ਸਚੁ ਦ੍ਰਿੜਾਇਆ
ਇਸੁ ਧਨ ਕੀ ਕੀਮਤਿ ਕਹੀ ਨ ਜਾਇ ॥

ستِگُرِ سچُ دّرِڑائیا
اِسُ دھن کی قیمتِ کہی ن جاءِ ॥

ਇਤੁ ਧਨਿ ਪਾਇਐ ਭੁਖ ਲਥੀ
ਸੁਖੁ ਵਸਿਆ ਮਨਿ ਆਇ ॥

اِتُ دھنِ پائے بھُکھ لتھی
سُکھُ وسِیا منِ آءِ ॥

ਜਿੰਨ੍ਹਾ ਕਉ ਧੁਰਿ ਲਿਖਿਆ
ਤਿਨੀ ਪਾਇਆ ਆਇ ॥

جِنّہا کءُ دھُرِ لِکھِیا
تِنی پائیا آءِ ॥

ਮਨਮੁਖੁ ਜਗਤੁ ਨਿਰਧਨੁ ਹੈ
ਮਾਇਆ ਨੋ ਬਿਲਲਾਇ ॥

منمُکھُ جگتُ نِردھنُ ہے
مائیا نو بِللاءِ ॥

ਅਨਦਿਨੁ ਫਿਰਦਾ ਸਦਾ ਰਹੈ
ਭੁਖ ਨ ਕਦੇ ਜਾਇ ॥

اندِنُ پھِردا سدا رہے
بھُکھ ن کدے جاءِ ॥

ਸਾਂਤਿ ਨ ਕਦੇ ਆਵਈ
ਨਹ ਸੁਖੁ ਵਸੈ ਮਨਿ ਆਇ ॥

سانتِ ن کدے آوئی
نہ سُکھُ وسے منِ آءِ ॥

ਸਦਾ ਚਿੰਤ ਚਿਤਵਦਾ ਰਹੈ
ਸਹਸਾ ਕਦੇ ਨ ਜਾਇ ॥

سدا چِنّت چِتودا رہے
سہسا کدے ن جاءِ ॥

ਨਾਨਕ ਵਿਣੁ ਸਤਿਗੁਰ ਮਤਿ ਭਵੀ
ਸਤਿਗੁਰ ਨੋ ਮਿਲੈ ਤਾ ਸਬਦੁ ਕਮਾਇ ॥

نانک وِنُ ستِگُر متِ بھوی
ستِگُر نو ملے تا سبدُ کماءِ ॥

ਸਦਾ ਸਦਾ ਸੁਖ ਮਹਿ ਰਹੈ
ਸਚੇ ਮਾਹਿ ਸਮਾਇ ॥੧॥

سدا سدا سُکھ مہِ رہے
سچے ماہِ سماءِ ॥1॥

ਮਃ ੩ ॥

م: 3 ॥

ਜਿਨਿ ਉਪਾਈ ਮੇਦਨੀ
ਸੋਈ ਕਾਰ ਕਰੇਇ ॥

جِنِ اُپائی میدنی
سوئی کار کرےءِ ॥

ਏਕੋ ਸਿਮਰਹੁ ਭਾਇਰਹੁ
ਤਿਸੁ ਬਿਨੁ ਅਵਰੁ ਨ ਕੋਇ ॥

ایکو سِمرہُ بھائِرہُ
تِسُ بِنُ اورُ ن کوءِ ॥

ਖਾਣਾ ਸਬਦੁ ਚੰਗਿਆਈਆ
ਜਿਤੁ ਖਾਧੈ ਸਦਾ ਤ੍ਰਿਪਤਿ ਹੋਇ ॥

کھاٹا سبدُ چنگِیائیا
جِتُ کھادھے سدا ترِپتِ ہوءِ ॥

ਪੈਨਣੁ ਸਿਫਤਿ ਸਨਾਇ ਹੈ
ਸਦਾ ਸਦਾ ਓਹੁ ਊਜਲਾ
ਮੈਲਾ ਕਦੇ ਨ ਹੋਇ ॥

پینَنُ صِفتِ سناءِ ہےَ
سدا سدا اوہُ اوُجلا
میَلا کدے ن ہوءِ ॥

ਸਹਜੇ ਸਚੁ ਧਨੁ ਖਟਿਆ
ਥੋੜਾ ਕਦੇ ਨ ਹੋਇ ॥

سہجے سچُ دھنُ کھٹِیا
تھوڑا کدے ن ہوءِ ॥

ਦੇਹੀ ਨੋ ਸਬਦੁ ਸੀਗਾਰੁ ਹੈ
ਜਿਤੁ ਸਦਾ ਸਦਾ ਸੁਖੁ ਹੋਇ ॥

دیہی نو سبدُ سِیگارُ ہےَ
جِتُ سدا سدا سُکھُ ہوءِ ॥

ਨਾਨਕ ਗੁਰਮੁਖਿ ਬੁਝੀਐ
ਜਿਸ ਨੋ ਆਪਿ ਵਿਖਾਲੇ ਸੋਇ ॥੨॥

نانک گُرمُکھِ بُجھیےَ
جِس نو آپِ وِکھالے سوءِ ॥2॥

ਪਉੜੀ ॥

پئُڑی ॥

ਅੰਤਰਿ ਜਪੁ ਤਪੁ ਸੰਜਮੋ
ਗੁਰ ਸਬਦੀ ਜਾਪੈ ॥

انترِ جپُ تپُ سنجَمو
گُر سبدی جاپےَ ॥

ਹਰਿ ਹਰਿ ਨਾਮੁ ਧਿਆਈਐ
ਹਉਮੈ ਅਗਿਆਨੁ ਗਵਾਪੈ ॥

ہرِ ہرِ نامُ دھیائیےَ
ہئُمےَ اگیانُ گواپےَ ॥

ਅੰਦਰੁ ਅੰਮ੍ਰਿਤਿ ਭਰਪੂਰੁ ਹੈ
ਚਾਖਿਆ ਸਾਦੁ ਜਾਪੈ ॥

اندَرُ انمّرِتِ بھرپوُرُ ہےَ
چاکھِیا سادُ جاپےَ ॥

ਜਿਨ ਚਾਖਿਆ ਸੇ ਨਿਰਭਉ ਭਏ
ਸੇ ਹਰਿ ਰਸਿ ਧ੍ਰਾਪੈ ॥

جِن چاکھِیا سے نِربھءُ بھےَ
سے ہرِ رس دھّراپےَ ॥

ਹਰਿ ਕਿਰਪਾ ਧਾਰਿ ਪੀਆਇਆ
ਫਿਰਿ ਕਾਲੁ ਨ ਵਿਆਪੈ ॥੧੭॥

ہرِ کِرپا دھارِ پیائیا

ਪਿਰਿ ਕਾਲੁ ਨ ਵਿਆਪੈ ॥ 17 ॥

پھرِ کالُ ن وِیاپے ॥ 17 ॥

ਸਲੋਕੁ ਮਃ ੩ ॥

سلوکُ م: 3 ॥

ਲੋਕੁ ਅਵਗਣਾ ਕੀ ਬੰਨੈ੍ ਗੰਠੜੀ
ਗੁਣ ਨ ਵਿਹਾਝੈ ਕੋਇ ॥

لوکُ اوگُنا کی بنّہے گنٹھڑی
گُن ن وِہاجھے کوءِ ॥

ਗੁਣ ਕਾ ਗਾਹਕੁ ਨਾਨਕਾ
ਵਿਰਲਾ ਕੋਈ ਹੋਇ ॥

گُن کا گاہکُ نانکا
وِرلا کوئی ہوءِ ॥

ਗੁਰ ਪਰਸਾਦੀ ਗੁਣ ਪਾਈਅਨ੍ਿ
ਜਿਸ ਨੋ ਨਦਰਿ ਕਰੇਇ ॥੧॥

گُر پرسادی گُن پائیئنہِ
جِس نو ندرِ کرے ءِ ॥ 1 ॥

ਮਃ ੩ ॥

م: 3 ॥

ਗੁਣ ਅਵਗੁਣ ਸਮਾਨਿ ਹਹਿ
ਜਿ ਆਪਿ ਕੀਤੇ ਕਰਤਾਰਿ ॥

گُن اوگُن سمانِ ہہِ
جِ آپِ کیتے کرتارِ ॥

ਨਾਨਕ ਹੁਕਮਿ ਮੰਨਿਐ ਸੁਖੁ ਪਾਈਐ
ਗੁਰ ਸਬਦੀ ਵੀਚਾਰਿ ॥੨॥

نانک حُکمِ منّئے سُکھُ پائیئے
گُر سبدی ویچارِ ॥ 2 ॥

ਪਉੜੀ ॥

پئُڑی ॥

ਅੰਦਰਿ ਰਾਜਾ ਤਖਤੁ ਹੈ
ਆਪੇ ਕਰੇ ਨਿਆਉ ॥

اندّرِ راجا تختُ ہے
آپے کرے نِیاءُ ॥

ਗੁਰ ਸਬਦੀ ਦਰੁ ਜਾਣੀਐ
ਅੰਦਰਿ ਮਹਲੁ ਅਸਰਾਉ ॥

گُر سبدی دُر جانئیے
اندّرِ محلُ اسراءُ ॥

ਖਰੇ ਪਰਖਿ ਖਜਾਨੈ ਪਾਈਅਨਿ
ਖੋਟਿਆ ਨਾਹੀ ਥਾਉ ॥

کھرے پرکھِ خزانے پائیئنِ
کھوٹیا ناہی تھاءُ ॥

ਸਭੁ ਸਚੋ ਸਚੁ ਵਰਤਦਾ
ਸਦਾ ਸਚੁ ਨਿਆਉ ॥

سبھُ سچو سچُ ورتدا
سدا سچُ نِیاءُ ॥

ਅੰਮ੍ਰਿਤ ਕਾ ਰਸੁ ਆਇਆ
ਮਨਿ ਵਸਿਆ ਨਾਉ ॥੧੮॥

انمّرِت کا رسُ آئیا
منِ وسِیا ناءُ ॥ 18 ॥

ਸਲੋਕ ਮਃ ੧ ॥

سلوک م: 1 ॥

ਹਉ ਮੈ ਕਰੀ ਤਾਂ ਤੂ ਨਾਹੀ
ਤੂ ਹੋਵਹਿ ਹਉ ਨਾਹਿ ॥

ہءُ مے کری تاں توُ ناہی
توُ ہووہِ ہءُ ناہِ ॥

ਬੂਝਹੁ ਗਿਆਨੀ ਬੂਝਣਾ
ਏਹ ਅਕਥ ਕਥਾ ਮਨ ਮਾਹਿ ॥

بوُجھہُ گیانی بوُجھنا
ایہ اکتھ کتھا من ماہِ ॥

ਬਿਨੁ ਗੁਰ ਤਤੁ ਨ ਪਾਈਐ
ਅਲਖੁ ਵਸੈ ਸਭ ਮਾਹਿ ॥

بِنُ گُر تتُ ن پائیئے
الکھُ وسے سبھ ماہِ ॥

ਸਤਿਗੁਰੁ ਮਿਲੈ ਤ ਜਾਣੀਐ
ਜਾਂ ਸਬਦੁ ਵਸੈ ਮਨ ਮਾਹਿ ॥

ستِگُر ملے ت جانیئے
جاں سبدُ وسے من ماہِ ॥

ਆਪੁ ਗਇਆ ਭ੍ਰਮੁ ਭਉ ਗਇਆ
ਜਨਮ ਮਰਨ ਦੁਖ ਜਾਹਿ ॥

آپُ گیا بھرمُ بھءُ گیا
جنم مرن دُکھ جاہِ ॥

ਗੁਰਮਤਿ ਅਲਖੁ ਲਖਾਈਐ
ਊਤਮ ਮਤਿ ਤਰਾਹਿ ॥

گُرمتِ الکھُ لکھائیئے
اوُتم متِ تراہِ ॥

ਨਾਨਕ ਸੋਹੰ ਹੰਸਾ ਜਪੁ ਜਾਪਹੁ
ਤ੍ਰਿਭਵਣ ਤਿਸੈ ਸਮਾਹਿ ॥੧॥

نانک سوہنّ ہنّسا جپُ جاپہُ
تّربھونٹ تِسے سماہِ ॥1॥

ਮਃ ੩ ॥

م: 3 ॥

ਮਨੁ ਮਾਣਕੁ ਜਿਨਿ ਪਰਖਿਆ
ਗੁਰ ਸਬਦੀ ਵੀਚਾਰਿ ॥

منُ مانکُ جِنِ پرکھیا
گُر سبدی ویچارِ ॥

ਸੇ ਜਨ ਵਿਰਲੇ ਜਾਣੀਅਹਿ
ਕਲਜੁਗ ਵਿਚਿ ਸੰਸਾਰਿ ॥

سے جن وِرلے جانیئہِ
کلجُگ وِچِ سنّسارِ ॥

ਆਪੈ ਨੋ ਆਪੁ ਮਿਲਿ ਰਹਿਆ
ਹਉਮੈ ਦੁਬਿਧਾ ਮਾਰਿ ॥

آپے نو آپُ مِلِ رہیا
ہئُمے دُبِدھا مارِ ॥

ਨਾਨਕ ਨਾਮਿ ਰਤੇ ਦੁਤਰੁ ਤਰੇ
ਭਉਜਲੁ ਬਿਖਮੁ ਸੰਸਾਰੁ ॥੨॥

نانک نامِ رتے دُتّر ترے
بھجُلُ بِکھمُ سنّسارُ ॥2॥

ਪਉੜੀ ॥

پئُڑی ॥

ਮਨਮੁਖ ਅੰਦਰੁ ਨ ਭਾਲਨੀ

منمکھ انّدرُ ن بھالنی

ਮੁਠੇ ਅਹੰਮਤੇ ॥

مُٹھے اہنّمتے ॥

ਚਾਰੇ ਕੁੰਡਾਂ ਭਵਿ ਥਕੇ
ਅੰਦਰਿ ਤਿਖ ਤਤੇ ॥

چارے کُنڈاں بھوِ تھکے
اندَرِ تِکھ تتے ॥

ਸਿੰਮ੍ਰਿਤਿ ਸਾਸਤ ਨ ਸੋਧਨੀ
ਮਨਮੁਖ ਵਿਗੁਤੇ ॥

سِمرِتِ ساست ن سودھنی
منمُکھ وِگُتے ॥

ਬਿਨੁ ਗੁਰ ਕਿਨੈ ਨ ਪਾਇਓ
ਹਰਿ ਨਾਮੁ ਹਰਿ ਸਤੇ ॥

بِنُ گُر کِنے ن پائِئو
ہرِ نامُ ہرِ ستے ॥

ਤਤੁ ਗਿਆਨੁ ਵੀਚਾਰਿਆ
ਹਰਿ ਜਪਿ ਹਰਿ ਗਤੇ ॥੧੯॥

تتُ گیانُ ویچارِیا
ہرِ جپِ ہرِ گتے ॥ 19 ॥

ਸਲੋਕ ਮਃ ੨ ॥

سلوک م: 2 ॥

ਆਪੇ ਜਾਣੈ ਕਰੇ ਆਪਿ
ਆਪੇ ਆਣੈ ਰਾਸਿ ॥

آپے جانے کرے آپِ
آپے آنے راسِ ॥

ਤਿਸੈ ਅਗੈ ਨਾਨਕਾ
ਖਲਿਇ ਕੀਚੈ ਅਰਦਾਸਿ ॥੧॥

تِسے اگے نانکا
کھلِءِ کیچے عرداسِ ॥1॥

ਮਃ ੧ ॥

م: 1 ॥

ਜਿਨਿ ਕੀਆ ਤਿਨਿ ਦੇਖਿਆ
ਆਪੇ ਜਾਣੈ ਸੋਇ ॥

جِنِ کیِیا تِنِ دیکھِیا
آپے جانے سوءِ ॥

ਕਿਸ ਨੋ ਕਹੀਐ ਨਾਨਕਾ
ਜਾ ਘਰਿ ਵਰਤੈ ਸਭੁ ਕੋਇ ॥੨॥

کِس نو کہیے نانکا
جا گھرِ ورتے سبھُ کوءِ ॥2॥

ਪਉੜੀ ॥

پئُڑی ॥

ਸਭੇ ਥੋਕ ਵਿਸਾਰਿ
ਇਕੋ ਮਿਤੁ ਕਰਿ ॥

سبھے تھوک وِسارِ
اِکو مِتُ کرِ ॥

ਮਨੁ ਤਨੁ ਹੋਇ ਨਿਹਾਲੁ
ਪਾਪਾ ਦਹੈ ਹਰਿ ॥

منُ تنُ ہوءِ نِہالُ
پاپا دہے ہرِ ॥

ਆਵਣ ਜਾਣਾ ਚੁਕੈ

آونُ جاٹا چُکے

ਜਨਮਿ ਨ ਜਾਹਿ ਮਰਿ ॥	جنمِ ن جاہِ مرِ ॥
ਸਚੁ ਨਾਮੁ ਆਧਾਰੁ	سچُ نامُ آدھارُ
ਸੋਗਿ ਨ ਮੋਹਿ ਜਰਿ ॥	سوگِ ن موہِ جرِ ॥
ਨਾਨਕ ਨਾਮੁ ਨਿਧਾਨੁ	نانک نامُ نِدھانُ
ਮਨ ਮਹਿ ਸੰਜਿ ਧਰਿ ॥੨੦॥	من مہِ سنّجِ دھرِ ॥ 20 ॥
ਸਲੋਕ ਮਃ ੫ ॥	سلوک م: 5 ॥
ਮਾਇਆ ਮਨਹੁ ਨ ਵੀਸਰੈ	مائیا منہُ ن ویسرے
ਮਾਂਗੈ ਦੰਮਾ ਦੰਮ ॥	مانگےَ دنّما دنّم ॥
ਸੋ ਪ੍ਰਭੁ ਚਿਤਿ ਨ ਆਵਈ	سو پربھُ چِتِ ن آوئی
ਨਾਨਕ ਨਹੀ ਕਰੰਮ ॥੧॥	نانک نہی کرنّم ॥ 1 ॥
ਮਃ ੫ ॥	م: 5 ॥
ਮਾਇਆ ਸਾਥਿ ਨ ਚਲਈ	مائیا ساتھِ ن چلئی
ਕਿਆ ਲਪਟਾਵਹਿ ਅੰਧ ॥	کِیا لپٹاوہِ انّدھ ۔ ॥
ਗੁਰ ਕੇ ਚਰਣ ਧਿਆਇ ਤੂ	گُر کے چرنْ دھیاءِ توُ
ਤੂਟਹਿ ਮਾਇਆ ਬੰਧ ॥੨॥	توُٹہِ مائیا بنّدھ ॥ 2 ॥
ਪਉੜੀ ॥	پؤڑی ॥
ਭਾਣੈ ਹੁਕਮੁ ਮਨਾਇਓਨੁ	بھانْے حُکمُ منائیئونُ
ਭਾਣੈ ਸੁਖੁ ਪਾਇਆ ॥	بھانْے سُکھُ پائیا ॥
ਭਾਣੈ ਸਤਿਗੁਰੁ ਮੇਲਿਓਨੁ	بھانْے ستِگُرُ میلِئونُ
ਭਾਣੈ ਸਚੁ ਧਿਆਇਆ ॥	بھانْے سچُ دھیائیا ॥
ਭਾਣੇ ਜੇਵਡ ਹੋਰ ਦਾਤਿ ਨਾਹੀ	بھانْے جیوڈ ہور داتِ ناہی
ਸਚੁ ਆਖਿ ਸੁਣਾਇਆ ॥	سچُ آکھِ سُنائیا ॥
ਜਿਨ ਕਉ ਪੂਰਬਿ ਲਿਖਿਆ	جِن ک ءُ پوُربِ لِکھیا
ਤਿਨ ਸਚੁ ਕਮਾਇਆ ॥	تِن سچُ کمائیا ॥
ਨਾਨਕ ਤਿਸੁ ਸਰਣਾਗਤੀ	نانک تِسُ سرنْاگتی

ਜਿਨਿ ਜਗਤੁ ਉਪਾਇਆ ॥੨੧॥

جِنِ جگتُ اُپائیا ॥ 21 ॥

ਸਲੋਕ ਮਃ ੩ ॥

سلوک م: 3 ॥

ਜਿਨ ਕਉ ਅੰਦਰਿ ਗਿਆਨੁ ਨਹੀ
ਭੈ ਕੀ ਨਾਹੀ ਬਿੰਦ ॥

جِن کءُ انّدرِ گیانُ نہی
بھےَ کی ناہی بِنّد ॥

ਨਾਨਕ ਮੁਇਆ ਕਾ ਕਿਆ ਮਾਰਣਾ
ਜਿ ਆਪਿ ਮਾਰੇ ਗੋਵਿੰਦ ॥੧॥

نانک مُئیا کا کِیا مارنّا
جِ آپِ مارے گووِنّد ॥1॥

ਮਃ ੩ ॥

م: 3 ॥

ਮਨ ਕੀ ਪਟ੍ਹੀ ਵਾਚਣੀ
ਸੁਖੀ ਹੂ ਸੁਖੁ ਸਾਰੁ ॥

من کی پٹّری واچنّی
سُکھی ہوُ سُکھُ سارُ ॥

ਸੋ ਬ੍ਰਾਹਮਣੁ ਭਲਾ ਆਖੀਐ
ਜਿ ਬੁਝੈ ਬ੍ਰਹਮੁ ਬੀਚਾਰੁ ॥

سو برّاہمنُ بھلا آکھیئے
جِ بُجھےَ برّہمُ بیچارُ ॥

ਹਰਿ ਸਾਲਾਹੇ ਹਰਿ ਪੜੈ
ਗੁਰ ਕੈ ਸਬਦਿ ਵੀਚਾਰਿ ॥

ہرِ سالاحے ہرِ پڑےَ
گُر کےَ سبدِ ویچارِ ॥

ਆਇਆ ਓਹੁ ਪਰਵਾਣੁ ਹੈ
ਜਿ ਕੁਲ ਕਾ ਕਰੇ ਉਧਾਰੁ ॥

آئیا اوہُ پرواںُ ہےَ
جِ کُل کا کرے اُدھارُ ॥

ਅਗੈ ਜਾਤਿ ਨ ਪੁਛੀਐ
ਕਰਣੀ ਸਬਦੁ ਹੈ ਸਾਰੁ ॥

اگے زاتِ ن پُچھیئے
کرنّی سبدُ ہےَ سارُ ॥

ਹੋਰੁ ਕੂੜੁ ਪੜਣਾ ਕੂੜੁ ਕਮਾਵਣਾ
ਬਿਖਿਆ ਨਾਲਿ ਪਿਆਰੁ ॥

ہورُ کوڑُ پڑنّا کوڑُ کماونّا
بِکھیا نالِ پیارُ ॥

ਅੰਦਰਿ ਸੁਖੁ ਨ ਹੋਵਈ
ਮਨਮੁਖ ਜਨਮੁ ਖੁਆਰੁ ॥

انّدرِ سُکھُ ن ہووئی
منمُکھ جنمُ خُیارُ ॥

ਨਾਨਕ ਨਾਮਿ ਰਤੇ ਸੇ ਉਬਰੇ
ਗੁਰ ਕੈ ਹੇਤਿ ਅਪਾਰਿ ॥੨॥

نانک نامِ رتے سے اُبرے
گُر کےَ ہیتِ اپارِ ॥2॥

ਪਉੜੀ ॥

پئُڑی ॥

ਆਪੇ ਕਰਿ ਕਰਿ ਵੇਖਦਾ

آپے کرِ کرِ ویکھدا

ਆਪੇ ਸਭੁ ਸਚਾ ॥

آپے سبھُ سچا ॥

ਜੋ ਹੁਕਮੁ ਨ ਬੂਝੈ ਖਸਮ ਕਾ
ਸੋਈ ਨਰੁ ਕਚਾ ॥

جو حُکمُ ن بوُجھے خصم کا
سوئی نرُ کچا ॥

ਜਿਤੁ ਭਾਵੈ ਤਿਤੁ ਲਾਇਦਾ
ਗੁਰਮੁਖਿ ਹਰਿ ਸਚਾ ॥

جِتُ بھاوے تِتُ لائِدا
گُرمُکھِ ہرِ سچا ॥

ਸਭਨਾ ਕਾ ਸਾਹਿਬੁ ਏਕੁ ਹੈ
ਗੁਰ ਸਬਦੀ ਰਚਾ ॥

سبھنا کا صاحِبُ ایکُ ہے
گُر سبدی رچا ॥

ਗੁਰਮੁਖਿ ਸਦਾ ਸਲਾਹੀਐ
ਸਭਿ ਤਿਸ ਦੇ ਜਚਾ ॥

گُرمُکھِ سدا سلاحیئے
سبھِ تِس دے جچا ॥

ਜਿਉ ਨਾਨਕ ਆਪਿ ਨਚਾਇਦਾ
ਤਿਵ ਹੀ ਕੋ ਨਚਾ ॥੨੨॥੧॥ ਸੁਧੁ ॥

جِءُ نانک آپِ نچائِدا
تِو ہی کو نچا ॥22॥1॥ سُدھُ ॥

ਮਾਰੂ ਵਾਰ ਮਹਲਾ ੫ ਡਖਣੇ ਮਃ ੫

مارُو وار محلا 5 ڈکھنے م: 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਤੂ ਚਉ ਸਜਣ ਮੈਡਿਆ
ਡੇਈ ਸਿਸੁ ਉਤਾਰਿ ॥

توُ چءُ سجنْ میڈِیا
ڈیئی سِسُ اُتارِ ॥

ਨੈਣ ਮਹਿੰਜੇ ਤਰਸਦੇ
ਕਦਿ ਪਸੀ ਦੀਦਾਰੁ ॥੧॥

نیَنْ مہنجے ترسدے
کدِ پسی دیدارُ ۔ ॥1॥

ਮਃ ੫ ॥

م: 5 ॥

ਨੀਹੁ ਮਹਿੰਜਾ ਤਉ ਨਾਲਿ
ਬਿਆ ਨੇਹ ਕੂੜਾਵੇ ਡੇਖੁ ॥

نیہُ مہنجا تئوُ نالِ
بِیا نیہ کوُڑاوے ڈیکھُ ॥

ਕਪੜ ਭੋਗ ਡਰਾਵਣੇ
ਜਿਚਰੁ ਪਿਰੀ ਨ ਡੇਖੁ ॥੨॥

کپڑ بھوگ ڈراونے
جِچرُ پری ن ڈیکھُ ॥2॥

ਮਃ ੫ ॥

م: 5 ॥

ਉਠੀ ਝਾਲੂ ਕੰਤੜੇ
ਹਉ ਪਸੀ ਤਉ ਦੀਦਾਰੁ ॥

اُٹھی جھالوُ کنّترے
ہءُ پسی تءُ دیدارُ ॥

ਕਾਜਲੁ ਹਾਰ ਤਮੋਲ ਰਸੁ
ਬਿਨੁ ਪਸੇ ਹਭਿ ਰਸ ਛਾਰੁ ॥੩॥

کاجلُ ہار تمول رسُ
بِنُ پسے ہبھِ رس چھارُ ॥3॥

ਪਉੜੀ ॥

پئُڑی ॥

ਤੂ ਸਚਾ ਸਾਹਿਬੁ ਸਚੁ
ਸਚੁ ਸਭੁ ਧਾਰਿਆ ॥

توُ سچا صاحِبُ سچُ
سچُ سبھُ دھارِیا ॥

ਗੁਰਮੁਖਿ ਕੀਤੋ ਥਾਟੁ
ਸਿਰਜਿ ਸੰਸਾਰਿਆ ॥

گُرمُکھِ کِیتو تھاٹُ
سِرجِ سنّسارِیا ॥

ਹਰਿ ਆਗਿਆ ਹੋਏ ਬੇਦ
ਪਾਪੁ ਪੁੰਨੁ ਵੀਚਾਰਿਆ ॥

ہرِ آگِیا ہوئے بید
پاپُ پُنّنُ ویچارِیا ॥

ਬ੍ਰਹਮਾ ਬਿਸਨੁ ਮਹੇਸੁ
ਤ੍ਰੈ ਗੁਣ ਬਿਸਥਾਰਿਆ ॥

برہما بِسنُ مہیسُ
ترّے گُنُ بِستھارِیا ॥

ਨਵ ਖੰਡ ਪ੍ਰਿਥਮੀ ਸਾਜਿ
ਹਰਿ ਰੰਗ ਸਵਾਰਿਆ ॥

نو کھنڈ پرتھمی ساجِ
ہرِ رنگ سوارِیا ॥

ਵੇਕੀ ਜੰਤ ਉਪਾਇ
ਅੰਤਰਿ ਕਲ ਧਾਰਿਆ ॥

ویکی جنّت اُپاءِ
انترِ کل دھارِیا ॥

ਤੇਰਾ ਅੰਤੁ ਨ ਜਾਣੈ ਕੋਇ
ਸਚੁ ਸਿਰਜਣਹਾਰਿਆ ॥

تیرا انتُ ن جانّے کوءِ
سچُ سِرجنّہارِیا ۔ ॥

ਤੂ ਜਾਣਹਿ ਸਭ ਬਿਧਿ ਆਪਿ
ਗੁਰਮੁਖਿ ਨਿਸਤਾਰਿਆ ॥੧॥

توُ جانّہِ سبھ بِدھِ آپِ
گُرمُکھِ نِستارِیا ॥1॥

ਡਖਣੇ ਮਃ ੫ ॥

ڈکھنّے م: 5 ॥

ਜੇ ਤੂ ਮਿਤ੍ਰੁ ਅਸਾਡੜਾ
ਹਿਕ ਭੋਰੀ ਨਾ ਵੇਛੋੜਿ ॥

جے توُ مِترّ اساڈڑا
ہِک بھوری نا ویچھوڑِ ॥

ਜੀਉ ਮਹਿੰਜਾ ਤਉ ਮੋਹਿਆ
ਕਦਿ ਪਸੀ ਜਾਨੀ ਤੋਹਿ ॥੧॥

جیِءُ مہنّجا تءُ موہِیا
کدِ پسی جانی توہِ ۔ ॥1॥

ਮਃ ੫ ॥

م: 5 ॥

ਦੁਰਜਨ ਤੂ ਜਲੁ ਭਾਹੜੀ
ਵਿਛੋੜੇ ਮਰਿ ਜਾਹਿ ॥

ਕੰਤਾ ਤੂ ਸਉ ਸੇਜੜੀ
ਮੈਡਾ ਹਭੋ ਦੁਖੁ ਉਲਾਹਿ ॥੨॥

ਮਃ ੫ ॥

ਦੁਰਜਨੁ ਦੂਜਾ ਭਾਉ ਹੈ
ਵੇਛੋੜਾ ਹਉਮੈ ਰੋਗੁ ॥

ਸਜਣੁ ਸਚਾ ਪਾਤਿਸਾਹੁ
ਜਿਸੁ ਮਿਲਿ ਕੀਚੈ ਭੋਗੁ ॥੩॥

ਪਉੜੀ ॥

ਤੂ ਅਗਮ ਦਇਆਲੁ ਬੇਅੰਤੁ
ਤੇਰੀ ਕੀਮਤਿ ਕਹੈ ਕਉਣੁ ॥

ਤੁਧੁ ਸਿਰਜਿਆ ਸਭੁ ਸੰਸਾਰੁ
ਤੂ ਨਾਇਕੁ ਸਗਲ ਭਉਣ ॥

ਤੇਰੀ ਕੁਦਰਤਿ ਕੋਇ ਨ ਜਾਣੈ
ਮੇਰੇ ਠਾਕੁਰ ਸਗਲ ਰਉਣ ॥

ਤੁਧੁ ਅਪੜਿ ਕੋਇ ਨ ਸਕੈ
ਤੂ ਅਬਿਨਾਸੀ ਜਗ ਉਧਰਣ ॥

ਤੁਧੁ ਥਾਪੇ ਚਾਰੇ ਜੁਗ
ਤੂ ਕਰਤਾ ਸਗਲ ਧਰਣ ॥

ਤੁਧੁ ਆਵਣ ਜਾਣਾ ਕੀਆ
ਤੁਧੁ ਲੇਪੁ ਨ ਲਗੈ ਤ੍ਰਿਣ ॥

ਜਿਸੁ ਹੋਵਹਿ ਆਪਿ ਦਇਆਲੁ
ਤਿਸੁ ਲਾਵਹਿ ਸਤਿਗੁਰ ਚਰਣ ॥

ਤੂ ਹੋਰਤੁ ਉਪਾਇ ਨ ਲਭਹੀ

دُرجن توُ جلُ بھاہڑی
وِچھوڑے مرِ جاہِ ॥

کنّتا توُ سءُ سیجڑی
میڈا ہبھو دُکھُ اُلاہِ ॥2॥

م: 5 ॥

دُرجنُ دوُجا بھاءُ ہے
وِچھوڑا ہمُے روگُ ॥

سجنُ سچا پاتِشاہُ
جِسُ مِلِ کیچے بھوگُ ॥3॥

پئڑی ॥

توُ اگم دیئالُ بیئنّتُ
تیری قِیمتِ کہے کنُ ۔ ॥

تُدھُ سِرجیا سبھُ سنّسارُ
توُ نائکُ سگل بھنُ ॥

تیری قُدرتِ کوءِ ن جانے
میرے ٹھاکُر سگل رنُ ॥

تُدھُ اپڑِ کوءِ ن سکے
توُ اِبناسی جگ اُدھرنُ ॥

تُدھُ تھاپے چارے جُگ
توُ کرتا سگل دھرنُ ॥

تُدھُ آونُ جاٹا کیِیا
تُدھُ لیپُ ن لگے ترِنُ ॥

جِسُ ہووہِ آپِ دیئالُ
تِسُ لاوہِ ستِگُر چرنُ ॥

توُ ہورتُ اُپاءِ ن لبھی

ਅਬਿਨਾਸੀ ਸ੍ਰਿਸਟਿ ਕਰਣ ॥੨॥

اِبناسی سّرِسٹِ کرنٹ ॥2॥

ਡਖਣੇ ਮਃ ੫ ॥

ڈکھنے م: 5 ॥

ਜੇ ਤੂ ਵਤਹਿ ਅੰਞਣੇ
ਹਭ ਧਰਤਿ ਸੁਹਾਵੀ ਹੋਇ ॥

جے توُ وتہِ انّگنے
ہبھ دھرتِ سُہاوی ہوءِ ॥

ਹਿਕਸੁ ਕੰਤੈ ਬਾਹਰੀ
ਮੈਡੀ ਵਾਤ ਨ ਪੁਛੈ ਕੋਇ ॥੧॥

ہِکسُ کنّتے باہری
میَڈی وات ن پُچھے کوءِ ॥1॥

ਮਃ ੫ ॥

م: 5 ॥

ਹਭੇ ਟੋਲ ਸੁਹਾਵਣੇ
ਸਹੁ ਬੈਠਾ ਅੰਞਣੁ ਮਲਿ ॥

ہبھے ٹول سُہاونے
سہُ بیٹھا انّگنُ ملِ ॥

ਪਹੀ ਨ ਵੰਞੈ ਬਿਰਥੜਾ
ਜੋ ਘਰਿ ਆਵੈ ਚਲਿ ॥੨॥

پہی ن ونّجے برتھڑا
جو گھرِ آوے چلِ ॥2॥

ਮਃ ੫ ॥

م: 5 ॥

ਸੇਜ ਵਿਛਾਈ ਕੰਤ ਕੂ
ਕੀਆ ਹਭੁ ਸੀਗਾਰੁ ॥

سیج وِچھائی کنّت کوُ
کیِیا ہبھُ سیِگارُ ॥

ਇਤੀ ਮੰਝਿ ਨ ਸਮਾਵਈ
ਜੇ ਗਲਿ ਪਹਿਰਾ ਹਾਰੁ ॥੩॥

اِتی منجّھِ ن سماوئی
جے گلِ پہِرا ہارُ ॥3॥

ਪਉੜੀ ॥

پئڑی ॥

ਤੂ ਪਾਰਬ੍ਰਹਮੁ ਪਰਮੇਸਰੁ
ਜੋਨਿ ਨ ਆਵਹੀ ॥

توُ پاربّرہمُ پریسرُ
جونِ ن آوہی ॥

ਤੂ ਹੁਕਮੀ ਸਾਜਹਿ ਸ੍ਰਿਸਟਿ
ਸਾਜਿ ਸਮਾਵਹੀ ॥

توُ حُکمی ساجہِ سّرِسٹِ
ساجِ سماوہی ॥

ਤੇਰਾ ਰੂਪੁ ਨ ਜਾਈ ਲਖਿਆ
ਕਿਉ ਤੁਝਹਿ ਧਿਆਵਹੀ ॥

تیرا روُپُ ن جائی لکھیا
کِءُ تُجھہِ دھیاوہی ۔ ॥

ਤੂ ਸਭ ਮਹਿ ਵਰਤਹਿ ਆਪਿ
ਕੁਦਰਤਿ ਦੇਖਾਵਹੀ ॥

توُ سبھ مہِ ورتہِ آپِ
قُدرتِ دیکھاوہی ॥

ਤੇਰੀ ਭਗਤਿ ਭਰੇ ਭੰਡਾਰ ਤੋਟਿ ਨ ਆਵਹੀ ॥	تیری بھگتِ بھرے بھنڈار توٹِ ن آوہی ॥
ਏਹਿ ਰਤਨ ਜਵੇਹਰ ਲਾਲ ਕੀਮ ਨ ਪਾਵਹੀ ॥	ایہِ رتن جویہر لال قیِم ن پاوہی ॥
ਜਿਸੁ ਹੋਵਹਿ ਆਪਿ ਦਇਆਲੁ ਤਿਸੁ ਸਤਿਗੁਰ ਸੇਵਾ ਲਾਵਹੀ ॥	جِسُ ہووہِ آپِ دئیالُ تِسُ ستِگُر سیوا لاوہی ॥
ਤਿਸੁ ਕਦੇ ਨ ਆਵੈ ਤੋਟਿ ਜੋ ਹਰਿ ਗੁਣ ਗਾਵਹੀ ॥੩॥	تِسُ کدے ن آوے توٹِ جو ہرِ گُنؤ گاوہی ॥3॥
ਡਖਣੇ ਮਃ ੫ ॥	ڈکھنے م: 5 ॥
ਜਾ ਮੂ ਪਸੀ ਹਠ ਮੈ ਪਿਰੀ ਮਹਿਜੈ ਨਾਲਿ ॥	جا مُو پسی ہٹھ مے پِری مہِجے نالِ ॥
ਹਭੇ ਡੁਖ ਉਲਾਹਿਅਮੁ ਨਾਨਕ ਨਦਰਿ ਨਿਹਾਲਿ ॥੧॥	ہبھے ڈُکھ اُلاہِئمُ نانک ندرِ نہالِ ॥1॥
ਮਃ ੫ ॥	م: 5 ॥
ਨਾਨਕ ਬੈਠਾ ਭਖੇ ਵਾਉ ਲੰਮੇ ਸੇਵਹਿ ਦਰੁ ਖੜਾ ॥	نانک بیٹھا بھکھے واءُ لنّمے سیوہِ درُ کھڑا ॥
ਪਿਰੀਏ ਤੂ ਜਾਣੁ ਮਹਿਜਾ ਸਾਉ ਜੋਈ ਸਾਈ ਮੁਹੁ ਖੜਾ ॥੨॥	پِریے توُ جانُ مہِجا ساءُ جوئی سائی مُہُ کھڑا ॥2॥
ਮਃ ੫ ॥	م: 5 ॥
ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ ॥	کِیا گالائیو بھوُچھ پر ویلِ ن جوہے کنّت توُ ॥
ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ ॥੩॥	نانک پھُلا سندّی واڑِ کھِڑیا ہبھُ سنّسارُ جِءُ ॥3॥
ਪਉੜੀ ॥	پئُڑی ॥
ਸੁਘੜੁ ਸੁਜਾਣੁ ਸਰੂਪੁ ਤੂ	سُگھڑُ سُجانُ سروُپُ توُ

ਸਭ ਮਹਿ ਵਰਤੰਤਾ ॥	سبھ مہِ ورتنّتا ॥
ਤੂ ਆਪੇ ਠਾਕੁਰੁ ਸੇਵਕੋ ਆਪੇ ਪੂਜੰਤਾ ॥	توُ آپے ٹھاکُرُ سیوکو آپے پوُجنّتا ॥
ਦਾਨਾ ਬੀਨਾ ਆਪਿ ਤੂ ਆਪੇ ਸਤਵੰਤਾ ॥	دانا بِینا آپِ توُ آپے ستوَنّتا ॥
ਜਤੀ ਸਤੀ ਪ੍ਰਭੁ ਨਿਰਮਲਾ ਮੇਰੇ ਹਰਿ ਭਗਵੰਤਾ ॥	جتی ستی پربھُ نِرملا میرے ہرِ بھگونّتا ॥
ਸਭੁ ਬ੍ਰਹਮ ਪਸਾਰੁ ਪਸਾਰਿਓ ਆਪੇ ਖੇਲੰਤਾ ॥	سبھُ برہم پسارُ پسارِئو آپے کھیلنّتا ॥
ਇਹੁ ਆਵਾ ਗਵਣੁ ਰਚਾਇਓ ਕਰਿ ਚੋਜ ਦੇਖੰਤਾ ॥	اِہُ آوا گونُ رچائِئو کرِ چوج دیکھنّتا ॥
ਤਿਸੁ ਬਾਹੁੜਿ ਗਰਭਿ ਨ ਪਾਵਹੀ ਜਿਸੁ ਦੇਵਹਿ ਗੁਰ ਮੰਤਾ ॥	تِسُ باہُڑِ گربھِ ن پاوہی جِسُ دیوہِ گُر منّتا ॥
ਜਿਉ ਆਪਿ ਚਲਾਵਹਿ ਤਿਉ ਚਲਦੇ ਕਿਛੁ ਵਸਿ ਨ ਜੰਤਾ ॥੪॥	جِءُ آپِ چلاوہِ تِءُ چلدے کِچھُ وسِ ن جنّتا ॥4॥
ਡਖਣੇ ਮਃ ੫ ॥	ڈکھنے م: 5 ॥
ਕੁਰੀਏ ਕੁਰੀਏ ਵੈਦਿਆ ਤਲਿ ਗਾੜਾ ਮਹਰੇਰੁ ॥	کُریئے کُریئے ویدِیا تلِ گاڑا مہریرُ ॥
ਵੇਖੇ ਛਿਟਿੜਿ ਥੀਵਦੋ ਜਾਮਿ ਖਿਸੰਦੋ ਪੇਰੁ ॥੧॥	ویکھے چھِٹڑِ تھیودو جامِ کھِسندو پیرُ ॥1॥
ਮਃ ੫ ॥	م: 5 ॥
ਸਚੁ ਜਾਣੈ ਕਚੁ ਵੈਦਿਓ ਤੂ ਆਘੂ ਆਘੇ ਸਲਵੇ ॥	سچُ جانے کچُ ویدِئو توُ آگھوُ آگھے سلوے ॥
ਨਾਨਕ ਆਤਸੜੀ ਮੰਝਿ ਨੈਣੂ ਬਿਆ ਢਲਿ ਪਬਣਿ ਜਿਉ ਜੁੰਮਿਓ ॥੨॥	نانک یاتشڑی منجھِ نینّوُ بِیا ڈھلِ پبنِ جِءُ جُنمِئو ॥2॥

ਮਃ ੫ ॥

م: 5 ॥

ਭੋਰੇ ਭੋਰੇ ਰੂਹੜੇ
ਸੇਵੇਦੇ ਆਲਕੁ ॥

بھورے بھورے روُہڑے
سیویدے آلکُ ॥

ਮੁਦਤਿ ਪਈ ਚਿਰਾਣੀਆ
ਫਿਰਿ ਕਢੂ ਆਵੈ ਰੁਤਿ ॥੩॥

مُدتِ پئی چِراٹیا
پھِرِ کڈھُ آوے رُتِ ॥3॥

ਪਉੜੀ ॥

پؤڑی ॥

ਤੁਧੁ ਰੂਪੁ ਨ ਰੇਖਿਆ ਜਾਤਿ
ਤੂ ਵਰਨਾ ਬਾਹਰਾ ॥

تُدھُ روُپُ ن ریکھِیا زاتِ
توُ ورنا باہرا ॥

ਏ ਮਾਣਸ ਜਾਣਹਿ ਦੂਰਿ
ਤੂ ਵਰਤਹਿ ਜਾਹਰਾ ॥

اے ماٹس جاٹہِ دوُرِ
توُ ورتہِ ظاہرا ॥

ਤੂ ਸਭਿ ਘਟ ਭੋਗਹਿ ਆਪਿ
ਤੁਧੁ ਲੇਪੁ ਨ ਲਾਹਰਾ ॥

توُ سبھِ گھٹ بھوگہِ آپِ
تُدھُ لیپُ ن لاہرا ॥

ਤੂ ਪੁਰਖੁ ਅਨੰਦੀ ਅਨੰਤ
ਸਭ ਜੋਤਿ ਸਮਾਹਰਾ ॥

توُ پُرکھُ انندی اننّت
سبھ جوتِ سماہرا ॥

ਤੂ ਸਭ ਦੇਵਾ ਮਹਿ ਦੇਵ
ਬਿਧਾਤੇ ਨਰਹਰਾ ॥

توُ سبھ دیوا مہِ دیو
بِدھاتے نرہرا ۔ ॥

ਕਿਆ ਆਰਾਧੇ ਜਿਹਵਾ ਇਕ
ਤੂ ਅਬਿਨਾਸੀ ਅਪਰਪਰਾ ॥

کِیا آرادھے جِہوا اِک
توُ اِبناسی اپرپرا ॥

ਜਿਸੁ ਮੇਲਹਿ ਸਤਿਗੁਰੁ ਆਪਿ
ਤਿਸ ਕੇ ਸਭਿ ਕੁਲ ਤਰਾ ॥

جِسُ میلہِ ستِگُرُ آپِ
تِس کے سبھِ کُل ترا ॥

ਸੇਵਕ ਸਭਿ ਕਰਦੇ ਸੇਵ ਦਰਿ
ਨਾਨਕੁ ਜਨੁ ਤੇਰਾ ॥੫॥

سیوک سبھِ کردے سیو درِ
نانکُ جنُ تیرا ॥5॥

ਡਖਣੇ ਮਃ ੫ ॥

ڈکھنے م: 5 ॥

ਗਹਡੜੜਾ ਤ੍ਰਿਣਿ ਛਾਇਆ
ਗਾਫਲ ਜਲਿਓਹੁ ਭਾਹਿ ॥

گہڈڑڑا تّرِنِ چھائیا
غافل جلِئوہُ بھاہِ ॥

ਜਿਨਾ ਭਾਗ ਮਥਾਹੜੈ
ਤਿਨ ਉਸਤਾਦ ਪਨਾਹਿ ॥੧॥

جِنا بھاگ متھاہڑے
تِن اُستاد پناہِ ॥1॥

ਮਃ ੫ ॥

م: 5 ॥

ਨਾਨਕ ਪੀਠਾ ਪਕਾ ਸਾਜਿਆ
ਧਰਿਆ ਆਣਿ ਮਉਜੂਦੁ ॥

نانک پِٹھا پکا ساجِیا
دھرِیا آنِ مجُودُ ॥

ਬਾਝਹੁ ਸਤਿਗੁਰ ਆਪਣੇ
ਬੈਠਾ ਝਾਕੁ ਦਰੂਦ ॥੨॥

باجھہُ ستِگُر آپنے
بیٹھا جھاکُ درُود ॥2॥

ਮਃ ੫ ॥

م: 5 ॥

ਨਾਨਕ ਭੁਸਰੀਆ ਪਕਾਈਆ
ਪਾਈਆ ਥਾਲੈ ਮਾਹਿ ॥

نانک بھُسریِیا پکائِیا
پائِیا تھالے ماہِ ॥

ਜਿਨੀ ਗੁਰੂ ਮਨਾਇਆ
ਰਜਿ ਰਜਿ ਸੇਈ ਖਾਹਿ ॥੩॥

جِنی گُرو منائِیا
رجِ رجِ سیئی کھاہِ ॥3॥

ਪਉੜੀ ॥

پئُڑی ॥

ਤੁਧੁ ਜਗ ਮਹਿ ਖੇਲੁ ਰਚਾਇਆ
ਵਿਚਿ ਹਉਮੈ ਪਾਈਆ ॥

تُدھُ جگ مہِ کھیلُ رچائِیا
وِچِ ہئُے پائِیا ॥

ਏਕੁ ਮੰਦਰੁ ਪੰਚ ਚੋਰ ਹਹਿ
ਨਿਤ ਕਰਹਿ ਬੁਰਿਆਈਆ ॥

ایکُ مندرُ پنچ چور ہہِ
نِت کرہِ بُریائِیا ॥

ਦਸ ਨਾਰੀ ਇਕੁ ਪੁਰਖੁ ਕਰਿ
ਦਸੇ ਸਾਦਿ ਲੁਭਾਈਆ ॥

دس ناری اِکُ پُرکھُ کرِ
دسے سادِ لوبھائِیا ॥

ਏਨਿ ਮਾਇਆ ਮੋਹਣੀ ਮੋਹੀਆ
ਨਿਤ ਫਿਰਹਿ ਭਰਮਾਈਆ ॥

اینِ مائِیا موہنٹی موہِیا
نِت پھِرہِ بھرمائِیا ॥

ਹਾਠਾ ਦੋਵੈ ਕੀਤੀਓ
ਸਿਵ ਸਕਤਿ ਵਰਤਾਈਆ ॥

ہاٹھا دووے کِیتِیئو
سِو سکتِ ورتائِیا ॥

ਸਿਵ ਅਗੈ ਸਕਤੀ ਹਾਰਿਆ
ਏਵੈ ਹਰਿ ਭਾਈਆ ॥

سِو اگے سکتی ہارِیا
ایوے ہرِ بھائِیا ॥

ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥	اِکِ وِچہُ ہی تُدھُ رکھیا جو ستسنگِ مِلائِیا ॥
ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥	جل وِچہُ بِنّبُ اُٹھالِئو جل ماہِ سمائِیا ॥6॥
ਡਖਣੇ ਮਃ ੫ ॥	ڈکھنے م: 5 ॥
ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥	آگاہا کوُ ترّاگھِ پِچھا پھیرِ ن مُہڈڑا ॥
ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ ॥੧॥	نانک سِجھِ اِویہا وار بہُڑِ ن ہووی جنمڑا ॥1॥
ਮਃ ੫ ॥	م: 5 ॥
ਸਜਣੁ ਮੈਡਾ ਚਾਈਆ ਹਭ ਕਹੀ ਦਾ ਮਿਤੁ ॥	سجنُ میڈا چائِیا ہبھ کہی دا مِتُ ॥
ਹਭੇ ਜਾਣਨਿ ਆਪਣਾ ਕਹੀ ਨ ਠਾਹੇ ਚਿਤੁ ॥੨॥	ہبھے جانڑنِ آپڻا کہی ن ٹھاہے چِتُ ॥2॥
ਮਃ ੫ ॥	م: 5 ॥
ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ ॥	گجھڑا لدھمُ لالُ متھے َ ہی پرگٹُ تھِیا ॥
ਸੋਈ ਸੁਹਾਵਾ ਥਾਨੁ ਜਿਥੈ ਪਿਰੀਏ ਨਾਨਕ ਜੀ ਤੂ ਵੁਠਿਆ ॥੩॥	سوئی سُہاوا تھانُ جِتھے َ پِریے َ نانک جی توُ وُٹھِیا ॥3॥
ਪਉੜੀ ॥	پؤڑی ॥
ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥	جا توُ میرے َ ولِ ہے َ تا کِیا مُہچھندا ۔ ॥
ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥	تُدھُ سبھُ کِچھُ مینو سئُپِیا جا تیرا بندا ॥
ਲਖਮੀ ਤੋਟਿ ਨ ਆਵਈ	لکھمی توٹِ ن آوئی

ਖਾਇ ਖਰਚਿ ਰਹੰਦਾ ॥

کھاءِ خرچِ رہنّدا ॥

ਲਖ ਚਉਰਾਸੀਹ ਮੇਦਨੀ
ਸਭ ਸੇਵ ਕਰੰਦਾ ॥

لکھ چرُاسیہِ میدنی
سبھ سیو کرنّدا ॥

ਏਹ ਵੈਰੀ ਮਿਤ੍ਰ ਸਭਿ ਕੀਤਿਆ
ਨਹ ਮੰਗਹਿ ਮੰਦਾ ॥

ایہ ویَری مِتّر سبھِ کِیتِیا
نہ منگہِ منّدا ॥

ਲੇਖਾ ਕੋਇ ਨ ਪੁਛਈ
ਜਾ ਹਰਿ ਬਖਸੰਦਾ ॥

لیکھا کوءِ ن پُچھئی
جا ہرِ بخشنّدا ॥

ਅਨੰਦੁ ਭਇਆ ਸੁਖੁ ਪਾਇਆ
ਮਿਲਿ ਗੁਰ ਗੋਵਿੰਦਾ ॥

اننّدُ بھئیا سُکھُ پائیا
مِلِ گُر گووِنّدا ॥

ਸਭੇ ਕਾਜ ਸਵਾਰਿਐ
ਜਾ ਤੁਧੁ ਭਾਵੰਦਾ ॥੭॥

سبھے کاج سوارِئے
جا تُدھُ بھاونّدا ॥7॥

ਡਖਣੇ ਮਃ ੫ ॥

ڈکھنے م: 5 ॥

ਡੇਖਣ ਕੂ ਮੁਸਤਾਕੁ
ਮੁਖੁ ਕਿਜੇਹਾ ਤਉ ਧਣੀ ॥

ڈیکھنْ کوُ مُشتاکُ
مُکھُ کِجیہا تءُ دھنّی ۔ ॥

ਫਿਰਦਾ ਕਿਤੈ ਹਾਲਿ
ਜਾ ਡਿਠਮੁ ਤਾ ਮਨੁ ਧ੍ਰਾਪਿਆ ॥੧॥

پھِردا کِتے ہالِ
جا ڈِٹھمُ تا منُ دھّراپیا ॥1॥

ਮਃ ੫ ॥

م: 5 ॥

ਦੁਖੀਆ ਦਰਦ ਘਣੇ
ਵੇਦਨ ਜਾਣੇ ਤੂ ਧਣੀ ॥

دُکھِیا درد گھنے
ویدن جانے توُ دھنّی ۔ ॥

ਜਾਣਾ ਲਖ ਭਵੇ
ਪਿਰੀ ਡਿਖੰਦੋ ਤਾ ਜੀਵਸਾ ॥੨॥

جانا لکھ بھوے
پِری ڈِکھنّدو تا جیوسا ॥2॥

ਮਃ ੫ ॥

م: 5 ॥

ਢਹਦੀ ਜਾਇ ਕਰਾਰਿ
ਵਹਣਿ ਵਹੰਦੇ ਮੈ ਡਿਠਿਆ ॥

ڈھہدی جاءِ کرارِ
وہنْ وہنّدے مے ڈِٹھیا ॥

ਸੇਈ ਰਹੇ ਅਮਾਣ

سیئی رہے اماںْ

ਜਿਨਾ ਸਤਿਗੁਰੁ ਭੇਟਿਆ ॥੩॥

جِنا ستِگُر بھیٹیا ॥3॥

ਪਉੜੀ ॥

پؤڑی ॥

ਜਿਸੁ ਜਨ ਤੇਰੀ ਭੁਖ ਹੈ
ਤਿਸੁ ਦੁਖੁ ਨ ਵਿਆਪੈ ॥

جِسُ جن تیری بھُکھ ہے
تِسُ دُکھُ ن وِیاپے ॥

ਜਿਨਿ ਜਨਿ ਗੁਰਮੁਖਿ ਬੁਝਿਆ
ਸੁ ਚਹੁ ਕੁੰਡੀ ਜਾਪੈ ॥

جِنِ جنِ گُرمُکھِ بُجھیا
سُ چہُ کُنڈی جاپے ॥

ਜੋ ਨਰੁ ਉਸ ਕੀ ਸਰਣੀ ਪਰੈ
ਤਿਸੁ ਕੰਬਹਿ ਪਾਪੈ ॥

جو نرُ اُس کی سرنی پرے
تِسُ کنّبہِ پاپے ॥

ਜਨਮ ਜਨਮ ਕੀ ਮਲੁ ਉਤਰੈ
ਗੁਰ ਧੂੜੀ ਨਾਪੈ ॥

جنم جنم کی مَلُ اُترے
گُر دھوُڑی ناپے ॥

ਜਿਨਿ ਹਰਿ ਭਾਣਾ ਮੰਨਿਆ
ਤਿਸੁ ਸੋਗੁ ਨ ਸੰਤਾਪੈ ॥

جِنِ ہرِ بھاٹا منّنیا
تِسُ سوگُ ن سنّتاپے ॥

ਹਰਿ ਜੀਉ ਤੂ ਸਭਨਾ ਕਾ ਮਿਤੁ ਹੈ
ਸਭਿ ਜਾਣਹਿ ਆਪੈ ॥

ہرِ جیِءُ توُ سبھنا کا مِتُ ہے
سبھِ جاٹہِ آپے ॥

ਐਸੀ ਸੋਭਾ ਜਨੈ ਕੀ
ਜੇਵਡੁ ਹਰਿ ਪਰਤਾਪੈ ॥

ایَسی سوبھا جنے کی
جیوڈُ ہرِ پرتاپے ॥

ਸਭ ਅੰਤਰਿ ਜਨ ਵਰਤਾਇਆ
ਹਰਿ ਜਨ ਤੇ ਜਾਪੈ ॥੮॥

سبھ انترِ جن ورتائیا
ہرِ جن تے جاپے ॥8॥

ਡਖਣੇ ਮਃ ੫ ॥

ڈکھنے م: 5 ॥

ਜਿਨਾ ਪਿਛੈ ਹਉ ਗਈ
ਸੇ ਮੈ ਪਿਛੈ ਭੀ ਰਵਿਆਸੁ ॥

جِنا پچھے ہءُ گئی
سے مے پچھے بھی روِیاسُ ॥

ਜਿਨਾ ਕੀ ਮੈ ਆਸੜੀ
ਤਿਨਾ ਮਹਿਜੀ ਆਸ ॥੧॥

جِنا کی مے آسڑی
تِنا مہجی آس ॥1॥

ਮਃ ੫ ॥

م: 5 ॥

ਗਿਲੀ ਗਿਲੀ ਰੋਡੜੀ

گِلی گِلی روڈڑی

ਭਉਦੀ ਭਵਿ ਭਵਿ ਆਇ ॥

بھئدی بھوِ بھوِ آءِ ॥

ਜੋ ਬੈਠੇ ਸੇ ਫਾਥਿਆ
ਉਬਰੇ ਭਾਗ ਮਥਾਇ ॥੨॥

جو بیٹھے سے پھاتھیا
اُبرے بھاگ متھاءِ ॥2॥

ਮਃ ੫ ॥

م: 5 ॥

ਡਿਠਾ ਹਭ ਮਝਾਹਿ
ਖਾਲੀ ਕੋਇ ਨ ਜਾਣੀਐ ॥

ڈِٹھا ہبھ مجھاہِ
خالی کوءِ ن جانٹیئے ॥

ਤੈ ਸਖੀ ਭਾਗ ਮਥਾਹਿ
ਜਿਨੀ ਮੇਰਾ ਸਜਣੁ ਰਾਵਿਆ ॥੩॥

تے سکھی بھاگ متھاہِ
جِنی میرا سجنُ راوِیا ॥3॥

ਪਉੜੀ ॥

پئڑی ॥

ਹਉ ਢਾਢੀ ਦਰਿ ਗੁਣ ਗਾਵਦਾ
ਜੇ ਹਰਿ ਪ੍ਰਭ ਭਾਵੈ ॥

ہءُ ڈھاڈھی درِ گُنٹ گاودا
جے ہرِ پربھ بھاوے ॥

ਪ੍ਰਭੁ ਮੇਰਾ ਥਿਰ ਥਾਵਰੀ
ਹੋਰ ਆਵੈ ਜਾਵੈ ॥

پربھُ میرا تھِر تھاوری
ہور آوے جاوے ॥

ਸੋ ਮੰਗਾ ਦਾਨੁ ਗੋਸਾਈਆ
ਜਿਤੁ ਭੁਖ ਲਹਿ ਜਾਵੈ ॥

سو منگا دانُ گوسائیا
جِتُ بھُکھ لہِ جاوے ॥

ਪ੍ਰਭ ਜੀਉ ਦੇਵਹੁ ਦਰਸਨੁ ਆਪਣਾ
ਜਿਤੁ ਢਾਢੀ ਤ੍ਰਿਪਤਾਵੈ ॥

پربھ جیِءُ دیوہُ درسنُ آپٹا
جِتُ ڈھاڈھی ترِپتاوے ॥

ਅਰਦਾਸਿ ਸੁਣੀ ਦਾਤਾਰਿ ਪ੍ਰਭਿ
ਢਾਢੀ ਕਉ ਮਹਲਿ ਬੁਲਾਵੈ ॥

عرداسِ سُنٹی داتارِ پربھِ
ڈھاڈھی کءُ محلِ بُلاوے ॥

ਪ੍ਰਭ ਦੇਖਦਿਆ ਦੁਖ ਭੁਖ ਗਈ
ਢਾਢੀ ਕਉ ਮੰਗਣੁ ਚਿਤਿ ਨ ਆਵੈ ॥

پربھ دیکھدِیا دُکھ بھُکھ گئی
ڈھاڈھی کءُ منگنُ چِتِ ن آوے ॥

ਸਭੇ ਇਛਾ ਪੂਰੀਆ
ਲਗਿ ਪ੍ਰਭ ਕੈ ਪਾਵੈ ॥

سبھے اِچھا پُورِیا
لگِ پربھ کے پاوے ॥

ਹਉ ਨਿਰਗੁਣੁ ਢਾਢੀ ਬਖਸਿਓਨੁ
ਪ੍ਰਭਿ ਪੁਰਖਿ ਵੇਦਾਵੈ ॥੯॥

ہءُ نِرگُنٹُ ڈھاڈھی بخشِئونُ
پربھِ پُرکھِ ویداوے ॥9॥

ਡਖਣੇ ਮਃ ੫ ॥

ڈکھنے م: 5 ॥

ਜਾ ਛੁਟੇ ਤਾ ਖਾਕੁ
ਤੂ ਸੁੰਞੀ ਕੰਤੁ ਨ ਜਾਣਹੀ ॥

جا چھُٹے تا خاکُ
توُ سُنجّی کنّتُ ن جانْہی ॥

ਦੁਰਜਨ ਸੇਤੀ ਨੇਹੁ
ਤੂ ਕੈ ਗੁਣਿ ਹਰਿ ਰੰਗੁ ਮਾਣਹੀ ॥੧॥

دُرجن سیتی نیہُ
توُ کے گُنِ ہرِ رنگُ مانْہی ॥1॥

ਮਃ ੫ ॥

م: 5 ॥

ਨਾਨਕ ਜਿਸੁ ਬਿਨੁ ਘੜੀ ਨ ਜੀਵਣਾ
ਵਿਸਰੇ ਸਰੈ ਨ ਬਿੰਦ ॥

نانک جِسُ بِنُ گھڑی ن جیِوٹا
وِسرے سرے ن بِنّد ॥

ਤਿਸੁ ਸਿਉ ਕਿਉ ਮਨ ਰੂਸੀਐ
ਜਿਸਹਿ ਹਮਾਰੀ ਚਿੰਦ ॥੨॥

تِسُ سِ ءُ کِ ءُ من روُسیئے
جِسہِ ہماری چِنّد ॥2॥

ਮਃ ੫ ॥

م: 5 ॥

ਰਤੇ ਰੰਗਿ ਪਾਰਬ੍ਰਹਮ ਕੈ
ਮਨੁ ਤਨੁ ਅਤਿ ਗੁਲਾਲੁ ॥

رتے رنگِ پاربرّہم کے
منُ تنُ اتِ گُلالُ ॥

ਨਾਨਕ ਵਿਣੁ ਨਾਵੈ ਆਲੂਦਿਆ
ਜਿਤੀ ਹੋਰੁ ਖਿਆਲੁ ॥੩॥

نانک وِنُ ناوے آلوُدِیا
جِتی ہورُ خِیالُ ॥3॥

ਪਵੜੀ ॥

پوڑی ॥

ਹਰਿ ਜੀਉ ਜਾ ਤੂ ਮੇਰਾ ਮਿਤ੍ਰੁ ਹੈ
ਤਾ ਕਿਆ ਮੈ ਕਾੜਾ ॥

ہرِ جیِءُ جا توُ میرا مِتّرُ ہے
تا کِیا مے کاڑا ۔ ॥

ਜਿਨੀ ਠਗੀ ਜਗੁ ਠਗਿਆ
ਸੇ ਤੁਧੁ ਮਾਰਿ ਨਿਵਾੜਾ ॥

جِنی ٹھگی جگُ ٹھگِیا
سے تُدھُ مارِ نِواڑا ॥

ਗੁਰਿ ਭਉਜਲੁ ਪਾਰਿ ਲੰਘਾਇਆ
ਜਿਤਾ ਪਾਵਾੜਾ ॥

گُرِ بھجُلُ پارِ لنگھائِیا
جِتا پاواڑا ॥

ਗੁਰਮਤੀ ਸਭਿ ਰਸ ਭੋਗਦਾ
ਵਡਾ ਆਖਾੜਾ ॥

گُرمتی سبھِ رس بھوگدا
وڈا اکھاڑا ॥

ਸਭਿ ਇੰਦ੍ਰੀਆ ਵਸਿ ਕਰਿ ਦਿਤੀਓ

سبھِ اِندّریا وسِ کرِ دِتیئو

ਸਤਵੰਤਾ ਸਾੜਾ ॥	ستونّتا ساڑا ॥
ਜਿਤੁ ਲਾਈਅਨਿ ਤਿਤੈ ਲਗਦੀਆ ਨਹ ਖਿੰਜੋਤਾੜਾ ॥	جِتُ لائیَنِ تِتے لگدیِیا نہ کھِنجوتاڑا ॥
ਜੋ ਇਛੀ ਸੋ ਫਲੁ ਪਾਇਦਾ ਗੁਰਿ ਅੰਦਰਿ ਵਾੜਾ ॥	جو اِچھی سو پھلُ پائِدا گُرِ انّدرِ واڑا ॥
ਗੁਰੁ ਨਾਨਕੁ ਤੁਠਾ ਭਾਇਰਹੁ ਹਰਿ ਵਸਦਾ ਨੇੜਾ ॥੧੦॥	گُرُ نانکُ تُٹھا بھائِرہُ ہرِ وسدا نیڑا ॥ 10 ॥
ਡਖਣੇ ਮਃ ੫ ॥	ڈکھنے م: 5 ॥
ਜਾ ਮੂੰ ਆਵਹਿ ਚਿਤਿ ਤੂ ਤਾ ਹਭੇ ਸੁਖ ਲਹਾਉ ॥	جا مُوَنّ آوہِ چِتِ توُ تا ہبھے سُکھ لہاءُ ॥
ਨਾਨਕ ਮਨ ਹੀ ਮੰਝਿ ਰੰਗਾਵਲਾ ਪਿਰੀ ਤਹਿਜਾ ਨਾਉ ॥੧॥	نانک من ہی منّجھِ رنگاولا پِری تہِجا ناءُ ॥1॥
ਮਃ ੫ ॥	م: 5 ॥
ਕਪੜ ਭੋਗ ਵਿਕਾਰ ਏ ਹਭੇ ਹੀ ਛਾਰ ॥	کپڑ بھوگ وِکار اے ہبھے ہی چھار ॥
ਖਾਕੁ ਲੋੜੇਦਾ ਤੰਨਿ ਖੇ ਜੋ ਰਤੇ ਦੀਦਾਰੁ ॥੨॥	خاکُ لوڑیدا تنّنِ کھے جو رتے دِیدارُ ॥2॥
ਮਃ ੫ ॥	م: 5 ॥
ਕਿਆ ਤਕਹਿ ਬਿਆ ਪਾਸ ਕਰਿ ਹੀਅੜੇ ਹਿਕੁ ਅਧਾਰੁ ॥	کِیا تکہِ بِیا پاس کرِ ہیئڑے ہِکُ ادھارُ ॥
ਥੀਉ ਸੰਤਨ ਕੀ ਰੇਣੂ ਜਿਤੁ ਲਭੀ ਸੁਖ ਦਾਤਾਰੁ ॥੩॥	تھیِءُ سنّتن کی ریٹُ جِتُ لبھی سُکھ داتارُ ॥3॥
ਪਉੜੀ ॥	پئُڑی ॥
ਵਿਣੁ ਕਰਮਾ ਹਰਿ ਜੀਉ ਨ ਪਾਈਐ ਬਿਨੁ ਸਤਿਗੁਰ ਮਨੂਆ ਨ ਲਗੈ ॥	وِنُ کرما ہرِ جیِءُ ن پائیَئے بِنُ ستِگُر منوُیا ن لگےَ ॥

ਧਰਮੁ ਧੀਰਾ ਕਲਿ ਅੰਦਰੇ
ਇਹੁ ਪਾਪੀ ਮੂਲਿ ਨ ਤਗੈ ॥

دھرمُ دھیرا کلِ انّدرے
اِہُ پاپی موُلِ ن تگےَ ॥

ਅਹਿ ਕਰੁ ਕਰੇ ਸੁ ਅਹਿ ਕਰੁ ਪਾਏ
ਇਕ ਘੜੀ ਮੁਹਤੁ ਨ ਲਗੈ ॥

اِہِ کرُ کرے سُ اِہِ کرُ پائے
اِک گھڑی مُہتُ ن لگےَ ॥

ਚਾਰੇ ਜੁਗ ਮੈ ਸੋਧਿਆ
ਵਿਣੁ ਸੰਗਤਿ ਅਹੰਕਾਰੁ ਨ ਭਗੈ ॥

چارے جُگ مےَ سودھِیا
وِنُ سنگتِ اہنکارُ ن بھگےَ ॥

ਹਉਮੈ ਮੂਲਿ ਨ ਛੁਟਈ
ਵਿਣੁ ਸਾਧੂ ਸਤਸੰਗੈ ॥

ہئُمےَ موُلِ ن چھُٹئی
وِنُ سادھوُ ستسنگےَ ॥

ਤਿਚਰੁ ਥਾਹ ਨ ਪਾਵਈ
ਜਿਚਰੁ ਸਾਹਿਬ ਸਿਉ ਮਨ ਭੰਗੈ ॥

تِچرُ تھاہ ن پاوئی
جِچرُ صاحِب سِءُ من بھنگےَ ॥

ਜਿਨਿ ਜਨਿ ਗੁਰਮੁਖਿ ਸੇਵਿਆ
ਤਿਸੁ ਘਰਿ ਦੀਬਾਣੁ ਅਭਗੈ ॥

جِنِ جنِ گُرمُکھِ سیوِیا
تِسُ گھرِ دِیبانُ ابھگےَ ॥

ਹਰਿ ਕਿਰਪਾ ਤੇ ਸੁਖੁ ਪਾਇਆ
ਗੁਰ ਸਤਿਗੁਰ ਚਰਣੀ ਲਗੈ ॥੧੧॥

ہرِ کِرپا تے سُکھُ پائِیا
گُر ستِگُر چرنُی لگےَ ॥ 11 ॥

ਡਖਣੇ ਮਃ ੫ ॥

ڈکھنے م: 5 ॥

ਲੋੜੀਦੋ ਹਭ ਜਾਇ
ਸੋ ਮੀਰਾ ਮੀਰੰਨ ਸਿਰਿ ॥

لوڑِیدو ہبھ جاءِ
سو میرا میرنّن سِرِ ॥

ਹਠ ਮੰਝਾਹੂ ਸੋ ਧਣੀ
ਚਉਦੋ ਮੁਖਿ ਅਲਾਇ ॥੧॥

ہٹھ منجّھاہوُ سو دھنُی
چئُدو مُکھِ الاءِ ॥ 1 ॥

ਮਃ ੫ ॥

م: 5 ॥

ਮਾਣਿਕੁ ਮੋਹਿ ਮਾਉ
ਡਿੰਨਾ ਧਣੀ ਅਪਾਹਿ ॥

ماٹِکُو موہِ ماءُ
ڈِنّنا دھنُی اپاہِ ॥

ਹਿਆਉ ਮਹਿਜਾ ਠੰਢੜਾ
ਮੁਖਹੁ ਸਚੁ ਅਲਾਇ ॥੨॥

ہِیاءُ مہِجا ٹھنڈھڑا
مُکھہُ سچُ الاءِ ॥ 2 ॥

ਮਃ ੫ ॥

م: 5 ॥

ਮੂ ਥੀਆਊ ਸੇਜ
ਨੈਣਾ ਪਿਰੀ ਵਿਛਾਵਣਾ ॥

ہوُ تھیِیائوُ سیج
نینّا پِری وِچھاوٹا ॥

ਜੇ ਡੇਖੈ ਹਿਕ ਵਾਰ
ਤਾ ਸੁਖ ਕੀਮਾ ਹੂ ਬਾਹਰੇ ॥੩॥

جے ڈیکھےَ ہِک وار
تا سُکھ کِیما ہوُ باہرے ॥3॥

ਪਉੜੀ ॥

پئُڑی ॥

ਮਨੁ ਲੋਚੈ ਹਰਿ ਮਿਲਣ ਕਉ
ਕਿਉ ਦਰਸਨੁ ਪਾਈਆ ॥

منُ لوچےَ ہرِ مِلڻ کءُ
کِءُ درسنُ پائیِیا ۔ ॥

ਮੈ ਲਖ ਵਿੜਤੇ ਸਾਹਿਬਾ
ਜੇ ਬਿੰਦ ਬੋਲਾਈਆ ॥

مےَ لکھ وِڑتے صاحِبا
جے بِنّد بولائیِیا ॥

ਮੈ ਚਾਰੇ ਕੁੰਡਾ ਭਾਲੀਆ
ਤੁਧੁ ਜੇਵਡੁ ਨ ਸਾਈਆ ॥

مےَ چارے کُنڈا بھالِیا
تُدھُ جیوڈُ ن سائیِیا ۔ ॥

ਮੈ ਦਸਿਹੁ ਮਾਰਗੁ ਸੰਤਹੋ
ਕਿਉ ਪ੍ਰਭੂ ਮਿਲਾਈਆ ॥

مےَ دسِہُ مارگُ سنّتہو
کِءُ پّربھوُ مِلائیِیا ۔ ॥

ਮਨੁ ਅਰਪਿਹੁ ਹਉਮੈ ਤਜਹੁ
ਇਤੁ ਪੰਥਿ ਜੁਲਾਈਆ ॥

منُ ارپہُ ہئُمےَ تجہُ
اِتُ پنّتھِ جُلائیِیا ॥

ਨਿਤ ਸੇਵਿਹੁ ਸਾਹਿਬੁ ਆਪਣਾ
ਸਤਸੰਗਿ ਮਿਲਾਈਆ ॥

نِت سیوِہُ صاحِبُ آپڻا
ستسنگِ مِلائیِیا ॥

ਸਭੇ ਆਸਾ ਪੂਰੀਆ
ਗੁਰ ਮਹਲਿ ਬੁਲਾਈਆ ॥

سبھے آسا پوُرِیِیا
گُر محلِ بُلائیِیا ॥

ਤੁਧੁ ਜੇਵਡੁ ਹੋਰੁ ਨ ਸੁਝਈ
ਮੇਰੇ ਮਿਤ੍ਰ ਗੋਸਾਈਆ ॥੧੨॥

تُدھُ جیوڈُ ہورُ ن سُجھئی
میرے مِتّر گوسائیِیا ۔ ॥ 12 ॥

ਡਖਣੇ ਮਃ ੫ ॥

ڈکھنے م: 5 ॥

ਮੂ ਥੀਆਊ ਤਖਤੁ
ਪਿਰੀ ਮਹਿੰਜੇ ਪਾਤਿਸਾਹ ॥

موُ تھیِیائوُ تخت
پِری مہنجے پاتِشاہ ॥

ਪਾਵ ਮਿਲਾਵੇ ਕੋਲਿ

پاو مِلاوے کولِ

ਕਵਲ ਜਿਵੈ ਬਿਗਸਾਵਦੋ ॥੧॥

کول جِوے بِگساودو ॥1॥

ਮਃ ੫ ॥

م: 5 ॥

ਪਿਰੀਆ ਸੰਦੜੀ ਭੁਖ
ਮੂ ਲਾਵਣ ਥੀ ਵਿਥਰਾ ॥

پِریا سندڑی بھُکھ
مُو لاونُ تھی وِتھرا ॥

ਜਾਣੁ ਮਿਠਾਈ ਇਖ
ਬੇਈ ਪੀੜੇ ਨਾ ਹੁਟੈ ॥੨॥

جانُ مِٹھائی اِکھ
بیئی پیڑے نا ہُٹے ॥2॥

ਮਃ ੫ ॥

م: 5 ॥

ਠਗਾ ਨੀਹੁ ਮਤ੍ਰੋੜਿ
ਜਾਣੁ ਗੰਧ੍ਰਬਾ ਨਗਰੀ ॥

ٹھگا نیہُ متّروڑِ
جانُ گندھّربا نگری ॥

ਸੁਖ ਘਟਾਊ ਡੂਇ
ਇਸੁ ਪੰਧਾਣੂ ਘਰ ਘਣੇ ॥੩॥

سُکھ گھٹائوُ ڈُوءِ
اِسُ پندھانُو گھر گھنے ॥3॥

ਪਉੜੀ ॥

پئڑی ॥

ਅਕਲ ਕਲਾ ਨਹ ਪਾਈਐ
ਪ੍ਰਭੁ ਅਲਖ ਅਲੇਖੰ ॥

اکل کلا نہ پائیئے
پربھُ الکھ الیکھنّ ॥

ਖਟੁ ਦਰਸਨੁ ਭ੍ਰਮਤੇ ਫਿਰਹਿ
ਨਹ ਮਿਲੀਐ ਭੇਖੰ ॥

کھٹُ درسنُ بھرمتے پھرہِ
نہ مِلیئے بھیکھنّ ॥

ਵਰਤ ਕਰਹਿ ਚੰਦ੍ਰਾਇਣਾ
ਸੇ ਕਿਤੈ ਨ ਲੇਖੰ ॥

ورت کرہِ چندّرائنا
سے کِتے ن لیکھنّ ॥

ਬੇਦ ਪੜਹਿ ਸੰਪੂਰਨਾ
ਤਤੁ ਸਾਰ ਨ ਪੇਖੰ ॥

بید پڑہِ سنپُورنا
تتُ سار ن پیکھنّ ॥

ਤਿਲਕੁ ਕਢਹਿ ਇਸਨਾਨੁ ਕਰਿ
ਅੰਤਰਿ ਕਾਲੇਖੰ ॥

تِلکُ کڈھہِ اِسنانُ کرِ
انترِ کالیکھنّ ॥

ਭੇਖੀ ਪ੍ਰਭੁ ਨ ਲਭਈ
ਵਿਣੁ ਸਚੀ ਸਿਖੰ ॥

بھیکھی پربھُو ن لبھئی
وِنُ سچی سِکھنّ ॥

ਭੂਲਾ ਮਾਰਗਿ ਸੋ ਪਵੈ

بھوُلا مارگِ سو پوے

ਜਿਸੁ ਧੁਰਿ ਮਸਤਕਿ ਲੇਖੰ ॥	جِسُ دھُرِ مستکِ لیکھنّ ॥
ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰੁ ਅਖੀ ਦੇਖੰ ॥੧੩॥	تِنِ جنمُ سوارِیا آپنّا جِنِ گُرُ اکھی دیکھنّ ॥ 13 ॥
ਡਖਣੇ ਮਃ ੫ ॥	ڈکھنّے م: 5 ॥
ਸੋ ਨਿਵਾਹੂ ਗਡਿ ਜੋ ਚਲਾਊ ਨ ਥੀਐ ॥	سو نِواہوُ گڈِ جو چلائوُ ن تھیئے ॥
ਕਾਰ ਕੂੜਾਵੀ ਛਡਿ ਸੰਮਲੁ ਸਚੁ ਧਣੀ ॥੧॥	کار کوُڑاوی چھڈِ سنّملُ سچُ دھنّی ॥ 1 ॥
ਮਃ ੫ ॥	م: 5 ॥
ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ ॥	ہبھ سمانّی جوتِ جِءُ جل گھٹائوُ چندّرما ॥
ਪਰਗਟੁ ਥੀਆ ਆਪਿ ਨਾਨਕ ਮਸਤਕਿ ਲਿਖਿਆ ॥੨॥	پرگٹُ تھیا آپِ نانک مستکِ لِکھیا ॥ 2 ॥
ਮਃ ੫ ॥	م: 5 ॥
ਮੁਖ ਸੁਹਾਵੇ ਨਾਮੁ ਚਉ ਆਠ ਪਹਰ ਗੁਣ ਗਾਉ ॥	مُکھ سُہاوے نامُ چءُ آٹھ پہر گُنھ گاءُ ॥
ਨਾਨਕ ਦਰਗਹ ਮੰਨੀਅਹਿ ਮਿਲੀ ਨਿਥਾਵੇ ਥਾਉ ॥੩॥	نانک درگہ منّنیئہِ مِلی نِتھاوے تھاءُ ॥ 3 ॥
ਪਉੜੀ ॥	پئُڑی ॥
ਬਾਹਰ ਭੇਖਿ ਨ ਪਾਈਐ ਪ੍ਰਭੁ ਅੰਤਰਜਾਮੀ ॥	باہر بھیکھِ ن پائیئے پربھُ انترجامی ॥
ਇਕਸੁ ਹਰਿ ਜੀਉ ਬਾਹਰੀ ਸਭ ਫਿਰੈ ਨਿਕਾਮੀ ॥	اِکسُ ہرِ جیءُ باہری سبھ پھِرے نِکامی ॥
ਮਨੁ ਰਤਾ ਕੁਟੰਬ ਸਿਉ ਨਿਤ ਗਰਬਿ ਫਿਰਾਮੀ ॥	منُ رتا کُٹنّب سِءُ نِت گربِ پھِرامی ॥

ਫਿਰਹਿ ਗੁਮਾਨੀ ਜਗ ਮਹਿ
ਕਿਆ ਗਰਬਹਿ ਦਾਮੀ ॥

پھِرہِ گُمانی جگ مہِ
کِیا گربہِ دامی ۔ ॥

ਚਲਦਿਆ ਨਾਲਿ ਨ ਚਲਈ
ਖਿਨ ਜਾਇ ਬਿਲਾਮੀ ॥

چلدِیا نالِ ن چلئی
کھِن جاءِ بِلامی ॥

ਬਿਚਰਦੇ ਫਿਰਹਿ ਸੰਸਾਰ ਮਹਿ
ਹਰਿ ਜੀ ਹੁਕਾਮੀ ॥

بچرِدے پھِرہِ سنّسار مہِ
ہرِ جی حُکامی ॥

ਕਰਮੁ ਖੁਲਾ ਗੁਰੁ ਪਾਇਆ
ਹਰਿ ਮਿਲਿਆ ਸੁਆਮੀ ॥

کرمُ کھُلا گُرُ پائیا
ہرِ مِلیا سُیامی ॥

ਜੋ ਜਨੁ ਹਰਿ ਕਾ ਸੇਵਕੋ
ਹਰਿ ਤਿਸ ਕੀ ਕਾਮੀ ॥੧੪॥

جو جنُ ہرِ کا سیوکو
ہرِ تِس کی کامی ॥ 14 ॥

ਡਖਣੇ ਮਃ ੫ ॥

ڈکھنے م: 5 ॥

ਮੁਖਹੁ ਅਲਾਏ ਹਭ ਮਰਣੁ
ਪਛਾਣੰਦੋ ਕੋਇ ॥

مُکھہُ الائے ہبھ مرنُ
پچھانّندو کوءِ ॥

ਨਾਨਕ ਤਿਨਾ ਖਾਕੁ
ਜਿਨਾ ਯਕੀਨਾ ਹਿਕ ਸਿਉ ॥੧॥

نانک تِنا خاکُ
جِنا یقِینا ہِک سِءُ ॥1॥

ਮਃ ੫ ॥

م: 5 ॥

ਜਾਣੂ ਵਸੰਦੋ ਮੰਝਿ
ਪਛਾਣੂ ਕੋ ਹੇਕੜੋ ॥

جانُ وسنّدو منجھِ
پچھانُو کو ہیکڑو ॥

ਤੈ ਤਨਿ ਪੜਦਾ ਨਾਹਿ
ਨਾਨਕ ਜੈ ਗੁਰੁ ਭੇਟਿਆ ॥੨॥

تے تنِ پڑدا ناہِ
نانک جے گُرُ بھیٹیا ॥2॥

ਮਃ ੫ ॥

م: 5 ॥

ਮਤੜੀ ਕਾਂਢਕੁ ਆਹ
ਪਾਵ ਧੋਵੰਦੋ ਪੀਵਸਾ ॥

متڑی کانڈھکُ آہ
پاو دھوونّدو پیِوسا ॥

ਮੂ ਤਨਿ ਪ੍ਰੇਮੁ ਅਥਾਹ
ਪਸਣ ਕੂ ਸਚਾ ਧਣੀ ॥੩॥

مُو تنِ پریمُ اتھاہ
پسنُ کُو سچا دھنّی ॥3॥

ਪਉੜੀ ॥

ਨਿਰਭਉ ਨਾਮੁ ਵਿਸਾਰਿਆ
ਨਾਲਿ ਮਾਇਆ ਰਚਾ ॥

ਆਵੈ ਜਾਇ ਭਵਾਈਐ
ਬਹੁ ਜੋਨੀ ਨਚਾ ॥

ਬਚਨੁ ਕਰੇ ਤੈ ਖਿਸਕਿ ਜਾਇ
ਬੋਲੇ ਸਭੁ ਕਚਾ ॥

ਅੰਦਰਹੁ ਥੋਥਾ ਕੂੜਿਆਰੁ
ਕੂੜੀ ਸਭ ਖਚਾ ॥

ਵੈਰੁ ਕਰੇ ਨਿਰਵੈਰ ਨਾਲਿ
ਝੂਠੇ ਲਾਲਚਾ ॥

ਮਾਰਿਆ ਸਚੈ ਪਾਤਿਸਾਹਿ
ਵੇਖਿ ਧੁਰਿ ਕਰਮਚਾ ॥

ਜਮਦੂਤੀ ਹੈ ਹੇਰਿਆ
ਦੁਖ ਹੀ ਮਹਿ ਪਚਾ ॥

ਹੋਆ ਤਪਾਵਸੁ ਧਰਮ ਕਾ
ਨਾਨਕ ਦਰਿ ਸਚਾ ॥੧੫॥

ڈکھنے مہلا ۵ ॥

ਡਖਣੇ ਮਃ ੫ ॥

ਪਰਭਾਤੇ ਪ੍ਰਭ ਨਾਮਿ ਜਪਿ
ਗੁਰ ਕੇ ਚਰਣ ਧਿਆਇ ॥

ਜਨਮ ਮਰਣ ਮਲੁ ਉਤਰੈ
ਸਚੇ ਕੇ ਗੁਣ ਗਾਇ ॥੧॥

ਮਃ ੫ ॥

دیہ اندھاری اندھ
سُنجی نام وِہوُنیا ॥

ਨਾਨਕ ਸਫਲ ਜਨੰਮੁ
ਜੈ ਘਟਿ ਵੁਠਾ ਸਚੁ ਧਣੀ ॥੨॥

نانک سپھل جنمُ
جے گھٹِ وُٹھا سچُ دھنّی ॥2॥

ਮਃ ੫ ॥

م: 5 ॥

ਲੋਇਣ ਲੋਈ ਡਿਠ
ਪਿਆਸ ਨ ਬੁਝੈ ਮੂ ਘਣੀ ॥

لوئِنْ لوئی ڈِٹھ
پِیاس ن بُجھے مُو گھنّی ॥

ਨਾਨਕ ਸੇ ਅਖੜੀਆ ਬਿਅੰਨਿ
ਜਿਨੀ ਡਿਸੰਦੋ ਮਾ ਪਿਰੀ ॥੩॥

نانک سے اکھڑِیا بِنّنِ
جِنی ڈِسندو ما پِری ॥3॥

ਪਉੜੀ ॥

پئُڑی ॥

ਜਿਨਿ ਜਨਿ ਗੁਰਮੁਖਿ ਸੇਵਿਆ
ਤਿਨਿ ਸਭਿ ਸੁਖ ਪਾਈ ॥

جِنِ جنِ گُرمُکھِ سیوِیا
تِنِ سبھِ سُکھ پائی ॥

ਓਹੁ ਆਪਿ ਤਰਿਆ ਕੁਟੰਬ ਸਿਉ
ਸਭਿ ਜਗਤੁ ਤਰਾਈ ॥

اوہُ آپِ ترِیا کُٹنّب سِءُ
سبھِ جگتُ ترائی ॥

ਓਨਿ ਹਰਿ ਨਾਮਾ ਧਨੁ ਸੰਚਿਆ
ਸਭ ਤਿਖਾ ਬੁਝਾਈ ॥

اونِ ہرِ نامَا دھنُ سنچِیا
سبھ تِکھا بُجھائی ॥

ਓਨਿ ਛਡੇ ਲਾਲਚ ਦੁਨੀ ਕੇ
ਅੰਤਰਿ ਲਿਵ ਲਾਈ ॥

اونِ چھڈے لالچ دُنی کے
انترِ لِو لائی ॥

ਓਸੁ ਸਦਾ ਸਦਾ ਘਰਿ ਅੰਨਦੁ ਹੈ
ਹਰਿ ਸਖਾ ਸਹਾਈ ॥

اوسُ سدا سدا گھرِ انّندُ ہے
ہرِ سکھا سہائی ॥

ਓਨਿ ਵੈਰੀ ਮਿਤ੍ਰ ਸਮ ਕੀਤਿਆ
ਸਭ ਨਾਲਿ ਸੁਭਾਈ ॥

اونِ ویَری مِتّر سم کِیتِیا
سبھ نالِ سُبھائی ॥

ਹੋਆ ਓਹੀ ਅਲੁ ਜਗ ਮਹਿ
ਗੁਰ ਗਿਆਨੁ ਜਪਾਈ ॥

ہویا اوہی الُ جگ مہِ
گُر گِیانُ جپائی ॥

ਪੂਰਬਿ ਲਿਖਿਆ ਪਾਇਆ
ਹਰਿ ਸਿਉ ਬਣਿ ਆਈ ॥੧੬॥

پُورب لِکھِیا پائِیا
ہرِ سِءُ بنِ آئی ॥ 16 ॥

ਡਖਣੇ ਮਃ ੫ ॥

ڈکھنے م: 5 ॥

ਸਚੁ ਸੁਹਾਵਾ ਕਾਢੀਐ
ਕੂੜੈ ਕੂੜੀ ਸੋਇ ॥

ਨਾਨਕ ਵਿਰਲੇ ਜਾਣੀਅਹਿ
ਜਿਨ ਸਚੁ ਪਲੈ ਹੋਇ ॥੧॥

ਸچُ سُہاوا کاڈھیئے
کوڑے کوڑی سوءِ ॥

نانک وِرلے جاڻیئہِ
جِن سچُ پلے ہوءِ ॥1॥

ਮਃ ੫ ॥

م: 5 ॥

ਸਜਣ ਮੁਖੁ ਅਨੂਪੁ
ਅਠੇ ਪਹਰ ਨਿਹਾਲਸਾ ॥

ਸੁਤੜੀ ਸੋ ਸਹੁ ਡਿਠੁ
ਤੈ ਸੁਪਨੇ ਹਉ ਖੰਨੀਐ ॥੨॥

ਮਃ ੫ ॥

سجڻ مُکھُ انوُپُ
اٹھے پہر نِہالسا ॥

سُتڑی سو سہُ ڈِٹھُ
تے سُپنے ہءُ کھنّنیئے ॥2॥

م: 5 ॥

ਸਜਣ ਸਚੁ ਪਰਖਿ
ਮੁਖਿ ਅਲਾਵਣੁ ਥੋਥਰਾ ॥

ਮੰਨ ਮਝਾਹੂ ਲਖਿ
ਤੁਧਹੁ ਦੂਰਿ ਨ ਸੁ ਪਿਰੀ ॥੩॥

سجڻ سچُ پرکھِ
مُکھِ الاونُ تھوتھرا ॥

منّ مجھاہوُ لکھِ
تُدھہُ دوُرِ ن سُ پِری ॥3॥

ਪਉੜੀ ॥

پئڑی ॥

ਧਰਤਿ ਆਕਾਸੁ ਪਾਤਾਲੁ ਹੈ
ਚੰਦੁ ਸੂਰੁ ਬਿਨਾਸੀ ॥

ਬਾਦਿਸਾਹ ਸਾਹ ਉਮਰਾਵ ਖਾਨ
ਢਾਹਿ ਡੇਰੇ ਜਾਸੀ ॥

ਰੰਗ ਤੁੰਗ ਗਰੀਬ ਮਸਤ
ਸਭੁ ਲੋਕੁ ਸਿਧਾਸੀ ॥

ਕਾਜੀ ਸੇਖ ਮਸਾਇਕਾ
ਸਭੇ ਉਠਿ ਜਾਸੀ ॥

ਪੀਰ ਪੈਕਾਬਰ ਅਉਲੀਏ
ਕੋ ਥਿਰੁ ਨ ਰਹਾਸੀ ॥

دھرتِ آکاسُ پاتالُ ہے
چنّدُ سوُرُ بِناسی ॥

بادِشاہ ساہ اُمراو خان
ڈھاہِ ڈیرے جاسی ॥

رنگ تُنگ غریب مست
سبھُ لوکُ سِدھاسی ॥

قاضی سیکھ مشائِکا
سبھے اُٹھِ جاسی ॥

پیر پیکابر اُلیئے
کو تھِرُ ن رہاسی ॥

ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ ॥	روزا باگ نِواز کتیب وِنُ بُجھے سبھ جاسی ॥
ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ ॥	لکھ چرُاسیہِ میدنی سبھ آوے جاسی ॥
ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ ॥੧੭॥	نِہچلُ سچُ خُداءِ ایکُ خُداءِ بنّدا اِبناسی ॥ 17 ॥
ਡਖਣੇ ਮਃ ੫ ॥	ڈکھنے م: 5 ॥
ਡਿਠੀ ਹਭ ਢੰਢੋਲਿ ਹਿਕਸੁ ਬਾਝੁ ਨ ਕੋਇ ॥	ڈِٹھی ہبھ ڈھنڈھولِ ہِکسُ باجھُ ن کوءِ ॥
ਆਉ ਸਜਣ ਤੂ ਮੁਖਿ ਲਗੁ ਮੇਰਾ ਤਨੁ ਮਨੁ ਠੰਢਾ ਹੋਇ ॥੧॥	آءُ سجنْ توُ مُکھِ لگُ میرا تنُ منُ ٹھنّڈھا ہوءِ ॥ 1 ॥
ਮਃ ੫ ॥	م: 5 ॥
ਆਸਕੁ ਆਸਾ ਬਾਹਰਾ ਮੂ ਮਨਿ ਵਡੀ ਆਸ ॥	یا◌ٔشقُ آسا باہرا موُ منِ وڈی آس ॥
ਆਸ ਨਿਰਾਸਾ ਹਿਕੁ ਤੂ ਹਉ ਬਲਿ ਬਲਿ ਬਲਿ ਗਈਆਸ ॥੨॥	آس نِراسا ہِکُ توُ ہءُ بلِ بلِ بلِ گئیاس ॥ 2 ॥
ਮਃ ੫ ॥	م: 5 ॥
ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥	وِچھوڑا سُنے ڈُکھُ وِنُ ڈِٹھے مرِیَودِ ॥
ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥੩॥	باجھُ پِیارے آپنے برہی نا دھیروِدِ ॥ 3 ॥
ਪਉੜੀ ॥	پئڑی ॥
ਤਟ ਤੀਰਥ ਦੇਵ ਦੇਵਾਲਿਆ ਕੇਦਾਰ ਮਥੁਰਾ ਕਾਸੀ ॥	تٹ تیرتھ دیو دیوالیا کیدار متھُرا کاسی ॥
ਕੋਟਿ ਤੇਤੀਸਾ ਦੇਵਤੇ	کوٹِ تیتیسا دیوتے

ਸਣੁ ਇੰਦ੍ਰੈ ਜਾਸੀ ॥

سنُ اِندّرے جاسی ॥

ਸਿਮ੍ਰਿਤਿ ਸਾਸਤ੍ਰ ਬੇਦ ਚਾਰਿ
ਖਟੁ ਦਰਸ ਸਮਾਸੀ ॥

سِمرِّتِ ساستّر بید چارِ
کھٹُ درس سماسی ॥

ਪੋਥੀ ਪੰਡਿਤ ਗੀਤ ਕਵਿਤ
ਕਵਤੇ ਭੀ ਜਾਸੀ ॥

پوتھی پنڈِت گیت کوِت
کوتے بھی جاسی ॥

ਜਤੀ ਸਤੀ ਸੰਨਿਆਸੀਆ
ਸਭਿ ਕਾਲੈ ਵਾਸੀ ॥

جتی ستی سنّیاسیِیا
سبھِ کالے واسی ॥

ਮੁਨਿ ਜੋਗੀ ਦਿਗੰਬਰਾ
ਜਮੈ ਸਣੁ ਜਾਸੀ ॥

مُنِ جوگی دِگنّبرا
جمے َسنُ جاسی ॥

ਜੋ ਦੀਸੈ ਸੋ ਵਿਣਸਣਾ
ਸਭ ਬਿਨਸਿ ਬਿਨਾਸੀ ॥

جو دیسے َسو وِنسّنا
سبھ بِنسِ بِناسی ॥

ਥਿਰੁ ਪਾਰਬ੍ਰਹਮੁ ਪਰਮੇਸਰੋ
ਸੇਵਕੁ ਥਿਰ ਹੋਸੀ ॥੧੮॥

تھِرُ پاربّرہمُ پریسرو
سیوکُ تھِر ہوسی ॥ 18 ॥

ਸਲੋਕ ਡਖਣੇ ਮਃ ੫ ॥

سلوک ڈکھنے م: 5 ॥

ਸੈ ਨੰਗੇ ਨਹ ਨੰਗ
ਭੁਖੇ ਲਖ ਨ ਭੁਖਿਆ ॥

سے َننگے نہ ننگ
بھُکھے لکھ ن بھُکھیا ॥

ਡੁਖੇ ਕੋੜਿ ਨ ਡੁਖ
ਨਾਨਕ ਪਿਰੀ ਪਿਖੰਦੋ ਸੁਭ ਦਿਸਟਿ ॥੧॥

ڈُکھے کوڑِ ن ڈُکھ
نانک پِری پِکھندو سُبھ دِسٹِ ॥1॥

ਮਃ ੫ ॥

م: 5 ॥

ਸੁਖ ਸਮੂਹਾ ਭੋਗ
ਭੂਮਿ ਸਬਾਈ ਕੋ ਧਣੀ ॥

سُکھ سموُہا بھوگ
بھوُمِ سبائی کو دھنّی ॥

ਨਾਨਕ ਹਭੋ ਰੋਗੁ
ਮਿਰਤਕ ਨਾਮ ਵਿਹੂਣਿਆ ॥੨॥

نانک ہبھو روگُ
مِرتک نام وِہوُنّیا ॥2॥

ਮਃ ੫ ॥

م: 5 ॥

ਹਿਕਸ ਕੂੰ ਤੂ ਆਹਿ

ہِکس کوُنّ توُ آہِ

ਪਛਾਣੂ ਭੀ ਹਿਕੁ ਕਰਿ ॥

پچھاٹُو بھی ہِکُ کرِ ॥

ਨਾਨਕ ਆਸੜੀ ਨਿਬਾਹਿ
ਮਾਨੁਖ ਪਰਥਾਈ ਲਜੀਵਦੋ ॥੩॥

نانک آسڑی نِباہِ
مانکھ پرتھائی لجیِودو ॥3॥

ਪਉੜੀ ॥

پئڑی ॥

ਨਿਹਚਲੁ ਏਕੁ ਨਰਾਇਣੋ
ਹਰਿ ਅਗਮ ਅਗਾਧਾ ॥

نِہچلُ ایکُ نرائنُّو
ہرِ اگم اگادھا ॥

ਨਿਹਚਲੁ ਨਾਮੁ ਨਿਧਾਨੁ ਹੈ
ਜਿਸੁ ਸਿਮਰਤ ਹਰਿ ਲਾਧਾ ॥

نِہچلُ نامُ نِدھانُ ہے
جِسُ سِمرت ہرِ لادھا ॥

ਨਿਹਚਲੁ ਕੀਰਤਨੁ ਗੁਣ ਗੋਬਿੰਦ
ਗੁਰਮੁਖਿ ਗਾਵਾਧਾ ॥

نِہچلُ کیرتنُ گُنْ گوبِنّد
گُرمُکھِ گاوادھا ॥

ਸਚੁ ਧਰਮੁ ਤਪੁ ਨਿਹਚਲੋ
ਦਿਨੁ ਰੈਨਿ ਅਰਾਧਾ ॥

سچُ دھرمُ تپُ نِہچلو
دِنُ رینِ ارادھا ॥

ਦਇਆ ਧਰਮੁ ਤਪੁ ਨਿਹਚਲੋ
ਜਿਸੁ ਕਰਮਿ ਲਿਖਾਧਾ ॥

دئیا دھرمُ تپُ نِہچلو
جِسُ کرمِ لِکھادھا ॥

ਨਿਹਚਲੁ ਮਸਤਿਕ ਲੇਖੁ ਲਿਖਿਆ
ਸੋ ਟਲੈ ਨ ਟਲਾਧਾ ॥

نِہچلُ مستِک لیکھُ لِکھیا
سو ٹلےَ ن ٹلادھا ॥

ਨਿਹਚਲ ਸੰਗਤਿ ਸਾਧ ਜਨ
ਬਚਨ ਨਿਹਚਲੁ ਗੁਰ ਸਾਧਾ ॥

نِہچل سنگتِ سادھ جن
بچن نِہچلُ گُر سادھا ॥

ਜਿਨ ਕਉ ਪੂਰਬਿ ਲਿਖਿਆ
ਤਿਨ ਸਦਾ ਸਦਾ ਆਰਾਧਾ ॥੧੯॥

جِن کءُ پوُربِ لِکھیا
تِن سدا سدا آرادھا ॥ 19 ॥

ਸਲੋਕ ਡਖਣੇ ਮਃ ੫ ॥

سلوک ڈکھنے م: 5 ॥

ਜੋ ਡੁਬੰਦੋ ਆਪਿ
ਸੋ ਤਰਾਏ ਕਿਨ੍ ਖੇ ॥

جو ڈُبندو آپِ
سو ترائے کِنّہ کھے ۔ ॥

ਤਾਰੇਦੜੋ ਭੀ ਤਾਰਿ
ਨਾਨਕ ਪਿਰ ਸਿਉ ਰਤਿਆ ॥੧॥

تاریدڑو بھی تارِ
نانک پِر سِءُ رتیا ॥1॥

ਮਃ ੫ ॥

ਜਿਥੈ ਕੋਇ ਕਥੰਨਿ
ਨਾਉ ਸੁਣੰਦੋ ਮਾ ਪਿਰੀ ॥

ਮੂੰ ਜੁਲਾਊਂ ਤਥਿ
ਨਾਨਕ ਪਿਰੀ ਪਸੰਦੋ ਹਰਿਓ ਥੀਓਸਿ ॥੨॥

ਮਃ ੫ ॥

ਮੇਰੀ ਮੇਰੀ ਕਿਆ ਕਰਹਿ
ਪੁਤ੍ਰ ਕਲਤ੍ਰ ਸਨੇਹ ॥

ਨਾਨਕ ਨਾਮ ਵਿਹੂਣੀਆ
ਨਿਮੁਣੀਆਦੀ ਦੇਹ ॥੩॥

ਪਉੜੀ ॥

ਨੈਨੀ ਦੇਖਉ ਗੁਰ ਦਰਸਨੋ
ਗੁਰ ਚਰਣੀ ਮਥਾ ॥

ਪੈਰੀ ਮਾਰਗਿ ਗੁਰ ਚਲਦਾ
ਪਖਾ ਫੇਰੀ ਹਥਾ ॥

ਅਕਾਲ ਮੂਰਤਿ ਰਿਦੈ ਧਿਆਇਦਾ
ਦਿਨੁ ਰੈਨਿ ਜਪੰਥਾ ॥

ਮੈ ਛਡਿਆ ਸਗਲ ਅਪਾਇਣੋ
ਭਰਵਾਸੈ ਗੁਰ ਸਮਰਥਾ ॥

ਗੁਰਿ ਬਖਸਿਆ ਨਾਮੁ ਨਿਧਾਨੁ
ਸਭੋ ਦੁਖੁ ਲਥਾ ॥

ਭੋਗਹੁ ਭੁੰਚਹੁ ਭਾਈਹੋ
ਪਲੈ ਨਾਮੁ ਅਗਥਾ ॥

ਨਾਮੁ ਦਾਨੁ ਇਸਨਾਨੁ ਦਿੜੁ
ਸਦਾ ਕਰਹੁ ਗੁਰ ਕਥਾ ॥

م: 5 ॥

جِتھے کوءِ کتھنّنِ
ناءُ سُنّندو ما پِری ॥

مُوں جُلائوں تتھِ
نانک پِری پسندو ہرِئو تھیئوسِ ॥2॥

م: 5 ॥

میری میری کِیا کرہِ
پُتّر کلتّر سنیہ ॥

نانک نام وِہوُٹیِیا
نِمُنّیِیادی دیہ ॥3॥

پُڑی ॥

نیَنی دیکھءُ گُر درسنو
گُر چرنّی متھا ॥

پیَری مارگِ گُر چلدا
پکھا پھیری ہتھا ॥

اکال مُورتِ رِدے دھِیائِدا
دِنُ ریَنِ جپنّتھا ॥

مے چھڈِیا سگل اپائِنّو
بھرواسے گُر سمرتھا ॥

گُرِ بخشِیا نامُ نِدھانُ
سبھو دُکھُ لتھا ॥

بھوگہُ بھُنچّہُ بھائیِہو
پلے نامُ اگتھا ॥

نامُ دانُ اِسنانُ دِڑُ
سدا کرہُ گُر کتھا ॥

ਸਹਜੁ ਭਇਆ ਪ੍ਰਭੁ ਪਾਇਆ
ਜਮ ਕਾ ਭਉ ਲਥਾ ॥੨੦॥

سہجُ بھئیا پربھُ پائیا
جم کا بھءُ لتھا ॥ 20 ॥

ਸਲੋਕ ਡਖਣੇ ਮਃ ੫ ॥

سلوک ڈکھنے م: 5 ॥

ਲਗੜੀਆ ਪਿਰੀਅੰਨਿ
ਪੇਖੰਦੀਆ ਨਾ ਤਿਪੀਆ ॥

لگڑیِیا پریئنّنِ
پیکھندیِیا نا تِپیِیا ॥

ਹਭ ਮਝਾਹੂ ਸੋ ਧਣੀ
ਬਿਆ ਨ ਡਿਠੋ ਕੋਇ ॥੧॥

ہبھ مجھاہوُ سو دھنّی
بِیا ن ڈِٹھو کوءِ ॥1॥

ਮਃ ੫ ॥

م: 5 ॥

ਕਥੜੀਆ ਸੰਤਾਹ
ਤੇ ਸੁਖਾਊ ਪੰਧੀਆ ॥

کتھڑیِیا سنّتاہ
تے سُکھائوُ پنّدھیِیا ॥

ਨਾਨਕ ਲਧੜੀਆ ਤਿੰਨਾਹ
ਜਿਨਾ ਭਾਗੁ ਮਥਾਹੜੈ ॥੨॥

نانک لدھڑیِیا تِنّناہ
جِنا بھاگُ متھاہڑے ॥2॥

ਮਃ ੫ ॥

م: 5 ॥

ਡੂੰਗਰਿ ਜਲਾ ਥਲਾ
ਭੂਮਿ ਬਨਾ ਫਲ ਕੰਦਰਾ ॥

ڈھُونگرِ جلا تھلا
بھوُمِ بنا پھل کنّدرا ॥

ਪਾਤਾਲਾ ਆਕਾਸ
ਪੂਰਨੁ ਹਭ ਘਟਾ ॥

پاتالا آکاس
پوُرنُ ہبھ گھٹا ॥

ਨਾਨਕ ਪੇਖਿ ਜੀਓ
ਇਕਤੁ ਸੂਤਿ ਪਰੋਤੀਆ ॥੩॥

نانک پیکھِ جیِئو
اِکتُ سوُتِ پروتیِیا ॥3॥

ਪਉੜੀ ॥

پئڑی ॥

ਹਰਿ ਜੀ ਮਾਤਾ ਹਰਿ ਜੀ ਪਿਤਾ
ਹਰਿ ਜੀਉ ਪ੍ਰਤਿਪਾਲਕ ॥

ہرِ جی ماتا ہرِ جی پِتا
ہرِ جیِءُ پرتپالک ॥

ਹਰਿ ਜੀ ਮੇਰੀ ਸਾਰ ਕਰੇ
ਹਮ ਹਰਿ ਕੇ ਬਾਲਕ ॥

ہرِ جی میری سار کرے
ہم ہرِ کے بالک ॥

ਸਹਜੇ ਸਹਜਿ ਖਿਲਾਇਦਾ

سہجے سہجِ کھِلائِدا

ਨਹੀ ਕਰਦਾ ਆਲਕ ॥

نہی کردا آلک ॥

ਅਉਗਣੁ ਕੋ ਨ ਚਿਤਾਰਦਾ
ਗਲ ਸੇਤੀ ਲਾਇਕ ॥

اَئگُنُ کو ن چِتاردا
گل سیتی لائِک ॥

ਮੁਹਿ ਮੰਗਾਂ ਸੋਈ ਦੇਵਦਾ
ਹਰਿ ਪਿਤਾ ਸੁਖਦਾਇਕ ॥

مُہِ منگاں سوئی دیودا
ہرِ پِتا سُکھدائِک ॥

ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ
ਇਸੁ ਸਉਦੇ ਲਾਇਕ ॥

گِیانُ راسِ نامُ دھنُ سپُنیُونُ
اِسُ سئُدے لائِک ॥

ਸਾਝੀ ਗੁਰ ਨਾਲਿ ਬਹਾਲਿਆ
ਸਰਬ ਸੁਖ ਪਾਇਕ ॥

ساجھی گُر نالِ بہالیا
سرب سُکھ پائِک ॥

ਮੈ ਨਾਲਹੁ ਕਦੇ ਨ ਵਿਛੁੜੈ
ਹਰਿ ਪਿਤਾ ਸਭਨਾ ਗਲਾ ਲਾਇਕ ॥੨੧॥

مےَ نالہُ کدے ن وِچھُڑےَ
ہرِ پِتا سبھنا گلا لائِک ॥ 21 ॥

ਸਲੋਕ ਡਖਣੇ ਮਃ ੫ ॥

سلوک ڈکھنے م: 5 ॥

ਨਾਨਕ ਕਚੜਿਆ ਸਿਉ ਤੋੜਿ
ਢੂਢਿ ਸਜਣ ਸੰਤ ਪਕਿਆ ॥

نانک کچڑِیا سِءُ توڑِ
ڈھوُڈھِ سجنُ سنّت پکِیا ॥

ਓਇ ਜੀਵੰਦੇ ਵਿਛੁੜਹਿ
ਓਇ ਮੁਇਆ ਨ ਜਾਹੀ ਛੋੜਿ ॥੧॥

اوءِ جیوندے وِچھُڑہِ
اوءِ مُیَا ن جاہی چھوڑِ ॥1॥

ਮਃ ੫ ॥

م: 5 ॥

ਨਾਨਕ ਬਿਜੁਲੀਆ ਚਮਕੰਨਿ
ਘੁਰਨਿ ਘਟਾ ਅਤਿ ਕਾਲੀਆ ॥

نانک بِجُلِیا چمکنّنِ
گھُرنّہِ گھٹا اتِ کالِیا ॥

ਬਰਸਨਿ ਮੇਘ ਅਪਾਰ
ਨਾਨਕ ਸੰਗਮਿ ਪਿਰੀ ਸੁਹੰਦੀਆ ॥੨॥

برسنِ میگھ اپار
نانک سنگمِ پری سُہندِیا ॥2॥

ਮਃ ੫ ॥

م: 5 ॥

ਜਲ ਥਲ ਨੀਰਿ ਭਰੇ
ਸੀਤਲ ਪਵਣ ਝੁਲਾਰਦੇ ॥

جل تھل نیرِ بھرے
سِیتل پونُ جھُلاردے ॥

ਸੇਜੜੀਆ ਸੋਇੰਨ

سیجڑِیا سوئِنّ

ਹੀਰੇ ਲਾਲ ਜੜੰਦੀਆ ॥
ہیرے لال جڑنّدیا ॥

ਸੁਭਰ ਕਪੜ ਭੋਗ
ਨਾਨਕ ਪਿਰੀ ਵਿਹੂਣੀ ਤਤੀਆ ॥੩॥
سُبھر کپڑ بھوگ
نانک پِری وِہوُنی تتیا ॥3॥

ਪਉੜੀ ॥
پُڑی ॥

ਕਾਰਣ ਕਰਤੈ ਜੋ ਕੀਆ
ਸੋਈ ਹੈ ਕਰਣਾ ॥
کارنٹ کرتے جو کِیا
سوئی ہے کرنٹا ॥

ਜੇ ਸਉ ਧਾਵਹਿ ਪ੍ਰਾਣੀਆ
ਪਾਵਹਿ ਧੁਰਿ ਲਹਣਾ ॥
جے س ءُ دھاوہِ پّراٹیا
پاوہِ دھُرِ لہنٹا ॥

ਬਿਨੁ ਕਰਮਾ ਕਿਛੂ ਨ ਲਭਈ
ਜੇ ਫਿਰਹਿ ਸਭ ਧਰਣਾ ॥
بِنُ کرما کِچھوُ ن لبھئی
جے پھِرہِ سبھ دھرنٹا ॥

ਗੁਰ ਮਿਲਿ ਭਉ ਗੋਵਿੰਦ ਕਾ
ਭੈ ਡਰੁ ਦੂਰਿ ਕਰਣਾ ॥
گُر مِلِ بھ ءُ گووِنّد کا
بھے ڈّر دوُرِ کرنٹا ॥

ਭੈ ਤੇ ਬੈਰਾਗੁ ਊਪਜੈ
ਹਰਿ ਖੋਜਤ ਫਿਰਣਾ ॥
بھے تے بیَراگ اوُپجے
ہرِ کھوجت پھرنٹا ॥

ਖੋਜਤ ਖੋਜਤ ਸਹਜੁ ਉਪਜਿਆ
ਫਿਰਿ ਜਨਮਿ ਨ ਮਰਣਾ ॥
کھوجت کھوجت سہجُ اُپجیا
پھِرِ جنمِ ن مرنٹا ॥

ਹਿਆਇ ਕਮਾਇ ਧਿਆਇਆ
ਪਾਇਆ ਸਾਧ ਸਰਣਾ ॥
ہِیاءِ کماءِ دھِیائیا
پائیا سادھ سرنٹا ॥

ਬੋਹਿਥੁ ਨਾਨਕ ਦੇਉ ਗੁਰੁ
ਜਿਸੁ ਹਰਿ ਚੜਾਏ ਤਿਸੁ ਭਉਜਲੁ ਤਰਣਾ ॥੨੨॥
بوہِتھُ نانک دی ءُ گُرُ
جِسُ ہرِ چڑائے تِسُ بھجُلُ ترنٹا ॥ 22 ॥

ਸਲੋਕ ਮਃ ੫ ॥
سلوک م: 5 ॥

ਪਹਿਲਾ ਮਰਣੁ ਕਬੂਲਿ
ਜੀਵਣ ਕੀ ਛਡਿ ਆਸ ॥
پہِلا مرنُ قبوُلِ
جیِوٹ کی چھڈِ آس ॥

ਹੋਹੁ ਸਭਨਾ ਕੀ ਰੇਣੁਕਾ
ਤਉ ਆਉ ਹਮਾਰੈ ਪਾਸਿ ॥੧॥
ہوہُ سبھنا کی رینُکا
ت ءُ آءُ ہمارے پاسِ ॥1॥

ਮਃ ੫ ॥

ਮੁਆ ਜੀਵੰਦਾ ਪੇਖੁ
ਜੀਵੰਦੇ ਮਰਿ ਜਾਨਿ ॥

ਜਿਨ੍ਹਾ ਮੁਹਬਤਿ ਇਕ ਸਿਉ
ਤੇ ਮਾਣਸ ਪਰਧਾਨ ॥੨॥

ਮਃ ੫ ॥

ਜਿਸੁ ਮਨਿ ਵਸੈ ਪਾਰਬ੍ਰਹਮੁ
ਨਿਕਟਿ ਨ ਆਵੈ ਪੀਰ ॥

ਭੁਖ ਤਿਖ ਤਿਸੁ ਨ ਵਿਆਪਈ
ਜਮੁ ਨਹੀ ਆਵੈ ਨੀਰ ॥੩॥

ਪਉੜੀ ॥

ਕੀਮਤਿ ਕਹਣੁ ਨ ਜਾਈਐ
ਸਚੁ ਸਾਹ ਅਡੋਲੈ ॥

ਸਿਧ ਸਾਧਿਕ ਗਿਆਨੀ ਧਿਆਨੀਆ
ਕਉਣੁ ਤੁਧੁਨੋ ਤੋਲੈ ॥

ਭੰਨਣ ਘੜਣ ਸਮਰਥੁ ਹੈ
ਓਪਤਿ ਸਭ ਪਰਲੈ ॥

ਕਰਣ ਕਾਰਣ ਸਮਰਥੁ ਹੈ
ਘਟਿ ਘਟਿ ਸਭ ਬੋਲੈ ॥

ਰਿਜਕੁ ਸਮਾਹੇ ਸਭਸੈ
ਕਿਆ ਮਾਣਸੁ ਡੋਲੈ ॥

ਗਹਿਰ ਗਭੀਰੁ ਅਥਾਹੁ ਤੂ
ਗੁਣ ਗਿਆਨ ਅਮੋਲੈ ॥

ਸੋਈ ਕੰਮ ਕਮਾਵਣਾ
ਕੀਆ ਧੁਰਿ ਮਉਲੈ ॥

م: 5 ॥

مُیا جِیوندا پیکھُ
جِیوندے مرِ جانِ ॥

جِنّہا مُحبتِ اِک سِ ءُ
تے ماٹُس پردھان ॥2॥

م: 5 ॥

جِسُ منِ وسے پاربّرہمُ
نِکٹِ ن آوے پیِر ॥

بھُکھ تِکھ تِسُ ن وِیاپئی
جمُ نہی آوے نیِر ॥3॥

پؤڑی ॥

قِیمتِ کہنُ ن جائیَے
سچُ ساہ اڈولے ॥

سِدھ سادھِک گِیانی دھِیانِیا
کئُنُ تُدھُنو تولے ۔ ॥

بھنّنُ گھڑنُ سمرتھُ ہے
اوپتِ سبھ پرلے ॥

کرنُ کارنُ سمرتھُ ہے
گھٹِ گھٹِ سبھ بولے ॥

رِزقُ سماہے سبھسے
کِیا ماٹُس ڈولے ۔ ॥

گہِر گبھیرُ اتھاہُ توُ
گُنُ گِیان امولے ॥

سوئی کنّم کماوٹا
کِیا دھُرِ مئُلے ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) ਸری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਤੁਧਹੁ ਬਾਹਰਿ ਕਿਛੁ ਨਹੀ
ਨਾਨਕੁ ਗੁਣ ਬੋਲੈ ॥੨੩॥੧॥੨॥

تُدھہُ باہرِ کچھُ نہی
نانکُ گُنؤ بولے ॥ 23 ॥ 1 ॥ 2 ॥

ਰਾਗੁ ਮਾਰੂ ਬਾਣੀ ਕਬੀਰ ਜੀਉ ਕੀ

راگُ مارُو باٹی کبیر جیِءُ کی

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਪਡੀਆ ਕਵਨ ਕੁਮਤਿ ਤੁਮ ਲਾਗੇ ॥

پڈیِیا کون کُمتِ تُم لاگے ۔ ॥

ਬੂਡਹੁਗੇ ਪਰਵਾਰ ਸਕਲ ਸਿਉ
ਰਾਮੁ ਨ ਜਪਹੁ ਅਭਾਗੇ ॥੧॥ ਰਹਾਉ ॥

بُوڈہگے پروار سکل سِءُ
رامُ ن جپہُ ابھاگے ۔ ॥ 1 ॥ رہاءُ ॥

ਬੇਦ ਪੁਰਾਨ ਪੜੇ ਕਾ ਕਿਆ ਗੁਨੁ
ਖਰ ਚੰਦਨ ਜਸ ਭਾਰਾ ॥

بید پُران پڑے کا کِیا گُنُ
کھر چنّدن جس بھارا ॥

ਰਾਮ ਨਾਮ ਕੀ ਗਤਿ ਨਹੀ ਜਾਨੀ
ਕੈਸੇ ਉਤਰਸਿ ਪਾਰਾ ॥੧॥

رام نام کی گتِ نہی جانی
کیسے اُترسِ پارا ۔ ॥ 1 ॥

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ
ਅਧਰਮੁ ਕਹਹੁ ਕਤ ਭਾਈ ॥

جیِء بدھہُ سُ دھرمُ کرِ تھاپہُ
ادھرمُ کہہُ کت بھائی ۔ ॥

ਆਪਸ ਕਉ ਮੁਨਿਵਰ ਕਰਿ ਥਾਪਹੁ
ਕਾ ਕਉ ਕਹਹੁ ਕਸਾਈ ॥੨॥

آپس کءُ مُنِور کرِ تھاپہُ
کا کءُ کہہُ قصائی ۔ ॥ 2 ॥

ਮਨ ਕੇ ਅੰਧੇ ਆਪਿ ਨ ਬੂਝਹੁ
ਕਾਹਿ ਬੁਝਾਵਹੁ ਭਾਈ ॥

من کے انّدھے آپِ ن بُوجھہُ
کاہِ بُجھاوہُ بھائی ۔ ॥

ਮਾਇਆ ਕਾਰਨ ਬਿਦਿਆ ਬੇਚਹੁ
ਜਨਮੁ ਅਬਿਰਥਾ ਜਾਈ ॥੩॥

مائیا کارن بِدیا بیچہُ
جنمُ ابِرتھا جائی ॥ 3 ॥

ਨਾਰਦ ਬਚਨ ਬਿਆਸੁ ਕਹਤ ਹੈ
ਸੁਕ ਕਉ ਪੂਛਹੁ ਜਾਈ ॥

نارد بچن بِیاسُ کہت ہے
سُک کءُ پُوچھہُ جائی ॥

ਕਹਿ ਕਬੀਰ ਰਾਮੈ ਰਮਿ ਛੂਟਹੁ
ਨਾਹਿ ਤ ਬੂਡੇ ਭਾਈ ॥੪॥੧॥

کہِ کبیِر رامےَ رمِ چھوُٹہُ
ناہِ ت بُوڈے بھائی ॥ 4 ॥ 1 ॥

ਬਨਹਿ ਬਸੇ ਕਿਉ ਪਾਈਐ
ਜਉ ਲਉ ਮਨਹੁ ਨ ਤਜਹਿ ਬਿਕਾਰ ॥

بنہِ بسے کِءُ پائیےَ
جءُ لءُ منہُ ن تجہِ بِکار ॥

ਜਿਹ ਘਰੁ ਬਨੁ ਸਮਸਰਿ ਕੀਆ
ਤੇ ਪੂਰੇ ਸੰਸਾਰ ॥੧॥

جِہ گھرُ بنُ سمسرِ کِیا
تے پُورے سنّسار ॥1॥

ਸਾਰ ਸੁਖੁ ਪਾਈਐ ਰਾਮਾ ॥

سار سُکھُ پائیئے راما ॥

ਰੰਗਿ ਰਵਹੁ ਆਤਮੈ ਰਾਮ ॥੧॥ ਰਹਾਉ ॥

رنگِ روہُ آتمے رام ॥1॥ رہاءُ ॥

ਜਟਾ ਭਸਮ ਲੇਪਨ ਕੀਆ
ਕਹਾ ਗੁਫਾ ਮਹਿ ਬਾਸ ॥

جٹا بھسم لیپن کِیا
کہا گُپھا مہِ باس ۔ ॥

ਮਨੁ ਜੀਤੇ ਜਗੁ ਜੀਤਿਆ
ਜਾਂ ਤੇ ਬਿਖਿਆ ਤੇ ਹੋਇ ਉਦਾਸੁ ॥੨॥

منُ جِیتے جگُ جیتِیا
جاں تے بِکھیا تے ہوءِ اُداسُ ॥2॥

ਅੰਜਨੁ ਦੇਇ ਸਭੈ ਕੋਈ
ਟੁਕੁ ਚਾਹਨ ਮਾਹਿ ਬਿਡਾਨੁ ॥

انّجنُ دےءِ سبھے کوئی
ٹُک چاہن ماہِ بِڈانُ ॥

ਗਿਆਨ ਅੰਜਨੁ ਜਿਹ ਪਾਇਆ
ਤੇ ਲੋਇਨ ਪਰਵਾਨ ॥੩॥

گیان انّجنُ جِہ پائیا
تے لوئِن پروان ॥3॥

ਕਹਿ ਕਬੀਰ ਅਬ ਜਾਨਿਆ
ਗੁਰਿ ਗਿਆਨੁ ਦੀਆ ਸਮਝਾਇ ॥

کہِ کبیر اب جانِیا
گُرِ گیانُ دِیِیا سمجھاءِ ॥

ਅੰਤਰਗਤਿ ਹਰਿ ਭੇਟਿਆ
ਅਬ ਮੇਰਾ ਮਨੁ ਕਤਹੂ ਨ ਜਾਇ ॥੪॥੨॥

انترگتِ ہرِ بھیٹِیا
اب میرا منُ کتہوُ ن جاءِ ॥4॥2॥

ਰਿਧਿ ਸਿਧਿ ਜਾ ਕਉ ਫੁਰੀ
ਤਬ ਕਾਹੂ ਸਿਉ ਕਿਆ ਕਾਜ ॥

رِدھِ سِدھِ جا کءُ پھُری
تب کاہوُ سِءُ کِیا کاج ۔ ॥

ਤੇਰੇ ਕਹਨੇ ਕੀ ਗਤਿ ਕਿਆ ਕਹਉ
ਮੈ ਬੋਲਤ ਹੀ ਬਡ ਲਾਜ ॥੧॥

تیرے کہنے کی گتِ کِیا کہءُ
مے بولت ہی بڈ لاج ॥1॥

ਰਾਮੁ ਜਿਹ ਪਾਇਆ ਰਾਮ ॥

رامُ جِہ پائیا رام ॥

ਤੇ ਭਵਹਿ ਨ ਬਾਰੈ ਬਾਰ ॥੧॥ ਰਹਾਉ ॥

تے بھوہِ ن بارے بار ॥1॥ رہاءُ ॥

ਝੂਠਾ ਜਗੁ ਡਹਕੈ ਘਨਾ
ਦਿਨ ਦੁਇ ਬਰਤਨ ਕੀ ਆਸ ॥

جھوُٹھا جگُ ڈہکے گھنا
دِن دُءِ برتن کی آس ॥

ਰਾਮ ਉਦਕੁ ਜਿਹ ਜਨ ਪੀਆ

رام اُدکُ جِہ جن پِیِیا

ਤਿਹਿ ਬਹੁਰਿ ਨ ਭਈ ਪਿਆਸ ॥੨॥

تِہِ بہُرِ ن بھئی پِیاس ॥2॥

ਗੁਰ ਪ੍ਰਸਾਦਿ ਜਿਹ ਬੂਝਿਆ
ਆਸਾ ਤੇ ਭਇਆ ਨਿਰਾਸੁ ॥

گُر پرّسادِ جِہ بوُجھیا
آسا تے بھئیا نِراسُ ॥

ਸਭੁ ਸਚੁ ਨਦਰੀ ਆਇਆ
ਜਉ ਆਤਮ ਭਇਆ ਉਦਾਸੁ ॥੩॥

سبھُ سچُ ندری آئیا
جءُ آتم بھئیا اُداسُ ॥3॥

ਰਾਮ ਨਾਮ ਰਸੁ ਚਾਖਿਆ
ਹਰਿ ਨਾਮਾ ਹਰ ਤਾਰਿ ॥

رام نام رسُ چاکھیا
ہرِ نامَا ہر تارِ ॥

ਕਹੁ ਕਬੀਰ ਕੰਚਨੁ ਭਇਆ
ਭ੍ਰਮੁ ਗਇਆ ਸਮੁਦ੍ਰੈ ਪਾਰਿ ॥੪॥੩॥

کہُ کبیر کنچّنُ بھئیا
بھرّمُ گئیا سمُدّرے پارِ ॥4॥3॥

ਉਦਕ ਸਮੁੰਦ ਸਲਲ ਕੀ ਸਾਖਿਆ
ਨਦੀ ਤਰੰਗ ਸਮਾਵਹਿਗੇ ॥

اُدک سمُندّ سلل کی ساکھیا
ندی ترنگ سماوہِگے ॥

ਸੁੰਨਹਿ ਸੁੰਨੁ ਮਿਲਿਆ ਸਮਦਰਸੀ
ਪਵਨ ਰੂਪ ਹੋਇ ਜਾਵਹਿਗੇ ॥੧॥

سُنّنہِ سُنّنُ مِلیا سمدرسی
پون روُپ ہوءِ جاوہِگے ॥1॥

ਬਹੁਰਿ ਹਮ ਕਾਹੇ ਆਵਹਿਗੇ ॥

بہُرِ ہم کاہے آوہِگے ۔ ॥

ਆਵਨ ਜਾਨਾ ਹੁਕਮੁ ਤਿਸੈ ਕਾ
ਹੁਕਮੈ ਬੁਝਿ ਸਮਾਵਹਿਗੇ ॥੧॥ ਰਹਾਉ ॥

آون جانا حُکمُ تِسےَ کا
حُکمےَ بُجھِ سماوہِگے ॥1॥ رہاءُ ॥

ਜਬ ਚੂਕੈ ਪੰਚ ਧਾਤੁ ਕੀ ਰਚਨਾ
ਐਸੇ ਭਰਮੁ ਚੁਕਾਵਹਿਗੇ ॥

جب چوُکے پنچّ دھاتُ کی رچنا
ایَسے بھرمُ چُکاوہِگے ॥

ਦਰਸਨੁ ਛੋਡਿ ਭਏ ਸਮਦਰਸੀ
ਏਕੋ ਨਾਮੁ ਧਿਆਵਹਿਗੇ ॥੨॥

درسنُ چھوڈِ بھےَ سمدرسی
ایکو نامُ دھیاوہِگے ॥2॥

ਜਿਤ ਹਮ ਲਾਏ ਤਿਤ ਹੀ ਲਾਗੇ
ਤੈਸੇ ਕਰਮ ਕਮਾਵਹਿਗੇ ॥

جِت ہم لائے تِت ہی لاگے
تیَسے کرم کماوہِگے ॥

ਹਰਿ ਜੀ ਕ੍ਰਿਪਾ ਕਰੇ ਜਉ ਅਪਨੀ
ਤੌ ਗੁਰ ਕੇ ਸਬਦਿ ਸਮਾਵਹਿਗੇ ॥੩॥

ہرِ جی کرِپا کرے جءُ اپنی
توَ گُر کے سبدِ سماوہِگے ॥3॥

ਜੀਵਤ ਮਰਹੁ ਮਰਹੁ ਫੁਨਿ ਜੀਵਹੁ

جیِوت مرہُ مرہُ پھُنِ جیِوہُ

ਪੁਨਰਪਿ ਜਨਮੁ ਨ ਹੋਈ ॥

پُنرپِ جنمُ ن ہوئی ॥

ਕਹੁ ਕਬੀਰ ਜੋ ਨਾਮਿ ਸਮਾਨੇ
ਸੁੰਨ ਰਹਿਆ ਲਿਵ ਸੋਈ ॥੪॥੪॥

کہُ کبیِر جو نامِ سمانے
سُنّن رہِیا لِو سوئی ॥4॥4॥

ਜਉ ਤੁਮ੍ ਮੋ ਕਉ ਦੂਰਿ ਕਰਤ ਹਉ
ਤਉ ਤੁਮ ਮੁਕਤਿ ਬਤਾਵਹੁ ॥

ج ءُ تُمّہ مو ک ءُ دوُرِ کرت ہ ءُ
ت ءُ تُم مُکتِ بتاوہُ ॥

ਏਕ ਅਨੇਕ ਹੋਇ ਰਹਿਓ ਸਗਲ ਮਹਿ
ਅਬ ਕੈਸੇ ਭਰਮਾਵਹੁ ॥੧॥

ایک انیک ہوءِ رہِئو سگل مہِ
اب کیَسے بھرماوہُ ۔ ॥1॥

ਰਾਮ ਮੋ ਕਉ ਤਾਰਿ
ਕਹਾਂ ਲੈ ਜਈ ਹੈ ॥

رام مو ک ءُ تارِ
کہاں لے جئی ہے ۔ ॥

ਸੋਧਉ ਮੁਕਤਿ ਕਹਾ ਦੇਉ ਕੈਸੀ
ਕਰਿ ਪ੍ਰਸਾਦ ਮੋਹਿ ਪਾਈ ਹੈ ॥੧॥ ਰਹਾਉ ॥

سودھ ءُ مُکتِ کہا دی ءُ کیَسی
کرِ پرّساد موہِ پائی ہے ॥1॥ رہاءُ ॥

ਤਾਰਨ ਤਰਨੁ ਤਬੈ ਲਗੁ ਕਹੀਐ
ਜਬ ਲਗੁ ਤਤੁ ਨ ਜਾਨਿਆ ॥

تارن ترنُ تبے لگُ کہیئے
جب لگُ تتُ ن جانِیا ॥

ਅਬ ਤਉ ਬਿਮਲ ਭਏ ਘਟ ਹੀ ਮਹਿ
ਕਹਿ ਕਬੀਰ ਮਨੁ ਮਾਨਿਆ ॥੨॥੫॥

اب ت ءُ بِمل بھئے گھٹ ہی مہِ
کہِ کبیِر منُ مانِیا ॥2॥5॥

ਜਿਨਿ ਗੜ ਕੋਟ ਕੀਏ ਕੰਚਨ ਕੇ
ਛੋਡਿ ਗਇਆ ਸੋ ਰਾਵਨੁ ॥੧॥

جِنِ گڑھ کوٹ کیئے کنچن کے
چھوڈِ گئیا سو راونُ ॥1॥

ਕਾਹੇ ਕੀਜਤੁ ਹੈ ਮਨਿ ਭਾਵਨੁ ॥

کاہے کیجتُ ہے منِ بھاونُ ۔ ॥

ਜਬ ਜਮੁ ਆਇ ਕੇਸ ਤੇ ਪਕਰੈ
ਤਹ ਹਰਿ ਕੋ ਨਾਮੁ ਛਡਾਵਨ ॥੧॥ ਰਹਾਉ ॥

جب جمُ آءِ کیس تے پکرے
تہ ہرِ کو نامُ چھڈاون ॥1॥ رہاءُ ॥

ਕਾਲੁ ਅਕਾਲੁ ਖਸਮ ਕਾ ਕੀਨ੍ਹਾ
ਇਹੁ ਪਰਪੰਚੁ ਬਧਾਵਨੁ ॥

کالُ اکالُ خصم کا کِینّہا
اِہُ پرپنچُ بدھاونُ ॥

ਕਹਿ ਕਬੀਰ ਤੇ ਅੰਤੇ ਮੁਕਤੇ
ਜਿਨ੍ ਹਿਰਦੈ ਰਾਮ ਰਸਾਇਨੁ ॥੨॥੬॥

کہِ کبیِر تے انتے مُکتے
جِنّہ ہِردے رام رسائنُ ॥2॥6॥

ਦੇਹੀ ਗਾਵਾ ਜੀਉ ਧਰ ਮਹਤਉ

دیہی گاوا جیِ ءُ دھر مہت ءُ

ਬਸਹਿ ਪੰਚ ਕਿਰਸਾਨਾ ॥	بسہِ پنچ کِرسانا ॥
ਨੈਨੂ ਨਕਟੂ ਸ੍ਰਵਨੂ ਰਸਪਤਿ ਇੰਦ੍ਰੀ ਕਹਿਆ ਨ ਮਾਨਾ ॥੧॥	نینُو نکٹُو سّرونُو رسپتِ اِنّدری کہیا ن مانا ॥1॥
ਬਾਬਾ ਅਬ ਨ ਬਸਉ ਇਹ ਗਾਉ ॥	بابا اب ن بسءُ اِہ گاءُ ॥
ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ ॥੧॥ ਰਹਾਉ ॥	گھری گھری کا لیکھا ماگے کائتھ چیتُو ناءُ ۔ ॥1॥ رہاءُ ॥
ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ ॥	دھرم راءِ جب لیکھا ماگے باکی نِکسی بھاری ॥
ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ ॥੨॥	پنچ کِرسانوا بھاگِ گئے لے بادھِئو جیءُ دربار ی ॥2॥
ਕਹੈ ਕਬੀਰੁ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ ॥	کہے کبیرُ سُنہُ رے سنّتہ کھیت ہی کرہُ نِبیرا ॥
ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ ॥੩॥੭॥	اب کی بار بخش بندے کءُ بہُرِ ن بھجُلِ پھیرا ॥3॥7॥
ਰਾਗੁ ਮਾਰੂ ਬਾਣੀ ਕਬੀਰ ਜੀਉ ਕੀ	راگُ مارُو باٹی کبیر جیءُ کی
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرسادِ ॥
ਅਨਭਉ ਕਿਨੈ ਨ ਦੇਖਿਆ ਬੈਰਾਗੀਅੜੇ ॥	انبھءُ کِنے ن دیکھیا بیراگیئڑے ۔ ॥
ਬਿਨੁ ਭੈ ਅਨਭਉ ਹੋਇ ਵਣਾਹੰਬੈ ॥੧॥	بِنُ بھے انبھءُ ہوءِ وٹاہنّبے ॥1॥
ਸਹੁ ਹਦੂਰਿ ਦੇਖੈ ਤਾਂ ਭਉ ਪਵੈ ਬੈਰਾਗੀਅੜੇ ॥	سہُ حدوُرِ دیکھے تاں بھءُ پوے بیراگیئڑے ۔ ॥
ਹੁਕਮੈ ਬੂਝੈ ਤ ਨਿਰਭਉ ਹੋਇ ਵਣਾਹੰਬੈ ॥੨॥	حُکمے بُوجھے ت نِربھءُ ہوءِ وٹاہنّبے ॥2॥
ਹਰਿ ਪਾਖੰਡੁ ਨ ਕੀਜਈ ਬੈਰਾਗੀਅੜੇ ॥	ہرِ پاکھنڈُ ن کیجئی بیراگیئڑے ۔ ॥
ਪਾਖੰਡਿ ਰਤਾ ਸਭੁ ਲੋਕੁ ਵਣਾਹੰਬੈ ॥੩॥	پاکھنڈِ رتا سبھُ لوکُ وٹاہنّبے ॥3॥
ਤ੍ਰਿਸਨਾ ਪਾਸੁ ਨ ਛੋਡਈ ਬੈਰਾਗੀਅੜੇ ॥	تّرِسنا پاسُ ن چھوڈئی بیراگیئڑے ۔ ॥

ਮਮਤਾ ਜਾਲਿਆ ਪਿੰਡੁ ਵਣਾਹੰਬੈ ॥੪॥	ممتا جالِیا پِنڈُ وٹاہنّبے ॥4॥
ਚਿੰਤਾ ਜਾਲਿ ਤਨੁ ਜਾਲਿਆ ਬੈਰਾਗੀਅੜੇ ॥	چِنّتا جالِ تنُ جالِیا بیَراگِیئڑے ۔ ॥
ਜੇ ਮਨੁ ਮਿਰਤਕੁ ਹੋਇ ਵਣਾਹੰਬੈ ॥੫॥	جے منُ مِرتکُ ہوءِ وٹاہنّبے ॥5॥
ਸਤਿਗੁਰ ਬਿਨੁ ਬੈਰਾਗੁ ਨ ਹੋਵਈ ਬੈਰਾਗੀਅੜੇ ॥	ستِگُر بِنُ بیَراگُ ن ہووئی بیَراگِیئڑے ۔ ॥
ਜੇ ਲੋਚੈ ਸਭੁ ਕੋਇ ਵਣਾਹੰਬੈ ॥੬॥	جے لوچےَ سبھُ کوءِ وٹاہنّبے ॥6॥
ਕਰਮੁ ਹੋਵੈ ਸਤਿਗੁਰੁ ਮਿਲੈ ਬੈਰਾਗੀਅੜੇ ॥	کرمُ ہووے ستِگُرُ مِلےَ بیَراگِیئڑے ۔ ॥
ਸਹਜੇ ਪਾਵੈ ਸੋਇ ਵਣਾਹੰਬੈ ॥੭॥	سہجے پاوے سوءِ وٹاہنّبے ॥7॥
ਕਹੁ ਕਬੀਰ ਇਕ ਬੇਨਤੀ ਬੈਰਾਗੀਅੜੇ ॥	کہُ کبیِر اِک بینتی بیَراگِیئڑے ۔ ॥
ਮੋ ਕਉ ਭਉਜਲੁ ਪਾਰਿ ਉਤਾਰਿ ਵਣਾਹੰਬੈ ॥੮॥੧॥੮॥	مو کءُ بھجُلُ پارِ اُتارِ وٹاہنّبے ॥8॥1॥8॥
ਰਾਜਨ ਕਉਨੁ ਤੁਮਾਰੈ ਆਵੈ ॥	راجن کنُنُ تُمارےَ آوے ۔ ॥
ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ ॥੧॥ ਰਹਾਉ ॥	ایَسو بھاءُ بِدر کو دیکھِئو اوہُ غریِبُ موہِ بھاوے ॥1॥ رہاءُ ॥
ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ ॥	ہستی دیکھِ بھرم تے بھوُلا سّری بھگوانُ ن جانِیا ॥
ਤੁਮਰੋ ਦੂਧੁ ਬਿਦਰ ਕੋ ਪਾਨ੍ਹੋ ਅੰਮ੍ਰਿਤੁ ਕਰੁ ਮੈ ਮਾਨਿਆ ॥੧॥	تُمرو دوُدھُ بِدر کو پانّہو انّمرِتُ کرُ مےَ مانِیا ॥1॥
ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ ॥	کھِیر سمانِ ساگُ مےَ پائِیا گُن گاوت ریَنِ بِہانی ॥
ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ ॥੨॥੯॥	کبیِر کو ٹھاکُرُ اند بِنودی زاتِ ن کاہوُ کی مانی ॥2॥9॥
ਸਲੋਕ ਕਬੀਰ ॥	سلوک کبیِر ॥
ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ ॥	گگن دماما باجِئو پرِئو نیِشانے گھائو ॥
ਖੇਤੁ ਜੁ ਮਾਂਡਿਓ ਸੂਰਮਾ	کھیتُ جُ مانڈِئو سوُرما

ਅਬ ਜੂਝਨ ਕੋ ਦਾਉ ॥੧॥

اب جوُجھن کو داءُ ॥1॥

ਸੂਰਾ ਸੋ ਪਹਿਚਾਨੀਐ
ਜੁ ਲਰੈ ਦੀਨ ਕੇ ਹੇਤ ॥

سوُرا سو پہچانیئے
جُ لرے دِین کے ہیت ॥

ਪੁਰਜਾ ਪੁਰਜਾ ਕਟਿ ਮਰੈ
ਕਬਹੂ ਨ ਛਾਡੈ ਖੇਤੁ ॥੨॥੨॥

پُرزا پُرزا کٹِ مرے
کبہوُ ن چھاڈے کھیتُ ॥2॥2॥

ਕਬੀਰ ਕਾ ਸਬਦੁ ਰਾਗੁ ਮਾਰੂ ਬਾਣੀ ਨਾਮਦੇਉ ਜੀ ਕੀ

کبیِر کا سبدُ راگُ مارو بانٹی نامدیءُ جی کی

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਚਾਰਿ ਮੁਕਤਿ ਚਾਰੈ ਸਿਧਿ ਮਿਲਿ ਕੈ
ਦੂਲਹ ਪ੍ਰਭ ਕੀ ਸਰਨਿ ਪਰਿਓ ॥

چارِ مُکتِ چارے سِدھِ مِلِ کے
دوُلہ پرّبھ کی سرنِ پرِئو ॥

ਮੁਕਤਿ ਭਇਓ ਚਉਹੂੰ ਜੁਗ ਜਾਨਿਓ
ਜਸੁ ਕੀਰਤਿ ਮਾਥੈ ਛਤ੍ਰੁ ਧਰਿਓ ॥੧॥

مُکتِ بھئیو چہُوُنّ جُگ جانِیو
جسُ کیِرتِ ماتھے چھتّرُ دھرِئو ॥1॥

ਰਾਜਾ ਰਾਮ ਜਪਤ
ਕੋ ਕੋ ਨ ਤਰਿਓ ॥

راجا رام جپت
کو کو ن ترِئو ۔ ॥

ਗੁਰ ਉਪਦੇਸਿ ਸਾਧ ਕੀ ਸੰਗਤਿ
ਭਗਤੁ ਭਗਤੁ ਤਾ ਕੋ ਨਾਮੁ ਪਰਿਓ ॥੧॥ ਰਹਾਉ ॥

گُر اُپدیسِ سادھ کی سنگتِ
بھگتُ بھگتُ تا کو نامُ پرِئو ॥1॥ رہاءُ ॥

ਸੰਖ ਚਕ੍ਰ ਮਾਲਾ ਤਿਲਕੁ ਬਿਰਾਜਿਤ
ਦੇਖਿ ਪ੍ਰਤਾਪੁ ਜਮੁ ਡਰਿਓ ॥

سنکھ چکّر مالا تِلکُ بِراجِت
دیکھِ پرّتاپُ جمُ ڈرِئو ॥

ਨਿਰਭਉ ਭਏ ਰਾਮ ਬਲ ਗਰਜਿਤ
ਜਨਮ ਮਰਨ ਸੰਤਾਪ ਹਿਰਿਓ ॥੨॥

نِربھءُ بھئے رام بل گرجِت
جنم مرن سنتاپ ہِرِئو ॥2॥

ਅੰਬਰੀਕ ਕਉ ਦੀਓ ਅਭੈ ਪਦੁ
ਰਾਜੁ ਭਭੀਖਨ ਅਧਿਕ ਕਰਿਓ ॥

انّبریک کءُ دیئو ابھے پدُ
راجُ بھبھیکھن ادھِک کرِئو ॥

ਨਉ ਨਿਧਿ ਠਾਕੁਰਿ ਦਈ ਸੁਦਾਮੈ
ਧ੍ਰੁਅ ਅਟਲੁ ਅਜਹੂ ਨ ਟਰਿਓ ॥੩॥

نءُ نِدھِ ٹھاکُرِ دئی سُدامے
دھرّوُء اٹلُ اجہوُ ن ٹرِئو ॥3॥

ਭਗਤ ਹੇਤਿ ਮਾਰਿਓ ਹਰਨਾਖਸੁ
ਨਰਸਿੰਘ ਰੂਪ ਹੋਇ ਦੇਹ ਧਰਿਓ ॥

بھگت ہیتِ مارِئو ہرناکھسُ
نرسِنگھ روُپ ہوءِ دیہ دھرِئو ॥

ਨਾਮਾ ਕਹੈ ਭਗਤਿ ਬਸਿ ਕੇਸਵ
ਅਜਹੂੰ ਬਲਿ ਕੇ ਦੁਆਰ ਖਰੋ ॥੪॥੧॥

نامـا کہے بھگتِ بسِ کیسو
اجہوُنَ بلِ کے دُیار کھرو ॥4॥1॥

ਮਾਰੂ ਕਬੀਰ ਜੀਉ ॥

مارُو کبیر جیِءُ ॥

ਦੀਨੁ ਬਿਸਾਰਿਓ ਰੇ ਦਿਵਾਨੇ
ਦੀਨੁ ਬਿਸਾਰਿਓ ਰੇ ॥

دیِنُ بِسارِئو رے دِوانے
دیِنُ بِسارِئو رے ॥

ਪੇਟੁ ਭਰਿਓ ਪਸੂਆ ਜਿਉ ਸੋਇਓ
ਮਨੁਖੁ ਜਨਮੁ ਹੈ ਹਾਰਿਓ ॥੧॥ ਰਹਾਉ ॥

پیٹُ بھرِئو پسُویا جِءُ سوِئو
منُکھُ جنمُ ہے ہارِئو ॥1॥ رہاءُ ॥

ਸਾਧਸੰਗਤਿ ਕਬਹੂ ਨਹੀ ਕੀਨੀ
ਰਚਿਓ ਧੰਧੈ ਝੂਠ ॥

سادھسنگتِ کبہوُ نہی کِینی
رچِئو دھندھے جھوُٹھ ॥

ਸੁਆਨ ਸੂਕਰ ਬਾਇਸ ਜਿਵੈ
ਭਟਕਤੁ ਚਾਲਿਓ ਊਠਿ ॥੧॥

سُیان سوُکر بائِس جِوے
بھٹکتُ چالِئو اوُٹھِ ॥1॥

ਆਪਸ ਕਉ ਦੀਰਘੁ ਕਰਿ ਜਾਨੈ
ਅਉਰਨ ਕਉ ਲਗ ਮਾਤ ॥

آپس ک ءُ دیِرگھُ کرِ جانے
اُرن ک ءُ لگ مات ॥

ਮਨਸਾ ਬਾਚਾ ਕਰਮਨਾ
ਮੈ ਦੇਖੇ ਦੋਜਕ ਜਾਤ ॥੨॥

منسا باچا کرمنا
مے دیکھے دوزک جات ॥2॥

ਕਾਮੀ ਕ੍ਰੋਧੀ ਚਾਤੁਰੀ
ਬਾਜੀਗਰ ਬੇਕਾਮ ॥

کامی کرودھی چاتُری
بازیگر بیکام ॥

ਨਿੰਦਾ ਕਰਤੇ ਜਨਮੁ ਸਿਰਾਨੋ
ਕਬਹੂ ਨ ਸਿਮਰਿਓ ਰਾਮੁ ॥੩॥

نِندا کرتے جنمُ سِرانو
کبہوُ ن سِمرِئو رامُ ॥3॥

ਕਹਿ ਕਬੀਰ ਚੇਤੈ ਨਹੀ
ਮੂਰਖੁ ਮੁਗਧੁ ਗਵਾਰੁ ॥

کہِ کبیر چیتے نہی
مورکھُ مُگدھُ گوارُ ॥

ਰਾਮੁ ਨਾਮੁ ਜਾਨਿਓ ਨਹੀ
ਕੈਸੇ ਉਤਰਸਿ ਪਾਰਿ ॥੪॥੧॥

رامُ نامُ جانِئو نہی
کیسے اُترسِ پارِ ॥4॥1॥

ਰਾਗੁ ਮਾਰੂ ਬਾਣੀ ਜੈਦੇਉ ਜੀਉ ਕੀ

راگُ مارُو بانٹی جیَدیءُ جیِءُ کی

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਚੰਦ ਸਤ ਭੇਦਿਆ ਨਾਦ ਸਤ ਪੂਰਿਆ
ਸੂਰ ਸਤ ਖੋੜਸਾ ਦਤੁ ਕੀਆ ॥

ਅਬਲ ਬਲੁ ਤੋੜਿਆ ਅਚਲ ਚਲੁ ਥਪਿਆ
ਅਘੜੁ ਘੜਿਆ ਤਹਾ ਅਪਿਉ ਪੀਆ ॥੧॥

ਮਨ ਆਦਿ ਗੁਣ ਆਦਿ ਵਖਾਣਿਆ ॥

ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥੧॥ ਰਹਾਉ ॥

ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ
ਸਲਲ ਕਉ ਸਲਲਿ ਸੰਮਾਨਿ ਆਇਆ ॥

ਬਦਤਿ ਜੈਦੇਉ ਜੈਦੇਵ ਕਉ ਰੰਮਿਆ
ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥੨॥੧॥

ਕਬੀਰੁ ॥ ਮਾਰੂ ॥

ਰਾਮੁ ਸਿਮਰੁ ਪਛੁਤਾਹਿਗਾ ਮਨ ॥

ਪਾਪੀ ਜੀਅਰਾ ਲੋਭੁ ਕਰਤੁ ਹੈ
ਆਜੁ ਕਾਲਿ ਉਠਿ ਜਾਹਿਗਾ ॥੧॥ ਰਹਾਉ ॥

ਲਾਲਚ ਲਾਗੇ ਜਨਮੁ ਗਵਾਇਆ
ਮਾਇਆ ਭਰਮ ਭੁਲਾਹਿਗਾ ॥

ਧਨ ਜੋਬਨ ਕਾ ਗਰਬੁ ਨ ਕੀਜੈ
ਕਾਗਦ ਜਿਉ ਗਲਿ ਜਾਹਿਗਾ ॥੧॥

ਜਉ ਜਮੁ ਆਇ ਕੇਸ ਗਹਿ ਪਟਕੈ
ਤਾ ਦਿਨ ਕਿਛੁ ਨ ਬਸਾਹਿਗਾ ॥

ਸਿਮਰਨੁ ਭਜਨੁ ਦਇਆ ਨਹੀ ਕੀਨੀ
ਤਉ ਮੁਖਿ ਚੋਟਾ ਖਾਹਿਗਾ ॥੨॥

ਧਰਮ ਰਾਇ ਜਬ ਲੇਖਾ ਮਾਗੈ
ਕਿਆ ਮੁਖੁ ਲੈ ਕੈ ਜਾਹਿਗਾ ॥

ਕਹਤੁ ਕਬੀਰੁ ਸੁਨਹੁ ਰੇ ਸੰਤਹੁ

چنّد ست بھیدِیا ناد ست پُورِیا
سُور ست کھوڑسا دتُ کِیا ॥

ابل بلُ توڑِیا اچل چلُ تھپِیا
اگھڑُ گھڑِیا تہا اپِءُ پِیا ॥1॥

من آدِ گُنٌ آدِ وکھاٹِیا ॥

تیری دُبِدھا دِرسٹِ سنّمانِیا ॥1॥ رہاءُ ॥

اردھِ کءُ اردھِیا سردھِ کءُ سردھِیا
سلل کءُ سللِ سنّمانِ آئِیا ॥

بدتِ جیَدیءُ جیَدیو کءُ رنّمِیا
برّہمُ نِربانٌُ لِو لِینٌُ پائِیا ॥2॥1॥

کبِیرُ ॥ مارُو ॥

رامُ سِمرُ پچھُتاہِگا من ۔ ॥

پاپی جِیئرا لوبھُ کرتُ ہے
آجُ کالِ اُٹھِ جاہِگا ॥1॥ رہاءُ ॥

لالچ لاگے جنمُ گوائِیا
مائِیا بھرم بھُلاہِگا ॥

دھن جوبن کا گربُ ن کِیجے
کاگد جِءُ گلِ جاہِگا ॥1॥

جءُ جمُ آءِ کیس گہِ پٹکے
تا دِن کچھُ ن بساہِگا ॥

سِمرنُ بھجنُ دئِیا نہی کِینی
تءُ مُکھِ چوٹا کھاہِگا ॥2॥

دھرم راءِ جب لیکھا ماگے
کِیا مُکھُ لے کے جاہِگا ۔ ॥

کہتُ کبِیرُ سُنہُ رے سنّتہُ

ਸਾਧਸੰਗਤਿ ਤਰਿ ਜਾਂਹਿਗਾ ॥੩॥੧॥	سادھسنگتِ ترِ جانہِگا ॥3॥1॥
ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ	راگُ مارُو باٹی روِداس جیِءُ کی
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥	ایَسی لال تُجھ بِنُ کُنُ کرے ۔ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥੧॥ ਰਹਾਉ ॥	غریِب نِواجُ گسئیِیا میرا ماتھےَ چھتّرُ دھرے ॥1॥ رہاءُ ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥	جا کی چھوتِ جگت کءُ لاگے تا پر تُہیں ڈھرے ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥	نیچہ اوُچ کرے میرا گوبِندُ کاہوُ تے ن ڈرے ॥1॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥	نامدیو کبیِرُ تِلوچنُ سدھنا سیَنُ ترے ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥੨॥੧॥	کہِ روِداسُ سُننہُ رے سنّتہُ ہرِ جیِءُ تے سبھےَ سرے ॥2॥1॥
ਮਾਰੂ ॥	مارُو ॥
ਸੁਖ ਸਾਗਰ ਸੁਰਿਤਰੁ ਚਿੰਤਾਮਨਿ ਕਾਮਧੇਨ ਬਸਿ ਜਾ ਕੇ ਰੇ ॥	سُکھ ساگر سُرِترُ چِنتامنِ کامدھین بسِ جا کے رے ॥
ਚਾਰਿ ਪਦਾਰਥ ਅਸਟ ਮਹਾ ਸਿਧਿ ਨਵ ਨਿਧਿ ਕਰ ਤਲ ਤਾ ਕੈ ॥੧॥	چارِ پدارتھ اسٹ مہا سِدھِ نو نِدھِ کر تل تا کے ॥1॥
ਹਰਿ ਹਰਿ ਹਰਿ ਨ ਜਪਸਿ ਰਸਨਾ ॥	ہرِ ہرِ ہرِ ن جپسِ رسنا ॥
ਅਵਰ ਸਭ ਛਾਡਿ ਬਚਨ ਰਚਨਾ ॥੧॥ ਰਹਾਉ ॥	اور سبھ چھاڈِ بچن رچنا ॥1॥ رہاءُ ॥
ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ ॥	نانا کھیان پُران بید بِدھِ چتُتیِس اچھر ماہی ॥
ਬਿਆਸ ਬੀਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥੨॥	بِیاس بیچارِ کہِئو پرمارتھُ

ਰਾਮ ਨਾਮ ਸਿਰਿ ਨਾਹੀ ॥2॥

سہج سمادھِ اُپادھِ رہت ہوئے
بڈے بھاگِ لِو لاگی ॥

ਸਹਜ ਸਮਾਧਿ ਉਪਾਧਿ ਰਹਤ ਹੋਏ
ਬਡੇ ਭਾਗਿ ਲਿਵ ਲਾਗੀ ॥

کہِ روِداس اُداس داس متِ
جنم مرن بھے بھاگی ॥3॥2॥ 15 ॥

ਕਹਿ ਰਵਿਦਾਸ ਉਦਾਸ ਦਾਸ ਮਤਿ
ਜਨਮ ਮਰਨ ਭੈ ਭਾਗੀ ॥੩॥੨॥੧੫॥

ٹکھاری چھنّت محلا 1 بارہ ماہا

ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ

ੴ ستِگُر پرسادِ ॥

ੴ ਸਤਿਗੁਰ ਪ੍ਰਸਾਦਿ ॥

توُ سُنِ کِرت کرنّما
پُربِ کمائیا ॥

ਤੂ ਸੁਣਿ ਕਿਰਤ ਕਰੰਮਾ
ਪੁਰਬਿ ਕਮਾਇਆ ॥

سِرِ سِرِ سُکھ سہنّما
دیہِ سُ توُ بھلا ॥

ਸਿਰਿ ਸਿਰਿ ਸੁਖ ਸਹੰਮਾ
ਦੇਹਿ ਸੁ ਤੂ ਭਲਾ ॥

ہرِ رچنا تیری کِیا گتِ میری
ہرِ بِنُ گھڑی ن جیِوا ॥

ਹਰਿ ਰਚਨਾ ਤੇਰੀ ਕਿਆ ਗਤਿ ਮੇਰੀ
ਹਰਿ ਬਿਨੁ ਘੜੀ ਨ ਜੀਵਾ ॥

پّرِء باجھُ دُہیلی کوءِ ن بیلی
گُرمُکھِ انّمرِتُ پیِواں ॥

ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ
ਗੁਰਮੁਖਿ ਅੰਮ੍ਰਿਤੁ ਪੀਵਾਂ ॥

رچنا راچِ رہے نِرنّکاری
پّربھ منِ کرم سُکرما ॥

ਰਚਨਾ ਰਾਚਿ ਰਹੇ ਨਿਰੰਕਾਰੀ
ਪ੍ਰਭ ਮਨਿ ਕਰਮ ਸੁਕਰਮਾ ॥

نانک پنّتھُ نِہالے سا دھن
توُ سُنِ آتم راما ॥1॥

ਨਾਨਕ ਪੰਥੁ ਨਿਹਾਲੇ ਸਾ ਧਨ
ਤੂ ਸੁਣਿ ਆਤਮ ਰਾਮਾ ॥੧॥

بابیہا پّرِءُ بولے
کوءِکل بانّیا ॥

ਬਾਬੀਹਾ ਪ੍ਰਿਉ ਬੋਲੇ
ਕੋਕਿਲ ਬਾਣੀਆ ॥

سا دھن سبھِ رس چولے
انکِ سمانّیا ॥

ਸਾ ਧਨ ਸਭਿ ਰਸ ਚੋਲੈ
ਅੰਕਿ ਸਮਾਣੀਆ ॥

ہرِ انکِ سمانّی جا پّربھ بھانّی
سا سوہاگنِ نارے ॥

ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ
ਸਾ ਸੋਹਾਗਣਿ ਨਾਰੇ ॥

ਨਵ ਘਰ ਥਾਪਿ ਮਹਲ ਘਰੁ ਊਚਉ
ਨਿਜ ਘਰਿ ਵਾਸੁ ਮੁਰਾਰੇ ॥

نو گھر تھاپِ محل گھرُ اوُچ ءُ
نِج گھرِ واسُ مُرارے ॥

ਸਭ ਤੇਰੀ ਤੂ ਮੇਰਾ ਪ੍ਰੀਤਮੁ
ਨਿਸਿ ਬਾਸੁਰ ਰੰਗਿ ਰਾਵੈ ॥

سبھ تیری تُو میرا پرِیتمُ
نِسِ باسُر رنگِ راوے ॥

ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ
ਕੋਕਿਲ ਸਬਦਿ ਸੁਹਾਵੈ ॥੨॥

نانک پرِءُ پرِءُ چوے ببیہا
کوکِل سبدِ سُہاوے ॥2॥

ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ ॥

تُو سُنِ ہرِ رس بھِنّے پرِیتم آپنے ॥

ਮਨਿ ਤਨਿ ਰਵਤ ਰਵੰਨੇ
ਘੜੀ ਨ ਬੀਸਰੈ ॥

منِ تنِ روت روّنے
گھڑی ن بِسرے ॥

ਕਿਉ ਘੜੀ ਬਿਸਾਰੀ ਹਉ ਬਲਿਹਾਰੀ
ਹਉ ਜੀਵਾ ਗੁਣ ਗਾਏ ॥

کِءُ گھڑی بِساری ہءُ بلِہاری
ہءُ جیِوا گُن گائے ॥

ਨਾ ਕੋਈ ਮੇਰਾ ਹਉ ਕਿਸੁ ਕੇਰਾ
ਹਰਿ ਬਿਨੁ ਰਹਣੁ ਨ ਜਾਏ ॥

نا کوئی میرا ہءُ کِسُ کیرا
ہرِ بِنُ رہنُ ن جائے ॥

ਓਟ ਗਹੀ ਹਰਿ ਚਰਣ ਨਿਵਾਸੇ
ਭਏ ਪਵਿਤ੍ਰ ਸਰੀਰਾ ॥

اوٹ گہی ہرِ چرنُ نِواسے
بھے پوِتّر سرِیرا ॥

ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ
ਗੁਰ ਸਬਦੀ ਮਨੁ ਧੀਰਾ ॥੩॥

نانک دّرِسٹِ دِیرگھ سُکھُ پاوے
گُر سبدی منُ دھیِرا ॥3॥

ਬਰਸੈ ਅੰਮ੍ਰਿਤ ਧਾਰ
ਬੂੰਦ ਸੁਹਾਵਣੀ ॥

برسے انّمرِت دھار
بوُنّد سُہاونی ॥

ਸਾਜਨ ਮਿਲੇ ਸਹਜਿ ਸੁਭਾਇ
ਹਰਿ ਸਿਉ ਪ੍ਰੀਤਿ ਬਣੀ ॥

ساجن مِلے سہجِ سُبھاءِ
ہرِ سِءُ پرِیتِ بنّی ॥

ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ
ਧਨ ਊਭੀ ਗੁਣ ਸਾਰੀ ॥

ہرِ منّدرِ آوے جا پربھ بھاوے
دھن اوُبھی گُن ساری ॥

ਘਰਿ ਘਰਿ ਕੰਤੁ ਰਵੈ ਸੋਹਾਗਣਿ
ਹਉ ਕਿਉ ਕੰਤਿ ਵਿਸਾਰੀ ॥

گھرِ گھرِ کنّتُ روے سوہاگنِ
ہءُ کِءُ کنّتِ وِساری ۔ ॥

ਉਨਵਿ ਘਨ ਛਾਏ ਬਰਸੁ ਸੁਭਾਏ
ਮਨਿ ਤਨਿ ਪ੍ਰੇਮੁ ਸੁਖਾਵੈ ॥

اُنوِ گھن چھائے برسُ سُبھائے
منِ تنِ پریمُ سُکھاوے ॥

ਨਾਨਕ ਵਰਸੈ ਅੰਮ੍ਰਿਤ ਬਾਣੀ
ਕਰਿ ਕਿਰਪਾ ਘਰਿ ਆਵੈ ॥੪॥

نانک ورسے انمرِت بانٹی
کرِ کرپا گھرِ آوے ॥4॥

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥

چیتُ بسنتُ بھلا بھور سُہاوڑے ॥

ਬਨ ਫੂਲੇ ਮੰਝ ਬਾਰਿ
ਮੈ ਪਿਰੁ ਘਰਿ ਬਾਹੁੜੈ ॥

بن پھُولے منجھ بارِ
مے پِرُ گھرِ باہُڑے ॥

ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ
ਬਿਰਹਿ ਬਿਰੋਧ ਤਨੁ ਛੀਜੈ ॥

پِرُ گھرِ نہی آوے دھن کِءُ سُکھُ پاوے
برہِ برودھ تنُ چھیجے ॥

ਕੋਕਿਲ ਅੰਬਿ ਸੁਹਾਵੀ ਬੋਲੈ
ਕਿਉ ਦੁਖੁ ਅੰਕਿ ਸਹੀਜੈ ॥

کوکِل انبِ سُہاوی بولے
کِءُ دُکھُ انکِ سہیجے ۔ ॥

ਭਵਰੁ ਭਵੰਤਾ ਫੂਲੀ ਡਾਲੀ
ਕਿਉ ਜੀਵਾ ਮਰੁ ਮਾਏ ॥

بھورُ بھونتا پھُولی ڈالی
کِءُ جیوا مرُ مائے ۔ ॥

ਨਾਨਕ ਚੇਤਿ ਸਹਜਿ ਸੁਖੁ ਪਾਵੈ
ਜੇ ਹਰਿ ਵਰੁ ਘਰਿ ਧਨ ਪਾਏ ॥੫॥

نانک چیتِ سہجِ سُکھُ پاوے
جے ہرِ ورُ گھرِ دھن پائے ॥5॥

ਵੈਸਾਖੁ ਭਲਾ
ਸਾਖਾ ਵੇਸ ਕਰੇ ॥

ویساکھُ بھلا
ساکھا ویس کرے ॥

ਧਨ ਦੇਖੈ ਹਰਿ ਦੁਆਰਿ
ਆਵਹੁ ਦਇਆ ਕਰੇ ॥

دھن دیکھے ہرِ دُیارِ
آوہُ دئیا کرے ॥

ਘਰਿ ਆਉ ਪਿਆਰੇ ਦੁਤਰ ਤਾਰੇ
ਤੁਧੁ ਬਿਨੁ ਅਵਰੁ ਨ ਮੋਲੋ ॥

گھرِ آءُ پیارے دُتر تارے
تُدھُ بِنُ اوڈھُ ن مولو ॥

ਕੀਮਤਿ ਕਉਣ ਕਰੇ ਤੁਧੁ ਭਾਵਾਂ
ਦੇਖਿ ਦਿਖਾਵੈ ਢੋਲੋ ॥

قِیمتِ کُنُ کرے تُدھُ بھاواں
دیکھِ دِکھاوے ڈھولو ॥

ਦੂਰਿ ਨ ਜਾਨਾ ਅੰਤਰਿ ਮਾਨਾ
ਹਰਿ ਕਾ ਮਹਲੁ ਪਛਾਨਾ ॥

دوُرِ ن جانا انترِ مانا
ہرِ کا محلُ پچھانا ॥

ਨਾਨਕ ਵੈਸਾਖੀਂ ਪ੍ਰਭੁ ਪਾਵੈ
ਸੁਰਤਿ ਸਬਦਿ ਮਨੁ ਮਾਨਾ ॥੬॥

نانک ویَساکھیں پربھُ پاوے
سُرتِ سبدِ منُ مانا ॥6॥

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥

ماہُ جیٹھُ بھلا پریتمُ کِءُ بِسرے ۔ ॥

ਥਲ ਤਾਪਹਿ ਸਰ ਭਾਰ
ਸਾ ਧਨ ਬਿਨਉ ਕਰੈ ॥

تھل تاپہِ سر بھار
سا دھن بِنءُ کرے ॥

ਧਨ ਬਿਨਉ ਕਰੇਦੀ ਗੁਣ ਸਾਰੇਦੀ
ਗੁਣ ਸਾਰੀ ਪ੍ਰਭ ਭਾਵਾ ॥

دھن بِنءُ کریدی گُن ساریدی
گُن ساری پربھ بھاوا ॥

ਸਾਚੈ ਮਹਲਿ ਰਹੈ ਬੈਰਾਗੀ
ਆਵਣ ਦੇਹਿ ਤ ਆਵਾ ॥

ساچےَ محلِ رہے بیَراگی
آوَن دیہِ ت آوا ॥

ਨਿਮਾਣੀ ਨਿਤਾਣੀ ਹਰਿ ਬਿਨੁ
ਕਿਉ ਪਾਵੈ ਸੁਖ ਮਹਲੀ ॥

نِمانی نِتانی ہرِ بِنُ
کِءُ پاوے سُکھ محلی ۔ ॥

ਨਾਨਕ ਜੇਠਿ ਜਾਣੈ ਤਿਸੁ ਜੈਸੀ
ਕਰਮਿ ਮਿਲੈ ਗੁਣ ਗਹਿਲੀ ॥੭॥

نانک جیٹھِ جانے تِس جیَسی
کرمِ ملےَ گُن گہِلی ॥7॥

ਆਸਾੜੁ ਭਲਾ ਸੂਰਜੁ ਗਗਨਿ ਤਪੈ ॥

آساڑُ بھلا سوُرجُ گگنِ تپے ॥

ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ॥

دھرتی دوُکھ سہے سوکھےَ اگنِ بھکھےَ ॥

ਅਗਨਿ ਰਸੁ ਸੋਖੈ ਮਰੀਐ ਧੋਖੈ
ਭੀ ਸੋ ਕਿਰਤੁ ਨ ਹਾਰੇ ॥

اگنِ رسُ سوکھےَ مریےَ دھوکھےَ
بھی سو کِرتُ ن ہارے ॥

ਰਥੁ ਫਿਰੈ ਛਾਇਆ ਧਨ ਤਾਕੈ
ਟੀਡੁ ਲਵੈ ਮੰਝਿ ਬਾਰੇ ॥

رتھُ پھِرے چھائیا دھن تاکےَ
ٹیڈُ لوے منجھِ بارے ॥

ਅਵਗਣ ਬਾਧਿ ਚਲੀ ਦੁਖੁ ਆਗੈ
ਸੁਖੁ ਤਿਸੁ ਸਾਚੁ ਸਮਾਲੇ ॥

اوگُن بادھِ چلی دُکھُ آگےَ
سُکھُ تِس ساچُ سمالے ॥

ਨਾਨਕ ਜਿਸ ਨੋ ਇਹੁ ਮਨੁ ਦੀਆ
ਮਰਣੁ ਜੀਵਣੁ ਪ੍ਰਭ ਨਾਲੇ ॥੮॥

نانک جِس نو اِہُ منُ دییا
مرنُ جیِونُ پربھ نالے ॥8॥

ਸਾਵਣਿ ਸਰਸ ਮਨਾ
ਘਣ ਵਰਸਹਿ ਰੁਤਿ ਆਏ ॥

ساونِ سرس منا
گھن ورسہِ رُتِ آئے ॥

ਮੈ ਮਨਿ ਤਨਿ ਸਹੁ ਭਾਵੈ
ਪਿਰ ਪਰਦੇਸਿ ਸਿਧਾਏ ॥

مے مَنِ تَنِ سہُ بھاوے
پِر پردیسِ سِدھائے ॥

ਪਿਰੁ ਘਰਿ ਨਹੀ ਆਵੈ ਮਰੀਐ ਹਾਵੈ
ਦਾਮਨਿ ਚਮਕਿ ਡਰਾਏ ॥

پِرُ گھرِ نہی آوے مریئے ہاوے
دامنِ چمکِ ڈرائے ॥

ਸੇਜ ਇਕੇਲੀ ਖਰੀ ਦੁਹੇਲੀ
ਮਰਣੁ ਭਇਆ ਦੁਖੁ ਮਾਏ ॥

سیج اِکیلی کھری دُہیلی
مرنُ بھئیا دُکھُ مائے ۔ ॥

ਹਰਿ ਬਿਨੁ ਨੀਦ ਭੂਖ ਕਹੁ ਕੈਸੀ
ਕਾਪੜੁ ਤਨਿ ਨ ਸੁਖਾਵਏ ॥

ہرِ بِنُ نِید بھوُکھ کہُ کیَسی
کاپڑُ تنِ ن سُکھاوئے ॥

ਨਾਨਕ ਸਾ ਸੋਹਾਗਣਿ ਕੰਤੀ
ਪਿਰ ਕੈ ਅੰਕਿ ਸਮਾਵਏ ॥੯॥

نانک سا سوہاگنِ کنّتی
پِر کے انکِ سماوئے ॥9॥

ਭਾਦਉ ਭਰਮਿ ਭੁਲੀ
ਭਰਿ ਜੋਬਨਿ ਪਛੁਤਾਣੀ ॥

بھادءُ بھرمِ بھُلی
بھرِ جوبنِ پچھُتانٹی ॥

ਜਲ ਥਲ ਨੀਰਿ ਭਰੇ
ਬਰਸ ਰੁਤੇ ਰੰਗੁ ਮਾਣੀ ॥

جل تھل نیِر بھرے
برس رُتے رنگُ مانٹی ॥

ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ
ਦਾਦਰ ਮੋਰ ਲਵੰਤੇ ॥

برسے نِس کالی کِءُ سُکھُ بالی
دادر موِر لونّتے ॥

ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ
ਭੁਇਅੰਗਮ ਫਿਰਹਿ ਡਸੰਤੇ ॥

پّرءُ پّرءُ چوے ببیہا بولے
بھُئنگم پھِرہِ ڈسنّتے ॥

ਮਛਰ ਡੰਗ ਸਾਇਰ ਭਰ ਸੁਭਰ
ਬਿਨੁ ਹਰਿ ਕਿਉ ਸੁਖੁ ਪਾਈਐ ॥

مچھر ڈنگ سائِر بھر سُبھر
بِنُ ہرِ کِءُ سُکھُ پائیئے ۔ ॥

ਨਾਨਕ ਪੂਛਿ ਚਲਉ ਗੁਰ ਅਪੁਨੇ
ਜਹ ਪ੍ਰਭੁ ਤਹ ਹੀ ਜਾਈਐ ॥੧੦॥

نانک پوُچھِ چلءُ گُر اپُنے
جہ پّربھُ تہ ہی جائیئے ॥ 10 ॥

ਅਸੁਨਿ ਆਉ ਪਿਰਾ
ਸਾ ਧਨ ਝੂਰਿ ਮੁਈ ॥

اسُنِ آءُ پِرا
سا دھن جھوُرِ مُئی ॥

ਤਾ ਮਿਲੀਐ ਪ੍ਰਭ ਮੇਲੇ
ਦੂਜੈ ਭਾਇ ਖੁਈ ॥

تا مِلیئے پّربھ میلے

دوُجے بھاءِ کھُئی ॥

ਝੂਠਿ ਵਿਗੁਤੀ ਤਾ ਪਿਰ ਮੁਤੀ
ਕੁਕਹ ਕਾਹ ਸਿ ਫੁਲੇ ॥

جھوُٹھِ وِگُتی تا پِر مُتی
کُکہ کاہ سِ پھُلے ॥

ਆਗੈ ਘਾਮ ਪਿਛੈ ਰੁਤਿ ਜਾਡਾ
ਦੇਖਿ ਚਲਤ ਮਨੁ ਡੋਲੇ ॥

آگے گھام پچھے رُتِ جاڈا
دیکھِ چلت منُ ڈولے ॥

ਦਹ ਦਿਸਿ ਸਾਖ ਹਰੀ ਹਰੀਆਵਲ
ਸਹਜਿ ਪਕੈ ਸੋ ਮੀਠਾ ॥

دہ دِس ساکھ ہری ہریاول
سہجِ پکے سو مِیٹھا ॥

ਨਾਨਕ ਅਸੁਨਿ ਮਿਲਹੁ ਪਿਆਰੇ
ਸਤਿਗੁਰ ਭਏ ਬਸੀਠਾ ॥੧੧॥

نانک اسُنِ مِلہُ پیارے
ستِگُر بھے بسیٹھا ॥ 11 ॥

ਕਤਕਿ ਕਿਰਤੁ ਪਇਆ
ਜੋ ਪ੍ਰਭ ਭਾਇਆ ॥

کتکِ کِرتُ پئیا
جو پربھ بھائیا ॥

ਦੀਪਕੁ ਸਹਜਿ ਬਲੈ
ਤਤਿ ਜਲਾਇਆ ॥

دیپکُ سہجِ بلے
تتِ جلائیا ॥

ਦੀਪਕ ਰਸ ਤੇਲੋ ਧਨ ਪਿਰ ਮੇਲੋ
ਧਨ ਓਮਾਹੈ ਸਰਸੀ ॥

دیپک رس تیلو دھن پِر میلو
دھن اوماہے سرسی ॥

ਅਵਗਣ ਮਾਰੀ ਮਰੈ ਨ ਸੀਝੈ
ਗੁਣਿ ਮਾਰੀ ਤਾ ਮਰਸੀ ॥

اوگُن ماری مرے ن سیجھے
گُنِ ماری تا مرسی ॥

ਨਾਮੁ ਭਗਤਿ ਦੇ ਨਿਜ ਘਰਿ ਬੈਠੇ
ਅਜਹੁ ਤਿਨਾੜੀ ਆਸਾ ॥

نامُ بھگتِ دے نِج گھرِ بیٹھے
اجہُ تِناڑی آسا ॥

ਨਾਨਕ ਮਿਲਹੁ ਕਪਟ ਦਰ ਖੋਲਹੁ
ਏਕ ਘੜੀ ਖਟੁ ਮਾਸਾ ॥੧੨॥

نانک مِلہُ کپٹ در کھولہُ
ایک گھڑی کھٹُ ماسا ॥ 12 ॥

ਮੰਘਰ ਮਾਹੁ ਭਲਾ
ਹਰਿ ਗੁਣ ਅੰਕਿ ਸਮਾਵਏ ॥

منگھر ماہُ بھلا
ہرِ گُن انکِ سماوئے ॥

ਗੁਣਵੰਤੀ ਗੁਣ ਰਵੈ
ਮੈ ਪਿਰੁ ਨਿਹਚਲੁ ਭਾਵਏ ॥

گُنّونتی گُن روئے
مے پِرُ نِہچلُ بھاوئے ॥

ਨਿਹਚਲੁ ਚਤੁਰੁ ਸੁਜਾਣੁ ਬਿਧਾਤਾ
ਚੰਚਲੁ ਜਗਤੁ ਸਬਾਇਆ ॥

نِہچلُ چترُ سُجانُ بِدھاتا
چنچَلُ جگتُ سبائِیا ॥

ਗਿਆਨੁ ਧਿਆਨੁ ਗੁਣ ਅੰਕਿ ਸਮਾਣੇ
ਪ੍ਰਭ ਭਾਣੇ ਤਾ ਭਾਇਆ ॥

گِیانُ دھِیانُ گُنْ انْکِ سماۓ
پربھ بھاۓ تا بھائِیا ॥

ਗੀਤ ਨਾਦ ਕਵਿਤ ਕਵੇ ਸੁਣਿ
ਰਾਮ ਨਾਮਿ ਦੁਖੁ ਭਾਗੈ ॥

گِیت ناد کوِت کوے سُنْ
رام نامِ دُکھُ بھاگے ॥

ਨਾਨਕ ਸਾ ਧਨ ਨਾਹ ਪਿਆਰੀ
ਅਭ ਭਗਤੀ ਪਿਰ ਆਗੈ ॥੧੩॥

نانک سا دھن ناہ پِیاری
ابھ بھگتی پِر آگے ॥ 13 ॥

ਪੋਖਿ ਤੁਖਾਰੁ ਪੜੈ
ਵਣੁ ਤ੍ਰਿਣੁ ਰਸੁ ਸੋਖੈ ॥

پوکھِ تُکھارُ پڑے
ونُ ترِنُ رسُ سوکھے ॥

ਆਵਤ ਕੀ ਨਾਹੀ
ਮਨਿ ਤਨਿ ਵਸਹਿ ਮੁਖੇ ॥

آوت کی ناہی
منِ تنِ وسہِ مُکھے ॥

ਮਨਿ ਤਨਿ ਰਵਿ ਰਹਿਆ ਜਗਜੀਵਨੁ
ਗੁਰ ਸਬਦੀ ਰੰਗੁ ਮਾਣੀ ॥

منِ تنِ روِ رہِیا جگجِیونُ
گُر سبدی رنگُ مانْی ॥

ਅੰਡਜ ਜੇਰਜ ਸੇਤਜ ਉਤਭੁਜ
ਘਟਿ ਘਟਿ ਜੋਤਿ ਸਮਾਣੀ ॥

انڈج جیرج سیتج اُتبھُج
گھٹِ گھٹِ جوتِ سمانْی ॥

ਦਰਸਨੁ ਦੇਹੁ ਦਇਆਪਤਿ ਦਾਤੇ
ਗਤਿ ਪਾਵਉ ਮਤਿ ਦੇਹੋ ॥

درسنُ دیہُ دئیاپتِ داتے
گتِ پاوءُ متِ دیہو ॥

ਨਾਨਕ ਰੰਗਿ ਰਵੈ ਰਸਿ ਰਸੀਆ
ਹਰਿ ਸਿਉ ਪ੍ਰੀਤਿ ਸਨੇਹੋ ॥੧੪॥

نانک رنگِ روے رسِ رسِیا
ہرِ سِءُ پرِیتِ سنیہو ॥ 14 ॥

ਮਾਘਿ ਪੁਨੀਤ ਭਈ
ਤੀਰਥੁ ਅੰਤਰਿ ਜਾਨਿਆ ॥

ماگھِ پُنیت بھئی
تیرتھُ انترِ جانِیا ॥

ਸਾਜਨ ਸਹਜਿ ਮਿਲੇ
ਗੁਣ ਗਹਿ ਅੰਕਿ ਸਮਾਨਿਆ ॥

ساجن سہجِ مِلے
گُنْ گہِ انْکِ سمانِیا ॥

ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ
ਤੁਧੁ ਭਾਵਾ ਸਰਿ ਨਾਵਾ ॥

پرِیتم گُنْ انْکے سُنْ پربھ بنکے

ਗੰਗ ਜਮੁਨ ਤਹ ਬੇਣੀ ਸੰਗਮ
ਸਾਤ ਸਮੁੰਦ ਸਮਾਵਾ ॥

ਪੁੰਨ ਦਾਨ ਪੂਜਾ ਪਰਮੇਸੁਰ
ਜੁਗਿ ਜੁਗਿ ਏਕੋ ਜਾਤਾ ॥

ਨਾਨਕ ਮਾਘਿ ਮਹਾ ਰਸੁ ਹਰਿ ਜਪਿ
ਅਠਸਠਿ ਤੀਰਥ ਨਾਤਾ ॥੧੫॥

ਫਲਗੁਨਿ ਮਨਿ ਰਹਸੀ
ਪ੍ਰੇਮੁ ਸੁਭਾਇਆ ॥

ਅਨਦਿਨੁ ਰਹਸੁ ਭਇਆ
ਆਪੁ ਗਵਾਇਆ ॥

ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ
ਕਰਿ ਕਿਰਪਾ ਘਰਿ ਆਓ ॥

ਬਹੁਤੇ ਵੇਸ ਕਰੀ ਪਿਰ ਬਾਝਹੁ
ਮਹਲੀ ਲਹਾ ਨ ਥਾਓ ॥

ਹਾਰ ਡੋਰ ਰਸ ਪਾਟ ਪਟੰਬਰ
ਪਿਰਿ ਲੋੜੀ ਸੀਗਾਰੀ ॥

ਨਾਨਕ ਮੇਲਿ ਲਈ ਗੁਰਿ ਅਪਣੈ
ਘਰਿ ਵਰੁ ਪਾਇਆ ਨਾਰੀ ॥੧੬॥

ਬੇ ਦਸ ਮਾਹ ਰੁਤੀ
ਥਿਤੀ ਵਾਰ ਭਲੇ ॥

ਘੜੀ ਮੂਰਤ ਪਲ ਸਾਚੇ
ਆਏ ਸਹਜਿ ਮਿਲੇ ॥

ਪ੍ਰਭ ਮਿਲੇ ਪਿਆਰੇ ਕਾਰਜ ਸਾਰੇ
ਕਰਤਾ ਸਭ ਬਿਧਿ ਜਾਣੈ ॥

تُدھُ بھاوا سرِ ناوا ॥

گنگ جمُن تہ بینٹی سنگم
سات سمُنّد سماوا ॥

پُنّن دان پُوجا پرمیسُر
جُگِ جُگِ ایکو جاتا ॥

نانک ماگھِ مہا رسُ ہرِ جپِ
اٹھسٹھِ تیرتھ ناتا ॥ 15 ॥

پھلگُنِ منِ رہسی
پرّیمُ سُبھائیا ॥

اندِنُ رہسُ بھئیا
آپُ گوائیا ॥

من موہُ چُکائیا جا تِسُ بھائیا
کرِ کرِپا گھرِ آئو ॥

بہُتے ویس کری پر باجھہُ
محلی لہا ن تھائو ॥

ہار ڈور رس پاٹ پٹنّبر
پرِ لوڑی سیِگاری ॥

نانک میلِ لئی گُرِ اپنّے
گھرِ ورُ پائیا ناری ॥ 16 ॥

بے دس ماہ رُتی
تھِتی وار بھلے ॥

گھڑی مؤرت پل ساچے
آئے سہجِ مِلے ॥

پرّبھ مِلے پِیارے کارج سارے
کرتا سبھ بِدھِ جانّے ॥

ਜਿਨਿ ਸੀਗਾਰੀ ਤਿਸਹਿ ਪਿਆਰੀ
ਮੇਲੁ ਭਇਆ ਰੰਗੁ ਮਾਣੈ ॥

جِنِ سیگاری تِسہِ پیاری
میلُ بھئیا رنگُ ماۓ ॥

ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ
ਗੁਰਮੁਖਿ ਮਸਤਕਿ ਭਾਗੋ ॥

گھرِ سیج سُہاوی جا پِرِ راوی
گُرمُکھِ مستکِ بھاگو ॥

ਨਾਨਕ ਅਹਿਨਿਸਿ ਰਾਵੈ ਪ੍ਰੀਤਮੁ
ਹਰਿ ਵਰੁ ਥਿਰੁ ਸੋਹਾਗੋ ॥੧੭॥੧॥

نانک اہِنِس راوۓ پریتمُ
ہرِ ورُ تھِرُ سوہاگو ॥ 17 ॥ 1 ॥

ਤੁਖਾਰੀ ਮਹਲਾ ੧ ॥

تُکھاری محلا 1 ॥

ਪਹਿਲੈ ਪਹਰੈ ਨੈਣ ਸਲੋਨੜੀਏ
ਰੈਣਿ ਅੰਧਿਆਰੀ ਰਾਮ ॥

پہِلےَ پہرے نیَنْ سلونڑیۓ
رَیَنْ اندھِیاری رام ॥

ਵਖਰੁ ਰਾਖੁ ਮੁਈਏ
ਆਵੈ ਵਾਰੀ ਰਾਮ ॥

وکھرُ راکھُ مُئیۓ
آوۓ واری رام ॥

ਵਾਰੀ ਆਵੈ ਕਵਣੁ ਜਗਾਵੈ
ਸੂਤੀ ਜਮ ਰਸੁ ਚੂਸਏ ॥

واری آوۓ کونْ جگاوۓ
سوُتی جم رسُ چوُسۓ ॥

ਰੈਣਿ ਅੰਧੇਰੀ ਕਿਆ ਪਤਿ ਤੇਰੀ
ਚੋਰੁ ਪੜੈ ਘਰੁ ਮੂਸਏ ॥

رَیَنْ اندھیری کِیا پتِ تیری
چورُ پڑے گھرُ موُسۓ ॥

ਰਾਖਣਹਾਰਾ ਅਗਮ ਅਪਾਰਾ
ਸੁਣਿ ਬੇਨੰਤੀ ਮੇਰੀਆ ॥

راکھنْہارا اگم اپارا
سُنِ بینْنتی میریا ॥

ਨਾਨਕ ਮੂਰਖੁ ਕਬਹਿ ਨ ਚੇਤੈ
ਕਿਆ ਸੂਝੈ ਰੈਣਿ ਅੰਧੇਰੀਆ ॥੧॥

نانک موُرکھُ کبہِ ن چیتے
کِیا سوُجھے رَیَنْ اندھیریا ॥ 1 ॥

ਦੂਜਾ ਪਹਰੁ ਭਇਆ
ਜਾਗੁ ਅਚੇਤੀ ਰਾਮ ॥

دوُجا پہرُ بھئیا
جاگُ اچیتی رام ॥

ਵਖਰੁ ਰਾਖੁ ਮੁਈਏ
ਖਾਜੈ ਖੇਤੀ ਰਾਮ ॥

وکھرُ راکھُ مُئیۓ
کھاجےَ کھیتی رام ॥

ਰਾਖਹੁ ਖੇਤੀ ਹਰਿ ਗੁਰ ਹੇਤੀ
ਜਾਗਤ ਚੋਰੁ ਨ ਲਾਗੈ ॥

راکھہُ کھیتی ہرِ گُر ہیتی
جاگت چورُ ن لاگے ॥

ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ
ਜਮ ਕਾ ਡਰੁ ਭਉ ਭਾਗੈ ॥

جم مگِ ن جاوہُ نا دُکھُ پاوہُ
جم کا ڈڑ بھءُ بھاگے ॥

ਰਵਿ ਸਸਿ ਦੀਪਕ ਗੁਰਮਤਿ ਦੁਆਰੈ
ਮਨਿ ਸਾਚਾ ਮੁਖਿ ਧਿਆਵਏ ॥

روِ سسِ دیپک گُرمتِ دُیارے
منِ ساچا مُکھِ دھیاوئے ॥

ਨਾਨਕ ਮੂਰਖੁ ਅਜਹੁ ਨ ਚੇਤੈ
ਕਿਵ ਦੂਜੈ ਸੁਖੁ ਪਾਵਏ ॥੨॥

نانک مُورکھُ اجہُ ن چیتے
کِو دوُجے سُکھُ پاوئے ۔ ॥2॥

ਤੀਜਾ ਪਹਰੁ ਭਇਆ
ਨੀਦ ਵਿਆਪੀ ਰਾਮ ॥

تیجا پہرُ بھئیا
نِید وِیاپی رام ॥

ਮਾਇਆ ਸੁਤ ਦਾਰਾ
ਦੂਖਿ ਸੰਤਾਪੀ ਰਾਮ ॥

مائیا سُت دارا
دوُکھِ سنتاپی رام ॥

ਮਾਇਆ ਸੁਤ ਦਾਰਾ ਜਗਤ ਪਿਆਰਾ
ਚੋਗ ਚੁਗੈ ਨਿਤ ਫਾਸੈ ॥

مائیا سُت دارا جگت پِیارا
چوگ چُگے نِت پھاسے ॥

ਨਾਮੁ ਧਿਆਵੈ ਤਾ ਸੁਖੁ ਪਾਵੈ
ਗੁਰਮਤਿ ਕਾਲੁ ਨ ਗ੍ਰਾਸੈ ॥

نامُ دھیاوے تا سُکھُ پاوے
گُرمتِ کالُ ن گراسے ॥

ਜੰਮਣੁ ਮਰਣੁ ਕਾਲੁ ਨਹੀ ਛੋਡੈ
ਵਿਣੁ ਨਾਵੈ ਸੰਤਾਪੀ ॥

جنمُنُ مرنُ کالُ نہی چھوڈے
وِنُ ناوے سنتاپی ॥

ਨਾਨਕ ਤੀਜੈ ਤ੍ਰਿਬਿਧਿ ਲੋਕਾ
ਮਾਇਆ ਮੋਹਿ ਵਿਆਪੀ ॥੩॥

نانک تیجے ترِبدھِ لوکا
مائیا موہِ وِیاپی ॥3॥

ਚਉਥਾ ਪਹਰੁ ਭਇਆ
ਦਉਤੁ ਬਿਹਾਗੈ ਰਾਮ ॥

چتُھا پہرُ بھئیا
دتُ بِہاگے رام ॥

ਤਿਨ ਘਰੁ ਰਾਖਿਅੜਾ
ਜੋ ਅਨਦਿਨੁ ਜਾਗੈ ਰਾਮ ॥

تِن گھرُ راکھِڑا
جو اندِنُ جاگے رام ॥

ਗੁਰ ਪੂਛਿ ਜਾਗੇ ਨਾਮਿ ਲਾਗੇ
ਤਿਨਾ ਰੈਣਿ ਸੁਹੇਲੀਆ ॥

گُر پوُچھِ جاگے نامِ لاگے
تِنا رینِ سُہیلیا ॥

ਗੁਰ ਸਬਦੁ ਕਮਾਵਹਿ ਜਨਮਿ ਨ ਆਵਹਿ
ਤਿਨਾ ਹਰਿ ਪ੍ਰਭੁ ਬੇਲੀਆ ॥

گُر سبدُ کماوہِ جنمِ ن آوہِ

ਕਰ ਕੰਪਿ ਚਰਣ ਸਰੀਰੁ ਕੰਪੈ
ਨੈਣ ਅੰਧੁਲੇ ਤਨੁ ਭਸਮ ਸੇ ॥

ਨਾਨਕ ਦੁਖੀਆ ਜੁਗ ਚਾਰੇ
ਬਿਨੁ ਨਾਮ ਹਰਿ ਕੇ ਮਨਿ ਵਸੇ ॥੪॥

ਖੂਲੀ ਗੰਠਿ ਉਠੋ ਲਿਖਿਆ ਆਇਆ ਰਾਮ ॥

ਰਸ ਕਸ ਸੁਖ ਠਾਕੇ
ਬੰਧਿ ਚਲਾਇਆ ਰਾਮ ॥

ਬੰਧਿ ਚਲਾਇਆ ਜਾ ਪ੍ਰਭ ਭਾਇਆ
ਨਾ ਦੀਸੈ ਨਾ ਸੁਣੀਐ ॥

ਆਪਣ ਵਾਰੀ ਸਭਸੈ ਆਵੈ
ਪਕੀ ਖੇਤੀ ਲੁਣੀਐ ॥

ਘੜੀ ਚਸੇ ਕਾ ਲੇਖਾ ਲੀਜੈ
ਬੁਰਾ ਭਲਾ ਸਹੁ ਜੀਆ ॥

ਨਾਨਕ ਸੁਰਿ ਨਰ ਸਬਦਿ ਮਿਲਾਏ
ਤਿਨਿ ਪ੍ਰਭਿ ਕਾਰਣੁ ਕੀਆ ॥੫॥੨॥

ਤੁਖਾਰੀ ਮਹਲਾ ੧ ॥

ਤਾਰਾ ਚੜਿਆ ਲੰਮਾ
ਕਿਉ ਨਦਰਿ ਨਿਹਾਲਿਆ ਰਾਮ ॥

ਸੇਵਕ ਪੂਰ ਕਰੰਮਾ
ਸਤਿਗੁਰਿ ਸਬਦਿ ਦਿਖਾਲਿਆ ਰਾਮ ॥

ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ
ਅਹਿਨਿਸਿ ਦੇਖਿ ਬੀਚਾਰਿਆ ॥

ਧਾਵਤ ਪੰਚ ਰਹੇ ਘਰੁ ਜਾਣਿਆ
ਕਾਮੁ ਕ੍ਰੋਧੁ ਬਿਖੁ ਮਾਰਿਆ ॥

تِنا ہر پّربھُ بیلیا ॥

کر کنپِ چرنؒ سریرُ کنّپے
نیَنؒ انّدھُلے تنُ بھسم سے ॥

نانک دُکھیا جُگ چارے
بِنُ نام ہر کے منِ وسے ॥4॥

کھوُلی گنّٹھِ اُٹھو لِکھیا آئیا رام ॥

رس کس سُکھ ٹھاکے
بنّدھِ چلائیا رام ॥

بنّدھِ چلائیا جا پّربھ بھائیا
نا دِسیَ نا سُنّیَ ॥

آپنؒ واری سبھسے آوے
پکی کھیتی لُنّیَ ॥

گھڑی چسے کا لیکھا لیجے
بُرا بھلا سہُ جیا ۔ ॥

نانک سُرِ نر سبدِ مِلائے
تِنِ پّربھِ کارنؒ کیا ॥5॥2॥

تکھاری محلا 1 ॥

تارا چڑیا لنّما
کِءُ ندرِ نہالیا رام ॥

سیوک پوُر کرنّما
ستِگُرِ سبدِ دِکھالیا رام ॥

گُر سبدِ دِکھالیا سچُ سمالیا
اہِنِس دیکھِ بیچارِیا ॥

دھاوت پنّچ رہے گھرُ جانّیا
کامُ کرودھُ بِکھُ مارِیا ॥

ਅੰਤਰਿ ਜੋਤਿ ਭਈ ਗੁਰ ਸਾਖੀ
ਚੀਨੇ ਰਾਮ ਕਰੰਮਾ ॥

اَنتر جوتِ بھئی گُر ساکھی
چینے رام کرنّما ॥

ਨਾਨਕ ਹਉਮੈ ਮਾਰਿ ਪਤੀਣੇ
ਤਾਰਾ ਚੜਿਆ ਲੰਮਾ ॥੧॥

نانک ہئُمے مارِ پتیئے
تارا چڑیا لنّما ॥1॥

ਗੁਰਮੁਖਿ ਜਾਗਿ ਰਹੇ
ਚੂਕੀ ਅਭਿਮਾਨੀ ਰਾਮ ॥

گُرمُکھِ جاگِ رہے
چوُکی ابھِمانی رام ॥

ਅਨਦਿਨੁ ਭੋਰੁ ਭਇਆ
ਸਾਚਿ ਸਮਾਨੀ ਰਾਮ ॥

اندِنُ بھورُ بھئیا
ساچِ سمانی رام ॥

ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ
ਗੁਰਮੁਖਿ ਸਾਬਤੁ ਜਾਗੇ ॥

ساچِ سمانی گُرمُکھِ منِ بھانی
گُرمُکھِ سابتُ جاگے ॥

ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ
ਹਰਿ ਚਰਨੀ ਲਿਵ ਲਾਗੇ ॥

ساچُ نامُ اَنمرِتُ گُرِ دِیِیا
ہرِ چرنی لِو لاگے ॥

ਪ੍ਰਗਟੀ ਜੋਤਿ ਜੋਤਿ ਮਹਿ ਜਾਤਾ
ਮਨਮੁਖਿ ਭਰਮਿ ਭੁਲਾਣੀ ॥

پرگٹی جوتِ جوتِ مہِ جاتا
منمُکھِ بھرمِ بھُلاٹی ॥

ਨਾਨਕ ਭੋਰੁ ਭਇਆ ਮਨੁ ਮਾਨਿਆ
ਜਾਗਤ ਰੈਣਿ ਵਿਹਾਣੀ ॥੨॥

نانک بھورُ بھئیا منُ مانِیا
جاگت رینِ وِہاٹی ॥2॥

ਅਉਗਣ ਵੀਸਰਿਆ
ਗੁਣੀ ਘਰੁ ਕੀਆ ਰਾਮ ॥

اَئگن وِیسریا
گُنی گھرُ کِیِیا رام ॥

ਏਕੋ ਰਵਿ ਰਹਿਆ
ਅਵਰੁ ਨ ਬੀਆ ਰਾਮ ॥

ایکو رو رہِیا
اورُ ن بِیِیا رام ॥

ਰਵਿ ਰਹਿਆ ਸੋਈ ਅਵਰੁ ਨ ਕੋਈ
ਮਨ ਹੀ ਤੇ ਮਨੁ ਮਾਨਿਆ ॥

رو رہِیا سوئی اورُ ن کوئی
من ہی تے منُ مانِیا ॥

ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ
ਸੋ ਪ੍ਰਭੁ ਗੁਰਮੁਖਿ ਜਾਨਿਆ ॥

جِنِ جل تھل ترِبھوٹ گھٹُ گھٹُ تھاپِیا
سو پربھُ گُرمُکھِ جانِیا ॥

ਕਰਣ ਕਾਰਣ ਸਮਰਥ ਅਪਾਰਾ
ਤ੍ਰਿਬਿਧਿ ਮੇਟਿ ਸਮਾਈ ॥

کرٹ کارٹ سمرتھ اپارا

ਨਾਨਕ ਅਵਗਣ ਗੁਣਹ ਸਮਾਣੇ
ਐਸੀ ਗੁਰਮਤਿ ਪਾਈ ॥੩॥

نانک اوگُن گُنہ سمانے
ایَسی گُرمتِ پائی ॥3॥

ਆਵਣ ਜਾਣ ਰਹੇ
ਚੂਕਾ ਭੋਲਾ ਰਾਮ ॥

آونْ جانْ رہے
چُوکا بھولا رام ॥

ਹਉਮੈ ਮਾਰਿ ਮਿਲੇ
ਸਾਚਾ ਚੋਲਾ ਰਾਮ ॥

ہئُمےَ مارِ مِلے
ساچا چولا رام ॥

ਹਉਮੈ ਗੁਰਿ ਖੋਈ ਪਰਗਟੁ ਹੋਈ
ਚੂਕੇ ਸੋਗ ਸੰਤਾਪੈ ॥

ہئُمےَ گُرِ کھوئی پرگٹُ ہوئی
چُوکے سوگ سنتاپے ॥

ਜੋਤੀ ਅੰਦਰਿ ਜੋਤਿ ਸਮਾਣੀ
ਆਪੁ ਪਛਾਤਾ ਆਪੈ ॥

جوتی اندَرِ جوتِ سمانْی
آپُ پچھاتا آپے ॥

ਪੇਈਅੜੈ ਘਰਿ ਸਬਦਿ ਪਤੀਣੀ
ਸਾਹੁਰੜੈ ਪਿਰ ਭਾਣੀ ॥

پیئیڑے گھرِ سبدِ پتیِنی
ساہُرڑے پِر بھانْی ॥

ਨਾਨਕ ਸਤਿਗੁਰਿ ਮੇਲਿ ਮਿਲਾਈ
ਚੂਕੀ ਕਾਣਿ ਲੋਕਾਣੀ ॥੪॥੩॥

نانک ستِگُرِ میلِ مِلائی
چُوکی کانْ لوکانْی ॥4॥3॥

ਤੁਖਾਰੀ ਮਹਲਾ ੧ ॥

تُکھاری محلا 1 ॥

ਭੋਲਾਵੜੈ ਭੁਲੀ
ਭੁਲਿ ਭੁਲਿ ਪਛੋਤਾਣੀ ॥

بھولاوڑے بھُلی
بھُلِ بھُلِ پچھوتانْی ॥

ਪਿਰਿ ਛੋਡਿਅੜੀ ਸੁਤੀ
ਪਿਰ ਕੀ ਸਾਰ ਨ ਜਾਣੀ ॥

پِر چھوڈِڑی سُتی
پِر کی سار ن جانْی ॥

ਪਿਰਿ ਛੋਡੀ ਸੁਤੀ ਅਵਗਣਿ ਮੁਤੀ
ਤਿਸੁ ਧਨ ਵਿਧਣ ਰਾਤੇ ॥

پِر چھوڈی سُتی اوگُنِ مُتی
تِس دھن وِدھنْ راتے ॥

ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ
ਹਉਮੈ ਲਗੀ ਤਾਤੇ ॥

کامِ کرودھِ اہنکارِ وِگُتی
ہئُمےَ لگی تاتے ॥

ਉਡਰਿ ਹੰਸੁ ਚਲਿਆ ਫੁਰਮਾਇਆ

اُڈرِ ہنْس چلیا فُرمائیا

ਭਸਮੈ ਭਸਮ ਸਮਾਣੀ ॥

بھسمے بھسم سمانی ॥

ਨਾਨਕ ਸਚੇ ਨਾਮ ਵਿਹੂਣੀ
ਭੁਲਿ ਭੁਲਿ ਪਛੋਤਾਣੀ ॥੧॥

نانک سچے نام وِہوُنی
بھُلِ بھُلِ پچھوتانی ॥1॥

ਸੁਣਿ ਨਾਹ ਪਿਆਰੇ ਇਕ ਬੇਨੰਤੀ ਮੇਰੀ ॥

سُنِ ناہ پیارے اِک بینتی میری ॥

ਤੂ ਨਿਜ ਘਰਿ ਵਸਿਅੜਾ
ਹਉ ਰੁਲਿ ਭਸਮੈ ਢੇਰੀ ॥

توُ نج گھرِ وسیئڑا
ہءُ رُلِ بھسمے ڈھیری ॥

ਬਿਨੁ ਅਪਨੇ ਨਾਹੈ ਕੋਇ ਨ ਚਾਹੈ
ਕਿਆ ਕਹੀਐ ਕਿਆ ਕੀਜੈ ॥

بِنُ اپنے ناہے کوءِ ن چاہے
کِیا کہیئے کِیا کیجے ۔ ॥

ਅੰਮ੍ਰਿਤ ਨਾਮੁ ਰਸਨ ਰਸੁ ਰਸਨਾ
ਗੁਰ ਸਬਦੀ ਰਸੁ ਪੀਜੈ ॥

انّمرِت نامُ رسن رسُ رسنا
گُر سبدی رسُ پیجے ॥

ਵਿਣੁ ਨਾਵੈ ਕੋ ਸੰਗਿ ਨ ਸਾਥੀ
ਆਵੈ ਜਾਇ ਘਨੇਰੀ ॥

وِنُ ناوے کو سنگِ ن ساتھی
آوے جاءِ گھنیری ॥

ਨਾਨਕ ਲਾਹਾ ਲੈ ਘਰਿ ਜਾਈਐ
ਸਾਚੀ ਸਚੁ ਮਤਿ ਤੇਰੀ ॥੨॥

نانک لاہا لے گھرِ جائیے
ساچی سچُ متِ تیری ॥2॥

ਸਾਜਨ ਦੇਸਿ ਵਿਦੇਸੀਅੜੇ
ਸਾਨੇਹੜੇ ਦੇਦੀ ॥

ساجن دیسِ وِدیسیئڑے
سانیہڑے دیدی ॥

ਸਾਰਿ ਸਮਾਲੇ ਤਿਨ ਸਜਣਾ
ਮੁੰਧ ਨੈਣ ਭਰੇਦੀ ॥

سارِ سمالے تِن سجنّا
مُندھ نیَنْ بھریدی ॥

ਮੁੰਧ ਨੈਣ ਭਰੇਦੀ ਗੁਣ ਸਾਰੇਦੀ
ਕਿਉ ਪ੍ਰਭ ਮਿਲਾ ਪਿਆਰੇ ॥

مُندھ نیَنْ بھریدی گُنْ ساریدی
کِءُ پربھ مِلا پیارے ۔ ॥

ਮਾਰਗੁ ਪੰਥੁ ਨ ਜਾਣਉ ਵਿਖੜਾ
ਕਿਉ ਪਾਈਐ ਪਿਰੁ ਪਾਰੇ ॥

مارگُ پنتھ ن جانْءُ وِکھڑا
کِءُ پائیے پِرُ پارے ۔ ॥

ਸਤਿਗੁਰ ਸਬਦੀ ਮਿਲੈ ਵਿਛੁੰਨੀ
ਤਨੁ ਮਨੁ ਆਗੈ ਰਾਖੈ ॥

ستِگُر سبدی مِلے وِچھُنّی
تنُ منُ آگے راکھے ॥

ਨਾਨਕ ਅੰਮ੍ਰਿਤ ਬਿਰਖੁ ਮਹਾ ਰਸ ਫਲਿਆ

نانک انّمرِت بِرکھُ مہا رس پھلیا

ਮਿਲਿ ਪ੍ਰੀਤਮ ਰਸੁ ਚਾਖੈ ॥੩॥

ਮਹਲਿ ਬੁਲਾਇੜੀਏ ਬਿਲਮੁ ਨ ਕੀਜੈ ॥

ਅਨਦਿਨੁ ਰਤੜੀਏ ਸਹਜਿ ਮਿਲੀਜੈ ॥

ਸੁਖਿ ਸਹਜਿ ਮਿਲੀਜੈ ਰੋਸੁ ਨ ਕੀਜੈ
ਗਰਬੁ ਨਿਵਾਰਿ ਸਮਾਣੀ ॥

ਸਾਚੈ ਰਾਤੀ ਮਿਲੈ ਮਿਲਾਈ
ਮਨਮੁਖਿ ਆਵਣ ਜਾਣੀ ॥

ਜਬ ਨਾਚੀ ਤਬ ਘੂਘਟੁ ਕੈਸਾ
ਮਟੁਕੀ ਫੋੜਿ ਨਿਰਾਰੀ ॥

ਨਾਨਕ ਆਪੈ ਆਪੁ ਪਛਾਣੈ
ਗੁਰਮੁਖਿ ਤਤੁ ਬੀਚਾਰੀ ॥੪॥੪॥

ਤੁਖਾਰੀ ਮਹਲਾ ੧ ॥

ਮੇਰੇ ਲਾਲ ਰੰਗੀਲੇ
ਹਮ ਲਾਲਨ ਕੇ ਲਾਲੇ ॥

ਗੁਰਿ ਅਲਖੁ ਲਖਾਇਆ
ਅਵਰੁ ਨ ਦੂਜਾ ਭਾਲੇ ॥

ਗੁਰਿ ਅਲਖੁ ਲਖਾਇਆ ਜਾ ਤਿਸੁ ਭਾਇਆ
ਜਾ ਪ੍ਰਭਿ ਕਿਰਪਾ ਧਾਰੀ ॥

ਜਗਜੀਵਨੁ ਦਾਤਾ ਪੁਰਖੁ ਬਿਧਾਤਾ
ਸਹਜਿ ਮਿਲੇ ਬਨਵਾਰੀ ॥

ਨਦਰਿ ਕਰਹਿ ਤੂ ਤਾਰਹਿ ਤਰੀਐ
ਸਚੁ ਦੇਵਹੁ ਦੀਨ ਦਇਆਲਾ ॥

ਪ੍ਰਣਵਤਿ ਨਾਨਕ ਦਾਸਨਿ ਦਾਸਾ
ਤੂ ਸਰਬ ਜੀਆ ਪ੍ਰਤਿਪਾਲਾ ॥੧॥

ਭਰਿਪੁਰਿ ਧਾਰਿ ਰਹੇ

ملِ پریتم رسُ چاکھےَ ॥3॥

محلِ بُلائیڑیے بِلمُ ن کیجےَ ॥

اندِنُ رتڑیے سہجِ ملیجےَ ॥

سُکھِ سہجِ ملیجےَ روسُ ن کیجےَ
گربُ نِوارِ سماٹی ॥

ساچےَ راتی ملےَ ملائی
منمُکھِ آوٹ جاٹی ॥

جب ناچی تب گھوُگھٹُ کیسا
مٹکی پھوڑِ نِراری ॥

نانک آپے آپُ پچھاٹےَ
گُرمُکھِ تتُ بیچاری ॥4॥4॥

ٹکھاری محلا 1 ॥

میرے لال رنگیلے
ہم لالن کے لالے ॥

گُرِ الکھُ لکھائیا
اورُ ن دوُجا بھالے ॥

گُرِ الکھُ لکھائیا جا تِسُ بھائیا
جا پربھِ کِرپا دھاری ॥

جگجیونُ داتا پُرکھُ بِدھاتا
سہجِ ملے بنواری ॥

ندرِ کرہِ توُ تارہِ تریےَ
سچُ دیوہُ دین دئیالا ۔ ॥

پرٹوتِ نانک داسنِ داسا
توُ سرب جیِیا پرتپالا ॥1॥

بھرپُر دھارِ رہے

ਅਤਿ ਪਿਆਰੇ ॥
اتِ پِیارے ॥

ਸਬਦੇ ਰਵਿ ਰਹਿਆ
ਗੁਰ ਰੂਪਿ ਮੁਰਾਰੇ ॥
سبدے روِ رہِیا
گُر روُپِ مُرارے ॥

ਗੁਰ ਰੂਪ ਮੁਰਾਰੇ ਤ੍ਰਿਭਵਣ ਧਾਰੇ
ਤਾ ਕਾ ਅੰਤੁ ਨ ਪਾਇਆ ॥
گُر روُپ مُرارے ترِبھوٹ دھارے
تا کا انتُ ن پائِیا ॥

ਰੰਗੀ ਜਿਨਸੀ ਜੰਤ ਉਪਾਏ
ਨਿਤ ਦੇਵੈ ਚੜੈ ਸਵਾਇਆ ॥
رنگی جِنسی جنت اُپائے
نِت دیوے چڑے سوائِیا ॥

ਅਪਰੰਪਰੁ ਆਪੇ ਥਾਪਿ ਉਥਾਪੇ
ਤਿਸੁ ਭਾਵੈ ਸੋ ਹੋਵੈ ॥
اپرنپرُ آپے تھاپِ اُتھاپے
تِس بھاوے سو ہووے ॥

ਨਾਨਕ ਹੀਰਾ ਹੀਰੈ ਬੇਧਿਆ
ਗੁਣ ਕੈ ਹਾਰਿ ਪਰੋਵੈ ॥੨॥
نانک ہیرا ہیرے بیدھِیا
گُٹ کے ہارِ پروے ॥2॥

ਗੁਣ ਗੁਣਹਿ ਸਮਾਣੇ
ਮਸਤਕਿ ਨਾਮ ਨੀਸਾਣੋ ॥
گُٹ گُٹہِ سماٹے
مستکِ نام نِیشاٹو ॥

ਸਚੁ ਸਾਚਿ ਸਮਾਇਆ
ਚੂਕਾ ਆਵਣ ਜਾਣੋ ॥
سچُ ساچِ سمائِیا
چوُکا آوٹ جاٹو ॥

ਸਚੁ ਸਾਚਿ ਪਛਾਤਾ ਸਾਚੈ ਰਾਤਾ
ਸਾਚੁ ਮਿਲੈ ਮਨਿ ਭਾਵੈ ॥
سچُ ساچِ پچھاتا ساچے راتا
ساچُ مِلے منِ بھاوے ॥

ਸਾਚੇ ਊਪਰਿ ਅਵਰੁ ਨ ਦੀਸੈ
ਸਾਚੇ ਸਾਚਿ ਸਮਾਵੈ ॥
ساچے اوُپر اورُ ن دیسے
ساچے ساچِ سماوے ॥

ਮੋਹਨਿ ਮੋਹਿ ਲੀਆ ਮਨੁ ਮੇਰਾ
ਬੰਧਨ ਖੋਲਿ ਨਿਰਾਰੇ ॥
موہنِ موہِ لِیا منُ میرا
بندھن کھولِ نِرارے ॥

ਨਾਨਕ ਜੋਤੀ ਜੋਤਿ ਸਮਾਣੀ
ਜਾ ਮਿਲਿਆ ਅਤਿ ਪਿਆਰੇ ॥੩॥
نانک جوتی جوتِ سماٹی
جا مِلِیا اتِ پِیارے ॥3॥

ਸਚ ਘਰੁ ਖੋਜਿ ਲਹੇ
ਸਾਚਾ ਗੁਰ ਥਾਨੋ ॥
سچ گھرُ کھوجِ لہے
ساچا گُر تھانو ॥

ਮਨਮੁਖਿ ਨਹ ਪਾਈਐ
ਗੁਰਮੁਖਿ ਗਿਆਨੋ ॥

ممنمکھِ نہ پائیئے
گُرمُکھِ گِیانو ॥

ਦੇਵੈ ਸਚੁ ਦਾਨੋ ਸੋ ਪਰਵਾਨੋ
ਸਦਾ ਦਾਤਾ ਵਡ ਦਾਣਾ ॥

دیوے سچُ دانو سو پروانو
سدا داتا وڈ داٹا ॥

ਅਮਰੁ ਅਜੋਨੀ ਅਸਥਿਰੁ ਜਾਪੈ
ਸਾਚਾ ਮਹਲੁ ਚਿਰਾਣਾ ॥

امرُ اجونی استھِرُ جاپے
ساچا محلُ چِراٹا ॥

ਦੋਤਿ ਉਚਾਪਤਿ ਲੇਖੁ ਨ ਲਿਖੀਐ
ਪ੍ਰਗਟੀ ਜੋਤਿ ਮੁਰਾਰੀ ॥

دوتِ اُچاپتِ لیکھُ ن لِکھیئے
پرگٹی جوتِ مُراری ॥

ਨਾਨਕ ਸਾਚਾ ਸਾਚੈ ਰਾਚਾ
ਗੁਰਮੁਖਿ ਤਰੀਐ ਤਾਰੀ ॥੪॥੫॥

نانک ساچا ساچے راچا
گُرمُکھِ ترِیئے تاری ॥4॥5॥

ਤੁਖਾਰੀ ਮਹਲਾ ੧ ॥

ٹکھاری محلا 1 ॥

ਏ ਮਨ ਮੇਰਿਆ
ਤੂ ਸਮਝੁ ਅਚੇਤ ਇਆਣਿਆ ਰਾਮ ॥

اے من میرِیا
توُ سمجھُ اچیت اِیاٹِیا رام ॥

ਏ ਮਨ ਮੇਰਿਆ
ਛਡਿ ਅਵਗਣ ਗੁਣੀ ਸਮਾਣਿਆ ਰਾਮ ॥

اے من میرِیا
چھڈِ اوگُن گُٹی سماٹِیا رام ॥

ਬਹੁ ਸਾਦ ਲੁਭਾਣੇ ਕਿਰਤ ਕਮਾਣੇ
ਵਿਛੁੜਿਆ ਨਹੀ ਮੇਲਾ ॥

بہُ ساد لُبھاٹے کِرت کماٹے
وِچھُڑِیا نہی میلا ॥

ਕਿਉ ਦੁਤਰੁ ਤਰੀਐ ਜਮ ਡਰਿ ਮਰੀਐ
ਜਮ ਕਾ ਪੰਥੁ ਦੁਹੇਲਾ ॥

کِءُ دُتّرُ ترِیئے جم ڈرِ مریئے
جم کا پنّتھُ دُہیلا ॥

ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ
ਅਵਘਟਿ ਰੁਧਾ ਕਿਆ ਕਰੇ ॥

منِ رامُ نہی جاتا ساجھ پربھاتا
اوگھٹِ رُدھا کِیا کرے ۔ ॥

ਬੰਧਨਿ ਬਾਧਿਆ ਇਨ ਬਿਧਿ ਛੂਟੈ
ਗੁਰਮੁਖਿ ਸੇਵੈ ਨਰਹਰੇ ॥੧॥

بنّدھنِ بادھِیا اِن بِدھِ چھوٹے
گُرمُکھِ سیوے نرہرے ॥1॥

ਏ ਮਨ ਮੇਰਿਆ
ਤੂ ਛੋਡਿ ਆਲ ਜੰਜਾਲਾ ਰਾਮ ॥

اے من میرِیا
توُ چھوڈِ آل زنجّالا رام ॥

ਏ ਮਨ ਮੇਰਿਆ
ਹਰਿ ਸੇਵਹੁ ਪੁਰਖੁ ਨਿਰਾਲਾ ਰਾਮ ॥

اے من میریا
ہرِ سیوہُ پُرکھُ نِرالا رام ॥

ਹਰਿ ਸਿਮਰਿ ਏਕੰਕਾਰੁ ਸਾਚਾ
ਸਭੁ ਜਗਤੁ ਜਿੰਨਿ ਉਪਾਇਆ ॥

ہرِ سِمرِ ایکنکارُ ساچا
سبھُ جگتُ جِنّنِ اُپائیا ॥

ਪਉਣੁ ਪਾਣੀ ਅਗਨਿ ਬਾਧੇ
ਗੁਰਿ ਖੇਲੁ ਜਗਤਿ ਦਿਖਾਇਆ ॥

پَؤنُ پانی اگنِ بادھے
گُرِ کھیلُ جگتِ دِکھائیا ॥

ਆਚਾਰਿ ਤੂ ਵੀਚਾਰਿ ਆਪੇ
ਹਰਿ ਨਾਮੁ ਸੰਜਮ ਜਪ ਤਪੋ ॥

آچارِ توُ ویچارِ آپے
ہرِ نامُ سنّجم جپ تپو ॥

ਸਖਾ ਸੈਨੁ ਪਿਆਰੁ ਪ੍ਰੀਤਮੁ
ਨਾਮੁ ਹਰਿ ਕਾ ਜਪੁ ਜਪੋ ॥੨॥

سکھا سینُ پِیارُ پریتمُ
نامُ ہرِ کا جپُ جپو ॥2॥

ਏ ਮਨ ਮੇਰਿਆ
ਤੂ ਥਿਰੁ ਰਹੁ ਚੋਟ ਨ ਖਾਵਹੀ ਰਾਮ ॥

اے من میریا
توُ تھِرُ رہُ چوٹ ن کھاوہی رام ॥

ਏ ਮਨ ਮੇਰਿਆ
ਗੁਣ ਗਾਵਹਿ ਸਹਜਿ ਸਮਾਵਹੀ ਰਾਮ ॥

اے من میریا
گُنؤ گاوہِ سہجِ سماوہی رام ॥

ਗੁਣ ਗਾਇ ਰਾਮ ਰਸਾਇ ਰਸੀਅਹਿ
ਗੁਰ ਗਿਆਨ ਅੰਜਨੁ ਸਾਰਹੇ ॥

گُنؤ گاءِ رام رساءِ رسیئہِ
گُر گیان انّجنُ سارہے ॥

ਤ੍ਰੈ ਲੋਕ ਦੀਪਕੁ ਸਬਦਿ ਚਾਨਣੁ
ਪੰਚ ਦੂਤ ਸੰਘਾਰਹੇ ॥

ترّے لوک دیپکُ سبدِ چانؤُ
پنّچ دوُت سنگھارہے ॥

ਭੈ ਕਾਟਿ ਨਿਰਭਉ ਤਰਹਿ ਦੁਤਰੁ
ਗੁਰਿ ਮਿਲਿਐ ਕਾਰਜ ਸਾਰਏ ॥

بھے کاٹِ نِربھءُ ترہِ دُتّرُ
گُرِ ملِئے کارج سارئے ॥

ਰੂਪੁ ਰੰਗੁ ਪਿਆਰੁ ਹਰਿ ਸਿਉ
ਹਰਿ ਆਪਿ ਕਿਰਪਾ ਧਾਰਏ ॥੩॥

روُپُ رنگُ پِیارُ ہرِ سِءُ
ہرِ آپِ کِرپا دھارئے ॥3॥

ਏ ਮਨ ਮੇਰਿਆ
ਤੂ ਕਿਆ ਲੈ ਆਇਆ ਕਿਆ ਲੈ ਜਾਇਸੀ ਰਾਮ ॥

اے من میریا
توُ کیا لے آئیا کیا لے جائسی رام ॥

ਏ ਮਨ ਮੇਰਿਆ
ਤਾ ਛੁਟਸੀ ਜਾ ਭਰਮੁ ਚੁਕਾਇਸੀ ਰਾਮ ॥

اے من میریا

ਧਨੁ ਸੰਚਿ ਹਰਿ ਹਰਿ ਨਾਮ ਵਖਰੁ
ਗੁਰ ਸਬਦਿ ਭਾਉ ਪਛਾਣਹੇ ॥

ਮੈਲੁ ਪਰਹਰਿ ਸਬਦਿ ਨਿਰਮਲੁ
ਮਹਲੁ ਘਰੁ ਸਚੁ ਜਾਣਹੇ ॥

ਪਤਿ ਨਾਮੁ ਪਾਵਹਿ ਘਰਿ ਸਿਧਾਵਹਿ
ਝੋਲਿ ਅੰਮ੍ਰਿਤ ਪੀ ਰਸੋ ॥

ਹਰਿ ਨਾਮੁ ਧਿਆਈਐ ਸਬਦਿ ਰਸੁ ਪਾਈਐ
ਵਡਭਾਗਿ ਜਪੀਐ ਹਰਿ ਜਸੋ ॥੪॥

ਏ ਮਨੁ ਮੇਰਿਆ
ਬਿਨੁ ਪਉੜੀਆ ਮੰਦਰਿ ਕਿਉ ਚੜੈ ਰਾਮ ॥

ਏ ਮਨ ਮੇਰਿਆ
ਬਿਨੁ ਬੇੜੀ ਪਾਰਿ ਨ ਅੰਬੜੈ ਰਾਮ ॥

ਪਾਰਿ ਸਾਜਨੁ ਅਪਾਰੁ ਪ੍ਰੀਤਮੁ
ਗੁਰ ਸਬਦ ਸੁਰਤਿ ਲੰਘਾਵਏ ॥

ਮਿਲਿ ਸਾਧਸੰਗਤਿ ਕਰਹਿ ਰਲੀਆ
ਫਿਰਿ ਨ ਪਛੋਤਾਵਏ ॥

ਕਰਿ ਦਇਆ ਦਾਨੁ ਦਇਆਲ ਸਾਚਾ
ਹਰਿ ਨਾਮ ਸੰਗਤਿ ਪਾਵਓ ॥

ਨਾਨਕੁ ਪਇਅੰਪੈ ਸੁਣਹੁ ਪ੍ਰੀਤਮ
ਗੁਰ ਸਬਦਿ ਮਨੁ ਸਮਝਾਵਓ ॥੫॥੬॥

ਤੁਖਾਰੀ ਛੰਤ ਮਹਲਾ ੪

ੴ ਸਤਿਗੁਰ ਪ੍ਰਸਾਦਿ ॥

ਅੰਤਰਿ ਪਿਰੀ ਪਿਆਰੁ
ਕਿਉ ਪਿਰ ਬਿਨੁ ਜੀਵੀਐ ਰਾਮ ॥

تا چھُٹسی جا بھرمُ چُکائسی رام ॥

دھنُ سنچِ ہرِ ہرِ نام وکھرُ
گُر سبدِ بھاءُ پچھاٹہے ॥

میَلُ پرہرِ سبدِ نِرملُ
محلُ گھرُ سچُ جاٹہے ॥

پتِ نامُ پاوہِ گھرِ سِدھاوہِ
جھولِ انمّرِت پی رسو ॥

ہرِ نامُ دھیائیئے سبدِ رسُ پائیئے
وڈبھاگِ جپیئے ہرِ جسو ॥4॥

اے منُ میرِیا
بِنُ پٹُڑیا مندِر کِءُ چڑے رام ॥

اے من میرِیا
بِنُ بیڑی پارِ ن انبڑے رام ॥

پارِ ساجنُ اپارُ پرّیتمُ
گُر سبد سُرتِ لنگھاوئے ॥

مِلِ سادھسنگتِ کرہِ رلِیا
پھِرِ ن پچھوتاوئے ॥

کرِ دئیا دانُ دئیال ساچا
ہرِ نام سنگتِ پاوئو ॥

نانکُ پئنّپے سُنہُ پرّیتم
گُر سبدِ منُ سمجھاوئو ॥5॥6॥

ٹکھاری چھنّت محلا 4

ۓ ستگُر پرّسادِ ॥

انترِ پری پیارُ
کِءُ پرِ بِنُ جیویئے رام ॥

ਜਬ ਲਗੁ ਦਰਸੁ ਨ ਹੋਇ
ਕਿਉ ਅੰਮ੍ਰਿਤੁ ਪੀਵੀਐ ਰਾਮ ॥

جب لگُ درسُ ن ہوءِ
کِءُ انمّرِتُ پیویےَ رام ॥

ਕਿਉ ਅੰਮ੍ਰਿਤੁ ਪੀਵੀਐ ਹਰਿ ਬਿਨੁ ਜੀਵੀਐ
ਤਿਸੁ ਬਿਨੁ ਰਹਨੁ ਨ ਜਾਏ ॥

کِءُ انمّرِتُ پیویےَ ہرِ بِنُ جیویےَ
تِسُ بِنُ رہنُ ن جائے ॥

ਅਨਦਿਨੁ ਪ੍ਰਿਉ ਪ੍ਰਿਉ ਕਰੇ ਦਿਨੁ ਰਾਤੀ
ਪਿਰ ਬਿਨੁ ਪਿਆਸ ਨ ਜਾਏ ॥

اندِنُ پّرءُ پّرءُ کرے دِنُ راتی
پر بِنُ پیاس ن جائے ॥

ਅਪਣੀ ਕ੍ਰਿਪਾ ਕਰਹੁ ਹਰਿ ਪਿਆਰੇ
ਹਰਿ ਹਰਿ ਨਾਮੁ ਸਦ ਸਾਰਿਆ ॥

اپنّی کرِپا کرہُ ہرِ پیارے
ہرِ ہرِ نامُ سد سارِیا ॥

ਗੁਰ ਕੈ ਸਬਦਿ ਮਿਲਿਆ ਮੈ ਪ੍ਰੀਤਮੁ
ਹਉ ਸਤਿਗੁਰ ਵਿਟਹੁ ਵਾਰਿਆ ॥੧॥

گُر کے سبدِ مِلیا مے پّریتمُ
ہءُ ستِگُر وِٹہُ وارِیا ॥1॥

ਜਬ ਦੇਖਾਂ ਪਿਰੁ ਪਿਆਰਾ
ਹਰਿ ਗੁਣ ਰਸਿ ਰਵਾ ਰਾਮ ॥

جب دیکھاں پِرُ پیارا
ہرِ گُنّ رسِ روا رام ॥

ਮੇਰੈ ਅੰਤਰਿ ਹੋਇ ਵਿਗਾਸੁ
ਪ੍ਰਿਉ ਪ੍ਰਿਉ ਸਚੁ ਨਿਤ ਚਵਾ ਰਾਮ ॥

میرے انترِ ہوءِ وِگاسُ
پّرءُ پّرءُ سچُ نِت چوا رام ॥

ਪ੍ਰਿਉ ਚਵਾ ਪਿਆਰੇ ਸਬਦਿ ਨਿਸਤਾਰੇ
ਬਿਨੁ ਦੇਖੇ ਤ੍ਰਿਪਤਿ ਨ ਆਵਏ ॥

پّرءُ چوا پیارے سبدِ نِستارے
بِنُ دیکھے ترِپتِ ن آوئے ॥

ਸਬਦਿ ਸੀਗਾਰੁ ਹੋਵੈ ਨਿਤ ਕਾਮਣਿ
ਹਰਿ ਹਰਿ ਨਾਮੁ ਧਿਆਵਏ ॥

سبدِ سیگارُ ہووے نِت کامنّ
ہرِ ہرِ نامُ دھیاوئے ॥

ਦਇਆ ਦਾਨੁ ਮੰਗਤ ਜਨ ਦੀਜੈ
ਮੈ ਪ੍ਰੀਤਮੁ ਦੇਹੁ ਮਿਲਾਏ ॥

دئیا دانُ منگت جن دیجے
مے پّریتمُ دیہُ مِلائے ॥

ਅਨਦਿਨੁ ਗੁਰੁ ਗੋਪਾਲੁ ਧਿਆਈ
ਹਮ ਸਤਿਗੁਰ ਵਿਟਹੁ ਘੁਮਾਏ ॥੨॥

اندِنُ گُرُ گوپالُ دھیائی
ہم ستِگُر وِٹہُ گھُمائے ॥2॥

ਹਮ ਪਾਥਰ ਗੁਰੁ ਨਾਵ
ਬਿਖੁ ਭਵਜਲੁ ਤਾਰੀਐ ਰਾਮ ॥

ہم پاتھر گُرُ ناو
بِکھُ بھوجلُ تارِیےَ رام ॥

ਗੁਰ ਦੇਵਹੁ ਸਬਦੁ ਸੁਭਾਇ
ਮੈ ਮੂੜ ਨਿਸਤਾਰੀਐ ਰਾਮ ॥

گُر دیوہُ سبدُ سُبھاءِ

ਹਮ ਮੂੜ ਮੁਗਧ ਕਿਛੁ ਮਿਤਿ ਨਹੀ ਪਾਈ
ਤੂ ਅਗੰਮੁ ਵਡ ਜਾਣਿਆ ॥

ہم مُوڑ مُگدھ کِچھُ مِتِ نہی پائی
توُ اگنّمُ وڈ جاٹیا ॥

ਤੂ ਆਪਿ ਦਇਆਲੁ ਦਇਆ ਕਰਿ ਮੇਲਹਿ
ਹਮ ਨਿਰਗੁਣੀ ਨਿਮਾਣਿਆ ॥

توُ آپِ دئیالُ دئیا کرِ میلہِ
ہم نِرگُنی نِماٹیا ॥

ਅਨੇਕ ਜਨਮ ਪਾਪ ਕਰਿ ਭਰਮੇ
ਹੁਣਿ ਤਉ ਸਰਣਾਗਤਿ ਆਏ ॥

انیک جنم پاپ کرِ بھرمے
ہُنِ تءُ سرٹاگتِ آئے ॥

ਦਇਆ ਕਰਹੁ ਰਖਿ ਲੇਵਹੁ ਹਰਿ ਜੀਉ
ਹਮ ਲਾਗਹ ਸਤਿਗੁਰ ਪਾਏ ॥੩॥

دئیا کرہُ رکھِ لیوہُ ہرِ جیءُ
ہم لاگہ ستِگُر پائے ॥3॥

ਗੁਰ ਪਾਰਸ ਹਮ ਲੋਹ
ਮਿਲਿ ਕੰਚਨੁ ਹੋਇਆ ਰਾਮ ॥

گُر پارس ہم لوہ
مِلِ کنچُن ہوئیا رام ॥

ਜੋਤੀ ਜੋਤਿ ਮਿਲਾਇ
ਕਾਇਆ ਗੜੁ ਸੋਹਿਆ ਰਾਮ ॥

جوتی جوتِ مِلاءِ
کائیا گڑُ سوہِیا رام ॥

ਕਾਇਆ ਗੜੁ ਸੋਹਿਆ ਮੇਰੈ ਪ੍ਰਭਿ ਮੋਹਿਆ
ਕਿਉ ਸਾਸਿ ਗਿਰਾਸਿ ਵਿਸਾਰੀਐ ॥

کائیا گڑُ سوہِیا میرے پربھِ موہِیا
کِءُ ساسِ گِراسِ وِسارِیے ۔ ॥

ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ
ਹਉ ਸਤਿਗੁਰ ਕੈ ਬਲਿਹਾਰੀਐ ॥

ادّرِسٹُ اگوچرُ پکڑِیا گُر سبدی
ہءُ ستِگُر کے بلِہارِیے ॥

ਸਤਿਗੁਰ ਆਗੈ ਸੀਸੁ ਭੇਟ ਦੇਉ
ਜੇ ਸਤਿਗੁਰ ਸਾਚੇ ਭਾਵੈ ॥

ستِگُر آگے سیُس بھیٹ دیءُ
جے ستِگُر ساچے بھاوے ॥

ਆਪੇ ਦਇਆ ਕਰਹੁ ਪ੍ਰਭ ਦਾਤੇ
ਨਾਨਕ ਅੰਕਿ ਸਮਾਵੈ ॥੪॥੧॥

آپے دئیا کرہُ پربھ داتے
نانک انکِ سماوے ॥4॥1॥

ਤੁਖਾਰੀ ਮਹਲਾ ੪ ॥

تُکھاری محلا 4 ॥

ਹਰਿ ਹਰਿ ਅਗਮ ਅਗਾਧਿ
ਅਪਰੰਪਰ ਅਪਰਪਰਾ ॥

ہرِ ہرِ اگم اگادھِ
اپرنّپر اپرپرا ۔ ॥

ਜੋ ਤੁਮ ਧਿਆਵਹਿ ਜਗਦੀਸ

جو تُم دھِیاوہِ جگدیس

ਤੇ ਜਨ ਭਉ ਬਿਖਮੁ ਤਰਾ ॥

تے جن بھءُ بِکھمُ ترا ॥

ਬਿਖਮ ਭਉ ਤਿਨ ਤਰਿਆ ਸੁਹੇਲਾ
ਜਿਨ ਹਰਿ ਹਰਿ ਨਾਮੁ ਧਿਆਇਆ ॥

بِکھم بھءُ تِن تریا سُہیلا
جِن ہرِ ہرِ نامُ دھیائیا ॥

ਗੁਰ ਵਾਕਿ ਸਤਿਗੁਰ ਜੋ ਭਾਇ ਚਲੇ
ਤਿਨ ਹਰਿ ਹਰਿ ਆਪਿ ਮਿਲਾਇਆ ॥

گُر واکِ ستِگُر جو بھاءِ چلے
تِن ہرِ ہرِ آپِ مِلائیا ॥

ਜੋਤੀ ਜੋਤਿ ਮਿਲਿ ਜੋਤਿ ਸਮਾਣੀ
ਹਰਿ ਕ੍ਰਿਪਾ ਕਰਿ ਧਰਣੀਧਰਾ ॥

جوتی جوتِ مِلِ جوتِ سمانٹی
ہرِ کرِپا کرِ دھرنِیدھرا ۔ ॥

ਹਰਿ ਹਰਿ ਅਗਮ ਅਗਾਧਿ
ਅਪਰੰਪਰ ਅਪਰਪਰਾ ॥੧॥

ہرِ ہرِ اگم اگادھِ
اپرنّپر اپرپرا ۔ ॥1॥

ਤੁਮ ਸੁਆਮੀ ਅਗਮ ਅਥਾਹ
ਤੂ ਘਟਿ ਘਟਿ ਪੂਰਿ ਰਹਿਆ ॥

تُم سُیامی اگم اتھاہ
توُ گھٹِ گھٹِ پوُرِ رہِیا ॥

ਤੂ ਅਲਖ ਅਭੇਉ ਅਗੰਮੁ
ਗੁਰ ਸਤਿਗੁਰ ਬਚਨਿ ਲਹਿਆ ॥

توُ الکھ ابھیءُ اگنّمُ
گُر ستِگُر بچنِ لہِیا ॥

ਧਨੁ ਧੰਨੁ ਤੇ ਜਨ ਪੁਰਖ ਪੂਰੇ
ਜਿਨ ਗੁਰ ਸੰਤਸੰਗਤਿ ਮਿਲਿ ਗੁਣ ਰਵੇ ॥

دھنُ دھنّنُ تے جن پُرکھ پوُرے
جِن گُر سنّتسنگتِ مِلِ گُن روے ॥

ਬਿਬੇਕ ਬੁਧਿ ਬੀਚਾਰਿ ਗੁਰਮੁਖਿ
ਗੁਰ ਸਬਦਿ ਖਿਨੁ ਖਿਨੁ ਹਰਿ ਨਿਤ ਚਵੇ ॥

بِبیک بُدھِ بیچارِ گُرمُکھِ
گُر سبدِ کھِنُ کھِنُ ہرِ نِت چوے ॥

ਜਾ ਬਹਹਿ ਗੁਰਮੁਖਿ ਹਰਿ ਨਾਮੁ ਬੋਲਹਿ
ਜਾ ਖੜੇ ਗੁਰਮੁਖਿ ਹਰਿ ਹਰਿ ਕਹਿਆ ॥

جا بہہِ گُرمُکھِ ہرِ نامُ بولہِ
جا کھڑے گُرمُکھِ ہرِ ہرِ کہِیا ॥

ਤੁਮ ਸੁਆਮੀ ਅਗਮ ਅਥਾਹ
ਤੂ ਘਟਿ ਘਟਿ ਪੂਰਿ ਰਹਿਆ ॥੨॥

تُم سُیامی اگم اتھاہ
توُ گھٹِ گھٹِ پوُرِ رہِیا ॥2॥

ਸੇਵਕ ਜਨ ਸੇਵਹਿ ਤੇ ਪਰਵਾਣੁ
ਜਿਨ ਸੇਵਿਆ ਗੁਰਮਤਿ ਹਰੇ ॥

سیوک جن سیوہِ تے پروانُ
جِن سیویا گُرمتِ ہرے ॥

ਤਿਨ ਕੇ ਕੋਟਿ ਸਭਿ ਪਾਪ
ਖਿਨੁ ਪਰਹਰਿ ਹਰਿ ਦੂਰਿ ਕਰੇ ॥

تِن کے کوٹِ سبھِ پاپ
کھِنُ پرہرِ ہرِ دوُرِ کرے ॥

ਤਿਨ ਕੇ ਪਾਪ ਦੋਖ ਸਭਿ ਬਿਨਸੇ
ਜਿਨ ਮਨਿ ਚਿਤਿ ਇਕੁ ਅਰਾਧਿਆ ॥

تِن کے پاپ دوکھ سبھِ بِنسے
جِن منِ چتِ اِکُ ارادھِیا ॥

ਤਿਨ ਕਾ ਜਨਮੁ ਸਫਲਿਓ ਸਭੁ ਕੀਆ ਕਰਤੈ
ਜਿਨ ਗੁਰ ਬਚਨੀ ਸਚੁ ਭਾਖਿਆ ॥

تِن کا جنمُ سپھلِئو سبھُ کِیا کرتے
جِن گُر بچنی سچُ بھاکھِیا ॥

ਤੇ ਧੰਨੁ ਜਨ ਵਡ ਪੁਰਖ ਪੂਰੇ
ਜੋ ਗੁਰਮਤਿ ਹਰਿ ਜਪਿ ਭਉ ਬਿਖਮੁ ਤਰੇ ॥

تے دھنّنُ جن وڈ پُرکھ پُورے
جو گُرمتِ ہرِ جپِ بھءُ بِکھمُ ترے ॥

ਸੇਵਕ ਜਨ ਸੇਵਹਿ ਤੇ ਪਰਵਾਣੁ
ਜਿਨ ਸੇਵਿਆ ਗੁਰਮਤਿ ਹਰੇ ॥੩॥

سیوک جن سیوہِ تے پرواۃُ
جِن سیویا گُرمتِ ہرے ॥3॥

ਤੂ ਅੰਤਰਜਾਮੀ ਹਰਿ ਆਪਿ
ਜਿਉ ਤੂ ਚਲਾਵਹਿ ਪਿਆਰੇ ਹਉ ਤਿਵੈ ਚਲਾ ॥

توُ انترجامی ہرِ آپِ
جِءُ توُ چلاوہِ پِیارے ہءُ توے چلا ॥

ਹਮਰੈ ਹਾਥਿ ਕਿਛੁ ਨਾਹਿ
ਜਾ ਤੂ ਮੇਲਹਿ ਤਾ ਹਉ ਆਇ ਮਿਲਾ ॥

ہمرے ہاتھِ کِچھُ ناہِ
جا توُ میلہِ تا ہءُ آءِ مِلا ॥

ਜਿਨ ਕਉ ਤੂ ਹਰਿ ਮੇਲਹਿ ਸੁਆਮੀ
ਸਭੁ ਤਿਨ ਕਾ ਲੇਖਾ ਛੁਟਕਿ ਗਇਆ ॥

جِن کءُ توُ ہرِ میلہِ سُیامی
سبھُ تِن کا لیکھا چھُٹکِ گئیا ॥

ਤਿਨ ਕੀ ਗਣਤ ਨ ਕਰਿਅਹੁ ਕੋ ਭਾਈ
ਜੋ ਗੁਰ ਬਚਨੀ ਹਰਿ ਮੇਲਿ ਲਇਆ ॥

تِن کی گنّت ن کرِیہُ کو بھائی
جو گُر بچنی ہرِ میلِ لئیا ॥

ਨਾਨਕ ਦਇਆਲੁ ਹੋਆ ਤਿਨ ਊਪਰਿ
ਜਿਨ ਗੁਰ ਕਾ ਭਾਣਾ ਮੰਨਿਆ ਭਲਾ ॥

نانک دئیالُ ہویا تِن اوُپرِ
جِن گُر کا بھاٹا منّنیا بھلا ॥

ਤੂ ਅੰਤਰਜਾਮੀ ਹਰਿ ਆਪਿ
ਜਿਉ ਤੂ ਚਲਾਵਹਿ ਪਿਆਰੇ ਹਉ ਤਿਵੈ ਚਲਾ ॥੪॥੨॥

توُ انترجامی ہرِ آپِ
جِءُ توُ چلاوہِ پِیارے ہءُ توے چلا ॥4॥2॥

ਤੁਖਾਰੀ ਮਹਲਾ ੪ ॥

تُکھاری محلا 4 ॥

ਤੂ ਜਗਜੀਵਨੁ ਜਗਦੀਸੁ ਸਭ
ਕਰਤਾ ਸ੍ਰਿਸਟਿ ਨਾਥੁ ॥

توُ جگجیونُ جگدیسُ سبھ
کرتا سرِسٹِ ناتھُ ॥

ਤਿਨ ਤੂ ਧਿਆਇਆ ਮੇਰਾ ਰਾਮੁ
ਜਿਨ ਕੈ ਧੁਰਿ ਲੇਖੁ ਮਾਥੁ ॥

تِن توُ دھیائیا میرا رامُ
جِن کے دھُرِ لیکھُ ماتھُ ॥

ਜਿਨ ਕਉ ਧੁਰਿ ਹਰਿ ਲਿਖਿਆ ਸੁਆਮੀ
ਤਿਨ ਹਰਿ ਹਰਿ ਨਾਮੁ ਅਰਾਧਿਆ ॥

ਤਿਨ ਕੇ ਪਾਪ ਇਕ ਨਿਮਖ ਸਭਿ ਲਾਥੇ
ਜਿਨ ਗੁਰ ਬਚਨੀ ਹਰਿ ਜਾਪਿਆ ॥

ਧਨੁ ਧੰਨੁ ਤੇ ਜਨ ਜਿਨ ਹਰਿ ਨਾਮੁ ਜਪਿਆ
ਤਿਨ ਦੇਖੇ ਹਉ ਭਇਆ ਸਨਾਥੁ ॥

ਤੂ ਜਗਜੀਵਨੁ ਜਗਦੀਸੁ ਸਭ
ਕਰਤਾ ਸ੍ਰਿਸਟਿ ਨਾਥੁ ॥੧॥

ਤੂ ਜਲਿ ਥਲਿ ਮਹੀਅਲਿ ਭਰਪੂਰਿ
ਸਭ ਊਪਰਿ ਸਾਚੁ ਧਣੀ ॥

ਜਿਨ ਜਪਿਆ ਹਰਿ ਮਨਿ ਚੀਤਿ
ਹਰਿ ਜਪਿ ਜਪਿ ਮੁਕਤੁ ਘਣੀ ॥

ਜਿਨ ਜਪਿਆ ਹਰਿ ਤੇ ਮੁਕਤ ਪ੍ਰਾਣੀ
ਤਿਨ ਕੇ ਊਜਲ ਮੁਖ ਹਰਿ ਦੁਆਰਿ ॥

ਓਇ ਹਲਤਿ ਪਲਤਿ ਜਨ ਭਏ ਸੁਹੇਲੇ
ਹਰਿ ਰਾਖਿ ਲੀਏ ਰਖਨਹਾਰਿ ॥

ਹਰਿ ਸੰਤਸੰਗਤਿ ਜਨ ਸੁਣਹੁ ਭਾਈ
ਗੁਰਮੁਖਿ ਹਰਿ ਸੇਵਾ ਸਫਲ ਬਣੀ ॥

ਤੂ ਜਲਿ ਥਲਿ ਮਹੀਅਲਿ ਭਰਪੂਰਿ
ਸਭ ਊਪਰਿ ਸਾਚੁ ਧਣੀ ॥੨॥

ਤੂ ਥਾਨ ਥਨੰਤਰਿ ਹਰਿ ਏਕੁ
ਹਰਿ ਏਕੋ ਏਕੁ ਰਵਿਆ ॥

ਵਣਿ ਤ੍ਰਿਣਿ ਤ੍ਰਿਭਵਣਿ ਸਭ ਸ੍ਰਿਸਟਿ
ਮੁਖਿ ਹਰਿ ਹਰਿ ਨਾਮੁ ਚਵਿਆ ॥

ਸਭਿ ਚਵਹਿ ਹਰਿ ਹਰਿ ਨਾਮੁ ਕਰਤੇ
ਅਸੰਖ ਅਗਣਤ ਹਰਿ ਧਿਆਵਏ ॥

جِن ک ءُ دھُرِ ہرِ لِکھیا سُیامی
تِن ہرِ ہرِ نامُ ارادھِیا ॥

تِن کے پاپ اِک نِمکھ سبھِ لاتھے
جِن گُر بچنی ہرِ جاپِیا ॥

دھنُ دھنّنُ تے جن جِن ہرِ نامُ جپِیا
تِن ویکھے ہءُ بھئِیا سناتھُ ॥

توُ جگجِیونُ جگدیسُ سبھ
کرتا سّرِسٹِ ناتھُ ॥1॥

توُ جلِ تھلِ مہِیَلِ بھرپوُرِ
سبھ اوُپرِ ساچُ دھنّی ॥

جِن جپِیا ہرِ منِ چیتِ
ہرِ جپِ جپِ مُکتُ گھنّی ॥

جِن جپِیا ہرِ تے مُکت پّرانّی
تِن کے اوُجل مُکھ ہرِ دُیارِ ॥

اوءِ ہلتِ پلتِ جن بھے سُہیلے
ہرِ راکھِ لیۓ رکھنہارِ ॥

ہرِ سنّتسنگتِ جن سُنّہُ بھائی
گُرمُکھِ ہرِ سیوا سپھل بنّی ॥

توُ جلِ تھلِ مہِیَلِ بھرپوُرِ
سبھ اوُپرِ ساچُ دھنّی ॥2॥

توُ تھان تھنّترِ ہرِ ایکُ
ہرِ ایکو ایکُ روِیا ॥

وِنّ ترِنّ ترِبھونّ سبھ سّرِسٹِ
مُکھِ ہرِ ہرِ نامُ چوِیا ॥

سبھِ چوہِ ہرِ ہرِ نامُ کرتے

اسنکھ اگنت ہرِ دھیاوے ॥

ਸੋ ਧੰਨੁ ਧਨੁ ਹਰਿ ਸੰਤੁ ਸਾਧੂ
ਜੋ ਹਰਿ ਪ੍ਰਭ ਕਰਤੇ ਭਾਵਏ ॥

سو دھنّنُ دھنُ ہرِ سنّتُ سادھوُ
جو ہرِ پربھ کرتے بھاوے ॥

ਸੋ ਸਫਲੁ ਦਰਸਨੁ ਦੇਹੁ ਕਰਤੇ
ਜਿਸੁ ਹਰਿ ਹਿਰਦੈ ਨਾਮੁ ਸਦ ਚਵਿਆ ॥

سو سپھلُ درسنُ دیہُ کرتے
جِسُ ہرِ ہِردے نامُ سد چویا ॥

ਤੂ ਥਾਨ ਥਨੰਤਰਿ ਹਰਿ ਏਕੁ
ਹਰਿ ਏਕੋ ਏਕੁ ਰਵਿਆ ॥੩॥

توُ تھان تھننّترِ ہرِ ایکُ
ہرِ ایکو ایکُ رویا ॥3॥

ਤੇਰੀ ਭਗਤਿ ਭੰਡਾਰ ਅਸੰਖ
ਜਿਸੁ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ ॥

تیری بھگتِ بھنڈار اسنکھ
جِسُ توُ دیوہِ میرے سُیامی تِسُ مِلہِ ॥

ਜਿਸ ਕੈ ਮਸਤਕਿ ਗੁਰ ਹਾਥੁ
ਤਿਸੁ ਹਿਰਦੈ ਹਰਿ ਗੁਣ ਟਿਕਹਿ ॥

جِس کے مستکِ گُر ہاتھُ
تِسُ ہِردے ہرِ گُنّ ٹِکہِ ॥

ਹਰਿ ਗੁਣ ਹਿਰਦੈ ਟਿਕਹਿ ਤਿਸ ਕੈ
ਜਿਸੁ ਅੰਤਰਿ ਭਉ ਭਾਵਨੀ ਹੋਈ ॥

ہرِ گُنّ ہِردے ٹِکہِ تِس کے
جِسُ انترِ بھءُ بھاونی ہوئی ॥

ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ
ਬਿਨੁ ਭੈ ਪਾਰਿ ਨ ਉਤਰਿਆ ਕੋਈ ॥

بِنُ بھے کِنے ن پریمُ پائیا
بِنُ بھے پارِ ن اُترِیا کوئی ॥

ਭਉ ਭਾਉ ਪ੍ਰੀਤਿ ਨਾਨਕ ਤਿਸਹਿ ਲਾਗੈ
ਜਿਸੁ ਤੂ ਆਪਣੀ ਕਿਰਪਾ ਕਰਹਿ ॥

بھءُ بھاءُ پریتِ نانک تِسہِ لاگے
جِسُ توُ آپنی کِرپا کرہِ ॥

ਤੇਰੀ ਭਗਤਿ ਭੰਡਾਰ ਅਸੰਖ
ਜਿਸੁ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ ॥੪॥੩॥

تیری بھگتِ بھنڈار اسنکھ
جِسُ توُ دیوہِ میرے سُیامی تِسُ مِلہِ ॥4॥3॥

ਤੁਖਾਰੀ ਮਹਲਾ ੪ ॥

ٹکھاری محلا 4 ॥

ਨਾਵਣੁ ਪੁਰਬੁ ਅਭੀਚੁ
ਗੁਰ ਸਤਿਗੁਰ ਦਰਸੁ ਭਇਆ ॥

ناونُ پُربُ ابھیچُ
گُر ستِگُر درسُ بھئیا ॥

ਦੁਰਮਤਿ ਮੈਲੁ ਹਰੀ
ਅਗਿਆਨੁ ਅੰਧੇਰੁ ਗਇਆ ॥

دُرمتِ میَلُ ہری
اگیانُ اندھیرُ گئیا ॥

ਗੁਰ ਦਰਸੁ ਪਾਇਆ ਅਗਿਆਨੁ ਗਵਾਇਆ

گُر درسُ پائیا اگیانُ گوائیا

ਅੰਤਰਿ ਜੋਤਿ ਪ੍ਰਗਾਸੀ ॥

انترِ جوتِ پرّگاسی ॥

ਜਨਮ ਮਰਨ ਦੁਖ ਖਿਨ ਮਹਿ ਬਿਨਸੇ
ਹਰਿ ਪਾਇਆ ਪ੍ਰਭੁ ਅਬਿਨਾਸੀ ॥

جنم مرن دُکھ کھِن مہِ بِنسے
ہرِ پائیا پربھُ ابِناسی ॥

ਹਰਿ ਆਪਿ ਕਰਤੈ ਪੁਰਬੁ ਕੀਆ
ਸਤਿਗੁਰੂ ਕੁਲਖੇਤਿ ਨਾਵਣਿ ਗਇਆ ॥

ہرِ آپ کرتے پُربُ کیِیا
ستِگُرو کُلکھیتِ ناونٌ گیِیا ॥

ਨਾਵਣੁ ਪੁਰਬੁ ਅਭੀਚੁ
ਗੁਰ ਸਤਿਗੁਰ ਦਰਸੁ ਭਇਆ ॥੧॥

ناونُ پُربُ ابھیچُ
گُر ستِگُر درسُ بھیِیا ॥1॥

ਮਾਰਗਿ ਪੰਥਿ ਚਲੇ ਗੁਰ
ਸਤਿਗੁਰ ਸੰਗਿ ਸਿਖਾ ॥

مارگِ پنتھِ چلے گُر
ستِگُر سنگِ سِکھا ॥

ਅਨਦਿਨੁ ਭਗਤਿ ਬਣੀ
ਖਿਨੁ ਖਿਨੁ ਨਿਮਖ ਵਿਖਾ ॥

اندِنُ بھگتِ بنّی
کھِنُ کھِنُ نِمکھ وِکھا ॥

ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ
ਸਭੁ ਲੋਕੁ ਵੇਖਣਿ ਆਇਆ ॥

ہرِ ہرِ بھگتِ بنّی پربھ کیری
سبھُ لوکُ ویکھنٌ آئیا ॥

ਜਿਨ ਦਰਸੁ ਸਤਿਗੁਰ ਗੁਰੂ ਕੀਆ
ਤਿਨ ਆਪਿ ਹਰਿ ਮੇਲਾਇਆ ॥

جِن درسُ ستِگُر گُرو کیِیا
تِن آپِ ہرِ میلائیا ॥

ਤੀਰਥ ਉਦਮੁ ਸਤਿਗੁਰੂ ਕੀਆ
ਸਭ ਲੋਕ ਉਧਰਣ ਅਰਥਾ ॥

تیرتھ اُدمُ ستِگُرو کیِیا
سبھ لوک اُدھرنٌ ارتھا ॥

ਮਾਰਗਿ ਪੰਥਿ ਚਲੇ
ਗੁਰ ਸਤਿਗੁਰ ਸੰਗਿ ਸਿਖਾ ॥੨॥

مارگِ پنتھِ چلے
گُر ستِگُر سنگِ سِکھا ॥2॥

ਪ੍ਰਥਮ ਆਏ ਕੁਲਖੇਤਿ ਗੁਰ
ਸਤਿਗੁਰ ਪੁਰਬੁ ਹੋਆ ॥

پرّتھم آئے کُلکھیتِ گُر
ستِگُر پُربُ ہویا ॥

ਖਬਰਿ ਭਈ ਸੰਸਾਰਿ
ਆਏ ਤ੍ਰੈ ਲੋਆ ॥

خبرِ بھئی سنّسارِ
آئے ترّے لویا ॥

ਦੇਖਣਿ ਆਏ ਤੀਨਿ ਲੋਕ
ਸੁਰਿ ਨਰ ਮੁਨਿ ਜਨ ਸਭਿ ਆਇਆ ॥

دیکھنٌ آئے تِنِ لوک
سُرِ نر مُنِ جن سبھِ آئیا ॥

ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ
ਤਿਨ ਕੇ ਕਿਲਵਿਖ ਨਾਸ ਗਵਾਇਆ ॥

جِن پرسیا گُرُ ستِگُرو پُورا
تِن کے کِلوِکھ ناس گوائیا ॥

ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ
ਕਰਿ ਗਏ ਗੋਸਟਿ ਢੋਆ ॥

جوگی دِگنبر سنّیاسی کھٹُ درسن
کرِ گئے گوسٹِ ڈھویا ॥

ਪ੍ਰਥਮ ਆਏ ਕੁਲਖੇਤਿ ਗੁਰ
ਸਤਿਗੁਰ ਪੁਰਬੁ ਹੋਆ ॥੩॥

پرتھم آئے کُلکھیتِ گُر
ستِگُر پُربُ ہویا ॥3॥

ਦੁਤੀਆ ਜਮੁਨ ਗਏ ਗੁਰਿ
ਹਰਿ ਹਰਿ ਜਪਨੁ ਕੀਆ ॥

دُتیا جمُن گئے گُرِ
ہرِ ہرِ جپنُ کِیا ॥

ਜਾਗਾਤੀ ਮਿਲੇ ਦੇ ਭੇਟ
ਗੁਰ ਪਿਛੈ ਲੰਘਾਇ ਦੀਆ ॥

جاگاتی مِلے دے بھیٹ
گُر پِچھے لنگھاءِ دیِیا ॥

ਸਭ ਛੁਟੀ ਸਤਿਗੁਰੂ ਪਿਛੈ
ਜਿਨਿ ਹਰਿ ਹਰਿ ਨਾਮੁ ਧਿਆਇਆ ॥

سبھ چھُٹی ستِگُرو پِچھے
جِنِ ہرِ ہرِ نامُ دھِیائیا ॥

ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ
ਤਿਨ ਜਮੁ ਜਾਗਾਤੀ ਨੇੜਿ ਨ ਆਇਆ ॥

گُر بچنِ مارگِ جو پنّتھِ چالے
تِن جمُ جاگاتی نیڑِ ن آئیا ॥

ਸਭ ਗੁਰੂ ਗੁਰੂ ਜਗਤੁ ਬੋਲੈ
ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ ॥

سبھ گُرو گُرو جگتُ بولے
گُر کے ناءِ لئے سبھِ چھُٹکِ گئیا ॥

ਦੁਤੀਆ ਜਮੁਨ ਗਏ
ਗੁਰਿ ਹਰਿ ਹਰਿ ਜਪਨੁ ਕੀਆ ॥੪॥

دُتیا جمُن گئے
گُرِ ہرِ ہرِ جپنُ کِیا ॥4॥

ਤ੍ਰਿਤੀਆ ਆਏ ਸੁਰਸਰੀ
ਤਹ ਕਉਤਕੁ ਚਲਤੁ ਭਇਆ ॥

تّرتیا آئے سُرسری
تہ کُتُکُ چلتُ بھئیا ॥

ਸਭ ਮੋਹੀ ਦੇਖਿ ਦਰਸਨੁ ਗੁਰ ਸੰਤ
ਕਿਨੈ ਆਢੁ ਨ ਦਾਮੁ ਲਇਆ ॥

سبھ موہی دیکھِ درسنُ گُر سنّت
کِنے آڈھُ ن دامُ لِئیا ॥

ਆਢੁ ਦਾਮੁ ਕਿਛੁ ਪਇਆ ਨ ਬੋਲਕ
ਜਾਗਾਤੀਆ ਮੋਹਣ ਮੁੰਦਣਿ ਪਈ ॥

آڈھُ دامُ کِچھُ پئیا ن بولک
جاگاتیا موہنُ مُندنِ پئی ॥

ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ
ਸਭ ਭਾਗਿ ਸਤਿਗੁਰ ਪਿਛੈ ਪਈ ॥

بھائی ہم کرہ کیا کِسُ پاسِ مانگہ

ਸਭ ਭਾਗ ਸਤਿਗੁਰ ਪਿਛੈ ਪਈ ॥

سبھ بھاگِ ستِگُر پِچھے پئی ॥

ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ
ਭੰਨਿ ਬੋਲਕਾ ਸਭਿ ਉਠਿ ਗਇਆ ॥

جاگاتِیا اُپاو سِیانپ کرِ ویچارُ ڈِٹھا
بھنّنِ بولکا سبھِ اُٹھِ گئیا ॥

ਤ੍ਰਿਤੀਆ ਆਏ ਸੁਰਸਰੀ
ਤਹ ਕਉਤਕੁ ਚਲਤੁ ਭਇਆ ॥੫॥

تّرِتِیا آئے سُرسری
تہ کنتکُ چلتُ بھئیا ॥5॥

ਮਿਲਿ ਆਏ ਨਗਰ ਮਹਾ ਜਨਾ
ਗੁਰ ਸਤਿਗੁਰ ਓਟ ਗਹੀ ॥

مِلِ آئے نگر مہا جنا
گُر ستِگُر اوٹ گہی ॥

ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ
ਸਿਮ੍ਰਿਤਿ ਕੀਤਾ ਸਹੀ ॥

گُرُ ستِگُرُ گُرُ گووِدُ پُچھِ
سِمرِتِ کِیتا صہی ॥

ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ
ਸੁਕਿ ਪ੍ਰਹਿਲਾਦਿ ਸ੍ਰੀਰਾਮ ਕਰਿ ਗੁਰ ਗੋਵਿਦੁ ਧਿਆਇਆ ॥

سِمرِتِ ساستّر سبھنی صہی کِیتا
سُکِ پرہِلادِ سّریرام کرِ گُر گووِدُ دھیائِیا ॥

ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ
ਤਿਨ ਕਾ ਥਾਉ ਥੇਹੁ ਗਵਾਇਆ ॥

دیہی نگرِ کوٹِ پنّچ چور وٹوارے
تِن کا تھاءُ تھیہُ گوائِیا ॥

ਕੀਰਤਨੁ ਪੁਰਾਣ ਨਿਤ ਪੁੰਨ ਹੋਵਹਿ
ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ ॥

کِیرتنُ پُراڻ نِت پُنّن ہووہِ
گُر بچنِ نانکِ ہرِ بھگتِ لہی ॥

ਮਿਲਿ ਆਏ ਨਗਰ ਮਹਾ ਜਨਾ
ਗੁਰ ਸਤਿਗੁਰ ਓਟ ਗਹੀ ॥੬॥੪॥੧੦॥

مِلِ آئے نگر مہا جنا
گُر ستِگُر اوٹ گہی ॥6॥4॥ 10 ॥

ਤੁਖਾਰੀ ਛੰਤ ਮਹਲਾ ੫

تُکھاری چھنّت محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਘੋਲਿ ਘੁਮਾਈ ਲਾਲਨਾ
ਗੁਰਿ ਮਨੁ ਦੀਨਾ ॥

گھولِ گھُمائی لالنا
گُرِ منُ دِینا ॥

ਸੁਣਿ ਸਬਦੁ ਤੁਮਾਰਾ
ਮੇਰਾ ਮਨੁ ਭੀਨਾ ॥

سُنِ سبدُ تُمارا
میرا منُ بھِینا ॥

ਇਹੁ ਮਨੁ ਭੀਨਾ ਜਿਉ ਜਲ ਮੀਨਾ
ਲਾਗਾ ਰੰਗੁ ਮੁਰਾਰਾ ॥

اِہُ منُ بھِینا جِءُ جل مِینا
لاگا رنگُ مُرارا ॥

ਕੀਮਤਿ ਕਹੀ ਨ ਜਾਈ ਠਾਕੁਰ
ਤੇਰਾ ਮਹਲੁ ਅਪਾਰਾ ॥

قِیمتِ کہی ن جائی ٹھاکُر
تیرا محلُ اپارا ॥

ਸਗਲ ਗੁਣਾ ਕੇ ਦਾਤੇ ਸੁਆਮੀ
ਬਿਨਉ ਸੁਨਹੁ ਇਕ ਦੀਨਾ ॥

سگل گُٹا کے داتے سُیامی
بِن ءُ سُننہُ اِک دِینا ॥

ਦੇਹੁ ਦਰਸੁ ਨਾਨਕ ਬਲਿਹਾਰੀ
ਜੀਅੜਾ ਬਲਿ ਬਲਿ ਕੀਨਾ ॥੧॥

دیہُ درسُ نانک بلِہاری
جیِڑا بلِ بلِ کِینا ॥1॥

ਇਹੁ ਤਨੁ ਮਨੁ ਤੇਰਾ
ਸਭਿ ਗੁਣ ਤੇਰੇ ॥

اِہُ تنُ منُ تیرا
سبھِ گُنؤ تیرے ॥

ਖੰਨੀਐ ਵੰਞਾ ਦਰਸਨ ਤੇਰੇ ॥

کھنّنیئے ونّجا درسن تیرے ॥

ਦਰਸਨ ਤੇਰੇ ਸੁਣਿ ਪ੍ਰਭ ਮੇਰੇ
ਨਿਮਖ ਦ੍ਰਿਸਟਿ ਪੇਖਿ ਜੀਵਾ ॥

درسن تیرے سُنؤ پربھ میرے
نِمکھ دِرسٹِ پیکھِ جیِوا ॥

ਅੰਮ੍ਰਿਤ ਨਾਮੁ ਸੁਨੀਜੈ ਤੇਰਾ
ਕਿਰਪਾ ਕਰਹਿ ਤ ਪੀਵਾ ॥

انمّرِت نامُ سُنیجے تیرا
کِرپا کرہِ ت پیِوا ॥

ਆਸ ਪਿਆਸੀ ਪਿਰ ਕੈ ਤਾਈ
ਜਿਉ ਚਾਤ੍ਰਿਕੁ ਬੂੰਦੇਰੇ ॥

آس پیاسی پِر کے تائی
جِ ءُ چاتّرِکُ بوُندیرے ॥

ਕਹੁ ਨਾਨਕ ਜੀਅੜਾ ਬਲਿਹਾਰੀ
ਦੇਹੁ ਦਰਸੁ ਪ੍ਰਭ ਮੇਰੇ ॥੨॥

کہُ نانک جیِڑا بلِہاری
دیہُ درسُ پربھ میرے ۔ ॥2॥

ਤੂ ਸਾਚਾ ਸਾਹਿਬੁ
ਸਾਹੁ ਅਮਿਤਾ ॥

توُ ساچا صاحِبُ
ساہُ امِتا ॥

ਤੂ ਪ੍ਰੀਤਮੁ ਪਿਆਰਾ
ਪ੍ਰਾਨ ਹਿਤ ਚਿਤਾ ॥

توُ پرِیتمُ پیِارا
پّران ہِت چِتا ॥

ਪ੍ਰਾਨ ਸੁਖਦਾਤਾ ਗੁਰਮੁਖਿ ਜਾਤਾ
ਸਗਲ ਰੰਗ ਬਨਿ ਆਏ ॥

پّران سُکھداتا گُرمُکھِ جاتا
سگل رنگ بنِ آئے ॥

ਸੋਈ ਕਰਮੁ ਕਮਾਵੈ ਪ੍ਰਾਣੀ
ਜੇਹਾ ਤੂ ਫੁਰਮਾਏ ॥

سوئی کرمُ کماوے پّرانی
جیہا توُ فُرمائے ॥

ਜਾ ਕਉ ਕ੍ਰਿਪਾ ਕਰੀ ਜਗਦੀਸੁਰਿ
ਤਿਨਿ ਸਾਧਸੰਗਿ ਮਨੁ ਜਿਤਾ ॥

جا ک ءُ کرِپا کری جگدیسُرِ
تِنِ سادھسنگِ منُ جِتا ॥

ਕਹੁ ਨਾਨਕ ਜੀਅੜਾ ਬਲਿਹਾਰੀ
ਜੀਉ ਪਿੰਡੁ ਤਉ ਦਿਤਾ ॥੩॥

کہُ نانک جیئڑا بلِہاری
جیِ ءُ پِنڈُ ت ءُ دِتا ॥3॥

ਨਿਰਗੁਣੁ ਰਾਖਿ ਲੀਆ
ਸੰਤਨ ਕਾ ਸਦਕਾ ॥

نِرگُنُ راکھِ لِیا
سنّتن کا صدقا ॥

ਸਤਿਗੁਰਿ ਢਾਕਿ ਲੀਆ
ਮੋਹਿ ਪਾਪੀ ਪੜਦਾ ॥

ستِگُرِ ڈھاکِ لِیا
موہِ پاپی پڑدا ॥

ਢਾਕਨਹਾਰੇ ਪ੍ਰਭੂ ਹਮਾਰੇ
ਜੀਅ ਪ੍ਰਾਨ ਸੁਖਦਾਤੇ ॥

ڈھاکنہارے پربھوُ ہمارے
جی ء پران سُکھداتے ॥

ਅਬਿਨਾਸੀ ਅਬਿਗਤ ਸੁਆਮੀ
ਪੂਰਨ ਪੁਰਖ ਬਿਧਾਤੇ ॥

ابِناسی ابِگت سُیامی
پوُرن پُرکھ بِدھاتے ۔ ॥

ਉਸਤਤਿ ਕਹਨੁ ਨ ਜਾਇ ਤੁਮਾਰੀ
ਕਉਣੁ ਕਹੈ ਤੂ ਕਦ ਕਾ ॥

اُستتِ کہنُ ن جاءِ تُماری
کئُنُ کہے توُ کد کا ۔ ॥

ਨਾਨਕ ਦਾਸੁ ਤਾ ਕੈ ਬਲਿਹਾਰੀ
ਮਿਲੈ ਨਾਮੁ ਹਰਿ ਨਿਮਕਾ ॥੪॥੧॥੧੧॥

نانک داسُ تا کے بلِہاری
مِلے نامُ ہرِ نِمکا ॥4॥1॥ 11 ॥

ਕੇਦਾਰਾ ਮਹਲਾ ੪ ਘਰੁ ੧

کیدارا محلا 4 گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਮੇਰੇ ਮਨ ਰਾਮ ਨਾਮ ਨਿਤ ਗਾਵੀਐ ਰੇ ॥

میرے من رام نام نِت گاویئے رے ॥

ਅਗਮ ਅਗੋਚਰੁ ਨ ਜਾਈ ਹਰਿ ਲਖਿਆ
ਗੁਰੁ ਪੂਰਾ ਮਿਲੈ ਲਖਾਵੀਐ ਰੇ ॥ ਰਹਾਉ ॥

اگم اگوچرُ ن جائی ہرِ لکھیا
گُرُ پوُرا مِلے لکھاویئے رے ॥ رہاءُ ॥

ਜਿਸੁ ਆਪੇ ਕਿਰਪਾ ਕਰੇ ਮੇਰਾ ਸੁਆਮੀ
ਤਿਸੁ ਜਨ ਕਉ ਹਰਿ ਲਿਵ ਲਾਵੀਐ ਰੇ ॥

جِسُ آپے کِرپا کرے میرا سُیامی
تِسُ جن ک ءُ ہرِ لِو لاویئے رے ॥

ਸਭੁ ਕੋ ਭਗਤਿ ਕਰੇ ਹਰਿ ਕੇਰੀ
ਹਰਿ ਭਾਵੈ ਸੋ ਥਾਇ ਪਾਵੀਐ ਰੇ ॥੧॥

سبھُ کو بھگتِ کرے ہرِ کیری
ہرِ بھاوے سو تھاءِ پاویئے رے ॥1॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਹਰਿ ਹਰਿ ਨਾਮੁ ਅਮੋਲਕੁ ਹਰਿ ਪਹਿ
ਹਰਿ ਦੇਵੈ ਤਾ ਨਾਮੁ ਧਿਆਵੀਐ ਰੇ ॥

ہرِ ہرِ نامُ امولکُ ہرِ پہ
ہرِ دیوے تا نامُ دھیاویِۓ رے ॥

ਜਿਸ ਨੋ ਨਾਮੁ ਦੇਇ ਮੇਰਾ ਸੁਆਮੀ
ਤਿਸੁ ਲੇਖਾ ਸਭੁ ਛਡਾਵੀਐ ਰੇ ॥੨॥

جِس نو نامُ دےءِ میرا سُیامی
تِس لیکھا سبھُ چھڈاویِۓ رے ॥2॥

ਹਰਿ ਨਾਮੁ ਅਰਾਧਹਿ ਸੇ ਧੰਨੁ ਜਨ ਕਹੀਅਹਿ
ਤਿਨ ਮਸਤਕਿ ਭਾਗੁ ਧੁਰਿ ਲਿਖਿ ਪਾਵੀਐ ਰੇ ॥

ہرِ نامُ ارادھِ سے دھنّنُ جن کہیئہِ
تِن مستکِ بھاگُ دھُرِ لِکھِ پاویِۓ رے ॥

ਤਿਨ ਦੇਖੇ ਮੇਰਾ ਮਨੁ ਬਿਗਸੈ
ਜਿਉ ਸੁਤੁ ਮਿਲਿ ਮਾਤ ਗਲਿ ਲਾਵੀਐ ਰੇ ॥੩॥

تِن دیکھے میرا منُ بِگسے
جِءُ سُتُ مِلِ مات گلِ لاویِۓ رے ॥3॥

ਹਮ ਬਾਰਿਕ ਹਰਿ ਪਿਤਾ ਪ੍ਰਭ ਮੇਰੇ
ਮੋ ਕਉ ਦੇਹੁ ਮਤੀ ਜਿਤੁ ਹਰਿ ਪਾਵੀਐ ਰੇ ॥

ہم بارِک ہرِپتا پرّبھ میرے
مو کءُ دیہُ متی جِتُ ہرِ پاویِۓ رے ॥

ਜਿਉ ਬਛੁਰਾ ਦੇਖਿ ਗਊ ਸੁਖੁ ਮਾਨੈ
ਤਿਉ ਨਾਨਕ ਹਰਿ ਗਲਿ ਲਾਵੀਐ ਰੇ ॥੪॥੧॥

جِءُ بچھُرا دیکھِ گئوُ سُکھُ مانے
تِءُ نانک ہرِ گلِ لاویِۓ رے ॥4॥1॥

ਕੇਦਾਰਾ ਮਹਲਾ ੪ ਘਰੁ ੧

کیدارا محلا 4 گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਮੇਰੇ ਮਨ ਹਰਿ ਹਰਿ ਗੁਨ ਕਹੁ ਰੇ ॥

میرے من ہرِ ہرِ گُن کہُ رے ॥

ਸਤਿਗੁਰੂ ਕੇ ਚਰਨ ਧੋਇ ਧੋਇ ਪੂਜਹੁ
ਇਨ ਬਿਧਿ ਮੇਰਾ ਹਰਿ ਪ੍ਰਭੁ ਲਹੁ ਰੇ ॥ ਰਹਾਉ ॥

ستِگُروُ کے چرن دھوءِ دھوءِ پوُجہُ
اِن بِدھِ میرا ہرِ پرّبھُ لہُ رے ॥ رہاءُ ॥

ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ
ਇਨ ਸੰਗਤਿ ਤੇ ਤੂ ਰਹੁ ਰੇ ॥

کامُ کرودھُ لوبھُ موہُ ابھِمانُ بِکھے رس
اِن سنگتِ تے توُ رہُ رے ॥

ਮਿਲਿ ਸਤਸੰਗਤਿ ਕੀਜੈ ਹਰਿ ਗੋਸਟਿ ਸਾਧੂ ਸਿਉ ਗੋਸਟਿ
ਹਰਿ ਪ੍ਰੇਮ ਰਸਾਇਣੁ ਰਾਮ ਨਾਮੁ ਰਸਾਇਣੁ
ਹਰਿ ਰਾਮ ਨਾਮ ਰਾਮ ਰਮਹੁ ਰੇ ॥੧॥

مِلِ ستسنگتِ کیجے ہرِ گوسٹِ سادھوُ سِءُ گوسٹِ
ہرِ پریم رسائِنُ رام نامُ رسائِنُ
ہرِ رام نام رام رمہُ رے ॥1॥

ਅੰਤਰ ਕਾ ਅਭਿਮਾਨੁ ਜੋਰੁ ਤੂ ਕਿਛੁ ਕਿਛੁ ਕਿਛੁ ਜਾਨਤਾ
ਇਹੁ ਦੂਰਿ ਕਰਹੁ ਆਪਨ ਗਹੁ ਰੇ ॥

انتر کا ابھِمانُ زورُ توُ کِچھُ کِچھُ کِچھُ جانتا
اِہُ دوُرِ کرہُ آپن گہُ رے ॥

ਜਨ ਨਾਨਕ ਕਉ ਹਰਿ ਦਇਆਲ ਹੋਹੁ ਸੁਆਮੀ

جن نانک کءُ ہرِ دیئال ہوہُ سُیامی

ਹਰਿ ਸੰਤਨ ਕੀ ਧੂਰਿ ਕਰਿ ਹਰੇ ॥੨॥੧॥੨॥	ہرِ سنتن کی دھورِ کرِ ہرے ॥2॥1॥2॥
ਕੇਦਾਰਾ ਮਹਲਾ ੫ ਘਰੁ ੨	کیدارا محلا 5 گھرُ 2
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਮਾਈ ਸੰਤਸੰਗਿ ਜਾਗੀ ॥	مائی سنتسنگِ جاگی ॥
ਪ੍ਰਿਅ ਰੰਗ ਦੇਖੈ ਜਪਤੀ ਨਾਮੁ ਨਿਧਾਨੀ ॥ ਰਹਾਉ ॥	پرِء رنگ دیکھے جپتی نامُ نِدھانی ॥ رہاءُ ॥
ਦਰਸਨ ਪਿਆਸ ਲੋਚਨ ਤਾਰ ਲਾਗੀ ॥	درسن پیاس لوچن تار لاگی ॥
ਬਿਸਰੀ ਤਿਆਸ ਬਿਡਾਨੀ ॥੧॥	بِسری تِیاس بِڈانی ॥1॥
ਅਬ ਗੁਰੁ ਪਾਇਓ ਹੈ ਸਹਜ ਸੁਖਦਾਇਕ ਦਰਸਨੁ ਪੇਖਤ ਮਨੁ ਲਪਟਾਨੀ ॥	اب گُرُ پائیو ہے سہج سُکھدائِک درسنُ پیکھت منُ لپٹانی ॥
ਦੇਖਿ ਦਮੋਦਰ ਰਹਸੁ ਮਨਿ ਉਪਜਿਓ ਨਾਨਕ ਪ੍ਰਿਅ ਅੰਮ੍ਰਿਤ ਬਾਨੀ ॥੨॥੧॥	دیکھِ دمودر رہسُ منِ اُپجیو نانک پرِء انّمرِت بانی ॥2॥1॥
ਕੇਦਾਰਾ ਮਹਲਾ ੫ ਘਰੁ ੩	کیدارا محلا 5 گھرُ 3
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਦੀਨ ਬਿਨਉ ਸੁਨੁ ਦਇਆਲ ॥	دِین بِنءُ سُنُ دیئال ॥
ਪੰਚ ਦਾਸ ਤੀਨਿ ਦੋਖੀ ਏਕ ਮਨੁ ਅਨਾਥ ਨਾਥ ॥	پنچ داس تِینِ دوکھی ایک منُ اناتھ ناتھ ۔ ॥
ਰਾਖੁ ਹੋ ਕਿਰਪਾਲ ॥ ਰਹਾਉ ॥	راکھُ ہو کِرپال ॥ رہاءُ ॥
ਅਨਿਕ ਜਤਨ ਗਵਨੁ ਕਰਉ ॥	اِنک جتن گونُ کرءُ ॥
ਖਟੁ ਕਰਮ ਜੁਗਤਿ ਧਿਆਨੁ ਧਰਉ ॥	کھٹُ کرم جُگتِ دھیانُ دھرءُ ॥
ਉਪਾਵ ਸਗਲ ਕਰਿ ਹਾਰਿਓ ਨਹ ਨਹ ਹੁਟਹਿ ਬਿਕਰਾਲ ॥੧॥	اُپاو سگل کرِ ہارِیو نہ نہ ہُٹہِ بِکرال ॥1॥
ਸਰਣਿ ਬੰਦਨ ਕਰੁਣਾ ਪਤੇ ॥	سرنِ بندن کرُنا پتے ॥
ਭਵ ਹਰਣ ਹਰਿ ਹਰਿ ਹਰਿ ਹਰੇ ॥	بھو ہرنٹ ہرِ ہرِ ہرِ ہرے ॥

ਏਕ ਤੂਹੀ ਦੀਨ ਦਇਆਲ ॥	ایک توہی دِین دئیال ॥
ਪ੍ਰਭ ਚਰਨ ਨਾਨਕ ਆਸਰੋ ॥	پربھ چرن نانک آسرو ॥
ਉਧਰੇ ਭ੍ਰਮ ਮੋਹ ਸਾਗਰ ॥	اُدھرے بھرم موہ ساگر ॥
ਲਗਿ ਸੰਤਨਾ ਪਗ ਪਾਲ ॥੨॥੧॥੨॥	لگِ سنتنا پگ پال ॥2॥1॥2॥
ਕੇਦਾਰਾ ਮਹਲਾ ੫ ਘਰੁ ੪	کیدارا محلا 5 گھرُ 4
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرسادِ ॥
ਸਰਨੀ ਆਇਓ ਨਾਥ ਨਿਧਾਨ ॥	سرنی آئیو ناتھ نِدھان ॥
ਨਾਮ ਪ੍ਰੀਤਿ ਲਾਗੀ ਮਨ ਭੀਤਰਿ ਮਾਗਨ ਕਉ ਹਰਿ ਦਾਨ ॥੧॥ ਰਹਾਉ ॥	نام پریتِ لاگی من بھیترِ ماگن کءُ ہرِ دان ॥1॥ رہاءُ ॥
ਸੁਖਦਾਈ ਪੂਰਨ ਪਰਮੇਸੁਰ ਕਰਿ ਕਿਰਪਾ ਰਾਖਹੁ ਮਾਨ ॥	سُکھدائی پوُرن پرمیسُر کرِ کرِپا راکھہُ مان ॥
ਦੇਹੁ ਪ੍ਰੀਤਿ ਸਾਧੂ ਸੰਗਿ ਸੁਆਮੀ ਹਰਿ ਗੁਨ ਰਸਨ ਬਖਾਨ ॥੧॥	دیہُ پریتِ سادھوُ سنگِ سُیامی ہرِ گُن رسن بکھان ॥1॥
ਗੋਪਾਲ ਦਇਆਲ ਗੋਬਿਦ ਦਮੋਦਰ ਨਿਰਮਲ ਕਥਾ ਗਿਆਨ ॥	گوپال دئیال گوبِد دمودر نِرمل کتھا گیان ॥
ਨਾਨਕ ਕਉ ਹਰਿ ਕੈ ਰੰਗਿ ਰਾਗਹੁ ਚਰਨ ਕਮਲ ਸੰਗਿ ਧਿਆਨ ॥੨॥੧॥੩॥	نانک کءُ ہرِ کے رنگِ راگہُ چرن کمل سنگِ دھیان ॥2॥1॥3॥
ਕੇਦਾਰਾ ਮਹਲਾ ੫ ॥	کیدارا محلا 5 ॥
ਹਰਿ ਕੇ ਦਰਸਨ ਕੋ ਮਨਿ ਚਾਉ ॥	ہرِ کے درسن کو منِ چاءُ ॥
ਕਰਿ ਕਿਰਪਾ ਸਤਸੰਗਿ ਮਿਲਾਵਹੁ ਤੁਮ ਦੇਵਹੁ ਅਪਨੋ ਨਾਉ ॥ ਰਹਾਉ ॥	کرِ کرِپا ستسنگِ مِلاوہُ تُم دیوہُ اپنو ناءُ ॥ رہاءُ ॥
ਕਰਉ ਸੇਵਾ ਸਤ ਪੁਰਖ ਪਿਆਰੇ ਜਤ ਸੁਨੀਐ ਤਤ ਮਨਿ ਰਹਸਾਉ ॥	کرءُ سیوا ست پُرکھ پیارے جت سُنیئے تت منِ رہساءُ ॥
ਵਾਰੀ ਫੇਰੀ ਸਦਾ ਘੁਮਾਈ ਕਵਨੁ ਅਨੂਪੁ ਤੇਰੋ ਠਾਉ ॥੧॥	واری پھیری سدا گھُمائی

کونُ انوپُ تیرو ٹھاءُ ۔ ॥1॥

ਸਰਬ ਪ੍ਰਤਿਪਾਲਹਿ ਸਗਲ ਸਮਾਲਹਿ
ਸਗਲਿਆ ਤੇਰੀ ਛਾਉ ॥

سرب پرتپالِ سگل سمالِ
سگلیا تیری چھاءُ ॥

ਨਾਨਕ ਕੇ ਪ੍ਰਭ ਪੁਰਖ ਬਿਧਾਤੇ
ਘਟਿ ਘਟਿ ਤੁਝਹਿ ਦਿਖਾਉ ॥੨॥੨॥੪॥

نانک کے پربھ پُرکھ بِدھاتے
گھٹِ گھٹِ تُجھہِ دِکھاءُ ॥2॥2॥4॥

ਕੇਦਾਰਾ ਮਹਲਾ ੫ ॥

کیدارا محلا 5 ॥

ਪ੍ਰਿਅ ਕੀ ਪ੍ਰੀਤਿ ਪਿਆਰੀ ॥

پرِء کی پریتِ پیاری ॥

ਮਗਨ ਮਨੈ ਮਹਿ ਚਿਤਵਉ ਆਸਾ
ਨੈਨਹੁ ਤਾਰ ਤੁਹਾਰੀ ॥ ਰਹਾਉ ॥

مگن منے مہِ چتوءُ آسا
نینہُ تار تُہاری ॥ رہاءُ ॥

ਓਇ ਦਿਨ ਪਹਰ ਮੂਰਤ ਪਲ ਕੈਸੇ
ਓਇ ਪਲ ਘਰੀ ਕਿਹਾਰੀ ॥

اوءِ دِن پہر مؤرت پل کیسے
اوءِ پل گھری کِہاری ॥

ਖੁਲੇ ਕਪਟ ਧਪਟ ਬੁਝਿ ਤ੍ਰਿਸਨਾ
ਜੀਵਉ ਪੇਖਿ ਦਰਸਾਰੀ ॥੧॥

کھوُلے کپٹ دھپٹ بُجھِ ترِسنا
جیوءُ پیکھِ درساری ॥1॥

ਕਉਨੁ ਸੁ ਜਤਨੁ ਉਪਾਉ ਕਿਨੇਹਾ
ਸੇਵਾ ਕਉਨ ਬੀਚਾਰੀ ॥

کنُن سُ جتنُ اُپاءُ کِنیہا
سیوا کنُن بیچاری ۔ ॥

ਮਾਨੁ ਅਭਿਮਾਨੁ ਮੋਹੁ ਤਜਿ ਨਾਨਕ
ਸੰਤਹ ਸੰਗਿ ਉਧਾਰੀ ॥੨॥੩॥੫॥

مانُ ابھمانُ موہُ تجِ نانک
سنتہ سنگِ اُدھاری ॥2॥3॥5॥

ਕੇਦਾਰਾ ਮਹਲਾ ੫ ॥

کیدارا محلا 5 ॥

ਹਰਿ ਹਰਿ ਹਰਿ ਗੁਨ ਗਾਵਹੁ ॥

ہرِ ہرِ ہرِ گُن گاوہُ ॥

ਕਰਹੁ ਕ੍ਰਿਪਾ ਗੋਪਾਲ ਗੋਬਿਦੇ
ਅਪਨਾ ਨਾਮੁ ਜਪਾਵਹੁ ॥ ਰਹਾਉ ॥

کرہُ کرِپا گوپال گوبِدے
اپنا نامُ جپاوہُ ॥ رہاءُ ॥

ਕਾਢਿ ਲੀਏ ਪ੍ਰਭ ਆਨ ਬਿਖੈ ਤੇ
ਸਾਧਸੰਗਿ ਮਨੁ ਲਾਵਹੁ ॥

کاڈھِ لیئے پربھ آن بِکھے تے
سادھسنگِ منُ لاوہُ ॥

ਭ੍ਰਮੁ ਭਉ ਮੋਹੁ ਕਟਿਓ ਗੁਰ ਬਚਨੀ
ਅਪਨਾ ਦਰਸੁ ਦਿਖਾਵਹੁ ॥੧॥

بھرّمُ بھءُ موہُ کٹِئو گُر بچنی
اپنا درسُ دِکھاوہُ ॥1॥

ਸਭ ਕੀ ਰੇਨ ਹੋਇ ਮਨੁ ਮੇਰਾ
ਅਹੰਬੁਧਿ ਤਜਾਵਹੁ ॥

سبھ کی رین ہوءِ منُ میرا
اہنّبدھِ تجاوہُ ॥

ਅਪਨੀ ਭਗਤਿ ਦੇਹਿ ਦਇਆਲਾ
ਵਡਭਾਗੀ ਨਾਨਕ ਹਰਿ ਪਾਵਹੁ ॥੨॥੪॥੬॥

اپنی بھگتِ دیہِ دیئالا
وڈبھاگی نانک ہرِ پاوہُ ॥2॥4॥6॥

ਕੇਦਾਰਾ ਮਹਲਾ ੫ ॥

کیدارا محلا 5 ॥

ਹਰਿ ਬਿਨੁ ਜਨਮੁ ਅਕਾਰਥ ਜਾਤ ॥

ہرِ بِنُ جنمُ اکارتھ جات ॥

ਤਜਿ ਗੋਪਾਲ ਆਨ ਰੰਗਿ ਰਾਚਤ
ਮਿਥਿਆ ਪਹਿਰਤ ਖਾਤ ॥ ਰਹਾਉ ॥

تجِ گوپال آن رنگِ راچت
مِتھیا پہِرت کھات ॥ رہاءُ ॥

ਧਨੁ ਜੋਬਨੁ ਸੰਪੈ ਸੁਖ ਭੁੋਗਵੈ
ਸੰਗਿ ਨ ਨਿਬਹਤ ਮਾਤ ॥

دھنُ جوبنُ سنّپے سُکھ بھوگوے
سنگِ ن نِبہت مات ॥

ਮ੍ਰਿਗ ਤ੍ਰਿਸਨਾ ਦੇਖਿ ਰਚਿਓ ਬਾਵਰ
ਦ੍ਰੁਮ ਛਾਇਆ ਰੰਗਿ ਰਾਤ ॥੧॥

مرِگ ترِسنا دیکھِ رچئو باور
درُم چھائیا رنگِ رات ॥1॥

ਮਾਨ ਮੋਹ ਮਹਾ ਮਦ ਮੋਹਤ
ਕਾਮ ਕ੍ਰੋਧ ਕੈ ਖਾਤ ॥

مان موہ مہا مد موہت
کام کرودھ کے کھات ॥

ਕਰੁ ਗਹਿ ਲੇਹੁ ਦਾਸ ਨਾਨਕ ਕਉ
ਪ੍ਰਭ ਜੀਉ ਹੋਇ ਸਹਾਤ ॥੨॥੫॥੭॥

کرُ گہِ لیہُ داس نانک کءُ
پربھ جیِءُ ہوءِ سہات ॥2॥5॥7॥

ਕੇਦਾਰਾ ਮਹਲਾ ੫ ॥

کیدارا محلا 5 ॥

ਹਰਿ ਬਿਨੁ ਕੋਇ ਨ ਚਾਲਸਿ ਸਾਥ ॥

ہرِ بِنُ کوءِ ن چالسِ ساتھ ॥

ਦੀਨਾ ਨਾਥ ਕਰੁਣਾਪਤਿ ਸੁਆਮੀ
ਅਨਾਥਾ ਕੇ ਨਾਥ ॥ ਰਹਾਉ ॥

دینا ناتھ کرُنّاپتِ سُیامی
اناتھا کے ناتھ ॥ رہاءُ ॥

ਸੁਤ ਸੰਪਤਿ ਬਿਖਿਆ ਰਸ ਭੁੋਗਵਤ
ਨਹ ਨਿਬਹਤ ਜਮ ਕੈ ਪਾਥ ॥

سُت سنّپتِ بِکھیا رس بھوگوت
نہ نِبہت جم کے پاتھ ॥

ਨਾਮੁ ਨਿਧਾਨੁ ਗਾਉ ਗੁਨ ਗੋਬਿੰਦ
ਉਧਰੁ ਸਾਗਰ ਕੇ ਖਾਤ ॥੧॥

نامُ نِدھانُ گاءُ گُن گوبِنّد
اُدھرُ ساگر کے کھات ॥1॥

ਸਰਨਿ ਸਮਰਥ ਅਕਥ ਅਗੋਚਰ

سرنِ سمرتھ اکتھ اگوچر

ਹਰਿ ਸਿਮਰਤ ਦੁਖ ਲਾਥ ॥	ہرِ سِمرت دُکھ لاتھ ॥
ਨਾਨਕ ਦੀਨ ਧੂਰਿ ਜਨ ਬਾਂਛਤ ਮਿਲੈ ਲਿਖਤ ਧੁਰਿ ਮਾਥ ॥੨॥੬॥੮॥	نانک دِین دھوُرِ جن باںچھت مِلےَ لِکھت دھُرِ ماتھ ॥2॥6॥8॥
ਕੇਦਾਰਾ ਮਹਲਾ ੫ ਘਰੁ ੫	کیدارا محلا 5 گھرُ 5
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਬਿਸਰਤ ਨਾਹਿ ਮਨ ਤੇ ਹਰੀ ॥	بِسرت ناہِ من تے ہری ॥
ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਖੈ ਜਰੀ ॥ ਰਹਾਉ ॥	اب اِہ پرّیتِ مہا پرّبل بھئی آن بِکھےَ جری ॥ رہاءُ ॥
ਬੂੰਦ ਕਹਾ ਤਿਆਗਿ ਚਾਤ੍ਰਿਕ ਮੀਨ ਰਹਤ ਨ ਘਰੀ ॥	بوُنّد کہا تِیاگِ چاتّرِک مِین رہت ن گھری ॥
ਗੁਨ ਗੋਪਾਲ ਉਚਾਰੁ ਰਸਨਾ ਟੇਵ ਏਹ ਪਰੀ ॥੧॥	گُن گوپال اُچارُ رسنا ٹیو ایہ پری ॥1॥
ਮਹਾ ਨਾਦ ਕੁਰੰਕ ਮੋਹਿਓ ਬੇਧਿ ਤੀਖਨ ਸਰੀ ॥	مہا ناد کُرنک موہِئو بیدھِ تِیکھن سری ॥
ਪ੍ਰਭ ਚਰਨ ਕਮਲ ਰਸਾਲ ਨਾਨਕ ਗਾਠਿ ਬਾਧਿ ਧਰੀ ॥੨॥੧॥੯॥	پربھ چرن کمل رسال نانک گاٹھِ بادھِ دھری ॥2॥1॥9॥
ਕੇਦਾਰਾ ਮਹਲਾ ੫ ॥	کیدارا محلا 5 ॥
ਪ੍ਰੀਤਮ ਬਸਤ ਰਿਦ ਮਹਿ ਖੋਰ ॥	پرّیتم بست رِد مہِ کھور ॥
ਭਰਮ ਭੀਤਿ ਨਿਵਾਰਿ ਠਾਕੁਰ ਗਹਿ ਲੇਹੁ ਅਪਨੀ ਓਰ ॥੧॥ ਰਹਾਉ ॥	بھرم بھیتِ نِوارِ ٹھاکُر گہِ لیہُ اپنی اور ॥1॥ رہاءُ ॥
ਅਧਿਕ ਗਰਤ ਸੰਸਾਰ ਸਾਗਰ ਕਰਿ ਦਇਆ ਚਾਰਹੁ ਧੋਰ ॥	ادھِک گرت سنّسار ساگر کرِ دئیا چارہُ دھور ॥
ਸੰਤਸੰਗਿ ਹਰਿ ਚਰਨ ਬੋਹਿਥ ਉਧਰਤੇ ਲੈ ਮੋਰ ॥੧॥	سنّتسنگِ ہرِ چرن بوہتھ اُدھرتے لےَ مور ॥1॥
ਗਰਭ ਕੁੰਟ ਮਹਿ ਜਿਨਹਿ ਧਾਰਿਓ	گربھ کُنّٹ مہِ جِنہِ دھارِئو

ਨਹੀ ਬਿਖੈ ਬਨ ਮਹਿ ਹੋਰ ॥

نہی بِکھے بن مہِ ہور ॥

ਹਰਿ ਸਕਤ ਸਰਨ ਸਮਰਥ ਨਾਨਕ
ਆਨ ਨਹੀ ਨਿਹੋਰ ॥੨॥੨॥੧੦॥

ہرِ سکت سرن سمرتھ نانک
آن نہی نِہور ॥2॥2॥ 10 ॥

ਕੇਦਾਰਾ ਮਹਲਾ ੫ ॥

کیدارا محلا 5 ॥

ਰਸਨਾ ਰਾਮ ਰਾਮ ਬਖਾਨੁ ॥

رسنا رام رام بکھانُ ॥

ਗੁਨ ਗੋਪਾਲ ਉਚਾਰੁ ਦਿਨੁ ਰੈਨਿ
ਭਏ ਕਲਮਲ ਹਾਨ ॥ ਰਹਾਉ ॥

گُن گوپال اُچارُ دِنُ رینِ
بھئے کلمل ہان ॥ رہاءُ ॥

ਤਿਆਗਿ ਚਲਨਾ ਸਗਲ ਸੰਪਤ
ਕਾਲੁ ਸਿਰ ਪਰਿ ਜਾਨੁ ॥

تِیاگِ چلنا سگل سنپت
کالُ سِر پرِ جانُ ॥

ਮਿਥਨ ਮੋਹ ਦੁਰੰਤ ਆਸਾ
ਝੂਠੁ ਸਰਪਰ ਮਾਨੁ ॥੧॥

مِتھن موہ دُرنّت آسا
جھوٹھُ سرپر مانُ ॥1॥

ਸਤਿ ਪੁਰਖ ਅਕਾਲ ਮੂਰਤਿ
ਰਿਦੈ ਧਾਰਹੁ ਧਿਆਨੁ ॥

ستِ پُرکھ اکال موُرتِ
رِدے دھارہُ دھیانُ ॥

ਨਾਮੁ ਨਿਧਾਨੁ ਲਾਭੁ ਨਾਨਕ
ਬਸਤੁ ਇਹ ਪਰਵਾਨੁ ॥੨॥੩॥੧੧॥

نامُ نِدھانُ لابھُ نانک
بستُ اِہ پروانُ ॥2॥3॥ 11 ॥

ਕੇਦਾਰਾ ਮਹਲਾ ੫ ॥

کیدارا محلا 5 ॥

ਹਰਿ ਕੇ ਨਾਮ ਕੋ ਆਧਾਰੁ ॥

ہرِ کے نام کو آدھارُ ॥

ਕਲਿ ਕਲੇਸ ਨ ਕਛੁ ਬਿਆਪੈ
ਸੰਤਸੰਗਿ ਬਿਉਹਾਰੁ ॥ ਰਹਾਉ ॥

کلِ کلیس ن کچھُ بِیاپے
سنّتسنگِ بِہُارُ ॥ رہاءُ ॥

ਕਰਿ ਅਨੁਗ੍ਰਹੁ ਆਪਿ ਰਾਖਿਓ
ਨਹ ਉਪਜਤਉ ਬੇਕਾਰੁ ॥

کرِ انگرہُ آپِ راکھِئو
نہ اُپجت ءُ بیکارُ ॥

ਜਿਸੁ ਪਰਾਪਤਿ ਹੋਇ ਸਿਮਰੈ
ਤਿਸੁ ਦਹਤ ਨਹ ਸੰਸਾਰੁ ॥੧॥

جِسُ پراپتِ ہوءِ سِمرے
تِسُ دہت نہ سنّسارُ ॥1॥

ਸੁਖ ਮੰਗਲ ਆਨੰਦ ਹਰਿ ਹਰਿ
ਪ੍ਰਭ ਚਰਨ ਅੰਮ੍ਰਿਤ ਸਾਰੁ ॥

سُکھ منگل آنند ہرِ ہرِ
پربھ چرن انمرت سارُ ॥

ਨਾਨਕ ਦਾਸ ਸਰਨਾਗਤੀ
ਤੇਰੇ ਸੰਤਨਾ ਕੀ ਛਾਰੁ ॥੨॥੪॥੧੨॥

نانک داس سرناگتی
تیرے سنتنا کی چھارُ ॥2॥4॥ 12 ॥

ਕੇਦਾਰਾ ਮਹਲਾ ੫ ॥

کیدارا محلا 5 ॥

ਹਰਿ ਕੇ ਨਾਮ ਬਿਨੁ ਧ੍ਰਿਗੁ ਸ੍ਰੋਤ ॥

ہرِ کے نام بِنُ دھرِگُ سروت ॥

ਜੀਵਨ ਰੂਪ ਬਿਸਾਰਿ ਜੀਵਹਿ
ਤਿਹ ਕਤ ਜੀਵਨ ਹੋਤ ॥ ਰਹਾਉ ॥

جیون روُپ بِسارِ جیوہِ
تِہ کت جیون ہوت ۔ ॥ رہاءُ ॥

ਖਾਤ ਪੀਤ ਅਨੇਕ ਬਿੰਜਨ
ਜੈਸੇ ਭਾਰ ਬਾਹਕ ਖੋਤ ॥

کھات پیت انیک بنجن
جیسے بھار باہک کھوت ॥

ਆਠ ਪਹਰ ਮਹਾ ਸ੍ਰਮੁ ਪਾਇਆ
ਜੈਸੇ ਬਿਰਖ ਜੰਤੀ ਜੋਤ ॥੧॥

آٹھ پہر مہا سرمُ پائیا
جیسے برکھ جنتی جوت ॥1॥

ਤਜਿ ਗੋਪਾਲ ਜਿ ਆਨ ਲਾਗੇ
ਸੇ ਬਹੁ ਪ੍ਰਕਾਰੀ ਰੋਤ ॥

تجِ گوپال جِ آن لاگے
سے بہُ پرکاری روت ॥

ਕਰ ਜੋਰਿ ਨਾਨਕ ਦਾਨੁ ਮਾਗੈ
ਹਰਿ ਰਖਉ ਕੰਠਿ ਪਰੋਤ ॥੨॥੫॥੧੩॥

کر جورِ نانک دانُ ماگے
ہرِ رکھءُ کنٹھِ پروت ॥2॥5॥ 13 ॥

ਕੇਦਾਰਾ ਮਹਲਾ ੫ ॥

کیدارا محلا 5 ॥

ਸੰਤਹ ਧੂਰਿ ਲੇ ਮੁਖਿ ਮਲੀ ॥

سنتہ دھورِ لے مُکھِ ملی ॥

ਗੁਣਾ ਅਚੁਤ ਸਦਾ ਪੂਰਨ
ਨਹ ਦੋਖ ਬਿਆਪਹਿ ਕਲੀ ॥ ਰਹਾਉ ॥

گُنا اچُت سدا پوُرن
نہ دوکھ بیاپہِ کلی ॥ رہاءُ ॥

ਗੁਰ ਬਚਨਿ ਕਾਰਜ ਸਰਬ ਪੂਰਨ
ਈਤ ਊਤ ਨ ਹਲੀ ॥

گُر بچنِ کارج سرب پوُرن
ایت اوُت ن ہلی ॥

ਪ੍ਰਭ ਏਕ ਅਨਿਕ ਸਰਬਤ ਪੂਰਨ
ਬਿਖੈ ਅਗਨਿ ਨ ਜਲੀ ॥੧॥

پربھ ایک انِک سربت پوُرن
بِکھےَ اگنِ ن جلی ॥1॥

ਗਹਿ ਭੁਜਾ ਲੀਨੋ ਦਾਸੁ ਅਪਨੋ
ਜੋਤਿ ਜੋਤੀ ਰਲੀ ॥

گہِ بھُجا لِینو داسُ اپنو
جوتِ جوتی رلی ॥

ਪ੍ਰਭ ਚਰਨ ਸਰਨ ਅਨਾਥੁ ਆਇਓ

پربھ چرن سرن اناتھُ آئیو

ਨਾਨਕ ਹਰਿ ਸੰਗਿ ਚਲੀ ॥੨॥੬॥੧੪॥

نانک ہرِ سنگِ چلی ॥2॥6॥ 14 ॥

ਕੇਦਾਰਾ ਮਹਲਾ ੫ ॥

کیدارا محلا 5 ॥

ਹਰਿ ਕੇ ਨਾਮੁ ਕੀ ਮਨ ਰੁਚੈ ॥

ہرِ کے نامُ کی من رُچےَ ॥

ਕੋਟਿ ਸਾਂਤਿ ਅਨੰਦ ਪੂਰਨ
ਜਲਤ ਛਾਤੀ ਬੁਝੈ ॥ ਰਹਾਉ ॥

کوٹِ سانتِ انند پُورن
جلت چھاتی بُجھےَ ॥ رہاءُ ॥

ਸੰਤ ਮਾਰਗਿ ਚਲਤ ਪ੍ਰਾਨੀ
ਪਤਿਤ ਉਧਰੇ ਮੁਚੈ ॥

سنّت مارگِ چلت پّرانی
پتِت اُدھرے مُچےَ ॥

ਰੇਨੁ ਜਨ ਕੀ ਲਗੀ ਮਸਤਕਿ
ਅਨਿਕ ਤੀਰਥ ਸੁਚੈ ॥੧॥

رینُ جن کی لگی مستکِ
انِک تیرتھ سُچےَ ॥1॥

ਚਰਨ ਕਮਲ ਧਿਆਨ ਭੀਤਰਿ
ਘਟਿ ਘਟਿਹ ਸੁਆਮੀ ਸੁਝੈ ॥

چرن کمل دھیان بھیترِ
گھٹِ گھٹِہ سُیامی سُجھےَ ॥

ਸਰਨਿ ਦੇਵ ਅਪਾਰ ਨਾਨਕ
ਬਹੁਰਿ ਜਮੁ ਨਹੀ ਲੁਝੈ ॥੨॥੭॥੧੫॥

سرنِ دیو اپار نانک
بہُرِ جمُ نہی لُجھےَ ॥2॥7॥ 15 ॥

ਕੇਦਾਰਾ ਛੰਤ ਮਹਲਾ ੫

کیدارا چھنّت محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਮਿਲੁ ਮੇਰੇ ਪ੍ਰੀਤਮ ਪਿਆਰਿਆ ॥ ਰਹਾਉ ॥

مِلُ میرے پّریتم پیارِیا ۔ ॥ رہاءُ ॥

ਪੂਰਿ ਰਹਿਆ ਸਰਬਤ੍ਰ ਮੈ
ਸੋ ਪੁਰਖੁ ਬਿਧਾਤਾ ॥

پُورِ رہِیا سربتّر مےَ
سو پُرکھُ بِدھاتا ॥

ਮਾਰਗੁ ਪ੍ਰਭ ਕਾ ਹਰਿ ਕੀਆ
ਸੰਤਨ ਸੰਗਿ ਜਾਤਾ ॥

مارگُ پّربھ کا ہرِ کِیا
سنّتن سنگِ جاتا ॥

ਸੰਤਨ ਸੰਗਿ ਜਾਤਾ ਪੁਰਖੁ ਬਿਧਾਤਾ
ਘਟਿ ਘਟਿ ਨਦਰਿ ਨਿਹਾਲਿਆ ॥

سنّتن سنگِ جاتا پُرکھُ بِدھاتا
گھٹِ گھٹِ ندرِ نہالیا ॥

ਜੋ ਸਰਨੀ ਆਵੈ ਸਰਬ ਸੁਖ ਪਾਵੈ
ਤਿਲੁ ਨਹੀ ਭੰਨੈ ਘਾਲਿਆ ॥

جو سرنی آوےَ سرب سُکھ پاوےَ
تِلُ نہی بھنّنے گھالیا ॥

ਹਰਿ ਗੁਣ ਨਿਧਿ ਗਾਏ ਸਹਜ ਸੁਭਾਏ

ہرِ گُن نِدھِ گائے سہج سُبھائے

ਪ੍ਰੇਮ ਮਹਾ ਰਸ ਮਾਤਾ ॥

ਨਾਨਕ ਦਾਸ ਤੇਰੀ ਸਰਣਾਈ
ਤੂ ਪੂਰਨ ਪੁਰਖੁ ਬਿਧਾਤਾ ॥੧॥

ਹਰਿ ਪ੍ਰੇਮ ਭਗਤਿ ਜਨ ਬੇਧਿਆ
ਸੇ ਆਨ ਕਤ ਜਾਹੀ ॥

ਮੀਨੁ ਬਿਛੋਹਾ ਨਾ ਸਹੈ
ਜਲ ਬਿਨੁ ਮਰਿ ਪਾਹੀ ॥

ਹਰਿ ਬਿਨੁ ਕਿਉ ਰਹੀਐ ਦੂਖ ਕਿਨਿ ਸਹੀਐ
ਚਾਤ੍ਰਿਕ ਬੂੰਦ ਪਿਆਸਿਆ ॥

ਕਬ ਰੈਨਿ ਬਿਹਾਵੈ ਚਕਵੀ ਸੁਖੁ ਪਾਵੈ
ਸੂਰਜ ਕਿਰਣਿ ਪ੍ਰਗਾਸਿਆ ॥

ਹਰਿ ਦਰਸਿ ਮਨੁ ਲਾਗਾ ਦਿਨਸੁ ਸਭਾਗਾ
ਅਨਦਿਨੁ ਹਰਿ ਗੁਣ ਗਾਹੀ ॥

ਨਾਨਕ ਦਾਸੁ ਕਹੈ ਬੇਨੰਤੀ
ਕਤ ਹਰਿ ਬਿਨੁ ਪ੍ਰਾਣ ਟਿਕਾਹੀ ॥੨॥

ਸਾਸ ਬਿਨਾ ਜਿਉ ਦੇਹੁਰੀ
ਕਤ ਸੋਭਾ ਪਾਵੈ ॥

ਦਰਸ ਬਿਹੂਨਾ ਸਾਧ ਜਨੁ
ਖਿਨੁ ਟਿਕਣੁ ਨ ਆਵੈ ॥

ਹਰਿ ਬਿਨੁ ਜੋ ਰਹਣਾ ਨਰਕੁ ਸੋ ਸਹਣਾ
ਚਰਨ ਕਮਲ ਮਨੁ ਬੇਧਿਆ ॥

ਹਰਿ ਰਸਿਕ ਬੈਰਾਗੀ ਨਾਮਿ ਲਿਵ ਲਾਗੀ
ਕਤਹੁ ਨ ਜਾਇ ਨਿਖੇਧਿਆ ॥

ਹਰਿ ਸਿਉ ਜਾਇ ਮਿਲਣਾ ਸਾਧਸੰਗਿ ਰਹਣਾ
ਸੋ ਸੁਖੁ ਅੰਕਿ ਨ ਮਾਵੈ ॥

پریم مہا رس ماتا ॥

نانک داس تیری سرٹائی
توُ پوُرن پُرکھُ بِدھاتا ॥1॥

ہرِ پریم بھگتِ جن بیدھیا
سے آن کت جاہی ۔ ॥

مینُ بِچھوہا نا سہے
جل بِنُ مرِ پاہی ॥

ہرِ بِنُ کِءُ رہیئے دوُکھ کِن سہیئے
چاتّرِک بوُند پیاسِیا ॥

کب ریَنِ بِہاوے چکوی سُکھُ پاوے
سوُرج کِرنِ پرگاسِیا ॥

ہرِ درسِ منُ لاگا دِنسُ سبھاگا
اندِنُ ہرِ گُن گاہی ॥

نانک داسُ کہے بینتی
کت ہرِ بِنُ پراٹ ٹِکاہی ۔ ॥2॥

ساس بِنا جِءُ دیہُری
کت سوبھا پاوے ۔ ॥

درس بِہوُنا سادھ جنُ
کھِنُ ٹِکنُ ن آوے ॥

ہرِ بِنُ جو رہنا نرکُ سو سہنا
چرن کمل منُ بیدھیا ॥

ہرِ رسِک بیراگی نامِ لِو لاگی
کتہ ن جاءِ نِکھیدھیا ॥

ہرِ سِءُ جاءِ مِلنا سادھسنگِ رہنا
سو سُکھُ انکِ ن ماوے ॥

ਹੋਹੁ ਕ੍ਰਿਪਾਲ ਨਾਨਕ ਕੇ ਸੁਆਮੀ
ਹਰਿ ਚਰਨਹ ਸੰਗਿ ਸਮਾਵੈ ॥੩॥

ہوہُ کرِپال نانک کے سُیامی
ہرِ چرنہ سنگِ سماوےَ ॥3॥

ਖੋਜਤ ਖੋਜਤ ਪ੍ਰਭ ਮਿਲੇ
ਹਰਿ ਕਰੁਣਾ ਧਾਰੇ ॥

کھوجت کھوجت پربھ مِلے
ہرِ کرُنا دھارے ॥

ਨਿਰਗੁਣੁ ਨੀਚੁ ਅਨਾਥੁ ਮੈ
ਨਹੀ ਦੋਖ ਬੀਚਾਰੇ ॥

نِرگُنُ نیچُ اناتھُ مےَ
نہی دوکھ بیچارے ॥

ਨਹੀ ਦੋਖ ਬੀਚਾਰੇ ਪੂਰਨ ਸੁਖ ਸਾਰੇ
ਪਾਵਨ ਬਿਰਦੁ ਬਖਾਨਿਆ ॥

نہی دوکھ بیچارے پُورن سُکھ سارے
پاون بِردُ بکھانِیا ॥

ਭਗਤਿ ਵਛਲੁ ਸੁਨਿ ਅੰਚਲੋ ਗਹਿਆ
ਘਟਿ ਘਟਿ ਪੂਰ ਸਮਾਨਿਆ ॥

بھگتِ وچھلُ سُنِ انچّلو گہِیا
گھٹِ گھٹِ پُور سمانِیا ॥

ਸੁਖ ਸਾਗਰੋ ਪਾਇਆ ਸਹਜ ਸੁਭਾਇਆ
ਜਨਮ ਮਰਨ ਦੁਖ ਹਾਰੇ ॥

سُکھ ساگرو پائِیا سہج سُبھائِیا
جنم مرن دُکھ ہارے ॥

ਕਰੁ ਗਹਿ ਲੀਨੇ ਨਾਨਕ ਦਾਸ ਅਪਨੇ
ਰਾਮ ਨਾਮ ਉਰਿ ਹਾਰੇ ॥੪॥੧॥

کرُ گہِ لِینے نانک داس اپنے
رام نام اُرِ ہارے ॥4॥1॥

ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ

راگُ کیدارا بانٹی کبیر جیِءُ کی

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਉਸਤਤਿ ਨਿੰਦਾ ਦੋਊ ਬਿਬਰਜਿਤ
ਤਜਹੁ ਮਾਨੁ ਅਭਿਮਾਨਾ ॥

اُستتِ نِندا دوئُو بِبرجِت
تجہُ مانُ ابھِمانا ॥

ਲੋਹਾ ਕੰਚਨੁ ਸਮ ਕਰਿ ਜਾਨਹਿ
ਤੇ ਮੂਰਤਿ ਭਗਵਾਨਾ ॥੧॥

لوہا کنچّنُ سم کرِ جانہِ
تے مورتِ بھگوانا ॥1॥

ਤੇਰਾ ਜਨੁ ਏਕੁ ਆਧੁ ਕੋਈ ॥

تیرا جنُ ایکُ آدھُ کوئی ॥

ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ
ਹਰਿ ਪਦੁ ਚੀਨੈ੍ ਸੋਈ ॥੧॥ ਰਹਾਉ ॥

کامُ کرودھُ لوبھُ موہُ بِبرجِت
ہرِ پدُ چِینّہے سوئی ॥1॥ رہاءُ ॥

ਰਜ ਗੁਣ ਤਮ ਗੁਣ ਸਤ ਗੁਣ ਕਹੀਐ
ਇਹ ਤੇਰੀ ਸਭ ਮਾਇਆ ॥

رج گُن تم گُن ست گُن کہیےَ
اِہ تیری سبھ مائِیا ॥

ਚਉਥੇ ਪਦ ਕਉ ਜੋ ਨਰੁ ਚੀਨੈ
ਤਿਨ੍ ਹੀ ਪਰਮ ਪਦੁ ਪਾਇਆ ॥੨॥

چتھے پد ک ءُ جو نرُ چینّے
تِنّہ ہی پرم پدُ پائیا ॥2॥

ਤੀਰਥ ਬਰਤ ਨੇਮ ਸੁਚਿ ਸੰਜਮ
ਸਦਾ ਰਹੈ ਨਿਹਕਾਮਾ ॥

تیرتھ برت نیم سُچِ سنجم
سدا رہے نِہکاما ॥

ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ
ਚਿਤਵਤ ਆਤਮ ਰਾਮਾ ॥੩॥

تّرِسنا ارُ مائیا بھّرمُ چوُکا
چِتوت آتم راما ॥3॥

ਜਿਹ ਮੰਦਰਿ ਦੀਪਕੁ ਪਰਗਾਸਿਆ
ਅੰਧਕਾਰੁ ਤਹ ਨਾਸਾ ॥

جِہ منّدرِ دیپکُ پرگاسِیا
انّدھکارُ تہ ناسا ॥

ਨਿਰਭਉ ਪੂਰਿ ਰਹੇ ਭ੍ਰਮੁ ਭਾਗਾ
ਕਹਿ ਕਬੀਰ ਜਨ ਦਾਸਾ ॥੪॥੧॥

نِربھ ءُ پوُرِ رہے بھّرمُ بھاگا
کہِ کبیِر جن داسا ॥4॥1॥

ਕਿਨਹੀ ਬਨਜਿਆ ਕਾਂਸੀ ਤਾਂਬਾ
ਕਿਨਹੀ ਲਉਗ ਸੁਪਾਰੀ ॥

کِنہی بنجِیا کانْسی تانْبا
کِنہی لنگ سُپاری ॥

ਸੰਤਹੁ ਬਨਜਿਆ ਨਾਮੁ ਗੋਬਿਦ ਕਾ
ਐਸੀ ਖੇਪ ਹਮਾਰੀ ॥੧॥

سنّتہُ بنجِیا نامُ گوبِد کا
ایَسی کھیپ ہماری ॥1॥

ਹਰਿ ਕੇ ਨਾਮ ਕੇ ਬਿਆਪਾਰੀ ॥

ہرِ کے نام کے بِیاپاری ॥

ਹੀਰਾ ਹਾਥਿ ਚੜਿਆ ਨਿਰਮੋਲਕੁ
ਛੂਟਿ ਗਈ ਸੰਸਾਰੀ ॥੧॥ ਰਹਾਉ ॥

ہیِرا ہاتھِ چڑِیا نِرمولکُ
چھوُٹِ گئی سنّساری ॥1॥ رہاءُ ॥

ਸਾਚੇ ਲਾਏ ਤਉ ਸਚ ਲਾਗੇ
ਸਾਚੇ ਕੇ ਬਿਉਹਾਰੀ ॥

ساچے لائے ت ءُ سچ لاگے
ساچے کے بِہُاری ॥

ਸਾਚੀ ਬਸਤੁ ਕੇ ਭਾਰ ਚਲਾਏ
ਪਹੁਚੇ ਜਾਇ ਭੰਡਾਰੀ ॥੨॥

ساچی بستُ کے بھار چلائے
پہُچے جاءِ بھنّڈاری ॥2॥

ਆਪਹਿ ਰਤਨ ਜਵਾਹਰ ਮਾਨਿਕ
ਆਪੈ ਹੈ ਪਾਸਾਰੀ ॥

آپہِ رتن جواہر مانِک
آپے ہے پاساری ॥

ਆਪੈ ਦਹ ਦਿਸ ਆਪ ਚਲਾਵੈ
ਨਿਹਚਲੁ ਹੈ ਬਿਆਪਾਰੀ ॥੩॥

آپے دہ دِس آپ چلاوے
نِہچلُ ہے بِیاپاری ॥3॥

ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ
ਗਿਆਨ ਗੋਨਿ ਭਰਿ ਡਾਰੀ ॥

ਕਹਤੁ ਕਬੀਰੁ ਸੁਨਹੁ ਰੇ ਸੰਤਹੁ
ਨਿਬਹੀ ਖੇਪ ਹਮਾਰੀ ॥੪॥੨॥

ਰੀ ਕਲਵਾਰਿ ਗਵਾਰਿ ਮੂਢ ਮਤਿ
ਉਲਟੋ ਪਵਨੁ ਫਿਰਾਵਉ ॥

ਮਨੁ ਮਤਵਾਰ ਮੇਰ ਸਰ ਭਾਠੀ
ਅੰਮ੍ਰਿਤ ਧਾਰ ਚੁਆਵਉ ॥੧॥

ਬੋਲਹੁ ਭਈਆ ਰਾਮ ਕੀ ਦੁਹਾਈ ॥

ਪੀਵਹੁ ਸੰਤ ਸਦਾ ਮਤਿ ਦੁਰਲਭ
ਸਹਜੇ ਪਿਆਸ ਬੁਝਾਈ ॥੧॥ ਰਹਾਉ ॥

ਭੈ ਬਿਚਿ ਭਾਉ ਭਾਇ ਕੋਊ ਬੂਝਹਿ
ਹਰਿ ਰਸੁ ਪਾਵੈ ਭਾਈ ॥

ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ
ਭਾਵੈ ਤਿਸਹਿ ਪੀਆਈ ॥੨॥

ਨਗਰੀ ਏਕੈ ਨਉ ਦਰਵਾਜੇ
ਧਾਵਤੁ ਬਰਜਿ ਰਹਾਈ ॥

ਤ੍ਰਿਕੁਟੀ ਛੂਟੈ ਦਸਵਾ ਦਰੁ ਖੁਲ੍ਹੈ
ਤਾ ਮਨੁ ਖੀਵਾ ਭਾਈ ॥੩॥

ਅਭੈ ਪਦ ਪੂਰਿ ਤਾਪ ਤਹ ਨਾਸੇ
ਕਹਿ ਕਬੀਰ ਬੀਚਾਰੀ ॥

ਉਬਟ ਚਲੰਤੇ ਇਹੁ ਮਦੁ ਪਾਇਆ
ਜੈਸੇ ਖੋਂਦ ਖੁਮਾਰੀ ॥੪॥੩॥

ਕਾਮ ਕ੍ਰੋਧ ਤ੍ਰਿਸਨਾ ਕੇ ਲੀਨੇ
ਗਤਿ ਨਹੀ ਏਕੈ ਜਾਨੀ ॥

مَنُ کرِ بیَلُ سُرتِ کرِ پیَڈا
گِیان گونِ بھرِ ڈاری ॥

کہتُ کبیرُ سُنہُ رے سنّتہُ
نِبہی کھیپ ہماری ॥4॥2॥

ری کلوارِ گوارِ موُڈھ متِ
اُلٹو پونُ پھِراوءُ ॥

مَنُ متوار میر سر بھاٹھی
انّمرِت دھار چُیاوءُ ॥1॥

بولہُ بھئیا رام کی دُہائی ॥

پیوہُ سنّت سدا متِ دُرلبھ
سہجے پِیاس بُجھائی ॥1॥ رہاءُ ॥

بھے بِچ بھاءُ بھاءِ کوئُو بوُجھہِ
ہرِ رسُ پاوے بھائی ۔ ॥

جیتے گھٹ انّمرِتُ سبھ ہی مہِ
بھاوے تِسہِ پِیائی ॥2॥

نگری ایکے ن٘ءُ دروازے
دھاوتُ برجِ رہائی ॥

ت٘رِکُٹی چھوُٹے دسوا دُر کھوُلّہے
تا منُ کھِیوا بھائی ۔ ॥3॥

ابھے پد پوُرِ تاپ تہ ناسے
کہِ کبیرِ بیچاری ॥

اُبٹ چلنّتے اِہُ مدُ پائیا
جیَسے کھونْد کھُماری ॥4॥3॥

کام کرودھ ت٘رِسنا کے لِینے
گتِ نہی ایکے جانی ॥

ਫੂਟੀ ਆਖੈ ਕਛੂ ਨ ਸੂਝੈ
ਬੂਡਿ ਮੂਏ ਬਿਨੁ ਪਾਨੀ ॥੧॥

پھوٹی آکھے کچھو ن سوجھے
بوڈِ موئے بِنُ پانی ॥1॥

ਚਲਤ ਕਤ ਟੇਢੇ ਟੇਢੇ ਟੇਢੇ ॥

چلت کت ٹیڈھے ٹیڈھے ٹیڈھے ۔ ॥

ਅਸਤਿ ਚਰਮ ਬਿਸਟਾ ਕੇ ਮੂੰਦੇ
ਦੁਰਗੰਧ ਹੀ ਕੇ ਬੇਢੇ ॥੧॥ ਰਹਾਉ ॥

استِ چرم بِسٹا کے مونْدے
دُرگندھ ہی کے بیڈھے ॥1॥ رہاءُ ॥

ਰਾਮ ਨ ਜਪਹੁ ਕਵਨ ਭ੍ਰਮ ਭੁਲੇ
ਤੁਮ ਤੇ ਕਾਲੁ ਨ ਦੂਰੇ ॥

رام ن جپہُ کون بھرم بھُلے
تُم تے کالُ ن دوُرے ॥

ਅਨਿਕ ਜਤਨ ਕਰਿ ਇਹੁ ਤਨੁ ਰਾਖਹੁ
ਰਹੈ ਅਵਸਥਾ ਪੂਰੇ ॥੨॥

انِک جتن کرِ اِہُ تنُ راکھہُ
رہے اوستھا پوُرے ॥2॥

ਆਪਨ ਕੀਆ ਕਛੂ ਨ ਹੋਵੈ
ਕਿਆ ਕੋ ਕਰੈ ਪਰਾਨੀ ॥

آپن کِیا کچھو ن ہووے
کِیا کو کرے پرانی ۔ ॥

ਜਾ ਤਿਸੁ ਭਾਵੈ ਸਤਿਗੁਰੁ ਭੇਟੈ
ਏਕੋ ਨਾਮੁ ਬਖਾਨੀ ॥੩॥

جا تِس بھاوے ستِگُرُ بھیٹے
ایکو نامُ بکھانی ॥3॥

ਬਲੂਆ ਕੇ ਘਰੂਆ ਮਹਿ ਬਸਤੇ
ਫੁਲਵਤ ਦੇਹ ਅਇਆਨੇ ॥

بلوُیا کے گھروُیا مہِ بستے
پھُلوت دیہ اِیانے ۔ ॥

ਕਹੁ ਕਬੀਰ ਜਿਹ ਰਾਮੁ ਨ ਚੇਤਿਓ
ਬੂਡੇ ਬਹੁਤੁ ਸਿਆਨੇ ॥੪॥੪॥

کہُ کبیر جِہ رامُ ن چیتِیو
بوُڈے بہُتُ سِیانے ॥4॥4॥

ਟੇਢੀ ਪਾਗ ਟੇਢੇ ਚਲੇ
ਲਾਗੇ ਬੀਰੇ ਖਾਨ ॥

ٹیڈھی پاگ ٹیڈھے چلے
لاگے بیرے کھان ॥

ਭਾਉ ਭਗਤਿ ਸਿਉ ਕਾਜੁ ਨ ਕਛੂਐ
ਮੇਰੋ ਕਾਮੁ ਦੀਵਾਨ ॥੧॥

بھاءُ بھگتِ سِءُ کاجُ ن کچھوُے
میرو کامُ دیوان ॥1॥

ਰਾਮੁ ਬਿਸਾਰਿਓ ਹੈ ਅਭਿਮਾਨਿ ॥

رامُ بِسارِئو ہے ابھِمانِ ॥

ਕਨਿਕ ਕਾਮਨੀ ਮਹਾ ਸੁੰਦਰੀ
ਪੇਖਿ ਪੇਖਿ ਸਚੁ ਮਾਨਿ ॥੧॥ ਰਹਾਉ ॥

کنِک کامنی مہا سُندری
پیکھِ پیکھِ سچُ مانِ ॥1॥ رہاءُ ॥

ਲਾਲਚ ਝੂਠ ਬਿਕਾਰ ਮਹਾ ਮਦ

لالچ جھوُٹھ بِکار مہا مد

ਇਹ ਬਿਧਿ ਅਉਧ ਬਿਹਾਨਿ ॥
ਕਹਿ ਕਬੀਰ ਅੰਤ ਕੀ ਬੇਰ
ਆਇ ਲਾਗੋ ਕਾਲੁ ਨਿਦਾਨਿ ॥੨॥੫॥

اِہ بِدھِ اُدھ بِہانِ ॥
کہِ کبیر انت کی بیر
آءِ لاگو کالُ نِدانِ ॥2॥5॥

ਚਾਰਿ ਦਿਨ ਅਪਨੀ ਨਉਬਤਿ ਚਲੇ ਬਜਾਇ ॥
ਇਤਨਕੁ ਖਟੀਆ ਗਠੀਆ ਮਟੀਆ
ਸੰਗਿ ਨ ਕਛੂ ਲੈ ਜਾਇ ॥੧॥ ਰਹਾਉ ॥

چارِ دِن اپنی نُبتِ چلے بجاءِ ॥
اِتنکُ کھٹیا گٹھیا مٹیا
سنگِ ن کچھُ لے جاءِ ॥1॥ رہاءُ ॥

ਦਿਹਰੀ ਬੈਠੀ ਮਿਹਰੀ ਰੋਵੈ
ਦੁਆਰੈ ਲਉ ਸੰਗਿ ਮਾਇ ॥
ਮਰਹਟ ਲਗਿ ਸਭੁ ਲੋਗੁ ਕੁਟੰਬੁ ਮਿਲਿ
ਹੰਸੁ ਇਕੇਲਾ ਜਾਇ ॥੧॥

دِہری بیٹھی مِہری روو ے
دُیارے ل ءُ سنگِ ماءِ ॥
مرہٹ لگِ سبھُ لوگُ کُٹنّبُ مِلِ
ہنّسُ اِکیلا جاءِ ॥1॥

ਵੈ ਸੁਤ ਵੈ ਬਿਤ ਵੈ ਪੁਰ ਪਾਟਨ
ਬਹੁਰਿ ਨ ਦੇਖੈ ਆਇ ॥
ਕਹਤੁ ਕਬੀਰੁ ਰਾਮੁ ਕੀ ਨ ਸਿਮਰਹੁ
ਜਨਮੁ ਅਕਾਰਥੁ ਜਾਇ ॥੨॥੬॥

وے سُت وے بِت وے پُر پاٹن
بہُرِ ن دیکھے آءِ ॥
کہتُ کبیرُ رامُ کی ن سِمرہُ
جنمُ اکارتھُ جاءِ ॥2॥6॥

ਰਾਗੁ ਕੇਦਾਰਾ ਬਾਣੀ ਰਵਿਦਾਸ ਜੀਉ ਕੀ
ੴ ਸਤਿਗੁਰ ਪ੍ਰਸਾਦਿ ॥
ਖਟੁ ਕਰਮ ਕੁਲ ਸੰਜੁਗਤੁ ਹੈ
ਹਰਿ ਭਗਤਿ ਹਿਰਦੈ ਨਾਹਿ ॥
ਚਰਨਾਰਬਿੰਦ ਨ ਕਥਾ ਭਾਵੈ
ਸੁਪਚ ਤੁਲਿ ਸਮਾਨਿ ॥੧॥

راگُ کیدارا باٹی روِداس جیِءُ کی
ੴ ستِگُر پرّسادِ ॥
کھٹُ کرم کُل سنجُگتُ ہے
ہرِ بھگتِ ہِردے ناہِ ॥
چرنارِبِند ن کتھا بھاوے
سُپچ تُلِ سمانِ ॥1॥

ਰੇ ਚਿਤ ਚੇਤਿ ਚੇਤ ਅਚੇਤ ॥
ਕਾਹੇ ਨ ਬਾਲਮੀਕਹਿ ਦੇਖ ॥
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ
ਰਾਮ ਭਗਤਿ ਬਿਸੇਖ ॥੧॥ ਰਹਾਉ ॥

رے چِت چیتِ چیت اچیت ۔ ॥
کاہے ن بالمیکہِ دیکھ ۔ ॥
کِس زاتِ تے کہِ پدہِ امرِئو
رام بھگتِ بِسیکھ ॥1॥ رہاءُ ॥

ਸੁਆਨ ਸਤ੍ਰੁ ਅਜਾਤੁ ਸਭ ਤੇ

سُیان ستّرُ اجاتُ سبھ تے

ਕ੍ਰਿਸਨ ਲਾਵੈ ਹੇਤੁ ॥	کرِسّن لاوے ہیتُ ॥
ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ ॥੨॥	لوگُ بپُرا کیا سراہے تِینِ لوک پّرویس ॥2॥
ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ ॥	اجامِلُ پِنگُلا لُبھتُ کُنچّرُ گئے ہرِ کے پاسِ ॥
ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ ॥੩॥੧॥	ایَسے دُرمتِ نِسترے توُ کِءُ ن ترہِ روِداس ۔ ॥3॥1॥
ਰਾਗੁ ਭੈਰਉ ਮਹਲਾ ੧ ਘਰੁ ੧ ਚਉਪਦੇ	راگُ بھیرءُ محلا 1 گھرُ 1 چئُپدے
ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	ੴ ستِنامُ کرتا پُرکھُ نِربھءُ نِرویَرُ اکال مورتِ اجوُنی سیَبھنَ گُرپّرسادِ ॥
ਤੁਝ ਤੇ ਬਾਹਰਿ ਕਿਛੂ ਨ ਹੋਇ ॥	تُجھ تے باہرِ کچھوُ ن ہوءِ ॥
ਤੂ ਕਰਿ ਕਰਿ ਦੇਖਹਿ ਜਾਣਹਿ ਸੋਇ ॥੧॥	توُ کرِ کرِ دیکھہِ جاٹہِ سوءِ ॥1॥
ਕਿਆ ਕਹੀਐ ਕਿਛੁ ਕਹੀ ਨ ਜਾਇ ॥	کِیا کہیئے کچھُ کہی ن جاءِ ॥
ਜੋ ਕਿਛੂ ਅਹੈ ਸਭ ਤੇਰੀ ਰਜਾਇ ॥੧॥ ਰਹਾਉ ॥	جو کچھوُ اہے سبھ تیری رضاءِ ॥1॥ رہاءُ ॥
ਜੋ ਕਿਛੁ ਕਰਣਾ ਸੁ ਤੇਰੈ ਪਾਸਿ ॥	جو کچھُ کرٹا سُ تیرے پاسِ ॥
ਕਿਸੁ ਆਗੈ ਕੀਚੈ ਅਰਦਾਸਿ ॥੨॥	کِسُ آگے کیجئے عرداسِ ۔ ॥2॥
ਆਖਣੁ ਸੁਨਣਾ ਤੇਰੀ ਬਾਣੀ ॥	آکھنُ سُنٹا تیری باٹی ॥
ਤੂ ਆਪੇ ਜਾਣਹਿ ਸਰਬ ਵਿਡਾਣੀ ॥੩॥	توُ آپے جاٹہِ سرب وِڈاٹی ॥3॥
ਕਰੇ ਕਰਾਏ ਜਾਣੈ ਆਪਿ ॥	کرے کرائے جاٹے آپِ ॥
ਨਾਨਕ ਦੇਖੈ ਥਾਪਿ ਉਥਾਪਿ ॥੪॥੧॥	نانک دیکھے تھاپِ اُتھاپِ ॥4॥1॥
ੴ ਸਤਿਗੁਰ ਪ੍ਰਸਾਦਿ ॥	ੴ ستِگُر پّرسادِ ॥
ਰਾਗੁ ਭੈਰਉ ਮਹਲਾ ੧ ਘਰੁ ੨ ॥	راگُ بھیرءُ محلا 1 گھرُ 2 ॥
ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ ॥	گُر کے سبدِ ترے مُنِ کیتے اِندّرادِک برہمادِ ترے ॥

ਸਨਕ ਸਨੰਦਨ ਤਪਸੀ ਜਨ ਕੇਤੇ
ਗੁਰ ਪਰਸਾਦੀ ਪਾਰਿ ਪਰੇ ॥੧॥

سنک سنندن تپسی جن کیتے
گُر پرسادی پارِ پرے ॥1॥

ਭਵਜਲੁ ਬਿਨੁ ਸਬਦੈ ਕਿਉ ਤਰੀਐ ॥

بھوجلُ بِنُ سبدے کِءُ تریئے ۔ ॥

ਨਾਮ ਬਿਨਾ ਜਗੁ ਰੋਗਿ ਬਿਆਪਿਆ
ਦੁਬਿਧਾ ਡੁਬਿ ਡੁਬਿ ਮਰੀਐ ॥੧॥ ਰਹਾਉ ॥

نام بِنا جگُ روگِ بِیاپیا
دُبِدھا ڈُبِ ڈُبِ مریئے ॥1॥ رہاءُ ॥

ਗੁਰੁ ਦੇਵਾ ਗੁਰੁ ਅਲਖ ਅਭੇਵਾ
ਤ੍ਰਿਭਵਣ ਸੋਝੀ ਗੁਰ ਕੀ ਸੇਵਾ ॥

گُرُ دیوا گُرُ الکھ ابھیوا
ترِبھوٹ سوجھی گُر کی سیوا ॥

ਆਪੇ ਦਾਤਿ ਕਰੀ ਗੁਰਿ ਦਾਤੈ
ਪਾਇਆ ਅਲਖ ਅਭੇਵਾ ॥੨॥

آپے داتِ کری گُرِ داتے
پائیا الکھ ابھیوا ॥2॥

ਮਨੁ ਰਾਜਾ ਮਨੁ ਮਨ ਤੇ ਮਾਨਿਆ
ਮਨਸਾ ਮਨਹਿ ਸਮਾਈ ॥

مُنُ راجا منُ من تے مانیا
منسا منہِ سمائی ॥

ਮਨੁ ਜੋਗੀ ਮਨੁ ਬਿਨਸਿ ਬਿਓਗੀ
ਮਨੁ ਸਮਝੈ ਗੁਣ ਗਾਈ ॥੩॥

منُ جوگی منُ بِنِس بِئوگی
منُ سمجھے گُن گائی ॥3॥

ਗੁਰ ਤੇ ਮਨੁ ਮਾਰਿਆ ਸਬਦੁ ਵੀਚਾਰਿਆ
ਤੇ ਵਿਰਲੇ ਸੰਸਾਰਾ ॥

گُر تے منُ مارِیا سبدُ ویچارِیا
تے وِرلے سنّسارا ॥

ਨਾਨਕ ਸਾਹਿਬੁ ਭਰਿਪੁਰਿ ਲੀਣਾ
ਸਾਚ ਸਬਦਿ ਨਿਸਤਾਰਾ ॥੪॥੧॥੨॥

نانک صاحِبُ بھرِپُرِ لیٹا
ساچ سبدِ نِستارا ॥4॥1॥2॥

ਭੈਰਉ ਮਹਲਾ ੧ ॥

بھیرءُ محلا 1 ॥

ਨੈਨੀ ਦ੍ਰਿਸਟਿ ਨਹੀ ਤਨੁ ਹੀਨਾ
ਜਰਿ ਜੀਤਿਆ ਸਿਰਿ ਕਾਲੋ ॥੧॥

نیَنی دّرِسٹِ نہی تنُ ہِینا
جرِ جیتیا سِرِ کالو ॥1॥

ਰੂਪੁ ਰੰਗੁ ਰਹਸੁ ਨਹੀ ਸਾਚਾ
ਕਿਉ ਛੋਡੈ ਜਮ ਜਾਲੋ ॥੧॥

روُپُ رنگُ رہسُ نہی ساچا
کِءُ چھوڈے جم جالو ۔ ॥1॥

ਪ੍ਰਾਣੀ ਹਰਿ ਜਪਿ ਜਨਮੁ ਗਇਓ ॥

پّرانّی ہرِ جپِ جنمُ گئیو ॥

ਸਾਚ ਸਬਦ ਬਿਨੁ ਕਬਹੁ ਨ ਛੂਟਸਿ
ਬਿਰਥਾ ਜਨਮੁ ਭਇਓ ॥੧॥ ਰਹਾਉ ॥

ساچ سبد بِنُ کبہُ ن چھوٹسِ
برتھا جنمُ بھئیو ॥1॥ رہاءُ ॥

ਤਨ ਮਹਿ ਕਾਮੁ ਕ੍ਰੋਧੁ ਹਉ ਮਮਤਾ
ਕਠਿਨ ਪੀਰ ਅਤਿ ਭਾਰੀ ॥

تن مہِ کامُ کرودھُ ہءُ ممتا
کٹھِن پیِر اتِ بھاری ॥

ਗੁਰਮੁਖਿ ਰਾਮ ਜਪਹੁ ਰਸੁ ਰਸਨਾ
ਇਨ ਬਿਧਿ ਤਰੁ ਤੂ ਤਾਰੀ ॥੨॥

گُرمُکھِ رام جپہُ رسُ رسنا
اِن بِدھِ ترُ توُ تاری ॥2॥

ਬਹਰੇ ਕਰਨ ਅਕਲਿ ਭਈ ਹੋਛੀ
ਸਬਦ ਸਹਜੁ ਨਹੀ ਬੂਝਿਆ ॥

بہرے کرن عقلِ بھئی ہوچھی
سبد سہجُ نہی بوُجھیا ॥

ਜਨਮੁ ਪਦਾਰਥੁ ਮਨਮੁਖਿ ਹਾਰਿਆ
ਬਿਨੁ ਗੁਰ ਅੰਧੁ ਨ ਸੂਝਿਆ ॥੩॥

جنمُ پدارتھُ منمُکھِ ہارِیا
بِنُ گُر اندھُ ن سوُجھیا ॥3॥

ਰਹੈ ਉਦਾਸੁ ਆਸ ਨਿਰਾਸਾ
ਸਹਜ ਧਿਆਨਿ ਬੈਰਾਗੀ ॥

رہے اُداسُ آس نِراسا
سہج دھِیانِ بیَراگی ॥

ਪ੍ਰਣਵਤਿ ਨਾਨਕ ਗੁਰਮੁਖਿ ਛੂਟਸਿ
ਰਾਮ ਨਾਮਿ ਲਿਵ ਲਾਗੀ ॥੪॥੨॥੩॥

پرنْوتِ نانک گُرمُکھِ چھوٹسِ
رام نامِ لِو لاگی ॥4॥2॥3॥

ਭੈਰਉ ਮਹਲਾ ੧ ॥

بھیَرءُ محلا 1 ॥

ਭੁੰਡੀ ਚਾਲ ਚਰਣ ਕਰ ਖਿਸਰੇ
ਤੁਚਾ ਦੇਹ ਕੁਮਲਾਨੀ ॥

بھوُنڈی چال چرنْ کر کھِسرے
تُچا دیہ کُملانی ॥

ਨੇਤ੍ਰੀ ਧੁੰਧਿ ਕਰਨ ਭਏ ਬਹਰੇ
ਮਨਮੁਖਿ ਨਾਮੁ ਨ ਜਾਨੀ ॥੧॥

نیتّری دھُندھِ کرن بھےَ بہرے
منمُکھِ نامُ ن جانی ॥1॥

ਅੰਧੁਲੇ ਕਿਆ ਪਾਇਆ ਜਗਿ ਆਇ ॥

اندھُلے کِیا پائیا جگِ آءِ ॥

ਰਾਮੁ ਰਿਦੈ ਨਹੀ ਗੁਰ ਕੀ ਸੇਵਾ
ਚਾਲੇ ਮੂਲੁ ਗਵਾਇ ॥੧॥ ਰਹਾਉ ॥

رامُ رِدےَ نہی گُر کی سیوا
چالے موُلُ گواءِ ॥1॥ رہاءُ ॥

ਜਿਹਵਾ ਰੰਗਿ ਨਹੀ ਹਰਿ ਰਾਤੀ
ਜਬ ਬੋਲੈ ਤਬ ਫੀਕੇ ॥

جِہوا رنگِ نہی ہرِ راتی
جب بولے تب پھیکے ॥

ਸੰਤ ਜਨਾ ਕੀ ਨਿੰਦਾ ਵਿਆਪਸਿ
ਪਸੂ ਭਏ ਕਦੇ ਹੋਹਿ ਨ ਨੀਕੇ ॥੨॥

سنّت جنا کی نِندا ویاپسِ
پسوُ بھےَ کدے ہوہِ ن نِیکے ॥2॥

ਅੰਮ੍ਰਿਤ ਕਾ ਰਸੁ ਵਿਰਲੀ ਪਾਇਆ

انمّرِت کا رسُ وِرلی پائیا

ਸਤਿਗੁਰ ਮੇਲਿ ਮਿਲਾਏ ॥

ستِگُر میلِ مِلائے ॥

ਜਬ ਲਗੁ ਸਬਦ ਭੇਦੁ ਨਹੀ ਆਇਆ
ਤਬ ਲਗੁ ਕਾਲੁ ਸੰਤਾਏ ॥੩॥

جب لگُ سبد بھیدُ نہی آئیا
تب لگُ کالُ سنتائے ॥3॥

ਅਨ ਕੋ ਦਰੁ ਘਰੁ ਕਬਹੂ ਨ ਜਾਨਸਿ
ਏਕੋ ਦਰੁ ਸਚਿਆਰਾ ॥

ان کو درُ گھرُ کبہوُ ن جانسِ
ایکو درُ سچِیارا ॥

ਗੁਰ ਪਰਸਾਦਿ ਪਰਮ ਪਦੁ ਪਾਇਆ
ਨਾਨਕੁ ਕਹੈ ਵਿਚਾਰਾ ॥੪॥੩॥੪॥

گُر پرسادِ پرم پدُ پائیا
نانکُ کہے وِچارا ॥4॥3॥4॥

ਭੈਰਉ ਮਹਲਾ ੧ ॥

بھیرَءُ محلا 1 ॥

ਸਗਲੀ ਰੈਣਿ ਸੋਵਤ ਗਲਿ ਫਾਹੀ
ਦਿਨਸੁ ਜੰਜਾਲਿ ਗਵਾਇਆ ॥

سگلی رَیَنِ سووت گلِ پھاہی
دِنسُ جنجّالِ گوائیا ॥

ਖਿਨੁ ਪਲੁ ਘੜੀ ਨਹੀ ਪ੍ਰਭੁ ਜਾਨਿਆ
ਜਿਨਿ ਇਹੁ ਜਗਤੁ ਉਪਾਇਆ ॥੧॥

کھِنُ پلُ گھڑی نہی پربھُ جانِیا
جِنِ اِہُ جگتُ اُپائیا ॥1॥

ਮਨ ਰੇ ਕਿਉ ਛੁਟਸਿ ਦੁਖੁ ਭਾਰੀ ॥

من رے کِءُ چھُٹسِ دُکھُ بھاری ॥

ਕਿਆ ਲੇ ਆਵਸਿ ਕਿਆ ਲੇ ਜਾਵਸਿ
ਰਾਮ ਜਪਹੁ ਗੁਣਕਾਰੀ ॥੧॥ ਰਹਾਉ ॥

کِیا لے آوسِ کِیا لے جاوسِ
رام جپہُ گُنکاری ॥1॥ رہاءُ ॥

ਊਂਧਉ ਕਵਲੁ ਮਨਮੁਖ ਮਤਿ ਹੋਛੀ
ਮਨਿ ਅੰਧੈ ਸਿਰਿ ਧੰਧਾ ॥

اوُندھءُ کولُ منمُکھ متِ ہوچھی
منِ اندھے سِرِ دھندھا ॥

ਕਾਲੁ ਬਿਕਾਲੁ ਸਦਾ ਸਿਰਿ ਤੇਰੈ
ਬਿਨੁ ਨਾਵੈ ਗਲਿ ਫੰਧਾ ॥੨॥

کالُ بِکالُ سدا سِرِ تیرے
بِنُ ناوے گلِ پھندھا ॥2॥

ਡਗਰੀ ਚਾਲ ਨੇਤ੍ਰ ਫੁਨਿ ਅੰਧੁਲੇ
ਸਬਦ ਸੁਰਤਿ ਨਹੀ ਭਾਈ ॥

ڈگری چال نیتّر پھُنِ اندھُلے
سبد سُرتِ نہی بھائی ॥

ਸਾਸਤ੍ਰ ਬੇਦ ਤ੍ਰੈ ਗੁਣ ਹੈ ਮਾਇਆ
ਅੰਧੁਲਉ ਧੰਧੁ ਕਮਾਈ ॥੩॥

ساستّر بید تّرے گُنُ ہے مائیا
اندھُلءُ دھندھُ کمائی ॥3॥

ਖੋਇਓ ਮੂਲੁ ਲਾਭੁ ਕਹ ਪਾਵਸਿ
ਦੁਰਮਤਿ ਗਿਆਨ ਵਿਹੂਣੇ ॥

کھوئیو مولُ لابھُ کہ پاوسِ
دُرمتِ گیان وِہوُنے ॥

ਸਬਦੁ ਬੀਚਾਰਿ ਰਾਮ ਰਸੁ ਚਾਖਿਆ
ਨਾਨਕ ਸਾਚਿ ਪਤੀਣੇ ॥੪॥੪॥੫॥

سبدُ بیچارِ رام رسُ چاکھیا
نانک ساچِ پتیِنے ॥4॥4॥5॥

ਭੈਰਉ ਮਹਲਾ ੧ ॥

بھیرَءُ محلا 1 ॥

ਗੁਰ ਕੈ ਸੰਗਿ ਰਹੈ ਦਿਨੁ ਰਾਤੀ
ਰਾਮ ਰਸਨਿ ਰੰਗਿ ਰਾਤਾ ॥

گُر کے سنگِ رہے دِنُ راتی
رام رسنِ رنگِ راتا ॥

ਅਵਰੁ ਨ ਜਾਣਸਿ ਸਬਦੁ ਪਛਾਣਸਿ
ਅੰਤਰਿ ਜਾਣਿ ਪਛਾਤਾ ॥੧॥

اورُ ن جانسِ سبدُ پچھانسِ
انترِ جانِ پچھاتا ॥1॥

ਸੋ ਜਨੁ ਐਸਾ ਮੈ ਮਨਿ ਭਾਵੈ ॥

سو جنُ ایسا مے منِ بھاوے ॥

ਆਪੁ ਮਾਰਿ ਅਪਰੰਪਰਿ ਰਾਤਾ
ਗੁਰ ਕੀ ਕਾਰ ਕਮਾਵੈ ॥੧॥ ਰਹਾਉ ॥

آپُ مارِ اپرنّپرِ راتا
گُر کی کار کماوے ॥1॥ رہاءُ ॥

ਅੰਤਰਿ ਬਾਹਰਿ ਪੁਰਖੁ ਨਿਰੰਜਨੁ
ਆਦਿ ਪੁਰਖੁ ਆਦੇਸੋ ॥

انترِ باہرِ پُرکھُ نرنّجنُ
آدِ پُرکھُ آدیسو ॥

ਘਟ ਘਟ ਅੰਤਰਿ ਸਰਬ ਨਿਰੰਤਰਿ
ਰਵਿ ਰਹਿਆ ਸਚੁ ਵੇਸੋ ॥੨॥

گھٹ گھٹ انترِ سرب نرنترِ
روِ رہیا سچُ ویسو ॥2॥

ਸਾਚਿ ਰਤੇ ਸਚੁ ਅੰਮ੍ਰਿਤੁ ਜਿਹਵਾ
ਮਿਥਿਆ ਮੈਲੁ ਨ ਰਾਈ ॥

ساچِ رتے سچُ انمّرِتُ جِہوا
مِتھیا میَلُ ن رائی ॥

ਨਿਰਮਲ ਨਾਮੁ ਅੰਮ੍ਰਿਤ ਰਸੁ ਚਾਖਿਆ
ਸਬਦਿ ਰਤੇ ਪਤਿ ਪਾਈ ॥੩॥

نِرمل نامُ انمّرِت رسُ چاکھیا
سبدِ رتے پتِ پائی ॥3॥

ਗੁਣੀ ਗੁਣੀ ਮਿਲਿ ਲਾਹਾ ਪਾਵਸਿ
ਗੁਰਮੁਖਿ ਨਾਮਿ ਵਡਾਈ ॥

گُنّی گُنّی مِلِ لاہا پاوسِ
گُرمُکھِ نامِ وڈائی ॥

ਸਗਲੇ ਦੂਖ ਮਿਟਹਿ ਗੁਰ ਸੇਵਾ
ਨਾਨਕ ਨਾਮੁ ਸਖਾਈ ॥੪॥੫॥੬॥

سگلے دوُکھ مِٹہِ گُر سیوا
نانک نامُ سکھائی ॥4॥5॥6॥

ਭੈਰਉ ਮਹਲਾ ੧ ॥

بھیرَءُ محلا 1 ॥

ਹਿਰਦੈ ਨਾਮੁ ਸਰਬ ਧਨੁ ਧਾਰਣੁ
ਗੁਰ ਪਰਸਾਦੀ ਪਾਈਐ ॥

ہِردے نامُ سرب دھنُ دھارنُ
گُر پرسادی پائیے ॥

ਅਮਰ ਪਦਾਰਥ ਤੇ ਕਿਰਤਾਰਥ
ਸਹਜ ਧਿਆਨਿ ਲਿਵ ਲਾਈਐ ॥੧॥

امر پدارتھ تے کِرتارتھ
سہج دھیانِ لِو لائیَے ॥1॥

ਮਨ ਰੇ ਰਾਮ ਭਗਤਿ ਚਿਤੁ ਲਾਈਐ ॥

من رے رام بھگتِ چِتُ لائیَے ॥

ਗੁਰਮੁਖਿ ਰਾਮ ਨਾਮੁ ਜਪਿ ਹਿਰਦੈ
ਸਹਜ ਸੇਤੀ ਘਰਿ ਜਾਈਐ ॥੧॥ ਰਹਾਉ ॥

گُرمُکھِ رام نامُ جپِ ہِردے
سہج سیتی گھرِ جائیَے ॥1॥ رہاءُ ॥

ਭਰਮੁ ਭੇਦੁ ਭਉ ਕਬਹੁ ਨ ਛੂਟਸਿ
ਆਵਤ ਜਾਤ ਨ ਜਾਨੀ ॥

بھرمُ بھیدُ بھءُ کبہُ ن چھوٹسِ
آوت جات ن جانی ॥

ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵਸਿ
ਡੂਬਿ ਮੁਏ ਬਿਨੁ ਪਾਨੀ ॥੨॥

بِنُ ہرِ نام کو مُکتِ ن پاوسِ
ڈُوبِ مُے بِنُ پانی ॥2॥

ਧੰਧਾ ਕਰਤ ਸਗਲੀ ਪਤਿ ਖੋਵਸਿ
ਭਰਮੁ ਨ ਮਿਟਸਿ ਗਵਾਰਾ ॥

دھندھا کرت سگلی پتِ کھووسِ
بھرمُ ن مِٹسِ گوارا ॥

ਬਿਨੁ ਗੁਰ ਸਬਦ ਮੁਕਤਿ ਨਹੀ ਕਬ ਹੀ
ਅੰਧੁਲੇ ਧੰਧੁ ਪਸਾਰਾ ॥੩॥

بِنُ گُر سبد مُکتِ نہی کب ہی
اندھُلے دھندھُ پسارا ॥3॥

ਅਕੁਲ ਨਿਰੰਜਨ ਸਿਉ ਮਨੁ ਮਾਨਿਆ
ਮਨ ਹੀ ਤੇ ਮਨੁ ਮੂਆ ॥

اُکل نِرنجن سِءُ منُ مانِیا
من ہی تے منُ موُیا ॥

ਅੰਤਰਿ ਬਾਹਰਿ ਏਕੋ ਜਾਨਿਆ
ਨਾਨਕ ਅਵਰੁ ਨ ਦੂਆ ॥੪॥੬॥੭॥

انترِ باہرِ ایکو جانِیا
نانک اورُ ن دوُیا ॥4॥6॥7॥

ਭੈਰਉ ਮਹਲਾ ੧ ॥

بھیرَءُ محلا 1 ॥

ਜਗਨ ਹੋਮ ਪੁੰਨ ਤਪ ਪੂਜਾ
ਦੇਹ ਦੁਖੀ ਨਿਤ ਦੂਖ ਸਹੈ ॥

جگن ہوم پُنّن تپ پوُجا
دیہ دُکھی نِت دوُکھ سہے ॥

ਰਾਮ ਨਾਮ ਬਿਨੁ ਮੁਕਤਿ ਨ ਪਾਵਸਿ
ਮੁਕਤਿ ਨਾਮਿ ਗੁਰਮੁਖਿ ਲਹੈ ॥੧॥

رام نام بِنُ مُکتِ ن پاوسِ
مُکتِ نامِ گُرمُکھِ لہے ॥1॥

ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ ॥

رام نام بِنُ برتھے جگِ جنما ॥

ਬਿਖੁ ਖਾਵੈ ਬਿਖੁ ਬੋਲੀ ਬੋਲੈ
ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ ॥੧॥ ਰਹਾਉ ॥

بِکھُ کھاوے بِکھُ بولی بولے
بِنُ ناوے نِہپھلُ مرِ بھرّمنا ॥1॥ رہاءُ ॥

ਪੁਸਤਕ ਪਾਠ ਬਿਆਕਰਣ ਵਖਾਣੈ
ਸੰਧਿਆ ਕਰਮ ਤਿਕਾਲ ਕਰੈ ॥

پُستک پاٹھ بِیاکرنٹ وکھانےٗ
سندھِیا کرم تِکال کرے ॥

ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ
ਰਾਮ ਨਾਮ ਬਿਨੁ ਉਰਝਿ ਮਰੈ ॥੨॥

بِنُ گُر سبد مُکتِ کہا پّراٹی
رام نام بِنُ اُرجھِ مرے ॥2॥

ਡੰਡ ਕਮੰਡਲ ਸਿਖਾ ਸੂਤੁ ਧੋਤੀ
ਤੀਰਥਿ ਗਵਨੁ ਅਤਿ ਭ੍ਰਮਨੁ ਕਰੈ ॥

ڈنّڈ کمنّڈل سِکھا سوُتُ دھوتی
تِیرتھِ گونُ اتِ بھّرمنُ کرے ॥

ਰਾਮ ਨਾਮ ਬਿਨੁ ਸਾਂਤਿ ਨ ਆਵੈ
ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ ॥੩॥

رام نام بِنُ سانتِ ن آوے
جپِ ہرِ ہرِ نامُ سُ پارِ پرے ॥3॥

ਜਟਾ ਮੁਕਟੁ ਤਨਿ ਭਸਮ ਲਗਾਈ
ਬਸਤ੍ਰ ਛੋਡਿ ਤਨਿ ਨਗਨੁ ਭਇਆ ॥

جٹا مُکٹُ تنِ بھسم لگائی
بستّر چھوڈِ تنِ نگنُ بھئیا ॥

ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ
ਕਿਰਤ ਕੈ ਬਾਂਧੇ ਭੇਖੁ ਭਇਆ ॥੪॥

رام نام بِنُ تّرِپت ن آوے
کِرت کے باندھے بھیکھُ بھئیا ॥4॥

ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ
ਜਤ੍ਰ ਕਤ੍ਰ ਤੂ ਸਰਬ ਜੀਆ ॥

جیتے جیء جنّت جلِ تھلِ مہِیئلِ
جتّر کتّر توُ سرب جِیِیا ॥

ਗੁਰ ਪਰਸਾਦਿ ਰਾਖਿ ਲੇ ਜਨ ਕਉ
ਹਰਿ ਰਸੁ ਨਾਨਕ ਝੋਲਿ ਪੀਆ ॥੫॥੭॥੮॥

گُر پرسادِ راکھِ لے جن کءُ
ہرِ رسُ نانک جھولِ پِیِیا ॥5॥7॥8॥

ਰਾਗੁ ਭੈਰਉ ਮਹਲਾ ੩ ਚਉਪਦੇ ਘਰੁ ੧

راگُ بھیرءُ محلا 3 چئُپدے گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥

زاتِ کا گربُ ن کرِیئہُ کوئی ॥

ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧॥

برہمُ بِندے سو برّاہمنُ ہوئی ॥1॥

ਜਾਤਿ ਕਾ ਗਰਬੁ ਨ ਕਰਿ
ਮੂਰਖ ਗਵਾਰਾ ॥

زاتِ کا گربُ ن کرِ
موُرکھ گوارا ۔ ॥

ਇਸੁ ਗਰਬ ਤੇ
ਚਲਹਿ ਬਹੁਤੁ ਵਿਕਾਰਾ ॥੧॥ ਰਹਾਉ ॥

اِسُ گرب تے
چلہِ بہُتُ وِکارا ॥1॥ رہاءُ ॥

ਚਾਰੇ ਵਰਨ ਆਖੈ ਸਭੁ ਕੋਈ ॥

چارے ورن آکھےَ سبھُ کوئی ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پُرب نوُن سمرپت | سیوا: بھائی بلجیندر سنگھ جی (راڑا صاہب)

ਬ੍ਰਹਮੁ ਬਿੰਦ ਤੇ	بّرہمُ بِنّد تے
ਸਭ ਓਪਤਿ ਹੋਈ ॥੨॥	سبھ اوپتِ ہوئی ॥2॥
ਮਾਟੀ ਏਕ ਸਗਲ ਸੰਸਾਰਾ ॥	ماٹی ایک سگل سنّسارا ॥
ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ ॥੩॥	بہُ بِدھِ بھانڈے گھڑے کُمہّارا ॥3॥
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥	پنّچ تتُ مِلِ دیہی کا آکارا ॥
ਘਟਿ ਵਧਿ ਕੋ ਕਰੈ ਬੀਚਾਰਾ ॥੪॥	گھٹِ ودھِ کو کرے بیچارا ॥4॥
ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ ॥	کہتُ نانک اِہُ جیِءُ کرم بندھُ ہوئی ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥੫॥੧॥	بِنُ ستِگُر بھیٹے مُکتِ ن ہوئی ॥5॥1॥
ਭੈਰਉ ਮਹਲਾ ੩ ॥	بھیرءُ محلا 3 ॥
ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥	جوگی گرِہی پنڈِت بھیکھدھاری ॥
ਏ ਸੂਤੇ ਅਪਣੈ ਅਹੰਕਾਰੀ ॥੧॥	اے سوُتے اپنّے اہنکاری ॥1॥
ਮਾਇਆ ਮਦਿ ਮਾਤਾ ਰਹਿਆ ਸੋਇ ॥	مائیا مدِ ماتا رہِیا سوءِ ॥
ਜਾਗਤੁ ਰਹੈ ਨ ਮੂਸੈ ਕੋਇ ॥੧॥ ਰਹਾਉ ॥	جاگتُ رہے ن موُسے کوءِ ॥1॥ رہاءُ ॥
ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥	سو جاگے جِسُ ستِگُر مِلے ॥
ਪੰਚ ਦੂਤ ਓਹੁ ਵਸਗਤਿ ਕਰੈ ॥੨॥	پنّچ دوُت اوہُ وسگتِ کرے ॥2॥
ਸੋ ਜਾਗੈ ਜੋ ਤਤੁ ਬੀਚਾਰੈ ॥	سو جاگے جو تتُ بیچارے ॥
ਆਪਿ ਮਰੈ ਅਵਰਾ ਨਹ ਮਾਰੈ ॥੩॥	آپِ مرے اورا نہ مارے ॥3॥
ਸੋ ਜਾਗੈ ਜੋ ਏਕੋ ਜਾਣੈ ॥	سو جاگے جو ایکو جانّے ॥
ਪਰਕਿਰਤਿ ਛੋਡੈ ਤਤੁ ਪਛਾਣੈ ॥੪॥	پرکِرتِ چھوڈے تتُ پچھانّے ॥4॥
ਚਹੁ ਵਰਨਾ ਵਿਚਿ ਜਾਗੈ ਕੋਇ ॥	چہُ ورنا وِچِ جاگے کوءِ ॥
ਜਮੈ ਕਾਲੈ ਤੇ ਛੂਟੈ ਸੋਇ ॥੫॥	جمے کالے تے چھوُٹے سوءِ ॥5॥
ਕਹਤ ਨਾਨਕ ਜਨੁ ਜਾਗੈ ਸੋਇ ॥	کہت نانک جنُ جاگے سوءِ ॥
ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥੬॥੨॥	گِیان انجنُ جا کی نیتّری ہوءِ ॥6॥2॥

ਭੈਰਉ ਮਹਲਾ ੩ ॥	بھیرَءُ محلا 3 ॥
ਜਾ ਕਉ ਰਾਖੈ ਅਪਣੀ ਸਰਣਾਈ ॥	جا کءُ راکھے اپنی سرٹائی ॥
ਸਾਚੇ ਲਾਗੈ ਸਾਚਾ ਫਲੁ ਪਾਈ ॥੧॥	ساچے لاگے ساچا پھلُ پائی ॥1॥
ਰੇ ਜਨ ਕੈ ਸਿਉ ਕਰਹੁ ਪੁਕਾਰਾ ॥	رے جن کے سِءُ کرہُ پُکارا ۔ ॥
ਹੁਕਮੇ ਹੋਆ ਹੁਕਮੇ ਵਰਤਾਰਾ ॥੧॥ ਰਹਾਉ ॥	حُکمے ہویا حُکمے ورتارا ॥1॥ رہاءُ ॥
ਏਹੁ ਆਕਾਰੁ ਤੇਰਾ ਹੈ ਧਾਰਾ ॥	ایہُ آکارُ تیرا ہے دھارا ॥
ਖਿਨ ਮਹਿ ਬਿਨਸੈ ਕਰਤ ਨ ਲਾਗੈ ਬਾਰਾ ॥੨॥	کھِن مہِ بِنسے کرت ن لاگے بارا ॥2॥
ਕਰਿ ਪ੍ਰਸਾਦੁ ਇਕੁ ਖੇਲੁ ਦਿਖਾਇਆ ॥	کرِ پرّساد اِکُ کھیلُ دِکھائیا ॥
ਗੁਰ ਕਿਰਪਾ ਤੇ ਪਰਮ ਪਦੁ ਪਾਇਆ ॥੩॥	گُر کِرپا تے پرم پدُ پائیا ॥3॥
ਕਹਤ ਨਾਨਕੁ ਮਾਰਿ ਜੀਵਾਲੇ ਸੋਇ ॥	کہت نانکُ مارِ جیوالے سوءِ ॥
ਐਸਾ ਬੂਝਹੁ ਭਰਮਿ ਨ ਭੂਲਹੁ ਕੋਇ ॥੪॥੩॥	ایَسا بوُجھہُ بھرمِ ن بھوُلہُ کوءِ ॥4॥3॥
ਭੈਰਉ ਮਹਲਾ ੩ ॥	بھیرَءُ محلا 3 ॥
ਮੈ ਕਾਮਣਿ ਮੇਰਾ ਕੰਤੁ ਕਰਤਾਰੁ ॥	مے کامنِ میرا کنّتُ کرتارُ ॥
ਜੇਹਾ ਕਰਾਏ ਤੇਹਾ ਕਰੀ ਸੀਗਾਰੁ ॥੧॥	جیہا کرائے تیہا کری سیِگارُ ॥1॥
ਜਾਂ ਤਿਸੁ ਭਾਵੈ ਤਾਂ ਕਰੇ ਭੋਗੁ ॥	جاں تِس بھاوے تاں کرے بھوگُ ॥
ਤਨੁ ਮਨੁ ਸਾਚੇ ਸਾਹਿਬ ਜੋਗੁ ॥੧॥ ਰਹਾਉ ॥	تنُ منُ ساچے صاحِب جوگُ ॥1॥ رہاءُ ॥
ਉਸਤਤਿ ਨਿੰਦਾ ਕਰੇ ਕਿਆ ਕੋਈ ॥	اُستتِ نِندا کرے کِیا کوئی ۔ ॥
ਜਾਂ ਆਪੇ ਵਰਤੈ ਏਕੋ ਸੋਈ ॥੨॥	جاں آپے ورتے ایکو سوئی ॥2॥
ਗੁਰ ਪਰਸਾਦੀ ਪਿਰਮ ਕਸਾਈ ॥	گُر پرسادی پِرم کسائی ॥
ਮਿਲਉਗੀ ਦਇਆਲ ਪੰਚ ਸਬਦ ਵਜਾਈ ॥੩॥	مِلئگی دئیال پنچ سبد وجائی ॥3॥
ਭਨਤਿ ਨਾਨਕੁ ਕਰੇ ਕਿਆ ਕੋਇ ॥	بھنتِ نانکُ کرے کِیا کوءِ ۔ ॥
ਜਿਸ ਨੋ ਆਪਿ ਮਿਲਾਵੈ ਸੋਇ ॥੪॥੪॥	جِس نو آپِ مِلاوے سوءِ ॥4॥4॥

ਭੈਰਉ ਮਹਲਾ ੩ ॥	بھیرَءُ محلا 3 ॥
ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥	سو مُنِ جِ من کی دُبِدھا مارے ॥
ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥	دُبِدھا مارِ برہمُ بیچارے ॥1॥
ਇਸੁ ਮਨ ਕਉ ਕੋਈ ਖੋਜਹੁ ਭਾਈ ॥	اِسُ من کءُ کوئی کھوجہُ بھائی ۔ ॥
ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥	منُ کھوجت نامُ نءُ نِدھِ پائی ॥1॥ رہاءُ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥	مؤلُ موہُ کرِ کرتے جگتُ اُپائیا ॥
ਮਮਤਾ ਲਾਇ ਭਰਮਿ ਭੁਲਾਇਆ ॥੨॥	ممتا لاءِ بھرمِ بھولائیا ॥2॥
ਇਸੁ ਮਨ ਤੇ ਸਭ ਪਿੰਡ ਪਰਾਣਾ ॥	اِسُ من تے سبھ پِنڈُ پراٹا ॥
ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥	من کے ویچارِ حُکمُ بُجھِ سماٹا ॥3॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥	کرمُ ہووے گُرُ کِرپا کرے ॥
ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥	اِہُ منُ جاگے اِسُ من کی دُبِدھا مرے ॥4॥
ਮਨ ਕਾ ਸੁਭਾਉ ਸਦਾ ਬੈਰਾਗੀ ॥	من کا سُبھاءُ سدا بیَراگی ॥
ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥	سبھ مہِ وسے اتیتُ انراگی ॥5॥
ਕਹਤ ਨਾਨਕੁ ਜੋ ਜਾਣੈ ਭੇਉ ॥	کہت نانکُ جو جانے بھیءُ ॥
ਆਦਿ ਪੁਰਖੁ ਨਿਰੰਜਨ ਦੇਉ ॥੬॥੫॥	آدِ پُرکھُ نِرنجن دیءُ ॥6॥5॥
ਭੈਰਉ ਮਹਲਾ ੩ ॥	بھیرَءُ محلا 3 ॥
ਰਾਮ ਨਾਮੁ ਜਗਤ ਨਿਸਤਾਰਾ ॥	رام نامُ جگت نِستارا ॥
ਭਵਜਲੁ ਪਾਰਿ ਉਤਾਰਣਹਾਰਾ ॥੧॥	بھوجلُ پارِ اُتارنہارا ॥1॥
ਗੁਰ ਪਰਸਾਦੀ ਹਰਿ ਨਾਮੁ ਸਮ੍ਹਾਲਿ ॥	گُر پرسادی ہرِ نامُ سمہالِ ॥
ਸਦ ਹੀ ਨਿਬਹੈ ਤੇਰੈ ਨਾਲਿ ॥੧॥ ਰਹਾਉ ॥	سد ہی نِبہے تیرے نالِ ॥1॥ رہاءُ ॥
ਨਾਮੁ ਨ ਚੇਤਹਿ ਮਨਮੁਖ ਗਾਵਾਰਾ ॥	نامُ ن چیتہِ منمکھ گاوارا ۔ ॥
ਬਿਨੁ ਨਾਵੈ ਕੈਸੇ ਪਾਵਹਿ ਪਾਰਾ ॥੨॥	بِنُ ناوے کیسے پاوہِ پارا ۔ ॥2॥

ਆਪੇ ਦਾਤਿ ਕਰੇ ਦਾਤਾਰੁ ॥	آپے داتِ کرے داتارُ ॥
ਦੇਵਣਹਾਰੇ ਕਉ ਜੈਕਾਰੁ ॥੩॥	دیوٹہارے کءُ جیَکارُ ॥3॥
ਨਦਰਿ ਕਰੇ ਸਤਿਗੁਰੂ ਮਿਲਾਏ ॥	ندرِ کرے ستِگُروُ مِلائے ॥
ਨਾਨਕ ਹਿਰਦੈ ਨਾਮੁ ਵਸਾਏ ॥੪॥੬॥	نانک ہِردے نامُ وسائے ॥4॥6॥
ਭੈਰਉ ਮਹਲਾ ੩ ॥	بھیَرءُ محلا 3 ॥
ਨਾਮੇ ਉਧਰੇ ਸਭਿ ਜਿਤਨੇ ਲੋਅ ॥	نامے اُدھرے سبھِ جِتنے لوء ॥
ਗੁਰਮੁਖਿ ਜਿਨਾ ਪਰਾਪਤਿ ਹੋਇ ॥੧॥	گُرمُکھِ جِنا پراپتِ ہوءِ ॥1॥
ਹਰਿ ਜੀਉ ਅਪਣੀ ਕ੍ਰਿਪਾ ਕਰੇਇ ॥	ہرِ جیِءُ اپنّی کرِپا کرےءِ ॥
ਗੁਰਮੁਖਿ ਨਾਮੁ ਵਡਿਆਈ ਦੇਇ ॥੧॥ ਰਹਾਉ ॥	گُرمُکھِ نامُ وڈِیائی دےءِ ॥1॥ رہاءُ ॥
ਰਾਮ ਨਾਮਿ ਜਿਨ ਪ੍ਰੀਤਿ ਪਿਆਰੁ ॥	رام نامِ جِن پرّیتِ پیارُ ॥
ਆਪਿ ਉਧਰੇ ਸਭਿ ਕੁਲ ਉਧਾਰਣਹਾਰੁ ॥੨॥	آپِ اُدھرے سبھِ کُل اُدھارٹہارُ ॥2॥
ਬਿਨੁ ਨਾਵੈ ਮਨਮੁਖ ਜਮ ਪੁਰਿ ਜਾਹਿ ॥	بِنُ ناوے منمکھ جم پُر جاہِ ॥
ਅਉਖੇ ਹੋਵਹਿ ਚੋਟਾ ਖਾਹਿ ॥੩॥	اَئکھے ہووہِ چوٹا کھاہِ ॥3॥
ਆਪੇ ਕਰਤਾ ਦੇਵੈ ਸੋਇ ॥	آپے کرتا دیوے سوءِ ॥
ਨਾਨਕ ਨਾਮੁ ਪਰਾਪਤਿ ਹੋਇ ॥੪॥੭॥	نانک نامُ پراپتِ ہوءِ ॥4॥7॥
ਭੈਰਉ ਮਹਲਾ ੩ ॥	بھیَرءُ محلا 3 ॥
ਗੋਵਿੰਦ ਪ੍ਰੀਤਿ ਸਨਕਾਦਿਕ ਉਧਾਰੇ ॥	گووِنّد پرّیتِ سنکادِک اُدھارے ॥
ਰਾਮ ਨਾਮ ਸਬਦਿ ਬੀਚਾਰੇ ॥੧॥	رام نام سبدِ بیچارے ॥1॥
ਹਰਿ ਜੀਉ ਅਪਣੀ ਕਿਰਪਾ ਧਾਰੁ ॥	ہرِ جیِءُ اپنّی کرِپا دھارُ ॥
ਗੁਰਮੁਖਿ ਨਾਮੇ ਲਗੈ ਪਿਆਰੁ ॥੧॥ ਰਹਾਉ ॥	گُرمُکھِ نامے لگےَ پیارُ ॥1॥ رہاءُ ॥
ਅੰਤਰਿ ਪ੍ਰੀਤਿ ਭਗਤਿ ਸਾਚੀ ਹੋਇ ॥	انتّرِ پرّیتِ بھگتِ ساچی ہوءِ ॥
ਪੂਰੈ ਗੁਰਿ ਮੇਲਾਵਾ ਹੋਇ ॥੨॥	پوُرے گُرِ میلاوا ہوءِ ॥2॥

ਨਿਜ ਘਰਿ ਵਸੈ ਸਹਜਿ ਸੁਭਾਇ ॥	نِج گھرِ وسے سہجِ سُبھاءِ ॥
ਗੁਰਮੁਖਿ ਨਾਮੁ ਵਸੈ ਮਨਿ ਆਇ ॥੩॥	گُرمُکھِ نامُ وسے منِ آءِ ॥3॥
ਆਪੇ ਵੇਖੈ ਵੇਖਣਹਾਰੁ ॥	آپے ویکھے ویکھنہارُ ॥
ਨਾਨਕ ਨਾਮੁ ਰਖਹੁ ਉਰ ਧਾਰਿ ॥੪॥੮॥	نانک نامُ رکھہُ اُر دھارِ ॥4॥8॥
ਭੈਰਉ ਮਹਲਾ ੩ ॥	بھیرءُ محلا 3 ॥
ਕਲਜੁਗ ਮਹਿ ਰਾਮ ਨਾਮੁ ਉਰ ਧਾਰੁ ॥	کلجُگ مہِ رام نامُ اُر دھارُ ॥
ਬਿਨੁ ਨਾਵੈ ਮਾਥੈ ਪਾਵੈ ਛਾਰੁ ॥੧॥	بِنُ ناوے ماتھے پاوے چھارُ ॥1॥
ਰਾਮ ਨਾਮੁ ਦੁਲਭੁ ਹੈ ਭਾਈ ॥	رام نامُ دُلبھُ ہے بھائی ۔ ॥
ਗੁਰ ਪਰਸਾਦਿ ਵਸੈ ਮਨਿ ਆਈ ॥੧॥ ਰਹਾਉ ॥	گُر پرسادِ وسے منِ آئی ॥1॥ رہاءُ ॥
ਰਾਮ ਨਾਮੁ ਜਨ ਭਾਲਹਿ ਸੋਇ ॥	رام نامُ جن بھالہِ سوءِ ॥
ਪੂਰੇ ਗੁਰ ਤੇ ਪ੍ਰਾਪਤਿ ਹੋਇ ॥੨॥	پُورے گُر تے پّراپتِ ہوءِ ॥2॥
ਹਰਿ ਕਾ ਭਾਣਾ ਮੰਨਹਿ ਸੇ ਜਨ ਪਰਵਾਣੁ ॥	ہرِ کا بھاٹا منّنہِ سے جن پرواںُ ॥
ਗੁਰ ਕੈ ਸਬਦਿ ਨਾਮ ਨੀਸਾਣੁ ॥੩॥	گُر کے سبدِ نام نیشانُ ॥3॥
ਸੋ ਸੇਵਹੁ ਜੋ ਕਲ ਰਹਿਆ ਧਾਰਿ ॥	سو سیوہُ جو کل رہیا دھارِ ॥
ਨਾਨਕ ਗੁਰਮੁਖਿ ਨਾਮੁ ਪਿਆਰਿ ॥੪॥੯॥	نانک گُرمُکھِ نامُ پیارِ ॥4॥9॥
ਭੈਰਉ ਮਹਲਾ ੩ ॥	بھیرءُ محلا 3 ॥
ਕਲਜੁਗ ਮਹਿ ਬਹੁ ਕਰਮ ਕਮਾਹਿ ॥	کلجُگ مہِ بہُ کرم کماہِ ॥
ਨਾ ਰੁਤਿ ਨ ਕਰਮ ਥਾਇ ਪਾਹਿ ॥੧॥	نا رُتِ ن کرم تھاءِ پاہِ ॥1॥
ਕਲਜੁਗ ਮਹਿ ਰਾਮ ਨਾਮੁ ਹੈ ਸਾਰੁ ॥	کلجُگ مہِ رام نامُ ہے سارُ ॥
ਗੁਰਮੁਖਿ ਸਾਚਾ ਲਗੈ ਪਿਆਰੁ ॥੧॥ ਰਹਾਉ ॥	گُرمُکھِ ساچا لگے پیارُ ॥1॥ رہاءُ ॥
ਤਨੁ ਮਨੁ ਖੋਜਿ ਘਰੈ ਮਹਿ ਪਾਇਆ ॥	تنُ منُ کھوجِ گھرے مہِ پائیا ॥
ਗੁਰਮੁਖਿ ਰਾਮ ਨਾਮਿ ਚਿਤੁ ਲਾਇਆ ॥੨॥	گُرمُکھِ رام نامِ چِتُ لائیا ॥2॥

ਗਿਆਨ ਅੰਜਨੁ ਸਤਿਗੁਰ ਤੇ ਹੋਇ ॥
ਰਾਮ ਨਾਮੁ ਰਵਿ ਰਹਿਆ ਤਿਹੁ ਲੋਇ ॥੩॥

ਕਲਿਜੁਗ ਮਹਿ ਹਰਿ ਜੀਉ ਏਕੁ
ਹੋਰ ਰੁਤਿ ਨ ਕਾਈ ॥

ਨਾਨਕ ਗੁਰਮੁਖਿ ਹਿਰਦੈ
ਰਾਮ ਨਾਮੁ ਲੇਹੁ ਜਮਾਈ ॥੪॥੧੦॥

ਭੈਰਉ ਮਹਲਾ ੩ ਘਰ ੨

ੴ ਸਤਿਗੁਰ ਪ੍ਰਸਾਦਿ ॥

ਦੁਬਿਧਾ ਮਨਮੁਖ ਰੋਗਿ ਵਿਆਪੇ
ਤ੍ਰਿਸਨਾ ਜਲਹਿ ਅਧਿਕਾਈ ॥

ਮਰਿ ਮਰਿ ਜੰਮਹਿ ਠਉਰ ਨ ਪਾਵਹਿ
ਬਿਰਥਾ ਜਨਮੁ ਗਵਾਈ ॥੧॥

ਮੇਰੇ ਪ੍ਰੀਤਮ ਕਰਿ ਕਿਰਪਾ ਦੇਹੁ ਬੁਝਾਈ ॥

ਹਉਮੈ ਰੋਗੀ ਜਗਤੁ ਉਪਾਇਆ
ਬਿਨੁ ਸਬਦੈ ਰੋਗੁ ਨ ਜਾਈ ॥੧॥ ਰਹਾਉ ॥

ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ
ਬਿਨੁ ਸਬਦੈ ਸੁਰਤਿ ਨ ਪਾਈ ॥

ਤ੍ਰੈ ਗੁਣ ਸਭੇ ਰੋਗਿ ਵਿਆਪੇ
ਮਮਤਾ ਸੁਰਤਿ ਗਵਾਈ ॥੨॥

ਇਕਿ ਆਪੇ ਕਾਢਿ ਲਏ ਪ੍ਰਭਿ ਆਪੇ
ਗੁਰ ਸੇਵਾ ਪ੍ਰਭਿ ਲਾਏ ॥

ਹਰਿ ਕਾ ਨਾਮੁ ਨਿਧਾਨੋ ਪਾਇਆ
ਸੁਖੁ ਵਸਿਆ ਮਨਿ ਆਇ ॥੩॥

ਚਉਥੀ ਪਦਵੀ ਗੁਰਮੁਖਿ ਵਰਤਹਿ
ਤਿਨ ਨਿਜ ਘਰਿ ਵਾਸਾ ਪਾਇਆ ॥

گیان انجنُ ستگُر تے ہوءِ ॥
رام نامُ رو رہیا تِہ لوءِ ॥3॥

کلِجُگ مہِ ہرِ جیءُ ایکُ
ہور رُتِ ن کائی ॥

نانک گُرمُکھِ ہِردے
رام نامُ لیہُ جمائی ॥4॥ 10 ॥

بھیرَءُ محلا 3 گھر 2

ੴ ستگُر پرسادِ ॥

دُبِدھا منمُکھ روگِ وِیاپے
تّرِسنا جلہِ ادھِکائی ॥

مرِ مرِ جنمّہِ ٹھُر ن پاوہِ
بِرتھا جنمُ گوائی ॥1॥

میرے پرِیتم کرِ کرِپا دیہُ بُجھائی ॥

ہیُمےَ روگی جگتُ اُپائیا
بِنُ سبدے روگُ ن جائی ॥1॥ رہاءُ ॥

سِنمّرِتِ ساستّر پڑہِ مُنِ کیتے
بِنُ سبدے سُرتِ ن پائی ॥

تّرے گُن سبھے روگِ وِیاپے
ممتا سُرتِ گوائی ॥2॥

اِکِ آپے کاڈھِ لے پّربھِ آپے
گُر سیوا پّربھِ لائے ॥

ہرِ کا نامُ نِدھانو پائیا
سُکھُ وسِیا منِ آءِ ॥3॥

چتُتھی پدوی گُرمُکھِ ورتہِ
تِن نِج گھرِ واسا پائیا ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ)
سری گُرو نانک دیو جی مہاراج دے 550ویں پرکاش پُرب نُوں سمرپت | سیوا: بھائی بلجِندر سنگھ جی (راڑا صاہب)

ਪੂਰੈ ਸਤਿਗੁਰਿ ਕਿਰਪਾ ਕੀਨੀ
ਵਿਚਹੁ ਆਪੁ ਗਵਾਇਆ ॥੪॥

پُورے ستگُرِ کرپا کینی
وِچہُ آپُ گوائیا ॥4॥

ਏਕਸੁ ਕੀ ਸਿਰਿ ਕਾਰ ਏਕ
ਜਿਨਿ ਬ੍ਰਹਮਾ ਬਿਸਨੁ ਰੁਦ੍ਰੁ ਉਪਾਇਆ ॥

ایکسُ کی سِرِ کار ایک
جِنِ برہما بِسنُ رُدرُ اُپائیا ॥

ਨਾਨਕ ਨਿਹਚਲੁ ਸਾਚਾ ਏਕੋ
ਨਾ ਓਹੁ ਮਰੈ ਨ ਜਾਇਆ ॥੫॥੧॥੧੧॥

نانک نِہچلُ ساچا ایکو
نا اوہُ مرے ن جائیا ॥5॥1॥ 11 ॥

ਭੈਰਉ ਮਹਲਾ ੩ ॥

بھیرَءُ محلا 3 ॥

ਮਨਮੁਖਿ ਦੁਬਿਧਾ ਸਦਾ ਹੈ ਰੋਗੀ
ਰੋਗੀ ਸਗਲ ਸੰਸਾਰਾ ॥

منمُکھِ دُبِدھا سدا ہے روگی
روگی سگل سنّسارا ॥

ਗੁਰਮੁਖਿ ਬੂਝਹਿ ਰੋਗੁ ਗਵਾਵਹਿ
ਗੁਰ ਸਬਦੀ ਵੀਚਾਰਾ ॥੧॥

گُرمُکھِ بوُجھہِ روگُ گواوہِ
گُر سبدی ویچارا ॥1॥

ਹਰਿ ਜੀਉ ਸਤਸੰਗਤਿ ਮੇਲਾਇ ॥

ہرِ جیِءُ ستسنگتِ میلاءِ ॥

ਨਾਨਕ ਤਿਸ ਨੋ ਦੇਇ ਵਡਿਆਈ
ਜੋ ਰਾਮ ਨਾਮਿ ਚਿਤੁ ਲਾਇ ॥੧॥ ਰਹਾਉ ॥

نانک تِس نو دےءِ وڈِیائی
جو رام نامِ چِتُ لاءِ ॥1॥ رہاءُ ॥

ਮਮਤਾ ਕਾਲਿ ਸਭਿ ਰੋਗਿ ਵਿਆਪੇ
ਤਿਨ ਜਮ ਕੀ ਹੈ ਸਿਰਿ ਕਾਰਾ ॥

ممتا کالِ سبھِ روگِ ویاپے
تِن جم کی ہے سِرِ کارا ॥

ਗੁਰਮੁਖਿ ਪ੍ਰਾਣੀ ਜਮੁ ਨੇੜਿ ਨ ਆਵੈ
ਜਿਨ ਹਰਿ ਰਾਖਿਆ ਉਰਿ ਧਾਰਾ ॥੨॥

گُرمُکھِ پّراٹی جمُ نیڑِ ن آوے
جِن ہرِ راکھیا اُرِ دھارا ॥2॥

ਜਿਨ ਹਰਿ ਕਾ ਨਾਮੁ ਨ ਗੁਰਮੁਖਿ ਜਾਤਾ
ਸੇ ਜਗ ਮਹਿ ਕਾਹੇ ਆਇਆ ॥

جِن ہرِ کا نامُ ن گُرمُکھِ جاتا
سے جگ مہِ کاہے آئیا ۔ ॥

ਗੁਰ ਕੀ ਸੇਵਾ ਕਦੇ ਨ ਕੀਨੀ
ਬਿਰਥਾ ਜਨਮੁ ਗਵਾਇਆ ॥੩॥

گُر کی سیوا کدے ن کینی
برتھا جنمُ گوائیا ॥3॥

ਨਾਨਕ ਸੇ ਪੂਰੇ ਵਡਭਾਗੀ
ਸਤਿਗੁਰ ਸੇਵਾ ਲਾਏ ॥

نانک سے پُورے وڈبھاگی
ستِگُر سیوا لائے ॥

ਜੋ ਇਛਹਿ ਸੋਈ ਫਲੁ ਪਾਵਹਿ

جو اِچھہِ سوئی پھلُ پاوہِ

ਗੁਰਬਾਣੀ ਸੁਖੁ ਪਾਏ ॥੪॥੨॥੧੨॥

گُربانی سُکھ پائے ॥4॥2॥ 12 ॥

ਭੈਰਉ ਮਹਲਾ ੩ ॥

بھیرَءُ محلا 3 ॥

ਦੁਖ ਵਿਚਿ ਜੰਮੈ ਦੁਖਿ ਮਰੈ
ਦੁਖ ਵਿਚਿ ਕਾਰ ਕਮਾਇ ॥

دُکھ وِچ جنمَے دُکھِ مرے
دُکھ وِچ کار کماءِ ॥

ਗਰਭ ਜੋਨੀ ਵਿਚਿ ਕਦੇ ਨ ਨਿਕਲੈ
ਬਿਸਟਾ ਮਾਹਿ ਸਮਾਇ ॥੧॥

گربھ جونی وِچ کدے ن نِکلے
بِسٹا ماہِ سماءِ ॥1॥

ਧ੍ਰਿਗੁ ਧ੍ਰਿਗੁ ਮਨਮੁਖਿ ਜਨਮੁ ਗਵਾਇਆ ॥

دھرِگ دھرِگ منمُکھِ جنمُ گوائیا ॥

ਪੂਰੇ ਗੁਰ ਕੀ ਸੇਵ ਨ ਕੀਨੀ
ਹਰਿ ਕਾ ਨਾਮੁ ਨ ਭਾਇਆ ॥੧॥ ਰਹਾਉ ॥

پُورے گُر کی سیو ن کِینی
ہرِ کا نامُ ن بھائیا ॥1॥ رہاءُ ॥

ਗੁਰ ਕਾ ਸਬਦੁ ਸਭਿ ਰੋਗ ਗਵਾਏ
ਜਿਸ ਨੋ ਹਰਿ ਜੀਉ ਲਾਏ ॥

گُر کا سبدُ سبھِ روگ گوائے
جِس نو ہرِ جیءُ لائے ॥

ਨਾਮੇ ਨਾਮਿ ਮਿਲੈ ਵਡਿਆਈ
ਜਿਸ ਨੋ ਮੰਨਿ ਵਸਾਏ ॥੨॥

نامے نامِ مِلے وڈیائی
جِس نو منّ وسائے ॥2॥

ਸਤਿਗੁਰੁ ਭੇਟੈ ਤਾ ਫਲੁ ਪਾਏ
ਸਚੁ ਕਰਣੀ ਸੁਖ ਸਾਰੁ ॥

ستِگُر بھیٹے تا پھلُ پائے
سچُ کرنی سُکھ سارُ ॥

ਸੇ ਜਨ ਨਿਰਮਲ ਜੋ ਹਰਿ ਲਾਗੇ
ਹਰਿ ਨਾਮੇ ਧਰਹਿ ਪਿਆਰੁ ॥੩॥

سے جن نِرمل جو ہرِ لاگے
ہرِ نامے دھرہِ پیارُ ॥3॥

ਤਿਨ ਕੀ ਰੇਣੁ ਮਿਲੈ ਤਾਂ ਮਸਤਕਿ ਲਾਈ
ਜਿਨ ਸਤਿਗੁਰੁ ਪੂਰਾ ਧਿਆਇਆ ॥

تِن کی ریٹُ مِلے تاں مستکِ لائی
جِن ستِگُر پُورا دھیائیا ॥

ਨਾਨਕ ਤਿਨ ਕੀ ਰੇਣੁ ਪੂਰੈ ਭਾਗਿ ਪਾਈਐ
ਜਿਨੀ ਰਾਮ ਨਾਮਿ ਚਿਤੁ ਲਾਇਆ ॥੪॥੩॥੧੩॥

نانک تِن کی ریٹُ پُورے بھاگِ پائیئے
جِنی رام نامِ چِتُ لائیا ॥4॥3॥ 13 ॥

ਭੈਰਉ ਮਹਲਾ ੩ ॥

بھیرَءُ محلا 3 ॥

ਸਬਦੁ ਬੀਚਾਰੇ ਸੋ ਜਨੁ ਸਾਚਾ
ਜਿਨ ਕੈ ਹਿਰਦੈ ਸਾਚਾ ਸੋਈ ॥

سبدُ بیچارے سو جنُ ساچا
جِن کے ہِردے ساچا سوئی ॥

ਸਾਚੀ ਭਗਤਿ ਕਰਹਿ ਦਿਨੁ ਰਾਤੀ

ساچی بھگتِ کرہِ دِنُ راتی

ਤਾਂ ਤਨਿ ਦੂਖੁ ਨ ਹੋਈ ॥੧॥

تاں تنِ دوُکھُ ن ہوئی ॥1॥

ਭਗਤੁ ਭਗਤੁ ਕਹੈ ਸਭੁ ਕੋਈ ॥

بھگتُ بھگتُ کہے سبھُ کوئی ॥

ਬਿਨੁ ਸਤਿਗੁਰ ਸੇਵੇ ਭਗਤਿ ਨ ਪਾਈਐ
ਪੂਰੈ ਭਾਗਿ ਮਿਲੈ ਪ੍ਰਭੁ ਸੋਈ ॥੧॥ ਰਹਾਉ ॥

بِنُ ستِگُر سیوے بھگتِ ن پائیَۓ
پوُرے بھاگِ مِلےَ پرّبھُ سوئی ॥1॥ رہاءُ ॥

ਮਨਮੁਖ ਮੂਲੁ ਗਵਾਵਹਿ ਲਾਭੁ ਮਾਗਹਿ
ਲਾਹਾ ਲਾਭੁ ਕਿਦੂ ਹੋਈ ॥

منمکھ موُلُ گواوہِ لابھُ ماگہِ
لاہا لابھُ کِدوُ ہوئی ۔ ॥

ਜਮਕਾਲੁ ਸਦਾ ਹੈ ਸਿਰ ਊਪਰਿ
ਦੂਜੈ ਭਾਇ ਪਤਿ ਖੋਈ ॥੨॥

جمکالُ سدا ہےَ سِر اوُپرِ
دوُجےَ بھاءِ پتِ کھوئی ॥2॥

ਬਹਲੇ ਭੇਖ ਭਵਹਿ ਦਿਨੁ ਰਾਤੀ
ਹਉਮੈ ਰੋਗੁ ਨ ਜਾਈ ॥

بہلے بھیکھ بھوہِ دِنُ راتی
ہئُمےَ روگُ ن جائی ॥

ਪੜਿ ਪੜਿ ਲੂਝਹਿ ਬਾਦੁ ਵਖਾਣਹਿ
ਮਿਲਿ ਮਾਇਆ ਸੁਰਤਿ ਗਵਾਈ ॥੩॥

پڑِ پڑِ لوُجھہِ بادُ وکھاٹہِ
مِلِ مائیا سُرتِ گوائی ॥3॥

ਸਤਿਗੁਰੁ ਸੇਵਹਿ ਪਰਮ ਗਤਿ ਪਾਵਹਿ
ਨਾਮਿ ਮਿਲੈ ਵਡਿਆਈ ॥

ستِگُرُ سیوہِ پرم گتِ پاوہِ
نامِ مِلےَ وڈِیائی ॥

ਨਾਨਕ ਨਾਮੁ ਜਿਨਾ ਮਨਿ ਵਸਿਆ
ਦਰਿ ਸਾਚੈ ਪਤਿ ਪਾਈ ॥੪॥੪॥੧੪॥

نانک نامُ جِنا منِ وسِیا
درِ ساچےَ پتِ پائی ॥4॥4॥ 14 ॥

ਭੈਰਉ ਮਹਲਾ ੩ ॥

بھیَرءُ محلا 3 ॥

ਮਨਮੁਖ ਆਸਾ ਨਹੀ ਉਤਰੈ
ਦੂਜੈ ਭਾਇ ਖੁਆਏ ॥

منمکھ آسا نہی اُترےَ
دوُجےَ بھاءِ کھُیائے ॥

ਉਦਰੁ ਨੈ ਸਾਣੁ ਨ ਭਰੀਐ ਕਬਹੂ
ਤ੍ਰਿਸਨਾ ਅਗਨਿ ਪਚਾਏ ॥੧॥

اُدرُ نے ساۂُ ن بھریۓَ کبہوُ
تّرِسنا اگنِ پچائے ॥1॥

ਸਦਾ ਅਨੰਦੁ ਰਾਮ ਰਸਿ ਰਾਤੇ ॥

سدا انندُ رام رسِ راتے ॥

ਹਿਰਦੈ ਨਾਮੁ ਦੁਬਿਧਾ ਮਨਿ ਭਾਗੀ
ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਤੇ ॥੧॥ ਰਹਾਉ ॥

ہِردےَ نامُ دُبِدھا منِ بھاگی
ہرِ ہرِ انمّرِتُ پی تّرِپتاتے ॥1॥ رہاءُ ॥

ਆਪੇ ਪਾਰਬ੍ਰਹਮੁ ਸ੍ਰਿਸਟਿ ਜਿਨਿ ਸਾਜੀ

آپے پاربّرہمُ سّرِسٹِ جِنِ ساجی

ਸਿਰਿ ਸਿਰਿ ਧੰਧੈ ਲਾਏ ॥

سِرِ سِرِ دھندّھے لائے ॥

ਮਾਇਆ ਮੋਹੁ ਕੀਆ ਜਿਨਿ ਆਪੇ
ਆਪੇ ਦੂਜੈ ਲਾਏ ॥੨॥

مائیا موہُ کِیا جِنِ آپے
آپے دوُجےَ لائے ॥2॥

ਤਿਸ ਨੋ ਕਿਹੁ ਕਹੀਐ ਜੇ ਦੂਜਾ ਹੋਵੈ
ਸਭਿ ਤੁਧੈ ਮਾਹਿ ਸਮਾਏ ॥

تِس نو کِہُ کہیئے جے دوُجا ہووے
سبھِ تُدھےَ ماہِ سمائے ॥

ਗੁਰਮੁਖਿ ਗਿਆਨੁ ਤਤੁ ਬੀਚਾਰਾ
ਜੋਤੀ ਜੋਤਿ ਮਿਲਾਏ ॥੩॥

گُرمُکھِ گِیانُ تتُ بیچارا
جوتی جوتِ مِلائے ॥3॥

ਸੋ ਪ੍ਰਭੁ ਸਾਚਾ ਸਦ ਹੀ ਸਾਚਾ
ਸਾਚਾ ਸਭੁ ਆਕਾਰਾ ॥

سو پربھُ ساچا سد ہی ساچا
ساچا سبھُ آکارا ॥

ਨਾਨਕ ਸਤਿਗੁਰਿ ਸੋਝੀ ਪਾਈ
ਸਚਿ ਨਾਮਿ ਨਿਸਤਾਰਾ ॥੪॥੫॥੧੫॥

نانک ستِگُرِ سوجھی پائی
سچِ نامِ نِستارا ॥4॥5॥ 15 ॥

ਭੈਰਉ ਮਹਲਾ ੩ ॥

بھیرَءُ محلا 3 ॥

ਕਲਿ ਮਹਿ ਪ੍ਰੇਤ ਜਿਨ੍ਹੀ ਰਾਮੁ ਨ ਪਛਾਤਾ
ਸਤਜੁਗਿ ਪਰਮ ਹੰਸ ਬੀਚਾਰੀ ॥

کلِ مہِ پریت جِنّہی رامُ ن پچھاتا
ستجُگِ پرم ہنّس بیچاری ॥

ਦੁਆਪੁਰਿ ਤ੍ਰੇਤੈ ਮਾਣਸ ਵਰਤਹਿ
ਵਿਰਲੈ ਹਉਮੈ ਮਾਰੀ ॥੧॥

دُیاپُرِ ترّیتےَ ماٹُس ورتہِ
وِرلے ہئُمےَ ماری ॥1॥

ਕਲਿ ਮਹਿ ਰਾਮ ਨਾਮਿ ਵਡਿਆਈ ॥

کلِ مہِ رام نامِ وڈِیائی ॥

ਜੁਗਿ ਜੁਗਿ ਗੁਰਮੁਖਿ ਏਕੋ ਜਾਤਾ
ਵਿਣੁ ਨਾਵੈ ਮੁਕਤਿ ਨ ਪਾਈ ॥੧॥ ਰਹਾਉ ॥

جُگِ جُگِ گُرمُکھِ ایکو جاتا
وِنُ ناوےَ مُکتِ ن پائی ॥1॥ رہاءُ ॥

ਹਿਰਦੈ ਨਾਮੁ ਲਖੈ ਜਨੁ ਸਾਚਾ
ਗੁਰਮੁਖਿ ਮੰਨਿ ਵਸਾਈ ॥

ہِردےَ نامُ لکھےَ جنُ ساچا
گُرمُکھِ منّنِ وسائی ॥

ਆਪਿ ਤਰੇ ਸਗਲੇ ਕੁਲ ਤਾਰੇ
ਜਿਨੀ ਰਾਮ ਨਾਮਿ ਲਿਵ ਲਾਈ ॥੨॥

آپِ ترے سگلے کُل تارے
جِنی رام نامِ لِو لائی ॥2॥

ਮੇਰਾ ਪ੍ਰਭੁ ਹੈ ਗੁਣ ਕਾ ਦਾਤਾ
ਅਵਗਣ ਸਬਦਿ ਜਲਾਏ ॥

میرا پربھُ ہے گُنڑ کا داتا
اوگُنڑ سبدِ جلائے ॥

ਜਿਨ ਮਨਿ ਵਸਿਆ ਸੇ ਜਨ ਸੋਹੇ
ਹਿਰਦੈ ਨਾਮੁ ਵਸਾਏ ॥੩॥

جِن منِ وسِیا سے جن سوہے
ہِردے نامُ وسائے ॥3॥

ਘਰੁ ਦਰੁ ਮਹਲੁ ਸਤਿਗੁਰੂ ਦਿਖਾਇਆ
ਰੰਗ ਸਿਉ ਰਲੀਆ ਮਾਣੈ ॥

گھرُ درُ محلُ ستِگُرو دِکھائیا
رنگ سِءُ رلِیا ماۃٮ ॥

ਜੋ ਕਿਛੁ ਕਹੈ ਸੁ ਭਲਾ ਕਰਿ ਮਾਨੈ
ਨਾਨਕ ਨਾਮੁ ਵਖਾਣੈ ॥੪॥੬॥੧੬॥

جو کِچھُ کہے سُ بھلا کرِ مانے
نانک نامُ وکھاۃٮ ॥4॥6॥ 16 ॥

ਭੈਰਉ ਮਹਲਾ ੩ ॥

بھیرءُ محلا 3 ॥

ਮਨਸਾ ਮਨਹਿ ਸਮਾਇ ਲੈ
ਗੁਰ ਸਬਦੀ ਵੀਚਾਰ ॥

منسا منہِ سماءِ لے
گُر سبدی ویچار ॥

ਗੁਰ ਪੂਰੇ ਤੇ ਸੋਝੀ ਪਵੈ
ਫਿਰਿ ਮਰੈ ਨ ਵਾਰੋ ਵਾਰ ॥੧॥

گُر پوُرے تے سوجھی پوے
پھِرِ مرے ن وارو وار ॥1॥

ਮਨ ਮੇਰੇ ਰਾਮ ਨਾਮੁ ਆਧਾਰੁ ॥

من میرے رام نامُ آدھارُ ॥

ਗੁਰ ਪਰਸਾਦਿ ਪਰਮ ਪਦੁ ਪਾਇਆ
ਸਭ ਇਛ ਪੁਜਾਵਣਹਾਰੁ ॥੧॥ ਰਹਾਉ ॥

گُر پرسادِ پرم پدُ پائیا
سبھ اِچھ پُجاوٹہارُ ॥1॥ رہاءُ ॥

ਸਭ ਮਹਿ ਏਕੋ ਰਵਿ ਰਹਿਆ
ਗੁਰ ਬਿਨੁ ਬੂਝ ਨ ਪਾਇ ॥

سبھ مہِ ایکو روِ رہِیا
گُر بِنُ بوُجھ ن پاءِ ॥

ਗੁਰਮੁਖਿ ਪ੍ਰਗਟੁ ਹੋਆ ਮੇਰਾ ਹਰਿ ਪ੍ਰਭੁ
ਅਨਦਿਨੁ ਹਰਿ ਗੁਣ ਗਾਇ ॥੨॥

گُرمُکھِ پرگٹُ ہویا میرا ہرِ پربھُ
اندِنُ ہرِ گُٹ گاءِ ॥2॥

ਸੁਖਦਾਤਾ ਹਰਿ ਏਕੁ ਹੈ
ਹੋਰ ਥੈ ਸੁਖੁ ਨ ਪਾਹਿ ॥

سُکھداتا ہرِ ایکُ ہے
ہور تھے سُکھُ ن پاہِ ॥

ਸਤਿਗੁਰੁ ਜਿਨੀ ਨ ਸੇਵਿਆ ਦਾਤਾ
ਸੇ ਅੰਤਿ ਗਏ ਪਛੁਤਾਹਿ ॥੩॥

ستِگُرُ جِنی ن سیویا داتا
سے انتِ گۓ پچھُتاہِ ॥3॥

ਸਤਿਗੁਰੁ ਸੇਵਿ ਸਦਾ ਸੁਖੁ ਪਾਇਆ
ਫਿਰਿ ਦੁਖੁ ਨ ਲਾਗੈ ਧਾਇ ॥

ستِگُرُ سیوِ سدا سُکھُ پائیا
پھِرِ دُکھُ ن لاگے دھاءِ ॥

ਨਾਨਕ ਹਰਿ ਭਗਤਿ ਪਰਾਪਤਿ ਹੋਈ

نانک ہرِ بھگتِ پراپتِ ہوئی

ਜੋਤੀ ਜੋਤਿ ਸਮਾਇ ॥੪॥੭॥੧੭॥

جوتی جوتِ سماءِ ॥4॥7॥ 17 ॥

ਭੈਰਉ ਮਹਲਾ ੩ ॥

بھیرءُ محلا 3 ॥

ਬਾਝੁ ਗੁਰੂ ਜਗਤੁ ਬਉਰਾਨਾ
ਭੂਲਾ ਚੋਟਾ ਖਾਈ ॥

باجھُ گُرو جگتُ بئرانا
بھوُلا چوٹا کھائی ॥

ਮਰਿ ਮਰਿ ਜੰਮੈ ਸਦਾ ਦੁਖੁ ਪਾਏ
ਦਰ ਕੀ ਖਬਰਿ ਨ ਪਾਈ ॥੧॥

مرِ مرِ جنمّے سدا دُکھُ پائے
در کی خبرِ ن پائی ॥1॥

ਮੇਰੇ ਮਨ ਸਦਾ ਰਹਹੁ ਸਤਿਗੁਰ ਕੀ ਸਰਣਾ ॥

میرے من سدا رہہُ ستِگُر کی سرنا ॥

ਹਿਰਦੈ ਹਰਿ ਨਾਮੁ ਮੀਠਾ ਸਦ ਲਾਗਾ
ਗੁਰ ਸਬਦੇ ਭਵਜਲੁ ਤਰਣਾ ॥੧॥ ਰਹਾਉ ॥

ہِردے ہرِ نامُ میٹھا سد لاگا
گُر سبدے بھوجلُ ترنا ॥1॥ رہاءُ ॥

ਭੇਖ ਕਰੈ ਬਹੁਤੁ ਚਿਤੁ ਡੋਲੈ
ਅੰਤਰਿ ਕਾਮੁ ਕ੍ਰੋਧੁ ਅਹੰਕਾਰੁ ॥

بھیکھ کرے بہُتُ چِتُ ڈولے
انترِ کامُ کرودھُ اہنکارُ ॥

ਅੰਤਰਿ ਤਿਸਾ ਭੂਖ ਅਤਿ ਬਹੁਤੀ
ਭਉਕਤ ਫਿਰੈ ਦਰ ਬਾਰੁ ॥੨॥

انترِ تِسا بھوُکھ اتِ بہُتی
بھئکت پھِرے در بارُ ॥2॥

ਗੁਰ ਕੈ ਸਬਦਿ ਮਰਹਿ ਫਿਰਿ ਜੀਵਹਿ
ਤਿਨ ਕਉ ਮੁਕਤਿ ਦੁਆਰਿ ॥

گُر کے سبدِ مرہِ پھِرِ جیوہِ
تِن ک ءُ مُکتِ دُیارِ ॥

ਅੰਤਰਿ ਸਾਂਤਿ ਸਦਾ ਸੁਖੁ ਹੋਵੈ
ਹਰਿ ਰਾਖਿਆ ਉਰ ਧਾਰਿ ॥੩॥

انترِ سانتِ سدا سُکھُ ہووے
ہرِ راکھیا اُر دھارِ ॥3॥

ਜਿਉ ਤਿਸੁ ਭਾਵੈ ਤਿਵੈ ਚਲਾਵੈ
ਕਰਣਾ ਕਿਛੂ ਨ ਜਾਈ ॥

جِ ءُ تِس بھاوے تِوے چلاوے
کرنا کِچھوُ ن جائی ॥

ਨਾਨਕ ਗੁਰਮੁਖਿ ਸਬਦੁ ਸਮ੍ਾਲੇ
ਰਾਮ ਨਾਮਿ ਵਡਿਆਈ ॥੪॥੮॥੧੮॥

نانک گُرمُکھِ سبدُ سمّہالے
رام نامِ وڈیائی ॥4॥8॥ 18 ॥

ਭੈਰਉ ਮਹਲਾ ੩ ॥

بھیرءُ محلا 3 ॥

ਹਉਮੈ ਮਾਇਆ ਮੋਹਿ ਖੁਆਇਆ
ਦੁਖੁ ਖਟੇ ਦੁਖ ਖਾਇ ॥

ہئمّے مائیا موہِ کھُیائیا
دُکھُ کھٹے دُکھ کھاءِ ॥

ਅੰਤਰਿ ਲੋਭ ਹਲਕੁ ਦੁਖੁ ਭਾਰੀ

انترِ لوبھ ہلکُ دُکھُ بھاری

ਬਿਨੁ ਬਿਬੇਕ ਭਰਮਾਇ ॥੧॥

بِنُ بِبیک بھرماءِ ॥1॥

ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ ॥

منمُکھِ دھرِگُ جیِونُ سیَسارِ ॥

ਰਾਮ ਨਾਮੁ ਸੁਪਨੈ ਨਹੀ ਚੇਤਿਆ
ਹਰਿ ਸਿਉ ਕਦੇ ਨ ਲਾਗੈ ਪਿਆਰੁ ॥੧॥ ਰਹਾਉ ॥

رام نامُ سُپنے نہی چیتیا
ہرِ سِءُ کدے ن لاگے پیارُ ॥1॥ رہاءُ ॥

ਪਸੂਆ ਕਰਮ ਕਰੈ ਨਹੀ ਬੂਝੈ
ਕੂੜੁ ਕਮਾਵੈ ਕੂੜੋ ਹੋਇ ॥

پسُویا کرم کرے نہی بُوجھے
کُوڑُ کماوے کُوڑو ہوءِ ॥

ਸਤਿਗੁਰੁ ਮਿਲੈ ਤ ਉਲਟੀ ਹੋਵੈ
ਖੋਜਿ ਲਹੈ ਜਨੁ ਕੋਇ ॥੨॥

ستِگُر ملے ت اُلٹی ہووے
کھوجِ لہے جنُ کوءِ ॥2॥

ਹਰਿ ਹਰਿ ਨਾਮੁ ਰਿਦੈ ਸਦ ਵਸਿਆ
ਪਾਇਆ ਗੁਣੀ ਨਿਧਾਨੁ ॥

ہرِ ہرِ نامُ رِدے سد وسِیا
پائیا گُنی نِدھانُ ॥

ਗੁਰ ਪਰਸਾਦੀ ਪੂਰਾ ਪਾਇਆ
ਚੂਕਾ ਮਨ ਅਭਿਮਾਨੁ ॥੩॥

گُر پرسادی پُورا پائیا
چُوکا من ابھمانُ ॥3॥

ਆਪੇ ਕਰਤਾ ਕਰੇ ਕਰਾਏ
ਆਪੇ ਮਾਰਗਿ ਪਾਏ ॥

آپے کرتا کرے کرائے
آپے مارگِ پائے ॥

ਆਪੇ ਗੁਰਮੁਖਿ ਦੇ ਵਡਿਆਈ
ਨਾਨਕ ਨਾਮਿ ਸਮਾਏ ॥੪॥੯॥੧੯॥

آپے گُرمُکھِ دے وڈیائی
نانک نامِ سمائے ॥4॥9॥ 19 ॥

ਭੈਰਉ ਮਹਲਾ ੩ ॥

بھیرءُ محلا 3 ॥

ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ ॥

میری پٹیا لِکھہُ ہرِ گووِنّد گوپالا ॥

ਦੂਜੈ ਭਾਇ ਫਾਥੇ ਜਮ ਜਾਲਾ ॥

دُوجے بھاءِ پھاتھے جم جالا ॥

ਸਤਿਗੁਰੁ ਕਰੇ ਮੇਰੀ ਪ੍ਰਤਿਪਾਲਾ ॥

ستِگُر کرے میری پرتپالا ॥

ਹਰਿ ਸੁਖਦਾਤਾ ਮੇਰੈ ਨਾਲਾ ॥੧॥

ہرِ سُکھداتا میرے نالا ॥1॥

ਗੁਰ ਉਪਦੇਸਿ ਪ੍ਰਹਿਲਾਦੁ ਹਰਿ ਉਚਰੈ ॥

گُر اُپدیس پرہِلادُ ہرِ اُچرے ॥

ਸਾਸਨਾ ਤੇ ਬਾਲਕੁ ਗਮੁ ਨ ਕਰੈ ॥੧॥ ਰਹਾਉ ॥

ساسنا تے بالکُ غمُ ن کرے ॥1॥ رہاءُ ॥

ਮਾਤਾ ਉਪਦੇਸੈ ਪ੍ਰਹਿਲਾਦ ਪਿਆਰੇ ॥

ماتا اُپدیسے پرہِلاد پیارے ۔ ॥

ਪੁਤ੍ਰ ਰਾਮ ਨਾਮੁ ਛੋਡਹੁ ਜੀਉ ਲੇਹੁ ਉਬਾਰੇ ॥	پُتّر رام نامُ چھوڈہُ جیِءُ لیہُ اُبارے ॥
ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ ॥	پّرہِلادُ کہے سُننہُ میری ماءِ ۔ ॥
ਰਾਮ ਨਾਮੁ ਨ ਛੋਡਾ ਗੁਰਿ ਦੀਆ ਬੁਝਾਇ ॥੨॥	رام نامُ ن چھوڈا گُرِ دیِیا بُجھاءِ ॥2॥
ਸੰਡਾ ਮਰਕਾ ਸਭਿ ਜਾਇ ਪੁਕਾਰੇ ॥	سنڈا مرکا سبھِ جاءِ پُکارے ॥
ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ ॥	پّرہِلادُ آپِ وِگڑِیا سبھِ چاٹڑے وِگاڑے ॥
ਦੁਸਟ ਸਭਾ ਮਹਿ ਮੰਤ੍ਰੁ ਪਕਾਇਆ ॥	دُسٹ سبھا مہِ منّتّر پکائیا ॥
ਪ੍ਰਹਲਾਦ ਕਾ ਰਾਖਾ ਹੋਇ ਰਘੁਰਾਇਆ ॥੩॥	پّرہلاد کا راکھا ہوءِ رگھُرائیا ॥3॥
ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰਿ ॥	ہاتھِ کھڑگُ کرِ دھائیا اتِ اہنکارِ ॥
ਹਰਿ ਤੇਰਾ ਕਹਾ ਤੁਝੁ ਲਏ ਉਬਾਰਿ ॥	ہرِ تیرا کہا تُجھُ لے اُبارِ ॥
ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ੍ਹ ਉਪਾੜਿ ॥	کھِن مہِ بھیَان روُپُ نِکسیا تھمّنہ اُپاڑِ ॥
ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ ॥੪॥	ہرٹاکھسُ نکھی بِدارِیا پّرہلادُ لِیِیا اُبارِ ॥4॥
ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ ॥	سنّت جنا کے ہرِ جیِءُ کارج سوارے ॥
ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ ॥	پّرہلاد جن کے اِکیہ کُل اُدھارے ॥
ਗੁਰ ਕੈ ਸਬਦਿ ਹਉਮੈ ਬਿਖੁ ਮਾਰੇ ॥	گُر کے سبدِ ہئُمےَ بِکھُ مارے ॥
ਨਾਨਕ ਰਾਮ ਨਾਮਿ ਸੰਤ ਨਿਸਤਾਰੇ ॥੫॥੧੦॥੨੦॥	نانک رام نامِ سنّت نِستارے ॥5॥ 10 ॥ 20 ॥
ਭੈਰਉ ਮਹਲਾ ੩ ॥	بھیَرءُ محلا 3 ॥
ਆਪੇ ਦੈਤ ਲਾਇ ਦਿਤੇ ਸੰਤ ਜਨਾ ਕਉ ਆਪੇ ਰਾਖਾ ਸੋਈ ॥	آپے دیَت لاءِ دِتے سنّت جنا کءُ آپے راکھا سوئی ॥
ਜੋ ਤੇਰੀ ਸਦਾ ਸਰਣਾਈ ਤਿਨ ਮਨਿ ਦੁਖੁ ਨ ਹੋਈ ॥੧॥	جو تیری سدا سرٹائی تِن منِ دُکھُ ن ہوئی ॥1॥
ਜੁਗਿ ਜੁਗਿ ਭਗਤਾ ਕੀ ਰਖਦਾ ਆਇਆ ॥	جُگِ جُگِ بھگتا کی رکھدا آئیا ॥
ਦੈਤ ਪੁਤ੍ਰੁ ਪ੍ਰਹਲਾਦੁ ਗਾਇਤ੍ਰੀ ਤਰਪਣੁ ਕਿਛੂ ਨ ਜਾਣੈ	دیَت پُتّر پّرہلادُ گائتّری ترپنُ کچھوُ ن جانے

ਸਬਦੇ ਮੇਲਿ ਮਿਲਾਇਆ ॥੧॥ ਰਹਾਉ ॥

سبدے میلِ مِلائیا ॥1॥ رہاءُ ॥

ਅਨਦਿਨੁ ਭਗਤਿ ਕਰਹਿ ਦਿਨ ਰਾਤੀ
ਦੁਬਿਧਾ ਸਬਦੇ ਖੋਈ ॥

اندِنُ بھگتِ کرہِ دِن راتی
دُبِدھا سبدے کھوئی ॥

ਸਦਾ ਨਿਰਮਲ ਹੈ ਜੋ ਸਚਿ ਰਾਤੇ
ਸਚੁ ਵਸਿਆ ਮਨਿ ਸੋਈ ॥੨॥

سدا نِرمل ہے جو سچِ راتے
سچُ وسِیا منِ سوئی ॥2॥

ਮੂਰਖ ਦੁਬਿਧਾ ਪੜ੍ਹਹਿ ਮੂਲੁ ਨ ਪਛਾਣਹਿ
ਬਿਰਥਾ ਜਨਮੁ ਗਵਾਇਆ ॥

مُورکھ دُبِدھا پڑہہِ مُولُ ن پچھاڑہِ
بِرتھا جنمُ گوائیا ॥

ਸੰਤ ਜਨਾ ਕੀ ਨਿੰਦਾ ਕਰਹਿ
ਦੁਸਟੁ ਦੈਤੁ ਚਿੜਾਇਆ ॥੩॥

سنّت جنا کی نِندا کرہِ
دُسٹُ دیَتُ چِڑائیا ॥3॥

ਪ੍ਰਹਲਾਦੁ ਦੁਬਿਧਾ ਨ ਪੜੈ ਹਰਿ ਨਾਮੁ ਨ ਛੋਡੈ
ਡਰੈ ਨ ਕਿਸੈ ਦਾ ਡਰਾਇਆ ॥

پرہلادُ دُبِدھا ن پڑے ہرِ نامُ ن چھوڈے
ڈرے ن کِسے دا ڈرائیا ॥

ਸੰਤ ਜਨਾ ਕਾ ਹਰਿ ਜੀਉ ਰਾਖਾ
ਦੈਤੈ ਕਾਲੁ ਨੇੜਾ ਆਇਆ ॥੪॥

سنّت جنا کا ہرِ جیءُ راکھا
دیَتے کالُ نیڑا آئیا ॥4॥

ਆਪਣੀ ਪੈਜ ਆਪੇ ਰਾਖੈ
ਭਗਤਾਂ ਦੇਇ ਵਡਿਆਈ ॥

آپنی پیج آپے راکھے
بھگتاں دےءِ وڈیائی ॥

ਨਾਨਕ ਹਰਣਾਖਸੁ ਨਖੀ ਬਿਦਾਰਿਆ
ਅੰਧੈ ਦਰ ਕੀ ਖਬਰਿ ਨ ਪਾਈ ॥੫॥੧੧॥੨੧॥

نانک ہرٹاکھسُ نکھی بِدارِیا
اندھے در کی خبرِ ن پائی ॥5॥ 11 ॥ 21 ॥

ਰਾਗੁ ਭੈਰਉ ਮਹਲਾ ੪ ਚਉਪਦੇ ਘਰੁ ੧

راگُ بھیرءُ محلا 4 چئُپدے گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਹਰਿ ਜਨ ਸੰਤ ਕਰਿ ਕਿਰਪਾ ਪਗਿ ਲਾਇਣੁ ॥

ہرِ جن سنّت کرِ کرِپا پگِ لائِنُ ॥

ਗੁਰ ਸਬਦੀ ਹਰਿ ਭਜੁ ਸੁਰਤਿ ਸਮਾਇਣੁ ॥੧॥

گُر سبدی ہرِ بھجُ سُرتِ سمائِنُ ॥1॥

ਮੇਰੇ ਮਨ ਹਰਿ ਭਜੁ ਨਾਮੁ ਨਰਾਇਣੁ ॥

میرے من ہرِ بھجُ نامُ نرائِنُ ॥

ਹਰਿ ਹਰਿ ਕ੍ਰਿਪਾ ਕਰੇ ਸੁਖਦਾਤਾ
ਗੁਰਮੁਖਿ ਭਵਜਲੁ ਹਰਿ ਨਾਮਿ ਤਰਾਇਣੁ ॥੧॥ ਰਹਾਉ ॥

ہرِ ہرِ کرِپا کرے سُکھداتا
گُرمُکھِ بھوجلُ ہرِ نامِ ترائِنُ ॥1॥ رہاءُ ॥

ਸੰਗਤਿ ਸਾਧ ਮੇਲਿ ਹਰਿ ਗਾਇਣੁ ॥	سنگتِ سادھ میلِ ہرِ گائِنُّ ॥
ਗੁਰਮਤੀ ਲੇ ਰਾਮ ਰਸਾਇਣੁ ॥੨॥	گُرمتی لے رام رسائِنُّ ॥2॥
ਗੁਰ ਸਾਧੂ ਅੰਮ੍ਰਿਤ ਗਿਆਨ ਸਰਿ ਨਾਇਣੁ ॥	گُر سادھوُ انمّرِت گیان سرِ نائِنُّ ॥
ਸਭਿ ਕਿਲਵਿਖ ਪਾਪ ਗਏ ਗਾਵਾਇਣੁ ॥੩॥	سبھِ کِلوِکھ پاپ گئے گاوائِنُّ ॥3॥
ਤੂ ਆਪੇ ਕਰਤਾ ਸ੍ਰਿਸਟਿ ਧਰਾਇਣੁ ॥	توُ آپے کرتا سّرِسٹِ دھرائِنُّ ॥
ਜਨੁ ਨਾਨਕੁ ਮੇਲਿ ਤੇਰਾ ਦਾਸ ਦਸਾਇਣੁ ॥੪॥੧॥	جنُ نانکُ میلِ تیرا داس دسائِنُّ ॥4॥1॥
ਭੈਰਉ ਮਹਲਾ ੪ ॥	بھیَرءُ محلا 4 ॥
ਬੋਲਿ ਹਰਿ ਨਾਮੁ ਸਫਲ ਸਾ ਘਰੀ ॥	بولِ ہرِ نامُ سپھل سا گھری ॥
ਗੁਰ ਉਪਦੇਸਿ ਸਭਿ ਦੁਖ ਪਰਹਰੀ ॥੧॥	گُر اُپدیسِ سبھِ دُکھ پرہری ॥1॥
ਮੇਰੇ ਮਨ ਹਰਿ ਭਜੁ ਨਾਮੁ ਨਰਹਰੀ ॥	میرے من ہرِ بھجُ نامُ نرہری ॥
ਕਰਿ ਕਿਰਪਾ ਮੇਲਹੁ ਗੁਰੁ ਪੂਰਾ ਸਤਸੰਗਤਿ ਸੰਗਿ ਸਿੰਧੁ ਭਉ ਤਰੀ ॥੧॥ ਰਹਾਉ ॥	کرِ کرِپا میلہُ گُرُ پوُرا ستسنگتِ سنگِ سِندھُ بھءُ تری ॥1॥ رہاءُ ॥
ਜਗਜੀਵਨੁ ਧਿਆਇ ਮਨਿ ਹਰਿ ਸਿਮਰੀ ॥	جگجیونُ دھیاءِ منِ ہرِ سِمری ॥
ਕੋਟਿ ਕੋਟੰਤਰ ਤੇਰੇ ਪਾਪ ਪਰਹਰੀ ॥੨॥	کوٹِ کوٹنّتر تیرے پاپ پرہری ॥2॥
ਸਤਸੰਗਤਿ ਸਾਧ ਧੂਰਿ ਮੁਖਿ ਪਰੀ ॥	ستسنگتِ سادھ دھوُرِ مُکھِ پری ॥
ਇਸਨਾਨੁ ਕੀਓ ਅਠਸਠਿ ਸੁਰਸਰੀ ॥੩॥	اِسنانُ کِیئو اٹھسٹھِ سُرسری ॥3॥
ਹਮ ਮੂਰਖ ਕਉ ਹਰਿ ਕਿਰਪਾ ਕਰੀ ॥	ہم موُرکھ کءُ ہرِ کرِپا کری ॥
ਜਨੁ ਨਾਨਕੁ ਤਾਰਿਓ ਤਾਰਣ ਹਰੀ ॥੪॥੨॥	جنُ نانکُ تارِئو تارنُ ہری ॥4॥2॥
ਭੈਰਉ ਮਹਲਾ ੪ ॥	بھیَرءُ محلا 4 ॥
ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥	سُکّرِتُ کرنّی سارُ جپمالی ॥
ਹਿਰਦੈ ਫੇਰਿ ਚਲੈ ਤੁਧੁ ਨਾਲੀ ॥੧॥	ہِردے پھیرِ چلےَ تُدھُ نالی ॥1॥
ਹਰਿ ਹਰਿ ਨਾਮੁ ਜਪਹੁ ਬਨਵਾਲੀ ॥	ہرِ ہرِ نامُ جپہُ بنوالی ॥

ਕਰਿ ਕਿਰਪਾ ਮੇਲਹੁ ਸਤਸੰਗਤਿ
ਤੂਟਿ ਗਈ ਮਾਇਆ ਜਮ ਜਾਲੀ ॥੧॥ ਰਹਾਉ ॥

ਗੁਰਮੁਖਿ ਸੇਵਾ ਘਾਲਿ ਜਿਨਿ ਘਾਲੀ ॥

ਤਿਸੁ ਘੜੀਐ ਸਬਦੁ ਸਚੀ ਟਕਸਾਲੀ ॥੨॥

ਹਰਿ ਅਗਮ ਅਗੋਚਰੁ ਗੁਰਿ ਅਗਮ ਦਿਖਾਲੀ ॥

ਵਿਚਿ ਕਾਇਆ ਨਗਰ ਲਧਾ ਹਰਿ ਭਾਲੀ ॥੩॥

ਹਮ ਬਾਰਿਕ ਹਰਿ ਪਿਤਾ ਪ੍ਰਤਿਪਾਲੀ ॥

ਜਨ ਨਾਨਕ ਤਾਰਹੁ ਨਦਰਿ ਨਿਹਾਲੀ ॥੪॥੩॥

ਭੈਰਉ ਮਹਲਾ ੪ ॥

ਸਭਿ ਘਟ ਤੇਰੇ ਤੂ ਸਭਨਾ ਮਾਹਿ ॥

ਤੁਝ ਤੇ ਬਾਹਰਿ ਕੋਈ ਨਾਹਿ ॥੧॥

ਹਰਿ ਸੁਖਦਾਤਾ ਮੇਰੇ ਮਨ ਜਾਪੁ ॥

ਹਉ ਤੁਧੁ ਸਾਲਾਹੀ
ਤੂ ਮੇਰਾ ਹਰਿ ਪ੍ਰਭੁ ਬਾਪੁ ॥੧॥ ਰਹਾਉ ॥

ਜਹ ਜਹ ਦੇਖਾ ਤਹ ਹਰਿ ਪ੍ਰਭੁ ਸੋਇ ॥

ਸਭ ਤੇਰੈ ਵਸਿ ਦੂਜਾ ਅਵਰੁ ਨ ਕੋਇ ॥੨॥

ਜਿਸ ਕਉ ਤੁਮ ਹਰਿ ਰਾਖਿਆ ਭਾਵੈ ॥

ਤਿਸ ਕੈ ਨੇੜੈ ਕੋਇ ਨ ਜਾਵੈ ॥੩॥

ਤੂ ਜਲਿ ਥਲਿ ਮਹੀਅਲਿ
ਸਭ ਤੈ ਭਰਪੂਰਿ ॥

ਜਨ ਨਾਨਕ
ਹਰਿ ਜਪਿ ਹਾਜਰਾ ਹਜੂਰਿ ॥੪॥੪॥

ਭੈਰਉ ਮਹਲਾ ੪ ਘਰੁ ੨

کرِ کرِپا میلہُ ستسنگتِ
توٹِ گئی مائیا جم جالی ॥1॥ رہاءُ ॥

گُرمُکھِ سیوا گھالِ جِنِ گھالی ॥

تِسُ گھڑیۓ سبدُ سچی ٹکسالی ॥2॥

ہرِ اگم اگوچرُ گُرِ اگم دِکھالی ॥

وِچِ کائیا نگر لدھا ہرِ بھالی ॥3॥

ہم بارِک ہرِ پِتا پّرتِپالی ॥

جن نانک تارہُ ندرِ نِہالی ॥4॥3॥

بھیرَءُ محلا 4 ॥

سبھِ گھٹ تیرے توُ سبھنا ماہِ ॥

تُجھ تے باہرِ کوئی ناہِ ॥1॥

ہرِ سُکھداتا میرے من جاپُ ॥

ہءُ تُدھُ سالاہی
توُ میرا ہرِ پّربھُ باپُ ॥1॥ رہاءُ ॥

جہ جہ دیکھا تہ ہرِ پّربھُ سوءِ ॥

سبھ تیرے وِس دوُجا اورُ ن کوءِ ॥2॥

جِس کءُ تُم ہرِ راکھیا بھاوے ॥

تِس کے نیڑے کوءِ ن جاوے ॥3॥

توُ جلِ تھلِ مہِینلِ
سبھ تے بھرپوُرِ ॥

جن نانک
ہرِ جپِ حاضرا حضوُرِ ॥4॥4॥

بھیرَءُ محلا 4 گھرُ 2

ੴ ਸਤਿਗੁਰ ਪ੍ਰਸਾਦਿ ॥

ہرِ کا سنّتُ ہرِ کی ہرِ مورتِ
جِسُ ہِردے ہرِ نامُ مُرارِ ॥

ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ
ਜਿਸੁ ਹਿਰਦੈ ਹਰਿ ਨਾਮੁ ਮੁਰਾਰਿ ॥

مستکِ بھاگُ ہووے جِسُ لِکھیا
سو گُرمتِ ہِردے ہرِ نامُ سمّہارِ ॥1॥

ਮਸਤਕਿ ਭਾਗੁ ਹੋਵੈ ਜਿਸੁ ਲਿਖਿਆ
ਸੋ ਗੁਰਮਤਿ ਹਿਰਦੈ ਹਰਿ ਨਾਮੁ ਸਮ੍ਹਾਰਿ ॥੧॥

مدھُسُودنُ جپیئے اُر دھارِ ॥

ਮਧੁਸੂਦਨੁ ਜਪੀਐ ਉਰ ਧਾਰਿ ॥

دیہی نگرِ تسکر پنچ دھاتُو
گُر سبدی ہرِ کاڈھے مارِ ॥1॥ رہاءُ ॥

ਦੇਹੀ ਨਗਰਿ ਤਸਕਰ ਪੰਚ ਧਾਤੂ
ਗੁਰ ਸਬਦੀ ਹਰਿ ਕਾਢੇ ਮਾਰਿ ॥੧॥ ਰਹਾਉ ॥

جِن کا ہرِ سیتی منُ مانِیا
تِن کارج ہرِ آپِ سوارِ ॥

ਜਿਨ ਕਾ ਹਰਿ ਸੇਤੀ ਮਨੁ ਮਾਨਿਆ
ਤਿਨ ਕਾਰਜ ਹਰਿ ਆਪਿ ਸਵਾਰਿ ॥

تِن چھُکی مُحتاجی لوکن کی
ہرِ انگیکارُ کیِیا کرتارِ ॥2॥

ਤਿਨ ਚੂਕੀ ਮੁਹਤਾਜੀ ਲੋਕਨ ਕੀ
ਹਰਿ ਅੰਗੀਕਾਰੁ ਕੀਆ ਕਰਤਾਰਿ ॥੨॥

متا مسوُرتِ تاں کِچھُ کیجے
جے کِچھُ ہووے ہرِ باہرِ ॥

ਮਤਾ ਮਸੂਰਤਿ ਤਾਂ ਕਿਛੁ ਕੀਜੈ
ਜੇ ਕਿਛੁ ਹੋਵੈ ਹਰਿ ਬਾਹਰਿ ॥

جو کِچھُ کرے سوئی بھل ہوسی
ہرِ دھیاوہُ اندِنُ نامُ مُرارِ ॥3॥

ਜੋ ਕਿਛੁ ਕਰੈ ਸੋਈ ਭਲ ਹੋਸੀ
ਹਰਿ ਧਿਆਵਹੁ ਅਨਦਿਨੁ ਨਾਮੁ ਮੁਰਾਰਿ ॥੩॥

ہرِ جو کِچھُ کرے سُ آپے آپے
اوہُ پُوچھِ ن کِسے کرے بیچارِ ॥

ਹਰਿ ਜੋ ਕਿਛੁ ਕਰੇ ਸੁ ਆਪੇ ਆਪੇ
ਓਹੁ ਪੂਛਿ ਨ ਕਿਸੈ ਕਰੇ ਬੀਚਾਰਿ ॥

نانک سو پربھُ سدا دھیائیئے
جِنِ میلیا ستِگُرُ کِرپا دھارِ ॥4॥1॥5॥

ਨਾਨਕ ਸੋ ਪ੍ਰਭੁ ਸਦਾ ਧਿਆਈਐ
ਜਿਨਿ ਮੇਲਿਆ ਸਤਿਗੁਰੁ ਕਿਰਪਾ ਧਾਰਿ ॥੪॥੧॥੫॥

ਭੈਰਉ ਮਹਲਾ ੪ ॥

بھیرَءُ محلا 4 ॥

ਤੇ ਸਾਧੂ ਹਰਿ ਮੇਲਹੁ ਸੁਆਮੀ
ਜਿਨ ਜਪਿਆ ਗਤਿ ਹੋਇ ਹਮਾਰੀ ॥

تے سادھوُ ہرِ میلہُ سُیامی
جِن جپیا گتِ ہوءِ ہماری ॥

ਤਿਨ ਕਾ ਦਰਸੁ ਦੇਖਿ ਮਨੁ ਬਿਗਸੈ
ਖਿਨੁ ਖਿਨੁ ਤਿਨ ਕਉ ਹਉ ਬਲਿਹਾਰੀ ॥੧॥

تِن کا درسُ دیکھِ منُ بِگسے
کھِنُ کھِنُ تِن کءُ ہءُ بلِہاری ॥1॥

ਹਰਿ ਹਿਰਦੈ ਜਪਿ ਨਾਮੁ ਮੁਰਾਰੀ ॥

ہرِ ہِردے جپِ نامُ مُراری ॥

ਕ੍ਰਿਪਾ ਕ੍ਰਿਪਾ ਕਰਿ ਜਗਤ ਪਿਤ ਸੁਆਮੀ
ਹਮ ਦਾਸਨਿ ਦਾਸ ਕੀਜੈ ਪਨਿਹਾਰੀ ॥੧॥ ਰਹਾਉ ॥

کرِپا کرِپا کرِ جگت پِت سُیامی
ہم داسنِ داس کیجے پنہاری ॥1॥ رہاءُ ॥

ਤਿਨ ਮਤਿ ਊਤਮ ਤਿਨ ਪਤਿ ਊਤਮ
ਜਿਨ ਹਿਰਦੈ ਵਸਿਆ ਬਨਵਾਰੀ ॥

تِن متِ اوُتم تِن پتِ اوُتم
جِن ہِردے وسِیا بنواری ॥

ਤਿਨ ਕੀ ਸੇਵਾ ਲਾਇ ਹਰਿ ਸੁਆਮੀ
ਤਿਨ ਸਿਮਰਤ ਗਤਿ ਹੋਇ ਹਮਾਰੀ ॥੨॥

تِن کی سیوا لاءِ ہرِ سُیامی
تِن سِمرت گتِ ہوءِ ہماری ॥2॥

ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ
ਤੇ ਹਰਿ ਦਰਗਹ ਕਾਢੇ ਮਾਰੀ ॥

جِن ایَسا ستِگُرُ سادھُ ن پائِیا
تے ہرِ درگہ کاڈھے ماری ॥

ਤੇ ਨਰ ਨਿੰਦਕ ਸੋਭ ਨ ਪਾਵਹਿ
ਤਿਨ ਨਕ ਕਾਟੇ ਸਿਰਜਨਹਾਰੀ ॥੩॥

تے نر نِندک سوبھ ن پاوہِ
تِن نک کاٹے سِرجنہاری ॥3॥

ਹਰਿ ਆਪਿ ਬੁਲਾਵੈ ਆਪੇ ਬੋਲੈ
ਹਰਿ ਆਪਿ ਨਿਰੰਜਨੁ ਨਿਰੰਕਾਰੁ ਨਿਰਾਹਾਰੀ ॥

ہرِ آپِ بُلاوے آپے بولے
ہرِ آپِ نِرنجنُ نِرنکارُ نِراہاری ॥

ਹਰਿ ਜਿਸੁ ਤੂ ਮੇਲਹਿ ਸੋ ਤੁਧੁ ਮਿਲਸੀ
ਜਨ ਨਾਨਕ ਕਿਆ ਏਹਿ ਜੰਤ ਵਿਚਾਰੀ ॥੪॥੨॥੬॥

ہرِ جِسُ توُ میلہِ سو تُدھُ مِلسی
جن نانک کِیا ایہِ جنّت وِچاری ۔ ॥4॥2॥6॥

ਭੈਰਉ ਮਹਲਾ ੪ ॥

بھیرَءُ محلا 4 ॥

ਸਤਸੰਗਤਿ ਸਾਈ ਹਰਿ ਤੇਰੀ
ਜਿਤੁ ਹਰਿ ਕੀਰਤਿ ਹਰਿ ਸੁਨਣੇ ॥

ستسنگتِ سائی ہرِ تیری
جِتُ ہرِ کیرتِ ہرِ سُننے ॥

ਜਿਨ ਹਰਿ ਨਾਮੁ ਸੁਣਿਆ ਮਨੁ ਭੀਨਾ
ਤਿਨ ਹਮ ਸ੍ਰੇਵਹ ਨਿਤ ਚਰਣੇ ॥੧॥

جِن ہرِ نامُ سُنِّیا منُ بھِینا
تِن ہم سّریوہ نِت چرنے ॥1॥

ਜਗਜੀਵਨੁ ਹਰਿ ਧਿਆਇ ਤਰਣੇ ॥

جگجیونُ ہرِ دھِیاءِ ترنے ॥

ਅਨੇਕ ਅਸੰਖ ਨਾਮ ਹਰਿ ਤੇਰੇ
ਨ ਜਾਹੀ ਜਿਹਵਾ ਇਤੁ ਗਨਣੇ ॥੧॥ ਰਹਾਉ ॥

انیک اسنکھ نام ہرِ تیرے
ن جاہی جِہوا اِتُ گننے ॥1॥ رہاءُ ॥

ਗੁਰਸਿਖ ਹਰਿ ਬੋਲਹੁ ਹਰਿ ਗਾਵਹੁ
ਲੇ ਗੁਰਮਤਿ ਹਰਿ ਜਪਣੇ ॥

گُرسِکھ ہرِ بولہُ ہرِ گاوہُ
لے گُرمتِ ہرِ جپنے ॥

ਜੋ ਉਪਦੇਸੁ ਸੁਣੇ ਗੁਰ ਕੇਰਾ
ਸੋ ਜਨੁ ਪਾਵੈ ਹਰਿ ਸੁਖ ਘਣੇ ॥੨॥

جو اُپدیس سُنے گُر کیرا
سو جنُ پاوے ہرِ سُکھ گھنے ॥2॥

ਧੰਨੁ ਸੁ ਵੰਸੁ ਧੰਨੁ ਸੁ ਪਿਤਾ
ਧੰਨੁ ਸੁ ਮਾਤਾ ਜਿਨਿ ਜਨ ਜਣੇ ॥

دھنّنُ سُ ونّسُ دھنّنُ سُ پِتا
دھنّنُ سُ ماتا جِنِ جن جنے ॥

ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ
ਸੇ ਸਾਚੀ ਦਰਗਹ ਹਰਿ ਜਨ ਬਣੇ ॥੩॥

جِن ساسِ گِراسِ دھیائیا میرا ہرِ ہرِ
سے ساچی درگہ ہرِ جن بنے ॥3॥

ਹਰਿ ਹਰਿ ਅਗਮ ਨਾਮ ਹਰਿ ਤੇਰੇ
ਵਿਚਿ ਭਗਤਾ ਹਰਿ ਧਰਣੇ ॥

ہرِ ہرِ اگم نام ہرِ تیرے
وِچِ بھگتا ہرِ دھرنے ॥

ਨਾਨਕ ਜਨਿ ਪਾਇਆ ਮਤਿ ਗੁਰਮਤਿ
ਜਪਿ ਹਰਿ ਹਰਿ ਪਾਰਿ ਪਵਣੇ ॥੪॥੩॥੭॥

نانک جنِ پائیا متِ گُرمتِ
جپِ ہرِ ہرِ پارِ پونے ॥4॥3॥7॥

ਭੈਰਉ ਮਹਲਾ ੫ ਘਰੁ ੧

بھیرَءُ محلا 5 گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸਗਲੀ ਥੀਤਿ ਪਾਸਿ ਡਾਰਿ ਰਾਖੀ ॥

سگلی تھیتِ پاسِ ڈارِ راکھی ॥

ਅਸਟਮ ਥੀਤਿ ਗੋਵਿੰਦ ਜਨਮਾ ਸੀ ॥੧॥

اسٹم تھیتِ گووِنّد جنما سی ॥1॥

ਭਰਮਿ ਭੂਲੇ ਨਰ ਕਰਤ ਕਚਰਾਇਣ ॥

بھرمِ بھوُلے نر کرت کچرائِنّ ॥

ਜਨਮ ਮਰਣ ਤੇ ਰਹਤ ਨਾਰਾਇਣ ॥੧॥ ਰਹਾਉ ॥

جنم مرنّ تے رہت نارائِنّ ॥1॥ رہاءُ ॥

ਕਰਿ ਪੰਜੀਰੁ ਖਵਾਇਓ ਚੋਰ ॥

کرِ پنّجیرُ کھوائِئو چور ॥

ਓਹੁ ਜਨਮਿ ਨ ਮਰੈ
ਰੇ ਸਾਕਤ ਢੋਰ ॥੨॥

اوہُ جنمِ ن مرے
رے ساکت ڈھور ۔ ॥2॥

ਸਗਲ ਪਰਾਧ ਦੇਹਿ ਲੋਰੋਨੀ ॥

سگل پرادھ دیہِ لورونی ॥

ਸੋ ਮੁਖੁ ਜਲਉ
ਜਿਤੁ ਕਹਹਿ ਠਾਕੁਰ ਜੋਨੀ ॥੩॥

سو مُکھُ جل ءُ
جِتُ کہہِ ٹھاکُر جونی ॥3॥

ਜਨਮਿ ਨ ਮਰੈ
ਨ ਆਵੈ ਨ ਜਾਇ ॥

جنمِ ن مرے
ن آوے ن جاءِ ॥

ਨਾਨਕ ਕਾ ਪ੍ਰਭੁ ਰਹਿਓ ਸਮਾਇ ॥੪॥੧॥	نانک کا پربھُ رہِئو سماءِ ॥4॥1॥
ਭੈਰਉ ਮਹਲਾ ੫ ॥	بھیرءُ محلا 5 ॥
ਊਠਤ ਸੁਖੀਆ ਬੈਠਤ ਸੁਖੀਆ ॥	اوُٹھت سُکھیِا بیٹھت سُکھیِا ॥
ਭਉ ਨਹੀ ਲਾਗੈ ਜਾਂ ਐਸੇ ਬੁਝੀਆ ॥੧॥	بھءُ نہی لاگے جاں ایَسے بُجھیِا ॥1॥
ਰਾਖਾ ਏਕੁ ਹਮਾਰਾ ਸੁਆਮੀ ॥	راکھا ایکُ ہمارا سُیامی ॥
ਸਗਲ ਘਟਾ ਕਾ ਅੰਤਰਜਾਮੀ ॥੧॥ ਰਹਾਉ ॥	سگل گھٹا کا انترجامی ॥1॥ رہاءُ ॥
ਸੋਇ ਅਚਿੰਤਾ ਜਾਗਿ ਅਚਿੰਤਾ ॥	سوءِ اچِنّتا جاگِ اچِنّتا ॥
ਜਹ ਕਹਾਂ ਪ੍ਰਭੁ ਤੂੰ ਵਰਤੰਤਾ ॥੨॥	جہ کہاں پربھُ توُنّ ورتنّتا ॥2॥
ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥	گھرِ سُکھِ وسِیا باہرِ سُکھُ پائیا ॥
ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥੩॥੨॥	کہُ نانک گُرِ منّتر دڑِڑائیا ॥3॥2॥
ਭੈਰਉ ਮਹਲਾ ੫ ॥	بھیرءُ محلا 5 ॥
ਵਰਤ ਨ ਰਹਉ ਨ ਮਹ ਰਮਦਾਨਾ ॥	ورت ن رہءُ ن مہ رمدانا ॥
ਤਿਸੁ ਸੇਵੀ ਜੋ ਰਖੈ ਨਿਦਾਨਾ ॥੧॥	تِسُ سیوی جو رکھے نِدانا ॥1॥
ਏਕੁ ਗੁਸਾਈ ਅਲਹੁ ਮੇਰਾ ॥	ایکُ گُسائی الہُ میرا ॥
ਹਿੰਦੂ ਤੁਰਕ ਦੁਹਾਂ ਨੇਬੇਰਾ ॥੧॥ ਰਹਾਉ ॥	ہِندوُ تُرک دُہاں نیبیرا ॥1॥ رہاءُ ॥
ਹਜ ਕਾਬੈ ਜਾਉ 'ਨ' ਤੀਰਥ ਪੂਜਾ ॥	ہج کابے جاءُ ن تِیرتھ پوُجا ॥
ਏਕੋ ਸੇਵੀ ਅਵਰੁ ਨ ਦੂਜਾ ॥੨॥	ایکوِ سیوی اورُ ن دوُجا ॥2॥
ਪੂਜਾ ਕਰਉ 'ਨ' ਨਿਵਾਜ ਗੁਜਾਰਉ ॥	پوُجا کرءُ ن نِواز گُزارءُ ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥੩॥	ایک نِرنّکار لے رِدے نمسکارءُ ॥3॥
ਨਾ ਹਮ ਹਿੰਦੂ ਨ ਮੁਸਲਮਾਨ ॥	نا ہم ہِندوُ ن مُسلمان ॥
ਅਲਹ ਰਾਮ ਕੇ ਪਿੰਡੁ ਪਰਾਨ ॥੪॥	الہ رام کے پِنڈُ پران ॥4॥
ਕਹੁ ਕਬੀਰ ਇਹੁ ਕੀਆ ਵਖਾਨਾ ॥	کہُ کبیِر اِہُ کیِیا وکھانا ॥

ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥੫॥੩॥	گُر پیر مِلِ خُدِ خصمُ پچھانا ॥3॥5॥
ਭੈਰਉ ਮਹਲਾ ੫ ॥	بھیرَءُ محلا 5 ॥
ਦਸ ਮਿਰਗੀ ਸਹਜੇ ਬੰਧਿ ਆਨੀ ॥	دس مِرگی سہجے بندھِ آنی ॥
ਪਾਂਚ ਮਿਰਗ ਬੇਧੇ ਸਿਵ ਕੀ ਬਾਨੀ ॥੧॥	پانچ مِرگ بیدھے سِو کی بانی ॥1॥
ਸੰਤਸੰਗਿ ਲੇ ਚੜਿਓ ਸਿਕਾਰ ॥	سنتسنگِ لے چڑِئو سِکار ॥
ਮ੍ਰਿਗ ਪਕਰੇ ਬਿਨੁ ਘੋਰ ਹਥੀਆਰ ॥੧॥ ਰਹਾਉ ॥	مّرِگ پکرے بِنُ گھور ہتھیار ॥1॥ رہاءُ ॥
ਆਖੇਰ ਬਿਰਤਿ ਬਾਹਰਿ ਆਇਓ ਧਾਇ ॥	آکھیر بِرتِ باہرِ آئِئو دھاءِ ॥
ਅਹੇਰਾ ਪਾਇਓ ਘਰ ਕੈ ਗਾਂਇ ॥੨॥	اہیرا پائِئو گھر کے گانءِ ॥2॥
ਮ੍ਰਿਗ ਪਕਰੇ ਘਰਿ ਆਣੇ ਹਾਟਿ ॥	مّرِگ پکرے گھرِ آنے ہاٹِ ॥
ਚੁਖ ਚੁਖ ਲੇ ਗਏ ਬਾਂਢੇ ਬਾਟਿ ॥੩॥	چُکھ چُکھ لے گئے بانڈھے باٹِ ॥3॥
ਏਹੁ ਅਹੇਰਾ ਕੀਨੋ ਦਾਨੁ ॥	ایہُ اہیرا کِینو دانُ ॥
ਨਾਨਕ ਕੈ ਘਰਿ ਕੇਵਲ ਨਾਮੁ ॥੪॥੪॥	نانک کے گھرِ کیول نامُ ॥4॥4॥
ਭੈਰਉ ਮਹਲਾ ੫ ॥	بھیرَءُ محلا 5 ॥
ਜੇ ਸਉ ਲੋਚਿ ਲੋਚਿ ਖਾਵਾਇਆ ॥	جے سءُ لوچِ لوچِ کھاوائیا ॥
ਸਾਕਤ ਹਰਿ ਹਰਿ ਚੀਤਿ ਨ ਆਇਆ ॥੧॥	ساکت ہرِ ہرِ چیتِ ن آئیا ॥1॥
ਸੰਤ ਜਨਾ ਕੀ ਲੇਹੁ ਮਤੇ ॥	سنّت جنا کی لیہُ متے ॥
ਸਾਧਸੰਗਿ ਪਾਵਹੁ ਪਰਮ ਗਤੇ ॥੧॥ ਰਹਾਉ ॥	سادھسنگِ پاوہُ پرم گتے ॥1॥ رہاءُ ॥
ਪਾਥਰ ਕਉ ਬਹੁ ਨੀਰੁ ਪਵਾਇਆ ॥	پاتھر کءُ بہُ نیرُ پوائیا ॥
ਨਹ ਭੀਗੈ ਅਧਿਕ ਸੂਕਾਇਆ ॥੨॥	نہ بھیگےَ ادھِک سوُکائیا ॥2॥
ਖਟੁ ਸਾਸਤ੍ਰ ਮੂਰਖੈ ਸੁਨਾਇਆ ॥	کھٹُ ساستّر موُرکھے سُنائیا ॥
ਜੈਸੇ ਦਹ ਦਿਸ ਪਵਨੁ ਝੁਲਾਇਆ ॥੩॥	جیَسے دہ دِس پونُ جھُلائیا ॥3॥
ਬਿਨੁ ਕਣ ਖਲਹਾਨੁ ਜੈਸੇ ਗਾਹਨ ਪਾਇਆ ॥	بِنُ کنٹُ کھلہانُ جیَسے گاہن پائیا ॥

ਤਿਉ ਸਾਕਤ ਤੇ ਕੋ ਨ ਬਰਾਸਾਇਆ ॥੪॥	تِءُ ساکت تے کو ن براسائیا ॥4॥
ਤਿਤ ਹੀ ਲਾਗਾ ਜਿਤੁ ਕੋ ਲਾਇਆ ॥	تِت ہی لاگا جِتُ کو لائیا ॥
ਕਹੁ ਨਾਨਕ ਪ੍ਰਭਿ ਬਣਤ ਬਣਾਇਆ ॥੫॥੫॥	کہُ نانک پربھِ بنّت بنّائیا ॥5॥5॥
ਭੈਰਉ ਮਹਲਾ ੫ ॥	بھیرءُ محلا 5 ॥
ਜੀਉ ਪ੍ਰਾਣ ਜਿਨਿ ਰਚਿਓ ਸਰੀਰ ॥	جیِءُ پرّانْ جِنِ رچئو سریر ॥
ਜਿਨਹਿ ਉਪਾਏ ਤਿਸ ਕਉ ਪੀਰ ॥੧॥	جِنہِ اُپائے تِس کءُ پیِر ॥1॥
ਗੁਰੁ ਗੋਬਿੰਦੁ ਜੀਅ ਕੈ ਕਾਮ ॥	گُرُ گوبِندُ جیء کے کام ॥
ਹਲਤਿ ਪਲਤਿ ਜਾ ਕੀ ਸਦ ਛਾਮ ॥੧॥ ਰਹਾਉ ॥	ہلتِ پلتِ جا کی سد چھام ॥1॥ رہاءُ ॥
ਪ੍ਰਭੁ ਆਰਾਧਨ ਨਿਰਮਲ ਰੀਤਿ ॥	پربھُ آرادھن نِرمل ریتِ ॥
ਸਾਧਸੰਗਿ ਬਿਨਸੀ ਬਿਪਰੀਤਿ ॥੨॥	سادھسنگِ بِنسی بِپریتِ ॥2॥
ਮੀਤ ਹੀਤ ਧਨੁ ਨਹ ਪਾਰਣਾ ॥	میت ہیت دھنُ نہ پارٹا ॥
ਧੰਨਿ ਧੰਨਿ ਮੇਰੇ ਨਾਰਾਇਣਾ ॥੩॥	دھنّنِ دھنّنِ میرے نارائِنّا ۔ ॥3॥
ਨਾਨਕੁ ਬੋਲੈ ਅੰਮ੍ਰਿਤ ਬਾਣੀ ॥	نانکُ بولے انّمرِت بانّی ॥
ਏਕ ਬਿਨਾ ਦੂਜਾ ਨਹੀ ਜਾਣੀ ॥੪॥੬॥	ایک بِنا دوُجا نہی جانّی ॥4॥6॥
ਭੈਰਉ ਮਹਲਾ ੫ ॥	بھیرءُ محلا 5 ॥
ਆਗੈ ਦਯੁ ਪਾਛੈ ਨਾਰਾਇਣ ॥	آگے دیُ پاچھے نارائِنّ ॥
ਮਧਿ ਭਾਗਿ ਹਰਿ ਪ੍ਰੇਮ ਰਸਾਇਣ ॥੧॥	مدھِ بھاگِ ہرِ پریم رسائِنّ ॥1॥
ਪ੍ਰਭੂ ਹਮਾਰੈ ਸਾਸਤ੍ਰ ਸਉਣ ॥	پربھوُ ہمارے ساستر سئُنّ ॥
ਸੂਖ ਸਹਜ ਆਨੰਦ ਗ੍ਰਿਹ ਭਉਣ ॥੧॥ ਰਹਾਉ ॥	سوُکھ سہج آنند گرِہ بھئُنّ ॥1॥ رہاءُ ॥
ਰਸਨਾ ਨਾਮੁ ਕਰਨ ਸੁਣਿ ਜੀਵੇ ॥	رسنا نامُ کرن سُنِ جیوے ॥
ਪ੍ਰਭੁ ਸਿਮਰਿ ਸਿਮਰਿ ਅਮਰ ਥਿਰੁ ਥੀਵੇ ॥੨॥	پربھُ سِمرِ سِمرِ امر تھِرُ تھیوے ॥2॥
ਜਨਮ ਜਨਮ ਕੇ ਦੂਖ ਨਿਵਾਰੇ ॥	جنم جنم کے دوُکھ نِوارے ॥

ਅਨਹਦ ਸਬਦ ਵਜੇ ਦਰਬਾਰੇ ॥੩॥	انہد سبد وجے دربارے ॥3॥
ਕਰਿ ਕਿਰਪਾ ਪ੍ਰਭਿ ਲੀਏ ਮਿਲਾਏ ॥	کرِ کرپا پربھِ لیئے مِلائے ॥
ਨਾਨਕ ਪ੍ਰਭ ਸਰਣਾਗਤਿ ਆਏ ॥੪॥੭॥	نانک پربھ سرناگتِ آئے ॥4॥7॥
ਭੈਰਉ ਮਹਲਾ ੫ ॥	بھیرَءُ محلا 5 ॥
ਕੋਟਿ ਮਨੋਰਥ ਆਵਹਿ ਹਾਥ ॥	کوٹِ منورتھ آوہِ ہاتھ ॥
ਜਮ ਮਾਰਗ ਕੈ ਸੰਗੀ ਪਾਂਥ ॥੧॥	جم مارگ کے سنگی پانتھ ॥1॥
ਗੰਗਾ ਜਲੁ ਗੁਰ ਗੋਬਿੰਦ ਨਾਮ ॥	گنگا جلُ گُر گوبِند نام ॥
ਜੋ ਸਿਮਰੈ ਤਿਸ ਕੀ ਗਤਿ ਹੋਵੈ ਪੀਵਤ ਬਹੁੜਿ ਨ ਜੋਨਿ ਭ੍ਰਮਾਮ ॥੧॥ ਰਹਾਉ ॥	جو سِمرے تِس کی گتِ ہووے پیوت بہُڑِ ن جونِ بھرمام ॥1॥ رہاءُ ॥
ਪੂਜਾ ਜਾਪ ਤਾਪ ਇਸਨਾਨ ॥	پُوجا جاپ تاپ اِسنان ॥
ਸਿਮਰਤ ਨਾਮ ਭਏ ਨਿਹਕਾਮ ॥੨॥	سِمرت نام بھئے نِہکام ॥2॥
ਰਾਜ ਮਾਲ ਸਾਦਨ ਦਰਬਾਰ ॥	راج مال سادن دربار ॥
ਸਿਮਰਤ ਨਾਮ ਪੂਰਨ ਆਚਾਰ ॥੩॥	سِمرت نام پُورن آچار ॥3॥
ਨਾਨਕ ਦਾਸ ਇਹੁ ਕੀਆ ਬੀਚਾਰੁ ॥	نانک داس اِہُ کِیا بیچارُ ॥
ਬਿਨੁ ਹਰਿ ਨਾਮ ਮਿਥਿਆ ਸਭ ਛਾਰੁ ॥੪॥੮॥	بِنُ ہرِ نام مِتھیا سبھ چھارُ ॥4॥8॥
ਭੈਰਉ ਮਹਲਾ ੫ ॥	بھیرَءُ محلا 5 ॥
ਲੇਪੁ ਨ ਲਾਗੋ ਤਿਲ ਕਾ ਮੂਲਿ ॥	لیپُ ن لاگو تِل کا مُولِ ॥
ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥੧॥	دُسٹُ برّاہمنُ موُیا ہوءِ کے سُول ॥1॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥	ہرِ جن راکھے پاربرّہمِ آپِ ॥
ਪਾਪੀ ਮੂਆ ਗੁਰ ਪਰਤਾਪਿ ॥੧॥ ਰਹਾਉ ॥	پاپی موُیا گُر پرتاپِ ॥1॥ رہاءُ ॥
ਅਪਣਾ ਖਸਮੁ ਜਨਿ ਆਪਿ ਧਿਆਇਆ ॥	اپنا خصمُ جنِ آپِ دھیائیا ॥
ਇਆਣਾ ਪਾਪੀ ਓਹੁ ਆਪਿ ਪਚਾਇਆ ॥੨॥	اِیاناٹا پاپی اوہُ آپِ پچائیا ॥2॥
ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ ॥	پربھ مات پِتا اپنے داس کا رکھوالا ॥

ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ ॥੩॥	نِندک کا ماتھا ایہاں اوُہا کالا ॥3॥
ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥	جن نانک کی پرمیسرِ سُنّی عرداسِ ॥
ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥੪॥੯॥	ملیچھُ پاپی پچیا بھیَیا نِراسُ ॥4॥9॥
ਭੈਰਉ ਮਹਲਾ ੫ ॥	بھیَرءُ محلا 5 ॥
ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥	خوُبُ خوُبُ خوُبُ خوُبُ خوُبُ تیرو نامُ ॥
ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥੧॥ ਰਹਾਉ ॥	جھوُٹھُ جھوُٹھُ جھوُٹھُ جھوُٹھُ دُنی گُمانُ ॥1॥ رہاءُ ॥
ਨਗਜ ਤੇਰੇ ਬੰਦੇ ਦੀਦਾਰੁ ਅਪਾਰੁ ॥	نغز تیرے بنّدے دیِدارُ اپارُ ॥
ਨਾਮ ਬਿਨਾ ਸਭ ਦੁਨੀਆ ਛਾਰੁ ॥੧॥	نام بِنا سبھ دُنِیا چھارُ ॥1॥
ਅਚਰਜੁ ਤੇਰੀ ਕੁਦਰਤਿ ਤੇਰੇ ਕਦਮ ਸਲਾਹ ॥	اچرجُ تیری قُدرتِ تیرے قدم سلاح ॥
ਗਨੀਵ ਤੇਰੀ ਸਿਫਤਿ ਸਚੇ ਪਾਤਿਸਾਹ ॥੨॥	غنِیو تیری صِفتِ سچے پاتِشاہ ۔ ॥2॥
ਨੀਧਰਿਆ ਧਰ ਪਨਹ ਖੁਦਾਇ ॥	نِیدھریا دھر پنہ خُداءِ ॥
ਗਰੀਬ ਨਿਵਾਜੁ ਦਿਨੁ ਰੈਣਿ ਧਿਆਇ ॥੩॥	غریب نِواجُ دِنُ رَیَنِ دھیاءِ ॥3॥
ਨਾਨਕ ਕਉ ਖੁਦਿ ਖਸਮ ਮਿਹਰਵਾਨ ॥	نانک کءُ خُدِ خصم مِہروان ॥
ਅਲਹੁ ਨ ਵਿਸਰੈ ਦਿਲ ਜੀਅ ਪਰਾਨ ॥੪॥੧੦॥	الہُ ن وِسرے دِل جیء پران ॥4॥ 10 ॥
ਭੈਰਉ ਮਹਲਾ ੫ ॥	بھیَرءُ محلا 5 ॥
ਸਾਚ ਪਦਾਰਥੁ ਗੁਰਮੁਖਿ ਲਹਹੁ ॥	ساچ پدارتھُ گُرمُکھِ لہہُ ॥
ਪ੍ਰਭ ਕਾ ਭਾਣਾ ਸਤਿ ਕਰਿ ਸਹਹੁ ॥੧॥	پربھ کا بھاٹا ستِ کرِ سہہُ ॥1॥
ਜੀਵਤ ਜੀਵਤ ਜੀਵਤ ਰਹਹੁ ॥	جیِوت جیِوت جیِوت رہہُ ॥
ਰਾਮ ਰਸਾਇਣੁ ਨਿਤ ਉਠਿ ਪੀਵਹੁ ॥	رام رسائِنُ نِت اُٹھِ پیِوہُ ॥
ਹਰਿ ਹਰਿ ਹਰਿ ਹਰਿ ਰਸਨਾ ਕਹਹੁ ॥੧॥ ਰਹਾਉ ॥	ہرِ ہرِ ہرِ ہرِ رسنا کہہُ ॥1॥ رہاءُ ॥
ਕਲਿਜੁਗ ਮਹਿ ਇਕ ਨਾਮਿ ਉਧਾਰੁ ॥	کلِجُگ مہِ اِک نامِ اُدھارُ ॥
ਨਾਨਕੁ ਬੋਲੈ ਬ੍ਰਹਮ ਬੀਚਾਰੁ ॥੨॥੧੧॥	نانکُ بولے برہم بیچارُ ॥2॥ 11 ॥

ਭੈਰਉ ਮਹਲਾ ੫ ॥	بھیرَءُ محلا 5 ॥
ਸਤਿਗੁਰੁ ਸੇਵਿ ਸਰਬ ਫਲ ਪਾਏ ॥	ستِگُرُ سیوِ سرب پھل پائے ॥
ਜਨਮ ਜਨਮ ਕੀ ਮੈਲੁ ਮਿਟਾਏ ॥੧॥	جنم جنم کی میَلُ مِٹائے ॥1॥
ਪਤਿਤ ਪਾਵਨ ਪ੍ਰਭ ਤੇਰੋ ਨਾਉ ॥	پتِت پاون پربھ تیرو ناءُ ॥
ਪੂਰਬਿ ਕਰਮ ਲਿਖੇ ਗੁਣ ਗਾਉ ॥੧॥ ਰਹਾਉ ॥	پوُربِ کرم لِکھے گُنؤ گاءُ ॥1॥ رہاءُ ॥
ਸਾਧੂ ਸੰਗਿ ਹੋਵੈ ਉਧਾਰੁ ॥	سادھوُ سنگِ ہووے اُدھارُ ॥
ਸੋਭਾ ਪਾਵੈ ਪ੍ਰਭ ਕੈ ਦੁਆਰ ॥੨॥	سوبھا پاوے پربھ کے دُیار ॥2॥
ਸਰਬ ਕਲਿਆਣ ਚਰਣ ਪ੍ਰਭ ਸੇਵਾ ॥	سرب کلیانؤ چرنؤ پربھ سیوا ॥
ਧੂਰਿ ਬਾਛਹਿ ਸਭਿ ਸੁਰਿ ਨਰ ਦੇਵਾ ॥੩॥	دھوُرِ باچھہِ سبھِ سُرِ نر دیوا ॥3॥
ਨਾਨਕ ਪਾਇਆ ਨਾਮ ਨਿਧਾਨੁ ॥	نانک پائیا نام نِدھانُ ॥
ਹਰਿ ਜਪਿ ਜਪਿ ਉਧਰਿਆ ਸਗਲ ਜਹਾਨੁ ॥੪॥੧੨॥	ہرِ جپِ جپِ اُدھرِیا سگل جہانُ ॥4॥ 12 ॥
ਭੈਰਉ ਮਹਲਾ ੫ ॥	بھیرَءُ محلا 5 ॥
ਅਪਣੇ ਦਾਸ ਕਉ ਕੰਠਿ ਲਗਾਵੈ ॥	اپنے داس کءُ کنٹھِ لگاوے ॥
ਨਿੰਦਕ ਕਉ ਅਗਨਿ ਮਹਿ ਪਾਵੈ ॥੧॥	نِندک کءُ اگنِ مہِ پاوے ॥1॥
ਪਾਪੀ ਤੇ ਰਾਖੇ ਨਾਰਾਇਣ ॥	پاپی تے راکھے نارائنؤ ॥
ਪਾਪੀ ਕੀ ਗਤਿ ਕਤਹੂ ਨਾਹੀ ਪਾਪੀ ਪਚਿਆ ਆਪ ਕਮਾਇਣ ॥੧॥ ਰਹਾਉ ॥	پاپی کی گتِ کتہوُ ناہی پاپی پچیا آپ کمائنؤ ॥1॥ رہاءُ ॥
ਦਾਸ ਰਾਮ ਜੀਉ ਲਾਗੀ ਪ੍ਰੀਤਿ ॥	داس رام جیِءُ لاگی پرِیتِ ॥
ਨਿੰਦਕ ਕੀ ਹੋਈ ਬਿਪਰੀਤਿ ॥੨॥	نِندک کی ہوئی بپرِیتِ ॥2॥
ਪਾਰਬ੍ਰਹਮਿ ਅਪਣਾ ਬਿਰਦੁ ਪ੍ਰਗਟਾਇਆ ॥	پاربرہمِ اپنا بِردُ پرگٹائیا ॥
ਦੋਖੀ ਅਪਣਾ ਕੀਤਾ ਪਾਇਆ ॥੩॥	دوکھی اپنا کیِتا پائیا ॥3॥
ਆਇ ਨ ਜਾਈ ਰਹਿਆ ਸਮਾਈ ॥	آءِ ن جائی رہِیا سمائی ॥

ਨਾਨਕ ਦਾਸ ਹਰਿ ਕੀ ਸਰਣਾਈ ॥੪॥੧੩॥

نانک داس ہرِ کی سرٹائی ॥4॥ 13 ॥

ਰਾਗੁ ਭੈਰਉ ਮਹਲਾ ੫ ਚਉਪਦੇ ਘਰੁ ੨

راگُ بھیرَءُ محلا 5 چئُپدے گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਸ੍ਰੀਧਰ ਮੋਹਨ ਸਗਲ ਉਪਾਵਨ
ਨਿਰੰਕਾਰ ਸੁਖਦਾਤਾ ॥

سّریدھر موہن سگل اُپاون
نِرنّکار سُکھداتا ॥

ਐਸਾ ਪ੍ਰਭੁ ਛੋਡਿ ਕਰਹਿ ਅਨ ਸੇਵਾ
ਕਵਨ ਬਿਖਿਆ ਰਸ ਮਾਤਾ ॥੧॥

ایَسا پّربھُ چھوڈِ کرہِ ان سیوا
کون بِکھیا رس ماتا ۔ ॥1॥

ਰੇ ਮਨ ਮੇਰੇ ਤੂ ਗੋਵਿਦ ਭਾਜੁ ॥

رے من میرے توُ گووِد بھاجُ ॥

ਅਵਰ ਉਪਾਵ ਸਗਲ ਮੈ ਦੇਖੇ
ਜੋ ਚਿਤਵੀਐ ਤਿਤੁ ਬਿਗਰਸਿ ਕਾਜੁ ॥੧॥ ਰਹਾਉ ॥

اور اُپاو سگل مے َدیکھے
جو چِتویِےَ تِتُ بِگرِس کاجُ ॥1॥ رہاءُ ॥

ਠਾਕੁਰੁ ਛੋਡਿ ਦਾਸੀ ਕਉ ਸਿਮਰਹਿ
ਮਨਮੁਖ ਅੰਧ ਅਗਿਆਨਾ ॥

ٹھاکُرُ چھوڈِ داسی کءُ سِمرہِ
منمُکھ اندھ اگیانا ॥

ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ
ਨਿਗੁਰੇ ਪਸੂ ਸਮਾਨਾ ॥੨॥

ہرِ کی بھگتِ کرہِ تِن نِندہِ
نِگُرے پسوُ سمانا ॥2॥

ਜੀਉ ਪਿੰਡੁ ਤਨੁ ਧਨੁ ਸਭੁ ਪ੍ਰਭ ਕਾ
ਸਾਕਤ ਕਹਤੇ ਮੇਰਾ ॥

جِیءُ پِنڈُ تنُ دھنُ سبھُ پّربھ کا
ساکت کہتے میرا ॥

ਅਹੰਬੁਧਿ ਦੁਰਮਤਿ ਹੈ ਮੈਲੀ
ਬਿਨੁ ਗੁਰ ਭਵਜਲਿ ਫੇਰਾ ॥੩॥

اہنّبدھِ دُرمتِ ہےَ میَلی
بِنُ گُر بھوجلِ پھیرا ॥3॥

ਹੋਮ ਜਗ ਜਪ ਤਪ ਸਭਿ ਸੰਜਮ
ਤਟਿ ਤੀਰਥਿ ਨਹੀ ਪਾਇਆ ॥

ہوم جگ جپ تپ سبھِ سنّجم
تٹِ تیرتھِ نہی پائیا ॥

ਮਿਟਿਆ ਆਪੁ ਪਏ ਸਰਣਾਈ
ਗੁਰਮੁਖਿ ਨਾਨਕ ਜਗਤੁ ਤਰਾਇਆ ॥੪॥੧॥੧੪॥

مِٹیا آپُ پےَ سرٹائی
گُرمُکھِ نانک جگتُ ترائیا ॥4॥1॥ 14 ॥

ਭੈਰਉ ਮਹਲਾ ੫ ॥

بھیرَءُ محلا 5 ॥

ਬਨ ਮਹਿ ਪੇਖਿਓ ਤ੍ਰਿਣ ਮਹਿ ਪੇਖਿਓ
ਗ੍ਰਿਹਿ ਪੇਖਿਓ ਉਦਾਸਾਏ ॥

بن مہِ پیکھِئو ترِنُ مہِ پیکھِئو
گرِہِ پیکھِئو اُداسائے ॥

ਦੰਡਧਾਰ ਜਟਧਾਰੈ ਪੇਖਿਓ
ਵਰਤ ਨੇਮ ਤੀਰਥਾਏ ॥੧॥

دنڈدھار جٹدھارے پیکھِئو
ورت نیم تیرتھائے ॥1॥

ਸੰਤਸੰਗਿ ਪੇਖਿਓ ਮਨ ਮਾਏਂ ॥

سنتسنگِ پیکھِئو من مائیں ॥

ਊਭ ਪਇਆਲ ਸਰਬ ਮਹਿ ਪੂਰਨ
ਰਸਿ ਮੰਗਲ ਗੁਣ ਗਾਏ ॥੧॥ ਰਹਾਉ ॥

اوُبھ پئیال سرب مہِ پوُرن
رسِ منگل گُنؤ گائے ॥1॥ رہاءُ ॥

ਜੋਗ ਭੇਖ ਸੰਨਿਆਸੈ ਪੇਖਿਓ
ਜਤਿ ਜੰਗਮ ਕਾਪੜਾਏ ॥

جوگ بھیکھ سنّیاسے پیکھِئو
جتِ جنگم کاپڑائے ॥

ਤਪੀ ਤਪੀਸੁਰ ਮੁਨਿ ਮਹਿ ਪੇਖਿਓ
ਨਟ ਨਾਟਿਕ ਨਿਰਤਾਏ ॥੨॥

تپی تپیسُر مُنِ مہِ پیکھِئو
نٹ ناٹِک نِرتائے ॥2॥

ਚਹੁ ਮਹਿ ਪੇਖਿਓ ਖਟ ਮਹਿ ਪੇਖਿਓ
ਦਸ ਅਸਟੀ ਸਿੰਮ੍ਰਿਤਾਏ ॥

چہُ مہِ پیکھِئو کھٹ مہِ پیکھِئو
دس اسٹی سِمرِتائے ॥

ਸਭ ਮਿਲਿ ਏਕੋ ਏਕੁ ਵਖਾਨਹਿ
ਤਉ ਕਿਸ ਤੇ ਕਹਉ ਦੁਰਾਏ ॥੩॥

سبھ مِلِ ایکو ایکُ وکھانہِ
تءُ کِس تے کہءُ دُرائے ۔ ॥3॥

ਅਗਹ ਅਗਹ ਬੇਅੰਤ ਸੁਆਮੀ
ਨਹ ਕੀਮ ਕੀਮ ਕੀਮਾਏ ॥

اگہ اگہ بیئنّت سُیامی
نہ قیِم قیِم قیِمائے ॥

ਜਨ ਨਾਨਕ ਤਿਨ ਕੈ ਬਲਿ ਬਲਿ ਜਾਈਐ
ਜਿਹ ਘਟਿ ਪਰਗਟੀਆਏ ॥੪॥੨॥੧੫॥

جن نانک تِن کے بلِ بلِ جائیئے
جِہ گھٹِ پرگٹیائے ॥4॥2॥ 15 ॥

ਭੈਰਉ ਮਹਲਾ ੫ ॥

بھیرءُ محلا 5 ॥

ਨਿਕਟਿ ਬੁਝੈ ਸੋ ਬੁਰਾ ਕਿਉ ਕਰੈ ॥

نِکٹِ بُجھے سو بُرا کِءُ کرے ۔ ॥

ਬਿਖੁ ਸੰਚੈ ਨਿਤ ਡਰਤਾ ਫਿਰੈ ॥

بِکھُ سنچے نِت ڈرتا پھرے ॥

ਹੈ ਨਿਕਟੇ ਅਰੁ ਭੇਦੁ ਨ ਪਾਇਆ ॥

ہے نِکٹے ارُ بھیدُ ن پائیا ॥

ਬਿਨੁ ਸਤਿਗੁਰ ਸਭ ਮੋਹੀ ਮਾਇਆ ॥੧॥

بِنُ ستِگُر سبھ موہی مائیا ॥1॥

ਨੇੜੈ ਨੇੜੈ ਸਭੁ ਕੋ ਕਹੈ ॥

نیڑے نیڑے سبھُ کو کہے ॥

ਗੁਰਮੁਖਿ ਭੇਦੁ ਵਿਰਲਾ ਕੋ ਲਹੈ ॥੧॥ ਰਹਾਉ ॥

گُرمُکھِ بھیدُ وِرلا کو لہے ॥1॥ رہاءُ ॥

ਨਿਕਟਿ ਨ ਦੇਖੈ ਪਰ ਗ੍ਰਿਹਿ ਜਾਇ ॥	نِکٹِ ن دیکھے پر گرِہِ جاءِ ॥
ਦਰਬੁ ਹਿਰੈ ਮਿਥਿਆ ਕਰਿ ਖਾਇ ॥	دربُ ہِرے مِتھیا کرِ کھاءِ ॥
ਪਈ ਠਗਉਰੀ ਹਰਿ ਸੰਗਿ ਨ ਜਾਨਿਆ ॥	پئی ٹھگئری ہرِ سنگِ ن جانِیا ॥
ਬਾਝੁ ਗੁਰੂ ਹੈ ਭਰਮਿ ਭੁਲਾਨਿਆ ॥੨॥	باجھُ گُرو ہے بھرمِ بھُلانِیا ॥2॥
ਨਿਕਟਿ ਨ ਜਾਨੈ ਬੋਲੈ ਕੂੜੁ ॥	نِکٹِ ن جانے بولے کوڑُ ॥
ਮਾਇਆ ਮੋਹਿ ਮੂਠਾ ਹੈ ਮੂੜੁ ॥	مائِیا موہِ موٗٹھا ہے موڑُ ॥
ਅੰਤਰਿ ਵਸਤੁ ਦਿਸੰਤਰਿ ਜਾਇ ॥	انترِ وستُ دِسنترِ جاءِ ॥
ਬਾਝੁ ਗੁਰੂ ਹੈ ਭਰਮਿ ਭੁਲਾਇ ॥੩॥	باجھُ گُرو ہے بھرمِ بھُلاءِ ॥3॥
ਜਿਸੁ ਮਸਤਿਕ ਕਰਮੁ ਲਿਖਿਆ ਲਿਲਾਟ ॥	جِسُ مستِک کرمُ لِکھِیا لِلاٹ ॥
ਸਤਿਗੁਰੁ ਸੇਵੇ ਖੁਲ੍ਹੇ ਕਪਾਟ ॥	ستِگُرُ سیوے کھُلّہے کپاٹ ॥
ਅੰਤਰਿ ਬਾਹਰਿ ਨਿਕਟੇ ਸੋਇ ॥	انترِ باہرِ نِکٹے سوءِ ॥
ਜਨ ਨਾਨਕ ਆਵੈ ਨ ਜਾਵੈ ਕੋਇ ॥੪॥੩॥੧੬॥	جن نانک آوے ن جاوے کوءِ ॥4॥3॥ 16 ॥
ਭੈਰਉ ਮਹਲਾ ੫ ॥	بھیرءُ محلا 5 ॥
ਜਿਸੁ ਤੂ ਰਾਖਹਿ ਤਿਸੁ ਕਉਨੁ ਮਾਰੈ ॥	جِسُ توٗ راکھہِ تِسُ کنُنُ مارے ۔ ॥
ਸਭ ਤੁਝ ਹੀ ਅੰਤਰਿ ਸਗਲ ਸੰਸਾਰੈ ॥	سبھ تُجھ ہی انترِ سگل سنّسارے ॥
ਕੋਟਿ ਉਪਾਵ ਚਿਤਵਤ ਹੈ ਪ੍ਰਾਣੀ ॥	کوٹِ اُپاو چِتوت ہے پّرانٹی ॥
ਸੋ ਹੋਵੈ ਜਿ ਕਰੈ ਚੋਜ ਵਿਡਾਣੀ ॥੧॥	سو ہووے جِ کرے چوج وِڈانٹی ॥1॥
ਰਾਖਹੁ ਰਾਖਹੁ ਕਿਰਪਾ ਧਾਰਿ ॥	راکھہُ راکھہُ کِرپا دھارِ ॥
ਤੇਰੀ ਸਰਣਿ ਤੇਰੈ ਦਰਵਾਰਿ ॥੧॥ ਰਹਾਉ ॥	تیری سرنِ تیرے دروارِ ॥1॥ رہاءُ ॥
ਜਿਨਿ ਸੇਵਿਆ ਨਿਰਭਉ ਸੁਖਦਾਤਾ ॥	جِنِ سیویا نِربھءُ سُکھداتا ॥
ਤਿਨਿ ਭਉ ਦੂਰਿ ਕੀਆ ਏਕੁ ਪਰਾਤਾ ॥	تِنِ بھءُ دوُرِ کِیا ایکُ پراتا ॥
ਜੋ ਤੂ ਕਰਹਿ ਸੋਈ ਫੁਨਿ ਹੋਇ ॥	جو توٗ کرہِ سوئی پھُنِ ہوءِ ॥

ਮਾਰੈ ਨ ਰਾਖੈ ਦੂਜਾ ਕੋਇ ॥੨॥	مارے ن راکھے دوُجا کوءِ ॥2॥
ਕਿਆ ਤੂ ਸੋਚਹਿ ਮਾਣਸ ਬਾਣਿ ॥	کِیا توُ سوچہِ ماٹُس باٹِ ॥
ਅੰਤਰਜਾਮੀ ਪੁਰਖੁ ਸੁਜਾਣੁ ॥	انترجامی پُرکھُ سُجاٹُ ॥
ਏਕ ਟੇਕ ਏਕੋ ਆਧਾਰੁ ॥	ایک ٹیک ایکو آدھارُ ॥
ਸਭ ਕਿਛੁ ਜਾਣੈ ਸਿਰਜਣਹਾਰੁ ॥੩॥	سبھ کِچھُ جاٹے سِرجٹہارُ ॥3॥
ਜਿਸੁ ਊਪਰਿ ਨਦਰਿ ਕਰੇ ਕਰਤਾਰੁ ॥	جِسُ اوُپرِ ندرِ کرے کرتارُ ॥
ਤਿਸੁ ਜਨ ਕੇ ਸਭਿ ਕਾਜ ਸਵਾਰਿ ॥	تِسُ جن کے سبھِ کاج سوارِ ॥
ਤਿਸ ਕਾ ਰਾਖਾ ਏਕੋ ਸੋਇ ॥	تِس کا راکھا ایکو سوءِ ॥
ਜਨ ਨਾਨਕ ਅਪੜਿ ਨ ਸਾਕੈ ਕੋਇ ॥੪॥੪॥੧੭॥	جن نانک اپڑِ ن ساکے کوءِ ॥4॥4॥ 17 ॥
ਭੈਰਉ ਮਹਲਾ ੫ ॥	بھیرءُ محلا 5 ॥
ਤਉ ਕੜੀਐ ਜੇ ਹੋਵੈ ਬਾਹਰਿ ॥	تءُ کڑیٔے جے ہووے باہرِ ॥
ਤਉ ਕੜੀਐ ਜੇ ਵਿਸਰੈ ਨਰਹਰਿ ॥	تءُ کڑیٔے جے وِسرے نرہرِ ॥
ਤਉ ਕੜੀਐ ਜੇ ਦੂਜਾ ਭਾਏ ॥	تءُ کڑیٔے جے دوُجا بھائے ॥
ਕਿਆ ਕੜੀਐ ਜਾਂ ਰਹਿਆ ਸਮਾਏ ॥੧॥	کِیا کڑیٔے جاں رہِیا سمائے ॥1॥
ਮਾਇਆ ਮੋਹਿ ਕੜੇ ਕੜਿ ਪਚਿਆ ॥	مائیا موہِ کڑے کڑِ پچِیا ॥
ਬਿਨੁ ਨਾਵੈ ਭ੍ਰਮਿ ਭ੍ਰਮਿ ਖਪਿਆ ॥੧॥ ਰਹਾਉ ॥	بِنُ ناوے بھرمِ بھرمِ کھپِیا ॥1॥ رہاءُ ॥
ਤਉ ਕੜੀਐ ਜੇ ਦੂਜਾ ਕਰਤਾ ॥	تءُ کڑیٔے جے دوُجا کرتا ॥
ਤਉ ਕੜੀਐ ਜੇ ਅਨਿਆਇ ਕੋ ਮਰਤਾ ॥	تءُ کڑیٔے جے انیاءِ کو مرتا ॥
ਤਉ ਕੜੀਐ ਜੇ ਕਿਛੁ ਜਾਣੈ ਨਾਹੀ ॥	تءُ کڑیٔے جے کِچھُ جاٹے ناہی ॥
ਕਿਆ ਕੜੀਐ ਜਾਂ ਭਰਪੂਰਿ ਸਮਾਹੀ ॥੨॥	کِیا کڑیٔے جاں بھرپوُرِ سماہی ॥2॥
ਤਉ ਕੜੀਐ ਜੇ ਕਿਛੁ ਹੋਇ ਧਿਙਾਣੈ ॥	تءُ کڑیٔے جے کِچھُ ہوءِ دھِگاٹے ॥
ਤਉ ਕੜੀਐ ਜੇ ਭੂਲਿ ਰੰਞਾਣੈ ॥	تءُ کڑیٔے جے بھوُلِ رنجاٹے ॥

ਗੁਰਿ ਕਹਿਆ ਜੋ ਹੋਇ ਸਭੁ ਪ੍ਰਭ ਤੇ ॥	گُرِ کہیا جو ہوءِ سبھُ پربھ تے ॥
ਤਬ ਕਾੜਾ ਛੋਡਿ ਅਚਿੰਤ ਹਮ ਸੋਤੇ ॥੩॥	تب کاڑا چھوڈِ اچنّت ہم سوتے ॥3॥
ਪ੍ਰਭ ਤੂਹੈ ਠਾਕੁਰੁ ਸਭੁ ਕੋ ਤੇਰਾ ॥	پربھ توُہے ٹھاکُرُ سبھُ کو تیرا ॥
ਜਿਉ ਭਾਵੈ ਤਿਉ ਕਰਹਿ ਨਿਬੇਰਾ ॥	جِءُ بھاوے تِءُ کرہِ نِبیرا ॥
ਦੁਤੀਆ ਨਾਸਤਿ ਇਕੁ ਰਹਿਆ ਸਮਾਇ ॥	دُتیا ناستِ اِکُ رہیا سماءِ ॥
ਰਾਖਹੁ ਪੈਜ ਨਾਨਕ ਸਰਣਾਇ ॥੪॥੫॥੧੮॥	راکھہُ پیج نانک سرناءِ ॥4॥5॥ 18 ॥
ਭੈਰਉ ਮਹਲਾ ੫ ॥	بھیرءُ محلا 5 ॥
ਬਿਨੁ ਬਾਜੇ ਕੈਸੋ ਨਿਰਤਿਕਾਰੀ ॥	بِنُ باجے کیسو نِرتِکاری ۔ ॥
ਬਿਨੁ ਕੰਠੈ ਕੈਸੇ ਗਾਵਨਹਾਰੀ ॥	بِنُ کنٹھے کیسے گاونہاری ۔ ॥
ਜੀਲ ਬਿਨਾ ਕੈਸੇ ਬਜੈ ਰਬਾਬ ॥	زیِل بِنا کیسے بجے رباب ۔ ॥
ਨਾਮ ਬਿਨਾ ਬਿਰਥੇ ਸਭਿ ਕਾਜ ॥੧॥	نام بِنا برتھے سبھِ کاج ॥1॥
ਨਾਮ ਬਿਨਾ ਕਹਹੁ ਕੋ ਤਰਿਆ ॥	نام بِنا کہہُ کو تریا ۔ ॥
ਬਿਨੁ ਸਤਿਗੁਰ ਕੈਸੇ ਪਾਰਿ ਪਰਿਆ ॥੧॥ ਰਹਾਉ ॥	بِنُ ستگُر کیسے پارِ پریا ۔ ॥1॥ رہاءُ ॥
ਬਿਨੁ ਜਿਹਵਾ ਕਹਾ ਕੋ ਬਕਤਾ ॥	بِنُ جِہوا کہا کو بکتا ۔ ॥
ਬਿਨੁ ਸ੍ਰਵਨਾ ਕਹਾ ਕੋ ਸੁਨਤਾ ॥	بِنُ سّرونا کہا کو سُنتا ۔ ॥
ਬਿਨੁ ਨੇਤ੍ਰਾ ਕਹਾ ਕੋ ਪੇਖੈ ॥	بِنُ نیتّرا کہا کو پیکھے ۔ ॥
ਨਾਮ ਬਿਨਾ ਨਰੁ ਕਹੀ ਨ ਲੇਖੈ ॥੨॥	نام بِنا نرُ کہی ن لیکھے ॥2॥
ਬਿਨੁ ਬਿਦਿਆ ਕਹਾ ਕੋਈ ਪੰਡਿਤ ॥	بِنُ بِدیا کہا کوئی پنڈِت ۔ ॥
ਬਿਨੁ ਅਮਰੈ ਕੈਸੇ ਰਾਜ ਮੰਡਿਤ ॥	بِنُ امرے کیسے راج منڈِت ۔ ॥
ਬਿਨੁ ਬੂਝੇ ਕਹਾ ਮਨੁ ਠਹਰਾਨਾ ॥	بِنُ بوُجھے کہا منُ ٹھہرانا ۔ ॥
ਨਾਮ ਬਿਨਾ ਸਭੁ ਜਗੁ ਬਉਰਾਨਾ ॥੩॥	نام بِنا سبھُ جگُ بئرانا ॥3॥
ਬਿਨੁ ਬੈਰਾਗ ਕਹਾ ਬੈਰਾਗੀ ॥	بِنُ بیراگ کہا بیراگی ۔ ॥

ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ॥	بِنُ ہءُ تِیاگِ کہا کوئُو تِیاگی ۔ ॥
ਬਿਨੁ ਬਸਿ ਪੰਚ ਕਹਾ ਮਨ ਚੂਰੇ ॥	بِنُ بسِ پنچ کہا من چوُرے ۔ ॥
ਨਾਮ ਬਿਨਾ ਸਦ ਸਦ ਹੀ ਝੂਰੇ ॥੪॥	نام بِنا سد سد ہی جھوُرے ॥4॥
ਬਿਨੁ ਗੁਰ ਦੀਖਿਆ ਕੈਸੇ ਗਿਆਨੁ ॥	بِنُ گُر دیکھِیا کیَسے گِیانُ ۔ ॥
ਬਿਨੁ ਪੇਖੇ ਕਹੁ ਕੈਸੋ ਧਿਆਨੁ ॥	بِنُ پیکھے کہُ کیَسو دھِیانُ ۔ ॥
ਬਿਨੁ ਭੈ ਕਥਨੀ ਸਰਬ ਬਿਕਾਰ ॥	بِنُ بھے کتھنی سرب بِکار ॥
ਕਹੁ ਨਾਨਕ ਦਰ ਕਾ ਬੀਚਾਰ ॥੫॥੬॥੧੯॥	کہُ نانک در کا بیچار ॥5॥6॥ 19 ॥
ਭੈਰਉ ਮਹਲਾ ੫ ॥	بھیَرءُ محلا 5 ॥
ਹਉਮੈ ਰੋਗੁ ਮਾਨੁਖ ਕਉ ਦੀਨਾ ॥	ہئُمےَ روگُ مانُکھ کءُ دِینا ॥
ਕਾਮ ਰੋਗਿ ਮੈਗਲੁ ਬਸਿ ਲੀਨਾ ॥	کام روگِ میَگلُ بسِ لِینا ॥
ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥	دّرِسٹِ روگِ پچِ مُےَ پتنگا ॥
ਨਾਦ ਰੋਗਿ ਖਪਿ ਗਏ ਕੁਰੰਗਾ ॥੧॥	ناد روگِ کھپِ گئے کُرنگا ॥1॥
ਜੋ ਜੋ ਦੀਸੈ ਸੋ ਸੋ ਰੋਗੀ ॥	جو جو دیسےَ سو سو روگی ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ ਰਹਾਉ ॥	روگ رہِت میرا ستِگُرُ جوگی ॥1॥ رہاءُ ॥
ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥	جِہوا روگِ مِینُ گّرسِیانو ॥
ਬਾਸਨ ਰੋਗਿ ਭਵਰੁ ਬਿਨਸਾਨੋ ॥	باسن روگِ بھورُ بِنسانو ॥
ਹੇਤ ਰੋਗ ਕਾ ਸਗਲ ਸੰਸਾਰਾ ॥	ہیت روگ کا سگل سنّسارا ॥
ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥੨॥	تّرِبدھِ روگ مہِ بدھے بِکارا ॥2॥
ਰੋਗੇ ਮਰਤਾ ਰੋਗੇ ਜਨਮੈ ॥	روگے مرتا روگے جنمےَ ॥
ਰੋਗੇ ਫਿਰਿ ਫਿਰਿ ਜੋਨੀ ਭਰਮੈ ॥	روگے پھِرِ پھِرِ جونی بھرمےَ ॥
ਰੋਗ ਬੰਧ ਰਹਨੁ ਰਤੀ ਨ ਪਾਵੈ ॥	روگ بنّدھ رہنُ رتی ن پاوےَ ॥
ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥੩॥	بِنُ ستِگُر روگُ کتہِ ن جاوےَ ॥3॥

ਪਾਰਬ੍ਰਹਮਿ ਜਿਸੁ ਕੀਨੀ ਦਇਆ ॥	پاربّرہمِ جِسُ کِینی دئیا ॥
ਬਾਹ ਪਕੜਿ ਰੋਗਹੁ ਕਢਿ ਲਇਆ ॥	باہ پکڑِ روگہُ کڈھِ لئیا ॥
ਤੂਟੇ ਬੰਧਨ ਸਾਧਸੰਗੁ ਪਾਇਆ ॥	توٗٹے بندھن سادھسنگُ پائیا ॥
ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥੪॥੭॥੨੦॥	کہُ نانک گُرِ روگُ مِٹائیا ॥4॥7॥ 20 ॥
ਭੈਰਉ ਮਹਲਾ ੫ ॥	بھیرءُ محلا 5 ॥
ਚੀਤਿ ਆਵੈ ਤਾਂ ਮਹਾ ਅਨੰਦ ॥	چیتِ آوے تاں مہا انند ॥
ਚੀਤਿ ਆਵੈ ਤਾਂ ਸਭਿ ਦੁਖ ਭੰਜ ॥	چیتِ آوے تاں سبھِ دُکھ بھنّج ॥
ਚੀਤਿ ਆਵੈ ਤਾਂ ਸਰਧਾ ਪੂਰੀ ॥	چیتِ آوے تاں سردھا پُوری ॥
ਚੀਤਿ ਆਵੈ ਤਾਂ ਕਬਹਿ ਨ ਝੂਰੀ ॥੧॥	چیتِ آوے تاں کبہِ ن جھوُری ॥1॥
ਅੰਤਰਿ ਰਾਮ ਰਾਇ ਪ੍ਰਗਟੇ ਆਇ ॥	انتّرِ رام راءِ پرّگٹے آءِ ॥
ਗੁਰਿ ਪੂਰੈ ਦੀਓ ਰੰਗੁ ਲਾਇ ॥੧॥ ਰਹਾਉ ॥	گُرِ پوُرے دیئو رنگُ لاءِ ॥1॥ رہاءُ ॥
ਚੀਤਿ ਆਵੈ ਤਾਂ ਸਰਬ ਕੋ ਰਾਜਾ ॥	چیتِ آوے تاں سرب کو راجا ॥
ਚੀਤਿ ਆਵੈ ਤਾਂ ਪੂਰੇ ਕਾਜਾ ॥	چیتِ آوے تاں پوُرے کاجا ॥
ਚੀਤਿ ਆਵੈ ਤਾਂ ਰੰਗਿ ਗੁਲਾਲ ॥	چیتِ آوے تاں رنگِ گُلال ॥
ਚੀਤਿ ਆਵੈ ਤਾਂ ਸਦਾ ਨਿਹਾਲ ॥੨॥	چیتِ آوے تاں سدا نِہال ॥2॥
ਚੀਤਿ ਆਵੈ ਤਾਂ ਸਦ ਧਨਵੰਤਾ ॥	چیتِ آوے تاں سد دھنونّتا ॥
ਚੀਤਿ ਆਵੈ ਤਾਂ ਸਦ ਨਿਭਰੰਤਾ ॥	چیتِ آوے تاں سد نِبھرنّتا ॥
ਚੀਤਿ ਆਵੈ ਤਾਂ ਸਭਿ ਰੰਗ ਮਾਣੇ ॥	چیتِ آوے تاں سبھِ رنگ ماٹے ॥
ਚੀਤਿ ਆਵੈ ਤਾਂ ਚੂਕੀ ਕਾਣੇ ॥੩॥	چیتِ آوے تاں چوُکی کاٹے ॥3॥
ਚੀਤਿ ਆਵੈ ਤਾਂ ਸਹਜ ਘਰੁ ਪਾਇਆ ॥	چیتِ آوے تاں سہج گھرُ پائیا ॥
ਚੀਤਿ ਆਵੈ ਤਾਂ ਸੁੰਨਿ ਸਮਾਇਆ ॥	چیتِ آوے تاں سُنّنِ سمائیا ॥
ਚੀਤਿ ਆਵੈ ਸਦ ਕੀਰਤਨੁ ਕਰਤਾ ॥	چیتِ آوے سد کیرتنُ کرتا ॥

ਮਨੁ ਮਾਨਿਆ ਨਾਨਕ ਭਗਵੰਤਾ ॥੪॥੮॥੨੧॥	من مانیا نانک بھگونتا ॥4॥8॥21॥
ਭੈਰਉ ਮਹਲਾ ੫ ॥	بھیرءُ محلا 5 ॥
ਬਾਪੁ ਹਮਾਰਾ ਸਦ ਚਰੰਜੀਵੀ ॥	باپُ ہمارا سد چرنجیوی ॥
ਭਾਈ ਹਮਾਰੇ ਸਦ ਹੀ ਜੀਵੀ ॥	بھائی ہمارے سد ہی جیوی ॥
ਮੀਤ ਹਮਾਰੇ ਸਦਾ ਅਬਿਨਾਸੀ ॥	میت ہمارے سدا اِبناسی ॥
ਕੁਟੰਬੁ ਹਮਾਰਾ ਨਿਜ ਘਰਿ ਵਾਸੀ ॥੧॥	کُٹنّبُ ہمارا نج گھرِ واسی ॥1॥
ਹਮ ਸੁਖੁ ਪਾਇਆ ਤਾਂ ਸਭਹਿ ਸੁਹੇਲੇ ॥	ہم سُکھُ پائیا تاں سبھِ سُہیلے ॥
ਗੁਰਿ ਪੂਰੈ ਪਿਤਾ ਸੰਗਿ ਮੇਲੇ ॥੧॥ ਰਹਾਉ ॥	گُرِ پوُرے پِتا سنگِ میلے ॥1॥ رہاءُ ॥
ਮੰਦਰ ਮੇਰੇ ਸਭ ਤੇ ਊਚੇ ॥	مندّر میرے سبھ تے اوُچے ॥
ਦੇਸ ਮੇਰੇ ਬੇਅੰਤ ਅਪੂਛੇ ॥	دیس میرے بیئنّت اپوُچھے ॥
ਰਾਜੁ ਹਮਾਰਾ ਸਦ ਹੀ ਨਿਹਚਲੁ ॥	راجُ ہمارا سد ہی نِہچلُ ॥
ਮਾਲੁ ਹਮਾਰਾ ਅਖੂਟੁ ਅਬੇਚਲੁ ॥੨॥	مالُ ہمارا اکھوُٹُ ابیچلُ ॥2॥
ਸੋਭਾ ਮੇਰੀ ਸਭ ਜੁਗ ਅੰਤਰਿ ॥	سوبھا میری سبھ جُگ انترِ ॥
ਬਾਜ ਹਮਾਰੀ ਥਾਨ ਥਨੰਤਰਿ ॥	باج ہماری تھان تھننّترِ ॥
ਕੀਰਤਿ ਹਮਰੀ ਘਰਿ ਘਰਿ ਹੋਈ ॥	کیرتِ ہمری گھرِ گھرِ ہوئی ॥
ਭਗਤਿ ਹਮਾਰੀ ਸਭਨੀ ਲੋਈ ॥੩॥	بھگتِ ہماری سبھنی لوئی ॥3॥
ਪਿਤਾ ਹਮਾਰੇ ਪ੍ਰਗਟੇ ਮਾਝ ॥	پِتا ہمارے پرّگٹے ماجھ ॥
ਪਿਤਾ ਪੂਤ ਰਲਿ ਕੀਨੀ ਸਾਂਝ ॥	پِتا پوُت رلِ کِینی سانجھ ॥
ਕਹੁ ਨਾਨਕ ਜਉ ਪਿਤਾ ਪਤੀਨੇ ॥	کہُ نانک جءُ پِتا پتِینے ॥
ਪਿਤਾ ਪੂਤ ਏਕੈ ਰੰਗਿ ਲੀਨੇ ॥੪॥੯॥੨੨॥	پِتا پوُت ایکےَ رنگِ لِینے ॥4॥9॥22॥
ਭੈਰਉ ਮਹਲਾ ੫ ॥	بھیرءُ محلا 5 ॥
ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ ॥	نِرویَر پُرکھ ستِگُر پربھ داتے ۔ ॥

ਹਮ ਅਪਰਾਧੀ ਤੁਮ੍ ਬਖਸਾਤੇ ॥	ہم اپرادھی تُمہ بخشاتے ॥
ਜਿਸੁ ਪਾਪੀ ਕਉ ਮਿਲੈ ਨ ਢੋਈ ॥	جِسُ پاپی ک ءُ مِلے ن ڈھوئی ॥
ਸਰਣਿ ਆਵੈ ਤਾਂ ਨਿਰਮਲੁ ਹੋਈ ॥੧॥	سرنِ آوے تاں نِرملُ ہوئی ॥1॥
ਸੁਖੁ ਪਾਇਆ ਸਤਿਗੁਰੂ ਮਨਾਇ ॥	سُکھُ پائیا ستِگُرو مناءِ ॥
ਸਭ ਫਲ ਪਾਏ ਗੁਰੂ ਧਿਆਇ ॥੧॥ ਰਹਾਉ ॥	سبھ پھل پائے گُرو دھیاءِ ॥1॥ رہاءُ ॥
ਪਾਰਬ੍ਰਹਮ ਸਤਿਗੁਰ ਆਦੇਸੁ ॥	پاربّرہم ستِگُر آدیسُ ॥
ਮਨੁ ਤਨੁ ਤੇਰਾ ਸਭੁ ਤੇਰਾ ਦੇਸੁ ॥	منُ تنُ تیرا سبھُ تیرا دیسُ ॥
ਚੂਕਾ ਪੜਦਾ ਤਾਂ ਨਦਰੀ ਆਇਆ ॥	چوُکا پڑدا تاں ندری آئیا ॥
ਖਸਮੁ ਤੂਹੈ ਸਭਨਾ ਕੇ ਰਾਇਆ ॥੨॥	خصمُ توُہے سبھنا کے رائیا ॥2॥
ਤਿਸੁ ਭਾਣਾ ਸੂਕੇ ਕਾਸਟ ਹਰਿਆ ॥	تِسُ بھاٹا سوُکے کاسٹ ہرِیا ॥
ਤਿਸੁ ਭਾਣਾ ਤਾਂ ਥਲ ਸਿਰਿ ਸਰਿਆ ॥	تِسُ بھاٹا تاں تھل سِرِ سرِیا ॥
ਤਿਸੁ ਭਾਣਾ ਤਾਂ ਸਭਿ ਫਲ ਪਾਏ ॥	تِسُ بھاٹا تاں سبھِ پھل پائے ॥
ਚਿੰਤ ਗਈ ਲਗਿ ਸਤਿਗੁਰ ਪਾਏ ॥੩॥	چِنّت گئی لگِ ستِگُر پائے ॥3॥
ਹਰਾਮਖੋਰ ਨਿਰਗੁਣ ਕਉ ਤੂਠਾ ॥	حرامکھور نِرگُن ک ءُ توُٹھا ॥
ਮਨੁ ਤਨੁ ਸੀਤਲੁ ਮਨਿ ਅੰਮ੍ਰਿਤੁ ਵੂਠਾ ॥	منُ تنُ سِیتلُ منِ انّمرِتُ ووُٹھا ॥
ਪਾਰਬ੍ਰਹਮ ਗੁਰ ਭਏ ਦਇਆਲਾ ॥	پاربّرہم گُر بھئے دئیالا ॥
ਨਾਨਕ ਦਾਸ ਦੇਖਿ ਭਏ ਨਿਹਾਲਾ ॥੪॥੧੦॥੨੩॥	نانک داس دیکھِ بھئے نِہالا ॥4॥ 10 ॥ 23 ॥
ਭੈਰਉ ਮਹਲਾ ੫ ॥	بھیرءُ محلا 5 ॥
ਸਤਿਗੁਰ ਮੇਰਾ ਬੇਮੁਹਤਾਜੁ ॥	ستِگُر میرا بیمُہتاجُ ॥
ਸਤਿਗੁਰ ਮੇਰੇ ਸਚਾ ਸਾਜੁ ॥	ستِگُر میرے سچا ساجُ ॥
ਸਤਿਗੁਰੁ ਮੇਰਾ ਸਭਸ ਕਾ ਦਾਤਾ ॥	ستِگُرُ میرا سبھس کا داتا ॥
ਸਤਿਗੁਰੁ ਮੇਰਾ ਪੁਰਖੁ ਬਿਧਾਤਾ ॥੧॥	ستِگُرُ میرا پُرکھُ بِدھاتا ॥1॥

ਗੁਰ ਜੈਸਾ ਨਾਹੀ ਕੋ ਦੇਵ ॥	گُر جیَسا ناہی کو دیو ॥
ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ ॥੧॥ ਰਹਾਉ ॥	جِسُ مستکِ بھاگُ سُ لاگا سیو ॥1॥ رہاءُ ॥
ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥	ستِگُر میرا سرب پرتپالے ॥
ਸਤਿਗੁਰੁ ਮੇਰਾ ਮਾਰਿ ਜੀਵਾਲੈ ॥	ستِگُر میرا مارِ جیوالے ॥
ਸਤਿਗੁਰ ਮੇਰੇ ਕੀ ਵਡਿਆਈ ॥	ستِگُر میرے کی وڈیائی ॥
ਪ੍ਰਗਟੁ ਭਈ ਹੈ ਸਭਨੀ ਥਾਈ ॥੨॥	پرگٹُ بھئی ہے سبھنی تھائی ॥2॥
ਸਤਿਗੁਰੁ ਮੇਰਾ ਤਾਣੁ ਨਿਤਾਣੁ ॥	ستِگُر میرا تانُ نِتانُ ॥
ਸਤਿਗੁਰੁ ਮੇਰਾ ਘਰਿ ਦੀਬਾਣੁ ॥	ستِگُر میرا گھرِ دیِبانُ ॥
ਸਤਿਗੁਰ ਕੈ ਹਉ ਸਦ ਬਲਿ ਜਾਇਆ ॥	ستِگُر کے ہءُ سد بلِ جائیا ॥
ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ ॥੩॥	پرگٹُ مارگُ جِنِ کرِ دِکھلائیا ॥3॥
ਜਿਨਿ ਗੁਰ ਸੇਵਿਆ ਤਿਸੁ ਭਉ ਨ ਬਿਆਪੈ ॥	جِنِ گُر سیویا تِسُ بھءُ ن بیاپے ॥
ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ ॥	جِنِ گُرُ سیویا تِسُ دُکھُ ن سنتاپے ॥
ਨਾਨਕ ਸੋਧੇ ਸਿੰਮ੍ਰਿਤਿ ਬੇਦ ॥	نانک سودھے سِمرِتِ بید ॥
ਪਾਰਬ੍ਰਹਮ ਗੁਰ ਨਾਹੀ ਭੇਦ ॥੪॥੧੧॥੨੪॥	پاربرہم گُر ناہی بھید ॥4॥ 11 ॥ 24 ॥
ਭੈਰਉ ਮਹਲਾ ੫ ॥	بھیرءُ محلا 5 ॥
ਨਾਮੁ ਲੈਤ ਮਨੁ ਪਰਗਟੁ ਭਇਆ ॥	نامُ لیَت منُ پرگٹُ بھئیا ॥
ਨਾਮੁ ਲੈਤ ਪਾਪੁ ਤਨ ਤੇ ਗਇਆ ॥	نامُ لیَت پاپُ تن تے گئیا ॥
ਨਾਮੁ ਲੈਤ ਸਗਲ ਪੁਰਬਾਇਆ ॥	نامُ لیَت سگل پُربائیا ॥
ਨਾਮੁ ਲੈਤ ਅਠਸਠਿ ਮਜਨਾਇਆ ॥੧॥	نامُ لیَت اٹھسٹھِ مجنائیا ॥1॥
ਤੀਰਥੁ ਹਮਰਾ ਹਰਿ ਕੋ ਨਾਮੁ ॥	تیِرتھُ ہمرا ہرِ کو نامُ ॥
ਗੁਰਿ ਉਪਦੇਸਿਆ ਤਤੁ ਗਿਆਨੁ ॥੧॥ ਰਹਾਉ ॥	گُرِ اُپدیسیا تتُ گیانُ ॥1॥ رہاءُ ॥
ਨਾਮੁ ਲੈਤ ਦੁਖੁ ਦੂਰਿ ਪਰਾਨਾ ॥	نامُ لیَت دُکھُ دوُرِ پرانا ॥

ਨਾਮੁ ਲੈਤ ਅਤਿ ਮੂੜ ਸੁਗਿਆਨਾ ॥	نامُ لیَت اتِ موڑ سُگیانا ॥
ਨਾਮੁ ਲੈਤ ਪਰਗਟਿ ਉਜੀਆਰਾ ॥	نامُ لیَت پرگٹِ اُجیارا ॥
ਨਾਮੁ ਲੈਤ ਛੁਟੇ ਜੰਜਾਰਾ ॥੨॥	نامُ لیَت چھُٹے زنجارا ॥2॥
ਨਾਮੁ ਲੈਤ ਜਮੁ ਨੇੜਿ ਨ ਆਵੈ ॥	نامُ لیَت جمُ نیڑِ ن آوے ॥
ਨਾਮੁ ਲੈਤ ਦਰਗਹ ਸੁਖੁ ਪਾਵੈ ॥	نامُ لیَت درگہ سُکھُ پاوے ॥
ਨਾਮੁ ਲੈਤ ਪ੍ਰਭੁ ਕਹੈ ਸਾਬਾਸਿ ॥	نامُ لیَت پربھُ کہے ساباسِ ॥
ਨਾਮੁ ਹਮਾਰੀ ਸਾਚੀ ਰਾਸਿ ॥੩॥	نامُ ہماری ساچی راسِ ॥3॥
ਗੁਰਿ ਉਪਦੇਸੁ ਕਹਿਓ ਇਹੁ ਸਾਰੁ ॥	گُرِ اُپدیسُ کہیو اِہُ سارُ ॥
ਹਰਿ ਕੀਰਤਿ ਮਨ ਨਾਮੁ ਅਧਾਰੁ ॥	ہرِ کیرتِ من نامُ ادھارُ ॥
ਨਾਨਕ ਉਧਰੇ ਨਾਮ ਪੁਨਹਚਾਰ ॥	نانک اُدھرے نام پُنہچار ॥
ਅਵਰਿ ਕਰਮ ਲੋਕਹ ਪਤੀਆਰ ॥੪॥੧੨॥੨੫॥	اورِ کرم لوکہ پتیار ॥4॥ 12 ॥ 25 ॥
ਭੈਰਉ ਮਹਲਾ ੫ ॥	بھیرَءُ محلا 5 ॥
ਨਮਸਕਾਰ ਤਾ ਕਉ ਲਖ ਬਾਰ ॥	نمسکار تا کءُ لکھ بار ॥
ਇਹੁ ਮਨੁ ਦੀਜੈ ਤਾ ਕਉ ਵਾਰਿ ॥	اِہُ منُ دیجے تا کءُ وارِ ॥
ਸਿਮਰਨਿ ਤਾ ਕੈ ਮਿਟਹਿ ਸੰਤਾਪ ॥	سِمرنِ تا کے مِٹہِ سنتاپ ॥
ਹੋਇ ਅਨੰਦੁ ਨ ਵਿਆਪਹਿ ਤਾਪ ॥੧॥	ہوءِ انندُ ن وِیاپہِ تاپ ॥1॥
ਐਸੋ ਹੀਰਾ ਨਿਰਮਲ ਨਾਮ ॥	ایسو ہیرا نِرمل نام ॥
ਜਾਸੁ ਜਪਤ ਪੂਰਨ ਸਭਿ ਕਾਮ ॥੧॥ ਰਹਾਉ ॥	جاسُ جپت پوُرن سبھِ کام ॥1॥ رہاءُ ॥
ਜਾ ਕੀ ਦ੍ਰਿਸਟਿ ਦੁਖ ਡੇਰਾ ਢਹੈ ॥	جا کی دّرِسٹِ دُکھ ڈیرا ڈھہے ॥
ਅੰਮ੍ਰਿਤ ਨਾਮੁ ਸੀਤਲੁ ਮਨਿ ਗਹੈ ॥	انمّرِت نامُ سیتلُ منِ گہے ॥
ਅਨਿਕ ਭਗਤ ਜਾ ਕੇ ਚਰਨ ਪੂਜਾਰੀ ॥	انِک بھگت جا کے چرن پوُجاری ॥
ਸਗਲ ਮਨੋਰਥ ਪੂਰਨਹਾਰੀ ॥੨॥	سگل منورتھ پوُرنہاری ॥2॥

ਖਿਨ ਮਹਿ ਊਣੇ ਸੁਭਰ ਭਰਿਆ ॥	کھِن مہِ اوُنے سُبھر بھریا ॥
ਖਿਨ ਮਹਿ ਸੂਕੇ ਕੀਨੇ ਹਰਿਆ ॥	کھِن مہِ سوُکے کِینے ہریا ॥
ਖਿਨ ਮਹਿ ਨਿਥਾਵੇ ਕਉ ਦੀਨੋ ਥਾਨੁ ॥	کھِن مہِ نِتھاوے ک ءُ دِینو تھانُ ॥
ਖਿਨ ਮਹਿ ਨਿਮਾਣੇ ਕਉ ਦੀਨੋ ਮਾਨੁ ॥੩॥	کھِن مہِ نِماٹے ک ءُ دِینو مانُ ॥3॥
ਸਭ ਮਹਿ ਏਕੁ ਰਹਿਆ ਭਰਪੂਰਾ ॥	سبھ مہِ ایکُ رہِیا بھرپوُرا ॥
ਸੋ ਜਾਪੈ ਜਿਸੁ ਸਤਿਗੁਰੁ ਪੂਰਾ ॥	سو جاپے جِسُ ستِگُرُ پوُرا ॥
ਹਰਿ ਕੀਰਤਨੁ ਤਾ ਕੋ ਆਧਾਰੁ ॥	ہرِ کیِرتنُ تا کو آدھارُ ॥
ਕਹੁ ਨਾਨਕ ਜਿਸੁ ਆਪਿ ਦਇਆਰੁ ॥੪॥੧੩॥੨੬॥	کہُ نانک جِسُ آپِ دیئیارُ ॥4॥ 13 ॥ 26 ॥
ਭੈਰਉ ਮਹਲਾ ੫ ॥	بھیَرءُ محلا 5 ॥
ਮੋਹਿ ਦੁਹਾਗਨਿ ਆਪਿ ਸੀਗਾਰੀ ॥	موہِ دُہاگنِ آپِ سیِگاری ॥
ਰੂਪ ਰੰਗ ਦੇ ਨਾਮਿ ਸਵਾਰੀ ॥	روُپ رنگ دے نامِ سواری ॥
ਮਿਟਿਓ ਦੁਖੁ ਅਰੁ ਸਗਲ ਸੰਤਾਪ ॥	مِٹیو دُکھُ ارُ سگل سنّتاپ ॥
ਗੁਰ ਹੋਏ ਮੇਰੇ ਮਾਈ ਬਾਪ ॥੧॥	گُر ہوئے میرے مائی باپ ॥1॥
ਸਖੀ ਸਹੇਰੀ ਮੇਰੈ ਗ੍ਰਸਤਿ ਅਨੰਦ ॥	سکھی سہیری میرے گرّستِ انندّ ॥
ਕਰਿ ਕਿਰਪਾ ਭੇਟੇ ਮੋਹਿ ਕੰਤ ॥੧॥ ਰਹਾਉ ॥	کرِ کرِپا بھیٹے موہِ کنّت ॥1॥ رہاءُ ॥
ਤਪਤਿ ਬੁਝੀ ਪੂਰਨ ਸਭ ਆਸਾ ॥	تپتِ بُجھی پوُرن سبھ آسا ॥
ਮਿਟੇ ਅੰਧੇਰ ਭਏ ਪਰਗਾਸਾ ॥	مِٹے اندّھیر بھئے پرگاسا ॥
ਅਨਹਦ ਸਬਦ ਅਚਰਜ ਬਿਸਮਾਦ ॥	انہد سبد اچرج بِسماد ॥
ਗੁਰੁ ਪੂਰਾ ਪੂਰਾ ਪਰਸਾਦ ॥੨॥	گُرُ پوُرا پوُرا پرساد ॥2॥
ਜਾ ਕਉ ਪ੍ਰਗਟ ਭਏ ਗੋਪਾਲ ॥	جا ک ءُ پرّگٹ بھئے گوپال ॥
ਤਾ ਕੈ ਦਰਸਨਿ ਸਦਾ ਨਿਹਾਲ ॥	تا کے درسنِ سدا نِہال ॥
ਸਰਬ ਗੁਣਾ ਤਾ ਕੈ ਬਹੁਤੁ ਨਿਧਾਨ ॥	سرب گُنّا تا کے بہُتُ نِدھان ॥

ਜਾ ਕਉ ਸਤਿਗੁਰਿ ਦੀਓ ਨਾਮੁ ॥੩॥	جا ک ءُ ستِگُرِ دیئو نامُ ॥3॥
ਜਾ ਕਉ ਭੇਟਿਓ ਠਾਕੁਰੁ ਅਪਨਾ ॥	جا ک ءُ بھیٹیو ٹھاکُرُ اپنا ॥
ਮਨੁ ਤਨੁ ਸੀਤਲੁ ਹਰਿ ਹਰਿ ਜਪਨਾ ॥	منُ تنُ سِیتلُ ہرِ ہرِ جپنا ॥
ਕਹੁ ਨਾਨਕ ਜੋ ਜਨ ਪ੍ਰਭ ਭਾਏ ॥	کہُ نانک جو جن پربھ بھائے ॥
ਤਾ ਕੀ ਰੇਨੁ ਬਿਰਲਾ ਕੋ ਪਾਏ ॥੪॥੧੪॥੨੭॥	تا کی رینُ برلا کو پائے ॥4॥ 14 ॥ 27 ॥
ਭੈਰਉ ਮਹਲਾ ੫ ॥	بھیرءُ محلا 5 ॥
ਚਿਤਵਤ ਪਾਪ ਨ ਆਲਕੁ ਆਵੈ ॥	چِتوت پاپ ن آلکُ آوے ॥
ਬੇਸੁਆ ਭਜਤ ਕਿਛੁ ਨਹ ਸਰਮਾਵੈ ॥	بیسُیا بھجت کِچھُ نہ سرماوے ॥
ਸਾਰੋ ਦਿਨਸੁ ਮਜੂਰੀ ਕਰੈ ॥	سارو دِنسُ مزوُری کرے ॥
ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ ॥੧॥	ہرِ سِمرن کی ویلا بجر سِرِ پرے ॥1॥
ਮਾਇਆ ਲਗਿ ਭੂਲੋ ਸੰਸਾਰੁ ॥	مائیا لگِ بھوُلو سنّسارُ ॥
ਆਪਿ ਭੁਲਾਇਆ ਭੁਲਾਵਣਹਾਰੈ ਰਾਚਿ ਰਹਿਆ ਬਿਰਥਾ ਬਿਉਹਾਰ ॥੧॥ ਰਹਾਉ ॥	آپِ بھُلائیا بھُلاوٹہارے راچِ رہیا برِتھا بِہُار ॥1॥ رہاءُ ॥
ਪੇਖਤ ਮਾਇਆ ਰੰਗ ਬਿਹਾਇ ॥	پیکھت مائیا رنگ بِہاءِ ॥
ਗੜਬੜ ਕਰੈ ਕਉਡੀ ਰੰਗੁ ਲਾਇ ॥	گڑبڑ کرے کنڈی رنگُ لاءِ ॥
ਅੰਧ ਬਿਉਹਾਰ ਬੰਧ ਮਨੁ ਧਾਵੈ ॥	اندھ بِہُار بندھ منُ دھاوے ॥
ਕਰਣੈਹਾਰੁ ਨ ਜੀਅ ਮਹਿ ਆਵੈ ॥੨॥	کرنیہارُ ن جیء مہِ آوے ॥2॥
ਕਰਤ ਕਰਤ ਇਵ ਹੀ ਦੁਖੁ ਪਾਇਆ ॥	کرت کرت اِو ہی دُکھُ پائیا ॥
ਪੂਰਨ ਹੋਤ ਨ ਕਾਰਜ ਮਾਇਆ ॥	پوُرن ہوت ن کارج مائیا ॥
ਕਾਮਿ ਕ੍ਰੋਧਿ ਲੋਭਿ ਮਨੁ ਲੀਨਾ ॥	کامِ کرودھِ لوبھِ منُ لِینا ॥
ਤੜਫਿ ਮੂਆ ਜਿਉ ਜਲ ਬਿਨੁ ਮੀਨਾ ॥੩॥	تڑپھِ موُیا جِءُ جل بِنُ مِینا ॥3॥
ਜਿਸ ਕੇ ਰਾਖੇ ਹੋਇ ਹਰਿ ਆਪਿ ॥	جِس کے راکھے ہوءِ ہرِ آپِ ॥
ਹਰਿ ਹਰਿ ਨਾਮੁ ਸਦਾ ਜਪੁ ਜਾਪਿ ॥	ہرِ ہرِ نامُ سدا جپُ جاپِ ॥

ਸਾਧਸੰਗਿ ਹਰਿ ਕੇ ਗੁਣ ਗਾਇਆ ॥	سادھسنگِ ہرِ کے گُن گائیا ॥
ਨਾਨਕ ਸਤਿਗੁਰੁ ਪੂਰਾ ਪਾਇਆ ॥੪॥੧੫॥੨੮॥	نانک ستِگُرُ پوُرا پائیا ॥4॥ 15 ॥ 28 ॥
ਭੈਰਉ ਮਹਲਾ ੫ ॥	بھیرَءُ محلا 5 ॥
ਅਪਣੀ ਦਇਆ ਕਰੇ ਸੋ ਪਾਏ ॥	اپنّی دئیا کرے سو پائے ॥
ਹਰਿ ਕਾ ਨਾਮੁ ਮੰਨਿ ਵਸਾਏ ॥	ہرِ کا نامُ منّنِ وسائے ॥
ਸਾਚ ਸਬਦੁ ਹਿਰਦੇ ਮਨ ਮਾਹਿ ॥	ساچ سبدُ ہِردے من ماہِ ॥
ਜਨਮ ਜਨਮ ਕੇ ਕਿਲਵਿਖ ਜਾਹਿ ॥੧॥	جنم جنم کے کِلوِکھ جاہِ ॥1॥
ਰਾਮ ਨਾਮੁ ਜੀਅ ਕੋ ਆਧਾਰੁ ॥	رام نامُ جیء کو آدھارُ ॥
ਗੁਰ ਪਰਸਾਦਿ ਜਪਹੁ ਨਿਤ ਭਾਈ ਤਾਰਿ ਲਏ ਸਾਗਰ ਸੰਸਾਰੁ ॥੧॥ ਰਹਾਉ ॥	گُر پرسادِ جپہُ نِت بھائی تارِ لئے ساگر سنّسارُ ॥1॥ رہاءُ ॥
ਜਿਨ ਕਉ ਲਿਖਿਆ ਹਰਿ ਏਹੁ ਨਿਧਾਨੁ ॥	جِن ک ءُ لِکھیا ہرِ ایہُ نِدھانُ ॥
ਸੇ ਜਨ ਦਰਗਹ ਪਾਵਹਿ ਮਾਨੁ ॥	سے جن درگہ پاوہِ مانُ ॥
ਸੂਖ ਸਹਜ ਆਨੰਦ ਗੁਣ ਗਾਉ ॥	سوُکھ سہج آنند گُن گاءُ ॥
ਆਗੈ ਮਿਲੈ ਨਿਥਾਵੇ ਥਾਉ ॥੨॥	آگے مِلے نِتھاوے تھاءُ ॥2॥
ਜੁਗਹ ਜੁਗੰਤਰਿ ਇਹੁ ਤਤੁ ਸਾਰੁ ॥	جُگہ جُگنّترِ اِہُ تتُ سارُ ॥
ਹਰਿ ਸਿਮਰਣੁ ਸਾਚਾ ਬੀਚਾਰੁ ॥	ہرِ سِمرنُ ساچا بیچارُ ॥
ਜਿਸੁ ਲੜਿ ਲਾਇ ਲਏ ਸੋ ਲਾਗੈ ॥	جِسُ لڑِ لاءِ لے سو لاگے ॥
ਜਨਮ ਜਨਮ ਕਾ ਸੋਇਆ ਜਾਗੈ ॥੩॥	جنم جنم کا سوئیا جاگے ॥3॥
ਤੇਰੇ ਭਗਤ ਭਗਤਨ ਕਾ ਆਪਿ ॥	تیرے بھگت بھگتن کا آپِ ॥
ਅਪਣੀ ਮਹਿਮਾ ਆਪੇ ਜਾਪਿ ॥	اپنّی مہِما آپے جاپِ ॥
ਜੀਅ ਜੰਤ ਸਭਿ ਤੇਰੈ ਹਾਥਿ ॥	جیء جنّت سبھِ تیرے ہاتھِ ॥
ਨਾਨਕ ਕੇ ਪ੍ਰਭ ਸਦ ਹੀ ਸਾਥਿ ॥੪॥੧੬॥੨੯॥	نانک کے پربھ سد ہی ساتھِ ॥4॥ 16 ॥ 29 ॥
ਭੈਰਉ ਮਹਲਾ ੫ ॥	بھیرَءُ محلا 5 ॥

ਨਾਮੁ ਹਮਾਰੈ ਅੰਤਰਜਾਮੀ ॥	نامُ ہمارے انترجامی ॥
ਨਾਮੁ ਹਮਾਰੈ ਆਵੈ ਕਾਮੀ ॥	نامُ ہمارے آوے کامی ॥
ਰੋਮਿ ਰੋਮਿ ਰਵਿਆ ਹਰਿ ਨਾਮੁ ॥	رومِ رومِ روِیا ہرِ نامُ ॥
ਸਤਿਗੁਰ ਪੂਰੈ ਕੀਨੋ ਦਾਨੁ ॥੧॥	ستِگُر پوُرے کِینو دانُ ॥1॥
ਨਾਮੁ ਰਤਨੁ ਮੇਰੈ ਭੰਡਾਰ ॥	نامُ رتنُ میرے بھنڈار ॥
ਅਗਮ ਅਮੋਲਾ ਅਪਰ ਅਪਾਰ ॥੧॥ ਰਹਾਉ ॥	اگم امولا اپر اپار ॥1॥ رہاءُ ॥
ਨਾਮੁ ਹਮਾਰੈ ਨਿਹਚਲ ਧਨੀ ॥	نامُ ہمارے نِہچل دھنی ॥
ਨਾਮ ਕੀ ਮਹਿਮਾ ਸਭ ਮਹਿ ਬਨੀ ॥	نام کی مہِما سبھ مہِ بنی ॥
ਨਾਮੁ ਹਮਾਰੈ ਪੂਰਾ ਸਾਹੁ ॥	نامُ ہمارے پوُرا ساہُ ॥
ਨਾਮੁ ਹਮਾਰੈ ਬੇਪਰਵਾਹੁ ॥੨॥	نامُ ہمارے بیپرواہُ ॥2॥
ਨਾਮੁ ਹਮਾਰੈ ਭੋਜਨ ਭਾਉ ॥	نامُ ہمارے بھوجن بھاءُ ॥
ਨਾਮੁ ਹਮਾਰੇ ਮਨ ਕਾ ਸੁਆਉ ॥	نامُ ہمارے من کا سُیاءُ ॥
ਨਾਮੁ ਨ ਵਿਸਰੈ ਸੰਤ ਪ੍ਰਸਾਦਿ ॥	نامُ ن وِسرے سنّت پّرسادِ ॥
ਨਾਮੁ ਲੈਤ ਅਨਹਦ ਪੂਰੇ ਨਾਦ ॥੩॥	نامُ لیَت انہد پوُرے ناد ॥3॥
ਪ੍ਰਭ ਕਿਰਪਾ ਤੇ ਨਾਮੁ ਨਉ ਨਿਧਿ ਪਾਈ ॥	پّربھ کِرپا تے نامُ نءُ نِدھِ پائی ॥
ਗੁਰ ਕਿਰਪਾ ਤੇ ਨਾਮ ਸਿਉ ਬਨਿ ਆਈ ॥	گُر کِرپا تے نام سِءُ بنِ آئی ॥
ਧਨਵੰਤੇ ਸੇਈ ਪਰਧਾਨ ॥	دھنونّتے سیئی پردھان ॥
ਨਾਨਕ ਜਾ ਕੈ ਨਾਮੁ ਨਿਧਾਨ ॥੪॥੧੭॥੩੦॥	نانک جا کے نامُ نِدھان ॥4॥ 17 ॥ 30 ॥
ਭੈਰਉ ਮਹਲਾ ੫ ॥	بھیَرءُ محلا 5 ॥
ਤੂ ਮੇਰਾ ਪਿਤਾ ਤੂਹੈ ਮੇਰਾ ਮਾਤਾ ॥	توُ میرا پِتا توُہے میرا ماتا ॥
ਤੂ ਮੇਰੇ ਜੀਅ ਪ੍ਰਾਨ ਸੁਖਦਾਤਾ ॥	توُ میرے جیء پّران سُکھداتا ॥
ਤੂ ਮੇਰਾ ਠਾਕੁਰੁ ਹਉ ਦਾਸੁ ਤੇਰਾ ॥	توُ میرا ٹھاکُرُ ہءُ داسُ تیرا ॥

ਤੁਝ ਬਿਨੁ ਅਵਰੁ ਨਹੀ ਕੋ ਮੇਰਾ ॥੧॥	تُجھ بِنُ اورُ نہی کو میرا ॥1॥
ਕਰਿ ਕਿਰਪਾ ਕਰਹੁ ਪ੍ਰਭ ਦਾਤਿ ॥	کرِ کِرپا کرہُ پربھ داتِ ॥
ਤੁਮ੍ਰੀ ਉਸਤਤਿ ਕਰਉ ਦਿਨ ਰਾਤਿ ॥੧॥ ਰਹਾਉ ॥	تُمہری اُستتِ کرءُ دِن راتِ ॥1॥ رہاءُ ॥
ਹਮ ਤੇਰੇ ਜੰਤ ਤੂ ਬਜਾਵਨਹਾਰਾ ॥	ہم تیرے جنّت توُ بجاونہارا ॥
ਹਮ ਤੇਰੇ ਭਿਖਾਰੀ ਦਾਨੁ ਦੇਹਿ ਦਾਤਾਰਾ ॥	ہم تیرے بھِکھاری دانُ دیہِ داتارا ۔ ॥
ਤਉ ਪਰਸਾਦਿ ਰੰਗ ਰਸ ਮਾਣੇ ॥	تءُ پرسادِ رنگ رس ماۓ ॥
ਘਟ ਘਟ ਅੰਤਰਿ ਤੁਮਹਿ ਸਮਾਣੇ ॥੨॥	گھٹ گھٹ انترِ تُمہِ سماۓ ॥2॥
ਤੁਮ੍ਰੀ ਕ੍ਰਿਪਾ ਤੇ ਜਪੀਐ ਨਾਉ ॥	تُمہری کرِپا تے جپیئے ناءُ ॥
ਸਾਧਸੰਗਿ ਤੁਮਰੇ ਗੁਣ ਗਾਉ ॥	سادھسنگِ تُمرے گُن گاءُ ॥
ਤੁਮ੍ਰੀ ਦਇਆ ਤੇ ਹੋਇ ਦਰਦ ਬਿਨਾਸੁ ॥	تُمہری دیئیا تے ہوءِ درد بِناسُ ॥
ਤੁਮਰੀ ਮਇਆ ਤੇ ਕਮਲ ਬਿਗਾਸੁ ॥੩॥	تُمری مئیا تے کمل بِگاسُ ॥3॥
ਹਉ ਬਲਿਹਾਰਿ ਜਾਉ ਗੁਰਦੇਵ ॥	ہءُ بلِہارِ جاءُ گُردیو ॥
ਸਫਲ ਦਰਸਨੁ ਜਾ ਕੀ ਨਿਰਮਲ ਸੇਵ ॥	سپھل درسنُ جا کی نِرمل سیو ॥
ਦਇਆ ਕਰਹੁ ਠਾਕੁਰ ਪ੍ਰਭ ਮੇਰੇ ॥	دیئیا کرہُ ٹھاکُر پربھ میرے ۔ ॥
ਗੁਣ ਗਾਵੈ ਨਾਨਕੁ ਨਿਤ ਤੇਰੇ ॥੪॥੧੮॥੩੧॥	گُن گاوےَ نانکُ نِت تیرے ॥4॥ 18 ॥ 31 ॥
ਭੈਰਉ ਮਹਲਾ ੫ ॥	بھیرءُ محلا 5 ॥
ਸਭ ਤੇ ਊਚ ਜਾ ਕਾ ਦਰਬਾਰੁ ॥	سبھ تے اوُچ جا کا دربارُ ॥
ਸਦਾ ਸਦਾ ਤਾ ਕਉ ਜੋਹਾਰੁ ॥	سدا سدا تا کءُ جوہارُ ॥
ਊਚੇ ਤੇ ਊਚਾ ਜਾ ਕਾ ਥਾਨ ॥	اوُچے تے اوُچا جا کا تھان ॥
ਕੋਟਿ ਅਘਾ ਮਿਟਹਿ ਹਰਿ ਨਾਮ ॥੧॥	کوٹِ اگھا مِٹہِ ہرِ نام ॥1॥
ਤਿਸੁ ਸਰਣਾਈ ਸਦਾ ਸੁਖੁ ਹੋਇ ॥	تِسُ سرٹائی سدا سُکھُ ہوءِ ॥
ਕਰਿ ਕਿਰਪਾ ਜਾ ਕਉ ਮੇਲੈ ਸੋਇ ॥੧॥ ਰਹਾਉ ॥	کرِ کِرپا جا کءُ میلےَ سوءِ ॥1॥ رہاءُ ॥

ਜਾ ਕੇ ਕਰਤਬ ਲਖੇ ਨ ਜਾਹਿ ॥	جا کے کرتب لکھے ن جاہِ ॥
ਜਾ ਕਾ ਭਰਵਾਸਾ ਸਭ ਘਟ ਮਾਹਿ ॥	جا کا بھرواسا سبھ گھٹ ماہِ ॥
ਪ੍ਰਗਟ ਭਇਆ ਸਾਧੂ ਕੈ ਸੰਗਿ ॥	پرگٹ بھیَیا سادھوُ کے سنگِ ॥
ਭਗਤ ਅਰਾਧਹਿ ਅਨਦਿਨੁ ਰੰਗਿ ॥੨॥	بھگت ارادھہِ اندِنُ رنگِ ॥2॥
ਦੇਦੇ ਤੋਟਿ ਨਹੀ ਭੰਡਾਰ ॥	دیدے توٹِ نہی بھنڈار ॥
ਖਿਨ ਮਹਿ ਥਾਪਿ ਉਥਾਪਨਹਾਰ ॥	کھِن مہِ تھاپِ اُتھاپنہار ॥
ਜਾ ਕਾ ਹੁਕਮੁ ਨ ਮੇਟੈ ਕੋਇ ॥	جا کا حُکمُ ن میٹے کوءِ ॥
ਸਿਰਿ ਪਾਤਿਸਾਹਾ ਸਾਚਾ ਸੋਇ ॥੩॥	سِرِ پاتِشاہا ساچا سوءِ ॥3॥
ਜਿਸ ਕੀ ਓਟ ਤਿਸੈ ਕੀ ਆਸਾ ॥	جِس کی اوٹ تِسے کی آسا ॥
ਦੁਖੁ ਸੁਖੁ ਹਮਰਾ ਤਿਸ ਹੀ ਪਾਸਾ ॥	دُکھُ سُکھُ ہمرا تِس ہی پاسا ॥
ਰਾਖਿ ਲੀਨੋ ਸਭੁ ਜਨ ਕਾ ਪੜਦਾ ॥	راکھِ لِینو سبھُ جن کا پڑدا ॥
ਨਾਨਕੁ ਤਿਸ ਕੀ ਉਸਤਤਿ ਕਰਦਾ ॥੪॥੧੯॥੩੨॥	نانکُ تِس کی اُستتِ کردا ॥4॥ 19 ॥ 32 ॥
ਭੈਰਉ ਮਹਲਾ ੫ ॥	بھیَرءُ محلا 5 ॥
ਰੋਵਨਹਾਰੀ ਰੋਜੁ ਬਨਾਇਆ ॥	روونہاری روزُ بنائیا ॥
ਬਲਨ ਬਰਤਨ ਕਉ ਸਨਬੰਧੁ ਚਿਤਿ ਆਇਆ ॥	بلن برتن کءُ سنبندھُ چِتِ آئیا ॥
ਬੂਝਿ ਬੈਰਾਗੁ ਕਰੇ ਜੇ ਕੋਇ ॥	بوُجھِ بیَراگ کرے جے کوءِ ॥
ਜਨਮ ਮਰਣ ਫਿਰਿ ਸੋਗੁ ਨ ਹੋਇ ॥੧॥	جنم مرنُ پھِرِ سوگُ ن ہوءِ ॥1॥
ਬਿਖਿਆ ਕਾ ਸਭੁ ਧੰਧੁ ਪਸਾਰੁ ॥	بِکھیا کا سبھُ دھندھُ پسارُ ॥
ਵਿਰਲੈ ਕੀਨੋ ਨਾਮ ਅਧਾਰੁ ॥੧॥ ਰਹਾਉ ॥	وِرلے کِینو نام ادھارُ ॥1॥ رہاءُ ॥
ਤ੍ਰਿਬਿਧਿ ਮਾਇਆ ਰਹੀ ਬਿਆਪਿ ॥	ترِبدھِ مائیا رہی بیاپِ ॥
ਜੋ ਲਪਟਾਨੋ ਤਿਸੁ ਦੂਖ ਸੰਤਾਪ ॥	جو لپٹانو تِس دوُکھ سنتاپ ॥
ਸੁਖੁ ਨਾਹੀ ਬਿਨੁ ਨਾਮ ਧਿਆਏ ॥	سُکھُ ناہی بِنُ نام دھیائے ॥

ਨਾਮ ਨਿਧਾਨੁ ਬਡਭਾਗੀ ਪਾਏ ॥੨॥	نام نِدھانُ بڈبھاگی پائے ॥2॥
ਸ੍ਵਾਂਗੀ ਸਿਉ ਜੋ ਮਨੁ ਰੀਝਾਵੈ ॥	سّوانگی سِءُ جو منُ ریجھاوے ॥
ਸ੍ਵਾਗਿ ਉਤਾਰਿਐ ਫਿਰਿ ਪਛੁਤਾਵੈ ॥	سّواگِ اُتارِئے پھِرِ پچھُتاوے ॥
ਮੇਘ ਕੀ ਛਾਇਆ ਜੈਸੇ ਬਰਤਨਹਾਰ ॥	میگھ کی چھائیا جیَسے برتنہار ॥
ਤੈਸੋ ਪਰਪੰਚੁ ਮੋਹ ਬਿਕਾਰ ॥੩॥	تیَسو پرپنچُ موہ بِکار ॥3॥
ਏਕ ਵਸਤੁ ਜੇ ਪਾਵੈ ਕੋਇ ॥	ایک وستُ جے پاوے کوءِ ॥
ਪੂਰਨ ਕਾਜੁ ਤਾਹੀ ਕਾ ਹੋਇ ॥	پوُرن کاجُ تاہی کا ہوءِ ॥
ਗੁਰ ਪ੍ਰਸਾਦਿ ਜਿਨਿ ਪਾਇਆ ਨਾਮੁ ॥	گُر پرّسادِ جِنِ پائیا نامُ ॥
ਨਾਨਕ ਆਇਆ ਸੋ ਪਰਵਾਨੁ ॥੪॥੨੦॥੩੩॥	نانک آئیا سو پروانُ ॥4॥ 20 ॥ 33 ॥
ਭੈਰਉ ਮਹਲਾ ੫ ॥	بھیَرءُ محلا 5 ॥
ਸੰਤ ਕੀ ਨਿੰਦਾ ਜੋਨੀ ਭਵਨਾ ॥	سنّت کی نِندا جونی بھونا ॥
ਸੰਤ ਕੀ ਨਿੰਦਾ ਰੋਗੀ ਕਰਨਾ ॥	سنّت کی نِندا روگی کرنا ॥
ਸੰਤ ਕੀ ਨਿੰਦਾ ਦੂਖ ਸਹਾਮ ॥	سنّت کی نِندا دوُکھ سہام ॥
ਡਾਨੁ ਦੈਤ ਨਿੰਦਕ ਕਉ ਜਾਮ ॥੧॥	ڈانُ دیَت نِندک کءُ جام ॥1॥
ਸੰਤਸੰਗਿ ਕਰਹਿ ਜੋ ਬਾਦ ॥	سنتسنگِ کرہِ جو باد ॥
ਤਿਨ ਨਿੰਦਕ ਨਾਹੀ ਕਿਛੁ ਸਾਦੁ ॥੧॥ ਰਹਾਉ ॥	تِن نِندک ناہی کچھُ سادُ ॥1॥ رہاءُ ॥
ਭਗਤ ਕੀ ਨਿੰਦਾ ਕੰਧੁ ਛੇਦਾਵੈ ॥	بھگت کی نِندا کندھُ چھیداوے ॥
ਭਗਤ ਕੀ ਨਿੰਦਾ ਨਰਕੁ ਭੁੰਚਾਵੈ ॥	بھگت کی نِندا نرکُ بھُنچّاوے ॥
ਭਗਤ ਕੀ ਨਿੰਦਾ ਗਰਭ ਮਹਿ ਗਲੈ ॥	بھگت کی نِندا گربھ مہِ گلےَ ॥
ਭਗਤ ਕੀ ਨਿੰਦਾ ਰਾਜ ਤੇ ਟਲੈ ॥੨॥	بھگت کی نِندا راج تے ٹلےَ ॥2॥
ਨਿੰਦਕ ਕੀ ਗਤਿ ਕਤਹੂ ਨਾਹਿ ॥	نِندک کی گتِ کتہوُ ناہِ ॥
ਆਪਿ ਬੀਜਿ ਆਪੇ ਹੀ ਖਾਹਿ ॥	آپِ بیجِ آپے ہی کھاہِ ॥

ਚੋਰ ਜਾਰ ਜੂਆਰ ਤੇ ਬੁਰਾ ॥	چور جار جوُیار تے بُرا ॥
ਅਣਹੋਦਾ ਭਾਰੁ ਨਿੰਦਕਿ ਸਿਰਿ ਧਰਾ ॥੩॥	انْہودا بھارُ نِندکِ سِرِ دھرا ॥3॥
ਪਾਰਬ੍ਰਹਮ ਕੇ ਭਗਤ ਨਿਰਵੈਰ ॥	پاربّرہم کے بھگت نِرویَر ॥
ਸੋ ਨਿਸਤਰੈ ਜੋ ਪੂਜੈ ਪੈਰ ॥	سو نِسترے جو پوُجے پیَر ॥
ਆਦਿ ਪੁਰਖਿ ਨਿੰਦਕੁ ਭੋਲਾਇਆ ॥	آدِ پُرکھِ نِندکُ بھولائیا ॥
ਨਾਨਕ ਕਿਰਤੁ ਨ ਜਾਇ ਮਿਟਾਇਆ ॥੪॥੨੧॥੩੪॥	نانک کِرتُ ن جاءِ مِٹائیا ॥4॥ 21 ॥ 34 ॥
ਭੈਰਉ ਮਹਲਾ ੫ ॥	بھیَرءُ محلا 5 ॥
ਨਾਮੁ ਹਮਾਰੈ ਬੇਦ ਅਰੁ ਨਾਦ ॥	نامُ ہمارے بید ارُ ناد ॥
ਨਾਮੁ ਹਮਾਰੈ ਪੂਰੇ ਕਾਜ ॥	نامُ ہمارے پوُرے کاج ॥
ਨਾਮੁ ਹਮਾਰੈ ਪੂਜਾ ਦੇਵ ॥	نامُ ہمارے پوُجا دیو ॥
ਨਾਮੁ ਹਮਾਰੈ ਗੁਰ ਕੀ ਸੇਵ ॥੧॥	نامُ ہمارے گُر کی سیو ॥1॥
ਗੁਰਿ ਪੂਰੈ ਦ੍ਰਿੜਿਓ ਹਰਿ ਨਾਮੁ ॥	گُرِ پوُرے دڑِڑئو ہرِ نامُ ॥
ਸਭ ਤੇ ਊਤਮੁ ਹਰਿ ਹਰਿ ਕਾਮੁ ॥੧॥ ਰਹਾਉ ॥	سبھ تے اوُتمُ ہرِ ہرِ کامُ ॥1॥ رہاءُ ॥
ਨਾਮੁ ਹਮਾਰੈ ਮਜਨ ਇਸਨਾਨੁ ॥	نامُ ہمارے مجن اِسنانُ ॥
ਨਾਮੁ ਹਮਾਰੈ ਪੂਰਨ ਦਾਨੁ ॥	نامُ ہمارے پوُرن دانُ ॥
ਨਾਮੁ ਲੈਤ ਤੇ ਸਗਲ ਪਵੀਤ ॥	نامُ لیَت تے سگل پوِیت ॥
ਨਾਮੁ ਜਪਤ ਮੇਰੇ ਭਾਈ ਮੀਤ ॥੨॥	نامُ جپت میرے بھائی مِیت ॥2॥
ਨਾਮੁ ਹਮਾਰੈ ਸਉਣ ਸੰਜੋਗ ॥	نامُ ہمارے سئُنْ سنجّوگ ॥
ਨਾਮੁ ਹਮਾਰੈ ਤ੍ਰਿਪਤਿ ਸੁਭੋਗ ॥	نامُ ہمارے تّرِپتِ سُبھوگ ॥
ਨਾਮੁ ਹਮਾਰੈ ਸਗਲ ਆਚਾਰ ॥	نامُ ہمارے سگل آچار ॥
ਨਾਮੁ ਹਮਾਰੈ ਨਿਰਮਲ ਬਿਉਹਾਰ ॥੩॥	نامُ ہمارے نِرمل بِئُہار ॥3॥
ਜਾ ਕੈ ਮਨਿ ਵਸਿਆ ਪ੍ਰਭੁ ਏਕੁ ॥	جا کے منِ وسِیا پّربھُ ایکُ ॥

ਸਗਲ ਜਨਾ ਕੀ ਹਰਿ ਹਰਿ ਟੇਕ ॥	سگل جنا کی ہرِ ہرِ ٹیک ॥
ਮਨਿ ਤਨਿ ਨਾਨਕ ਹਰਿ ਗੁਣ ਗਾਉ ॥	منِ تنِ نانک ہرِ گُن گاءُ ॥
ਸਾਧਸੰਗਿ ਜਿਸੁ ਦੇਵੈ ਨਾਉ ॥੪॥੨੨॥੩੫॥	سادھسنگِ جِسُ دیوے ناءُ ॥4॥ 22 ॥ 35 ॥
ਭੈਰਉ ਮਹਲਾ ੫ ॥	بھیرءُ محلا 5 ॥
ਨਿਰਧਨ ਕਉ ਤੁਮ ਦੇਵਹੁ ਧਨਾ ॥	نِردھن ک ءُ تُم دیوہُ دھنا ॥
ਅਨਿਕ ਪਾਪ ਜਾਹਿ ਨਿਰਮਲ ਮਨਾ ॥	انِک پاپ جاہِ نِرمل منا ॥
ਸਗਲ ਮਨੋਰਥ ਪੂਰਨ ਕਾਮ ॥	سگل منورتھ پُورن کام ॥
ਭਗਤ ਅਪੁਨੇ ਕਉ ਦੇਵਹੁ ਨਾਮ ॥੧॥	بھگت اپُنے ک ءُ دیوہُ نام ॥1॥
ਸਫਲ ਸੇਵਾ ਗੋਪਾਲ ਰਾਇ ॥	سپھل سیوا گوپال راءِ ॥
ਕਰਨ ਕਰਾਵਨਹਾਰ ਸੁਆਮੀ ਤਾ ਤੇ ਬਿਰਥਾ ਕੋਇ ਨ ਜਾਇ ॥੧॥ ਰਹਾਉ ॥	کرن کراونہار سُیامی تا تے بِرتھا کوءِ ن جاءِ ॥1॥ رہاءُ ॥
ਰੋਗੀ ਕਾ ਪ੍ਰਭ ਖੰਡਹੁ ਰੋਗੁ ॥	روگی کا پربھ کھنڈہُ روگُ ॥
ਦੁਖੀਏ ਕਾ ਮਿਟਾਵਹੁ ਪ੍ਰਭ ਸੋਗੁ ॥	دُکھیئے کا مِٹاوہُ پربھ سوگُ ॥
ਨਿਥਾਵੇ ਕਉ ਤੁਮ੍ ਥਾਨਿ ਬੈਠਾਵਹੁ ॥	نِتھاوے ک ءُ تُمہ تھانِ بیٹھاوہُ ॥
ਦਾਸ ਅਪਨੇ ਕਉ ਭਗਤੀ ਲਾਵਹੁ ॥੨॥	داس اپنے ک ءُ بھگتی لاوہُ ॥2॥
ਨਿਮਾਣੇ ਕਉ ਪ੍ਰਭ ਦੇਤੋ ਮਾਨੁ ॥	نِماٹے ک ءُ پربھ دیتو مانُ ॥
ਮੂੜ ਮੁਗਧੁ ਹੋਇ ਚਤੁਰ ਸੁਗਿਆਨੁ ॥	موُڑ مُگدھُ ہوءِ چترُ سُگیانُ ॥
ਸਗਲ ਭਇਆਨ ਕਾ ਭਉ ਨਸੈ ॥	سگل بھیَان کا بھءُ نسے ॥
ਜਨ ਅਪਨੇ ਕੈ ਹਰਿ ਮਨਿ ਬਸੈ ॥੩॥	جن اپنے کے ہرِ منِ بسے ॥3॥
ਪਾਰਬ੍ਰਹਮ ਪ੍ਰਭ ਸੂਖ ਨਿਧਾਨ ॥	پاربرہم پربھ سوُکھ نِدھان ॥
ਤਤੁ ਗਿਆਨੁ ਹਰਿ ਅੰਮ੍ਰਿਤ ਨਾਮ ॥	تتُ گیانُ ہرِ انمرِت نام ॥
ਕਰਿ ਕਿਰਪਾ ਸੰਤ ਟਹਲੈ ਲਾਏ ॥	کرِ کرپا سنت ٹہلے لائے ॥
ਨਾਨਕ ਸਾਧੂ ਸੰਗਿ ਸਮਾਏ ॥੪॥੨੩॥੩੬॥	نانک سادھوُ سنگِ سمائے ॥4॥ 23 ॥ 36 ॥

ਭੈਰਉ ਮਹਲਾ ੫ ॥	بھیرءُ محلا 5 ॥
ਸੰਤ ਮੰਡਲ ਮਹਿ ਹਰਿ ਮਨਿ ਵਸੈ ॥	سنّت منڈل مہِ ہرِ منِ وسے ॥
ਸੰਤ ਮੰਡਲ ਮਹਿ ਦੁਰਤੁ ਸਭੁ ਨਸੈ ॥	سنّت منڈل مہِ دُرتُ سبھُ نسے ॥
ਸੰਤ ਮੰਡਲ ਮਹਿ ਨਿਰਮਲ ਰੀਤਿ ॥	سنّت منڈل مہِ نِرمل ریتِ ॥
ਸੰਤਸੰਗਿ ਹੋਇ ਏਕ ਪਰੀਤਿ ॥੧॥	سنّتسنگِ ہوءِ ایک پریتِ ॥1॥
ਸੰਤ ਮੰਡਲੁ ਤਹਾ ਕਾ ਨਾਉ ॥	سنّت منڈلُ تہا کا ناءُ ॥
ਪਾਰਬ੍ਰਹਮ ਕੇਵਲ ਗੁਣ ਗਾਉ ॥੧॥ ਰਹਾਉ ॥	پاربّرہم کیول گُن گاءُ ॥1॥ رہاءُ ॥
ਸੰਤ ਮੰਡਲ ਮਹਿ ਜਨਮ ਮਰਣੁ ਰਹੈ ॥	سنّت منڈل مہِ جنم مرنُ رہے ॥
ਸੰਤ ਮੰਡਲ ਮਹਿ ਜਮੁ ਕਿਛੂ ਨ ਕਹੈ ॥	سنّت منڈل مہِ جمُ کچھوُ ن کہے ॥
ਸੰਤਸੰਗਿ ਹੋਇ ਨਿਰਮਲ ਬਾਣੀ ॥	سنّتسنگِ ہوءِ نِرمل باٹی ॥
ਸੰਤ ਮੰਡਲ ਮਹਿ ਨਾਮੁ ਵਖਾਣੀ ॥੨॥	سنّت منڈل مہِ نامُ وکھاٹی ॥2॥
ਸੰਤ ਮੰਡਲ ਕਾ ਨਿਹਚਲ ਆਸਨੁ ॥	سنّت منڈل کا نہچل آسنُ ॥
ਸੰਤ ਮੰਡਲ ਮਹਿ ਪਾਪ ਬਿਨਾਸਨੁ ॥	سنّت منڈل مہِ پاپ بِناسنُ ॥
ਸੰਤ ਮੰਡਲ ਮਹਿ ਨਿਰਮਲ ਕਥਾ ॥	سنّت منڈل مہِ نِرمل کتھا ॥
ਸੰਤਸੰਗਿ ਹਉਮੈ ਦੁਖ ਨਸਾ ॥੩॥	سنّتسنگِ ہئُمے دُکھ نسا ॥3॥
ਸੰਤ ਮੰਡਲ ਕਾ ਨਹੀ ਬਿਨਾਸੁ ॥	سنّت منڈل کا نہی بِناسُ ॥
ਸੰਤ ਮੰਡਲ ਮਹਿ ਹਰਿ ਗੁਣਤਾਸੁ ॥	سنّت منڈل مہِ ہرِ گُنتاسُ ॥
ਸੰਤ ਮੰਡਲ ਠਾਕੁਰ ਬਿਸ੍ਰਾਮੁ ॥	سنّت منڈل ٹھاکُر بِسّرامُ ॥
ਨਾਨਕ ਓਤਿ ਪੋਤਿ ਭਗਵਾਨੁ ॥੪॥੨੪॥੩੭॥	نانک اوتِ پوتِ بھگوانُ ॥4॥ 24 ॥ 37 ॥
ਭੈਰਉ ਮਹਲਾ ੫ ॥	بھیرءُ محلا 5 ॥
ਰੋਗੁ ਕਵਨੁ ਜਾਂ ਰਾਖੈ ਆਪਿ ॥	روگُ کونُ جاں راکھے آپِ ॥
ਤਿਸੁ ਜਨ ਹੋਇ ਨ ਦੂਖੁ ਸੰਤਾਪੁ ॥	تِس جن ہوءِ ن دوُکھُ سنّتاپُ ॥

ਜਿਸੁ ਊਪਰਿ ਪ੍ਰਭੁ ਕਿਰਪਾ ਕਰੈ ॥	جِسُ اوُپرِ پربھُ کِرپا کرے ॥
ਤਿਸੁ ਊਪਰ ਤੇ ਕਾਲੁ ਪਰਹਰੈ ॥੧॥	تِسُ اوُپر تے کالُ پرہرے ॥1॥
ਸਦਾ ਸਖਾਈ ਹਰਿ ਹਰਿ ਨਾਮੁ ॥	سدا سکھائی ہرِ ہرِ نامُ ॥
ਜਿਸੁ ਚੀਤਿ ਆਵੈ ਤਿਸੁ ਸਦਾ ਸੁਖੁ ਹੋਵੈ ਨਿਕਟਿ ਨ ਆਵੈ ਤਾ ਕੈ ਜਾਮੁ ॥੧॥ ਰਹਾਉ ॥	جِسُ چیتِ آوے تِسُ سدا سُکھُ ہووے نِکٹِ ن آوے تا کے جامُ ॥1॥ رہاءُ ॥
ਜਬ ਇਹੁ ਨ ਸੋ ਤਬ ਕਿਨਹਿ ਉਪਾਇਆ ॥	جب اِہُ ن سو تب کِنہِ اُپائیا ۔ ॥
ਕਵਨ ਮੂਲ ਤੇ ਕਿਆ ਪ੍ਰਗਟਾਇਆ ॥	کون موُل تے کِیا پرگٹائیا ۔ ॥
ਆਪਹਿ ਮਾਰਿ ਆਪਿ ਜੀਵਾਲੈ ॥	آپہ مارِ آپِ جیوالے ॥
ਅਪਨੇ ਭਗਤ ਕਉ ਸਦਾ ਪ੍ਰਤਿਪਾਲੈ ॥੨॥	اپنے بھگت کءُ سدا پرتپالے ॥2॥
ਸਭ ਕਿਛੁ ਜਾਣਹੁ ਤਿਸ ਕੈ ਹਾਥ ॥	سبھ کِچھُ جانہُ تِس کے ہاتھ ॥
ਪ੍ਰਭੁ ਮੇਰੋ ਅਨਾਥ ਕੋ ਨਾਥ ॥	پربھُ میرو اناتھ کو ناتھ ॥
ਦੁਖ ਭੰਜਨੁ ਤਾ ਕਾ ਹੈ ਨਾਉ ॥	دُکھ بھنجنُ تا کا ہے ناءُ ॥
ਸੁਖ ਪਾਵਹਿ ਤਿਸ ਕੇ ਗੁਣ ਗਾਉ ॥੩॥	سُکھ پاوہِ تِس کے گُن گاءُ ॥3॥
ਸੁਣਿ ਸੁਆਮੀ ਸੰਤਨ ਅਰਦਾਸਿ ॥	سُنِ سُیامی سنتن عرداسِ ॥
ਜੀਉ ਪ੍ਰਾਨ ਧਨੁ ਤੁਮ੍ਰੈ ਪਾਸਿ ॥	جیِءُ پران دھنُ تُمہرے پاسِ ॥
ਇਹੁ ਜਗੁ ਤੇਰਾ ਸਭ ਤੁਝਹਿ ਧਿਆਏ ॥	اِہُ جگُ تیرا سبھ تُجھہِ دھیائے ॥
ਕਰਿ ਕਿਰਪਾ ਨਾਨਕ ਸੁਖੁ ਪਾਏ ॥੪॥੨੫॥੩੮॥	کرِ کِرپا نانک سُکھُ پائے ॥4॥ 25 ॥ 38 ॥
ਭੈਰਉ ਮਹਲਾ ੫ ॥	بھیرءُ محلا 5 ॥
ਤੇਰੀ ਟੇਕ ਰਹਾ ਕਲਿ ਮਾਹਿ ॥	تیری ٹیک رہا کلِ ماہِ ॥
ਤੇਰੀ ਟੇਕ ਤੇਰੇ ਗੁਣ ਗਾਹਿ ॥	تیری ٹیک تیرے گُن گاہِ ॥
ਤੇਰੀ ਟੇਕ ਨ ਪੋਹੈ ਕਾਲੁ ॥	تیری ٹیک ن پوہے کالُ ॥
ਤੇਰੀ ਟੇਕ ਬਿਨਸੈ ਜੰਜਾਲੁ ॥੧॥	تیری ٹیک بِنسے زنجالُ ॥1॥

ਦੀਨ ਦੁਨੀਆ ਤੇਰੀ ਟੇਕ ॥	دِین دُنِیا تیری ٹیک ॥
ਸਭ ਮਹਿ ਰਵਿਆ ਸਾਹਿਬੁ ਏਕ ॥੧॥ ਰਹਾਉ ॥	سبھ مہِ روِیا صاحِبُ ایک ॥1॥ رہاءُ ॥
ਤੇਰੀ ਟੇਕ ਕਰਉ ਆਨੰਦ ॥	تیری ٹیک کرءُ آنند ॥
ਤੇਰੀ ਟੇਕ ਜਪਉ ਗੁਰ ਮੰਤ ॥	تیری ٹیک جپءُ گُر منّت ॥
ਤੇਰੀ ਟੇਕ ਤਰੀਐ ਭਉ ਸਾਗਰੁ ॥	تیری ٹیک ترِیئے بھءُ ساگرُ ॥
ਰਾਖਣਹਾਰੁ ਪੂਰਾ ਸੁਖ ਸਾਗਰੁ ॥੨॥	راکھنہارُ پوُرا سُکھ ساگرُ ॥2॥
ਤੇਰੀ ਟੇਕ ਨਾਹੀ ਭਉ ਕੋਇ ॥	تیری ٹیک ناہی بھءُ کوءِ ॥
ਅੰਤਰਜਾਮੀ ਸਾਚਾ ਸੋਇ ॥	انترجامی ساچا سوءِ ॥
ਤੇਰੀ ਟੇਕ ਤੇਰਾ ਮਨਿ ਤਾਣੁ ॥	تیری ٹیک تیرا منِ تانُ ॥
ਈਹਾਂ ਊਹਾਂ ਤੂ ਦੀਬਾਣੁ ॥੩॥	اِیہاں اوُہاں توُ دِیبانُ ॥3॥
ਤੇਰੀ ਟੇਕ ਤੇਰਾ ਭਰਵਾਸਾ ॥	تیری ٹیک تیرا بھرواسا ॥
ਸਗਲ ਧਿਆਵਹਿ ਪ੍ਰਭ ਗੁਣਤਾਸਾ ॥	سگل دھیاوہِ پربھ گُنتاسا ۔ ॥
ਜਪਿ ਜਪਿ ਅਨਦੁ ਕਰਹਿ ਤੇਰੇ ਦਾਸਾ ॥	جپِ جپِ اندُ کرہِ تیرے داسا ॥
ਸਿਮਰਿ ਨਾਨਕ ਸਾਚੇ ਗੁਣਤਾਸਾ ॥੪॥੨੬॥੩੯॥	سِمرِ نانک ساچے گُنتاسا ॥4॥ 26 ॥ 39 ॥
ਭੈਰਉ ਮਹਲਾ ੫ ॥	بھیرءُ محلا 5 ॥
ਪ੍ਰਥਮੇ ਛੋਡੀ ਪਰਾਈ ਨਿੰਦਾ ॥	پرتھمے چھوڈی پرائی نِندا ॥
ਉਤਰਿ ਗਈ ਸਭ ਮਨ ਕੀ ਚਿੰਦਾ ॥	اُترِ گئی سبھ من کی چِندا ॥
ਲੋਭੁ ਮੋਹੁ ਸਭੁ ਕੀਨੋ ਦੂਰਿ ॥	لوبھُ موہُ سبھُ کِینو دوُرِ ॥
ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥	پرم بیَسنو پربھ پیکھِ حضوُرِ ॥1॥
ਐਸੋ ਤਿਆਗੀ ਵਿਰਲਾ ਕੋਇ ॥	ایَسو تِیاگی وِرلا کوءِ ॥
ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥	ہرِ ہرِ نامُ جپے جنُ سوءِ ॥1॥ رہاءُ ॥
ਅਹੰਬੁਧਿ ਕਾ ਛੋਡਿਆ ਸੰਗੁ ॥	اہنّبدھِ کا چھوڈِیا سنگُ ॥

ਕਾਮ ਕ੍ਰੋਧ ਕਾ ਉਤਰਿਆ ਰੰਗੁ ॥	کام کرودھ کا اُتریا رنگُ ॥
ਨਾਮ ਧਿਆਏ ਹਰਿ ਹਰਿ ਹਰੇ ॥	نام دھیائے ہرِ ہرِ ہرے ॥
ਸਾਧ ਜਨਾ ਕੈ ਸੰਗਿ ਨਿਸਤਰੇ ॥੨॥	سادھ جنا کے سنگِ نِسترے ॥2॥
ਬੈਰੀ ਮੀਤ ਹੋਏ ਸੰਮਾਨ ॥	بیَری میت ہوئے سنّمان ॥
ਸਰਬ ਮਹਿ ਪੂਰਨ ਭਗਵਾਨ ॥	سرب مہِ پوُرن بھگوان ॥
ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥	پربھ کی آگیا مانِ سُکھُ پائیا ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥	گُرِ پوُرے ہرِ نامُ دڑِڑائیا ॥3॥
ਕਰਿ ਕਿਰਪਾ ਜਿਸੁ ਰਾਖੈ ਆਪਿ ॥	کرِ کرِپا جِسُ راکھے آپِ ॥
ਸੋਈ ਭਗਤੁ ਜਪੈ ਨਾਮ ਜਾਪ ॥	سوئی بھگتُ جپے نام جاپ ॥
ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥	منِ پرگاسُ گُر تے متِ لئی ॥
ਕਹੁ ਨਾਨਕ ਤਾ ਕੀ ਪੂਰੀ ਪਈ ॥੪॥੨੭॥੪੦॥	کہُ نانک تا کی پوُری پئی ॥4॥ 27 ॥ 40 ॥
ਭੈਰਉ ਮਹਲਾ ੫ ॥	بھیرَءُ محلا 5 ॥
ਸੁਖੁ ਨਾਹੀ ਬਹੁਤੈ ਧਨਿ ਖਾਟੇ ॥	سُکھُ ناہی بہُتے دھنِ کھاٹے ॥
ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥	سُکھُ ناہی پیکھے نِرتِ ناٹے ॥
ਸੁਖੁ ਨਾਹੀ ਬਹੁ ਦੇਸ ਕਮਾਏ ॥	سُکھُ ناہی بہُ دیس کمائے ॥
ਸਰਬ ਸੁਖਾ ਹਰਿ ਹਰਿ ਗੁਣ ਗਾਏ ॥੧॥	سرب سُکھا ہرِ ہرِ گُنؤ گائے ॥1॥
ਸੂਖ ਸਹਜ ਆਨੰਦ ਲਹਹੁ ॥	سوُکھ سہج آنند لہہُ ॥
ਸਾਧਸੰਗਤਿ ਪਾਈਐ ਵਡਭਾਗੀ ਗੁਰਮੁਖਿ ਹਰਿ ਹਰਿ ਨਾਮੁ ਕਹਹੁ ॥੧॥ ਰਹਾਉ ॥	سادھسنگتِ پائیئے وڈبھاگی گُرمُکھِ ہرِ ہرِ نامُ کہہُ ॥1॥ رہاءُ ॥
ਬੰਧਨ ਮਾਤ ਪਿਤਾ ਸੁਤ ਬਨਿਤਾ ॥	بندھن مات پِتا سُت بنِتا ॥
ਬੰਧਨ ਕਰਮ ਧਰਮ ਹਉ ਕਰਤਾ ॥	بندھن کرم دھرم ہءُ کرتا ॥
ਬੰਧਨ ਕਾਟਨਹਾਰੁ ਮਨਿ ਵਸੈ ॥	بندھن کاٹنہارُ منِ وسے ॥
ਤਉ ਸੁਖੁ ਪਾਵੈ ਨਿਜ ਘਰਿ ਬਸੈ ॥੨॥	تءُ سُکھُ پاوے نج گھرِ بسے ॥2॥

ਸਭਿ ਜਾਚਿਕ ਪ੍ਰਭ ਦੇਵਨਹਾਰ ॥	سبھِ جاچِک پربھ دیونہار ॥
ਗੁਣ ਨਿਧਾਨ ਬੇਅੰਤ ਅਪਾਰ ॥	گُن نِدھان بیئنّت اپار ॥
ਜਿਸ ਨੋ ਕਰਮੁ ਕਰੇ ਪ੍ਰਭੁ ਅਪਨਾ ॥	جِس نو کرمُ کرے پربھُ اپنا ॥
ਹਰਿ ਹਰਿ ਨਾਮੁ ਤਿਨੈ ਜਨਿ ਜਪਨਾ ॥੩॥	ہرِ ہرِ نامُ تِنے جنِ جپنا ॥3॥
ਗੁਰ ਅਪਨੇ ਆਗੈ ਅਰਦਾਸਿ ॥	گُر اپنے آگے عرداسِ ॥
ਕਰਿ ਕਿਰਪਾ ਪੁਰਖ ਗੁਣਤਾਸਿ ॥	کرِ کِرپا پُرکھ گُنّتاسِ ॥
ਕਹੁ ਨਾਨਕ ਤੁਮਰੀ ਸਰਣਾਈ ॥	کہُ نانک تُمری سرٹائی ॥
ਜਿਉ ਭਾਵੈ ਤਿਉ ਰਖਹੁ ਗੁਸਾਈ ॥੪॥੨੮॥੪੧॥	جِءُ بھاوے تِءُ رکھہُ گُسائی ۔ ॥4॥ 28 ॥ 41 ॥
ਭੈਰਉ ਮਹਲਾ ੫ ॥	بھیرءُ محلا 5 ॥
ਗੁਰ ਮਿਲਿ ਤਿਆਗਿਓ ਦੂਜਾ ਭਾਉ ॥	گُر مِلِ تیاگیو دوُجا بھاءُ ॥
ਗੁਰਮੁਖਿ ਜਪਿਓ ਹਰਿ ਕਾ ਨਾਉ ॥	گُرمُکھِ جپیئو ہرِ کا ناءُ ॥
ਬਿਸਰੀ ਚਿੰਤ ਨਾਮਿ ਰੰਗੁ ਲਾਗਾ ॥	بِسری چِنّت نامِ رنگُ لاگا ॥
ਜਨਮ ਜਨਮ ਕਾ ਸੋਇਆ ਜਾਗਾ ॥੧॥	جنم جنم کا سوئیا جاگا ॥1॥
ਕਰਿ ਕਿਰਪਾ ਅਪਨੀ ਸੇਵਾ ਲਾਏ ॥	کرِ کِرپا اپنی سیوا لائے ॥
ਸਾਧੂ ਸੰਗਿ ਸਰਬ ਸੁਖ ਪਾਏ ॥੧॥ ਰਹਾਉ ॥	سادھوُ سنگِ سرب سُکھ پائے ॥1॥ رہاءُ ॥
ਰੋਗ ਦੋਖ ਗੁਰ ਸਬਦਿ ਨਿਵਾਰੇ ॥	روگ دوکھ گُر سبدِ نِوارے ॥
ਨਾਮ ਅਉਖਧੁ ਮਨ ਭੀਤਰਿ ਸਾਰੇ ॥	نام انُکھدھُ من بھیترِ سارے ॥
ਗੁਰ ਭੇਟਤ ਮਨਿ ਭਇਆ ਅਨੰਦ ॥	گُر بھیٹت منِ بھئیا انند ॥
ਸਰਬ ਨਿਧਾਨ ਨਾਮ ਭਗਵੰਤ ॥੨॥	سرب نِدھان نام بھگونّت ॥2॥
ਜਨਮ ਮਰਣ ਕੀ ਮਿਟੀ ਜਮ ਤ੍ਰਾਸ ॥	جنم مرنُ کی مِٹی جم تّراس ॥
ਸਾਧਸੰਗਤਿ ਊਂਧ ਕਮਲ ਬਿਗਾਸ ॥	سادھسنگتِ اوُندھ کمل بِگاس ॥
ਗੁਣ ਗਾਵਤ ਨਿਹਚਲੁ ਬਿਸ੍ਰਾਮ ॥	گُن گاوت نِہچلُ بِسّرام ॥

ਪੂਰਨ ਹੋਏ ਸਗਲੇ ਕਾਮ ॥੩॥	پوُرن ہوئے سگلے کام ॥3॥
ਦੁਲਭ ਦੇਹ ਆਈ ਪਰਵਾਨੁ ॥	دُلبھ دیہ آئی پروانُ ॥
ਸਫਲ ਹੋਈ ਜਪਿ ਹਰਿ ਹਰਿ ਨਾਮੁ ॥	سپھل ہوئی جپِ ہرِ ہرِ نامُ ॥
ਕਹੁ ਨਾਨਕ ਪ੍ਰਭਿ ਕਿਰਪਾ ਕਰੀ ॥	کہُ نانک پربھِ کرپا کری ॥
ਸਾਸਿ ਗਿਰਾਸਿ ਜਪਉ ਹਰਿ ਹਰੀ ॥੪॥੨੯॥੪੨॥	ساسِ گِراسِ جپءُ ہرِ ہری ॥4॥ 29 ॥ 42 ॥
ਭੈਰਉ ਮਹਲਾ ੫ ॥	بھیَرءُ محلا 5 ॥
ਸਭ ਤੇ ਊਚਾ ਜਾ ਕਾ ਨਾਉ ॥	سبھ تے اوُچا جا کا ناءُ ॥
ਸਦਾ ਸਦਾ ਤਾ ਕੇ ਗੁਣ ਗਾਉ ॥	سدا سدا تا کے گُن گاءُ ॥
ਜਿਸੁ ਸਿਮਰਤ ਸਗਲਾ ਦੁਖੁ ਜਾਇ ॥	جِسُ سِمرت سگلا دُکھُ جاءِ ॥
ਸਰਬ ਸੂਖ ਵਸਹਿ ਮਨਿ ਆਇ ॥੧॥	سرب سوُکھ وسہِ منِ آءِ ॥1॥
ਸਿਮਰਿ ਮਨਾ ਤੂ ਸਾਚਾ ਸੋਇ ॥	سِمرِ منا توُ ساچا سوءِ ॥
ਹਲਤਿ ਪਲਤਿ ਤੁਮਰੀ ਗਤਿ ਹੋਇ ॥੧॥ ਰਹਾਉ ॥	ہلتِ پلتِ تُمری گتِ ہوءِ ॥1॥ رہاءُ ॥
ਪੁਰਖ ਨਿਰੰਜਨ ਸਿਰਜਨਹਾਰ ॥	پُرکھ نِرنّجن سِرجنہار ॥
ਜੀਅ ਜੰਤ ਦੇਵੈ ਆਹਾਰ ॥	جیء جنّت دیوے آہار ॥
ਕੋਟਿ ਖਤੇ ਖਿਨ ਬਖਸਨਹਾਰ ॥	کوٹِ خطے کھِن بخشنہار ॥
ਭਗਤਿ ਭਾਇ ਸਦਾ ਨਿਸਤਾਰ ॥੨॥	بھگتِ بھاءِ سدا نِستار ॥2॥
ਸਾਚਾ ਧਨੁ ਸਾਚੀ ਵਡਿਆਈ ॥	ساچا دھنُ ساچی وڈِیائی ॥
ਗੁਰ ਪੂਰੇ ਤੇ ਨਿਹਚਲ ਮਤਿ ਪਾਈ ॥	گُر پوُرے تے نِہچل متِ پائی ॥
ਕਰਿ ਕਿਰਪਾ ਜਿਸੁ ਰਾਖਨਹਾਰਾ ॥	کرِ کرپا جِسُ راکھنہارا ॥
ਤਾ ਕਾ ਸਗਲ ਮਿਟੈ ਅੰਧਿਆਰਾ ॥੩॥	تا کا سگل مِٹے انّدھیارا ॥3॥
ਪਾਰਬ੍ਰਹਮ ਸਿਉ ਲਾਗੋ ਧਿਆਨ ॥	پاربّرہم سِءُ لاگو دھیان ॥
ਪੂਰਨ ਪੂਰਿ ਰਹਿਓ ਨਿਰਬਾਨ ॥	پوُرن پوُرِ رہِئو نِربان ॥

ਭ੍ਰਮ ਭਉ ਮੇਟਿ ਮਿਲੇ ਗੋਪਾਲ ॥	بھرّم بھءُ میٹِ مِلے گوپال ॥
ਨਾਨਕ ਕਉ ਗੁਰ ਭਏ ਦਇਆਲ ॥੪॥੩੦॥੪੩॥	نانک کءُ گُر بھئے دئیال ॥4॥ 30 ॥ 43 ॥
ਭੈਰਉ ਮਹਲਾ ੫ ॥	بھیرءُ محلا 5 ॥
ਜਿਸੁ ਸਿਮਰਤ ਮਨਿ ਹੋਇ ਪ੍ਰਗਾਸੁ ॥	جِسُ سِمرت منِ ہوءِ پرّگاسُ ॥
ਮਿਟਹਿ ਕਲੇਸ ਸੁਖ ਸਹਜਿ ਨਿਵਾਸੁ ॥	مِٹہِ کلیس سُکھ سہجِ نِواسُ ॥
ਤਿਸਹਿ ਪਰਾਪਤਿ ਜਿਸੁ ਪ੍ਰਭੁ ਦੇਇ ॥	تِسہِ پراپتِ جِسُ پربھُ دےءِ ॥
ਪੂਰੇ ਗੁਰ ਕੀ ਪਾਏ ਸੇਵ ॥੧॥	پُورے گُر کی پائے سیو ॥1॥
ਸਰਬ ਸੁਖਾ ਪ੍ਰਭ ਤੇਰੋ ਨਾਉ ॥	سرب سُکھا پربھ تیرو ناءُ ॥
ਆਠ ਪਹਰ ਮੇਰੇ ਮਨ ਗਾਉ ॥੧॥ ਰਹਾਉ ॥	آٹھ پہر میرے من گاءُ ॥1॥ رہاءُ ॥
ਜੋ ਇਛੈ ਸੋਈ ਫਲੁ ਪਾਏ ॥	جو اِچھےَ سوئی پھلُ پائے ॥
ਹਰਿ ਕਾ ਨਾਮੁ ਮੰਨਿ ਵਸਾਏ ॥	ہرِ کا نامُ منّنِ وسائے ॥
ਆਵਣ ਜਾਣ ਰਹੇ ਹਰਿ ਧਿਆਇ ॥	آونّ جانّ رہے ہرِ دھیاءِ ॥
ਭਗਤਿ ਭਾਇ ਪ੍ਰਭ ਕੀ ਲਿਵ ਲਾਇ ॥੨॥	بھگتِ بھاءِ پربھ کی لِو لاءِ ॥2॥
ਬਿਨਸੇ ਕਾਮ ਕ੍ਰੋਧ ਅਹੰਕਾਰ ॥	بِنسے کام کرودھ اہنکار ॥
ਤੂਟੇ ਮਾਇਆ ਮੋਹ ਪਿਆਰ ॥	توٹے مائیا موہ پیار ॥
ਪ੍ਰਭ ਕੀ ਟੇਕ ਰਹੈ ਦਿਨੁ ਰਾਤਿ ॥	پربھ کی ٹیک رہےَ دِنُ راتِ ॥
ਪਾਰਬ੍ਰਹਮੁ ਕਰੇ ਜਿਸੁ ਦਾਤਿ ॥੩॥	پاربرہمُ کرے جِسُ داتِ ॥3॥
ਕਰਨ ਕਰਾਵਨਹਾਰ ਸੁਆਮੀ ॥	کرن کراونہار سُیامی ۔ ॥
ਸਗਲ ਘਟਾ ਕੇ ਅੰਤਰਜਾਮੀ ॥	سگل گھٹا کے انترجامی ۔ ॥
ਕਰਿ ਕਿਰਪਾ ਅਪਨੀ ਸੇਵਾ ਲਾਇ ॥	کرِ کِرپا اپنی سیوا لاءِ ॥
ਨਾਨਕ ਦਾਸ ਤੇਰੀ ਸਰਣਾਇ ॥੪॥੩੧॥੪੪॥	نانک داس تیری سرنّاءِ ॥4॥ 31 ॥ 44 ॥
ਭੈਰਉ ਮਹਲਾ ੫ ॥	بھیرءُ محلا 5 ॥

ਲਾਜ ਮਰੈ ਜੋ ਨਾਮੁ ਨ ਲੇਵੈ ॥	لاج مرے جو نامُ ن لیوے ॥
ਨਾਮ ਬਿਹੂਨ ਸੁਖੀ ਕਿਉ ਸੋਵੈ ॥	نام بِہوُن سُکھی کِءُ سووے ۔ ॥
ਹਰਿ ਸਿਮਰਨੁ ਛਾਡਿ ਪਰਮ ਗਤਿ ਚਾਹੈ ॥	ہرِ سِمرنُ چھاڈِ پرم گتِ چاہے ॥
ਮੂਲ ਬਿਨਾ ਸਾਖਾ ਕਤ ਆਹੈ ॥੧॥	موُل بِنا ساکھا کت آہے ۔ ॥1॥
ਗੁਰੁ ਗੋਵਿੰਦੁ ਮੇਰੇ ਮਨ ਧਿਆਇ ॥	گُرُ گووِنّدُ میرے من دھِیاءِ ॥
ਜਨਮ ਜਨਮ ਕੀ ਮੈਲੁ ਉਤਾਰੈ ਬੰਧਨ ਕਾਟਿ ਹਰਿ ਸੰਗਿ ਮਿਲਾਇ ॥੧॥ ਰਹਾਉ ॥	جنم جنم کی میَلُ اُتارے بنّدھن کاٹِ ہرِ سنگِ مِلاءِ ॥1॥ رہاءُ ॥
ਤੀਰਥਿ ਨਾਇ ਕਹਾ ਸੁਚਿ ਸੈਲੁ ॥	تیرتھِ ناءِ کہا سُچِ سیَلُ ۔ ॥
ਮਨ ਕਉ ਵਿਆਪੈ ਹਉਮੈ ਮੈਲੁ ॥	من کءُ وِیاپے ہئُمے میَلُ ॥
ਕੋਟਿ ਕਰਮ ਬੰਧਨ ਕਾ ਮੂਲੁ ॥	کوٹِ کرم بنّدھن کا موُلُ ॥
ਹਰਿ ਕੇ ਭਜਨ ਬਿਨੁ ਬਿਰਥਾ ਪੂਲੁ ॥੨॥	ہرِ کے بھجن بِنُ برتھا پوُلُ ॥2॥
ਬਿਨੁ ਖਾਏ ਬੂਝੈ ਨਹੀ ਭੂਖ ॥	بِنُ کھائے بوُجھے نہی بھوُکھ ॥
ਰੋਗੁ ਜਾਇ ਤਾਂ ਉਤਰਹਿ ਦੂਖ ॥	روگُ جاءِ تاں اُترہِ دوُکھ ॥
ਕਾਮ ਕ੍ਰੋਧ ਲੋਭ ਮੋਹਿ ਬਿਆਪਿਆ ॥	کام کرودھ لوبھ موہِ بیاپیا ॥
ਜਿਨਿ ਪ੍ਰਭਿ ਕੀਨਾ ਸੋ ਪ੍ਰਭੁ ਨਹੀ ਜਾਪਿਆ ॥੩॥	جِنِ پربھِ کِینا سو پربھُ نہی جاپیا ॥3॥
ਧਨੁ ਧਨੁ ਸਾਧ ਧੰਨੁ ਹਰਿ ਨਾਉ ॥	دھنُ دھنُ سادھ دھنّنُ ہرِ ناءُ ॥
ਆਠ ਪਹਰ ਕੀਰਤਨੁ ਗੁਣ ਗਾਉ ॥	آٹھ پہر کیرتنُ گُنْ گاءُ ॥
ਧਨੁ ਹਰਿ ਭਗਤਿ ਧਨੁ ਕਰਣੈਹਾਰ ॥	دھنُ ہرِ بھگتِ دھنُ کرٹیَہار ॥
ਸਰਣਿ ਨਾਨਕ ਪ੍ਰਭ ਪੁਰਖ ਅਪਾਰ ॥੪॥੩੨॥੪੫॥	سرنِ نانک پربھ پُرکھ اپار ॥4॥ 32 ॥ 45 ॥
ਭੈਰਉ ਮਹਲਾ ੫ ॥	بھیرءُ محلا 5 ॥
ਗੁਰ ਸੁਪ੍ਰਸੰਨ ਹੋਏ ਭਉ ਗਏ ॥	گُر سُپرسنّن ہوئے بھءُ گئے ॥
ਨਾਮ ਨਿਰੰਜਨ ਮਨ ਮਹਿ ਲਏ ॥	نام نِرنّجن من مہِ لئے ॥
ਦੀਨ ਦਇਆਲ ਸਦਾ ਕਿਰਪਾਲ ॥	دِین دیَیال سدا کِرپال ॥

ਬਿਨਸਿ ਗਏ ਸਗਲੇ ਜੰਜਾਲ ॥੧॥	بِنسِ گئے سگلے زنجال ॥1॥
ਸੂਖ ਸਹਜ ਆਨੰਦ ਘਨੇ ॥	سُوکھ سہج آنند گھنے ॥
ਸਾਧਸੰਗਿ ਮਿਟੇ ਭੈ ਭਰਮਾ	سادھسنگِ مِٹے بھے بھرما
ਅੰਮ੍ਰਿਤੁ ਹਰਿ ਹਰਿ ਰਸਨ ਭਨੇ ॥੧॥ ਰਹਾਉ ॥	انمرِتُ ہرِ ہرِ رسن بھنے ॥1॥ رہاءُ ॥
ਚਰਨ ਕਮਲ ਸਿਉ ਲਾਗੋ ਹੇਤੁ ॥	چرن کمل سِءُ لاگو ہیتُ ॥
ਖਿਨ ਮਹਿ ਬਿਨਸਿਓ ਮਹਾ ਪਰੇਤੁ ॥	کھِن مہِ بِنسِئو مہا پریتُ ॥
ਆਠ ਪਹਰ ਹਰਿ ਹਰਿ ਜਪੁ ਜਾਪਿ ॥	آٹھ پہر ہرِ ہرِ جپُ جاپِ ॥
ਰਾਖਨਹਾਰ ਗੋਵਿਦ ਗੁਰ ਆਪਿ ॥੨॥	راکھنہار گووِد گُر آپِ ॥2॥
ਅਪਨੇ ਸੇਵਕ ਕਉ ਸਦਾ ਪ੍ਰਤਿਪਾਰੈ ॥	اپنے سیوک کءُ سدا پرتپارے ॥
ਭਗਤ ਜਨਾ ਕੇ ਸਾਸ ਨਿਹਾਰੈ ॥	بھگت جنا کے ساس نِہارے ॥
ਮਾਨਸ ਕੀ ਕਹੁ ਕੇਤਕ ਬਾਤ ॥	مانس کی کہُ کیتک بات ۔ ॥
ਜਮ ਤੇ ਰਾਖੈ ਦੇ ਕਰਿ ਹਾਥ ॥੩॥	جم تے راکھے دے کرِ ہاتھ ॥3॥
ਨਿਰਮਲ ਸੋਭਾ ਨਿਰਮਲ ਰੀਤਿ ॥	نِرمل سوبھا نِرمل ریتِ ॥
ਪਾਰਬ੍ਰਹਮੁ ਆਇਆ ਮਨਿ ਚੀਤਿ ॥	پاربرہمُ آئیا منِ چیتِ ॥
ਕਰਿ ਕਿਰਪਾ ਗੁਰਿ ਦੀਨੋ ਦਾਨੁ ॥	کرِ کرپا گُرِ دینو دانُ ॥
ਨਾਨਕ ਪਾਇਆ ਨਾਮੁ ਨਿਧਾਨੁ ॥੪॥੩੩॥੪੬॥	نانک پائیا نامُ نِدھانُ ॥4॥ 33 ॥ 46 ॥
ਭੈਰਉ ਮਹਲਾ ੫ ॥	بھیرءُ محلا 5 ॥
ਕਰਣ ਕਾਰਣ ਸਮਰਥੁ ਗੁਰੁ ਮੇਰਾ ॥	کرنٌ کارنٌ سمرتھُ گُرُ میرا ॥
ਜੀਅ ਪ੍ਰਾਣ ਸੁਖਦਾਤਾ ਨੇਰਾ ॥	جیء پرانٌ سُکھداتا نیرا ॥
ਭੈ ਭੰਜਨ ਅਬਿਨਾਸੀ ਰਾਇ ॥	بھے بھنجن ابِناسی راءِ ॥
ਦਰਸਨਿ ਦੇਖਿਐ ਸਭੁ ਦੁਖੁ ਜਾਇ ॥੧॥	درسنِ دیکھےٗ سبھُ دُکھُ جاءِ ॥1॥
ਜਤ ਕਤ ਪੇਖਉ ਤੇਰੀ ਸਰਣਾ ॥	جت کت پیکھءُ تیری سرٹا ॥
ਬਲਿ ਬਲਿ ਜਾਈ ਸਤਿਗੁਰ ਚਰਣਾ ॥੧॥ ਰਹਾਉ ॥	بلِ بلِ جائی ستِگُر چرٹا ॥1॥ رہاءُ ॥

ਪੂਰਨ ਕਾਮ ਮਿਲੇ ਗੁਰਦੇਵ ॥	پوُرن کام مِلے گُردیو ॥
ਸਭਿ ਫਲਦਾਤਾ ਨਿਰਮਲ ਸੇਵ ॥	سبھِ پھلداتا نِرمل سیو ॥
ਕਰੁ ਗਹਿ ਲੀਨੇ ਅਪੁਨੇ ਦਾਸ ॥	کرُ گہِ لِینے اپُنے داس ॥
ਰਾਮ ਨਾਮੁ ਰਿਦ ਦੀਓ ਨਿਵਾਸ ॥੨॥	رام نامُ رِد دیئو نِواس ॥2॥
ਸਦਾ ਅਨੰਦੁ ਨਾਹੀ ਕਿਛੁ ਸੋਗੁ ॥	سدا انندُ ناہی کِچھُ سوگُ ॥
ਦੂਖੁ ਦਰਦੁ ਨਹ ਬਿਆਪੈ ਰੋਗੁ ॥	دوُکھُ دردُ نہ بِیاپے روگُ ॥
ਸਭੁ ਕਿਛੁ ਤੇਰਾ ਤੂ ਕਰਣੈਹਾਰੁ ॥	سبھُ کِچھُ تیرا توُ کرتَیہارُ ॥
ਪਾਰਬ੍ਰਹਮ ਗੁਰ ਅਗਮ ਅਪਾਰ ॥੩॥	پاربّرہم گُر اگم اپار ॥3॥
ਨਿਰਮਲ ਸੋਭਾ ਅਚਰਜ ਬਾਣੀ ॥	نِرمل سوبھا اچرج باٹی ॥
ਪਾਰਬ੍ਰਹਮ ਪੂਰਨ ਮਨਿ ਭਾਣੀ ॥	پاربّرہم پوُرن منِ بھاٹی ॥
ਜਲਿ ਥਲਿ ਮਹੀਅਲਿ ਰਵਿਆ ਸੋਇ ॥	جلِ تھلِ مہیئلِ روِیا سوءِ ॥
ਨਾਨਕ ਸਭੁ ਕਿਛੁ ਪ੍ਰਭ ਤੇ ਹੋਇ ॥੪॥੩੪॥੪੭॥	نانک سبھُ کِچھُ پربھ تے ہوءِ ॥4॥ 34 ॥ 47 ॥
ਭੈਰਉ ਮਹਲਾ ੫ ॥	بھیَرءُ محلا 5 ॥
ਮਨੁ ਤਨੁ ਰਾਤਾ ਰਾਮ ਰੰਗਿ ਚਰਣੇ ॥	منُ تنُ راتا رام رنگِ چرنے ॥
ਸਰਬ ਮਨੋਰਥ ਪੂਰਨ ਕਰਣੇ ॥	سرب منورتھ پوُرن کرنے ॥
ਆਠ ਪਹਰ ਗਾਵਤ ਭਗਵੰਤੁ ॥	آٹھ پہر گاوت بھگونتُ ॥
ਸਤਿਗੁਰਿ ਦੀਨੋ ਪੂਰਾ ਮੰਤੁ ॥੧॥	ستِگُرِ دینو پوُرا منتُ ॥1॥
ਸੋ ਵਡਭਾਗੀ ਜਿਸੁ ਨਾਮਿ ਪਿਆਰੁ ॥	سو وڈبھاگی جِسُ نامِ پیارُ ॥
ਤਿਸ ਕੈ ਸੰਗਿ ਤਰੈ ਸੰਸਾਰੁ ॥੧॥ ਰਹਾਉ ॥	تِس کے سنگِ ترے سنّسارُ ॥1॥ رہاءُ ॥
ਸੋਈ ਗਿਆਨੀ ਜਿ ਸਿਮਰੈ ਏਕ ॥	سوئی گیانی جِ سِمرے ایک ॥
ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥	سو دھنونّتا جِسُ بُدھِ بِبیک ॥
ਸੋ ਕੁਲਵੰਤਾ ਜਿ ਸਿਮਰੈ ਸੁਆਮੀ ॥	سو کُلونّتا جِ سِمرے سُیامی ॥

ਸੋ ਪਤਿਵੰਤਾ ਜਿ ਆਪੁ ਪਛਾਨੀ ॥੨॥	سو پتِونتا جِ آپُ پچھانی ॥2॥
ਗੁਰ ਪਰਸਾਦਿ ਪਰਮ ਪਦੁ ਪਾਇਆ ॥	گُر پرسادِ پرم پدُ پائیا ॥
ਗੁਣ ਗੋਪਾਲ ਦਿਨੁ ਰੈਨਿ ਧਿਆਇਆ ॥	گُنؤ گوپال دِنُ رینِ دھیائیا ॥
ਤੂਟੈ ਬੰਧਨ ਪੂਰਨ ਆਸਾ ॥	توٹے بندھن پوُرن آسا ॥
ਹਰਿ ਕੇ ਚਰਣ ਰਿਦ ਮਾਹਿ ਨਿਵਾਸਾ ॥੩॥	ہرِ کے چرنؤ رِد ماہِ نِواسا ॥3॥
ਕਹੁ ਨਾਨਕ ਜਾ ਕੇ ਪੂਰਨ ਕਰਮਾ ॥	کہُ نانک جا کے پوُرن کرما ॥
ਸੋ ਜਨੁ ਆਇਆ ਪ੍ਰਭ ਕੀ ਸਰਨਾ ॥	سو جنُ آئیا پربھ کی سرنا ॥
ਆਪਿ ਪਵਿਤੁ ਪਾਵਨ ਸਭਿ ਕੀਨੇ ॥	آپِ پوِتُ پاون سبھِ کینے ॥
ਰਾਮ ਰਸਾਇਣੁ ਰਸਨਾ ਚੀਨੇ ॥੪॥੩੫॥੪੮॥	رام رسائِنُ رسنا چینّے ॥4॥ 35 ॥ 48 ॥
ਭੈਰਉ ਮਹਲਾ ੫ ॥	بھیرَءُ محلا 5 ॥
ਨਾਮੁ ਲੈਤ ਕਿਛੁ ਬਿਘਨੁ ਨ ਲਾਗੈ ॥	نامُ لیَت کِچھُ بِگھنُ ن لاگے ॥
ਨਾਮੁ ਸੁਣਤ ਜਮੁ ਦੂਰਹੁ ਭਾਗੈ ॥	نامُ سُنّت جمُ دوُرہُ بھاگے ॥
ਨਾਮੁ ਲੈਤ ਸਭ ਦੂਖਹ ਨਾਸੁ ॥	نامُ لیَت سبھ دوُکھہ ناسُ ॥
ਨਾਮੁ ਜਪਤ ਹਰਿ ਚਰਣ ਨਿਵਾਸੁ ॥੧॥	نامُ جپت ہرِ چرنؤ نِواسُ ॥1॥
ਨਿਰਬਿਘਨ ਭਗਤਿ ਭਜੁ ਹਰਿ ਹਰਿ ਨਾਉ ॥	نِربِگھن بھگتِ بھجُ ہرِ ہرِ ناءُ ॥
ਰਸਕਿ ਰਸਕਿ ਹਰਿ ਕੇ ਗੁਣ ਗਾਉ ॥੧॥ ਰਹਾਉ ॥	رسکِ رسکِ ہرِ کے گُنؤ گاءُ ॥1॥ رہاءُ ॥
ਹਰਿ ਸਿਮਰਤ ਕਿਛੁ ਚਾਖੁ ਨ ਜੋਹੈ ॥	ہرِ سِمرت کِچھُ چاکھُ ن جوہے ॥
ਹਰਿ ਸਿਮਰਤ ਦੈਤ ਦੇਉ ਨ ਪੋਹੈ ॥	ہرِ سِمرت دیَت دیءُ ن پوہے ॥
ਹਰਿ ਸਿਮਰਤ ਮੋਹੁ ਮਾਨੁ ਨ ਬਧੈ ॥	ہرِ سِمرت موہُ مانُ ن بدھے ॥
ਹਰਿ ਸਿਮਰਤ ਗਰਭ ਜੋਨਿ ਨ ਰੁਧੈ ॥੨॥	ہرِ سِمرت گربھ جونِ ن رُدھے ॥2॥
ਹਰਿ ਸਿਮਰਨ ਕੀ ਸਗਲੀ ਬੇਲਾ ॥	ہرِ سِمرن کی سگلی بیلا ॥
ਹਰਿ ਸਿਮਰਨੁ ਬਹੁ ਮਾਹਿ ਇਕੇਲਾ ॥	ہرِ سِمرنُ بہُ ماہِ اِکیلا ॥

ਜਾਤਿ ਅਜਾਤਿ ਜਪੈ ਜਨੁ ਕੋਇ ॥	زاتِ نزاتِ جپے جنُ کوءِ ॥
ਜੋ ਜਾਪੈ ਤਿਸ ਕੀ ਗਤਿ ਹੋਇ ॥੩॥	جو جاپے تِس کی گتِ ہوءِ ॥3॥
ਹਰਿ ਕਾ ਨਾਮੁ ਜਪੀਐ ਸਾਧਸੰਗਿ ॥	ہرِ کا نامُ جپیئے سادھسنگِ ॥
ਹਰਿ ਕੇ ਨਾਮ ਕਾ ਪੂਰਨ ਰੰਗੁ ॥	ہرِ کے نام کا پوُرن رنگُ ॥
ਨਾਨਕ ਕਉ ਪ੍ਰਭ ਕਿਰਪਾ ਧਾਰਿ ॥	نانک کءُ پربھ کِرپا دھارِ ॥
ਸਾਸਿ ਸਾਸਿ ਹਰਿ ਦੇਹੁ ਚਿਤਾਰਿ ॥੪॥੩੬॥੪੯॥	ساسِ ساسِ ہرِ دیہُ چِتارِ ॥4॥ 36 ॥ 49 ॥
ਭੈਰਉ ਮਹਲਾ ੫ ॥	بھیرءُ محلا 5 ॥
ਆਪੇ ਸਾਸਤੁ ਆਪੇ ਬੇਦੁ ॥	آپے ساستُ آپے بیدُ ॥
ਆਪੇ ਘਟਿ ਘਟਿ ਜਾਣੈ ਭੇਦੁ ॥	آپے گھٹِ گھٹِ جانے بھیدُ ॥
ਜੋਤਿ ਸਰੂਪ ਜਾ ਕੀ ਸਭ ਵਸਤੁ ॥	جوتِ سروُپ جا کی سبھ وتھُ ॥
ਕਰਣ ਕਾਰਣ ਪੂਰਨ ਸਮਰਥੁ ॥੧॥	کرنٌ کارنٌ پوُرن سمرتھُ ॥1॥
ਪ੍ਰਭ ਕੀ ਓਟ ਗਹਹੁ ਮਨ ਮੇਰੇ ॥	پربھ کی اوٹ گہہُ من میرے ۔ ॥
ਚਰਨ ਕਮਲ ਗੁਰਮੁਖਿ ਆਰਾਧਹੁ ਦੁਸਮਨ ਦੂਖੁ ਨ ਆਵੈ ਨੇਰੇ ॥੧॥ ਰਹਾਉ ॥	چرن کمل گُرمُکھِ آرادھہُ دُسمن دوُکھُ ن آوے نیرے ॥1॥ رہاءُ ॥
ਆਪੇ ਵਣੁ ਤ੍ਰਿਣੁ ਤ੍ਰਿਭਵਣ ਸਾਰੁ ॥	آپے ونُ ترِنُ ترِبھونٌ سارُ ॥
ਜਾ ਕੈ ਸੂਤਿ ਪਰੋਇਆ ਸੰਸਾਰੁ ॥	جا کے سوُتِ پروئیا سنسارُ ॥
ਆਪੇ ਸਿਵ ਸਕਤੀ ਸੰਜੋਗੀ ॥	آپے سِو سکتی سنجوگی ॥
ਆਪਿ ਨਿਰਬਾਣੀ ਆਪੇ ਭੋਗੀ ॥੨॥	آپِ نِربانی آپے بھوگی ॥2॥
ਜਤ ਕਤ ਪੇਖਉ ਤਤ ਤਤ ਸੋਇ ॥	جت کت پیکھءُ تت تت سوءِ ॥
ਤਿਸੁ ਬਿਨੁ ਦੂਜਾ ਨਾਹੀ ਕੋਇ ॥	تِسُ بِنُ دوُجا ناہی کوءِ ॥
ਸਾਗਰੁ ਤਰੀਐ ਨਾਮ ਕੈ ਰੰਗਿ ॥	ساگرُ ترِیئے نام کے رنگِ ॥
ਗੁਣ ਗਾਵੈ ਨਾਨਕੁ ਸਾਧਸੰਗਿ ॥੩॥	گُنٌ گاوے نانکُ سادھسنگِ ॥3॥
ਮੁਕਤਿ ਭੁਗਤਿ ਜੁਗਤਿ ਵਸਿ ਜਾ ਕੈ ॥	مُکتِ بھُگتِ جُگتِ وسِ جا کے ॥

ਊਣਾ ਨਾਹੀ ਕਿਛੁ ਜਨ ਤਾ ਕੈ ॥	اوُنا ناہی کِچھُ جن تا کے ॥
ਕਰਿ ਕਿਰਪਾ ਜਿਸੁ ਹੋਇ ਸੁਪ੍ਰਸੰਨ ॥	کرِ کِرپا جِسُ ہوءِ سُپرّسنّن ॥
ਨਾਨਕ ਦਾਸ ਸੇਈ ਜਨ ਧੰਨ ॥੪॥੩੭॥੫੦॥	نانک داس سیئی جن دھنّن ॥4॥ 37 ॥ 50 ॥
ਭੈਰਉ ਮਹਲਾ ੫ ॥	بھیرَءُ محلا 5 ॥
ਭਗਤਾ ਮਨਿ ਆਨੰਦੁ ਗੋਬਿੰਦ ॥	بھگتا منِ آننَدُ گوبِنَد ॥
ਅਸਥਿਤਿ ਭਏ ਬਿਨਸੀ ਸਭ ਚਿੰਦ ॥	استھِتِ بھےَ بِنسی سبھ چِنّد ॥
ਭੈ ਭ੍ਰਮ ਬਿਨਸਿ ਗਏ ਖਿਨ ਮਾਹਿ ॥	بھےَ بھرّم بِنسِ گئے کھِن ماہِ ॥
ਪਾਰਬ੍ਰਹਮੁ ਵਸਿਆ ਮਨਿ ਆਇ ॥੧॥	پاربّرہمُ وسِیا منِ آءِ ॥1॥
ਰਾਮ ਰਾਮ ਸੰਤ ਸਦਾ ਸਹਾਇ ॥	رام رام سنّت سدا سہاءِ ॥
ਘਰਿ ਬਾਹਰਿ ਨਾਲੇ ਪਰਮੇਸਰੁ ਰਵਿ ਰਹਿਆ ਪੂਰਨ ਸਭ ਠਾਇ ॥੧॥ ਰਹਾਉ ॥	گھرِ باہرِ نالے پرمیسرُ روِ رہِیا پوُرن سبھ ٹھاءِ ॥1॥ رہاءُ ॥
ਧਨੁ ਮਾਲੁ ਜੋਬਨੁ ਜੁਗਤਿ ਗੋਪਾਲ ॥	دھنُ مالُ جوبنُ جُگتِ گوپال ॥
ਜੀਅ ਪ੍ਰਾਣ ਨਿਤ ਸੁਖ ਪ੍ਰਤਿਪਾਲ ॥	جیء پرّانٹ نِت سُکھ پرّتپال ॥
ਅਪਨੇ ਦਾਸ ਕਉ ਦੇ ਰਾਖੈ ਹਾਥ ॥	اپنے داس کءُ دے راکھےَ ہاتھ ॥
ਨਿਮਖ ਨ ਛੋਡੈ ਸਦ ਹੀ ਸਾਥ ॥੨॥	نِمکھ ن چھوڈےَ سد ہی ساتھ ॥2॥
ਹਰਿ ਸਾ ਪ੍ਰੀਤਮੁ ਅਵਰੁ ਨ ਕੋਇ ॥	ہرِ سا پرّیتمُ اورُ ن کوءِ ॥
ਸਾਰਿ ਸਮ੍ਹਾਲੇ ਸਾਚਾ ਸੋਇ ॥	سارِ سمہّالے ساچا سوءِ ॥
ਮਾਤ ਪਿਤਾ ਸੁਤ ਬੰਧੁ ਨਰਾਇਣੁ ॥	مات پِتا سُت بنّدھُ نرائنٹُ ॥
ਆਦਿ ਜੁਗਾਦਿ ਭਗਤ ਗੁਣ ਗਾਇਣੁ ॥੩॥	آدِ جُگادِ بھگت گُنٹ گائنٹُ ॥3॥
ਤਿਸ ਕੀ ਧਰ ਪ੍ਰਭ ਕਾ ਮਨਿ ਜੋਰੁ ॥	تِس کی دھر پرّبھ کا منِ زورُ ॥
ਏਕ ਬਿਨਾ ਦੂਜਾ ਨਹੀ ਹੋਰੁ ॥	ایک بِنا دوُجا نہی ہورُ ॥
ਨਾਨਕ ਕੈ ਮਨਿ ਇਹੁ ਪੁਰਖਾਰਥੁ ॥	نانک کےَ منِ اِہُ پُرکھارتھُ ॥
ਪ੍ਰਭੂ ਹਮਾਰਾ ਸਾਰੇ ਸੁਆਰਥੁ ॥੪॥੩੮॥੫੧॥	پرّبھوُ ہمارا سارے سُیارتھُ ॥4॥ 38 ॥ 51 ॥

ਭੈਰਉ ਮਹਲਾ ੫ ॥

بھیرَءُ محلا 5 ॥

ਭੈ ਕਉ ਭਉ ਪੜਿਆ
ਸਿਮਰਤ ਹਰਿ ਨਾਮ ॥

بھے کءُ بھءُ پڑِیا
سِمرت ہرِ نام ॥

ਸਗਲ ਬਿਆਧਿ ਮਿਟੀ ਤ੍ਰਿਹੁ ਗੁਣ ਕੀ
ਦਾਸ ਕੇ ਹੋਏ ਪੂਰਨ ਕਾਮ ॥੧॥ ਰਹਾਉ ॥

سگل بِیادھِ مِٹی ترِہُ گُن کی
داس کے ہوئے پُورن کام ॥1॥ رہاءُ ॥

ਹਰਿ ਕੇ ਲੋਕ ਸਦਾ ਗੁਣ ਗਾਵਹਿ
ਤਿਨ ਕਉ ਮਿਲਿਆ ਪੂਰਨ ਧਾਮ ॥

ہرِ کے لوک سدا گُن گاوہِ
تِن کءُ مِلِیا پُورن دھام ॥

ਜਨ ਕਾ ਦਰਸੁ ਬਾਂਛੈ ਦਿਨ ਰਾਤੀ
ਹੋਇ ਪੁਨੀਤ ਧਰਮ ਰਾਇ ਜਾਮ ॥੧॥

جن کا درسُ بانچھے دِن راتی
ہوءِ پُنِیت دھرم راءِ جام ॥1॥

ਕਾਮ ਕ੍ਰੋਧ ਲੋਭ ਮਦ ਨਿੰਦਾ
ਸਾਧਸੰਗਿ ਮਿਟਿਆ ਅਭਿਮਾਨ ॥

کام کرودھ لوبھ مد نِندا
سادھسنگِ مِٹِیا ابھمان ॥

ਐਸੇ ਸੰਤ ਭੇਟਹਿ ਵਡਭਾਗੀ
ਨਾਨਕ ਤਿਨ ਕੈ ਸਦ ਕੁਰਬਾਨ ॥੨॥੩੯॥੫੨॥

ایسے سنت بھیٹہِ وڈبھاگی
نانک تِن کے سد قُربان ॥2॥ 39 ॥ 52 ॥

ਭੈਰਉ ਮਹਲਾ ੫ ॥

بھیرَءُ محلا 5 ॥

ਪੰਚ ਮਜਮੀ ਜੋ ਪੰਚਨ ਰਾਖੈ ॥

پنچ مجمی جو پنچن راکھے ॥

ਮਿਥਿਆ ਰਸਨਾ ਨਿਤ ਉਠਿ ਭਾਖੈ ॥

مِتھیا رسنا نِت اُٹھِ بھاکھے ॥

ਚਕ੍ਰ ਬਣਾਇ ਕਰੈ ਪਾਖੰਡ ॥

چکر بناءِ کرے پاکھنڈ ॥

ਝੁਰਿ ਝੁਰਿ ਪਚੈ ਜੈਸੇ ਤ੍ਰਿਅ ਰੰਡ ॥੧॥

جھُرِ جھُرِ پچے جیسے ترِء رنڈ ॥1॥

ਹਰਿ ਕੇ ਨਾਮ ਬਿਨਾ ਸਭ ਝੂਠੁ ॥

ہرِ کے نام بِنا سبھ جھوٹھُ ॥

ਬਿਨੁ ਗੁਰ ਪੂਰੇ ਮੁਕਤਿ ਨ ਪਾਈਐ
ਸਾਚੀ ਦਰਗਹਿ ਸਾਕਤ ਮੂਠੁ ॥੧॥ ਰਹਾਉ ॥

بِنُ گُر پُورے مُکتِ ن پائیے
ساچی درگہِ ساکت موٹھُ ॥1॥ رہاءُ ॥

ਸੋਈ ਕੁਚੀਲੁ ਕੁਦਰਤਿ ਨਹੀ ਜਾਨੈ ॥

سوئی کچیلُ قُدرتِ نہی جانے ॥

ਲੀਪਿਐ ਥਾਇ ਨ ਸੁਚਿ ਹਰਿ ਮਾਨੈ ॥

لیپئے تھاءِ ن سُچ ہرِ مانے ॥

ਅੰਤਰੁ ਮੈਲਾ ਬਾਹਰੁ ਨਿਤ ਧੋਵੈ ॥

انتر میلا باہرُ نِت دھووے ॥

ਸਾਚੀ ਦਰਗਹਿ ਅਪਨੀ ਪਤਿ ਖੋਵੈ ॥੨॥	ساچی درگہِ اپنی پتِ کھووے ॥2॥
ਮਾਇਆ ਕਾਰਣਿ ਕਰੈ ਉਪਾਉ ॥	مائیا کارنِ کرے اُپاءُ ॥
ਕਬਹਿ ਨ ਘਾਲੈ ਸੀਧਾ ਪਾਉ ॥	کبہِ ن گھالے سیِدھا پاءُ ॥
ਜਿਨਿ ਕੀਆ ਤਿਸੁ ਚੀਤਿ ਨ ਆਣੈ ॥	جِنِ کِیا تِس چیِتِ ن آنے ॥
ਕੂੜੀ ਕੂੜੀ ਮੁਖਹੁ ਵਖਾਣੈ ॥੩॥	کوُڑی کوُڑی مُکھہُ وکھانے ॥3॥
ਜਿਸ ਨੋ ਕਰਮੁ ਕਰੇ ਕਰਤਾਰੁ ॥	جِس نو کرمُ کرے کرتارُ ॥
ਸਾਧਸੰਗਿ ਹੋਇ ਤਿਸੁ ਬਿਉਹਾਰੁ ॥	سادھسنگِ ہوءِ تِس بِہُہارُ ॥
ਹਰਿ ਨਾਮ ਭਗਤਿ ਸਿਉ ਲਾਗਾ ਰੰਗੁ ॥	ہرِ نام بھگتِ سِءُ لاگا رنگُ ॥
ਕਹੁ ਨਾਨਕ ਤਿਸੁ ਜਨ ਨਹੀ ਭੰਗੁ ॥੪॥੪੦॥੫੩॥	کہُ نانک تِس جن نہی بھنگُ ॥4॥ 40 ॥ 53 ॥
ਭੈਰਉ ਮਹਲਾ ੫ ॥	بھیرءُ محلا 5 ॥
ਨਿੰਦਕ ਕਉ ਫਿਟਕੇ ਸੰਸਾਰੁ ॥	نِندک کءُ پھِٹکے سنسارُ ॥
ਨਿੰਦਕ ਕਾ ਝੂਠਾ ਬਿਉਹਾਰੁ ॥	نِندک کا جھوُٹھا بِہُہارُ ॥
ਨਿੰਦਕ ਕਾ ਮੈਲਾ ਆਚਾਰੁ ॥	نِندک کا میَلا آچارُ ॥
ਦਾਸ ਅਪੁਨੇ ਕਉ ਰਾਖਨਹਾਰੁ ॥੧॥	داس اپُنے کءُ راکھنہارُ ॥1॥
ਨਿੰਦਕੁ ਮੁਆ ਨਿੰਦਕ ਕੈ ਨਾਲਿ ॥	نِندکُ مُیا نِندک کے نالِ ॥
ਪਾਰਬ੍ਰਹਮ ਪਰਮੇਸਰਿ ਜਨ ਰਾਖੇ ਨਿੰਦਕ ਕੈ ਸਿਰਿ ਕੜਕਿਓ ਕਾਲੁ ॥੧॥ ਰਹਾਉ ॥	پاربرہم پرمیسرِ جن راکھے نِندک کے سِرِ کڑکئو کالُ ॥1॥ رہاءُ ॥
ਨਿੰਦਕ ਕਾ ਕਹਿਆ ਕੋਇ ਨ ਮਾਨੈ ॥	نِندک کا کہِیا کوءِ ن مانے ॥
ਨਿੰਦਕ ਝੂਠੁ ਬੋਲਿ ਪਛੁਤਾਨੇ ॥	نِندک جھوُٹھُ بولِ پچھُتانے ॥
ਹਾਥ ਪਛੋਰਹਿ ਸਿਰੁ ਧਰਨਿ ਲਗਾਹਿ ॥	ہاتھ پچھورہِ سِرُ دھرنِ لگاہِ ॥
ਨਿੰਦਕ ਕਉ ਦਈ ਛੋਡੈ ਨਾਹਿ ॥੨॥	نِندک کءُ دئی چھوڈے ناہِ ॥2॥
ਹਰਿ ਕਾ ਦਾਸੁ ਕਿਛੁ ਬੁਰਾ ਨ ਮਾਗੈ ॥	ہرِ کا داسُ کِچھُ بُرا ن ماگے ॥
ਨਿੰਦਕ ਕਉ ਲਾਗੈ ਦੁਖ ਸਾਂਗੈ ॥	نِندک کءُ لاگے دُکھ سانگے ॥

ਬਗੁਲੇ ਜਿਉ ਰਹਿਆ ਪੰਖ ਪਸਾਰਿ ॥	بگُلے جِءُ رہِیا پنکھ پسارِ ॥
ਮੁਖ ਤੇ ਬੋਲਿਆ ਤਾਂ ਕਢਿਆ ਬੀਚਾਰਿ ॥੩॥	مُکھ تے بولیا تاں کڈھِیا بیچارِ ॥3॥
ਅੰਤਰਜਾਮੀ ਕਰਤਾ ਸੋਇ ॥	انترجامی کرتا سوءِ ॥
ਹਰਿ ਜਨੁ ਕਰੈ ਸੁ ਨਿਹਚਲੁ ਹੋਇ ॥	ہرِ جنُ کرے سُ نہچلُ ہوءِ ॥
ਹਰਿ ਕਾ ਦਾਸੁ ਸਾਚਾ ਦਰਬਾਰਿ ॥	ہرِ کا داسُ ساچا دربارِ ॥
ਜਨ ਨਾਨਕ ਕਹਿਆ ਤਤੁ ਬੀਚਾਰਿ ॥੪॥੪੧॥੫੪॥	جن نانک کہِیا تتُ بیچارِ ॥4॥ 41 ॥ 54 ॥
ਭੈਰਉ ਮਹਲਾ ੫ ॥	بھیرءُ محلا 5 ॥
ਦੁਇ ਕਰ ਜੋਰਿ ਕਰਉ ਅਰਦਾਸਿ ॥	دُءِ کر جورِ کرءُ عرداسِ ॥
ਜੀਉ ਪਿੰਡੁ ਧਨੁ ਤਿਸ ਕੀ ਰਾਸਿ ॥	جِیءُ پِنڈُ دھنُ تِس کی راسِ ॥
ਸੋਈ ਮੇਰਾ ਸੁਆਮੀ ਕਰਨੈਹਾਰੁ ॥	سوئی میرا سُیامی کرنیہارُ ॥
ਕੋਟਿ ਬਾਰ ਜਾਈ ਬਲਿਹਾਰ ॥੧॥	کوٹِ بار جائی بلِہار ॥1॥
ਸਾਧੂ ਧੂਰਿ ਪੁਨੀਤ ਕਰੀ ॥	سادھوُ دھوُرِ پُنِیت کری ॥
ਮਨ ਕੇ ਬਿਕਾਰ ਮਿਟਹਿ ਪ੍ਰਭ ਸਿਮਰਤ ਜਨਮ ਜਨਮ ਕੀ ਮੈਲੁ ਹਰੀ ॥੧॥ ਰਹਾਉ ॥	من کے بِکار مِٹہِ پربھ سِمرت جنم جنم کی میَلُ ہری ॥1॥ رہاءُ ॥
ਜਾ ਕੈ ਗ੍ਰਿਹ ਮਹਿ ਸਗਲ ਨਿਧਾਨ ॥	جا کے گرِہ مہِ سگل نِدھان ॥
ਜਾ ਕੀ ਸੇਵਾ ਪਾਈਐ ਮਾਨੁ ॥	جا کی سیوا پائیَے مانُ ॥
ਸਗਲ ਮਨੋਰਥ ਪੂਰਨਹਾਰ ॥	سگل منورتھ پوُرنہار ॥
ਜੀਅ ਪ੍ਰਾਨ ਭਗਤਨ ਆਧਾਰ ॥੨॥	جیء پران بھگتن آدھار ॥2॥
ਘਟ ਘਟ ਅੰਤਰਿ ਸਗਲ ਪ੍ਰਗਾਸ ॥	گھٹ گھٹ انترِ سگل پرگاس ॥
ਜਪਿ ਜਪਿ ਜੀਵਹਿ ਭਗਤ ਗੁਣਤਾਸ ॥	جپِ جپِ جیوہِ بھگت گُنتاس ॥
ਜਾ ਕੀ ਸੇਵ ਨ ਬਿਰਥੀ ਜਾਇ ॥	جا کی سیو ن برتھی جاءِ ॥
ਮਨ ਤਨ ਅੰਤਰਿ ਏਕੁ ਧਿਆਇ ॥੩॥	من تن انترِ ایکُ دھِیاءِ ॥3॥
ਗੁਰ ਉਪਦੇਸਿ ਦਇਆ ਸੰਤੋਖੁ ॥	گُر اُپدیسِ دئیا سنتوکھُ ॥

ਨਾਮੁ ਨਿਧਾਨੁ ਨਿਰਮਲੁ ਇਹੁ ਥੋਕੁ ॥	نامُ نِدھانُ نِرملُ اِہُ تھوکُ ॥
ਕਰਿ ਕਿਰਪਾ ਲੀਜੈ ਲੜਿ ਲਾਇ ॥	کرِ کِرپا لیجے لڑِ لائِ ॥
ਚਰਨ ਕਮਲ ਨਾਨਕ ਨਿਤ ਧਿਆਇ ॥੪॥੪੨॥੫੫॥	چرن کمل نانک نِت دھیاءِ ॥4॥ 42 ॥ 55 ॥
ਭੈਰਉ ਮਹਲਾ ੫ ॥	بھیرءُ محلا 5 ॥
ਸਤਿਗੁਰ ਅਪੁਨੇ ਸੁਨੀ ਅਰਦਾਸਿ ॥	ستِگُر اپُنے سُنی عرداسِ ॥
ਕਾਰਜੁ ਆਇਆ ਸਗਲਾ ਰਾਸਿ ॥	کارجُ آئیا سگلا راسِ ॥
ਮਨ ਤਨ ਅੰਤਰਿ ਪ੍ਰਭੂ ਧਿਆਇਆ ॥	من تن انترِ پربھوُ دھیائیا ॥
ਗੁਰ ਪੂਰੇ ਡਰੁ ਸਗਲ ਚੁਕਾਇਆ ॥੧॥	گُر پوُرے ڈرُ سگل چُکائیا ॥1॥
ਸਭ ਤੇ ਵਡ ਸਮਰਥ ਗੁਰਦੇਵ ॥	سبھ تے وڈ سمرتھ گُردیو ॥
ਸਭਿ ਸੁਖ ਪਾਈ ਤਿਸ ਕੀ ਸੇਵ ॥ ਰਹਾਉ ॥	سبھِ سُکھ پائی تِس کی سیو ॥ رہاءُ ॥
ਜਾ ਕਾ ਕੀਆ ਸਭੁ ਕਿਛੁ ਹੋਇ ॥	جا کا کِیا سبھُ کچھُ ہوءِ ॥
ਤਿਸ ਕਾ ਅਮਰੁ ਨ ਮੇਟੈ ਕੋਇ ॥	تِس کا امرُ ن میٹے کوءِ ॥
ਪਾਰਬ੍ਰਹਮੁ ਪਰਮੇਸਰੁ ਅਨੂਪੁ ॥	پاربرّہمُ پرمیسرُ انوُپُ ॥
ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥੨॥	سپھل موُرتِ گُرُ تِس کا روُپُ ॥2॥
ਜਾ ਕੈ ਅੰਤਰਿ ਬਸੈ ਹਰਿ ਨਾਮੁ ॥	جا کے انترِ بسے ہرِ نامُ ॥
ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥	جو جو پیکھے سُ برّہم گِیانُ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥	بِیس بِسُئے جا کے منِ پرگاسُ ॥
ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥	تِس جن کے پاربرّہم کا نِواسُ ॥3॥
ਤਿਸੁ ਗੁਰ ਕਉ ਸਦ ਕਰੀ ਨਮਸਕਾਰ ॥	تِس گُر کءُ سد کری نمسکار ॥
ਤਿਸੁ ਗੁਰ ਕਉ ਸਦ ਜਾਉ ਬਲਿਹਾਰ ॥	تِس گُر کءُ سد جاءُ بلِہار ॥
ਸਤਿਗੁਰ ਕੇ ਚਰਨ ਧੋਇ ਧੋਇ ਪੀਵਾ ॥	ستِگُر کے چرن دھوءِ دھوءِ پیِوا ॥
ਗੁਰ ਨਾਨਕ ਜਪਿ ਜਪਿ ਸਦ ਜੀਵਾ ॥੪॥੪੩॥੫੬॥	گُر نانک جپِ جپِ سد جیِوا ॥4॥ 43 ॥ 56 ॥

ਰਾਗੁ ਭੈਰਉ ਮਹਲਾ ੫ ਪੜਤਾਲ ਘਰੁ ੩

راگُ بھیرَءُ محلا 5 پڑتال گھرُ 3

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਪਰਤਿਪਾਲ ਪ੍ਰਭ ਕ੍ਰਿਪਾਲ
ਕਵਨ ਗੁਨ ਗਨੀ ॥

پرتِپال پربھ کرِپال
کون گُن گنی ۔ ॥

ਅਨਿਕ ਰੰਗ ਬਹੁ ਤਰੰਗ
ਸਰਬ ਕੋ ਧਨੀ ॥੧॥ ਰਹਾਉ ॥

انِک رنگ بہُ ترنگ
سرب کو دھنی ॥1॥ رہاءُ ॥

ਅਨਿਕ ਗਿਆਨ ਅਨਿਕ ਧਿਆਨ
ਅਨਿਕ ਜਾਪ ਜਾਪ ਤਾਪ ॥

انِک گیان انِک دھیان
انِک جاپ جاپ تاپ ॥

ਅਨਿਕ ਗੁਨਿਤ ਧੁਨਿਤ ਲਲਿਤ
ਅਨਿਕ ਧਾਰ ਮੁਨੀ ॥੧॥

انِک گُنِت دھُنِت للِت
انِک دھار مُنی ॥1॥

ਅਨਿਕ ਨਾਦ ਅਨਿਕ ਬਾਜ
ਨਿਮਖ ਨਿਮਖ ਅਨਿਕ ਸ੍ਵਾਦ
ਅਨਿਕ ਦੋਖ ਅਨਿਕ ਰੋਗ ਮਿਟਹਿ ਜਸ ਸੁਨੀ ॥

انِک ناد انِک باج
نِمکھ نِمکھ انِک سّواد
انِک دوکھ انِک روگ مِٹہِ جس سُنی ॥

ਨਾਨਕ ਸੇਵ ਅਪਾਰ ਦੇਵ
ਤਟਹ ਖਟਹ ਬਰਤ ਪੂਜਾ
ਗਵਨ ਭਵਨ ਜਾਤ੍ਰ ਕਰਨ
ਸਗਲ ਫਲ ਪੁਨੀ ॥੨॥੧॥੫੭॥੮॥੨੧॥੭॥੫੭॥੯੩॥

نانک سیو اپار دیو
تٹہ کھٹہ برت پوُجا
گون بھون جاتّر کرن
سگل پھل پُنی ॥2॥1॥ 57 ॥8॥ 21 ॥7॥ 57 ॥ 93 ॥

ਭੈਰਉ ਅਸਟਪਦੀਆ ਮਹਲਾ ੧ ਘਰੁ ੨

بھیرَءُ اسٹپدیا محلا 1 گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਆਤਮ ਮਹਿ ਰਾਮੁ ਰਾਮ ਮਹਿ ਆਤਮੁ
ਚੀਨਸਿ ਗੁਰ ਬੀਚਾਰਾ ॥

آتم مہِ رامُ رام مہِ آتمُ
چینِس گُر بیچارا ॥

ਅੰਮ੍ਰਿਤ ਬਾਣੀ ਸਬਦਿ ਪਛਾਣੀ
ਦੁਖ ਕਾਟੈ ਹਉ ਮਾਰਾ ॥੧॥

انّمرِت باٹی سبدِ پچھاٹی
دُکھ کاٹے ہءُ مارا ॥1॥

ਨਾਨਕ ਹਉਮੈ ਰੋਗ ਬੁਰੇ ॥

نانک ہئُمے رُوگ بُرے ॥

ਜਹ ਦੇਖਾਂ ਤਹ ਏਕਾ ਬੇਦਨ

جہ دیکھاں تہ ایکا بیدن

ਆਪੇ ਬਖਸੈ ਸਬਦਿ ਧੁਰੇ ॥੧॥ ਰਹਾਉ ॥

آپے بخشے سبدِ دھُرے ॥1॥ رہاءُ ॥

ਆਪੇ ਪਰਖੇ ਪਰਖਣਹਾਰੈ
ਬਹੁਰਿ ਸੂਲਾਕੁ ਨ ਹੋਈ ॥

آپے پرکھے پرکھنہارے
بہُرِ سُولاکُ ن ہوئی ॥

ਜਿਨ ਕਉ ਨਦਰਿ ਭਈ ਗੁਰਿ ਮੇਲੇ
ਪ੍ਰਭ ਭਾਣਾ ਸਚੁ ਸੋਈ ॥੨॥

جِن ک ءُ ندرِ بھئی گُرِ میلے
پربھ بھاٹا سچُ سوئی ॥2॥

ਪਉਣੁ ਪਾਣੀ ਬੈਸੰਤਰੁ ਰੋਗੀ
ਰੋਗੀ ਧਰਤਿ ਸਭੋਗੀ ॥

پُنُ پانی بیسنتر روگی
روگی دھرتِ سبھوگی ॥

ਮਾਤ ਪਿਤਾ ਮਾਇਆ ਦੇਹ ਸਿ ਰੋਗੀ
ਰੋਗੀ ਕੁਟੰਬ ਸੰਜੋਗੀ ॥੩॥

مات پِتا مائیا دیہ سِ روگی
روگی کُٹنب سنجوگی ॥3॥

ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ
ਰੋਗੀ ਸਗਲ ਸੰਸਾਰਾ ॥

روگی برہما بِسنُ سرُدّرا
روگی سگل سنّسارا ॥

ਹਰਿ ਪਦੁ ਚੀਨਿ ਭਏ ਸੇ ਮੁਕਤੇ
ਗੁਰ ਕਾ ਸਬਦੁ ਵੀਚਾਰਾ ॥੪॥

ہرِ پدُ چینِ بھئے سے مُکتے
گُر کا سبدُ ویچارا ॥4॥

ਰੋਗੀ ਸਾਤ ਸਮੁੰਦ ਸਨਦੀਆ
ਖੰਡ ਪਤਾਲਿ ਸਿ ਰੋਗਿ ਭਰੇ ॥

روگی سات سمُندّ سندیا
کھنڈ پتالِ سِ روگِ بھرے ॥

ਹਰਿ ਕੇ ਲੋਕ ਸਿ ਸਾਚਿ ਸੁਹੇਲੇ
ਸਰਬੀ ਥਾਈ ਨਦਰਿ ਕਰੇ ॥੫॥

ہرِ کے لوک سِ ساچِ سُہیلے
سربی تھائی ندرِ کرے ॥5॥

ਰੋਗੀ ਖਟ ਦਰਸਨ ਭੇਖਧਾਰੀ
ਨਾਨਾ ਹਠੀ ਅਨੇਕਾ ॥

روگی کھٹ درسن بھیکھدھاری
نانا ہٹھی انیکا ॥

ਬੇਦ ਕਤੇਬ ਕਰਹਿ ਕਹ ਬਪੁਰੇ
ਨਹ ਬੂਝਹਿ ਇਕ ਏਕਾ ॥੬॥

بید کتیب کرہِ کہ بپُرے
نہ بوُجھہِ اِک ایکا ॥6॥

ਮਿਠ ਰਸੁ ਖਾਇ ਸੁ ਰੋਗਿ ਭਰੀਜੈ
ਕੰਦ ਮੂਲਿ ਸੁਖੁ ਨਾਹੀ ॥

مِٹھ رسُ کھاءِ سُ روگِ بھریجے
کنّد مؤلِ سُکھُ ناہی ॥

ਨਾਮੁ ਵਿਸਾਰਿ ਚਲਹਿ ਅਨ ਮਾਰਗਿ
ਅੰਤ ਕਾਲਿ ਪਛੁਤਾਹੀ ॥੭॥

نامُ وِسارِ چلہِ ان مارگِ
انّت کالِ پچھُتاہی ॥7॥

ਤੀਰਥਿ ਭਰਮੈ ਰੋਗੁ ਨ ਛੂਟਸਿ
ਪੜਿਆ ਬਾਦੁ ਬਿਬਾਦੁ ਭਇਆ ॥

تیرتھِ بھرمے روگُ ن چھوٹسِ
پڑیا بادُ بِبادُ بھئیا ॥

ਦੁਬਿਧਾ ਰੋਗੁ ਸੁ ਅਧਿਕ ਵਡੇਰਾ
ਮਾਇਆ ਕਾ ਮੁਹਤਾਜੁ ਭਇਆ ॥੮॥

دُبِدھا روگُ سُ ادھِک وڈیرا
مائیا کا مُحتاجُ بھئیا ॥8॥

ਗੁਰਮੁਖਿ ਸਾਚਾ ਸਬਦਿ ਸਲਾਹੈ
ਮਨਿ ਸਾਚਾ ਤਿਸੁ ਰੋਗੁ ਗਇਆ ॥

گُرمُکھِ ساچا سبدِ سلاہے
منِ ساچا تِسُ روگُ گئیا ॥

ਨਾਨਕ ਹਰਿ ਜਨ ਅਨਦਿਨੁ ਨਿਰਮਲ
ਜਿਨ ਕਉ ਕਰਮਿ ਨੀਸਾਣੁ ਪਇਆ ॥੯॥੧॥

نانک ہرِ جن اندِنُ نِرمل
جِن ک ءُ کرمِ نِیشانُ پئیا ॥9॥1॥

ਭੈਰਉ ਮਹਲਾ ੩ ਘਰੁ ੨

بھیرءُ محلا 3 گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਤਿਨਿ ਕਰਤੈ ਇਕੁ ਚਲਤੁ ਉਪਾਇਆ ॥

تِنِ کرتے اِکُ چلتُ اُپائیا ॥

ਅਨਹਦ ਬਾਣੀ ਸਬਦਿ ਸੁਣਾਇਆ ॥

انہد باٹی سبدِ سُٹائیا ॥

ਮਨਮੁਖਿ ਭੂਲੇ ਗੁਰਮੁਖਿ ਬੁਝਾਇਆ ॥

منمُکھِ بھُولے گُرمُکھِ بُجھائیا ॥

ਕਾਰਣੁ ਕਰਤਾ ਕਰਦਾ ਆਇਆ ॥੧॥

کارنُ کرتا کردا آئیا ॥1॥

ਗੁਰ ਕਾ ਸਬਦੁ ਮੇਰੈ ਅੰਤਰਿ ਧਿਆਨੁ ॥

گُر کا سبدُ میرے انترِ دھیانُ ॥

ਹਉ ਕਬਹੁ ਨ ਛੋਡਉ
ਹਰਿ ਕਾ ਨਾਮੁ ॥੧॥ ਰਹਾਉ ॥

ہءُ کبہُ ن چھوڈءُ
ہرِ کا نامُ ॥1॥ رہاءُ ॥

ਪਿਤਾ ਪ੍ਰਹਲਾਦੁ ਪੜਣ ਪਠਾਇਆ ॥

پِتا پرہلادُ پڑنُ پٹھائیا ॥

ਲੈ ਪਾਟੀ ਪਾਧੇ ਕੈ ਆਇਆ ॥

لے پاٹی پادھے کے آئیا ॥

ਨਾਮ ਬਿਨਾ ਨਹ ਪੜਉ ਅਚਾਰ ॥

نام بِنا نہ پڑءُ اچار ॥

ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ ॥੨॥

میری پٹیا لِکھِ دیہُ گوبِندَ مُرارِ ॥2॥

ਪੁਤ੍ਰ ਪ੍ਰਹਿਲਾਦ ਸਿਉ ਕਹਿਆ ਮਾਇ ॥

پُتّر پرہِلاد سِءُ کہیا ماءِ ॥

ਪਰਵਿਰਤਿ ਨ ਪੜਹੁ ਰਹੀ ਸਮਝਾਇ ॥

پرِورتِ ن پڑہُ رہی سمجھاءِ ॥

ਨਿਰਭਉ ਦਾਤਾ ਹਰਿ ਜੀਉ ਮੇਰੈ ਨਾਲਿ ॥
ਜੇ ਹਰਿ ਛੋਡਉ ਤਉ ਕੁਲਿ ਲਾਗੈ ਗਾਲਿ ॥੩॥

ਪ੍ਰਹਲਾਦਿ ਸਭਿ ਚਾਟੜੇ ਵਿਗਾਰੇ ॥
ਹਮਾਰਾ ਕਹਿਆ ਨ ਸੁਣੈ ਆਪਣੇ ਕਾਰਜ ਸਵਾਰੇ ॥

ਸਭ ਨਗਰੀ ਮਹਿ ਭਗਤਿ ਦ੍ਰਿੜਾਈ ॥
ਦੁਸਟ ਸਭਾ ਕਾ ਕਿਛੁ ਨ ਵਸਾਈ ॥੪॥

ਸੰਡੈ ਮਰਕੈ ਕੀਈ ਪੂਕਾਰ ॥
ਸਭੇ ਦੈਤ ਰਹੇ ਝਖ ਮਾਰਿ ॥

ਭਗਤ ਜਨਾ ਕੀ ਪਤਿ ਰਾਖੈ ਸੋਈ ॥
ਕੀਤੇ ਕੈ ਕਹਿਐ ਕਿਆ ਹੋਈ ॥੫॥

ਕਿਰਤ ਸੰਜੋਗੀ ਦੈਤਿ ਰਾਜੁ ਚਲਾਇਆ ॥
ਹਰਿ ਨ ਬੂਝੈ ਤਿਨਿ ਆਪਿ ਭੁਲਾਇਆ ॥

ਪੁਤ੍ਰ ਪ੍ਰਹਲਾਦ ਸਿਉ ਵਾਦੁ ਰਚਾਇਆ ॥
ਅੰਧਾ ਨ ਬੂਝੈ ਕਾਲੁ ਨੇੜੈ ਆਇਆ ॥੬॥

ਪ੍ਰਹਲਾਦੁ ਕੋਠੇ ਵਿਚਿ ਰਾਖਿਆ
ਬਾਰਿ ਦੀਆ ਤਾਲਾ ॥

ਨਿਰਭਉ ਬਾਲਕੁ ਮੂਲਿ ਨ ਡਰਈ
ਮੇਰੈ ਅੰਤਰਿ ਗੁਰ ਗੋਪਾਲਾ ॥

ਕੀਤਾ ਹੋਵੈ ਸਰੀਕੀ ਕਰੈ
ਅਨਹੋਦਾ ਨਾਉ ਧਰਾਇਆ ॥

ਜੋ ਧੁਰਿ ਲਿਖਿਆ ਸੋ ਆਇ ਪਹੁਤਾ
ਜਨ ਸਿਉ ਵਾਦੁ ਰਚਾਇਆ ॥੭॥

ਪਿਤਾ ਪ੍ਰਹਲਾਦ ਸਿਉ ਗੁਰਜ ਉਠਾਈ ॥

نِربھءُ داتا ہرِ جیءُ میرے نالِ ॥
جے ہرِ چھوڈءُ تءُ کُلِ لاگے گالِ ॥3॥

پّرہلادِ سبھِ چاٹڑے وِگارے ॥
ہمارا کہیا ن سُنّے آپنّے کارج سوارے ॥

سبھ نگری مہِ بھگتِ دّرِڑائی ॥
دُسٹ سبھا کا کِچھُ ن وسائی ॥4॥

سنّڈے مرکے کِینّی پوُکار ॥
سبھے دیَت رہے جھکھ مارِ ॥

بھگت جنا کی پتِ راکھےَ سوئی ॥
کِیتے کے کہِےَ کیا ہوئی ۔ ॥5॥

کِرت سنّجوگی دیَتِ راجُ چلائیا ॥
ہرِ ن بوُجھےَ تِنِ آپِ بھُلائیا ॥

پُتّر پّرہلاد سِءُ واد رچائیا ॥
اندھا ن بوُجھےَ کالُ نیڑے آئیا ॥6॥

پّرہلادُ کوٹھے وِچِ راکھِیا
بارِ دِییا تالا ॥

نِربھءُ بالکُ موُلِ ن ڈرئی
میرے انترِ گُر گوپالا ॥

کِیتا ہووے شریکی کرے
انہودا ناءُ دھرائیا ॥

جو دھُرِ لِکھِیا سو آءِ پہُتا
جن سِءُ وادُ رچائیا ॥7॥

پِتا پّرہلاد سِءُ گُرج اُٹھائی ॥

ਕਹਾਂ ਤੁਮ੍ਾਰਾ ਜਗਦੀਸ ਗੁਸਾਈ ॥	کہاں تُمہارا جگدیس گُسائی ۔ ॥
ਜਗਜੀਵਨੁ ਦਾਤਾ ਅੰਤਿ ਸਖਾਈ ॥	جگجیونُ داتا انتِ سکھائی ॥
ਜਹ ਦੇਖਾ ਤਹ ਰਹਿਆ ਸਮਾਈ ॥੮॥	جہ دیکھا تہ رہِیا سمائی ॥8॥
ਥੰਮ੍ ਉਪਾੜਿ ਹਰਿ ਆਪੁ ਦਿਖਾਇਆ ॥	تھمّنہٗ اُپاڑِ ہرِ آپُ دِکھائِیا ॥
ਅਹੰਕਾਰੀ ਦੈਤੁ ਮਾਰਿ ਪਚਾਇਆ ॥	اہنکاری دیَتُ مارِ پچائِیا ॥
ਭਗਤਾ ਮਨਿ ਆਨੰਦੁ ਵਜੀ ਵਧਾਈ ॥	بھگتا منِ آننَدُ وجی ودھائی ॥
ਅਪਨੇ ਸੇਵਕ ਕਉ ਦੇ ਵਡਿਆਈ ॥੯॥	اپنے سیوک ک ءُ دے وڈِیائی ॥9॥
ਜੰਮਣੁ ਮਰਣਾ ਮੋਹੁ ਉਪਾਇਆ ॥	جنّمنُ مرنّا موہُ اُپائِیا ॥
ਆਵਣੁ ਜਾਣਾ ਕਰਤੈ ਲਿਖਿ ਪਾਇਆ ॥	آونُ جانّا کرتے لِکھِ پائِیا ॥
ਪ੍ਰਹਲਾਦ ਕੈ ਕਾਰਜਿ ਹਰਿ ਆਪੁ ਦਿਖਾਇਆ ॥	پرہلاد کے کارجِ ہرِ آپُ دِکھائِیا ॥
ਭਗਤਾ ਕਾ ਬੋਲੁ ਆਗੈ ਆਇਆ ॥੧੦॥	بھگتا کا بولُ آگے آئِیا ॥ 10 ॥
ਦੇਵ ਕੁਲੀ ਲਖਿਮੀ ਕਉ ਕਰਹਿ ਜੈਕਾਰੁ ॥	دیو کُلی لکھِمی ک ءُ کرہِ جیَکارُ ॥
ਮਾਤਾ ਨਰਸਿੰਘ ਕਾ ਰੂਪੁ ਨਿਵਾਰੁ ॥	ماتا نرسِنگھ کا روُپُ نِوارُ ॥
ਲਖਿਮੀ ਭਉ ਕਰੈ ਨ ਸਾਕੈ ਜਾਇ ॥	لکھِمی بھ ءُ کرے ن ساکے جاءِ ॥
ਪ੍ਰਹਲਾਦੁ ਜਨੁ ਚਰਣੀ ਲਾਗਾ ਆਇ ॥੧੧॥	پرہلادُ جنُ چرنّی لاگا آءِ ॥ 11 ॥
ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ॥	ستِگُرِ نامُ نِدھانُ دّرِڑائِیا ॥
ਰਾਜ ਮਾਲੁ ਝੂਠੀ ਸਭ ਮਾਇਆ ॥	راج مالُ جھوُٹھی سبھ مائِیا ॥
ਲੋਭੀ ਨਰ ਰਹੇ ਲਪਟਾਇ ॥	لوبھی نر رہے لپٹاءِ ॥
ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ ॥੧੨॥	ہرِ کے نام بِنُ درگہ مِلے سزاءِ ॥ 12 ॥
ਕਹੈ ਨਾਨਕੁ ਸਭੁ ਕੋ ਕਰੇ ਕਰਾਇਆ ॥	کہے نانکُ سبھُ کو کرے کرائِیا ॥
ਸੇ ਪਰਵਾਣੁ ਜਿਨੀ ਹਰਿ ਸਿਉ ਚਿਤੁ ਲਾਇਆ ॥	سے پروانُ جِنی ہرِ سِ ءُ چِتُ لائِیا ॥
ਭਗਤਾ ਕਾ ਅੰਗੀਕਾਰੁ ਕਰਦਾ ਆਇਆ ॥	بھگتا کا انگیکارُ کردا آئِیا ॥

ਕਰਤੈ ਅਪਣਾ ਰੂਪੁ ਦਿਖਾਇਆ ॥੧੩॥੧॥੨॥

کرتے اپنا روُپ دِکھائیا ॥ 13 ॥1॥2॥

ਭੈਰਉ ਮਹਲਾ ੩ ॥

بھیرَءُ محلا 3 ॥

ਗੁਰ ਸੇਵਾ ਤੇ ਅੰਮ੍ਰਿਤ ਫਲੁ ਪਾਇਆ
ਹਉਮੈ ਤ੍ਰਿਸਨ ਬੁਝਾਈ ॥

گُر سیوا تے انمّرِت پھلُ پائیا
ہئُمے تّرسن بُجھائی ॥

ਹਰਿ ਕਾ ਨਾਮੁ ਹ੍ਰਿਦੈ ਮਨਿ ਵਸਿਆ
ਮਨਸਾ ਮਨਹਿ ਸਮਾਈ ॥੧॥

ہرِ کا نامُ ہّردے منِ وسِیا
منسا منہِ سمائی ॥1॥

ਹਰਿ ਜੀਉ ਕ੍ਰਿਪਾ ਕਰਹੁ ਮੇਰੇ ਪਿਆਰੇ ॥

ہرِ جیِءُ کّرپا کرہُ میرے پِیارے ۔ ॥

ਅਨਦਿਨੁ ਹਰਿ ਗੁਣ ਦੀਨ ਜਨੁ ਮਾਂਗੈ
ਗੁਰ ਕੈ ਸਬਦਿ ਉਧਾਰੇ ॥੧॥ ਰਹਾਉ ॥

اندِنُ ہرِ گُنؤ دِین جنُ مانگےَ
گُر کے سبدِ اُدھارے ॥1॥ رہاءُ ॥

ਸੰਤ ਜਨਾ ਕਉ ਜਮੁ ਜੋਹਿ ਨ ਸਾਕੈ
ਰਤੀ ਅੰਚ ਦੂਖ ਨ ਲਾਈ ॥

سنّت جنا کءُ جمُ جوہِ ن ساکےَ
رتی انچّ دوُکھ ن لائی ॥

ਆਪਿ ਤਰਹਿ ਸਗਲੇ ਕੁਲ ਤਾਰਹਿ
ਜੋ ਤੇਰੀ ਸਰਣਾਈ ॥੨॥

آپِ ترہِ سگلے کُل تارہِ
جو تیری سرٹائی ॥2॥

ਭਗਤਾ ਕੀ ਪੈਜ ਰਖਹਿ ਤੂ ਆਪੇ
ਏਹ ਤੇਰੀ ਵਡਿਆਈ ॥

بھگتا کی پیَج رکھہِ توُ آپے
ایہ تیری وڈِیائی ॥

ਜਨਮ ਜਨਮ ਕੇ ਕਿਲਵਿਖ ਦੁਖ ਕਾਟਹਿ
ਦੁਬਿਧਾ ਰਤੀ ਨ ਰਾਈ ॥੩॥

جنم جنم کے کِلوِکھ دُکھ کاٹہِ
دُبِدھا رتی ن رائی ॥3॥

ਹਮ ਮੂੜ ਮੁਗਧ ਕਿਛੁ ਬੂਝਹਿ ਨਾਹੀ
ਤੂ ਆਪੇ ਦੇਹਿ ਬੁਝਾਈ ॥

ہم موُڑ مُگدھ کِچھُ بوُجھہِ ناہی
توُ آپے دیہِ بُجھائی ॥

ਜੋ ਤੁਧੁ ਭਾਵੈ ਸੋਈ ਕਰਸੀ
ਅਵਰੁ ਨ ਕਰਣਾ ਜਾਈ ॥੪॥

جو تُدھُ بھاوےَ سوئی کرسی
اورُ ن کرٹا جائی ॥4॥

ਜਗਤੁ ਉਪਾਇ ਤੁਧੁ ਧੰਧੈ ਲਾਇਆ
ਭੂੰਡੀ ਕਾਰ ਕਮਾਈ ॥

جگتُ اُپاءِ تُدھُ دھندّھےَ لائیا
بھوُنڈی کار کمائی ॥

ਜਨਮੁ ਪਦਾਰਥੁ ਜੂਐ ਹਾਰਿਆ
ਸਬਦੈ ਸੁਰਤਿ ਨ ਪਾਈ ॥੫॥

جنمُ پدارتھُ جوُئے ہارِیا
سبدےَ سُرتِ ن پائی ॥5॥

ਮਨਮੁਖਿ ਮਰਹਿ ਤਿਨ ਕਿਛੂ ਨ ਸੂਝੈ
ਦੁਰਮਤਿ ਅਗਿਆਨ ਅੰਧਾਰਾ ॥

ਭਵਜਲੁ ਪਾਰਿ ਨ ਪਾਵਹਿ ਕਬ ਹੀ
ਡੂਬਿ ਮੁਏ ਬਿਨੁ ਗੁਰ ਸਿਰਿ ਭਾਰਾ ॥੬॥

ਸਾਚੈ ਸਬਦਿ ਰਤੇ ਜਨ ਸਾਚੇ
ਹਰਿ ਪ੍ਰਭਿ ਆਪਿ ਮਿਲਾਏ ॥

ਗੁਰ ਕੀ ਬਾਣੀ ਸਬਦਿ ਪਛਾਤੀ
ਸਾਚਿ ਰਹੇ ਲਿਵ ਲਾਏ ॥੭॥

ਤੂੰ ਆਪਿ ਨਿਰਮਲੁ ਤੇਰੇ ਜਨ ਹੈ ਨਿਰਮਲ
ਗੁਰ ਕੈ ਸਬਦਿ ਵੀਚਾਰੇ ॥

ਨਾਨਕੁ ਤਿਨ ਕੈ ਸਦ ਬਲਿਹਾਰੈ
ਰਾਮ ਨਾਮੁ ਉਰਿ ਧਾਰੇ ॥੮॥੨॥੩॥

ਭੈਰਉ ਮਹਲਾ ੫ ਅਸਟਪਦੀਆ ਘਰੁ ੨

ੴ ਸਤਿਗੁਰ ਪ੍ਰਸਾਦਿ ॥

ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥

ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥

ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ॥

ਨਾਮ ਬਿਨਾ ਜਨਮੁ ਬਿਰਥਾ ਜਾਏ ॥੧॥

ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ ॥

ਸੋ ਵਡਭਾਗੀ ਜਿਸੁ ਗੁਰ ਮਸਤਕਿ ਹਾਥੁ ॥੧॥ ਰਹਾਉ ॥

ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ ॥

ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ ॥

ਜਿਸੁ ਨਾਮੁ ਰਿਦੈ ਸੋ ਸੀਤਲੁ ਹੂਆ ॥

ਨਾਮ ਬਿਨਾ ਧ੍ਰਿਗੁ ਜੀਵਣੁ ਮੂਆ ॥੨॥

منمکھِ مرہِ تِن کِچھوُ ن سوُجھےَ
دُرمتِ اگیان اندھارا ॥

بھوجلُ پارِ ن پاوہِ کب ہی
ڈوُبِ مُۓ بِنُ گُر سِرِ بھارا ॥6॥

ساچےَ سبدِ رتے جن ساچے
ہرِ پرّبھِ آپِ مِلائے ॥

گُر کی باٹی سبدِ پچھاتی
ساچِ رہے لِو لائے ॥7॥

توُنَ آپِ نِرملُ تیرے جن ہےَ نِرمل
گُر کے سبدِ ویچارے ॥

نانکُ تِن کے سد بلِہارےَ
رام نامُ اُرِ دھارے ॥8॥2॥3॥

بھیرَءُ محلا 5 اسٹپدیِیا گھرُ 2

ੴ ستِگُر پرّسادِ ॥

جِسُ نامُ رِدےَ سوئی وڈ راجا ॥

جِسُ نامُ رِدےَ تِسُ پوُرے کاجا ॥

جِسُ نامُ رِدےَ تِنِ کوٹِ دھن پائے ॥

نام بِنا جنمُ بِرتھا جائے ॥1॥

تِسُ سالاحی جِسُ ہرِ دھنُ راسِ ॥

سو وڈبھاگی جِسُ گُر مستکِ ہاتھُ ॥1॥ رہاءُ ॥

جِسُ نامُ رِدےَ تِسُ کوٹ کئی سینا ॥

جِسُ نامُ رِدےَ تِسُ سہج سُکھینا ॥

جِسُ نامُ رِدےَ سو سِیتلُ ہوُیا ॥

نام بِنا دھرِگُ جیِوُنُ موُیا ॥2॥

ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥	جِسُ نامُ رِدے سو جیون مُکتا ॥
ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ ॥	جِسُ نامُ رِدے تِسُ سبھ ہی جُگتا ॥
ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ ਪਾਈ ॥	جِسُ نامُ رِدے تِنِ نءُ نِدھِ پائی ॥
ਨਾਮ ਬਿਨਾ ਭ੍ਰਮਿ ਆਵੈ ਜਾਈ ॥੩॥	نام بِنا بھرمِ آوے جائی ॥3॥
ਜਿਸੁ ਨਾਮੁ ਰਿਦੈ ਸੋ ਵੇਪਰਵਾਹਾ ॥	جِسُ نامُ رِدے سو ویپرواہا ॥
ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ ॥	جِسُ نامُ رِدے تِسُ سد ہی لاہا ॥
ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ ॥	جِسُ نامُ رِدے تِسُ وڈ پروارا ॥
ਨਾਮ ਬਿਨਾ ਮਨਮੁਖ ਗਾਵਾਰਾ ॥੪॥	نام بِنا منمُکھ گاوارا ॥4॥
ਜਿਸੁ ਨਾਮੁ ਰਿਦੈ ਤਿਸੁ ਨਿਹਚਲ ਆਸਨੁ ॥	جِسُ نامُ رِدے تِسُ نِہچل آسنُ ॥
ਜਿਸੁ ਨਾਮੁ ਰਿਦੈ ਤਿਸੁ ਤਖਤਿ ਨਿਵਾਸਨੁ ॥	جِسُ نامُ رِدے تِسُ تخت نِواسنُ ॥
ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ ॥	جِسُ نامُ رِدے سو ساچا ساہُ ॥
ਨਾਮਹੀਣ ਨਾਹੀ ਪਤਿ ਵੇਸਾਹੁ ॥੫॥	نامہیِنْ ناہی پتِ ویساہُ ॥5॥
ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ ॥	جِسُ نامُ رِدے سو سبھ مہِ جاتا ॥
ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ ॥	جِسُ نامُ رِدے سو پُرکھُ بِدھاتا ॥
ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ ॥	جِسُ نامُ رِدے سو سبھ تے اوُچا ॥
ਨਾਮ ਬਿਨਾ ਭ੍ਰਮਿ ਜੋਨੀ ਮੂਚਾ ॥੬॥	نام بِنا بھرمِ جونی موُچا ॥6॥
ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ ॥	جِسُ نامُ رِدے تِسُ پرگٹِ پہارا ॥
ਜਿਸੁ ਨਾਮੁ ਰਿਦੈ ਤਿਸੁ ਮਿਟਿਆ ਅੰਧਾਰਾ ॥	جِسُ نامُ رِدے تِسُ مِٹیا اندھارا ॥
ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥	جِسُ نامُ رِدے سو پُرکھُ پرواڻُ ॥
ਨਾਮ ਬਿਨਾ ਫਿਰਿ ਆਵਣ ਜਾਣੁ ॥੭॥	نام بِنا پھِرِ آوڻ جاڻُ ॥7॥
ਤਿਨਿ ਨਾਮੁ ਪਾਇਆ ਜਿਸੁ ਭਇਓ ਕ੍ਰਿਪਾਲ ॥	تِنِ نامُ پائیا جِسُ بھئیو کرِپال ॥
ਸਾਧਸੰਗਤਿ ਮਹਿ ਲਖੇ ਗੋਪਾਲ ॥	سادھسنگتِ مہِ لکھے گوپال ॥

ਆਵਣ ਜਾਣ ਰਹੇ ਸੁਖੁ ਪਾਇਆ ॥	آوڑ جاڑ رہے سُکھ پائیا ॥
ਕਹੁ ਨਾਨਕ ਤਤੈ ਤਤੁ ਮਿਲਾਇਆ ॥੮॥੧॥੪॥	کہُ نانک تتے تتُ مِلائیا ॥8॥1॥4॥
ਭੈਰਉ ਮਹਲਾ ੫ ॥	بھیرَءُ محلا 5 ॥
ਕੋਟਿ ਬਿਸਨ ਕੀਨੇ ਅਵਤਾਰ ॥	کوٹِ بِسن کِینے اوتار ॥
ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥	کوٹِ برہمنڈ جا کے دھرمسال ॥
ਕੋਟਿ ਮਹੇਸ ਉਪਾਇ ਸਮਾਏ ॥	کوٹِ مہیس اُپاءِ سمائے ॥
ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥੧॥	کوٹِ برہمے جگُ ساجڑ لائے ॥1॥
ਐਸੋ ਧਣੀ ਗੁਵਿੰਦੁ ਹਮਾਰਾ ॥	ایَسو دھنّی گُوِنّدُ ہمارا ॥
ਬਰਨਿ ਨ ਸਾਕਉ ਗੁਣ ਬਿਸਥਾਰਾ ॥੧॥ ਰਹਾਉ ॥	برنِ ن ساک ءُ گُڑ بِستھارا ॥1॥ رہاءُ ॥
ਕੋਟਿ ਮਾਇਆ ਜਾ ਕੈ ਸੇਵਕਾਇ ॥	کوٹِ مائیا جا کے سیوکاءِ ॥
ਕੋਟਿ ਜੀਅ ਜਾ ਕੀ ਸਿਹਜਾਇ ॥	کوٹِ جیء جا کی سِہجاءِ ॥
ਕੋਟਿ ਉਪਾਰਜਨਾ ਤੇਰੈ ਅੰਗਿ ॥	کوٹِ اُپارجنا تیرے انگِ ॥
ਕੋਟਿ ਭਗਤ ਬਸਤ ਹਰਿ ਸੰਗਿ ॥੨॥	کوٹِ بھگت بست ہرِ سنگِ ॥2॥
ਕੋਟਿ ਛਤ੍ਰਪਤਿ ਕਰਤ ਨਮਸਕਾਰ ॥	کوٹِ چھتّرپتِ کرت نمسکار ॥
ਕੋਟਿ ਇੰਦ੍ਰ ਠਾਢੇ ਹੈ ਦੁਆਰ ॥	کوٹِ اِندّر ٹھاڈھے ہے دُیار ॥
ਕੋਟਿ ਬੈਕੁੰਠ ਜਾ ਕੀ ਦ੍ਰਿਸਟੀ ਮਾਹਿ ॥	کوٹِ بیکُنٹھ جا کی دڑِسٹی ماہِ ॥
ਕੋਟਿ ਨਾਮ ਜਾ ਕੀ ਕੀਮਤਿ ਨਾਹਿ ॥੩॥	کوٹِ نام جا کی قِیمتِ ناہِ ॥3॥
ਕੋਟਿ ਪੂਰੀਅਤ ਹੈ ਜਾ ਕੈ ਨਾਦ ॥	کوٹِ پُورِیَت ہے جا کے ناد ॥
ਕੋਟਿ ਅਖਾਰੇ ਚਲਿਤ ਬਿਸਮਾਦ ॥	کوٹِ اکھارے چلِت بِسماد ॥
ਕੋਟਿ ਸਕਤਿ ਸਿਵ ਆਗਿਆਕਾਰ ॥	کوٹِ سکتِ سِو آگیاکار ॥
ਕੋਟਿ ਜੀਅ ਦੇਵੈ ਆਧਾਰ ॥੪॥	کوٹِ جیء دیوے آدھار ॥4॥
ਕੋਟਿ ਤੀਰਥ ਜਾ ਕੇ ਚਰਨ ਮਝਾਰ ॥	کوٹِ تیرتھ جا کے چرن مجھار ॥

ਕੋਟਿ ਪਵਿਤ੍ਰ ਜਪਤ ਨਾਮ ਚਾਰ ॥	کوٹِ پوِتّر جپت نام چار ॥
ਕੋਟਿ ਪੂਜਾਰੀ ਕਰਤੇ ਪੂਜਾ ॥	کوٹِ پوُجاری کرتے پوُجا ॥
ਕੋਟਿ ਬਿਸਥਾਰਨੁ ਅਵਰੁ ਨ ਦੂਜਾ ॥੫॥	کوٹِ بِستھارنُ اورُ ن دوُجا ॥5॥
ਕੋਟਿ ਮਹਿਮਾ ਜਾ ਕੀ ਨਿਰਮਲ ਹੰਸ ॥	کوٹِ مہِما جا کی نِرمل ہنّس ॥
ਕੋਟਿ ਉਸਤਤਿ ਜਾ ਕੀ ਕਰਤ ਬ੍ਰਹਮੰਸ ॥	کوٹِ اُستتِ جا کی کرت برّہمنّس ॥
ਕੋਟਿ ਪਰਲਉ ਓਪਤਿ ਨਿਮਖ ਮਾਹਿ ॥	کوٹِ پرل ءُ اوپتِ نِمکھ ماہِ ॥
ਕੋਟਿ ਗੁਣਾ ਤੇਰੇ ਗਣੇ ਨ ਜਾਹਿ ॥੬॥	کوٹِ گُنّا تیرے گنّے ن جاہِ ॥6॥
ਕੋਟਿ ਗਿਆਨੀ ਕਥਹਿ ਗਿਆਨੁ ॥	کوٹِ گیانی کتھہِ گیانُ ॥
ਕੋਟਿ ਧਿਆਨੀ ਧਰਤ ਧਿਆਨੁ ॥	کوٹِ دھیانی دھرت دھیانُ ॥
ਕੋਟਿ ਤਪੀਸਰ ਤਪ ਹੀ ਕਰਤੇ ॥	کوٹِ تپیسر تپ ہی کرتے ॥
ਕੋਟਿ ਮੁਨੀਸਰ ਮੋਨਿ ਮਹਿ ਰਹਤੇ ॥੭॥	کوٹِ مُنیسر مونِ مہِ رہتے ॥7॥
ਅਵਿਗਤ ਨਾਥੁ ਅਗੋਚਰ ਸੁਆਮੀ ॥	اوِگت ناتھُ اگوچر سُیامی ॥
ਪੂਰਿ ਰਹਿਆ ਘਟ ਅੰਤਰਜਾਮੀ ॥	پوُرِ رہِیا گھٹ انترجامی ॥
ਜਤ ਕਤ ਦੇਖਉ ਤੇਰਾ ਵਾਸਾ ॥	جت کت دیکھ ءُ تیرا واسا ॥
ਨਾਨਕ ਕਉ ਗੁਰਿ ਕੀਓ ਪ੍ਰਗਾਸਾ ॥੮॥੨॥੫॥	نانک ک ءُ گُرِ کِینئو پرّگاسا ॥8॥2॥5॥
ਭੈਰਉ ਮਹਲਾ ੫ ॥	بھیرَءُ محلا 5 ॥
ਸਤਿਗੁਰਿ ਮੋ ਕਉ ਕੀਨੋ ਦਾਨੁ ॥	ستِگُرِ مو ک ءُ کِینو دانُ ॥
ਅਮੋਲ ਰਤਨੁ ਹਰਿ ਦੀਨੋ ਨਾਮੁ ॥	امول رتنُ ہرِ دینو نامُ ॥
ਸਹਜ ਬਿਨੋਦ ਚੋਜ ਆਨੰਤਾ ॥	سہج بِنود چوج آننّتا ॥
ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ ॥੧॥	نانک ک ءُ پرّبھُ مِلئو اچنّتا ॥1॥
ਕਹੁ ਨਾਨਕ ਕੀਰਤਿ ਹਰਿ ਸਾਚੀ ॥	کہُ نانک کیرتِ ہرِ ساچی ॥
ਬਹੁਰਿ ਬਹੁਰਿ ਤਿਸੁ ਸੰਗਿ ਮਨੁ ਰਾਚੀ ॥੧॥ ਰਹਾਉ ॥	بہُرِ بہُرِ تِسُ سنگِ منُ راچی ॥1॥ رہاءُ ॥

ਅਚਿੰਤ ਹਮਾਰੈ ਭੋਜਨ ਭਾਉ ॥	اِچنّت ہمارے بھوجن بھاءُ ॥
ਅਚਿੰਤ ਹਮਾਰੈ ਲੀਚੈ ਨਾਉ ॥	اِچنّت ہمارے لِیچے ناءُ ॥
ਅਚਿੰਤ ਹਮਾਰੈ ਸਬਦਿ ਉਧਾਰ ॥	اِچنّت ہمارے سبدِ اُدھار ॥
ਅਚਿੰਤ ਹਮਾਰੈ ਭਰੇ ਭੰਡਾਰ ॥੨॥	اِچنّت ہمارے بھرے بھنڈار ॥2॥
ਅਚਿੰਤ ਹਮਾਰੈ ਕਾਰਜ ਪੂਰੇ ॥	اِچنّت ہمارے کارج پُورے ॥
ਅਚਿੰਤ ਹਮਾਰੈ ਲਥੇ ਵਿਸੂਰੇ ॥	اِچنّت ہمارے لتھے وِسُورے ॥
ਅਚਿੰਤ ਹਮਾਰੈ ਬੈਰੀ ਮੀਤਾ ॥	اِچنّت ہمارے بیَری مِیتا ॥
ਅਚਿੰਤੋ ਹੀ ਇਹੁ ਮਨੁ ਵਸਿ ਕੀਤਾ ॥੩॥	اِچنّتو ہی اِہُ منُ وسِ کیِتا ॥3॥
ਅਚਿੰਤ ਪ੍ਰਭੂ ਹਮ ਕੀਆ ਦਿਲਾਸਾ ॥	اِچنّت پربھُو ہم کیِیا دِلاسا ॥
ਅਚਿੰਤ ਹਮਾਰੀ ਪੂਰਨ ਆਸਾ ॥	اِچنّت ہماری پُورن آسا ॥
ਅਚਿੰਤ ਹਮ੍ਾ ਕਉ ਸਗਲ ਸਿਧਾਂਤੁ ॥	اِچنّت ہمّا کءُ سگل سِدھانتُ ॥
ਅਚਿੰਤੁ ਹਮ ਕਉ ਗੁਰਿ ਦੀਨੋ ਮੰਤੁ ॥੪॥	اِچنّتُ ہم کءُ گُرِ دِینو منّتُ ॥4॥
ਅਚਿੰਤ ਹਮਾਰੇ ਬਿਨਸੇ ਬੈਰ ॥	اِچنّت ہمارے بِنسے بیَر ॥
ਅਚਿੰਤ ਹਮਾਰੇ ਮਿਟੇ ਅੰਧੇਰ ॥	اِچنّت ہمارے مِٹے اندھیر ॥
ਅਚਿੰਤੋ ਹੀ ਮਨਿ ਕੀਰਤਨੁ ਮੀਠਾ ॥	اِچنّتو ہی منِ کیِرتنُ مِیٹھا ॥
ਅਚਿੰਤੋ ਹੀ ਪ੍ਰਭੁ ਘਟਿ ਘਟਿ ਡੀਠਾ ॥੫॥	اِچنّتو ہی پربھُ گھٹِ گھٹِ ڈیٹھا ॥5॥
ਅਚਿੰਤ ਮਿਟਿਓ ਹੈ ਸਗਲੋ ਭਰਮਾ ॥	اِچنّت مِٹیو ہے سگلو بھرما ॥
ਅਚਿੰਤ ਵਸਿਓ ਮਨਿ ਸੁਖ ਬਿਸ੍ਰਾਮਾ ॥	اِچنّت وسِیو منِ سُکھ بِسّراما ॥
ਅਚਿੰਤ ਹਮਾਰੈ ਅਨਹਤ ਵਾਜੈ ॥	اِچنّت ہمارے انہت واجے ॥
ਅਚਿੰਤ ਹਮਾਰੈ ਗੋਬਿੰਦੁ ਗਾਜੈ ॥੬॥	اِچنّت ہمارے گوبِندُ گاجے ॥6॥
ਅਚਿੰਤ ਹਮਾਰੈ ਮਨੁ ਪਤੀਆਨਾ ॥	اِچنّت ہمارے منُ پتیِانا ॥
ਨਿਹਚਲ ਧਨੀ ਅਚਿੰਤੁ ਪਛਾਨਾ ॥	نِہچل دھنی اِچنّتُ پچھانا ॥

ਅਚਿੰਤੋ ਉਪਜਿਓ ਸਗਲ ਬਿਬੇਕਾ ॥	اِچنّتو اُپجِئو سگل بِبیکا ॥
ਅਚਿੰਤ ਚਰੀ ਹਥਿ ਹਰਿ ਹਰਿ ਟੇਕਾ ॥੭॥	اِچنّت چری ہتھِ ہرِ ہرِ ٹیکا ॥7॥
ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ ॥	اِچنّت پربھوُ دھُرِ لِکھیا لیکھُ ॥
ਅਚਿੰਤ ਮਿਲਿਓ ਪ੍ਰਭੁ ਠਾਕੁਰੁ ਏਕੁ ॥	اِچنّت مِلِئو پربھُ ٹھاکُرُ ایکُ ॥
ਚਿੰਤ ਅਚਿੰਤਾ ਸਗਲੀ ਗਈ ॥	چِنّت اِچنّتا سگلی گئی ॥
ਪ੍ਰਭ ਨਾਨਕ ਨਾਨਕ ਨਾਨਕ ਮਈ ॥੮॥੩॥੬॥	پربھ نانک نانک نانک مئی ॥8॥3॥6॥
ਭੈਰਉ ਬਾਣੀ ਭਗਤਾ ਕੀ ॥	بھیرَءُ بانٔی بھگتا کی ॥
ਕਬੀਰ ਜੀਉ ਘਰੁ ੧	کبیرِ جیِءُ گھرُ 1
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਇਹੁ ਧਨੁ ਮੇਰੇ ਹਰਿ ਕੋ ਨਾਉ ॥	اِہُ دھنُ میرے ہرِ کو ناءُ ॥
ਗਾਂਠਿ ਨ ਬਾਧਉ ਬੇਚਿ ਨ ਖਾਉ ॥੧॥ ਰਹਾਉ ॥	گانٔھِ ن بادھءُ بیچِ ن کھاءُ ॥1॥ رہاءُ ॥
ਨਾਉ ਮੇਰੇ ਖੇਤੀ ਨਾਉ ਮੇਰੇ ਬਾਰੀ ॥	ناءُ میرے کھیتی ناءُ میرے باری ॥
ਭਗਤਿ ਕਰਉ ਜਨੁ ਸਰਨਿ ਤੁਮ੍ਹਾਰੀ ॥੧॥	بھگتِ کرءُ جنُ سرنِ تُمہاری ॥1॥
ਨਾਉ ਮੇਰੇ ਮਾਇਆ ਨਾਉ ਮੇਰੇ ਪੂੰਜੀ ॥	ناءُ میرے مائیا ناءُ میرے پونٔجی ॥
ਤੁਮਹਿ ਛੋਡਿ ਜਾਨਉ ਨਹੀ ਦੂਜੀ ॥੨॥	تُمہِ چھوڈِ جان ءُ نہی دوُجی ॥2॥
ਨਾਉ ਮੇਰੇ ਬੰਧਿਪ ਨਾਉ ਮੇਰੇ ਭਾਈ ॥	ناءُ میرے بندھِپ ناءُ میرے بھائی ॥
ਨਾਉ ਮੇਰੇ ਸੰਗਿ ਅੰਤਿ ਹੋਇ ਸਖਾਈ ॥੩॥	ناءُ میرے سنگِ انتِ ہوءِ سکھائی ॥3॥
ਮਾਇਆ ਮਹਿ ਜਿਸੁ ਰਖੈ ਉਦਾਸੁ ॥	مائیا مہِ جِسُ رکھے اُداسُ ॥
ਕਹਿ ਕਬੀਰ ਹਉ ਤਾ ਕੋ ਦਾਸੁ ॥੪॥੧॥	کہِ کبیرہءُ تا کو داسُ ॥4॥1॥
ਨਾਂਗੇ ਆਵਨੁ ਨਾਂਗੇ ਜਾਨਾ ॥	نانگے آونُ نانگے جانا ॥
ਕੋਇ ਨ ਰਹਿਹੈ ਰਾਜਾ ਰਾਨਾ ॥੧॥	کوءِ ن رہِہے راجا رانا ॥1॥
ਰਾਮੁ ਰਾਜਾ ਨਉ ਨਿਧਿ ਮੇਰੈ ॥	رامُ راجا ن ءُ نِدھِ میرے ॥

ਸੰਪੈ ਹੇਤੁ ਕਲਤੁ ਧਨੁ ਤੇਰੈ ॥੧॥ ਰਹਾਉ ॥	سنپے ہیتُ کلتُ دھنُ تیرے ॥1॥ رہاءُ ॥
ਆਵਤ ਸੰਗ ਨ ਜਾਤ ਸੰਗਾਤੀ ॥	آوت سنگ ن جات سنگاتی ॥
ਕਹਾ ਭਇਓ ਦਰਿ ਬਾਂਧੇ ਹਾਥੀ ॥੨॥	کہا بھئیو درِ باندھے ہاتھی ॥2॥
ਲੰਕਾ ਗਢੁ ਸੋਨੇ ਕਾ ਭਇਆ ॥	لنکا گڈھُ سونے کا بھئیا ॥
ਮੂਰਖੁ ਰਾਵਨੁ ਕਿਆ ਲੇ ਗਇਆ ॥੩॥	مُورکھُ راونُ کیا لے گئیا ۔ ॥3॥
ਕਹਿ ਕਬੀਰ ਕਿਛੁ ਗੁਨੁ ਬੀਚਾਰਿ ॥	کہِ کبیرِ کچھُ گُنُ بیچارِ ॥
ਚਲੇ ਜੁਆਰੀ ਦੁਇ ਹਥ ਝਾਰਿ ॥੪॥੨॥	چلے جُیاری دُءِ ہتھ جھارِ ॥4॥2॥
ਮੈਲਾ ਬ੍ਰਹਮਾ ਮੈਲਾ ਇੰਦੁ ॥	میَلا برہما میَلا اِندُ ॥
ਰਵਿ ਮੈਲਾ ਮੈਲਾ ਹੈ ਚੰਦੁ ॥੧॥	روِ میَلا میَلا ہے چندُ ॥1॥
ਮੈਲਾ ਮਲਤਾ ਇਹੁ ਸੰਸਾਰੁ ॥	میَلا ملتا اِہُ سنسارُ ॥
ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥੧॥ ਰਹਾਉ ॥	اِکُ ہرِ نِرملُ جا کا انتُ ن پارُ ॥1॥ رہاءُ ॥
ਮੈਲੇ ਬ੍ਰਹਮੰਡਾਇ ਕੈ ਈਸ ॥	میَلے برہمنڈاءِ کے ایس ॥
ਮੈਲੇ ਨਿਸਿ ਬਾਸੁਰ ਦਿਨ ਤੀਸ ॥੨॥	میَلے نِس باسُر دِن تیِس ॥2॥
ਮੈਲਾ ਮੋਤੀ ਮੈਲਾ ਹੀਰੁ ॥	میَلا موتی میَلا ہیرُ ॥
ਮੈਲਾ ਪਉਨੁ ਪਾਵਕੁ ਅਰੁ ਨੀਰੁ ॥੩॥	میَلا پئُنُ پاوکُ ارُ نیرُ ॥3॥
ਮੈਲੇ ਸਿਵ ਸੰਕਰਾ ਮਹੇਸ ॥	میَلے سِو سنکرا مہیس ॥
ਮੈਲੇ ਸਿਧ ਸਾਧਿਕ ਅਰੁ ਭੇਖ ॥੪॥	میَلے سِدھ سادھِک ارُ بھیکھ ॥4॥
ਮੈਲੇ ਜੋਗੀ ਜੰਗਮ ਜਟਾ ਸਹੇਤਿ ॥	میَلے جوگی جنگم جٹا سہیتِ ॥
ਮੈਲੀ ਕਾਇਆ ਹੰਸ ਸਮੇਤਿ ॥੫॥	میَلی کائیا ہنس سمیتِ ॥5॥
ਕਹਿ ਕਬੀਰ ਤੇ ਜਨ ਪਰਵਾਨ ॥	کہِ کبیرِ تے جن پروان ॥
ਨਿਰਮਲ ਤੇ ਜੋ ਰਾਮਹਿ ਜਾਨ ॥੬॥੩॥	نِرمل تے جو رامہِ جان ॥6॥3॥
ਮਨੁ ਕਰਿ ਮਕਾ ਕਿਬਲਾ ਕਰਿ ਦੇਹੀ ॥	منُ کرِ مقا قِبلا کرِ دیہی ॥

ਬੋਲਨਹਾਰੁ ਪਰਮ ਗੁਰੁ ਏਹੀ ॥੧॥	بولنہارُ پرم گُرُ ایہی ॥1॥
ਕਹੁ ਰੇ ਮੁਲਾਂ ਬਾਂਗ ਨਿਵਾਜ ॥	کہُ رے مُلاں بانگ نِواز ॥
ਏਕ ਮਸੀਤਿ ਦਸੈ ਦਰਵਾਜ ॥੧॥ ਰਹਾਉ ॥	ایک مسیِتِ دسے درواز॥1॥ رہاءُ ॥
ਮਿਸਿਮਿਲਿ ਤਾਮਸੁ ਭਰਮੁ ਕਦੂਰੀ ॥	مِسِمِلِ تامسُ بھرمُ کدوُری ॥
ਭਾਖਿ ਲੇ ਪੰਚੈ ਹੋਇ ਸਬੂਰੀ ॥੨॥	بھاکھِ لے پنچّے ہوءِ صبوُری ॥2॥
ਹਿੰਦੂ ਤੁਰਕ ਕਾ ਸਾਹਿਬੁ ਏਕ ॥	ہِندوُ ترُک کا صاحِبُ ایک ॥
ਕਹ ਕਰੈ ਮੁਲਾਂ ਕਹ ਕਰੈ ਸੇਖ ॥੩॥	کہ کرے مُلاں کہ کرے سیکھ ۔ ॥3॥
ਕਹਿ ਕਬੀਰ ਹਉ ਭਇਆ ਦਿਵਾਨਾ ॥	کہِ کبیِرہءُ بھئیا دِوانا ॥
ਮੁਸਿ ਮੁਸਿ ਮਨੂਆ ਸਹਜਿ ਸਮਾਨਾ ॥੪॥੪॥	مُسِ مُسِ منوُیا سہجِ سمانا ॥4॥4॥
ਗੰਗਾ ਕੈ ਸੰਗਿ ਸਲਿਤਾ ਬਿਗਰੀ ॥	گنگا کے سنگِ سلِتا بِگری ॥
ਸੋ ਸਲਿਤਾ ਗੰਗਾ ਹੋਇ ਨਿਬਰੀ ॥੧॥	سو سلِتا گنگا ہوءِ نِبری ॥1॥
ਬਿਗਰਿਓ ਕਬੀਰਾ ਰਾਮ ਦੁਹਾਈ ॥	بِگرِئو کبیِرا رام دُہائی ॥
ਸਾਚੁ ਭਇਓ ਅਨ ਕਤਹਿ ਨ ਜਾਈ ॥੧॥ ਰਹਾਉ ॥	ساچُ بھئِئو ان کتہِ ن جائی ॥1॥ رہاءُ ॥
ਚੰਦਨ ਕੈ ਸੰਗਿ ਤਰਵਰੁ ਬਿਗਰਿਓ ॥	چندن کے سنگِ تروُر بِگرِئو ॥
ਸੋ ਤਰਵਰੁ ਚੰਦਨੁ ਹੋਇ ਨਿਬਰਿਓ ॥੨॥	سو تروُر چندنُ ہوءِ نِبرِئو ॥2॥
ਪਾਰਸ ਕੈ ਸੰਗਿ ਤਾਂਬਾ ਬਿਗਰਿਓ ॥	پارس کے سنگِ تانبا بِگرِئو ॥
ਸੋ ਤਾਂਬਾ ਕੰਚਨੁ ਹੋਇ ਨਿਬਰਿਓ ॥੩॥	سو تانبا کنچّنُ ہوءِ نِبرِئو ॥3॥
ਸੰਤਨ ਸੰਗਿ ਕਬੀਰਾ ਬਿਗਰਿਓ ॥	سنّتن سنگِ کبیِرا بِگرِئو ॥
ਸੋ ਕਬੀਰੁ ਰਾਮੈ ਹੋਇ ਨਿਬਰਿਓ ॥੪॥੫॥	سو کبیِرُ رامے ہوءِ نِبرِئو ॥4॥5॥
ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥	ماتھے تِلکُ ہتھِ مالا باناں ॥
ਲੋਗਨ ਰਾਮੁ ਖਿਲਉਨਾ ਜਾਨਾਂ ॥੧॥	لوگن رامُ کھِلئُنا جاناں ॥1॥
ਜਉ ਹਉ ਬਉਰਾ ਤਉ ਰਾਮ ਤੋਰਾ ॥	جءُ ہءُ بئُرا تءُ رام تورا ॥

ਲੋਗੁ ਮਰਮੁ ਕਹ ਜਾਨੈ ਮੋਰਾ ॥੧॥ ਰਹਾਉ ॥	لوگُ مرمُ کہ جانے مورا ۔ ॥1॥ رہاءُ ॥
ਤੋਰਉ ਨ ਪਾਤੀ ਪੂਜਉ ਨ ਦੇਵਾ ॥	تورءُ ن پاتی پوُجءُ ن دیوا ॥
ਰਾਮ ਭਗਤਿ ਬਿਨੁ ਨਿਹਫਲ ਸੇਵਾ ॥੨॥	رام بھگتِ بِنُ نِہپھل سیوا ॥2॥
ਸਤਿਗੁਰੁ ਪੂਜਉ ਸਦਾ ਸਦਾ ਮਨਾਵਉ ॥	ستِگُرُ پوُجءُ سدا سدا مناوءُ ॥
ਐਸੀ ਸੇਵ ਦਰਗਹ ਸੁਖੁ ਪਾਵਉ ॥੩॥	ایَسی سیو درگہ سُکھُ پاوءُ ॥3॥
ਲੋਗੁ ਕਹੈ ਕਬੀਰੁ ਬਉਰਾਨਾ ॥	لوگُ کہے کبیرُ بُرانا ॥
ਕਬੀਰ ਕਾ ਮਰਮੁ ਰਾਮ ਪਹਿਚਾਨਾਂ ॥੪॥੬॥	کبیِر کا مرمُ رام پہچاناں ॥4॥6॥
ਉਲਟਿ ਜਾਤਿ ਕੁਲ ਦੋਊ ਬਿਸਾਰੀ ॥	اُلٹِ جاتِ کُل دوئوُ بِساری ॥
ਸੁੰਨ ਸਹਜ ਮਹਿ ਬੁਨਤ ਹਮਾਰੀ ॥੧॥	سُنّن سہج مہِ بُنت ہماری ॥1॥
ਹਮਰਾ ਝਗਰਾ ਰਹਾ ਨ ਕੋਊ ॥	ہمرا جھگرا رہا ن کوئوُ ॥
ਪੰਡਿਤ ਮੁਲਾਂ ਛਾਡੇ ਦੋਊ ॥੧॥ ਰਹਾਉ ॥	پنّڈِت مُلاں چھاڈے دوئوُ ॥1॥ رہاءُ ॥
ਬੁਨਿ ਬੁਨਿ ਆਪ ਆਪੁ ਪਹਿਰਾਵਉ ॥	بُنِ بُنِ آپ آپُ پہِراوءُ ॥
ਜਹ ਨਹੀ ਆਪੁ ਤਹਾ ਹੋਇ ਗਾਵਉ ॥੨॥	جہ نہی آپُ تہا ہوءِ گاوءُ ॥2॥
ਪੰਡਿਤ ਮੁਲਾਂ ਜੋ ਲਿਖਿ ਦੀਆ ॥	پنّڈِت مُلاں جو لِکھِ دِیِیا ॥
ਛਾਡਿ ਚਲੇ ਹਮ ਕਛੂ ਨ ਲੀਆ ॥੩॥	چھاڈِ چلے ہم کچھوُ ن لِیِیا ॥3॥
ਰਿਦੈ ਇਖਲਾਸੁ ਨਿਰਖਿ ਲੇ ਮੀਰਾ ॥	رِدے ئخلاسُ نِرکھِ لے میِرا ॥
ਆਪੁ ਖੋਜਿ ਖੋਜਿ ਮਿਲੇ ਕਬੀਰਾ ॥੪॥੭॥	آپُ کھوجِ کھوجِ مِلے کبیِرا ॥4॥7॥
ਨਿਰਧਨ ਆਦਰੁ ਕੋਈ ਨ ਦੇਇ ॥	نِردھن آدرُ کوئی ن دےءِ ॥
ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ ॥੧॥ ਰਹਾਉ ॥	لاکھ جتن کرے اوہُ چِتِ ن دھرےءِ ॥1॥ رہاءُ ॥
ਜਉ ਨਿਰਧਨੁ ਸਰਧਨ ਕੈ ਜਾਇ ॥	جءُ نِردھنُ سردھن کے جاءِ ॥
ਆਗੇ ਬੈਠਾ ਪੀਠਿ ਫਿਰਾਇ ॥੧॥	آگے بیٹھا پیٹھِ پھراءِ ॥1॥
ਜਉ ਸਰਧਨੁ ਨਿਰਧਨ ਕੈ ਜਾਇ ॥	جءُ سردھنُ نِردھن کے جاءِ ॥

ਦੀਆ ਆਦਰੁ ਲੀਆ ਬੁਲਾਇ ॥੨॥	دِیِیا آدرُ لِیِیا بُلاءِ ॥2॥
ਨਿਰਧਨੁ ਸਰਧਨੁ ਦੋਨਉ ਭਾਈ ॥	نِردھنُ سردھنُ دون ءُ بھائی ॥
ਪ੍ਰਭ ਕੀ ਕਲਾ ਨ ਮੇਟੀ ਜਾਈ ॥੩॥	پربھ کی کلا ن میٹی جائی ॥3॥
ਕਹਿ ਕਬੀਰ ਨਿਰਧਨੁ ਹੈ ਸੋਈ ॥	کہِ کبیرِ نِردھنُ ہے سوئی ॥
ਜਾ ਕੇ ਹਿਰਦੈ ਨਾਮੁ ਨ ਹੋਈ ॥੪॥੮॥	جا کے ہِردے نامُ ن ہوئی ॥4॥8॥
ਗੁਰ ਸੇਵਾ ਤੇ ਭਗਤਿ ਕਮਾਈ ॥	گُر سیوا تے بھگتِ کمائی ॥
ਤਬ ਇਹ ਮਾਨਸ ਦੇਹੀ ਪਾਈ ॥	تب اِہ مانس دیہی پائی ॥
ਇਸ ਦੇਹੀ ਕਉ ਸਿਮਰਹਿ ਦੇਵ ॥	اِس دیہی ک ءُ سِمرہِ دیو ॥
ਸੋ ਦੇਹੀ ਭਜੁ ਹਰਿ ਕੀ ਸੇਵ ॥੧॥	سو دیہی بھجُ ہرِ کی سیو ॥1॥
ਭਜਹੁ ਗੋਬਿੰਦ ਭੂਲਿ ਮਤ ਜਾਹੁ ॥	بھجہُ گوبِنّد بھوُلِ مت جاہُ ॥
ਮਾਨਸ ਜਨਮ ਕਾ ਏਹੀ ਲਾਹੁ ॥੧॥ ਰਹਾਉ ॥	مانس جنم کا ایہی لاہُ ॥1॥ رہاءُ ॥
ਜਬ ਲਗੁ ਜਰਾ ਰੋਗੁ ਨਹੀ ਆਇਆ ॥	جب لگُ جرا روگُ نہی آئیا ॥
ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥	جب لگُ کالِ گرسی نہی کائیا ॥
ਜਬ ਲਗੁ ਬਿਕਲ ਭਈ ਨਹੀ ਬਾਨੀ ॥	جب لگُ بِکل بھئی نہی بانی ॥
ਭਜਿ ਲੇਹਿ ਰੇ ਮਨ ਸਾਰਿਗਪਾਨੀ ॥੨॥	بھجِ لیہِ رے من سارِگپانی ॥2॥
ਅਬ ਨ ਭਜਸਿ ਭਜਸਿ ਕਬ ਭਾਈ ॥	اب ن بھجِس بھجِس کب بھائی ۔ ॥
ਆਵੈ ਅੰਤੁ ਨ ਭਜਿਆ ਜਾਈ ॥	آوے انتُ ن بھجِیا جائی ॥
ਜੋ ਕਿਛੁ ਕਰਹਿ ਸੋਈ ਅਬ ਸਾਰੁ ॥	جو کِچھُ کرہِ سوئی اب سارُ ॥
ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥੩॥	پھِرِ پچھُتاہُ ن پاوہُ پارُ ॥3॥
ਸੋ ਸੇਵਕੁ ਜੋ ਲਾਇਆ ਸੇਵ ॥	سو سیوکُ جو لائیا سیو ॥
ਤਿਨ ਹੀ ਪਾਏ ਨਿਰੰਜਨ ਦੇਵ ॥	تِن ہی پائے نِرنجن دیو ॥
ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ ॥	گُر مِلِ تا کے کھُلّہے کپاٹ ॥

ਬਹੁਰਿ ਨ ਆਵੈ ਜੋਨੀ ਬਾਟ ॥੪॥	بہُرِ ن آوے جونی باٹ ॥4॥
ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥	اِہی تیرا اُسرُ اِہ تیری بار ॥
ਘਟ ਭੀਤਰਿ ਤੂ ਦੇਖੁ ਬਿਚਾਰਿ ॥	گھٹ بھیترِ تُو دیکھُ بِچارِ ॥
ਕਹਤ ਕਬੀਰੁ ਜੀਤਿ ਕੈ ਹਾਰਿ ॥	کہت کبیرُ جیتِ کے ہارِ ॥
ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥੫॥੧॥੯॥	بہُ بِدھِ کہِئو پُکارِ پُکارِ ॥5॥1॥9॥
ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥	سِو کی پُری بسے بُدھِ سارُ ॥
ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥	تہ تُمہ مِلِ کے کرہُ بِچارُ ॥
ਈਤ ਊਤ ਕੀ ਸੋਝੀ ਪਰੈ ॥	ایت اوُت کی سوجھی پرے ॥
ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥	کئُن کرم میرا کرِ کرِ مرے ॥1॥
ਨਿਜ ਪਦ ਊਪਰਿ ਲਾਗੋ ਧਿਆਨੁ ॥	نِج پد اوُپرِ لاگو دھِیانُ ॥
ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥	راجا رام نامُ مورا برہم گِیانُ ॥1॥ رہاءُ ॥
ਮੂਲ ਦੁਆਰੈ ਬੰਧਿਆ ਬੰਧੁ ॥	مُول دُیارے بندھیا بندھُ ॥
ਰਵਿ ਊਪਰਿ ਗਹਿ ਰਾਖਿਆ ਚੰਦੁ ॥	روِ اوُپرِ گہِ راکھیا چندُ ॥
ਪਛਮ ਦੁਆਰੈ ਸੂਰਜੁ ਤਪੈ ॥	پچھم دُیارے سوُرجُ تپے ॥
ਮੇਰ ਡੰਡ ਸਿਰ ਊਪਰਿ ਬਸੈ ॥੨॥	میر ڈنڈ سِر اوُپرِ بسے ॥2॥
ਪਸਚਮ ਦੁਆਰੇ ਕੀ ਸਿਲ ਓੜ ॥	پسچم دُیارے کی سِل اوڑ ॥
ਤਿਹ ਸਿਲ ਊਪਰਿ ਖਿੜਕੀ ਅਉਰ ॥	تِہ سِل اوُپرِ کھِڑکی اُر ॥
ਖਿੜਕੀ ਊਪਰਿ ਦਸਵਾ ਦੁਆਰੁ ॥	کھِڑکی اوُپرِ دسوا دُیارُ ॥
ਕਹਿ ਕਬੀਰ ਤਾ ਕਾ ਅੰਤੁ ਨ ਪਾਰੁ ॥੩॥੨॥੧੦॥	کہِ کبیر تا کا انتُ ن پارُ ॥3॥2॥ 10 ॥
ਸੋ ਮੁਲਾਂ ਜੋ ਮਨ ਸਿਉ ਲਰੈ ॥	سو مُلاں جو من سِءُ لرے ॥
ਗੁਰ ਉਪਦੇਸਿ ਕਾਲ ਸਿਉ ਜੁਰੈ ॥	گُر اُپدیسِ کال سِءُ جُرے ॥
ਕਾਲ ਪੁਰਖੁ ਕਾ ਮਰਦੈ ਮਾਨੁ ॥	کال پُرکھُ کا مردے مانُ ॥

ਤਿਸੁ ਮੁਲਾ ਕਉ ਸਦਾ ਸਲਾਮੁ ॥੧॥	تِس مُلا کءُ سدا سلامُ ॥1॥
ਹੈ ਹਜੂਰਿ ਕਤ ਦੂਰਿ ਬਤਾਵਹੁ ॥	ہے حضُورِ کت دُورِ بتاوہُ ۔ ॥
ਦੁੰਦਰ ਬਾਧਹੁ ਸੁੰਦਰ ਪਾਵਹੁ ॥੧॥ ਰਹਾਉ ॥	دُنّدر بادھہُ سُنّدر پاوہُ ॥1॥ رہاءُ ॥
ਕਾਜੀ ਸੋ ਜੁ ਕਾਇਆ ਬੀਚਾਰੈ ॥	قاضی سو جُ کائیا بیچارے ॥
ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ ॥	کائیا کی اگنِ برہمُ پرجارے ॥
ਸੁਪਨੈ ਬਿੰਦੁ ਨ ਦੇਈ ਝਰਨਾ ॥	سُپنے بِندُ ن دیئی جھرنا ॥
ਤਿਸੁ ਕਾਜੀ ਕਉ ਜਰਾ ਨ ਮਰਨਾ ॥੨॥	تِس قاضی کءُ جرا ن مرنا ॥2॥
ਸੋ ਸੁਰਤਾਨੁ ਜੁ ਦੁਇ ਸਰ ਤਾਨੈ ॥	سو سُرتانُ جُ دُءِ سر تانے ॥
ਬਾਹਰਿ ਜਾਤਾ ਭੀਤਰਿ ਆਨੈ ॥	باہرِ جاتا بھیترِ آنے ॥
ਗਗਨ ਮੰਡਲ ਮਹਿ ਲਸਕਰੁ ਕਰੈ ॥	گگن منڈل مہِ لشکر کرے ॥
ਸੋ ਸੁਰਤਾਨੁ ਛਤ੍ਰੁ ਸਿਰਿ ਧਰੈ ॥੩॥	سو سُرتانُ چھتّرُ سِرِ دھرے ॥3॥
ਜੋਗੀ ਗੋਰਖੁ ਗੋਰਖੁ ਕਰੈ ॥	جوگی گورکھُ گورکھُ کرے ॥
ਹਿੰਦੂ ਰਾਮ ਨਾਮੁ ਉਚਰੈ ॥	ہِندّوہُ رام نامُ اُچرے ॥
ਮੁਸਲਮਾਨ ਕਾ ਏਕੁ ਖੁਦਾਇ ॥	مُسلمان کا ایکُ خُداءِ ॥
ਕਬੀਰ ਕਾ ਸੁਆਮੀ ਰਹਿਆ ਸਮਾਇ ॥੪॥੩॥੧੧॥	کبیِر کا سُیامی رہِیا سماءِ ॥4॥3॥ 11 ॥
ਮਹਲਾ ੫ ॥	محلا 5 ॥
ਜੋ ਪਾਥਰ ਕਉ ਕਹਤੇ ਦੇਵ ॥	جو پاتھر کءُ کہتے دیو ॥
ਤਾ ਕੀ ਬਿਰਥਾ ਹੋਵੈ ਸੇਵ ॥	تا کی بِرتھا ہووے سیو ॥
ਜੋ ਪਾਥਰ ਕੀ ਪਾਂਈ ਪਾਇ ॥	جو پاتھر کی پانئی پاءِ ॥
ਤਿਸ ਕੀ ਘਾਲ ਅਜਾਂਈ ਜਾਇ ॥੧॥	تِس کی گھال نضانئی جاءِ ॥1॥
ਠਾਕੁਰੁ ਹਮਰਾ ਸਦ ਬੋਲੰਤਾ ॥	ٹھاکُرُ ہمرا سد بولنّتا ॥
ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥੧॥ ਰਹਾਉ ॥	سرب جِیا کءُ پربھُ دانُ دیتا ॥1॥ رہاءُ ॥

ਅੰਤਰਿ ਦੇਉ ਨ ਜਾਨੈ ਅੰਧੁ ॥	انّترِ دیءُ ن جانے انّدھُ ॥
ਭ੍ਰਮ ਕਾ ਮੋਹਿਆ ਪਾਵੈ ਫੰਧੁ ॥	بھّرم کا موہِیا پاوے پھنّدھُ ॥
ਨ ਪਾਥਰੁ ਬੋਲੈ ਨਾ ਕਿਛੁ ਦੇਇ ॥	ن پاتھرُ بولے نا کچھُ دےءِ ॥
ਫੋਕਟ ਕਰਮ ਨਿਹਫਲ ਹੈ ਸੇਵ ॥੨॥	پھوکٹ کرم نِہپھل ہے سیو ॥2॥
ਜੇ ਮਿਰਤਕ ਕਉ ਚੰਦਨੁ ਚੜਾਵੈ ॥	جے مِرتک کءُ چنّدنُ چڑاوے ॥
ਉਸ ਤੇ ਕਹਹੁ ਕਵਨ ਫਲ ਪਾਵੈ ॥	اُس تے کہہُ کون پھل پاوے ۔ ॥
ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥	جے مِرتک کءُ بِسٹا ماہِ رُلائی ॥
ਤਾਂ ਮਿਰਤਕ ਕਾ ਕਿਆ ਘਟਿ ਜਾਈ ॥੩॥	تاں مِرتک کا کِیا گھٹِ جائی ۔ ॥3॥
ਕਹਤ ਕਬੀਰ ਹਉ ਕਹਉ ਪੁਕਾਰਿ ॥	کہت کبیِر ہءُ کہءُ پُکارِ ॥
ਸਮਝਿ ਦੇਖੁ ਸਾਕਤ ਗਾਵਾਰ ॥	سمجھِ دیکھُ ساکت گاوار ॥
ਦੂਜੈ ਭਾਇ ਬਹੁਤੁ ਘਰ ਗਾਲੇ ॥	دوُجےَ بھاءِ بہُتُ گھر گالے ॥
ਰਾਮ ਭਗਤ ਹੈ ਸਦਾ ਸੁਖਾਲੇ ॥੪॥੪॥੧੨॥	رام بھگت ہے سدا سُکھالے ॥4॥4॥ 12 ॥
ਜਲ ਮਹਿ ਮੀਨ ਮਾਇਆ ਕੇ ਬੇਧੇ ॥	جل مہِ مِین مائِیا کے بیدھے ॥
ਦੀਪਕ ਪਤੰਗ ਮਾਇਆ ਕੇ ਛੇਦੇ ॥	دیِپک پتنگ مائِیا کے چھیدے ॥
ਕਾਮ ਮਾਇਆ ਕੁੰਚਰ ਕਉ ਬਿਆਪੈ ॥	کام مائِیا کُنچّر کءُ بِیاپے ॥
ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ ॥੧॥	بھُئِنّگم بھّرِنگ مائِیا مہِ کھاپے ॥1॥
ਮਾਇਆ ਐਸੀ ਮੋਹਨੀ ਭਾਈ ॥	مائِیا ایَسی موہنی بھائی ॥
ਜੇਤੇ ਜੀਅ ਤੇਤੇ ਡਹਕਾਈ ॥੧॥ ਰਹਾਉ ॥	جیتے جیء تیتے ڈہکائی ॥1॥ رہاءُ ॥
ਪੰਖੀ ਮ੍ਰਿਗ ਮਾਇਆ ਮਹਿ ਰਾਤੇ ॥	پنکھی مّرِگ مائِیا مہِ راتے ॥
ਸਾਕਰ ਮਾਖੀ ਅਧਿਕ ਸੰਤਾਪੇ ॥	ساکر ماکھی ادھِک سنّتاپے ॥
ਤੁਰੇ ਉਸਟ ਮਾਇਆ ਮਹਿ ਭੇਲਾ ॥	تُرے اُسٹ مائِیا مہِ بھیلا ॥
ਸਿਧ ਚਉਰਾਸੀਹ ਮਾਇਆ ਮਹਿ ਖੇਲਾ ॥੨॥	سِدھ چرُاسیہِ مائِیا مہِ کھیلا ॥2॥

ਛਿਅ ਜਤੀ ਮਾਇਆ ਕੇ ਬੰਦਾ ॥	چھِء جتی مائیا کے بندا ॥
ਨਵੈ ਨਾਥ ਸੂਰਜ ਅਰੁ ਚੰਦਾ ॥	نوے ناتھ سُورج ارُ چندا ॥
ਤਪੇ ਰਖੀਸਰ ਮਾਇਆ ਮਹਿ ਸੂਤਾ ॥	تپے رکھیسر مائیا مہِ سوُتا ॥
ਮਾਇਆ ਮਹਿ ਕਾਲੁ ਅਰੁ ਪੰਚ ਦੂਤਾ ॥੩॥	مائیا مہِ کالُ ارُ پنچ دوُتا ॥3॥
ਸੁਆਨ ਸਿਆਲ ਮਾਇਆ ਮਹਿ ਰਾਤਾ ॥	سُیان سِیال مائیا مہِ راتا ॥
ਬੰਤਰ ਚੀਤੇ ਅਰੁ ਸਿੰਘਾਤਾ ॥	بنّتر چیتے ارُ سِنگھاتا ॥
ਮਾਂਜਾਰ ਗਾਡਰ ਅਰੁ ਲੂਬਰਾ ॥	مانجار گاڈر ارُ لوُبرا ॥
ਬਿਰਖ ਮੂਲ ਮਾਇਆ ਮਹਿ ਪਰਾ ॥੪॥	بِرکھ مؤل مائیا مہِ پرا ॥4॥
ਮਾਇਆ ਅੰਤਰਿ ਭੀਨੇ ਦੇਵ ॥	مائیا انترِ بھینے دیو ॥
ਸਾਗਰ ਇੰਦ੍ਰਾ ਅਰੁ ਧਰਤੇਵ ॥	ساگر اِندّرا ارُ دھرتیو ॥
ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ ॥	کہِ کبیرِ جِسُ اُدرُ تِسُ مائیا ॥
ਤਬ ਛੂਟੇ ਜਬ ਸਾਧੂ ਪਾਇਆ ॥੫॥੫॥੧੩॥	تب چھوُٹے جب سادھوُ پائیا ॥5॥5॥ 13 ॥
ਜਬ ਲਗੁ ਮੇਰੀ ਮੇਰੀ ਕਰੈ ॥	جب لگُ میری میری کرے ॥
ਤਬ ਲਗੁ ਕਾਜੁ ਏਕੁ ਨਹੀ ਸਰੈ ॥	تب لگُ کاجُ ایکُ نہی سرے ॥
ਜਬ ਮੇਰੀ ਮੇਰੀ ਮਿਟਿ ਜਾਇ ॥	جب میری میری مِٹ جاءِ ॥
ਤਬ ਪ੍ਰਭ ਕਾਜੁ ਸਵਾਰਹਿ ਆਇ ॥੧॥	تب پربھ کاجُ سوارہِ آءِ ॥1॥
ਐਸਾ ਗਿਆਨੁ ਬਿਚਾਰੁ ਮਨਾ ॥	ایَسا گیانُ بِچارُ منا ۔ ॥
ਹਰਿ ਕੀ ਨ ਸਿਮਰਹੁ ਦੁਖ ਭੰਜਨਾ ॥੧॥ ਰਹਾਉ ॥	ہرِ کی ن سِمرہُ دُکھ بھنّجنا ॥1॥ رہاءُ ॥
ਜਬ ਲਗੁ ਸਿੰਘੁ ਰਹੈ ਬਨ ਮਾਹਿ ॥	جب لگُ سِنگھُ رہے بن ماہِ ॥
ਤਬ ਲਗੁ ਬਨੁ ਫੂਲੈ ਹੀ ਨਾਹਿ ॥	تب لگُ بنُ پھوُلے ہی ناہِ ॥
ਜਬ ਹੀ ਸਿਆਰੁ ਸਿੰਘ ਕਉ ਖਾਇ ॥	جب ہی سِیارُ سِنگھ کءُ کھاءِ ॥
ਫੂਲਿ ਰਹੀ ਸਗਲੀ ਬਨਰਾਇ ॥੨॥	پھوُلِ رہی سگلی بنراءِ ॥2॥

ਜੀਤੋ ਬੂਡੈ ਹਾਰੋ ਤਿਰੈ ॥	جیتو بوڈے ہارو ترے ॥
ਗੁਰ ਪਰਸਾਦੀ ਪਾਰਿ ਉਤਰੈ ॥	گُر پرسادی پارِ اُترے ॥
ਦਾਸੁ ਕਬੀਰੁ ਕਹੈ ਸਮਝਾਇ ॥	داسُ کبیرُ کہے سمجھاءِ ॥
ਕੇਵਲ ਰਾਮ ਰਹਹੁ ਲਿਵ ਲਾਇ ॥੩॥੬॥੧੪॥	کیول رام رہہُ لِو لاءِ ॥3॥6॥ 14 ॥
ਸਤਰਿ ਸੈਇ ਸਲਾਰ ਹੈ ਜਾ ਕੇ ॥	سترِ سیَءِ سلار ہے جا کے ॥
ਸਵਾ ਲਾਖੁ ਪੈਕਾਬਰ ਤਾ ਕੇ ॥	سوا لاکھُ پیَکابر تا کے ॥
ਸੇਖ ਜੁ ਕਹੀਅਹਿ ਕੋਟਿ ਅਠਾਸੀ ॥	سیکھ جُ کہیئہِ کوٹِ اٹھاسی ॥
ਛਪਨ ਕੋਟਿ ਜਾ ਕੇ ਖੇਲ ਖਾਸੀ ॥੧॥	چھپن کوٹِ جا کے کھیل کھاسی ॥1॥
ਮੋ ਗਰੀਬ ਕੀ ਕੋ ਗੁਜਰਾਵੈ ॥	مو غریِب کی کو گُجراوے ۔ ॥
ਮਜਲਸਿ ਦੂਰਿ ਮਹਲੁ ਕੋ ਪਾਵੈ ॥੧॥ ਰਹਾਉ ॥	مجلسِ دوُرِ محلُ کو پاوے ॥1॥ رہاءُ ॥
ਤੇਤੀਸ ਕਰੋੜੀ ਹੈ ਖੇਲ ਖਾਨਾ ॥	تیتیِس کروڑی ہے خیل خانا ॥
ਚਉਰਾਸੀ ਲਖ ਫਿਰੈ ਦਿਵਾਨਾਂ ॥	چتُراسی لکھ پھرے دِواناں ॥
ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ ॥	بابا آدم کءُ کچھُ ندرِ دِکھائی ॥
ਉਨਿ ਭੀ ਭਿਸਤਿ ਘਨੇਰੀ ਪਾਈ ॥੨॥	اُنِ بھی بھِستِ گھنیری پائی ॥2॥
ਦਿਲ ਖਲਹਲੁ ਜਾ ਕੈ ਜਰਦ ਰੂ ਬਾਨੀ ॥	دِل کھلہلُ جا کے زرد روُ بانی ॥
ਛੋਡਿ ਕਤੇਬ ਕਰੈ ਸੈਤਾਨੀ ॥	چھوڈِ کتیب کرے شیَطانی ॥
ਦੁਨੀਆ ਦੋਸੁ ਰੋਸੁ ਹੈ ਲੋਈ ॥	دُنیا دوسُ روسُ ہے لوئی ॥
ਅਪਨਾ ਕੀਆ ਪਾਵੈ ਸੋਈ ॥੩॥	اپنا کیِیا پاوے سوئی ॥3॥
ਤੁਮ ਦਾਤੇ ਹਮ ਸਦਾ ਭਿਖਾਰੀ ॥	تُم داتے ہم سدا بھِکھاری ॥
ਦੇਉ ਜਬਾਬੁ ਹੋਇ ਬਜਗਾਰੀ ॥	دیءُ جبابُ ہوءِ بجگاری ॥
ਦਾਸੁ ਕਬੀਰੁ ਤੇਰੀ ਪਨਹ ਸਮਾਨਾਂ ॥	داسُ کبیرُ تیری پنہ سماناں ॥
ਭਿਸਤੁ ਨਜੀਕਿ ਰਾਖੁ ਰਹਮਾਨਾ ॥੪॥੭॥੧੫॥	بھِستُ نجیکِ راکھُ رحمانا ॥4॥7॥ 15 ॥

ਸਭੁ ਕੋਈ ਚਲਨ ਕਹਤ ਹੈ ਊਹਾਂ ॥	سبھُ کوئی چلن کہت ہے اوُہاں ॥
ਨਾ ਜਾਨਉ ਬੈਕੁੰਠੁ ਹੈ ਕਹਾਂ ॥੧॥ ਰਹਾਉ ॥	نا جان ءُ بیکُنٹھُ ہے کہاں ۔ ॥1॥ رہاءُ ॥
ਆਪ ਆਪ ਕਾ ਮਰਮੁ ਨ ਜਾਨਾਂ ॥	آپ آپ کا مرمُ ن جاناں ॥
ਬਾਤਨ ਹੀ ਬੈਕੁੰਠੁ ਬਖਾਨਾਂ ॥੧॥	باتن ہی بیکُنٹھُ بکھاناں ॥1॥
ਜਬ ਲਗੁ ਮਨ ਬੈਕੁੰਠ ਕੀ ਆਸ ॥	جب لگُ من بیکُنٹھ کی آس ॥
ਤਬ ਲਗੁ ਨਾਹੀ ਚਰਨ ਨਿਵਾਸ ॥੨॥	تب لگُ ناہی چرن نِواس ॥2॥
ਖਾਈ ਕੋਟੁ ਨ ਪਰਲ ਪਗਾਰਾ ॥	کھائی کوٹُ ن پرل پگارا ॥
ਨਾ ਜਾਨਉ ਬੈਕੁੰਠ ਦੁਆਰਾ ॥੩॥	نا جان ءُ بیکُنٹھ دُیارا ॥3॥
ਕਹਿ ਕਮੀਰ ਅਬ ਕਹੀਐ ਕਾਹਿ ॥	کہِ کمیِر اب کہیئے کاہِ ۔ ॥
ਸਾਧਸੰਗਤਿ ਬੈਕੁੰਠੈ ਆਹਿ ॥੪॥੮॥੧੬॥	سادھسنگتِ بیکُنٹھے آہِ ॥4॥8॥ 16 ॥
ਕਿਉ ਲੀਜੈ ਗਢੁ ਬੰਕਾ ਭਾਈ ॥	کِءُ لیجے گڈھُ بنکا بھائی ۔ ॥
ਦੋਵਰ ਕੋਟ ਅਰੁ ਤੇਵਰ ਖਾਈ ॥੧॥ ਰਹਾਉ ॥	دوور کوٹ ارُ تیور کھائی ॥1॥ رہاءُ ॥
ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥	پانچ پچیِس موہ مد متسر آڈی پربل مائیا ॥
ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥੧॥	جن غریِب کو زورُ ن پہُچے کہا کرءُ رگھُرائیا ۔ ॥1॥
ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥	کامُ کِواری دُکھُ سُکھُ دروانی پاپُ پُنّنُ دروازا ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਮਹ ਮਨੁ ਮਾਵਾਸੀ ਰਾਜਾ ॥੨॥	کرودھُ پرّدھانُ مہا بڈ دُنّدر مہ منُ ماواسی راجا ॥2॥
ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥	سّواد سناہ ٹوپُ ممتا کو کُبُدھِ کمان چڈھائی ॥
ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ ॥੩॥	تِسنا تیِر رہے گھٹ بھیِترِ اِءُ گڈھُ لیِئو ن جائی ॥3॥

ਪ੍ਰੇਮ ਪਲੀਤਾ ਸੁਰਤਿ ਹਵਾਈ
ਗੋਲਾ ਗਿਆਨੁ ਚਲਾਇਆ ॥

ਬ੍ਰਹਮ ਅਗਨਿ ਸਹਜੇ ਪਰਜਾਲੀ
ਏਕਹਿ ਚੋਟ ਸਿਝਾਇਆ ॥੪॥

ਸਤੁ ਸੰਤੋਖੁ ਲੈ ਲਰਨੇ ਲਾਗਾ
ਤੋਰੇ ਦੁਇ ਦਰਵਾਜਾ ॥

ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ
ਪਕਰਿਓ ਗਢ ਕੋ ਰਾਜਾ ॥੫॥

ਭਗਵਤ ਭੀਰਿ ਸਕਤਿ ਸਿਮਰਨ ਕੀ
ਕਟੀ ਕਾਲ ਭੈ ਫਾਸੀ ॥

ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ
ਰਾਜੁ ਲੀਓ ਅਬਿਨਾਸੀ ॥੬॥੯॥੧੭॥

ਗੰਗ ਗੁਸਾਇਨਿ ਗਹਿਰ ਗੰਭੀਰ ॥

ਜੰਜੀਰ ਬਾਂਧਿ ਕਰਿ ਖਰੇ ਕਬੀਰ ॥੧॥

ਮਨੁ ਨ ਡਿਗੈ
ਤਨੁ ਕਾਹੇ ਕਉ ਡਰਾਇ ॥

ਚਰਨ ਕਮਲ ਚਿਤੁ ਰਹਿਓ ਸਮਾਇ ॥ ਰਹਾਉ ॥

ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥

ਮ੍ਰਿਗਛਾਲਾ ਪਰ ਬੈਠੇ ਕਬੀਰ ॥੨॥

ਕਹਿ ਕੰਬੀਰ ਕੋਊ ਸੰਗ ਨ ਸਾਥ ॥

ਜਲ ਥਲ ਰਾਖਨ ਹੈ ਰਘੁਨਾਥ ॥੩॥੧੦॥੧੮॥

ਭੈਰਉ ਕਬੀਰ ਜੀਉ ਅਸਟਪਦੀ ਘਰੁ ੨

ੴ ਸਤਿਗੁਰ ਪ੍ਰਸਾਦਿ ॥

ਅਗਮ ਦੂਗਮ ਗੜਿ ਰਚਿਓ ਬਾਸ ॥

پریم پلیتا سُرتِ ہوائی
گولا گیانُ چلائیا ॥

برہم اگنِ سہجے پرجالی
ایکہِ چوٹ سِجھائیا ॥4॥

ست سنتوکھُ لے لرنے لاگا
تورے دُءِ دروازا ॥

سادھسنگتِ ارُ گُر کی کرِپا تے
پکرِئو گڈھ کو راجا ॥5॥

بھگوت بھیرِ سکتِ سِمرن کی
کٹی کال بھےَ پھاسی ॥

داسُ کمیرُ چڑِہئو گڑھ اوُپرِ
راجُ لِئو ابِناسی ॥6॥9॥ 17 ॥

گنگ گُسائنِ گہِر گنبھیر ॥

زنجیر باندھِ کرِ کھرے کبیر ॥1॥

منُ ن ڈِگے
تنُ کاہے کءُ ڈراءِ ۔ ॥

چرن کمل چِتُ رہِئو سماءِ ॥ رہاءُ ॥

گنگا کی لہرِ میری ٹُٹی زنجیر ॥

مرِگچھالا پر بیٹھے کبیر ॥2॥

کہِ کنبیر کوئو سنگ ن ساتھ ॥

جل تھل راکھن ہے رگھُناتھ ॥3॥ 10 ॥ 18 ॥

بھیرءُ کبیر جیِءُ اسٹپدی گھرُ 2

ੴ ستِگُر پرسادِ ॥

اگم دُرگم گڑِ رچِئو باس ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پُرب نوں سمرپت|سیوا: بھائی بلجندر سنگھ جی (راڑا صاہب)

ਜਾ ਮਹਿ ਜੋਤਿ ਕਰੇ ਪਰਗਾਸ ॥	جا مہِ جوتِ کرے پرگاس ॥
ਬਿਜੁਲੀ ਚਮਕੈ ਹੋਇ ਅਨੰਦੁ ॥	بِجُلی چمکے ہوءِ انندُ ॥
ਜਿਹ ਪਉੜੇ ਪ੍ਰਭ ਬਾਲ ਗੋਬਿੰਦ ॥੧॥	جِہ پئڑے پربھ بال گوبِند ॥1॥
ਇਹੁ ਜੀਉ ਰਾਮ ਨਾਮ ਲਿਵ ਲਾਗੈ ॥	اِہُ جیِءُ رام نام لِو لاگے ॥
ਜਰਾ ਮਰਨੁ ਛੂਟੈ ਭ੍ਰਮੁ ਭਾਗੈ ॥੧॥ ਰਹਾਉ ॥	جرا مرنُ چھوٹے بھرمُ بھاگے ॥1॥ رہاءُ ॥
ਅਬਰਨ ਬਰਨ ਸਿਉ ਮਨ ਹੀ ਪ੍ਰੀਤਿ ॥	ابرن برن سِءُ من ہی پریتِ ॥
ਹਉਮੈ ਗਾਵਨਿ ਗਾਵਹਿ ਗੀਤ ॥	ہئمے گاونِ گاوہِ گیت ॥
ਅਨਹਦ ਸਬਦ ਹੋਤ ਝੁਨਕਾਰ ॥	انہد سبد ہوت جھُنکار ॥
ਜਿਹ ਪਉੜੇ ਪ੍ਰਭ ਸ੍ਰੀ ਗੋਪਾਲ ॥੨॥	جِہ پئڑے پربھ سری گوپال ॥2॥
ਖੰਡਲ ਮੰਡਲ ਮੰਡਲ ਮੰਡਾ ॥	کھنڈل منڈل منڈل منڈا ॥
ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ ॥	ترِء استھان تینِ ترِء کھنڈا ॥
ਅਗਮ ਅਗੋਚਰੁ ਰਹਿਆ ਅਭ ਅੰਤ ॥	اگم اگوچرُ رہِیا ابھ انت ॥
ਪਾਰੁ ਨ ਪਾਵੈ ਕੋ ਧਰਨੀਧਰ ਮੰਤ ॥੩॥	پارُ ن پاوے کو دھرنیدھر منت ॥3॥
ਕਦਲੀ ਪੁਹਪ ਧੂਪ ਪਰਗਾਸ ॥	کدلی پُہپ دھوُپ پرگاس ॥
ਰਜ ਪੰਕਜ ਮਹਿ ਲੀਓ ਨਿਵਾਸ ॥	رج پنکج مہِ لیئو نِواس ॥
ਦੁਆਦਸ ਦਲ ਅਭ ਅੰਤਰਿ ਮੰਤ ॥	دُیادس دل ابھ انترِ منت ॥
ਜਹ ਪਉੜੇ ਸ੍ਰੀ ਕਮਲਾ ਕੰਤ ॥੪॥	جہ پئڑے سری کملا کنت ॥4॥
ਅਰਧ ਉਰਧ ਮੁਖਿ ਲਾਗੋ ਕਾਸੁ ॥	اردھ اُردھ مُکھِ لاگو کاسُ ॥
ਸੁੰਨ ਮੰਡਲ ਮਹਿ ਕਰਿ ਪਰਗਾਸੁ ॥	سُنّ منڈل مہِ کرِ پرگاسُ ॥
ਊਹਾਂ ਸੂਰਜ ਨਾਹੀ ਚੰਦ ॥	اوُہاں سوُرج ناہی چند ॥
ਆਦਿ ਨਿਰੰਜਨੁ ਕਰੈ ਅਨੰਦ ॥੫॥	آدِ نرِنجنُ کرے انند ॥5॥
ਸੋ ਬ੍ਰਹਮੰਡਿ ਪਿੰਡਿ ਸੋ ਜਾਨੁ ॥	سو برہمنڈِ پنڈِ سو جانُ ॥

ਮਾਨ ਸਰੋਵਰਿ ਕਰਿ ਇਸਨਾਨੁ ॥	مان سروورِ کرِ اِسنانُ ॥
ਸੋਹੰ ਸੋ ਜਾ ਕਉ ਹੈ ਜਾਪ ॥	سوہنّ سو جا کءُ ہےَ جاپ ॥
ਜਾ ਕਉ ਲਿਪਤ ਨ ਹੋਇ ਪੁੰਨ ਅਰੁ ਪਾਪ ॥੬॥	جا کءُ لپت ن ہوءِ پُنّن ارُ پاپ ॥6॥
ਅਬਰਨ ਬਰਨ ਘਾਮ ਨਹੀ ਛਾਮ ॥	ابرن برن گھام نہی چھام ॥
ਅਵਰ ਨ ਪਾਈਐ ਗੁਰ ਕੀ ਸਾਮ ॥	اور ن پائیےَ گُر کی سام ॥
ਟਾਰੀ ਨ ਟਰੈ ਆਵੈ ਨ ਜਾਇ ॥	ٹاری ن ٹرےَ آوےَ ن جاءِ ॥
ਸੁੰਨ ਸਹਜ ਮਹਿ ਰਹਿਓ ਸਮਾਇ ॥੭॥	سُنّن سہج مہِ رہئو سماءِ ॥7॥
ਮਨ ਮਧੇ ਜਾਨੈ ਜੇ ਕੋਇ ॥	من مدھے جانےَ جے کوءِ ॥
ਜੋ ਬੋਲੈ ਸੋ ਆਪੈ ਹੋਇ ॥	جو بولے سو آپے ہوءِ ॥
ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ ॥	جوتِ منّترِ منِ استھِرُ کرےَ ॥
ਕਹਿ ਕਬੀਰ ਸੋ ਪ੍ਰਾਨੀ ਤਰੈ ॥੮॥੧॥	کہِ کبیر سو پّرانی ترےَ ॥8॥1॥
ਕੋਟਿ ਸੂਰ ਜਾ ਕੈ ਪਰਗਾਸ ॥	کوٹِ سوُر جا کے پرگاس ॥
ਕੋਟਿ ਮਹਾਦੇਵ ਅਰੁ ਕਬਿਲਾਸ ॥	کوٹِ مہادیو ارُ کبِلاس ॥
ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥	دُرگا کوٹِ جا کے مردنُ کرےَ ॥
ਬ੍ਰਹਮਾ ਕੋਟਿ ਬੇਦ ਉਚਰੈ ॥੧॥	بّرہما کوٹِ بید اُچرےَ ॥1॥
ਜਉ ਜਾਚਉ ਤਉ ਕੇਵਲ ਰਾਮ ॥	جءُ جاچءُ تءُ کیول رام ॥
ਆਨ ਦੇਵ ਸਿਉ ਨਾਹੀ ਕਾਮ ॥੧॥ ਰਹਾਉ ॥	آن دیو سِءُ ناہی کام ॥1॥ رہاءُ ॥
ਕੋਟਿ ਚੰਦ੍ਰਮੇ ਕਰਹਿ ਚਰਾਕ ॥	کوٹِ چنّدّرمے کرہِ چراک ॥
ਸੁਰ ਤੇਤੀਸਉ ਜੇਵਹਿ ਪਾਕ ॥	سُر تیتیِس ءُ جیوہِ پاک ॥
ਨਵ ਗ੍ਰਹ ਕੋਟਿ ਠਾਢੇ ਦਰਬਾਰ ॥	نو گّرہ کوٹِ ٹھاڈھے دربار ॥
ਧਰਮ ਕੋਟਿ ਜਾ ਕੈ ਪ੍ਰਤਿਹਾਰ ॥੨॥	دھرم کوٹِ جا کے پّرتہار ॥2॥
ਪਵਨ ਕੋਟਿ ਚਉਬਾਰੇ ਫਿਰਹਿ ॥	پون کوٹِ چبُّارے پھرِہِ ॥

ਬਾਸਕ ਕੋਟਿ ਸੇਜ ਬਿਸਥਰਹਿ ॥	باسک کوٹِ سیج بِستھرہِ ॥
ਸਮੁੰਦ ਕੋਟਿ ਜਾ ਕੇ ਪਾਨੀਹਾਰ ॥	سمُنّد کوٹِ جا کے پانیِہار ॥
ਰੋਮਾਵਲਿ ਕੋਟਿ ਅਠਾਰਹ ਭਾਰ ॥੩॥	روماولِ کوٹِ اٹھارہ بھار ॥3॥
ਕੋਟਿ ਕਮੇਰ ਭਰਹਿ ਭੰਡਾਰ ॥	کوٹِ کمیر بھرہِ بھنّڈار ॥
ਕੋਟਿਕ ਲਖਮੀ ਕਰੈ ਸੀਗਾਰ ॥	کوٹِک لکھمی کرے سیِگار ॥
ਕੋਟਿਕ ਪਾਪ ਪੁੰਨ ਬਹੁ ਹਿਰਹਿ ॥	کوٹِک پاپ پُنّن بہُ ہِرہِ ॥
ਇੰਦ੍ਰ ਕੋਟਿ ਜਾ ਕੇ ਸੇਵਾ ਕਰਹਿ ॥੪॥	اِنّدّر کوٹِ جا کے سیوا کرہِ ॥4॥
ਛਪਨ ਕੋਟਿ ਜਾ ਕੈ ਪ੍ਰਤਿਹਾਰ ॥	چھپن کوٹِ جا کے پّرتہار ॥
ਨਗਰੀ ਨਗਰੀ ਖਿਅਤ ਅਪਾਰ ॥	نگری نگری کھِیَت اپار ॥
ਲਟ ਛੂਟੀ ਵਰਤੈ ਬਿਕਰਾਲ ॥	لٹ چھوُٹی ورتے بِکرال ॥
ਕੋਟਿ ਕਲਾ ਖੇਲੈ ਗੋਪਾਲ ॥੫॥	کوٹِ کلا کھیلے گوپال ॥5॥
ਕੋਟਿ ਜਗ ਜਾ ਕੈ ਦਰਬਾਰ ॥	کوٹِ جگ جا کے دربار ॥
ਗੰਧ੍ਰਬ ਕੋਟਿ ਕਰਹਿ ਜੈਕਾਰ ॥	گنّدھّرب کوٹِ کرہِ جیَکار ॥
ਬਿਦਿਆ ਕੋਟਿ ਸਭੈ ਗੁਨ ਕਹੈ ॥	بِدیا کوٹِ سبھے گُن کہے ॥
ਤਉ ਪਾਰਬ੍ਰਹਮ ਕਾ ਅੰਤੁ ਨ ਲਹੈ ॥੬॥	تئو پاربّرہم کا انتُ ن لہے ॥6॥
ਬਾਵਨ ਕੋਟਿ ਜਾ ਕੈ ਰੋਮਾਵਲੀ ॥	باون کوٹِ جا کے روماولی ॥
ਰਾਵਨ ਸੈਨਾ ਜਹ ਤੇ ਛਲੀ ॥	راون سینَا جہ تے چھلی ॥
ਸਹਸ ਕੋਟਿ ਬਹੁ ਕਹਤ ਪੁਰਾਨ ॥	سہس کوٹِ بہُ کہت پُران ॥
ਦੁਰਜੋਧਨ ਕਾ ਮਥਿਆ ਮਾਨੁ ॥੭॥	دُرجودھن کا متھیا مانُ ॥7॥
ਕੰਦ੍ਰਪ ਕੋਟਿ ਜਾ ਕੈ ਲਵੈ ਨ ਧਰਹਿ ॥	کنّدّرپ کوٹِ جا کے لوے ن دھرہِ ॥
ਅੰਤਰ ਅੰਤਰਿ ਮਨਸਾ ਹਰਹਿ ॥	انتر انترِ منسا ہرہِ ॥
ਕਹਿ ਕਬੀਰ ਸੁਨਿ ਸਾਰਿਗਪਾਨ ॥	کہِ کبیِر سُنِ سارِگپان ۔ ॥

ਦੇਹਿ ਅਭੈ ਪਦੁ ਮਾਂਗਉ ਦਾਨ ॥੮॥੨॥੧੮॥੨੦॥	دیہِ ابھے پدُ مانگءُ دان ॥8॥2॥ 18 ॥ 20 ॥
ਭੈਰਉ ਬਾਣੀ ਨਾਮਦੇਉ ਜੀਉ ਕੀ ਘਰੁ ੧	بھیرءُ بانٹی نامدیءُ جیءُ کی گھرُ 1
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਰੇ ਜਿਹਬਾ ਕਰਉ ਸਤ ਖੰਡ ॥	رے جِہبا کرءُ ست کھنڈ ॥
ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥੧॥	جامِ ن اُچرسِ سّری گوبِنّد ॥1॥
ਰੰਗੀ ਲੇ ਜਿਹਬਾ ਹਰਿ ਕੈ ਨਾਇ ॥	رنگی لے جِہبا ہرِ کے ناءِ ॥
ਸੁਰੰਗ ਰੰਗੀਲੇ ਹਰਿ ਹਰਿ ਧਿਆਇ ॥੧॥ ਰਹਾਉ ॥	سُرنگ رنگیلے ہرِ ہرِ دھیاءِ ॥1॥ رہاءُ ॥
ਮਿਥਿਆ ਜਿਹਬਾ ਅਵਰੇਂ ਕਾਮ ॥	مِتھیا جِہبا اوریں کام ॥
ਨਿਰਬਾਣ ਪਦੁ ਇਕੁ ਹਰਿ ਕੋ ਨਾਮੁ ॥੨॥	نِرباٹ پدُ اِکُ ہرِ کو نامُ ॥2॥
ਅਸੰਖ ਕੋਟਿ ਅਨ ਪੂਜਾ ਕਰੀ ॥	اسنکھ کوٹِ ان پوُجا کری ॥
ਏਕ ਨ ਪੂਜਸਿ ਨਾਮੈ ਹਰੀ ॥੩॥	ایک ن پوُجسِ نامے ہری ॥3॥
ਪ੍ਰਣਵੈ ਨਾਮਦੇਉ ਇਹੁ ਕਰਣਾ ॥	پرّنوَے نامدیءُ اِہُ کرٹا ॥
ਅਨੰਤ ਰੂਪ ਤੇਰੇ ਨਾਰਾਇਣਾ ॥੪॥੧॥	اننّت روُپ تیرے نارائنٹا ॥4॥1॥
ਪਰ ਧਨ ਪਰ ਦਾਰਾ ਪਰਹਰੀ ॥	پر دھن پر دارا پرہری ॥
ਤਾ ਕੈ ਨਿਕਟਿ ਬਸੈ ਨਰਹਰੀ ॥੧॥	تا کے نِکٹِ بسے نرہری ॥1॥
ਜੋ ਨ ਭਜੰਤੇ ਨਾਰਾਇਣਾ ॥	جو ن بھجنّتے نارائنٹا ॥
ਤਿਨ ਕਾ ਮੈ ਨ ਕਰਉ ਦਰਸਨਾ ॥੧॥ ਰਹਾਉ ॥	تِن کا مے ن کرءُ درسنا ॥1॥ رہاءُ ॥
ਜਿਨ ਕੈ ਭੀਤਰਿ ਹੈ ਅੰਤਰਾ ॥	جِن کے بھیترِ ہے انترا ॥
ਜੈਸੇ ਪਸੁ ਤੈਸੇ ਓਇ ਨਰਾ ॥੨॥	جیَسے پسُ تیَسے اوءِ نرا ॥2॥
ਪ੍ਰਣਵਤਿ ਨਾਮਦੇਉ ਨਾਕਹਿ ਬਿਨਾ ॥	پرّنوتِ نامدیءُ ناکہِ بِنا ॥
ਨਾ ਸੋਹੈ ਬਤੀਸ ਲਖਨਾ ॥੩॥੨॥	نا سوہے بتیِس لکھنا ॥3॥2॥
ਦੂਧੁ ਕਟੋਰੈ ਗਡਵੈ ਪਾਨੀ ॥	دوُدھُ کٹورے گڈوے پانی ॥

ਕਪਲ ਗਾਇ ਨਾਮੈ ਦੁਹਿ ਆਨੀ ॥੧॥	کپل گاءِ نامے دُہِ آنی ॥1॥
ਦੂਧੁ ਪੀਉ ਗੋਬਿੰਦੇ ਰਾਇ ॥	دوُدھُ پِیءُ گوبِندے راءِ ۔ ॥
ਦੂਧੁ ਪੀਉ ਮੇਰੋ ਮਨੁ ਪਤੀਆਇ ॥	دوُدھُ پِیءُ میرو منُ پتیِیاءِ ॥
ਨਾਹੀ ਤ ਘਰ ਕੋ ਬਾਪੁ ਰਿਸਾਇ ॥੧॥ ਰਹਾਉ ॥	ناہی ت گھر کو باپُ رِساءِ ॥1॥ رہاءُ ॥
ਸੋਇਨ ਕਟੋਰੀ ਅੰਮ੍ਰਿਤ ਭਰੀ ॥	سوئِن کٹوری انمّرِت بھری ॥
ਲੈ ਨਾਮੈ ਹਰਿ ਆਗੈ ਧਰੀ ॥੨॥	لے نامے ہرِ آگے دھری ॥2॥
ਏਕੁ ਭਗਤੁ ਮੇਰੇ ਹਿਰਦੇ ਬਸੈ ॥	ایکُ بھگتُ میرے ہِردے بسے ॥
ਨਾਮੇ ਦੇਖਿ ਨਰਾਇਨੁ ਹਸੈ ॥੩॥	نامے دیکھِ نرائنُ ہسے ॥3॥
ਦੂਧੁ ਪੀਆਇ ਭਗਤੁ ਘਰਿ ਗਇਆ ॥	دوُدھُ پیِیاءِ بھگتُ گھرِ گئیا ॥
ਨਾਮੇ ਹਰਿ ਕਾ ਦਰਸਨੁ ਭਇਆ ॥੪॥੩॥	نامے ہرِ کا درسنُ بھئیا ॥4॥3॥
ਮੈ ਬਉਰੀ ਮੇਰਾ ਰਾਮੁ ਭਤਾਰੁ ॥	مے بئُری میرا رامُ بھتارُ ॥
ਰਚਿ ਰਚਿ ਤਾ ਕਉ ਕਰਉ ਸਿੰਗਾਰੁ ॥੧॥	رچِ رچِ تا ک ءُ کرءُ سِنگارُ ॥1॥
ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ ॥	بھلے نِندءُ بھلے نِندءُ بھلے نِندءُ لوگُ ॥
ਤਨੁ ਮਨੁ ਰਾਮ ਪਿਆਰੇ ਜੋਗੁ ॥੧॥ ਰਹਾਉ ॥	تنُ منُ رام پِیارے جوگُ ॥1॥ رہاءُ ॥
ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ ॥	بادُ بِبادُ کاہوُ سِءُ ن کیجے ॥
ਰਸਨਾ ਰਾਮ ਰਸਾਇਨੁ ਪੀਜੈ ॥੨॥	رسنا رام رسائنُ پیجے ॥2॥
ਅਬ ਜੀਅ ਜਾਨਿ ਐਸੀ ਬਨਿ ਆਈ ॥	اب جیء جانِ ایَسی بنِ آئی ॥
ਮਿਲਉ ਗੁਪਾਲ ਨੀਸਾਨੁ ਬਜਾਈ ॥੩॥	مِلءُ گُپال نِیشانُ بجائی ॥3॥
ਉਸਤਤਿ ਨਿੰਦਾ ਕਰੈ ਨਰੁ ਕੋਈ ॥	اُستتِ نِندا کرے نرُ کوئی ॥
ਨਾਮੇ ਸ੍ਰੀਰੰਗੁ ਭੇਟਲ ਸੋਈ ॥੪॥੪॥	نامے سّریرنگُ بھیٹل سوئی ॥4॥4॥
ਕਬਹੂ ਖੀਰਿ ਖਾਡ ਘੀਉ ਨ ਭਾਵੈ ॥	کبہوُ کھیِرِ کھاڈ گھیِءُ ن بھاوے ॥
ਕਬਹੂ ਘਰ ਘਰ ਟੂਕ ਮਗਾਵੈ ॥	کبہوُ گھر گھر ٹوُک مگاوے ॥

ਕਬਹੂ ਕੂਰਨੁ ਚਨੇ ਬਿਨਾਵੈ ॥੧॥	کبہُو کُورنُ چنے بِناوے ॥1॥
ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ ॥	جِءُ رامُ راکھے تِءُ رہیئے رے بھائی ۔ ॥
ਹਰਿ ਕੀ ਮਹਿਮਾ ਕਿਛੁ ਕਥਨੁ ਨ ਜਾਈ ॥੧॥ ਰਹਾਉ ॥	ہرِ کی مہِما کچھُ کتھنُ ن جائی ॥1॥ رہاءُ ॥
ਕਬਹੂ ਤੁਰੇ ਤੁਰੰਗ ਨਚਾਵੈ ॥	کبہُو تُرے تُرنگ نچاوے ॥
ਕਬਹੂ ਪਾਇ ਪਨਹੀਓ ਨ ਪਾਵੈ ॥੨॥	کبہُو پاءِ پنہیئو ن پاوے ॥2॥
ਕਬਹੂ ਖਾਟ ਸੁਪੇਦੀ ਸੁਵਾਵੈ ॥	کبہُو کھاٹ سُپیدی سُواوے ॥
ਕਬਹੂ ਭੂਮਿ ਪੈਆਰੁ ਨ ਪਾਵੈ ॥੩॥	کبہُو بھوُمِ پیَارُ ن پاوے ॥3॥
ਭਨਤਿ ਨਾਮਦੇਉ ਇਕੁ ਨਾਮੁ ਨਿਸਤਾਰੈ ॥	بھنتِ نامدیءُ اِکُ نامُ نِستارے ॥
ਜਿਹ ਗੁਰੁ ਮਿਲੈ ਤਿਹ ਪਾਰਿ ਉਤਾਰੈ ॥੪॥੫॥	جِہ گُرُ مِلے َ تِہ پارِ اُتارے ॥4॥5॥
ਹਸਤ ਖੇਲਤ ਤੇਰੇ ਦੇਹੁਰੇ ਆਇਆ ॥	ہست کھیلت تیرے دیہُرے آئیا ॥
ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥	بھگتِ کرت ناما پکرِ اُٹھائیا ॥1॥
ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥	ہینڑی زاتِ میری جادِم رائیا ۔ ॥
ਛੀਪੇ ਕੇ ਜਨਮਿ ਕਾਹੇ ਕਉ ਆਇਆ ॥੧॥ ਰਹਾਉ ॥	چھیپے کے جنمِ کاہے کءُ آئیا ۔ ॥1॥ رہاءُ ॥
ਲੈ ਕਮਲੀ ਚਲਿਓ ਪਲਟਾਇ ॥	لے کملی چلِئو پلٹاءِ ॥
ਦੇਹੁਰੈ ਪਾਛੈ ਬੈਠਾ ਜਾਇ ॥੨॥	دیہُرے پاچھے َ بیٹھا جاءِ ॥2॥
ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥	جِءُ جِءُ ناما ہرِ گُنؤ اُچرے ॥
ਭਗਤ ਜਨਾਂ ਕਉ ਦੇਹੁਰਾ ਫਿਰੈ ॥੩॥੬॥	بھگت جناں کءُ دیہُرا پھرے ॥3॥6॥
ਭੈਰਉ ਨਾਮਦੇਉ ਜੀਉ ਘਰੁ ੨	بھیَرءُ نامدیءُ جیِءُ گھرُ 2
ੴ ਸਤਿਗੁਰ ਪ੍ਰਸਾਦਿ ॥	۱ۄ ستِگُر پرّسادِ ॥
ਜੈਸੀ ਭੂਖੇ ਪ੍ਰੀਤਿ ਅਨਾਜ ॥	جیَسی بھوُکھے پرّیتِ اناج ॥

ਤ੍ਰਿਖਾਵੰਤ ਜਲ ਸੇਤੀ ਕਾਜ ॥	تِرکھاونّت جل سیتی کاج ॥
ਜੈਸੀ ਮੂੜ ਕੁਟੰਬ ਪਰਾਇਣ ॥	جیَسی موڑ کُٹنّب پرائِنؔ ॥
ਐਸੀ ਨਾਮੇ ਪ੍ਰੀਤਿ ਨਰਾਇਣ ॥੧॥	ایَسی نامے پّریِتِ نرائِنؔ ॥1॥
ਨਾਮੇ ਪ੍ਰੀਤਿ ਨਾਰਾਇਣ ਲਾਗੀ ॥	نامے پّریِتِ نارائِنؔ لاگی ॥
ਸਹਜ ਸੁਭਾਇ ਭਇਓ ਬੈਰਾਗੀ ॥੧॥ ਰਹਾਉ ॥	سہج سُبھاءِ بھئِئو بیَراگی ॥1॥ رہاءُ ॥
ਜੈਸੀ ਪਰ ਪੁਰਖਾ ਰਤ ਨਾਰੀ ॥	جیَسی پر پُرکھا رت ناری ॥
ਲੋਭੀ ਨਰੁ ਧਨ ਕਾ ਹਿਤਕਾਰੀ ॥	لوبھی نرُ دھن کا ہِتکاری ॥
ਕਾਮੀ ਪੁਰਖ ਕਾਮਨੀ ਪਿਆਰੀ ॥	کامی پُرکھ کامنی پِیاری ॥
ਐਸੀ ਨਾਮੇ ਪ੍ਰੀਤਿ ਮੁਰਾਰੀ ॥੨॥	ایَسی نامے پّریِتِ مُراری ॥2॥
ਸਾਈ ਪ੍ਰੀਤਿ ਜਿ ਆਪੇ ਲਾਏ ॥	سائی پّریِتِ جِ آپے لائے ॥
ਗੁਰ ਪਰਸਾਦੀ ਦੁਬਿਧਾ ਜਾਏ ॥	گُر پرسادی دُبِدھا جائے ॥
ਕਬਹੁ ਨ ਤੂਟਸਿ ਰਹਿਆ ਸਮਾਇ ॥	کبہُ ن توٗٹسِ رہِیا سماءِ ॥
ਨਾਮੇ ਚਿਤੁ ਲਾਇਆ ਸਚਿ ਨਾਇ ॥੩॥	نامے چِتُ لائِیا سچِ ناءِ ॥3॥
ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ ॥	جیَسی پّریِتِ بارِک ارُ ماتا ॥
ਐਸਾ ਹਰਿ ਸੇਤੀ ਮਨੁ ਰਾਤਾ ॥	ایَسا ہرِ سیتی منُ راتا ॥
ਪ੍ਰਣਵੈ ਨਾਮਦੇਉ ਲਾਗੀ ਪ੍ਰੀਤਿ ॥	پّرنْوے نامدیءُ لاگی پّریِتِ ॥
ਗੋਬਿਦੁ ਬਸੈ ਹਮਾਰੈ ਚੀਤਿ ॥੪॥੧॥੭॥	گوبِدُ بسے ہمارے چیِتِ ॥4॥1॥7॥
ਘਰ ਕੀ ਨਾਰਿ ਤਿਆਗੈ ਅੰਧਾ ॥	گھر کی نارِ تیاگے اندھا ॥
ਪਰ ਨਾਰੀ ਸਿਉ ਘਾਲੈ ਧੰਧਾ ॥	پر ناری سِءُ گھالے دھندھا ॥
ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ ॥	جیَسے سِنبّلُ دیکھِ سوُیا بِگسانا ॥
ਅੰਤ ਕੀ ਬਾਰ ਮੂਆ ਲਪਟਾਨਾ ॥੧॥	انّت کی بار موُیا لپٹانا ॥1॥
ਪਾਪੀ ਕਾ ਘਰੁ ਅਗਨੇ ਮਾਹਿ ॥	پاپی کا گھرُ اگنے ماہِ ॥

ਜਲਤ ਰਹੈ ਮਿਟਵੈ ਕਬ ਨਾਹਿ ॥੧॥ ਰਹਾਉ ॥

جلت رہے مِٹوے کب ناہِ ॥1॥ رہاءُ ॥

ਹਰਿ ਕੀ ਭਗਤਿ ਨ ਦੇਖੈ ਜਾਇ ॥

ہرِ کی بھگتِ ن دیکھے جاءِ ॥

ਮਾਰਗੁ ਛੋਡਿ ਅਮਾਰਗਿ ਪਾਇ ॥

مارگُ چھوڈِ امارگِ پاءِ ॥

ਮੂਲਹੁ ਭੂਲਾ ਆਵੈ ਜਾਇ ॥

مُولہُ بھُولا آوے جاءِ ॥

ਅੰਮ੍ਰਿਤੁ ਡਾਰਿ ਲਾਦਿ ਬਿਖੁ ਖਾਇ ॥੨॥

انّمرِتُ ڈارِ لادِ بِکھُ کھاءِ ॥2॥

ਜਿਉ ਬੇਸ੍ਵਾ ਕੇ ਪਰੈ ਅਖਾਰਾ ॥

جِءُ بیسّوا کے پرے اکھارا ॥

ਕਾਪਰੁ ਪਹਿਰਿ ਕਰਹਿ ਸੀਗਾਰਾ ॥

کاپڑُ پہِرِ کرہِ سِینگارا ॥

ਪੂਰੇ ਤਾਲ ਨਿਹਾਲੇ ਸਾਸ ॥

پوُرے تال نِہالے ساس ॥

ਵਾ ਕੇ ਗਲੇ ਜਮ ਕਾ ਹੈ ਫਾਸ ॥੩॥

وا کے گلے جم کا ہے پھاس ॥3॥

ਜਾ ਕੇ ਮਸਤਕਿ ਲਿਖਿਓ ਕਰਮਾ ॥

جا کے مستکِ لِکھِئو کرما ॥

ਸੋ ਭਜਿ ਪਰਿ ਹੈ ਗੁਰ ਕੀ ਸਰਨਾ ॥

سو بھجِ پرِ ہے گُر کی سرنا ॥

ਕਹਤ ਨਾਮਦੇਉ ਇਹੁ ਬੀਚਾਰੁ ॥

کہت نامدیءُ اِہُ بیچارُ ॥

ਇਨ ਬਿਧਿ ਸੰਤਹੁ ਉਤਰਹੁ ਪਾਰਿ ॥੪॥੨॥੮॥

اِن بِدھِ سنّتہ اُترہُ پارِ ॥4॥2॥8॥

ਸੰਡਾ ਮਰਕਾ ਜਾਇ ਪੁਕਾਰੇ ॥

سنّڈا مرکا جاءِ پُکارے ॥

ਪੜੈ ਨਹੀ ਹਮ ਹੀ ਪਚਿ ਹਾਰੇ ॥

پڑے نہی ہم ہی پچِ ہارے ॥

ਰਾਮੁ ਕਹੈ ਕਰ ਤਾਲ ਬਜਾਵੈ
ਚਟੀਆ ਸਭੈ ਬਿਗਾਰੇ ॥੧॥

رامُ کہے کر تال بجاوے
چٹیا سبھے بِگارے ॥1॥

ਰਾਮ ਨਾਮਾ ਜਪਿਬੋ ਕਰੈ ॥

رام نامـا جپِبو کرے ॥

ਹਿਰਦੈ ਹਰਿ ਜੀ ਕੋ ਸਿਮਰਨੁ ਧਰੈ ॥੧॥ ਰਹਾਉ ॥

ہِردے ہرِ جی کو سِمرنُ دھرے ॥1॥ رہاءُ ॥

ਬਸੁਧਾ ਬਸਿ ਕੀਨੀ ਸਭ ਰਾਜੇ
ਬਿਨਤੀ ਕਰੈ ਪਟਰਾਨੀ ॥

بسُدھا بسِ کِینی سبھ راجے
بِنتی کرے پٹرانی ॥

ਪੂਤੁ ਪ੍ਰਹਿਲਾਦੁ ਕਹਿਆ ਨਹੀ ਮਾਨੈ
ਤਿਨਿ ਤਉ ਅਉਰੈ ਠਾਨੀ ॥੨॥

پوُتُ پرّہِلادُ کہِیا نہی مانے
تِنِ تءُ اُرے ٹھانی ॥2॥

ਦੁਸਟ ਸਭਾ ਮਿਲਿ ਮੰਤਰ ਉਪਾਇਆ
ਕਰਸਹ ਅਉਧ ਘਨੇਰੀ ॥

ਗਿਰਿ ਤਰ ਜਲੁ ਜੁਆਲਾ ਭੈ ਰਾਖਿਓ
ਰਾਜਾ ਰਾਮਿ ਮਾਇਆ ਫੇਰੀ ॥੩॥

ਕਾਢਿ ਖੜਗੁ ਕਾਲੁ ਭੈ ਕੋਪਿਓ
ਮੋਹਿ ਬਤਾਉ ਜੁ ਤੁਹਿ ਰਾਖੈ ॥

ਪੀਤ ਪੀਤਾਂਬਰ ਤ੍ਰਿਭਵਣ ਧਣੀ
ਥੰਭ ਮਾਹਿ ਹਰਿ ਭਾਖੈ ॥੪॥

ਹਰਨਾਖਸੁ ਜਿਨਿ ਨਖਹ ਬਿਦਾਰਿਓ
ਸੁਰਿ ਨਰ ਕੀਏ ਸਨਾਥਾ ॥

ਕਹਿ ਨਾਮਦੇਉ ਹਮ ਨਰਹਰਿ ਧਿਆਵਹ
ਰਾਮੁ ਅਭੈ ਪਦ ਦਾਤਾ ॥੫॥੩॥੯॥

ਸੁਲਤਾਨੁ ਪੂਛੈ ਸੁਨੁ ਬੇ ਨਾਮਾ ॥

ਦੇਖਉ ਰਾਮੁ ਤੁਮ੍ਹਾਰੇ ਕਾਮਾ ॥੧॥

ਨਾਮਾ ਸੁਲਤਾਨੇ ਬਾਧਿਲਾ ॥

ਦੇਖਉ ਤੇਰਾ ਹਰਿ ਬੀਠੁਲਾ ॥੧॥ ਰਹਾਉ ॥

ਬਿਸਮਿਲਿ ਗਊ ਦੇਹੁ ਜੀਵਾਇ ॥

ਨਾਤਰੁ ਗਰਦਨਿ ਮਾਰਉ ਠਾਂਇ ॥੨॥

ਬਾਦਿਸਾਹ ਐਸੀ ਕਿਉ ਹੋਇ ॥

ਬਿਸਮਿਲਿ ਕੀਆ ਨ ਜੀਵੈ ਕੋਇ ॥੩॥

ਮੇਰਾ ਕੀਆ ਕਛੂ ਨ ਹੋਇ ॥

ਕਰਿ ਹੈ ਰਾਮੁ ਹੋਇ ਹੈ ਸੋਇ ॥੪॥

ਬਾਦਿਸਾਹੁ ਚੜ੍ਹਿਓ ਅਹੰਕਾਰਿ ॥

ਗਜ ਹਸਤੀ ਦੀਨੋ ਚਮਕਾਰਿ ॥੫॥

دُسٹ سبھا مِلِ منّتر اُپائیا
کرسہ اُدھ گھنیری ॥

گِرِ تر جلُ جُیالا بھےَ راکھِئو
راجا رامِ مائیا پھیری ॥3॥

کاڈھِ کھڑگُ کالُ بھےَ کوپِئو
موہِ بتاءُ جُ تُہِ راکھےَ ॥

پیت پیتانبر ترِبھونْ دھنّی
تھنّبھ ماہِ ہرِ بھاکھےَ ॥4॥

ہرناکھسُ جِنِ نکھہ بِدارِئو
سُرِ نر کیئے سناتھا ॥

کہِ نامدیءُ ہم نرہرِ دھیاوہ
رامُ ابھےَ پد داتا ॥5॥3॥9॥

سُلطانُ پُوچھےَ سُنُ بے نامـ ॥

دیکھءُ رامُ تُمہارے کاما ॥1॥

نامـا سُلطانے بادھِلا ॥

دیکھءُ تیرا ہرِ بیٹھُلا ॥1॥ رہاءُ ॥

بِسمِلِ گئوُ دیہُ جیِواءِ ॥

ناترُ گردنِ مارءُ ٹھانْءِ ॥2॥

بادِشاہ ایَسی کِءُ ہوءِ ـ ॥

بِسمِلِ کِیا ن جیِوے کوءِ ॥3॥

میرا کِیا کچھوُ ن ہوءِ ॥

کرِ ہے رامُ ہوءِ ہے سوءِ ॥4॥

بادِشاہُ چڑِہئو اہنکارِ ॥

گج ہستی دینو چمکارِ ॥5॥

ਰੁਦਨੁ ਕਰੈ ਨਾਮੇ ਕੀ ਮਾਇ ॥	رُدنُ کرے نامے کی ماءِ ॥
ਛੋਡਿ ਰਾਮੁ ਕੀ ਨ ਭਜਹਿ ਖੁਦਾਇ ॥੬॥	چھوڈِ رامُ کی ن بھجہِ خُداءِ ۔ ॥6॥
ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ ॥	ن ہءُ تیرا پوُنگڑا ن توُ میری ماءِ ॥
ਪਿੰਡੁ ਪੜੈ ਤਉ ਹਰਿ ਗੁਨ ਗਾਇ ॥੭॥	پِنڈُ پڑے تءُ ہرِ گُن گاءِ ॥7॥
ਕਰੈ ਗਜਿੰਦੁ ਸੁੰਡ ਕੀ ਚੋਟ ॥	کرے گجِنڈُ سُنڈ کی چوٹ ॥
ਨਾਮਾ ਉਬਰੈ ਹਰਿ ਕੀ ਓਟ ॥੮॥	نامـا اُبرے ہرِ کی اوٹ ॥8॥
ਕਾਜੀ ਮੁਲਾਂ ਕਰਹਿ ਸਲਾਮੁ ॥	قاضی مُلاں کرہِ سلامُ ॥
ਇਨਿ ਹਿੰਦੂ ਮੇਰਾ ਮਲਿਆ ਮਾਨੁ ॥੯॥	اِنِ ہِندوُ میرا ملِیا مانُ ॥9॥
ਬਾਦਿਸਾਹ ਬੇਨਤੀ ਸੁਨੇਹੁ ॥	بادِشاہ بینتی سُنیہُ ॥
ਨਾਮੇ ਸਰ ਭਰਿ ਸੋਨਾ ਲੇਹੁ ॥੧੦॥	نامے سر بھرِ سونا لیہُ ॥ 10 ॥
ਮਾਲੁ ਲੇਉ ਤਉ ਦੋਜਕਿ ਪਰਉ ॥	مالُ لیءُ تءُ دوزکِ پرءُ ॥
ਦੀਨੁ ਛੋਡਿ ਦੁਨੀਆ ਕਉ ਭਰਉ ॥੧੧॥	دِینُ چھوڈِ دُنیا کءُ بھرءُ ॥ 11 ॥
ਪਾਵਹੁ ਬੇੜੀ ਹਾਥਹੁ ਤਾਲ ॥	پاوہُ بیڑی ہاتھہُ تال ॥
ਨਾਮਾ ਗਾਵੈ ਗੁਨ ਗੋਪਾਲ ॥੧੨॥	نامـا گاوے گُن گوپال ॥ 12 ॥
ਗੰਗ ਜਮੁਨ ਜਉ ਉਲਟੀ ਬਹੈ ॥	گنگ جمُن جءُ اُلٹی بہے ॥
ਤਉ ਨਾਮਾ ਹਰਿ ਕਰਤਾ ਰਹੈ ॥੧੩॥	تءُ نامـا ہرِ کرتا رہے ॥ 13 ॥
ਸਾਤ ਘੜੀ ਜਬ ਬੀਤੀ ਸੁਣੀ ॥	سات گھڑی جب بیتی سُنی ॥
ਅਜਹੁ ਨ ਆਇਓ ਤ੍ਰਿਭਵਣ ਧਣੀ ॥੧੪॥	اجہُ ن آئیو ترِبھونْ دھنی ॥ 14 ॥
ਪਾਖੰਤਣ ਬਾਜ ਬਜਾਇਲਾ ॥	پاکھنتنْ باج بجائلا ॥
ਗਰੁੜ ਚੜੇ ਗੋਬਿੰਦ ਆਇਲਾ ॥੧੫॥	گرُڑ چڑہے گوبِند آئلا ॥ 15 ॥
ਅਪਨੇ ਭਗਤ ਪਰਿ ਕੀ ਪ੍ਰਤਿਪਾਲ ॥	اپنے بھگت پرِ کی پرتپال ॥
ਗਰੁੜ ਚੜੇ ਆਏ ਗੋਪਾਲ ॥੧੬॥	گرُڑ چڑہے آئے گوپال ॥ 16 ॥

ਕਹਹਿ ਤ ਧਰਣਿ ਇਕੋਡੀ ਕਰਉ ॥	کہہِ ت دھرنِ اِکوڈی کرءُ ॥
ਕਹਹਿ ਤ ਲੇ ਕਰਿ ਊਪਰਿ ਧਰਉ ॥੧੭॥	کہہِ ت لے کرِ اوُپرِ دھرءُ ॥ 17 ॥
ਕਹਹਿ ਤ ਮੁਈ ਗਊ ਦੇਉ ਜੀਆਇ ॥	کہہِ ت مُئی گئوُ دیءُ جِیِیاءِ ॥
ਸਭੁ ਕੋਈ ਦੇਖੈ ਪਤੀਆਇ ॥੧੮॥	سبھُ کوئی دیکھےَ پتِیاءِ ॥ 18 ॥
ਨਾਮਾ ਪ੍ਰਣਵੈ ਸੇਲ ਮਸੇਲ ॥	نامـا پرنُوے سیل مسیل ॥
ਗਊ ਦੁਹਾਈ ਬਛਰਾ ਮੇਲਿ ॥੧੯॥	گئوُ دُہائی بچھرا میلِ ॥ 19 ॥
ਦੂਧਹਿ ਦੁਹਿ ਜਬ ਮਟੁਕੀ ਭਰੀ ॥	دوُدھہِ دُہِ جب مٹکی بھری ॥
ਲੇ ਬਾਦਿਸਾਹ ਕੇ ਆਗੇ ਧਰੀ ॥੨੦॥	لے بادِشاہ کے آگے دھری ॥ 20 ॥
ਬਾਦਿਸਾਹੁ ਮਹਲ ਮਹਿ ਜਾਇ ॥	بادِشاہُ محل مہِ جاءِ ॥
ਅਉਘਟ ਕੀ ਘਟ ਲਾਗੀ ਆਇ ॥੨੧॥	انگھٹ کی گھٹ لاگی آءِ ॥ 21 ॥
ਕਾਜੀ ਮੁਲਾਂ ਬਿਨਤੀ ਫੁਰਮਾਇ ॥	قاضی مُلاں بِنتی فُرماءِ ॥
ਬਖਸੀ ਹਿੰਦੂ ਮੈ ਤੇਰੀ ਗਾਇ ॥੨੨॥	بخشی ہِندوُ مےَ تیری گاءِ ॥ 22 ॥
ਨਾਮਾ ਕਹੈ ਸੁਨਹੁ ਬਾਦਿਸਾਹ ॥	نامـا کہےَ سُننہُ بادِشاہ ॥
ਇਹੁ ਕਿਛੁ ਪਤੀਆ ਮੁਝੈ ਦਿਖਾਇ ॥੨੩॥	اِہُ کچھُ پتِیا مُجھےَ دِکھاءِ ॥ 23 ॥
ਇਸ ਪਤੀਆ ਕਾ ਇਹੈ ਪਰਵਾਨੁ ॥	اِس پتِیا کا اِہےَ پروانُ ॥
ਸਾਚਿ ਸੀਲਿ ਚਾਲਹੁ ਸੁਲਿਤਾਨ ॥੨੪॥	ساچِ سیلِ چالہُ سُلِطان ۔ ॥ 24 ॥
ਨਾਮਦੇਉ ਸਭ ਰਹਿਆ ਸਮਾਇ ॥	نامدیءُ سبھ رہِیا سماءِ ॥
ਮਿਲਿ ਹਿੰਦੂ ਸਭ ਨਾਮੇ ਪਹਿ ਜਾਹਿ ॥੨੫॥	مِلِ ہِندوُ سبھ نامے پہِ جاہِ ॥ 25 ॥
ਜਉ ਅਬ ਕੀ ਬਾਰ ਨ ਜੀਵੈ ਗਾਇ ॥	جءُ اب کی بار ن جیوے گاءِ ॥
ਤ ਨਾਮਦੇਵ ਕਾ ਪਤੀਆ ਜਾਇ ॥੨੬॥	ت نامدیو کا پتِیا جاءِ ॥ 26 ॥
ਨਾਮੇ ਕੀ ਕੀਰਤਿ ਰਹੀ ਸੰਸਾਰਿ ॥	نامے کی کیرتِ رہی سنسارِ ॥
ਭਗਤ ਜਨਾਂ ਲੇ ਉਧਰਿਆ ਪਾਰਿ ॥੨੭॥	بھگت جناں لے اُدھریا پارِ ॥ 27 ॥

ਸਗਲ ਕਲੇਸ ਨਿੰਦਕ ਭਇਆ ਖੇਦੁ ॥	سگل کلیس نِندک بھئیا کھیدُ ॥
ਨਾਮੇ ਨਾਰਾਇਨ ਨਾਹੀ ਭੇਦੁ ॥੨੮॥੧॥੧੦॥	نامے نارائِن ناہی بھیدُ ॥ 28 ॥ 1 ॥ 10 ॥
ਘਰੁ ੨ ॥	گھرُ 2 ॥
ਜਉ ਗੁਰਦੇਉ ਤ ਮਿਲੈ ਮੁਰਾਰਿ ॥	جءُ گُردیءُ ت مِلےَ مُرارِ ॥
ਜਉ ਗੁਰਦੇਉ ਤ ਉਤਰੈ ਪਾਰਿ ॥	جءُ گُردیءُ ت اُترے پارِ ॥
ਜਉ ਗੁਰਦੇਉ ਤ ਬੈਕੁੰਠ ਤਰੈ ॥	جءُ گُردیءُ ت بیکُنٹھ ترےَ ॥
ਜਉ ਗੁਰਦੇਉ ਤ ਜੀਵਤ ਮਰੈ ॥੧॥	جءُ گُردیءُ ت جیِوت مرےَ ॥ 1 ॥
ਸਤਿ ਸਤਿ ਸਤਿ ਸਤਿ ਸਤਿ ਗੁਰਦੇਵ ॥	ستِ ستِ ستِ ستِ ستِ گُردیو ॥
ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ ॥੧॥ ਰਹਾਉ ॥	جھوُٹھُ جھوُٹھُ جھوُٹھُ جھوُٹھُ آن سبھ سیو ॥ 1 ॥ رہاءُ ॥
ਜਉ ਗੁਰਦੇਉ ਤ ਨਾਮੁ ਦ੍ਰਿੜਾਵੈ ॥	جءُ گُردیءُ ت نامُ دّرِڑاوےَ ॥
ਜਉ ਗੁਰਦੇਉ ਨ ਦਹ ਦਿਸ ਧਾਵੈ ॥	جءُ گُردیءُ ن دہ دِس دھاوےَ ॥
ਜਉ ਗੁਰਦੇਉ ਪੰਚ ਤੇ ਦੂਰਿ ॥	جءُ گُردیءُ پنچ تے دوُرِ ॥
ਜਉ ਗੁਰਦੇਉ ਨ ਮਰਿਬੋ ਝੂਰਿ ॥੨॥	جءُ گُردیءُ ن مرِبو جھوُرِ ॥ 2 ॥
ਜਉ ਗੁਰਦੇਉ ਤ ਅੰਮ੍ਰਿਤ ਬਾਨੀ ॥	جءُ گُردیءُ ت انّمرِت بانی ॥
ਜਉ ਗੁਰਦੇਉ ਤ ਅਕਥ ਕਹਾਨੀ ॥	جءُ گُردیءُ ت اکتھ کہانی ॥
ਜਉ ਗੁਰਦੇਉ ਤ ਅੰਮ੍ਰਿਤ ਦੇਹ ॥	جءُ گُردیءُ ت انّمرِت دیہ ॥
ਜਉ ਗੁਰਦੇਉ ਨਾਮੁ ਜਪਿ ਲੇਹਿ ॥੩॥	جءُ گُردیءُ نامُ جپِ لیہِ ॥ 3 ॥
ਜਉ ਗੁਰਦੇਉ ਭਵਨ ਤ੍ਰੈ ਸੂਝੈ ॥	جءُ گُردیءُ بھون ترّےَ سوُجھےَ ॥
ਜਉ ਗੁਰਦੇਉ ਊਚ ਪਦ ਬੂਝੈ ॥	جءُ گُردیءُ اوُچ پد بوُجھےَ ॥
ਜਉ ਗੁਰਦੇਉ ਤ ਸੀਸੁ ਅਕਾਸਿ ॥	جءُ گُردیءُ ت سیِسُ اکاسِ ॥
ਜਉ ਗੁਰਦੇਉ ਸਦਾ ਸਾਬਾਸਿ ॥੪॥	جءُ گُردیءُ سدا ساباسِ ॥ 4 ॥
ਜਉ ਗੁਰਦੇਉ ਸਦਾ ਬੈਰਾਗੀ ॥	جءُ گُردیءُ سدا بیرَاگی ॥

ਜਉ ਗੁਰਦੇਉ ਪਰ ਨਿੰਦਾ ਤਿਆਗੀ ॥	ج ءُ گُردی ءُ پر نِندا تِیاگی ॥
ਜਉ ਗੁਰਦੇਉ ਬੁਰਾ ਭਲਾ ਏਕ ॥	ج ءُ گُردی ءُ بُرا بھلا ایک ॥
ਜਉ ਗੁਰਦੇਉ ਲਿਲਾਟਹਿ ਲੇਖ ॥੫॥	ج ءُ گُردی ءُ لِلاٹہِ لیکھ ॥5॥
ਜਉ ਗੁਰਦੇਉ ਕੰਧੁ ਨਹੀ ਹਿਰੈ ॥	ج ءُ گُردی ءُ کندھُ نہی ہِرے ॥
ਜਉ ਗੁਰਦੇਉ ਦੇਹੁਰਾ ਫਿਰੈ ॥	ج ءُ گُردی ءُ دیہُرا پھِرے ॥
ਜਉ ਗੁਰਦੇਉ ਤ ਛਾਪਰਿ ਛਾਈ ॥	ج ءُ گُردی ءُ ت چھاپر چھائی ॥
ਜਉ ਗੁਰਦੇਉ ਸਿਹਜ ਨਿਕਸਾਈ ॥੬॥	ج ءُ گُردی ءُ سِہج نِکسائی ॥6॥
ਜਉ ਗੁਰਦੇਉ ਤ ਅਠਸਠਿ ਨਾਇਆ ॥	ج ءُ گُردی ءُ ت اٹھسٹھِ نائیا ॥
ਜਉ ਗੁਰਦੇਉ ਤਨਿ ਚਕ੍ਰ ਲਗਾਇਆ ॥	ج ءُ گُردی ءُ تنِ چکّر لگائیا ॥
ਜਉ ਗੁਰਦੇਉ ਤ ਦੁਆਦਸ ਸੇਵਾ ॥	ج ءُ گُردی ءُ ت دُیادس سیوا ॥
ਜਉ ਗੁਰਦੇਉ ਸਭੈ ਬਿਖੁ ਮੇਵਾ ॥੭॥	ج ءُ گُردی ءُ سبھے بِکھُ میوا ॥7॥
ਜਉ ਗੁਰਦੇਉ ਤ ਸੰਸਾ ਟੂਟੈ ॥	ج ءُ گُردی ءُ ت سنّسا ٹُوٹے ॥
ਜਉ ਗੁਰਦੇਉ ਤ ਜਮ ਤੇ ਛੂਟੈ ॥	ج ءُ گُردی ءُ ت جم تے چھُوٹے ॥
ਜਉ ਗੁਰਦੇਉ ਤ ਭਉਜਲ ਤਰੈ ॥	ج ءُ گُردی ءُ ت بھجُل ترے ॥
ਜਉ ਗੁਰਦੇਉ ਤ ਜਨਮਿ ਨ ਮਰੈ ॥੮॥	ج ءُ گُردی ءُ ت جنمِ ن مرے ॥8॥
ਜਉ ਗੁਰਦੇਉ ਅਠਦਸ ਬਿਉਹਾਰ ॥	ج ءُ گُردی ءُ اٹھدس بِیُہار ॥
ਜਉ ਗੁਰਦੇਉ ਅਠਾਰਹ ਭਾਰ ॥	ج ءُ گُردی ءُ اٹھارہ بھار ॥
ਬਿਨੁ ਗੁਰਦੇਉ ਅਵਰ ਨਹੀ ਜਾਈ ॥	بِنُ گُردی ءُ اور نہی جائی ॥
ਨਾਮਦੇਉ ਗੁਰ ਕੀ ਸਰਣਾਈ ॥੯॥੧॥੨॥੧੧॥	نامدی ءُ گُر کی سرٹائی ॥9॥1॥2॥ 11 ॥
ਭੈਰਉ ਬਾਣੀ ਰਵਿਦਾਸ ਜੀਉ ਕੀ ਘਰੁ ੨	بھیَرءُ بانٹی روِداس جیِءُ کی گھرُ 2
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਬਿਨੁ ਦੇਖੇ ਉਪਜੈ ਨਹੀ ਆਸਾ ॥	بِنُ دیکھے اُپجے نہی آسا ॥

ਜੋ ਦੀਸੈ ਸੋ ਹੋਇ ਬਿਨਾਸਾ ॥	جو دیسے سو ہوءِ بِناسا ॥
ਬਰਨ ਸਹਿਤ ਜੋ ਜਾਪੈ ਨਾਮੁ ॥	برن سہِت جو جاپے نامُ ॥
ਸੋ ਜੋਗੀ ਕੇਵਲ ਨਿਹਕਾਮੁ ॥੧॥	سو جوگی کیول نِہکامُ ॥1॥
ਪਰਚੈ ਰਾਮ ਰਵੈ ਜਉ ਕੋਈ ॥	پرچے رام روے ج ءُ کوئی ॥
ਪਾਰਸੁ ਪਰਸੈ ਦੁਬਿਧਾ ਨ ਹੋਈ ॥੧॥ ਰਹਾਉ ॥	پارسُ پرسے دُبِدھا ن ہوئی ॥1॥ رہاءُ ॥
ਸੋ ਮੁਨਿ ਮਨ ਕੀ ਦੁਬਿਧਾ ਖਾਇ ॥	سو مُنِ من کی دُبِدھا کھاءِ ॥
ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥	بِنُ دُیارے ترّے لوک سماءِ ॥
ਮਨ ਕਾ ਸੁਭਾਉ ਸਭੁ ਕੋਈ ਕਰੈ ॥	من کا سُبھاءُ سبھُ کوئی کرے ॥
ਕਰਤਾ ਹੋਇ ਸੁ ਅਨਭੈ ਰਹੈ ॥੨॥	کرتا ہوءِ سُ انبھے رہے ॥2॥
ਫਲ ਕਾਰਨ ਫੂਲੀ ਬਨਰਾਇ ॥	پھل کارن پھولی بنراءِ ॥
ਫਲੁ ਲਾਗਾ ਤਬ ਫੂਲੁ ਬਿਲਾਇ ॥	پھلُ لاگا تب پھولُ بِلاءِ ॥
ਗਿਆਨੈ ਕਾਰਨ ਕਰਮ ਅਭਿਆਸੁ ॥	گِیانے کارن کرم ابھیاسُ ॥
ਗਿਆਨੁ ਭਇਆ ਤਹ ਕਰਮਹ ਨਾਸੁ ॥੩॥	گِیانُ بھئیا تہ کرمہ ناسُ ॥3॥
ਘ੍ਰਿਤ ਕਾਰਨ ਦਧਿ ਮਥੈ ਸਇਆਨ ॥	گھرِت کارن ددھِ متھے سئیان ॥
ਜੀਵਤ ਮੁਕਤ ਸਦਾ ਨਿਰਬਾਨ ॥	جیوت مُکت سدا نِربان ॥
ਕਹਿ ਰਵਿਦਾਸ ਪਰਮ ਬੈਰਾਗ ॥	کہِ روِداس پرم بیَراگ ॥
ਰਿਦੈ ਰਾਮੁ ਕੀ ਨ ਜਪਸਿ ਅਭਾਗ ॥੪॥੧॥	رِدے رامُ کی ن جپس ابھاگ ۔ ॥4॥1॥
ਨਾਮਦੇਵ ॥	نامدیو ॥
ਆਉ ਕਲੰਦਰ ਕੇਸਵਾ ॥	آءُ کلنّدر کیسوا ۔ ॥
ਕਰਿ ਅਬਦਾਲੀ ਭੇਸਵਾ ॥ ਰਹਾਉ ॥	کرِ ابدالی بھیسوا ॥ رہاءُ ॥
ਜਿਨਿ ਆਕਾਸ ਕੁਲਹ ਸਿਰਿ ਕੀਨੀ ਕਉਸੈ ਸਪਤ ਪਯਾਲਾ ॥	جِنِ آکاس کُلہ سِرِ کِینی کئسے سپت پیالا ॥
ਚਮਰ ਪੋਸ ਕਾ ਮੰਦਰੁ ਤੇਰਾ	چمر پوس کا منّدرُ تیرا

ਇਹ ਬਿਧਿ ਬਨੇ ਗੁਪਾਲਾ ॥੧॥

اِہ بِدھِ بنے گُپالا ॥1॥

ਛਪਨ ਕੋਟਿ ਕਾ ਪੇਹਨੁ ਤੇਰਾ
ਸੋਲਹ ਸਹਸ ਇਜਾਰਾ ॥

چھپن کوٹِ کا پیہنُ تیرا
سولہ سہس ہزارا ॥

ਭਾਰ ਅਠਾਰਹ ਮੁਦਗਰੁ ਤੇਰਾ
ਸਹਨਕ ਸਭ ਸੰਸਾਰਾ ॥੨॥

بھار اٹھارہ مُدگرُ تیرا
صہنک سبھ سنّسارا ॥2॥

ਦੇਹੀ ਮਹਜਿਦਿ ਮਨੁ ਮਉਲਾਨਾ
ਸਹਜ ਨਿਵਾਜ ਗੁਜਾਰੈ ॥

دیہی مہجِدِ منُ مئُلانا
سہج نِواز گُزارے ॥

ਬੀਬੀ ਕਉਲਾ ਸਉ ਕਾਇਨੁ ਤੇਰਾ
ਨਿਰੰਕਾਰ ਆਕਾਰੈ ॥੩॥

بیبی کئُلا س ءُ قائِنُ تیرا
نِرنّکار آکارے ॥3॥

ਭਗਤਿ ਕਰਤ ਮੇਰੇ ਤਾਲ ਛਿਨਾਏ
ਕਿਹ ਪਹਿ ਕਰਉ ਪੁਕਾਰਾ ॥

بھگتِ کرت میرے تال چھِنائے
کِہ پہِ کرءُ پُکارا ॥

ਨਾਮੇ ਕਾ ਸੁਆਮੀ ਅੰਤਰਜਾਮੀ
ਫਿਰੇ ਸਗਲ ਬੇਦੇਸਵਾ ॥੪॥੧॥

نامے کا سُیامی انترجامی
پھِرے سگل بیدیسوا ॥4॥1॥

ਰਾਗੁ ਬਸੰਤੁ ਮਹਲਾ ੧ ਘਰੁ ੧ ਚਉਪਦੇ ਦੁਤੁਕੇ

راگُ بسنّتُ محلا 1 گھرُ 1 چئُپدے دُتُکے

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ
ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ੴ ستِنامُ کرتا پُرکھُ نِربھءُ نِرویرُ اکال مورتِ اجوُنی سیَبھنّ گُرپرّسادِ ॥

ਮਾਹਾ ਮਾਹ ਮੁਮਾਰਖੀ
ਚੜਿਆ ਸਦਾ ਬਸੰਤੁ ॥

ماہا ماہ مُمارکھی
چڑِیا سدا بسنّتُ ॥

ਪਰਫੜੁ ਚਿਤ ਸਮਾਲਿ ਸੋਇ
ਸਦਾ ਸਦਾ ਗੋਬਿੰਦੁ ॥੧॥

پرپھڑُ چِت سمالِ سوءِ
سدا سدا گوبِندُ ॥1॥

ਭੋਲਿਆ ਹਉਮੈ ਸੁਰਤਿ ਵਿਸਾਰਿ ॥

بھولیا ہئُمے سُرتِ وِسارِ ॥

ਹਉਮੈ ਮਾਰਿ ਬੀਚਾਰਿ ਮਨ
ਗੁਣ ਵਿਚਿ ਗੁਣੁ ਲੈ ਸਾਰਿ ॥੧॥ ਰਹਾਉ ॥

ہئُمے مارِ بیچارِ من
گُنُ وِچِ گُنُ لے سارِ ॥1॥ رہاءُ ॥

ਕਰਮ ਪੇਡੁ ਸਾਖਾ ਹਰੀ
ਧਰਮੁ ਫੁਲੁ ਫਲੁ ਗਿਆਨੁ ॥

کرم پیڈُ ساکھا ہری
دھرمُ پھُلُ پھلُ گیانُ ॥

ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥੨॥	پت پراپتِ چھاو گھنّی چوُکا من ابھمانُ ॥2॥
ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ ॥	اکھی قُدرتِ کنّنی باٹی مُکھِ آکھنُ سچُ نامُ ॥
ਪਤਿ ਕਾ ਧਨੁ ਪੂਰਾ ਹੋਆ ਲਾਗਾ ਸਹਜਿ ਧਿਆਨੁ ॥੩॥	پتِ کا دھنُ پوُرا ہویا لاگا سہجِ دھیانُ ॥3॥
ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ ॥	ماہا رُتی آوٹا ویکھہُ کرم کماءِ ॥
ਨਾਨਕ ਹਰੇ ਨ ਸੂਕਹੀ ਜਿ ਗੁਰਮੁਖਿ ਰਹੇ ਸਮਾਇ ॥੪॥੧॥	نانک ہرے ن سوُکہی جِ گُرمُکھِ رہے سماءِ ॥4॥1॥
ਮਹਲਾ ੧ ਬਸੰਤੁ ॥	محلا 1 بسنّتُ ॥
ਰੁਤਿ ਆਈਲੇ ਸਰਸ ਬਸੰਤ ਮਾਹਿ ॥	رُتِ آئیلے سرس بسنّت ماہِ ॥
ਰੰਗਿ ਰਾਤੇ ਰਵਹਿ ਸਿ ਤੇਰੈ ਚਾਇ ॥	رنگِ راتے روہِ سِ تیرے چاءِ ॥
ਕਿਸੁ ਪੂਜ ਚੜਾਵਉ ਲਗਉ ਪਾਇ ॥੧॥	کِسُ پوُج چڑاوءُ لگءُ پاءِ ॥1॥
ਤੇਰਾ ਦਾਸਨਿ ਦਾਸਾ ਕਹਉ ਰਾਇ ॥	تیرا داسنِ داسا کہءُ راءِ ॥
ਜਗਜੀਵਨ ਜੁਗਤਿ ਨ ਮਿਲੈ ਕਾਇ ॥੧॥ ਰਹਾਉ ॥	جگجیون جُگتِ ن مِلےَ کاءِ ॥1॥ رہاءُ ॥
ਤੇਰੀ ਮੂਰਤਿ ਏਕਾ ਬਹੁਤੁ ਰੂਪ ॥	تیری موُرتِ ایکا بہُتُ روُپ ॥
ਕਿਸੁ ਪੂਜ ਚੜਾਵਉ ਦੇਉ ਧੂਪ ॥	کِسُ پوُج چڑاوءُ دیءُ دھوُپ ॥
ਤੇਰਾ ਅੰਤੁ ਨ ਪਾਇਆ ਕਹਾ ਪਾਇ ॥	تیرا انّتُ ن پائیا کہا پاءِ ۔ ॥
ਤੇਰਾ ਦਾਸਨਿ ਦਾਸਾ ਕਹਉ ਰਾਇ ॥੨॥	تیرا داسنِ داسا کہءُ راءِ ۔ ॥2॥
ਤੇਰੇ ਸਠਿ ਸੰਬਤ ਸਭਿ ਤੀਰਥਾ ॥	تیرے سٹھِ سنّبت سبھِ تیرتھا ॥
ਤੇਰਾ ਸਚੁ ਨਾਮੁ ਪਰਮੇਸਰਾ ॥	تیرا سچُ نامُ پرمیسرا ۔ ॥
ਤੇਰੀ ਗਤਿ ਅਵਿਗਤਿ ਨਹੀ ਜਾਣੀਐ ॥	تیری گتِ اوِگتِ نہی جانٹیئے ॥

ਅਣਜਾਣਤ ਨਾਮੁ ਵਖਾਣੀਐ ॥੩॥	انجانت نامُ وکھانئیے ॥3॥
ਨਾਨਕੁ ਵੇਚਾਰਾ ਕਿਆ ਕਹੈ ॥	نانکُ ویچارا کِیا کہے۔ ॥
ਸਭੁ ਲੋਕੁ ਸਲਾਹੇ ਏਕਸੈ ॥	سبھُ لوکُ سلاہے ایکسے ॥
ਸਿਰੁ ਨਾਨਕ ਲੋਕਾ ਪਾਵ ਹੈ ॥	سِرُ نانک لوکا پاو ہے ॥
ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥੪॥੨॥	بلِہاری جاءُ جیتے تیرے ناو ہے ॥4॥2॥
ਬਸੰਤੁ ਮਹਲਾ ੧ ॥	بسنتُ محلا 1 ॥
ਸੁਇਨੇ ਕਾ ਚਉਕਾ ਕੰਚਨ ਕੁਆਰ ॥	سُئنے کا چئکا کنچن کُیار ॥
ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥	رُپے کِیا کارا بہُتُ بِستھارُ ॥
ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥	گنگا کا اُدکُ کرنتے کی آگِ ॥
ਗਰੁੜਾ ਖਾਣਾ ਦੁਧ ਸਿਉ ਗਾਡਿ ॥੧॥	گرُڑا کھاٹا دُدھ سِءُ گاڈِ ॥1॥
ਰੇ ਮਨ ਲੇਖੈ ਕਬਹੂ ਨ ਪਾਇ ॥	رے من لیکھے کبہوُ ن پاءِ ॥
ਜਾਮਿ ਨ ਭੀਜੈ ਸਾਚ ਨਾਇ ॥੧॥ ਰਹਾਉ ॥	جامِ ن بھیجے ساچ ناءِ ॥1॥ رہاءُ ॥
ਦਸ ਅਠ ਲੀਖੇ ਹੋਵਹਿ ਪਾਸਿ ॥	دس اٹھ لیکھے ہووہِ پاسِ ॥
ਚਾਰੇ ਬੇਦ ਮੁਖਾਗਰ ਪਾਠਿ ॥	چارے بید مُکھاگر پاٹھِ ॥
ਪੁਰਬੀ ਨਾਵੈ ਵਰਨਾਂ ਕੀ ਦਾਤਿ ॥	پُربی ناوے ورناں کی داتِ ॥
ਵਰਤ ਨੇਮ ਕਰੇ ਦਿਨ ਰਾਤਿ ॥੨॥	ورت نیم کرے دِن راتِ ॥2॥
ਕਾਜੀ ਮੁਲਾਂ ਹੋਵਹਿ ਸੇਖ ॥	قاضی مُلاں ہووہِ سیکھ ॥
ਜੋਗੀ ਜੰਗਮ ਭਗਵੇ ਭੇਖ ॥	جوگی جنگم بھگوے بھیکھ ॥
ਕੋ ਗਿਰਹੀ ਕਰਮਾ ਕੀ ਸੰਧਿ ॥	کو گِرہی کرما کی سندھِ ॥
ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥	بِنُ بوُجھے سبھ کھڑیئس بندھِ ॥3॥
ਜੇਤੇ ਜੀਅ ਲਿਖੀ ਸਿਰਿ ਕਾਰ ॥	جیتے جیء لِکھی سِرِ کار ॥
ਕਰਣੀ ਉਪਰਿ ਹੋਵਗਿ ਸਾਰ ॥	کرنٹی اُپرِ ہووگِ سار ॥

ਹੁਕਮੁ ਕਰਹਿ ਮੂਰਖ ਗਾਵਾਰ ॥	حُکمُ کرہِ مورکھ گاوار ॥
ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥	نانک ساچے کے صِفتِ بھنڈار ॥4॥3॥
ਬਸੰਤੁ ਮਹਲਾ ੩ ਤੀਜਾ ॥	بسنتُ محلا 3 تیجا ॥
ਬਸਤ੍ਰ ਉਤਾਰਿ ਦਿਗੰਬਰੁ ਹੋਗੁ ॥	بستّر اُتارِ دِگنبرُ ہوگُ ॥
ਜਟਾਧਾਰਿ ਕਿਆ ਕਮਾਵੈ ਜੋਗੁ ॥	جٹادھارِ کیا کماوے جوگُ ۔ ॥
ਮਨੁ ਨਿਰਮਲੁ ਨਹੀ ਦਸਵੈ ਦੁਆਰ ॥	منُ نِرملُ نہی دسوے دُیار ॥
ਭ੍ਰਮਿ ਭ੍ਰਮਿ ਆਵੈ ਮੂੜਾ ਵਾਰੋ ਵਾਰ ॥੧॥	بھّرمِ بھّرمِ آوے موڑّہا وارو وار ॥1॥
ਏਕੁ ਧਿਆਵਹੁ ਮੂੜ੍ ਮਨਾ ॥	ایکُ دھیاوہُ موڑّہ منا ۔ ॥
ਪਾਰਿ ਉਤਰਿ ਜਾਹਿ ਇਕ ਖਿਨਾਂ ॥੧॥ ਰਹਾਉ ॥	پارِ اُترِ جاہِ اِک کھِناں ॥1॥ رہاءُ ॥
ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ ॥	سِمرّتِ ساستّر کرہِ وکھیانٌ ॥
ਨਾਦੀ ਬੇਦੀ ਪੜ੍ਹਹਿ ਪੁਰਾਣ ॥	نادی بیدی پڑّہہِ پُرانٌ ॥
ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ ॥	پاکھنڈ دّرِستِ منِ کپٹُ کماہِ ॥
ਤਿਨ ਕੈ ਰਮਈਆ ਨੇੜਿ ਨਾਹਿ ॥੨॥	تِن کے رمئیا نیڑِ ناہِ ॥2॥
ਜੇ ਕੋ ਐਸਾ ਸੰਜਮੀ ਹੋਇ ॥	جے کو ایَسا سنجمی ہوءِ ॥
ਕ੍ਰਿਆ ਵਿਸੇਖ ਪੂਜਾ ਕਰੇਇ ॥	کّریا وِسیکھ پوُجا کرے ءِ ॥
ਅੰਤਰਿ ਲੋਭੁ ਮਨੁ ਬਿਖਿਆ ਮਾਹਿ ॥	انّترِ لوبھُ منُ بِکھیا ماہِ ॥
ਓਇ ਨਿਰੰਜਨੁ ਕੈਸੇ ਪਾਹਿ ॥੩॥	اوءِ نِرنّجنُ کیَسے پاہِ ۔ ॥3॥
ਕੀਤਾ ਹੋਆ ਕਰੇ ਕਿਆ ਹੋਇ ॥	کِیتا ہویا کرے کِیا ہوءِ ۔ ॥
ਜਿਸ ਨੋ ਆਪਿ ਚਲਾਏ ਸੋਇ ॥	جِس نو آپِ چلائے سوءِ ॥
ਨਦਰਿ ਕਰੇ ਤਾਂ ਭਰਮੁ ਚੁਕਾਏ ॥	ندرِ کرے تاں بھرمُ چُکائے ॥
ਹੁਕਮੈ ਬੂਝੈ ਤਾਂ ਸਾਚਾ ਪਾਏ ॥੪॥	حُکمے بوُجھے تاں ساچا پائے ॥4॥
ਜਿਸੁ ਜੀਉ ਅੰਤਰੁ ਮੈਲਾ ਹੋਇ ॥	جِسُ جیِءُ انّترُ میَلا ہوءِ ॥

ਤੀਰਥ ਭਵੈ ਦਿਸੰਤਰ ਲੋਇ ॥	تیرتھ بھوے دِسنّتر لوءِ ॥
ਨਾਨਕ ਮਿਲੀਐ ਸਤਿਗੁਰ ਸੰਗ ॥	نانک مِلیئے ستِگُر سنگ ॥
ਤਉ ਭਵਜਲ ਕੇ ਤੂਟਸਿ ਬੰਧ ॥੫॥੪॥	ت ءُ بھوجل کے توٹسِ بندھ ॥4॥5॥
ਬਸੰਤੁ ਮਹਲਾ ੧ ॥	بسنّتُ محلا 1 ॥
ਸਗਲ ਭਵਨ ਤੇਰੀ ਮਾਇਆ ਮੋਹ ॥	سگل بھون تیری مائیا موہ ॥
ਮੈ ਅਵਰੁ ਨ ਦੀਸੈ ਸਰਬ ਤੋਹ ॥	مے اورُ ن دیسے سرب توہ ॥
ਤੂ ਸੁਰਿ ਨਾਥਾ ਦੇਵਾ ਦੇਵ ॥	توُ سُرِ ناتھا دیوا دیو ॥
ਹਰਿ ਨਾਮੁ ਮਿਲੈ ਗੁਰ ਚਰਨ ਸੇਵ ॥੧॥	ہرِ نامُ مِلے گُر چرن سیو ॥1॥
ਮੇਰੇ ਸੁੰਦਰ ਗਹਿਰ ਗੰਭੀਰ ਲਾਲ ॥	میرے سُنّدر گہر گنبھیر لال ۔ ॥
ਗੁਰਮੁਖਿ ਰਾਮ ਨਾਮ ਗੁਨ ਗਾਏ ਤੂ ਅਪਰੰਪਰੁ ਸਰਬ ਪਾਲ ॥੧॥ ਰਹਾਉ ॥	گُرمُکھِ رام نام گُن گائے توُ اپرنپّرُ سرب پال ॥1॥ رہاءُ ॥
ਬਿਨੁ ਸਾਧ ਨ ਪਾਈਐ ਹਰਿ ਕਾ ਸੰਗੁ ॥	بِنُ سادھ ن پائیئے ہرِ کا سنگُ ॥
ਬਿਨੁ ਗੁਰ ਮੈਲ ਮਲੀਨ ਅੰਗੁ ॥	بِنُ گُر میَل ملِین انگُ ॥
ਬਿਨੁ ਹਰਿ ਨਾਮ ਨ ਸੁਧੁ ਹੋਇ ॥	بِنُ ہرِ نام ن سُدھُ ہوءِ ॥
ਗੁਰ ਸਬਦਿ ਸਲਾਹੇ ਸਾਚੁ ਸੋਇ ॥੨॥	گُر سبدِ سلاہے ساچُ سوءِ ॥2॥
ਜਾ ਕਉ ਤੂ ਰਾਖਹਿ ਰਖਨਹਾਰ ॥	جا ک ءُ توُ راکھِ رکھنہار ۔ ॥
ਸਤਿਗੁਰੂ ਮਿਲਾਵਹਿ ਕਰਹਿ ਸਾਰ ॥	ستِگُروُ مِلاوہِ کرہِ سار ॥
ਬਿਖੁ ਹਉਮੈ ਮਮਤਾ ਪਰਹਰਾਇ ॥	بِکھُ ہئُمے ممتا پرہراءِ ॥
ਸਭਿ ਦੂਖ ਬਿਨਾਸੇ ਰਾਮ ਰਾਇ ॥੩॥	سبھِ دوُکھ بِناسے رام راءِ ۔ ॥3॥
ਊਤਮ ਗਤਿ ਮਿਤਿ ਹਰਿ ਗੁਨ ਸਰੀਰ ॥	اوُتم گتِ مِتِ ہرِ گُن سریر ॥
ਗੁਰਮਤਿ ਪ੍ਰਗਟੇ ਰਾਮ ਨਾਮ ਹੀਰ ॥	گُرمتِ پرّگٹے رام نام ہیر ॥
ਲਿਵ ਲਾਗੀ ਨਾਮਿ ਤਜਿ ਦੂਜਾ ਭਾਉ ॥	لِو لاگی نامِ تجِ دوُجا بھاءُ ॥

ਜਨ ਨਾਨਕ ਹਰਿ ਗੁਰੁ ਗੁਰ ਮਿਲਾਉ ॥੪॥੫॥	جن نانک ہرِ گُرُ گُر مِلاءُ ॥4॥5॥
ਬਸੰਤੁ ਮਹਲਾ ੧ ॥	بسنّتُ محلا 1 ॥
ਮੇਰੀ ਸਖੀ ਸਹੇਲੀ ਸੁਨਹੁ ਭਾਇ ॥	میری سکھی سہیلی سُننہُ بھاءِ ॥
ਮੇਰਾ ਪਿਰੁ ਰੀਸਾਲੂ ਸੰਗਿ ਸਾਇ ॥	میرا پِرُ ریسالوُ سنگِ ساءِ ॥
ਓਹੁ ਅਲਖੁ ਨ ਲਖੀਐ ਕਹਹੁ ਕਾਇ ॥	اوہُ الکھُ ن لکھیئے کہہُ کاءِ ۔ ॥
ਗੁਰਿ ਸੰਗਿ ਦਿਖਾਇਓ ਰਾਮ ਰਾਇ ॥੧॥	گُرِ سنگِ دِکھائیو رام راءِ ॥1॥
ਮਿਲੁ ਸਖੀ ਸਹੇਲੀ ਹਰਿ ਗੁਨ ਬਨੇ ॥	مِلُ سکھی سہیلی ہرِ گُن بنے ॥
ਹਰਿ ਪ੍ਰਭ ਸੰਗਿ ਖੇਲਹਿ ਵਰ ਕਾਮਨਿ ਗੁਰਮੁਖਿ ਖੋਜਤ ਮਨ ਮਨੇ ॥੧॥ ਰਹਾਉ ॥	ہرِ پربھ سنگِ کھیلہِ ور کامنِ گُرمُکھِ کھوجت من منے ॥1॥ رہاءُ ॥
ਮਨਮੁਖੀ ਦੁਹਾਗਣਿ ਨਾਹਿ ਭੇਉ ॥	منمکھی دُہاگنِ ناہِ بھیءُ ॥
ਓਹੁ ਘਟਿ ਘਟਿ ਰਾਵੈ ਸਰਬ ਪ੍ਰੇਉ ॥	اوہُ گھٹِ گھٹِ راوے سرب پریءُ ॥
ਗੁਰਮੁਖਿ ਥਿਰੁ ਚੀਨੈ ਸੰਗਿ ਦੇਉ ॥	گُرمُکھِ تھِرُ چینے سنگِ دیءُ ॥
ਗੁਰਿ ਨਾਮੁ ਦ੍ਰਿੜਾਇਆ ਜਪੁ ਜਪੇਉ ॥੨॥	گُرِ نامُ دڑِڑایا جپُ جپیءُ ॥2॥
ਬਿਨੁ ਗੁਰ ਭਗਤਿ ਨ ਭਾਉ ਹੋਇ ॥	بِنُ گُر بھگتِ ن بھاءُ ہوءِ ॥
ਬਿਨੁ ਗੁਰ ਸੰਤ ਨ ਸੰਗੁ ਦੇਇ ॥	بِنُ گُر سنّت ن سنگُ دےءِ ॥
ਬਿਨੁ ਗੁਰ ਅੰਧੁਲੇ ਧੰਧੁ ਰੋਇ ॥	بِنُ گُر اندھُلے دھندھُ روءِ ॥
ਮਨੁ ਗੁਰਮੁਖਿ ਨਿਰਮਲੁ ਮਲੁ ਸਬਦਿ ਖੋਇ ॥੩॥	منُ گُرمُکھِ نِرملُ ملُ سبدِ کھوءِ ॥3॥
ਗੁਰਿ ਮਨੁ ਮਾਰਿਓ ਕਰਿ ਸੰਜੋਗੁ ॥	گُرِ منُ مارِئو کرِ سنجوگُ ॥
ਅਹਿਨਿਸਿ ਰਾਵੇ ਭਗਤਿ ਜੋਗੁ ॥	اہِنِس راوے بھگتِ جوگُ ॥
ਗੁਰ ਸੰਤ ਸਭਾ ਦੁਖ ਮਿਟੈ ਰੋਗੁ ॥	گُر سنّت سبھا دُکھ مِٹے روگُ ॥
ਜਨ ਨਾਨਕ ਹਰਿ ਵਰੁ ਸਹਜ ਜੋਗੁ ॥੪॥੬॥	جن نانک ہرِ ورُ سہج جوگُ ॥4॥6॥
ਬਸੰਤੁ ਮਹਲਾ ੧ ॥	بسنّتُ محلا 1 ॥
ਆਪੇ ਕੁਦਰਤਿ ਕਰੇ ਸਾਜਿ ॥	آپے قُدرتِ کرے ساجِ ॥

ਸਚੁ ਆਪਿ ਨਿਬੇੜੇ ਰਾਜੁ ਰਾਜਿ ॥	سچُ آپِ نبیڑے راجُ راجِ ॥
ਗੁਰਮਤਿ ਊਤਮ ਸੰਗਿ ਸਾਥਿ ॥	گُرمتِ اوُتم سنگِ ساتھِ ॥
ਹਰਿ ਨਾਮੁ ਰਸਾਇਣੁ ਸਹਜਿ ਆਥਿ ॥੧॥	ہرِ نامُ رسائِنُ سہجِ آتھِ ॥1॥
ਮਤ ਬਿਸਰਸਿ ਰੇ ਮਨ ਰਾਮ ਬੋਲਿ ॥	مت بِسرسِ رے من رام بولِ ॥
ਅਪਰੰਪਰੁ ਅਗਮ ਅਗੋਚਰੁ ਗੁਰਮੁਖਿ ਹਰਿ ਆਪਿ ਤੁਲਾਏ ਅਤੁਲੁ ਤੋਲਿ ॥੧॥ ਰਹਾਉ ॥	اپرنّپرُ اگم اگوچرُ گُرمُکھِ ہرِ آپِ تُلائے اتُلُ تولِ ॥1॥ رہاءُ ॥
ਗੁਰ ਚਰਨ ਸਰੇਵਹਿ ਗੁਰਸਿਖ ਤੋਰ ॥	گُر چرن سریوہِ گُرسِکھ تور ॥
ਗੁਰ ਸੇਵ ਤਰੇ ਤਜਿ ਮੇਰ ਤੋਰ ॥	گُر سیو ترے تجِ میر تور ॥
ਨਰ ਨਿੰਦਕ ਲੋਭੀ ਮਨਿ ਕਠੋਰ ॥	نر نِندک لوبھی منِ کٹھور ॥
ਗੁਰ ਸੇਵ ਨ ਭਾਈ ਸਿ ਚੋਰ ਚੋਰ ॥੨॥	گُر سیو ن بھائی سِ چور چور ॥2॥
ਗੁਰੁ ਤੁਠਾ ਬਖਸੇ ਭਗਤਿ ਭਾਉ ॥	گُرُ تُٹھا بخشے بھگتِ بھاءُ ॥
ਗੁਰਿ ਤੁਠੈ ਪਾਈਐ ਹਰਿ ਮਹਲਿ ਠਾਉ ॥	گُرِ تُٹھے پائیئے ہرِ محلِ ٹھاءُ ॥
ਪਰਹਰਿ ਨਿੰਦਾ ਹਰਿ ਭਗਤਿ ਜਾਗੁ ॥	پرہرِ نِندا ہرِ بھگتِ جاگُ ॥
ਹਰਿ ਭਗਤਿ ਸੁਹਾਵੀ ਕਰਮਿ ਭਾਗੁ ॥੩॥	ہرِ بھگتِ سُہاوی کرمِ بھاگُ ॥3॥
ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥	گُرُ میلِ مِلاوے کرے داتِ ॥
ਗੁਰਸਿਖ ਪਿਆਰੇ ਦਿਨਸੁ ਰਾਤਿ ॥	گُرسِکھ پیارے دِنسُ راتِ ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥	پھلُ نامُ پراپتِ گُرُ تُسِ دےءِ ॥
ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥੭॥	کہُ نانک پاوہِ وِرلے کےءِ ॥4॥7॥
ਬਸੰਤੁ ਮਹਲਾ ੩ ਇਕ ਤੁਕਾ ॥	بسنّتُ محلا 3 اِک تُکا ॥
ਸਾਹਿਬ ਭਾਵੈ ਸੇਵਕੁ ਸੇਵਾ ਕਰੈ ॥	صاحِب بھاوے سیوکُ سیوا کرے ॥
ਜੀਵਤੁ ਮਰੈ ਸਭਿ ਕੁਲ ਉਧਰੈ ॥੧॥	جیوتُ مرے سبھِ کُل اُدھرے ॥1॥
ਤੇਰੀ ਭਗਤਿ ਨ ਛੋਡਉ ਕਿਆ ਕੋ ਹਸੈ ॥	تیری بھگتِ ن چھوڈءُ کِیا کو ہسے ۔ ॥

ਸਾਚੁ ਨਾਮੁ ਮੇਰੈ ਹਿਰਦੈ ਵਸੈ ॥੧॥ ਰਹਾਉ ॥	ساچُ نامُ میرے ہِردے وسے ॥1॥ رہاءُ ॥
ਜੈਸੇ ਮਾਇਆ ਮੋਹਿ ਪ੍ਰਾਣੀ ਗਲਤੁ ਰਹੈ ॥	جیسے مائیا موہِ پرانی گلتُ رہے ॥
ਤੈਸੇ ਸੰਤ ਜਨ ਰਾਮ ਨਾਮ ਰਵਤ ਰਹੈ ॥੨॥	تیسے سنّت جن رام نام روت رہے ॥2॥
ਮੈ ਮੂਰਖ ਮੁਗਧ ਊਪਰਿ ਕਰਹੁ ਦਇਆ ॥	مے مُورکھ مُگدھ اوُپرِ کرہُ دئیا ॥
ਤਉ ਸਰਣਾਗਤਿ ਰਹਉ ਪਇਆ ॥੩॥	تءُ سرناگتِ رہءُ پئیا ॥3॥
ਕਹਤੁ ਨਾਨਕੁ ਸੰਸਾਰ ਕੇ ਨਿਹਫਲ ਕਾਮਾ ॥	کہتُ نانکُ سنّسار کے نِہپھل کاما ॥
ਗੁਰ ਪ੍ਰਸਾਦਿ ਕੋ ਪਾਵੈ ਅੰਮ੍ਰਿਤ ਨਾਮਾ ॥੪॥੮॥	گُر پرّسادِ کو پاوے انمّرِت ناما ॥4॥8॥
ਮਹਲਾ ੧ ਬਸੰਤੁ ਹਿੰਡੋਲ ਘਰੁ ੨	محلا 1 بسنّتُ ہِنڈول گھرُ 2
੧ੴ ਸਤਿਗੁਰ ਪ੍ਰਸਾਦਿ ॥	۱ۄ ستِگُر پرّسادِ ॥
ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥	سال گرام بِپ پوُجِ مناوہُ سُکّرِتُ تُلسی مالا ॥
ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ ॥੧॥	رام نامُ جپِ بیڑا باندھہُ دئیا کرہُ دئیالا ۔ ॥1॥
ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ ॥	کاہے کلرا سِنچّہُ جنمُ گواوہُ ॥
ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ ॥੧॥ ਰਹਾਉ ॥	کاچی ڈھہگِ دِوال کاہے گچُ لاوہُ ۔ ॥1॥ رہاءُ ॥
ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ ॥	کر ہرِہٹ مال ٹِنڈ پروہُ تِس بھیترِ منُ جووہُ ॥
ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ ॥੨॥	انمّرِتُ سِنچّہُ بھرہُ کِیارے تءُ مالی کے ہووہُ ॥2॥
ਕਾਮੁ ਕ੍ਰੋਧਿ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥	کامُ کرودھِ دُءِ کرہُ بسولے گوڈہُ دھرتی بھائی ॥
ਜਿਉ ਗੋਡਹੁ ਤਿਉ ਤੁਮ੍ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ ॥੩॥	جِءُ گوڈہُ تِءُ تُمہ سُکھ پاوہُ کِرتُ ن میٹیا جائی ॥3॥

ਬਗੁਲੇ ਤੇ ਫੁਨਿ ਹੰਸੁਲਾ ਹੋਵੈ
ਜੇ ਤੂ ਕਰਹਿ ਦਇਆਲਾ ॥

ٻگُلے تے پھُنِ ہنّسُلا ہووے
جے توُ کرہِ دیَالا ۔ ॥

ਪ੍ਰਣਵਤਿ ਨਾਨਕੁ ਦਾਸਨਿ ਦਾਸਾ
ਦਇਆ ਕਰਹੁ ਦਇਆਲਾ ॥੪॥੧॥੯॥

پرنْوتِ نانکُ داسنِ داسا
دیَیا کرہُ دیَیالا ۔ ॥4॥1॥9॥

ਬਸੰਤੁ ਮਹਲਾ ੧ ਹਿੰਡੋਲ ॥

بسنّتُ محلا 1 ہِنّڈول ॥

ਸਾਹੁਰੜੀ ਵਥੁ ਸਭੁ ਕਿਛੁ ਸਾਝੀ
ਪੇਵਕੜੈ ਧਨ ਵਖੇ ॥

ساہُرڑی وتھُ سبھُ کچھُ ساجھی
پیوکڑے دھن وکھے ॥

ਆਪਿ ਕੁਚਜੀ ਦੋਸੁ ਨ ਦੇਊ
ਜਾਣਾ ਨਾਹੀ ਰਖੇ ॥੧॥

آپِ کچجی دوسُ ن دیئوُ
جاٹا ناہی رکھے ॥1॥

ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ ॥

میرے صاحِبا ہءُ آپے بھرمِ بھُلانْی ॥

ਅਖਰ ਲਿਖੇ ਸੇਈ ਗਾਵਾ
ਅਵਰ ਨ ਜਾਣਾ ਬਾਣੀ ॥੧॥ ਰਹਾਉ ॥

اکھر لِکھے سیئی گاوا
اور ن جاٹا بانْی ॥1॥ رہاءُ ॥

ਕਢਿ ਕਸੀਦਾ ਪਹਿਰਹਿ ਚੋਲੀ
ਤਾਂ ਤੁਮ੍ ਜਾਣਹੁ ਨਾਰੀ ॥

کڈھِ کسیِدا پہِرہِ چولی
تاں تُمہ جاٹہُ ناری ॥

ਜੇ ਘਰੁ ਰਾਖਹਿ ਬੁਰਾ ਨ ਚਾਖਹਿ
ਹੋਵਹਿ ਕੰਤ ਪਿਆਰੀ ॥੨॥

جے گھرُ راکھہِ بُرا ن چاکھہِ
ہووہِ کنّت پِیاری ॥2॥

ਜੇ ਤੂੰ ਪੜਿਆ ਪੰਡਿਤੁ ਬੀਨਾ
ਦੁਇ ਅਖਰ ਦੁਇ ਨਾਵਾ ॥

جے توُنّ پڑیا پنڈِتُ بِینا
دُءِ اکھر دُءِ ناوا ॥

ਪ੍ਰਣਵਤਿ ਨਾਨਕੁ ਏਕੁ ਲੰਘਾਏ
ਜੇ ਕਰਿ ਸਚਿ ਸਮਾਵਾਂ ॥੩॥੨॥੧੦॥

پرنْوتِ نانکُ ایکُ لنگھائے
جے کرِ سچِ سماواں ॥3॥2॥ 10 ॥

ਬਸੰਤੁ ਹਿੰਡੋਲ ਮਹਲਾ ੧ ॥

بسنّتُ ہِنّڈول محلا 1 ॥

ਰਾਜਾ ਬਾਲਕੁ ਨਗਰੀ ਕਾਚੀ
ਦੁਸਟਾ ਨਾਲਿ ਪਿਆਰੋ ॥

راجا بالکُ نگری کاچی
دُسٹا نالِ پِیارو ॥

ਦੁਇ ਮਾਈ ਦੁਇ ਬਾਪਾ ਪੜੀਅਹਿ
ਪੰਡਿਤ ਕਰਹੁ ਬੀਚਾਰੋ ॥੧॥

دُءِ مائی دُءِ باپا پڑیئہِ
پنڈِت کرہُ بیچارو ॥1॥

ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ ॥
ਕਿਨ ਬਿਧਿ ਪਾਵਉ ਪ੍ਰਾਨਪਤੀ ॥੧॥ ਰਹਾਉ ॥

ਭੀਤਰਿ ਅਗਨਿ ਬਨਾਸਪਤਿ ਮਉਲੀ
ਸਾਗਰੁ ਪੰਡੈ ਪਾਇਆ ॥

ਚੰਦੁ ਸੂਰਜੁ ਦੁਇ ਘਰ ਹੀ ਭੀਤਰਿ
ਐਸਾ ਗਿਆਨੁ ਨ ਪਾਇਆ ॥੨॥

ਰਾਮ ਰਵੰਤਾ ਜਾਣੀਐ
ਇਕ ਮਾਈ ਭੋਗੁ ਕਰੇਇ ॥

ਤਾ ਕੇ ਲਖਣ ਜਾਣੀਅਹਿ
ਖਿਮਾ ਧਨੁ ਸੰਗ੍ਰਹੇਇ ॥੩॥

ਕਹਿਆ ਸੁਣਹਿ ਨ ਖਾਇਆ ਮਾਨਹਿ
ਤਿਨ੍ਾ ਹੀ ਸੇਤੀ ਵਾਸਾ ॥

ਪ੍ਰਣਵਤਿ ਨਾਨਕੁ ਦਾਸਨਿ ਦਾਸਾ
ਖਿਨੁ ਤੋਲਾ ਖਿਨੁ ਮਾਸਾ ॥੪॥੩॥੧੧॥

ਬਸੰਤੁ ਹਿੰਡੋਲ ਮਹਲਾ ੧ ॥

ਸਾਚਾ ਸਹੁ ਗੁਰੂ ਸੁਖਦਾਤਾ
ਹਰਿ ਮੇਲੇ ਭੁਖ ਗਵਾਏ ॥

ਕਰਿ ਕਿਰਪਾ ਹਰਿ ਭਗਤਿ ਦ੍ਰਿੜਾਏ
ਅਨਦਿਨੁ ਹਰਿ ਗੁਣ ਗਾਏ ॥੧॥

ਮਤ ਭੂਲਹਿ ਰੇ ਮਨ ਚੇਤਿ ਹਰੀ ॥

ਬਿਨੁ ਗੁਰ ਮੁਕਤਿ ਨਾਹੀ ਤ੍ਰੈ ਲੋਈ
ਗੁਰਮੁਖਿ ਪਾਈਐ ਨਾਮੁ ਹਰੀ ॥੧॥ ਰਹਾਉ ॥

ਬਿਨੁ ਭਗਤੀ ਨਹੀ ਸਤਿਗੁਰੁ ਪਾਈਐ
ਬਿਨੁ ਭਾਗਾ ਨਹੀ ਭਗਤਿ ਹਰੀ ॥

ਬਿਨੁ ਭਾਗਾ ਸਤਸੰਗੁ ਨ ਪਾਈਐ

سُیامی پنڈِتا تُمہ دیہُ متی ॥
کِن بِدھِ پاوءُ پّرانپتی ॥1॥ رہاءُ ॥

بھیتِرِ اگنِ بناسپتِ مئُلی
ساگرُ پنڈے پایَیا ॥

چندُ سوُرجُ دُءِ گھر ہی بھیتِرِ
ایَسا گیانُ ن پایَیا ॥2॥

رام روَنتا جانئیے
اِک مائی بھوگُ کرےءِ ॥

تا کے لکھنُ جانئیہِ
کھِما دھنُ سنگّرہےءِ ॥3॥

کہیا سُنئہِ ن کھایَیا مانہِ
تِنّہا ہی سیتی واسا ॥

پّرنوَتِ نانکُ داسنِ داسا
کھِنُ تولا کھِنُ ماشا ॥4॥3॥ 11 ॥

بسنّتُ ہِنڈول محلا 1 ॥

ساچا سہُ گُرہُ سُکھداتا
ہرِ میلے بھُکھ گوائے ॥

کرِ کرِپا ہرِ بھگتِ دّرِڑائے
اندِنُ ہرِ گُنُ گائے ॥1॥

مت بھوُلہِ رے من چیتِ ہری ॥

بِنُ گُر مُکتِ ناہی ترّے لوئی
گُرمُکھِ پائیےَ نامُ ہری ॥1॥ رہاءُ ॥

بِنُ بھگتی نہی ستِگُرُ پائیےَ
بِنُ بھاگا نہی بھگتِ ہری ॥

بِنُ بھاگا ستسنگُ ن پائیےَ

ਕਰਮਿ ਮਿਲੈ ਹਰਿ ਨਾਮੁ ਹਰੀ ॥੨॥	کرمِ مِلےَ ہرِ نامُ ہری ॥2॥
ਘਟਿ ਘਟਿ ਗੁਪਤੁ ਉਪਾਏ ਵੇਖੈ ਪਰਗਟੁ ਗੁਰਮੁਖਿ ਸੰਤ ਜਨਾ ॥	گھٹِ گھٹِ گُپتُ اُپائے ویکھےَ پرگٹُ گُرمُکھِ سنّت جنا ॥
ਹਰਿ ਹਰਿ ਕਰਹਿ ਸੁ ਹਰਿ ਰੰਗਿ ਭੀਨੇ ਹਰਿ ਜਲੁ ਅੰਮ੍ਰਿਤ ਨਾਮੁ ਮਨਾ ॥੩॥	ہرِ ہرِ کرہِ سُ ہرِ رنگِ بھینے ہرِ جلُ انمّرِت نامُ منا ॥3॥
ਜਿਨ ਕਉ ਤਖਤਿ ਮਿਲੈ ਵਡਿਆਈ ਗੁਰਮੁਖਿ ਸੇ ਪਰਧਾਨ ਕੀਏ ॥	جِن ک ءُ تخت مِلےَ وڈِیائی گُرمُکھِ سے پردھان کیِۓ ॥
ਪਾਰਸੁ ਭੇਟਿ ਭਏ ਸੇ ਪਾਰਸ ਨਾਨਕ ਹਰਿ ਗੁਰ ਸੰਗਿ ਥੀਏ ॥੪॥੪॥੧੨॥	پارسُ بھیٹِ بھۓ سے پارس نانک ہرِ گُر سنگِ تھیۓ ॥4॥4॥ 12 ॥
ਬਸੰਤੁ ਮਹਲਾ ੩ ਘਰੁ ੧ ਦੁਤੁਕੇ	بسنّتُ محلا 3 گھرُ 1 دُتُکے
੧ੴ ਸਤਿਗੁਰ ਪ੍ਰਸਾਦਿ ॥	۱ۅ ستِگُر پرّسادِ ॥
ਮਾਹਾ ਰੁਤੀ ਮਹਿ ਸਦ ਬਸੰਤੁ ॥	ماہا رُتی مہِ سد بسنّتُ ॥
ਜਿਤੁ ਹਰਿਆ ਸਭੁ ਜੀਅ ਜੰਤੁ ॥	جِتُ ہریا سبھُ جی ء جنّتُ ॥
ਕਿਆ ਹਉ ਆਖਾ ਕਿਰਮ ਜੰਤੁ ॥	کِیا ہءُ آکھا کِرم جنّتُ ॥
ਤੇਰਾ ਕਿਨੈ ਨ ਪਾਇਆ ਆਦਿ ਅੰਤੁ ॥੧॥	تیرا کِنۓ ن پائِیا آدِ انّتُ ॥1॥
ਤੈ ਸਾਹਿਬ ਕੀ ਕਰਹਿ ਸੇਵ ॥	تےَ صاحِب کی کرہِ سیو ॥
ਪਰਮ ਸੁਖ ਪਾਵਹਿ ਆਤਮ ਦੇਵ ॥੧॥ ਰਹਾਉ ॥	پرم سُکھ پاوہِ آتم دیو ۔ ॥1॥ رہاءُ ॥
ਕਰਮੁ ਹੋਵੈ ਤਾਂ ਸੇਵਾ ਕਰੈ ॥	کرمُ ہووۓ تاں سیوا کرۓ ॥
ਗੁਰ ਪਰਸਾਦੀ ਜੀਵਤ ਮਰੈ ॥	گُر پرسادی جیِوت مرۓ ॥
ਅਨਦਿਨੁ ਸਾਚੁ ਨਾਮੁ ਉਚਰੈ ॥	اندِنُ ساچُ نامُ اُچرۓ ॥
ਇਨ ਬਿਧਿ ਪ੍ਰਾਣੀ ਦੁਤਰੁ ਤਰੈ ॥੨॥	اِن بِدھِ پّرانیٰ دُتّرُ ترۓ ॥2॥
ਬਿਖੁ ਅੰਮ੍ਰਿਤੁ ਕਰਤਾਰਿ ਉਪਾਏ ॥	بِکھُ انمّرِتُ کرتارِ اُپائے ॥
ਸੰਸਾਰ ਬਿਰਖ ਕਉ ਦੁਇ ਫਲ ਲਾਏ ॥	سنّسار بِرکھ ک ءُ دُءِ پھل لائے ॥

ਆਪੇ ਕਰਤਾ ਕਰੇ ਕਰਾਏ ॥	آپے کرتا کرے کرائے ॥
ਜੋ ਤਿਸੁ ਭਾਵੈ ਤਿਸੈ ਖਵਾਏ ॥੩॥	جو تِس بھاوے تِسے کھوائے ॥3॥
ਨਾਨਕ ਜਿਸ ਨੋ ਨਦਰਿ ਕਰੇਇ ॥	نانک جِس نو ندرِ کرےءِ ॥
ਅੰਮ੍ਰਿਤ ਨਾਮੁ ਆਪੇ ਦੇਇ ॥	انمّرِت نامُ آپے دےءِ ॥
ਬਿਖਿਆ ਕੀ ਬਾਸਨਾ ਮਨਹਿ ਕਰੇਇ ॥	بِکھیا کی باسنا منہِ کرےءِ ॥
ਅਪਣਾ ਭਾਣਾ ਆਪਿ ਕਰੇਇ ॥੪॥੧॥	اپنّا بھاٹا آپِ کرےءِ ॥4॥1॥
ਬਸੰਤੁ ਮਹਲਾ ੩ ॥	بسنّتُ محلا 3 ॥
ਰਾਤੇ ਸਾਚਿ ਹਰਿ ਨਾਮਿ ਨਿਹਾਲਾ ॥	راتے ساچِ ہرِ نامِ نِہالا ॥
ਦਇਆ ਕਰਹੁ ਪ੍ਰਭ ਦੀਨ ਦਇਆਲਾ ॥	دئیا کرہُ پربھ دِین دئیالا ۔ ॥
ਤਿਸੁ ਬਿਨੁ ਅਵਰੁ ਨਹੀ ਮੈ ਕੋਇ ॥	تِس بِنُ اورُ نہی مے کوءِ ॥
ਜਿਉ ਭਾਵੈ ਤਿਉ ਰਾਖੈ ਸੋਇ ॥੧॥	جِءُ بھاوے تِءُ راکھے سوءِ ॥1॥
ਗੁਰ ਗੋਪਾਲ ਮੇਰੈ ਮਨਿ ਭਾਏ ॥	گُر گوپال میرے منِ بھائے ॥
ਰਹਿ ਨ ਸਕਉ ਦਰਸਨ ਦੇਖੇ ਬਿਨੁ ਸਹਜਿ ਮਿਲਉ ਗੁਰੁ ਮੇਲਿ ਮਿਲਾਏ ॥੧॥ ਰਹਾਉ ॥	رہِ ن سکءُ درسن دیکھے بِنُ سہجِ مِلءُ گُرُ میلِ مِلائے ॥1॥ رہاءُ ॥
ਇਹੁ ਮਨੁ ਲੋਭੀ ਲੋਭਿ ਲੁਭਾਨਾ ॥	اِہُ منُ لوبھی لوبھِ لُبھانا ॥
ਰਾਮ ਬਿਸਾਰਿ ਬਹੁਰਿ ਪਛੁਤਾਨਾ ॥	رام بِسارِ بہُرِ پچھُتانا ॥
ਬਿਛੁਰਤ ਮਿਲਾਇ ਗੁਰ ਸੇਵ ਰਾਂਗੇ ॥	بِچھُرت مِلاءِ گُر سیو رانگے ॥
ਹਰਿ ਨਾਮੁ ਦੀਓ ਮਸਤਕਿ ਵਡਭਾਗੇ ॥੨॥	ہرِ نامُ دیئو مستکِ وڈبھاگے ॥2॥
ਪਉਣ ਪਾਣੀ ਕੀ ਇਹ ਦੇਹ ਸਰੀਰਾ ॥	پئُنّ پانّی کی اِہ دیہ سریرا ॥
ਹਉਮੈ ਰੋਗੁ ਕਠਿਨ ਤਨਿ ਪੀਰਾ ॥	ہئُمے روگُ کٹھِن تنِ پیرا ॥
ਗੁਰਮੁਖਿ ਰਾਮ ਨਾਮ ਦਾਰੂ ਗੁਣ ਗਾਇਆ ॥	گُرمُکھِ رام نام دارُو گُنّ گائیا ॥
ਕਰਿ ਕਿਰਪਾ ਗੁਰਿ ਰੋਗੁ ਗਵਾਇਆ ॥੩॥	کرِ کِرپا گُرِ روگُ گوائیا ॥3॥
ਚਾਰਿ ਨਦੀਆ ਅਗਨੀ ਤਨਿ ਚਾਰੇ ॥	چارِ ندیِیا اگنی تنِ چارے ॥

ਤ੍ਰਿਸਨਾ ਜਲਤ ਜਲੇ ਅਹੰਕਾਰੇ ॥	تِرسنا جلت جلے اہنکارے ॥
ਗੁਰਿ ਰਾਖੇ ਵਡਭਾਗੀ ਤਾਰੇ ॥	گُرِ راکھے وڈبھاگی تارے ॥
ਜਨ ਨਾਨਕ ਉਰਿ ਹਰਿ ਅੰਮ੍ਰਿਤੁ ਧਾਰੇ ॥੪॥੨॥	جن نانک اُرِ ہرِ انمرِتُ دھارے ॥4॥2॥
ਬਸੰਤੁ ਮਹਲਾ ੩ ॥	بسنتُ محلا 3 ॥
ਹਰਿ ਸੇਵੇ ਸੋ ਹਰਿ ਕਾ ਲੋਗੁ ॥	ہرِ سیوے سو ہرِ کا لوگُ ॥
ਸਾਚੁ ਸਹਜੁ ਕਦੇ ਨ ਹੋਵੈ ਸੋਗੁ ॥	ساچُ سہجُ کدے ن ہووے سوگُ ॥
ਮਨਮੁਖ ਮੁਏ ਨਾਹੀ ਹਰਿ ਮਨ ਮਾਹਿ ॥	منمُکھ مُے ناہی ہرِ من ماہِ ॥
ਮਰਿ ਮਰਿ ਜੰਮਹਿ ਭੀ ਮਰਿ ਜਾਹਿ ॥੧॥	مرِ مرِ جنمہِ بھی مرِ جاہِ ॥1॥
ਸੇ ਜਨ ਜੀਵੇ ਜਿਨ ਹਰਿ ਮਨ ਮਾਹਿ ॥	سے جن جیوے جِن ہرِ من ماہِ ॥
ਸਾਚੁ ਸਮ੍ਹਾਲਹਿ ਸਾਚਿ ਸਮਾਹਿ ॥੧॥ ਰਹਾਉ ॥	ساچُ سمہالہِ ساچِ سماہِ ॥1॥ رہاءُ ॥
ਹਰਿ ਨ ਸੇਵਹਿ ਤੇ ਹਰਿ ਤੇ ਦੂਰਿ ॥	ہرِ ن سیوہِ تے ہرِ تے دوُرِ ॥
ਦਿਸੰਤਰੁ ਭਵਹਿ ਸਿਰਿ ਪਾਵਹਿ ਧੂਰਿ ॥	دِسنتر بھوہِ سِرِ پاوہِ دھوُرِ ॥
ਹਰਿ ਆਪੇ ਜਨ ਲੀਏ ਲਾਇ ॥	ہرِ آپے جن لیئے لاءِ ॥
ਤਿਨ ਸਦਾ ਸੁਖੁ ਹੈ ਤਿਲੁ ਨ ਤਮਾਇ ॥੨॥	تِن سدا سُکھُ ہے تِلُ ن طماعِ ॥2॥
ਨਦਰਿ ਕਰੇ ਚੂਕੈ ਅਭਿਮਾਨੁ ॥	ندرِ کرے چوُکے ابھمانُ ॥
ਸਾਚੀ ਦਰਗਹ ਪਾਵੈ ਮਾਨੁ ॥	ساچی درگہ پاوے مانُ ॥
ਹਰਿ ਜੀਉ ਵੇਖੈ ਸਦ ਹਜੂਰਿ ॥	ہرِ جیءُ ویکھے سد حضوُرِ ॥
ਗੁਰ ਕੈ ਸਬਦਿ ਰਹਿਆ ਭਰਪੂਰਿ ॥੩॥	گُر کے سبدِ رہیا بھرپوُرِ ॥3॥
ਜੀਅ ਜੰਤ ਕੀ ਕਰੇ ਪ੍ਰਤਿਪਾਲ ॥	جیء جنّت کی کرے پرتپال ॥
ਗੁਰ ਪਰਸਾਦੀ ਸਦ ਸਮ੍ਹਾਲ ॥	گُر پرسادی سد سمہال ॥
ਦਰਿ ਸਾਚੈ ਪਤਿ ਸਿਉ ਘਰਿ ਜਾਇ ॥	درِ ساچے پتِ سِءُ گھرِ جاءِ ॥
ਨਾਨਕ ਨਾਮਿ ਵਡਾਈ ਪਾਇ ॥੪॥੩॥	نانک نامِ وڈائی پاءِ ॥4॥3॥

ਬਸੰਤੁ ਮਹਲਾ ੩ ॥	بسنتُ محلا 3 ॥
ਅੰਤਰਿ ਪੂਜਾ ਮਨ ਤੇ ਹੋਇ ॥	انترِ پوُجا من تے ہوءِ ॥
ਏਕੋ ਵੇਖੈ ਅਉਰੁ ਨ ਕੋਇ ॥	ایکو ویکھےَ اُرُ ن کوءِ ॥
ਦੂਜੈ ਲੋਕੀ ਬਹੁਤੁ ਦੁਖੁ ਪਾਇਆ ॥	دوُجےَ لوکی بہُتُ دُکھُ پائیا ॥
ਸਤਿਗੁਰਿ ਮੈਨੋ ਏਕੁ ਦਿਖਾਇਆ ॥੧॥	ستِگُرِ مینو ایکُ دِکھائیا ॥ 1 ॥
ਮੇਰਾ ਪ੍ਰਭੁ ਮਉਲਿਆ ਸਦ ਬਸੰਤੁ ॥	میرا پّربھُ منُلیا سد بسنتُ ॥
ਇਹੁ ਮਨੁ ਮਉਲਿਆ ਗਾਇ ਗੁਣ ਗੋਬਿੰਦ ॥੧॥ ਰਹਾਉ ॥	اِہُ منُ منُلیا گاءِ گُنؤ گوبِند ॥ 1 ॥ رہاءُ ॥
ਗੁਰ ਪੂਛਹੁ ਤੁਮ੍ ਕਰਹੁ ਬੀਚਾਰੁ ॥	گُر پوُچھہُ تُمہ کرہُ بیچارُ ॥
ਤਾਂ ਪ੍ਰਭ ਸਾਚੇ ਲਗੈ ਪਿਆਰੁ ॥	تاں پّربھ ساچے لگےَ پیارُ ॥
ਆਪੁ ਛੋਡਿ ਹੋਹਿ ਦਾਸਤ ਭਾਇ ॥	آپُ چھوڈِ ہوہِ داست بھاءِ ॥
ਤਉ ਜਗਜੀਵਨੁ ਵਸੈ ਮਨਿ ਆਇ ॥੨॥	تءُ جگجیونُ وسےَ منِ آءِ ॥ 2 ॥
ਭਗਤਿ ਕਰੇ ਸਦ ਵੇਖੈ ਹਜੂਰਿ ॥	بھگتِ کرے سد ویکھےَ حضوُرِ ॥
ਮੇਰਾ ਪ੍ਰਭੁ ਸਦ ਰਹਿਆ ਭਰਪੂਰਿ ॥	میرا پّربھُ سد رہِیا بھرپوُرِ ॥
ਇਸੁ ਭਗਤੀ ਕਾ ਕੋਈ ਜਾਣੈ ਭੇਉ ॥	اِسُ بھگتی کا کوئی جانےَ بھیءُ ॥
ਸਭੁ ਮੇਰਾ ਪ੍ਰਭੁ ਆਤਮ ਦੇਉ ॥੩॥	سبھُ میرا پّربھُ آتم دیءُ ॥ 3 ॥
ਆਪੇ ਸਤਿਗੁਰੁ ਮੇਲਿ ਮਿਲਾਏ ॥	آپے ستِگُرُ میلِ مِلائے ॥
ਜਗਜੀਵਨ ਸਿਉ ਆਪਿ ਚਿਤੁ ਲਾਏ ॥	جگجیون سِءُ آپِ چِتُ لائے ॥
ਮਨੁ ਤਨੁ ਹਰਿਆ ਸਹਜਿ ਸੁਭਾਏ ॥	منُ تنُ ہرِیا سہجِ سُبھائے ॥
ਨਾਨਕ ਨਾਮਿ ਰਹੇ ਲਿਵ ਲਾਏ ॥੪॥੪॥	نانک نامِ رہے لِو لائے ॥ 4 ॥ 4 ॥
ਬਸੰਤੁ ਮਹਲਾ ੩ ॥	بسنتُ محلا 3 ॥
ਭਗਤਿ ਵਛਲੁ ਹਰਿ ਵਸੈ ਮਨਿ ਆਇ ॥	بھگتِ وچھلُ ہرِ وسےَ منِ آءِ ॥
ਗੁਰ ਕਿਰਪਾ ਤੇ ਸਹਜ ਸੁਭਾਇ ॥	گُر کرِپا تے سہجِ سُبھاءِ ॥

ਭਗਤਿ ਕਰੇ ਵਿਚਹੁ ਆਪੁ ਖੋਇ ॥	بھگتِ کرے وِچہُ آپُ کھوءِ ॥
ਤਦ ਹੀ ਸਾਚਿ ਮਿਲਾਵਾ ਹੋਇ ॥੧॥	تد ہی ساچِ مِلاوا ہوءِ ॥1॥
ਭਗਤ ਸੋਹਹਿ ਸਦਾ ਹਰਿ ਪ੍ਰਭ ਦੁਆਰਿ ॥	بھگت سوہہِ سدا ہرِ پربھ دُیارِ ॥
ਗੁਰ ਕੈ ਹੇਤਿ ਸਾਚੈ ਪ੍ਰੇਮ ਪਿਆਰਿ ॥੧॥ ਰਹਾਉ ॥	گُر کے ہیتِ ساچے پریم پیارِ ॥1॥ رہاءُ ॥
ਭਗਤਿ ਕਰੇ ਸੋ ਜਨੁ ਨਿਰਮਲੁ ਹੋਇ ॥	بھگتِ کرے سو جنُ نِرملُ ہوءِ ॥
ਗੁਰ ਸਬਦੀ ਵਿਚਹੁ ਹਉਮੈ ਖੋਇ ॥	گُر سبدی وِچہُ ہئُمے کھوءِ ॥
ਹਰਿ ਜੀਉ ਆਪਿ ਵਸੈ ਮਨਿ ਆਇ ॥	ہرِ جیءُ آپِ وسے منِ آءِ ॥
ਸਦਾ ਸਾਂਤਿ ਸੁਖਿ ਸਹਜਿ ਸਮਾਇ ॥੨॥	سدا سانتِ سُکھِ سہجِ سماءِ ॥2॥
ਸਾਚਿ ਰਤੇ ਤਿਨ ਸਦ ਬਸੰਤ ॥	ساچِ رتے تِن سد بسنّت ॥
ਮਨੁ ਤਨੁ ਹਰਿਆ ਰਵਿ ਗੁਣ ਗੁਵਿੰਦ ॥	منُ تنُ ہریا روِ گُن گُوِندّ ॥
ਬਿਨੁ ਨਾਵੈ ਸੂਕਾ ਸੰਸਾਰੁ ॥	بِنُ ناوے سوُکا سنّسارُ ॥
ਅਗਨਿ ਤ੍ਰਿਸਨਾ ਜਲੈ ਵਾਰੋ ਵਾਰ ॥੩॥	اگنِ ترِسنا جلے وارو وار ॥3॥
ਸੋਈ ਕਰੇ ਜਿ ਹਰਿ ਜੀਉ ਭਾਵੈ ॥	سوئی کرے جِ ہرِ جیءُ بھاوے ॥
ਸਦਾ ਸੁਖੁ ਸਰੀਰਿ ਭਾਣੈ ਚਿਤੁ ਲਾਵੈ ॥	سدا سُکھُ سریرِ بھانے چِتُ لاوے ॥
ਅਪਣਾ ਪ੍ਰਭੁ ਸੇਵੇ ਸਹਜਿ ਸੁਭਾਇ ॥	اپنّا پربھُ سیوے سہجِ سُبھاءِ ॥
ਨਾਨਕ ਨਾਮੁ ਵਸੈ ਮਨਿ ਆਇ ॥੪॥੫॥	نانک نامُ وسے منِ آءِ ॥4॥5॥
ਬਸੰਤੁ ਮਹਲਾ ੩ ॥	بسنّتُ محلا 3 ॥
ਮਾਇਆ ਮੋਹੁ ਸਬਦਿ ਜਲਾਏ ॥	مائیا موہُ سبدِ جلائے ॥
ਮਨੁ ਤਨੁ ਹਰਿਆ ਸਤਿਗੁਰ ਭਾਏ ॥	منُ تنُ ہریا ستِگُر بھائے ॥
ਸਫਲਿਓ ਬਿਰਖੁ ਹਰਿ ਕੈ ਦੁਆਰਿ ॥	سپھلِئوُ برِکھُ ہرِ کے دُیارِ ॥
ਸਾਚੀ ਬਾਣੀ ਨਾਮ ਪਿਆਰਿ ॥੧॥	ساچی باٹی نام پیارِ ॥1॥
ਏ ਮਨ ਹਰਿਆ ਸਹਜ ਸੁਭਾਇ ॥	اے من ہریا سہجِ سُبھاءِ ॥

ਸਚ ਫਲੁ ਲਾਗੈ ਸਤਿਗੁਰ ਭਾਇ ॥੧॥ ਰਹਾਉ ॥	سچ پھلُ لاگے ستِگُر بھاءِ ॥1॥ رہاءُ ॥
ਆਪੇ ਨੇੜੈ ਆਪੇ ਦੂਰਿ ॥	آپے نیڑے آپے دوُرِ ॥
ਗੁਰ ਕੈ ਸਬਦਿ ਵੇਖੈ ਸਦ ਹਜੂਰਿ ॥	گُر کے سبدِ ویکھے سد حضوُرِ ॥
ਛਾਵ ਘਣੀ ਫੂਲੀ ਬਨਰਾਇ ॥	چھاو گھنٹی پھوُلی بنراءِ ॥
ਗੁਰਮੁਖਿ ਬਿਗਸੈ ਸਹਜਿ ਸੁਭਾਇ ॥੨॥	گُرمُکھِ بِگسے سہجِ سُبھاءِ ॥2॥
ਅਨਦਿਨੁ ਕੀਰਤਨੁ ਕਰਹਿ ਦਿਨ ਰਾਤਿ ॥	اندِنُ کیرتنُ کرہِ دِن راتِ ॥
ਸਤਿਗੁਰਿ ਗਵਾਈ ਵਿਚਹੁ ਜੂਠਿ ਭਰਾਂਤਿ ॥	ستِگُرِ گوائی وِچہُ جوُٹھِ بھرانْتِ ॥
ਪਰਪੰਚ ਵੇਖਿ ਰਹਿਆ ਵਿਸਮਾਦੁ ॥	پرپنچ ویکھِ رہِیا وِسماد ُ॥
ਗੁਰਮੁਖਿ ਪਾਈਐ ਨਾਮ ਪ੍ਰਸਾਦੁ ॥੩॥	گُرمُکھِ پائیئے نام پرّساد ُ॥3॥
ਆਪੇ ਕਰਤਾ ਸਭਿ ਰਸ ਭੋਗ ॥	آپے کرتا سبھِ رس بھوگ ॥
ਜੋ ਕਿਛੁ ਕਰੇ ਸੋਈ ਪਰੁ ਹੋਗ ॥	جو کچھُ کرے سوئی پرُ ہوگ ॥
ਵਡਾ ਦਾਤਾ ਤਿਲੁ ਨ ਤਮਾਇ ॥	وڈا داتا تِلُ ن طماعِ ॥
ਨਾਨਕ ਮਿਲੀਐ ਸਬਦੁ ਕਮਾਇ ॥੪॥੬॥	نانک مِلیئے سبدُ کماءِ ॥4॥6॥
ਬਸੰਤੁ ਮਹਲਾ ੩ ॥	بسنّتُ محلا 3 ॥
ਪੂਰੈ ਭਾਗਿ ਸਚੁ ਕਾਰ ਕਮਾਵੈ ॥	پوُرے بھاگِ سچُ کار کماوے ॥
ਏਕੋ ਚੇਤੈ ਫਿਰਿ ਜੋਨਿ ਨ ਆਵੈ ॥	ایکو چیتے پھِرِ جونِ ن آوے ॥
ਸਫਲ ਜਨਮੁ ਇਸੁ ਜਗ ਮਹਿ ਆਇਆ ॥	سپھل جنمُ اِسُ جگ مہِ آئیا ॥
ਸਾਚਿ ਨਾਮਿ ਸਹਜਿ ਸਮਾਇਆ ॥੧॥	ساچِ نامِ سہجِ سمائیا ॥1॥
ਗੁਰਮੁਖਿ ਕਾਰ ਕਰਹੁ ਲਿਵ ਲਾਇ ॥	گُرمُکھِ کار کرہُ لِو لاءِ ॥
ਹਰਿ ਨਾਮੁ ਸੇਵਹੁ ਵਿਚਹੁ ਆਪੁ ਗਵਾਇ ॥੧॥ ਰਹਾਉ ॥	ہرِ نامُ سیوہُ وِچہُ آپُ گواءِ ॥1॥ رہاءُ ॥
ਤਿਸੁ ਜਨ ਕੀ ਹੈ ਸਾਚੀ ਬਾਣੀ ॥	تِسُ جن کی ہے ساچی بانٹی ॥
ਗੁਰ ਕੈ ਸਬਦਿ ਜਗ ਮਾਹਿ ਸਮਾਣੀ ॥	گُر کے سبدِ جگ ماہِ سمانٹی ॥

ਚਹੁ ਜੁਗ ਪਸਰੀ ਸਾਚੀ ਸੋਇ ॥	چہُ جُگ پسری ساچی سوءِ ॥
ਨਾਮਿ ਰਤਾ ਜਨੁ ਪਰਗਟੁ ਹੋਇ ॥੨॥	نامِ رتا جنُ پرگٹُ ہوءِ ॥2॥
ਇਕਿ ਸਾਚੈ ਸਬਦਿ ਰਹੈ ਲਿਵ ਲਾਇ ॥	اِکِ ساچےَ سبدِ رہےَ لِو لاءِ ॥
ਸੇ ਜਨ ਸਾਚੇ ਸਾਚੈ ਭਾਇ ॥	سے جن ساچے ساچےَ بھاءِ ॥
ਸਾਚੁ ਧਿਆਇਨਿ ਦੇਖਿ ਹਜੂਰਿ ॥	ساچُ دھِیائِنِ دیکھِ حضوُرِ ॥
ਸੰਤ ਜਨਾ ਕੀ ਪਗ ਪੰਕਜ ਧੂਰਿ ॥੩॥	سنّت جنا کی پگ پنکج دھوُرِ ॥3॥
ਏਕੋ ਕਰਤਾ ਅਵਰੁ ਨ ਕੋਇ ॥	ایکو کرتا اورُ ن کوءِ ॥
ਗੁਰ ਸਬਦੀ ਮੇਲਾਵਾ ਹੋਇ ॥	گُر سبدی میلاوا ہوءِ ॥
ਜਿਨਿ ਸਚੁ ਸੇਵਿਆ ਤਿਨਿ ਰਸੁ ਪਾਇਆ ॥	جِنِ سچُ سیوِیا تِنِ رسُ پائیا ॥
ਨਾਨਕ ਸਹਜੇ ਨਾਮਿ ਸਮਾਇਆ ॥੪॥੭॥	نانک سہجے نامِ سمائیا ॥4॥7॥
ਬਸੰਤੁ ਮਹਲਾ ੩ ॥	بسنّتُ محلا 3 ॥
ਭਗਤਿ ਕਰਹਿ ਜਨ ਦੇਖਿ ਹਜੂਰਿ ॥	بھگتِ کرہِ جن دیکھِ حضوُرِ ॥
ਸੰਤ ਜਨਾ ਕੀ ਪਗ ਪੰਕਜ ਧੂਰਿ ॥	سنّت جنا کی پگ پنکج دھوُرِ ॥
ਹਰਿ ਸੇਤੀ ਸਦ ਰਹਹਿ ਲਿਵ ਲਾਇ ॥	ہرِ سیتی سد رہہِ لِو لاءِ ॥
ਪੂਰੈ ਸਤਿਗੁਰਿ ਦੀਆ ਬੁਝਾਇ ॥੧॥	پوُرےَ ستِگُرِ دیِیا بُجھاءِ ॥1॥
ਦਾਸਾ ਕਾ ਦਾਸੁ ਵਿਰਲਾ ਕੋਈ ਹੋਇ ॥	داسا کا داسُ وِرلا کوئی ہوءِ ॥
ਊਤਮ ਪਦਵੀ ਪਾਵੈ ਸੋਇ ॥੧॥ ਰਹਾਉ ॥	اوُتم پدوی پاوےَ سوءِ ॥1॥ رہاءُ ॥
ਏਕੋ ਸੇਵਹੁ ਅਵਰੁ ਨ ਕੋਇ ॥	ایکو سیوہُ اورُ ن کوءِ ॥
ਜਿਤੁ ਸੇਵਿਐ ਸਦਾ ਸੁਖੁ ਹੋਇ ॥	جِتُ سیوِئے سدا سُکھُ ہوءِ ॥
ਨਾ ਓਹੁ ਮਰੈ ਨ ਆਵੈ ਜਾਇ ॥	نا اوہُ مرےَ ن آوےَ جاءِ ॥
ਤਿਸੁ ਬਿਨੁ ਅਵਰੁ ਸੇਵੀ ਕਿਉ ਮਾਇ ॥੨॥	تِسُ بِنُ اورُ سیوی کِءُ ماءِ ۔ ॥2॥
ਸੇ ਜਨ ਸਾਚੇ ਜਿਨੀ ਸਾਚੁ ਪਛਾਣਿਆ ॥	سے جن ساچے جِنی ساچُ پچھانِیا ॥

ਆਪੁ ਮਾਰਿ ਸਹਜੇ ਨਾਮਿ ਸਮਾਣਿਆ ॥	آپُ مارِ سہجے نامِ سماٹیا ॥
ਗੁਰਮੁਖਿ ਨਾਮੁ ਪਰਾਪਤਿ ਹੋਇ ॥	گُرمُکھِ نامُ پراپتِ ہوءِ ॥
ਮਨੁ ਨਿਰਮਲੁ ਨਿਰਮਲ ਸਚੁ ਸੋਇ ॥੩॥	منُ نِرملُ نِرمل سچُ سوءِ ॥3॥
ਜਿਨਿ ਗਿਆਨੁ ਕੀਆ ਤਿਸੁ ਹਰਿ ਤੂ ਜਾਣੁ ॥	جِنِ گیانُ کیِیا تِسُ ہرِ توُ جانُ ॥
ਸਾਚ ਸਬਦਿ ਪ੍ਰਭੁ ਏਕੁ ਸਿਵਾਣੁ ॥	ساچ سبدِ پربھُ ایکُ سِجانُ ॥
ਹਰਿ ਰਸੁ ਚਾਖੈ ਤਾਂ ਸੁਧਿ ਹੋਇ ॥	ہرِ رسُ چاکھےَ تاں سُدھِ ہوءِ ॥
ਨਾਨਕ ਨਾਮਿ ਰਤੇ ਸਚੁ ਸੋਇ ॥੪॥੮॥	نانک نامِ رتے سچُ سوءِ ॥4॥8॥
ਬਸੰਤੁ ਮਹਲਾ ੩ ॥	بسنتُ محلا 3 ॥
ਨਾਮਿ ਰਤੇ ਕੁਲਾਂ ਕਾ ਕਰਹਿ ਉਧਾਰੁ ॥	نامِ رتے کُلاں کا کرہِ اُدھارُ ॥
ਸਾਚੀ ਬਾਣੀ ਨਾਮ ਪਿਆਰੁ ॥	ساچی باٹی نام پِیارُ ॥
ਮਨਮੁਖ ਭੂਲੇ ਕਾਹੇ ਆਏ ॥	منمُکھ بھوُلے کاہے آئے ۔ ॥
ਨਾਮਹੁ ਭੂਲੇ ਜਨਮੁ ਗਵਾਏ ॥੧॥	نامہُ بھوُلے جنمُ گوائے ॥1॥
ਜੀਵਤ ਮਰੈ ਮਰਿ ਮਰਣੁ ਸਵਾਰੈ ॥	جیِوت مرےَ مرِ مرنُ سوارےَ ॥
ਗੁਰ ਕੈ ਸਬਦਿ ਸਾਚੁ ਉਰ ਧਾਰੈ ॥੧॥ ਰਹਾਉ ॥	گُر کےَ سبدِ ساچُ اُر دھارےَ ॥1॥ رہاءُ ॥
ਗੁਰਮੁਖਿ ਸਚੁ ਭੋਜਨੁ ਪਵਿਤੁ ਸਰੀਰਾ ॥	گُرمُکھِ سچُ بھوجنُ پوِتُ سریِرا ॥
ਮਨੁ ਨਿਰਮਲੁ ਸਦ ਗੁਣੀ ਗਹੀਰਾ ॥	منُ نِرملُ سد گُنٹی گہیِرا ॥
ਜੰਮੈ ਮਰੈ 'ਨ' ਆਵੈ ਜਾਇ ॥	جنّمےَ مرےَ ن آوےَ جاءِ ॥
ਗੁਰ ਪਰਸਾਦੀ ਸਾਚਿ ਸਮਾਇ ॥੨॥	گُر پرسادی ساچِ سماءِ ॥2॥
ਸਾਚਾ ਸੇਵਹੁ ਸਾਚੁ ਪਛਾਣੈ ॥	ساچا سیوہُ ساچُ پچھاٹےَ ॥
ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥	گُر کےَ سبدِ ہرِ درِ نیِشاٹےَ ॥
ਦਰਿ ਸਾਚੈ ਸਚੁ ਸੋਭਾ ਹੋਇ ॥	درِ ساچےَ سچُ سوبھا ہوءِ ॥
ਨਿਜ ਘਰਿ ਵਾਸਾ ਪਾਵੈ ਸੋਇ ॥੩॥	نِج گھرِ واسا پاوےَ سوءِ ॥3॥

ਆਪਿ ਅਭੁਲੁ ਸਚਾ ਸਚੁ ਸੋਇ ॥	آپِ ابھُلُ سچا سچُ سوءِ ॥
ਹੋਰਿ ਸਭਿ ਭੂਲਹਿ ਦੂਜੈ ਪਤਿ ਖੋਇ ॥	ہورِ سبھِ بھوُلہِ دوُجےَ پتِ کھوءِ ॥
ਸਾਚਾ ਸੇਵਹੁ ਸਾਚੀ ਬਾਣੀ ॥	ساچا سیوہُ ساچی باٹی ॥
ਨਾਨਕ ਨਾਮੇ ਸਾਚਿ ਸਮਾਣੀ ॥੪॥੯॥	نانک نامے ساچِ سماٹی ॥4॥9॥
ਬਸੰਤੁ ਮਹਲਾ ੩ ॥	بسنّتُ محلا 3 ॥
ਬਿਨੁ ਕਰਮਾ ਸਭ ਭਰਮਿ ਭੁਲਾਈ ॥	بِنُ کرما سبھ بھرمِ بھُلائی ॥
ਮਾਇਆ ਮੋਹਿ ਬਹੁਤੁ ਦੁਖੁ ਪਾਈ ॥	مائیا موہِ بہُتُ دُکھُ پائی ॥
ਮਨਮੁਖ ਅੰਧੇ ਠਉਰ ਨ ਪਾਈ ॥	منمُکھ اندھے ٹھُرُ ن پائی ॥
ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ ॥੧॥	بِسٹا کا کیڑا بِسٹا ماہِ سمائی ॥1॥
ਹੁਕਮੁ ਮੰਨੇ ਸੋ ਜਨੁ ਪਰਵਾਣੁ ॥	حُکمُ مننے سو جنُ پرواٹُ ॥
ਗੁਰ ਕੈ ਸਬਦਿ ਨਾਮਿ ਨੀਸਾਣੁ ॥੧॥ ਰਹਾਉ ॥	گُر کےَ سبدِ نامِ نیشاٹُ ॥1॥ رہاءُ ॥
ਸਾਚਿ ਰਤੇ ਜਿਨ੍ਹਾ ਧੁਰਿ ਲਿਖਿ ਪਾਇਆ ॥	ساچِ رتے جِنّہا دھُرِ لِکھِ پائیا ॥
ਹਰਿ ਕਾ ਨਾਮੁ ਸਦਾ ਮਨਿ ਭਾਇਆ ॥	ہرِ کا نامُ سدا منِ بھائیا ॥
ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ ॥	ستِگُر کی باٹی سدا سُکھُ ہوءِ ॥
ਜੋਤੀ ਜੋਤਿ ਮਿਲਾਏ ਸੋਇ ॥੨॥	جوتی جوتِ مِلائے سوءِ ॥2॥
ਏਕੁ ਨਾਮੁ ਤਾਰੇ ਸੰਸਾਰੁ ॥	ایکُ نامُ تارے سنّسارُ ॥
ਗੁਰ ਪਰਸਾਦੀ ਨਾਮ ਪਿਆਰੁ ॥	گُر پرسادی نام پیارُ ॥
ਬਿਨੁ ਨਾਮੈ ਮੁਕਤਿ ਕਿਨੈ ਨ ਪਾਈ ॥	بِنُ نامےَ مُکتِ کِنےَ ن پائی ॥
ਪੂਰੇ ਗੁਰ ਤੇ ਨਾਮੁ ਪਲੈ ਪਾਈ ॥੩॥	پوُرے گُر تے نامُ پلےَ پائی ॥3॥
ਸੋ ਬੂਝੈ ਜਿਸੁ ਆਪਿ ਬੁਝਾਏ ॥	سو بوُجھےَ جِسُ آپِ بُجھائے ॥
ਸਤਿਗੁਰ ਸੇਵਾ ਨਾਮੁ ਦ੍ਰਿੜਾਏ ॥	ستِگُر سیوا نامُ دّرِڑّہائے ॥
ਜਿਨ ਇਕੁ ਜਾਤਾ ਸੇ ਜਨ ਪਰਵਾਣੁ ॥	جِن اِکُ جاتا سے جن پرواٹُ ॥

ਨਾਨਕ ਨਾਮਿ ਰਤੇ ਦਰਿ ਨੀਸਾਣੁ ॥੪॥੧੦॥	نانک نامِ رتے درِ نیشانُ ॥4॥ 10 ॥
ਬਸੰਤੁ ਮਹਲਾ ੩ ॥	بسنّتُ محلا 3 ॥
ਕ੍ਰਿਪਾ ਕਰੇ ਸਤਿਗੁਰੂ ਮਿਲਾਏ ॥	کرِپا کرے ستِگُرو مِلائے ॥
ਆਪੇ ਆਪਿ ਵਸੈ ਮਨਿ ਆਏ ॥	آپے آپِ وسے منِ آئے ॥
ਨਿਹਚਲ ਮਤਿ ਸਦਾ ਮਨ ਧੀਰ ॥	نِہچل متِ سدا من دھیِر ॥
ਹਰਿ ਗੁਣ ਗਾਵੈ ਗੁਣੀ ਗਹੀਰ ॥੧॥	ہرِ گُنُ گاوے گُنی گہیِر ॥1॥
ਨਾਮਹੁ ਭੂਲੇ ਮਰਹਿ ਬਿਖੁ ਖਾਇ ॥	نامہُ بھوُلے مرہِ بِکھُ کھاءِ ॥
ਬ੍ਰਿਥਾ ਜਨਮੁ ਫਿਰਿ ਆਵਹਿ ਜਾਇ ॥੧॥ ਰਹਾਉ ॥	بِرتھا جنمُ پھِرِ آوہِ جاءِ ॥1॥ رہاءُ ॥
ਬਹੁ ਭੇਖ ਕਰਹਿ ਮਨਿ ਸਾਂਤਿ ਨ ਹੋਇ ॥	بہُ بھیکھ کرہِ منِ سانتِ ن ہوءِ ॥
ਬਹੁ ਅਭਿਮਾਨਿ ਅਪਣੀ ਪਤਿ ਖੋਇ ॥	بہُ ابھمانِ اپنی پتِ کھوءِ ॥
ਸੇ ਵਡਭਾਗੀ ਜਿਨ ਸਬਦੁ ਪਛਾਣਿਆ ॥	سے وڈبھاگی جِن سبدُ پچھانیا ॥
ਬਾਹਰਿ ਜਾਦਾ ਘਰ ਮਹਿ ਆਣਿਆ ॥੨॥	باہرِ جادا گھر مہِ آنیا ॥2॥
ਘਰ ਮਹਿ ਵਸਤੁ ਅਗਮ ਅਪਾਰਾ ॥	گھر مہِ وستُ اگم اپارا ॥
ਗੁਰਮਤਿ ਖੋਜਹਿ ਸਬਦਿ ਬੀਚਾਰਾ ॥	گُرمتِ کھوجہِ سبدِ بیچارا ॥
ਨਾਮੁ ਨਵ ਨਿਧਿ ਪਾਈ ਘਰ ਹੀ ਮਾਹਿ ॥	نامُ نو نِدھِ پائی گھر ہی ماہِ ॥
ਸਦਾ ਰੰਗਿ ਰਾਤੇ ਸਚਿ ਸਮਾਹਿ ॥੩॥	سدا رنگِ راتے سچِ سماہِ ॥3॥
ਆਪਿ ਕਰੇ ਕਿਛੁ ਕਰਣੁ ਨ ਜਾਇ ॥	آپِ کرے کِچھُ کرنُ ن جاءِ ॥
ਆਪੇ ਭਾਵੈ ਲਏ ਮਿਲਾਇ ॥	آپے بھاوے لئے مِلاءِ ॥
ਤਿਸ ਤੇ ਨੇੜੈ ਨਾਹੀ ਕੋ ਦੂਰਿ ॥	تِس تے نیڑے ناہی کو دوُرِ ॥
ਨਾਨਕ ਨਾਮਿ ਰਹਿਆ ਭਰਪੂਰਿ ॥੪॥੧੧॥	نانک نامِ رہیا بھرپوُرِ ॥4॥ 11 ॥
ਬਸੰਤੁ ਮਹਲਾ ੩ ॥	بسنّتُ محلا 3 ॥
ਗੁਰ ਸਬਦੀ ਹਰਿ ਚੇਤਿ ਸੁਭਾਇ ॥	گُر سبدی ہرِ چیتِ سُبھاءِ ॥

ਰਾਮ ਨਾਮ ਰਸਿ ਰਹੈ ਅਘਾਇ ॥	رام نام رسِ رہے اگھاءِ ॥
ਕੋਟ ਕੋਟੰਤਰ ਕੇ ਪਾਪ ਜਲਿ ਜਾਹਿ ॥	کوٹ کوٹنّتر کے پاپ جلِ جاہِ ॥
ਜੀਵਤ ਮਰਹਿ ਹਰਿ ਨਾਮਿ ਸਮਾਹਿ ॥੧॥	جیوت مرہِ ہرِ نامِ سماہِ ॥1॥
ਹਰਿ ਕੀ ਦਾਤਿ ਹਰਿ ਜੀਉ ਜਾਣੈ ॥	ہرِ کی داتِ ہرِ جیءُ جانّے ॥
ਗੁਰ ਕੈ ਸਬਦਿ ਇਹੁ ਮਨੁ ਮਉਲਿਆ ਹਰਿ ਗੁਣਦਾਤਾ ਨਾਮੁ ਵਖਾਣੈ ॥੧॥ ਰਹਾਉ ॥	گُر کے سبدِ اِہُ منُ مئُلیا ہرِ گُنّداتا نامُ وکھانّے ॥1॥ رہاءُ ॥
ਭਗਵੈ ਵੇਸਿ ਭ੍ਰਮਿ ਮੁਕਤਿ ਨ ਹੋਇ ॥	بھگوے ویسِ بھرمِ مُکتِ ن ہوءِ ॥
ਬਹੁ ਸੰਜਮਿ ਸਾਂਤਿ ਨ ਪਾਵੈ ਕੋਇ ॥	بہُ سنّجمِ سانتِ ن پاوے کوءِ ॥
ਗੁਰਮਤਿ ਨਾਮੁ ਪਰਾਪਤਿ ਹੋਇ ॥	گُرمتِ نامُ پراپتِ ہوءِ ॥
ਵਡਭਾਗੀ ਹਰਿ ਪਾਵੈ ਸੋਇ ॥੨॥	وڈبھاگی ہرِ پاوے سوءِ ॥2॥
ਕਲਿ ਮਹਿ ਰਾਮ ਨਾਮਿ ਵਡਿਆਈ ॥	کلِ مہِ رام نامِ وڈیائی ॥
ਗੁਰ ਪੂਰੇ ਤੇ ਪਾਇਆ ਜਾਈ ॥	گُر پوُرے تے پائیا جائی ॥
ਨਾਮਿ ਰਤੇ ਸਦਾ ਸੁਖੁ ਪਾਈ ॥	نامِ رتے سدا سُکھُ پائی ॥
ਬਿਨੁ ਨਾਮੈ ਹਉਮੈ ਜਲਿ ਜਾਈ ॥੩॥	بِنُ نامے ہئمے جلِ جائی ॥3॥
ਵਡਭਾਗੀ ਹਰਿ ਨਾਮੁ ਬੀਚਾਰਾ ॥	وڈبھاگی ہرِ نامُ بیچارا ॥
ਛੂਟੈ ਰਾਮ ਨਾਮਿ ਦੁਖੁ ਸਾਰਾ ॥	چھوُٹے رام نامِ دُکھُ سارا ॥
ਹਿਰਦੈ ਵਸਿਆ ਸੁ ਬਾਹਰਿ ਪਾਸਾਰਾ ॥	ہِردے وسیا سُ باہرِ پاسارا ॥
ਨਾਨਕ ਜਾਣੈ ਸਭੁ ਉਪਾਵਣਹਾਰਾ ॥੪॥੧੨॥	نانک جانّے سبھُ اُپاوٹہارا ॥4॥ 12 ॥
ਬਸੰਤੁ ਮਹਲਾ ੩ ਇਕ ਤੁਕੇ ॥	بسنّتُ محلا 3 اِک تُکے ॥
ਤੇਰਾ ਕੀਆ ਕਿਰਮ ਜੰਤੁ ॥	تیرا کیا کِرم جنّتُ ॥
ਦੇਹਿ ਤ ਜਾਪੀ ਆਦਿ ਮੰਤੁ ॥੧॥	دیہِ ت جاپی آدِ منّتُ ॥1॥
ਗੁਣ ਆਖਿ ਵੀਚਾਰੀ ਮੇਰੀ ਮਾਇ ॥	گُنّ آکھِ ویچاری میری ماءِ ۔ ॥
ਹਰਿ ਜਪਿ ਹਰਿ ਕੈ ਲਗਉ ਪਾਇ ॥੧॥ ਰਹਾਉ ॥	ہرِ جپِ ہرِ کے لگءُ پاءِ ॥1॥ رہاءُ ॥

ਗੁਰ ਪ੍ਰਸਾਦਿ ਲਾਗੇ ਨਾਮ ਸੁਆਦਿ ॥	گُر پرّسادِ لاگے نام سُیادِ ॥
ਕਾਹੇ ਜਨਮੁ ਗਵਾਵਹੁ ਵੈਰਿ ਵਾਦਿ ॥੨॥	کاہے جنمُ گواوہُ ویَرِ وادِ ॥2॥
ਗੁਰਿ ਕਿਰਪਾ ਕੀਨ੍ਹੀ ਚੂਕਾ ਅਭਿਮਾਨੁ ॥	گُرِ کِرپا کِینّہی چوُکا ابھِمانُ ॥
ਸਹਜ ਭਾਇ ਪਾਇਆ ਹਰਿ ਨਾਮੁ ॥੩॥	سہج بھاءِ پائیا ہرِ نامُ ॥3॥
ਊਤਮੁ ਊਚਾ ਸਬਦ ਕਾਮੁ ॥	اوُتمُ اوُچا سبد کامُ ॥
ਨਾਨਕੁ ਵਖਾਣੈ ਸਾਚੁ ਨਾਮੁ ॥੪॥੧॥੧੩॥	نانکُ وکھاٹےٗ ساچُ نامُ ॥4॥1॥ 13 ॥
ਬਸੰਤੁ ਮਹਲਾ ੩ ॥	بسنّتُ محلا 3 ॥
ਬਨਸਪਤਿ ਮਉਲੀ ਚੜਿਆ ਬਸੰਤੁ ॥	بنسپتِ مئُلی چڑِیا بسنّتُ ॥
ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥੧॥	اِہُ منُ مئُلِیا ستِگُروُ سنگِ ॥1॥
ਤੁਮ੍ ਸਾਚੁ ਧਿਆਵਹੁ ਮੁਗਧ ਮਨਾ ॥	تُمہ ساچُ دھِیاوہُ مُگدھ منا ۔ ॥
ਤਾਂ ਸੁਖੁ ਪਾਵਹੁ ਮੇਰੇ ਮਨਾ ॥੧॥ ਰਹਾਉ ॥	تاں سُکھُ پاوہُ میرے منا ۔ ॥1॥ رہاءُ ॥
ਇਤੁ ਮਨਿ ਮਉਲਿਐ ਭਇਆ ਅਨੰਦੁ ॥	اِتُ منِ مئُلےِّ بھئیا انندُ ॥
ਅੰਮ੍ਰਿਤ ਫਲੁ ਪਾਇਆ ਨਾਮੁ ਗੋਬਿੰਦ ॥੨॥	انمّرِت پھلُ پائیا نامُ گوبِندَ ॥2॥
ਏਕੋ ਏਕੁ ਸਭੁ ਆਖਿ ਵਖਾਣੈ ॥	ایکوِ ایکُ سبھُ آکھِ وکھاٹےٗ ॥
ਹੁਕਮੁ ਬੂਝੈ ਤਾਂ ਏਕੋ ਜਾਣੈ ॥੩॥	حُکمُ بوُجھےَ تاں ایکوِ جاٹےٗ ॥3॥
ਕਹਤ ਨਾਨਕੁ ਹਉਮੈ ਕਹੈ ਨ ਕੋਇ ॥	کہت نانکُ ہئُمےَ کہےَ ن کوءِ ॥
ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ ॥੪॥੨॥੧੪॥	آکھنُ ویکھنُ سبھُ صاحِب تے ہوءِ ॥4॥2॥ 14 ॥
ਬਸੰਤੁ ਮਹਲਾ ੩ ॥	بسنّتُ محلا 3 ॥
ਸਭਿ ਜੁਗ ਤੇਰੇ ਕੀਤੇ ਹੋਏ ॥	سبھِ جُگ تیرے کِیتے ہوئے ॥
ਸਤਿਗੁਰੁ ਭੇਟੈ ਮਤਿ ਬੁਧਿ ਹੋਏ ॥੧॥	ستِگُرُ بھیٹےٗ متِ بُدھِ ہوئے ॥1॥
ਹਰਿ ਜੀਉ ਆਪੇ ਲੈਹੁ ਮਿਲਾਇ ॥	ہرِ جیِءُ آپے لیَہُ مِلاءِ ॥
ਗੁਰ ਕੈ ਸਬਦਿ ਸਚ ਨਾਮਿ ਸਮਾਇ ॥੧॥ ਰਹਾਉ ॥	گُر کے سبدِ سچ نامِ سماءِ ॥1॥ رہاءُ ॥

ਮਨਿ ਬਸੰਤੁ ਹਰੇ ਸਭਿ ਲੋਇ ॥	مِن بسنّتُ ہرے سبھِ لوءِ ॥
ਫਲਹਿ ਫੁਲੀਅਹਿ ਰਾਮ ਨਾਮਿ ਸੁਖੁ ਹੋਇ ॥੨॥	پھلہِ پھُلِیئہِ رام نامِ سُکھُ ہوءِ ॥2॥
ਸਦਾ ਬਸੰਤੁ ਗੁਰ ਸਬਦੁ ਵੀਚਾਰੇ ॥	سدا بسنّتُ گُر سبدُ ویچارے ॥
ਰਾਮ ਨਾਮੁ ਰਾਖੈ ਉਰ ਧਾਰੇ ॥੩॥	رام نامُ راکھےَ اُر دھارے ॥3॥
ਮਨਿ ਬਸੰਤੁ ਤਨੁ ਮਨੁ ਹਰਿਆ ਹੋਇ ॥	مِن بسنّتُ تنُ منُ ہرِیا ہوءِ ॥
ਨਾਨਕ ਇਹੁ ਤਨੁ ਬਿਰਖੁ ਰਾਮ ਨਾਮੁ ਫਲੁ ਪਾਏ ਸੋਇ ॥੪॥੩॥੧੫॥	نانک اِہُ تنُ بِرکھُ رام نامُ پھلُ پائے سوءِ ॥4॥3॥ 15 ॥
ਬਸੰਤੁ ਮਹਲਾ ੩ ॥	بسنّتُ محلا 3 ॥
ਤਿਨ੍ ਬਸੰਤੁ ਜੋ ਹਰਿ ਗੁਣ ਗਾਇ ॥	تِنّہ بسنّتُ جو ہرِ گُنؔ گاءِ ॥
ਪੂਰੈ ਭਾਗਿ ਹਰਿ ਭਗਤਿ ਕਰਾਇ ॥੧॥	پوُرے بھاگِ ہرِ بھگتِ کراءِ ॥1॥
ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ ॥	اِسُ من کءُ بسنّت کی لگےَ ن سوءِ ॥
ਇਹੁ ਮਨੁ ਜਲਿਆ ਦੂਜੈ ਦੋਇ ॥੧॥ ਰਹਾਉ ॥	اِہُ منُ جلِیا دوُجےَ دوءِ ॥1॥ رہاءُ ॥
ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ ॥	اِہُ منُ دھندّھےَ باندھا کرم کماءِ ॥
ਮਾਇਆ ਮੂਠਾ ਸਦਾ ਬਿਲਲਾਇ ॥੨॥	مائیا موُٹھا سدا بِللاءِ ॥2॥
ਇਹੁ ਮਨੁ ਛੂਟੈ ਜਾਂ ਸਤਿਗੁਰੁ ਭੇਟੈ ॥	اِہُ منُ چھوُٹےَ جاں ستِگُر بھیٹےَ ॥
ਜਮਕਾਲ ਕੀ ਫਿਰਿ ਆਵੈ ਨ ਫੇਟੈ ॥੩॥	جمکال کی پھِرِ آوےَ ن پھیٹےَ ॥3॥
ਇਹੁ ਮਨੁ ਛੂਟਾ ਗੁਰਿ ਲੀਆ ਛਡਾਇ ॥	اِہُ منُ چھوُٹا گُرِ لِیا چھڈاءِ ॥
ਨਾਨਕ ਮਾਇਆ ਮੋਹੁ ਸਬਦਿ ਜਲਾਇ ॥੪॥੪॥੧੬॥	نانک مائیا موہُ سبدِ جلاءِ ॥4॥4॥ 16 ॥
ਬਸੰਤੁ ਮਹਲਾ ੩ ॥	بسنّتُ محلا 3 ॥
ਬਸੰਤੁ ਚੜਿਆ ਫੂਲੀ ਬਨਰਾਇ ॥	بسنّتُ چڑِیا پھوُلی بنراءِ ॥
ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥੧॥	ایہِ جیء جنّت پھوُلہِ ہرِ چتُ لاءِ ॥1॥
ਇਨ ਬਿਧਿ ਇਹੁ ਮਨੁ ਹਰਿਆ ਹੋਇ ॥	اِن بِدھِ اِہُ منُ ہرِیا ہوءِ ॥

ਹਰਿ ਹਰਿ ਨਾਮੁ ਜਪੈ ਦਿਨੁ ਰਾਤੀ ਗੁਰਮੁਖਿ ਹਉਮੈ ਕਢੈ ਧੋਇ ॥੧॥ ਰਹਾਉ ॥	ہرِ ہرِ نامُ جپے دِنُ راتی گُرمُکھِ ہئُمےَ کڈھے دھوءِ ॥1॥ رہاءُ ॥
ਸਤਿਗੁਰ ਬਾਣੀ ਸਬਦੁ ਸੁਣਾਏ ॥	ستِگُر باٹی سبدُ سُٹائے ॥
ਇਹੁ ਜਗੁ ਹਰਿਆ ਸਤਿਗੁਰ ਭਾਏ ॥੨॥	اِہُ جگُ ہریا ستِگُر بھائے ॥2॥
ਫਲ ਫੂਲ ਲਾਗੇ ਜਾਂ ਆਪੇ ਲਾਏ ॥	پھل پھوُل لاگے جاں آپے لائے ॥
ਮੂਲਿ ਲਗੈ ਤਾਂ ਸਤਿਗੁਰੁ ਪਾਏ ॥੩॥	موُلِ لگےَ تاں ستِگُرُ پائے ॥3॥
ਆਪਿ ਬਸੰਤੁ ਜਗਤੁ ਸਭੁ ਵਾੜੀ ॥	آپِ بسنّتُ جگتُ سبھُ واڑی ॥
ਨਾਨਕ ਪੂਰੈ ਭਾਗਿ ਭਗਤਿ ਨਿਰਾਲੀ ॥੪॥੫॥੧੭॥	نانک پوُرے بھاگِ بھگتِ نِرالی ॥4॥5॥ 17 ॥
ਬਸੰਤੁ ਹਿੰਡੋਲ ਮਹਲਾ ੩ ਘਰੁ ੨	بسنّتُ ہِنڈولُ محلا 3 گھرُ 2
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਗੁਰ ਕੀ ਬਾਣੀ ਵਿਟਹੁ ਵਾਰਿਆ ਭਾਈ ਗੁਰ ਸਬਦ ਵਿਟਹੁ ਬਲਿ ਜਾਈ ॥	گُر کی باٹی وِٹہُ وارِیا بھائی گُر سبد وِٹہُ بلِ جائی ॥
ਗੁਰੁ ਸਾਲਾਹੀ ਸਦ ਅਪਣਾ ਭਾਈ ਗੁਰ ਚਰਣੀ ਚਿਤੁ ਲਾਈ ॥੧॥	گُرُ سالاحی سد اپنّا بھائی گُر چرنّی چِتُ لائی ॥1॥
ਮੇਰੇ ਮਨ ਰਾਮ ਨਾਮਿ ਚਿਤੁ ਲਾਇ ॥	میرے من رام نامِ چِتُ لاءِ ॥
ਮਨੁ ਤਨੁ ਤੇਰਾ ਹਰਿਆ ਹੋਵੈ ਇਕੁ ਹਰਿ ਨਾਮਾ ਫਲੁ ਪਾਇ ॥੧॥ ਰਹਾਉ ॥	منُ تنُ تیرا ہریا ہووے اِکُ ہرِ نامًا پھلُ پاءِ ॥1॥ رہاءُ ॥
ਗੁਰਿ ਰਾਖੇ ਸੇ ਉਬਰੇ ਭਾਈ ਹਰਿ ਰਸੁ ਅੰਮ੍ਰਿਤੁ ਪੀਆਇ ॥	گُرِ راکھے سے اُبرے بھائی ہرِ رسُ انمّرِتُ پیِیاءِ ॥
ਵਿਚਹੁ ਹਉਮੈ ਦੁਖੁ ਉਠਿ ਗਇਆ ਭਾਈ ਸੁਖੁ ਵੁਠਾ ਮਨਿ ਆਇ ॥੨॥	وِچہُ ہئُمےَ دُکھُ اُٹھِ گئیا بھائی سُکھُ وُٹھا منِ آءِ ॥2॥
ਧੁਰਿ ਆਪੇ ਜਿਨ੍ਹਾ ਨੋ ਬਖਸਿਓਨੁ ਭਾਈ ਸਬਦੇ ਲਇਅਨੁ ਮਿਲਾਇ ॥	دھُرِ آپے جِنّہا نو بخشِئونُ بھائی سبدے لئِنّنُ مِلاءِ ॥
ਧੂੜਿ ਤਿਨ੍ਹਾ ਕੀ ਅਘੁਲੀਐ ਭਾਈ ਸਤਸੰਗਤਿ ਮੇਲਿ ਮਿਲਾਇ ॥੩॥	دھوُڑِ تِنّہا کی اگھُلیےَ بھائی

ਆਪਿ ਕਰਾਏ ਕਰੇ ਆਪਿ ਭਾਈ
ਜਿਨਿ ਹਰਿਆ ਕੀਆ ਸਭੁ ਕੋਇ ॥

ਨਾਨਕ ਮਨਿ ਤਨਿ ਸੁਖੁ ਸਦ ਵਸੈ ਭਾਈ
ਸਬਦਿ ਮਿਲਾਵਾ ਹੋਇ ॥੪॥੧॥੧੮॥੧੨॥੧੮॥੩੦॥

ਰਾਗੁ ਬਸੰਤੁ ਮਹਲਾ ੪ ਘਰੁ ੧ ਇਕ ਤੁਕੇ

ੴ ਸਤਿਗੁਰ ਪ੍ਰਸਾਦਿ ॥

ਜਿਉ ਪਸਰੀ ਸੂਰਜ ਕਿਰਣਿ ਜੋਤਿ ॥

ਤਿਉ ਘਟਿ ਘਟਿ ਰਮਈਆ ਓਤਿ ਪੋਤਿ ॥੧॥

ਏਕੋ ਹਰਿ ਰਵਿਆ ਸ੍ਰਬ ਥਾਇ ॥

ਗੁਰ ਸਬਦੀ ਮਿਲੀਐ ਮੇਰੀ ਮਾਇ ॥੧॥ ਰਹਾਉ ॥

ਘਟਿ ਘਟਿ ਅੰਤਰਿ ਏਕੋ ਹਰਿ ਸੋਇ ॥

ਗੁਰਿ ਮਿਲਿਐ ਇਕੁ ਪ੍ਰਗਟੁ ਹੋਇ ॥੨॥

ਏਕੋ ਏਕੁ ਰਹਿਆ ਭਰਪੂਰਿ ॥

ਸਾਕਤ ਨਰ ਲੋਭੀ ਜਾਣਹਿ ਦੂਰਿ ॥੩॥

ਏਕੋ ਏਕੁ ਵਰਤੈ ਹਰਿ ਲੋਇ ॥

ਨਾਨਕ ਹਰਿ ਏਕੋ ਕਰੇ
ਸੁ ਹੋਇ ॥੪॥੧॥

ਬਸੰਤੁ ਮਹਲਾ ੪ ॥

ਰੈਣਿ ਦਿਨਸੁ ਦੁਇ ਸਦੇ ਪਏ ॥

ਮਨ ਹਰਿ ਸਿਮਰਹੁ
ਅੰਤਿ ਸਦਾ ਰਖਿ ਲਏ ॥੧॥

ਹਰਿ ਹਰਿ ਚੇਤਿ ਸਦਾ ਮਨ ਮੇਰੇ ॥

ستسنگتِ میلِ مِلاءِ ॥3॥

آپِ کرائے کرے آپِ بھائی
جِنِ ہریا کیِیا سبھُ کوءِ ॥

نانک منِ تنِ سُکھُ سد وسے بھائی
سبدِ مِلاوا ہوءِ ॥4॥1॥ 18 ॥ 12 ॥ 18 ॥ 30 ॥

راگُ بسنّتُ محلا 4 گھرُ 1 اِک تُکے

ؤ ستِگُر پرّسادِ ॥

جِءُ پسری سوُرج کِرنِ جوتِ ॥

تِءُ گھٹِ گھٹِ رمئیِا اوتِ پوتِ ॥1॥

ایکو ہرِ روِیا سّرب تھاءِ ॥

گُر سبدی مِلیئے میری ماءِ ۔ ॥1॥ رہاءُ ॥

گھٹِ گھٹِ انّترِ ایکو ہرِ سوءِ ॥

گُرِ مِلیئے اِکُ پرّگٹُ ہوءِ ॥2॥

ایکو ایکُ رہِیا بھرپوُرِ ॥

ساکت نر لوبھی جانہِ دوُرِ ॥3॥

ایکو ایکُ ورتے ہرِ لوءِ ॥

نانک ہرِ ایکو کرے
سُ ہوءِ ॥4॥1॥

بسنّتُ محلا 4 ॥

رینِ دِنسُ دُءِ صدے پئے ॥

من ہرِ سِمرہُ
انّتِ سدا رکھِ لئے ॥1॥

ہرِ ہرِ چیتِ سدا من میرے ۔ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਸਭੁ ਆਲਸੁ ਦੂਖ ਭੰਜਿ ਪ੍ਰਭੁ ਪਾਇਆ
ਗੁਰਮਤਿ ਗਾਵਹੁ ਗੁਣ ਪ੍ਰਭ ਕੇਰੇ ॥੧॥ ਰਹਾਉ ॥

ਸبھُ آلسُ دوُکھ بھنجِ پّربھُ پائیا
گُرمتِ گاوہُ گُنڑ پّربھ کیرے ॥1॥ رہاءُ ॥

ਮਨਮੁਖ ਫਿਰਿ ਫਿਰਿ ਹਉਮੈ ਮੁਏ ॥

منمُکھ پھِرِ پھِرِ ہئُمے مُے ॥

ਕਾਲਿ ਦੈਤਿ ਸੰਘਾਰੇ ਜਮ ਪੁਰਿ ਗਏ ॥੨॥

کالِ دیَتِ سنگھارے جم پُر گئے ॥2॥

ਗੁਰਮੁਖਿ ਹਰਿ ਹਰਿ ਹਰਿ ਲਿਵ ਲਾਗੇ ॥

گُرمُکھِ ہرِ ہرِ ہرِ لِو لاگے ॥

ਜਨਮ ਮਰਣ ਦੋਊ ਦੁਖ ਭਾਗੇ ॥੩॥

جنم مرنڑ دوئوُ دُکھ بھاگے ॥3॥

ਭਗਤ ਜਨਾ ਕਉ ਹਰਿ ਕਿਰਪਾ ਧਾਰੀ ॥

بھگت جنا کءُ ہرِ کِرپا دھاری ॥

ਗੁਰੁ ਨਾਨਕੁ ਤੁਠਾ ਮਿਲਿਆ ਬਨਵਾਰੀ ॥੪॥੨॥

گُرُ نانکُ تُٹھا مِلیا بنواری ॥4॥2॥

ਬਸੰਤੁ ਹਿੰਡੋਲ ਮਹਲਾ ੪ ਘਰੁ ੨

بسنّتُ ہِنڈولُ محلا 4 گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਰਾਮ ਨਾਮੁ ਰਤਨ ਕੋਠੜੀ
ਗੜ ਮੰਦਰਿ ਏਕ ਲੁਕਾਨੀ ॥

رام نامُ رتن کوٹھڑی
گڑ منّدرِ ایک لُکانی ॥

ਸਤਿਗੁਰੁ ਮਿਲੈ ਤ ਖੋਜੀਐ
ਮਿਲਿ ਜੋਤੀ ਜੋਤਿ ਸਮਾਨੀ ॥੧॥

ستِگُرُ مِلے َت کھوجیئے
مِلِ جوتی جوتِ سمانی ॥1॥

ਮਾਧੋ ਸਾਧੂ ਜਨ ਦੇਹੁ ਮਿਲਾਇ ॥

مادھو سادھوُ جن دیہُ مِلاءِ ॥

ਦੇਖਤ ਦਰਸੁ ਪਾਪ ਸਭਿ ਨਾਸਹਿ
ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥

دیکھت درسُ پاپ سبھِ ناسہِ
پوِتّر پرم پدُ پاءِ ॥1॥ رہاءُ ॥

ਪੰਚ ਚੋਰ ਮਿਲਿ ਲਾਗੇ ਨਗਰੀਆ
ਰਾਮ ਨਾਮ ਧਨੁ ਹਿਰਿਆ ॥

پنّچ چور مِلِ لاگے نگریِیا
رام نام دھنُ ہِریا ॥

ਗੁਰਮਤਿ ਖੋਜ ਪਰੇ ਤਬ ਪਕਰੇ
ਧਨੁ ਸਾਬਤੁ ਰਾਸਿ ਉਬਰਿਆ ॥੨॥

گُرمتِ کھوج پرے تب پکرے
دھنُ سابتُ راسِ اُبریا ॥2॥

ਪਾਖੰਡ ਭਰਮ ਉਪਾਵ ਕਰਿ ਥਾਕੇ
ਰਿਦ ਅੰਤਰਿ ਮਾਇਆ ਮਾਇਆ ॥

پاکھنّڈ بھرم اُپاو کرِ تھاکے
رِد انّترِ مائیا مائیا ॥

ਸਾਧੂ ਪੁਰਖੁ ਪੁਰਖਪਤਿ ਪਾਇਆ
ਅਗਿਆਨ ਅੰਧੇਰੁ ਗਵਾਇਆ ॥੩॥

سادھوُ پُرکھُ پُرکھپتِ پائیا

ਜਗੰਨਾਥ ਜਗਦੀਸ ਗੁਸਾਈ
ਕਰਿ ਕਿਰਪਾ ਸਾਧੁ ਮਿਲਾਵੈ ॥

ਨਾਨਕ ਸਾਂਤਿ ਹੋਵੈ ਮਨ ਅੰਤਰਿ
ਨਿਤ ਹਿਰਦੈ ਹਰਿ ਗੁਣ ਗਾਵੈ ॥੪॥੧॥੩॥

ਬਸੰਤੁ ਮਹਲਾ ੪ ਹਿੰਡੋਲ ॥

ਤੁਮ੍ ਵਡ ਪੁਰਖ ਵਡ ਅਗਮ ਗੁਸਾਈ
ਹਮ ਕੀਰੇ ਕਿਰਮ ਤੁਮਨਛੇ ॥

ਹਰਿ ਦੀਨ ਦਇਆਲ ਕਰਹੁ ਪ੍ਰਭ ਕਿਰਪਾ
ਗੁਰ ਸਤਿਗੁਰ ਚਰਣ ਹਮ ਬਨਛੇ ॥੧॥

ਗੋਬਿੰਦ ਜੀਉ ਸਤਸੰਗਤਿ ਮੇਲਿ ਕਰਿ ਕ੍ਰਿਪਛੇ ॥

ਜਨਮ ਜਨਮ ਕੇ ਕਿਲਵਿਖ ਮਲੁ ਭਰਿਆ
ਮਿਲਿ ਸੰਗਤਿ ਕਰਿ ਪ੍ਰਭ ਹਨਛੇ ॥੧॥ ਰਹਾਉ ॥

ਤੁਮ੍ਰਾ ਜਨੁ ਜਾਤਿ ਅਵਿਜਾਤਾ
ਹਰਿ ਜਪਿਓ ਪਤਿਤ ਪਵੀਛੇ ॥

ਹਰਿ ਕੀਓ ਸਗਲ ਭਵਨ ਤੇ ਊਪਰਿ
ਹਰਿ ਸੋਭਾ ਹਰਿ ਪ੍ਰਭ ਦਿਨਛੇ ॥੨॥

ਜਾਤਿ ਅਜਾਤਿ ਕੋਈ ਪ੍ਰਭ ਧਿਆਵੈ
ਸਭਿ ਪੂਰੇ ਮਾਨਸ ਤਿਨਛੇ ॥

ਸੇ ਧੰਨਿ ਵਡੇ ਵਡ ਪੂਰੇ ਹਰਿ ਜਨ
ਜਿਨ੍ ਹਰਿ ਧਾਰਿਓ ਹਰਿ ਉਰਛੇ ॥੩॥

ਹਮ ਢੀਂਢੇ ਢੀਮ ਬਹੁਤੁ ਅਤਿ ਭਾਰੀ
ਹਰਿ ਧਾਰਿ ਕ੍ਰਿਪਾ ਪ੍ਰਭ ਮਿਲਛੇ ॥

ਜਨ ਨਾਨਕ ਗੁਰੁ ਪਾਇਆ ਹਰਿ ਤੂਠੇ
ਹਮ ਕੀਏ ਪਤਿਤ ਪਵੀਛੇ ॥੪॥੨॥੪॥

اگیان اندھیرُ گوائیا ॥3॥

جگنّاتھ جگدیِس گُسائی
کرِ کِرپا سادھُ مِلاوے ॥

نانک سانتِ ہووے من انترِ
نِت ہِردے ہرِ گُنؒ گاوے ॥4॥1॥3॥

بسنّتُ محلا 4 ہِنڈول ॥

تُمہ وڈ پُرکھ وڈ اگم گُسائی
ہم کِیرے کِرم تُمنچھے ॥

ہرِ دِین دیئال کرہُ پربھ کِرپا
گُر ستِگُر چرنؒ ہم بنچھے ॥1॥

گوبِند جیِءُ ستسنگتِ میلِ کرِ کرِپچھے ॥

جنم جنم کے کِلوِکھ ملُ بھریا
مِلِ سنگتِ کرِ پربھ ہنچھے ॥1॥ رہاءُ ॥

تُمہرا جنُ زاتِ اوِجاتا
ہرِ جپِئو پتِت پوِچھے ॥

ہرِ کِینو سگل بھون تے اوُپرِ
ہرِ سوبھا ہرِ پربھ دِنچھے ॥2॥

زاتِ نزاتِ کوئی پربھ دھیاوے
سبھِ پوُرے مانس تِنچھے ॥

سے دھنّنِ وڈے وڈ پوُرے ہرِ جن
جِنہ ہرِ دھارِئو ہرِ اُرچھے ॥3॥

ہم ڈھینڈھے ڈھیم بہُتُ اتِ بھاری
ہرِ دھارِ کرِپا پربھ ملِچھے ॥

جن نانک گُرُ پائیا ہرِ توٹھے
ہم کِیئے پتِت پوِچھے ॥4॥2॥4॥

ਬਸੰਤੁ ਹਿੰਡੋਲ ਮਹਲਾ ੪ ॥

ਮੇਰਾ ਇਕੁ ਖਿਨੁ ਮਨੂਆ ਰਹਿ ਨ ਸਕੈ
ਨਿਤ ਹਰਿ ਹਰਿ ਨਾਮ ਰਸਿ ਗੀਧੇ ॥

ਜਿਉ ਬਾਰਿਕੁ ਰਸਕਿ ਪਰਿਓ ਥਨਿ ਮਾਤਾ
ਥਨਿ ਕਾਢੇ ਬਿਲਲ ਬਿਲੀਧੇ ॥੧॥

ਗੋਬਿੰਦ ਜੀਉ
ਮੇਰੇ ਮਨ ਤਨ ਨਾਮ ਹਰਿ ਬੀਧੇ ॥

ਵਡੈ ਭਾਗਿ ਗੁਰੁ ਸਤਿਗੁਰੁ ਪਾਇਆ
ਵਿਚਿ ਕਾਇਆ ਨਗਰ ਹਰਿ ਸੀਧੇ ॥੧॥ ਰਹਾਉ ॥

ਜਨ ਕੇ ਸਾਸ ਸਾਸ ਹੈ ਜੇਤੇ
ਹਰਿ ਬਿਰਹਿ ਪ੍ਰਭੂ ਹਰਿ ਬੀਧੇ ॥

ਜਿਉ ਜਲ ਕਮਲ ਪ੍ਰੀਤਿ ਅਤਿ ਭਾਰੀ
ਬਿਨੁ ਜਲ ਦੇਖੇ ਸੁਕਲੀਧੇ ॥੨॥

ਜਨ ਜਪਿਓ ਨਾਮੁ ਨਿਰੰਜਨੁ ਨਰਹਰਿ
ਉਪਦੇਸਿ ਗੁਰੂ ਹਰਿ ਪ੍ਰੀਧੇ ॥

ਜਨਮ ਜਨਮ ਕੀ ਹਉਮੈ ਮਲੁ ਨਿਕਸੀ
ਹਰਿ ਅੰਮ੍ਰਿਤਿ ਹਰਿ ਜਲਿ ਨੀਧੇ ॥੩॥

ਹਮਰੇ ਕਰਮ ਨ ਬਿਚਰਹੁ ਠਾਕੁਰ
ਤੁਮ੍ ਪੈਜ ਰਖਹੁ ਅਪਨੀਧੇ ॥

ਹਰਿ ਭਾਵੈ ਸੁਣਿ ਬਿਨਉ ਬੇਨਤੀ
ਜਨ ਨਾਨਕ ਸਰਣਿ ਪਵੀਧੇ ॥੪॥੩॥੫॥

ਬਸੰਤੁ ਹਿੰਡੋਲ ਮਹਲਾ ੪ ॥

ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ
ਤਿਲੁ ਘਰਿ ਨਹੀ ਵਾਸਾ ਪਾਈਐ ॥

ਗੁਰਿ ਅੰਕਸੁ ਸਬਦੁ ਦਾਰੂ ਸਿਰਿ ਧਾਰਿਓ

بسنّتُ ہِنڈول محلا 4 ॥

میرا اِکُ کھِنُ منؤیا رہِ ن سکےَ
نِت ہرِ ہرِ نام رسِ گیدھے ॥

جِءُ بارِکُ رسکِ پرِئو تھنِ ماتا
تھنِ کاڈھے بِلل بِلیدھے ॥1॥

گوبِنّد جیِءُ
میرے من تن نام ہرِ بیدھے ॥

وڈےَ بھاگِ گُرُ ستِگُرُ پایئیا
وِچِ کایئیا نگر ہرِ سیدھے ॥1॥ رہاءُ ॥

جن کے ساس ساس ہےَ جیتے
ہرِ بِرہِ پرّبھوُ ہرِ بیدھے ॥

جِءُ جل کمل پرّیتِ اتِ بھاری
بِنُ جل دیکھے سُکلیدھے ॥2॥

جن جپِئو نامُ نِرنّجنُ نرہرِ
اُپدیسِ گُرُو ہرِ پرّیدھے ॥

جنم جنم کی ہئُےَ مل نِکسی
ہرِ انمّرِتِ ہرِ جلِ نیدھے ॥3॥

ہمرے کرم ن بچرہُ ٹھاکُر
تُمہ پیج رکھہُ اپنیدھے ॥

ہرِ بھاوےَ سُنِ بِنءُ بینتی
جن نانک سرنِ پویدھے ॥4॥3॥5॥

بسنّتُ ہِنڈول محلا 4 ॥

منُ کھِنُ کھِنُ بھرمِ بھرمِ بہُ دھاوےَ
تِلُ گھرِ نہی واسا پائیےَ ॥

گُرِ انکُس سبدُ دارُو سِرِ دھارِئو

ਘਰਿ ਮੰਦਰਿ ਆਣਿ ਵਸਾਈਐ ॥੧॥

گھرِ مندرِ آنِ وسائیئے ॥1॥

ਗੋਬਿੰਦ ਜੀਉ ਸਤਸੰਗਤਿ ਮੇਲਿ ਹਰਿ ਧਿਆਈਐ ॥

گوبِند جیءُ ستسنگتِ میلِ ہرِ دھیائیئے ॥

ਹਉਮੈ ਰੋਗੁ ਗਇਆ ਸੁਖੁ ਪਾਇਆ
ਹਰਿ ਸਹਜਿ ਸਮਾਧਿ ਲਗਾਈਐ ॥੧॥ ਰਹਾਉ ॥

ہئُمے روگُ گئیا سُکھُ پائیا
ہرِ سہجِ سمادھِ لگائیئے ॥1॥ رہاءُ ॥

ਘਰਿ ਰਤਨ ਲਾਲ ਬਹੁ ਮਾਣਕ ਲਾਦੇ
ਮਨੁ ਭ੍ਰਮਿਆ ਲਹਿ ਨ ਸਕਾਈਐ ॥

گھرِ رتن لال بہُ مانک لادے
منُ بھرمیا لہِ ن سکائیئے ॥

ਜਿਉ ਓਡਾ ਕੂਪੁ ਗੁਹਜ ਖਿਨ ਕਾਢੈ
ਤਿਉ ਸਤਿਗੁਰਿ ਵਸਤੁ ਲਹਾਈਐ ॥੨॥

جِءُ اوڈا کوُپُ گُہج کھِن کاڈھے
تِءُ ستِگُرِ وستُ لہائیئے ॥2॥

ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ
ਤੇ ਧ੍ਰਿਗੁ ਧ੍ਰਿਗੁ ਨਰ ਜੀਵਾਈਐ ॥

جِن ایَسا ستِگُرُ سادھُ ن پائیا
تے دھرِگُ دھرِگُ نر جیِوائیئے ॥

ਜਨਮੁ ਪਦਾਰਥੁ ਪੁੰਨਿ ਫਲੁ ਪਾਇਆ
ਕਉਡੀ ਬਦਲੈ ਜਾਈਐ ॥੩॥

جنمُ پدارتھُ پُنّنِ پھلُ پائیا
کئُڈی بدلے جائیئے ॥3॥

ਮਧੁਸੂਦਨ ਹਰਿ ਧਾਰਿ ਪ੍ਰਭ ਕਿਰਪਾ
ਕਰਿ ਕਿਰਪਾ ਗੁਰੂ ਮਿਲਾਈਐ ॥

مدھسُوُدن ہرِ دھارِ پربھ کِرپا
کرِ کِرپا گُرُو مِلائیئے ॥

ਜਨ ਨਾਨਕ ਨਿਰਬਾਣ ਪਦੁ ਪਾਇਆ
ਮਿਲਿ ਸਾਧੂ ਹਰਿ ਗੁਣ ਗਾਈਐ ॥੪॥੪॥੬॥

جن نانک نِرباںُ پدُ پائیا
مِلِ سادھوُ ہرِ گُنُ گائیئے ॥4॥4॥6॥

ਬਸੰਤੁ ਹਿੰਡੋਲ ਮਹਲਾ ੪ ॥

بسنّتُ ہِنڈول محلا 4 ॥

ਆਵਣ ਜਾਣੁ ਭਇਆ ਦੁਖੁ ਬਿਖਿਆ
ਦੇਹ ਮਨਮੁਖ ਸੁੰਞੀ ਸੁੰਞੂ ॥

آوںُ جانُ بھئیا دُکھُ بِکھیا
دیہ منمُکھ سُنّجی سُنّجُ ॥

ਰਾਮ ਨਾਮੁ ਖਿਨੁ ਪਲੁ ਨਹੀ ਚੇਤਿਆ
ਜਮਿ ਪਕਰੇ ਕਾਲਿ ਸਲੂੰਞੂ ॥੧॥

رام نامُ کھِنُ پلُ نہی چیتیا
جمِ پکرے کالِ سلُنّجُ ॥1॥

ਗੋਬਿੰਦ ਜੀਉ ਬਿਖੁ ਹਉਮੈ ਮਮਤਾ ਮੁੰਞੂ ॥

گوبِند جیءُ بِکھُ ہئُمے ممتا مُنّجُ ॥

ਸਤਸੰਗਤਿ ਗੁਰ ਕੀ ਹਰਿ ਪਿਆਰੀ
ਮਿਲਿ ਸੰਗਤਿ ਹਰਿ ਜਸੁ ਭੁੰਞੂ ॥੧॥ ਰਹਾਉ ॥

ستسنگتِ گُر کی ہرِ پیاری
مِلِ سنگتِ ہرِ جسُ بھُنّجُ ॥1॥ رہاءُ ॥

ਸਤਸੰਗਤਿ ਸਾਧ ਦਇਆ ਕਰਿ ਮੇਲਹੁ

ستسنگتِ سادھ دئیا کرِ میلہُ

ਸਰਣਾਗਤਿ ਸਾਧੂ ਪੰਞੂ ॥

سرٹاگتِ سادھوُ پنجُ ॥

ਹਮ ਡੂਬਦੇ ਪਾਥਰ ਕਾਢਿ ਲੇਹੁ ਪ੍ਰਭ
ਤੁਮ੍ ਦੀਨ ਦਇਆਲ ਦੁਖ ਭੰਞੂ ॥੨॥

ہم ڈُبدے پاتھر کاڈھِ لیہُ پربھ
تُمہ دِین دیئال دُکھ بھنجُ ॥2॥

ਹਰਿ ਉਸਤਤਿ ਧਾਰਹੁ ਰਿਦ ਅੰਤਰਿ ਸੁਆਮੀ
ਸਤਸੰਗਤਿ ਮਿਲਿ ਬੁਧਿ ਲੰਞੂ ॥

ہرِ اُستتِ دھارہُ رِد انتر سُیامی
ستسنگتِ مِلِ بُدھِ لنجُ ॥

ਹਰਿ ਨਾਮੈ ਹਮ ਪ੍ਰੀਤਿ ਲਗਾਨੀ
ਹਮ ਹਰਿ ਵਿਟਹੁ ਘੁਮਿ ਵੰਞੂ ॥੩॥

ہرِ نامے ہم پریت لگانی
ہم ہرِ وِٹہُ گھُمِ ونجُ ॥3॥

ਜਨ ਕੇ ਪੂਰਿ ਮਨੋਰਥ ਹਰਿ ਪ੍ਰਭ
ਹਰਿ ਨਾਮੁ ਦੇਵਹੁ ਹਰਿ ਲੰਞੂ ॥

جن کے پوُرِ منورتھ ہرِ پربھ
ہرِ نامُ دیوہُ ہرِ لنجُ ॥

ਜਨ ਨਾਨਕ ਮਨਿ ਤਨਿ ਅਨਦੁ ਭਇਆ ਹੈ
ਗੁਰਿ ਮੰਤ੍ਰੁ ਦੀਓ ਹਰਿ ਭੰਞੂ ॥੪॥੫॥੭॥੧੨॥੧੮॥੭॥੩੭॥

جن نانک منِ تنِ اندُ بھیّا ہے
گُرِ منّتر دیئو ہرِ بھنجُ ॥4॥5॥7॥ 12 ॥ 18 ॥ 7 ॥ 37 ॥

ਬਸੰਤੁ ਮਹਲਾ ੫ ਘਰੁ ੧ ਦੁਤੁਕੇ

بسنتُ محلا 5 گھرُ 1 دُتُکے

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਗੁਰੁ ਸੇਵਉ ਕਰਿ ਨਮਸਕਾਰ ॥

گُرُ سیوءُ کرِ نمسکار ॥

ਆਜੁ ਹਮਾਰੈ ਮੰਗਲਚਾਰ ॥

آجُ ہمارے منگلچار ॥

ਆਜੁ ਹਮਾਰੈ ਮਹਾ ਅਨੰਦ ॥

آجُ ہمارے مہا انند ॥

ਚਿੰਤ ਲਥੀ ਭੇਟੇ ਗੋਬਿੰਦ ॥੧॥

چِنت لتھی بھیٹے گوبِند ॥1॥

ਆਜੁ ਹਮਾਰੈ ਗ੍ਰਿਹਿ ਬਸੰਤ ॥

آجُ ہمارے گرِہِ بسنت ॥

ਗੁਨ ਗਾਏ ਪ੍ਰਭ ਤੁਮ੍ ਬੇਅੰਤ ॥੧॥ ਰਹਾਉ ॥

گُن گائے پربھ تُمہ بیئنت ॥1॥ رہاءُ ॥

ਆਜੁ ਹਮਾਰੈ ਬਨੇ ਫਾਗ ॥

آجُ ہمارے بنے پھاگ ॥

ਪ੍ਰਭ ਸੰਗੀ ਮਿਲਿ ਖੇਲਨ ਲਾਗ ॥

پربھ سنگی مِلِ کھیلن لاگ ॥

ਹੋਲੀ ਕੀਨੀ ਸੰਤ ਸੇਵ ॥

ہولی کِینی سنت سیو ॥

ਰੰਗੁ ਲਾਗਾ ਅਤਿ ਲਾਲ ਦੇਵ ॥੨॥

رنگُ لاگا اتِ لال دیو ॥2॥

ਮਨੁ ਤਨੁ ਮਉਲਿਓ ਅਤਿ ਅਨੂਪ ॥	منُ تنُ مئُلِئو اتِ انوُپ ॥
ਸੂਕੈ ਨਾਹੀ ਛਾਵ ਧੂਪ ॥	سوُکے ناہی چھاو دھوُپ ॥
ਸਗਲੀ ਰੂਤੀ ਹਰਿਆ ਹੋਇ ॥	سگلی روُتی ہریا ہوءِ ॥
ਸਦ ਬਸੰਤ ਗੁਰ ਮਿਲੇ ਦੇਵ ॥੩॥	سد بسنّت گُر ملے دیو ॥3॥
ਬਿਰਖੁ ਜਮਿਓ ਹੈ ਪਾਰਜਾਤ ॥	برکھُ جمِئو ہے پارجات ॥
ਫੂਲ ਲਗੇ ਫਲ ਰਤਨ ਭਾਂਤਿ ॥	پھوُل لگے پھل رتن بھانتِ ॥
ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥	ترِپتِ اگھانے ہرِ گُنہ گاءِ ॥
ਜਨ ਨਾਨਕ ਹਰਿ ਹਰਿ ਹਰਿ ਧਿਆਇ ॥੪॥੧॥	جن نانک ہرِ ہرِ ہرِ دھِیاءِ ॥4॥1॥
ਬਸੰਤੁ ਮਹਲਾ ੫ ॥	بسنّتُ محلا 5 ॥
ਹਟਵਾਣੀ ਧਨ ਮਾਲ ਹਾਟੁ ਕੀਤੁ ॥	ہٹوانیٔ دھن مال ہاٹُ کِیتُ ॥
ਜੂਆਰੀ ਜੂਏ ਮਾਹਿ ਚੀਤੁ ॥	جوُیاری جوُئے ماہِ چیتُ ॥
ਅਮਲੀ ਜੀਵੈ ਅਮਲੁ ਖਾਇ ॥	املی جیوے املُ کھاءِ ॥
ਤਿਉ ਹਰਿ ਜਨੁ ਜੀਵੈ ਹਰਿ ਧਿਆਇ ॥੧॥	تِءُ ہرِ جنُ جیوے ہرِ دھِیاءِ ॥1॥
ਅਪਨੈ ਰੰਗਿ ਸਭੁ ਕੋ ਰਚੈ ॥	اپنے رنگِ سبھُ کو رچےَ ॥
ਜਿਤੁ ਪ੍ਰਭਿ ਲਾਇਆ ਤਿਤੁ ਤਿਤੁ ਲਗੈ ॥੧॥ ਰਹਾਉ ॥	جِتُ پربھِ لائیا تِتُ تِتُ لگےَ ॥1॥ رہاءُ ॥
ਮੇਘ ਸਮੈ ਮੋਰ ਨਿਰਤਿਕਾਰ ॥	میگھ سمےَ مور نِرتِکار ॥
ਚੰਦ ਦੇਖਿ ਬਿਗਸਹਿ ਕਉਲਾਰ ॥	چندّ دیکھِ بِگسہِ کئُلار ॥
ਮਾਤਾ ਬਾਰਿਕ ਦੇਖਿ ਅਨੰਦ ॥	ماتا بارِک دیکھِ انندّ ॥
ਤਿਉ ਹਰਿ ਜਨ ਜੀਵਹਿ ਜਪਿ ਗੋਬਿੰਦ ॥੨॥	تِءُ ہرِ جن جیوہِ جپِ گوبِندّ ॥2॥
ਸਿੰਘ ਰੁਚੈ ਸਦ ਭੋਜਨੁ ਮਾਸ ॥	سِنگھ رُچےَ سد بھوجنُ ماس ॥
ਰਣੁ ਦੇਖਿ ਸੂਰੇ ਚਿਤ ਉਲਾਸ ॥	رنُ دیکھِ سوُرے چِت اُلاس ॥
ਕਿਰਪਨ ਕਉ ਅਤਿ ਧਨ ਪਿਆਰੁ ॥	کِرپن کءُ اتِ دھن پِیارُ ॥

ਹਰਿ ਜਨ ਕਉ ਹਰਿ ਹਰਿ ਆਧਾਰੁ ॥੩॥	ہرِ جن ک ءُ ہرِ ہرِ آدھارُ ॥3॥
ਸਰਬ ਰੰਗ ਇਕ ਰੰਗ ਮਾਹਿ ॥	سرب رنگ اِک رنگ ماہِ ॥
ਸਰਬ ਸੁਖਾ ਸੁਖ ਹਰਿ ਕੈ ਨਾਇ ॥	سرب سُکھا سُکھ ہرِ کے ناءِ ॥
ਤਿਸਹਿ ਪਰਾਪਤਿ ਇਹੁ ਨਿਧਾਨੁ ॥	تِسہِ پراپتِ اِہُ نِدھانُ ॥
ਨਾਨਕ ਗੁਰੁ ਜਿਸੁ ਕਰੇ ਦਾਨੁ ॥੪॥੨॥	نانک گُرُ جِسُ کرے دانُ ॥4॥2॥
ਬਸੰਤੁ ਮਹਲਾ ੫ ॥	بسنّتُ محلا 5 ॥
ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ ॥	تِسُ بسنّتُ جِسُ پربھُ کرِپالُ ॥
ਤਿਸੁ ਬਸੰਤੁ ਜਿਸੁ ਗੁਰੁ ਦਇਆਲੁ ॥	تِسُ بسنّتُ جِسُ گُرُ دئیالُ ॥
ਮੰਗਲੁ ਤਿਸ ਕੈ ਜਿਸੁ ਏਕੁ ਕਾਮੁ ॥	منگلُ تِس کے جِسُ ایکُ کامُ ॥
ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ ॥੧॥	تِسُ سد بسنّتُ جِسُ رِدے نامُ ॥1॥
ਗ੍ਰਿਹਿ ਤਾ ਕੇ ਬਸੰਤੁ ਗਨੀ ॥	گرِہِ تا کے بسنّتُ گنی ॥
ਜਾ ਕੈ ਕੀਰਤਨੁ ਹਰਿ ਧੁਨੀ ॥੧॥ ਰਹਾਉ ॥	جا کے کیرتنُ ہرِ دھُنی ॥1॥ رہاءُ ॥
ਪ੍ਰੀਤਿ ਪਾਰਬ੍ਰਹਮ ਮਉਲਿ ਮਨਾ ॥	پرِیتِ پاربرہم مئُلِ منا ۔ ॥
ਗਿਆਨੁ ਕਮਾਈਐ ਪੂਛਿ ਜਨਾਂ ॥	گیانُ کمائیئے پوُچھِ جناں ॥
ਸੋ ਤਪਸੀ ਜਿਸੁ ਸਾਧਸੰਗੁ ॥	سو تپسی جِسُ سادھسنگُ ॥
ਸਦ ਧਿਆਨੀ ਜਿਸੁ ਗੁਰਹਿ ਰੰਗੁ ॥੨॥	سد دھیانی جِسُ گُرہِ رنگُ ॥2॥
ਸੇ ਨਿਰਭਉ ਜਿਨ੍ ਭਉ ਪਇਆ ॥	سے نِربھ ءُ جِنّہ بھ ءُ پئیا ॥
ਸੋ ਸੁਖੀਆ ਜਿਸੁ ਭ੍ਰਮੁ ਗਇਆ ॥	سو سُکھیا جِسُ بھرّمُ گئیا ॥
ਸੋ ਇਕਾਂਤੀ ਜਿਸੁ ਰਿਦਾ ਥਾਇ ॥	سو اِکانتی جِسُ رِدا تھاءِ ॥
ਸੋਈ ਨਿਹਚਲੁ ਸਾਚ ਠਾਇ ॥੩॥	سوئی نِہچلُ ساچ ٹھاءِ ॥3॥
ਏਕਾ ਖੋਜੈ ਏਕ ਪ੍ਰੀਤਿ ॥	ایکا کھوجے ایک پرِیتِ ॥
ਦਰਸਨ ਪਰਸਨ ਹੀਤ ਚੀਤਿ ॥	درسن پرسن ہیت چیتِ ॥

ਹਰਿ ਰੰਗ ਰੰਗਾ ਸਹਜਿ ਮਾਣੁ ॥	ہرِ رنگ رنگا سہجِ ماۃُ ॥
ਨਾਨਕ ਦਾਸ ਤਿਸੁ ਜਨ ਕੁਰਬਾਣੁ ॥੪॥੩॥	نانک داس تِسُ جن قُرباۃُ ॥4॥3॥
ਬਸੰਤੁ ਮਹਲਾ ੫ ॥	بسنّتُ محلا 5 ॥
ਜੀਅ ਪ੍ਰਾਣ ਤੁਮ੍ ਪਿੰਡ ਦੀਨ੍ ॥	جیء پّراۃ تُمّہ پِنڈ دِینّہ ॥
ਮੁਗਧ ਸੁੰਦਰ ਧਾਰਿ ਜੋਤਿ ਕੀਨ੍ ॥	مُگدھ سُندر دھارِ جوتِ کِینّہ ॥
ਸਭਿ ਜਾਚਿਕ ਪ੍ਰਭ ਤੁਮ੍ ਦਇਆਲ ॥	سبھِ جاچِک پّربھ تُمّہ دئیال ॥
ਨਾਮੁ ਜਪਤ ਹੋਵਤ ਨਿਹਾਲ ॥੧॥	نامُ جپت ہووت نِہال ॥1॥
ਮੇਰੇ ਪ੍ਰੀਤਮ ਕਾਰਣ ਕਰਣ ਜੋਗ ॥	میرے پّریتم کارۃُ کرۃُ جوگ ۔ ॥
ਹਉ ਪਾਵਉ ਤੁਮ ਤੇ ਸਗਲ ਥੋਕ ॥੧॥ ਰਹਾਉ ॥	ہءُ پاوءُ تُم تے سگل تھوک ॥1॥ رہاءُ ॥
ਨਾਮੁ ਜਪਤ ਹੋਵਤ ਉਧਾਰ ॥	نامُ جپت ہووت اُدھار ॥
ਨਾਮੁ ਜਪਤ ਸੁਖ ਸਹਜ ਸਾਰ ॥	نامُ جپت سُکھ سہج سار ॥
ਨਾਮੁ ਜਪਤ ਪਤਿ ਸੋਭਾ ਹੋਇ ॥	نامُ جپت پتِ سوبھا ہوءِ ॥
ਨਾਮੁ ਜਪਤ ਬਿਘਨੁ ਨਾਹੀ ਕੋਇ ॥੨॥	نامُ جپت بِگھنُ ناہی کوءِ ॥2॥
ਜਾ ਕਾਰਣਿ ਇਹ ਦੁਲਭ ਦੇਹ ॥	جا کارۃِ اِہ دُلبھ دیہ ॥
ਸੋ ਬੋਲੁ ਮੇਰੇ ਪ੍ਰਭੂ ਦੇਹਿ ॥	سو بولُ میرے پّربھوُ دیہِ ॥
ਸਾਧਸੰਗਤਿ ਮਹਿ ਇਹੁ ਬਿਸ੍ਰਾਮੁ ॥	سادھسنگتِ مہِ اِہُ بِسّرامُ ॥
ਸਦਾ ਰਿਦੈ ਜਪੀ ਪ੍ਰਭ ਤੇਰੋ ਨਾਮੁ ॥੩॥	سدا رِدے جپی پّربھ تیرو نامُ ॥3॥
ਤੁਝ ਬਿਨੁ ਦੂਜਾ ਕੋਇ ਨਾਹਿ ॥	تُجھ بِنُ دوُجا کوءِ ناہِ ॥
ਸਭੁ ਤੇਰੋ ਖੇਲੁ ਤੁਝ ਮਹਿ ਸਮਾਹਿ ॥	سبھُ تیرو کھیلُ تُجھ مہِ سماہِ ॥
ਜਿਉ ਭਾਵੈ ਤਿਉ ਰਾਖਿ ਲੇ ॥	جِءُ بھاوے تِءُ راکھِ لے ॥
ਸੁਖੁ ਨਾਨਕ ਪੂਰਾ ਗੁਰੁ ਮਿਲੇ ॥੪॥੪॥	سُکھُ نانک پوُرا گُرُ مِلے ॥4॥4॥
ਬਸੰਤੁ ਮਹਲਾ ੫ ॥	بسنّتُ محلا 5 ॥

ਪ੍ਰਭ ਪ੍ਰੀਤਮ ਮੇਰੈ ਸੰਗਿ ਰਾਇ ॥	پربھ پریتم میرے سنگِ راءِ ॥
ਜਿਸਹਿ ਦੇਖਿ ਹਉ ਜੀਵਾ ਮਾਇ ॥	جِسہِ دیکھِ ہءُ جیوا ماءِ ۔ ॥
ਜਾ ਕੈ ਸਿਮਰਨਿ ਦੁਖੁ ਨ ਹੋਇ ॥	جا کے سِمرنِ دُکھُ ن ہوءِ ॥
ਕਰਿ ਦਇਆ ਮਿਲਾਵਹੁ ਤਿਸਹਿ ਮੋਹਿ ॥੧॥	کرِ دیَیا مِلاوہُ تِسہِ موہِ ॥1॥
ਮੇਰੇ ਪ੍ਰੀਤਮ ਪ੍ਰਾਨ ਅਧਾਰ ਮਨ ॥	میرے پریتم پران ادھار من ۔ ॥
ਜੀਉ ਪ੍ਰਾਨ ਸਭੁ ਤੇਰੋ ਧਨ ॥੧॥ ਰਹਾਉ ॥	جیِءُ پران سبھُ تیرہ دھن ॥1॥ رہاءُ ॥
ਜਾ ਕਉ ਖੋਜਹਿ ਸੁਰਿ ਨਰ ਦੇਵ ॥	جا کءُ کھوجہِ سُرِ نر دیو ॥
ਮੁਨਿ ਜਨ ਸੇਖ ਨ ਲਹਹਿ ਭੇਵ ॥	مُنِ جن سیکھ ن لہہِ بھیو ॥
ਜਾ ਕੀ ਗਤਿ ਮਿਤਿ ਕਹੀ ਨ ਜਾਇ ॥	جا کی گتِ مِتِ کہی ن جاءِ ॥
ਘਟਿ ਘਟਿ ਘਟਿ ਘਟਿ ਰਹਿਆ ਸਮਾਇ ॥੨॥	گھٹِ گھٹِ گھٹِ گھٹِ رہیا سماءِ ॥2॥
ਜਾ ਕੇ ਭਗਤ ਆਨੰਦ ਮੈ ॥	جا کے بھگت آنند مے ॥
ਜਾ ਕੇ ਭਗਤ ਕਉ ਨਾਹੀ ਖੈ ॥	جا کے بھگت کءُ ناہی کھے ॥
ਜਾ ਕੇ ਭਗਤ ਕਉ ਨਾਹੀ ਭੈ ॥	جا کے بھگت کءُ ناہی بھے ॥
ਜਾ ਕੇ ਭਗਤ ਕਉ ਸਦਾ ਜੈ ॥੩॥	جا کے بھگت کءُ سدا جے ॥3॥
ਕਉਨੁ ਉਪਮਾ ਤੇਰੀ ਕਹੀ ਜਾਇ ॥	کئُنُ اُپما تیری کہی جاءِ ۔ ॥
ਸੁਖਦਾਤਾ ਪ੍ਰਭੁ ਰਹਿਓ ਸਮਾਇ ॥	سُکھداتا پربھُ رہیئو سماءِ ॥
ਨਾਨਕ ਜਾਚੈ ਏਕੁ ਦਾਨੁ ॥	نانک جاچے ایکُ دانُ ॥
ਕਰਿ ਕਿਰਪਾ ਮੋਹਿ ਦੇਹੁ ਨਾਮੁ ॥੪॥੫॥	کرِ کرپا موہِ دیہُ نامُ ॥4॥5॥
ਬਸੰਤੁ ਮਹਲਾ ੫ ॥	بسنتُ محلا 5 ॥
ਮਿਲਿ ਪਾਣੀ ਜਿਉ ਹਰੇ ਬੂਟ ॥	مِلِ پانئی جِءُ ہرے بوٹ ॥
ਸਾਧਸੰਗਤਿ ਤਿਉ ਹਉਮੈ ਛੂਟ ॥	سادھسنگتِ تِءُ ہئمے چھوٹ ॥
ਜੈਸੀ ਦਾਸੇ ਧੀਰ ਮੀਰ ॥	جیَسی داسے دھیرِ میر ॥

ਤੈਸੇ ਉਧਾਰਨ ਗੁਰਹ ਪੀਰ ॥੧॥	تیسے اُدھارن گُرہ پیر ॥1॥
ਤੁਮ ਦਾਤੇ ਪ੍ਰਭ ਦੇਨਹਾਰ ॥	تُم داتے پربھ دینہار ॥
ਨਿਮਖ ਨਿਮਖ ਤਿਸੁ ਨਮਸਕਾਰ ॥੧॥ ਰਹਾਉ ॥	نِمکھ نِمکھ تِس نمسکار ॥1॥ رہاءُ ॥
ਜਿਸਹਿ ਪਰਾਪਤਿ ਸਾਧਸੰਗੁ ॥	جِسہِ پراپتِ سادھسنگُ ॥
ਤਿਸੁ ਜਨ ਲਾਗਾ ਪਾਰਬ੍ਰਹਮ ਰੰਗੁ ॥	تِس جن لاگا پاربرہم رنگُ ॥
ਤੇ ਬੰਧਨ ਤੇ ਭਏ ਮੁਕਤਿ ॥	تے بندھن تے بھئے مُکتِ ॥
ਭਗਤ ਅਰਾਧਹਿ ਜੋਗ ਜੁਗਤਿ ॥੨॥	بھگت ارادھہِ جوگ جُگتِ ॥2॥
ਨੇਤ੍ਰ ਸੰਤੋਖੇ ਦਰਸੁ ਪੇਖਿ ॥	نیتر سنتوکھے درسُ پیکھِ ॥
ਰਸਨਾ ਗਾਏ ਗੁਣ ਅਨੇਕ ॥	رسنا گائے گُن انیک ॥
ਤ੍ਰਿਸਨਾ ਬੂਝੀ ਗੁਰ ਪ੍ਰਸਾਦਿ ॥	ترِسنا بُوجھی گُر پرسادِ ॥
ਮਨੁ ਆਘਾਨਾ ਹਰਿ ਰਸਹਿ ਸੁਆਦਿ ॥੩॥	منُ آگھانا ہرِ رسہِ سُیادِ ॥3॥
ਸੇਵਕੁ ਲਾਗੋ ਚਰਣ ਸੇਵ ॥	سیوکُ لاگو چرن سیو ॥
ਆਦਿ ਪੁਰਖ ਅਪਰੰਪਰ ਦੇਵ ॥	آدِ پُرکھ اپرنپر دیو ॥
ਸਗਲ ਉਧਾਰਣ ਤੇਰੋ ਨਾਮੁ ॥	سگل اُدھارن تیرو نامُ ॥
ਨਾਨਕ ਪਾਇਓ ਇਹੁ ਨਿਧਾਨੁ ॥੪॥੬॥	نانک پائیو اِہُ نِدھانُ ॥4॥6॥
ਬਸੰਤੁ ਮਹਲਾ ੫ ॥	بسنتُ محلا 5 ॥
ਤੁਮ ਬਡ ਦਾਤੇ ਦੇ ਰਹੇ ॥	تُم بڈ داتے دے رہے ॥
ਜੀਅ ਪ੍ਰਾਣ ਮਹਿ ਰਵਿ ਰਹੇ ॥	جیء پراں مہِ روِ رہے ॥
ਦੀਨੇ ਸਗਲੇ ਭੋਜਨ ਖਾਨ ॥	دینے سگلے بھوجن کھان ॥
ਮੋਹਿ ਨਿਰਗੁਨ ਇਕੁ ਗੁਨੁ ਨ ਜਾਨ ॥੧॥	موہِ نِرگُن اِکُ گُنُ ن جان ॥1॥
ਹਉ ਕਛੂ ਨ ਜਾਨਉ ਤੇਰੀ ਸਾਰ ॥	ہءُ کچھوُ ن جانءُ تیری سار ॥
ਤੂ ਕਰਿ ਗਤਿ ਮੇਰੀ ਪ੍ਰਭ ਦਇਆਰ ॥੧॥ ਰਹਾਉ ॥	توُ کرِ گتِ میری پربھ دئیار ۔ ॥1॥ رہاءُ ॥

ਜਾਪ ਨ ਤਾਪ ਨ ਕਰਮ ਕੀਤਿ ॥	جاپ ن تاپ ن کرم کِیتِ ॥
ਆਵੈ ਨਾਹੀ ਕਛੂ ਰੀਤਿ ॥	آوےَ ناہی کچھوُ ریتِ ॥
ਮਨ ਮਹਿ ਰਾਖਉ ਆਸ ਏਕ ॥	من مہِ راکھ ءُ آس ایک ॥
ਨਾਮ ਤੇਰੇ ਕੀ ਤਰਉ ਟੇਕ ॥੨॥	نام تیرے کی ترءُ ٹیک ॥2॥
ਸਰਬ ਕਲਾ ਪ੍ਰਭ ਤੁਮ੍ ਪ੍ਰਬੀਨ ॥	سرب کلا پّربھ تُمہ پّربینِ ॥
ਅੰਤੁ ਨ ਪਾਵਹਿ ਜਲਹਿ ਮੀਨ ॥	انّتُ ن پاوہِ جلہِ مِین ॥
ਅਗਮ ਅਗਮ ਊਚਹ ਤੇ ਊਚ ॥	اگم اگم اوُچہ تے اوُچ ॥
ਹਮ ਥੋਰੇ ਤੁਮ ਬਹੁਤ ਮੂਚ ॥੩॥	ہم تھورے تُم بہُت موُچ ॥3॥
ਜਿਨ ਤੂ ਧਿਆਇਆ ਸੇ ਗਨੀ ॥	جِن توُ دھیایَیا سے گنی ॥
ਜਿਨ ਤੂ ਪਾਇਆ ਸੇ ਧਨੀ ॥	جِن توُ پایَیا سے دھنی ॥
ਜਿਨਿ ਤੂ ਸੇਵਿਆ ਸੁਖੀ ਸੇ ॥	جِنِ توُ سیویا سُکھی سے ॥
ਸੰਤ ਸਰਣਿ ਨਾਨਕ ਪਰੇ ॥੪॥੭॥	سنّت سرنِ نانک پرے ॥4॥7॥
ਬਸੰਤੁ ਮਹਲਾ ੫ ॥	بسنّتُ محلا 5 ॥
ਤਿਸੁ ਤੂ ਸੇਵਿ ਜਿਨਿ ਤੂ ਕੀਆ ॥	تِس توُ سیوِ جِنِ توُ کِیِیا ॥
ਤਿਸੁ ਅਰਾਧਿ ਜਿਨਿ ਜੀਉ ਦੀਆ ॥	تِس ارادھِ جِنِ جیِءُ دیِیا ॥
ਤਿਸ ਕਾ ਚਾਕਰੁ ਹੋਹਿ ਫਿਰਿ ਡਾਨੁ ਨ ਲਾਗੈ ॥	تِس کا چاکرُ ہوہِ پھرِ ڈانُ ن لاگےَ ॥
ਤਿਸ ਕੀ ਕਰਿ ਪੋਤਦਾਰੀ ਫਿਰਿ ਦੂਖੁ ਨ ਲਾਗੈ ॥੧॥	تِس کی کرِ پوتداری پھرِ دوُکھُ ن لاگےَ ॥1॥
ਏਵਡ ਭਾਗ ਹੋਹਿ ਜਿਸੁ ਪ੍ਰਾਣੀ ॥	ایوڈ بھاگ ہوہِ جِسُ پّرانّی ॥
ਸੋ ਪਾਏ ਇਹੁ ਪਦੁ ਨਿਰਬਾਣੀ ॥੧॥ ਰਹਾਉ ॥	سو پائے اِہُ پدُ نِربانّی ॥1॥ رہاءُ ॥
ਦੂਜੀ ਸੇਵਾ ਜੀਵਨੁ ਬਿਰਥਾ ॥	دوُجی سیوا جیِونُ بِرتھا ॥
ਕਛੂ ਨ ਹੋਈ ਹੈ ਪੂਰਨ ਅਰਥਾ ॥	کچھوُ ن ہوئی ہےَ پوُرن ارتھا ॥

ਮਾਣਸ ਸੇਵਾ ਖਰੀ ਦੁਹੇਲੀ ॥	مانُس سیوا کھری دُہیلی ॥
ਸਾਧ ਕੀ ਸੇਵਾ ਸਦਾ ਸੁਹੇਲੀ ॥੨॥	سادھ کی سیوا سدا سُہیلی ॥2॥
ਜੇ ਲੋੜਹਿ ਸਦਾ ਸੁਖੁ ਭਾਈ ॥	جے لوڑہِ سدا سُکھُ بھائی ۔ ॥
ਸਾਧੂ ਸੰਗਤਿ ਗੁਰਹਿ ਬਤਾਈ ॥	سادھوُ سنگتِ گُرہِ بتائی ॥
ਊਹਾ ਜਪੀਐ ਕੇਵਲ ਨਾਮ ॥	اوُہا جپیئے کیول نام ॥
ਸਾਧੂ ਸੰਗਤਿ ਪਾਰਗਰਾਮ ॥੩॥	سادھوُ سنگتِ پارگرام ॥3॥
ਸਗਲ ਤਤ ਮਹਿ ਤਤੁ ਗਿਆਨੁ ॥	سگل تت مہِ تتُ گیانُ ॥
ਸਰਬ ਧਿਆਨ ਮਹਿ ਏਕੁ ਧਿਆਨੁ ॥	سرب دھیان مہِ ایکُ دھیانُ ॥
ਹਰਿ ਕੀਰਤਨ ਮਹਿ ਊਤਮ ਧੁਨਾ ॥	ہرِ کیرتن مہِ اوُتم دھُنا ॥
ਨਾਨਕ ਗੁਰ ਮਿਲਿ ਗਾਇ ਗੁਨਾ ॥੪॥੮॥	نانک گُر مِلِ گاءِ گُنا ॥4॥8॥
ਬਸੰਤੁ ਮਹਲਾ ੫ ॥	بسنتُ محلا 5 ॥
ਜਿਸੁ ਬੋਲਤ ਮੁਖੁ ਪਵਿਤੁ ਹੋਇ ॥	جِسُ بولت مُکھُ پوِتُ ہوءِ ॥
ਜਿਸੁ ਸਿਮਰਤ ਨਿਰਮਲ ਹੈ ਸੋਇ ॥	جِسُ سِمرت نِرمل ہے سوءِ ॥
ਜਿਸੁ ਅਰਾਧੇ ਜਮੁ ਕਿਛੁ ਨ ਕਹੈ ॥	جِسُ ارادھے جمُ کچھُ ن کہے ॥
ਜਿਸ ਕੀ ਸੇਵਾ ਸਭੁ ਕਿਛੁ ਲਹੈ ॥੧॥	جِس کی سیوا سبھُ کچھُ لہے ॥1॥
ਰਾਮ ਰਾਮ 'ਬੋਲਿ' ਰਾਮ ਰਾਮ ॥	رام رام بولِ رام رام ॥
ਤਿਆਗਹੁ ਮਨ ਕੇ ਸਗਲ ਕਾਮ ॥੧॥ ਰਹਾਉ ॥	تِیاگہُ من کے سگل کام ॥1॥ رہاءُ ॥
ਜਿਸ ਕੇ ਧਾਰੇ ਧਰਣਿ ਅਕਾਸੁ ॥	جِس کے دھارے دھرنِ اکاسُ ॥
ਘਟਿ ਘਟਿ ਜਿਸ ਕਾ ਹੈ ਪ੍ਰਗਾਸੁ ॥	گھٹِ گھٹِ جِس کا ہے پرگاسُ ॥
ਜਿਸੁ ਸਿਮਰਤ ਪਤਿਤ ਪੁਨੀਤ ਹੋਇ ॥	جِسُ سِمرت پتِت پُنیت ہوءِ ॥
ਅੰਤ ਕਾਲਿ ਫਿਰਿ ਫਿਰਿ ਨ ਰੋਇ ॥੨॥	انّت کالِ پھِرِ پھِرِ ن روءِ ॥2॥
ਸਗਲ ਧਰਮ ਮਹਿ ਊਤਮ ਧਰਮ ॥	سگل دھرم مہِ اوُتم دھرم ॥

ਕਰਮ ਕਰਤੂਤਿ ਕੈ ਊਪਰਿ ਕਰਮ ॥	کرم کرتوُتِ کے اوُپرِ کرم ॥
ਜਿਸ ਕਉ ਚਾਹਹਿ ਸੁਰਿ ਨਰ ਦੇਵ ॥	جِس کءُ چاہہِ سُرِ نر دیو ॥
ਸੰਤ ਸਭਾ ਕੀ ਲਗਹੁ ਸੇਵ ॥੩॥	سنّت سبھا کی لگہُ سیو ॥3॥
ਆਦਿ ਪੁਰਖਿ ਜਿਸੁ ਕੀਆ ਦਾਨੁ ॥	آدِ پُرکھِ جِسُ کِیا دانُ ॥
ਤਿਸ ਕਉ ਮਿਲਿਆ ਹਰਿ ਨਿਧਾਨੁ ॥	تِس کءُ مِلیا ہرِ نِدھانُ ॥
ਤਿਸ ਕੀ ਗਤਿ ਮਿਤਿ ਕਹੀ ਨ ਜਾਇ ॥	تِس کی گتِ مِتِ کہی ن جاءِ ॥
ਨਾਨਕ ਜਨ ਹਰਿ ਹਰਿ ਧਿਆਇ ॥੪॥੯॥	نانک جن ہرِ ہرِ دھِیاءِ ॥4॥9॥
ਬਸੰਤੁ ਮਹਲਾ ੫ ॥	بسنّتُ محلا 5 ॥
ਮਨ ਤਨ ਭੀਤਰਿ ਲਾਗੀ ਪਿਆਸ ॥	من تن بھیترِ لاگی پیاس ॥
ਗੁਰਿ ਦਇਆਲਿ ਪੂਰੀ ਮੇਰੀ ਆਸ ॥	گُرِ دیئالِ پوُری میری آس ॥
ਕਿਲਵਿਖ ਕਾਟੇ ਸਾਧਸੰਗਿ ॥	کِلوِکھ کاٹے سادھسنگِ ॥
ਨਾਮੁ ਜਪਿਓ ਹਰਿ ਨਾਮ ਰੰਗਿ ॥੧॥	نامُ جپِئو ہرِ نام رنگِ ॥1॥
ਗੁਰ ਪਰਸਾਦਿ ਬਸੰਤੁ ਬਨਾ ॥	گُر پرسادِ بسنّتُ بنا ॥
ਚਰਨ ਕਮਲ ਹਿਰਦੈ ਉਰਿ ਧਾਰੇ ਸਦਾ ਸਦਾ ਹਰਿ ਜਸੁ ਸੁਨਾ ॥੧॥ ਰਹਾਉ ॥	چرن کمل ہِردے اُرِ دھارے سدا سدا ہرِ جسُ سُنا ॥1॥ رہاءُ ॥
ਸਮਰਥ ਸੁਆਮੀ ਕਾਰਣ ਕਰਣ ॥	سمرتھ سُیامی کارنٌ کرنٌ ॥
ਮੋਹਿ ਅਨਾਥ ਪ੍ਰਭ ਤੇਰੀ ਸਰਣ ॥	موہِ اناتھ پربھ تیری سرنٌ ॥
ਜੀਅ ਜੰਤ ਤੇਰੇ ਆਧਾਰਿ ॥	جیء جنّت تیرے آدھارِ ॥
ਕਰਿ ਕਿਰਪਾ ਪ੍ਰਭ ਲੇਹਿ ਨਿਸਤਾਰਿ ॥੨॥	کرِ کرِپا پربھ لیہِ نِستارِ ॥2॥
ਭਵ ਖੰਡਨ ਦੁਖ ਨਾਸ ਦੇਵ ॥	بھو کھنڈنٌ دُکھ ناس دیو ॥
ਸੁਰਿ ਨਰ ਮੁਨਿ ਜਨ ਤਾ ਕੀ ਸੇਵ ॥	سُرِ نر مُنِ جن تا کی سیو ॥
ਧਰਣਿ ਅਕਾਸੁ ਜਾ ਕੀ ਕਲਾ ਮਾਹਿ ॥	دھرنٌ اکاسُ جا کی کلا ماہِ ॥
ਤੇਰਾ ਦੀਆ ਸਭਿ ਜੰਤ ਖਾਹਿ ॥੩॥	تیرا دِیا سبھِ جنّت کھاہِ ॥3॥

ਅੰਤਰਜਾਮੀ ਪ੍ਰਭ ਦਇਆਲ ॥	انتر جامی پربھ دئیال ۔ ॥
ਅਪਣੇ ਦਾਸ ਕਉ ਨਦਰਿ ਨਿਹਾਲਿ ॥	اپنے داس ک ءُ ندرِ نہالِ ॥
ਕਰਿ ਕਿਰਪਾ ਮੋਹਿ ਦੇਹੁ ਦਾਨੁ ॥	کرِ کرپا موہِ دیہُ دانُ ॥
ਜਪਿ ਜੀਵੈ ਨਾਨਕੁ ਤੇਰੋ ਨਾਮੁ ॥੪॥੧੦॥	جپِ جیوے نانکُ تیرو نامُ ॥4॥ 10 ॥
ਬਸੰਤੁ ਮਹਲਾ ੫ ॥	بسنّتُ محلا 5 ॥
ਰਾਮ ਰੰਗਿ ਸਭ ਗਏ ਪਾਪ ॥	رام رنگِ سبھ گئے پاپ ॥
ਰਾਮ ਜਪਤ ਕਛੁ ਨਹੀ ਸੰਤਾਪ ॥	رام جپت کچھُ نہی سنّتاپ ॥
ਗੋਬਿੰਦ ਜਪਤ ਸਭਿ ਮਿਟੇ ਅੰਧੇਰ ॥	گوبِنّد جپت سبھِ مِٹے اندھیر ॥
ਹਰਿ ਸਿਮਰਤ ਕਛੁ ਨਾਹਿ ਫੇਰ ॥੧॥	ہرِ سِمرت کچھُ ناہِ پھیر ॥1॥
ਬਸੰਤੁ ਹਮਾਰੈ ਰਾਮ ਰੰਗੁ ॥	بسنّتُ ہمارے رام رنگُ ॥
ਸੰਤ ਜਨਾ ਸਿਉ ਸਦਾ ਸੰਗੁ ॥੧॥ ਰਹਾਉ ॥	سنّت جنا سِ ءُ سدا سنگُ ॥1॥ رہاءُ ॥
ਸੰਤ ਜਨੀ ਕੀਆ ਉਪਦੇਸੁ ॥	سنّت جنی کیِیا اُپدیسُ ॥
ਜਹ ਗੋਬਿੰਦ ਭਗਤੁ ਸੋ ਧੰਨਿ ਦੇਸੁ ॥	جہ گوبِنّد بھگتُ سو دھنّنِ دیسُ ॥
ਹਰਿ ਭਗਤਿਹੀਨ ਉਦਿਆਨ ਥਾਨੁ ॥	ہرِ بھگتِہین اُدِیان تھانُ ॥
ਗੁਰ ਪ੍ਰਸਾਦਿ ਘਟਿ ਘਟਿ ਪਛਾਨੁ ॥੨॥	گُر پرسادِ گھٹِ گھٹِ پچھانُ ॥2॥
ਹਰਿ ਕੀਰਤਨ ਰਸ ਭੋਗ ਰੰਗੁ ॥	ہرِ کیرتن رس بھوگ رنگُ ॥
ਮਨ ਪਾਪ ਕਰਤ ਤੂ ਸਦਾ ਸੰਗੁ ॥	من پاپ کرت توُ سدا سنگُ ॥
ਨਿਕਟਿ ਪੇਖੁ ਪ੍ਰਭੁ ਕਰਣਹਾਰ ॥	نِکٹِ پیکھُ پربھُ کرنّہار ॥
ਈਤ ਊਤ ਪ੍ਰਭ ਕਾਰਜ ਸਾਰ ॥੩॥	ایت اوُت پربھ کارج سار ॥3॥
ਚਰਨ ਕਮਲ ਸਿਉ ਲਗੋ ਧਿਆਨੁ ॥	چرن کمل سِ ءُ لگو دھیانُ ॥
ਕਰਿ ਕਿਰਪਾ ਪ੍ਰਭਿ ਕੀਨੋ ਦਾਨੁ ॥	کرِ کرپا پربھِ کینو دانُ ॥
ਤੇਰਿਆ ਸੰਤ ਜਨਾ ਕੀ ਬਾਛਉ ਧੂਰਿ ॥	تیریا سنّت جنا کی باچھ ءُ دھوُرِ ॥

ਜਪਿ ਨਾਨਕ ਸੁਆਮੀ ਸਦ ਹਜੂਰਿ ॥੪॥੧੧॥	جپِ نانک سُیامی سد حضوُرِ ॥4॥ 11 ॥
ਬਸੰਤੁ ਮਹਲਾ ੫ ॥	بسنّتُ محلا 5 ॥
ਸਚੁ ਪਰਮੇਸਰੁ ਨਿਤ ਨਵਾ ॥	سچُ پرمیسرُ نِت نوا ॥
ਗੁਰ ਕਿਰਪਾ ਤੇ ਨਿਤ ਚਵਾ ॥	گُر کِرپا تے نِت چوا ॥
ਪ੍ਰਭ ਰਖਵਾਲੇ ਮਾਈ ਬਾਪ ॥	پربھ رکھوالے مائی باپ ॥
ਜਾ ਕੈ ਸਿਮਰਣਿ ਨਹੀ ਸੰਤਾਪ ॥੧॥	جا کے سِمرنِ نہی سنّتاپ ॥1॥
ਖਸਮੁ ਧਿਆਈ ਇਕ ਮਨਿ ਇਕ ਭਾਇ ॥	خصمُ دھیائی اِک منِ اِک بھاءِ ॥
ਗੁਰ ਪੂਰੇ ਕੀ ਸਦਾ ਸਰਣਾਈ ਸਾਚੈ ਸਾਹਿਬਿ ਰਖਿਆ ਕੰਠਿ ਲਾਇ ॥੧॥ ਰਹਾਉ ॥	گُرپوُرے کی سدا سرٹائی ساچے صاحِبِ رکھیا کنٹھِ لاءِ ॥1॥ رہاءُ ॥
ਅਪਣੇ ਜਨ ਪ੍ਰਭਿ ਆਪਿ ਰਖੇ ॥	اپنے جن پربھِ آپِ رکھے ॥
ਦੁਸਟ ਦੂਤ ਸਭਿ ਭ੍ਰਮਿ ਥਕੇ ॥	دُسٹ دوُت سبھِ بھرمِ تھکے ॥
ਬਿਨੁ ਗੁਰ ਸਾਚੇ ਨਹੀ ਜਾਇ ॥	بِنُ گُر ساچے نہی جاءِ ॥
ਦੁਖੁ ਦੇਸ ਦਿਸੰਤਰਿ ਰਹੇ ਧਾਇ ॥੨॥	دُکھُ دیس دِسنّترِ رہے دھاءِ ॥2॥
ਕਿਰਤੁ ਓਨ੍ਹਾ ਕਾ ਮਿਟਸਿ ਨਾਹਿ ॥	کِرتُ اونّہا کا مٹِس ناہِ ॥
ਓਇ ਅਪਣਾ ਬੀਜਿਆ ਆਪਿ ਖਾਹਿ ॥	اوءِ اپنّا بیجیا آپِ کھاہِ ॥
ਜਨ ਕਾ ਰਖਵਾਲਾ ਆਪਿ ਸੋਇ ॥	جن کا رکھوالا آپِ سوءِ ॥
ਜਨ ਕਉ ਪਹੁਚਿ ਨ ਸਕਸਿ ਕੋਇ ॥੩॥	جن کءُ پہُچِ ن سکسِ کوءِ ॥3॥
ਪ੍ਰਭਿ ਦਾਸ ਰਖੇ ਕਰਿ ਜਤਨੁ ਆਪਿ ॥	پربھِ داس رکھے کرِ جتنُ آپِ ॥
ਅਖੰਡ ਪੂਰਨ ਜਾ ਕੋ ਪ੍ਰਤਾਪੁ ॥	اکھنڈ پوُرن جا کو پرتاپُ ॥
ਗੁਣ ਗੋਬਿੰਦ ਨਿਤ ਰਸਨ ਗਾਇ ॥	گُنُ گوبِند نِت رسن گاءِ ॥
ਨਾਨਕੁ ਜੀਵੈ ਹਰਿ ਚਰਣ ਧਿਆਇ ॥੪॥੧੨॥	نانکُ جیوے ہرِ چرنُ دھیاءِ ॥4॥ 12 ॥
ਬਸੰਤੁ ਮਹਲਾ ੫ ॥	بسنّتُ محلا 5 ॥

ਗੁਰ ਚਰਣ ਸਰੇਵਤ ਦੁਖੁ ਗਇਆ ॥	گُر چرنؒ سریوت دُکھُ گئیا ॥
ਪਾਰਬ੍ਰਹਮਿ ਪ੍ਰਭਿ ਕਰੀ ਮਇਆ ॥	پاربّرہمِ پربھِ کری مئیا ॥
ਸਰਬ ਮਨੋਰਥ ਪੂਰਨ ਕਾਮ ॥	سرب منورتھ پوُرن کام ॥
ਜਪਿ ਜੀਵੈ ਨਾਨਕੁ ਰਾਮ ਨਾਮ ॥੧॥	جپِ جیِوےَ نانکُ رام نام ॥1॥
ਸਾ ਰੁਤਿ ਸੁਹਾਵੀ ਜਿਤੁ ਹਰਿ ਚਿਤਿ ਆਵੈ ॥	سا رُتِ سُہاوی جِتُ ہرِ چِتِ آوےَ ॥
ਬਿਨੁ ਸਤਿਗੁਰ ਦੀਸੈ ਬਿਲਲਾਂਤੀ ਸਾਕਤੁ ਫਿਰਿ ਫਿਰਿ ਆਵੈ ਜਾਵੈ ॥੧॥ ਰਹਾਉ ॥	بِنُ ستِگُر دیسےَ بِللانتی ساکتُ پھِرِ پھِرِ آوےَ جاوےَ ॥1॥ رہاءُ ॥
ਸੇ ਧਨਵੰਤ ਜਿਨ ਹਰਿ ਪ੍ਰਭੁ ਰਾਸਿ ॥	سے دھنونّت جِن ہرِ پربھُ راسِ ॥
ਕਾਮ ਕ੍ਰੋਧ ਗੁਰ ਸਬਦਿ ਨਾਸਿ ॥	کام کرودھ گُر سبدِ ناسِ ॥
ਭੈ ਬਿਨਸੇ ਨਿਰਭੈ ਪਦੁ ਪਾਇਆ ॥	بھےَ بِنسے نِربھےَ پدُ پائیا ॥
ਗੁਰ ਮਿਲਿ ਨਾਨਕਿ ਖਸਮੁ ਧਿਆਇਆ ॥੨॥	گُر مِلِ نانکِ خصمُ دھیائیا ॥2॥
ਸਾਧਸੰਗਤਿ ਪ੍ਰਭਿ ਕੀਓ ਨਿਵਾਸ ॥	سادھسنگتِ پربھِ کیئو نِواس ॥
ਹਰਿ ਜਪਿ ਜਪਿ ਹੋਈ ਪੂਰਨ ਆਸ ॥	ہرِ جپِ جپِ ہوئی پوُرن آس ॥
ਜਲਿ ਥਲਿ ਮਹੀਅਲਿ ਰਵਿ ਰਹਿਆ ॥	جلِ تھلِ مہیئلِ روِ رہیا ॥
ਗੁਰ ਮਿਲਿ ਨਾਨਕਿ ਹਰਿ ਹਰਿ ਕਹਿਆ ॥੩॥	گُر مِلِ نانکِ ہرِ ہرِ کہیا ॥3॥
ਅਸਟ ਸਿਧਿ ਨਵ ਨਿਧਿ ਏਹ ॥	اسٹ سِدھِ نو نِدھِ ایہ ॥
ਕਰਮਿ ਪਰਾਪਤਿ ਜਿਸੁ ਨਾਮੁ ਦੇਹ ॥	کرمِ پراپتِ جِسُ نامُ دیہ ॥
ਪ੍ਰਭ ਜਪਿ ਜਪਿ ਜੀਵਹਿ ਤੇਰੇ ਦਾਸ ॥	پربھ جپِ جپِ جیِوہِ تیرے داس ॥
ਗੁਰ ਮਿਲਿ ਨਾਨਕ ਕਮਲ ਪ੍ਰਗਾਸ ॥੪॥੧੩॥	گُر مِلِ نانک کمل پرگاس ॥4॥ 13 ॥
ਬਸੰਤੁ ਮਹਲਾ ੫ ਘਰੁ ੧ ਇਕ ਤੁਕੇ	بسنّتُ محلا 5 گھرُ 1 اِک تُکے
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرسادِ ॥
ਸਗਲ ਇਛਾ ਜਪਿ ਪੁੰਨੀਆ ॥	سگل اِچھا جپِ پُنّنیا ॥
ਪ੍ਰਭਿ ਮੇਲੇ ਚਿਰੀ ਵਿਛੁੰਨਿਆ ॥੧॥	پربھِ میلے چِری وِچھُنّنیا ॥1॥

ਤੁਮ ਰਵਹੁ ਗੋਬਿੰਦੈ ਰਵਣ ਜੋਗੁ ॥	تُم روہُ گوبِندے روڑ جوگُ ॥
ਜਿਤੁ ਰਵਿਐ ਸੁਖ ਸਹਜ ਭੋਗੁ ॥੧॥ ਰਹਾਉ ॥	جِتُ روِئے سُکھ سہج بھوگُ ॥1॥ رہاءُ ॥
ਕਰਿ ਕਿਰਪਾ ਨਦਰਿ ਨਿਹਾਲਿਆ ॥	کرِ کِرپا ندرِ نِہالیا ॥
ਅਪਣਾ ਦਾਸੁ ਆਪਿ ਸਮ੍ਹਾਲਿਆ ॥੨॥	اپنّا داسُ آپِ سمہّالیا ॥2॥
ਸੇਜ ਸੁਹਾਵੀ ਰਸਿ ਬਨੀ ॥	سیج سُہاوی رس بنی ॥
ਆਇ ਮਿਲੇ ਪ੍ਰਭ ਸੁਖ ਧਨੀ ॥੩॥	آءِ مِلے پربھ سُکھ دھنی ॥3॥
ਮੇਰਾ ਗੁਣੁ ਅਵਗਣੁ ਨ ਬੀਚਾਰਿਆ ॥	میرا گُنُ اوگُنُ ن بیچارِیا ॥
ਪ੍ਰਭ ਨਾਨਕ ਚਰਣ ਪੂਜਾਰਿਆ ॥੪॥੧॥੧੪॥	پربھ نانک چرنُ پُوجارِیا ॥4॥1॥ 14 ॥
ਬਸੰਤੁ ਮਹਲਾ ੫ ॥	بسنّتُ محلا 5 ॥
ਕਿਲਬਿਖ ਬਿਨਸੇ ਗਾਇ ਗੁਨਾ ॥	کِلبِکھ بِنسے گاءِ گُنا ॥
ਅਨਦਿਨ ਉਪਜੀ ਸਹਜ ਧੁਨਾ ॥੧॥	اندِن اُپجی سہج دھُنا ॥1॥
ਮਨੁ ਮਉਲਿਓ ਹਰਿ ਚਰਨ ਸੰਗਿ ॥	منُ منُلِئو ہرِ چرن سنگِ ॥
ਕਰਿ ਕਿਰਪਾ ਸਾਧੂ ਜਨ ਭੇਟੇ ਨਿਤ ਰਾਤੌ ਹਰਿ ਨਾਮ ਰੰਗਿ ॥੧॥ ਰਹਾਉ ॥	کرِ کِرپا سادھُو جن بھیٹے نِت راتوَ ہرِ نام رنگِ ॥1॥ رہاءُ ॥
ਕਰਿ ਕਿਰਪਾ ਪ੍ਰਗਟੇ ਗੋਪਾਲ ॥	کرِ کِرپا پرگٹے گوپال ॥
ਲੜਿ ਲਾਇ ਉਧਾਰੇ ਦੀਨ ਦਇਆਲ ॥੨॥	لڑِ لاءِ اُدھارے دِین دئیال ॥2॥
ਇਹੁ ਮਨੁ ਹੋਆ ਸਾਧ ਧੂਰਿ ॥	اِہُ منُ ہویا سادھ دھوُرِ ॥
ਨਿਤ ਦੇਖੈ ਸੁਆਮੀ ਹਜੂਰਿ ॥੩॥	نِت دیکھے سُیامی حضوُرِ ॥3॥
ਕਾਮ ਕ੍ਰੋਧ ਤ੍ਰਿਸਨਾ ਗਈ ॥	کام کرودھ ترِسنا گئی ॥
ਨਾਨਕ ਪ੍ਰਭ ਕਿਰਪਾ ਭਈ ॥੪॥੨॥੧੫॥	نانک پربھ کِرپا بھئی ॥4॥2॥ 15 ॥
ਬਸੰਤੁ ਮਹਲਾ ੫ ॥	بسنّتُ محلا 5 ॥
ਰੋਗ ਮਿਟਾਏ ਪ੍ਰਭੂ ਆਪਿ ॥	روگ مِٹائے پربھوُ آپِ ॥
ਬਾਲਕ ਰਾਖੇ ਅਪਨੇ ਕਰ ਥਾਪਿ ॥੧॥	بالک راکھے اپنے کر تھاپِ ॥1॥

ਸਾਂਤਿ ਸਹਜ ਗ੍ਰਿਹਿ ਸਦ ਬਸੰਤੁ ॥	سانتِ سہج گرِہِ سد بسنّتُ ॥
ਗੁਰ ਪੂਰੇ ਕੀ ਸਰਣੀ ਆਏ	گُر پُورے کی سرنٹی آئے
ਕਲਿਆਣ ਰੂਪ ਜਪਿ ਹਰਿ ਹਰਿ ਮੰਤੁ ॥੧॥ ਰਹਾਉ ॥	کلیانٹ روُپ جپِ ہرِ ہرِ منّتُ ॥1॥ رہاءُ ॥
ਸੋਗ ਸੰਤਾਪ ਕਟੇ ਪ੍ਰਭਿ ਆਪਿ ॥	سوگ سنتاپ کٹے پربھِ آپِ ॥
ਗੁਰ ਅਪੁਨੇ ਕਉ ਨਿਤ ਨਿਤ ਜਾਪਿ ॥੨॥	گُر اپُنے کءُ نِت نِت جاپِ ॥2॥
ਜੋ ਜਨੁ ਤੇਰਾ ਜਪੇ ਨਾਉ ॥	جو جنُ تیرا جپے ناءُ ॥
ਸਭਿ ਫਲ ਪਾਏ ਨਿਹਚਲ ਗੁਣ ਗਾਉ ॥੩॥	سبھِ پھل پائے نِہچل گُنٹ گاءُ ॥3॥
ਨਾਨਕ ਭਗਤਾ ਭਲੀ ਰੀਤਿ ॥	نانک بھگتا بھلی ریتِ ॥
ਸੁਖਦਾਤਾ ਜਪਦੇ ਨੀਤ ਨੀਤਿ ॥੪॥੩॥੧੬॥	سُکھداتا جپدے نِیت نِیتِ ॥4॥3॥ 16 ॥
ਬਸੰਤੁ ਮਹਲਾ ੫ ॥	بسنّتُ محلا 5 ॥
ਹੁਕਮੁ ਕਰਿ ਕੀਨੇ ਨਿਹਾਲ ॥	حُکمُ کرِ کینّہے نِہال ॥
ਅਪਨੇ ਸੇਵਕ ਕਉ ਭਇਆ ਦਇਆਲੁ ॥੧॥	اپنے سیوک کءُ بھئیا دئیالُ ॥1॥
ਗੁਰਿ ਪੂਰੈ ਸਭੁ ਪੂਰਾ ਕੀਆ ॥	گُرِ پُورے سبھُ پُورا کیِیا ॥
ਅੰਮ੍ਰਿਤ ਨਾਮੁ ਰਿਦ ਮਹਿ ਦੀਆ ॥੧॥ ਰਹਾਉ ॥	انمّرِت نامُ رِد مہِ دیِیا ॥1॥ رہاءُ ॥
ਕਰਮੁ ਧਰਮੁ ਮੇਰਾ ਕਛੁ ਨ ਬੀਚਾਰਿਓ ॥	کرمُ دھرمُ میرا کچھُ ن بیچارِئو ॥
ਬਾਹ ਪਕਰਿ ਭਵਜਲੁ ਨਿਸਤਾਰਿਓ ॥੨॥	باہ پکرِ بھوجلُ نِستارِئو ॥2॥
ਪ੍ਰਭਿ ਕਾਟਿ ਮੈਲੁ ਨਿਰਮਲ ਕਰੇ ॥	پربھِ کاٹِ میَلُ نِرمل کرے ॥
ਗੁਰ ਪੂਰੇ ਕੀ ਸਰਣੀ ਪਰੇ ॥੩॥	گُر پُورے کی سرنٹی پرے ॥3॥
ਆਪਿ ਕਰਹਿ ਆਪਿ ਕਰਣੈਹਾਰੇ ॥	آپِ کرہِ آپِ کرٹیَہارے ॥
ਕਰਿ ਕਿਰਪਾ ਨਾਨਕ ਉਧਾਰੇ ॥੪॥੪॥੧੭॥	کرِ کرِپا نانک اُدھارے ॥4॥4॥ 17 ॥
ਬਸੰਤੁ ਮਹਲਾ ੫	بسنّتُ محلا 5
ੴ ਸਤਿਗੁਰ ਪ੍ਰਸਾਦਿ ॥	۱ۄ ستِگُر پرسادِ ॥
ਦੇਖੁ ਫੂਲ ਫੂਲ ਫੂਲੇ ॥	دیکھُ پھوُل پھوُل پھوُلے ॥

ਅਹੰ ਤਿਆਗਿ ਤਿਆਗੇ ॥	اہنّ تِیاگِ تِیاگے ॥
ਚਰਨ ਕਮਲ ਪਾਗੇ ॥	چرن کمل پاگے ॥
ਤੁਮ ਮਿਲਹੁ ਪ੍ਰਭ ਸਭਾਗੇ ॥	تُم مِلہُ پربھ سبھاگے ۔ ॥
ਹਰਿ ਚੇਤਿ ਮਨ ਮੇਰੇ ॥ ਰਹਾਉ ॥	ہرِ چیتِ من میرے ۔ ॥ رہاءُ ॥
ਸਘਨ ਬਾਸੁ ਕੂਲੇ ॥	سگھن باسُ کُولے ॥
ਇਕਿ ਰਹੇ ਸੂਕਿ ਕਠੂਲੇ ॥	اِکِ رہے سُوکِ کٹھُولے ॥
ਬਸੰਤ ਰੁਤਿ ਆਈ ॥	بسنّت رُتِ آئی ॥
ਪਰਫੂਲਤਾ ਰਹੇ ॥੧॥	پرپھُولتا رہے ॥1॥
ਅਬ ਕਲੂ ਆਇਓ ਰੇ ॥	اب کلُو آئیو رے ॥
ਇਕੁ ਨਾਮੁ ਬੋਵਹੁ ਬੋਵਹੁ ॥	اِکُ نامُ بووہُ بووہُ ॥
ਅਨ ਰੂਤਿ ਨਾਹੀ ਨਾਹੀ ॥	ان رُوتِ ناہی ناہی ॥
ਮਤੁ ਭਰਮਿ ਭੂਲਹੁ ਭੂਲਹੁ ॥	مت بھرمِ بھُولہُ بھُولہُ ॥
ਗੁਰ ਮਿਲੇ ਹਰਿ ਪਾਏ ॥	گُر مِلے ہرِ پائے ॥
ਜਿਸੁ ਮਸਤਕਿ ਹੈ ਲੇਖਾ ॥	جِسُ مستکِ ہے لیکھا ॥
ਮਨ ਰੁਤਿ ਨਾਮ ਰੇ ॥	من رُتِ نام رے ॥
ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ ॥੨॥੧੮॥	گُن کہے نانک ہرِ ہرے ہرِ ہرے ॥2॥ 18 ॥
ਬਸੰਤੁ ਮਹਲਾ ੫ ਘਰੁ ੨ ਹਿੰਡੋਲ	بسنّتُ محلا 5 گھرُ 2 ہِنڈولُ
ੴ ਸਤਿਗੁਰ ਪ੍ਰਸਾਦਿ ॥	۱ۓ ستِگُر پرّسادِ ॥
ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥	ہوءِ اِکتّر مِلہُ میرے بھائی دُبِدھا دوُرِ کرہُ لِو لاءِ ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥	ہرِ نامےَ کے ہووہُ جوڑی گُرمُکھِ بیَسہُ صفا وِچھاءِ ॥1॥
ਇਨ੍ਹ ਬਿਧਿ ਪਾਸਾ ਢਾਲਹੁ ਬੀਰ ॥	اِنّہ بِدھِ پاسا ڈھالہُ بیر ۔ ॥

ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ
ਅੰਤ ਕਾਲਿ ਨਹ ਲਾਗੈ ਪੀਰ ॥੧॥ ਰਹਾਉ ॥

گُرمُکھِ نامُ جپہُ دِنُ راتی
انّت کالِ نہ لاگے پیِر ॥1॥ رہاءُ ॥

ਕਰਮ ਧਰਮ ਤੁਮ੍ਹ ਚਉਪੜਿ ਸਾਜਹੁ
ਸਤੁ ਕਰਹੁ ਤੁਮ੍ਹ ਸਾਰੀ ॥

کرم دھرم تُمہ چؤپڑِ ساجہُ
ستُ کرہُ تُمہ ساری ॥

ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ
ਐਸੀ ਖੇਲ ਹਰਿ ਪਿਆਰੀ ॥੨॥

کامُ کرودھُ لوبھُ موہُ جیِتہُ
ایَسی کھیل ہرِ پیاری ॥2॥

ਉਠਿ ਇਸਨਾਨੁ ਕਰਹੁ ਪਰਭਾਤੇ
ਸੋਏ ਹਰਿ ਆਰਾਧੇ ॥

اُٹھِ اِسنانُ کرہُ پربھاتے
سوئے ہرِ آرادھے ॥

ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ
ਸੁਖ ਸਹਜ ਸੇਤੀ ਘਰਿ ਜਾਤੇ ॥੩॥

بِکھڑے داءُ لنگھاوے میرا ستِگُرُ
سُکھ سہج سیتی گھرِ جاتے ॥3॥

ਹਰਿ ਆਪੇ ਖੇਲੈ ਆਪੇ ਦੇਖੈ
ਹਰਿ ਆਪੇ ਰਚਨੁ ਰਚਾਇਆ ॥

ہرِ آپے کھیلے آپے دیکھے
ہرِ آپے رچنُ رچائیا ॥

ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ
ਸੋ ਜਿਣਿ ਬਾਜੀ ਘਰਿ ਆਇਆ ॥੪॥੧॥੧੯॥

جن نانک گُرمُکھِ جو نرُ کھیلے
سو جِنِ بازی گھرِ آئیا ॥4॥1॥ 19 ॥

ਬਸੰਤੁ ਮਹਲਾ ੫ ਹਿੰਡੋਲ ॥

بسنّتُ محلا 5 ہِنڈول ॥

ਤੇਰੀ ਕੁਦਰਤਿ ਤੂਹੈ ਜਾਣਹਿ
ਅਉਰੁ ਨ ਦੂਜਾ ਜਾਣੈ ॥

تیری قُدرتِ توُہے جانہِ
اُرُ ن دوُجا جانے ॥

ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ
ਸੋਈ ਤੁਝੈ ਪਛਾਣੈ ॥੧॥

جِس نو کرِپا کرہِ میرے پیارے
سوئی تُجھے پچھانے ॥1॥

ਤੇਰਿਆ ਭਗਤਾ ਕਉ ਬਲਿਹਾਰਾ ॥

تیرِیا بھگتا کءُ بلِہارا ॥

ਥਾਨੁ ਸੁਹਾਵਾ ਸਦਾ ਪ੍ਰਭ ਤੇਰਾ
ਰੰਗ ਤੇਰੇ ਅਪਾਰਾ ॥੧॥ ਰਹਾਉ ॥

تھانُ سُہاوا سدا پربھ تیرا
رنگ تیرے اپارا ॥1॥ رہاءُ ॥

ਤੇਰੀ ਸੇਵਾ ਤੁਝ ਤੇ ਹੋਵੈ
ਅਉਰੁ ਨ ਦੂਜਾ ਕਰਤਾ ॥

تیری سیوا تُجھ تے ہووے
اُرُ ن دوُجا کرتا ॥

ਭਗਤੁ ਤੇਰਾ ਸੋਈ ਤੁਧੁ ਭਾਵੈ

بھگتُ تیرا سوئی تُدھُ بھاوے

ਜਿਸ ਨੋ ਤੂ ਰੰਗੁ ਧਰਤਾ ॥੨॥

جِس نو توُ رنگُ دھرتا ॥2॥

ਤੂ ਵਡ ਦਾਤਾ ਤੂ ਵਡ ਦਾਨਾ
ਅਉਰੁ ਨਹੀ ਕੋ ਦੂਜਾ ॥

توُ وڈ داتا توُ وڈ دانا
اُرُ نہی کو دوُجا ॥

ਤੂ ਸਮਰਥੁ ਸੁਆਮੀ ਮੇਰਾ
ਹਉ ਕਿਆ ਜਾਣਾ ਤੇਰੀ ਪੂਜਾ ॥੩॥

توُ سمرتھُ سُیامی میرا
ہءُ کِیا جاٹا تیری پوُجا ۔ ॥3॥

ਤੇਰਾ ਮਹਲੁ ਅਗੋਚਰੁ ਮੇਰੇ ਪਿਆਰੇ
ਬਿਖਮੁ ਤੇਰਾ ਹੈ ਭਾਣਾ ॥

تیرا محلُ اگوچرُ میرے پِیارے
بِکھمُ تیرا ہے بھاٹا ॥

ਕਹੁ ਨਾਨਕ ਢਹਿ ਪਇਆ ਦੁਆਰੈ
ਰਖਿ ਲੇਵਹੁ ਮੁਗਧ ਅਜਾਣਾ ॥੪॥੨॥੨੦॥

کہُ نانک ڈھہِ پئیا دُیارے
رکھِ لیوہُ مُگدھ اجاٹا ॥4॥2॥ 20 ॥

ਬਸੰਤੁ ਹਿੰਡੋਲ ਮਹਲਾ ੫ ॥

بسنتُ ہِنڈول محلا 5 ॥

ਮੂਲੁ ਨ ਬੂਝੈ ਆਪੁ ਨ ਸੂਝੈ
ਭਰਮਿ ਬਿਆਪੀ ਅਹੰ ਮਨੀ ॥੧॥

موُلُ ن بوُجھےَ آپُ ن سوُجھےَ
بھرمِ بِیاپی اہنَ منی ॥1॥

ਪਿਤਾ ਪਾਰਬ੍ਰਹਮ ਪ੍ਰਭ ਧਨੀ ॥

پِتا پاربّرہم پّربھ دھنی ۔ ॥

ਮੋਹਿ ਨਿਸਤਾਰਹੁ ਨਿਰਗੁਨੀ ॥੧॥ ਰਹਾਉ ॥

موہِ نِستارہُ نِرگُنی ॥1॥ رہاءُ ॥

ਓਪਤਿ ਪਰਲਉ ਪ੍ਰਭ ਤੇ ਹੋਵੈ
ਇਹ ਬੀਚਾਰੀ ਹਰਿ ਜਨੀ ॥੨॥

اوپتِ پرلءُ پّربھ تے ہووےَ
اِہ بیچاری ہرِ جنی ॥2॥

ਨਾਮ ਪ੍ਰਭੂ ਕੇ ਜੋ ਰੰਗਿ ਰਾਤੇ
ਕਲਿ ਮਹਿ ਸੁਖੀਏ ਸੇ ਗਨੀ ॥੩॥

نام پّربھوُ کے جو رنگِ راتے
کلِ مہِ سُکھیئے سے گنی ॥3॥

ਅਵਰੁ ਉਪਾਉ ਨ ਕੋਈ ਸੂਝੈ
ਨਾਨਕ ਤਰੀਐ ਗੁਰ ਬਚਨੀ ॥੪॥੩॥੨੧॥

اورُ اُپاءُ ن کوئی سوُجھےَ
نانک ترِیئے گُر بچنی ॥4॥3॥ 21 ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਰਾਗੁ ਬਸੰਤੁ ਹਿੰਡੋਲ ਮਹਲਾ ੯ ॥

راگُ بسنتُ ہِنڈول محلا 9 ॥

ਸਾਧੋ ਇਹੁ ਤਨੁ ਮਿਥਿਆ ਜਾਨਉ ॥

سادھو اِہُ تنُ مِتھیا جانءُ ॥

ਯਾ ਭੀਤਰਿ ਜੋ ਰਾਮੁ ਬਸਤੁ ਹੈ
ਸਾਚੋ ਤਾਹਿ ਪਛਾਨੋ ॥੧॥ ਰਹਾਉ ॥

یا بھیترِ جو رامُ بسٹ ہےَ

ਇਹੁ ਜਗੁ ਹੈ ਸੰਪਤਿ ਸੁਪਨੇ ਕੀ
ਦੇਖਿ ਕਹਾ ਐਡਾਨੋ ॥

ਸੰਗਿ ਤਿਹਾਰੈ ਕਛੂ ਨ ਚਾਲੈ
ਤਾਹਿ ਕਹਾ ਲਪਟਾਨੋ ॥੧॥

ਉਸਤਤਿ ਨਿੰਦਾ ਦੋਊ ਪਰਹਰਿ
ਹਰਿ ਕੀਰਤਿ ਉਰਿ ਆਨੋ ॥

ਜਨ ਨਾਨਕ ਸਭ ਹੀ ਮੈ ਪੂਰਨ
ਏਕ ਪੁਰਖ ਭਗਵਾਨੋ ॥੨॥੧॥

ਬਸੰਤੁ ਮਹਲਾ ੯ ॥

ਪਾਪੀ ਹੀਐ ਮੈ ਕਾਮੁ ਬਸਾਇ ॥
ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥੧॥ ਰਹਾਉ ॥

ਜੋਗੀ ਜੰਗਮ ਅਰੁ ਸੰਨਿਆਸ ॥
ਸਭ ਹੀ ਪਰਿ ਡਾਰੀ ਇਹ ਫਾਸ ॥੧॥

ਜਿਹਿ ਜਿਹਿ ਹਰਿ ਕੋ ਨਾਮੁ ਸਮ੍ਾਰਿ ॥
ਤੇ ਭਵ ਸਾਗਰ ਉਤਰੇ ਪਾਰਿ ॥੨॥

ਜਨ ਨਾਨਕ ਹਰਿ ਕੀ ਸਰਨਾਇ ॥
ਦੀਜੈ ਨਾਮੁ ਰਹੈ ਗੁਨ ਗਾਇ ॥੩॥੨॥

ਬਸੰਤੁ ਮਹਲਾ ੯ ॥

ਮਾਈ ਮੈ ਧਨੁ ਪਾਇਓ ਹਰਿ ਨਾਮੁ ॥
ਮਨੁ ਮੇਰੋ ਧਾਵਨ ਤੇ ਛੂਟਿਓ
ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥

ਮਾਇਆ ਮਮਤਾ ਤਨ ਤੇ ਭਾਗੀ
ਉਪਜਿਓ ਨਿਰਮਲ ਗਿਆਨੁ ॥

ساچو تاہِ پچھانو ॥1॥ رہاءُ ॥

اِہُ جگُ ہے سنّپت سُپنے کی
دیکھِ کہا ایڈانو ۔ ॥

سنگِ تِہارے کچھوُ ن چالے
تاہِ کہا لپٹانو ۔ ॥1॥

اُستتِ نِندا دوئوُ پرہرِ
ہرِ کیرتِ اُرِ آنو ॥

جن نانک سبھ ہی مے َپوُرن
ایک پُرکھ بھگوانو ॥2॥1॥

بسنّتُ محلا 9 ॥

پاپی ہیئے مے َکامُ بساءِ ॥
منُ چنچَلُ یا تے گہِئو ن جاءِ ॥1॥ رہاءُ ॥

جوگی جنگم ارُ سنّیاس ॥
سبھ ہی پر ڈاری اِہ پھاس ॥1॥

جِہ جِہ ہرِ کو نامُ سمّہارِ ॥
تے بھو ساگر اُترے پارِ ॥2॥

جن نانک ہرِ کی سرناءِ ॥
دیجے َنامُ رہے َگُن گاءِ ॥3॥2॥

بسنّتُ محلا 9 ॥

مائی مے َدھنُ پائیئو ہرِ نامُ ॥
منُ میرو دھاون تے چھوُٹیئو
کرِ بیٹھو بِسرامُ ॥1॥ رہاءُ ॥

مائیا ممتا تن تے بھاگی
اُپجیئو نِرمل گیانُ ॥

ਲੋਭ ਮੋਹ ਏਹ ਪਰਸਿ ਨ ਸਾਕੈ
ਗਹੀ ਭਗਤਿ ਭਗਵਾਨ ॥੧॥

لوبھ موہ ایہ پرسِ ن ساکے
گہی بھگتِ بھگوان ॥1॥

ਜਨਮ ਜਨਮ ਕਾ ਸੰਸਾ ਚੂਕਾ
ਰਤਨੁ ਨਾਮੁ ਜਬ ਪਾਇਆ ॥

جنم جنم کا سنّسا چوُکا
رتنُ نامُ جب پائیا ॥

ਤ੍ਰਿਸਨਾ ਸਕਲ ਬਿਨਾਸੀ ਮਨ ਤੇ
ਨਿਜ ਸੁਖ ਮਾਹਿ ਸਮਾਇਆ ॥੨॥

ترِسنا سکل بِناسی من تے
نِج سُکھ ماہِ سمائیا ॥2॥

ਜਾ ਕਉ ਹੋਤ ਦਇਆਲੁ ਕਿਰਪਾ ਨਿਧਿ
ਸੋ ਗੋਬਿੰਦ ਗੁਨ ਗਾਵੈ ॥

جا ک ءُ ہوت دئیالُ کِرپا نِدھِ
سو گوبِند گُن گاوے ॥

ਕਹੁ ਨਾਨਕ ਇਹ ਬਿਧਿ ਕੀ ਸੰਪੈ
ਕੋਊ ਗੁਰਮੁਖਿ ਪਾਵੈ ॥੩॥੩॥

کہُ نانک اِہ بِدھِ کی سنّپے
کوئوُ گُرمُکھِ پاوے ॥3॥3॥

ਬਸੰਤੁ ਮਹਲਾ ੯ ॥

بسنّتُ محلا 9 ॥

ਮਨ ਕਹਾ ਬਿਸਾਰਿਓ ਰਾਮ ਨਾਮੁ ॥

من کہا بِسارِئو رام نامُ ۔ ॥

ਤਨੁ ਬਿਨਸੈ ਜਮ ਸਿਉ ਪਰੈ ਕਾਮੁ ॥੧॥ ਰਹਾਉ ॥

تنُ بِنسے جم سِ ءُ پرے کامُ ॥1॥ رہاءُ ॥

ਇਹੁ ਜਗੁ ਧੂਏ ਕਾ ਪਹਾਰ ॥

اِہُ جگُ دھوُئے کا پہار ॥

ਤੈ ਸਾਚਾ ਮਾਨਿਆ ਕਿਹ ਬਿਚਾਰਿ ॥੧॥

تے ساچا مانیا کِہ بچارِ ॥1॥

ਧਨੁ ਦਾਰਾ ਸੰਪਤਿ ਗ੍ਰੇਹ ॥

دھنُ دارا سنّپتِ گّریہ ॥

ਕਛੁ ਸੰਗਿ ਨ ਚਾਲੈ ਸਮਝ ਲੇਹ ॥੨॥

کچھُ سنگِ ن چالے سمجھ لیہ ॥2॥

ਇਕ ਭਗਤਿ ਨਾਰਾਇਨ ਹੋਇ ਸੰਗਿ ॥

اِک بھگتِ نارائِن ہوءِ سنگِ ॥

ਕਹੁ ਨਾਨਕ ਭਜੁ ਤਿਹ ਏਕ ਰੰਗਿ ॥੩॥੪॥

کہُ نانک بھجُ تِہ ایک رنگِ ॥3॥4॥

ਬਸੰਤੁ ਮਹਲਾ ੯ ॥

بسنّتُ محلا 9 ॥

ਕਹਾ ਭੂਲਿਓ ਰੇ ਝੂਠੇ ਲੋਭ ਲਾਗ ॥

کہا بھوُلِئو رے جھوُٹھے لوبھ لاگ ۔ ॥

ਕਛੁ ਬਿਗਰਿਓ ਨਾਹਿਨ ਅਜਹੁ ਜਾਗ ॥੧॥ ਰਹਾਉ ॥

کچھُ بِگرِئو ناہِن اجہُ جاگ ॥1॥ رہاءُ ॥

ਸਮ ਸੁਪਨੈ ਕੈ ਇਹੁ ਜਗੁ ਜਾਨੁ ॥

سم سُپنے کے اِہُ جگُ جانُ ॥

ਬਿਨਸੈ ਛਿਨ ਮੈ ਸਾਚੀ ਮਾਨੁ ॥੧॥	بِنسے چھِن مے ساچی مانُ ॥1॥
ਸੰਗਿ ਤੇਰੈ ਹਰਿ ਬਸਤ ਨੀਤ ॥	سنگِ تیرے ہرِ بست نِیت ॥
ਨਿਸ ਬਾਸੁਰ ਭਜੁ ਤਾਹਿ ਮੀਤ ॥੨॥	نِس باسُر بھجُ تاہِ میت ۔ ॥2॥
ਬਾਰ ਅੰਤ ਕੀ ਹੋਇ ਸੁਹਾਇ ॥	بار انّت کی ہوءِ سُہاءِ ॥
ਕਹੁ ਨਾਨਕ ਗੁਨ ਤਾ ਕੇ ਗਾਇ ॥੩॥੫॥	کہُ نانک گُن تا کے گاءِ ॥3॥5॥
ਬਸੰਤੁ ਮਹਲਾ ੧ ਅਸਟਪਦੀਆ ਘਰੁ ੧ ਦੁਤੁਕੀਆ	بسنّتُ محلا 1 اسٹپدیا گھرُ 1 دُتُکیا
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਜਗੁ ਕਉਆ ਨਾਮੁ ਨਹੀ ਚੀਤਿ ॥	جگُ کئوُیا نامُ نہی چیتِ ॥
ਨਾਮੁ ਬਿਸਾਰਿ ਗਿਰੈ ਦੇਖੁ ਭੀਤਿ ॥	نامُ بِسارِ گِرے دیکھُ بھیتِ ॥
ਮਨੂਆ ਡੋਲੈ ਚੀਤਿ ਅਨੀਤਿ ॥	منوُیا ڈولے چیتِ انِیتِ ॥
ਜਗ ਸਿਉ ਤੂਟੀ ਝੂਠ ਪਰੀਤਿ ॥੧॥	جگ سِءُ توٹی جھوٹھ پریتِ ॥1॥
ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ ॥	کامُ کرودھُ بِکھُ بجرُ بھارُ ॥
ਨਾਮ ਬਿਨਾ ਕੈਸੇ ਗੁਨ ਚਾਰੁ ॥੧॥ ਰਹਾਉ ॥	نام بِنا کیسے گُن چارُ ۔ ॥1॥ رہاءُ ॥
ਘਰੁ ਬਾਲੂ ਕਾ ਘੂਮਨ ਘੇਰਿ ॥	گھرُ بالوُ کا گھومن گھیرِ ॥
ਬਰਖਸਿ ਬਾਣੀ ਬੁਦਬੁਦਾ ਹੇਰਿ ॥	برکھسِ بانٹی بُدبُدا ہیرِ ॥
ਮਾਤ੍ਰ ਬੂੰਦ ਤੇ ਧਰਿ ਚਕੁ ਫੇਰਿ ॥	ماتّر بوُنّد تے دھرِ چکُ پھیرِ ॥
ਸਰਬ ਜੋਤਿ ਨਾਮੈ ਕੀ ਚੇਰਿ ॥੨॥	سرب جوتِ نامے کی چیرِ ॥2॥
ਸਰਬ ਉਪਾਇ ਗੁਰੂ ਸਿਰਿ ਮੋਰੁ ॥	سرب اُپاءِ گُرو سِرِ مورُ ॥
ਭਗਤਿ ਕਰਉ ਪਗ ਲਾਗਉ ਤੋਰ ॥	بھگتِ کرءُ پگ لاگءُ تور ॥
ਨਾਮਿ ਰਤੋ ਚਾਹਉ ਤੁਝ ਓਰੁ ॥	نامِ رتو چاہءُ تُجھ اورُ ॥
ਨਾਮੁ ਦੁਰਾਇ ਚਲੈ ਸੋ ਚੋਰੁ ॥੩॥	نامُ دُراءِ چلے سو چورُ ॥3॥
ਪਤਿ ਖੋਈ ਬਿਖੁ ਅੰਚਲਿ ਪਾਇ ॥	پتِ کھوئی بِکھُ انچلِ پاءِ ॥

ਸਾਚ ਨਾਮਿ ਰਤੋ ਪਤਿ ਸਿਉ ਘਰਿ ਜਾਇ ॥	ساچ نامِ رتو پتِ سِءُ گھرِ جاءِ ॥
ਜੋ ਕਿਛੁ ਕੀਨ੍ਸਿ ਪ੍ਰਭੁ ਰਜਾਇ ॥	جو کچھُ کِینّہِس پربھُ رضاءِ ॥
ਭੈ ਮਾਨੈ ਨਿਰਭਉ ਮੇਰੀ ਮਾਇ ॥੪॥	بھے مانے نِربھءُ میری ماءِ ۔ ॥4॥
ਕਾਮਨਿ ਚਾਹੈ ਸੁੰਦਰਿ ਭੋਗੁ ॥	کامنِ چاہے سُندّرِ بھوگُ ॥
ਪਾਨ ਫੂਲ ਮੀਠੇ ਰਸ ਰੋਗ ॥	پان پھوُل مِٹھے رس روگ ॥
ਖੀਲੈ ਬਿਗਸੈ ਤੇਤੋ ਸੋਗ ॥	کھِیلے بِگسے تیتو سوگ ॥
ਪ੍ਰਭ ਸਰਣਾਗਤਿ ਕੀਨ੍ਸਿ ਹੋਗ ॥੫॥	پربھ سرنّاگتِ کِینّہِس ہوگ ॥5॥
ਕਾਪੜੁ ਪਹਿਰਸਿ ਅਧਿਕੁ ਸੀਗਾਰੁ ॥	کاپڑُ پہِرسِ ادھِکُ سیِگارُ ॥
ਮਾਟੀ ਫੂਲੀ ਰੂਪੁ ਬਿਕਾਰੁ ॥	ماٹی پھوُلی روُپُ بِکارُ ॥
ਆਸਾ ਮਨਸਾ ਬਾਂਧੋ ਬਾਰੁ ॥	آسا منسا باندھو بارُ ॥
ਨਾਮ ਬਿਨਾ ਸੂਨਾ ਘਰੁ ਬਾਰੁ ॥੬॥	نام بِنا سوُنا گھرُ بارُ ॥6॥
ਗਾਛਹੁ ਪੁਤ੍ਰੀ ਰਾਜ ਕੁਆਰਿ ॥	گاچھہُ پُتّری راج کُیارِ ॥
ਨਾਮੁ ਭਣਹੁ ਸਚੁ ਦੋਤੁ ਸਵਾਰਿ ॥	نامُ بھنّہُ سچُ دوتُ سوارِ ॥
ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ ॥	پرِءُ سیوہُ پربھ پریم ادھارِ ॥
ਗੁਰ ਸਬਦੀ ਬਿਖੁ ਤਿਆਸ ਨਿਵਾਰਿ ॥੭॥	گُر سبدی بِکھُ تِیاس نِوارِ ॥7॥
ਮੋਹਨਿ ਮੋਹਿ ਲੀਆ ਮਨੁ ਮੋਹਿ ॥	موہنِ موہِ لِیا منُ موہِ ॥
ਗੁਰ ਕੈ ਸਬਦਿ ਪਛਾਨਾ ਤੋਹਿ ॥	گُر کے سبدِ پچھانا توہِ ॥
ਨਾਨਕ ਠਾਢੇ ਚਾਹਹਿ ਪ੍ਰਭੂ ਦੁਆਰਿ ॥	نانک ٹھاڈھے چاہہِ پربھوُ دُیارِ ॥
ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ ॥੮॥੧॥	تیرے نامِ سنّتوکھے کِرپا دھارِ ॥8॥1॥
ਬਸੰਤੁ ਮਹਲਾ ੧ ॥	بسنّتُ محلا 1 ॥
ਮਨੁ ਭੂਲਉ ਭਰਮਸਿ ਆਇ ਜਾਇ ॥	منُ بھوُلءُ بھرمسِ آءِ جاءِ ॥
ਅਤਿ ਲੁਬਧ ਲੁਭਾਨਉ ਬਿਖਮ ਮਾਇ ॥	اتِ لُبدھ لُبھانءُ بِکھم ماءِ ॥

ਨਹ ਅਸਥਿਰੁ ਦੀਸੈ ਏਕ ਭਾਇ ॥	نہ استھِرُ دیسِے ایک بھاءِ ॥
ਜਿਉ ਮੀਨ ਕੁੰਡਲੀਆ ਕੰਠਿ ਪਾਇ ॥੧॥	جِءُ مِین کُنڈلِیا کنٹھِ پاءِ ॥1॥
ਮਨੁ ਭੂਲਉ ਸਮਝਸਿ ਸਾਚਿ ਨਾਇ ॥	منُ بھوُلءُ سمجھسِ ساچِ ناءِ ॥
ਗੁਰ ਸਬਦੁ ਬੀਚਾਰੇ ਸਹਜ ਭਾਇ ॥੧॥ ਰਹਾਉ ॥	گُر سبدُ بیچارے سہج بھاءِ ॥1॥ رہاءُ ॥
ਮਨੁ ਭੂਲਉ ਭਰਮਸਿ ਭਵਰ ਤਾਰ ॥	منُ بھوُلءُ بھرمسِ بھور تار ॥
ਬਿਲ ਬਿਰਥੇ ਚਾਹੈ ਬਹੁ ਬਿਕਾਰ ॥	بِل بِرتھے چاہے بہُ بِکار ॥
ਮੈਗਲ ਜਿਉ ਫਾਸਸਿ ਕਾਮਹਾਰ ॥	میَگل جِءُ پھاسسِ کامہار ॥
ਕੜਿ ਬੰਧਨਿ ਬਾਧਿਓ ਸੀਸ ਮਾਰ ॥੨॥	کڑِ بندھنِ بادھِئو سیِس مار ॥2॥
ਮਨੁ ਮੁਗਧੋ ਦਾਦਰੁ ਭਗਤਿਹੀਨੁ ॥	منُ مُگدھوَ دادرُ بھگتِہینُ ॥
ਦਰਿ ਭ੍ਰਸਟ ਸਰਾਪੀ ਨਾਮ ਬੀਨੁ ॥	درِ بھّرسٹ سراپی نام بینُ ॥
ਤਾ ਕੈ ਜਾਤਿ ਨ ਪਾਤੀ ਨਾਮ ਲੀਨ ॥	تا کے زاتِ ن پاتی نام لِین ॥
ਸਭਿ ਦੂਖ ਸਖਾਈ ਗੁਣਹ ਬੀਨ ॥੩॥	سبھِ دوُکھ سکھائی گُنہ بِین ॥3॥
ਮਨੁ ਚਲੈ ਨ ਜਾਈ ਠਾਕਿ ਰਾਖੁ ॥	منُ چلےَ ن جائی ٹھاکِ راکھُ ॥
ਬਿਨੁ ਹਰਿ ਰਸ ਰਾਤੇ ਪਤਿ ਨ ਸਾਖੁ ॥	بِنُ ہرِ رس راتے پتِ ن ساکھُ ॥
ਤੂ ਆਪੇ ਸੁਰਤਾ ਆਪਿ ਰਾਖੁ ॥	توُ آپے سُرتا آپِ راکھُ ॥
ਧਰਿ ਧਾਰਣ ਦੇਖੈ ਜਾਣੈ ਆਪਿ ॥੪॥	دھرِ دھارنُ دیکھےَ جانےَ آپِ ॥4॥
ਆਪਿ ਭੁਲਾਏ ਕਿਸੁ ਕਹਉ ਜਾਇ ॥	آپِ بھُلائے کِسُ کہءُ جاءِ ۔ ॥
ਗੁਰੁ ਮੇਲੇ ਬਿਰਥਾ ਕਹਉ ਮਾਇ ॥	گُرُ میلے برتھا کہءُ ماءِ ۔ ॥
ਅਵਗਣ ਛੋਡਉ ਗੁਣ ਕਮਾਇ ॥	اوگنُ چھوڈءُ گُنُ کماءِ ॥
ਗੁਰ ਸਬਦੀ ਰਾਤਾ ਸਚਿ ਸਮਾਇ ॥੫॥	گُر سبدی راتا سچِ سماءِ ॥5॥
ਸਤਿਗੁਰ ਮਿਲਿਐ ਮਤਿ ਊਤਮ ਹੋਇ ॥	ستِگُر ملِےَ متِ اوُتم ہوءِ ॥
ਮਨੁ ਨਿਰਮਲੁ ਹਉਮੈ ਕਢੈ ਧੋਇ ॥	منُ نِرملُ ہئمےَ کڈھےَ دھوءِ ॥

ਸਦਾ ਮੁਕਤੁ ਬੰਧਿ ਨ ਸਕੈ ਕੋਇ ॥	سدا مُکتُ بنّدھِ ن سکےَ کوءِ ॥
ਸਦਾ ਨਾਮੁ ਵਖਾਣੈ ਅਉਰੁ ਨ ਕੋਇ ॥੬॥	سدا نامُ وکھانّے اُرُ ن کوءِ ॥6॥
ਮਨੁ ਹਰਿ ਕੈ ਭਾਣੈ ਆਵੈ ਜਾਇ ॥	منُ ہرِ کےَ بھانّے آوےَ جاءِ ॥
ਸਭ ਮਹਿ ਏਕੋ ਕਿਛੁ ਕਹਣੁ ਨ ਜਾਇ ॥	سبھ مہِ ایکو کچھُ کہنُ ن جاءِ ॥
ਸਭੁ ਹੁਕਮੋ ਵਰਤੈ ਹੁਕਮਿ ਸਮਾਇ ॥	سبھُ حُکمو ورتےَ حُکمِ سماءِ ॥
ਦੂਖ ਸੂਖ ਸਭ ਤਿਸੁ ਰਜਾਇ ॥੭॥	دوُکھ سوُکھ سبھ تِسُ رضاءِ ॥7॥
ਤੂ ਅਭੁਲੁ ਨ ਭੂਲੌ ਕਦੇ ਨਾਹਿ ॥	توُ ابھُلُ ن بھوُلوَ کدے ناہِ ॥
ਗੁਰ ਸਬਦੁ ਸੁਣਾਏ ਮਤਿ ਅਗਾਹਿ ॥	گُر سبدُ سُنّائے متِ اگاہِ ॥
ਤੂ ਮੋਟਉ ਠਾਕੁਰੁ ਸਬਦ ਮਾਹਿ ॥	توُ موٹءُ ٹھاکُرُ سبد ماہِ ॥
ਮਨੁ ਨਾਨਕ ਮਾਨਿਆ ਸਚੁ ਸਲਾਹਿ ॥੮॥੨॥	منُ نانک مانِیا سچُ سلاحِ ॥8॥2॥
ਬਸੰਤੁ ਮਹਲਾ ੧ ॥	بسنّتُ محلا 1 ॥
ਦਰਸਨ ਕੀ ਪਿਆਸ ਜਿਸੁ ਨਰ ਹੋਇ ॥	درسن کی پِیاس جِسُ نر ہوءِ ॥
ਏਕਤੁ ਰਾਚੈ ਪਰਹਰਿ ਦੋਇ ॥	ایکتُ راچےَ پرہرِ دوءِ ॥
ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ ॥	دوُرِ دردُ متھِ انمّرِتُ کھاءِ ॥
ਗੁਰਮੁਖਿ ਬੂਝੈ ਏਕ ਸਮਾਇ ॥੧॥	گُرمُکھِ بوُجھےَ ایک سماءِ ॥1॥
ਤੇਰੇ ਦਰਸਨ ਕਉ ਕੇਤੀ ਬਿਲਲਾਇ ॥	تیرے درسن کءُ کیتی بِللاءِ ॥
ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ ॥੧॥ ਰਹਾਉ ॥	وِرلا کو چینسِ گُر سبدِ مِلاءِ ॥1॥ رہاءُ ॥
ਬੇਦ ਵਖਾਣਿ ਕਹਹਿ ਇਕੁ ਕਹੀਐ ॥	بید وکھانِ کہہِ اِکُ کہیےَ ॥
ਓਹੁ ਬੇਅੰਤੁ ਅੰਤੁ ਕਿਨਿ ਲਹੀਐ ॥	اوہُ بیئنّتُ انّتُ کِنِ لہیےَ ۔ ॥
ਏਕੋ ਕਰਤਾ ਜਿਨਿ ਜਗੁ ਕੀਆ ॥	ایکو کرتا جِنِ جگُ کیِیا ॥
ਬਾਝੁ ਕਲਾ ਧਰਿ ਗਗਨੁ ਧਰੀਆ ॥੨॥	باجھُ کلا دھرِ گگنُ دھرِییا ॥2॥
ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥	ایکو گیانُ دھِیانُ دھُنِ بانٹی ॥

ਏਕੁ ਨਿਰਾਲਮੁ ਅਕਥ ਕਹਾਣੀ ॥	ایکُ نِرالمُ اکتھ کہانیٚ ॥
ਏਕੋ ਸਬਦੁ ਸਚਾ ਨੀਸਾਣੁ ॥	ایکو سبدُ سچا نِیشانُ ॥
ਪੂਰੇ ਗੁਰ ਤੇ ਜਾਣੈ ਜਾਣੁ ॥੩॥	پوُرے گُر تے جانےٚ جانُ ॥3॥
ਏਕੋ ਧਰਮੁ ਦ੍ਰਿੜੈ ਸਚੁ ਕੋਈ ॥	ایکو دھرمُ دڑِڑے سچُ کوئی ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥	گُرمتِ پوُرا جُگِ جُگِ سوئی ॥
ਅਨਹਦਿ ਰਾਤਾ ਏਕ ਲਿਵ ਤਾਰ ॥	انہدِ راتا ایک لِو تار ॥
ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥	اوہُ گُرمُکھِ پاوے الکھ اپار ॥4॥
ਏਕੋ ਤਖਤੁ ਏਕੋ ਪਾਤਿਸਾਹੁ ॥	ایکو تختُ ایکو پاتِشاہُ ॥
ਸਰਬੀ ਥਾਈ ਵੇਪਰਵਾਹੁ ॥	سربی تھائی ویپرواہُ ॥
ਤਿਸ ਕਾ ਕੀਆ ਤ੍ਰਿਭਵਣ ਸਾਰੁ ॥	تِس کا کِیا تِرِبھونٚ سارُ ॥
ਓਹੁ ਅਗਮੁ ਅਗੋਚਰੁ ਏਕੰਕਾਰੁ ॥੫॥	اوہُ اگمُ اگوچرُ ایکنکارُ ॥5॥
ਏਕਾ ਮੂਰਤਿ ਸਾਚਾ ਨਾਉ ॥	ایکا موُرتِ ساچا ناءُ ॥
ਤਿਥੈ ਨਿਬੜੈ ਸਾਚੁ ਨਿਆਉ ॥	تِتھے نِبڑے ساچُ نِیاءُ ॥
ਸਾਚੀ ਕਰਣੀ ਪਤਿ ਪਰਵਾਣੁ ॥	ساچی کرنیٚ پتِ پروانُ ॥
ਸਾਚੀ ਦਰਗਹ ਪਾਵੈ ਮਾਣੁ ॥੬॥	ساچی درگہ پاوے مانُ ॥6॥
ਏਕਾ ਭਗਤਿ ਏਕੋ ਹੈ ਭਾਉ ॥	ایکا بھگتِ ایکو ہے بھاءُ ॥
ਬਿਨੁ ਭੈ ਭਗਤੀ ਆਵਉ ਜਾਉ ॥	بِنُ بھے بھگتی آوءُ جاءُ ॥
ਗੁਰ ਤੇ ਸਮਝਿ ਰਹੈ ਮਿਹਮਾਣੁ ॥	گُر تے سمجھِ رہے مِہمانُ ॥
ਹਰਿ ਰਸਿ ਰਾਤਾ ਜਨੁ ਪਰਵਾਣੁ ॥੭॥	ہرِ رسِ راتا جنُ پروانُ ॥7॥
ਇਤ ਉਤ ਦੇਖਉ ਸਹਜੇ ਰਾਵਉ ॥	اِت اُت دیکھءُ سہجے راوءُ ॥
ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥	تُجھ بِنُ ٹھاکُر کِسے ن بھاوءُ ॥
ਨਾਨਕ ਹਉਮੈ ਸਬਦਿ ਜਲਾਇਆ ॥	نانک ہئُمے سبدِ جلائیا ॥

ਸਤਿਗੁਰਿ ਸਾਚਾ ਦਰਸੁ ਦਿਖਾਇਆ ॥੮॥੩॥	ستِگُرِ ساچا درسُ دِکھائِیا ॥8॥3॥
ਬਸੰਤੁ ਮਹਲਾ ੧ ॥	بسنّتُ محلا 1 ॥
ਚੰਚਲੁ ਚੀਤੁ ਨ ਪਾਵੈ ਪਾਰਾ ॥	چنچّلُ چیتُ ن پاوےَ پارا ॥
ਆਵਤ ਜਾਤ ਨ ਲਾਗੈ ਬਾਰਾ ॥	آوت جات ن لاگےَ بارا ॥
ਦੂਖੁ ਘਣੋ ਮਰੀਐ ਕਰਤਾਰਾ ॥	دوُکھُ گھنّو مریئےَ کرتارا ۔ ॥
ਬਿਨੁ ਪ੍ਰੀਤਮ ਕੋ ਕਰੈ ਨ ਸਾਰਾ ॥੧॥	بِنُ پریتم کو کرےَ ن سارا ॥1॥
ਸਭ ਊਤਮ ਕਿਸੁ ਆਖਉ ਹੀਨਾ ॥	سبھ اوُتم کِسُ آکھءُ ہِینا ۔ ॥
ਹਰਿ ਭਗਤੀ ਸਚਿ ਨਾਮਿ ਪਤੀਨਾ ॥੧॥ ਰਹਾਉ ॥	ہرِ بھگتی سچِ نامِ پتیِنا ॥1॥ رہاءُ ॥
ਅਉਖਧ ਕਰਿ ਥਾਕੀ ਬਹੁਤੇਰੇ ॥	اَئکھدھ کرِ تھاکی بہتیرے ॥
ਕਿਉ ਦੁਖੁ ਚੂਕੈ ਬਿਨੁ ਗੁਰ ਮੇਰੇ ॥	کِءُ دُکھُ چوُکےَ بِنُ گُر میرے ॥
ਬਿਨੁ ਹਰਿ ਭਗਤੀ ਦੂਖ ਘਣੇਰੇ ॥	بِنُ ہرِ بھگتی دوُکھ گھنیرے ॥
ਦੁਖ ਸੁਖ ਦਾਤੇ ਠਾਕੁਰ ਮੇਰੇ ॥੨॥	دُکھ سُکھ داتے ٹھاکُر میرے ॥2॥
ਰੋਗੁ ਵਡੋ ਕਿਉ ਬਾਂਧਉ ਧੀਰਾ ॥	روگُ وڈّو کِءُ باندھءُ دھیِرا ۔ ॥
ਰੋਗੁ ਬੁਝੈ ਸੋ ਕਾਟੈ ਪੀਰਾ ॥	روگُ بُجھےَ سو کاٹےَ پیِرا ॥
ਮੈ ਅਵਗਣ ਮਨ ਮਾਹਿ ਸਰੀਰਾ ॥	مےَ اوگُن من ماہِ سریِرا ॥
ਢੂਢਤ ਖੋਜਤ ਗੁਰਿ ਮੇਲੇ ਬੀਰਾ ॥੩॥	ڈھوُڈھت کھوجت گُرِ میلے بیِرا ॥3॥
ਗੁਰ ਕਾ ਸਬਦੁ ਦਾਰੂ ਹਰਿ ਨਾਉ ॥	گُر کا سبدُ داروُ ہرِ ناءُ ॥
ਜਿਉ ਤੂ ਰਾਖਹਿ ਤਿਵੈ ਰਹਾਉ ॥	جِءُ توُ راکھہِ توےَ رہاءُ ॥
ਜਗੁ ਰੋਗੀ ਕਹ ਦੇਖਿ ਦਿਖਾਉ ॥	جگُ روگی کہ دیکھِ دِکھاءُ ۔ ॥
ਹਰਿ ਨਿਰਮਾਇਲੁ ਨਿਰਮਲੁ ਨਾਉ ॥੪॥	ہرِ نِرمائِلُ نِرملُ ناءُ ॥4॥
ਘਰ ਮਹਿ ਘਰੁ ਜੋ ਦੇਖਿ ਦਿਖਾਵੈ ॥	گھر مہِ گھرُ جو دیکھِ دِکھاوےَ ॥
ਗੁਰ ਮਹਲੀ ਸੋ ਮਹਲਿ ਬੁਲਾਵੈ ॥	گُر محلی سو محلِ بُلاوےَ ॥

ਮਨ ਮਹਿ ਮਨੂਆ ਚਿਤ ਮਹਿ ਚੀਤਾ ॥	من مہِ منوُیا چِت مہِ چیتا ॥
ਐਸੇ ਹਰਿ ਕੇ ਲੋਗ ਅਤੀਤਾ ॥੫॥	ایَسے ہرِ کے لوگ اتیتا ॥5॥
ਹਰਖ ਸੋਗ ਤੇ ਰਹਹਿ ਨਿਰਾਸਾ ॥	ہرکھ سوگ تے رہہِ نِراسا ॥
ਅੰਮ੍ਰਿਤੁ ਚਾਖਿ ਹਰਿ ਨਾਮਿ ਨਿਵਾਸਾ ॥	انّمرِتُ چاکھِ ہرِ نامِ نِواسا ॥
ਆਪੁ ਪਛਾਣਿ ਰਹੈ ਲਿਵ ਲਾਗਾ ॥	آپُ پچھانِ رہےَ لِو لاگا ॥
ਜਨਮੁ ਜੀਤਿ ਗੁਰਮਤਿ ਦੁਖੁ ਭਾਗਾ ॥੬॥	جنمُ جیتِ گُرمتِ دُکھُ بھاگا ॥6॥
ਗੁਰਿ ਦੀਆ ਸਚੁ ਅੰਮ੍ਰਿਤੁ ਪੀਵਉ ॥	گُرِ دیِیا سچُ انّمرِتُ پیِوءُ ॥
ਸਹਜਿ ਮਰਉ ਜੀਵਤ ਹੀ ਜੀਵਉ ॥	سہجِ مرءُ جیِوت ہی جیِوءُ ॥
ਅਪਣੋ ਕਰਿ ਰਾਖਹੁ ਗੁਰ ਭਾਵੈ ॥	اپنّوُ کرِ راکھہُ گُر بھاوےَ ॥
ਤੁਮਰੋ ਹੋਇ ਸੁ ਤੁਝਹਿ ਸਮਾਵੈ ॥੭॥	تُمرو ہوءِ سُ تُجھہِ سماوےَ ॥7॥
ਭੋਗੀ ਕਉ ਦੁਖੁ ਰੋਗ ਵਿਆਪੈ ॥	بھوگی کءُ دُکھُ روگ وِیاپےَ ॥
ਘਟਿ ਘਟਿ ਰਵਿ ਰਹਿਆ ਪ੍ਰਭੁ ਜਾਪੈ ॥	گھٹِ گھٹِ روِ رہِیا پربھُ جاپےَ ॥
ਸੁਖ ਦੁਖ ਹੀ ਤੇ ਗੁਰ ਸਬਦਿ ਅਤੀਤਾ ॥	سُکھ دُکھ ہی تے گُر سبدِ اتیتا ॥
ਨਾਨਕ ਰਾਮੁ ਰਵੈ ਹਿਤ ਚੀਤਾ ॥੮॥੪॥	نانک رامُ روےَ ہِت چیتا ॥8॥4॥
ਬਸੰਤੁ ਮਹਲਾ ੧ ਇਕ ਤੁਕੀਆ ॥	بسنّتُ محلا 1 اِک تُکیِا ॥
ਮਤੁ ਭਸਮ ਅੰਧੂਲੇ ਗਰਬਿ ਜਾਹਿ ॥	متُ بھسم انّدھوُلے گربِ جاہِ ॥
ਇਨ ਬਿਧਿ ਨਾਗੇ ਜੋਗੁ ਨਾਹਿ ॥੧॥	اِن بِدھِ ناگے جوگُ ناہِ ॥1॥
ਮੂੜੇ ਕਾਹੇ ਬਿਸਾਰਿਓ ਤੈ ਰਾਮ ਨਾਮ ॥	موُڑّے کاہے بِسارِئو تےَ رام نام ۔ ॥
ਅੰਤ ਕਾਲਿ ਤੇਰੈ ਆਵੈ ਕਾਮ ॥੧॥ ਰਹਾਉ ॥	انّت کالِ تیرےَ آوےَ کام ॥1॥ رہاءُ ॥
ਗੁਰ ਪੂਛਿ ਤੁਮ ਕਰਹੁ ਬੀਚਾਰੁ ॥	گُر پوُچھِ تُم کرہُ بیِچارُ ॥
ਜਹ ਦੇਖਉ ਤਹ ਸਾਰਿਗਪਾਣਿ ॥੨॥	جہ دیکھءُ تہ سارِگپانِ ॥2॥
ਕਿਆ ਹਉ ਆਖਾ ਜਾਂ ਕਛੂ ਨਾਹਿ ॥	کِیا ہءُ آکھا جاں کچھوُ ناہِ ॥

ਜਾਤਿ ਪਤਿ ਸਭ ਤੇਰੈ ਨਾਇ ॥੩॥	زاتِ پتِ سبھ تیرے ناءِ ॥3॥
ਕਾਹੇ ਮਾਲੁ ਦਰਬੁ ਦੇਖਿ ਗਰਬਿ ਜਾਹਿ ॥	کاہے مالُ دربُ دیکھِ گربِ جاہِ ۔ ॥
ਚਲਤੀ ਬਾਰ ਤੇਰੋ ਕਛੂ ਨਾਹਿ ॥੪॥	چلتی بار تیرو کچھوُ ناہِ ॥4॥
ਪੰਚ ਮਾਰਿ ਚਿਤੁ ਰਖਹੁ ਥਾਇ ॥	پنچ مارِ چتُ رکھہُ تھاءِ ॥
ਜੋਗ ਜੁਗਤਿ ਕੀ ਇਹੈ ਪਾਂਇ ॥੫॥	جوگ جُگتِ کی اِہے پانْءِ ॥5॥
ਹਉਮੈ ਪੈਖੜੁ ਤੇਰੇ ਮਨੈ ਮਾਹਿ ॥	ہئُمے پیکھڑُ تیرے منے ماہِ ॥
ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥	ہرِ ن چیتہِ موُڑے مُکتِ جاہِ ॥6॥
ਮਤ ਹਰਿ ਵਿਸਰਿਐ ਜਮ ਵਸਿ ਪਾਹਿ ॥	مت ہرِ وِسرِئے جم وسِ پاہِ ॥
ਅੰਤ ਕਾਲਿ ਮੂੜੇ ਚੋਟ ਖਾਹਿ ॥੭॥	انّت کالِ موُڑے چوٹ کھاہِ ॥7॥
ਗੁਰ ਸਬਦੁ ਬੀਚਾਰਹਿ ਆਪੁ ਜਾਇ ॥	گُر سبدُ بیچارہِ آپُ جاءِ ॥
ਸਾਚ ਜੋਗੁ ਮਨਿ ਵਸੈ ਆਇ ॥੮॥	ساچ جوگُ منِ وسے آءِ ॥8॥
ਜਿਨਿ ਜੀਉ ਪਿੰਡੁ ਦਿਤਾ ਤਿਸੁ ਚੇਤਹਿ ਨਾਹਿ ॥	جِنِ جیءُ پِنڈُ دِتا تِسُ چیتہِ ناہِ ॥
ਮੜੀ ਮਸਾਣੀ ਮੂੜੇ ਜੋਗੁ ਨਾਹਿ ॥੯॥	مڑی مساٹی موُڑے جوگُ ناہِ ॥9॥
ਗੁਣ ਨਾਨਕੁ ਬੋਲੈ ਭਲੀ ਬਾਣਿ ॥	گُٹ نانکُ بولے بھلی باٹِ ॥
ਤੁਮ ਹੋਹੁ ਸੁਜਾਖੇ ਲੇਹੁ ਪਛਾਣਿ ॥੧੦॥੫॥	تُم ہوہُ سُجاکھے لیہُ پچھاٹِ ॥ 10 ॥5॥
ਬਸੰਤੁ ਮਹਲਾ ੧ ॥	بسنّتُ محلا 1 ॥
ਦੁਬਿਧਾ ਦੁਰਮਤਿ ਅਧੁਲੀ ਕਾਰ ॥	دُبِدھا دُرمتِ ادھُلی کار ॥
ਮਨਮੁਖਿ ਭਰਮੈ ਮਝਿ ਗੁਬਾਰ ॥੧॥	منمُکھِ بھرمے مجھِ غُبار ॥1॥
ਮਨੁ ਅੰਧੁਲਾ ਅੰਧੁਲੀ ਮਤਿ ਲਾਗੈ ॥	منُ انّدھُلا انّدھُلی متِ لاگے ॥
ਗੁਰ ਕਰਣੀ ਬਿਨੁ ਭਰਮੁ ਨ ਭਾਗੈ ॥੧॥ ਰਹਾਉ ॥	گُر کرنٹی بِنُ بھرمُ ن بھاگے ॥1॥ رہاءُ ॥
ਮਨਮੁਖਿ ਅੰਧੁਲੇ ਗੁਰਮਤਿ ਨ ਭਾਈ ॥	منمُکھِ انّدھُلے گُرمتِ ن بھائی ॥
ਪਸੂ ਭਏ ਅਭਿਮਾਨੁ ਨ ਜਾਈ ॥੨॥	پسوُ بھے ابھِمانُ ن جائی ॥2॥

ਲਖ ਚਉਰਾਸੀਹ ਜੰਤ ਉਪਾਏ ॥	لکھ چتُراسیہِ جنّت اُپائے ॥
ਮੇਰੇ ਠਾਕੁਰ ਭਾਣੇ ਸਿਰਜਿ ਸਮਾਏ ॥੩॥	میرے ٹھاکُر بھانے سِرجِ سمائے ॥3॥
ਸਗਲੀ ਭੂਲੈ ਨਹੀ ਸਬਦੁ ਅਚਾਰੁ ॥	سگلی بھوُلے نہی سبدُ اچارُ ॥
ਸੋ ਸਮਝੈ ਜਿਸੁ ਗੁਰੁ ਕਰਤਾਰੁ ॥੪॥	سو سمجھے جِسُ گُرُ کرتارُ ॥4॥
ਗੁਰ ਕੇ ਚਾਕਰ ਠਾਕੁਰ ਭਾਣੇ ॥	گُر کے چاکر ٹھاکُر بھانے ॥
ਬਖਸਿ ਲੀਏ ਨਾਹੀ ਜਮ ਕਾਣੇ ॥੫॥	بخشِ لیئے ناہی جم کانے ॥5॥
ਜਿਨ ਕੈ ਹਿਰਦੈ ਏਕੋ ਭਾਇਆ ॥	جِن کے ہِردے ایکو بھائیا ॥
ਆਪੇ ਮੇਲੇ ਭਰਮੁ ਚੁਕਾਇਆ ॥੬॥	آپے میلے بھرمُ چُکائیا ॥6॥
ਬੇਮੁਹਤਾਜੁ ਬੇਅੰਤੁ ਅਪਾਰਾ ॥	بیمُہتاجُ بیئنّتُ اپارا ॥
ਸਚਿ ਪਤੀਜੈ ਕਰਣੈਹਾਰਾ ॥੭॥	سچِ پتیجے کرنیہارا ॥7॥
ਨਾਨਕ ਭੂਲੇ ਗੁਰੁ ਸਮਝਾਵੈ ॥	نانک بھوُلے گُرُ سمجھاوے ॥
ਏਕੁ ਦਿਖਾਵੈ ਸਾਚਿ ਟਿਕਾਵੈ ॥੮॥੬॥	ایکُ دِکھاوے ساچِ ٹِکاوے ॥8॥6॥
ਬਸੰਤੁ ਮਹਲਾ ੧ ॥	بسنّتُ محلا 1 ॥
ਆਪੇ ਭਵਰਾ ਫੂਲ ਬੇਲਿ ॥	آپے بھورا پھوُل بیلِ ॥
ਆਪੇ ਸੰਗਤਿ ਮੀਤ ਮੇਲਿ ॥੧॥	آپے سنگتِ میت میلِ ॥1॥
ਐਸੀ ਭਵਰਾ ਬਾਸੁ ਲੇ ॥	ایَسی بھورا باسُ لے ॥
ਤਰਵਰ ਫੂਲੇ ਬਨ ਹਰੇ ॥੧॥ ਰਹਾਉ ॥	ترور پھوُلے بن ہرے ॥1॥ رہاءُ ॥
ਆਪੇ ਕਵਲਾ ਕੰਤੁ ਆਪਿ ॥	آپے کولا کنّتُ آپِ ॥
ਆਪੇ ਰਾਵੇ ਸਬਦਿ ਥਾਪਿ ॥੨॥	آپے راوے سبدِ تھاپِ ॥2॥
ਆਪੇ ਬਛਰੂ ਗਊ ਖੀਰੁ ॥	آپے بچھروُ گئوُ کھیرُ ॥
ਆਪੇ ਮੰਦਰੁ ਥੰਮ੍ਹ ਸਰੀਰੁ ॥੩॥	آپے منّدرُ تھمّہ سریرُ ॥3॥
ਆਪੇ ਕਰਣੀ ਕਰਣਹਾਰੁ ॥	آپے کرنی کرنہارُ ॥

ਆਪੇ ਗੁਰਮੁਖਿ ਕਰਿ ਬੀਚਾਰੁ ॥੪॥	آپے گُرمُکھِ کرِ بیچارُ ॥4॥
ਤੂ ਕਰਿ ਕਰਿ ਦੇਖਹਿ ਕਰਣਹਾਰੁ ॥	توُ کرِ کرِ دیکھِ کرنہارُ ॥
ਜੋਤਿ ਜੀਅ ਅਸੰਖ ਦੇਇ ਅਧਾਰੁ ॥੫॥	جوتِ جیء اسنکھ دےءِ ادھارُ ॥5॥
ਤੂ ਸਰੁ ਸਾਗਰੁ ਗੁਣ ਗਹੀਰੁ ॥	توُ سرُ ساگرُ گُنٔ گہیرُ ॥
ਤੂ ਅਕੁਲ ਨਿਰੰਜਨੁ ਪਰਮ ਹੀਰੁ ॥੬॥	توُ اکُل نِرنجنُ پرم ہیرُ ॥6॥
ਤੂ ਆਪੇ ਕਰਤਾ ਕਰਣ ਜੋਗੁ ॥	توُ آپے کرتا کرنٔ جوگُ ॥
ਨਿਹਕੇਵਲੁ ਰਾਜਨ ਸੁਖੀ ਲੋਗੁ ॥੭॥	نِہکیولُ راجن سُکھی لوگُ ॥7॥
ਨਾਨਕ ਧ੍ਰਾਪੇ ਹਰਿ ਨਾਮ ਸੁਆਦਿ ॥	نانک دھّراپے ہرِ نام سُیادِ ॥
ਬਿਨੁ ਹਰਿ ਗੁਰ ਪ੍ਰੀਤਮ ਜਨਮੁ ਬਾਦਿ ॥੮॥੭॥	بِنُ ہرِ گُر پرّیتم جنمُ بادِ ॥8॥7॥
ਬਸੰਤੁ ਹਿੰਡੋਲੁ ਮਹਲਾ ੧ ਘਰੁ ੨	بسنّتُ ہِنڈولُ محلا 1 گھرُ 2
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ ॥	نءُ ست چنُدہ تینِ چارِ کرِ محلتِ چارِ بہالی ॥
ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ ॥੧॥	چارے دیوے چہُ ہتھِ دیۂ ایکا ایکا واری ॥1॥
ਮਿਹਰਵਾਨ ਮਧੁਸੂਦਨ ਮਾਧੌ ਐਸੀ ਸਕਤਿ ਤੁਮ੍ਾਰੀ ॥੧॥ ਰਹਾਉ ॥	مِہروان مدھُسوُدن مادھوَ ایَسی سکتِ تُمہّاری ॥1॥ رہاءُ ॥
ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮੁ ਕਰੇ ਸਿਕਦਾਰੀ ॥	گھرِ گھرِ لشکرُ پاوکُ تیرا دھرمُ کرے سِکداری ॥
ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ ॥੨॥	دھرتی دیگ مِلےَ اِک ویرا بھاگُ تیرا بھنڈاری ॥2॥
ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ ॥	نا صابوُرُ ہووے پھرِ منگےَ ناردُ کرے خُیاری ॥
ਲਬੁ ਅਧੇਰਾ ਬੰਦੀਖਾਨਾ	لبُ ادھیرا بندیخانا

ਅਉਗਣ ਪੈਰਿ ਲੁਹਾਰੀ ॥੩॥

انگُن پیَرِ لُہاری ॥3॥

ਪੂੰਜੀ ਮਾਰ ਪਵੈ ਨਿਤ ਮੁਦਗਰ
ਪਾਪੁ ਕਰੇ ਕੋਟਵਾਰੀ ॥

پُونجی مار پوے نِت مُدگر
پاپُ کرے کوٹواری ॥

ਭਾਵੈ ਚੰਗਾ ਭਾਵੈ ਮੰਦਾ
ਜੈਸੀ ਨਦਰਿ ਤੁਮ੍ਹਾਰੀ ॥੪॥

بھاوے چنگا بھاوے مندا
جیَسی ندرِ تُمہّاری ॥4॥

ਆਦਿ ਪੁਰਖ ਕਉ ਅਲਹੁ ਕਹੀਐ
ਸੇਖਾਂ ਆਈ ਵਾਰੀ ॥

آدِ پُرکھ کءُ الہُ کہیِۓ
سیکھاں آئی واری ॥

ਦੇਵਲ ਦੇਵਤਿਆ ਕਰੁ ਲਾਗਾ
ਐਸੀ ਕੀਰਤਿ ਚਾਲੀ ॥੫॥

دیول دیوتِیا کرُ لاگا
ایَسی کِیرتِ چالی ॥5॥

ਕੂਜਾ ਬਾਂਗ ਨਿਵਾਜ ਮੁਸਲਾ
ਨੀਲ ਰੂਪ ਬਨਵਾਰੀ ॥

کُوجا بانگ نِواز مُصلا
نِیل روُپ بنواری ॥

ਘਰਿ ਘਰਿ ਮੀਆ ਸਭਨਾਂ ਜੀਆ
ਬੋਲੀ ਅਵਰ ਤੁਮਾਰੀ ॥੬॥

گھرِ گھرِ مِیا سبھناں جِیا
بولی اور تُماری ॥6॥

ਜੇ ਤੂ ਮੀਰ ਮਹੀਪਤਿ ਸਾਹਿਬੁ
ਕੁਦਰਤਿ ਕਉਣ ਹਮਾਰੀ ॥

جے توُ میر مہیپتِ صاحِبُ
قُدرتِ کُنُ ہماری ۔ ॥

ਚਾਰੇ ਕੁੰਟ ਸਲਾਮੁ ਕਰਹਿਗੇ
ਘਰਿ ਘਰਿ ਸਿਫਤਿ ਤੁਮ੍ਹਾਰੀ ॥੭॥

چارے کُنّٹ سلامُ کرہِگے
گھرِ گھرِ صِفتِ تُمہّاری ॥7॥

ਤੀਰਥ ਸਿੰਮ੍ਰਿਤਿ ਪੁੰਨ ਦਾਨ
ਕਿਛੁ ਲਾਹਾ ਮਿਲੈ ਦਿਹਾੜੀ ॥

تِیرتھ سِمرِتِ پُنّن دان
کِچھُ لاہا مِلےَ دِہاڑی ॥

ਨਾਨਕ ਨਾਮੁ ਮਿਲੈ ਵਡਿਆਈ
ਮੇਕਾ ਘੜੀ ਸਮ੍ਹਾਲੀ ॥੮॥੧॥੮॥

نانک نامُ مِلےَ وڈِیائی
میکا گھڑی سمہّالی ॥8॥1॥8॥

ਬਸੰਤੁ ਹਿੰਡੋਲੁ ਘਰੁ ੨ ਮਹਲਾ ੪

بسنّتُ ہِنڈولُ گھرُ 2 محلا 4

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਕਾਂਇਆ ਨਗਰਿ ਇਕੁ ਬਾਲਕੁ ਵਸਿਆ
ਖਿਨੁ ਪਲੁ ਥਿਰੁ ਨ ਰਹਾਈ ॥

کانئیا نگرِ اِکُ بالکُ وسِیا
کھِنُ پلُ تھِرُ ن رہائی ॥

ਅਨਿਕ ਉਪਾਵ ਜਤਨ ਕਰਿ ਥਾਕੇ
ਬਾਰੰ ਬਾਰ ਭਰਮਾਈ ॥੧॥

اِنک اُپاو جتن کرِ تھاکے
بارنَ بار بھرمائی ॥1॥

ਮੇਰੇ ਠਾਕੁਰ ਬਾਲਕੁ ਇਕਤੁ ਘਰਿ ਆਣੁ ॥

میرے ٹھاکُر بالکُ اِکتُ گھرِ آنُ ॥

ਸਤਿਗੁਰੁ ਮਿਲੈ ਤ ਪੂਰਾ ਪਾਈਐ
ਭਜੁ ਰਾਮ ਨਾਮੁ ਨੀਸਾਣੁ ॥੧॥ ਰਹਾਉ ॥

ستِگُرُ مِلے َت پُورا پائیَے
بھجُ رام نامُ نِیشانُ ॥1॥ رہاءُ ॥

ਇਹੁ ਮਿਰਤਕੁ ਮੜਾ ਸਰੀਰੁ ਹੈ ਸਭੁ ਜਗੁ
ਜਿਤੁ ਰਾਮ ਨਾਮੁ ਨਹੀ ਵਸਿਆ ॥

اِہُ مِرتکُ مڑا سریرُ ہے سبھُ جگُ
جِتُ رام نامُ نہی وسِیا ॥

ਰਾਮ ਨਾਮੁ ਗੁਰਿ ਉਦਕੁ ਚੁਆਇਆ
ਫਿਰਿ ਹਰਿਆ ਹੋਆ ਰਸਿਆ ॥੨॥

رام نامُ گُرِ اُدکُ چُیائیا
پھِرِ ہریا ہویا رسِیا ॥2॥

ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ
ਇਕੁ ਗੁਰਮੁਖਿ ਚਲਤੁ ਦਿਖਾਇਆ ॥

مے َنِرکھت نِرکھت سریرُ سبھُ کھوجِیا
اِکُ گُرمُکھِ چلتُ دِکھائیا ॥

ਬਾਹਰੁ ਖੋਜਿ ਮੁਏ ਸਭਿ ਸਾਕਤ
ਹਰਿ ਗੁਰਮਤੀ ਘਰਿ ਪਾਇਆ ॥੩॥

باہرُ کھوجِ مُے َسبھِ ساکت
ہرِ گُرمتی گھرِ پائیا ॥3॥

ਦੀਨਾ ਦੀਨ ਦਇਆਲ ਭਏ ਹੈ
ਜਿਉ ਕ੍ਰਿਸਨੁ ਬਿਦਰੁ ਘਰਿ ਆਇਆ ॥

دِینا دِین دئیال بھے َ ہے
جِءُ کرِسنُ بِدرُ گھرِ آئیا ॥

ਮਿਲਿਓ ਸੁਦਾਮਾ ਭਾਵਨੀ ਧਾਰਿ
ਸਭੁ ਕਿਛੁ ਆਗੈ ਦਾਲਦੁ ਭੰਜਿ ਸਮਾਇਆ ॥੪॥

مِلئیو سُداما بھاونی دھارِ
سبھُ کِچھُ آگے دالدُ بھنجِّ سمائیا ॥4॥

ਰਾਮ ਨਾਮ ਕੀ ਪੈਜ ਵਡੇਰੀ
ਮੇਰੇ ਠਾਕੁਰਿ ਆਪਿ ਰਖਾਈ ॥

رام نام کی پیَج وڈیری
میرے ٹھاکُرِ آپِ رکھائی ॥

ਜੇ ਸਭਿ ਸਾਕਤ ਕਰਹਿ ਬਖੀਲੀ
ਇਕ ਰਤੀ ਤਿਲੁ ਨ ਘਟਾਈ ॥੫॥

جے سبھِ ساکت کرہِ بخیِلی
اِک رتی تِلُ ن گھٹائی ॥5॥

ਜਨ ਕੀ ਉਸਤਤਿ ਹੈ ਰਾਮ ਨਾਮਾ
ਦਹ ਦਿਸਿ ਸੋਭਾ ਪਾਈ ॥

جن کی اُستتِ ہے رام نامـا
دہ دِس سوبھا پائی ॥

ਨਿੰਦਕੁ ਸਾਕਤੁ ਖਵਿ ਨ ਸਕੈ ਤਿਲੁ
ਅਪਣੈ ਘਰਿ ਲੂਕੀ ਲਾਈ ॥੬॥

نِندکُ ساکتُ کھوِ ن سکے َتِلُ
اپنے ٹے گھرِ لوُکی لائی ॥6॥

ਜਨ ਕਉ ਜਨੁ ਮਿਲਿ ਸੋਭਾ ਪਾਵੈ
ਗੁਣ ਮਹਿ ਗੁਣ ਪਰਗਾਸਾ ॥

جن ک ءُ جنُ مِلِ سوبھا پاوے
گُنْ مہِ گُنْ پرگاسا ॥

ਮੇਰੇ ਠਾਕੁਰ ਕੇ ਜਨ ਪ੍ਰੀਤਮ ਪਿਆਰੇ
ਜੋ ਹੋਵਹਿ ਦਾਸਨਿ ਦਾਸਾ ॥੭॥

میرے ٹھاکُر کے جن پریتم پِیارے
جو ہووہِ داسنِ داسا ॥7॥

ਆਪੇ ਜਲੁ ਅਪਰੰਪਰੁ ਕਰਤਾ
ਆਪੇ ਮੇਲਿ ਮਿਲਾਵੈ ॥

آپے جلُ اپرنپرُ کرتا
آپے میلِ مِلاوے ॥

ਨਾਨਕ ਗੁਰਮੁਖਿ ਸਹਜਿ ਮਿਲਾਏ
ਜਿਉ ਜਲੁ ਜਲਹਿ ਸਮਾਵੈ ॥੮॥੧॥੯॥

نانک گُرمُکھِ سہجِ مِلائے
جِ ءُ جلُ جلہِ سماوے ॥8॥1॥9॥

ਬਸੰਤੁ ਮਹਲਾ ੫ ਘਰੁ ੧ ਦੁਤੁਕੀਆ

بسنتُ محلا 5 گھرُ 1 دُتکیا

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਸੁਣਿ ਸਾਖੀ ਮਨ ਜਪਿ ਪਿਆਰ ॥

سُنْ ساکھی من جپِ پِیار ॥

ਅਜਾਮਲੁ ਉਧਰਿਆ ਕਹਿ ਏਕ ਬਾਰ ॥

اجاملُ اُدھرِیا کہِ ایک بار ॥

ਬਾਲਮੀਕੈ ਹੋਆ ਸਾਧਸੰਗੁ ॥

بالمیکے ہویا سادھسنگُ ॥

ਧ੍ਰੂ ਕਉ ਮਿਲਿਆ ਹਰਿ ਨਿਸੰਗ ॥੧॥

دھرُو ک ءُ مِلیا ہرِ نِسنگ ॥1॥

ਤੇਰਿਆ ਸੰਤਾ ਜਾਚਉ ਚਰਨ ਰੇਨ ॥

تیرِیا سنتا جاچ ءُ چرن رین ॥

ਲੇ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ ॥੧॥ ਰਹਾਉ ॥

لے مستکِ لاوءُ کرِ کرپا دین ॥1॥ رہاءُ ॥

ਗਨਿਕਾ ਉਧਰੀ ਹਰਿ ਕਹੈ ਤੋਤ ॥

گنِکا اُدھری ہرِ کہے توت ॥

ਗਜਇੰਦ੍ਰ ਧਿਆਇਓ ਹਰਿ ਕੀਓ ਮੋਖ ॥

گجیندّر دھیائیو ہرِ کیئو موکھ ॥

ਬਿਪ੍ਰ ਸੁਦਾਮੇ ਦਾਲਦੁ ਭੰਜ ॥

بپّر سُدامے دالدُ بھنّج ॥

ਰੇ ਮਨ ਤੂ ਭੀ ਭਜੁ ਗੋਬਿੰਦ ॥੨॥

رے من توُ بھی بھجُ گوبِندّ ॥2॥

ਬਧਿਕੁ ਉਧਾਰਿਓ ਖਮਿ ਪ੍ਰਹਾਰ ॥

بدھِکُ اُدھارِیو کھمِ پرّہار ॥

ਕੁਬਿਜਾ ਉਧਰੀ ਅੰਗੁਸਟ ਧਾਰ ॥

کُبجا اُدھری انگُسٹ دھار ॥

ਬਿਦਰੁ ਉਧਾਰਿਓ ਦਾਸਤ ਭਾਇ ॥

بِدرُ اُدھارِیو داست بھاءِ ॥

ਰੇ ਮਨ ਤੂ ਭੀ ਹਰਿ ਧਿਆਇ ॥੩॥	رے من توُ بھی ہرِ دھیاءِ ॥3॥
ਪ੍ਰਹਲਾਦ ਰਖੀ ਹਰਿ ਪੈਜ ਆਪ ॥	پرہلاد رکھی ہرِ پیج آپ ॥
ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ ॥	بسترّ چھینت دروپتی رکھی لاج ॥
ਜਿਨਿ ਜਿਨਿ ਸੇਵਿਆ ਅੰਤ ਬਾਰ ॥	جِنِ جِنِ سیویا انّت بار ॥
ਰੇ ਮਨ ਸੇਵਿ ਤੂ ਪਰਹਿ ਪਾਰ ॥੪॥	رے من سیوِ توُ پرہِ پار ॥4॥
ਧੰਨੈ ਸੇਵਿਆ ਬਾਲ ਬੁਧਿ ॥	دھنّے سیویا بال بُدھِ ॥
ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥	ترِلوچن گُر مِلِ بھئی سِدھِ ॥
ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥	بیٹی ک ءُ گُرِ کِینئو پرّگاسُ ॥
ਰੇ ਮਨ ਤੂ ਭੀ ਹੋਹਿ ਦਾਸੁ ॥੫॥	رے من توُ بھی ہوہِ داسُ ॥5॥
ਜੈਦੇਵ ਤਿਆਗਿਓ ਅਹੰਮੇਵ ॥	جیَدیو تِیاگِئو اہنّمیو ॥
ਨਾਈ ਉਧਰਿਓ ਸੈਨੁ ਸੇਵ ॥	نائی اُدھرِئو سینُ سیو ॥
ਮਨੁ ਡੀਗਿ ਨ ਡੋਲੈ ਕਹੂੰ ਜਾਇ ॥	منُ ڈیگِ ن ڈولے کہوُنّ جاءِ ॥
ਮਨ ਤੂ ਭੀ ਤਰਸਹਿ ਸਰਣਿ ਪਾਇ ॥੬॥	من توُ بھی ترسہِ سرنِ پاءِ ॥6॥
ਜਿਹ ਅਨੁਗ੍ਰਹੁ ਠਾਕੁਰਿ ਕੀਓ ਆਪਿ ॥	جِہ انّگرہُ ٹھاکُرِ کِینئو آپِ ॥
ਸੇ ਤੈਂ ਲੀਨੇ ਭਗਤ ਰਾਖਿ ॥	سے تیَں لِینے بھگت راکھِ ॥
ਤਿਨ ਕਾ ਗੁਣੁ ਅਵਗਣੁ ਨ ਬੀਚਾਰਿਓ ਕੋਇ ॥	تِن کا گُنُ اوگُنُ ن بیچارِئو کوءِ ॥
ਇਹ ਬਿਧਿ ਦੇਖਿ ਮਨੁ ਲਗਾ ਸੇਵ ॥੭॥	اِہ بِدھِ دیکھِ منُ لگا سیو ॥7॥
ਕਬੀਰਿ ਧਿਆਇਓ ਏਕ ਰੰਗ ॥	کبیرِ دھیائِئو ایک رنگ ॥
ਨਾਮਦੇਵ ਹਰਿ ਜੀਉ ਬਸਹਿ ਸੰਗਿ ॥	نامدیو ہرِ جیِءُ بسہِ سنگِ ॥
ਰਵਿਦਾਸ ਧਿਆਏ ਪ੍ਰਭ ਅਨੂਪ ॥	روِداس دھیائے پربھ انوُپ ॥
ਗੁਰ ਨਾਨਕ ਦੇਵ ਗੋਵਿੰਦ ਰੂਪ ॥੮॥੧॥	گُر نانک دیو گووِند روُپ ॥8॥1॥
ਬਸੰਤੁ ਮਹਲਾ ੫ ॥	بسنّتُ محلا 5 ॥

ਅਨਿਕ ਜਨਮ ਭ੍ਰਮੇ ਜੋਨਿ ਮਾਹਿ ॥	انِک جنم بھرمے جونِ ماہِ ॥
ਹਰਿ ਸਿਮਰਨ ਬਿਨੁ ਨਰਕਿ ਪਾਹਿ ॥	ہرِ سِمرن بِنُ نرکِ پاہِ ॥
ਭਗਤਿ ਬਿਹੂਨਾ ਖੰਡ ਖੰਡ ॥	بھگتِ بِہوُنا کھنڈ کھنڈ ॥
ਬਿਨੁ ਬੂਝੇ ਜਮੁ ਦੇਤ ਡੰਡ ॥੧॥	بِنُ بوُجھے جمُ دیت ڈنڈ ॥1॥
ਗੋਬਿੰਦ ਭਜਹੁ ਮੇਰੇ ਸਦਾ ਮੀਤ ॥	گوبِند بھجہُ میرے سدا میت ۔ ॥
ਸਾਚ ਸਬਦ ਕਰਿ ਸਦਾ ਪ੍ਰੀਤਿ ॥੧॥ ਰਹਾਉ ॥	ساچ سبد کرِ سدا پرِیتِ ॥1॥ رہاءُ ॥
ਸੰਤੋਖੁ ਨ ਆਵਤ ਕਹੂੰ ਕਾਜ ॥	سنتوکھُ ن آوت کہوُنَ کاج ॥
ਧੂੰਮ ਬਾਦਰ ਸਭਿ ਮਾਇਆ ਸਾਜ ॥	دھوُنم بادر سبھِ مائیا ساج ॥
ਪਾਪ ਕਰੰਤੌ ਨਹ ਸੰਗਾਇ ॥	پاپ کرنتو نہ سنگاءِ ॥
ਬਿਖੁ ਕਾ ਮਾਤਾ ਆਵੈ ਜਾਇ ॥੨॥	بِکھُ کا ماتا آوے جاءِ ॥2॥
ਹਉ ਹਉ ਕਰਤ ਬਧੇ ਬਿਕਾਰ ॥	ہءُ ہءُ کرت بدھے بِکار ॥
ਮੋਹ ਲੋਭ ਡੂਬੌ ਸੰਸਾਰ ॥	موہ لوبھ ڈوُبوَ سنسار ॥
ਕਾਮਿ ਕ੍ਰੋਧਿ ਮਨੁ ਵਸਿ ਕੀਆ ॥	کامِ کرودھِ منُ وسِ کیِیا ॥
ਸੁਪਨੈ ਨਾਮੁ ਨ ਹਰਿ ਲੀਆ ॥੩॥	سُپنے نامُ ن ہرِ لیِیا ॥3॥
ਕਬ ਹੀ ਰਾਜਾ ਕਬ ਮੰਗਨਹਾਰੁ ॥	کب ہی راجا کب منگنہارُ ॥
ਦੂਖ ਸੂਖ ਬਾਧੌ ਸੰਸਾਰ ॥	دوُکھ سوُکھ بادھوَ سنسار ॥
ਮਨ ਉਧਰਣ ਕਾ ਸਾਜੁ ਨਾਹਿ ॥	من اُدھرنُ کا ساجُ ناہِ ॥
ਪਾਪ ਬੰਧਨ ਨਿਤ ਪਉਤ ਜਾਹਿ ॥੪॥	پاپ بندھن نِت پئُت جاہِ ॥4॥
ਈਠ ਮੀਤ ਕੋਊ ਸਖਾ ਨਾਹਿ ॥	ایٹھ میت کوئوُ سکھا ناہِ ॥
ਆਪਿ ਬੀਜਿ ਆਪੇ ਹੀ ਖਾਂਹਿ ॥	آپِ بیجِ آپے ہی کھانہِ ॥
ਜਾ ਕੈ ਕੀਨ੍ਹੈ ਹੋਤ ਬਿਕਾਰ ॥	جا کے کیِنہّے ہوت بِکار ॥
ਸੇ ਛੋਡਿ ਚਲਿਆ ਖਿਨ ਮਹਿ ਗਵਾਰ ॥੫॥	سے چھوڈِ چلِیا کھِن مہِ گوار ॥5॥

ਮਾਇਆ ਮੋਹਿ ਬਹੁ ਭਰਮਿਆ ॥	مائیا موہِ بہُ بھرمِیا ॥
ਕਿਰਤ ਰੇਖ ਕਰਿ ਕਰਮਿਆ ॥	کِرت ریکھ کرِ کرمِیا ॥
ਕਰਣੈਹਾਰੁ ਅਲਿਪਤੁ ਆਪਿ ॥	کرنّیہارُ الپتُ آپِ ॥
ਨਹੀ ਲੇਪੁ ਪ੍ਰਭ ਪੁੰਨ ਪਾਪਿ ॥੬॥	نہی لیپُ پربھ پُنّن پاپِ ॥6॥
ਰਾਖਿ ਲੇਹੁ ਗੋਬਿੰਦ ਦਇਆਲ ॥	راکھِ لیہُ گوبِنّد دئیال ۔ ॥
ਤੇਰੀ ਸਰਣਿ ਪੂਰਨ ਕ੍ਰਿਪਾਲ ॥	تیری سرنِ پوُرن کرِپال ۔ ॥
ਤੁਝ ਬਿਨੁ ਦੂਜਾ ਨਹੀ ਠਾਉ ॥	تُجھ بِنُ دوُجا نہی ٹھاءُ ॥
ਕਰਿ ਕਿਰਪਾ ਪ੍ਰਭ ਦੇਹੁ ਨਾਉ ॥੭॥	کرِ کرِپا پربھ دیہُ ناءُ ॥7॥
ਤੂ ਕਰਤਾ ਤੂ ਕਰਣਹਾਰੁ ॥	توُ کرتا توُ کرنّہارُ ॥
ਤੂ ਊਚਾ ਤੂ ਬਹੁ ਅਪਾਰੁ ॥	توُ اوُچا توُ بہُ اپارُ ॥
ਕਰਿ ਕਿਰਪਾ ਲੜਿ ਲੇਹੁ ਲਾਇ ॥	کرِ کرِپا لڑِ لیہُ لاءِ ॥
ਨਾਨਕ ਦਾਸ ਪ੍ਰਭ ਕੀ ਸਰਣਾਇ ॥੮॥੨॥	نانک داس پربھ کی سرنّاءِ ॥8॥2॥
ਬਸੰਤ ਕੀ ਵਾਰ ਮਹਲੁ ੫	بسنّت کی وار محلُ 5
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ॥	ہرِ کا نامُ دھِیاءِ کے ہوہُ ہرِیا بھائی ॥
ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ॥	کرمِ لِکھنّتے پائیئے اِہ رُتِ سُہائی ॥
ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ ॥	ونُ ترِنُ ترِبھونُ منُلیا انمّرِت پھلُ پائی ॥
ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ ॥	مِلِ سادھوُ سُکھُ اوُپجے لتھی سبھ چھائی ॥
ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ ॥੧॥	نانکُ سِمرے ایکُ نامُ

ਪੰਜੇ ਬਧੇ ਮਹਾਬਲੀ
ਕਰਿ ਸਚਾ ਢੋਆ ॥

پنجے بدھے مہابلی
کرِ سچا ڈھویا ॥

ਆਪਣੇ ਚਰਣ ਜਪਾਇਅਨੁ
ਵਿਚਿ ਦਯੁ ਖੜੋਆ ॥

آپنے چرنؔ جپائینُ
وِچِ دیُ کھڑویا ॥

ਰੋਗ ਸੋਗ ਸਭਿ ਮਿਟਿ ਗਏ
ਨਿਤ ਨਵਾ ਨਿਰੋਆ ॥

روگ سوگ سبھِ مِٹِ گئے
نِت نوا نِرویا ॥

ਦਿਨੁ ਰੈਣਿ ਨਾਮੁ ਧਿਆਇਦਾ
ਫਿਰਿ ਪਾਇ ਨ ਮੋਆ ॥

دِنُ رینِؔ نامُ دھیائِدا
پھِرِ پاءِ ن مویا ॥

ਜਿਸ ਤੇ ਉਪਜਿਆ ਨਾਨਕਾ
ਸੋਈ ਫਿਰਿ ਹੋਆ ॥੨॥

جِس تے اُپجِیا نانکا
سوئی پھِرِ ہویا ॥2॥

ਕਿਥਹੁ ਉਪਜੈ ਕਹ ਰਹੈ
ਕਹ ਮਾਹਿ ਸਮਾਵੈ ॥

کِتھہُ اُپجےَ کہ رہےَ
کہ ماہِ سماوےَ ۔ ॥

ਜੀਅ ਜੰਤ ਸਭਿ ਖਸਮ ਕੇ
ਕਉਣੁ ਕੀਮਤਿ ਪਾਵੈ ॥

جیء جنّت سبھِ خصم کے
کئُنؔ قِیمتِ پاوےَ ۔ ॥

ਕਹਨਿ ਧਿਆਇਨਿ ਸੁਣਨਿ ਨਿਤ
ਸੇ ਭਗਤ ਸੁਹਾਵੈ ॥

کہنِ دھیائِنِ سُنؤنِ نِت
سے بھگت سُہاوےَ ॥

ਅਗਮੁ ਅਗੋਚਰੁ ਸਾਹਿਬੋ
ਦੂਸਰੁ ਲਵੈ ਨ ਲਾਵੈ ॥

اگمُ اگوچرُ صاحِبو
دوُسرُ لوےَ ن لاوےَ ॥

ਸਚੁ ਪੂਰੈ ਗੁਰਿ ਉਪਦੇਸਿਆ
ਨਾਨਕੁ ਸੁਣਾਵੈ ॥੩॥੧॥

سچُ پوُرےَ گُرِ اُپدیسِیا
نانکُ سُناوےَ ॥3॥1॥

ਬਸੰਤੁ ਬਾਣੀ ਭਗਤਾਂ ਕੀ ॥

بسنّتُ بانیؔ بھگتاں کی ॥

ਕਬੀਰ ਜੀ ਘਰੁ ੧

کبیِر جی گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਮਉਲੀ ਧਰਤੀ ਮਉਲਿਆ ਅਕਾਸੁ ॥

مئُلی دھرتی مئُلیا اکاسُ ॥

ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥੧॥	گھٹِ گھٹِ مئُلیا آتم پرّگاسُ ॥1॥
ਰਾਜਾ ਰਾਮੁ ਮਉਲਿਆ ਅਨਤ ਭਾਇ ॥	راجا رامُ مئُلیا انت بھاءِ ॥
ਜਹ ਦੇਖਉ ਤਹ ਰਹਿਆ ਸਮਾਇ ॥੧॥ ਰਹਾਉ ॥	جہ دیکھءُ تہ رہِیا سماءِ ॥1॥ رہاءُ ॥
ਦੁਤੀਆ ਮਉਲੇ ਚਾਰਿ ਬੇਦ ॥	دُتیِیا مئُلے چارِ بید ॥
ਸਿੰਮ੍ਰਿਤਿ ਮਉਲੀ ਸਿਉ ਕਤੇਬ ॥੨॥	سِمرّتِ مئُلی سِءُ کتیب ॥2॥
ਸੰਕਰੁ ਮਉਲਿਓ ਜੋਗ ਧਿਆਨ ॥	سنکرُ مئُلِئو جوگ دھِیان ॥
ਕਬੀਰ ਕੋ ਸੁਆਮੀ ਸਭ ਸਮਾਨ ॥੩॥੧॥	کبیِر کو سُیامی سبھ سمان ॥3॥1॥
ਪੰਡਿਤ ਜਨ ਮਾਤੇ ਪੜਿ੍ ਪੁਰਾਨ ॥	پنڈِت جن ماتے پڑِہِ پُران ॥
ਜੋਗੀ ਮਾਤੇ ਜੋਗ ਧਿਆਨ ॥	جوگی ماتے جوگ دھِیان ॥
ਸੰਨਿਆਸੀ ਮਾਤੇ ਅਹੰਮੇਵ ॥	سنّیاسی ماتے اہنّمیو ॥
ਤਪਸੀ ਮਾਤੇ ਤਪ ਕੈ ਭੇਵ ॥੧॥	تپسی ماتے تپ کے بھیو ॥1॥
ਸਭ ਮਦ ਮਾਤੇ ਕੋਊ ਨ ਜਾਗ ॥	سبھ مد ماتے کوئُو ن جاگ ॥
ਸੰਗ ਹੀ ਚੋਰ ਘਰੁ ਮੁਸਨ ਲਾਗ ॥੧॥ ਰਹਾਉ ॥	سنگ ہی چور گھرُ مُسن لاگ ॥1॥ رہاءُ ॥
ਜਾਗੈ ਸੁਕਦੇਉ ਅਰੁ ਅਕੂਰੁ ॥	جاگے سُکدیءُ ارُ اکوُرُ ॥
ਹਣਵੰਤੁ ਜਾਗੈ ਧਰਿ ਲੰਕੂਰੁ ॥	ہنُونتُ جاگے دھرِ لنکوُرُ ॥
ਸੰਕਰੁ ਜਾਗੈ ਚਰਨ ਸੇਵ ॥	سنکرُ جاگے چرن سیو ॥
ਕਲਿ ਜਾਗੇ ਨਾਮਾ ਜੈਦੇਵ ॥੨॥	کلِ جاگے ناما جیَدیو ॥2॥
ਜਾਗਤ ਸੋਵਤ ਬਹੁ ਪ੍ਰਕਾਰ ॥	جاگت سووت بہُ پرّکار ॥
ਗੁਰਮੁਖਿ ਜਾਗੈ ਸੋਈ ਸਾਰੁ ॥	گُرمُکھِ جاگے سوئی سارُ ॥
ਇਸੁ ਦੇਹੀ ਕੇ ਅਧਿਕ ਕਾਮ ॥	اِسُ دیہی کے ادھِک کام ॥
ਕਹਿ ਕਬੀਰ ਭਜਿ ਰਾਮ ਨਾਮ ॥੩॥੨॥	کہِ کبیِر بھجِ رام نام ॥3॥2॥
ਜੋਇ ਖਸਮੁ ਹੈ ਜਾਇਆ ॥	جوءِ خصمُ ہے جائیا ॥

ਪੂਤਿ ਬਾਪੁ ਖੇਲਾਇਆ ॥	پوُتِ باپُ کھیلائیا ॥
ਬਿਨੁ ਸ੍ਰਵਣਾ ਖੀਰੁ ਪਿਲਾਇਆ ॥੧॥	بِنُ سّروٹا کھیِرُ پِلائیا ॥1॥
ਦੇਖਹੁ ਲੋਗਾ ਕਲਿ ਕੋ ਭਾਉ ॥	دیکھہُ لوگا کلِ کو بھاءُ ॥
ਸੁਤਿ ਮੁਕਲਾਈ ਅਪਨੀ ਮਾਉ ॥੧॥ ਰਹਾਉ ॥	سُتِ مُکلائی اپنی ماءُ ॥1॥ رہاءُ ॥
ਪਗਾ ਬਿਨੁ ਹੁਰੀਆ ਮਾਰਤਾ ॥	پگا بِنُ ہُرییا مارتا ॥
ਬਦਨੈ ਬਿਨੁ ਖਿਰ ਖਿਰ ਹਾਸਤਾ ॥	بدنے بِنُ کھِر کھِر ہاستا ॥
ਨਿਦ੍ਰਾ ਬਿਨੁ ਨਰੁ ਪੈ ਸੋਵੈ ॥	نِدّرا بِنُ نرُ پے سووے ॥
ਬਿਨੁ ਬਾਸਨ ਖੀਰੁ ਬਿਲੋਵੈ ॥੨॥	بِنُ باسن کھیِرُ بِلووے ॥2॥
ਬਿਨੁ ਅਸਥਨ ਗਊ ਲਵੇਰੀ ॥	بِنُ استھن گئوُ لویری ॥
ਪੈਡੇ ਬਿਨੁ ਬਾਟ ਘਨੇਰੀ ॥	پیَڈے بِنُ باٹ گھنیری ॥
ਬਿਨੁ ਸਤਿਗੁਰ ਬਾਟ ਨ ਪਾਈ ॥	بِنُ ستِگُر باٹ ن پائی ॥
ਕਹੁ ਕਬੀਰ ਸਮਝਾਈ ॥੩॥੩॥	کہُ کبیِر سمجھائی ॥3॥3॥
ਪ੍ਰਹਲਾਦ ਪਠਾਏ ਪੜਨ ਸਾਲ ॥	پّرہلاد پٹھائے پڑن سال ॥
ਸੰਗਿ ਸਖਾ ਬਹੁ ਲੀਏ ਬਾਲ ॥	سنگِ سکھا بہُ لیئے بال ॥
ਮੋ ਕਉ ਕਹਾ ਪੜ੍ਹਾਵਸਿ ਆਲ ਜਾਲ ॥	مو کءُ کہا پڑّہاوسِ آل جال ॥
ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੋਪਾਲ ॥੧॥	میری پٹییا لِکھِ دیہُ سّری گوپال ॥1॥
ਨਹੀ ਛੋਡਉ ਰੇ ਬਾਬਾ ਰਾਮ ਨਾਮ ॥	نہی چھوڈءُ رے بابا رام نام ॥
ਮੇਰੋ ਅਉਰ ਪੜ੍ਹਨ ਸਿਉ ਨਹੀ ਕਾਮੁ ॥੧॥ ਰਹਾਉ ॥	میرو اُر پڑّہن سِءُ نہی کامُ ॥1॥ رہاءُ ॥
ਸੰਡੈ ਮਰਕੈ ਕਹਿਓ ਜਾਇ ॥	سنڈے مرکے کہئو جاءِ ॥
ਪ੍ਰਹਲਾਦ ਬੁਲਾਏ ਬੇਗਿ ਧਾਇ ॥	پّرہلاد بُلائے بیگِ دھاءِ ॥
ਤੂ ਰਾਮ ਕਹਨ ਕੀ ਛੋਡੁ ਬਾਨਿ ॥	توُ رام کہن کی چھوڈُ بانِ ॥
ਤੁਝੁ ਤੁਰਤੁ ਛਡਾਊ ਮੇਰੋ ਕਹਿਓ ਮਾਨਿ ॥੨॥	تُجھُ تُرتُ چھڈائوُ میرو کہئو مانِ ॥2॥

ਮੋ ਕਉ ਕਹਾ ਸਤਾਵਹੁ ਬਾਰ ਬਾਰ ॥	مو کءُ کہا ستاوہُ بار بار ॥
ਪ੍ਰਭਿ ਜਲ ਥਲ ਗਿਰਿ ਕੀਏ ਪਹਾਰ ॥	پربھِ جل تھل گِرِ کیئے پہار ॥
ਇਕੁ ਰਾਮੁ ਨ ਛੋਡਉ ਗੁਰਹਿ ਗਾਰਿ ॥	اِکُ رامُ ن چھوڈءُ گُرہِ گارِ ॥
ਮੋ ਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ ॥੩॥	مو کءُ گھالِ جارِ بھاوے مارِ ڈارِ ॥3॥
ਕਾਢਿ ਖੜਗੁ ਕੋਪਿਓ ਰਿਸਾਇ ॥	کاڈھِ کھڑگُ کوپیئو رِساءِ ॥
ਤੁਝ ਰਾਖਨਹਾਰੋ ਮੋਹਿ ਬਤਾਇ ॥	تُجھ راکھنہارو موہِ بتاءِ ॥
ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ ॥	پربھ تھنبھ تے نِکسے کے بِستھار ॥
ਹਰਨਾਖਸੁ ਛੇਦਿਓ ਨਖ ਬਿਦਾਰ ॥੪॥	ہرناکھسُ چھیدِیئو نکھ بِدار ॥4॥
ਓਇ ਪਰਮ ਪੁਰਖ ਦੇਵਾਧਿ ਦੇਵ ॥	اوءِ پرم پُرکھ دیوادھِ دیو ॥
ਭਗਤਿ ਹੇਤਿ ਨਰਸਿੰਘ ਭੇਵ ॥	بھگتِ ہیتِ نرسِنگھ بھیو ॥
ਕਹਿ ਕਬੀਰ ਕੋ ਲਖੈ ਨ ਪਾਰ ॥	کہِ کبیرِ کو لکھےَ ن پار ॥
ਪ੍ਰਹਲਾਦ ਉਧਾਰੇ ਅਨਿਕ ਬਾਰ ॥੫॥੪॥	پرہلاد اُدھارے انِک بار ॥5॥4॥
ਇਸੁ ਤਨ ਮਨ ਮਧੇ ਮਦਨ ਚੋਰ ॥	اِسُ تن من مدھے مدن چور ॥
ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥	جِنِ گیان رتنُ ہِرِ لین مور ॥
ਮੈ ਅਨਾਥੁ ਪ੍ਰਭ ਕਹਉ ਕਾਹਿ ॥	مےَ اناتھُ پربھ کہءُ کاہِ ۔ ॥
ਕੋ ਕੋ ਨ ਬਿਗੂਤੋ ਮੈ ਕੋ ਆਹਿ ॥੧॥	کو کو ن بِگوُتو مےَ کو آہِ ۔ ॥1॥
ਮਾਧਉ ਦਾਰੁਨ ਦੁਖੁ ਸਹਿਓ ਨ ਜਾਇ ॥	مادھءُ دارُن دُکھُ سہیئو ن جاءِ ॥
ਮੇਰੋ ਚਪਲ ਬੁਧਿ ਸਿਉ ਕਹਾ ਬਸਾਇ ॥੧॥ ਰਹਾਉ ॥	میرو چپل بُدھِ سِءُ کہا بساءِ ۔ ॥1॥ رہاءُ ॥
ਸਨਕ ਸਨੰਦਨ ਸਿਵ ਸੁਕਾਦਿ ॥	سنک سنندن سِو سُکادِ ॥
ਨਾਭਿ ਕਮਲ ਜਾਨੇ ਬ੍ਰਹਮਾਦਿ ॥	نابھِ کمل جانے برہمادِ ॥
ਕਬਿ ਜਨ ਜੋਗੀ ਜਟਾਧਾਰਿ ॥	کبِ جن جوگی جٹادھارِ ॥

ਸਭ ਆਪਨ ਅਉਸਰ ਚਲੇ ਸਾਰਿ ॥੨॥	سبھ آپن اُسر چلے سارِ ॥2॥
ਤੂ ਅਥਾਹੁ ਮੋਹਿ ਥਾਹ ਨਾਹਿ ॥	توُ اتھاہُ موہِ تھاہ ناہِ ॥
ਪ੍ਰਭ ਦੀਨਾ ਨਾਥ ਦੁਖੁ ਕਹਉ ਕਾਹਿ ॥	پربھ دِینا ناتھ دُکھُ کہءُ کاہِ۔ ॥
ਮੋਰੋ ਜਨਮ ਮਰਨ ਦੁਖੁ ਆਥਿ ਧੀਰ ॥	مورو جنم مرن دُکھُ آتھِ دھیرِ ॥
ਸੁਖ ਸਾਗਰ ਗੁਨ ਰਉ ਕਬੀਰ ॥੩॥੫॥	سُکھ ساگر گُن رءُ کبیرِ ॥3॥5॥
ਨਾਇਕੁ ਏਕੁ ਬਨਜਾਰੇ ਪਾਚ ॥	نائِکُ ایکُ بنجارے پاچ ॥
ਬਰਧ ਪਚੀਸਕ ਸੰਗੁ ਕਾਚ ॥	بردھ پچیسک سنگُ کاچ ॥
ਨਉ ਬਹੀਆ ਦਸ ਗੋਨਿ ਆਹਿ ॥	نءُ بہیا دس گونِ آہِ ॥
ਕਸਨਿ ਬਹਤਰਿ ਲਾਗੀ ਤਾਹਿ ॥੧॥	کسنِ بہترِ لاگی تاہِ ॥1॥
ਮੋਹਿ ਐਸੇ ਬਨਜ ਸਿਉ ਨਹੀਨ ਕਾਜੁ ॥	موہِ ایسے بنج سِءُ نہیِن کاجُ ॥
ਜਿਹ ਘਟੈ ਮੂਲੁ ਨਿਤ ਬਢੈ ਬਿਆਜੁ ॥ ਰਹਾਉ ॥	جِہ گھٹے مولُ نِت بڈھے بیاجُ ॥ رہاءُ ॥
ਸਾਤ ਸੂਤ ਮਿਲਿ ਬਨਜੁ ਕੀਨ ॥	سات سوُت مِلِ بنجُ کِین ॥
ਕਰਮ ਭਾਵਨੀ ਸੰਗ ਲੀਨ ॥	کرم بھاونی سنگ لِین ॥
ਤੀਨਿ ਜਗਾਤੀ ਕਰਤ ਰਾਰਿ ॥	تِینِ جگاتی کرت رارِ ॥
ਚਲੋ ਬਨਜਾਰਾ ਹਾਥ ਝਾਰਿ ॥੨॥	چلو بنجارا ہاتھ جھارِ ॥2॥
ਪੂੰਜੀ ਹਿਰਾਨੀ ਬਨਜੁ ਟੂਟ ॥	پونجی ہِرانی بنجُ ٹوٹ ॥
ਦਹ ਦਿਸ ਟਾਂਡੋ ਗਇਓ ਫੂਟਿ ॥	دہ دِس ٹانڈو گئیو پھوٹِ ॥
ਕਹਿ ਕਬੀਰ ਮਨ ਸਰਸੀ ਕਾਜ ॥	کہِ کبیر من سرسی کاج ॥
ਸਹਜ ਸਮਾਨੋ ਤ ਭਰਮ ਭਾਜ ॥੩॥੬॥	سہج سمانو ت بھرم بھاج ॥3॥6॥
ਬਸੰਤੁ ਹਿੰਡੋਲੁ ਘਰੁ ੨	بسنتُ ہِنڈولُ گھرُ 2
ੴ ਸਤਿਗੁਰ ਪ੍ਰਸਾਦਿ ॥	۱ۅ ستِگُر پرسادِ ॥
ਮਾਤਾ ਜੂਠੀ ਪਿਤਾ ਭੀ ਜੂਠਾ	ماتا جوُٹھی پِتا بھی جوُٹھا

ਜੂਠੇ ਹੀ ਫਲ ਲਾਗੇ ॥

جوُٹھے ہی پھل لاگے ॥

ਆਵਹਿ ਜੂਠੇ ਜਾਹਿ ਭੀ ਜੂਠੇ
ਜੂਠੇ ਮਰਹਿ ਅਭਾਗੇ ॥੧॥

آوہِ جوُٹھے جاہِ بھی جوُٹھے
جوُٹھے مرہِ ابھاگے ॥1॥

ਕਹੁ ਪੰਡਿਤ ਸੂਚਾ ਕਵਨੁ ਠਾਉ ॥

کہُ پنڈِت سوُچا کونُ ٹھاءُ ۔ ॥

ਜਹਾਂ ਬੈਸਿ ਹਉ ਭੋਜਨੁ ਖਾਉ ॥੧॥ ਰਹਾਉ ॥

جہاں بیَس ہءُ بھوجنُ کھاءُ ॥1॥ رہاءُ ॥

ਜਿਹਬਾ ਜੂਠੀ ਬੋਲਤ ਜੂਠਾ
ਕਰਨ ਨੇਤ੍ਰ ਸਭਿ ਜੂਠੇ ॥

جِہبا جوُٹھی بولت جوُٹھا
کرن نیتّر سبھِ جوُٹھے ॥

ਇੰਦ੍ਰੀ ਕੀ ਜੂਠਿ ਉਤਰਸਿ ਨਾਹੀ
ਬ੍ਰਹਮ ਅਗਨਿ ਕੇ ਲੂਠੇ ॥੨॥

اِنّدری کی جوُٹھِ اُترسِ ناہی
برہم اگنِ کے لوُٹھے ॥2॥

ਅਗਨਿ ਭੀ ਜੂਠੀ ਪਾਨੀ ਜੂਠਾ
ਜੂਠੀ ਬੈਸਿ ਪਕਾਇਆ ॥

اگنِ بھی جوُٹھی پانی جوُٹھا
جوُٹھی بیَس پکایَا ॥

ਜੂਠੀ ਕਰਛੀ ਪਰੋਸਨ ਲਾਗਾ
ਜੂਠੇ ਹੀ ਬੈਠਿ ਖਾਇਆ ॥੩॥

جوُٹھی کرچھی پروسن لاگا
جوُٹھے ہی بیٹھِ کھایَا ॥3॥

ਗੋਬਰੁ ਜੂਠਾ ਚਉਕਾ ਜੂਠਾ
ਜੂਠੀ ਦੀਨੀ ਕਾਰਾ ॥

گوبرُ جوُٹھا چنُکا جوُٹھا
جوُٹھی دینی کارا ॥

ਕਹਿ ਕਬੀਰ ਤੇਈ ਨਰ ਸੂਚੇ
ਸਾਚੀ ਪਰੀ ਬਿਚਾਰਾ ॥੪॥੧॥੭॥

کہِ کبیِر تیئی نر سوُچے
ساچی پری بِچارا ॥4॥1॥7॥

ਰਾਮਾਨੰਦ ਜੀ ਘਰੁ ੧

رامانند جی گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਕਤ ਜਾਈਐ ਰੇ ਘਰ ਲਾਗੋ ਰੰਗੁ ॥

کت جائیئے رے گھر لاگو رنگُ ॥

ਮੇਰਾ ਚਿਤੁ ਨ ਚਲੈ
ਮਨੁ ਭਇਓ ਪੰਗੁ ॥੧॥ ਰਹਾਉ ॥

میرا چِتُ ن چلےَ
منُ بھئِیو پنگُ ॥1॥ رہاءُ ॥

ਏਕ ਦਿਵਸ ਮਨ ਭਈ ਉਮੰਗ ॥

ایک دِوس من بھئی اُمنگ ॥

ਘਸਿ ਚੰਦਨ ਚੋਆ ਬਹੁ ਸੁਗੰਧ ॥

گھسِ چنّدن چویا بہُ سُگنّدھ ॥

ਪੂਜਨ ਚਾਲੀ ਬ੍ਰਹਮ ਠਾਇ ॥	پوُجن چالی برہم ٹھاءِ ॥
ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥੧॥	سو برہمُ بتائیو گُر من ہی ماہِ ॥1॥
ਜਹਾ ਜਾਈਐ ਤਹ ਜਲ ਪਖਾਨ ॥	جہا جائیَے تہ جل پکھان ॥
ਤੂ ਪੂਰਿ ਰਹਿਓ ਹੈ ਸਭ ਸਮਾਨ ॥	توُ پوُرِ رہیئو ہے سبھ سمان ॥
ਬੇਦ ਪੁਰਾਨ ਸਭ ਦੇਖੇ ਜੋਇ ॥	بید پُران سبھ دیکھے جوءِ ॥
ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥੨॥	اوُہاں تءُ جائیَے جءُ ایہاں ن ہوءِ ॥2॥
ਸਤਿਗੁਰ ਮੈ ਬਲਿਹਾਰੀ ਤੋਰ ॥	ستِگُر مے بلِہاری تور ॥
ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥	جِنِ سکل بِکل بھرم کاٹے مور ॥
ਰਾਮਾਨੰਦ ਸੁਆਮੀ ਰਮਤ ਬ੍ਰਹਮ ॥	رامانند سُیامی رمت برہم ॥
ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥੩॥੧॥	گُر کا سبدُ کاٹے کوٹِ کرم ॥3॥1॥
ਬਸੰਤੁ ਬਾਣੀ ਨਾਮਦੇਉ ਜੀ ਕੀ	بسنّت بانٹی نامدیءُ جی کی
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرسادِ ॥
ਸਾਹਿਬੁ ਸੰਕਟਵੈ ਸੇਵਕੁ ਭਜੈ ॥	صاحِبُ سنکٹوے سیوکُ بھجےَ ॥
ਚਿਰੰਕਾਲ ਨ ਜੀਵੈ ਦੋਊ ਕੁਲ ਲਜੈ ॥੧॥	چِرنکال ن جیِوے دوئوُ کُل لجےَ ॥1॥
ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ॥	تیری بھگتِ ن چھوڈءُ بھاوے لوگُ ہسے ॥
ਚਰਨ ਕਮਲ ਮੇਰੇ ਹੀਅਰੇ ਬਸੈਂ ॥੧॥ ਰਹਾਉ ॥	چرن کمل میرے ہیئرے بسیَں ॥1॥ رہاءُ ॥
ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ ॥	جیَسے اپنے دھنہِ پرانی مرنُ مانڈے ॥
ਤੈਸੇ ਸੰਤ ਜਨਾਂ ਰਾਮ ਨਾਮੁ ਨ ਛਾਡੈਂ ॥੨॥	تیَسے سنّت جناں رام نامُ ن چھاڈیَں ॥2॥
ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ ॥	گنگا گئیا گوداوری سنّسار کے کاما ॥
ਨਾਰਾਇਣੁ ਸੁਪ੍ਰਸੰਨ ਹੋਇ ਤ ਸੇਵਕੁ ਨਾਮਾ ॥੩॥੧॥	نارائنُ سُپرسنّن ہوءِ ت سیوکُ نامـا ॥3॥1॥
ਲੋਭ ਲਹਰਿ ਅਤਿ ਨੀਝਰ ਬਾਜੈ ॥	لوبھ لہرِ اتِ نیجھر باجےَ ॥
ਕਾਇਆ ਡੂਬੈ ਕੇਸਵਾ ॥੧॥	کائیا ڈوُبے کیسوا ۔ ॥1॥

ਸੰਸਾਰੁ ਸਮੁੰਦੇ ਤਾਰਿ ਗੋਬਿੰਦੇ ॥	سنّسارُ سمُندّے تارِ گوبِندّے ۔ ॥
ਤਾਰਿ ਲੈ ਬਾਪ ਬੀਠੁਲਾ ॥੧॥ ਰਹਾਉ ॥	تارِ لے باپ بِیٹھُلا ۔ ॥1॥ رہاءُ ॥
ਅਨਿਲ ਬੇੜਾ ਹਉ ਖੇਵਿ ਨ ਸਾਕਉ ॥	انِل بیڑا ہءُ کھیوِ ن ساکءُ ॥
ਤੇਰਾ ਪਾਰੁ ਨ ਪਾਇਆ ਬੀਠੁਲਾ ॥੨॥	تیرا پارُ ن پائیا بِیٹھُلا ۔ ॥2॥
ਹੋਹੁ ਦਇਆਲੁ ਸਤਿਗੁਰੁ ਮੇਲਿ ਤੂ ਮੋ ਕਉ ॥	ہوہُ دئیالُ ستِگُرُ میلِ توُ موکءُ ॥
ਪਾਰਿ ਉਤਾਰੇ ਕੇਸਵਾ ॥੩॥	پارِ اُتارے کیسوا ۔ ॥3॥
ਨਾਮਾ ਕਹੈ ਹਉ ਤਰਿ ਭੀ ਨ ਜਾਨਉ ॥	نامـا کہے ہءُ ترِ بھی ن جانءُ ॥
ਮੋ ਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ ॥੪॥੨॥	موکءُ باہ دیہِ باہ دیہِ بِیٹھُلا ۔ ॥4॥2॥
ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ ॥	سہج اولِ دھوُڑِ منّٹی گاڈی چالتی ॥
ਪੀਛੈ ਤਿਨਕਾ ਲੈ ਕਰਿ ਹਾਂਕਤੀ ॥੧॥	پیچھے تِنکا لے کرِ ہانکتی ॥1॥
ਜੈਸੇ ਪਨਕਤ ਥ੍ਰੂਟਿਟਿ ਹਾਂਕਤੀ ॥	جیسے پنکت تھرُوٹِٹ ہانکتی ॥
ਸਰਿ ਧੋਵਨ ਚਾਲੀ ਲਾਡੁਲੀ ॥੧॥ ਰਹਾਉ ॥	سرِ دھوون چالی لاڈُلی ॥1॥ رہاءُ ॥
ਧੋਬੀ ਧੋਵੈ ਬਿਰਹ ਬਿਰਾਤਾ ॥	دھوبی دھووے بِرہ بِراتا ॥
ਹਰਿ ਚਰਨ ਮੇਰਾ ਮਨੁ ਰਾਤਾ ॥੨॥	ہرِ چرن میرا منُ راتا ॥2॥
ਭਣਤਿ ਨਾਮਦੇਉ ਰਮਿ ਰਹਿਆ ॥	بھنّٹِ نامدیءُ رمِ رہیا ॥
ਅਪਨੇ ਭਗਤ ਪਰ ਕਰਿ ਦਇਆ ॥੩॥੩॥	اپنے بھگت پر کرِ دئیا ॥3॥3॥
ਬਸੰਤੁ ਬਾਣੀ ਰਵਿਦਾਸ ਜੀ ਕੀ	بسنّتُ باٹی روِداس جی کی
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਤੁਝਹਿ ਸੁਝੰਤਾ ਕਛੂ ਨਾਹਿ ॥	تُجھہِ سُجھنّتا کچھوُ ناہِ ॥
ਪਹਿਰਾਵਾ ਦੇਖੇ ਊਭਿ ਜਾਹਿ ॥	پہِراوا دیکھے اوُبھِ جاہِ ॥

ਗਰਬਵਤੀ ਕਾ ਨਾਹੀ ਠਾਉ ॥	گربوتی کا ناہی ٹھاءُ ॥
ਤੇਰੀ ਗਰਦਨਿ ਊਪਰਿ ਲਵੈ ਕਾਉ ॥੧॥	تیری گردنِ اوُپرِ لوے کاءُ ॥1॥
ਤੂ ਕਾਂਇ ਗਰਬਹਿ ਬਾਵਲੀ ॥	توُ کانْءِ گربہِ باولی ۔ ॥
ਜੈਸੇ ਭਾਦਉ ਖੂੰਬਰਾਜੁ	جیَسے بھادءُ کھوُنْبراجُ
ਤੂ ਤਿਸ ਤੇ ਖਰੀ ਉਤਾਵਲੀ ॥੧॥ ਰਹਾਉ ॥	توُ تِس تے کھری اُتاولی ॥1॥ رہاءُ ॥
ਜੈਸੇ ਕੁਰੰਕ ਨਹੀ ਪਾਇਓ ਭੇਦੁ ॥	جیَسے کُرنْک نہی پائِئو بھیدُ ॥
ਤਨਿ ਸੁਗੰਧ ਢੂਢੈ ਪ੍ਰਦੇਸੁ ॥	تنِ سُگنْدھ ڈھوُڈھے پّردیسُ ॥
ਅਪ ਤਨ ਕਾ ਜੋ ਕਰੇ ਬੀਚਾਰੁ ॥	اپ تن کا جو کرے بیچارُ ॥
ਤਿਸੁ ਨਹੀ ਜਮਕੰਕਰੁ ਕਰੇ ਖੁਆਰੁ ॥੨॥	تِس نہی جمکنْکرُ کرے خُیارُ ॥2॥
ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥	پُتّر کلتّر کا کرہِ اہنْکارُ ॥
ਠਾਕੁਰੁ ਲੇਖਾ ਮਗਨਹਾਰੁ ॥	ٹھاکُرُ لیکھا مگنہارُ ॥
ਫੇੜੇ ਕਾ ਦੁਖੁ ਸਹੈ ਜੀਉ ॥	پھیڑے کا دُکھُ سہے جیِءُ ॥
ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥੩॥	پاچھے کِسہِ پُکارہِ پیِءُ پیِءُ ॥3॥
ਸਾਧੂ ਕੀ ਜਉ ਲੇਹਿ ਓਟ ॥	سادھوُ کی جءُ لیہِ اوٹ ॥
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥	تیرے مِٹہِ پاپ سبھ کوٹِ کوٹِ ॥
ਕਹਿ ਰਵਿਦਾਸ ਜੋ ਜਪੈ ਨਾਮੁ ॥	کہِ روِداس جو جپے نامُ ॥
ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥੪॥੧॥	تِس زاتِ ن جنمُ ن جونِ کامُ ॥4॥1॥
ਬਸੰਤੁ ਕਬੀਰ ਜੀਉ	بسنْتُ کبیِر جیِءُ
੧ੴ ਸਤਿਗੁਰ ਪ੍ਰਸਾਦਿ ॥	۱ۃ ستِگُر پّرسادِ ॥
ਸੁਰਹ ਕੀ ਜੈਸੀ ਤੇਰੀ ਚਾਲ ॥	سُرہ کی جیَسی تیری چال ॥
ਤੇਰੀ ਪੂੰਛਟ ਊਪਰਿ ਝਮਕ ਬਾਲ ॥੧॥	تیری پوُنْچھٹ اوُپرِ جھمک بال ॥1॥
ਇਸ ਘਰ ਮਹਿ ਹੈ	اِس گھر مہِ ہے
ਸੁ ਤੂ ਢੂੰਢਿ ਖਾਹਿ ॥	سُ توُ ڈھوُنڈھِ کھاہِ ॥

ਅਉਰ ਕਿਸ ਹੀ ਕੇ ਤੂ ਮਤਿ ਹੀ ਜਾਹਿ ॥੧॥ ਰਹਾਉ ॥	اُر کِس ہی کے توُ متِ ہی جاہِ ॥1॥ رہاءُ ॥
ਚਾਕੀ ਚਾਟਹਿ ਚੂਨੁ ਖਾਹਿ ॥	چاکی چاٹہِ چوُنُ کھاہِ ॥
ਚਾਕੀ ਕਾ ਚੀਥਰਾ ਕਹਾਂ ਲੈ ਜਾਹਿ ॥੨॥	چاکی کا چیتھرا کہاں لے جاہِ ۔ ॥2॥
ਛੀਕੇ ਪਰ ਤੇਰੀ ਬਹੁਤੁ ਡੀਠਿ ॥	چھیکے پر تیری بہُتُ ڈیٹھِ ॥
ਮਤੁ ਲਕਰੀ ਸੋਟਾ ਤੇਰੀ ਪਰੈ ਪੀਠਿ ॥੩॥	متُ لکری سوٹا تیری پرے پیٹھِ ॥3॥
ਕਹਿ ਕਬੀਰ ਭੋਗ ਭਲੇ ਕੀਨ ॥	کہِ کبیر بھوگ بھلے کِین ॥
ਮਤਿ ਕੋਊ ਮਾਰੈ ਈਂਟ ਢੇਮ ॥੪॥੧॥	متِ کوئوُ مارے اِینٹ ڈھیم ॥4॥1॥
ਰਾਗੁ ਸਾਰਗ ਚਉਪਦੇ ਮਹਲਾ ੧ ਘਰੁ ੧	راگُ سارگ چئُپدے محلا 1 گھرُ 1
ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	ੴ ستِنامُ کرتا پُرکھُ نِربھءُ نِرویرَ اکال مورتِ اجوُنی سیَبھنَ گُرپرّسادِ ॥
ਅਪੁਨੇ ਠਾਕੁਰ ਕੀ ਹਉ ਚੇਰੀ ॥	اپُنے ٹھاکُر کی ہءُ چیری ॥
ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ ॥੧॥ ਰਹਾਉ ॥	چرن گہے جگجیون پربھ کے ہئُمےَ مارِ نِبیری ॥1॥ رہاءُ ॥
ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ ॥	پوُرن پرم جوتِ پریسر پریتم پران ہمارے ॥
ਮੋਹਨ ਮੋਹਿ ਲੀਆ ਮਨੁ ਮੇਰਾ ਸਮਝਸਿ ਸਬਦੁ ਬੀਚਾਰੇ ॥੧॥	موہن موہِ لِیا منُ میرا سمجھسِ سبدُ بیچارے ॥1॥
ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ ॥	منمکھ ہِین ہوچھی متِ جھوُٹھی منِ تنِ پیر سریرے ॥
ਜਬ ਕੀ ਰਾਮ ਰੰਗੀਲੈ ਰਾਤੀ ਰਾਮ ਜਪਤ ਮਨ ਧੀਰੇ ॥੨॥	جب کی رام رنگیلےَ راتی رام جپت من دھیرے ॥2॥
ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ ॥	ہئُمےَ چھوڈِ بھئی بیراگنِ تب ساچی سُرتِ سمانی ॥

ਅਕੁਲ ਨਿਰੰਜਨ ਸਿਉ ਮਨੁ ਮਾਨਿਆ
ਬਿਸਰੀ ਲਾਜ ਲੋਕਾਨੀ ॥੩॥

اُکل نِرنجن سِءُ منُ مانِیا
بِسری لاج لوکانی ॥3॥

ਭੂਤ ਭਵਿਖ ਨਾਹੀ ਤੁਮ ਜੈਸੇ
ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥

بھوُت بھوِکھ ناہی تُم جیَسے
میرے پرِیتم پران ادھارا ۔ ॥

ਹਰਿ ਕੈ ਨਾਮਿ ਰਤੀ ਸੋਹਾਗਨਿ
ਨਾਨਕ ਰਾਮ ਭਤਾਰਾ ॥੪॥੧॥

ہرِ کے نامِ رتی سوہاگنِ
نانک رام بھتارا ॥4॥1॥

ਸਾਰਗ ਮਹਲਾ ੧ ॥

سارگ محلا 1 ॥

ਹਰਿ ਬਿਨੁ ਕਿਉ ਰਹੀਐ ਦੁਖੁ ਬਿਆਪੈ ॥

ہرِ بِنُ کِءُ رہیئے دُکھُ بِیاپے ॥

ਜਿਹਵਾ ਸਾਦੁ ਨ ਫੀਕੀ ਰਸ ਬਿਨੁ
ਬਿਨੁ ਪ੍ਰਭ ਕਾਲੁ ਸੰਤਾਪੈ ॥੧॥ ਰਹਾਉ ॥

جِہوا ساوُ ن پھیکی رس بِنُ
بِنُ پربھ کالُ سنتاپے ॥1॥ رہاءُ ॥

ਜਬ ਲਗੁ ਦਰਸੁ ਨ ਪਰਸੈ ਪ੍ਰੀਤਮ
ਤਬ ਲਗੁ ਭੂਖ ਪਿਆਸੀ ॥

جب لگُ درسُ ن پرسے پرِیتم
تب لگُ بھوُکھ پِیاسی ॥

ਦਰਸਨੁ ਦੇਖਤ ਹੀ ਮਨੁ ਮਾਨਿਆ
ਜਲ ਰਸਿ ਕਮਲ ਬਿਗਾਸੀ ॥੧॥

درسنُ دیکھت ہی منُ مانِیا
جل رسِ کمل بِگاسی ॥1॥

ਊਨਵਿ ਘਨਹਰੁ ਗਰਜੈ ਬਰਸੈ
ਕੋਕਿਲ ਮੋਰ ਬੈਰਾਗੈ ॥

اوُنوِ گھنہرُ گرجے برسے
کوکِل مور بیَراگے ॥

ਤਰਵਰ ਬਿਰਖ ਬਿਹੰਗ ਭੁਇਅੰਗਮ
ਘਰਿ ਪਿਰ ਧਨ ਸੋਹਾਗੈ ॥੨॥

ترور بِرکھ بِہنگ بھُیَنگم
گھرِ پِر دھن سوہاگے ॥2॥

ਕੁਚਿਲ ਕੁਰੂਪਿ ਕੁਨਾਰਿ ਕੁਲਖਨੀ
ਪਿਰ ਕਾ ਸਹਜੁ ਨ ਜਾਨਿਆ ॥

کُچِل کُروُپِ کُنارِ کلکھنی
پِر کا سہجُ ن جانِیا ॥

ਹਰਿ ਰਸ ਰੰਗਿ ਰਸਨ ਨਹੀ ਤ੍ਰਿਪਤੀ
ਦੁਰਮਤਿ ਦੂਖ ਸਮਾਨਿਆ ॥੩॥

ہرِ رس رنگِ رسن نہی ترِپتی
دُرمتِ دوُکھ سمانِیا ॥3॥

ਆਇ ਨ ਜਾਵੈ ਨਾ ਦੁਖੁ ਪਾਵੈ
ਨਾ ਦੁਖ ਦਰਦੁ ਸਰੀਰੇ ॥

آءِ ن جاوے نا دُکھُ پاوے
نا دُکھ دردُ سریرے ॥

ਨਾਨਕ ਪ੍ਰਭ ਤੇ ਸਹਜ ਸੁਹੇਲੀ

نانک پربھ تے سہج سُہیلی

ਪ੍ਰਭ ਦੇਖਤ ਹੀ ਮਨੁ ਧੀਰੇ ॥੪॥੨॥	پربھ دیکھت ہی منُ دھیرے ॥4॥2॥
ਸਾਰਗ ਮਹਲਾ ੧ ॥	سارگ محلا 1 ॥
ਦੂਰਿ ਨਾਹੀ ਮੇਰੋ ਪ੍ਰਭੁ ਪਿਆਰਾ ॥	دوُرِ ناہی میرو پربھُ پِیارا ॥
ਸਤਿਗੁਰ ਬਚਨਿ ਮੇਰੋ ਮਨੁ ਮਾਨਿਆ ਹਰਿ ਪਾਏ ਪ੍ਰਾਨ ਅਧਾਰਾ ॥੧॥ ਰਹਾਉ ॥	ستِگُر بچنِ میرو منُ مانِیا ہرِ پائے پران ادھارا ॥1॥ رہاءُ ॥
ਇਨ ਬਿਧਿ ਹਰਿ ਮਿਲੀਐ ਵਰ ਕਾਮਨਿ ਧਨ ਸੋਹਾਗੁ ਪਿਆਰੀ ॥	اِن بِدھِ ہرِ ملیئے ور کامنِ دھن سوہاگُ پِیاری ॥
ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ ॥੧॥	زاتِ برن کُل سہسا چوُکا گُرمتِ سبدِ بیچاری ॥1॥
ਜਿਸੁ ਮਨੁ ਮਾਨੈ ਅਭਿਮਾਨੁ ਨ ਤਾ ਕਉ ਹਿੰਸਾ ਲੋਭੁ ਵਿਸਾਰੇ ॥	جِسُ منُ مانے ابھمانُ ن تا کءُ ہِنسا لوبھُ وِسارے ॥
ਸਹਜਿ ਰਵੈ ਵਰੁ ਕਾਮਣਿ ਪਿਰ ਕੀ ਗੁਰਮੁਖਿ ਰੰਗਿ ਸਵਾਰੇ ॥੨॥	سہجِ روے ورُ کامنِ پِر کی گُرمُکھِ رنگِ سوارے ॥2॥
ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ ਮਾਇਆ ਮੋਹ ਪਸਾਰੀ ॥	جارءُ ایَسی پریتِ کُٹنّب سنبنّدھی مائیا موہ پساری ॥
ਜਿਸੁ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ ਦੁਬਿਧਾ ਕਰਮ ਬਿਕਾਰੀ ॥੩॥	جِسُ انّترِ پریتِ رام رسُ ناہی دُبِدھا کرم بِکاری ॥3॥
ਅੰਤਰਿ ਰਤਨ ਪਦਾਰਥ ਹਿਤ ਕੌ ਦੂਰੈ ਨ ਲਾਲ ਪਿਆਰੀ ॥	انّترِ رتن پدارتھ ہِت کوَ دُرے ن لال پِیاری ॥
ਨਾਨਕ ਗੁਰਮੁਖਿ ਨਾਮੁ ਅਮੋਲਕੁ ਜੁਗਿ ਜੁਗਿ ਅੰਤਰਿ ਧਾਰੀ ॥੪॥੩॥	نانک گُرمُکھِ نامُ امولکُ جُگِ جُگِ انّترِ دھاری ॥4॥3॥
ਸਾਰੰਗ ਮਹਲਾ ੪ ਘਰੁ ੧	سارنگ محلا 4 گھرُ 1
੧ੴ ਸਤਿਗੁਰ ਪ੍ਰਸਾਦਿ ॥	۱ۄ ستِگُر پرسادِ ॥
ਹਰਿ ਕੇ ਸੰਤ ਜਨਾ ਕੀ ਹਮ ਧੂਰਿ ॥	ہرِ کے سنّت جنا کی ہم دھوُرِ ॥
ਮਿਲਿ ਸਤਸੰਗਤਿ ਪਰਮ ਪਦੁ ਪਾਇਆ	مِلِ ستسنگتِ پرم پدُ پائیا

ਆਤਮ ਰਾਮੁ ਰਹਿਆ ਭਰਪੂਰਿ ॥੧॥ ਰਹਾਉ ॥

آتم رامُ رہِیا بھرپُورِ ॥1॥ رہاءُ ॥

ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ
ਕਿਲਵਿਖ ਦੁਖ ਕਾਟੇ ਸਭਿ ਦੂਰਿ ॥

ستِگُرُ سنّتُ مِلےَ سانْتِ پائیئے
کِلوِکھ دُکھ کاٹے سبھِ دوُرِ ॥

ਆਤਮ ਜੋਤਿ ਭਈ ਪਰਫੂਲਤਿ
ਪੁਰਖੁ ਨਿਰੰਜਨੁ ਦੇਖਿਆ ਹਜੂਰਿ ॥੧॥

آتم جوتِ بھئی پرپھوُلتِ
پُرکھُ نِرنّجنُ دیکھِیا حضوُرِ ॥1॥

ਵਡੈ ਭਾਗਿ ਸਤਸੰਗਤਿ ਪਾਈ
ਹਰਿ ਹਰਿ ਨਾਮੁ ਰਹਿਆ ਭਰਪੂਰਿ ॥

وڈےَ بھاگِ ستسنگتِ پائی
ہرِ ہرِ نامُ رہِیا بھرپوُرِ ॥

ਅਠਸਠਿ ਤੀਰਥ ਮਜਨੁ ਕੀਆ
ਸਤਸੰਗਤਿ ਪਗ ਨਾਏ ਧੂਰਿ ॥੨॥

اٹھسٹھِ تیرتھ مجنُ کیِیا
ستسنگتِ پگ نائے دھوُرِ ॥2॥

ਦੁਰਮਤਿ ਬਿਕਾਰ ਮਲੀਨ ਮਤਿ ਹੋਛੀ
ਹਿਰਦਾ ਕੁਸੁਧੁ ਲਾਗਾ ਮੋਹ ਕੂਰੁ ॥

دُرمتِ بِکار ملِین متِ ہوچھی
ہِردا کُسُدھُ لاگا موہ کوُرُ ॥

ਬਿਨੁ ਕਰਮਾ ਕਿਉ ਸੰਗਤਿ ਪਾਈਐ
ਹਉਮੈ ਬਿਆਪਿ ਰਹਿਆ ਮਨੁ ਝੂਰਿ ॥੩॥

بِنُ کرما کِءُ سنگتِ پائیئے
ہئُمےَ بِیاپِ رہِیا منُ جھوُرِ ॥3॥

ਹੋਹੁ ਦਇਆਲ ਕ੍ਰਿਪਾ ਕਰਿ ਹਰਿ ਜੀ
ਮਾਗਉ ਸਤਸੰਗਤਿ ਪਗ ਧੂਰਿ ॥

ہوہُ دئیال کرِپا کرِ ہرِ جی
ماگ ءُ ستسنگتِ پگ دھوُرِ ॥

ਨਾਨਕ ਸੰਤੁ ਮਿਲੈ ਹਰਿ ਪਾਈਐ
ਜਨੁ ਹਰਿ ਭੇਟਿਆ ਰਾਮੁ ਹਜੂਰਿ ॥੪॥੧॥

نانک سنّتُ مِلےَ ہرِ پائیئے
جنُ ہرِ بھیٹِیا رامُ حضوُرِ ॥4॥1॥

ਸਾਰੰਗ ਮਹਲਾ ੪ ॥

سارنگ محلا 4 ॥

ਗੋਬਿੰਦ ਚਰਨਨ ਕਉ ਬਲਿਹਾਰੀ ॥

گوبِنّد چرنن ک ءُ بلِہاری ॥

ਭਵਜਲੁ ਜਗਤੁ ਨ ਜਾਈ ਤਰਣਾ
ਜਪਿ ਹਰਿ ਹਰਿ ਪਾਰਿ ਉਤਾਰੀ ॥੧॥ ਰਹਾਉ ॥

بھوجلُ جگتُ ن جائی ترٹا
جپِ ہرِ ہرِ پارِ اُتاری ॥1॥ رہاءُ ॥

ਹਿਰਦੈ ਪ੍ਰੀਤਿ ਬਨੀ ਪ੍ਰਭ ਕੇਰੀ
ਸੇਵਾ ਸੁਰਤਿ ਬੀਚਾਰੀ ॥

ہِردےَ پرّتیتِ بنی پربھ کیری
سیوا سُرتِ بیچاری ॥

ਅਨਦਿਨੁ ਰਾਮ ਨਾਮੁ ਜਪਿ ਹਿਰਦੈ
ਸਰਬ ਕਲਾ ਗੁਣਕਾਰੀ ॥੧॥

اندِنُ رام نامُ جپِ ہِردےَ
سرب کلا گُنکاری ॥1॥

ਪ੍ਰਭੁ ਅਗਮ ਅਗੋਚਰੁ ਰਵਿਆ ਸ੍ਰਬ ਠਾਈ
ਮਨਿ ਤਨਿ ਅਲਖ ਅਪਾਰੀ ॥

پربھُ اگم اگوچرُ رویا سرب ٹھائی
منِ تنِ الکھ اپاری ॥

ਗੁਰ ਕਿਰਪਾਲ ਭਏ ਤਬ ਪਾਇਆ
ਹਿਰਦੈ ਅਲਖੁ ਲਖਾਰੀ ॥੨॥

گُر کِرپال بھئے تب پائیا
ہِردے الکھُ لکھاری ॥2॥

ਅੰਤਰਿ ਹਰਿ ਨਾਮੁ ਸਰਬ ਧਰਣੀਧਰ
ਸਾਕਤ ਕਉ ਦੂਰਿ ਭਇਆ ਅਹੰਕਾਰੀ ॥

انترِ ہرِ نامُ سرب دھرنیدھر
ساکت کءُ دوُرِ بھئیا اہنکاری ॥

ਤ੍ਰਿਸਨਾ ਜਲਤ ਨ ਕਬਹੂ ਬੂਝਹਿ
ਜੂਐ ਬਾਜੀ ਹਾਰੀ ॥੩॥

ترِسنا جلت ن کبہوُ بوُجھہِ
جوُئے بازی ہاری ॥3॥

ਊਠਤ ਬੈਠਤ ਹਰਿ ਗੁਨ ਗਾਵਹਿ
ਗੁਰਿ ਕਿੰਚਤ ਕਿਰਪਾ ਧਾਰੀ ॥

اوُٹھت بیٹھت ہرِ گُن گاوہِ
گُرِ کِنچت کِرپا دھاری ॥

ਨਾਨਕ ਜਿਨ ਕਉ ਨਦਰਿ ਭਈ ਹੈ
ਤਿਨ ਕੀ ਪੈਜ ਸਵਾਰੀ ॥੪॥੨॥

نانک جِن کءُ ندرِ بھئی ہے
تِن کی پیج سواری ॥4॥2॥

ਸਾਰਗ ਮਹਲਾ ੪ ॥

سارگ محلا 4 ॥

ਹਰਿ ਹਰਿ ਅੰਮ੍ਰਿਤ ਨਾਮੁ ਦੇਹੁ ਪਿਆਰੇ ॥

ہرِ ہرِ انمرِت نامُ دیہُ پیارے ۔ ॥

ਜਿਨ ਊਪਰਿ ਗੁਰਮੁਖਿ ਮਨੁ ਮਾਨਿਆ
ਤਿਨ ਕੇ ਕਾਜ ਸਵਾਰੇ ॥੧॥ ਰਹਾਉ ॥

جِن اوُپرِ گُرمُکھِ منُ مانِیا
تِن کے کاج سوارے ॥1॥ رہاءُ ॥

ਜੋ ਜਨ ਦੀਨ ਭਏ ਗੁਰ ਆਗੈ
ਤਿਨ ਕੇ ਦੂਖ ਨਿਵਾਰੇ ॥

جو جن دِین بھئے گُر آگے
تِن کے دوُکھ نِوارے ॥

ਅਨਦਿਨੁ ਭਗਤਿ ਕਰਹਿ ਗੁਰ ਆਗੈ
ਗੁਰ ਕੈ ਸਬਦਿ ਸਵਾਰੇ ॥੧॥

اندِنُ بھگتِ کرہِ گُر آگے
گُر کے سبدِ سوارے ॥1॥

ਹਿਰਦੈ ਨਾਮੁ ਅੰਮ੍ਰਿਤ ਰਸੁ ਰਸਨਾ
ਰਸੁ ਗਾਵਹਿ ਰਸੁ ਬੀਚਾਰੇ ॥

ہِردے نامُ انمرِت رسُ رسنا
رسُ گاوہِ رسُ بیچارے ॥

ਗੁਰ ਪਰਸਾਦਿ ਅੰਮ੍ਰਿਤ ਰਸੁ ਚੀਨ੍ਹਿਆ
ਓਇ ਪਾਵਹਿ ਮੋਖ ਦੁਆਰੇ ॥੨॥

گُر پرسادِ انمرِت رسُ چینہیا
اوءِ پاوہِ موکھ دُیارے ॥2॥

ਸਤਿਗੁਰੁ ਪੁਰਖੁ ਅਚਲੁ ਅਚਲਾ ਮਤਿ

ستِگُرُ پُرکھُ اچلُ اچلا متِ

ਜਿਸੁ ਦ੍ਰਿੜਤਾ ਨਾਮੁ ਅਧਾਰੇ ॥

جِسُ دڑِڑتا نامُ ادھارے ॥

ਤਿਸੁ ਆਗੈ ਜੀਉ ਦੇਵਉ ਅਪੁਨਾ
ਹਉ ਸਤਿਗੁਰ ਕੈ ਬਲਿਹਾਰੇ ॥੩॥

تِسُ آگے جِیءُ دیوءُ اپُنا
ہءُ ستِگُر کے بلِہارے ॥3॥

ਮਨਮੁਖ ਭ੍ਰਮਿ ਦੂਜੈ ਭਾਇ ਲਾਗੇ
ਅੰਤਰਿ ਅਗਿਆਨ ਗੁਬਾਰੇ ॥

منمُکھ بھرمِ دوُجے بھاءِ لاگے
انترِ اگیان غُبارے ॥

ਸਤਿਗੁਰੁ ਦਾਤਾ ਨਦਰਿ ਨ ਆਵੈ
ਨਾ ਉਰਵਾਰਿ ਨ ਪਾਰੇ ॥੪॥

ستِگُرُ داتا ندرِ ن آوے
نا اُروارِ ن پارے ॥4॥

ਸਰਬੇ ਘਟਿ ਘਟਿ ਰਵਿਆ ਸੁਆਮੀ
ਸਰਬ ਕਲਾ ਕਲ ਧਾਰੇ ॥

سربے گھٹِ گھٹِ رویا سُیامی
سرب کلا کل دھارے ॥

ਨਾਨਕੁ ਦਾਸਨਿ ਦਾਸੁ ਕਹਤ ਹੈ
ਕਰਿ ਕਿਰਪਾ ਲੇਹੁ ਉਬਾਰੇ ॥੫॥੩॥

نانکُ داسنِ داسُ کہت ہے
کرِ کرِپا لیہُ اُبارے ॥5॥3॥

ਸਾਰਗ ਮਹਲਾ ੪ ॥

سارگ محلا 4 ॥

ਗੋਬਿਦ ਕੀ ਐਸੀ ਕਾਰ ਕਮਾਇ ॥

گوبِد کی ایَسی کار کماءِ ॥

ਜੋ ਕਿਛੁ ਕਰੇ ਸੁ ਸਤਿ ਕਰਿ ਮਾਨਹੁ
ਗੁਰਮੁਖਿ ਨਾਮਿ ਰਹਹੁ ਲਿਵ ਲਾਇ ॥੧॥ ਰਹਾਉ ॥

جو کِچھُ کرے سُ ستِ کرِ مانہُ
گُرمُکھِ نامِ رہہُ لِو لاءِ ॥1॥ رہاءُ ॥

ਗੋਬਿਦ ਪ੍ਰੀਤਿ ਲਗੀ ਅਤਿ ਮੀਠੀ
ਅਵਰ ਵਿਸਰਿ ਸਭ ਜਾਇ ॥

گوبِد پڑیتِ لگی اتِ میٹھی
اور وِسرِ سبھ جاءِ ॥

ਅਨਦਿਨੁ ਰਹਸੁ ਭਇਆ ਮਨੁ ਮਾਨਿਆ
ਜੋਤੀ ਜੋਤਿ ਮਿਲਾਇ ॥੧॥

اندِنُ رہسُ بھئیا منُ مانِیا
جوتی جوتِ مِلاءِ ॥1॥

ਜਬ ਗੁਣ ਗਾਇ ਤਬ ਹੀ ਮਨੁ ਤ੍ਰਿਪਤੈ
ਸਾਂਤਿ ਵਸੈ ਮਨਿ ਆਇ ॥

جب گُن گاءِ تب ہی منُ ترِپتے
سانتِ وسے منِ آءِ ॥

ਗੁਰ ਕਿਰਪਾਲ ਭਏ ਤਬ ਪਾਇਆ
ਹਰਿ ਚਰਣੀ ਚਿਤੁ ਲਾਇ ॥੨॥

گُر کِرپال بھئے تب پائیا
ہرِ چرنی چِتُ لاءِ ॥2॥

ਮਤਿ ਪ੍ਰਗਾਸ ਭਈ ਹਰਿ ਧਿਆਇਆ
ਗਿਆਨਿ ਤਤਿ ਲਿਵ ਲਾਇ ॥

متِ پرگاس بھئی ہرِ دھیائیا
گیانِ تتِ لِو لاءِ ॥

ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ
ਹਰਿ ਸਹਜਿ ਸਮਾਧਿ ਲਗਾਇ ॥੩॥

اَنتَرِ جوتِ پرگٹی منُ مانِیا
ہرِ سہجِ سمادھِ لگاءِ ॥3॥

ਹਿਰਦੈ ਕਪਟੁ ਨਿਤ ਕਪਟੁ ਕਮਾਵਹਿ
ਮੁਖਹੁ ਹਰਿ ਹਰਿ ਸੁਣਾਇ ॥

ہِردے کپٹُ نِت کپٹُ کماوہِ
مُکھہُ ہرِ ہرِ سُنّاءِ ॥

ਅੰਤਰਿ ਲੋਭੁ ਮਹਾ ਗੁਬਾਰਾ
ਤੁਹ ਕੂਟੈ ਦੁਖ ਖਾਇ ॥੪॥

اَنتَرِ لوبھُ مہا غُبارا
تُہ کوٹے دُکھ کھاءِ ॥4॥

ਜਬ ਸੁਪ੍ਰਸੰਨ ਭਏ ਪ੍ਰਭ ਮੇਰੇ
ਗੁਰਮੁਖਿ ਪਰਚਾ ਲਾਇ ॥

جب سُپرسنّن بھئے پربھ میرے
گُرمُکھِ پرچا لاءِ ॥

ਨਾਨਕ ਨਾਮ ਨਿਰੰਜਨੁ ਪਾਇਆ
ਨਾਮੁ ਜਪਤ ਸੁਖੁ ਪਾਇ ॥੫॥੪॥

نانک نام نِرنجنُ پائِیا
نامُ جپت سُکھُ پاءِ ॥5॥4॥

ਸਾਰਗ ਮਹਲਾ ੪ ॥

سارگ محلا 4 ॥

ਮੇਰਾ ਮਨੁ ਰਾਮ ਨਾਮਿ ਮਨੁ ਮਾਨੀ ॥

میرا منُ رام نامِ منُ مانی ॥

ਮੇਰੈ ਹੀਅਰੈ ਸਤਿਗੁਰਿ ਪ੍ਰੀਤਿ ਲਗਾਈ
ਮਨਿ ਹਰਿ ਹਰਿ ਕਥਾ ਸੁਖਾਨੀ ॥੧॥ ਰਹਾਉ ॥

میرے ہیئرے ستِگُرِ پریتِ لگائی
منِ ہرِ ہرِ کتھا سُکھانی ॥1॥ رہاءُ ॥

ਦੀਨ ਦਇਆਲ ਹੋਵਹੁ ਜਨ ਊਪਰਿ
ਜਨ ਦੇਵਹੁ ਅਕਥ ਕਹਾਨੀ ॥

دِین دئیال ہووہُ جن اُوپرِ
جن دیوہُ اکتھ کہانی ॥

ਸੰਤ ਜਨਾ ਮਿਲਿ ਹਰਿ ਰਸੁ ਪਾਇਆ
ਹਰਿ ਮਨਿ ਤਨਿ ਮੀਠ ਲਗਾਨੀ ॥੧॥

سنّت جنا مِلِ ہرِ رسُ پائِیا
ہرِ منِ تنِ میٹھ لگانی ॥1॥

ਹਰਿ ਕੈ ਰੰਗਿ ਰਤੇ ਬੈਰਾਗੀ
ਜਿਨ੍ ਗੁਰਮਤਿ ਨਾਮੁ ਪਛਾਨੀ ॥

ہرِ کے رنگِ رتے بیراگی
جِنّہ گُرمتِ نامُ پچھانی ॥

ਪੁਰਖੈ ਪੁਰਖੁ ਮਿਲਿਆ ਸੁਖੁ ਪਾਇਆ
ਸਭ ਚੂਕੀ ਆਵਣ ਜਾਨੀ ॥੨॥

پُرکھے پُرکھُ مِلیا سُکھُ پائِیا
سبھ چوُکی آونّ جانی ॥2॥

ਨੈਣੀ ਬਿਰਹੁ ਦੇਖਾ ਪ੍ਰਭ ਸੁਆਮੀ
ਰਸਨਾ ਨਾਮੁ ਵਖਾਨੀ ॥

نینّی برہُ دیکھا پربھ سُیامی
رسنا نامُ وکھانی ॥

ਸ੍ਰਵਣੀ ਕੀਰਤਨੁ ਸੁਨਉ ਦਿਨੁ ਰਾਤੀ

سّروٹی کیرتنُ سُن ءُ دِنُ راتی

ਹਿਰਦੈ ਹਰਿ ਹਰਿ ਭਾਨੀ ॥੩॥

ہِردے ہرِ ہرِ بھانی ॥3॥

ਪੰਚ ਜਨਾ ਗੁਰਿ ਵਸਗਤਿ ਆਣੇ
ਤਉ ਉਨਮਨਿ ਨਾਮਿ ਲਗਾਨੀ ॥

پنچ جنا گُرِ وسگتِ آنے
تءُ اُنمنِ نامِ لگانی ॥

ਜਨ ਨਾਨਕ ਹਰਿ ਕਿਰਪਾ ਧਾਰੀ
ਹਰਿ ਰਾਮੈ ਨਾਮਿ ਸਮਾਨੀ ॥੪॥੫॥

جن نانک ہرِ کِرپا دھاری
ہرِ رامے نامِ سمانی ॥4॥5॥

ਸਾਰਗ ਮਹਲਾ ੪ ॥

سارگ محلا 4 ॥

ਜਪਿ ਮਨ ਰਾਮ ਨਾਮੁ ਪੜੁ ਸਾਰੁ ॥

جپِ من رام نامُ پڑُہُ سارُ ॥

ਰਾਮ ਨਾਮ ਬਿਨੁ ਥਿਰੁ ਨਹੀ ਕੋਈ
ਹੋਰੁ ਨਿਹਫਲ ਸਭੁ ਬਿਸਥਾਰੁ ॥੧॥ ਰਹਾਉ ॥

رام نام بِنُ تھِرُ نہی کوئی
ہورُ نِہپھل سبھُ بِستھارُ ॥1॥ رہاءُ ॥

ਕਿਆ ਲੀਜੈ ਕਿਆ ਤਜੀਐ ਬਉਰੇ
ਜੋ ਦੀਸੈ ਸੋ ਛਾਰੁ ॥

کِیا لیجے کِیا تجیئے بؤرے
جو دیسے سو چھارُ ॥

ਜਿਸੁ ਬਿਖਿਆ ਕਉ ਤੁਮ੍ ਅਪੁਨੀ ਕਰਿ ਜਾਨਹੁ
ਸਾ ਛਾਡਿ ਜਾਹੁ ਸਿਰਿ ਭਾਰੁ ॥੧॥

جِسُ بِکھیا کءُ تُمّہ اپُنی کرِ جانہُ
سا چھاڈِ جاہُ سِرِ بھارُ ॥1॥

ਤਿਲੁ ਤਿਲੁ ਪਲੁ ਪਲੁ ਅਉਧ ਫੁਨਿ ਘਾਟੈ
ਬੂਝਿ ਨ ਸਕੈ ਗਵਾਰੁ ॥

تِلُ تِلُ پلُ پلُ اؤدھ پھُنِ گھاٹے
بوُجھِ ن سکے گوارُ ॥

ਸੋ ਕਿਛੁ ਕਰੈ ਜਿ ਸਾਥਿ ਨ ਚਾਲੈ
ਇਹੁ ਸਾਕਤ ਕਾ ਆਚਾਰੁ ॥੨॥

سو کچھُ کرے جِ ساتھِ ن چالے
اِہُ ساکت کا آچارُ ॥2॥

ਸੰਤ ਜਨਾ ਕੈ ਸੰਗਿ ਮਿਲੁ ਬਉਰੇ
ਤਉ ਪਾਵਹਿ ਮੋਖ ਦੁਆਰੁ ॥

سنّت جنا کے سنگِ مِلُ بؤرے
تءُ پاوہِ موکھ دُیارُ ॥

ਬਿਨੁ ਸਤਸੰਗ ਸੁਖੁ ਕਿਨੈ ਨ ਪਾਇਆ
ਜਾਇ ਪੂਛਹੁ ਬੇਦ ਬੀਚਾਰੁ ॥੩॥

بِنُ ستسنگ سُکھُ کِنے ن پائیا
جاءِ پوُچھہُ بید بیچارُ ॥3॥

ਰਾਣਾ ਰਾਉ ਸਭੈ ਕੋਊ ਚਾਲੈ
ਝੂਠੁ ਛੋਡਿ ਜਾਇ ਪਾਸਾਰੁ ॥

راٹا راءُ سبھے کوئو چالے
جھوُٹھُ چھوڈِ جاءِ پاسارُ ॥

ਨਾਨਕ ਸੰਤ ਸਦਾ ਥਿਰੁ ਨਿਹਚਲੁ
ਜਿਨ ਰਾਮ ਨਾਮੁ ਆਧਾਰੁ ॥੪॥੬॥

نانک سنّت سدا تھِرُ نِہچلُ
جِن رام نامُ آدھارُ ॥4॥6॥

ਸਾਰਗ ਮਹਲਾ ੪ ਘਰੁ ੩ ਦੁਪਦਾ	سارگ محلا 4 گھرُ 3 دُپدا
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥	کاہے پوُت جھگرت ہءُ سنگِ باپ ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥੧॥ ਰਹਾਉ ॥	جِن کے جنّے بڈیرے تُم ہءُ تِن سِءُ جھگرت پاپ ॥1॥ رہاءُ ॥
ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥	جِسُ دھن کا تُم گربُ کرت ہءُ سو دھنُ کِسہِ ن آپ ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ ॥੧॥	کھِن مہِ چھوڈِ جاءِ بِکھیا رسُ تءُ لاگے پچھُتاپ ॥1॥
ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥	جو تُمرے پربھ ہوتے سُیامی ہرِ تِن کے جاپہُ جاپ ॥
ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥੨॥੧॥੭॥	اُپدیسُ کرت نانک جن تُم کءُ جءُ سُنہُ تءُ جاءِ سنّتاپ ॥2॥1॥7॥
ਸਾਰਗ ਮਹਲਾ ੪ ਘਰੁ ੫ ਦੁਪਦੇ ਪੜਤਾਲ	سارگ محلا 4 گھرُ 5 دُپدے پڑتال
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਜਪਿ ਮਨ ਜਗੰਨਾਥ ਜਗਦੀਸਰੋ ਜਗਜੀਵਨੋ ਮਨਮੋਹਨ ਸਿਉ ਪ੍ਰੀਤਿ ਲਾਗੀ ਮੈ ਹਰਿ ਹਰਿ ਹਰਿ ਟੇਕ ਸਭ ਦਿਨਸੁ ਸਭ ਰਾਤਿ ॥੧॥ ਰਹਾਉ ॥	جپِ من جگنّاتھ جگدیسرو جگجیونو منموہن سِءُ پرّیتِ لاگی مے ہرِ ہرِ ہرِ ٹیک سبھ دِنسُ سبھ راتِ ॥1॥ رہاءُ ॥
ਹਰਿ ਕੀ ਉਪਮਾ ਅਨਿਕ ਅਨਿਕ ਅਨਿਕ ਗੁਨ ਗਾਵਤ ਸੁਕ ਨਾਰਦ ਬ੍ਰਹਮਾਦਿਕ ਤਵ ਗੁਨ ਸੁਆਮੀ ਗਨਿਨ ਨ ਜਾਤਿ ॥	ہرِ کی اُپما انِک انِک انِک گُن گاوت سُک نارد برّہمادِک تو گُن سُیامی گنِن ن جاتِ ॥
ਤੂ ਹਰਿ ਬੇਅੰਤੁ ਤੂ ਹਰਿ ਬੇਅੰਤੁ ਤੂ ਹਰਿ ਸੁਆਮੀ ਤੂ ਆਪੇ ਹੀ ਜਾਨਹਿ ਆਪਨੀ ਭਾਂਤਿ ॥੧॥	توُ ہرِ بیئنّتُ توُ ہرِ بیئنّتُ توُ ہرِ سُیامی توُ آپے ہی جانہِ آپنی بھانّتِ ॥1॥
ਹਰਿ ਕੈ ਨਿਕਟਿ ਨਿਕਟਿ ਹਰਿ ਨਿਕਟ ਹੀ ਬਸਤੇ ਤੇ ਹਰਿ ਕੇ ਜਨ ਸਾਧੂ ਹਰਿ ਭਗਾਤ ॥	ہرِ کے نِکٹِ نِکٹِ ہرِ نِکٹ ہی بستے تے ہرِ کے جن سادھوُ ہرِ بھگات ॥
ਤੇ ਹਰਿ ਕੇ ਜਨ ਹਰਿ ਸਿਉ ਰਲਿ ਮਿਲੇ	تے ہرِ کے جن ہرِ سِءُ رلِ مِلے

ਜੈਸੇ ਜਨ ਨਾਨਕ ਸਲਲੈ ਸਲਲ ਮਿਲਾਤਿ ॥੨॥੧॥੮॥

جیَسے جن نانک سللےَ سلل مِلاتِ ॥2॥1॥8॥

ਸਾਰੰਗ ਮਹਲਾ ੪ ॥

سارنگ محلا 4 ॥

ਜਪਿ ਮਨ ਨਰਹਰੇ ਨਰਹਰ ਸੁਆਮੀ ਹਰਿ ਸਗਲ ਦੇਵ ਦੇਵਾ
ਸ੍ਰੀ ਰਾਮ ਰਾਮ ਨਾਮਾ ਹਰਿ ਪ੍ਰੀਤਮੁ ਮੋਰਾ ॥੧॥ ਰਹਾਉ ॥

جپِ من نرہرے نرہر سُیامی ہرِ سگل دیو دیوا
سّری رام رام نامامہرِ پرّیتمُ مورا ॥1॥ رہاءُ ॥

ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ
ਤਿਤੁ ਗ੍ਰਿਹਿ ਵਾਜੇ ਪੰਚ ਸਬਦ ਵਡ ਭਾਗ ਮਥੋਰਾ ॥

جِتُ گّرِہِ گُن گاوتے ہرِ کے گُن گاوتے رام گُن گاوتے
تِتُ گّرِہِ واجے پنّچ سبد وڈ بھاگ متھورا ॥

ਤਿਨ੍ ਜਨ ਕੇ ਸਭਿ ਪਾਪ ਗਏ ਸਭਿ ਦੋਖ ਗਏ ਸਭਿ ਰੋਗ ਗਏ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਗਏ
ਤਿਨ੍ ਜਨ ਕੇ ਹਰਿ ਮਾਰਿ ਕਢੇ ਪੰਚ ਚੋਰਾ ॥੧॥

تِنّہ جن کے سبھِ پاپ گئے سبھِ دوکھ گئے سبھِ روگ گئے
کامُ کّرودھُ لوبھُ موہُ ابھِمانُ گئے
تِنّہ جن کے ہرِ مارِ کڈھے پنّچ چورا ॥1॥

ਹਰਿ ਰਾਮ ਬੋਲਹੁ ਹਰਿ ਸਾਧੂ ਹਰਿ ਕੇ ਜਨ ਸਾਧੂ
ਜਗਦੀਸੁ ਜਪਹੁ ਮਨਿ ਬਚਨਿ ਕਰਮਿ
ਹਰਿ ਹਰਿ ਆਰਾਧੂ ਹਰਿ ਕੇ ਜਨ ਸਾਧੂ ॥

ہرِ رام بولہُ ہرِ سادھوُ ہرِ کے جن سادھوُ
جگدیُس جپہُ منِ بچنِ کرمِ
ہرِ ہرِ آرادھوُ ہرِ کے جن سادھوُ ۔ ॥

ਹਰਿ ਰਾਮ ਬੋਲਿ ਹਰਿ ਰਾਮ ਬੋਲਿ
ਸਭਿ ਪਾਪ ਗਵਾਧੂ ॥

ہرِ رام بولِ ہرِ رام بولِ
سبھِ پاپ گوادھوُ ॥

ਨਿਤ ਨਿਤ ਜਾਗਰਣੁ ਕਰਹੁ
ਸਦਾ ਸਦਾ ਆਨੰਦੁ ਜਪਿ ਜਗਦੀਸੋਰਾ ॥

نِت نِت جاگرنُ کرہُ
سدا سدا آننّدُ جپِ جگدیسورا ॥

ਮਨ ਇਛੇ ਫਲ ਪਾਵਹੁ ਸਭੈ ਫਲ ਪਾਵਹੁ ਧਰਮੁ ਅਰਥੁ ਕਾਮ ਮੋਖੁ
ਜਨ ਨਾਨਕ ਹਰਿ ਸਿਉ ਮਿਲੇ ਹਰਿ ਭਗਤ ਤੋਰਾ ॥੨॥੨॥੯॥

من اِچھے پھل پاوہُ سبھےَ پھل پاوہُ دھرمُ ارتھُ کام موکھُ
جن نانک ہرِ سِ ءُ مِلے ہرِ بھگت تورا ॥2॥2॥9॥

ਸਾਰਗ ਮਹਲਾ ੪ ॥

سارگ محلا 4 ॥

ਜਪਿ ਮਨ ਮਾਧੋ ਮਧੁਸੂਦਨੋ ਹਰਿ ਸ੍ਰੀਰੰਗੋ ਪਰਮੇਸਰੋ
ਸਤਿ ਪਰਮੇਸਰੋ ਪ੍ਰਭੁ ਅੰਤਰਜਾਮੀ ॥

جپِ من مادھو مدھُسوُدنو ہرِ سّرپرنگو پریسرو
ستِ پریسرو پّربھُ انترجامی ॥

ਸਭ ਦੂਖਨ ਕੋ ਹੰਤਾ ਸਭ ਸੂਖਨ ਕੋ ਦਾਤਾ
ਹਰਿ ਪ੍ਰੀਤਮ ਗੁਨ ਗਾਉ ॥੧॥ ਰਹਾਉ ॥

سبھ دوُکھن کو ہنّتا سبھ سوُکھن کو داتا
ہرِ پّریتم گُن گائوُ ॥1॥ رہاءُ ॥

ਹਰਿ ਘਟਿ ਘਟੇ ਘਟਿ ਬਸਤਾ
ਹਰਿ ਜਲਿ ਥਲੇ ਹਰਿ ਬਸਤਾ ਹਰਿ ਥਾਨ ਥਾਨੰਤਰਿ ਬਸਤਾ

ہرِ گھٹِ گھٹے گھٹِ بستا

ਮੈ ਹਰਿ ਦੇਖਨ ਕੋ ਚਾਉ ॥	ہرِ جلِ تھلے ہرِ بستا ہرِ تھان تھانتّرِ بستا مے ہرِ دیکھن کو چائوُ ॥
ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਜਨੁ ਸੰਤੋ ਮੋਹਿ ਮਾਰਗੁ ਦਿਖਲਾਵੈ ॥	کوئی آوے سنّتو ہرِ کا جنُ سنّتو میرا پریتم جنُ سنّتو موہِ مارگُ دِکھلاوے ॥
ਤਿਸੁ ਜਨ ਕੇ ਹਉ ਮਲਿ ਮਲਿ ਧੋਵਾ ਪਾਉ ॥੧॥	تِس جن کے ہءُ مِلِ مِلِ دھووا پائوُ ॥1॥
ਹਰਿ ਜਨ ਕਉ ਹਰਿ ਮਿਲਿਆ ਹਰਿ ਸਰਧਾ ਤੇ ਮਿਲਿਆ ਗੁਰਮੁਖਿ ਹਰਿ ਮਿਲਿਆ ॥	ہرِ جن کءُ ہرِ ملِیا ہرِ سردھا تے مِلِیا گُرمُکھِ ہرِ ملِیا ॥
ਮੇਰੈ ਮਨਿ ਤਨਿ ਆਨੰਦ ਭਏ ਮੈ ਦੇਖਿਆ ਹਰਿ ਰਾਉ ॥	میرے منِ تنِ آنند بھئے مے دیکھیا ہرِ رائوُ ॥
ਜਨ ਨਾਨਕ ਕਉ ਕਿਰਪਾ ਭਈ ਹਰਿ ਕੀ ਕਿਰਪਾ ਭਈ ਜਗਦੀਸੁਰ ਕਿਰਪਾ ਭਈ ॥	جن نانک کءُ کِرپا بھئی ہرِ کی کِرپا بھئی جگدیسُر کِرپا بھئی ॥
ਮੈ ਅਨਦਿਨੋ ਸਦ ਸਦ ਸਦਾ ਹਰਿ ਜਪਿਆ ਹਰਿ ਨਾਉ ॥੨॥੩॥੧੦॥	مے اندِنو سد سد سدا ہرِ جپیا ہرِ نائوُ ॥2॥3॥ 10 ॥
ਸਾਰਗ ਮਹਲਾ ੪ ॥	سارگ محلا 4 ॥
ਜਪਿ ਮਨ ਨਿਰਭਉ ॥	جپِ من نِربھءُ ॥
ਸਤਿ ਸਤਿ ਸਦਾ ਸਤਿ ॥	ستِ ستِ سدا ستِ ॥
ਨਿਰਵੈਰੁ ਅਕਾਲ ਮੂਰਤਿ ॥	نِرویَرُ اکال مؤرتِ ॥
ਆਜੂਨੀ ਸੰਭਉ ॥	آجوُنی سنّبھءُ ॥
ਮੇਰੇ ਮਨ ਅਨਦਿਨੋ ਧਿਆਇ ਨਿਰੰਕਾਰੁ ਨਿਰਾਹਾਰੀ ॥੧॥ ਰਹਾਉ ॥	میرے من اندِنو دھیاءِ نِرنکارُ نِراہاری ॥1॥ رہاءُ ॥
ਹਰਿ ਦਰਸਨ ਕਉ ਹਰਿ ਦਰਸਨ ਕਉ ਕੋਟਿ ਕੋਟਿ ਤੇਤੀਸ ਸਿਧ ਜਤੀ ਜੋਗੀ ਤਟ ਤੀਰਥ ਪਰਭਵਨ ਕਰਤ ਰਹਤ ਨਿਰਾਹਾਰੀ ॥	ہرِ درسن کءُ ہرِ درسن کءُ کوٹِ کوٹِ تیتیس سِدھ جتی جوگی تٹ تیرتھ پربھون کرت رہت نِراہاری ॥
ਤਿਨ ਜਨ ਕੀ ਸੇਵਾ ਥਾਇ ਪਈ	تِن جن کی سیوا تھاءِ پئی

ਜਿਨ੍ਹ ਕਉ ਕਿਰਪਾਲ ਹੋਵਤੁ ਬਨਵਾਰੀ ॥੧॥

جِنّہ ک ءُ کِرپال ہووتُ بنواری ॥1॥

ਹਰਿ ਕੇ ਹੋ ਸੰਤ ਭਲੇ ਤੇ ਊਤਮ ਭਗਤ ਭਲੇ
ਜੋ ਭਾਵਤ ਹਰਿ ਰਾਮ ਮੁਰਾਰੀ ॥

ہرِ کے ہو سنّت بھلے تے اوُتم بھگت بھلے
جو بھاوت ہرِ رام مُراری ॥

ਜਿਨ ਕਾ ਅੰਗੁ ਕਰੈ ਮੇਰਾ ਸੁਆਮੀ
ਤਿਨ੍ਹ ਕੀ ਨਾਨਕ ਹਰਿ ਪੈਜ ਸਵਾਰੀ ॥੨॥੪॥੧੧॥

جِن کا انگ کرے میرا سُیامی
تِنّہ کی نانک ہرِ پیج سواری ॥2॥4॥ 11 ॥

ਸਾਰਗ ਮਹਲਾ ੪ ਪੜਤਾਲ ॥

سارگ محلا 4 پڑتال ॥

ਜਪਿ ਮਨ ਗੋਵਿੰਦੁ ਹਰਿ ਗੋਵਿੰਦੁ ਗੁਣੀ ਨਿਧਾਨੁ ਸਭ ਸ੍ਰਿਸਟਿ ਕਾ ਪ੍ਰਭੋ
ਮੇਰੇ ਮਨ ਹਰਿ ਬੋਲਿ ਹਰਿ ਪੁਰਖੁ ਅਬਿਨਾਸੀ ॥੧॥ ਰਹਾਉ ॥

جپِ من گووِندُ ہرِ گووِندُ گُنی نِدھانُ سبھ سّرِسٹِ کا پربھو
میرے من ہرِ بولِ ہرِ پُرکھُ اِبناسی ॥1॥ رہاءُ ॥

ਹਰਿ ਕਾ ਨਾਮੁ ਅੰਮ੍ਰਿਤੁ ਹਰਿ ਹਰਿ ਹਰੇ
ਸੋ ਪੀਐ ਜਿਸੁ ਰਾਮੁ ਪਿਆਸੀ ॥

ہرِ کا نامُ انّمرِتُ ہرِ ہرِ ہرے
سو پیئے جِسُ رامُ پیاسی ॥

ਹਰਿ ਆਪਿ ਦਇਆਲੁ ਦਇਆ ਕਰਿ ਮੇਲੈ ਜਿਸੁ ਸਤਿਗੁਰੂ
ਸੋ ਜਨੁ ਹਰਿ ਹਰਿ ਅੰਮ੍ਰਿਤ ਨਾਮੁ ਚਖਾਸੀ ॥੧॥

ہرِ آپِ دیئالُ دیئا کرِ میلے جِسُ ستِگُرہُ
سو جنُ ہرِ ہرِ انّمرِت نامُ چکھاسی ॥1॥

ਜੋ ਜਨ ਸੇਵਹਿ ਸਦ ਸਦਾ ਮੇਰਾ ਹਰਿ ਹਰੇ
ਤਿਨ ਕਾ ਸਭੁ ਦੂਖੁ ਭਰਮੁ ਭਉ ਜਾਸੀ ॥

جو جن سیوہِ سد سدا میرا ہرِ ہرے
تِن کا سبھُ دوُکھُ بھرمُ بھءُ جاسی ॥

ਜਨੁ ਨਾਨਕੁ ਨਾਮੁ ਲਏ ਤਾਂ ਜੀਵੈ
ਜਿਉ ਚਾਤ੍ਰਿਕੁ ਜਲਿ ਪੀਐ ਤ੍ਰਿਪਤਾਸੀ ॥੨॥੫॥੧੨॥

جنُ نانکُ نامُ لے تاں جیوے
جِءُ چاتّرِکُ جلِ پیئے تّرِپتاسی ॥2॥5॥ 12 ॥

ਸਾਰਗ ਮਹਲਾ ੪ ॥

سارگ محلا 4 ॥

ਜਪਿ ਮਨ ਸਿਰੀ ਰਾਮੁ ॥

جپِ من سِری رامُ ॥

ਰਾਮ ਰਮਤ ਰਾਮੁ ॥

رام رمت رامُ ॥

ਸਤਿ ਸਤਿ ਰਾਮੁ ॥

ستِ ستِ رامُ ॥

ਬੋਲਹੁ ਭਈਆ ਸਦ ਰਾਮ ਰਾਮੁ
ਰਾਮੁ ਰਵਿ ਰਹਿਆ ਸਰਬਗੇ ॥੧॥ ਰਹਾਉ ॥

بولہُ بھئیا سد رام رامُ
رامُ روِ رہیا سربگے ॥1॥ رہاءُ ॥

ਰਾਮੁ ਆਪੇ ਆਪਿ ਆਪੇ ਸਭੁ ਕਰਤਾ
ਰਾਮੁ ਆਪੇ ਆਪਿ ਆਪਿ ਸਭਤੁ ਜਗੇ ॥

رامُ آپے آپِ آپے سبھُ کرتا
رامُ آپے آپِ آپِ سبھتُ جگے ॥

ਜਿਸੁ ਆਪਿ ਕ੍ਰਿਪਾ ਕਰੇ ਮੇਰਾ ਰਾਮ ਰਾਮ ਰਾਮ ਰਾਇ
ਸੋ ਜਨੁ ਰਾਮ ਨਾਮ ਲਿਵ ਲਾਗੇ ॥੧॥

ਰਾਮ ਨਾਮ ਕੀ ਉਪਮਾ ਦੇਖਹੁ ਹਰਿ ਸੰਤਹੁ
ਜੋ ਭਗਤ ਜਨਾਂ ਕੀ ਪਤਿ ਰਾਖੈ ਵਿਚਿ ਕਲਿਜੁਗ ਅਗੇ ॥

ਜਨ ਨਾਨਕ ਕਾ ਅੰਗੁ ਕੀਆ ਮੇਰੇ ਰਾਮ ਰਾਇ
ਦੁਸਮਨ ਦੂਖ ਗਏ ਸਭਿ ਭਗੇ ॥੨॥੬॥੧੩॥

ਸਾਰੰਗ ਮਹਲਾ ੫ ਚਉਪਦੇ ਘਰੁ ੧

ੴ ਸਤਿਗੁਰ ਪ੍ਰਸਾਦਿ ॥

ਸਤਿਗੁਰ ਮੂਰਤਿ ਕਉ ਬਲਿ ਜਾਉ ॥

ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ
ਸਫਲ ਦਰਸਨੁ ਕਦਿ ਪਾਂਉ ॥੧॥ ਰਹਾਉ ॥

ਅਨਾਥਾ ਕੋ ਨਾਥੁ ਸਰਬ ਪ੍ਰਤਿਪਾਲਕੁ
ਭਗਤਿ ਵਛਲੁ ਹਰਿ ਨਾਉ ॥

ਜਾ ਕਉ ਕੋਇ ਨ ਰਾਖੈ ਪ੍ਰਾਣੀ
ਤਿਸੁ ਤੂ ਦੇਹਿ ਅਸਰਾਉ ॥੧॥

ਨਿਧਰਿਆ ਧਰ ਨਿਗਤਿਆ ਗਤਿ
ਨਿਥਾਵਿਆ ਤੂ ਥਾਉ ॥

ਦਹ ਦਿਸ ਜਾਂਉ ਤਹਾਂ ਤੂ ਸੰਗੇ
ਤੇਰੀ ਕੀਰਤਿ ਕਰਮ ਕਮਾਉ ॥੨॥

ਏਕਸੁ ਤੇ ਲਾਖ ਲਾਖ ਤੇ ਏਕਾ
ਤੇਰੀ ਗਤਿ ਮਿਤਿ ਕਹਿ ਨ ਸਕਾਉ ॥

ਤੂ ਬੇਅੰਤੁ ਤੇਰੀ ਮਿਤਿ ਨਹੀ ਪਾਈਐ
ਸਭੁ ਤੇਰੋ ਖੇਲੁ ਦਿਖਾਉ ॥੩॥

ਸਾਧਨ ਕਾ ਸੰਗੁ ਸਾਧ ਸਿਉ ਗੋਸਟਿ
ਹਰਿ ਸਾਧਨ ਸਿਉ ਲਿਵ ਲਾਉ ॥

جِس آپِ کرِپا کرے میرا رام رام رام راءِ
سو جنُ رام نام لِو لاگے ॥1॥

رام نام کی اُپما دیکھہُ ہرِ سنّتہُ
جو بھگت جناں کی پتِ راکھےَ وِچ کلِجُگ اگے ॥

جن نانک کا انگُ کِیا میرے رام راءِ
دُسمن دوُکھ گےٗ سبھِ بھگے ॥2॥6॥ 13 ॥

سارنگ محلا 5 چئُپدے گھرُ 1

ੴ ستِگُر پرّسادِ ॥

ستِگُر موُرتِ کءُ بلِ جاءُ ॥

انترِ پیاس چاترِک جِءُ جل کی
سپھل درسنُ کدِ پانءُ ۔ ॥1॥ رہاءُ ॥

اناتھا کو ناتھُ سرب پرّتپالکُ
بھگتِ وچھلُ ہرِ ناءُ ॥

جا کءُ کوءِ ن راکھےَ پرّانٹی
تِس توُ دیہِ اسراءُ ॥1॥

نِدھریا دھر نِگتیا گتِ
نِتھاویا توُ تھاءُ ॥

دہ دِس جانءُ تہاں توُ سنگے
تیری کِیرتِ کرم کماءُ ॥2॥

ایکسُ تے لاکھ لاکھ تے ایکا
تیری گتِ مِتِ کہِ ن سکاءُ ॥

توُ بینّتُ تیری مِتِ نہی پائیےَ
سبھُ تیرو کھیلُ دِکھاءُ ॥3॥

سادھن کا سنگُ سادھ سِءُ گوسٹِ
ہرِ سادھن سِءُ لِو لاءُ ॥

ਜਨ ਨਾਨਕ ਪਾਇਆ ਹੈ ਗੁਰਮਤਿ ਹਰਿ ਦੇਹੁ ਦਰਸੁ ਮਨਿ ਚਾਉ ॥੪॥੧॥	جن نانک پائیا ہے گُرمتِ ہرِ دیہُ درسُ منِ چاءُ ॥4॥1॥
ਸਾਰਗ ਮਹਲਾ ੫ ॥	سارگ محلا 5 ॥
ਹਰਿ ਜੀਉ ਅੰਤਰਜਾਮੀ ਜਾਨ ॥	ہرِ جیءُ انترجامی جان ॥
ਕਰਤ ਬੁਰਾਈ ਮਾਨੁਖ ਤੇ ਛਪਾਈ ਸਾਖੀ ਭੂਤ ਪਵਾਨ ॥੧॥ ਰਹਾਉ ॥	کرت بُرائی مانُکھ تے چھپائی ساکھی بھوُت پوان ॥1॥ رہاءُ ॥
ਬੈਸਨੌ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ ॥	بیَسنوَ نامُ کرت کھٹ کرما انترِ لوبھ جوُٹھان ॥
ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ ॥੧॥	سنّت سبھا کی نِندا کرتے ڈوُبے سبھ اگیان ॥1॥
ਕਰਹਿ ਸੋਮ ਪਾਕੁ ਹਿਰਹਿ ਪਰ ਦਰਬਾ ਅੰਤਰਿ ਝੂਠ ਗੁਮਾਨ ॥	کرہِ سوم پاکُ ہِرہِ پر دربا انترِ جھوُٹھ گُمان ॥
ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ ਬਿਆਪੇ ਮਨ ਕੈ ਮਾਨ ॥੨॥	ساستّر بید کی بِدھِ نہی جاٹہِ بِیاپے من کے مان ॥2॥
ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ ਸਫਰੀ ਦੰਫਾਨ ॥	سنّدھیا کال کرہِ سبھِ ورتا جِءُ سفری دنّھان ॥
ਪ੍ਰਭੂ ਭੁਲਾਏ ਊਝੜਿ ਪਾਏ ਨਿਹਫਲ ਸਭਿ ਕਰਮਾਨ ॥੩॥	پّربھوُ بھُلائے اوُجھڑِ پائے نِہپھل سبھِ کرمان ॥3॥
ਸੋ ਗਿਆਨੀ ਸੋ ਬੈਸਨੌ ਪੜ੍ਹਿਆ ਜਿਸੁ ਕਰੀ ਕ੍ਰਿਪਾ ਭਗਵਾਨ ॥	سو گیانی سو بیَسنوَ پڑہیا جِسُ کری کرِپا بھگوان ॥
ਉਨਿ ਸਤਿਗੁਰੁ ਸੇਵਿ ਪਰਮ ਪਦੁ ਪਾਇਆ ਉਧਰਿਆ ਸਗਲ ਬਿਸ੍ਵਾਨ ॥੪॥	اوُنِ ستِگُرُ سیوِ پرم پدُ پائیا اُدھرِیا سگل بِسّوان ॥4॥
ਕਿਆ ਹਮ ਕਥਹ ਕਿਛੁ ਕਥਿ ਨਹੀ ਜਾਣਹ ਪ੍ਰਭ ਭਾਵੈ ਤਿਵੈ ਬੋਲਾਨ ॥	کِیا ہم کتھہ کِچھُ کتھِ نہی جاٹہ پّربھ بھاوے تِوے بولان ॥
ਸਾਧਸੰਗਤਿ ਕੀ ਧੂਰਿ ਇਕ ਮਾਂਗਉ	سادھسنگتِ کی دھوُرِ اِک مانگءُ

ਜਨ ਨਾਨਕ ਪਇਓ ਸਰਾਨ ॥੫॥੨॥

جن نانک پئیو سران ॥5॥2॥

ਸਾਰਗ ਮਹਲਾ ੫ ॥

سارگ محلا 5 ॥

ਅਬ ਮੋਰੋ ਨਾਚਨੋ ਰਹੋ ॥

اب مورو ناچنو رہو ॥

ਲਾਲੁ ਰਗੀਲਾ ਸਹਜੇ ਪਾਇਓ
ਸਤਿਗੁਰ ਬਚਨਿ ਲਹੋ ॥੧॥ ਰਹਾਉ ॥

لالُ رگیلا سہجے پائیو
ستگُر بچنِ لہو ॥1॥ رہاءُ ॥

ਕੁਆਰ ਕੰਨਿਆ ਜੈਸੇ ਸੰਗਿ ਸਹੇਰੀ
ਪ੍ਰਿਅ ਬਚਨ ਉਪਹਾਸ ਕਹੋ ॥

کُیار کنّیا جیسے سنگِ سہیری
پّرِء بچن اُپہاس کہو ॥

ਜਉ ਸੁਰਿਜਨੁ ਗ੍ਰਿਹ ਭੀਤਰਿ ਆਇਓ
ਤਬ ਮੁਖੁ ਕਾਜਿ ਲਜੋ ॥੧॥

ج ءُ سُرِجنُ گرّہ بھیترِ آئیو
تب مُکھُ کاجِ لجو ॥1॥

ਜਿਉ ਕਨਿਕੋ ਕੋਠਾਰੀ ਚੜਿਓ
ਕਬਰੋ ਹੋਤ ਫਿਰੋ ॥

جِ ءُ کنِکو کوٹھاری چڑِئو
کبرو ہوت پھِرو ॥

ਜਬ ਤੇ ਸੁਧ ਭਏ ਹੈ ਬਾਰਹਿ
ਤਬ ਤੇ ਥਾਨ ਥਿਰੋ ॥੨॥

جب تے سُدھ بھئے ہے بارہِ
تب تے تھان تھِرو ॥2॥

ਜਉ ਦਿਨੁ ਰੈਨਿ ਤਊ ਲਉ ਬਜਿਓ
ਮੂਰਤ ਘਰੀ ਪਲੋ ॥

ج ءُ دِنُ ریَنِ تئو ل ءُ بجِئو
مورت گھری پلو ॥

ਬਜਾਵਨਹਾਰੋ ਊਠਿ ਸਿਧਾਰਿਓ
ਤਬ ਫਿਰਿ ਬਾਜੁ ਨ ਭਇਓ ॥੩॥

بجاونہارو اوُٹھِ سِدھارِئو
تب پھِرِ باجُ ن بھِئو ॥3॥

ਜੈਸੇ ਕੁੰਭ ਉਦਕ ਪੂਰਿ ਆਨਿਓ
ਤਬ ਉਹੁ ਭਿੰਨ ਦ੍ਰਿਸਟੋ ॥

جیسے کُنبھ اُدک پوُرِ آنِئو
تب اوُہُ بھِنّن دّرِسٹو ॥

ਕਹੁ ਨਾਨਕ ਕੁੰਭੁ ਜਲੈ ਮਹਿ ਡਾਰਿਓ
ਅੰਭੈ ਅੰਭ ਮਿਲੋ ॥੪॥੩॥

کہُ نانک کُنبھُ جلے مہِ ڈارِئو
انّبھے انّبھ مِلو ॥4॥3॥

ਸਾਰਗ ਮਹਲਾ ੫ ॥

سارگ محلا 5 ॥

ਅਬ ਪੂਛੇ ਕਿਆ ਕਹਾ ॥

اب پوُچھے کِیا کہا ۔ ॥

ਲੈਨੋ ਨਾਮੁ ਅੰਮ੍ਰਿਤ ਰਸੁ ਨੀਕੋ
ਬਾਵਰ ਬਿਖੁ ਸਿਉ ਗਹਿ ਰਹਾ ॥੧॥ ਰਹਾਉ ॥

لیَنو نامُ انمّرِت رسُ نیِکو
باور بِکھُ سِ ءُ گہِ رہا ॥1॥ رہاءُ ॥

ਦੁਲਭ ਜਨਮੁ ਚਿਰੰਕਾਲ ਪਾਇਓ
ਜਾਤਉ ਕਉਡੀ ਬਦਲਹਾ ॥

دُلبھ جنمُ چِرنّکال پائیو
جات ءُ کئڈی بدلہا ॥

ਕਾਥੂਰੀ ਕੋ ਗਾਹਕੁ ਆਇਓ
ਲਾਦਿਓ ਕਾਲਰ ਬਿਰਖ ਜਿਵਹਾ ॥੧॥

کاتھوُری کو گاہکُ آئیو
لادِئو کالر بِرکھ جِوہا ॥1॥

ਆਇਓ ਲਾਭੁ ਲਾਭਨ ਕੈ ਤਾਈ
ਮੋਹਨਿ ਠਾਗਉਰੀ ਸਿਉ ਉਲਝਿ ਪਹਾ ॥

آئیو لابھُ لابھن کے تائی
موہنِ ٹھاگئری سِ ءُ اُلجھِ پہا ॥

ਕਾਚ ਬਾਦਰੈ ਲਾਲੁ ਖੋਈ ਹੈ
ਫਿਰਿ ਇਹੁ ਅਉਸਰੁ ਕਦਿ ਲਹਾ ॥੨॥

کاچ بادرے لالُ کھوئی ہے
پھِرِ اِہُ اُسرُ کدِ لہا ॥2॥

ਸਗਲ ਪਰਾਧ ਏਕੁ ਗੁਣੁ ਨਾਹੀ
ਠਾਕੁਰੁ ਛੋڈਹ ਦਾਸਿ ਭਜਹਾ ॥

سگل پرادھ ایکُ گُنُ ناہی
ٹھاکُرُ چھوڈہ داسِ بھجہا ॥

ਆਈ ਮਸਟਿ ਜੜਵਤ ਕੀ ਨਿਆਈ
ਜਿਉ ਤਸਕਰੁ ਦਰਿ ਸਾਂਨ੍ਹਿਹਾ ॥੩॥

آئی مسٹِ جڑوت کی نِیائی
جِ ءُ تسکرُ درِ سانہِہا ॥3॥

ਆਨ ਉਪਾਉ ਨ ਕੋਊ ਸੂਝੈ
ਹਰਿ ਦਾਸਾ ਸਰਣੀ ਪਰਿ ਰਹਾ ॥

آن اُپاءُ ن کوئو سوُجھے
ہرِ داسا سرنی پرِ رہا ॥

ਕਹੁ ਨਾਨਕ ਤਬ ਹੀ ਮਨ ਛੁਟੀਐ
ਜਉ ਸਗਲੇ ਅਉਗਨ ਮੇਟਿ ਧਰਹਾ ॥੪॥੪॥

کہُ نانک تب ہی من چھُٹیئے
جءُ سگلے اُگن میٹِ دھرہا ॥4॥4॥

ਸਾਰਗ ਮਹਲਾ ੫ ॥

سارگ محلا 5 ॥

ਮਾਈ ਧੀਰਿ ਰਹੀ ਪ੍ਰਿਅ ਬਹੁਤੁ ਬਿਰਾਗਿਓ ॥

مائی دھیرِ رہی پرِء بہُتُ بِراگِئو ॥

ਅਨਿਕ ਭਾਂਤਿ ਆਨੂਪ ਰੰਗ ਰੇ
ਤਿਨ੍ ਸਿਉ ਰੁਚੈ ਨ ਲਾਗਿਓ ॥੧॥ ਰਹਾਉ ॥

اِنک بھانتِ آنوُپ رنگ رے
تِنّہ سِ ءُ رُچے َن لاگِئو ॥1॥ رہاءُ ॥

ਨਿਸਿ ਬਾਸੁਰ ਪ੍ਰਿਅ ਪ੍ਰਿਅ ਮੁਖਿ ਟੇਰਉ
ਨੀਂਦ ਪਲਕ ਨਹੀ ਜਾਗਿਓ ॥

نِس باسُر پرِء پرِء مُکھِ ٹیرءُ
نیِند پلک نہی جاگِئو ॥

ਹਾਰ ਕਜਰ ਬਸਤ੍ਰ ਅਨਿਕ ਸੀਗਾਰ ਰੇ
ਬਿਨੁ ਪਿਰ ਸਭੈ ਬਿਖੁ ਲਾਗਿਓ ॥੧॥

ہار کجر بستّر اِنک سیِگار رے
بِنُ پِر سبھے َبِکھُ لاگِئو ॥1॥

ਪੂਛਉ ਪੂਛਉ ਦੀਨ ਭਾਂਤਿ ਕਰਿ

پوُچھ ءُ پوُچھ ءُ دِین بھانتِ کرِ

ਕੋਊ ਕਹੈ ਪ੍ਰਿਅ ਦੇਸਾਂਗਿਓ ॥

ہیِنْتُو دینْءُ سبھُ منُ تنُ ارپءُ
سیِسُ چرنْ پرِ راکھِتُو ॥2॥

ਹੀਂਉ ਦੇਂਉ ਸਭੁ ਮਨੁ ਤਨੁ ਅਰਪਉ
ਸੀਸੁ ਚਰਣ ਪਰਿ ਰਾਖਿਓ ॥੨॥

ਚਰਣ ਬੰਦਨਾ ਅਮੋਲ ਦਾਸਰੋ
ਦੇਂਉ ਸਾਧਸੰਗਤਿ ਅਰਦਾਗਿਓ ॥

چرنْ بندنا امول داسرو
دینْءُ سادھسنگتِ اردا گِتُو ॥

ਕਰਹੁ ਕ੍ਰਿਪਾ ਮੋਹਿ ਪ੍ਰਭੂ ਮਿਲਾਵਹੁ
ਨਿਮਖ ਦਰਸੁ ਪੇਖਾਗਿਓ ॥੩॥

کرہُ کرِپا موہِ پربھوُ مِلاوہُ
نِمکھ درسُ پیکھا گِتُو ॥3॥

ਦ੍ਰਿਸਟਿ ਭਈ ਤਬ ਭੀਤਰਿ ਆਇਓ
ਮੇਰਾ ਮਨੁ ਅਨਦਿਨੁ ਸੀਤਲਾਗਿਓ ॥

دْرِسٹِ بھئی تب بھیترِ آئیتُو
میرا منُ اندِنُ سیِتلا گِتُو ॥

ਕਹੁ ਨਾਨਕ ਰਸਿ ਮੰਗਲ ਗਾਏ
ਸਬਦੁ ਅਨਾਹਦੁ ਬਾਜਿਓ ॥੪॥੫॥

کہُ نانک رسِ منگل گائے
سبدُ اناہدُ باجِتُو ॥4॥5॥

ਸਾਰਗ ਮਹਲਾ ੫ ॥

سارگ محلا 5 ॥

ਮਾਈ ਸਤਿ ਸਤਿ ਸਤਿ ਹਰਿ
ਸਤਿ ਸਤਿ ਸਤਿ ਸਾਧਾ ॥

مائی ستِ ستِ ستِ ہرِ
ستِ ستِ ستِ سادھا ॥

ਬਚਨੁ ਗੁਰੂ ਜੋ ਪੂਰੇ ਕਹਿਓ
ਮੈ ਛੀਕਿ ਗਾਂਠਰੀ ਬਾਧਾ ॥੧॥ ਰਹਾਉ ॥

بچنُ گُرو جو پوُرے کہِتُو
مے چھیکِ گانٹھری بادھا ॥1॥ رہاءُ ॥

ਨਿਸਿ ਬਾਸੁਰ ਨਖਿਅਤ੍ਰ ਬਿਨਾਸੀ
ਰਵਿ ਸਸੀਅਰ ਬੇਨਾਧਾ ॥

نِس باسُر نکھِتّر بِناسی
روِ سسیئر بینادھا ॥

ਗਿਰਿ ਬਸੁਧਾ ਜਲ ਪਵਨ ਜਾਇਗੋ
ਇਕਿ ਸਾਧ ਬਚਨ ਅਟਲਾਧਾ ॥੧॥

گِرِ بسُدھا جل پون جائِگو
اِکِ سادھ بچن اٹلادھا ॥1॥

ਅੰਡ ਬਿਨਾਸੀ ਜੇਰ ਬਿਨਾਸੀ
ਉਤਭੁਜ ਸੇਤ ਬਿਨਾਧਾ ॥

انڈ بِناسی جیر بِناسی
اُتبھُج سیت بِنادھا ॥

ਚਾਰਿ ਬਿਨਾਸੀ ਖਟਹਿ ਬਿਨਾਸੀ
ਇਕਿ ਸਾਧ ਬਚਨ ਨਿਹਚਲਾਧਾ ॥੨॥

چارِ بِناسی کھٹہِ بِناسی
اِکِ سادھ بچن نِہچلادھا ॥2॥

ਰਾਜ ਬਿਨਾਸੀ ਤਾਮ ਬਿਨਾਸੀ

راج بِناسی تام بِناسی

ਸਾਤਕੁ ਭੀ ਬੇਨਾਧਾ ॥

ساتکُ بھی بینادھا ॥

ਦ੍ਰਿਸਟਿਮਾਨ ਹੈ ਸਗਲ ਬਿਨਾਸੀ
ਇਕਿ ਸਾਧ ਬਚਨ ਆਗਾਧਾ ॥੩॥

دّرِسٹِمان ہے سگل بِناسی
اِکِ سادھ بچن آگادھا ॥3॥

ਆਪੇ ਆਪਿ ਆਪ ਹੀ ਆਪੇ
ਸਭੁ ਆਪਨ ਖੇਲੁ ਦਿਖਾਧਾ ॥

آپے آپِ آپ ہی آپے
سبھُ آپن کھیلُ دِکھادھا ॥

ਪਾਇਓ ਨ ਜਾਈ ਕਹੀ ਭਾਂਤਿ ਰੇ
ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥੪॥੬॥

پائیو ن جائی کہی بھانتِ رے
پربھُ نانک گُر مِلِ لادھا ॥4॥6॥

ਸਾਰਗ ਮਹਲਾ ੫ ॥

سارگ محلا 5 ॥

ਮੇਰੈ ਮਨਿ ਬਾਸਿਬੋ ਗੁਰ ਗੋਬਿੰਦ ॥

میرے منِ باسِبو گُر گوبِند ॥

ਜਹਾਂ ਸਿਮਰਨੁ ਭਇਓ ਹੈ ਠਾਕੁਰ
ਤਹਾਂ ਨਗਰ ਸੁਖ ਆਨੰਦ ॥੧॥ ਰਹਾਉ ॥

جہاں سِمرنُ بھیئو ہے ٹھاکُر
تہاں نگر سُکھ آنند ॥1॥ رہاءُ ॥

ਜਹਾਂ ਬੀਸਰੈ ਠਾਕੁਰੁ ਪਿਆਰੋ
ਤਹਾਂ ਦੂਖ ਸਭ ਆਪਦ ॥

جہاں بِسرے ٹھاکُرُ پِیارو
تہاں دوُکھ سبھ آپد ॥

ਜਹ ਗੁਨ ਗਾਇ ਆਨੰਦ ਮੰਗਲ ਰੂਪ
ਤਹਾਂ ਸਦਾ ਸੁਖ ਸੰਪਦ ॥੧॥

جہ گُن گاءِ آنند منگل روُپ
تہاں سدا سُکھ سنپد ॥1॥

ਜਹਾ ਸ੍ਰਵਨ ਹਰਿ ਕਥਾ ਨ ਸੁਨੀਐ
ਤਹ ਮਹਾ ਭਇਆਨ ਉਦਿਆਨਦ ॥

جہا سّرون ہرِ کتھا ن سُنیئے
تہ مہا بھیّان اُدِیاند ॥

ਜਹਾਂ ਕੀਰਤਨੁ ਸਾਧਸੰਗਤਿ ਰਸੁ
ਤਹ ਸਘਨ ਬਾਸ ਫਲਾਂਨਦ ॥੨॥

جہاں کیرتنُ سادھسنگتِ رسُ
تہ سگھن باس پھلانند ॥2॥

ਬਿਨੁ ਸਿਮਰਨ ਕੋਟਿ ਬਰਖ ਜੀਵੈ
ਸਗਲੀ ਅਉਧ ਬ੍ਰਿਥਾਨਦ ॥

بِنُ سِمرن کوٹِ برکھ جیوے
سگلی اُدھ بّرِتھاند ॥

ਏਕ ਨਿਮਖ ਗੋਬਿੰਦ ਭਜਨੁ ਕਰਿ
ਤਉ ਸਦਾ ਸਦਾ ਜੀਵਾਨਦ ॥੩॥

ایک نِمکھ گوبِند بھجنُ کرِ
تءُ سدا سدا جیواند ॥3॥

ਸਰਨਿ ਸਰਨਿ ਸਰਨਿ ਪ੍ਰਭ ਪਾਵਉ
ਦੀਜੈ ਸਾਧਸੰਗਤਿ ਕਿਰਪਾਨਦ ॥

سرنِ سرنِ سرنِ پربھ پاوءُ
دیجے سادھسنگتِ کرپاند ॥

ਨਾਨਕ ਪੂਰਿ ਰਹਿਓ ਹੈ ਸਰਬ ਮੈ
ਸਗਲ ਗੁਣਾ ਬਿਧਿ ਜਾਂਨਦ ॥੪॥੭॥

نانک پوُرِ رہئو ہے سرب مے
سگل گُٹا بِدھِ جانند ॥4॥7॥

ਸਾਰਗ ਮਹਲਾ ੫ ॥

سارگ محلا 5 ॥

ਅਬ ਮੋਹਿ ਰਾਮ ਭਰੋਸਉ ਪਾਏ ॥

اب موہِ رام بھروس ءُ پائے ॥

ਜੋ ਜੋ ਸਰਣਿ ਪਰਿਓ ਕਰੁਣਾਨਿਧਿ
ਤੇ ਤੇ ਭਵਹਿ ਤਰਾਏ ॥੧॥ ਰਹਾਉ ॥

جو جو سرنِ پرئو کرُٹانِدھِ
تے تے بھوہِ ترائے ॥1॥ رہاءُ ॥

ਸੁਖਿ ਸੋਇਓ ਅਰੁ ਸਹਜਿ ਸਮਾਇਓ
ਸਹਸਾ ਗੁਰਹਿ ਗਵਾਏ ॥

سُکھِ سوئئو ارُ سہجِ سمائئو
سہسا گُرہِ گوائے ॥

ਜੋ ਚਾਹਤ ਸੋਈ ਹਰਿ ਕੀਓ
ਮਨ ਬਾਂਛਤ ਫਲ ਪਾਏ ॥੧॥

جو چاہت سوئی ہرِ کِینئو
من بانچھت پھل پائے ॥1॥

ਹਿਰਦੈ ਜਪਉ ਨੇਤ੍ਰ ਧਿਆਨੁ ਲਾਵਉ
ਸ੍ਰਵਨੀ ਕਥਾ ਸੁਨਾਏ ॥

ہِردے جپ ءُ نیتّر دھِیانُ لاوءُ
سّرونی کتھا سُنائے ॥

ਚਰਣੀ ਚਲਉ ਮਾਰਗਿ ਠਾਕੁਰ ਕੈ
ਰਸਨਾ ਹਰਿ ਗੁਣ ਗਾਏ ॥੨॥

چرنٹی چل ءُ مارگِ ٹھاکُر کے
رسنا ہرِ گُنٹ گائے ॥2॥

ਦੇਖਿਓ ਦ੍ਰਿਸਟਿ ਸਰਬ ਮੰਗਲ ਰੂਪ
ਉਲਟੀ ਸੰਤ ਕਰਾਏ ॥

دیکھِئو دّرِسٹِ سرب منگل روُپ
اُلٹی سنّت کرائے ॥

ਪਾਇਓ ਲਾਲੁ ਅਮੋਲੁ ਨਾਮੁ ਹਰਿ
ਛੋਡਿ ਨ ਕਤਹੂ ਜਾਏ ॥੩॥

پائِئو لالُ امولُ نامُ ہرِ
چھوڈِ ن کتہُو جائے ॥3॥

ਕਵਨ ਉਪਮਾ ਕਉਨ ਬਡਾਈ
ਕਿਆ ਗੁਨ ਕਹਉ ਰੀਝਾਏ ॥

کون اُپما کئُن بڈائی
کِیا گُن کہ ءُ ریجھائے ۔ ॥

ਹੋਤ ਕ੍ਰਿਪਾਲ ਦੀਨ ਦਇਆ ਪ੍ਰਭ
ਜਨ ਨਾਨਕ ਦਾਸ ਦਸਾਏ ॥੪॥੮॥

ہوت کّرِپال دِین دئیا پّربھ
جن نانک داس دسائے ॥4॥8॥

ਸਾਰਗ ਮਹਲਾ ੫ ॥

سارگ محلا 5 ॥

ਉਇ ਸੁਖ ਕਾ ਸਿਉ ਬਰਨਿ ਸੁਨਾਵਤ ॥

اوُءِ سُکھ کا سِ ءُ برنِ سُناوت ۔ ॥

ਅਨਦ ਬਿਨੋਦ ਪੇਖਿ ਪ੍ਰਭ ਦਰਸਨ

اند بِنود پیکھِ پّربھ درسن

ਮਨਿ ਮੰਗਲ ਗੁਨ ਗਾਵਤ ॥੧॥ ਰਹਾਉ ॥

منِ منگل گُن گاوت ॥1॥ رہاءُ ॥

ਬਿਸਮ ਭਈ ਪੇਖਿ ਬਿਸਮਾਦੀ
ਪੂਰਿ ਰਹੇ ਕਿਰਪਾਵਤ ॥

بِسم بھئی پیکھِ بِسمادی
پُورِ رہے کِرپاوت ॥

ਪੀਓ ਅੰਮ੍ਰਿਤ ਨਾਮੁ ਅਮੋਲਕ
ਜਿਉ ਚਾਖਿ ਗੂੰਗਾ ਮੁਸਕਾਵਤ ॥੧॥

پِیئو انمّرِت نامُ امولک
جِءُ چاکھِ گُونگا مُسکاوت ॥1॥

ਜੈਸੇ ਪਵਨੁ ਬੰਧ ਕਰਿ ਰਾਖਿਓ
ਬੂਝ ਨ ਆਵਤ ਜਾਵਤ ॥

جیَسے پونُ بنّدھ کرِ راکھِئو
بُوجھ ن آوت جاوت ॥

ਜਾ ਕਉ ਰਿਦੈ ਪ੍ਰਗਾਸੁ ਭਇਓ ਹਰਿ
ਉਆ ਕੀ ਕਹੀ ਨ ਜਾਇ ਕਹਾਵਤ ॥੨॥

جا ک ءُ رِدے پّرگاسُ بھئِئو ہرِ
اُیا کی کہی ن جاءِ کہاوت ॥2॥

ਆਨ ਉਪਾਵ ਜੇਤੇ ਕਿਛੁ ਕਹੀਅਹਿ
ਤੇਤੇ ਸੀਖੇ ਪਾਵਤ ॥

آن اُپاو جیتے کِچھُ کہِیئہِ
تیتے سِکھے پاوت ॥

ਅਚਿੰਤ ਲਾਲੁ ਗ੍ਰਿਹ ਭੀਤਰਿ ਪ੍ਰਗਟਿਓ
ਅਗਮ ਜੈਸੇ ਪਰਖਾਵਤ ॥੩॥

اچِنّت لالُ گّرِہ بھیترِ پّرگٹِئو
اگم جیَسے پرکھاوت ॥3॥

ਨਿਰਗੁਣ ਨਿਰੰਕਾਰ ਅਬਿਨਾਸੀ
ਅਤੁਲੋ ਤੁਲਿਓ ਨ ਜਾਵਤ ॥

نِرگُنّ نِرنّکار ابِناسی
اتُلو تُلِئو ن جاوت ॥

ਕਹੁ ਨਾਨਕ ਅਜਰੁ ਜਿਨਿ ਜਰਿਆ
ਤਿਸੁ ਹੀ ਕਉ ਬਨਿ ਆਵਤ ॥੪॥੯॥

کہُ نانک اجرُ جِنِ جرِیا
تِسُ ہی ک ءُ بنِ آوت ॥4॥9॥

ਸਾਰਗ ਮਹਲਾ ੫ ॥

سارگ محلا 5 ॥

ਬਿਖਈ ਦਿਨੁ ਰੈਨਿ ਇਵ ਹੀ ਗੁਦਾਰੈ ॥

بِکھئی دِنُ ریَنِ اِو ہی گُدارے ॥

ਗੋਬਿੰਦੁ ਨ ਭਜੈ ਅਹੰਬੁਧਿ ਮਾਤਾ
ਜਨਮੁ ਜੂਐ ਜਿਉ ਹਾਰੈ ॥੧॥ ਰਹਾਉ ॥

گوبِنّدُ ن بھجے اہنّبُدھِ ماتا
جنمُ جُوئے جِءُ ہارے ॥1॥ رہاءُ ॥

ਨਾਮੁ ਅਮੋਲਾ ਪ੍ਰੀਤਿ ਨ ਤਿਸ ਸਿਉ
ਪਰ ਨਿੰਦਾ ਹਿਤਕਾਰੈ ॥

نامُ امولا پّریتِ ن تِس سِءُ
پر نِنّدا ہِتکارے ॥

ਛਾਪਰੁ ਬਾਂਧਿ ਸਵਾਰੈ ਤ੍ਰਿਣ ਕੋ
ਦੁਆਰੈ ਪਾਵਕੁ ਜਾਰੈ ॥੧॥

چھاپرُ باندھِ سوارے تّرِنّ کو
دُیارے پاوکُ جارے ॥1॥

ਕਾਲਰ ਪੋਟ ਉਠਾਵੈ ਮੂੰਡਹਿ
ਅੰਮ੍ਰਿਤੁ ਮਨ ਤੇ ਡਾਰੈ ॥

کالر پوٹ اُٹھاوے مونڈہِ
انمرِتُ من تے ڈارے ॥

ਓਢੈ ਬਸਤ੍ਰ ਕਾਜਰ ਮਹਿ ਪਰਿਆ
ਬਹੁਰਿ ਬਹੁਰਿ ਫਿਰਿ ਝਾਰੈ ॥੨॥

اوڈھے بسترّ کاجر مہِ پریا
بہُرِ بہُرِ پھِرِ جھارے ॥2॥

ਕਾਟੈ ਪੇਡੁ ਡਾਲ ਪਰਿ ਠਾਢੌ
ਖਾਇ ਖਾਇ ਮੁਸਕਾਰੈ ॥

کاٹے پیڈُ ڈال پرِ ٹھاڈھوَ
کھاءِ کھاءِ مُسکارے ॥

ਗਿਰਿਓ ਜਾਇ ਰਸਾਤਲਿ ਪਰਿਓ
ਛਿਟੀ ਛਿਟੀ ਸਿਰ ਭਾਰੈ ॥੩॥

گِرِئو جاءِ رساتلِ پرِئو
چھِٹی چھِٹی سِر بھارے ॥3॥

ਨਿਰਵੈਰੈ ਸੰਗਿ ਵੈਰੁ ਰਚਾਏ
ਪਹੁਚਿ ਨ ਸਕੈ ਗਵਾਰੈ ॥

نِرویرے سنگِ ویرُ رچائے
پہُچِ ن سکےَ گوارے ॥

ਕਹੁ ਨਾਨਕ ਸੰਤਨ ਕਾ ਰਾਖਾ
ਪਾਰਬ੍ਰਹਮੁ ਨਿਰੰਕਾਰੈ ॥੪॥੧੦॥

کہُ نانک سنتن کا راکھا
پاربرّہمُ نِرنکارے ॥4॥ 10 ॥

ਸਾਰਗ ਮਹਲਾ ੫ ॥

سارگ محلا 5 ॥

ਅਵਰਿ ਸਭਿ ਭੂਲੇ ਭ੍ਰਮਤ ਨ ਜਾਨਿਆ ॥

اورِ سبھِ بھوُلے بھرّمت ن جانِیا ॥

ਏਕੁ ਸੁਧਾਖਰੁ ਜਾ ਕੈ ਹਿਰਦੈ ਵਸਿਆ
ਤਿਨਿ ਬੇਦਹਿ ਤਤੁ ਪਛਾਨਿਆ ॥੧॥ ਰਹਾਉ ॥

ایکُ سُدھاکھرُ جا کے ہِردے وسِیا
تِنِ بیدہِ تتُ پچھانِیا ॥1॥ رہاءُ ॥

ਪਰਵਿਰਤਿ ਮਾਰਗੁ ਜੇਤਾ ਕਿਛੁ ਹੋਈਐ
ਤੇਤਾ ਲੋਗ ਪਚਾਰਾ ॥

پرِورتِ مارگُ جیتا کچھُ ہوئیَے
تیتا لوگ پچارا ॥

ਜਉ ਲਉ ਰਿਦੈ ਨਹੀ ਪਰਗਾਸਾ
ਤਉ ਲਉ ਅੰਧ ਅੰਧਾਰਾ ॥੧॥

جءُ لءُ رِدے نہی پرگاسا
تءُ لءُ اندھ اندھارا ॥1॥

ਜੈਸੇ ਧਰਤੀ ਸਾਧੈ ਬਹੁ ਬਿਧਿ
ਬਿਨੁ ਬੀਜੈ ਨਹੀ ਜਾਂਮੈ ॥

جیَسے دھرتی سادھےَ بہُ بِدھِ
بِنُ بیجےَ نہی جانمےَ ॥

ਰਾਮ ਨਾਮ ਬਿਨੁ ਮੁਕਤਿ ਨ ਹੋਈ ਹੈ
ਤੁਟੈ ਨਾਹੀ ਅਭਿਮਾਨੈ ॥੨॥

رام نام بِنُ مُکتِ ن ہوئی ہےَ
تُٹےَ ناہی ابھِمانے ॥2॥

ਨੀਰੁ ਬਿਲੋਵੈ ਅਤਿ ਸ੍ਰਮੁ ਪਾਵੈ

نیرُ بِلووے اتِ سّرمُ پاوے

ਨੈਨੂ ਕੈਸੇ ਰੀਸੈ ॥	نینُو کیسے ریسے ۔ ॥
ਬਿਨੁ ਗੁਰ ਭੇਟੇ ਮੁਕਤਿ ਨ ਕਾਹੂ ਮਿਲਤ ਨਹੀ ਜਗਦੀਸੈ ॥੩॥	بِنُ گُر بھیٹے مُکتِ ن کاہُو مِلت نہی جگدیسے ॥3॥
ਖੋਜਤ ਖੋਜਤ ਇਹੈ ਬੀਚਾਰਿਓ ਸਰਬ ਸੁਖਾ ਹਰਿ ਨਾਮਾ ॥	کھوجت کھوجت اِہے بیچارِئو سرب سُکھا ہرِ نامَا ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਾ ਕੈ ਲੇਖੁ ਮਥਾਮਾ ॥੪॥੧੧॥	کہُ نانک تِس بھیئو پراپتِ جا کے لیکھُ متھاما ॥4॥ 11 ॥
ਸਾਰਗ ਮਹਲਾ ੫ ॥	سارگ محلا 5 ॥
ਅਨਦਿਨੁ ਰਾਮ ਕੇ ਗੁਣ ਕਹੀਐ ॥	اندِنُ رام کے گُن کہیئے ॥
ਸਗਲ ਪਦਾਰਥ ਸਰਬ ਸੂਖ ਸਿਧਿ ਮਨ ਬਾਂਛਤ ਫਲ ਲਹੀਐ ॥੧॥ ਰਹਾਉ ॥	سگل پدارتھ سرب سُوکھ سِدھِ من بانچھت پھل لہیئے ॥1॥ رہاءُ ॥
ਆਵਹੁ ਸੰਤ ਪ੍ਰਾਨ ਸੁਖਦਾਤੇ ਸਿਮਰਹ ਪ੍ਰਭੁ ਅਬਿਨਾਸੀ ॥	آوہُ سنّت پران سُکھداتے سِمرہ پربھُ اِبناسی ॥
ਅਨਾਥਹ ਨਾਥੁ ਦੀਨ ਦੁਖ ਭੰਜਨ ਪੂਰਿ ਰਹਿਓ ਘਟ ਵਾਸੀ ॥੧॥	اناتھ ناتھُ دِین دُکھ بھنّجن پُورِ رہِئو گھٹ واسی ॥1॥
ਗਾਵਤ ਸੁਨਤ ਸੁਨਾਵਤ ਸਰਧਾ ਹਰਿ ਰਸੁ ਪੀ ਵਡਭਾਗੇ ॥	گاوت سُنت سُناوت سردھا ہرِ رسُ پی وڈبھاگے ॥
ਕਲਿ ਕਲੇਸ ਮਿਟੇ ਸਭਿ ਤਨ ਤੇ ਰਾਮ ਨਾਮ ਲਿਵ ਜਾਗੇ ॥੨॥	کلِ کلیس مِٹے سبھِ تن تے رام نام لِو جاگے ॥2॥
ਕਾਮੁ ਕ੍ਰੋਧੁ ਝੂਠੁ ਤਜਿ ਨਿੰਦਾ ਹਰਿ ਸਿਮਰਨਿ ਬੰਧਨ ਤੂਟੇ ॥	کامُ کرودھُ جھوُٹھُ تجِ نِندا ہرِ سِمرنِ بندھن توٹے ॥
ਮੋਹ ਮਗਨ ਅਹੰ ਅੰਧ ਮਮਤਾ ਗੁਰ ਕਿਰਪਾ ਤੇ ਛੂਟੇ ॥੩॥	موہ مگن اہنّ اندھ ممتا گُر کِرپا تے چھوُٹے ॥3॥
ਤੂ ਸਮਰਥੁ ਪਾਰਬ੍ਰਹਮ ਸੁਆਮੀ ਕਰਿ ਕਿਰਪਾ ਜਨੁ ਤੇਰਾ ॥	توُ سمرتھُ پاربرہم سُیامی کرِ کِرپا جنُ تیرا ॥

ਪੂਰਿ ਰਹਿਓ ਸਰਬ ਮਹਿ ਠਾਕੁਰੁ
ਨਾਨਕ ਸੋ ਪ੍ਰਭੁ ਨੇਰਾ ॥੪॥੧੨॥

پُورِ رہِئو سرب مہِ ٹھاکُرُ
نانک سو پربھُ نیرا ॥4॥ 12 ॥

ਸਾਰਗ ਮਹਲਾ ੫ ॥

سارگ محلا 5 ॥

ਬਲਿਹਾਰੀ ਗੁਰਦੇਵ ਚਰਨ ॥

بلِہاری گُردیو چرن ॥

ਜਾ ਕੈ ਸੰਗਿ ਪਾਰਬ੍ਰਹਮੁ ਧਿਆਈਐ
ਉਪਦੇਸੁ ਹਮਾਰੀ ਗਤਿ ਕਰਨ ॥੧॥ ਰਹਾਉ ॥

جا کے سنگِ پاربرہمُ دھیائیئے
اُپدیسُ ہماری گتِ کرن ॥1॥ رہاءُ ॥

ਦੂਖ ਰੋਗ ਭੈ ਸਗਲ ਬਿਨਾਸੇ
ਜੋ ਆਵੈ ਹਰਿ ਸੰਤ ਸਰਨ ॥

دوُکھ روگ بھے سگل بِناسے
جو آوے ہرِ سنّت سرن ॥

ਆਪਿ ਜਪੈ ਅਵਰਹ ਨਾਮੁ ਜਪਾਵੈ
ਵਡ ਸਮਰਥ ਤਾਰਨ ਤਰਨ ॥੧॥

آپِ جپے اورہ نامُ جپاوے
وڈ سمرتھ تارن ترن ॥1॥

ਜਾ ਕੋ ਮੰਤ੍ਰੁ ਉਤਾਰੈ ਸਹਸਾ
ਊਣੇ ਕਉ ਸੁਭਰ ਭਰਨ ॥

جا کو منّتر اُتارے سہسا
اوُنے کءُ سُبھر بھرن ॥

ਹਰਿ ਦਾਸਨ ਕੀ ਆਗਿਆ ਮਾਨਤ
ਤੇ ਨਾਹੀ ਫੁਨਿ ਗਰਭ ਪਰਨ ॥੨॥

ہرِ داسن کی آگیا مانت
تے ناہی پھُنِ گربھ پرن ॥2॥

ਭਗਤਨ ਕੀ ਟਹਲ ਕਮਾਵਤ ਗਾਵਤ
ਦੁਖ ਕਾਟੇ ਤਾ ਕੇ ਜਨਮ ਮਰਨ ॥

بھگتن کی ٹہل کماوت گاوت
دُکھ کاٹے تا کے جنم مرن ॥

ਜਾ ਕਉ ਭਇਓ ਕ੍ਰਿਪਾਲੁ ਬੀਠੁਲਾ
ਤਿਨਿ ਹਰਿ ਹਰਿ ਅਜਰ ਜਰਨ ॥੩॥

جا کءُ بھئِئو کرِپالُ بِیٹھُلا
تِنِ ہرِ ہرِ اجر جرن ॥3॥

ਹਰਿ ਰਸਹਿ ਅਘਾਨੇ ਸਹਜਿ ਸਮਾਨੇ
ਮੁਖ ਤੇ ਨਾਹੀ ਜਾਤ ਬਰਨ ॥

ہرِ رسہِ اگھانے سہجِ سمانے
مُکھ تے ناہی جات برن ॥

ਗੁਰ ਪ੍ਰਸਾਦਿ ਨਾਨਕ ਸੰਤੋਖੇ
ਨਾਮੁ ਪ੍ਰਭੁ ਜਪਿ ਜਪਿ ਉਧਰਨ ॥੪॥੧੩॥

گُر پرسادِ نانک سنّتو کھے
نامُ پربھوُ جپِ جپِ اُدھرن ॥4॥ 13 ॥

ਸਾਰਗ ਮਹਲਾ ੫ ॥

سارگ محلا 5 ॥

ਗਾਇਓ ਰੀ ਮੈ ਗੁਣ ਨਿਧਿ ਮੰਗਲ ਗਾਇਓ ॥

گائِئو ری مے گُن نِدھِ منگل گائِئو ॥

ਭਲੇ ਸੰਜੋਗ ਭਲੇ ਦਿਨ ਅਉਸਰ

بھلے سنجوگ بھلے دِن اُسر

ਜਉ ਗੋਪਾਲੁ ਰੀਝਾਇਓ ॥੧॥ ਰਹਾਉ ॥	ج ءُ گوپالُ ریجھائیو ॥1॥ رہاءُ ॥
ਸੰਤਹ ਚਰਨ ਮੋਰਲੋ ਮਾਥਾ ॥	سنّتہ چرن مورلو ماتھا ॥
ਹਮਰੇ ਮਸਤਕਿ ਸੰਤ ਧਰੇ ਹਾਥਾ ॥੧॥	ہمرے مستکِ سنّت دھرے ہاتھا ॥1॥
ਸਾਧਹ ਮੰਤ੍ਰੁ ਮੋਰਲੋ ਮਨੂਆ ॥	سادھہ منّتر مورلو منوُیا ॥
ਤਾ ਤੇ ਗਤੁ ਹੋਏ ਤ੍ਰੈ ਗੁਨੀਆ ॥੨॥	تا تے گت ہوئے ترّے گُنیا ॥2॥
ਭਗਤਹ ਦਰਸੁ ਦੇਖਿ ਨੈਨ ਰੰਗਾ ॥	بھگتہ درسُ دیکھِ نین رنگا ॥
ਲੋਭ ਮੋਹ ਤੂਟੇ ਭ੍ਰਮ ਸੰਗਾ ॥੩॥	لوبھ موہ توٹے بھرم سنگا ॥3॥
ਕਹੁ ਨਾਨਕ ਸੁਖ ਸਹਜ ਅਨੰਦਾ ॥	کہُ نانک سُکھ سہج انندا ॥
ਖੋਲ੍ਹਿ ਭੀਤਿ ਮਿਲੇ ਪਰਮਾਨੰਦਾ ॥੪॥੧੪॥	کھولہِ بھیتِ ملے پرمانندا ॥4॥ 14 ॥
ਸਾਰਗ ਮਹਲਾ ੫ ਘਰੁ ੨	سارگ محلا 5 گھرُ 2
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਕੈਸੇ ਕਹਉ ਮੋਹਿ ਜੀਅ ਬੇਦਨਾਈ ॥	کیسے کہءُ موہِ جیء بیدنائی ॥
ਦਰਸਨ ਪਿਆਸ ਪ੍ਰਿਅ ਪ੍ਰੀਤਿ ਮਨੋਹਰ ਮਨੁ ਨ ਰਹੈ ਬਹੁ ਬਿਧਿ ਉਮਕਾਈ ॥੧॥ ਰਹਾਉ ॥	درسن پیاس پرّیء پرّیتِ منوہر منُ ن رہے بہُ بِدھِ اُمکائی ॥1॥ رہاءُ ॥
ਚਿਤਵਨਿ ਚਿਤਵਉ ਪ੍ਰਿਅ ਪ੍ਰੀਤਿ ਬੈਰਾਗੀ ਕਦਿ ਪਾਵਉ ਹਰਿ ਦਰਸਾਈ ॥	چِتونِ چِتوءُ پرّیء پرّیتِ بیَراگی کدِ پاوءُ ہرِ درسائی ۔ ॥
ਜਤਨ ਕਰਉ ਇਹੁ ਮਨੁ ਨਹੀ ਧੀਰੈ ਕੋਊ ਹੈ ਰੇ ਸੰਤੁ ਮਿਲਾਈ ॥੧॥	جتن کرءُ اِہُ منُ نہی دھیرے کوئوُ ہے رے سنّتُ مِلائی ॥1॥
ਜਪ ਤਪ ਸੰਜਮ ਪੁੰਨ ਸਭਿ ਹੋਮਉ ਤਿਸੁ ਅਰਪਉ ਸਭਿ ਸੁਖ ਜਾਂਈ ॥	جپ تپ سنجم پُنّن سبھِ ہومءُ تِسُ ارپءُ سبھِ سُکھ جانئی ॥
ਏਕ ਨਿਮਖ ਪ੍ਰਿਅ ਦਰਸੁ ਦਿਖਾਵੈ ਤਿਸੁ ਸੰਤਨ ਕੈ ਬਲਿ ਜਾਂਈ ॥੨॥	ایک نِمکھ پرّیء درسُ دِکھاوے تِسُ سنّتن کے بلِ جانئی ॥2॥
ਕਰਉ ਨਿਹੋਰਾ ਬਹੁਤੁ ਬੇਨਤੀ ਸੇਵਉ ਦਿਨੁ ਰੈਨਾਈ ॥	کرءُ نِہورا بہُتُ بینتی سیوءُ دِنُ رینائی ॥

ਮਾਨੁ ਅਭਿਮਾਨੁ ਹਉ ਸਗਲ ਤਿਆਗਉ
ਜੋ ਪ੍ਰਿਅ ਬਾਤ ਸੁਨਾਈ ॥੩॥

مانُ ابھمانُ ہءُ سگل تِیاگءُ
جو پّرء بات سُنائی ॥3॥

ਦੇਖਿ ਚਰਿਤ੍ਰ ਭਈ ਹਉ ਬਿਸਮਨਿ
ਗੁਰਿ ਸਤਿਗੁਰਿ ਪੁਰਖਿ ਮਿਲਾਈ ॥

دیکھِ چرِتّر بھئی ہءُ بِسمنِ
گُرِ ستِگُرِ پُرکھِ مِلائی ॥

ਪ੍ਰਭ ਰੰਗ ਦਇਆਲ ਮੋਹਿ ਗ੍ਰਿਹ ਮਹਿ ਪਾਇਆ
ਜਨ ਨਾਨਕ ਤਪਤਿ ਬੁਝਾਈ ॥੪॥੧॥੧੫॥

پّربھ رنگ دئیال موہِ گّرِہ مہِ پائیا
جن نانک تپتِ بُجھائی ॥4॥1॥ 15 ॥

ਸਾਰਗ ਮਹਲਾ ੫ ॥

سارگ محلا 5 ॥

ਰੇ ਮੂੜੇ
ਤੂ ਕਿਉ ਸਿਮਰਤ ਅਬ ਨਾਹੀ ॥

رے موُڑّہے
توُ کِءُ سِمرت اب ناہی ۔ ॥

ਨਰਕ ਘੋਰ ਮਹਿ ਉਰਧ ਤਪੁ ਕਰਤਾ
ਨਿਮਖ ਨਿਮਖ ਗੁਣ ਗਾਂਹੀ ॥੧॥ ਰਹਾਉ ॥

نرک گھور مہِ اُردھ تپُ کرتا
نِمکھ نِمکھ گُنؤ گانہی ॥1॥ رہاءُ ॥

ਅਨਿਕ ਜਨਮ ਭ੍ਰਮਤੌ ਹੀ ਆਇਓ
ਮਾਨਸ ਜਨਮੁ ਦੁਲਭਾਹੀ ॥

اِنک جنم بھّرمتوَ ہی آئیَو
مانس جنمُ دُلبھاہی ॥

ਗਰਭ ਜੋਨਿ ਛੋਡਿ ਜਉ ਨਿਕਸਿਓ
ਤਉ ਲਾਗੋ ਅਨ ਠਾਂਹੀ ॥੧॥

گربھ جونِ چھوڈِ جءُ نِکسِیَو
تءُ لاگو ان ٹھانہی ॥1॥

ਕਰਹਿ ਬੁਰਾਈ ਠਗਾਈ ਦਿਨੁ ਰੈਨਿ
ਨਿਹਫਲ ਕਰਮ ਕਮਾਹੀ ॥

کرہِ بُرائی ٹھگائی دِنُ ریَنِ
نِہپھل کرم کماہی ॥

ਕਣੁ ਨਾਹੀ ਤੁਹ ਗਾਹਣ ਲਾਗੇ
ਧਾਇ ਧਾਇ ਦੁਖ ਪਾਂਹੀ ॥੨॥

کنُ ناہی تہ گاہنؤ لاگے
دھاءِ دھاءِ دُکھ پانہی ॥2॥

ਮਿਥਿਆ ਸੰਗਿ ਕੂੜਿ ਲਪਟਾਇਓ
ਉਰਝਿ ਪਰਿਓ ਕੁਸਮਾਂਹੀ ॥

مِتھیا سنگِ کوُڑِ لپٹائیَو
اُرجھِ پریَو کُسمانہی ॥

ਧਰਮ ਰਾਇ ਜਬ ਪਕਰਸਿ ਬਵਰੇ
ਤਉ ਕਾਲ ਮੁਖਾ ਉਠਿ ਜਾਹੀ ॥੩॥

دھرم راءِ جب پکرِس بورے
تءُ کال مُکھا اُٹھِ جاہی ॥3॥

ਸੋ ਮਿਲਿਆ ਜੋ ਪ੍ਰਭੂ ਮਿਲਾਇਆ
ਜਿਸੁ ਮਸਤਕਿ ਲੇਖੁ ਲਿਖਾਂਹੀ ॥

سو مِلیا جو پّربھوُ مِلائیا
جِسُ مستکِ لیکھُ لِکھانہی ॥

ਕਹੁ ਨਾਨਕ ਤਿਨ੍ ਜਨ ਬਲਿਹਾਰੀ
ਜੋ ਅਲਿਪ ਰਹੇ ਮਨ ਮਾਂਹੀ ॥੪॥੨॥੧੬॥

کہُ نانک تِنّہ جن بلِہاری
جو الِپ رہے من ماںہی ॥4॥2॥ 16 ॥

ਸਾਰਗ ਮਹਲਾ ੫ ॥

سارگ محلا 5 ॥

ਕਿਉ ਜੀਵਨੁ ਪ੍ਰੀਤਮ ਬਿਨੁ ਮਾਈ ॥

کِءُ جیِونُ پرِیتم بِنُ مائی ۔ ॥

ਜਾ ਕੇ ਬਿਛੁਰਤ ਹੋਤ ਮਿਰਤਕਾ
ਗ੍ਰਿਹ ਮਹਿ ਰਹਨੁ ਨ ਪਾਈ ॥੧॥ ਰਹਾਉ ॥

جا کے بچھُرت ہوت مِرتکا
گرِہ مہِ رہنُ ن پائی ॥1॥ رہاءُ ॥

ਜੀਅ ਹੀਅ ਪ੍ਰਾਨ ਕੋ ਦਾਤਾ
ਜਾ ਕੈ ਸੰਗਿ ਸੁਹਾਈ ॥

جیء ہیِۂء پران کو داتا
جا کے سنگِ سُہائی ॥

ਕਰਹੁ ਕ੍ਰਿਪਾ ਸੰਤਹੁ ਮੋਹਿ ਅਪੁਨੀ
ਪ੍ਰਭ ਮੰਗਲ ਗੁਣ ਗਾਈ ॥੧॥

کرہُ کرِپا سنّتہُ موہِ اپُنی
پربھ منگل گُنؔ گائی ॥1॥

ਚਰਨ ਸੰਤਨ ਕੇ ਮਾਥੇ ਮੇਰੇ ਊਪਰਿ
ਨੈਨਹੁ ਧੂਰਿ ਬਾਂਛਾਈ ॥

چرن سنّتن کے ماتھے میرے اوُپرِ
نیَنہُ دھوُرِ بانچھائیں ॥

ਜਿਹ ਪ੍ਰਸਾਦਿ ਮਿਲੀਐ ਪ੍ਰਭ ਨਾਨਕ
ਬਲਿ ਬਲਿ ਤਾ ਕੈ ਹਉ ਜਾਈ ॥੨॥੩॥੧੭॥

جہِ پرسادِ ملیئے پربھ نانک
بلِ بلِ تا کے ہءُ جائی ॥2॥3॥ 17 ॥

ਸਾਰਗ ਮਹਲਾ ੫ ॥

سارگ محلا 5 ॥

ਉਆ ਅਉਸਰ ਕੈ ਹਉ ਬਲਿ ਜਾਈ ॥

اُیا اُسر کے ہءُ بلِ جائی ॥

ਆਠ ਪਹਰ ਅਪਨਾ ਪ੍ਰਭੁ ਸਿਮਰਨੁ
ਵਡਭਾਗੀ ਹਰਿ ਪਾਂਈ ॥੧॥ ਰਹਾਉ ॥

آٹھ پہر اپنا پربھُ سِمرنُ
وڈبھاگی ہرِ پانئی ॥1॥ رہاءُ ॥

ਭਲੋ ਕਬੀਰੁ ਦਾਸੁ ਦਾਸਨ ਕੋ
ਊਤਮੁ ਸੈਨੁ ਜਨੁ ਨਾਈ ॥

بھلو کبیِرُ داسُ داسن کو
اوُتمُ سیَنُ جنُ نائی ॥

ਊਚ ਤੇ ਊਚ ਨਾਮਦੇਉ ਸਮਦਰਸੀ
ਰਵਿਦਾਸ ਠਾਕੁਰ ਬਣਿ ਆਈ ॥੧॥

اوُچ تے اوُچ نامدیءُ سمدرسی
روِداس ٹھاکُر بنؔ آئی ॥1॥

ਜੀਉ ਪਿੰਡੁ ਤਨੁ ਧਨੁ ਸਾਧਨ ਕਾ
ਇਹੁ ਮਨੁ ਸੰਤ ਰੇਨਾਈ ॥

جیِءُ پنڈُ تنُ دھنُ سادھن کا
اِہُ منُ سنّت رینائی ॥

ਸੰਤ ਪ੍ਰਤਾਪਿ ਭਰਮ ਸਭਿ ਨਾਸੇ

سنّت پرتاپِ بھرم سبھِ ناسے

ਨਾਨਕ ਮਿਲੇ ਗੁਸਾਈ ॥੨॥੪॥੧੮॥

نانک مِلے گُسائی ॥2॥4॥ 18 ॥

ਸਾਰਗ ਮਹਲਾ ੫ ॥

سارگ محلا 5 ॥

ਮਨੋਰਥ ਪੂਰੇ ਸਤਿਗੁਰ ਆਪਿ ॥

منورتھ پُورے ستِگُر آپِ ॥

ਸਗਲ ਪਦਾਰਥ ਸਿਮਰਨਿ ਜਾ ਕੈ
ਆਠ ਪਹਰ ਮੇਰੇ ਮਨ ਜਾਪਿ ॥੧॥ ਰਹਾਉ ॥

سگل پدارتھ سِمرنِ جا کے
آٹھ پہر میرے من جاپِ ॥1॥ رہاءُ ॥

ਅੰਮ੍ਰਿਤ ਨਾਮੁ ਸੁਆਮੀ ਤੇਰਾ
ਜੋ ਪੀਵੈ ਤਿਸ ਹੀ ਤ੍ਰਿਪਤਾਸ ॥

انّمرِت نامُ سُیامی تیرا
جو پیوے تِس ہی ترِپتاس ॥

ਜਨਮ ਜਨਮ ਕੇ ਕਿਲਬਿਖ ਨਾਸਹਿ
ਆਗੈ ਦਰਗਹ ਹੋਇ ਖਲਾਸ ॥੧॥

جنم جنم کے کِلبِکھ ناسہِ
آگے درگہ ہوءِ خلاس ॥1॥

ਸਰਨਿ ਤੁਮਾਰੀ ਆਇਓ ਕਰਤੇ
ਪਾਰਬ੍ਰਹਮ ਪੂਰਨ ਅਬਿਨਾਸ ॥

سرنِ تُماری آئیو کرتے
پاربرہم پُورن اِبناس ॥

ਕਰਿ ਕਿਰਪਾ ਤੇਰੇ ਚਰਨ ਧਿਆਵਉ
ਨਾਨਕ ਮਨਿ ਤਨਿ ਦਰਸ ਪਿਆਸ ॥੨॥੫॥੧੯॥

کرِ کِرپا تیرے چرن دھیاوءُ
نانک منِ تنِ درس پیاس ॥2॥5॥ 19 ॥

ਸਾਰਗ ਮਹਲਾ ੫ ਘਰੁ ੩

سارگ محلا 5 گھرُ 3

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਮਨ ਕਹਾ ਲੁਭਾਈਐ ਆਨ ਕਉ ॥

من کہا لُبھائیئے آن کءُ ॥

ਈਤ ਊਤ ਪ੍ਰਭੁ ਸਦਾ ਸਹਾਈ
ਜੀਅ ਸੰਗਿ ਤੇਰੇ ਕਾਮ ਕਉ ॥੧॥ ਰਹਾਉ ॥

ایت اوُت پربھُ سدا سہائی
جیء سنگِ تیرے کام کءُ ॥1॥ رہاءُ ॥

ਅੰਮ੍ਰਿਤ ਨਾਮੁ ਪ੍ਰਿਅ ਪ੍ਰੀਤਿ ਮਨੋਹਰ
ਇਹੈ ਅਘਾਵਨ ਪਾਂਨ ਕਉ ॥

انّمرِت نامُ پریء پریتِ منوہر
اِہے اگھاون پانْن کءُ ॥

ਅਕਾਲ ਮੂਰਤਿ ਹੈ ਸਾਧ ਸੰਤਨ ਕੀ
ਠਾਹਰ ਨੀਕੀ ਧਿਆਨ ਕਉ ॥੧॥

اکال مورتِ ہے سادھ سنتن کی
ٹھاہر نیکی دھیان کءُ ॥1॥

ਬਾਣੀ ਮੰਤ੍ਰੁ ਮਹਾ ਪੁਰਖਨ ਕੀ
ਮਨਹਿ ਉਤਾਰਨ ਮਾਂਨ ਕਉ ॥

بانٹی منّتر مہا پُرکھن کی
منہِ اُتارن مانْن کءُ ॥

ਖੋਜਿ ਲਹਿਓ ਨਾਨਕ ਸੁਖ ਥਾਨਾਂ

کھوجِ لہیئو نانک سُکھ تھاناں

ਹਰਿ ਨਾਮਾ ਬਿਸ੍ਰਾਮ ਕਉ ॥੨॥੧॥੨੦॥

ہرِ نامَا بِسّرام کءُ ॥2॥1॥20॥

ਸਾਰਗ ਮਹਲਾ ੫ ॥

سارگ محلا 5 ॥

ਮਨ ਸਦਾ ਮੰਗਲ ਗੋਬਿੰਦ ਗਾਇ ॥

من سدا منگل گوبِند گاءِ ॥

ਰੋਗ ਸੋਗ ਤੇਰੇ ਮਿਟਹਿ ਸਗਲ ਅਘ
ਨਿਮਖ ਹੀਐ ਹਰਿ ਨਾਮੁ ਧਿਆਇ ॥੧॥ ਰਹਾਉ ॥

روگ سوگ تیرے مِٹہِ سگل اگھ
نِمکھ ہیئے ہرِ نامُ دھیاءِ ॥1॥ رہاءُ ॥

ਛੋਡਿ ਸਿਆਨਪ ਬਹੁ ਚਤੁਰਾਈ
ਸਾਧੂ ਸਰਣੀ ਜਾਇ ਪਾਇ ॥

چھوڈِ سیانپ بہُ چترائی
سادھوُ سرنّی جاءِ پاءِ ॥

ਜਉ ਹੋਇ ਕ੍ਰਿਪਾਲੁ ਦੀਨ ਦੁਖ ਭੰਜਨ
ਜਮ ਤੇ ਹੋਵੈ ਧਰਮ ਰਾਇ ॥੧॥

جءُ ہوءِ کرِپالُ دِین دُکھ بھنّجن
جم تے ہووے دھرم راءِ ॥1॥

ਏਕਸ ਬਿਨੁ ਨਾਹੀ ਕੋ ਦੂਜਾ
ਆਨ ਨ ਬੀਓ ਲਵੈ ਲਾਇ ॥

ایکس بِنُ ناہی کو دوُجا
آن ن بیئو لوے لاءِ ॥

ਮਾਤ ਪਿਤਾ ਭਾਈ ਨਾਨਕ ਕੋ
ਸੁਖਦਾਤਾ ਹਰਿ ਪ੍ਰਾਨ ਸਾਇ ॥੨॥੨॥੨੧॥

مات پِتا بھائی نانک کو
سُکھداتا ہرِ پّران ساءِ ॥2॥2॥21॥

ਸਾਰਗ ਮਹਲਾ ੫ ॥

سارگ محلا 5 ॥

ਹਰਿ ਜਨ ਸਗਲ ਉਧਾਰੇ ਸੰਗ ਕੇ ॥

ہرِ جن سگل اُدھارے سنگ کے ॥

ਭਏ ਪੁਨੀਤ ਪਵਿਤ੍ਰ ਮਨ
ਜਨਮ ਜਨਮ ਕੇ ਦੁਖ ਹਰੇ ॥੧॥ ਰਹਾਉ ॥

بھے پُنیت پوِتّر من
جنم جنم کے دُکھ ہرے ॥1॥ رہاءُ ॥

ਮਾਰਗਿ ਚਲੇ ਤਿਨ੍ਹੀ ਸੁਖੁ ਪਾਇਆ
ਜਿਨ੍ ਸਿਉ ਗੋਸਟਿ ਸੇ ਤਰੇ ॥

مارگِ چلے تِنّہی سُکھُ پائیا
جِنّہ سِءُ گوسٹِ سے ترے ॥

ਬੂਡਤ ਘੋਰ ਅੰਧ ਕੂਪ ਮਹਿ
ਤੇ ਸਾਧੂ ਸੰਗਿ ਪਾਰਿ ਪਰੇ ॥੧॥

بوُڈت گھور انّدھ کوُپ مہِ
تے سادھوُ سنگِ پارِ پرے ॥1॥

ਜਿਨ੍ ਕੇ ਭਾਗ ਬਡੇ ਹੈ ਭਾਈ
ਤਿਨ੍ ਸਾਧੂ ਸੰਗਿ ਮੁਖ ਜੁਰੇ ॥

جِنّہ کے بھاگ بڈے ہے بھائی
تِنّہ سادھوُ سنگِ مُکھ جُرے ॥

ਤਿਨ੍ ਕੀ ਧੂਰਿ ਬਾਂਛੈ ਨਿਤ ਨਾਨਕੁ
ਪ੍ਰਭੁ ਮੇਰਾ ਕਿਰਪਾ ਕਰੇ ॥੨॥੩॥੨੨॥

تِنّہ کی دھوُرِ باںچھے نِت نانکُ
پربھُ میرا کِرپا کرے ॥2॥3॥22॥

ਸਾਰਗ ਮਹਲਾ ੫ ॥

ਹਰਿ ਜਨ ਰਾਮ ਰਾਮ ਰਾਮ ਧਿਆਏ ॥

ਏਕ ਪਲਕ ਸੁਖ ਸਾਧ ਸਮਾਗਮ
ਕੋਟਿ ਬੈਕੁੰਠਹ ਪਾਂਏ ॥੧॥ ਰਹਾਉ ॥

ਦੁਲਭ ਦੇਹ ਜਪਿ ਹੋਤ ਪੁਨੀਤਾ
ਜਮ ਕੀ ਤ੍ਰਾਸ ਨਿਵਾਰੈ ॥

ਮਹਾ ਪਤਿਤ ਕੇ ਪਾਤਿਕ ਉਤਰਹਿ
ਹਰਿ ਨਾਮਾ ਉਰਿ ਧਾਰੈ ॥੧॥

ਜੋ ਜੋ ਸੁਨੈ ਰਾਮ ਜਸੁ ਨਿਰਮਲ
ਤਾ ਕਾ ਜਨਮ ਮਰਣ ਦੁਖੁ ਨਾਸਾ ॥

ਕਹੁ ਨਾਨਕ ਪਾਈਐ ਵਡਭਾਗੀ
ਮਨ ਤਨ ਹੋਇ ਬਿਗਾਸਾ ॥੨॥੪॥੨੩॥

ਸਾਰਗ ਮਹਲਾ ੫ ਦੁਪਦੇ ਘਰੁ ੪

ੴ ਸਤਿਗੁਰ ਪ੍ਰਸਾਦਿ ॥

ਮੋਹਨ ਘਰਿ ਆਵਹੁ ਕਰਉ ਜੋਦਰੀਆ ॥

ਮਾਨੁ ਕਰਉ ਅਭਿਮਾਨੈ ਬੋਲਉ
ਭੂਲ ਚੂਕ ਤੇਰੀ ਪ੍ਰਿਅ ਚਿਰੀਆ ॥੧॥ ਰਹਾਉ ॥

ਨਿਕਟਿ ਸੁਨਉ ਅਰੁ ਪੇਖਉ ਨਾਹੀ
ਭਰਮਿ ਭਰਮਿ ਦੁਖ ਭਰੀਆ ॥

ਹੋਇ ਕ੍ਰਿਪਾਲ ਗੁਰ ਲਾਹਿ ਪਾਰਦੋ
ਮਿਲਉ ਲਾਲ ਮਨੁ ਹਰੀਆ ॥੧॥

ਏਕ ਨਿਮਖ ਜੇ ਬਿਸਰੈ ਸੁਆਮੀ
ਜਾਨਉ ਕੋਟਿ ਦਿਨਸ ਲਖ ਬਰੀਆ ॥

ਸਾਧਸੰਗਤਿ ਕੀ ਭੀਰ ਜਉ ਪਾਈ
ਤਉ ਨਾਨਕ ਹਰਿ ਸੰਗਿ ਮਿਰੀਆ ॥੨॥੧॥੨੪॥

سارگ محلا 5 ॥

ہرِ جن رام رام رام دھیائے ॥

ایک پلک سُکھ سادھ سماگم
کوٹِ بیکُنٹھ پائے ॥1॥ رہاءُ ॥

دُلبھ دیہ جپِ ہوت پُنیتا
جم کی تّراس نِوارے ॥

مہا پتت کے پاتِک اُترہِ
ہرِ نامَا اُرِ دھارے ॥1॥

جو جو سُنے رام جسُ نِرمل
تا کا جنم مرنْ دُکھُ ناسا ॥

کہُ نانک پائیئے وڈبھاگیں
من تن ہوءِ بِگاسا ॥2॥4॥ 23 ॥

سارگ محلا 5 دُپدے گھرُ 4

ॐ ستِگُر پرّسادِ ॥

موہن گھرِ آوہُ کرءُ جودریا ॥

مانُ کرءُ ابھمانے بولءُ
بھوُل چوُک تیری پرِءِ چریا ॥1॥ رہاءُ ॥

نِکٹِ سُنءُ ارُ پیکھءُ ناہی
بھرمِ بھرمِ دُکھ بھریا ॥

ہوءِ کرِپال گُر لاہِ پاردو
مِلءُ لال منُ ہریا ॥1॥

ایک نِمکھ جے بِسرے سُیامی
جانءُ کوٹِ دِنس لکھ بریا ॥

سادھسنگتِ کی بھیِر جءُ پائی
تءُ نانک ہرِ سنگِ مریا ॥2॥1॥ 24 ॥

ਸਾਰਗ ਮਹਲਾ ੫ ॥

ਅਬ ਕਿਆ ਸੋਚਉ ਸੋਚ ਬਿਸਾਰੀ ॥

ਕਰਣਾ ਸਾ ਸੋਈ ਕਰਿ ਰਹਿਆ
ਦੇਹਿ ਨਾਉ ਬਲਿਹਾਰੀ ॥੧॥ ਰਹਾਉ ॥

ਚਹੁ ਦਿਸ ਫੂਲਿ ਰਹੀ ਬਿਖਿਆ ਬਿਖੁ
ਗੁਰ ਮੰਤ੍ਰੁ ਮੂਖਿ ਗਰੁੜਾਰੀ ॥

ਹਾਥ ਦੇਇ ਰਾਖਿਓ ਕਰਿ ਅਪੁਨਾ
ਜਿਉ ਜਲ ਕਮਲਾ ਅਲਿਪਾਰੀ ॥੧॥

ਹਉ ਨਾਹੀ ਕਿਛੁ ਮੈ ਕਿਆ ਹੋਸਾ
ਸਭ ਤੁਮ ਹੀ ਕਲ ਧਾਰੀ ॥

ਨਾਨਕ ਭਾਗਿ ਪਰਿਓ ਹਰਿ ਪਾਛੈ
ਰਾਖੁ ਸੰਤ ਸਦਕਾਰੀ ॥੨॥੨॥੨੫॥

ਸਾਰਗ ਮਹਲਾ ੫ ॥

ਅਬ ਮੋਹਿ ਸਰਬ ਉਪਾਵ ਬਿਰਕਾਤੇ ॥

ਕਰਣ ਕਾਰਣ ਸਮਰਥ ਸੁਆਮੀ
ਹਰਿ ਏਕਸੁ ਤੇ ਮੇਰੀ ਗਾਤੇ ॥੧॥ ਰਹਾਉ ॥

ਦੇਖੇ ਨਾਨਾ ਰੂਪ ਬਹੁ ਰੰਗਾ
ਅਨ ਨਾਹੀ ਤੁਮ ਭਾਂਤੇ ॥

ਦੇਂਹਿ ਅਧਾਰੁ ਸਰਬ ਕਉ ਠਾਕੁਰ
ਜੀਅ ਪ੍ਰਾਨ ਸੁਖਦਾਤੇ ॥੧॥

ਭ੍ਰਮਤੋਂ ਭ੍ਰਮਤੋਂ ਹਾਰਿ ਜਉ ਪਰਿਓ
ਤਉ ਗੁਰ ਮਿਲਿ ਚਰਨ ਪਰਾਤੇ ॥

ਕਹੁ ਨਾਨਕ ਮੈ ਸਰਬ ਸੁਖੁ ਪਾਇਆ
ਇਹ ਸੂਖਿ ਬਿਹਾਨੀ ਰਾਤੇ ॥੨॥੩॥੨੬॥

ਸਾਰਗ ਮਹਲਾ ੫ ॥

سارگ محلا 5 ॥

اب کِیا سوچءُ سوچ بِساری ॥

کرتا سا سوئی کرِ رہیا
دیہِ ناءُ بلِہاری ॥1॥ رہاءُ ॥

چہُ دِس پھوُلِ رہی بِکھِیا بِکھُ
گُر منّتر موُکھِ گرڑاری ॥

ہاتھ دےءِ راکھِئو کرِ اپُنا
جِءُ جل کملا الپاری ॥1॥

ہءُ ناہی کِچھُ مےَ کِیا ہوسا
سبھ تُم ہی کل دھاری ॥

نانک بھاگِ پرِئو ہرِ پاچھےَ
راکھُ سنّت سدکاری ॥2॥2॥ 25 ॥

سارگ محلا 5 ॥

اب موہِ سرب اُپاو بِرکاتے ॥

کرنٹ کارنٹ سمرتھ سُیامی
ہرِ ایکسُ تے میری گاتے ॥1॥ رہاءُ ॥

دیکھے نانا روُپ بہُ رنگا
ان ناہی تُم بھانتے ॥

دینہِ ادھارُ سرب کءُ ٹھاکُر
جیء پّران سُکھداتے ॥1॥

بھّرمتو بھّرمتو ہارِ جءُ پرِئو
تءُ گُر مِلِ چرن پراتے ॥

کہُ نانک مےَ سرب سُکھُ پائیا
اِہ سوُکھِ بِہانی راتے ॥2॥3॥ 26 ॥

سارگ محلا 5 ॥

ਅਬ ਮੋਹਿ ਲਬਧਿਓ ਹੈ
ਹਰਿ ਟੇਕਾ ॥

اب موہِ لبدھِئو ہے
ہرِ ٹیکا ॥

ਗੁਰ ਦਇਆਲ ਭਏ ਸੁਖਦਾਈ
ਅੰਧੁਲੇ ਮਾਣਿਕੁ ਦੇਖਾ ॥੧॥ ਰਹਾਉ ॥

گُر دئیال بھے سُکھدائی
اندھُلے ماٹِکُ دیکھا ॥1॥ رہاءُ ॥

ਕਾਟੇ ਅਗਿਆਨ ਤਿਮਰ ਨਿਰਮਲੀਆ
ਬੁਧਿ ਬਿਗਾਸ ਬਿਬੇਕਾ ॥

کاٹے اگیان تِمر نِرملیا
بُدھِ بِگاس بِبیکا ॥

ਜਿਉ ਜਲ ਤਰੰਗ ਫੇਨੁ ਜਲ ਹੋਈ ਹੈ
ਸੇਵਕ ਠਾਕੁਰ ਭਏ ਏਕਾ ॥੧॥

جِءُ جل ترنگ پھینُ جل ہوئی ہے
سیوک ٹھاکُر بھے ایکا ॥1॥

ਜਹ ਤੇ ਉਠਿਓ ਤਹ ਹੀ ਆਇਓ
ਸਭ ਹੀ ਏਕੈ ਏਕਾ ॥

جہ تے اُٹھِئو تہ ہی آئِئو
سبھ ہی ایکے ایکا ॥

ਨਾਨਕ ਦ੍ਰਿਸਟਿ ਆਇਓ ਸ੍ਰਬ ਠਾਈ
ਪ੍ਰਾਣਪਤੀ ਹਰਿ ਸਮਕਾ ॥੨॥੪॥੨੭॥

نانک دِرسٹِ آئِئو سرب ٹھائی
پراٹپتی ہرِ سمکا ॥2॥4॥ 27 ॥

ਸਾਰਗ ਮਹਲਾ ੫ ॥

سارگ محلا 5 ॥

ਮੇਰਾ ਮਨੁ ਏਕੈ ਹੀ ਪ੍ਰਿਅ ਮਾਂਗੈ ॥

میرا منُ ایکے ہی پرِء مانگے ॥

ਪੇਖਿ ਆਇਓ ਸਰਬ ਥਾਨ ਦੇਸ
ਪ੍ਰਿਅ ਰੋਮ ਨ ਸਮਸਰਿ ਲਾਗੈ ॥੧॥ ਰਹਾਉ ॥

پیکھِ آئِئو سرب تھان دیس
پرِء روم ن سمسرِ لاگے ॥1॥ رہاءُ ॥

ਮੈ ਨੀਰੇ ਅਨਿਕ ਭੋਜਨ ਬਹੁ ਬਿੰਜਨ
ਤਿਨ ਸਿਉ ਦ੍ਰਿਸਟਿ ਨ ਕਰੈ ਰੁਚਾਂਗੈ ॥

مے نیرے انِک بھوجن بہُ بِنجن
تِن سِءُ دِرسٹِ ن کرے رُچانگے ॥

ਹਰਿ ਰਸੁ ਚਾਹੈ ਪ੍ਰਿਅ ਪ੍ਰਿਅ ਮੁਖਿ ਟੇਰੈ
ਜਿਉ ਅਲਿ ਕਮਲਾ ਲੋਭਾਂਗੈ ॥੧॥

ہرِ رسُ چاہے پرِء پرِء مُکھِ ٹیرے
جِءُ الِ کملا لوبھانگے ॥1॥

ਗੁਣ ਨਿਧਾਨ ਮਨਮੋਹਨ ਲਾਲਨ
ਸੁਖਦਾਈ ਸਰਬਾਂਗੈ ॥

گُن نِدھان منموہن لالن
سُکھدائی سربانگے ॥

ਗੁਰਿ ਨਾਨਕ ਪ੍ਰਭ ਪਾਹਿ ਪਠਾਇਓ
ਮਿਲਹੁ ਸਖਾ ਗਲਿ ਲਾਗੈ ॥੨॥੫॥੨੮॥

گُرِ نانک پربھ پاہِ پٹھائِئو
مِلہُ سکھا گلِ لاگے ॥2॥5॥ 28 ॥

ਸਾਰਗ ਮਹਲਾ ੫ ॥

سارگ محلا 5 ॥

ਅਬ ਮੋਰੋ ਠਾਕੁਰ ਸਿਉ ਮਨੁ ਮਾਨਾਂ ॥

اب مورو ٹھاکُر سِءُ منُ ماناں ॥

ਸਾਧ ਕ੍ਰਿਪਾਲ ਦਇਆਲ ਭਏ ਹੈ
ਇਹੁ ਛੇਦਿਓ ਦੁਸਟੁ ਬਿਗਾਨਾ ॥੧॥ ਰਹਾਉ ॥

سادھ کرِپال دیَیال بھئے ہے
اِہُ چھیدِئو دُسٹُ بِگانا ॥1॥ رہاءُ ॥

ਤੁਮ ਹੀ ਸੁੰਦਰ ਤੁਮਹਿ ਸਿਆਨੇ
ਤੁਮ ਹੀ ਸੁਘਰ ਸੁਜਾਨਾ ॥

تُم ہی سُنَدر تُمہِ سِیانے
تُم ہی سُگھر سُجانا ॥

ਸਗਲ ਜੋਗ ਅਰੁ ਗਿਆਨ ਧਿਆਨ
ਇਕ ਨਿਮਖ ਨ ਕੀਮਤਿ ਜਾਨਾਂ ॥੧॥

سگل جوگ ارُ گیان دھیان
اِک نِمکھ ن قِیمتِ جاناں ॥1॥

ਤੁਮ ਹੀ ਨਾਇਕ ਤੁਮ੍ਹਿ ਛਤ੍ਰਪਤਿ
ਤੁਮ ਪੂਰਿ ਰਹੇ ਭਗਵਾਨਾ ॥

تُم ہی نائِک تُمہِہ چھتّرپتِ
تُم پُورِ رہے بھگوانا ۔ ॥

ਪਾਵਉ ਦਾਨੁ ਸੰਤ ਸੇਵਾ ਹਰਿ
ਨਾਨਕ ਸਦ ਕੁਰਬਾਨਾਂ ॥੨॥੬॥੨੯॥

پاوءُ دانُ سنّت سیوا ہرِ
نانک سد قُرباناں ॥2॥6॥ 29 ॥

ਸਾਰਗ ਮਹਲਾ ੫ ॥

سارگ محلا 5 ॥

ਮੇਰੈ ਮਨਿ ਚੀਤਿ ਆਏ ਪ੍ਰਿਅ ਰੰਗਾ ॥

میرے منِ چیتِ آئے پرِءِ رنگا ॥

ਬਿਸਰਿਓ ਧੰਧੁ ਬੰਧੁ ਮਾਇਆ ਕੋ
ਰਜਨਿ ਸਬਾਈ ਜੰਗਾ ॥੧॥ ਰਹਾਉ ॥

بِسرِئو دھندھُ بندھُ مائیا کو
رجنِ سبائی جنگا ॥1॥ رہاءُ ॥

ਹਰਿ ਸੇਵਉ ਹਰਿ ਰਿਦੈ ਬਸਾਵਉ
ਹਰਿ ਪਾਇਆ ਸਤਸੰਗਾ ॥

ہرِ سیوءُ ہرِ ردے بساوءُ
ہرِ پائیا ستسنگا ॥

ਐਸੋ ਮਿਲਿਓ ਮਨੋਹਰੁ ਪ੍ਰੀਤਮੁ
ਸੁਖ ਪਾਏ ਮੁਖ ਮੰਗਾ ॥੧॥

ایسو مِلِئو منوہرُ پریتمُ
سُکھ پائے مُکھ منگا ॥1॥

ਪ੍ਰਿਉ ਅਪਨਾ ਗੁਰਿ ਬਸਿ ਕਰਿ ਦੀਨਾ
ਭੋਗਉ ਭੋਗ ਨਿਸੰਗਾ ॥

پرِءُ اپنا گُرِ بسِ کرِ دینا
بھوگءُ بھوگ نِسنگا ॥

ਨਿਰਭਉ ਭਏ ਨਾਨਕ ਭਉ ਮਿਟਿਆ
ਹਰਿ ਪਾਇਓ ਪਾਠੰਗਾ ॥੨॥੭॥੩੦॥

نِربھءُ بھئے نانک بھءُ مِٹیا
ہرِ پائِئو پاٹھنگا ॥2॥7॥ 30 ॥

ਸਾਰਗ ਮਹਲਾ ੫ ॥

سارگ محلا 5 ॥

ਹਰਿ ਜੀਉ ਕੇ ਦਰਸਨ ਕਉ ਕੁਰਬਾਨੀ ॥

ہرِ جیِءُ کے درسن کءُ قُربانی ॥

ਬਚਨ ਨਾਦ ਮੇਰੇ ਸ੍ਰਵਨਹੁ ਪੂਰੇ
ਦੇਹਾ ਪ੍ਰਿਅ ਅੰਕਿ ਸਮਾਨੀ ॥੧॥ ਰਹਾਉ ॥

بچن ناد میرے سّرونہُ پوُرے
دیہا پّرِء انکِ سمانی ॥1॥ رہاءُ ॥

ਛੂਟਰਿ ਤੇ ਗੁਰਿ ਕੀਈ ਸੋਹਾਗਨਿ
ਹਰਿ ਪਾਇਓ ਸੁਘੜ ਸੁਜਾਨੀ ॥

چھوُٹرِ تے گُرِ کیئی سوہاگنِ
ہرِ پائیئو سُگھڑ سُجانی ॥

ਜਿਹ ਘਰ ਮਹਿ ਬੈਸਨੁ ਨਹੀ ਪਾਵਤ
ਸੋ ਥਾਨੁ ਮਿਲਿਓ ਬਾਸਾਨੀ ॥੧॥

جِہ گھر مہِ بیَسنُ نہی پاوت
سو تھانُ مِلِیئو باسانی ॥1॥

ਉਨ੍ਕੈ ਬਸਿ ਆਇਓ ਭਗਤਿ ਬਛਲੁ
ਜਿਨਿ ਰਾਖੀ ਆਨ ਸੰਤਾਨੀ ॥

اُنّہ کے بسِ آئیئو بھگتِ بچھلُ
جِنِ راکھی آن سنّتانی ॥

ਕਹੁ ਨਾਨਕ ਹਰਿ ਸੰਗਿ ਮਨੁ ਮਾਨਿਆ
ਸਭ ਚੂਕੀ ਕਾਣਿ ਲੋਕਾਨੀ ॥੨॥੮॥੩੧॥

کہُ نانک ہرِ سنگِ منُ مانِیا
سبھ چوُکی کانِ لوکانی ॥2॥8॥ 31 ॥

ਸਾਰਗ ਮਹਲਾ ੫ ॥

سارگ محلا 5 ॥

ਅਬ ਮੋਰੋ ਪੰਚਾ ਤੇ ਸੰਗੁ ਤੂਟਾ ॥

اب مورو پنچّا تے سنگُ توٗٹا ॥

ਦਰਸਨੁ ਦੇਖਿ ਭਏ ਮਨਿ ਆਨਦ
ਗੁਰ ਕਿਰਪਾ ਤੇ ਛੂਟਾ ॥੧॥ ਰਹਾਉ ॥

درسنُ دیکھِ بھےَ منِ آند
گُر کِرپا تے چھوُٹا ॥1॥ رہاءُ ॥

ਬਿਖਮ ਥਾਨ ਬਹੁਤ ਬਹੁ ਧਰੀਆ
ਅਨਿਕ ਰਾਖ ਸੂਰੂਟਾ ॥

بِکھم تھان بہُت بہُ دھرِیا
انِک راکھ سوُرُوٹا ॥

ਬਿਖਮ ਗਾਰ੍ਹ ਕਰੁ ਪਹੁਚੈ ਨਾਹੀ
ਸੰਤ ਸਾਨਥ ਭਏ ਲੂਟਾ ॥੧॥

بِکھم گاّرہ کرُ پہُچےَ ناہی
سنّت سانتھ بھےَ لوٗٹا ॥1॥

ਬਹੁਤੁ ਖਜਾਨੇ ਮੇਰੈ ਪਾਲੈ ਪਰਿਆ
ਅਮੋਲ ਲਾਲ ਆਖੂਟਾ ॥

بہُتُ خزانے میرے پالے پرِیا
امول لال آکھوُٹا ॥

ਜਨ ਨਾਨਕ ਪ੍ਰਭਿ ਕਿਰਪਾ ਧਾਰੀ
ਤਉ ਮਨ ਮਹਿ ਹਰਿ ਰਸੁ ਘੂਟਾ ॥੨॥੯॥੩੨॥

جن نانک پّربھِ کِرپا دھاری
تءُ من مہِ ہرِ رسُ گھوُٹا ॥2॥9॥ 32 ॥

ਸਾਰਗ ਮਹਲਾ ੫ ॥

سارگ محلا 5 ॥

ਅਬ ਮੇਰੋ ਠਾਕੁਰ ਸਿਉ ਮਨੁ ਲੀਨਾ ॥

اب میرو ٹھاکُر سِءُ منُ لِینا ॥

ਪ੍ਰਾਨ ਦਾਨੁ ਗੁਰਿ ਪੂਰੈ ਦੀਆ

پّران دانُ گُرِ پوُرے دِییا

ਉਰਝਾਇਓ ਜਿਉ ਜਲ ਮੀਨਾ ॥੧॥ ਰਹਾਉ ॥

اُرجھائیو جِءُ جل مِینا ॥1॥ رہاءُ ॥

ਕਾਮ ਕ੍ਰੋਧ ਲੋਭ ਮਦ ਮਤਸਰ
ਇਹ ਅਰਪਿ ਸਗਲ ਦਾਨੁ ਕੀਨਾ ॥

کام کرودھ لوبھ مد متسر
اِہ ارپِ سگل دانُ کِینا ॥

ਮੰਤ੍ਰ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ
ਤਉ ਮਿਲਿਓ ਸਗਲ ਪ੍ਰਬੀਨਾ ॥੧॥

منّتر دڑاءِ ہرِ اُکھدھُ گُرِ دیئو
ت ءُ مِلیئو سگل پربینا ॥1॥

ਗ੍ਰਿਹੁ ਤੇਰਾ ਤੂ ਠਾਕੁਰੁ ਮੇਰਾ
ਗੁਰਿ ਹਉ ਖੋਈ ਪ੍ਰਭੁ ਦੀਨਾ ॥

گرِہُ تیرا توُ ٹھاکُرُ میرا
گُرِ ہءُ کھوئی پربھُ دِینا ॥

ਕਹੁ ਨਾਨਕ ਮੈ ਸਹਜ ਘਰੁ ਪਾਇਆ
ਹਰਿ ਭਗਤਿ ਭੰਡਾਰ ਖਜੀਨਾ ॥੨॥੧੦॥੩੩॥

کہُ نانک مے سہج گھرُ پائیا
ہرِ بھگتِ بھنڈار خزینا ॥2॥ 10 ॥ 33 ॥

ਸਾਰਗ ਮਹਲਾ ੫ ॥

سارگ محلا 5 ॥

ਮੋਹਨ ਸਭਿ ਜੀਅ ਤੇਰੇ ਤੂ ਤਾਰਹਿ ॥

موہن سبھِ جیء تیرے توُ تارہِ ॥

ਛੁਟਹਿ ਸੰਘਾਰ ਨਿਮਖ ਕਿਰਪਾ ਤੇ
ਕੋਟਿ ਬ੍ਰਹਮੰਡ ਉਧਾਰਹਿ ॥੧॥ ਰਹਾਉ ॥

چھُٹہِ سنگھار نِمکھ کِرپا تے
کوٹِ برہمنڈ اُدھارہِ ॥1॥ رہاءُ ॥

ਕਰਹਿ ਅਰਦਾਸਿ ਬਹੁਤੁ ਬੇਨੰਤੀ
ਨਿਮਖ ਨਿਮਖ ਸਾਮ੍ਹਾਰਹਿ ॥

کرہِ عرداسِ بہُت بیننّتی
نِمکھ نِمکھ سامّہارہِ ॥

ਹੋਹੁ ਕ੍ਰਿਪਾਲ ਦੀਨ ਦੁਖ ਭੰਜਨ
ਹਾਥ ਦੇਇ ਨਿਸਤਾਰਹਿ ॥੧॥

ہوہُ کرِپال دِین دُکھ بھنّجن
ہاتھ دےءِ نِستارہِ ॥1॥

ਕਿਆ ਏ ਭੂਪਤਿ ਬਪੁਰੇ ਕਹੀਅਹਿ
ਕਹੁ ਏ ਕਿਸ ਨੋ ਮਾਰਹਿ ॥

کِیا اے بھوُپتِ بپُرے کہِیئہِ
کہُ اے کِس نو مارہِ ۔ ॥

ਰਾਖੁ ਰਾਖੁ ਰਾਖੁ ਸੁਖਦਾਤੇ
ਸਭੁ ਨਾਨਕ ਜਗਤੁ ਤੁਮ੍ਹਾਰਹਿ ॥੨॥੧੧॥੩੪॥

راکھُ راکھُ راکھُ سُکھداتے
سبھُ نانک جگتُ تُمہارہِ ॥2॥ 11 ॥ 34 ॥

ਸਾਰਗ ਮਹਲਾ ੫ ॥

سارگ محلا 5 ॥

ਅਬ ਮੋਹਿ ਧਨੁ ਪਾਇਓ ਹਰਿ ਨਾਮਾ ॥

اب موہِ دھنُ پائیو ہرِ نامًا ॥

ਭਏ ਅਚਿੰਤ ਤ੍ਰਿਸਨ ਸਭ ਬੁਝੀ ਹੈ
ਇਹੁ ਲਿਖਿਓ ਲੇਖੁ ਮਥਾਮਾ ॥੧॥ ਰਹਾਉ ॥

بھئے اچنّت ترِسن سبھ بُجھی ہے
اِہُ لِکھیو لیکھُ متھامًا ॥1॥ رہاءُ ॥

ਖੋਜਤ ਖੋਜਤ ਭਇਓ ਬੈਰਾਗੀ
ਫਿਰਿ ਆਇਓ ਦੇਹ ਗਿਰਾਮਾ ॥

ਗੁਰਿ ਕ੍ਰਿਪਾਲਿ ਸਉਦਾ ਇਹੁ ਜੋਰਿਓ
ਹਥਿ ਚਰਿਓ ਲਾਲੁ ਅਗਾਮਾ ॥੧॥

ਆਨ ਬਾਪਾਰ ਬਨਜ ਜੋ ਕਰੀਅਹਿ
ਤੇਤੇ ਦੂਖ ਸਹਾਮਾ ॥

ਗੋਬਿੰਦ ਭਜਨ ਕੇ ਨਿਰਭੈ ਵਾਪਾਰੀ
ਹਰਿ ਰਾਸਿ ਨਾਨਕ ਰਾਮ ਨਾਮਾ ॥੨॥੧੨॥੩੫॥

ਸਾਰਗ ਮਹਲਾ ੫ ॥

ਮੇਰੈ ਮਨਿ ਮਿਸਟ ਲਗੇ ਪ੍ਰਿਅ ਬੋਲਾ ॥

ਗੁਰਿ ਬਾਹ ਪਕਰਿ ਪ੍ਰਭ ਸੇਵਾ ਲਾਏ
ਸਦ ਦਇਆਲੁ ਹਰਿ ਢੋਲਾ ॥੧॥ ਰਹਾਉ ॥

ਪ੍ਰਭ ਤੂ ਠਾਕੁਰੁ ਸਰਬ ਪ੍ਰਤਿਪਾਲਕੁ
ਮੋਹਿ ਕਲਤ੍ਰ ਸਹਿਤ ਸਭਿ ਗੋਲਾ ॥

ਮਾਣੁ ਤਾਣੁ ਸਭੁ ਤੂਹੈ ਤੂਹੈ
ਇਕੁ ਨਾਮੁ ਤੇਰਾ ਮੈ ਓਲ੍ਹਾ ॥੧॥

ਜੇ ਤਖਤਿ ਬੈਸਾਲਹਿ ਤਉ ਦਾਸ ਤੁਮ੍ਹਾਰੇ
ਘਾਸੁ ਬਢਾਵਹਿ ਕੇਤਕ ਬੋਲਾ ॥

ਜਨ ਨਾਨਕ ਕੇ ਪ੍ਰਭ ਪੁਰਖ ਬਿਧਾਤੇ
ਮੇਰੇ ਠਾਕੁਰ ਅਗਹ ਅਤੋਲਾ ॥੨॥੧੩॥੩੬॥

ਸਾਰਗ ਮਹਲਾ ੫ ॥

ਰਸਨਾ ਰਾਮ ਕਹਤ ਗੁਣ ਸੋਹੰ ॥

ਏਕ ਨਿਮਖ ਓਪਾਇ ਸਮਾਵੈ
ਦੇਖਿ ਚਰਿਤ ਮਨ ਮੋਹੰ ॥੧॥ ਰਹਾਉ ॥

ਜਿਸੁ ਸੁਣਿਐ ਮਨਿ ਹੋਇ ਰਹਸੁ ਅਤਿ

کھوجت کھوجت بھئیو بیراگی
پھِر آئیو دیہ گِراما ॥

گُرِ کِرپالِ سئدا اِہُ جورِیو
ہتھِ چرِیو لالُ اگاما ॥1॥

آن باپار بنج جو کریئہِ
تیتے دوُکھ سہاما ॥

گوبِند بھجن کے نِربھے واپاری
ہرِ راسِ نانک رام نامـا ॥2॥ 12 ॥ 35 ॥

سارگ محلا 5 ॥

میرے منِ مِسٹ لگے پِرِءِ بولا ॥

گُرِ باہ پکڑِ پربھ سیوا لائے
سد دئیالُ ہرِ ڈھولا ॥1॥ رہاءُ ॥

پربھ توُ ٹھاکُرُ سرب پرتپالکُ
موہِ کلتّر سہت سبھِ گولا ॥

مانُ تانُ سبھُ توُہے توُہے
اِکُ نامُ تیرا مے اوٹّہا ॥1॥

جے تختِ بیسالہِ تءُ داس تُمّہارے
گھاسُ بڈھاوہِ کیتک بولا ۔ ॥

جن نانک کے پربھ پُرکھ بِدھاتے
میرے ٹھاکُر اگہ اتولا ॥2॥ 13 ॥ 36 ॥

سارگ محلا 5 ॥

رسنا رام کہت گُنؒ سوہنؔ ॥

ایک نِمکھ اوپاءِ سماوے
دیکھِ چرِت من موہنؔ ॥1॥ رہاءُ ॥

جِسُ سُنیٔے منِ ہوءِ رہسُ اتِ

ਰਿਦੈ ਮਾਨ ਦੁਖ ਜੋਹੰ ॥

ਸੁਖੁ ਪਾਇਓ ਦੁਖੁ ਦੂਰਿ ਪਰਾਇਓ
ਬਣਿ ਆਈ ਪ੍ਰਭ ਤੋਹੰ ॥੧॥

ਕਿਲਵਿਖ ਗਏ ਮਨ ਨਿਰਮਲ ਹੋਈ ਹੈ
ਗੁਰਿ ਕਾਢੇ ਮਾਇਆ ਦ੍ਰੋਹੰ ॥

ਕਹੁ ਨਾਨਕ ਮੈ ਸੋ ਪ੍ਰਭੁ ਪਾਇਆ
ਕਰਣ ਕਾਰਣ ਸਮਰਥੋਹੰ ॥੨॥੧੪॥੩੭॥

ਸਾਰਗ ਮਹਲਾ ੫ ॥

ਨੈਨਹੁ ਦੇਖਿਓ ਚਲਤੁ ਤਮਾਸਾ ॥

ਸਭ ਹੂ ਦੂਰਿ ਸਭ ਹੂ ਤੇ ਨੇਰੈ
ਅਗਮ ਅਗਮ ਘਟ ਵਾਸਾ ॥੧॥ ਰਹਾਉ ॥

ਅਭੁਲੁ ਨ ਭੁਲੈ ਲਿਖਿਓ ਨ ਚਲਾਵੈ
ਮਤਾ ਨ ਕਰੈ ਪਚਾਸਾ ॥

ਖਿਨ ਮਹਿ ਸਾਜਿ ਸਵਾਰਿ ਬਿਨਾਹੈ
ਭਗਤਿ ਵਛਲ ਗੁਣਤਾਸਾ ॥੧॥

ਅੰਧ ਕੂਪ ਮਹਿ ਦੀਪਕੁ ਬਲਿਓ
ਗੁਰਿ ਰਿਦੈ ਕੀਓ ਪਰਗਾਸਾ ॥

ਕਹੁ ਨਾਨਕ ਦਰਸੁ ਪੇਖਿ ਸੁਖੁ ਪਾਇਆ
ਸਭ ਪੂਰਨ ਹੋਈ ਆਸਾ ॥੨॥੧੫॥੩੮॥

ਸਾਰਗ ਮਹਲਾ ੫ ॥

ਚਰਨਹ ਗੋਬਿੰਦ ਮਾਰਗੁ ਸੁਹਾਵਾ ॥

ਆਨ ਮਾਰਗ ਜੇਤਾ ਕਿਛੁ ਧਾਈਐ
ਤੇਤੋ ਹੀ ਦੁਖੁ ਹਾਵਾ ॥੧॥ ਰਹਾਉ ॥

ਨੇਤ੍ਰ ਪੁਨੀਤ ਭਏ ਦਰਸੁ ਪੇਖੇ
ਹਸਤ ਪੁਨੀਤ ਟਹਲਾਵਾ ॥

رِدے مان دُکھ جوہنّ ॥

سُکھُ پائیو دُکھُ دوُرِ پرائیو
بنِ آئی پربھ توہنّ ॥1॥

کِلوِکھ گئے من نِرمل ہوئی ہے
گُرِ کاڈھے مائیا ڈروہنّ ॥

کہُ نانک مے سو پربھُ پائیا
کرنٌ کارنٌ سمرتھوہنّ ॥2॥ 14 ॥ 37 ॥

سارگ محلا 5 ॥

نینہُ دیکھِیو چلتُ تماشا ॥

سبھ ہوُ دوُرِ سبھ ہوُ تے نیرے
اگم اگم گھٹ واسا ॥1॥ رہاءُ ॥

ابھوُلُ ن بھوُلے لِکھِیو ن چلاوے
متا ن کرے پچاسا ॥

کھِن مہِ ساجِ سوارِ بِناہے
بھگتِ وچھل گُنتاسا ॥1॥

انّدھ کوُپ مہِ دیپکُ بلِیو
گُرِ رِدے کِینو پرگاسا ॥

کہُ نانک درسُ پیکھِ سُکھُ پائیا
سبھ پوُرن ہوئی آسا ॥2॥ 15 ॥ 38 ॥

سارگ محلا 5 ॥

چرنہ گوبِنّد مارگُ سُہاوا ॥

آن مارگ جیتا کِچھُ دھائیئے
تیتو ہی دُکھُ ہاوا ॥1॥ رہاءُ ॥

نیتّر پُنِیت بھئے درسُ پیکھے
ہست پُنِیت ٹہلاوا ॥

ਰਿਦਾ ਪੁਨੀਤ ਰਿਦੈ ਹਰਿ ਬਸਿਓ
ਮਸਤ ਪੁਨੀਤ ਸੰਤ ਧੂਰਾਵਾ ॥੧॥

رِدا پُنِیت رِدے ہرِ بسِئو
مست پُنِیت سنّت دھوُراوا ॥1॥

ਸਰਬ ਨਿਧਾਨ ਨਾਮਿ ਹਰਿ ਹਰਿ ਕੈ
ਜਿਸੁ ਕਰਮਿ ਲਿਖਿਆ ਤਿਨਿ ਪਾਵਾ ॥

سرب نِدھان نامِ ہرِ ہرِ کے
جِسُ کرمِ لِکھیا تِنِ پاوا ॥

ਜਨ ਨਾਨਕ ਕਉ ਗੁਰੁ ਪੂਰਾ ਭੇਟਿਓ
ਸੁਖਿ ਸਹਜੇ ਅਨਦ ਬਿਹਾਵਾ ॥੨॥੧੬॥੩੯॥

جن نانک ک ءُ گُرُ پوُرا بھیٹِئو
سُکھِ سہجے اند بِہاوا ॥2॥ 16 ॥ 39 ॥

ਸਾਰਗ ਮਹਲਾ ੫ ॥

سارگ محلا 5 ॥

ਧਿਆਇਓ ਅੰਤਿ ਬਾਰ ਨਾਮੁ ਸਖਾ ॥

دھِیائِئو انّتِ بار نامُ سکھا ॥

ਜਹ ਮਾਤ ਪਿਤਾ ਸੁਤ ਭਾਈ ਨ ਪਹੁਚੈ
ਤਹਾ ਤਹਾ ਤੂ ਰਖਾ ॥੧॥ ਰਹਾਉ ॥

جہ مات پِتا سُت بھائی ن پہُچے
تہا تہا توُ رکھا ॥1॥ رہاءُ ॥

ਅੰਧ ਕੂਪ ਗ੍ਰਿਹ ਮਹਿ ਤਿਨਿ ਸਿਮਰਿਓ
ਜਿਸੁ ਮਸਤਕਿ ਲੇਖੁ ਲਿਖਾ ॥

انّدھ کوُپ گرِہ مہِ تِنِ سِمرِئو
جِسُ مستکِ لیکھُ لِکھا ॥

ਖੂਲ੍ਹੇ ਬੰਧਨ ਮੁਕਤਿ ਗੁਰਿ ਕੀਨੀ
ਸਭ ਤੂਹੈ ਤੁਹੀ ਦਿਖਾ ॥੧॥

کھوُلّہے بنّدھن مُکتِ گُرِ کِینی
سبھ توُہے تُہی دِکھا ॥1॥

ਅੰਮ੍ਰਿਤ ਨਾਮੁ ਪੀਆ ਮਨੁ ਤ੍ਰਿਪਤਿਆ
ਆਘਾਏ ਰਸਨ ਚਖਾ ॥

انّمرِت نامُ پِیا منُ ترِپتِیا
آگھائے رسن چکھا ॥

ਕਹੁ ਨਾਨਕ ਸੁਖ ਸਹਜੁ ਮੈ ਪਾਇਆ
ਗੁਰਿ ਲਾਹੀ ਸਗਲ ਤਿਖਾ ॥੨॥੧੭॥੪੦॥

کہُ نانک سُکھ سہجُ مے َ پائِیا
گُرِ لاہی سگل تِکھا ॥2॥ 17 ॥ 40 ॥

ਸਾਰਗ ਮਹਲਾ ੫ ॥

سارگ محلا 5 ॥

ਗੁਰ ਮਿਲਿ ਐਸੇ ਪ੍ਰਭੂ ਧਿਆਇਆ ॥

گُر مِلِ ایَسے پرّبھوُ دھِیائِیا ॥

ਭਇਓ ਕ੍ਰਿਪਾਲੁ ਦਇਆਲੁ ਦੁਖ ਭੰਜਨੁ
ਲਗੈ ਨ ਤਾਤੀ ਬਾਇਆ ॥੧॥ ਰਹਾਉ ॥

بھئِئو کرِپالُ دیَیالُ دُکھ بھنّجنُ
لگے َ ن تاتی بائِیا ॥1॥ رہاءُ ॥

ਜੇਤੇ ਸਾਸ ਸਾਸ ਹਮ ਲੇਤੇ
ਤੇਤੇ ਹੀ ਗੁਣ ਗਾਇਆ ॥

جیتے ساس ساس ہم لیتے
تیتے ہی گُنؤ گائِیا ॥

ਨਿਮਖ ਨ ਬਿਛੁਰੈ ਘਰੀ ਨ ਬਿਸਰੈ

نِمکھ ن بِچھُرے گھری ن بِسرے

ਸਦ ਸੰਗੇ ਜਤ ਜਾਇਆ ॥੧॥

سد سنگے جت جائیا ॥1॥

ਹਉ ਬਲਿ ਬਲਿ ਬਲਿ ਬਲਿ ਚਰਨ ਕਮਲ ਕਉ
ਬਲਿ ਬਲਿ ਗੁਰ ਦਰਸਾਇਆ ॥

ہءُ بلِ بلِ بلِ بلِ چرن کمل کءُ
بلِ بلِ گُر درسائیا ॥

ਕਹੁ ਨਾਨਕ ਕਾਹੂ ਪਰਵਾਹਾ
ਜਉ ਸੁਖ ਸਾਗਰੁ ਮੈ ਪਾਇਆ ॥੨॥੧੮॥੪੧॥

کہُ نانک کاہوُ پرواہا
جءُ سُکھ ساگرُ مے پائیا ॥2॥ 18 ॥ 41 ॥

ਸਾਰਗ ਮਹਲਾ ੫ ॥

سارگ محلا 5 ॥

ਮੇਰੈ ਮਨਿ ਸਬਦੁ ਲਗੋ ਗੁਰ ਮੀਠਾ ॥

میرے منِ سبدُ لگو گُر میٹھا ॥

ਖੁਲ੍ਹਿਓ ਕਰਮੁ ਭਇਓ ਪਰਗਾਸਾ
ਘਟਿ ਘਟਿ ਹਰਿ ਹਰਿ ਡੀਠਾ ॥੧॥ ਰਹਾਉ ॥

کھُلّہیئو کرمُ بھیئو پرگاسا
گھٹِ گھٹِ ہرِ ہرِ ڈیٹھا ॥1॥ رہاءُ ॥

ਪਾਰਬ੍ਰਹਮ ਆਜੋਨੀ ਸੰਭਉ
ਸਰਬ ਥਾਨ ਘਟ ਬੀਠਾ ॥

پاربّرہم آجونی سنبھءُ
سرب تھان گھٹ بیٹھا ॥

ਭਇਓ ਪਰਾਪਤਿ ਅੰਮ੍ਰਿਤ ਨਾਮਾ
ਬਲਿ ਬਲਿ ਪ੍ਰਭ ਚਰਣੀਠਾ ॥੧॥

بھیئو پراپتِ انمّرت نامـا
بلِ بلِ پربھ چرنیٹھا ॥1॥

ਸਤਸੰਗਤਿ ਕੀ ਰੇਣੁ ਮੁਖਿ ਲਾਗੀ
ਕੀਏ ਸਗਲ ਤੀਰਥ ਮਜਨੀਠਾ ॥

ستسنگتِ کی رینُ مُکھِ لاگی
کیے سگل تیرتھ مجنیٹھا ॥

ਕਹੁ ਨਾਨਕ ਰੰਗਿ ਚਲੂਲ ਭਏ ਹੈ
ਹਰਿ ਰੰਗੁ ਨ ਲਹੈ ਮਜੀਠਾ ॥੨॥੧੯॥੪੨॥

کہُ نانک رنگِ چلوُل بھئے ہے
ہرِ رنگُ ن لہے مجیٹھا ॥2॥ 19 ॥ 42 ॥

ਸਾਰਗ ਮਹਲਾ ੫ ॥

سارگ محلا 5 ॥

ਹਰਿ ਹਰਿ ਨਾਮੁ ਦੀਓ ਗੁਰਿ ਸਾਥੇ ॥

ہرِ ہرِ نامُ دیئو گُرِ ساتھے ॥

ਨਿਮਖ ਬਚਨੁ ਪ੍ਰਭ ਹੀਅਰੈ ਬਸਿਓ
ਸਗਲ ਭੂਖ ਮੇਰੀ ਲਾਥੇ ॥੧॥ ਰਹਾਉ ॥

نِمکھ بچنُ پربھ ہیئرے بسیئو
سگل بھوُکھ میری لاتھے ॥1॥ رہاءُ ॥

ਕ੍ਰਿਪਾ ਨਿਧਾਨ ਗੁਣ ਨਾਇਕ ਠਾਕੁਰ
ਸੁਖ ਸਮੂਹ ਸਭ ਨਾਥੇ ॥

کرپا نِدھان گُن نائک ٹھاکُر
سُکھ سموُہ سبھ ناتھے ۔ ॥

ਏਕ ਆਸ ਮੋਹਿ ਤੇਰੀ ਸੁਆਮੀ
ਅਉਰ ਦੁਤੀਆ ਆਸ ਬਿਰਾਥੇ ॥੧॥

ایک آس موہِ تیری سُیامی
اُر دُتیا آس برِاتھے ॥1॥

ਨੈਣ ਤ੍ਰਿਪਤਾਸੇ ਦੇਖਿ ਦਰਸਾਵਾ
ਗੁਰਿ ਕਰ ਧਾਰੇ ਮੇਰੈ ਮਾਥੇ ॥

نیَنْ تْرِپتاسے دیکھِ درساوا
گُرِ کر دھارے میرے ماتھے ॥

ਕਹੁ ਨਾਨਕ ਮੈ ਅਤੁਲ ਸੁਖੁ ਪਾਇਆ
ਜਨਮ ਮਰਣ ਭੈ ਲਾਥੇ ॥੨॥੨੦॥੪੩॥

کہُ نانک مے َ اتُل سُکھُ پائیا
جنم مرنْ بھے َ لاتھے ॥2॥ 20 ॥ 43 ॥

ਸਾਰਗ ਮਹਲਾ ੫ ॥

سارگ محلا 5 ॥

ਰੇ ਮੂੜੇ ਆਨ ਕਾਹੇ ਕਤ ਜਾਈ ॥

رے موُڑے آن کاہے کت جائی ۔ ॥

ਸੰਗਿ ਮਨੋਹਰੁ ਅੰਮ੍ਰਿਤੁ ਹੈ ਰੇ
ਭੂਲਿ ਭੂਲਿ ਬਿਖੁ ਖਾਈ ॥੧॥ ਰਹਾਉ ॥

سنگِ منوہرُ انمّرِتُ ہے َ رے
بھوُلِ بھوُلِ بِکھُ کھائی ॥1॥ رہاءُ ॥

ਪ੍ਰਭ ਸੁੰਦਰ ਚਤੁਰ ਅਨੂਪ ਬਿਧਾਤੇ
ਤਿਸ ਸਿਉ ਰੁਚ ਨਹੀ ਰਾਈ ॥

پّربھ سُنّدر چتُر انوُپ بِدھاتے
تِس سِ ءُ رُچ نہی رائی ॥

ਮੋਹਨਿ ਸਿਉ ਬਾਵਰ ਮਨੁ ਮੋਹਿਓ
ਝੂਠਿ ਠਗਉਰੀ ਪਾਈ ॥੧॥

موہنِ سِ ءُ باور منُ موہِئو
جھوُٹھِ ٹھگئُری پائی ॥1॥

ਭਇਓ ਦਇਆਲੁ ਕ੍ਰਿਪਾਲੁ ਦੁਖ ਹਰਤਾ
ਸੰਤਨ ਸਿਉ ਬਨਿ ਆਈ ॥

بھئِئو دئیالُ کّرِپالُ دُکھ ہرتا
سنّتن سِ ءُ بنِ آئی ॥

ਸਗਲ ਨਿਧਾਨ ਘਰੈ ਮਹਿ ਪਾਏ
ਕਹੁ ਨਾਨਕ ਜੋਤਿ ਸਮਾਈ ॥੨॥੨੧॥੪੪॥

سگل نِدھان گھرے َ مہِ پائے
کہُ نانک جوتِ سمائی ॥2॥ 21 ॥ 44 ॥

ਸਾਰਗ ਮਹਲਾ ੫ ॥

سارگ محلا 5 ॥

ਓਅੰ ਪ੍ਰਿਅ ਪ੍ਰੀਤਿ ਚੀਤਿ ਪਹਿਲਰੀਆ ॥

اوئنّ پّریءِ پّریتِ چیتِ پہِلریِیا ॥

ਜੋ ਤਉ ਬਚਨੁ ਦੀਓ ਮੇਰੇ ਸਤਿਗੁਰ
ਤਉ ਮੈ ਸਾਜ ਸੀਗਰੀਆ ॥੧॥ ਰਹਾਉ ॥

جو تءُ بچنُ دیئو میرے ستِگُر
تءُ مے َ ساج سیِگریِیا ॥1॥ رہاءُ ॥

ਹਮ ਭੂਲਹ ਤੁਮ ਸਦਾ ਅਭੂਲਾ
ਹਮ ਪਤਿਤ ਤੁਮ ਪਤਿਤ ਉਧਰੀਆ ॥

ہم بھوُلہ تُم سدا ابھوُلا
ہم پتِت تُم پتِت اُدھریِیا ॥

ਹਮ ਨੀਚ ਬਿਰਖ ਤੁਮ ਮੈਲਾਗਰ
ਲਾਜ ਸੰਗਿ ਸੰਗਿ ਬਸਰੀਆ ॥੧॥

ہم نِچ برکھ تُم میَلاگر
لاج سنگِ سنگِ بسریِیا ॥1॥

ਤੁਮ ਗੰਭੀਰ ਧੀਰ ਉਪਕਾਰੀ

تُم گنبھیِر دھیِر اُپکاری

ਹਮ ਕਿਆ ਬਪੁਰੇ ਜੰਤਰੀਆ ॥

ہم کیا بپُرے جنّتریا ۔ ॥

ਗੁਰ ਕ੍ਰਿਪਾਲ ਨਾਨਕ ਹਰਿ ਮੇਲਿਓ
ਤਉ ਮੇਰੀ ਸੂਖਿ ਸੇਜਰੀਆ ॥੨॥੨੨॥੪੫॥

گُر کرپال نانک ہرِ میلیئو
تءُ میری سوُکھِ سیجریا ॥2॥ 22 ॥ 45 ॥

ਸਾਰਗ ਮਹਲਾ ੫ ॥

سارگ محلا 5 ॥

ਮਨ ਓਇ ਦਿਨਸ ਧੰਨਿ ਪਰਵਾਨਾਂ ॥

من اوءِ دِنس دھنّنِ پرواناں ॥

ਸਫਲ ਤੇ ਘਰੀ ਸੰਜੋਗ ਸੁਹਾਵੇ
ਸਤਿਗੁਰ ਸੰਗਿ ਗਿਆਨਾਂ ॥੧॥ ਰਹਾਉ ॥

سپھل تے گھری سنّجوگ سُہاوے
ستِگُر سنگِ گیاناں ॥1॥ رہاءُ ॥

ਧੰਨਿ ਸੁਭਾਗ ਧੰਨਿ ਸੋਹਾਗਾ
ਧੰਨਿ ਦੇਤ ਜਿਨਿ ਮਾਨਾਂ ॥

دھنّنِ سُبھاگ دھنّنِ سوہاگا
دھنّنِ دیت جِنِ ماناں ॥

ਇਹੁ ਤਨੁ ਤੁਮ੍ਹਰਾ ਸਭੁ ਗ੍ਰਿਹੁ ਧਨੁ ਤੁਮਰਾ
ਹੀਉ ਕੀਓ ਕੁਰਬਾਨਾਂ ॥੧॥

اِہُ تنُ تُمہّرا سبھُ گرِہُ دھنُ تُمرا
ہیِۓ کیِئو قُرباناں ॥1॥

ਕੋਟਿ ਲਾਖ ਰਾਜ ਸੁਖ ਪਾਏ
ਇਕ ਨਿਮਖ ਪੇਖਿ ਦ੍ਰਿਸਟਾਨਾਂ ॥

کوٹِ لاکھ راج سُکھ پائے
اِک نِمکھ پیکھِ دّرِسٹاناں ॥

ਜਉ ਕਹਹੁ ਮੁਖਹੁ ਸੇਵਕ ਇਹ ਬੈਸੀਐ
ਸੁਖ ਨਾਨਕ ਅੰਤੁ ਨ ਜਾਨਾਂ ॥੨॥੨੩॥੪੬॥

جءُ کہہُ مُکھہُ سیوک اِہ بیَسیئے
سُکھ نانک انتُ ن جاناں ॥2॥ 23 ॥ 46 ॥

ਸਾਰਗ ਮਹਲਾ ੫ ॥

سارگ محلا 5 ॥

ਅਬ ਮੋਰੋ ਸਹਸਾ ਦੂਖੁ ਗਇਆ ॥

اب مورو سہسا دوُکھُ گیَیا ॥

ਅਉਰ ਉਪਾਵ ਸਗਲ ਤਿਆਗਿ ਛੋਡੇ
ਸਤਿਗੁਰ ਸਰਣਿ ਪਇਆ ॥੧॥ ਰਹਾਉ ॥

اُر اُپاو سگل تِیاگِ چھوڈے
ستِگُر سرنِ پیَیا ॥1॥ رہاءُ ॥

ਸਰਬ ਸਿਧਿ ਕਾਰਜ ਸਭਿ ਸਵਰੇ
ਅਹੰ ਰੋਗ ਸਗਲ ਹੀ ਖਇਆ ॥

سرب سِدھِ کارج سبھِ سورے
اہنّ روگ سگل ہی کھیَیا ॥

ਕੋਟਿ ਪਰਾਧ ਖਿਨ ਮਹਿ ਖਉ ਭਈ ਹੈ
ਗੁਰ ਮਿਲਿ ਹਰਿ ਹਰਿ ਕਹਿਆ ॥੧॥

کوٹِ پرادھ کھِن مہِ کھءُ بھئی ہے
گُر مِلِ ہرِ ہرِ کہیا ॥1॥

ਪੰਚ ਦਾਸ ਗੁਰਿ ਵਸਗਤਿ ਕੀਨੇ
ਮਨ ਨਿਹਚਲ ਨਿਰਭਇਆ ॥

پنّچ داس گُرِ وسگتِ کینے
من نِہچل نِربھیَیا ॥

ਆਇ ਨ ਜਾਵੈ ਨ ਕਤ ਹੀ ਡੋਲੈ
ਥਿਰੁ ਨਾਨਕ ਰਾਜਇਆ ॥੨॥੨੪॥੪੭॥

آءِ ن جاوے ن کت ہی ڈولے
تھِرُ نانک راجئیا ॥2॥ 24 ॥ 47 ॥

ਸਾਰਗ ਮਹਲਾ ੫ ॥

سارگ محلا 5 ॥

ਪ੍ਰਭੁ ਮੇਰੋ ਇਤ ਉਤ ਸਦਾ ਸਹਾਈ ॥

پربھُ میرو اِت اُت سدا سہائی ॥

ਮਨਮੋਹਨੁ ਮੇਰੇ ਜੀਅ ਕੋ ਪਿਆਰੋ
ਕਵਨ ਕਹਾ ਗੁਨ ਗਾਈ ॥੧॥ ਰਹਾਉ ॥

منموہنُ میرے جیء کو پیارو
کون کہا گُن گائی ۔ ॥1॥ رہاءُ ॥

ਖੇਲਿ ਖਿਲਾਇ ਲਾਡ ਲਾਡਾਵੈ
ਸਦਾ ਸਦਾ ਅਨਦਾਈ ॥

کھیلِ کھِلاءِ لاڈ لاڈاوے
سدا سدا اندائی ॥

ਪ੍ਰਤਿਪਾਲੈ ਬਾਰਿਕ ਕੀ ਨਿਆਈ
ਜੈਸੇ ਮਾਤ ਪਿਤਾਈ ॥੧॥

پرتپالے بارِک کی نِیائی
جیَسے مات پِتائی ॥1॥

ਤਿਸੁ ਬਿਨੁ ਨਿਮਖ ਨਹੀ ਰਹਿ ਸਕੀਐ
ਬਿਸਰਿ ਨ ਕਬਹੂ ਜਾਈ ॥

تِس بِنُ نِمکھ نہی رہِ سکیئے
بِسرِ ن کبہُو جائی ॥

ਕਹੁ ਨਾਨਕ ਮਿਲਿ ਸੰਤਸੰਗਿਤ ਤੇ
ਮਗਨ ਭਏ ਲਿਵ ਲਾਈ ॥੨॥੨੫॥੪੮॥

کہُ نانک مِلِ سنتسنگِت تے
مگن بھئے لِو لائی ॥2॥ 25 ॥ 48 ॥

ਸਾਰਗ ਮਹਲਾ ੫ ॥

سارگ محلا 5 ॥

ਅਪਨਾ ਮੀਤੁ ਸੁਆਮੀ ਗਾਈਐ ॥

اپنا میِتُ سُیامی گائیئے ॥

ਆਸ ਨ ਅਵਰ ਕਾਹੂ ਕੀ ਕੀਜੈ
ਸੁਖਦਾਤਾ ਪ੍ਰਭੁ ਧਿਆਈਐ ॥੧॥ ਰਹਾਉ ॥

آس ن اور کاہُو کی کیجے
سُکھداتا پربھُ دھیائیئے ॥1॥ رہاءُ ॥

ਸੂਖ ਮੰਗਲ ਕਲਿਆਣ ਜਿਸਹਿ ਘਰਿ
ਤਿਸ ਹੀ ਸਰਣੀ ਪਾਈਐ ॥

سوُکھ منگل کلیانُ جِسہِ گھرِ
تِس ہی سرنُی پائیئے ॥

ਤਿਸਹਿ ਤਿਆਗਿ ਮਾਨੁਖੁ ਜੇ ਸੇਵਹੁ
ਤਉ ਲਾਜ ਲੋਨੁ ਹੋਇ ਜਾਈਐ ॥੧॥

تِسہِ تِیاگِ مانُکھُ جے سیوہُ
تءُ لاج لونُ ہوءِ جائیئے ॥1॥

ਏਕ ਓਟ ਪਕਰੀ ਠਾਕੁਰ ਕੀ
ਗੁਰ ਮਿਲਿ ਮਤਿ ਬੁਧਿ ਪਾਈਐ ॥

ایک اوٹ پکری ٹھاکُر کی
گُر مِلِ متِ بُدھِ پائیئے ॥

ਗੁਣ ਨਿਧਾਨ ਨਾਨਕ ਪ੍ਰਭੁ ਮਿਲਿਆ

گُنُ نِدھان نانک پربھُ مِلیا

ਸਗਲ ਚੁਕੀ ਮੁਹਤਾਈਐ ॥੨॥੨੬॥੪੯॥

سگل چُکی مُحتائیَۓ ॥2॥ 26 ॥ 49 ॥

ਸਾਰਗ ਮਹਲਾ ੫ ॥

سارگ محلا 5 ॥

ਓਟ ਸਤਾਣੀ ਪ੍ਰਭ ਜੀਉ ਮੇਰੈ ॥

اوٹ ستانٹی پربھ جیِءُ میرے ॥

ਦ੍ਰਿਸਟਿ ਨ ਲਿਆਵਉ ਅਵਰ ਕਾਹੂ ਕਉ
ਮਾਣਿ ਮਹਤਿ ਪ੍ਰਭ ਤੇਰੈ ॥੧॥ ਰਹਾਉ ॥

دِرسٹِ ن لِیاوءُ اور کاہوُ ک ءُ
ماںِ مہتِ پربھ تیرے ॥1॥ رہاءُ ॥

ਅੰਗੀਕਾਰੁ ਕੀਓ ਪ੍ਰਭਿ ਅਪੁਨੈ
ਕਾਢਿ ਲੀਆ ਬਿਖੁ ਘੇਰੈ ॥

انگیکارُ کِینوُ پربھِ اپُنے
کاڈھِ لِیا بِکھُ گھیرے ॥

ਅੰਮ੍ਰਿਤ ਨਾਮੁ ਅਉਖਧੁ ਮੁਖਿ ਦੀਨੋ
ਜਾਇ ਪਇਆ ਗੁਰ ਪੈਰੈ ॥੧॥

انمّرِت نامُ اُکھدھُ مُکھِ دینوُ
جاءِ پئیا گُر پیرے ॥1॥

ਕਵਨ ਉਪਮਾ ਕਹਉ ਏਕ ਮੁਖ
ਨਿਰਗੁਣ ਕੇ ਦਾਤੇਰੈ ॥

کون اُپما کہءُ ایک مُکھ
نِرگُنؤ کے داتیرے ॥

ਕਾਟਿ ਸਿਲਕ ਜਉ ਅਪੁਨਾ ਕੀਨੋ
ਨਾਨਕ ਸੂਖ ਘਨੇਰੈ ॥੨॥੨੭॥੫੦॥

کاٹِ سِلک جءُ اپُنا کِینوُ
نانک سوُکھ گھنیرے ॥2॥ 27 ॥ 50 ॥

ਸਾਰਗ ਮਹਲਾ ੫ ॥

سارگ محلا 5 ॥

ਪ੍ਰਭ ਸਿਮਰਤ ਦੂਖ ਬਿਨਾਸੀ ॥

پربھ سِمرت دوُکھ بِناسی ॥

ਭਇਓ ਕ੍ਰਿਪਾਲੁ ਜੀਅ ਸੁਖਦਾਤਾ
ਹੋਈ ਸਗਲ ਖਲਾਸੀ ॥੧॥ ਰਹਾਉ ॥

بھئِنوُ کرِپالُ جیء سُکھداتا
ہوئی سگل خلاسی ॥1॥ رہاءُ ॥

ਅਵਰੁ ਨ ਕੋਊ ਸੂਝੈ ਪ੍ਰਭ ਬਿਨੁ
ਕਹੁ ਕੋ ਕਿਸੁ ਪਹਿ ਜਾਸੀ ॥

اورُ ن کوئوُ سوُجھے پربھ بِنُ
کہُ کو کِسُ پہِ جاسی ۔ ॥

ਜਿਉ ਜਾਣਹੁ ਤਿਉ ਰਾਖਹੁ ਠਾਕੁਰ
ਸਭੁ ਕਿਛੁ ਤੁਮ ਹੀ ਪਾਸੀ ॥੧॥

جِءُ جاٹہُ تِءُ راکھہُ ٹھاکُر
سبھُ کِچھُ تُم ہی پاسی ॥1॥

ਹਾਥ ਦੇਇ ਰਾਖੇ ਪ੍ਰਭਿ ਅਪੁਨੇ
ਸਦ ਜੀਵਨ ਅਬਿਨਾਸੀ ॥

ہاتھ دےءِ راکھے پربھِ اپُنے
سد جیِون اِبناسی ॥

ਕਹੁ ਨਾਨਕ ਮਨਿ ਅਨਦੁ ਭਇਆ ਹੈ
ਕਾਟੀ ਜਮ ਕੀ ਫਾਸੀ ॥੨॥੨੮॥੫੧॥

کہُ نانک منِ اندُ بھئیا ہے
کاٹی جم کی پھاسی ॥2॥ 28 ॥ 51 ॥

ਸਾਰਗ ਮਹਲਾ ੫ ॥

ਮੇਰੋ ਮਨੁ ਜਤ ਕਤ ਤੁਝਹਿ ਸਮ੍ਾਰੈ ॥

ਹਮ ਬਾਰਿਕ ਦੀਨ ਪਿਤਾ ਪ੍ਰਭ ਮੇਰੇ
ਜਿਉ ਜਾਨਹਿ ਤਿਉ ਪਾਰੈ ॥੧॥ ਰਹਾਉ ॥

ਜਬ ਭੁਖੌ ਤਬ ਭੋਜਨੁ ਮਾਂਗੈ
ਅਘਾਏ ਸੂਖ ਸਘਾਰੈ ॥

ਤਬ ਅਰੋਗ ਜਬ ਤੁਮ ਸੰਗਿ ਬਸਤੌ
ਛੁਟਕਤ ਹੋਇ ਰਵਾਰੈ ॥੧॥

ਕਵਨ ਬਸੇਰੋ ਦਾਸ ਦਾਸਨ ਕੋ
ਥਾਪਿ ਉਥਾਪਨਹਾਰੈ ॥

ਨਾਮੁ ਨ ਬਿਸਰੈ ਤਬ ਜੀਵਨੁ ਪਾਈਐ
ਬਿਨਤੀ ਨਾਨਕ ਇਹ ਸਾਰੈ ॥੨॥੨੯॥੫੨॥

ਸਾਰਗ ਮਹਲਾ ੫ ॥

ਮਨ ਤੇ ਭੈ ਭਉ ਦੂਰਿ ਪਰਾਇਓ ॥

ਲਾਲ ਦਇਆਲ ਗੁਲਾਲ ਲਾਡਿਲੇ
ਸਹਜਿ ਸਹਜਿ ਗੁਨ ਗਾਇਓ ॥੧॥ ਰਹਾਉ ॥

ਗੁਰ ਬਚਨਾਤਿ ਕਮਾਤ ਕ੍ਰਿਪਾ ਤੇ
ਬਹੁਰਿ ਨ ਕਤਹੂ ਧਾਇਓ ॥

ਰਹਤ ਉਪਾਧਿ ਸਮਾਧਿ ਸੁਖ ਆਸਨ
ਭਗਤਿ ਵਛਲੁ ਗ੍ਰਿਹਿ ਪਾਇਓ ॥੧॥

ਨਾਦ ਬਿਨੋਦ ਕੋਡ ਆਨੰਦਾ
ਸਹਜੇ ਸਹਜਿ ਸਮਾਇਓ ॥

ਕਰਨਾ ਆਪਿ ਕਰਾਵਨ ਆਪੇ
ਕਹੁ ਨਾਨਕ ਆਪਿ ਆਪਾਇਓ ॥੨॥੩੦॥੫੩॥

ਸਾਰਗ ਮਹਲਾ ੫ ॥

سارگ محلا 5 ॥

میرو منُ جت کت تُجھِ سمّہارے ॥

ہم بارِک دِین پِتا پربھ میرے
جِءُ جانہِ تِءُ پارے ॥1॥ رہاءُ ॥

جب بھکھوَ تب بھوجنُ مانگے
اگھائے سوُکھ سگھارے ॥

تب اروگ جب تُم سنگِ بستوَ
چھُٹکت ہوءِ روارے ॥1॥

کون بسیرو داس داسن کو
تھاپِ اُتھاپنہارے ۔ ॥

نامُ ن بِسرے تب جیِونُ پائیِے
بِنتی نانک اِہ سارے ॥2॥ 29 ॥ 52 ॥

سارگ محلا 5 ॥

من تے بھےَ بھءُ دوُرِ پرائیو ॥

لال دئیال گُلال لاڈِلے
سہجِ سہجِ گُن گائیو ॥1॥ رہاءُ ॥

گُر بچناتِ کمات کرِپا تے
بہُرِ ن کتہوُ دھائیو ॥

رہت اُپادھِ سمادھِ سُکھ آسن
بھگتِ وچھلُ گرِہِ پائیو ॥1॥

نادِ بِنود کوڈ آنندا
سہجے سہجِ سمائیو ॥

کرنا آپِ کراون آپے
کہُ نانک آپِ آپائیو ॥2॥ 30 ॥ 53 ॥

سارگ محلا 5 ॥

ਅੰਮ੍ਰਿਤ ਨਾਮੁ ਮਨਹਿ ਆਧਾਰੋ ॥

انمرِت نامُ منہِ آدھارو ॥

ਜਿਨ ਦੀਆ ਤਿਸ ਕੈ ਕੁਰਬਾਨੈ
ਗੁਰ ਪੂਰੇ ਨਮਸਕਾਰੋ ॥੧॥ ਰਹਾਉ ॥

جِن دِیا تِس کے قُربانے
گُر پُورے نمسکارو ॥1॥ رہاءُ ॥

ਬੂਝੀ ਤ੍ਰਿਸਨਾ ਸਹਜਿ ਸੁਹੇਲਾ
ਕਾਮੁ ਕ੍ਰੋਧੁ ਬਿਖੁ ਜਾਰੋ ॥

بُوجھی ترِسنا سہجِ سُہیلا
کامُ کرودھُ بِکھُ جارو ॥

ਆਇ ਨ ਜਾਇ ਬਸੈ ਇਹ ਠਾਹਰ
ਜਹ ਆਸਨੁ ਨਿਰੰਕਾਰੋ ॥੧॥

آءِ ن جاءِ بسے اِہ ٹھاہر
جہ آسنُ نِرنکارو ॥1॥

ਏਕੈ ਪਰਗਟੁ ਏਕੈ ਗੁਪਤਾ
ਏਕੈ ਧੁੰਧੂਕਾਰੋ ॥

ایکے پرگٹُ ایکے گُپتا
ایکے دھُندھوُکارو ॥

ਆਦਿ ਮਧਿ ਅੰਤਿ ਪ੍ਰਭੁ ਸੋਈ
ਕਹੁ ਨਾਨਕ ਸਾਚੁ ਬੀਚਾਰੋ ॥੨॥੩੧॥੫੪॥

آدِ مدھِ انتِ پربھُ سوئی
کہُ نانک ساچُ بیچارو ॥2॥ 31 ॥ 54 ॥

ਸਾਰਗ ਮਹਲਾ ੫ ॥

سارگ محلا 5 ॥

ਬਿਨੁ ਪ੍ਰਭ ਰਹਨੁ ਨ ਜਾਇ ਘਰੀ ॥

بِنُ پربھ رہنُ ن جاءِ گھری ॥

ਸਰਬ ਸੂਖ ਤਾਹੂ ਕੈ ਪੂਰਨ
ਜਾ ਕੈ ਸੁਖੁ ਹੈ ਹਰੀ ॥੧॥ ਰਹਾਉ ॥

سرب سوُکھ تاہوُ کے پوُرن
جا کے سُکھُ ہے ہری ॥1॥ رہاءُ ॥

ਮੰਗਲ ਰੂਪ ਪ੍ਰਾਨ ਜੀਵਨ ਧਨ
ਸਿਮਰਤ ਅਨਦ ਘਨਾ ॥

منگل روُپ پران جیِون دھن
سِمرت اند گھنا ॥

ਵਡ ਸਮਰਥੁ ਸਦਾ ਸਦ ਸੰਗੇ
ਗੁਨ ਰਸਨਾ ਕਵਨ ਭਨਾ ॥੧॥

وڈ سمرتھُ سدا سد سنگے
گُن رسنا کون بھنا ۔ ॥1॥

ਥਾਨ ਪਵਿਤ੍ਰਾ ਮਾਨ ਪਵਿਤ੍ਰਾ
ਪਵਿਤ੍ਰ ਸੁਨਨ ਕਹਨਹਾਰੇ ॥

تھان پوِتّرا مان پوِتّرا
پوِتّر سُنن کہنہارے ॥

ਕਹੁ ਨਾਨਕ ਤੇ ਭਵਨ ਪਵਿਤ੍ਰਾ
ਜਾ ਮਹਿ ਸੰਤ ਤੁਮ੍ਹਾਰੇ ॥੨॥੩੨॥੫੫॥

کہُ نانک تے بھون پوِتّرا
جا مہِ سنّت تُمہارے ॥2॥ 32 ॥ 55 ॥

ਸਾਰਗ ਮਹਲਾ ੫ ॥

سارگ محلا 5 ॥

ਰਸਨਾ ਜਪਤੀ ਤੂਹੀ ਤੂਹੀ ॥

رسنا جپتی توُہی توُہی ॥

ਮਾਤ ਗਰਭ ਤੁਮ ਹੀ ਪ੍ਰਤਿਪਾਲਕ
ਮ੍ਰਿਤ ਮੰਡਲ ਇਕ ਤੁਹੀ ॥੧॥ ਰਹਾਉ ॥

ماتؔ گربھ تُم ہی پرتپالک
مرِت منڈل اِک تُہی ॥1॥ رہاءُ ॥

ਤੁਮਹਿ ਪਿਤਾ ਤੁਮ ਹੀ ਫੁਨਿ ਮਾਤਾ
ਤੁਮਹਿ ਮੀਤ ਹਿਤ ਭ੍ਰਾਤਾ ॥

تُمہِ پِتا تُم ہی پھُنِ ماتا
تُمہِ مِیت ہِت بھّراتا ॥

ਤੁਮ ਪਰਵਾਰ ਤੁਮਹਿ ਆਧਾਰਾ
ਤੁਮਹਿ ਜੀਅ ਪ੍ਰਾਨਦਾਤਾ ॥੧॥

تُم پروار تُمہِ آدھارا
تُمہِ جیء پّراندا تا ॥1॥

ਤੁਮਹਿ ਖਜੀਨਾ ਤੁਮਹਿ ਜਰੀਨਾ
ਤੁਮ ਹੀ ਮਾਣਿਕ ਲਾਲਾ ॥

تُمہِ خزِینا تُمہِ جرِینا
تُم ہی ماٹِک لالا ॥

ਤੁਮਹਿ ਪਾਰਜਾਤ ਗੁਰ ਤੇ ਪਾਏ
ਤਉ ਨਾਨਕ ਭਏ ਨਿਹਾਲਾ ॥੨॥੩੩॥੫੬॥

تُمہِ پارجات گُر تے پائے
تءُ نانک بھئے نِہالا ॥2॥ 33 ॥ 56 ॥

ਸਾਰਗ ਮਹਲਾ ੫ ॥

سارگ محلا 5 ॥

ਜਾਹੂ ਕਾਹੂ ਅਪੁਨੋ ਹੀ ਚਿਤਿ ਆਵੈ ॥

جاہوُ کاہوُ اپُنو ہی چِتِ آوے ॥

ਜੋ ਕਾਹੂ ਕੋ ਚੇਰੋ ਹੋਵਤ
ਠਾਕੁਰ ਹੀ ਪਹਿ ਜਾਵੈ ॥੧॥ ਰਹਾਉ ॥

جو کاہوُ کو چیرو ہووت
ٹھاکُر ہی پہِ جاوے ॥1॥ رہاءُ ॥

ਅਪਨੇ ਪਹਿ ਦੂਖ ਅਪਨੇ ਪਹਿ ਸੂਖਾ
ਅਪਨੇ ਹੀ ਪਹਿ ਬਿਰਥਾ ॥

اپنے پہِ دوُکھ اپنے پہِ سوُکھا
اپنے ہی پہِ بِرتھا ॥

ਅਪੁਨੇ ਪਹਿ ਮਾਨੁ ਅਪੁਨੇ ਪਹਿ ਤਾਨਾ
ਅਪਨੇ ਹੀ ਪਹਿ ਅਰਥਾ ॥੧॥

اپُنے پہِ مانُ اپُنے پہِ تانا
اپنے ہی پہِ ارتھا ॥1॥

ਕਿਨ ਹੀ ਰਾਜ ਜੋਬਨੁ ਧਨ ਮਿਲਖਾ
ਕਿਨ ਹੀ ਬਾਪ ਮਹਤਾਰੀ ॥

کِن ہی راج جوبنُ دھن مِلکھا
کِن ہی باپ مہتاری ॥

ਸਰਬ ਥੋਕ ਨਾਨਕ ਗੁਰ ਪਾਏ
ਪੂਰਨ ਆਸ ਹਮਾਰੀ ॥੨॥੩੪॥੫੭॥

سرب تھوک نانک گُر پائے
پوُرن آس ہماری ॥2॥ 34 ॥ 57 ॥

ਸਾਰਗ ਮਹਲਾ ੫ ॥

سارگ محلا 5 ॥

ਝੂਠੋ ਮਾਇਆ ਕੋ ਮਦ ਮਾਨੁ ॥

جھوُٹھو مائیا کو مد مانُ ॥

ਧ੍ਰੋਹ ਮੋਹ ਦੂਰਿ ਕਰਿ ਬਪੁਰੇ

دھّروہ موہ دوُرِ کرِ بپُرے

ਸੰਗਿ ਗੋਪਾਲਹਿ ਜਾਨੁ ॥੧॥ ਰਹਾਉ ॥

سنگِ گوپالہِ جانُ ॥1॥ رہاءُ ॥

ਮਿਥਿਆ ਰਾਜ ਜੋਬਨ ਅਰੁ ਉਮਰੇ
ਮੀਰ ਮਲਕ ਅਰੁ ਖਾਨ ॥

مِتھیا راج جوبن ارُ اُمرے
میرِ ملک ارُ خان ॥

ਮਿਥਿਆ ਕਾਪਰ ਸੁਗੰਧ ਚਤੁਰਾਈ
ਮਿਥਿਆ ਭੋਜਨ ਪਾਨ ॥੧॥

مِتھیا کاپر سُگندھ چترائی
مِتھیا بھوجن پان ॥1॥

ਦੀਨ ਬੰਧਰੋ ਦਾਸ ਦਾਸਰੋ
ਸੰਤਹ ਕੀ ਸਾਰਾਨ ॥

دِین بندھرو داس داسرو
سنتہ کی ساران ॥

ਮਾਂਗਨਿ ਮਾਂਗਉ ਹੋਇ ਅਚਿੰਤਾ
ਮਿਲੁ ਨਾਨਕ ਕੇ ਹਰਿ ਪ੍ਰਾਨ ॥੨॥੩੫॥੫੮॥

مانگنِ مانگءُ ہوءِ اچنتا
مِلُ نانک کے ہرِ پران ॥2॥ 35 ॥ 58 ॥

ਸਾਰਗ ਮਹਲਾ ੫ ॥

سارگ محلا 5 ॥

ਅਪੁਨੀ ਇਤਨੀ ਕਛੂ ਨ ਸਾਰੀ ॥

اپُنی اِتنی کچھوُ ن ساری ॥

ਅਨਿਕ ਕਾਜ ਅਨਿਕ ਧਾਵਰਤਾ
ਉਰਝਿਓ ਆਨ ਜੰਜਾਰੀ ॥੧॥ ਰਹਾਉ ॥

اَنِک کاج اَنِک دھاورتا
اُرجھِئو آن زنجاری ॥1॥ رہاءُ ॥

ਦਿਉਸ ਚਾਰਿ ਕੇ ਦੀਸਹਿ ਸੰਗੀ
ਊਹਾਂ ਨਾਹੀ ਜਹ ਭਾਰੀ ॥

دِئُس چارِ کے دیسہِ سنگی
اوُہاں ناہی جہ بھاری ॥

ਤਿਨ ਸਿਉ ਰਾਚਿ ਮਾਚਿ ਹਿਤੁ ਲਾਇਓ
ਜੋ ਕਾਮਿ ਨਹੀ ਗਾਵਾਰੀ ॥੧॥

تِن سِءُ راچِ ماچِ ہِتُ لائِئو
جو کامِ نہی گاواری ॥1॥

ਹਉ ਨਾਹੀ ਨਾਹੀ ਕਿਛੁ ਮੇਰਾ
ਨਾ ਹਮਰੋ ਬਸੁ ਚਾਰੀ ॥

ہءُ ناہی ناہی کِچھُ میرا
نا ہمرو بسُ چاری ॥

ਕਰਨ ਕਰਾਵਨ ਨਾਨਕ ਕੇ ਪ੍ਰਭ
ਸੰਤਨ ਸੰਗਿ ਉਧਾਰੀ ॥੨॥੩੬॥੫੯॥

کرن کراون نانک کے پربھ
سنتن سنگِ اُدھاری ॥2॥ 36 ॥ 59 ॥

ਸਾਰਗ ਮਹਲਾ ੫ ॥

سارگ محلا 5 ॥

ਮੋਹਨੀ ਮੋਹਤ ਰਹੈ ਨ ਹੋਰੀ ॥

موہنی موہت رہے ن ہوری ॥

ਸਾਧਿਕ ਸਿਧ ਸਗਲ ਕੀ ਪਿਆਰੀ
ਤੁਟੈ ਨ ਕਾਹੂ ਤੋਰੀ ॥੧॥ ਰਹਾਉ ॥

سادھِک سِدھ سگل کی پیاری
ٹُٹے ن کاہوُ توری ॥1॥ رہاءُ ॥

ਖਟੁ ਸਾਸਤ੍ਰ ਉਚਰਤ ਰਸਨਾਗਰ
ਤੀਰਥ ਗਵਨ ਨ ਥੋਰੀ ॥

کھٹُ ساستّر اُچرت رسناگر
تِیرتھ گون ن تھوری ॥

ਪੂਜਾ ਚਕ੍ਰ ਬਰਤ ਨੇਮ ਤਪੀਆ
ਊਹਾ ਗੈਲਿ ਨ ਛੋਰੀ ॥੧॥

پوُجا چکّر برت نیم تپِیا
اوُہا گیَلِ ن چھوری ॥1॥

ਅੰਧ ਕੂਪ ਮਹਿ ਪਤਿਤ ਹੋਤ ਜਗੁ
ਸੰਤਹੁ ਕਰਹੁ ਪਰਮ ਗਤਿ ਮੋਰੀ ॥

انّدھ کوُپ مہِ پتِت ہوت جگُ
سنّتہُ کرہُ پرم گتِ موری ॥

ਸਾਧਸੰਗਤਿ ਨਾਨਕੁ ਭਇਓ ਮੁਕਤਾ
ਦਰਸਨੁ ਪੇਖਤ ਭੋਰੀ ॥੨॥੩੭॥੬੦॥

سادھسنگتِ نانکُ بھئِنو مُکتا
درسنُ پیکھت بھوری ॥2॥ 37 ॥ 60 ॥

ਸਾਰਗ ਮਹਲਾ ੫ ॥

سارگ محلا 5 ॥

ਕਹਾ ਕਰਹਿ ਰੇ ਖਾਟਿ ਖਾਟੁਲੀ ॥

کہا کرہِ رے کھاٹِ کھاٹُلی ۔ ॥

ਪਵਨਿ ਅਫਾਰ ਤੋਰ ਚਾਮਰੋ
ਅਤਿ ਜਜਰੀ ਤੇਰੀ ਰੇ ਮਾਟੁਲੀ ॥੧॥ ਰਹਾਉ ॥

پونِ اپھار تور چامرو
اتِ ججری تیری رے ماٹُلی ॥1॥ رہاءُ ॥

ਊਹੀ ਤੇ ਹਰਿਓ ਊਹਾ ਲੇ ਧਰਿਓ
ਜੈਸੇ ਬਾਸਾ ਮਾਸ ਦੇਤ ਝਾਟੁਲੀ ॥

اوُہی تے ہرِئو اوُہا لے دھرِئو
جیَسے باشا ماس دیت جھاٹُلی ॥

ਦੇਵਨਹਾਰੁ ਬਿਸਾਰਿਓ ਅੰਧੁਲੇ
ਜਿਉ ਸਫਰੀ ਉਦਰੁ ਭਰੈ ਬਹਿ ਹਾਟੁਲੀ ॥੧॥

دیونہارُ بِسارِئو انّدھُلے
جِءُ سفری اُدرُ بھرے بہِ ہاٹُلی ॥1॥

ਸਾਦ ਬਿਕਾਰ ਬਿਕਾਰ ਝੂਠ ਰਸ
ਜਹ ਜਾਨੋ ਤਹ ਭੀਰ ਬਾਟੁਲੀ ॥

ساد بِکار بِکار جھوُٹھ رس
جہ جانو تہ بھیِر باٹُلی ॥

ਕਹੁ ਨਾਨਕ ਸਮਝੁ ਰੇ ਇਆਨੇ
ਆਜੁ ਕਾਲਿ ਖੁਲ੍ਹੈ ਤੇਰੀ ਗਾਂਠੁਲੀ ॥੨॥੩੮॥੬੧॥

کہُ نانک سمجھُ رے اِیانے
آجُ کالِ کھُلّہے تیری گانٹھُلی ॥2॥ 38 ॥ 61 ॥

ਸਾਰਗ ਮਹਲਾ ੫ ॥

سارگ محلا 5 ॥

ਗੁਰ ਜੀਉ ਸੰਗਿ ਤੁਹਾਰੈ ਜਾਨਿਓ ॥

گُر جِیءُ سنگِ تُہارے جانِئو ॥

ਕੋਟਿ ਜੋਧ ਉਆ ਕੀ ਬਾਤ ਨ ਪੁਛੀਐ
ਤਾਂ ਦਰਗਹ ਭੀ ਮਾਨਿਓ ॥੧॥ ਰਹਾਉ ॥

کوٹِ جودھ اُیا کی بات ن پُچھیِئے
تاں درگہ بھی مانِئو ॥1॥ رہاءُ ॥

ਕਵਨ ਮੂਲੁ ਪ੍ਰਾਨੀ ਕਾ ਕਹੀਐ

کون موُلُ پرّانی کا کہیِئے

ਕਵਨ ਰੂਪੁ ਦ੍ਰਿਸਟਾਨਿਓ ॥

کون روُپُ دڑِسٹانِئو ۔ ॥

ਜੋਤਿ ਪ੍ਰਗਾਸ ਭਈ ਮਾਟੀ ਸੰਗਿ
ਦੁਲਭ ਦੇਹ ਬਖਾਨਿਓ ॥੧॥

جوتِ پڑگاس بھئی ماٹی سنگِ
دُلبھ دیہ بکھانِئو ॥1॥

ਤੁਮ ਤੇ ਸੇਵ ਤੁਮ ਤੇ ਜਪ ਤਾਪਾ
ਤੁਮ ਤੇ ਤਤੁ ਪਛਾਨਿਓ ॥

تُم تے سیو تُم تے جپ تاپا
تُم تے تتُ پچھانِئو ॥

ਕਰੁ ਮਸਤਕਿ ਧਰਿ ਕਟੀ ਜੇਵਰੀ
ਨਾਨਕ ਦਾਸ ਦਸਾਨਿਓ ॥੨॥੩੯॥੬੨॥

کرُ مستکِ دھرِ کٹی جیوری
نانک داس دسانِئو ॥2॥ 39 ॥ 62 ॥

ਸਾਰਗ ਮਹਲਾ ੫ ॥

سارگ محلا 5 ॥

ਹਰਿ ਹਰਿ ਦੀਓ ਸੇਵਕ ਕਉ ਨਾਮ ॥

ہرِ ہرِ دیئو سیوک کءُ نام ॥

ਮਾਨਸੁ ਕਾ ਕੋ ਬਪੁਰੋ ਭਾਈ
ਜਾ ਕੋ ਰਾਖਾ ਰਾਮ ॥੧॥ ਰਹਾਉ ॥

مانُس کا کو بپُرو بھائی
جا کو راکھا رام ॥1॥ رہاءُ ॥

ਆਪਿ ਮਹਾ ਜਨੁ ਆਪੇ ਪੰਚਾ
ਆਪਿ ਸੇਵਕ ਕੈ ਕਾਮ ॥

آپِ مہا جنُ آپے پنچا
آپِ سیوک کے کام ॥

ਆਪੇ ਸਗਲੇ ਦੂਤ ਬਿਦਾਰੇ
ਠਾਕੁਰ ਅੰਤਰਜਾਮ ॥੧॥

آپے سگلے دوُت بِدارے
ٹھاکُر انترجام ॥1॥

ਆਪੇ ਪਤਿ ਰਾਖੀ ਸੇਵਕ ਕੀ
ਆਪਿ ਕੀਓ ਬੰਧਾਨ ॥

آپے پتِ راکھی سیوک کی
آپِ کِینئو بندھان ॥

ਆਦਿ ਜੁਗਾਦਿ ਸੇਵਕ ਕੀ ਰਾਖੈ
ਨਾਨਕ ਕੋ ਪ੍ਰਭੁ ਜਾਨ ॥੨॥੪੦॥੬੩॥

آدِ جُگادِ سیوک کی راکھے
نانک کو پربھُ جان ॥2॥ 40 ॥ 63 ॥

ਸਾਰਗ ਮਹਲਾ ੫ ॥

سارگ محلا 5 ॥

ਤੂ ਮੇਰੇ ਮੀਤ ਸਖਾ ਹਰਿ ਪ੍ਰਾਨ ॥

توُ میرے میت سکھا ہرِ پران ॥

ਮਨੁ ਧਨੁ ਜੀਉ ਪਿੰਡੁ ਸਭੁ ਤੁਮਰਾ
ਇਹੁ ਤਨੁ ਸੀਤੋ ਤੁਮਰੈ ਧਾਨ ॥੧॥ ਰਹਾਉ ॥

منُ دھنُ جیءُ پنڈُ سبھُ تُمرا
اِہُ تنُ سیتو تُمرے دھان ॥1॥ رہاءُ ॥

ਤੁਮ ਹੀ ਦੀਏ ਅਨਿਕ ਪ੍ਰਕਾਰਾ
ਤੁਮ ਹੀ ਦੀਏ ਮਾਨ ॥

تُم ہی دیے انِک پرکارا
تُم ہی دیے مان ॥

ਸਦਾ ਸਦਾ ਤੁਮ ਹੀ ਪਤਿ ਰਾਖਹੁ
ਅੰਤਰਜਾਮੀ ਜਾਨ ॥੧॥

سدا سدا تُم ہی پتِ راکھہُ
انتَرجامی جان ॥1॥

ਜਿਨ ਸੰਤਨ ਜਾਨਿਆ ਤੂ ਠਾਕੁਰ
ਤੇ ਆਏ ਪਰਵਾਨ ॥

جِن سنّتن جانِیا توُ ٹھاکُر
تے آئے پروان ॥

ਜਨ ਕਾ ਸੰਗੁ ਪਾਈਐ ਵਡਭਾਗੀ
ਨਾਨਕ ਸੰਤਨ ਕੈ ਕੁਰਬਾਨ ॥੨॥੪੧॥੬੪॥

جن کا سنگُ پائیَے وڈبھاگی
نانک سنّتن کے قُربان ॥2॥ 41 ॥ 64 ॥

ਸਾਰਗ ਮਹਲਾ ੫ ॥

سارگ محلا 5 ॥

ਕਰਹੁ ਗਤਿ ਦਇਆਲ ਸੰਤਹੁ ਮੋਰੀ ॥

کرہُ گتِ دئیال سنّتہ موری ॥

ਤੁਮ ਸਮਰਥ ਕਾਰਨ ਕਰਨਾ
ਤੂਟੀ ਤੁਮ ਹੀ ਜੋਰੀ ॥੧॥ ਰਹਾਉ ॥

تُم سمرتھ کارن کرنا
توٹی تُم ہی جوری ॥1॥ رہاءُ ॥

ਜਨਮ ਜਨਮ ਕੇ ਬਿਖਈ ਤੁਮ ਤਾਰੇ
ਸੁਮਤਿ ਸੰਗਿ ਤੁਮਾਰੈ ਪਾਈ ॥

جنم جنم کے بِکھئی تُم تارے
سُمتِ سنگِ تُمارے پائی ॥

ਅਨਿਕ ਜੋਨਿ ਭ੍ਰਮਤੇ ਪ੍ਰਭ ਬਿਸਰਤ
ਸਾਸਿ ਸਾਸਿ ਹਰਿ ਗਾਈ ॥੧॥

انِک جونِ بھرمتے پربھ بِسرت
ساسِ ساسِ ہرِ گائی ॥1॥

ਜੋ ਜੋ ਸੰਗਿ ਮਿਲੇ ਸਾਧੂ ਕੈ
ਤੇ ਤੇ ਪਤਿਤ ਪੁਨੀਤਾ ॥

جو جو سنگِ مِلے سادھوُ کے
تے تے پتِت پُنیتا ॥

ਕਹੁ ਨਾਨਕ ਜਾ ਕੇ ਵਡਭਾਗਾ
ਤਿਨਿ ਜਨਮੁ ਪਦਾਰਥੁ ਜੀਤਾ ॥੨॥੪੨॥੬੫॥

کہُ نانک جا کے وڈبھاگا
تِنِ جنمُ پدارتھُ جیتا ॥2॥ 42 ॥ 65 ॥

ਸਾਰਗ ਮਹਲਾ ੫ ॥

سارگ محلا 5 ॥

ਠਾਕੁਰ ਬਿਨਤੀ ਕਰਨ ਜਨੁ ਆਇਓ ॥

ٹھاکُر بِنتی کرن جنُ آئیَو ॥

ਸਰਬ ਸੂਖ ਆਨੰਦ ਸਹਜ ਰਸ
ਸੁਨਤ ਤੁਹਾਰੋ ਨਾਇਓ ॥੧॥ ਰਹਾਉ ॥

سرب سوُکھ آنند سہج رس
سُنت تُہارو نائیَو ॥1॥ رہاءُ ॥

ਕ੍ਰਿਪਾ ਨਿਧਾਨ ਸੂਖ ਕੇ ਸਾਗਰ
ਜਸੁ ਸਭ ਮਹਿ ਜਾ ਕੋ ਛਾਇਓ ॥

کرِپا نِدھان سوُکھ کے ساگر
جسُ سبھ مہِ جا کو چھائیَو ॥

ਸੰਤਸੰਗਿ ਰੰਗ ਤੁਮ ਕੀਏ

سنّتسنگِ رنگ تُم کیِے

ਅਪਨਾ ਆਪੁ ਦ੍ਰਿਸਟਾਇਓ ॥੧॥

اپنا آپُ دِرسٹائِئو ॥1॥

ਨੈਨਹੁ ਸੰਗਿ ਸੰਤਨ ਕੀ ਸੇਵਾ
ਚਰਨ ਝਾਰੀ ਕੇਸਾਇਓ ॥

نینہُ سنگِ سنّتن کی سیوا
چرن جھاری کیسائِئو ॥

ਆਠ ਪਹਰ ਦਰਸਨੁ ਸੰਤਨ ਕਾ
ਸੁਖੁ ਨਾਨਕ ਇਹੁ ਪਾਇਓ ॥੨॥੪੩॥੬੬॥

آٹھ پہر درسنُ سنّتن کا
سُکھُ نانک اِہُ پائِئو ॥2॥ 43 ॥ 66 ॥

ਸਾਰਗ ਮਹਲਾ ੫ ॥

سارگ محلا 5 ॥

ਜਾ ਕੀ ਰਾਮ ਨਾਮ ਲਿਵ ਲਾਗੀ ॥

جا کی رام نام لِو لاگی ॥

ਸਜਨੁ ਸੁਰਿਦਾ ਸੁਹੇਲਾ ਸਹਜੇ
ਸੋ ਕਹੀਐ ਬਡਭਾਗੀ ॥੧॥ ਰਹਾਉ ॥

سجنُ سُرِدا سُہیلا سہجے
سو کہیئے بڈبھاگی ॥1॥ رہاءُ ॥

ਰਹਿਤ ਬਿਕਾਰ ਅਲਪ ਮਾਇਆ ਤੇ
ਅਹੰਬੁਧਿ ਬਿਖੁ ਤਿਆਗੀ ॥

رہِت بِکار الپ مائیا تے
اہنبُدھِ بِکھُ تِیاگی ॥

ਦਰਸ ਪਿਆਸ ਆਸ ਏਕਹਿ ਕੀ
ਟੇਕ ਹੀਐਂ ਪ੍ਰਿਅ ਪਾਗੀ ॥੧॥

درس پِیاس آس ایکہِ کی
ٹیک ہِیئیں پرِء پاگی ॥1॥

ਅਚਿੰਤ ਸੋਇ ਜਾਗਨੁ ਉਠਿ ਬੈਸਨੁ
ਅਚਿੰਤ ਹਸਤ ਬੈਰਾਗੀ ॥

اچِنّت سوءِ جاگنُ اُٹھِ بیَسنُ
اچِنّت ہست بیَراگی ॥

ਕਹੁ ਨਾਨਕ ਜਿਨਿ ਜਗਤੁ ਠਗਾਨਾ
ਸੁ ਮਾਇਆ ਹਰਿ ਜਨ ਠਾਗੀ ॥੨॥੪੪॥੬੭॥

کہُ نانک جِنِ جگتُ ٹھگانا
سُ مائیا ہرِ جن ٹھاگی ॥2॥ 44 ॥ 67 ॥

ਸਾਰਗ ਮਹਲਾ ੫ ॥

سارگ محلا 5 ॥

ਅਬ ਜਨ ਊਪਰਿ ਕੋ ਨ ਪੁਕਾਰੈ ॥

اب جن اوُپرِ کو ن پُکارے ॥

ਪੂਕਾਰਨ ਕਉ ਜੋ ਉਦਮੁ ਕਰਤਾ
ਗੁਰੁ ਪਰਮੇਸਰੁ ਤਾ ਕਉ ਮਾਰੈ ॥੧॥ ਰਹਾਉ ॥

پوُکارن ک ءُ جو اُدمُ کرتا
گُرُ پرمیسرُ تا ک ءُ مارے ॥1॥ رہاءُ ॥

ਨਿਰਵੈਰੈ ਸੰਗਿ ਵੈਰੁ ਰਚਾਵੈ
ਹਰਿ ਦਰਗਹ ਓਹੁ ਹਾਰੈ ॥

نِرویَرے سنگِ ویَرُ رچاوے
ہرِ درگہ اوہُ ہارے ॥

ਆਦਿ ਜੁਗਾਦਿ ਪ੍ਰਭ ਕੀ ਵਡਿਆਈ
ਜਨ ਕੀ ਪੈਜ ਸਵਾਰੈ ॥੧॥

آدِ جُگادِ پربھ کی وڈیائی
جن کی پیج سوارے ॥1॥

ਨਿਰਭਉ ਭਏ ਸਗਲ ਭਉ ਮਿਟਿਆ
ਚਰਨ ਕਮਲ ਆਧਾਰੈ ॥

نِربھ ءُ بھے سگل بھ ءُ مِٹیا
چرن کمل آدھارے ॥

ਗੁਰ ਕੈ ਬਚਨਿ ਜਪਿਓ ਨਾਉ ਨਾਨਕ
ਪ੍ਰਗਟ ਭਇਓ ਸੰਸਾਰੈ ॥੨॥੪੫॥੬੮॥

گُر کے بچنِ جپِئو ناءُ نانک
پرّگٹ بھِئو سنّسارے ॥2॥ 45 ॥ 68 ॥

ਸਾਰਗ ਮਹਲਾ ੫ ॥

سارگ محلا 5 ॥

ਹਰਿ ਜਨ ਛੋਡਿਆ ਸਗਲਾ ਆਪੁ ॥

ہرِ جن چھوڈیا سگلا آپُ ॥

ਜਿਉ ਜਾਨਹੁ ਤਿਉ ਰਖਹੁ ਗੁਸਾਈ
ਪੇਖਿ ਜੀਵਾਂ ਪਰਤਾਪੁ ॥੧॥ ਰਹਾਉ ॥

جِ ءُ جانہُ تِ ءُ رکھہُ گُسائی
پیکھِ جیواں پرتاپُ ॥1॥ رہاءُ ॥

ਗੁਰ ਉਪਦੇਸਿ ਸਾਧ ਕੀ ਸੰਗਤਿ
ਬਿਨਸਿਓ ਸਗਲ ਸੰਤਾਪੁ ॥

گُر اُپدیسِ سادھ کی سنگتِ
بِنسِئو سگل سنّتاپُ ॥

ਮਿਤ੍ਰ ਸਤ੍ਰ ਪੇਖਿ ਸਮਤੁ ਬੀਚਾਰਿਓ
ਸਗਲ ਸੰਭਾਖਨ ਜਾਪੁ ॥੧॥

مِتّر ستّر پیکھِ سمتُ بیچارِئو
سگل سنّبھاکھن جاپُ ॥1॥

ਤਪਤਿ ਬੁਝੀ ਸੀਤਲ ਆਘਾਨੇ
ਸੁਨਿ ਅਨਹਦ ਬਿਸਮ ਭਏ ਬਿਸਮਾਦ ॥

تپتِ بُجھی سِیتل آگھانے
سُنِ انہد بِسم بھے بِسماد ॥

ਅਨਦੁ ਭਇਆ ਨਾਨਕ ਮਨਿ ਸਾਚਾ
ਪੂਰਨ ਪੂਰੇ ਨਾਦ ॥੨॥੪੬॥੬੯॥

اندُ بھئیا نانک منِ ساچا
پُورن پُورے ناد ॥2॥ 46 ॥ 69 ॥

ਸਾਰਗ ਮਹਲਾ ੫ ॥

سارگ محلا 5 ॥

ਮੇਰੈ ਗੁਰਿ ਮੋਰੋ ਸਹਸਾ ਉਤਾਰਿਆ ॥

میرے گُرِ مورو سہسا اُتارِیا ॥

ਤਿਸੁ ਗੁਰ ਕੈ ਜਾਈਐ ਬਲਿਹਾਰੀ
ਸਦਾ ਸਦਾ ਹਉ ਵਾਰਿਆ ॥੧॥ ਰਹਾਉ ॥

تِس گُر کے جائیئے بلِہاری
سدا سدا ہءُ وارِیا ॥1॥ رہاءُ ॥

ਗੁਰ ਕਾ ਨਾਮੁ ਜਪਿਓ ਦਿਨੁ ਰਾਤੀ
ਗੁਰ ਕੇ ਚਰਨ ਮਨਿ ਧਾਰਿਆ ॥

گُر کا نامُ جپِئو دِنُ راتی
گُر کے چرن منِ دھارِیا ॥

ਗੁਰ ਕੀ ਧੂਰਿ ਕਰਉ ਨਿਤ ਮਜਨੁ
ਕਿਲਵਿਖ ਮੈਲੁ ਉਤਾਰਿਆ ॥੧॥

گُر کی دھوُرِ کرءُ نِت مجنُ
کِلوِکھ میَلُ اُتارِیا ॥1॥

ਗੁਰ ਪੂਰੇ ਕੀ ਕਰਉ ਨਿਤ ਸੇਵਾ

گُر پُورے کی کرءُ نِت سیوا

ਗੁਰੁ ਅਪਨਾ ਨਮਸਕਾਰਿਆ ॥

گُرُ اپنا نمسکارِیا ॥

ਸਰਬ ਫਲਾ ਦੀਨ੍ਹੇ ਗੁਰਿ ਪੂਰੈ
ਨਾਨਕ ਗੁਰਿ ਨਿਸਤਾਰਿਆ ॥੨॥੪੭॥੭੦॥

سرب پھلا دِینّہے گُرِ پُورے
نانک گُرِ نِستارِیا ॥2॥ 47 ॥ 70 ॥

ਸਾਰਗ ਮਹਲਾ ੫ ॥

سارگ محلا 5 ॥

ਸਿਮਰਤ ਨਾਮੁ ਪ੍ਰਾਨ ਗਤਿ ਪਾਵੈ ॥

سِمرت نامُ پّران گتِ پاوے ॥

ਮਿਟਹਿ ਕਲੇਸ ਤ੍ਰਾਸ ਸਭ ਨਾਸੈ
ਸਾਧਸੰਗਿ ਹਿਤੁ ਲਾਵੈ ॥੧॥ ਰਹਾਉ ॥

مِٹہِ کلیس تّراس سبھ ناسے
سادھسنگِ ہِتُ لاوے ॥1॥ رہاءُ ॥

ਹਰਿ ਹਰਿ ਹਰਿ ਹਰਿ ਮਨਿ ਆਰਾਧੇ
ਰਸਨਾ ਹਰਿ ਜਸੁ ਗਾਵੈ ॥

ہرِ ہرِ ہرِ ہرِ منِ آرادھے
رسنا ہرِ جسُ گاوے ॥

ਤਜਿ ਅਭਿਮਾਨੁ ਕਾਮ ਕ੍ਰੋਧੁ ਨਿੰਦਾ
ਬਾਸੁਦੇਵ ਰੰਗੁ ਲਾਵੈ ॥੧॥

تجِ ابھِمانُ کام کّرودھُ نِندّا
باسُدیو رنگُ لاوے ॥1॥

ਦਾਮੋਦਰ ਦਇਆਲ ਆਰਾਧਹੁ
ਗੋਬਿੰਦ ਕਰਤ ਸੋਹਾਵੈ ॥

دامودر دیئال آرادھُ
گوبِنّد کرت سوہاوے ॥

ਕਹੁ ਨਾਨਕ ਸਭ ਕੀ ਹੋਇ ਰੇਨਾ
ਹਰਿ ਹਰਿ ਦਰਸਿ ਸਮਾਵੈ ॥੨॥੪੮॥੭੧॥

کہُ نانک سبھ کی ہوءِ رینا
ہرِ ہرِ درسِ سماوے ॥2॥ 48 ॥ 71 ॥

ਸਾਰਗ ਮਹਲਾ ੫ ॥

سارگ محلا 5 ॥

ਅਪੁਨੇ ਗੁਰ ਪੂਰੇ ਬਲਿਹਾਰੈ ॥

اپُنے گُرپُورے بلِہارے ॥

ਪ੍ਰਗਟ ਪ੍ਰਤਾਪੁ ਕੀਓ ਨਾਮ ਕੋ
ਰਾਖੇ ਰਾਖਨਹਾਰੈ ॥੧॥ ਰਹਾਉ ॥

پّرگٹ پّرتاپُ کِینّو نام کو
راکھے راکھنہارے ॥1॥ رہاءُ ॥

ਨਿਰਭਉ ਕੀਏ ਸੇਵਕ ਦਾਸ ਅਪਨੇ
ਸਗਲੇ ਦੂਖ ਬਿਦਾਰੈ ॥

نِربھءُ کیئے سیوک داس اپنے
سگلے دوُکھ بِدارے ॥

ਆਨ ਉਪਾਵ ਤਿਆਗਿ ਜਨ ਸਗਲੇ
ਚਰਨ ਕਮਲ ਰਿਦ ਧਾਰੈ ॥੧॥

آن اُپاو تِیاگِ جن سگلے
چرن کمل رِد دھارے ॥1॥

ਪ੍ਰਾਨ ਅਧਾਰ ਮੀਤ ਸਾਜਨ ਪ੍ਰਭ
ਏਕੈ ਏਕੰਕਾਰੈ ॥

پّران ادھار میت ساجن پّربھ
ایکے ایکنکارے ॥

ਸਭ ਤੇ ਊਚ ਠਾਕੁਰੁ ਨਾਨਕ ਕਾ
ਬਾਰ ਬਾਰ ਨਮਸਕਾਰੈ ॥੨॥੪੯॥੭੨॥

سبھ تے اوُچ ٹھاکُرُ نانک کا
بار بار نمسکارے ॥2॥ 49 ॥ 72 ॥

ਸਾਰਗ ਮਹਲਾ ੫ ॥

سارگ محلا 5 ॥

ਬਿਨੁ ਹਰਿ ਹੈ ਕੋ ਕਹਾ ਬਤਾਵਹੁ ॥

بِنُ ہرِ ہے کو کہا بتاوہُ ॥

ਸੁਖ ਸਮੂਹ ਕਰੁਣਾ ਮੈ ਕਰਤਾ
ਤਿਸੁ ਪ੍ਰਭ ਸਦਾ ਧਿਆਵਹੁ ॥੧॥ ਰਹਾਉ ॥

سُکھ سموُہ کرُٹا مے کرتا
تِس پربھ سدا دھیاوہُ ॥1॥ رہاءُ ॥

ਜਾ ਕੈ ਸੂਤਿ ਪਰੋਏ ਜੰਤਾ
ਤਿਸੁ ਪ੍ਰਭ ਕਾ ਜਸੁ ਗਾਵਹੁ ॥

جا کے سوُتِ پروئے جنّتا
تِس پربھ کا جسُ گاوہُ ॥

ਸਿਮਰਿ ਠਾਕੁਰੁ ਜਿਨਿ ਸਭੁ ਕਿਛੁ ਦੀਨਾ
ਆਨ ਕਹਾ ਪਹਿ ਜਾਵਹੁ ॥੧॥

سِمرِ ٹھاکُرُ جِنِ سبھُ کِچھُ دِینا
آن کہا پہِ جاوہُ ۔ ॥1॥

ਸਫਲ ਸੇਵਾ ਸੁਆਮੀ ਮੇਰੇ ਕੀ
ਮਨ ਬਾਂਛਤ ਫਲ ਪਾਵਹੁ ॥

سپھل سیوا سُیامی میرے کی
من بانچھت پھل پاوہُ ॥

ਕਹੁ ਨਾਨਕ ਲਾਭੁ ਲਾਹਾ ਲੈ ਚਾਲਹੁ
ਸੁਖ ਸੇਤੀ ਘਰਿ ਜਾਵਹੁ ॥੨॥੫੦॥੭੩॥

کہُ نانک لابھُ لاہا لے چالہُ
سُکھ سیتی گھرِ جاوہُ ॥2॥ 50 ॥ 73 ॥

ਸਾਰਗ ਮਹਲਾ ੫ ॥

سارگ محلا 5 ॥

ਠਾਕੁਰ ਤੁਮ੍ ਸਰਣਾਈ ਆਇਆ ॥

ٹھاکُر تُمّہ سرٹائی آئیا ॥

ਉਤਰਿ ਗਇਓ ਮੇਰੇ ਮਨ ਕਾ ਸੰਸਾ
ਜਬ ਤੇ ਦਰਸਨੁ ਪਾਇਆ ॥੧॥ ਰਹਾਉ ॥

اُترِ گئِنو میرے من کا سنّسا
جب تے درسنُ پائیا ॥1॥ رہاءُ ॥

ਅਨਬੋਲਤ ਮੇਰੀ ਬਿਰਥਾ ਜਾਨੀ
ਅਪਨਾ ਨਾਮੁ ਜਪਾਇਆ ॥

انبولت میری بِرتھا جانی
اپنا نامُ جپائیا ॥

ਦੁਖ ਨਾਠੇ ਸੁਖ ਸਹਜਿ ਸਮਾਏ
ਅਨਦ ਅਨਦ ਗੁਣ ਗਾਇਆ ॥੧॥

دُکھ ناٹھے سُکھ سہجِ سمائے
اند اند گُنٹ گائیا ॥1॥

ਬਾਹ ਪਕਰਿ ਕਢਿ ਲੀਨੇ ਅਪੁਨੇ
ਗ੍ਰਿਹ ਅੰਧ ਕੂਪ ਤੇ ਮਾਇਆ ॥

باہ پکڑِ کڈھِ لینے اپُنے
گرِہ اندھ کوُپ تے مائیا ॥

ਕਹੁ ਨਾਨਕ ਗੁਰਿ ਬੰਧਨ ਕਾਟੇ

کہُ نانک گُرِ بندھن کاٹے

ਬਿਛੁਰਤ ਆਨਿ ਮਿਲਾਇਆ ॥੨॥੫੧॥੭੪॥

ਸਾਰਗ ਮਹਲਾ ੫ ॥

ਹਰਿ ਕੇ ਨਾਮ ਕੀ ਗਤਿ ਠਾਂਢੀ ॥

ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ
ਖੋਜਤ ਖੋਜਤ ਕਾਢੀ ॥੧॥ ਰਹਾਉ ॥

ਸਿਵ ਬਿਰੰਚ ਅਰੁ ਇੰਦ੍ਰ ਲੋਕ
ਤਾ ਮਹਿ ਜਲਤੌ ਫਿਰਿਆ ॥

ਸਿਮਰਿ ਸਿਮਰਿ ਸੁਆਮੀ ਭਏ ਸੀਤਲ
ਦੂਖੁ ਦਰਦੁ ਭ੍ਰਮੁ ਹਿਰਿਆ ॥੧॥

ਜੋ ਜੋ ਤਰਿਓ ਪੁਰਾਤਨੁ ਨਵਤਨੁ
ਭਗਤਿ ਭਾਇ ਹਰਿ ਦੇਵਾ ॥

ਨਾਨਕ ਕੀ ਬੇਨੰਤੀ ਪ੍ਰਭ ਜੀਉ
ਮਿਲੈ ਸੰਤ ਜਨ ਸੇਵਾ ॥੨॥੫੨॥੭੫॥

ਸਾਰਗ ਮਹਲਾ ੫ ॥

ਜਿਹਵੇ ਅੰਮ੍ਰਿਤ ਗੁਣ ਹਰਿ ਗਾਉ ॥

ਹਰਿ ਹਰਿ ਬੋਲਿ ਕਥਾ ਸੁਨਿ ਹਰਿ ਕੀ
ਉਚਰਹੁ ਪ੍ਰਭ ਕੋ ਨਾਉ ॥੧॥ ਰਹਾਉ ॥

ਰਾਮ ਨਾਮੁ ਰਤਨ ਧਨੁ ਸੰਚਹੁ
ਮਨਿ ਤਨਿ ਲਾਵਹੁ ਭਾਉ ॥

ਆਨੁ ਬਿਭੂਤ ਮਿਥਿਆ ਕਰਿ ਮਾਨਹੁ
ਸਾਚਾ ਇਹੈ ਸੁਆਉ ॥੧॥

ਜੀਅ ਪ੍ਰਾਨ ਮੁਕਤਿ ਕੋ ਦਾਤਾ
ਏਕਸ ਸਿਉ ਲਿਵ ਲਾਉ ॥

ਕਹੁ ਨਾਨਕ ਤਾ ਕੀ ਸਰਣਾਈ
ਦੇਤ ਸਗਲ ਅਪਿਆਉ ॥੨॥੫੩॥੭੬॥

بِچھُرت آنِ مِلائیا ॥2॥ 51 ॥ 74 ॥

سارگ محلا 5 ॥

ہرِ کے نام کی گتِ ٹھانڈھی ॥

بید پُران سِمرِتِ سادھوُ جن
کھوجت کھوجت کاڈھی ॥1॥ رہاءُ ॥

سِو برنچ ارُ اِندّر لوک
تا مہِ جلتوّ پھرِیا ॥

سِمرِ سِمرِ سُیامی بھےٗ سِیتل
دوُکھُ دردُ بھرّمُ ہرِیا ॥1॥

جو جو ترِئو پُراتنُ نوتنُ
بھگتِ بھاءِ ہرِ دیوا ॥

نانک کی بینتّی پّربھ جیِءُ
مِلےٗ سنّت جن سیوا ॥2॥ 52 ॥ 75 ॥

سارگ محلا 5 ॥

جِہوے انّمرِت گُنّ ہرِ گاءُ ॥

ہرِ ہرِ بولِ کتھا سُنِ ہرِ کی
اُچرہُ پّربھ کو ناءُ ॥1॥ رہاءُ ॥

رام نامُ رتن دھنُ سنچّہُ
منِ تنِ لاوہُ بھاءُ ॥

آنُ بِبھوُت مِتھیا کرِ مانہُ
ساچا اِہےٗ سُیاءُ ॥1॥

جیء پّران مُکتِ کو داتا
ایکس سِءُ لِو لاءُ ॥

کہُ نانک تا کی سرٹائی
دیت سگل اپیاءُ ॥2॥ 53 ॥ 76 ॥

ਸਾਰਗ ਮਹਲਾ ੫ ॥

ہوتی نہی کون کچھُ کرنٹی ۔ ॥

ਹੋਤੀ ਨਹੀ ਕਵਨ ਕਛੁ ਕਰਣੀ ॥

اِہے اوٹ پائی مِلِ سنّتہ
گوپال ایک کی سرنٹی ॥1॥ رہاءُ ॥

ਇਹੈ ਓਟ ਪਾਈ ਮਿਲਿ ਸੰਤਹ
ਗੋਪਾਲ ਏਕ ਕੀ ਸਰਣੀ ॥੧॥ ਰਹਾਉ ॥

پنچ دوکھ چھِدّر اِیا تن مہِ
بِکھے بِیادھِ کی کرنٹی ॥

ਪੰਚ ਦੋਖ ਛਿਦ੍ਰ ਇਆ ਤਨ ਮਹਿ
ਬਿਖੈ ਬਿਆਧਿ ਕੀ ਕਰਣੀ ॥

آس اپار دِنس گنٹِ راکھے
گرست جات بلُ جرنٹی ॥1॥

ਆਸ ਅਪਾਰ ਦਿਨਸ ਗਣਿ ਰਾਖੇ
ਗ੍ਰਸਤ ਜਾਤ ਬਲੁ ਜਰਣੀ ॥੧॥

اناتھ ناتھ دیئال سُکھ ساگر
سرب دوکھ بھے ہرنٹی ॥

ਅਨਾਥਹ ਨਾਥ ਦਇਆਲ ਸੁਖ ਸਾਗਰ
ਸਰਬ ਦੋਖ ਭੈ ਹਰਣੀ ॥

منِ بانچھت چِتوت نانک داس
پیکھِ جیوا پربھ چرنٹی ॥2॥ 54 ॥ 77 ॥

ਮਨਿ ਬਾਂਛਤ ਚਿਤਵਤ ਨਾਨਕ ਦਾਸ
ਪੇਖਿ ਜੀਵਾ ਪ੍ਰਭ ਚਰਣੀ ॥੨॥੫੪॥੭੭॥

ਸਾਰਗ ਮਹਲਾ ੫ ॥

سارگ محلا 5 ॥

پھیکے ہرِ کے نام بِنُ ساد ॥

ਫੀਕੇ ਹਰਿ ਕੇ ਨਾਮ ਬਿਨੁ ਸਾਦ ॥

اَمّرِت رسُ کیرتنُ ہرِ گائیئے
اِہنِس پوُرن ناد ॥1॥ رہاءُ ॥

ਅੰਮ੍ਰਿਤ ਰਸੁ ਕੀਰਤਨੁ ਹਰਿ ਗਾਈਐ
ਅਹਿਨਿਸਿ ਪੂਰਨ ਨਾਦ ॥੧॥ ਰਹਾਉ ॥

سِمرت سانتِ مہا سُکھُ پائیئے
مِٹِ جاہِ سگل بِکھاد ॥

ਸਿਮਰਤ ਸਾਂਤਿ ਮਹਾ ਸੁਖੁ ਪਾਈਐ
ਮਿਟਿ ਜਾਹਿ ਸਗਲ ਬਿਖਾਦ ॥

ہرِ ہرِ لابھُ سادھسنگِ پائیئے
گھرِ لے آوہُ لادِ ॥1॥

ਹਰਿ ਹਰਿ ਲਾਭੁ ਸਾਧਸੰਗਿ ਪਾਈਐ
ਘਰਿ ਲੈ ਆਵਹੁ ਲਾਦਿ ॥੧॥

سبھ تے اوُچ اوُچ تے اوُچو
انّتُ نہی مرجاد ॥

ਸਭ ਤੇ ਊਚ ਊਚ ਤੇ ਊਚੋ
ਅੰਤੁ ਨਹੀ ਮਰਜਾਦ ॥

برنِ ن ساکءُ نانک مہِما
پیکھِ رہے بِسماد ॥2॥ 55 ॥ 78 ॥

ਬਰਨਿ ਨ ਸਾਕਉ ਨਾਨਕ ਮਹਿਮਾ
ਪੇਖਿ ਰਹੇ ਬਿਸਮਾਦ ॥੨॥੫੫॥੭੮॥

ਸਾਰਗ ਮਹਲਾ ੫ ॥

سارگ محلا 5 ॥

ਆਇਓ ਸੁਨਨ ਪੜਨ ਕਉ ਬਾਣੀ ॥

آئیو سُنن پڑن ک ءُ باٹی ॥

ਨਾਮੁ ਵਿਸਾਰਿ ਲਗਹਿ ਅਨ ਲਾਲਚਿ
ਬਿਰਥਾ ਜਨਮੁ ਪਰਾਣੀ ॥੧॥ ਰਹਾਉ ॥

نامُ وِسارِ لگہِ ان لالچِ
بِرتھا جنمُ پراٹی ۔ ॥1॥ رہاءُ ॥

ਸਮਝੁ ਅਚੇਤ ਚੇਤਿ ਮਨ ਮੇਰੇ
ਕਥੀ ਸੰਤਨ ਅਕਥ ਕਹਾਣੀ ॥

سمجھُ اچیت چیتِ من میرے
کتھی سنّتن اکتھ کہاٹی ॥

ਲਾਭੁ ਲੈਹੁ ਹਰਿ ਰਿਦੈ ਅਰਾਧਹੁ
ਛੁਟਕੈ ਆਵਣ ਜਾਣੀ ॥੧॥

لابھُ لیَہُ ہرِ رِدے ارادھہُ
چھُٹکے آونْ جاٹی ॥1॥

ਉਦਮੁ ਸਕਤਿ ਸਿਆਣਪ ਤੁਮ੍ਰੀ
ਦੇਹਿ ਤ ਨਾਮੁ ਵਖਾਣੀ ॥

اُدمُ سکتِ سِیاٹپ تُمہری
دیہِ ت نامُ وکھاٹی ॥

ਸੇਈ ਭਗਤ ਭਗਤਿ ਸੇ ਲਾਗੇ
ਨਾਨਕ ਜੋ ਪ੍ਰਭ ਭਾਣੀ ॥੨॥੫੬॥੭੯॥

سیئی بھگت بھگتِ سے لاگے
نانک جو پربھ بھاٹی ॥2॥ 56 ॥ 79 ॥

ਸਾਰਗ ਮਹਲਾ ੫ ॥

سارگ محلا 5 ॥

ਧਨਵੰਤ ਨਾਮ ਕੇ ਵਣਜਾਰੇ ॥

دھنونّت نام کے ونْجارے ॥

ਸਾਂਝੀ ਕਰਹੁ ਨਾਮ ਧਨੁ ਖਾਟਹੁ
ਗੁਰ ਕਾ ਸਬਦੁ ਵੀਚਾਰੇ ॥੧॥ ਰਹਾਉ ॥

سانجھی کرہُ نام دھنُ کھاٹہُ
گُر کا سبدُ ویچارے ॥1॥ رہاءُ ॥

ਛੋਡਹੁ ਕਪਟੁ ਹੋਇ ਨਿਰਵੈਰਾ
ਸੋ ਪ੍ਰਭੁ ਸੰਗਿ ਨਿਹਾਰੇ ॥

چھوڈہُ کپٹُ ہوءِ نِرویَرا
سو پربھُ سنگِ نِہارے ॥

ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ
ਕਬਹੂ ਨ ਆਵਹੁ ਹਾਰੇ ॥੧॥

سچُ دھنُ ونْجہُ سچُ دھنُ سنچہُ
کبہُو ن آوہُ ہارے ॥1॥

ਖਾਤ ਖਰਚਤ ਕਿਛੁ ਨਿਖੁਟਤ ਨਾਹੀ
ਅਗਨਤ ਭਰੇ ਭੰਡਾਰੇ ॥

کھات خرچت کچھُ نِکھُٹت ناہی
اگنت بھرے بھنڈارے ॥

ਕਹੁ ਨਾਨਕ ਸੋਭਾ ਸੰਗਿ ਜਾਵਹੁ
ਪਾਰਬ੍ਰਹਮ ਕੈ ਦੁਆਰੇ ॥੨॥੫੭॥੮੦॥

کہُ نانک سوبھا سنگِ جاوہُ
پاربرہم کے دُیارے ॥2॥ 57 ॥ 80 ॥

ਸਾਰਗ ਮਹਲਾ ੫ ॥

سارگ محلا 5 ॥

ਪ੍ਰਭ ਜੀ ਮੋਹਿ ਕਵਨੁ ਅਨਾਥੁ ਬਿਚਾਰਾ ॥

پربھ جی موہِ کونُ اناتھُ بچارا ۔ ॥

ਕਵਨ ਮੂਲ ਤੇ ਮਾਨੁਖੁ ਕਰਿਆ
ਇਹੁ ਪਰਤਾਪੁ ਤੁਹਾਰਾ ॥੧॥ ਰਹਾਉ ॥

کون مؤل تے مانکھُ کریا
اِہُ پرتاپُ تُہارا ॥1॥ رہاءُ ॥

ਜੀਅ ਪ੍ਰਾਣ ਸਰਬ ਕੇ ਦਾਤੇ
ਗੁਣ ਕਹੇ ਨ ਜਾਹਿ ਅਪਾਰਾ ॥

جیء پرانٹ سرب کے داتے
گُنٹ کہے ن جاہِ اپارا ॥

ਸਭ ਕੇ ਪ੍ਰੀਤਮ ਸ੍ਰਬ ਪ੍ਰਤਿਪਾਲਕ
ਸਰਬ ਘਟਾਂ ਆਧਾਰਾ ॥੧॥

سبھ کے پریتم سرب پرتپالک
سرب گھٹاں آدھارا ॥1॥

ਕੋਇ ਨ ਜਾਣੈ ਤੁਮਰੀ ਗਤਿ ਮਿਤਿ
ਆਪਹਿ ਏਕ ਪਸਾਰਾ ॥

کوءِ ن جانٹے تُمری گتِ مِتِ
آپہِ ایک پسارا ॥

ਸਾਧ ਨਾਵ ਬੈਠਾਵਹੁ ਨਾਨਕ
ਭਵ ਸਾਗਰੁ ਪਾਰਿ ਉਤਾਰਾ ॥੨॥੫੮॥੮੧॥

سادھ ناو بیٹھاوہُ نانک
بھو ساگرُ پارِ اُتارا ॥2॥ 58 ॥ 81 ॥

ਸਾਰਗ ਮਹਲਾ ੫ ॥

سارگ محلا 5 ॥

ਆਵੈ ਰਾਮ ਸਰਣਿ ਵਡਭਾਗੀ ॥

آوے رام سرنِ وڈبھاگی ॥

ਏਕਸ ਬਿਨੁ ਕਿਛੁ ਹੋਰੁ ਨ ਜਾਣੈ
ਅਵਰਿ ਉਪਾਵ ਤਿਆਗੀ ॥੧॥ ਰਹਾਉ ॥

ایکس بِنُ کِچھُ ہورُ ن جانٹے
اورِ اُپاو تِیاگی ॥1॥ رہاءُ ॥

ਮਨ ਬਚ ਕ੍ਰਮ ਆਰਾਧੈ ਹਰਿ ਹਰਿ
ਸਾਧਸੰਗਿ ਸੁਖੁ ਪਾਇਆ ॥

من بچ کرم آرادھے ہرِ ہرِ
سادھسنگِ سُکھُ پائیا ॥

ਅਨਦ ਬਿਨੋਦ ਅਕਥ ਕਥਾ ਰਸੁ
ਸਾਚੈ ਸਹਜਿ ਸਮਾਇਆ ॥੧॥

اند بِنود اکتھ کتھا رسُ
ساچے سہجِ سمائیا ॥1॥

ਕਰਿ ਕਿਰਪਾ ਜੋ ਅਪੁਨਾ ਕੀਨੋ
ਤਾ ਕੀ ਊਤਮ ਬਾਣੀ ॥

کرِ کرپا جو اپُنا کِینو
تا کی اوُتم بانٹی ॥

ਸਾਧਸੰਗਿ ਨਾਨਕ ਨਿਸਤਰੀਐ
ਜੋ ਰਾਤੇ ਪ੍ਰਭ ਨਿਰਬਾਣੀ ॥੨॥੫੯॥੮੨॥

سادھسنگِ نانک نِستریئے
جو راتے پربھ نِربانٹی ॥2॥ 59 ॥ 82 ॥

ਸਾਰਗ ਮਹਲਾ ੫ ॥

سارگ محلا 5 ॥

ਜਾ ਤੇ ਸਾਧੂ ਸਰਣਿ ਗਹੀ ॥

جا تے سادھوُ سرنِ گہی ॥

ਸਾਂਤਿ ਸਹਜੁ ਮਨਿ ਭਇਓ ਪ੍ਰਗਾਸਾ

سانتِ سہجُ منِ بھئیو پرگاسا

ਬਿਰਥਾ ਕਛੁ ਨ ਰਹੀ ॥੧॥ ਰਹਾਉ ॥

ہوہُ کرپال نامُ دیہُ اپُنا
ਹੋਹੁ ਕ੍ਰਿਪਾਲ ਨਾਮੁ ਦੇਹੁ ਅਪੁਨਾ
ਬਿਨਤੀ ਏਹ ਕਹੀ ॥

ਆਨ ਬਿਉਹਾਰ ਬਿਸਰੇ ਪ੍ਰਭ ਸਿਮਰਤ
ਪਾਇਓ ਲਾਭੁ ਸਹੀ ॥੧॥

جہ تے اُپجیئو تہی سمانو
ਜਹ ਤੇ ਉਪਜਿਓ ਤਹੀ ਸਮਾਨੋ
ਸਾਈ ਬਸਤੁ ਅਹੀ ॥

ਕਹੁ ਨਾਨਕ ਭਰਮੁ ਗੁਰਿ ਖੋਇਓ
ਜੋਤੀ ਜੋਤਿ ਸਮਹੀ ॥੨॥੬੦॥੮੩॥

ਸਾਰਗ ਮਹਲਾ ੫ ॥

رسنا رام کو جسُ گاءُ ॥
ਰਸਨਾ ਰਾਮ ਕੋ ਜਸੁ ਗਾਉ ॥

ਆਨ ਸੁਆਦ ਬਿਸਾਰਿ ਸਗਲੇ
ਭਲੋ ਨਾਮ ਸੁਆਉ ॥੧॥ ਰਹਾਉ ॥

ਚਰਨ ਕਮਲ ਬਸਾਇ ਹਿਰਦੈ
ਏਕ ਸਿਉ ਲਿਵ ਲਾਉ ॥

ਸਾਧਸੰਗਤਿ ਹੋਹਿ ਨਿਰਮਲੁ
ਬਹੁੜਿ ਜੋਨਿ ਨ ਆਉ ॥੧॥

ਜੀਉ ਪ੍ਰਾਨ ਅਧਾਰੁ ਤੇਰਾ
ਤੂ ਨਿਥਾਵੇ ਥਾਉ ॥

ਸਾਸਿ ਸਾਸਿ ਸਮ੍ਾਲਿ ਹਰਿ ਹਰਿ
ਨਾਨਕ ਸਦ ਬਲਿ ਜਾਉ ॥੨॥੬੧॥੮੪॥

ਸਾਰਗ ਮਹਲਾ ੫ ॥

ਬੈਕੁੰਠ ਗੋਬਿੰਦ ਚਰਨ ਨਿਤ ਧਿਆਉ ॥

ਮੁਕਤਿ ਪਦਾਰਥੁ ਸਾਧੂ ਸੰਗਤਿ
ਅੰਮ੍ਰਿਤੁ ਹਰਿ ਕਾ ਨਾਉ ॥੧॥ ਰਹਾਉ ॥

برتھا کچھُ ن رہی ॥1॥ رہاءُ ॥

بنتی ایہ کہی ॥

آن بِہار بسرے پربھ سِمرت
پائیئو لابھُ صہی ॥1॥

سائی بستُ اہی ॥

کہُ نانک بھرمُ گُرِ کھویئو
جوتی جوتِ سمہی ॥2॥ 60 ॥ 83 ॥

سارگ محلا 5 ॥

بھلو نام سُیاءُ ॥1॥ رہاءُ ॥

چرن کمل بساءِ ہِردے
ایک سِءُ لِو لاءُ ॥

سادھسنگتِ ہوہِ نِرملُ
بہُڑِ جونِ ن آءُ ॥1॥

جیءُ پران ادھارُ تیرا
توُ نِتھاوے تھاءُ ॥

ساس ساس سمہالِ ہرِ ہرِ
نانک سد بلِ جاءُ ॥2॥ 61 ॥ 84 ॥

سارگ محلا 5 ॥

بیکُنٹھ گوبِند چرن نِت دھیاءُ ॥

مُکتِ پدارتھُ سادھوُ سنگتِ
انمرِتُ ہرِ کا ناءُ ॥1॥ رہاءُ ॥

ਊਤਮ ਕਥਾ ਸੁਣੀਜੈ ਸ੍ਰਵਣੀ
ਮਇਆ ਕਰਹੁ ਭਗਵਾਨ ॥

اوُتم کتھا سُنیجے سّروٹی
مِیا کرہُ بھگوان ۔ ॥

ਆਵਤ ਜਾਤ ਦੋਊ ਪਖ ਪੂਰਨ
ਪਾਈਐ ਸੁਖ ਬਿਸ੍ਰਾਮ ॥੧॥

آوت جات دوئوُ پکھ پوُرن
پائیئے سُکھ بِسّرام ॥1॥

ਸੋਧਤ ਸੋਧਤ ਤਤੁ ਬੀਚਾਰਿਓ
ਭਗਤਿ ਸਰੇਸਟ ਪੂਰੀ ॥

سودھت سودھت تتُ بیچارِئو
بھگتِ سریسٹ پوُری ॥

ਕਹੁ ਨਾਨਕ ਇਕ ਰਾਮ ਨਾਮ ਬਿਨੁ
ਅਵਰ ਸਗਲ ਬਿਧਿ ਊਰੀ ॥੨॥੬੨॥੮੫॥

کہُ نانک اِک رام نام بِنُ
اور سگل بِدھِ اوُری ॥2॥ 62 ॥ 85 ॥

ਸਾਰਗ ਮਹਲਾ ੫ ॥

سارگ محلا 5 ॥

ਸਾਚੇ ਸਤਿਗੁਰੂ ਦਾਤਾਰਾ ॥

ساچے ستِگُروُ داتارا ॥

ਦਰਸਨੁ ਦੇਖਿ ਸਗਲ ਦੁਖ ਨਾਸਹਿ
ਚਰਨ ਕਮਲ ਬਲਿਹਾਰਾ ॥੧॥ ਰਹਾਉ ॥

درسنُ دیکھِ سگل دُکھ ناسہِ
چرن کمل بلِہارا ॥1॥ رہاءُ ॥

ਸਤਿ ਪਰਮੇਸਰੁ ਸਤਿ ਸਾਧ ਜਨ
ਨਿਹਚਲੁ ਹਰਿ ਕਾ ਨਾਉ ॥

ستِ پرمیسرُ ستِ سادھ جن
نِہچلُ ہرِ کا ناءُ ॥

ਭਗਤਿ ਭਾਵਨੀ ਪਾਰਬ੍ਰਹਮ ਕੀ
ਅਬਿਨਾਸੀ ਗੁਣ ਗਾਉ ॥੧॥

بھگتِ بھاونی پاربّرہم کی
اِبناسی گُنؤ گاءُ ॥1॥

ਅਗਮੁ ਅਗੋਚਰੁ ਮਿਤਿ ਨਹੀ ਪਾਈਐ
ਸਗਲ ਘਟਾ ਆਧਾਰੁ ॥

اگمُ اگوچرُ مِتِ نہی پائیئے
سگل گھٹا آدھارُ ॥

ਨਾਨਕ ਵਾਹੁ ਵਾਹੁ ਕਹੁ ਤਾ ਕਉ
ਜਾ ਕਾ ਅੰਤੁ ਨ ਪਾਰੁ ॥੨॥੬੩॥੮੬॥

نانک واہُ واہُ کہُ تا کءُ
جا کا انّتُ ن پارُ ॥2॥ 63 ॥ 86 ॥

ਸਾਰਗ ਮਹਲਾ ੫ ॥

سارگ محلا 5 ॥

ਗੁਰ ਕੇ ਚਰਨ ਬਸੇ ਮਨ ਮੇਰੇ ॥

گُر کے چرن بسے من میرے ॥

ਪੂਰਿ ਰਹਿਓ ਠਾਕੁਰੁ ਸਭ ਥਾਈ
ਨਿਕਟਿ ਬਸੈ ਸਭ ਨੇਰੈ ॥੧॥ ਰਹਾਉ ॥

پوُرِ رہِئو ٹھاکُرُ سبھ تھائی
نِکٹِ بسے سبھ نیرے ॥1॥ رہاءُ ॥

ਬੰਧਨ ਤੋਰਿ ਰਾਮ ਲਿਵ ਲਾਈ

بنّدھن توِرِ رام لِو لائی

ਸੰਤਸੰਗਿ ਬਨਿ ਆਈ ॥

سنتسنگِ بنِ آئی ॥

ਜਨਮੁ ਪਦਾਰਥੁ ਭਇਓ ਪੁਨੀਤਾ
ਇਛਾ ਸਗਲ ਪੁਜਾਈ ॥੧॥

جنمُ پدارتھُ بھئیو پُنیتا
اِچھا سگل پُجائی ॥1॥

ਜਾ ਕਉ ਕ੍ਰਿਪਾ ਕਰਹੁ ਪ੍ਰਭ ਮੇਰੇ
ਸੋ ਹਰਿ ਕਾ ਜਸੁ ਗਾਵੈ ॥

جا ک ءُ کرِپا کرہُ پربھ میرے
سو ہرِ کا جسُ گاوے ॥

ਆਠ ਪਹਰ ਗੋਬਿੰਦ ਗੁਨ ਗਾਵੈ
ਜਨੁ ਨਾਨਕੁ ਸਦ ਬਲਿ ਜਾਵੈ ॥੨॥੬੪॥੮੭॥

آٹھ پہر گوبِند گُن گاوے
جنُ نانکُ سد بلِ جاوے ॥2॥ 64 ॥ 87 ॥

ਸਾਰਗ ਮਹਲਾ ੫ ॥

سارگ محلا 5 ॥

ਜੀਵਨੁ ਤਉ ਗਨੀਐ ਹਰਿ ਪੇਖਾ ॥

جیِونُ ت ءُ گنیئے ہرِ پیکھا ॥

ਕਰਹੁ ਕ੍ਰਿਪਾ ਪ੍ਰੀਤਮ ਮਨਮੋਹਨ
ਫੋਰਿ ਭਰਮ ਕੀ ਰੇਖਾ ॥੧॥ ਰਹਾਉ ॥

کرہُ کرِپا پریتم منموہن
پھورِ بھرم کی ریکھا ॥1॥ رہاءُ ॥

ਕਹਤ ਸੁਨਤ ਕਿਛੁ ਸਾਂਤਿ ਨ ਉਪਜਤ
ਬਿਨੁ ਬਿਸਾਸ ਕਿਆ ਸੇਖਾਂ ॥

کہت سُنت کِچھُ سانتِ ن اُپجت
بِنُ بِساس کِیا سیکھاں ۔ ॥

ਪ੍ਰਭੂ ਤਿਆਗਿ ਆਨ ਜੋ ਚਾਹਤ
ਤਾ ਕੈ ਮੁਖਿ ਲਾਗੈ ਕਾਲੇਖਾ ॥੧॥

پربھوُ تِیاگِ آن جو چاہت
تا کے مُکھِ لاگے کالیکھا ॥1॥

ਜਾ ਕੈ ਰਾਸਿ ਸਰਬ ਸੁਖ ਸੁਆਮੀ
ਆਨ ਨ ਮਾਨਤ ਭੇਖਾ ॥

جا کے راسِ سرب سُکھ سُیامی
آن ن مانت بھیکھا ॥

ਨਾਨਕ ਦਰਸ ਮਗਨ ਮਨੁ ਮੋਹਿਓ
ਪੂਰਨ ਅਰਥ ਬਿਸੇਖਾ ॥੨॥੬੫॥੮੮॥

نانک درس مگن منُ موہِئو
پوُرن ارتھ بِسیکھا ॥2॥ 65 ॥ 88 ॥

ਸਾਰਗ ਮਹਲਾ ੫ ॥

سارگ محلا 5 ॥

ਸਿਮਰਨ ਰਾਮ ਕੋ ਇਕੁ ਨਾਮ ॥

سِمرن رام کو اِکُ نام ॥

ਕਲਮਲ ਦਗਧ ਹੋਹਿ ਖਿਨ ਅੰਤਰਿ
ਕੋਟਿ ਦਾਨ ਇਸਨਾਨ ॥੧॥ ਰਹਾਉ ॥

کلمل دگدھ ہوہِ کھِن انترِ
کوٹِ دان اِسنان ॥1॥ رہاءُ ॥

ਆਨ ਜੰਜਾਰ ਬ੍ਰਿਥਾ ਸ੍ਰਮੁ ਘਾਲਤ
ਬਿਨੁ ਹਰਿ ਫੋਕਟ ਗਿਆਨ ॥

آن زنجار برِتھا سرمُ گھالت
بِنُ ہرِ پھوکٹ گیان ॥

ਜਨਮ ਮਰਨ ਸੰਕਟ ਤੇ ਛੂਟੈ
ਜਗਦੀਸ ਭਜਨ ਸੁਖ ਧਿਆਨ ॥੧॥

جنم مرن سنکٹ تے چھوٹے
جگدیس بھجن سُکھ دھیان ॥1॥

ਤੇਰੀ ਸਰਨਿ ਪੂਰਨ ਸੁਖ ਸਾਗਰ
ਕਰਿ ਕਿਰਪਾ ਦੇਵਹੁ ਦਾਨ ॥

تیری سرنِ پوُرن سُکھ ساگر
کرِ کرِپا دیوہُ دان ॥

ਸਿਮਰਿ ਸਿਮਰਿ ਨਾਨਕ ਪ੍ਰਭ ਜੀਵੈ
ਬਿਨਸਿ ਜਾਇ ਅਭਿਮਾਨ ॥੨॥੬੬॥੮੯॥

سِمرِ سِمرِ نانک پربھ جیوے
بِنس جاءِ ابھِمان ॥2॥ 66 ॥ 89 ॥

ਸਾਰਗ ਮਹਲਾ ੫ ॥

سارگ محلا 5 ॥

ਧੂਰਤੁ ਸੋਈ ਜਿ ਧੁਰ ਕਉ ਲਾਗੈ ॥

دھوُرتُ سوئی جِ دھُر کءُ لاگے ॥

ਸੋਈ ਧੁਰੰਧਰੁ ਸੋਈ ਬਸੁੰਧਰੁ
ਹਰਿ ਏਕ ਪ੍ਰੇਮ ਰਸ ਪਾਗੈ ॥੧॥ ਰਹਾਉ ॥

سوئی دھُرنّدھرُ سوئی بسُنّدھرُ
ہرِ ایک پریم رس پاگے ॥1॥ رہاءُ ॥

ਬਲਬੰਚ ਕਰੈ ਨ ਜਾਨੈ ਲਾਭੈ
ਸੋ ਧੂਰਤੁ ਨਹੀ ਮੂੜਾ ॥

بلبنچ کرے ن جانے لابھے
سو دھوُرتُ نہی موُڑہا ॥

ਸੁਆਰਥੁ ਤਿਆਗਿ ਅਸਾਰਥਿ ਰਚਿਓ
ਨਹ ਸਿਮਰੈ ਪ੍ਰਭੂ ਰੂੜਾ ॥੧॥

سُیارتھُ تِیاگِ اسارتھِ رچیئو
نہ سِمرے پربھوُ روُڑا ॥1॥

ਸੋਈ ਚਤੁਰੁ ਸਿਆਣਾ ਪੰਡਿਤੁ
ਸੋ ਸੂਰਾ ਸੋ ਦਾਨਾਂ ॥

سوئی چترُ سِیاٹا پنڈِتُ
سو سوُرا سو داناں ॥

ਸਾਧਸੰਗਿ ਜਿਨਿ ਹਰਿ ਹਰਿ ਜਪਿਓ
ਨਾਨਕ ਸੋ ਪਰਵਾਨਾ ॥੨॥੬੭॥੯੦॥

سادھسنگِ جِنِ ہرِ ہرِ جپیئو
نانک سو پروانا ॥2॥ 67 ॥ 90 ॥

ਸਾਰਗ ਮਹਲਾ ੫ ॥

سارگ محلا 5 ॥

ਹਰਿ ਹਰਿ ਸੰਤ ਜਨਾ ਕੀ ਜੀਵਨਿ ॥

ہرِ ہرِ سنّت جنا کی جیونِ ॥

ਬਿਖੈ ਰਸ ਭੋਗ ਅੰਮ੍ਰਿਤ ਸੁਖ ਸਾਗਰ
ਰਾਮ ਨਾਮ ਰਸੁ ਪੀਵਨਿ ॥੧॥ ਰਹਾਉ ॥

بِکھے رس بھوگ انمّرِت سُکھ ساگر
رام نام رسُ پیِونِ ॥1॥ رہاءُ ॥

ਸੰਚਨਿ ਰਾਮ ਨਾਮ ਧਨੁ ਰਤਨਾ
ਮਨ ਤਨ ਭੀਤਰਿ ਸੀਵਨਿ ॥

سنچِنِ رام نام دھنُ رتنا
من تن بھیترِ سیِونِ ॥

ਹਰਿ ਰੰਗ ਰਾਂਗ ਭਏ ਮਨ ਲਾਲਾ

ہرِ رنگ رانگ بھئے من لالا

ਰਾਮ ਨਾਮ ਰਸ ਖੀਵਨਿ ॥੧॥

رام نام رس کھیونِ ॥1॥

ਜਿਉ ਮੀਨਾ ਜਲ ਸਿਉ ਉਰਝਾਨੋ
ਰਾਮ ਨਾਮ ਸੰਗਿ ਲੀਵਨਿ ॥

جِءُ مِینا جل سِءُ اُرجھانو
رام نام سنگِ لِیونِ ॥

ਨਾਨਕ ਸੰਤ ਚਾਤ੍ਰਿਕ ਕੀ ਨਿਆਈ
ਹਰਿ ਬੂੰਦ ਪਾਨ ਸੁਖ ਥੀਵਨਿ ॥੨॥੬੮॥੯੧॥

نانک سنّت چاتّرِک کی نِیائی
ہرِ بوُنّد پان سُکھ تھیونِ ॥2॥ 68 ॥ 91 ॥

ਸਾਰਗ ਮਹਲਾ ੫ ॥

سارگ محلا 5 ॥

ਹਰਿ ਕੇ ਨਾਮਹੀਨ ਬੇਤਾਲ ॥

ہرِ کے نامہین بیتال ॥

ਜੇਤਾ ਕਰਨ ਕਰਾਵਨ ਤੇਤਾ
ਸਭਿ ਬੰਧਨ ਜੰਜਾਲ ॥੧॥ ਰਹਾਉ ॥

جیتا کرن کراون تیتا
سبھِ بنّدھن زنّجال ॥1॥ رہاءُ ॥

ਬਿਨੁ ਪ੍ਰਭ ਸੇਵ ਕਰਤ ਅਨ ਸੇਵਾ
ਬਿਰਥਾ ਕਾਟੈ ਕਾਲ ॥

بِنُ پربھ سیو کرت ان سیوا
بِرتھا کاٹے کال ॥

ਜਬ ਜਮੁ ਆਇ ਸੰਘਾਰੈ ਪ੍ਰਾਨੀ
ਤਬ ਤੁਮਰੋ ਕਉਨੁ ਹਵਾਲ ॥੧॥

جب جمُ آءِ سنگھارے پرانی
تب تُمرو کنُّن حوال ۔ ॥1॥

ਰਾਖਿ ਲੇਹੁ ਦਾਸ ਅਪੁਨੇ ਕਉ
ਸਦਾ ਸਦਾ ਕਿਰਪਾਲ ॥

راکھِ لیہُ داس اپُنے ک ءُ
سدا سدا کِرپال ॥

ਸੁਖ ਨਿਧਾਨ ਨਾਨਕ ਪ੍ਰਭੁ ਮੇਰਾ
ਸਾਧਸੰਗਿ ਧਨ ਮਾਲ ॥੨॥੬੯॥੯੨॥

سُکھ نِدھان نانک پربھُ میرا
سادھسنگِ دھن مال ॥2॥ 69 ॥ 92 ॥

ਸਾਰਗ ਮਹਲਾ ੫ ॥

سارگ محلا 5 ॥

ਮਨਿ ਤਨਿ ਰਾਮ ਕੋ ਬਿਉਹਾਰੁ ॥

منِ تنِ رام کو بِہُارُ ॥

ਪ੍ਰੇਮ ਭਗਤਿ ਗੁਨ ਗਾਵਨ ਗੀਧੇ
ਪੋਹਤ ਨਹ ਸੰਸਾਰ ॥੧॥ ਰਹਾਉ ॥

پریم بھگتِ گُن گاون گیدھے
پوہت نہ سنّسار ॥1॥ رہاءُ ॥

ਸ੍ਰਵਣੀ ਕੀਰਤਨੁ ਸਿਮਰਨੁ ਸੁਆਮੀ
ਇਹੁ ਸਾਧ ਕੋ ਆਚਾਰੁ ॥

سّروٹی کیرتنُ سِمرنُ سُیامی
اِہُ سادھ کو آچارُ ॥

ਚਰਨ ਕਮਲ ਅਸਥਿਤਿ ਰਿਦ ਅੰਤਰਿ
ਪੂਜਾ ਪ੍ਰਾਨ ਕੋ ਆਧਾਰੁ ॥੧॥

چرن کمل استھِتِ رِد انتّرِ
پوُجا پران کو آدھارُ ॥1॥

ਪ੍ਰਭ ਦੀਨ ਦਇਆਲ ਸੁਨਹੁ ਬੇਨੰਤੀ
ਕਿਰਪਾ ਅਪਨੀ ਧਾਰੁ ॥

پربھ دِین دیَیال سُنہُ بینتی
کِرپا اپنی دھارُ ॥

ਨਾਮੁ ਨਿਧਾਨੁ ਉਚਰਉ ਨਿਤ ਰਸਨਾ
ਨਾਨਕ ਸਦ ਬਲਿਹਾਰੁ ॥੨॥੭੦॥੯੩॥

نامُ نِدھانُ اُچرءُ نِت رسنا
نانک سد بلِہارُ ॥2॥ 70 ॥ 93 ॥

ਸਾਰਗ ਮਹਲਾ ੫ ॥

سارگ محلا 5 ॥

ਹਰਿ ਕੇ ਨਾਮਹੀਨ ਮਤਿ ਥੋਰੀ ॥

ہرِ کے نامہِین متِ تھوری ॥

ਸਿਮਰਤ ਨਾਹਿ ਸਿਰੀਧਰ ਠਾਕੁਰ
ਮਿਲਤ ਅੰਧ ਦੁਖ ਘੋਰੀ ॥੧॥ ਰਹਾਉ ॥

سِمرت ناہِ سِرِیدھر ٹھاکُر
مِلت انّدھ دُکھ گھوری ॥1॥ رہاءُ ॥

ਹਰਿ ਕੇ ਨਾਮ ਸਿਉ ਪ੍ਰੀਤਿ ਨ ਲਾਗੀ
ਅਨਿਕ ਭੇਖ ਬਹੁ ਜੋਰੀ ॥

ہرِ کے نام سِءُ پرِیتِ ن لاگی
انِک بھیکھ بہُ جوری ॥

ਤੂਟਤ ਬਾਰ ਨ ਲਾਗੈ ਤਾ ਕਉ
ਜਿਉ ਗਾਗਰਿ ਜਲ ਫੋਰੀ ॥੧॥

توُٹت بار ن لاگے تا کءُ
جِءُ گاگرِ جل پھوری ॥1॥

ਕਰਿ ਕਿਰਪਾ ਭਗਤਿ ਰਸੁ ਦੀਜੈ
ਮਨੁ ਖਚਿਤ ਪ੍ਰੇਮ ਰਸ ਖੋਰੀ ॥

کرِ کِرپا بھگتِ رسُ دیجے
منُ کھچِت پریم رس کھوری ॥

ਨਾਨਕ ਦਾਸ ਤੇਰੀ ਸਰਣਾਈ
ਪ੍ਰਭ ਬਿਨੁ ਆਨ ਨ ਹੋਰੀ ॥੨॥੭੧॥੯੪॥

نانک داس تیری سرٹائی
پربھ بِنُ آن ن ہوری ॥2॥ 71 ॥ 94 ॥

ਸਾਰਗ ਮਹਲਾ ੫ ॥

سارگ محلا 5 ॥

ਚਿਤਵਉ ਵਾ ਅਉਸਰ ਮਨ ਮਾਹਿ ॥

چِتوءُ وا اُسر من ماہِ ॥

ਹੋਇ ਇਕਤ੍ਰ ਮਿਲਹੁ ਸੰਤ ਸਾਜਨ
ਗੁਣ ਗੋਬਿੰਦ ਨਿਤ ਗਾਹਿ ॥੧॥ ਰਹਾਉ ॥

ہوءِ اِکتّر مِلہُ سنّت ساجن
گُنٹ گوبِنّد نِت گاہِ ॥1॥ رہاءُ ॥

ਬਿਨੁ ਹਰਿ ਭਜਨ ਜੇਤੇ ਕਾਮ ਕਰੀਅਹਿ
ਤੇਤੇ ਬਿਰਥੇ ਜਾਂਹਿ ॥

بِنُ ہرِ بھجن جیتے کام کریئہِ
تیتے برِتھے جانہِ ॥

ਪੂਰਨ ਪਰਮਾਨੰਦ ਮਨਿ ਮੀਠੋ
ਤਿਸੁ ਬਿਨੁ ਦੂਸਰ ਨਾਹਿ ॥੧॥

پوُرن پرمانّند منِ مِٹھو
تِسُ بِنُ دوُسر ناہِ ॥1॥

ਜਪ ਤਪ ਸੰਜਮ ਕਰਮ ਸੁਖ ਸਾਧਨ

جپ تپ سنجم کرم سُکھ سادھن

ਤੁਲਿ ਨ ਕਛੂਐ ਲਾਹਿ ॥

ٹُلِ ن کچھوُئے لاہِ ॥

ਚਰਨ ਕਮਲ ਨਾਨਕ ਮਨੁ ਬੇਧਿਓ
ਚਰਨਹ ਸੰਗਿ ਸਮਾਹਿ ॥੨॥੭੨॥੯੫॥

چرن کمل نانک منُ بیدھِئو
چرنہ سنگِ سماہِ ॥2॥ 72 ॥ 95 ॥

ਸਾਰਗ ਮਹਲਾ ੫ ॥

سارگ محلا 5 ॥

ਮੇਰਾ ਪ੍ਰਭੁ ਸੰਗੇ ਅੰਤਰਜਾਮੀ ॥

میرا پربھُ سنگے انترجامی ॥

ਆਗੈ ਕੁਸਲ ਪਾਛੈ ਖੇਮ ਸੂਖਾ
ਸਿਮਰਤ ਨਾਮੁ ਸੁਆਮੀ ॥੧॥ ਰਹਾਉ ॥

آگے کُسل پاچھے کھیم سوُکھا
سِمرت نامُ سُیامی ॥1॥ رہاءُ ॥

ਸਾਜਨ ਮੀਤ ਸਖਾ ਹਰਿ ਮੇਰੈ
ਗੁਨ ਗੋਪਾਲ ਹਰਿ ਰਾਇਆ ॥

ساجن میت سکھا ہرِ میرے
گُن گوپال ہرِ رائیا ॥

ਬਿਸਰਿ ਨ ਜਾਈ ਨਿਮਖ ਹਿਰਦੈ ਤੇ
ਪੂਰੈ ਗੁਰੂ ਮਿਲਾਇਆ ॥੧॥

بِسرِ ن جائی نِمکھ ہِردے تے
پوُرے گُروُ مِلائیا ॥1॥

ਕਰਿ ਕਿਰਪਾ ਰਾਖੇ ਦਾਸ ਅਪਨੇ
ਜੀਅ ਜੰਤ ਵਸਿ ਜਾ ਕੈ ॥

کرِ کرِپا راکھے داس اپنے
جیء جنّت وسِ جا کے ॥

ਏਕਾ ਲਿਵ ਪੂਰਨ ਪਰਮੇਸੁਰ
ਭਉ ਨਹੀ ਨਾਨਕ ਤਾ ਕੈ ॥੨॥੭੩॥੯੬॥

ایکا لِو پوُرن پریسُر
بھءُ نہی نانک تا کے ॥2॥ 73 ॥ 96 ॥

ਸਾਰਗ ਮਹਲਾ ੫ ॥

سارگ محلا 5 ॥

ਜਾ ਕੈ ਰਾਮ ਕੋ ਬਲੁ ਹੋਇ ॥

جا کے رام کو بلُ ہوءِ ॥

ਸਗਲ ਮਨੋਰਥ ਪੂਰਨ ਤਾਹੂ ਕੇ
ਦੂਖੁ ਨ ਬਿਆਪੈ ਕੋਇ ॥੧॥ ਰਹਾਉ ॥

سگل منورتھ پوُرن تاہوُ کے
دوُکھُ ن بِیاپے کوءِ ॥1॥ رہاءُ ॥

ਜੋ ਜਨੁ ਭਗਤੁ ਦਾਸੁ ਨਿਜੁ ਪ੍ਰਭ ਕਾ
ਸੁਣਿ ਜੀਵਾਂ ਤਿਸੁ ਸੋਇ ॥

جو جنُ بھگتُ داسُ نِجُ پربھ کا
سُنِ جیِواں تِسُ سوءِ ॥

ਉਦਮੁ ਕਰਉ ਦਰਸਨੁ ਪੇਖਨ ਕੌ
ਕਰਮਿ ਪਰਾਪਤਿ ਹੋਇ ॥੧॥

اُدمُ کرءُ درسنُ پیکھن کوُ
کرمِ پراپتِ ہوءِ ॥1॥

ਗੁਰ ਪਰਸਾਦੀ ਦ੍ਰਿਸਟਿ ਨਿਹਾਰਉ
ਦੂਸਰ ਨਾਹੀ ਕੋਇ ॥

گُر پرسادی دِرسٹِ نہارءُ
دوُسر ناہی کوءِ ॥

ਦਾਨੁ ਦੇਹਿ ਨਾਨਕ ਅਪਨੇ ਕਉ
ਚਰਨ ਜੀਵਾਂ ਸੰਤ ਧੋਇ ॥੨॥੭੪॥੯੭॥

دانُ دیہِ نانک اپنے کءُ
چرن جِیواں سنّت دھوءِ ॥2॥ 74 ॥ 97 ॥

ਸਾਰਗ ਮਹਲਾ ੫ ॥

سارگ محلا 5 ॥

ਜੀਵਤੁ ਰਾਮ ਕੇ ਗੁਣ ਗਾਇ ॥

جِیوتُ رام کے گُنؤ گاءِ ॥

ਕਰਹੁ ਕ੍ਰਿਪਾ ਗੋਪਾਲ ਬੀਠੁਲੇ
ਬਿਸਰਿ ਨ ਕਬ ਹੀ ਜਾਇ ॥੧॥ ਰਹਾਉ ॥

کرہُ کرِپا گوپال بِیٹھُلے
بِسرِ ن کب ہی جاءِ ॥1॥ رہاءُ ॥

ਮਨੁ ਤਨੁ ਧਨੁ ਸਭੁ ਤੁਮਰਾ ਸੁਆਮੀ
ਆਨ ਨ ਦੂਜੀ ਜਾਇ ॥

مَنُ تَنُ دھنُ سبھُ تُمرا سُیامی
آن ن دوُجی جاءِ ॥

ਜਿਉ ਤੂ ਰਾਖਹਿ ਤਿਵ ਹੀ ਰਹਣਾ
ਤੁਮ੍ਰਾ ਪੈਨ੍ਹੈ ਖਾਇ ॥੧॥

جِءُ توُ راکھہِ تِو ہی رہنّا
تُمہّرا پینّہے کھاءِ ॥1॥

ਸਾਧਸੰਗਤਿ ਕੈ ਬਲਿ ਬਲਿ ਜਾਈ
ਬਹੁੜਿ ਨ ਜਨਮਾ ਧਾਇ ॥

سادھسنگتِ کے بلِ بلِ جائی
بہُڑِ ن جنما دھاءِ ॥

ਨਾਨਕ ਦਾਸ ਤੇਰੀ ਸਰਣਾਈ
ਜਿਉ ਭਾਵੈ ਤਿਵੈ ਚਲਾਇ ॥੨॥੭੫॥੯੮॥

نانک داس تیری سرنّائی
جِءُ بھاوے تِوے چلاءِ ॥2॥ 75 ॥ 98 ॥

ਸਾਰਗ ਮਹਲਾ ੫ ॥

سارگ محلا 5 ॥

ਮਨ ਰੇ ਨਾਮ ਕੋ ਸੁਖ ਸਾਰ ॥

من رے نام کو سُکھ سار ॥

ਆਨ ਕਾਮ ਬਿਕਾਰ ਮਾਇਆ
ਸਗਲ ਦੀਸਹਿ ਛਾਰ ॥੧॥ ਰਹਾਉ ॥

آن کام بِکار مائیا
سگل دیسہِ چھار ॥1॥ رہاءُ ॥

ਗ੍ਰਿਹਿ ਅੰਧ ਕੂਪ ਪਤਿਤ ਪ੍ਰਾਣੀ
ਨਰਕ ਘੋਰ ਗੁਬਾਰ ॥

گرِہِ انّدھ کوُپ پتت پرّانیٔ
نرک گھور غُبار ॥

ਅਨਿਕ ਜੋਨੀ ਭ੍ਰਮਤ ਹਾਰਿਓ
ਭ੍ਰਮਤ ਬਾਰੰ ਬਾਰ ॥੧॥

انِک جونی بھرّمت ہارِئو
بھرّمت بارنّ بار ॥1॥

ਪਤਿਤ ਪਾਵਨ ਭਗਤਿ ਬਛਲ
ਦੀਨ ਕਿਰਪਾ ਧਾਰ ॥

پتت پاون بھگتِ بچھل
دِین کِرپا دھار ॥

ਕਰ ਜੋੜਿ ਨਾਨਕੁ ਦਾਨੁ ਮਾਂਗੈ

کر جوڑِ نانکُ دانُ مانگےَ

ਸਾਧਸੰਗਿ ਉਧਾਰ ॥੨॥੭੬॥੯੯॥

سادھسنگِ اُدھار ॥2॥ 76 ॥ 99 ॥

ਸਾਰਗ ਮਹਲਾ ੫ ॥

سارگ محلا 5 ॥

ਬਿਰਾਜਿਤ ਰਾਮ ਕੋ ਪਰਤਾਪ ॥

بِراجِت رام کو پرتاپ ॥

ਆਧਿ ਬਿਆਧਿ ਉਪਾਧਿ ਸਭ ਨਾਸੀ
ਬਿਨਸੇ ਤੀਨੈ ਤਾਪ ॥੧॥ ਰਹਾਉ ॥

آدھِ بِیادھِ اُپادھِ سبھ ناسی
بِنسے تِینے تاپ ॥1॥ رہاءُ ॥

ਤ੍ਰਿਸਨਾ ਬੁਝੀ ਪੂਰਨ ਸਭ ਆਸਾ
ਚੂਕੇ ਸੋਗ ਸੰਤਾਪ ॥

تّرِسنا بُجھی پوُرن سبھ آسا
چوُکے سوگ سنّتاپ ॥

ਗੁਣ ਗਾਵਤ ਅਚੁਤ ਅਬਿਨਾਸੀ
ਮਨ ਤਨ ਆਤਮ ਧ੍ਰਾਪ ॥੧॥

گُنؤ گاوت اچُت اِبناسی
من تن آتم دھّراپ ॥1॥

ਕਾਮ ਕ੍ਰੋਧ ਲੋਭ ਮਦ ਮਤਸਰ
ਸਾਧੂ ਕੈ ਸੰਗਿ ਖਾਪ ॥

کام کّرودھ لوبھ مد متسر
سادھوُ کے سنگِ کھاپ ॥

ਭਗਤਿ ਵਛਲ ਭੈ ਕਾਟਨਹਾਰੇ
ਨਾਨਕ ਕੇ ਮਾਈ ਬਾਪ ॥੨॥੭੭॥੧੦੦॥

بھگتِ وچھل بھےَ کاٹنہارے
نانک کے مائی باپ ॥2॥ 77 ॥ 100 ॥

ਸਾਰਗ ਮਹਲਾ ੫ ॥

سارگ محلا 5 ॥

ਆਤੁਰੁ ਨਾਮ ਬਿਨੁ ਸੰਸਾਰ ॥

آتُرُ نام بِنُ سنّسار ॥

ਤ੍ਰਿਪਤਿ ਨ ਹੋਵਤ ਕੂਕਰੀ ਆਸਾ
ਇਤੁ ਲਾਗੋ ਬਿਖਿਆ ਛਾਰ ॥੧॥ ਰਹਾਉ ॥

تّرِپتِ ن ہووت کوُکری آسا
اِتُ لاگو بِکھیا چھار ॥1॥ رہاءُ ॥

ਪਾਇ ਠਗਉਰੀ ਆਪਿ ਭੁਲਾਇਓ
ਜਨਮਤ ਬਾਰੋ ਬਾਰ ॥

پاءِ ٹھگئُری آپِ بھُلائیئو
جنمت بارو بار ॥

ਹਰਿ ਕਾ ਸਿਮਰਨੁ ਨਿਮਖ ਨ ਸਿਮਰਿਓ
ਜਮਕੰਕਰ ਕਰਤ ਖੁਆਰ ॥੧॥

ہرِ کا سِمرنُ نِمکھ ن سِمرِئو
جمکنکر کرت خُیار ॥1॥

ਹੋਹੁ ਕ੍ਰਿਪਾਲੁ ਦੀਨ ਦੁਖ ਭੰਜਨ
ਤੇਰਿਆ ਸੰਤਹ ਕੀ ਰਾਵਾਰ ॥

ہوہُ کّرِپالُ دِین دُکھ بھنّجن
تیرِیا سنّتہ کی راوار ॥

ਨਾਨਕ ਦਾਸੁ ਦਰਸੁ ਪ੍ਰਭ ਜਾਚੈ
ਮਨ ਤਨ ਕੋ ਆਧਾਰ ॥੨॥੭੮॥੧੦੧॥

نانک داسُ درسُ پّربھ جاچےَ
من تن کو آدھار ॥2॥ 78 ॥ 101 ॥

ਸਾਰਗ ਮਹਲਾ ੫ ॥

ਮੈਲਾ ਹਰਿ ਕੇ ਨਾਮ ਬਿਨੁ ਜੀਉ ॥

ਤਿਨਿ ਪ੍ਰਭਿ ਸਾਚੈ ਆਪਿ ਭੁਲਾਇਆ
ਬਿਖੈ ਠਗਉਰੀ ਪੀਉ ॥੧॥ ਰਹਾਉ ॥

ਕੋਟਿ ਜਨਮ ਭ੍ਰਮਤੋ ਬਹੁ ਭਾਂਤੀ
ਥਿਤਿ ਨਹੀ ਕਤਹੂ ਪਾਈ ॥

ਪੂਰਾ ਸਤਿਗੁਰੁ ਸਹਜਿ ਨ ਭੇਟਿਆ
ਸਾਕਤੁ ਆਵੈ ਜਾਈ ॥੧॥

ਰਾਖਿ ਲੇਹੁ ਪ੍ਰਭ ਸੰਮ੍ਰਿਥ ਦਾਤੇ
ਤੁਮ ਪ੍ਰਭ ਅਗਮ ਅਪਾਰ ॥

ਨਾਨਕ ਦਾਸ ਤੇਰੀ ਸਰਣਾਈ
ਭਵਜਲੁ ਉਤਰਿਓ ਪਾਰ ॥੨॥੭੯॥੧੦੨॥

ਸਾਰਗ ਮਹਲਾ ੫ ॥

ਰਮਣ ਕਉ ਰਾਮ ਕੇ ਗੁਣ ਬਾਦ ॥

ਸਾਧਸੰਗਿ ਧਿਆਈਐ ਪਰਮੇਸਰੁ
ਅੰਮ੍ਰਿਤ ਜਾ ਕੇ ਸੁਆਦ ॥੧॥ ਰਹਾਉ ॥

ਸਿਮਰਤ ਏਕੁ ਅਚੁਤ ਅਬਿਨਾਸੀ
ਬਿਨਸੇ ਮਾਇਆ ਮਾਦ ॥

ਸਹਜ ਅਨਦ ਅਨਹਦ ਧੁਨਿ ਬਾਣੀ
ਬਹੁਰਿ ਨ ਪਏ ਬਿਖਾਦ ॥੧॥

ਸਨਕਾਦਿਕ ਬ੍ਰਹਮਾਦਿਕ ਗਾਵਤ
ਗਾਵਤ ਸੁਕ ਪ੍ਰਹਿਲਾਦ ॥

ਪੀਵਤ ਅਮਿਉ ਮਨੋਹਰ ਹਰਿ ਰਸੁ
ਜਪਿ ਨਾਨਕ ਹਰਿ ਬਿਸਮਾਦ ॥੨॥੮੦॥੧੦੩॥

ਸਾਰਗ ਮਹਲਾ ੫ ॥

سارگ محلا 5 ॥

میَلا ہرِ کے نام بِنُ جیِءُ ॥

تِنِ پربھِ ساچے آپِ بھُلائِیا
بِکھے ٹھگُری پِیِءُ ॥1॥ رہاءُ ॥

کوٹِ جنم بھرمتو بہُ بھانتی
تھِتِ نہی کتہُو پائی ॥

پُورا ستِگُرُ سہجِ ن بھیٹِیا
ساکتُ آوے جائی ॥1॥

راکھِ لیہُ پربھ سمرتھ داتے
تُم پربھ اگم اپار ॥

نانک داس تیری سرنائی
بھوجلُ اُترِیُو پار ॥2॥ 79 ॥ 102 ॥

سارگ محلا 5 ॥

رمنُ کِءُ رام کے گُن باد ॥

سادھسنگِ دھیائیئے پریسرُ
انمرِت جا کے سُیاد ॥1॥ رہاءُ ॥

سِمرت ایکُ اچُت اِبناسی
بِنسے مائِیا ماد ॥

سہج اند انہد دھُنِ بانی
بہُرِ ن پئے بِکھاد ॥1॥

سنکادِک برہمادِک گاوت
گاوت سُک پرہِلاد ॥

پیوت امِءُ منوہر ہرِ رسُ
جپِ نانک ہرِ بِسماد ॥2॥ 80 ॥ 103 ॥

سارگ محلا 5 ॥

ਕੀਨ੍ਹੇ ਪਾਪ ਕੇ ਬਹੁ ਕੋਟ ॥

کِینّہے پاپ کے بہُ کوٹ ॥

ਦਿਨਸੁ ਰੈਨੀ ਥਕਤ ਨਾਹੀ
ਕਤਹਿ ਨਾਹੀ ਛੋਟ ॥੧॥ ਰਹਾਉ ॥

دِنُس رینی تھکت ناہی
کتہِ ناہی چھوٹ ॥1॥ رہاءُ ॥

ਮਹਾ ਬਜਰ ਬਿਖ ਬਿਆਧੀ
ਸਿਰਿ ਉਠਾਈ ਪੋਟ ॥

مہا بجر بِکھ بِیادھی
سِرِ اُٹھائی پوٹ ॥

ਉਘਰਿ ਗਈਆ ਖਿਨਹਿ ਭੀਤਰਿ
ਜਮਹਿ ਗ੍ਰਾਸੇ ਝੋਟ ॥੧॥

اُگھرِ گئیا کھِنہِ بھیترِ
جمہِ گّراسے جھوٹ ॥1॥

ਪਸੁ ਪਰੇਤ ਉਸਟ ਗਰਧਭ
ਅਨਿਕ ਜੋਨੀ ਲੇਟ ॥

پُس پریت اُسٹ گردھبھ
انِک جونی لیٹ ॥

ਭਜੁ ਸਾਧਸੰਗਿ ਗੋਬਿੰਦ ਨਾਨਕ
ਕਛੁ ਨ ਲਾਗੈ ਫੇਟ ॥੨॥੮੧॥੧੦੪॥

بھجُ سادھسنگِ گوبِندّ نانک
کچھُ ن لاگے پھیٹ ॥2॥ 81 ॥ 104 ॥

ਸਾਰਗ ਮਹਲਾ ੫ ॥

سارگ محلا 5 ॥

ਅੰਧੇ ਖਾਵਹਿ ਬਿਸੂ ਕੇ ਗਟਾਕ ॥

انّدھے کھاوہِ بِسوُ کے گٹاک ॥

ਨੈਨ ਸ੍ਰਵਨ ਸਰੀਰੁ ਸਭੁ ਹੁਟਿਓ
ਸਾਸੁ ਗਇਓ ਤਤ ਘਾਟ ॥੧॥ ਰਹਾਉ ॥

نیَن سّرون سرپُر سبھُ ہُٹّیو
ساسُ گئیو تت گھاٹ ॥1॥ رہاءُ ॥

ਅਨਾਥ ਰਵਾਣਿ ਉਦਰ ਲੇ ਪੋਖਹਿ
ਮਾਇਆ ਗਈਆ ਹਾਟਿ ॥

اناتھ رچانِ اُدر لے پوکھہِ
مائیا گئیا ہاٹِ ॥

ਕਿਲਬਿਖ ਕਰਤ ਕਰਤ ਪਛੁਤਾਵਹਿ
ਕਬਹੁ ਨ ਸਾਕਹਿ ਛਾਂਟਿ ॥੧॥

کِلبِکھ کرت کرت پچھُتاوہِ
کبہُ ن ساکہِ چھانٹِ ॥1॥

ਨਿੰਦਕੁ ਜਮਦੂਤੀ ਆਇ ਸੰਘਾਰਿਓ
ਦੇਵਹਿ ਮੂੰਡ ਉਪਰਿ ਮਟਾਕ ॥

نِندّکُ جمدوُتی آءِ سنگھارِیو
دیوہِ موُنڈّ اُپرِ مٹاک ॥

ਨਾਨਕ ਆਪਨ ਕਟਾਰੀ ਆਪਸ ਕਉ ਲਾਈ
ਮਨੁ ਅਪਨਾ ਕੀਨੋ ਫਾਟ ॥੨॥੮੨॥੧੦੫॥

نانک آپن کٹاری آپس کءُ لائی
منُ اپنا کِینو پھاٹ ॥2॥ 82 ॥ 105 ॥

ਸਾਰਗ ਮਹਲਾ ੫ ॥

سارگ محلا 5 ॥

ਟੂਟੀ ਨਿੰਦਕ ਕੀ ਅਧ ਬੀਚ ॥

ٹوُٹی نِندّک کی ادھ بِیچ ॥

ਜਨ ਕਾ ਰਾਖਾ ਆਪਿ ਸੁਆਮੀ
ਬੇਮੁਖ ਕਉ ਆਇ ਪਹੂਚੀ ਮੀਚ ॥੧॥ ਰਹਾਉ ॥

جن کا راکھا آپِ سُیامی
بیمُکھ ک ءُ آءِ پہوُچی میچ ॥1॥ رہاءُ ॥

ਉਸ ਕਾ ਕਹਿਆ ਕੋਇ ਨ ਸੁਣਈ
ਕਹੀ ਨ ਬੈਸਣੁ ਪਾਵੈ ॥

اُس کا کہِیا کوءِ ن سُنئی
کہی ن بیَسنُ پاوے ॥

ਈਹਾਂ ਦੁਖੁ ਆਗੈ ਨਰਕੁ ਭੁੰਚੈ
ਬਹੁ ਜੋਨੀ ਭਰਮਾਵੈ ॥੧॥

ایہاں دُکھُ آگے نرکُ بھُنچے
بہُ جونی بھرماوے ॥1॥

ਪ੍ਰਗਟੁ ਭਇਆ ਖੰਡੀ ਬ੍ਰਹਮੰਡੀ
ਕੀਤਾ ਅਪਣਾ ਪਾਇਆ ॥

پرگٹُ بھئیا کھنڈی برہمنڈی
کِیتا اپنا پائیا ॥

ਨਾਨਕ ਸਰਣਿ ਨਿਰਭਉ ਕਰਤੇ ਕੀ
ਅਨਦ ਮੰਗਲ ਗੁਣ ਗਾਇਆ ॥੨॥੮੩॥੧੦੬॥

نانک سرنِ نربھءُ کرتے کی
اند منگل گُن گائیا ॥2॥ 83 ॥ 106 ॥

ਸਾਰਗ ਮਹਲਾ ੫ ॥

سارگ محلا 5 ॥

ਤ੍ਰਿਸਨਾ ਚਲਤ ਬਹੁ ਪਰਕਾਰਿ ॥

ترِسنا چلت بہُ پرکارِ ॥

ਪੂਰਨ ਹੋਤ ਨ ਕਤਹੁ ਬਾਤਹਿ
ਅੰਤਿ ਪਰਤੀ ਹਾਰਿ ॥੧॥ ਰਹਾਉ ॥

پوُرن ہوت ن کتہُ باتہِ
انتِ پرتی ہارِ ॥1॥ رہاءُ ॥

ਸਾਂਤਿ ਸੂਖ ਨ ਸਹਜੁ ਉਪਜੈ
ਇਹੈ ਇਸੁ ਬਿਉਹਾਰਿ ॥

سانتِ سوُکھ ن سہجُ اُپجے
اِہے اِسُ بِہُارِ ॥

ਆਪ ਪਰ ਕਾ ਕਛੁ ਨ ਜਾਨੈ
ਕਾਮ ਕ੍ਰੋਧਹਿ ਜਾਰਿ ॥੧॥

آپ پر کا کچھُ ن جانے
کام کرودھِ جارِ ॥1॥

ਸੰਸਾਰ ਸਾਗਰੁ ਦੁਖਿ ਬਿਆਪਿਓ
ਦਾਸ ਲੇਵਹੁ ਤਾਰਿ ॥

سنسار ساگرُ دُکھِ بِیاپِئو
داس لیوہُ تارِ ॥

ਚਰਨ ਕਮਲ ਸਰਣਾਇ ਨਾਨਕ
ਸਦ ਸਦਾ ਬਲਿਹਾਰਿ ॥੨॥੮੪॥੧੦੭॥

چرن کمل سرناءِ نانک
سد سدا بلِہارِ ॥2॥ 84 ॥ 107 ॥

ਸਾਰਗ ਮਹਲਾ ੫ ॥

سارگ محلا 5 ॥

ਰੇ ਪਾਪੀ
ਤੈ ਕਵਨ ਕੀ ਮਤਿ ਲੀਨ ॥

رے پاپی
تے کون کی متِ لین ۔ ॥

ਨਿਮਖ ਘਰੀ ਨ ਸਿਮਰਿ ਸੁਆਮੀ
ਜੀਉ ਪਿੰਡੁ ਜਿਨਿ ਦੀਨ ॥੧॥ ਰਹਾਉ ॥

نِمکھ گھری ن سِمرِ سُیامی
جِیءُ پِنڈُ جِنِ دِین ॥1॥ رہاءُ ॥

ਖਾਤ ਪੀਵਤ ਸਵੰਤ ਸੁਖੀਆ
ਨਾਮੁ ਸਿਮਰਤ ਖੀਨ ॥

کھات پیوت سونّت سُکھیِیا
نامُ سِمرت کھِین ॥

ਗਰਭ ਉਦਰ ਬਿਲਲਾਟ ਕਰਤਾ
ਤਹਾਂ ਹੋਵਤ ਦੀਨ ॥੧॥

گربھ اُدر بِلاٹ کرتا
تہاں ہووت دِین ॥1॥

ਮਹਾ ਮਾਦ ਬਿਕਾਰ ਬਾਧਾ
ਅਨਿਕ ਜੋਨਿ ਭ੍ਰਮੀਨ ॥

مہا ماد بِکار بادھا
انِک جونِ بھرّمِین ॥

ਗੋਬਿੰਦ ਬਿਸਰੇ ਕਵਨ ਦੁਖ ਗਨੀਅਹਿ
ਸੁਖੁ ਨਾਨਕ ਹਰਿ ਪਦ ਚੀਨ੍ ॥੨॥੮੫॥੧੦੮॥

گوبِنّد بِسرے کون دُکھ گنِیئہِ
سُکھُ نانک ہرِ پد چِینّہ ॥2॥ 85 ॥ 108 ॥

ਸਾਰਗ ਮਹਲਾ ੫ ॥

سارگ محلا 5 ॥

ਮਾਈ ਰੀ ਚਰਨਹ ਓਟ ਗਹੀ ॥

مائی ری چرنہ اوٹ گہی ॥

ਦਰਸਨੁ ਪੇਖਿ ਮੇਰਾ ਮਨੁ ਮੋਹਿਓ
ਦੁਰਮਤਿ ਜਾਤ ਬਹੀ ॥੧॥ ਰਹਾਉ ॥

درسنُ پیکھِ میرا منُ موہِئو
دُرمتِ جات بہی ॥1॥ رہاءُ ॥

ਅਗਹ ਅਗਾਧਿ ਊਚ ਅਬਿਨਾਸੀ
ਕੀਮਤਿ ਜਾਤ ਨ ਕਹੀ ॥

اگہ اگادھِ اوُچ اِبناسی
قِیمتِ جات ن کہی ॥

ਜਲਿ ਥਲਿ ਪੇਖਿ ਪੇਖਿ ਮਨੁ ਬਿਗਸਿਓ
ਪੂਰਿ ਰਹਿਓ ਸ੍ਰਬ ਮਹੀ ॥੧॥

جلِ تھلِ پیکھِ پیکھِ منُ بِگسِئو
پوُرِ رہِئو سّرب مہی ॥1॥

ਦੀਨ ਦਇਆਲ ਪ੍ਰੀਤਮ ਮਨਮੋਹਨ
ਮਿਲਿ ਸਾਧਹ ਕੀਨੋ ਸਹੀ ॥

دِین دئیال پرّیتم منموہن
مِلِ سادھہ کِینو صہی ॥

ਸਿਮਰਿ ਸਿਮਰਿ ਜੀਵਤ ਹਰਿ ਨਾਨਕ
ਜਮ ਕੀ ਭੀਰ ਨ ਫਹੀ ॥੨॥੮੬॥੧੦੯॥

سِمرِ سِمرِ جِیوت ہرِ نانک
جم کی بھیِر ن پھہی ॥2॥ 86 ॥ 109 ॥

ਸਾਰਗ ਮਹਲਾ ੫ ॥

سارگ محلا 5 ॥

ਮਾਈ ਰੀ ਮਨੁ ਮੇਰੋ ਮਤਵਾਰੋ ॥

مائی ری منُ میرو متوارو ॥

ਪੇਖਿ ਦਇਆਲ ਅਨਦ ਸੁਖ ਪੂਰਨ

پیکھِ دئیال اند سُکھ پوُرن

ਹਰਿ ਰਸਿ ਰਪਿਓ ਖੁਮਾਰੋ ॥੧॥ ਰਹਾਉ ॥

ہرِ رس رپیئو کھُمارو ॥1॥ رہاءُ ॥

ਨਿਰਮਲ ਭਏ ਊਜਲ ਜਸੁ ਗਾਵਤ
ਬਹੁਰਿ ਨ ਹੋਵਤ ਕਾਰੋ ॥

نِرمل بھے اوُجل جسُ گاوت
بہُرِ ن ہووت کارو ॥

ਚਰਨ ਕਮਲ ਸਿਉ ਡੋਰੀ ਰਾਚੀ
ਭੇਟਿਓ ਪੁਰਖੁ ਅਪਾਰੋ ॥੧॥

چرن کمل سِءُ ڈوری راچی
بھیٹئو پُرکھُ اپارو ॥1॥

ਕਰੁ ਗਹਿ ਲੀਨੇ ਸਰਬਸੁ ਦੀਨੇ
ਦੀਪਕ ਭਇਓ ਉਜਾਰੋ ॥

کرُ گہِ لینے سربسُ دینے
دیپک بھئیو اُجارو ॥

ਨਾਨਕ ਨਾਮਿ ਰਸਿਕ ਬੈਰਾਗੀ
ਕੁਲਹ ਸਮੂਹਾਂ ਤਾਰੋ ॥੨॥੮੭॥੧੧੦॥

نانک نامِ رسِک بیَراگی
کُلہ سموُہاں تارو ॥2॥ 87 ॥ 110 ॥

ਸਾਰਗ ਮਹਲਾ ੫ ॥

سارگ محلا 5 ॥

ਮਾਈ ਰੀ ਆਨ ਸਿਮਰਿ ਮਰਿ ਜਾਂਹਿ ॥

مائی ری آن سِمرِ مرِ جانہِ ॥

ਤਿਆਗਿ ਗੋਬਿਦੁ ਜੀਅਨ ਕੋ ਦਾਤਾ
ਮਾਇਆ ਸੰਗਿ ਲਪਟਾਹਿ ॥੧॥ ਰਹਾਉ ॥

تِیاگِ گوبِدُ جیئن کو داتا
مائیا سنگِ لپٹاہِ ॥1॥ رہاءُ ॥

ਨਾਮੁ ਬਿਸਾਰਿ ਚਲਹਿ ਅਨ ਮਾਰਗਿ
ਨਰਕ ਘੋਰ ਮਹਿ ਪਾਹਿ ॥

نامُ بِسارِ چلہِ ان مارگِ
نرک گھور مہِ پاہِ ॥

ਅਨਿਕ ਸਜਾਈ ਗਣਤ ਨ ਆਵੈ
ਗਰਭੈ ਗਰਭਿ ਭ੍ਰਮਾਹਿ ॥੧॥

انِک سجائئی گنّت ن آوے
گربھے گربھِ بھرماہِ ॥1॥

ਸੇ ਧਨਵੰਤੇ ਸੇ ਪਤਿਵੰਤੇ
ਹਰਿ ਕੀ ਸਰਣਿ ਸਮਾਹਿ ॥

سے دھنونّتے سے پتِونّتے
ہرِ کی سرنِ سماہِ ॥

ਗੁਰ ਪ੍ਰਸਾਦਿ ਨਾਨਕ ਜਗੁ ਜੀਤਿਓ
ਬਹੁਰਿ ਨ ਆਵਹਿ ਜਾਂਹਿ ॥੨॥੮੮॥੧੧੧॥

گُر پرّسادِ نانک جگُ جیتئو
بہُرِ ن آوہِ جانہِ ॥2॥ 88 ॥ 111 ॥

ਸਾਰਗ ਮਹਲਾ ੫ ॥

سارگ محلا 5 ॥

ਹਰਿ ਕਾਟੀ ਕੁਟਿਲਤਾ ਕੁਠਾਰਿ ॥

ہرِ کاٹی کُٹِلتا کُٹھارِ ॥

ਭ੍ਰਮ ਬਨ ਦਹਨ ਭਏ ਖਿਨ ਭੀਤਰਿ
ਰਾਮ ਨਾਮ ਪਰਹਾਰਿ ॥੧॥ ਰਹਾਉ ॥

بھرّم بن دہن بھے کھِن بھیترِ
رام نام پرہارِ ॥1॥ رہاءُ ॥

ਕਾਮ ਕ੍ਰੋਧੁ ਨਿੰਦਾ ਪਰਹਰੀਆ
ਕਾਢੇ ਸਾਧੂ ਕੈ ਸੰਗਿ ਮਾਰਿ ॥

کام کرودھُ نِندا پرہریا
کاڈھے سادھوُ کے سنگِ مارِ ॥

ਜਨਮੁ ਪਦਾਰਥੁ ਗੁਰਮੁਖਿ ਜੀਤਿਆ
ਬਹੁਰਿ ਨ ਜੂਐ ਹਾਰਿ ॥੧॥

جنمُ پدارتھُ گُرمُکھِ جیتیا
بہُرِ ن جوُئے ہارِ ॥1॥

ਆਠ ਪਹਰ ਪ੍ਰਭ ਕੇ ਗੁਣ ਗਾਵਹ
ਪੂਰਨ ਸਬਦਿ ਬੀਚਾਰਿ ॥

آٹھ پہر پربھ کے گُن گاوہ
پوُرن سبدِ بیچارِ ॥

ਨਾਨਕ ਦਾਸਨਿ ਦਾਸੁ ਜਨੁ ਤੇਰਾ
ਪੁਨਹ ਪੁਨਹ ਨਮਸਕਾਰਿ ॥੨॥੮੯॥੧੧੨॥

نانک داسنِ داسُ جنُ تیرا
پُنہ پُنہ نمسکارِ ॥2॥ 89 ॥ 112 ॥

ਸਾਰਗ ਮਹਲਾ ੫ ॥

سارگ محلا 5 ॥

ਪੋਥੀ ਪਰਮੇਸਰ ਕਾ ਥਾਨੁ ॥

پوتھی پرمیسر کا تھانُ ॥

ਸਾਧਸੰਗਿ ਗਾਵਹਿ ਗੁਣ ਗੋਬਿੰਦ
ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥

سادھسنگِ گاوہِ گُن گوبِند
پوُرن برہم گیانُ ॥1॥ رہاءُ ॥

ਸਾਧਿਕ ਸਿਧ ਸਗਲ ਮੁਨਿ ਲੋਚਹਿ
ਬਿਰਲੇ ਲਾਗੈ ਧਿਆਨੁ ॥

سادھِک سِدھ سگل مُنِ لوچہِ
برلے لاگے دھیانُ ॥

ਜਿਸਹਿ ਕ੍ਰਿਪਾਲੁ ਹੋਇ ਮੇਰਾ ਸੁਆਮੀ
ਪੂਰਨ ਤਾ ਕੋ ਕਾਮੁ ॥੧॥

جِسہِ کرِپالُ ہوءِ میرا سُیامی
پوُرن تا کو کامُ ॥1॥

ਜਾ ਕੈ ਰਿਦੈ ਵਸੈ ਭੈ ਭੰਜਨੁ
ਤਿਸੁ ਜਾਨੈ ਸਗਲ ਜਹਾਨੁ ॥

جا کے رِدے وسے بھے بھنجنُ
تِسُ جانے سگل جہانُ ॥

ਖਿਨੁ ਪਲੁ ਬਿਸਰੁ ਨਹੀ ਮੇਰੇ ਕਰਤੇ
ਇਹੁ ਨਾਨਕੁ ਮਾਂਗੈ ਦਾਨੁ ॥੨॥੯੦॥੧੧੩॥

کھِنُ پلُ بِسرُ نہی میرے کرتے
اِہُ نانکُ مانگے دانُ ॥2॥ 90 ॥ 113 ॥

ਸਾਰਗ ਮਹਲਾ ੫ ॥

سارگ محلا 5 ॥

ਵੂਠਾ ਸਰਬ ਥਾਈ ਮੇਹੁ ॥

ووُٹھا سرب تھائی میہُ ॥

ਅਨਦ ਮੰਗਲ ਗਾਉ ਹਰਿ ਜਸੁ
ਪੂਰਨ ਪ੍ਰਗਟਿਓ ਨੇਹੁ ॥੧॥ ਰਹਾਉ ॥

اند منگل گاءُ ہرِ جسُ
پوُرن پرگٹیو نیہُ ॥1॥ رہاءُ ॥

ਚਾਰਿ ਕੁੰਟ ਦਹ ਦਿਸਿ ਜਲ ਨਿਧਿ

چارِ کُنٹ دہ دِس جل نِدھِ

ਊਨ ਥਾਉ ਨ ਕੇਹੁ ॥

اوُن تھاءُ ن کیہُ ॥

ਕ੍ਰਿਪਾ ਨਿਧਿ ਗੋਬਿੰਦ ਪੂਰਨ
ਜੀਅ ਦਾਨੁ ਸਭ ਦੇਹੁ ॥੧॥

کرِپا نِدھِ گوبِند پوُرن
جیء دانُ سبھ دیہُ ॥1॥

ਸਤਿ ਸਤਿ ਹਰਿ ਸਤਿ ਸੁਆਮੀ
ਸਤਿ ਸਾਧਸੰਗੇਹੁ ॥

ستِ ستِ ہرِ ستِ سُیامی
ستِ سادھسنگیہُ ॥

ਸਤਿ ਤੇ ਜਨ ਜਿਨ ਪਰਤੀਤਿ ਉਪਜੀ
ਨਾਨਕ ਨਹ ਭਰਮੇਹੁ ॥੨॥੯੧॥੧੧੪॥

ستِ تے جن جِن پرتیتِ اُپجی
نانک نہ بھرمیہُ ॥2॥ 91 ॥ 114 ॥

ਸਾਰਗ ਮਹਲਾ ੫ ॥

سارگ محلا 5 ॥

ਗੋਬਿਦ ਜੀਉ ਤੂ ਮੇਰੇ ਪ੍ਰਾਨ ਅਧਾਰ ॥

گوبِد جیِءُ توُ میرے پّران ادھار ॥

ਸਾਜਨ ਮੀਤ ਸਹਾਈ ਤੁਮ ਹੀ
ਤੂ ਮੇਰੋ ਪਰਵਾਰ ॥੧॥ ਰਹਾਉ ॥

ساجن میت سہائی تُم ہی
توُ میرو پروار ॥1॥ رہاءُ ॥

ਕਰੁ ਮਸਤਕਿ ਧਾਰਿਓ ਮੇਰੈ ਮਾਥੈ
ਸਾਧਸੰਗਿ ਗੁਣ ਗਾਏ ॥

کرُ مستکِ دھارِئو میرے ماتھےَ
سادھسنگِ گُن گائے ॥

ਤੁਮਰੀ ਕ੍ਰਿਪਾ ਤੇ ਸਭ ਫਲ ਪਾਏ
ਰਸਕਿ ਰਾਮ ਨਾਮ ਧਿਆਏ ॥੧॥

تُمری کرِپا تے سبھ پھل پائے
رسکِ رام نام دھِیائے ॥1॥

ਅਬਿਚਲ ਨੀਵ ਧਰਾਈ ਸਤਿਗੁਰਿ
ਕਬਹੂ ਡੋਲਤ ਨਾਹੀ ॥

ابچل نِیو دھرائی ستِگُرِ
کبہوُ ڈولت ناہی ॥

ਗੁਰ ਨਾਨਕ ਜਬ ਭਏ ਦਇਆਰਾ
ਸਰਬ ਸੁਖਾ ਨਿਧਿ ਪਾਂਹੀ ॥੨॥੯੨॥੧੧੫॥

گُر نانک جب بھےَ دئیارا
سرب سُکھا نِدھِ پانہی ॥2॥ 92 ॥ 115 ॥

ਸਾਰਗ ਮਹਲਾ ੫ ॥

سارگ محلا 5 ॥

ਨਿਬਹੀ ਨਾਮ ਕੀ ਸਚੁ ਖੇਪ ॥

نِبہی نام کی سچُ کھیپ ॥

ਲਾਭੁ ਹਰਿ ਗੁਣ ਗਾਇ ਨਿਧਿ ਧਨੁ
ਬਿਖੈ ਮਾਹਿ ਅਲੇਪ ॥੧॥ ਰਹਾਉ ॥

لابھُ ہرِ گُن گاءِ نِدھِ دھنُ
بِکھےَ ماہِ الیپ ॥1॥ رہاءُ ॥

ਜੀਅ ਜੰਤ ਸਗਲ ਸੰਤੋਖੇ
ਆਪਨਾ ਪ੍ਰਭੁ ਧਿਆਇ ॥

جیء جنّت سگل سنّتوکھے
آپنا پربھُ دھِیاءِ ॥

ਰਤਨ ਜਨਮੁ ਅਪਾਰ ਜੀਤਿਓ
ਬਹੁੜਿ ਜੋਨਿ ਨ ਪਾਇ ॥੧॥

رتن جنمُ اپار جیتیئو
بہُڑِ جونِ ن پاءِ ॥1॥

ਭਏ ਕ੍ਰਿਪਾਲ ਦਇਆਲ ਗੋਬਿਦ
ਭਇਆ ਸਾਧੂ ਸੰਗੁ ॥

بھئے کرِپال دئیال گوبِد
بھئیا سادھوُ سنگُ ॥

ਹਰਿ ਚਰਨ ਰਾਸਿ ਨਾਨਕ ਪਾਈ
ਲਗਾ ਪ੍ਰਭ ਸਿਉ ਰੰਗੁ ॥੨॥੯੩॥੧੧੬॥

ہرِ چرن راسِ نانک پائی
لگا پربھ سِ ءُ رنگُ ॥2॥ 93 ॥ 116 ॥

ਸਾਰਗ ਮਹਲਾ ੫ ॥

سارگ محلا 5 ॥

ਮਾਈ ਰੀ ਪੇਖਿ ਰਹੀ ਬਿਸਮਾਦ ॥

مائی ری پیکھِ رہی بِسماد ॥

ਅਨਹਦ ਧੁਨੀ ਮੇਰਾ ਮਨੁ ਮੋਹਿਓ
ਅਚਰਜ ਤਾ ਕੇ ਸ੍ਵਾਦ ॥੧॥ ਰਹਾਉ ॥

انہد دھُنی میرا منُ موہیئو
اچرج تا کے سّواد ॥1॥ رہاءُ ॥

ਮਾਤ ਪਿਤਾ ਬੰਧਪ ਹੈ ਸੋਈ
ਮਨਿ ਹਰਿ ਕੋ ਅਹਿਲਾਦ ॥

مات پِتا بنّدھپ ہے سوئی
منِ ہرِ کو اہِلاد ॥

ਸਾਧਸੰਗਿ ਗਾਏ ਗੁਨ ਗੋਬਿੰਦ
ਬਿਨਸਿਓ ਸਭੁ ਪਰਮਾਦ ॥੧॥

سادھسنگِ گائے گُن گوبِنّد
بِنسِیئو سبھُ پرماد ॥1॥

ਡੋਰੀ ਲਪਟਿ ਰਹੀ ਚਰਨਹ ਸੰਗਿ
ਭ੍ਰਮ ਭੈ ਸਗਲੇ ਖਾਦ ॥

ڈوری لپٹِ رہی چرنہ سنگِ
بھّرم بھے سگلے کھاد ॥

ਏਕੁ ਅਧਾਰੁ ਨਾਨਕ ਜਨ ਕੀਆ
ਬਹੁਰਿ ਨ ਜੋਨਿ ਭ੍ਰਮਾਦ ॥੨॥੯੪॥੧੧੭॥

ایکُ ادھارُ نانک جن کِیا
بہُرِ ن جونِ بھّرماد ॥2॥ 94 ॥ 117 ॥

ਸਾਰਗ ਮਹਲਾ ੫ ॥

سارگ محلا 5 ॥

ਮਾਈ ਰੀ ਮਾਤੀ ਚਰਣ ਸਮੂਹ ॥

مائی ری ماتی چرنؤ سموُہ ॥

ਏਕਸੁ ਬਿਨੁ ਹਉ ਆਨ ਨ ਜਾਨਉ
ਦੁਤੀਆ ਭਾਉ ਸਭ ਲੂਹ ॥੧॥ ਰਹਾਉ ॥

ایکسُ بِنُ ہءُ آن ن جانءُ
دُتیِیا بھاءُ سبھ لوُہ ॥1॥ رہاءُ ॥

ਤਿਆਗਿ ਗੋਪਾਲ ਅਵਰ ਜੋ ਕਰਣਾ
ਤੇ ਬਿਖਿਆ ਕੇ ਖੂਹ ॥

تِیاگِ گوپال اور جو کرٹا
تے بِکھیا کے کھوُہ ॥

ਦਰਸ ਪਿਆਸ ਮੇਰਾ ਮਨੁ ਮੋਹਿਓ

درس پِیاس میرا منُ موہیئو

ਕਾਢੀ ਨਰਕ ਤੇ ਧੂਹ ॥੧॥

کاڈھی نرک تے دھوُہ ॥1॥

ਸੰਤ ਪ੍ਰਸਾਦਿ ਮਿਲਿਓ ਸੁਖਦਾਤਾ
ਬਿਨਸੀ ਹਉਮੈ ਹੂਹ ॥

سنّت پرّساد مِلِئو سُکھداتا
بِنسی ہئُمےَ ہوُہ ॥

ਰਾਮ ਰੰਗਿ ਰਾਤੇ ਦਾਸ ਨਾਨਕ
ਮਉਲਿਓ ਮਨੁ ਤਨੁ ਜੂਹ ॥੨॥੯੫॥੧੧੮॥

رام رنگِ راتے داس نانک
منُلِئو منُ تنُ جوُہ ॥2॥ 95 ॥ 118 ॥

ਸਾਰਗ ਮਹਲਾ ੫ ॥

سارگ محلا 5 ॥

ਬਿਨਸੇ ਕਾਚ ਕੇ ਬਿਉਹਾਰ ॥

بِنسے کاچ کے بِہُار ॥

ਰਾਮ ਭਜੁ ਮਿਲਿ ਸਾਧਸੰਗਤਿ
ਇਹੈ ਜਗ ਮਹਿ ਸਾਰ ॥੧॥ ਰਹਾਉ ॥

رام بھجُ مِلِ سادھسنگتِ
اِہےَ جگ مہِ سار ॥1॥ رہاءُ ॥

ਈਤ ਊਤ ਨ ਡੋਲਿ ਕਤਹੂ
ਨਾਮੁ ਹਿਰਦੈ ਧਾਰਿ ॥

ایت اوُت ن ڈولِ کتہوُ
نامُ ہِردےَ دھارِ ॥

ਗੁਰ ਚਰਨ ਬੋਹਿਥ ਮਿਲਿਓ ਭਾਗੀ
ਉਤਰਿਓ ਸੰਸਾਰ ॥੧॥

گُر چرن بوہتھ مِلِئو بھاگی
اُترِئو سنّسار ॥1॥

ਜਲਿ ਥਲਿ ਮਹੀਅਲਿ ਪੂਰਿ ਰਹਿਓ
ਸਰਬ ਨਾਥ ਅਪਾਰ ॥

جلِ تھلِ مہیئلِ پوُرِ رہِئو
سرب ناتھ اپار ॥

ਹਰਿ ਨਾਮੁ ਅੰਮ੍ਰਿਤੁ ਪੀਉ ਨਾਨਕ
ਆਨ ਰਸ ਸਭਿ ਖਾਰ ॥੨॥੯੬॥੧੧੯॥

ہرِ نامُ انمّرِتُ پیِءُ نانک
آن رس سبھِ کھار ॥2॥ 96 ॥ 119 ॥

ਸਾਰਗ ਮਹਲਾ ੫ ॥

سارگ محلا 5 ॥

ਤਾ ਤੇ ਕਰਣ ਪਲਾਹ ਕਰੇ ॥

تا تے کرنٹ پلاہ کرے ॥

ਮਹਾ ਬਿਕਾਰ ਮੋਹ ਮਦ ਮਾਤੌ
ਸਿਮਰਤ ਨਾਹਿ ਹਰੇ ॥੧॥ ਰਹਾਉ ॥

مہا بِکار موہ مد ماتوَ
سِمرت ناہِ ہرے ॥1॥ رہاءُ ॥

ਸਾਧਸੰਗਿ ਜਪਤੇ ਨਾਰਾਇਣ
ਤਿਨ ਕੇ ਦੋਖ ਜਰੇ ॥

سادھسنگِ جپتے نارائنٹ
تِن کے دوکھ جرے ॥

ਸਫਲ ਦੇਹ ਧੰਨਿ ਓਇ ਜਨਮੇ
ਪ੍ਰਭ ਕੈ ਸੰਗਿ ਰਲੇ ॥੧॥

سپھل دیہ دھنّنِ اوءِ جنمے
پربھ کےَ سنگِ رلے ॥1॥

ਚਾਰਿ ਪਦਾਰਥ ਅਸਟ ਦਸਾ ਸਿਧਿ
ਸਭ ਊਪਰਿ ਸਾਧ ਭਲੇ ॥

چارِ پدارتھ اسٹ دسا سِدھِ
سبھ اوُپرِ سادھ بھلے ॥

ਨਾਨਕ ਦਾਸ ਧੂਰਿ ਜਨ ਬਾਂਛੈ
ਉਧਰਹਿ ਲਾਗਿ ਪਲੇ ॥੨॥੯੭॥੧੨੦॥

نانک داس دھوُرِ جن بانْچھےَ
اُدھرہِ لاگِ پلے ॥2॥ 97 ॥ 120 ॥

ਸਾਰਗ ਮਹਲਾ ੫ ॥

سارگ محلا 5 ॥

ਹਰਿ ਕੇ ਨਾਮ ਕੇ ਜਨ ਕਾਂਖੀ ॥

ہرِ کے نام کے جن کانکھی ॥

ਮਨਿ ਤਨਿ ਬਚਨਿ ਏਹੀ ਸੁਖੁ ਚਾਹਤ
ਪ੍ਰਭ ਦਰਸੁ ਦੇਖਹਿ ਕਬ ਆਖੀ ॥੧॥ ਰਹਾਉ ॥

من تن بچنِ ایہی سُکھُ چاہت
پربھ درسُ دیکھہِ کب آکھی ॥1॥ رہاءُ ॥

ਤੂ ਬੇਅੰਤੁ ਪਾਰਬ੍ਰਹਮ ਸੁਆਮੀ
ਗਤਿ ਤੇਰੀ ਜਾਇ ਨ ਲਾਖੀ ॥

توُ بیئنتُ پاربرہم سُیامی
گتِ تیری جاءِ ن لاکھی ॥

ਚਰਨ ਕਮਲ ਪ੍ਰੀਤਿ ਮਨੁ ਬੇਧਿਆ
ਕਰਿ ਸਰਬਸੁ ਅੰਤਰਿ ਰਾਖੀ ॥੧॥

چرن کمل پریتِ منُ بیدھیا
کرِ سربسُ انترِ راکھی ॥1॥

ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ
ਇਹ ਬਾਣੀ ਰਸਨਾ ਭਾਖੀ ॥

بید پُران سِمرِتِ سادھوُ جن
اِہ بانٹی رسنا بھاکھی ॥

ਜਪਿ ਰਾਮ ਨਾਮੁ ਨਾਨਕ ਨਿਸਤਰੀਐ
ਹੋਰੁ ਦੁਤੀਆ ਬਿਰਥੀ ਸਾਖੀ ॥੨॥੯੮॥੧੨੧॥

جپِ رام نامُ نانک نِسترِیےَ
ہورُ دُتیا برتھی ساکھی ॥2॥ 98 ॥ 121 ॥

ਸਾਰਗ ਮਹਲਾ ੫ ॥

سارگ محلا 5 ॥

ਮਾਖੀ ਰਾਮ ਕੀ ਤੂ ਮਾਖੀ ॥

ماکھی رام کی توُ ماکھی ॥

ਜਹ ਦੁਰਗੰਧ ਤਹਾ ਤੂ ਬੈਸਹਿ
ਮਹਾ ਬਿਖਿਆ ਮਦ ਚਾਖੀ ॥੧॥ ਰਹਾਉ ॥

جہ دُرگندھ تہا توُ بیَسہِ
مہا بِکھیا مد چاکھی ॥1॥ رہاءُ ॥

ਕਿਤਹਿ ਅਸਥਾਨਿ ਤੂ ਟਿਕਨੁ ਨ ਪਾਵਹਿ
ਇਹ ਬਿਧਿ ਦੇਖੀ ਆਖੀ ॥

کِتہِ استھانِ توُ ٹِکنُ ن پاوہِ
اِہ بِدھِ دیکھی آکھی ॥

ਸੰਤਾ ਬਿਨੁ ਤੈ ਕੋਇ ਨ ਛਾਡਿਆ
ਸੰਤ ਪਰੇ ਗੋਬਿੰਦ ਕੀ ਪਾਖੀ ॥੧॥

سنّتا بِنُ تےَ کوءِ ن چھاڈِیا
سنّت پرے گوبِندّ کی پاکھی ॥1॥

ਜੀਅ ਜੰਤ ਸਗਲੇ ਤੈ ਮੋਹੇ

جیء جنّت سگلے تےَ موہے

ਬਿਨੁ ਸੰਤਾ ਕਿਨੈ ਨ ਲਾਖੀ ॥

ਨਾਨਕ ਦਾਸੁ ਹਰਿ ਕੀਰਤਨਿ ਰਾਤਾ
ਸਬਦੁ ਸੁਰਤਿ ਸਚੁ ਸਾਖੀ ॥੨॥੯੯॥੧੨੨॥

ਸਾਰਗ ਮਹਲਾ ੫ ॥

ਮਾਈ ਰੀ ਕਾਟੀ ਜਮ ਕੀ ਫਾਸ ॥

ਹਰਿ ਹਰਿ ਜਪਤ ਸਰਬ ਸੁਖ ਪਾਏ
ਬੀਚੇ ਗ੍ਰਸਤ ਉਦਾਸ ॥੧॥ ਰਹਾਉ ॥

ਕਰਿ ਕਿਰਪਾ ਲੀਨੇ ਕਰਿ ਅਪੁਨੇ
ਉਪਜੀ ਦਰਸ ਪਿਆਸ ॥

ਸੰਤਸੰਗਿ ਮਿਲਿ ਹਰਿ ਗੁਣ ਗਾਏ
ਬਿਨਸੀ ਦੁਤੀਆ ਆਸ ॥੧॥

ਮਹਾ ਉਦਿਆਨ ਅਟਵੀ ਤੇ ਕਾਢੇ
ਮਾਰਗੁ ਸੰਤ ਕਹਿਓ ॥

ਦੇਖਤ ਦਰਸੁ ਪਾਪ ਸਭਿ ਨਾਸੇ
ਹਰਿ ਨਾਨਕ ਰਤਨੁ ਲਹਿਓ ॥੨॥੧੦੦॥੧੨੩॥

ਸਾਰਗ ਮਹਲਾ ੫ ॥

ਮਾਈ ਰੀ ਅਰਿਓ ਪ੍ਰੇਮ ਕੀ ਖੋਰਿ ॥

ਦਰਸਨ ਰੁਚਿਤ ਪਿਆਸ ਮਨਿ ਸੁੰਦਰ
ਸਕਤ ਨ ਕੋਈ ਤੋਰਿ ॥੧॥ ਰਹਾਉ ॥

ਪ੍ਰਾਨ ਮਾਨ ਪਤਿ ਪਿਤ ਸੁਤ ਬੰਧਪ
ਹਰਿ ਸਰਬਸੁ ਧਨ ਮੋਰ ॥

ਧ੍ਰਿਗੁ ਸਰੀਰੁ ਅਸਤ ਬਿਸਟਾ ਕ੍ਰਿਮ
ਬਿਨੁ ਹਰਿ ਜਾਨਤ ਹੋਰ ॥੧॥

ਭਇਓ ਕ੍ਰਿਪਾਲ ਦੀਨ ਦੁਖ ਭੰਜਨੁ
ਪਰਾ ਪੂਰਬਲਾ ਜੋਰ ॥

بِنُ سنّتا کِنے ن لاکھی ॥

نانک داسُ ہرِ کیرتنِ راتا
سبدُ سُرتِ سچُ ساکھی ॥2॥ 99 ॥ 122 ॥

سارگ محلا 5 ॥

مائی ری کاٹی جم کی پھاس ॥

ہرِ ہرِ جپت سرب سُکھ پائے
بیچے گرست اُداس ॥1॥ رہاءُ ॥

کرِ کرپا لینے کرِ اپُنے
اُپجی درس پیاس ॥

سنّتسنگِ ملِ ہرِ گُنؔ گائے
بِنسی دُتیا آس ॥1॥

مہا اُدیان اٹوی تے کاڈھے
مارگُ سنّت کہِئو ॥

دیکھت درسُ پاپ سبھِ ناسے
ہرِ نانک رتنُ لہِئو ॥2॥ 100 ॥ 123 ॥

سارگ محلا 5 ॥

مائی ری ارِئو پریم کی کھورِ ॥

درسن رُچِت پیاس منِ سُندر
سکت ن کوئی تورِ ॥1॥ رہاءُ ॥

پران مان پتِ پِت سُت بندھپ
ہرِ سربسُ دھن مور ॥

دھرِگُ سریرُ است بِسٹا کرِم
بِنُ ہرِ جانت ہور ॥1॥

بھئِئو کرپال دین دُکھ بھنجنُ
پرا پُوربلا جور ॥

ਨਾਨਕ ਸਰਣਿ ਕ੍ਰਿਪਾ ਨਿਧਿ ਸਾਗਰ
ਬਿਨਸਿਓ ਆਨ ਨਿਹੋਰ ॥੨॥੧੦੧॥੧੨੪॥

نانک سرنِ کرپا نِدھِ ساگر
بِنسِئو آن نِہور ॥2॥ 101 ॥ 124 ॥

ਸਾਰਗ ਮਹਲਾ ੫ ॥

سارگ محلا 5 ॥

ਨੀਕੀ ਰਾਮ ਕੀ ਧੁਨਿ ਸੋਇ ॥

نِیکی رام کی دھُنِ سوءِ ॥

ਚਰਨ ਕਮਲ ਅਨੂਪ ਸੁਆਮੀ
ਜਪਤ ਸਾਧੂ ਹੋਇ ॥੧॥ ਰਹਾਉ ॥

چرن کمل انوُپ سُیامی
جپت سادھوُ ہوءِ ॥1॥ رہاءُ ॥

ਚਿਤਵਤਾ ਗੋਪਾਲ ਦਰਸਨ
ਕਲਮਲਾ ਕਢੁ ਧੋਇ ॥

چِتوتا گوپال درسن
کلملا کڈھُ دھوءِ ॥

ਜਨਮ ਮਰਨ ਬਿਕਾਰ ਅੰਕੁਰ
ਹਰਿ ਕਾਟਿ ਛਾਡੇ ਖੋਇ ॥੧॥

جنم مرن بِکار انُکر
ہرِ کاٹِ چھاڈے کھوءِ ॥1॥

ਪਰਾ ਪੂਰਬਿ ਜਿਸਹਿ ਲਿਖਿਆ
ਬਿਰਲਾ ਪਾਏ ਕੋਇ ॥

پرا پوُربِ جِسہِ لِکھیا
بِرلا پائے کوءِ ॥

ਰਵਣ ਗੁਣ ਗੋਪਾਲ ਕਰਤੇ
ਨਾਨਕਾ ਸਚੁ ਜੋਇ ॥੨॥੧੦੨॥੧੨੫॥

روڻ گُڻ گوپال کرتے
نانکا سچُ جوءِ ॥2॥ 102 ॥ 125 ॥

ਸਾਰਗ ਮਹਲਾ ੫ ॥

سارگ محلا 5 ॥

ਹਰਿ ਕੇ ਨਾਮ ਕੀ ਮਤਿ ਸਾਰ ॥

ہرِ کے نام کی متِ سار ॥

ਹਰਿ ਬਿਸਾਰਿ ਜੁ ਆਨ ਰਾਚਹਿ
ਮਿਥਨ ਸਭ ਬਿਸਥਾਰ ॥੧॥ ਰਹਾਉ ॥

ہرِ بِسارِ جُ آن راچہِ
مِتھن سبھ بِستھار ॥1॥ رہاءُ ॥

ਸਾਧਸੰਗਮਿ ਭਜੁ ਸੁਆਮੀ
ਪਾਪ ਹੋਵਤ ਖਾਰ ॥

سادھسنگمِ بھجُ سُیامی
پاپ ہووت کھار ॥

ਚਰਨਾਰਬਿੰਦ ਬਸਾਇ ਹਿਰਦੈ
ਬਹੁਰਿ ਜਨਮ ਨ ਮਾਰ ॥੧॥

چرنارِبِند بساءِ ہِردے
بہُرِ جنم ن مار ॥1॥

ਕਰਿ ਅਨੁਗ੍ਰਹ ਰਾਖਿ ਲੀਨੇ
ਏਕ ਨਾਮ ਅਧਾਰ ॥

کرِ انگّرہ راکھِ لِینے
ایک نام ادھار ॥

ਦਿਨ ਰੈਨਿ ਸਿਮਰਤ ਸਦਾ ਨਾਨਕ

دِن رینِ سِمرت سدا نانک

ਮੁਖ ਊਜਲ ਦਰਬਾਰਿ ॥੨॥੧੦੩॥੧੨੬॥

ٹکھ اوُجل دربارِ ॥2॥ 103 ॥ 126 ॥

ਸਾਰਗ ਮਹਲਾ ੫ ॥

سارگ محلا 5 ॥

ਮਾਨੀ ਤੂੰ ਰਾਮ ਕੈ ਦਰਿ ਮਾਨੀ ॥

مانی توُنَ رام کے درِ مانی ॥

ਸਾਧਸੰਗਿ ਮਿਲਿ ਹਰਿ ਗੁਨ ਗਾਏ
ਬਿਨਸੀ ਸਭ ਅਭਿਮਾਨੀ ॥੧॥ ਰਹਾਉ ॥

سادھسنگِ مِلِ ہرِ گُن گائے
بِنسی سبھ ابھِمانی ॥1॥ رہاءُ ॥

ਧਾਰਿ ਅਨੁਗ੍ਰਹ ਅਪਨੀ ਕਰਿ ਲੀਨੀ
ਗੁਰਮੁਖਿ ਪੂਰ ਗਿਆਨੀ ॥

دھارِ انگّرہ اپنی کرِ لِینی
گُرمُکھِ پوُر گِیانی ॥

ਸਰਬ ਸੂਖ ਆਨੰਦ ਘਨੇਰੇ
ਠਾਕੁਰ ਦਰਸ ਧਿਆਨੀ ॥੧॥

سرب سوُکھ آننَد گھنیرے
ٹھاکُر درس دھِیانی ॥1॥

ਨਿਕਟਿ ਵਰਤਨਿ ਸਾ ਸਦਾ ਸੁਹਾਗਨਿ
ਦਹ ਦਿਸ ਸਾਈ ਜਾਨੀ ॥

نِکٹِ ورتنِ سا سدا سُہاگنِ
دہ دِس سائی جانی ॥

ਪ੍ਰਿਅ ਰੰਗ ਰੰਗਿ ਰਤੀ ਨਾਰਾਇਨ
ਨਾਨਕ ਤਿਸੁ ਕੁਰਬਾਨੀ ॥੨॥੧੦੪॥੧੨੭॥

پرِء رنگ رنگِ رتی نارائِن
نانک تِس قُربانی ॥2॥ 104 ॥ 127 ॥

ਸਾਰਗ ਮਹਲਾ ੫ ॥

سارگ محلا 5 ॥

ਤੁਅ ਚਰਨ ਆਸਰੋ ਈਸ ॥

تُء چرن آسرہ ایِس ۔ ॥

ਤੁਮਹਿ ਪਛਾਨੂ ਸਾਕੁ ਤੁਮਹਿ ਸੰਗਿ
ਰਾਖਨਹਾਰ ਤੁਮੈ ਜਗਦੀਸ ॥ ਰਹਾਉ ॥

تُمہِ پچھانوُ ساکُ تُمہِ سنگِ
راکھنہار تُمے جگدیِس ۔ ॥ رہاءُ ॥

ਤੂ ਹਮਰੋ ਹਮ ਤੁਮਰੇ ਕਹੀਐ
ਇਤ ਉਤ ਤੁਮ ਹੀ ਰਾਖੇ ॥

توُ ہمرو ہم تُمرے کہیئے
اِت اُت تُم ہی راکھے ॥

ਤੂ ਬੇਅੰਤੁ ਅਪਰੰਪਰੁ ਸੁਆਮੀ
ਗੁਰ ਕਿਰਪਾ ਕੋਈ ਲਾਖੈ ॥੧॥

توُ بیئنَتُ اپرنپرُ سُیامی
گُر کِرپا کوئی لاکھے ॥1॥

ਬਿਨੁ ਬਕਨੇ ਬਿਨੁ ਕਹਨ ਕਹਾਵਨ
ਅੰਤਰਜਾਮੀ ਜਾਨੈ ॥

بِنُ بکنے بِنُ کہن کہاون
انترجامی جانے ॥

ਜਾ ਕਉ ਮੇਲਿ ਲਏ ਪ੍ਰਭੁ ਨਾਨਕੁ
ਸੇ ਜਨ ਦਰਗਹ ਮਾਨੇ ॥੨॥੧੦੫॥੧੨੮॥

جا کءُ میلِ لے پربھُ نانکُ
سے جن درگہ مانے ॥2॥ 105 ॥ 128 ॥

ਸਾਰੰਗ ਮਹਲਾ ੫ ਚਉਪਦੇ ਘਰੁ ੫

سارنگ محلا 5 چئُپدے گھرُ 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਹਰਿ ਭਜਿ ਆਨ ਕਰਮ ਬਿਕਾਰ ॥

ہرِ بھجِ آن کرم بِکار ॥

ਮਾਨ ਮੋਹੁ ਨ ਬੁਝਤ ਤ੍ਰਿਸਨਾ
ਕਾਲ ਗ੍ਰਸ ਸੰਸਾਰ ॥੧॥ ਰਹਾਉ ॥

مان موہُ ن بُجھت ترِسنا
کال گرّس سنّسار ॥1॥ رہاءُ ॥

ਖਾਤ ਪੀਵਤ ਹਸਤ ਸੋਵਤ
ਅਉਧ ਬਿਤੀ ਅਸਾਰ ॥

کھات پیِوت ہست سوّوت
ائُدھ بِتی اسار ॥

ਨਰਕ ਉਦਰਿ ਭ੍ਰਮੰਤ ਜਲਤੋ
ਜਮਹਿ ਕੀਨੀ ਸਾਰ ॥੧॥

نرک اُدرِ بھرّمنّت جلتو
جمہِ کِینی سار ॥1॥

ਪਰ ਦ੍ਰੋਹ ਕਰਤ ਬਿਕਾਰ ਨਿੰਦਾ
ਪਾਪ ਰਤ ਕਰ ਝਾਰ ॥

پر ڈروہ کرت بِکار نِندا
پاپ رت کر جھار ॥

ਬਿਨਾ ਸਤਿਗੁਰ ਬੂਝ ਨਾਹੀ
ਤਮ ਮੋਹ ਮਹਾਂ ਅੰਧਾਰ ॥੨॥

بِنا ستِگُر بوُجھ ناہی
تم موہ مہاں انّدھار ॥2॥

ਬਿਖੁ ਠਗਉਰੀ ਖਾਇ ਮੂਠੋ
ਚਿਤਿ ਨ ਸਿਰਜਨਹਾਰ ॥

بِکھُ ٹھگئُری کھاءِ موُٹھو
چِتِ ن سِرجنہار ॥

ਗੋਬਿੰਦ ਗੁਪਤ ਹੋਇ ਰਹਿਓ ਨਿਆਰੋ
ਮਾਤੰਗ ਮਤਿ ਅਹੰਕਾਰ ॥੩॥

گوبِنّد گُپت ہوءِ رہِئو نِیارو
ماتنگ متِ اہنکار ॥3॥

ਕਰਿ ਕ੍ਰਿਪਾ ਪ੍ਰਭ ਸੰਤ ਰਾਖੇ
ਚਰਨ ਕਮਲ ਅਧਾਰ ॥

کرِ کرِپا پربھ سنّت راکھے
چرن کمل ادھار ॥

ਕਰ ਜੋਰਿ ਨਾਨਕੁ ਸਰਨਿ ਆਇਓ
ਗੋਪਾਲ ਪੁਰਖ ਅਪਾਰ ॥੪॥੧॥੧੨੯॥

کر جورِ نانکُ سرنِ آئِئو
گوپال پُرکھ اپار ॥4॥1॥ 129 ॥

ਸਾਰਗ ਮਹਲਾ ੫ ਘਰੁ ੬ ਪੜਤਾਲ

سارگ محلا 5 گھرُ 6 پڑتال

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸੁਭ ਬਚਨ ਬੋਲਿ ਗੁਨ ਅਮੋਲ ॥

سُبھ بچن بولِ گُن امول ॥

ਕਿੰਕਰੀ ਬਿਕਾਰ ॥	کِنکری بِکار ॥
ਦੇਖੁ ਰੀ ਬੀਚਾਰ ॥	دیکھُ ری بیچار ॥
ਗੁਰ ਸਬਦੁ ਧਿਆਇ ਮਹਲੁ ਪਾਇ ॥	گُر سبدُ دھیاءِ محلُ پاءِ ॥
ਹਰਿ ਸੰਗਿ ਰੰਗ ਕਰਤੀ ਮਹਾ ਕੇਲ ॥੧॥ ਰਹਾਉ ॥	ہرِ سنگِ رنگ کرتی مہا کیل ॥1॥ رہاءُ ॥
ਸੁਪਨ ਰੀ ਸੰਸਾਰੁ ॥	سُپن ری سنسارُ ॥
ਮਿਥਨੀ ਬਿਸਥਾਰੁ ॥	مِتھنی بِستھارُ ॥
ਸਖੀ ਕਾਇ ਮੋਹਿ ਮੋਹਿਲੀ ਪ੍ਰਿਅ ਪ੍ਰੀਤਿ ਰਿਦੈ ਮੇਲ ॥੧॥	سکھی کاءِ موہِ موہِلی پّرِء پّریتِ رِدے میل ॥1॥
ਸਰਬ ਰੀ ਪ੍ਰੀਤਿ ਪਿਆਰੁ ॥	سرب ری پّریتِ پیارُ ॥
ਪ੍ਰਭ ਸਦਾ ਰੀ ਦਇਆਰੁ ॥	پّربھ سدا ری دئیارُ ॥
ਕਾਂਏਂ ਆਨ ਆਨ ਰੁਚੀਐ ॥	کانئیں آن آن رُچیئے ۔ ॥
ਹਰਿ ਸੰਗਿ ਸੰਗਿ ਖਚੀਐ ॥	ہرِ سنگِ سنگِ کھچیئے ॥
ਜਉ ਸਾਧਸੰਗ ਪਾਏ ॥	جءُ سادھسنگ پائے ॥
ਕਹੁ ਨਾਨਕ ਹਰਿ ਧਿਆਏ ॥	کہُ نانک ہرِ دھیائے ॥
ਅਬ ਰਹੇ ਜਮਹਿ ਮੇਲ ॥੨॥੧॥੧੩੦॥	اب رہے جمہِ میل ॥2॥1॥ 130 ॥
ਸਾਰਗ ਮਹਲਾ ੫ ॥	سارگ محلا 5 ॥
ਕੰਚਨਾ ਬਹੁ ਦਤ ਕਰਾ ॥	کنچّنا بہُ دت کرا ॥
ਭੂਮਿ ਦਾਨੁ ਅਰਪਿ ਧਰਾ ॥	بھُومِ دانُ ارپِ دھرا ॥
ਮਨ ਅਨਿਕ ਸੋਚ ਪਵਿਤ੍ਰ ਕਰਤ ॥	من انِک سوچ پوِتّر کرت ॥
ਨਾਹੀ ਰੇ ਨਾਮ ਤੁਲਿ ਮਨ ਚਰਨ ਕਮਲ ਲਾਗੇ ॥੧॥ ਰਹਾਉ ॥	ناہی رے نام تُلِ من چرن کمل لاگے ॥1॥ رہاءُ ॥
ਚਾਰਿ ਬੇਦ ਜਿਹਵ ਭਨੇ ॥	چارِ بید جِہو بھنے ॥
ਦਸ ਅਸਟ ਖਸਟ ਸ੍ਰਵਨ ਸੁਨੇ ॥	دس اسٹ کھسٹ سّرون سُنے ॥

ਨਹੀ ਤੁਲਿ ਗੋਬਿਦ ਨਾਮ ਧੁਨੇ ॥
ਮਨ ਚਰਨ ਕਮਲ ਲਾਗੇ ॥੧॥

نہی تُلِ گوبِد نام دھُنے ॥
من چرن کمل لاگے ॥1॥

ਬਰਤ ਸੰਧਿ ਸੋਚ ਚਾਰ ॥
ਕ੍ਰਿਆ ਕੁੰਟਿ ਨਿਰਾਹਾਰ ॥
ਅਪਰਸ ਕਰਤ ਪਾਕਸਾਰ ॥
ਨਿਵਲੀ ਕਰਮ ਬਹੁ ਬਿਸਥਾਰ ॥
ਧੂਪ ਦੀਪ ਕਰਤੇ
ਹਰਿ ਨਾਮ ਤੁਲਿ ਨ ਲਾਗੇ ॥
ਰਾਮ ਦਇਆਰ ਸੁਨਿ ਦੀਨ ਬੇਨਤੀ ॥
ਦੇਹੁ ਦਰਸੁ ਨੈਨ ਪੇਖਉ
ਜਨ ਨਾਨਕ ਨਾਮ ਮਿਸਟ ਲਾਗੇ ॥੨॥੨॥੧੩੧॥

برت سنّدھِ سوچ چار ॥
کرِیا کُنٹِ نِراہار ॥
اپرس کرت پاکسار ॥
نِولی کرم بہُ بِستھار ॥
دھوُپ دیِپ کرتے
ہرِ نام تُلِ ن لاگے ॥
رام دیِیار سُنِ دیِن بینتی ॥
دیہُ درسُ نیَن پیکھ ءُ
جن نانک نام مِسٹ لاگے ॥2॥2॥ 131 ॥

ਸਾਰਗ ਮਹਲਾ ੫ ॥
ਰਾਮ ਰਾਮ ਰਾਮ ਜਾਪਿ
ਰਮਤ ਰਾਮ ਸਹਾਈ ॥੧॥ ਰਹਾਉ ॥
ਸੰਤਨ ਕੈ ਚਰਨ ਲਾਗੇ ਕਾਮ ਕ੍ਰੋਧ ਲੋਭ ਤਿਆਗੇ
ਗੁਰ ਗੋਪਾਲ ਭਏ ਕ੍ਰਿਪਾਲ
ਲਬਧਿ ਅਪਨੀ ਪਾਈ ॥੧॥
ਬਿਨਸੇ ਭ੍ਰਮ ਮੋਹ ਅੰਧ ਟੂਟੇ ਮਾਇਆ ਕੇ ਬੰਧ
ਪੂਰਨ ਸਰਬਤ੍ਰ ਠਾਕੁਰ ਨਹ ਕੋਊ ਬੈਰਾਈ ॥
ਸੁਆਮੀ ਸੁਪ੍ਰਸੰਨ ਭਏ ਜਨਮ ਮਰਨ ਦੋਖ ਗਏ
ਸੰਤਨ ਕੈ ਚਰਨ ਲਾਗਿ ਨਾਨਕ ਗੁਨ ਗਾਈ ॥੨॥੩॥੧੩੨॥

سارگ محلا 5 ॥
رام رام رام جاپِ
رمت رام سہائی ॥1॥ رہاءُ ॥
سنّتن کے چرن لاگے کام کرودھ لوبھ تِیاگے
گُر گوپال بھئے کرِپال
لبدھِ اپنی پائی ॥1॥
بِنسے بھرّم موہ اندھ ٹوُٹے مائیا کے بندھ
پوُرن سربتّر ٹھاکُر نہ کوئوُ بیَرائی ॥
سُیامی سُپرّسنّن بھئے جنم مرن دوکھ گئے
سنّتن کے چرن لاگِ نانک گُن گائی ॥2॥3॥ 132 ॥

ਸਾਰਗ ਮਹਲਾ ੫ ॥
ਹਰਿ ਹਰੇ ਹਰਿ ਮੁਖਹੁ ਬੋਲਿ
ਹਰਿ ਹਰੇ ਮਨਿ ਧਾਰੇ ॥੧॥ ਰਹਾਉ ॥

سارگ محلا 5 ॥
ہرِ ہرے ہرِ مُکھہُ بولِ
ہرِ ہرے منِ دھارے ॥1॥ رہاءُ ॥

ਸ੍ਰਵਨ ਸੁਨਨ ਭਗਤਿ ਕਰਨ
ਅਨਿਕ ਪਾਤਿਕ ਪੁਨਹਚਰਨ ॥

سّرون سُنن بھگتِ کرن
انِک پاتِک پُنہچرن ॥

ਸਰਨ ਪਰਨ ਸਾਧੂ
ਆਨ ਬਾਨਿ ਬਿਸਾਰੇ ॥੧॥

سرن پرن سادھوُ
آن بانِ بِسارے ॥1॥

ਹਰਿ ਚਰਨ ਪ੍ਰੀਤਿ ਨੀਤ ਨੀਤਿ ਪਾਵਨਾ ਮਹਿ ਮਹਾ ਪੁਨੀਤ
ਸੇਵਕ ਭੈ ਦੂਰਿ ਕਰਨ ਕਲਿਮਲ ਦੋਖ ਜਾਰੇ ॥

ہرِ چرن پّریتِ نِیت نِیتِ پاونا مہِ مہا پُنِیت
سیوک بھےَ دوُرِ کرن کلِمل دوکھ جارے ॥

ਕਹਤ ਮੁਕਤ ਸੁਨਤ ਮੁਕਤ
ਰਹਤ ਜਨਮ ਰਹਤੇ ॥

کہت مُکت سُنت مُکت
رہت جنم رہتے ॥

ਰਾਮ ਰਾਮ ਸਾਰ ਭੂਤ
ਨਾਨਕ ਤਤੁ ਬੀਚਾਰੇ ॥੨॥੪॥੧੩੩॥

رام رام سار بھوُت
نانک تتُ بیچارے ॥2॥4॥ 133 ॥

ਸਾਰਗ ਮਹਲਾ ੫ ॥

سارگ محلا 5 ॥

ਨਾਮ ਭਗਤਿ ਮਾਗੁ ਸੰਤ
ਤਿਆਗਿ ਸਗਲ ਕਾਮੀ ॥੧॥ ਰਹਾਉ ॥

نام بھگتِ ماگ سنّت
تِیاگِ سگل کامی ॥1॥ رہاءُ ॥

ਪ੍ਰੀਤਿ ਲਾਇ ਹਰਿ ਧਿਆਇ
ਗੁਨ ਗੋਬਿੰਦ ਸਦਾ ਗਾਇ ॥

پّریتِ لاءِ ہرِ دھِیاءِ
گُن گوبِنّد سدا گاءِ ॥

ਹਰਿ ਜਨ ਕੀ ਰੇਨ ਬਾਂਛੁ
ਦੈਨਹਾਰ ਸੁਆਮੀ ॥੧॥

ہرِ جن کی رین بانچھُ
دیَنہار سُیامی ॥1॥

ਸਰਬ ਕੁਸਲ ਸੁਖ ਬਿਸ੍ਰਾਮ ਆਨਦਾ ਆਨੰਦ ਨਾਮ
ਜਮ ਕੀ ਕਛੁ ਨਾਹਿ ਤ੍ਰਾਸ ਸਿਮਰਿ ਅੰਤਰਜਾਮੀ ॥

سرب کُسل سُکھ بِسّرام آندا آنند نام
جم کی کچھُ ناہِ تّراس سِمرِ انتّرجامی ॥

ਏਕ ਸਰਨ ਗੋਬਿੰਦ ਚਰਨ
ਸੰਸਾਰ ਸਗਲ ਤਾਪ ਹਰਨ ॥

ایک سرن گوبِنّد چرن
سنّسار سگل تاپ ہرن ॥

ਨਾਵ ਰੂਪ ਸਾਧਸੰਗ
ਨਾਨਕ ਪਾਰਗਰਾਮੀ ॥੨॥੫॥੧੩੪॥

ناو روُپ سادھسنگ
نانک پارگرامی ॥2॥5॥ 134 ॥

ਸਾਰਗ ਮਹਲਾ ੫ ॥

سارگ محلا 5 ॥

ਗੁਨ ਲਾਲ ਗਾਵਉ ਗੁਰ ਦੇਖੇ ॥

گُن لال گاوءُ گُر دیکھے ॥

ਪੰਚਾ ਤੇ ਏਕੁ ਛੂਟਾ
ਜਉ ਸਾਧਸੰਗਿ ਪਗ ਰਉ ॥੧॥ ਰਹਾਉ ॥

پنچّا تے ایکُ چھوٹا
جءُ سادھسنگِ پگ رءُ ॥1॥ رہاءُ ॥

ਦ੍ਰਿਸਟਉ ਕਛੁ ਸੰਗਿ ਨ ਜਾਇ
ਮਾਨੁ ਤਿਆਗਿ ਮੋਹਾ ॥

دّرِسٹءُ کچھُ سنگِ ن جاءِ
مانُ تِیاگِ موہا ॥

ਏਕੈ ਹਰਿ ਪ੍ਰੀਤਿ ਲਾਇ
ਮਿਲਿ ਸਾਧਸੰਗਿ ਸੋਹਾ ॥੧॥

ایکےَ ہرِ پرّیتِ لاءِ
مِلِ سادھسنگِ سوہا ॥1॥

ਪਾਇਓ ਹੈ ਗੁਣ ਨਿਧਾਨੁ
ਸਗਲ ਆਸ ਪੂਰੀ ॥

پائِئو ہے گُنّ نِدھانُ
سگل آس پوُری ॥

ਨਾਨਕ ਮਨਿ ਅਨੰਦ ਭਏ
ਗੁਰਿ ਬਿਖਮ ਗਾਰੁ ਤੋਰੀ ॥੨॥੬॥੧੩੫॥

نانک منِ اننّد بھےَ
گُرِ بِکھم گارّہ توری ॥2॥6॥ 135 ॥

ਸਾਰਗ ਮਹਲਾ ੫ ॥

سارگ محلا 5 ॥

ਮਨਿ ਬਿਰਾਗੈਗੀ ॥

منِ بِراگیگی ॥

ਖੋਜਤੀ ਦਰਸਾਰ ॥੧॥ ਰਹਾਉ ॥

کھوجتی درسار ॥1॥ رہاءُ ॥

ਸਾਧੂ ਸੰਤਨ ਸੇਵਿ ਕੈ
ਪ੍ਰਿਉ ਹੀਅਰੈ ਧਿਆਇਓ ॥

سادھوُ سنّتن سیوِ کےَ
پّرِءُ ہِیئرےَ دھیائِئو ॥

ਆਨੰਦ ਰੂਪੀ ਪੇਖਿ ਕੈ
ਹਉ ਮਹਲੁ ਪਾਵਉਗੀ ॥੧॥

آننّد روُپی پیکھِ کےَ
ہءُ محلُ پاوئگی ॥1॥

ਕਾਮ ਕਰੀ ਸਭ ਤਿਆਗਿ ਕੈ
ਹਉ ਸਰਨਿ ਪਰਉਗੀ ॥

کام کری سبھ تِیاگِ کےَ
ہءُ سرنِ پرئگی ॥

ਨਾਨਕ ਸੁਆਮੀ ਗੁਰਿ ਮਿਲੇ
ਹਉ ਗੁਰ ਮਨਾਵਉਗੀ ॥੨॥੭॥੧੩੬॥

نانک سُیامی گُرِ مِلے
ہءُ گُر مناوئگی ॥2॥7॥ 136 ॥

ਸਾਰਗ ਮਹਲਾ ੫ ॥

سارگ محلا 5 ॥

ਐਸੀ ਹੋਇ ਪਰੀ ॥

ایَسی ہوءِ پری ॥

ਜਾਨਤੇ ਦਇਆਰ ॥੧॥ ਰਹਾਉ ॥

جانتے دیَیار ॥1॥ رہاءُ ॥

ਮਾਤਰ ਪਿਤਰ ਤਿਆਗਿ ਕੈ

ماتر پِتر تِیاگِ کےَ

ਮਨੁ ਸੰਤਨ ਪਾਹਿ ਬੇਚਾਇਓ ॥

من سنّتن پاہِ بیچائیو ॥

ਜਾਤਿ ਜਨਮ ਕੁਲ ਖੋਈਐ
ਹਉ ਗਾਵਉ ਹਰਿ ਹਰੀ ॥੧॥

زاتِ جنم کُل کھوئیَے
ہءُ گاوءُ ہرِ ہری ॥1॥

ਲੋਕ ਕੁਟੰਬ ਤੇ ਟੂਟੀਐ
ਪ੍ਰਭ ਕਿਰਤਿ ਕਿਰਤਿ ਕਰੀ ॥

لوک کُٹنّب تے ٹوٹیَے
پربھ کِرتِ کِرتِ کری ॥

ਗੁਰਿ ਮੋ ਕਉ ਉਪਦੇਸਿਆ
ਨਾਨਕ ਸੇਵਿ ਏਕ ਹਰੀ ॥੨॥੮॥੧੩੭॥

گُرِ موکءُ اُپدیسیا
نانک سیوِ ایک ہری ॥2॥8॥ 137 ॥

ਸਾਰਗ ਮਹਲਾ ੫ ॥

سارگ محلا 5 ॥

ਲਾਲ ਲਾਲ ਮੋਹਨ ਗੋਪਾਲ ਤੂ ॥

لال لال موہن گوپال توُ ॥

ਕੀਟ ਹਸਤਿ ਪਾਖਾਣ ਜੰਤ
ਸਰਬ ਮੈ ਪ੍ਰਤਿਪਾਲ ਤੂ ॥੧॥ ਰਹਾਉ ॥

کیِٹ ہستِ پاکھاٹ جنّت
سرب مےَ پرتپال توُ ॥1॥ رہاءُ ॥

ਨਹ ਦੂਰਿ ਪੂਰਿ ਹਜੂਰਿ ਸੰਗੇ ॥

نہ دوُرِ پوُرِ حضوُرِ سنگے ॥

ਸੁੰਦਰ ਰਸਾਲ ਤੂ ॥੧॥

سُنّدر رسال توُ ॥1॥

ਨਹ ਬਰਨ ਬਰਨ ਨਹ ਕੁਲਹ ਕੁਲ ॥

نہ برن برن نہ کُلہ کُل ॥

ਨਾਨਕ ਪ੍ਰਭ ਕਿਰਪਾਲ ਤੂ ॥੨॥੯॥੧੩੮॥

نانک پربھ کِرپال توُ ॥2॥9॥ 138 ॥

ਸਾਰਗ ਮਃ ੫ ॥

سارگ م: 5 ॥

ਕਰਤ ਕੇਲ ਬਿਖੈ ਮੇਲ
ਚੰਦ੍ਰ ਸੂਰ ਮੋਹੇ ॥

کرت کیل بِکھےَ میل
چنّدّر سوُر موہے ॥

ਉਪਜਤਾ ਬਿਕਾਰ ਦੁੰਦਰ ਨਉਪਰੀ ਝੁਨੰਤਕਾਰ ਸੁੰਦਰ
ਅਨਿਗ ਭਾਉ ਕਰਤ ਫਿਰਤ ਬਿਨੁ ਗੋਪਾਲ ਧੋਹੇ ॥ ਰਹਾਉ ॥

اُپجتا بِکار دُنّدر نپُّری جھُنّتکار سُنّدر
انِگ بھاءُ کرت پھِرت بِنُ گوپال دھوہے ॥ رہاءُ ॥

ਤੀਨਿ ਭਉਨੇ ਲਪਟਾਇ ਰਹੀ ਕਾਚ ਕਰਮਿ ਨ ਜਾਤ ਸਹੀ
ਉਨਮਤ ਅੰਧ ਧੰਧ ਰਚਿਤ
ਜੈਸੇ ਮਹਾ ਸਾਗਰ ਹੋਹੇ ॥੧॥

تینِ بھنُّنے لپٹاءِ رہی کاچ کرمِ ن جات سہی
اُنمت انّدھ دھنّدھ رچِت
جیَسے مہا ساگر ہوہے ॥1॥

ਉਧਰੇ ਹਰਿ ਸੰਤ ਦਾਸ ਕਾਟਿ ਦੀਨੀ ਜਮ ਕੀ ਫਾਸ
ਪਤਿਤ ਪਾਵਨ ਨਾਮੁ ਜਾ ਕੋ ਸਿਮਰਿ ਨਾਨਕ ਓਹੇ

اُدھرے ہرِ سنّت داس کاٹِ دینی جم کی پھاس
پتِت پاون نامُ جا کو سِمرِ نانک اوہے

॥੨॥੧੦॥੧੩੯॥੩॥੧੩॥੧੫੫॥

॥ 155 ॥ 13 ॥3॥ 139 ॥ 10 ॥2॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਰਾਗੁ ਸਾਰੰਗ ਮਹਲਾ ੯ ॥

راگُ سارنگ محلا 9 ॥

ਹਰਿ ਬਿਨੁ ਤੇਰੋ ਕੋ ਨ ਸਹਾਈ ॥

ہرِ بِنُ تیرو کو ن سہائی ॥

ਕਾਂ ਕੀ ਮਾਤ ਪਿਤਾ ਸੁਤ ਬਨਿਤਾ
ਕੋ ਕਾਹੂ ਕੋ ਭਾਈ ॥੧॥ ਰਹਾਉ ॥

کاں کی مات پِتا سُت بنِتا
کو کاہوُ کو بھائی ۔ ॥1॥ رہاءُ ॥

ਧਨੁ ਧਰਨੀ ਅਰੁ ਸੰਪਤਿ ਸਗਰੀ
ਜੋ ਮਾਨਿਓ ਅਪਨਾਈ ॥

دھنُ دھرنی ارُ سنپَتِ سگری
جو مانِئو اپنائی ॥

ਤਨ ਛੂਟੈ ਕਛੁ ਸੰਗਿ ਨ ਚਾਲੈ
ਕਹਾ ਤਾਹਿ ਲਪਟਾਈ ॥੧॥

تن چھوُٹے کچھُ سنگِ ن چالے
کہا تاہِ لپٹائی ۔ ॥1॥

ਦੀਨ ਦਇਆਲ ਸਦਾ ਦੁਖ ਭੰਜਨ
ਤਾ ਸਿਉ ਰੁਚਿ ਨ ਬਢਾਈ ॥

دِین دیَیال سدا دُکھ بھنجَن
تا سِءُ رُچِ ن بڈھائی ॥

ਨਾਨਕ ਕਹਤ ਜਗਤ ਸਭ ਮਿਥਿਆ
ਜਿਉ ਸੁਪਨਾ ਰੈਨਾਈ ॥੨॥੧॥

نانک کہت جگت سبھ مِتھیا
جِءُ سُپنا رینائی ॥2॥1॥

ਸਾਰੰਗ ਮਹਲਾ ੯ ॥

سارنگ محلا 9 ॥

ਕਹਾ ਮਨ ਬਿਖਿਆ ਸਿਉ ਲਪਟਾਹੀ ॥

کہا من بِکھیا سِءُ لپٹاہی ۔ ॥

ਯਾ ਜਗ ਮਹਿ ਕੋਊ ਰਹਨੁ ਨ ਪਾਵੈ
ਇਕਿ ਆਵਹਿ ਇਕਿ ਜਾਹੀ ॥੧॥ ਰਹਾਉ ॥

یا جگ مہِ کوئوُ رہنُ ن پاوے
اِکِ آوہِ اِکِ جاہی ॥1॥ رہاءُ ॥

ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ
ਕਾ ਸਿਉ ਨੇਹੁ ਲਗਾਹੀ ॥

کاں کو تنُ دھنُ سنپَتِ کاں کی
کا سِءُ نیہُ لگاہی ۔ ॥

ਜੋ ਦੀਸੇ ਸੋ ਸਗਲ ਬਿਨਾਸੈ
ਜਿਉ ਬਾਦਰ ਕੀ ਛਾਹੀ ॥੧॥

جو دیسے سو سگل بِناسے
جِءُ بادر کی چھاہی ॥1॥

ਤਜਿ ਅਭਿਮਾਨੁ ਸਰਣਿ ਸੰਤਨ ਗਹੁ
ਮੁਕਤਿ ਹੋਹਿ ਛਿਨ ਮਾਹੀ ॥

تجِ ابھِمانُ سرنِ سنتَن گہُ
مُکتِ ہوہِ چھِن ماہی ॥

ਜਨ ਨਾਨਕ ਭਗਵੰਤ ਭਜਨ ਬਿਨੁ

جن نانک بھگونت بھجن بِنُ

ਸੁਖੁ ਸੁਪਨੈ ਭੀ ਨਾਹੀ ॥੨॥੨॥

سُکھُ سُپنے بھی ناہی ॥2॥2॥

ਸਾਰੰਗ ਮਹਲਾ ੯ ॥

سارنگ محلا 9 ॥

ਕਹਾ ਨਰ ਅਪਨੋ ਜਨਮੁ ਗਵਾਵੈ ॥

کہا نر اپنو جنمُ گواوے ۔ ॥

ਮਾਇਆ ਮਦਿ ਬਿਖਿਆ ਰਸਿ ਰਚਿਓ
ਰਾਮ ਸਰਨਿ ਨਹੀ ਆਵੈ ॥੧॥ ਰਹਾਉ ॥

مائیا مدِ بِکھیا رس رچیو
رام سرنِ نہی آوے ॥1॥ رہاءُ ॥

ਇਹੁ ਸੰਸਾਰੁ ਸਗਲ ਹੈ ਸੁਪਨੋ
ਦੇਖਿ ਕਹਾ ਲੋਭਾਵੈ ॥

اِہُ سنّسارُ سگل ہے سُپنو
دیکھِ کہا لوبھاوے ۔ ॥

ਜੋ ਉਪਜੈ ਸੋ ਸਗਲ ਬਿਨਾਸੈ
ਰਹਨੁ ਨ ਕੋਊ ਪਾਵੈ ॥੧॥

جو اُپجے سو سگل بِناسے
رہنُ ن کوئُو پاوے ॥1॥

ਮਿਥਿਆ ਤਨੁ ਸਾਚੋ ਕਰਿ ਮਾਨਿਓ
ਇਹ ਬਿਧਿ ਆਪੁ ਬੰਧਾਵੈ ॥

مِتھیا تنُ ساچو کرِ مانیو
اِہ بِدھِ آپُ بندھاوے ॥

ਜਨ ਨਾਨਕ ਸੋਊ ਜਨੁ ਮੁਕਤਾ
ਰਾਮ ਭਜਨ ਚਿਤੁ ਲਾਵੈ ॥੨॥੩॥

جن نانک سوئُو جنُ مُکتا
رام بھجن چِتُ لاوے ॥2॥3॥

ਸਾਰੰਗ ਮਹਲਾ ੯ ॥

سارنگ محلا 9 ॥

ਮਨ ਕਰਿ ਕਬਹੂ ਨ ਹਰਿ ਗੁਨ ਗਾਇਓ ॥

من کرِ کبہُو ن ہرِ گُن گائیو ॥

ਬਿਖਿਆਸਕਤ ਰਹਿਓ ਨਿਸਿ ਬਾਸੁਰ
ਕੀਨੋ ਅਪਨੋ ਭਾਇਓ ॥੧॥ ਰਹਾਉ ॥

بِکھیاسکت رہیو نِس باسُر
کِینو اپنو بھائیو ॥1॥ رہاءُ ॥

ਗੁਰ ਉਪਦੇਸੁ ਸੁਨਿਓ ਨਹਿ ਕਾਨਨਿ
ਪਰ ਦਾਰਾ ਲਪਟਾਇਓ ॥

گُر اُپدیسُ سُنیو نہِ کانِن
پر دارا لپٹائیو ॥

ਪਰ ਨਿੰਦਾ ਕਾਰਨਿ ਬਹੁ ਧਾਵਤ
ਸਮਝਿਓ ਨਹ ਸਮਝਾਇਓ ॥੧॥

پر نِندا کارنِ بہُ دھاوت
سمجھیو نہ سمجھائیو ॥1॥

ਕਹਾ ਕਹਉ ਮੈ ਅਪੁਨੀ ਕਰਨੀ
ਜਿਹ ਬਿਧਿ ਜਨਮੁ ਗਵਾਇਓ ॥

کہا کہءُ مے اپنی کرنی
جِہ بِدھِ جنمُ گوائیو ॥

ਕਹਿ ਨਾਨਕ ਸਭ ਅਉਗਨ ਮੋ ਮਹਿ
ਰਾਖਿ ਲੇਹੁ ਸਰਨਾਇਓ

کہِ نانک سبھ اَئگن مو مہِ
راکھِ لیہُ سرنائیو ॥2॥4॥ 13 ॥3॥4॥ 139 ॥ 159 ॥

॥੨॥੪॥੩॥੧੩॥੧੩੯॥੪॥੧੫੯॥

ਰਾਗੁ ਸਾਰਗ ਅਸਟਪਦੀਆ ਮਹਲਾ ੧ ਘਰੁ ੧

راگُ سارگ اسٹپدیا محلا 1 گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਹਰਿ ਬਿਨੁ ਕਿਉ ਜੀਵਾ ਮੇਰੀ ਮਾਈ ॥

ہرِ بِنُ کِ ءُ جیوا میری مائی ۔ ॥

ਜੈ ਜਗਦੀਸ ਤੇਰਾ ਜਸੁ ਜਾਚਉ
ਮੈ ਹਰਿ ਬਿਨੁ ਰਹਨੁ ਨ ਜਾਈ ॥੧॥ ਰਹਾਉ ॥

جے جگدیس تیرا جسُ جاچ ءُ
مے ہرِ بِنُ رہنُ ن جائی ॥1॥ رہاءُ ॥

ਹਰਿ ਕੀ ਪਿਆਸ ਪਿਆਸੀ ਕਾਮਨਿ
ਦੇਖਉ ਰੈਨਿ ਸਬਾਈ ॥

ہرِ کی پیاس پیاسی کامنِ
دیکھ ءُ رینِ سبائی ॥

ਸ੍ਰੀਧਰ ਨਾਥ ਮੇਰਾ ਮਨੁ ਲੀਨਾ
ਪ੍ਰਭੁ ਜਾਨੈ ਪੀਰ ਪਰਾਈ ॥੧॥

سّریدھر ناتھ میرا منُ لِینا
پربھُ جانے پیر پرائی ॥1॥

ਗਣਤ ਸਰੀਰਿ ਪੀਰ ਹੈ ਹਰਿ ਬਿਨੁ
ਗੁਰ ਸਬਦੀ ਹਰਿ ਪਾਂਈ ॥

گنّت سریر پیر ہے ہرِ بِنُ
گُر سبدی ہرِ پائیں ॥

ਹੋਹੁ ਦਇਆਲ ਕ੍ਰਿਪਾ ਕਰਿ ਹਰਿ ਜੀਉ
ਹਰਿ ਸਿਉ ਰਹਾਂ ਸਮਾਈ ॥੨॥

ہوہُ دیئال کرِپا کرِ ہرِ جیِ ءُ
ہرِ سِ ءُ رہاں سمائی ॥2॥

ਐਸੀ ਰਵਤ ਰਵਹੁ ਮਨ ਮੇਰੇ
ਹਰਿ ਚਰਣੀ ਚਿਤੁ ਲਾਈ ॥

ایَسی روت روہُ من میرے
ہرِ چرنّی چِتُ لائی ॥

ਬਿਸਮ ਭਏ ਗੁਣ ਗਾਇ ਮਨੋਹਰ
ਨਿਰਭਉ ਸਹਜਿ ਸਮਾਈ ॥੩॥

بِسم بھے گُن گاءِ منوہر
نِربھ ءُ سہجِ سمائی ॥3॥

ਹਿਰਦੈ ਨਾਮੁ ਸਦਾ ਧੁਨਿ ਨਿਹਚਲ
ਘਟੈ ਨ ਕੀਮਤਿ ਪਾਈ ॥

ہِردے نامُ سدا دھُنِ نِہچل
گھٹے ن قیمتِ پائی ॥

ਬਿਨੁ ਨਾਵੈ ਸਭੁ ਕੋਈ ਨਿਰਧਨੁ
ਸਤਿਗੁਰਿ ਬੂਝ ਬੁਝਾਈ ॥੪॥

بِنُ ناوے سبھُ کوئی نِردھنُ
ستِگُرِ بوُجھ بُجھائی ॥4॥

ਪ੍ਰੀਤਮ ਪ੍ਰਾਨ ਭਏ ਸੁਨਿ ਸਜਨੀ
ਦੂਤ ਮੁਏ ਬਿਖੁ ਖਾਈ ॥

پریتم پران بھے سُنِ سجنی
دوُت مُے بِکھُ کھائی ॥

ਜਬ ਕੀ ਉਪਜੀ ਤਬ ਕੀ ਤੈਸੀ

جب کی اُپجی تب کی تیَسی

ਰੰਗੁਲ ਭਈ ਮਨਿ ਭਾਈ ॥੫॥

رنگُل بھئی منِ بھائی ॥5॥

ਸਹਜ ਸਮਾਧਿ ਸਦਾ ਲਿਵ ਹਰਿ ਸਿਉ
ਜੀਵਾਂ ਹਰਿ ਗੁਨ ਗਾਈ ॥

سہج سمادھِ سدا لِو ہرِ سِ ءُ
جیواں ہرِ گُن گائی ॥

ਗੁਰ ਕੈ ਸਬਦਿ ਰਤਾ ਬੈਰਾਗੀ
ਨਿਜ ਘਰਿ ਤਾੜੀ ਲਾਈ ॥੬॥

گُر کے سبدِ رتا بیَراگی
نِج گھرِ تاڑی لائی ॥6॥

ਸੁਧ ਰਸ ਨਾਮੁ ਮਹਾ ਰਸੁ ਮੀਠਾ
ਨਿਜ ਘਰਿ ਤਤੁ ਗੁਸਾਂਈਂ ॥

سُدھ رس نامُ مہا رسُ میٹھا
نِج گھرِ تتُ گُسائنیں ॥

ਤਹ ਹੀ ਮਨੁ ਜਹ ਹੀ ਤੈ ਰਾਖਿਆ
ਐਸੀ ਗੁਰਮਤਿ ਪਾਈ ॥੭॥

تہ ہی منُ جہ ہی تے راکھیا
ایَسی گُرمتِ پائی ॥7॥

ਸਨਕ ਸਨਾਦਿ ਬ੍ਰਹਮਾਦਿ ਇੰਦ੍ਰਾਦਿਕ
ਭਗਤਿ ਰਤੇ ਬਨਿ ਆਈ ॥

سنک سنادِ برہمادِ اِندّرادِک
بھگتِ رتے بنِ آئی ॥

ਨਾਨਕ ਹਰਿ ਬਿਨੁ ਘਰੀ ਨ ਜੀਵਾਂ
ਹਰਿ ਕਾ ਨਾਮੁ ਵਡਾਈ ॥੮॥੧॥

نانک ہرِ بِنُ گھری ن جیواں
ہرِ کا نامُ وڈائی ॥8॥1॥

ਸਾਰਗ ਮਹਲਾ ੧ ॥

سارگ محلا 1 ॥

ਹਰਿ ਬਿਨੁ ਕਿਉ ਧੀਰੈ ਮਨੁ ਮੇਰਾ ॥

ہرِ بِنُ کِ ءُ دھیرے منُ میرا ॥

ਕੋਟਿ ਕਲਪ ਕੇ ਦੂਖ ਬਿਨਾਸਨ
ਸਾਚੁ ਦ੍ਰਿੜਾਇ ਨਿਬੇਰਾ ॥੧॥ ਰਹਾਉ ॥

کوٹِ کلپ کے دوُکھ بِناسن
ساچُ دّرڑاءِ نِبیرا ॥1॥ رہاءُ ॥

ਕ੍ਰੋਧੁ ਨਿਵਾਰਿ ਜਲੇ ਹਉ ਮਮਤਾ
ਪ੍ਰੇਮੁ ਸਦਾ ਨਉ ਰੰਗੀ ॥

کّرودھُ نِوارِ جلے ہءُ ممتا
پّریمُ سدا ن ءُ رنگی ॥

ਅਨਭਉ ਬਿਸਰਿ ਗਏ ਪ੍ਰਭੁ ਜਾਚਿਆ
ਹਰਿ ਨਿਰਮਾਇਲੁ ਸੰਗੀ ॥੧॥

انبھ ءُ بِسرِ گئے پّربھُ جاچِیا
ہرِ نِرمائِلُ سنگی ॥1॥

ਚੰਚਲ ਮਤਿ ਤਿਆਗਿ ਭਉ ਭੰਜਨੁ ਪਾਇਆ
ਏਕ ਸਬਦਿ ਲਿਵ ਲਾਗੀ ॥

چنّچل متِ تیاگِ بھ ءُ بھنّجنُ پائیا
ایک سبدِ لِو لاگی ॥

ਹਰਿ ਰਸੁ ਚਾਖਿ ਤ੍ਰਿਖਾ ਨਿਵਾਰੀ
ਹਰਿ ਮੇਲਿ ਲਏ ਬਡਭਾਗੀ ॥੨॥

ہرِ رسُ چاکھِ تّرکھا نِواری
ہرِ میلِ لئے بڈبھاگی ॥2॥

ਅਭਰਤ ਸਿੰਚਿ ਭਏ ਸੁਭਰ ਸਰ
ਗੁਰਮਤਿ ਸਾਚੁ ਨਿਹਾਲਾ ॥

ابھرت سِنچّ بھےٗ سُبھر سر
گُرمتِ ساچُ نِہالا ॥

ਮਨ ਰਤਿ ਨਾਮਿ ਰਤੇ ਨਿਹਕੇਵਲ
ਆਦਿ ਜੁਗਾਦਿ ਦਇਆਲਾ ॥੩॥

من رتِ نامِ رتے نِہکیول
آدِ جُگادِ دئیالا ॥3॥

ਮੋਹਨਿ ਮੋਹਿ ਲੀਆ ਮਨੁ ਮੋਰਾ
ਬਡੈ ਭਾਗ ਲਿਵ ਲਾਗੀ ॥

موہنِ موہِ لِیا منُ مورا
بڈےَ بھاگ لِو لاگی ॥

ਸਾਚੁ ਬੀਚਾਰਿ ਕਿਲਵਿਖ ਦੁਖ ਕਾਟੇ
ਮਨੁ ਨਿਰਮਲੁ ਅਨਰਾਗੀ ॥੪॥

ساچُ بیچارِ کِلوِکھ دُکھ کاٹے
منُ نِرملُ انراگی ॥4॥

ਗਹਿਰ ਗੰਭੀਰ ਸਾਗਰ ਰਤਨਾਗਰ
ਅਵਰ ਨਹੀ ਅਨ ਪੂਜਾ ॥

گہِر گنبھیر ساگر رتناگر
اور نہی ان پوُجا ॥

ਸਬਦੁ ਬੀਚਾਰਿ ਭਰਮ ਭਉ ਭੰਜਨੁ
ਅਵਰੁ ਨ ਜਾਨਿਆ ਦੂਜਾ ॥੫॥

سبدُ بیچارِ بھرم بھءُ بھنّجنُ
اورُ ن جانِیا دوُجا ॥5॥

ਮਨੂਆ ਮਾਰਿ ਨਿਰਮਲ ਪਦੁ ਚੀਨਿਆ
ਹਰਿ ਰਸ ਰਤੇ ਅਧਿਕਾਈ ॥

منوُیا مارِ نِرمل پدُ چینِیا
ہرِ رس رتے ادھِکائی ॥

ਏਕਸ ਬਿਨੁ ਮੈ ਅਵਰੁ ਨ ਜਾਨਾਂ
ਸਤਿਗੁਰਿ ਬੂਝ ਬੁਝਾਈ ॥੬॥

ایکس بِنُ مےَ اورُ ن جاناں
ستِگُرِ بوُجھ بُجھائی ॥6॥

ਅਗਮ ਅਗੋਚਰੁ ਅਨਾਥੁ ਅਜੋਨੀ
ਗੁਰਮਤਿ ਏਕੋ ਜਾਨਿਆ ॥

اگم اگوچرُ اناتھُ اجونی
گُرمتِ ایکو جانِیا ॥

ਸੁਭਰ ਭਰੇ ਨਾਹੀ ਚਿਤੁ ਡੋਲੈ
ਮਨ ਹੀ ਤੇ ਮਨੁ ਮਾਨਿਆ ॥੭॥

سُبھر بھرے ناہی چِتُ ڈولے
من ہی تے منُ مانِیا ॥7॥

ਗੁਰ ਪਰਸਾਦੀ ਅਕਥਉ ਕਥੀਐ
ਕਹਉ ਕਹਾਵੈ ਸੋਈ ॥

گُر پرسادی اکتھءُ کتھیےَ
کہءُ کہاوےَ سوئی ॥

ਨਾਨਕ ਦੀਨ ਦਇਆਲ ਹਮਾਰੇ
ਅਵਰੁ ਨ ਜਾਨਿਆ ਕੋਈ ॥੮॥੨॥

نانک دِین دئیال ہمارے
اورُ ن جانِیا کوئی ॥8॥2॥

ਸਾਰਗ ਮਹਲਾ ੩ ਅਸਟਪਦੀਆ ਘਰੁ ੧

سارگ محلا 3 اسٹپدِیا گھرُ 1

ੴ ਸਤਿਗੁਰ ਪ੍ਰਸਾਦਿ ॥

ਮਨ ਮੇਰੇ ਹਰਿ ਕੈ ਨਾਮਿ ਵਡਾਈ ॥

ਹਰਿ ਬਿਨੁ ਅਵਰੁ ਨ ਜਾਣਾ ਕੋਈ
ਹਰਿ ਕੈ ਨਾਮਿ ਮੁਕਤਿ ਗਤਿ ਪਾਈ ॥੧॥ ਰਹਾਉ ॥

ਸਬਦਿ ਭਉ ਭੰਜਨੁ ਜਮਕਾਲ ਨਿਖੰਜਨੁ
ਹਰਿ ਸੇਤੀ ਲਿਵ ਲਾਈ ॥

ਹਰਿ ਸੁਖਦਾਤਾ ਗੁਰਮੁਖਿ ਜਾਤਾ
ਸਹਜੇ ਰਹਿਆ ਸਮਾਈ ॥੧॥

ਭਗਤਾਂ ਕਾ ਭੋਜਨੁ ਹਰਿ ਨਾਮ ਨਿਰੰਜਨੁ
ਪੈਨ੍ਹਣੁ ਭਗਤਿ ਬਡਾਈ ॥

ਨਿਜ ਘਰਿ ਵਾਸਾ ਸਦਾ ਹਰਿ ਸੇਵਨਿ
ਹਰਿ ਦਰਿ ਸੋਭਾ ਪਾਈ ॥੨॥

ਮਨਮੁਖ ਬੁਧਿ ਕਾਚੀ ਮਨੂਆ ਡੋਲੈ
ਅਕਥੁ ਨ ਕਥੈ ਕਹਾਨੀ ॥

ਗੁਰਮਤਿ ਨਿਹਚਲੁ ਹਰਿ ਮਨਿ ਵਸਿਆ
ਅੰਮ੍ਰਿਤ ਸਾਚੀ ਬਾਨੀ ॥੩॥

ਮਨ ਕੇ ਤਰੰਗ ਸਬਦਿ ਨਿਵਾਰੇ
ਰਸਨਾ ਸਹਜਿ ਸੁਭਾਈ ॥

ਸਤਿਗੁਰ ਮਿਲਿ ਰਹੀਐ ਸਦ ਅਪੁਨੇ
ਜਿਨਿ ਹਰਿ ਸੇਤੀ ਲਿਵ ਲਾਈ ॥੪॥

ਮਨੁ ਸਬਦਿ ਮਰੈ ਤਾ ਮੁਕਤੋ ਹੋਵੈ
ਹਰਿ ਚਰਣੀ ਚਿਤੁ ਲਾਈ ॥

ਹਰਿ ਸਰੁ ਸਾਗਰੁ ਸਦਾ ਜਲੁ ਨਿਰਮਲੁ
ਨਾਵੈ ਸਹਜਿ ਸੁਭਾਈ ॥੫॥

ਸਬਦੁ ਵੀਚਾਰਿ ਸਦਾ ਰੰਗਿ ਰਾਤੇ

ੴ ستگُر پرّسادِ ॥

من میرے ہرِ کے نامِ وڈائی ॥

ہرِ بِنُ اورُ ن جاٹا کوئی
ہرِ کے نامِ مُکتِ گتِ پائی ॥1॥ رہاءُ ॥

سبدِ بھءُ بھنّجنُ جمکال نِکھنّجنُ
ہرِ سیتی لِو لائی ॥

ہرِ سُکھداتا گُرمُکھِ جاتا
سہجے رہِیا سمائی ॥1॥

بھگتاں کا بھوجنُ ہرِ نام نِرنّجنُ
پینّہنُ بھگتِ بڈائی ॥

نِج گھرِ واسا سدا ہرِ سیونِ
ہرِ درِ سوبھا پائی ॥2॥

منمُکھ بُدھِ کاچی منوُیا ڈولے
اکتھُ ن کتھے کہانی ॥

گُرمتِ نِہچلُ ہرِ منِ وسِیا
انّمرِت ساچی بانی ॥3॥

من کے ترنگ سبدِ نِوارے
رسنا سہجِ سُبھائی ॥

ستِگُر مِلِ رہیئے سد اپُنے
جِنِ ہرِ سیتی لِو لائی ॥4॥

منُ سبدِ مرے تا مُکتو ہووے
ہرِ چرنی چِتُ لائی ॥

ہرِ سرُ ساگرُ سدا جلُ نِرملُ
ناوے سہجِ سُبھائی ॥5॥

سبدُ ویچارِ سدا رنگِ راتے

ਹਉਮੈ ਤ੍ਰਿਸਨਾ ਮਾਰੀ ॥

ہئمےَ ترِسنا ماری ॥

ਅੰਤਰਿ ਨਿਹਕੇਵਲੁ ਹਰਿ ਰਵਿਆ
ਸਭੁ ਆਤਮ ਰਾਮੁ ਮੁਰਾਰੀ ॥੬॥

انترِ نِہکیولُ ہرِ روِیا
سبھُ آتم رامُ مُراری ॥6॥

ਸੇਵਕ ਸੇਵਿ ਰਹੇ ਸਚਿ ਰਾਤੇ
ਜੋ ਤੇਰੈ ਮਨਿ ਭਾਣੇ ॥

سیوک سیوِ رہے سچِ راتے
جو تیرےَ منِ بھاٹے ॥

ਦੁਬਿਧਾ ਮਹਲੁ ਨ ਪਾਵੈ ਜਗਿ ਝੂਠੀ
ਗੁਣ ਅਵਗਣ ਨ ਪਛਾਣੇ ॥੭॥

دُبِدھا محلُ ن پاوےَ جگِ جھوُٹھی
گُنٹ اوگُنٹ ن پچھاٹے ॥7॥

ਆਪੇ ਮੇਲਿ ਲਏ ਅਕਥੁ ਕਥੀਐ
ਸਚੁ ਸਬਦੁ ਸਚੁ ਬਾਣੀ ॥

آپے میلِ لئے اکتھُ کتھیےَ
سچُ سبدُ سچُ باٹی ॥

ਨਾਨਕ ਸਾਚੇ ਸਚਿ ਸਮਾਣੇ
ਹਰਿ ਕਾ ਨਾਮੁ ਵਖਾਣੀ ॥੮॥੧॥

نانک ساچے سچِ سماٹے
ہرِ کا نامُ وکھاٹی ॥8॥1॥

ਸਾਰਗ ਮਹਲਾ ੩ ॥

سارگ محلا 3 ॥

ਮਨ ਮੇਰੇ ਹਰਿ ਕਾ ਨਾਮੁ ਅਤਿ ਮੀਠਾ ॥

من میرے ہرِ کا نامُ اتِ میٹھا ॥

ਜਨਮ ਜਨਮ ਕੇ ਕਿਲਵਿਖ ਭਉ ਭੰਜਨ
ਗੁਰਮੁਖਿ ਏਕੋ ਡੀਠਾ ॥੧॥ ਰਹਾਉ ॥

جنم جنم کے کِلوِکھ بھءُ بھنّجن
گُرمُکھِ ایکو ڈیٹھا ॥1॥ رہاءُ ॥

ਕੋਟਿ ਕੋਟੰਤਰ ਕੇ ਪਾਪ ਬਿਨਾਸਨ
ਹਰਿ ਸਾਚਾ ਮਨਿ ਭਾਇਆ ॥

کوٹِ کوٹنّتر کے پاپ بِناسن
ہرِ ساچا منِ بھائیا ॥

ਹਰਿ ਬਿਨੁ ਅਵਰੁ ਨ ਸੂਝੈ ਦੂਜਾ
ਸਤਿਗੁਰਿ ਏਕੁ ਬੁਝਾਇਆ ॥੧॥

ہرِ بِنُ اورُ ن سوُجھےَ دوُجا
ستِگُرِ ایکُ بُجھائیا ॥1॥

ਪ੍ਰੇਮ ਪਦਾਰਥੁ ਜਿਨ ਘਟਿ ਵਸਿਆ
ਸਹਜੇ ਰਹੇ ਸਮਾਈ ॥

پریم پدارتھُ جِن گھٹِ وسِیا
سہجے رہے سمائی ॥

ਸਬਦਿ ਰਤੇ ਸੇ ਰੰਗਿ ਚਲੂਲੇ
ਰਾਤੇ ਸਹਜਿ ਸੁਭਾਈ ॥੨॥

سبدِ رتے سے رنگِ چلوُلے
راتے سہجِ سُبھائی ॥2॥

ਰਸਨਾ ਸਬਦੁ ਵੀਚਾਰਿ ਰਸਿ ਰਾਤੀ
ਲਾਲ ਭਈ ਰੰਗੁ ਲਾਈ ॥

رسنا سبدُ ویچارِ رسِ راتی
لال بھئی رنگُ لائی ॥

ਰਾਮ ਨਾਮੁ ਨਿਹਕੇਵਲੁ ਜਾਣਿਆ
ਮਨੁ ਤ੍ਰਿਪਤਿਆ ਸਾਂਤਿ ਆਈ ॥੩॥

رام نامُ نِہکیولُ جانِیا
منُ تّرِپتِیا سانْتِ آئی ॥3॥

ਪੰਡਿਤ ਪੜਿ੍ ਪੜਿ੍ ਮੋਨੀ ਸਭਿ ਥਾਕੇ
ਭ੍ਰਮਿ ਭੇਖ ਥਕੇ ਭੇਖਧਾਰੀ ॥

پنّڈِت پڑِہ پڑِہ مونی سبھِ تھاکے
بھرمِ بھیکھ تھکے بھیکھدھاری ॥

ਗੁਰ ਪਰਸਾਦਿ ਨਿਰੰਜਨੁ ਪਾਇਆ
ਸਾਚੈ ਸਬਦਿ ਵੀਚਾਰੀ ॥੪॥

گُر پرسادِ نِرنّجنُ پائِیا
ساچےَ سبدِ ویچاری ॥4॥

ਆਵਾ ਗਉਣੁ ਨਿਵਾਰਿ ਸਚਿ ਰਾਤੇ
ਸਾਚ ਸਬਦੁ ਮਨਿ ਭਾਇਆ ॥

آوا گئُنُ نِوارِ سچِ راتے
ساچ سبدُ منِ بھائِیا ॥

ਸਤਿਗੁਰੁ ਸੇਵਿ ਸਦਾ ਸੁਖੁ ਪਾਈਐ
ਜਿਨਿ ਵਿਚਹੁ ਆਪੁ ਗਵਾਇਆ ॥੫॥

ستِگُرُ سیوِ سدا سُکھُ پائیئےَ
جِنِ وِچہُ آپُ گوائِیا ॥5॥

ਸਾਚੈ ਸਬਦਿ ਸਹਜ ਧੁਨਿ ਉਪਜੈ
ਮਨਿ ਸਾਚੈ ਲਿਵ ਲਾਈ ॥

ساچےَ سبدِ سہج دھُنِ اُپجےَ
منِ ساچےَ لِو لائی ॥

ਅਗਮ ਅਗੋਚਰੁ ਨਾਮੁ ਨਿਰੰਜਨੁ
ਗੁਰਮੁਖਿ ਮੰਨਿ ਵਸਾਈ ॥੬॥

اگم اگوچرُ نامُ نِرنّجنُ
گُرمُکھِ منّنِ وسائی ॥6॥

ਏਕਸ ਮਹਿ ਸਭੁ ਜਗਤੋ ਵਰਤੈ
ਵਿਰਲਾ ਏਕੁ ਪਛਾਣੈ ॥

ایکس مہِ سبھُ جگتو ورتے
وِرلا ایکُ پچھانّے ॥

ਸਬਦਿ ਮਰੈ ਤਾ ਸਭੁ ਕਿਛੁ ਸੂਝੈ
ਅਨਦਿਨੁ ਏਕੋ ਜਾਣੈ ॥੭॥

سبدِ مرےَ تا سبھُ کِچھُ سوُجھےَ
اندِنُ ایکو جانّے ॥7॥

ਜਿਸ ਨੋ ਨਦਰਿ ਕਰੇ ਸੋਈ ਜਨੁ ਬੂਝੈ
ਹੋਰੁ ਕਹਣਾ ਕਥਨੁ ਨ ਜਾਈ ॥

جِس نو ندرِ کرے سوئی جنُ بوُجھےَ
ہورُ کہنّا کتھنُ ن جائی ॥

ਨਾਨਕ ਨਾਮਿ ਰਤੇ ਸਦਾ ਬੈਰਾਗੀ
ਏਕ ਸਬਦਿ ਲਿਵ ਲਾਈ ॥੮॥੨॥

نانک نامِ رتے سدا بیَراگی
ایک سبدِ لِو لائی ॥8॥2॥

ਸਾਰਗ ਮਹਲਾ ੩ ॥

سارگ محلا 3 ॥

ਮਨ ਮੇਰੇ ਹਰਿ ਕੀ ਅਕਥ ਕਹਾਣੀ ॥

من میرے ہرِ کی اکتھ کہانّی ॥

ਹਰਿ ਨਦਰਿ ਕਰੇ ਸੋਈ ਜਨੁ ਪਾਏ

ہرِ ندرِ کرے سوئی جنُ پائے

ਗੁਰਮੁਖਿ ਵਿਰਲੈ ਜਾਣੀ ॥੧॥ ਰਹਾਉ ॥

گُرمُکھِ وِرلے جانٹی ॥1॥ رہاءُ ॥

ਹਰਿ ਗਹਿਰ ਗੰਭੀਰੁ ਗੁਣੀ ਗਹੀਰੁ
ਗੁਰ ਕੈ ਸਬਦਿ ਪਛਾਨਿਆ ॥

ہرِ گہِر گنبھیرُ گُنی گہیرُ
گُر کے سبدِ پچھانِیا ॥

ਬਹੁ ਬਿਧਿ ਕਰਮ ਕਰਹਿ ਭਾਇ ਦੂਜੈ
ਬਿਨੁ ਸਬਦੈ ਬਉਰਾਨਿਆ ॥੧॥

بہُ بِدھِ کرم کرہِ بھاءِ دوُجے
بِنُ سبدے بئُرانِیا ॥1॥

ਹਰਿ ਨਾਮਿ ਨਾਵੈ ਸੋਈ ਜਨੁ ਨਿਰਮਲੁ
ਫਿਰਿ ਮੈਲਾ ਮੂਲਿ ਨ ਹੋਈ ॥

ہرِ نامِ ناوے سوئی جنُ نِرملُ
پھِرِ میَلا موُلِ ن ہوئی ॥

ਨਾਮ ਬਿਨਾ ਸਭੁ ਜਗੁ ਹੈ ਮੈਲਾ
ਦੂਜੈ ਭਰਮਿ ਪਤਿ ਖੋਈ ॥੨॥

نام بِنا سبھُ جگُ ہے میَلا
دوُجے بھرمِ پتِ کھوئی ॥2॥

ਕਿਆ ਦ੍ਰਿੜਾਂ ਕਿਆ ਸੰਗ੍ਰਹਿ ਤਿਆਗੀ
ਮੈ ਤਾ ਬੂਝ ਨ ਪਾਈ ॥

کیا ڈرِڑاں کیا سنگّرہِ تیاگی
مے تا بوُجھ ن پائی ॥

ਹੋਹਿ ਦਇਆਲੁ ਕ੍ਰਿਪਾ ਕਰਿ ਹਰਿ ਜੀਉ
ਨਾਮੋ ਹੋਇ ਸਖਾਈ ॥੩॥

ہوہِ دیَیالُ کرِپا کرِ ہرِ جیِءُ
نامو ہوءِ سکھائی ॥3॥

ਸਚਾ ਸਚੁ ਦਾਤਾ ਕਰਮ ਬਿਧਾਤਾ
ਜਿਸੁ ਭਾਵੈ ਤਿਸੁ ਨਾਇ ਲਾਏ ॥

سچا سچُ داتا کرم بِدھاتا
جِسُ بھاوے تِسُ ناءِ لائے ॥

ਗੁਰੂ ਦੁਆਰੈ ਸੋਈ ਬੂਝੈ
ਜਿਸ ਨੋ ਆਪਿ ਬੁਝਾਏ ॥੪॥

گُرو دُیارے سوئی بوُجھے
جِس نو آپِ بُجھائے ॥4॥

ਦੇਖਿ ਬਿਸਮਾਦੁ ਇਹੁ ਮਨੁ ਨਹੀ ਚੇਤੇ
ਆਵਾ ਗਉਣੁ ਸੰਸਾਰਾ ॥

دیکھِ بِسماد اِہُ منُ نہی چیتے
آوا گئُنُ سنسارا ॥

ਸਤਿਗੁਰੁ ਸੇਵੇ ਸੋਈ ਬੂਝੈ
ਪਾਏ ਮੋਖ ਦੁਆਰਾ ॥੫॥

ستِگُرُ سیوے سوئی بوُجھے
پائے موکھ دُیارا ॥5॥

ਜਿਨ੍ਹ ਦਰੁ ਸੂਝੈ ਸੇ ਕਦੇ ਨ ਵਿਗਾੜਹਿ
ਸਤਿਗੁਰਿ ਬੂਝ ਬੁਝਾਈ ॥

جِنّہ درُ سوُجھے سے کدے ن وِگاڑہِ
ستِگُرِ بوُجھ بُجھائی ॥

ਸਚੁ ਸੰਜਮੁ ਕਰਣੀ ਕਿਰਤਿ ਕਮਾਵਹਿ
ਆਵਣ ਜਾਣੁ ਰਹਾਈ ॥੬॥

سچُ سنّجمُ کرنٹی کِرتِ کماوہِ
آونٹ جانٹُ رہائی ॥6॥

ਸੇ ਦਰਿ ਸਾਚੈ ਸਾਚੁ ਕਮਾਵਹਿ
ਜਿਨ ਗੁਰਮੁਖਿ ਸਾਚੁ ਅਧਾਰਾ ॥

سے درِ ساچے ساچُ کماوہِ
جِن گُرمُکھِ ساچُ ادھارا ॥

ਮਨਮੁਖ ਦੂਜੈ ਭਰਮਿ ਭੁਲਾਏ
ਨਾ ਬੂਝਹਿ ਵੀਚਾਰਾ ॥੭॥

منمُکھ دوُجے بھرمِ بھُلائے
نا بوُجھہِ ویچارا ॥7॥

ਆਪੇ ਗੁਰਮੁਖਿ ਆਪੇ ਦੇਵੈ
ਆਪੇ ਕਰਿ ਕਰਿ ਵੇਖੈ ॥

آپے گُرمُکھِ آپے دیوے
آپے کرِ کرِ ویکھے ॥

ਨਾਨਕ ਸੇ ਜਨ ਥਾਇ ਪਏ ਹੈ
ਜਿਨ ਕੀ ਪਤਿ ਪਾਵੈ ਲੇਖੈ ॥੮॥੩॥

نانک سے جن تھاءِ پئے ہے
جِن کی پتِ پاوے لیکھے ॥8॥3॥

ਸਾਰਗ ਮਹਲਾ ੫ ਅਸਟਪਦੀਆ ਘਰੁ ੧

سارگ محلا 5 اسٹپدیِیا گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਗੁਸਾਈਂ ਪਰਤਾਪੁ ਤੁਹਾਰੋ ਡੀਠਾ ॥

گُسائیں پرتاپُ تُہارو ڈیٹھا ॥

ਕਰਨ ਕਰਾਵਨ ਉਪਾਇ ਸਮਾਵਨ
ਸਗਲ ਛਤ੍ਰਪਤਿ ਬੀਠਾ ॥੧॥ ਰਹਾਉ ॥

کرن کراون اُپاءِ سماون
سگل چھتّرپتِ بیٹھا ॥1॥ رہاءُ ॥

ਰਾਣਾ ਰਾਉ ਰਾਜ ਭਏ ਰੰਕਾ
ਉਨਿ ਝੂਠੇ ਕਹਣੁ ਕਹਾਇਓ ॥

راٹا راءُ راج بھئے رنکا
اُنِ جھوُٹھے کہنُ کہائِئو ॥

ਹਮਰਾ ਰਾਜਨੁ ਸਦਾ ਸਲਾਮਤਿ
ਤਾ ਕੋ ਸਗਲ ਘਟਾ ਜਸੁ ਗਾਇਓ ॥੧॥

ہمرا راجنُ سدا سلامتِ
تا کو سگل گھٹا جسُ گائِئو ॥1॥

ਉਪਮਾ ਸੁਨਹੁ ਰਾਜਨ ਕੀ ਸੰਤਹੁ
ਕਹਤ ਜੇਤ ਪਾਹੂਚਾ ॥

اُپما سُنہُ راجن کی سنّتہُ
کہت جیت پاہوُچا ॥

ਬੇਸੁਮਾਰ ਵਡ ਸਾਹ ਦਾਤਾਰਾ
ਊਚੇ ਹੀ ਤੇ ਊਚਾ ॥੨॥

بیشُمار وڈ ساہ داتارا
اوُچے ہی تے اوُچا ॥2॥

ਪਵਨਿ ਪਰੋਇਓ ਸਗਲ ਅਕਾਰਾ
ਪਾਵਕ ਕਾਸਟ ਸੰਗੇ ॥

پونِ پروئِئو سگل اکارا
پاوک کاسٹ سنگے ॥

ਨੀਰੁ ਧਰਣਿ ਕਰਿ ਰਾਖੇ ਏਕਤ
ਕੋਇ ਨ ਕਿਸ ਹੀ ਸੰਗੇ ॥੩॥

نیرُ دھرنِ کرِ راکھے ایکت
کوءِ ن کِس ہی سنگے ॥3॥

ਘਟਿ ਘਟਿ ਕਥਾ ਰਾਜਨ ਕੀ ਚਾਲੈ
ਘਰਿ ਘਰਿ ਤੁਝਹਿ ਉਮਾਹਾ ॥

گھٹِ گھٹِ کتھا راجن کی چالے
گھرِ گھرِ تُجھہِ اُماہا ॥

ਜੀਅ ਜੰਤ ਸਭਿ ਪਾਛੈ ਕਰਿਆ
ਪ੍ਰਥਮੇ ਰਿਜਕੁ ਸਮਾਹਾ ॥੪॥

جیء جنّت سبھِ پاچھےَ کریا
پرتھمے رِزقُ سماہا ॥4॥

ਜੋ ਕਿਛੁ ਕਰਣਾ ਸੁ ਆਪੇ ਕਰਣਾ
ਮਸਲਤਿ ਕਾਹੂ ਦੀਨ੍ਹੀ ॥

جو کچھُ کرٹا سُ آپے کرٹا
مصلتِ کاہوُ دینّہی ॥

ਅਨਿਕ ਜਤਨ ਕਰਿ ਕਰਹ ਦਿਖਾਏ
ਸਾਚੀ ਸਾਖੀ ਚੀਨ੍ਹੀ ॥੫॥

انِک جتن کرِ کرہ دِکھائے
ساچی ساکھی چینّہی ॥5॥

ਹਰਿ ਭਗਤਾ ਕਰਿ ਰਾਖੇ ਅਪਨੇ
ਦੀਨੀ ਨਾਮੁ ਵਡਾਈ ॥

ہرِ بھگتا کرِ راکھے اپنے
دینی نامُ وڈائی ॥

ਜਿਨਿ ਜਿਨਿ ਕਰੀ ਅਵਗਿਆ ਜਨ ਕੀ
ਤੇ ਤੈਂ ਦੀਏ ਰੁੜਾਈ ॥੬॥

جِنِ جِنِ کری اوگیا جن کی
تے تیَں دیے رُڑائی ॥6॥

ਮੁਕਤਿ ਭਏ ਸਾਧਸੰਗਤਿ ਕਰਿ
ਤਿਨ ਕੇ ਅਵਗਨ ਸਭਿ ਪਰਹਰਿਆ ॥

مُکتِ بھےَ سادھسنگتِ کرِ
تِن کے اوگن سبھِ پرہریا ॥

ਤਿਨ ਕਉ ਦੇਖਿ ਭਏ ਕਿਰਪਾਲਾ
ਤਿਨ ਭਵ ਸਾਗਰੁ ਤਰਿਆ ॥੭॥

تِن کءُ دیکھِ بھےَ کرِپالا
تِن بھو ساگرُ تریا ॥7॥

ਹਮ ਨਾਨ੍ਹੇ ਨੀਚ ਤੁਮ੍ਹੇ ਬਡ ਸਾਹਿਬ
ਕੁਦਰਤਿ ਕਉਣ ਬੀਚਾਰਾ ॥

ہم نانّہے نِچ تُمّہے بڈ صاحِب
قُدرتِ کُنُ بیچارا ۔ ॥

ਮਨੁ ਤਨੁ ਸੀਤਲੁ ਗੁਰ ਦਰਸ ਦੇਖੇ
ਨਾਨਕ ਨਾਮੁ ਅਧਾਰਾ ॥੮॥੧॥

منُ تنُ سیتلُ گُر درس دیکھے
نانک نامُ ادھارا ॥8॥1॥

ਸਾਰਗ ਮਹਲਾ ੫ ਅਸਟਪਦੀ ਘਰੁ ੬

سارگ محلا 5 اسٹپدی گھرُ 6

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਅਗਮ ਅਗਾਧਿ ਸੁਨਹੁ ਜਨ ਕਥਾ ॥

اگم اگادھِ سُنہُ جن کتھا ॥

ਪਾਰਬ੍ਰਹਮ ਕੀ ਅਚਰਜ ਸਭਾ ॥੧॥ ਰਹਾਉ ॥

پاربرّہم کی اچرج سبھا ॥1॥ رہاءُ ॥

ਸਦਾ ਸਦਾ ਸਤਿਗੁਰ ਨਮਸਕਾਰ ॥

سدا سدا ستِگُر نمسکار ॥

ਗੁਰ ਕਿਰਪਾ ਤੇ ਗੁਨ ਗਾਇ ਅਪਾਰ ॥	گُر کِرپا تے گُن گاءِ اپار ॥
ਮਨ ਭੀਤਰਿ ਹੋਵੈ ਪਰਗਾਸੁ ॥	من بھیترِ ہووے پرگاسُ ॥
ਗਿਆਨ ਅੰਜਨੁ ਅਗਿਆਨ ਬਿਨਾਸੁ ॥੧॥	گیان انجنُ اگیان بِناسُ ॥1॥
ਮਿਤਿ ਨਾਹੀ ਜਾ ਕਾ ਬਿਸਥਾਰੁ ॥	مِتِ ناہی جا کا بِستھارُ ॥
ਸੋਭਾ ਤਾ ਕੀ ਅਪਰ ਅਪਾਰ ॥	سوبھا تا کی اپر اپار ॥
ਅਨਿਕ ਰੰਗ ਜਾ ਕੇ ਗਨੇ ਨ ਜਾਹਿ ॥	انِک رنگ جا کے گنے ن جاہِ ॥
ਸੋਗ ਹਰਖ ਦੁਹਹੂ ਮਹਿ ਨਾਹਿ ॥੨॥	سوگ ہرکھ دُہہُو مہِ ناہِ ॥2॥
ਅਨਿਕ ਬ੍ਰਹਮੇ ਜਾ ਕੇ ਬੇਦ ਧੁਨਿ ਕਰਹਿ ॥	انِک برہمے جا کے بید دھُنِ کرہِ ॥
ਅਨਿਕ ਮਹੇਸ ਬੈਸਿ ਧਿਆਨੁ ਧਰਹਿ ॥	انِک مہیس بیَس دھِیانُ دھرہِ ॥
ਅਨਿਕ ਪੁਰਖ ਅੰਸਾ ਅਵਤਾਰ ॥	انِک پُرکھ انّسا اوتار ॥
ਅਨਿਕ ਇੰਦ੍ਰ ਊਭੇ ਦਰਬਾਰ ॥੩॥	انِک اِندّر اوُبھے دربار ॥3॥
ਅਨਿਕ ਪਵਨ ਪਾਵਕ ਅਰੁ ਨੀਰ ॥	انِک پون پاوک ارُ نیِر ॥
ਅਨਿਕ ਰਤਨ ਸਾਗਰ ਦਧਿ ਖੀਰ ॥	انِک رتن ساگر ددھِ کھیِر ॥
ਅਨਿਕ ਸੂਰ ਸਸੀਅਰ ਨਖਿਆਤਿ ॥	انِک سوُر سسیئر نکھیاتِ ॥
ਅਨਿਕ ਦੇਵੀ ਦੇਵਾ ਬਹੁ ਭਾਂਤਿ ॥੪॥	انِک دیوی دیوا بہُ بھانتِ ॥4॥
ਅਨਿਕ ਬਸੁਧਾ ਅਨਿਕ ਕਾਮਧੇਨ ॥	انِک بسُدھا انِک کامدھین ॥
ਅਨਿਕ ਪਾਰਜਾਤ ਅਨਿਕ ਮੁਖਿ ਬੇਨ ॥	انِک پارجات انِک مُکھِ بین ॥
ਅਨਿਕ ਅਕਾਸ ਅਨਿਕ ਪਾਤਾਲ ॥	انِک اکاس انِک پاتال ॥
ਅਨਿਕ ਮੁਖੀ ਜਪੀਐ ਗੋਪਾਲ ॥੫॥	انِک مُکھی جپیئے گوپال ॥5॥
ਅਨਿਕ ਸਾਸਤ੍ਰ ਸਿਮ੍ਰਿਤਿ ਪੁਰਾਨ ॥	انِک ساستّر سِمرّتِ پُران ॥
ਅਨਿਕ ਜੁਗਤਿ ਹੋਵਤ ਬਖਿਆਨ ॥	انِک جُگتِ ہووت بکھیان ॥
ਅਨਿਕ ਸਰੋਤੇ ਸੁਨਹਿ ਨਿਧਾਨ ॥	انِک سروتے سُنہِ نِدھان ॥

ਸਰਬ ਜੀਅ ਪੂਰਨ ਭਗਵਾਨ ॥੬॥	سرب جیء پوُرن بھگوان ॥6॥
ਅਨਿਕ ਧਰਮ ਅਨਿਕ ਕੁਮੇਰ ॥	انِک دھرم انِک کُمیر ॥
ਅਨਿਕ ਬਰਨ ਅਨਿਕ ਕਨਿਕ ਸੁਮੇਰ ॥	انِک برن انِک کنِک سُمیر ॥
ਅਨਿਕ ਸੇਖ ਨਵਤਨ ਨਾਮੁ ਲੇਹਿ ॥	انِک سیکھ نوتن نامُ لیہِ ॥
ਪਾਰਬ੍ਰਹਮ ਕਾ ਅੰਤੁ ਨ ਤੇਹਿ ॥੭॥	پاربرّہم کا انّتُ ن تیہِ ॥7॥
ਅਨਿਕ ਪੁਰੀਆ ਅਨਿਕ ਤਹ ਖੰਡ ॥	انِک پُرییا انِک تہ کھنّڈ ॥
ਅਨਿਕ ਰੂਪ ਰੰਗ ਬ੍ਰਹਮੰਡ ॥	انِک روُپ رنگ برّہمنّڈ ॥
ਅਨਿਕ ਬਨਾ ਅਨਿਕ ਫਲ ਮੂਲ ॥	انِک بنا انِک پھل موُل ॥
ਆਪਹਿ ਸੂਖਮ ਆਪਹਿ ਅਸਥੂਲ ॥੮॥	آپہِ سوُکھم آپہِ استھوُل ॥8॥
ਅਨਿਕ ਜੁਗਾਦਿ ਦਿਨਸ ਅਰੁ ਰਾਤਿ ॥	انِک جُگادِ دِنس ارُ راتِ ॥
ਅਨਿਕ ਪਰਲਉ ਅਨਿਕ ਉਤਪਾਤਿ ॥	انِک پرل ءُ انِک اُتپاتِ ॥
ਅਨਿਕ ਜੀਅ ਜਾ ਕੇ ਗ੍ਰਿਹ ਮਾਹਿ ॥	انِک جیء جا کے گرِہ ماہِ ॥
ਰਮਤ ਰਾਮ ਪੂਰਨ ਸ੍ਰਬ ਠਾਂਇ ॥੯॥	رمت رام پوُرن سّرب ٹھانْءِ ॥9॥
ਅਨਿਕ ਮਾਇਆ ਜਾ ਕੀ ਲਖੀ ਨ ਜਾਇ ॥	انِک مائیا جا کی لکھی ن جاءِ ॥
ਅਨਿਕ ਕਲਾ ਖੇਲੈ ਹਰਿ ਰਾਇ ॥	انِک کلا کھیلےَ ہرِ راءِ ॥
ਅਨਿਕ ਧੁਨਿਤ ਲਲਿਤ ਸੰਗੀਤ ॥	انِک دھُنِت للِت سنگیت ॥
ਅਨਿਕ ਗੁਪਤ ਪ੍ਰਗਟੇ ਤਹ ਚੀਤ ॥੧੦॥	انِک گُپت پرّگٹے تہ چیِت ॥ 10 ॥
ਸਭ ਤੇ ਊਚ ਭਗਤ ਜਾ ਕੈ ਸੰਗਿ ॥	سبھ تے اوُچ بھگت جا کے سنگِ ॥
ਆਠ ਪਹਰ ਗੁਨ ਗਾਵਹਿ ਰੰਗਿ ॥	آٹھ پہر گُن گاوہِ رنگِ ॥
ਅਨਿਕ ਅਨਾਹਦ ਆਨੰਦ ਝੁਨਕਾਰ ॥	انِک اناہد آننّد جھُنکار ॥
ਉਆ ਰਸ ਕਾ ਕਛੁ ਅੰਤੁ ਨ ਪਾਰ ॥੧੧॥	اُیا رس کا کچھُ انّتُ ن پار ॥ 11 ॥
ਸਤਿ ਪੁਰਖੁ ਸਤਿ ਅਸਥਾਨੁ ॥	ستِ پُرکھُ ستِ استھانُ ॥

ਊਚ ਤੇ ਊਚ ਨਿਰਮਲ ਨਿਰਬਾਨੁ ॥	اوُچ تے اوُچ نِرمل نِربانُ ॥
ਅਪੁਨਾ ਕੀਆ ਜਾਨਹਿ ਆਪਿ ॥	اپُنا کِیا جانہِ آپِ ॥
ਆਪੇ ਘਟਿ ਘਟਿ ਰਹਿਓ ਬਿਆਪਿ ॥	آپے گھٹِ گھٹِ رہِئو بیاپِ ॥
ਕ੍ਰਿਪਾ ਨਿਧਾਨ ਨਾਨਕ ਦਇਆਲ ॥	کرِپا نِدھان نانک دئیال ॥
ਜਿਨਿ ਜਪਿਆ ਨਾਨਕ ਤੇ ਭਏ ਨਿਹਾਲ ॥੧੨॥੧॥੨॥੨॥੩॥੭॥	جِنِ جپِیا نانک تے بھئے نِہال ॥ 12 ॥ 1 ॥ 2 ॥ 2 ॥ 3 ॥ 7 ॥
ਸਾਰਗ ਛੰਤ ਮਹਲਾ ੫	سارگ چھنت محلا 5
ੴ ਸਤਿਗੁਰ ਪ੍ਰਸਾਦਿ ॥	۱ۅ ستِگُر پرسادِ ॥
ਸਭ ਦੇਖੀਐ ਅਨਭੈ ਕਾ ਦਾਤਾ ॥	سبھ دیکھیئے انبھے کا داتا ॥
ਘਟਿ ਘਟਿ ਪੂਰਨ ਹੈ ਅਲਿਪਾਤਾ ॥	گھٹِ گھٹِ پوُرن ہے الپاتا ॥
ਘਟਿ ਘਟਿ ਪੂਰਨੁ ਕਰਿ ਬਿਸਥੀਰਨੁ ਜਲ ਤਰੰਗ ਜਿਉ ਰਚਨੁ ਕੀਆ ॥	گھٹِ گھٹِ پوُرنُ کرِ بِستھیرنُ جل ترنگ جِءُ رچنُ کِیا ॥
ਹਭਿ ਰਸ ਮਾਣੇ ਭੋਗ ਘਟਾਣੇ ਆਨ ਨ ਬੀਆ ਕੋ ਥੀਆ ॥	ہبھِ رس ماٹے بھوگ گھٹاٹے آن ن بِیا کو تھِیا ॥
ਹਰਿ ਰੰਗੀ ਇਕ ਰੰਗੀ ਠਾਕੁਰੁ ਸੰਤਸੰਗਿ ਪ੍ਰਭੁ ਜਾਤਾ ॥	ہرِ رنگی اِک رنگی ٹھاکُرُ سنتسنگِ پربھُ جاتا ॥
ਨਾਨਕ ਦਰਸਿ ਲੀਨਾ ਜਿਉ ਜਲ ਮੀਨਾ ਸਭ ਦੇਖੀਐ ਅਨਭੈ ਕਾ ਦਾਤਾ ॥੧॥	نانک درسِ لِینا جِءُ جل مِینا سبھ دیکھیئے انبھے کا داتا ॥ 1 ॥
ਕਉਨ ਉਪਮਾ ਦੇਉ ਕਵਨ ਬਡਾਈ ॥	کئُن اُپما دیءُ کون بڈائی ۔ ॥
ਪੂਰਨ ਪੂਰਿ ਰਹਿਓ ਸ੍ਰਬ ਠਾਈ ॥	پوُرن پوُرِ رہِئو سرب ٹھائی ॥
ਪੂਰਨ ਮਨਮੋਹਨ ਘਟ ਘਟ ਸੋਹਨ ਜਬ ਖਿੰਚੈ ਤਬ ਛਾਈ ॥	پوُرن منموہن گھٹ گھٹ سوہن جب کھِنچے تب چھائی ॥
ਕਿਉ ਨ ਅਰਾਧਹੁ ਮਿਲਿ ਕਰਿ ਸਾਧਹੁ ਘਰੀ ਮੁਹਤਕ ਬੇਲਾ ਆਈ ॥	کِیءُ ن ارادھہُ مِلِ کرِ سادھہُ گھری مُہتک بیلا آئی ॥
ਅਰਥੁ ਦਰਬੁ ਸਭੁ ਜੋ ਕਿਛੁ ਦੀਸੈ	ارتھُ دربُ سبھُ جو کِچھُ دیسے

ਸੰਗਿ ਨ ਕਛਹੂ ਜਾਈ ॥

سنگِ ن کچھہُو جائی ॥

ਕਹੁ ਨਾਨਕ ਹਰਿ ਹਰਿ ਆਰਾਧਹੁ
ਕਵਨ ਉਪਮਾ ਦੇਉ ਕਵਨ ਬਡਾਈ ॥੨॥

کہُ نانک ہرِ ہرِ آرادھہُ
کون اُپما دیءُ کون بڈائی ۔ ॥2॥

ਪੂਛਉ ਸੰਤ ਮੇਰੋ ਠਾਕੁਰੁ ਕੈਸਾ ॥

پُوچھءُ سنّت میرو ٹھاکُرُ کیَسا ۔ ॥

ਹੀਉ ਅਰਾਪਉਂ ਦੇਹੁ ਸਦੇਸਾ ॥

ہیِنءُ اراپئُں دیہُ سدیسا ॥

ਦੇਹੁ ਸਦੇਸਾ ਪ੍ਰਭ ਜੀਉ ਕੈਸਾ
ਕਹ ਮੋਹਨ ਪਰਵੇਸਾ ॥

دیہُ سدیسا پّربھ جیِءُ کیَسا
کہ موہن پرویسا ۔ ॥

ਅੰਗ ਅੰਗ ਸੁਖਦਾਈ ਪੂਰਨ ਬ੍ਰਹਮਾਈ
ਥਾਨ ਥਾਨੰਤਰ ਦੇਸਾ ॥

انگ انگ سُکھدائی پُورن بّرہمائی
تھان تھانّتر دیسا ॥

ਬੰਧਨ ਤੇ ਮੁਕਤਾ ਘਟਿ ਘਟਿ ਜੁਗਤਾ
ਕਹਿ ਨ ਸਕਉ ਹਰਿ ਜੈਸਾ ॥

بنّدھن تے نُکتا گھٹِ گھٹِ جُگتا
کہِ ن سکءُ ہرِ جیَسا ॥

ਦੇਖਿ ਚਰਿਤ ਨਾਨਕ ਮਨੁ ਮੋਹਿਓ
ਪੂਛੈ ਦੀਨੁ ਮੇਰੋ ਠਾਕੁਰੁ ਕੈਸਾ ॥੩॥

دیکھِ چرِت نانک منُ موہِئو
پُوچھے َدینُ میرو ٹھاکُرُ کیَسا ۔ ॥3॥

ਕਰਿ ਕਿਰਪਾ ਅਪੁਨੇ ਪਹਿ ਆਇਆ ॥

کرِ کِرپا اپُنے پہِ آئیا ॥

ਧੰਨਿ ਸੁ ਰਿਦਾ ਜਿਹ ਚਰਨ ਬਸਾਇਆ ॥

دھنّنِ سُ رِدا جِہ چرن بسائیا ॥

ਚਰਨ ਬਸਾਇਆ ਸੰਤ ਸੰਗਾਇਆ
ਅਗਿਆਨ ਅੰਧੇਰੁ ਗਵਾਇਆ ॥

چرن بسائیا سنّت سنگائیا
اگیان انّدھیرُ گوائیا ॥

ਭਇਆ ਪ੍ਰਗਾਸੁ ਰਿਦੈ ਉਲਾਸੁ
ਪ੍ਰਭੁ ਲੋੜੀਦਾ ਪਾਇਆ ॥

بھئیا پّرگاسُ رِدے اُلاسُ
پّربھُ لوڑیدا پائیا ॥

ਦੁਖੁ ਨਾਠਾ ਸੁਖੁ ਘਰ ਮਹਿ ਵੂਠਾ
ਮਹਾ ਅਨੰਦ ਸਹਜਾਇਆ ॥

دُکھُ ناٹھا سُکھُ گھر مہِ ووُٹھا
مہا انّد سہجائیا ॥

ਕਹੁ ਨਾਨਕ ਮੈ ਪੂਰਾ ਪਾਇਆ
ਕਰਿ ਕਿਰਪਾ ਅਪੁਨੇ ਪਹਿ ਆਇਆ ॥੪॥੧॥

کہُ نانک مے َپُورا پائیا
کرِ کِرپا اپُنے پہِ آئیا ॥4॥1॥

ਸਾਰੰਗ ਕੀ ਵਾਰ ਮਹਲਾ ੪

سارنگ کی وار محلا 4

ਰਾਇ ਮਹਮੇ ਹਸਨੇ ਕੀ ਧੁਨਿ	راءِ مہمے ہسنے کی دھُنِ
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਸਲੋਕ ਮਹਲਾ ੨ ॥	سلوک محلا 2 ॥
ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥	گُرُ کنّجی پاہوُ نِولُ منُ کوٹھا تنُ چھتِ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥੧॥	نانک گُر بِنُ من کا تاکُ ن اُگھڑے اور ن کُنّجی ہتھِ ॥1॥
ਮਹਲਾ ੧ ॥	محلا 1 ॥
ਨ ਭੀਜੈ ਰਾਗੀ ਨਾਦੀ ਬੇਦਿ ॥	ن بھیجےَ راگی نادی بیدِ ॥
ਨ ਭੀਜੈ ਸੁਰਤੀ ਗਿਆਨੀ ਜੋਗਿ ॥	ن بھیجےَ سُرتی گیانی جوگِ ॥
ਨ ਭੀਜੈ ਸੋਗੀ ਕੀਤੈ ਰੋਜਿ ॥	ن بھیجےَ سوگی کیتے روجِ ॥
ਨ ਭੀਜੈ ਰੂਪੀ ਮਾਲੀ ਰੰਗਿ ॥	ن بھیجےَ روُپیں مالیں رنگِ ॥
ਨ ਭੀਜੈ ਤੀਰਥਿ ਭਵਿਐ ਨੰਗਿ ॥	ن بھیجےَ تیرتھِ بھوِئے ننگِ ॥
ਨ ਭੀਜੈ ਦਾਤੀ ਕੀਤੈ ਪੁੰਨਿ ॥	ن بھیجےَ داتیں کیتے پُنّنِ ॥
ਨ ਭੀਜੈ ਬਾਹਰਿ ਬੈਠਿਆ ਸੁੰਨਿ ॥	ن بھیجےَ باہرِ بیٹھیا سُنّنِ ॥
ਨ ਭੀਜੈ ਭੇੜਿ ਮਰਹਿ ਭਿੜਿ ਸੂਰ ॥	ن بھیجےَ بھیڑِ مرہِ بھڑِ سوُر ॥
ਨ ਭੀਜੈ ਕੇਤੇ ਹੋਵਹਿ ਧੂੜ ॥	ن بھیجےَ کیتے ہووہِ دھوُڑ ॥
ਲੇਖਾ ਲਿਖੀਐ ਮਨ ਕੈ ਭਾਇ ॥	لیکھا لِکھیےَ من کے بھاءِ ॥
ਨਾਨਕ ਭੀਜੈ ਸਾਚੈ ਨਾਇ ॥੨॥	نانک بھیجےَ ساچےَ ناءِ ॥2॥
ਮਹਲਾ ੧ ॥	محلا 1 ॥
ਨਵ ਛਿਅ ਖਟ ਕਾ ਕਰੇ ਬੀਚਾਰੁ ॥	نو چھِء کھٹ کا کرے بیچارُ ॥
ਨਿਸਿ ਦਿਨ ਉਚਰੈ ਭਾਰ ਅਠਾਰ ॥	نِس دِن اُچرے بھار اٹھار ॥
ਤਿਨਿ ਭੀ ਅੰਤੁ ਨ ਪਾਇਆ ਤੋਹਿ ॥	تِنِ بھی انّتُ ن پائیا توہِ ॥

ਨਾਮ ਬਿਹੂਣ ਮੁਕਤਿ ਕਿਉ ਹੋਇ ॥	نام بِہوُنٹ مُکتِ کِءُ ہوءِ ۔ ॥
ਨਾਭਿ ਵਸਤ ਬ੍ਰਹਮੈ ਅੰਤੁ ਨ ਜਾਣਿਆ ॥	نابھِ وست برہمے انتُ ن جانِیا ॥
ਗੁਰਮੁਖਿ ਨਾਨਕ ਨਾਮੁ ਪਛਾਣਿਆ ॥੩॥	گُرمُکھِ نانک نامُ پچھانِیا ॥3॥
ਪਉੜੀ ॥	پؤڑی ॥
ਆਪੇ ਆਪਿ ਨਿਰੰਜਨਾ ਜਿਨਿ ਆਪੁ ਉਪਾਇਆ ॥	آپے آپِ نِرنجنا جِنِ آپُ اُپائِیا ॥
ਆਪੇ ਖੇਲੁ ਰਚਾਇਓਨੁ ਸਭੁ ਜਗਤੁ ਸਬਾਇਆ ॥	آپے کھیلُ رچائیئونُ سبھُ جگتُ سبائِیا ॥
ਤ੍ਰੈ ਗੁਣ ਆਪਿ ਸਿਰਜਿਅਨੁ ਮਾਇਆ ਮੋਹੁ ਵਧਾਇਆ ॥	ترے گُن آپِ سِرجِیئنُ مائِیا موہُ ودھائِیا ॥
ਗੁਰ ਪਰਸਾਦੀ ਉਬਰੇ ਜਿਨ ਭਾਣਾ ਭਾਇਆ ॥	گُر پرسادی اُبرے جِن بھاٹا بھائِیا ॥
ਨਾਨਕ ਸਚੁ ਵਰਤਦਾ ਸਭ ਸਚਿ ਸਮਾਇਆ ॥੧॥	نانک سچُ ورتدا سبھ سچِ سمائِیا ॥1॥
ਸਲੋਕ ਮਹਲਾ ੨ ॥	سلوک محلا 2 ॥
ਆਪਿ ਉਪਾਏ ਨਾਨਕਾ ਆਪੇ ਰਖੈ ਵੇਕ ॥	آپِ اُپائے نانکا آپے رکھے ویک ॥
ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ ॥	منّدا کِس نو آکھیئے جاں سبھنا صاحِبُ ایکُ ॥
ਸਭਨਾ ਸਾਹਿਬੁ ਏਕੁ ਹੈ ਵੇਖੈ ਧੰਧੈ ਲਾਇ ॥	سبھنا صاحِبُ ایکُ ہے ویکھے دھندھے لاءِ ॥
ਕਿਸੈ ਥੋੜਾ ਕਿਸੈ ਅਗਲਾ ਖਾਲੀ ਕੋਈ ਨਾਹਿ ॥	کِسے تھوڑا کِسے اگلا خالی کوئی ناہِ ॥
ਆਵਹਿ ਨੰਗੇ ਜਾਹਿ ਨੰਗੇ ਵਿਚੇ ਕਰਹਿ ਵਿਥਾਰ ॥	آوہِ ننگے جاہِ ننگے وِچے کرہِ وِتھار ॥

ਨਾਨਕ ਹੁਕਮੁ ਨ ਜਾਣੀਐ
ਅਗੈ ਕਾਈ ਕਾਰ ॥੧॥

نانک حُکمُ ن جانئیَ
اگے کائی کار ॥1॥

ਮਹਲਾ ੧ ॥

محلا 1 ॥

ਜਿਨਸਿ ਥਾਪਿ ਜੀਆ ਕਉ ਭੇਜੈ
ਜਿਨਸਿ ਥਾਪਿ ਲੈ ਜਾਵੈ ॥

جِنسِ تھاپِ جِیا کءُ بھیجے
جِنسِ تھاپِ لے جاوے ॥

ਆਪੇ ਥਾਪਿ ਉਥਾਪੈ ਆਪੇ
ਏਤੇ ਵੇਸ ਕਰਾਵੈ ॥

آپے تھاپِ اُتھاپے آپے
ایتے ویس کراوے ॥

ਜੇਤੇ ਜੀਅ ਫਿਰਹਿ ਅਉਧੂਤੀ
ਆਪੇ ਭਿਖਿਆ ਪਾਵੈ ॥

جیتے جیء پھِرہِ اُدھوتی
آپے بھِکھیا پاوے ॥

ਲੇਖੈ ਬੋਲਣੁ ਲੇਖੈ ਚਲਣੁ
ਕਾਇਤੁ ਕੀਚਹਿ ਦਾਵੇ ॥

لیکھےَ بولنُ لیکھےَ چلنُ
کائِتُ کیچہِ داوے ॥

ਮੂਲੁ ਮਤਿ ਪਰਵਾਣਾ ਏਹੋ
ਨਾਨਕੁ ਆਖਿ ਸੁਣਾਏ ॥

مُولُ مت پرواٹا ایہو
نانکُ آکھِ سُٹائے ॥

ਕਰਣੀ ਉਪਰਿ ਹੋਇ ਤਪਾਵਸੁ
ਜੇ ਕੋ ਕਹੈ ਕਹਾਏ ॥੨॥

کرنُی اُپر ہوءِ تپاوسُ
جے کو کہے کہائے ॥2॥

ਪਉੜੀ ॥

پئُڑی ॥

ਗੁਰਮੁਖਿ ਚਲਤੁ ਰਚਾਇਓਨੁ
ਗੁਣ ਪਰਗਟੀ ਆਇਆ ॥

گُرمُکھِ چلتُ رچائِئونُ
گُنُ پرگٹی آئِیا ॥

ਗੁਰਬਾਣੀ ਸਦ ਉਚਰੈ
ਹਰਿ ਮੰਨਿ ਵਸਾਇਆ ॥

گُربانُی سد اُچرے
ہرِ منّنِ وسائِیا ॥

ਸਕਤਿ ਗਈ ਭ੍ਰਮੁ ਕਟਿਆ
ਸਿਵ ਜੋਤਿ ਜਗਾਇਆ ॥

سکتِ گئی بھرّمُ کٹِیا
سِو جوتِ جگائِیا ॥

ਜਿਨ ਕੈ ਪੋਤੈ ਪੁੰਨੁ ਹੈ
ਗੁਰੁ ਪੁਰਖੁ ਮਿਲਾਇਆ ॥

جِن کے پوتے پُنّنُ ہے
گُرُ پُرکھُ مِلائِیا ॥

ਨਾਨਕ ਸਹਜੇ ਮਿਲਿ ਰਹੇ

نانک سہجے مِلِ رہے

ਹਰਿ ਨਾਮਿ ਸਮਾਇਆ ॥੨॥

ہرِ نامِ سمائیا ॥2॥

ਸਲੋਕ ਮਹਲਾ ੨ ॥

سلوک محلا 2 ॥

ਸਾਹ ਚਲੇ ਵਣਜਾਰਿਆ
ਲਿਖਿਆ ਦੇਵੈ ਨਾਲਿ ॥

ساہ چلے وٹجارِیا
لِکھیا دیوے نالِ ॥

ਲਿਖੇ ਉਪਰਿ ਹੁਕਮੁ ਹੋਇ
ਲਈਐ ਵਸਤੁ ਸਮ੍ਹਾਲਿ ॥

لِکھے اُپرِ حُکمُ ہوءِ
لئیِۓ وستُ سمّہالِ ॥

ਵਸਤੁ ਲਈ ਵਣਜਾਰਈ
ਵਖਰੁ ਬਧਾ ਪਾਇ ॥

وستُ لئی وٹجارئی
وکھرُ بدھا پاءِ ॥

ਕੇਈ ਲਾਹਾ ਲੈ ਚਲੇ
ਇਕਿ ਚਲੇ ਮੂਲੁ ਗਵਾਇ ॥

کیئی لاہا لے چلے
اِکِ چلے مولُ گواءِ ॥

ਥੋੜਾ ਕਿਨੈ ਨ ਮੰਗਿਓ
ਕਿਸੁ ਕਹੀਐ ਸਾਬਾਸਿ ॥

تھوڑا کِنے ن منگِئو
کِس کہیِۓ ساباسِ ۔ ॥

ਨਦਰਿ ਤਿਨਾ ਕਉ ਨਾਨਕਾ
ਜਿ ਸਾਬਤੁ ਲਾਏ ਰਾਸਿ ॥੧॥

ندرِ تِنا ک ءُ نانکا
جِ سابتُ لائے راسِ ॥1॥

ਮਹਲਾ ੧ ॥

محلا 1 ॥

ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ॥

جُڑِ جُڑِ وِچھُڑے وِچھُڑِ جُڑے ॥

ਜੀਵਿ ਜੀਵਿ ਮੁਏ ਮੁਏ ਜੀਵੇ ॥

جیوِ جیوِ مُۓ مُۓ جیوے ॥

ਕੇਤਿਆ ਕੇ ਬਾਪ ਕੇਤਿਆ ਕੇ ਬੇਟੇ
ਕੇਤੇ ਗੁਰ ਚੇਲੇ ਹੂਏ ॥

کیتِیا کے باپ کیتِیا کے بیٹے
کیتے گُر چیلے ہوُۓ ॥

ਆਗੈ ਪਾਛੈ ਗਣਤ ਨ ਆਵੈ
ਕਿਆ ਜਾਤੀ ਕਿਆ ਹੁਣਿ ਹੂਏ ॥

آگے پاچھے گنّت ن آوے
کِیا زاتی کِیا ہُنِ ہوُۓ ۔ ॥

ਸਭੁ ਕਰਣਾ ਕਿਰਤੁ ਕਰਿ ਲਿਖੀਐ
ਕਰਿ ਕਰਿ ਕਰਤਾ ਕਰੇ ਕਰੇ ॥

سبھُ کرنا کِرتُ کرِ لِکھیِۓ
کرِ کرِ کرتا کرے کرے ॥

ਮਨਮੁਖਿ ਮਰੀਐ ਗੁਰਮੁਖਿ ਤਰੀਐ
ਨਾਨਕ ਨਦਰੀ ਨਦਰਿ ਕਰੇ ॥੨॥

منمُکھِ مریِۓ گُرمُکھِ تریِۓ
نانک ندری ندرِ کرے ॥2॥

ਪਉੜੀ ॥

ਮਨਮੁਖਿ ਦੂਜਾ ਭਰਮੁ ਹੈ
ਦੂਜੈ ਲੋਭਾਇਆ ॥

ਕੂੜੁ ਕਪਟੁ ਕਮਾਵਦੇ
ਕੂੜੋ ਆਲਾਇਆ ॥

ਪੁਤ੍ਰ ਕਲਤ੍ਰ ਮੋਹੁ ਹੇਤੁ ਹੈ
ਸਭੁ ਦੁਖੁ ਸਬਾਇਆ ॥

ਜਮ ਦਰਿ ਬਧੇ ਮਾਰੀਅਹਿ
ਭਰਮਹਿ ਭਰਮਾਇਆ ॥

ਮਨਮੁਖਿ ਜਨਮੁ ਗਵਾਇਆ
ਨਾਨਕ ਹਰਿ ਭਾਇਆ ॥੩॥

ਸਲੋਕ ਮਹਲਾ ੨ ॥

ਜਿਨ ਵਡਿਆਈ ਤੇਰੇ ਨਾਮ ਕੀ
ਤੇ ਰਤੇ ਮਨ ਮਾਹਿ ॥

ਨਾਨਕ ਅੰਮ੍ਰਿਤੁ ਏਕੁ ਹੈ
ਦੂਜਾ ਅੰਮ੍ਰਿਤੁ ਨਾਹਿ ॥

ਨਾਨਕ ਅੰਮ੍ਰਿਤੁ ਮਨੈ ਮਾਹਿ
ਪਾਈਐ ਗੁਰ ਪਰਸਾਦਿ ॥

ਤਿਨ੍ਹੀ ਪੀਤਾ ਰੰਗ ਸਿਉ
ਜਿਨ੍ਹ ਕਉ ਲਿਖਿਆ ਆਦਿ ॥੧॥

ਮਹਲਾ ੨ ॥

ਕੀਤਾ ਕਿਆ ਸਾਲਾਹੀਐ
ਕਰੇ ਸੋਇ ਸਾਲਾਹਿ ॥

ਨਾਨਕ ਏਕੀ ਬਾਹਰਾ
ਦੂਜਾ ਦਾਤਾ ਨਾਹਿ ॥

پئڑی ॥

منمُکھِ دوُجا بھرمُ ہے
دوُجےَ لوبھائیا ॥

کوُڑُ کپٹُ کماودے
کوُڑو آلائیا ॥

پُتّر کلتّر موہُ ہیتُ ہے
سبھُ دُکھُ سبائیا ॥

جم درِ بدھے مارِیئہِ
بھرمہِ بھرمائیا ॥

منمُکھِ جنمُ گوائیا
نانک ہرِ بھائیا ॥3॥

سلوک محلا 2 ॥

جِن وڈِیائی تیرے نام کی
تے رتے من ماہِ ॥

نانک انمّرِتُ ایکُ ہےَ
دوُجا انمّرِتُ ناہِ ॥

نانک انمّرِتُ منے ماہِ
پائیےَ گُر پرسادِ ॥

تِنّہی پِیتا رنگ سِءُ
جِنّہ کءُ لِکھیا آدِ ॥1॥

محلا 2 ॥

کِیتا کِیا سالاحیےَ
کرے سوءِ سالاحِ ॥

نانک ایکی باہرا
دوُجا داتا ناہِ ॥

ਕਰਤਾ ਸੋ ਸਾਲਾਹੀਐ ਜਿਨਿ ਕੀਤਾ ਆਕਾਰੁ ॥	کرتا سو سالاہیئے جِنِ کیتا آکارُ ॥
ਦਾਤਾ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ ॥	داتا سو سالاہیئے جِ سبھسے دے آدھارُ ॥
ਨਾਨਕ ਆਪਿ ਸਦੀਵ ਹੈ ਪੂਰਾ ਜਿਸੁ ਭੰਡਾਰੁ ॥	نانک آپِ سدیو ہے پوُرا جِسُ بھنڈارُ ॥
ਵਡਾ ਕਰਿ ਸਾਲਾਹੀਐ ਅੰਤੁ ਨ ਪਾਰਾਵਾਰੁ ॥੨॥	وڈا کرِ سالاہیئے انتُ ن پاراوارُ ॥2॥
ਪਉੜੀ ॥	پئڑی ॥
ਹਰਿ ਕਾ ਨਾਮੁ ਨਿਧਾਨੁ ਹੈ ਸੇਵਿਐ ਸੁਖੁ ਪਾਈ ॥	ہرِ کا نامُ نِدھانُ ہے سیوِئے سُکھُ پائی ॥
ਨਾਮੁ ਨਿਰੰਜਨੁ ਉਚਰਾਂ ਪਤਿ ਸਿਉ ਘਰਿ ਜਾਂਈ ॥	نامُ نِرنجنُ اُچراں پتِ سِءُ گھرِ جانئی ॥
ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥	گُرمُکھِ بانٹی نامُ ہے نامُ رِدے وسائی ॥
ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈਂ ॥	مت پنکھیرُو وسِ ہوءِ ستِگُرُو دھیائیں ॥
ਨਾਨਕ ਆਪਿ ਦਇਆਲੁ ਹੋਇ ਨਾਮੇ ਲਿਵ ਲਾਈ ॥੪॥	نانک آپِ دئیالُ ہوءِ نامے لِو لائی ॥4॥
ਸਲੋਕ ਮਹਲਾ ੨ ॥	سلوک محلا 2 ॥
ਤਿਸੁ ਸਿਉ ਕੈਸਾ ਬੋਲਣਾ ਜਿ ਆਪੇ ਜਾਣੈ ਜਾਣੁ ॥	تِسُ سِءُ کیسا بولنا جِ آپے جانٹے جانُ ॥
ਚੀਰੀ ਜਾ ਕੀ ਨਾ ਫਿਰੈ ਸਾਹਿਬੁ ਸੋ ਪਰਵਾਣੁ ॥	چیری جا کی نا پھرے صاحِبُ سو پروانُ ॥
ਚੀਰੀ ਜਿਸ ਕੀ ਚਲਣਾ	چیری جِس کی چلنا

ਮੀਰ ਮਲਕ ਸਲਾਰ ॥

ميرِ ملک سلار ॥

ਜੋ ਤਿਸੁ ਭਾਵੈ ਨਾਨਕਾ
ਸਾਈ ਭਲੀ ਕਾਰ ॥

جو تِسُ بھاوے نانکا
سائی بھلی کار ॥

ਜਿਨ੍ਹਾ ਚੀਰੀ ਚਲਣਾ
ਹਥਿ ਤਿਨ੍ਹਾ ਕਿਛੁ ਨਾਹੀ ॥

جِنّہا چیِری چلنّا
ہتھِ تِنّہا کِچھُ ناہی ॥

ਸਾਹਿਬ ਕਾ ਫੁਰਮਾਣੁ ਹੋਇ
ਉਠੀ ਕਰਲੈ ਪਾਹਿ ॥

صاحِب کا فُرمانُ ہوءِ
اُٹھی کرلے پاہِ ॥

ਜੇਹਾ ਚੀਰੀ ਲਿਖਿਆ
ਤੇਹਾ ਹੁਕਮੁ ਕਮਾਹਿ ॥

جیہا چیِری لِکھیا
تیہا حُکمُ کماہِ ॥

ਘਲੇ ਆਵਹਿ ਨਾਨਕਾ
ਸਦੇ ਉਠੀ ਜਾਹਿ ॥੧॥

گھلے آوہِ نانکا
صدے اُٹھی جاہِ ॥1॥

ਮਹਲਾ ੨ ॥

محلا 2 ॥

ਸਿਫਤਿ ਜਿਨਾ ਕਉ ਬਖਸੀਐ
ਸੇਈ ਪੋਤੇਦਾਰ ॥

صِفتِ جِنا ک ءُ بخشیئے
سیئی پوتیدار ॥

ਕੁੰਜੀ ਜਿਨ ਕਉ ਦਿਤੀਆ
ਤਿਨ੍ਹਾ ਮਿਲੇ ਭੰਡਾਰ ॥

کُنجی جِن ک ءُ دِتیا
تِنّہا مِلے بھنڈار ॥

ਜਹ ਭੰਡਾਰੀ ਹੂ ਗੁਣ ਨਿਕਲਹਿ
ਤੇ ਕੀਅਹਿ ਪਰਵਾਣੁ ॥

جہ بھنڈاری ہُو گُن نِکلہِ
تے کیئہِ پرواںُ ॥

ਨਦਰਿ ਤਿਨ੍ਹਾ ਕਉ ਨਾਨਕਾ
ਨਾਮੁ ਜਿਨ੍ਹਾ ਨੀਸਾਣੁ ॥੨॥

ندرِ تِنّہا ک ءُ نانکا
نامُ جِنّہا نیِشانُ ॥2॥

ਪਉੜੀ ॥

پئُڑی ॥

ਨਾਮੁ ਨਿਰੰਜਨੁ ਨਿਰਮਲਾ
ਸੁਣਿਐ ਸੁਖੁ ਹੋਈ ॥

نامُ نِرنجنُ نِرملا
سُنیئے سُکھُ ہوئی ॥

ਸੁਣਿ ਸੁਣਿ ਮੰਨਿ ਵਸਾਈਐ
ਬੂਝੈ ਜਨੁ ਕੋਈ ॥

سُنِ سُنِ منّنِ وسائیئے
بُوجھے جنُ کوئی ॥

ਬਹਦਿਆ ਉਠਦਿਆ ਨ ਵਿਸਰੈ
ਸਾਚਾ ਸਚੁ ਸੋਈ ॥

بہدِیا اُٹھدِیا ن وِسرے
ساچا سچُ سوئی ॥

ਭਗਤਾ ਕਉ ਨਾਮ ਅਧਾਰੁ ਹੈ
ਨਾਮੇ ਸੁਖੁ ਹੋਈ ॥

بھگتا ک ءُ نام ادھارُ ہے
نامے سُکھُ ہوئی ॥

ਨਾਨਕ ਮਨਿ ਤਨਿ ਰਵਿ ਰਹਿਆ
ਗੁਰਮੁਖਿ ਹਰਿ ਸੋਈ ॥੫॥

نانک منِ تنِ روِ رہِیا
گُرمُکھِ ہرِ سوئی ॥5॥

ਸਲੋਕ ਮਹਲਾ ੧ ॥

سلوک محلا 1 ॥

ਨਾਨਕ ਤੁਲੀਅਹਿ ਤੋਲ
ਜੇ ਜੀਉ ਪਿਛੈ ਪਾਈਐ ॥

نانک تُلِیئہِ تول
جے جِیءُ پِچھے پائیئے ॥

ਇਕਸੁ ਨ ਪੁਜਹਿ ਬੋਲ
ਜੇ ਪੂਰੇ ਪੂਰਾ ਕਰਿ ਮਿਲੈ ॥

اِکسُ ن پُجہِ بول
جے پُورے پُورا کرِ مِلے ॥

ਵਡਾ ਆਖਣੁ ਭਾਰਾ ਤੋਲੁ ॥

وڈا آکھنُ بھارا تولُ ॥

ਹੋਰ ਹਉਲੀ ਮਤੀ ਹਉਲੇ ਬੋਲ ॥

ہور ہئُلی متی ہئُلے بول ॥

ਧਰਤੀ ਪਾਣੀ ਪਰਬਤ ਭਾਰੁ ॥

دھرتی پانٹی پربت بھارُ ॥

ਕਿਉ ਕੰਡੈ ਤੋਲੈ ਸੁਨਿਆਰੁ ॥

کِءُ کنڈے تولے سُنیارُ ॥

ਤੋਲਾ ਮਾਸਾ ਰਤਕ ਪਾਇ ॥

تولا ماشا رتک پاءِ ॥

ਨਾਨਕ ਪੁਛਿਆ ਦੇਇ ਪੁਜਾਇ ॥

نانک پُچھیا دےءِ پُجاءِ ॥

ਮੂਰਖ ਅੰਧਿਆ ਅੰਧੀ ਧਾਤੁ ॥

مورکھ اندھیا اندھی دھاتُ ॥

ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥

کہِ کہِ کہنُ کہائنِ آپُ ॥1॥

ਮਹਲਾ ੧ ॥

محلا 1 ॥

ਆਖਣਿ ਅਉਖਾ ਸੁਨਣਿ ਅਉਖਾ
ਆਖਿ ਨ ਜਾਪੀ ਆਖਿ ॥

آکھنِ انکھا سُننِ انکھا
آکھِ ن جاپی آکھِ ॥

ਇਕਿ ਆਖਿ ਆਖਹਿ ਸਬਦੁ ਭਾਖਹਿ
ਅਰਧ ਉਰਧ ਦਿਨੁ ਰਾਤਿ ॥

اِکِ آکھِ آکھہِ سبدُ بھاکھہِ
اردھ اُردھ دِنُ راتِ ॥

ਜੇ ਕਿਹੁ ਹੋਇ ਤ ਕਿਹੁ ਦਿਸੈ ਜਾਪੈ ਰੂਪੁ ਨ ਜਾਤਿ ॥	جے کِہُ ہوءِ ت کِہُ دِسے جاپے روُپُ ن زاتِ ॥
ਸਭਿ ਕਾਰਣ ਕਰਤਾ ਕਰੇ ਘਟ ਅਉਘਟ ਘਟ ਥਾਪਿ ॥	سبھِ کارنٹ کرتا کرے گھٹ اَگھٹ گھٹ تھاپِ ॥
ਆਖਣਿ ਅਉਖਾ ਨਾਨਕਾ ਆਖਿ ਨ ਜਾਪੈ ਆਖਿ ॥੨॥	آکھنٹِ اَنکھا نانکا آکھِ ن جاپے آکھِ ॥2॥
ਪਉੜੀ ॥	پؤڑی ॥
ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ ॥	ناءِ سُنِئے منُ رہسیئے نامے سانتِ آئی ॥
ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ ॥	ناءِ سُنِئے منُ ترپتیئے سبھ دُکھ گوائی ॥
ਨਾਇ ਸੁਣਿਐ ਨਾਉ ਊਪਜੈ ਨਾਮੇ ਵਡਿਆਈ ॥	ناءِ سُنِئے ناءُ اوُپجے نامے وڈیائی ॥
ਨਾਮੇ ਹੀ ਸਭ ਜਾਤਿ ਪਤਿ ਨਾਮੇ ਗਤਿ ਪਾਈ ॥	نامے ہی سبھ زاتِ پتِ نامے گتِ پائی ॥
ਗੁਰਮੁਖਿ ਨਾਮੁ ਧਿਆਈਐ ਨਾਨਕ ਲਿਵ ਲਾਈ ॥੬॥	گُرمُکھِ نامُ دھیائیئے نانک لِو لائی ॥6॥
ਸਲੋਕ ਮਹਲਾ ੧ ॥	سلوک محلا 1 ॥
ਜੂਠਿ ਨ ਰਾਗੀ ਜੂਠਿ ਨ ਵੇਦੀ ॥	جوُٹھِ ن راگیں جوُٹھِ ن ویدیں ॥
ਜੂਠਿ ਨ ਚੰਦ ਸੂਰਜ ਕੀ ਭੇਦੀ ॥	جوُٹھِ ن چندّ سوُرج کی بھیدی ॥
ਜੂਠਿ ਨ ਅੰਨੀ ਜੂਠਿ ਨ ਨਾਈ ॥	جوُٹھِ ن انّنی جوُٹھِ ن نائی ॥
ਜੂਠਿ ਨ ਮੀਹੁ ਵਰ੍ਹਿਐ ਸਭ ਥਾਈ ॥	جوُٹھِ ن میہُ ورّہئے سبھ تھائی ॥
ਜੂਠਿ ਨ ਧਰਤੀ ਜੂਠਿ ਨ ਪਾਣੀ ॥	جوُٹھِ ن دھرتی جوُٹھِ ن پانٹی ॥
ਜੂਠਿ ਨ ਪਉਣੈ ਮਾਹਿ ਸਮਾਣੀ ॥	جوُٹھِ ن پنُنے ماہِ سمانٹی ॥

ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥	نانک نِگُریا گُنُ ناہی کوءِ ॥
ਮੁਹਿ ਫੇਰਿਐ ਮੁਹੁ ਜੂਠਾ ਹੋਇ ॥੧॥	مُہِ پھیرِئے مُہُ جوُٹھا ہوءِ ॥1॥
ਮਹਲਾ ੧ ॥	محلا 1 ॥
ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ ॥	نانک چُلِیا سُچِیا جے بھرِ جانَے کوءِ ॥
ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ ॥	سُرتے چُلی گِیان کی جوگی کا جتُ ہوءِ ॥
ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ ॥	برہمنؔ چُلی سنّتوکھ کی گِرہی کا ستُ دانُ ॥
ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ ॥	راجے چُلی نِیاو کی پڑِیا سچُ دھِیانُ ॥
ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖ ਜਾਇ ॥	پانیٰ چِتُ ن دھوپئی مُکھِ پیتے تِکھ جاءِ ॥
ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ ॥੨॥	پانیٰ پِتا جگت کا پھِرِ پانیٰ سبھُ کھاءِ ॥2॥
ਪਉੜੀ ॥	پئُڑی ॥
ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ ॥	ناءِ سُنَے سبھ سِدھِ ہے رِدھِ پچھے آوے ॥
ਨਾਇ ਸੁਣਿਐ ਨਉ ਨਿਧਿ ਮਿਲੈ ਮਨ ਚਿੰਦਿਆ ਪਾਵੈ ॥	ناءِ سُنَے نءُ نِدھِ مِلے من چِندِیا پاوے ॥
ਨਾਇ ਸੁਣਿਐ ਸੰਤੋਖੁ ਹੋਇ ਕਵਲਾ ਚਰਨ ਧਿਆਵੈ ॥	ناءِ سُنَے سنّتوکھُ ہوءِ کولا چرن دھِیاوے ॥
ਨਾਇ ਸੁਣਿਐ ਸਹਜੁ ਊਪਜੈ ਸਹਜੇ ਸੁਖੁ ਪਾਵੈ ॥	ناءِ سُنَے سہجُ اوُپجے سہجے سُکھُ پاوے ॥
ਗੁਰਮਤੀ ਨਾਉ ਪਾਈਐ	گُرمتی ناءُ پائیَے

ਨਾਨਕ ਗੁਣ ਗਾਵੈ ॥੭॥	نانک گُنٔ گاوے ॥7॥
ਸਲੋਕ ਮਹਲਾ ੧ ॥	سلوک محلا 1 ॥
ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ ॥	دُکھ وِچِ جنمّنُ دُکھِ مرنُ دُکھِ ورتنُ سنسارِ ॥
ਦੁਖੁ ਦੁਖੁ ਅਗੈ ਆਖੀਐ ਪੜਿ੍ ਪੜਿ੍ ਕਰਹਿ ਪੁਕਾਰ ॥	دُکھُ دُکھُ اگے آکھیئے پڑھِ پڑھِ کرہِ پُکار ॥
ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥	دُکھ کِیا پنڈا کھُلّہیا سُکھُ ن نِکلِئو کوءِ ॥
ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥	دُکھ وِچِ جیءُ جلائیا دُکھیا چلیا روءِ ॥
ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ ॥	نانک صِفتی رتیا منُ تنُ ہریا ہوءِ ॥
ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ ॥੧॥	دُکھ کِیا اگی مارِیئہِ بھی دُکھُ دارُو ہوءِ ॥1॥
ਮਹਲਾ ੧ ॥	محلا 1 ॥
ਨਾਨਕ ਦੁਨੀਆ ਭਸੁ ਰੰਗੁ ਭਸੂ ਹੂ ਭਸੁ ਖੇਹ ॥	نانک دُنیا بھسُ رنگُ بھسوُ ہوُ بھسُ کھیہ ॥
ਭਸੋ ਭਸੁ ਕਮਾਵਣੀ ਭੀ ਭਸੁ ਭਰੀਐ ਦੇਹ ॥	بھسو بھسُ کماونٔی بھی بھسُ بھریئے دیہ ॥
ਜਾ ਜੀਉ ਵਿਚਹੁ ਕਢੀਐ ਭਸੂ ਭਰਿਆ ਜਾਇ ॥	جا جیءُ وِچہُ کڈھیئے بھسوُ بھریا جاءِ ॥
ਅਗੈ ਲੇਖੈ ਮੰਗਿਐ ਹੋਰ ਦਸੂਣੀ ਪਾਇ ॥੨॥	اگے لیکھے منگیئے ہور دسوُنٔی پاءِ ॥2॥
ਪਉੜੀ ॥	پئڑی ॥
ਨਾਇ ਸੁਣਿਐ ਸੁਚਿ ਸੰਜਮੋ	ناءِ سُنیئے سُچِ سنجمو

ਜਮੁ ਨੇੜਿ ਨ ਆਵੈ ॥	جمُ نیڑِ ن آوے ॥
ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ ॥	ناءِ سُنڑے گھٹِ چانڻا آنہیرُ گواوے ॥
ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ ॥	ناءِ سُنڑے آپُ بُجھیے لاہا ناءُ پاوے ॥
ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ ॥	ناءِ سُنڑے پاپ کٹیئہِ نِرمل سچُ پاوے ॥
ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ ॥੮॥	نانک ناءِ سُنڑے مُکھ اُجلے ناءُ گُرمُکھِ دھیاوے ॥8॥
ਸਲੋਕ ਮਹਲਾ ੧ ॥	سلوک محلا 1 ॥
ਘਰਿ ਨਾਰਾਇਣੁ ਸਭਾ ਨਾਲਿ ॥	گھرِ نارائنُ سبھا نالِ ॥
ਪੂਜ ਕਰੇ ਰਖੈ ਨਾਵਾਲਿ ॥	پوُج کرے رکھے ناوالِ ॥
ਕੁੰਗੂ ਚੰਨਣੁ ਫੁਲ ਚੜਾਏ ॥	کُنگُو چنّنُ پھُل چڑائے ॥
ਪੈਰੀ ਪੈ ਪੈ ਬਹੁਤੁ ਮਨਾਏ ॥	پیَری پے پے بہُتُ منائے ॥
ਮਾਣੂਆ ਮੰਗਿ ਮੰਗਿ ਪੈਨ੍ਹੈ ਖਾਇ ॥	ماڻویا منگِ منگِ پینّہے کھاءِ ॥
ਅੰਧੀ ਕੰਮੀ ਅੰਧ ਸਜਾਇ ॥	اندھی کنّمی اندھ سزاءِ ॥
ਭੁਖਿਆ ਦੇਇ ਨ ਮਰਦਿਆ ਰਖੈ ॥	بھُکھیا دےءِ ن مردیا رکھے ॥
ਅੰਧਾ ਝਗੜਾ ਅੰਧੀ ਸਥੈ ॥੧॥	اندھا جھگڑا اندھی ستھے ॥1॥
ਮਹਲਾ ੧ ॥	محلا 1 ॥
ਸਭੇ ਸੁਰਤੀ ਜੋਗ ਸਭਿ ਸਭੇ ਬੇਦ ਪੁਰਾਣ ॥	سبھے سُرتی جوگ سبھِ سبھے بید پُراڻ ॥
ਸਭੇ ਕਰਣੇ ਤਪ ਸਭਿ ਸਭੇ ਗੀਤ ਗਿਆਨ ॥	سبھے کرڻے تپ سبھِ سبھے گیت گیان ॥
ਸਭੇ ਬੁਧੀ ਸੁਧਿ ਸਭਿ	سبھے بُدھی سُدھِ سبھِ

ਸਭਿ ਤੀਰਥ ਸਭਿ ਥਾਨ ॥

سبھِ تِیرتھ سبھِ تھان ॥

ਸਭਿ ਪਾਤਿਸਾਹੀਆ ਅਮਰ ਸਭਿ
ਸਭਿ ਖੁਸੀਆ ਸਭਿ ਖਾਨ ॥

سبھِ پاتِشاہِیا امر سبھِ
سبھِ کھُسِیا سبھِ خان ॥

ਸਭੇ ਮਾਣਸ ਦੇਵ ਸਭਿ
ਸਭੇ ਜੋਗ ਧਿਆਨ ॥

سبھے ماٹُس دیو سبھِ
سبھے جوگ دھِیان ॥

ਸਭੇ ਪੁਰੀਆ ਖੰਡ ਸਭਿ
ਸਭੇ ਜੀਅ ਜਹਾਨ ॥

سبھے پُرِیا کھنڈ سبھِ
سبھے جیء جہان ॥

ਹੁਕਮਿ ਚਲਾਏ ਆਪਣੈ
ਕਰਮੀ ਵਹੈ ਕਲਾਮ ॥

حُکمِ چلائے آپنّے
کرمی وہے قلام ॥

ਨਾਨਕ ਸਚਾ ਸਚਿ ਨਾਇ
ਸਚੁ ਸਭਾ ਦੀਬਾਨੁ ॥੨॥

نانک سچا سچِ ناءِ
سچُ سبھا دِیبانُ ॥2॥

ਪਉੜੀ ॥

پؤڑی ॥

ਨਾਇ ਮੰਨਿਐ ਸੁਖੁ ਉਪਜੈ
ਨਾਮੇ ਗਤਿ ਹੋਈ ॥

ناءِ منّنے سُکھُ اُپجے
نامے گتِ ہوئی ॥

ਨਾਇ ਮੰਨਿਐ ਪਤਿ ਪਾਈਐ
ਹਿਰਦੈ ਹਰਿ ਸੋਈ ॥

ناءِ منّنے پتِ پائیے
ہِردے ہرِ سوئی ॥

ਨਾਇ ਮੰਨਿਐ ਭਵਜਲੁ ਲੰਘੀਐ
ਫਿਰਿ ਬਿਘਨੁ ਨ ਹੋਈ ॥

ناءِ منّنے بھوجلُ لنگھیے
پھِرِ بِگھنُ ن ہوئی ॥

ਨਾਇ ਮੰਨਿਐ ਪੰਥੁ ਪਰਗਟਾ
ਨਾਮੇ ਸਭ ਲੋਈ ॥

ناءِ منّنے پنتھُ پرگٹا
نامے سبھ لوئی ॥

ਨਾਨਕ ਸਤਿਗੁਰਿ ਮਿਲਿਐ ਨਾਉ ਮੰਨੀਐ
ਜਿਨ ਦੇਵੈ ਸੋਈ ॥੯॥

نانک ستِگُرِ مِلے ناءُ منّیے
جِن دیوے سوئی ॥9॥

ਸਲੋਕ ਮਃ ੧ ॥

سلوک م: 1 ॥

ਪੁਰੀਆ ਖੰਡਾ ਸਿਰਿ ਕਰੇ
ਇਕ ਪੈਰਿ ਧਿਆਏ ॥

پُرِیا کھنڈا سِرِ کرے
اِک پیرِ دھیائے ॥

ਪਉਣੁ ਮਾਰਿ ਮਨਿ ਜਪੁ ਕਰੇ
ਸਿਰੁ ਮੁੰਡੀ ਤਲੈ ਦੇਇ ॥

پُنُّ مارِ منِ جپُ کرے
سِرُ مُنڈی تلےَ دےءِ ॥

ਕਿਸੁ ਉਪਰਿ ਓਹੁ ਟਿਕ ਟਿਕੈ
ਕਿਸ ਨੋ ਜੋਰੁ ਕਰੇਇ ॥

کِسُ اُپرِ اوہُ ٹِک ٹِکےَ
کِس نو زورُ کرےءِ ۔ ॥

ਕਿਸ ਨੋ ਕਹੀਐ ਨਾਨਕਾ
ਕਿਸ ਨੋ ਕਰਤਾ ਦੇਇ ॥

کِس نو کہیےَ نانکا
کِس نو کرتا دےءِ ۔ ॥

ਹੁਕਮਿ ਰਹਾਏ ਆਪਣੈ
ਮੂਰਖੁ ਆਪੁ ਗਣੇਇ ॥੧॥

حُکمِ رہائے آپنےٗ
مؤرکھُ آپُ گنےٗءِ ॥1॥

ਮਃ ੧ ॥

م: 1 ॥

ਹੈ ਹੈ ਆਖਾਂ ਕੋਟਿ ਕੋਟਿ
ਕੋਟੀ ਹੂ ਕੋਟਿ ਕੋਟਿ ॥

ہےَ ہےَ آکھاں کوٹِ کوٹِ
کوٹی ہوُ کوٹِ کوٹِ ॥

ਆਖੂੰ ਆਖਾਂ ਸਦਾ ਸਦਾ
ਕਹਣਿ ਨ ਆਵੈ ਤੋਟਿ ॥

آکھوُنّ آکھاں سدا سدا
کہنِّ ن آوےَ توٹِ ॥

ਨਾ ਹਉ ਥਕਾਂ ਨ ਠਾਕੀਆ
ਏਵਡ ਰਖਹਿ ਜੋਤਿ ॥

نا ہءُ تھکاں ن ٹھاکیا
ایوڈ رکھہِ جوتِ ॥

ਨਾਨਕ ਚਸਿਅਹੁ ਚੁਖ ਬਿੰਦ
ਉਪਰਿ ਆਖਣੁ ਦੋਸੁ ॥੨॥

نانک چسِیہُ چُکھ بِنّد
اُپرِ آکھنُّ دوسُ ॥2॥

ਪਉੜੀ ॥

پئُڑی ॥

ਨਾਇ ਮੰਨਿਐ ਕੁਲੁ ਉਧਰੈ
ਸਭੁ ਕੁਟੰਬੁ ਸਬਾਇਆ ॥

ناءِ منّنےَ کُلُ اُدھرےَ
سبھُ کُٹنّبُ سبائیا ॥

ਨਾਇ ਮੰਨਿਐ ਸੰਗਤਿ ਉਧਰੈ
ਜਿਨ ਰਿਦੈ ਵਸਾਇਆ ॥

ناءِ منّنےَ سنگتِ اُدھرےَ
جِن رِدےَ وسائیا ॥

ਨਾਇ ਮੰਨਿਐ ਸੁਣਿ ਉਧਰੇ
ਜਿਨ ਰਸਨ ਰਸਾਇਆ ॥

ناءِ منّنےَ سُنِّ اُدھرے
جِن رسن رسائیا ॥

ਨਾਇ ਮੰਨਿਐ ਦੁਖ ਭੁਖ ਗਈ

ناءِ منّنےَ دُکھ بھُکھ گئی

ਜਿਨ ਨਾਮਿ ਚਿਤੁ ਲਾਇਆ ॥
جِن نامِ چِتُ لائِیا ॥

ਨਾਨਕ ਨਾਮੁ ਤਿਨੀ ਸਾਲਾਹਿਆ
ਜਿਨ ਗੁਰੂ ਮਿਲਾਇਆ ॥੧੦॥
نانک نامُ تِنی سالاحِیا
جِن گُرو مِلائِیا ॥ 10 ॥

ਸਲੋਕ ਮਃ ੧ ॥
سلوک م: 1 ॥

ਸਭੇ ਰਾਤੀ ਸਭਿ ਦਿਹ
ਸਭਿ ਥਿਤੀ ਸਭਿ ਵਾਰ ॥
سبھے راتی سبھِ دِہ
سبھِ تھِتی سبھِ وار ॥

ਸਭੇ ਰੁਤੀ ਮਾਹ ਸਭਿ
ਸਭਿ ਧਰਤੀ ਸਭਿ ਭਾਰ ॥
سبھے رُتی ماہ سبھِ
سبھِ دھرتِیں سبھِ بھار ॥

ਸਭੇ ਪਾਣੀ ਪਉਣ ਸਭਿ
ਸਭਿ ਅਗਨੀ ਪਾਤਾਲ ॥
سبھے پانی پُنُّ سبھِ
سبھِ اگنی پاتال ॥

ਸਭੇ ਪੁਰੀਆ ਖੰਡ ਸਭਿ
ਸਭਿ ਲੋਅ ਲੋਅ ਆਕਾਰ ॥
سبھے پُرِیا کھنڈ سبھِ
سبھِ لوء لوء آکار ॥

ਹੁਕਮੁ ਨ ਜਾਪੀ ਕੇਤੜਾ
ਕਹਿ ਨ ਸਕੀਜੈ ਕਾਰ ॥
حُکمُ ن جاپی کیتڑا
کہِ ن سکیجےَ کار ॥

ਆਖਹਿ ਥਕਹਿ ਆਖਿ ਆਖਿ
ਕਰਿ ਸਿਫਤੀ ਵੀਚਾਰ ॥
آکھہِ تھکہِ آکھِ آکھِ
کرِ صِفتِیں ویچار ॥

ਤ੍ਰਿਣੁ ਨ ਪਾਇਓ ਬਪੁੜੀ
ਨਾਨਕੁ ਕਹੈ ਗਵਾਰ ॥੧॥
ترِنُ ن پائِئو بپُڑی
نانکُ کہے گوار ॥ 1 ॥

ਮਃ ੧ ॥
م: 1 ॥

ਅਖੀ ਪਰਣੈ ਜੇ ਫਿਰਾਂ
ਦੇਖਾਂ ਸਭੁ ਆਕਾਰੁ ॥
اکھِیں پرنےَ جے پھِراں
دیکھاں سبھُ آکارُ ॥

ਪੁਛਾ ਗਿਆਨੀ ਪੰਡਿਤਾਂ
ਪੁਛਾ ਬੇਦ ਬੀਚਾਰ ॥
پُچھا گیانی پنڈِتاں
پُچھا بید بیچار ॥

ਪੁਛਾ ਦੇਵਾਂ ਮਾਣਸਾਂ
ਜੋਧ ਕਰਹਿ ਅਵਤਾਰ ॥
پُچھا دیواں مانسّاں
جودھ کرہِ اوتار ॥

ਸਿਧ ਸਮਾਧੀ ਸਭਿ ਸੁਣੀ
ਜਾਇ ਦੇਖਾਂ ਦਰਬਾਰੁ ॥

سِدھ سمادھی سبھِ سُنّی
جاءِ دیکھاں دربارُ ॥

ਅਗੈ ਸਚਾ ਸਚਿ ਨਾਇ
ਨਿਰਭਉ ਭੈ ਵਿਣੁ ਸਾਰੁ ॥

اگے سچا سچِ ناءِ
نِربھءُ بھے وِنُ سارُ ॥

ਹੋਰ ਕਚੀ ਮਤੀ ਕਚੁ ਪਿਚੁ
ਅੰਧਿਆ ਅੰਧੁ ਬੀਚਾਰੁ ॥

ہور کچی متی کچُ پچُ
اندھیا اندھُ بیچارُ ॥

ਨਾਨਕ ਕਰਮੀ ਬੰਦਗੀ
ਨਦਰਿ ਲੰਘਾਏ ਪਾਰਿ ॥੨॥

نانک کرمی بندگی
ندرِ لنگھائے پارِ ॥2॥

ਪਉੜੀ ॥

پئڑی ॥

ਨਾਇ ਮੰਨਿਐ ਦੁਰਮਤਿ ਗਈ
ਮਤਿ ਪਰਗਟੀ ਆਇਆ ॥

ناءِ منّنے دُرمتِ گئی
متِ پرگٹی آئیا ॥

ਨਾਉ ਮੰਨਿਐ ਹਉਮੈ ਗਈ
ਸਭਿ ਰੋਗ ਗਵਾਇਆ ॥

ناءُ منّنے ہئمے گئی
سبھِ روگ گوائیا ॥

ਨਾਇ ਮੰਨਿਐ ਨਾਮੁ ਊਪਜੈ
ਸਹਜੇ ਸੁਖੁ ਪਾਇਆ ॥

ناءِ منّنے نامُ اوُپجے
سہجے سُکھُ پائیا ॥

ਨਾਇ ਮੰਨਿਐ ਸਾਂਤਿ ਉਪਜੈ
ਹਰਿ ਮੰਨਿ ਵਸਾਇਆ ॥

ناءِ منّنے سانتِ اُپجے
ہرِ منّنِ وسائیا ॥

ਨਾਨਕ ਨਾਮੁ ਰਤੰਨੁ ਹੈ
ਗੁਰਮੁਖਿ ਹਰਿ ਧਿਆਇਆ ॥੧੧॥

نانک نامُ رتنّنُ ہے
گُرمُکھِ ہرِ دھیائیا ॥ 11 ॥

ਸਲੋਕ ਮਃ ੧ ॥

سلوک م: 1 ॥

ਹੋਰੁ ਸਰੀਕੁ ਹੋਵੈ ਕੋਈ ਤੇਰਾ
ਤਿਸੁ ਅਗੈ ਤੁਧੁ ਆਖਾਂ ॥

ہورُ شریکُ ہووے کوئی تیرا
تِس اگے تُدھُ آکھاں ॥

ਤੁਧੁ ਅਗੈ ਤੁਧੈ ਸਾਲਾਹੀ
ਮੈ ਅੰਧੇ ਨਾਉ ਸੁਜਾਖਾ ॥

تُدھُ اگے تُدھے سالاحی
مے اندھے ناءُ سُجاکھا ॥

ਜੇਤਾ ਆਖਣੁ ਸਾਹੀ ਸਬਦੀ

جیتا آکھنُ ساہی سبدی

ਭਾਖਿਆ ਭਾਇ ਸੁਭਾਈ ॥

بھاکھیا بھاءِ سُبھائی ॥

ਨਾਨਕ ਬਹੁਤਾ ਏਹੋ ਆਖਣੁ
ਸਭ ਤੇਰੀ ਵਡਿਆਈ ॥੧॥

نانک بہُتا ایہو آکھنُ
سبھ تیری وڈِیائی ॥1॥

ਮਃ ੧ ॥

م: 1 ॥

ਜਾਂ ਨ ਸਿਆ ਕਿਆ ਚਾਕਰੀ
ਜਾਂ ਜੰਮੇ ਕਿਆ ਕਾਰ ॥

جاں ن سِیا کِیا چاکری
جاں جنّمے کِیا کار۔ ॥

ਸਭਿ ਕਾਰਣ ਕਰਤਾ ਕਰੇ
ਦੇਖੈ ਵਾਰੋ ਵਾਰ ॥

سبھِ کارنؤ کرتا کرے
دیکھے وارو وار ॥

ਜੇ ਚੁਪੈ ਜੇ ਮੰਗਿਐ
ਦਾਤਿ ਕਰੇ ਦਾਤਾਰੁ ॥

جے چُپے جے منگِئے
داتِ کرے داتارُ ॥

ਇਕੁ ਦਾਤਾ ਸਭਿ ਮੰਗਤੇ
ਫਿਰਿ ਦੇਖਹਿ ਆਕਾਰੁ ॥

اِکُ داتا سبھِ منگتے
پھِرِ دیکھِ آکارُ ॥

ਨਾਨਕ ਏਵੈ ਜਾਣੀਐ
ਜੀਵੈ ਦੇਵਣਹਾਰੁ ॥੨॥

نانک ایوے جانئیے
جیوے دیونہارُ ॥2॥

ਪਉੜੀ ॥

پئڑی ॥

ਨਾਇ ਮੰਨਿਐ ਸੁਰਤਿ ਉਪਜੈ
ਨਾਮੇ ਮਤਿ ਹੋਈ ॥

ناءِ منّنے سُرتِ اُپجے
نامے متِ ہوئی ॥

ਨਾਇ ਮੰਨਿਐ ਗੁਣ ਉਚਰੈ
ਨਾਮੇ ਸੁਖਿ ਸੋਈ ॥

ناءِ منّنے گُنؤ اُچرے
نامے سُکھِ سوئی ॥

ਨਾਇ ਮੰਨਿਐ ਭ੍ਰਮੁ ਕਟੀਐ
ਫਿਰਿ ਦੁਖੁ ਨ ਹੋਈ ॥

ناءِ منّنے بھرمُ کٹیئے
پھِرِ دُکھُ ن ہوئی ॥

ਨਾਇ ਮੰਨਿਐ ਸਾਲਾਹੀਐ
ਪਾਪਾਂ ਮਤਿ ਧੋਈ ॥

ناءِ منّنے سالاحیئے
پاپاں متِ دھوئی ॥

ਨਾਨਕ ਪੂਰੇ ਗੁਰ ਤੇ ਨਾਉ ਮੰਨੀਐ
ਜਿਨ ਦੇਵੈ ਸੋਈ ॥੧੨॥

نانک پُورے گُر تے ناءُ منّنیئے
جِن دیوے سوئی ॥ 12 ॥

ਸਲੋਕ ਮਃ ੧ ॥	سلوک م: 1 ॥
ਸਾਸਤ੍ਰ ਬੇਦ ਪੁਰਾਣ ਪੜ੍ਹੰਤਾ ॥	ساستّر بید پُراٹ پڑہنّتا ॥
ਪੂਕਾਰੰਤਾ ਅਜਾਣੰਤਾ ॥	پُوکارنّتا اجانّتا ॥
ਜਾਂ ਬੂਝੈ ਤਾਂ ਸੂਝੈ ਸੋਈ ॥	جاں بُوجھےَ تاں سُوجھےَ سوئی ॥
ਨਾਨਕੁ ਆਖੈ ਕੂਕ ਨ ਹੋਈ ॥੧॥	نانکُ آکھےَ کُوک ن ہوئی ॥1॥
ਮਃ ੧ ॥	م: 1 ॥
ਜਾਂ ਹਉ ਤੇਰਾ ਤਾਂ ਸਭੁ ਕਿਛੁ ਮੇਰਾ ਹਉ ਨਾਹੀ ਤੂ ਹੋਵਹਿ ॥	جاں ہءُ تیرا تاں سبھُ کِچھُ میرا ہءُ ناہی توُ ہووہِ ॥
ਆਪੇ ਸਕਤਾ ਆਪੇ ਸੁਰਤਾ ਸਕਤੀ ਜਗਤੁ ਪਰੋਵਹਿ ॥	آپے سکتا آپے سُرتا سکتی جگتُ پروہِ ॥
ਆਪੇ ਭੇਜੇ ਆਪੇ ਸਦੇ ਰਚਨਾ ਰਚਿ ਰਚਿ ਵੇਖੈ ॥	آپے بھیجے آپے صدے رچنا رچِ رچِ ویکھےَ ॥
ਨਾਨਕ ਸਚਾ ਸਚੀ ਨਾਂਈ ਸਚੁ ਪਵੈ ਧੁਰਿ ਲੇਖੈ ॥੨॥	نانک سچا سچی نائیں سچُ پوےَ دھُرِ لیکھےَ ॥2॥
ਪਉੜੀ ॥	پؤڑی ॥
ਨਾਮੁ ਨਿਰੰਜਨ ਅਲਖੁ ਹੈ ਕਿਉ ਲਖਿਆ ਜਾਈ ॥	نامُ نِرنّجن الکھُ ہےَ کِءُ لکھیا جائی ۔ ॥
ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ ॥	نامُ نِرنّجن نالِ ہےَ کِءُ پائیئےَ بھائی ۔ ॥
ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਂਈ ॥	نامُ نِرنّجن ورتدا رویا سبھ ٹھائیں ॥
ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ ॥	گُر پوُرے تے پائیئےَ ہِردےَ دےءِ دِکھائی ॥
ਨਾਨਕ ਨਦਰੀ ਕਰਮੁ ਹੋਇ ਗੁਰ ਮਿਲੀਐ ਭਾਈ ॥੧੩॥	نانک ندری کرمُ ہوءِ

ਗੁਰਿਲੇਏ ਭਾਈ ॥ 13 ॥

گُرِلیۓ بھائی ۔ ॥ 13 ॥

ਸਲੋਕ ਮਃ ੧ ॥

سلوک م: 1 ॥

ਕਲਿ ਹੋਈ ਕੁਤੇ ਮੁਹੀ
ਖਾਜੁ ਹੋਆ ਮੁਰਦਾਰੁ ॥

کلِ ہوئی کُتے مُہی
کھاجُ ہویا مُردارُ ॥

ਕੂੜੁ ਬੋਲਿ ਬੋਲਿ ਭਉਕਣਾ
ਚੂਕਾ ਧਰਮੁ ਬੀਚਾਰੁ ॥

کوُڑُ بولِ بولِ بھُکنّا
چُوکا دھرمُ بیچارُ ॥

ਜਿਨ ਜੀਵੰਦਿਆ ਪਤਿ ਨਹੀ
ਮੁਇਆ ਮੰਦੀ ਸੋਇ ॥

جِن جیوندِیا پتِ نہی
مُئیا منّدی سوءِ ॥

ਲਿਖਿਆ ਹੋਵੈ ਨਾਨਕਾ
ਕਰਤਾ ਕਰੇ ਸੁ ਹੋਇ ॥੧॥

لِکھیا ہووے نانکا
کرتا کرے سُ ہوءِ ॥1॥

ਮਃ ੧ ॥

م: 1 ॥

ਰੰਨਾ ਹੋਈਆ ਬੋਧੀਆ
ਪੁਰਸ ਹੋਏ ਸਈਆਦ ॥

رنّنا ہوئیا بودھیا
پُرس ہوئے صئیاد ॥

ਸੀਲੁ ਸੰਜਮੁ ਸੁਚ ਭੰਨੀ
ਖਾਣਾ ਖਾਜੁ ਅਹਾਜੁ ॥

سِیلُ سنجمُ سُچ بھنّنی
کھاٹا کھاجُ اہاجُ ॥

ਸਰਮੁ ਗਇਆ ਘਰਿ ਆਪਣੈ
ਪਤਿ ਉਠਿ ਚਲੀ ਨਾਲਿ ॥

سرمُ گئیا گھرِ آپنےٗ
پتِ اُٹھِ چلی نالِ ॥

ਨਾਨਕ ਸਚਾ ਏਕੁ ਹੈ
ਅਉਰੁ ਨ ਸਚਾ ਭਾਲਿ ॥੨॥

نانک سچا ایکُ ہے
اَرُ ن سچا بھالِ ॥2॥

ਪਉੜੀ ॥

پئُڑی ॥

ਬਾਹਰਿ ਭਸਮ ਲੇਪਨ ਕਰੇ
ਅੰਤਰਿ ਗੁਬਾਰੀ ॥

باہرِ بھسم لیپن کرے
انترِ غُباری ॥

ਖਿੰਥਾ ਝੋਲੀ ਬਹੁ ਭੇਖ ਕਰੇ
ਦੁਰਮਤਿ ਅਹੰਕਾਰੀ ॥

کھِنّتھا جھولی بہُ بھیکھ کرے
دُرمتِ اہنکاری ॥

ਸਾਹਿਬ ਸਬਦੁ ਨ ਊਚਰੈ

صاحِب سبدُ ن اوُچرے

ਮਾਇਆ ਮੋਹ ਪਸਾਰੀ ॥

ماۓیا موہ پساری ॥

ਅੰਤਰਿ ਲਾਲਚੁ ਭਰਮੁ ਹੈ
ਭਰਮੈ ਗਾਵਾਰੀ ॥

اَنتَرِ لالچُ بھرمُ ہے
بھرمےَ گاواری ॥

ਨਾਨਕ ਨਾਮੁ ਨ ਚੇਤਈ
ਜੂਐ ਬਾਜੀ ਹਾਰੀ ॥੧੪॥

نانک نامُ ن چیتئی
جوُۓَ بازی ہاری ॥ 14 ॥

ਸਲੋਕ ਮਃ ੧ ॥

سلوک م: 1 ॥

ਲਖ ਸਿਉ ਪ੍ਰੀਤਿ ਹੋਵੈ ਲਖ ਜੀਵਣੁ
ਕਿਆ ਖੁਸੀਆ ਕਿਆ ਚਾਉ ॥

لکھ سِ ءُ پرّیتِ ہووےَ لکھ جِیونُ
کِیا کھُسیِیا کِیا چاءُ ۔ ॥

ਵਿਛੁੜਿਆ ਵਿਸੁ ਹੋਇ ਵਿਛੋੜਾ
ਏਕ ਘੜੀ ਮਹਿ ਜਾਇ ॥

وِچھُڑِیا وِسُ ہوۓ وِچھوڑا
ایک گھڑی مہِ جاۓِ ॥

ਜੇ ਸਉ ਵਰ੍ਹਿਆ ਮਿਠਾ ਖਾਜੈ
ਭੀ ਫਿਰਿ ਕਉੜਾ ਖਾਇ ॥

جے س ءُ ورّہیا مِٹھا کھاجےَ
بھی پھِرِ کئڑا کھاۓِ ॥

ਮਿਠਾ ਖਾਧਾ ਚਿਤਿ ਨ ਆਵੈ
ਕਉੜਤਣੁ ਧਾਇ ਜਾਇ ॥

مِٹھا کھادھا چِتِ ن آوےَ
کئڑتنُ دھاۓِ جاۓِ ॥

ਮਿਠਾ ਕਉੜਾ ਦੋਵੈ ਰੋਗ ॥

مِٹھا کئڑا دووےَ روگ ॥

ਨਾਨਕ ਅੰਤਿ ਵਿਗੁਤੇ ਭੋਗ ॥

نانک انّتِ وِگُتے بھوگ ॥

ਝਖਿ ਝਖਿ ਝਖਣਾ ਝਗੜਾ ਝਾਖ ॥

جھکھِ جھکھِ جھکھٹا جھگڑا جھاکھ ॥

ਝਖਿ ਝਖਿ ਜਾਹਿ ਝਖਹਿ ਤਿਨ੍ ਪਾਸਿ ॥੧॥

جھکھِ جھکھِ جاہِ جھکھہِ تِنّہ پاسِ ॥1॥

ਮਃ ੧ ॥

م: 1 ॥

ਕਾਪੜੁ ਕਾਠੁ ਰੰਗਾਇਆ ਰਾਂਗਿ ॥

کاپڑُ کاٹھُ رنگائیا رانگِ ॥

ਘਰ ਗਚ ਕੀਤੇ ਬਾਗੇ ਬਾਗ ॥

گھر گچ کِیتے باگے باگ ॥

ਸਾਦ ਸਹਜ ਕਰਿ ਮਨੁ ਖੇਲਾਇਆ ॥

ساد سہج کرِ منُ کھیلائیا ॥

ਤੈ ਸਹ ਪਾਸਹੁ ਕਹਣੁ ਕਹਾਇਆ ॥

تےَ سہ پاسہُ کہنُ کہائیا ॥

ਮਿਠਾ ਕਰਿ ਕੈ ਕਉੜਾ ਖਾਇਆ ॥

مِٹھا کرِ کے کئڑا کھائیا ॥

ਤਿਨਿ ਕਉੜੈ ਤਨਿ ਰੋਗੁ ਜਮਾਇਆ ॥
تِنِ کنڑے تنِ روگُ جمائیا ॥

ਜੇ ਫਿਰਿ ਮਿਠਾ ਪੇੜੈ ਪਾਇ ॥
جے پھِرِ مِٹھا پیڑے پاءِ ॥

ਤਉ ਕਉੜਤਣੁ ਚੂਕਸਿ ਮਾਇ ॥
ت ءُ کنڑتنُ چوُکسِ ماءِ ۔ ॥

ਨਾਨਕ ਗੁਰਮੁਖਿ ਪਾਵੈ ਸੋਇ ॥
نانک گُرمُکھِ پاوے سوءِ ॥

ਜਿਸ ਨੋ ਪ੍ਰਾਪਤਿ ਲਿਖਿਆ ਹੋਇ ॥੨॥
جِس نو پّراپتِ لِکھیا ہوءِ ॥2॥

ਪਉੜੀ ॥
پئڑی ॥

ਜਿਨ ਕੈ ਹਿਰਦੈ ਮੈਲੁ ਕਪਟੁ ਹੈ
ਬਾਹਰੁ ਧੋਵਾਇਆ ॥
جِن کے ہِردے میَلُ کپٹُ ہے
باہرُ دھووائیا ॥

ਕੂੜੁ ਕਪਟੁ ਕਮਾਵਦੇ
ਕੂੜੁ ਪਰਗਟੀ ਆਇਆ ॥
کوُڑُ کپٹُ کماودے
کوُڑُ پرگٹی آئیا ॥

ਅੰਦਰਿ ਹੋਇ ਸੁ ਨਿਕਲੈ
ਨਹ ਛਪੈ ਛਪਾਇਆ ॥
اندّرِ ہوءِ سُ نِکلے
نہ چھپے چھپائیا ॥

ਕੂੜੈ ਲਾਲਚਿ ਲਗਿਆ
ਫਿਰਿ ਜੂਨੀ ਪਾਇਆ ॥
کوُڑے لالچِ لگیا
پھِرِ جوُنی پائیا ॥

ਨਾਨਕ ਜੋ ਬੀਜੈ ਸੋ ਖਾਵਣਾ
ਕਰਤੈ ਲਿਖਿ ਪਾਇਆ ॥੧੫॥
نانک جو بیجے سو کھاوٹا
کرتے لِکھِ پائیا ॥ 15 ॥

ਸਲੋਕ ਮਃ ੨ ॥
سلوک م: 2 ॥

ਕਥਾ ਕਹਾਣੀ ਬੇਦੀ ਆਣੀ
ਪਾਪੁ ਪੁੰਨੁ ਬੀਚਾਰੁ ॥
کتھا کہانی بیدیں آنی
پاپُ پُنّنُ بیچارُ ॥

ਦੇ ਦੇ ਲੈਣਾ ਲੈ ਲੈ ਦੇਣਾ
ਨਰਕਿ ਸੁਰਗਿ ਅਵਤਾਰ ॥
دے دے لینّا لے لے دینّا
نرکِ سُرگِ اوتار ॥

ਉਤਮ ਮਧਿਮ ਜਾਤੀਂ ਜਿਨਸੀ
ਭਰਮਿ ਭਵੈ ਸੰਸਾਰੁ ॥
اُتم مدھِم جاتیں جِنسی
بھرمِ بھوے سنّسارُ ॥

ਅੰਮ੍ਰਿਤ ਬਾਣੀ ਤਤੁ ਵਖਾਣੀ
ਗਿਆਨ ਧਿਆਨ ਵਿਚਿ ਆਈ ॥
انمّرِت باٹی تتُ وکھاٹی

گیان دھیان وِچ آئی ॥

ਗੁਰਮੁਖਿ ਆਖੀ ਗੁਰਮੁਖਿ ਜਾਤੀ
ਸੁਰਤੀ ਕਰਮਿ ਧਿਆਈ ॥

گُرمُکھِ آکھی گُرمُکھِ جاتی
سُرتیں کرمِ دھیائی ॥

ਹੁਕਮੁ ਸਾਜਿ ਹੁਕਮੈ ਵਿਚਿ ਰਖੈ
ਹੁਕਮੈ ਅੰਦਰਿ ਵੇਖੈ ॥

حُکمُ ساجِ حُکمےَ وِچ رکھےَ
حُکمےَ اندرِ ویکھےَ ॥

ਨਾਨਕ ਅਗਹੁ ਹਉਮੈ ਤੁਟੈ
ਤਾਂ ਕੋ ਲਿਖੀਐ ਲੇਖੈ ॥੧॥

نانک اگہُ ہئُمےَ ٹُٹےَ
تاں کو لِکھیئےَ لیکھےَ ॥1॥

ਮਃ ੧ ॥

م: 1 ॥

ਬੇਦੁ ਪੁਕਾਰੇ ਪੁੰਨੁ ਪਾਪੁ
ਸੁਰਗ ਨਰਕ ਕਾ ਬੀਉ ॥

بیدُ پُکارے پُنّنُ پاپُ
سُرگ نرک کا بِیءُ ॥

ਜੋ ਬੀਜੈ ਸੋ ਉਗਵੈ
ਖਾਂਦਾ ਜਾਣੈ ਜੀਉ ॥

جو بیجےَ سو اُگوےَ
کھانْدا جانْے جیءُ ॥

ਗਿਆਨੁ ਸਲਾਹੇ ਵਡਾ ਕਰਿ
ਸਚੋ ਸਚਾ ਨਾਉ ॥

گیانُ سلاہے وڈا کرِ
سچو سچا ناءُ ॥

ਸਚੁ ਬੀਜੈ ਸਚੁ ਉਗਵੈ
ਦਰਗਹ ਪਾਈਐ ਥਾਉ ॥

سچُ بیجےَ سچُ اُگوےَ
درگہ پائیئےَ تھاءُ ॥

ਬੇਦੁ ਵਪਾਰੀ ਗਿਆਨੁ ਰਾਸਿ
ਕਰਮੀ ਪਲੈ ਹੋਇ ॥

بیدُ وپاری گیانُ راسِ
کرمی پلےَ ہوءِ ॥

ਨਾਨਕ ਰਾਸੀ ਬਾਹਰਾ
ਲਦਿ ਨ ਚਲਿਆ ਕੋਇ ॥੨॥

نانک راسی باہرا
لدِ ن چلیا کوءِ ॥2॥

ਪਉੜੀ ॥

پئُڑی ॥

ਨਿੰਮੁ ਬਿਰਖੁ ਬਹੁ ਸੰਚੀਐ
ਅੰਮ੍ਰਿਤ ਰਸੁ ਪਾਇਆ ॥

نِنّمُ بِرکھُ بہُ سنچیئےَ
انّمرِت رسُ پائیا ॥

ਬਿਸੀਅਰੁ ਮੰਤ੍ਰਿ ਵਿਸਾਹੀਐ
ਬਹੁ ਦੂਧੁ ਪੀਆਇਆ ॥

بِسیئرُ منّترِ وِساہیئےَ
بہُ دوُدھُ پیِیائیا ॥

ਮਨਮੁਖੁ ਅਭਿੰਨੁ ਨ ਭਿਜਈ
ਪਥਰੁ ਨਾਵਾਇਆ ॥

ਬਿਖੁ ਮਹਿ ਅੰਮ੍ਰਿਤੁ ਸਿੰਚੀਐ
ਬਿਖੁ ਕਾ ਫਲੁ ਪਾਇਆ ॥

ਨਾਨਕ ਸੰਗਤਿ ਮੇਲਿ ਹਰਿ
ਸਭ ਬਿਖੁ ਲਹਿ ਜਾਇਆ ॥੧੬॥

ਸਲੋਕ ਮਃ ੧ ॥

ਮਰਣਿ ਨ ਮੂਰਤੁ ਪੁਛਿਆ
ਪੁਛੀ ਥਿਤਿ ਨ ਵਾਰੁ ॥

ਇਕਨੀ ਲਦਿਆ ਇਕਿ ਲਦਿ ਚਲੇ
ਇਕਨੀ ਬਧੇ ਭਾਰ ॥

ਇਕਨਾ ਹੋਈ ਸਾਖਤੀ
ਇਕਨਾ ਹੋਈ ਸਾਰ ॥

ਲਸਕਰ ਸਣੇ ਦਮਾਮਿਆ
ਛੁਟੇ ਬੰਕ ਦੁਆਰ ॥

ਨਾਨਕ ਢੇਰੀ ਛਾਰੁ ਕੀ
ਭੀ ਫਿਰਿ ਹੋਈ ਛਾਰ ॥੧॥

ਮਃ ੧ ॥

ਨਾਨਕ ਢੇਰੀ ਢਹਿ ਪਈ
ਮਿਟੀ ਸੰਦਾ ਕੋਟੁ ॥

ਭੀਤਰਿ ਚੋਰੁ ਬਹਾਲਿਆ
ਖੋਟੁ ਵੇ ਜੀਆ ਖੋਟੁ ॥੨॥

ਪਉੜੀ ॥

ਜਿਨ ਅੰਦਰਿ ਨਿੰਦਾ ਦੁਸਟੁ ਹੈ
ਨਕ ਵਢੇ ਨਕ ਵਢਾਇਆ ॥

منمُکھ ابھِنّ ن بھِجئی
پتھرُ ناوائیا ॥

بِکھ مہِ انمّرِتُ سِنچیئے
بِکھ کا پھلُ پائیا ॥

نانک سنگتِ میلِ ہرِ
سبھ بِکھ لہِ جائیا ॥ 16 ॥

سلوک م: 1 ॥

مرنِ ن مُورتُ پُچھیا
پُچھی تھِتِ ن وارُ ॥

اِکنّہی لدِیا اِکِ لدِ چلے
اِکنّہی بدھے بھار ॥

اِکنّہا ہوئی ساختی
اِکنّہا ہوئی سار ॥

لشکر سنّے دمامِیا
چھُٹے بنّک دُیار ॥

نانک ڈھیری چھارُ کی
بھی پھِرِ ہوئی چھار ॥1॥

م: 1 ॥

نانک ڈھیری ڈھہِ پئی
مِٹی سنّدا کوٹُ ॥

بھِیترِ چورُ بہالِیا
کھوٹُ وے جِیا کھوٹُ ॥2॥

پئُڑی ॥

جِن انّدرِ نِنّدا دُسٹُ ہے
نک وڈھے نک وڈھائیا ॥

ਮਹਾ ਕਰੂਪ ਦੁਖੀਏ ਸਦਾ
ਕਾਲੇ ਮੁਹ ਮਾਇਆ ॥

مہا کروُپ دُکھیے سدا
کالے مُہ مائیا ॥

ਭਲਕੇ ਉਠਿ ਨਿਤ ਪਰ ਦਰਬੁ ਹਿਰਹਿ
ਹਰਿ ਨਾਮੁ ਚੁਰਾਇਆ ॥

بھلکے اُٹھِ نِت پر دربُ ہِرہِ
ہرِ نامُ چُرائیا ॥

ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ
ਰਖਿ ਲੇਹੁ ਹਰਿ ਰਾਇਆ ॥

ہرِ جیِءُ تِن کی سنگَتِ مت کرہُ
رکھِ لیہُ ہرِ رائیا ۔ ॥

ਨਾਨਕ ਪਇਐ ਕਿਰਤਿ ਕਮਾਵਦੇ
ਮਨਮੁਖਿ ਦੁਖੁ ਪਾਇਆ ॥੧੭॥

نانک پئے کِرتِ کماودے
منمُکھِ دُکھُ پائیا ॥ 17 ॥

ਸਲੋਕ ਮਃ ੪ ॥

سلوک م: 4 ॥

ਸਭੁ ਕੋਈ ਹੈ ਖਸਮ ਕਾ
ਖਸਮਹੁ ਸਭੁ ਕੋ ਹੋਇ ॥

سبھُ کوئی ہے خصم کا
کھسمہُ سبھُ کو ہوءِ ॥

ਹੁਕਮੁ ਪਛਾਣੈ ਖਸਮ ਕਾ
ਤਾ ਸਚੁ ਪਾਵੈ ਕੋਇ ॥

حُکمُ پچھاڑے خصم کا
تا سچُ پاوے کوءِ ॥

ਗੁਰਮੁਖਿ ਆਪੁ ਪਛਾਣੀਐ
ਬੁਰਾ ਨ ਦੀਸੈ ਕੋਇ ॥

گُرمُکھِ آپُ پچھاڑیئے
بُرا ن دیسے کوءِ ॥

ਨਾਨਕ ਗੁਰਮੁਖਿ ਨਾਮੁ ਧਿਆਈਐ
ਸਹਿਲਾ ਆਇਆ ਸੋਇ ॥੧॥

نانک گُرمُکھِ نامُ دھیائیے
سہِلا آئیا سوءِ ॥ 1 ॥

ਮਃ ੪ ॥

م: 4 ॥

ਸਭਨਾ ਦਾਤਾ ਆਪਿ ਹੈ
ਆਪੇ ਮੇਲਣਹਾਰੁ ॥

سبھنا داتا آپِ ہے
آپے میلنہارُ ॥

ਨਾਨਕ ਸਬਦਿ ਮਿਲੇ ਨ ਵਿਛੁੜਹਿ
ਜਿਨਾ ਸੇਵਿਆ ਹਰਿ ਦਾਤਾਰੁ ॥੨॥

نانک سبدِ مِلے ن وِچھُڑہِ
جِنا سیویا ہرِ داتارُ ॥ 2 ॥

ਪਉੜੀ ॥

پئُڑی ॥

ਗੁਰਮੁਖਿ ਹਿਰਦੈ ਸਾਂਤਿ ਹੈ
ਨਾਉ ਉਗਵਿ ਆਇਆ ॥

گُرمُکھِ ہِردے سانتِ ہے
ناءُ اُگوِ آئیا ॥

ਜਪ ਤਪ ਤੀਰਥ ਸੰਜਮ ਕਰੇ
ਮੇਰੇ ਪ੍ਰਭ ਭਾਇਆ ॥

جپ تپ تِیرتھ سنجَم کرے
میرے پربھ بھائیا ॥

ਹਿਰਦਾ ਸੁਧੁ ਹਰਿ ਸੇਵਦੇ
ਸੋਹਹਿ ਗੁਣ ਗਾਇਆ ॥

ہِردا سُدھُ ہرِ سیودے
سوہہِ گُنؤ گائیا ॥

ਮੇਰੇ ਹਰਿ ਜੀਉ ਏਵੈ ਭਾਵਦਾ
ਗੁਰਮੁਖਿ ਤਰਾਇਆ ॥

میرے ہرِ جیِءُ ایوے بھاودا
گُرمُکھِ ترائیا ॥

ਨਾਨਕ ਗੁਰਮੁਖਿ ਮੇਲਿਅਨੁ
ਹਰਿ ਦਰਿ ਸੋਹਾਇਆ ॥੧੮॥

نانک گُرمُکھِ میلِئنُ
ہرِ درِ سوہائیا ॥ 18 ॥

ਸਲੋਕ ਮਃ ੧ ॥

سلوک م: 1 ॥

ਧਨਵੰਤਾ ਇਵ ਹੀ ਕਹੈ
ਅਵਰੀ ਧਨ ਕਉ ਜਾਉ ॥

دھنونتا اِو ہی کہے
اوری دھن کءُ جاءُ ॥

ਨਾਨਕੁ ਨਿਰਧਨੁ ਤਿਤੁ ਦਿਨਿ
ਜਿਤੁ ਦਿਨਿ ਵਿਸਰੈ ਨਾਉ ॥੧॥

نانکُ نِردھنُ تِتُ دِنِ
جِتُ دِنِ وِسرے ناءُ ॥1॥

ਮਃ ੧ ॥

م: 1 ॥

ਸੂਰਜੁ ਚੜੈ ਵਿਜੋਗਿ
ਸਭਸੈ ਘਟੈ ਆਰਜਾ ॥

سوُرجُ چڑے وِجوگِ
سبھسے گھٹے آرجا ॥

ਤਨੁ ਮਨੁ ਰਤਾ ਭੋਗਿ
ਕੋਈ ਹਾਰੈ ਕੋ ਜਿਣੈ ॥

تنُ منُ رتا بھوگِ
کوئی ہارے کو جِتے ॥

ਸਭੁ ਕੋ ਭਰਿਆ ਫੂਕਿ
ਆਖਣਿ ਕਹਣਿ ਨ ਥੰਮ੍ਹੀਐ ॥

سبھُ کو بھریا پھوُکِ
آکھنِ کہنِ ن تھمّہیئے ॥

ਨਾਨਕ ਵੇਖੈ ਆਪਿ
ਫੂਕ ਕਢਾਏ ਢਹਿ ਪਵੈ ॥੨॥

نانک ویکھے آپِ
پھوُک کڈھائے ڈھہِ پوے ॥2॥

ਪਉੜੀ ॥

پئُڑی ॥

ਸਤਸੰਗਤਿ ਨਾਮੁ ਨਿਧਾਨੁ ਹੈ
ਜਿਥਹੁ ਹਰਿ ਪਾਇਆ ॥

ستسنگتِ نامُ نِدھانُ ہے
جِتھہُ ہرِ پائیا ॥

ਗੁਰ ਪਰਸਾਦੀ ਘਟਿ ਚਾਨਣਾ
ਆਨੇ੍ਰੁ ਗਵਾਇਆ ॥

گُر پرسادی گھٹِ چانٹا
آنہیرُ گوائیا ॥

ਲੋਹਾ ਪਾਰਸਿ ਭੇਟੀਐ
ਕੰਚਨੁ ਹੋਇ ਆਇਆ ॥

لوہا پارس بھیٹیئے
کنچَنُ ہوءِ آئیا ॥

ਨਾਨਕ ਸਤਿਗੁਰਿ ਮਿਲਿਐ ਨਾਉ ਪਾਈਐ
ਮਿਲਿ ਨਾਮੁ ਧਿਆਇਆ ॥

نانک ستِگُرِ ملِئے ناءُ پائیئے
مِلِ نامُ دھیائیا ॥

ਜਿਨ੍ ਕੈ ਪੋਤੈ ਪੁੰਨੁ ਹੈ
ਤਿਨ੍ੀ ਦਰਸਨੁ ਪਾਇਆ ॥੧੯॥

جِنّہ کے پوتے پُنّنُ ہے
تِنّہی درسنُ پائیا ॥ 19 ॥

ਸਲੋਕ ਮਃ ੧ ॥

سلوک م: 1 ॥

ਧ੍ਰਿਗੁ ਤਿਨਾ ਕਾ ਜੀਵਿਆ
ਜਿ ਲਿਖਿ ਲਿਖਿ ਵੇਚਹਿ ਨਾਉ ॥

دھرِگُ تِنا کا جیویا
جِ لِکھِ لِکھِ ویچہِ ناءُ ॥

ਖੇਤੀ ਜਿਨ ਕੀ ਉਜੜੈ
ਖਲਵਾੜੇ ਕਿਆ ਥਾਉ ॥

کھیتی جِن کی اُجڑے
کھلواڑے کِیا تھاءُ ۔ ॥

ਸਚੈ ਸਰਮੈ ਬਾਹਰੇ
ਅਗੈ ਲਹਹਿ ਨ ਦਾਦਿ ॥

سچے سرمے باہرے
اگے لہہِ ن دادِ ॥

ਅਕਲਿ ਏਹ ਨ ਆਖੀਐ
ਅਕਲਿ ਗਵਾਈਐ ਬਾਦਿ ॥

عقلِ ایہ ن آکھیئے
عقلِ گوائیئے بادِ ॥

ਅਕਲੀ ਸਾਹਿਬੁ ਸੇਵੀਐ
ਅਕਲੀ ਪਾਈਐ ਮਾਨੁ ॥

عقلی صاحِبُ سیویئے
عقلی پائیئے مانُ ॥

ਅਕਲੀ ਪੜਿ੍ ਕੈ ਬੁਝੀਐ
ਅਕਲੀ ਕੀਚੈ ਦਾਨੁ ॥

عقلی پڑِہ کے بُجھیئے
عقلی کیچے دانُ ॥

ਨਾਨਕੁ ਆਖੈ ਰਾਹੁ ਏਹੁ
ਹੋਰਿ ਗਲਾਂ ਸੈਤਾਨੁ ॥੧॥

نانکُ آکھے راہُ ایہُ
ہورِ گلاں شیَطانُ ॥ 1 ॥

ਮਃ ੨ ॥

م: 2 ॥

ਜੈਸਾ ਕਰੈ ਕਹਾਵੈ ਤੈਸਾ

جیَسا کرے کہاوے تیَسا

ਐਸੀ ਬਨੀ ਜਰੂਰਤਿ ॥

ایَسی بنی ضرُورتِ ॥

ਹੋਵਹਿ ਲਿੰਙ ਝਿੰਙ ਨਹ ਹੋਵਹਿ
ਐਸੀ ਕਹੀਐ ਸੂਰਤਿ ॥

ہووہِ لِنگ جھِنگ نہ ہووہِ
ایَسی کہیئے صُورتِ ॥

ਜੋ ਓਸੁ ਇਛੇ ਸੋ ਫਲੁ ਪਾਏ
ਤਾਂ ਨਾਨਕ ਕਹੀਐ ਮੂਰਤਿ ॥੨॥

جو اوسُ اِچھے سو پھلُ پائے
تاں نانک کہیئے مُورتِ ॥2॥

ਪਉੜੀ ॥

پئُڑی ॥

ਸਤਿਗੁਰੁ ਅੰਮ੍ਰਿਤ ਬਿਰਖੁ ਹੈ
ਅੰਮ੍ਰਿਤ ਰਸਿ ਫਲਿਆ ॥

ستِگُر انّمرِت بِرکھُ ہے
انّمرِت رسِ پھلِیا ॥

ਜਿਸੁ ਪਰਾਪਤਿ ਸੋ ਲਹੈ
ਗੁਰ ਸਬਦੀ ਮਿਲਿਆ ॥

جِسُ پراپتِ سو لہے
گُر سبدی مِلِیا ॥

ਸਤਿਗੁਰ ਕੈ ਭਾਣੈ ਜੋ ਚਲੈ
ਹਰਿ ਸੇਤੀ ਰਲਿਆ ॥

ستِگُر کے بھانے جو چلے
ہرِ سیتی رلِیا ॥

ਜਮਕਾਲੁ ਜੋਹਿ ਨ ਸਕਈ
ਘਟਿ ਚਾਨਣੁ ਬਲਿਆ ॥

جمکالُ جوہِ ن سکئی
گھٹِ چانڑُ بلِیا ॥

ਨਾਨਕ ਬਖਸਿ ਮਿਲਾਇਅਨੁ
ਫਿਰਿ ਗਰਭਿ ਨ ਗਲਿਆ ॥੨੦॥

نانک بخشِ مِلائینُ
پھِرِ گربھِ ن گلِیا ॥ 20 ॥

ਸਲੋਕ ਮਃ ੧ ॥

سلوک م: 1 ॥

ਸਚੁ ਵਰਤੁ ਸੰਤੋਖੁ ਤੀਰਥੁ
ਗਿਆਨੁ ਧਿਆਨੁ ਇਸਨਾਨੁ ॥

سچُ ورتُ سنتوکھُ تیرتھُ
گیانُ دھیانُ اِسنانُ ॥

ਦਇਆ ਦੇਵਤਾ ਖਿਮਾ ਜਪਮਾਲੀ
ਤੇ ਮਾਣਸ ਪਰਧਾਨ ॥

دئیا دیوتا کھما جپمالی
تے مانس پردھان ॥

ਜੁਗਤਿ ਧੋਤੀ ਸੁਰਤਿ ਚਉਕਾ
ਤਿਲਕੁ ਕਰਣੀ ਹੋਇ ॥

جُگتِ دھوتی سُرتِ چنُکا
تِلکُ کرنی ہوءِ ॥

ਭਾਉ ਭੋਜਨੁ ਨਾਨਕਾ
ਵਿਰਲਾ ਤ ਕੋਈ ਕੋਇ ॥੧॥

بھاءُ بھوجنُ نانکا
وِرلا ت کوئی کوءِ ॥1॥

ਮਹਲਾ ੩ ॥

ਨਉਮੀ ਨੇਮੁ ਸਚੁ ਜੇ ਕਰੈ ॥
ਕਾਮ ਕ੍ਰੋਧੁ ਤ੍ਰਿਸਨਾ ਉਚਰੈ ॥
ਦਸਮੀ ਦਸੇ ਦੁਆਰ ਜੇ ਠਾਕੈ
ਏਕਾਦਸੀ ਏਕੁ ਕਰਿ ਜਾਣੈ ॥
ਦੁਆਦਸੀ ਪੰਚ ਵਸਗਤਿ ਕਰਿ ਰਾਖੈ
ਤਉ ਨਾਨਕ ਮਨੁ ਮਾਨੈ ॥
ਐਸਾ ਵਰਤੁ ਰਹੀਜੈ ਪਾਡੇ
ਹੋਰ ਬਹੁਤੁ ਸਿਖ ਕਿਆ ਦੀਜੈ ॥੨॥

ਪਉੜੀ ॥

ਭੂਪਤਿ ਰਾਜੇ ਰੰਗ ਰਾਇ
ਸੰਚਹਿ ਬਿਖੁ ਮਾਇਆ ॥
ਕਰਿ ਕਰਿ ਹੇਤੁ ਵਧਾਇਦੇ
ਪਰ ਦਰਬੁ ਚੁਰਾਇਆ ॥
ਪੁਤ੍ਰ ਕਲਤ੍ਰ ਨ ਵਿਸਹਹਿ
ਬਹੁ ਪ੍ਰੀਤਿ ਲਗਾਇਆ ॥
ਵੇਖਦਿਆ ਹੀ ਮਾਇਆ ਧੁਹਿ ਗਈ
ਪਛੁਤਹਿ ਪਛੁਤਾਇਆ ॥
ਜਮ ਦਰਿ ਬਧੇ ਮਾਰੀਅਹਿ
ਨਾਨਕ ਹਰਿ ਭਾਇਆ ॥੨੧॥

ਸਲੋਕ ਮਃ ੧ ॥

ਗਿਆਨ ਵਿਹੂਣਾ ਗਾਵੈ ਗੀਤ ॥
ਭੁਖੇ ਮੁਲਾਂ ਘਰੇ ਮਸੀਤਿ ॥
ਮਖਟੂ ਹੋਇ ਕੈ ਕੰਨ ਪੜਾਏ ॥

محلا 3 ॥

نمُی نیمُ سچُ جے کرے ॥
کام کرودھُ ترِسنا اُچرے ॥
دسمی دسے دُیار جے ٹھاکے
ایکادسی ایکُ کرِ جانے ॥
دُیادسی پنچ وسگتِ کرِ راکھے
تءُ نانک منُ مانے ॥
ایَسا ورتُ رہیجے پاڈے
ہور بہُتُ سِکھ کِیا دیجے۔ ॥2॥

پئُڑی ॥

بھوُپتِ راجے رنگ راءِ
سنچّہِ بِکھُ مائِیا ॥
کرِ کرِ ہیتُ ودھائِدے
پر دربُ چُرائِیا ॥
پُتّر کلتّر ن وِسہہِ
بہُ پرّیتِ لگائِیا ॥
ویکھدِیا ہی مائِیا دھُہِ گئی
پچھُتہِ پچھُتائِیا ॥
جم درِ بدھے مارِیَہِ
نانک ہرِ بھائِیا ॥ 21 ॥

سلوک م: 1 ॥

گِیان وِہوُنا گاوے گِیت ॥
بھکھے مُلاں گھرے مسیِتِ ॥
مکھٹُو ہوءِ کے کنّن پڑائے ॥

ਫਕਰੁ ਕਰੇ ਹੋਰੁ ਜਾਤਿ ਗਵਾਏ ॥
پھکڑ کرے ہورُ زاتِ گوائے ॥

ਗੁਰੁ ਪੀਰੁ ਸਦਾਏ ਮੰਗਣ ਜਾਇ ॥
گُرُ پیرُ سدائے منگّڻ جاءِ ॥

ਤਾ ਕੈ ਮੂਲਿ ਨ ਲਗੀਐ ਪਾਇ ॥
تا کے مولِ ن لگیئے پاءِ ॥

ਘਾਲਿ ਖਾਇ ਕਿਛੁ ਹਥਹੁ ਦੇਇ ॥
گھالِ کھاءِ کچھُ ہتھہُ دےءِ ॥

ਨਾਨਕ ਰਾਹੁ ਪਛਾਣਹਿ ਸੇਇ ॥੧॥
نانک راہُ پچھاڻہِ سےءِ ॥1॥

ਮਃ ੧ ॥
م: 1 ॥

ਮਨਹੁ ਜਿ ਅੰਧੇ ਕੂਪ
ਕਹਿਆ ਬਿਰਦੁ ਨ ਜਾਣਨ੍ੀ ॥
منہُ جِ انّدھے کوُپ
کہیا بِردُ ن جاڻنّہی ॥

ਮਨਿ ਅੰਧੈ ਊਂਧੈ ਕਵਲਿ
ਦਿਸਨ੍ਿ ਖਰੇ ਕਰੂਪ ॥
منِ انّدھےَ اوُندھےَ کولِ
دِسنّہِ کھرے کروُپ ॥

ਇਕਿ ਕਹਿ ਜਾਣਹਿ ਕਹਿਆ ਬੁਝਹਿ
ਤੇ ਨਰ ਸੁਘੜ ਸਰੂਪ ॥
اِکِ کہِ جاڻہِ کہیا بُجھہِ
تے نر سُگھڑ سروُپ ॥

ਇਕਨਾ ਨਾਦ ਨ ਬੇਦ ਨ ਗੀਅ ਰਸੁ
ਰਸ ਕਸ ਨ ਜਾਣੰਤਿ ॥
اِکنا ناد ن بید ن گیء رسُ
رس کس ن جاڻنّتِ ॥

ਇਕਨਾ ਸੁਧਿ ਨ ਬੁਧਿ ਨ ਅਕਲਿ ਸਰ
ਅਖਰ ਕਾ ਭੇਉ ਨ ਲਹੰਤਿ ॥
اِکنا سُدھِ ن بُدھِ ن عقلِ سر
اکھر کا بھیءُ ن لہنّتِ ॥

ਨਾਨਕ ਸੇ ਨਰ ਅਸਲਿ ਖਰ
ਜਿ ਬਿਨੁ ਗੁਣ ਗਰਬੁ ਕਰੰਤਿ ॥੨॥
نانک سے نر نصلِ کھر
جِ بِنُ گُڻ گربُ کرنّتِ ॥2॥

ਪਉੜੀ ॥
پئڑی ॥

ਗੁਰਮੁਖਿ ਸਭ ਪਵਿਤੁ ਹੈ
ਧਨੁ ਸੰਪੈ ਮਾਇਆ ॥
گُرمُکھِ سبھ پوِتُ ہےَ
دھنُ سنّپےَ مائیا ॥

ਹਰਿ ਅਰਥਿ ਜੋ ਖਰਚਦੇ
ਦੇਂਦੇ ਸੁਖੁ ਪਾਇਆ ॥
ہرِ ارتھِ جو خرچدے
دیندے سُکھُ پائیا ॥

ਜੋ ਹਰਿ ਨਾਮੁ ਧਿਆਇਦੇ
ਤਿਨ ਤੋਟਿ ਨ ਆਇਆ ॥
جو ہرِ نامُ دھیائِدے

ਗੁਰਮੁਖਾਂ ਨਦਰੀ ਆਵਦਾ
ਮਾਇਆ ਸੁਟਿ ਪਾਇਆ ॥

ਨਾਨਕ ਭਗਤਾਂ ਹੋਰੁ ਚਿਤਿ ਨ ਆਵਈ
ਹਰਿ ਨਾਮਿ ਸਮਾਇਆ ॥੨੨॥

ਸਲੋਕ ਮਃ ੪ ॥

ਸਤਿਗੁਰੁ ਸੇਵਨਿ ਸੇ ਵਡਭਾਗੀ ॥

ਸਚੈ ਸਬਦਿ ਜਿਨ੍ਹਾ ਏਕ ਲਿਵ ਲਾਗੀ ॥

ਗਿਰਹ ਕੁਟੰਬ ਮਹਿ ਸਹਜਿ ਸਮਾਧੀ ॥

ਨਾਨਕ ਨਾਮਿ ਰਤੇ
ਸੇ ਸਚੇ ਬੈਰਾਗੀ ॥੧॥

ਮਃ ੪ ॥

ਗਣਤੈ ਸੇਵ ਨ ਹੋਵਈ
ਕੀਤਾ ਥਾਇ ਨ ਪਾਇ ॥

ਸਬਦੈ ਸਾਦੁ ਨ ਆਇਓ
ਸਚਿ ਨ ਲਗੋ ਭਾਉ ॥

ਸਤਿਗੁਰੁ ਪਿਆਰਾ ਨ ਲਗਈ
ਮਨਹਠਿ ਆਵੈ ਜਾਇ ॥

ਜੇ ਇਕ ਵਿਖ ਅਗਾਹਾ ਭਰੇ
ਤਾਂ ਦਸ ਵਿਖਾਂ ਪਿਛਾਹਾ ਜਾਇ ॥

ਸਤਿਗੁਰ ਕੀ ਸੇਵਾ ਚਾਕਰੀ
ਜੇ ਚਲਹਿ ਸਤਿਗੁਰ ਭਾਇ ॥

ਆਪੁ ਗਵਾਇ ਸਤਿਗੁਰੂ ਨੋ ਮਿਲੈ
ਸਹਜੇ ਰਹੈ ਸਮਾਇ ॥

ਨਾਨਕ ਤਿਨ੍ਹਾ ਨਾਮੁ ਨ ਵੀਸਰੈ

تِن توٹِ ن آئِیا ॥

گُرمُکھاں ندری آودا
مائِیا سُٹِ پائِیا ॥

نانک بھگتاں ہورُ چِتِ ن آوئی
ہرِ نامِ سمائِیا ॥ 22 ॥

سلوک م: 4 ॥

ستِگُر سیونِ سے وڈبھاگی ॥

سچے سبدِ جِنّہا ایک لِو لاگی ॥

گِرہ کُٹنّب مہِ سہجِ سمادھی ॥

نانک نامِ رتے
سے سچے بیَراگی ॥ 1 ॥

م: 4 ॥

گنّتے سیو ن ہووئی
کِیتا تھاءِ ن پاءِ ॥

سبدے سادُ ن آئِئو
سچِ ن لگو بھاءُ ॥

ستِگُر پیارا ن لگئی
منہٹھِ آوے جاءِ ॥

جے اِک وِکھ اگاہا بھرے
تاں دس وِکھاں پچھاہا جاءِ ॥

ستِگُر کی سیوا چاکری
جے چلہِ ستِگُر بھاءِ ॥

آپُ گواءِ ستِگُروُ نو مِلے
سہجے رہے سماءِ ॥

نانک تِنّہا نامُ ن ویسرے

ਸਚੇ ਮੇਲਿ ਮਿਲਾਇ ॥੨॥

سچے میلِ مِلاءِ ॥2॥

ਪਉੜੀ ॥

پئُڑی ॥

ਖਾਨ ਮਲੂਕ ਕਹਾਇਦੇ
ਕੋ ਰਹਣੁ ਨ ਪਾਈ ॥

خان ملوُک کہائِدے
کو رہنُ ن پائی ॥

ਗੜ੍ਹ ਮੰਦਰ ਗਚ ਗੀਰੀਆ
ਕਿਛੁ ਸਾਥਿ ਨ ਜਾਈ ॥

گڑھ مندر گچ گیرییا
کِچھُ ساتھِ ن جائی ॥

ਸੋਇਨ ਸਾਖਤਿ ਪਉਣ ਵੇਗ
ਧ੍ਰਿਗੁ ਧ੍ਰਿਗੁ ਚਤੁਰਾਈ ॥

سوئِن ساکھتِ پئُنُ ویگ
دھرِگُ دھرِگُ چترائی ॥

ਛਤੀਹ ਅੰਮ੍ਰਿਤ ਪਰਕਾਰ ਕਰਹਿ
ਬਹੁ ਮੈਲੁ ਵਧਾਈ ॥

چھتیہِ انمرِت پرکار کرہِ
بہُ میَلُ ودھائی ॥

ਨਾਨਕ ਜੋ ਦੇਵੈ ਤਿਸਹਿ ਨ ਜਾਣਨ੍ੀ
ਮਨਮੁਖਿ ਦੁਖੁ ਪਾਈ ॥੨੩॥

نانک جو دیوے تِسہِ ن جانّہی
منمُکھِ دُکھُ پائی ॥ 23 ॥

ਸਲੋਕ ਮਃ ੩ ॥

سلوک م: 3 ॥

ਪੜ੍ਹਿ ਪੜ੍ਹਿ ਪੰਡਿਤ ਮੋਨੀ ਥਕੇ
ਦੇਸੰਤਰ ਭਵਿ ਥਕੇ ਭੇਖਧਾਰੀ ॥

پڑھِ پڑھِ پنڈِت مونی تھکے
دیسنّتر بھوِ تھکے بھیکھدھاری ॥

ਦੂਜੇ ਭਾਇ ਨਾਉ ਕਦੇ ਨ ਪਾਇਨਿ
ਦੁਖੁ ਲਾਗਾ ਅਤਿ ਭਾਰੀ ॥

دوُجے بھاءِ ناءُ کدے ن پائِنِ
دُکھُ لاگا اتِ بھاری ॥

ਮੂਰਖ ਅੰਧੇ ਤ੍ਰੈ ਗੁਣ ਸੇਵਹਿ
ਮਾਇਆ ਕੈ ਬਿਉਹਾਰੀ ॥

موُرکھ اندھے ترّے گُنُ سیوہِ
مائیا کے بِہُاری ॥

ਅੰਦਰਿ ਕਪਟੁ ਉਦਰੁ ਭਰਣ ਕੈ ਤਾਈ
ਪਾਠ ਪੜਹਿ ਗਾਵਾਰੀ ॥

اندرِ کپٹُ اُدرُ بھرنُ کے تائی
پاٹھ پڑھِ گاواری ॥

ਸਤਿਗੁਰੁ ਸੇਵੇ ਸੋ ਸੁਖੁ ਪਾਏ
ਜਿਨ ਹਉਮੈ ਵਿਚਹੁ ਮਾਰੀ ॥

ستِگُرُ سیوے سو سُکھُ پائے
جِن ہئُمےَ وِچہُ ماری ॥

ਨਾਨਕ ਪੜਣਾ ਗੁਨਣਾ ਇਕੁ ਨਾਉ ਹੈ
ਬੂਝੈ ਕੋ ਬੀਚਾਰੀ ॥੧॥

نانک پڑنا گُنتا اِکُ ناءُ ہے
بوُجھےَ کو بیچاری ॥ 1 ॥

ਮਃ ੩ ॥

نانگے آوٹا نانگے جاٹا
ہرِ حُکمُ پائیا کیا کیجے۔ ॥

ਨਾਂਗੇ ਆਵਣਾ ਨਾਂਗੇ ਜਾਣਾ
ਹਰਿ ਹੁਕਮੁ ਪਾਇਆ ਕਿਆ ਕੀਜੈ ॥

جِس کی وسٹ سوئی لے جائِگا
روس کِسے سِءُ کیجے۔ ॥

ਜਿਸ ਕੀ ਵਸਤੁ ਸੋਈ ਲੈ ਜਾਇਗਾ
ਰੋਸੁ ਕਿਸੈ ਸਿਉ ਕੀਜੈ ॥

گُرمُکھِ ہووے سُ بھاٹا منّے
سہجے ہرِ رسُ پیجے ॥

ਗੁਰਮੁਖਿ ਹੋਵੈ ਸੁ ਭਾਣਾ ਮੰਨੇ
ਸਹਜੇ ਹਰਿ ਰਸੁ ਪੀਜੈ ॥

نانک سُکھداتا سدا سلاہِہُ
رسنا رامُ رویجے ॥2॥

ਨਾਨਕ ਸੁਖਦਾਤਾ ਸਦਾ ਸਲਾਹਿਹੁ
ਰਸਨਾ ਰਾਮੁ ਰਵੀਜੈ ॥੨॥

ਪਉੜੀ ॥

پئڑی ॥

گڑِہِ کائیا سیگار
بہُ بھانتِ بنائی ॥

ਗੜਿ੍ ਕਾਇਆ ਸੀਗਾਰ
ਬਹੁ ਭਾਂਤਿ ਬਣਾਈ ॥

رنگ پرنگ قطیفیا
پہِرہِ دھر مائی ॥

ਰੰਗ ਪਰੰਗ ਕਤੀਫਿਆ
ਪਹਿਰਹਿ ਧਰ ਮਾਈ ॥

لال سُپید دُلیچیا
بہُ سبھا بنائی ॥

ਲਾਲ ਸੁਪੇਦ ਦੁਲੀਚਿਆ
ਬਹੁ ਸਭਾ ਬਣਾਈ ॥

دُکھُ کھاٹا دُکھُ بھوگنا
گربے گربائی ॥

ਦੁਖੁ ਖਾਣਾ ਦੁਖੁ ਭੋਗਣਾ
ਗਰਬੈ ਗਰਬਾਈ ॥

نانک نامُ ن چیتئو
انّتِ لئے چھڈائی ॥ 24 ॥

ਨਾਨਕ ਨਾਮੁ ਨ ਚੇਤਿਓ
ਅੰਤਿ ਲਏ ਛਡਾਈ ॥੨੪॥

ਸਲੋਕ ਮਃ ੩ ॥

سلوک م: 3 ॥

ਸਹਜੇ ਸੁਖਿ ਸੁਤੀ ਸਬਦਿ ਸਮਾਇ ॥

سہجے سُکھِ سُتی سبدِ سماءِ ॥

ਆਪੇ ਪ੍ਰਭਿ ਮੇਲਿ ਲਈ ਗਲਿ ਲਾਇ ॥

آپے پربھِ میلِ لئی گلِ لاءِ ॥

ਦੁਬਿਧਾ ਚੂਕੀ ਸਹਜਿ ਸੁਭਾਇ ॥

دُبِدھا چوُکی سہجِ سُبھاءِ ॥

ਅੰਤਰਿ ਨਾਮੁ ਵਸਿਆ ਮਨਿ ਆਇ ॥
انتر نامُ وسِیا منِ آءِ ॥

ਸੇ ਕੰਠਿ ਲਾਏ ਜਿ ਭੰਨਿ ਘੜਾਇ ॥
سے کنٹھِ لائے جِ بھنّنِ گھڑاءِ ॥

ਨਾਨਕ ਜੋ ਧੁਰਿ ਮਿਲੇ
ਸੇ ਹੁਣਿ ਆਣਿ ਮਿਲਾਇ ॥੧॥
نانک جو دھُرِ مِلے
سے ہُنِ آنِ مِلاءِ ॥1॥

ਮਃ ੩ ॥
م: 3 ॥

ਜਿਨ੍ਹੀ ਨਾਮੁ ਵਿਸਾਰਿਆ
ਕਿਆ ਜਪੁ ਜਾਪਹਿ ਹੋਰਿ ॥
جِنّہی نامُ وِسارِیا
کِیا جپُ جاپہِ ہورِ ۔ ॥

ਬਿਸਟਾ ਅੰਦਰਿ ਕੀਟ ਸੇ
ਮੁਠੇ ਧੰਧੈ ਚੋਰਿ ॥
بِسٹا انّدرِ کیٹ سے
مُٹھے دھنّدھے چورِ ॥

ਨਾਨਕ ਨਾਮੁ ਨ ਵੀਸਰੈ
ਝੂਠੇ ਲਾਲਚ ਹੋਰਿ ॥੨॥
نانک نامُ ن ویسرے
جھوُٹھے لالچ ہورِ ॥2॥

ਪਉੜੀ ॥
پئُڑی ॥

ਨਾਮੁ ਸਲਾਹਨਿ ਨਾਮੁ ਮੰਨਿ
ਅਸਥਿਰੁ ਜਗਿ ਸੋਈ ॥
نامُ سلاحنِ نامُ منّنِ
استھِرُ جگِ سوئی ॥

ਹਿਰਦੈ ਹਰਿ ਹਰਿ ਚਿਤਵੈ
ਦੂਜਾ ਨਹੀ ਕੋਈ ॥
ہِردے ہرِ ہرِ چتوے
دوُجا نہی کوئی ॥

ਰੋਮਿ ਰੋਮਿ ਹਰਿ ਉਚਰੈ
ਖਿਨੁ ਖਿਨੁ ਹਰਿ ਸੋਈ ॥
رومِ رومِ ہرِ اُچرے
کھِنُ کھِنُ ہرِ سوئی ॥

ਗੁਰਮੁਖਿ ਜਨਮੁ ਸਕਾਰਥਾ
ਨਿਰਮਲੁ ਮਲੁ ਖੋਈ ॥
گُرمُکھِ جنمُ سکارتھا
نِرملُ ملُ کھوئی ॥

ਨਾਨਕ ਜੀਵਦਾ ਪੁਰਖੁ ਧਿਆਇਆ
ਅਮਰਾ ਪਦੁ ਹੋਈ ॥੨੫॥
نانک جیِودا پُرکھُ دھیائیا
امرا پدُ ہوئی ॥ 25 ॥

ਸਲੋਕੁ ਮਃ ੩ ॥
سلوکُ م: 3 ॥

ਜਿਨੀ ਨਾਮੁ ਵਿਸਾਰਿਆ
ਬਹੁ ਕਰਮ ਕਮਾਵਹਿ ਹੋਰਿ ॥
جِنی نامُ وِسارِیا
بہُ کرم کماوہِ ہورِ ॥

ਨਾਨਕ ਜਮ ਪੁਰਿ ਬਧੇ ਮਾਰੀਅਹਿ
ਜਿਉ ਸੰਨ੍ਹੀ ਉਪਰਿ ਚੋਰ ॥੧॥

نانک جم پُر بدھے ماریَہِ
جِءُ سنّہی اُپر چور ॥1॥

ਮਃ ੫ ॥

م: 5 ॥

ਧਰਤਿ ਸੁਹਾਵੜੀ ਆਕਾਸੁ ਸੁਹੰਦਾ
ਜਪੰਦਿਆ ਹਰਿ ਨਾਉ ॥

دھرتِ سُہاوڑی آکاسُ سُہندا
جپندِیا ہرِ ناءُ ॥

ਨਾਨਕ ਨਾਮ ਵਿਹੂਣਿਆ
ਤਿਨ੍ ਤਨ ਖਾਵਹਿ ਕਾਉ ॥੨॥

نانک نام وِہوُٹیا
تِنّہ تن کھاوہِ کاءُ ॥2॥

ਪਉੜੀ ॥

پئُڑی ॥

ਨਾਮੁ ਸਲਾਹਨਿ ਭਾਉ ਕਰਿ
ਨਿਜ ਮਹਲੀ ਵਾਸਾ ॥

نامُ سلاحنِ بھاءُ کرِ
نِج محلی واسا ॥

ਓਇ ਬਾਹੁੜਿ ਜੋਨਿ ਨ ਆਵਨੀ
ਫਿਰਿ ਹੋਹਿ ਨ ਬਿਨਾਸਾ ॥

اوءِ باہُڑِ جونِ ن آونی
پھِرِ ہوہِ ن بِناسا ॥

ਹਰਿ ਸੇਤੀ ਰੰਗਿ ਰਵਿ ਰਹੇ
ਸਭ ਸਾਸ ਗਿਰਾਸਾ ॥

ہرِ سیتی رنگِ روِ رہے
سبھ ساس گِراسا ॥

ਹਰਿ ਕਾ ਰੰਗੁ ਕਦੇ ਨ ਉਤਰੈ
ਗੁਰਮੁਖਿ ਪਰਗਾਸਾ ॥

ہرِ کا رنگُ کدے ن اُترے
گُرمُکھِ پرگاسا ॥

ਓਇ ਕਿਰਪਾ ਕਰਿ ਕੈ ਮੇਲਿਅਨੁ
ਨਾਨਕ ਹਰਿ ਪਾਸਾ ॥੨੬॥

اوءِ کِرپا کرِ کے میلِئنُ
نانک ہرِ پاسا ॥ 26 ॥

ਸਲੋਕ ਮਃ ੩ ॥

سلوک م: 3 ॥

ਜਿਚਰੁ ਇਹੁ ਮਨੁ ਲਹਰੀ ਵਿਚਿ ਹੈ
ਹਉਮੈ ਬਹੁਤੁ ਅਹੰਕਾਰੁ ॥

جِچرُ اِہُ منُ لہری وِچِ ہے
ہئُمے بہُتُ اہنکارُ ॥

ਸਬਦੈ ਸਾਦੁ ਨ ਆਵਈ
ਨਾਮਿ ਨ ਲਗੈ ਪਿਆਰੁ ॥

سبدے سادُ ن آوئی
نامِ ن لگے پیارُ ॥

ਸੇਵਾ ਥਾਇ ਨ ਪਵਈ ਤਿਸ ਕੀ
ਖਪਿ ਖਪਿ ਹੋਇ ਖੁਆਰੁ ॥

سیوا تھاءِ ن پوئی تِس کی
کھپِ کھپِ ہوءِ خُیارُ ॥

ਨਾਨਕ ਸੇਵਕੁ ਸੋਈ ਆਖੀਐ
ਜੋ ਸਿਰੁ ਧਰੇ ਉਤਾਰਿ ॥

ਸਤਿਗੁਰ ਕਾ ਭਾਣਾ ਮੰਨਿ ਲਏ
ਸਬਦੁ ਰਖੈ ਉਰ ਧਾਰਿ ॥੧॥

ਮਃ ੩ ॥

ਸੋ ਜਪੁ ਤਪੁ ਸੇਵਾ ਚਾਕਰੀ
ਜੋ ਖਸਮੈ ਭਾਵੈ ॥

ਆਪੇ ਬਖਸੇ ਮੇਲਿ ਲਏ
ਆਪਤੁ ਗਵਾਵੈ ॥

ਮਿਲਿਆ ਕਦੇ ਨ ਵੀਛੁੜੈ
ਜੋਤੀ ਜੋਤਿ ਮਿਲਾਵੈ ॥

ਨਾਨਕ ਗੁਰ ਪਰਸਾਦੀ ਸੋ ਬੁਝਸੀ
ਜਿਸੁ ਆਪਿ ਬੁਝਾਵੈ ॥੨॥

ਪਉੜੀ ॥

ਸਭੁ ਕੋ ਲੇਖੇ ਵਿਚਿ ਹੈ
ਮਨਮੁਖੁ ਅਹੰਕਾਰੀ ॥

ਹਰਿ ਨਾਮੁ ਕਦੇ ਨ ਚੇਤਈ
ਜਮਕਾਲੁ ਸਿਰਿ ਮਾਰੀ ॥

ਪਾਪ ਬਿਕਾਰ ਮਨੂਰ ਸਭਿ
ਲਦੇ ਬਹੁ ਭਾਰੀ ॥

ਮਾਰਗੁ ਬਿਖਮੁ ਡਰਾਵਣਾ
ਕਿਉ ਤਰੀਐ ਤਾਰੀ ॥

ਨਾਨਕ ਗੁਰਿ ਰਾਖੇ ਸੇ ਉਬਰੇ
ਹਰਿ ਨਾਮਿ ਉਧਾਰੀ ॥੨੭॥

ਸਲੋਕ ਮਃ ੩ ॥

نانک سیوکُ سوئی آکھیئے
جو سِرُ دھرے اُتارِ ॥

ستِگُر کا بھاٹا منّنِ لے
سبدُ رکھے اُر دھارِ ॥1॥

م: 3 ॥

سو جپُ تپُ سیوا چاکری
جو خصے بھاوے ॥

آپے بخشے میلِ لے
آپتُ گواوے ॥

مِلیا کدے ن وِچھُڑے
جوتی جوتِ مِلاوے ॥

نانک گُر پرسادی سو بُجھسی
جِسُ آپِ بُجھاوے ॥2॥

پئُڑی ॥

سبھُ کو لیکھے وِچ ہے
منمُکھُ اہنکاری ॥

ہرِ نامُ کدے ن چیتئی
جمکالُ سِر ماری ॥

پاپ بِکار منوُر سبھِ
لدے بہُ بھاری ॥

مارگُ بِکھمُ ڈراوٹا
کِءُ ترِیئے تاری ۔ ॥

نانک گُرِ راکھے سے اُبرے
ہرِ نامِ اُدھاری ॥ 27 ॥

سلوک م: 3 ॥

ਵਿਣੁ ਸਤਿਗੁਰ ਸੇਵੇ ਸੁਖੁ ਨਹੀ
ਮਰਿ ਜੰਮਹਿ ਵਾਰੋ ਵਾਰ ॥

وِنُ ستِگُر سیوے سُکھُ نہی
مرِ جنّمہِ وارو وار ॥

ਮੋਹ ਠਗਉਲੀ ਪਾਈਅਨੁ
ਬਹੁ ਦੂਜੈ ਭਾਇ ਵਿਕਾਰ ॥

موہ ٹھگئلی پائیَنُ
بہُ دوُجے بھاءِ وِکار ॥

ਇਕਿ ਗੁਰ ਪਰਸਾਦੀ ਉਬਰੇ
ਤਿਸੁ ਜਨ ਕਉ ਕਰਹਿ ਸਭਿ ਨਮਸਕਾਰ ॥

اِکِ گُر پرسادی اُبرے
تِس جن ک ءُ کرہِ سبھِ نمسکار ॥

ਨਾਨਕ ਅਨਦਿਨੁ ਨਾਮੁ ਧਿਆਇ ਤੂ ਅੰਤਰਿ
ਜਿਤੁ ਪਾਵਹਿ ਮੋਖ ਦੁਆਰ ॥੧॥

نانک اندِنُ نامُ دھِیاءِ توُ انّترِ
جِتُ پاوہِ موکھ دُیار ॥1॥

ਮਃ ੩ ॥

م: 3 ॥

ਮਾਇਆ ਮੋਹਿ ਵਿਸਾਰਿਆ
ਸਚੁ ਮਰਣਾ ਹਰਿ ਨਾਮੁ ॥

مائیا موہِ وِسارِیا
سچُ مرٹا ہرِ نامُ ॥

ਧੰਧਾ ਕਰਤਿਆ ਜਨਮੁ ਗਇਆ
ਅੰਦਰਿ ਦੁਖੁ ਸਹਾਮੁ ॥

دھندّھا کرتیا جنمُ گئیا
اندّرِ دُکھُ سہامُ ॥

ਨਾਨਕ ਸਤਿਗੁਰੁ ਸੇਵਿ ਸੁਖੁ ਪਾਇਆ
ਜਿਨ੍ ਪੂਰਬਿ ਲਿਖਿਆ ਕਰਾਮੁ ॥੨॥

نانک ستِگُرُ سیوِ سُکھُ پائیَا
جِنّہ پوُربِ لِکھیا کرامُ ॥2॥

ਪਉੜੀ ॥

پئُڑی ॥

ਲੇਖਾ ਪੜੀਐ ਹਰਿ ਨਾਮੁ
ਫਿਰਿ ਲੇਖੁ ਨ ਹੋਈ ॥

لیکھا پڑیےَ ہرِ نامُ
پھِرِ لیکھُ ن ہوئی ॥

ਪੁਛਿ ਨ ਸਕੈ ਕੋਇ
ਹਰਿ ਦਰਿ ਸਦ ਢੋਈ ॥

پُچھِ ن سکےَ کوءِ
ہرِ درِ سد ڈھوئی ॥

ਜਮਕਾਲੁ ਮਿਲੈ ਦੇ ਭੇਟ
ਸੇਵਕੁ ਨਿਤ ਹੋਈ ॥

جمکالُ مِلےَ دے بھیٹ
سیوکُ نِت ہوئی ॥

ਪੂਰੇ ਗੁਰ ਤੇ ਮਹਲੁ ਪਾਇਆ
ਪਤਿ ਪਰਗਟੁ ਲੋਈ ॥

پوُرے گُر تے محلُ پائیَا
پتِ پرگٹُ لوئی ॥

ਨਾਨਕ ਅਨਹਦ ਧੁਨੀ ਦਰਿ ਵਜਦੇ

نانک انہد دھُنی درِ وجدے

ਮਿਲਿਆ ਹਰਿ ਸੋਈ ॥੨੮॥

ਸਲੋਕ ਮਃ ੩ ॥

ਗੁਰ ਕਾ ਕਹਿਆ ਜੇ ਕਰੇ
ਸੁਖੀ ਹੂ ਸੁਖੁ ਸਾਰੁ ॥

ਗੁਰ ਕੀ ਕਰਣੀ ਭਉ ਕਟੀਐ
ਨਾਨਕ ਪਾਵਹਿ ਪਾਰੁ ॥੧॥

ਮਃ ੩ ॥

ਸਚੁ ਪੁਰਾਣਾ ਨਾ ਥੀਐ
ਨਾਮੁ ਨ ਮੈਲਾ ਹੋਇ ॥

ਗੁਰ ਕੈ ਭਾਣੇ ਜੇ ਚਲੈ
ਬਹੁੜਿ ਨ ਆਵਣੁ ਹੋਇ ॥

ਨਾਨਕ ਨਾਮਿ ਵਿਸਾਰਿਐ
ਆਵਣ ਜਾਣਾ ਦੋਇ ॥੨॥

ਪਉੜੀ ॥

ਮੰਗਤ ਜਨੁ ਜਾਚੈ ਦਾਨੁ
ਹਰਿ ਦੇਹੁ ਸੁਭਾਇ ॥

ਹਰਿ ਦਰਸਨ ਕੀ ਪਿਆਸ ਹੈ
ਦਰਸਨਿ ਤ੍ਰਿਪਤਾਇ ॥

ਖਿਨੁ ਪਲੁ ਘੜੀ ਨ ਜੀਵਊ
ਬਿਨੁ ਦੇਖੇ ਮਰਾਂ ਮਾਇ ॥

ਸਤਿਗੁਰਿ ਨਾਲਿ ਦਿਖਾਲਿਆ
ਰਵਿ ਰਹਿਆ ਸਭ ਥਾਇ ॥

ਸੁਤਿਆ ਆਪਿ ਉਠਾਲਿ ਦੇਇ
ਨਾਨਕ ਲਿਵ ਲਾਇ ॥੨੯॥

ਸਲੋਕ ਮਃ ੩ ॥

مِلیا ہرِ سوئی ॥ 28 ॥

سلوک م: 3 ॥

گُر کا کہیا جے کرے
سُکھی ہوُ سُکھُ سارُ ॥

گُر کی کرنی بھءُ کٹیئے
نانک پاوہِ پارُ ॥ 1 ॥

م: 3 ॥

سچُ پُراٹا ناتھیئے
نامُ ن میَلا ہوءِ ॥

گُر کے بھانے جے چلے
بہُڑِ ن آونُ ہوءِ ॥

نانک نامِ وِسارِئے
آونُ جاٹا دوءِ ॥ 2 ॥

پئُڑی ॥

منگت جنُ جاچےَ دانُ
ہرِ دیہُ سُبھاءِ ॥

ہرِ درسن کی پیاس ہے
درسنِ ترِپتاءِ ॥

کھِنُ پلُ گھڑی ن جیِوئوُ
بِنُ دیکھے مراں ماءِ ۔ ॥

ستِگُرِ نالِ دِکھالیا
روِ رہِیا سبھ تھاءِ ॥

سُتِیا آپِ اُٹھالِ دےءِ
نانک لِو لاءِ ॥ 29 ॥

سلوک م: 3 ॥

ਮਨਮੁਖ ਬੋਲਿ ਨ ਜਾਣਨੀ
ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥

منمکھ بولِ ن جانّہی
اونا اندرِ کامُ کرودھُ اہنکارُ ॥

ਥਾਉ ਕੁਥਾਉ ਨ ਜਾਣਨੀ
ਸਦਾ ਚਿਤਵਹਿ ਬਿਕਾਰ ॥

تھاءُ کُتھاءُ ن جانّنی
سدا چِتوہِ بِکار ॥

ਦਰਗਹ ਲੇਖਾ ਮੰਗੀਐ
ਓਥੈ ਹੋਹਿ ਕੂੜਿਆਰ ॥

درگہ لیکھا منگیئے
اوتھے ہوہِ کوڑِیار ॥

ਆਪੇ ਸ੍ਰਿਸਟਿ ਉਪਾਈਅਨੁ
ਆਪਿ ਕਰੇ ਬੀਚਾਰੁ ॥

آپے سرِسٹِ اُپائیئنُ
آپِ کرے بیچارُ ॥

ਨਾਨਕ ਕਿਸ ਨੋ ਆਖੀਐ
ਸਭੁ ਵਰਤੈ ਆਪਿ ਸਚਿਆਰੁ ॥੧॥

نانک کِس نو آکھیئے
سبھُ ورتے آپِ سچیارُ ॥1॥

ਮਃ ੩ ॥

م: 3 ॥

ਹਰਿ ਗੁਰਮੁਖਿ ਤਿਨ੍ਹੀ ਅਰਾਧਿਆ
ਜਿਨ੍ ਕਰਮਿ ਪਰਾਪਤਿ ਹੋਇ ॥

ہرِ گُرمُکھِ تِنّہی ارادھیا
جِنّہ کرمِ پراپتِ ہوءِ ॥

ਨਾਨਕ ਹਉ ਬਲਿਹਾਰੀ ਤਿਨ੍ ਕਉ
ਜਿਨ੍ ਹਰਿ ਮਨਿ ਵਸਿਆ ਸੋਇ ॥੨॥

نانک ہءُ بلِہاری تِنّہ کءُ
جِنّہ ہرِ منِ وسِیا سوءِ ॥2॥

ਪਉੜੀ ॥

پئُڑی ॥

ਆਸ ਕਰੇ ਸਭੁ ਲੋਕੁ
ਬਹੁ ਜੀਵਣੁ ਜਾਣਿਆ ॥

آس کرے سبھُ لوکُ
بہُ جیِونُ جانِیا ॥

ਨਿਤ ਜੀਵਣ ਕਉ ਚਿਤ
ਗੜ੍ ਮੰਡਪ ਸਵਾਰਿਆ ॥

نِت جیِونّ کءُ چِت
گڑّہ منڈپ سوارِیا ॥

ਵਲਵੰਚ ਕਰਿ ਉਪਾਵ
ਮਾਇਆ ਹਿਰਿ ਆਣਿਆ ॥

ولونچّ کرِ اُپاو
مائیا ہِرِ آنِیا ॥

ਜਮਕਾਲੁ ਨਿਹਾਲੇ ਸਾਸ
ਆਵ ਘਟੈ ਬੇਤਾਲਿਆ ॥

جمکالُ نِہالے ساس
آو گھٹے بیتالِیا ॥

ਨਾਨਕ ਗੁਰ ਸਰਣਾਈ ਉਬਰੇ

نانک گُر سرنائی اُبرے

ਹਰਿ ਗੁਰ ਰਖਵਾਲਿਆ ॥੩੦॥	ہرِ گُر رکھوالیا ॥ 30 ॥
ਸਲੋਕ ਮਃ ੩ ॥	سلوک م: 3 ॥
ਪੜਿ ਪੜਿ ਪੰਡਿਤ ਵਾਦੁ ਵਖਾਣਦੇ ਮਾਇਆ ਮੋਹ ਸੁਆਇ ॥	پڑِ پڑِ پنڈِت وادُ وکھاڈے مائیا موہ سُیاءِ ॥
ਦੂਜੇ ਭਾਇ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥	دوُجے بھاءِ نامُ وِسارِیا من موُرکھ مِلےَ سزاءِ ॥
ਜਿਨਿ੍ ਕੀਤੇ ਤਿਸੈ ਨ ਸੇਵਨ੍ੀ ਦੇਦਾ ਰਿਜਕੁ ਸਮਾਇ ॥	جِنّہِ کِیتے تِسےَ ن سیونّہی دیدا رِزقُ سماءِ ॥
ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵਹਿ ਜਾਇ ॥	جم کا پھاہا گلہُ ن کٹیئے پھِرِ پھِرِ آوہِ جاءِ ॥
ਜਿਨ ਕਉ ਪੂਰਬਿ ਲਿਖਿਆ ਸਤਿਗੁਰੁ ਮਿਲਿਆ ਤਿਨ ਆਇ ॥	جِن ک ءُ پوُربِ لِکھِیا ستِگُرُ مِلِیا تِن آءِ ॥
ਅਨਦਿਨੁ ਨਾਮੁ ਧਿਆਇਦੇ ਨਾਨਕ ਸਚਿ ਸਮਾਇ ॥੧॥	اندِنُ نامُ دھِیائِدے نانک سچِ سماءِ ॥1॥
ਮਃ ੩ ॥	م: 3 ॥
ਸਚੁ ਵਣਜਹਿ ਸਚੁ ਸੇਵਦੇ ਜਿ ਗੁਰਮੁਖਿ ਪੈਰੀ ਪਾਹਿ ॥	سچُ وٹّجہِ سچُ سیودے جِ گُرمُکھِ پیَری پاہِ ॥
ਨਾਨਕ ਗੁਰ ਕੈ ਭਾਣੈ ਜੇ ਚਲਹਿ ਸਹਜੇ ਸਚਿ ਸਮਾਹਿ ॥੨॥	نانک گُر کےَ بھاٹےَ جے چلہِ سہجے سچِ سماہِ ॥2॥
ਪਉੜੀ ॥	پئُڑی ॥
ਆਸਾ ਵਿਚਿ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ ॥	آسا وِچِ اتِ دُکھُ گھٹا منمُکھِ چِتُ لائِیا ॥
ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ ॥	گُرمُکھِ بھےَ نِراس پرم سُکھُ پائِیا ॥
ਵਿਚੇ ਗਿਰਹ ਉਦਾਸ	وِچے گِرہ اُداس

ਅਲਿਪਤ ਲਿਵ ਲਾਇਆ ॥

ਓਨਾ ਸੋਗੁ ਵਿਜੋਗੁ ਨ ਵਿਆਪਈ
ਹਰਿ ਭਾਣਾ ਭਾਇਆ ॥

ਨਾਨਕ ਹਰਿ ਸੇਤੀ ਸਦਾ ਰਵਿ ਰਹੇ
ਧੁਰਿ ਲਏ ਮਿਲਾਇਆ ॥੩੧॥

ਸਲੋਕ ਮਃ ੩ ॥

ਪਰਾਈ ਅਮਾਣ ਕਿਉ ਰਖੀਐ
ਦਿਤੀ ਹੀ ਸੁਖੁ ਹੋਇ ॥

ਗੁਰ ਕਾ ਸਬਦੁ ਗੁਰ ਥੈ ਟਿਕੈ
ਹੋਰ ਥੈ ਪਰਗਟੁ ਨ ਹੋਇ ॥

ਅੰਨੇ੍ ਵਸਿ ਮਾਣਕੁ ਪਇਆ
ਘਰਿ ਘਰਿ ਵੇਚਣ ਜਾਇ ॥

ਓਨਾ ਪਰਖ ਨ ਆਵਈ
ਅਢੁ ਨ ਪਲੈ ਪਾਇ ॥

ਜੇ ਆਪਿ ਪਰਖ ਨ ਆਵਈ
ਤਾਂ ਪਾਰਖੀਆ ਥਾਵਹੁ ਲਇਓ ਪਰਖਾਇ ॥

ਜੇ ਓਸੁ ਨਾਲਿ ਚਿਤੁ ਲਾਏ ਤਾਂ ਵਥੁ ਲਹੈ
ਨਉ ਨਿਧਿ ਪਲੈ ਪਾਇ ॥

ਘਰਿ ਹੋਦੈ ਧਨਿ ਜਗੁ ਭੁਖਾ ਮੁਆ
ਬਿਨੁ ਸਤਿਗੁਰ ਸੋਝੀ ਨ ਹੋਇ ॥

ਸਬਦੁ ਸੀਤਲੁ ਮਨਿ ਤਨਿ ਵਸੈ
ਤਿਥੈ ਸੋਗੁ ਵਿਜੋਗੁ ਨ ਕੋਇ ॥

ਵਸਤੁ ਪਰਾਈ ਆਪਿ ਗਰਬੁ ਕਰੇ
ਮੂਰਖੁ ਆਪੁ ਗਣਾਏ ॥

ਨਾਨਕ ਬਿਨੁ ਬੂਝੇ ਕਿਨੈ ਨ ਪਾਇਓ

الپت لِو لائیا ॥

اونا سوگُ وِجوگُ ن وِیاپئی
ہرِ بھاٹا بھائیا ॥

نانک ہرِ سیتی سدا روِ رہے
دھُرِ لئے مِلائیا ॥ 31 ॥

سلوک م: 3 ॥

پرائی اماڻ کِءُ رکھیئے
دِتی ہی سُکھُ ہوءِ ॥

گُر کا سبدُ گُر تھے ٹِکے
ہور تھے پرگٹُ ن ہوءِ ॥

انّہے وِس ماڻکُ پئیا
گھرِ گھرِ ویچڻ جاءِ ॥

اونا پرکھ ن آوئی
اڈھُ ن پلے پاءِ ॥

جے آپِ پرکھ ن آوئی
تاں پارکھیا تھاوہُ لِئوُ پرکھاءِ ॥

جے اوسُ نالِ چِتُ لائے تاں وتھُ لہے
نءُ نِدھِ پلے پاءِ ॥

گھرِ ہودے دھنِ جگُ بھکھا مُیا
بِنُ ستِگُر سوجھی ن ہوءِ ॥

سبدُ سِیتلُ منِ تنِ وسے
تِتھے سوگُ وِجوگُ ن کوءِ ॥

وستُ پرائی آپِ گربُ کرے
موُرکھُ آپُ گٹائے ॥

نانک بِنُ بوُجھے کِنے ن پائِئو

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਫਿਰਿ ਫਿਰਿ ਆਵੈ ਜਾਏ ॥੧॥

پھِرِ پھِرِ آوے جائے ॥1॥

ਮਃ ੩ ॥

م: 3 ॥

ਮਨਿ ਅਨਦੁ ਭਇਆ ਮਿਲਿਆ ਹਰਿ ਪ੍ਰੀਤਮੁ
ਸਰਸੇ ਸਜਣ ਸੰਤ ਪਿਆਰੇ ॥

منِ اندُ بھئیا مِلیا ہرِ پرِیتمُ
سرسے سجنْ سنّت پِیارے ॥

ਜੋ ਧੁਰਿ ਮਿਲੇ ਨ ਵਿਛੁੜਹਿ ਕਬਹੂ
ਜਿ ਆਪਿ ਮੇਲੇ ਕਰਤਾਰੇ ॥

جو دھُرِ مِلے ن وِچھُڑہِ کبہُو
جِ آپِ میلے کرتارے ॥

ਅੰਤਰਿ ਸਬਦੁ ਰਵਿਆ ਗੁਰੁ ਪਾਇਆ
ਸਗਲੇ ਦੂਖ ਨਿਵਾਰੇ ॥

انّترِ سبدُ روِیا گُرُ پائیا
سگلے دوُکھ نِوارے ॥

ਹਰਿ ਸੁਖਦਾਤਾ ਸਦਾ ਸਲਾਹੀ
ਅੰਤਰਿ ਰਖਾਂ ਉਰ ਧਾਰੇ ॥

ہرِ سُکھداتا سدا سلاہی
انّترِ رکھاں اُر دھارے ॥

ਮਨਮੁਖੁ ਤਿਨ ਕੀ ਬਖੀਲੀ ਕਿ ਕਰੇ
ਜਿ ਸਚੈ ਸਬਦਿ ਸਵਾਰੇ ॥

منمُکھُ تِن کی بخیلی کِ کرے
جِ سچےَ سبدِ سوارے ॥

ਓਨਾ ਦੀ ਆਪਿ ਪਤਿ ਰਖਸੀ ਮੇਰਾ ਪਿਆਰਾ
ਸਰਣਾਗਤਿ ਪਏ ਗੁਰ ਦੁਆਰੇ ॥

اونا دی آپِ پتِ رکھسی میرا پِیارا
سرنْاگتِ پےَ گُر دُیارے ॥

ਨਾਨਕ ਗੁਰਮੁਖਿ ਸੇ ਸੁਹੇਲੇ ਭਏ
ਮੁਖ ਊਜਲ ਦਰਬਾਰੇ ॥੨॥

نانک گُرمُکھِ سے سُہیلے بھےَ
مُکھ اوُجل دربارے ॥2॥

ਪਉੜੀ ॥

پئُڑی ॥

ਇਸਤਰੀ ਪੁਰਖੈ ਬਹੁ ਪ੍ਰੀਤਿ
ਮਿਲਿ ਮੋਹੁ ਵਧਾਇਆ ॥

اِستری پُرکھےَ بہُ پرّیتِ
مِلِ موہُ ودھائیا ॥

ਪੁਤ੍ਰੁ ਕਲਤ੍ਰੁ ਨਿਤ ਵੇਖੈ
ਵਿਗਸੈ ਮੋਹਿ ਮਾਇਆ ॥

پُتّرُ کلتّرُ نِت ویکھےَ
وِگسےَ موہِ مائیا ॥

ਦੇਸਿ ਪਰਦੇਸਿ ਧਨੁ ਚੋਰਾਇ
ਆਣਿ ਮੁਹਿ ਪਾਇਆ ॥

دیسِ پردیسِ دھنُ چوراءِ
آنْ مُہِ پائیا ॥

ਅੰਤਿ ਹੋਵੈ ਵੈਰ ਵਿਰੋਧੁ
ਕੋ ਸਕੈ ਨ ਛਡਾਇਆ ॥

انّتِ ہووے ویَر وِرودھُ
کو سکےَ ن چھڈائیا ॥

ਨਾਨਕ ਵਿਣੁ ਨਾਵੈ ਧ੍ਰਿਗੁ ਮੋਹੁ
ਜਿਤੁ ਲਗਿ ਦੁਖੁ ਪਾਇਆ ॥੩੨॥

نانک وِنُ ناوے دھرِگُ موہُ
جِتُ لگِ دُکھُ پائیا ॥ 32 ॥

ਸਲੋਕ ਮਃ ੩ ॥

سلوک م: 3 ॥

ਗੁਰਮੁਖਿ ਅੰਮ੍ਰਿਤੁ ਨਾਮੁ ਹੈ
ਜਿਤੁ ਖਾਧੈ ਸਭ ਭੁਖ ਜਾਇ ॥

گُرمُکھِ انمرِتُ نامُ ہے
جِتُ کھادھے سبھ بھُکھ جاءِ ॥

ਤ੍ਰਿਸਨਾ ਮੂਲਿ ਨ ਹੋਵਈ
ਨਾਮੁ ਵਸੈ ਮਨਿ ਆਇ ॥

ترِسنا مُولِ ن ہووئی
نامُ وسے منِ آءِ ॥

ਬਿਨੁ ਨਾਵੈ ਜਿ ਹੋਰੁ ਖਾਣਾ
ਤਿਤੁ ਰੋਗੁ ਲਗੈ ਤਨਿ ਧਾਇ ॥

بِنُ ناوے جِ ہورُ کھاٹا
تِتُ روگُ لگے تنِ دھاءِ ॥

ਨਾਨਕ ਰਸ ਕਸ ਸਬਦੁ ਸਲਾਹਣਾ
ਆਪੇ ਲਏ ਮਿਲਾਇ ॥੧॥

نانک رس کس سبدُ سلاحٹا
آپے لے مِلاءِ ॥ 1 ॥

ਮਃ ੩ ॥

م: 3 ॥

ਜੀਆ ਅੰਦਰਿ ਜੀਉ ਸਬਦੁ ਹੈ
ਜਿਤੁ ਸਹ ਮੇਲਾਵਾ ਹੋਇ ॥

جیِیا اندرِ جیءُ سبدُ ہے
جِتُ سہ میلاوا ہوءِ ॥

ਬਿਨੁ ਸਬਦੈ ਜਗਿ ਆਨ੍ਹੇਰੁ ਹੈ
ਸਬਦੇ ਪਰਗਟੁ ਹੋਇ ॥

بِنُ سبدے جگِ آنہیرُ ہے
سبدے پرگٹُ ہوءِ ॥

ਪੰਡਿਤ ਮੋਨੀ ਪੜਿ ਪੜਿ ਥਕੇ
ਭੇਖ ਥਕੇ ਤਨੁ ਧੋਇ ॥

پنڈِت مونی پڑِ پڑِ تھکے
بھیکھ تھکے تنُ دھوءِ ॥

ਬਿਨੁ ਸਬਦੈ ਕਿਨੈ ਨ ਪਾਇਓ
ਦੁਖੀਏ ਚਲੇ ਰੋਇ ॥

بِنُ سبدے کِنے ن پائیئو
دُکھیے چلے روءِ ॥

ਨਾਨਕ ਨਦਰੀ ਪਾਈਐ
ਕਰਮਿ ਪਰਾਪਤਿ ਹੋਇ ॥੨॥

نانک ندری پائیئے
کرمِ پراپتِ ہوءِ ॥ 2 ॥

ਪਉੜੀ ॥

پئڑی ॥

ਇਸਤ੍ਰੀ ਪੁਰਖੈ ਅਤਿ ਨੇਹੁ
ਬਹਿ ਮੰਦੁ ਪਕਾਇਆ ॥

اِستری پُرکھے اتِ نیہُ
بہِ منّدُ پکائیا ॥

ਦਿਸਦਾ ਸਭੁ ਕਿਛੁ ਚਲਸੀ
ਮੇਰੇ ਪ੍ਰਭ ਭਾਇਆ ॥

ਕਿਉ ਰਹੀਐ ਥਿਰੁ ਜਗਿ
ਕੋ ਕਢਹੁ ਉਪਾਇਆ ॥

ਗੁਰ ਪੂਰੇ ਕੀ ਚਾਕਰੀ
ਥਿਰੁ ਕੰਧੁ ਸਬਾਇਆ ॥

ਨਾਨਕ ਬਖਸਿ ਮਿਲਾਇਅਨੁ
ਹਰਿ ਨਾਮਿ ਸਮਾਇਆ ॥੩੩॥

ਸਲੋਕ ਮਃ ੩ ॥

ਮਾਇਆ ਮੋਹਿ ਵਿਸਾਰਿਆ
ਗੁਰ ਕਾ ਭਉ ਹੇਤੁ ਅਪਾਰੁ ॥

ਲੋਭਿ ਲਹਰਿ ਸੁਧਿ ਮਤਿ ਗਈ
ਸਚਿ ਨ ਲਗੈ ਪਿਆਰੁ ॥

ਗੁਰਮੁਖਿ ਜਿਨਾ ਸਬਦੁ ਮਨਿ ਵਸੈ
ਦਰਗਹ ਮੋਖ ਦੁਆਰੁ ॥

ਨਾਨਕ ਆਪੇ ਮੇਲਿ ਲਏ
ਆਪੇ ਬਖਸਣਹਾਰੁ ॥੧॥

ਮਃ ੪ ॥

ਨਾਨਕ ਜਿਸੁ ਬਿਨੁ ਘੜੀ ਨ ਜੀਵਣਾ
ਵਿਸਰੇ ਸਰੈ ਨ ਬਿੰਦ ॥

ਤਿਸੁ ਸਿਉ ਕਿਉ ਮਨ ਰੂਸੀਐ
ਜਿਸਹਿ ਹਮਾਰੀ ਚਿੰਦ ॥੨॥

ਮਃ ੪ ॥

ਸਾਵਣੁ ਆਇਆ ਝਿਮਝਿਮਾ
ਹਰਿ ਗੁਰਮੁਖਿ ਨਾਮੁ ਧਿਆਇ ॥

دِسدا سبھُ کِچھُ چلسی
میرے پربھ بھائیا ॥

کِءُ رہیئے تھِرُ جگِ
کو کڈھہُ اُپائیا ॥

گُرپُورے کی چاکری
تھِرُ کنّدھُ سبائیا ॥

نانک بخشِ مِلائینُ
ہرِ نامِ سمائیا ॥ 33 ॥

سلوک م: 3 ॥

مائیا موہِ وِسارِیا
گُر کا بھءُ ہیتُ اپارُ ॥

لوبھِ لہرِ سُدھِ متِ گئی
سچِ ن لگےَ پِیارُ ॥

گُرمُکھِ جِنا سبدُ منِ وسےَ
درگہ موکھ دُیارُ ॥

نانک آپے میلِ لے
آپے بخشنہارُ ॥1॥

م: 4 ॥

نانک جِسُ بِنُ گھڑی ن جیِوٹا
وِسرے سرےَ ن بِنّد ॥

تِسُ سِءُ کِءُ من روُسیئے
جِسہِ ہماری چِنّد ॥2॥

م: 4 ॥

ساونُ آئیا بھجھِما
ہرِ گُرمُکھِ نامُ دھِیاءِ ॥

ਦੁਖ ਭੁਖ ਕਾੜਾ ਸਭੁ ਚੁਕਾਇਸੀ
ਮੀਹੁ ਵੁਠਾ ਛਹਬਰ ਲਾਇ ॥

دُکھ بھُکھ کاڑا سبھُ چُکائِسی
میہُ وُٹھا چھہبر لاءِ ॥

ਸਭ ਧਰਤਿ ਭਈ ਹਰੀਆਵਲੀ
ਅੰਨੁ ਜੰਮਿਆ ਬੋਹਲ ਲਾਇ ॥

سبھ دھرتِ بھئی ہریاولی
انّنُ جنّمیا بوہل لاءِ ॥

ਹਰਿ ਅਚਿੰਤੁ ਬੁਲਾਵੈ ਕ੍ਰਿਪਾ ਕਰਿ
ਹਰਿ ਆਪੇ ਪਾਵੈ ਥਾਇ ॥

ہرِ اچِنّتُ بُلاوے کرِپا کرِ
ہرِ آپے پاوے تھاءِ ॥

ਹਰਿ ਤਿਸਹਿ ਧਿਆਵਹੁ ਸੰਤ ਜਨਹੁ
ਜੁ ਅੰਤੇ ਲਏ ਛਡਾਇ ॥

ہرِ تِسہِ دھِیاوہُ سنّت جنہُ
جُ انّتے لئے چھڈاءِ ॥

ਹਰਿ ਕੀਰਤਿ ਭਗਤਿ ਅਨੰਦੁ ਹੈ
ਸਦਾ ਸੁਖੁ ਵਸੈ ਮਨਿ ਆਇ ॥

ہرِ کیرتِ بھگتِ انندُ ہے
سدا سُکھُ وسے منِ آءِ ॥

ਜਿਨ੍ਹਾ ਗੁਰਮੁਖਿ ਨਾਮੁ ਅਰਾਧਿਆ
ਤਿਨਾ ਦੁਖ ਭੁਖ ਲਹਿ ਜਾਇ ॥

جِنّہا گُرمُکھِ نامُ ارادھِیا
تِنا دُکھ بھُکھ لہِ جاءِ ॥

ਜਨ ਨਾਨਕੁ ਤ੍ਰਿਪਤੈ ਗਾਇ ਗੁਣ
ਹਰਿ ਦਰਸਨੁ ਦੇਹੁ ਸੁਭਾਇ ॥੩॥

جن نانکُ تّرِپتے گاءِ گُنّ
ہرِ درسنُ دیہُ سُبھاءِ ॥3॥

ਪਉੜੀ ॥

پئُڑی ॥

ਗੁਰ ਪੂਰੇ ਕੀ ਦਾਤਿ
ਨਿਤ ਦੇਵੈ ਚੜੈ ਸਵਾਈਆ ॥

گُر پوُرے کی داتِ
نِت دیوے چڑے سوائیِیا ॥

ਤੁਸਿ ਦੇਵੈ ਆਪਿ ਦਇਆਲੁ
ਨ ਛਪੈ ਛਪਾਈਆ ॥

تُس دیوے آپِ دئیالُ
ن چھپے چھپائیِیا ॥

ਹਿਰਦੈ ਕਵਲੁ ਪ੍ਰਗਾਸੁ
ਉਨਮਨਿ ਲਿਵ ਲਾਈਆ ॥

ہِردے کولُ پّرگاسُ
اُنمنِ لِو لائیِیا ॥

ਜੇ ਕੋ ਕਰੇ ਉਸ ਦੀ ਰੀਸ
ਸਿਰਿ ਛਾਈ ਪਾਈਆ ॥

جے کو کرے اُس دی ریِس
سِرِ چھائی پائیِیا ॥

ਨਾਨਕ ਅਪੜਿ ਕੋਇ ਨ ਸਕਈ
ਪੂਰੇ ਸਤਿਗੁਰ ਕੀ ਵਡਿਆਈਆ ॥੩੪॥

نانک اپڑِ کوءِ ن سکئی
پوُرے ستِگُر کی وڈِیائیِیا ॥ 34 ॥

ਸਲੋਕ ਮਃ ੩ ॥

ਅਮਰੁ ਵੇਪਰਵਾਹੁ ਹੈ ਤਿਸੁ ਨਾਲਿ ਸਿਆਣਪ ਨ ਚਲਈ
ਨ ਹੁਜਤਿ ਕਰਣੀ ਜਾਇ ॥

ਆਪੁ ਛੋਡਿ ਸਰਣਾਇ ਪਵੈ
ਮੰਨਿ ਲਏ ਰਜਾਇ ॥

ਗੁਰਮੁਖਿ ਜਮ ਡੰਡੁ ਨ ਲਗਈ
ਹਉਮੈ ਵਿਚਹੁ ਜਾਇ ॥

ਨਾਨਕ ਸੇਵਕੁ ਸੋਈ ਆਖੀਐ
ਜਿ ਸਚਿ ਰਹੈ ਲਿਵ ਲਾਇ ॥੧॥

ਮਃ ੩ ॥

ਦਾਤਿ ਜੋਤਿ ਸਭ ਸੂਰਤਿ ਤੇਰੀ ॥

ਬਹੁਤੁ ਸਿਆਣਪ ਹਉਮੈ ਮੇਰੀ ॥

ਬਹੁ ਕਰਮ ਕਮਾਵਹਿ ਲੋਭਿ ਮੋਹਿ ਵਿਆਪੇ
ਹਉਮੈ ਕਦੇ ਨ ਚੂਕੈ ਫੇਰੀ ॥

ਨਾਨਕ ਆਪਿ ਕਰਾਏ ਕਰਤਾ
ਜੋ ਤਿਸੁ ਭਾਵੈ ਸਾਈ ਗਲ ਚੰਗੇਰੀ ॥੨॥

ਪਉੜੀ ਮਃ ੫ ॥

ਸਚੁ ਖਾਣਾ ਸਚੁ ਪੈਨਣਾ
ਸਚੁ ਨਾਮੁ ਅਧਾਰੁ ॥

ਗੁਰਿ ਪੂਰੇ ਮੇਲਾਇਆ
ਪ੍ਰਭੁ ਦੇਵਣਹਾਰੁ ॥

ਭਾਗੁ ਪੂਰਾ ਤਿਨ ਜਾਗਿਆ
ਜਪਿਆ ਨਿਰੰਕਾਰੁ ॥

ਸਾਧੂ ਸੰਗਤਿ ਲਗਿਆ
ਤਰਿਆ ਸੰਸਾਰੁ ॥

سلوک م: 3 ॥

امرُ ویپرواہُ ہے تِسُ نالِ سِیانپ ن چلئی
ن حُجتِ کرنّی جاءِ ॥

آپُ چھوڈِ سرنّاءِ پوے
منّنِ لئے رضاءِ ॥

گُرمُکھِ جم ڈنّڈُ ن لگئی
ہئُمےَ وِچہُ جاءِ ॥

نانک سیوکُ سوئی آکھیئے
جِ سچِ رہے لِو لاءِ ॥1॥

م: 3 ॥

داتِ جوتِ سبھ صوُرتِ تیری ॥

بہُتُ سِیانپ ہئُمےَ میری ॥

بہُ کرم کماوہِ لوبھِ موہِ وِیاپے
ہئُمےَ کدے ن چوُکے پھیری ॥

نانک آپِ کرائے کرتا
جو تِسُ بھاوے سائی گل چنگیری ॥2॥

پئُڑی م: 5 ॥

سچُ کھاٹا سچُ پیئنّا
سچُ نامُ ادھارُ ॥

گُرِ پوُرے میلائیا
پرّبھُ دیونّہارُ ॥

بھاگُ پوُرا تِن جاگیا
جپیا نِرنّکارُ ॥

سادھوُ سنگتِ لگیا
تریا سنّسارُ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) (ਰਾਜਾ ਸਾਹਿਬ) ਸਿਵਾ: ਭਾਈ ਮੰਜਿੰਦਰ ਸਿੰਘ ਜੀ سری گُرو نانک دیو جی مہاراج دے 550ویں پرکاش پُرب نوں سمرپت|سیوا: بھائی مجندر سنگھ جی

ਨਾਨਕ ਸਿਫਤਿ ਸਲਾਹ ਕਰਿ
ਪ੍ਰਭ ਕਾ ਜੈਕਾਰੁ ॥੩੫॥

نانک صِفتِ سلاح کرِ
پربھ کا جیکارُ ॥35॥

ਸਲੋਕ ਮਃ ੫ ॥

سلوک م: 5 ॥

ਸਭੇ ਜੀਅ ਸਮਾਲਿ
ਅਪਣੀ ਮਿਹਰ ਕਰੁ ॥

سبھے جیء سمالِ
اپنّی مِہر کرُ ॥

ਅੰਨੁ ਪਾਣੀ ਮੁਚੁ ਉਪਾਇ
ਦੁਖ ਦਾਲਦੁ ਭੰਨਿ ਤਰੁ ॥

انّنُ پانّی مُچُ اُپاءِ
دُکھ دالدُ بھنّنِ ترُ ॥

ਅਰਦਾਸਿ ਸੁਣੀ ਦਾਤਾਰਿ
ਹੋਈ ਸਿਸਟਿ ਠਰੁ ॥

عرداسِ سُنّی داتارِ
ہوئی سِسٹِ ٹھرُ ॥

ਲੇਵਹੁ ਕੰਠਿ ਲਗਾਇ
ਅਪਦਾ ਸਭ ਹਰੁ ॥

لیوہُ کنّٹھِ لگاءِ
اپدا سبھ ہرُ ॥

ਨਾਨਕ ਨਾਮੁ ਧਿਆਇ
ਪ੍ਰਭ ਕਾ ਸਫਲੁ ਘਰੁ ॥੧॥

نانک نامُ دھیاءِ
پربھ کا سپھلُ گھرُ ॥1॥

ਮਃ ੫ ॥

م: 5 ॥

ਵੁਠੇ ਮੇਘ ਸੁਹਾਵਣੇ
ਹੁਕਮੁ ਕੀਤਾ ਕਰਤਾਰਿ ॥

وُٹھے میگھ سُہاوٹے
حُکمُ کیتا کرتارِ ॥

ਰਿਜਕੁ ਉਪਾਇਓਨੁ ਅਗਲਾ
ਠਾਂਢਿ ਪਈ ਸੰਸਾਰਿ ॥

رِزقُ اُپائیئونُ اگلا
ٹھانڈھِ پئی سنّسارِ ॥

ਤਨੁ ਮਨੁ ਹਰਿਆ ਹੋਇਆ
ਸਿਮਰਤ ਅਗਮ ਅਪਾਰ ॥

تنُ منُ ہریا ہوئیا
سِمرت اگم اپار ॥

ਕਰਿ ਕਿਰਪਾ ਪ੍ਰਭ ਆਪਣੀ
ਸਚੇ ਸਿਰਜਣਹਾਰ ॥

کرِ کرپا پربھ آپنّی
سچے سِرجنّہار ॥

ਕੀਤਾ ਲੋੜਹਿ ਸੋ ਕਰਹਿ
ਨਾਨਕ ਸਦ ਬਲਿਹਾਰ ॥੨॥

کیتا لوڑہِ سو کرہِ
نانک سد بلِہار ॥2॥

ਪਉੜੀ ॥

پئُڑی ॥

ਵਡਾ ਆਪਿ ਅਗੰਮੁ ਹੈ
ਵਡੀ ਵਡਿਆਈ ॥

وڈا آپِ اگنّمُ ہے
وڈی وڈِیائی ॥

ਗੁਰ ਸਬਦੀ ਵੇਖਿ ਵਿਗਸਿਆ
ਅੰਤਰਿ ਸਾਂਤਿ ਆਈ ॥

گُر سبدی ویکھِ وِگسِیا
انترِ سانتِ آئی ॥

ਸਭੁ ਆਪੇ ਆਪਿ ਵਰਤਦਾ
ਆਪੇ ਹੈ ਭਾਈ ॥

سبھُ آپے آپِ ورتدا
آپے ہے بھائی ۔ ॥

ਆਪਿ ਨਾਥੁ ਸਭ ਨਥੀਅਨੁ
ਸਭ ਹੁਕਮਿ ਚਲਾਈ ॥

آپِ ناتھُ سبھ نتھِیئنُ
سبھ حُکمِ چلائی ॥

ਨਾਨਕ ਹਰਿ ਭਾਵੈ ਸੋ ਕਰੇ
ਸਭ ਚਲੈ ਰਜਾਈ ॥੩੬॥੧॥ ਸੁਧੁ ॥

نانک ہرِ بھاوے سو کرے
سبھ چلے رضائی ॥ 36 ॥ 1 ॥ سُدھُ ॥

ਰਾਗੁ ਸਾਰੰਗ ਬਾਣੀ ਭਗਤਾਂ ਕੀ ॥ ਕਬੀਰ ਜੀ ॥

راگُ سارنگ بانٹی بھگتاں کی ॥ کبیِر جی ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਕਹਾ ਨਰ ਗਰਬਸਿ ਥੋਰੀ ਬਾਤ ॥

کہا نر گربسِ تھوری بات ॥

ਮਨ ਦਸ ਨਾਜੁ ਟਕਾ ਚਾਰਿ ਗਾਂਠੀ
ਐਂਡੌ ਟੇਢੌ ਜਾਤੁ ॥੧॥ ਰਹਾਉ ॥

من دس ناجُ ٹکا چارِ گانٹھی
ایَنڈوَ ٹیڈھوَ جاتُ ॥ 1 ॥ رہاءُ ॥

ਬਹੁਤੁ ਪ੍ਰਤਾਪੁ ਗਾਂਉ ਸਉ ਪਾਏ
ਦੁਇ ਲਖ ਟਕਾ ਬਰਾਤ ॥

بہُتُ پرّتاپُ گانْءُ س ءُ پائے
دُءِ لکھ ٹکا برات ॥

ਦਿਵਸ ਚਾਰਿ ਕੀ ਕਰਹੁ ਸਾਹਿਬੀ
ਜੈਸੇ ਬਨ ਹਰ ਪਾਤ ॥੧॥

دِوس چارِ کی کرہُ صاحِبی
جیَسے بن ہر پات ॥ 1 ॥

ਨਾ ਕੋਊ ਲੈ ਆਇਓ ਇਹੁ ਧਨੁ
ਨਾ ਕੋਊ ਲੈ ਜਾਤੁ ॥

نا کوئوُ لے آئیَو اِہُ دھنُ
نا کوئوُ لے جاتُ ॥

ਰਾਵਨ ਹੂੰ ਤੇ ਅਧਿਕ ਛਤ੍ਰਪਤਿ
ਖਿਨ ਮਹਿ ਗਏ ਬਿਲਾਤ ॥੨॥

راون ہوُنّ تے ادھِک چھتّرپتِ
کھِن مہِ گئے بِلات ॥ 2 ॥

ਹਰਿ ਕੇ ਸੰਤ ਸਦਾ ਥਿਰੁ ਪੂਜਹੁ
ਜੋ ਹਰਿ ਨਾਮੁ ਜਪਾਤ ॥

ہرِ کے سنّت سدا تھِرُ پوُجہُ
جو ہرِ نامُ جپات ॥

ਜਿਨ ਕਉ ਕ੍ਰਿਪਾ ਕਰਤ ਹੈ ਗੋਬਿਦੁ
ਤੇ ਸਤਸੰਗਿ ਮਿਲਾਤ ॥੩॥

جِن ک ءُ کرِپا کرت ہے گوبِدُ
تے ستسنگِ مِلات ॥3॥

ਮਾਤ ਪਿਤਾ ਬਨਿਤਾ ਸੁਤ ਸੰਪਤਿ
ਅੰਤਿ ਨ ਚਲਤ ਸੰਗਾਤ ॥

مات پِتا بنِتا سُت سنّپتِ
انّتِ ن چلت سنگات ॥

ਕਹਤ ਕਬੀਰੁ ਰਾਮ ਭਜੁ ਬਉਰੇ
ਜਨਮੁ ਅਕਾਰਥ ਜਾਤ ॥੪॥੧॥

کہت کبیرُ رام بھجُ بئُرے
جنمُ اکارتھ جات ॥4॥1॥

ਰਾਜਾਸ੍ਰਮ ਮਿਤਿ ਨਹੀ ਜਾਨੀ ਤੇਰੀ ॥

راجاسّرم مِتِ نہی جانی تیری ॥

ਤੇਰੇ ਸੰਤਨ ਕੀ ਹਉ ਚੇਰੀ ॥੧॥ ਰਹਾਉ ॥

تیرے سنّتن کی ہءُ چیری ॥1॥ رہاءُ ॥

ਹਸਤੋ ਜਾਇ ਸੁ ਰੋਵਤੁ ਆਵੈ
ਰੋਵਤੁ ਜਾਇ ਸੁ ਹਸੈ ॥

ہستو جاءِ سُ روۃ آوے
روۃ جاءِ سُ ہسے ॥

ਬਸਤੋ ਹੋਇ ਹੋਇ ਸੋ ਊਜਰੁ
ਊਜਰੁ ਹੋਇ ਸੁ ਬਸੈ ॥੧॥

بستو ہوءِ ہوءِ سو اوُجرُ
اوُجرُ ہوءِ سُ بسے ॥1॥

ਜਲ ਤੇ ਥਲ ਕਰਿ ਥਲ ਤੇ ਕੂਆ
ਕੂਪ ਤੇ ਮੇਰੁ ਕਰਾਵੈ ॥

جل تے تھل کرِ تھل تے کوُیا
کوُپ تے میرُ کراوے ॥

ਧਰਤੀ ਤੇ ਆਕਾਸਿ ਚਢਾਵੈ
ਚਢੇ ਆਕਾਸਿ ਗਿਰਾਵੈ ॥੨॥

دھرتی تے آکاسِ چڈھاوے
چڈھے آکاسِ گِراوے ॥2॥

ਭੇਖਾਰੀ ਤੇ ਰਾਜੁ ਕਰਾਵੈ
ਰਾਜਾ ਤੇ ਭੇਖਾਰੀ ॥

بھیکھاری تے راجُ کراوے
راجا تے بھیکھاری ॥

ਖਲ ਮੂਰਖ ਤੇ ਪੰਡਿਤੁ ਕਰਿਬੋ
ਪੰਡਿਤ ਤੇ ਮੁਗਧਾਰੀ ॥੩॥

کھل مؤرکھ تے پنّڈِتُ کرِبو
پنّڈِت تے مُگدھاری ॥3॥

ਨਾਰੀ ਤੇ ਜੋ ਪੁਰਖੁ ਕਰਾਵੈ
ਪੁਰਖਨ ਤੇ ਜੋ ਨਾਰੀ ॥

ناری تے جو پُرکھُ کراوے
پُرکھن تے جو ناری ॥

ਕਹੁ ਕਬੀਰ ਸਾਧੂ ਕੋ ਪ੍ਰੀਤਮੁ
ਤਿਸੁ ਮੂਰਤਿ ਬਲਿਹਾਰੀ ॥੪॥੨॥

کہُ کبیرِ سادھوُ کو پرّیتمُ
تِسُ مؤرتِ بلِہاری ॥4॥2॥

ਸਾਰੰਗ ਬਾਣੀ ਨਾਮਦੇਉ ਜੀ ਕੀ ॥

سارنگ بانیٔ نامدیءُ جی کی ॥

੧ੴ ਸਤਿਗੁਰ ਪ੍ਰਸਾਦਿ ॥	۱ۄ ستِگُر پرّسادِ ॥
ਕਾਏਂ ਰੇ ਮਨ ਬਿਖਿਆ ਬਨ ਜਾਇ ॥	کائیں رے من بِکھیا بن جاءِ ॥
ਭੂਲੌ ਰੇ ਠਗਮੂਰੀ ਖਾਇ ॥੧॥ ਰਹਾਉ ॥	بھولوَ رے ٹھگمُوری کھاءِ ॥1॥ رہاءُ ॥
ਜੈਸੇ ਮੀਨੁ ਪਾਨੀ ਮਹਿ ਰਹੈ ॥	جیَسے مِینُ پانی مہِ رہےَ ॥
ਕਾਲ ਜਾਲ ਕੀ ਸੁਧਿ ਨਹੀ ਲਹੈ ॥	کال جال کی سُدھِ نہی لہےَ ॥
ਜਿਹਬਾ ਸੁਆਦੀ ਲੀਲਿਤ ਲੋਹ ॥	جِہبا سُیادی لِیلِت لوہ ॥
ਐਸੇ ਕਨਿਕ ਕਾਮਨੀ ਬਾਧਿਓ ਮੋਹ ॥੧॥	ایَسے کنِک کامنی بادھِئو موہ ॥1॥
ਜਿਉ ਮਧੁ ਮਾਖੀ ਸੰਚੈ ਅਪਾਰ ॥	جِءُ مدھُ ماکھی سنچّےَ اپار ॥
ਮਧੁ ਲੀਨੋ ਮੁਖਿ ਦੀਨੀ ਛਾਰੁ ॥	مدھُ لِینو مُکھِ دینی چھارُ ॥
ਗਊ ਬਾਛ ਕਉ ਸੰਚੈ ਖੀਰੁ ॥	گئو باچھ کءُ سنچّےَ کھیرُ ॥
ਗਲਾ ਬਾਂਧਿ ਦੁਹਿ ਲੇਇ ਅਹੀਰੁ ॥੨॥	گلا باندھِ دُہِ لےءِ اہیرُ ॥2॥
ਮਾਇਆ ਕਾਰਨਿ ਸ੍ਰਮੁ ਅਤਿ ਕਰੈ ॥	مائیا کارنِ سّرمُ اتِ کرےَ ॥
ਸੋ ਮਾਇਆ ਲੈ ਗਾਡੈ ਧਰੈ ॥	سو مائیا لے گاڈےَ دھرےَ ॥
ਅਤਿ ਸੰਚੈ ਸਮਝੈ ਨਹੀ ਮੂੜ੍ ॥	اتِ سنچّےَ سمجھےَ نہی موڑّہ ॥
ਧਨੁ ਧਰਤੀ ਤਨੁ ਹੋਇ ਗਇਓ ਧੂੜਿ ॥੩॥	دھنُ دھرتی تنُ ہوءِ گئِئو دھوڑِ ॥3॥
ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ ॥	کام کّرودھ تّرِسنا اتِ جرےَ ॥
ਸਾਧਸੰਗਤਿ ਕਬਹੂ ਨਹੀ ਕਰੈ ॥	سادھسنگتِ کبہوُ نہی کرےَ ॥
ਕਹਤ ਨਾਮਦੇਉ ਤਾ ਚੀ ਆਣਿ ॥	کہت نامدیءُ تا چی آنِ ॥
ਨਿਰਭੈ ਹੋਇ ਭਜੀਐ ਭਗਵਾਨ ॥੪॥੧॥	نِربھےَ ہوءِ بھجیِےَ بھگوان ॥4॥1॥
ਬਦਹੁ ਕੀ ਨ ਹੋਡ ਮਾਧਉ ਮੋ ਸਿਉ ॥	بدہُ کی ن ہوڈ مادھءُ مو سِءُ ॥
ਠਾਕੁਰ ਤੇ ਜਨੁ ਜਨ ਤੇ ਠਾਕੁਰੁ ਖੇਲੁ ਪਰਿਓ ਹੈ ਤੋ ਸਿਉ ॥੧॥ ਰਹਾਉ ॥	ٹھاکُر تے جنُ جن تے ٹھاکُرُ کھیلُ پرئو ہےَ تو سِءُ ॥1॥ رہاءُ ॥
ਆਪਨ ਦੇਉ ਦੇਹੁਰਾ ਆਪਨ	آپن دیءُ دیہُرا آپن

ਆਪ ਲਗਾਵੈ ਪੂਜਾ ॥

آپ لگاوےَ پوُجا ॥

ਜਲ ਤੇ ਤਰੰਗ ਤਰੰਗ ਤੇ ਹੈ ਜਲੁ
ਕਹਨ ਸੁਨਨ ਕਉ ਦੂਜਾ ॥੧॥

جل تے ترنگ ترنگ تے ہےَ جلُ
کہن سُنن کءُ دوُجا ॥1॥

ਆਪਹਿ ਗਾਵੈ ਆਪਹਿ ਨਾਚੈ
ਆਪਿ ਬਜਾਵੈ ਤੂਰਾ ॥

آپہِ گاوےَ آپہِ ناچےَ
آپِ بجاوےَ توُرا ॥

ਕਹਤ ਨਾਮਦੇਉ ਤੂੰ ਮੇਰੋ ਠਾਕੁਰੁ
ਜਨੁ ਊਰਾ ਤੂੰ ਪੂਰਾ ॥੨॥੨॥

کہت نامدیءُ توُنّ میرو ٹھاکُرُ
جنُ اوُرا توُنّ پوُرا ॥2॥2॥

ਦਾਸ ਅਨਿੰਨ ਮੇਰੋ ਨਿਜ ਰੂਪ ॥

داس انِنّن میرو نج روُپ ॥

ਦਰਸਨ ਨਿਮਖ ਤਾਪ ਤ੍ਰਈ ਮੋਚਨ
ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥੧॥ ਰਹਾਉ ॥

درسن نِمکھ تاپ ترئی موچن
پرست مُکتِ کرت گرِہ کوُپ ॥1॥ رہاءُ ॥

ਮੇਰੀ ਬਾਂਧੀ ਭਗਤੁ ਛਡਾਵੈ
ਬਾਂਧੈ ਭਗਤੁ ਨ ਛੂਟੈ ਮੋਹਿ ॥

میری باندھی بھگتُ چھڈاوےَ
باندھےَ بھگتُ ن چھوُٹےَ موہِ ॥

ਏਕ ਸਮੈ ਮੋ ਕਉ ਗਹਿ ਬਾਂਧੈ
ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥

ایک سمےَ مو کءُ گہِ باندھےَ
تئو پھُنِ مو پےَ جبابُ ن ہوءِ ॥1॥

ਮੈ ਗੁਨ ਬੰਧ ਸਗਲ ਕੀ ਜੀਵਨਿ
ਮੇਰੀ ਜੀਵਨਿ ਮੇਰੇ ਦਾਸ ॥

مےَ گُن بندھ سگل کی جیِونِ
میری جیِونِ میرے داس ॥

ਨਾਮਦੇਵ ਜਾ ਕੇ ਜੀਅ ਐਸੀ
ਤੈਸੋ ਤਾ ਕੈ ਪ੍ਰੇਮ ਪ੍ਰਗਾਸ ॥੨॥੩॥

نامدیو جا کے جیء ایَسی
تیَسو تا کے پریم پرگاس ॥2॥3॥

ਸਾਰੰਗ ॥

سارنگ ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥

تےَ نر کیا پُرانُ سُنِ کِینا ۔ ॥

ਅਨਪਾਵਨੀ ਭਗਤਿ ਨਹੀ ਉਪਜੀ
ਭੂਖੈ ਦਾਨੁ ਨ ਦੀਨਾ ॥੧॥ ਰਹਾਉ ॥

انپاونی بھگتِ نہی اُپجی
بھوُکھےَ دانُ ن دِینا ॥1॥ رہاءُ ॥

ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ
ਲੋਭੁ ਨ ਛੂਟਿਓ ਦੇਵਾ ॥

کامُ ن بِسرِئو کرودھُ ن بِسرِئو
لوبھُ ن چھوُٹِئو دیوا ۔ ॥

ਪਰ ਨਿੰਦਾ ਮੁਖ ਤੇ ਨਹੀ ਛੂਟੀ
ਨਿਫਲ ਭਈ ਸਭ ਸੇਵਾ ॥੧॥

پر نِندا مُکھ تے نہی چھوُٹی
نِپھل بھئی سبھ سیوا ॥1॥

ਬਾਟ ਪਾਰਿ ਘਰੁ ਮੂਸਿ ਬਿਰਾਨੋ
ਪੇਟੁ ਭਰੈ ਅਪ੍ਰਾਧੀ ॥

باٹ پارِ گھرُ موُسِ بِرانو
پیٹُ بھرے اپّرادھی ॥

ਜਿਹਿ ਪਰਲੋਕ ਜਾਇ ਅਪਕੀਰਤਿ
ਸੋਈ ਅਬਿਦਿਆ ਸਾਧੀ ॥੨॥

جِہِ پرلوک جاءِ اپکیرتِ
سوئی اِبدیا سادھی ॥2॥

ਹਿੰਸਾ ਤਉ ਮਨ ਤੇ ਨਹੀ ਛੂਟੀ
ਜੀਅ ਦਇਆ ਨਹੀ ਪਾਲੀ ॥

ہِنّسا تءُ من تے نہی چھوُٹی
جیء دئیا نہی پالی ॥

ਪਰਮਾਨੰਦ ਸਾਧਸੰਗਤਿ ਮਿਲਿ
ਕਥਾ ਪੁਨੀਤ ਨ ਚਾਲੀ ॥੩॥੧॥੬॥

پرمانند سادھسنگتِ مِلِ
کتھا پُنیت ن چالی ॥3॥1॥6॥

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥

چھاڈِ من ہرِ بِمکھن کو سنگُ ॥

ਸਾਰੰਗ ਮਹਲਾ ੫ ਸੂਰਦਾਸ ॥

سارنگ محلا 5 سوُرداس ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਹਰਿ ਕੇ ਸੰਗ ਬਸੇ ਹਰਿ ਲੋਕ ॥

ہرِ کے سنگ بسے ہرِ لوک ॥

ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ
ਅਨਦ ਸਹਜ ਧੁਨਿ ਝੋਕ ॥੧॥ ਰਹਾਉ ॥

تنُ منُ ارپِ سربسُ سبھُ ارپِئو
اند سہج دھُنِ جھوک ॥1॥ رہاءُ ॥

ਦਰਸਨੁ ਪੇਖਿ ਭਏ ਨਿਰਬਿਖਈ
ਪਾਏ ਹੈ ਸਗਲੇ ਥੋਕ ॥

درسنُ پیکھِ بھے نِربِکھئی
پائے ہے سگلے تھوک ॥

ਆਨ ਬਸਤੁ ਸਿਉ ਕਾਜੁ ਨ ਕਛੂਐ
ਸੁੰਦਰ ਬਦਨ ਅਲੋਕ ॥੧॥

آن بستُ سِءُ کاجُ ن کچھوُئے
سُندر بدن الوک ॥1॥

ਸਿਆਮ ਸੁੰਦਰ ਤਜਿ ਆਨ ਜੁ ਚਾਹਤ
ਜਿਉ ਕੁਸਟੀ ਤਨਿ ਜੋਕ ॥

سِیام سُندر تجِ آن جُ چاہت
جِءُ کُسٹی تنِ جوک ॥

ਸੂਰਦਾਸ ਮਨੁ ਪ੍ਰਭਿ ਹਥਿ ਲੀਨੋ
ਦੀਨੋ ਇਹੁ ਪਰਲੋਕ ॥੨॥੧॥੮॥

سوُرداس منُ پربھِ ہتھِ لِینو
دِینو اِہُ پرلوک ॥2॥1॥8॥

ਸਾਰੰਗ ਕਬੀਰ ਜੀਉ ॥

سارنگ کبیر جیءُ ॥

ੴ ਸਤਿਗੁਰ ਪ੍ਰਸਾਦਿ ॥

ہرِ بِنُ کُنُ سہائی من کا ۔ ॥

ਹਰਿ ਬਿਨੁ ਕਉਨੁ ਸਹਾਈ ਮਨ ਕਾ ॥

ਮਾਤ ਪਿਤਾ ਭਾਈ ਸੁਤ ਬਨਿਤਾ
ਹਿਤੁ ਲਾਗੋ ਸਭ ਫਨ ਕਾ ॥੧॥ ਰਹਾਉ ॥

مات پِتا بھائی سُت بِنِتا
ہِتُ لاگو سبھ پھن کا ॥1॥ رہاءُ ॥

ਆਗੇ ਕਉ ਕਿਛੁ ਤੁਲਹਾ ਬਾਂਧਹੁ
ਕਿਆ ਭਰਵਾਸਾ ਧਨ ਕਾ ॥

آگے ک ءُ کِچھُ تُلہا باندھہُ
کِیا بھروا سا دھن کا ۔ ॥

ਕਹਾ ਬਿਸਾਸਾ ਇਸ ਭਾਂਡੇ ਕਾ
ਇਤਨਕੁ ਲਾਗੈ ਠਨਕਾ ॥੧॥

کہا بِساسا اِس بھانڈے کا
اِتنکُ لاگے ٹھنکا ॥1॥

ਸਗਲ ਧਰਮ ਪੁੰਨ ਫਲ ਪਾਵਹੁ
ਧੂਰਿ ਬਾਂਛਹੁ ਸਭ ਜਨ ਕਾ ॥

سگل دھرم پُنّن پھل پاوہُ
دھوُرِ بانچھہُ سبھ جن کا ॥

ਕਹੈ ਕਬੀਰੁ ਸੁਨਹੁ ਰੇ ਸੰਤਹੁ
ਇਹੁ ਮਨੁ ਉਡਨ ਪੰਖੇਰੂ ਬਨ ਕਾ ॥੨॥੧॥੯॥

کہے کبیرُ سُنہُ رے سنّتہ
اِہُ منُ اُڈن پنکھیروُ بن کا ॥2॥1॥9॥

ਰਾਗੁ ਮਲਾਰ ਚਉਪਦੇ ਮਹਲਾ ੧ ਘਰੁ ੧

راگُ ملار چئُپدے محلا 1 گھرُ 1

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ
ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ੴ ستِنامُ کرتا پُرکھُ نِربھءُ نِرویرُ اکال مورتِ اجوُنی سیَبھنّ گُرپرّسادِ ॥

ਖਾਣਾ ਪੀਣਾ ਹਸਣਾ ਸਉਣਾ
ਵਿਸਰਿ ਗਇਆ ਹੈ ਮਰਣਾ ॥

کھاٹا پِٹا ہسٹا سئُنّا
وِسرِ گئیا ہے مرٹا ॥

ਖਸਮੁ ਵਿਸਾਰਿ ਖੁਆਰੀ ਕੀਨੀ
ਧ੍ਰਿਗੁ ਜੀਵਣੁ ਨਹੀ ਰਹਣਾ ॥੧॥

خصمُ وِسارِ خُیاری کِینی
دھرِگُ جیوُنُ نہی رہٹا ॥1॥

ਪ੍ਰਾਣੀ ਏਕੋ ਨਾਮੁ ਧਿਆਵਹੁ ॥

پرّانی ایکو نامُ دھیاوہُ ॥

ਅਪਨੀ ਪਤਿ ਸੇਤੀ ਘਰਿ ਜਾਵਹੁ ॥੧॥ ਰਹਾਉ ॥

اپنی پتِ سیتی گھرِ جاوہُ ॥1॥ رہاءُ ॥

ਤੁਧਨੋ ਸੇਵਹਿ ਤੁਝੁ ਕਿਆ ਦੇਵਹਿ
ਮਾਂਗਹਿ ਲੇਵਹਿ ਰਹਹਿ ਨਹੀ ॥

تُدھنو سیوہِ تُجھُ کِیا دیوہِ
مانگہِ لیوہِ رہہِ نہی ॥

ਤੂ ਦਾਤਾ ਜੀਆ ਸਭਨਾ ਕਾ
ਜੀਆ ਅੰਦਰਿ ਜੀਉ ਤੁਹੀ ॥੨॥

توُ داتا جِیا سبھنا کا
جِیا اندرِ جِیءُ تُہی ॥2॥

ਗੁਰਮੁਖਿ ਧਿਆਵਹਿ ਸਿ ਅੰਮ੍ਰਿਤੁ ਪਾਵਹਿ
ਸੇਈ ਸੂਚੇ ਹੋਹੀ ॥

ਅਹਿਨਿਸਿ ਨਾਮੁ ਜਪਹੁ ਰੇ ਪ੍ਰਾਣੀ
ਮੈਲੇ ਹਛੇ ਹੋਹੀ ॥੩॥

ਜੇਹੀ ਰੁਤਿ ਕਾਇਆ ਸੁਖੁ ਤੇਹਾ
ਤੇਹੋ ਜੇਹੀ ਦੇਹੀ ॥

ਨਾਨਕ ਰੁਤਿ ਸੁਹਾਵੀ ਸਾਈ
ਬਿਨੁ ਨਾਵੈ ਰੁਤਿ ਕੇਹੀ ॥੪॥੧॥

ਮਲਾਰ ਮਹਲਾ ੧ ॥

ਕਰਉ ਬਿਨਉ ਗੁਰ ਅਪਨੇ ਪ੍ਰੀਤਮ
ਹਰਿ ਵਰੁ ਆਣਿ ਮਿਲਾਵੈ ॥

ਸੁਣਿ ਘਨ ਘੋਰ ਸੀਤਲੁ ਮਨੁ ਮੋਰਾ
ਲਾਲ ਰਤੀ ਗੁਣ ਗਾਵੈ ॥੧॥

ਬਰਸੁ ਘਨਾ ਮੇਰਾ ਮਨੁ ਭੀਨਾ ॥

ਅੰਮ੍ਰਿਤ ਬੂੰਦ ਸੁਹਾਨੀ ਹੀਅਰੈ
ਗੁਰਿ ਮੋਹੀ ਮਨੁ ਹਰਿ ਰਸਿ ਲੀਨਾ ॥੧॥ ਰਹਾਉ ॥

ਸਹਜਿ ਸੁਖੀ ਵਰ ਕਾਮਣਿ ਪਿਆਰੀ
ਜਿਸੁ ਗੁਰ ਬਚਨੀ ਮਨੁ ਮਾਨਿਆ ॥

ਹਰਿ ਵਰਿ ਨਾਰਿ ਭਈ ਸੋਹਾਗਣਿ
ਮਨਿ ਤਨਿ ਪ੍ਰੇਮੁ ਸੁਖਾਨਿਆ ॥੨॥

ਅਵਗਣ ਤਿਆਗਿ ਭਈ ਬੈਰਾਗਨਿ
ਅਸਥਿਰੁ ਵਰੁ ਸੋਹਾਗੁ ਹਰੀ ॥

ਸੋਗੁ ਵਿਜੋਗੁ ਤਿਸੁ ਕਦੇ ਨ ਵਿਆਪੈ
ਹਰਿ ਪ੍ਰਭਿ ਅਪਣੀ ਕਿਰਪਾ ਕਰੀ ॥੩॥

ਆਵਣ ਜਾਣੁ ਨਹੀ ਮਨੁ ਨਿਹਚਲੁ

گُرمُکھِ دھیاوہِ سِ انمّرِتُ پاوہِ
سیئی سوُچے ہوہی ॥

اہِنِس نامُ جپہُ رے پّرانٹی
میَلے ہچھے ہوہی ॥3॥

جیہی رُتِ کائیا سُکھُ تیہا
تیہو جیہی دیہی ॥

نانک رُتِ سُہاوی سائی
بِنُ ناوےَ رُتِ کیہی ۔ ॥4॥1॥

ملار محلا 1 ॥

کرءُ بِنءُ گُر اپنے پّریتم
ہرِ ورُ آنٹِ مِلاوےَ ॥

سُنٹِ گھن گھور سیِتلُ منُ مورا
لال رتی گُنٹ گاوےَ ॥1॥

برسُ گھنا میرا منُ بھِینا ॥

انمّرِت بوُنّد سُہانی ہِیَرےَ
گُرِ موہی منُ ہرِ رسِ لِینا ॥1॥ رہاءُ ॥

سہجِ سُکھی ور کامنٹِ پِیاری
جِسُ گُر بچنی منُ مانِیا ॥

ہرِ ورِ نارِ بھئی سوہاگنٹِ
منِ تنِ پّریمُ سُکھانِیا ॥2॥

اوگُنٹ تِیاگِ بھئی بیَراگنِ
استھِرُ ورُ سوہاگُ ہری ॥

سوگُ وِجوگُ تِسُ کدے ن وِیاپےَ
ہرِ پّربھِ اپنٹی کِرپا کری ॥3॥

آونٹ جانٹُ نہی منُ نہچلُ

ਪੂਰੇ ਗੁਰ ਕੀ ਓਟ ਗਹੀ ॥

پُورے گُر کی اوٹ گہی ॥

ਨਾਨਕ ਰਾਮ ਨਾਮੁ ਜਪਿ ਗੁਰਮੁਖਿ
ਧਨੁ ਸੋਹਾਗਣਿ ਸਚੁ ਸਹੀ ॥੪॥੨॥

نانک رام نامُ جپِ گُرمُکھِ
دھنُ سوہاگنِ سچُ صہی ॥4॥2॥

ਮਲਾਰ ਮਹਲਾ ੧ ॥

ملار محلا 1 ॥

ਸਾਚੀ ਸੁਰਤਿ ਨਾਮਿ ਨਹੀ ਤ੍ਰਿਪਤੇ
ਹਉਮੈ ਕਰਤ ਗਵਾਇਆ ॥

ساچی سُرتِ نامِ نہی ترِپتے
ہئُمےَ کرت گوائیا ॥

ਪਰ ਧਨ ਪਰ ਨਾਰੀ ਰਤੁ ਨਿੰਦਾ
ਬਿਖੁ ਖਾਈ ਦੁਖੁ ਪਾਇਆ ॥

پر دھن پر ناری رتُ نِندا
بِکھُ کھائی دُکھُ پائیا ॥

ਸਬਦੁ ਚੀਨਿ ਭੈ ਕਪਟ ਨ ਛੂਟੇ
ਮਨਿ ਮੁਖਿ ਮਾਇਆ ਮਾਇਆ ॥

سبدُ چینِ بھےَ کپٹ ن چھوُٹے
منِ مُکھِ مائیا مائیا ॥

ਅਜਗਰਿ ਭਾਰਿ ਲਦੇ ਅਤਿ ਭਾਰੀ
ਮਰਿ ਜਨਮੇ ਜਨਮੁ ਗਵਾਇਆ ॥੧॥

اجگرِ بھارِ لدے اتِ بھاری
مرِجنمے جنمُ گوائیا ॥1॥

ਮਨਿ ਭਾਵੈ ਸਬਦੁ ਸੁਹਾਇਆ ॥

منِ بھاوےَ سبدُ سُہائیا ॥

ਭ੍ਰਮਿ ਭ੍ਰਮਿ ਜੋਨਿ ਭੇਖ ਬਹੁ ਕੀਨੇ
ਗੁਰਿ ਰਾਖੇ ਸਚੁ ਪਾਇਆ ॥੧॥ ਰਹਾਉ ॥

بھرّمِ بھرّمِ جونِ بھیکھ بہُ کِینّہے
گُرِ راکھے سچُ پائیا ॥1॥ رہاءُ ॥

ਤਰਿਥਿ ਤੇਜੁ ਨਿਵਾਰਿ ਨ ਨ੍ਾਤੇ
ਹਰਿ ਕਾ ਨਾਮੁ ਨ ਭਾਇਆ ॥

ترِتھِ تیجُ نِوارِ ن نّہاتے
ہرِ کا نامُ ن بھائیا ॥

ਰਤਨ ਪਦਾਰਥੁ ਪਰਹਰਿ ਤਿਆਗਿਆ
ਜਤ ਕੋ ਤਤ ਹੀ ਆਇਆ ॥

رتن پدارتھُ پرہرِ تیاگیا
جت کو تت ہی آئیا ॥

ਬਿਸਟਾ ਕੀਟ ਭਏ ਉਤ ਹੀ ਤੇ
ਉਤ ਹੀ ਮਾਹਿ ਸਮਾਇਆ ॥

بِسٹا کِیٹ بھےَ اُت ہی تے
اُت ہی ماہِ سمائیا ॥

ਅਧਿਕ ਸੁਆਦ ਰੋਗ ਅਧਿਕਾਈ
ਬਿਨੁ ਗੁਰ ਸਹਜੁ ਨ ਪਾਇਆ ॥੨॥

ادھِک سُیاد روگ ادھِکائی
بِنُ گُر سہجُ ن پائیا ॥2॥

ਸੇਵਾ ਸੁਰਤਿ ਰਹਸਿ ਗੁਣ ਗਾਵਾ
ਗੁਰਮੁਖਿ ਗਿਆਨੁ ਬੀਚਾਰਾ ॥

سیوا سُرتِ رہسِ گُنؤ گاوا
گُرمُکھِ گیانُ بیچارا ॥

ਖੋਜੀ ਉਪਜੈ ਬਾਦੀ ਬਿਨਸੈ
ਹਉ ਬਲਿ ਬਲਿ ਗੁਰ ਕਰਤਾਰਾ ॥

ہوجی اُپجے بادی بِنسے
ہءُ بلِ بلِ گُر کرتارا ॥

ਹਮ ਨੀਚ ਹੋਤੇ ਹੀਣਮਤਿ ਝੂਠੇ
ਤੂ ਸਬਦਿ ਸਵਾਰਣਹਾਰਾ ॥

ہم نِچ ہوتے ہِینمتِ جھوٹھے
توُ سبدِ سوارنہارا ॥

ਆਤਮ ਚੀਨਿ ਤਹਾ ਤੂ ਤਾਰਣ
ਸਚੁ ਤਾਰੇ ਤਾਰਣਹਾਰਾ ॥੩॥

آتم چینِ تہا توُ تارنُ
سچُ تارے تارنہارا ॥3॥

ਬੈਸਿ ਸੁਥਾਨਿ ਕਹਾਂ ਗੁਣ ਤੇਰੇ
ਕਿਆ ਕਿਆ ਕਥਉ ਅਪਾਰਾ ॥

بیَس سُتھانِ کہاں گُنُ تیرے
کِیا کِیا کتھءُ اپارا ۔ ॥

ਅਲਖੁ ਨ ਲਖੀਐ ਅਗਮੁ ਅਜੋਨੀ
ਤੂੰ ਨਾਥਾਂ ਨਾਥਣਹਾਰਾ ॥

الکھُ ن لکھیِےَ اگمُ اجونی
توُنّ ناتھاں ناتھنہارا ॥

ਕਿਸੁ ਪਹਿ ਦੇਖਿ ਕਹਉ ਤੂ ਕੈਸਾ
ਸਭਿ ਜਾਚਕ ਤੂ ਦਾਤਾਰਾ ॥

کِسُ پہِ دیکھِ کہءُ توُ کیَسا
سبھِ جاچک توُ داتارا ॥

ਭਗਤਿਹੀਣੁ ਨਾਨਕੁ ਦਰਿ ਦੇਖਹੁ
ਇਕੁ ਨਾਮੁ ਮਿਲੈ ਉਰਿ ਧਾਰਾ ॥੪॥੩॥

بھگتہِینُ نانکُ درِ دیکھہُ
اِکُ نامُ مِلےَ اُرِ دھارا ॥4॥3॥

ਮਲਾਰ ਮਹਲਾ ੧ ॥

ملار محلا 1 ॥

ਜਿਨਿ ਧਨ ਪਿਰ ਕਾ ਸਾਦੁ ਨ ਜਾਨਿਆ
ਸਾ ਬਿਲਖ ਬਦਨ ਕੁਮਲਾਨੀ ॥

جِنِ دھن پِر کا سادُ ن جانِیا
سا بِلکھ بدن کُملانی ॥

ਭਈ ਨਿਰਾਸੀ ਕਰਮ ਕੀ ਫਾਸੀ
ਬਿਨੁ ਗੁਰ ਭਰਮਿ ਭੁਲਾਨੀ ॥੧॥

بھئی نِراسی کرم کی پھاسی
بِنُ گُر بھرمِ بھُلانی ॥1॥

ਬਰਸੁ ਘਨਾ ਮੇਰਾ ਪਿਰੁ ਘਰਿ ਆਇਆ ॥

برسُ گھنا میرا پِرُ گھرِ آئیا ॥

ਬਲਿ ਜਾਵਾਂ ਗੁਰ ਅਪਨੇ ਪ੍ਰੀਤਮ
ਜਿਨਿ ਹਰਿ ਪ੍ਰਭੁ ਆਣਿ ਮਿਲਾਇਆ ॥੧॥ ਰਹਾਉ ॥

بلِ جاواں گُر اپنے پرِیتم
جِنِ ہرِ پربھُ آنِ مِلائِیا ॥1॥ رہاءُ ॥

ਨਉਤਨ ਪ੍ਰੀਤਿ ਸਦਾ ਠਾਕੁਰ ਸਿਉ
ਅਨਦਿਨੁ ਭਗਤਿ ਸੁਹਾਵੀ ॥

نئُتن پرِیتِ سدا ٹھاکُر سِءُ
اندِنُ بھگتِ سُہاوی ॥

ਮੁਕਤਿ ਭਏ ਗੁਰ ਦਰਸੁ ਦਿਖਾਇਆ

مُکتِ بھیےَ گُر درسُ دِکھائِیا

ਜੁਗਿ ਜੁਗਿ ਭਗਤਿ ਸੁਭਾਵੀ ॥੨॥

جُگِ جُگِ بھگتِ سُبھاوی ॥2॥

ਹਮ ਥਾਰੇ ਤ੍ਰਿਭਵਣ ਜਗੁ ਤੁਮਰਾ
ਤੂ ਮੇਰਾ ਹਉ ਤੇਰਾ ॥

ہم تھارے ترِبھونْ جگُ تُمرا
توُ میرا ہءُ تیرا ॥

ਸਤਿਗੁਰਿ ਮਿਲਿਐ ਨਿਰੰਜਨੁ ਪਾਇਆ
ਬਹੁਰਿ ਨ ਭਵਜਲਿ ਫੇਰਾ ॥੩॥

ستِگُرِ مِلےِّ نِرنْجنُ پائِیا
بہُرِ ن بھوجلِ پھیرا ॥3॥

ਅਪੁਨੇ ਪਿਰ ਹਰਿ ਦੇਖਿ ਵਿਗਾਸੀ
ਤਉ ਧਨ ਸਾਚੁ ਸੀਗਾਰੋ ॥

اپُنے پِر ہرِ دیکھِ وِگاسی
تءُ دھن ساچُ سیِگارو ॥

ਅਕੁਲ ਨਿਰੰਜਨ ਸਿਉ ਸਚਿ ਸਾਚੀ
ਗੁਰਮਤਿ ਨਾਮੁ ਅਧਾਰੋ ॥੪॥

اُکل نِرنْجن سِءُ سچِ ساچی
گُرمتِ نامُ ادھارو ॥4॥

ਮੁਕਤਿ ਭਈ ਬੰਧਨ ਗੁਰਿ ਖੋਲ੍ਹੇ
ਸਬਦਿ ਸੁਰਤਿ ਪਤਿ ਪਾਈ ॥

مُکتِ بھئی بندھن گُرِ کھولّہے
سبدِ سُرتِ پتِ پائی ॥

ਨਾਨਕ ਰਾਮ ਨਾਮੁ ਰਿਦ ਅੰਤਰਿ
ਗੁਰਮੁਖਿ ਮੇਲਿ ਮਿਲਾਈ ॥੫॥੪॥

نانک رام نامُ رِد انترِ
گُرمُکھِ میلِ مِلائی ॥5॥4॥

ਮਹਲਾ ੧ ਮਲਾਰ ॥

محلا 1 ملار ॥

ਪਰ ਦਾਰਾ ਪਰ ਧਨੁ ਪਰ ਲੋਭਾ
ਹਉਮੈ ਬਿਖੈ ਬਿਕਾਰ ॥

پر دارا پر دھنُ پر لوبھا
ہئُمےَ بِکھےَ بِکار ॥

ਦੁਸਟ ਭਾਉ ਤਜਿ ਨਿੰਦ ਪਰਾਈ
ਕਾਮੁ ਕ੍ਰੋਧੁ ਚੰਡਾਰ ॥੧॥

دُسٹ بھاءُ تجِ نِندَ پرائی
کامُ کرودھُ چنڈار ॥1॥

ਮਹਲ ਮਹਿ ਬੈਠੇ ਅਗਮ ਅਪਾਰ ॥

محل مہِ بیٹھے اگم اپار ॥

ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ
ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥੧॥ ਰਹਾਉ ॥

بھیترِ انمّرِتُ سوئی جنُ پاوےَ
جِسُ گُر کا سبدُ رتنُ آچار ॥1॥ رہاءُ ॥

ਦੁਖ ਸੁਖ ਦੋਊ ਸਮ ਕਰਿ ਜਾਨੈ
ਬੁਰਾ ਭਲਾ ਸੰਸਾਰ ॥

دُکھ سُکھ دوئوُ سم کرِ جانےَ
بُرا بھلا سنّسار ॥

ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ
ਸਤਸੰਗਤਿ ਗੁਰ ਪਿਆਰ ॥੨॥

سُدھِ بُدھِ سُرتِ نامِ ہرِ پائیےَ
ستسنگتِ گُر پیار ॥2॥

ਅਹਿਨਿਸਿ ਲਾਹਾ ਹਰਿ ਨਾਮੁ ਪਰਾਪਤਿ
ਗੁਰੁ ਦਾਤਾ ਦੇਵਣਹਾਰੁ ॥

اِہنِس لاہا ہرِ نامُ پراپتِ
گُرُ داتا دیوٹہارُ ॥

ਗੁਰਮੁਖਿ ਸਿਖ ਸੋਈ ਜਨੁ ਪਾਏ
ਜਿਸ ਨੋ ਨਦਰਿ ਕਰੇ ਕਰਤਾਰੁ ॥੩॥

گُرمُکھِ سِکھ سوئی جنُ پائے
جِس نو ندرِ کرے کرتارُ ॥3॥

ਕਾਇਆ ਮਹਲੁ ਮੰਦਰੁ ਘਰੁ ਹਰਿ ਕਾ
ਤਿਸੁ ਮਹਿ ਰਾਖੀ ਜੋਤਿ ਅਪਾਰ ॥

کائیا محلُ مندرُ گھرُ ہرِ کا
تِس مہِ راکھی جوتِ اپار ॥

ਨਾਨਕ ਗੁਰਮੁਖਿ ਮਹਲਿ ਬੁਲਾਈਐ
ਹਰਿ ਮੇਲੇ ਮੇਲਣਹਾਰ ॥੪॥੫॥

نانک گُرمُکھِ محلِ بُلائیئے
ہرِ میلے میلٹہار ॥4॥5॥

ਮਲਾਰ ਮਹਲਾ ੧ ਘਰੁ ੨

ملار محلا 1 گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਪਵਣੈ ਪਾਣੀ ਜਾਣੈ ਜਾਤਿ ॥

پوٹے پانٹی جانٹے زاتِ ॥

ਕਾਇਆ ਅਗਨਿ ਕਰੇ ਨਿਭਰਾਂਤਿ ॥

کائیا اگنِ کرے نِبھرانتِ ॥

ਜੰਮਹਿ ਜੀਅ ਜਾਣੈ ਜੇ ਥਾਉ ॥

جنّمہِ جیء جانٹے جے تھاءُ ॥

ਸੁਰਤਾ ਪੰਡਿਤੁ ਤਾ ਕਾ ਨਾਉ ॥੧॥

سُرتا پنڈِتُ تا کا ناءُ ॥1॥

ਗੁਣ ਗੋਬਿੰਦ ਨ ਜਾਣੀਅਹਿ ਮਾਇ ॥

گُنٹ گوبِند ن جانٹیئہِ ماءِ ۔ ॥

ਅਣਡੀਠਾ ਕਿਛੁ ਕਹਣੁ ਨ ਜਾਇ ॥

انڈیٹھا کچھُ کہنٹُ ن جاءِ ॥

ਕਿਆ ਕਰਿ ਆਖਿ ਵਖਾਣੀਐ ਮਾਇ ॥੧॥ ਰਹਾਉ ॥

کِیا کرِ آکھِ وکھانٹیئے ماءِ ۔ ॥1॥ رہاءُ ॥

ਊਪਰਿ ਦਰਿ ਅਸਮਾਨਿ ਪਇਆਲਿ ॥

اوُپرِ درِ اسمانِ پئیالِ ॥

ਕਿਉ ਕਰਿ ਕਹੀਐ ਦੇਹੁ ਵੀਚਾਰਿ ॥

کِءُ کرِ کہیئے دیہُ ویچارِ ॥

ਬਿਨੁ ਜਿਹਵਾ ਜੋ ਜਪੈ ਹਿਆਇ ॥

بِنُ جِہوا جو جپے ہِیاءِ ॥

ਕੋਈ ਜਾਣੈ ਕੈਸਾ ਨਾਉ ॥੨॥

کوئی جانٹے کیَسا ناءُ ॥2॥

ਕਥਨੀ ਬਦਨੀ ਰਹੈ ਨਿਭਰਾਂਤਿ ॥

کتھنی بدنی رہے نِبھرانتِ ॥

ਸੋ ਬੂਝੈ ਹੋਵੈ ਜਿਸੁ ਦਾਤਿ ॥

سو بوُجھے ہووے جِسُ داتِ ॥

ਅਹਿਨਿਸਿ ਅੰਤਰਿ ਰਹੈ ਲਿਵ ਲਾਇ ॥	اہِنِس انتر رہے لِو لاءِ ॥
ਸੋਈ ਪੁਰਖੁ ਜਿ ਸਚਿ ਸਮਾਇ ॥੩॥	سوئی پُرکھُ جِ سچِ سماءِ ॥3॥
ਜਾਤਿ ਕੁਲੀਨੁ ਸੇਵਕੁ ਜੇ ਹੋਇ ॥	زاتِ کُلینُ سیوکُ جے ہوءِ ॥
ਤਾ ਕਾ ਕਹਣਾ ਕਹਹੁ ਨ ਕੋਇ ॥	تا کا کہٹا کہہُ ن کوءِ ॥
ਵਿਚਿ ਸਨਾਤੀ ਸੇਵਕੁ ਹੋਇ ॥	وِچِ سناتیں سیوکُ ہوءِ ॥
ਨਾਨਕ ਪਣ੍ਹੀਆ ਪਹਿਰੈ ਸੋਇ ॥੪॥੧॥੬॥	نانک پنّہیا پہِرے سوءِ ॥4॥1॥6॥
ਮਲਾਰ ਮਹਲਾ ੧ ॥	ملار محلا 1 ॥
ਦੁਖੁ ਵੇਛੋੜਾ ਇਕੁ ਦੁਖੁ ਭੂਖ ॥	دُکھُ ویچھوڑا اِکُ دُکھُ بھوُکھ ॥
ਇਕੁ ਦੁਖੁ ਸਕਤਵਾਰ ਜਮਦੂਤ ॥	اِکُ دُکھُ سکتوار جمدوُت ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥	اِکُ دُکھُ روگُ لگے تنِ دھاءِ ॥
ਵੈਦ ਨ ਭੋਲੇ ਦਾਰੂ ਲਾਇ ॥੧॥	ویَد ن بھولے دارُو لاءِ ॥1॥
ਵੈਦ ਨ ਭੋਲੇ ਦਾਰੂ ਲਾਇ ॥	ویَد ن بھولے دارُو لاءِ ॥
ਦਰਦੁ ਹੋਵੈ ਦੁਖੁ ਰਹੈ ਸਰੀਰ ॥	دردُ ہووے دُکھُ رہے سریر ॥
ਐਸਾ ਦਾਰੂ ਲਗੈ ਨ ਬੀਰ ॥੧॥ ਰਹਾਉ ॥	ایَسا دارُو لگے ن بیر ॥1॥ رہاءُ ॥
ਖਸਮੁ ਵਿਸਾਰਿ ਕੀਏ ਰਸ ਭੋਗ ॥	خصمُ وِسارِ کیئے رس بھوگ ॥
ਤਾਂ ਤਨਿ ਉਠਿ ਖਲੋਏ ਰੋਗ ॥	تاں تنِ اُٹھِ کھلوئے روگ ॥
ਮਨ ਅੰਧੇ ਕਉ ਮਿਲੈ ਸਜਾਇ ॥	من اندھے کءُ ملے سزاءِ ॥
ਵੈਦ ਨ ਭੋਲੇ ਦਾਰੂ ਲਾਇ ॥੨॥	ویَد ن بھولے دارُو لاءِ ॥2॥
ਚੰਦਨ ਕਾ ਫਲੁ ਚੰਦਨ ਵਾਸੁ ॥	چندن کا پھلُ چندن واسُ ॥
ਮਾਣਸੁ ਕਾ ਫਲੁ ਘਟ ਮਹਿ ਸਾਸੁ ॥	مانُس کا پھلُ گھٹ مہِ ساسُ ॥
ਸਾਸਿ ਗਇਐ ਕਾਇਆ ਢਲਿ ਪਾਇ ॥	ساسِ گئے کائیا ڈھلِ پاءِ ॥
ਤਾ ਕੇ ਪਾਛੈ ਕੋਇ ਨ ਖਾਇ ॥੩॥	تا کے پاچھے کوءِ ن کھاءِ ॥3॥

ਕੰਚਨ ਕਾਇਆ ਨਿਰਮਲ ਹੰਸੁ ॥	کنچن کائیا نِرمل ہنّس ॥
ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥	جِسُ مہِ نامُ نِرنجن انّس ॥
ਦੂਖ ਰੋਗ ਸਭਿ ਗਇਆ ਗਵਾਇ ॥	دوُکھ روگ سبھِ گئیا گواءِ ॥
ਨਾਨਕ ਛੂਟਸਿ ਸਾਚੈ ਨਾਇ ॥੪॥੨॥੭॥	نانک چھوُٹسِ ساچےَ ناءِ ॥4॥2॥7॥
ਮਲਾਰ ਮਹਲਾ ੧ ॥	ملار محلا 1 ॥
ਦੁਖ ਮਹੁਰਾ ਮਾਰਣ ਹਰਿ ਨਾਮੁ ॥	دُکھ مہُرا مارنؤ ہرِ نامُ ॥
ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥	سِلا سنّتوکھ پیسنُؤ ہتھِ دانُ ॥
ਨਿਤ ਨਿਤ ਲੇਹੁ ਨ ਛੀਜੈ ਦੇਹ ॥	نِت نِت لیہُ ن چھیجےَ دیہ ॥
ਅੰਤ ਕਾਲਿ ਜਮੁ ਮਾਰੈ ਠੇਹ ॥੧॥	انّت کالِ جمُ مارےَ ٹھیہ ॥1॥
ਐਸਾ ਦਾਰੂ ਖਾਹਿ ਗਵਾਰ ॥	ایَسا دارُو کھاہِ گوار ۔ ॥
ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ ॥	جِتُ کھادھےَ تیرے جاہِ وِکار ॥1॥ رہاءُ ॥
ਰਾਜੁ ਮਾਲੁ ਜੋਬਨੁ ਸਭੁ ਛਾਂਵ ॥	راجُ مالُ جوبنُ سبھُ چھانوُ ॥
ਰਥਿ ਫਿਰੰਦੈ ਦੀਸਹਿ ਥਾਵ ॥	رتھِ پھِرنّدےَ دیِسہِ تھاو ॥
ਦੇਹ ਨ ਨਾਉ ਨ ਹੋਵੈ ਜਾਤਿ ॥	دیہ ن ناءُ ن ہووےَ زاتِ ॥
ਓਥੈ ਦਿਹੁ ਐਥੈ ਸਭ ਰਾਤਿ ॥੨॥	اوتھےَ دِہُ ایَتھےَ سبھ راتِ ॥2॥
ਸਾਦ ਕਰਿ ਸਮਧਾਂ ਤ੍ਰਿਸਨਾ ਘਿਉ ਤੇਲੁ ॥	ساد کرِ سمدھاں ترِسنا گھِءُ تیلُ ॥
ਕਾਮੁ ਕ੍ਰੋਧੁ ਅਗਨੀ ਸਿਉ ਮੇਲੁ ॥	کامُ کرودھُ اگنی سِءُ میلُ ॥
ਹੋਮ ਜਗ ਅਰੁ ਪਾਠ ਪੁਰਾਣ ॥	ہوم جگ ارُ پاٹھ پُراڼ ॥
ਜੋ ਤਿਸੁ ਭਾਵੈ ਸੋ ਪਰਵਾਣ ॥੩॥	جو تِسُ بھاوےَ سو پرواڼ ॥3॥
ਤਪੁ ਕਾਗਦੁ ਤੇਰਾ ਨਾਮੁ ਨੀਸਾਨੁ ॥	تپُ کاگدُ تیرا نامُ نِیشانُ ॥
ਜਿਨ ਕਉ ਲਿਖਿਆ ਇਹੁ ਨਿਧਾਨੁ ॥	جِن کءُ لِکھیا اِہُ نِدھانُ ॥
ਸੇ ਧਨਵੰਤ ਦਿਸਹਿ ਘਰਿ ਜਾਇ ॥	سے دھنونّت دِسہِ گھرِ جاءِ ॥

ਨਾਨਕ ਜਨਨੀ ਧੰਨੀ ਮਾਇ ॥੪॥੩॥੮॥	نانک جننی دھنّنی ماءِ ॥4॥3॥8॥
ਮਲਾਰ ਮਹਲਾ ੧ ॥	ملار محلا 1 ॥
ਬਾਗੇ ਕਾਪੜ ਬੋਲੈ ਬੈਣ ॥	باگے کاپڑ بولے بیَنْ ॥
ਲੰਮਾ ਨਕੁ ਕਾਲੇ ਤੇਰੇ ਨੈਣ ॥	لنّما نکُ کالے تیرے نیَنْ ॥
ਕਬਹੂੰ ਸਾਹਿਬੁ ਦੇਖਿਆ ਭੈਣ ॥੧॥	کبہوُنّ صاحِبُ دیکھیا بھیَنْ ۔ ॥1॥
ਊਡਾਂ ਊਡਿ ਚੜਾਂ ਅਸਮਾਨਿ ॥	اوُڈاں اوُڈِ چڑاں اسمانِ ॥
ਸਾਹਿਬ ਸੰਮ੍ਰਿਥ ਤੇਰੈ ਤਾਣਿ ॥	صاحِب سمّرتھ تیرے تانْ ॥
ਜਲਿ ਥਲਿ ਡੂੰਗਰਿ ਦੇਖਾਂ ਤੀਰ ॥	جلِ تھلِ ڈوُنگرِ دیکھاں تیرِ ॥
ਥਾਨ ਥਨੰਤਰਿ ਸਾਹਿਬੁ ਬੀਰ ॥੨॥	تھان تھنّترِ صاحِبُ بیرِ ॥2॥
ਜਿਨਿ ਤਨੁ ਸਾਜਿ ਦੀਏ ਨਾਲਿ ਖੰਭ ॥	جِنِ تنُ ساجِ دیے نالِ کھنّبھ ॥
ਅਤਿ ਤ੍ਰਿਸਨਾ ਉਡਣੈ ਕੀ ਡੰਝ ॥	اتِ ترِسنا اُڈنے کی ڈنّجھ ॥
ਨਦਰਿ ਕਰੇ ਤਾਂ ਬੰਧਾਂ ਧੀਰ ॥	ندرِ کرے تاں بنّدھاں دھیرِ ॥
ਜਿਉ ਵੇਖਾਲੇ ਤਿਉ ਵੇਖਾਂ ਬੀਰ ॥੩॥	جِءُ ویکھالے تِءُ ویکھاں بیرِ ۔ ॥3॥
ਨ ਇਹੁ ਤਨੁ ਜਾਇਗਾ ਨ ਜਾਹਿਗੇ ਖੰਭ ॥	ن اِہُ تنُ جائِگا ن جاہِگے کھنّبھ ॥
ਪਉਣੈ ਪਾਣੀ ਅਗਨੀ ਕਾ ਸਨਬੰਧ ॥	پنُنے پانی اگنی کا سنبنّدھ ॥
ਨਾਨਕ ਕਰਮੁ ਹੋਵੈ ਜਪੀਐ ਕਰਿ ਗੁਰੁ ਪੀਰੁ ॥	نانک کرمُ ہووے جپیئے کرِ گُرُ پیرُ ॥
ਸਚਿ ਸਮਾਵੈ ਏਹੁ ਸਰੀਰੁ ॥੪॥੪॥੯॥	سچِ سماوے ایہُ سریرُ ॥4॥4॥9॥
ਮਲਾਰ ਮਹਲਾ ੩ ਚਉਪਦੇ ਘਰੁ ੧	ملار محلا 3 چئپدے گھرُ 1
੧ੴ ਸਤਿਗੁਰ ਪ੍ਰਸਾਦਿ ॥	۱ۄ ستِگُر پرّسادِ ॥
ਨਿਰੰਕਾਰੁ ਆਕਾਰੁ ਹੈ ਆਪੇ ਆਪੇ ਭਰਮਿ ਭੁਲਾਏ ॥	نِرنّکارُ آکارُ ہے آپے آپے بھرمِ بھُلائے ॥
ਕਰਿ ਕਰਿ ਕਰਤਾ ਆਪੇ ਵੇਖੈ	کرِ کرِ کرتا آپے ویکھے

ਜਿਤੁ ਭਾਵੈ ਤਿਤੁ ਲਾਏ ॥

جِتُ بھاوے تِتُ لائے ॥

ਸੇਵਕ ਕਉ ਏਹਾ ਵਡਿਆਈ
ਜਾ ਕਉ ਹੁਕਮੁ ਮਨਾਏ ॥੧॥

سیوک کءُ ایہا وڈِیائی
جا کءُ حُکمُ منائے ॥1॥

ਆਪਣਾ ਭਾਣਾ ਆਪੇ ਜਾਣੈ
ਗੁਰ ਕਿਰਪਾ ਤੇ ਲਹੀਐ ॥

آپنا بھاٹا آپے جانے
گُر کِرپا تے لہیئے ॥

ਏਹਾ ਸਕਤਿ ਸਿਵੈ ਘਰਿ ਆਵੈ
ਜੀਵਦਿਆ ਮਰਿ ਰਹੀਐ ॥੧॥ ਰਹਾਉ ॥

ایہا سکتِ سِوے گھرِ آوے
جیِودِیا مرِ رہیئے ॥1॥ رہاءُ ॥

ਵੇਦ ਪੜੈ ਪੜਿ ਵਾਦੁ ਵਖਾਣੈ
ਬ੍ਰਹਮਾ ਬਿਸਨੁ ਮਹੇਸਾ ॥

وید پڑے پڑِ وادُ وکھانے
برہما بِسنُ مہیسا ॥

ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ
ਜਨਮ ਮਰਨ ਕਾ ਸਹਸਾ ॥

ایہ ترِگُن مائیا جِنِ جگتُ بھُلائیا
جنم مرن کا سہسا ॥

ਗੁਰ ਪਰਸਾਦੀ ਏਕੋ ਜਾਣੈ
ਚੂਕੈ ਮਨਹੁ ਅੰਦੇਸਾ ॥੨॥

گُر پرسادی ایکو جانے
چوُکے منہُ اندیسا ॥2॥

ਹਮ ਦੀਨ ਮੂਰਖ ਅਵੀਚਾਰੀ
ਤੁਮ ਚਿੰਤਾ ਕਰਹੁ ਹਮਾਰੀ ॥

ہم دِین موُرکھ اوِیچاری
تُم چِنتا کرہُ ہماری ॥

ਹੋਹੁ ਦਇਆਲ ਕਰਿ ਦਾਸੁ ਦਾਸਾ ਕਾ
ਸੇਵਾ ਕਰੀ ਤੁਮਾਰੀ ॥

ہوہُ دیئیال کرِ داسُ داسا کا
سیوا کری تُماری ॥

ਏਕੁ ਨਿਧਾਨੁ ਦੇਹਿ ਤੂ ਅਪਣਾ
ਅਹਿਨਿਸਿ ਨਾਮੁ ਵਖਾਣੀ ॥੩॥

ایکُ نِدھانُ دیہِ توُ اپنا
اہِنِس نامُ وکھانی ॥3॥

ਕਹਤ ਨਾਨਕੁ ਗੁਰ ਪਰਸਾਦੀ ਬੂਝਹੁ
ਕੋਈ ਐਸਾ ਕਰੇ ਵੀਚਾਰਾ ॥

کہت نانکُ گُر پرسادی بوُجھہُ
کوئی ایَسا کرے ویچارا ॥

ਜਿਉ ਜਲ ਊਪਰਿ ਫੇਨੁ ਬੁਦਬੁਦਾ
ਤੈਸਾ ਇਹੁ ਸੰਸਾਰਾ ॥

جِءُ جل اوُپرِ پھینُ بُدبُدا
تیَسا اِہُ سنسارا ॥

ਜਿਸ ਤੇ ਹੋਆ ਤਿਸਹਿ ਸਮਾਣਾ
ਚੂਕਿ ਗਇਆ ਪਾਸਾਰਾ ॥੪॥੧॥

جِس تے ہویا تِسہِ سماٹا
چوُکِ گئیا پاسارا ॥4॥1॥

ਮਲਾਰ ਮਹਲਾ ੩ ॥

ملار محلا 3 ॥

ਜਿਨੀ ਹੁਕਮੁ ਪਛਾਣਿਆ ਸੇ ਮੇਲੇ
ਹਉਮੈ ਸਬਦਿ ਜਲਾਇ ॥

جِنی حُکمُ پچھاڑیا سے میلے
ہئمےَ سبدِ جلاءِ ॥

ਸਚੀ ਭਗਤਿ ਕਰਹਿ ਦਿਨੁ ਰਾਤੀ
ਸਚਿ ਰਹੇ ਲਿਵ ਲਾਇ ॥

سچی بھگتِ کرہِ دِنُ راتی
سچِ رہے لِو لاءِ ॥

ਸਦਾ ਸਚੁ ਹਰਿ ਵੇਖਦੇ
ਗੁਰ ਕੈ ਸਬਦਿ ਸੁਭਾਇ ॥

سدا سچُ ہرِ ویکھدے
گُر کےَ سبدِ سُبھاءِ ॥

ਮਨ ਰੇ ਹੁਕਮੁ ਮੰਨਿ ਸੁਖੁ ਹੋਇ ॥

من رے حُکمُ منّنِ سُکھُ ہوءِ ॥

ਪ੍ਰਭ ਭਾਣਾ ਅਪਣਾ ਭਾਵਦਾ
ਜਿਸੁ ਬਖਸੇ ਤਿਸੁ ਬਿਘਨੁ ਨ ਕੋਇ ॥੧॥ ਰਹਾਉ ॥

پّربھ بھاٹا اپٹا بھاودا
جِسُ بخشے تِسُ بِگھنُ ن کوءِ ॥1॥ رہاءُ ॥

ਤ੍ਰੈ ਗੁਣ ਸਭਾ ਧਾਤੁ ਹੈ
ਨਾ ਹਰਿ ਭਗਤਿ ਨ ਭਾਇ ॥

ترّےَ گُٹ سبھا دھاتُ ہےَ
نا ہرِ بھگتِ ن بھاءِ ॥

ਗਤਿ ਮੁਕਤਿ ਕਦੇ ਨ ਹੋਵਈ
ਹਉਮੈ ਕਰਮ ਕਮਾਹਿ ॥

گتِ مُکتِ کدے ن ہووئی
ہئمےَ کرم کماہِ ॥

ਸਾਹਿਬ ਭਾਵੈ ਸੋ ਥੀਐ
ਪਇਐ ਕਿਰਤਿ ਫਿਰਾਹਿ ॥੨॥

صاحِب بھاوےَ سو تھیےَ
پئےَ کِرتِ پھِراہِ ॥2॥

ਸਤਿਗੁਰ ਭੇਟਿਐ ਮਨੁ ਮਰਿ ਰਹੈ
ਹਰਿ ਨਾਮੁ ਵਸੈ ਮਨਿ ਆਇ ॥

ستِگُر بھیٹےَ منُ مرِ رہےَ
ہرِ نامُ وسےَ منِ آءِ ॥

ਤਿਸ ਕੀ ਕੀਮਤਿ ਨਾ ਪਵੈ
ਕਹਣਾ ਕਿਛੂ ਨ ਜਾਇ ॥

تِس کی قِیمتِ نا پوےَ
کہٹا کِچھُو ن جاءِ ॥

ਚਉਥੈ ਪਦਿ ਵਾਸਾ ਹੋਇਆ
ਸਚੈ ਰਹੈ ਸਮਾਇ ॥੩॥

چئتھےَ پدِ واسا ہوئیا
سچےَ رہےَ سماءِ ॥3॥

ਮੇਰਾ ਹਰਿ ਪ੍ਰਭੁ ਅਗਮੁ ਅਗੋਚਰੁ ਹੈ
ਕੀਮਤਿ ਕਹਣੁ ਨ ਜਾਇ ॥

میرا ہرِ پّربھُ اگمُ اگوچرُ ہےَ
قِیمتِ کہٹُ ن جاءِ ॥

ਗੁਰ ਪਰਸਾਦੀ ਬੁਝੀਐ

گُر پرسادی بُجھیےَ

ਸਬਦੇ ਕਾਰ ਕਮਾਇ ॥	سبدے کار کماءِ ॥
ਨਾਨਕ ਨਾਮੁ ਸਲਾਹਿ ਤੂ ਹਰਿ ਹਰਿ ਦਰਿ ਸੋਭਾ ਪਾਇ ॥੪॥੨॥	نانک نامُ سلاحِ توُ ہرِ ہرِ درِ سوبھا پاءِ ॥4॥2॥
ਮਲਾਰ ਮਹਲਾ ੩ ॥	ملار محلا 3 ॥
ਗੁਰਮੁਖਿ ਕੋਈ ਵਿਰਲਾ ਬੂਝੈ ਜਿਸ ਨੋ ਨਦਰਿ ਕਰੇਇ ॥	گُرمُکھِ کوئی وِرلا بوُجھےَ جِس نو ندرِ کرےءِ ॥
ਗੁਰ ਬਿਨੁ ਦਾਤਾ ਕੋਈ ਨਾਹੀ ਬਖਸੇ ਨਦਰਿ ਕਰੇਇ ॥	گُر بِنُ داتا کوئی ناہی بخشے ندرِ کرےءِ ॥
ਗੁਰ ਮਿਲਿਐ ਸਾਂਤਿ ਊਪਜੈ ਅਨਦਿਨੁ ਨਾਮੁ ਲਏਇ ॥੧॥	گُر مِلےَ سانتِ اوُپجےَ اندِنُ نامُ لئےءِ ॥1॥
ਮੇਰੇ ਮਨ ਹਰਿ ਅੰਮ੍ਰਿਤ ਨਾਮੁ ਧਿਆਇ ॥	میرے من ہرِ انمّرِت نامُ دھیاءِ ॥
ਸਤਿਗੁਰ ਪੁਰਖੁ ਮਿਲੈ ਨਾਉ ਪਾਈਐ ਹਰਿ ਨਾਮੇ ਸਦਾ ਸਮਾਇ ॥੧॥ ਰਹਾਉ ॥	ستِگُر پُرکھُ مِلےَ ناءُ پائیےَ ہرِ نامے سدا سماءِ ॥1॥ رہاءُ ॥
ਮਨਮੁਖ ਸਦਾ ਵਿਛੁੜੇ ਫਿਰਹਿ ਕੋਇ ਨ ਕਿਸ ਹੀ ਨਾਲਿ ॥	منمُکھ سدا وِچھُڑے پھرہِ کوءِ ن کِس ہی نالِ ॥
ਹਉਮੈ ਵਡਾ ਰੋਗੁ ਹੈ ਸਿਰਿ ਮਾਰੇ ਜਮਕਾਲਿ ॥	ہئُمےَ وڈا روگُ ہےَ سِرِ مارے جمکالِ ॥
ਗੁਰਮਤਿ ਸਤਸੰਗਤਿ ਨ ਵਿਛੁੜਹਿ ਅਨਦਿਨੁ ਨਾਮੁ ਸਮ੍ਾਲਿ ॥੨॥	گُرمتِ ستسنگتِ ن وِچھُڑہِ اندِنُ نامُ سمّہالِ ॥2॥
ਸਭਨਾ ਕਰਤਾ ਏਕੁ ਤੂ ਨਿਤ ਕਰਿ ਦੇਖਹਿ ਵੀਚਾਰੁ ॥	سبھنا کرتا ایکُ توُ نِت کرِ دیکھہِ ویچارُ ॥
ਇਕਿ ਗੁਰਮੁਖਿ ਆਪਿ ਮਿਲਾਇਆ ਬਖਸੇ ਭਗਤਿ ਭੰਡਾਰ ॥	اِکِ گُرمُکھِ آپِ مِلائیا بخشے بھگتِ بھنڈار ॥
ਤੂ ਆਪੇ ਸਭੁ ਕਿਛੁ ਜਾਣਦਾ ਕਿਸੁ ਆਗੈ ਕਰੀ ਪੂਕਾਰ ॥੩॥	توُ آپے سبھُ کِچھُ جانڈا کِسُ آگےَ کری پوُکار ۔ ॥3॥

ਹਰਿ ਹਰਿ ਨਾਮੁ ਅੰਮ੍ਰਿਤੁ ਹੈ
ਨਦਰੀ ਪਾਇਆ ਜਾਇ ॥

ہرِ ہرِ نامُ انمّرِتُ ہے
ندری پائیا جاءِ ॥

ਅਨਦਿਨੁ ਹਰਿ ਹਰਿ ਉਚਰੈ
ਗੁਰ ਕੈ ਸਹਜਿ ਸੁਭਾਇ ॥

اندِنُ ہرِ ہرِ اُچرے
گُر کے سہجِ سُبھاءِ ॥

ਨਾਨਕ ਨਾਮੁ ਨਿਧਾਨੁ ਹੈ
ਨਾਮੇ ਹੀ ਚਿਤੁ ਲਾਇ ॥੪॥੩॥

نانک نامُ نِدھانُ ہے
نامے ہی چِتُ لاءِ ॥4॥3॥

ਮਲਾਰ ਮਹਲਾ ੩ ॥

ملار محلا 3 ॥

ਗੁਰੁ ਸਾਲਾਹੀ ਸਦਾ ਸੁਖਦਾਤਾ
ਪ੍ਰਭੁ ਨਾਰਾਇਣੁ ਸੋਈ ॥

گُرُ سالاحی سدا سُکھداتا
پّربھُ نارائِنُّ سوئی ॥

ਗੁਰ ਪਰਸਾਦਿ ਪਰਮ ਪਦੁ ਪਾਇਆ
ਵਡੀ ਵਡਿਆਈ ਹੋਈ ॥

گُر پرسادِ پرم پدُ پائیا
وڈی وڈِیائی ہوئی ॥

ਅਨਦਿਨੁ ਗੁਣ ਗਾਵੈ ਨਿਤ ਸਾਚੇ
ਸਚਿ ਸਮਾਵੈ ਸੋਈ ॥੧॥

اندِنُ گُنُ گاوے نِت ساچے
سچِ سماوے سوئی ॥1॥

ਮਨ ਰੇ ਗੁਰਮੁਖਿ ਰਿਦੈ ਵੀਚਾਰਿ ॥

من رے گُرمُکھِ رِدے وِیچارِ ॥

ਤਜਿ ਕੂੜੁ ਕੁਟੰਬੁ ਹਉਮੈ ਬਿਖੁ ਤ੍ਰਿਸਨਾ
ਚਲਣੁ ਰਿਦੈ ਸਮ੍ਾਲਿ ॥੧॥ ਰਹਾਉ ॥

تجِ کوڑُ کُٹنّبُ ہئُمے بِکھُ ترِسنا
چلنُّ رِدے سمّہالِ ॥1॥ رہاءُ ॥

ਸਤਿਗੁਰ ਦਾਤਾ ਰਾਮ ਨਾਮ ਕਾ
ਹੋਰੁ ਦਾਤਾ ਕੋਈ ਨਾਹੀ ॥

ستِگُر داتا رام نام کا
ہورُ داتا کوئی ناہی ॥

ਜੀਅ ਦਾਨੁ ਦੇਇ ਤ੍ਰਿਪਤਾਸੇ
ਸਚੈ ਨਾਮਿ ਸਮਾਹੀ ॥

جیء دانُ دےءِ ترِپتاسے
سچے نامِ سماہی ॥

ਅਨਦਿਨੁ ਹਰਿ ਰਵਿਆ ਰਿਦ ਅੰਤਰਿ
ਸਹਜਿ ਸਮਾਧਿ ਲਗਾਹੀ ॥੨॥

اندِنُ ہرِ رویا رِد انترِ
سہجِ سمادھِ لگاہی ॥2॥

ਸਤਿਗੁਰ ਸਬਦੀ ਇਹੁ ਮਨੁ ਭੇਦਿਆ
ਹਿਰਦੈ ਸਾਚੀ ਬਾਣੀ ॥

ستِگُر سبدی اِہُ منُ بھیدِیا
ہِردے ساچی بانّی ॥

ਮੇਰਾ ਪ੍ਰਭੁ ਅਲਖੁ ਨ ਜਾਈ ਲਖਿਆ

میرا پّربھُ الکھُ ن جائی لکھیا

ਗੁਰਮੁਖਿ ਅਕਥ ਕਹਾਣੀ ॥

گُرمُکھِ اکتھ کہانی ॥

ਆਪੇ ਦਇਆ ਕਰੇ ਸੁਖਦਾਤਾ
ਜਪੀਐ ਸਾਰਿੰਗਪਾਣੀ ॥੩॥

آپے دئیا کرے سُکھداتا
جپیئے سارِنگپانی ॥3॥

ਆਵਣ ਜਾਣਾ ਬਹੁੜਿ ਨ ਹੋਵੈ
ਗੁਰਮੁਖਿ ਸਹਜਿ ਧਿਆਇਆ ॥

آونُ جانا بہُڑِ ن ہووے
گُرمُکھِ سہجِ دھیائیا ॥

ਮਨ ਹੀ ਤੇ ਮਨੁ ਮਿਲਿਆ ਸੁਆਮੀ
ਮਨ ਹੀ ਮੰਨੁ ਸਮਾਇਆ ॥

من ہی تے منُ مِلیا سُیامی
من ہی منّنُ سمائیا ॥

ਸਾਚੇ ਹੀ ਸਚੁ ਸਾਚਿ ਪਤੀਜੈ
ਵਿਚਹੁ ਆਪੁ ਗਵਾਇਆ ॥੪॥

ساچے ہی سچُ ساچِ پتیجے
وِچہُ آپُ گوائیا ॥4॥

ਏਕੋ ਏਕੁ ਵਸੈ ਮਨਿ ਸੁਆਮੀ
ਦੂਜਾ ਅਵਰੁ ਨ ਕੋਈ ॥

ایکو ایکُ وسے منِ سُیامی
دوُجا اورُ ن کوئی ॥

ਏਕੋ ਨਾਮੁ ਅੰਮ੍ਰਿਤੁ ਹੈ ਮੀਠਾ
ਜਗਿ ਨਿਰਮਲ ਸਚੁ ਸੋਈ ॥

ایکو نامُ انّمرِتُ ہے میٹھا
جگِ نِرمل سچُ سوئی ॥

ਨਾਨਕ ਨਾਮੁ ਪ੍ਰਭੂ ਤੇ ਪਾਈਐ
ਜਿਨ ਕਉ ਧੁਰਿ ਲਿਖਿਆ ਹੋਈ ॥੫॥੪॥

نانک نامُ پربھوُ تے پائیئے
جِن کءُ دھُرِ لِکھیا ہوئی ॥5॥4॥

ਮਲਾਰ ਮਹਲਾ ੩ ॥

ملار محلا 3 ॥

ਗਣ ਗੰਧਰਬ ਨਾਮੇ ਸਭਿ ਉਧਰੇ
ਗੁਰ ਕਾ ਸਬਦੁ ਵੀਚਾਰਿ ॥

گنُ گندھرب نامے سبھِ اُدھرے
گُر کا سبدُ ویچارِ ॥

ਹਉਮੈ ਮਾਰਿ ਸਦ ਮੰਨਿ ਵਸਾਇਆ
ਹਰਿ ਰਾਖਿਆ ਉਰਿ ਧਾਰਿ ॥

ہئُمے مارِ سد منّنِ وسائیا
ہرِ راکھیا اُرِ دھارِ ॥

ਜਿਸਹਿ ਬੁਝਾਏ ਸੋਈ ਬੂਝੈ
ਜਿਸ ਨੋ ਆਪੇ ਲਏ ਮਿਲਾਇ ॥

جِسہِ بُجھائے سوئی بوُجھے
جِس نو آپے لئے مِلاءِ ॥

ਅਨਦਿਨੁ ਬਾਣੀ ਸਬਦੇ ਗਾਂਵੈ
ਸਾਚਿ ਰਹੈ ਲਿਵ ਲਾਇ ॥੧॥

اندِنُ بانی سبدے گانوے
ساچِ رہے لِو لاءِ ॥1॥

ਮਨ ਮੇਰੇ ਖਿਨੁ ਖਿਨੁ ਨਾਮੁ ਸਮ੍ਾਲਿ ॥

من میرے کھِنُ کھِنُ نامُ سمّہالِ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نُوں سمرپت | سیوا: بھائی بلجِندر سنگھ جی (راڑا صاہِب)

ਗੁਰ ਕੀ ਦਾਤਿ ਸਬਦ ਸੁਖੁ ਅੰਤਰਿ
ਸਦਾ ਨਿਬਹੈ ਤੇਰੈ ਨਾਲਿ ॥੧॥ ਰਹਾਉ ॥

ਮਨਮੁਖ ਪਾਖੰਡੁ ਕਦੇ ਨ ਚੂਕੈ
ਦੂਜੈ ਭਾਇ ਦੁਖੁ ਪਾਏ ॥

ਨਾਮੁ ਵਿਸਾਰਿ ਬਿਖਿਆ ਮਨਿ ਰਾਤੇ
ਬਿਰਥਾ ਜਨਮੁ ਗਵਾਏ ॥

ਇਹ ਵੇਲਾ ਫਿਰਿ ਹਥਿ ਨ ਆਵੈ
ਅਨਦਿਨੁ ਸਦਾ ਪਛੁਤਾਏ ॥

ਮਰਿ ਮਰਿ ਜਨਮੈ ਕਦੇ ਨ ਬੂਝੈ
ਵਿਸਟਾ ਮਾਹਿ ਸਮਾਏ ॥੨॥

ਗੁਰਮੁਖਿ ਨਾਮਿ ਰਤੇ ਸੇ ਉਧਰੇ
ਗੁਰ ਕਾ ਸਬਦੁ ਵੀਚਾਰਿ ॥

ਜੀਵਨ ਮੁਕਤਿ ਹਰਿ ਨਾਮੁ ਧਿਆਇਆ
ਹਰਿ ਰਾਖਿਆ ਉਰਿ ਧਾਰਿ ॥

ਮਨੁ ਤਨੁ ਨਿਰਮਲੁ ਨਿਰਮਲ ਮਤਿ ਊਤਮ
ਊਤਮ ਬਾਣੀ ਹੋਈ ॥

ਏਕੋ ਪੁਰਖੁ ਏਕੁ ਪ੍ਰਭੁ ਜਾਤਾ
ਦੂਜਾ ਅਵਰੁ ਨ ਕੋਈ ॥੩॥

ਆਪੇ ਕਰੇ ਕਰਾਏ ਪ੍ਰਭੁ ਆਪੇ
ਆਪੇ ਨਦਰਿ ਕਰੇਇ ॥

ਮਨੁ ਤਨੁ ਰਾਤਾ ਗੁਰ ਕੀ ਬਾਣੀ
ਸੇਵਾ ਸੁਰਤਿ ਸਮੇਇ ॥

ਅੰਤਰਿ ਵਸਿਆ ਅਲਖ ਅਭੇਵਾ
ਗੁਰਮੁਖਿ ਹੋਇ ਲਖਾਇ ॥

ਨਾਨਕ ਜਿਸੁ ਭਾਵੈ ਤਿਸੁ ਆਪੇ ਦੇਵੈ
ਭਾਵੈ ਤਿਵੈ ਚਲਾਇ ॥੪॥੫॥

گُر کی داتِ سبد سُکھُ انتَرِ
سدا نِبہے تیرے نالِ ॥1॥ رہاءُ ॥

منمُکھ پاکھنڈُ کدے ن چوُکے
دوُجے بھاءِ دُکھُ پائے ॥

نامُ وِسارِ بِکھیا منِ راتے
برتھا جنمُ گوائے ॥

اِہ ویلا پھِرِ ہتھِ ن آوے
اندِنُ سدا پچھُتائے ॥

مرِ مرِ جنمے کدے ن بوُجھے
وِسٹا ماہِ سمائے ॥2॥

گُرمُکھِ نامِ رتے سے اُدھرے
گُر کا سبدُ ویچارِ ॥

جیون مُکتِ ہرِ نامُ دھیائیا
ہرِ راکھیا اُرِ دھارِ ॥

منُ تنُ نِرملُ نِرمل متِ اوُتم
اوُتم بانٹی ہوئی ॥

ایکو پُرکھُ ایکُ پرّبھُ جاتا
دوُجا اورُ ن کوئی ॥3॥

آپے کرے کرائے پرّبھُ آپے
آپے ندرِ کرےءِ ॥

منُ تنُ راتا گُر کی بانٹی
سیوا سُرتِ سمےءِ ॥

انتَرِ وسِیا الکھ ابھیوا
گُرمُکھِ ہوءِ لکھاءِ ॥

نانک جِسُ بھاوے تِسُ آپے دیوے

ਮਲਾਰ ਮਹਲਾ ੩ ਦੁਤੁਕੇ ॥

ملار محلا 3 دُتُکے ॥

ਸਤਿਗੁਰ ਤੇ ਪਾਵੈ
ਘਰੁ ਦਰੁ ਮਹਲੁ ਸੁ ਥਾਨੁ ॥

ستِگُر تے پاوے
گھرُ درُ محلُ سُ تھانُ ॥

ਗੁਰ ਸਬਦੀ ਚੂਕੈ ਅਭਿਮਾਨੁ ॥੧॥

گُر سبدی چوُکے ابھمانُ ॥1॥

ਜਿਨ ਕਉ ਲਿਲਾਟਿ ਲਿਖਿਆ ਧੁਰਿ ਨਾਮੁ ॥

جِن ک ءُ لِلاٹِ لِکھیا دھُرِ نامُ ॥

ਅਨਦਿਨੁ ਨਾਮੁ ਸਦਾ ਸਦਾ ਧਿਆਵਹਿ
ਸਾਚੀ ਦਰਗਹ ਪਾਵਹਿ ਮਾਨੁ ॥੧॥ ਰਹਾਉ ॥

اندِنُ نامُ سدا سدا دھِیاوہِ
ساچی درگہ پاوہِ مانُ ॥1॥ رہاءُ ॥

ਮਨ ਕੀ ਬਿਧਿ ਸਤਿਗੁਰ ਤੇ ਜਾਣੈ
ਅਨਦਿਨੁ ਲਾਗੈ ਸਦ ਹਰਿ ਸਿਉ ਧਿਆਨੁ ॥

من کی بِدھِ ستِگُر تے جانٹے
اندِنُ لاگے سد ہرِ سِ ءُ دھِیانُ ॥

ਗੁਰ ਸਬਦਿ ਰਤੇ ਸਦਾ ਬੈਰਾਗੀ
ਹਰਿ ਦਰਗਹ ਸਾਚੀ ਪਾਵਹਿ ਮਾਨੁ ॥੨॥

گُر سبدِ رتے سدا بیَراگی
ہرِ درگہ ساچی پاوہِ مانُ ॥2॥

ਇਹੁ ਮਨੁ ਖੇਲੈ ਹੁਕਮੁ ਕਾ ਬਾਧਾ
ਇਕ ਖਿਨ ਮਹਿ ਦਹ ਦਿਸ ਫਿਰਿ ਆਵੈ ॥

اِہُ منُ کھیلے حُکمُ کا بادھا
اِک کھِن مہِ دہ دِس پھِرِ آوے ॥

ਜਾਂ ਆਪੇ ਨਦਰਿ ਕਰੇ ਹਰਿ ਪ੍ਰਭੁ ਸਾਚਾ
ਤਾਂ ਇਹੁ ਮਨੁ ਗੁਰਮੁਖਿ ਤਤਕਾਲ ਵਸਿ ਆਵੈ ॥੩॥

جاں آپے ندرِ کرے ہرِ پربھُ ساچا
تاں اِہُ منُ گُرمُکھِ تتکال وسِ آوے ॥3॥

ਇਸੁ ਮਨ ਕੀ ਬਿਧਿ ਮਨ ਹੂ ਜਾਣੈ
ਬੂਝੈ ਸਬਦਿ ਵੀਚਾਰਿ ॥

اِسُ من کی بِدھِ من ہوُ جانٹے
بوُجھے سبدِ ویچارِ ॥

ਨਾਨਕ ਨਾਮੁ ਧਿਆਇ ਸਦਾ ਤੂ
ਭਵ ਸਾਗਰੁ ਜਿਤੁ ਪਾਵਹਿ ਪਾਰਿ ॥੪॥੬॥

نانک نامُ دھِیاءِ سدا توُ
بھو ساگرُ جِتُ پاوہِ پارِ ॥4॥6॥

ਮਲਾਰ ਮਹਲਾ ੩ ॥

ملار محلا 3 ॥

ਜੀਉ ਪਿੰਡੁ ਪ੍ਰਾਣ ਸਭਿ ਤਿਸ ਕੇ
ਘਟਿ ਘਟਿ ਰਹਿਆ ਸਮਾਈ ॥

جیِءُ پِنڈُ پ٘راڻ سبھِ تِس کے
گھٹِ گھٹِ رہِیا سمائی ॥

ਏਕਸੁ ਬਿਨੁ ਮੈ ਅਵਰੁ ਨ ਜਾਣਾ
ਸਤਿਗੁਰਿ ਦੀਆ ਬੁਝਾਈ ॥੧॥

ایکسُ بِنُ مے اورُ ن جاٹا
ستِگُرِ دِیِیا بُجھائی ॥1॥

ਮਨ ਮੇਰੇ ਨਾਮਿ ਰਹਉ ਲਿਵ ਲਾਈ ॥

ਅਦਿਸਟੁ ਅਗੋਚਰੁ ਅਪਰੰਪਰੁ ਕਰਤਾ
ਗੁਰ ਕੈ ਸਬਦਿ ਹਰਿ ਧਿਆਈ ॥੧॥ ਰਹਾਉ ॥

ਮਨੁ ਤਨੁ ਭੀਜੈ ਏਕ ਲਿਵ ਲਾਗੈ
ਸਹਜੇ ਰਹੇ ਸਮਾਈ ॥

ਗੁਰ ਪਰਸਾਦੀ ਭ੍ਰਮੁ ਭਉ ਭਾਗੈ
ਏਕ ਨਾਮਿ ਲਿਵ ਲਾਈ ॥੨॥

ਗੁਰ ਬਚਨੀ ਸਚੁ ਕਾਰ ਕਮਾਵੈ
ਗਤਿ ਮਤਿ ਤਬ ਹੀ ਪਾਈ ॥

ਕੋਟਿ ਮਧੇ ਕਿਸਹਿ ਬੁਝਾਏ
ਤਿਨਿ ਰਾਮ ਨਾਮਿ ਲਿਵ ਲਾਈ ॥੩॥

ਜਹ ਜਹ ਦੇਖਾ ਤਹ ਏਕੋ ਸੋਈ
ਇਹ ਗੁਰਮਤਿ ਬੁਧਿ ਪਾਈ ॥

ਮਨੁ ਤਨੁ ਪ੍ਰਾਨ ਧਰੀ ਤਿਸੁ ਆਗੈ
ਨਾਨਕ ਆਪੁ ਗਵਾਈ ॥੪॥੭॥

ਮਲਾਰ ਮਹਲਾ ੩ ॥

ਮੇਰਾ ਪ੍ਰਭੁ ਸਾਚਾ ਦੂਖ ਨਿਵਾਰਣੁ
ਸਬਦੇ ਪਾਇਆ ਜਾਈ ॥

ਭਗਤੀ ਰਾਤੇ ਸਦ ਬੈਰਾਗੀ
ਦਰਿ ਸਾਚੈ ਪਤਿ ਪਾਈ ॥੧॥

ਮਨ ਰੇ ਮਨ ਸਿਉ ਰਹਉ ਸਮਾਈ ॥

ਗੁਰਮੁਖਿ ਰਾਮ ਨਾਮਿ ਮਨੁ ਭੀਜੈ
ਹਰਿ ਸੇਤੀ ਲਿਵ ਲਾਈ ॥੧॥ ਰਹਾਉ ॥

ਮੇਰਾ ਪ੍ਰਭੁ ਅਤਿ ਅਗਮ ਅਗੋਚਰੁ
ਗੁਰਮਤਿ ਦੇਇ ਬੁਝਾਈ ॥

من میرے نامِ رہءُ لِو لائی ॥

اِدِسٹُ اگوچرُ اپرنّپرُ کرتا
گُر کے سبدِ ہرِ دھِیائی ॥1॥ رہاءُ ॥

منُ تنُ بھِیجےَ ایک لِو لاگے
سہجے رہے سمائی ॥

گُر پرسادی بھّرمُ بھءُ بھاگے
ایک نامِ لِو لائی ॥2॥

گُر بچنی سچُ کار کماوے
گتِ متِ تب ہی پائی ॥

کوٹِ مدھے کِسہِ بُجھائے
تِنِ رام نامِ لِو لائی ॥3॥

جہ جہ دیکھا تہ ایکو سوئی
اِہ گُرمتِ بُدھِ پائی ॥

منُ تنُ پّران دھریں تِسُ آگے
نانک آپُ گوائی ॥4॥7॥

ملار محلا 3 ॥

میرا پّربھُ ساچا دوُکھ نِوارنُ
سبدے پائِیا جائی ॥

بھگتی راتے سد بیَراگی
درِ ساچےَ پتِ پائی ॥1॥

من رے من سِءُ رہءُ سمائی ॥

گُرمُکھِ رام نامِ منُ بھِیجےَ
ہرِ سیتی لِو لائی ॥1॥ رہاءُ ॥

میرا پّربھُ اتِ اگم اگوچرُ
گُرمتِ دےءِ بُجھائی ॥

ਸਚੁ ਸੰਜਮੁ ਕਰਣੀ ਹਰਿ ਕੀਰਤਿ
ਹਰਿ ਸੇਤੀ ਲਿਵ ਲਾਈ ॥੨॥

سچُ سنجَمُ کرنی ہرِ کیرتِ
ہرِ سیتی لِو لائی ॥2॥

ਆਪੇ ਸਬਦੁ ਸਚੁ ਸਾਖੀ ਆਪੇ
ਜਿਨ੍ ਜੋਤੀ ਜੋਤਿ ਮਿਲਾਈ ॥

آپے سبدُ سچُ ساکھی آپے
جِنّہ جوتی جوتِ مِلائی ॥

ਦੇਹੀ ਕਾਚੀ ਪਉਣੁ ਵਜਾਏ
ਗੁਰਮੁਖਿ ਅੰਮ੍ਰਿਤੁ ਪਾਈ ॥੩॥

دیہی کاچی پؤنُ وجائے
گُرمُکھِ انمّرِتُ پائی ॥3॥

ਆਪੇ ਸਾਜੇ ਸਭ ਕਾਰੈ ਲਾਏ
ਸੋ ਸਚੁ ਰਹਿਆ ਸਮਾਈ ॥

آپے ساجے سبھ کارے لائے
سو سچُ رہِیا سمائی ॥

ਨਾਨਕ ਨਾਮ ਬਿਨਾ ਕੋਈ ਕਿਛੁ ਨਾਹੀ
ਨਾਮੇ ਦੇਇ ਵਡਾਈ ॥੪॥੮॥

نانک نام بِنا کوئی کچھُ ناہی
نامے دےءِ وڈائی ॥4॥8॥

ਮਲਾਰ ਮਹਲਾ ੩ ॥

ملار محلا 3 ॥

ਹਉਮੈ ਬਿਖੁ ਮਨੁ ਮੋਹਿਆ
ਲਦਿਆ ਅਜਗਰ ਭਾਰੀ ॥

ہئُمےَ بِکھُ منُ موہِیا
لدِیا اجگر بھاری ॥

ਗਰੁੜੁ ਸਬਦੁ ਮੁਖਿ ਪਾਇਆ
ਹਉਮੈ ਬਿਖੁ ਹਰਿ ਮਾਰੀ ॥੧॥

گرُڑُ سبدُ مُکھِ پائیا
ہئُمےَ بِکھُ ہرِ ماری ॥1॥

ਮਨ ਰੇ ਹਉਮੈ ਮੋਹੁ ਦੁਖੁ ਭਾਰੀ ॥

من رے ہئُمےَ موہُ دُکھُ بھاری ॥

ਇਹੁ ਭਵਜਲੁ ਜਗਤੁ ਨ ਜਾਈ ਤਰਣਾ
ਗੁਰਮੁਖਿ ਤਰੁ ਹਰਿ ਤਾਰੀ ॥੧॥ ਰਹਾਉ ॥

اِہُ بھوجلُ جگتُ ن جائی ترِنا
گُرمُکھِ ترُ ہرِ تاری ॥1॥ رہاءُ ॥

ਤ੍ਰੈਗੁਣ ਮਾਇਆ ਮੋਹੁ ਪਸਾਰਾ
ਸਭ ਵਰਤੈ ਆਕਾਰੀ ॥

ترَیگُن مائیا موہُ پسارا
سبھ ورتے آکاری ॥

ਤੁਰੀਆ ਗੁਣੁ ਸਤਸੰਗਤਿ ਪਾਈਐ
ਨਦਰੀ ਪਾਰਿ ਉਤਾਰੀ ॥੨॥

تُریا گُنُ ستسنگتِ پائیےَ
ندری پارِ اُتاری ॥2॥

ਚੰਦਨ ਗੰਧ ਸੁਗੰਧ ਹੈ
ਬਹੁ ਬਾਸਨਾ ਬਹਕਾਰਿ ॥

چندَن گندھ سُگندھ ہےَ
بہُ باسنا بہکارِ ॥

ਹਰਿ ਜਨ ਕਰਣੀ ਊਤਮ ਹੈ

ہرِ جن کرنی اوُتم ہےَ

ਹਰਿ ਕੀਰਤਿ ਜਗਿ ਬਿਸਥਾਰਿ ॥੩॥	ہرِ کیرتِ جگِ بِستھارِ ॥3॥
ਕ੍ਰਿਪਾ ਕ੍ਰਿਪਾ ਕਰਿ ਠਾਕੁਰ ਮੇਰੇ ਹਰਿ ਹਰਿ ਹਰਿ ਉਰ ਧਾਰਿ ॥	کرِپا کرِپا کرِ ٹھاکُر میرے ہرِ ہرِ ہرِ اُر دھارِ ॥
ਨਾਨਕ ਸਤਿਗੁਰੁ ਪੂਰਾ ਪਾਇਆ ਮਨਿ ਜਪਿਆ ਨਾਮੁ ਮੁਰਾਰਿ ॥੪॥੯॥	نانک ستِگُرُ پُورا پائیا منِ جپیا نامُ مُرارِ ॥4॥9॥
ਮਲਾਰ ਮਹਲਾ ੩ ਘਰੁ ੨	ملار محلا 3 گھرُ 2
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥	اِہُ منُ گرِہی کِ اِہُ منُ اُداسی ۔ ॥
ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥	کِ اِہُ منُ اورنُ سدا اوِناسی ॥
ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥	کِ اِہُ منُ چنچّلُ کِ اِہُ منُ بیرَاگی ۔ ॥
ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥੧॥	اِسُ من کءُ ممتا کِتھہُ لاگی ۔ ॥1॥
ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥	پنڈِت اِسُ من کا کرہُ بیچارُ ॥
ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥੧॥ ਰਹਾਉ ॥	اورُ کِ بہُتا پڑہِ اُٹھاوہِ بھارُ ۔ ॥1॥ رہاءُ ॥
ਮਾਇਆ ਮਮਤਾ ਕਰਤੈ ਲਾਈ ॥	مائیا ممتا کرتے لائی ॥
ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥	ایہُ حُکمُ کرِ سّرِسٹِ اُپائی ॥
ਗੁਰ ਪਰਸਾਦੀ ਬੂਝਹੁ ਭਾਈ ॥	گُر پرسادی بُوجھہُ بھائی ۔ ॥
ਸਦਾ ਰਹਹੁ ਹਰਿ ਕੀ ਸਰਣਾਈ ॥੨॥	سدا رہہُ ہرِ کی سرٹائی ॥2॥
ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥	سو پنڈِتُ جو تِہاں گُٹا کی پنڈ اُتارے ॥
ਅਨਦਿਨੁ ਏਕੋ ਨਾਮੁ ਵਖਾਣੈ ॥	اندِنُ ایکو نامُ وکھاٹے ॥
ਸਤਿਗੁਰ ਕੀ ਓਹੁ ਦੀਖਿਆ ਲੇਇ ॥	ستِگُر کی اوہُ دیکھیا لےءِ ॥
ਸਤਿਗੁਰ ਆਗੈ ਸੀਸੁ ਧਰੇਇ ॥	ستِگُر آگے سیُس دھرےءِ ॥

ਸਦਾ ਅਲਗੁ ਰਹੈ ਨਿਰਬਾਣੁ ॥	سدا الگُ رہے نِربانُ ॥
ਸੋ ਪੰਡਿਤੁ ਦਰਗਹ ਪਰਵਾਣੁ ॥੩॥	سو پنڈِتُ درگہ پروانُ ॥3॥
ਸਭਨਾਂ ਮਹਿ ਏਕੋ ਏਕੁ ਵਖਾਣੈ ॥	سبھناں مہِ ایکو ایکُ وکھاٹے ॥
ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥	جاں ایکو ویکھے تاں ایکو جاٹے ॥
ਜਾ ਕਉ ਬਖਸੇ ਮੇਲੇ ਸੋਇ ॥	جا ک ءُ بخشے میلے سوءِ ॥
ਐਥੈ ਓਥੈ ਸਦਾ ਸੁਖੁ ਹੋਇ ॥੪॥	ایتھے اوتھے سدا سُکھُ ہوءِ ॥4॥
ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ ॥	کہت نانکُ کون بِدھِ کرے کِیا کوءِ ॥
ਸੋਈ ਮੁਕਤਿ ਜਾ ਕਉ ਕਿਰਪਾ ਹੋਇ ॥	سوئی مُکتِ جا ک ءُ کِرپا ہوءِ ॥
ਅਨਦਿਨੁ ਹਰਿ ਗੁਣ ਗਾਵੈ ਸੋਇ ॥	اندِنُ ہرِ گُن گاوے سوءِ ॥
ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥੫॥੧॥੧੦॥	ساستّر بید کی پھِرِ کوُک ن ہوءِ ॥5॥1॥ 10 ॥
ਮਲਾਰ ਮਹਲਾ ੩ ॥	ملار محلا 3 ॥
ਭ੍ਰਮਿ ਭ੍ਰਮਿ ਜੋਨਿ ਮਨਮੁਖ ਭਰਮਾਈ ॥	بھرّمِ بھرّمِ جونِ منمُکھ بھرمائی ॥
ਜਮਕਾਲੁ ਮਾਰੇ ਨਿਤ ਪਤਿ ਗਵਾਈ ॥	جمکالُ مارے نِت پتِ گوائی ॥
ਸਤਿਗੁਰ ਸੇਵਾ ਜਮ ਕੀ ਕਾਣਿ ਚੁਕਾਈ ॥	ستِگُر سیوا جم کی کانِ چُکائی ॥
ਹਰਿ ਪ੍ਰਭੁ ਮਿਲਿਆ ਮਹਲੁ ਘਰੁ ਪਾਈ ॥੧॥	ہرِ پربھُ مِلیا محلُ گھرُ پائی ॥1॥
ਪ੍ਰਾਣੀ ਗੁਰਮੁਖਿ ਨਾਮੁ ਧਿਆਇ ॥	پرّانی گُرمُکھِ نامُ دھِیاءِ ॥
ਜਨਮੁ ਪਦਾਰਥੁ ਦੁਬਿਧਾ ਖੋਇਆ ਕਉਡੀ ਬਦਲੈ ਜਾਇ ॥੧॥ ਰਹਾਉ ॥	جنمُ پدارتھُ دُبِدھا کھوئیا کئڈی بدلے جاءِ ॥1॥ رہاءُ ॥
ਕਰਿ ਕਿਰਪਾ ਗੁਰਮੁਖਿ ਲਗੈ ਪਿਆਰੁ ॥	کرِ کِرپا گُرمُکھِ لگے پیارُ ॥
ਅੰਤਰਿ ਭਗਤਿ ਹਰਿ ਹਰਿ ਉਰਿ ਧਾਰੁ ॥	انترِ بھگتِ ہرِ ہرِ اُرِ دھارُ ॥
ਭਵਜਲੁ ਸਬਦਿ ਲੰਘਾਵਣਹਾਰੁ ॥	بھوجلُ سبدِ لنگھاونہارُ ॥

ਦਰਿ ਸਾਚੈ ਦਿਸੈ ਸਚਿਆਰੁ ॥੨॥	دِر ساچے دِسے سچِیارُ ॥2॥
ਬਹੁ ਕਰਮ ਕਰੇ ਸਤਿਗੁਰੁ ਨਹੀ ਪਾਇਆ ॥	بہُ کرم کرے ستِگُرُ نہی پائیا ॥
ਬਿਨੁ ਗੁਰ ਭਰਮਿ ਭੂਲੇ ਬਹੁ ਮਾਇਆ ॥	بِنُ گُر بھرمِ بھوُلے بہُ مائیا ॥
ਹਉਮੈ ਮਮਤਾ ਬਹੁ ਮੋਹੁ ਵਧਾਇਆ ॥	ہئُمے ممتا بہُ موہُ ودھائیا ॥
ਦੂਜੈ ਭਾਇ ਮਨਮੁਖਿ ਦੁਖੁ ਪਾਇਆ ॥੩॥	دوُجے بھاءِ منمُکھِ دُکھُ پائیا ॥3॥
ਆਪੇ ਕਰਤਾ ਅਗਮ ਅਥਾਹਾ ॥	آپے کرتا اگم اتھاہا ॥
ਗੁਰ ਸਬਦੀ ਜਪੀਐ ਸਚੁ ਲਾਹਾ ॥	گُر سبدی جپیئے سچُ لاہا ॥
ਹਾਜਰੁ ਹਜੂਰਿ ਹਰਿ ਵੇਪਰਵਾਹਾ ॥	ہاجرُ حضوُرِ ہرِ ویپرواہا ॥
ਨਾਨਕ ਗੁਰਮੁਖਿ ਨਾਮਿ ਸਮਾਹਾ ॥੪॥੨॥੧੧॥	نانک گُرمُکھِ نامِ سماہا ॥4॥2॥ 11 ॥
ਮਲਾਰ ਮਹਲਾ ੩ ॥	ملار محلا 3 ॥
ਜੀਵਤ ਮੁਕਤ ਗੁਰਮਤੀ ਲਾਗੇ ॥	جیِوت مُکت گُرمتی لاگے ॥
ਹਰਿ ਕੀ ਭਗਤਿ ਅਨਦਿਨੁ ਸਦ ਜਾਗੇ ॥	ہرِ کی بھگتِ اندِنُ سد جاگے ॥
ਸਤਿਗੁਰ ਸੇਵਹਿ ਆਪੁ ਗਵਾਇ ॥	ستِگُر سیوہِ آپُ گواءِ ॥
ਹਉ ਤਿਨ ਜਨ ਕੇ ਸਦ ਲਾਗਉ ਪਾਇ ॥੧॥	ہءُ تِن جن کے سد لاگءُ پاءِ ॥1॥
ਹਉ ਜੀਵਾਂ ਸਦਾ ਹਰਿ ਕੇ ਗੁਣ ਗਾਈ ॥	ہءُ جیِواں سدا ہرِ کے گُن گائی ॥
ਗੁਰ ਕਾ ਸਬਦੁ ਮਹਾ ਰਸੁ ਮੀਠਾ ਹਰਿ ਕੈ ਨਾਮਿ ਮੁਕਤਿ ਗਤਿ ਪਾਈ ॥੧॥ ਰਹਾਉ ॥	گُر کا سبدُ مہا رسُ میٹھا ہرِ کے نامِ مُکتِ گتِ پائی ॥1॥ رہاءُ ॥
ਮਾਇਆ ਮੋਹੁ ਅਗਿਆਨੁ ਗੁਬਾਰੁ ॥	مائیا موہُ اگیانُ غُبارُ ॥
ਮਨਮੁਖ ਮੋਹੇ ਮੁਗਧ ਗਵਾਰ ॥	منمُکھ موہے مُگدھ گوار ॥
ਅਨਦਿਨੁ ਧੰਧਾ ਕਰਤ ਵਿਹਾਇ ॥	اندِنُ دھندّھا کرت وِہاءِ ॥
ਮਰਿ ਮਰਿ ਜੰਮਹਿ ਮਿਲੈ ਸਜਾਇ ॥੨॥	مرِ مرِ جنّمہِ ملے سزاءِ ॥2॥

ਗੁਰਮੁਖਿ ਰਾਮ ਨਾਮਿ ਲਿਵ ਲਾਈ ॥	گُرمُکھِ رام نامِ لِو لائی ॥
ਕੂੜੈ ਲਾਲਚਿ ਨਾ ਲਪਟਾਈ ॥	کوڑے لالچِ نا لپٹائی ॥
ਜੋ ਕਿਛੁ ਹੋਵੈ ਸਹਜਿ ਸੁਭਾਇ ॥	جو کچھُ ہووے سہجِ سُبھاءِ ॥
ਹਰਿ ਰਸੁ ਪੀਵੈ ਰਸਨ ਰਸਾਇ ॥੩॥	ہرِ رسُ پیوے رسن رساءِ ॥3॥
ਕੋਟਿ ਮਧੇ ਕਿਸਹਿ ਬੁਝਾਈ ॥	کوٹِ مدھے کِسہِ بُجھائی ॥
ਆਪੇ ਬਖਸੇ ਦੇ ਵਡਿਆਈ ॥	آپے بخشے دے وڈیائی ॥
ਜੋ ਧੁਰਿ ਮਿਲਿਆ ਸੁ ਵਿਛੁੜਿ ਨ ਜਾਈ ॥	جو دھُرِ ملیا سُ وِچھُڑِ ن جائی ॥
ਨਾਨਕ ਹਰਿ ਹਰਿ ਨਾਮਿ ਸਮਾਈ ॥੪॥੩॥੧੨॥	نانک ہرِ ہرِ نامِ سمائی ॥4॥3॥ 12 ॥
ਮਲਾਰ ਮਹਲਾ ੩ ॥	ملار محلا 3 ॥
ਰਸਨਾ ਨਾਮੁ ਸਭੁ ਕੋਈ ਕਹੈ ॥	رسنا نامُ سبھُ کوئی کہے ॥
ਸਤਿਗੁਰੁ ਸੇਵੇ ਤਾ ਨਾਮੁ ਲਹੈ ॥	ستِگُرُ سیوے تا نامُ لہے ॥
ਬੰਧਨ ਤੋੜੇ ਮੁਕਤਿ ਘਰਿ ਰਹੈ ॥	بندھن توڑے مُکتِ گھرِ رہے ॥
ਗੁਰ ਸਬਦੀ ਅਸਥਿਰੁ ਘਰਿ ਬਹੈ ॥੧॥	گُر سبدی استھِرُ گھرِ بہے ॥1॥
ਮੇਰੇ ਮਨ ਕਾਹੇ ਰੋਸੁ ਕਰੀਜੈ ॥	میرے من کاہے روسُ کریجے ۔ ॥
ਲਾਹਾ ਕਲਜੁਗਿ ਰਾਮ ਨਾਮੁ ਹੈ ਗੁਰਮਤਿ ਅਨਦਿਨੁ ਹਿਰਦੈ ਰਵੀਜੈ ॥੧॥ ਰਹਾਉ ॥	لاہا کلجُگِ رام نامُ ہے گُرمتِ اندِنُ ہِردے رویجے ॥1॥ رہاءُ ॥
ਬਾਬੀਹਾ ਖਿਨੁ ਖਿਨੁ ਬਿਲਲਾਇ ॥	بابیہا کھِنُ کھِنُ بِللاءِ ॥
ਬਿਨੁ ਪਿਰ ਦੇਖੇ ਨੀਂਦ ਨ ਪਾਇ ॥	بِنُ پِر دیکھے نیند ن پاءِ ॥
ਇਹੁ ਵੇਛੋੜਾ ਸਹਿਆ ਨ ਜਾਇ ॥	اِہُ ویچھوڑا سہیا ن جاءِ ॥
ਸਤਿਗੁਰੁ ਮਿਲੈ ਤਾਂ ਮਿਲੈ ਸੁਭਾਇ ॥੨॥	ستِگُرُ ملے تاں ملے سُبھاءِ ॥2॥
ਨਾਮਹੀਣੁ ਬਿਨਸੈ ਦੁਖੁ ਪਾਇ ॥	نامہیِنُ بِنسے دُکھُ پاءِ ॥
ਤ੍ਰਿਸਨਾ ਜਲਿਆ ਭੂਖ ਨ ਜਾਇ ॥	ترِسنا جلیا بھوُکھ ن جاءِ ॥
ਵਿਣੁ ਭਾਗਾ ਨਾਮੁ ਨ ਪਾਇਆ ਜਾਇ ॥	وِنُ بھاگا نامُ ن پائیا جاءِ ॥

ਬਹੁ ਬਿਧਿ ਥਾਕਾ ਕਰਮ ਕਮਾਇ ॥੩॥	بہُ بِدھِ تھاکا کرم کماءِ ॥3॥
ਤ੍ਰੈ ਗੁਣ ਬਾਣੀ ਬੇਦ ਬੀਚਾਰੁ ॥	ترے گُن بانٹی بید بیچارُ ॥
ਬਿਖਿਆ ਮੈਲੁ ਬਿਖਿਆ ਵਾਪਾਰੁ ॥	بِکھیا میَلُ بِکھیا واپارُ ॥
ਮਰਿ ਜਨਮਹਿ ਫਿਰਿ ਹੋਹਿ ਖੁਆਰੁ ॥	مرِ جنمہِ پھرِ ہوہِ خُیارُ ॥
ਗੁਰਮੁਖਿ ਤੁਰੀਆ ਗੁਣੁ ਉਰਿ ਧਾਰੁ ॥੪॥	گُرمُکھِ تُریا گُنُ اُرِ دھارُ ॥4॥
ਗੁਰੁ ਮਾਨੈ ਮਾਨੈ ਸਭੁ ਕੋਇ ॥	گُرُ مانے مانے سبھُ کوءِ ॥
ਗੁਰ ਬਚਨੀ ਮਨੁ ਸੀਤਲੁ ਹੋਇ ॥	گُر بچنی منُ سیِتلُ ہوءِ ॥
ਚਹੁ ਜੁਗਿ ਸੋਭਾ ਨਿਰਮਲ ਜਨੁ ਸੋਇ ॥	چہُ جُگِ سوبھا نِرمل جنُ سوءِ ॥
ਨਾਨਕ ਗੁਰਮੁਖਿ ਵਿਰਲਾ ਕੋਇ ॥੫॥੪॥੧੩॥੯॥੧੩॥੨੨॥	نانک گُرمُکھِ وِرلا کوءِ ॥5॥4॥ 13 ॥9॥ 13 ॥ 22 ॥
ਰਾਗੁ ਮਲਾਰ ਮਹਲਾ ੪ ਘਰੁ ੧ ਚਉਪਦੇ	راگُ ملار محلا 4 گھرُ 1 چئُپدے
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਅਨਦਿਨੁ ਹਰਿ ਹਰਿ ਧਿਆਇਓ ਹਿਰਦੈ ਮਤਿ ਗੁਰਮਤਿ ਦੂਖ ਵਿਸਾਰੀ ॥	اندِنُ ہرِ ہرِ دھیائیو ہِردے متِ گُرمتِ دوُکھ وِساری ॥
ਸਭ ਆਸਾ ਮਨਸਾ ਬੰਧਨ ਤੂਟੇ ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥੧॥	سبھ آسا منسا بندھن توُٹے ہرِ ہرِ پرّبھِ کِرپا دھاری ॥1॥
ਨੈਨੀ ਹਰਿ ਹਰਿ ਲਾਗੀ ਤਾਰੀ ॥	نینَی ہرِ ہرِ لاگی تاری ॥
ਸਤਿਗੁਰੁ ਦੇਖਿ ਮੇਰਾ ਮਨੁ ਬਿਗਸਿਓ ਜਨੁ ਹਰਿ ਭੇਟਿਓ ਬਨਵਾਰੀ ॥੧॥ ਰਹਾਉ ॥	ستِگُرُ دیکھِ میرا منُ بِگسیئو جنُ ہرِ بھیٹیئو بنواری ॥1॥ رہاءُ ॥
ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ ਤਿਸ ਕੈ ਕੁਲਿ ਲਾਗੀ ਗਾਰੀ ॥	جِنِ ایَسا نامُ وِسارِیا میرا ہرِ ہرِ تِس کے کُلِ لاگی گاری ॥
ਹਰਿ ਤਿਸ ਕੈ ਕੁਲਿ ਪਰਸੂਤਿ ਨ ਕਰੀਅਹੁ ਤਿਸੁ ਬਿਧਵਾ ਕਰਿ ਮਹਿਤਾਰੀ ॥੨॥	ہرِ تِس کے کُلِ پرسوُتِ ن کریئہُ تِسُ بِدھوا کرِ مہِتاری ॥2॥
ਹਰਿ ਹਰਿ ਆਨਿ ਮਿਲਾਵਹੁ ਗੁਰੁ ਸਾਧੂ ਜਿਸੁ ਅਹਿਨਿਸਿ ਹਰਿ ਉਰਿ ਧਾਰੀ ॥	ہرِ ہرِ آنِ مِلاوہُ گُرُ سادھوُ

جِس اِہنِس ہرِ اُرِ دھاری ॥

ਗੁਰਿ ਡੀਠੈ ਗੁਰ ਕਾ ਸਿਖੁ ਬਿਗਸੈ
ਜਿਉ ਬਾਰਿਕੁ ਦੇਖਿ ਮਹਤਾਰੀ ॥੩॥

گُرِ ڈِٹھے گُر کا سِکھُ بِگسے
جِءُ بارِکُ دیکھِ مہتاری ॥3॥

ਧਨ ਪਿਰ ਕਾ ਇਕ ਹੀ ਸੰਗਿ ਵਾਸਾ
ਵਿਚਿ ਹਉਮੈ ਭੀਤਿ ਕਰਾਰੀ ॥

دھن پِر کا اِک ہی سنگِ واسا
وِچِ ہئُمے بھیتِ کراری ॥

ਗੁਰਿ ਪੂਰੈ ਹਉਮੈ ਭੀਤਿ ਤੋਰੀ
ਜਨ ਨਾਨਕ ਮਿਲੇ ਬਨਵਾਰੀ ॥੪॥੧॥

گُرِ پُورے ہئُمے بھیتِ توری
جن نانک مِلے بنواری ॥4॥1॥

ਮਲਾਰ ਮਹਲਾ ੪ ॥

ملار محلا 4 ॥

ਗੰਗਾ ਜਮੁਨਾ ਗੋਦਾਵਰੀ ਸਰਸੁਤੀ
ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥

گنگا جمُنا گوداوری سرسُتی
تے کرہِ اُدمُ دھوُرِ سادھوُ کی تائی ॥

ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ
ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥੧॥

کِلوِکھ میَلُ بھرے پرے ہمرے وِچِ
ہمری میَلُ سادھوُ کی دھوُرِ گوائی ॥1॥

ਤੀਰਥਿ ਅਠਸਠਿ ਮਜਨੁ ਨਾਈ ॥

تیرتھِ اٹھسٹھِ مجنُ نائی ॥

ਸਤਸੰਗਤਿ ਕੀ ਧੂਰਿ ਪਰੀ ਉਡਿ ਨੇੜੀ
ਸਭ ਦੁਰਮਤਿ ਮੈਲੁ ਗਵਾਈ ॥੧॥ ਰਹਾਉ ॥

ستسنگتِ کی دھوُرِ پری اُڈِ نیڑی
سبھ دُرمتِ میَلُ گوائی ॥1॥ رہاءُ ॥

ਜਾਹਰਨਵੀ ਤਪੈ ਭਾਗੀਰਥਿ ਆਣੀ
ਕੇਦਾਰੁ ਥਾਪਿਓ ਮਹਸਾਈ ॥

جاہرنوی تپے بھاگیرتھِ آنی
کیدارُ تھاپئو مہسائی ॥

ਕਾਂਸੀ ਕ੍ਰਿਸਨੁ ਚਰਾਵਤ ਗਾਊ
ਮਿਲਿ ਹਰਿ ਜਨ ਸੋਭਾ ਪਾਈ ॥੨॥

کانسی کرِسنُ چراوت گائوُ
مِلِ ہرِ جن سوبھا پائی ॥2॥

ਜਿਤਨੇ ਤੀਰਥ ਦੇਵੀ ਥਾਪੇ
ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥

جِتنے تیرتھ دیوی تھاپے
سبھِ تِتنے لوچہِ دھوُرِ سادھوُ کی تائی ॥

ਹਰਿ ਕਾ ਸੰਤੁ ਮਿਲੈ ਗੁਰ ਸਾਧੂ
ਲੈ ਤਿਸ ਕੀ ਧੂਰਿ ਮੁਖਿ ਲਾਈ ॥੩॥

ہرِ کا سنتُ مِلے گُر سادھوُ
لے تِس کی دھوُرِ مُکھِ لائی ॥3॥

ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ
ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ ॥

جِتنی سرِسٹِ تُمری میرے سُیامی
سبھ تِتنی لوچے دھوُرِ سادھوُ کی تائی ॥

ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ
ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ ॥੪॥੨॥

نانک لِلاٹِ ہووے جِسُ لِکھیا
تِسُ سادھوُ دھوُرِ دے ہرِ پارِ لنگھائی ॥4॥2॥

ਮਲਾਰ ਮਹਲਾ ੪ ॥

ملار محلا 4 ॥

ਤਿਸੁ ਜਨ ਕਉ ਹਰਿ ਮੀਠ ਲਗਾਨਾ
ਜਿਸੁ ਹਰਿ ਹਰਿ ਕ੍ਰਿਪਾ ਕਰੈ ॥

تِسُ جن کءُ ہرِ میٹھ لگانا
جِسُ ہرِ ہرِ کِرپا کرے ॥

ਤਿਸ ਕੀ ਭੂਖ ਦੂਖ ਸਭਿ ਉਤਰੈ
ਜੋ ਹਰਿ ਗੁਣ ਹਰਿ ਉਚਰੈ ॥੧॥

تِس کی بھوُکھ دوُکھ سبھِ اُترے
جو ہرِ گُن ہرِ اُچرے ॥1॥

ਜਪਿ ਮਨ ਹਰਿ ਹਰਿ ਹਰਿ ਨਿਸਤਰੈ ॥

جپِ من ہرِ ہرِ ہرِ نِسترے ॥

ਗੁਰ ਕੇ ਬਚਨ ਕਰਨ ਸੁਨਿ ਧਿਆਵੈ
ਭਵ ਸਾਗਰੁ ਪਾਰਿ ਪਰੈ ॥੧॥ ਰਹਾਉ ॥

گُر کے بچن کرن سُنِ دھِیاوے
بھو ساگرُ پارِ پرے ॥1॥ رہاءُ ॥

ਤਿਸੁ ਜਨ ਕੇ ਹਮ ਹਾਟਿ ਬਿਹਾਝੇ
ਜਿਸੁ ਹਰਿ ਹਰਿ ਕ੍ਰਿਪਾ ਕਰੈ ॥

تِسُ جن کے ہم ہاٹِ بِہاجھے
جِسُ ہرِ ہرِ کِرپا کرے ॥

ਹਰਿ ਜਨ ਕਉ ਮਿਲਿਆ ਸੁਖੁ ਪਾਈਐ
ਸਭ ਦੁਰਮਤਿ ਮੈਲੁ ਹਰੈ ॥੨॥

ہرِ جن کءُ مِلیا سُکھُ پائیے
سبھ دُرمتِ میَلُ ہرے ॥2॥

ਹਰਿ ਜਨ ਕਉ ਹਰਿ ਭੂਖ ਲਗਾਨੀ
ਜਨੁ ਤ੍ਰਿਪਤੈ ਜਾ ਹਰਿ ਗੁਨ ਬਿਚਰੈ ॥

ہرِ جن کءُ ہرِ بھوُکھ لگانی
جنُ ترِپتے جا ہرِ گُن بچرے ॥

ਹਰਿ ਕਾ ਜਨੁ ਹਰਿ ਜਲ ਕਾ ਮੀਨਾ
ਹਰਿ ਬਿਸਰਤ ਫੂਟਿ ਮਰੈ ॥੩॥

ہرِ کا جنُ ہرِ جل کا مِینا
ہرِ بِسرت پھوُٹِ مرے ॥3॥

ਜਿਨਿ ਏਹ ਪ੍ਰੀਤਿ ਲਾਈ ਸੋ ਜਾਨੈ
ਕੈ ਜਾਨੈ ਜਿਸੁ ਮਨਿ ਧਰੈ ॥

جِنِ ایہ پرِیتِ لائی سو جانے
کے جانے جِسُ منِ دھرے ॥

ਜਨੁ ਨਾਨਕੁ ਹਰਿ ਦੇਖਿ ਸੁਖੁ ਪਾਵੈ
ਸਭ ਤਨ ਕੀ ਭੂਖ ਟਰੈ ॥੪॥੩॥

جنُ نانکُ ہرِ دیکھِ سُکھُ پاوے
سبھ تن کی بھوُکھ ٹرے ॥4॥3॥

ਮਲਾਰ ਮਹਲਾ ੪ ॥

ملار محلا 4 ॥

ਜਿਤਨੇ ਜੀਅ ਜੰਤ ਪ੍ਰਭਿ ਕੀਨੇ
ਤਿਤਨੇ ਸਿਰਿ ਕਾਰ ਲਿਖਾਵੈ ॥

جِتنے جیء جنّت پربھِ کِینے
تِتنے سِرِ کار لِکھاوے ॥

ਹਰਿ ਜਨ ਕਉ ਹਰਿ ਦੀਨ੍ ਵਡਾਈ
ਹਰਿ ਜਨੁ ਹਰਿ ਕਾਰੈ ਲਾਵੈ ॥੧॥

ہرِ جن ک ءُ ہرِ دِینّہ وڈائی
ہرِ جنُ ہرِ کارے لاوے ॥1॥

ਸਤਿਗੁਰੁ ਹਰਿ ਹਰਿ ਨਾਮੁ ਦ੍ਰਿੜਾਵੈ ॥

ستِگُرُ ہرِ ہرِ نامُ دّرِڑاوے ॥

ਹਰਿ ਬੋਲਹੁ ਗੁਰ ਕੇ ਸਿਖ ਮੇਰੇ ਭਾਈ
ਹਰਿ ਭਉਜਲੁ ਜਗਤੁ ਤਰਾਵੈ ॥੧॥ ਰਹਾਉ ॥

ہرِ بولہُ گُر کے سِکھ میرے بھائی
ہرِ بھجُلُ جگتُ تراوے ॥1॥ رہاءُ ॥

ਜੋ ਗੁਰ ਕਉ ਜਨੁ ਪੂਜੇ ਸੇਵੇ
ਸੋ ਜਨੁ ਮੇਰੇ ਹਰਿ ਪ੍ਰਭ ਭਾਵੈ ॥

جو گُر ک ءُ جنُ پوُجے سیوے
سو جنُ میرے ہرِ پربھ بھاوے ॥

ਹਰਿ ਕੀ ਸੇਵਾ ਸਤਿਗੁਰੁ ਪੂਜਹੁ
ਕਰਿ ਕਿਰਪਾ ਆਪਿ ਤਰਾਵੈ ॥੨॥

ہرِ کی سیوا ستِگُرُ پوُجہُ
کرِ کرِپا آپِ تراوے ॥2॥

ਭਰਮਿ ਭੂਲੇ ਅਗਿਆਨੀ ਅੰਧੁਲੇ
ਭ੍ਰਮਿ ਭ੍ਰਮਿ ਫੂਲ ਤੋਰਾਵੈ ॥

بھرمِ بھوُلے اگیانی اندھُلے
بھرّمِ بھرّمِ پھوُل توراوے ॥

ਨਿਰਜੀਉ ਪੂਜਹਿ ਮੜਾ ਸਰੇਵਹਿ
ਸਭ ਬਿਰਥੀ ਘਾਲ ਗਵਾਵੈ ॥੩॥

نِرجیِءُ پوُجہِ مڑا سریوہِ
سبھ برِتھی گھال گواوے ॥3॥

ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ
ਹਰਿ ਹਰਿ ਕਥਾ ਸੁਣਾਵੈ ॥

برہمُ بِندے سو ستِگُرُ کہیئے
ہرِ ہرِ کتھا سُناوے ॥

ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ
ਸਤਿ ਕਰਿ ਮੁਖਿ ਸੰਚਹੁ
ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ ॥੪॥

تِس گُر ک ءُ چھادن بھوجن پاٹ پٹنّبر بہُ بِدھِ ستِ کرِ مُکھِ سنچّہُ
تِس پُنّن کی پھرِ توٹِ ن آوے ॥4॥

ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ
ਜੋ ਅੰਮ੍ਰਿਤ ਬਚਨ ਸੁਣਾਵੈ ॥

ستِگُرُ دیءُ پرتکھِ ہرِ موُرتِ
جو انّمرِت بچن سُناوے ॥

ਨਾਨਕ ਭਾਗ ਭਲੇ ਤਿਸੁ ਜਨ ਕੇ
ਜੋ ਹਰਿ ਚਰਣੀ ਚਿਤੁ ਲਾਵੈ ॥੫॥੪॥

نانک بھاگ بھلے تِس جن کے
جو ہرِ چرنّی چِتُ لاوے ॥5॥4॥

ਮਲਾਰ ਮਹਲਾ ੪ ॥

ملار محلا 4 ॥

ਜਿਨ੍ ਕੈ ਹੀਅਰੈ ਬਸਿਓ ਮੇਰਾ ਸਤਿਗੁਰੁ
ਤੇ ਸੰਤ ਭਲੇ ਭਲ ਭਾਂਤਿ ॥

جِنّہ کے ہِیئرے بسِیو میرا ستِگُرُ
تے سنّت بھلے بھل بھانتِ ॥

ਤਿਨ੍ ਦੇਖੇ ਮੇਰਾ ਮਨੁ ਬਿਗਸੈ

تِنّہ دیکھے میرا منُ بِگسے

ਹਉ ਤਿਨ ਕੈ ਸਦ ਬਲਿ ਜਾਂਤ ॥੧॥

ہءُ تِن کے سد بلِ جانْت ॥1॥

ਗਿਆਨੀ ਹਰਿ ਬੋਲਹੁ ਦਿਨੁ ਰਾਤਿ ॥

گیانی ہرِ بولہُ دِنُ راتِ ॥

ਤਿਨ੍ ਕੀ ਤ੍ਰਿਸਨਾ ਭੂਖ ਸਭ ਉਤਰੀ
ਜੋ ਗੁਰਮਤਿ ਰਾਮ ਰਸੁ ਖਾਂਤਿ ॥੧॥ ਰਹਾਉ ॥

تِنّہ کی تّرِسنا بھوُکھ سبھ اُتری
جو گُرمتِ رام رسُ کھانْتِ ॥1॥ رہاءُ ॥

ਹਰਿ ਕੇ ਦਾਸ ਸਾਧ ਸਖਾ ਜਨ
ਜਿਨ ਮਿਲਿਆ ਲਹਿ ਜਾਇ ਭਰਾਂਤਿ ॥

ہرِ کے داس سادھ سکھا جن
جِن مِلیا لہِ جاءِ بھرانْتِ ॥

ਜਿਉ ਜਲ ਦੁਧ ਭਿੰਨ ਭਿੰਨ ਕਾਢੈ ਚੁਣਿ ਹੰਸੁਲਾ
ਤਿਉ ਦੇਹੀ ਤੇ ਚੁਣਿ ਕਾਢੈ ਸਾਧੂ ਹਉਮੈ ਤਾਤਿ ॥੨॥

جِءُ جل دُدھ بھِنّ بھِنّ کاڈھےَ چُنِ ہنّسُلا
تِءُ دیہی تے چُنِ کاڈھےَ سادھوُ ہیُمےَ تاتِ ॥2॥

ਜਿਨ ਕੈ ਪ੍ਰੀਤਿ ਨਾਹੀ ਹਰਿ ਹਿਰਦੈ
ਤੇ ਕਪਟੀ ਨਰ ਨਿਤ ਕਪਟੁ ਕਮਾਂਤਿ ॥

جِن کے پّریتِ ناہی ہرِ ہِردے
تے کپٹی نر نِت کپٹُ کمانْتِ ॥

ਤਿਨ ਕਉ ਕਿਆ ਕੋਈ ਦੇਇ ਖਵਾਲੈ
ਓਇ ਆਪਿ ਬੀਜਿ ਆਪੇ ਹੀ ਖਾਂਤਿ ॥੩॥

تِن کءُ کیا کوئی دےءِ کھوالے
اوءِ آپِ بیجِ آپے ہی کھانْتِ ॥3॥

ਹਰਿ ਕਾ ਚਿਹਨੁ ਸੋਈ ਹਰਿ ਜਨ ਕਾ
ਹਰਿ ਆਪੇ ਜਨ ਮਹਿ ਆਪੁ ਰਖਾਂਤਿ ॥

ہرِ کا چِہنُ سوئی ہرِ جن کا
ہرِ آپے جن مہِ آپُ رکھانْتِ ॥

ਧਨੁ ਧੰਨੁ ਗੁਰੂ ਨਾਨਕੁ ਸਮਦਰਸੀ
ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ ॥੪॥੫॥

دھنُ دھنّنُ گُرہُ نانکُ سمدرسی
جِنِ نِندا اُستتِ تری ترانْتِ ॥4॥5॥

ਮਲਾਰ ਮਹਲਾ ੪ ॥

ملار محلا 4 ॥

ਅਗਮੁ ਅਗੋਚਰੁ ਨਾਮੁ ਹਰਿ ਊਤਮੁ
ਹਰਿ ਕਿਰਪਾ ਤੇ ਜਪਿ ਲਇਆ ॥

اگمُ اگوچرُ نامُ ہرِ اوُتمُ
ہرِ کِرپا تے جپِ لِئیا ॥

ਸਤਸੰਗਤਿ ਸਾਧ ਪਾਈ ਵਡਭਾਗੀ
ਸੰਗਿ ਸਾਧੂ ਪਾਰਿ ਪਇਆ ॥੧॥

ستسنگتِ سادھ پائی وڈبھاگی
سنگِ سادھوُ پارِ پئیا ॥1॥

ਮੇਰੈ ਮਨਿ ਅਨਦਿਨੁ ਅਨਦੁ ਭਇਆ ॥

میرےَ منِ اندِنُ اندُ بھئیا ॥

ਗੁਰ ਪਰਸਾਦਿ ਨਾਮੁ ਹਰਿ ਜਪਿਆ
ਮੇਰੇ ਮਨ ਕਾ ਭ੍ਰਮੁ ਭਉ ਗਇਆ ॥੧॥ ਰਹਾਉ ॥

گُر پرسادِ نامُ ہرِ جپیا
میرے من کا بھّرمُ بھءُ گئیا ॥1॥ رہاءُ ॥

ਜਿਨ ਹਰਿ ਗਾਇਆ ਜਿਨ ਹਰਿ ਜਪਿਆ

جِن ہرِ گائیا جِن ہرِ جپیا

ਤਿਨ ਸੰਗਤਿ ਹਰਿ ਮੇਲਹੁ ਕਰਿ ਮਇਆ ॥

ਤਿਨ ਕਾ ਦਰਸੁ ਦੇਖਿ ਸੁਖੁ ਪਾਇਆ
ਦੁਖੁ ਹਉਮੈ ਰੋਗੁ ਗਇਆ ॥੨॥

ਜੋ ਅਨਦਿਨੁ ਹਿਰਦੈ ਨਾਮੁ ਧਿਆਵਹਿ
ਸਭੁ ਜਨਮੁ ਤਿਨਾ ਕਾ ਸਫਲੁ ਭਇਆ ॥

ਓਇ ਆਪਿ ਤਰੇ ਸ੍ਰਿਸਟਿ ਸਭ ਤਾਰੀ
ਸਭੁ ਕੁਲੁ ਭੀ ਪਾਰਿ ਪਇਆ ॥੩॥

ਤੁਧੁ ਆਪੇ ਆਪਿ ਉਪਾਇਆ ਸਭੁ ਜਗੁ
ਤੁਧੁ ਆਪੇ ਵਸਿ ਕਰਿ ਲਇਆ ॥

ਜਨ ਨਾਨਕ ਕਉ ਪ੍ਰਭਿ ਕਿਰਪਾ ਧਾਰੀ
ਬਿਖੁ ਡੁਬਦਾ ਕਾਢਿ ਲਇਆ ॥੪॥੬॥

ਮਲਾਰ ਮਹਲਾ ੪ ॥

ਗੁਰ ਪਰਸਾਦੀ ਅੰਮ੍ਰਿਤੁ ਨਹੀ ਪੀਆ
ਤ੍ਰਿਸਨਾ ਭੂਖ ਨ ਜਾਈ ॥

ਮਨਮੁਖ ਮੂੜ੍ ਜਲਤ ਅਹੰਕਾਰੀ
ਹਉਮੈ ਵਿਚਿ ਦੁਖੁ ਪਾਈ ॥

ਆਵਤ ਜਾਤ ਬਿਰਥਾ ਜਨਮੁ ਗਵਾਇਆ
ਦੁਖਿ ਲਾਗੈ ਪਛੁਤਾਈ ॥

ਜਿਸ ਤੇ ਉਪਜੇ ਤਿਸਹਿ ਨ ਚੇਤਹਿ
ਧ੍ਰਿਗੁ ਜੀਵਣੁ ਧ੍ਰਿਗੁ ਖਾਈ ॥੧॥

ਪ੍ਰਾਣੀ ਗੁਰਮੁਖਿ ਨਾਮੁ ਧਿਆਈ ॥

ਹਰਿ ਹਰਿ ਕ੍ਰਿਪਾ ਕਰੇ ਗੁਰੁ ਮੇਲੇ
ਹਰਿ ਹਰਿ ਨਾਮੁ ਸਮਾਈ ॥੧॥ ਰਹਾਉ ॥

ਮਨਮੁਖ ਜਨਮੁ ਭਇਆ ਹੈ ਬਿਰਥਾ
ਆਵਤ ਜਾਤ ਲਜਾਈ ॥

تِن سنگتِ ہرِ میلہُ کرِ مِئیا ॥

تِن کا درسُ دیکھِ سُکھُ پائِیا
دُکھُ ہمئے روگُ گئیا ॥2॥

جو اندِنُ ہِردے نامُ دھیاوہِ
سبھُ جنمُ تِنا کا سپھلُ بھئیا ॥

اوءِ آپِ ترے سّرِسٹِ سبھ تاری
سبھُ کُلُ بھی پارِ پئیا ॥3॥

تُدھُ آپے آپِ اُپائِیا سبھُ جگُ
تُدھُ آپے وسِ کرِ لئیا ॥

جن نانک کءُ پّربھِ کِرپا دھاری
بِکھُ ڈُبدا کاڈھِ لِئیا ॥4॥6॥

ملار محلا 4 ॥

گُر پرسادی انمّرِتُ نہی پِیا
تّرِسنا بھوُکھ ن جائی ॥

منمُکھ موُڑہ جلت اہنکاری
ہمئے وِچِ دُکھُ پائی ॥

آوت جات بِرتھا جنمُ گوائِیا
دُکھِ لاگے پچھُتائی ॥

جِس تے اُپجے تِسہِ ن چیتہِ
دھّرِگُ جیِونُ دھّرِگُ کھائی ॥1॥

پّرانّی گُرمُکھِ نامُ دھِیائی ॥

ہرِ ہرِ کِرپا کرے گُرُ میلے
ہرِ ہرِ نامُ سمائی ॥1॥ رہاءُ ॥

منمُکھ جنمُ بھئیا ہے بِرتھا
آوت جات لجائی ॥

ਕਾਮਿ ਕ੍ਰੋਧਿ ਡੂਬੇ ਅਭਿਮਾਨੀ
ਹਉਮੈ ਵਿਚਿ ਜਲਿ ਜਾਈ ॥

کامِ کرودھِ ڈُوبے ابھِمانی
ہئُمے وِچ جلِ جائی ॥

ਤਿਨ ਸਿਧਿ ਨ ਬੁਧਿ ਭਈ ਮਤਿ ਮਧਿਮ
ਲੋਭ ਲਹਰਿ ਦੁਖੁ ਪਾਈ ॥

تِن سِدھِ ن بُدھِ بھئی متِ مدھِم
لوبھ لہرِ دُکھُ پائی ॥

ਗੁਰ ਬਿਹੂਨ ਮਹਾ ਦੁਖੁ ਪਾਇਆ
ਜਮ ਪਕਰੇ ਬਿਲਲਾਈ ॥੨॥

گُر بِہُون مہا دُکھُ پائیا
جم پکرے بِللائی ॥2॥

ਹਰਿ ਕਾ ਨਾਮੁ ਅਗੋਚਰੁ ਪਾਇਆ
ਗੁਰਮੁਖਿ ਸਹਜਿ ਸੁਭਾਈ ॥

ہرِ کا نامُ اگوچرُ پائیا
گُرمُکھِ سہجِ سُبھائی ॥

ਨਾਮੁ ਨਿਧਾਨੁ ਵਸਿਆ ਘਟ ਅੰਤਰਿ
ਰਸਨਾ ਹਰਿ ਗੁਣ ਗਾਈ ॥

نامُ نِدھانُ وسِیا گھٹ انترِ
رسنا ہرِ گُنؔ گائی ॥

ਸਦਾ ਅਨੰਦਿ ਰਹੈ ਦਿਨੁ ਰਾਤੀ
ਏਕ ਸਬਦਿ ਲਿਵ ਲਾਈ ॥

سدا انندِ رہے دِنُ راتی
ایک سبدِ لِو لائی ॥

ਨਾਮੁ ਪਦਾਰਥੁ ਸਹਜੇ ਪਾਇਆ
ਇਹ ਸਤਿਗੁਰ ਕੀ ਵਡਿਆਈ ॥੩॥

نامُ پدارتھُ سہجے پائیا
اِہ ستِگُر کی وڈِیائی ॥3॥

ਸਤਿਗੁਰ ਤੇ ਹਰਿ ਹਰਿ ਮਨਿ ਵਸਿਆ
ਸਤਿਗੁਰ ਕਉ ਸਦ ਬਲਿ ਜਾਈ ॥

ستِگُر تے ہرِ ہرِ منِ وسِیا
ستِگُر ک ءُ سد بلِ جائی ॥

ਮਨੁ ਤਨੁ ਅਰਪਿ ਰਖਉ ਸਭੁ ਆਗੈ
ਗੁਰ ਚਰਣੀ ਚਿਤੁ ਲਾਈ ॥

منُ تنُ ارپِ رکھ ءُ سبھُ آگے
گُر چرنؔی چِتُ لائی ॥

ਅਪਣੀ ਕ੍ਰਿਪਾ ਕਰਹੁ ਗੁਰ ਪੂਰੇ
ਆਪੇ ਲੈਹੁ ਮਿਲਾਈ ॥

اپنؔی کرِپا کرہُ گُر پُورے
آپے لیَہُ مِلائی ॥

ਹਮ ਲੋਹ ਗੁਰ ਨਾਵ ਬੋਹਿਥਾ
ਨਾਨਕ ਪਾਰਿ ਲੰਘਾਈ ॥੪॥੭॥

ہم لوہ گُر ناو بوہِتھا
نانک پارِ لنگھائی ॥4॥7॥

ਮਲਾਰ ਮਹਲਾ ੪ ਪੜਤਾਲ ਘਰੁ ੩

ملار محلا 4 پڑتال گھرُ 3

ੴ ਸਤਿਗੁਰ ਪ੍ਰਸਾਦਿ ॥

ੴ ستِگُر پرّساد ॥

ਹਰਿ ਜਨ ਬੋਲਤ ਸ੍ਰੀਰਾਮ ਨਾਮਾ

ہرِ جن بولت سّریرام نامـا

ਮਿਲਿ ਸਾਧਸੰਗਤਿ ਹਰਿ ਤੋਰ ॥੧॥ ਰਹਾਉ ॥	مِلِ سادھسنگتِ ہرِ توڑ ॥1॥ رہاءُ ॥
ਹਰਿ ਧਨੁ ਬਨਜਹੁ ਹਰਿ ਧਨੁ ਸੰਚਹੁ ਜਿਸੁ ਲਾਗਤ ਹੈ ਨਹੀ ਚੋਰ ॥੧॥	ہرِ دھنُ بنجہُ ہرِ دھنُ سنچہُ جِسُ لاگت ہے نہی چور ॥1॥
ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ ॥੨॥	چاتّرِک مور بولت دِنُ راتی سُنِ گھنہر کی گھور ॥2॥
ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥੩॥	جو بولت ہے مّرِگ مِین پنکھیروُ سُ بِنُ ہرِ جاپت ہے نہی ہور ॥3॥
ਨਾਨਕ ਜਨ ਹਰਿ ਕੀਰਤਿ ਗਾਈ ਛੂਟਿ ਗਇਓ ਜਮ ਕਾ ਸਭ ਸੋਰ ॥੪॥੧॥੮॥	نانک جن ہرِ کیرتِ گائی چھوُٹِ گئیو جم کا سبھ سور ॥4॥1॥8॥
ਮਲਾਰ ਮਹਲਾ ੪ ॥	ملار محلا 4 ॥
ਰਾਮ ਰਾਮ ਬੋਲਿ ਬੋਲਿ ਖੋਜਤੇ ਬਡਭਾਗੀ ॥	رام رام بولِ بولِ کھوجتے بڈبھاگی ॥
ਹਰਿ ਕਾ ਪੰਥੁ ਕੋਊ ਬਤਾਵै ਹਉ ਤਾ ਕै ਪਾਇ ਲਾਗੀ ॥੧॥ ਰਹਾਉ ॥	ہرِ کا پنّتھُ کوئوُ بتاوے ہءُ تا کے پاءِ لاگی ॥1॥ رہاءُ ॥
ਹਰਿ ਹਮਾਰੋ ਮੀਤੁ ਸਖਾਈ ਹਮ ਹਰਿ ਸਿਉ ਪ੍ਰੀਤਿ ਲਾਗੀ ॥	ہرِ ہمارو میتُ سکھائی ہم ہرِ سِءُ پرّیتِ لاگی ॥
ਹਰਿ ਹਮ ਗਾਵਹਿ ਹਰਿ ਹਮ ਬੋਲਹਿ ਅਉਰੁ ਦੁਤੀਆ ਪ੍ਰੀਤਿ ਹਮ ਤਿਆਗੀ ॥੧॥	ہرِ ہم گاوہِ ہرِ ہم بولہِ اُرُ دُتیا پرّیتِ ہم تیاگی ॥1॥
ਮਨਮੋਹਨ ਮੋਰੋ ਪ੍ਰੀਤਮ ਰਾਮੁ ਹਰਿ ਪਰਮਾਨੰਦੁ ਬੈਰਾਗੀ ॥	منموہن مورو پرّیتم رامُ ہرِ پرمانندُ بیراگی ॥
ਹਰਿ ਦੇਖੇ ਜੀਵਤ ਹੈ ਨਾਨਕੁ ਇਕ ਨਿਮਖ ਪਲੋ ਮੁਖਿ ਲਾਗੀ ॥੨॥੨॥੯॥੯॥੧੩॥੯॥੩੧॥	ہرِ دیکھے جیوت ہے نانکُ اِک نِمکھ پلو مُکھِ لاگی ॥2॥2॥9॥9॥13॥9॥31॥
ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੧	راگُ ملار محلا 5 چئپدے گھرُ 1
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਕਿਆ ਤੂ ਸੋਚਹਿ ਕਿਆ ਤੂ ਚਿਤਵਹਿ	کیا توُ سوچہِ کیا توُ چِتوہِ

ਕਿਆ ਤੂੰ ਕਰਹਿ ਉਪਾਏ ॥

کِیا توُنّ کرہِ اُپائے ۔ ॥

ਤਾ ਕਉ ਕਹਹੁ ਪਰਵਾਹ ਕਾਹੂ ਕੀ
ਜਿਹ ਗੋਪਾਲ ਸਹਾਏ ॥੧॥

تا ک ءُ کہہُ پرواہ کاہُو کی
جِہ گوپال سہائے ॥1॥

ਬਰਸੈ ਮੇਘੁ ਸਖੀ ਘਰਿ ਪਾਹੁਨ ਆਏ ॥

برسے میگھُ سکھی گھرِ پاہُن آئے ॥

ਮੋਹਿ ਦੀਨ ਕ੍ਰਿਪਾ ਨਿਧਿ ਠਾਕੁਰ
ਨਵ ਨਿਧਿ ਨਾਮਿ ਸਮਾਏ ॥੧॥ ਰਹਾਉ ॥

موہِ دِین کرِپا نِدھِ ٹھاکُر
نو نِدھِ نامِ سمائے ॥1॥ رہاءُ ॥

ਅਨਿਕ ਪ੍ਰਕਾਰ ਭੋਜਨ ਬਹੁ ਕੀਏ
ਬਹੁ ਬਿੰਜਨ ਮਿਸਟਾਏ ॥

اِنک پرکار بھوجن بہُ کیئے
بہُ بِنجن مِسٹائے ॥

ਕਰੀ ਪਾਕਸਾਲ ਸੋਚ ਪਵਿਤ੍ਰਾ
ਹੁਣਿ ਲਾਵਹੁ ਭੋਗੁ ਹਰਿ ਰਾਏ ॥੨॥

کری پاکسال سوچ پوِتّرا
ہُنِ لاوہُ بھوگُ ہرِ رائے ۔ ॥2॥

ਦੁਸਟ ਬਿਦਾਰੇ ਸਾਜਨ ਰਹਸੇ
ਇਹਿ ਮੰਦਿਰ ਘਰ ਅਪਨਾਏ ॥

دُسٹ بِدارے ساجن رہسے
اِہِ منّدِر گھر اپنائے ॥

ਜਉ ਗ੍ਰਿਹਿ ਲਾਲੁ ਰੰਗੀਓ ਆਇਆ
ਤਉ ਮੈ ਸਭਿ ਸੁਖ ਪਾਏ ॥੩॥

ج ءُ گرِہِ لالُ رنگیئو آئیا
ت ءُ مے سبھِ سُکھ پائے ॥3॥

ਸੰਤ ਸਭਾ ਓਟ ਗੁਰ ਪੂਰੇ
ਧੁਰਿ ਮਸਤਕਿ ਲੇਖੁ ਲਿਖਾਏ ॥

سنّت سبھا اوٹ گُر پوُرے
دھُرِ مستکِ لیکھُ لِکھائے ॥

ਜਨ ਨਾਨਕ ਕੰਤੁ ਰੰਗੀਲਾ ਪਾਇਆ
ਫਿਰਿ ਦੂਖੁ ਨ ਲਾਗੈ ਆਏ ॥੪॥੧॥

جن نانک کنّتُ رنگیلا پائیا
پھِرِ دوُکھُ ن لاگے آئے ॥4॥1॥

ਮਲਾਰ ਮਹਲਾ ੫ ॥

ملار محلا 5 ॥

ਖੀਰ ਅਧਾਰਿ ਬਾਰਿਕੁ ਜਬ ਹੋਤਾ
ਬਿਨੁ ਖੀਰੈ ਰਹਨੁ ਨ ਜਾਈ ॥

کھِیر ادھارِ بارِکُ جب ہوتا
بِنُ کھِیرے رہنُ ن جائی ॥

ਸਾਰਿ ਸਮ੍ਾਲਿ ਮਾਤਾ ਮੁਖਿ ਨੀਰੈ
ਤਬ ਓਹੁ ਤ੍ਰਿਪਤਿ ਅਘਾਈ ॥੧॥

سارِ سمّہالِ ماتا مُکھِ نیرے
تب اوہُ تّرِپتِ اگھائی ॥1॥

ਹਮ ਬਾਰਿਕ ਪਿਤਾ ਪ੍ਰਭੁ ਦਾਤਾ ॥

ہم بارِک پِتا پربھُ داتا ॥

ਭੂਲਹਿ ਬਾਰਿਕ ਅਨਿਕ ਲਖ ਬਰੀਆ

بھوُلہِ بارِک اِنک لکھ بریِیا

ਅਨ ਠਉਰ ਨਾਹੀ ਜਹ ਜਾਤਾ ॥੧॥ ਰਹਾਉ ॥

ان ٹھُر ناہی جہ جاتا ॥1॥ رہاءُ ॥

ਚੰਚਲ ਮਤਿ ਬਾਰਿਕ ਬਪੁਰੇ ਕੀ
ਸਰਪ ਅਗਨਿ ਕਰ ਮੇਲੈ ॥

چنچل متِ بارِک بپُرے کی
سرپ اگنِ کر میلےَ ॥

ਮਾਤਾ ਪਿਤਾ ਕੰਠਿ ਲਾਇ ਰਾਖੈ
ਅਨਦ ਸਹਜਿ ਤਬ ਖੇਲੈ ॥੨॥

ماتا پِتا کنٹھِ لاءِ راکھےَ
اند سہجِ تب کھیلےَ ॥2॥

ਜਿਸ ਕਾ ਪਿਤਾ ਤੂ ਹੈ ਮੇਰੇ ਸੁਆਮੀ
ਤਿਸੁ ਬਾਰਿਕ ਭੂਖ ਕੈਸੀ ॥

جِس کا پِتا توُ ہےَ میرے سُیامی
تِس بارِک بھوُکھ کیَسی ۔ ॥

ਨਵ ਨਿਧਿ ਨਾਮੁ ਨਿਧਾਨੁ ਗ੍ਰਿਹਿ ਤੇਰੈ
ਮਨਿ ਬਾਂਛੈ ਸੋ ਲੈਸੀ ॥੩॥

نو نِدھِ نامُ نِدھانُ گرِہِ تیرے
منِ بانچھےَ سو لیَسی ॥3॥

ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ
ਬਾਰਿਕੁ ਮੁਖਿ ਮਾਂਗੈ ਸੋ ਦੇਨਾ ॥

پِتا کرِپالِ آگیا اِہ دِینی
بارِکُ مُکھِ مانگےَ سو دینا ॥

ਨਾਨਕ ਬਾਰਿਕੁ ਦਰਸੁ ਪ੍ਰਭ ਚਾਹੈ
ਮੋਹਿ ਹ੍ਰਿਦੈ ਬਸਹਿ ਨਿਤ ਚਰਨਾ ॥੪॥੨॥

نانک بارِکُ درسُ پربھ چاہےَ
موہِ ہرِدےَ بسہِ نِت چرنا ॥4॥2॥

ਮਲਾਰ ਮਹਲਾ ੫ ॥

ملار محلا 5 ॥

ਸਗਲ ਬਿਧੀ ਜੁਰਿ ਆਹਰੁ ਕਰਿਆ
ਤਜਿਓ ਸਗਲ ਅੰਦੇਸਾ ॥

سگل بِدھی جُرِ آہرُ کرِیا
تجِئو سگل اندیسا ॥

ਕਾਰਜੁ ਸਗਲ ਅਰੰਭਿਓ ਘਰ ਕਾ
ਠਾਕੁਰ ਕਾ ਭਾਰੋਸਾ ॥੧॥

کارجُ سگل ارنبھِئو گھر کا
ٹھاکُر کا بھاروسا ॥1॥

ਸੁਨੀਐ ਬਾਜੈ ਬਾਜ ਸੁਹਾਵੀ ॥

سُنیےَ باجےَ باج سُہاوی ॥

ਭੋਰੁ ਭਇਆ ਮੈ ਪ੍ਰਿਅ ਮੁਖ ਪੇਖੇ
ਗ੍ਰਿਹਿ ਮੰਗਲ ਸੁਹਲਾਵੀ ॥੧॥ ਰਹਾਉ ॥

بھورُ بھئیا مےَ پرِءِ مُکھ پیکھے
گرِہِ منگل سُہلاوی ॥1॥ رہاءُ ॥

ਮਨੂਆ ਲਾਇ ਸਵਾਰੇ ਥਾਨਾਂ
ਪੂਛਉ ਸੰਤਾ ਜਾਏ ॥

منوُیا لاءِ سوارے تھاناں
پوُچھءُ سنتا جائے ॥

ਖੋਜਤ ਖੋਜਤ ਮੈ ਪਾਹੁਨ ਮਿਲਿਓ
ਭਗਤਿ ਕਰਉ ਨਿਵਿ ਪਾਏ ॥੨॥

کھوجت کھوجت مےَ پاہُن مِلِئو
بھگتِ کرءُ نِوِ پائے ॥2॥

ਜਬ ਪ੍ਰਿਅ ਆਇ ਬਸੇ ਗ੍ਰਿਹਿ ਆਸਨਿ
ਤਬ ਹਮ ਮੰਗਲੁ ਗਾਇਆ ॥

جب پرِء آءِ بسے گرِہِ آسنِ
تب ہم منگلُ گائیا ॥

ਮੀਤ ਸਾਜਨ ਮੇਰੇ ਭਏ ਸੁਹੇਲੇ
ਪ੍ਰਭੁ ਪੂਰਾ ਗੁਰੂ ਮਿਲਾਇਆ ॥੩॥

میت ساجن میرے بھۓ سُہیلے
پربھُ پُورا گُرو مِلائیا ॥3॥

ਸਖੀ ਸਹੇਲੀ ਭਏ ਅਨੰਦਾ
ਗੁਰਿ ਕਾਰਜ ਹਮਰੇ ਪੂਰੇ ॥

سکھی سہیلی بھۓ انندا
گُرِ کارج ہمرے پُورے ॥

ਕਹੁ ਨਾਨਕ ਵਰੁ ਮਿਲਿਆ ਸੁਖਦਾਤਾ
ਛੋਡਿ ਨ ਜਾਈ ਦੂਰੇ ॥੪॥੩॥

کہُ نانک ورُ مِلیا سُکھداتا
چھوڈِ ن جائی دوُرے ॥4॥3॥

ਮਲਾਰ ਮਹਲਾ ੫ ॥

ملار محلا 5 ॥

ਰਾਜ ਤੇ ਕੀਟ ਕੀਟ ਤੇ ਸੁਰਪਤਿ
ਕਰਿ ਦੋਖ ਜਠਰ ਕਉ ਭਰਤੇ ॥

راج تے کیٹ کیٹ تے سُرپتِ
کرِ دوکھ جٹھر کءُ بھرتے ॥

ਕ੍ਰਿਪਾ ਨਿਧਿ ਛੋਡਿ ਆਨ ਕਉ ਪੂਜਹਿ
ਆਤਮ ਘਾਤੀ ਹਰਤੇ ॥੧॥

کرِپا نِدھِ چھوڈِ آن کءُ پُوجہِ
آتم گھاتی ہرتے ॥1॥

ਹਰਿ ਬਿਸਰਤ ਤੇ ਦੁਖਿ ਦੁਖਿ ਮਰਤੇ ॥

ہرِ بِسرت تے دُکھِ دُکھِ مرتے ॥

ਅਨਿਕ ਬਾਰ ਭ੍ਰਮਹਿ ਬਹੁ ਜੋਨੀ
ਟੇਕ ਨ ਕਾਹੂ ਧਰਤੇ ॥੧॥ ਰਹਾਉ ॥

انِک بار بھرمہِ بہُ جونی
ٹیک ن کاہوُ دھرتے ॥1॥ رہاءُ ॥

ਤਿਆਗਿ ਸੁਆਮੀ ਆਨ ਕਉ ਚਿਤਵਤ
ਮੂੜ ਮੁਗਧ ਖਲ ਖਰ ਤੇ ॥

تِیاگِ سُیامی آن کءُ چِتوت
موُڑ مُگدھ کھل کھر تے ॥

ਕਾਗਰ ਨਾਵ ਲੰਘਹਿ ਕਤ ਸਾਗਰੁ
ਬ੍ਰਿਥਾ ਕਥਤ ਹਮ ਤਰਤੇ ॥੨॥

کاگر ناو لنگھہِ کت ساگرُ
برِتھا کتھت ہم ترتے ॥2॥

ਸਿਵ ਬਿਰੰਚਿ ਅਸੁਰ ਸੁਰ ਜੇਤੇ
ਕਾਲ ਅਗਨਿ ਮਹਿ ਜਰਤੇ ॥

سِو برِنچِ اسُر سُر جیتے
کال اگنِ مہِ جرتے ॥

ਨਾਨਕ ਸਰਨਿ ਚਰਨ ਕਮਲਨ ਕੀ
ਤੁਮ੍ ਨ ਡਾਰਹੁ ਪ੍ਰਭ ਕਰਤੇ ॥੩॥੪॥

نانک سرنِ چرن کملن کی
تُمہ ن ڈارہُ پربھ کرتے ۔ ॥4॥3॥

ਰਾਗੁ ਮਲਾਰ ਮਹਲਾ ੫ ਦੁਪਦੇ ਘਰੁ ੧

راگُ ملار محلا 5 دُپدے گھرُ 1

ੴ ਸਤਿਗੁਰ ਪ੍ਰਸਾਦਿ ॥

ਪ੍ਰਭ ਮੇਰੇ ਓਇ ਬੈਰਾਗੀ ਤਿਆਗੀ ॥

ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਉ
ਪ੍ਰੀਤਿ ਹਮਾਰੀ ਲਾਗੀ ॥੧॥ ਰਹਾਉ ॥

ਉਨ ਕੈ ਸੰਗਿ ਮੋਹਿ ਪ੍ਰਭੁ ਚਿਤਿ ਆਵੈ
ਸੰਤ ਪ੍ਰਸਾਦਿ ਮੋਹਿ ਜਾਗੀ ॥

ਸੁਨਿ ਉਪਦੇਸੁ ਭਏ ਮਨ ਨਿਰਮਲ
ਗੁਨ ਗਾਏ ਰੰਗਿ ਰਾਂਗੀ ॥੧॥

ਇਹੁ ਮਨੁ ਦੇਇ ਕੀਏ ਸੰਤ ਮੀਤਾ
ਕ੍ਰਿਪਾਲ ਭਏ ਬਡਭਾਗੀ ॥

ਮਹਾ ਸੁਖੁ ਪਾਇਆ ਬਰਨਿ ਨ ਸਾਕਉ
ਰੇਨੁ ਨਾਨਕ ਜਨ ਪਾਗੀ ॥੨॥੧॥੫॥

ਮਲਾਰ ਮਹਲਾ ੫ ॥

ਮਾਈ ਮੋਹਿ ਪ੍ਰੀਤਮੁ ਦੇਹੁ ਮਿਲਾਈ ॥

ਸਗਲ ਸਹੇਲੀ ਸੁਖ ਭਰਿ ਸੂਤੀ
ਜਿਹ ਘਰਿ ਲਾਲੁ ਬਸਾਈ ॥੧॥ ਰਹਾਉ ॥

ਮੋਹਿ ਅਵਗਨ ਪ੍ਰਭੁ ਸਦਾ ਦਇਆਲਾ
ਮੋਹਿ ਨਿਰਗੁਨਿ ਕਿਆ ਚਤੁਰਾਈ ॥

ਕਰਉ ਬਰਾਬਰਿ ਜੋ ਪ੍ਰਿਅ ਸੰਗਿ ਰਾਤੀ
ਇਹ ਹਉਮੈ ਕੀ ਢੀਠਾਈ ॥੧॥

ਭਈ ਨਿਮਾਣੀ ਸਰਨਿ ਇਕ ਤਾਕੀ
ਗੁਰ ਸਤਿਗੁਰ ਪੁਰਖ ਸੁਖਦਾਈ ॥

ਏਕ ਨਿਮਖ ਮਹਿ ਮੇਰਾ ਸਭੁ ਦੁਖੁ ਕਾਟਿਆ
ਨਾਨਕ ਸੁਖਿ ਰੈਨਿ ਬਿਹਾਈ ॥੨॥੨॥੬॥

ਮਲਾਰ ਮਹਲਾ ੫ ॥

ੴ ستِگُر پرسادِ ॥

پربھ میرے اوءِ بیراگی تیاگی ॥

ہءُ اِکُ کھِنُ تِسُ بِنُ رہِ ن سکءُ
پریتِ ہماری لاگی ॥1॥ رہاءُ ॥

اُن کے سنگِ موہِ پربھُ چِتِ آوے
سنّت پرسادِ موہِ جاگی ॥

سُنِ اُپدیسُ بھے من نِرمل
گُن گائے رنگِ رانگی ॥1॥

اِہُ منُ دےءِ کیئے سنّت مِتا
کرِپال بھے بڈبھاگیں ॥

مہا سُکھُ پائیا برنِ ن ساکءُ
رینُ نانک جن پاگی ॥2॥1॥5॥

ملار محلا 5 ॥

مائی موہِ پریتمُ دیہُ مِلائی ॥

سگل سہیلی سُکھ بھرِ سوُتی
جِہ گھرِ لالُ بسائی ॥1॥ رہاءُ ॥

موہِ اوگن پربھُ سدا دئیالا
موہِ نِرگُنِ کیا چترُائی ۔ ॥

کرءُ برابرِ جو پریءِ سنگِ راتیں
اِہ ہئُمے کی ڈھیٹھائی ॥1॥

بھئی نِمانٹی سرنِ اِک تاکی
گُر ستِگُر پُرکھ سُکھدائی ॥

ایک نِمکھ مہِ میرا سبھُ دُکھُ کاٹیا
نانک سُکھِ رینِ بِہائی ॥2॥2॥6॥

ملار محلا 5 ॥

ਬਰਸੁ ਮੇਘ ਜੀ ਤਿਲੁ ਬਿਲਮੁ ਨ ਲਾਉ ॥

ਬਰਸੁ ਪਿਆਰੇ ਮਨਹਿ ਸਧਾਰੇ
ਹੋਇ ਅਨਦੁ ਸਦਾ ਮਨਿ ਚਾਉ ॥੧॥ ਰਹਾਉ ॥

ਹਮ ਤੇਰੀ ਧਰ ਸੁਆਮੀਆ ਮੇਰੇ
ਤੂ ਕਿਉ ਮਨਹੁ ਬਿਸਾਰੇ ॥

ਇਸਤ੍ਰੀ ਰੂਪ ਚੇਰੀ ਕੀ ਨਿਆਈ
ਸੋਭ ਨਹੀ ਬਿਨੁ ਭਰਤਾਰੇ ॥੧॥

ਬਿਨਉ ਸੁਨਿਓ ਜਬ ਠਾਕੁਰ ਮੇਰੈ
ਬੇਗਿ ਆਇਓ ਕਿਰਪਾ ਧਾਰੇ ॥

ਕਹੁ ਨਾਨਕ ਮੇਰੋ ਬਨਿਓ ਸੁਹਾਗੋ
ਪਤਿ ਸੋਭਾ ਭਲੇ ਅਚਾਰੇ ॥੨॥੩॥੭॥

ਮਲਾਰ ਮਹਲਾ ੫ ॥

ਪ੍ਰੀਤਮ ਸਾਚਾ ਨਾਮੁ ਧਿਆਇ ॥

ਦੂਖ ਦਰਦ ਬਿਨਸੈ ਭਵ ਸਾਗਰੁ
ਗੁਰ ਕੀ ਮੂਰਤਿ ਰਿਦੈ ਬਸਾਇ ॥੧॥ ਰਹਾਉ ॥

ਦੁਸਮਨ ਹਤੇ ਦੋਖੀ ਸਭ ਵਿਆਪੇ
ਹਰਿ ਸਰਣਾਈ ਆਇਆ ॥

ਰਾਖਨਹਾਰੈ ਹਾਥ ਦੇ ਰਾਖਿਓ
ਨਾਮੁ ਪਦਾਰਥੁ ਪਾਇਆ ॥੧॥

ਕਰਿ ਕਿਰਪਾ ਕਿਲਵਿਖ ਸਭਿ ਕਾਟੇ
ਨਾਮੁ ਨਿਰਮਲੁ ਮਨਿ ਦੀਆ ॥

ਗੁਣ ਨਿਧਾਨੁ ਨਾਨਕ ਮਨਿ ਵਸਿਆ
ਬਾਹੁੜਿ ਦੂਖ ਨ ਥੀਆ ॥੨॥੪॥੮॥

ਮਲਾਰ ਮਹਲਾ ੫ ॥

ਪ੍ਰਭ ਮੇਰੇ ਪ੍ਰੀਤਮ ਪ੍ਰਾਨ ਪਿਆਰੇ ॥

برسُ میگھ جی تِلُ بِلمُ ن لاءُ ॥

برسُ پِیارے منہِ سدھارے
ہوءِ اندُ سدا منِ چاءُ ॥1॥ رہاءُ ॥

ہم تیری دھر سُیامِیا میرے
توُ کِءُ منہُ بِسارے ۔ ॥

اِستّری روُپ چیری کی نِیائی
سوبھ نہی بِنُ بھرتارے ॥1॥

بِنءُ سُنِئو جب ٹھاکُر میرے
بیگِ آئِئو کِرپا دھارے ॥

کہُ نانک میرو بِنِئو سُہاگو
پتِ سوبھا بھلے اچارے ॥2॥3॥7॥

ملار محلا 5 ॥

پّریتم ساچا نامُ دھِیاءِ ॥

دوُکھ دردِ بِنسے بھو ساگرُ
گُر کی موُرتِ رِدے بساءِ ॥1॥ رہاءُ ॥

دُسمن ہتے دوُکھی سبھ وِیاپے
ہرِ سرٹائی آئِیا ॥

راکھنہارے ہاتھ دے راکھِئو
نامُ پدارتھُ پائِیا ॥1॥

کرِ کِرپا کِلوِکھ سبھِ کاٹے
نامُ نِرملُ منِ دیِیا ॥

گُنّ نِدھانُ نانک منِ وسِیا
باہُڑِ دوُکھ ن تھِیا ॥2॥4॥8॥

ملار محلا 5 ॥

پّربھ میرے پّریتم پّران پِیارے ۔ ॥

ਪ੍ਰੇਮ ਭਗਤਿ ਅਪਨੋ ਨਾਮੁ ਦੀਜੈ
ਦਇਆਲ ਅਨੁਗ੍ਰਹੁ ਧਾਰੇ ॥੧॥ ਰਹਾਉ ॥

پریم بھگتِ اپنو نامُ دیجے
دیَیال انُگرہُ دھارے ॥1॥ رہاءُ ॥

ਸਿਮਰਉ ਚਰਨ ਤੁਹਾਰੇ ਪ੍ਰੀਤਮ
ਰਿਦੈ ਤੁਹਾਰੀ ਆਸਾ ॥

سِمرءُ چرن تُہارے پریتم
رِدے تُہاری آسا ॥

ਸੰਤ ਜਨਾ ਪਹਿ ਕਰਉ ਬੇਨਤੀ
ਮਨਿ ਦਰਸਨ ਕੀ ਪਿਆਸਾ ॥੧॥

سنّت جنا پہِ کرءُ بینتی
منِ درسن کی پیاسا ॥1॥

ਬਿਛੁਰਤ ਮਰਨੁ ਜੀਵਨੁ ਹਰਿ ਮਿਲਤੇ
ਜਨ ਕਉ ਦਰਸਨੁ ਦੀਜੈ ॥

بچھُرت مرنُ جیونُ ہرِ ملتے
جن کءُ درسنُ دیجے ॥

ਨਾਮ ਅਧਾਰੁ ਜੀਵਨ ਧਨੁ ਨਾਨਕ
ਪ੍ਰਭ ਮੇਰੇ ਕਿਰਪਾ ਕੀਜੈ ॥੨॥੫॥੯॥

نام ادھارُ جیون دھنُ نانک
پربھ میرے کرپا کیجے ॥2॥5॥9॥

ਮਲਾਰ ਮਹਲਾ ੫ ॥

ملار محلا 5 ॥

ਅਬ ਅਪਨੇ ਪ੍ਰੀਤਮ ਸਿਉ ਬਨ ਆਈ ॥

اب اپنے پریتم سِءُ بن آئی ॥

ਰਾਜਾ ਰਾਮੁ ਰਮਤ ਸੁਖੁ ਪਾਇਓ
ਬਰਸੁ ਮੇਘ ਸੁਖਦਾਈ ॥੧॥ ਰਹਾਉ ॥

راجا رامُ رمت سُکھُ پائیو
برسُ میگھ سُکھدائی ॥1॥ رہاءُ ॥

ਇਕੁ ਪਲੁ ਬਿਸਰਤ ਨਹੀ ਸੁਖ ਸਾਗਰੁ
ਨਾਮੁ ਨਵੈ ਨਿਧਿ ਪਾਈ ॥

اِکُ پلُ بِسرت نہی سُکھ ساگرُ
نامُ نوے نِدھِ پائی ॥

ਉਦੌਤੁ ਭਇਓ ਪੂਰਨ ਭਾਵੀ ਕੋ
ਭੇਟੇ ਸੰਤ ਸਹਾਈ ॥੧॥

اُدوَتُ بھیئو پورن بھاوی کو
بھیٹے سنّت سہائی ॥1॥

ਸੁਖ ਉਪਜੇ ਦੁਖ ਸਗਲ ਬਿਨਾਸੇ
ਪਾਰਬ੍ਰਹਮ ਲਿਵ ਲਾਈ ॥

سُکھ اُپجے دُکھ سگل بِناسے
پاربرہم لِو لائی ॥

ਤਰਿਓ ਸੰਸਾਰੁ ਕਠਿਨ ਭੈ ਸਾਗਰੁ
ਹਰਿ ਨਾਨਕ ਚਰਨ ਧਿਆਈ ॥੨॥੬॥੧੦॥

ترِیو سنسارُ کٹھِن بھے ساگرُ
ہرِ نانک چرن دھِیائی ॥2॥6॥ 10 ॥

ਮਲਾਰ ਮਹਲਾ ੫ ॥

ملار محلا 5 ॥

ਘਨਿਹਰ ਬਰਸਿ ਸਗਲ ਜਗੁ ਛਾਇਆ ॥

گھنہر برسِ سگل جگُ چھائیا ॥

ਭਏ ਕ੍ਰਿਪਾਲ ਪ੍ਰੀਤਮ ਪ੍ਰਭ ਮੇਰੇ

بھے کرپال پریتم پربھ میرے

ਅਨਦ ਮੰਗਲ ਸੁਖ ਪਾਇਆ ॥੧॥ ਰਹਾਉ ॥

اند منگل سُکھ پائیا ॥1॥ رہاءُ ॥

ਮਿਟੇ ਕਲੇਸ ਤ੍ਰਿਸਨ ਸਭ ਬੂਝੀ
ਪਾਰਬ੍ਰਹਮੁ ਮਨਿ ਧਿਆਇਆ ॥

مِٹے کلیس ترِسن سبھ بُوجھی
پاربرہمُ منِ دھیائیا ॥

ਸਾਧਸੰਗਿ ਜਨਮ ਮਰਨ ਨਿਵਾਰੇ
ਬਹੁਰਿ ਨ ਕਤਹੂ ਧਾਇਆ ॥੧॥

سادھسنگِ جنم مرن نِوارے
بہُرِ ن کتہُو دھائیا ॥1॥

ਮਨੁ ਤਨੁ ਨਾਮਿ ਨਿਰੰਜਨਿ ਰਾਤਉ
ਚਰਨ ਕਮਲ ਲਿਵ ਲਾਇਆ ॥

منُ تنُ نامِ نِرنجنِ راتءُ
چرن کمل لِو لائیا ॥

ਅੰਗੀਕਾਰੁ ਕੀਓ ਪ੍ਰਭਿ ਅਪਨੈ
ਨਾਨਕ ਦਾਸ ਸਰਣਾਇਆ ॥੨॥੭॥੧੧॥

انگیکارُ کِیئو پربھِ اپنے
نانک داس سرٹائیا ॥2॥7॥ 11 ॥

ਮਲਾਰ ਮਹਲਾ ੫ ॥

ملار محلا 5 ॥

ਬਿਛੁਰਤ ਕਿਉ ਜੀਵੇ ਓਇ ਜੀਵਨ ॥

بچھُرت کِءُ جیوے اوءِ جیون ۔ ॥

ਚਿਤਹਿ ਉਲਾਸ ਆਸ ਮਿਲਬੇ ਕੀ
ਚਰਨ ਕਮਲ ਰਸ ਪੀਵਨ ॥੧॥ ਰਹਾਉ ॥

چِتہِ اُلاس آس مِلبے کی
چرن کمل رس پیون ॥1॥ رہاءُ ॥

ਜਿਨ ਕਉ ਪਿਆਸ ਤੁਮਾਰੀ ਪ੍ਰੀਤਮ
ਤਿਨ ਕਉ ਅੰਤਰੁ ਨਾਹੀ ॥

جِن کءُ پیاس تُماری پریتم
تِن کءُ انترُ ناہی ॥

ਜਿਨ ਕਉ ਬਿਸਰੈ ਮੇਰੋ ਰਾਮੁ ਪਿਆਰਾ
ਸੇ ਮੂਏ ਮਰਿ ਜਾਂਹੀਂ ॥੧॥

جِن کءُ بِسرے میرو رامُ پیارا
سے مُوئے مرِ جانہیں ॥1॥

ਮਨਿ ਤਨਿ ਰਵਿ ਰਹਿਆ ਜਗਦੀਸੁਰ
ਪੇਖਤ ਸਦਾ ਹਜੂਰੇ ॥

منِ تنِ روِ رہیا جگدیسُر
پیکھت سدا حضُورے ॥

ਨਾਨਕ ਰਵਿ ਰਹਿਓ ਸਭ ਅੰਤਰਿ
ਸਰਬ ਰਹਿਆ ਭਰਪੂਰੇ ॥੨॥੮॥੧੨॥

نانک روِ رہیئو سبھ انترِ
سرب رہیا بھرپُورے ॥2॥8॥ 12 ॥

ਮਲਾਰ ਮਹਲਾ ੫ ॥

ملار محلا 5 ॥

ਹਰਿ ਕੈ ਭਜਨਿ
ਕਉਨ ਕਉਨ ਨ ਤਾਰੇ ॥

ہرِ کے بھجنِ
کُن کُن ن تارے ۔ ॥

ਖਗ ਤਨ ਮੀਨ ਤਨ ਮ੍ਰਿਗ ਤਨ ਬਰਾਹ ਤਨ

کھگ تن مِین تن مرِگ تن براہ تن

ਸਾਧੂ ਸੰਗਿ ਉਧਾਰੇ ॥੧॥ ਰਹਾਉ ॥

ساد ھوُ سنگِ اُدھارے ॥1॥ رہاءُ ॥

ਦੇਵ ਕੁਲ ਦੈਤ ਕੁਲ ਜਖ੍ਹ ਕਿੰਨਰ ਨਰ
ਸਾਗਰ ਉਤਰੇ ਪਾਰੇ ॥

دیو کُل دیَت کُل جکھّ کِنّر نر
ساگر اُترے پارے ॥

ਜੋ ਜੋ ਭਜਨੁ ਕਰੈ ਸਾਧੂ ਸੰਗਿ
ਤਾ ਕੇ ਦੂਖ ਬਿਦਾਰੇ ॥੧॥

جو جو بھجنُ کرے ساد ھوُ سنگِ
تا کے دوُکھ بِدارے ॥1॥

ਕਾਮ ਕਰੋਧ ਮਹਾ ਬਿਖਿਆ ਰਸ
ਇਨ ਤੇ ਭਏ ਨਿਰਾਰੇ ॥

کام کرودھ مہا بِکھیا رس
اِن تے بھےَ نِرارے ॥

ਦੀਨ ਦਇਆਲ ਜਪਹਿ ਕਰੁਣਾ ਮੈ
ਨਾਨਕ ਸਦ ਬਲਿਹਾਰੇ ॥੨॥੯॥੧੩॥

دِین دیَیال جپہِ کرُنا مےَ
نانک سد بلِہارے ॥2॥9॥ 13 ॥

ਮਲਾਰ ਮਹਲਾ ੫ ॥

ملار محلا 5 ॥

ਆਜੁ ਮੈ ਬੈਸਿਓ ਹਰਿ ਹਾਟ ॥

آج مےَ بیَسیو ہرِ ہاٹ ॥

ਨਾਮੁ ਰਾਸਿ ਸਾਝੀ ਕਰਿ ਜਨ ਸਿਉ
ਜਾਂਉ ਨ ਜਮ ਕੈ ਘਾਟ ॥੧॥ ਰਹਾਉ ॥

نامُ راسِ ساجھی کرِ جن سِ ءُ
جانْ ءُ ن جم کے گھاٹ ॥1॥ رہاءُ ॥

ਧਾਰਿ ਅਨੁਗ੍ਰਹੁ ਪਾਰਬ੍ਰਹਮਿ ਰਾਖੇ
ਭ੍ਰਮ ਕੇ ਖੁਲ੍ਹੇ ਕਪਾਟ ॥

دھارِ انگّرہُ پاربّرہمِ راکھے
بھّرم کے کھُلّہے کپاٹ ॥

ਬੇਸੁਮਾਰ ਸਾਹੁ ਪ੍ਰਭੁ ਪਾਇਆ
ਲਾਹਾ ਚਰਨ ਨਿਧਿ ਖਾਟ ॥੧॥

بیشُمار ساہُ پرّبھُ پائیا
لاہا چرن نِدھِ کھاٹ ॥1॥

ਸਰਨਿ ਗਹੀ ਅਚੁਤ ਅਬਿਨਾਸੀ
ਕਿਲਬਿਖ ਕਾਢੇ ਹੈ ਛਾਂਟਿ ॥

سرنِ گہی اچُت ابِناسی
کِلبِکھ کاڈھے ہےَ چھانْٹِ ॥

ਕਲਿ ਕਲੇਸ ਮਿਟੇ ਦਾਸ ਨਾਨਕ
ਬਹੁਰਿ ਨ ਜੋਨੀ ਮਾਟ ॥੨॥੧੦॥੧੪॥

کلِ کلیس مِٹے داس نانک
بہُرِ ن جونی ماٹ ॥2॥ 10 ॥ 14 ॥

ਮਲਾਰ ਮਹਲਾ ੫ ॥

ملار محلا 5 ॥

ਬਹੁ ਬਿਧਿ ਮਾਇਆ ਮੋਹ ਹਿਰਾਨੋ ॥

بہُ بِدھِ مائیا موہ ہِرانو ॥

ਕੋਟਿ ਮਧੇ ਕੋਊ ਬਿਰਲਾ ਸੇਵਕੁ
ਪੂਰਨ ਭਗਤੁ ਚਿਰਾਨੋ ॥੧॥ ਰਹਾਉ ॥

کوٹِ مدھے کوئوُ برلا سیوکُ
پوُرن بھگتُ چِرانو ॥1॥ رہاءُ ॥

ਇਤ ਉਤ ਡੋਲਿ ਡੋਲਿ ਸ੍ਰਮੁ ਪਾਇਓ
ਤਨੁ ਧਨੁ ਹੋਤ ਬਿਰਾਨੋ ॥

اِت اُت ڈولِ ڈولِ سّرمُ پائیئو
تنُ دھنُ ہوت بِرانو ॥

ਲੋਗ ਦੁਰਾਇ ਕਰਤ ਠਗਿਆਈ
ਹੋਤੋ ਸੰਗਿ ਨ ਜਾਨੋ ॥੧॥

لوگ دُراءِ کرت ٹھگیائی
ہوتوُ سنگِ ن جانو ॥1॥

ਮ੍ਰਿਗ ਪੰਖੀ ਮੀਨ ਦੀਨ ਨੀਚ
ਇਹ ਸੰਕਟ ਫਿਰਿ ਆਨੋ ॥

مّرِگ پنکھی مِین دِین نیچ
اِہ سنکٹ پھِرِ آنو ॥

ਕਹੁ ਨਾਨਕ ਪਾਹਨ ਪ੍ਰਭ ਤਾਰਹੁ
ਸਾਧਸੰਗਤਿ ਸੁਖ ਮਾਨੋ ॥੨॥੧੧॥੧੫॥

کہُ نانک پاہن پّربھ تارہُ
سادھسنگتِ سُکھ مانو ॥2॥ 11 ॥ 15 ॥

ਮਲਾਰ ਮਹਲਾ ੫ ॥

ملار محلا 5 ॥

ਦੁਸਟ ਮੁਏ ਬਿਖੁ ਖਾਈ ਰੀ ਮਾਈ ॥

دُسٹ مُۓ بِکھُ کھائی ری مائی ۔ ॥

ਜਿਸ ਕੇ ਜੀਅ ਤਿਨ ਹੀ ਰਖਿ ਲੀਨੇ
ਮੇਰੇ ਪ੍ਰਭ ਕਉ ਕਿਰਪਾ ਆਈ ॥੧॥ ਰਹਾਉ ॥

جِس کے جیء تِن ہی رکھِ لِینے
میرے پّربھ کءُ کِرپا آئی ॥1॥ رہاءُ ॥

ਅੰਤਰਜਾਮੀ ਸਭ ਮਹਿ ਵਰਤੈ
ਤਾਂ ਭਉ ਕੈਸਾ ਭਾਈ ॥

انترجامی سبھ مہِ ورتے
تاں بھءُ کیَسا بھائی ۔ ॥

ਸੰਗਿ ਸਹਾਈ ਛੋਡਿ ਨ ਜਾਈ
ਪ੍ਰਭੁ ਦੀਸੈ ਸਭਨੀ ਠਾਈਂ ॥੧॥

سنگِ سہائی چھوڈِ ن جائی
پّربھُ دیسےَ سبھنی ٹھائیں ॥1॥

ਅਨਾਥਾ ਨਾਥੁ ਦੀਨ ਦੁਖ ਭੰਜਨ
ਆਪਿ ਲੀਏ ਲੜਿ ਲਾਈ ॥

اناتھا ناتھُ دِین دُکھ بھنّجن
آپِ لیۓ لڑِ لائی ॥

ਹਰਿ ਕੀ ਓਟ ਜੀਵਹਿ ਦਾਸ ਤੇਰੇ
ਨਾਨਕ ਪ੍ਰਭ ਸਰਣਾਈ ॥੨॥੧੨॥੧੬॥

ہرِ کی اوٹ جیوہِ داس تیرے
نانک پّربھ سرٹائی ॥2॥ 12 ॥ 16 ॥

ਮਲਾਰ ਮਹਲਾ ੫ ॥

ملار محلا 5 ॥

ਮਨ ਮੇਰੇ ਹਰਿ ਕੇ ਚਰਨ ਰਵੀਜੈ ॥

من میرے ہرِ کے چرن رویجےَ ॥

ਦਰਸ ਪਿਆਸ ਮੇਰੋ ਮਨੁ ਮੋਹਿਓ
ਹਰਿ ਪੰਖ ਲਗਾਇ ਮਿਲੀਜੈ ॥੧॥ ਰਹਾਉ ॥

درس پیاس میرو منُ موہیئو
ہرِ پنکھ لگاءِ ملیجےَ ॥1॥ رہاءُ ॥

ਖੋਜਤ ਖੋਜਤ ਮਾਰਗੁ ਪਾਇਓ

کھوجت کھوجت مارگُ پائیئو

ਸਾਧੂ ਸੇਵ ਕਰੀਜੈ ॥

ساد ھوُ سیو کریجےَ ॥

ਧਾਰਿ ਅਨੁਗ੍ਰਹੁ ਸੁਆਮੀ ਮੇਰੇ
ਨਾਮੁ ਮਹਾ ਰਸੁ ਪੀਜੈ ॥੧॥

دھارِ انگرہُ سُیامی میرے
نامُ مہا رسُ پیجےَ ॥1॥

ਤ੍ਰਾਹਿ ਤ੍ਰਾਹਿ ਕਰਿ ਸਰਨੀ ਆਏ
ਜਲਤਉ ਕਿਰਪਾ ਕੀਜੈ ॥

ترّاہِ ترّاہِ کرِ سرنی آئے
جلتءُ کرِپا کیجےَ ॥

ਕਰੁ ਗਹਿ ਲੇਹੁ ਦਾਸ ਆਪੁਨੇ ਕਉ
ਨਾਨਕ ਆਪੁਨੋ ਕੀਜੈ ॥੨॥੧੩॥੧੭॥

کرُ گہِ لیہُ داس آپُنے کءُ
نانک آپُنو کیجےَ ॥2॥ 13 ॥ 17 ॥

ਮਲਾਰ ਮਃ ੫ ॥

ملار م: 5 ॥

ਪ੍ਰਭ ਕੋ ਭਗਤਿ ਵਛਲੁ ਬਿਰਦਾਇਓ ॥

پربھ کو بھگتِ وچھلُ بِردائیو ॥

ਨਿੰਦਕ ਮਾਰਿ ਚਰਨ ਤਲ ਦੀਨੇ
ਅਪੁਨੋ ਜਸੁ ਵਰਤਾਇਓ ॥੧॥ ਰਹਾਉ ॥

نِندک مارِ چرن تل دینے
اپُنو جسُ ورتائیو ॥1॥ رہاءُ ॥

ਜੈ ਜੈ ਕਾਰੁ ਕੀਨੋ ਸਭ ਜਗ ਮਹਿ
ਦਇਆ ਜੀਅਨ ਮਹਿ ਪਾਇਓ ॥

جےَ جےَ کارُ کِینو سبھ جگ مہِ
دئیا جیئن مہِ پائیو ॥

ਕੰਠਿ ਲਾਇ ਅਪੁਨੋ ਦਾਸੁ ਰਾਖਿਓ
ਤਾਤੀ ਵਾਉ ਨ ਲਾਇਓ ॥੧॥

کنٹھِ لاءِ اپُنو داسُ راکھیو
تاتی واءُ ن لائیو ॥1॥

ਅੰਗੀਕਾਰੁ ਕੀਓ ਮੇਰੇ ਸੁਆਮੀ
ਭ੍ਰਮੁ ਭਉ ਮੇਟਿ ਸੁਖਾਇਓ ॥

انگیکارُ کِینو میرے سُیامی
بھرمُ بھءُ میٹِ سُکھائیو ॥

ਮਹਾ ਅਨੰਦ ਕਰਹੁ ਦਾਸ ਹਰਿ ਕੇ
ਨਾਨਕ ਬਿਸ੍ਵਾਸੁ ਮਨਿ ਆਇਓ ॥੨॥੧੪॥੧੮॥

مہا انند کرہُ داس ہرِ کے
نانک بِسّواسُ منِ آئیو ॥2॥ 14 ॥ 18 ॥

ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੨

راگُ ملار محلا 5 چئپدے گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਗੁਰਮੁਖਿ ਦੀਸੈ ਬ੍ਰਹਮ ਪਸਾਰੁ ॥

گُرمُکھِ دیسےَ برہم پسارُ ॥

ਗੁਰਮੁਖਿ ਤ੍ਰੈ ਗੁਣੀਆ ਬਿਸਥਾਰੁ ॥

گُرمُکھِ ترےَ گُنیا بِستھارُ ॥

ਗੁਰਮੁਖਿ ਨਾਦ ਬੇਦ ਬੀਚਾਰੁ ॥

گُرمُکھِ ناد بید بیچارُ ॥

ਬਿਨੁ ਗੁਰ ਪੂਰੇ ਘੋਰ ਅੰਧਾਰੁ ॥੧॥	بِنُ گُر پُورے گھور اندھارُ ॥1॥
ਮੇਰੇ ਮਨ ਗੁਰੁ ਗੁਰੁ ਕਰਤ ਸਦਾ ਸੁਖੁ ਪਾਈਐ ॥	میرے من گُرُ گُرُ کرت سدا سُکھُ پائیئے ॥
ਗੁਰ ਉਪਦੇਸਿ ਹਰਿ ਹਿਰਦੈ ਵਸਿਓ ਸਾਸਿ ਗਿਰਾਸਿ ਅਪਣਾ ਖਸਮੁ ਧਿਆਇਐ ॥੧॥ ਰਹਾਉ ॥	گُر اُپدیسِ ہرِ ہِردے وسِیو ساسِ گِراسِ اپنا خصمُ دھیائیئے ॥1॥ رہاءُ ॥
ਗੁਰ ਕੇ ਚਰਣ ਵਿਟਹੁ ਬਲਿ ਜਾਉ ॥	گُر کے چرنؔ وِٹہُ بلِ جاءُ ॥
ਗੁਰ ਕੇ ਗੁਣ ਅਨਦਿਨੁ ਨਿਤ ਗਾਉ ॥	گُر کے گُنؔ اندِنُ نِت گاءُ ॥
ਗੁਰ ਕੀ ਧੂੜਿ ਕਰਉ ਇਸਨਾਨੁ ॥	گُر کی دھوُڑِ کرءُ اِسنانُ ॥
ਸਾਚੀ ਦਰਗਹ ਪਾਈਐ ਮਾਨੁ ॥੨॥	ساچی درگہ پائیئے مانُ ॥2॥
ਗੁਰੁ ਬੋਹਿਥੁ ਭਵਜਲ ਤਾਰਣਹਾਰੁ ॥	گُرُ بوہِتھُ بھوجل تارنہارُ ॥
ਗੁਰਿ ਭੇਟਿਐ ਨ ਹੋਇ ਜੋਨਿ ਅਉਤਾਰੁ ॥	گُرِ بھیٹیئے ن ہوءِ جونِ اُتارُ ॥
ਗੁਰ ਕੀ ਸੇਵਾ ਸੋ ਜਨੁ ਪਾਏ ॥	گُر کی سیوا سو جنُ پائے ॥
ਜਾ ਕਉ ਕਰਮਿ ਲਿਖਿਆ ਧੁਰਿ ਆਏ ॥੩॥	جا کءُ کرمِ لِکھیا دھُرِ آئے ॥3॥
ਗੁਰੁ ਮੇਰੀ ਜੀਵਨਿ ਗੁਰੁ ਆਧਾਰੁ ॥	گُرُ میری جیونِ گُرُ آدھارُ ॥
ਗੁਰੁ ਮੇਰੀ ਵਰਤਣਿ ਗੁਰੁ ਪਰਵਾਰੁ ॥	گُرُ میری ورتنؔ گُرُ پروارُ ॥
ਗੁਰੁ ਮੇਰਾ ਖਸਮੁ ਸਤਿਗੁਰ ਸਰਣਾਈ ॥	گُرُ میرا خصمُ ستِگُر سرنائی ॥
ਨਾਨਕ ਗੁਰੁ ਪਾਰਬ੍ਰਹਮੁ ਜਾ ਕੀ ਕੀਮ ਨ ਪਾਈ ॥੪॥੧॥੧੯॥	نانک گُرُ پاربّرہمُ جا کی قیمِ ن پائی ॥4॥1॥ 19 ॥
ਮਲਾਰ ਮਹਲਾ ੫ ॥	ملار محلا 5 ॥
ਗੁਰ ਕੇ ਚਰਨ ਹਿਰਦੈ ਵਸਾਏ ॥	گُر کے چرن ہِردے وسائے ॥
ਕਰਿ ਕਿਰਪਾ ਪ੍ਰਭਿ ਆਪਿ ਮਿਲਾਏ ॥	کرِ کرِپا پربھِ آپِ مِلائے ॥
ਅਪਨੇ ਸੇਵਕ ਕਉ ਲਏ ਪ੍ਰਭੁ ਲਾਇ ॥	اپنے سیوک کءُ لے پربھُ لائِ ॥

ਤਾ ਕੀ ਕੀਮਤਿ ਕਹੀ ਨ ਜਾਇ ॥੧॥	تا کی قِیمتِ کہی ن جاءِ ॥1॥
ਕਰਿ ਕਿਰਪਾ ਪੂਰਨ ਸੁਖਦਾਤੇ ॥	کرِ کِرپا پُورن سُکھداتے ۔ ॥
ਤੁਮ੍ਰੀ ਕ੍ਰਿਪਾ ਤੇ ਤੂੰ ਚਿਤਿ ਆਵਹਿ ਆਠ ਪਹਰ ਤੇਰੈ ਰੰਗਿ ਰਾਤੇ ॥੧॥ ਰਹਾਉ ॥	تُمہری کِرپا تے توُنَ چِتِ آوہِ آٹھ پہر تیرے رنگِ راتے ॥1॥ رہاءُ ॥
ਗਾਵਣੁ ਸੁਨਣੁ ਸਭੁ ਤੇਰਾ ਭਾਣਾ ॥	گاونُ سُننُ سبھُ تیرا بھاٹا ॥
ਹੁਕਮੁ ਬੂਝੈ ਸੋ ਸਾਚਿ ਸਮਾਣਾ ॥	حُکمُ بُوجھے سو ساچِ سماٹا ॥
ਜਪਿ ਜਪਿ ਜੀਵਹਿ ਤੇਰਾ ਨਾਂਉ ॥	جپِ جپِ جیوہِ تیرا نانءُ ॥
ਤੁਝ ਬਿਨੁ ਦੂਜਾ ਨਾਹੀ ਥਾਉ ॥੨॥	تُجھ بِنُ دوُجا ناہی تھاءُ ॥2॥
ਦੁਖ ਸੁਖ ਕਰਤੇ ਹੁਕਮੁ ਰਜਾਇ ॥	دُکھ سُکھ کرتے حُکمُ رضاءِ ॥
ਭਾਣੈ ਬਖਸ ਭਾਣੈ ਦੇਇ ਸਜਾਇ ॥	بھاٹے بخش بھاٹے دےءِ سزاءِ ॥
ਦੁਹਾਂ ਸਿਰਿਆ ਕਾ ਕਰਤਾ ਆਪਿ ॥	دُہاں سِریا کا کرتا آپِ ॥
ਕੁਰਬਾਣੁ ਜਾਂਈ ਤੇਰੇ ਪਰਤਾਪ ॥੩॥	قُرباںُ جانئی تیرے پرتاپ ॥3॥
ਤੇਰੀ ਕੀਮਤਿ ਤੂਹੈ ਜਾਣਹਿ ॥	تیری قِیمتِ توُہے جاٹہِ ॥
ਤੂ ਆਪੇ ਬੂਝਹਿ ਸੁਣਿ ਆਪਿ ਵਖਾਣਹਿ ॥	توُ آپے بوُجھہِ سُنِ آپِ وکھاٹہِ ॥
ਸੇਈ ਭਗਤ ਜੋ ਤੁਧੁ ਭਾਣੇ ॥	سیئی بھگت جو تُدھُ بھاٹے ॥
ਨਾਨਕ ਤਿਨ ਕੈ ਸਦ ਕੁਰਬਾਣੇ ॥੪॥੨॥੨੦॥	نانک تِن کے سد قُرباٹے ॥4॥2॥ 20 ॥
ਮਲਾਰ ਮਹਲਾ ੫ ॥	ملار محلا 5 ॥
ਪਰਮੇਸਰੁ ਹੋਆ ਦਇਆਲੁ ॥	پرمیسرُ ہویا دئیالُ ॥
ਮੇਘੁ ਵਰਸੈ ਅੰਮ੍ਰਿਤ ਧਾਰ ॥	میگھُ ورسے انمّرت دھار ॥
ਸਗਲੇ ਜੀਅ ਜੰਤ ਤ੍ਰਿਪਤਾਸੇ ॥	سگلے جیء جنّت ترِپتاسے ॥
ਕਾਰਜ ਆਏ ਪੂਰੇ ਰਾਸੇ ॥੧॥	کارج آئے پُورے راسے ॥1॥
ਸਦਾ ਸਦਾ ਮਨ ਨਾਮੁ ਸਮ੍ਹਾਲਿ ॥	سدا سدا من نامُ سمہّالِ ॥
ਗੁਰ ਪੂਰੇ ਕੀ ਸੇਵਾ ਪਾਇਆ	گُرپُورے کی سیوا پائیا

ਐਥੈ ਓਥੈ ਨਿਬਹੈ ਨਾਲਿ ॥੧॥ ਰਹਾਉ ॥	ایتھےَ اوتھےَ نِبہے نالِ ॥1॥ رہاءُ ॥
ਦੁਖੁ ਭੰਨਾ ਭੈ ਭੰਜਨਹਾਰ ॥	دُکھُ بھنّنا بھےَ بھنجنہار ॥
ਆਪਣਿਆ ਜੀਆ ਕੀ ਕੀਤੀ ਸਾਰ ॥	آپنّیا جیِیا کی کیِتی سار ॥
ਰਾਖਨਹਾਰ ਸਦਾ ਮਿਹਰਵਾਨ ॥	راکھنہار سدا مِہروان ॥
ਸਦਾ ਸਦਾ ਜਾਈਐ ਕੁਰਬਾਨ ॥੨॥	سدا سدا جائیئےَ قُربان ॥2॥
ਕਾਲੁ ਗਵਾਇਆ ਕਰਤੈ ਆਪਿ ॥	کالُ گوائیا کرتےَ آپِ ॥
ਸਦਾ ਸਦਾ ਮਨ ਤਿਸ ਨੋ ਜਾਪਿ ॥	سدا سدا من تِس نو جاپِ ॥
ਦ੍ਰਿਸਟਿ ਧਾਰਿ ਰਾਖੇ ਸਭਿ ਜੰਤ ॥	دّرِسٹِ دھارِ راکھے سبھِ جنّت ॥
ਗੁਣ ਗਾਵਹੁ ਨਿਤ ਨਿਤ ਭਗਵੰਤ ॥੩॥	گُنؤ گاوہُ نِت نِت بھگونّت ॥3॥
ਏਕੋ ਕਰਤਾ ਆਪੇ ਆਪ ॥	ایکو کرتا آپے آپ ॥
ਹਰਿ ਕੇ ਭਗਤ ਜਾਣਹਿ ਪਰਤਾਪ ॥	ہرِ کے بھگت جانہِ پرتاپ ॥
ਨਾਵੈ ਕੀ ਪੈਜ ਰਖਦਾ ਆਇਆ ॥	ناوےَ کی پیَج رکھدا آئیا ॥
ਨਾਨਕੁ ਬੋਲੈ ਤਿਸ ਕਾ ਬੋਲਾਇਆ ॥੪॥੩॥੨੧॥	نانکُ بولے تِس کا بولائیا ॥4॥3॥ 21 ॥
ਮਲਾਰ ਮਹਲਾ ੫ ॥	ملار محلا 5 ॥
ਗੁਰ ਸਰਣਾਈ ਸਗਲ ਨਿਧਾਨ ॥	گُر سرنّائی سگل نِدھان ॥
ਸਾਚੀ ਦਰਗਹਿ ਪਾਈਐ ਮਾਨੁ ॥	ساچی درگہِ پائیئےَ مانُ ॥
ਭ੍ਰਮ ਭਉ ਦੂਖੁ ਦਰਦੁ ਸਭੁ ਜਾਇ ॥	بھّرم بھءُ دوُکھُ دردُ سبھُ جاءِ ॥
ਸਾਧਸੰਗਿ ਸਦ ਹਰਿ ਗੁਣ ਗਾਇ ॥	سادھسنگِ سد ہرِ گُنؤ گاءِ ॥
ਮਨ ਮੇਰੇ ਗੁਰੁ ਪੂਰਾ ਸਾਲਾਹਿ ॥	من میرے گُرُ پوُرا سالاحِ ॥
ਨਾਮੁ ਨਿਧਾਨੁ ਜਪਹੁ ਦਿਨੁ ਰਾਤੀ ਮਨ ਚਿੰਦੇ ਫਲ ਪਾਇ ॥੧॥ ਰਹਾਉ ॥	نامُ نِدھانُ جپہُ دِنُ راتی من چِنّدے پھل پاءِ ॥1॥ رہاءُ ॥
ਸਤਿਗੁਰ ਜੇਵਡੁ ਅਵਰੁ ਨ ਕੋਇ ॥	ستِگُر جیوڈُ اورُ ن کوءِ ॥
ਗੁਰ ਪਾਰਬ੍ਰਹਮੁ ਪਰਮੇਸਰੁ ਸੋਇ ॥	گُر پاربّرہمُ پریسرُ سوءِ ॥

ਜਨਮ ਮਰਣ ਦੂਖ ਤੇ ਰਾਖੈ ॥	جنم مرنٌ دوُکھ تے راکھےَ ॥
ਮਾਇਆ ਬਿਖੁ ਫਿਰਿ ਬਹੁੜਿ ਨ ਚਾਖੈ ॥੨॥	مائیا بِکھُ پھِرِ بہُڑِ ن چاکھےَ ॥2॥
ਗੁਰ ਕੀ ਮਹਿਮਾ ਕਥਨੁ ਨ ਜਾਇ ॥	گُر کی مہِما کتھنُ ن جاءِ ॥
ਗੁਰੁ ਪਰਮੇਸਰੁ ਸਾਚੈ ਨਾਇ ॥	گُرُ پرمیسرُ ساچےَ ناءِ ॥
ਸਚੁ ਸੰਜਮੁ ਕਰਣੀ ਸਭੁ ਸਾਚੀ ॥	سچُ سنّجمُ کرنیٌ سبھُ ساچی ॥
ਸੋ ਮਨੁ ਨਿਰਮਲੁ ਜੋ ਗੁਰ ਸੰਗਿ ਰਾਚੀ ॥੩॥	سو منُ نِرملُ جو گُر سنگِ راچی ॥3॥
ਗੁਰੁ ਪੂਰਾ ਪਾਈਐ ਵਡ ਭਾਗਿ ॥	گُرُ پوُرا پائیےَ وڈ بھاگِ ॥
ਕਾਮੁ ਕ੍ਰੋਧੁ ਲੋਭੁ ਮਨ ਤੇ ਤਿਆਗਿ ॥	کامُ کرودھُ لوبھُ من تے تِیاگِ ॥
ਕਰਿ ਕਿਰਪਾ ਗੁਰ ਚਰਣ ਨਿਵਾਸਿ ॥	کرِ کِرپا گُر چرنٌ نِواسِ ॥
ਨਾਨਕ ਕੀ ਪ੍ਰਭ ਸਚੁ ਅਰਦਾਸਿ ॥੪॥੪॥੨੨॥	نانک کی پربھ سچُ عرداسِ ॥4॥4॥ 22 ॥
ਰਾਗੁ ਮਲਾਰ ਮਹਲਾ ੫ ਪੜਤਾਲ ਘਰੁ ੩	راگُ ملار محلا 5 پڑتال گھرُ 3
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਗੁਰ ਮਨਾਰਿ ਪ੍ਰਿਅ ਦਇਆਰ ਸਿਉ ਰੰਗੁ ਕੀਆ ॥	گُر منارِ پرِء دئیار سِءُ رنگُ کِیا ॥
ਕੀਨੋ ਰੀ ਸਗਲ ਸੀਗਾਰ ॥	کِینو ری سگل سِینگار ॥
ਤਜਿਓ ਰੀ ਸਗਲ ਬਿਕਾਰ ॥	تجِئو ری سگل بِکار ॥
ਧਾਵਤੋ ਅਸਥਿਰੁ ਥੀਆ ॥੧॥ ਰਹਾਉ ॥	دھاوتو استھِرُ تھِیا ॥1॥ رہاءُ ॥
ਐਸੇ ਰੇ ਮਨ ਪਾਇ ਕੈ ਆਪੁ ਗਵਾਇ ਕੈ ਕਰਿ ਸਾਧਨ ਸਿਉ ਸੰਗੁ ॥	ایَسے رے من پاءِ کےَ آپُ گواءِ کےَ کرِ سادھن سِءُ سنگُ ॥
ਬਾਜੇ ਬਜਹਿ ਮ੍ਰਿਦੰਗ ਅਨਾਹਦ ਕੋਕਿਲ ਰੀ ਰਾਮ ਨਾਮੁ ਬੋਲੈ ਮਧੁਰ ਬੈਨ ਅਤਿ ਸੁਹੀਆ ॥੧॥	باجے بجہِ مرِدنگ اناہد کوکِل ری رام نامُ بولےَ مدھُر بیَن اتِ سُہیا ॥1॥
ਐਸੀ ਤੇਰੇ ਦਰਸਨ ਕੀ ਸੋਭ ਅਤਿ ਅਪਾਰ ਪ੍ਰਿਅ ਅਮੋਘ ਤੈਸੇ ਹੀ ਸੰਗਿ ਸੰਤ ਬਨੇ ॥	ایَسی تیرے درسن کی سوبھ اتِ اپار پرِء اموگھ تیَسے ہی سنگِ سنّت بنے ॥

ਭਵ ਉਤਾਰ ਨਾਮ ਭਨੇ ॥	بھو اُتار نام بھنے ॥
ਰਮ ਰਾਮ ਰਾਮ ਮਾਲ ॥	رم رام رام مال ॥
ਮਨਿ ਫੇਰਤੇ ਹਰਿ ਸੰਗਿ ਸੰਗੀਆ ॥	منِ پھیرتے ہرِ سنگِ سنگیا ॥
ਜਨ ਨਾਨਕ ਪ੍ਰਿਉ ਪ੍ਰੀਤਮੁ ਥੀਆ ॥੨॥੧॥੨੩॥	جن نانک پرِءُ پرِیتمُ تھیا ॥2॥1॥ 23 ॥
ਮਲਾਰ ਮਹਲਾ ੫ ॥	ملار محلا 5 ॥
ਮਨੁ ਘਨੈ ਭ੍ਰਮੈ ਬਨੈ ॥	منُ گھنے بھرمے بنے ॥
ਉਮਕਿ ਤਰਸਿ ਚਾਲੈ ॥	اُمکِ ترسِ چالے ॥
ਪ੍ਰਭ ਮਿਲਬੇ ਕੀ ਚਾਹ ॥੧॥ ਰਹਾਉ ॥	پربھ مِلبے کی چاہ ॥1॥ رہاءُ ॥
ਤ੍ਰੈ ਗੁਨ ਮਾਈ ਮੋਹਿ ਆਈ ਕਹੰਉ ਬੇਦਨ ਕਾਹਿ ॥੧॥	ترے گُن مائی موہِ آئی کہنءُ بیدن کاہِ ۔ ॥1॥
ਆਨ ਉਪਾਵ ਸਗਰ ਕੀਏ ਨਹਿ ਦੂਖ ਸਾਕਹਿ ਲਾਹਿ ॥	آن اُپاو سگر کیے نہِ دوُکھ ساکہِ لاہِ ॥
ਭਜੁ ਸਰਨਿ ਸਾਧੂ ਨਾਨਕਾ ਮਿਲੁ ਗੁਨ ਗੋਬਿੰਦਹਿ ਗਾਹਿ ॥੨॥੨॥੨੪॥	بھجُ سرنِ سادھوُ نانکا مِلُ گُن گوبِندہِ گاہِ ॥2॥2॥ 24 ॥
ਮਲਾਰ ਮਹਲਾ ੫ ॥	ملار محلا 5 ॥
ਪ੍ਰਿਅ ਕੀ ਸੋਭ ਸੁਹਾਵਨੀ ਨੀਕੀ ॥	پرِء کی سوبھ سُہاونی نیکی ॥
ਹਾਹਾ ਹੂਹੂ ਗੰਧ੍ਰਬ ਅਪਸਰਾ ਅਨੰਦ ਮੰਗਲ ਰਸ ਗਾਵਨੀ ਨੀਕੀ ॥੧॥ ਰਹਾਉ ॥	ہاہا ہوُہوُ گندھرب اپسرا انند منگل رس گاونی نیکی ॥1॥ رہاءُ ॥
ਧੁਨਿਤ ਲਲਿਤ ਗੁਨਗ੍ਰ ਅਨਿਕ ਭਾਂਤਿ ਬਹੁ ਬਿਧਿ ਰੂਪ ਦਿਖਾਵਨੀ ਨੀਕੀ ॥੧॥	دھُنت للِت گُنگرِ انِک بھانتِ بہُ بِدھِ روُپ دِکھاونی نیکی ॥1॥
ਗਿਰਿ ਤਰ ਥਲ ਜਲ ਭਵਨ ਭਰਪੁਰਿ ਘਟਿ ਘਟਿ ਲਾਲਨ ਛਾਵਨੀ ਨੀਕੀ ॥	گرِ تر تھل جل بھون بھرپُرِ گھٹِ گھٹِ لالن چھاونی نیکی ॥
ਸਾਧਸੰਗਿ ਰਾਮਈਆ ਰਸੁ ਪਾਇਓ ਨਾਨਕ ਜਾ ਕੈ ਭਾਵਨੀ ਨੀਕੀ ॥੨॥੩॥੨੫॥	سادھسنگِ رامئیا رسُ پائیو نانک جا کے بھاونی نیکی ॥2॥3॥ 25 ॥

ਮਲਾਰ ਮਹਲਾ ੫ ॥

ملار محلا 5 ॥

ਗੁਰ ਪ੍ਰੀਤਿ ਪਿਆਰੇ
ਚਰਨ ਕਮਲ ਰਿਦ ਅੰਤਰਿ ਧਾਰੇ ॥੧॥ ਰਹਾਉ ॥

گُر پرّیتِ پیارے
چرن کمل رِد انترِ دھارے ॥1॥ رہاءُ ॥

ਦਰਸੁ ਸਫਲਿਓ ਦਰਸੁ ਪੇਖਿਓ
ਗਏ ਕਿਲਬਿਖ ਗਏ ॥

درسُ سپھلِئو درسُ پیکھِئو
گئے کِلبِکھ گئے ॥

ਮਨ ਨਿਰਮਲ ਉਜੀਆਰੇ ॥੧॥

من نِرمل اُجیارے ॥1॥

ਬਿਸਮ ਬਿਸਮੈ ਬਿਸਮ ਭਈ ॥

بِسم بِسمے بِسم بھئی ॥

ਅਘ ਕੋਟਿ ਹਰਤੇ ਨਾਮ ਲਈ ॥

اگھ کوٹِ ہرتے نام لئی ॥

ਗੁਰ ਚਰਨ ਮਸਤਕੁ ਡਾਰਿ ਪਹੀ ॥

گُر چرن مستکُ ڈارِ پہی ॥

ਪ੍ਰਭ ਏਕ ਤੂੰਹੀ ਏਕ ਤੁਹੀ ॥

پربھ ایک توُنہی ایک تُہی ॥

ਭਗਤ ਟੇਕ ਤੁਹਾਰੇ ॥

بھگت ٹیک تُہارے ॥

ਜਨ ਨਾਨਕ ਸਰਨਿ ਦੁਆਰੇ ॥੨॥੪॥੨੬॥

جن نانک سرنِ دُیارے ॥2॥4॥ 26 ॥

ਮਲਾਰ ਮਹਲਾ ੫ ॥

ملار محلا 5 ॥

ਬਰਸੁ ਸਰਸੁ ਆਗਿਆ ॥

برسُ سرسُ آگیا ॥

ਹੋਹਿ ਆਨੰਦ ਸਗਲ ਭਾਗ ॥੧॥ ਰਹਾਉ ॥

ہوہِ آنند سگل بھاگ ॥1॥ رہاءُ ॥

ਸੰਤ ਸੰਗੇ ਮਨੁ ਪਰਫੜੈ
ਮਿਲਿ ਮੇਘ ਧਰ ਸੁਹਾਗ ॥੧॥

سنّت سنگے منُ پرپھڑے
مِلِ میگھ دھر سُہاگ ॥1॥

ਘਨਘੋਰ ਪ੍ਰੀਤਿ ਮੋਰ ॥

گھنگھور پرّیتِ مور ॥

ਚਿਤੁ ਚਾਤ੍ਰਿਕ ਬੂੰਦ ਓਰ ॥

چِتُ چاتّرِک بوُنّد اور ॥

ਐਸੋ ਹਰਿ ਸੰਗੇ ਮਨ ਮੋਹ ॥

ایَسو ہرِ سنگے من موہ ॥

ਤਿਆਗਿ ਮਾਇਆ ਧੋਹ ॥

تِیاگِ مایَا دھوہ ॥

ਮਿਲਿ ਸੰਤ ਨਾਨਕ ਜਾਗਿਆ ॥੨॥੫॥੨੭॥

مِلِ سنّت نانک جاگیا ॥2॥5॥ 27 ॥

ਮਲਾਰ ਮਹਲਾ ੫ ॥

ملار محلا 5 ॥

ਗੁਨ ਗੋਪਾਲ ਗਾਉ ਨੀਤ ॥
ਰਾਮ ਨਾਮ ਧਾਰਿ ਚੀਤ ॥੧॥ ਰਹਾਉ ॥

ਛੋਡਿ ਮਾਨੁ ਤਜਿ ਗੁਮਾਨੁ
ਮਿਲਿ ਸਾਧੂਆ ਕੈ ਸੰਗਿ ॥

ਹਰਿ ਸਿਮਰਿ ਏਕ ਰੰਗਿ
ਮਿਟਿ ਜਾਂਹਿ ਦੋਖ ਮੀਤ ॥੧॥

ਪਾਰਬ੍ਰਹਮ ਭਏ ਦਇਆਲ ॥
ਬਿਨਸਿ ਗਏ ਬਿਖੈ ਜੰਜਾਲ ॥
ਸਾਧ ਜਨਾਂ ਕੈ ਚਰਨ ਲਾਗਿ ॥
ਨਾਨਕ ਗਾਵੈ ਗੋਬਿੰਦ ਨੀਤ ॥੨॥੬॥੨੮॥

ਮਲਾਰ ਮਹਲਾ ੫ ॥

ਘਨੁ ਗਰਜਤ ਗੋਬਿੰਦ ਰੂਪ ॥
ਗੁਨ ਗਾਵਤ ਸੁਖ ਚੈਨ ॥੧॥ ਰਹਾਉ ॥

ਹਰਿ ਚਰਨ ਸਰਨ ਤਰਨ ਸਾਗਰ
ਧੁਨਿ ਅਨਹਤਾ ਰਸ ਬੈਨ ॥੧॥

ਪਥਿਕ ਪਿਆਸ ਚਿਤ ਸਰੋਵਰ
ਆਤਮ ਜਲੁ ਲੈਨ ॥

ਹਰਿ ਦਰਸ ਪ੍ਰੇਮ ਜਨ ਨਾਨਕ
ਕਰਿ ਕਿਰਪਾ ਪ੍ਰਭ ਦੈਨ ॥੨॥੭॥੨੯॥

ਮਲਾਰ ਮਹਲਾ ੫ ॥

ਹੇ ਗੋਬਿੰਦ ਹੇ ਗੋਪਾਲ
ਹੇ ਦਇਆਲ ਲਾਲ ॥੧॥ ਰਹਾਉ ॥

ਪ੍ਰਾਨ ਨਾਥ ਅਨਾਥ ਸਖੇ
ਦੀਨ ਦਰਦ ਨਿਵਾਰ ॥੧॥

گُن گوپال گاءُ نِیت ॥
رام نام دھارِ چیت ॥1॥ رہاءُ ॥

چھوڑِ مانُ تجِ گُمانُ
مِلِ سادھوُیا کے سنگِ ॥

ہرِ سِمرِ ایک رنگِ
مِٹِ جانہِ دوکھ مِیت ۔ ॥1॥

پاربرہم بھئے دئیال ॥
بِنسِ گئے بِکھے زنجال ॥
سادھ جناں کے چرن لاگِ ॥
نانک گاوے گوبِند نیت ॥2॥6॥ 28 ॥

ملار محلا 5 ॥

گھنُ گرجت گوبِند روُپ ॥
گُن گاوت سُکھ چین ॥1॥ رہاءُ ॥

ہرِ چرن سرن ترن ساگر
دھُنِ انہتا رس بین ॥1॥

پتھِک پیاس چِت سروور
آتم جلُ لین ॥

ہرِ درس پریم جن نانک
کرِ کرپا پربھ دین ॥2॥7॥ 29 ॥

ملار محلا 5 ॥

ہے گوبِند ہے گوپال
ہے دئیال لال ۔ ॥1॥ رہاءُ ॥

پران ناتھ اناتھ سکھے
دین درد نِوار ۔ ॥1॥

ਹੇ ਸਮ੍ਰਥ ਅਗਮ ਪੂਰਨ
ਮੋਹਿ ਮਇਆ ਧਾਰਿ ॥੨॥

ہے سمرّتھ اگم پوُرن
موہِ مئیا دھارِ ॥2॥

ਅੰਧ ਕੂਪ ਮਹਾ ਭਇਆਨ
ਨਾਨਕ ਪਾਰਿ ਉਤਾਰ ॥੩॥੮॥੩੦॥

اندھ کوُپ مہا بھئیان
نانک پارِ اُتار ॥3॥8॥ 30 ॥

ਮਲਾਰ ਮਹਲਾ ੧ ਅਸਟਪਦੀਆ ਘਰੁ ੧

ملار محلا 1 اسٹپدیِیا گھرُ 1

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਚਕਵੀ ਨੈਨ ਨੀਂਦ ਨਹਿ ਚਾਹੈ
ਬਿਨੁ ਪਿਰ ਨੀਂਦ ਨ ਪਾਈ ॥

چکوی نین نِیند نہِ چاہے
بِنُ پِر نِیند ن پائی ॥

ਸੂਰੁ ਚਰੈ ਪ੍ਰਿਉ ਦੇਖੈ ਨੈਨੀ
ਨਿਵਿ ਨਿਵਿ ਲਾਗੈ ਪਾਂਈ ॥੧॥

سوُرُ چڑہے پرِءُ دیکھے نینی
نِوِ نِوِ لاگے پانئی ॥1॥

ਪਿਰ ਭਾਵੈ ਪ੍ਰੇਮੁ ਸਖਾਈ ॥

پِر بھاوے پریمُ سکھائی ॥

ਤਿਸੁ ਬਿਨੁ ਘੜੀ ਨਹੀ ਜਗਿ ਜੀਵਾ
ਐਸੀ ਪਿਆਸ ਤਿਸਾਈ ॥੧॥ ਰਹਾਉ ॥

تِسُ بِنُ گھڑی نہی جگِ جیِوا
ایَسی پیاس تِسائی ॥1॥ رہاءُ ॥

ਸਰਵਰਿ ਕਮਲੁ ਕਿਰਣਿ ਆਕਾਸੀ
ਬਿਗਸੈ ਸਹਜਿ ਸੁਭਾਈ ॥

سرورِ کملُ کِرنِ آکاسی
بِگسے سہجِ سُبھائی ॥

ਪ੍ਰੀਤਮ ਪ੍ਰੀਤਿ ਬਨੀ ਅਭ ਐਸੀ
ਜੋਤੀ ਜੋਤਿ ਮਿਲਾਈ ॥੨॥

پرِیتم پرِیت بنی ابھ ایَسی
جوتی جوتِ مِلائی ॥2॥

ਚਾਤ੍ਰਿਕੁ ਜਲ ਬਿਨੁ ਪ੍ਰਿਉ ਪ੍ਰਿਉ ਟੇਰੈ
ਬਿਲਪ ਕਰੈ ਬਿਲਲਾਈ ॥

چاتّرِکُ جل بِنُ پرِءُ پرِءُ ٹیرے
بِلپ کرے بِللائی ॥

ਘਨਹਰ ਘੋਰ ਦਸੌ ਦਿਸਿ ਬਰਸੈ
ਬਿਨੁ ਜਲ ਪਿਆਸ ਨ ਜਾਈ ॥੩॥

گھنہر گھور دسوَ دِس برسے
بِنُ جل پیاس ن جائی ॥3॥

ਮੀਨ ਨਿਵਾਸ ਉਪਜੈ ਜਲ ਹੀ ਤੇ
ਸੁਖ ਦੁਖ ਪੁਰਬਿ ਕਮਾਈ ॥

مِین نِواس اُپجے جل ہی تے
سُکھ دُکھ پُربِ کمائی ॥

ਖਿਨੁ ਤਿਲੁ ਰਹਿ ਨ ਸਕੈ ਪਲੁ ਜਲ ਬਿਨੁ
ਮਰਨੁ ਜੀਵਨੁ ਤਿਸੁ ਤਾਂਈ ॥੪॥

کھِنُ تِلُ رہِ ن سکے پلُ جل بِنُ
مرنُ جیِونُ تِسُ تانئی ॥4॥

ਧਨ ਵਾਂਢੀ ਪਿਰੁ ਦੇਸ ਨਿਵਾਸੀ
ਸਚੇ ਗੁਰ ਪਹਿ ਸਬਦ ਪਠਾਈ ॥

دھن وانڈھی پِرُ دیس نِواسی
سچے گُر پہ سبد پٹھائیں ॥

ਗੁਣ ਸੰਗ੍ਰਹਿ ਪ੍ਰਭੁ ਰਿਦੈ ਨਿਵਾਸੀ
ਭਗਤਿ ਰਤੀ ਹਰਖਾਈ ॥੫॥

گُنْ سنگّرہِ پربھُ رِدے نِواسی
بھگتِ رتی ہرکھائی ॥5॥

ਪ੍ਰਿਉ ਪ੍ਰਿਉ ਕਰੈ ਸਭੈ ਹੈ ਜੇਤੀ
ਗੁਰ ਭਾਵੈ ਪ੍ਰਿਉ ਪਾਈ ॥

پّرِءُ پّرِءُ کرے سبھے ہے جیتی
گُر بھاوے پّرِءُ پائیں ॥

ਪ੍ਰਿਉ ਨਾਲੇ ਸਦ ਹੀ ਸਚਿ ਸੰਗੇ
ਨਦਰੀ ਮੇਲਿ ਮਿਲਾਈ ॥੬॥

پّرِءُ نالے سد ہی سچِ سنگے
ندری میلِ مِلائی ॥6॥

ਸਭ ਮਹਿ ਜੀਉ ਜੀਉ ਹੈ ਸੋਈ
ਘਟਿ ਘਟਿ ਰਹਿਆ ਸਮਾਈ ॥

سبھ مہِ جیِءُ جیِءُ ہے سوئی
گھٹِ گھٹِ رہیا سمائی ॥

ਗੁਰ ਪਰਸਾਦਿ ਘਰ ਹੀ ਪਰਗਾਸਿਆ
ਸਹਜੇ ਸਹਜਿ ਸਮਾਈ ॥੭॥

گُر پرسادِ گھر ہی پرگاسِیا
سہجے سہجِ سمائی ॥7॥

ਅਪਨਾ ਕਾਜੁ ਸਵਾਰਹੁ ਆਪੇ
ਸੁਖਦਾਤੇ ਗੋਸਾਂਈਂ ॥

اپنا کاجُ سوارہُ آپے
سُکھداتے گوسائیں ॥

ਗੁਰ ਪਰਸਾਦਿ ਘਰ ਹੀ ਪਿਰੁ ਪਾਇਆ
ਤਉ ਨਾਨਕ ਤਿਪਤਿ ਬੁਝਾਈ ॥੮॥੧॥

گُر پرسادِ گھر ہی پِرُ پائیا
تءُ نانک تِپتِ بُجھائی ॥8॥1॥

ਮਲਾਰ ਮਹਲਾ ੧ ॥

ملار محلا 1 ॥

ਜਾਗਤੁ ਜਾਗਿ ਰਹੈ ਗੁਰ ਸੇਵਾ
ਬਿਨੁ ਹਰਿ ਮੈ ਕੋ ਨਾਹੀ ॥

جاگتُ جاگِ رہے گُر سیوا
بِنُ ہرِ مے کو ناہی ॥

ਅਨਿਕ ਜਤਨ ਕਰਿ ਰਹਣੁ ਨ ਪਾਵੈ
ਆਚੁ ਕਾਚੁ ਢਰਿ ਪਾਂਹੀ ॥੧॥

انِک جتن کرِ رہنُ ن پاوے
آچُ کاچُ ڈھرِ پانہی ॥1॥

ਇਸੁ ਤਨ ਧਨ ਕਾ
ਕਹਹੁ ਗਰਬੁ ਕੈਸਾ ॥

اِسُ تن دھن کا
کہہُ گربُ کیَسا ۔ ॥

ਬਿਨਸਤ ਬਾਰ ਨ ਲਾਗੈ ਬਵਰੇ
ਹਉਮੈ ਗਰਬਿ ਖਪੈ ਜਗੁ ਐਸਾ ॥੧॥ ਰਹਾਉ ॥

بِنست بار ن لاگے بورے
ہئمے گربِ کھپے جگُ ایَسا ॥1॥ رہاءُ ॥

ਜੈ ਜਗਦੀਸ ਪ੍ਰਭੂ ਰਖਵਾਰੇ
ਰਾਖੈ ਪਰਖੈ ਸੋਈ ॥

جےَ جگدِیس پربھوُ رکھوارے
راکھےَ پرکھےَ سوئی ॥

ਜੇਤੀ ਹੈ ਤੇਤੀ ਤੁਝ ਹੀ ਤੇ
ਤੁਮ੍ ਸਰਿ ਅਵਰੁ ਨ ਕੋਈ ॥੨॥

جیتی ہےَ تیتی تُجھ ہی تے
تُمہ سرِ اورُ ن کوئی ॥2॥

ਜੀਅ ਉਪਾਇ ਜੁਗਤਿ ਵਸਿ ਕੀਨੀ
ਆਪੇ ਗੁਰਮੁਖਿ ਅੰਜਨੁ ॥

جیء اُپاءِ جُگتِ وسِ کِینی
آپے گُرمُکھِ انجَنُ ॥

ਅਮਰੁ ਅਨਾਥ ਸਰਬ ਸਿਰਿ ਮੋਰਾ
ਕਾਲ ਬਿਕਾਲ ਭਰਮ ਭੈ ਖੰਜਨੁ ॥੩॥

امرُ اناتھ سرب سِرِ موُرا
کال بِکال بھرم بھےَ کھنجَنُ ॥3॥

ਕਾਗਦ ਕੋਟੁ ਇਹੁ ਜਗੁ ਹੈ ਬਪੁਰੋ
ਰੰਗਨਿ ਚਿਹਨ ਚਤੁਰਾਈ ॥

کاگد کوٹُ اِہُ جگُ ہےَ بپُرہ
رنگنِ چِہن چترُائی ॥

ਨਾਨ੍ੀ ਸੀ ਬੂੰਦ ਪਵਨੁ ਪਤਿ ਖੋਵੈ
ਜਨਮਿ ਮਰੈ ਖਿਨੁ ਤਾਈਂ ॥੪॥

نانّہی سی بوُنّد پونُ پتِ کھووےَ
جنمِ مرےَ کھِنُ تائیں ॥4॥

ਨਦੀ ਉਪਕੰਠਿ ਜੈਸੇ ਘਰੁ ਤਰਵਰੁ
ਸਰਪਨਿ ਘਰੁ ਘਰ ਮਾਹੀ ॥

ندی اُپکنّٹھِ جیَسے گھرُ ترورُ
سرپنِ گھرُ گھر ماہی ॥

ਉਲਟੀ ਨਦੀ ਕਹਾਂ ਘਰੁ ਤਰਵਰੁ
ਸਰਪਨਿ ਡਸੈ ਦੂਜਾ ਮਨ ਮਾਂਹੀ ॥੫॥

اُلٹی ندی کہاں گھرُ ترورُ
سرپنِ ڈسےَ دوُجا من مانْہی ॥5॥

ਗਾਰੁੜ ਗੁਰ ਗਿਆਨੁ ਧਿਆਨੁ ਗੁਰ ਬਚਨੀ
ਬਿਖਿਆ ਗੁਰਮਤਿ ਜਾਰੀ ॥

گارُڑ گُر گیانُ دھیانُ گُر بچنی
بِکھیا گُرمتِ جاری ॥

ਮਨ ਤਨ ਹੋਂਵ ਭਏ ਸਚੁ ਪਾਇਆ
ਹਰਿ ਕੀ ਭਗਤਿ ਨਿਰਾਰੀ ॥੬॥

من تن ہینْو بھےَ سچُ پائیا
ہرِ کی بھگتِ نِراری ॥6॥

ਜੇਤੀ ਹੈ ਤੇਤੀ ਤੁਧੁ ਜਾਚੈ
ਤੂ ਸਰਬ ਜੀਆ ਦਇਆਲਾ ॥

جیتی ہےَ تیتی تُدھُ جاچےَ
توُ سرب جیِیا دئیالا ॥

ਤੁਮ੍ਰੀ ਸਰਣਿ ਪਰੇ ਪਤਿ ਰਾਖਹੁ
ਸਾਚੁ ਮਿਲੈ ਗੋਪਾਲਾ ॥੭॥

تُمہّری سرنِ پرے پتِ راکھہُ
ساچُ ملےَ گوپالا ۔ ॥7॥

ਬਾਧੀ ਧੰਧਿ ਅੰਧ ਨਹੀ ਸੂਝੈ
ਬਧਿਕ ਕਰਮ ਕਮਾਵੈ ॥

بادھی دھندّھِ اندھ نہی سوُجھےَ

ਸਤਿਗੁਰ ਮਿਲੈ ਤ ਸੂਝਸਿ ਬੂਝਸਿ
ਸਚ ਮਨਿ ਗਿਆਨੁ ਸਮਾਵੈ ॥੮॥

ستگُر مِلے َت سوُجھسِ بوُجھسِ
سچ منِ گیانُ سماوے ॥8॥

ਨਿਰਗੁਣ ਦੇਹ ਸਾਚ ਬਿਨੁ ਕਾਚੀ
ਮੈ ਪੂਛਉ ਗੁਰੁ ਅਪਨਾ ॥

نِرگُنؤ دیہ ساچ بِنُ کاچی
مے َپوُچھ ءُ گُرُ اپنا ॥

ਨਾਨਕ ਸੋ ਪ੍ਰਭੁ ਪ੍ਰਭੂ ਦਿਖਾਵੈ
ਬਿਨੁ ਸਾਚੇ ਜਗੁ ਸੁਪਨਾ ॥੯॥੨॥

نانک سو پرّبھُ پرّبھوُ دِکھاوے
بِنُ ساچے جگُ سُپنا ॥9॥2॥

ਮਲਾਰ ਮਹਲਾ ੧ ॥

ملار محلا 1 ॥

ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ
ਸਾਰਿੰਗ ਸਬਦਿ ਸੁਹਾਈ ॥੧॥

چاتّرِک مِین جل ہی تے سُکھُ پاوہِ
سارِنگ سبدِ سُہائی ॥1॥

ਰੈਨਿ ਬਬੀਹਾ ਬੋਲਿਓ ਮੇਰੀ ਮਾਈ ॥੧॥ ਰਹਾਉ ॥

رَینِ ببیہا بولِئو میری مائی ۔ ॥1॥ رہاءُ ॥

ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ
ਜੋ ਤੈ ਭਾਵੈ ਸਾਈ ॥੨॥

پرّء سِءُ پرّیتِ ن اُلٹے کبہوُ
جو تے بھاوے سائی ॥2॥

ਨੀਦ ਗਈ ਹਉਮੈ ਤਨਿ ਥਾਕੀ
ਸਚ ਮਤਿ ਰਿਦੈ ਸਮਾਈ ॥੩॥

نِید گئی ہمئے َتنِ تھاکی
سچ متِ رِدے َسمائی ॥3॥

ਰੂਖੀ ਬਿਰਖੀ ਊਡਉ ਭੂਖਾ
ਪੀਵਾ ਨਾਮੁ ਸੁਭਾਈ ॥੪॥

رُوکھیِں برِکھیِں اوُڈءُ بھوُکھا
پیِوا نامُ سُبھائی ॥4॥

ਲੋਚਨ ਤਾਰ ਲਲਤਾ ਬਿਲਲਾਤੀ
ਦਰਸਨ ਪਿਆਸ ਰਜਾਈ ॥੫॥

لوچن تار للتا بِللاتی
درسن پِیاس رضائی ॥5॥

ਪ੍ਰਿਅ ਬਿਨੁ ਸੀਗਾਰੁ ਕਰੀ ਤੇਤਾ ਤਨੁ ਤਾਪੈ
ਕਾਪਰੁ ਅੰਗਿ ਨ ਸੁਹਾਈ ॥੬॥

پرّء بِنُ سیِگارُ کری تیتا تنُ تاپے
کاپرُ انگِ ن سُہائی ॥6॥

ਅਪਨੇ ਪਿਆਰੇ ਬਿਨੁ ਇਕੁ ਖਿਨੁ ਰਹਿ ਨ ਸਕਾਂਉ
ਬਿਨ ਮਿਲੇ ਨੀਂਦ ਨ ਪਾਈ ॥੭॥

اپنے پِیارے بِنُ اِکُ کھِنُ رہِ ن سکنؤ ءُ
بِن مِلے نیِند ن پائی ॥7॥

ਪਿਰੁ ਨਜੀਕਿ ਨ ਬੂਝੈ ਬਪੁੜੀ
ਸਤਿਗੁਰਿ ਦੀਆ ਦਿਖਾਈ ॥੮॥

پرُ نجیکِ ن بوُجھے َبپڑی
ستِگُرِ دیِیا دِکھائی ॥8॥

ਸਹਜਿ ਮਿਲਿਆ ਤਬ ਹੀ ਸੁਖੁ ਪਾਇਆ
ਤ੍ਰਿਸਨਾ ਸਬਦਿ ਬੁਝਾਈ ॥੯॥

سہجِ مِلیا تب ہی سُکھُ پائیا
تّرِسنا سبدِ بُجھائی ॥9॥

ਕਹੁ ਨਾਨਕ ਤੁਝ ਤੇ ਮਨੁ ਮਾਨਿਆ
ਕੀਮਤਿ ਕਹਨੁ ਨ ਜਾਈ ॥੧੦॥੩॥

کہُ نانک تُجھ تے منُ مانِیا
قِیمتِ کہنُ ن جائی ॥ 10 ॥3॥

ਮਲਾਰ ਮਹਲਾ ੧ ਅਸਟਪਦੀਆ ਘਰੁ ੨

ملار محلا 1 اسٹپدِیا گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਅਖਲੀ ਊਂਡੀ ਜਲੁ ਭਰ ਨਾਲਿ ॥

اکھلی اوُنڈی جلُ بھر نالِ ॥

ਡੂਗਰੁ ਊਚਉ ਗੜੁ ਪਾਤਾਲਿ ॥

ڈوُگرُ اوُچ ءُ گڑُ پاتالِ ॥

ਸਾਗਰੁ ਸੀਤਲੁ ਗੁਰ ਸਬਦ ਵੀਚਾਰਿ ॥

ساگرُ سِیتلُ گُر سبد ویچارِ ॥

ਮਾਰਗੁ ਮੁਕਤਾ ਹਉਮੈ ਮਾਰਿ ॥੧॥

مارگُ مُکتا ہئُمےَ مارِ ॥1॥

ਮੈ ਅੰਧੁਲੇ ਨਾਵੈ ਕੀ ਜੋਤਿ ॥

مےَ انّدھُلے ناوےَ کی جوتِ ॥

ਨਾਮ ਅਧਾਰਿ ਚਲਾ
ਗੁਰ ਕੈ ਭੈ ਭੇਤਿ ॥੧॥ ਰਹਾਉ ॥

نام ادھارِ چلا
گُر کے بھےَ بھیتِ ॥1॥ رہاءُ ॥

ਸਤਿਗੁਰ ਸਬਦੀ ਪਾਧਰੁ ਜਾਣਿ ॥

ستِگُر سبدی پادھرُ جانّ ॥

ਗੁਰ ਕੈ ਤਕੀਐ ਸਾਚੈ ਤਾਣਿ ॥

گُر کے تکیےَ ساچےَ تانّ ॥

ਨਾਮੁ ਸਮ੍ਾਲਸਿ ਰੂੜੀ ਬਾਣਿ ॥

نامُ سمّہالسِ روُڑّہی بانّ ॥

ਥੈਂ ਭਾਵੈ ਦਰੁ ਲਹਸਿ ਪਿਰਾਣਿ ॥੨॥

تھیَں بھاوےَ درُ لہسِ پِرانّ ॥2॥

ਊਡਾਂ ਬੈਸਾ ਏਕ ਲਿਵ ਤਾਰ ॥

اوُڈاں بیَسا ایک لِو تار ॥

ਗੁਰ ਕੈ ਸਬਦਿ ਨਾਮ ਆਧਾਰ ॥

گُر کے سبدِ نام آدھار ॥

ਨਾ ਜਲੁ ਡੂੰਗਰੁ ਨ ਊਚੀ ਧਾਰ ॥

نا جلُ ڈوُنگرُ ن اوُچی دھار ॥

ਨਿਜ ਘਰਿ ਵਾਸਾ ਤਹ ਮਗੁ ਨ ਚਾਲਣਹਾਰ ॥੩॥

نِج گھرِ واسا تہ مگُ ن چالنّہار ॥3॥

ਜਿਤੁ ਘਰਿ ਵਸਹਿ ਤੂਹੈ ਬਿਧਿ ਜਾਣਹਿ
ਬੀਜਉ ਮਹਲੁ ਨ ਜਾਪੈ ॥

جِتُ گھرِ وسہِ توُہےَ بِدھِ جانّہِ
بِیجءُ محلُ ن جاپےَ ॥

ਸਤਿਗੁਰ ਬਾਝਹੁ ਸਮਝ ਨ ਹੋਵੀ
ਸਭੁ ਜਗੁ ਦਬਿਆ ਛਾਪੈ ॥

ستگُر باجھہُ سمجھ ن ہووی
سبھُ جگُ دبِیا چھاپے ॥

ਕਰਣ ਪਲਾਵ ਕਰੈ ਬਿਲਲਾਤਉ
ਬਿਨੁ ਗੁਰ ਨਾਮੁ ਨ ਜਾਪੈ ॥

کرنؔ پلاو کرے بِللات ءُ
بِنُ گُر نامُ ن جاپے ॥

ਪਲ ਪੰਕਜ ਮਹਿ ਨਾਮੁ ਛਡਾਏ
ਜੇ ਗੁਰ ਸਬਦੁ ਸਿਞਾਪੈ ॥੪॥

پل پنکج مہِ نامُ چھڈائے
جے گُر سبدُ سِچاپے ॥4॥

ਇਕਿ ਮੂਰਖ ਅੰਧੇ ਮੁਗਧ ਗਵਾਰ ॥

اِکِ مورکھ اندھے مُگدھ گوار ॥

ਇਕਿ ਸਤਿਗੁਰ ਕੈ ਭੈ ਨਾਮ ਅਧਾਰ ॥

اِکِ ستگُر کے بھے نام ادھار ॥

ਸਾਚੀ ਬਾਣੀ ਮੀਠੀ ਅਮ੍ਰਿਤ ਧਾਰ ॥

ساچی باٹی میٹھی امّرِت دھار ॥

ਜਿਨਿ ਪੀਤੀ ਤਿਸੁ ਮੋਖ ਦੁਆਰ ॥੫॥

جِنِ پیتی تِسُ موکھ دُیار ॥5॥

ਨਾਮੁ ਭੈ ਭਾਇ ਰਿਦੈ ਵਸਾਹੀ
ਗੁਰ ਕਰਣੀ ਸਚੁ ਬਾਣੀ ॥

نامُ بھے بھاءِ رِدے وساہی
گُر کرٹی سچُ باٹی ॥

ਇੰਦੁ ਵਰਸੈ ਧਰਤਿ ਸੁਹਾਵੀ
ਘਟਿ ਘਟਿ ਜੋਤਿ ਸਮਾਣੀ ॥

اِندُ ورسے دھرتِ سُہاوی
گھٹِ گھٹِ جوتِ سماٹی ॥

ਕਾਲਰਿ ਬੀਜਸਿ ਦੁਰਮਤਿ ਐਸੀ
ਨਿਗੁਰੇ ਕੀ ਨਿਸਾਣੀ ॥

کالرِ بیجِس دُرمتِ ایَسی
نِگُرے کی نِساٹی ॥

ਸਤਿਗੁਰ ਬਾਝਹੁ ਘੋਰ ਅੰਧਾਰਾ
ਡੂਬਿ ਮੁਏ ਬਿਨੁ ਪਾਣੀ ॥੬॥

ستگُر باجھہُ گھور اندھارا
ڈُوبِ مُے بِنُ پاٹی ॥6॥

ਜੋ ਕਿਛੁ ਕੀਨੋ ਸੁ ਪ੍ਰਭੂ ਰਜਾਇ ॥

جو کِچھُ کِینو سُ پربھُو رضاءِ ॥

ਜੋ ਧੁਰਿ ਲਿਖਿਆ
ਸੁ ਮੇਟਣਾ ਨ ਜਾਇ ॥

جو دھُرِ لِکھیا
سُ میٹنا ن جاءِ ॥

ਹੁਕਮੇ ਬਾਧਾ ਕਾਰ ਕਮਾਇ ॥

حُکمے بادھا کار کماءِ ॥

ਏਕ ਸਬਦਿ ਰਾਚੈ ਸਚਿ ਸਮਾਇ ॥੭॥

ایک سبدِ راچے سچِ سماءِ ॥7॥

ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ
ਚਹੁ ਦਿਸਿ ਨਾਮ ਪਤਾਲੰ ॥

چہُ دِس حُکمُ ورتے پربھ تیرا

چہُ دِس نام پتالنّ ॥

ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ
ਕਰਮਿ ਮਿਲੈ ਬੈਆਲੰ ॥

سبھ مہِ سبدُ ورتے پربھ ساچا
کرمِ ملےَ بیَالنّ ॥

ਜਾਂਮਣੁ ਮਰਣਾ ਦੀਸੈ ਸਿਰਿ ਊਭੌ
ਖੁਧਿਆ ਨਿਦ੍ਰਾ ਕਾਲੰ ॥

جانمُن مرٹا دیسےَ سِرِ اوُبھوَ
کھُدھیا نِدّرا کالنّ ॥

ਨਾਨਕ ਨਾਮੁ ਮਿਲੈ ਮਨਿ ਭਾਵੈ
ਸਾਚੀ ਨਦਰਿ ਰਸਾਲੰ ॥੮॥੧॥੪॥

نانک نامُ ملےَ منِ بھاوےَ
ساچی ندرِ رسالنّ ॥8॥1॥4॥

ਮਲਾਰ ਮਹਲਾ ੧ ॥

ملار محلا 1 ॥

ਮਰਣ ਮੁਕਤਿ ਗਤਿ ਸਾਰ ਨ ਜਾਨੈ ॥

مرنُ مُکتِ گتِ سار ن جانے ॥

ਕੰਠੇ ਬੈਠੀ ਗੁਰ ਸਬਦਿ ਪਛਾਨੈ ॥੧॥

کنٹھے بیٹھی گُر سبدِ پچھانے ॥1॥

ਤੂ ਕੈਸੇ ਆੜਿ ਫਾਬੀ ਜਾਲਿ ॥

توُ کیَسے آڑِ پھاتھی جالِ ۔ ॥

ਅਲਖੁ ਨ ਜਾਚਹਿ ਰਿਦੈ ਸਮ੍ਾਲਿ ॥੧॥ ਰਹਾਉ ॥

الکھُ ن جاچہِ رِدےَ سمّہالِ ॥1॥ رہاءُ ॥

ਏਕ ਜੀਅ ਕੈ ਜੀਆ ਖਾਹੀ ॥

ایک جیء کے جیِیا کھاہی ॥

ਜਲਿ ਤਰਤੀ ਬੂਡੀ ਜਲ ਮਾਹੀ ॥੨॥

جلِ ترتی بوُڈی جل ماہی ॥2॥

ਸਰਬ ਜੀਅ ਕੀਏ ਪ੍ਰਤਪਾਨੀ ॥

سرب جیء کیِۂ پرتپانی ॥

ਜਬ ਪਕੜੀ ਤਬ ਹੀ ਪਛੁਤਾਨੀ ॥੩॥

جب پکڑی تب ہی پچھُتانی ॥3॥

ਜਬ ਗਲਿ ਫਾਸ ਪੜੀ ਅਤਿ ਭਾਰੀ ॥

جب گلِ پھاس پڑی اتِ بھاری ॥

ਊਡਿ ਨ ਸਾਕੈ ਪੰਖ ਪਸਾਰੀ ॥੪॥

اوُڈِ ن ساکےَ پنکھ پساری ॥4॥

ਰਸਿ ਚੂਗਹਿ ਮਨਮੁਖਿ ਗਾਵਾਰਿ ॥

رسِ چوُگہِ منمُکھِ گاوارِ ॥

ਫਾਬੀ ਛੂਟਹਿ ਗੁਣ ਗਿਆਨ ਬੀਚਾਰਿ ॥੫॥

پھاتھی چھوٹہِ گُن گیان بیچارِ ॥5॥

ਸਤਿਗੁਰੁ ਸੇਵਿ ਤੂਟੈ ਜਮਕਾਲੁ ॥

ستِگُرُ سیوِ توُٹے جمکالُ ॥

ਹਿਰਦੈ ਸਾਚਾ ਸਬਦੁ ਸਮ੍ਾਲੁ ॥੬॥

ہِردےَ ساچا سبدُ سمّہالُ ॥6॥

ਗੁਰਮਤਿ ਸਾਚੀ ਸਬਦੁ ਹੈ ਸਾਰੁ ॥

گُرمتِ ساچی سبدُ ہےَ سارُ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਹਰਿ ਕਾ ਨਾਮੁ ਰਖੈ ਉਰਿ ਧਾਰਿ ॥੭॥	ہرِ کا نامُ رکھےَ اُرِ دھارِ ॥7॥
ਸੇ ਦੁਖ ਆਗੈ ਜਿ ਭੋਗ ਬਿਲਾਸੇ ॥	سے دُکھ آگےَ جِ بھوگ بِلاسے ॥
ਨਾਨਕ ਮੁਕਤਿ ਨਹੀ ਬਿਨੁ ਨਾਵੈ ਸਾਚੇ ॥੮॥੨॥੫॥	نانک مُکتِ نہی بِنُ ناوےَ ساچے ॥8॥2॥5॥
ਮਲਾਰ ਮਹਲਾ ੩ ਅਸਟਪਦੀਆ ਘਰੁ ੧ ॥	ملار محلا 3 اسٹپدیِیا گھرُ 1 ॥
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਕਰਮੁ ਹੋਵੈ ਤਾ ਸਤਿਗੁਰੁ ਪਾਈਐ ਵਿਣੁ ਕਰਮੈ ਪਾਇਆ ਨ ਜਾਇ ॥	کرمُ ہووےَ تا ستِگُرُ پائیَۓ وِنُ کرمےَ پائیا ن جاءِ ॥
ਸਤਿਗੁਰੁ ਮਿਲਿਐ ਕੰਚਨੁ ਹੋਈਐ ਜਾਂ ਹਰਿ ਕੀ ਹੋਇ ਰਜਾਇ ॥੧॥	ستِگُرُ مِلےَ کنچنُ ہوئیَۓ جاں ہرِ کی ہوءِ رضاءِ ॥1॥
ਮਨ ਮੇਰੇ ਹਰਿ ਹਰਿ ਨਾਮਿ ਚਿਤੁ ਲਾਇ ॥	من میرے ہرِ ہرِ نامِ چِتُ لاءِ ॥
ਸਤਿਗੁਰ ਤੇ ਹਰਿ ਪਾਈਐ ਸਾਚਾ ਹਰਿ ਸਿਉ ਰਹੈ ਸਮਾਇ ॥੧॥ ਰਹਾਉ ॥	ستِگُر تے ہرِ پائیَۓ ساچا ہرِ سِءُ رہےَ سماءِ ॥1॥ رہاءُ ॥
ਸਤਿਗੁਰ ਤੇ ਗਿਆਨੁ ਊਪਜੈ ਤਾਂ ਇਹ ਸੰਸਾ ਜਾਇ ॥	ستِگُر تے گیانُ اوُپجےَ تاں اِہ سنّسا جاءِ ॥
ਸਤਿਗੁਰ ਤੇ ਹਰਿ ਬੁਝੀਐ ਗਰਭ ਜੋਨੀ ਨਹ ਪਾਇ ॥੨॥	ستِگُر تے ہرِ بُجھیَۓ گربھ جونی نہ پاءِ ॥2॥
ਗੁਰ ਪਰਸਾਦੀ ਜੀਵਤ ਮਰੈ ਮਰਿ ਜੀਵੈ ਸਬਦੁ ਕਮਾਇ ॥	گُر پرسادی جیوت مرےَ مرِ جیوےَ سبدُ کماءِ ॥
ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ ॥੩॥	مُکتِ دُیارا سوئی پائے جِ وِچہُ آپُ گواءِ ॥3॥
ਗੁਰ ਪਰਸਾਦੀ ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ॥	گُر پرسادی سِو گھرِ جنّمےَ وِچہُ سکتِ گواءِ ॥
ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ ॥੪॥	اچرُ چرےَ بِبیک بُدھِ پائے پُرکھےَ پُرکھُ مِلاءِ ॥4॥

ਧਾਤੁਰ ਬਾਜੀ ਸੰਸਾਰੁ ਅਚੇਤੁ ਹੈ
ਚਲੈ ਮੂਲੁ ਗਵਾਇ ॥

دھاتُر بازی سنّسارُ اچیتُ ہے
چلے مؤلُ گواءِ ॥

ਲਾਹਾ ਹਰਿ ਸਤਸੰਗਤਿ ਪਾਈਐ
ਕਰਮੀ ਪਲੈ ਪਾਇ ॥੫॥

لاہا ہرِ ستسنگتِ پائیئے
کرمی پلے پاءِ ॥5॥

ਸਤਿਗੁਰ ਵਿਣੁ ਕਿਨੈ ਨ ਪਾਇਆ
ਮਨਿ ਵੇਖਹੁ ਰਿਦੈ ਬੀਚਾਰਿ ॥

ستِگُر وِنُ کِنے ن پائیا
منِ ویکھہُ رِدے بیچارِ ॥

ਵਡਭਾਗੀ ਗੁਰ ਪਾਇਆ
ਭਵਜਲੁ ਉਤਰੇ ਪਾਰਿ ॥੬॥

وڈبھاگی گُر پائیا
بھوجلُ اُترے پارِ ॥6॥

ਹਰਿ ਨਾਮਾਂ ਹਰਿ ਟੇਕ ਹੈ
ਹਰਿ ਹਰਿ ਨਾਮੁ ਅਧਾਰੁ ॥

ہرِ ناماں ہرِ ٹیک ہے
ہرِ ہرِ نامُ ادھارُ ॥

ਕ੍ਰਿਪਾ ਕਰਹੁ ਗੁਰੁ ਮੇਲਹੁ ਹਰਿ ਜੀਉ
ਪਾਵਉ ਮੋਖ ਦੁਆਰੁ ॥੭॥

کرِپا کرہُ گُرُ میلہُ ہرِ جیِءُ
پاوءُ موکھ دُیارُ ॥7॥

ਮਸਤਕਿ ਲਿਲਾਟਿ ਲਿਖਿਆ ਧੁਰਿ ਠਾਕੁਰਿ
ਮੇਟਣਾ ਨ ਜਾਇ ॥

مستکِ لِلاٹِ لِکھیا دھُرِ ٹھاکُرِ
میٹنا ن جاءِ ॥

ਨਾਨਕ ਸੇ ਜਨ ਪੂਰਨ ਹੋਏ
ਜਿਨ ਹਰਿ ਭਾਣਾ ਭਾਇ ॥੮॥੧॥

نانک سے جن پُورن ہوئے
جِن ہرِ بھاٹا بھاءِ ॥8॥1॥

ਮਲਾਰ ਮਹਲਾ ੩ ॥

ملار محلا 3 ॥

ਬੇਦ ਬਾਣੀ ਜਗੁ ਵਰਤਦਾ
ਤ੍ਰੈ ਗੁਣ ਕਰੇ ਬੀਚਾਰੁ ॥

بید باٹی جگُ ورتدا
ترّے گُنٹ کرے بیچارُ ॥

ਬਿਨੁ ਨਾਵੈ ਜਮ ਡੰਡੁ ਸਹੈ
ਮਰਿ ਜਨਮੈ ਵਾਰੋ ਵਾਰ ॥

بِنُ ناوے جم ڈنّڈُ سہے
مرِجنمے وارو وار ॥

ਸਤਿਗੁਰ ਭੇਟੇ ਮੁਕਤਿ ਹੋਇ
ਪਾਏ ਮੋਖ ਦੁਆਰੁ ॥੧॥

ستِگُر بھیٹے مُکتِ ہوءِ
پائے موکھ دُیارُ ॥1॥

ਮਨ ਰੇ ਸਤਿਗੁਰ ਸੇਵਿ ਸਮਾਇ ॥

من رے ستِگُر سیوِ سماءِ ॥

ਵਡੈ ਭਾਗਿ ਗੁਰ ਪੂਰਾ ਪਾਇਆ

وڈے بھاگِ گُر پُورا پائیا

ਹਰਿ ਹਰਿ ਨਾਮੁ ਧਿਆਇ ॥੧॥ ਰਹਾਉ ॥

ہرِ ہرِ نامُ دھیاءِ ॥1॥ رہاءُ ॥

ਹਰਿ ਆਪਣੈ ਭਾਣੈ ਸ੍ਰਿਸਟਿ ਉਪਾਈ
ਹਰਿ ਆਪੇ ਦੇਇ ਅਧਾਰੁ ॥

ہرِ آپنے بھانے سرِسٹِ اُپائی
ہرِ آپے دےءِ ادھارُ ॥

ਹਰਿ ਆਪਣੈ ਭਾਣੈ ਮਨੁ ਨਿਰਮਲੁ ਕੀਆ
ਹਰਿ ਸਿਉ ਲਾਗਾ ਪਿਆਰੁ ॥

ہرِ آپنے بھانے منُ نِرملُ کیِیا
ہرِ سِءُ لاگا پیارُ ॥

ਹਰਿ ਕੈ ਭਾਣੈ ਸਤਿਗੁਰੁ ਭੇਟਿਆ
ਸਭੁ ਜਨਮੁ ਸਵਾਰਣਹਾਰੁ ॥੨॥

ہرِ کے بھانے ستِگُرُ بھیٹیا
سبھُ جنمُ سوارنہارُ ॥2॥

ਵਾਹੁ ਵਾਹੁ ਬਾਣੀ ਸਤਿ ਹੈ
ਗੁਰਮੁਖਿ ਬੂਝੈ ਕੋਇ ॥

واہُ واہُ باٹی ستِ ہے
گُرمُکھِ بُوجھےَ کوءِ ॥

ਵਾਹੁ ਵਾਹੁ ਕਰਿ ਪ੍ਰਭੁ ਸਾਲਾਹੀਐ
ਤਿਸੁ ਜੇਵਡੁ ਅਵਰੁ ਨ ਕੋਇ ॥

واہُ واہُ کرِ پربھُ سالاہیےَ
تِسُ جیوڈُ اورُ ن کوءِ ॥

ਆਪੇ ਬਖਸੇ ਮੇਲਿ ਲਏ
ਕਰਮਿ ਪਰਾਪਤਿ ਹੋਇ ॥੩॥

آپے بخشے میلِ لے
کرمِ پراپتِ ہوءِ ॥3॥

ਸਾਚਾ ਸਾਹਿਬੁ ਮਾਹਰੋ
ਸਤਿਗੁਰਿ ਦੀਆ ਦਿਖਾਇ ॥

ساچا صاحِبُ ماہرو
ستِگُرِ دِیا دِکھاءِ ॥

ਅੰਮ੍ਰਿਤੁ ਵਰਸੈ ਮਨੁ ਸੰਤੋਖੀਐ
ਸਚਿ ਰਹੈ ਲਿਵ ਲਾਇ ॥

انمّرِتُ ورسے منُ سنّتوکھیےَ
سچِ رہے لِو لاءِ ॥

ਹਰਿ ਕੈ ਨਾਇ ਸਦਾ ਹਰੀਆਵਲੀ
ਫਿਰਿ ਸੁਕੈ ਨਾ ਕੁਮਲਾਇ ॥੪॥

ہرِ کے ناءِ سدا ہریاولی
پھِرِ سُکےَ نا کُملاءِ ॥4॥

ਬਿਨੁ ਸਤਿਗੁਰ ਕਿਨੈ ਨ ਪਾਇਓ
ਮਨਿ ਵੇਖਹੁ ਕੋ ਪਤੀਆਇ ॥

بِنُ ستِگُر کِنے ن پائیو
منِ ویکھہُ کو پتیاءِ ॥

ਹਰਿ ਕਿਰਪਾ ਤੇ ਸਤਿਗੁਰੁ ਪਾਈਐ
ਭੇਟੈ ਸਹਜਿ ਸੁਭਾਇ ॥

ہرِ کرِپا تے ستِگُرُ پائیےَ
بھیٹے سہجِ سُبھاءِ ॥

ਮਨਮੁਖ ਭਰਮਿ ਭੁਲਾਇਆ
ਬਿਨੁ ਭਾਗਾ ਹਰਿ ਧਨੁ ਨ ਪਾਇ ॥੫॥

منمُکھ بھرمِ بھُلائیا
بِنُ بھاگا ہرِ دھنُ ن پاءِ ॥5॥

ਤ੍ਰੈ ਗੁਣ ਸਭਾ ਧਾਤੁ ਹੈ
ਪੜਿ ਪੜਿ ਕਰਹਿ ਵੀਚਾਰੁ ॥

ترے گُن سبھا دھاتُ ہے
پڑِ پڑِ کرہِ وِچارُ ॥

ਮੁਕਤਿ ਕਦੇ ਨ ਹੋਵਈ
ਨਹੁ ਪਾਇਨਿ ਮੋਖ ਦੁਆਰੁ ॥

مُکتِ کدے ن ہووئی
نہُ پائِنہِ موکھ دُیارُ ॥

ਬਿਨੁ ਸਤਿਗੁਰ ਬੰਧਨ ਨ ਤੁਟਹੀ
ਨਾਮਿ ਨ ਲਗੈ ਪਿਆਰੁ ॥੬॥

بِنُ ستِگُر بندھن ن ٹُٹہی
نامِ ن لگےَ پیارُ ॥6॥

ਪੜਿ ਪੜਿ ਪੰਡਿਤ ਮੋਨੀ ਥਕੇ
ਬੇਦਾਂ ਕਾ ਅਭਿਆਸੁ ॥

پڑِ پڑِ پنڈِت مونی تھکے
بیداں کا ابھیاسُ ॥

ਹਰਿ ਨਾਮੁ ਚਿਤਿ ਨ ਆਵਈ
ਨਹ ਨਿਜ ਘਰਿ ਹੋਵੈ ਵਾਸੁ ॥

ہرِ نامُ چِتِ ن آوئی
نہ نِج گھرِ ہووے واسُ ॥

ਜਮਕਾਲੁ ਸਿਰਹੁ ਨ ਉਤਰੈ
ਅੰਤਰਿ ਕਪਟ ਵਿਣਾਸੁ ॥੭॥

جمکالُ سِرہُ ن اُترے
انترِ کپٹ وِٹاسُ ॥7॥

ਹਰਿ ਨਾਵੈ ਨੋ ਸਭੁ ਕੋ ਪਰਤਾਪਦਾ
ਵਿਣੁ ਭਾਗਾਂ ਪਾਇਆ ਨ ਜਾਇ ॥

ہرِ ناوے نو سبھُ کو پرتاپدا
وِنُ بھاگاں پائیا ن جاءِ ॥

ਨਦਰਿ ਕਰੇ ਗੁਰੁ ਭੇਟੀਐ
ਹਰਿ ਨਾਮੁ ਵਸੈ ਮਨਿ ਆਇ ॥

ندرِ کرے گُرُ بھیٹیئے
ہرِ نامُ وسے منِ آءِ ॥

ਨਾਨਕ ਨਾਮੇ ਹੀ ਪਤਿ ਊਪਜੈ
ਹਰਿ ਸਿਉ ਰਹਾਂ ਸਮਾਇ ॥੮॥੨॥

نانک نامے ہی پتِ اوُپجے
ہرِ سِءُ رہاں سماءِ ॥8॥2॥

ਮਲਾਰ ਮਹਲਾ ੩ ਅਸਟਪਦੀ ਘਰੁ ੨ ॥

ملار محلا 3 اسٹپدی گھرُ 2 ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਹਰਿ ਹਰਿ ਕ੍ਰਿਪਾ ਕਰੇ
ਗੁਰ ਕੀ ਕਾਰੈ ਲਾਏ ॥

ہرِ ہرِ کرِپا کرے
گُر کی کارے لائے ॥

ਦੁਖੁ ਪਲ੍ਹਰਿ ਹਰਿ ਨਾਮੁ ਵਸਾਏ ॥

دُکھُ پلّہرِ ہرِ نامُ وسائے ॥

ਸਾਚੀ ਗਤਿ ਸਾਚੈ ਚਿਤੁ ਲਾਏ ॥

ساچی گتِ ساچےَ چِتُ لائے ॥

ਗੁਰ ਕੀ ਬਾਣੀ ਸਬਦਿ ਸੁਣਾਏ ॥੧॥

گُر کی بانی سبدِ سُنائے ॥1॥

ਮਨ ਮੇਰੇ ਹਰਿ ਹਰਿ ਸੇਵਿ ਨਿਧਾਨੁ ॥	من میرے ہرِ ہرِ سیوِ نِدھانُ ॥
ਗੁਰ ਕਿਰਪਾ ਤੇ ਹਰਿ ਧਨੁ ਪਾਈਐ ਅਨਦਿਨੁ ਲਾਗੈ ਸਹਜਿ ਧਿਆਨੁ ॥੧॥ ਰਹਾਉ ॥	گُر کِرپا تے ہرِ دھنُ پائیئے اندِنُ لاگے سہجِ دھیانُ ॥1॥ رہاءُ ॥
ਬਿਨੁ ਪਿਰ ਕਾਮਣਿ ਕਰੇ ਸੀਗਾਰੁ ॥	بِنُ پِر کامنِ کرے سِینگارُ ॥
ਦੁਹਚਾਰਣੀ ਕਹੀਐ ਨਿਤ ਹੋਇ ਖੁਆਰੁ ॥	دُہچارنی کہیئے نِت ہوءِ خُیارُ ॥
ਮਨਮੁਖ ਕਾ ਇਹੁ ਬਾਦਿ ਆਚਾਰੁ ॥	منمُکھ کا اِہُ بادِ آچارُ ॥
ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ ॥੨॥	بہُ کرم دّرڑاوہِ نامُ وِسارِ ॥2॥
ਗੁਰਮੁਖ ਕਾਮਣਿ ਬਣਿਆ ਸੀਗਾਰੁ ॥	گُرمُکھ کامنِ بنّیا سیِگارُ ॥
ਸਬਦੇ ਪਿਰੁ ਰਾਖਿਆ ਉਰ ਧਾਰਿ ॥	سبدے پِرُ راکھیا اُر دھارِ ॥
ਏਕੁ ਪਛਾਣੈ ਹਉਮੈ ਮਾਰਿ ॥	ایکُ پچھانّے ہئُمے مارِ ॥
ਸੋਭਾਵੰਤੀ ਕਹੀਐ ਨਾਰਿ ॥੩॥	سوبھاونتی کہیئے نارِ ॥3॥
ਬਿਨੁ ਗੁਰ ਦਾਤੇ ਕਿਨੈ ਨ ਪਾਇਆ ॥	بِنُ گُر داتے کِنے ن پائیا ॥
ਮਨਮੁਖ ਲੋਭਿ ਦੂਜੈ ਲੋਭਾਇਆ ॥	منمُکھ لوبھِ دوُجے لوبھائیا ॥
ਐਸੇ ਗਿਆਨੀ ਬੂਝਹੁ ਕੋਇ ॥	ایسے گیانی بوُجھہُ کوءِ ॥
ਬਿਨੁ ਗੁਰ ਭੇਟੇ ਮੁਕਤਿ ਨ ਹੋਇ ॥੪॥	بِنُ گُر بھیٹے مُکتِ ن ہوءِ ॥4॥
ਕਹਿ ਕਹਿ ਕਹਣੁ ਕਹੈ ਸਭੁ ਕੋਇ ॥	کہِ کہِ کہنُ کہے سبھُ کوءِ ॥
ਬਿਨੁ ਮਨ ਮੂਏ ਭਗਤਿ ਨ ਹੋਇ ॥	بِنُ من موُئے بھگتِ ن ہوءِ ॥
ਗਿਆਨ ਮਤੀ ਕਮਲ ਪਰਗਾਸੁ ॥	گیان متی کمل پرگاسُ ॥
ਤਿਤੁ ਘਟਿ ਨਾਮੈ ਨਾਮਿ ਨਿਵਾਸੁ ॥੫॥	تِتُ گھٹِ نامے نامِ نِواسُ ॥5॥
ਹਉਮੈ ਭਗਤਿ ਕਰੇ ਸਭੁ ਕੋਇ ॥	ہئُمے بھگتِ کرے سبھُ کوءِ ॥
ਨਾ ਮਨੁ ਭੀਜੈ ਨਾ ਸੁਖੁ ਹੋਇ ॥	نا منُ بھیجے نا سُکھُ ہوءِ ॥
ਕਹਿ ਕਹਿ ਕਹਣੁ ਆਪੁ ਜਾਣਾਏ ॥	کہِ کہِ کہنُ آپُ جاٹائے ॥
ਬਿਰਥੀ ਭਗਤਿ ਸਭੁ ਜਨਮੁ ਗਵਾਏ ॥੬॥	برتھی بھگتِ سبھُ جنمُ گوائے ॥6॥

ਸੇ ਭਗਤ ਸਤਿਗੁਰ ਮਨਿ ਭਾਏ ॥	سے بھگت ستِگُر منِ بھائے ॥
ਅਨਦਿਨੁ ਨਾਮਿ ਰਹੇ ਲਿਵ ਲਾਏ ॥	اندِنُ نامِ رہے لِو لائے ॥
ਸਦ ਹੀ ਨਾਮੁ ਵੇਖਹਿ ਹਜੂਰਿ ॥	سد ہی نامُ ویکھہِ حضوُرِ ॥
ਗੁਰ ਕੈ ਸਬਦਿ ਰਹਿਆ ਭਰਪੂਰਿ ॥੭॥	گُر کے سبدِ رہِیا بھرپوُرِ ॥7॥
ਆਪੇ ਬਖਸੇ ਦੇਇ ਪਿਆਰੁ ॥	آپے بخشے دےءِ پیارُ ॥
ਹਉਮੈ ਰੋਗੁ ਵਡਾ ਸੰਸਾਰਿ ॥	ہئُمےَ روگُ وڈا سنّسارِ ॥
ਗੁਰ ਕਿਰਪਾ ਤੇ ਇਹੁ ਰੋਗੁ ਜਾਇ ॥	گُر کِرپا تے اِہُ روگُ جاءِ ॥
ਨਾਨਕ ਸਾਚੇ ਸਾਚਿ ਸਮਾਇ ॥੮॥੧॥੩॥੫॥੮॥	نانک ساچے ساچِ سماءِ ॥8॥1॥3॥5॥8॥
ਰਾਗੁ ਮਲਾਰ ਛੰਤ ਮਹਲਾ ੫ ॥	راگُ ملار چھنّت محلا 5 ॥
ੴ ਸਤਿਗੁਰ ਪ੍ਰਸਾਦਿ ॥	ੴ ستِگُر پرّسادِ ॥
ਪ੍ਰੀਤਮ ਪ੍ਰੇਮ ਭਗਤਿ ਕੇ ਦਾਤੇ ॥	پرّیتم پرّیم بھگتِ کے داتے ॥
ਅਪਨੇ ਜਨ ਸੰਗਿ ਰਾਤੇ ॥	اپنے جن سنگِ راتے ॥
ਜਨ ਸੰਗਿ ਰਾਤੇ ਦਿਨਸੁ ਰਾਤੇ ਇਕ ਨਿਮਖ ਮਨਹੁ ਨ ਵੀਸਰੈ ॥	جن سنگِ راتے دِنُس راتے اِک نِمکھ منہُ ن ویسِرےَ ॥
ਗੋਪਾਲ ਗੁਣ ਨਿਧਿ ਸਦਾ ਸੰਗੇ ਸਰਬ ਗੁਣ ਜਗਦੀਸਰੈ ॥	گوپال گُنؤ نِدھِ سدا سنگے سرب گُنؤ جگدیسرےَ ॥
ਮਨੁ ਮੋਹਿ ਲੀਨਾ ਚਰਨ ਸੰਗੇ ਨਾਮ ਰਸਿ ਜਨ ਮਾਤੇ ॥	منُ موہِ لِینا چرن سنگے نام رسِ جن ماتے ॥
ਨਾਨਕ ਪ੍ਰੀਤਮ ਕ੍ਰਿਪਾਲ ਸਦਹੂੰ ਕਿਨੈ ਕੋਟਿ ਮਧੇ ਜਾਤੇ ॥੧॥	نانک پرّیتم کرِپال سدہوُنَ کِنے کوٹِ مدھے جاتے ॥1॥
ਪ੍ਰੀਤਮ ਤੇਰੀ ਗਤਿ ਅਗਮ ਅਪਾਰੇ ॥	پرّیتم تیری گتِ اگم اپارے ॥
ਮਹਾ ਪਤਿਤ ਤੁਮ੍ ਤਾਰੇ ॥	مہا پتِت تُمہ تارے ॥
ਪਤਿਤ ਪਾਵਨ ਭਗਤਿ ਵਛਲ ਕ੍ਰਿਪਾ ਸਿੰਧੁ ਸੁਆਮੀਆ ॥	پتِت پاون بھگتِ وچھل

ਸੰਤਸੰਗੇ ਭਜੁ ਨਿਸੰਗੇ
ਰੰਉ ਸਦਾ ਅੰਤਰਜਾਮੀਆ ॥

ਕੋਟਿ ਜਨਮ ਭ੍ਰਮੰਤ ਜੋਨੀ
ਤੇ ਨਾਮ ਸਿਮਰਤ ਤਾਰੇ ॥

ਨਾਨਕ ਦਰਸ ਪਿਆਸ ਹਰਿ ਜੀਉ
ਆਪਿ ਲੇਹੁ ਸਮ੍ਹਾਰੇ ॥੨॥

ਹਰਿ ਚਰਨ ਕਮਲ ਮਨੁ ਲੀਨਾ ॥

ਪ੍ਰਭ ਜਲ ਜਨ ਤੇਰੇ ਮੀਨਾ ॥

ਜਲ ਮੀਨ ਪ੍ਰਭ ਜੀਉ ਏਕ ਤੂਹੈ
ਭਿੰਨ ਆਨ ਨ ਜਾਨੀਐ ॥

ਗਹਿ ਭੁਜਾ ਲੇਵਹੁ ਨਾਮੁ ਦੇਵਹੁ
ਤਉ ਪ੍ਰਸਾਦੀ ਮਾਨੀਐ ॥

ਭਜੁ ਸਾਧਸੰਗੇ ਏਕ ਰੰਗੇ
ਕ੍ਰਿਪਾਲ ਗੋਬਿਦ ਦੀਨਾ ॥

ਅਨਾਥ ਨੀਚ ਸਰਣਾਇ ਨਾਨਕ
ਕਰਿ ਮਇਆ ਅਪੁਨਾ ਕੀਨਾ ॥੩॥

ਆਪਸ ਕਉ ਆਪੁ ਮਿਲਾਇਆ ॥

ਭ੍ਰਮ ਭੰਜਨ ਹਰਿ ਰਾਇਆ ॥

ਆਚਰਜ ਸੁਆਮੀ ਅੰਤਰਜਾਮੀ
ਮਿਲੇ ਗੁਣ ਨਿਧਿ ਪਿਆਰਿਆ ॥

ਮਹਾ ਮੰਗਲ ਸੂਖ ਉਪਜੇ
ਗੋਬਿੰਦ ਗੁਣ ਨਿਤ ਸਾਰਿਆ ॥

ਮਿਲਿ ਸੰਗਿ ਸੋਹੇ ਦੇਖਿ ਮੋਹੇ
ਪੁਰਬਿ ਲਿਖਿਆ ਪਾਇਆ ॥

ਕ੍ਰਿਪਾ ਸਿੰਧ ਸੁਆਮੀਆ ॥

ਸنتسنگے بھجُ نِسنگے
رنؤ سدا انترجامیا ۔ ॥

کوٹِ جنم بھرمنت جونی
تے نام سِمرت تارے ॥

نانک درس پیاس ہرِ جیِءُ
آپِ لیہُ سمہارے ॥2॥

ہرِ چرن کمل منُ لِینا ॥

پربھ جل جن تیرے مِینا ॥

جل مِین پربھ جیِءُ ایک توُہے
بھِنّ آن ن جانیِئے ॥

گہِ بھُجا لیوہُ نامُ دیوہُ
تءُ پرسادی مانیِئے ॥

بھجُ سادھسنگے ایک رنگے
کرپال گوبِد دینا ॥

اناتھ نیچ سرنّاءِ نانک
کرِ مئیا اپُنا کِینا ॥3॥

آپس کءُ آپُ مِلائیا ॥

بھرم بھنجن ہرِ رائیا ॥

آچرج سُیامی انترجامی
مِلے گُن نِدھِ پیارِیا ॥

مہا منگل سوُکھ اُپجے
گوبِند گُن نِت سارِیا ॥

مِلِ سنگِ سوہے دیکھِ موہے
پُربِ لِکھیا پائیا ॥

ਬਿਨਵੰਤਿ ਨਾਨਕ ਸਰਨਿ ਤਿਨ ਕੀ ਜਿਨ੍ਹੀ ਹਰਿ ਹਰਿ ਧਿਆਇਆ ॥੪॥੧॥	بِنونتِ نانک سرنِ تِن کی جِنّہی ہرِ ہرِ دھِیائیا ॥4॥1॥
ਵਾਰ ਮਲਾਰ ਕੀ ਮਹਲਾ ੧	وار ملار کی محلا 1
ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ ॥	راٹے کیلاس تتھا مالدے کی دھُنِ ॥
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرسادِ ॥
ਸਲੋਕ ਮਹਲਾ ੩ ॥	سلوک محلا 3 ॥
ਗੁਰਿ ਮਿਲਿਐ ਮਨੁ ਰਹਸੀਐ ਜਿਉ ਵੁਠੈ ਧਰਣਿ ਸੀਗਾਰੁ ॥	گُرِ مِلِئے منُ رہسیئے جِءُ وُٹھے دھرنِ سیگارُ ॥
ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰ ਤਾਲ ॥	سبھ دِسے ہریاولی سر بھرے سُبھر تال ॥
ਅੰਦਰੁ ਰਚੈ ਸਚ ਰੰਗਿ ਜਿਉ ਮੰਜੀਠੈ ਲਾਲੁ ॥	انّدرُ رچے سچ رنگِ جِءُ منجیٹھے لالُ ॥
ਕਮਲੁ ਵਿਗਸੈ ਸਚੁ ਮਨਿ ਗੁਰ ਕੈ ਸਬਦਿ ਨਿਹਾਲੁ ॥	کملُ وِگسے سچُ منِ گُر کے سبدِ نِہالُ ॥
ਮਨਮੁਖ ਦੂਜੀ ਤਰਫ ਹੈ ਵੇਖਹੁ ਨਦਰਿ ਨਿਹਾਲਿ ॥	منمُکھ دوُجی طرف ہے ویکھہُ ندرِ نِہالِ ॥
ਫਾਹੀ ਫਾਥੇ ਮਿਰਗ ਜਿਉ ਸਿਰਿ ਦੀਸੈ ਜਮਕਾਲੁ ॥	پھاہی پھاتھے مِرگ جِءُ سِرِ دیسے جمکالُ ॥
ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ ॥	کھُدھیا ترِسنا نِندا بُری کامُ کرودھُ وِکرالُ ॥
ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥	اینی اکھی ندرِ ن آوئی جِچرُ سبدِ ن کرے بیچارُ ॥
ਤੁਧੁ ਭਾਵੈ ਸੰਤੋਖੀਆ ਚੂਕੈ ਆਲ ਜੰਜਾਲੁ ॥	تُدھُ بھاوے سنتوکھیا چوُکے آل زنجالُ ॥
ਮੂਲੁ ਰਹੈ ਗੁਰੁ ਸੇਵਿਐ	موُلُ رہے گُرُ سیوِئے

ਗੁਰ ਪਉੜੀ ਬੋਹਿਥੁ ॥	گُر پئڑی بوہتھُ ॥
ਨਾਨਕ ਲਗੀ ਤਤੁ ਲੈ ਤੂੰ ਸਚਾ ਮਨਿ ਸਚੁ ॥੧॥	نانک لگی تتُ لے توُنّ سچا منِ سچُ ॥1॥
ਮਹਲਾ ੧ ॥	محلا 1 ॥
ਹੇਕੋ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ ॥	ہیکو پادھرُ ہیکُ درُ گُر پئڑی نِج تھانُ ॥
ਰੂੜਉ ਠਾਕੁਰੁ ਨਾਨਕਾ ਸਭਿ ਸੁਖ ਸਾਚਉ ਨਾਮੁ ॥੨॥	رُوڑءُ ٹھاکُرُ نانکا سبھِ سُکھ ساچءُ نامُ ॥2॥
ਪਉੜੀ ॥	پئڑی ॥
ਆਪੀਨ੍ਹੈ ਆਪੁ ਸਾਜਿ ਆਪੁ ਪਛਾਣਿਆ ॥	آپینّہے آپُ ساجِ آپُ پچھاڑیا ॥
ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥	انبرُ دھرتِ وِچھوڑِ چندویا تاڑیا ॥
ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ ॥	وِنُ تھمّہا گگنُ رہاءِ سبدُ نِیشاڑیا ॥
ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥	سوُرجُ چندُ اُپاءِ جوتِ سماڑیا ॥
ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥	کیئے راتِ دِننّتُ چوج وِڈاڑیا ॥
ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥	تیرتھ دھرم ویچار ناونّ پُرباڑیا ॥
ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥	تُدھُ سرِ اورُ ن کوءِ کِ آکھِ وکھاڑیا ۔ ॥
ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥੧॥	سچے تختِ نِواسُ ہور آونّ جاڑیا ॥1॥

ਸਲੋਕ ਮਃ ੧ ॥	سلوک م: 1 ॥
ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ ॥	نانک ساونِ جے وسے چہُ اوماہا ہوءِ ॥
ਨਾਗਾਂ ਮਿਰਗਾਂ ਮਛੀਆ ਰਸੀਆ ਘਰਿ ਧਨੁ ਹੋਇ ॥੧॥	ناگاں مِرگاں مچھِیا رسِیا گھرِ دھنُ ہوءِ ॥1॥
ਮਃ ੧ ॥	م: 1 ॥
ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ ॥	نانک ساونِ جے وسے چہُ ویچھوڑا ہوءِ ॥
ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ ॥੨॥	گائی پُتا نِردھنا پنتھی چاکرُ ہوءِ ॥2॥
ਪਉੜੀ ॥	پؤڑی ॥
ਤੂ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ ॥	توُ سچا سچِیارُ جِنِ سچُ ورتائِیا ॥
ਬੈਠਾ ਤਾੜੀ ਲਾਇ ਕਵਲੁ ਛਪਾਇਆ ॥	بیٹھا تاڑی لاءِ کولُ چھپائِیا ॥
ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ ॥	برہمےَ وڈا کہاءِ انتُ ن پائِیا ॥
ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ ॥	نا تِسُ باپُ ن ماءِ کِنِ توُ جائِیا ۔ ॥
ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ ॥	نا تِسُ روُپُ ن ریکھ ورن سبائِیا ॥
ਨਾ ਤਿਸੁ ਭੁਖ ਪਿਆਸ ਰਜਾ ਧਾਇਆ ॥	نا تِسُ بھُکھ پِیاس رجا دھائِیا ॥
ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥	گُر مہِ آپُ سموءِ سبدُ ورتائِیا ॥

ਸਚੇ ਹੀ ਪਤੀਆਇ ਸਚਿ ਸਮਾਇਆ ॥੨॥	سچے ہی پتیاءِ سچِ سمائیا ॥2॥
ਸਲੋਕ ਮਃ ੧ ॥	سلوک م: 1 ॥
ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥	ویَدُ بُلائیا ویَدگی پکڑِ ڈھنڈھولے باہ ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥੧॥	بھولا ویَدُ ن جاٹئی کرک کلیجے ماہِ ॥1॥
ਮਃ ੨ ॥	م: 2 ॥
ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥	ویَدا ویَدُ سُویَدُ توُ پہِلاں روگُ پچھانُ ॥
ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥	ایَسا داروُ لوڑِ لہُ جِتُ وںجّے روگا گھاٹِ ॥
ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ ॥	جِتُ داروُ روگ اُٹھِئہِ تنِ سُکھُ وسے آءِ ॥
ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥੨॥	روگُ گوائہِ آپڻا ت نانک ویَدُ سداءِ ॥2॥
ਪਉੜੀ ॥	پئڑی ॥
ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ ॥	بّرہما بِسنُ مہیسُ دیو اُپائیا ॥
ਬ੍ਰਹਮੇ ਦਿਤੇ ਬੇਦ ਪੂਜਾ ਲਾਇਆ ॥	بّرہمے دِتے بید پوُجا لائیا ॥
ਦਸ ਅਵਤਾਰੀ ਰਾਮੁ ਰਾਜਾ ਆਇਆ ॥	دس اوتاری رامُ راجا آئیا ॥
ਦੈਤਾ ਮਾਰੇ ਧਾਇ ਹੁਕਮਿ ਸਬਾਇਆ ॥	دیَتا مارے دھاءِ حُکمِ سبائیا ॥
ਈਸ ਮਹੇਸੁਰੁ ਸੇਵ	ایِس مہیسُرُ سیو

ਤਿਨ੍ਹੀ ਅੰਤੁ ਨ ਪਾਇਆ ॥

تِنّہی انتُ ن پائیا ॥

ਸਚੀ ਕੀਮਤਿ ਪਾਇ
ਤਖਤੁ ਰਚਾਇਆ ॥

سچی قِیمتِ پاءِ
تختُ رچائیا ॥

ਦੁਨੀਆ ਧੰਧੈ ਲਾਇ
ਆਪੁ ਛਪਾਇਆ ॥

دُنیا دھندّھے لاءِ
آپُ چھپائیا ॥

ਧਰਮੁ ਕਰਾਏ ਕਰਮ
ਧੁਰਹੁ ਫੁਰਮਾਇਆ ॥੩॥

دھرمُ کرائے کرم
دھُرہُ فُرمائیا ॥3॥

ਸਲੋਕ ਮਃ ੨ ॥

سلوک م: 2 ॥

ਸਾਵਣੁ ਆਇਆ ਹੇ ਸਖੀ
ਕੰਤੈ ਚਿਤਿ ਕਰੇਹੁ ॥

ساونُ آئیا ہے سکھی
کنّتے چِتِ کریہُ ॥

ਨਾਨਕ ਝੂਰਿ ਮਰਹਿ ਦੋਹਾਗਣੀ
ਜਿਨ੍ਹ ਅਵਰੀ ਲਾਗਾ ਨੇਹੁ ॥੧॥

نانک جھوُرِ مرہِ دوہاگنّی
جِنّہ اوری لاگا نیہُ ॥1॥

ਮਃ ੨ ॥

م: 2 ॥

ਸਾਵਣੁ ਆਇਆ ਹੇ ਸਖੀ
ਜਲਹਰੁ ਬਰਸਨਹਾਰੁ ॥

ساونُ آئیا ہے سکھی
جلہرُ برسنہارُ ॥

ਨਾਨਕ ਸੁਖਿ ਸਵਨੁ ਸੋਹਾਗਣੀ
ਜਿਨ੍ਹ ਸਹ ਨਾਲਿ ਪਿਆਰੁ ॥੨॥

نانک سُکھِ سونُ سوہاگنّی
جِنّہ سہ نالِ پیارُ ॥2॥

ਪਉੜੀ ॥

پئُڑی ॥

ਆਪੇ ਛਿੰਝ ਪਵਾਇ
ਮਲਾਖਾੜਾ ਰਚਿਆ ॥

آپے چھِنجھ پواءِ
ملاکھاڑا رچِیا ॥

ਲਥੇ ਭੜਥੂ ਪਾਇ
ਗੁਰਮੁਖਿ ਮਚਿਆ ॥

لتھے بھڑتھوُ پاءِ
گُرمُکھِ مچِیا ॥

ਮਨਮੁਖ ਮਾਰੇ ਪਛਾੜਿ
ਮੂਰਖ ਕਚਿਆ ॥

منمُکھ مارے پچھاڑِ
موُرکھ کچِیا ॥

ਆਪਿ ਭਿੜੈ ਮਾਰੇ ਆਪਿ

آپِ بھِڑے مارے آپِ

ਆਪਿ ਕਾਰਜੁ ਰਚਿਆ ॥
آپِ کارجُ رچِیا ॥

ਸਭਨਾ ਖਸਮੁ ਏਕੁ ਹੈ
ਗੁਰਮੁਖਿ ਜਾਣੀਐ ॥
سبھنا خصمُ ایکُ ہے
گُرمُکھِ جانیِّے ॥

ਹੁਕਮੀ ਲਿਖੈ ਸਿਰਿ ਲੇਖੁ
ਵਿਣੁ ਕਲਮ ਮਸਵਾਣੀਐ ॥
ہُکمی لِکھے سِرِ لیکھُ
وِنُ قلم مسوانیِّے ॥

ਸਤਸੰਗਤਿ ਮੇਲਾਪੁ
ਜਿਥੈ ਹਰਿ ਗੁਣ ਸਦਾ ਵਖਾਣੀਐ ॥
ستسنگتِ میلاپُ
جِتھے ہرِ گُنُ سدا وکھانیِّے ॥

ਨਾਨਕ ਸਚਾ ਸਬਦੁ ਸਲਾਹਿ
ਸਚੁ ਪਛਾਣੀਐ ॥੪॥
نانک سچا سبدُ سلاہِ
سچُ پچھانیِّے ॥4॥

ਸਲੋਕ ਮਃ ੩ ॥
سلوک م: 3 ॥

ਊਂਨਵਿ ਊਂਨਵਿ ਆਇਆ
ਅਵਰਿ ਕਰੇਂਦਾ ਵੰਨ ॥
اُونْنوِ اُونْنوِ آئیا
اورِ کریندا ونّن ॥

ਕਿਆ ਜਾਣਾ ਤਿਸੁ ਸਾਹ ਸਿਉ
ਕੇਵ ਰਹਸੀ ਰੰਗੁ ॥
کِیا جاٹا تِسُ ساہ سِءُ
کیو رہسی رنگُ ۔ ॥

ਰੰਗੁ ਰਹਿਆ ਤਿਨ੍ਹ ਕਾਮਣੀ
ਜਿਨ੍ਹ ਮਨਿ ਭਉ ਭਾਉ ਹੋਇ ॥
رنگُ رہیا تِنّہ کامنّی
جِنّہ منِ بھءُ بھاءُ ہوءِ ॥

ਨਾਨਕ ਭੈ ਭਾਇ ਬਾਹਰੀ
ਤਿਨ ਤਨਿ ਸੁਖੁ ਨ ਹੋਇ ॥੧॥
نانک بھے بھاءِ باہری
تِن تنِ سُکھُ ن ہوءِ ॥1॥

ਮਃ ੩ ॥
م: 3 ॥

ਊਂਨਵਿ ਊਂਨਵਿ ਆਇਆ
ਵਰਸੈ ਨੀਰੁ ਨਿਪੰਗੁ ॥
اُونْنوِ اُونْنوِ آئیا
ورسے نیرُ نپنگُ ॥

ਨਾਨਕ ਦੁਖੁ ਲਾਗਾ ਤਿਨ੍ਹ ਕਾਮਣੀ
ਜਿਨ੍ਹ ਕੰਤੈ ਸਿਉ ਮਨਿ ਭੰਗੁ ॥੨॥
نانک دُکھُ لاگا تِنّہ کامنّی
جِنّہ کنّتے سِءُ منِ بھنگُ ॥2॥

ਪਉੜੀ ॥
پئُڑی ॥

ਦੋਵੈ ਤਰਫਾ ਉਪਾਇ
دووے طرفا اُپاءِ

ਇਕੁ ਵਰਤਿਆ ॥

اِکُ ورتیا ॥

ਬੇਦ ਬਾਣੀ ਵਰਤਾਇ
ਅੰਦਰਿ ਵਾਦੁ ਘਤਿਆ ॥

بید باٹی ورتاءِ
اندَرِ وادُ گھتیا ॥

ਪਰਵਿਰਤਿ ਨਿਰਵਿਰਤਿ ਹਾਠਾ
ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ ॥

پروِرتِ نِروِرتِ ہاٹھا
دووے وِچِ دھرمُ پھِرے ریَبارِیا ॥

ਮਨਮੁਖ ਕਚੇ ਕੂੜਿਆਰ ਤਿਨ੍ਹੀ ਨਿਹਚਉ ਦਰਗਹ ਹਾਰਿਆ
॥

منمکھ کچے کوُڑِیار تِنّہی نِہچءُ درگہ ہارِیا ॥

ਗੁਰਮਤੀ ਸਬਦਿ ਸੂਰ ਹੈ
ਕਾਮੁ ਕ੍ਰੋਧੁ ਜਿਨ੍ਹੀ ਮਾਰਿਆ ॥

گُرمتی سبدِ سوُر ہےَ
کامُ کرودھُ جِنّہی مارِیا ॥

ਸਚੈ ਅੰਦਰਿ ਮਹਲਿ
ਸਬਦਿ ਸਵਾਰਿਆ ॥

سچےَ اندَرِ محلِ
سبدِ سوارِیا ॥

ਸੇ ਭਗਤ ਤੁਧੁ ਭਾਵਦੇ
ਸਚੈ ਨਾਇ ਪਿਆਰਿਆ ॥

سے بھگت تُدھُ بھاودے
سچےَ ناءِ پیارِیا ॥

ਸਤਿਗੁਰੁ ਸੇਵਨਿ ਆਪਣਾ
ਤਿਨ੍ਹਾ ਵਿਟਹੁ ਹਉ ਵਾਰਿਆ ॥੫॥

ستِگُرُ سیونِ آپنّا
تِنّہا وِٹہُ ہءُ وارِیا ॥5॥

ਸਲੋਕ ਮਃ ੩ ॥

سلوک م: 3 ॥

ਊਂਨਵਿ ਊਂਨਵਿ ਆਇਆ
ਵਰਸੈ ਲਾਇ ਝੜੀ ॥

اوُنْنوِ اوُنْنوِ آئیا
ورسےَ لاءِ جھڑی ॥

ਨਾਨਕ ਭਾਣੈ ਚਲੈ ਕੰਤ ਕੈ
ਸੁ ਮਾਣੇ ਸਦਾ ਰਲੀ ॥੧॥

نانک بھاٹےَ چلےَ کنّت کےَ
سُ ماٹے سدا رلی ॥1॥

ਮਃ ੩ ॥

م: 3 ॥

ਕਿਆ ਉਠਿ ਉਠਿ ਦੇਖਹੁ ਬਪੁੜੇਂ
ਇਸੁ ਮੇਘੈ ਹਥਿ ਕਿਛੁ ਨਾਹਿ ॥

کِیا اُٹھِ اُٹھِ دیکھہُ بپُڑیں
اِسُ میگھےَ ہتھِ کِچھُ ناہِ ॥

ਜਿਨਿ ਏਹੁ ਮੇਘੁ ਪਠਾਇਆ
ਤਿਸੁ ਰਾਖਹੁ ਮਨ ਮਾਂਹਿ ॥

جِنِ ایہُ میگھُ پٹھائیا
تِسُ راکھہُ من ماہِ ॥

ਤਿਸ ਨੋ ਮੰਨਿ ਵਸਾਇਸੀ
ਜਾ ਕਉ ਨਦਰਿ ਕਰੇਇ ॥

تِس نو منّنِ وسائِسی
جا ک ءُ ندرِ کرے ءِ ॥

ਨਾਨਕ ਨਦਰੀ ਬਾਹਰੀ
ਸਭ ਕਰਣ ਪਲਾਹ ਕਰੇਇ ॥੨॥

نانک ندری باہری
سبھ کرنٹ پلاہ کرے ءِ ॥2॥

ਪਉੜੀ ॥

پئُڑی ॥

ਸੋ ਹਰਿ ਸਦਾ ਸਰੇਵੀਐ
ਜਿਸੁ ਕਰਤ ਨ ਲਾਗੈ ਵਾਰ ॥

سو ہرِ سدا سریویَے
جِسُ کرت ن لاگے وار ॥

ਆਡਾਣੇ ਆਕਾਸ ਕਰਿ
ਖਿਨ ਮਹਿ ਢਾਹਿ ਉਸਾਰਣਹਾਰ ॥

آڈانے آکاس کرِ
کھِن مہِ ڈھاہِ اُسارٹہار ॥

ਆਪੇ ਜਗਤ ਉਪਾਇ ਕੈ
ਕੁਦਰਤਿ ਕਰੇ ਵੀਚਾਰ ॥

آپے جگت اُپاءِ کے
قُدرتِ کرے ویچار ॥

ਮਨਮੁਖ ਅਗੈ ਲੇਖਾ ਮੰਗੀਐ
ਬਹੁਤੀ ਹੋਵੈ ਮਾਰ ॥

منمُکھ اگے لیکھا منگیَے
بہُتی ہووے مار ॥

ਗੁਰਮੁਖਿ ਪਤਿ ਸਿਉ ਲੇਖਾ ਨਿਬੜੈ
ਬਖਸੇ ਸਿਫਤਿ ਭੰਡਾਰ ॥

گُرمُکھِ پتِ سِ ءُ لیکھا نِبڑے
بخشے صِفتِ بھنڈار ॥

ਓਥੈ ਹਥੁ ਨ ਅਪੜੈ
ਕੂਕ ਨ ਸੁਣੀਐ ਪੁਕਾਰ ॥

اوتھے ہتھُ ن اپڑے
کوُک ن سُنیَے پُکار ॥

ਓਥੈ ਸਤਿਗੁਰੁ ਬੇਲੀ ਹੋਵੈ
ਕਢਿ ਲਏ ਅੰਤੀ ਵਾਰ ॥

اوتھے ستِگُرُ بیلی ہووے
کڈھِ لے انتی وار ॥

ਏਨਾ ਜੰਤਾ ਨੋ ਹੋਰ ਸੇਵਾ ਨਹੀ
ਸਤਿਗੁਰੁ ਸਿਰਿ ਕਰਤਾਰ ॥੬॥

اینا جنّتا نو ہور سیوا نہی
ستِگُرُ سِرِ کرتار ॥6॥

ਸਲੋਕ ਮਃ ੩ ॥

سلوک م: 3 ॥

ਬਾਬੀਹਾ ਜਿਸ ਨੋ ਤੂ ਪੂਕਾਰਦਾ
ਤਿਸ ਨੋ ਲੋਚੈ ਸਭੁ ਕੋਇ ॥

بابیہا جِس نو توُ پوُکاردا
تِس نو لوچے سبھُ کوءِ ॥

ਅਪਣੀ ਕਿਰਪਾ ਕਰਿ ਕੈ ਵਸਸੀ

اپنّی کِرپا کرِ کے وسسی

ਵਣੁ ਤ੍ਰਿਣੁ ਹਰਿਆ ਹੋਇ ॥
وَنُ تّرِنُ ہرِیا ہوءِ ॥

ਗੁਰ ਪਰਸਾਦੀ ਪਾਈਐ
ਵਿਰਲਾ ਬੂਝੈ ਕੋਇ ॥
گُر پرسادی پائیَۓ
وِرلا بُوجھےَ کوءِ ॥

ਬਹਦਿਆ ਉਠਦਿਆ ਨਿਤ ਧਿਆਈਐ
ਸਦਾ ਸਦਾ ਸੁਖੁ ਹੋਇ ॥
بہدِیا اُٹھدِیا نِت دھیائیَۓ
سدا سدا سُکھُ ہوءِ ॥

ਨਾਨਕ ਅੰਮ੍ਰਿਤੁ ਸਦ ਹੀ ਵਰਸਦਾ
ਗੁਰਮੁਖਿ ਦੇਵੈ ਹਰਿ ਸੋਇ ॥੧॥
نانک انّمرِتُ سد ہی ورسدا
گُرمُکھِ دیوےَ ہرِ سوءِ ॥1॥

ਮਃ ੩ ॥
م: 3 ॥

ਕਲਮਲਿ ਹੋਈ ਮੇਦਨੀ
ਅਰਦਾਸਿ ਕਰੇ ਲਿਵ ਲਾਇ ॥
کلملِ ہوئی میدنی
عرداسِ کرے لِو لاءِ ॥

ਸਚੈ ਸੁਣਿਆ ਕੰਨੁ ਦੇ
ਧੀਰਕ ਦੇਵੈ ਸਹਜਿ ਸੁਭਾਇ ॥
سچےَ سُنّیا کنّنُ دے
دھیِرک دیوےَ سہجِ سُبھاءِ ॥

ਇੰਦ੍ਰੈ ਨੋ ਫੁਰਮਾਇਆ
ਵੁਠਾ ਛਹਬਰ ਲਾਇ ॥
اِندّرےَ نو فُرمائیا
وُٹھا چھہبر لاءِ ॥

ਅਨੁ ਧਨੁ ਉਪਜੈ ਬਹੁ ਘਣਾ
ਕੀਮਤਿ ਕਹਣੁ ਨ ਜਾਇ ॥
انُ دھنُ اُپجےَ بہُ گھٹا
قِیمتِ کہنُ ن جاءِ ॥

ਨਾਨਕ ਨਾਮੁ ਸਲਾਹਿ ਤੂ
ਸਭਨਾ ਜੀਆ ਦੇਦਾ ਰਿਜਕੁ ਸੰਬਾਹਿ ॥
نانک نامُ سلاحِ توُ
سبھنا جیِیا دیدا رِزقُ سنّباہِ ॥

ਜਿਤੁ ਖਾਧੈ ਸੁਖੁ ਉਪਜੈ
ਫਿਰਿ ਦੂਖੁ ਨ ਲਾਗੈ ਆਇ ॥੨॥
جِتُ کھادھےَ سُکھُ اُپجےَ
پھِرِ دوُکھُ ن لاگےَ آءِ ॥2॥

ਪਉੜੀ ॥
پئُڑی ॥

ਹਰਿ ਜੀਉ ਸਚਾ ਸਚੁ ਤੂ
ਸਚੇ ਲੈਹਿ ਮਿਲਾਇ ॥
ہرِ جیِءُ سچا سچُ توُ
سچے لیَہِ مِلاءِ ॥

ਦੂਜੈ ਦੂਜੀ ਤਰਫ ਹੈ
ਕੂੜਿ ਮਿਲੈ ਨ ਮਿਲਿਆ ਜਾਇ ॥
دوُجےَ دوُجی طرف ہےَ
کوُڑِ مِلےَ ن مِلیا جاءِ ॥

ਆਪੇ ਜੋੜਿ ਵਿਛੋੜਿਐ ਆਪੇ
ਕੁਦਰਤਿ ਦੇਇ ਦਿਖਾਇ ॥

آپے جوڑِ وِچھوڑِئے آپے
قُدرتِ دےءِ دِکھاءِ ॥

ਮੋਹੁ ਸੋਗੁ ਵਿਜੋਗੁ ਹੈ
ਪੂਰਬਿ ਲਿਖਿਆ ਕਮਾਇ ॥

موہُ سوگُ وِجوگُ ہے
پوُربِ لِکھیا کماءِ ॥

ਹਉ ਬਲਿਹਾਰੀ ਤਿਨ ਕਉ
ਜੋ ਹਰਿ ਚਰਣੀ ਰਹੈ ਲਿਵ ਲਾਇ ॥

ہءُ بلِہاری تِن ک ءُ
جو ہرِ چرنّی رہے لِو لاءِ ॥

ਜਿਉ ਜਲ ਮਹਿ ਕਮਲੁ ਅਲਿਪਤੁ ਹੈ
ਐਸੀ ਬਣਤ ਬਣਾਇ ॥

جِءُ جل مہِ کملُ الپتُ ہے
ایَسی بنّت بنّاءِ ॥

ਸੇ ਸੁਖੀਏ ਸਦਾ ਸੋਹਣੇ
ਜਿਨ੍ਹ ਵਿਚਹੁ ਆਪੁ ਗਵਾਇ ॥

سے سُکھیے سدا سوہنّے
جِنّہ وِچہُ آپُ گواءِ ॥

ਤਿਨ੍ਹ ਸੋਗੁ ਵਿਜੋਗੁ ਕਦੇ ਨਹੀ
ਜੋ ਹਰਿ ਕੈ ਅੰਕਿ ਸਮਾਇ ॥੭॥

تِنّہ سوگُ وِجوگُ کدے نہی
جو ہرِ کے انکِ سماءِ ॥7॥

ਸਲੋਕ ਮਃ ੩ ॥

سلوک م: 3 ॥

ਨਾਨਕ ਸੋ ਸਾਲਾਹੀਐ
ਜਿਸੁ ਵਸਿ ਸਭੁ ਕਿਛੁ ਹੋਇ ॥

نانک سو سالاہیئے
جِسُ وسِ سبھُ کِچھُ ہوءِ ॥

ਤਿਸੈ ਸਰੇਵਿਹੁ ਪ੍ਰਾਣੀਹੋ
ਤਿਸੁ ਬਿਨੁ ਅਵਰੁ ਨ ਕੋਇ ॥

تِسے سریوہُ پّراٹیہو
تِسُ بِنُ اورُ ن کوءِ ॥

ਗੁਰਮੁਖਿ ਹਰਿ ਪ੍ਰਭੁ ਮਨਿ ਵਸੈ
ਤਾਂ ਸਦਾ ਸਦਾ ਸੁਖੁ ਹੋਇ ॥

گُرمُکھِ ہرِ پّربھُ منِ وسے
تاں سدا سدا سُکھُ ہوءِ ॥

ਸਹਸਾ ਮੂਲਿ ਨ ਹੋਵਈ
ਸਭ ਚਿੰਤਾ ਵਿਚਹੁ ਜਾਇ ॥

سہسا موُلِ ن ہووئی
سبھ چِنّتا وِچہُ جاءِ ॥

ਜੋ ਕਿਛੁ ਹੋਇ ਸੁ ਸਹਜੇ ਹੋਇ
ਕਹਣਾ ਕਿਛੂ ਨ ਜਾਇ ॥

جو کِچھُ ہوءِ سُ سہجے ہوءِ
کہنّا کِچھوُ ن جاءِ ॥

ਸਚਾ ਸਾਹਿਬੁ ਮਨਿ ਵਸੈ
ਤਾਂ ਮਨਿ ਚਿੰਦਿਆ ਫਲੁ ਪਾਇ ॥

سچا صاحِبُ منِ وسے
تاں منِ چِندِیا پھلُ پاءِ ॥

ਨਾਨਕ ਤਿਨ ਕਾ ਆਖਿਆ ਆਪਿ ਸੁਣੇ
ਜਿ ਲਇਅਨੁ ਪੰਨੈ ਪਾਇ ॥੧॥

نانک تِن کا آکھیا آپِ سُنّے
جِ لئیَنُ پنّے پاءِ ॥1॥

ਮਃ ੩ ॥

م: 3 ॥

ਅੰਮ੍ਰਿਤੁ ਸਦਾ ਵਰਸਦਾ
ਬੂਝਨਿ ਬੂਝਣਹਾਰ ॥

انمّرِتُ سدا ورسدا
بوُجھنِ بوُجھنہار ॥

ਗੁਰਮੁਖਿ ਜਿਨ੍ਹੀ ਬੁਝਿਆ
ਹਰਿ ਅੰਮ੍ਰਿਤੁ ਰਖਿਆ ਉਰਿ ਧਾਰਿ ॥

گُرمُکھِ جِنّہی بُجھیا
ہرِ انمّرِتُ رکھیا اُرِ دھارِ ॥

ਹਰਿ ਅੰਮ੍ਰਿਤੁ ਪੀਵਹਿ ਸਦਾ ਰੰਗਿ ਰਾਤੇ
ਹਉਮੈ ਤ੍ਰਿਸਨਾ ਮਾਰਿ ॥

ہرِ انمّرِتُ پیوہِ سدا رنگِ راتے
ہئُمَےَ تّرِسنا مارِ ॥

ਅੰਮ੍ਰਿਤੁ ਹਰਿ ਕਾ ਨਾਮੁ ਹੈ
ਵਰਸੈ ਕਿਰਪਾ ਧਾਰਿ ॥

انمّرِتُ ہرِ کا نامُ ہےَ
ورسےَ کِرپا دھارِ ॥

ਨਾਨਕ ਗੁਰਮੁਖਿ ਨਦਰੀ ਆਇਆ
ਹਰਿ ਆਤਮ ਰਾਮੁ ਮੁਰਾਰਿ ॥੨॥

نانک گُرمُکھِ ندری آئیا
ہرِ آتم رامُ مُرارِ ॥2॥

ਪਉੜੀ ॥

پئُڑی ॥

ਅਤੁਲੁ ਕਿਉ ਤੋਲੀਐ
ਵਿਣੁ ਤੋਲੇ ਪਾਇਆ ਨ ਜਾਇ ॥

اتُلُ کِءُ تولیِےَ
وِنُ تولے پائیا ن جاءِ ॥

ਗੁਰ ਕੈ ਸਬਦਿ ਵੀਚਾਰੀਐ
ਗੁਣ ਮਹਿ ਰਹੈ ਸਮਾਇ ॥

گُر کےَ سبدِ ویچاریِےَ
گُنُ مہِ رہےَ سماءِ ॥

ਅਪਣਾ ਆਪੁ ਆਪਿ ਤੋਲਸੀ
ਆਪੇ ਮਿਲੈ ਮਿਲਾਇ ॥

اپنّا آپُ آپِ تولسی
آپے مِلےَ مِلاءِ ॥

ਤਿਸ ਕੀ ਕੀਮਤਿ ਨਾ ਪਵੈ
ਕਹਣਾ ਕਿਛੁ ਨ ਜਾਇ ॥

تِس کی قِیمتِ نا پوےَ
کہنّا کِچھُو ن جاءِ ॥

ਹਉ ਬਲਿਹਾਰੀ ਗੁਰ ਆਪਣੇ
ਜਿਨਿ ਸਚੀ ਬੂਝ ਦਿਤੀ ਬੁਝਾਇ ॥

ہءُ بلِہاری گُر آپنّے
جِنِ سچی بوُجھ دِتی بُجھاءِ ॥

ਜਗਤੁ ਮੁਸੈ ਅੰਮ੍ਰਿਤੁ ਲੁਟੀਐ

جگتُ مُسےَ انمّرِتُ لُٹیِےَ

ਮਨਮੁਖ ਬੂਝ ਨ ਪਾਇ ॥

منمُکھ بوُجھ ن پاءِ ॥

ਵਿਣੁ ਨਾਵੈ ਨਾਲਿ ਨ ਚਲਸੀ
ਜਾਸੀ ਜਨਮੁ ਗਵਾਇ ॥

وِنُ ناوے نالِ ن چلسی
جاسی جنمُ گواءِ ॥

ਗੁਰਮਤੀ ਜਾਗੇ ਤਿਨ੍ੀ ਘਰੁ ਰਖਿਆ
ਦੂਤਾ ਕਾ ਕਿਛੁ ਨ ਵਸਾਇ ॥੮॥

گُرمتی جاگے تِنہی گھرُ رکھیا
دوُتا کا کِچھُ ن وساءِ ॥8॥

ਸਲੋਕ ਮਃ ੩ ॥

سلوک م: 3 ॥

ਬਾਬੀਹਾ ਨਾ ਬਿਲਲਾਇ ਨਾ ਤਰਸਾਇ ਏਹੁ ਮਨੁ
ਖਸਮ ਕਾ ਹੁਕਮੁ ਮੰਨਿ ॥

بابیہا نا بِللاءِ نا ترساءِ ایہُ منُ
خصم کا حُکمُ مَنّنِ ॥

ਨਾਨਕ ਹੁਕਮਿ ਮੰਨਿਐ ਤਿਖ ਉਤਰੈ
ਚੜੈ ਚਵਗਲਿ ਵੰਨੁ ॥੧॥

نانک حُکمِ منّنے تِکھ اُترے
چڑے چوگلِ وَنّنُ ॥1॥

ਮਃ ੩ ॥

م: 3 ॥

ਬਾਬੀਹਾ ਜਲ ਮਹਿ ਤੇਰਾ ਵਾਸੁ ਹੈ
ਜਲ ਹੀ ਮਾਹਿ ਫਿਰਾਹਿ ॥

بابیہا جل مہِ تیرا واسُ ہے
جل ہی ماہِ پھراہِ ॥

ਜਲ ਕੀ ਸਾਰ ਨ ਜਾਣਹੀ
ਤਾਂ ਤੂੰ ਕੂਕਣ ਪਾਹਿ ॥

جل کی سار ن جانہی
تاں توُنَ کوُکنُ پاہِ ॥

ਜਲ ਥਲ ਚਹੁ ਦਿਸਿ ਵਰਸਦਾ
ਖਾਲੀ ਕੋ ਥਾਉ ਨਾਹਿ ॥

جل تھل چہُ دِس ورسدا
خالی کو تھاءُ ناہِ ॥

ਏਤੈ ਜਲਿ ਵਰਸਦੈ ਤਿਖ ਮਰਹਿ
ਭਾਗ ਤਿਨਾ ਕੇ ਨਾਹਿ ॥

ایتے جلِ ورسدے تِکھ مرہِ
بھاگ تِنا کے ناہِ ॥

ਨਾਨਕ ਗੁਰਮੁਖਿ ਤਿਨ ਸੋਝੀ ਪਈ
ਜਿਨ ਵਸਿਆ ਮਨ ਮਾਹਿ ॥੨॥

نانک گُرمُکھِ تِن سوجھی پئی
جِن وسِیا من ماہِ ॥2॥

ਪਉੜੀ ॥

پئڑی ॥

ਨਾਥ ਜਤੀ ਸਿਧ ਪੀਰ
ਕਿਨੈ ਅੰਤੁ ਨ ਪਾਇਆ ॥

ناتھ جتی سِدھ پیر
کِنے انتُ ن پائیا ॥

ਗੁਰਮੁਖਿ ਨਾਮੁ ਧਿਆਇ

گُرمُکھِ نامُ دھیاءِ

ਤੁਝੈ ਸਮਾਇਆ ॥

تُجھے سمائیا ॥

ਜੁਗ ਛਤੀਹ ਗੁਬਾਰੁ
ਤਿਸ ਹੀ ਭਾਇਆ ॥

جُگ چھتیہِ غُبارُ
تِس ہی بھائیا ॥

ਜਲਾ ਬਿੰਬੁ ਅਸਰਾਲੁ
ਤਿਨੈ ਵਰਤਾਇਆ ॥

جلا بِنّبُ اسرالُ
تِنے ورتائیا ॥

ਨੀਲੁ ਅਨੀਲੁ ਅਗੰਮੁ
ਸਰਜੀਤੁ ਸਬਾਇਆ ॥

نِیلُ انِیلُ اگنَمُ
سرجِیتُ سبائیا ॥

ਅਗਨਿ ਉਪਾਈ ਵਾਦੁ
ਭੁਖ ਤਿਹਾਇਆ ॥

اگنِ اُپائی وادُ
بھُکھ تِہائیا ॥

ਦੁਨੀਆ ਕੈ ਸਿਰਿ ਕਾਲੁ
ਦੂਜਾ ਭਾਇਆ ॥

دُنِیا کے سِرِ کالُ
دوُجا بھائیا ॥

ਰਖੈ ਰਖਣਹਾਰੁ
ਜਿਨਿ ਸਬਦੁ ਬੁਝਾਇਆ ॥੯॥

رکھے رکھنّہارُ
جِنِ سبدُ بُجھائیا ॥9॥

ਸਲੋਕ ਮਃ ੩ ॥

سلوک م: 3 ॥

ਇਹੁ ਜਲੁ ਸਭ ਤੈ ਵਰਸਦਾ
ਵਰਸੈ ਭਾਇ ਸੁਭਾਇ ॥

اِہُ جلُ سبھ تے ورسدا
ورسے بھاءِ سُبھاءِ ॥

ਸੇ ਬਿਰਖਾ ਹਰੀਆਵਲੇ
ਜੋ ਗੁਰਮੁਖਿ ਰਹੇ ਸਮਾਇ ॥

سے بِرکھا ہریاولے
جو گُرمُکھِ رہے سماءِ ॥

ਨਾਨਕ ਨਦਰੀ ਸੁਖੁ ਹੋਇ
ਏਨਾ ਜੰਤਾ ਕਾ ਦੁਖੁ ਜਾਇ ॥੧॥

نانک ندری سُکھُ ہوءِ
اینا جنّتا کا دُکھُ جاءِ ॥1॥

ਮਃ ੩ ॥

م: 3 ॥

ਭਿੰਨੀ ਰੈਣਿ ਚਮਕਿਆ
ਵੁਠਾ ਛਹਬਰ ਲਾਇ ॥

بھِنّی ریَنِ چمکیا
وُٹھا چھہبر لاءِ ॥

ਜਿਤੁ ਵੁਠੈ ਅਨੁ ਧਨੁ ਬਹੁਤੁ ਊਪਜੈ
ਜਾਂ ਸਹੁ ਕਰੇ ਰਜਾਇ ॥

جِتُ وُٹھے انُ دھنُ بہُتُ اوُپجے
جاں سہُ کرے رضاءِ ॥

ਜਿਤੁ ਖਾਧੈ ਮਨੁ ਤ੍ਰਿਪਤੀਐ
ਜੀਆ ਜੁਗਤਿ ਸਮਾਇ ॥

جِتُ کھادھے مَنُ تّرِپتیئے
جِیا جُگتِ سماءِ ॥

ਇਹੁ ਧਨੁ ਕਰਤੇ ਕਾ ਖੇਲੁ ਹੈ
ਕਦੇ ਆਵੈ ਕਦੇ ਜਾਇ ॥

اِہُ دھنُ کرتے کا کھیلُ ہے
کدے آوے کدے جاءِ ॥

ਗਿਆਨੀਆ ਕਾ ਧਨੁ ਨਾਮੁ ਹੈ
ਸਦ ਹੀ ਰਹੈ ਸਮਾਇ ॥

گیانِیا کا دھنُ نامُ ہے
سد ہی رہے سماءِ ॥

ਨਾਨਕ ਜਿਨ ਕਉ ਨਦਰਿ ਕਰੇ
ਤਾਂ ਇਹੁ ਧਨੁ ਪਲੈ ਪਾਇ ॥੨॥

نانک جِن ک ءُ ندرِ کرے
تاں اِہُ دھنُ پلے پاءِ ॥2॥

ਪਉੜੀ ॥

پئُڑی ॥

ਆਪਿ ਕਰਾਏ ਕਰੇ ਆਪਿ
ਹਉ ਕੈ ਸਿਉ ਕਰੀ ਪੁਕਾਰ ॥

آپِ کرائے کرے آپِ
ہءُ کے سِ ءُ کری پُکار ۔ ॥

ਆਪੇ ਲੇਖਾ ਮੰਗਸੀ
ਆਪਿ ਕਰਾਏ ਕਾਰ ॥

آپے لیکھا منگسی
آپِ کرائے کار ॥

ਜੋ ਤਿਸੁ ਭਾਵੈ ਸੋ ਥੀਐ
ਹੁਕਮੁ ਕਰੇ ਗਾਵਾਰੁ ॥

جو تِس بھاوے سو تھیئے
حُکمُ کرے گاوارُ ॥

ਆਪਿ ਛਡਾਏ ਛੁਟੀਐ
ਆਪੇ ਬਖਸਣਹਾਰੁ ॥

آپِ چھڈائے چھُٹیئے
آپے بخشنہارُ ॥

ਆਪੇ ਵੇਖੈ ਸੁਣੇ ਆਪਿ
ਸਭਸੈ ਦੇ ਆਧਾਰੁ ॥

آپے ویکھے سُنے آپِ
سبھسے دے آدھارُ ॥

ਸਭ ਮਹਿ ਏਕੁ ਵਰਤਦਾ
ਸਿਰਿ ਸਿਰਿ ਕਰੇ ਬੀਚਾਰੁ ॥

سبھ مہِ ایکُ ورتدا
سِرِ سِرِ کرے بیچارُ ॥

ਗੁਰਮੁਖਿ ਆਪੁ ਵੀਚਾਰੀਐ
ਲਗੈ ਸਚਿ ਪਿਆਰੁ ॥

گُرمُکھِ آپُ ویچاریئے
لگے سچ پیارُ ॥

ਨਾਨਕ ਕਿਸ ਨੋ ਆਖੀਐ
ਆਪੇ ਦੇਵਣਹਾਰੁ ॥੧੦॥

نانک کِس نو آکھیئے
آپے دیونہارُ ॥ 10 ॥

ਸਲੋਕ ਮਃ ੩ ॥

ਬਾਬੀਹਾ ਏਹੁ ਜਗਤੁ ਹੈ
ਮਤ ਕੋ ਭਰਮਿ ਭੁਲਾਇ ॥

ਇਹੁ ਬਾਬੀਂਹਾ ਪਸੂ ਹੈ
ਇਸ ਨੋ ਬੂਝਣੁ ਨਾਹਿ ॥

ਅੰਮ੍ਰਿਤੁ ਹਰਿ ਕਾ ਨਾਮੁ ਹੈ
ਜਿਤੁ ਪੀਤੈ ਤਿਖ ਜਾਇ ॥

ਨਾਨਕ ਗੁਰਮੁਖਿ ਜਿਨ੍ ਪੀਆ
ਤਿਨ੍ ਬਹੁੜਿ ਨ ਲਾਗੀ ਆਇ ॥੧॥

ਮਃ ੩ ॥

ਮਲਾਰੁ ਸੀਤਲ ਰਾਗੁ ਹੈ
ਹਰਿ ਧਿਆਇਐ ਸਾਂਤਿ ਹੋਇ ॥

ਹਰਿ ਜੀਉ ਅਪਣੀ ਕ੍ਰਿਪਾ ਕਰੇ
ਤਾਂ ਵਰਤੈ ਸਭ ਲੋਇ ॥

ਵੁਠੈ ਜੀਆ ਜੁਗਤਿ ਹੋਇ
ਧਰਣੀ ਨੋ ਸੀਗਾਰੁ ਹੋਇ ॥

ਨਾਨਕ ਇਹੁ ਜਗਤੁ ਸਭੁ ਜਲੁ ਹੈ
ਜਲ ਹੀ ਤੇ ਸਭ ਕੋਇ ॥

ਗੁਰ ਪਰਸਾਦੀ ਕੋ ਵਿਰਲਾ ਬੂਝੈ
ਸੋ ਜਨੁ ਮੁਕਤੁ ਸਦਾ ਹੋਇ ॥੨॥

ਪਉੜੀ ॥

ਸਚਾ ਵੇਪਰਵਾਹੁ ਇਕੋ ਤੂ ਧਣੀ ॥

ਤੂ ਸਭੁ ਕਿਛੁ ਆਪੇ ਆਪਿ
ਦੂਜੇ ਕਿਸੁ ਗਣੀ ॥

ਮਾਣਸ ਕੂੜਾ ਗਰਬੁ ਸਚੀ ਤੁਧੁ ਮਣੀ ॥

سلوک م: 3 ॥

بابیہا ایہُ جگتُ ہے
مت کو بھرمِ بھُلاءِ ॥

اِہُ بابیہا پسوُ ہے
اِس نو بوُجھنُ ناہِ ॥

انمّرِتُ ہرِ کا نامُ ہے
جِتُ پیتے تِکھ جاءِ ॥

نانک گُرمُکھِ جِنّہ پیِیا
تِنّہ بہُڑِ ن لاگی آءِ ॥1॥

م: 3 ॥

ملارُ سِیتل راگُ ہے
ہرِ دھِیائیَ سانتِ ہوءِ ॥

ہرِ جیِءُ اپنّی کرِپا کرے
تاں ورتے سبھ لوءِ ॥

وُٹھے جیِیا جُگتِ ہوءِ
دھرنّی نو سیِگارُ ہوءِ ॥

نانک اِہُ جگتُ سبھُ جلُ ہے
جل ہی تے سبھ کوءِ ॥

گُر پرسادی کو وِرلا بوُجھے
سو جنُ مُکتُ سدا ہوءِ ॥2॥

پیُڑی ॥

سچا وپیرواہُ اِکو توُ دھنّی ॥

توُ سبھُ کِچھُ آپے آپِ
دوُجے کِسُ گنّی ۔ ॥

مانُس کوُڑا گربُ سچی تُدھُ منّی ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) (ਰਾਜਾ ਸਾਹِب) سری گُرو نانک دیو جی مہاراج دے 550ویں پرکاش پُرب نوں سمرپت | سیوا: بھائی بلجِندر سنگھ جی

ਆਵਾ ਗਉਣੁ ਰਚਾਇ ਉਪਾਈ ਮੇਦਨੀ ॥
آوا گئُنُ رچاءِ اُپائی میدنی ॥

ਸਤਿਗੁਰੁ ਸੇਵੇ ਆਪਣਾ ਆਇਆ ਤਿਸੁ ਗਣੀ ॥
ستِگُرُ سیوے آپنا آئیا تِسُ گنی ॥

ਜੇ ਹਉਮੈ ਵਿਚਹੁ ਜਾਇ
ਤ ਕੇਹੀ ਗਣਤ ਗਣੀ ॥
جے ہئُمے وِچہُ جاءِ
ت کیہی گنت گنی ॥

ਮਨਮੁਖ ਮੋਹਿ ਗੁਬਾਰਿ ਜਿਉ ਭੁਲਾ ਮੰਝਿ ਵਣੀ ॥
منمکھ موہِ غُبارِ جِءُ بھُلا منجھِ ونی ॥

ਕਟੇ ਪਾਪ ਅਸੰਖ ਨਾਵੈ ਇਕ ਕਣੀ ॥੧੧॥
کٹے پاپ اسنکھ ناوے اِک کنی ॥ 11 ॥

ਸਲੋਕ ਮਃ ੩ ॥
سلوک م: 3 ॥

ਬਾਬੀਹਾ ਖਸਮੈ ਕਾ ਮਹਲੁ ਨ ਜਾਣਹੀ
ਮਹਲੁ ਦੇਖਿ ਅਰਦਾਸਿ ਪਾਇ ॥
بابیہا خصمے کا محلُ ن جانہی
محلُ دیکھِ عرداسِ پاءِ ॥

ਆਪਣੈ ਭਾਣੈ ਬਹੁਤਾ ਬੋਲਹਿ
ਬੋਲਿਆ ਥਾਇ ਨ ਪਾਇ ॥
آپنے بھانے بہُتا بولہِ
بولیا تھاءِ ن پاءِ ॥

ਖਸਮੁ ਵਡਾ ਦਾਤਾਰੁ ਹੈ
ਜੋ ਇਛੇ ਸੋ ਫਲ ਪਾਇ ॥
خصمُ وڈا داتارُ ہے
جو اِچھے سو پھل پاءِ ॥

ਬਾਬੀਹਾ ਕਿਆ ਬਪੁੜਾ
ਜਗਤੈ ਕੀ ਤਿਖ ਜਾਇ ॥੧॥
بابیہا کیا بپُڑا
جگتے کی تِکھ جاءِ ॥1॥

ਮਃ ੩ ॥
م: 3 ॥

ਬਾਬੀਹਾ ਭਿੰਨੀ ਰੈਣਿ ਬੋਲਿਆ
ਸਹਜੇ ਸਚਿ ਸੁਭਾਇ ॥
بابیہا بھِنّی ریَنِ بولیا
سہجے سچِ سُبھاءِ ॥

ਇਹੁ ਜਲੁ ਮੇਰਾ ਜੀਉ ਹੈ
ਜਲ ਬਿਨੁ ਰਹਣੁ ਨ ਜਾਇ ॥
اِہُ جلُ میرا جیِءُ ہے
جل بِنُ رہنُ ن جاءِ ॥

ਗੁਰ ਸਬਦੀ ਜਲੁ ਪਾਈਐ
ਵਿਚਹੁ ਆਪੁ ਗਵਾਇ ॥
گُر سبدی جلُ پائیے
وِچہُ آپُ گواءِ ॥

ਨਾਨਕ ਜਿਸੁ ਬਿਨੁ ਚਸਾ ਨ ਜੀਵਦੀ
ਸੋ ਸਤਿਗੁਰਿ ਦੀਆ ਮਿਲਾਇ ॥੨॥
نانک جِسُ بِنُ چسا ن جیِودی
سو ستِگُرِ دیِیا مِلاءِ ॥2॥

ਪਉੜੀ ॥

ਖੰਡ ਪਤਾਲ ਅਸੰਖ
ਮੈ ਗਣਤ ਨ ਹੋਈ ॥

ਤੂ ਕਰਤਾ ਗੋਵਿੰਦੁ
ਤੁਧੁ ਸਿਰਜੀ ਤੁਧੈ ਗੋਈ ॥

ਲਖ ਚਉਰਾਸੀਹ ਮੇਦਨੀ
ਤੁਝ ਹੀ ਤੇ ਹੋਈ ॥

ਇਕਿ ਰਾਜੇ ਖਾਨ ਮਲੂਕ
ਕਹਹਿ ਕਹਾਵਹਿ ਕੋਈ ॥

ਇਕਿ ਸਾਹ ਸਦਾਵਹਿ ਸੰਚਿ ਧਨੁ
ਦੂਜੈ ਪਤਿ ਖੋਈ ॥

ਇਕਿ ਦਾਤੇ ਇਕ ਮੰਗਤੇ
ਸਭਨਾ ਸਿਰਿ ਸੋਈ ॥

ਵਿਣੁ ਨਾਵੈ ਬਾਜਾਰੀਆ
ਭੀਹਾਵਲਿ ਹੋਈ ॥

ਕੂੜ ਨਿਖੁਟੇ ਨਾਨਕਾ
ਸਚੁ ਕਰੇ ਸੁ ਹੋਈ ॥੧੨॥

ਸਲੋਕ ਮਃ ੩ ॥

ਬਾਬੀਹਾ ਗੁਣਵੰਤੀ ਮਹਲੁ ਪਾਇਆ
ਅਉਗਣਵੰਤੀ ਦੂਰਿ ॥

ਅੰਤਰਿ ਤੇਰੈ ਹਰਿ ਵਸੈ
ਗੁਰਮੁਖਿ ਸਦਾ ਹਜੂਰਿ ॥

ਕੂਕ ਪੁਕਾਰ ਨ ਹੋਵਈ
ਨਦਰੀ ਨਦਰਿ ਨਿਹਾਲ ॥

ਨਾਨਕ ਨਾਮਿ ਰਤੇ ਸਹਜੇ ਮਿਲੇ

پڑی ॥

کھنڈ پتال اسنکھ
مے گنت ن ہوئی ॥

توُ کرتا گووِندُ
تُدھُ سِرجی تُدھے گوئی ॥

لکھ چرُاسیہِ میدنی
تُجھ ہی تے ہوئی ॥

اِکِ راجے خان ملوُک
کہہِ کہاوہِ کوئی ॥

اِکِ ساہ سداوہِ سنچِّ دھنُ
دوُجے پتِ کھوئی ॥

اِکِ داتے اِک منگتے
سبھنا سِرِ سوئی ॥

وِنُّ ناوے بازارییا
بھیہاولِ ہوئی ॥

کوُڑ نِکھُٹے نانکا
سچُ کرے سُ ہوئی ॥ 12 ॥

سلوک م: 3 ॥

بابیہا گُنوَنتی محلُ پایَیا
انگُنوَنتی دوُرِ ॥

انترِ تیرے ہرِ وسے
گُرمُکھِ سدا حضوُرِ ॥

کوُک پُکار ن ہووئی
ندری ندرِ نِہال ॥

نانک نامِ رتے سہجے مِلے

ਸਬਦਿ ਗੁਰੂ ਕੈ ਘਾਲ ॥੧॥

سبدِ گُرو کے گھال ॥1॥

ਮਃ ੩ ॥

م: 3 ॥

ਬਾਬੀਹਾ ਬੇਨਤੀ ਕਰੇ
ਕਰਿ ਕਿਰਪਾ ਦੇਹੁ ਜੀਅ ਦਾਨ ॥

بابیہا بینتی کرے
کرِ کرپا دیہُ جیء دان ॥

ਜਲ ਬਿਨੁ ਪਿਆਸ ਨ ਊਤਰੈ
ਛੁਟਕਿ ਜਾਂਹਿ ਮੇਰੇ ਪ੍ਰਾਨ ॥

جل بِنُ پِیاس ن اوُترے
چھُٹکِ جانہِ میرے پّران ॥

ਤੂ ਸੁਖਦਾਤਾ ਬੇਅੰਤੁ ਹੈ
ਗੁਣਦਾਤਾ ਨੇਧਾਨੁ ॥

توُ سُکھداتا بیئنّتُ ہے
گُنّداتا نیدھانُ ॥

ਨਾਨਕ ਗੁਰਮੁਖਿ ਬਖਸਿ ਲਏ
ਅੰਤਿ ਬੇਲੀ ਹੋਇ ਭਗਵਾਨੁ ॥੨॥

نانک گُرمُکھِ بخشِ لے
انّتِ بیلی ہوءِ بھگوانُ ॥2॥

ਪਉੜੀ ॥

پئُڑی ॥

ਆਪੇ ਜਗਤੁ ਉਪਾਇ ਕੈ
ਗੁਣ ਅਉਗਣ ਕਰੇ ਬੀਚਾਰੁ ॥

آپے جگتُ اُپاءِ کے
گُنّ اَگُنّ کرے بیچارُ ॥

ਤ੍ਰੈ ਗੁਣ ਸਰਬ ਜੰਜਾਲੁ ਹੈ
ਨਾਮਿ ਨ ਧਰੇ ਪਿਆਰੁ ॥

ترّے گُنّ سرب زنجّالُ ہے
نامِ ن دھرے پِیارُ ॥

ਗੁਣ ਛੋਡਿ ਅਉਗਣ ਕਮਾਵਦੇ
ਦਰਗਹ ਹੋਹਿ ਖੁਆਰੁ ॥

گُنّ چھوڈِ اَگُنّ کماودے
درگہ ہوہِ خُیارُ ॥

ਜੂਐ ਜਨਮੁ ਤਿਨੀ ਹਾਰਿਆ
ਕਿਤੁ ਆਏ ਸੰਸਾਰਿ ॥

جُوئے جنمُ تِنی ہارِیا
کِتُ آئے سنّسارِ ۔ ॥

ਸਚੈ ਸਬਦਿ ਮਨੁ ਮਾਰਿਆ
ਅਹਿਨਿਸਿ ਨਾਮਿ ਪਿਆਰਿ ॥

سچے سبدِ منُ مارِیا
اہِنِس نامِ پِیارِ ॥

ਜਿਨੀ ਪੁਰਖੀ ਉਰਿ ਧਾਰਿਆ
ਸਚਾ ਅਲਖ ਅਪਾਰੁ ॥

جِنی پُرکھی اُرِ دھارِیا
سچا الکھ اپارُ ॥

ਤੂ ਗੁਣਦਾਤਾ ਨਿਧਾਨੁ ਹਹਿ
ਅਸੀ ਅਵਗਣਿਆਰ ॥

توُ گُنّداتا نِدھانُ ہہِ
اسی اوگُنّیار ॥

ਜਿਸੁ ਬਖਸੇ ਸੋ ਪਾਇਸੀ
ਗੁਰ ਸਬਦੀ ਵੀਚਾਰੁ ॥੧੩॥

جِسُ بخشے سو پائِسی
گُر سبدی ویچارُ ॥ 13 ॥

ਸਲੋਕ ਮਃ ੫ ॥

سلوک م: 5 ॥

ਰਾਤਿ ਨ ਵਿਹਾਵੀ ਸਾਕਤਾਂ
ਜਿਨ੍ਹਾ ਵਿਸਰੈ ਨਾਉ ॥

راتِ ن وِہاوی ساکتاں
جِنّہا وِسرے ناءُ ॥

ਰਾਤੀ ਦਿਨਸ ਸੁਹੇਲੀਆ
ਨਾਨਕ ਹਰਿ ਗੁਣ ਗਾਂਉ ॥੧॥

راتی دِنس سُہیلیِیا
نانک ہرِ گُنؤ گانؤ ॥ 1 ॥

ਮਃ ੫ ॥

م: 5 ॥

ਰਤਨ ਜਵੇਹਰ ਮਾਣਕਾ
ਹਭੇ ਮਣੀ ਮਥੰਨਿ ॥

رتن جویہر ماٹکا
ہبھے منٹی متھنّنِ ॥

ਨਾਨਕ ਜੋ ਪ੍ਰਭਿ ਭਾਣਿਆ
ਸਚੈ ਦਰਿ ਸੋਹੰਨਿ ॥੨॥

نانک جو پربھِ بھاٹیا
سچے دِر سوہنّنِ ॥ 2 ॥

ਪਉੜੀ ॥

پئُڑی ॥

ਸਚਾ ਸਤਿਗੁਰੁ ਸੇਵਿ
ਸਚੁ ਸਮ੍ਾਲਿਆ ॥

سچا ستِگُر سیوِ
سچُ سمّالیا ॥

ਅੰਤਿ ਖਲੋਆ ਆਇ
ਜਿ ਸਤਿਗੁਰ ਅਗੈ ਘਾਲਿਆ ॥

انّتِ کھلویا آءِ
جِ ستِگُر اگے گھالیا ॥

ਪੋਹਿ ਨ ਸਕੈ ਜਮਕਾਲੁ
ਸਚਾ ਰਖਵਾਲਿਆ ॥

پوہِ ن سکے جمکالُ
سچا رکھوالیا ॥

ਗੁਰ ਸਾਖੀ ਜੋਤਿ ਜਗਾਇ
ਦੀਵਾ ਬਾਲਿਆ ॥

گُر ساکھی جوتِ جگاءِ
دیِوا بالیا ॥

ਮਨਮੁਖ ਵਿਣੁ ਨਾਵੈ ਕੂੜਿਆਰ
ਫਿਰਹਿ ਬੇਤਾਲਿਆ ॥

منمُکھ وِنُ ناوے کوُڑِیار
پھِرہِ بیتالیا ॥

ਪਸੂ ਮਾਣਸ ਚੰਮਿ ਪਲੇਟੇ
ਅੰਦਰਹੁ ਕਾਲਿਆ ॥

پسوُ ماٹس چنّمِ پلیٹے
انّدرہُ کالیا ॥

ਸਭੋ ਵਰਤੈ ਸਚੁ	سبھو ورتے سچُ
ਸਚੈ ਸਬਦਿ ਨਿਹਾਲਿਆ ॥	سچے سبدِ نہالیا ॥
ਨਾਨਕ ਨਾਮੁ ਨਿਧਾਨੁ ਹੈ	نانک نامُ نِدھانُ ہے
ਪੂਰੈ ਗੁਰਿ ਦੇਖਾਲਿਆ ॥੧੪॥	پوُرے گُرِ دیکھالیا ॥ 14 ॥
ਸਲੋਕ ਮਃ ੩ ॥	سلوک م: 3 ॥
ਬਾਬੀਹੈ ਹੁਕਮੁ ਪਛਾਣਿਆ	بابیہے حُکمُ پچھاٹیا
ਗੁਰ ਕੈ ਸਹਜਿ ਸੁਭਾਇ ॥	گُر کے سہجِ سُبھاءِ ॥
ਮੇਘੁ ਵਰਸੈ ਦਇਆ ਕਰਿ	میگھُ ورسے دئیا کرِ
ਗੂੜੀ ਛਹਬਰ ਲਾਇ ॥	گوُڑی چھہبر لاءِ ॥
ਬਾਬੀਹੇ ਕੂਕ ਪੁਕਾਰ ਰਹਿ ਗਈ	بابیہے کوُک پُکار رہِ گئی
ਸੁਖੁ ਵਸਿਆ ਮਨਿ ਆਇ ॥	سُکھُ وسِیا منِ آءِ ॥
ਨਾਨਕ ਸੋ ਸਾਲਾਹੀਐ	نانک سو سالاہیئے
ਜਿ ਦੇਂਦਾ ਸਭਨਾਂ ਜੀਆ ਰਿਜਕੁ ਸਮਾਇ ॥੧॥	جِ دیندا سبھناں جیِیا رِزقُ سماءِ ॥1॥
ਮਃ ੩ ॥	م: 3 ॥
ਚਾਤ੍ਰਿਕ ਤੂ ਨ ਜਾਣਹੀ	چاتّرِک توُ ن جانہی
ਕਿਆ ਤੁਧੁ ਵਿਚਿ ਤਿਖਾ ਹੈ	کِیا تُدھُ وِچِ تِکھا ہے
ਕਿਤੁ ਪੀਤੈ ਤਿਖ ਜਾਇ ॥	کِتُ پیتے تِکھ جاءِ ۔ ॥
ਦੂਜੈ ਭਾਇ ਭਰੰਮਿਆ	دوُجے بھاءِ بھرنّمیا
ਅੰਮ੍ਰਿਤ ਜਲੁ ਪਲੈ ਨ ਪਾਇ ॥	انمّرِت جلُ پلے ن پاءِ ॥
ਨਦਰਿ ਕਰੇ ਜੇ ਆਪਣੀ	ندرِ کرے جے آپنی
ਤਾਂ ਸਤਿਗੁਰੁ ਮਿਲੈ ਸੁਭਾਇ ॥	تاں ستِگُر ملے سُبھاءِ ॥
ਨਾਨਕ ਸਤਿਗੁਰ ਤੇ ਅੰਮ੍ਰਿਤ ਜਲੁ ਪਾਇਆ	نانک ستِگُر تے انمّرِت جلُ پائیا
ਸਹਜੇ ਰਹਿਆ ਸਮਾਇ ॥੨॥	سہجے رہِیا سماءِ ॥2॥
ਪਉੜੀ ॥	پئُڑی ॥
ਇਕਿ ਵਣ ਖੰਡਿ ਬੈਸਹਿ ਜਾਇ	اِکِ ونْ کھنڈِ بیَسہِ جاءِ

ਸਦੁ ਨ ਦੇਵਹੀ ॥

صدُ ن دیوہی ॥

ਇਕਿ ਪਾਲਾ ਕਕਰੁ ਭੰਨਿ
ਸੀਤਲੁ ਜਲੁ ਹੇਂਵਹੀ ॥

اِکِ پالا ککرُ بھنّنِ
سیِتلُ جلُ ہینْوہی ॥

ਇਕਿ ਭਸਮ ਚੜ੍ਹਾਵਹਿ ਅੰਗਿ
ਮੈਲੁ ਨ ਧੋਵਹੀ ॥

اِکِ بھسم چڑہاوہِ انگِ
میَلُ ن دھووہی ॥

ਇਕਿ ਜਟਾ ਬਿਕਟ ਬਿਕਰਾਲ
ਕੁਲੁ ਘਰੁ ਖੋਵਹੀ ॥

اِکِ جٹا بِکٹ بِکرال
کُلُ گھرُ کھووہی ॥

ਇਕਿ ਨਗਨ ਫਿਰਹਿ ਦਿਨੁ ਰਾਤਿ
ਨੀਂਦ ਨ ਸੋਵਹੀ ॥

اِکِ نگن پھِرہِ دِنُ راتِ
نیْند ن سووہی ॥

ਇਕਿ ਅਗਨਿ ਜਲਾਵਹਿ ਅੰਗੁ
ਆਪੁ ਵਿਗੋਵਹੀ ॥

اِکِ اگنِ جلاوہِ انگُ
آپُ وِگووہی ॥

ਵਿਣੁ ਨਾਵੈ ਤਨੁ ਛਾਰੁ
ਕਿਆ ਕਹਿ ਰੋਵਹੀ ॥

وِنُّ ناوے تنُ چھارُ
کِیا کہِ رووہی ۔ ॥

ਸੋਹਨਿ ਖਸਮ ਦੁਆਰਿ
ਜਿ ਸਤਿਗੁਰੁ ਸੇਵਹੀ ॥੧੫॥

سوہنِ خصم دُیارِ
جِ ستِگُرُ سیوہی ॥ 15 ॥

ਸਲੋਕ ਮਃ ੩ ॥

سلوک م: 3 ॥

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ
ਤਾਂ ਦਰਿ ਸੁਣੀ ਪੁਕਾਰ ॥

بابیہا انمّرِت ویلے بولیا
تاں درِ سُنّی پُکار ॥

ਮੇਘੈ ਨੋ ਫੁਰਮਾਨੁ ਹੋਆ
ਵਰਸਹੁ ਕਿਰਪਾ ਧਾਰਿ ॥

میگھے نو فُرمانُ ہویا
ورسہُ کِرپا دھارِ ॥

ਹਉ ਤਿਨ ਕੈ ਬਲਿਹਾਰਣੈ
ਜਿਨੀ ਸਚੁ ਰਖਿਆ ਉਰਿ ਧਾਰਿ ॥

ہءُ تِن کے بلِہارنے
جِنی سچُ رکھیا اُرِ دھارِ ॥

ਨਾਨਕ ਨਾਮੇ ਸਭ ਹਰੀਆਵਲੀ
ਗੁਰ ਕੈ ਸਬਦਿ ਵੀਚਾਰਿ ॥੧॥

نانک نامے سبھ ہریاولی
گُر کے سبدِ ویچارِ ॥ 1 ॥

ਮਃ ੩ ॥

م: 3 ॥

ਬਾਬੀਹਾ ਇਵ ਤੇਰੀ ਤਿਖਾ ਨ ਉਤਰੈ
ਜੇ ਸਉ ਕਰਹਿ ਪੁਕਾਰ ॥

بابیہا اِو تیری تِکھا ن اُترے
جے س ءُ کرہِ پُکار ॥

ਨਦਰੀ ਸਤਿਗੁਰੁ ਪਾਈਐ
ਨਦਰੀ ਉਪਜੈ ਪਿਆਰੁ ॥

ندری ستِگُرُ پائیئے
ندری اُپجے پِیارُ ॥

ਨਾਨਕ ਸਾਹਿਬੁ ਮਨਿ ਵਸੈ
ਵਿਚਹੁ ਜਾਹਿ ਵਿਕਾਰ ॥੨॥

نانک صاحِبُ منِ وسے
وِچہُ جاہِ وِکار ॥2॥

ਪਉੜੀ ॥

پئُڑی ॥

ਇਕਿ ਜੈਨੀ ਉਝੜ ਪਾਇ
ਧੁਰਹੁ ਖੁਆਇਆ ॥

اِکِ جینَی اُجھڑ پاءِ
دھُرہُ کھُیائیا ॥

ਤਿਨ ਮੁਖਿ ਨਾਹੀ ਨਾਮੁ
ਨ ਤੀਰਥਿ ਨ੍ਾਇਆ ॥

تِن مُکھِ ناہی نامُ
ن تِیرتھِ نّہائیا ॥

ਹਥੀ ਸਿਰ ਖੋਹਾਇ
ਨ ਭਦੁ ਕਰਾਇਆ ॥

ہتھی سِر کھوہاءِ
ن بھدُ کرائیا ॥

ਕੁਚਿਲ ਰਹਹਿ ਦਿਨ ਰਾਤਿ
ਸਬਦੁ ਨ ਭਾਇਆ ॥

کُچِل رہہِ دِن راتِ
سبدُ ن بھائیا ॥

ਤਿਨ ਜਾਤਿ ਨ ਪਤਿ ਨ ਕਰਮੁ
ਜਨਮੁ ਗਵਾਇਆ ॥

تِن زاتِ ن پتِ ن کرمُ
جنمُ گوائیا ॥

ਮਨਿ ਜੂਠੈ ਵੇਜਾਤਿ
ਜੂਠਾ ਖਾਇਆ ॥

منِ جوُٹھے ویجاتِ
جوُٹھا کھائیا ॥

ਬਿਨੁ ਸਬਦੈ
ਆਚਾਰੁ ਨ ਕਿਨ ਹੀ ਪਾਇਆ ॥

بِنُ سبدے
آچارُ ن کِن ہی پائیا ॥

ਗੁਰਮੁਖਿ ਓਅੰਕਾਰਿ
ਸਚਿ ਸਮਾਇਆ ॥੧੬॥

گُرمُکھِ اوئنکارِ
سچِ سمائیا ॥ 16 ॥

ਸਲੋਕ ਮਃ ੩ ॥

سلوک م: 3 ॥

ਸਾਵਣਿ ਸਰਸੀ ਕਾਮਣੀ

ساونِ سرسی کامنّی

ਗੁਰ ਸਬਦੀ ਵੀਚਾਰਿ ॥

ਨਾਨਕ ਸਦਾ ਸੁਹਾਗਣੀ
ਗੁਰ ਕੈ ਹੇਤਿ ਅਪਾਰਿ ॥੧॥

ਮਃ ੩ ॥

ਸਾਵਣਿ ਦਝੈ ਗੁਣ ਬਾਹਰੀ
ਜਿਸੁ ਦੂਜੈ ਭਾਇ ਪਿਆਰੁ ॥

ਨਾਨਕ ਪਿਰ ਕੀ ਸਾਰ ਨ ਜਾਣਈ
ਸਭੁ ਸੀਗਾਰੁ ਖੁਆਰੁ ॥੨॥

ਪਉੜੀ ॥

ਸਚਾ ਅਲਖ ਅਭੇਉ
ਹਠਿ ਨ ਪਤੀਜਈ ॥

ਇਕਿ ਗਾਵਹਿ ਰਾਗ ਪਰੀਆ
ਰਾਗਿ ਨ ਭੀਜਈ ॥

ਇਕਿ ਨਚਿ ਨਚਿ ਪੂਰਹਿ ਤਾਲ
ਭਗਤਿ ਨ ਕੀਜਈ ॥

ਇਕਿ ਅੰਨੁ ਨ ਖਾਹਿ ਮੂਰਖ
ਤਿਨਾ ਕਿਆ ਕੀਜਈ ॥

ਤ੍ਰਿਸਨਾ ਹੋਈ ਬਹੁਤੁ
ਕਿਵੈ ਨ ਧੀਜਈ ॥

ਕਰਮ ਵਧਹਿ ਕੈ ਲੋਅ
ਖਪਿ ਮਰੀਜਈ ॥

ਲਾਹਾ ਨਾਮੁ ਸੰਸਾਰਿ
ਅੰਮ੍ਰਿਤੁ ਪੀਜਈ ॥

ਹਰਿ ਭਗਤੀ ਅਸਨੇਹਿ
ਗੁਰਮੁਖਿ ਘੀਜਈ ॥੧੭॥

گُر سبدی ویچارِ ॥

نانک سدا سُہاگنی
گُر کے ہیتِ اپارِ ॥1॥

م: 3 ॥

ساونِ دجھے گُن باہری
جِسُ دوُجے بھاءِ پِیارُ ॥

نانک پِر کی سار ن جانئی
سبھُ سِیگارُ خُیارُ ॥2॥

پئڑی ॥

سچا الکھ ابھیءُ
ہٹھِ ن پتیجئی ॥

اِکِ گاوہِ راگ پریِیا
راگِ ن بھیجئی ॥

اِکِ نچِ نچِ پوُرہِ تال
بھگتِ ن کیجئی ॥

اِکِ انّن ن کھاہِ موُرکھ
تِنا کِیا کیجئی ۔ ॥

ت٘رِسنا ہوئی بہُت
کِوے ن دھیجئی ॥

کرم ودھہِ کے لوء
کھپِ مریجئی ॥

لاہا نامُ سنّسارِ
انّمرِتُ پیجئی ॥

ہرِ بھگتی اسنیہِ
گُرمُکھِ گھیجئی ॥ 17 ॥

ਸਲੋਕ ਮਃ ੩ ॥	سلوک م: 3 ॥
ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ ॥	گُرمُکھِ ملار راگُ جو کرہِ تِن منُ تنُ سِیتلُ ہوءِ ॥
ਗੁਰ ਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ ॥	گُر سبدی ایکُ پچھاٹیا ایکو سچا سوءِ ॥
ਮਨੁ ਤਨੁ ਸਚਾ ਸਚੁ ਮਨਿ ਸਚੇ ਸਚੀ ਸੋਇ ॥	منُ تنُ سچا سچُ منِ سچے سچی سوءِ ॥
ਅੰਦਰਿ ਸਚੀ ਭਗਤਿ ਹੈ ਸਹਜੇ ਹੀ ਪਤਿ ਹੋਇ ॥	اندرِ سچی بھگتِ ہے سہجے ہی پتِ ہوءِ ॥
ਕਲਿਜੁਗ ਮਹਿ ਘੋਰ ਅੰਧਾਰੁ ਹੈ ਮਨਮੁਖ ਰਾਹੁ ਨ ਕੋਇ ॥	کلِجُگ مہِ گھور اندھارُ ہے منمُکھ راہُ ن کوءِ ॥
ਸੇ ਵਡਭਾਗੀ ਨਾਨਕਾ ਜਿਨ ਗੁਰਮੁਖਿ ਪਰਗਟੁ ਹੋਇ ॥੧॥	سے وڈبھاگی نانکا جِن گُرمُکھِ پرگٹُ ہوءِ ॥1॥
ਮਃ ੩ ॥	م: 3 ॥
ਇੰਦੁ ਵਰਸੈ ਕਰਿ ਦਇਆ ਲੋਕਾਂ ਮਨਿ ਉਪਜੈ ਚਾਉ ॥	اِندُ ورسے کرِ دئیا لوکاں منِ اُپجے چاءُ ॥
ਜਿਸ ਕੈ ਹੁਕਮਿ ਇੰਦੁ ਵਰਸਦਾ ਤਿਸ ਕੈ ਸਦ ਬਲਿਹਾਰੈ ਜਾਉ ॥	جِس کے حُکمِ اِندُ ورسدا تِس کے سد بلِہارے جاءُ ॥
ਗੁਰਮੁਖਿ ਸਬਦੁ ਸਮ੍ਹਾਲੀਐ ਸਚੇ ਕੇ ਗੁਣ ਗਾਉ ॥	گُرمُکھِ سبدُ سمہالیئے سچے کے گُن گاءُ ॥
ਨਾਨਕ ਨਾਮਿ ਰਤੇ ਜਨ ਨਿਰਮਲੇ ਸਹਜੇ ਸਚਿ ਸਮਾਉ ॥੨॥	نانک نامِ رتے جن نِرملے سہجے سچِ سماءُ ॥2॥
ਪਉੜੀ ॥	پئُڑی ॥
ਪੂਰਾ ਸਤਿਗੁਰੁ ਸੇਵਿ ਪੂਰਾ ਪਾਇਆ ॥	پُورا ستِگُر سیوِ پُورا پائیا ॥

ਪੂਰੈ ਕਰਮਿ ਧਿਆਇ
ਪੂਰਾ ਸਬਦੁ ਮੰਨਿ ਵਸਾਇਆ ॥

پوُرے کرمِ دھیاءِ
پوُرا سبدُ منّنِ وسائیا ॥

ਪੂਰੈ ਗਿਆਨਿ ਧਿਆਨਿ
ਮੈਲੁ ਚੁਕਾਇਆ ॥

پوُرے گیانِ دھیانِ
میَلُ چُکائیا ॥

ਹਰਿ ਸਰਿ ਤੀਰਥਿ ਜਾਣਿ
ਮਨੂਆ ਨਾਇਆ ॥

ہرِ سرِ تیرتھِ جاڻِ
منوُیا نائیا ॥

ਸਬਦਿ ਮਰੈ ਮਨੁ ਮਾਰਿ
ਧੰਨੁ ਜਣੇਦੀ ਮਾਇਆ ॥

سبدِ مرے منُ مارِ
دھنّنُ جڻیدی مائیا ॥

ਦਰਿ ਸਚੈ ਸਚਿਆਰੁ
ਸਚਾ ਆਇਆ ॥

درِ سچے سچیارُ
سچا آئیا ॥

ਪੁਛਿ ਨ ਸਕੈ ਕੋਇ
ਜਾਂ ਖਸਮੈ ਭਾਇਆ ॥

پُچھِ ن سکے کوءِ
جاں خصمے بھائیا ॥

ਨਾਨਕ ਸਚੁ ਸਲਾਹਿ
ਲਿਖਿਆ ਪਾਇਆ ॥੧੮॥

نانک سچُ سلاحِ
لِکھیا پائیا ॥ 18 ॥

ਸਲੋਕ ਮਃ ੧ ॥

سلوک م: 1 ॥

ਕੁਲਹਾਂ ਦੇਂਦੇ ਬਾਵਲੇ
ਲੈਂਦੇ ਵਡੇ ਨਿਲਜ ॥

کُلہاں دیندے باولے
لیندے وڈے نِلج ॥

ਚੂਹਾ ਖਡ ਨ ਮਾਵਈ
ਤਿਕਲਿ ਬੰਨ੍ਹੈ ਛਜ ॥

چوُہا کھڈ ن ماوئی
تِکلِ بنّہے چھج ॥

ਦੇਨਿ੍ ਦੁਆਈ ਸੇ ਮਰਹਿ
ਜਿਨ ਕਉ ਦੇਨਿ ਸਿ ਜਾਹਿ ॥

دینّہِ دُیائی سے مرہِ
جِن کءُ دینِ سِ جاہِ ॥

ਨਾਨਕ ਹੁਕਮੁ ਨ ਜਾਪਈ
ਕਿਥੈ ਜਾਇ ਸਮਾਹਿ ॥

نانک حُکمُ ن جاپئی
کِتھے جاءِ سماہِ ॥

ਫਸਲਿ ਅਹਾੜੀ ਏਕੁ ਨਾਮੁ
ਸਾਵਣੀ ਸਚੁ ਨਾਉ ॥

فصلِ اہاڑی ایکُ نامُ
ساونٹی سچُ ناءُ ॥

ਮੈ ਮਹਦੂਦੁ ਲਿਖਾਇਆ
ਖਸਮੈ ਕੈ ਦਰਿ ਜਾਇ ॥

ਦੁਨੀਆ ਕੇ ਦਰ ਕੇਤੜੇ
ਕੇਤੇ ਆਵਹਿ ਜਾਂਹਿ ॥

ਕੇਤੇ ਮੰਗਹਿ ਮੰਗਤੇ
ਕੇਤੇ ਮੰਗਿ ਮੰਗਿ ਜਾਹਿ ॥੧॥

ਮਃ ੧ ॥

ਸਉ ਮਣੁ ਹਸਤੀ ਘਿਉ ਗੁੜੁ ਖਾਵੈ
ਪੰਜਿ ਸੈ ਦਾਣਾ ਖਾਇ ॥

ਡਕੈ ਫੂਕੈ ਖੇਹ ਉਡਾਵੈ
ਸਾਹਿ ਗਇਐ ਪਛੁਤਾਇ ॥

ਅੰਧੀ ਫੂਕਿ ਮੁਈ ਦੇਵਾਨੀ ॥

ਖਸਮਿ ਮਿਟੀ ਫਿਰਿ ਭਾਨੀ ॥

ਅਧੁ ਗੁਲ੍ਹਾ ਚਿੜੀ ਕਾ ਚੁਗਣੁ
ਗੈਣਿ ਚੜੀ ਬਿਲਲਾਇ ॥

ਖਸਮੈ ਭਾਵੈ ਓਹਾ ਚੰਗੀ
ਜਿ ਕਰੇ ਖੁਦਾਇ ਖੁਦਾਇ ॥

ਸਕਤਾ ਸੀਹੁ ਮਾਰੇ ਸੈ ਮਿਰਿਆ
ਸਭ ਪਿਛੈ ਪੈ ਖਾਇ ॥

ਹੋਇ ਸਤਾਣਾ ਘੁਰੈ ਨ ਮਾਵੈ
ਸਾਹਿ ਗਇਐ ਪਛੁਤਾਇ ॥

ਅੰਧਾ ਕਿਸ ਨੋ ਬੁਕਿ ਸੁਣਾਵੈ ॥

ਖਸਮੈ ਮੂਲਿ ਨ ਭਾਵੈ ॥

ਅਕ ਸਿਉ ਪ੍ਰੀਤਿ ਕਰੇ ਅਕ ਤਿਡਾ
ਅਕ ਡਾਲੀ ਬਹਿ ਖਾਇ ॥

مے محدُودُ لِکھائیا
خصمے کے درِ جاءِ ॥

دُنیا کے در کیتڑے
کیتے آوہِ جانہِ ॥

کیتے منگہِ منگتے
کیتے منگِ منگِ جاہِ ॥1॥

م: 1 ॥

س ءُ منُ ہستی گھِ ءُ گُڑُ کھاوے
پنجِ سے داٹا کھاءِ ॥

ڈکے پھوُکے کھیہ اُڈاوے
ساہِ گئے پچھُتاءِ ॥

اندھی پھوُکِ مُئی دیوانی ॥

خصمِ مِٹی پھِرِ بھانی ॥

ادھُ گُلّہا چِڑی کا چُگنُ
گیَنُ چڑی بِللاءِ ॥

خصے بھاوے اوہا چنگی
جِ کرے خُداءِ خُداءِ ॥

سکتا سیہُ مارے سے مِریا
سبھ پچھے پے کھاءِ ॥

ہوءِ ستاٹا گھُرے ن ماوے
ساہِ گئے پچھُتاءِ ॥

اندھا کِس نو بُکِ سُٹاوے ۔ ॥

خصے موُلِ ن بھاوے ॥

اک سِ ءُ پریت کرے اک تِڑا
اک ڈالی بہِ کھاءِ ॥

ਖਸਮੈ ਭਾਵੈ ਓਹੋ ਚੰਗਾ
ਜਿ ਕਰੇ ਖੁਦਾਇ ਖੁਦਾਇ ॥

خصمے بھاوے اوہو چنگا
جِ کرے خُداءِ خُداءِ ॥

ਨਾਨਕ ਦੁਨੀਆ ਚਾਰਿ ਦਿਹਾੜੇ
ਸੁਖਿ ਕੀਤੈ ਦੁਖੁ ਹੋਈ ॥

نانک دُنیا چارِ دِہاڑے
سُکھِ کیتے دُکھُ ہوئی ॥

ਗਲਾ ਵਾਲੇ ਹੈਨਿ ਘਣੇਰੇ
ਛਡਿ ਨ ਸਕੈ ਕੋਈ ॥

گلا والے ہینِ گھنیرے
چھڈِ ن سکے کوئی ॥

ਮਖੀ ਮਿਠੈ ਮਰਣਾ ॥

مکھیِں مِٹھے مرنا ॥

ਜਿਨ ਤੂ ਰਖਹਿ ਤਿਨ ਨੇੜਿ ਨ ਆਵੈ
ਤਿਨ ਭਉ ਸਾਗਰੁ ਤਰਣਾ ॥੨॥

جِن تُو رکھِ تِن نیڑِ ن آوے
تِن بھءُ ساگرُ ترنا ॥2॥

ਪਉੜੀ ॥

پئُڑی ॥

ਅਗਮ ਅਗੋਚਰੁ ਤੂ ਧਣੀ
ਸਚਾ ਅਲਖ ਅਪਾਰੁ ॥

اگم اگوچرُ تُو دھنی
سچا الکھ اپارُ ॥

ਤੂ ਦਾਤਾ ਸਭਿ ਮੰਗਤੇ
ਇਕੋ ਦੇਵਣਹਾਰੁ ॥

تُو داتا سبھِ منگتے
اِکو دیوٹہارُ ॥

ਜਿਨੀ ਸੇਵਿਆ ਤਿਨੀ ਸੁਖੁ ਪਾਇਆ
ਗੁਰਮਤੀ ਵੀਚਾਰੁ ॥

جِنی سیویا تِنی سُکھُ پائیا
گُرمتی ویچارُ ॥

ਇਕਨਾ ਨੋ ਤੁਧੁ ਏਵੈ ਭਾਵਦਾ
ਮਾਇਆ ਨਾਲਿ ਪਿਆਰੁ ॥

اِکنا نو تُدھُ ایوے بھاودا
مائیا نالِ پیارُ ॥

ਗੁਰ ਕੈ ਸਬਦਿ ਸਲਾਹੀਐ
ਅੰਤਰਿ ਪ੍ਰੇਮ ਪਿਆਰੁ ॥

گُر کے سبدِ سلاحیئے
انترِ پریم پیارُ ॥

ਵਿਣੁ ਪ੍ਰੀਤੀ ਭਗਤਿ ਨ ਹੋਵਈ
ਵਿਣੁ ਸਤਿਗੁਰ ਨ ਲਗੈ ਪਿਆਰੁ ॥

وِنُ پریتی بھگتِ ن ہووئی
وِنُ ستِگُر ن لگے پیارُ ॥

ਤੂ ਪ੍ਰਭੁ ਸਭਿ ਤੁਧੁ ਸੇਵਦੇ
ਇਕ ਢਾਢੀ ਕਰੇ ਪੁਕਾਰ ॥

تُو پربھُ سبھِ تُدھُ سیودے
اِک ڈھاڈھی کرے پُکار ॥

ਦੇਹਿ ਦਾਨੁ ਸੰਤੋਖੀਆ

دیہِ دانُ سنتوکھیا

ਸਚਾ ਨਾਮੁ ਮਿਲੈ ਆਧਾਰੁ ॥੧੯॥	سچا نامُ مِلےَ آدھارُ ॥ 19 ॥
ਸਲੋਕ ਮਃ ੧ ॥	سلوک م: 1 ॥
ਰਾਤੀ ਕਾਲੁ ਘਟੈ ਦਿਨਿ ਕਾਲੁ ॥	راتی کالُ گھٹےَ دِنِ کالُ ॥
ਛਿਜੈ ਕਾਇਆ ਹੋਇ ਪਰਾਲੁ ॥	چھِجےَ کائیا ہوءِ پرالُ ॥
ਵਰਤਣਿ ਵਰਤਿਆ ਸਰਬ ਜੰਜਾਲੁ ॥	ورتنِ ورتیا سرب زنجّالُ ॥
ਭੁਲਿਆ ਚੁਕਿ ਗਇਆ ਤਪ ਤਾਲੁ ॥	بھُلیا چُکِ گئیا تپ تالُ ॥
ਅੰਧਾ ਝਖਿ ਝਖਿ ਪਇਆ ਝੇਰਿ ॥	انّدھا جھکھِ جھکھِ پئیا جھیرِ ॥
ਪਿਛੈ ਰੋਵਹਿ ਲਿਆਵਹਿ ਫੇਰਿ ॥	پچھےَ روہِ لیاوہِ پھیرِ ॥
ਬਿਨੁ ਬੂਝੇ ਕਿਛੁ ਸੂਝੈ ਨਾਹੀ ॥	بِنُ بوُجھے کِچھُ سوُجھےَ ناہی ॥
ਮੋਇਆ ਰੋਂਹਿ ਰੋਂਦੇ ਮਰਿ ਜਾਂਹੀ ॥	موئیا روہِ روندے مرِ جانہیں ॥
ਨਾਨਕ ਖਸਮੈ ਏਵੈ ਭਾਵੈ ॥	نانک خصمےَ ایوےَ بھاوےَ ॥
ਸੇਈ ਮੁਏ ਜਿਨਿ ਚਿਤਿ ਨ ਆਵੈ ॥੧॥	سیئی مُےَ جِنِ چِتِ ن آوےَ ॥1॥
ਮਃ ੧ ॥	م: 1 ॥
ਮੁਆ ਪਿਆਰੁ ਪ੍ਰੀਤਿ ਮੁਈ ਮੂਆ ਵੈਰੁ ਵਾਦੀ ॥	مُیا پیارُ پریتِ مُئی موُیا ویرُ وادی ॥
ਵੰਨੁ ਗਇਆ ਰੂਪੁ ਵਿਣਸਿਆ ਦੁਖੀ ਦੇਹ ਰੁਲੀ ॥	ونّنُ گئیا روُپُ وِنّسیا دُکھی دیہ رُلی ॥
ਕਿਥਹੁ ਆਇਆ ਕਹ ਗਇਆ ਕਿਹੁ ਨ ਸੀਓ ਕਿਹੁ ਸੀ ॥	کِتھہُ آئیا کہ گئیا کِہُ ن سیئو کِہُ سی ۔ ॥
ਮਨਿ ਮੁਖਿ ਗਲਾ ਗੋਈਆ ਕੀਤਾ ਚਾਉ ਰਲੀ ॥	منِ مُکھِ گلا گوئیا کِیتا چاءُ رلی ॥
ਨਾਨਕ ਸਚੇ ਨਾਮ ਬਿਨੁ ਸਿਰ ਖੁਰ ਪਤਿ ਪਾਟੀ ॥੨॥	نانک سچے نام بِنُ سِر کھُر پتِ پاٹی ॥2॥

ਪਉੜੀ ॥

ਅੰਮ੍ਰਿਤ ਨਾਮੁ ਸਦਾ ਸੁਖਦਾਤਾ
ਅੰਤੇ ਹੋਇ ਸਖਾਈ ॥

ਬਾਝੁ ਗੁਰੂ ਜਗਤੁ ਬਉਰਾਨਾ
ਨਾਵੈ ਸਾਰ ਨ ਪਾਈ ॥

ਸਤਿਗੁਰੁ ਸੇਵਹਿ ਸੇ ਪਰਵਾਣੁ
ਜਿਨ੍ ਜੋਤੀ ਜੋਤਿ ਮਿਲਾਈ ॥

ਸੋ ਸਾਹਿਬੁ ਸੋ ਸੇਵਕੁ ਤੇਹਾ
ਜਿਸੁ ਭਾਣਾ ਮੰਨਿ ਵਸਾਈ ॥

ਆਪਣੈ ਭਾਣੈ ਕਹੁ ਕਿਨਿ ਸੁਖੁ ਪਾਇਆ
ਅੰਧਾ ਅੰਧੁ ਕਮਾਈ ॥

ਬਿਖਿਆ ਕਦੇ ਹੀ ਰਜੈ ਨਾਹੀ
ਮੂਰਖ ਭੁਖ ਨ ਜਾਈ ॥

ਦੂਜੈ ਸਭੁ ਕੋ ਲਗਿ ਵਿਗੁਤਾ
ਬਿਨੁ ਸਤਿਗੁਰ ਬੂਝ ਨ ਪਾਈ ॥

ਸਤਿਗੁਰੁ ਸੇਵੇ ਸੋ ਸੁਖੁ ਪਾਏ
ਜਿਸ ਨੋ ਕਿਰਪਾ ਕਰੇ ਰਜਾਈ ॥੨੦॥

ਸਲੋਕ ਮਃ ੧ ॥

ਸਰਮੁ ਧਰਮੁ ਦੁਇ ਨਾਨਕਾ
ਜੇ ਧਨੁ ਪਲੈ ਪਾਇ ॥

ਸੋ ਧਨੁ ਮਿਤ੍ਰੂ ਨ ਕਾਂਢੀਐ
ਜਿਤੁ ਸਿਰਿ ਚੋਟਾਂ ਖਾਇ ॥

ਜਿਨ ਕੈ ਪਲੈ ਧਨੁ ਵਸੈ
ਤਿਨ ਕਾ ਨਾਉ ਫਕੀਰ ॥

ਜਿਨ੍ ਕੈ ਹਿਰਦੈ ਤੂ ਵਸਹਿ

پؤڑی ॥

انمّرِت نامُ سدا سُکھداتا
انّتے ہوءِ سکھائی ॥

باجھُ گُرو جگتُ بؤرانا
ناوے سار ن پائی ॥

ستِگُر سیوہِ سے پروانُ
جِنّہ جوتی جوتِ مِلائی ॥

سو صاحِبُ سو سیوکُ تیہا
جِسُ بھاٹا منّنِ وسائی ॥

آپنّے بھانّے کہُ کِنِ سُکھُ پائیا
اندھا اندھُ کمائی ॥

بِکھیا کدے ہی رجےَ ناہی
مُورکھ بھکھ ن جائی ॥

دُوجےَ سبھُ کو لگِ وِگُتا
بِنُ ستِگُر بُوجھ ن پائی ॥

ستِگُر سیوے سو سُکھُ پائے
جِس نو کِرپا کرے رضائی ॥ 20 ॥

سلوک م: 1 ॥

سرمُ دھرمُ دُءِ نانکا
جے دھنُ پلےَ پاءِ ॥

سو دھنُ مِتّرُ ن کانڈھیےَ
جِتُ سِرِ چوٹاں کھاءِ ॥

جِن کے پلےَ دھنُ وسے
تِن کا ناءُ فقِیر ॥

جِنّہ کے ہِردے توُ وسہِ

ਤੇ ਨਰ ਗੁਣੀ ਗਹੀਰ ॥੧॥

تے نر گُنّی گہیر ॥1॥

ਮਃ ੧ ॥

م: 1 ॥

ਦੁਖੀ ਦੁਨੀ ਸਹੇੜੀਐ
ਜਾਇ ਤ ਲਗਹਿ ਦੁਖ ॥

دُکھی دُنی سہیڑیےَ
جاءِ ت لگہِ دُکھ ॥

ਨਾਨਕ ਸਚੇ ਨਾਮ ਬਿਨੁ
ਕਿਸੈ ਨ ਲਥੀ ਭੁਖ ॥

نانک سچے نام بِنُ
کِسےَ ن لتھی بھُکھ ॥

ਰੂਪੀ ਭੁਖ ਨ ਉਤਰੈ
ਜਾਂ ਦੇਖਾਂ ਤਾਂ ਭੁਖ ॥

روُپی بھُکھ ن اُترے
جاں دیکھاں تاں بھُکھ ॥

ਜੇਤੇ ਰਸ ਸਰੀਰ ਕੇ
ਤੇਤੇ ਲਗਹਿ ਦੁਖ ॥੨॥

جیتے رس سریر کے
تیتے لگہِ دُکھ ॥2॥

ਮਃ ੧ ॥

م: 1 ॥

ਅੰਧੀ ਕੰਮੀ ਅੰਧੁ ਮਨੁ
ਮਨਿ ਅੰਧੈ ਤਨੁ ਅੰਧੁ ॥

انّدھی کنّمی انّدھُ منُ
منِ انّدھےَ تنُ انّدھُ ॥

ਚਿਕੜਿ ਲਾਇਐ ਕਿਆ ਥੀਐ
ਜਾਂ ਤੁਟੈ ਪਥਰ ਬੰਧੁ ॥

چِکڑِ لائےَ کِیا تھیےَ
جاں ٹُٹے پتھر بنّدھُ ॥

ਬੰਧੁ ਤੁਟਾ ਬੇੜੀ ਨਹੀ
ਨਾ ਤੁਲਹਾ ਨਾ ਹਾਥ ॥

بنّدھُ ٹُٹا بیڑی نہی
نا ٹُلہا نا ہاتھ ॥

ਨਾਨਕ ਸਚੇ ਨਾਮ ਵਿਣੁ
ਕੇਤੇ ਡੁਬੇ ਸਾਥ ॥੩॥

نانک سچے نام وِنُ
کیتے ڈُبے ساتھ ॥3॥

ਮਃ ੧ ॥

م: 1 ॥

ਲਖ ਮਣ ਸੁਇਨਾ ਲਖ ਮਣ ਰੁਪਾ
ਲਖ ਸਾਹਾ ਸਿਰਿ ਸਾਹ ॥

لکھ منّ سُنّا لکھ منّ رُپا
لکھ ساہا سِرِ ساہ ॥

ਲਖ ਲਸਕਰ ਲਖ ਵਾਜੇ ਨੇਜੇ
ਲਖੀ ਘੋੜੀ ਪਾਤਿਸਾਹ ॥

لکھ لشکر لکھ واجے نیجے
لکھی گھوڑی پاتِشاہ ॥

ਜਿਥੈ ਸਾਇਰੁ ਲੰਘਣਾ

جِتھےَ سائرُ لنگھنّا

ਅਗਨਿ ਪਾਣੀ ਅਸਗਾਹ ॥
اگنِ پانی اسگاہ ॥

ਕੰਧੀ ਦਿਸਿ ਨ ਆਵਈ
ਧਾਹੀ ਪਵੈ ਕਹਾਹ ॥
کندھی دِس ن آوئی
دھاہی پوے کہاہ ॥

ਨਾਨਕ ਓਥੈ ਜਾਣੀਅਹਿ
ਸਾਹ ਕੇਈ ਪਾਤਿਸਾਹ ॥੪॥
نانک اوتھے جانِیَہِ
ساہ کیئی پاتِشاہ ॥4॥

ਪਉੜੀ ॥
پؤڑی ॥

ਇਕਨਾ ਗਲੀਂ ਜੰਜੀਰ
ਬੰਦਿ ਰਬਾਣੀਐ ॥
اِکنا گلیں زنجِیر
بندِ ربانِیَے ॥

ਬਧੇ ਛੁਟਹਿ ਸਚਿ
ਸਚੁ ਪਛਾਣੀਐ ॥
بدھے چھُٹہِ سچِ
سچُ پچھانِیَے ॥

ਲਿਖਿਆ ਪਲੈ ਪਾਇ
ਸੋ ਸਚੁ ਜਾਣੀਐ ॥
لِکھیا پلے پاءِ
سو سچُ جانِیَے ॥

ਹੁਕਮੀ ਹੋਇ ਨਿਬੇੜੁ
ਗਇਆ ਜਾਣੀਐ ॥
حُکمی ہوءِ نِبیڑُ
گئیا جانِیَے ॥

ਭਉਜਲ ਤਾਰਣਹਾਰੁ
ਸਬਦਿ ਪਛਾਣੀਐ ॥
بھئجل تارنہارُ
سبدِ پچھانِیَے ॥

ਚੋਰ ਜਾਰ ਜੁਆਰ
ਪੀੜੇ ਘਾਣੀਐ ॥
چور جار جوُیار
پیڑے گھانِیَے ॥

ਨਿੰਦਕ ਲਾਇਤਬਾਰ
ਮਿਲੇ ਹੜ੍ਵਾਣੀਐ ॥
نِندک لائِتبار
مِلے ہڑہوانِیَے ॥

ਗੁਰਮੁਖਿ ਸਚਿ ਸਮਾਇ
ਸੁ ਦਰਗਹ ਜਾਣੀਐ ॥੨੧॥
گُرمُکھِ سچِ سماءِ
سُ درگہ جانِیَے ॥ 21 ॥

ਸਲੋਕ ਮਃ ੨ ॥
سلوک م: 2 ॥

ਨਾਉ ਫਕੀਰੈ ਪਾਤਿਸਾਹੁ
ਮੂਰਖ ਪੰਡਿਤੁ ਨਾਉ ॥
ناءُ فقیرے پاتِشاہُ
موُرکھ پنڈِتُ ناءُ ॥

ਅੰਧੇ ਕਾ ਨਾਉ ਪਾਰਖੂ
ਏਵੈ ਕਰੇ ਗੁਆਉ ॥

انّدھے کا ناءُ پارکھُو
ایوے کرے گُیاءُ ॥

ਇਲਤਿ ਕਾ ਨਾਉ ਚਉਧਰੀ
ਕੂੜੀ ਪੂਰੇ ਥਾਉ ॥

اِلتِ کا ناءُ چئدھری
کوڑی پوُرے تھاءُ ॥

ਨਾਨਕ ਗੁਰਮੁਖਿ ਜਾਣੀਐ
ਕਲਿ ਕਾ ਏਹੁ ਨਿਆਉ ॥੧॥

نانک گُرمُکھِ جانئیے
کلِ کا ایہُ نِیاءُ ॥1॥

ਮਃ ੧ ॥

م: 1 ॥

ਹਰਣਾਂ ਬਾਜਾਂ ਤੈ ਸਿਕਦਾਰਾਂ
ਏਨ੍ਹਾ ਪੜਿਆ ਨਾਉ ॥

ہرناں باجاں تے سِکداراں
اینّہا پڑِہیا ناءُ ॥

ਫਾਂਧੀ ਲਗੀ ਜਾਤਿ ਫਹਾਇਨਿ
ਅਗੈ ਨਾਹੀ ਥਾਉ ॥

پھانْدھی لگی جاتِ پھہائِنِ
اگے ناہی تھاءُ ॥

ਸੋ ਪੜਿਆ ਸੋ ਪੰਡਿਤੁ ਬੀਨਾ
ਜਿਨ੍ਹੀ ਕਮਾਣਾ ਨਾਉ ॥

سو پڑِیا سو پنّڈِتُ بِینا
جِنّہی کماٹا ناءُ ॥

ਪਹਿਲੋ ਦੇ ਜੜ ਅੰਦਰਿ ਜੰਮੈ
ਤਾ ਉਪਰਿ ਹੋਵੈ ਛਾਂਉ ॥

پہِلو دے جڑ انّدرِ جنّمَے
تا اُپرِ ہووے چھانْءُ ॥

ਰਾਜੇ ਸੀਹ ਮੁਕਦਮ ਕੁਤੇ ॥

راجے سیہ مُقدم کُتے ॥

ਜਾਇ ਜਗਾਇਨਿ੍ ਬੈਠੇ ਸੁਤੇ ॥

جاءِ جگائنّہِ بیٹھے سُتے ॥

ਚਾਕਰ ਨਹਦਾ ਪਾਇਨਿ੍ ਘਾਉ ॥

چاکر نہدا پائنّہِ گھاءُ ॥

ਰਤੁ ਪਿਤੁ ਕੁਤਿਹੋ ਚਟਿ ਜਾਹੁ ॥

رتُ پِتُ کُتہو چٹِ جاہُ ॥

ਜਿਥੈ ਜੀਆ ਹੋਸੀ ਸਾਰ ॥

جِتھےَ جِیا ہوسی سار ॥

ਨਕੀਂ ਵਢੀਂ ਲਾਇਤਬਾਰ ॥੨॥

نکیں وڈھیں لائتِبار ॥2॥

ਪਉੜੀ ॥

پئُڑی ॥

ਆਪਿ ਉਪਾਏ ਮੇਦਨੀ
ਆਪੇ ਕਰਦਾ ਸਾਰ ॥

آپِ اُپائے میدنی
آپے کردا سار ॥

ਭੈ ਬਿਨੁ ਭਰਮੁ ਨ ਕਟੀਐ
ਨਾਮਿ ਨ ਲਗੈ ਪਿਆਰੁ ॥

ਸਤਿਗੁਰ ਤੇ ਭਉ ਊਪਜੈ
ਪਾਈਐ ਮੋਖ ਦੁਆਰ ॥

ਭੈ ਤੇ ਸਹਜੁ ਪਾਈਐ
ਮਿਲਿ ਜੋਤੀ ਜੋਤਿ ਅਪਾਰ ॥

ਭੈ ਤੇ ਭੈਜਲੁ ਲੰਘੀਐ
ਗੁਰਮਤੀ ਵੀਚਾਰੁ ॥

ਭੈ ਤੇ ਨਿਰਭਉ ਪਾਈਐ
ਜਿਸ ਦਾ ਅੰਤੁ ਨ ਪਾਰਾਵਾਰੁ ॥

ਮਨਮੁਖ ਭੈ ਕੀ ਸਾਰ ਨ ਜਾਣਨੀ
ਤ੍ਰਿਸਨਾ ਜਲਤੇ ਕਰਹਿ ਪੁਕਾਰ ॥

ਨਾਨਕ ਨਾਵੈ ਹੀ ਤੇ ਸੁਖੁ ਪਾਇਆ
ਗੁਰਮਤੀ ਉਰਿ ਧਾਰ ॥੨੨॥

ਸਲੋਕ ਮਃ ੧ ॥

ਰੂਪੈ ਕਾਮੈ ਦੋਸਤੀ
ਭੁਖੈ ਸਾਦੈ ਗੰਢੁ ॥

ਲਬੈ ਮਾਲੈ ਘੁਲਿ ਮਿਲਿ ਮਿਚਲਿ
ਊਂਘੈ ਸਉੜਿ ਪਲੰਘੁ ॥

ਭੰਉਕੈ ਕੋਪੁ ਖੁਆਰੁ ਹੋਇ
ਫਕੜੁ ਪਿਟੇ ਅੰਧੁ ॥

ਚੁਪੈ ਚੰਗਾ ਨਾਨਕਾ
ਵਿਣੁ ਨਾਵੈ ਮੁਹਿ ਗੰਧੁ ॥੧॥

ਮਃ ੧ ॥

ਰਾਜੁ ਮਾਲੁ ਰੂਪੁ ਜਾਤਿ

بھے بِنُ بھرمُ ن کٹیئے
نامِ ن لگے پیارُ ॥

ستِگُر تے بھءُ اُپجے
پائیئے موکھ دُیار ॥

بھے تے سہجُ پائیئے
مِلِ جوتی جوتِ اپار ॥

بھے تے بھیجلُ لنگھیئے
گُرمتی ویچارُ ॥

بھے تے نِربھءُ پائیئے
جِس دا انّتُ ن پاراوارُ ॥

منمُکھ بھے کی سار ن جانئی
تّرِسنا جلتے کرہِ پُکار ॥

نانک ناوے ہی تے سُکھُ پائیا
گُرمتی اُرِ دھار ॥ 22 ॥

سلوک م: 1 ॥

روُپے کامے دوستی
بھُکھے سادے گنڈھُ ॥

لبے مالے گھُلِ مِلِ مچلِ
اوُنگھے سئُرِ پلنگھُ ॥

بھنّگے کوپُ خُیارُ ہوءِ
پھکڑُ پٹے انّدھُ ॥

چُپے چنگا نانکا
وِنُ ناوے مُہِ گندھُ ॥ 1 ॥

م: 1 ॥

راجُ مالُ روُپُ زاتِ

ਜੋਬਨੁ ਪੰਜੇ ਠਗ ॥

جوبنُ پنجے ٹھگ ॥

ਏਨੀ ਠਗੀਂ ਜਗੁ ਠਗਿਆ
ਕਿਨੈ ਨ ਰਖੀ ਲਜ ॥

اینی ٹھگیں جگُ ٹھگِیا
کِنے ن رکھی لج ॥

ਏਨਾ ਠਗਨ੍ਿ ਠਗ ਸੇ
ਜਿ ਗੁਰ ਕੀ ਪੈਰੀ ਪਾਹਿ ॥

اینا ٹھگنّہِ ٹھگ سے
جِ گُر کی پیَری پاہِ ॥

ਨਾਨਕ ਕਰਮਾ ਬਾਹਰੇ
ਹੋਰਿ ਕੇਤੇ ਮੁਠੇ ਜਾਹਿ ॥੨॥

نانک کرما باہرے
ہورِ کیتے مُٹھے جاہِ ॥2॥

ਪਉੜੀ ॥

پئُڑی ॥

ਪੜਿਆ ਲੇਖੇਦਾਰੁ
ਲੇਖਾ ਮੰਗੀਐ ॥

پڑِیا لیکھیدارُ
لیکھا منگیَّے ॥

ਵਿਣੁ ਨਾਵੈ ਕੂੜਿਆਰੁ
ਅਉਖਾ ਤੰਗੀਐ ॥

وِنُ ناوے کوُڑِیارُ
اَئکھا تنگیَّے ॥

ਅਉਘਟ ਰੁਧੇ ਰਾਹ
ਗਲੀਆ ਰੋਕੀਆ ॥

انگھٹ رُدھے راہ
گلِیا روکِیا ॥

ਸਚਾ ਵੇਪਰਵਾਹੁ
ਸਬਦਿ ਸੰਤੋਖੀਆ ॥

سچا ویپرواہُ
سبدِ سنتوکھِیا ॥

ਗਹਿਰ ਗਭੀਰ ਅਥਾਹੁ
ਹਾਥ ਨ ਲਭਈ ॥

گہِر گبھیِر اتھاہُ
ہاتھ ن لبھئی ॥

ਮੁਹੇ ਮੁਹਿ ਚੋਟਾ ਖਾਹੁ
ਵਿਣੁ ਗੁਰ ਕੋਇ ਨ ਛੁਟਸੀ ॥

مُہے مُہِ چوٹا کھاہُ
وِنُ گُر کوءِ ن چھُٹسی ॥

ਪਤਿ ਸੇਤੀ ਘਰਿ ਜਾਹੁ
ਨਾਮੁ ਵਖਾਣੀਐ ॥

پتِ سیتی گھرِ جاہُ
نامُ وکھاٹیَّے ॥

ਹੁਕਮੀ ਸਾਹ ਗਿਰਾਹ
ਦੇਂਦਾ ਜਾਣੀਐ ॥੨੩॥

حُکمی ساہ گِراہ
دیندا جانیَّے ॥ 23 ॥

ਸਲੋਕ ਮਃ ੧ ॥

سلوک م: 1 ॥

ਪਉਣੈ ਪਾਣੀ ਅਗਨਿ ਜੀਉ
ਤਿਨ ਕਿਆ ਖੁਸੀਆ ਕਿਆ ਪੀੜ ॥

پُنّے پانی اگنِ جیءُ
تِن کیا کھُسیا کیا پیڑ ॥

ਧਰਤੀ ਪਾਤਾਲੀ ਆਕਾਸੀ
ਇਕਿ ਦਰਿ ਰਹਨਿ ਵਜੀਰ ॥

دھرتی پاتالی آکاسی
اِکِ درِ رہنِ وزیر ॥

ਇਕਨਾ ਵਡੀ ਆਰਜਾ
ਇਕਿ ਮਰਿ ਹੋਹਿ ਜਹੀਰ ॥

اِکنا وڈی آرجا
اِکِ مرِ ہوہِ زحیر ॥

ਇਕਿ ਦੇ ਖਾਹਿ ਨਿਖੁਟੈ ਨਾਹੀ
ਇਕਿ ਸਦਾ ਫਿਰਹਿ ਫਕੀਰ ॥

اِکِ دے کھاہِ نِکھُٹّے ناہی
اِکِ سدا پھِرہِ فقیر ॥

ਹੁਕਮੀ ਸਾਜੇ ਹੁਕਮੀ ਢਾਹੇ
ਏਕ ਚਸੇ ਮਹਿ ਲਖ ॥

حُکمی ساجے حُکمی ڈھاہے
ایک چسے مہِ لکھ ॥

ਸਭੁ ਕੋ ਨਥੈ ਨਥਿਆ
ਬਖਸੇ ਤੋੜੇ ਨਥ ॥

سبھُ کو نتھےَ نتھیا
بخشے توڑے نتھ ॥

ਵਰਨਾ ਚਿਹਨਾ ਬਾਹਰਾ
ਲੇਖੇ ਬਾਝੁ ਅਲਖੁ ॥

ورنا چِہنا باہرا
لیکھے باجھُ الکھُ ॥

ਕਿਉ ਕਥੀਐ ਕਿਉ ਆਖੀਐ
ਜਾਪੈ ਸਚੋ ਸਚੁ ॥

کِءُ کتھیےَ کِءُ آکھیےَ
جاپےَ سچو سچُ ॥

ਕਰਣਾ ਕਥਨਾ ਕਾਰ ਸਭ
ਨਾਨਕ ਆਪਿ ਅਕਥੁ ॥

کرٹا کتھنا کار سبھ
نانک آپِ اکتھُ ॥

ਅਕਥ ਕੀ ਕਥਾ ਸੁਣੇਇ ॥

اکتھ کی کتھا سُنےِء ॥

ਰਿਧਿ ਬੁਧਿ ਸਿਧਿ ਗਿਆਨੁ
ਸਦਾ ਸੁਖੁ ਹੋਇ ॥੧॥

رِدھِ بُدھِ سِدھِ گیانُ
سدا سُکھُ ہوءِ ॥1॥

ਮਃ ੧ ॥

م: 1 ॥

ਅਜਰੁ ਜਰੈ ਤ ਨਉ ਕੁਲ ਬੰਧੁ ॥

اجرُ جرےَ ت ن ءُ کُل بندھُ ॥

ਪੂਜੈ ਪ੍ਰਾਣ ਹੋਵੈ ਥਿਰੁ ਕੰਧੁ ॥

پُوجےَ پّراںٗ ہووے تھِرُ کندھُ ॥

ਕਹਾਂ ਤੇ ਆਇਆ ਕਹਾਂ ਏਹੁ ਜਾਣੁ ॥

کہاں تے آئیا کہاں ایہُ جانںُ ۔ ॥

ਜੀਵਤ ਮਰਤ ਰਹੈ ਪਰਵਾਣੁ ॥	جیِوت مرت رہے پرواڻُ ॥
ਹੁਕਮੈ ਬੂਝੈ ਤਤੁ ਪਛਾਣੈ ॥	حُکمے بُوجھے تتُ پچھاڻے ॥
ਇਹੁ ਪਰਸਾਦੁ ਗੁਰੂ ਤੇ ਜਾਣੈ ॥	اِہُ پرسادُ گُروُ تے جاڻے ॥
ਹੋਂਦਾ ਫੜੀਅਗੁ ਨਾਨਕ ਜਾਣੁ ॥	ہوندا پھڑِیئگُ نانک جاڻُ ॥
ਨਾ ਹਉ ਨਾ ਮੈ ਜੂਨੀ ਪਾਣੁ ॥੨॥	نا ہءُ نا مے جوُنی پاڻُ ॥2॥
ਪਉੜੀ ॥	پئڑی ॥
ਪੜ੍ਹੀਐ ਨਾਮੁ ਸਾਲਾਹ ਹੋਰਿ ਬੁਧੀ ਮਿਥਿਆ ॥	پڑھیئے نامُ سالاح ہورِ بُدھیِں مِتھیا ॥
ਬਿਨੁ ਸਚੇ ਵਾਪਾਰ ਜਨਮੁ ਬਿਰਥਿਆ ॥	بِنُ سچے واپار جنمُ بِرتھیا ॥
ਅੰਤੁ ਨ ਪਾਰਾਵਾਰੁ ਨ ਕਿਨ ਹੀ ਪਾਇਆ ॥	انّتُ ن پاراوارُ ن کِن ہی پائیا ॥
ਸਭੁ ਜਗੁ ਗਰਬਿ ਗੁਬਾਰੁ ਤਿਨ ਸਚੁ ਨ ਭਾਇਆ ॥	سبھُ جگُ گربِ غُبارُ تِن سچُ ن بھائیا ॥
ਚਲੇ ਨਾਮੁ ਵਿਸਾਰਿ ਤਾਵਣਿ ਤਤਿਆ ॥	چلے نامُ وِسارِ تاوڻِ تتِیا ॥
ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ ॥	بلدی انّدرِ تیلُ دُبِدھا گھتِیا ॥
ਆਇਆ ਉਠੀ ਖੇਲੁ ਫਿਰੈ ਉਵਤਿਆ ॥	آئیا اُٹھی کھیلُ پھِرے اُوتِیا ॥
ਨਾਨਕ ਸਚੈ ਮੇਲੁ ਸਚੈ ਰਤਿਆ ॥੨੪॥	نانک سچے میلُ سچے رتِیا ॥ 24 ॥
ਸਲੋਕ ਮਃ ੧ ॥	سلوک م: 1 ॥
ਪਹਿਲਾਂ ਮਾਸਹੁ ਨਿੰਮਿਆ	پہِلاں ماسہُ نِمّیا

ਮਾਸੈ ਅੰਦਰਿ ਵਾਸੁ ॥

ماسے اندرِ واسُ ॥

ਜੀਉ ਪਾਇ ਮਾਸੁ ਮੁਹਿ ਮਿਲਿਆ
ਹਡੁ ਚੰਮੁ ਤਨੁ ਮਾਸੁ ॥

جیءُ پاءِ ماسُ مُہِ مِلیا
ہڈُ چنّمُ تنُ ماسُ ॥

ਮਾਸਹੁ ਬਾਹਰਿ ਕਢਿਆ
ਮੰਮਾ ਮਾਸੁ ਗਿਰਾਸੁ ॥

ماسہُ باہرِ کڈھیا
منّما ماسُ گِراسُ ॥

ਮੁਹੁ ਮਾਸੈ ਕਾ ਜੀਭ ਮਾਸੈ ਕੀ
ਮਾਸੈ ਅੰਦਰਿ ਸਾਸੁ ॥

مُہُ ماسے کا جیبھ ماسے کی
ماسے اندرِ ساسُ ॥

ਵਡਾ ਹੋਆ ਵੀਆਹਿਆ
ਘਰਿ ਲੈ ਆਇਆ ਮਾਸੁ ॥

وڈا ہویا ویاہیا
گھرِ لے آئیا ماسُ ॥

ਮਾਸਹੁ ਹੀ ਮਾਸੁ ਊਪਜੈ
ਮਾਸਹੁ ਸਭੋ ਸਾਕੁ ॥

ماسہُ ہی ماسُ اوُپجے
ماسہُ سبھو ساکُ ॥

ਸਤਿਗੁਰਿ ਮਿਲਿਐ ਹੁਕਮੁ ਬੁਝੀਐ
ਤਾਂ ਕੋ ਆਵੈ ਰਾਸਿ ॥

ستِگُرِ مِلےَ حُکمُ بُجھیےَ
تاں کو آوے راسِ ॥

ਆਪਿ ਛੁਟੇ ਨਹ ਛੁਟੀਐ
ਨਾਨਕ ਬਚਨਿ ਬਿਣਾਸੁ ॥੧॥

آپِ چھُٹے نہ چھوُٹیےَ
نانک بچنِ بِٹاسُ ॥1॥

ਮਃ ੧ ॥

م: 1 ॥

ਮਾਸੁ ਮਾਸੁ ਕਰਿ ਮੂਰਖੁ ਝਗੜੇ
ਗਿਆਨੁ ਧਿਆਨੁ ਨਹੀ ਜਾਣੈ ॥

ماسُ ماسُ کرِ موُرکھُ جھگڑے
گِیانُ دھِیانُ نہی جانےَ ॥

ਕਉਣੁ ਮਾਸੁ ਕਉਣੁ ਸਾਗੁ ਕਹਾਵੈ
ਕਿਸੁ ਮਹਿ ਪਾਪ ਸਮਾਣੇ ॥

کئُنُ ماسُ کئُنُ ساگُ کہاوے
کِسُ مہِ پاپ سماےَ ۔ ॥

ਗੈਂਡਾ ਮਾਰਿ ਹੋਮ ਜਗ ਕੀਏ
ਦੇਵਤਿਆ ਕੀ ਬਾਣੇ ॥

گینڈا مارِ ہوم جگ کیےَ
دیوتیا کی باےَ ॥

ਮਾਸੁ ਛੋਡਿ ਬੈਸਿ ਨਕੁ ਪਕੜਹਿ
ਰਾਤੀ ਮਾਣਸ ਖਾਣੇ ॥

ماسُ چھوڈِ بیَسِ نکُ پکڑہِ
راتی ماںس کھاےَ ॥

ਫੜੁ ਕਰਿ ਲੋਕਾਂ ਨੋ ਦਿਖਲਾਵਹਿ

پھڑُ کرِ لوکاں نو دِکھلاوہِ

ਗਿਆਨੁ ਧਿਆਨੁ ਨਹੀ ਸੂਝੈ ॥

ਨਾਨਕ ਅੰਧੇ ਸਿਉ ਕਿਆ ਕਹੀਐ
ਕਹੈ ਨ ਕਹਿਆ ਬੂਝੈ ॥

ਅੰਧਾ ਸੋਇ ਜਿ ਅੰਧੁ ਕਮਾਵੈ
ਤਿਸੁ ਰਿਦੈ ਸਿ ਲੋਚਨ ਨਾਹੀ ॥

ਮਾਤ ਪਿਤਾ ਕੀ ਰਕਤੁ ਨਿਪੰਨੇ
ਮਛੀ ਮਾਸੁ ਨ ਖਾਂਹੀ ॥

ਇਸਤ੍ਰੀ ਪੁਰਖੈ
ਜਾਂ ਨਿਸਿ ਮੇਲਾ
ਓਥੈ ਮੰਧੁ ਕਮਾਹੀ ॥

ਮਾਸਹੁ ਨਿੰਮੇ ਮਾਸਹੁ ਜੰਮੇ
ਹਮ ਮਾਸੈ ਕੇ ਭਾਂਡੇ ॥

ਗਿਆਨੁ ਧਿਆਨੁ ਕਛੁ ਸੂਝੈ ਨਾਹੀ
ਚਤੁਰੁ ਕਹਾਵੈ ਪਾਂਡੇ ॥

ਬਾਹਰ ਕਾ ਮਾਸੁ ਮੰਦਾ ਸੁਆਮੀ
ਘਰ ਕਾ ਮਾਸੁ ਚੰਗੇਰਾ ॥

ਜੀਅ ਜੰਤ ਸਭਿ ਮਾਸਹੁ ਹੋਏ
ਜੀਇ ਲਇਆ ਵਾਸੇਰਾ ॥

ਅਭਖੁ ਭਖਹਿ ਭਖੁ ਤਜਿ ਛੋਡਹਿ
ਅੰਧੁ ਗੁਰੂ ਜਿਨ ਕੇਰਾ ॥

ਮਾਸਹੁ ਨਿੰਮੇ ਮਾਸਹੁ ਜੰਮੇ
ਹਮ ਮਾਸੈ ਕੇ ਭਾਂਡੇ ॥

ਗਿਆਨੁ ਧਿਆਨੁ ਕਛੁ ਸੂਝੈ ਨਾਹੀ
ਚਤੁਰੁ ਕਹਾਵੈ ਪਾਂਡੇ ॥

ਮਾਸੁ ਪੁਰਾਣੀ ਮਾਸੁ ਕਤੇਬੀਂ
ਚਹੁ ਜੁਗਿ ਮਾਸੁ ਕਮਾਣਾ ॥

گیانُ دھیانُ نہی سوُجھےَ ॥

نانک انّدھے سِ ءُ کیا کہیئے
کہےَ ن کہیا بوُجھےَ ॥

انّدھا سوءِ جِ انّدھُ کماوےَ
تِس رِدےَ سِ لوچن ناہی ॥

مات پِتا کی رکتُ نپنّنے
مچھی ماسُ ن کھانہی ॥

اِستّری پُرکھےَ
جاں نِس میلا
اوتھےَ منّدھُ کماہی ॥

ماسہُ نِنّمے ماسہُ جنّمے
ہم ماسےَ کے بھانڈے ॥

گیانُ دھیانُ کچھُ سوُجھےَ ناہی
چترُ کہاوےَ پانڈے ۔ ॥

باہر کا ماسُ منّدا سُیامی
گھر کا ماسُ چنگیرا ॥

جی ء جنّت سبھِ ماسہُ ہوئے
جیِءِ لئیا واسیرا ॥

ابھکھُ بھکھِ بھکھُ تجِ چھوڈہِ
انّدھُ گُرو جِن کیرا ॥

ماسہُ نِنّمے ماسہُ جنّمے
ہم ماسےَ کے بھانڈے ॥

گیانُ دھیانُ کچھُ سوُجھےَ ناہی
چترُ کہاوےَ پانڈے ۔ ॥

ماسُ پُرانّی ماسُ کتیبیں

ਜਜਿ ਕਾਜਿ ਵੀਆਹਿ ਸੁਹਾਵੈ
ਓਥੈ ਮਾਸੁ ਸਮਾਣਾ ॥

ਇਸਤ੍ਰੀ ਪੁਰਖ ਨਿਪਜਹਿ ਮਾਸਹੁ
ਪਾਤਿਸਾਹ ਸੁਲਤਾਨਾਂ ॥

ਜੇ ਓਇ ਦਿਸਹਿ ਨਰਕਿ ਜਾਂਦੇ
ਤਾਂ ਉਨ੍ਹ ਕਾ ਦਾਨੁ ਨ ਲੈਣਾ ॥

ਦੇਂਦਾ ਨਰਕਿ ਸੁਰਗਿ ਲੈਦੇ
ਦੇਖਹੁ ਏਹੁ ਧਿਙਾਣਾ ॥

ਆਪਿ ਨ ਬੂਝੈ ਲੋਕ ਬੁਝਾਏ
ਪਾਂਡੇ ਖਰਾ ਸਿਆਣਾ ॥

ਪਾਂਡੇ ਤੂ ਜਾਣੈ ਹੀ ਨਾਹੀ
ਕਿਥਹੁ ਮਾਸੁ ਉਪੰਨਾ ॥

ਤੋਇਅਹੁ ਅੰਨੁ ਕਮਾਦੁ ਕਪਾਹਾਂ
ਤੋਇਅਹੁ ਤ੍ਰਿਭਵਣੁ ਗੰਨਾ ॥

ਤੋਆ ਆਖੈ ਹਉ ਬਹੁ ਬਿਧਿ ਹਛਾ
ਤੋਐ ਬਹੁਤੁ ਬਿਕਾਰਾ ॥

ਏਤੇ ਰਸ ਛੋਡਿ ਹੋਵੈ ਸੰਨਿਆਸੀ
ਨਾਨਕੁ ਕਹੈ ਵਿਚਾਰਾ ॥੨॥

ਪਉੜੀ ॥

ਹਉ ਕਿਆ ਆਖਾ ਇਕ ਜੀਭ
ਤੇਰਾ ਅੰਤੁ ਨ ਕਿਨ ਹੀ ਪਾਇਆ ॥

ਸਚਾ ਸਬਦੁ ਵੀਚਾਰਿ ਸੇ
ਤੁਝ ਹੀ ਮਾਹਿ ਸਮਾਇਆ ॥

ਇਕਿ ਭਗਵਾ ਵੇਸੁ ਕਰਿ ਭਰਮਦੇ

ਚہُ جُگِ ماسُ کماٹا ॥

جِجِ کاجِ ویِیاہِ سُہاوے
اوتھے ماسُ سماٹا ॥

اِستّری پُرکھ نِپجہِ ماسہُ
پاتِشاہ سُلطاناں ॥

جے اوءِ دِسہِ نرکِ جاندے
تاں اُنّہ کا دانُ ن لیَنّا ॥

دیندا نرکِ سُرگِ لیَدے
دیکھہُ ایہُ دھِگّاٹا ॥

آپِ ن بُوجھےَ لوک بُجھائے
پانڈے کھرا سِیاٹا ॥

پانڈے توُ جانےُ ہی ناہی
کِتھہُ ماسُ اُپنّا ॥

توئیہُ انّنُ کماوُ کپاہاں
توئیہُ ترِبھونُ گنّنا ॥

تویا آکھےَ ہءُ بہُ بِدھِ ہچھا
توئے بہُتُ بِکارا ॥

ایتے رس چھوڈِ ہووے سنّیاسی
نانکُ کہےَ وِچارا ॥2॥

پیُڑی ॥

ہءُ کِیا آکھا اِک جِبھ
تیرا انّتُ ن کِن ہی پائیا ॥

سچا سبدُ ویچارِ سے
تُجھ ہی ماہِ سمائیا ॥

اِکِ بھگوا ویسُ کرِ بھرمدے

ਵਿਣੁ ਸਤਿਗੁਰ ਕਿਨੈ ਨ ਪਾਇਆ ॥

وِنُ ستِگُر کِنے ن پائِیا ॥

ਦੇਸ ਦਿਸੰਤਰ ਭਵਿ ਥਕੇ
ਤੁਧੁ ਅੰਦਰਿ ਆਪੁ ਲੁਕਾਇਆ ॥

دیس دِسنّتر بھوِ تھکے
تُدھُ اندرِ آپُ لُکائِیا ॥

ਗੁਰ ਕਾ ਸਬਦੁ ਰਤੰਨੁ ਹੈ
ਕਰਿ ਚਾਨਣੁ ਆਪਿ ਦਿਖਾਇਆ ॥

گُر کا سبدُ رتنّنُ ہے
کرِ چانڑُ آپِ دِکھائِیا ॥

ਆਪਣਾ ਆਪੁ ਪਛਾਣਿਆ
ਗੁਰਮਤੀ ਸਚਿ ਸਮਾਇਆ ॥

آپنا آپُ پچھاڑِیا
گُرمتی سچِ سمائِیا ॥

ਆਵਾ ਗਉਣੁ ਬਜਾਰੀਆ
ਬਾਜਾਰੁ ਜਿਨੀ ਰਚਾਇਆ ॥

آوا گئُنُ بزارِیا
بازارُ جِنی رچائِیا ॥

ਇਕੁ ਥਿਰੁ ਸਚਾ ਸਾਲਾਹਣਾ
ਜਿਨ ਮਨਿ ਸਚਾ ਭਾਇਆ ॥੨੫॥

اِکُ تھِرُ سچا سالاحنا
جِن منِ سچا بھائِیا ॥ 25 ॥

ਸਲੋਕ ਮਃ ੧ ॥

سلوک م: 1 ॥

ਨਾਨਕ ਮਾਇਆ ਕਰਮ ਬਿਰਖੁ
ਫਲ ਅੰਮ੍ਰਿਤ ਫਲ ਵਿਸੁ ॥

نانک مائِیا کرم بِرکھُ
پھل انمّرِت پھل وِسُ ॥

ਸਭ ਕਾਰਣ ਕਰਤਾ ਕਰੇ
ਜਿਸੁ ਖਵਾਲੇ ਤਿਸੁ ॥੧॥

سبھ کارڑ کرتا کرے
جِسُ کھوالے تِسُ ॥1॥

ਮਃ ੨ ॥

م: 2 ॥

ਨਾਨਕ ਦੁਨੀਆ ਕੀਆ ਵਡਿਆਈਆ
ਅਗੀ ਸੇਤੀ ਜਾਲਿ ॥

نانک دُنِیا کِیا وڈِیائِیا
اگی سیتی جالِ ॥

ਏਨੀ ਜਲੀਈਂ ਨਾਮੁ ਵਿਸਾਰਿਆ
ਇਕ ਨ ਚਲੀਆ ਨਾਲਿ ॥੨॥

اینی جلِئیں نامُ وِسارِیا
اِک ن چلِیا نالِ ॥2॥

ਪਉੜੀ ॥

پئڑی ॥

ਸਿਰਿ ਸਿਰਿ ਹੋਇ ਨਿਬੇੜੁ
ਹੁਕਮਿ ਚਲਾਇਆ ॥

سِرِ سِرِ ہوءِ نِبیڑُ
حُکمِ چلائِیا ॥

ਤੇਰੈ ਹਥਿ ਨਿਬੇੜੁ

تیرے ہتھِ نِبیڑُ

ਤੂਹੈ ਮਨਿ ਭਾਇਆ ॥

تُوہے منِ بھائیا ॥

ਕਾਲੁ ਚਲਾਏ ਬੰਨਿ
ਕੋਇ ਨ ਰਖਸੀ ॥

کالُ چلائے بنّنِ
کوءِ ن رکھسی ॥

ਜਰੁ ਜਰਵਾਣਾ ਕੰਨਿ੍
ਚੜਿਆ ਨਚਸੀ ॥

جرُ جرواٹا کنّنہِ
چڑِیا نچسی ॥

ਸਤਿਗੁਰੁ ਬੋਹਿਥੁ ਬੇੜੁ
ਸਚਾ ਰਖਸੀ ॥

ستِگُرُ بوہتھُ بیڑُ
سچا رکھسی ॥

ਅਗਨਿ ਭਖੈ ਭੜਹਾੜੁ
ਅਨਦਿਨੁ ਭਖਸੀ ॥

اگنِ بھکھےَ بھڑہاڑُ
اندِنُ بھکھسی ॥

ਫਾਥਾ ਚੁਗੈ ਚੋਗ
ਹੁਕਮੀ ਛੁਟਸੀ ॥

پھاتھا چُگےَ چوگ
حُکمی چھُٹسی ॥

ਕਰਤਾ ਕਰੇ ਸੁ ਹੋਗੁ
ਕੂੜੁ ਨਿਖੁਟਸੀ ॥੨੬॥

کرتا کرے سُ ہوگُ
کوُڑُ نِکھُٹسی ॥ 26 ॥

ਸਲੋਕ ਮਃ ੧ ॥

سلوک م: 1 ॥

ਘਰ ਮਹਿ ਘਰੁ ਦੇਖਾਇ ਦੇਇ
ਸੋ ਸਤਿਗੁਰੁ ਪੁਰਖੁ ਸੁਜਾਣੁ ॥

گھر مہِ گھرُ دیکھاءِ دےءِ
سو ستِگُرُ پُرکھُ سُجانُ ॥

ਪੰਚ ਸਬਦ ਧੁਨਿਕਾਰ ਧੁਨਿ
ਤਹ ਬਾਜੈ ਸਬਦੁ ਨੀਸਾਣੁ ॥

پنّچ سبد دھُنِکار دھُنِ
تہ باجےَ سبدُ نِیشانُ ॥

ਦੀਪ ਲੋਅ ਪਾਤਾਲ ਤਹ
ਖੰਡ ਮੰਡਲ ਹੈਰਾਨੁ ॥

دیپ لوء پاتال تہ
کھنّڈ منّڈل حیرانُ ॥

ਤਾਰ ਘੋਰ ਬਾਜਿੰਤ੍ਰ ਤਹ
ਸਾਚਿ ਤਖਤਿ ਸੁਲਤਾਨੁ ॥

تار گھور باجِنّتر تہ
ساچِ تخت سُلطانُ ॥

ਸੁਖਮਨ ਕੈ ਘਰਿ ਰਾਗੁ ਸੁਨਿ
ਸੁੰਨਿ ਮੰਡਲਿ ਲਿਵ ਲਾਇ ॥

سُکھمن کےَ گھرِ راگُ سُنِ
سُنّنِ منّڈلِ لِو لاءِ ॥

ਅਕਥ ਕਥਾ ਬੀਚਾਰੀਐ

اکتھ کتھا بیچارِیےَ

ਮਨਸਾ ਮਨਹਿ ਸਮਾਇ ॥

منسا منہِ سماءِ ॥

ਉਲਟਿ ਕਮਲੁ ਅੰਮ੍ਰਿਤਿ ਭਰਿਆ
ਇਹੁ ਮਨੁ ਕਤਹੁ ਨ ਜਾਇ ॥

اُلٹِ کملُ انمّرِتِ بھرِیا
اِہُ منُ کتہُ ن جاءِ ॥

ਅਜਪਾ ਜਾਪੁ ਨ ਵੀਸਰੈ
ਆਦਿ ਜੁਗਾਦਿ ਸਮਾਇ ॥

اجپا جاپُ ن ویسرے
آدِ جُگادِ سماءِ ॥

ਸਭਿ ਸਖੀਆ ਪੰਚੇ ਮਿਲੇ
ਗੁਰਮੁਖਿ ਨਿਜ ਘਰਿ ਵਾਸੁ ॥

سبھِ سکھیا پنچے مِلے
گُرمُکھِ نِج گھرِ واسُ ॥

ਸਬਦੁ ਖੋਜਿ ਇਹੁ ਘਰੁ ਲਹੈ
ਨਾਨਕੁ ਤਾ ਕਾ ਦਾਸੁ ॥੧॥

سبدُ کھوجِ اِہُ گھرُ لہے
نانکُ تا کا داسُ ॥1॥

ਮਃ ੧ ॥

م: 1 ॥

ਚਿਲਿਮਿਲਿ ਬਿਸੀਆਰ ਦੁਨੀਆ ਫਾਨੀ ॥

چِلمِلِ بِسیار دُنیا فانی ॥

ਕਾਲੂਬਿ ਅਕਲ ਮਨ ਗੋਰ ਨ ਮਾਨੀ ॥

قالوُبِ عقل من گور ن مانی ॥

ਮਨ ਕਮੀਨ ਕਮਤਰੀਨ
ਤੂ ਦਰੀਆਉ ਖੁਦਾਇਆ ॥

من کمِین کمترِین
توُ دریِیاءُ خُدائیا ۔ ॥

ਏਕੁ ਚੀਜੁ ਮੁਝੈ ਦੇਹਿ
ਅਵਰ ਜਹਰ ਚੀਜ ਨ ਭਾਇਆ ॥

ایکُ چیجُ مُجھے دیہِ
اور زہر چیز ن بھائیا ॥

ਪੁਰਾਬ ਖਾਮ ਕੂਜੈ ਹਿਕਮਤਿ ਖੁਦਾਇਆ ॥

پُراب خام کوُجے حِکمتِ خُدائیا ॥

ਮਨ ਤੁਆਨਾ ਤੂ ਕੁਦਰਤੀ ਆਇਆ ॥

من تُیانا توُ قُدرتی آئیا ॥

ਸਗ ਨਾਨਕ ਦੀਬਾਨ ਮਸਤਾਨਾ
ਨਿਤ ਚੜੈ ਸਵਾਇਆ ॥

سگ نانک دِیبان مستانا
نِت چڑے سوائیا ॥

ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥੨॥

یاتش دُنیا خُنک نامُ خُدائیا ॥2॥

ਪਉੜੀ ਨਵੀ ਮਃ ੫ ॥

پئڑی نوی م: 5 ॥

ਸਭੋ ਵਰਤੈ ਚਲਤੁ
ਚਲਤੁ ਵਖਾਣਿਆ ॥

سبھو ورتے چلتُ
چلتُ وکھانئیا ॥

ਪਾਰਬ੍ਰਹਮੁ ਪਰਮੇਸਰੁ ਗੁਰਮੁਖਿ ਜਾਣਿਆ ॥	پاربرّہمُ پرمیسرُ گُرمُکھِ جاٹیا ॥
ਲਥੇ ਸਭਿ ਵਿਕਾਰ ਸਬਦਿ ਨੀਸਾਣਿਆ ॥	لتھے سبھِ وِکار سبدِ نِیشاٹیا ॥
ਸਾਧੂ ਸੰਗਿ ਉਧਾਰੁ ਭਏ ਨਿਮਾਣਿਆ ॥	سادھوُ سنگِ اُدھارُ بھئے نِماٹیا ॥
ਸਿਮਰਿ ਸਿਮਰਿ ਦਾਤਾਰੁ ਸਭਿ ਰੰਗ ਮਾਣਿਆ ॥	سِمرِ سِمرِ داتارُ سبھِ رنگ ماٹیا ॥
ਪਰਗਟੁ ਭਇਆ ਸੰਸਾਰਿ ਮਿਹਰ ਛਾਵਾਣਿਆ ॥	پرگٹُ بھئیا سنّسارِ مِہر چھاواٹیا ॥
ਆਪੇ ਬਖਸਿ ਮਿਲਾਏ ਸਦ ਕੁਰਬਾਣਿਆ ॥	آپے بخشِ مِلائے سد قُرباٹیا ॥
ਨਾਨਕ ਲਏ ਮਿਲਾਇ ਖਸਮੈ ਭਾਣਿਆ ॥੨੭॥	نانک لئے مِلاءِ خصمےَ بھاٹیا ॥ 27 ॥
ਸਲੋਕ ਮਃ ੧ ॥	سلوک م: 1 ॥
ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ॥	دھنّنُ سُ کاگدُ قلم دھنّنُ دھنُ بھانڈا دھنُ مسُ ॥
ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥੧॥	دھنُ لیکھاری نانکا جِنِ نامُ لِکھائیا سچُ ॥1॥
ਮਃ ੧ ॥	م: 1 ॥
ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥	آپے پٹی قلم آپِ اُپرِ لیکھُ بھِ توُنّ ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥੨॥	ایکو کہیئے نانکا دوُجا کاہے کوُ ۔ ॥2॥
ਪਉੜੀ ॥	پئڑی ॥

ਤੂੰ ਆਪੇ ਆਪਿ ਵਰਤਦਾ
ਆਪਿ ਬਣਤ ਬਣਾਈ ॥

تُوں آپے آپِ ورتدا
آپِ بنّت بنّائی ॥

ਤੁਧੁ ਬਿਨੁ ਦੂਜਾ ਕੋ ਨਹੀ
ਤੂ ਰਹਿਆ ਸਮਾਈ ॥

تُدھُ بِنُ دوُجا کو نہی
توُ رہِیا سمائی ॥

ਤੇਰੀ ਗਤਿ ਮਿਤਿ ਤੂਹੈ ਜਾਣਦਾ
ਤੁਧੁ ਕੀਮਤਿ ਪਾਈ ॥

تیری گتِ مِتِ توُہے جانڈدا
تُدھُ قِیمتِ پائی ॥

ਤੂ ਅਲਖ ਅਗੋਚਰੁ ਅਗਮੁ ਹੈ
ਗੁਰਮਤਿ ਦਿਖਾਈ ॥

توُ الکھ اگوچرُ اگمُ ہے
گُرمتِ دِکھائی ॥

ਅੰਤਰਿ ਅਗਿਆਨੁ ਦੁਖੁ ਭਰਮੁ ਹੈ
ਗੁਰ ਗਿਆਨਿ ਗਵਾਈ ॥

انتر اِگیانُ دُکھُ بھرمُ ہے
گُر گیانِ گوائی ॥

ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ
ਸੋ ਨਾਮੁ ਧਿਆਈ ॥

جِسُ کرِپا کرہِ تِسُ میلِ لیہِ
سو نامُ دھِیائی ॥

ਤੂ ਕਰਤਾ ਪੁਰਖੁ ਅਗੰਮੁ ਹੈ
ਰਵਿਆ ਸਭ ਠਾਈ ॥

توُ کرتا پُرکھُ اگنمُ ہے
روِیا سبھ ٹھائی ॥

ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਗੈ
ਨਾਨਕ ਗੁਣ ਗਾਈ ॥੨੮॥੧॥ ਸੁਧੁ ॥

جِتُ توُ لائہِ سچِیا تِتُ کو لگے
نانک گُنُ گائی ॥ 28 ॥ 1 ॥ سُدھُ ॥

ਰਾਗੁ ਮਲਾਰ ਬਾਣੀ ਭਗਤ ਨਾਮਦੇਵ ਜੀਉ ਕੀ

راگُ ملار باٹی بھگت نامدیو جیِءُ کی

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸੇਵੀਲੇ ਗੋਪਾਲ ਰਾਇ ਅਕੁਲ ਨਿਰੰਜਨ ॥

سیویلے گوپال راءِ اکُل نِرنّجن ॥

ਭਗਤਿ ਦਾਨੁ ਦੀਜੈ
ਜਾਚਹਿ ਸੰਤ ਜਨ ॥੧॥ ਰਹਾਉ ॥

بھگتِ دانُ دیجے
جاچہِ سنّت جن ॥ 1 ॥ رہاءُ ॥

ਜਾਂ ਚੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰਸਾਲਾ
ਸਪਤ ਲੋਕ ਸਾਮਾਨਿ ਪੂਰੀਅਲੇ ॥

جاں چے گھرِ دِگ دِسے سرائچا بیکُنٹھ بھون چِتّرسالا
سپت لوک سامانِ پوُرِیئلے ॥

ਜਾਂ ਚੈ ਘਰਿ ਲਛਿਮੀ ਕੁਆਰੀ ਚੰਦੁ ਸੂਰਜੁ ਦੀਵੜੇ
ਕਉਤਕੁ ਕਾਲੁ ਬਪੁੜਾ
ਕੋਟਵਾਲੁ ਸੁ ਕਰਾ ਸਿਰੀ ॥

جاں چے گھرِ لچھمی کُیاری چندُ سوُرجُ دِیوڑے
کُتُکُ کالُ بپڑا

کوٹوالُ سُ کرا سِری ॥

ਸੁ ਐਸਾ ਰਾਜਾ ਸ੍ਰੀ ਨਰਹਰੀ ॥੧॥

سُ ایَسا راجا سّری نرہری ॥1॥

ਜਾਂ ਚੈ ਘਰਿ ਕੁਲਾਲੁ ਬ੍ਰਹਮਾ ਚਤੁਰ ਮੁਖੁ ਡਾਂਵੜਾ
ਜਿਨਿ ਬਿਸ੍ਵ ਸੰਸਾਰੁ ਰਾਚੀਲੇ ॥

جاں چے گھرِ کُلالُ برہما چترُ مُکھُ ڈانوڑا
جِنِ بِسّو سنّسارُ راچیلے ॥

ਜਾਂ ਕੈ ਘਰਿ ਈਸਰੁ ਬਾਵਲਾ ਜਗਤ ਗੁਰੂ
ਤਤ ਸਾਰਖਾ ਗਿਆਨੁ ਭਾਖੀਲੇ ॥

جاں کے گھرِ ایسرُ باولا جگت گُرُو
تت سارکھا گیانُ بھاکھیلے ॥

ਪਾਪੁ ਪੁੰਨੁ ਜਾਂ ਚੈ ਡਾਂਗੀਆ ਦੁਆਰੈ
ਚਿਤ੍ਰ ਗੁਪਤੁ ਲੇਖੀਆ ॥

پاپُ پُنّنُ جاں چے ڈانگیا دُیارے
چِتّر گُپتُ لیکھیا ॥

ਧਰਮ ਰਾਇ ਪਰੁਲੀ ਪ੍ਰਤਿਹਾਰੁ ॥

دھرم راءِ پُرلی پّرتہارُ ॥

ਸੋ ਐਸਾ ਰਾਜਾ ਸ੍ਰੀ ਗੋਪਾਲੁ ॥੨॥

سو ایَسا راجا سّری گوپالُ ॥2॥

ਜਾਂ ਚੈ ਘਰਿ ਗਣ ਗੰਧਰਬ ਰਿਖੀ
ਬਪੁੜੇ ਢਾਢੀਆ ਗਾਵੰਤ ਆਛੈ ॥

جاں چے گھرِ گنٹ گندھرب رِکھی
بپُڑے ڈھاڈھیا گاونّت آچھے ॥

ਸਰਬ ਸਾਸਤ੍ਰ ਬਹੁ ਰੂਪੀਆ ਅਨਗਰੂਆ ਆਖਾੜਾ
ਮੰਡਲੀਕ ਬੋਲ ਬੋਲਹਿ ਕਾਛੇ ॥

سرب ساستّر بہُ روُپیا انگروُیا اکھاڑا
منڈلیک بول بولہِ کاچھے ॥

ਚਉਰ ਢੂਲ ਜਾਂ ਚੈ ਹੈ ਪਵਣੁ ॥

چترُ ڈھوُل جاں چے ہے پونُ ॥

ਚੇਰੀ ਸਕਤਿ ਜੀਤਿ ਲੇ ਭਵਣੁ ॥

چیری سکتِ جیتِ لے بھونُ ॥

ਅੰਡ ਟੂਕ ਜਾ ਚੈ ਭਸਮਤੀ ॥

انڈ ٹوُک جا چے بھسمتی ॥

ਸੋ ਐਸਾ ਰਾਜਾ ਤ੍ਰਿਭਵਣ ਪਤੀ ॥੩॥

سو ایَسا راجا ترِبھونّ پتی ॥3॥

ਜਾਂ ਚੈ ਘਰਿ ਕੂਰਮਾ ਪਾਲੁ
ਸਹਸ੍ਰ ਫਨੀ ਬਾਸਕੁ ਸੇਜ ਵਾਲੂਆ ॥

جاں چے گھرِ کوُرما پالُ
سہسّر پھنی باسکُ سیج والوُیا ॥

ਅਠਾਰਹ ਭਾਰ ਬਨਾਸਪਤੀ ਮਾਲਣੀ
ਛਿਨਵੈ ਕਰੋੜੀ ਮੇਘ ਮਾਲਾ ਪਾਣੀਹਾਰੀਆ ॥

اٹھارہ بھار بناسپتی مالنّی
چھِنوے کروڑی میگھ مالا پانّیہارِیا ॥

ਨਖ ਪ੍ਰਸੇਵ ਜਾ ਚੈ ਸੁਰਸਰੀ ॥

نکھ پّرسیو جا چے سُرسری ॥

ਸਪਤ ਸਮੁੰਦ ਜਾਂ ਚੈ ਘੜਥਲੀ ॥

سپت سمُنّد جاں چے گھڑتھلی ॥

ਏਤੇ ਜੀਅ ਜਾਂ ਚੈ ਵਰਤਣੀ ॥

ایتے جیء جاں چےَ ورتنی ॥

ਸੋ ਐਸਾ ਰਾਜਾ ਤ੍ਰਿਭਵਣ ਧਣੀ ॥੪॥

سو ایَسا راجا ترِبھونْ دھنی ॥4॥

ਜਾਂ ਚੈ ਘਰਿ ਨਿਕਟ ਵਰਤੀ
ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦੁ ਨੇਜੈ
ਸਿਧ ਬੁਧ ਗਣ ਗੰਧਰਬ ਬਾਨਵੈ ਹੇਲਾ ॥

جاں چےَ گھرِ نِکٹ ورتی
ارجنُ دھرُو پرہلادُ انبریکُ نارد نیجےَ
سِدھ بُدھ گنْ گندھرب بانوےَ ہیلا ॥

ਏਤੇ ਜੀਅ ਜਾਂ ਚੈ ਹਹਿ ਘਰੀ ॥

ایتے جیء جاں چےَ ہہِ گھری ॥

ਸਰਬ ਬਿਆਪਿਕ ਅੰਤਰ ਹਰੀ ॥

سرب بِیاپِک انتر ہری ॥

ਪ੍ਰਣਵੈ ਨਾਮਦੇਉ ਤਾਂ ਚੀ ਆਣਿ ॥

پرنْوےَ نامدیءُ تاں چی آنِ ॥

ਸਗਲ ਭਗਤ ਜਾ ਚੈ ਨੀਸਾਣਿ ॥੫॥੧॥

سگل بھگت جا چےَ نیشانِ ॥5॥1॥

ਮਲਾਰ ॥

ملار ॥

ਮੋ ਕਉ ਤੂੰ ਨ ਬਿਸਾਰਿ
ਤੂ ਨ ਬਿਸਾਰਿ ॥

مو کءُ توْنّ ن بِسارِ
توُ ن بِسارِ ॥

ਤੂ ਨ ਬਿਸਾਰੇ ਰਾਮਈਆ ॥੧॥ ਰਹਾਉ ॥

توُ ن بِسارے رامئیا ۔ ॥1॥ رہاءُ ॥

ਆਲਾਵੰਤੀ ਇਹੁ ਭ੍ਰਮੁ ਜੋ ਹੈ
ਮੁਝ ਊਪਰਿ ਸਭ ਕੋਪਿਲਾ ॥

آلاونّتی اِہُ بھرمُ جو ہےَ
مُجھ اوُپرِ سبھ کوپِلا ॥

ਸੂਦੁ ਸੂਦੁ ਕਰਿ ਮਾਰਿ ਉਠਾਇਓ
ਕਹਾ ਕਰਉ ਬਾਪ ਬੀਠੁਲਾ ॥੧॥

سوُدُ سوُدُ کرِ مارِ اُٹھائیئو
کہا کرءُ باپ بیٹھُلا ۔ ॥1॥

ਮੂਏ ਹੂਏ ਜਉ ਮੁਕਤਿ ਦੇਹੁਗੇ
ਮੁਕਤਿ ਨ ਜਾਨੈ ਕੋਇਲਾ ॥

موُئے ہوُئے جءُ مُکتِ دیہُگے
مُکتِ ن جانےَ کوئِلا ॥

ਏ ਪੰਡੀਆ ਮੋ ਕਉ ਢੇਢ ਕਹਤ
ਤੇਰੀ ਪੈਜ ਪਿਛੰਉਡੀ ਹੋਇਲਾ ॥੨॥

اے پنڈیِیا مو کءُ ڈھیڈھ کہت
تیری پیج پچھنڈی ہوئِلا ॥2॥

ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈ
ਅਤਿਭੁਜ ਭਇਓ ਅਪਾਰਲਾ ॥

توُ جُ دیَیالُ کرِپالُ کہیئتُ ہےَ
اَتِبھُج بھئیئو اپارلا ॥

ਫੇਰਿ ਦੀਆ ਦੇਹੁਰਾ ਨਾਮੇ ਕਉ
ਪੰਡੀਅਨ ਕਉ ਪਿਛਵਾਰਲਾ ॥੩॥੨॥

پھیرِ دِیِیا دیہُرا نامے کءُ

ਮਲਾਰ ਬਾਣੀ ਭਗਤ ਰਵਿਦਾਸ ਜੀ ਕੀ

ਮਲار باٹی بھگت روِداس جی کی

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥

ناگر جناں میری زاتِ بِکھیات چمّارنّ ॥

ਰਿਦੈ ਰਾਮ ਗੋਬਿੰਦ ਗੁਨ ਸਾਰੰ ॥੧॥ ਰਹਾਉ ॥

رِدے رام گوبِند گُن سارنّ ॥1॥ رہاءُ ॥

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ
ਸੰਤ ਜਨ ਕਰਤ ਨਹੀ ਪਾਨੰ ॥

سُرسری سلل کرِت بارُنی رے
سنّت جن کرت نہی پانںّ ॥

ਸੁਰਾ ਅਪਵਿਤ੍ਰ ਨਤ ਅਵਰ ਜਲ ਰੇ
ਸੁਰਸਰੀ ਮਿਲਤ ਨਹਿ ਹੋਇ ਆਨੰ ॥੧॥

سُرا اپوِتّر نت اور جل رے
سُرسری مِلت نہِ ہوءِ آننّ ॥1॥

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ
ਜੈਸੇ ਕਾਗਰਾ ਕਰਤ ਬੀਚਾਰੰ ॥

تر تارِ اپوِتّر کرِ مانیئے رے
جیَسے کاگرا کرت بیچارنّ ॥

ਭਗਤਿ ਭਾਗਉਤੁ ਲਿਖੀਐ ਤਿਹ ਊਪਰੇ
ਪੂਜੀਐ ਕਰਿ ਨਮਸਕਾਰੰ ॥੨॥

بھگتِ بھاگئُت لِکھیئے تہِ اوُپرے
پوُجیئے کرِ نمسکارنّ ॥2॥

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ ॥

میری زاتِ کُٹ بانڈھلا ڈھور ڈھووںتا
نِتہِ بانارسی آس پاسا ॥

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥੩॥੧॥

اب بپّر پردھان تِہِ کرہِ ڈنّڈئُتِ
تیرے نام سرٹاءِ روِداسُ داسا ॥3॥1॥

ਮਲਾਰ ॥

ملار ॥

ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ
ਤਾਸ ਸਮ ਤੁਲਿ ਨਹੀ ਆਨ ਕੋਊ ॥

ہرِ جپت تینوُ جنا پدم کولاس پتِ
تاس سم تُلِ نہی آن کوئوُ ॥

ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ ॥ ਰਹਾਉ ॥

ایک ہی ایک انیک ہوءِ بِستھرِئو
آن رے آن بھرپوُرِ سوئوُ ॥ رہاءُ ॥

ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ
ਤਾਸ ਕੀ ਜਾਤਿ ਆਛੋਪ ਛੀਪਾ ॥

جا کے بھاگوتُ لیکھیئے اورُ نہی پیکھیئے
تاس کی زاتِ آچھوپ چھیپا ॥

ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ

بِیاس مہِ لیکھیئے سنک مہِ پیکھیئے

ਨਾਮ ਕੀ ਨਾਮਨਾ ਸਪਤ ਦੀਪਾ ॥੧॥	نام کی نامنا سپت دیپا ॥1॥
ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ ॥	جا کے عیدِ بقریدِ کُل گئو رے بدھُ کرہِ مانیئہِ سیکھ شہید پیرا ॥
ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ ॥੨॥	جا کے باپ ویَسی کری پُوت ایَسی سری تِہُو رے لوک پرسِدھ کبیرا ॥2॥
ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ ॥	جا کے کُٹنّب کے ڈھیڈھ سبھ ڈھور ڈھوونّت پھِرہِ اجہُ بنّارسی آس پاسا ॥
ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ ॥੩॥੨॥	آچار سہِت بِپّر کرہِ ڈنّڈئُتِ تِن تنے روِداس داسان داسا ॥3॥2॥
ਮਲਾਰ	ملار
੧ੴ ਸਤਿਗੁਰ ਪ੍ਰਸਾਦਿ ॥	۱ۓ ستِگُر پرّسادِ॥
ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥	مِلت پِیارو پّران ناتھُ کون بھگتِ تے ۔ ॥
ਸਾਧਸੰਗਤਿ ਪਾਈ ਪਰਮ ਗਤੇ ॥ ਰਹਾਉ ॥	سادھسنگتِ پائی پرم گتے ॥ رہاءُ ॥
ਮੈਲੇ ਕਪਰੇ ਕਹਾ ਲਉ ਧੋਵਉ ॥	میَلے کپرے کہا لءُ دھووءُ ۔ ॥
ਆਵੈਗੀ ਨੀਦ ਕਹਾ ਲਗੁ ਸੋਵਉ ॥੧॥	آویَگی نِید کہا لگُ سووءُ ۔ ॥1॥
ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ ॥	جوئی جوئی جورِئو سوئی سوئی پھاٹِئو ॥
ਝੂਠੈ ਬਨਜਿ ਉਠਿ ਹੀ ਗਈ ਹਾਟਿਓ ॥੨॥	جھوُٹھے بنجِ اُٹھِ ہی گئی ہاٹِئو ॥2॥
ਕਹੁ ਰਵਿਦਾਸ ਭਇਓ ਜਬ ਲੇਖੋ ॥	کہُ روِداس بھئِئو جب لیکھو ॥
ਜੋਈ ਜੋਈ ਕੀਨੋ ਸੋਈ ਸੋਈ ਦੇਖਿਓ ॥੩॥੧॥੩॥	جوئی جوئی کِینو سوئی سوئی دیکھِئو ॥3॥1॥3॥
ਰਾਗੁ ਕਾਨੜਾ ਚਉਪਦੇ ਮਹਲਾ ੪ ਘਰੁ ੧	راگُ کانڑا چئُپدے محلا 4 گھرُ 1
੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	۱ۓ ستِنامُ کرتا پُرکھُ نِربھءُ نِرویَرُ اکال مورتِ اجوُنی سیَبھنّ گُرپّرسادِ ॥
ਮੇਰਾ ਮਨੁ ਸਾਧ ਜਨਾਂ ਮਿਲਿ ਹਰਿਆ ॥	میرا منُ سادھ جناں مِلِ ہریا ॥

ਹਉ ਬਲਿ ਬਲਿ ਬਲਿ ਬਲਿ ਸਾਧ ਜਨਾਂ ਕਉ
ਮਿਲਿ ਸੰਗਤਿ ਪਾਰਿ ਉਤਰਿਆ ॥੧॥ ਰਹਾਉ ॥

ہءُ بلِ بلِ بلِ بلِ سادھ جناں کءُ
بلِ سنگتِ پارِ اُترِیا ॥1॥ رہاءُ ॥

ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ
ਹਮ ਸਾਧ ਜਨਾਂ ਪਗ ਪਰਿਆ ॥

ہرِ ہرِ کرِپا کرہُ پربھ اپنی
ہم سادھ جناں پگ پریا ॥

ਧਨੁ ਧਨੁ ਸਾਧ ਜਿਨ ਹਰਿ ਪ੍ਰਭੁ ਜਾਨਿਆ
ਮਿਲਿ ਸਾਧੂ ਪਤਿਤ ਉਧਰਿਆ ॥੧॥

دھنُ دھنُ سادھ جِن ہرِ پربھُ جانِیا
بلِ سادھوُ پتِت اُدھرِیا ॥1॥

ਮਨੂਆ ਚਲੈ ਚਲੈ ਬਹੁ ਬਿਧਿ
ਮਿਲਿ ਸਾਧੂ ਵਸਗਤਿ ਕਰਿਆ ॥

منوُیا چلےَ چلےَ بہُ بہُ بِدھِ
بلِ سادھوُ وسگتِ کرِیا ॥

ਜਿਉਂ ਜਲ ਤੰਤੁ ਪਸਾਰਿਓ ਬਧਕਿ
ਗ੍ਰਸਿ ਮੀਨਾ ਵਸਗਤਿ ਖਰਿਆ ॥੨॥

جِئُں جل تنّتُ پسارِئو بدھکِ
گرّسِ مِینا وسگتِ کھرِیا ॥2॥

ਹਰਿ ਕੇ ਸੰਤ ਸੰਤ ਭਲ ਨੀਕੇ
ਮਿਲਿ ਸੰਤ ਜਨਾ ਮਲੁ ਲਹੀਆ ॥

ہرِ کے سنّت سنّت بھل نِیکے
بلِ سنّت جنا ملُ لہِیا ॥

ਹਉਮੈ ਦੁਰਤੁ ਗਇਆ ਸਭੁ ਨੀਕਰਿ
ਜਿਉ ਸਾਬੁਨਿ ਕਾਪਰੁ ਕਰਿਆ ॥੩॥

ہئُمےَ دُرتُ گئیا سبھُ نِیکرِ
جِءُ صابُنِ کاپڑُ کرِیا ॥3॥

ਮਸਤਕਿ ਲਿਲਾਟਿ ਲਿਖਿਆ ਧੁਰਿ ਠਾਕੁਰਿ
ਗੁਰ ਸਤਿਗੁਰ ਚਰਨ ਉਰ ਧਰਿਆ ॥

مستکِ لِلاٹِ لِکھیا دھُرِ ٹھاکُرِ
گُر ستِگُر چرن اُر دھرِیا ॥

ਸਭੁ ਦਾਲਦੁ ਦੂਖ ਭੰਜ ਪ੍ਰਭੁ ਪਾਇਆ
ਜਨ ਨਾਨਕ ਨਾਮਿ ਉਧਰਿਆ ॥੪॥੧॥

سبھُ دالدُ دوُکھ بھنّج پربھُ پائِیا
جن نانک نامِ اُدھرِیا ॥4॥1॥

ਕਾਨੜਾ ਮਹਲਾ ੪ ॥

کانڑا محلا 4 ॥

ਮੇਰਾ ਮਨੁ ਸੰਤ ਜਨਾ ਪਗ ਰੇਨ ॥

میرا منُ سنّت جنا پگ رین ॥

ਹਰਿ ਹਰਿ ਕਥਾ ਸੁਨੀ ਮਿਲਿ ਸੰਗਤਿ
ਮਨੁ ਕੋਰਾ ਹਰਿ ਰੰਗਿ ਭੇਨ ॥੧॥ ਰਹਾਉ ॥

ہرِ ہرِ کتھا سُنی بلِ سنگتِ
منُ کورا ہرِ رنگِ بھین ॥1॥ رہاءُ ॥

ਹਮ ਅਚਿਤ ਅਚੇਤ ਨ ਜਾਨਹਿ ਗਤਿ ਮਿਤਿ
ਗੁਰਿ ਕੀਏ ਸੁਚਿਤ ਚਿਤੇਨ ॥

ہم اِچت اچیت ن جانہِ گتِ مِتِ
گُرِ کیۓ سُچِت چِتین ॥

ਪ੍ਰਭਿ ਦੀਨ ਦਇਆਲਿ ਕੀਓ ਅੰਗੀਕ੍ਰਿਤੁ

پربھِ دِین دیَالِ کِینو انگیکرِتُ

ਮਨਿ ਹਰਿ ਹਰਿ ਨਾਮੁ ਜਪੇਨ ॥੧॥

ہرِ کے سنّت مِلہِ من پریتم
کٹِ دیوءُ ہیرا تین ॥

ਹਰਿ ਕੇ ਸੰਤ ਮਿਲਹਿ ਮਨ ਪ੍ਰੀਤਮ
ਕਟਿ ਦੇਵਉ ਹੀਅਰਾ ਤੇਨ ॥

ہرِ کے سنّت مِلے ہرِ مِلیا
ہم کیئے پتت پوین ॥2॥

ਹਰਿ ਕੇ ਸੰਤ ਮਿਲੇ ਹਰਿ ਮਿਲਿਆ
ਹਮ ਕੀਏ ਪਤਿਤ ਪਵੇਨ ॥੨॥

ہرِ کے جن اوُتم جگِ کہیئہِ
جِن مِلیا پاتھر سین ॥

ਹਰਿ ਕੇ ਜਨ ਊਤਮ ਜਗਿ ਕਹੀਅਹਿ
ਜਿਨ ਮਿਲਿਆ ਪਾਥਰ ਸੇਨ ॥

جن کی مہِما برنِ ن ساکءُ
اوءِ اوُتم ہرِ ہرِ کین ॥3॥

ਜਨ ਕੀ ਮਹਿਮਾ ਬਰਨਿ ਨ ਸਾਕਉ
ਓਇ ਊਤਮ ਹਰਿ ਹਰਿ ਕੇਨ ॥੩॥

تُمّہ ہرِ ساہ وڈے پربھ سُیامی
ہم ونجارے راسِ دین ॥

ਤੁਮ੍ ਹਰਿ ਸਾਹ ਵਡੇ ਪ੍ਰਭ ਸੁਆਮੀ
ਹਮ ਵਣਜਾਰੇ ਰਾਸਿ ਦੇਨ ॥

جن نانک کءُ دیئیا پربھ دھارہُ
لدِ واکھرُ ہرِ ہرِ لین ॥4॥2॥

ਜਨ ਨਾਨਕ ਕਉ ਦਇਆ ਪ੍ਰਭ ਧਾਰਹੁ
ਲਦਿ ਵਾਖਰੁ ਹਰਿ ਹਰਿ ਲੇਨ ॥੪॥੨॥

ਕਾਨੜਾ ਮਹਲਾ ੪ ॥

کانڑا محلا 4 ॥

ਜਪਿ ਮਨ ਰਾਮ ਨਾਮ ਪਰਗਾਸ ॥

جپِ من رام نام پرگاس ॥

ਹਰਿ ਕੇ ਸੰਤ ਮਿਲਿ ਪ੍ਰੀਤਿ ਲਗਾਨੀ
ਵਿਚੇ ਗਿਰਹ ਉਦਾਸ ॥੧॥ ਰਹਾਉ ॥

ہرِ کے سنّت مِلِ پریتِ لگانی
وِچے گِرہ اُداس ॥1॥ رہاءُ ॥

ਹਮ ਹਰਿ ਹਿਰਦੈ ਜਪਿਓ ਨਾਮੁ ਨਰਹਰਿ
ਪ੍ਰਭਿ ਕ੍ਰਿਪਾ ਕਰੀ ਕਿਰਪਾਸ ॥

ہم ہرِ ہردے جپیئو نامُ نرہرِ
پربھِ کرپا کری کرپاس ॥

ਅਨਦਿਨੁ ਅਨਦੁ ਭਇਆ ਮਨੁ ਬਿਗਸਿਆ
ਉਦਮ ਭਏ ਮਿਲਨ ਕੀ ਆਸ ॥੧॥

اندِنُ اندُ بھئیا منُ بِگسیا
اُدم بھیۓ مِلن کی آس ॥1॥

ਹਮ ਹਰਿ ਸੁਆਮੀ ਪ੍ਰੀਤਿ ਲਗਾਈ
ਜਿਤਨੇ ਸਾਸ ਲੀਏ ਹਮ ਗ੍ਰਾਸ ॥

ہم ہرِ سُیامی پریتِ لگائی
جِتنے ساس لیۓ ہم گراس ॥

ਕਿਲਬਿਖ ਦਹਨ ਭਏ ਖਿਨ ਅੰਤਰਿ
ਤੂਟਿ ਗਏ ਮਾਇਆ ਕੇ ਫਾਸ ॥੨॥

کِلبِکھ دہن بھیۓ کھِن انترِ
توٹِ گیۓ مائیا کے پھاس ॥2॥

ਕਿਆ ਹਮ ਕਿਰਮ ਕਿਆ ਕਰਮ ਕਮਾਵਹਿ
ਮੂਰਖ ਮੁਗਧ ਰਖੇ ਪ੍ਰਭ ਤਾਸ ॥

ਅਵਗਨੀਆਰੇ ਪਾਥਰ ਭਾਰੇ
ਸਤਸੰਗਤਿ ਮਿਲਿ ਤਰੇ ਤਰਾਸ ॥੩॥

ਜੇਤੀ ਸ੍ਰਿਸਟਿ ਕਰੀ ਜਗਦੀਸਰਿ
ਤੇ ਸਭਿ ਊਚ ਹਮ ਨੀਚ ਬਿਖਿਆਸ ॥

ਹਮਰੇ ਅਵਗੁਨ ਸੰਗਿ ਗੁਰ ਮੇਟੇ
ਜਨ ਨਾਨਕ ਮੇਲਿ ਲੀਏ ਪ੍ਰਭ ਪਾਸ ॥੪॥੩॥

ਕਾਨੜਾ ਮਹਲਾ ੪ ॥

ਮੇਰੈ ਮਨਿ ਰਾਮ ਨਾਮੁ ਜਪਿਓ ਗੁਰ ਵਾਕ ॥

ਹਰਿ ਹਰਿ ਕ੍ਰਿਪਾ ਕਰੀ ਜਗਦੀਸਰਿ
ਦੁਰਮਤਿ ਦੂਜਾ ਭਾਉ ਗਇਓ ਸਭ ਝਾਕ ॥੧॥ ਰਹਾਉ ॥

ਨਾਨਾ ਰੂਪ ਰੰਗ ਹਰਿ ਕੇਰੇ
ਘਟਿ ਘਟਿ ਰਾਮੁ ਰਵਿਓ ਗੁਪਲਾਕ ॥

ਹਰਿ ਕੇ ਸੰਤ ਮਿਲੇ ਹਰਿ ਪ੍ਰਗਟੇ
ਉਘਰਿ ਗਏ ਬਿਖਿਆ ਕੇ ਤਾਕ ॥੧॥

ਸੰਤ ਜਨਾ ਕੀ ਬਹੁਤੁ ਬਹੁ ਸੋਭਾ
ਜਿਨ ਉਰਿ ਧਾਰਿਓ ਹਰਿ ਰਸਿਕ ਰਸਾਕ ॥

ਹਰਿ ਕੇ ਸੰਤ ਮਿਲੇ ਹਰਿ ਮਿਲਿਆ
ਜੈਸੇ ਗਊ ਦੇਖਿ ਬਛਰਾਕ ॥੨॥

ਹਰਿ ਕੇ ਸੰਤ ਜਨਾ ਮਹਿ ਹਰਿ ਹਰਿ
ਤੇ ਜਨ ਊਤਮ ਜਨਕ ਜਨਾਕ ॥

ਤਿਨ ਹਰਿ ਹਿਰਦੈ ਬਾਸੁ ਬਸਾਨੀ
ਛੁਟਿ ਗਈ ਮੁਸਕੀ ਮੁਸਕਾਕ ॥੩॥

ਤੁਮਰੇ ਜਨ ਤੁਮ੍ ਹੀ ਪ੍ਰਭ ਕੀਏ

کیا ہم کِرم کِیا کرم کماوہِ
مُورکھ مُگدھ رکھے پربھ تاس ॥

اوگنیارے پاتھر بھارے
ستسنگتِ مِلِ ترے تراس ॥3॥

جیتی سرِسٹِ کری جگدیسرِ
تے سبھِ اوُچ ہم نِچ بِکھیاس ॥

ہمرے اوگُن سنگِ گُر میٹے
جن نانک میلِ لیئے پربھ پاس ॥4॥3॥

کانڑا محلا 4 ॥

میرے منِ رام نامُ جپِئو گُر واک ॥

ہرِ ہرِ کرِپا کری جگدیسرِ
دُرمتِ دوُجا بھاءُ گئِئو سبھ جھاک ॥1॥ رہاءُ ॥

نانا روُپ رنگ ہرِ کیرے
گھٹِ گھٹِ رامُ روِئو گُپلاک ॥

ہرِ کے سنّت مِلے ہرِ پرگٹے
اُگھرِ گئے بِکھیا کے تاک ॥1॥

سنّت جنا کی بہُتُ بہُ سوبھا
جِن اُرِ دھارِئو ہرِ رسِک رساک ॥

ہرِ کے سنّت مِلے ہرِ مِلیا
جیسے گئوُ دیکھِ بچھراک ॥2॥

ہرِ کے سنّت جنا مہِ ہرِ ہرِ
تے جن اوُتم جنک جناک ॥

تِن ہرِ ہِردے باسُ بسانی
چھوُٹِ گئی مُشکی مُشکاک ॥3॥

تُمرے جن تُمّہ ہی پربھ کیئے

ਹਰਿ ਰਾਖਿ ਲੇਹੁ ਆਪਨ ਅਪਨਾਕ ॥

ہرِ راکھِ لیہُ آپن اپناک ॥

ਜਨ ਨਾਨਕ ਕੇ ਸਖਾ ਹਰਿ ਭਾਈ
ਮਾਤ ਪਿਤਾ ਬੰਧਪ ਹਰਿ ਸਾਕ ॥੪॥੪॥

جن نانک کے سکھا ہرِ بھائی
مات پِتا بندھپ ہرِ ساک ॥4॥4॥

ਕਾਨੜਾ ਮਹਲਾ ੪ ॥

کانڑا محلا 4 ॥

ਮੇਰੇ ਮਨ
ਹਰਿ ਹਰਿ ਰਾਮ ਨਾਮੁ ਜਪਿ ਚੀਤਿ ॥

میرے من
ہرِ ہرِ رام نامُ جپِ چیتِ ॥

ਹਰਿ ਹਰਿ ਵਸਤੁ ਮਾਇਆ ਗੜਿ ਵੇੜੀ
ਗੁਰ ਕੈ ਸਬਦਿ ਲੀਓ ਗੜੁ ਜੀਤਿ ॥੧॥ ਰਹਾਉ ॥

ہرِ ہرِ وستُ مائیا گڑِہ ویڑہی
گُر کے سبدِ لِیئو گڑُ جیتِ ॥1॥ رہاءُ ॥

ਮਿਥਿਆ ਭਰਮਿ ਭਰਮਿ ਬਹੁ ਭ੍ਰਮਿਆ
ਲੁਬਧੋ ਪੁਤ੍ਰ ਕਲਤ੍ਰ ਮੋਹ ਪ੍ਰੀਤਿ ॥

مِتھیا بھرمِ بھرمِ بہُ بھرمِیا
لُبدھو پُتّر کلتّر موہ پریتِ ॥

ਜੈਸੇ ਤਰਵਰ ਕੀ ਤੁਛ ਛਾਇਆ
ਖਿਨ ਮਹਿ ਬਿਨਸਿ ਜਾਇ ਦੇਹ ਭੀਤਿ ॥੧॥

جیسے ترور کی تُچھ چھائیا
کھِن مہِ بِنسِ جاءِ دیہ بھیتِ ॥1॥

ਹਮਰੇ ਪ੍ਰਾਨ ਪ੍ਰੀਤਮ ਜਨ ਊਤਮ
ਜਿਨ ਮਿਲਿਆ ਮਨਿ ਹੋਇ ਪ੍ਰਤੀਤਿ ॥

ہمرے پران پریتم جن اوُتم
جِن مِلیا منِ ہوءِ پرتیتِ ॥

ਪਰਚੈ ਰਾਮੁ ਰਵਿਆ ਘਟ ਅੰਤਰਿ
ਅਸਥਿਰੁ ਰਾਮੁ ਰਵਿਆ ਰੰਗਿ ਪ੍ਰੀਤਿ ॥੨॥

پرچے رامُ رویا گھٹ انترِ
استھِرُ رامُ رویا رنگِ پریتِ ॥2॥

ਹਰਿ ਕੇ ਸੰਤ ਸੰਤ ਜਨ ਨੀਕੇ
ਜਿਨ ਮਿਲਿਆ ਮਨੁ ਰੰਗਿ ਰੰਗੀਤਿ ॥

ہرِ کے سنّت سنّت جن نِیکے
جِن مِلیا منُ رنگِ رنگیتِ ॥

ਹਰਿ ਰੰਗੁ ਲਹੈ 'ਨ' ਉਤਰੈ ਕਬਹੂ
ਹਰਿ ਹਰਿ ਜਾਇ ਮਿਲੈ ਹਰਿ ਪ੍ਰੀਤਿ ॥੩॥

ہرِ رنگُ لہے ن اُترے کبہُو
ہرِ ہرِ جاءِ مِلے ہرِ پریتِ ॥3॥

ਹਮ ਬਹੁ ਪਾਪ ਕੀਏ ਅਪਰਾਧੀ
ਗੁਰਿ ਕਾਟੇ ਕਟਿਤ ਕਟੀਤਿ ॥

ہم بہُ پاپ کیئے اپرادھی
گُرِ کاٹے کٹِت کٹیتِ ॥

ਹਰਿ ਹਰਿ ਨਾਮੁ ਦੀਓ ਮੁਖਿ ਅਉਖਧੁ
ਜਨ ਨਾਨਕ ਪਤਿਤ ਪੁਨੀਤਿ ॥੪॥੫॥

ہرِ ہرِ نامُ دیئو مُکھِ اُکھدھُ
جن نانک پتت پُنیتِ ॥4॥5॥

ਕਾਨੜਾ ਮਹਲਾ ੪ ॥

کانڑا محلا 4 ॥

ਜਪਿ ਮਨ ਰਾਮ ਨਾਮ ਜਗੰਨਾਥ ॥

جپِ من رام نام جگنّاتھ ॥

ਘੂਮਨ ਘੇਰ ਪਰੇ ਬਿਖੁ ਬਿਖਿਆ
ਸਤਿਗੁਰ ਕਾਢਿ ਲੀਏ ਦੇ ਹਾਥ ॥੧॥ ਰਹਾਉ ॥

گھوُمن گھیر پرے بِکھُ بِکھیا
ستِگُر کاڈھِ لیئے دے ہاتھ ॥1॥ رہاءُ ॥

ਸੁਆਮੀ ਅਭੈ ਨਿਰੰਜਨ ਨਰਹਰਿ
ਤੁਮ੍ ਰਾਖਿ ਲੇਹੁ ਹਮ ਪਾਪੀ ਪਾਥ ॥

سُیامی ابھےَ نِرنّجن نرہرِ
تُمہ راکھِ لیہُ ہم پاپی پاتھ ॥

ਕਾਮ ਕ੍ਰੋਧ ਬਿਖਿਆ ਲੋਭਿ ਲੁਭਤੇ
ਕਾਸਟ ਲੋਹ ਤਰੇ ਸੰਗਿ ਸਾਥ ॥੧॥

کام کرودھ بِکھیا لوبھِ لُبھتے
کاسٹ لوہ ترے سنگِ ساتھ ॥1॥

ਤੁਮ੍ ਵਡ ਪੁਰਖ ਬਡ ਅਗਮ ਅਗੋਚਰ
ਹਰਿ ਢੂਢਿ ਰਹੇ ਪਾਈ ਨਹੀ ਹਾਥ ॥

تُمہ وڈ پُرکھ بڈ اگم اگوچر
ہرِ ڈھوُڈھِ رہے پائی نہی ہاتھ ॥

ਤੂ ਪਰੈ ਪਰੈ ਅਪਰੰਪਰੁ ਸੁਆਮੀ
ਤੂ ਆਪਨ ਜਾਨਹਿ ਆਪਿ ਜਗੰਨਾਥ ॥੨॥

توُ پرےَ پرےَ اپرنّپرُ سُیامی
توُ آپن جانہِ آپِ جگنّاتھ ॥2॥

ਅਦ੍ਰਿਸਟੁ ਅਗੋਚਰ ਨਾਮੁ ਧਿਆਏ
ਸਤਸੰਗਤਿ ਮਿਲਿ ਸਾਧੂ ਪਾਥ ॥

ادّرِسٹُ اگوچر نامُ دھیائے
ستسنگتِ مِلِ سادھوُ پاتھ ॥

ਹਰਿ ਹਰਿ ਕਥਾ ਸੁਨੀ ਮਿਲਿ ਸੰਗਤਿ
ਹਰਿ ਹਰਿ ਜਪਿਓ ਅਕਥ ਕਥ ਕਾਥ ॥੩॥

ہرِ ہرِ کتھا سُنی مِلِ سنگتِ
ہرِ ہرِ جپِئو اکتھ کتھ کاتھ ॥3॥

ਹਮਰੇ ਪ੍ਰਭ ਜਗਦੀਸ ਗੁਸਾਈ
ਹਮ ਰਾਖਿ ਲੇਹੁ ਜਗੰਨਾਥ ॥

ہمرے پربھ جگدیس گُسائی
ہم راکھِ لیہُ جگنّاتھ ۔ ॥

ਜਨ ਨਾਨਕੁ ਦਾਸੁ ਦਾਸ ਦਾਸਨ ਕੋ
ਪ੍ਰਭ ਕਰਹੁ ਕ੍ਰਿਪਾ ਰਾਖਹੁ ਜਨ ਸਾਥ ॥੪॥੬॥

جن نانکُ داسُ داس داسن کو
پربھ کرہُ کرِپا راکھہُ جن ساتھ ॥4॥6॥

ਕਾਨੜਾ ਮਹਲਾ ੪ ਪੜਤਾਲ ਘਰੁ ੫ ॥

کانڑا محلا 4 پڑتال گھرُ 5 ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਮਨ ਜਾਪਹੁ ਰਾਮ ਗੁਪਾਲ ॥

من جاپہُ رام گُپال ॥

ਹਰਿ ਰਤਨ ਜਵੇਹਰ ਲਾਲ ॥

ہرِ رتن جویہر لال ॥

ਹਰਿ ਗੁਰਮੁਖਿ ਘੜਿ ਟਕਸਾਲ ॥

ہرِ گُرمُکھِ گھڑِ ٹکسال ॥

ਹਰਿ ਹੋ ਹੋ ਕਿਰਪਾਲ ॥੧॥ ਰਹਾਉ ॥

ہرِ ہو ہو کِرپال ॥1॥ رہاءُ ॥

ਤੁਮਰੇ ਗੁਨ ਅਗਮ ਅਗੋਚਰ
ਏਕ ਜੀਹ ਕਿਆ ਕਥੈ ਬਿਚਾਰੀ
ਰਾਮ ਰਾਮ ਰਾਮ ਰਾਮ ਲਾਲ ॥

تُمرے گُن اگم اگوچر
ایک جیہِ کیا کتھے بِچاری
رام رام رام رام لال ॥

ਤੁਮਰੀ ਜੀ ਅਕਥ ਕਥਾ ਤੂ ਤੂ ਤੂ ਹੀ ਜਾਨਹਿ
ਹਉ ਹਰਿ ਜਪਿ ਭਈ ਨਿਹਾਲ ਨਿਹਾਲ ਨਿਹਾਲ ॥੧॥

تُمری جی اکتھ کتھا توُ توُ توُ ہی جانہِ
ہءُ ہرِ جپِ بھئی نِہال نِہال نِہال ॥1॥

ਹਮਰੇ ਹਰਿ ਪ੍ਰਾਨ ਸਖਾ ਸੁਆਮੀ ਹਰਿ ਮੀਤਾ
ਮੇਰੇ ਮਨਿ ਤਨਿ ਜੀਹ ਹਰਿ ਹਰੇ ਹਰੇ
ਰਾਮ ਨਾਮ ਧਨੁ ਮਾਲ ॥

ہمرے ہرِ پّران سکھا سُیامی ہرِ مِیتا
میرے منِ تنِ جیہِ ہرِ ہرے ہرے
رام نام دھنُ مال ॥

ਜਾ ਕੋ ਭਾਗੁ ਤਿਨਿ ਲੀਓ ਰੀ ਸੁਹਾਗੁ
ਹਰਿ ਹਰਿ ਹਰੇ ਹਰੇ ਗੁਨ ਗਾਵੈ ਗੁਰਮਤਿ
ਹਉ ਬਲਿ ਬਲੇ ਹਉ ਬਲਿ ਬਲੇ
ਜਨ ਨਾਨਕ ਹਰਿ ਜਪਿ ਭਈ ਨਿਹਾਲ ਨਿਹਾਲ ਨਿਹਾਲ
॥੨॥੧॥੭॥

جا کو بھاگُ تِنِ لِینہُ ری سُہاگُ
ہرِ ہرِ ہرے ہرے گُن گاوے گُرمتِ
ہءُ بلِ بلے ہءُ بلِ بلے
جن نانک ہرِ جپِ بھئی نِہال نِہال نِہال ॥2॥1॥7॥

ਕਾਨੜਾ ਮਹਲਾ ੪ ॥

کانڑا محلا 4 ॥

ਹਰਿ ਗੁਨ ਗਾਵਹੁ ਜਗਦੀਸ ॥

ہرِ گُن گاوہُ جگدِیس ۔ ॥

ਏਕਾ ਜੀਹ ਕੀਚੈ ਲਖ ਬੀਸ ॥

ایکا جیہِ کِیجے لکھ بِیس ॥

ਜਪਿ ਹਰਿ ਹਰਿ ਸਬਦਿ ਜਪੀਸ ॥

جپِ ہرِ ہرِ سبدِ جپِیس ॥

ਹਰਿ ਹੋ ਹੋ ਕਿਰਪੀਸ ॥੧॥ ਰਹਾਉ ॥

ہرِ ہو ہو کِرپِیس ॥1॥ رہاءُ ॥

ਹਰਿ ਕਿਰਪਾ ਕਰਿ ਸੁਆਮੀ ਹਮ ਲਾਇ ਹਰਿ ਸੇਵਾ
ਹਰਿ ਜਪਿ ਜਪੇ ਹਰਿ ਜਪਿ ਜਪੇ
ਜਪੁ ਜਾਪਉ ਜਗਦੀਸ ॥

ہرِ کِرپا کرِ سُیامی ہم لاءِ ہرِ سیوا
ہرِ جپِ جپے ہرِ جپِ جپے
جپُ جاپءُ جگدِیس ॥

ਤੁਮਰੇ ਜਨ ਰਾਮੁ ਜਪਹਿ ਤੇ ਊਤਮ
ਤਿਨ ਕਉ ਹਉ ਘੁਮਿ ਘੁਮੇ ਘੁਮਿ ਘੁਮਿ ਜੀਸ ॥੧॥

تُمرے جن رامُ جپہِ تے اوُتم
تِن کءُ ہءُ گھُمِ گھُمے گھُمِ گھُمِ جِیس ॥1॥

ਹਰਿ ਤੁਮ ਵਡ ਵਡੇ ਵਡੇ ਵਡ ਊਚੇ
ਸੋ ਕਰਹਿ ਜਿ ਤੁਧੁ ਭਾਵੀਸ ॥

ہرِ تُم وڈ وڈے وڈے وڈ اوُچے
سو کرہِ جِ تُدھُ بھاویس ॥

ਜਨ ਨਾਨਕ ਅੰਮ੍ਰਿਤੁ ਪੀਆ ਗੁਰਮਤੀ ਧਨੁ ਧੰਨੁ ਧਨੁ ਧੰਨੁ ਧੰਨੁ ਗੁਰੂ ਸਾਬੀਸ ॥੨॥੨॥੮॥	جن نانک انمرِتُ پیِیا گُرمتی دھنُ دھنّنُ دھنُ دھنّنُ دھنّنُ گُرو سابیِس ॥2॥2॥8॥
ਕਾਨੜਾ ਮਹਲਾ ੪ ॥	کانڑا محلا 4 ॥
ਭਜੁ ਰਾਮੋ ਮਨਿ ਰਾਮ ॥	بھجُ رامو منِ رام ॥
ਜਿਸੁ ਰੂਪ ਨ ਰੇਖ ਵਡਾਮ ॥	جِسُ روُپ ن ریکھ وڈام ॥
ਸਤਸੰਗਤਿ ਮਿਲੁ ਭਜੁ ਰਾਮ ॥	ستسنگتِ مِلُ بھجُ رام ॥
ਬਡ ਹੋ ਹੋ ਭਾਗ ਮਥਾਮ ॥੧॥ ਰਹਾਉ ॥	بڈ ہو ہو بھاگ متھام ॥1॥ رہاءُ ॥
ਜਿਤੁ ਗ੍ਰਿਹਿ ਮੰਦਰਿ ਹਰਿ ਹੋਤੁ ਜਾਸੁ ਤਿਤੁ ਘਰਿ ਆਨਦੋ ਆਨੰਦੁ ਭਜੁ ਰਾਮ ਰਾਮ ਰਾਮ ॥	جِتُ گرِہِ مندرِ ہرِ ہوتُ جاسُ تِتُ گھرِ آندو آننّدُ بھجُ رام رام رام ॥
ਰਾਮ ਨਾਮ ਗੁਨ ਗਾਵਹੁ ਹਰਿ ਪ੍ਰੀਤਮ ਉਪਦੇਸਿ ਗੁਰੂ ਗੁਰ ਸਤਿਗੁਰਾ ਸੁਖੁ ਹੋਤੁ ਹਰਿ ਹਰੇ ਹਰਿ ਹਰੇ ਹਰੇ ਭਜੁ ਰਾਮ ਰਾਮ ਰਾਮ ॥੧॥	رام نام گُن گاوہُ ہرِ پرّیتم اُپدیسِ گُرو گُر ستِگُرا سُکھُ ہوتُ ہرِ ہرے ہرِ ہرے ہرے بھجُ رام رام رام ॥1॥
ਸਭ ਸਿਸਟਿ ਧਾਰ ਹਰਿ ਤੁਮ ਕਿਰਪਾਲ ਕਰਤਾ ਸਭੁ ਤੂ ਤੂ ਤੂ ਰਾਮ ਰਾਮ ਰਾਮ ॥	سبھ سِسٹِ دھار ہرِ تُم کِرپال کرتا سبھُ توُ توُ توُ رام رام رام ॥
ਜਨ ਨਾਨਕੋ ਸਰਣਾਗਤੀ ਦੇਹੁ ਗੁਰਮਤੀ ਭਜੁ ਰਾਮ ਰਾਮ ਰਾਮ ॥੨॥੩॥੯॥	جن نانکو سرڻاگتی دیہُ گُرمتی بھجُ رام رام رام ॥2॥3॥9॥
ਕਾਨੜਾ ਮਹਲਾ ੪ ॥	کانڑا محلا 4 ॥
ਸਤਿਗੁਰ ਚਾਟਉ ਪਗ ਚਾਟ ॥	ستِگُر چاٹءُ پگ چاٹ ॥
ਜਿਤੁ ਮਿਲਿ ਹਰਿ ਪਾਧਰ ਬਾਟ ॥	جِتُ مِلِ ہرِ پادھر باٹ ॥
ਭਜੁ ਹਰਿ ਰਸੁ ਰਸ ਹਰਿ ਗਾਟ ॥	بھجُ ہرِ رسُ رس ہرِ گاٹ ॥
ਹਰਿ ਹੋ ਹੋ ਲਿਖੇ ਲਿਲਾਟ ॥੧॥ ਰਹਾਉ ॥	ہرِ ہو ہو لِکھے لِلاٹ ॥1॥ رہاءُ ॥
ਖਟ ਕਰਮ ਕਿਰਿਆ ਕਰਿ ਬਹੁ ਬਹੁ ਬਿਸਥਾਰ ਸਿਧ ਸਾਧਿਕ ਜੋਗੀਆ ਕਰਿ ਜਟ ਜਟਾ ਜਟ ਜਾਟ ॥	کھٹ کرم کِریا کرِ بہُ بہُ بِستھار سِدھ سادھک جوگیِیا کرِ جٹ جٹا جٹ جاٹ ॥

ਕਰਿ ਭੇਖ ਨ ਪਾਈਐ ਹਰਿ ਬ੍ਰਹਮ ਜੋਗੁ ਹਰਿ ਪਾਈਐ
ਸਤਸੰਗਤੀ ਉਪਦੇਸਿ ਗੁਰੂ ਗੁਰ ਸੰਤ ਜਨਾ
ਖੋਲਿ ਖੋਲਿ ਕਪਾਟ ॥੧॥

کرِ بھیکھ ن پائیئے ہرِ برہم جوگ ہرِ پائیئے
ستسنگتی اُپدیس گُرو گُر سنت جنا
کھولِ کھولِ کپاٹ ॥1॥

ਤੂ ਅਪਰੰਪਰੁ ਸੁਆਮੀ ਅਤਿ ਅਗਾਹੁ
ਤੂ ਭਰਪੁਰਿ ਰਹਿਆ ਜਲ ਥਲੇ
ਹਰਿ ਇਕੁ ਇਕੋ ਇਕ ਏਕੈ ਹਰਿ ਥਾਟ ॥

تُو اپرنپرُ سُیامی اتِ اگاہُ
تُو بھرپُرِ رہیا جل تھلے
ہرِ اِکُ اِکو اِک ایکےَ ہرِ تھاٹ ॥

ਤੂ ਜਾਣਹਿ ਸਭ ਬਿਧਿ ਬੂਝਹਿ ਆਪੇ
ਜਨ ਨਾਨਕ ਕੇ ਪ੍ਰਭ ਘਟਿ ਘਟੇ ਘਟਿ ਘਟੇ ਘਟਿ ਹਰਿ ਘਾਟ
॥੨॥੪॥੧੦॥

تُو جاٹہِ سبھ بِدھِ بُوجھہِ آپے
جن نانک کے پربھ گھٹِ گھٹے گھٹِ گھٹے گھٹِ ہرِ گھاٹ
॥ 10 ॥4॥2॥

ਕਾਨੜਾ ਮਹਲਾ ੪ ॥

کانڑا محلا 4 ॥

ਜਪਿ ਮਨ ਗੋਬਿਦ ਮਾਧੋ ॥

جپِ من گوبِد مادھو ॥

ਹਰਿ ਹਰਿ ਅਗਮ ਅਗਾਧੋ ॥

ہرِ ہرِ اگم اگادھو ॥

ਮਤਿ ਗੁਰਮਤਿ ਹਰਿ ਪ੍ਰਭੁ ਲਾਧੋ ॥

متِ گُرمتِ ہرِ پربھُ لادھو ॥

ਧੁਰਿ ਹੋ ਹੋ ਲਿਖੇ ਲਿਲਾਧੋ ॥੧॥ ਰਹਾਉ ॥

دھُرِ ہو ہو لِکھے لِلادھو ॥1॥ رہاءُ ॥

ਬਿਖੁ ਮਾਇਆ ਸੰਚਿ ਬਹੁ ਚਿਤੈ ਬਿਕਾਰ
ਸੁਖੁ ਪਾਈਐ ਹਰਿ ਭਜੁ ਸੰਤ ਸੰਤ ਸੰਗਤੀ
ਮਿਲਿ ਸਤਿਗੁਰੂ ਗੁਰੁ ਸਾਧੋ ॥

بِکھُ مائیا سنچِ بہُ چِتےَ بِکار
سُکھُ پائیئے ہرِ بھجُ سنت سنت سنگتی
مِلِ ستِگُروُ گُرُ سادھو ॥

ਜਿਉ ਛੁਹਿ ਪਾਰਸ ਮਨੂਰ ਭਏ ਕੰਚਨ
ਤਿਉ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ
ਗੁਰਮਤੀ ਸੁਧ ਹਾਧੋ ॥੧॥

جِءُ چھُہِ پارس منوُر بھےَ کنچن
تِءُ پتِت جن مِلِ سنگتی سُدھ ہووت
گُرمتی سُدھ ہادھو ॥1॥

ਜਿਉ ਕਾਸਟ ਸੰਗਿ ਲੋਹਾ ਬਹੁ ਤਰਤਾ
ਤਿਉ ਪਾਪੀ ਸੰਗਿ ਤਰੇ ਸਾਧ ਸਾਧ ਸੰਗਤੀ
ਗੁਰ ਸਤਿਗੁਰੂ ਗੁਰ ਸਾਧੋ ॥

جِءُ کاسٹ سنگِ لوہا بہُ ترتا
تِءُ پاپی سنگِ ترے سادھ سادھ سنگتی
گُر ستِگُروُ گُر سادھو ॥

ਚਾਰਿ ਬਰਨ ਚਾਰਿ ਆਸ੍ਰਮ ਹੈ
ਕੋਈ ਮਿਲੈ ਗੁਰੂ ਗੁਰ ਨਾਨਕ
ਸੋ ਆਪਿ ਤਰੈ ਕੁਲ ਸਗਲ ਤਰਾਧੋ ॥੨॥੫॥੧੧॥

چارِ برن چارِ آسرم ہےَ
کوئی مِلےَ گُروُ گُر نانک

سو آپِ ترے کُل سگل ترادھو ॥2॥5॥ 11 ॥

ਕਾਨੜਾ ਮਹਲਾ ੪ ॥

کانڑا محلا 4 ॥

ਹਰਿ ਜਸੁ ਗਾਵਹੁ ਭਗਵਾਨ ॥

ہرِ جسُ گاوہُ بھگوان ॥

ਜਸੁ ਗਾਵਤ ਪਾਪ ਲਹਾਨ ॥

جسُ گاوت پاپ لہان ॥

ਮਤਿ ਗੁਰਮਤਿ ਸੁਨਿ ਜਸੁ ਕਾਨ ॥

متِ گُرمتِ سُنِ جسُ کان ॥

ਹਰਿ ਹੋ ਹੋ ਕਿਰਪਾਨ ॥੧॥ ਰਹਾਉ ॥

ہرِ ہو ہو کِرپان ॥1॥ رہاءُ ॥

ਤੇਰੇ ਜਨ ਧਿਆਵਹਿ ਇਕ ਮਨਿ ਇਕ ਚਿਤਿ
ਤੇ ਸਾਧੂ ਸੁਖ ਪਾਵਹਿ ਜਪਿ ਹਰਿ ਹਰਿ ਨਾਮੁ ਨਿਧਾਨ ॥

تیرے جن دھیاوہِ اِک منِ اِک چِتِ
تے سادھوُ سُکھ پاوہِ جپِ ہرِ ہرِ نامُ نِدھان ॥

ਉਸਤਤਿ ਕਰਹਿ ਪ੍ਰਭ ਤੇਰੀਆ ਮਿਲਿ ਸਾਧੂ ਸਾਧ ਜਨਾ
ਗੁਰ ਸਤਿਗੁਰੂ ਭਗਵਾਨ ॥੧॥

اُستتِ کرہِ پربھ تیریا مِلِ سادھوُ سادھ جنا
گُر ستِگُروُ بھگوان ॥1॥

ਜਿਨ ਕੈ ਹਿਰਦੈ ਤੂ ਸੁਆਮੀ ਤੇ ਸੁਖ ਫਲ ਪਾਵਹਿ
ਤੇ ਤਰੇ ਭਵ ਸਿੰਧੁ ਤੇ ਭਗਤ ਹਰਿ ਜਾਨ ॥

جِن کے ہِردے توُ سُیامی تے سُکھ پھل پاوہِ
تے ترے بھو سِندھُ تے بھگت ہرِ جان ॥

ਤਿਨ ਸੇਵਾ ਹਮ ਲਾਇ ਹਰੇ ਹਮ ਲਾਇ ਹਰੇ
ਜਨ ਨਾਨਕ ਕੇ ਹਰਿ ਤੂ ਤੂ ਤੂ ਤੂ ਤੂ ਭਗਵਾਨ
॥੨॥੬॥੧੨॥

تِن سیوا ہم لاءِ ہرے ہم لاءِ ہرے
جن نانک کے ہرِ توُ توُ توُ توُ توُ بھگوان ۔ ॥2॥6॥ 12 ॥

ਕਾਨੜਾ ਮਹਲਾ ੫ ਘਰੁ ੨

کانڑا محلا 5 گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਗਾਈਐ ਗੁਣ ਗੋਪਾਲ ਕ੍ਰਿਪਾ ਨਿਧਿ ॥

گائیئے گُنؔ گوپال کرِپا نِدھِ ॥

ਦੁਖ ਬਿਦਾਰਨ ਸੁਖਦਾਤੇ ਸਤਿਗੁਰ
ਜਾ ਕਉ ਭੇਟਤ ਹੋਇ ਸਗਲ ਸਿਧਿ ॥੧॥ ਰਹਾਉ ॥

دُکھ بِدارن سُکھداتے ستِگُر
جا ک ءُ بھیٹت ہوءِ سگل سِدھِ ॥1॥ رہاءُ ॥

ਸਿਮਰਤ ਨਾਮੁ ਮਨਹਿ ਸਾਧਾਰੈ ॥

سِمرت نامُ منہِ سادھارے ॥

ਕੋਟਿ ਪਰਾਧੀ ਖਿਨ ਮਹਿ ਤਾਰੈ ॥੧॥

کوٹِ پرادھی کھِن مہِ تارے ॥1॥

ਜਾ ਕਉ ਚੀਤਿ ਆਵੈ ਗੁਰੁ ਅਪਨਾ ॥

جا ک ءُ چیتِ آوے گُرُ اپنا ॥

ਤਾ ਕਉ ਦੂਖੁ ਨਹੀ ਤਿਲੁ ਸੁਪਨਾ ॥੨॥

تا ک ءُ دوُکھُ نہی تِلُ سُپنا ॥2॥

ਜਾ ਕਉ ਸਤਿਗੁਰੁ ਅਪਨਾ ਰਾਖੈ ॥	جا ک ءُ ستِگُرُ اپنا راکھےَ ॥
ਸੋ ਜਨੁ ਹਰਿ ਰਸੁ ਰਸਨਾ ਚਾਖੈ ॥੩॥	سو جنُ ہرِ رسُ رسنا چاکھےَ ॥3॥
ਕਹੁ ਨਾਨਕ ਗੁਰਿ ਕੀਨੀ ਮਇਆ ॥	کہُ نانک گُرِ کِینی مئیا ॥
ਹਲਤਿ ਪਲਤਿ ਮੁਖ ਊਜਲ ਭਇਆ ॥੪॥੧॥	ہلتِ پلتِ مُکھ اوُجل بھئیا ॥4॥1॥
ਕਾਨੜਾ ਮਹਲਾ ੫ ॥	کانڑا محلا 5 ॥
ਆਰਾਧਉ ਤੁਝਹਿ ਸੁਆਮੀ ਅਪਨੇ ॥	آرادھ ءُ تُجھِ سُیامی اپنے ۔ ॥
ਊਠਤ ਬੈਠਤ ਸੋਵਤ ਜਾਗਤ ਸਾਸਿ ਸਾਸਿ ਸਾਸਿ ਹਰਿ ਜਪਨੇ ॥੧॥ ਰਹਾਉ ॥	اوُٹھت بیٹھت سووت جاگت ساسِ ساسِ ساسِ ہرِ جپنے ॥1॥ رہاءُ ॥
ਤਾ ਕੈ ਹਿਰਦੈ ਬਸਿਓ ਨਾਮੁ ॥	تا کے ہِردے بسِیو نامُ ॥
ਜਾ ਕਉ ਸੁਆਮੀ ਕੀਨੋ ਦਾਨੁ ॥੧॥	جا ک ءُ سُیامی کِینو دانُ ॥1॥
ਤਾ ਕੈ ਹਿਰਦੈ ਆਈ ਸਾਂਤਿ ॥	تا کے ہِردے آئی سانتِ ॥
ਠਾਕੁਰ ਭੇਟੇ ਗੁਰ ਬਚਨਾਂਤਿ ॥੨॥	ٹھاکُر بھیٹے گُر بچنانتِ ॥2॥
ਸਰਬ ਕਲਾ ਸੋਈ ਪਰਬੀਨ ॥	سرب کلا سوئی پربِین ॥
ਨਾਮ ਮੰਤ੍ਰੁ ਜਾ ਕਉ ਗੁਰਿ ਦੀਨ ॥੩॥	نام منّترُ جا ک ءُ گُرِ دِین ॥3॥
ਕਹੁ ਨਾਨਕ ਤਾ ਕੈ ਬਲਿ ਜਾਉ ॥	کہُ نانک تا کے بلِ جاءُ ॥
ਕਲਿਜੁਗ ਮਹਿ ਪਾਇਆ ਜਿਨਿ ਨਾਉ ॥੪॥੨॥	کلِجُگ مہِ پائیا جِنِ ناءُ ॥4॥2॥
ਕਾਨੜਾ ਮਹਲਾ ੫ ॥	کانڑا محلا 5 ॥
ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ ॥	کیرتِ پربھ کی گاءُ میری رسناں ۔ ॥
ਅਨਿਕ ਬਾਰ ਕਰਿ ਬੰਦਨ ਸੰਤਨ ਊਹਾਂ ਚਰਨ ਗੋਬਿੰਦ ਜੀ ਕੇ ਬਸਨਾ ॥੧॥ ਰਹਾਉ ॥	انِک بار کرِ بندن سنّتن اوُہاں چرن گوبِند جی کے بسنا ॥1॥ رہاءُ ॥
ਅਨਿਕ ਭਾਂਤਿ ਕਰਿ ਦੁਆਰੁ ਨ ਪਾਵਉ ॥	انِک بھانتِ کرِ دُیارُ ن پاوءُ ॥
ਹੋਇ ਕ੍ਰਿਪਾਲੁ ਤ ਹਰਿ ਹਰਿ ਧਿਆਵਉ ॥੧॥	ہوءِ کرِپالُ ت ہرِ ہرِ دھیاوءُ ॥1॥
ਕੋਟਿ ਕਰਮ ਕਰਿ ਦੇਹ ਨ ਸੋਧਾ ॥	کوٹِ کرم کرِ دیہ ن سودھا ॥

ਸਾਧਸੰਗਤਿ ਮਹਿ ਮਨੁ ਪਰਬੋਧਾ ॥੨॥	سادھسنگتِ مہِ منُ پربودھا ॥2॥
ਤ੍ਰਿਸਨ ਨ ਬੂਝੀ ਬਹੁ ਰੰਗ ਮਾਇਆ ॥	ترِسن ن بوُجھی بہُ رنگ مائیا ॥
ਨਾਮੁ ਲੈਤ ਸਰਬ ਸੁਖ ਪਾਇਆ ॥੩॥	نامُ لیَت سرب سُکھ پائیا ॥3॥
ਪਾਰਬ੍ਰਹਮ ਜਬ ਭਏ ਦਇਆਲ ॥	پاربّرہم جب بھئے دئیال ॥
ਕਹੁ ਨਾਨਕ ਤਉ ਛੂਟੇ ਜੰਜਾਲ ॥੪॥੩॥	کہُ نانک تءُ چھوُٹے زنجّال ॥4॥3॥
ਕਾਨੜਾ ਮਹਲਾ ੫ ॥	کانڑا محلا 5 ॥
ਐਸੀ ਮਾਂਗੁ ਗੋਬਿਦ ਤੇ ॥	ایَسی مانگُ گوبِد تے ॥
ਟਹਲ ਸੰਤਨ ਕੀ ਸੰਗੁ ਸਾਧੂ ਕਾ ਹਰਿ ਨਾਮਾਂ ਜਪਿ ਪਰਮ ਗਤੇ ॥੧॥ ਰਹਾਉ ॥	ٹہل سنّتن کی سنگُ سادھوُ کا ہرِ ناماں جپِ پرم گتے ॥1॥ رہاءُ ॥
ਪੂਜਾ ਚਰਨਾ ਠਾਕੁਰ ਸਰਨਾ ॥	پوُجا چرنا ٹھاکُر سرنا ॥
ਸੋਈ ਕੁਸਲੁ ਜੁ ਪ੍ਰਭ ਜੀਉ ਕਰਨਾ ॥੧॥	سوئی کُسلُ جُ پربھ جیِءُ کرنا ॥1॥
ਸਫਲ ਹੋਤ ਇਹ ਦੁਰਲਭ ਦੇਹੀ ॥	سپھل ہوت اِہ دُرلبھ دیہی ॥
ਜਾ ਕਉ ਸਤਿਗੁਰੁ ਮਇਆ ਕਰੇਹੀ ॥੨॥	جا کءُ ستِگُرُ مئیا کریہی ॥2॥
ਅਗਿਆਨ ਭਰਮੁ ਬਿਨਸੈ ਦੁਖ ਡੇਰਾ ॥	اگیان بھرمُ بِنسے دُکھ ڈیرا ॥
ਜਾ ਕੈ ਹ੍ਰਿਦੈ ਬਸਹਿ ਗੁਰ ਪੈਰਾ ॥੩॥	جا کے ہرِدے بسہِ گُر پیرا ॥3॥
ਸਾਧਸੰਗਿ ਰੰਗਿ ਪ੍ਰਭੁ ਧਿਆਇਆ ॥	سادھسنگِ رنگِ پربھُ دھیائیا ॥
ਕਹੁ ਨਾਨਕ ਤਿਨਿ ਪੂਰਾ ਪਾਇਆ ॥੪॥੪॥	کہُ نانک تِنِ پوُرا پائیا ॥4॥4॥
ਕਾਨੜਾ ਮਹਲਾ ੫ ॥	کانڑا محلا 5 ॥
ਭਗਤਿ ਭਗਤਨ ਹੂੰ ਬਨਿ ਆਈ ॥	بھگتِ بھگتن ہوُنّ بنِ آئی ॥
ਤਨ ਮਨ ਗਲਤ ਭਏ ਠਾਕੁਰ ਸਿਉ ਆਪਨ ਲੀਏ ਮਿਲਾਈ ॥੧॥ ਰਹਾਉ ॥	تن من غلط بھئے ٹھاکُر سِءُ آپن لیئے مِلائی ॥1॥ رہاءُ ॥
ਗਾਵਨਹਾਰੀ ਗਾਵੈ ਗੀਤ ॥	گاونہاری گاوے گیت ॥
ਤੇ ਉਧਰੇ ਬਸੇ ਜਿਹ ਚੀਤ ॥੧॥	تے اُدھرے بسے جِہ چیت ॥1॥

ਪੇਖੇ ਬਿੰਜਨ ਪਰੋਸਨਹਾਰੈ ॥
پیکھے بِنجن پروسنہارے ॥

ਜਿਹ ਭੋਜਨੁ ਕੀਨੋ ਤੇ ਤ੍ਰਿਪਤਾਰੈ ॥੨॥
جِہ بھوجنُ کِینو تے ترِپتارے ॥2॥

ਅਨਿਕ ਸ੍ਵਾਂਗ ਕਾਛੇ ਭੇਖਧਾਰੀ ॥
اِنک سّوانگ کاچھے بھیکھدھاری ॥

ਜੈਸੋ ਸਾ ਤੈਸੋ ਦ੍ਰਿਸਟਾਰੀ ॥੩॥
جیَسو سا تیَسو دّرِسٹاری ॥3॥

ਕਹਨ ਕਹਾਵਨ ਸਗਲ ਜੰਜਾਰ ॥
کہن کہاون سگل زنّجار ॥

ਨਾਨਕ ਦਾਸ ਸਚੁ ਕਰਣੀ ਸਾਰ ॥੪॥੫॥
نانک داس سچُ کرنّی سار ॥4॥5॥

ਕਾਨੜਾ ਮਹਲਾ ੫ ॥
کانڑا محلا 5 ॥

ਤੇਰੋ ਜਨੁ ਹਰਿ ਜਸੁ ਸੁਨਤ ਉਮਾਹਿਓ ॥੧॥ ਰਹਾਉ ॥
تیرو جنُ ہرِ جسُ سُنت اُماہِئو ॥1॥ رہاءُ ॥

ਮਨਹਿ ਪ੍ਰਗਾਸੁ ਪੇਖਿ ਪ੍ਰਭ ਕੀ ਸੋਭਾ
ਜਤ ਕਤ ਪੇਖਉ ਆਹਿਓ ॥੧॥
منہِ پرّگاسُ پیکھِ پربھ کی سوبھا
جت کت پیکھءُ آہِئو ॥1॥

ਸਭ ਤੇ ਪਰੈ ਪਰੈ ਤੇ ਊਚਾ
ਗਹਿਰ ਗੰਭੀਰ ਅਥਾਹਿਓ ॥੨॥
سبھ تے پرے پرے تے اوُچا
گہِر گنبھیر اتھاہِئو ॥2॥

ਓਤਿ ਪੋਤਿ ਮਿਲਿਓ ਭਗਤਨ ਕਉ
ਜਨ ਸਿਉ ਪਰਦਾ ਲਾਹਿਓ ॥੩॥
اوتِ پوتِ مِلِئو بھگتن کءُ
جن سِءُ پردا لاہِئو ॥3॥

ਗੁਰ ਪ੍ਰਸਾਦਿ ਗਾਵੈ ਗੁਣ ਨਾਨਕ
ਸਹਜ ਸਮਾਧਿ ਸਮਾਹਿਓ ॥੪॥੬॥
گُر پرّسادِ گاوے گُن نانک
سہج سمادھِ سماہِئو ॥4॥6॥

ਕਾਨੜਾ ਮਹਲਾ ੫ ॥
کانڑا محلا 5 ॥

ਸੰਤਨ ਪਹਿ ਆਪਿ ਉਧਾਰਨ ਆਇਓ ॥੧॥ ਰਹਾਉ ॥
سنّتن پہِ آپِ اُدھارن آئِئو ॥1॥ رہاءُ ॥

ਦਰਸਨ ਭੇਟਤ ਹੋਤ ਪੁਨੀਤਾ
ਹਰਿ ਹਰਿ ਮੰਤ੍ਰੁ ਦ੍ਰਿੜਾਇਓ ॥੧॥
درسن بھیٹت ہوت پُنیِتا
ہرِ ہرِ منّتر دّرِڑائِئو ॥1॥

ਕਾਟੇ ਰੋਗ ਭਏ ਮਨ ਨਿਰਮਲ
ਹਰਿ ਹਰਿ ਅਉਖਧੁ ਖਾਇਓ ॥੨॥
کاٹے روگ بھےٴ من نِرمل
ہرِ ہرِ اُکھدھُ کھائِئو ॥2॥

ਅਸਥਿਤ ਭਏ ਬਸੇ ਸੁਖ ਥਾਨਾ
ਬਹੁਰਿ ਨ ਕਤਹੂ ਧਾਇਓ ॥੩॥
استھِت بھےٴ بسے سُکھ تھانا
بہُرِ ن کتہُو دھائِئو ॥3॥

ਸੰਤ ਪ੍ਰਸਾਦਿ ਤਰੇ ਕੁਲ ਲੋਗਾ
ਨਾਨਕ ਲਿਪਤ ਨ ਮਾਇਓ ॥੪॥੭॥

سنّت پرّسادِ ترے کُل لوگا
نانک لپت ن مائیو ॥4॥7॥

ਕਾਨੜਾ ਮਹਲਾ ੫ ॥

کانڑا محلا 5 ॥

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥

بِسرِ گئی سبھ تاتِ پرائی ॥
جب تے سادھسنگتِ موہِ پائی ॥1॥ رہاءُ ॥

ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥੧॥

نا کو بیَری نہی بِگانا
سگل سنگِ ہم ک ءُ بنِ آئی ॥1॥

ਜੋ ਪ੍ਰਭ ਕੀਨੋ ਸੋ ਭਲ ਮਾਨਿਓ
ਏਹ ਸੁਮਤਿ ਸਾਧੂ ਤੇ ਪਾਈ ॥੨॥

جو پربھ کِینو سو بھل مانیو
ایہ سُمتِ سادھوُ تے پائی ॥2॥

ਸਭ ਮਹਿ ਰਵਿ ਰਹਿਆ ਪ੍ਰਭੁ ਏਕੈ
ਪੇਖਿ ਪੇਖਿ ਨਾਨਕ ਬਿਗਸਾਈ ॥੩॥੮॥

سبھ مہِ روِ رہیا پربھُ ایکےَ
پیکھِ پیکھِ نانک بِگسائی ॥3॥8॥

ਕਾਨੜਾ ਮਹਲਾ ੫ ॥

کانڑا محلا 5 ॥

ਠਾਕੁਰ ਜੀਉ ਤੁਹਾਰੋ ਪਰਨਾ ॥
ਮਾਨੁ ਮਹਤੁ ਤੁਮ੍ਹਰੈ ਊਪਰਿ
ਤੁਮ੍ਰੀ ਓਟ ਤੁਮ੍ਹਾਰੀ ਸਰਨਾ ॥੧॥ ਰਹਾਉ ॥

ٹھاکُر جیِءُ تُہارو پرنا ॥
مانُ مہتُ تُمّہارے اوُپرِ
تُمّہری اوٹ تُمّہاری سرنا ॥1॥ رہاءُ ॥

ਤੁਮ੍ਰੀ ਆਸ ਭਰੋਸਾ ਤੁਮ੍ਰਾ
ਤੁਮਰਾ ਨਾਮੁ ਰਿਦੈ ਲੈ ਧਰਨਾ ॥

تُمّہری آس بھروسا تُمّہرا
تُمرا نامُ رِدے لے دھرنا ॥

ਤੁਮਰੋ ਬਲੁ ਤੁਮ ਸੰਗਿ ਸੁਹੇਲੇ
ਜੋ ਜੋ ਕਹਹੁ ਸੋਈ ਸੋਈ ਕਰਨਾ ॥੧॥

تُمرو بلُ تُم سنگِ سُہیلے
جو جو کہہُ سوئی سوئی کرنا ॥1॥

ਤੁਮਰੀ ਦਇਆ ਮਇਆ ਸੁਖੁ ਪਾਵਉ
ਹੋਹੁ ਕ੍ਰਿਪਾਲ ਤ ਭਉਜਲੁ ਤਰਨਾ ॥

تُمری دیَیا مِیَا سُکھُ پاوءُ
ہوہُ کرِپال ت بھجُلُ ترنا ॥

ਅਭੈ ਦਾਨੁ ਨਾਮੁ ਹਰਿ ਪਾਇਓ
ਸਿਰੁ ਡਾਰਿਓ ਨਾਨਕ ਸੰਤ ਚਰਨਾ ॥੨॥੯॥

ابھےَ دانُ نامُ ہرِ پائیو
سِرُ ڈارِئو نانک سنّت چرنا ॥2॥9॥

ਕਾਨੜਾ ਮਹਲਾ ੫ ॥

کانڑا محلا 5 ॥

ਸਾਧ ਸਰਨਿ ਚਰਨ ਚਿਤੁ ਲਾਇਆ ॥	سادھ سرنِ چرن چِتُ لائیا ॥
ਸੁਪਨ ਕੀ ਬਾਤ ਸੁਨੀ ਪੇਖੀ ਸੁਪਨਾ ਨਾਮ ਮੰਤ੍ਰੁ ਸਤਿਗੁਰੂ ਦ੍ਰਿੜਾਇਆ ॥੧॥ ਰਹਾਉ ॥	سُپن کی بات سُنی پیکھی سُپنا نام منّتر ستِگُرو دّرِڑائیا ॥1॥ رہاءُ ॥
ਨਹ ਤ੍ਰਿਪਤਾਨੋ ਰਾਜ ਜੋਬਨਿ ਧਨਿ ਬਹੁਰਿ ਬਹੁਰਿ ਫਿਰਿ ਧਾਇਆ ॥	نہ ترِپتانو راج جوبنِ دھنِ بہُرِ بہُرِ پھِرِ دھائیا ॥
ਸੁਖੁ ਪਾਇਆ ਤ੍ਰਿਸਨਾ ਸਭ ਬੁਝੀ ਹੈ ਸਾਂਤਿ ਪਾਈ ਗੁਨ ਗਾਇਆ ॥੧॥	سُکھُ پائیا ترِسنا سبھ بُجھی ہے سانتِ پائی گُن گائیا ॥1॥
ਬਿਨੁ ਬੂਝੇ ਪਸੂ ਕੀ ਨਿਆਈ ਭ੍ਰਮਿ ਮੋਹਿ ਬਿਆਪਿਓ ਮਾਇਆ ॥	بِنُ بُوجھے پسُو کی نِیائی بھرّمِ موہِ بِیاپِئو مائیا ॥
ਸਾਧਸੰਗਿ ਹਮ ਜੇਵਰੀ ਕਾਟੀ ਨਾਨਕ ਸਹਜਿ ਸਮਾਇਆ ॥੨॥੧੦॥	سادھسنگِ ہم جیوری کاٹی نانک سہجِ سمائیا ॥2॥ 10 ॥
ਕਾਨੜਾ ਮਹਲਾ ੫ ॥	کانڑا محلا 5 ॥
ਹਰਿ ਕੇ ਚਰਨ ਹਿਰਦੈ ਗਾਇ ॥	ہرِ کے چرن ہِردے گاءِ ॥
ਸੀਤਲਾ ਸੁਖ ਸਾਂਤਿ ਮੂਰਤਿ ਸਿਮਰਿ ਸਿਮਰਿ ਨਿਤ ਧਿਆਇ ॥੧॥ ਰਹਾਉ ॥	سِیتلا سُکھ سانتِ مُورتِ سِمرِ سِمرِ نِت دھِیاءِ ॥1॥ رہاءُ ॥
ਸਗਲ ਆਸ ਹੋਤ ਪੂਰਨ ਕੋਟਿ ਜਨਮ ਦੁਖੁ ਜਾਇ ॥੧॥	سگل آس ہوت پُورن کوٹِ جنم دُکھُ جاءِ ॥1॥
ਪੁੰਨ ਦਾਨ ਅਨੇਕ ਕਿਰਿਆ ਸਾਧੂ ਸੰਗਿ ਸਮਾਇ ॥	پُنّن دان انیک کِریا سادھوُ سنگِ سماءِ ॥
ਤਾਪ ਸੰਤਾਪ ਮਿਟੇ ਨਾਨਕ ਬਾਹੁੜਿ ਕਾਲੁ ਨ ਖਾਇ ॥੨॥੧੧॥	تاپ سنتاپ مِٹے نانک باہُڑِ کالُ ن کھاءِ ॥2॥ 11 ॥
ਕਾਨੜਾ ਮਹਲਾ ੫ ਘਰੁ ੩	کانڑا محلا 5 گھرُ 3
ੴ ਸਤਿਗੁਰ ਪ੍ਰਸਾਦਿ ॥	۱ۅ ستِگُر پرّسادِ ॥
ਕਥੀਐ ਸੰਤਸੰਗਿ ਪ੍ਰਭ ਗਿਆਨੁ ॥	کتھیئے سنتسنگِ پربھ گیانُ ॥
ਪੂਰਨ ਪਰਮ ਜੋਤਿ ਪਰਮੇਸੁਰ	پُورن پرم جوتِ پریسُر

ਸਿਮਰਤ ਪਾਈਐ ਮਾਨੁ ॥੧॥ ਰਹਾਉ ॥	سِمرت پائیئے مانُ ॥1॥ رہاءُ ॥
ਆਵਤ ਜਾਤ ਰਹੇ ਸ੍ਰਮ ਨਾਸੇ ਸਿਮਰਤ ਸਾਧੂ ਸੰਗਿ ॥	آوت جات رہے سّرم ناسے سِمرت سادھوُ سنگِ ॥
ਪਤਿਤ ਪੁਨੀਤ ਹੋਹਿ ਖਿਨ ਭੀਤਰਿ ਪਾਰਬ੍ਰਹਮ ਕੈ ਰੰਗਿ ॥੧॥	پتت پُنیت ہوہِ کھِن بھیترِ پاربّرہم کے رنگِ ॥1॥
ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ ॥	جو جو کتھے سُنے ہرِ کیرتنُ تا کی دُرمتِ ناس ॥
ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ ॥੨॥੧॥੧੨॥	سگل منورتھ پاوے نانک پوُرن ہووے آس ॥2॥1॥ 12 ॥
ਕਾਨੜਾ ਮਹਲਾ ੫ ॥	کانڑا محلا 5 ॥
ਸਾਧਸੰਗਤਿ ਨਿਧਿ ਹਰਿ ਕੋ ਨਾਮ ॥	سادھسنگتِ نِدھِ ہرِ کو نام ॥
ਸੰਗਿ ਸਹਾਈ ਜੀਅ ਕੈ ਕਾਮ ॥੧॥ ਰਹਾਉ ॥	سنگِ سہائی جیء کے کام ॥1॥ رہاءُ ॥
ਸੰਤ ਰੇਨੁ ਨਿਤਿ ਮਜਨੁ ਕਰੈ ॥	سنّت رینُ نِتِ مجنُ کرے ॥
ਜਨਮ ਜਨਮ ਕੇ ਕਿਲਬਿਖ ਹਰੈ ॥੧॥	جنم جنم کے کِلبِکھ ہرے ॥1॥
ਸੰਤ ਜਨਾ ਕੀ ਊਚੀ ਬਾਨੀ ॥	سنّت جنا کی اوُچی بانی ॥
ਸਿਮਰਿ ਸਿਮਰਿ ਤਰੇ ਨਾਨਕ ਪ੍ਰਾਨੀ ॥੨॥੨॥੧੩॥	سِمرِ سِمرِ ترے نانک پّرانی ॥2॥2॥ 13 ॥
ਕਾਨੜਾ ਮਹਲਾ ੫ ॥	کانڑا محلا 5 ॥
ਸਾਧੂ ਹਰਿ ਹਰੇ ਗੁਨ ਗਾਇ ॥	سادھوُ ہرِ ہرے گُن گاءِ ॥
ਮਾਨ ਤਨੁ ਧਨੁ ਪ੍ਰਾਨ ਪ੍ਰਭ ਕੇ ਸਿਮਰਤ ਦੁਖੁ ਜਾਇ ॥੧॥ ਰਹਾਉ ॥	مان تنُ دھنُ پّران پّربھ کے سِمرت دُکھُ جاءِ ॥1॥ رہاءُ ॥
ਈਤ ਊਤ ਕਹਾ ਲੋਭਾਵਹਿ ਏਕ ਸਿਉ ਮਨੁ ਲਾਇ ॥੧॥	ایت اوُت کہا لوبھاوہِ ایک سِءُ منُ لاءِ ॥1॥
ਮਹਾ ਪਵਿਤ੍ਰ ਸੰਤ ਆਸਨੁ ਮਿਲਿ ਸੰਗਿ ਗੋਬਿਦੁ ਧਿਆਇ ॥੨॥	مہا پوِتّر سنّت آسنُ مِلِ سنگِ گوبِدُ دھیاءِ ॥2॥

ਸਗਲ ਤਿਆਗਿ ਸਰਨਿ ਆਇਓ
ਨਾਨਕ ਲੇਹੁ ਮਿਲਾਇ ॥੩॥੩॥੧੪॥

سگل تِیاگِ سرنِ آئیو
نانک لیہُ مِلاءِ ॥3॥3॥ 14 ॥

ਕਾਨੜਾ ਮਹਲਾ ੫ ॥

کانڑا محلا 5 ॥

ਪੇਖਿ ਪੇਖਿ ਬਿਗਸਾਉ ਸਾਜਨ
ਪ੍ਰਭੁ ਆਪਨਾ ਇਕਾਂਤ ॥੧॥ ਰਹਾਉ ॥

پیکھِ پیکھِ بِگساءُ ساجن
پربھُ آپنا اِکانت ॥1॥ رہاءُ ॥

ਆਨਦਾ ਸੁਖ ਸਹਜ ਮੂਰਤਿ
ਤਿਸੁ ਆਨ ਨਾਹੀ ਭਾਂਤਿ ॥੧॥

آندا سُکھ سہج مورتِ
تِس آن ناہی بھانتِ ॥1॥

ਸਿਮਰਤ ਇਕ ਬਾਰ ਹਰਿ ਹਰਿ
ਮਿਟਿ ਕੋਟਿ ਕਸਮਲ ਜਾਂਤਿ ॥੨॥

سِمرت اِک بار ہرِ ہرِ
مِٹ کوٹِ کسمل جانتِ ॥2॥

ਗੁਣ ਰਮੰਤ ਦੂਖ ਨਾਸਹਿ
ਰਿਦ ਭਇਅੰਤ ਸਾਂਤਿ ॥੩॥

گُن رمنّت دوُکھ ناسہِ
رِد بھئیَنّت سانتِ ॥3॥

ਅੰਮ੍ਰਿਤਾ ਰਸੁ ਪੀਉ ਰਸਨਾ
ਨਾਨਕ ਹਰਿ ਰੰਗਿ ਰਾਤ ॥੪॥੪॥੧੫॥

انمّرِتا رسُ پِیءُ رسنا
نانک ہرِ رنگِ رات ॥4॥4॥ 15 ॥

ਕਾਨੜਾ ਮਹਲਾ ੫ ॥

کانڑا محلا 5 ॥

ਸਾਜਨਾ ਸੰਤ ਆਉ ਮੇਰੈ ॥੧॥ ਰਹਾਉ ॥

ساجنا سنّت آءُ میرے ॥1॥ رہاءُ ॥

ਆਨਦਾ ਗੁਨ ਗਾਇ ਮੰਗਲ
ਕਸਮਲਾ ਮਿਟਿ ਜਾਹਿ ਪਰੇਰੈ ॥੧॥

آندا گُن گاءِ منگل
کسملا مِٹ جاہِ پریرے ॥1॥

ਸੰਤ ਚਰਨ ਧਰਉ ਮਾਥੈ
ਚਾਂਦਨਾ ਗ੍ਰਿਹਿ ਹੋਇ ਅੰਧੇਰੈ ॥੨॥

سنّت چرن دھرءُ ماتھے
چانڈنا گرِہِ ہوءِ اندھیرے ॥2॥

ਸੰਤ ਪ੍ਰਸਾਦਿ ਕਮਲ ਬਿਗਸੈ
ਗੋਬਿੰਦ ਭਜਉ ਪੇਖਿ ਨੇਰੈ ॥੩॥

سنّت پرسادِ کمل بِگسے
گوبِند بھجءُ پیکھِ نیرے ॥3॥

ਪ੍ਰਭ ਕ੍ਰਿਪਾ ਤੇ ਸੰਤ ਪਾਏ
ਵਾਰਿ ਵਾਰਿ ਨਾਨਕ ਉਹ ਬੇਰੈ ॥੪॥੫॥੧੬॥

پربھ کرِپا تے سنّت پائے
وارِ وارِ نانک اُہ بیرے ॥4॥5॥ 16 ॥

ਕਾਨੜਾ ਮਹਲਾ ੫ ॥

کانڑا محلا 5 ॥

ਚਰਨ ਸਰਨ ਗੋਪਾਲ ਤੇਰੀ ॥

چرن سرن گوپال تیری ॥

ਮੋਹ ਮਾਨ ਧੋਹ ਭਰਮ
ਰਾਖਿ ਲੀਜੈ ਕਾਟਿ ਬੇਰੀ ॥੧॥ ਰਹਾਉ ॥

موہ مان دھوہ بھرم
راکھِ لیجے کاٹِ بیری ॥1॥ رہاءُ ॥

ਬੂਡਤ ਸੰਸਾਰ ਸਾਗਰ ॥

بوُڈت سنّسار ساگر ॥

ਉਧਰੇ ਹਰਿ ਸਿਮਰਿ ਰਤਨਾਗਰ ॥੧॥

اُدھرے ہرِ سِمرِ رتناگر ॥1॥

ਸੀਤਲਾ ਹਰਿ ਨਾਮੁ ਤੇਰਾ ॥

سِیتلا ہرِ نامُ تیرا ॥

ਪੂਰਨੋ ਠਾਕੁਰ ਪ੍ਰਭੁ ਮੇਰਾ ॥੨॥

پوُرنو ٹھاکُر پربھُ میرا ॥2॥

ਦੀਨ ਦਰਦ ਨਿਵਾਰਿ ਤਾਰਨ ॥

دِین درد نِوارِ تارن ۔ ॥

ਹਰਿ ਕ੍ਰਿਪਾ ਨਿਧਿ ਪਤਿਤ ਉਧਾਰਨ ॥੩॥

ہرِ کرِپا نِدھِ پتِت اُدھارن ॥3॥

ਕੋਟਿ ਜਨਮ ਦੂਖ ਕਰਿ ਪਾਇਓ ॥

کوٹِ جنم دوُکھ کرِ پائیو ॥

ਸੁਖੀ ਨਾਨਕ ਗੁਰਿ ਨਾਮੁ ਦ੍ਰਿੜਾਇਓ ॥੪॥੬॥੧੭॥

سُکھی نانک گُرِ نامُ دڑِڑائیو ॥4॥6॥ 17 ॥

ਕਾਨੜਾ ਮਹਲਾ ੫ ॥

کانڑا محلا 5 ॥

ਧਨਿ ਉਹ ਪ੍ਰੀਤਿ ਚਰਨ ਸੰਗਿ ਲਾਗੀ ॥

دھنِ اُہ پرِیتِ چرن سنگِ لاگی ॥

ਕੋਟਿ ਜਾਪ ਤਾਪ ਸੁਖ ਪਾਏ
ਆਇ ਮਿਲੇ ਪੂਰਨ ਬਡਭਾਗੀ ॥੧॥ ਰਹਾਉ ॥

کوٹِ جاپ تاپ سُکھ پائے
آءِ ملے پوُرن بڈبھاگی ॥1॥ رہاءُ ॥

ਮੋਹਿ ਅਨਾਥੁ ਦਾਸੁ ਜਨੁ ਤੇਰਾ
ਅਵਰ ਓਟ ਸਗਲੀ ਮੋਹਿ ਤਿਆਗੀ ॥

موہِ اناتھُ داسُ جنُ تیرا
اور اوٹ سگلی موہِ تیاگی ॥

ਭੋਰ ਭਰਮ ਕਾਟੇ ਪ੍ਰਭ ਸਿਮਰਤ
ਗਿਆਨ ਅੰਜਨ ਮਿਲਿ ਸੋਵਤ ਜਾਗੀ ॥੧॥

بھور بھرم کاٹے پربھ سِمرت
گِیان انجن مِلِ سووت جاگی ॥1॥

ਤੂ ਅਥਾਹੁ ਅਤਿ ਬਡੋ ਸੁਆਮੀ
ਕ੍ਰਿਪਾ ਸਿੰਧੁ ਪੂਰਨ ਰਤਨਾਗੀ ॥

توُ اتھاہُ اتِ بڈو سُیامی
کرِپا سِنّدھُ پوُرن رتناگی ॥

ਨਾਨਕ ਜਾਚਕੁ ਹਰਿ ਹਰਿ ਨਾਮੁ ਮਾਂਗੈ
ਮਸਤਕੁ ਆਨਿ ਧਰਿਓ ਪ੍ਰਭ ਪਾਗੀ ॥੨॥੭॥੧੮॥

نانک جاچکُ ہرِ ہرِ نامُ مانگے
مستکُ آنِ دھرِیو پربھ پاگی ॥2॥7॥ 18 ॥

ਕਾਨੜਾ ਮਹਲਾ ੫ ॥

کانڑا محلا 5 ॥

ਕੁਚਿਲ ਕਠੋਰ ਕਪਟ ਕਾਮੀ ॥

کُچِل کٹھور کپٹ کامی ॥

ਜਿਉ ਜਾਨਹਿ ਤਿਉ ਤਾਰਿ ਸੁਆਮੀ ॥੧॥ ਰਹਾਉ ॥

جِءُ جانہِ تِءُ تارِ سُیامی ۔ ॥1॥ رہاءُ ॥

ਤੂ ਸਮਰਥੁ ਸਰਨਿ ਜੋਗੁ
ਤੂ ਰਾਖਹਿ ਅਪਨੀ ਕਲ ਧਾਰਿ ॥੧॥

توُ سمرتھُ سرنِ جوگُ
توُ راکھہِ اپنی کل دھارِ ॥1॥

ਜਾਪ ਤਾਪ ਨੇਮ ਸੁਚਿ ਸੰਜਮ
ਨਾਹੀ ਇਨ ਬਿਧੇ ਛੁਟਕਾਰ ॥

جاپ تاپ نیم سُچِ سنجَم
ناہی اِن بِدھے چھُٹکار ॥

ਗਰਤ ਘੋਰ ਅੰਧ ਤੇ ਕਾਢਹੁ
ਪ੍ਰਭ ਨਾਨਕ ਨਦਰਿ ਨਿਹਾਰਿ ॥੨॥੮॥੧੯॥

گرت گھور انّدھ تے کاڈھُ
پربھ نانک ندرِ نِہارِ ॥2॥8॥ 19 ॥

ਕਾਨੜਾ ਮਹਲਾ ੫ ਘਰੁ ੪

کانڑا محلا 5 گھرُ 4

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਨਾਰਾਇਨ ਨਰਪਤਿ ਨਮਸਕਾਰੈ ॥

نارائِن نرپتِ نمسکارے ॥

ਐਸੇ ਗੁਰ ਕਉ ਬਲਿ ਬਲਿ ਜਾਈਐ
ਆਪਿ ਮੁਕਤੁ ਮੋਹਿ ਤਾਰੈ ॥੧॥ ਰਹਾਉ ॥

ایَسے گُر کءُ بلِ بلِ جائیَے
آپِ مُکتُ موہِ تارے ॥1॥ رہاءُ ॥

ਕਵਨ ਕਵਨ ਕਵਨ ਗੁਨ ਕਹੀਐ
ਅੰਤੁ ਨਹੀ ਕਛੁ ਪਾਰੈ ॥

کون کون کون گُن کہیَے
انتُ نہی کچھُ پارے ॥

ਲਾਖ ਲਾਖ ਲਾਖ ਕਈ ਕੋਰੈ
ਕੋ ਹੈ ਐਸੋ ਬੀਚਾਰੈ ॥੧॥

لاکھ لاکھ لاکھ کئی کورے
کو ہے ایَسو بیچارے ॥1॥

ਬਿਸਮ ਬਿਸਮ ਬਿਸਮ ਹੀ ਭਈ ਹੈ
ਲਾਲ ਗੁਲਾਲ ਰੰਗਾਰੈ ॥

بِسم بِسم بِسم ہی بھئی ہے
لال گُلال رنگارے ॥

ਕਹੁ ਨਾਨਕ ਸੰਤਨ ਰਸੁ ਆਈ ਹੈ
ਜਿਉ ਚਾਖਿ ਗੂੰਗਾ ਮੁਸਕਾਰੈ ॥੨॥੧॥੨੦॥

کہُ نانک سنتن رسُ آئی ہے
جِءُ چاکھِ گوُنگا مُسکارے ॥2॥1॥ 20 ॥

ਕਾਨੜਾ ਮਹਲਾ ੫ ॥

کانڑا محلا 5 ॥

ਨ ਜਾਨੀ ਸੰਤਨ ਪ੍ਰਭ ਬਿਨੁ ਆਨ ॥

ن جانی سنتن پربھ بِنُ آن ॥

ਊਚ ਨੀਚ ਸਭ ਪੇਖਿ ਸਮਾਨੋ
ਮੁਖਿ ਬਕਨੋ ਮਨਿ ਮਾਨ ॥੧॥ ਰਹਾਉ ॥

اوُچ نیچ سبھ پیکھِ سمانو
مُکھِ بکنو منِ مان ॥1॥ رہاءُ ॥

ਘਟਿ ਘਟਿ ਪੂਰਿ ਰਹੇ ਸੁਖ ਸਾਗਰ

گھٹِ گھٹِ پوُرِ رہے سُکھ ساگر

ਭੈ ਭੰਜਨ ਮੇਰੇ ਪ੍ਰਾਨ ॥

بھے بھنجن میرے پران ॥

ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ
ਮੰਤ੍ਰੁ ਦੀਓ ਗੁਰ ਕਾਨ ॥੧॥

منہِ پرگاس بھیئو بھرمُ ناسیئو
منتر دیئو گُر کان ॥1॥

ਕਰਤ ਰਹੇ ਕ੍ਰਤਗ੍ਯ ਕਰੁਣਾ ਮੈ
ਅੰਤਰਜਾਮੀ ਗ੍ਯਾਨ ॥

کرت رہے کرتگّیِ کرُنا مے
انترجامی گیان ॥

ਆਠ ਪਹਰ ਨਾਨਕ ਜਸੁ ਗਾਵੈ
ਮਾਂਗਨ ਕਉ ਹਰਿ ਦਾਨ ॥੨॥੨॥੨੧॥

آٹھ پہر نانک جسُ گاوے
مانگن ک ءُ ہرِ دان ॥2॥2॥ 21 ॥

ਕਾਨੜਾ ਮਹਲਾ ੫ ॥

کانڑا محلا 5 ॥

ਕਹਨ ਕਹਾਵਨ ਕਉ ਕਈ ਕੇਤੈ ॥

کہن کہاون ک ءُ کئی کیتے ॥

ਐਸੋ ਜਨੁ ਬਿਰਲੋ ਹੈ ਸੇਵਕੁ
ਜੋ ਤਤ ਜੋਗ ਕਉ ਬੇਤੈ ॥੧॥ ਰਹਾਉ ॥

ایسو جنُ برلو ہے سیوکُ
جو تت جوگ ک ءُ بیتے ॥1॥ رہاءُ ॥

ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ
ਏਕੈ ਏਕੀ ਨੇਤੈ ॥

دُکھُ ناہی سبھُ سُکھُ ہی ہے رے
ایکے ایکی نیتے ॥

ਬੁਰਾ ਨਹੀ ਸਭੁ ਭਲਾ ਹੀ ਹੈ ਰੇ
ਹਾਰ ਨਹੀ ਸਭ ਜੇਤੈ ॥੧॥

بُرا نہی سبھُ بھلا ہی ہے رے
ہار نہی سبھ جیتے ॥1॥

ਸੋਗੁ ਨਾਹੀ ਸਦਾ ਹਰਖੀ ਹੈ ਰੇ
ਛੋਡਿ ਨਾਹੀ ਕਿਛੁ ਲੇਤੈ ॥

سوگُ ناہی سدا ہرکھی ہے رے
چھوڈِ ناہی کچھُ لیتے ॥

ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ
ਕਤ ਆਵੈ ਕਤ ਰਮਤੈ ॥੨॥੩॥੨੨॥

کہُ نانک جنُ ہرِ ہرِ ہرِ ہے
کت آوے کت رمتے ۔ ॥2॥3॥ 22 ॥

ਕਾਨੜਾ ਮਹਲਾ ੫ ॥

کانڑا محلا 5 ॥

ਹੀਏ ਕੋ ਪ੍ਰੀਤਮੁ ਬਿਸਰਿ ਨ ਜਾਇ ॥

ہیئے کو پریتمُ بسرِ ن جاءِ ॥

ਤਨ ਮਨ ਗਲਤ ਭਏ ਤਿਹ ਸੰਗੇ
ਮੋਹਨੀ ਮੋਹਿ ਰਹੀ ਮੋਰੀ ਮਾਇ ॥੧॥ ਰਹਾਉ ॥

تن من غلط بھئے تہِ سنگے
موہنی موہِ رہی موری ماءِ ۔ ॥1॥ رہاءُ ॥

ਜੈ ਜੈ ਪਹਿ ਕਹਉ ਬ੍ਰਿਥਾ ਹਉ ਅਪੁਨੀ
ਤੇਉ ਤੇਉ ਗਹੇ ਰਹੇ ਅਟਕਾਇ ॥

جے جے پہِ کہ ءُ برِتھا ہ ءُ اپُنی
تیئو تیئو گہے رہے اٹکاءِ ॥

ਅਨਿਕ ਭਾਂਤਿ ਕੀ ਏਕੈ ਜਾਲੀ
ਤਾ ਕੀ ਗੰਠਿ ਨਹੀ ਛੋਰਾਇ ॥੧॥

اِنِک بھانتِ کی ایکے جالی
تا کی گنٹھِ نہی چھوراءِ ॥1॥

ਫਿਰਤ ਫਿਰਤ ਨਾਨਕ ਦਾਸੁ ਆਇਓ
ਸੰਤਨ ਹੀ ਸਰਨਾਇ ॥

پھِرت پھِرت نانک داسُ آئیو
سنتن ہی سرناءِ ॥

ਕਾਟੇ ਅਗਿਆਨ ਭਰਮ ਮੋਹ ਮਾਇਆ
ਲੀਓ ਕੰਠਿ ਲਗਾਇ ॥੨॥੪॥੨੩॥

کاٹے اگیان بھرم موہ مائیا
لِیئو کنٹھِ لگاءِ ॥2॥4॥ 23 ॥

ਕਾਨੜਾ ਮਹਲਾ ੫ ॥

کانڑا محلا 5 ॥

ਆਨਦ ਰੰਗ ਬਿਨੋਦ ਹਮਾਰੈ ॥

آند رنگ بِنود ہمارے ॥

ਨਾਮੋ ਗਾਵਨੁ ਨਾਮੁ ਧਿਆਵਨੁ
ਨਾਮੁ ਹਮਾਰੇ ਪ੍ਰਾਨ ਅਧਾਰੈ ॥੧॥ ਰਹਾਉ ॥

نامو گاونُ نامُ دھِیاونُ
نامُ ہمارے پران ادھارے ॥1॥ رہاءُ ॥

ਨਾਮੋ ਗਿਆਨੁ ਨਾਮੁ ਇਸਨਾਨਾ
ਹਰਿ ਨਾਮੁ ਹਮਾਰੇ ਕਾਰਜ ਸਵਾਰੈ ॥

نامو گیانُ نامُ اِسنانا
ہرِ نامُ ہمارے کارج سوارے ॥

ਹਰਿ ਨਾਮੋ ਸੋਭਾ ਨਾਮੁ ਬਡਾਈ
ਭਉਜਲੁ ਬਿਖਮੁ ਨਾਮੁ ਹਰਿ ਤਾਰੈ ॥੧॥

ہرِ نامو سوبھا نامُ بڈائی
بھجُلُ بِکھمُ نامُ ہرِ تارے ॥1॥

ਅਗਮ ਪਦਾਰਥ ਲਾਲ ਅਮੋਲਾ
ਭਇਓ ਪਰਾਪਤਿ ਗੁਰ ਚਰਨਾਰੈ ॥

اگم پدارتھ لال امولا
بھیئو پراپتِ گُر چرنارے ॥

ਕਹੁ ਨਾਨਕ ਪ੍ਰਭ ਭਏ ਕ੍ਰਿਪਾਲਾ
ਮਗਨ ਭਏ ਹੀਅਰੈ ਦਰਸਾਰੈ ॥੨॥੫॥੨੪॥

کہُ نانک پربھ بھئے کرپالا
مگن بھئے ہیئرے درسارے ॥2॥5॥ 24 ॥

ਕਾਨੜਾ ਮਹਲਾ ੫ ॥

کانڑا محلا 5 ॥

ਸਾਜਨ ਮੀਤ ਸੁਆਮੀ ਨੇਰੋ ॥

ساجن میت سُیامی نیرو ॥

ਪੇਖਤ ਸੁਨਤ ਸਭਨ ਕੈ ਸੰਗੇ
ਥੋਰੈ ਕਾਜ ਬੁਰੋ ਕਹ ਫੇਰੋ ॥੧॥ ਰਹਾਉ ॥

پیکھت سُنت سبھن کے سنگے
تھورے کاج بُرو کہ پھیرو ۔ ॥1॥ رہاءُ ॥

ਨਾਮ ਬਿਨਾ ਜੇਤੋ ਲਪਟਾਇਓ
ਕਛੂ ਨਹੀ ਨਾਹੀ ਕਛੁ ਤੇਰੋ ॥

نام بِنا جیتو لپٹائیو
کچھوُ نہی ناہی کچھُ تیرو ॥

ਆਗੈ ਦ੍ਰਿਸਟਿ ਆਵਤ ਸਭ ਪਰਗਟ

آگے دِرسٹِ آوت سبھ پرگٹ

ਈਹਾ ਮੋਹਿਓ ਭਰਮ ਅੰਧੇਰੋ ॥੧॥

ایہا موہئو بھرم اندھیرو ॥1॥

ਅਟਕਿਓ ਸੁਤ ਬਨਿਤਾ ਸੰਗ ਮਾਇਆ
ਦੇਵਨਹਾਰੁ ਦਾਤਾਰੁ ਬਿਸੇਰੋ ॥

اٹکِئو سُت بِنِتا سنگ مائیا
دیونہارُ داتارُ بِسیرو ॥

ਕਹੁ ਨਾਨਕ ਏਕੈ ਭਾਰੋਸਉ
ਬੰਧਨ ਕਾਟਨਹਾਰੁ ਗੁਰੁ ਮੇਰੋ ॥੨॥੬॥੨੫॥

کہُ نانک ایکے بھاروس ءُ
بندھن کاٹنہارُ گُرُ میرو ॥2॥6॥ 25 ॥

ਕਾਨੜਾ ਮਹਲਾ ੫ ॥

کانڑا محلا 5 ॥

ਬਿਖੈ ਦਲੁ ਸੰਤਨਿ ਤੁਮ੍ਰੈ ਗਾਹਿਓ ॥

بِکھے دلُ سنتنِ تُمہرے گاہِئو ॥

ਤੁਮਰੀ ਟੇਕ ਭਰੋਸਾ ਠਾਕੁਰ
ਸਰਨਿ ਤੁਮ੍ਾਰੀ ਆਹਿਓ ॥੧॥ ਰਹਾਉ ॥

تُمری ٹیک بھروسا ٹھاکُر
سرنِ تُمہاری آہِئو ॥1॥ رہاءُ ॥

ਜਨਮ ਜਨਮ ਕੇ ਮਹਾ ਪਰਾਛਤ
ਦਰਸਨੁ ਭੇਟਿ ਮਿਟਾਹਿਓ ॥

جنم جنم کے مہا پراچھت
درسنُ بھیٹِ مِٹاہِئو ॥

ਭਇਓ ਪ੍ਰਗਾਸੁ ਅਨਦ ਉਜੀਆਰਾ
ਸਹਜਿ ਸਮਾਧਿ ਸਮਾਹਿਓ ॥੧॥

بھِئو پرّگاسُ اند اُجیارا
سہجِ سمادھِ سماہِئو ॥1॥

ਕਉਨੁ ਕਹੈ ਤੁਮ ਤੇ ਕਛੁ ਨਾਹੀ
ਤੁਮ ਸਮਰਥ ਅਥਾਹਿਓ ॥

کئُنُ کہے تُم تے کچھُ ناہی
تُم سمرتھ اتھاہِئو ॥

ਕ੍ਰਿਪਾ ਨਿਧਾਨ ਰੰਗ ਰੂਪ ਰਸ
ਨਾਮੁ ਨਾਨਕ ਲੈ ਲਾਹਿਓ ॥੨॥੭॥੨੬॥

کرِپا نِدھان رنگ روُپ رس
نامُ نانک لے لاہِئو ॥2॥7॥ 26 ॥

ਕਾਨੜਾ ਮਹਲਾ ੫ ॥

کانڑا محلا 5 ॥

ਬੂਡਤ ਪ੍ਰਾਨੀ ਹਰਿ ਜਪਿ ਧੀਰੈ ॥

بوُڈت پرّانی ہرِ جپِ دھیرے ॥

ਬਿਨਸੈ ਮੋਹੁ ਭਰਮੁ ਦੁਖੁ ਪੀਰੈ ॥੧॥ ਰਹਾਉ ॥

بِنسے موہُ بھرمُ دُکھُ پیرے ॥1॥ رہاءُ ॥

ਸਿਮਰਉ ਦਿਨੁ ਰੈਨਿ ਗੁਰ ਕੇ ਚਰਨਾ ॥

سِمرءُ دِنُ ریَنِ گُر کے چرنا ॥

ਜਤ ਕਤ ਪੇਖਉ ਤੁਮਰੀ ਸਰਨਾ ॥੧॥

جت کت پیکھءُ تُمری سرنا ॥1॥

ਸੰਤ ਪ੍ਰਸਾਦਿ ਹਰਿ ਕੇ ਗੁਨ ਗਾਇਆ ॥

سنّت پرّسادِ ہرِ کے گُن گائیا ॥

ਗੁਰ ਭੇਟਤ ਨਾਨਕ ਸੁਖੁ ਪਾਇਆ ॥੨॥੮॥੨੭॥

گُر بھیٹت نانک سُکھُ پائیا ॥2॥8॥ 27 ॥

ਕਾਨੜਾ ਮਹਲਾ ੫ ॥

ਸਿਮਰਤ ਨਾਮੁ ਮਨਹਿ ਸੁਖੁ ਪਾਈਐ ॥
ਸਾਧ ਜਨਾ ਮਿਲਿ ਹਰਿ ਜਸੁ ਗਾਈਐ ॥੧॥ ਰਹਾਉ ॥
ਕਰਿ ਕਿਰਪਾ ਪ੍ਰਭ ਰਿਦੈ ਬਸੇਰੋ ॥
ਚਰਨ ਸੰਤਨ ਕੈ ਮਾਥਾ ਮੇਰੋ ॥੧॥
ਪਾਰਬ੍ਰਹਮ ਕਉ ਸਿਮਰਹੁ ਮਨਾਂ ॥
ਗੁਰਮੁਖਿ ਨਾਨਕ ਹਰਿ ਜਸੁ ਸੁਨਾਂ ॥੨॥੯॥੨੮॥

ਕਾਨੜਾ ਮਹਲਾ ੫ ॥

ਮੇਰੇ ਮਨ ਪ੍ਰੀਤਿ ਚਰਨ ਪ੍ਰਭ ਪਰਸਨ ॥
ਰਸਨਾ ਹਰਿ ਹਰਿ ਭੋਜਨਿ ਤ੍ਰਿਪਤਾਨੀ
ਅਖੀਅਨ ਕਉ ਸੰਤੋਖੁ ਪ੍ਰਭ ਦਰਸਨ ॥੧॥ ਰਹਾਉ ॥
ਕਰਨਨਿ ਪੂਰਿ ਰਹਿਓ ਜਸੁ ਪ੍ਰੀਤਮ
ਕਲਮਲ ਦੋਖ ਸਗਲ ਮਲ ਹਰਸਨ ॥
ਪਾਵਨ ਧਾਵਨ ਸੁਆਮੀ ਸੁਖ ਪੰਥਾ
ਅੰਗ ਸੰਗ ਕਾਇਆ ਸੰਤ ਸਰਸਨ ॥੧॥
ਸਰਨਿ ਗਹੀ ਪੂਰਨ ਅਬਿਨਾਸੀ
ਆਨ ਉਪਾਵ ਥਕਿਤ ਨਹੀ ਕਰਸਨ ॥
ਕਰੁ ਗਹਿ ਲੀਏ ਨਾਨਕ ਜਨ ਅਪਨੇ
ਅੰਧ ਘੋਰ ਸਾਗਰ ਨਹੀ ਮਰਸਨ ॥੨॥੧੦॥੨੯॥

ਕਾਨੜਾ ਮਹਲਾ ੫ ॥

ਕੁਹਕਤ ਕਪਟ ਖਪਟ ਖਲ ਗਰਜਤ
ਮਰਜਤ ਮੀਚੁ ਅਨਿਕ ਬਰੀਆ ॥੧॥ ਰਹਾਉ ॥
ਅਹੰ ਮਤ ਅਨ ਰਤ ਕੁਮਿਤ ਹਿਤ ਪ੍ਰੀਤਮ
ਪੇਖਤ ਭ੍ਰਮਤ ਲਾਖ ਗਰੀਆ ॥੧॥

کانڑا محلا 5 ॥

سِمرت نامُ منہِ سُکھُ پائیئے ॥
سادھ جنا مِلِ ہرِ جسُ گائیئے ॥1॥ رہاءُ ॥
کرِ کِرپا پربھ رِدے بسیرو ॥
چرن سنتن کے ماتھا میرو ॥1॥
پاربرہم کءُ سِمرہُ مناں ۔ ॥
گُرمُکھِ نانک ہرِ جسُ سُناں ॥2॥9॥ 28 ॥

کانڑا محلا 5 ॥

میرے من پریتِ چرن پربھ پرسن ॥
رسنا ہرِ ہرِ بھوجنِ ترِپتانی
اکھیئن کءُ سنتوکھُ پربھ درسن ॥1॥ رہاءُ ॥
کرننِ پوُرِ رہئو جسُ پریتم
کلمل دوکھ سگل مل ہرسن ॥
پاون دھاون سُیامی سُکھ پنتھا
انگ سنگ کائیا سنت سرسن ॥1॥
سرنِ گہی پوُرن اِبناسی
آن اُپاو تھکِت نہی کرسن ॥
کرُ گہِ لیئے نانک جن اپنے
اندھ گھور ساگر نہی مرسن ॥2॥ 10 ॥ 29 ॥

کانڑا محلا 5 ॥

کُہکت کپٹ کھپٹ کھل گرجت
مرجت میچُ انِک بریِیا ॥1॥ رہاءُ ॥
اہنّ مت ان رت کُمت ہِت پریتم
پیکھت بھرمت لاکھ گریِیا ॥1॥

ਅਨਿਤ ਬਿਉਹਾਰ ਅਚਾਰ ਬਿਧਿ ਹੀਨਤ
ਮਮ ਮਦ ਮਾਤ ਕੋਪ ਜਰੀਆ ॥

انِت بِہُار اچار بِدھِ ہِینت
ممم مد مات کوپ جریِیا ॥

ਕਰੁਣ ਕ੍ਰਿਪਾਲ ਗੋਪਾਲ ਦੀਨ ਬੰਧੁ
ਨਾਨਕ ਉਧਰੁ ਸਰਨਿ ਪਰੀਆ ॥੨॥੧੧॥੩੦॥

کرُنؔ کرِپال گوپال دِین بندھُ
نانک اُدھرُ سرنِ پریِیا ॥2॥ 11 ॥ 30 ॥

ਕਾਨੜਾ ਮਹਲਾ ੫ ॥

کانڑا محلا 5 ॥

ਜੀਅ ਪ੍ਰਾਨ ਮਾਨ ਦਾਤਾ ॥

جیء پرّان مان داتا ॥

ਹਰਿ ਬਿਸਰਤੇ ਹੀ ਹਾਨਿ ॥੧॥ ਰਹਾਉ ॥

ہرِ بِسرتے ہی ہانِ ॥1॥ رہاءُ ॥

ਗੋਬਿੰਦ ਤਿਆਗਿ ਆਨ ਲਾਗਹਿ
ਅੰਮ੍ਰਿਤੋ ਡਾਰਿ ਭੂਮਿ ਪਾਗਹਿ ॥

گوبِندؔ تِیاگِ آن لاگہِ
انمرؔتو ڈارِ بھوُمِ پاگہِ ॥

ਬਿਖੈ ਰਸ ਸਿਉ ਆਸਕਤ ਮੂੜੇ
ਕਾਹੇ ਸੁਖ ਮਾਨਿ ॥੧॥

بِکھےَ رس سِءُ آسکت موُڑے
کاہے سُکھ مانِ ۔ ॥1॥

ਕਾਮਿ ਕ੍ਰੋਧਿ ਲੋਭਿ ਬਿਆਪਿਓ
ਜਨਮ ਹੀ ਕੀ ਖਾਨਿ ॥

کامِ کرودھِ لوبھِ بِیاپِئو
جنم ہی کی کھانِ ॥

ਪਤਿਤ ਪਾਵਨ ਸਰਨਿ ਆਇਓ
ਉਧਰੁ ਨਾਨਕ ਜਾਨਿ ॥੨॥੧੨॥੩੧॥

پتِت پاون سرنِ آئِئو
اُدھرُ نانک جانِ ॥2॥ 12 ॥ 31 ॥

ਕਾਨੜਾ ਮਹਲਾ ੫ ॥

کانڑا محلا 5 ॥

ਅਵਿਲੋਕਉ ਰਾਮ ਕੋ ਮੁਖਾਰਬਿੰਦ ॥

اوِلوک ءُ رام کو مُکھاربِندؔ ॥

ਖੋਜਤ ਖੋਜਤ ਰਤਨੁ ਪਾਇਓ
ਬਿਸਰੀ ਸਭ ਚਿੰਦ ॥੧॥ ਰਹਾਉ ॥

کھوجت کھوجت رتنُ پائِئو
بِسری سبھ چِندؔ ॥1॥ رہاءُ ॥

ਚਰਨ ਕਮਲ ਰਿਦੈ ਧਾਰਿ ॥

چرن کمل رِدےَ دھارِ ॥

ਉਤਰਿਆ ਦੁਖੁ ਮੰਦ ॥੧॥

اُترِیا دُکھُ مندؔ ॥1॥

ਰਾਜ ਧਨੁ ਪਰਵਾਰੁ ਮੇਰੈ
ਸਰਬਸੋ ਗੋਬਿੰਦ ॥

راج دھنُ پرِوارُ میرےَ
سربسو گوبِندؔ ॥

ਸਾਧਸੰਗਮਿ ਲਾਭੁ ਪਾਇਓ
ਨਾਨਕ ਫਿਰਿ ਨ ਮਰੰਦ ॥੨॥੧੩॥੩੨॥

سادھسنگمِ لابھُ پائِئو

نانک پھِر ن مرنّد ॥2॥ 13 ॥ 32 ॥

ਕਾਨੜਾ ਮਹਲਾ ੫ ਘਰੁ ੫

کانڑا محلا 5 گھرُ 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਪ੍ਰਭ ਪੂਜਹੋ ਨਾਮੁ ਅਰਾਧਿ ॥

پرّبھ پوُجہو نامُ ارادھِ ॥

ਗੁਰ ਸਤਿਗੁਰ ਚਰਨੀ ਲਾਗਿ ॥

گُر ستِگُر چرنی لاگِ ॥

ਹਰਿ ਪਾਵਹੁ ਮਨੁ ਅਗਾਧਿ ॥

ہرِ پاوہُ منُ اگادھِ ॥

ਜਗੁ ਜੀਤੋ ਹੋ ਹੋ ਗੁਰ ਕਿਰਪਾਧਿ ॥੧॥ ਰਹਾਉ ॥

جگُ جیِتو ہو ہو گُر کِرپادھِ ॥1॥ رہاءُ ॥

ਅਨਿਕ ਪੂਜਾ ਮੈ ਬਹੁ ਬਿਧਿ ਖੋਜੀ
ਸਾ ਪੂਜਾ ਜਿ ਹਰਿ ਭਾਵਾਸਿ ॥

اِنک پوُجا مے َ بہُ بِدھِ کھوجی
سا پوُجا جِ ہرِ بھاواسِ ॥

ਮਾਟੀ ਕੀ ਇਹ ਪੁਤਰੀ ਜੋਰੀ
ਕਿਆ ਏਹ ਕਰਮ ਕਮਾਸਿ ॥

ماٹی کی اِہ پُتری جوری
کِیا ایہ کرم کماسِ ۔ ॥

ਪ੍ਰਭ ਬਾਹ ਪਕਰਿ ਜਿਸੁ ਮਾਰਗਿ ਪਾਵਹੁ
ਸੋ ਤੁਧੁ ਜੰਤ ਮਿਲਾਸਿ ॥੧॥

پرّبھ باہ پکڑِ جِسُ مارگِ پاوہُ
سو تُدھُ جنّت مِلاسِ ॥1॥

ਅਵਰ ਓਟ ਮੈ ਕੋਇ ਨ ਸੂਝੈ
ਇਕ ਹਰਿ ਕੀ ਓਟ ਮੈ ਆਸ ॥

اور اوٹ مے َ کوءِ ن سوُجھے َ
اِک ہرِ کی اوٹ مے َ آس ॥

ਕਿਆ ਦੀਨੁ ਕਰੇ ਅਰਦਾਸਿ ॥

کِیا دِینُ کرے عرداسِ ۔ ॥

ਜਉ ਸਭ ਘਟਿ ਪ੍ਰਭੁ ਨਿਵਾਸ ॥

جءُ سبھ گھٹِ پرّبھوُ نِواس ॥

ਪ੍ਰਭ ਚਰਨਨ ਕੀ ਮਨਿ ਪਿਆਸ ॥

پرّبھ چرنن کی منِ پیاس ॥

ਜਨ ਨਾਨਕ ਦਾਸੁ ਕਹੀਅਤੁ ਹੈ ਤੁਮ੍ਰਾ
ਹਉ ਬਲਿ ਬਲਿ ਸਦ ਬਲਿ ਜਾਸ ॥੨॥੧॥੩੩॥

جن نانک داسُ کہِیئتُ ہے َ تُمہّرا
ہءُ بلِ بلِ سد بلِ جاس ॥2॥1॥ 33 ॥

ਕਾਨੜਾ ਮਹਲਾ ੫ ਘਰੁ ੬

کانڑا محلا 5 گھرُ 6

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਜਗਤ ਉਧਾਰਨ ਨਾਮ ਪ੍ਰਿਅ ਤੇਰੈ ॥

جگت اُدھارن نام پرّءِ تیرے َ ॥

ਨਵ ਨਿਧਿ ਨਾਮੁ ਨਿਧਾਨੁ ਹਰਿ ਕੇਰੈ ॥	نو نِدھِ نامُ نِدھانُ ہرِ کیرے ॥
ਹਰਿ ਰੰਗ ਰੰਗ ਰੰਗ ਅਨੂਪੇਰੈ ॥	ہرِ رنگ رنگ رنگ انوُپیرے ॥
ਕਾਹੇ ਰੇ ਮਨ ਮੋਹਿ ਮਗਨੇਰੈ ॥	کاہے رے من موہِ مگنیرے ۔ ॥
ਨੈਨਹੁ ਦੇਖੁ ਸਾਧ ਦਰਸੇਰੈ ॥	نیَنہُ دیکھُ سادھ درسیرے ॥
ਸੋ ਪਾਵੈ ਜਿਸੁ ਲਿਖਤੁ ਲਿਲੇਰੈ ॥੧॥ ਰਹਾਉ ॥	سو پاوے جِسُ لِکھتُ لِلیرے ॥1॥ رہاءُ ॥
ਸੇਵਉ ਸਾਧ ਸੰਤ ਚਰਨੇਰੈ ॥	سیوءُ سادھ سنّت چرنیرے ॥
ਬਾਂਛਉ ਧੂਰਿ ਪਵਿਤ੍ਰ ਕਰੇਰੈ ॥	بانْچھءُ دھوُرِ پوِتّر کریرے ॥
ਅਠਸਠਿ ਮਜਨੁ ਮੈਲੁ ਕਟੇਰੈ ॥	اٹھسٹھِ مجنُ میَلُ کٹیرے ॥
ਸਾਸਿ ਸਾਸਿ ਧਿਆਵਹੁ ਮੁਖੁ ਨਹੀ ਮੋਰੈ ॥	ساسِ ساسِ دھِیاوہُ مُکھُ نہی مورے ॥
ਕਿਛੁ ਸੰਗਿ ਨ ਚਾਲੈ ਲਾਖ ਕਰੋਰੈ ॥	کِچھُ سنگِ ن چالے لاکھ کرورے ॥
ਪ੍ਰਭ ਜੀ ਕੋ ਨਾਮੁ ਅੰਤਿ ਪੁਕਰੋਰੈ ॥੧॥	پربھ جی کو نامُ انَتِ پُکرورے ॥1॥
ਮਨਸਾ ਮਾਨਿ ਏਕ ਨਿਰੰਕੇਰੈ ॥	منسا مانِ ایک نِرنکیرے ॥
ਸਗਲ ਤਿਆਗਹੁ ਭਾਉ ਦੂਜੇਰੈ ॥	سگل تِیاگہُ بھاءُ دوُجیرے ॥
ਕਵਨ ਕਹਾਂ ਹਉ ਗੁਨ ਪ੍ਰਿਅ ਤੇਰੈ ॥	کون کہاں ہءُ گُن پرِء تیرے ॥
ਬਰਨਿ ਨ ਸਾਕਉ ਏਕ ਟੁਲੇਰੈ ॥	برنِ ن ساکءُ ایک ٹُلیرے ॥
ਦਰਸਨ ਪਿਆਸ ਬਹੁਤੁ ਮਨਿ ਮੇਰੈ ॥	درسن پِیاس بہُتُ منِ میرے ॥
ਮਿਲੁ ਨਾਨਕ ਦੇਵ ਜਗਤ ਗੁਰ ਕੇਰੈ ॥੨॥੧॥੩੪॥	مِلُ نانک دیو جگت گُر کیرے ॥2॥1॥ 34 ॥
ਕਾਨੜਾ ਮਹਲਾ ੫ ॥	کانڑا محلا 5 ॥
ਐਸੀ ਕਉਨ ਬਿਧੇ ਦਰਸਨ ਪਰਸਨਾ ॥੧॥ ਰਹਾਉ ॥	ایَسی کئُن بِدھے درسن پرسنا ॥1॥ رہاءُ ॥
ਆਸ ਪਿਆਸ ਸਫਲ ਮੂਰਤਿ ਉਮਗਿ ਹੀਉ ਤਰਸਨਾ ॥੧॥	آس پِیاس سپھل موُرتِ اُمگِ ہیِءُ ترسنا ॥1॥
ਦੀਨ ਲੀਨ ਪਿਆਸ ਮੀਨ ਸੰਤਨਾ ਹਰਿ ਸੰਤਨਾ ॥	دِین لِین پِیاس مِین سنّتنا ہرِ سنّتنا ॥

ਹਰਿ ਸੰਤਨਾ ਕੀ ਰੇਨ ॥	ہرِ سنتنا کی رین ॥
ਹੀਉ ਅਰਪਿ ਦੇਨ ॥	ہیِءُ ارپِ دین ॥
ਪ੍ਰਭ ਭਏ ਹੈ ਕਿਰਪੇਨ ॥	پربھ بھئے ہے کرپین ॥
ਮਾਨੁ ਮੋਹੁ ਤਿਆਗਿ ਛੋਡਿਓ ਤਉ ਨਾਨਕ ਹਰਿ ਜੀਉ ਭੇਟਨਾ ॥੨॥੨॥੩੫॥	مانُ موہُ تیاگِ چھوڈِئو تءُ نانک ہرِ جیِءُ بھیٹنا ॥2॥2॥ 35 ॥
ਕਾਨੜਾ ਮਹਲਾ ੫ ॥	کانڑا محلا 5 ॥
ਰੰਗਾ ਰੰਗ ਰੰਗਨ ਕੇ ਰੰਗਾ ॥	رنگا رنگ رنگن کے رنگا ॥
ਕੀਟ ਹਸਤ ਪੂਰਨ ਸਭ ਸੰਗਾ ॥੧॥ ਰਹਾਉ ॥	کیٹ ہست پوُرن سبھ سنگا ॥1॥ رہاءُ ॥
ਬਰਤ ਨੇਮ ਤੀਰਥ ਸਹਿਤ ਗੰਗਾ ॥	برت نیم تیرتھ سہت گنگا ॥
ਜਲੁ ਹੇਵਤ ਭੂਖ ਅਰੁ ਨੰਗਾ ॥	جلُ ہیوت بھوُکھ ارُ ننگا ॥
ਪੂਜਾਚਾਰ ਕਰਤ ਮੇਲੰਗਾ ॥	پوُجاچار کرت میلنگا ॥
ਚਕ੍ਰ ਕਰਮ ਤਿਲਕ ਖਾਟੰਗਾ ॥	چکّر کرم تِلک کھاٹنگا ॥
ਦਰਸਨੁ ਭੇਟੇ ਬਿਨੁ ਸਤਸੰਗਾ ॥੧॥	درسنُ بھیٹے بِنُ ستسنگا ॥1॥
ਹਠਿ ਨਿਗ੍ਰਹਿ ਅਤਿ ਰਹਤ ਬਿਟੰਗਾ ॥	ہٹھِ نِگرہِ اتِ رہت بٹنگا ॥
ਹਉ ਰੋਗੁ ਬਿਆਪੈ ਚੁਕੈ ਨ ਭੰਗਾ ॥	ہءُ روگُ بِیاپے چُکے ن بھنگا ॥
ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ ॥	کام کّرودھ اتِ ترِسن جرنگا ॥
ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ ॥੨॥੩॥੩੬॥	سو مُکتُ نانک جِسُ ستِگُرُ چنگا ॥2॥3॥ 36 ॥
ਕਾਨੜਾ ਮਹਲਾ ੫ ਘਰੁ ੭	کانڑا محلا 5 گھرُ 7
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਤਿਖ ਬੂਝਿ ਗਈ ਗਈ ਮਿਲਿ ਸਾਧ ਜਨਾ ॥	تِکھ بوُجھِ گئی گئی مِلِ سادھ جنا ॥
ਪੰਚ ਭਾਗੇ ਚੋਰ ਸਹਜੇ ਸੁਖੈਨੋ ਹਰੇ ਗੁਨ ਗਾਵਤੀ ਗਾਵਤੀ ਗਾਵਤੀ ਦਰਸ ਪਿਆਰਿ ॥੧॥ ਰਹਾਉ ॥	پنچ بھاگے چور سہجے سُکھینو ہرے گُن گاوتی گاوتی گاوتی درس پیارِ ॥1॥ رہاءُ ॥
ਜੈਸੀ ਕਰੀ ਪ੍ਰਭ ਮੋ ਸਿਉ ਮੋ ਸਿਉ	جیَسی کری پربھ مو سِءُ مو سِءُ

ਐਸੀ ਹਉ ਕੈਸੇ ਕਰਉ ॥	ایَسی ہءُ کیَسے کرءُ ۔ ॥
ਹੀਉ ਤੁਮ੍ਾਰੇ ਬਲਿ ਬਲੇ ਬਲਿ ਬਲੇ ਬਲਿ ਗਈ ॥੧॥	ہیِءُ تُمہّارے بلِ بلے بلِ بلے بلِ گئی ॥1॥
ਪਹਿਲੇ ਪੈ ਸੰਤ ਪਾਇ ਧਿਆਇ ਧਿਆਇ ਪ੍ਰੀਤਿ ਲਾਇ ॥	پہلے پے سنّت پاءِ دھیاءِ دھیاءِ پّریتِ لاءِ ॥
ਪ੍ਰਭ ਥਾਨੁ ਤੇਰੋ ਕੇਹਰੋ ਜਿਤੁ ਜੰਤਨ ਕਰਿ ਬੀਚਾਰੁ ॥	پّربھ تھانُ تیرو کیہرو جِتُ جنّتن کرِ بیچارُ ॥
ਅਨਿਕ ਦਾਸ ਕੀਰਤਿ ਕਰਹਿ ਤੁਹਾਰੀ ॥	انِک داس کیِرتِ کرہِ تُہاری ॥
ਸੋਈ ਮਿਲਿਓ ਜੋ ਭਾਵਤੋ ਜਨ ਨਾਨਕ ਠਾਕੁਰ ਰਹਿਓ ਸਮਾਇ ॥	سوئی مِلِئو جو بھاوتو جن نانک ٹھاکُر رہِئو سماءِ ॥
ਏਕ ਤੂਹੀ ਤੂਹੀ ਤੂਹੀ ॥੨॥੧॥੩੭॥	ایک توہی توہی توہی ॥2॥1॥ 37 ॥
ਕਾਨੜਾ ਮਹਲਾ ੫ ਘਰੁ ੮	کانڑا محلا 5 گھرُ 8
੧ੴ ਸਤਿਗੁਰ ਪ੍ਰਸਾਦਿ ॥	۱ۄ ستِگُر پّرسادِ ॥
ਤਿਆਗੀਐ ਗੁਮਾਨੁ ਮਾਨੁ ਪੇਖਤਾ ਦਇਆਲ ਲਾਲ ਹਾਂ ਹਾਂ ਮਨ ਚਰਨ ਰੇਨ ॥੧॥ ਰਹਾਉ ॥	تِیاگیئے گُمانُ مانُ پیکھتا دئیال لال ہاں ہاں من چرن رین ॥1॥ رہاءُ ॥
ਹਰਿ ਸੰਤ ਮੰਤ ਗੁਪਾਲ ਗਿਆਨ ਧਿਆਨ ॥੧॥	ہرِ سنّت منّت گُپال گیان دھیان ॥1॥
ਹਿਰਦੈ ਗੋਬਿੰਦ ਗਾਇ ਚਰਨ ਕਮਲ ਪ੍ਰੀਤਿ ਲਾਇ ਦੀਨ ਦਇਆਲ ਮੋਹਨਾ ॥	ہِردے گوبِند گاءِ چرن کمل پّریتِ لاءِ دِین دئیال موہنا ॥
ਕ੍ਰਿਪਾਲ ਦਇਆ ਮਇਆ ਧਾਰਿ ॥	کّرپال دئیا مئیا دھارِ ॥
ਨਾਨਕੁ ਮਾਗੈ ਨਾਮੁ ਦਾਨੁ ॥	نانکُ ماگے نامُ دانُ ॥
ਤਜਿ ਮੋਹੁ ਭਰਮੁ ਸਗਲ ਅਭਿਮਾਨੁ ॥੨॥੧॥੩੮॥	تجِ موہُ بھرمُ سگل ابھِمانُ ॥2॥1॥ 38 ॥
ਕਾਨੜਾ ਮਹਲਾ ੫ ॥	کانڑا محلا 5 ॥
ਪ੍ਰਭ ਕਹਨ ਮਲਨ ਦਹਨ ਲਹਨ ਗੁਰ ਮਿਲੇ ਆਨ ਨਹੀ ਉਪਾਉ ॥੧॥ ਰਹਾਉ ॥	پّربھ کہن ملن دہن لہن گُر مِلے

ਤਟਨ ਖਟਨ ਜਟਨ ਹੋਮਨ
ਨਾਹੀ ਡੰਡਧਾਰ ਸੁਆਉ ॥੧॥

ਜਤਨ ਭਾਂਤਨ ਤਪਨ ਭ੍ਰਮਨ
ਅਨਿਕ ਕਥਨ ਕਥਤੇ
ਨਹੀ ਥਾਹ ਪਾਈ ਠਾਉ ॥

ਸੋਧਿ ਸਗਰ ਸੋਧਨਾ
ਸੁਖੁ ਨਾਨਕਾ ਭਜੁ ਨਾਉ ॥੨॥੨॥੩੯॥

ਕਾਨੜਾ ਮਹਲਾ ੫ ਘਰੁ ੯

ੴ ਸਤਿਗੁਰ ਪ੍ਰਸਾਦਿ ॥

ਪਤਿਤ ਪਾਵਨੁ ਭਗਤਿ ਬਛਲੁ
ਭੈ ਹਰਨ ਤਾਰਨ ਤਰਨ ॥੧॥ ਰਹਾਉ ॥

ਨੈਨ ਤਿਪਤੇ ਦਰਸੁ ਪੇਖਿ
ਜਸੁ ਤੋਖਿ ਸੁਨਤ ਕਰਨ ॥੧॥

ਪ੍ਰਾਨ ਨਾਥ ਅਨਾਥ ਦਾਤੇ
ਦੀਨ ਗੋਬਿਦ ਸਰਨ ॥

ਆਸ ਪੂਰਨ ਦੁਖ ਬਿਨਾਸਨ
ਗਹੀ ਓਟ ਨਾਨਕ ਹਰਿ ਚਰਨ ॥੨॥੧॥੪੦॥

ਕਾਨੜਾ ਮਹਲਾ ੫ ॥

ਚਰਨ ਸਰਨ ਦਇਆਲ ਠਾਕੁਰ
ਆਨ ਨਾਹੀ ਜਾਇ ॥

ਪਤਿਤ ਪਾਵਨ ਬਿਰਦੁ ਸੁਆਮੀ
ਉਧਰਤੇ ਹਰਿ ਧਿਆਇ ॥੧॥ ਰਹਾਉ ॥

ਸੈਸਾਰ ਗਾਰ ਬਿਕਾਰ ਸਾਗਰ
ਪਤਿਤ ਮੋਹ ਮਾਨ ਅੰਧ ॥

آن نہی اُپاءُ ॥1॥ رہاءُ ॥

تٹن کھٹن جٹن ہومن
ناہی ڈنڈدھار سُیاءُ ॥1॥

جتن بھانتن تپن بھرمن
انِک کتھن کتھتے
نہی تھاہ پائی ٹھاءُ ॥

سودھِ سگر سودھنا
سُکھُ نانکا بھجُ ناءُ ॥2॥2॥ 39 ॥

کانڑا محلا 5 گھرُ 9

ੴ ستِگُر پرّسادِ ॥

پتِت پاونُ بھگتِ بچھلُ
بھےَ ہرن تارن ترن ॥1॥ رہاءُ ॥

نیَن تِپتے درسُ پیکھِ
جسُ توکھِ سُنت کرن ॥1॥

پرّان ناتھ اناتھ داتے
دِین گوبِد سرن ॥

آس پوُرن دُکھ بِناسن
گہی اوٹ نانک ہرِ چرن ॥2॥1॥ 40 ॥

کانڑا محلا 5 ॥

چرن سرن دئیال ٹھاکُر
آن ناہی جاءِ ॥

پتِت پاون بِردُ سُیامی
اُدھرتے ہرِ دھِیاءِ ॥1॥ رہاءُ ॥

سیَسار گار بِکار ساگر
پتِت موہ مان انّدھ ॥

ਬਿਕਲ ਮਾਇਆ ਸੰਗਿ ਧੰਧ ॥

بِکل مائیا سنگِ دھندھ ॥

ਕਰੁ ਗਹੇ ਪ੍ਰਭ ਆਪਿ ਕਾਢਹੁ
ਰਾਖਿ ਲੇਹੁ ਗੋਬਿੰਦ ਰਾਇ ॥੧॥

کرُ گہے پربھ آپِ کاڈھہُ
راکھِ لیہُ گوبِند راءِ ۔ ॥1॥

ਅਨਾਥ ਨਾਥ ਸਨਾਥ ਸੰਤਨ
ਕੋਟਿ ਪਾਪ ਬਿਨਾਸ ॥

اناتھ ناتھ سناتھ سنتن
کوٹِ پاپ بِناس ॥

ਮਨਿ ਦਰਸਨੈ ਕੀ ਪਿਆਸ ॥

منِ درسنے کی پیاس ॥

ਪ੍ਰਭ ਪੂਰਨ ਗੁਨਤਾਸ ॥

پربھ پوُرن گُنتاس ۔ ॥

ਕ੍ਰਿਪਾਲ ਦਇਆਲ ਗੁਪਾਲ ਨਾਨਕ
ਹਰਿ ਰਸਨਾ ਗੁਨ ਗਾਇ ॥੨॥੨॥੪੧॥

کرِپال دیَیال گُپال نانک
ہرِ رسنا گُن گاءِ ॥2॥2॥ 41 ॥

ਕਾਨੜਾ ਮਹਲਾ ੫ ॥

کانڑا محلا 5 ॥

ਵਾਰਿ ਵਾਰਉ ਅਨਿਕ ਡਾਰਉ ॥

وارِ وارءُ انِک ڈارءُ ॥

ਸੁਖੁ ਪ੍ਰਿਅ ਸੁਹਾਗ ਪਲਕ ਰਾਤ ॥੧॥ ਰਹਾਉ ॥

سُکھُ پرِء سُہاگ پلک رات ॥1॥ رہاءُ ॥

ਕਨਿਕ ਮੰਦਰ ਪਾਟ ਸੇਜ
ਸਖੀ ਮੋਹਿ ਨਾਹਿ ਇਨ ਸਿਉ ਤਾਤ ॥੧॥

کنِک مندر پاٹ سیج
سکھی موہِ ناہِ اِن سِءُ تات ॥1॥

ਮੁਕਤ ਲਾਲ ਅਨਿਕ ਭੋਗ
ਬਿਨੁ ਨਾਮ ਨਾਨਕ ਹਾਤ ॥

مُکت لال انِک بھوگ
بِنُ نام نانک ہات ॥

ਰੂਖੋ ਭੋਜਨੁ ਭੂਮਿ ਸੈਨ
ਸਖੀ ਪ੍ਰਿਅ ਸੰਗਿ ਸੂਖਿ ਬਿਹਾਤ ॥੨॥੩॥੪੨॥

روُکھو بھوجنُ بھوُمِ سیَن
سکھی پرِء سنگِ سوُکھِ بِہات ॥2॥3॥ 42 ॥

ਕਾਨੜਾ ਮਹਲਾ ੫ ॥

کانڑا محلا 5 ॥

ਅਹੰ ਤੋਰੋ ਮੁਖੁ ਜੋਰੋ ॥

اہنّ تورو مُکھُ جورو ॥

ਗੁਰੁ ਗੁਰੁ ਕਰਤ ਮਨੁ ਲੋਰੋ ॥

گُرُ گُرُ کرت منُ لورو ॥

ਪ੍ਰਿਅ ਪ੍ਰੀਤਿ ਪਿਆਰੋ ਮੋਰੋ ॥੧॥ ਰਹਾਉ ॥

پرِء پرِیتِ پِیارو مورو ॥1॥ رہاءُ ॥

ਗ੍ਰਿਹਿ ਸੇਜ ਸੁਹਾਵੀ ਆਗਨਿ ਚੈਨਾ
ਤੋਰੋ ਰੀ ਤੋਰੋ ਪੰਚ ਦੂਤਨ ਸਿਉ ਸੰਗੁ ਤੋਰੋ ॥੧॥

گرِہِ سیج سُہاوی آگنِ چینَا
تورو ری تورو پنچ دوُتن سِءُ سنگُ تورو ॥1॥

ਆਇ ਨ ਜਾਇ ਬਸੇ ਨਿਜ ਆਸਨਿ ਊਂਧ ਕਮਲ ਬਿਗਸੋਰੋ ॥	آءِ ن جاءِ بسے نِج آسنِ اوُندھ کمل بِگسورو ॥
ਛੁਟਕੀ ਹਉਮੈ ਸੋਰੋ ॥	چھُٹکی ہئُے سورو ॥
ਗਾਇਓ ਰੀ ਗਾਇਓ ਪ੍ਰਭ ਨਾਨਕ ਗੁਨੀ ਗਹੇਰੋ ॥੨॥੪॥੪੩॥	گائیو ری گائیو پربھ نانک گُنی گہیرو ॥2॥4॥ 43 ॥
ਕਾਨੜਾ ਮਃ ੫ ਘਰੁ ੯ ॥	کانڑا م: 5 گھرُ 9 ॥
ਤਾਂ ਤੇ ਜਾਪਿ ਮਨਾ ਹਰਿ ਜਾਪਿ ॥	تاں تے جاپِ منا ہرِ جاپِ ॥
ਜੋ ਸੰਤ ਬੇਦ ਕਹਤ ਪੰਥੁ ਗਾਖਰੋ ਮੋਹ ਮਗਨ ਅਹੰ ਤਾਪ ॥ ਰਹਾਉ ॥	جو سنّت بید کہت پنّتھُ گاکھرو موہ مگن اہنّ تاپ ॥ رہاءُ ॥
ਜੋ ਰਾਤੇ ਮਾਤੇ ਸੰਗਿ ਬਪੁਰੀ ਮਾਇਆ ਮੋਹ ਸੰਤਾਪ ॥੧॥	جو راتے ماتے سنگِ بپُری مائیا موہ سنّتاپ ॥1॥
ਨਾਮੁ ਜਪਤ ਸੋਊ ਜਨੁ ਉਧਰੈ ਜਿਸਹਿ ਉਧਾਰਹੁ ਆਪ ॥	نامُ جپت سوئُو جنُ اُدھرے جِسہِ اُدھارہُ آپ ॥
ਬਿਨਸਿ ਜਾਇ ਮੋਹ ਭੈ ਭਰਮਾ ਨਾਨਕ ਸੰਤ ਪ੍ਰਤਾਪ ॥੨॥੫॥੪੪॥	بِنسِ جاءِ موہ بھے بھرما نانک سنّت پرتاپ ॥2॥5॥ 44 ॥
ਕਾਨੜਾ ਮਹਲਾ ੫ ਘਰੁ ੧੦	کانڑا محلا 5 گھرُ 10
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਐਸੋ ਦਾਨੁ ਦੇਹੁ ਜੀ ਸੰਤਹੁ ਜਾਤ ਜੀਉ ਬਲਿਹਾਰਿ ॥	ایسو دانُ دیہُ جی سنّتہُ جات جیِءُ بلِہارِ ॥
ਮਾਨ ਮੋਹੀ ਪੰਚ ਦੋਹੀ ਉਰਝਿ ਨਿਕਟਿ ਬਸਿਓ ਤਾਕੀ ਸਰਨਿ ਸਾਧੂਆ ਦੂਤ ਸੰਗੁ ਨਿਵਾਰਿ ॥੧॥ ਰਹਾਉ ॥	مان موہی پنچ دوہی اُرجھِ نِکٹِ بسِئو تاکی سرنِ سادھوُیا دوُت سنگُ نِوارِ ॥1॥ رہاءُ ॥
ਕੋਟਿ ਜਨਮ ਜੋਨਿ ਭ੍ਰਮਿਓ ਹਾਰਿ ਪਰਿਓ ਦੁਆਰਿ ॥੧॥	کوٹِ جنم جونِ بھرّمِئو ہارِ پرِئو دُیارِ ॥1॥
ਕਿਰਪਾ ਗੋਬਿੰਦ ਭਈ ਮਿਲਿਓ ਨਾਮੁ ਅਧਾਰੁ ॥	کِرپا گوبِند بھئی مِلِئو نامُ ادھارُ ॥

ਦੁਲਭ ਜਨਮੁ ਸਫਲੁ ਨਾਨਕ
ਭਵ ਉਤਾਰਿ ਪਾਰਿ ॥੨॥੧॥੪੫॥

دُلبھ جنمُ سپھلُ نانک
بھو اُتارِ پارِ ॥2॥1॥ 45 ॥

ਕਾਨੜਾ ਮਹਲਾ ੫ ਘਰੁ ੧੧

کانڑا محلا 5 گھرُ 11

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸਹਜ ਸੁਭਾਏ ਆਪਨ ਆਏ ॥

سہج سُبھائے آپن آئے ॥

ਕਛੂ ਨ ਜਾਨੌ ਕਛੂ ਦਿਖਾਏ ॥

کچھوُ ن جانوٗ کچھوُ دِکھائے ॥

ਪ੍ਰਭੁ ਮਿਲਿਓ ਸੁਖ ਬਾਲੇ ਭੋਲੇ ॥੧॥ ਰਹਾਉ ॥

پرّبھُ مِلیئو سُکھ بالے بھولے ॥1॥ رہاءُ ॥

ਸੰਜੋਗਿ ਮਿਲਾਏ ਸਾਧ ਸੰਗਾਏ ॥

سنّجوگِ مِلائے سادھ سنگائے ॥

ਕਤਹੂ ਨ ਜਾਏ ਘਰਹਿ ਬਸਾਏ ॥

کتہوُ ن جائے گھرہِ بسائے ॥

ਗੁਨ ਨਿਧਾਨੁ ਪ੍ਰਗਟਿਓ ਇਹ ਚੋਲੈ ॥੧॥

گُن نِدھانُ پرّگٹیئو اِہ چولے ॥1॥

ਚਰਨ ਲੁਭਾਏ ਆਨ ਤਜਾਏ ॥

چرن لُبھائے آن تجائے ॥

ਥਾਨ ਥਨਾਏ ਸਰਬ ਸਮਾਏ ॥

تھان تھنائے سرب سمائے ॥

ਰਸਿਕ ਰਸਿਕ ਨਾਨਕੁ ਗੁਨ ਬੋਲੈ ॥੨॥੧॥੪੬॥

رسِک رسِک نانکُ گُن بولے ॥2॥1॥ 46 ॥

ਕਾਨੜਾ ਮਹਲਾ ੫ ॥

کانڑا محلا 5 ॥

ਗੋਬਿੰਦ ਠਾਕੁਰ ਮਿਲਨ ਦੁਰਾਈਂ ॥

گوبِنّد ٹھاکُر مِلن دُرائیں ॥

ਪਰਮਿਤਿ ਰੂਪੁ ਅਗੰਮ ਅਗੋਚਰ
ਰਹਿਓ ਸਰਬ ਸਮਾਈ ॥੧॥ ਰਹਾਉ ॥

پرمِتِ روُپُ اگنّم اگوچر
رہِئو سرب سمائی ॥1॥ رہاءُ ॥

ਕਹਨਿ ਭਵਨਿ ਨਾਹੀ ਪਾਇਓ ਪਾਇਓ
ਅਨਿਕ ਉਕਤਿ ਚਤੁਰਾਈ ॥੧॥

کہنِ بھونِ ناہی پائیو پائیو
انِک اُکتِ چترُائی ॥1॥

ਜਤਨ ਜਤਨ ਅਨਿਕ ਉਪਾਵ ਰੇ
ਤਉ ਮਿਲਿਓ ਜਉ ਕਿਰਪਾਈ ॥

جتن جتن انِک اُپاو رے
تءُ مِلیئو جءُ کِرپائی ॥

ਪ੍ਰਭੂ ਦਇਆਰ ਕ੍ਰਿਪਾਰ ਕ੍ਰਿਪਾ ਨਿਧਿ
ਜਨ ਨਾਨਕ ਸੰਤ ਰੇਨਾਈ ॥੨॥੨॥੪੭॥

پرّبھوُ دئیار کرِپار کرِپا نِدھِ
جن نانک سنّت رینائی ॥2॥2॥ 47 ॥

ਕਾਨੜਾ ਮਹਲਾ ੫ ॥

کانڑا محلا 5 ॥

ਮਾਈ ਸਿਮਰਤ ਰਾਮ ਰਾਮ ਰਾਮ ॥

مائی سِمرت رام رام رام ॥

ਪ੍ਰਭ ਬਿਨਾ ਨਾਹੀ ਹੋਰੁ ॥

پربھ بِنا ناہی ہورُ ॥

ਚਿਤਵਉ ਚਰਨਾਰਬਿੰਦ
ਸਾਸਨ ਨਿਸਿ ਭੋਰ ॥੧॥ ਰਹਾਉ ॥

چِتوءُ چرنار بِنّد
ساسن نِس بھور ॥1॥ رہاءُ ॥

ਲਾਇ ਪ੍ਰੀਤਿ ਕੀਨ ਆਪਨ
ਤੂਟਤ ਨਹੀ ਜੋਰੁ ॥

لاءِ پریتِ کِین آپن
توٹت نہی جورُ ॥

ਪ੍ਰਾਨ ਮਨੁ ਧਨੁ ਸਰਬਸੋ
ਹਰਿ ਗੁਨ ਨਿਧੇ ਸੁਖ ਮੋਰ ॥੧॥

پران منُ دھنُ سربسو
ہرِ گُن نِدھے سُکھ مور ॥1॥

ਈਤ ਊਤ ਰਾਮ ਪੂਰਨੁ
ਨਿਰਖਤ ਰਿਦ ਖੋਰਿ ॥

اِیت اوُت رام پوُرنُ
نِرکھت رِد کھورِ ॥

ਸੰਤ ਸਰਨ ਤਰਨ ਨਾਨਕ
ਬਿਨਸਿਓ ਦੁਖੁ ਘੋਰ ॥੨॥੩॥੪੮॥

سنّت سرن ترن نانک
بِنسِئو دُکھُ گھور ॥2॥3॥ 48 ॥

ਕਾਨੜਾ ਮਹਲਾ ੫ ॥

کانڑا محلا 5 ॥

ਜਨ ਕੋ ਪ੍ਰਭੁ ਸੰਗੇ ਅਸਨੇਹੁ ॥

جن کو پربھُ سنگے اسنیہُ ॥

ਸਾਜਨੋ ਤੂ ਮੀਤੁ ਮੇਰਾ
ਗ੍ਰਿਹਿ ਤੇਰੈ ਸਭੁ ਕੇਹੁ ॥੧॥ ਰਹਾਉ ॥

ساجنو توُ میتُ میرا
گرِہِ تیرے سبھُ کیہُ ॥1॥ رہاءُ ॥

ਮਾਨੁ ਮਾਂਗਉ ਤਾਨੁ ਮਾਂਗਉ
ਧਨੁ ਲਖਮੀ ਸੁਤ ਦੇਹ ॥੧॥

مانُ مانگءُ تانُ مانگءُ
دھنُ لکھمی سُت دیہ ॥1॥

ਮੁਕਤਿ ਜੁਗਤਿ ਭੁਗਤਿ ਪੂਰਨ
ਪਰਮਾਨੰਦ ਪਰਮ ਨਿਧਾਨ ॥

مُکتِ جُگتِ بھُگتِ پوُرن
پرمانّند پرم نِدھان ॥

ਭੈ ਭਾਇ ਭਗਤਿ ਨਿਹਾਲ ਨਾਨਕ
ਸਦਾ ਸਦਾ ਕੁਰਬਾਨ ॥੨॥੪॥੪੯॥

بھے بھاءِ بھگتِ نِہال نانک
سدا سدا قُربان ॥2॥4॥ 49 ॥

ਕਾਨੜਾ ਮਹਲਾ ੫ ॥

کانڑا محلا 5 ॥

ਕਰਤ ਕਰਤ ਚਰਚ ਚਰਚ ਚਰਚਰੀ ॥	کرت کرت چرچ چرچ چرچری ॥
ਜੋਗ ਧਿਆਨ ਭੇਖ ਗਿਆਨ ਫਿਰਤ ਫਿਰਤ ਧਰਤ ਧਰਤ ਧਰਚਰੀ ॥੧॥ ਰਹਾਉ ॥	جوگ دھیان بھیکھ گیان پھرت پھرت دھرت دھرت دھرچری ॥1॥ رہاءُ ॥
ਅਹੰ ਅਹੰ ਅਹੈ ਅਵਰ ਮੂੜ ਮੂੜ ਮੂੜ ਬਵਰਈ ॥	اہنّ اہنّ اہے اور مُوڑ مُوڑ مُوڑ بورئی ॥
ਜਤਿ ਜਾਤ ਜਾਤ ਜਾਤ ਸਦਾ ਸਦਾ ਸਦਾ ਸਦਾ ਕਾਲ ਹਈ ॥੧॥	جتِ جات جات جات سدا سدا سدا سدا کال ہئی ॥1॥
ਮਾਨੁ ਮਾਨੁ ਮਾਨੁ ਤਿਆਗਿ ਮਿਰਤੁ ਮਿਰਤੁ ਨਿਕਟਿ ਨਿਕਟਿ ਸਦਾ ਹਈ ॥	مانُ مانُ مانُ تیاگِ مِرتُ مِرتُ نِکٹِ نِکٹِ سدا ہئی ॥
ਹਰਿ ਹਰੇ ਹਰੇ ਭਾਜੁ ਕਹਤੁ ਨਾਨਕੁ ਸੁਨਹੁ ਰੇ ਮੂੜ ਬਿਨੁ ਭਜਨ ਭਜਨ ਭਜਨ ਅਹਿਲਾ ਜਨਮੁ ਗਈ ॥੨॥੫॥੫੦॥੧੨॥੬੨॥	ہرِ ہرے ہرے بھاجُ کہتُ نانکُ سُنہُ رے مُوڑ بِنُ بھجن بھجن بھجن اہِلا جنمُ گئی ॥2॥5॥ 50 ॥ 12 ॥ 62 ॥
ਕਾਨੜਾ ਅਸਟਪਦੀਆ ਮਹਲਾ ੪ ਘਰੁ ੧	کانڑا اسٹپدیا محلا 4 گھرُ 1
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਜਪਿ ਮਨ ਰਾਮ ਨਾਮੁ ਸੁਖੁ ਪਾਵੈਗੋ ॥	جپِ من رام نامُ سُکھُ پاویگو ॥
ਜਿਉ ਜਿਉ ਜਪੈ ਤਿਵੈ ਸੁਖੁ ਪਾਵੈ ਸਤਿਗੁਰੁ ਸੇਵਿ ਸਮਾਵੈਗੋ ॥੧॥ ਰਹਾਉ ॥	جِءُ جِءُ جپے تِوے سُکھُ پاوے ستِگُرُ سیوِ سماویگو ॥1॥ رہاءُ ॥
ਭਗਤ ਜਨਾਂ ਕੀ ਖਿਨੁ ਖਿਨੁ ਲੋਚਾ ਨਾਮੁ ਜਪਤ ਸੁਖੁ ਪਾਵੈਗੋ ॥	بھگت جناں کی کھِنُ کھِنُ لوچا نامُ جپت سُکھُ پاویگو ॥
ਅਨ ਰਸ ਸਾਦ ਗਏ ਸਭ ਨੀਕਰਿ ਬਿਨੁ ਨਾਵੈ ਕਿਛੁ ਨ ਸੁਖਾਵੈਗੋ ॥੧॥	ان رس سادگئے سبھ نِیکرِ بِنُ ناوے کِچھُ ن سُکھاویگو ॥1॥
ਗੁਰਮਤਿ ਹਰਿ ਹਰਿ ਮੀਠਾ ਲਾਗਾ ਗੁਰੁ ਮੀਠੇ ਬਚਨ ਕਢਾਵੈਗੋ ॥	گُرمتِ ہرِ ہرِ میٹھا لاگا گُرُ میٹھے بچن کڈھاویگو ॥
ਸਤਿਗੁਰ ਬਾਣੀ ਪੁਰਖੁ ਪੁਰਖੋਤਮ ਬਾਣੀ ਸਿਉ ਚਿਤੁ ਲਾਵੈਗੋ ॥੨॥	ستِگُر بانٹی پُرکھُ پُرکھوتم بانٹی سِءُ چِتُ لاویگو ॥2॥

ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ
ਮਨੁ ਭੀਨਾ ਨਿਜ ਘਰਿ ਆਵੈਗੋ ॥

ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ
ਨੀਝਰ ਧਾਰ ਚੁਆਵੈਗੋ ॥੩॥

ਰਾਮ ਨਾਮੁ ਇਕੁ ਤਿਲ ਤਿਲ ਗਾਵੈ
ਮਨੁ ਗੁਰਮਤਿ ਨਾਮਿ ਸਮਾਵੈਗੋ ॥

ਨਾਮੁ ਸੁਣੈ ਨਾਮੋ ਮਨਿ ਭਾਵੈ
ਨਾਮੇ ਹੀ ਤ੍ਰਿਪਤਾਵੈਗੋ ॥੪॥

ਕਨਿਕ ਕਨਿਕ ਪਹਿਰੇ ਬਹੁ ਕੰਗਨਾ
ਕਾਪਰੁ ਭਾਂਤਿ ਬਨਾਵੈਗੋ ॥

ਨਾਮ ਬਿਨਾ ਸਭਿ ਫੀਕ ਫਿਕਾਨੇ
ਜਨਮਿ ਮਰੈ ਫਿਰਿ ਆਵੈਗੋ ॥੫॥

ਮਾਇਆ ਪਟਲ ਪਟਲ ਹੈ ਭਾਰੀ
ਘਰੁ ਘੂਮਨਿ ਘੋਰਿ ਘੁਲਾਵੈਗੋ ॥

ਪਾਪ ਬਿਕਾਰ ਮਨੂਰ ਸਭਿ ਭਾਰੇ
ਬਿਖੁ ਦੁਤਰੁ ਤਰਿਓ ਨ ਜਾਵੈਗੋ ॥੬॥

ਭਉ ਬੈਰਾਗੁ ਭਇਆ ਹੈ ਬੋਹਿਥੁ
ਗੁਰੁ ਖੇਵਟੁ ਸਬਦਿ ਤਰਾਵੈਗੋ ॥

ਰਾਮ ਨਾਮੁ ਹਰਿ ਭੇਟੀਐ
ਹਰਿ ਰਾਮੈ ਨਾਮਿ ਸਮਾਵੈਗੋ ॥੭॥

ਅਗਿਆਨਿ ਲਾਇ ਸਵਾਲਿਆ
ਗੁਰ ਗਿਆਨੈ ਲਾਇ ਜਗਾਵੈਗੋ ॥

ਨਾਨਕ ਭਾਣੈ ਆਪਣੈ
ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥

ਕਾਨੜਾ ਮਹਲਾ ੪ ॥

گُربانی سُنت میرا منُ دّرویا
منُ بھِینا نِج گھرِ آویگو ॥

تہ انہت دھُنی باجہِ نِت باجے
نیِجھر دھار چُیاویگو ॥3॥

رام نامُ اِکُ تِل تِل گاوے
منُ گُرمتِ نامِ سماویگو ॥

نامُ سُنّے نامو منِ بھاوے
نامے ہی تّرِپتاویگو ॥4॥

کِنِک کِنِک پہِرے بہُ کنگنا
کاپڑُ بھانّتِ بناویگو ॥

نام بِنا سبھِ پھِیک پھِکانے
جنمِ مرے پھِرِ آویگو ॥5॥

مائِیا پٹّل پٹّل ہے بھاری
گھرُ گھوُمنِ گھیرِ گھُلاویگو ॥

پاپ بِکار منوُر سبھِ بھارے
بِکھُ دُتّرُ ترِئو ن جاویگو ॥6॥

بھ ءُ بیَراگُ بھئِیا ہے بوہِتھُ
گُرُ کھیوٹُ سبدِ تراویگو ॥

رام نامُ ہرِ بھیٹیئے
ہرِ رامے نامِ سماویگو ॥7॥

اگیانِ لاءِ سوالیا
گُرِ گیانے لاءِ جگاویگو ॥

نانک بھانّے آپنّے
جِ ءُ بھاوے تِوے چلاویگو ॥8॥1॥

کانڑا محلا 4 ॥

ਜਪਿ ਮਨ ਹਰਿ ਹਰਿ ਨਾਮੁ ਤਰਾਵੈਗੋ ॥

جپِ من ہرِ ہرِ نامُ تراویگو ॥

ਜੋ ਜੋ ਜਪੈ ਸੋਈ ਗਤਿ ਪਾਵੈ
ਜਿਉ ਧ੍ਰੂ ਪ੍ਰਹਿਲਾਦੁ ਸਮਾਵੈਗੋ ॥੧॥ ਰਹਾਉ ॥

جو جو جپے سوئی گتِ پاوے
جِءُ دھرُو پرہلادُ سماویگو ॥1॥ رہاءُ ॥

ਕ੍ਰਿਪਾ ਕ੍ਰਿਪਾ ਕ੍ਰਿਪਾ ਕਰਿ ਹਰਿ ਜੀਉ
ਕਰਿ ਕਿਰਪਾ ਨਾਮਿ ਲਗਾਵੈਗੋ ॥

کرِپا کرِپا کرِپا کرِ ہرِ جیِءُ
کرِ کرِپا نامِ لگاویگو ॥

ਕਰਿ ਕਿਰਪਾ ਸਤਿਗੁਰੂ ਮਿਲਾਵਹੁ
ਮਿਲਿ ਸਤਿਗੁਰ ਨਾਮੁ ਧਿਆਵੈਗੋ ॥੧॥

کرِ کرِپا ستِگُرو مِلاوہُ
مِلِ ستِگُر نامُ دھیاویگو ॥1॥

ਜਨਮ ਜਨਮ ਕੀ ਹਉਮੈ ਮਲੁ ਲਾਗੀ
ਮਿਲਿ ਸੰਗਤਿ ਮਲੁ ਲਹਿ ਜਾਵੈਗੋ ॥

جنم جنم کی ہئُمے مل لاگی
مِلِ سنگتِ مل لہِ جاویگو ॥

ਜਿਉ ਲੋਹਾ ਤਰਿਓ ਸੰਗਿ ਕਾਸਟ ਲਗਿ
ਸਬਦਿ ਗੁਰੂ ਹਰਿ ਪਾਵੈਗੋ ॥੨॥

جِءُ لوہا ترِئو سنگِ کاسٹ لگِ
سبدِ گُرو ہرِ پاویگو ॥2॥

ਸੰਗਤਿ ਸੰਤ ਮਿਲਹੁ ਸਤਸੰਗਤਿ
ਮਿਲਿ ਸੰਗਤਿ ਹਰਿ ਰਸੁ ਆਵੈਗੋ ॥

سنگتِ سنت مِلہُ ستسنگتِ
مِلِ سنگتِ ہرِ رس آویگو ॥

ਬਿਨੁ ਸੰਗਤਿ ਕਰਮ ਕਰੈ ਅਭਿਮਾਨੀ
ਕਢਿ ਪਾਣੀ ਚੀਕੜੁ ਪਾਵੈਗੋ ॥੩॥

بِنُ سنگتِ کرم کرے ابھِمانی
کڈھِ پانی چیکڑُ پاویگو ॥3॥

ਭਗਤ ਜਨਾ ਕੇ ਹਰਿ ਰਖਵਾਰੇ
ਜਨ ਹਰਿ ਰਸੁ ਮੀਠ ਲਗਾਵੈਗੋ ॥

بھگت جنا کے ہرِ رکھوارے
جن ہرِ رس میٹھ لگاویگو ॥

ਖਿਨੁ ਖਿਨੁ ਨਾਮੁ ਦੇਇ ਵਡਿਆਈ
ਸਤਿਗੁਰ ਉਪਦੇਸਿ ਸਮਾਵੈਗੋ ॥੪॥

کھِنُ کھِنُ نامُ دےءِ وڈیائی
ستِگُر اُپدیسِ سماویگو ॥4॥

ਭਗਤ ਜਨਾ ਕਉ ਸਦਾ ਨਿਵਿ ਰਹੀਐ
ਜਨ ਨਿਵਹਿ ਤਾ ਫਲ ਗੁਨ ਪਾਵੈਗੋ ॥

بھگت جنا کءُ سدا نِوِ رہیئے
جن نِوہِ تا پھل گُن پاویگو ॥

ਜੋ ਨਿੰਦਾ ਦੁਸਟ ਕਰਹਿ ਭਗਤਾ ਕੀ
ਹਰਨਾਖਸ ਜਿਉ ਪਚਿ ਜਾਵੈਗੋ ॥੫॥

جو نِندا دُسٹ کرہِ بھگتا کی
ہرناکھس جِءُ پچِ جاویگو ॥5॥

ਬ੍ਰਹਮ ਕਮਲ ਪੁਤੁ ਮੀਨ ਬਿਆਸਾ
ਤਪੁ ਤਾਪਨ ਪੂਜ ਕਰਾਵੈਗੋ ॥

برہم کمل پُتُ مین بِیاسا
تپُ تاپن پُوج کراویگو ॥

ਜੋ ਜੋ ਭਗਤੁ ਹੋਇ ਸੋ ਪੂਜਹੁ
ਭਰਮਨ ਭਰਮੁ ਚੁਕਾਵੈਗੋ ॥੬॥

جو جو بھگتُ ہوءِ سو پُوجہُ
بھرمن بھرمُ چُکاویگو ॥6॥

ਜਾਤ ਨਜਾਤਿ ਦੇਖਿ ਮਤ ਭਰਮਹੁ
ਸੁਕ ਜਨਕ ਪਗੀਂ ਲਗਿ ਧਿਆਵੈਗੋ ॥

جات نجاتِ دیکھِ مت بھرمہُ
سُک جنک پگیں لگِ دھیاویگو ॥

ਜੂਠਨ ਜੂਠਿ ਪਈ ਸਿਰ ਊਪਰਿ
ਖਿਨੁ ਮਨੂਆ ਤਿਲੁ ਨ ਡੁਲਾਵੈਗੋ ॥੭॥

جوُٹھن جوُٹھِ پئی سِر اوُپرِ
کھِنُ منوِیا تِلُ ن ڈُلاویگو ॥7॥

ਜਨਕ ਜਨਕ ਬੈਠੇ ਸਿੰਘਾਸਨਿ
ਨਉ ਮੁਨੀ ਧੂਰਿ ਲੈ ਲਾਵੈਗੋ ॥

جنک جنک بیٹھے سِنگھاسنِ
ن ءُ مُنی دھوُرِ لے لاویگو ॥

ਨਾਨਕ ਕ੍ਰਿਪਾ ਕ੍ਰਿਪਾ ਕਰਿ ਠਾਕੁਰ
ਮੈ ਦਾਸਨਿ ਦਾਸ ਕਰਾਵੈਗੋ ॥੮॥੨॥

نانک کرِپا کرِپا کرِ ٹھاکُر
مے داسنِ داس کراویگو ॥8॥2॥

ਕਾਨੜਾ ਮਹਲਾ ੪ ॥

کانڑا محلا 4 ॥

ਮਨੁ ਗੁਰਮਤਿ ਰਸਿ ਗੁਨ ਗਾਵੈਗੋ ॥

منُ گُرمتِ رسِ گُن گاویگو ॥

ਜਿਹਵਾ ਏਕ ਹੋਇ ਲਖ ਕੋਟੀ
ਲਖ ਕੋਟੀ ਕੋਟਿ ਧਿਆਵੈਗੋ ॥੧॥ ਰਹਾਉ ॥

جِہوا ایک ہوءِ لکھ کوٹی
لکھ کوٹی کوٹِ دھیاویگو ॥1॥ رہاءُ ॥

ਸਹਸ ਫਨੀ ਜਪਿਓ ਸੇਖਨਾਗੈ
ਹਰਿ ਜਪਤਿਆ ਅੰਤੁ ਨ ਪਾਵੈਗੋ ॥

سہس پھنی جپِئو سیکھناگے
ہرِ جپتیا انّتُ ن پاویگو ॥

ਤੂ ਅਥਾਹੁ ਅਤਿ ਅਗਮੁ ਅਗਮੁ ਹੈ
ਮਤਿ ਗੁਰਮਤਿ ਮਨੁ ਠਹਰਾਵੈਗੋ ॥੧॥

توُ اتھاہُ اتِ اگمُ اگمُ ہے
متِ گُرمتِ منُ ٹھہراویگو ॥1॥

ਜਿਨ ਤੂ ਜਪਿਓ ਤੇਈ ਜਨ ਨੀਕੇ
ਹਰਿ ਜਪਤਿਅਹੁ ਕਉ ਸੁਖੁ ਪਾਵੈਗੋ ॥

جِن توُ جپِئو تیئی جن نیکے
ہرِ جپتِئہ ک ءُ سُکھُ پاویگو ॥

ਬਿਦਰ ਦਾਸੀ ਸੁਤੁ ਛੋਕ ਛੋਹਰਾ
ਕ੍ਰਿਸਨੁ ਅੰਕਿ ਗਲਿ ਲਾਵੈਗੋ ॥੨॥

بِدر داسی سُتُ چھوک چھوہرا
کرِسنُ انکِ گلِ لاویگو ॥2॥

ਜਲ ਤੇ ਓਪਤਿ ਭਈ ਹੈ ਕਾਸਟ
ਕਾਸਟ ਅੰਗਿ ਤਰਾਵੈਗੋ ॥

جل تے اوپتِ بھئی ہے کاسٹ
کاسٹ انگِ تراویگو ॥

ਰਾਮ ਜਨਾ ਹਰਿ ਆਪਿ ਸਵਾਰੇ

رام جنا ہرِ آپِ سوارے

ਅਪਨਾ ਬਿਰਦੁ ਰਖਾਵੈਗੋ ॥੩॥

اپنا بِردُ رکھاویگو ॥3॥

ਹਮ ਪਾਥਰ ਲੋਹ ਲੋਹ ਬਡ ਪਾਥਰ
ਗੁਰ ਸੰਗਤਿ ਨਾਵ ਤਰਾਵੈਗੋ ॥

ہم پاتھر لوہ لوہ بڈ پاتھر
گُر سنگتِ ناو تراویگو ॥

ਜਿਉ ਸਤਸੰਗਤਿ ਤਰਿਓ ਜੁਲਾਹੋ
ਸੰਤ ਜਨਾ ਮਨਿ ਭਾਵੈਗੋ ॥੪॥

جِءُ ستسنگتِ ترِئو جُلاہو
سنّت جنا منِ بھاویگو ॥4॥

ਖਰੇ ਖਰੋਏ ਬੈਠਤ ਊਠਤ
ਮਾਰਗਿ ਪੰਥਿ ਧਿਆਵੈਗੋ ॥

کھرے کھروئے بیٹھت اوُٹھت
مارگِ پنتھِ دھیاویگو ॥

ਸਤਿਗੁਰ ਬਚਨ ਬਚਨ ਹੈ ਸਤਿਗੁਰ
ਪਾਧਰੁ ਮੁਕਤਿ ਜਨਾਵੈਗੋ ॥੫॥

ستِگُر بچن بچن ہے ستِگُر
پادھرُ مُکتِ جناویگو ॥5॥

ਸਾਸਨਿ ਸਾਸਿ ਸਾਸਿ ਬਲੁ ਪਾਈ ਹੈ
ਨਿਹਸਾਸਨਿ ਨਾਮੁ ਧਿਆਵੈਗੋ ॥

ساسنِ ساسِ ساسِ بلُ پائی ہے
نِہساسنِ نامُ دھیاویگو ॥

ਗੁਰ ਪਰਸਾਦੀ ਹਉਮੈ ਬੂਝੈ
ਤੌ ਗੁਰਮਤਿ ਨਾਮਿ ਸਮਾਵੈਗੋ ॥੬॥

گُر پرسادی ہئُمے بُوجھے
توَ گُرمتِ نامِ سماویگو ॥6॥

ਸਤਿਗੁਰੁ ਦਾਤਾ ਜੀਅ ਜੀਅਨ ਕੋ
ਭਾਗਹੀਨ ਨਹੀ ਭਾਵੈਗੋ ॥

ستِگُرُ داتا جیء جیئن کو
بھاگہین نہی بھاویگو ॥

ਫਿਰਿ ਏਹ ਵੇਲਾ ਹਾਥਿ ਨ ਆਵੈ
ਪਰਤਾਪੈ ਪਛੁਤਾਵੈਗੋ ॥੭॥

پھِرِ ایہ ویلا ہاتھِ ن آوے
پرتاپے پچھُتاویگو ॥7॥

ਜੇ ਕੋ ਭਲਾ ਲੋੜੈ ਭਲ ਅਪਨਾ
ਗੁਰ ਆਗੈ ਢਹਿ ਢਹਿ ਪਾਵੈਗੋ ॥

جے کو بھلا لوڑے بھل اپنا
گُر آگے ڈھہِ ڈھہِ پاویگو ॥

ਨਾਨਕ ਦਇਆ ਦਇਆ ਕਰਿ ਠਾਕੁਰ
ਮੈ ਸਤਿਗੁਰ ਭਸਮ ਲਗਾਵੈਗੋ ॥੮॥੩॥

نانک دئیا دئیا کرِ ٹھاکُر
مے ستِگُر بھسم لگاویگو ॥8॥3॥

ਕਾਨੜਾ ਮਹਲਾ ੪ ॥

کانڑا محلا 4 ॥

ਮਨੁ ਹਰਿ ਰੰਗਿ ਰਾਤਾ ਗਾਵੈਗੋ ॥

منُ ہرِ رنگِ راتا گاویگو ॥

ਭੈ ਭੈ ਤ੍ਰਾਸ ਭਏ ਹੈ ਨਿਰਮਲ
ਗੁਰਮਤਿ ਲਾਗਿ ਲਗਾਵੈਗੋ ॥੧॥ ਰਹਾਉ ॥

بھے بھے ترّاس بھئے ہے نِرمل
گُرمتِ لاگِ لگاویگو ॥1॥ رہاءُ ॥

ਹਰਿ ਰੰਗਿ ਰਾਤਾ ਸਦ ਬੈਰਾਗੀ
ਹਰਿ ਨਿਕਟਿ ਤਿਨਾ ਘਰਿ ਆਵੈਗੋ ॥

ہرِ رنگِ راتا سد بیَراگی
ہرِ نِکٹِ تِنا گھرِ آویَگو ॥

ਤਿਨ ਕੀ ਪੰਕ ਮਿਲੈ ਤਾਂ ਜੀਵਾ
ਕਰਿ ਕਿਰਪਾ ਆਪਿ ਦਿਵਾਵੈਗੋ ॥੧॥

تِن کی پنک مِلے تاں جیِوا
کرِ کِرپا آپِ دِواویَگو ॥1॥

ਦੁਬਿਧਾ ਲੋਭਿ ਲਗੇ ਹੈ ਪ੍ਰਾਣੀ
ਮਨਿ ਕੋਰੈ ਰੰਗੁ ਨ ਆਵੈਗੋ ॥

دُبِدھا لوبھِ لگے ہے پّرانّی
منِ کورے رنگُ ن آویَگو ॥

ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ
ਗੁਰੁ ਪੁਰਖੁ ਮਿਲੈ ਰੰਗੁ ਲਾਵੈਗੋ ॥੨॥

پھِرِ اُلٹِئو جنمُ ہووے گُر بچنی
گُرُ پُرکھُ مِلے رنگُ لاویَگو ॥2॥

ਇੰਦ੍ਰੀ ਦਸੇ ਦਸੇ ਫੁਨਿ ਧਾਵਤ
ਤ੍ਰੈ ਗੁਣੀਆ ਖਿਨੁ ਨ ਟਿਕਾਵੈਗੋ ॥

اِنّدری دسے دسے پھُنِ دھاوت
ترّے گُنّیا کھِنُ ن ٹِکاویَگو ॥

ਸਤਿਗੁਰ ਪਰਚੈ ਵਸਗਤਿ ਆਵੈ
ਮੋਖ ਮੁਕਤਿ ਸੋ ਪਾਵੈਗੋ ॥੩॥

ستِگُر پرچے وسگتِ آوے
موکھ مُکتِ سو پاویَگو ॥3॥

ਓਅੰਕਾਰਿ ਏਕੋ ਰਵਿ ਰਹਿਆ
ਸਭੁ ਏਕਸ ਮਾਹਿ ਸਮਾਵੈਗੋ ॥

اوئنکارِ ایکو روِ رہِیا
سبھُ ایکس ماہِ سماویَگو ॥

ਏਕੋ ਰੂਪੁ ਏਕੋ ਬਹੁ ਰੰਗੀ
ਸਭੁ ਏਕਤੁ ਬਚਨਿ ਚਲਾਵੈਗੋ ॥੪॥

ایکو روُپُ ایکو بہُ رنگی
سبھُ ایکتُ بچنِ چلاویَگو ॥4॥

ਗੁਰਮੁਖਿ ਏਕੋ ਏਕੁ ਪਛਾਤਾ
ਗੁਰਮੁਖਿ ਹੋਇ ਲਖਾਵੈਗੋ ॥

گُرمُکھِ ایکو ایکُ پچھاتا
گُرمُکھِ ہوءِ لکھاویَگو ॥

ਗੁਰਮੁਖਿ ਜਾਇ ਮਿਲੈ ਨਿਜ ਮਹਲੀ
ਅਨਹਦ ਸਬਦੁ ਬਜਾਵੈਗੋ ॥੫॥

گُرمُکھِ جاءِ مِلے نِج محلی
انہد سبدُ بجاویَگو ॥5॥

ਜੀਅ ਜੰਤ ਸਭ ਸਿਸਟਿ ਉਪਾਈ
ਗੁਰਮੁਖਿ ਸੋਭਾ ਪਾਵੈਗੋ ॥

جیء جنّت سبھ سِسٹِ اُپائی
گُرمُکھِ سوبھا پاویَگو ॥

ਬਿਨੁ ਗੁਰ ਭੇਟੇ ਕੋ ਮਹਲੁ ਨ ਪਾਵੈ
ਆਇ ਜਾਇ ਦੁਖੁ ਪਾਵੈਗੋ ॥੬॥

بِنُ گُر بھیٹے کو محلُ ن پاوے
آءِ جاءِ دُکھُ پاویَگو ॥6॥

ਅਨੇਕ ਜਨਮ ਵਿਛੁੜੇ ਮੇਰੇ ਪ੍ਰੀਤਮ
ਕਰਿ ਕਿਰਪਾ ਗੁਰੂ ਮਿਲਾਵੈਗੋ ॥

انیک جنم وِچھُڑے میرے پّریتم

ਕਾਨੜਾ ਮਹਲਾ ੪ ॥

کانڑا محلا 4 ॥

ਮਨ ਗੁਰਮਤਿ ਚਾਲ ਚਲਾਵੈਗੋ ॥

من گُرمتِ چال چلاویگو ॥

ਜਿਉ ਮੈਗਲੁ ਮਸਤੁ ਦੀਜੈ ਤਲਿ ਕੁੰਡੇ
ਗੁਰ ਅੰਕਸੁ ਸਬਦੁ ਦ੍ਰਿੜਾਵੈਗੋ ॥੧॥ ਰਹਾਉ ॥

جِءُ میَگلُ مستُ دیجےَ تلِ کُنڈے
گُر انکُس سبدُ دّرِڑاویگو ॥1॥ رہاءُ ॥

ਚਲਤੌ ਚਲੈ ਚਲੈ ਦਹ ਦਹ ਦਿਸਿ
ਗੁਰੁ ਰਾਖੈ ਹਰਿ ਲਿਵ ਲਾਵੈਗੋ ॥

چلتو چلےَ چلےَ دہ دہ دِس
گُرُ راکھےَ ہرِ لِو لاویگو ॥

ਸਤਿਗੁਰੁ ਸਬਦੁ ਦੇਇ ਰਿਦ ਅੰਤਰਿ
ਮੁਖਿ ਅੰਮ੍ਰਿਤੁ ਨਾਮੁ ਚੁਆਵੈਗੋ ॥੧॥

ستِگُرُ سبدُ دےءِ رِد انترِ
مُکھِ انمّرِتُ نامُ چُیاویگو ॥1॥

ਬਿਸੀਅਰ ਬਿਸੂ ਭਰੇ ਹੈ ਪੂਰਨ
ਗੁਰੁ ਗਰੁੜ ਸਬਦੁ ਮੁਖਿ ਪਾਵੈਗੋ ॥

بِسیئر بِسوُ بھرے ہےَ پوُرن
گُرُ گرُڑ سبدُ مُکھِ پاویگو ॥

ਮਾਇਆ ਭੁਇਅੰਗ ਤਿਸੁ ਨੇੜਿ ਨ ਆਵੈ
ਬਿਖੁ ਝਾਰਿ ਝਾਰਿ ਲਿਵ ਲਾਵੈਗੋ ॥੨॥

مائیا بھُئنگ تِس نیڑِ ن آوےَ
بِکھُ جھارِ جھارِ لِو لاویگو ॥2॥

ਸੁਆਨੁ ਲੋਭੁ ਨਗਰ ਮਹਿ ਸਬਲਾ
ਗੁਰੁ ਖਿਨ ਮਹਿ ਮਾਰਿ ਕਢਾਵੈਗੋ ॥

سُیانُ لوبھُ نگر مہِ سبلا
گُرُ کھِن مہِ مارِ کڈھاویگو ॥

ਸਤੁ ਸੰਤੋਖੁ ਧਰਮੁ ਆਨਿ ਰਾਖੇ
ਹਰਿ ਨਗਰੀ ਹਰਿ ਗੁਨ ਗਾਵੈਗੋ ॥੩॥

ستُ سنّتوکھُ دھرمُ آنِ راکھے
ہرِ نگری ہرِ گُن گاویگو ॥3॥

ਪੰਕਜ ਮੋਹ ਨਿਘਰਤੁ ਹੈ ਪ੍ਰਾਨੀ
ਗੁਰੁ ਨਿਘਰਤ ਕਾਢਿ ਕਢਾਵੈਗੋ ॥

پنکج موہ نِگھرتُ ہے پّرانی
گُرُ نِگھرت کاڈھِ کڈھاویگو ॥

ਸਤਿਗੁਰ ਮਿਲਤ ਮਹਾ ਸੁਖੁ ਪਾਇਆ
ਮਤਿ ਮਲੀਨ ਬਿਗਸਾਵੈਗੋ ॥੭॥

ستِگُر ملِت مہا سُکھُ پائیا
متِ ملِین بِگساویگو ॥7॥

ਹਰਿ ਹਰਿ ਕ੍ਰਿਪਾ ਕਰਹੁ ਜਗਜੀਵਨ
ਮੈ ਸਰਧਾ ਨਾਮਿ ਲਗਾਵੈਗੋ ॥

ہرِ ہرِ کِرپا کرہُ جگجیون
مےَ سردھا نامِ لگاویگو ॥

ਨਾਨਕ ਗੁਰੂ ਗੁਰੂ ਹੈ ਸਤਿਗੁਰੁ
ਮੈ ਸਤਿਗੁਰੁ ਸਰਨਿ ਮਿਲਾਵੈਗੋ ॥੮॥੪॥

نانک گُرُو گُرُو ہے ستِگُرُ
مےَ ستِگُرُ سرنِ ملِاویگو ॥8॥4॥

ਤ੍ਰਾਹਿ ਤ੍ਰਾਹਿ ਸਰਨਿ ਜਨ ਆਏ
ਗੁਰੁ ਹਾਥੀ ਦੇ ਨਿਕਲਾਵੈਗੋ ॥੪॥

ٹّراہِ ٹّراہِ سرنِ جن آئے
گُرُ ہاتھی دے نِکلاویگو ॥4॥

ਸੁਪਨੰਤਰੁ ਸੰਸਾਰੁ ਸਭ ਬਾਜੀ
ਸਭੁ ਬਾਜੀ ਖੇਲੁ ਖਿਲਾਵੈਗੋ ॥

سُپننّترُ سنّسارُ سبھ بازی
سبھُ بازی کھیلُ کھِلاویگو ॥

ਲਾਹਾ ਨਾਮੁ ਗੁਰਮਤਿ ਲੈ ਚਾਲਹੁ
ਹਰਿ ਦਰਗਹ ਪੈਧਾ ਜਾਵੈਗੋ ॥੫॥

لاہا نامُ گُرمتِ لے چالہُ
ہرِ درگہ پیَدھا جاویگو ॥5॥

ਹਉਮੈ ਕਰੈ ਕਰਾਵੈ ਹਉਮੈ
ਪਾਪ ਕੋਇਲੇ ਆਨਿ ਜਮਾਵੈਗੋ ॥

ہئُمےَ کرے کراوے ہئُمےَ
پاپ کوئِلے آنِ جماویگو ॥

ਆਇਆ ਕਾਲੁ ਦੁਖਦਾਈ ਹੋਏ
ਜੋ ਬੀਜੇ ਸੋ ਖਵਲਾਵੈਗੋ ॥੬॥

آئیا کالُ دُکھدائی ہوئے
جو بیجے سو کھولاویگو ॥6॥

ਸੰਤਹੁ ਰਾਮ ਨਾਮੁ ਧਨੁ ਸੰਚਹੁ
ਲੈ ਖਰਚੁ ਚਲੇ ਪਤਿ ਪਾਵੈਗੋ ॥

سنّتہُ رام نامُ دھنُ سنچّہُ
لے کھرچُ چلے پتِ پاویگو ॥

ਖਾਇ ਖਰਚਿ ਦੇਵਹਿ ਬਹੁਤੇਰਾ
ਹਰਿ ਦੇਦੇ ਤੋਟਿ ਨ ਆਵੈਗੋ ॥੭॥

کھاءِ خرچِ دیوہِ بہتیرا
ہرِ دیدے توٹِ ن آویگو ॥7॥

ਰਾਮ ਨਾਮ ਧਨੁ ਹੈ ਰਿਦ ਅੰਤਰਿ
ਧਨੁ ਗੁਰ ਸਰਣਾਈ ਪਾਵੈਗੋ ॥

رام نام دھنُ ہےَ رِد انّترِ
دھنُ گُر سرٹائی پاویگو ॥

ਨਾਨਕ ਦਇਆ ਦਇਆ ਕਰਿ ਦੀਨੀ
ਦੁਖੁ ਦਾਲਦੁ ਭੰਜਿ ਸਮਾਵੈਗੋ ॥੮॥੫॥

نانک دئیا دئیا کرِ دینی
دُکھُ دالدُ بھنّجِ سماویگو ॥8॥5॥

ਕਾਨੜਾ ਮਹਲਾ ੪ ॥

کانڑا محلا 4 ॥

ਮਨੁ ਸਤਿਗੁਰ ਸਰਨਿ ਧਿਆਵੈਗੋ ॥

منُ ستِگُر سرنِ دھیاویگو ॥

ਲੋਹਾ ਹਿਰਨੁ ਹੋਵੈ ਸੰਗਿ ਪਾਰਸ
ਗੁਨ ਪਾਰਸ ਕੋ ਹੋਇ ਆਵੈਗੋ ॥੧॥ ਰਹਾਉ ॥

لوہا ہِرنُ ہووے سنگِ پارس
گُن پارس کو ہوءِ آویگو ॥1॥ رہاءُ ॥

ਸਤਿਗੁਰੁ ਮਹਾ ਪੁਰਖੁ ਹੈ ਪਾਰਸੁ
ਜੋ ਲਾਗੈ ਸੋ ਫਲੁ ਪਾਵੈਗੋ ॥

ستِگُرُ مہا پُرکھُ ہےَ پارسُ
جو لاگے سو پھلُ پاویگو ॥

ਜਿਉ ਗੁਰ ਉਪਦੇਸਿ ਤਰੇ ਪ੍ਰਹਿਲਾਦਾ

جِءُ گُر اُپدیسِ ترے پّرہِلادا

ਗੁਰੁ ਸੇਵਕ ਪੈਜ ਰਖਾਵੈਗੋ ॥੧॥

گُرُ سیوک پیج رکھاویگو ॥1॥

ਸਤਿਗੁਰ ਬਚਨੁ ਬਚਨੁ ਹੈ ਨੀਕੋ
ਗੁਰ ਬਚਨੀ ਅੰਮ੍ਰਿਤੁ ਪਾਵੈਗੋ ॥

ستِگُر بچنُ بچنُ ہے نِیکو
گُر بچنی انّمرِتُ پاویگو ॥

ਜਿਉ ਅੰਬਰੀਕਿ ਅਮਰਾ ਪਦ ਪਾਏ
ਸਤਿਗੁਰ ਮੁਖ ਬਚਨ ਧਿਆਵੈਗੋ ॥੨॥

جِءُ انّبریکِ امرا پد پائے
ستِگُر مُکھ بچن دھِیاویگو ॥2॥

ਸਤਿਗੁਰ ਸਰਨਿ ਸਰਨਿ ਮਨਿ ਭਾਈ
ਸੁਧਾ ਸੁਧਾ ਕਰਿ ਧਿਆਵੈਗੋ ॥

ستِگُر سرنِ سرنِ منِ بھائی
سُدھا سُدھا کرِ دھِیاویگو ॥

ਦਇਆਲ ਦੀਨ ਭਏ ਹੈ ਸਤਿਗੁਰ
ਹਰਿ ਮਾਰਗੁ ਪੰਥੁ ਦਿਖਾਵੈਗੋ ॥੩॥

دئیال دِین بھئے ہے ستِگُر
ہرِ مارگُ پنّتھُ دِکھاویگو ॥3॥

ਸਤਿਗੁਰ ਸਰਨਿ ਪਏ ਸੇ ਥਾਪੇ
ਤਿਨ ਰਾਖਨ ਕਉ ਪ੍ਰਭੁ ਆਵੈਗੋ ॥

ستِگُر سرنِ پئے سے تھاپے
تِن راکھن کءُ پربھُ آویگو ॥

ਜੇ ਕੋ ਸਰੁ ਸੰਧੈ ਜਨ ਊਪਰਿ
ਫਿਰਿ ਉਲਟੋ ਤਿਸੈ ਲਗਾਵੈਗੋ ॥੪॥

جے کو سرُ سندھے جن اوُپرِ
پھِرِ اُلٹو تِسے لگاویگو ॥4॥

ਹਰਿ ਹਰਿ ਹਰਿ ਹਰਿ ਹਰਿ ਸਰੁ ਸੇਵਹਿ
ਤਿਨ ਦਰਗਹ ਮਾਨੁ ਦਿਵਾਵੈਗੋ ॥

ہرِ ہرِ ہرِ ہرِ ہرِ سرُ سیوہِ
تِن درگہ مانُ دِواویگو ॥

ਗੁਰਮਤਿ ਗੁਰਮਤਿ ਗੁਰਮਤਿ ਧਿਆਵਹਿ
ਹਰਿ ਗਲਿ ਮਿਲਿ ਮੇਲਿ ਮਿਲਾਵੈਗੋ ॥੫॥

گُرمتِ گُرمتِ گُرمتِ دھِیاوہِ
ہرِ گلِ مِلِ میلِ مِلاویگو ॥5॥

ਗੁਰਮੁਖਿ ਨਾਦੁ ਬੇਦੁ ਹੈ ਗੁਰਮੁਖਿ
ਗੁਰ ਪਰਚੈ ਨਾਮੁ ਧਿਆਵੈਗੋ ॥

گُرمُکھِ نادُ بیدُ ہے گُرمُکھِ
گُر پرچے نامُ دھِیاویگو ॥

ਹਰਿ ਹਰਿ ਰੂਪੁ ਹਰਿ ਰੂਪੋ ਹੋਵੈ
ਹਰਿ ਜਨ ਕਉ ਪੂਜ ਕਰਾਵੈਗੋ ॥੬॥

ہرِ ہرِ روُپُ ہرِ روُپو ہووے
ہرِ جن کءُ پوُج کراویگو ॥6॥

ਸਾਕਤ ਨਰ ਸਤਿਗੁਰੁ ਨਹੀ ਕੀਆ
ਤੇ ਬੇਮੁਖ ਹਰਿ ਭਰਮਾਵੈਗੋ ॥

ساکت نر ستِگُرُ نہی کِیا
تے بیمُکھ ہرِ بھرماویگو ॥

ਲੋਭ ਲਹਰਿ ਸੁਆਨ ਕੀ ਸੰਗਤਿ
ਬਿਖੁ ਮਾਇਆ ਕਰੰਗਿ ਲਗਾਵੈਗੋ ॥੭॥

لوبھ لہرِ سُیان کی سنگتِ
بِکھُ مائیا کرنگِ لگاویگو ॥7॥

ਰਾਮ ਨਾਮੁ ਸਭ ਜਗ ਕਾ ਤਾਰਕੁ	رام نامُ سبھ جگ کا تارکُ
ਲਗਿ ਸੰਗਤਿ ਨਾਮੁ ਧਿਆਵੈਗੋ ॥	لگِ سنگتِ نامُ دھِیاویگو ॥
ਨਾਨਕ ਰਾਖੁ ਰਾਖੁ ਪ੍ਰਭ ਮੇਰੇ	نانک راکھُ راکھُ پربھ میرے
ਸਤਸੰਗਤਿ ਰਾਖਿ ਸਮਾਵੈਗੋ ॥੮॥੬॥ ਛਕਾ ੧ ॥	ستسنگتِ راکھِ سماویگو ॥8॥6॥ چھکا 1 ॥
ਕਾਨੜਾ ਛੰਤ ਮਹਲਾ ੫	کانڑا چھنّت محلا 5
੧ੴ ਸਤਿਗੁਰ ਪ੍ਰਸਾਦਿ ॥	۱ۃ ستِگُر پرّسادِ ॥
ਸੇ ਉਧਰੇ ਜਿਨ ਰਾਮ ਧਿਆਏ ॥	سے اُدھرے جِن رام دھِیائے ॥
ਜਤਨ ਮਾਇਆ ਕੇ ਕਾਮਿ ਨ ਆਏ ॥	جتن مائیا کے کامِ ن آئے ॥
ਰਾਮ ਧਿਆਏ ਸਭਿ ਫਲ ਪਾਏ	رام دھِیائے سبھِ پھل پائے
ਧਨਿ ਧੰਨਿ ਤੇ ਬਡਭਾਗੀਆ ॥	دھنِ دھنّنِ تے بڈبھاگِیا ॥
ਸਤਸੰਗਿ ਜਾਗੇ ਨਾਮਿ ਲਾਗੇ	ستسنگِ جاگے نامِ لاگے
ਏਕ ਸਿਉ ਲਿਵ ਲਾਗੀਆ ॥	ایک سِءُ لِو لاگِیا ॥
ਤਜਿ ਮਾਨ ਮੋਹ ਬਿਕਾਰ ਸਾਧੂ	تجِ مان موہ بِکار سادھوُ
ਲਗਿ ਤਰਉ ਤਿਨ ਕੈ ਪਾਏ ॥	لگِ ترءُ تِن کے پائے ॥
ਬਿਨਵੰਤਿ ਨਾਨਕ ਸਰਣਿ ਸੁਆਮੀ	بِنونّتِ نانک سرنِ سُیامی
ਬਡਭਾਗਿ ਦਰਸਨੁ ਪਾਏ ॥੧॥	بڈبھاگِ درسنُ پائے ॥1॥
ਮਿਲਿ ਸਾਧੂ ਨਿਤ ਭਜਹ ਨਾਰਾਇਣ ॥	مِلِ سادھوُ نِت بھجہ نارائنّ ॥
ਰਸਕਿ ਰਸਕਿ ਸੁਆਮੀ ਗੁਣ ਗਾਇਣ ॥	رسکِ رسکِ سُیامی گُن گائنّ ॥
ਗੁਣ ਗਾਇ ਜੀਵਹ ਹਰਿ ਅਮਿਉ ਪੀਵਹ	گُن گاءِ جیوہ ہرِ امِءُ پیوہ
ਜਨਮ ਮਰਣਾ ਭਾਗਏ ॥	جنم مرٹا بھاگئے ॥
ਸਤਸੰਗਿ ਪਾਈਐ ਹਰਿ ਧਿਆਈਐ	ستسنگِ پائیئے ہرِ دھِیائیئے
ਬਹੁੜਿ ਦੂਖੁ ਨ ਲਾਗਏ ॥	بہُڑِ دوُکھُ ن لاگئے ॥
ਕਰਿ ਦਇਆ ਦਾਤੇ ਪੁਰਖ ਬਿਧਾਤੇ	کرِ دئیا داتے پُرکھ بِدھاتے
ਸੰਤ ਸੇਵ ਕਮਾਇਣ ॥	سنّت سیو کمائنّ ॥
ਬਿਨਵੰਤਿ ਨਾਨਕ ਜਨ ਧੂਰਿ ਬਾਂਛਹਿ	بِنونّتِ نانک جن دھوُرِ بانچھہِ

ਹਰਿ ਦਰਸਿ ਸਹਜਿ ਸਮਾਇਣ ॥੨॥

ہرِ درسِ سہجِ سمائیںّ ॥2॥

ਸਗਲੇ ਜੰਤ ਭਜਹੁ ਗੋਪਾਲੈ ॥

سگلے جنّت بھجہُ گوپالے ॥

ਜਪ ਤਪ ਸੰਜਮ ਪੂਰਨ ਘਾਲੈ ॥

جپ تپ سنّجم پوُرن گھالے ॥

ਨਿਤ ਭਜਹੁ ਸੁਆਮੀ ਅੰਤਰਜਾਮੀ
ਸਫਲ ਜਨਮੁ ਸਬਾਇਆ ॥

نِت بھجہُ سُیامی انترجامی
سپھل جنمُ سبائیا ॥

ਗੋਬਿਦੁ ਗਾਈਐ ਨਿਤ ਧਿਆਈਐ
ਪਰਵਾਣੁ ਸੋਈ ਆਇਆ ॥

گوبِدُ گائیئےَ نِت دھیائیئےَ
پروانُ سوئی آئیا ॥

ਜਪ ਤਾਪ ਸੰਜਮ ਹਰਿ ਹਰਿ ਨਿਰੰਜਨ
ਗੋਬਿੰਦ ਧਨੁ ਸੰਗਿ ਚਾਲੈ ॥

جپ تاپ سنّجم ہرِ ہرِ نِرنّجن
گوبِنّد دھنُ سنگِ چالے ॥

ਬਿਨਵੰਤਿ ਨਾਨਕ ਕਰਿ ਦਇਆ ਦੀਜੈ
ਹਰਿ ਰਤਨੁ ਬਾਧਉ ਪਾਲੈ ॥੩॥

بِنونّتِ نانک کرِ دئیا دیجےَ
ہرِ رتنُ بادھءُ پالے ॥3॥

ਮੰਗਲਚਾਰ ਚੋਜ ਆਨੰਦਾ ॥

منگلچار چوج آنندا ॥

ਕਰਿ ਕਿਰਪਾ ਮਿਲੇ ਪਰਮਾਨੰਦਾ ॥

کرِ کِرپا مِلے پرمانندا ॥

ਪ੍ਰਭ ਮਿਲੇ ਸੁਆਮੀ ਸੁਖਹਗਾਮੀ
ਇਛ ਮਨ ਕੀ ਪੁੰਨੀਆ ॥

پربھ مِلے سُیامی سُکھہگامی
اِچھ من کی پُنّنیا ॥

ਬਜੀ ਬਧਾਈ ਸਹਜੇ ਸਮਾਈ
ਬਹੁੜਿ ਦੂਖਿ ਨ ਰੁੰਨੀਆ ॥

بجی بدھائی سہجے سمائی
بہُڑِ دوُکھِ ن رُنّنیا ॥

ਲੇ ਕੰਠਿ ਲਾਏ ਸੁਖ ਦਿਖਾਏ
ਬਿਕਾਰ ਬਿਨਸੇ ਮੰਦਾ ॥

لے کنٹھِ لائے سُکھ دِکھائے
بِکار بِنسے مندا ॥

ਬਿਨਵੰਤਿ ਨਾਨਕ ਮਿਲੇ ਸੁਆਮੀ
ਪੁਰਖ ਪਰਮਾਨੰਦਾ ॥੪॥੧॥

بِنونّتِ نانک مِلے سُیامی
پُرکھ پرمانندا ॥4॥1॥

ਕਾਨੜੇ ਕੀ ਵਾਰ ਮਹਲਾ ੪

کانڑے کی وار محلا 4

ਮੂਸੇ ਕੀ ਵਾਰ ਕੀ ਧੁਨੀ

موُسے کی وار کی دھُنی

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸਲੋਕ ਮਃ ੪ ॥

ਰਾਮ ਨਾਮੁ ਨਿਧਾਨੁ ਹਰਿ
ਗੁਰਮਤਿ ਰਖੁ ਉਰ ਧਾਰਿ ॥

ਦਾਸਨ ਦਾਸਾ ਹੋਇ ਰਹੁ
ਹਉਮੈ ਬਿਖਿਆ ਮਾਰਿ ॥

ਜਨਮੁ ਪਦਾਰਥੁ ਜੀਤਿਆ
ਕਦੇ ਨ ਆਵੈ ਹਾਰਿ ॥

ਧਨੁ ਧਨੁ ਵਡਭਾਗੀ ਨਾਨਕਾ
ਜਿਨ ਗੁਰਮਤਿ ਹਰਿ ਰਸੁ ਸਾਰਿ ॥੧॥

ਮਃ ੪ ॥

ਗੋਵਿੰਦੁ ਗੋਵਿਦੁ ਗੋਵਿਦੁ ਹਰਿ
ਗੋਵਿਦੁ ਗੁਣੀ ਨਿਧਾਨੁ ॥

ਗੋਵਿਦੁ ਗੋਵਿਦੁ ਗੁਰਮਤਿ ਧਿਆਈਐ
ਤਾ ਦਰਗਹ ਪਾਈਐ ਮਾਨੁ ॥

ਗੋਵਿਦੁ ਗੋਵਿਦੁ ਗੋਵਿਦੁ ਜਪਿ
ਮੁਖੁ ਊਜਲਾ ਪਰਧਾਨੁ ॥

ਨਾਨਕ ਗੁਰੁ ਗੋਵਿੰਦੁ ਹਰਿ
ਜਿਤੁ ਮਿਲਿ ਹਰਿ ਪਾਇਆ ਨਾਮੁ ॥੨॥

ਪਉੜੀ ॥

ਤੂੰ ਆਪੇ ਹੀ ਸਿਧ ਸਾਧਿਕੋ
ਤੂ ਆਪੇ ਹੀ ਜੁਗ ਜੋਗੀਆ ॥

ਤੂ ਆਪੇ ਹੀ ਰਸ ਰਸੀਅੜਾ
ਤੂ ਆਪੇ ਹੀ ਭੋਗ ਭੋਗੀਆ ॥

ਤੂ ਆਪੇ ਆਪਿ ਵਰਤਦਾ
ਤੂ ਆਪੇ ਕਰਹਿ ਸੁ ਹੋਗੀਆ ॥

سلوک م: 4 ॥

رام نامُ نِدھانُ ہرِ
گُرمتِ رکھُ اُر دھارِ ॥

داسن داسا ہوءِ رہُ
ہئُمے بِکھیا مارِ ॥

جنمُ پدارتھُ جیتِیا
کدے ن آوے ہارِ ॥

دھنُ دھنُ وڈبھاگی نانکا
جِن گُرمتِ ہرِ رسُ سارِ ॥1॥

م: 4 ॥

گووِندُ گووِدُ گووِدُ ہرِ
گووِدُ گُنی نِدھانُ ॥

گووِدُ گووِدُ گُرمتِ دھیائیَے
تا درگہ پائیَے مانُ ॥

گووِدُ گووِدُ گووِدُ جپِ
مُکھُ اوُجلا پردھانُ ॥

نانک گُرُ گووِندُ ہرِ
جِتُ مِلِ ہرِ پائیا نامُ ॥2॥

پئڑی ॥

توُنَ آپے ہی سِدھ سادھِکو
توُ آپے ہی جُگ جوگِیا ॥

توُ آپے ہی رس رسیئڑا
توُ آپے ہی بھوگ بھوگِیا ॥

توُ آپے آپِ ورتدا
توُ آپے کرہِ سُ ہوگِیا ॥

ਸਤਸੰਗਤਿ ਸਤਿਗੁਰ ਧੰਨੁ ਧੰਨੋ ਧੰਨ ਧੰਨ ਧਨੋ
ਜਿਤੁ ਮਿਲਿ ਹਰਿ ਬੁਲਗ ਬੁਲੋਗੀਆ ॥

ستسنگتِ ستِگُر دھنّ دھنّو دھنّ دھنّ دھنو
جِتُ مِلِ ہرِ بُلغ بُلوگِیا ॥

ਸਭਿ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ
ਹਰਿ ਬੋਲਤ ਸਭਿ ਪਾਪ ਲਹੋਗੀਆ ॥੧॥

سبھِ کہہُ مُکھہُ ہرِ ہرِ ہرے ہرِ ہرِ ہرے
ہرِ بولت سبھِ پاپ لہوگِیا ॥1॥

ਸਲੋਕ ਮਹਲਾ ੪ ॥

سلوک محلا 4 ॥

ਹਰਿ ਹਰਿ ਹਰਿ ਹਰਿ ਨਾਮੁ ਹੈ
ਗੁਰਮੁਖਿ ਪਾਵੈ ਕੋਇ ॥

ہرِ ہرِ ہرِ ہرِ نامُ ہے
گُرمُکھِ پاوے کوءِ ॥

ਹਉਮੈ ਮਮਤਾ ਨਾਸੁ ਹੋਇ
ਦੁਰਮਤਿ ਕਢੈ ਧੋਇ ॥

ہئُمےَ ممتا ناسُ ہوءِ
دُرمتِ کڈھےَ دھوءِ ॥

ਨਾਨਕ ਅਨਦਿਨੁ ਗੁਣ ਉਚਰੈ
ਜਿਨ ਕਉ ਧੁਰਿ ਲਿਖਿਆ ਹੋਇ ॥੧॥

نانک اندِنُ گُنؤ اُچرے
جِن ک ءُ دھُرِ لِکھیا ہوءِ ॥1॥

ਮਃ ੪ ॥

م: 4 ॥

ਹਰਿ ਆਪੇ ਆਪਿ ਦਇਆਲੁ ਹਰਿ
ਆਪੇ ਕਰੇ ਸੁ ਹੋਇ ॥

ہرِ آپے آپِ دئیالُ ہرِ
آپے کرے سُ ہوءِ ॥

ਹਰਿ ਆਪੇ ਆਪਿ ਵਰਤਦਾ
ਹਰਿ ਜੇਵਡੁ ਅਵਰੁ ਨ ਕੋਇ ॥

ہرِ آپے آپِ ورتدا
ہرِ جیوڈُ اورُ ن کوءِ ॥

ਜੋ ਹਰਿ ਪ੍ਰਭ ਭਾਵੈ ਸੋ ਥੀਐ
ਜੋ ਹਰਿ ਪ੍ਰਭ ਕਰੇ ਸੁ ਹੋਇ ॥

جو ہرِ پربھ بھاوےَ سو تھیئےَ
جو ہرِ پربھ کرے سُ ہوءِ ॥

ਕੀਮਤਿ ਕਿਨੈ ਨ ਪਾਈਆ
ਬੇਅੰਤੁ ਪ੍ਰਭੂ ਹਰਿ ਸੋਇ ॥

قیمتِ کِنےَ ن پائیِیا
بیئنّتُ پربھُو ہرِ سوءِ ॥

ਨਾਨਕ ਗੁਰਮੁਖਿ ਹਰਿ ਸਾਲਾਹਿਆ
ਤਨੁ ਮਨੁ ਸੀਤਲੁ ਹੋਇ ॥੨॥

نانک گُرمُکھِ ہرِ سالاحِیا
تنُ منُ سِیتلُ ہوءِ ॥2॥

ਪਉੜੀ ॥

پئُڑی ॥

ਸਭ ਜੋਤਿ ਤੇਰੀ ਜਗਜੀਵਨਾ
ਤੂ ਘਟਿ ਘਟਿ ਹਰਿ ਰੰਗ ਰੰਗਨਾ ॥

سبھ جوتِ تیری جگجیونا
توُ گھٹِ گھٹِ ہرِ رنگ رنگنا ॥

ਸਭਿ ਧਿਆਵਹਿ ਤੁਧੁ ਮੇਰੇ ਪ੍ਰੀਤਮਾ
ਤੂ ਸਤਿ ਸਤਿ ਪੁਰਖ ਨਿਰੰਜਨਾ ॥

ਇਕੁ ਦਾਤਾ ਸਭੁ ਜਗਤੁ ਭਿਖਾਰੀਆ
ਹਰਿ ਜਾਚਹਿ ਸਭ ਮੰਗ ਮੰਗਨਾ ॥

ਸੇਵਕੁ ਠਾਕੁਰੁ ਸਭੁ ਤੂਹੈ ਤੂਹੈ
ਗੁਰਮਤੀ ਹਰਿ ਚੰਗ ਚੰਗਨਾ ॥

ਸਭਿ ਕਹਹੁ ਮੁਖਹੁ ਰਿਖੀਕੇਸੁ ਹਰੇ
ਰਿਖੀਕੇਸੁ ਹਰੇ
ਜਿਤੁ ਪਾਵਹਿ ਸਭ ਫਲ ਫਲਨਾ ॥੨॥

ਸਲੋਕ ਮਃ ੪ ॥

ਹਰਿ ਹਰਿ ਨਾਮੁ ਧਿਆਇ ਮਨ
ਹਰਿ ਦਰਗਹ ਪਾਵਹਿ ਮਾਨੁ ॥

ਜੋ ਇਛਹਿ ਸੋ ਫਲੁ ਪਾਇਸੀ
ਗੁਰ ਸਬਦੀ ਲਗੈ ਧਿਆਨੁ ॥

ਕਿਲਵਿਖ ਪਾਪ ਸਭਿ ਕਟੀਅਹਿ
ਹਉਮੈ ਚੁਕੈ ਗੁਮਾਨੁ ॥

ਗੁਰਮੁਖਿ ਕਮਲੁ ਵਿਗਸਿਆ
ਸਭੁ ਆਤਮ ਬ੍ਰਹਮੁ ਪਛਾਨੁ ॥

ਹਰਿ ਹਰਿ ਕਿਰਪਾ ਧਾਰਿ ਪ੍ਰਭ
ਜਨ ਨਾਨਕ ਜਪਿ ਹਰਿ ਨਾਮੁ ॥੧॥

ਮਃ ੪ ॥

ਹਰਿ ਹਰਿ ਨਾਮੁ ਪਵਿਤੁ ਹੈ
ਨਾਮੁ ਜਪਤ ਦੁਖੁ ਜਾਇ ॥

ਜਿਨ ਕਉ ਪੂਰਬਿ ਲਿਖਿਆ
ਤਿਨ ਮਨਿ ਵਸਿਆ ਆਇ ॥

سبھِ دھِیاوہِ تُدھُ میرے پرِیتما
توُ ستِ ستِ پُرکھ نِرنجنا ॥

اِکُ داتا سبھُ جگتُ بھِکھاریِیا
ہرِ جاچہِ سبھ منگ منگنا ॥

سیوکُ ٹھاکُرُ سبھُ توُہےَ توُہےَ
گُرمتی ہرِ چنگ چنگنا ॥

سبھِ کہہُ مُکھہُ رِکھیِکیسُ ہرے
رِکھیِکیسُ ہرے
جِتُ پاوہِ سبھ پھل پھلنا ॥2॥

سلوک م: 4 ॥

ہرِ ہرِ نامُ دھِیاءِ من
ہرِ درگہ پاوہِ مانُ ॥

جو اِچھہِ سو پھلُ پائسی
گُر سبدی لگےَ دھِیانُ ॥

کِلوِکھ پاپ سبھِ کٹِیئہِ
ہئُمےَ چُکےَ گُمانُ ॥

گُرمُکھِ کملُ وِگسِیا
سبھُ آتم برّہمُ پچھانُ ॥

ہرِ ہرِ کِرپا دھارِ پربھ
جن نانک جپِ ہرِ نامُ ॥1॥

م: 4 ॥

ہرِ ہرِ نامُ پوِتُ ہےَ
نامُ جپت دُکھُ جاءِ ॥

جِن کءُ پوُربِ لِکھِیا
تِن منِ وسِیا آءِ ॥

ਸਤਿਗੁਰ ਕੈ ਭਾਣੈ ਜੋ ਚਲੈ
ਤਿਨ ਦਾਲਦੁ ਦੁਖੁ ਲਹਿ ਜਾਇ ॥

ستگُر کے بھانے جو چلے
تِن دالدُ دُکھُ لہِ جاءِ ॥

ਆਪਣੈ ਭਾਣੈ ਕਿਨੈ ਨ ਪਾਇਓ
ਜਨ ਵੇਖਹੁ ਮਨਿ ਪਤੀਆਇ ॥

آپنے بھانے کِنے ن پائیو
جن ویکھہُ منِ پتیاءِ ॥

ਜਨੁ ਨਾਨਕੁ ਦਾਸਨ ਦਾਸੁ ਹੈ
ਜੋ ਸਤਿਗੁਰ ਲਾਗੇ ਪਾਇ ॥੨॥

جنُ نانکُ داسن داسُ ہے
جو ستگُر لاگے پاءِ ॥2॥

ਪਉੜੀ ॥

پئڑی ॥

ਤੂੰ ਥਾਨ ਥਨੰਤਰਿ ਭਰਪੂਰੁ ਹਹਿ ਕਰਤੇ
ਸਭ ਤੇਰੀ ਬਣਤ ਬਣਾਵਣੀ ॥

توُنَ تھان تھننّترِ بھرپوُرُ ہہِ کرتے
سبھ تیری بنّت بنّاونّی ॥

ਰੰਗ ਪਰੰਗ ਸਿਸਟਿ ਸਭ ਸਾਜੀ
ਬਹੁ ਬਹੁ ਬਿਧਿ ਭਾਂਤਿ ਉਪਾਵਣੀ ॥

رنگ پرنگ سِسٹِ سبھ ساجی
بہُ بہُ بِدھِ بھانّتِ اُپاونّی ॥

ਸਭ ਤੇਰੀ ਜੋਤਿ ਜੋਤੀ ਵਿਚਿ ਵਰਤਹਿ
ਗੁਰਮਤੀ ਤੁਧੈ ਲਾਵਣੀ ॥

سبھ تیری جوتِ جوتی وِچ ورتہِ
گُرمتی تُدھے لاونّی ॥

ਜਿਨ ਹੋਹਿ ਦਇਆਲੁ ਤਿਨ ਸਤਿਗੁਰੁ ਮੇਲਹਿ
ਮੁਖਿ ਗੁਰਮੁਖਿ ਹਰਿ ਸਮਝਾਵਣੀ ॥

جِن ہوہِ دئیالُ تِن ستگُرُ میلہِ
مُکھِ گُرمُکھِ ہرِ سمجھاونّی ॥

ਸਭਿ ਬੋਲਹੁ ਰਾਮ ਰਮੋ
ਸ੍ਰੀ ਰਾਮ ਰਮੋ
ਜਿਤੁ ਦਾਲਦੁ ਦੁਖ ਭੁਖ ਸਭ ਲਹਿ ਜਾਵਣੀ ॥੩॥

سبھِ بولہُ رام رمو
سّری رام رمو
جِتُ دالدُ دُکھ بھُکھ سبھ لہِ جاونّی ॥3॥

ਸਲੋਕ ਮਃ ੪ ॥

سلوک م: 4 ॥

ਹਰਿ ਹਰਿ ਅੰਮ੍ਰਿਤੁ ਨਾਮ ਰਸੁ
ਹਰਿ ਅੰਮ੍ਰਿਤੁ ਹਰਿ ਉਰ ਧਾਰਿ ॥

ہرِ ہرِ انمّرِتُ نام رسُ
ہرِ انمّرِتُ ہرِ اُر دھارِ ॥

ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ
ਬੁਝਹੁ ਸਬਦ ਵੀਚਾਰਿ ॥

وِچ سنگتِ ہرِپربھُ ورتدا
بُجھہُ سبد ویچارِ ॥

ਮਨਿ ਹਰਿ ਹਰਿ ਨਾਮੁ ਧਿਆਇਆ
ਬਿਖੁ ਹਉਮੈ ਕਢੀ ਮਾਰਿ ॥

منِ ہرِ ہرِ نامُ دھیائیا
بِکھُ ہئُمے کڈھی مارِ ॥

ਜਿਨ ਹਰਿ ਹਰਿ ਨਾਮੁ ਨ ਚੇਤਿਓ
ਤਿਨ ਜੂਐ ਜਨਮੁ ਸਭੁ ਹਾਰਿ ॥

جِن ہرِ ہرِ نامُ ن چیتِئو
تِن جُوئے جنمُ سبھُ ہارِ ॥

ਗੁਰਿ ਤੁਠੈ ਹਰਿ ਚੇਤਾਇਆ
ਹਰਿ ਨਾਮਾ ਹਰਿ ਉਰ ਧਾਰਿ ॥

گُرِ تُٹھے ہرِ چیتائیا
ہرِ ناما ہرِ اُر دھارِ ॥

ਜਨ ਨਾਨਕ ਤੇ ਮੁਖ ਉਜਲੇ
ਤਿਤੁ ਸਚੈ ਦਰਬਾਰਿ ॥੧॥

جن نانک تے مُکھ اُجلے
تِتُ سچے دربارِ ॥1॥

ਮਃ ੪ ॥

م: 4 ॥

ਹਰਿ ਕੀਰਤਿ ਉਤਮੁ ਨਾਮੁ ਹੈ
ਵਿਚਿ ਕਲਿਜੁਗ ਕਰਣੀ ਸਾਰੁ ॥

ہرِ کیرتِ اُتمُ نامُ ہے
وِچِ کلِجُگ کرنی سارُ ॥

ਮਤਿ ਗੁਰਮਤਿ ਕੀਰਤਿ ਪਾਈਐ
ਹਰਿ ਨਾਮਾ ਹਰਿ ਉਰਿ ਹਾਰੁ ॥

متِ گُرمتِ کیرتِ پائیئے
ہرِ ناما ہرِ اُرِ ہارُ ॥

ਵਡਭਾਗੀ ਜਿਨ ਹਰਿ ਧਿਆਇਆ
ਤਿਨ ਸਉਪਿਆ ਹਰਿ ਭੰਡਾਰੁ ॥

وڈبھاگی جِن ہرِ دھیائیا
تِن سئُپیا ہرِ بھنڈارُ ॥

ਬਿਨੁ ਨਾਵੈ ਜਿ ਕਰਮ ਕਮਾਵਣੇ
ਨਿਤ ਹਉਮੈ ਹੋਇ ਖੁਆਰੁ ॥

بِنُ ناوے جِ کرم کماونے
نِت ہئُمے ہوءِ خُیارُ ॥

ਜਲਿ ਹਸਤੀ ਮਲਿ ਨਾਵਾਲੀਐ
ਸਿਰਿ ਭੀ ਫਿਰਿ ਪਾਵੈ ਛਾਰੁ ॥

جلِ ہستی ملِ ناوالیئے
سِرِ بھی پھِرِ پاوے چھارُ ॥

ਹਰਿ ਮੇਲਹੁ ਸਤਿਗੁਰੁ ਦਇਆ ਕਰਿ
ਮਨਿ ਵਸੈ ਏਕੰਕਾਰੁ ॥

ہرِ میلہُ ستِگُرُ دئیا کرِ
منِ وسے ایکنکارُ ॥

ਜਿਨ ਗੁਰਮੁਖਿ ਸੁਣਿ ਹਰਿ ਮੰਨਿਆ
ਜਨ ਨਾਨਕ ਤਿਨ ਜੈਕਾਰੁ ॥੨॥

جِن گُرمُکھِ سُنِ ہرِ منّنیا
جن نانک تِن جیکارُ ॥2॥

ਪਉੜੀ ॥

پئُڑی ॥

ਰਾਮ ਨਾਮੁ ਵਖਰੁ ਹੈ ਊਤਮੁ
ਹਰਿ ਨਾਇਕੁ ਪੁਰਖੁ ਹਮਾਰਾ ॥

رام نامُ وکھرُ ہے اُوتمُ
ہرِ نائکُ پُرکھُ ہمارا ॥

ਹਰਿ ਖੇਲੁ ਕੀਆ ਹਰਿ ਆਪੇ ਵਰਤੈ

ہرِ کھیلُ کیِیا ہرِ آپے ورتے

ਸਭੁ ਜਗਤੁ ਕੀਆ ਵਣਜਾਰਾ ॥

سبھُ جگتُ کِیا وَنجارا ॥

ਸਭ ਜੋਤਿ ਤੇਰੀ ਜੋਤੀ ਵਿਚਿ ਕਰਤੇ
ਸਭੁ ਸਚੁ ਤੇਰਾ ਪਾਸਾਰਾ ॥

سبھ جوتِ تیری جوتی وِچ کرتے
سبھُ سچُ تیرا پاسارا ॥

ਸਭਿ ਧਿਆਵਹਿ ਤੁਧੁ ਸਫਲ ਸੇ ਗਾਵਹਿ
ਗੁਰਮਤੀ ਹਰਿ ਨਿਰੰਕਾਰਾ ॥

سبھِ دھیاوہِ تُدھُ سپھل سے گاوہِ
گُرمتی ہرِ نِرنکارا ॥

ਸਭਿ ਚਵਹੁ ਮੁਖਹੁ ਜਗੰਨਾਥੁ ਜਗੰਨਾਥੁ ਜਗਜੀਵਨੋ
ਜਿਤੁ ਭਵਜਲ ਪਾਰਿ ਉਤਾਰਾ ॥੪॥

سبھِ چوہُ مُکھہُ جگنّاتھُ جگنّاتھُ جگجِیونو
جِتُ بھوجل پارِ اُتارا ॥4॥

ਸਲੋਕ ਮਃ ੪ ॥

سلوک م: 4 ॥

ਹਮਰੀ ਜਿਹਵਾ ਏਕ
ਪ੍ਰਭ ਹਰਿ ਕੇ ਗੁਣ ਅਗਮ ਅਥਾਹ ॥

ہمری جِہوا ایک
پربھ ہرِ کے گُن اگم اتھاہ ॥

ਹਮ ਕਿਉ ਕਰਿ ਜਪਹ ਇਆਣਿਆ
ਹਰਿ ਤੁਮ ਵਡ ਅਗਮ ਅਗਾਹ ॥

ہم کِءُ کرِ جپہ اِیاڻیا
ہرِ تُم وڈ اگم اگاہ ॥

ਹਰਿ ਦੇਹੁ ਪ੍ਰਭੂ ਮਤਿ ਊਤਮਾ
ਗੁਰ ਸਤਿਗੁਰ ਕੈ ਪਗਿ ਪਾਹ ॥

ہرِ دیہُ پربھُو متِ اوُتما
گُر ستِگُر کے پگِ پاہ ॥

ਸਤਸੰਗਤਿ ਹਰਿ ਮੇਲਿ ਪ੍ਰਭ
ਹਮ ਪਾਪੀ ਸੰਗਿ ਤਰਾਹ ॥

ستسنگتِ ہرِ میلِ پربھ
ہم پاپی سنگِ تراہ ॥

ਜਨ ਨਾਨਕ ਕਉ ਹਰਿ ਬਖਸਿ ਲੈਹੁ
ਹਰਿ ਤੁਠੈ ਮੇਲਿ ਮਿਲਾਹ ॥

جن نانک کءُ ہرِ بخشِ لیہُ
ہرِ تُٹھے میلِ مِلاہ ॥

ਹਰਿ ਕਿਰਪਾ ਕਰਿ ਸੁਣਿ ਬੇਨਤੀ
ਹਮ ਪਾਪੀ ਕਿਰਮ ਤਰਾਹ ॥੧॥

ہرِ کِرپا کرِ سُنِ بینتی
ہم پاپی کِرم تراہ ॥1॥

ਮਃ ੪ ॥

م: 4 ॥

ਹਰਿ ਕਰਹੁ ਕ੍ਰਿਪਾ ਜਗਜੀਵਨਾ
ਗੁਰੁ ਸਤਿਗੁਰੁ ਮੇਲਿ ਦਇਆਲੁ ॥

ہرِ کرہُ کِرپا جگجِیونا
گُرُ ستِگُرُ میلِ دئیالُ ॥

ਗੁਰ ਸੇਵਾ ਹਰਿ ਹਮ ਭਾਈਆ
ਹਰਿ ਹੋਆ ਹਰਿ ਕਿਰਪਾਲੁ ॥

گُر سیوا ہرِ ہم بھائیا
ہرِ ہویا ہرِ کِرپالُ ॥

ਸਭ ਆਸਾ ਮਨਸਾ ਵਿਸਰੀ ਮਨਿ ਚੂਕਾ ਆਲ ਜੰਜਾਲੁ ॥	سبھ آسا منسا وِسری منِ چوُکا آل زنجالُ ॥
ਗੁਰਿ ਤੁਠੈ ਨਾਮੁ ਦ੍ਰਿੜਾਇਆ ਹਮ ਕੀਏ ਸਬਦਿ ਨਿਹਾਲੁ ॥	گُرِ تُٹھے نامُ دڑِڑائیا ہم کیۓ سبدِ نِہالُ ॥
ਜਨ ਨਾਨਕਿ ਅਤੁਟੁ ਧਨੁ ਪਾਇਆ ਹਰਿ ਨਾਮਾ ਹਰਿ ਧਨੁ ਮਾਲੁ ॥੨॥	جن نانکِ اتُٹُ دھنُ پائیا ہرِ نامَا ہرِ دھنُ مالُ ॥2॥
ਪਉੜੀ ॥	پئڑی ॥
ਹਰਿ ਤੁਮ੍ ਵਡ ਵਡੇ ਵਡੇ ਵਡ ਊਚੇ ਸਭ ਊਪਰਿ ਵਡੇ ਵਡੌਨਾ ॥	ہرِ تُمّہ وڈ وڈے وڈے وڈ اوُچے سبھ اوُپرِ وڈے وڈوَنا ॥
ਜੋ ਧਿਆਵਹਿ ਹਰਿ ਅਪਰੰਪਰੁ ਹਰਿ ਹਰਿ ਹਰਿ ਧਿਆਇ ਹਰੇ ਤੇ ਹੋਨਾ ॥	جو دھیاوہِ ہرِ اپرنّپرُ ہرِ ہرِ ہرِ دھیاءِ ہرے تے ہونا ॥
ਜੋ ਗਾਵਹਿ ਸੁਣਹਿ ਤੇਰਾ ਜਸੁ ਸੁਆਮੀ ਤਿਨ ਕਾਟੇ ਪਾਪ ਕਟੋਨਾ ॥	جو گاوہِ سُنہِ تیرا جسُ سُیامی تِن کاٹے پاپ کٹونا ॥
ਤੁਮ ਜੈਸੇ ਹਰਿ ਪੁਰਖ ਜਾਨੇ ਮਤਿ ਗੁਰਮਤਿ ਮੁਖਿ ਵਡ ਵਡ ਭਾਗ ਵਡੋਨਾ ॥	تُم جیَسے ہرِ پُرکھ جانے متِ گُرمتِ مُکھِ وڈ وڈ بھاگ وڈونا ॥
ਸਭਿ ਧਿਆਵਹੁ ਆਦਿ ਸਤੇ ਜੁਗਾਦਿ ਸਤੇ ਪਰਤਖਿ ਸਤੇ ਸਦਾ ਸਦਾ ਸਤੇ ਜਨੁ ਨਾਨਕੁ ਦਾਸੁ ਦਸੋਨਾ ॥੫॥	سبھِ دھیاوہُ آدِ ستے جُگادِ ستے پرتکھِ ستے سدا سدا ستے جنُ نانکُ داسُ دسونا ॥5॥
ਸਲੋਕ ਮਃ ੪ ॥	سلوک م: 4 ॥
ਹਮਰੇ ਹਰਿ ਜਗਜੀਵਨਾ ਹਰਿ ਜਪਿਓ ਹਰਿ ਗੁਰ ਮੰਤ ॥	ہمرے ہرِ جگجیونا ہرِ جپیَو ہرِ گُر منّت ॥
ਹਰਿ ਅਗਮੁ ਅਗੋਚਰੁ ਅਗਮੁ ਹਰਿ ਹਰਿ ਮਿਲਿਆ ਆਇ ਅਚਿੰਤ ॥	ہرِ اگمُ اگوچرُ اگمُ ہرِ ہرِ ملِیا آءِ اچنّت ॥
ਹਰਿ ਆਪੇ ਘਟਿ ਘਟਿ ਵਰਤਦਾ ਹਰਿ ਆਪੇ ਆਪਿ ਬਿਅੰਤ ॥	ہرِ آپے گھٹِ گھٹِ ورتدا ہرِ آپے آپِ بئنّت ॥
ਹਰਿ ਆਪੇ ਸਭ ਰਸ ਭੋਗਦਾ	ہرِ آپے سبھ رس بھوگدا

ਹਰਿ ਆਪੇ ਕਵਲਾ ਕੰਤ ॥

ہرِ آپے کولا کنّت ॥

ਹਰਿ ਆਪੇ ਭਿਖਿਆ ਪਾਇਦਾ
ਸਭ ਸਿਸਟਿ ਉਪਾਈ ਜੀਅ ਜੰਤ ॥

ہرِ آپے بھِکھیا پائِدا
سبھ سِسٹِ اُپائی جیء جنّت ॥

ਹਰਿ ਦੇਵਹੁ ਦਾਨੁ ਦਇਆਲ ਪ੍ਰਭ
ਹਰਿ ਮਾਂਗਹਿ ਹਰਿ ਜਨ ਸੰਤ ॥

ہرِ دیوہُ دانُ دیَیال پربھ
ہرِ مانگہِ ہرِ جن سنّت ॥

ਜਨ ਨਾਨਕ ਕੇ ਪ੍ਰਭ ਆਇ ਮਿਲੁ
ਹਮ ਗਾਵਹ ਹਰਿ ਗੁਣ ਛੰਤ ॥੧॥

جن نانک کے پربھ آءِ مِلُ
ہم گاوہ ہرِ گُن چھنّت ॥1॥

ਮਃ ੪ ॥

م: 4 ॥

ਹਰਿ ਪ੍ਰਭੁ ਸਜਣੁ ਨਾਮੁ ਹਰਿ
ਮੈ ਮਨਿ ਤਨਿ ਨਾਮੁ ਸਰੀਰਿ ॥

ہرِ پربھُ سجنُ نامُ ہرِ
مے منِ تنِ نامُ سریر ॥

ਸਭਿ ਆਸਾ ਗੁਰਮੁਖਿ ਪੂਰੀਆ
ਜਨ ਨਾਨਕ ਸੁਣਿ ਹਰਿ ਧੀਰ ॥੨॥

سبھِ آسا گُرمُکھِ پُورِییا
جن نانک سُنِ ہرِ دھیر ॥2॥

ਪਉੜੀ ॥

پئُڑی ॥

ਹਰਿ ਊਤਮੁ ਹਰਿਆ ਨਾਮੁ ਹੈ
ਹਰਿ ਪੁਰਖੁ ਨਿਰੰਜਨੁ ਮਉਲਾ ॥

ہرِ اوُتمُ ہریا نامُ ہے
ہرِ پُرکھُ نِرنجنُ مئُلا ॥

ਜੋ ਜਪਦੇ ਹਰਿ ਹਰਿ ਦਿਨਸੁ ਰਾਤਿ
ਤਿਨ ਸੇਵੇ ਚਰਨ ਨਿਤ ਕਉਲਾ ॥

جو جپدے ہرِ ہرِ دِنسُ راتِ
تِن سیوے چرن نِت کئُلا ॥

ਨਿਤ ਸਾਰਿ ਸਮਾਲੈ ਸਭ ਜੀਅ ਜੰਤ
ਹਰਿ ਵਸੈ ਨਿਕਟਿ ਸਭ ਜਉਲਾ ॥

نِت سارِ سمالّہے سبھ جیء جنّت
ہرِ وسے نِکٹِ سبھ جئُلا ॥

ਸੋ ਬੂਝੈ ਜਿਸੁ ਆਪਿ ਬੁਝਾਇਸੀ
ਜਿਸੁ ਸਤਿਗੁਰੁ ਪੁਰਖੁ ਪ੍ਰਭੁ ਸਉਲਾ ॥

سو بُوجھے جِسُ آپِ بُجھائِسی
جِسُ ستِگُرُ پُرکھُ پربھُ سئُلا ॥

ਸਭਿ ਗਾਵਹੁ ਗੁਣ ਗੋਵਿੰਦ ਹਰੇ ਗੋਵਿੰਦ ਹਰੇ ਗੋਵਿੰਦ ਹਰੇ
ਗੁਣ ਗਾਵਤ ਗੁਣੀ ਸਮਉਲਾ ॥੬॥

سبھِ گاوہُ گُن گووِنّد ہرے گووِنّد ہرے گووِنّد ہرے
گُن گاوت گُنی سمئُلا ॥6॥

ਸਲੋਕ ਮਃ ੪ ॥

سلوک م: 4 ॥

ਸੁਤਿਆ ਹਰਿ ਪ੍ਰਭੁ ਚੇਤਿ ਮਨਿ

سُتیا ہرِ پربھُ چیتِ منِ

ਹਰਿ ਸਹਜਿ ਸਮਾਧਿ ਸਮਾਇ ॥

ہرِ سہجِ سمادھِ سماءِ ॥

ਜਨ ਨਾਨਕ ਹਰਿ ਹਰਿ ਚਾਉ ਮਨਿ
ਗੁਰੁ ਤੁਠਾ ਮੇਲੇ ਮਾਇ ॥੧॥

جن نانک ہرِ ہرِ چاءُ منِ
گُرُ تُٹھا میلے ماءِ ۔ ॥1॥

ਮਃ ੪ ॥

م: 4 ॥

ਹਰਿ ਇਕਸੁ ਸੇਤੀ ਪਿਰਹੜੀ
ਹਰਿ ਇਕੋ ਮੇਰੈ ਚਿਤਿ ॥

ہرِ اِکس سیتی پرہڑی
ہرِ اِکو میرے چِتِ ॥

ਜਨ ਨਾਨਕ ਇਕੁ ਅਧਾਰੁ ਹਰਿ
ਪ੍ਰਭ ਇਕਸ ਤੇ ਗਤਿ ਪਤਿ ॥੨॥

جن نانک اِکُ ادھارُ ہرِ
پربھ اِکس تے گتِ پتِ ॥2॥

ਪਉੜੀ ॥

پئڑی ॥

ਪੰਚੇ ਸਬਦ ਵਜੇ ਮਤਿ ਗੁਰਮਤਿ
ਵਡਭਾਗੀ ਅਨਹਦੁ ਵਜਿਆ ॥

پنچے سبد وجے متِ گُرمتِ
وڈبھاگی انہدُ وجِیا ॥

ਆਨਦ ਮੂਲੁ ਰਾਮੁ ਸਭੁ ਦੇਖਿਆ
ਗੁਰ ਸਬਦੀ ਗੋਵਿਦੁ ਗਜਿਆ ॥

آند مُولُ رامُ سبھُ دیکھِیا
گُر سبدی گووِدُ گجِیا ॥

ਆਦਿ ਜੁਗਾਦਿ ਵੇਸੁ ਹਰਿ ਏਕੋ
ਮਤਿ ਗੁਰਮਤਿ ਹਰਿ ਪ੍ਰਭੁ ਭਜਿਆ ॥

آدِ جُگادِ ویسُ ہرِ ایکو
متِ گُرمتِ ہرِ پربھُ بھجِیا ॥

ਹਰਿ ਦੇਵਹੁ ਦਾਨੁ ਦਇਆਲ ਪ੍ਰਭ
ਜਨ ਰਾਖਹੁ ਹਰਿ ਪ੍ਰਭ ਲਜਿਆ ॥

ہرِ دیوہُ دانُ دیَال پربھ
جن راکھہُ ہرِ پربھ لجِیا ॥

ਸਭਿ ਧੰਨੁ ਕਹਹੁ ਗੁਰੁ ਸਤਿਗੁਰੂ ਗੁਰੁ ਸਤਿਗੁਰੂ
ਜਿਤੁ ਮਿਲਿ ਹਰਿ ਪੜਦਾ ਕਜਿਆ ॥੭॥

سبھِ دھنّنُ کہہُ گُرُ ستِگُروُ گُرُ ستِگُروُ
جِتُ مِلِ ہرِ پڑدا کجِیا ॥7॥

ਸਲੋਕੁ ਮਃ ੪ ॥

سلوکُ م: 4 ॥

ਭਗਤਿ ਸਰੋਵਰੁ ਉਛਲੈ
ਸੁਭਰ ਭਰੇ ਵਹੰਨਿ ॥

بھگتِ سروورُ اُچھلے
سُبھر بھرے وہنّنِ ॥

ਜਿਨਾ ਸਤਿਗੁਰੁ ਮੰਨਿਆ
ਜਨ ਨਾਨਕ ਵਡ ਭਾਗ ਲਹੰਨਿ ॥੧॥

جِنا ستِگُرُ منّنِیا
جن نانک وڈ بھاگ لہنّنِ ॥1॥

ਮਃ ੪ ॥

م: 4 ॥

ਹਰਿ ਹਰਿ ਨਾਮ ਅਸੰਖ ਹਰਿ
ਹਰਿ ਕੇ ਗੁਨ ਕਥਨੁ ਨ ਜਾਹਿ ॥

ہرِ ہرِ نام اسنکھ ہرِ
ہرِ کے گُن کتھنُ ن جاہِ ॥

ਹਰਿ ਹਰਿ ਅਗਮੁ ਅਗਾਧਿ ਹਰਿ
ਜਨ ਕਿਤੁ ਬਿਧਿ ਮਿਲਹਿ ਮਿਲਾਹਿ ॥

ہرِ ہرِ اگمُ اگادھِ ہرِ
جن کِتُ بِدھِ مِلہِ مِلاہِ ۔ ॥

ਹਰਿ ਹਰਿ ਜਸੁ ਜਪਤ ਜਪੰਤ ਜਨ
ਇਕੁ ਤਿਲੁ ਨਹੀ ਕੀਮਤਿ ਪਾਇ ॥

ہرِ ہرِ جسُ جپت جپنّت جن
اِکُ تِلُ نہی قِیمتِ پاءِ ॥

ਜਨ ਨਾਨਕ ਹਰਿ ਅਗਮ ਪ੍ਰਭ
ਹਰਿ ਮੇਲਿ ਲੈਹੁ ਲੜਿ ਲਾਇ ॥੨॥

جن نانک ہرِ اگم پربھ
ہرِ میلِ لیہُ لڑِ لاءِ ॥2॥

ਪਉੜੀ ॥

پئڑی ॥

ਹਰਿ ਅਗਮੁ ਅਗੋਚਰੁ ਅਗਮੁ ਹਰਿ
ਕਿਉ ਕਰਿ ਹਰਿ ਦਰਸਨੁ ਪਿਖਾ ॥

ہرِ اگمُ اگوچرُ اگمُ ہرِ
کِءُ کرِ ہرِ درسنُ پکھا ۔ ॥

ਕਿਛੁ ਵਖਰੁ ਹੋਇ ਸੁ ਵਰਨੀਐ
ਤਿਸੁ ਰੂਪੁ ਨ ਰਿਖਾ ॥

کچھُ وکھرُ ہوءِ سُ ورنیئے
تِسُ روُپُ ن رِکھا ॥

ਜਿਸੁ ਬੁਝਾਏ ਆਪਿ ਬੁਝਾਇ ਦੇਇ
ਸੋਈ ਜਨੁ ਦਿਖਾ ॥

جِسُ بُجھائے آپِ بُجھاءِ دےءِ
سوئی جنُ دِکھا ॥

ਸਤਸੰਗਤਿ ਸਤਿਗੁਰ ਚਟਸਾਲ ਹੈ
ਜਿਤੁ ਹਰਿ ਗੁਣ ਸਿਖਾ ॥

ستسنگتِ ستِگُر چٹسال ہے
جِتُ ہرِ گُٹ سِکھا ॥

ਧਨੁ ਧੰਨੁ ਸੁ ਰਸਨਾ ਧੰਨੁ ਕਰ
ਧੰਨੁ ਸੁ ਪਾਧਾ ਸਤਿਗੁਰੂ
ਜਿਤੁ ਮਿਲਿ ਹਰਿ ਲੇਖਾ ਲਿਖਾ ॥੮॥

دھنُ دھنّنُ سُ رسنا دھنّنُ کر
دھنّنُ سُ پادھا ستِگُروُ
جِتُ مِلِ ہرِ لیکھا لِکھا ॥8॥

ਸਲੋਕ ਮਃ ੪ ॥

سلوک م: 4 ॥

ਹਰਿ ਹਰਿ ਨਾਮੁ ਅੰਮ੍ਰਿਤੁ ਹੈ
ਹਰਿ ਜਪੀਐ ਸਤਿਗੁਰ ਭਾਇ ॥

ہرِ ہرِ نامُ انّمرِتُ ہے
ہرِ جپیئے ستِگُر بھاءِ ॥

ਹਰਿ ਹਰਿ ਨਾਮੁ ਪਵਿਤੁ ਹੈ
ਹਰਿ ਜਪਤ ਸੁਨਤ ਦੁਖੁ ਜਾਇ ॥

ہرِ ہرِ نامُ پوِتُ ہے
ہرِ جپت سُنت دُکھُ جاءِ ॥

ਹਰਿ ਨਾਮੁ ਤਿਨੀ ਆਰਾਧਿਆ ਜਿਨ ਮਸਤਕਿ ਲਿਖਿਆ ਧੁਰਿ ਪਾਇ ॥	ہرِ نامُ تِنی آرادھِیا جِن مستکِ لِکھِیا دھُرِ پاءِ ॥
ਹਰਿ ਦਰਗਹ ਜਨ ਪੈਨਾਈਅਨਿ ਜਿਨ ਹਰਿ ਮਨਿ ਵਸਿਆ ਆਇ ॥	ہرِ درگہ جن پینائیَنِ جِن ہرِ منِ وسِیا آءِ ॥
ਜਨ ਨਾਨਕ ਤੇ ਮੁਖ ਉਜਲੇ ਜਿਨ ਹਰਿ ਸੁਣਿਆ ਮਨਿ ਭਾਇ ॥੧॥	جن نانک تے مُکھ اُجلے جِن ہرِ سُنّیا منِ بھاءِ ॥1॥
ਮਃ ੪ ॥	م: 4 ॥
ਹਰਿ ਹਰਿ ਨਾਮੁ ਨਿਧਾਨੁ ਹੈ ਗੁਰਮੁਖਿ ਪਾਇਆ ਜਾਇ ॥	ہرِ ہرِ نامُ نِدھانُ ہے گُرمُکھِ پائیا جاءِ ॥
ਜਿਨ ਧੁਰਿ ਮਸਤਕਿ ਲਿਖਿਆ ਤਿਨ ਸਤਿਗੁਰੁ ਮਿਲਿਆ ਆਇ ॥	جِن دھُرِ مستکِ لِکھِیا تِن ستِگُرُ مِلِیا آءِ ॥
ਤਨੁ ਮਨੁ ਸੀਤਲੁ ਹੋਇਆ ਸਾਂਤਿ ਵਸੀ ਮਨਿ ਆਇ ॥	تنُ منُ سِیتلُ ہوئیا سانْتِ وسی منِ آءِ ॥
ਨਾਨਕ ਹਰਿ ਹਰਿ ਚਉਦਿਆ ਸਭੁ ਦਾਲਦੁ ਦੁਖੁ ਲਹਿ ਜਾਇ ॥੨॥	نانک ہرِ ہرِ چئُدِیا سبھُ دالدُ دُکھُ لہِ جاءِ ॥2॥
ਪਉੜੀ ॥	پئُڑی ॥
ਹਉ ਵਾਰਿਆ ਤਿਨ ਕਉ ਸਦਾ ਸਦਾ ਜਿਨਾ ਸਤਿਗੁਰੁ ਮੇਰਾ ਪਿਆਰਾ ਦੇਖਿਆ ॥	ہءُ وارِیا تِن کءُ سدا سدا جِنا ستِگُرُ میرا پِیارا دیکھِیا ॥
ਤਿਨ ਕਉ ਮਿਲਿਆ ਮੇਰਾ ਸਤਿਗੁਰੂ ਜਿਨ ਕਉ ਧੁਰਿ ਮਸਤਕਿ ਲੇਖਿਆ ॥	تِن کءُ مِلِیا میرا ستِگُرُو جِن کءُ دھُرِ مستکِ لیکھِیا ॥
ਹਰਿ ਅਗਮੁ ਧਿਆਇਆ ਗੁਰਮਤੀ ਤਿਸੁ ਰੂਪ ਨਹੀ ਪ੍ਰਭ ਰੇਖਿਆ ॥	ہرِ اگمُ دھِیائِیا گُرمتی تِسُ روُپ نہی پربھ ریکھِیا ॥
ਗੁਰ ਬਚਨਿ ਧਿਆਇਆ ਜਿਨਾ ਅਗਮੁ ਹਰਿ ਤੇ ਠਾਕੁਰ ਸੇਵਕ ਰਲਿ ਏਕਿਆ ॥	گُر بچنِ دھِیائِیا جِنا اگمُ ہرِ تے ٹھاکُر سیوک رلِ ایکِیا ॥
ਸਭਿ ਕਹਹੁ ਮੁਖਹੁ ਨਰ ਨਰਹਰੇ ਨਰ ਨਰਹਰੇ ਨਰ ਨਰਹਰੇ	سبھِ کہہُ مُکھہُ نر نرہرے نر نرہرے نر نرہرے

ਹਰਿ ਲਾਹਾ ਹਰਿ ਭਗਤਿ ਵਿਸੇਖਿਆ ॥੯॥

ہرِ لاہا ہرِ بھگتِ وِسیکھیا ॥9॥

ਸਲੋਕ ਮਃ ੪ ॥

سلوک م: 4 ॥

ਰਾਮ ਨਾਮੁ ਰਮੁ ਰਵਿ ਰਹੇ
ਰਮੁ ਰਾਮੋ ਰਾਮੁ ਰਮੀਤਿ ॥

رام نامُ رمُ روِ رہے
رمُ رامو رامُ رمیتِ ॥

ਘਟਿ ਘਟਿ ਆਤਮ ਰਾਮੁ ਹੈ
ਪ੍ਰਭਿ ਖੇਲੁ ਕੀਓ ਰੰਗਿ ਰੀਤਿ ॥

گھٹِ گھٹِ آتم رامُ ہے
پربھِ کھیلُ کِیئو رنگِ ریتِ ॥

ਹਰਿ ਨਿਕਟਿ ਵਸੈ ਜਗਜੀਵਨਾ
ਪਰਗਾਸੁ ਕੀਓ ਗੁਰ ਮੀਤਿ ॥

ہرِ نِکٹِ وسے جگجیونا
پرگاسُ کِیئو گُر میتِ ॥

ਹਰਿ ਸੁਆਮੀ ਹਰਿ ਪ੍ਰਭ ਤਿਨ ਮਿਲੇ
ਜਿਨ ਲਿਖਿਆ ਧੁਰਿ ਹਰਿ ਪ੍ਰੀਤਿ ॥

ہرِ سُیامی ہرِ پربھ تِن مِلے
جِن لِکھیا دھُرِ ہرِ پریتِ ॥

ਜਨ ਨਾਨਕ ਨਾਮੁ ਧਿਆਇਆ
ਗੁਰ ਬਚਨਿ ਜਪਿਓ ਮਨਿ ਚੀਤਿ ॥੧॥

جن نانک نامُ دھیائیا
گُر بچنِ جپیئو منِ چیتِ ॥1॥

ਮਃ ੪ ॥

م: 4 ॥

ਹਰਿ ਪ੍ਰਭ ਸਜਣੁ ਲੋੜਿ ਲਹੁ
ਭਾਗਿ ਵਸੈ ਵਡਭਾਗਿ ॥

ہرِ پربھ سجنُ لوڑِ لہُ
بھاگِ وسے وڈبھاگِ ॥

ਗੁਰਿ ਪੂਰੈ ਦੇਖਾਲਿਆ
ਨਾਨਕ ਹਰਿ ਲਿਵ ਲਾਗਿ ॥੨॥

گُرِ پوُرے دیکھالیا
نانک ہرِ لِو لاگِ ॥2॥

ਪਉੜੀ ॥

پئُڑی ॥

ਧਨੁ ਧਨ ਸੁਹਾਵੀ ਸਫਲ ਘੜੀ
ਜਿਤੁ ਹਰਿ ਸੇਵਾ ਮਨਿ ਭਾਣੀ ॥

دھنُ دھن سُہاوی سپھل گھڑی
جِتُ ہرِ سیوا منِ بھانٹی ॥

ਹਰਿ ਕਥਾ ਸੁਣਾਵਹੁ ਮੇਰੇ ਗੁਰਸਿਖਹੁ
ਮੇਰੇ ਹਰਿ ਪ੍ਰਭ ਅਕਥ ਕਹਾਣੀ ॥

ہرِ کتھا سُٹاوہُ میرے گُرسِکھہُ
میرے ہرِ پربھ اکتھ کہانٹی ॥

ਕਿਉ ਪਾਈਐ ਕਿਉ ਦੇਖੀਐ
ਮੇਰਾ ਹਰਿ ਪ੍ਰਭੁ ਸੁਘੜੁ ਸੁਜਾਣੀ ॥

کِءُ پائیئے کِءُ دیکھیئے
میرا ہرِ پربھُ سُگھڑُ سُجانٹی ॥

ਹਰਿ ਮੇਲਿ ਦਿਖਾਏ ਆਪਿ ਹਰਿ

ہرِ میلِ دِکھائے آپِ ہرِ

ਗੁਰ ਬਚਨੀ ਨਾਮਿ ਸਮਾਣੀ ॥
گُر بچنی نامِ سماٹی ॥

ਤਿਨ ਵਿਟਹੁ ਨਾਨਕੁ ਵਾਰਿਆ
ਜੋ ਜਪਦੇ ਹਰਿ ਨਿਰਬਾਣੀ ॥੧੦॥
تِن وِٹہٗ نانکُ وارِیا
جو جپدے ہرِ نِربانٹی ॥ 10 ॥

ਸਲੋਕ ਮਃ ੪ ॥
سلوک م: 4 ॥

ਹਰਿ ਪ੍ਰਭ ਰਤੇ ਲੋਇਣਾ
ਗਿਆਨ ਅੰਜਨੁ ਗੁਰੁ ਦੇਇ ॥
ہرِ پّربھ رتے لوئِٹا
گِیان انّجنُ گُرُ دےءِ ॥

ਮੈ ਪ੍ਰਭੁ ਸਜਣੁ ਪਾਇਆ
ਜਨ ਨਾਨਕ ਸਹਜਿ ਮਿਲੇਇ ॥੧॥
مےَ پّربھُ سجنُٹ پائیا
جن نانک سہجِ مِلےءِ ॥1॥

ਮਃ ੪ ॥
م: 4 ॥

ਗੁਰਮੁਖਿ ਅੰਤਰਿ ਸਾਂਤਿ ਹੈ
ਮਨਿ ਤਨਿ ਨਾਮਿ ਸਮਾਇ ॥
گُرمُکھِ انترِ سانتِ ہےَ
منِ تنِ نامِ سماءِ ॥

ਨਾਮੁ ਚਿਤਵੈ ਨਾਮੋ ਪੜੈ
ਨਾਮਿ ਰਹੈ ਲਿਵ ਲਾਇ ॥
نامُ چِتوےَ نامو پڑےَ
نامِ رہےَ لِو لاءِ ॥

ਨਾਮੁ ਪਦਾਰਥੁ ਪਾਈਐ
ਚਿੰਤਾ ਗਈ ਬਿਲਾਇ ॥
نامُ پدارتھُ پائیئےَ
چِنّتا گئی بِلاءِ ॥

ਸਤਿਗੁਰਿ ਮਿਲਿਐ ਨਾਮੁ ਊਪਜੈ
ਤ੍ਰਿਸਨਾ ਭੁਖ ਸਭ ਜਾਇ ॥
ستِگُرِ مِلےَ نامُ اوُپجےَ
تّرِسنا بھُکھ سبھ جاءِ ॥

ਨਾਨਕ ਨਾਮੇ ਰਤਿਆ
ਨਾਮੋ ਪਲੈ ਪਾਇ ॥੨॥
نانک نامے رتیا
نامو پلےَ پاءِ ॥2॥

ਪਉੜੀ ॥
پئُڑی ॥

ਤੁਧੁ ਆਪੇ ਜਗਤੁ ਉਪਾਇ ਕੈ
ਤੁਧੁ ਆਪੇ ਵਸਗਤਿ ਕੀਤਾ ॥
تُدھُ آپے جگتُ اُپاءِ کےَ
تُدھُ آپے وسگتِ کِیتا ॥

ਇਕਿ ਮਨਮੁਖ ਕਰਿ ਹਾਰਾਇਅਨੁ
ਇਕਨਾ ਮੇਲਿ ਗੁਰੂ ਤਿਨਾ ਜੀਤਾ ॥
اِکِ منمُکھ کرِ ہارائینُ
اِکنا میلِ گُرُو تِنا جیتا ॥

ਹਰਿ ਊਤਮੁ ਹਰਿ ਪ੍ਰਭ ਨਾਮੁ ਹੈ
ہرِ اوُتمُ ہرِ پّربھ نامُ ہےَ

ਗੁਰ ਬਚਨਿ ਸਭਾਗੈ ਲੀਤਾ ॥

گُر بچنِ سبھاگے لِیتا ॥

ਦੁਖੁ ਦਾਲਦੁ ਸਭੋ ਲਹਿ ਗਇਆ
ਜਾਂ ਨਾਉ ਗੁਰੂ ਹਰਿ ਦੀਤਾ ॥

دُکھُ دالدُ سبھو لہِ گئیا
جاں ناءُ گُرُو ہرِ دِیتا ॥

ਸਭਿ ਸੇਵਹੁ ਮੋਹਨੋ ਮਨਮੋਹਨੋ ਜਗਮੋਹਨੋ
ਜਿਨਿ ਜਗਤੁ ਉਪਾਇ ਸਭੋ ਵਸਿ ਕੀਤਾ ॥੧੧॥

سبھِ سیوہُ موہنو منموہنو جگموہنو
جِنِ جگتُ اُپاءِ سبھو وسِ کِیتا ॥ 11 ॥

ਸਲੋਕ ਮਃ ੪ ॥

سلوک م: 4 ॥

ਮਨ ਅੰਤਰਿ ਹਉਮੈ ਰੋਗੁ ਹੈ
ਭ੍ਰਮਿ ਭੂਲੇ ਮਨਮੁਖ ਦੁਰਜਨਾ ॥

من انترِ ہئُمے روگُ ہے
بھرمِ بھوُلے منمُکھ دُرجنا ॥

ਨਾਨਕ ਰੋਗੁ ਵਞਾਇ
ਮਿਲਿ ਸਤਿਗੁਰ ਸਾਧੂ ਸਜਨਾ ॥੧॥

نانک روگُ وِنجاءِ
مِلِ ستِگُر سادھوُ سجنا ॥1॥

ਮਃ ੪ ॥

م: 4 ॥

ਮਨੁ ਤਨੁ ਤਾਮਿ ਸਗਾਰਵਾ
ਜਾਂ ਦੇਖਾ ਹਰਿ ਨੈਣੇ ॥

منُ تنُ تامِ سگاروا
جاں دیکھا ہرِ نینئے ॥

ਨਾਨਕ ਸੋ ਪ੍ਰਭ ਮੈ ਮਿਲੈ
ਹਉ ਜੀਵਾ ਸਦੁ ਸੁਣੇ ॥੨॥

نانک سو پربھ مے مِلے
ہءُ جیوا سدُ سُنے ॥2॥

ਪਉੜੀ ॥

پئُڑی ॥

ਜਗੰਨਾਥ ਜਗਦੀਸਰ ਕਰਤੇ
ਅਪਰੰਪਰ ਪੁਰਖੁ ਅਤੋਲੁ ॥

جگنّاتھ جگدیسر کرتے
اپرنّپر پُرکھُ اتولُ ॥

ਹਰਿ ਨਾਮੁ ਧਿਆਵਹੁ ਮੇਰੇ ਗੁਰਸਿਖਹੁ
ਹਰਿ ਊਤਮੁ ਹਰਿ ਨਾਮੁ ਅਮੋਲੁ ॥

ہرِ نامُ دھیاوہُ میرے گُرسِکھہُ
ہرِ اوُتمُ ہرِ نامُ امولُ ॥

ਜਿਨ ਧਿਆਇਆ ਹਿਰਦੇ ਦਿਨਸੁ ਰਾਤਿ
ਤੇ ਮਿਲੇ ਨਹੀ ਹਰਿ ਰੋਲੁ ॥

جِن دھیائیا ہِردے دِنسُ راتِ
تے مِلے نہی ہرِ رولُ ॥

ਵਡਭਾਗੀ ਸੰਗਤਿ ਮਿਲੈ
ਗੁਰ ਸਤਿਗੁਰ ਪੂਰਾ ਬੋਲੁ ॥

وڈبھاگی سنگتِ مِلے
گُر ستِگُر پوُرا بولُ ॥

ਸਭਿ ਧਿਆਵਹੁ ਨਰ ਨਾਰਾਇਣੋ ਨਾਰਾਇਣੋ

سبھِ دھیاوہُ نر نارائنّو نارائنّو

ਜਿਤੁ ਚੂਕਾ ਜਮ ਝਗੜੁ ਝਗੋਲੁ ॥੧੨॥

جِتُ چوُکا جم جھگڑُ جھگولُ ॥ 12 ॥

ਸਲੋਕ ਮਃ ੪ ॥

سلوک م: 4 ॥

ਹਰਿ ਜਨ ਹਰਿ ਹਰਿ ਚਉਦਿਆ
ਸਰੁ ਸੰਧਿਆ ਗਾਵਾਰ ॥

ہرِ جن ہرِ ہرِ چنُدِیا
سرُ سندھِیا گاوار ॥

ਨਾਨਕ ਹਰਿ ਜਨ ਹਰਿ ਲਿਵ ਉਬਰੇ
ਜਿਨ ਸੰਧਿਆ ਤਿਸੁ ਫਿਰਿ ਮਾਰ ॥੧॥

نانک ہرِ جن ہرِ لِو اُبرے
جِن سندھِیا تِس پھرِ مار ॥1॥

ਮਃ ੪ ॥

م: 4 ॥

ਅਖੀ ਪ੍ਰੇਮਿ ਕਸਾਈਆ
ਹਰਿ ਹਰਿ ਨਾਮੁ ਪਿਖੰਨਿ੍ ॥

اکھی پریمِ کسائیا
ہرِ ہرِ نامُ پکھنّہِ ॥

ਜੇ ਕਰਿ ਦੂਜਾ ਦੇਖਦੇ
ਜਨ ਨਾਨਕ ਕਢਿ ਦਿਚੰਨਿ੍ ॥੨॥

جے کرِ دوُجا دیکھدے
جن نانک کڈھِ دِچنّہِ ॥2॥

ਪਉੜੀ ॥

پئڑی ॥

ਜਲਿ ਥਲਿ ਮਹੀਅਲਿ ਪੂਰਨੋ
ਅਪਰੰਪਰੁ ਸੋਈ ॥

جلِ تھلِ مہیئلِ پوُرنو
اپرنپرُ سوئی ॥

ਜੀਅ ਜੰਤ ਪ੍ਰਤਿਪਾਲਦਾ
ਜੋ ਕਰੇ ਸੁ ਹੋਈ ॥

جیء جنّت پرتپالدا
جو کرے سُ ہوئی ॥

ਮਾਤ ਪਿਤਾ ਸੁਤ ਭ੍ਰਾਤ ਮੀਤ
ਤਿਸੁ ਬਿਨੁ ਨਹੀ ਕੋਈ ॥

مات پِتا سُت بھّرات میت
تِس بِنُ نہی کوئی ॥

ਘਟਿ ਘਟਿ ਅੰਤਰਿ ਰਵਿ ਰਹਿਆ
ਜਪਿਅਹੁ ਜਨ ਕੋਈ ॥

گھٹِ گھٹِ انترِ روِ رہیا
جپیہُ جن کوئی ॥

ਸਗਲ ਜਪਹੁ ਗੋਪਾਲ ਗੁਨ
ਪਰਗਟੁ ਸਭ ਲੋਈ ॥੧੩॥

سگل جپہُ گوپال گُن
پرگٹُ سبھ لوئی ॥ 13 ॥

ਸਲੋਕ ਮਃ ੪ ॥

سلوک م: 4 ॥

ਗੁਰਮੁਖਿ ਮਿਲੇ ਸਿ ਸਜਣਾ
ਹਰਿ ਪ੍ਰਭ ਪਾਇਆ ਰੰਗੁ ॥

گُرمُکھِ ملے سِ سجنّا
ہرِ پربھ پائیا رنگُ ॥

ਜਨ ਨਾਨਕ ਨਾਮੁ ਸਲਾਹਿ ਤੂ
ਲੁਡਿ ਲੁਡਿ ਦਰਗਹਿ ਵੰਞੂ ॥੧॥

جن نانک نامُ سلاحِ توُ
لُڈِ لُڈِ درگہِ ونجُ ॥1॥

ਮਃ ੪ ॥

م: 4 ॥

ਹਰਿ ਤੂਹੈ ਦਾਤਾ ਸਭਸ ਦਾ
ਸਭਿ ਜੀਅ ਤੁਮ੍ਾਰੇ ॥

ہرِ توُہے داتا سبھس دا
سبھِ جیء تُمہارے ॥

ਸਭਿ ਤੁਧੈ ਨੋ ਆਰਾਧਦੇ
ਦਾਨੁ ਦੇਹਿ ਪਿਆਰੇ ॥

سبھِ تُدھے نو آرادھدے
دانُ دیہِ پیارے ۔ ॥

ਹਰਿ ਦਾਤੈ ਦਾਤਾਰਿ ਹਥੁ ਕਢਿਆ
ਮੀਹੁ ਵੁਠਾ ਸੈਸਾਰੇ ॥

ہرِ داتے داتارِ ہتھُ کڈھیا
میہُ وُٹھا سیَسارے ॥

ਅੰਨੁ ਜੰਮਿਆ ਖੇਤੀ ਭਾਉ ਕਰਿ
ਹਰਿ ਨਾਮੁ ਸਮ੍ਾਰੇ ॥

انّنُ جنّمیا کھیتی بھاءُ کرِ
ہرِ نامُ سمہارے ॥

ਜਨੁ ਨਾਨਕੁ ਮੰਗੈ ਦਾਨੁ ਪ੍ਰਭ
ਹਰਿ ਨਾਮੁ ਅਧਾਰੇ ॥੨॥

جنُ نانکُ منگے دانُ پربھ
ہرِ نامُ ادھارے ॥2॥

ਪਉੜੀ ॥

پئڑی ॥

ਇਛਾ ਮਨ ਕੀ ਪੂਰੀਐ
ਜਪੀਐ ਸੁਖ ਸਾਗਰੁ ॥

اِچھا من کی پوُریئے
جپیئے سُکھ ساگرُ ॥

ਹਰਿ ਕੇ ਚਰਨ ਅਰਾਧੀਅਹਿ
ਗੁਰ ਸਬਦਿ ਰਤਨਾਗਰੁ ॥

ہرِ کے چرن ارادھیئہِ
گُر سبدِ رتناگرُ ॥

ਮਿਲਿ ਸਾਧੂ ਸੰਗਿ ਉਧਾਰੁ ਹੋਇ
ਫਾਟੈ ਜਮ ਕਾਗਰੁ ॥

مِلِ سادھوُ سنگِ اُدھارُ ہوءِ
پھاٹے جم کاگرُ ॥

ਜਨਮ ਪਦਾਰਥੁ ਜੀਤੀਐ
ਜਪਿ ਹਰਿ ਬੈਰਾਗਰੁ ॥

جنم پدارتھُ جیتیئے
جپِ ہرِ بیَراگرُ ॥

ਸਭਿ ਪਵਹੁ ਸਰਨਿ ਸਤਿਗੁਰੂ ਕੀ
ਬਿਨਸੈ ਦੁਖ ਦਾਗਰੁ ॥੧੪॥

سبھِ پوہُ سرنِ ستِگُرہُ کی
بِنسے دُکھ داگرُ ॥ 14 ॥

ਸਲੋਕ ਮਃ ੪ ॥

سلوک م: 4 ॥

ਹਉ ਢੂੰਢੇਂਦੀ ਸਜਣਾ
ਸਜਣੁ ਮੈਡੈ ਨਾਲਿ ॥

ہءُ ڈھوُنڈھیندی سجنا
سجنُ میڈے نالِ ॥

ਜਨ ਨਾਨਕ ਅਲਖੁ ਨ ਲਖੀਐ
ਗੁਰਮੁਖਿ ਦੇਹਿ ਦਿਖਾਲਿ ॥੧॥

جن نانک الکھُ ن لکھیئے
گُرمُکھِ دیہِ دِکھالِ ॥1॥

ਮਃ ੪ ॥

م: 4 ॥

ਨਾਨਕ ਪ੍ਰੀਤਿ ਲਾਈ ਤਿਨਿ ਸਚੈ
ਤਿਸੁ ਬਿਨੁ ਰਹਣੁ ਨ ਜਾਈ ॥

نانک پریتِ لائی تِنِ سچے
تِس بِنُ رہنُ ن جائی ॥

ਸਤਿਗੁਰੁ ਮਿਲੈ ਤ ਪੂਰਾ ਪਾਈਐ
ਹਰਿ ਰਸਿ ਰਸਨ ਰਸਾਈ ॥੨॥

ستِگُر ملے ت پوُرا پائیئے
ہرِ رسِ رسن رسائی ॥2॥

ਪਉੜੀ ॥

پئڑی ॥

ਕੋਈ ਗਾਵੈ ਕੋ ਸੁਣੈ
ਕੋ ਉਚਰਿ ਸੁਨਾਵੈ ॥

کوئی گاوے کو سُنے
کو اُچرِ سُناوے ॥

ਜਨਮ ਜਨਮ ਕੀ ਮਲੁ ਉਤਰੇ
ਮਨ ਚਿੰਦਿਆ ਪਾਵੈ ॥

جنم جنم کی مل اُترے
من چِنّدیا پاوے ॥

ਆਵਣੁ ਜਾਣਾ ਮੇਟੀਐ
ਹਰਿ ਕੇ ਗੁਣ ਗਾਵੈ ॥

آونُ جاٹا میٹیئے
ہرِ کے گُن گاوے ॥

ਆਪਿ ਤਰਹਿ ਸੰਗੀ ਤਰਾਹਿ
ਸਭ ਕੁਟੰਬੁ ਤਰਾਵੈ ॥

آپ ترہِ سنگی تراہِ
سبھ کُٹنّبُ تراوے ॥

ਜਨ ਨਾਨਕੁ ਤਿਸੁ ਬਲਿਹਾਰਣੈ
ਜੋ ਮੇਰੇ ਹਰਿ ਪ੍ਰਭ ਭਾਵੈ ॥੧੫॥੧॥ ਸੁਧੁ ॥

جن نانکُ تِس بلِہارنے
جو میرے ہرِ پربھ بھاوے ॥ 15 ॥1॥ سُدھُ ॥

ਰਾਗੁ ਕਾਨੜਾ ਬਾਣੀ ਨਾਮਦੇਵ ਜੀਉ ਕੀ

راگُ کانڑا بانی نامدیو جیءُ کی

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਐਸੋ ਰਾਮ ਰਾਇ ਅੰਤਰਜਾਮੀ ॥

ایسو رام راءِ انترجامی ॥

ਜੈਸੇ ਦਰਪਨ ਮਾਹਿ ਬਦਨ ਪਰਵਾਨੀ ॥੧॥ ਰਹਾਉ ॥

جیسے درپن ماہِ بدن پروانی ॥1॥ رہاءُ ॥

ਬਸੈ ਘਟਾ ਘਟ ਲੀਪ ਨ ਛੀਪੈ ॥	بسے گھٹا گھٹ لِیپ ن چھِپے ॥
ਬੰਧਨ ਮੁਕਤਾ ਜਾਤੁ ਨ ਦੀਸੈ ॥੧॥	بندھن مُکتا جاتُ ن دِسے ॥1॥
ਪਾਨੀ ਮਾਹਿ ਦੇਖੁ ਮੁਖੁ ਜੈਸਾ ॥	پانی ماہِ دیکھُ مُکھُ جیَسا ॥
ਨਾਮੇ ਕੋ ਸੁਆਮੀ ਬੀਠਲੁ ਐਸਾ ॥੨॥੧॥	نامے کو سُیامی بِیٹھلُ ایَسا ॥2॥1॥
ਰਾਗੁ ਕਲਿਆਨ ਮਹਲਾ ੪	راگُ کلیان محلا 4
ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	ੴ ستِنامُ کرتا پُرکھُ نِربھءُ نِرویَرُ اکال مورتِ اجونی سیَبھنّ گُرپرّسادِ ॥
ਰਾਮਾ ਰਮ ਰਾਮੈ ਅੰਤੁ ਨ ਪਾਇਆ ॥	راما رم رامےَ انتُ ن پائیا ॥
ਹਮ ਬਾਰਿਕ ਪ੍ਰਤਿਪਾਰੇ ਤੁਮਰੇ ਤੂ ਬਡ ਪੁਰਖੁ ਪਿਤਾ ਮੇਰਾ ਮਾਇਆ ॥੧॥ ਰਹਾਉ ॥	ہم بارِک پّرتپارے تُمرے تو بڈ پُرکھُ پِتا میرا مائیا ॥1॥ رہاءُ ॥
ਹਰਿ ਕੇ ਨਾਮ ਅਸੰਖ ਅਗਮ ਹਹਿ ਅਗਮ ਅਗਮ ਹਰਿ ਰਾਇਆ ॥	ہرِ کے نام اسنکھ اگم ہہِ اگم اگم ہرِ رائیا ॥
ਗੁਣੀ ਗਿਆਨੀ ਸੁਰਤਿ ਬਹੁ ਕੀਨੀ ਇਕੁ ਤਿਲੁ ਨਹੀ ਕੀਮਤਿ ਪਾਇਆ ॥੧॥	گُنّی گیانی سُرتِ بہُ کِینی اِکُ تِلُ نہی قِیمتِ پائیا ॥1॥
ਗੋਬਿਦ ਗੁਣ ਗੋਬਿਦ ਸਦਾ ਗਾਵਹਿ ਗੁਣ ਗੋਬਿਦ ਅੰਤੁ ਨ ਪਾਇਆ ॥	گوبِد گُنّ گوبِد سدا گاوہِ گُنّ گوبِد انتُ ن پائیا ॥
ਤੂ ਅਮਿਤਿ ਅਤੋਲੁ ਅਪਰੰਪਰ ਸੁਆਮੀ ਬਹੁ ਜਪੀਐ ਥਾਹ ਨ ਪਾਇਆ ॥੨॥	تو امِتِ اتولُ اپرنّپر سُیامی بہُ جپیئے تھاہ ن پائیا ॥2॥
ਉਸਤਤਿ ਕਰਹਿ ਤੁਮਰੀ ਜਨ ਮਾਧੌ ਗੁਨ ਗਾਵਹਿ ਹਰਿ ਰਾਇਆ ॥	اُستتِ کرہِ تُمری جن مادھوَ گُن گاوہِ ہرِ رائیا ۔ ॥
ਤੁਮ੍ ਜਲ ਨਿਧਿ ਹਮ ਮੀਨੇ ਤੁਮਰੇ ਤੇਰਾ ਅੰਤੁ ਨ ਕਤਹੂ ਪਾਇਆ ॥੩॥	تُمہ جل نِدھِ ہم مِینے تُمرے تیرا انتُ ن کتہوُ پائیا ॥3॥
ਜਨ ਕਉ ਕ੍ਰਿਪਾ ਕਰਹੁ ਮਧਸੂਦਨ ਹਰਿ ਦੇਵਹੁ ਨਾਮੁ ਜਪਾਇਆ ॥	جن کءُ کرِپا کرہُ مدھسُودن ہرِ دیوہُ نامُ جپائیا ॥

ਮੈ ਮੂਰਖ ਅੰਧੁਲੇ ਨਾਮੁ ਟੇਕ ਹੈ
ਜਨ ਨਾਨਕ ਗੁਰਮੁਖਿ ਪਾਇਆ ॥੪॥੧॥

مے مُورکھ اندھُلے نامُ ٹیک ہے
جن نانک گُرمُکھِ پائیا ॥4॥1॥

ਕਲਿਆਨੁ ਮਹਲਾ ੪ ॥

کلیانُ محلا 4 ॥

ਹਰਿ ਜਨੁ ਗੁਨ ਗਾਵਤ ਹਸਿਆ ॥

ہرِ جنُ گُن گاوت ہسِیا ॥

ਹਰਿ ਹਰਿ ਭਗਤਿ ਬਨੀ ਮਤਿ ਗੁਰਮਤਿ
ਧੁਰਿ ਮਸਤਕਿ ਪ੍ਰਭਿ ਲਿਖਿਆ ॥੧॥ ਰਹਾਉ ॥

ہرِ ہرِ بھگتِ بنی متِ گُرمتِ
دھُرِ مستکِ پربھِ لِکھِیا ॥1॥ رہاءُ ॥

ਗੁਰ ਕੇ ਪਗ ਸਿਮਰਉ ਦਿਨੁ ਰਾਤੀ
ਮਨਿ ਹਰਿ ਹਰਿ ਹਰਿ ਬਸਿਆ ॥

گُر کے پگ سِمرءُ دِنُ راتی
منِ ہرِ ہرِ ہرِ بسِیا ॥

ਹਰਿ ਹਰਿ ਹਰਿ ਕੀਰਤਿ ਜਗਿ ਸਾਰੀ
ਘਸਿ ਚੰਦਨੁ ਜਸੁ ਘਸਿਆ ॥੧॥

ہرِ ہرِ ہرِ کیرتِ جگِ ساری
گھِس چندنُ جسُ گھسِیا ॥1॥

ਹਰਿ ਜਨ ਹਰਿ ਹਰਿ ਹਰਿ ਲਿਵ ਲਾਈ
ਸਭਿ ਸਾਕਤ ਖੋਜਿ ਪਇਆ ॥

ہرِ جن ہرِ ہرِ ہرِ لِو لائی
سبھِ ساکت کھوجِ پئِیا ॥

ਜਿਉ ਕਿਰਤ ਸੰਜੋਗਿ ਚਲਿਓ ਨਰ ਨਿੰਦਕੁ
ਪਗੁ ਨਾਗਨਿ ਛੁਹਿ ਜਲਿਆ ॥੨॥

جِءُ کِرت سنجوگِ چلِئو نر نِندکُ
پگُ ناگنِ چھُہِ جلِیا ॥2॥

ਜਨ ਕੇ ਤੁਮ੍ ਹਰਿ ਰਾਖੇ ਸੁਆਮੀ
ਤੁਮ੍ ਜੁਗਿ ਜੁਗਿ ਜਨ ਰਖਿਆ ॥

جن کے تُمّہ ہرِ راکھے سُیامی
تُمّہ جُگِ جُگِ جن رکھِیا ॥

ਕਹਾ ਭਇਆ ਦੈਤਿ ਕਰੀ ਬਖੀਲੀ
ਸਭ ਕਰਿ ਕਰਿ ਝਰਿ ਪਰਿਆ ॥੩॥

کہا بھئِیا دیَتِ کری بخیلی
سبھ کرِ کرِ جھرِ پریا ॥3॥

ਜੇਤੇ ਜੀਅ ਜੰਤ ਪ੍ਰਭਿ ਕੀਏ
ਸਭਿ ਕਾਲੈ ਮੁਖਿ ਗ੍ਰਸਿਆ ॥

جیتے جیء جنّت پربھِ کیئے
سبھِ کالے مُکھِ گرّسِیا ॥

ਹਰਿ ਜਨ ਹਰਿ ਹਰਿ ਹਰਿ ਪ੍ਰਭਿ ਰਾਖੇ
ਜਨ ਨਾਨਕ ਸਰਨਿ ਪਇਆ ॥੪॥੨॥

ہرِ جن ہرِ ہرِ ہرِ پربھِ راکھے
جن نانک سرنِ پئِیا ॥4॥2॥

ਕਲਿਆਨ ਮਹਲਾ ੪ ॥

کلیان محلا 4 ॥

ਮੇਰੇ ਮਨ ਜਪੁ ਜਪਿ ਜਗੰਨਾਥੇ ॥

میرے من جپُ جپِ جگنّاتھے ॥

ਗੁਰ ਉਪਦੇਸਿ ਹਰਿ ਨਾਮੁ ਧਿਆਇਓ

گُر اُپدیسِ ہرِ نامُ دھیائِئو

ਸਭਿ ਕਿਲਬਿਖ ਦੁਖ ਲਾਥੇ ॥੧॥ ਰਹਾਉ ॥

سبھِ کِلبِکھ دُکھ لاتھے ॥1॥ رہاءُ ॥

ਰਸਨਾ ਏਕ ਜਸੁ ਗਾਇ ਨ ਸਾਕੈ
ਬਹੁ ਕੀਜੈ ਬਹੁ ਰਸੁਨਥੇ ॥

رسنا ایک جسُ گاءِ ن ساکے
بہُ کیجے بہُ رسُنتھے ॥

ਬਾਰ ਬਾਰ ਖਿਨੁ ਪਲ ਸਭਿ ਗਾਵਹਿ
ਗੁਨ ਕਹਿ ਨ ਸਕਹਿ ਪ੍ਰਭ ਤੁਮਨਥੇ ॥੧॥

بار بار کھِنُ پل سبھِ گاوہِ
گُن کہِ ن سکہِ پربھ تُمنتھے ॥1॥

ਹਮ ਬਹੁ ਪ੍ਰੀਤਿ ਲਗੀ ਪ੍ਰਭ ਸੁਆਮੀ
ਹਮ ਲੋਚਹ ਪ੍ਰਭੁ ਦਿਖਨਥੇ ॥

ہم بہُ پریتِ لگی پربھ سُیامی
ہم لوچہ پربھُ دِکھنتھے ॥

ਤੁਮ ਬਡ ਦਾਤੇ ਜੀਅ ਜੀਅਨ ਕੇ
ਤੁਮ ਜਾਨਹੁ ਹਮ ਬਿਰਥੇ ॥੨॥

تُم بڈ داتے جیء جیئن کے
تُم جانہُ ہم برتھے ॥2॥

ਕੋਈ ਮਾਰਗੁ ਪੰਥੁ ਬਤਾਵੈ ਪ੍ਰਭ ਕਾ
ਕਹੁ ਤਿਨ ਕਉ ਕਿਆ ਦਿਨਥੇ ॥

کوئی مارگُ پنتھُ بتاوے پربھ کا
کہُ تِن کءُ کیا دِنتھے ۔ ॥

ਸਭੁ ਤਨੁ ਮਨੁ ਅਰਪਉ ਅਰਪਿ ਅਰਾਪਉ
ਕੋਈ ਮੇਲੈ ਪ੍ਰਭ ਮਿਲਥੇ ॥੩॥

سبھُ تنُ منُ ارپءُ ارپِ اراپءُ
کوئی میلے پربھ مِلتھے ॥3॥

ਹਰਿ ਕੇ ਗੁਨ ਬਹੁਤ ਬਹੁਤ ਬਹੁ ਸੋਭਾ
ਹਮ ਤੁਛ ਕਰਿ ਕਰਿ ਬਰਨਥੇ ॥

ہرِ کے گُن بہُت بہُت بہُ سوبھا
ہم تُچھ کرِ کرِ برنتھے ॥

ਹਮਰੀ ਮਤਿ ਵਸਗਤਿ ਪ੍ਰਭ ਤੁਮਰੈ
ਜਨ ਨਾਨਕ ਕੇ ਪ੍ਰਭ ਸਮਰਥੇ ॥੪॥੩॥

ہمری متِ وسگتِ پربھ تُمرے
جن نانک کے پربھ سمرتھے ۔ ॥4॥3॥

ਕਲਿਆਨ ਮਹਲਾ ੪ ॥

کلیان محلا 4 ॥

ਮੇਰੇ ਮਨ ਜਪਿ ਹਰਿ ਗੁਨ ਅਕਥ ਸੁਨਥਈ ॥

میرے من جپِ ہرِ گُن اکتھ سُنتھئی ॥

ਧਰਮੁ ਅਰਥੁ ਸਭੁ ਕਾਮੁ ਮੋਖੁ ਹੈ
ਜਨ ਪੀਛੈ ਲਗਿ ਫਿਰਥਈ ॥੧॥ ਰਹਾਉ ॥

دھرمُ ارتھُ سبھُ کامُ موکھُ ہے
جن پیچھے لگِ پھِرتھئی ॥1॥ رہاءُ ॥

ਸੋ ਹਰਿ ਹਰਿ ਨਾਮੁ ਧਿਆਵੈ ਹਰਿ ਜਨੁ
ਜਿਸੁ ਬਡਭਾਗ ਮਥਈ ॥

سو ہرِ ہرِ نامُ دھیاوے ہرِ جنُ
جِسُ بڈبھاگ متھئی ॥

ਜਹ ਦਰਗਹਿ ਪ੍ਰਭੁ ਲੇਖਾ ਮਾਗੈ
ਤਹ ਛੁਟੈ ਨਾਮੁ ਧਿਆਇਥਈ ॥੧॥

جہ درگہِ پربھُ لیکھا ماگے
تہ چھُٹے نامُ دھیائتھئی ॥1॥

ਹਮਰੇ ਦੋਖ ਬਹੁ ਜਨਮ ਜਨਮ ਕੇ
ਦੁਖੁ ਹਉਮੈ ਮੈਲੁ ਲਗਥਈ ॥

ہمرے دوکھ بہُ جنم جنم کے
دُکھ ہئُمے میَلُ لگتھئی ॥

ਗੁਰਿ ਧਾਰਿ ਕ੍ਰਿਪਾ ਹਰਿ ਜਲਿ ਨਾਵਾਏ
ਸਭ ਕਿਲਬਿਖ ਪਾਪ ਗਥਈ ॥੨॥

گُرِ دھارِ کرِپا ہرِ جلِ ناوائے
سبھ کِلبِکھ پاپ گتھئی ॥2॥

ਜਨ ਕੈ ਰਿਦ ਅੰਤਰਿ ਪ੍ਰਭੁ ਸੁਆਮੀ
ਜਨ ਹਰਿ ਹਰਿ ਨਾਮੁ ਭਜਥਈ ॥

جن کے رِد انترِ پربھُ سُیامی
جن ہرِ ہرِ نامُ بھجتھئی ॥

ਜਹ ਅੰਤੀ ਅਉਸਰੁ ਆਇ ਬਨਤੁ ਹੈ
ਤਹ ਰਾਖੈ ਨਾਮੁ ਸਾਥਈ ॥੩॥

جہ انتی اُسرُ آءِ بنتُ ہے
تہ راکھے نامُ ساتھئی ॥3॥

ਜਨ ਤੇਰਾ ਜਸੁ ਗਾਵਹਿ ਹਰਿ ਹਰਿ ਪ੍ਰਭ
ਹਰਿ ਜਪਿਓ ਜਗੰਨਥਈ ॥

جن تیرا جسُ گاوہِ ہرِ ہرِ پربھ
ہرِ جپِئو جگنتھئی ॥

ਜਨ ਨਾਨਕ ਕੇ ਪ੍ਰਭ ਰਾਖੇ ਸੁਆਮੀ
ਹਮ ਪਾਥਰ ਰਖੁ ਬੁਡਥਈ ॥੪॥੪॥

جن نانک کے پربھ راکھے سُیامی
ہم پاتھر رکھُ بُڈتھئی ॥4॥4॥

ਕਲਿਆਨ ਮਹਲਾ ੪ ॥

کلیان محلا 4 ॥

ਹਮਰੀ ਚਿਤਵਨੀ ਹਰਿ ਪ੍ਰਭੁ ਜਾਨੈ ॥

ہمری چِتونی ہرِ پربھُ جانے ॥

ਅਉਰੁ ਕੋਈ ਨਿੰਦ ਕਰੈ ਹਰਿ ਜਨ ਕੀ
ਪ੍ਰਭੁ ਤਾ ਕਾ ਕਹਿਆ ਇਕੁ ਤਿਲੁ ਨਹੀ ਮਾਨੈ ॥੧॥ ਰਹਾਉ ॥

اُرُ کوئی نِندَ کرے ہرِ جن کی
پربھُ تا کا کہیا اِکُ تِلُ نہی مانے ॥1॥ رہاءُ ॥

ਅਉਰ ਸਭ ਤਿਆਗਿ ਸੇਵਾ ਕਰਿ ਅਚੁਤ
ਜੋ ਸਭ ਤੇ ਊਚ ਠਾਕੁਰੁ ਭਗਵਾਨੈ ॥

اُرُ سبھ تِیاگِ سیوا کرِ اچُت
جو سبھ تے اوُچ ٹھاکُرُ بھگوانے ॥

ਹਰਿ ਸੇਵਾ ਤੇ ਕਾਲੁ ਜੋਹਿ ਨ ਸਾਕੈ
ਚਰਨੀ ਆਇ ਪਵੈ ਹਰਿ ਜਾਨੈ ॥੧॥

ہرِ سیوا تے کالُ جوہِ ن ساکے
چرنی آءِ پوے ہرِ جانے ॥1॥

ਜਾ ਕਉ ਰਾਖਿ ਲੇਇ ਮੇਰਾ ਸੁਆਮੀ
ਤਾ ਕਉ ਸੁਮਤਿ ਦੇਇ ਪੈ ਕਾਨੈ ॥

جا کءُ راکھِ لےءِ میرا سُیامی
تا کءُ سُمتِ دےءِ پے کانے ॥

ਤਾ ਕਉ ਕੋਈ ਅਪਰਿ ਨ ਸਾਕੈ
ਜਾ ਕੀ ਭਗਤਿ ਮੇਰਾ ਪ੍ਰਭੁ ਮਾਨੈ ॥੨॥

تا کءُ کوئی اپرِ ن ساکے
جا کی بھگتِ میرا پربھُ مانے ॥2॥

ਹਰਿ ਕੇ ਚੋਜ ਵਿਡਾਨ ਦੇਖੁ ਜਨ

ہرِ کے چوج وِڈان دیکھُ جن

ਜੋ ਖੋਟਾ ਖਰਾ ਇਕ ਨਿਮਖ ਪਛਾਨੈ ॥

جو کھوٹا کھرا اِک نِمکھ پچھانے ॥

ਤਾ ਤੇ ਜਨ ਕਉ ਅਨਦੁ ਭਇਆ ਹੈ
ਰਿਦ ਸੁਧ ਮਿਲੇ ਖੋਟੇ ਪਛੁਤਾਨੈ ॥੩॥

تا تے جن ک ءُ اندُ بھئیا ہے
رِد سُدھ مِلے کھوٹے پچھُتانے ॥3॥

ਤੁਮ ਹਰਿ ਦਾਤੇ ਸਮਰਥ ਸੁਆਮੀ
ਇਕੁ ਮਾਗਉ ਤੁਝ ਪਾਸਹੁ ਹਰਿ ਦਾਨੈ ॥

تُم ہرِ داتے سمرتھ سُیامی
اِکُ ماگ ءُ تُجھ پاسہُ ہرِ دانے ॥

ਜਨ ਨਾਨਕ ਕਉ ਹਰਿ ਕ੍ਰਿਪਾ ਕਰਿ ਦੀਜੈ
ਸਦ ਬਸਹਿ ਰਿਦੈ ਮੋਹਿ ਹਰਿ ਚਰਾਨੈ ॥੪॥੫॥

جن نانک ک ءُ ہرِ کرِپا کرِ دیجے
سد بسہِ رِدے موہِ ہرِ چرانے ॥4॥5॥

ਕਲਿਆਨ ਮਹਲਾ ੪ ॥

کلیان محلا 4 ॥

ਪ੍ਰਭ ਕੀਜੈ ਕ੍ਰਿਪਾ ਨਿਧਾਨ
ਹਮ ਹਰਿ ਗੁਨ ਗਾਵਹਗੇ ॥

پربھ کیجے کرِپا نِدھان
ہم ہرِ گُن گاوہگے ॥

ਹਉ ਤੁਮਰੀ ਕਰਉ ਨਿਤ ਆਸ ਪ੍ਰਭ
ਮੋਹਿ ਕਬ ਗਲਿ ਲਾਵਹਿਗੇ ॥੧॥ ਰਹਾਉ ॥

ہ ءُ تُمری کر ءُ نِت آس پربھ
موہِ کب گلِ لاوہگے ॥1॥ رہاءُ ॥

ਹਮ ਬਾਰਿਕ ਮੁਗਧ ਇਆਨ
ਪਿਤਾ ਸਮਝਾਵਹਿਗੇ ॥

ہم بارِک مُگدھ اِیان
پِتا سمجھاوہگے ॥

ਸੁਤੁ ਖਿਨੁ ਖਿਨੁ ਭੂਲਿ ਬਿਗਾਰਿ
ਜਗਤ ਪਿਤ ਭਾਵਹਿਗੇ ॥੧॥

سُتُ کھِنُ کھِنُ بھوُلِ بِگارِ
جگت پِت بھاوہگے ॥1॥

ਜੋ ਹਰਿ ਸੁਆਮੀ ਤੁਮ ਦੇਹੁ
ਸੋਈ ਹਮ ਪਾਵਹਗੇ ॥

جو ہرِ سُیامی تُم دیہُ
سوئی ہم پاوہگے ॥

ਮੋਹਿ ਦੂਜੀ ਨਾਹੀ ਠਉਰ
ਜਿਸੁ ਪਹਿ ਹਮ ਜਾਵਹਗੇ ॥੨॥

موہِ دوُجی ناہی ٹھُر
جِس پہِ ہم جاوہگے ॥2॥

ਜੋ ਹਰਿ ਭਾਵਹਿ ਭਗਤ
ਤਿਨਾ ਹਰਿ ਭਾਵਹਿਗੇ ॥

جو ہرِ بھاوہِ بھگت
تِنا ہرِ بھاوہگے ॥

ਜੋਤੀ ਜੋਤਿ ਮਿਲਾਇ
ਜੋਤਿ ਰਲਿ ਜਾਵਹਗੇ ॥੩॥

جوتی جوتِ مِلاءِ
جوتِ رلِ جاوہگے ॥3॥

ਹਰਿ ਆਪੇ ਹੋਇ ਕ੍ਰਿਪਾਲੁ

ہرِ آپے ہوءِ کرِپالُ

ਆਪਿ ਲਿਵ ਲਾਵਹਿਗੇ ॥	آپِ لِو لاوہِگے ॥
ਜਨੁ ਨਾਨਕੁ ਸਰਨਿ ਦੁਆਰਿ ਹਰਿ ਲਾਜ ਰਖਾਵਹਿਗੇ ॥੪॥੬॥ ਛਕਾ ੧ ॥	جنُ نانکُ سرنِ دُیارِ ہرِ لاج رکھاوہِگے ॥4॥6॥ چھکا 1 ॥
ਕਲਿਆਨੁ ਭੋਪਾਲੀ ਮਹਲਾ ੪	کلیانُ بھوپالی محلا 4
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਪਾਰਬ੍ਰਹਮੁ ਪਰਮੇਸੁਰੁ ਸੁਆਮੀ ਦੂਖ ਨਿਵਾਰਣੁ ਨਾਰਾਇਣੇ ॥	پاربرّہمُ پریسُرُ سُیامی دوُکھ نِوارنُ نارائنے ॥
ਸਗਲ ਭਗਤ ਜਾਚਹਿ ਸੁਖ ਸਾਗਰ ਭਵ ਨਿਧਿ ਤਰਣ ਹਰਿ ਚਿੰਤਾਮਣੇ ॥੧॥ ਰਹਾਉ ॥	سگل بھگت جاچہِ سُکھ ساگر بھو نِدھِ ترنُ ہرِ چِنتامنے ۔ ॥1॥ رہاءُ ॥
ਦੀਨ ਦਇਆਲ ਜਗਦੀਸ ਦਮੋਦਰ ਹਰਿ ਅੰਤਰਜਾਮੀ ਗੋਬਿੰਦੇ ॥	دِین دئیال جگدیس دمودر ہرِ انترجامی گوبِندے ۔ ॥
ਤੇ ਨਿਰਭਉ ਜਿਨ ਸ੍ਰੀਰਾਮੁ ਧਿਆਇਆ ਗੁਰਮਤਿ ਮੁਰਾਰਿ ਹਰਿ ਮੁਕੰਦੇ ॥੧॥	تے نِربھءُ جِن سّریرامُ دھیائیا گُرمتِ مُرارِ ہرِ مُکندے ۔ ॥1॥
ਜਗਦੀਸੁਰ ਚਰਨ ਸਰਨ ਜੋ ਆਏ ਤੇ ਜਨ ਭਵ ਨਿਧਿ ਪਾਰਿ ਪਰੇ ॥	جگدیسُر چرن سرن جو آئے تے جن بھو نِدھِ پارِ پرے ॥
ਭਗਤ ਜਨਾ ਕੀ ਪੈਜ ਹਰਿ ਰਾਖੈ ਜਨ ਨਾਨਕ ਆਪਿ ਹਰਿ ਕ੍ਰਿਪਾ ਕਰੇ ॥੨॥੧॥੭॥	بھگت جنا کی پیَج ہرِ راکھےَ جن نانک آپِ ہرِ کرِپا کرے ॥2॥1॥7॥
ਰਾਗੁ ਕਲਿਆਨੁ ਮਹਲਾ ੫ ਘਰੁ ੧	راگُ کلیانُ محلا 5 گھرُ 1
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرّسادِ ॥
ਹਮਾਰੈ ਏਹ ਕਿਰਪਾ ਕੀਜੈ ॥	ہمارے ایہ کرِپا کیجےَ ॥
ਅਲਿ ਮਕਰੰਦ ਚਰਨ ਕਮਲ ਸਿਉ ਮਨੁ ਫੇਰਿ ਫੇਰਿ ਰੀਝੈ ॥੧॥ ਰਹਾਉ ॥	الِ مکرنّد چرن کمل سِءُ منُ پھیرِ پھیرِ ریجھےَ ॥1॥ رہاءُ ॥
ਆਨ ਜਲਾ ਸਿਉ ਕਾਜੁ ਨ ਕਛੂਐ ਹਰਿ ਬੂੰਦ ਚਾਤ੍ਰਿਕ ਕਉ ਦੀਜੈ ॥੧॥	آن جلا سِءُ کاجُ ن کچھوُئے ہرِ بوُنّد چاترِک کءُ دیجےَ ॥1॥
ਬਿਨੁ ਮਿਲਬੇ ਨਾਹੀ ਸੰਤੋਖਾ	بِنُ ملبے ناہی سنّتوکھا

ਪੇਖਿ ਦਰਸਨੁ ਨਾਨਕੁ ਜੀਜੈ ॥੨॥੧॥

پیکھِ درسنُ نانکُ جیجےَ ॥2॥1॥

ਕਲਿਆਨ ਮਹਲਾ ੫ ॥

کلیان محلا 5 ॥

ਜਾਚਿਕੁ ਨਾਮੁ ਜਾਚੈ ਜਾਚੈ ॥

جاچِکُ نامُ جاچےَ جاچےَ ॥

ਸਰਬ ਧਾਰ ਸਰਬ ਕੇ ਨਾਇਕ
ਸੁਖ ਸਮੂਹ ਕੇ ਦਾਤੇ ॥੧॥ ਰਹਾਉ ॥

سرب دھار سرب کے نائِک
سُکھ سموُہ کے داتے ۔ ॥1॥ رہاءُ ॥

ਕੇਤੀ ਕੇਤੀ ਮਾਂਗਨਿ ਮਾਗੈ
ਭਾਵਨੀਆ ਸੋ ਪਾਈਐ ॥੧॥

کیتی کیتی مانگنِ ماگےَ
بھاونِیا سو پائیےَ ॥1॥

ਸਫਲ ਸਫਲ ਸਫਲ ਦਰਸੁ ਰੇ
ਪਰਸਿ ਪਰਸਿ ਗੁਨ ਗਾਈਐ ॥

سپھل سپھل سپھل درسُ رے
پرسِ پرسِ گُن گائیےَ ॥

ਨਾਨਕ ਤਤ ਤਤ ਸਿਉ ਮਿਲੀਐ
ਹੀਰੈ ਹੀਰੁ ਬਿਧਾਈਐ ॥੨॥੨॥

نانک تت تت سِءُ مِلیےَ
ہیرے ہیرُ بِدھائیےَ ॥2॥2॥

ਕਲਿਆਨ ਮਹਲਾ ੫ ॥

کلیان محلا 5 ॥

ਮੇਰੇ ਲਾਲਨ ਕੀ ਸੋਭਾ ॥

میرے لالن کی سوبھا ॥

ਸਦ ਨਵਤਨ ਮਨ ਰੰਗੀ ਸੋਭਾ ॥੧॥ ਰਹਾਉ ॥

سد نوتن من رنگی سوبھا ॥1॥ رہاءُ ॥

ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ
ਭਗਤਿ ਦਾਨੁ ਜਸੁ ਮੰਗੀ ॥੧॥

برہم مہیس سِدھ مُنِ اِندّرا
بھگتِ دانُ جسُ منگی ॥1॥

ਜੋਗ ਗਿਆਨ ਧਿਆਨ ਸੇਖਨਾਗੈ
ਸਗਲ ਜਪਹਿ ਤਰੰਗੀ ॥

جوگ گِیان دھِیان سیکھناگےَ
سگل جپہِ ترنگی ॥

ਕਹੁ ਨਾਨਕ ਸੰਤਨ ਬਲਿਹਾਰੈ
ਜੋ ਪ੍ਰਭ ਕੇ ਸਦ ਸੰਗੀ ॥੨॥੩॥

کہُ نانک سنّتن بلِہارےَ
جو پربھ کے سد سنگی ॥2॥3॥

ਕਲਿਆਨ ਮਹਲਾ ੫ ਘਰੁ ੨

کلیان محلا 5 گھرُ 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਤੇਰੈ ਮਾਨਿ ਹਰਿ ਹਰਿ ਮਾਨਿ ॥

تیرے مانِ ہرِ ہرِ مانِ ॥

ਨੈਨ ਬੈਨ ਸ੍ਰਵਨ ਸੁਨੀਐ
ਅੰਗ ਅੰਗੇ ਸੁਖ ਪ੍ਰਾਨਿ ॥੧॥ ਰਹਾਉ ॥

نیَن بیَن سّرون سُنیئے

ਇਤ ਉਤ ਦਹ ਦਿਸਿ ਰਵਿਓ
ਮੇਰ ਤਿਨਹਿ ਸਮਾਨਿ ॥੧॥

اِت اُت دہ دِس روِئو
میر تِنہِ سمانِ ॥1॥

ਜਤ ਕਤਾ ਤਤ ਪੇਖੀਐ
ਹਰਿ ਪੁਰਖ ਪਤਿ ਪਰਧਾਨ ॥

جت کتا تت پیکھیئے
ہرِ پُرکھ پتِ پردھان ॥

ਸਾਧਸੰਗਿ ਭ੍ਰਮ ਭੈ ਮਿਟੇ
ਕਥੇ ਨਾਨਕ ਬ੍ਰਹਮ ਗਿਆਨ ॥੨॥੧॥੪॥

ساد ھسنگِ بھرم بھے مِٹے
کتھے نانک برہم گِیان ॥2॥1॥4॥

ਕਲਿਆਨ ਮਹਲਾ ੫ ॥

کلیان محلا 5 ॥

ਗੁਨ ਨਾਦ ਧੁਨਿ ਅਨੰਦ ਬੇਦ ॥

گُن ناد دھُنِ انند بید ॥

ਕਥਤ ਸੁਨਤ ਮੁਨਿ ਜਨਾ
ਮਿਲਿ ਸੰਤ ਮੰਡਲੀ ॥੧॥ ਰਹਾਉ ॥

کتھت سُنت مُنِ جنا
مِلِ سنّت منڈلی ॥1॥ رہاءُ ॥

ਗਿਆਨ ਧਿਆਨ ਮਾਨ ਦਾਨ
ਮਨ ਰਸਿਕ ਰਸਨ ਨਾਮੁ ਜਪਤ
ਤਹ ਪਾਪ ਖੰਡਲੀ ॥੧॥

گِیان دھِیان مان دان
من رسِک رسن نامُ جپت
تہ پاپ کھنڈلی ॥1॥

ਜੋਗ ਜੁਗਤਿ ਗਿਆਨ ਭੁਗਤਿ
ਸੁਰਤਿ ਸਬਦ ਤਤ ਬੇਤੇ
ਜਪੁ ਤਪੁ ਅਖੰਡਲੀ ॥

جوگ جُگتِ گِیان بھُگتِ
سُرتِ سبد تت بیتے
جپُ تپُ اکھنڈلی ॥

ਓਤਿ ਪੋਤਿ ਮਿਲਿ ਜੋਤਿ
ਨਾਨਕ ਕਛੂ ਦੁਖੁ ਨ ਡੰਡਲੀ ॥੨॥੨॥੫॥

اوتِ پوتِ مِلِ جوتِ
نانک کچھوُ دُکھُ ن ڈنڈلی ॥2॥2॥5॥

ਕਲਿਆਨੁ ਮਹਲਾ ੫ ॥

کلیانُ محلا 5 ॥

ਕਉਨੁ ਬਿਧਿ ਤਾ ਕੀ ਕਹਾ ਕਰਉ ॥

کنُنُ بِدھِ تا کی کہا کرءُ ۔ ॥

ਧਰਤ ਧਿਆਨੁ ਗਿਆਨੁ ਸਸਤ੍ਰਗਿਆ
ਅਜਰ ਪਦੁ ਕੈਸੇ ਜਰਉ ॥੧॥ ਰਹਾਉ ॥

دھرت دھِیانُ گِیانُ سستّرگیا
اجر پدُ کیسے جرءُ ۔ ॥1॥ رہاءُ ॥

ਬਿਸਨ ਮਹੇਸ ਸਿਧ ਮੁਨਿ ਇੰਦ੍ਰਾ
ਕੈ ਦਰਿ ਸਰਨਿ ਪਰਉ ॥੧॥

بِسن مہیس سِدھ مُنِ اِندّرا
کے درِ سرنِ پرءُ ۔ ॥1॥

ਕਾਹੂ ਪਹਿ ਰਾਜੁ ਕਾਹੂ ਪਹਿ ਸੁਰਗਾ
ਕੋਟਿ ਮਧੇ ਮੁਕਤਿ ਕਹਉ ॥

کاہُو پہ راجُ کاہُو پہ سُرگا
کوٹِ مدھے مُکتِ کہءُ ॥

ਕਹੁ ਨਾਨਕ ਨਾਮ ਰਸੁ ਪਾਈਐ
ਸਾਧੂ ਚਰਨ ਗਹਉ ॥੨॥੩॥੬॥

کہُ نانک نام رسُ پائیئے
سادھوُ چرن گہءُ ॥2॥3॥6॥

ਕਲਿਆਨ ਮਹਲਾ ੫ ॥

کلیان محلا 5 ॥

ਪ੍ਰਾਨਪਤਿ ਦਇਆਲ ਪੁਰਖ ਪ੍ਰਭ ਸਖੇ ॥

پّرانپتِ دئیال پُرکھ پّربھ سکھے ۔ ॥

ਗਰਭ ਜੋਨਿ ਕਲਿ ਕਾਲ ਜਾਲ
ਦੁਖ ਬਿਨਾਸਨੁ ਹਰਿ ਰਖੇ ॥੧॥ ਰਹਾਉ ॥

گربھ جونِ کلِ کال جال
دُکھ بِناسنُ ہرِ رکھے ॥1॥ رہاءُ ॥

ਨਾਮ ਧਾਰੀ ਸਰਨਿ ਤੇਰੀ ॥

نام دھاری سرنِ تیری ॥

ਪ੍ਰਭ ਦਇਆਲ ਟੇਕ ਮੇਰੀ ॥੧॥

پّربھ دئیال ٹیک میری ॥1॥

ਅਨਾਥ ਦੀਨ ਆਸਵੰਤ ॥

اناتھ دِین آسونّت ॥

ਨਾਮੁ ਸੁਆਮੀ ਮਨਹਿ ਮੰਤ ॥੨॥

نامُ سُیامی منہِ منّت ॥2॥

ਤੁਝ ਬਿਨਾ ਪ੍ਰਭ ਕਿਛੂ ਨ ਜਾਨੂ ॥

تُجھ بِنا پّربھ کچھوُ ن جانوُ ॥

ਸਰਬ ਜੁਗ ਮਹਿ ਤੁਮ ਪਛਾਨੂ ॥੩॥

سرب جُگ مہِ تُم پچھانوُ ॥3॥

ਹਰਿ ਮਨਿ ਬਸੇ ਨਿਸਿ ਬਾਸਰੋ ॥

ہرِ منِ بسے نِس باسرو ॥

ਗੋਬਿੰਦ ਨਾਨਕ ਆਸਰੋ ॥੪॥੪॥੭॥

گوبِنّد نانک آسرو ॥4॥4॥7॥

ਕਲਿਆਨ ਮਹਲਾ ੫ ॥

کلیان محلا 5 ॥

ਮਨਿ ਤਨਿ ਜਾਪੀਐ ਭਗਵਾਨ ॥

منِ تنِ جاپیئے بھگوان ॥

ਗੁਰ ਪੂਰੇ ਸੁਪ੍ਰਸੰਨ ਭਏ
ਸਦਾ ਸੂਖ ਕਲਿਆਨ ॥੧॥ ਰਹਾਉ ॥

گُرپوُرے سُپّرسنّن بھئے
سدا سوُکھ کلیان ॥1॥ رہاءُ ॥

ਸਰਬ ਕਾਰਜ ਸਿਧਿ ਭਏ
ਗਾਇ ਗੁਨ ਗੁਪਾਲ ॥

سرب کارج سِدھِ بھئے
گاءِ گُن گُپال ॥

ਮਿਲਿ ਸਾਧਸੰਗਤਿ ਪ੍ਰਭੂ ਸਿਮਰੇ
ਨਾਠਿਆ ਦੁਖ ਕਾਲ ॥੧॥

مِلِ سادھسنگتِ پّربھوُ سِمرے
ناٹھیا دُکھ کال ॥1॥

ਕਰਿ ਕਿਰਪਾ ਪ੍ਰਭ ਮੇਰਿਆ
ਕਰਉ ਦਿਨੁ ਰੈਨਿ ਸੇਵ ॥

کرِ کِرپا پربھ میریا
کرءُ دِنُ ریَنِ سیو ॥

ਨਾਨਕ ਦਾਸ ਸਰਣਾਗਤੀ
ਹਰਿ ਪੁਰਖ ਪੂਰਨ ਦੇਵ ॥੨॥੫॥੮॥

نانک داس سرٹاگتی
ہرِ پُرکھ پُورن دیو ॥2॥5॥8॥

ਕਲਿਆਨੁ ਮਹਲਾ ੫ ॥

کلیانُ محلا 5 ॥

ਪ੍ਰਭੁ ਮੇਰਾ ਅੰਤਰਜਾਮੀ ਜਾਣੁ ॥

پربھُ میرا انتَرجامی جانُ ॥

ਕਰਿ ਕਿਰਪਾ ਪੂਰਨ ਪਰਮੇਸਰ
ਨਿਹਚਲੁ ਸਚੁ ਸਬਦੁ ਨੀਸਾਣੁ ॥੧॥ ਰਹਾਉ ॥

کرِ کِرپا پُورن پریسر
نِہچلُ سچُ سبدُ نِیشانُ ॥1॥ رہاءُ ॥

ਹਰਿ ਬਿਨੁ ਆਨ ਨ ਕੋਈ ਸਮਰਥੁ
ਤੇਰੀ ਆਸ ਤੇਰਾ ਮਨਿ ਤਾਣੁ ॥

ہرِ بِنُ آن ن کوئی سمرتھُ
تیری آس تیرا منِ تانُ ॥

ਸਰਬ ਘਟਾ ਕੇ ਦਾਤੇ ਸੁਆਮੀ
ਦੇਹਿ ਸੁ ਪਹਿਰਣੁ ਖਾਣੁ ॥੧॥

سرب گھٹا کے داتے سُیامی
دیہِ سُ پہِرنُ کھانُ ॥1॥

ਸੁਰਤਿ ਮਤਿ ਚਤੁਰਾਈ ਸੋਭਾ
ਰੂਪੁ ਰੰਗੁ ਧਨੁ ਮਾਣੁ ॥

سُرتِ متِ چترائی سوبھا
روُپُ رنگُ دھنُ مانُ ॥

ਸਰਬ ਸੂਖ ਆਨੰਦ ਨਾਨਕ
ਜਪਿ ਰਾਮ ਨਾਮੁ ਕਲਿਆਣੁ ॥੨॥੬॥੯॥

سرب سوُکھ آنند نانک
جپِ رام نامُ کلیانُ ॥2॥6॥9॥

ਕਲਿਆਨੁ ਮਹਲਾ ੫ ॥

کلیانُ محلا 5 ॥

ਹਰਿ ਚਰਨ ਸਰਨ ਕਲਿਆਨ ਕਰਨ ॥

ہرِ چرن سرن کلیان کرن ॥

ਪ੍ਰਭ ਨਾਮੁ ਪਤਿਤ ਪਾਵਨੋ ॥੧॥ ਰਹਾਉ ॥

پربھ نامُ پتِت پاونو ॥1॥ رہاءُ ॥

ਸਾਧਸੰਗਿ ਜਪਿ ਨਿਸੰਗ
ਜਮਕਾਲੁ ਤਿਸੁ ਨ ਖਾਵਨੋ ॥੧॥

سادھسنگِ جپِ نِسنگ
جمکالُ تِسُ ن کھاونو ॥1॥

ਮੁਕਤਿ ਜੁਗਤਿ ਅਨਿਕ ਸੂਖ
ਹਰਿ ਭਗਤਿ ਲਵੈ ਨ ਲਾਵਨੋ ॥

مُکتِ جُگتِ انِک سوُکھ
ہرِ بھگتِ لوے ن لاونو ॥

ਪ੍ਰਭ ਦਰਸ ਲੁਬਧ ਦਾਸ ਨਾਨਕ
ਬਹੁੜਿ ਜੋਨਿ ਨ ਧਾਵਨੋ ॥੨॥੭॥੧੦॥

پربھ درس لُبدھ داس نانک
بہُڑِ جونِ ن دھاونو ॥2॥7॥10॥

ਕਲਿਆਨ ਮਹਲਾ ੪ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

ਰਾਮਾ ਰਮ ਰਾਮੋ ਸੁਨਿ ਮਨੁ ਭੀਜੈ ॥

ਹਰਿ ਹਰਿ ਨਾਮੁ ਅੰਮ੍ਰਿਤੁ ਰਸੁ ਮੀਠਾ
ਗੁਰਮਤਿ ਸਹਜੇ ਪੀਜੈ ॥੧॥ ਰਹਾਉ ॥

ਕਾਸਟ ਮਹਿ ਜਿਉ ਹੈ ਬੈਸੰਤਰੁ
ਮਥਿ ਸੰਜਮਿ ਕਾਢਿ ਕਢੀਜੈ ॥

ਰਾਮ ਨਾਮੁ ਹੈ ਜੋਤਿ ਸਬਾਈ
ਤਤੁ ਗੁਰਮਤਿ ਕਾਢਿ ਲਈਜੈ ॥੧॥

ਨਉ ਦਰਵਾਜ ਨਵੇ ਦਰ ਫੀਕੇ
ਰਸੁ ਅੰਮ੍ਰਿਤੁ ਦਸਵੇ ਚੁਈਜੈ ॥

ਕ੍ਰਿਪਾ ਕ੍ਰਿਪਾ ਕਿਰਪਾ ਕਰਿ ਪਿਆਰੇ
ਗੁਰ ਸਬਦੀ ਹਰਿ ਰਸੁ ਪੀਜੈ ॥੨॥

ਕਾਇਆ ਨਗਰੁ ਨਗਰੁ ਹੈ ਨੀਕੋ
ਵਿਚਿ ਸਉਦਾ ਹਰਿ ਰਸੁ ਕੀਜੈ ॥

ਰਤਨ ਲਾਲ ਅਮੋਲ ਅਮੋਲਕ
ਸਤਿਗੁਰ ਸੇਵਾ ਲੀਜੈ ॥੩॥

ਸਤਿਗੁਰੁ ਅਗਮੁ ਅਗਮੁ ਹੈ ਠਾਕੁਰੁ
ਭਰਿ ਸਾਗਰ ਭਗਤਿ ਕਰੀਜੈ ॥

ਕ੍ਰਿਪਾ ਕ੍ਰਿਪਾ ਕਰਿ ਦੀਨ ਹਮ ਸਾਰਿੰਗ
ਇਕ ਬੂੰਦ ਨਾਮੁ ਮੁਖਿ ਦੀਜੈ ॥੪॥

ਲਾਲਨੁ ਲਾਲੁ ਲਾਲੁ ਹੈ ਰੰਗਨੁ
ਮਨੁ ਰੰਗਨ ਕਉ ਗੁਰ ਦੀਜੈ ॥

ਰਾਮ ਰਾਮ ਰਾਮ ਰੰਗਿ ਰਾਤੇ
ਰਸ ਰਸਿਕ ਗਟਕ ਨਿਤ ਪੀਜੈ ॥੫॥

کلیان محلا 4 اسٹپدیا

ؤ ستِگُر پرسادِ ॥

راما رم رامو سُنِ منُ بھیجےَ ॥

ہرِ ہرِ نامُ انمّرِتُ رسُ میٹھا
گُرمتِ سہجے پیجےَ ॥1॥ رہاءُ ॥

کاسٹ مہِ جِءُ ہےَ بیسنّترُ
متھِ سنجمِ کاڈھِ کڈھیجےَ ॥

رام نامُ ہےَ جوتِ سبائی
تتُ گُرمتِ کاڈھِ لئیجےَ ॥1॥

ن ءُ درواز نوے در پھیکے
رسُ انمّرِتُ دسوے چُئیجےَ ॥

کرِپا کرِپا کرِپا کرِ پیارے
گُر سبدی ہرِ رسُ پیجےَ ॥2॥

کائیا نگرُ نگرُ ہےَ نیکو
وِچِ سئُدا ہرِ رسُ کیجےَ ॥

رتن لال امول امولک
ستِگُر سیوا لیجےَ ॥3॥

ستِگُرُ اگمُ اگمُ ہےَ ٹھاکُرُ
بھرِ ساگر بھگتِ کریجےَ ॥

کرِپا کرِپا کرِ دیِن ہم سارِنگ
اِک بوُند نامُ مُکھِ دیجےَ ॥4॥

لالنُ لالُ لالُ ہےَ رنگنُ
منُ رنگن کءُ گُر دیجےَ ॥

رام رام رام رنگِ راتے
رس رسِک گٹک نِت پیجےَ ॥5॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نوں سمرپت | سیوا: بھائی بلجیندر سنگھ جی (راڑا صاہب)

ਬਸੁਧਾ ਸਪਤ ਦੀਪ ਹੈ ਸਾਗਰ
ਕਢਿ ਕੰਚਨੁ ਕਾਢਿ ਧਰੀਜੈ ॥

بسُدھا سپت دیپ ہے ساگر
کڈھِ کنچُن کاڈھِ دھریجے ॥

ਮੇਰੇ ਠਾਕੁਰ ਕੇ ਜਨ ਇਨਹੁ ਨ ਬਾਛਹਿ
ਹਰਿ ਮਾਗਹਿ ਹਰਿ ਰਸੁ ਦੀਜੈ ॥੬॥

میرے ٹھاکُر کے جن اِنہُ ن باچھہِ
ہرِ ماگہِ ہرِ رسُ دیجے ॥6॥

ਸਾਕਤ ਨਰ ਪ੍ਰਾਨੀ ਸਦ ਭੂਖੇ
ਨਿਤ ਭੂਖਨ ਭੂਖ ਕਰੀਜੈ ॥

ساکت نر پرّانی سد بھوُکھے
نِت بھوُکھن بھوُکھ کریجے ॥

ਧਾਵਤੁ ਧਾਇ ਧਾਵਹਿ ਪ੍ਰੀਤਿ ਮਾਇਆ
ਲਖ ਕੋਸਨ ਕਉ ਬਿਥਿ ਦੀਜੈ ॥੭॥

دھاوتُ دھاءِ دھاوہِ پرّیتِ مائیا
لکھ کوسن کءُ بِتھِ دیجے ॥7॥

ਹਰਿ ਹਰਿ ਹਰਿ ਹਰਿ ਹਰਿ ਜਨ ਊਤਮ
ਕਿਆ ਉਪਮਾ ਤਿਨ੍ ਦੀਜੈ ॥

ہرِ ہرِ ہرِ ہرِ ہرِ جن اوُتم
کِیا اُپما تِنّہ دیجے ۔ ॥

ਰਾਮ ਨਾਮ ਤੁਲਿ ਅਉਰੁ ਨ ਉਪਮਾ
ਜਨ ਨਾਨਕ ਕ੍ਰਿਪਾ ਕਰੀਜੈ ॥੮॥੧॥

رام نام تُلِ اُرُ ن اُپما
جن نانک کرِپا کریجے ॥8॥1॥

ਕਲਿਆਨ ਮਹਲਾ ੪ ॥

کلیان محلا 4 ॥

ਰਾਮ ਗੁਰੁ ਪਾਰਸੁ ਪਰਸੁ ਕਰੀਜੈ ॥

رام گُرُ پارسُ پرسُ کریجے ॥

ਹਮ ਨਿਰਗੁਣੀ ਮਨੂਰ ਅਤਿ ਫੀਕੇ
ਮਿਲਿ ਸਤਿਗੁਰ ਪਾਰਸੁ ਕੀਜੈ ॥੧॥ ਰਹਾਉ ॥

ہم نِرگُنی منوُر اتِ پھیکے
مِلِ ستِگُر پارسُ کیجے ॥1॥ رہاءُ ॥

ਸੁਰਗ ਮੁਕਤਿ ਬੈਕੁੰਠ ਸਭਿ ਬਾਂਛਹਿ
ਨਿਤਿ ਆਸਾ ਆਸ ਕਰੀਜੈ ॥

سُرگ مُکتِ بیکُنٹھ سبھِ بانچھہِ
نِتِ آسا آس کریجے ॥

ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ
ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ ॥੧॥

ہرِ درسن کے جن مُکتِ ن مانگہِ
مِلِ درسن ترّپتِ منُ دھیجے ॥1॥

ਮਾਇਆ ਮੋਹੁ ਸਬਲੁ ਹੈ ਭਾਰੀ
ਮੋਹੁ ਕਾਲਖ ਦਾਗ ਲਗੀਜੈ ॥

مائیا موہُ سبلُ ہے بھاری
موہُ کالکھ داگ لگیجے ॥

ਮੇਰੇ ਠਾਕੁਰੁ ਕੇ ਜਨ ਅਲਿਪਤ ਹੈ ਮੁਕਤੇ
ਜਿਉ ਮੁਰਗਾਈ ਪੰਕੁ ਨ ਭੀਜੈ ॥੨॥

میرے ٹھاکُرُ کے جن الپت ہے مُکتے
جِءُ مُرغائی پنکُ ن بھیجے ॥2॥

ਚੰਦਨ ਵਾਸੁ ਭੁਇਅੰਗਮ ਵੇੜੀ

چنّدن واسُ بھُنئنگم ویڑی

ਕਿਵ ਮਿਲੀਐ ਚੰਦਨੁ ਲੀਜੈ ॥

کِو مِلیئے چندَنُ لیجے ॥

ਕਾਢਿ ਖੜਗੁ ਗੁਰ ਗਿਆਨੁ ਕਰਾਰਾ
ਬਿਖੁ ਛੇਦਿ ਛੇਦਿ ਰਸੁ ਪੀਜੈ ॥੩॥

کاڈھِ کھڑگُ گُر گیانُ کرارا
بِکھُ چھیدِ چھیدِ رسُ پیجے ॥3॥

ਆਨਿ ਆਨਿ ਸਮਧਾ ਬਹੁ ਕੀਨੀ
ਪਲੁ ਬੈਸੰਤਰ ਭਸਮ ਕਰੀਜੈ ॥

آنِ آنِ سمدھا بہُ کِینی
پلُ بیسَنتَر بھسم کریجے ॥

ਮਹਾ ਉਗ੍ਰ ਪਾਪ ਸਾਕਤ ਨਰ ਕੀਨੇ
ਮਿਲਿ ਸਾਧੂ ਲੂਕੀ ਦੀਜੈ ॥੪॥

مہا اُگّر پاپ ساکت نر کِینے
مِلِ سادھوُ لوُکی دیجے ॥4॥

ਸਾਧੂ ਸਾਧ ਸਾਧ ਜਨ ਨੀਕੇ
ਜਿਨ ਅੰਤਰਿ ਨਾਮੁ ਧਰੀਜੈ ॥

سادھوُ سادھ سادھ جن نِیکے
جِن انترِ نامُ دھریجے ॥

ਪਰਸ ਨਿਪਰਸੁ ਭਏ ਸਾਧੂ ਜਨ
ਜਨੁ ਹਰਿ ਭਗਵਾਨੁ ਦਿਖੀਜੈ ॥੫॥

پرس نِپرسُ بھئے سادھوُ جن
جنُ ہرِ بھگوانُ دِکھیجے ॥5॥

ਸਾਕਤ ਸੂਤੁ ਬਹੁ ਗੁਰਝੀ ਭਰਿਆ
ਕਿਉ ਕਰਿ ਤਾਨੁ ਤਨੀਜੈ ॥

ساکت سوُتُ بہُ گُرجھی بھریا
کِءُ کرِ تانُ تنیجے ۔ ॥

ਤੰਤੁ ਸੂਤੁ ਕਿਛੁ ਨਿਕਸੈ ਨਾਹੀ
ਸਾਕਤ ਸੰਗੁ ਨ ਕੀਜੈ ॥੬॥

تنّتُ سوُتُ کِچھُ نِکسے ناہی
ساکت سنگُ ن کیجے ॥6॥

ਸਤਿਗੁਰ ਸਾਧਸੰਗਤਿ ਹੈ ਨੀਕੀ
ਮਿਲਿ ਸੰਗਤਿ ਰਾਮੁ ਰਵੀਜੈ ॥

ستِگُر سادھسنگتِ ہے نِیکی
مِلِ سنگتِ رامُ رویجے ॥

ਅੰਤਰਿ ਰਤਨ ਜਵੇਹਰ ਮਾਣਕ
ਗੁਰ ਕਿਰਪਾ ਤੇ ਲੀਜੈ ॥੭॥

انترِ رتن جویہر ماٹک
گُر کِرپا تے لیجے ॥7॥

ਮੇਰਾ ਠਾਕੁਰੁ ਵਡਾ ਵਡਾ ਹੈ ਸੁਆਮੀ
ਹਮ ਕਿਉ ਕਰਿ ਮਿਲਹ ਮਿਲੀਜੈ ॥

میرا ٹھاکُرُ وڈا وڈا ہے سُیامی
ہم کِءُ کرِ مِلہ مِلیجے ۔ ॥

ਨਾਨਕ ਮੇਲਿ ਮਿਲਾਏ ਗੁਰੁ ਪੂਰਾ
ਜਨ ਕਉ ਪੂਰਨੁ ਦੀਜੈ ॥੮॥੨॥

نانک میلِ مِلائے گُرُ پوُرا
جن کءُ پوُرنُ دیجے ॥8॥2॥

ਕਲਿਆਨੁ ਮਹਲਾ ੪ ॥

کلیانُ محلا 4 ॥

ਰਾਮਾ ਰਮ ਰਾਮੋ ਰਾਮੁ ਰਵੀਜੈ ॥

راما رم رامو رامُ رویجے ॥

ਸਾਧੂ ਸਾਧ ਸਾਧ ਜਨ ਨੀਕੇ
ਮਿਲਿ ਸਾਧੂ ਹਰਿ ਰੰਗੁ ਕੀਜੈ ॥੧॥ ਰਹਾਉ ॥

ساد ھُو سادھ سادھ جن نِیکے
مِلِ سادھُو ہرِ رنگُ کِیجےَ ॥1॥ رہاءُ ॥

ਜੀਅ ਜੰਤ ਸਭੁ ਜਗੁ ਹੈ ਜੇਤਾ
ਮਨੁ ਡੋਲਤ ਡੋਲ ਕਰੀਜੈ ॥

جی ء جنّت سبھُ جگُ ہے جیتا
منُ ڈولت ڈول کریجےَ ॥

ਕ੍ਰਿਪਾ ਕ੍ਰਿਪਾ ਕਰਿ ਸਾਧੁ ਮਿਲਾਵਹੁ
ਜਗੁ ਥੰਮਨ ਕਉ ਥੰਮੁ ਦੀਜੈ ॥੧॥

کرِپا کرِپا کرِ سادھُ مِلاوہُ
جگُ تھمّن ک ءُ تھمّمُ دیجےَ ॥1॥

ਬਸੁਧਾ ਤਲੈ ਤਲੈ ਸਭ ਊਪਰਿ
ਮਿਲਿ ਸਾਧੂ ਚਰਨ ਰੁਲੀਜੈ ॥

بسُدھا تلےَ تلےَ سبھ اوُپرِ
مِلِ سادھُو چرن رُلیجےَ ॥

ਅਤਿ ਊਤਮ ਅਤਿ ਊਤਮ ਹੋਵਹੁ
ਸਭ ਸਿਸਟਿ ਚਰਨ ਤਲ ਦੀਜੈ ॥੨॥

اتِ اوُتم اتِ اوُتم ہووہُ
سبھ سِسٹِ چرن تل دیجےَ ॥2॥

ਗੁਰਮੁਖਿ ਜੋਤਿ ਭਲੀ ਸਿਵ ਨੀਕੀ
ਆਨਿ ਪਾਨੀ ਸਕਤਿ ਭਰੀਜੈ ॥

گُرمُکھِ جوتِ بھلی سِو نِیکی
آنِ پانی سکتِ بھریجےَ ॥

ਮੈਨਦੰਤ ਨਿਕਸੇ ਗੁਰ ਬਚਨੀ
ਸਾਰੁ ਚਬਿ ਚਬਿ ਹਰਿ ਰਸੁ ਪੀਜੈ ॥੩॥

میَندنّت نِکسے گُر بچنی
سارُ چبِ چبِ ہرِ رسُ پیجےَ ॥3॥

ਰਾਮ ਨਾਮ ਅਨੁਗ੍ਰਹੁ ਬਹੁ ਕੀਆ
ਗੁਰ ਸਾਧੂ ਪੁਰਖ ਮਿਲੀਜੈ ॥

رام نام انگّرہُ بہُ کِیا
گُر سادھُو پُرکھ مِلیجےَ ॥

ਗੁਨ ਰਾਮ ਨਾਮ ਬਿਸਥੀਰਨ ਕੀਏ
ਹਰਿ ਸਗਲ ਭਵਨ ਜਸੁ ਦੀਜੈ ॥੪॥

گُن رام نام بِستھیرن کیےَ
ہرِ سگل بھون جسُ دیجےَ ॥4॥

ਸਾਧੂ ਸਾਧ ਸਾਧ ਮਨਿ ਪ੍ਰੀਤਮ
ਬਿਨੁ ਦੇਖੇ ਰਹਿ ਨ ਸਕੀਜੈ ॥

سادھُو سادھ سادھ منِ پرّیتم
بِنُ دیکھے رہِ ن سکیجےَ ॥

ਜਿਉ ਜਲ ਮੀਨ ਜਲੰ ਜਲ ਪ੍ਰੀਤਿ ਹੈ
ਖਿਨੁ ਜਲ ਬਿਨੁ ਫੂਟਿ ਮਰੀਜੈ ॥੫॥

جِ ءُ جل مِین جلنَ جل پرّیتِ ہےَ
کھِنُ جل بِنُ پھوُٹِ مریجےَ ॥5॥

ਮਹਾ ਅਭਾਗ ਅਭਾਗ ਹੈ ਜਿਨ ਕੇ
ਤਿਨ ਸਾਧੂ ਧੂਰਿ ਨ ਪੀਜੈ ॥

مہا ابھاگ ابھاگ ہےَ جِن کے
تِن سادھُو دھوُرِ ن پیجےَ ॥

ਤਿਨਾ ਤਿਸਨਾ ਜਲਤ ਜਲਤ ਨਹੀ ਬੂਝਹਿ
ਡੰਡੁ ਧਰਮ ਰਾਇ ਕਾ ਦੀਜੈ ॥੬॥

تِنا تِسنا جلت جلت نہی بوُجھہِ

ਸਭਿ ਤੀਰਥ ਬਰਤ ਜਗ੍ਹ ਪੁੰਨ ਕੀਏ
ਹਿਵੈ ਗਾਲਿ ਗਾਲਿ ਤਨੁ ਛੀਜੈ ॥

ਅਤੁਲਾ ਤੋਲੁ ਰਾਮ ਨਾਮੁ ਹੈ ਗੁਰਮਤਿ
ਕੋ ਪੁਜੈ ਨ ਤੋਲ ਤੁਲੀਜੈ ॥੭॥

ਤਵ ਗੁਨ ਬ੍ਰਹਮ ਬ੍ਰਹਮ ਤੂ ਜਾਨਹਿ
ਜਨ ਨਾਨਕ ਸਰਨਿ ਪਰੀਜੈ ॥

ਤੂ ਜਲ ਨਿਧਿ ਮੀਨ ਹਮ ਤੇਰੇ
ਕਰਿ ਕਿਰਪਾ ਸੰਗਿ ਰਖੀਜੈ ॥੮॥੩॥

ਕਲਿਆਨ ਮਹਲਾ ੪ ॥

ਰਾਮਾ ਰਮ ਰਾਮੋ ਪੂਜ ਕਰੀਜੈ ॥

ਮਨੁ ਤਨੁ ਅਰਪਿ ਧਰਉ ਸਭੁ ਆਗੈ
ਰਸੁ ਗੁਰਮਤਿ ਗਿਆਨੁ ਦ੍ਰਿੜੀਜੈ ॥੧॥ ਰਹਾਉ ॥

ਬ੍ਰਹਮ ਨਾਮ ਗੁਣ ਸਾਖ ਤਰੋਵਰ
ਨਿਤ ਚੁਨਿ ਚੁਨਿ ਪੂਜ ਕਰੀਜੈ ॥

ਆਤਮ ਦੇਉ ਦੇਉ ਹੈ ਆਤਮੁ
ਰਸਿ ਲਾਗੈ ਪੂਜ ਕਰੀਜੈ ॥੧॥

ਬਿਬੇਕ ਬੁਧਿ ਸਭ ਜਗ ਮਹਿ ਨਿਰਮਲ
ਬਿਚਰਿ ਬਿਚਰਿ ਰਸੁ ਪੀਜੈ ॥

ਗੁਰ ਪਰਸਾਦਿ ਪਦਾਰਥੁ ਪਾਇਆ
ਸਤਿਗੁਰ ਕਉ ਇਹੁ ਮਨੁ ਦੀਜੈ ॥੨॥

ਨਿਰਮੋਲਕੁ ਅਤਿ ਹੀਰੋ ਨੀਕੋ
ਹੀਰੈ ਹੀਰੁ ਬਿਧੀਜੈ ॥

ਮਨੁ ਮੋਤੀ ਸਾਲੁ ਹੈ ਗੁਰ ਸਬਦੀ
ਜਿਤੁ ਹੀਰਾ ਪਰਖਿ ਲਈਜੈ ॥੩॥

ڈنڈُ دھرم راءِ کا دیجے ॥6॥

سبھِ تیرتھ برت جگّ پُنّ کیئے
ہِوے گالِ گالِ تنُ چھیجے ॥

اتُلا تولُ رام نامُ ہے گُرمتِ
کو پُجے ن تول تُلیجے ॥7॥

تو گُن برّہم برّہم توُ جانہِ
جن نانک سرنِ پریجے ॥

توُ جل نِدھِ مِین ہم تیرے
کرِ کِرپا سنگِ رکھیجے ॥8॥3॥

کلیان محلا 4 ॥

راما رم راموپوُج کریجے ॥

منُ تنُ ارپِ دھرءُ سبھُ آگے
رسُ گُرمتِ گیانُ دڑِڑیجے ॥1॥ رہاءُ ॥

برّہم نام گُنّ ساکھ ترووَر
نِت چُنِ چُنِ پوُج کریجے ॥

آتم دیءُ دیءُ ہے آتمُ
رسِ لاگے پوُج کریجے ॥1॥

بِبیک بُدھِ سبھ جگ مہِ نِرمل
بِچرِ بِچرِ رسُ پیجے ॥

گُر پرسادِ پدارتھُ پائیا
ستِگُر کءُ اِہُ منُ دیجے ॥2॥

نِرمولکُ اتِ ہیرو نِیکو
ہیرے ہیرُ بِدھیجے ॥

منُ موتی سالُ ہے گُر سبدی
جِتُ ہیرا پرکھِ لئیجے ॥3॥

ਸੰਗਤਿ ਸੰਤ ਸੰਗਿ ਲਗਿ ਊਚੇ
ਜਿਉ ਪੀਪ ਪਲਾਸ ਖਾਇ ਲੀਜੈ ॥

سنگتِ سنّت سنگِ لگِ اوُچے
جِءُ پیپ پلاس کھاءِ لیجے ॥

ਸਭ ਨਰ ਮਹਿ ਪ੍ਰਾਨੀ ਊਤਮੁ ਹੋਵੈ
ਰਾਮ ਨਾਮੈ ਬਾਸੁ ਬਸੀਜੈ ॥੪॥

سبھ نر مہِ پرّانی اوُتمُ ہووے
رام نامے باسُ بسیجے ॥4॥

ਨਿਰਮਲ ਨਿਰਮਲ ਕਰਮ ਬਹੁ ਕੀਨੇ
ਨਿਤ ਸਾਖਾ ਹਰੀ ਜੜੀਜੈ ॥

نِرمل نِرمل کرم بہُ کِینے
نِت ساکھا ہری جڑیجے ॥

ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ
ਬਹਕਾਰ ਬਾਸੁ ਜਗਿ ਦੀਜੈ ॥੫॥

دھرمُ پھُلُ پھلُ گُرِ گیانُ دڑِڑائیا
بہکار باسُ جگِ دیجے ॥5॥

ਏਕ ਜੋਤਿ ਏਕੋ ਮਨਿ ਵਸਿਆ
ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ ॥

ایک جوتِ ایکو منِ وسِیا
سبھ برہم دڑِسٹِ اِکُ کیجے ॥

ਆਤਮ ਰਾਮੁ ਸਭ ਏਕੈ ਹੈ ਪਸਰੇ
ਸਭ ਚਰਨ ਤਲੇ ਸਿਰੁ ਦੀਜੈ ॥੬॥

آتم رامُ سبھ ایکے ہے پسرے
سبھ چرن تلے سِرُ دیجے ॥6॥

ਨਾਮ ਬਿਨਾ ਨਕਟੇ ਨਰ ਦੇਖਹੁ
ਤਿਨ ਘਸਿ ਘਸਿ ਨਾਕ ਵਢੀਜੈ ॥

نام بِنا نکٹے نر دیکھہُ
تِن گھسِ گھسِ ناک وڈھیجے ॥

ਸਾਕਤ ਨਰ ਅਹੰਕਾਰੀ ਕਹੀਅਹਿ
ਬਿਨੁ ਨਾਵੈ ਧ੍ਰਿਗੁ ਜੀਵੀਜੈ ॥੭॥

ساکت نر اہنکاری کہیئہِ
بِنُ ناوے دھرِگُ جیویجے ॥7॥

ਜਬ ਲਗੁ ਸਾਸੁ ਸਾਸੁ ਮਨ ਅੰਤਰਿ
ਤਤੁ ਬੇਗਲ ਸਰਨਿ ਪਰੀਜੈ ॥

جب لگُ ساسُ ساسُ من انتّرِ
تتُ بیگل سرنِ پریجے ॥

ਨਾਨਕ ਕ੍ਰਿਪਾ ਕ੍ਰਿਪਾ ਕਰਿ ਧਾਰਹੁ
ਮੈ ਸਾਧੂ ਚਰਨ ਪਖੀਜੈ ॥੮॥੪॥

نانک کرِپا کرِپا کرِ دھارہُ
مے سادھوُ چرن پکھیجے ॥8॥4॥

ਕਲਿਆਨ ਮਹਲਾ ੪ ॥

کلیان محلا 4 ॥

ਰਾਮਾ ਮੈ ਸਾਧੂ ਚਰਨ ਧੁਵੀਜੈ ॥

راما مے سادھوُ چرن دھُویجے ॥

ਕਿਲਬਿਖ ਦਹਨ ਹੋਹਿ ਖਿਨ ਅੰਤਰਿ
ਮੇਰੇ ਠਾਕੁਰ ਕਿਰਪਾ ਕੀਜੈ ॥੧॥ ਰਹਾਉ ॥

کِلبِکھ دہن ہوہِ کھِن انتّرِ
میرے ٹھاکُر کرِپا کیجے ॥1॥ رہاءُ ॥

ਮੰਗਤ ਜਨ ਦੀਨ ਖਰੇ ਦਰਿ ਠਾਢੇ

منگت جن دِین کھرے درِ ٹھاڈھے

ਅਤਿ ਤਰਸਨ ਕਉ ਦਾਨੁ ਦੀਜੈ ॥

اتِ ترسن ک ءُ دانُ دیجےَ ॥

ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ
ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ ॥੧॥

تّراہِ تّراہِ سرنِ پّربھ آئے
مو ک ءُ گُرمتِ نامُ دّرڑیجےَ ॥1॥

ਕਾਮ ਕਰੋਧੁ ਨਗਰ ਮਹਿ ਸਬਲਾ
ਨਿਤ ਉਠਿ ਉਠਿ ਜੂਝੁ ਕਰੀਜੈ ॥

کام کرودھُ نگر مہِ سبلا
نِت اُٹھِ اُٹھِ جوُجھُ کریجےَ ॥

ਅੰਗੀਕਾਰੁ ਕਰਹੁ ਰਖਿ ਲੇਵਹੁ
ਗੁਰ ਪੂਰਾ ਕਾਢਿ ਕਢੀਜੈ ॥੨॥

انگیکارُ کرہُ رکھِ لیوہُ
گُر پوُرا کاڈھِ کڈھیجےَ ॥2॥

ਅੰਤਰਿ ਅਗਨਿ ਸਬਲ ਅਤਿ ਬਿਖਿਆ
ਹਿਵ ਸੀਤਲੁ ਸਬਦੁ ਗੁਰ ਦੀਜੈ ॥

انّترِ اگنِ سبل اتِ بِکھیا
ہِو سیِتلُ سبدُ گُر دیجےَ ॥

ਤਨਿ ਮਨਿ ਸਾਂਤਿ ਹੋਇ ਅਧਿਕਾਈ
ਰੋਗੁ ਕਾਟੈ ਸੁਖਿ ਸਵੀਜੈ ॥੩॥

تنِ منِ سانتِ ہوءِ ادھِکائی
روگُ کاٹے سوُکھِ سویجےَ ॥3॥

ਜਿਉ ਸੂਰਜੁ ਕਿਰਣਿ ਰਵਿਆ ਸਰਬ ਠਾਈ
ਸਭ ਘਟਿ ਘਟਿ ਰਾਮੁ ਰਵੀਜੈ ॥

جِءُ سوُرجُ کِرنِ روِیا سرب ٹھائی
سبھ گھٹِ گھٹِ رامُ رویجےَ ॥

ਸਾਧੂ ਸਾਧ ਮਿਲੇ ਰਸੁ ਪਾਵੈ
ਤਤੁ ਨਿਜ ਘਰਿ ਬੈਠਿਆ ਪੀਜੈ ॥੪॥

سادھوُ سادھ مِلے رسُ پاوےَ
تتُ نِج گھرِ بیٹھیا پیجےَ ॥4॥

ਜਨ ਕਉ ਪ੍ਰੀਤਿ ਲਗੀ ਗੁਰ ਸੇਤੀ
ਜਿਉ ਚਕਵੀ ਦੇਖਿ ਸੂਰੀਜੈ ॥

جن ک ءُ پّریِتِ لگی گُر سیتی
جِءُ چکوی دیکھِ سوُریجےَ ॥

ਨਿਰਖਤ ਨਿਰਖਤ ਰੈਨਿ ਸਭ ਨਿਰਖੀ
ਮੁਖੁ ਕਾਢੈ ਅੰਮ੍ਰਿਤੁ ਪੀਜੈ ॥੫॥

نِرکھت نِرکھت رینِ سبھ نِرکھی
مُکھُ کاڈھےَ انّمرِتُ پیجےَ ॥5॥

ਸਾਕਤ ਸੁਆਨ ਕਹੀਅਹਿ ਬਹੁ ਲੋਭੀ
ਬਹੁ ਦੁਰਮਤਿ ਮੈਲੁ ਭਰੀਜੈ ॥

ساکت سُیان کہِیئہِ بہُ لوبھی
بہُ دُرمتِ میَلُ بھریجےَ ॥

ਆਪਨ ਸੁਆਇ ਕਰਹਿ ਬਹੁ ਬਾਤਾ
ਤਿਨਾ ਕਾ ਵਿਸਾਹੁ ਕਿਆ ਕੀਜੈ ॥੬॥

آپن سُیاءِ کرہِ بہُ باتا
تِنا کا وِساہُ کیا کیجےَ ۔ ॥6॥

ਸਾਧੂ ਸਾਧ ਸਰਨਿ ਮਿਲਿ ਸੰਗਤਿ
ਜਿਤੁ ਹਰਿ ਰਸੁ ਕਾਢਿ ਕਢੀਜੈ ॥

سادھوُ سادھ سرنِ مِلِ سنگتِ
جِتُ ہرِ رسُ کاڈھِ کڈھیجےَ ॥

ਪਰਉਪਕਾਰ ਬੋਲਹਿ ਬਹੁ ਗੁਣੀਆ
ਮੁਖਿ ਸੰਤ ਭਗਤ ਹਰਿ ਦੀਜੈ ॥੭॥

پرُپکار بولہِ بہُ گُنیا
مُکھِ سنّت بھگت ہرِ دیجےَ ॥7॥

ਤੂ ਅਗਮ ਦਇਆਲ ਦਇਆ ਪਤਿ ਦਾਤਾ
ਸਭ ਦਇਆ ਧਾਰਿ ਰਖਿ ਲੀਜੈ ॥

توُ اگم دئیال دئیا پتِ داتا
سبھ دئیا دھارِ رکھِ لیجےَ ॥

ਸਰਬ ਜੀਅ ਜਗਜੀਵਨੁ ਏਕੋ
ਨਾਨਕ ਪ੍ਰਤਿਪਾਲ ਕਰੀਜੈ ॥੮॥੫॥

سرب جیء جگجیونُ ایکو
نانک پرتپال کریجےَ ॥8॥5॥

ਕਲਿਆਨੁ ਮਹਲਾ ੪ ॥

کلیانُ محلا 4 ॥

ਰਾਮਾ ਹਮ ਦਾਸਨ ਦਾਸ ਕਰੀਜੈ ॥

راما ہم داسن داس کریجےَ ॥

ਜਬ ਲਗਿ ਸਾਸੁ ਹੋਇ ਮਨ ਅੰਤਰਿ
ਸਾਧੂ ਧੂਰਿ ਪਿਵੀਜੈ ॥੧॥ ਰਹਾਉ ॥

جب لگِ ساسُ ہوءِ من انترِ
سادھوُ دھوُرِ پویجےَ ॥1॥ رہاءُ ॥

ਸੰਕਰੁ ਨਾਰਦੁ ਸੇਖਨਾਗ ਮੁਨਿ
ਧੂਰਿ ਸਾਧੂ ਕੀ ਲੋਚੀਜੈ ॥

سنکرُ نارد سیکھناگ مُنِ
دھوُرِ سادھوُ کی لوچیجےَ ॥

ਭਵਨ ਭਵਨ ਪਵਿਤੁ ਹੋਹਿ ਸਭਿ
ਜਹ ਸਾਧੂ ਚਰਨ ਧਰੀਜੈ ॥੧॥

بھون بھون پوِتُ ہوہِ سبھِ
جہ سادھوُ چرن دھریجےَ ॥1॥

ਤਜਿ ਲਾਜ ਅਹੰਕਾਰੁ ਸਭੁ ਤਜੀਐ
ਮਿਲਿ ਸਾਧੂ ਸੰਗਿ ਰਹੀਜੈ ॥

تجِ لاج اہنکارُ سبھُ تجیئے
مِلِ سادھوُ سنگِ رہیجےَ ॥

ਧਰਮ ਰਾਇ ਕੀ ਕਾਨਿ ਚੁਕਾਵੈ
ਬਿਖੁ ਡੁਬਦਾ ਕਾਢਿ ਕਢੀਜੈ ॥੨॥

دھرم راءِ کی کانِ چُکاوےَ
بِکھُ ڈُبدا کاڈھِ کڈھیجےَ ॥2॥

ਭਰਮਿ ਸੂਕੇ ਬਹੁ ਉਭਿ ਸੁਕ ਕਹੀਅਹਿ
ਮਿਲਿ ਸਾਧੂ ਸੰਗਿ ਹਰੀਜੈ ॥

بھرمِ سوُکے بہُ اُبھِ سُک کہیئہِ
مِلِ سادھوُ سنگِ ہریجےَ ॥

ਤਾ ਤੇ ਬਿਲਮੁ ਪਲੁ ਢਿਲ ਨ ਕੀਜੈ
ਜਾਇ ਸਾਧੂ ਚਰਨਿ ਲਗੀਜੈ ॥੩॥

تا تے بِلمُ پلُ ڈھِل ن کیجےَ
جاءِ سادھوُ چرنِ لگیجےَ ॥3॥

ਰਾਮ ਨਾਮ ਕੀਰਤਨ ਰਤਨ ਵਥੁ
ਹਰਿ ਸਾਧੂ ਪਾਸਿ ਰਖੀਜੈ ॥

رام نام کیرتن رتن وتھُ
ہرِ سادھوُ پاسِ رکھیجےَ ॥

ਜੋ ਬਚਨੁ ਗੁਰ ਸਤਿ ਸਤਿ ਕਰਿ ਮਾਨੈ

جو بچنُ گُر ستِ ستِ کرِ مانے

ਤਿਸੁ ਆਗੈ ਕਾਢਿ ਧਰੀਜੈ ॥੪॥

تِس آگے کاڈھِ دھریجے ॥4॥

ਸੰਤਹੁ ਸੁਨਹੁ ਸੁਨਹੁ ਜਨ ਭਾਈ
ਗੁਰਿ ਕਾਢੀ ਬਾਹ ਕੁਕੀਜੈ ॥

سنّتہُ سُننہُ سُننہُ جن بھائی
گُرِ کاڈھی باہ کُکیجے ॥

ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ
ਤਾਂ ਸਤਿਗੁਰ ਸਰਨਿ ਪਵੀਜੈ ॥੫॥

جے آتم ک ءُ سُکھُ سُکھُ نِت لوڑہُ
تاں ستِگُر سرنِ پویجے ॥5॥

ਜੇ ਵਡ ਭਾਗੁ ਹੋਇ ਅਤਿ ਨੀਕਾ
ਤਾਂ ਗੁਰਮਤਿ ਨਾਮੁ ਦ੍ਰਿੜੀਜੈ ॥

جے وڈ بھاگُ ہوءِ اتِ نِکا
تاں گُرمتِ نامُ ڈرِڑیجے ॥

ਸਭੁ ਮਾਇਆ ਮੋਹੁ ਬਿਖਮੁ ਜਗੁ ਤਰੀਐ
ਸਹਜੇ ਹਰਿ ਰਸ ਪੀਜੈ ॥੬॥

سبھُ مائیا موہُ بِکھمُ جگُ تریئے
سہجے ہرِ رس پیجے ॥6॥

ਮਾਇਆ ਮਾਇਆ ਕੇ ਜੋ ਅਧਿਕਾਈ
ਵਿਚਿ ਮਾਇਆ ਪਚੈ ਪਚੀਜੈ ॥

مائیا مائیا کے جو ادھِکائی
وِچِ مائیا پچے پچیجے ॥

ਅਗਿਆਨੁ ਅੰਧੇਰੁ ਮਹਾ ਪੰਥੁ ਬਿਖੜਾ
ਅਹੰਕਾਰਿ ਭਾਰਿ ਲਦਿ ਲੀਜੈ ॥੭॥

اگیانُ اندھیرُ مہا پنتھُ بِکھڑا
اہنکارِ بھارِ لدِ لیجے ॥7॥

ਨਾਨਕ ਰਾਮ ਰਮ ਰਮੁ ਰਮ
ਰਮ ਰਾਮੈ ਤੇ ਗਤਿ ਕੀਜੈ ॥

نانک رام رم رمُ رم
رم رامے تے گتِ کیجے ॥

ਸਤਿਗੁਰੁ ਮਿਲੈ ਤਾ ਨਾਮੁ ਦ੍ਰਿੜਾਏ
ਰਾਮ ਨਾਮੈ ਰਲੈ ਮਿਲੀਜੈ ॥੮॥੬॥ ਛਕਾ ੧ ॥

ستِگُرُ ملے تا نامُ ڈرِڑائے
رام نامے رلے ملیجے ॥8॥6॥ چھکا 1 ॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ
ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ੴ ستِنامُ کرتا پُرکھُ نِربھءُ نِرویرُ اکال مورتِ اجونی سیبھنّ گُرپرّسادِ ॥

ਰਾਗੁ ਪਰਭਾਤੀ ਬਿਭਾਸ ਮਹਲਾ ੧ ਚਉਪਦੇ ਘਰੁ ੧ ॥

راگُ پربھاتی بِبھاس محلا 1 چئُپدے گھرُ 1 ॥

ਨਾਇ ਤੇਰੈ ਤਰਣਾ ਨਾਇ ਪਤਿ ਪੂਜ ॥

ناءِ تیرے ترنا ناءِ پتِ پوُج ॥

ਨਾਉ ਤੇਰਾ ਗਹਣਾ ਮਤਿ ਮਕਸੂਦੁ ॥

ناءُ تیرا گہنا متِ مقسوُدُ ॥

ਨਾਇ ਤੇਰੈ
ਨਾਉ ਮੰਨੇ ਸਭ ਕੋਇ ॥

ناءِ تیرے
ناءُ منّنے سبھ کوءِ ॥

ਵਿਣੁ ਨਾਵੈ ਪਤਿ ਕਬਹੁ ਨ ਹੋਇ ॥੧॥

وِنُ ناوے پتِ کبہُ ن ہوءِ ॥1॥

ਅਵਰ ਸਿਆਣਪ ਸਗਲੀ ਪਾਜੁ ॥	اور سِیاٹپ سگلی پاجُ ॥
ਜੈ ਬਖਸੇ ਤੈ ਪੂਰਾ ਕਾਜੁ ॥੧॥ ਰਹਾਉ ॥	جے بخشے تے پُورا کاجُ ॥1॥ رہاءُ ॥
ਨਾਉ ਤੇਰਾ ਤਾਣੁ ਨਾਉ ਦੀਬਾਣੁ ॥	ناءُ تیرا تانُ ناءُ دِیبانُ ॥
ਨਾਉ ਤੇਰਾ ਲਸਕਰੁ ਨਾਉ ਸੁਲਤਾਨੁ ॥	ناءُ تیرا لشکرُ ناءُ سُلطانُ ॥
ਨਾਇ ਤੇਰੈ ਮਾਣੁ ਮਹਤ ਪਰਵਾਣੁ ॥	ناءِ تیرے مانُ مہت پروانُ ॥
ਤੇਰੀ ਨਦਰੀ ਕਰਮਿ ਪਵੈ ਨੀਸਾਣੁ ॥੨॥	تیری ندری کرمِ پوے نِیشانُ ॥2॥
ਨਾਇ ਤੇਰੈ ਸਹਜੁ ਨਾਇ ਸਾਲਾਹ ॥	ناءِ تیرے سہجُ ناءِ سالاح ॥
ਨਾਉ ਤੇਰਾ ਅੰਮ੍ਰਿਤੁ ਬਿਖੁ ਉਠਿ ਜਾਇ ॥	ناءُ تیرا انمّرِتُ بِکھُ اُٹھِ جاءِ ॥
ਨਾਇ ਤੇਰੈ ਸਭਿ ਸੁਖ ਵਸਹਿ ਮਨਿ ਆਇ ॥	ناءِ تیرے سبھِ سُکھ وسہِ منِ آءِ ॥
ਬਿਨੁ ਨਾਵੈ ਬਾਧੀ ਜਮ ਪੁਰਿ ਜਾਇ ॥੩॥	بِنُ ناوے بادھی جم پُرِ جاءِ ॥3॥
ਨਾਰੀ ਬੇਰੀ ਘਰ ਦਰ ਦੇਸ ॥	ناری بیری گھر در دیس ॥
ਮਨ ਕੀਆ ਖੁਸੀਆ ਕੀਚਹਿ ਵੇਸ ॥	من کِیا کھُسِیا کیچہِ ویس ॥
ਜਾਂ ਸਦੇ ਤਾਂ ਢਿਲ ਨ ਪਾਇ ॥	جاں صدے تاں ڈھِل ن پاءِ ॥
ਨਾਨਕ ਕੂੜੁ ਕੂੜੋ ਹੋਇ ਜਾਇ ॥੪॥੧॥	نانک کوُڑُ کوُڑہ ہوءِ جاءِ ॥4॥1॥
ਪ੍ਰਭਾਤੀ ਮਹਲਾ ੧ ॥	پربھاتی محلا 1 ॥
ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ ॥	تیرا نامُ رتنُ کرمُ چانُ سُرتِ تِتھے لوءِ ॥
ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥੧॥	انّدھیرُ انّدھی واپرے سگل لِیجے کھوءِ ॥1॥
ਇਹੁ ਸੰਸਾਰੁ ਸਗਲ ਬਿਕਾਰੁ ॥	اِہُ سنّسارُ سگل بِکارُ ॥
ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ ॥੧॥ ਰਹਾਉ ॥	تیرا نامُ دارُو اورُ ناستِ کرنّہارُ اپارُ ॥1॥ رہاءُ ॥
ਪਾਤਾਲ ਪੁਰੀਆ ਏਕ ਭਾਰ ਹੋਵਹਿ ਲਾਖ ਕਰੋੜਿ ॥	پاتال پُرِیا ایک بھار

ਹੋਵਹِ ਲਾਖ ਕਰੋੜਿ ॥

ਤੇਰੇ ਲਾਲ ਕੀਮਤਿ ਤਾ ਪਵੈ
ਜਾਂ ਸਿਰੈ ਹੋਵਹਿ ਹੋਰਿ ॥੨॥

تیرے لال قِیمتِ تا پوے
جاں سِرے ہووہِ ہورِ ॥2॥

ਦੂਖਾ ਤੇ ਸੁਖ ਊਪਜਹਿ
ਸੂਖੀ ਹੋਵਹਿ ਦੂਖ ॥

دوُکھا تے سُکھ اوُپجہِ
سوُکھی ہووہِ دوُکھ ॥

ਜਿਤੁ ਮੁਖਿ ਤੂ ਸਾਲਾਹੀਅਹਿ
ਤਿਤੁ ਮੁਖਿ ਕੈਸੀ ਭੂਖ ॥੩॥

جِتُ مُکھِ توُ سالاحِیئہِ
تِتُ مُکھِ کیَسی بھوُکھ ۔ ॥3॥

ਨਾਨਕ ਮੂਰਖੁ ਏਕੁ ਤੂ
ਅਵਰੁ ਭਲਾ ਸੈਸਾਰੁ ॥

نانک موُرکھُ ایکُ توُ
اورُ بھلا سیَسارُ ॥

ਜਿਤੁ ਤਨਿ ਨਾਮੁ ਨ ਊਪਜੈ
ਸੇ ਤਨ ਹੋਹਿ ਖੁਆਰ ॥੪॥੨॥

جِتُ تنِ نامُ ن اوُپجےَ
سے تن ہوہِ خُیار ॥4॥2॥

ਪ੍ਰਭਾਤੀ ਮਹਲਾ ੧ ॥

پّربھاتی محلا 1 ॥

ਜੈ ਕਾਰਣਿ ਬੇਦ ਬ੍ਰਹਮੈ ਉਚਰੇ
ਸੰਕਰਿ ਛੋਡੀ ਮਾਇਆ ॥

جےَ کارنِ بید بّرہمےَ اُچرے
سنکرِ چھوڈی مائیا ॥

ਜੈ ਕਾਰਣਿ ਸਿਧ ਭਏ ਉਦਾਸੀ
ਦੇਵੀ ਮਰਮੁ ਨ ਪਾਇਆ ॥੧॥

جےَ کارنِ سِدھ بھئے اُداسی
دیوی مرمُ ن پائیا ॥1॥

ਬਾਬਾ ਮਨਿ ਸਾਚਾ ਮੁਖਿ ਸਾਚਾ ਕਹੀਐ
ਤਰੀਐ ਸਾਚਾ ਹੋਈ ॥

بابا منِ ساچا مُکھِ ساچا کہیئےَ
ترِیئےَ ساچا ہوئی ॥

ਦੁਸਮਨੁ ਦੂਖੁ ਨ ਆਵੈ ਨੇੜੈ
ਹਰਿ ਮਤਿ ਪਾਵੈ ਕੋਈ ॥੧॥ ਰਹਾਉ ॥

دُسمنُ دوُکھُ ن آوے نیڑےَ
ہرِ متِ پاوے کوئی ॥1॥ رہاءُ ॥

ਅਗਨਿ ਬਿੰਬ ਪਵਣੈ ਕੀ ਬਾਣੀ
ਤੀਨਿ ਨਾਮ ਕੇ ਦਾਸਾ ॥

اگنِ بِنّب پوتّے کی باتّی
تِینِ نام کے داسا ॥

ਤੇ ਤਸਕਰ ਜੋ ਨਾਮੁ ਨ ਲੇਵਹਿ
ਵਾਸਹਿ ਕੋਟ ਪੰਚਾਸਾ ॥੨॥

تے تسکر جو نامُ ن لیوہِ
واسہِ کوٹ پنّچاسا ॥2॥

ਜੇ ਕੋ ਏਕ ਕਰੈ ਚੰਗਿਆਈ

جے کو ایک کرے چنگّیائی

ਮਨਿ ਚਿਤਿ ਬਹੁਤੁ ਬਫਾਵੈ ॥

ایتے گُن ایتیا چنگیائیا
دےءِ ن پچھوتاوے ॥3॥

ਏਤੇ ਗੁਣ ਏਤੀਆ ਚੰਗਿਆਈਆ
ਦੇਇ ਨ ਪਛੋਤਾਵੈ ॥੩॥

ਤੁਧੁ ਸਾਲਾਹਨਿ ਤਿਨ ਧਨੁ ਪਲੈ
ਨਾਨਕ ਕਾ ਧਨੁ ਸੋਈ ॥

ٹُدھُ سالاحنِ تِن دھنُ پلے
نانک کا دھنُ سوئی ॥

ਜੇ ਕੋ ਜੀਉ ਕਹੈ ਓਨਾ ਕਉ
ਜਮ ਕੀ ਤਲਬ ਨ ਹੋਈ ॥੪॥੩॥

جے کو جیءُ کہے اونا کءُ
جم کی طلب ن ہوئی ॥4॥3॥

ਪ੍ਰਭਾਤੀ ਮਹਲਾ ੧ ॥

پربھاتی محلا 1 ॥

ਜਾ ਕੈ ਰੂਪੁ ਨਾਹੀ ਜਾਤਿ ਨਾਹੀ
ਨਾਹੀ ਮੁਖੁ ਮਾਸਾ ॥

جا کے روپُ ناہی زاتِ ناہی
ناہی مُکھُ ماشا ॥

ਸਤਿਗੁਰਿ ਮਿਲੇ ਨਿਰੰਜਨੁ ਪਾਇਆ
ਤੇਰੈ ਨਾਮਿ ਹੈ ਨਿਵਾਸਾ ॥੧॥

ستِگُرِ ملے نِرنجنُ پائیا
تیرے نامِ ہے نِواسا ॥1॥

ਅਉਧੂ ਸਹਜੇ ਤਤੁ ਬੀਚਾਰਿ ॥

ائدھوُ سہجے تتُ بیچارِ ॥

ਜਾ ਤੇ ਫਿਰਿ ਨ ਆਵਹੁ ਸੈਸਾਰਿ ॥੧॥ ਰਹਾਉ ॥

جا تے پھِرِ ن آوہُ سیَسارِ ॥1॥ رہاءُ ॥

ਜਾ ਕੈ ਕਰਮੁ ਨਾਹੀ ਧਰਮੁ ਨਾਹੀ
ਨਾਹੀ ਸੁਚਿ ਮਾਲਾ ॥

جا کے کرمُ ناہی دھرمُ ناہی
ناہی سُچِ مالا ॥

ਸਿਵ ਜੋਤਿ ਕੰਨਹੁ ਬੁਧਿ ਪਾਈ
ਸਤਿਗੁਰੂ ਰਖਵਾਲਾ ॥੨॥

سِو جوتِ کنّنہُ بُدھِ پائی
ستِگُروُ رکھوالا ॥2॥

ਜਾ ਕੈ ਬਰਤੁ ਨਾਹੀ ਨੇਮੁ ਨਾਹੀ
ਨਾਹੀ ਬਕਬਾਈ ॥

جا کے برتُ ناہی نیمُ ناہی
ناہی بکبائی ॥

ਗਤਿ ਅਵਗਤਿ ਕੀ ਚਿੰਤ ਨਾਹੀ
ਸਤਿਗੁਰੂ ਫੁਰਮਾਈ ॥੩॥

گتِ اوگتِ کی چِنّت ناہی
ستِگُروُ فُرمائی ॥3॥

ਜਾ ਕੈ ਆਸ ਨਾਹੀ ਨਿਰਾਸ ਨਾਹੀ
ਚਿਤਿ ਸੁਰਤਿ ਸਮਝਾਈ ॥

جا کے آس ناہی نِراس ناہی
چِتِ سُرتِ سمجھائی ॥

ਤੰਤ ਕਉ ਪਰਮ ਤੰਤੁ ਮਿਲਿਆ

تنّت کءُ پرم تنّتُ مِلیا

ਨਾਨਕਾ ਬੁਧਿ ਪਾਈ ॥੪॥੪॥

نانکا بُدھِ پائی ॥4॥4॥

ਪ੍ਰਭਾਤੀ ਮਹਲਾ ੧ ॥

پربھاتی محلا 1 ॥

ਤਾ ਕਾ ਕਹਿਆ ਦਰਿ ਪਰਵਾਣੁ ॥

تا کا کہیا درِ پروانُ ॥

ਬਿਖੁ ਅੰਮ੍ਰਿਤੁ ਦੁਇ ਸਮ ਕਰਿ ਜਾਣੁ ॥੧॥

بِکھُ انمّرِتُ دُءِ سم کرِ جانُ ॥1॥

ਕਿਆ ਕਹੀਐ ਸਰਬੇ ਰਹਿਆ ਸਮਾਇ ॥

کِیا کہیئے سربے رہِیا سماءِ ॥

ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥੧॥ ਰਹਾਉ ॥

جو کِچھُ ورتے سبھ تیری رضاءِ ॥1॥ رہاءُ ॥

ਪ੍ਰਗਟੀ ਜੋਤਿ ਚੂਕਾ ਅਭਿਮਾਨੁ ॥

پرگٹی جوتِ چوُکا ابھمانُ ॥

ਸਤਿਗੁਰਿ ਦੀਆ ਅੰਮ੍ਰਿਤ ਨਾਮੁ ॥੨॥

ستِگُرِ دیِیا انمّرِت نامُ ॥2॥

ਕਲਿ ਮਹਿ ਆਇਆ ਸੋ ਜਨੁ ਜਾਣੁ ॥

کلِ مہِ آئیا سو جنُ جانُ ॥

ਸਾਚੀ ਦਰਗਹ ਪਾਵੈ ਮਾਣੁ ॥੩॥

ساچی درگہ پاوے مانُ ॥3॥

ਕਹਣਾ ਸੁਨਣਾ ਅਕਥ ਘਰਿ ਜਾਇ ॥

کہٹا سُنٹا اکتھ گھرِ جاءِ ॥

ਕਥਨੀ ਬਦਨੀ ਨਾਨਕ ਜਲਿ ਜਾਇ ॥੪॥੫॥

کتھنی بدنی نانک جلِ جاءِ ॥4॥5॥

ਪ੍ਰਭਾਤੀ ਮਹਲਾ ੧ ॥

پربھاتی محلا 1 ॥

ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ
ਅਠਸਠਿ ਤੀਰਥ ਸੰਗਿ ਗਹੇ ॥

انمّرِتُ نیرُ گیانِ من مجنُ
اٹھسٹھِ تیرتھ سنگِ گہے ॥

ਗੁਰ ਉਪਦੇਸਿ ਜਵਾਹਰ ਮਾਣਕ
ਸੇਵੇ ਸਿਖੁ ਸੋ ਖੋਜਿ ਲਹੈ ॥੧॥

گُر اُپدیسِ جواہر مانٹک
سیوے سِکھُ سو کھوجِ لہے ॥1॥

ਗੁਰ ਸਮਾਨਿ ਤੀਰਥੁ ਨਹੀ ਕੋਇ ॥

گُر سمانِ تیرتھُ نہی کوءِ ॥

ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ ਰਹਾਉ ॥

سرُ سنّتوکھُ تاسُ گُرُ ہوءِ ॥1॥ رہاءُ ॥

ਗੁਰੁ ਦਰੀਆਉ ਸਦਾ ਜਲੁ ਨਿਰਮਲੁ
ਮਿਲਿਆ ਦੁਰਮਤਿ ਮੈਲੁ ਹਰੈ ॥

گُرُ دریِیاءُ سدا جلُ نِرملُ
مِلیا دُرمتِ میَلُ ہرے ॥

ਸਤਿਗੁਰਿ ਪਾਇਐ ਪੂਰਾ ਨਾਵਣੁ
ਪਸੂ ਪਰੇਤਹੁ ਦੇਵ ਕਰੈ ॥੨॥

ستِگُرِ پائے پُورا ناونُ
پسُو پریتہُ دیو کرے ॥2॥

ਰਤਾ ਸਚਿ ਨਾਮਿ ਤਲ ਹੀਅਲੁ
ਸੋ ਗੁਰੁ ਪਰਮਲੁ ਕਹੀਐ ॥

رتا سچِ نامِ تل ہِیَلُ
سو گُرُ پرملُ کہیئے ॥

ਜਾ ਕੀ ਵਾਸੁ ਬਨਾਸਪਤਿ ਸਉਰੈ
ਤਾਸ ਚਰਣ ਲਿਵ ਰਹੀਐ ॥੩॥

جا کی واسُ بناسپتِ سئُرے
تاس چرنؒ لِو رہیئے ॥3॥

ਗੁਰਮੁਖਿ ਜੀਅ ਪ੍ਰਾਨ ਉਪਜਹਿ
ਗੁਰਮੁਖਿ ਸਿਵ ਘਰਿ ਜਾਈਐ ॥

گُرمُکھِ جیء پران اُپجہِ
گُرمُکھِ سِو گھرِ جائیئے ॥

ਗੁਰਮੁਖਿ ਨਾਨਕ ਸਚਿ ਸਮਾਈਐ
ਗੁਰਮੁਖਿ ਨਿਜ ਪਦੁ ਪਾਈਐ ॥੪॥੬॥

گُرمُکھِ نانک سچِ سمائیئے
گُرمُکھِ نج پدُ پائیئے ॥4॥6॥

ਪ੍ਰਭਾਤੀ ਮਹਲਾ ੧ ॥

پربھاتی محلا 1 ॥

ਗੁਰ ਪਰਸਾਦੀ ਵਿਦਿਆ ਵੀਚਾਰੈ
ਪੜਿ ਪੜਿ ਪਾਵੈ ਮਾਨੁ ॥

گُر پرسادی وِدیا ویچارے
پڑِ پڑِ پاوے مانُ ॥

ਆਪਾ ਮਧੇ ਆਪੁ ਪਰਗਾਸਿਆ
ਪਾਇਆ ਅੰਮ੍ਰਿਤੁ ਨਾਮੁ ॥੧॥

آپا مدھے آپُ پرگاسیا
پائیا انمرِتُ نامُ ॥1॥

ਕਰਤਾ ਤੂ ਮੇਰਾ ਜਜਮਾਨੁ ॥

کرتا توُ میرا ججمانُ ॥

ਇਕ ਦਖਿਣਾ ਹਉ ਤੈ ਪਹਿ ਮਾਗਉ
ਦੇਹਿ ਆਪਣਾ ਨਾਮੁ ॥੧॥ ਰਹਾਉ ॥

اِک دکھِنّا ہءُ تے پہِ ماگءُ
دیہِ آپنّا نامُ ॥1॥ رہاءُ ॥

ਪੰਚ ਤਸਕਰ ਧਾਵਤ ਰਾਖੇ
ਚੂਕਾ ਮਨਿ ਅਭਿਮਾਨੁ ॥

پنّچ تسکر دھاوت راکھے
چوُکا منِ ابھمانُ ॥

ਦਿਸਟਿ ਬਿਕਾਰੀ ਦੁਰਮਤਿ ਭਾਗੀ
ਐਸਾ ਬ੍ਰਹਮ ਗਿਆਨੁ ॥੨॥

دِسٹِ بِکاری دُرمتِ بھاگی
ایَسا برہم گِیانُ ॥2॥

ਜਤੁ ਸਤੁ ਚਾਵਲ ਦਇਆ ਕਣਕ ਕਰਿ
ਪ੍ਰਾਪਤਿ ਪਾਤੀ ਧਾਨੁ ॥

جتُ ستُ چاول دئیا کنّک کرِ
پراپتِ پاتی دھانُ ॥

ਦੂਧੁ ਕਰਮੁ ਸੰਤੋਖੁ ਘੀਉ ਕਰਿ
ਐਸਾ ਮਾਂਗਉ ਦਾਨੁ ॥੩॥

دوُدھُ کرمُ سنتوکھُ گھیءُ کرِ
ایَسا مانگءُ دانُ ॥3॥

ਖਿਮਾ ਧੀਰਜੁ ਕਰਿ ਗਊ ਲਵੇਰੀ

کھِما دھیرجُ کرِ گئوُ لویری

ਸਹਜੇ ਬਛਰਾ ਖੀਰੁ ਪੀਐ ॥

سہجے بچھرا کھیرُ پیئے ॥

ਸਿਫਤਿ ਸਰਮ ਕਾ ਕਪੜਾ ਮਾਂਗਉ
ਹਰਿ ਗੁਣ ਨਾਨਕ ਰਵਤੁ ਰਹੈ ॥੪॥੭॥

صِفتِ سرم کا کپڑا مانگ ءُ
ہرِ گُن نانک روت رہے ॥4॥7॥

ਪ੍ਰਭਾਤੀ ਮਹਲਾ ੧ ॥

پربھاتی محلا 1 ॥

ਆਵਤੁ ਕਿਨੈ ਨ ਰਾਖਿਆ
ਜਾਵਤੁ ਕਿਉ ਰਾਖਿਆ ਜਾਇ ॥

آوتُ کِنے ن راکھیا
جاوتُ کِ ءُ راکھیا جاءِ ۔ ॥

ਜਿਸ ਤੇ ਹੋਆ ਸੋਈ ਪਰੁ ਜਾਣੈ
ਜਾਂ ਉਸ ਹੀ ਮਾਹਿ ਸਮਾਇ ॥੧॥

جِس تے ہویا سوئی پُر جانے
جاں اُس ہی ماہِ سماءِ ॥1॥

ਤੂਹੈ ਹੈ ਵਾਹੁ ਤੇਰੀ ਰਜਾਇ ॥

توہے ہے واہُ تیری رضاءِ ॥

ਜੋ ਕਿਛੁ ਕਰਹਿ ਸੋਈ ਪਰੁ ਹੋਇਬਾ
ਅਵਰੁ ਨ ਕਰਣਾ ਜਾਇ ॥੧॥ ਰਹਾਉ ॥

جو کچھُ کرہِ سوئی پُر ہوِبا
اورُ ن کرنا جاءِ ॥1॥ رہاءُ ॥

ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ
ਇਕ ਸਖਨੀ ਹੋਰ ਫੇਰ ਭਰੀਅਤ ਹੈ ॥

جیسے ہرہٹ کی مالا ٹِنڈ لگت ہے
اِک سکھنی ہور پھیر بھریئت ہے ॥

ਤੈਸੋ ਹੀ ਇਹੁ ਖੇਲੁ ਖਸਮ ਕਾ
ਜਿਉ ਉਸ ਕੀ ਵਡਿਆਈ ॥੨॥

تیَسو ہی اِہُ کھیلُ خصم کا
جِ ءُ اُس کی وڈِیائی ॥2॥

ਸੁਰਤੀ ਕੈ ਮਾਰਗਿ ਚਲਿ ਕੈ
ਉਲਟੀ ਨਦਰਿ ਪ੍ਰਗਾਸੀ ॥

سُرتی کے مارگِ چلِ کے
اُلٹی ندرِ پرگاسی ॥

ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ
ਕਉਨੁ ਗਿਰਹੀ ਕਉਨੁ ਉਦਾਸੀ ॥੩॥

منِ ویچارِ دیکھُ برہم گیانی
کنُن گِرہی کنُن اُداسی ۔ ॥3॥

ਜਿਸ ਕੀ ਆਸਾ ਤਿਸ ਹੀ ਸਉਪਿ ਕੈ
ਏਹੁ ਰਹਿਆ ਨਿਰਬਾਣੁ ॥

جِس کی آسا تِس ہی سئُپِ کے
ایہُ رہیا نِربانُ ॥

ਜਿਸ ਤੇ ਹੋਆ ਸੋਈ ਕਰਿ ਮਾਨਿਆ
ਨਾਨਕ ਗਿਰਹੀ ਉਦਾਸੀ ਸੋ ਪਰਵਾਣੁ ॥੪॥੮॥

جِس تے ہویا سوئی کرِ مانیا
نانک گِرہی اُداسی سو پروانُ ॥4॥8॥

ਪ੍ਰਭਾਤੀ ਮਹਲਾ ੧ ॥

پربھاتی محلا 1 ॥

ਦਿਸਟਿ ਬਿਕਾਰੀ ਬੰਧਨਿ ਬਾਂਧੈ

دِسٹِ بِکاری بندھنِ باندھے

ਹਉ ਤਿਸ ਕੈ ਬਲਿ ਜਾਈ ॥	ہءُ تِس کے بلِ جائی ॥
ਪਾਪ ਪੁੰਨ ਕੀ ਸਾਰ ਨ ਜਾਣੈ ਭੂਲਾ ਫਿਰੈ ਅਜਾਈ ॥੧॥	پاپ پُنّن کی سار ن جانے بھوُلا پھِرے اجائی ॥1॥
ਬੋਲਹੁ ਸਚੁ ਨਾਮੁ ਕਰਤਾਰ ॥	بولہُ سچُ نامُ کرتار ॥
ਫੁਨਿ ਬਹੁੜਿ ਨ ਆਵਣ ਵਾਰ ॥੧॥ ਰਹਾਉ ॥	پھُنِ بہُڑِ ن آونٹ وار ॥1॥ رہاءُ ॥
ਊਚਾ ਤੇ ਫੁਨਿ ਨੀਚੁ ਕਰਤੁ ਹੈ ਨੀਚ ਕਰੈ ਸੁਲਤਾਨੁ ॥	اوُچا تے پھُنِ نیچُ کرتُ ہے نیچ کرے سُلطانُ ॥
ਜਿਨੀ ਜਾਣੁ ਸੁਜਾਣਿਆ ਜਗਿ ਤੇ ਪੂਰੇ ਪਰਵਾਣੁ ॥੨॥	جِنی جانٹُ سُجانِیا جگِ تے پوُرے پرواٹُ ॥2॥
ਤਾ ਕਉ ਸਮਝਾਵਣ ਜਾਈਐ ਜੇ ਕੋ ਭੂਲਾ ਹੋਈ ॥	تا کءُ سمجھاونٹ جائیئے جے کو بھوُلا ہوئی ॥
ਆਪੇ ਖੇਲ ਕਰੇ ਸਭ ਕਰਤਾ ਐਸਾ ਬੂਝੈ ਕੋਈ ॥੩॥	آپے کھیل کرے سبھ کرتا ایَسا بوُجھے کوئی ॥3॥
ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ ॥	ناءُ پّربھاتے سبدِ دھیائیئے چھوڈہُ دُنی پریتا ॥
ਪ੍ਰਣਵਤਿ ਨਾਨਕ ਦਾਸਨਿ ਦਾਸਾ ਜਗਿ ਹਾਰਿਆ ਤਿਨਿ ਜੀਤਾ ॥੪॥੯॥	پّرنٹوتِ نانک داسنِ داسا جگِ ہارِیا تِنِ جیتا ॥4॥9॥
ਪ੍ਰਭਾਤੀ ਮਹਲਾ ੧ ॥	پّربھاتی محلا 1 ॥
ਮਨੁ ਮਾਇਆ ਮਨੁ ਧਾਇਆ ਮਨੁ ਪੰਖੀ ਆਕਾਸਿ ॥	منُ مائیا منُ دھائیا منُ پنکھی آکاسِ ॥
ਤਸਕਰ ਸਬਦਿ ਨਿਵਾਰਿਆ ਨਗਰੁ ਵੁਠਾ ਸਾਬਾਸਿ ॥	تسکر سبدِ نِوارِیا نگرُ وُٹھا ساباسِ ॥
ਜਾ ਤੂ ਰਾਖਹਿ ਰਾਖਿ ਲੈਹਿ ਸਾਬਤੁ ਹੋਵੈ ਰਾਸਿ ॥੧॥	جا توُ راکھِ راکھِ لیَہِ سابتُ ہووے راسِ ॥1॥
ਐਸਾ ਨਾਮੁ ਰਤਨੁ ਨਿਧਿ ਮੇਰੈ ॥	ایَسا نامُ رتنُ نِدھِ میرے ॥

ਗੁਰਮਤਿ ਦੇਹਿ ਲਗਉ ਪਗਿ ਤੇਰੈ ॥੧॥ ਰਹਾਉ ॥

گُرمتِ دیہِ لگ ءُ پگِ تیرے ॥1॥ رہاءُ ॥

ਮਨੁ ਜੋਗੀ ਮਨੁ ਭੋਗੀਆ
ਮਨੁ ਮੂਰਖੁ ਗਾਵਾਰੁ ॥

منُ جوگی منُ بھوگیا
منُ مُورکھُ گاوارُ ॥

ਮਨੁ ਦਾਤਾ ਮਨੁ ਮੰਗਤਾ
ਮਨ ਸਿਰਿ ਗੁਰੁ ਕਰਤਾਰੁ ॥

منُ داتا منُ منگتا
من سِرِ گُرُ کرتارُ ॥

ਪੰਚ ਮਾਰਿ ਸੁਖੁ ਪਾਇਆ
ਐਸਾ ਬ੍ਰਹਮੁ ਵੀਚਾਰਿ ॥੨॥

پنچ مارِ سُکھُ پائیا
ایَسا برہمُ ویچارِ ॥2॥

ਘਟਿ ਘਟਿ ਏਕੁ ਵਖਾਣੀਐ
ਕਹਉ ਨ ਦੇਖਿਆ ਜਾਇ ॥

گھٹِ گھٹِ ایکُ وکھاٹیئے
کہ ءُ ن دیکھیا جاءِ ॥

ਖੋਟੋ ਪੂਠੋ ਰਾਲੀਐ
ਬਿਨੁ ਨਾਵੈ ਪਤਿ ਜਾਇ ॥

کھوٹو پوُٹھو رالیئے
بِنُ ناوے پتِ جاءِ ॥

ਜਾ ਤੂ ਮੇਲਹਿ ਤਾ ਮਿਲਿ ਰਹਾਂ
ਜਾਂ ਤੇਰੀ ਹੋਇ ਰਜਾਇ ॥੩॥

جا توُ میلہِ تا مِلِ رہاں
جاں تیری ہوءِ رضاءِ ॥3॥

ਜਾਤਿ ਜਨਮੁ ਨਹ ਪੂਛੀਐ
ਸਚ ਘਰੁ ਲੇਹੁ ਬਤਾਇ ॥

زاتِ جنمُ نہ پوُچھیئے
سچ گھرُ لیہُ بتاءِ ॥

ਸਾ ਜਾਤਿ ਸਾ ਪਤਿ ਹੈ
ਜੇਹੇ ਕਰਮ ਕਮਾਇ ॥

سا زاتِ سا پتِ ہے
جیہے کرم کماءِ ॥

ਜਨਮ ਮਰਨ ਦੁਖੁ ਕਾਟੀਐ
ਨਾਨਕ ਛੂਟਸਿ ਨਾਇ ॥੪॥੧੦॥

جنم مرن دُکھُ کاٹیئے
نانک چھوٹسِ ناءِ ॥4॥ 10 ॥

ਪ੍ਰਭਾਤੀ ਮਹਲਾ ੧ ॥

پربھاتی محلا 1 ॥

ਜਾਗਤੁ ਬਿਗਸੈ ਮੂਠੋ ਅੰਧਾ ॥

جاگتُ بِگسے موُٹھو اندّھا ॥

ਗਲਿ ਫਾਹੀ ਸਿਰਿ ਮਾਰੇ ਧੰਧਾ ॥

گلِ پھاہی سِرِ مارے دھندّھا ॥

ਆਸਾ ਆਵੈ ਮਨਸਾ ਜਾਇ ॥

آسا آوے منسا جاءِ ॥

ਉਰਝੀ ਤਾਣੀ ਕਿਛੁ ਨ ਬਸਾਇ ॥੧॥

اُرجھی تانٹی کچھُ ن بساءِ ॥1॥

ਜਾਗਸਿ ਜੀਵਣ ਜਾਗਣਹਾਰਾ ॥

جاگسِ جیونؒ جاگنہارا ॥

ਸੁਖ ਸਾਗਰ ਅੰਮ੍ਰਿਤ ਭੰਡਾਰਾ ॥੧॥ ਰਹਾਉ ॥

سُکھ ساگر انمّرِت بھنڈارا ॥1॥ رہاءُ ॥

ਕਹਿਓ ਨ ਬੂਝੈ ਅੰਧੁ ਨ ਸੂਝੈ
ਭੋਂਡੀ ਕਾਰ ਕਮਾਈ ॥

کہِئو ن بوُجھےَ انّدھُ ن سوُجھےَ
بھونڈی کار کمائی ॥

ਆਪੇ ਪ੍ਰੀਤਿ ਪ੍ਰੇਮ ਪਰਮੇਸੁਰੁ
ਕਰਮੀ ਮਿਲੈ ਵਡਾਈ ॥੨॥

آپے پّریتِ پّریم پرمیسُر
کرمی مِلےَ وڈائی ॥2॥

ਦਿਨੁ ਦਿਨੁ ਆਵੈ ਤਿਲੁ ਤਿਲੁ ਛੀਜੈ
ਮਾਇਆ ਮੋਹੁ ਘਟਾਈ ॥

دِنُ دِنُ آوےَ تِلُ تِلُ چھیجےَ
مائیا موہُ گھٹائی ॥

ਬਿਨੁ ਗੁਰ ਬੂਡੋ ਠਉਰ ਨ ਪਾਵੈ
ਜਬ ਲਗ ਦੂਜੀ ਰਾਈ ॥੩॥

بِنُ گُر بوُڈو ٹھُر ن پاوےَ
جب لگ دوُجی رائی ॥3॥

ਅਹਿਨਿਸਿ ਜੀਆ ਦੇਖਿ ਸਮ੍ਾਲੈ
ਸੁਖੁ ਦੁਖੁ ਪੁਰਬਿ ਕਮਾਈ ॥

اہِنِس جیِیا دیکھِ سمّہالےَ
سُکھُ دُکھُ پُربِ کمائی ॥

ਕਰਮਹੀਣੁ ਸਚੁ ਭੀਖਿਆ ਮਾਂਗੈ
ਨਾਨਕ ਮਿਲੈ ਵਡਾਈ ॥੪॥੧੧॥

کرمہیِنُ سچُ بھیکھیا مانگےَ
نانک مِلےَ وڈائی ॥4॥ 11 ॥

ਪ੍ਰਭਾਤੀ ਮਹਲਾ ੧ ॥

پّربھاتی محلا 1 ॥

ਮਸਟਿ ਕਰਉ ਮੂਰਖੁ ਜਗਿ ਕਹੀਆ ॥

مسٹِ کرءُ موُرکھُ جگِ کہیِیا ॥

ਅਧਿਕ ਬਕਉ ਤੇਰੀ ਲਿਵ ਰਹੀਆ ॥

ادھِک بکءُ تیری لِو رہیِیا ॥

ਭੂਲ ਚੂਕ ਤੇਰੈ ਦਰਬਾਰਿ ॥

بھوُل چوُک تیرےَ دربارِ ॥

ਨਾਮ ਬਿਨਾ ਕੈਸੇ ਆਚਾਰ ॥੧॥

نام بِنا کیَسے آچار ۔ ॥1॥

ਐਸੇ ਝੂਠਿ ਮੁਠੇ ਸੰਸਾਰਾ ॥

ایَسے جھوُٹھِ مُٹھے سنّسارا ॥

ਨਿੰਦਕੁ ਨਿੰਦੈ ਮੁਝੈ ਪਿਆਰਾ ॥੧॥ ਰਹਾਉ ॥

نِندکُ نِندےَ مُجھےَ پیِارا ॥1॥ رہاءُ ॥

ਜਿਸੁ ਨਿੰਦਹਿ ਸੋਈ ਬਿਧਿ ਜਾਣੈ ॥

جِسُ نِندہِ سوئی بِدھِ جانّےَ ॥

ਗੁਰ ਕੈ ਸਬਦੇ ਦਰਿ ਨੀਸਾਣੈ ॥

گُر کےَ سبدے درِ نیِشانّےَ ॥

ਕਾਰਣ ਨਾਮੁ ਅੰਤਰਗਤਿ ਜਾਣੈ ॥

کارنؒ نامُ انّترگتِ جانّےَ ॥

ਜਿਸ ਨੋ ਨਦਰਿ ਕਰੇ ਸੋਈ ਬਿਧਿ ਜਾਣੈ ॥੨॥	جِس نو ندرِ کرے سوئی بِدھِ جاٹے ॥2॥
ਮੈ ਮੈਲੌ ਊਜਲੁ ਸਚੁ ਸੋਇ ॥	مے میَلوَ اوُجلُ سچُ سوءِ ॥
ਊਤਮੁ ਆਖਿ ਨ ਊਚਾ ਹੋਇ ॥	اوُتمُ آکھِ ن اوُچا ہوءِ ॥
ਮਨਮੁਖੁ ਖੂਲ੍ਹਿ ਮਹਾ ਬਿਖੁ ਖਾਇ ॥	منمُکھُ کھوُلّہِ مہا بِکھُ کھاءِ ॥
ਗੁਰਮੁਖਿ ਹੋਇ ਸੁ ਰਾਚੈ ਨਾਇ ॥੩॥	گُرمُکھِ ہوءِ سُ راچےَ ناءِ ॥3॥
ਅੰਧੌ ਬੋਲੌ ਮੁਗਧੁ ਗਵਾਰੁ ॥	انّدھوَ بولوَ مُگدھُ گوارُ ॥
ਹੀਣੌ ਨੀਚੁ ਬੁਰੌ ਬੁਰਿਆਰੁ ॥	ہِینّوَ نیچُ بُروَ بُریارُ ॥
ਨੀਧਨ ਕੌ ਧਨੁ ਨਾਮੁ ਪਿਆਰੁ ॥	نِیدھن کوَ دھنُ نامُ پِیارُ ॥
ਇਹੁ ਧਨੁ ਸਾਰੁ ਹੋਰੁ ਬਿਖਿਆ ਛਾਰੁ ॥੪॥	اِہُ دھنُ سارُ ہورُ بِکھِیا چھارُ ॥4॥
ਉਸਤਤਿ ਨਿੰਦਾ ਸਬਦੁ ਵੀਚਾਰੁ ॥	اُستتِ نِندا سبدُ ویچارُ ॥
ਜੋ ਦੇਵੈ ਤਿਸ ਕਉ ਜੈਕਾਰੁ ॥	جو دیوےَ تِس کءُ جیَکارُ ॥
ਤੂ ਬਖਸਹਿ ਜਾਤਿ ਪਤਿ ਹੋਇ ॥	توُ بخشہِ زاتِ پتِ ہوءِ ॥
ਨਾਨਕੁ ਕਹੈ ਕਹਾਵੈ ਸੋਇ ॥੫॥੧੨॥	نانکُ کہے کہاوے سوءِ ॥5॥ 12 ॥
ਪ੍ਰਭਾਤੀ ਮਹਲਾ ੧ ॥	پّربھاتی محلا 1 ॥
ਖਾਇਆ ਮੈਲੁ ਵਧਾਇਆ ਪੈਧੈ ਘਰ ਕੀ ਹਾਣਿ ॥	کھائیا میَلُ ودھائیا پیَدھےَ گھر کی ہاٹِ ॥
ਬਕਿ ਬਕਿ ਵਾਦੁ ਚਲਾਇਆ ਬਿਨੁ ਨਾਵੈ ਬਿਖੁ ਜਾਣਿ ॥੧॥	بکِ بکِ واد چلائیا بِنُ ناوےَ بِکھُ جاٹِ ॥1॥
ਬਾਬਾ ਐਸਾ ਬਿਖਮ ਜਾਲਿ ਮਨੁ ਵਾਸਿਆ ॥	بابا ایَسا بِکھم جالِ منُ واسِیا ॥
ਬਿਬਲੁ ਝਾਗਿ ਸਹਜਿ ਪਰਗਾਸਿਆ ॥੧॥ ਰਹਾਉ ॥	بِبلُ جھاگِ سہجِ پرگاسِیا ॥1॥ رہاءُ ॥
ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ ॥	بِکھُ کھاٹا بِکھُ بولٹا بِکھُ کی کار کماءِ ॥
ਜਮ ਦਰਿ ਬਾਧੇ ਮਾਰੀਅਹਿ ਛੂਟਸਿ ਸਾਚੈ ਨਾਇ ॥੨॥	جم درِ بادھے مارِیئہِ

ਜਿਵ ਆਇਆ ਤਿਵ ਜਾਇਸੀ
ਕੀਆ ਲਿਖਿ ਲੈ ਜਾਇ ॥

ਮਨਮੁਖਿ ਮੂਲੁ ਗਵਾਇਆ
ਦਰਗਹ ਮਿਲੈ ਸਜਾਇ ॥੩॥

ਜਗੁ ਖੋਟੌ ਸਚੁ ਨਿਰਮਲੌ
ਗੁਰ ਸਬਦੀਂ ਵੀਚਾਰਿ ॥

ਤੇ ਨਰ ਵਿਰਲੇ ਜਾਣੀਅਹਿ
ਜਿਨ ਅੰਤਰਿ ਗਿਆਨੁ ਮੁਰਾਰਿ ॥੪॥

ਅਜਰੁ ਜਰੈ ਨੀਝਰੁ ਝਰੈ
ਅਮਰ ਅਨੰਦ ਸਰੂਪ ॥

ਨਾਨਕੁ ਜਲ ਕੌ ਮੀਨੁ ਸੈ
ਥੇ ਭਾਵੈ ਰਾਖਹੁ ਪ੍ਰੀਤਿ ॥੫॥੧੩॥

ਪ੍ਰਭਾਤੀ ਮਹਲਾ ੧ ॥

ਗੀਤ ਨਾਦ ਹਰਖ ਚਤੁਰਾਈ ॥

ਰਹਸ ਰੰਗ ਫੁਰਮਾਇਸਿ ਕਾਈ ॥

ਪੈਨ੍ਹਣੁ ਖਾਣਾ ਚੀਤਿ ਨ ਪਾਈ ॥

ਸਾਚੁ ਸਹਜੁ ਸੁਖੁ ਨਾਮਿ ਵਸਾਈ ॥੧॥

ਕਿਆ ਜਾਨਾਂ ਕਿਆ ਕਰੈ ਕਰਾਵੈ ॥

ਨਾਮ ਬਿਨਾ ਤਨਿ ਕਿਛੁ ਨ ਸੁਖਾਵੈ ॥੧॥ ਰਹਾਉ ॥

ਜੋਗ ਬਿਨੋਦ ਸ੍ਵਾਦ ਆਨੰਦਾ ॥

ਮਤਿ ਸਤ ਭਾਇ ਭਗਤਿ ਗੋਬਿੰਦਾ ॥

ਕੀਰਤਿ ਕਰਮ ਕਾਰ ਨਿਜ ਸੰਦਾ ॥

ਅੰਤਰਿ ਰਵਤੌ ਰਾਜ ਰਵਿੰਦਾ ॥੨॥

چھوٹِس ساچے ناءِ ॥2॥

جِو آئیا تِو جائِسی
کِیا لِکھِ لے جاءِ ॥

منمُکھِ مولُ گوائِیا
درگہ مِلے سزاءِ ॥3॥

جگُ کھوٹوُ سچُ نِرملوُ
گُر سبدیِں ویچارِ ॥

تے نر وِرلے جاٹِیَہِ
جِن انتر گِیانُ مُرارِ ॥4॥

اجرُ جرے نیجھرُ جھرے
امر انند سروُپ ॥

نانکُ جل کوَ مِینُ سے
تھے بھاوے راکھہُ پرِیتِ ॥5॥ 13 ॥

پربھاتی محلا 1 ॥

گیت ناد ہرکھ چترائی ॥

رہس رنگ فُرمائِس کائی ॥

پینّہنُ کھاٹا چیتِ ن پائی ॥

ساچُ سہجُ سُکھُ نامِ وسائی ॥1॥

کِیا جاناں کِیا کرے کراوے ॥

نام بِنا تنِ کِچھُ ن سُکھاوے ॥1॥ رہاءُ ॥

جوگ بِنود سّواد آنندا ॥

متِ ست بھاءِ بھگتِ گوبِندا ॥

کِیرتِ کرم کار نِج سندا ॥

انتر روتوُ راج روِندا ॥2॥

ਪ੍ਰਿਉ ਪ੍ਰਿਉ ਪ੍ਰੀਤਿ
ਪ੍ਰੇਮਿ ਉਰ ਧਾਰੀ ॥

پرِءُ پرِءُ پریتِ
پریمِ اُر دھاری ॥

ਦੀਨਾ ਨਾਥੁ ਪੀਉ ਬਨਵਾਰੀ ॥

دینا ناتھُ پِیءُ بنواری ॥

ਅਨਦਿਨੁ ਨਾਮੁ ਦਾਨੁ ਬ੍ਰਤਕਾਰੀ ॥

اندِنُ نامُ دانُ برتکاری ॥

ਤ੍ਰਿਪਤਿ ਤਰੰਗ ਤਤੁ ਬੀਚਾਰੀ ॥੩॥

ترِپتِ ترنگ تتُ بیچاری ॥3॥

ਅਕਥੋ ਕਥਉ ਕਿਆ ਮੈ ਜੋਰੁ ॥

اکتھوَ کتھءُ کیا مے زورُ ۔ ॥

ਭਗਤਿ ਕਰੀ ਕਰਾਇਹਿ ਮੋਰ ॥

بھگتِ کری کرائیہِ مور ॥

ਅੰਤਰਿ ਵਸੈ ਚੂਕੈ ਮੈ ਮੋਰ ॥

انترِ وسے چوُکے مے مور ॥

ਕਿਸੁ ਸੇਵੀ ਦੂਜਾ ਨਹੀ ਹੋਰੁ ॥੪॥

کِسُ سیوی دوُجا نہی ہورُ ॥4॥

ਗੁਰ ਕਾ ਸਬਦੁ ਮਹਾ ਰਸੁ ਮੀਠਾ ॥

گُر کا سبدُ مہا رسُ میٹھا ॥

ਐਸਾ ਅੰਮ੍ਰਿਤੁ ਅੰਤਰਿ ਡੀਠਾ ॥

ایَسا انمرِتُ انترِ ڈیٹھا ॥

ਜਿਨਿ ਚਾਖਿਆ ਪੂਰਾ ਪਦੁ ਹੋਇ ॥

جِنِ چاکھیا پوُرا پدُ ہوءِ ॥

ਨਾਨਕ ਧ੍ਰਾਪਿਓ ਤਨਿ ਸੁਖੁ ਹੋਇ ॥੫॥੧੪॥

نانک دھرّاپِئو تنِ سُکھُ ہوءِ ॥5॥ 14 ॥

ਪ੍ਰਭਾਤੀ ਮਹਲਾ ੧ ॥

پربھاتی محلا 1 ॥

ਅੰਤਰਿ ਦੇਖਿ ਸਬਦਿ ਮਨੁ ਮਾਨਿਆ
ਅਵਰੁ ਨ ਰਾਂਗਨਹਾਰਾ ॥

انترِ دیکھِ سبدِ منُ مانِیا
اورُ ن رانگنہارا ॥

ਅਹਿਨਿਸਿ ਜੀਆ ਦੇਖਿ ਸਮਾਲੇ
ਤਿਸ ਹੀ ਕੀ ਸਰਕਾਰਾ ॥੧॥

اہِنِس جیِیا دیکھِ سمالے
تِس ہی کی سرکارا ॥1॥

ਮੇਰਾ ਪ੍ਰਭੁ ਰਾਂਗਿ ਘਣੌ ਅਤਿ ਰੂੜੌ ॥

میرا پربھُ رانگِ گھنوَ اتِ روُڑوَ ॥

ਦੀਨ ਦਇਆਲੁ ਪ੍ਰੀਤਮ ਮਨਮੋਹਨੁ
ਅਤਿ ਰਸ ਲਾਲ ਸਗੂੜੌ ॥੧॥ ਰਹਾਉ ॥

دِین دیئالُ پریتم منموہنُ
اتِ رس لال سگوُڑوَ ॥1॥ رہاءُ ॥

ਊਪਰਿ ਕੂਪੁ ਗਗਨ ਪਨਿਹਾਰੀ
ਅੰਮ੍ਰਿਤੁ ਪੀਵਣਹਾਰਾ ॥

اوُپرِ کوُپُ گگن پنہاری
انمرِتُ پیوٹہارا ॥

ਜਿਸ ਕੀ ਰਚਨਾ ਸੋ ਬਿਧਿ ਜਾਣੈ

جِس کی رچنا سو بِدھِ جانے

ਗੁਰਮੁਖਿ ਗਿਆਨੁ ਵੀਚਾਰਾ ॥੨॥

ਪਸਰੀ ਕਿਰਣਿ ਰਸਿ ਕਮਲ ਬਿਗਾਸੇ
ਸਸਿ ਘਰਿ ਸੂਰੁ ਸਮਾਇਆ ॥

ਕਾਲੁ ਬਿਧੁੰਸਿ ਮਨਸਾ ਮਨਿ ਮਾਰੀ
ਗੁਰ ਪ੍ਰਸਾਦਿ ਪ੍ਰਭੁ ਪਾਇਆ ॥੩॥

ਅਤਿ ਰਸਿ ਰੰਗਿ ਚਲੂਲੈ ਰਾਤੀ
ਦੂਜਾ ਰੰਗੁ ਨ ਕੋਈ ॥

ਨਾਨਕ ਰਸਨਿ ਰਸਾਏ ਰਾਤੇ
ਰਵਿ ਰਹਿਆ ਪ੍ਰਭੁ ਸੋਈ ॥੪॥੧੫॥

ਪ੍ਰਭਾਤੀ ਮਹਲਾ ੧ ॥

ਬਾਰਹ ਮਹਿ ਰਾਵਲ ਖਪਿ ਜਾਵਹਿ
ਚਹੁ ਛਿਅ ਮਹਿ ਸੰਨਿਆਸੀ ॥

ਜੋਗੀ ਕਾਪੜੀਆ ਸਿਰਖੂਥੇ
ਬਿਨੁ ਸਬਦੈ ਗਲਿ ਫਾਸੀ ॥੧॥

ਸਬਦਿ ਰਤੇ ਪੂਰੇ ਬੈਰਾਗੀ ॥

ਅਉਹਠਿ ਹਸਤ ਮਹਿ ਭੀਖਿਆ ਜਾਚੀ
ਏਕ ਭਾਇ ਲਿਵ ਲਾਗੀ ॥੧॥ ਰਹਾਉ ॥

ਬ੍ਰਹਮਣ ਵਾਦੁ ਪੜਹਿ ਕਰਿ ਕਿਰਿਆ
ਕਰਣੀ ਕਰਮ ਕਰਾਏ ॥

ਬਿਨੁ ਬੂਝੇ ਕਿਛੁ ਸੂਝੈ ਨਾਹੀ
ਮਨਮੁਖੁ ਵਿਛੁੜਿ ਦੁਖੁ ਪਾਏ ॥੨॥

ਸਬਦਿ ਮਿਲੇ ਸੇ ਸੂਚਾਚਾਰੀ
ਸਾਚੀ ਦਰਗਹ ਮਾਨੇ ॥

ਅਨਦਿਨੁ ਨਾਮਿ ਰਤਨਿ ਲਿਵ ਲਾਗੇ
ਜੁਗਿ ਜੁਗਿ ਸਾਚਿ ਸਮਾਨੇ ॥੩॥

گُرمُکھِ گِیانُ وِیچارا ॥2॥

پسری کِرنِ رسِ کمل بِگاسے
سسِ گھرِ سوُرُ سمائیا ॥

کالُ بِدھُنّسِ منسا منِ ماری
گُر پّرسادِ پّربھُ پائیا ॥3॥

اتِ رسِ رنگِ چلوُلے راتی
دوُجا رنگُ ن کوئی ॥

نانک رسنِ رسائے راتے
روِ رہِیا پّربھُ سوئی ॥4॥ 15 ॥

پّربھاتی محلا 1 ॥

بارہ مہِ راول کھپِ جاوہِ
چہُ چھِءِ مہِ سنّیاسی ॥

جوگی کاپڑِیا سِرکھوُتھے
بِنُ سبدے گلِ پھاسی ॥1॥

سبدِ رتے پوُرے بیَراگی ॥

اُہٹھِ ہست مہِ بھِکھِیا جاچی
ایک بھاءِ لِو لاگی ॥1॥ رہاءُ ॥

بّرہمنّ وادُ پڑہِ کرِ کرِیا
کرنّی کرم کرائے ॥

بِنُ بوُجھے کِچھُ سوُجھےَ ناہی
منمُکھُ وِچھُڑِ دُکھُ پائے ॥2॥

سبدِ مِلے سے سوُچاچاری
ساچی درگہ مانے ॥

اندِنُ نامِ رتنِ لِو لاگے
جُگِ جُگِ ساچِ سمانے ॥3॥

ਸਗਲੇ ਕਰਮ ਧਰਮ ਸੁਚਿ ਸੰਜਮ
ਜਪ ਤਪ ਤੀਰਥ ਸਬਦਿ ਵਸੇ ॥

سگلے کرم دھرم سُچ سنجم
جپ تپ تیرتھ سبدِ وسے ॥

ਨਾਨਕ ਸਤਿਗੁਰ ਮਿਲੈ ਮਿਲਾਇਆ
ਦੂਖ ਪਰਾਛਤ ਕਾਲ ਨਸੇ ॥੪॥੧੬॥

نانک ستِگُر ملے مِلائیا
دوُکھ پراچھت کال نسے ॥4॥ 16 ॥

ਪ੍ਰਭਾਤੀ ਮਹਲਾ ੧ ॥

پربھاتی محلا 1 ॥

ਸੰਤਾ ਕੀ ਰੇਣੁ ਸਾਧ ਜਨ ਸੰਗਤਿ
ਹਰਿ ਕੀਰਤਿ ਤਰੁ ਤਾਰੀ ॥

سنتّا کی رینُ سادھ جن سنگتِ
ہرِ کیرتِ ترُ تاری ॥

ਕਹਾ ਕਰੈ ਬਪੁਰਾ ਜਮੁ ਡਰਪੈ
ਗੁਰਮੁਖਿ ਰਿਦੈ ਮੁਰਾਰੀ ॥੧॥

کہا کرے بپُرا جمُ ڈرپے
گُرمُکھِ رِدے مُراری ॥1॥

ਜਲਿ ਜਾਉ ਜੀਵਨੁ ਨਾਮ ਬਿਨਾ ॥

جلِ جاءُ جیونُ نام بِنا ॥

ਹਰਿ ਜਪਿ ਜਾਪੁ ਜਪਉ ਜਪਮਾਲੀ
ਗੁਰਮੁਖਿ ਆਵੈ ਸਾਦੁ ਮਨਾ ॥੧॥ ਰਹਾਉ ॥

ہرِ جپِ جاپُ جپءُ جپمالی
گُرمُکھِ آوے سادُ منا ॥1॥ رہاءُ ॥

ਗੁਰ ਉਪਦੇਸ ਸਾਚੁ ਸੁਖੁ ਜਾ ਕਉ
ਕਿਆ ਤਿਸੁ ਉਪਮਾ ਕਹੀਐ ॥

گُر اُپدیس ساچُ سُکھُ جا کءُ
کِیا تِس اُپما کہیئے ۔ ॥

ਲਾਲ ਜਵੇਹਰ ਰਤਨ ਪਦਾਰਥ
ਖੋਜਤ ਗੁਰਮੁਖਿ ਲਹੀਐ ॥੨॥

لال جویہر رتن پدارتھ
کھوجت گُرمُکھِ لہیئے ॥2॥

ਚੀਨੈ ਗਿਆਨੁ ਧਿਆਨੁ ਧਨੁ ਸਾਚੋ
ਏਕ ਸਬਦਿ ਲਿਵ ਲਾਵੈ ॥

چینے گیانُ دھیانُ دھنُ ساچوَ
ایک سبدِ لِو لاوے ॥

ਨਿਰਾਲੰਬੁ ਨਿਰਹਾਰੁ ਨਿਹਕੇਵਲੁ
ਨਿਰਭਉ ਤਾੜੀ ਲਾਵੈ ॥੩॥

نِرالنّبُ نِرہارُ نِہکیولُ
نِربھءُ تاڑی لاوے ॥3॥

ਸਾਇਰ ਸਪਤ ਭਰੇ ਜਲ ਨਿਰਮਲਿ
ਉਲਟੀ ਨਾਵ ਤਰਾਵੈ ॥

سائِر سپت بھرے جل نِرملِ
اُلٹی ناو تراوے ॥

ਬਾਹਰਿ ਜਾਤੌ ਠਾਕਿ ਰਹਾਵੈ
ਗੁਰਮੁਖਿ ਸਹਜਿ ਸਮਾਵੈ ॥੪॥

باہرِ جاتوَ ٹھاکِ رہاوے
گُرمُکھِ سہجِ سماوے ॥4॥

ਸੋ ਗਿਰਹੀ ਸੋ ਦਾਸੁ ਉਦਾਸੀ

سو گِرہی سو داسُ اُداسی

ਜਿਨਿ ਗੁਰਮੁਖਿ ਆਪੁ ਪਛਾਨਿਆ ॥

جِنِ گُرمُکھِ آپُ پچھانِیا ॥

ਨਾਨਕੁ ਕਹੈ ਅਵਰੁ ਨਹੀ ਦੂਜਾ
ਸਾਚ ਸਬਦਿ ਮਨੁ ਮਾਨਿਆ ॥੫॥੧੭॥

نانکُ کہے اورُ نہی دوُجا
ساچ سبدِ منُ مانِیا ॥5॥ 17 ॥

ਰਾਗੁ ਪ੍ਰਭਾਤੀ ਮਹਲਾ ੩ ਚਉਪਦੇ

راگُ پربھاتی محلا 3 چئُپدے

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਗੁਰਮੁਖਿ ਵਿਰਲਾ ਕੋਈ ਬੂਝੈ
ਸਬਦੇ ਰਹਿਆ ਸਮਾਈ ॥

گُرمُکھِ وِرلا کوئی بوُجھے
سبدے رہِیا سمائی ॥

ਨਾਮਿ ਰਤੇ ਸਦਾ ਸੁਖੁ ਪਾਵੈ
ਸਾਚਿ ਰਹੈ ਲਿਵ ਲਾਈ ॥੧॥

نامِ رتے سدا سُکھُ پاوے
ساچِ رہے لِو لائی ॥1॥

ਹਰਿ ਹਰਿ ਨਾਮੁ ਜਪਹੁ ਜਨ ਭਾਈ ॥

ہرِ ہرِ نامُ جپہُ جن بھائی ۔ ॥

ਗੁਰ ਪ੍ਰਸਾਦਿ ਮਨੁ ਅਸਥਿਰੁ ਹੋਵੈ
ਅਨਦਿਨੁ ਹਰਿ ਰਸਿ ਰਹਿਆ ਅਘਾਈ ॥੧॥ ਰਹਾਉ ॥

گُر پرسادِ منُ استھِرُ ہووے
اندِنُ ہرِ رسِ رہِیا اگھائی ॥1॥ رہاءُ ॥

ਅਨਦਿਨੁ ਭਗਤਿ ਕਰਹੁ ਦਿਨੁ ਰਾਤੀ
ਇਸੁ ਜੁਗ ਕਾ ਲਾਹਾ ਭਾਈ ॥

اندِنُ بھگتِ کرہُ دِنُ راتی
اِسُ جُگ کا لاہا بھائی ۔ ॥

ਸਦਾ ਜਨ ਨਿਰਮਲ ਮੈਲੁ ਨ ਲਾਗੈ
ਸਚਿ ਨਾਮਿ ਚਿਤੁ ਲਾਈ ॥੨॥

سدا جن نِرمل میَلُ ن لاگے
سچِ نامِ چِتُ لائی ॥2॥

ਸੁਖੁ ਸੀਗਾਰੁ ਸਤਿਗੁਰੂ ਦਿਖਾਇਆ
ਨਾਮਿ ਵਡੀ ਵਡਿਆਈ ॥

سُکھُ سِیگارُ ستِگُرہُ دِکھائِیا
نامِ وڈی وڈِیائی ॥

ਅਖੁਟ ਭੰਡਾਰ ਭਰੇ ਕਦੇ ਤੋਟਿ ਨ ਆਵੈ
ਸਦਾ ਹਰਿ ਸੇਵਹੁ ਭਾਈ ॥੩॥

اکھُٹ بھنڈار بھرے کدے توٹِ ن آوے
سدا ہرِ سیوہُ بھائی ۔ ॥3॥

ਆਪੇ ਕਰਤਾ ਜਿਸ ਨੋ ਦੇਵੈ
ਤਿਸੁ ਵਸੈ ਮਨਿ ਆਈ ॥

آپے کرتا جِس نو دیوے
تِس وسے منِ آئی ॥

ਨਾਨਕ ਨਾਮੁ ਧਿਆਇ ਸਦਾ ਤੂ
ਸਤਿਗੁਰਿ ਦੀਆ ਦਿਖਾਈ ॥੪॥੧॥

نانک نامُ دھِیاءِ سدا توُ
ستِگُرِ دِیِیا دِکھائی ॥4॥1॥

ਪ੍ਰਭਾਤੀ ਮਹਲਾ ੩ ॥

پربھاتی محلا 3 ॥

ਨਿਰਗੁਣੀਆਰੇ ਕਉ ਬਖਸਿ ਲੈ ਸੁਆਮੀ
ਆਪੇ ਲੈਹੁ ਮਿਲਾਈ ॥

ਤੂ ਬੇਅੰਤੁ ਤੇਰਾ ਅੰਤੁ ਨ ਪਾਇਆ
ਸਬਦੇ ਦੇਹੁ ਬੁਝਾਈ ॥੧॥

ਹਰਿ ਜੀਉ ਤੁਧੁ ਵਿਟਹੁ ਬਲਿ ਜਾਈ ॥

ਤਨੁ ਮਨੁ ਅਰਪੀ ਤੁਧੁ ਆਗੈ ਰਾਖਉ
ਸਦਾ ਰਹਾਂ ਸਰਣਾਈ ॥੧॥ ਰਹਾਉ ॥

ਆਪਣੇ ਭਾਣੇ ਵਿਚਿ ਸਦਾ ਰਖੁ ਸੁਆਮੀ
ਹਰਿ ਨਾਮੋ ਦੇਹਿ ਵਡਿਆਈ ॥

ਪੂਰੇ ਗੁਰ ਤੇ ਭਾਣਾ ਜਾਪੈ
ਅਨਦਿਨੁ ਸਹਜਿ ਸਮਾਈ ॥੨॥

ਤੇਰੈ ਭਾਣੈ ਭਗਤਿ ਜੇ ਤੁਧੁ ਭਾਵੈ
ਆਪੇ ਬਖਸਿ ਮਿਲਾਈ ॥

ਤੇਰੈ ਭਾਣੈ ਸਦਾ ਸੁਖੁ ਪਾਇਆ
ਗੁਰਿ ਤ੍ਰਿਸਨਾ ਅਗਨਿ ਬੁਝਾਈ ॥੩॥

ਜੋ ਤੂ ਕਰਹਿ ਸੁ ਹੋਵੈ ਕਰਤੇ
ਅਵਰੁ ਨ ਕਰਣਾ ਜਾਈ ॥

ਨਾਨਕ ਨਾਵੈ ਜੇਵਡੁ ਅਵਰੁ ਨ ਦਾਤਾ
ਪੂਰੇ ਗੁਰ ਤੇ ਪਾਈ ॥੪॥੨॥

ਪ੍ਰਭਾਤੀ ਮਹਲਾ ੩ ॥

ਗੁਰਮੁਖਿ ਹਰਿ ਸਾਲਾਹਿਆ ਜਿੰਨਾ
ਤਿਨ ਸਲਾਹਿ ਹਰਿ ਜਾਤਾ ॥

ਵਿਚਹੁ ਭਰਮੁ ਗਇਆ ਹੈ ਦੂਜਾ
ਗੁਰ ਕੈ ਸਬਦਿ ਪਛਾਤਾ ॥੧॥

ਹਰਿ ਜੀਉ ਤੂ ਮੇਰਾ ਇਕੁ ਸੋਈ ॥

نِرگُنِیارے ک ءُ بخشِ لے سُیامی
آپے لیَہُ مِلائی ॥

توُ بیئنتُ تیرا انتُ ن پائِیا
سبدے دیہُ بُجھائی ॥1॥

ہرِ جیِءُ تُدھُ وِٹہُ بلِ جائی ॥

تنُ منُ ارپی تُدھُ آگے راکھ ءُ
سدا رہاں سرٹائی ॥1॥ رہاءُ ॥

آپنے بھانے وِچ سدا رکھُ سُیامی
ہرِ نامو دیہِ وڈِیائی ॥

پوُرے گُر تے بھانا جاپے
اندِنُ سہجِ سمائی ॥2॥

تیرے بھانے بھگتِ جے تُدھُ بھاوے
آپے بخشِ مِلائی ॥

تیرے بھانے سدا سُکھُ پائِیا
گُرِ تِرسنا اگنِ بُجھائی ॥3॥

جو توُ کرہِ سُ ہووے کرتے
اورُ ن کرنا جائی ॥

نانک ناوے جیوڈُ اورُ ن داتا
پوُرے گُر تے پائی ॥4॥2॥

پربھاتی محلا 3 ॥

گُرمُکھِ ہرِ سالاحِیا جِنّنا
تِن سلاحِ ہرِ جاتا ॥

وِچہُ بھرمُ گئِیا ہے دوُجا
گُر کے سبدِ پچھاتا ॥1॥

ہرِ جیِءُ توُ میرا اِکُ سوئی ॥

ਤੁਧੁ ਜਪੀ ਤੁਧੈ ਸਾਲਾਹੀ	تُدھُ جپی تُدھے سالاحی
ਗਤਿ ਮਤਿ ਤੁਝ ਤੇ ਹੋਈ ॥੧॥ ਰਹਾਉ ॥	گتِ متِ تُجھ تے ہوئی ॥1॥ رہاءُ ॥
ਗੁਰਮੁਖਿ ਸਾਲਾਹਨਿ ਸੇ ਸਾਦੁ ਪਾਇਨਿ	گُرمُکھِ سالاحنِ سے سادُ پائِنِ
ਮੀਠਾ ਅੰਮ੍ਰਿਤੁ ਸਾਰੁ ॥	مِیٹھا انمْرِتُ سارُ ॥
ਸਦਾ ਮੀਠਾ ਕਦੇ ਨ ਫੀਕਾ	سدا مِیٹھا کدے ن پھیِکا
ਗੁਰ ਸਬਦੀ ਵੀਚਾਰੁ ॥੨॥	گُر سبدی ویچارُ ॥2॥
ਜਿਨਿ ਮੀਠਾ ਲਾਇਆ ਸੋਈ ਜਾਣੈ	جِنِ مِیٹھا لائِیا سوئی جانے
ਤਿਸੁ ਵਿਟਹੁ ਬਲਿ ਜਾਈ ॥	تِسُ وِٹہُ بلِ جائی ॥
ਸਬਦਿ ਸਲਾਹੀ ਸਦਾ ਸੁਖਦਾਤਾ	سبدِ سلاحی سدا سُکھداتا
ਵਿਚਹੁ ਆਪੁ ਗਵਾਈ ॥੩॥	وِچہُ آپُ گوائی ॥3॥
ਸਤਿਗੁਰੁ ਮੇਰਾ ਸਦਾ ਹੈ ਦਾਤਾ	ستِگُرُ میرا سدا ہے داتا
ਜੋ ਇਛੈ ਸੋ ਫਲੁ ਪਾਏ ॥	جو اِچھے سو پھلُ پائے ॥
ਨਾਨਕ ਨਾਮੁ ਮਿਲੈ ਵਡਿਆਈ	نانک نامُ مِلے وڈِیائی
ਗੁਰ ਸਬਦੀ ਸਚੁ ਪਾਏ ॥੪॥੩॥	گُر سبدی سچُ پائے ॥4॥3॥
ਪ੍ਰਭਾਤੀ ਮਹਲਾ ੩ ॥	پربھاتی محلا 3 ॥
ਜੋ ਤੇਰੀ ਸਰਣਾਈ ਹਰਿ ਜੀਉ	جو تیری سرٹائی ہرِ جیِءُ
ਤਿਨ ਤੂ ਰਾਖਨ ਜੋਗੁ ॥	تِن توُ راکھن جوگُ ॥
ਤੁਧੁ ਜੇਵਡੁ ਮੈ ਅਵਰੁ ਨ ਸੂਝੈ	تُدھُ جیوڈُمے اورُ ن سوُجھے
ਨਾ ਕੋ ਹੋਆ ਨ ਹੋਗੁ ॥੧॥	نا کو ہویا ن ہوگُ ॥1॥
ਹਰਿ ਜੀਉ ਸਦਾ ਤੇਰੀ ਸਰਣਾਈ ॥	ہرِ جیِءُ سدا تیری سرٹائی ॥
ਜਿਉ ਭਾਵੈ ਤਿਉ ਰਾਖਹੁ ਮੇਰੇ ਸੁਆਮੀ	جِءُ بھاوے تِءُ راکھہُ میرے سُیامی
ਏਹ ਤੇਰੀ ਵਡਿਆਈ ॥੧॥ ਰਹਾਉ ॥	ایہ تیری وڈِیائی ॥1॥ رہاءُ ॥
ਜੋ ਤੇਰੀ ਸਰਣਾਈ ਹਰਿ ਜੀਉ	جو تیری سرٹائی ہرِ جیِءُ
ਤਿਨ ਕੀ ਕਰਹਿ ਪ੍ਰਤਿਪਾਲ ॥	تِن کی کرہِ پرتپال ॥
ਆਪਿ ਕ੍ਰਿਪਾ ਕਰਿ ਰਾਖਹੁ ਹਰਿ ਜੀਉ	آپِ کرِپا کرِ راکھہُ ہرِ جیِءُ

ਪੋਹਿ ਨ ਸਕੈ ਜਮਕਾਲੁ ॥੨॥

پوہِ ن سکےَ جمکالُ ॥2॥

ਤੇਰੀ ਸਰਣਾਈ ਸਚੀ ਹਰਿ ਜੀਉ
ਨਾ ਓਹ ਘਟੈ ਨ ਜਾਇ ॥

تیری سرٹائی سچی ہرِ جیِءُ
نا اوہ گھٹے ن جاءِ ॥

ਜੋ ਹਰਿ ਛੋਡਿ ਦੂਜੈ ਭਾਇ ਲਾਗੈ
ਓਹੁ ਜੰਮੈ ਤੈ ਮਰਿ ਜਾਇ ॥੩॥

جو ہرِ چھوڈِ دوُجےَ بھاءِ لاگے
اوہُ جنمےَ تے مرِ جاءِ ॥3॥

ਜੋ ਤੇਰੀ ਸਰਣਾਈ ਹਰਿ ਜੀਉ
ਤਿਨਾ ਦੂਖ ਭੂਖ ਕਿਛੁ ਨਾਹਿ ॥

جو تیری سرٹائی ہرِ جیِءُ
تِنا دوُکھ بھوُکھ کِچھُ ناہِ ॥

ਨਾਨਕ ਨਾਮੁ ਸਲਾਹਿ ਸਦਾ ਤੂ
ਸਚੈ ਸਬਦਿ ਸਮਾਹਿ ॥੪॥੪॥

نانک نامُ سلاحِ سدا توُ
سچےَ سبدِ سماہِ ॥4॥4॥

ਪ੍ਰਭਾਤੀ ਮਹਲਾ ੩ ॥

پربھاتی محلا 3 ॥

ਗੁਰਮੁਖਿ ਹਰਿ ਜੀਉ ਸਦਾ ਧਿਆਵਹੁ
ਜਬ ਲਗੁ ਜੀਅ ਪਰਾਨ ॥

گُرمُکھِ ہرِ جیِءُ سدا دھِیاوہُ
جب لگُ جیء پران ॥

ਗੁਰ ਸਬਦੀ ਮਨੁ ਨਿਰਮਲੁ ਹੋਆ
ਚੂਕਾ ਮਨਿ ਅਭਿਮਾਨੁ ॥

گُر سبدی منُ نِرملُ ہویا
چوُکا منِ ابھمانُ ॥

ਸਫਲੁ ਜਨਮੁ ਤਿਸੁ ਪ੍ਰਾਨੀ ਕੇਰਾ
ਹਰਿ ਕੈ ਨਾਮਿ ਸਮਾਨ ॥੧॥

سپھلُ جنمُ تِس پرانی کیرا
ہرِ کےَ نامِ سمان ॥1॥

ਮੇਰੇ ਮਨ ਗੁਰ ਕੀ ਸਿਖ ਸੁਣੀਜੈ ॥

میرے من گُر کی سِکھ سُنیجےَ ॥

ਹਰਿ ਕਾ ਨਾਮੁ ਸਦਾ ਸੁਖਦਾਤਾ
ਸਹਜੇ ਹਰਿ ਰਸੁ ਪੀਜੈ ॥੧॥ ਰਹਾਉ ॥

ہرِ کا نامُ سدا سُکھداتا
سہجے ہرِ رسُ پیجےَ ॥1॥ رہاءُ ॥

ਮੂਲੁ ਪਛਾਣਨਿ ਤਿਨ ਨਿਜ ਘਰਿ ਵਾਸਾ
ਸਹਜੇ ਹੀ ਸੁਖੁ ਹੋਈ ॥

موُلُ پچھاٹنِ تِن نِج گھرِ واسا
سہجے ہی سُکھُ ہوئی ॥

ਗੁਰ ਕੈ ਸਬਦਿ ਕਮਲੁ ਪਰਗਾਸਿਆ
ਹਉਮੈ ਦੁਰਮਤਿ ਖੋਈ ॥

گُر کے سبدِ کملُ پرگاسِیا
ہئُمےَ دُرمتِ کھوئی ॥

ਸਭਨਾ ਮਹਿ ਏਕੋ ਸਚੁ ਵਰਤੈ
ਵਿਰਲਾ ਬੂਝੈ ਕੋਈ ॥੨॥

سبھنا مہِ ایکو سچُ ورتے
وِرلا بوُجھےَ کوئی ॥2॥

ਗੁਰਮਤੀ ਮਨੁ ਨਿਰਮਲੁ ਹੋਆ
ਅੰਮ੍ਰਿਤੁ ਤਤੁ ਵਖਾਨੈ ॥

گُرمتی منُ نِرملُ ہویا
انّمرِتُ تتُ وکھانے ॥

ਹਰਿ ਕਾ ਨਾਮੁ ਸਦਾ ਮਨਿ ਵਸਿਆ
ਵਿਚਿ ਮਨ ਹੀ ਮਨੁ ਮਾਨੈ ॥

ہرِ کا نامُ سدا منِ وسِیا
وِچِ من ہی منُ مانے ॥

ਸਦਾ ਬਲਿਹਾਰੀ ਗੁਰ ਅਪੁਨੇ ਵਿਟਹੁ
ਜਿਤੁ ਆਤਮ ਰਾਮੁ ਪਛਾਨੈ ॥੩॥

سدا بلِہاری گُر اپُنے وِٹہُ
جِتُ آتم رامُ پچھانے ॥3॥

ਮਾਨਸ ਜਨਮਿ ਸਤਿਗੁਰੂ ਨ ਸੇਵਿਆ
ਬਿਰਥਾ ਜਨਮੁ ਗਵਾਇਆ ॥

مانس جنمِ ستِگُرو ن سیویا
برتھا جنمُ گوائیا ॥

ਨਦਰਿ ਕਰੇ ਤਾਂ ਸਤਿਗੁਰੁ ਮੇਲੇ
ਸਹਜੇ ਸਹਜਿ ਸਮਾਇਆ ॥

ندرِ کرے تاں ستِگُرُ میلے
سہجے سہجِ سمائیا ॥

ਨਾਨਕ ਨਾਮੁ ਮਿਲੈ ਵਡਿਆਈ
ਪੂਰੈ ਭਾਗਿ ਧਿਆਇਆ ॥੪॥੫॥

نانک نامُ مِلے وڈیائی
پوُرے بھاگِ دھیائیا ॥4॥5॥

ਪ੍ਰਭਾਤੀ ਮਹਲਾ ੩ ॥

پربھاتی محلا 3 ॥

ਆਪੇ ਭਾਂਤਿ ਬਣਾਏ ਬਹੁ ਰੰਗੀ
ਸਿਸਟਿ ਉਪਾਇ ਪ੍ਰਭਿ ਖੇਲੁ ਕੀਆ ॥

آپے بھانتِ بنائے بہُ رنگی
سِسٹِ اُپاءِ پربھِ کھیلُ کیِیا ॥

ਕਰਿ ਕਰਿ ਵੇਖੈ ਕਰੇ ਕਰਾਏ
ਸਰਬ ਜੀਆ ਨੋ ਰਿਜਕੁ ਦੀਆ ॥੧॥

کرِ کرِ ویکھے کرے کرائے
سرب جیِیا نو رِزقُ دیِیا ॥1॥

ਕਲੀ ਕਾਲ ਮਹਿ ਰਵਿਆ ਰਾਮੁ ॥

کلی کال مہِ روِیا رامُ ॥

ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ
ਗੁਰਮੁਖਿ ਪਰਗਟੁ ਹਰਿ ਹਰਿ ਨਾਮੁ ॥੧॥ ਰਹਾਉ ॥

گھٹِ گھٹِ پوُرِ رہِیا پربھُ ایکو
گُرمُکھِ پرگٹُ ہرِ ہرِ نامُ ॥1॥ رہاءُ ॥

ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ
ਘਟਿ ਘਟਿ ਹਰਿ ਭਰਪੂਰਿ ਰਹਿਆ ॥

گُپتا نامُ ورتے وِچِ کلجُگِ
گھٹِ گھٹِ ہرِ بھرپوُرِ رہِیا ॥

ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ
ਜੋ ਗੁਰ ਸਰਣਾਈ ਭਜਿ ਪਇਆ ॥੨॥

نامُ رتنُ تِنا ہِردے پرگٹیا
جو گُر سرنائی بھجِ پئیا ॥2॥

ਇੰਦ੍ਰੀ ਪੰਚ ਪੰਚੇ ਵਸਿ ਆਣੈ

اِندّری پنّج پنّچے وسِ آنے

ਖਿਮਾ ਸੰਤੋਖੁ ਗੁਰਮਤਿ ਪਾਵੈ ॥

ਸੋ ਧਨੁ ਧਨੁ ਹਰਿ ਜਨੁ ਵਡ ਪੂਰਾ
ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥

ਗੁਰ ਤੇ ਮੁਹੁ ਫੇਰੇ ਜੇ ਕੋਈ
ਗੁਰ ਕਾ ਕਹਿਆ ਨ ਚਿਤਿ ਧਰੈ ॥

ਕਰਿ ਆਚਾਰ ਬਹੁ ਸੰਪਉ ਸੰਚੈ
ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥

ਏਕੋ ਸਬਦੁ ਏਕੋ ਪ੍ਰਭੁ ਵਰਤੈ
ਸਭ ਏਕਸੁ ਤੇ ਉਤਪਤਿ ਚਲੈ ॥

ਨਾਨਕ ਗੁਰਮੁਖਿ ਮੇਲਿ ਮਿਲਾਏ
ਗੁਰਮੁਖਿ ਹਰਿ ਹਰਿ ਜਾਇ ਰਲੈ ॥੫॥੬॥

ਪ੍ਰਭਾਤੀ ਮਹਲਾ ੩ ॥

ਮੇਰੇ ਮਨ ਗੁਰੁ ਅਪਣਾ ਸਾਲਾਹਿ ॥

ਪੂਰਾ ਭਾਗੁ ਹੋਵੈ ਮੁਖਿ ਮਸਤਕਿ
ਸਦਾ ਹਰਿ ਕੇ ਗੁਣ ਗਾਹਿ ॥੧॥ ਰਹਾਉ ॥

ਅੰਮ੍ਰਿਤ ਨਾਮੁ ਭੋਜਨੁ ਹਰਿ ਦੇਇ ॥

ਕੋਟਿ ਮਧੇ ਕੋਈ ਵਿਰਲਾ ਲੇਇ ॥

ਜਿਸ ਨੋ ਅਪਣੀ ਨਦਰਿ ਕਰੇਇ ॥੧॥

ਗੁਰ ਕੇ ਚਰਣ ਮਨ ਮਾਹਿ ਵਸਾਇ ॥

ਦੁਖੁ ਅਨ੍ਹੇਰਾ ਅੰਦਰਹੁ ਜਾਇ ॥

ਆਪੇ ਸਾਚਾ ਲਏ ਮਿਲਾਇ ॥੨॥

ਗੁਰ ਕੀ ਬਾਣੀ ਸਿਉ ਲਾਇ ਪਿਆਰੁ ॥

ਐਥੈ ਓਥੈ ਏਹੁ ਅਧਾਰੁ ॥

ਆਪੇ ਦੇਵੈ ਸਿਰਜਨਹਾਰੁ ॥੩॥

کھِما سنتوکھُ گُرمتِ پاوے ॥

سو دھنُ دھنُ ہرِ جنُ وڈ پُورا
جو بھے بیَراگِ ہرِ گُنؤ گاوے ॥3॥

گُر تے مُہُ پھیرے جے کوئی
گُر کا کہِیا ن چِتِ دھرے ॥

کرِ آچار بہُ سنپءُ سنچے
جو کِچھُ کرے سُ نرکِ پرے ॥4॥

ایکو سبدُ ایکو پربھُ ورتے
سبھ ایکسُ تے اُتپتِ چلے ॥

نانک گُرمُکھِ میلِ مِلائے
گُرمُکھِ ہرِ ہرِ جاءِ رلے ॥5॥6॥

پربھاتی محلا 3 ॥

میرے من گُرُ اپنا سالاہِ ॥

پُورا بھاگُ ہووے مُکھِ مستکِ
سدا ہرِ کے گُنؤ گاہِ ॥1॥ رہاءُ ॥

انمرت نامُ بھوجنُ ہرِ دےءِ ॥

کوٹِ مدھے کوئی وِرلا لےءِ ॥

جِس نو اپنی ندرِ کرےءِ ॥1॥

گُر کے چرنؤ من ماہِ وساءِ ॥

دُکھُ انہیرا اندرہُ جاءِ ॥

آپے ساچا لے مِلاءِ ॥2॥

گُر کی بانی سءُ لاءِ پیارُ ॥

ایتھے اوتھے ایہُ ادھارُ ॥

آپے دیوے سِرجنہارُ ॥3॥

ਸਚਾ ਮਨਾਏ ਅਪਣਾ ਭਾਣਾ ॥
سچا منائے اپنا بھاٹا ॥

ਸੋਈ ਭਗਤੁ ਸੁਘੜੁ ਸੋਜਾਣਾ ॥
سوئی بھگتُ سُگھڑُ سوجاٹا ॥

ਨਾਨਕੁ ਤਿਸ ਕੈ ਸਦ ਕੁਰਬਾਣਾ ॥੪॥੭॥੧੭॥੭॥੨੪॥
نانکُ تِس کے سد قُرباٹا ॥4॥7॥ 17 ॥7॥ 24 ॥

ਪ੍ਰਭਾਤੀ ਮਹਲਾ ੪ ਬਿਭਾਸ
پربھاتی محلا 4 بِبھاس

ੴ ਸਤਿਗੁਰ ਪ੍ਰਸਾਦਿ ॥
ੴ ستِگُر پرسادِ ॥

ਰਸਕਿ ਰਸਕਿ ਗੁਨ ਗਾਵਹ ਗੁਰਮਤਿ
ਲਿਵ ਉਨਮਨਿ ਨਾਮਿ ਲਗਾਨ ॥

رسکِ رسکِ گُن گاوہ گُرمتِ
لِو اُنمنِ نامِ لگان ॥

ਅੰਮ੍ਰਿਤੁ ਰਸੁ ਪੀਆ ਗੁਰ ਸਬਦੀ
ਹਮ ਨਾਮ ਵਿਟਹੁ ਕੁਰਬਾਨ ॥੧॥

انمرِتُ رسُ پیا گُر سبدی
ہم نام وِٹہٗ قُربان ॥1॥

ਹਮਰੇ ਜਗਜੀਵਨ ਹਰਿ ਪ੍ਰਾਨ ॥

ہمرے جگجیون ہرِ پران ॥

ਹਰਿ ਊਤਮੁ ਰਿਦ ਅੰਤਰਿ ਭਾਇਓ
ਗੁਰਿ ਮੰਤੁ ਦੀਓ ਹਰਿ ਕਾਨ ॥੧॥ ਰਹਾਉ ॥

ہرِ اوُتمُ رِد انترِ بھائیو
گُرِ منتُ دیئو ہرِ کان ॥1॥ رہاءُ ॥

ਆਵਹੁ ਸੰਤ ਮਿਲਹੁ ਮੇਰੇ ਭਾਈ
ਮਿਲਿ ਹਰਿ ਹਰਿ ਨਾਮੁ ਵਖਾਨ ॥

آوہُ سنت مِلہُ میرے بھائی
مِلِ ہرِ ہرِ نامُ وکھان ॥

ਕਿਤੁ ਬਿਧਿ ਕਿਉ ਪਾਈਐ ਪ੍ਰਭੁ ਅਪੁਨਾ
ਮੋ ਕਉ ਕਰਹੁ ਉਪਦੇਸੁ ਹਰਿ ਦਾਨ ॥੨॥

کِتُ بِدھِ کِءُ پائیئے پربھُ اپُنا
موٗ کءُ کرہُ اُپدیسُ ہرِ دان ॥2॥

ਸਤਸੰਗਤਿ ਮਹਿ ਹਰਿ ਹਰਿ ਵਸਿਆ
ਮਿਲਿ ਸੰਗਤਿ ਹਰਿ ਗੁਨ ਜਾਨ ॥

ستسنگتِ مہِ ہرِ ہرِ وسِیا
مِلِ سنگتِ ہرِ گُن جان ॥

ਵਡੈ ਭਾਗਿ ਸਤਸੰਗਤਿ ਪਾਈ
ਗੁਰੁ ਸਤਿਗੁਰੁ ਪਰਸਿ ਭਗਵਾਨ ॥੩॥

وڈے بھاگِ ستسنگتِ پائی
گُرُ ستِگُرُ پرسِ بھگوان ॥3॥

ਗੁਨ ਗਾਵਹ ਪ੍ਰਭ ਅਗਮ ਠਾਕੁਰ ਕੇ
ਗੁਨ ਗਾਇ ਰਹੇ ਹੈਰਾਨ ॥

گُن گاوہ پربھ اگم ٹھاکُر کے
گُن گاءِ رہے حیران ॥

ਜਨ ਨਾਨਕ ਕਉ ਗੁਰਿ ਕਿਰਪਾ ਧਾਰੀ
ਹਰਿ ਨਾਮੁ ਦੀਓ ਖਿਨ ਦਾਨ ॥੪॥੧॥

جن نانک کءُ گُرِ کِرپا دھاری
ہرِ نامُ دیئو کھِن دان ॥4॥1॥

ਪ੍ਰਭਾਤੀ ਮਹਲਾ ੪ ॥

ਉਗਵੈ ਸੂਰੁ ਗੁਰਮੁਖਿ ਹਰਿ ਬੋਲਹਿ
ਸਭ ਰੈਨਿ ਸਮ੍ਾਲਹਿ ਹਰਿ ਗਾਲ ॥

ਹਮਰੈ ਪ੍ਰਭਿ ਹਮ ਲੋਚ ਲਗਾਈ
ਹਮ ਕਰਹ ਪ੍ਰਭੂ ਹਰਿ ਭਾਲ ॥੧॥

ਮੇਰਾ ਮਨੁ ਸਾਧੂ ਧੂਰਿ ਰਵਾਲ ॥

ਹਰਿ ਹਰਿ ਨਾਮੁ ਦ੍ਰਿੜਾਇਓ ਗੁਰਿ ਮੀਠਾ
ਗੁਰ ਪਗ ਝਾਰਹ ਹਮ ਬਾਲ ॥੧॥ ਰਹਾਉ ॥

ਸਾਕਤ ਕਉ ਦਿਨੁ ਰੈਨਿ ਅੰਧਾਰੀ
ਮੋਹਿ ਫਾਥੇ ਮਾਇਆ ਜਾਲ ॥

ਖਿਨੁ ਪਲੁ ਹਰਿ ਪ੍ਰਭੁ ਰਿਦੈ ਨ ਵਸਿਓ
ਰਿਨਿ ਬਾਧੇ ਬਹੁ ਬਿਧਿ ਬਾਲ ॥੨॥

ਸਤਸੰਗਤਿ ਮਿਲਿ ਮਤਿ ਬੁਧਿ ਪਾਈ
ਹਉ ਛੂਟੇ ਮਮਤਾ ਜਾਲ ॥

ਹਰਿ ਨਾਮਾ ਹਰਿ ਮੀਠ ਲਗਾਨਾ
ਗੁਰਿ ਕੀਏ ਸਬਦਿ ਨਿਹਾਲ ॥੩॥

ਹਮ ਬਾਰਿਕ ਗੁਰ ਅਗਮ ਗੁਸਾਈ
ਗੁਰ ਕਰਿ ਕਿਰਪਾ ਪ੍ਰਤਿਪਾਲ ॥

ਬਿਖੁ ਭਉਜਲ ਡੁਬਦੇ ਕਾਢਿ ਲੇਹੁ ਪ੍ਰਭ
ਗੁਰ ਨਾਨਕ ਬਾਲ ਗੁਪਾਲ ॥੪॥੨॥

پربھاتی محلا 4 ॥

اُگوے سوُرُ گُرمُکھِ ہرِ بولہِ
سبھ رینِ سمہّالہِ ہرِ گال ॥

ہمرے پربھِ ہم لوچ لگائی
ہم کرہ پربھوُ ہرِ بھال ॥1॥

میرا منُ سادھوُ دھوُرِ روال ॥

ہرِ ہرِ نامُ دڑڑائیو گُرِ میٹھا
گُر پگ جھارہ ہم بال ॥1॥ رہاءُ ॥

ساکت کءُ دِنُ رینِ اندھاری
موہِ پھاتھے مائیا جال ॥

کھِنُ پلُ ہرِ پربھُ رِدے ن وسِئو
رِنِ بادھے بہُ بِدھِ بال ॥2॥

ستسنگتِ مِلِ متِ بُدھِ پائی
ہءُ چھوُٹے ممتا جال ॥

ہرِ نامِ ہرِ میٹھ لگانا
گُرِ کیئے سبدِ نہال ॥3॥

ہم بارِک گُر اگم گُسائی
گُر کرِ کرِپا پرتپال ॥

بِکھُ بھنجُل ڈُبدے کاڈھِ لیہُ پربھ
گُر نانک بال گُپال ॥4॥2॥

ਪ੍ਰਭਾਤੀ ਮਹਲਾ ੪ ॥

ਇਕੁ ਖਿਨੁ ਹਰਿ ਪ੍ਰਭਿ ਕਿਰਪਾ ਧਾਰੀ
ਗੁਨ ਗਾਏ ਰਸਕ ਰਸੀਕ ॥

ਗਾਵਤ ਸੁਨਤ ਦੋਊ ਭਏ ਮੁਕਤੇ
ਜਿਨਾ ਗੁਰਮੁਖਿ ਖਿਨੁ ਹਰਿ ਪੀਕ ॥੧॥

پربھاتی محلا 4 ॥

اِکُ کھِنُ ہرِ پربھِ کِرپا دھاری
گُن گائے رسک رسیک ॥

گاوت سُنت دوئوُ بھے مُکتے
جِنا گُرمُکھِ کھِنُ ہرِ پیک ॥1॥

ਮੇਰੈ ਮਨਿ ਹਰਿ ਹਰਿ ਰਾਮ
ਨਾਮੁ ਰਸੁ ਟੀਕ ॥

میرے منِ ہرِ ہرِ رام
نامُ رسُ ٹیک ॥

ਗੁਰਮੁਖਿ ਨਾਮੁ ਸੀਤਲ ਜਲੁ ਪਾਇਆ
ਹਰਿ ਹਰਿ ਨਾਮੁ ਪੀਆ ਰਸੁ ਝੀਕ ॥੧॥ ਰਹਾਉ ॥

گُرمُکھِ نامُ سیتل جلُ پائیا
ہرِ ہرِ نامُ پیا رسُ جھیک ॥1॥ رہاءُ ॥

ਜਿਨ ਹਰਿ ਹਿਰਦੈ ਪ੍ਰੀਤਿ ਲਗਾਨੀ
ਤਿਨਾ ਮਸਤਕਿ ਊਜਲ ਟੀਕ ॥

جِن ہرِ ہِردے پرِیت لگانی
تِنا مستکِ اوُجل ٹیک ॥

ਹਰਿ ਜਨ ਸੋਭਾ ਸਭ ਜਗ ਊਪਰਿ
ਜਿਉ ਵਿਚਿ ਉਡਵਾ ਸਸਿ ਕੀਕ ॥੨॥

ہرِ جن سوبھا سبھ جگ اوُپرِ
جِءُ وِچِ اُڈوا سسِ کیک ॥2॥

ਜਿਨ ਹਰਿ ਹਿਰਦੈ ਨਾਮੁ ਨ ਵਸਿਓ
ਤਿਨ ਸਭਿ ਕਾਰਜ ਫੀਕ ॥

جِن ہرِ ہِردے نامُ ن وسِئو
تِن سبھِ کارج پھیک ॥

ਜੈਸੇ ਸੀਗਾਰੁ ਕਰੈ ਦੇਹ ਮਾਨੁਖ
ਨਾਮ ਬਿਨਾ ਨਕਟੇ ਨਕ ਕੀਕ ॥੩॥

جیَسے سیگارُ کرے دیہ مانُکھ
نام بِنا نکٹے نک کیک ॥3॥

ਘਟਿ ਘਟਿ ਰਮਈਆ ਰਮਤ ਰਾਮ ਰਾਇ
ਸਭ ਵਰਤੈ ਸਭ ਮਹਿ ਈਕ ॥

گھٹِ گھٹِ رمئیا رمت رام راءِ
سبھ ورتے سبھ مہِ ایک ॥

ਜਨ ਨਾਨਕ ਕਉ ਹਰਿ ਕਿਰਪਾ ਧਾਰੀ
ਗੁਰ ਬਚਨ ਧਿਆਇਓ ਘਰੀ ਮੀਕ ॥੪॥੩॥

جن نانک کءُ ہرِ کِرپا دھاری
گُر بچن دھیائِئو گھری میک ॥4॥3॥

ਪ੍ਰਭਾਤੀ ਮਹਲਾ ੪ ॥

پربھاتی محلا 4 ॥

ਅਗਮ ਦਇਆਲ ਕ੍ਰਿਪਾ ਪ੍ਰਭਿ ਧਾਰੀ
ਮੁਖਿ ਹਰਿ ਹਰਿ ਨਾਮੁ ਹਮ ਕਹੇ ॥

اگم دئیال کِرپا پربھِ دھاری
مُکھِ ہرِ ہرِ نامُ ہم کہے ॥

ਪਤਿਤ ਪਾਵਨ ਹਰਿ ਨਾਮੁ ਧਿਆਇਓ
ਸਭਿ ਕਿਲਬਿਖ ਪਾਪ ਲਹੇ ॥੧॥

پتت پاون ہرِ نامُ دھیائِئو
سبھِ کِلبِکھ پاپ لہے ॥1॥

ਜਪਿ ਮਨ ਰਾਮ ਨਾਮੁ ਰਵਿ ਰਹੇ ॥

جپِ من رام نامُ روِ رہے ॥

ਦੀਨ ਦਇਆਲੁ ਦੁਖ ਭੰਜਨੁ ਗਾਇਓ
ਗੁਰਮਤਿ ਨਾਮੁ ਪਦਾਰਥੁ ਲਹੇ ॥੧॥ ਰਹਾਉ ॥

دِین دئیالُ دُکھ بھنجنُ گائِئو
گُرمتِ نامُ پدارتھُ لہے ॥1॥ رہاءُ ॥

ਕਾਇਆ ਨਗਰਿ ਨਗਰਿ ਹਰਿ ਬਸਿਓ

کائیا نگرِ نگرِ ہرِ بسِئو

ਮਤਿ ਗੁਰਮਤਿ ਹਰਿ ਹਰਿ ਸਹੇ ॥

متِ گُرمتِ ہرِ ہرِ سہے ॥

ਸਰੀਰਿ ਸਰੋਵਰਿ ਨਾਮੁ ਹਰਿ ਪ੍ਰਗਟਿਓ
ਘਰਿ ਮੰਦਰਿ ਹਰਿ ਪ੍ਰਭੁ ਲਹੇ ॥੨॥

سریرِ سروورِ نامُ ہرِ پرّگٹیُو
گھرِ مندّرِ ہرِ پرّبھُ لہے ॥2॥

ਜੋ ਨਰ ਭਰਮਿ ਭਰਮਿ ਉਦਿਆਨੇ
ਤੇ ਸਾਕਤ ਮੂੜ ਮੁਹੇ ॥

جو نر بھرمِ بھرمِ اُدیانے
تے ساکت موُڑ مُہے ॥

ਜਿਉ ਮ੍ਰਿਗ ਨਾਭਿ ਬਸੈ ਬਾਸੁ ਬਸਨਾ
ਭ੍ਰਮਿ ਭ੍ਰਮਿਓ ਝਾਰ ਗਹੇ ॥੩॥

جِءُ مّرِگ نابھِ بسے باسُ بسنا
بھّرمِ بھّرمِیُو جھار گہے ॥3॥

ਤੁਮ ਵਡ ਅਗਮ ਅਗਾਧਿ ਬੋਧਿ ਪ੍ਰਭ
ਮਤਿ ਦੇਵਹੁ ਹਰਿ ਪ੍ਰਭ ਲਹੇ ॥

تُم وڈ اگم اگادھِ بودھِ پرّبھ
متِ دیوہُ ہرِ پرّبھ لہے ॥

ਜਨ ਨਾਨਕ ਕਉ ਗੁਰਿ ਹਾਥੁ ਸਿਰਿ ਧਰਿਓ
ਹਰਿ ਰਾਮ ਨਾਮਿ ਰਵਿ ਰਹੇ ॥੪॥੪॥

جن نانک کءُ گُرِ ہاتھُ سِرِ دھرِیُو
ہرِ رام نامِ روِ رہے ॥4॥4॥

ਪ੍ਰਭਾਤੀ ਮਹਲਾ ੪ ॥

پرّبھاتی محلا 4 ॥

ਮਨਿ ਲਾਗੀ ਪ੍ਰੀਤਿ ਰਾਮ ਨਾਮ ਹਰਿ
ਹਰਿ ਜਪਿਓ ਹਰਿ ਪ੍ਰਭੁ ਵਡਫਾ ॥

منِ لاگی پرّیتِ رام نام ہرِ
ہرِ جپیُو ہرِ پرّبھُ وڈپھا ॥

ਸਤਿਗੁਰ ਬਚਨ ਸੁਖਾਨੇ ਹੀਅਰੈ
ਹਰਿ ਧਾਰੀ ਹਰਿ ਪ੍ਰਭ ਕ੍ਰਿਪਫਾ ॥੧॥

ستِگُر بچن سُکھانے ہیئرے
ہرِ دھاری ہرِ پرّبھ کرِپپھا ॥1॥

ਮੇਰੇ ਮਨ ਭਜੁ ਰਾਮ ਨਾਮ ਹਰਿ ਨਿਮਖਫਾ ॥

میرے من بھجُ رام نام ہرِ نِمکھپھا ॥

ਹਰਿ ਹਰਿ ਦਾਨੁ ਦੀਓ ਗੁਰਿ ਪੂਰੈ
ਹਰਿ ਨਾਮਾ ਮਨਿ ਤਨਿ ਬਸਫਾ ॥੧॥ ਰਹਾਉ ॥

ہرِ ہرِ دانُ دیئیُو گُرِ پوُرے
ہرِ نامامنِ تنِ بسپھا ॥1॥ رہاءُ ॥

ਕਾਇਆ ਨਗਰਿ ਵਸਿਓ ਘਰਿ ਮੰਦਰਿ
ਜਪਿ ਸੋਭਾ ਗੁਰਮੁਖਿ ਕਰਪਫਾ ॥

کائیا نگرِ وسِیُو گھرِ مندّرِ
جپِ سوبھا گُرمُکھِ کرپپھا ॥

ਹਲਤਿ ਪਲਤਿ ਜਨ ਭਏ ਸੁਹੇਲੇ
ਮੁਖ ਊਜਲ ਗੁਰਮੁਖਿ ਤਰਫਾ ॥੨॥

ہلتِ پلتِ جن بھےَ سُہیلے
مُکھ اوُجل گُرمُکھِ ترپھا ॥2॥

ਅਨਭਉ ਹਰਿ ਹਰਿ ਹਰਿ ਲਿਵ ਲਾਗੀ
ਹਰਿ ਉਰ ਧਾਰਿਓ ਗੁਰਿ ਨਿਮਖਫਾ ॥

انبھءُ ہرِ ہرِ ہرِ لِو لاگی
ہرِ اُر دھارِیُو گُرِ نِمکھپھا ॥

ਕੋਟਿ ਕੋਟਿ ਕੇ ਦੋਖ ਸਭ ਜਨ ਕੇ
ਹਰਿ ਦੂਰਿ ਕੀਏ ਇਕ ਪਲਫਾ ॥੩॥

کوٹِ کوٹِ کے دوکھ سبھ جن کے
ہرِ دوُرِ کیۓ اِک پلپھا ॥3॥

ਤੁਮਰੇ ਜਨ ਤੁਮ ਹੀ ਤੇ ਜਾਨੇ
ਪ੍ਰਭ ਜਾਨਿਓ ਜਨ ਤੇ ਮੁਖਫਾ ॥

تُمرے جن تُم ہی تے جانے
پربھ جانِئو جن تے مُکھپھا ॥

ਹਰਿ ਹਰਿ ਆਪੁ ਧਰਿਓ ਹਰਿ ਜਨ ਮਹਿ
ਜਨ ਨਾਨਕੁ ਹਰਿ ਪ੍ਰਭੁ ਇਕਫਾ ॥੪॥੫॥

ہرِ ہرِ آپُ دھرِئو ہرِ جن مہِ
جن نانکُ ہرِ پربھُ ایکفا ॥4॥5॥

ਪ੍ਰਭਾਤੀ ਮਹਲਾ ੪ ॥

پربھاتی محلا 4 ॥

ਗੁਰ ਸਤਿਗੁਰਿ ਨਾਮੁ ਦ੍ਰਿੜਾਇਓ ਹਰਿ ਹਰਿ
ਹਮ ਮੁਏ ਜੀਵੇ ਹਰਿ ਜਪਿਭਾ ॥

گُر ستِگُرِ نامُ دڑاۓئو ہرِ ہرِ
ہم مُۓ جیوے ہرِ جپِبھا ॥

ਧਨੁ ਧੰਨੁ ਗੁਰੂ ਗੁਰੁ ਸਤਿਗੁਰੁ ਪੂਰਾ
ਬਿਖੁ ਡੁਬਦੇ ਬਾਹ ਦੇਇ ਕਢਿਭਾ ॥੧॥

دھنُ دھنّنُ گُرُو گُرُ ستِگُرُ پوُرا
بِکھُ ڈُبدے باہ دےۓ کڈھِبھا ॥1॥

ਜਪਿ ਮਨ ਰਾਮ ਨਾਮੁ ਅਰਧਾਂਭਾ ॥

جپِ من رام نامُ اردھانبھا ॥

ਉਪਜੰਪਿ ਉਪਾਇ ਨ ਪਾਈਐ ਕਤਹੂ
ਗੁਰਿ ਪੂਰੈ ਹਰਿ ਪ੍ਰਭੁ ਲਾਭਾ ॥੧॥ ਰਹਾਉ ॥

اُپجنّپِ اُپاۓ ن پائیۓ کتہوُ
گُرِ پوُرے ہرِ پربھُ لابھا ॥1॥ رہاۓ ॥

ਰਾਮ ਨਾਮੁ ਰਸੁ ਰਾਮ ਰਸਾਇਣੁ
ਰਸੁ ਪੀਆ ਗੁਰਮਤਿ ਰਸਭਾ ॥

رام نامُ رسُ رام رسائنُ
رسُ پیِیا گُرمتِ رسبھا ॥

ਲੋਹ ਮਨੂਰ ਕੰਚਨੁ ਮਿਲਿ ਸੰਗਤਿ
ਹਰਿ ਉਰ ਧਾਰਿਓ ਗੁਰਿ ਹਰਿਭਾ ॥੨॥

لوہ منوُر کنچّنُ مِلِ سنگتِ
ہرِ اُر دھارِئو گُرِ ہرِبھا ॥2॥

ਹਉਮੈ ਬਿਖਿਆ ਨਿਤ ਲੋਭਿ ਲੁਭਾਨੇ
ਪੁਤ ਕਲਤ ਮੋਹਿ ਲੁਭਿਭਾ ॥

ہئُمےَ بِکھیا نِت لوبھِ لُبھانے
پُت کلت موہِ لُبھِبھا ॥

ਤਿਨ ਪਗ ਸੰਤ ਨ ਸੇਵੇ ਕਬਹੂ
ਤੇ ਮਨਮੁਖ ਭੂੰਭਰ ਭਰਭਾ ॥੩॥

تِن پگ سنّت ن سیوے کبہوُ
تے منمُکھ بھوُنبھر بھربھا ॥3॥

ਤੁਮਰੇ ਗੁਨ ਤੁਮ ਹੀ ਪ੍ਰਭ ਜਾਨਹੁ
ਹਮ ਪਰੇ ਹਾਰਿ ਤੁਮ ਸਰਨਭਾ ॥

تُمرے گُن تُم ہی پربھ جانہُ
ہم پرے ہارِ تُم سرنبھا ॥

ਜਿਉ ਜਾਨਹੁ ਤਿਉ ਰਾਖਹੁ ਸੁਆਮੀ

جِءُ جانہُ تِءُ راکھہُ سُیامی

ਜਨ ਨਾਨਕੁ ਦਾਸੁ ਤੁਮਨਭਾ ॥੪॥੬॥ ਛਕਾ ੧ ॥	جن نانکُ داسُ تُمنبھا ॥4॥6॥ چھکا 1 ॥
ਪ੍ਰਭਾਤੀ ਬਿਭਾਸ ਪੜਤਾਲ ਮਹਲਾ ੪	پربھاتی بِبھاس پڑتال محلا 4
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرسادِ ॥
ਜਪਿ ਮਨ ਹਰਿ ਹਰਿ ਨਾਮੁ ਨਿਧਾਨ ॥	جپِ من ہرِ ہرِ نامُ نِدھان ॥
ਹਰਿ ਦਰਗਹ ਪਾਵਹਿ ਮਾਨ ॥	ہرِ درگہ پاوہِ مان ॥
ਜਿਨਿ ਜਪਿਆ ਤੇ ਪਾਰਿ ਪਰਾਨ ॥੧॥ ਰਹਾਉ ॥	جِنِ جپیا تے پارِ پران ॥1॥ رہاءُ ॥
ਸੁਨਿ ਮਨ ਹਰਿ ਹਰਿ ਨਾਮੁ ਕਰਿ ਧਿਆਨੁ ॥	سُنِ من ہرِ ہرِ نامُ کرِ دھیانُ ॥
ਸੁਨਿ ਮਨ ਹਰਿ ਕੀਰਤਿ ਅਠਸਠਿ ਮਜਾਨੁ ॥	سُنِ من ہرِ کیرتِ اٹھسٹھِ مجانُ ॥
ਸੁਨਿ ਮਨ ਗੁਰਮੁਖਿ ਪਾਵਹਿ ਮਾਨੁ ॥੧॥	سُنِ من گُرمُکھِ پاوہِ مانُ ॥1॥
ਜਪਿ ਮਨ ਪਰਮੇਸੁਰੁ ਪਰਧਾਨੁ ॥	جپِ من پرمیسُرُ پردھانُ ॥
ਖਿਨ ਖੋਵੈ ਪਾਪ ਕੋਟਾਨ ॥	کھِن کھووے پاپ کوٹان ॥
ਮਿਲੁ ਨਾਨਕ ਹਰਿ ਭਗਵਾਨ ॥੨॥੧॥੭॥	مِلُ نانک ہرِ بھگوان ॥2॥1॥7॥
ਪ੍ਰਭਾਤੀ ਮਹਲਾ ੫ ਬਿਭਾਸ	پربھاتی محلا 5 بِبھاس
੧ੴ ਸਤਿਗੁਰ ਪ੍ਰਸਾਦਿ ॥	੧ੴ ستِگُر پرسادِ ॥
ਮਨੁ ਹਰਿ ਕੀਆ ਤਨੁ ਸਭੁ ਸਾਜਿਆ ॥	منُ ہرِ کیِیا تنُ سبھُ ساجِیا ॥
ਪੰਚ ਤਤ ਰਚਿ ਜੋਤਿ ਨਿਵਾਜਿਆ ॥	پنّچ تت رچِ جوتِ نِواجِیا ॥
ਸਿਹਜਾ ਧਰਤਿ ਬਰਤਨ ਕਉ ਪਾਨੀ ॥	سِہجا دھرتِ برتن کءُ پانی ॥
ਨਿਮਖ ਨ ਵਿਸਾਰਹੁ ਸੇਵਹੁ ਸਾਰਿਗਪਾਨੀ ॥੧॥	نِمکھ ن وِسارہُ سیوہُ سارِگپانی ॥1॥
ਮਨ ਸਤਿਗੁਰੁ ਸੇਵਿ ਹੋਇ ਪਰਮ ਗਤੇ ॥	من ستِگُرُ سیوِ ہوءِ پرم گتے ॥
ਹਰਖ ਸੋਗ ਤੇ ਰਹਹਿ ਨਿਰਾਰਾ ਤਾਂ ਤੂ ਪਾਵਹਿ ਪ੍ਰਾਨਪਤੇ ॥੧॥ ਰਹਾਉ ॥	ہرکھ سوگ تے رہہِ نِرارا تاں توُ پاوہِ پرانپتے ॥1॥ رہاءُ ॥
ਕਾਪੜ ਭੋਗ ਰਸ ਅਨਿਕ ਭੁੰਚਾਏ ॥	کاپڑ بھوگ رس انِک بھُنچائے ॥
ਮਾਤ ਪਿਤਾ ਕੁਟੰਬ ਸਗਲ ਬਨਾਏ ॥	مات پِتا کُٹنّب سگل بنائے ॥

ਰਿਜਕੁ ਸਮਾਹੇ ਜਲਿ ਥਲਿ ਮੀਤ ॥	رِزق سماہے جلِ تھلِ میت ۔ ॥
ਸੋ ਹਰਿ ਸੇਵਹੁ ਨੀਤਾ ਨੀਤ ॥੨॥	سو ہرِ سیوہُ نِیتا نِیت ॥2॥
ਤਹਾ ਸਖਾਈ ਜਹ ਕੋਇ ਨ ਹੋਵੈ ॥	تہا سکھائی جہ کوءِ ن ہووے ॥
ਕੋਟਿ ਅਪ੍ਰਾਧ ਇਕ ਖਿਨ ਮਹਿ ਧੋਵੈ ॥	کوٹِ اپّرادھ اِک کھِن مہِ دھووے ॥
ਦਾਤਿ ਕਰੈ ਨਹੀ ਪਛੋਤਾਵੈ ॥	داتِ کرے نہی پچھوتاوے ॥
ਏਕਾ ਬਖਸ ਫਿਰਿ ਬਹੁਰਿ ਨ ਬੁਲਾਵੈ ॥੩॥	ایکا بخش پھِرِ بہُرِ ن بُلاوے ॥3॥
ਕਿਰਤ ਸੰਜੋਗੀ ਪਾਇਆ ਭਾਲਿ ॥	کِرت سنّجوگی پائیا بھالِ ॥
ਸਾਧਸੰਗਤਿ ਮਹਿ ਬਸੇ ਗੁਪਾਲ ॥	سادھسنگتِ مہِ بسے گُپال ॥
ਗੁਰ ਮਿਲਿ ਆਏ ਤੁਮਰੈ ਦੁਆਰ ॥	گُر مِلِ آئے تُمرے دُیار ॥
ਜਨ ਨਾਨਕ ਦਰਸਨੁ ਦੇਹੁ ਮੁਰਾਰਿ ॥੪॥੧॥	جن نانک درسنُ دیہُ مُرارِ ۔ ॥4॥1॥
ਪ੍ਰਭਾਤੀ ਮਹਲਾ ੫ ॥	پربھاتی محلا 5 ॥
ਪ੍ਰਭ ਕੀ ਸੇਵਾ ਜਨ ਕੀ ਸੋਭਾ ॥	پربھ کی سیوا جن کی سوبھا ॥
ਕਾਮ ਕ੍ਰੋਧ ਮਿਟੇ ਤਿਸੁ ਲੋਭਾ ॥	کام کرودھ مِٹے تِس لوبھا ॥
ਨਾਮੁ ਤੇਰਾ ਜਨ ਕੈ ਭੰਡਾਰਿ ॥	نامُ تیرا جن کے بھنڈارِ ॥
ਗੁਨ ਗਾਵਹਿ ਪ੍ਰਭ ਦਰਸ ਪਿਆਰਿ ॥੧॥	گُن گاوہِ پربھ درس پیارِ ॥1॥
ਤੁਮਰੀ ਭਗਤਿ ਪ੍ਰਭ ਤੁਮਹਿ ਜਨਾਈ ॥	تُمری بھگتِ پربھ تُمہِ جنائی ॥
ਕਾਟਿ ਜੇਵਰੀ ਜਨ ਲੀਏ ਛਡਾਈ ॥੧॥ ਰਹਾਉ ॥	کاٹِ جیوری جن لیئے چھڈائی ॥1॥ رہاءُ ॥
ਜੋ ਜਨੁ ਰਾਤਾ ਪ੍ਰਭ ਕੈ ਰੰਗਿ ॥	جو جنُ راتا پربھ کے رنگِ ॥
ਤਿਨਿ ਸੁਖੁ ਪਾਇਆ ਪ੍ਰਭ ਕੈ ਸੰਗਿ ॥	تِنِ سُکھُ پائیا پربھ کے سنگِ ॥
ਜਿਸੁ ਰਸੁ ਆਇਆ ਸੋਈ ਜਾਨੈ ॥	جِس رسُ آئیا سوئی جانے ॥
ਪੇਖਿ ਪੇਖਿ ਮਨ ਮਹਿ ਹੈਰਾਨੈ ॥੨॥	پیکھِ پیکھِ من مہِ حیرانے ॥2॥
ਸੋ ਸੁਖੀਆ ਸਭ ਤੇ ਊਤਮੁ ਸੋਇ ॥	سو سُکھیا سبھ تے اوُتمُ سوءِ ॥

ਜਾ ਕੈ ਹਿਰਦੈ ਵਸਿਆ ਪ੍ਰਭੁ ਸੋਇ ॥	جا کے ہِردے وسیا پربھُ سوءِ ॥
ਸੋਈ ਨਿਹਚਲੁ ਆਵੈ ਨ ਜਾਇ ॥	سوئی نِہچلُ آوے ن جاءِ ॥
ਅਨਦਿਨੁ ਪ੍ਰਭ ਕੇ ਹਰਿ ਗੁਣ ਗਾਇ ॥੩॥	اندِنُ پربھ کے ہرِ گُن گاءِ ॥3॥
ਤਾ ਕਉ ਕਰਹੁ ਸਗਲ ਨਮਸਕਾਰੁ ॥	تا ک ءُ کرہُ سگل نمسکارُ ॥
ਜਾ ਕੈ ਮਨਿ ਪੂਰਨੁ ਨਿਰੰਕਾਰੁ ॥	جا کے منِ پوُرنُ نِرنکارُ ॥
ਕਰਿ ਕਿਰਪਾ ਮੋਹਿ ਠਾਕੁਰ ਦੇਵਾ ॥	کرِ کرِپا موہِ ٹھاکُر دیوا ۔ ॥
ਨਾਨਕੁ ਉਧਰੈ ਜਨ ਕੀ ਸੇਵਾ ॥੪॥੨॥	نانکُ اُدھرے جن کی سیوا ॥4॥2॥
ਪ੍ਰਭਾਤੀ ਮਹਲਾ ੫ ॥	پربھاتی محلا 5 ॥
ਗੁਨ ਗਾਵਤ ਮਨਿ ਹੋਇ ਅਨੰਦ ॥	گُن گاوت منِ ہوءِ انند ॥
ਆਠ ਪਹਰ ਸਿਮਰਉ ਭਗਵੰਤ ॥	آٹھ پہر سِمرءُ بھگونت ॥
ਜਾ ਕੈ ਸਿਮਰਨਿ ਕਲਮਲ ਜਾਹਿ ॥	جا کے سِمرنِ کلمل جاہِ ॥
ਤਿਸੁ ਗੁਰ ਕੀ ਹਮ ਚਰਨੀ ਪਾਹਿ ॥੧॥	تِس گُر کی ہم چرنی پاہِ ॥1॥
ਸੁਮਤਿ ਦੇਵਹੁ ਸੰਤ ਪਿਆਰੇ ॥	سُمتِ دیوہُ سنت پِیارے ۔ ॥
ਸਿਮਰਉ ਨਾਮੁ ਮੋਹਿ ਨਿਸਤਾਰੇ ॥੧॥ ਰਹਾਉ ॥	سِمرءُ نامُ موہِ نِستارے ॥1॥ رہاءُ ॥
ਜਿਨਿ ਗੁਰਿ ਕਹਿਆ ਮਾਰਗੁ ਸੀਧਾ ॥	جِنِ گُرِ کہِیا مارگُ سیِدھا ॥
ਸਗਲ ਤਿਆਗਿ ਨਾਮਿ ਹਰਿ ਗੀਧਾ ॥	سگل تِیاگِ نامِ ہرِ گیِدھا ॥
ਤਿਸੁ ਗੁਰ ਕੈ ਸਦਾ ਬਲਿ ਜਾਈਐ ॥	تِس گُر کے سدا بلِ جائیےً ॥
ਹਰਿ ਸਿਮਰਨੁ ਜਿਸੁ ਗੁਰ ਤੇ ਪਾਈਐ ॥੨॥	ہرِ سِمرنُ جِس گُر تے پائیےً ॥2॥
ਬੂਡਤ ਪ੍ਰਾਨੀ ਜਿਨਿ ਗੁਰਹਿ ਤਰਾਇਆ ॥	بوُڈت پرانی جِنِ گُرہِ ترائیا ॥
ਜਿਸੁ ਪ੍ਰਸਾਦਿ ਮੋਹੈ ਨਹੀ ਮਾਇਆ ॥	جِس پرسادِ موہے نہی مائیا ॥
ਹਲਤੁ ਪਲਤੁ ਜਿਨਿ ਗੁਰਹਿ ਸਵਾਰਿਆ ॥	ہلتُ پلتُ جِنِ گُرہِ سوارِیا ॥
ਤਿਸੁ ਗੁਰ ਊਪਰਿ ਸਦਾ ਹਉ ਵਾਰਿਆ ॥੩॥	تِس گُر اوُپر سدا ہءُ وارِیا ॥3॥

ਮਹਾ ਮੁਗਧ ਤੇ ਕੀਆ ਗਿਆਨੀ ॥
مہا مُگدھ تے کِیا گیانی ॥

ਗੁਰ ਪੂਰੇ ਕੀ ਅਕਥ ਕਹਾਨੀ ॥
گُرپُورے کی اکتھ کہانی ॥

ਪਾਰਬ੍ਰਹਮ ਨਾਨਕ ਗੁਰਦੇਵ ॥
پاربّرہم نانک گُردیو ॥

ਵਡੈ ਭਾਗਿ ਪਾਈਐ ਹਰਿ ਸੇਵ ॥੪॥੩॥
وڈے بھاگِ پائیئے ہرِ سیو ॥4॥3॥

ਪ੍ਰਭਾਤੀ ਮਹਲਾ ੫ ॥
پربھاتی محلا 5 ॥

ਸਗਲੇ ਦੂਖ ਮਿਟੇ ਸੁਖ ਦੀਏ
ਅਪਨਾ ਨਾਮੁ ਜਪਾਇਆ ॥
سگلے دُوکھ مِٹے سُکھ دیئے
اپنا نامُ جپائیا ॥

ਕਰਿ ਕਿਰਪਾ ਅਪਨੀ ਸੇਵਾ ਲਾਏ
ਸਗਲਾ ਦੁਰਤੁ ਮਿਟਾਇਆ ॥੧॥
کرِ کرپا اپنی سیوا لائے
سگلا دُرتُ مِٹائیا ॥1॥

ਹਮ ਬਾਰਿਕ ਸਰਨਿ ਪ੍ਰਭ ਦਇਆਲ ॥
ہم بارِک سرنِ پربھ دئیال ॥

ਅਵਗਣ ਕਾਟਿ ਕੀਏ ਪ੍ਰਭਿ ਅਪੁਨੇ
ਰਾਖਿ ਲੀਏ ਮੇਰੈ ਗੁਰ ਗੋਪਾਲਿ ॥੧॥ ਰਹਾਉ ॥
اوگُن کاٹِ کیئے پربھِ اپُنے
راکھِ لیئے میرے گُر گوپالِ ॥1॥ رہاءُ ॥

ਤਾਪ ਪਾਪ ਬਿਨਸੇ ਖਿਨ ਭੀਤਰਿ
ਭਏ ਕ੍ਰਿਪਾਲ ਗੁਸਾਈ ॥
تاپ پاپ بِنسے کھِن بھیترِ
بھئے کرِپال گُسائی ॥

ਸਾਸਿ ਸਾਸਿ ਪਾਰਬ੍ਰਹਮੁ ਅਰਾਧੀ
ਅਪੁਨੇ ਸਤਿਗੁਰ ਕੈ ਬਲਿ ਜਾਈ ॥੨॥
ساسِ ساسِ پاربّرہمُ ارادھی
اپُنے ستِگُر کے بلِ جائی ॥2॥

ਅਗਮ ਅਗੋਚਰੁ ਬਿਅੰਤੁ ਸੁਆਮੀ
ਤਾ ਕਾ ਅੰਤੁ ਨ ਪਾਈਐ ॥
اگم اگوچرُ بِنّنتُ سُیامی
تا کا انّتُ ن پائیئے ॥

ਲਾਹਾ ਖਾਟਿ ਹੋਈਐ ਧਨਵੰਤਾ
ਅਪੁਨਾ ਪ੍ਰਭੂ ਧਿਆਈਐ ॥੩॥
لاہا کھاٹِ ہوئیئے دھنونّتا
اپُنا پربھُو دھیائیئے ॥3॥

ਆਠ ਪਹਰ ਪਾਰਬ੍ਰਹਮੁ ਧਿਆਈ
ਸਦਾ ਸਦਾ ਗੁਨ ਗਾਇਆ ॥
آٹھ پہر پاربّرہمُ دھیائی
سدا سدا گُن گائیا ॥

ਕਹੁ ਨਾਨਕ ਮੇਰੇ ਪੂਰੇ ਮਨੋਰਥ
ਪਾਰਬ੍ਰਹਮੁ ਗੁਰੁ ਪਾਇਆ ॥੪॥੪॥
کہُ نانک میرے پُورے منورتھ
پاربّرہمُ گُرُ پائیا ॥4॥4॥

ਪ੍ਰਭਾਤੀ ਮਹਲਾ ੫ ॥	پربھاتی محلا 5 ॥
ਸਿਮਰਤ ਨਾਮੁ ਕਿਲਬਿਖ ਸਭਿ ਨਾਸੇ ॥	سِمرت نامُ کِلبِکھ سبھِ ناسے ॥
ਸਚੁ ਨਾਮੁ ਗੁਰਿ ਦੀਨੀ ਰਾਸੇ ॥	سچُ نامُ گُرِ دینی راسے ॥
ਪ੍ਰਭ ਕੀ ਦਰਗਹ ਸੋਭਾਵੰਤੇ ॥	پربھ کی درگہ سوبھاونتے ॥
ਸੇਵਕ ਸੇਵਿ ਸਦਾ ਸੋਹੰਤੇ ॥੧॥	سیوک سیوِ سدا سوہنتے ॥1॥
ਹਰਿ ਹਰਿ ਨਾਮੁ ਜਪਹੁ ਮੇਰੇ ਭਾਈ ॥	ہرِ ہرِ نامُ جپہُ میرے بھائی ۔ ॥
ਸਗਲੇ ਰੋਗ ਦੋਖ ਸਭਿ ਬਿਨਸਹਿ ਅਗਿਆਨੁ ਅੰਧੇਰਾ ਮਨ ਤੇ ਜਾਈ ॥੧॥ ਰਹਾਉ ॥	سگلے روگ دوکھ سبھِ بِنسہِ اگیانُ اندھیرا من تے جائی ॥1॥ رہاءُ ॥
ਜਨਮ ਮਰਨ ਗੁਰਿ ਰਾਖੇ ਮੀਤ ॥	جنم مرن گُرِ راکھے میت ۔ ॥
ਹਰਿ ਕੇ ਨਾਮ ਸਿਉ ਲਾਗੀ ਪ੍ਰੀਤਿ ॥	ہرِ کے نام سِءُ لاگی پریتِ ॥
ਕੋਟਿ ਜਨਮ ਕੇ ਗਏ ਕਲੇਸ ॥	کوٹِ جنم کے گئے کلیس ॥
ਜੋ ਤਿਸੁ ਭਾਵੈ ਸੋ ਭਲ ਹੋਸ ॥੨॥	جو تِسُ بھاوے سو بھل ہوس ॥2॥
ਤਿਸੁ ਗੁਰ ਕਉ ਹਉ ਸਦ ਬਲਿ ਜਾਈ ॥	تِسُ گُر کءُ ہءُ سد بلِ جائی ॥
ਜਿਸੁ ਪ੍ਰਸਾਦਿ ਹਰਿ ਨਾਮੁ ਧਿਆਈ ॥	جِسُ پرسادِ ہرِ نامُ دھیائی ॥
ਐਸਾ ਗੁਰੁ ਪਾਈਐ ਵਡਭਾਗੀ ॥	ایَسا گُرُ پائیئے وڈبھاگی ॥
ਜਿਸੁ ਮਿਲਤੇ ਰਾਮ ਲਿਵ ਲਾਗੀ ॥੩॥	جِسُ مِلتے رام لِو لاگی ॥3॥
ਕਰਿ ਕਿਰਪਾ ਪਾਰਬ੍ਰਹਮ ਸੁਆਮੀ ॥	کرِ کِرپا پاربرہم سُیامی ॥
ਸਗਲ ਘਟਾ ਕੇ ਅੰਤਰਜਾਮੀ ॥	سگل گھٹا کے انترجامی ॥
ਆਠ ਪਹਰ ਅਪੁਨੀ ਲਿਵ ਲਾਇ ॥	آٹھ پہر اپُنی لِو لاءِ ॥
ਜਨੁ ਨਾਨਕੁ ਪ੍ਰਭ ਕੀ ਸਰਨਾਇ ॥੪॥੫॥	جنُ نانکُ پربھ کی سرناءِ ॥4॥5॥
ਪ੍ਰਭਾਤੀ ਮਹਲਾ ੫ ॥	پربھاتی محلا 5 ॥
ਕਰਿ ਕਿਰਪਾ ਅਪੁਨੇ ਪ੍ਰਭਿ ਕੀਏ ॥	کرِ کِرپا اپُنے پربھِ کیئے ॥
ਹਰਿ ਕਾ ਨਾਮੁ ਜਪਨ ਕਉ ਦੀਏ ॥	ہرِ کا نامُ جپن کءُ دیئے ॥

ਆਠ ਪਹਰ ਗੁਨ ਗਾਇ ਗੁਬਿੰਦ ॥	آٹھ پہر گُن گاءِ گُبِنّد ॥
ਭੈ ਬਿਨਸੇ ਉਤਰੀ ਸਭ ਚਿੰਦ ॥੧॥	بھےَ بِنسے اُتری سبھ چِنّد ॥1॥
ਉਬਰੇ ਸਤਿਗੁਰ ਚਰਨੀ ਲਾਗਿ ॥	اُبرے ستِگُر چرنی لاگِ ॥
ਜੋ ਗੁਰੁ ਕਹੈ ਸੋਈ ਭਲ ਮੀਠਾ ਮਨ ਕੀ ਮਤਿ ਤਿਆਗਿ ॥੧॥ ਰਹਾਉ ॥	جو گُرُ کہےَ سوئی بھل مِیٹھا من کی متِ تِیاگِ ॥1॥ رہاءُ ॥
ਮਨਿ ਤਨਿ ਵਸਿਆ ਹਰਿ ਪ੍ਰਭੁ ਸੋਈ ॥	منِ تنِ وسِیا ہرِ پّربھُ سوئی ॥
ਕਲਿ ਕਲੇਸ ਕਿਛੁ ਬਿਘਨੁ ਨ ਹੋਈ ॥	کلِ کلیس کِچھُ بِگھنُ ن ہوئی ॥
ਸਦਾ ਸਦਾ ਪ੍ਰਭੁ ਜੀਅ ਕੈ ਸੰਗਿ ॥	سدا سدا پّربھُ جیء کے سنگِ ॥
ਉਤਰੀ ਮੈਲੁ ਨਾਮ ਕੈ ਰੰਗਿ ॥੨॥	اُتری مَیَلُ نام کے رنگِ ॥2॥
ਚਰਨ ਕਮਲ ਸਿਉ ਲਾਗੋ ਪਿਆਰੁ ॥	چرن کمل سِءُ لاگو پِیارُ ॥
ਬਿਨਸੇ ਕਾਮ ਕ੍ਰੋਧ ਅਹੰਕਾਰ ॥	بِنسے کام کّرودھ اہنکار ॥
ਪ੍ਰਭ ਮਿਲਨ ਕਾ ਮਾਰਗੁ ਜਾਨਾਂ ॥	پّربھ مِلن کا مارگُ جاناں ॥
ਭਾਇ ਭਗਤਿ ਹਰਿ ਸਿਉ ਮਨੁ ਮਾਨਾਂ ॥੩॥	بھاءِ بھگتِ ہرِ سِءُ منُ ماناں ॥3॥
ਸੁਣਿ ਸਜਣ ਸੰਤ ਮੀਤ ਸੁਹੇਲੇ ॥	سُنِ سجنْ سنّت مِیت سُہیلے ॥
ਨਾਮੁ ਰਤਨੁ ਹਰਿ ਅਗਹ ਅਤੋਲੇ ॥	نامُ رتنُ ہرِ اگہ اتولے ॥
ਸਦਾ ਸਦਾ ਪ੍ਰਭੁ ਗੁਣ ਨਿਧਿ ਗਾਈਐ ॥	سدا سدا پّربھُ گُنْ نِدھِ گائیےَ ॥
ਕਹੁ ਨਾਨਕ ਵਡਭਾਗੀ ਪਾਈਐ ॥੪॥੬॥	کہُ نانک وڈبھاگی پائیےَ ॥4॥6॥
ਪ੍ਰਭਾਤੀ ਮਹਲਾ ੫ ॥	پّربھاتی محلا 5 ॥
ਸੇ ਧਨਵੰਤ ਸੇਈ ਸਚੁ ਸਾਹਾ ॥	سے دھنونّت سیئی سچُ ساہا ॥
ਹਰਿ ਕੀ ਦਰਗਹ ਨਾਮੁ ਵਿਸਾਹਾ ॥੧॥	ہرِ کی درگہ نامُ وِساہا ॥1॥
ਹਰਿ ਹਰਿ ਨਾਮੁ ਜਪਹੁ ਮਨ ਮੀਤ ॥	ہرِ ہرِ نامُ جپہُ من مِیت ۔ ॥
ਗੁਰੁ ਪੂਰਾ ਪਾਈਐ ਵਡਭਾਗੀ ਨਿਰਮਲ ਪੂਰਨ ਰੀਤਿ ॥੧॥ ਰਹਾਉ ॥	گُرُ پوُرا پائیےَ وڈبھاگی نِرمل پوُرن ریتِ ॥1॥ رہاءُ ॥

ਪਾਇਆ ਲਾਭੁ ਵਜੀ ਵਾਧਾਈ ॥	پائیا لابھُ وجی وادھائی ॥
ਸੰਤ ਪ੍ਰਸਾਦਿ ਹਰਿ ਕੇ ਗੁਨ ਗਾਈ ॥੨॥	سنّت پرّسادِ ہرِ کے گُن گائی ॥2॥
ਸਫਲ ਜਨਮੁ ਜੀਵਨ ਪਰਵਾਣੁ ॥	سپھل جنمُ جیون پرواڻُ ॥
ਗੁਰ ਪਰਸਾਦੀ ਹਰਿ ਰੰਗੁ ਮਾਣੁ ॥੩॥	گُر پرسادی ہرِ رنگُ ماڻُ ॥3॥
ਬਿਨਸੇ ਕਾਮ ਕ੍ਰੋਧ ਅਹੰਕਾਰ ॥	بِنسے کام کرودھ اہنکار ॥
ਨਾਨਕ ਗੁਰਮੁਖਿ ਉਤਰਹਿ ਪਾਰਿ ॥੪॥੭॥	نانک گُرمُکھِ اُترہِ پارِ ॥4॥7॥
ਪ੍ਰਭਾਤੀ ਮਹਲਾ ੫ ॥	پربھاتی محلا 5 ॥
ਗੁਰੁ ਪੂਰਾ ਪੂਰੀ ਤਾ ਕੀ ਕਲਾ ॥	گُرُ پوُرا پوُری تا کی کلا ॥
ਗੁਰ ਕਾ ਸਬਦੁ ਸਦਾ ਸਦ ਅਟਲਾ ॥	گُر کا سبدُ سدا سد اٹلا ॥
ਗੁਰ ਕੀ ਬਾਣੀ ਜਿਸੁ ਮਨਿ ਵਸੈ ॥	گُر کی باڻی جِسُ منِ وسےَ ॥
ਦੂਖੁ ਦਰਦੁ ਸਭੁ ਤਾ ਕਾ ਨਸੈ ॥੧॥	دوُکھُ دردُ سبھُ تا کا نسےَ ॥1॥
ਹਰਿ ਰੰਗਿ ਰਾਤਾ ਮਨੁ ਰਾਮ ਗੁਨ ਗਾਵੈ ॥	ہرِ رنگِ راتا منُ رام گُن گاوےَ ॥
ਮੁਕਤੋ ਸਾਧੂ ਧੂਰੀ ਨਾਵੈ ॥੧॥ ਰਹਾਉ ॥	مُکتو سادھوُ دھوُری ناوےَ ॥1॥ رہاءُ ॥
ਗੁਰ ਪਰਸਾਦੀ ਉਤਰੇ ਪਾਰਿ ॥	گُر پرسادی اُترے پارِ ॥
ਭਉ ਭਰਮੁ ਬਿਨਸੇ ਬਿਕਾਰ ॥	بھءُ بھرمُ بِنسے بِکار ॥
ਮਨ ਤਨ ਅੰਤਰਿ ਬਸੇ ਗੁਰ ਚਰਨਾ ॥	من تن انترِ بسے گُر چرنا ॥
ਨਿਰਭੈ ਸਾਧ ਪਰੇ ਹਰਿ ਸਰਨਾ ॥੨॥	نِربھےَ سادھ پرے ہرِ سرنا ॥2॥
ਅਨਦ ਸਹਜ ਰਸ ਸੂਖ ਘਨੇਰੇ ॥	اند سہج رس سوُکھ گھنیرے ॥
ਦੁਸਮਨੁ ਦੂਖੁ ਨ ਆਵੈ ਨੇਰੇ ॥	دُسمنُ دوُکھُ ن آوےَ نیرے ॥
ਗੁਰਿ ਪੂਰੈ ਅਪੁਨੇ ਕਰਿ ਰਾਖੇ ॥	گُرِ پوُرے اپُنے کرِ راکھے ॥
ਹਰਿ ਨਾਮੁ ਜਪਤ ਕਿਲਬਿਖ ਸਭਿ ਲਾਥੇ ॥੩॥	ہرِ نامُ جپت کِلبِکھ سبھِ لاتھے ॥3॥
ਸੰਤ ਸਾਜਨ ਸਿਖ ਭਏ ਸੁਹੇਲੇ ॥	سنّت ساجن سِکھ بھےَ سُہیلے ॥

ਗੁਰਿ ਪੂਰੈ ਪ੍ਰਭ ਸਿਉ ਲੈ ਮੇਲੇ ॥	گُرِ پوُرے پربھ سِءُ لے میلے ॥
ਜਨਮ ਮਰਨ ਦੁਖ ਫਾਹਾ ਕਾਟਿਆ ॥	جنم مرن دُکھ پھاہا کاٹِیا ॥
ਕਹੁ ਨਾਨਕ ਗੁਰਿ ਪੜਦਾ ਢਾਕਿਆ ॥੪॥੮॥	کہُ نانک گُرِ پڑدا ڈھاکِیا ॥4॥8॥
ਪ੍ਰਭਾਤੀ ਮਹਲਾ ੫ ॥	پربھاتی محلا 5 ॥
ਸਤਿਗੁਰਿ ਪੂਰੈ ਨਾਮੁ ਦੀਆ ॥	ستِگُرِ پوُرے نامُ دِیِیا ॥
ਅਨਦ ਮੰਗਲ ਕਲਿਆਣ ਸਦਾ ਸੁਖੁ ਕਾਰਜੁ ਸਗਲਾ ਰਾਸਿ ਥੀਆ ॥੧॥ ਰਹਾਉ ॥	اند منگل کلیاںٔ سدا سُکھُ کارجُ سگلا راسِ تھِیا ॥1॥ رہاءُ ॥
ਚਰਨ ਕਮਲ ਗੁਰ ਕੇ ਮਨਿ ਵੂਠੇ ॥	چرن کمل گُر کے منِ ووُٹھے ॥
ਦੂਖ ਦਰਦ ਭ੍ਰਮ ਬਿਨਸੇ ਝੂਠੇ ॥੧॥	دوُکھ درد بھّرم بِنسے جھوُٹھے ॥1॥
ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ ॥	نِت اُٹھِ گاوہُ پربھ کی باںٔی ॥
ਆਠ ਪਹਰ ਹਰਿ ਸਿਮਰਹੁ ਪ੍ਰਾਣੀ ॥੨॥	آٹھ پہر ہرِ سِمرہُ پرّاںٔی ۔ ॥2॥
ਘਰਿ ਬਾਹਰਿ ਪ੍ਰਭੁ ਸਭਨੀ ਥਾਈ ॥	گھرِ باہرِ پربھُ سبھنی تھائیَ ॥
ਸੰਗਿ ਸਹਾਈ ਜਹ ਹਉ ਜਾਈ ॥੩॥	سنگِ سہائیَ جہ ہءُ جائیَ ॥3॥
ਦੁਇ ਕਰ ਜੋੜਿ ਕਰੀ ਅਰਦਾਸਿ ॥	دُءِ کر جوڑِ کری عرداسِ ॥
ਸਦਾ ਜਪੇ ਨਾਨਕੁ ਗੁਣਤਾਸੁ ॥੪॥੯॥	سدا جپے نانکُ گُنںتاسُ ॥4॥9॥
ਪ੍ਰਭਾਤੀ ਮਹਲਾ ੫ ॥	پربھاتی محلا 5 ॥
ਪਾਰਬ੍ਰਹਮੁ ਪ੍ਰਭੁ ਸੁਘੜ ਸੁਜਾਣੁ ॥	پاربرّہمُ پربھُ سُگھڑ سُجاںٔ ॥
ਗੁਰੁ ਪੂਰਾ ਪਾਈਐ ਵਡਭਾਗੀ ਦਰਸਨ ਕਉ ਜਾਈਐ ਕੁਰਬਾਣੁ ॥੧॥ ਰਹਾਉ ॥	گُرُ پوُرا پائیَۓ وڈبھاگی درسن کءُ جائیَۓ قُربانںٔ ॥1॥ رہاءُ ॥
ਕਿਲਬਿਖ ਮੇਟੇ ਸਬਦਿ ਸੰਤੋਖੁ ॥	کِلبِکھ میٹے سبدِ سنّتوکھُ ॥
ਨਾਮੁ ਅਰਾਧਨ ਹੋਆ ਜੋਗੁ ॥	نامُ ارادھن ہویا جوگُ ॥
ਸਾਧਸੰਗਿ ਹੋਆ ਪਰਗਾਸੁ ॥	سادھسنگِ ہویا پرگاسُ ॥
ਚਰਨ ਕਮਲ ਮਨ ਮਾਹਿ ਨਿਵਾਸੁ ॥੧॥	چرن کمل من ماہِ نِواسُ ॥1॥

ਜਿਨਿ ਕੀਆ ਤਿਨਿ ਲੀਆ ਰਾਖਿ ॥	جِنِ کِیا تِنِ لِیا راکھِ ॥
ਪ੍ਰਭੁ ਪੂਰਾ ਅਨਾਥ ਕਾ ਨਾਥੁ ॥	پربھُ پُورا اناتھ کا ناتھُ ॥
ਜਿਸਹਿ ਨਿਵਾਜੇ ਕਿਰਪਾ ਧਾਰਿ ॥	جِسہِ نِوازے کِرپا دھارِ ॥
ਪੂਰਨ ਕਰਮ ਤਾ ਕੇ ਆਚਾਰ ॥੨॥	پُورن کرم تا کے آچار ॥2॥
ਗੁਣ ਗਾਵੈ ਨਿਤ ਨਿਤ ਨਿਤ ਨਵੇ ॥	گُن گاوے نِت نِت نِت نوے ॥
ਲਖ ਚਉਰਾਸੀਹ ਜੋਨਿ ਨ ਭਵੇ ॥	لکھ چرُاسیہِ جونِ ن بھوے ॥
ਈਹਾਂ ਊਹਾਂ ਚਰਣ ਪੂਜਾਰੇ ॥	ایہاں اوُہاں چرنُ پوُجارے ॥
ਮੁਖੁ ਊਜਲੁ ਸਾਚੇ ਦਰਬਾਰੇ ॥੩॥	مُکھُ اوُجلُ ساچے دربارے ॥3॥
ਜਿਸੁ ਮਸਤਕਿ ਗੁਰਿ ਧਰਿਆ ਹਾਥੁ ॥	جِسُ مستکِ گُرِ دھرِیا ہاتھُ ॥
ਕੋਟਿ ਮਧੇ ਕੋ ਵਿਰਲਾ ਦਾਸੁ ॥	کوٹِ مدھے کو وِرلا داسُ ॥
ਜਲਿ ਥਲਿ ਮਹੀਅਲਿ ਪੇਖੈ ਭਰਪੂਰਿ ॥	جلِ تھلِ مہیئلِ پیکھے بھرپوُرِ ॥
ਨਾਨਕ ਉਧਰਸਿ ਤਿਸੁ ਜਨ ਕੀ ਧੂਰਿ ॥੪॥੧੦॥	نانک اُدھرسِ تِسُ جن کی دھوُرِ ॥4॥ 10 ॥
ਪ੍ਰਭਾਤੀ ਮਹਲਾ ੫ ॥	پربھاتی محلا 5 ॥
ਕੁਰਬਾਣੁ ਜਾਈ ਗੁਰ ਪੂਰੇ ਅਪਨੇ ॥	قُربانُ جائی گُر پوُرے اپنے ॥
ਜਿਸੁ ਪ੍ਰਸਾਦਿ ਹਰਿ ਹਰਿ ਜਪੁ ਜਪਨੇ ॥੧॥ ਰਹਾਉ ॥	جِسُ پرسادِ ہرِ ہرِ جپُ جپنے ॥1॥ رہاءُ ॥
ਅੰਮ੍ਰਿਤ ਬਾਣੀ ਸੁਣਤ ਨਿਹਾਲ ॥	انمّرِت باٹی سُنّت نِہال ॥
ਬਿਨਸਿ ਗਏ ਬਿਖਿਆ ਜੰਜਾਲ ॥੧॥	بِنسِ گئے بِکھیا زنجّال ॥1॥
ਸਾਚ ਸਬਦ ਸਿਉ ਲਾਗੀ ਪ੍ਰੀਤਿ ॥	ساچ سبد سِءُ لاگی پرِیتِ ॥
ਹਰਿ ਪ੍ਰਭੁ ਅਪੁਨਾ ਆਇਆ ਚੀਤਿ ॥੨॥	ہرِ پربھُ اپُنا آئیا چیتِ ॥2॥
ਨਾਮੁ ਜਪਤ ਹੋਆ ਪਰਗਾਸੁ ॥	نامُ جپت ہویا پرگاسُ ॥
ਗੁਰ ਸਬਦੇ ਕੀਨਾ ਰਿਦੈ ਨਿਵਾਸੁ ॥੩॥	گُر سبدے کِینا رِدے نِواسُ ॥3॥
ਗੁਰ ਸਮਰਥ ਸਦਾ ਦਇਆਲ ॥	گُر سمرتھ سدا دئیال ॥

ਹਰਿ ਜਪਿ ਜਪਿ ਨਾਨਕ ਭਏ ਨਿਹਾਲ ॥੪॥੧੧॥	ہرِ جپِ جپِ نانک بھئے نِہال ॥4॥ 11 ॥
ਪ੍ਰਭਾਤੀ ਮਹਲਾ ੫ ॥	پربھاتی محلا 5 ॥
ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ॥	گُرُ گُرُ کرت سدا سُکھُ پائیا ॥
ਦੀਨ ਦਇਆਲ ਭਏ ਕਿਰਪਾਲਾ ਅਪਣਾ ਨਾਮੁ ਆਪਿ ਜਪਾਇਆ ॥੧॥ ਰਹਾਉ ॥	دِین دئیال بھئے کِرپالا اپنا نامُ آپِ جپائیا ॥1॥ رہاءُ ॥
ਸੰਤਸੰਗਤਿ ਮਿਲਿ ਭਇਆ ਪ੍ਰਗਾਸ ॥	سنتسنگتِ مِلِ بھئیا پرگاس ॥
ਹਰਿ ਹਰਿ ਜਪਤ ਪੂਰਨ ਭਈ ਆਸ ॥੧॥	ہرِ ہرِ جپت پُورن بھئی آس ॥1॥
ਸਰਬ ਕਲਿਆਣ ਸੂਖ ਮਨਿ ਵੂਠੇ ॥	سرب کلیانُ سوُکھ منِ ووُٹھے ॥
ਹਰਿ ਗੁਣ ਗਾਏ ਗੁਰ ਨਾਨਕ ਤੂਠੇ ॥੨॥੧੨॥	ہرِ گُنُ گائے گُر نانک توُٹھے ॥2॥ 12 ॥
ਪ੍ਰਭਾਤੀ ਮਹਲਾ ੫ ਘਰੁ ੨ ਬਿਭਾਸ	پربھاتی محلا 5 گھرُ 2 بِبھاس
ੴ ਸਤਿਗੁਰ ਪ੍ਰਸਾਦਿ ॥	ੴ ستِگُر پرسادِ ॥
ਅਵਰੁ ਨ ਦੂਜਾ ਠਾਉ ॥	اورُ ن دوُجا ٹھاءُ ॥
ਨਾਹੀ ਬਿਨੁ ਹਰਿ ਨਾਉ ॥	ناہی بِنُ ہرِ ناءُ ॥
ਸਰਬ ਸਿਧਿ ਕਲਿਆਨ ॥	سرب سِدھِ کلیان ॥
ਪੂਰਨ ਹੋਹਿ ਸਗਲ ਕਾਮ ॥੧॥	پوُرن ہوہِ سگل کام ॥1॥
ਹਰਿ ਕੋ ਨਾਮੁ ਜਪੀਐ ਨੀਤ ॥	ہرِ کو نامُ جپیئے نِیت ॥
ਕਾਮ ਕ੍ਰੋਧ ਅਹੰਕਾਰੁ ਬਿਨਸੈ ਲਗੈ ਏਕੈ ਪ੍ਰੀਤਿ ॥੧॥ ਰਹਾਉ ॥	کام کرودھ اہنکارُ بِنسے لگے ایکے پریت ॥1॥ رہاءُ ॥
ਨਾਮਿ ਲਾਗੈ ਦੂਖੁ ਭਾਗੈ ਸਰਨਿ ਪਾਲਨ ਜੋਗੁ ॥	نامِ لاگے دوُکھُ بھاگے سرنِ پالن جوگُ ॥
ਸਤਿਗੁਰੁ ਭੇਟੈ ਜਮੁ ਨ ਤੇਟੈ ਜਿਸੁ ਧੁਰਿ ਹੋਵੈ ਸੰਜੋਗੁ ॥੨॥	ستِگُرُ بھیٹے جمُ ن تیٹے جِسُ دھُرِ ہووے سنجوگُ ॥2॥
ਰੈਨਿ ਦਿਨਸੁ ਧਿਆਇ ਹਰਿ ਹਰਿ ਤਜਹੁ ਮਨ ਕੇ ਭਰਮ ॥	رَینِ دِنُس دھیاءِ ہرِ ہرِ

تجہُ من کے بھرم ॥

ਸਾਧਸੰਗਤਿ ਹਰਿ ਮਿਲੈ
ਜਿਸਹਿ ਪੂਰਨ ਕਰਮ ॥੩॥

سادھسنگتِ ہرِ مِلےَ
جِسہِ پُورن کرم ॥3॥

ਜਨਮ ਜਨਮ ਬਿਖਾਦ ਬਿਨਸੇ
ਰਾਖਿ ਲੀਨੇ ਆਪਿ ॥

جنم جنم بِکھاد بِنسے
راکھِ لِینے آپِ ॥

ਮਾਤ ਪਿਤਾ ਮੀਤ ਭਾਈ
ਜਨ ਨਾਨਕ ਹਰਿ ਹਰਿ ਜਾਪਿ ॥੪॥੧॥੧੩॥

مات پِتا میت بھائی
جن نانک ہرِ ہرِ جاپِ ॥4॥1॥ 13 ॥

ਪ੍ਰਭਾਤੀ ਮਹਲਾ ੫ ਬਿਭਾਸ ਪੜਤਾਲ

پربھاتی محلا 5 بِبھاس پڑتال

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਰਮ ਰਾਮ ਰਾਮ ਰਾਮ ਜਾਪ ॥

رم رام رام رام جاپ ॥

ਕਲਿ ਕਲੇਸ ਲੋਭ ਮੋਹ
ਬਿਨਸਿ ਜਾਇ ਅਹੰ ਤਾਪ ॥੧॥ ਰਹਾਉ ॥

کلِ کلیس لوبھ موہ
بِنسِ جاءِ اہنّ تاپ ॥1॥ رہاءُ ॥

ਆਪੁ ਤਿਆਗਿ ਸੰਤ ਚਰਨ ਲਾਗਿ
ਮਨੁ ਪਵਿਤੁ ਜਾਹਿ ਪਾਪ ॥੧॥

آپُ تِیاگِ سنّت چرن لاگِ
منُ پوِتُ جاہِ پاپ ॥1॥

ਨਾਨਕੁ ਬਾਰਿਕੁ ਕਛੂ ਨ ਜਾਨੈ
ਰਾਖਨ ਕਉ ਪ੍ਰਭੁ ਮਾਈ ਬਾਪ ॥੨॥੧॥੧੪॥

نانکُ بارِکُ کچھوُ ن جانےَ
راکھن کءُ پربھُ مائی باپ ॥2॥1॥ 14 ॥

ਪ੍ਰਭਾਤੀ ਮਹਲਾ ੫ ॥

پربھاتی محلا 5 ॥

ਚਰਨ ਕਮਲ ਸਰਨਿ ਟੇਕ ॥

چرن کمل سرنِ ٹیک ॥

ਊਚ ਮੂਚ ਬੇਅੰਤੁ ਠਾਕੁਰੁ
ਸਰਬ ਊਪਰਿ ਤੁਹੀ ਏਕ ॥੧॥ ਰਹਾਉ ॥

اوُچ موُچ بیَنَتُ ٹھاکُرُ
سرب اوُپرِ تُہی ایک ॥1॥ رہاءُ ॥

ਪ੍ਰਾਨ ਅਧਾਰ ਦੁਖ ਬਿਦਾਰ
ਦੈਨਹਾਰ ਬੁਧਿ ਬਿਬੇਕ ॥੧॥

پران ادھار دُکھ بِدار
دیَنہار بُدھِ بِبیک ॥1॥

ਨਮਸਕਾਰ ਰਖਨਹਾਰ
ਮਨਿ ਅਰਾਧਿ ਪ੍ਰਭੂ ਮੇਕ ॥

نمسکار رکھنہار
منِ ارادھِ پربھوُ میک ॥

ਸੰਤ ਰੇਨੁ ਕਰਉ ਮਜਨੁ

سنّت رینُ کرءُ مجنُ

ਨਾਨਕ ਪਾਵੈ ਸੁਖ ਅਨੇਕ ॥੨॥੨॥੧੫॥

نانک پاوے سُکھ انیک ॥2॥2॥ 15 ॥

ਪ੍ਰਭਾਤੀ ਅਸਟਪਦੀਆ ਮਹਲਾ ੧ ਬਿਭਾਸ

پربھاتی اسٹپدیا محلا 1 بِبھاس

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਦੁਬਿਧਾ ਬਉਰੀ ਮਨੁ ਬਉਰਾਇਆ ॥

دُبِدھا بُری منُ بُرائیا ॥

ਝੂਠੈ ਲਾਲਚਿ ਜਨਮੁ ਗਵਾਇਆ ॥

جھوُٹھے لالچِ جنمُ گوائیا ॥

ਲਪਟਿ ਰਹੀ ਫੁਨਿ ਬੰਧੁ ਨ ਪਾਇਆ ॥

لپٹِ رہی پھُنِ بندھُ ن پائیا ॥

ਸਤਿਗੁਰਿ ਰਾਖੇ ਨਾਮੁ ਦ੍ਰਿੜਾਇਆ ॥੧॥

ستِگُرِ راکھے نامُ دڑِڑائیا ॥1॥

ਨਾ ਮਨੁ ਮਰੈ ਨ ਮਾਇਆ ਮਰੈ ॥

نا منُ مرے ن مائیا مرے ॥

ਜਿਨਿ ਕਿਛੁ ਕੀਆ ਸੋਈ ਜਾਣੈ
ਸਬਦੁ ਵੀਚਾਰਿ ਭਉ ਸਾਗਰੁ ਤਰੈ ॥੧॥ ਰਹਾਉ ॥

جِنِ کچھُ کیا سوئی جانے
سبدُ ویچارِ بھءُ ساگرُ ترے ॥1॥ رہاءُ ॥

ਮਾਇਆ ਸੰਚਿ ਰਾਜੇ ਅਹੰਕਾਰੀ ॥

مائیا سنچِ راجے اہنکاری ॥

ਮਾਇਆ ਸਾਥਿ ਨ ਚਲੈ ਪਿਆਰੀ ॥

مائیا ساتھِ ن چلے پیاری ॥

ਮਾਇਆ ਮਮਤਾ ਹੈ ਬਹੁ ਰੰਗੀ ॥

مائیا ممتا ہے بہُ رنگی ॥

ਬਿਨੁ ਨਾਵੈ ਕੋ ਸਾਥਿ ਨ ਸੰਗੀ ॥੨॥

بِنُ ناوے کو ساتھِ ن سنگی ॥2॥

ਜਿਉ ਮਨੁ ਦੇਖਹਿ ਪਰ ਮਨੁ ਤੈਸਾ ॥

جِءُ منُ دیکھہِ پر منُ تیَسا ॥

ਜੈਸੀ ਮਨਸਾ ਤੈਸੀ ਦਸਾ ॥

جیَسی منسا تیَسی دسا ॥

ਜੈਸਾ ਕਰਮੁ ਤੈਸੀ ਲਿਵ ਲਾਵੈ ॥

جیَسا کرمُ تیَسی لِو لاوے ॥

ਸਤਿਗੁਰੁ ਪੂਛਿ ਸਹਜ ਘਰੁ ਪਾਵੈ ॥੩॥

ستِگُرُ پوُچھِ سہج گھرُ پاوے ॥3॥

ਰਾਗਿ ਨਾਦਿ ਮਨੁ ਦੂਜੈ ਭਾਇ ॥

راگِ نادِ منُ دوُجے بھاءِ ॥

ਅੰਤਰਿ ਕਪਟੁ ਮਹਾ ਦੁਖੁ ਪਾਇ ॥

انترِ کپٹُ مہا دُکھُ پاءِ ॥

ਸਤਿਗੁਰੁ ਭੇਟੈ ਸੋਝੀ ਪਾਇ ॥

ستِگُرُ بھیٹے سوجھی پاءِ ॥

ਸਚੈ ਨਾਮਿ ਰਹੈ ਲਿਵ ਲਾਇ ॥੪॥

سچے نامِ رہے لِو لاءِ ॥4॥

ਸਚੈ ਸਬਦਿ ਸਚੁ ਕਮਾਵੈ ॥

سچے سبدِ سچُ کماوے ॥

ਸਚੀ ਬਾਣੀ ਹਰਿ ਗੁਣ ਗਾਵੈ ॥	سچی بانٹی ہرِ گُنٹ گاوے ॥
ਨਿਜ ਘਰਿ ਵਾਸੁ ਅਮਰ ਪਦੁ ਪਾਵੈ ॥	نِج گھرِ واسُ امر پدُ پاوے ॥
ਤਾ ਦਰਿ ਸਾਚੈ ਸੋਭਾ ਪਾਵੈ ॥੫॥	تا درِ ساچے سوبھا پاوے ॥5॥
ਗੁਰ ਸੇਵਾ ਬਿਨੁ ਭਗਤਿ ਨ ਹੋਈ ॥	گُر سیوا بِنُ بھگتِ ن ہوئی ॥
ਅਨੇਕ ਜਤਨ ਕਰੈ ਜੇ ਕੋਈ ॥	انیک جتن کرے جے کوئی ॥
ਹਉਮੈ ਮੇਰਾ ਸਬਦੇ ਖੋਈ ॥	ہئُمے میرا سبدے کھوئی ॥
ਨਿਰਮਲ ਨਾਮੁ ਵਸੈ ਮਨਿ ਸੋਈ ॥੬॥	نِرمل نامُ وسے منِ سوئی ॥6॥
ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ ॥	اِسُ جگ مہِ سبدُ کرنٹی ہے سارُ ॥
ਬਿਨੁ ਸਬਦੈ ਹੋਰੁ ਮੋਹੁ ਗੁਬਾਰੁ ॥	بِنُ سبدے ہورُ موہُ غُبارُ ॥
ਸਬਦੇ ਨਾਮੁ ਰਖੈ ਉਰਿ ਧਾਰਿ ॥	سبدے نامُ رکھے اُرِ دھارِ ॥
ਸਬਦੇ ਗਤਿ ਮਤਿ ਮੋਖ ਦੁਆਰੁ ॥੭॥	سبدے گتِ متِ موکھ دُیارُ ॥7॥
ਅਵਰੁ ਨਾਹੀ ਕਰਿ ਦੇਖਣਹਾਰੋ ॥	اورُ ناہی کرِ دیکھنہارو ॥
ਸਾਚਾ ਆਪਿ ਅਨੂਪੁ ਅਪਾਰੋ ॥	ساچا آپِ انوُپُ اپارو ॥
ਰਾਮ ਨਾਮ ਊਤਮ ਗਤਿ ਹੋਈ ॥	رام نام اوُتم گتِ ہوئی ॥
ਨਾਨਕ ਖੋਜਿ ਲਹੈ ਜਨੁ ਕੋਈ ॥੮॥੧॥	نانک کھوجِ لہے جنُ کوئی ॥8॥1॥
ਪ੍ਰਭਾਤੀ ਮਹਲਾ ੧ ॥	پربھاتی محلا 1 ॥
ਮਾਇਆ ਮੋਹਿ ਸਗਲ ਜਗੁ ਛਾਇਆ ॥	مائیا موہِ سگل جگُ چھائیا ॥
ਕਾਮਣਿ ਦੇਖਿ ਕਾਮਿ ਲੋਭਾਇਆ ॥	کامنٹِ دیکھِ کامِ لوبھائیا ॥
ਸੁਤ ਕੰਚਨ ਸਿਉ ਹੇਤੁ ਵਧਾਇਆ ॥	سُت کنچن سِءُ ہیتُ ودھائیا ॥
ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥੧॥	سبھُ کچھُ اپنا اِکُ رامُ پرائیا ॥1॥
ਐਸਾ ਜਾਪੁ ਜਪਉ ਜਪਮਾਲੀ ॥	ایَسا جاپُ جپءُ جپمالی ॥
ਦੁਖ ਸੁਖ ਪਰਹਿਰ ਭਗਤਿ ਨਿਰਾਲੀ ॥੧॥ ਰਹਾਉ ॥	دُکھ سُکھ پرہِر بھگتِ نِرالی ॥1॥ رہاءُ ॥

ਗੁਣ ਨਿਧਾਨ ਤੇਰਾ ਅੰਤੁ ਨ ਪਾਇਆ ॥	گُنْ نِدھان تیرا انْتُ ن پائیا ॥
ਸਾਚ ਸਬਦਿ ਤੁਝ ਮਾਹਿ ਸਮਾਇਆ ॥	ساچ سبدِ تُجھ ماہِ سمائیا ॥
ਆਵਾ ਗਉਣੁ ਤੁਧੁ ਆਪਿ ਰਚਾਇਆ ॥	آوا گئُنُ تُدھُ آپِ رچائیا ॥
ਸੇਈ ਭਗਤ ਜਿਨ ਸਚਿ ਚਿਤੁ ਲਾਇਆ ॥੨॥	سیئی بھگت جِن سچِ چِتُ لائیا ॥2॥
ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥	گیانُ دھیانُ نرہرِ نِربانئی ॥
ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥	بِنُ ستِگُر بھیٹے کوءِ ن جانئی ॥
ਸਗਲ ਸਰੋਵਰ ਜੋਤਿ ਸਮਾਣੀ ॥	سگل سروور جوتِ سمانئی ॥
ਆਨਦ ਰੂਪ ਵਿਟਹੁ ਕੁਰਬਾਣੀ ॥੩॥	آند روُپ وِٹہُ قُربانئی ॥3॥
ਭਾਉ ਭਗਤਿ ਗੁਰਮਤੀ ਪਾਏ ॥	بھاءُ بھگتِ گُرمتی پائے ॥
ਹਉਮੈ ਵਿਚਹੁ ਸਬਦਿ ਜਲਾਏ ॥	ہئُمےَ وِچہُ سبدِ جلائے ॥
ਧਾਵਤੁ ਰਾਖੈ ਠਾਕਿ ਰਹਾਏ ॥	دھاوتُ راکھےَ ٹھاکِ رہائے ॥
ਸਚਾ ਨਾਮੁ ਮੰਨਿ ਵਸਾਏ ॥੪॥	سچا نامُ منّنِ وسائے ॥4॥
ਬਿਸਮ ਬਿਨੋਦ ਰਹੇ ਪਰਮਾਦੀ ॥	بِسم بِنود رہے پرمادی ॥
ਗੁਰਮਤਿ ਮਾਨਿਆ ਏਕ ਲਿਵ ਲਾਗੀ ॥	گُرمتِ مانیا ایک لِو لاگی ॥
ਦੇਖਿ ਨਿਵਾਰਿਆ ਜਲ ਮਹਿ ਆਗੀ ॥	دیکھِ نِوارِیا جل مہِ آگی ॥
ਸੋ ਬੂਝੈ ਹੋਵੈ ਵਡਭਾਗੀ ॥੫॥	سو بوُجھےَ ہووے وڈبھاگی ॥5॥
ਸਤਿਗੁਰੁ ਸੇਵੇ ਭਰਮੁ ਚੁਕਾਏ ॥	ستِگُرُ سیوے بھرمُ چُکائے ॥
ਅਨਦਿਨੁ ਜਾਗੈ ਸਚਿ ਲਿਵ ਲਾਏ ॥	اندِنُ جاگے سچِ لِو لائے ॥
ਏਕੋ ਜਾਣੈ ਅਵਰੁ ਨ ਕੋਇ ॥	ایکو جانے اورُ ن کوءِ ॥
ਸੁਖਦਾਤਾ ਸੇਵੇ ਨਿਰਮਲੁ ਹੋਇ ॥੬॥	سُکھداتا سیوے نِرملُ ہوءِ ॥6॥
ਸੇਵਾ ਸੁਰਤਿ ਸਬਦਿ ਵੀਚਾਰਿ ॥	سیوا سُرتِ سبدِ ویچارِ ॥
ਜਪੁ ਤਪੁ ਸੰਜਮੁ ਹਉਮੈ ਮਾਰਿ ॥	جپُ تپُ سنجمُ ہئُمےَ مارِ ॥

ਜੀਵਨ ਮੁਕਤੁ ਜਾ ਸਬਦੁ ਸੁਣਾਏ ॥	جیِون مُکتُ جا سبدُ سُٹائے ॥
ਸਚੀ ਰਹਤ ਸਚਾ ਸੁਖੁ ਪਾਏ ॥੭॥	سچی رہت سچا سُکھُ پائے ॥7॥
ਸੁਖਦਾਤਾ ਦੁਖੁ ਮੇਟਣਹਾਰਾ ॥	سُکھداتا دُکھُ میٹنہارا ॥
ਅਵਰੁ ਨ ਸੂਝਸਿ ਬੀਜੀ ਕਾਰਾ ॥	اورُ ن سوُجھسِ بیجی کارا ॥
ਤਨੁ ਮਨੁ ਧਨੁ ਹਰਿ ਆਗੈ ਰਾਖਿਆ ॥	تنُ منُ دھنُ ہرِ آگے راکھِیا ॥
ਨਾਨਕੁ ਕਹੈ ਮਹਾ ਰਸੁ ਚਾਖਿਆ ॥੮॥੨॥	نانکُ کہے مہا رسُ چاکھِیا ॥8॥2॥
ਪ੍ਰਭਾਤੀ ਮਹਲਾ ੧ ॥	پربھاتی محلا 1 ॥
ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥	نِولی کرم بھُنگم بھاٹھی ریچک پوُرک کُنبھ کرے ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥	بِنُ ستِگُر کِچھُ سوجھی ناہی بھرمے بھوُلا بوُڈِ مرے ॥
ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥	اندھا بھرِیا بھرِ بھرِ دھووے انتر کی مل کدے ن لہے ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥੧॥	نام بِنا پھوکٹ سبھِ کرما جِءُ بازیگرُ بھرمِ بھُلے ॥1॥
ਖਟੁ ਕਰਮ ਨਾਮੁ ਨਿਰੰਜਨੁ ਸੋਈ ॥	کھٹُ کرم نامُ نِرنجنُ سوئی ॥
ਤੂ ਗੁਣ ਸਾਗਰੁ ਅਵਗੁਣ ਮੋਹੀ ॥੧॥ ਰਹਾਉ ॥	توُ گُن ساگرُ اوگُن موہی ॥1॥ رہاءُ ॥
ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥	مائیا دھندھا دھاونی دُرمتِ کار بِکار ॥
ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥	موُرکھُ آپُ گنائِدا بوُجھِ ن سکے کار ॥
ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥	منسا مائِیا موہنی منمُکھ بول خُیار ॥
ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥੨॥	مجنُ جھوُٹھا چنڈال کا

پھوکٹ چار سِینگار ॥2॥

ਝੂਠੀ ਮਨ ਕੀ ਮਤਿ ਹੈ
ਕਰਣੀ ਬਾਦਿ ਬਿਬਾਦੁ ॥

جھوُٹھی من کی متِ ہے
کرنٹی بادِ بِبادُ ॥

ਝੂਠੇ ਵਿਚਿ ਅਹੰਕਰਣੁ ਹੈ
ਖਸਮ ਨ ਪਾਵੈ ਸਾਦੁ ॥

جھوُٹھے وِچِ اہنکرنُ ہے
خصم ن پاوے سادُ ॥

ਬਿਨੁ ਨਾਵੈ ਹੋਰੁ ਕਮਾਵਣਾ
ਫਿਕਾ ਆਵੈ ਸਾਦੁ ॥

بِنُ ناوے ہورُ کماوٹا
پھِکا آوے سادُ ॥

ਦੁਸਟੀ ਸਭਾ ਵਿਗੁਚੀਐ
ਬਿਖੁ ਵਾਤੀ ਜੀਵਣ ਬਾਦਿ ॥੩॥

دُسٹی سبھا وِگچیئے
بِکھُ واتی جیِونٹ بادِ ॥3॥

ਏ ਭ੍ਰਮਿ ਭੂਲੇ ਮਰਹੁ ਨ ਕੋਈ ॥

اے بھرمِ بھوُلے مرہُ ن کوئی ॥

ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥

ستِگُر سیوِ سدا سُکھُ ہوئی ॥

ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥

بِنُ ستِگُر مُکتِ کِنے ن پائی ॥

ਆਵਹਿ ਜਾਂਹਿ ਮਰਹਿ ਮਰਿ ਜਾਈ ॥੪॥

آوہِ جانہِ مرہِ مرِ جائی ॥4॥

ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥

ایہُ سرِیرُ ہے ترّے گُنٹ دھاتُ ॥

ਇਸ ਨੋ ਵਿਆਪੈ ਸੋਗ ਸੰਤਾਪੁ ॥

اِس نو وِیاپے سوگ سنّتاپُ ॥

ਸੋ ਸੇਵਹੁ ਜਿਸੁ ਮਾਈ ਨ ਬਾਪੁ ॥

سو سیوہُ جِسُ مائی ن باپُ ॥

ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥

وِچہُ چوُکے تِسنا ارُ آپُ ॥5॥

ਜਹ ਜਹ ਦੇਖਾ ਤਹ ਤਹ ਸੋਈ ॥

جہ جہ دیکھا تہ تہ سوئی ॥

ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥

بِنُ ستِگُر بھیٹے مُکتِ ن ہوئی ॥

ਹਿਰਦੈ ਸਚੁ ਏਹ ਕਰਣੀ ਸਾਰੁ ॥

ہِردے سچُ ایہ کرنٹی سارُ ॥

ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥

ہورُ سبھُ پاکھنڈُ پوُج خُیارُ ॥6॥

ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥

دُبِدھا چوُکے تاں سبدُ پچھانٹُ ॥

ਘਰਿ ਬਾਹਰਿ ਏਕੋ ਕਰਿ ਜਾਣੁ ॥

گھرِ باہرِ ایکو کرِ جانٹُ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) (ਰਾਜਾ ਸਾਹਿਬ) ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦے 550ویں پرکاش پُرب نوں سمرپت | سیوا: بھائی بلجندر سنگھ جی

ਏਹਾ ਮਤਿ ਸਬਦੁ ਹੈ ਸਾਰੁ ॥	ایہا متِ سبدُ ہے سارُ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥	وِچِ دُبِدھا ماتھےَ پوے چھارُ ॥7॥
ਕਰਣੀ ਕੀਰਤਿ ਗੁਰਮਤਿ ਸਾਰੁ ॥	کرنّی کِیرتِ گُرمتِ سارُ ॥
ਸੰਤ ਸਭਾ ਗੁਣ ਗਿਆਨੁ ਬੀਚਾਰੁ ॥	سنّت سبھا گُنّ گِیانُ بیچارُ ॥
ਮਨੁ ਮਾਰੇ ਜੀਵਤ ਮਰਿ ਜਾਣੁ ॥	منُ مارے جیِوت مرِ جانُّ ॥
ਨਾਨਕ ਨਦਰੀ ਨਦਰਿ ਪਛਾਣੁ ॥੮॥੩॥	نانک ندری ندرِ پچھانُّ ॥8॥3॥
ਪ੍ਰਭਾਤੀ ਮਹਲਾ ੧ ਦਖਣੀ ॥	پرّبھاتی محلا 1 دکھنّی ॥
ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ ॥	گوتمُ تپا اہلِیا اِستّری تِس دیکھِ اِندّرُ لُبھائِیا ॥
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥੧॥	سہس سریر چِہن بھگ ہوُئے تا منِ پچھوتائِیا ॥1॥
ਕੋਈ ਜਾਣਿ ਨ ਭੂਲੈ ਭਾਈ ॥	کوئی جانِّ ن بھوُلے بھائی ۔ ॥
ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ ॥੧॥ ਰਹਾਉ ॥	سو بھوُلے جِسُ آپِ بھُلائے بوُجھےَ جِسےَ بُجھائی ॥1॥ رہاءُ ॥
ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ ॥	تِنِ ہری چندِّ پرّتھمی پتِ راجےَ کاگدِ قِیم ن پائی ॥
ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ ॥੨॥	انگُنّ جانّے ت پُنّن کرے کِءُ کِءُ نیخاسِ بِکائی ۔ ॥2॥
ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ ॥	کرءُ اڈھائی دھرتی مانگی باون روُپِ بہانے ॥
ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ ॥੩॥	کِءُ پئیالِ جاءِ کِءُ چھلیےَ جے بلِ روُپُ پچھانے ॥3॥
ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ ॥	راجا جنمیجا دے متیں برجِ بیاسِ پڑہائِیا ॥

ਤਿਨਿ੍ ਕਰਿ ਜਗ ਅਠਾਰਹ ਘਾਏ
ਕਿਰਤੁ ਨ ਚਲੈ ਚਲਾਇਆ ॥੪॥

تِنّہِ کرِ جگ اٹھارہ گھائے
کِرتُ ن چلےَ چلائِیا ॥4॥

ਗਣਤ ਨ ਗਣੀ ਹੁਕਮੁ ਪਛਾਣਾ
ਬੋਲੀ ਭਾਇ ਸੁਭਾਈ ॥

گنّت ن گنّیِں حُکمُ پچھاٹا
بولی بھاءِ سُبھائی ॥

ਜੋ ਕਿਛੁ ਵਰਤੈ ਤੁਧੈ ਸਲਾਹੀ
ਸਭ ਤੇਰੀ ਵਡਿਆਈ ॥੫॥

جو کِچھُ ورتے تُدھےَ سلاحِیں
سبھ تیری وڈِیائی ॥5॥

ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ
ਸਦਾ ਰਹੈ ਸਰਣਾਈ ॥

گُرمُکھِ الپتُ لیپُ کدے ن لاگےَ
سدا رہےَ سرٹائی ॥

ਮਨਮੁਖੁ ਮੁਗਧੁ ਆਗੈ ਚੇਤੈ ਨਾਹੀ
ਦੁਖਿ ਲਾਗੈ ਪਛੁਤਾਈ ॥੬॥

منمُکھُ مُگدھُ آگے چیتے ناہی
دُکھِ لاگے پچھُتائی ॥6॥

ਆਪੇ ਕਰੇ ਕਰਾਏ ਕਰਤਾ
ਜਿਨਿ ਏਹ ਰਚਨਾ ਰਚੀਐ ॥

آپے کرے کرائے کرتا
جِنِ ایہ رچنا رچیِۓ ॥

ਹਰਿ ਅਭਿਮਾਨੁ ਨ ਜਾਈ ਜੀਅਹੁ
ਅਭਿਮਾਨੇ ਪੈ ਪਚੀਐ ॥੭॥

ہرِ ابھِمانُ ن جائی جیِئہُ
ابھِمانے پےَ پچیِۓ ॥7॥

ਭੁਲਣ ਵਿਚਿ ਕੀਆ ਸਭੁ ਕੋਈ
ਕਰਤਾ ਆਪਿ ਨ ਭੁਲੈ ॥

بھُلّن وِچ کِیا سبھُ کوئی
کرتا آپِ ن بھُلےَ ॥

ਨਾਨਕ ਸਚਿ ਨਾਮਿ ਨਿਸਤਾਰਾ
ਕੋ ਗੁਰ ਪਰਸਾਦਿ ਅਘੁਲੈ ॥੮॥੪॥

نانک سچِ نامِ نِستارا
کو گُر پرسادِ اگھُلےَ ॥8॥4॥

ਪ੍ਰਭਾਤੀ ਮਹਲਾ ੧ ॥

پربھاتی محلا 1 ॥

ਆਖਣਾ ਸੁਨਣਾ ਨਾਮੁ ਅਧਾਰੁ ॥

آکھنا سُنّنا نامُ ادھارُ ॥

ਧੰਧਾ ਛੁਟਕਿ ਗਇਆ ਵੇਕਾਰੁ ॥

دھندّھا چھُٹکِ گیِا ویکارُ ॥

ਜਿਉ ਮਨਮੁਖਿ ਦੂਜੈ ਪਤਿ ਖੋਈ ॥

جِءُ منمُکھِ دوُجےَ پتِ کھوئی ॥

ਬਿਨੁ ਨਾਵੈ ਮੈ ਅਵਰੁ ਨ ਕੋਈ ॥੧॥

بِنُ ناوے مےَ اورُ ن کوئی ॥1॥

ਸੁਣਿ ਮਨ ਅੰਧੇ ਮੂਰਖ ਗਵਾਰ ॥

سُنِ من اندّھے مورکھ گوار ॥

ਆਵਤ ਜਾਤ ਲਾਜ ਨਹੀ ਲਾਗੈ

آوت جات لاج نہی لاگےَ

ਬਿਨੁ ਗੁਰ ਬੂਡੈ ਬਾਰੋ ਬਾਰ ॥੧॥ ਰਹਾਉ ॥	بِنُ گُر بُوڈے بارو بار ॥1॥ رہاءُ ॥
ਇਸੁ ਮਨ ਮਾਇਆ ਮੋਹਿ ਬਿਨਾਸੁ ॥	اِسُ من مائیا موہِ بِناسُ ॥
ਧੁਰਿ ਹੁਕਮੁ ਲਿਖਿਆ ਤਾਂ ਕਹੀਐ ਕਾਸੁ ॥	دھُرِ حُکمُ لِکھیا تاں کہیئے کاسُ ॥
ਗੁਰਮੁਖਿ ਵਿਰਲਾ ਚੀਨ੍ਹੈ ਕੋਈ ॥	گُرمُکھِ وِرلا چینّہے کوئی ॥
ਨਾਮ ਬਿਹੂਨਾ ਮੁਕਤਿ ਨ ਹੋਈ ॥੨॥	نام بِہوُنا مُکتِ ن ہوئی ॥2॥
ਭ੍ਰਮਿ ਭ੍ਰਮਿ ਡੋਲੈ ਲਖ ਚਉਰਾਸੀ ॥	بھرّمِ بھرّمِ ڈولے لکھ چرُاسی ॥
ਬਿਨੁ ਗੁਰ ਬੂਝੇ ਜਮ ਕੀ ਫਾਸੀ ॥	بِنُ گُر بُوجھے جم کی پھاسی ॥
ਇਹੁ ਮਨੂਆ ਖਿਨੁ ਖਿਨੁ ਊਭਿ ਪਇਆਲਿ ॥	اِہُ منوُیا کھِنُ کھِنُ اوُبھِ پئیالِ ॥
ਗੁਰਮੁਖਿ ਛੂਟੈ ਨਾਮੁ ਸਮ੍ਹਾਲਿ ॥੩॥	گُرمُکھِ چھوُٹے نامُ سمّہالِ ॥3॥
ਆਪੇ ਸਦੇ ਢਿਲ ਨ ਹੋਇ ॥	آپے صدے ڈھِل ن ہوءِ ॥
ਸਬਦਿ ਮਰੈ ਸਹਿਲਾ ਜੀਵੈ ਸੋਇ ॥	سبدِ مرے سہِلا جیِوے سوءِ ॥
ਬਿਨੁ ਗੁਰ ਸੋਝੀ ਕਿਸੈ ਨ ਹੋਇ ॥	بِنُ گُر سوجھی کِسے ن ہوءِ ॥
ਆਪੇ ਕਰੈ ਕਰਾਵੈ ਸੋਇ ॥੪॥	آپے کرے کراوے سوءِ ॥4॥
ਝਗੜੁ ਚੁਕਾਵੈ ਹਰਿ ਗੁਣ ਗਾਵੈ ॥	جھگڑُ چُکاوے ہرِ گُنؔ گاوے ॥
ਪੂਰਾ ਸਤਿਗੁਰੁ ਸਹਜਿ ਸਮਾਵੈ ॥	پوُرا ستِگُرُ سہجِ سماوے ॥
ਇਹੁ ਮਨੁ ਡੋਲਤ ਤਉ ਠਹਰਾਵੈ ॥	اِہُ منُ ڈولت تءُ ٹھہراوے ॥
ਸਚੁ ਕਰਣੀ ਕਰਿ ਕਾਰ ਕਮਾਵੈ ॥੫॥	سچُ کرنیؔ کرِ کار کماوے ॥5॥
ਅੰਤਰਿ ਜੂਠਾ ਕਿਉ ਸੁਚਿ ਹੋਇ ॥	انترِ جوُٹھا کِءُ سُچِ ہوءِ ۔ ॥
ਸਬਦੀ ਧੋਵੈ ਵਿਰਲਾ ਕੋਇ ॥	سبدی دھووے وِرلا کوءِ ॥
ਗੁਰਮੁਖਿ ਕੋਈ ਸਚੁ ਕਮਾਵੈ ॥	گُرمُکھِ کوئی سچُ کماوے ॥
ਆਵਣੁ ਜਾਣਾ ਠਾਕਿ ਰਹਾਵੈ ॥੬॥	آونُ جانا ٹھاکِ رہاوے ॥6॥
ਭਉ ਖਾਣਾ ਪੀਣਾ ਸੁਖੁ ਸਾਰੁ ॥	بھءُ کھاٹا پِیٹا سُکھُ سارُ ॥

ਹਰਿ ਜਨ ਸੰਗਤਿ ਪਾਵੈ ਪਾਰੁ ॥	ہرِ جن سنگتِ پاوے پارُ ॥
ਸਚੁ ਬੋਲੈ ਬੋਲਾਵੈ ਪਿਆਰੁ ॥	سچُ بولے بولاوے پِیارُ ॥
ਗੁਰ ਕਾ ਸਬਦੁ ਕਰਣੀ ਹੈ ਸਾਰੁ ॥੭॥	گُر کا سبدُ کرنٹی ہے سارُ ॥7॥
ਹਰਿ ਜਸੁ ਕਰਮੁ ਧਰਮੁ ਪਤਿ ਪੂਜਾ ॥	ہرِ جسُ کرمُ دھرمُ پتِ پوُجا ॥
ਕਾਮ ਕ੍ਰੋਧ ਅਗਨੀ ਮਹਿ ਭੂੰਜਾ ॥	کام کرودھ اگنی مہِ بھوُنجا ॥
ਹਰਿ ਰਸੁ ਚਾਖਿਆ ਤਉ ਮਨੁ ਭੀਜਾ ॥	ہرِ رسُ چاکھیا تءُ منُ بھیِجا ॥
ਪ੍ਰਣਵਤਿ ਨਾਨਕੁ ਅਵਰੁ ਨ ਦੂਜਾ ॥੮॥੫॥	پرّنوتِ نانکُ اورُ ن دوُجا ॥8॥5॥
ਪ੍ਰਭਾਤੀ ਮਹਲਾ ੧ ॥	پربھاتی محلا 1 ॥
ਰਾਮ ਨਾਮੁ ਜਪਿ ਅੰਤਰਿ ਪੂਜਾ ॥	رام نامُ جپِ انترِپوُجا ॥
ਗੁਰ ਸਬਦੁ ਵੀਚਾਰਿ ਅਵਰੁ ਨਹੀ ਦੂਜਾ ॥੧॥	گُر سبدُ ویچارِ اورُ نہی دوُجا ॥1॥
ਏਕੋ ਰਵਿ ਰਹਿਆ ਸਭ ਠਾਈ ॥	ایکو روِ رہیا سبھ ٹھائی ॥
ਅਵਰੁ ਨ ਦੀਸੈ ਕਿਸੁ ਪੂਜ ਚੜਾਈ ॥੧॥ ਰਹਾਉ ॥	اورُ ن دیسے کِسُ پوُج چڑائی ۔ ॥1॥ رہاءُ ॥
ਮਨੁ ਤਨੁ ਆਗੈ ਜੀਅੜਾ ਤੁਝ ਪਾਸਿ ॥	منُ تنُ آگے جیئڑا تُجھ پاسِ ॥
ਜਿਉ ਭਾਵੈ ਤਿਉ ਰਖਹੁ ਅਰਦਾਸਿ ॥੨॥	جِءُ بھاوے تِءُ رکھہُ عرداسِ ॥2॥
ਸਚੁ ਜਿਹਵਾ ਹਰਿ ਰਸਨ ਰਸਾਈ ॥	سچُ جِہوا ہرِ رسن رسائی ॥
ਗੁਰਮਤਿ ਛੂਟਸਿ ਪ੍ਰਭ ਸਰਣਾਈ ॥੩॥	گُرمتِ چھوُٹسِ پربھ سرٹائی ॥3॥
ਕਰਮ ਧਰਮ ਪ੍ਰਭਿ ਮੇਰੈ ਕੀਏ ॥	کرم دھرم پربھِ میرے کیئے ॥
ਨਾਮੁ ਵਡਾਈ ਸਿਰਿ ਕਰਮਾਂ ਕੀਏ ॥੪॥	نامُ وڈائی سِرِ کرماں کیئے ॥4॥
ਸਤਿਗੁਰ ਕੈ ਵਸਿ ਚਾਰਿ ਪਦਾਰਥ ॥	ستِگُر کے وسِ چارِ پدارتھ ॥
ਤੀਨਿ ਸਮਾਏ ਏਕ ਕ੍ਰਿਤਾਰਥ ॥੫॥	تینِ سمائے ایک کرِتارتھ ॥5॥
ਸਤਿਗੁਰਿ ਦੀਏ ਮੁਕਤਿ ਧਿਆਨਾਂ ॥	ستِگُرِ دیئے مُکتِ دھیاناں ॥
ਹਰਿ ਪਦੁ ਚੀਨ੍ਹਿ ਭਏ ਪਰਧਾਨਾ ॥੬॥	ہرِ پدُ چینّہِ بھئے پردھانا ॥6॥

ਮਨੁ ਤਨੁ ਸੀਤਲੁ ਗੁਰਿ ਬੂਝ ਬੁਝਾਈ ॥	مَنُ تَنُ سِیتَلُ گُرِ بُوجھ بُجھائی ॥
ਪ੍ਰਭੁ ਨਿਵਾਜੇ ਕਿਨਿ ਕੀਮਤਿ ਪਾਈ ॥੭॥	پربھُ نِوازے کِنِ قِیمتِ پائی ۔ ॥7॥
ਕਹੁ ਨਾਨਕ ਗੁਰਿ ਬੂਝ ਬੁਝਾਈ ॥	کہُ نانک گُرِ بُوجھ بُجھائی ॥
ਨਾਮ ਬਿਨਾ ਗਤਿ ਕਿਨੈ ਨ ਪਾਈ ॥੮॥੬॥	نام بِنا گتِ کِنے ن پائی ॥8॥6॥
ਪ੍ਰਭਾਤੀ ਮਹਲਾ ੧ ॥	پربھاتی محلا 1 ॥
ਇਕਿ ਧੁਰਿ ਬਖਸਿ ਲਏ ਗੁਰਿ ਪੂਰੈ ਸਚੀ ਬਣਤ ਬਣਾਈ ॥	اِکِ دھُرِ بخشِ لئے گُرِ پوُرے سچی بنّت بنّائی ॥
ਹਰਿ ਰੰਗ ਰਾਤੇ ਸਦਾ ਰੰਗੁ ਸਾਚਾ ਦੁਖ ਬਿਸਰੇ ਪਤਿ ਪਾਈ ॥੧॥	ہرِ رنگ راتے سدا رنگُ ساچا دُکھ بِسرے پتِ پائی ॥1॥
ਝੂਠੀ ਦੁਰਮਤਿ ਕੀ ਚਤੁਰਾਈ ॥	جھوُٹھی دُرمتِ کی چترائی ॥
ਬਿਨਸਤ ਬਾਰ ਨ ਲਾਗੈ ਕਾਈ ॥੧॥ ਰਹਾਉ ॥	بِنست بار ن لاگے کائی ॥1॥ رہاءُ ॥
ਮਨਮੁਖ ਕਉ ਦੁਖੁ ਦਰਦੁ ਵਿਆਪਸਿ ਮਨਮੁਖਿ ਦੁਖੁ ਨ ਜਾਈ ॥	منمُکھ کءُ دُکھُ دردُ وِیاپسِ منمُکھِ دُکھُ ن جائی ॥
ਸੁਖ ਦੁਖ ਦਾਤਾ ਗੁਰਮੁਖਿ ਜਾਤਾ ਮੇਲਿ ਲਏ ਸਰਣਾਈ ॥੨॥	سُکھ دُکھ داتا گُرمُکھِ جاتا میلِ لئے سرنّائی ॥2॥
ਮਨਮੁਖ ਤੇ ਅਭ ਭਗਤਿ ਨ ਹੋਵਸਿ ਹਉਮੈ ਪਚਹਿ ਦਿਵਾਨੇ ॥	منمُکھ تے ابھ بھگتِ ن ہووسِ ہئُمے پچہِ دِوانے ॥
ਇਹੁ ਮਨੂਆ ਖਿਨੁ ਊਭਿ ਪਇਆਲੀ ਜਬ ਲਗਿ ਸਬਦ ਨ ਜਾਨੇ ॥੩॥	اِہُ منوُیا کھِنُ اوُبھِ پئیالی جب لگِ سبد ن جانے ॥3॥
ਭੂਖ ਪਿਆਸਾ ਜਗੁ ਭਇਆ ਤਿਪਤਿ ਨਹੀ ਬਿਨੁ ਸਤਿਗੁਰ ਪਾਏ ॥	بھوُکھ پِیاسا جگُ بھئیا تِپتِ نہی بِنُ ستِگُر پائے ॥
ਸਹਜੈ ਸਹਜੁ ਮਿਲੈ ਸੁਖੁ ਪਾਈਐ ਦਰਗਹ ਪੈਧਾ ਜਾਏ ॥੪॥	سہجے سہجُ ملے سُکھُ پائیے درگہ پیَدھا جائے ॥4॥
ਦਰਗਹ ਦਾਨਾ ਬੀਨਾ ਇਕੁ ਆਪੇ ਨਿਰਮਲ ਗੁਰ ਕੀ ਬਾਣੀ ॥	درگہ دانا بِینا اِکُ آپے

ਨਿਰਮਲ ਕੁਰ ਕੀ ਬਾਣੀ ॥

نِرمل گُر کی بانٰی ॥

ਆਪੇ ਸੁਰਤਾ ਸਚੁ ਵੀਚਾਰਸਿ
ਆਪੇ ਬੂਝੈ ਪਦੁ ਨਿਰਬਾਣੀ ॥੫॥

آپے سُرتا سچُ ویچارسِ
آپے بوُجھےَ پدُ نِربانٰی ॥5॥

ਜਲੁ ਤਰੰਗ ਅਗਨੀ ਪਵਨੈ ਫੁਨਿ
ਤ੍ਰੈ ਮਿਲਿ ਜਗਤੁ ਉਪਾਇਆ ॥

جلُ ترنگ اگنی پونےَ پھُنِ
ترّےَ مِلِ جگتُ اُپائیا ॥

ਐਸਾ ਬਲੁ ਛਲੁ ਤਿਨ ਕਉ ਦੀਆ
ਹੁਕਮੀ ਠਾਕਿ ਰਹਾਇਆ ॥੬॥

ایَسا بلُ چھلُ تِن کءُ دِیِیا
حُکمی ٹھاکِ رہائیا ॥6॥

ਐਸੇ ਜਨ ਵਿਰਲੇ ਜਗ ਅੰਦਰਿ
ਪਰਖਿ ਖਜਾਨੈ ਪਾਇਆ ॥

ایَسے جن وِرلے جگ انّدرِ
پرکھِ خزانےَ پائیا ॥

ਜਾਤਿ ਵਰਨ ਤੇ ਭਏ ਅਤੀਤਾ
ਮਮਤਾ ਲੋਭੁ ਚੁਕਾਇਆ ॥੭॥

زاتِ ورن تے بھےَ اتیِتا
ممتا لوبھُ چُکائیا ॥7॥

ਨਾਮਿ ਰਤੇ ਤੀਰਥ ਸੇ ਨਿਰਮਲ
ਦੁਖੁ ਹਉਮੈ ਮੈਲੁ ਚੁਕਾਇਆ ॥

نامِ رتے تیِرتھ سے نِرمل
دُکھُ ہئُمےَ میَلُ چُکائیا ॥

ਨਾਨਕੁ ਤਿਨ ਕੇ ਚਰਨ ਪਖਾਲੈ
ਜਿਨਾ ਗੁਰਮੁਖਿ ਸਾਚਾ ਭਾਇਆ ॥੮॥੭॥

نانکُ تِن کے چرن پکھالےَ
جِنا گُرمُکھِ ساچا بھائیا ॥8॥7॥

ਪ੍ਰਭਾਤੀ ਮਹਲਾ ੩ ਬਿਭਾਸ

پربھاتی محلا 3 بِبھاس

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਗੁਰ ਪਰਸਾਦੀ ਵੇਖੁ ਤੂ
ਹਰਿ ਮੰਦਰੁ ਤੇਰੈ ਨਾਲਿ ॥

گُر پرسادی ویکھُ توُ
ہرِ منّدرُ تیرےَ نالِ ॥

ਹਰਿ ਮੰਦਰੁ ਸਬਦੇ ਖੋਜੀਐ
ਹਰਿ ਨਾਮੋ ਲੇਹੁ ਸਮ੍ਹਾਲਿ ॥੧॥

ہرِ منّدرُ سبدے کھوجیےَ
ہرِ نامو لیہُ سمّہالِ ॥1॥

ਮਨ ਮੇਰੇ ਸਬਦਿ ਰਪੈ ਰੰਗੁ ਹੋਇ ॥

من میرے سبدِ رپےَ رنگُ ہوءِ ॥

ਸਚੀ ਭਗਤਿ ਸਚਾ ਹਰਿ ਮੰਦਰੁ
ਪ੍ਰਗਟੀ ਸਾਚੀ ਸੋਇ ॥੧॥ ਰਹਾਉ ॥

سچی بھگتِ سچا ہرِ منّدرُ
پرّگٹی ساچی سوءِ ॥1॥ رہاءُ ॥

ਹਰਿ ਮੰਦਰੁ ਏਹੁ ਸਰੀਰੁ ਹੈ

ہرِ منّدرُ ایہُ سریرُ ہےَ

ਗਿਆਨਿ ਰਤਨਿ ਪਰਗਟੁ ਹੋਇ ॥

ਮਨਮੁਖ ਮੂਲੁ ਨ ਜਾਣਨੀ
ਮਾਣਸਿ ਹਰਿ ਮੰਦਰੁ ਨ ਹੋਇ ॥੨॥

ਹਰਿ ਮੰਦਰੁ ਹਰਿ ਜੀਉ ਸਾਜਿਆ
ਰਖਿਆ ਹੁਕਮਿ ਸਵਾਰਿ ॥

ਧੁਰਿ ਲੇਖੁ ਲਿਖਿਆ ਸੁ ਕਮਾਵਣਾ
ਕੋਇ ਨ ਮੇਟਣਹਾਰੁ ॥੩॥

ਸਬਦੁ ਚੀਨ੍ਹਿ ਸੁਖੁ ਪਾਇਆ
ਸਚੈ ਨਾਇ ਪਿਆਰ ॥

ਹਰਿ ਮੰਦਰੁ ਸਬਦੇ ਸੋਹਣਾ
ਕੰਚਨੁ ਕੋਟੁ ਅਪਾਰ ॥੪॥

ਹਰਿ ਮੰਦਰੁ ਏਹੁ ਜਗਤੁ ਹੈ
ਗੁਰ ਬਿਨੁ ਘੋਰੰਧਾਰ ॥

ਦੂਜਾ ਭਾਉ ਕਰਿ ਪੂਜਦੇ
ਮਨਮੁਖ ਅੰਧ ਗਵਾਰ ॥੫॥

ਜਿਥੈ ਲੇਖਾ ਮੰਗੀਐ
ਤਿਥੈ ਦੇਹ ਜਾਤਿ ਨ ਜਾਇ ॥

ਸਾਚਿ ਰਤੇ ਸੇ ਉਬਰੇ
ਦੁਖੀਏ ਦੂਜੈ ਭਾਇ ॥੬॥

ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ
ਨਾ ਬੂਝਹਿ ਮੁਗਧ ਗਵਾਰ ॥

ਗੁਰ ਪਰਸਾਦੀ ਚੀਨ੍ਹਿਆ
ਹਰਿ ਰਾਖਿਆ ਉਰਿ ਧਾਰਿ ॥੭॥

ਗੁਰ ਕੀ ਬਾਣੀ ਗੁਰ ਤੇ ਜਾਤੀ
ਜਿ ਸਬਦਿ ਰਤੇ ਰੰਗੁ ਲਾਇ ॥

گیانِ رتنِ پرگٹُ ہوءِ ॥

منمُکھ مؤلُ ن جانئی
ماٹُسِ ہرِ مندّرُ ن ہوءِ ॥2॥

ہرِ مندّرُ ہرِ جیءُ ساجیا
رکھیا حُکمِ سوارِ ॥

دھُرِ لیکھُ لِکھیا سُ کماوٹا
کوءِ ن میٹنہارُ ॥3॥

سبدُ چینّہِ سُکھُ پائیا
سچے ناءِ پیار ॥

ہرِ مندّرُ سبدے سوہنٹا
کنچنُ کوٹُ اپار ॥4॥

ہرِ مندّرُ ایہُ جگتُ ہے
گُر بِنُ گھورندّھار ॥

دوُجا بھاءُ کرِ پوُجدے
منمُکھ اندھ گوار ॥5॥

جتھے لیکھا منگیئے
تتھے دیہ زاتِ ن جاءِ ॥

ساچِ رتے سے اُبرے
دُکھیئے دوُجے بھاءِ ॥6॥

ہرِ مندّر مہِ نامُ نِدھانُ ہے
نا بوُجھہِ مُگدھ گوار ॥

گُر پرسادی چینّہیا
ہرِ راکھیا اُرِ دھارِ ॥7॥

گُر کی بانٹی گُر تے جاتی
جِ سبدِ رتے رنگُ لاءِ ॥

ਪਵਿਤੁ ਪਾਵਨ ਸੇ ਜਨ ਨਿਰਮਲ
ਹਰਿ ਕੈ ਨਾਮਿ ਸਮਾਇ ॥੮॥

پوِتُ پاون سے جن نِرمل
ہرِ کے نامِ سماءِ ॥8॥

ਹਰਿ ਮੰਦਰੁ ਹਰਿ ਕਾ ਹਾਟੁ ਹੈ
ਰਖਿਆ ਸਬਦਿ ਸਵਾਰਿ ॥

ہرِ منّدرُ ہرِ کا ہاٹُ ہے
رکھِیا سبدِ سوارِ ॥

ਤਿਸੁ ਵਿਚਿ ਸਉਦਾ ਏਕੁ ਨਾਮੁ
ਗੁਰਮੁਖਿ ਲੈਨਿ ਸਵਾਰਿ ॥੯॥

تِسُ وِچ سئُدا ایکُ نامُ
گُرمُکھِ لیَنِ سوارِ ॥9॥

ਹਰਿ ਮੰਦਰ ਮਹਿ ਮਨੁ ਲੋਹਟੁ ਹੈ
ਮੋਹਿਆ ਦੂਜੈ ਭਾਇ ॥

ہرِ منّدر مہِ منُ لوہٹُ ہے
موہِیا دوُجے بھاءِ ॥

ਪਾਰਸਿ ਭੇਟਿਐ ਕੰਚਨੁ ਭਇਆ
ਕੀਮਤਿ ਕਹੀ ਨ ਜਾਇ ॥੧੦॥

پارسِ بھیٹےِ کنچنُ بھئیا
قِیمتِ کہی ن جاءِ ॥ 10 ॥

ਹਰਿ ਮੰਦਰ ਮਹਿ ਹਰਿ ਵਸੈ
ਸਰਬ ਨਿਰੰਤਰਿ ਸੋਇ ॥

ہرِ منّدر مہِ ہرِ وسے
سرب نِرنّترِ سوءِ ॥

ਨਾਨਕ ਗੁਰਮੁਖਿ ਵਣਜੀਐ
ਸਚਾ ਸਉਦਾ ਹੋਇ ॥੧੧॥੧॥

نانک گُرمُکھِ ونجیِےَ
سچا سئُدا ہوءِ ॥ 11 ॥1॥

ਪ੍ਰਭਾਤੀ ਮਹਲਾ ੩ ॥

پربھاتی محلا 3 ॥

ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ
ਹਉਮੈ ਮੈਲੁ ਉਤਾਰਿ ॥

بھےَ بھاءِ جاگے سے جن جاگرنُ کرہِ
ہئُمےَ میَلُ اُتارِ ॥

ਸਦਾ ਜਾਗਹਿ ਘਰੁ ਅਪਣਾ ਰਾਖਹਿ
ਪੰਚ ਤਸਕਰ ਕਾਢਹਿ ਮਾਰਿ ॥੧॥

سدا جاگہِ گھرُ اپنّا راکھہِ
پنچ تسکر کاڈھہِ مارِ ॥1॥

ਮਨ ਮੇਰੇ ਗੁਰਮੁਖਿ ਨਾਮੁ ਧਿਆਇ ॥

من میرے گُرمُکھِ نامُ دھِیاءِ ॥

ਜਿਤੁ ਮਾਰਗਿ ਹਰਿ ਪਾਈਐ
ਮਨ ਸੇਈ ਕਰਮ ਕਮਾਇ ॥੧॥ ਰਹਾਉ ॥

جِتُ مارگِ ہرِ پائیِےَ
من سیئی کرم کماءِ ॥1॥ رہاءُ ॥

ਗੁਰਮੁਖਿ ਸਹਜ ਧੁਨਿ ਊਪਜੈ
ਦੁਖੁ ਹਉਮੈ ਵਿਚਹੁ ਜਾਇ ॥

گُرمُکھِ سہج دھُنِ اوُپجےَ
دُکھُ ہئُمےَ وِچہُ جاءِ ॥

ਹਰਿ ਨਾਮਾ ਹਰਿ ਮਨਿ ਵਸੈ

ہرِ نامَا ہرِ منِ وسے

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نُوں سمرپت | سیوا: بھائی بلجِندر سنگھ جی (راڑا صاہب)

ਸਹਜੇ ਹਰਿ ਗੁਣ ਗਾਇ ॥੨॥

سہجے ہرِ گُنؤ گاءِ ॥2॥

ਗੁਰਮਤੀ ਮੁਖ ਸੋਹਣੇ
ਹਰਿ ਰਾਖਿਆ ਉਰਿ ਧਾਰਿ ॥

گُرمتی مُکھ سوہنے
ہرِ راکھیا اُرِ دھارِ ॥

ਐਥੈ ਓਥੈ ਸੁਖੁ ਘਣਾ
ਜਪਿ ਹਰਿ ਹਰਿ ਉਤਰੇ ਪਾਰਿ ॥੩॥

ایتھےَ اوتھےَ سُکھُ گھنا
جپِ ہرِ ہرِ اُترے پارِ ॥3॥

ਹਉਮੈ ਵਿਚਿ ਜਾਗ੍ਰਣੁ ਨ ਹੋਵਈ
ਹਰਿ ਭਗਤਿ ਨ ਪਵਈ ਥਾਇ ॥

ہئُمےَ وِچِ جاگّرنُ ن ہووئی
ہرِ بھگتِ ن پوئی تھاءِ ॥

ਮਨਮੁਖ ਦਰਿ ਢੋਈ ਨਾ ਲਹਹਿ
ਭਾਇ ਦੂਜੈ ਕਰਮ ਕਮਾਇ ॥੪॥

منمُکھ درِ ڈھوئی نا لہہِ
بھاءِ دوُجےَ کرم کماءِ ॥4॥

ਧ੍ਰਿਗੁ ਖਾਣਾ ਧ੍ਰਿਗੁ ਪੈਨ੍ਣਾ
ਜਿਨ੍ਾ ਦੂਜੈ ਭਾਇ ਪਿਆਰੁ ॥

دھّرِگُ کھاٹا دھّرِگُ پینّہٹا
جِنّہا دوُجےَ بھاءِ پِیارُ ॥

ਬਿਸਟਾ ਕੇ ਕੀੜੇ ਬਿਸਟਾ ਰਾਤੇ
ਮਰਿ ਜੰਮਹਿ ਹੋਹਿ ਖੁਆਰੁ ॥੫॥

بِسٹا کے کیڑے بِسٹا راتے
مرِ جنّمہِ ہوہِ خُیارُ ॥5॥

ਜਿਨ ਕਉ ਸਤਿਗੁਰੁ ਭੇਟਿਆ
ਤਿਨਾ ਵਿਟਹੁ ਬਲਿ ਜਾਉ ॥

جِن کءُ ستِگُرُ بھیٹیا
تِنا وِٹہُ بلِ جاءُ ॥

ਤਿਨ ਕੀ ਸੰਗਤਿ ਮਿਲਿ ਰਹਾਂ
ਸਚੇ ਸਚਿ ਸਮਾਉ ॥੬॥

تِن کی سنگتِ مِلِ رہاں
سچے سچِ سماءُ ॥6॥

ਪੂਰੈ ਭਾਗਿ ਗੁਰੁ ਪਾਈਐ
ਉਪਾਇ ਕਿਤੈ ਨ ਪਾਇਆ ਜਾਇ ॥

پوُرےَ بھاگِ گُرُ پائیےَ
اُپاءِ کِتےَ ن پائیا جاءِ ॥

ਸਤਿਗੁਰ ਤੇ ਸਹਜੁ ਊਪਜੈ
ਹਉਮੈ ਸਬਦਿ ਜਲਾਇ ॥੭॥

ستِگُر تے سہجُ اوُپجےَ
ہئُمےَ سبدِ جلاءِ ॥7॥

ਹਰਿ ਸਰਣਾਈ ਭਜੁ ਮਨ ਮੇਰੇ
ਸਭ ਕਿਛੁ ਕਰਣੈ ਜੋਗੁ ॥

ہرِ سرٹائی بھجُ من میرے
سبھ کِچھُ کرنّے جوگُ ॥

ਨਾਨਕ ਨਾਮੁ ਨ ਵੀਸਰੈ
ਜੋ ਕਿਛੁ ਕਰੈ ਸੁ ਹੋਗੁ ॥੮॥੨॥੭॥੨॥੯॥

نانک نامُ ن ویسرےَ
جو کِچھُ کرےَ سُ ہوگُ ॥8॥2॥7॥2॥9॥

ਬਿਭਾਸ ਪ੍ਰਭਾਤੀ ਮਹਲਾ ੫ ਅਸਟਪਦੀਆ	بِبھاس پربھاتی محلا 5 اسٹپدیا
੧ੴ ਸਤਿਗੁਰ ਪ੍ਰਸਾਦਿ ॥	۱ۃ ستِگُر پرسادِ ॥
ਮਾਤ ਪਿਤਾ ਭਾਈ ਸੁਤੁ ਬਨਿਤਾ ॥	مات پِتا بھائی سُتُ بنِتا ॥
ਚੂਗਹਿ ਚੋਗ ਅਨੰਦ ਸਿਉ ਜੁਗਤਾ ॥	چوُگہِ چوگ انندِ سِءُ جُگتا ॥
ਉਰਝਿ ਪਰਿਓ ਮਨ ਮੀਠ ਮੋਹਾਰਾ ॥	اُرجھِ پرِئو من میٹھ موہارا ॥
ਗੁਨ ਗਾਹਕ ਮੇਰੇ ਪ੍ਰਾਨ ਅਧਾਰਾ ॥੧॥	گُن گاہک میرے پران ادھارا ॥1॥
ਏਕੁ ਹਮਾਰਾ ਅੰਤਰਜਾਮੀ ॥	ایکُ ہمارا انترجامی ॥
ਧਰ ਏਕਾ ਮੈ ਟਿਕ ਏਕਸੁ ਕੀ ਸਿਰਿ ਸਾਹਾ ਵਡ ਪੁਰਖੁ ਸੁਆਮੀ ॥੧॥ ਰਹਾਉ ॥	دھر ایکا مے ٹِک ایکسُ کی سِرِ ساہا وڈ پُرکھُ سُیامی ॥1॥ رہاءُ ॥
ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ ॥	چھل ناگنِ سِءُ میری ٹوٹنِ ہوئی ॥
ਗੁਰਿ ਕਹਿਆ ਇਹ ਝੂਠੀ ਧੋਹੀ ॥	گُرِ کہیا اِہ جھوُٹھی دھوہی ॥
ਮੁਖਿ ਮੀਠੀ ਖਾਈ ਕਉਰਾਇ ॥	مُکھِ میٹھی کھائی کرُاءِ ॥
ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ ॥੨॥	انمّرِت نامِ منُ رہِیا اگھاءِ ॥2॥
ਲੋਭ ਮੋਹ ਸਿਉ ਗਈ ਵਿਖੋਟਿ ॥	لوبھ موہ سِءُ گئی وِکھوٹِ ॥
ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ ॥	گُرِ کرِپالِ موہِ کِینی چھوٹِ ॥
ਇਹ ਠਗਵਾਰੀ ਬਹੁਤੁ ਘਰ ਗਾਲੇ ॥	اِہ ٹھگواری بہُتُ گھر گالے ॥
ਹਮ ਗੁਰਿ ਰਾਖਿ ਲੀਏ ਕਿਰਪਾਲੇ ॥੩॥	ہم گُرِ راکھِ لیئے کرِپالے ॥3॥
ਕਾਮ ਕ੍ਰੋਧ ਸਿਉ ਠਾਟੁ ਨ ਬਨਿਆ ॥	کام کرودھ سِءُ ٹھاٹُ ن بنِیا ॥
ਗੁਰ ਉਪਦੇਸੁ ਮੋਹਿ ਕਾਨੀ ਸੁਨਿਆ ॥	گُر اُپدیسُ موہِ کانی سُنِیا ॥
ਜਹ ਦੇਖਉ ਤਹ ਮਹਾ ਚੰਡਾਲ ॥	جہ دیکھءُ تہ مہا چنڈال ॥
ਰਾਖਿ ਲੀਏ ਅਪੁਨੈ ਗੁਰਿ ਗੋਪਾਲ ॥੪॥	راکھِ لیئے اپُنے گُرِ گوپال ॥4॥
ਦਸ ਨਾਰੀ ਮੈ ਕਰੀ ਦੁਹਾਗਨਿ ॥	دس ناری مے کری دُہاگنِ ॥
ਗੁਰਿ ਕਹਿਆ ਏਹ ਰਸਹਿ ਬਿਖਾਗਨਿ ॥	گُرِ کہیا ایہ رسہِ بِکھاگنِ ॥

ਇਨ ਸਨਬੰਧੀ ਰਸਾਤਲਿ ਜਾਇ ॥	اِن سنبندھی رساتلِ جاءِ ॥
ਹਮ ਗੁਰਿ ਰਾਖੇ ਹਰਿ ਲਿਵ ਲਾਇ ॥੫॥	ہم گُرِ راکھے ہرِ لِو لاءِ ॥5॥
ਅਹੰਮੇਵ ਸਿਉ ਮਸਲਤਿ ਛੋਡੀ ॥	اہنّمیو سِءُ مصلتِ چھوڈی ॥
ਗੁਰਿ ਕਹਿਆ ਇਹੁ ਮੂਰਖੁ ਹੋਡੀ ॥	گُرِ کہیا اِہُ مُورکھُ ہوڈی ॥
ਇਹੁ ਨੀਘਰੁ ਘਰੁ ਕਹੀ ਨ ਪਾਏ ॥	اِہُ نِیگھرُ گھرُ کہی ن پائے ॥
ਹਮ ਗੁਰਿ ਰਾਖਿ ਲੀਏ ਲਿਵ ਲਾਏ ॥੬॥	ہم گُرِ راکھِ لیئے لِو لائے ॥6॥
ਇਨ ਲੋਗਨ ਸਿਉ ਹਮ ਭਏ ਬੈਰਾਈ ॥	اِن لوگن سِءُ ہم بھئے بیَرائی ॥
ਏਕ ਗ੍ਰਿਹ ਮਹਿ ਦੁਇ ਨ ਖਟਾਂਈ ॥	ایک گرِہ مہِ دُءِ ن کھٹانئی ॥
ਆਏ ਪ੍ਰਭ ਪਹਿ ਅੰਚਰਿ ਲਾਗਿ ॥	آئے پربھ پہِ انچرِ لاگِ ॥
ਕਰਹੁ ਤਪਾਵਸੁ ਪ੍ਰਭ ਸਰਬਾਗਿ ॥੭॥	کرہُ تپاوسُ پربھ سرباگِ ॥7॥
ਪ੍ਰਭ ਹਸਿ ਬੋਲੇ ਕੀਏ ਨਿਆਏਂ ॥	پربھ ہسِ بولے کیئے نِیائیں ॥
ਸਗਲ ਦੂਤ ਮੇਰੀ ਸੇਵਾ ਲਾਏ ॥	سگل دوُت میری سیوا لائے ॥
ਤੂੰ ਠਾਕੁਰੁ ਇਹੁ ਗ੍ਰਿਹੁ ਸਭੁ ਤੇਰਾ ॥	توُنَ ٹھاکُرُ اِہُ گرِہُ سبھُ تیرا ॥
ਕਹੁ ਨਾਨਕ ਗੁਰਿ ਕੀਆ ਨਿਬੇਰਾ ॥੮॥੧॥	کہُ نانک گُرِ کیِیا نِبیرا ॥8॥1॥
ਪ੍ਰਭਾਤੀ ਮਹਲਾ ੫ ॥	پربھاتی محلا 5 ॥
ਮਨ ਮਹਿ ਕ੍ਰੋਧੁ ਮਹਾ ਅਹੰਕਾਰਾ ॥	من مہِ کرودھُ مہا اہنکارا ॥
ਪੂਜਾ ਕਰਹਿ ਬਹੁਤੁ ਬਿਸਥਾਰਾ ॥	پوُجا کرہِ بہُتُ بِستھارا ॥
ਕਰਿ ਇਸਨਾਨੁ ਤਨਿ ਚਕ੍ਰ ਬਣਾਏ ॥	کرِ اِسنانُ تنِ چکّر بنّائے ॥
ਅੰਤਰ ਕੀ ਮਲੁ ਕਬ ਹੀ ਨ ਜਾਏ ॥੧॥	انتر کی ملُ کب ہی ن جائے ॥1॥
ਇਤੁ ਸੰਜਮਿ ਪ੍ਰਭੁ ਕਿਨ ਹੀ ਨ ਪਾਇਆ ॥	اِتُ سنجَمِ پربھُ کِن ہی ن پائیا ॥
ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ ॥੧॥ ਰਹਾਉ ॥	بھگئتی مُدّرا منُ موہِیا مائیا ॥1॥ رہاءُ ॥
ਪਾਪ ਕਰਹਿ ਪੰਚਾਂ ਕੇ ਬਸਿ ਰੇ ॥	پاپ کرہِ پنچّاں کے بسِ رے ۔ ॥

ਤੀਰਥਿ ਨਾਇ ਕਹਹਿ ਸਭਿ ਉਤਰੇ ॥	تیرتھِ ناءِ کہہِ سبھِ اُترے ॥
ਬਹੁਰਿ ਕਮਾਵਹਿ ਹੋਇ ਨਿਸੰਕ ॥	بہُرِ کماوہِ ہوءِ نِسنک ॥
ਜਮ ਪੁਰਿ ਬਾਂਧਿ ਖਰੇ ਕਾਲੰਕ ॥੨॥	جم پُرِ باندھِ کھرے کالنک ॥2॥
ਘੂਘਰ ਬਾਧਿ ਬਜਾਵਹਿ ਤਾਲਾ ॥	گھوُگھر بادھِ بجاوہِ تالا ॥
ਅੰਤਰਿ ਕਪਟੁ ਫਿਰਹਿ ਬੇਤਾਲਾ ॥	انترِ کپٹُ پھِرہِ بیتالا ॥
ਵਰਮੀ ਮਾਰੀ ਸਾਪੁ ਨ ਮੂਆ ॥	ورمی ماری ساپُ ن موُیا ॥
ਪ੍ਰਭੁ ਸਭ ਕਿਛੁ ਜਾਨੈ ਜਿਨਿ ਤੂ ਕੀਆ ॥੩॥	پربھُ سبھ کِچھُ جانے جِنِ توُ کِیا ॥3॥
ਪੂੰਅਰ ਤਾਪ ਗੇਰੀ ਕੇ ਬਸਤ੍ਰਾ ॥	پوُنّر تاپ گیری کے بسترا ॥
ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥	اپدا کا مارِیا گرِہ تے نستا ॥
ਦੇਸੁ ਛੋਡਿ ਪਰਦੇਸਹਿ ਧਾਇਆ ॥	دیسُ چھوڑِ پردیسہِ دھائیا ॥
ਪੰਚ ਚੰਡਾਲ ਨਾਲੇ ਲੈ ਆਇਆ ॥੪॥	پنچ چنڈال نالے لے آئیا ॥4॥
ਕਾਨ ਫਰਾਇ ਹਿਰਾਏ ਟੂਕਾ ॥	کان پھراءِ ہِرائے ٹوُکا ॥
ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ ॥	گھرِ گھرِ مانگے ترِپتاون تے چوُکا ॥
ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥	بنِتا چھوڑِ بد ندرِ پر ناری ॥
ਵੇਸਿ ਨ ਪਾਈਐ ਮਹਾ ਦੁਖਿਆਰੀ ॥੫॥	ویسِ ن پائیئے مہا دُکھیاری ॥5॥
ਬੋਲੈ ਨਾਹੀ ਹੋਇ ਬੈਠਾ ਮੋਨੀ ॥	بولے ناہی ہوءِ بیٹھا مونی ॥
ਅੰਤਰਿ ਕਲਪ ਭਵਾਈਐ ਜੋਨੀ ॥	انترِ کلپ بھوائیئے جونی ॥
ਅੰਨ ਤੇ ਰਹਤਾ ਦੁਖੁ ਦੇਹੀ ਸਹਤਾ ॥	انّن تے رہتا دُکھ دیہی سہتا ॥
ਹੁਕਮੁ ਨ ਬੂਝੈ ਵਿਆਪਿਆ ਮਮਤਾ ॥੬॥	حُکمُ ن بوُجھے وِیاپیا ممتا ॥6॥
ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ ॥	بِنُ ستگُر کِنے ن پائی پرم گتے ॥
ਪੂਛਹੁ ਸਗਲ ਬੇਦ ਸਿੰਮ੍ਰਿਤੇ ॥	پوُچھہُ سگل بید سِمرِتے ॥
ਮਨਮੁਖ ਕਰਮ ਕਰੈ ਅਜਾਈ ॥	منمُکھ کرم کرے اجائی ॥

ਜਿਉ ਬਾਲੂ ਘਰ ਠਉਰ ਨ ਠਾਈ ॥੭॥	جِءُ بالوُ گھر ٹھُر ن ٹھائی ॥7॥
ਜਿਸ ਨੋ ਭਏ ਗੋਬਿੰਦ ਦਇਆਲਾ ॥	جِس نو بھئے گوبِند دیَالا ॥
ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ ॥	گُر کا بچنُ تِنِ بادھِئو پالا ॥
ਕੋਟਿ ਮਧੇ ਕੋਈ ਸੰਤੁ ਦਿਖਾਇਆ ॥	کوٹِ مدھے کوئی سنّتُ دِکھائیا ॥
ਨਾਨਕੁ ਤਿਨ ਕੈ ਸੰਗਿ ਤਰਾਇਆ ॥੮॥	نانکُ تِن کے سنگِ ترائیا ॥8॥
ਜੇ ਹੋਵੈ ਭਾਗੁ ਤਾ ਦਰਸਨੁ ਪਾਈਐ ॥	جے ہووے بھاگُ تا درسنُ پائیَے ॥
ਆਪਿ ਤਰੈ ਸਭੁ ਕੁਟੰਬੁ ਤਰਾਈਐ ॥੧॥ ਰਹਾਉ ਦੂਜਾ ॥੨॥	آپِ ترے سبھُ کُٹنّبُ ترائیَے ॥1॥ رہاءُ دوُجا ॥2॥
ਪ੍ਰਭਾਤੀ ਮਹਲਾ ੫ ॥	پربھاتی محلا 5 ॥
ਸਿਮਰਤ ਨਾਮੁ ਕਿਲਬਿਖ ਸਭਿ ਕਾਟੇ ॥	سِمرت نامُ کِلبِکھ سبھِ کاٹے ॥
ਧਰਮ ਰਾਇ ਕੇ ਕਾਗਰ ਫਾਟੇ ॥	دھرم راءِ کے کاگر پھاٹے ॥
ਸਾਧਸੰਗਤਿ ਮਿਲਿ ਹਰਿ ਰਸੁ ਪਾਇਆ ॥	سادھسنگتِ مِلِ ہرِ رسُ پائیا ॥
ਪਾਰਬ੍ਰਹਮੁ ਰਿਦ ਮਾਹਿ ਸਮਾਇਆ ॥੧॥	پاربّرہمُ رِد ماہِ سمائیا ॥1॥
ਰਾਮ ਰਮਤ ਹਰਿ ਹਰਿ ਸੁਖੁ ਪਾਇਆ ॥	رام رمت ہرِ ہرِ سُکھُ پائیا ॥
ਤੇਰੇ ਦਾਸ ਚਰਨ ਸਰਨਾਇਆ ॥੧॥ ਰਹਾਉ ॥	تیرے داس چرن سرنائیا ॥1॥ رہاءُ ॥
ਚੂਕਾ ਗਉਣੁ ਮਿਟਿਆ ਅੰਧਿਆਰੁ ॥	چوُکا گئُنُ مِٹیا اندھِیارُ ॥
ਗੁਰਿ ਦਿਖਲਾਇਆ ਮੁਕਤਿ ਦੁਆਰੁ ॥	گُرِ دِکھلائیا مُکتِ دُیارُ ॥
ਹਰਿ ਪ੍ਰੇਮ ਭਗਤਿ ਮਨੁ ਤਨੁ ਸਦ ਰਾਤਾ ॥	ہرِ پریم بھگتِ منُ تنُ سد راتا ॥
ਪ੍ਰਭੂ ਜਨਾਇਆ ਤਬ ਹੀ ਜਾਤਾ ॥੨॥	پربھوُ جنائیا تب ہی جاتا ॥2॥
ਘਟਿ ਘਟਿ ਅੰਤਰਿ ਰਵਿਆ ਸੋਇ ॥	گھٹِ گھٹِ انترِ رویا سوءِ ॥
ਤਿਸੁ ਬਿਨੁ ਬੀਜੋ ਨਾਹੀ ਕੋਇ ॥	تِسُ بِنُ بیجو ناہی کوءِ ॥
ਬੈਰ ਬਿਰੋਧ ਛੇਦੇ ਭੈ ਭਰਮਾਂ ॥	بیَر برودھ چھیدے بھئے بھرماں ॥
ਪ੍ਰਭਿ ਪੁੰਨਿ ਆਤਮੈ ਕੀਨੇ ਧਰਮਾ ॥੩॥	پربھِ پُنّنِ آتمے کِینے دھرما ॥3॥

ਮਹਾ ਤਰੰਗ ਤੇ ਕਾਂਢੈ ਲਾਗਾ ॥	مہا ترنگ تے کانڈھے لاگا ॥
ਜਨਮ ਜਨਮ ਕਾ ਟੂਟਾ ਗਾਂਢਾ ॥	جنم جنم کا ٹوٹا گانڈھا ॥
ਜਪੁ ਤਪੁ ਸੰਜਮੁ ਨਾਮੁ ਸਮ੍ਾਲਿਆ ॥	جپُ تپُ سنجمُ نامُ سمہالیا ॥
ਅਪੁਨੈ ਠਾਕੁਰਿ ਨਦਰਿ ਨਿਹਾਲਿਆ ॥੪॥	اپُنے ٹھاکُرِ ندرِ نِہالیا ॥4॥
ਮੰਗਲ ਸੂਖ ਕਲਿਆਣ ਤਿਥਾਈਂ ॥	منگل سُوکھ کلیاںٔ تِتھائیں ॥
ਜਹ ਸੇਵਕ ਗੋਪਾਲ ਗੁਸਾਈ ॥	جہ سیوک گوپال گُسائیں ॥
ਪ੍ਰਭ ਸੁਪ੍ਰਸੰਨ ਭਏ ਗੋਪਾਲ ॥	پربھ سُپرسنّن بھئے گوپال ॥
ਜਨਮ ਜਨਮ ਕੇ ਮਿਟੇ ਬਿਤਾਲ ॥੫॥	جنم جنم کے مِٹے بِتال ॥5॥
ਹੋਮ ਜਗ ਉਰਧ ਤਪ ਪੂਜਾ ॥	ہوم جگ اُردھ تپ پُوجا ॥
ਕੋਟਿ ਤੀਰਥ ਇਸਨਾਨੁ ਕਰੀਜਾ ॥	کوٹِ تیرتھ اِسنانُ کریجا ॥
ਚਰਨ ਕਮਲ ਨਿਮਖ ਰਿਦੈ ਧਾਰੇ ॥	چرن کمل نِمکھ رِدے دھارے ॥
ਗੋਬਿੰਦ ਜਪਤ ਸਭਿ ਕਾਰਜ ਸਾਰੇ ॥੬॥	گوبِند جپت سبھِ کارج سارے ॥6॥
ਊਚੇ ਤੇ ਊਚਾ ਪ੍ਰਭ ਥਾਨੁ ॥	اُوچے تے اُوچا پربھ تھانُ ॥
ਹਰਿ ਜਨ ਲਾਵਹਿ ਸਹਜਿ ਧਿਆਨੁ ॥	ہرِ جن لاوہِ سہجِ دھیانُ ॥
ਦਾਸ ਦਾਸਨ ਕੀ ਬਾਂਛਉ ਧੂਰਿ ॥	داس داسن کی بانچھءُ دھوُرِ ॥
ਸਰਬ ਕਲਾ ਪ੍ਰੀਤਮ ਭਰਪੂਰਿ ॥੭॥	سرب کلا پریتم بھرپوُرِ ॥7॥
ਮਾਤ ਪਿਤਾ ਹਰਿ ਪ੍ਰੀਤਮੁ ਨੇਰਾ ॥	مات پِتا ہرِ پریتمُ نیرا ॥
ਮੀਤ ਸਾਜਨ ਭਰਵਾਸਾ ਤੇਰਾ ॥	میت ساجن بھرواسا تیرا ॥
ਕਰੁ ਗਹਿ ਲੀਨੇ ਅਪੁਨੇ ਦਾਸ ॥	کرُ گہِ لینے اپُنے داس ॥
ਜਪਿ ਜੀਵੈ ਨਾਨਕੁ ਗੁਣਤਾਸ ॥੮॥੩॥੨॥੭॥੧੨॥	جپِ جیوے نانکُ گُنتاس ॥8॥3॥2॥7॥ 12 ॥
ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ	بِبھاس پربھاتی بانیٔ بھگت کبیر جی کی
ੴ ਸਤਿਗੁਰ ਪ੍ਰਸਾਦਿ ॥	۱ۅ ستِگُر پرسادِ ॥

ਮਰਨ ਜੀਵਨ ਕੀ ਸੰਕਾ ਨਾਸੀ ॥	مرن جیون کی سنکا ناسی ॥
ਆਪਨ ਰੰਗਿ ਸਹਜ ਪਰਗਾਸੀ ॥੧॥	آپن رنگِ سہج پرگاسی ॥1॥
ਪ੍ਰਗਟੀ ਜੋਤਿ ਮਿਟਿਆ ਅੰਧਿਆਰਾ ॥	پرگٹی جوتِ مِٹیا اندھیارا ॥
ਰਾਮ ਰਤਨੁ ਪਾਇਆ ਕਰਤ ਬੀਚਾਰਾ ॥੧॥ ਰਹਾਉ ॥	رام رتنُ پائیا کرت بیچارا ॥1॥ رہاءُ ॥
ਜਹ ਅਨੰਦੁ ਦੁਖੁ ਦੂਰਿ ਪਇਆਨਾ ॥	جہ انندُ دُکھُ دوُرِ پئیانا ॥
ਮਨੁ ਮਾਨਕੁ ਲਿਵ ਤਤੁ ਲੁਕਾਨਾ ॥੨॥	منُ مانکُ لِو تتُ لُکانا ॥2॥
ਜੋ ਕਿਛੁ ਹੋਆ ਸੁ ਤੇਰਾ ਭਾਣਾ ॥	جو کِچھُ ہویا سُ تیرا بھاٹا ॥
ਜੋ ਇਵ ਬੂਝੈ ਸੁ ਸਹਜਿ ਸਮਾਣਾ ॥੩॥	جو اِو بوُجھےَ سُ سہجِ سماٹا ॥3॥
ਕਹਤੁ ਕਬੀਰੁ ਕਿਲਬਿਖ ਗਏ ਖੀਣਾ ॥	کہتُ کبیرُ کِلبِکھ گئے کھِیٹا ॥
ਮਨੁ ਭਇਆ ਜਗਜੀਵਨ ਲੀਣਾ ॥੪॥੧॥	منُ بھئیا جگجیون لِیٹا ॥4॥1॥
ਪ੍ਰਭਾਤੀ ॥	پربھاتی ॥
ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ ॥	الہُ ایکُ مسیتِ بستُ ہےَ اورُ مُلکھُ کِسُ کیرا ۔ ॥
ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ ॥੧॥	ہِندوُ موُرتِ نام نِواسی دُہ مہِ تتُ ن ہیرا ॥1॥
ਅਲਹ ਰਾਮ ਜੀਵਉ ਤੇਰੇ ਨਾਈ ॥	الہ رام جیوءُ تیرے نائی ॥
ਤੂ ਕਰਿ ਮਿਹਰਾਮਤਿ ਸਾਈ ॥੧॥ ਰਹਾਉ ॥	توُ کرِ مِہرامتِ سائی ۔ ॥1॥ رہاءُ ॥
ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ ॥	دکھن دیسِ ہری کا باسا پچھِمِ الہ مُقاما ॥
ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ ॥੨॥	دِل مہِ کھوجِ دِلے دِلِ کھوجہُ ایہی ٹھُرُ مُقاما ॥2॥
ਬ੍ਰਹਮਨ ਗਿਆਸ ਕਰਹਿ ਚਉਬੀਸਾ ਕਾਜੀ ਮਹ ਰਮਜਾਨਾ ॥	برہمن گِیاس کرہِ چئُبیسا قاضی مہ رمضانا ॥
ਗਿਆਰਹ ਮਾਸ ਪਾਸ ਕੈ ਰਾਖੇ	گِیارہ ماس پاس کےَ راکھے

ਏਕੈ ਮਾਹਿ ਨਿਧਾਨਾ ॥੩॥

ایکے ماہِ نِدھانا ॥3॥

ਕਹਾ ਉਡੀਸੇ ਮਜਨੁ ਕੀਆ
ਕਿਆ ਮਸੀਤਿ ਸਿਰੁ ਨਾਂਏਂ ॥

کہا اُڈیسے مجنُ کِیا
کِیا مسیتِ سِرُ ناتیں ۔ ॥

ਦਿਲ ਮਹਿ ਕਪਟੁ ਨਿਵਾਜ ਗੁਜਾਰੈ
ਕਿਆ ਹਜ ਕਾਬੈ ਜਾਂਏਂ ॥੪॥

دِل مہِ کپٹُ نِواز گُزارے
کِیا ہج کابے جاتیں ۔ ॥4॥

ਏਤੇ ਅਉਰਤ ਮਰਦਾ ਸਾਜੇ
ਏ ਸਭ ਰੂਪ ਤੁਮ੍ਹਾਰੇ ॥

ایتے اُرت مردا ساجے
اے سبھ روُپ تُمہارے ॥

ਕਬੀਰੁ ਪੂੰਗਰਾ ਰਾਮ ਅਲਹ ਕਾ
ਸਭ ਗੁਰ ਪੀਰ ਹਮਾਰੇ ॥੫॥

کبیرُ پوُنگرا رام الہ کا
سبھ گُر پیر ہمارے ॥5॥

ਕਹਤ ਕਬੀਰ ਸੁਨਹੁ ਨਰ ਨਰਵੈ
ਪਰਹੁ ਏਕ ਕੀ ਸਰਨਾ ॥

کہت کبیر سُنہُ نر نروے
پرہُ ایک کی سرنا ॥

ਕੇਵਲ ਨਾਮੁ ਜਪਹੁ ਰੇ ਪ੍ਰਾਨੀ
ਤਬ ਹੀ ਨਿਹਚੈ ਤਰਨਾ ॥੬॥੨॥

کیول نامُ جپہُ رے پرّانی
تب ہی نِہچے ترنا ॥6॥2॥

ਪ੍ਰਭਾਤੀ ॥

پربھاتی ॥

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ ॥

اولِ الہ نوُرُ اُپائیا
قُدرتِ کے سبھ بندے ॥

ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ ॥੧॥

ایک نوُر تے سبھُ جگُ اُپجیا
کُن بھلے کو مندے ۔ ॥1॥

ਲੋਗਾ ਭਰਮਿ ਨ ਭੂਲਹੁ ਭਾਈ ॥

لوگا بھرمِ ن بھوُلہُ بھائی ॥

ਖਾਲਿਕੁ ਖਲਕ ਖਲਕ ਮਹਿ ਖਾਲਿਕੁ
ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥

خالِقُ خلق خلق مہِ خالِقُ
پوُرِ رہِیو سّرب ٹھانئی ॥1॥ رہاءُ ॥

ਮਾਟੀ ਏਕ ਅਨੇਕ ਭਾਂਤਿ ਕਰਿ
ਸਾਜੀ ਸਾਜਨਹਾਰੈ ॥

ماٹی ایک انیک بھانتِ کرِ
ساجی ساجنہارے ॥

ਨਾ ਕਛੁ ਪੋਚ ਮਾਟੀ ਕੇ ਭਾਂਡੇ
ਨਾ ਕਛੁ ਪੋਚ ਕੁੰਭਾਰੈ ॥੨॥

نا کچھُ پوچ ماٹی کے بھانڈے
نا کچھُ پوچ کُنبھارے ॥2॥

ਸਭ ਮਹਿ ਸਚਾ ਏਕੋ ਸੋਈ
ਤਿਸ ਕਾ ਕੀਆ ਸਭੁ ਕਛੁ ਹੋਈ ॥

ਹੁਕਮੁ ਪਛਾਨੈ ਸੁ ਏਕੋ ਜਾਨੈ
ਬੰਦਾ ਕਹੀਐ ਸੋਈ ॥੩॥

ਅਲਹੁ ਅਲਖੁ ਨ ਜਾਈ ਲਖਿਆ
ਗੁਰਿ ਗੁੜੁ ਦੀਨਾ ਮੀਠਾ ॥

ਕਹਿ ਕਬੀਰ ਮੇਰੀ ਸੰਕਾ ਨਾਸੀ
ਸਰਬ ਨਿਰੰਜਨੁ ਡੀਠਾ ॥੪॥੩॥

ਪ੍ਰਭਾਤੀ ॥

ਬੇਦ ਕਤੇਬ ਕਹਹੁ ਮਤ ਝੂਠੇ
ਝੂਠਾ ਜੋ ਨ ਬਿਚਾਰੈ ॥

ਜਉ ਸਭ ਮਹਿ ਏਕੁ ਖੁਦਾਇ ਕਹਤ ਹਉ
ਤਉ ਕਿਉ ਮੁਰਗੀ ਮਾਰੈ ॥੧॥

ਮੁਲਾਂ ਕਹਹੁ ਨਿਆਉ ਖੁਦਾਈ ॥

ਤੇਰੇ ਮਨ ਕਾ ਭਰਮੁ ਨ ਜਾਈ ॥੧॥ ਰਹਾਉ ॥

ਪਕਰਿ ਜੀਉ ਆਨਿਆ ਦੇਹ ਬਿਨਾਸੀ
ਮਾਟੀ ਕਉ ਬਿਸਮਿਲਿ ਕੀਆ ॥

ਜੋਤਿ ਸਰੂਪ ਅਨਾਹਤ ਲਾਗੀ
ਕਹੁ ਹਲਾਲੁ ਕਿਆ ਕੀਆ ॥੨॥

ਕਿਆ ਉਜੂ ਪਾਕੁ ਕੀਆ ਮੁਹੁ ਧੋਇਆ
ਕਿਆ ਮਸੀਤਿ ਸਿਰੁ ਲਾਇਆ ॥

ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ
ਕਿਆ ਹਜ ਕਾਬੈ ਜਾਇਆ ॥੩॥

ਤੂੰ ਨਾਪਾਕੁ ਪਾਕੁ ਨਹੀ ਸੂਝਿਆ
ਤਿਸ ਕਾ ਮਰਮੁ ਨ ਜਾਨਿਆ ॥

سبھ مہِ سچا ایکو سوئی
تِس کا کِیا سبھُ کچھُ ہوئی ॥

حُکمُ پچھانے سُ ایکو جانے
بنّدا کہیئے سوئی ॥3॥

الہُ الکھُ ن جائی لکھِیا
گُرِ گُڑُ دِینا مِیٹھا ॥

کہِ کبِیر میری سنکا ناسی
سرب نِرنّجنُ ڈِیٹھا ॥4॥3॥

پربھاتی ॥

بید کتیب کہہُ مت جھوٹھے
جھوٹھا جو ن بِچارے ॥

جءُ سبھ مہِ ایکُ خُداءِ کہت ہءُ
تءُ کِءُ مُرغی مارے ۔ ॥1॥

مُلاں کہہُ نِیاءُ خُدائی ॥

تیرے من کا بھرمُ ن جائی ॥1॥ رہاءُ ॥

پکرِ جیءُ آنِیا دیہ بِناسی
ماٹی کءُ بِسمِلِ کِیا ॥

جوتِ سروُپ اناہت لاگی
کہُ حلالُ کِیا کِیا ۔ ॥2॥

کِیا اُضوُ پاکُ کِیا مُہُ دھوئِیا
کِیا مسیتِ سِرُ لائِیا ۔ ॥

جءُ دِل مہِ کپٹُ نِواز گُزارہُ
کِیا ہج کابے جائِیا ۔ ॥3॥

توُنّ ناپاکُ پاکُ نہی سوُجھِیا
تِس کا مرمُ ن جانِیا ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) (ਰਾਜਾ ਸਾہب) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی

ਕਹਿ ਕਬੀਰ ਭਿਸਤਿ ਤੇ ਚੂਕਾ
ਦੋਜਕ ਸਿਉ ਮਨੁ ਮਾਨਿਆ ॥੪॥੪॥

کہِ کبیِر بھِستِ تے چوُکا
دوزک سِءُ منُ مانِیا ॥4॥4॥

ਪ੍ਰਭਾਤੀ ॥

پّربھاتی ॥

ਸੁੰਨ ਸੰਧਿਆ ਤੇਰੀ ਦੇਵ ਦੇਵਾਕਰ
ਅਧਪਤਿ ਆਦਿ ਸਮਾਈ ॥

سُنّن سندھِیا تیری دیو دیواکر
ادھپتِ آدِ سمائی ॥

ਸਿਧ ਸਮਾਧਿ ਅੰਤੁ ਨਹੀ ਪਾਇਆ
ਲਾਗਿ ਰਹੇ ਸਰਨਾਈ ॥੧॥

سِدھ سمادھِ انّتُ نہی پائِیا
لاگِ رہے سرنائی ॥1॥

ਲੇਹੁ ਆਰਤੀ ਹੋ ਪੁਰਖ ਨਿਰੰਜਨ
ਸਤਿਗੁਰ ਪੂਜਹੁ ਭਾਈ ॥

لیہُ آرتی ہو پُرکھ نِرنّجن
ستِگُر پوُجہُ بھائی ۔ ॥

ਠਾਢਾ ਬ੍ਰਹਮਾ ਨਿਗਮ ਬੀਚਾਰੈ
ਅਲਖੁ ਨ ਲਖਿਆ ਜਾਈ ॥੧॥ ਰਹਾਉ ॥

ٹھاڈھا برہما نِگم بیچارے
الکھُ ن لکھِیا جائی ॥1॥ رہاءُ ॥

ਤਤੁ ਤੇਲੁ ਨਾਮੁ ਕੀਆ ਬਾਤੀ
ਦੀਪਕੁ ਦੇਹ ਉਜ੍ਯਾਰਾ ॥

تتُ تیلُ نامُ کِیا باتی
دیپکُ دیہ اُجّیارا ॥

ਜੋਤਿ ਲਾਇ ਜਗਦੀਸ ਜਗਾਇਆ
ਬੂਝੈ ਬੂਝਨਹਾਰਾ ॥੨॥

جوتِ لاءِ جگدیِس جگائِیا
بوُجھے بوُجھنہارا ॥2॥

ਪੰਚੇ ਸਬਦ ਅਨਾਹਦ ਬਾਜੇ
ਸੰਗੇ ਸਾਰਿੰਗਪਾਨੀ ॥

پنّچے سبد اناہد باجے
سنگے سارِنگپانی ॥

ਕਬੀਰ ਦਾਸ ਤੇਰੀ ਆਰਤੀ ਕੀਨੀ
ਨਿਰੰਕਾਰ ਨਿਰਬਾਨੀ ॥੩॥੫॥

کبیِر داس تیری آرتی کِینی
نِرنّکار نِربانی ॥3॥5॥

ਪ੍ਰਭਾਤੀ ਬਾਣੀ ਭਗਤ ਨਾਮਦੇਵ ਜੀ ਕੀ

پّربھاتی باٹی بھگت نامدیو جی کی

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਮਨ ਕੀ ਬਿਰਥਾ ਮਨੁ ਹੀ ਜਾਨੈ
ਕੈ ਬੂਝਲ ਆਗੈ ਕਹੀਐ ॥

من کی بِرتھا منُ ہی جانے
کے بوُجھل آگے کہیئے ॥

ਅੰਤਰਜਾਮੀ ਰਾਮੁ ਰਵਾਂਈ
ਮੈ ਡਰੁ ਕੈਸੇ ਚਹੀਐ ॥੧॥

انترجامی رامُ روانئی
مے ڈرُ کیسے چہیئے ۔ ॥1॥

ਬੇਧੀਅਲੇ ਗੋਪਾਲ ਗੋਸਾਈ ॥	بیدھیئلے گوپال گوسائی ॥
ਮੇਰਾ ਪ੍ਰਭੁ ਰਵਿਆ ਸਰਬੇ ਠਾਈ ॥੧॥ ਰਹਾਉ ॥	میرا پربھُ روِیا سربے ٹھائی ॥1॥ رہاءُ ॥
ਮਾਨੈ ਹਾਟੁ ਮਾਨੈ ਪਾਟੁ ਮਾਨੈ ਹੈ ਪਾਸਾਰੀ ॥	مانے ہاٹُ مانے پاٹُ مانے ہے پاساری ॥
ਮਾਨੈ ਬਾਸੈ ਨਾਨਾ ਭੇਦੀ ਭਰਮਤੁ ਹੈ ਸੰਸਾਰੀ ॥੨॥	مانے باسے نانا بھیدی بھرمتُ ہے سنّساری ॥2॥
ਗੁਰ ਕੈ ਸਬਦਿ ਏਹੁ ਮਨੁ ਰਾਤਾ ਦੁਬਿਧਾ ਸਹਜਿ ਸਮਾਣੀ ॥	گُر کے سبدِ ایہُ منُ راتا دُبِدھا سہجِ سماٹی ॥
ਸਭੋ ਹੁਕਮੁ ਹੁਕਮੁ ਹੈ ਆਪੇ ਨਿਰਭਉ ਸਮਤੁ ਬੀਚਾਰੀ ॥੩॥	سبھو حُکمُ حُکمُ ہے آپے نِربھءُ سمتُ بیچاری ॥3॥
ਜੋ ਜਨ ਜਾਨਿ ਭਜਹਿ ਪੁਰਖੋਤਮੁ ਤਾ ਚੀ ਅਬਿਗਤੁ ਬਾਣੀ ॥	جو جن جانِ بھجہِ پُرکھوتمُ تا چی ابِگتُ باٹی ॥
ਨਾਮਾ ਕਹੈ ਜਗਜੀਵਨੁ ਪਾਇਆ ਹਿਰਦੈ ਅਲਖ ਬਿਡਾਣੀ ॥੪॥੧॥	ناما کہے جگجیونُ پائیا ہِردے الکھ بِڈاٹی ॥4॥1॥
ਪ੍ਰਭਾਤੀ ॥	پربھاتی ॥
ਆਦਿ ਜੁਗਾਦਿ ਜੁਗਾਦਿ ਜੁਗੋ ਜੁਗੁ ਤਾ ਕਾ ਅੰਤੁ ਨ ਜਾਨਿਆ ॥	آدِ جُگادِ جُگادِ جُگو جُگُ تا کا انّتُ ن جانِیا ॥
ਸਰਬ ਨਿਰੰਤਰਿ ਰਾਮੁ ਰਹਿਆ ਰਵਿ ਐਸਾ ਰੂਪੁ ਬਖਾਨਿਆ ॥੧॥	سرب نِرنّترِ رامُ رہِیا روِ ایَسا روُپُ بکھانِیا ॥1॥
ਗੋਬਿਦੁ ਗਾਜੈ ਸਬਦੁ ਬਾਜੈ ॥	گوبِدُ گاجے سبدُ باجے ॥
ਆਨਦ ਰੂਪੀ ਮੇਰੋ ਰਾਮਈਆ ॥੧॥ ਰਹਾਉ ॥	آند روُپی میرو رامئیا ॥1॥ رہاءُ ॥
ਬਾਵਨ ਬੀਖੂ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ ॥	باون بیکھوُ بانے بیکھے باسُ تے سُکھ لاگِلا ॥
ਸਰਬੇ ਆਦਿ ਪਰਮਲਾਦਿ ਕਾਸਟ ਚੰਦਨੁ ਭੈਇਲਾ ॥੨॥	سربے آدِ پرملادِ کاسٹ چندنُ بھیئلا ॥2॥

ਤੁਮ੍ ਚੇ ਪਾਰਸੁ ਹਮ ਚੇ ਲੋਹਾ
ਸੰਗੇ ਕੰਚਨੁ ਭੈਇਲਾ ॥

تُمہ چے پارسُ ہم چے لوہا
سنگے کنچَنُ بھیَئِلا ॥

ਤੂ ਦਇਆਲੁ ਰਤਨੁ ਲਾਲੁ
ਨਾਮਾ ਸਾਚਿ ਸਮਾਇਲਾ ॥੩॥੨॥

توُ دیَیالُ رتنُ لالُ
ناما ساچِ سمائِلا ॥3॥2॥

ਪ੍ਰਭਾਤੀ ॥

پربھاتی ॥

ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥

اُکل پُرکھ اِکُ چلِتُ اُپائِیا ॥

ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥੧॥

گھٹِ گھٹِ انتَرِ برہمُ لُکائِیا ॥1॥

ਜੀਅ ਕੀ ਜੋਤਿ ਨ ਜਾਨੈ ਕੋਈ ॥

جی ء کی جوتِ ن جانے کوئی ॥

ਤੈ ਮੈ ਕੀਆ ਸੁ ਮਾਲੂਮੁ ਹੋਈ ॥੧॥ ਰਹਾਉ ॥

تے مے کِیا سُ مالوُمُ ہوئی ॥1॥ رہاءُ ॥

ਜਿਉ ਪ੍ਰਗਾਸਿਆ ਮਾਟੀ ਕੁੰਭੇਉ ॥

جِءُ پرگاسِیا ماٹی کنبھیءُ ॥

ਆਪ ਹੀ ਕਰਤਾ ਬੀਠੁਲੁ ਦੇਉ ॥੨॥

آپ ہی کرتا بِیٹھُلُ دیءُ ॥2॥

ਜੀਅ ਕਾ ਬੰਧਨੁ ਕਰਮੁ ਬਿਆਪੈ ॥

جی ء کا بندھنُ کرمُ بِیاپے ॥

ਜੋ ਕਿਛੁ ਕੀਆ ਸੁ ਆਪੈ ਆਪੈ ॥੩॥

جو کچھُ کِیا سُ آپے آپے ॥3॥

ਪ੍ਰਣਵਤਿ ਨਾਮਦੇਉ
ਇਹੁ ਜੀਉ ਚਿਤਵੈ ਸੁ ਲਹੈ ॥

پرنوتِ نامدیءُ
اِہُ جیِءُ چِتوے سُ لہے ॥

ਅਮਰੁ ਹੋਇ ਸਦ ਆਕੁਲ ਰਹੈ ॥੪॥੩॥

امرُ ہوءِ سد آکُل رہے ॥4॥3॥

ਪ੍ਰਭਾਤੀ ਭਗਤ ਬੇਣੀ ਜੀ ਕੀ

پربھاتی بھگت بینی جی کی

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਤਨਿ ਚੰਦਨੁ ਮਸਤਕਿ ਪਾਤੀ ॥

تنِ چندنُ مستکِ پاتی ॥

ਰਿਦ ਅੰਤਰਿ ਕਰ ਤਲ ਕਾਤੀ ॥

رِد انتَرِ کر تل کاتی ॥

ਠਗ ਦਿਸਟਿ ਬਗਾ ਲਿਵ ਲਾਗਾ ॥

ٹھگ دِسٹِ بگا لِو لاگا ॥

ਦੇਖਿ ਬੈਸਨੋ ਪ੍ਰਾਨ ਮੁਖ ਭਾਗਾ ॥੧॥

دیکھِ بیَسنو پران مُکھ بھاگا ॥1॥

ਕਲਿ ਭਗਵਤ ਬੰਦ ਚਿਰਾਮੰ ॥

کلِ بھگوت بندِ چِرانمنَ ॥

ਕੂਰ ਦਿਸਟਿ ਰਤਾ ਨਿਸਿ ਬਾਦੰ ॥੧॥ ਰਹਾਉ ॥	کُرور دِسٹِ رتا نِس بادنّ ॥1॥ رہاءُ ॥
ਨਿਤਪ੍ਰਤਿ ਇਸਨਾਨੁ ਸਰੀਰੰ ॥	نِتپرتِ اِسنانُ سریرنّ ॥
ਦੁਇ ਧੋਤੀ ਕਰਮ ਮੁਖਿ ਖੀਰੰ ॥	دُءِ دھوتی کرم مُکھِ کھیرنّ ॥
ਰਿਦੈ ਛੁਰੀ ਸੰਧਿਆਨੀ ॥	رِدے چھُری سندھیانی ॥
ਪਰ ਦਰਬੁ ਹਿਰਨ ਕੀ ਬਾਨੀ ॥੨॥	پر دربُ ہِرن کی بانی ॥2॥
ਸਿਲ ਪੂਜਸਿ ਚਕ੍ਰ ਗਣੇਸੰ ॥	سِل پوُجسِ چکّر گنیسنّ ॥
ਨਿਸਿ ਜਾਗਸਿ ਭਗਤਿ ਪ੍ਰਵੇਸੰ ॥	نِس جاگسِ بھگتِ پرویسنّ ॥
ਪਗ ਨਾਚਸਿ ਚਿਤੁ ਅਕਰਮੰ ॥	پگ ناچسِ چِتُ اکرمنّ ॥
ਏ ਲੰਪਟ ਨਾਚ ਅਧਰਮੰ ॥੩॥	اے لنپٹ ناچ ادھرمنّ ॥3॥
ਮ੍ਰਿਗ ਆਸਣੁ ਤੁਲਸੀ ਮਾਲਾ ॥	مرِگ آسنُ تُلسی مالا ॥
ਕਰ ਊਜਲ ਤਿਲਕੁ ਕਪਾਲਾ ॥	کر اوُجل تِلکُ کپالا ॥
ਰਿਦੈ ਕੂੜੁ ਕੰਠਿ ਰੁਦ੍ਰਾਖੰ ॥	رِدے کوُڑُ کنٹھِ رُدّراکھنّ ॥
ਰੇ ਲੰਪਟ ਕ੍ਰਿਸਨੁ ਅਭਾਖੰ ॥੪॥	رے لنپٹ کرِسنُ ابھاکھنّ ॥4॥
ਜਿਨਿ ਆਤਮ ਤਤੁ ਨ ਚੀਨ੍ਹਿਆ ॥	جِنِ آتم تتُ ن چینّہیا ॥
ਸਭ ਫੋਕਟ ਧਰਮ ਅਬੀਨਿਆ ॥	سبھ پھوکٹ دھرم ابینیا ॥
ਕਹੁ ਬੇਣੀ ਗੁਰਮੁਖਿ ਧਿਆਵੈ ॥	کہُ بینی گُرمُکھِ دھیاوے ॥
ਬਿਨੁ ਸਤਿਗੁਰ ਬਾਟ ਨ ਪਾਵੈ ॥੫॥੧॥	بِنُ ستِگُر باٹ ن پاوے ॥5॥1॥
ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	ੴ ستِنامُ کرتا پُرکھُ نِربھءُ نِرویرُ اکال مورتِ اجونی سیبھنّ گُرپرّسادِ ॥
ਰਾਗੁ ਜੈਜਾਵੰਤੀ ਮਹਲਾ ੯ ॥	راگُ جیجاونتی محلا 9 ॥
ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ ॥	رامُ سِمرِ رامُ سِمرِ اِہے تیرے کاجِ ہے ॥
ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ ॥	مائیا کو سنگُ تیاگُ

ਜਗਤ ਸੁਖ ਮਾਨੁ ਮਿਥਿਆ
ਝੂਠੋ ਸਭ ਸਾਜੁ ਹੈ ॥੧॥ ਰਹਾਉ ॥

جگت سُکھ مانُ مِتھیا
جھوُٹھو سبھ ساجُ ہے ॥1॥ رہاءُ ॥

ਸੁਪਨੇ ਜਿਉ ਧਨੁ ਪਛਾਨੁ
ਕਾਹੇ ਪਰਿ ਕਰਤ ਮਾਨੁ ॥

سُپنے جِءُ دھنُ پچھانُ
کاہے پر کرت مانُ ۔ ॥

ਬਾਰੂ ਕੀ ਭੀਤਿ ਜੈਸੇ
ਬਸੁਧਾ ਕੋ ਰਾਜੁ ਹੈ ॥੧॥

بارُو کی بھیتِ جیَسے
بسُدھا کو راجُ ہے ॥1॥

ਨਾਨਕੁ ਜਨੁ ਕਹਤੁ ਬਾਤ
ਬਿਨਸਿ ਜੈਹੈ ਤੇਰੋ ਗਾਤੁ ॥

نانکُ جنُ کہتُ بات
بِنِس جیَہے تیرو گاتُ ॥

ਛਿਨੁ ਛਿਨੁ ਕਰਿ ਗਇਓ ਕਾਲੁ
ਤੈਸੇ ਜਾਤੁ ਆਜੁ ਹੈ ॥੨॥੧॥

چھِنُ چھِنُ کرِ گئیو کالُ
تیَسے جاتُ آجُ ہے ॥2॥1॥

ਜੈਜਾਵੰਤੀ ਮਹਲਾ ੯ ॥

جیجاونتی محلا 9 ॥

ਰਾਮੁ ਭਜੁ ਰਾਮੁ ਭਜੁ
ਜਨਮੁ ਸਿਰਾਤੁ ਹੈ ॥

رامُ بھجُ رامُ بھجُ
جنمُ سِراتُ ہے ॥

ਕਹਉ ਕਹਾ ਬਾਰ ਬਾਰ
ਸਮਝਤ ਨਹ ਕਿਉ ਗਵਾਰ ॥

کہءُ کہا بار بار
سمجھت نہ کِءُ گوار ۔ ॥

ਬਿਨਸਤ ਨਹ ਲਗੈ ਬਾਰ
ਓਰੇ ਸਮ ਗਾਤੁ ਹੈ ॥੧॥ ਰਹਾਉ ॥

بِنست نہ لگےَ بار
اورے سم گاتُ ہے ॥1॥ رہاءُ ॥

ਸਗਲ ਭਰਮ ਡਾਰਿ ਦੇਹਿ
ਗੋਬਿੰਦ ਕੋ ਨਾਮੁ ਲੇਹਿ ॥

سگل بھرم ڈارِ دیہِ
گوبِندَ کو نامُ لیہِ ॥

ਅੰਤਿ ਬਾਰ ਸੰਗਿ ਤੇਰੈ
ਇਹੈ ਏਕੁ ਜਾਤੁ ਹੈ ॥੧॥

انّتِ بار سنگِ تیرے
اِہے ایکُ جاتُ ہے ॥1॥

ਬਿਖਿਆ ਬਿਖੁ ਜਿਉ ਬਿਸਾਰਿ
ਪ੍ਰਭ ਕੋ ਜਸੁ ਹੀਏ ਧਾਰਿ ॥

بِکھیا بِکھُ جِءُ بِسارِ
پّربھ کو جسُ ہیئے دھارِ ॥

ਨਾਨਕ ਜਨ ਕਹਿ ਪੁਕਾਰਿ

نانک جن کہِ پُکارِ

ਅਉਸਰੁ ਬਿਹਾਤੁ ਹੈ ॥੨॥੨॥

اُسرُ بِہاتُ ہے ॥2॥2॥

ਜੈਜਾਵੰਤੀ ਮਹਲਾ ੯ ॥

جیجاونتی محلا 9 ॥

ਰੇ ਮਨ
ਕਉਨ ਗਤਿ ਹੋਇ ਹੈ ਤੇਰੀ ॥

رے من
کئُن گتِ ہوءِ ہے تیری ۔ ॥

ਇਹ ਜਗ ਮਹਿ ਰਾਮ ਨਾਮੁ
ਸੋ ਤਉ ਨਹੀ ਸੁਨਿਓ ਕਾਨਿ ॥

اِہ جگ مہِ رام نامُ
سو تءُ نہی سُنِئو کانِ ॥

ਬਿਖਿਅਨ ਸਿਉ ਅਤਿ ਲੁਭਾਨਿ
ਮਤਿ ਨਾਹਿਨ ਫੇਰੀ ॥੧॥ ਰਹਾਉ ॥

بِکھِئن سِءُ اتِ لُبھانِ
متِ ناہِن پھیری ॥1॥ رہاءُ ॥

ਮਾਨਸ ਕੋ ਜਨਮੁ ਲੀਨੁ
ਸਿਮਰਨੁ ਨਹ ਨਿਮਖ ਕੀਨੁ ॥

مانس کو جنمُ لِینُ
سِمرنُ نہ نِمکھ کِینُ ॥

ਦਾਰਾ ਸੁਖ ਭਇਓ ਦੀਨੁ
ਪਗਹੁ ਪਰੀ ਬੇਰੀ ॥੧॥

دارا سُکھ بھئِئو دِینُ
پگہُ پری بیری ॥1॥

ਨਾਨਕ ਜਨ ਕਹਿ ਪੁਕਾਰਿ
ਸੁਪਨੈ ਜਿਉ ਜਗ ਪਸਾਰੁ ॥

نانک جن کہِ پُکارِ
سُپنے جِءُ جگ پسارُ ॥

ਸਿਮਰਤ ਨਹ ਕਿਉ ਮੁਰਾਰਿ
ਮਾਇਆ ਜਾ ਕੀ ਚੇਰੀ ॥੨॥੩॥

سِمرت نہ کِءُ مُرارِ
مائیا جا کی چیری ॥2॥3॥

ਜੈਜਾਵੰਤੀ ਮਹਲਾ ੯ ॥

جیجاونتی محلا 9 ॥

ਬੀਤ ਜੈਹੈ ਬੀਤ ਜੈਹੈ
ਜਨਮੁ ਅਕਾਜੁ ਰੇ ॥

بِیت جیہے بِیت جیہے
جنمُ اکاجُ رے ۔ ॥

ਨਿਸਿ ਦਿਨੁ ਸੁਨਿ ਕੈ ਪੁਰਾਨ
ਸਮਝਤ ਨਹ ਰੇ ਅਜਾਨ ॥

نِس دِنُ سُنِ کے پُران
سمجھت نہ رے اجان ۔ ॥

ਕਾਲੁ ਤਉ ਪਹੂਚਿਓ ਆਨਿ
ਕਹਾ ਜੈਹੈ ਭਾਜਿ ਰੇ ॥੧॥ ਰਹਾਉ ॥

کالُ تءُ پہوُچِئو آنِ
کہا جیہے بھاجِ رے ۔ ॥1॥ رہاءُ ॥

ਅਸਥਿਰੁ ਜੋ ਮਾਨਿਓ ਦੇਹ
ਸੋ ਤਉ ਤੇਰਉ ਹੋਇ ਹੈ ਖੇਹ ॥

استھِرُ جو مانِئو دیہ
سو تءُ تیرءُ ہوءِ ہے کھیہ ॥

ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ ॥੧॥	کِءُ ن ہرِ کو نامُ لیہِ مُورکھ نِلاج رے ۔ ॥1॥
ਰਾਮ ਭਗਤਿ ਹੀਏ ਆਨਿ ਛਾਡਿ ਦੇ ਤੈ ਮਨ ਕੋ ਮਾਨੁ ॥	رام بھگتِ ہیئے آنِ چھاڈِ دے تے من کو مانُ ॥
ਨਾਨਕ ਜਨ ਇਹ ਬਖਾਨਿ ਜਗ ਮਹਿ ਬਿਰਾਜੁ ਰੇ ॥੨॥੪॥	نانک جن اِہ بکھانِ جگ مہِ بِراجُ رے ॥2॥4॥
੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	੧ੴ سِتنامُ کرتا پُرکھُ نِربھءُ نِرویرُ اکال مُورتِ اجُونی سیَبھنّ گُرپّرسادِ ॥
ਸਲੋਕ ਸਹਸਕ੍ਰਿਤੀ ਮਹਲਾ ੧ ॥	سلوک سہسکّرِتی محلا 1 ॥
ਪੜਿ੍ ਪੁਸ੍ਤਕ ਸੰਧਿਆ ਬਾਦੰ ॥	پڑِہِ پُستک سندھیا بادنّ ॥
ਸਿਲ ਪੂਜਸਿ ਬਗੁਲ ਸਮਾਧੰ ॥	سِل پُوجسِ بگُل سمادھنّ ॥
ਮੁਖਿ ਝੂਠੁ ਬਿਭੂਖਨ ਸਾਰੰ ॥	مُکھِ جھوٹھُ بِبھوکھن سارنّ ॥
ਤ੍ਰੈਪਾਲ ਤਿਹਾਲ ਬਿਚਾਰੰ ॥	ترِپال تِہال بِچارنّ ॥
ਗਲਿ ਮਾਲਾ ਤਿਲਕ ਲਿਲਾਟੰ ॥	گلِ مالا تِلک لِلاٹنّ ॥
ਦੁਇ ਧੋਤੀ ਬਸਤ੍ਰ ਕਪਾਟੰ ॥	دُءِ دھوتی بستّر کپاٹنّ ॥
ਜੋ ਜਾਨਸਿ ਬ੍ਰਹਮੰ ਕਰਮੰ ॥	جو جانسِ برہمنّ کرمنّ ॥
ਸਭ ਫੋਕਟ ਨਿਸਚੈ ਕਰਮੰ ॥	سبھ پھوکٹ نِسچے کرمنّ ॥
ਕਹੁ ਨਾਨਕ ਨਿਸਚੌ ਧ੍ਰਿਵੈ ॥	کہُ نانک نِسچوٗ دھرِیاوے ॥
ਬਿਨੁ ਸਤਿਗੁਰ ਬਾਟ ਨ ਪਾਵੈ ॥੧॥	بِنُ ستِگُر باٹ ن پاوے ॥1॥
ਨਿਹਫਲੰ ਤਸ੍ ਜਨਮਸ੍ ਜਾਵਦ ਬ੍ਰਹਮ ਨ ਬਿੰਦਤੇ ॥	نِہپھلنّ تسّے جنمسّے جاود برہم ن بِندتے ॥
ਸਾਗਰੰ ਸੰਸਾਰਸ੍ ਗੁਰ ਪਰਸਾਦੀ ਤਰਹਿ ਕੇ ॥	ساگرنّ سنسارسّے گُر پرسادی ترہِ کے ॥
ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥	کرنْ کارنْ سمرتھُ ہے

کہُ نانک بیچارِ ॥

ਕਾਰਣੁ ਕਰਤੇ ਵਸਿ ਹੈ
ਜਿਨਿ ਕਲ ਰਖੀ ਧਾਰਿ ॥੨॥

کارنُ کرتے وسِ ہے
جِنِ کل رکھی دھارِ ॥2॥

ਜੋਗ ਸਬਦੰ ਗਿਆਨ ਸਬਦੰ
ਬੇਦ ਸਬਦੰ ਤ ਬ੍ਰਾਹਮਣਹ ॥

جوگ سبدنّ گِیان سبدنّ
بید سبدنّ ت برّاہمٹہ ॥

ਖ੍ਤ੍ਰੀ ਸਬਦੰ ਸੂਰ ਸਬਦੰ
ਸੂਦ੍ਰ ਸਬਦੰ ਪਰਾ ਕ੍ਰਿਤਹ ॥

کھتّری سبدنّ سوُر سبدنّ
سوُدّر سبدنّ پرا کرِتہ ॥

ਸਰਬ ਸਬਦੰ ਤ ਏਕ ਸਬਦੰ
ਜੇ ਕੋ ਜਾਨਸਿ ਭੇਉ ॥

سرب سبدنّ ت ایک سبدنّ
جے کو جانسِ بھیءُ ॥

ਨਾਨਕ ਤਾ ਕੋ ਦਾਸੁ ਹੈ
ਸੋਈ ਨਿਰੰਜਨ ਦੇਉ ॥੩॥

نانک تا کو داسُ ہے
سوئی نِرنّجن دیءُ ॥3॥

ਏਕ ਕ੍ਰਿਸ੍ਨੰ ਤ ਸਰਬ ਦੇਵਾ
ਦੇਵ ਦੇਵਾ ਤ ਆਤਮਹ ॥

ایک کرِسّننّ ت سرب دیوا
دیو دیوا ت آتمہ ॥

ਆਤਮੰ ਸ੍ਰੀ ਬਾਸ੍ਦੇਵਸ੍
ਜੇ ਕੋਈ ਜਾਨਸਿ ਭੇਵ ॥

آتمنّ سّری باسّودیوسّیہِ
جے کوئی جانسِ بھیو ॥

ਨਾਨਕ ਤਾ ਕੋ ਦਾਸੁ ਹੈ
ਸੋਈ ਨਿਰੰਜਨ ਦੇਵ ॥੪॥

نانک تا کو داسُ ہے
سوئی نِرنّجن دیو ॥4॥

ਸਲੋਕ ਸਹਸਕ੍ਰਿਤੀ ਮਹਲਾ ੫

سلوک سہسکّرِتی محلا 5

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ
ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ੴ ستِنامُ کرتا پُرکھُ نِربھءُ نِرویرُ اکال مورتِ اجوُنی سیبھنّ گُرپّرسادِ
॥

ਕਤੰਚ ਮਾਤਾ ਕਤੰਚ ਪਿਤਾ
ਕਤੰਚ ਬਨਿਤਾ ਬਿਨੋਦ ਸੁਤਹ ॥

کتنچّ ماتا کتنچّ پِتا
کتنچّ بنِتا بِنود سُتہ ۔ ॥

ਕਤੰਚ ਭ੍ਰਾਤ ਮੀਤ ਹਿਤ ਬੰਧਵ
ਕਤੰਚ ਮੋਹ ਕੁਟੰਬ੍ਤੇ ॥

کتنچّ بھّرات میت ہِت بندھو
کتنچّ موہ کُٹنّبتے ۔ ॥

ਕਤੰਚ ਚਪਲ ਮੋਹਨੀ ਰੂਪੰ
ਪੇਖੰਤੇ ਤਿਆਗੰ ਕਰੋਤਿ ॥

کتنچّ چپل موہنی روُپنّ

پیکھنّتے تِیاگنّ کروتِ ॥

ਰਹੰਤ ਸੰਗ ਭਗਵਾਨ ਸਿਮਰਣ
ਨਾਨਕ ਲਬਧ੍ਹੰ ਅਚੁਤ ਤਨਹ ॥੧॥

رہنّت سنگ بھگوان سِمرنٹ
نانک لبدھّہنّ اچُت تنہ ॥1॥

ਧ੍ਰਿਗੰਤ ਮਾਤ ਪਿਤਾ ਸਨੇਹੰ
ਧ੍ਰਿਗ ਸਨੇਹੰ ਭ੍ਰਾਤ ਬਾਂਧਵਹ ॥

دھّرِگنّت مات پِتا سنیہنّ
دھّرِگ سنیہنّ بھّرات باندھوہ ॥

ਧ੍ਰਿਗ ਸ੍ਨੇਹੰ ਬਨਿਤਾ ਬਿਲਾਸ ਸੁਤਹ ॥

دھّرِگ سّنیہنّ بِنتا بِلاس سُتہ ॥

ਧ੍ਰਿਗ ਸ੍ਨੇਹੰ ਗ੍ਰਿਹਾਰਥ ਕਹ ॥

دھّرِگ سّنیہنّ گرِہارتھ کہ ॥

ਸਾਧਸੰਗ ਸ੍ਨੇਹ ਸਤ੍ਰ੿
ਸੁਖਯੰ ਬਸੰਤਿ ਨਾਨਕਹ ॥੨॥

سادھسنگ سّنیہ ستّرِنّ
سُکھیہنّ بسنّتِ نانکہ ॥2॥

ਮਿਥ੍ਯੰਤ ਦੇਹੰ ਖੀਣੰਤ ਬਲਨੰ ॥

مِتھّیہنّت دیہنّ کھیِنّنّت بلنّ ॥

ਬਰਧੰਤਿ ਜਰੂਜਆ ਹਿਤ੍ਯੰਤ ਮਾਇਆ ॥

بردھنّتِ جروُجیا ہِتّیہنّت مائیا ॥

ਅਤ੍ਯੰਤ ਆਸਾ ਆਥਿਤ੍ਰ ਭਵਨੰ ॥

اتّیہنّت آسا آتھِتّرِ بھونّ ॥

ਗਨੰਤ ਸ੍ਵਾਸਾ ਭੈਯਾਨ ਧਰਮੰ ॥

گننّت سّواسا بھیَان دھرمنّ ॥

ਪਤੰਤਿ ਮੋਹ ਕੂਪ ਦੁਰਲਭ੍ਰ ਦੇਹੰ
ਤਤ ਆਸ੍ਰਯੰ ਨਾਨਕ ॥

پتنّتِ موہ کوُپ دُرلبھّرِ دیہنّ
تت آسّرہنّ نانک ॥

ਗੋਬਿੰਦ ਗੋਬਿੰਦ ਗੋਬਿੰਦ ਗੋਪਾਲ ਕ੍ਰਿਪਾ ॥੩॥

گوبِنّد گوبِنّد گوبِنّد گوپال کرِپا ॥3॥

ਕਾਚ ਕੋਟੰ ਰਚੰਤਿ ਤੋਯੰ
ਲੇਪਨੰ ਰਕਤ ਚਰਮਣਹ ॥

کاچ کوٹنّ رچنّتِ توہنّ
لیپنّ رکت چرمنٹہ ॥

ਨਵੰਤ ਦੁਆਰੰ ਭੀਤ ਰਹਿਤੰ
ਬਾਇ ਰੂਪੰ ਅਸਥੰਭਨਹ ॥

نونّت دُیارنّ بھیت رہِتنّ
باءِ روُپنّ استھنّبھنہ ॥

ਗੋਬਿੰਦ ਨਾਮੰ ਨਹ ਸਿਮਰੰਤਿ
ਅਗਿਆਨੀ ਜਾਨੰਤਿ ਅਸਥਿਰੰ ॥

گوبِنّد نامنّ نہ سِمرنّتِ
اگیانی جاننّتِ استھِرنّ ॥

ਦੁਰਲਭ ਦੇਹ ਉਧਰੰਤ
ਸਾਧ ਸਰਣ ਨਾਨਕ ॥

دُرلبھ دیہ اُدھرنّت
سادھ سرنٹ نانک ॥

ਹਰਿ ਹਰਿ ਹਰਿ ਹਰਿ
ਹਰਿ ਹਰੇ ਜਪੰਤਿ ॥੪॥

ہرِ ہرِ ہرِ ہرِ
ہرِ ہرے جپنّتِ ॥4॥

ਸੁਭੰਤ ਤੁਯੰ ਅਚੁਤ ਗੁਣਗ੍ਯੰ
ਪੂਰਨੰ ਬਹੁਲੋ ਕ੍ਰਿਪਾਲਾ ॥

سُبھنّت تُہنّ اچُت گُنگّیہنّ
پوُرننّ بہُلو کرِپالا ॥

ਗੰਭੀਰੰ ਊਚੈ ਸਰਬਗਿ ਅਪਾਰਾ ॥

گنبھیرنّ اوُچے سربگِ اپارا ॥

ਭ੍ਰਿਤਿਆ ਪ੍ਰਿਅੰ ਬਿਸ੍ਰਾਮ ਚਰਣੰ ॥

بھرِتیا پرِئنّ بِسّرام چرنُّنّ ॥

ਅਨਾਥ ਨਾਥੇ ਨਾਨਕ ਸਰਣੰ ॥੫॥

اناتھ ناتھے نانک سرنُّنّ ॥5॥

ਮ੍ਰਿਗੀ ਪੇਖੰਤ ਬਧਿਕ
ਪ੍ਰਹਾਰੇਣ ਲਖ੍ਯ ਆਵਧਹ ॥

مّرِگی پیکھنّت بدھِک
پّرہارینُ لکھّیِ آودھ ॥

ਅਹੋ ਜਸ੍ਯ ਰਖੇਣ ਗੋਪਾਲਹ
ਨਾਨਕ ਰੋਮ ਨ ਛੇਦ੍ਯਤੇ ॥੬॥

اہو جسّیِ رکھینُ گوپالہ
نانک روم ن چھیدّیتے ॥6॥

ਬਹੁ ਜਤਨ ਕਰਤਾ ਬਲਵੰਤ ਕਾਰੀ
ਸੇਵੰਤ ਸੂਰਾ ਚਤੁਰ ਦਿਸਹ ॥

بہُ جتن کرتا بلونّت کاری
سیونّت سوُرا چتُر دِسہ ॥

ਬਿਖਮ ਥਾਨ ਬਸੰਤ ਊਚਹ
ਨਹ ਸਿਮਰੰਤ ਮਰਣੰ ਕਦਾਂਚਹ ॥

بِکھم تھان بسنّت اوُچہ
نہ سِمرنّت مرنُّنّ کدانچہ ॥

ਹੋਵੰਤਿ ਆਗਿਆ ਭਗਵਾਨ ਪੁਰਖਹ
ਨਾਨਕ ਕੀਟੀ ਸਾਸ ਅਕਰਖਤੇ ॥੭॥

ہووّنتِ آگِیا بھگوان پُرکھہ
نانک کیٹی ساس اکرکھتے ॥7॥

ਸਬਦੰ ਰਤੰ ਹਿਤੰ ਮਇਆ ਕੀਰਤੰ
ਕਲੀ ਕਰਮ ਕ੍ਰਿਤੁਆ ॥

سبدنّ رتنّ ہِتنّ مئیا کیرتنّ
کلی کرم کرِتیا ॥

ਮਿਟੰਤਿ ਤਤ੍ਰਾਗਤ ਭਰਮ ਮੋਹੰ ॥

مِٹنّتِ تتّراگت بھرم موہنّ ॥

ਭਗਵਾਨ ਰਮਣੰ ਸਰਬਤ੍ਰ ਥਾਨ੍ਯੰ ॥

بھگوان رمنُّنّ سربتّر تھانیّنّ ॥

ਦ੍ਰਿਸਟ ਤੁਯੰ ਅਮੋਘ ਦਰਸਨੰ
ਬਸੰਤ ਸਾਧ ਰਸਨਾ ॥

دّرِسٹ تُہنّ اموگھ درسننّ
بسنّت سادھ رسنا ॥

ਹਰਿ ਹਰਿ ਹਰਿ ਹਰੇ
ਨਾਨਕ ਪ੍ਰਿਅੰ ਜਾਪੁ ਜਪਨਾ ॥੮॥

ہرِ ہرِ ہرِ ہرے
نانک پرِئنّ جاپُ جپنا ॥8॥

ਘਟੰਤ ਰੂਪੰ ਘਟੰਤ ਦੀਪੰ
ਘਟੰਤ ਰਵਿ ਸਸੀਅਰ ਨਖ੍ਯ੍ਤ੍ਰ ਗਗਨੰ ॥

ਘਟੰਤ ਬਸੁਧਾ ਗਿਰਿ ਤਰ ਸਿਖੰਡੰ ॥

ਘਟੰਤ ਲਲਨਾ ਸੁਤ ਭ੍ਰਾਤ ਹੀਤੰ ॥

ਘਟੰਤ ਕਨਿਕ ਮਾਨਿਕ ਮਾਇਆ ਸ੍ਵਰੂਪੰ ॥

ਨਹ ਘਟੰਤ ਕੇਵਲ ਗੋਪਾਲ ਅਚੁਤ ॥

ਅਸਥਿਰੰ ਨਾਨਕ ਸਾਧ ਜਨ ॥੯॥

ਨਹ ਬਿਲੰਬ ਧਰਮੰ ਬਿਲੰਬ ਪਾਪੰ ॥

ਦ੍ਰਿੜੰਤ ਨਾਮੰ ਤਜੰਤ ਲੋਭੰ ॥

ਸਰਣਿ ਸੰਤੰ ਕਿਲਬਿਖ ਨਾਸੰ ॥

ਪ੍ਰਾਪਤੰ ਧਰਮ ਲਖ੍ਯਿਣ
ਨਾਨਕ ਜਿਹ ਸੁਪ੍ਰਸੰਨ ਮਾਧਵਹ ॥੧੦॥

ਮਿਰਤ ਮੋਹੰ ਅਲਪ ਬੁਧ੍ਯੰ
ਰਚੰਤਿ ਬਨਿਤਾ ਬਿਨੋਦ ਸਾਹੰ ॥

ਜੌਬਨ ਬਹਿਕ੍ਰਮ ਕਨਿਕ ਕੁੰਡਲਹ ॥

ਬਚਿਤ੍ਰ ਮੰਦਿਰ ਸੋਭੰਤਿ ਬਸਤ੍ਰਾ
ਇਤ੍ਯੰਤ ਮਾਇਆ ਬ੍ਯਾਪਿਤੰ ॥

ਹੇ ਅਚੁਤ ਸਰਣਿ ਸੰਤ ਨਾਨਕ
ਭੋ ਭਗਵਾਨਏ ਨਮਹ ॥੧੧॥

ਜਨਮੰ ਤ ਮਰਣੰ ਹਰਖੰ ਤ ਸੋਗੰ
ਭੋਗੰ ਤ ਰੋਗੰ ॥

ਊਚੰ ਤ ਨੀਚੰ ਨਾਨ੍ਹਾ ਸੁ ਮੂਚੰ ॥

ਰਾਜੰ ਤ ਮਾਨੰ ਅਭਿਮਾਨੰ ਤ ਹੀਨੰ ॥

ਪ੍ਰਵਿਰਤਿ ਮਾਰਗੰ ਵਰਤੰਤਿ ਬਿਨਾਸਨੰ ॥

گھٹنّت روُپنّ گھٹنّت دیپنّ
گھٹنّت روِ سسیئر نکھتّر گگننّ ॥

گھٹنّت بسُدھا گِرِ تر سِکھنڈنّ ॥

گھٹنّت للنا سُت بھّرات ہیتنّ ॥

گھٹنّت کنِک مانِک مائیا سّوروُپنّ ॥

نہ گھٹنّت کیول گوپال اچُت ॥

استھِرنّ نانک سادھ جن ॥9॥

نہ بِلنّب دھرمنّ بِلنّب پاپنّ ॥

دّرِڑنّت نامنّ تجنّت لوبھنّ ॥

سرنِ سنّتنّ کِلبِکھ ناسنّ ॥

پّراپتنّ دھرم لکھّپِٹ
نانک جِہ سُپّرسنّن مادھوہ ॥ 10 ॥

مِرت موہنّ الپ بُدھّینّ
رچنّتِ بِنتا بِنود ساہنّ ॥

جوَبن بِہکّرم کنِک کُنڈلہ ॥

بچّتر مندّر سوبھنّتِ بسّترا
اِتّینّت مائیا بّیاپِتنّ ॥

ہے اچُت سرنِ سنّت نانک
بھو بھگوانے نمہ ॥ 11 ॥

جنمنّ ت مرنّنّ ہرکھنّ ت سوگنّ
بھوگنّ ت روگنّ ॥

اوُچنّ ت نیچنّ نانّہا سُ موُچنّ ॥

راجنّ ت مانّنّ ابھِمانّنّ ت ہینّنّ ॥

پّروِرتِ مارگنّ ورتنّتِ بِناسنّنّ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਗੋਬਿੰਦ ਭਜਨ ਸਾਧ ਸੰਗੇਣ ਅਸਥਿਰੰ
ਨਾਨਕ ਭਗਵੰਤ ਭਜਨਾਸਨੰ ॥੧੨॥

گوبِنّد بھجن سادھ سنگیںٔ استھِرنَ
نانک بھگونّت بھجناسنَ ॥ 12 ॥

ਕਿਰਪੰਤ ਹਰੀਅੰ
ਮਤਿ ਤਤੁ ਗਿਆਨੰ ॥

کِرپنّت ہریئنَ
متِ تتُ گیانَ ॥

ਬਿਗਸੀਧ੍ਰਿ ਬੁਧਾ ਕੁਸਲ ਥਾਨੰ ॥

بِگسیدھیِ بُدھا کُسل تھانَ ॥

ਬਸ੍ਤ੍ਰਿ ਰਿਖਿਅੰ ਤਿਆਗਿ ਮਾਨੰ ॥

بسّترِ رکھِئنَ تیاگِ مانَ ॥

ਸੀਤਲੰਤ ਰਿਦਯੰ ਦ੍ਰਿੜੁ ਸੰਤ ਗਿਆਨੰ ॥

سیتلنّت رِدیَنَ دڑُ سنّت گیانَ ॥

ਰਹੰਤ ਜਨਮੰ ਹਰਿ ਦਰਸ ਲੀਣਾ ॥

رہنّت جنمنَ ہرِ درس لِیٹا ॥

ਬਾਜੰਤ ਨਾਨਕ ਸਬਦ ਬੀਣਾਂ ॥੧੩॥

باجنّت نانک سبد بیٹاں ॥ 13 ॥

ਕਹੰਤ ਬੇਦਾ ਗੁਣੰਤ ਗੁਨੀਆ
ਸੁਣੰਤ ਬਾਲਾ ਬਹੁ ਬਿਧਿ ਪ੍ਰਕਾਰਾ ॥

کہنّت بیدا گُنّنت گُنیِیا
سُنّنت بالا بہُ بِدھِ پڑکارا ॥

ਦ੍ਰਿੜੰਤ ਸੁਬਿਦਿਆ ਹਰਿ ਹਰਿ ਕ੍ਰਿਪਾਲਾ ॥

دڑِڑنّت سُبِدیا ہرِ ہرِ کرِپالا ॥

ਨਾਮ ਦਾਨੁ ਜਾਚੰਤ ਨਾਨਕ
ਦੈਨਹਾਰ ਗੁਰ ਗੋਪਾਲਾ ॥੧੪॥

نام دانُ جاچنّت نانک
دینہار گُر گوپالا ॥ 14 ॥

ਨਹ ਚਿੰਤਾ ਮਾਤ ਪਿਤ ਭ੍ਰਾਤਹ
ਨਹ ਚਿੰਤਾ ਕਛੁ ਲੋਕ ਕਹ ॥

نہ چِنّتا مات پِت بھّراتہ
نہ چِنّتا کچھُ لوک کہ ॥

ਨਹ ਚਿੰਤਾ ਬਨਿਤਾ ਸੁਤ ਮੀਤਹ
ਪ੍ਰਵਿਰਤਿ ਮਾਇਆ ਸਨਬੰਧਨਹ ॥

نہ چِنّتا بنِتا سُت مِیتہ
پّرِورتِ مائیا سنبنّدھنہ ॥

ਦਇਆਲ ਏਕ ਭਗਵਾਨ ਪੁਰਖਹ
ਨਾਨਕ ਸਰਬ ਜੀਅ ਪ੍ਰਤਿਪਾਲਕਹ ॥੧੫॥

دئیال ایک بھگوان پُرکھہ
نانک سرب جیء پّرتپالکہ ॥ 15 ॥

ਅਨਿਤ੍ਰ ਵਿਤੰ ਅਨਿਤ੍ਰ ਚਿਤੰ
ਅਨਿਤ੍ਰ ਆਸਾ ਬਹੁ ਬਿਧਿ ਪ੍ਰਕਾਰੰ ॥

انِتّرِ وِتنَ انِتّرِ چِتنَ
انِتّرِ آسا بہُ بِدھِ پّرکارنَ ॥

ਅਨਿਤ੍ਰ ਹੇਤੰ ਅਹੰ ਬੰਧੰ
ਭਰਮ ਮਾਇਆ ਮਲਨੰ ਬਿਕਾਰੰ ॥

انِتّرِ ہیتنَ اہنَ بنّدھنَ
بھرم مائیا ملنَ بِکارنَ ॥

ਫਿਰੰਤ ਜੋਨਿ ਅਨੇਕ ਜਠਰਾਗਨਿ

پھِرنّت جونِ انیک جٹھراگنِ

ਨਹ ਸਿਮਰੰਤ ਮਲੀਣ ਬੁਧ੍ਹੀ ॥

نہ سِمرنّت ملِیڑ بُدھّیَن ॥

ਹੇ ਗੋਬਿੰਦ ਕਰਤ ਮਇਆ
ਨਾਨਕ ਪਤਿਤ ਉਧਾਰਣ ਸਾਧ ਸੰਗਮਹ ॥੧੬॥

ہے گوبِندّ کرت مَیا
نانک پتِت اُدھارڑ سادھ سنگمہ ॥ 16 ॥

ਗਿਰੰਤ ਗਿਰਿ ਪਤਿਤ ਪਾਤਾਲੰ
ਜਲੰਤ ਦੇਦੀਪ੍ਯ ਬੈਸ੍ਵਾਂਤਰਹ ॥

گِرنّت گِرِ پتِت پاتالنَ
جلنّت دیدیپّیِ بیسّواںترہ ॥

ਬਹੰਤਿ ਅਗਾਹ ਤੋਯੰ ਤਰੰਗੰ
ਦੁਖੰਤ ਗ੍ਰਹ ਚਿੰਤਾ ਜਨਮੰ ਤ ਮਰਣਹ ॥

بہنّتِ اگاہ توپنَ ترنگنَ
دُکھنّت گّرہ چِنّتا جنمنَ ت مرڑہ ॥

ਅਨਿਕ ਸਾਧਨੰ ਨ ਸਿਧ੍ਯਤੇ
ਨਾਨਕ ਅਸਥੰਭੰ ਅਸਥੰਭੰ ਅਸਥੰਭੰ ਸਬਦ ਸਾਧ ਸ੍ਵਜਨਹ
॥੧੭॥

اِنِک سادھنَ ن سِدھّیتے
نانک استھنّبھنَ استھنّبھنَ استھنّبھنَ سبد سادھ سّوجنہ ॥ 17 ॥

ਘੋਰ ਦੁਖ੍ਹੰ ਅਨਿਕ ਹਤ੍ਹੰ
ਜਨਮ ਦਾਰਿਦ੍ਰੰ ਮਹਾ ਬਿਖ੍ਹਾਦੰ ॥

گھور دُکھّنَ اِنِک ہتّیَن
جنم دارِدّرنَ مہا بِکھّیادنَ ॥

ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ
ਜੈਸੇ ਪਾਵਕ ਕਾਸਟ ਭਸਮੰ ਕਰੋਤਿ ॥੧੮॥

مِٹنّت سگل سِمرنّت ہرِ نام نانک
جیَسے پاوک کاسٹ بھسمنَ کروتِ ॥ 18 ॥

ਅੰਧਕਾਰ ਸਿਮਰਤ ਪ੍ਰਕਾਸੰ
ਗੁਣ ਰਮੰਤ ਅਘ ਖੰਡਨਹ ॥

انّدھکار سِمرت پّرکاسنَ
گُڑ رمنّت اگھ کھنڈنہ ॥

ਰਿਦ ਬਸੰਤਿ ਭੈ ਭੀਤ ਦੂਤਹ
ਕਰਮ ਕਰਤ ਮਹਾ ਨਿਰਮਲਹ ॥

رِد بسنّتِ بھے بھیت دوُتہ
کرم کرت مہا نِرملہ ॥

ਜਨਮ ਮਰਣ ਰਹੰਤ ਸ੍ਰੋਤਾ
ਸੁਖ ਸਮੂਹ ਅਮੋਘ ਦਰਸਨਹ ॥

جنم مرڑ رہنّت سّروتا
سُکھ سموُہ اموگھ درسنہ ॥

ਸਰਣਿ ਜੋਗੰ ਸੰਤ ਪ੍ਰਿਅ ਨਾਨਕ
ਸੋ ਭਗਵਾਨ ਖੇਮੰ ਕਰੋਤਿ ॥੧੯॥

سرڑِ جوگنَ سنّت پّرِء نانک
سو بھگوان کھیمنَ کروتِ ॥ 19 ॥

ਪਾਛੰ ਕਰੋਤਿ ਅਗ੍ਰਣੀਵਹ
ਨਿਰਾਸੰ ਆਸ ਪੂਰਨਹ ॥

پاچھنَ کروتِ اگّرنیوہ
نِراسنَ آس پوُرنہ ॥

ਨਿਰਧਨ ਭਯੰ ਧਨਵੰਤਹ
ਰੋਗੀਅੰ ਰੋਗ ਖੰਡਨਹ ॥

نِردھن بھیَنَ دھنونّتہ
روگیئنَ روگ کھنڈنہ ॥

ਭਗਤ੍ਹੰ ਭਗਤਿ ਦਾਨੰ
ਰਾਮ ਨਾਮ ਗੁਣ ਕੀਰਤਨਹ ॥

بھگتّہنّ بھگتِ دانںّ
رام نام گُڑ کیرتنہ ॥

ਪਾਰਬ੍ਰਹਮ ਪੁਰਖ ਦਾਤਾਰਹ ਨਾਨਕ
ਗੁਰ ਸੇਵਾ ਕਿੰ ਨ ਲਭ੍ਤੇ ॥੨੦॥

پاربّرہم پُرکھ داتارہ نانک
گُر سیوا کِنّ ن لبھّتے ۔ ॥ 20 ॥

ਅਧਰੰ ਧਰੰ ਧਾਰਣਹ
ਨਿਰਧਨੰ ਧਨ ਨਾਮ ਨਰਹਰਹ ॥

ادھرںّ دھرںّ دھارڑہ
نِردھنںّ دھن نام نرہرہ ॥

ਅਨਾਥ ਨਾਥ ਗੋਬਿੰਦਹ
ਬਲਹੀਣ ਬਲ ਕੇਸਵਹ ॥

اناتھ ناتھ گوبِندہ
بلہیِڑ بل کیسوہ ॥

ਸਰਬ ਭੂਤ ਦਯਾਲ ਅਚੁਤ
ਦੀਨ ਬਾਂਧਵ ਦਾਮੋਦਰਹ ॥

سرب بھوُت دیال اچُت
دِین باںدھو دامودرہ ॥

ਸਰਬਗ੍ਯ ਪੂਰਨ ਪੁਰਖ ਭਗਵਾਨਹ
ਭਗਤਿ ਵਛਲ ਕਰੁਣਾ ਮਯਹ ॥

سربگّیِ پوُرن پُرکھ بھگوانہ
بھگتِ وچھل کرڑا مہہ ॥

ਘਟਿ ਘਟਿ ਬਸੰਤ ਬਾਸੁਦੇਵਹ
ਪਾਰਬ੍ਰਹਮ ਪਰਮੇਸੁਰਹ ॥

گھٹِ گھٹِ بسںّت باسُدیوہ
پاربّرہم پرمیسُرہ ॥

ਜਾਚੰਤਿ ਨਾਨਕ ਕ੍ਰਿਪਾਲ ਪ੍ਰਸਾਦੰ
ਨਹ ਬਿਸਰੰਤਿ ਨਹ ਬਿਸਰੰਤਿ ਨਾਰਾਇਣਹ ॥੨੧॥

جاچںّتِ نانک کرِپال پرسادںّ
نہ بِسرںّتِ نہ بِسرںّتِ نارائںّہ ॥ 21 ॥

ਨਹ ਸਮਰਥੰ ਨਹ ਸੇਵਕੰ
ਨਹ ਪ੍ਰੀਤਿ ਪਰਮ ਪਰਖੋਤਮੰ ॥

نہ سمرتھںّ نہ سیوکںّ
نہ پریِتِ پرم پرکھوتمںّ ۔ ॥

ਤਵ ਪ੍ਰਸਾਦਿ ਸਿਮਰਤੇ ਨਾਮੰ
ਨਾਨਕ ਕ੍ਰਿਪਾਲ ਹਰਿ ਹਰਿ ਗੁਰੰ ॥੨੨॥

تو پرساد سِمرتے نامںّ
نانک کرِپال ہرِ ہرِ گُرںّ ۔ ॥ 22 ॥

ਭਰਣ ਪੋਖਣ ਕਰੰਤ ਜੀਆ
ਬਿਸ੍ਰਾਮ ਛਾਦਨ ਦੇਵੰਤ ਦਾਨੰ ॥

بھرڑ پوکھڑ کرںّت جیِیا
بِسّرام چھادن دیوںّت دانںّ ॥

ਸ੍ਰਿਜੰਤ ਰਤਨ ਜਨਮ ਚਤੁਰ ਚੇਤਨਹ ॥

سّرِجںّت رتن جنم چتُر چیتنہ ॥

ਵਰਤੰਤਿ ਸੁਖ ਆਨੰਦ ਪ੍ਰਸਾਦਹ ॥

ورتںّتِ سُکھ آنند پرسادہ ॥

ਸਿਮਰੰਤ ਨਾਨਕ ਹਰਿ ਹਰਿ ਹਰੇ ॥

سِمرںّت نانک ہرِ ہرِ ہرے ॥

ਅਨਿਤ੍ਰ ਰਚਨਾ ਨਿਰਮੋਹ ਤੇ ॥੨੩॥

انِتّ رچنا نِرموہ تے ॥ 23 ॥

ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ ॥

دانںَ پرا پوُربیںٔ بھُنچَنّتے مہیپتے ॥

ਬਿਪਰੀਤ ਬੁਧ੍ਹਿ ਮਾਰਤ ਲੋਕਹ
ਨਾਨਕ ਚਿਰੰਕਾਲ ਦੁਖ ਭੋਗਤੇ ॥੨੪॥

بِپریت بُدھّہِںَ مارت لوکہ
نانک چِرنّکال دُکھ بھوگتے ॥ 24 ॥

ਬ੍ਰਿਥਾ ਅਨੁਗ੍ਰਹੰ ਗੋਬਿੰਦਹ
ਜਸ੍ਰ ਸਿਮਰਣ ਰਿਦੰਤਰਹ ॥

بّرِتھا انُگّرہںَ گوبِنّدہ
جسّپِ سِمرںٔ رِدنّترہ ॥

ਆਰੋਗ੍ਹੰ ਮਹਾ ਰੋਗ੍ਹੰ
ਬਿਸਿਮ੍ਰਿਤੇ ਕਰੁਣਾ ਮਯਹ ॥੨੫॥

آروگّہںَ مہا روگّہںَ
بِسِمرّتے کرُنّا مہہ ॥ 25 ॥

ਰਮਣੰ ਕੇਵਲੰ ਕੀਰਤਨੰ
ਸੁਧਰਮੰ ਦੇਹ ਧਾਰਣਹ ॥

رمںٔنّ کیولںَ کیِرتنںَ
سُدھرمںَ دیہ دھارںٔہ ॥

ਅੰਮ੍ਰਿਤ ਨਾਮੁ ਨਾਰਾਇਣ ਨਾਨਕ
ਪੀਵਤੰ ਸੰਤ ਨ ਤ੍ਰਿਪ੍ਰਤੇ ॥੨੬॥

انّمرِت نامُ نارائںٔ نانک
پیِوتںَ سنّت ن ترِپّتے ॥ 26 ॥

ਸਹਣ ਸੀਲ ਸੰਤੰ
ਸਮ ਮਿਤ੍ਰਸ੍ਰ ਦੁਰਜਨਹ ॥

سہںٔ سیِل سنّتںَ
سم مِترّسّپِ دُرجنہ ॥

ਨਾਨਕ ਭੋਜਨ ਅਨਿਕ ਪ੍ਰਕਾਰੇਣ
ਨਿੰਦਕ ਆਵਧ ਹੋਇ ਉਪਤਿਸਟਤੇ ॥੨੭॥

نانک بھوجن انِک پّرکاریںٔ
نِندک آودھ ہوءِ اُپتِسٹتے ॥ 27 ॥

ਤਿਰਸਕਾਰ ਨਹ ਭਵੰਤਿ
ਨਹ ਭਵੰਤਿ ਮਾਨ ਭੰਗਨਹ ॥

تِرسکار نہ بھونّتِ
نہ بھونّتِ مان بھنّگنہ ॥

ਸੋਭਾ ਹੀਨ ਨਹ ਭਵੰਤਿ
ਨਹ ਪੋਹੰਤਿ ਸੰਸਾਰ ਦੁਖਨਹ ॥

سوبھا ہِین نہ بھونّتِ
نہ پوہںَتِ سںَسار دُکھنہ ॥

ਗੋਬਿੰਦ ਨਾਮ ਜਪੰਤਿ ਮਿਲਿ ਸਾਧ ਸੰਗਹ
ਨਾਨਕ ਸੇ ਪ੍ਰਾਣੀ ਸੁਖ ਬਾਸਨਹ ॥੨੮॥

گوبِنّد نام جپںَتِ مِلِ سادھ سنّگہ
نانک سے پّرانٹی سُکھ باسنہ ॥ 28 ॥

ਸੈਨਾ ਸਾਧ ਸਮੂਹ ਸੂਰ ਅਜਿਤੰ
ਸੰਨਾਹੰ ਤਨਿ ਨਿੰਮ੍ਰਤਾਹ ॥

سیَنا سادھ سموُہ سوُر اجِتںَ
سںَناہںَ تنِ نِمّرتاہ ॥

ਆਵਧਹ ਗੁਣ ਗੋਬਿੰਦ ਰਮਣੰ

آودھہ گُنٹ گوبِنّد رمںٔنّ

ਓਟ ਗੁਰ ਸਬਦ ਕਰ ਚਰਮਣਹ ॥
اوٹ گُر سبد کر چرمنّہ ॥

ਆਰੂੜਤੇ ਅਸ੍ਵ ਰਥ ਨਾਗਹ
ਬੁਝੰਤੇ ਪ੍ਰਭ ਮਾਰਗਹ ॥
آرُوڑتے اسّو رتھ ناگہ
بُجھنّتے پربھ مارگہ ॥

ਬਿਚਰਤੇ ਨਿਰਭਯੰ ਸਤ੍ਰੂ ਸੈਨਾ
ਧਾਯੰਤੇ ਗੋਪਾਲ ਕੀਰਤਨਹ ॥
بِچرتے نِربھیّ ستّرُ سینا
دھایِنّتے گوپال کیرتنہ ॥

ਜਿਤਤੇ ਬਿਸ੍ਵ ਸੰਸਾਰਹ ਨਾਨਕ
ਵਸ੍ਯੰ ਕਰੋਤਿ ਪੰਚ ਤਸਕਰਹ ॥੨੯॥
جِتتے بِسّو سنّسارہ نانک
وسّیَنّ کروتِ پنّچ تسکرہ ॥ 29 ॥

ਮ੍ਰਿਗ ਤ੍ਰਿਸਨਾ ਗੰਧਰਬ ਨਗਰੰ
ਦ੍ਰੂਮ ਛਾਯਾ ਰਚਿ ਦੁਰਮਤਿਹ ॥
مرِگ ترِسنا گندھرب نگرنّ
درُم چھایا رچِ دُرمتِہ ॥

ਤਤਹ ਕੁਟੰਬ ਮੋਹ ਮਿਥ੍ਯਾ
ਸਿਮਰੰਤਿ ਨਾਨਕ ਰਾਮ ਰਾਮ ਨਾਮਹ ॥੩੦॥
تتہ کُٹنّب موہ مِتھیّا
سِمرنّتِ نانک رام رام نامہ ॥ 30 ॥

ਨਚ ਬਿਦਿਆ ਨਿਧਾਨ ਨਿਗਮੰ
ਨਚ ਗੁਣਗ੍ਯ ਨਾਮ ਕੀਰਤਨਹ ॥
نچ بِدیا نِدھان نِگمنّ
نچ گُنگیِ نام کیرتنہ ॥

ਨਚ ਰਾਗ ਰਤਨ ਕੰਠੰ
ਨਹ ਚੰਚਲ ਚਤੁਰ ਚਾਤੁਰਹ ॥
نچ راگ رتن کنّٹھنّ
نہ چنچل چتُر چاتُرہ ॥

ਭਾਗ ਉਦਿਮ ਲਬਧ੍ਯੰ ਮਾਇਆ
ਨਾਨਕ ਸਾਧਸੰਗਿ ਖਲ ਪੰਡਿਤਹ ॥੩੧॥
بھاگ اُدِم لبدھّیَنّ مایَا
نانک سادھسنگِ کھل پنڈِتہ ॥ 31 ॥

ਕੰਠ ਰਮਣੀਯ ਰਾਮ ਰਾਮ ਮਾਲਾ
ਹਸਤ ਊਚ ਪ੍ਰੇਮ ਧਾਰਣੀ ॥
کنّٹھ رمنیِ رام رام مالا
ہست اوُچ پریم دھارنیِ ॥

ਜੀਹ ਭਣਿ ਜੋ ਉਤਮ ਸਲੋਕ
ਉਧਰਣੰ ਨੈਨ ਨੰਦਨੀ ॥੩੨॥
جیہ بھنِ جو اُتم سلوک
اُدھرنّنّ نین نندنی ॥ 32 ॥

ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ
ਧ੍ਰਿਗੰਤ ਜਨਮ ਭ੍ਰਸਟਣਹ ॥
گُر منّتر ہیِنسیِ جو پرانیِ
دھرِگنّت جنم بھرسٹنّہ ॥

ਕੂਕਰਹ ਸੂਕਰਹ ਗਰਧਭਹ ਕਾਕਹ
ਸਰਪਨਹ ਤੁਲਿ ਖਲਹ ॥੩੩॥
کوُکرہ سوُکرہ گردھبھہ کاکہ
سرپنہ تُلِ کھلہ ॥ 33 ॥

ਚਰਣਾਰਬਿੰਦ ਭਜਨੰ
ਰਿਦਯੰ ਨਾਮ ਧਾਰਣਹ ॥

چرٹارِبِنّد بھجنںّ
رِدیںّ نام دھارٹہ ॥

ਕੀਰਤਨੰ ਸਾਧਸੰਗੇਣ ਨਾਨਕ
ਨਹ ਦ੍ਰਿਸਟੰਤਿ ਜਮਦੂਤਨਹ ॥੩੪॥

کیرتنںّ سادھسنگیںٔ نانک
نہ دْرِسٹنّتِ جمدوُتنہ ॥ 34 ॥

ਨਚ ਦੁਰਲਭੰ ਧਨੰ ਰੂਪੰ
ਨਚ ਦੁਰਲਭੰ ਸ੍ਵਰਗ ਰਾਜਨਹ ॥

نچ دُرلبھںّ دھنںّ روُپںّ
نچ دُرلبھںّ سّورگ راجنہ ॥

ਨਚ ਦੁਰਲਭੰ ਭੋਜਨੰ ਬਿੰਜਨੰ
ਨਚ ਦੁਰਲਭੰ ਸ੍ਵਛ ਅੰਬਰਹ ॥

نچ دُرلبھںّ بھوجنںّ بِنّجنںّ
نچ دُرلبھںّ سّوچھ انّبرہ ॥

ਨਚ ਦੁਰਲਭੰ ਸੁਤ ਮਿਤ੍ਰ ਭ੍ਰਾਤ ਬਾਂਧਵ
ਨਚ ਦੁਰਲਭੰ ਬਨਿਤਾ ਬਿਲਾਸਹ ॥

نچ دُرلبھںّ سُت مِتّر بھّرات باںدھو
نچ دُرلبھںّ بنِتا بِلاسہ ॥

ਨਚ ਦੁਰਲਭੰ ਬਿਦਿਆ ਪ੍ਰਬੀਣੰ
ਨਚ ਦੁਰਲਭੰ ਚਤੁਰ ਚੰਚਲਹ ॥

نچ دُرلبھںّ بِدیا پْربِینںّ
نچ دُرلبھںّ چتُر چنّچلہ ॥

ਦੁਰਲਭੰ ਏਕ ਭਗਵਾਨ ਨਾਮਹ
ਨਾਨਕ ਲਬਧ੍ਵਿ ਸਾਧਸੰਗਿ ਕ੍ਰਿਪਾ ਪ੍ਰਭੰ ॥੩੫॥

دُرلبھںّ ایک بھگوان نامہ
نانک لبدھّہِںّ سادھسنگِ کْرِپا پْربھںّ ॥ 35 ॥

ਜਤ ਕਤਹ ਤਤਹ ਦ੍ਰਿਸਟੰ
ਸ੍ਵਰਗ ਮਰਤ ਪਯਾਲ ਲੋਕਹ ॥

جت کتہ تتہ دْرِسٹںّ
سّورگ مرت پیال لوکہ ॥

ਸਰਬਤ੍ਰ ਰਮਣੰ ਗੋਬਿੰਦਹ ਨਾਨਕ
ਲੇਪ ਛੇਪ ਨ ਲਿਪ੍ਯਤੇ ॥੩੬॥

سربتّر رمنںّ گوبِنّدہ نانک
لیپ چھیپ ن لِپّیتے ॥ 36 ॥

ਬਿਖਯਾ ਭਯੰਤਿ ਅੰਮ੍ਰਿਤੰ
ਦ੍ਰਸਟਾਂ ਸਖਾ ਸ੍ਵਜਨਹ ॥

بِکھیا بھینّتِ انْمْرِتںّ
دْرسٹاں سکھا سّوجنہ ॥

ਦੁਖੰ ਭਯੰਤਿ ਸੁਖ੍ਹੰ
ਭੈ ਭੀਤੰ ਤ ਨਿਰਭਯਹ ॥

دُکھںّ بھینّتِ سُکھّہںّ
بھے بھیتںّ ت نِربھیہ ॥

ਥਾਨ ਬਿਹੂਨ ਬਿਸ੍ਰਾਮ ਨਾਮੰ
ਨਾਨਕ ਕ੍ਰਿਪਾਲ ਹਰਿ ਹਰਿ ਗੁਰਹ ॥੩੭॥

تھان بِہوُن بِسّرام نامںّ
نانک کْرِپال ہرِ ہرِ گُرہ ॥ 37 ॥

ਸਰਬ ਸੀਲ ਮਮੰ ਸੀਲੰ
ਸਰਬ ਪਾਵਨ ਮਮ ਪਾਵਨਹ ॥

سرب سیِل ممںّ سیِلںّ

ਸਰਬ ਕਰਤਬ ਮਮੰ ਕਰਤਾ ਨਾਨਕ
ਲੇਪ ਛੇਪ ਨ ਲਿਪ੍ਤੇ ॥੩੮॥

سرب پاون ممم پاونہ ॥
سرب کرتب ممنّ کرتا نانک
لیپ چھیپ ن لِپّتے ॥ 38 ॥

ਨਹ ਸੀਤਲੰ ਚੰਦ੍ਰ ਦੇਵਹ
ਨਹ ਸੀਤਲੰ ਬਾਵਨ ਚੰਦਨਹ ॥

نہ سِیتلنّ چندّر دیوہ
نہ سِیتلنّ باون چندّنہ ॥

ਨਹ ਸੀਤਲੰ ਸੀਤ ਰੁਤੇਣ ਨਾਨਕ
ਸੀਤਲੰ ਸਾਧ ਸ੍ਵਜਨਹ ॥੩੯॥

نہ سِیتلنّ سِیت رُتیںٔ نانک
سِیتلنّ سادھ سّوجنہ ॥ 39 ॥

ਮੰਤ੍ਰੰ ਰਾਮ ਰਾਮ ਨਾਮੰ
ਧ੍ਯਾਨੰ ਸਰਬਤ੍ਰ ਪੂਰਨਹ ॥

متّرنّ رام رام نامنّ
دھّیانن سربتّر پُورنہ ॥

ਗ੍ਯਾਨੰ ਸਮ ਦੁਖ ਸੁਖੰ
ਜੁਗਤਿ ਨਿਰਮਲ ਨਿਰਵੈਰਣਹ ॥

گّیانن سم دُکھ سُکھنّ
جُگتِ نِرمل نِروَیرٹہ ॥

ਦਯਾਲੰ ਸਰਬਤ੍ਰ ਜੀਆ
ਪੰਚ ਦੋਖ ਬਿਵਰਜਿਤਹ ॥

دیالنّ سربتّر جیِیا
پنچ دوکھ بِورجِتہ ॥

ਭੋਜਨੰ ਗੋਪਾਲ ਕੀਰਤਨੰ
ਅਲਪ ਮਾਯਾ ਜਲ ਕਮਲ ਰਹਤਹ ॥

بھوجننّ گوپال کیِرتننّ
الپ مایا جل کمل رہتہ ॥

ਉਪਦੇਸੰ ਸਮ ਮਿਤ੍ਰ ਸਤ੍ਰਹ
ਭਗਵੰਤ ਭਗਤਿ ਭਾਵਨੀ ॥

اُپدیسنّ سم مِتّر ستّرہ
بھگونّت بھگتِ بھاونی ॥

ਪਰ ਨਿੰਦਾ ਨਹ ਸ੍ਰੋਤਿ ਸ੍ਵਣੰ
ਆਪੁ ਤ੍ਯਾਗ ਸਗਲ ਰੇਣੁਕਹ ॥

پر نِندا نہ سّروتِ سّروٹّنّ
آپُ تیّاگ سگل رینُکہ ॥

ਖਟ ਲਖ੍ਣ ਪੂਰਨੰ ਪੁਰਖਹ
ਨਾਨਕ ਨਾਮ ਸਾਧ ਸ੍ਵਜਨਹ ॥੪੦॥

کھٹ لکھّنٔ پُورننّ پُرکھہ
نانک نام سادھ سّوجنہ ॥ 40 ॥

ਅਜਾ ਭੋਗੰਤ ਕੰਦ ਮੂਲੰ
ਬਸੰਤੇ ਸਮੀਪਿ ਕੇਹਰਹ ॥

اجا بھوگنّت کنّد مُولنّ
بسنّتے سمیپِ کیہرہ ॥

ਤਤ੍ਰ ਗਤੇ ਸੰਸਾਰਹ
ਨਾਨਕ ਸੋਗ ਹਰਖੰ ਬਿਆਪਤੇ ॥੪੧॥

تتّر گتے سنّسارہ
نانک سوگ ہرکھنّ بِیاپتے ॥ 41 ॥

ਛਲੰ ਛਿਦ੍ਰੰ ਕੋਟਿ ਬਿਘਨੰ
ਅਪਰਾਧੰ ਕਿਲਬਿਖ ਮਲੰ ॥

چھلنَ چھِدّرنَ کوٹِ بِگھنَن
اپرادھنَ کِلبِکھ ملنَ ॥

ਭਰਮ ਮੋਹੰ ਮਾਨ ਅਪਮਾਨੰ
ਮਦੰ ਮਾਯਾ ਬਿਆਪਿਤੰ ॥

بھرم موہنَ مان اپمانَن
مدنَ مایا بِیاپِتنَ ॥

ਮ੍ਰਿਤ੍ਯੂ ਜਨਮ ਭ੍ਰਮੰਤਿ ਨਰਕਹ
ਅਨਿਕ ਉਪਾਵੰ ਨ ਸਿਧ੍ਯਤੇ ॥

مرِتیُ جنم بھرمنتِ نرکہ
انِک اُپاونَ ن سِدھّیتے ॥

ਨਿਰਮਲੰ ਸਾਧ ਸੰਗਹ ਜਪੰਤਿ ਨਾਨਕ ਗੋਪਾਲ ਨਾਮੰ ॥

نِرملنَ سادھ سنگہ جپنّتِ نانک گوپال نامنَ ॥

ਰਮੰਤਿ ਗੁਣ ਗੋਬਿੰਦ ਨਿਤ ਪ੍ਰਤਹ ॥੪੨॥

رمنّتِ گُنُ گوبِندَ نِت پرّتہ ॥ 42 ॥

ਤਰਣ ਸਰਣ ਸੁਆਮੀ
ਰਮਣ ਸੀਲ ਪਰਮੇਸੁਰਹ ॥

ترنُ سرنُ سُیامی
رمنُ سیِل پرمیسُرہ ॥

ਕਰਣ ਕਾਰਣ ਸਮਰਥਹ
ਦਾਨੁ ਦੇਤ ਪ੍ਰਭੁ ਪੂਰਨਹ ॥

کرنُ کارنُ سمرتھ
دانُ دیت پربھُ پوُرنہ ॥

ਨਿਰਾਸ ਆਸ ਕਰਣੰ
ਸਗਲ ਅਰਥ ਆਲਯਹ ॥

نِراس آس کرنّنَ
سگل ارتھ آلیہ ॥

ਗੁਣ ਨਿਧਾਨ ਸਿਮਰੰਤਿ ਨਾਨਕ
ਸਗਲ ਜਾਚੰਤ ਜਾਚਿਕਹ ॥੪੩॥

گُنُ نِدھان سِمرنّتِ نانک
سگل جاچنّت جاچِکہ ॥ 43 ॥

ਦੁਰਗਮ ਸਥਾਨ ਸੁਗਮੰ
ਮਹਾ ਦੂਖ ਸਰਬ ਸੂਖਣਹ ॥

دُرگم ستھان سُگمنَ
مہا دوُکھ سرب سوُکھنہ ॥

ਦੁਰਬਚਨ ਭੇਦ ਭਰਮੰ
ਸਾਕਤ ਪਿਸਨੰਤ ਸੁਰਜਨਹ ॥

دُربچن بھید بھرمنَ
ساکت پِسننّت سُرجنہ ॥

ਅਸਥਿਤੰ ਸੋਗ ਹਰਖੰ
ਭੈ ਖੀਣੰਤ ਨਿਰਭਵਹ ॥

استھِتنَ سوگ ہرکھنَ
بھے کھِینّنت نِربھوہ ॥

ਭੈ ਅਟਵੀਅੰ ਮਹਾ ਨਗਰ ਬਾਸੰ
ਧਰਮ ਲਖ੍ਣ ਪ੍ਰਭ ਮਇਆ ॥

بھے اٹویئنَ مہا نگر باسنَ
دھرم لکھّنُ پربھ مئیا ॥

ਸਾਧ ਸੰਗਮ ਰਾਮ ਰਾਮ ਰਮਣੰ

سادھ سنگم رام رام رمنّنَ

ਸਰਣਿ ਨਾਨਕ ਹਰਿ ਹਰਿ ਦਯਾਲ ਚਰਣੰ ॥੪੪॥

سرنِ نانک ہرِ ہرِ دیال چرنّن ॥ 44 ॥

ਹੇ ਅਜਿਤ ਸੂਰ ਸੰਗ੍ਰਾਮੰ
ਅਤਿ ਬਲਨਾ ਬਹੁ ਮਰਦਨਹ ॥

ہے اِجت سوُر سنگّرامنّ
اتِ بلنا بہُ مردنہ ॥

ਗਣ ਗੰਧਰਬ ਦੇਵ ਮਾਨੁਖੰ
ਪਸੁ ਪੰਖੀ ਬਿਮੋਹਨਹ ॥

گنّ گندھرب دیو مانکھّنّ
پسُ پنکھی بِموہنہ ॥

ਹਰਿ ਕਰਣਹਾਰੰ ਨਮਸਕਾਰੰ
ਸਰਣਿ ਨਾਨਕ ਜਗਦੀਸ੍ਵਰਹ ॥੪੫॥

ہرِ کرنّہارنّ نمسکارنّ
سرنِ نانک جگدیسّوروہ ॥ 45 ॥

ਹੇ ਕਾਮੰ ਨਰਕ ਬਿਸ੍ਰਾਮੰ
ਬਹੁ ਜੋਨੀ ਭ੍ਰਮਾਵਣਹ ॥

ہے کامنّ نرک بِسّرامنّ
بہُ جونی بھّرماوٹہ ॥

ਚਿਤ ਹਰਣੰ ਤ੍ਰੈ ਲੋਕ ਗੰਮ੍ਹੰ
ਜਪ ਤਪ ਸੀਲ ਬਿਦਾਰਣਹ ॥

چِت ہرنّن ترّے لوک گنّہنّ
جپ تپ سِیل بِدارنّہ ॥

ਅਲਪ ਸੁਖ ਅਵਿਤ ਚੰਚਲ
ਊਚ ਨੀਚ ਸਮਾਵਣਹ ॥

الپ سُکھ اوِت چنچّل
اوُچ نِیچ سماوٹہ ॥

ਤਵ ਭੈ ਬਿਮੁੰਚਿਤ ਸਾਧ ਸੰਗਮ
ਓਟ ਨਾਨਕ ਨਾਰਾਇਣਹ ॥੪੬॥

تو بھے بِمُنچّت سادھ سنگم
اوٹ نانک نارائنہ ॥ 46 ॥

ਹੇ ਕਲਿ ਮੂਲ ਕ੍ਰੋਧੰ
ਕਦੰਚ ਕਰੁਣਾ ਨ ਉਪਰਜਤੇ ॥

ہے کلِ موُل کّرودھنّ
کدنّچ کرُنا ن اُپرجتے ॥

ਬਿਖਯੰਤ ਜੀਵੰ ਵਸ੍ਹੰ ਕਰੋਤਿ
ਨਿਰਤ੍ਹੰ ਕਰੋਤਿ ਜਥਾ ਮਰਕਟਹ ॥

بِکھینّت جیِونّ وسّہنّ کروتِ
نِرتّہنّ کروتِ جتھا مرکٹہ ॥

ਅਨਿਕ ਸਾਸਨ ਤਾੜੰਤਿ ਜਮਦੂਤਹ
ਤਵ ਸੰਗੇ ਅਧਮੰ ਨਰਹ ॥

اِنک ساسن تاڑنّتِ جمدوُتہ
تو سنگے ادھمنّ نرہ ॥

ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ
ਸਰਬ ਜੀਅ ਰਖ੍ਹਾ ਕਰੋਤਿ ॥੪੭॥

دِین دُکھ بھنّجن دیال پربھُ نانک
سرب جیء رکھّیا کروتِ ॥ 47 ॥

ਹੇ ਲੋਭਾ ਲੰਪਟ ਸੰਗ ਸਿਰਮੋਰਹ
ਅਨਿਕ ਲਹਰੀ ਕਲੋਲਤੇ ॥

ہے لوبھا لنّپٹ سنگ سِرمورہ
اِنک لہری کلولتے ॥

ਧਾਵੰਤ ਜੀਆ ਬਹੁ ਪ੍ਰਕਾਰੰ
ਅਨਿਕ ਭਾਂਤਿ ਬਹੁ ਡੋਲਤੇ ॥

دھاونّت جِیِیا بہُ پرّکارنّ
انِک بھانتِ بہُ ڈولتے ॥

ਨਚ ਮਿਤ੍ਰੰ ਨਚ ਇਸਟੰ ਨਚ ਬਾਧਵ
ਨਚ ਮਾਤ ਪਿਤਾ ਤਵ ਲਜਯਾ ॥

نچ مِترّنّ نچ اِسٹنّ نچ بادھو
نچ مات پِتا تو لجیا ॥

ਅਕਰਣੰ ਕਰੋਤਿ ਅਖਾਦ੍ਯਿ ਖਾਦ੍ਯੰ
ਅਸਾਜ੍ਯੰ ਸਾਜਿ ਸਮਜਯਾ ॥

اکرنّنّ کروتِ اکھادیِ کھادیّنّ
اساجّینّ ساجِ سمجیا ॥

ਤ੍ਰਾਹਿ ਤ੍ਰਾਹਿ ਸਰਣਿ ਸੁਆਮੀ
ਬਿਗ੍ਰਾਪ੍ਯਿ ਨਾਨਕ ਹਰਿ ਨਰਹਰਹ ॥੪੮॥

ترّاہِ ترّاہِ سرنِ سُیامی
بِگّیاپّیتِ نانک ہرِ نرہرہ ॥ 48 ॥

ਹੇ ਜਨਮ ਮਰਣ ਮੂਲੰ
ਅਹੰਕਾਰੰ ਪਾਪਾਤਮਾ ॥

ہے جنم مرنّ مؤلنّ
اہنکارنّ پاپاتما ۔ ॥

ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ
ਅਨਿਕ ਮਾਯਾ ਬਿਸ੍ਤੀਰਨਹ ॥

مِترّنّ تجنّتِ ستّرنّ ڈرِڑنّتِ
انِک مایا بِستیرنہ ॥

ਆਵੰਤ ਜਾਵੰਤ ਥਕੰਤ ਜੀਆ
ਦੁਖੁ ਸੁਖ ਬਹੁ ਭੋਗਣਹ ॥

آونّت جاونّت تھکنّت جِیِیا
دُکھُ سُکھ بہُ بھوگنّہ ॥

ਭ੍ਰਮ ਭਯਾਨ ਉਦਿਆਨ ਰਮਣੰ
ਮਹਾ ਬਿਕਟ ਅਸਾਧ ਰੋਗਣਹ ॥

بھرّم بھیان اُدیان رمنّنّ
مہا بِکٹ اسادھ روگنّہ ॥

ਬੈਦ੍ਯੰ ਪਾਰਬ੍ਰਹਮ ਪਰਮੇਸ੍ਵਰ
ਆਰਾਧਿ ਨਾਨਕ ਹਰਿ ਹਰਿ ਹਰੇ ॥੪੯॥

بیدّیّنّ پاربّرہم پریسّور
آرادھِ نانک ہرِ ہرِ ہرے ॥ 49 ॥

ਹੇ ਪ੍ਰਾਣ ਨਾਥ ਗੋਬਿੰਦਹ
ਕ੍ਰਿਪਾ ਨਿਧਾਨ ਜਗਦ ਗੁਰੋ ॥

ہے پرانّ ناتھ گوبِندہ
کرِپا نِدھان جگد گُرو ۔ ॥

ਹੇ ਸੰਸਾਰ ਤਾਪ ਹਰਣਹ
ਕਰੁਣਾ ਮੈ ਸਭ ਦੁਖ ਹਰੋ ॥

ہے سنّسار تاپ ہرنّہ
کرُنّا مے سبھ دُکھ ہرو ॥

ਹੇ ਸਰਣਿ ਜੋਗ ਦਯਾਲਹ
ਦੀਨਾ ਨਾਥ ਮਯਾ ਕਰੋ ॥

ہے سرنِ جوگ دیالہ
دینا ناتھ میا کرو ॥

ਸਰੀਰ ਸ੍ਵਸਥ ਖੀਣ ਸਮਏ
ਸਿਮਰੰਤਿ ਨਾਨਕ ਰਾਮ ਦਾਮੋਦਰ ਮਾਧਵਹ ॥੫੦॥

سریر سّوستھ کھینّ سمے
سمرنتِ نانک رام دامودر مادھوہ ॥ 50 ॥

ਸਿਮਰਨੁ ਨਾਨਕ ਰਾਮ ਦਾਮੋਦਰ ਮਾਧਵਹ ॥ 50 ॥
سِمرنُتِ نانک رام دامودر مادھوہ ۔ ॥ 50 ॥

ਚਰਣ ਕਮਲ ਸਰਣੰ
ਰਮਣੰ ਗੋਪਾਲ ਕੀਰਤਨਹ ॥

چرنُ کمل سرنُنَ
رمنُنَ گوپال کیرتنہ ॥

ਸਾਧ ਸੰਗੇਣ ਤਰਣੰ ਨਾਨਕ
ਮਹਾ ਸਾਗਰ ਭੈ ਦੁਤਰਹ ॥੫੧॥

سادھ سنگیُن ترنُنَ نانک
مہا ساگر بھے دُترہ ॥ 51 ॥

ਸਿਰ ਮਸਤੁਕ ਰਖ੍ਯਾ ਪਾਰਬ੍ਰਹਮੰ
ਹਸਤ ਕਾਯਾ ਰਖ੍ਯਾ ਪਰਮੇਸ੍ਵਰਹ ॥

سِر مستک رکھیا پاربرہمنَ
ہست کایا رکھیا پرمیسورہ ॥

ਆਤਮ ਰਖ੍ਯਾ ਗੋਪਾਲ ਸੁਆਮੀ
ਧਨ ਚਰਣ ਰਖ੍ਯਾ ਜਗਦੀਸ੍ਵਰਹ ॥

آتم رکھیا گوپال سُیامی
دھن چرنُ رکھیا جگدیسورہ ॥

ਸਰਬ ਰਖ੍ਯਾ ਗੁਰ ਦਯਾਲਹ
ਭੈ ਦੂਖ ਬਿਨਾਸਨਹ ॥

سرب رکھیا گُر دیالہ
بھے دوُکھ بِناسنہ ॥

ਭਗਤਿ ਵਛਲ ਅਨਾਥ ਨਾਥੇ
ਸਰਣਿ ਨਾਨਕ ਪੁਰਖ ਅਚੁਤਹ ॥੫੨॥

بھگتِ وچھل اناتھ ناتھے
سرنُ نانک پُرکھ اچُتہ ॥ 52 ॥

ਜੇਨ ਕਲਾ ਧਾਰਿਓ ਆਕਾਸੰ
ਬੈਸੰਤਰੰ ਕਾਸਟ ਬੇਸਟੰ ॥

جین کلا دھارِئو آکاسنَ
بیَسنترنَ کاسٹ بیسٹنَ ॥

ਜੇਨ ਕਲਾ ਸਸਿ ਸੂਰ ਨਖ੍ਯਤ੍ਰ ਜੋਤਿੰ
ਸਾਸੰ ਸਰੀਰ ਧਾਰਣੰ ॥

جین کلا سسِ سوُر نکھتّر جوتِنَ
ساسنَ سریر دھارنُنَ ॥

ਜੇਨ ਕਲਾ ਮਾਤ ਗਰਭ ਪ੍ਰਤਿਪਾਲੰ
ਨਹ ਛੇਦੰਤ ਜਠਰ ਰੋਗਣਹ ॥

جین کلا مات گربھ پرتپالنَ
نہ چھیدنَت جٹھر روگنہ ॥

ਤੇਨ ਕਲਾ ਅਸਥੰਭੰ ਸਰੋਵਰੰ
ਨਾਨਕ ਨਹ ਛਿਜੰਤਿ ਤਰੰਗ ਤੋਯਣਹ ॥੫੩॥

تین کلا استھنبھنَ سروورنَ
نانک نہ چھِجنَتِ ترنگ توپنہ ॥ 53 ॥

ਗੁਸਾਂਈ ਗਰਿਸ੍ਟ ਰੂਪੇਣ
ਸਿਮਰਣੰ ਸਰਬਤ੍ਰ ਜੀਵਣਹ ॥

گُسانئی گرِسٹ روُپینُ
سِمرنُنَ سربتّر جیوُنہ ॥

ਲਬਧ੍ਵੰ ਸੰਤ ਸੰਗੇਣ ਨਾਨਕ
ਸ੍ਵਛ ਮਾਰਗ ਹਰਿ ਭਗਤਣਹ ॥੫੪॥

لبدھنَ سنَت سنگیُن نانک
سوچھ مارگ ہرِ بھگتنہ ॥ 54 ॥

ਮਸਕੰ ਭਗਨੰਤ ਸੈਲੰ
ਕਰਦਮੰ ਤਰੰਤ ਪਪੀਲਕਹ ॥

مسکنَ بھگننَت سیَلنَ
کردمنَ ترنَت پپیلکہ ॥

ਸਾਗਰੰ ਲੰਘੰਤਿ ਪਿੰਗੰ
ਤਮ ਪਰਗਾਸ ਅੰਧਕਹ ॥

ساگرنَ لنگھنَتِ پِنگنَ
تم پرگاس انّدھکہ ॥

ਸਾਧ ਸੰਗੇਣਿ ਸਿਮਰੰਤਿ ਗੋਬਿੰਦ
ਸਰਣਿ ਨਾਨਕ ਹਰਿ ਹਰਿ ਹਰੇ ॥੫੫॥

سادھ سنگیںٹِ سِمرنَتِ گوبِنّد
سرنِٹ نانک ہرِ ہرِ ہرے ॥ 55 ॥

ਤਿਲਕ ਹੀਣੰ ਜਥਾ ਬਿਪ੍ਰਾ
ਅਮਰ ਹੀਣੰ ਜਥਾ ਰਾਜਨਹ ॥

تِلک ہیِنٹَنَ جتھا بِپّرا
امر ہیِنٹَنَ جتھا راجنہ ॥

ਆਵਧ ਹੀਣੰ ਜਥਾ ਸੂਰਾ ਨਾਨਕ
ਧਰਮ ਹੀਣੰ ਤਥਾ ਬੈਸ੍ਵਹ ॥੫੬॥

آودھ ہیِنٹَنَ جتھا سوُرا نانک
دھرم ہیِنٹَنَ تتھا بیسّنوہ ॥ 56 ॥

ਨ ਸੰਖੰ ਨ ਚਕ੍ਰੰ
ਨ ਗਦਾ ਨ ਸਿਆਮੰ ॥

ن سنکھنَ ن چکّرنَ
ن گدا ن سِیامنَ ॥

ਅਸ੍ਵਰਜ ਰੂਪੰ ਰਹੰਤ ਜਨਮੰ ॥

اسّچرج روُپنَ رہنَت جنمنَ ॥

ਨੇਤ ਨੇਤ ਕਥੰਤਿ ਬੇਦਾ ॥

نیت نیت کتھنَتِ بیدا ॥

ਊਚ ਮੂਚ ਅਪਾਰ ਗੋਬਿੰਦਹ ॥

اوُچ موُچ اپار گوبِنّدہ ॥

ਬਸੰਤਿ ਸਾਧ ਰਿਦਯੰ ਅਚੁਤ
ਬੁਝੰਤਿ ਨਾਨਕ ਬਡਭਾਗੀਅਹ ॥੫੭॥

بسنَتِ سادھ رِدیَنَ اچُت
بُجھنَتِ نانک بڈبھاگیِنہ ॥ 57 ॥

ਉਦਿਆਨ ਬਸਨੰ ਸੰਸਾਰੰ
ਸਨਬੰਧੀ ਸ੍ਵਾਨ ਸਿਆਲ ਖਰਹ ॥

اُدیان بسنَنَ سنّسارنَ
سنبنّدھی سّوان سِیال کھرہ ॥

ਬਿਖਮ ਸਥਾਨ ਮਨ ਮੋਹ ਮਦਿਰੰ
ਮਹਾਂ ਅਸਾਧ ਪੰਚ ਤਸਕਰਹ ॥

بِکھم ستھان من موہ مدِرنَ
مہاں اسادھ پنّچ تسکرہ ॥

ਹੀਤ ਮੋਹ ਭੈ ਭਰਮ ਭ੍ਰਮਣੰ
ਅਹੰ ਫਾਂਸ ਤੀਖ੍ਣ ਕਠਿਨਹ ॥

ہیِت موہ بھے بھرم بھرّمٹَنَ
اہنَ پھانْس تیِکھّنٹ کٹھِنہ ॥

ਪਾਵਕ ਤੋਅ ਅਸਾਧ ਘੋਰੰ
ਅਗਮ ਤੀਰ ਨਹ ਲੰਘਨਹ ॥

پاوک توء اسادھ گھورنَ
اگم تیِر نہ لنگھنہ ॥

ਭਜੁ ਸਾਧਸੰਗਿ ਗੋਪਾਲ ਨਾਨਕ
ਹਰਿ ਚਰਣ ਸਰਣ ਉਧਰਣ ਕ੍ਰਿਪਾ ॥੫੮॥

بھجُ سادھسنگِ گوپال نانک
ہرِ چرنؔ سرنؔ اُدھرنؔ کرِپا ॥ 58 ॥

ਕ੍ਰਿਪਾ ਕਰੰਤ ਗੋਬਿੰਦ ਗੋਪਾਲਹ
ਸਗਲ੍ਹੰ ਰੋਗ ਖੰਡਣਹ ॥

کرِپا کرنّت گوبِنّد گوپالہ
سگلّینّ روگ کھنّڈنّہ ॥

ਸਾਧ ਸੰਗੇਣਿ ਗੁਣ ਰਮਤ ਨਾਨਕ
ਸਰਣਿ ਪੂਰਨ ਪਰਮੇਸੁਰਹ ॥੫੯॥

سادھ سنگیںؔ گُنؔ رمت نانک
سرنؔ پوُرن پریسُرہ ॥ 59 ॥

ਸਿਆਮਲੰ ਮਧੁਰ ਮਾਨੁਖੰ
ਰਿਦਯੰ ਭੂਮਿ ਵੈਰਣਹ ॥

سِیاملنّ مدھُر مانکھّینّ
رِدینّ بھوُمِ ویَرنّہ ॥

ਨਿਵੰਤਿ ਹੋਵੰਤਿ ਮਿਥਿਆ
ਚੇਤਨੰ ਸੰਤ ਸ੍ਵਜਨਹ ॥੬੦॥

نِونّتِ ہووّنّتِ مِتھیا
چیتنّنّ سنّت سّوجنہ ۔ ॥ 60 ॥

ਅਚੇਤ ਮੂੜਾ ਨ ਜਾਣੰਤ
ਘਟੰਤ ਸਾਸਾ ਨਿਤ ਪ੍ਰਤੇ ॥

اچیت موُڑا ن جانّنّت
گھٹنّت ساسا نِت پرّتے ॥

ਛਿਜੰਤ ਮਹਾ ਸੁੰਦਰੀ ਕਾਂਇਆ
ਕਾਲ ਕੰਨਿਆ ਗ੍ਰਾਸਤੇ ॥

چھِجنّت مہا سُنّدری کانئیا
کال کنّئیا گراستے ॥

ਰਚੰਤਿ ਪੁਰਖਹ ਕੁਟੰਬ ਲੀਲਾ
ਅਨਿਤ ਆਸਾ ਬਿਖਿਆ ਬਿਨੋਦ ॥

رچنّتِ پُرکھ کُٹنّب لِیلا
انِت آسا بِکھیا بِنود ॥

ਭ੍ਰਮੰਤਿ ਭ੍ਰਮੰਤਿ ਬਹੁ ਜਨਮ ਹਾਰਿਓ
ਸਰਣਿ ਨਾਨਕ ਕਰੁਣਾ ਮਯਹ ॥੬੧॥

بھّرمنّتِ بھّرمنّتِ بہُ جنم ہارِئو
سرنؔ نانک کرُنّا مہہ ॥ 61 ॥

ਹੇ ਜਿਹਬੇ ਹੇ ਰਸਗੇ
ਮਧੁਰ ਪ੍ਰਿਅ ਤੁਯੰ ॥

ہے جِہبے ہے رسگے
مدھُر پرِء تُہینّ ॥

ਸਤ ਹਤੰ ਪਰਮ ਬਾਦੰ
ਅਵਰਤ ਏਥਹ ਸੁਧ ਅਛਰਣਹ ॥

ست ہتنّ پرم بادنّ
اورت ایتھہ سُدھ اچھرنّہ ॥

ਗੋਬਿੰਦ ਦਾਮੋਦਰ ਮਾਧਵੇ ॥੬੨॥

گوبِنّد دامودر مادھوے ॥ 62 ॥

ਗਰਬੰਤਿ ਨਾਰੀ
ਮਦੋਨ ਮਤੰ ॥

گربنّتِ ناری
مدون متنّ ॥

ਬਲਵੰਤ ਬਲਾਤ ਕਾਰਣਹ ॥

بلونّت بلات کارنہ ॥

ਚਰਨ ਕਮਲ ਨਹ ਭਜੰਤ
ਤ੍ਰਿਣ ਸਮਾਨਿ ਧ੍ਰਿਗੁ ਜਨਮਨਹ ॥

چرن کمل نہ بھجنّت
تّرِنُ سمانِ دھّرِگُ جنمنہ ॥

ਹੇ ਪਪੀਲਕਾ
ਗ੍ਰਸਟੇ ਗੋਬਿੰਦ ਸਿਮਰਣ ਤੁਯੰ ਧਨੇ ॥

ہے پپیلکا
گّرسٹے گوبِنّد سِمرنُ تُہنّ دھنے ॥

ਨਾਨਕ ਅਨਿਕ ਬਾਰ ਨਮੋ ਨਮਹ ॥੬੩॥

نانک اِنِک بار نمو نمہ ॥ 63 ॥

ਤ੍ਰਿਣੰ ਤ ਮੇਰੰ ਸਹਕੰ ਤ ਹਰੀਅੰ ॥

تّرِنّنّ ت میرنّ سہکنّ ت ہرِیَنّ ॥

ਬੂਡੰ ਤ ਤਰੀਅੰ ਊਣੰ ਤ ਭਰੀਅੰ ॥

بُوڈنّ ت تریَنّ اوُنّنّ ت بھریَنّ ॥

ਅੰਧਕਾਰ ਕੋਟਿ ਸੂਰ ਉਜਾਰੰ ॥

انّدھکار کوٹِ سوُر اُجارنّ ॥

ਬਿਨਵੰਤਿ ਨਾਨਕ ਹਰਿ ਗੁਰ ਦਯਾਰੰ ॥੬੪॥

بِنونّتِ نانک ہرِ گُر دیارنّ ॥ 64 ॥

ਬ੍ਰਹਮਣਹ ਸੰਗਿ ਉਧਰਣੰ
ਬ੍ਰਹਮ ਕਰਮ ਜਿ ਪੂਰਣਹ ॥

بّرہمنہ سنگِ اُدھرنّنّ
بّرہم کرم جِ پوُرنہ ॥

ਆਤਮ ਰਤੰ ਸੰਸਾਰ ਗਹੰ
ਤੇ ਨਰ ਨਾਨਕ ਨਿਹਫਲਹ ॥੬੫॥

آتم رتنّ سنّسار گہنّ
تے نر نانک نِہپھلہ ॥ 65 ॥

ਪਰ ਦਰਬ ਹਿਰਣੰ ਬਹੁ ਵਿਘਨ ਕਰਣੰ
ਉਚਰਣੰ ਸਰਬ ਜੀਅ ਕਹ ॥

پر درب ہِرنّنّ بہُ وِگھن کرنّنّ
اُچرنّنّ سرب جیء کہ ॥

ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ
ਕਰਮ ਕਰਤ ਸਿ ਸੂਕਰਹ ॥੬੬॥

ل ءُ لئی تّرِسنا اتپتِ من مائے
کرم کرت سِ سوُکرہ ॥ 66 ॥

ਮਤੇ ਸਮੇਵ ਚਰਣੰ
ਉਧਰਣੰ ਭੈ ਦੁਤਰਹ ॥

متے سمیو چرنّنّ
اُدھرنّنّ بھے دُترہ ॥

ਅਨੇਕ ਪਾਤਿਕ ਹਰਣੰ ਨਾਨਕ
ਸਾਧ ਸੰਗਮ ਨ ਸੰਸਯਹ ॥੬੭॥੪॥

انیک پاتِک ہرنّنّ نانک
سادھ سنگم ن سنّسیہ ॥ 67 ॥4॥

ਮਹਲਾ ੫ ਗਾਥਾ

محلا 5 گاتھا

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਕਰਪੂਰ ਪੁਹਪ ਸੁਗੰਧਾ
ਪਰਸ ਮਾਨੁਖ੍ਹ ਦੇਹੰ ਮਲੀਣੰ ॥

کرپُور پُہپ سُگندھا
پرس مانکھّی دیہنَ ملِینّنَ ॥

ਮਜਾ ਰੁਧਿਰ ਦ੍ਰੁਗੰਧਾ ਨਾਨਕ
ਅਬਿ ਗਰਬੇਣ ਅਗ੍ਯਾਨਣੋ ॥੧॥

مجا رُدھِر دُرگندھا نانک
اتھِ گربیںؤ اگیانتُو ॥1॥

ਪਰਮਾਣੋ ਪਰਜੰਤ ਆਕਾਸਹ
ਦੀਪ ਲੋਅ ਸਿਖੰਡਣਹ ॥

پرماتُو پرجنّت آکاسہ
دیپ لوء سِکھنڈنّہ ॥

ਗਛੇਣ ਨੈਣ ਭਾਰੇਣ ਨਾਨਕ
ਬਿਨਾ ਸਾਧੂ ਨ ਸਿਧ੍ਯਤੇ ॥੨॥

لچھیںؤ نینںؤ بھاریںؤ نانک
بِنا سادھوُ ن سِدھّیتے ॥2॥

ਜਾਣੋ ਸਤਿ ਹੋਵੰਤੋ ਮਰਣੋ
ਦ੍ਰਿਸਟੇਣ ਮਿਥਿਆ ॥

جانُو ستِ ہووَنتو مرنُو
دّرِسٹیںؤ مِتھیا ॥

ਕੀਰਤਿ ਸਾਥਿ ਚਲੰਥੋ
ਭਣੰਤਿ ਨਾਨਕ ਸਾਧ ਸੰਗੇਣ ॥੩॥

کیرتِ ساتھِ چلنّتھو
بھنّنتِ نانک سادھ سنگیںؤ ॥3॥

ਮਾਯਾ ਚਿਤ ਭਰਮੇਣ
ਇਸਟ ਮਿਤ੍ਰੇਖੁ ਬਾਂਧਵਹ ॥

مایا چِت بھرمیںؤ
اِسٹ مِتّریکھُ باندھوہ ॥

ਲਬਧ੍ਯੰ ਸਾਧ ਸੰਗੇਣ ਨਾਨਕ
ਸੁਖ ਅਸਥਾਨੰ ਗੋਪਾਲ ਭਜਣੰ ॥੪॥

لبدھّینَ سادھ سنگیںؤ نانک
سُکھ استھانَنَ گوپال بھجنّنَ ॥4॥

ਮੈਲਾਗਰ ਸੰਗੇਣ
ਨਿੰਮੁ ਬਿਰਖ ਸਿ ਚੰਦਨਹ ॥

میَلاگر سنگیںؤ
نِمّمُ بِرکھ سِ چنّدنہ ॥

ਨਿਕਟਿ ਬਸੰਤੋ ਬਾਂਸੋ ਨਾਨਕ
ਅਹੰ ਬੁਧਿ ਨ ਬੋਹਤੇ ॥੫॥

نِکٹِ بسنّتو بانسو نانک
اہنَ بُدھِ ن بوہتے ॥5॥

ਗਾਥਾ ਗੁੰਫ ਗੋਪਾਲ
ਕਥੰ ਮਥੰ ਮਾਨ ਮਰਦਨਹ ॥

گاتھا گُنپھ گوپال
کتھنَ متھنَ مان مردنہ ॥

ਹਤੰ ਪੰਚ ਸਤ੍ਰੇਣ ਨਾਨਕ
ਹਰਿ ਬਾਣੇ ਪ੍ਰਹਾਰਣਹ ॥੬॥

ہتنَ پنچ ستّریںؤ نانک
ہرِ بانے پّرہارنہ ॥6॥

ਬਚਨ ਸਾਧ ਸੁਖ ਪੰਥਾ
ਲਹੰਥਾ ਬਡ ਕਰਮਣਹ ॥

بچن سادھ سُکھ پنّتھا

لہنّتھا بڈ کرمنہ ॥

ਰਹੰਤਾ ਜਨਮ ਮਰਣੇਨ
ਰਮਣੰ ਨਾਨਕ ਹਰਿ ਕੀਰਤਨਹ ॥੭॥

رہنّتا جنم مرنّین
رمنّنَ نانک ہرِ کیرتنہ ॥7॥

ਪਤ੍ਰ ਭੁਰਿਜੇਣ ਝੜੀਯੰ
ਨਹ ਜੜੀਅੰ ਪੇਡ ਸੰਪਤਾ ॥

پتّر بھُرِجینْ جھڑیینَ
نہ جڑیینَ پیڈ سنپتا ॥

ਨਾਮ ਬਿਹੂਣ ਬਿਖਮਤਾ ਨਾਨਕ
ਬਹੰਤਿ ਜੋਨਿ ਬਾਸਰੋ ਰੈਣੀ ॥੮॥

نام بِہوُنْ بِکھمتا نانک
بہنّتِ جونِ باسرو رینّی ॥8॥

ਭਾਵਨੀ ਸਾਧ ਸੰਗੇਣ
ਲਭੰਤੰ ਬਡ ਭਾਗਣਹ ॥

بھاونی سادھ سنگینْ
لبھنّتنَ بڈ بھاگنّہ ॥

ਹਰਿ ਨਾਮ ਗੁਣ ਰਮਣੰ ਨਾਨਕ
ਸੰਸਾਰ ਸਾਗਰ ਨਹ ਬਿਆਪਣਹ ॥੯॥

ہرِ نام گُنْ رمنّنَ نانک
سنّسار ساگر نہ بِیاپنّہ ॥9॥

ਗਾਥਾ ਗੂੜ ਅਪਾਰੰ
ਸਮਝਣੰ ਬਿਰਲਾ ਜਨਹ ॥

گاتھا گوُڑ اپارنَ
سمجھنّنَ بِرلا جنہ ॥

ਸੰਸਾਰ ਕਾਮ ਤਜਣੰ ਨਾਨਕ
ਗੋਬਿੰਦ ਰਮਣੰ ਸਾਧ ਸੰਗਮਹ ॥੧੦॥

سنّسار کام تجنّنَ نانک
گوبِندّ رمنّنَ سادھ سنگمہ ॥ 10 ॥

ਸੁਮੰਤ੍ਰ ਸਾਧ ਬਚਨਾ
ਕੋਟਿ ਦੋਖ ਬਿਨਾਸਨਹ ॥

سُمنتّر سادھ بچنا
کوٹِ دوکھ بِناسنہ ॥

ਹਰਿ ਚਰਣ ਕਮਲ ਧ੍ਰਾਨੰ ਨਾਨਕ
ਕੁਲ ਸਮੂਹ ਉਧਾਰਣਹ ॥੧੧॥

ہرِ چرنْ کمل دھّیانَنَ نانک
کُل سموُہ اُدھارنّہ ॥ 11 ॥

ਸੁੰਦਰ ਮੰਦਰ ਸੈਣਹ
ਜੇਣ ਮਧ੍ਰ ਹਰਿ ਕੀਰਤਨਹ ॥

سُندر مندّر سینّہ
جینْ مدھّے ہرِ کیرتنہ ॥

ਮੁਕਤੇ ਰਮਣ ਗੋਬਿੰਦਹ ਨਾਨਕ
ਲਬਧ੍ਰੰ ਬਡ ਭਾਗਣਹ ॥੧੨॥

مُکتے رمنْ گوبِندہ نانک
لبدھّنَ بڈ بھاگنّہ ॥ 12 ॥

ਹਰਿ ਲਬਧੋ ਮਿਤ੍ਰ ਸੁਮਿਤੋ ॥

ہرِ لبدھو مِتّر سُمِتو ॥

ਬਿਦਾਰਣ ਕਦੇ ਨ ਚਿਤੋ ॥

بِدارنْ کدے ن چِتو ॥

ਜਾ ਕਾ ਅਸਥਲੁ ਤੋਲੁ ਅਮਿਤੋ ॥	جا کا استھلُ تولُ امِتو ॥
ਸੋਈ ਨਾਨਕ ਸਖਾ ਜੀਅ ਸੰਗਿ ਕਿਤੋ ॥੧੩॥	سوئی نانک سکھا جیء سنگِ کِتو ॥ 13 ॥
ਅਪਜਸੰ ਮਿਟੰਤ ਸਤ ਪੁਤ੍ਰਹ ॥	اپجسنّ مِٹنّت ست پُتّرہ ॥
ਸਿਮਰਤਬ੍ਰ ਰਿਦੈ ਗੁਰ ਮੰਤ੍ਰਣਹ ॥	سِمرتبّ رِدے گُر منّترٹہ ॥
ਪ੍ਰੀਤਮ ਭਗਵਾਨ ਅਚੁਤ ॥	پّریتم بھگوان اچُت ॥
ਨਾਨਕ ਸੰਸਾਰ ਸਾਗਰ ਤਾਰਣਹ ॥੧੪॥	نانک سنّسار ساگر تارٹہ ॥ 14 ॥
ਮਰਣੰ ਬਿਸਰਣੰ ਗੋਬਿੰਦਹ ॥	مرٹنّ بِسرٹنّ گوبِنّدہ ॥
ਜੀਵਣੰ ਹਰਿ ਨਾਮ ਧ੍ਰਾਵਣਹ ॥	جیِوٹنّ ہرِ نام دھّپاوٹہ ॥
ਲਭਣੰ ਸਾਧ ਸੰਗੇਣ ॥	لبھٹنّ سادھ سنگیٹ ॥
ਨਾਨਕ ਹਰਿ ਪੂਰਬਿ ਲਿਖਣਹ ॥੧੫॥	نانک ہرِپوُربِ لِکھٹہ ॥ 15 ॥
ਦਸਨ ਬਿਹੂਨ ਭੁਯੰਗੰ ਮੰਤ੍ਰੰ ਗਾਰੁੜੀ ਨਿਵਾਰੰ ॥	دسن بِہوُن بھُنگنّ منّترنّ گارُڑی نِوارنّ ॥
ਬ੍ਰਾਧਿ ਉਪਾੜਣ ਸੰਤੰ ॥	بّیادھِ اُپاڑٹ سنّتنّ ॥
ਨਾਨਕ ਲਬਧ ਕਰਮਣਹ ॥੧੬॥	نانک لبدھ کرمٹہ ॥ 16 ॥
ਜਥ ਕਥ ਰਮਣੰ ਸਰਣੰ ਸਰਬਤ੍ਰ ਜੀਅਣਹ ॥	جتھ کتھ رمٹنّ سرٹنّ سربتّر جیِئٹہ ॥
ਤਥ ਲਗਣੰ ਪ੍ਰੇਮ ਨਾਨਕ ॥	تتھ لگٹنّ پّریم نانک ॥
ਪਰਸਾਦੰ ਗੁਰ ਦਰਸਨਹ ॥੧੭॥	پرسادنّ گُر درسنہ ॥ 17 ॥
ਚਰਣਾਰਬਿੰਦ ਮਨ ਬਿਧ੍ਰੰ ॥	چرٹارِبنّد من بِدھّپنّ ॥
ਸਿਧ੍ਰੰ ਸਰਬ ਕੁਸਲਣਹ ॥	سِدھّپنّ سرب کُسلٹہ ॥
ਗਾਥਾ ਗਾਵੰਤਿ ਨਾਨਕ ਭਬ੍ਰੰ ਪਰਾ ਪੂਰਬਣਹ ॥੧੮॥	گاتھا گاونّتِ نانک بھبّپنّ پرا پوُربٹہ ॥ 18 ॥
ਸੁਭ ਬਚਨ ਰਮਣੰ ਗਵਣੰ ਸਾਧ ਸੰਗੇਣ ਉਧਰਣਹ ॥	سُبھ بچن رمٹنّ گوٹنّ سادھ سنگیٹ اُدھرٹہ ॥
ਸੰਸਾਰ ਸਾਗਰੰ ਨਾਨਕ	سنّسار ساگرنّ نانک

ਪੁਨਰਪਿ ਜਨਮ ਨ ਲਭ੍ਭਤੇ ॥੧੯॥

پُنرپِ جنم ن لبھّتے ॥ 19 ॥

ਬੇਦ ਪੁਰਾਣ ਸਾਸਤ੍ਰ ਬੀਚਾਰੰ ॥

بید پُراٹ ساستّر بیچارنّ ॥

ਏਕੰਕਾਰ ਨਾਮ ਉਰ ਧਾਰੰ ॥

ایکنکار نام اُر دھارنّ ॥

ਕੁਲਹ ਸਮੂਹ ਸਗਲ ਉਧਾਰੰ ॥

کُلہ سموُہ سگل اُدھارنّ ॥

ਬਡਭਾਗੀ ਨਾਨਕ ਕੋ ਤਾਰੰ ॥੨੦॥

بڈبھاگی نانک کو تارنّ ॥ 20 ॥

ਸਿਮਰਣੰ ਗੋਬਿੰਦ ਨਾਮੰ
ਉਧਰਣੰ ਕੁਲ ਸਮੂਹਣਹ ॥

سِمرٹنّ گوبِند نامنّ
اُدھرٹنّ کُل سموُہٹہ ॥

ਲਬਧਿਅੰ ਸਾਧ ਸੰਗੇਣ
ਨਾਨਕ ਵਡਭਾਗੀ ਭੇਟੰਤਿ ਦਰਸਨਹ ॥੨੧॥

لبدھِئنّ سادھ سنگیٹ
نانک وڈبھاگی بھیٹنّتِ درسنہ ॥ 21 ॥

ਸਰਬ ਦੋਖ ਪਰੰਤਿਆਗੀ
ਸਰਬ ਧਰਮ ਦ੍ਰਿੜੰਤਣਃ ॥

سرب دوکھ پرنّتیاگی
سرب دھرم دڑِڑنّتنہٗ ॥

ਲਬਧੇਣਿ ਸਾਧ ਸੰਗੇਣਿ
ਨਾਨਕ ਮਸਤਕਿ ਲਿਖਣ੍ਹਃ ॥੨੨॥

لبدھیٹِ سادھ سنگیٹِ
نانک مستکِ لِکھٹّہٖ ॥ 22 ॥

ਹੋਯੋ ਹੈ ਹੋਵੰਤੋ
ਹਰਣ ਭਰਣ ਸੰਪੂਰਣਃ ॥

ہویو ہے ہووَنتو
ہرٹ بھرٹ سنپُورٹہ ॥

ਸਾਧੂ ਸਤਮ ਜਾਣੋ
ਨਾਨਕ ਪ੍ਰੀਤਿ ਕਾਰਣੰ ॥੨੩॥

سادھوُ ستم جاٹو
نانک پّریتِ کارٹنّ ॥ 23 ॥

ਸੁਖੇਣ ਬੈਣ ਰਤਨੰ
ਰਚਨੰ ਕਸੁੰਭ ਰੰਗਣਃ ॥

سُکھیٹ بیٹ رتننّ
رچننّ کسُنبھ رنگنہٗ ॥

ਰੋਗ ਸੋਗ ਬਿਓਗੰ
ਨਾਨਕ ਸੁਖੁ ਨ ਸੁਪਨਹ ॥੨੪॥

روگ سوگ بِئوگنّ
نانک سُکھُ ن سُپنہ ॥ 24 ॥

ਫੁਨਹੇ ਮਹਲਾ ੫

پھُنہے محلا 5

ੴ ਸਤਿਗੁਰ ਪ੍ਰਸਾਦਿ ॥

ۿ ستِگُر پّرسادِ ॥

ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ ॥

ہاتھِ کلنّم اگنّم مستکِ لیکھاوتی ॥

ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥	اُرجھِ رہِئو سبھ سنگِ انوُپ روُپاوتی ۔ ॥
ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥	اُستتِ کہنُ ن جاءِ مُکھہُ تُہارییا ॥
ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥੧॥	موہی دیکھِ درسُ نانک بلِہارییا ॥1॥
ਸੰਤ ਸਭਾ ਮਹਿ ਬੈਸਿ ਕਿ ਕੀਰਤਿ ਮੈ ਕਹਾਂ ॥	سنّت سبھا مہِ بیَسِ کِ کیِرتِ مےَ کہاں ॥
ਅਰਪੀ ਸਭੁ ਸੀਗਾਰੁ ਏਹੁ ਜੀਉ ਸਭੁ ਦਿਵਾ ॥	ارپی سبھُ سیِگارُ ایہُ جیِءُ سبھُ دِوا ॥
ਆਸ ਪਿਆਸੀ ਸੇਜ ਸੁ ਕੰਤਿ ਵਿਛਾਈਐ ॥	آس پِیاسی سیج سُ کنّتِ وِچھائیےَ ॥
ਹਰਿਹਾਂ ਮਸਤਕਿ ਹੋਵੈ ਭਾਗੁ ਤ ਸਾਜਨੁ ਪਾਈਐ ॥੨॥	ہرِہاں مستکِ ہووے بھاگُ ت ساجنُ پائیےَ ॥2॥
ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ ॥	سکھی کاجل ہار تنّبول سبھےَ کچھُ ساجِیا ॥
ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ ॥	سولہ کیِئے سیِگار کِ انّجنُ پاجِیا ॥
ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ ॥	جے گھرِ آوے کنّتُ ت سبھُ کچھُ پائیےَ ॥
ਹਰਿਹਾਂ ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ ॥੩॥	ہرِہاں کنّتے باجھُ سیِگارُ سبھُ بِرتھا جائیےَ ॥3॥
ਜਿਸੁ ਘਰਿ ਵਸਿਆ ਕੰਤੁ ਸਾ ਵਡਭਾਗਣੇ ॥	جِسُ گھرِ وسِیا کنّتُ سا وڈبھاگنے ॥
ਤਿਸੁ ਬਣਿਆ ਹਭੁ ਸੀਗਾਰੁ ਸਾਈ ਸੋਹਾਗਣੇ ॥	تِسُ بنِّیا ہبھُ سیِگارُ سائی سوہاگنے ॥
ਹਉ ਸੁਤੀ ਹੋਇ ਅਚਿੰਤ ਮਨਿ ਆਸ ਪੁਰਾਈਆ ॥	ہءُ سُتی ہوءِ اچنّت منِ آس پُرائِیا ॥
ਹਰਿਹਾਂ ਜਾ ਘਰਿ ਆਇਆ ਕੰਤੁ ਤ ਸਭੁ ਕਿਛੁ ਪਾਈਆ ॥੪॥	ہرِہاں جا گھرِ آئِیا کنّتُ ت سبھُ کچھُ پائِیا ॥4॥
ਆਸਾ ਇਤੀ ਆਸ ਕਿ ਆਸ ਪੁਰਾਈਐ ॥	آسا اِتی آس کِ آس پُرائیےَ ॥
ਸਤਿਗੁਰ ਭਏ ਦਇਆਲ ਤ ਪੂਰਾ ਪਾਈਐ ॥	ستِگُر بھئے دئیال ت پوُرا پائیےَ ॥
ਮੈ ਤਨਿ ਅਵਗਣ ਬਹੁਤੁ	مےَ تنِ اوگنُ بہُتُ

ਕਿ ਅਵਗਣ ਛਾਇਆ ॥

ہرِہاں ستِگُر بھئے دئیال
ت من ٹھہرائیا ॥5॥

ਹਰਿਹਾਂ ਸਤਿਗੁਰ ਭਏ ਦਇਆਲ
ਤ ਮਨੁ ਠਹਰਾਇਆ ॥੫॥

کہُ نانک بینَنتُ بینَنتُ دھیائیا ॥

ਕਹੁ ਨਾਨਕ ਬੇਅੰਤੁ ਬੇਅੰਤੁ ਧਿਆਇਆ ॥

دُترُ اِہُ سنسارُ ستِگُرو ترائیا ॥

ਦੁਤਰੁ ਇਹੁ ਸੰਸਾਰੁ ਸਤਿਗੁਰੂ ਤਰਾਇਆ ॥

مِٹیا آوا گمنُ جاں پُورا پائیا ॥

ਮਿਟਿਆ ਆਵਾ ਗਉਣੁ ਜਾਂ ਪੂਰਾ ਪਾਇਆ ॥

ہرِہاں امّرِتُ ہرِ کا نامُ
ستِگُر تے پائیا ॥6॥

ਹਰਿਹਾਂ ਅੰਮ੍ਰਿਤੁ ਹਰਿ ਕਾ ਨਾਮੁ
ਸਤਿਗੁਰ ਤੇ ਪਾਇਆ ॥੬॥

میرے ہاتھِ پدمُ آگنِ سُکھ باسنا ॥

ਮੇਰੈ ਹਾਥਿ ਪਦਮੁ ਆਗਨਿ ਸੁਖ ਬਾਸਨਾ ॥

سکھی مورے کنٹھِ رتنُ
پیکھِ دُکھُ ناسنا ॥

ਸਖੀ ਮੋਰੈ ਕੰਠਿ ਰਤੰਨੁ
ਪੇਖਿ ਦੁਖੁ ਨਾਸਨਾ ॥

باس ءُ سنگِ گُپال
سگل سُکھ راسِ ہرِ ॥

ਬਾਸਉ ਸੰਗਿ ਗੁਪਾਲ
ਸਗਲ ਸੁਖ ਰਾਸਿ ਹਰਿ ॥

ہرِہاں رِدھِ سِدھِ نو نِدھِ
بسہِ جِسُ سدا کرِ ॥7॥

ਹਰਿਹਾਂ ਰਿਧਿ ਸਿਧਿ ਨਵ ਨਿਧਿ
ਬਸਹਿ ਜਿਸੁ ਸਦਾ ਕਰਿ ॥੭॥

پر ترِء راونِ جاہِ
سیئی تا لاجیئہِ ॥

ਪਰ ਤ੍ਰਿਅ ਰਾਵਣਿ ਜਾਹਿ
ਸੇਈ ਤਾ ਲਾਜੀਅਹਿ ॥

نِتپرتِ ہرِہِ پر دربُ
چھِدّر کت ڈھاکیئہِ ۔ ॥

ਨਿਤਪ੍ਰਤਿ ਹਿਰਹਿ ਪਰ ਦਰਬੁ
ਛਿਦ੍ਰ ਕਤ ਢਾਕੀਅਹਿ ॥

ہرِ گُنِ رمت پوِتّر
سگل کُل تارئی ॥

ਹਰਿ ਗੁਣ ਰਮਤ ਪਵਿਤ੍ਰ
ਸਗਲ ਕੁਲ ਤਾਰਈ ॥

ہرِہاں سُنتے بھئے پُنیت
پاربرہمُ بیچارئی ॥8॥

ਹਰਿਹਾਂ ਸੁਨਤੇ ਭਏ ਪੁਨੀਤ
ਪਾਰਬ੍ਰਹਮੁ ਬੀਚਾਰਈ ॥੮॥

اوُپر بنے اکاسُ تلے دھر سوہتی ॥

ਊਪਰਿ ਬਨੈ ਅਕਾਸੁ ਤਲੈ ਧਰ ਸੋਹਤੀ ॥

دہ دِس چمکے بیجُلِ

ਦਹ ਦਿਸ ਚਮਕੈ ਬੀਜੁਲਿ

ਮੁਖ ਕਉ ਜੋਹਤੀ ॥

مُکھ ک ءُ جوہتی ॥

ਖੋਜਤ ਫਿਰਉ ਬਿਦੇਸਿ ਪੀਉ ਕਤ ਪਾਈਐ ॥

کھوجت پھِرءُ بِدیس پِیءُ کت پائیئے۔ ॥

ਹਰਿਹਾਂ ਜੇ ਮਸਤਕਿ ਹੋਵੈ ਭਾਗੁ
ਤ ਦਰਸਿ ਸਮਾਈਐ ॥੯॥

ہرِہاں جے مستکِ ہووے بھاگُ
ت درسِ سمائیئے ॥9॥

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥

ڈِٹھے سبھے تھاو نہی تُدھُ جیہِیا ॥

ਬਧੋਹੁ ਪੁਰਖਿ ਬਿਧਾਤੈ
ਤਾਂ ਤੂ ਸੋਹਿਆ ॥

بدھوہُ پُرکھِ بِدھاتے
تاں توُ سوہِیا ॥

ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥

وسدی سگھن اپار انوُپ رامداس پُر ॥

ਹਰਿਹਾਂ ਨਾਨਕ ਕਸਮਲ ਜਾਹਿ
ਨਾਇਐ ਰਾਮਦਾਸ ਸਰ ॥੧੦॥

ہرِہاں نانک کسمل جاہِ
نائےِ رامداس سر ॥ 10 ॥

ਚਾਤ੍ਰਿਕ ਚਿਤ ਸੁਚਿਤ ਸੁ ਸਾਜਨੁ ਚਾਹੀਐ ॥

چاتّرِک چِت سُچِت سُ ساجنُ چاہیئے ॥

ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ ॥

جِسُ سنگِ لاگے پّراڻ تِسے ک ءُ آہیئے ॥

ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ ॥

بنُ بنُ پھِرت اُداس بوُنّد جل کارٹے ॥

ਹਰਿਹਾਂ ਤਿਉ ਹਰਿ ਜਨੁ ਮਾਂਗੈ ਨਾਮੁ
ਨਾਨਕ ਬਲਿਹਾਰਣੇ ॥੧੧॥

ہرِہاں تِءُ ہرِ جنُ مانگےَ نامُ
نانک بلِہارٹے ॥ 11 ॥

ਮਿਤ ਕਾ ਚਿਤੁ ਅਨੂਪੁ ਮਰੰਮੁ ਨ ਜਾਨੀਐ ॥

مِت کا چِتُ انوُپُ مرنّمُ ن جانیئے ॥

ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ ॥

گاہک گُنی اپار سُ تتُ پچھانیئے ॥

ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ ॥

چِتہِ چِتُ سماءِ ت ہووے رنگُ گھنا ॥

ਹਰਿਹਾਂ ਚੰਚਲ ਚੋਰਹਿ ਮਾਰਿ
ਤ ਪਾਵਹਿ ਸਚੁ ਧਨਾ ॥੧੨॥

ہرِہاں چنچل چورہِ مارِ
ت پاوہِ سچُ دھنا ॥ 12 ॥

ਸੁਪਨੈ ਊਭੀ ਭਈ
ਗਹਿਓ ਕੀ ਨ ਅੰਚਲਾ ॥

سُپنے اوُبھی بھئی
گہِئو کی ن انچّلا۔ ॥

ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ ॥

سُنّدر پُرکھ بِراجِت پیکھِ منُ بنچّلا ॥

ਖੋਜਉ ਤਾ ਕੇ ਚਰਣ

کھوجءُ تا کے چرنٹ

ਕਹਹੁ ਕਤ ਪਾਈਐ ॥

کہہُ کت پائیئے ۔ ॥

ਹਰਿਹਾਂ ਸੋਈ ਜਤੰਨੁ ਬਤਾਇ
ਸਖੀ ਪ੍ਰਿਉ ਪਾਈਐ ॥੧੩॥

ہرِہاں سوئی جتنّنُ بتاءِ
سکھی پّرِءُ پائیئے ॥ 13 ॥

ਨੈਣ ਨ ਦੇਖਹਿ ਸਾਧ
ਸਿ ਨੈਣ ਬਿਹਾਲਿਆ ॥

نیَنْ ن دیکھہِ سادھ
سِ نیَنْ بِہالیا ॥

ਕਰਨ ਨ ਸੁਨਹੀ ਨਾਦੁ
ਕਰਨ ਮੁੰਦਿ ਘਾਲਿਆ ॥

کرن ن سُنہی نادُ
کرن مُندِ گھالیا ॥

ਰਸਨਾ ਜਪੈ ਨ ਨਾਮੁ
ਤਿਲੁ ਤਿਲੁ ਕਰਿ ਕਟੀਐ ॥

رسنا جپےَ ن نامُ
تِلُ تِلُ کرِ کٹیئے ॥

ਹਰਿਹਾਂ ਜਬ ਬਿਸਰੈ ਗੋਬਿਦ ਰਾਇ
ਦਿਨੋ ਦਿਨੁ ਘਟੀਐ ॥੧੪॥

ہرِہاں جب بِسرے گوبِد راءِ
دِنو دِنُ گھٹیئے ॥ 14 ॥

ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ ॥

پنکج پھاتھے پنک مہا مد گنّپھیا ॥

ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ ॥

انگ سنگ اُرجھاءِ بِسرتے سُنّپھیا ॥

ਹੈ ਕੋਊ ਐਸਾ ਮੀਤੁ
ਜਿ ਤੋਰੈ ਬਿਖਮ ਗਾਂਠਿ ॥

ہےَ کوئوُ ایَسا میِتُ
جِ تورے بِکھم گانْٹھِ ॥

ਨਾਨਕ ਇਕੁ ਸ੍ਰੀਧਰ ਨਾਥ
ਜਿ ਟੂਟੇ ਲੇਇ ਸਾਂਠਿ ॥੧੫॥

نانک اِکُ سّرِیدھر ناتھ
جِ ٹُوٹے لےءِ سانْٹھِ ॥ 15 ॥

ਧਾਵਉ ਦਸਾ ਅਨੇਕ ਪ੍ਰੇਮ ਪ੍ਰਭ ਕਾਰਣੇ ॥

دھاوءُ دسا انیک پّریم پّربھ کارنے ॥

ਪੰਚ ਸਤਾਵਹਿ ਦੂਤ ਕਵਨ ਬਿਧਿ ਮਾਰਣੇ ॥

پنّچ ستاوہِ دوُت کون بِدھِ مارنے ۔ ॥

ਤੀਖਣ ਬਾਣ ਚਲਾਇ ਨਾਮੁ ਪ੍ਰਭ ਧ੍ਯਾਈਐ ॥

تیِکھنْ بانْ چلاءِ نامُ پّربھ دھّیائیئے ॥

ਹਰਿਹਾਂ ਮਹਾਂ ਬਿਖਾਦੀ ਘਾਤ ਪੂਰਨ ਗੁਰੁ ਪਾਈਐ ॥੧੬॥

ہرِہاں مہاں بِکھادی گھات پوُرن گُرُ پائیئے ॥ 16 ॥

ਸਤਿਗੁਰ ਕੀਨੀ ਦਾਤਿ ਮੂਲਿ ਨ ਨਿਖੁਟਈ ॥

ستِگُر کِینی داتِ موُلِ ن نِکھٹئی ॥

ਖਾਵਹੁ ਭੁੰਚਹੁ ਸਭਿ ਗੁਰਮੁਖਿ ਛੁਟਈ ॥

کھاوہُ بھُنچّہ سبھِ گُرمُکھِ چھُٹئی ॥

ਅੰਮ੍ਰਿਤੁ ਨਾਮੁ ਨਿਧਾਨੁ ਦਿਤਾ ਤੁਸਿ ਹਰਿ ॥

انّمرِتُ نامُ نِدھانُ دِتا تُسِ ہرِ ॥

ਨਾਨਕ ਸਦਾ ਅਰਾਧਿ
ਕਦੇ ਨ ਜਾਂਹਿ ਮਰਿ ॥੧੭॥

نانک سدا ارادھِ
کدے ن جانہِ مرِ ॥ 17 ॥

ਜਿਥੈ ਜਾਏ ਭਗਤੁ ਸੁ ਥਾਨੁ ਸੁਹਾਵਣਾ ॥
ਸਗਲੇ ਹੋਏ ਸੁਖ ਹਰਿ ਨਾਮੁ ਧਿਆਵਣਾ ॥
ਜੀਅ ਕਰਨਿ ਜੈਕਾਰੁ ਨਿੰਦਕ ਮੁਏ ਪਚਿ ॥
ਸਾਜਨ ਮਨਿ ਆਨੰਦੁ
ਨਾਨਕ ਨਾਮੁ ਜਪਿ ॥੧੮॥

جِتھےَ جائے بھگتُ سُ تھانُ سُہاوٹا ॥
سگلے ہوئے سُکھ ہرِ نامُ دھِیاوٹا ॥
جی ء کرنِ جیَکارُ نِنّدک مُےَ پچِ ॥
ساجن منِ آنندُ
نانک نامُ جپِ ॥ 18 ॥

ਪਾਵਨ ਪਤਿਤ ਪੁਨੀਤ ਕਤਹ ਨਹੀ ਸੇਵੀਐ ॥
ਝੂਠੈ ਰੰਗਿ ਖੁਆਰੁ ਕਹਾਂ ਲਗੁ ਖੇਵੀਐ ॥
ਹਰਿਚੰਦਉਰੀ ਪੇਖਿ ਕਾਹੇ ਸੁਖੁ ਮਾਨਿਆ ॥
ਹਰਿਹਾਂ ਹਉ ਬਲਿਹਾਰੀ ਤਿੰਨ
ਜਿ ਦਰਗਹਿ ਜਾਨਿਆ ॥੧੯॥

پاون پتِت پُنِیت کتہ نہی سیویےَ ॥
جھوُٹھےَ رنگِ خُیارُ کہاں لگُ کھیویےَ ۔ ॥
ہرِچندُرُی پیکھِ کاہے سُکھُ مانِیا ۔ ॥
ہرِہاں ہءُ بلِہاری تِنّن
جِ درگہِ جانِیا ॥ 19 ॥

ਕੀਨੇ ਕਰਮ ਅਨੇਕ ਗਵਾਰ ਬਿਕਾਰ ਘਨ ॥
ਮਹਾ ਦੂਗੰਧਤ ਵਾਸੁ
ਸਠ ਕਾ ਛਾਰੁ ਤਨ ॥
ਫਿਰਤਉ ਗਰਬ ਗੁਬਾਰਿ
ਮਰਣੁ ਨਹ ਜਾਨਈ ॥

کِینے کرم انیک گوار بِکار گھن ॥
مہا دُرگندھت واسُ
سٹھ کا چھارُ تن ॥
پھِرت ءُ گرب غُبارِ
مرنُّ نہ جانئی ॥

ਹਰਿਹਾਂ ਹਰਿਚੰਦਉਰੀ ਪੇਖਿ
ਕਾਹੇ ਸਚੁ ਮਾਨਈ ॥੨੦॥

ہرِہاں ہرِچندُرُی پیکھِ
کاہے سچُ مانئی ۔ ॥ 20 ॥

ਜਿਸ ਕੀ ਪੂਜੈ ਅਉਧ
ਤਿਸੈ ਕਉਣੁ ਰਾਖਈ ॥
ਬੈਦਕ ਅਨਿਕ ਉਪਾਵ ਕਹਾਂ ਲਉ ਭਾਖਈ ॥
ਏਕੋ ਚੇਤਿ ਗਵਾਰ ਕਾਜਿ ਤੇਰੈ ਆਵਈ ॥
ਹਰਿਹਾਂ ਬਿਨੁ ਨਾਵੈ ਤਨੁ ਛਾਰੁ
ਬ੍ਰਿਥਾ ਸਭੁ ਜਾਵਈ ॥੨੧॥

جِس کی پُوجےَ اُندھ
تِسےَ کنُّ راکھئی ۔ ॥
بیَدک انِک اُپاو کہاں لءُ بھاکھئی ۔ ॥
ایکوِ چیتِ گوار کاجِ تیرےَ آوئی ॥
ہرِہاں بِنُ ناوےَ تنُ چھارُ

ਅਉਖਧੁ ਨਾਮੁ ਅਪਾਰੁ ਅਮੋਲਕੁ ਪੀਜਈ ॥
ਮਿਲਿ ਮਿਲਿ ਖਾਵਹਿ ਸੰਤ
ਸਗਲ ਕਉ ਦੀਜਈ ॥
ਜਿਸੈ ਪਰਾਪਤਿ ਹੋਇ ਤਿਸੈ ਹੀ ਪਾਵਣੇ ॥
ਹਰਿਹਾਂ ਹਉ ਬਲਿਹਾਰੀ ਤਿੰਨ੍
ਜਿ ਹਰਿ ਰੰਗੁ ਰਾਵਣੇ ॥੨੨॥
ਵੈਦਾ ਸੰਦਾ ਸੰਗੁ ਇਕਠਾ ਹੋਇਆ ॥
ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ॥
ਜੋ ਜੋ ਓਨਾ ਕਰਮ
ਸੁਕਰਮ ਹੋਇ ਪਸਰਿਆ ॥
ਹਰਿਹਾਂ ਦੂਖ ਰੋਗ ਸਭਿ ਪਾਪ
ਤਨ ਤੇ ਖਿਸਰਿਆ ॥੨੩॥
ਚਉਬੋਲੇ ਮਹਲਾ ੫
ੴ ਸਤਿਗੁਰ ਪ੍ਰਸਾਦਿ ॥
ਸੰਮਨ ਜਉ ਇਸ ਪ੍ਰੇਮ ਕੀ
ਦਮ ਕ੍ਿਹੁ ਹੋਤੀ ਸਾਟ ॥
ਰਾਵਨ ਹੁਤੇ ਸੁ ਰੰਕ ਨਹਿ
ਜਿਨਿ ਸਿਰ ਦੀਨੇ ਕਾਟਿ ॥੧॥
ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ
ਬੀਚੁ ਨ ਰਾਈ ਹੋਤ ॥
ਚਰਨ ਕਮਲ ਮਨੁ ਬੇਧਿਓ
ਬੂਝਨੁ ਸੁਰਤਿ ਸੰਜੋਗ ॥੨॥
ਸਾਗਰ ਮੇਰ ਉਦਿਆਨ ਬਨ
ਨਵ ਖੰਡ ਬਸੁਧਾ ਭਰਮ ॥

بّرِتھا سبھُ جاوئی ॥ 21 ॥
انکھدھُ نامُ اپارُ امولکُ پیجئی ॥
مِلِ مِلِ کھاوہِ سنّت
سگل کءُ دیجئی ॥
جِسےَ پراپتِ ہوءِ تِسےَ ہی پاوٹے ॥
ہرِہاں ہءُ بلِہاری تِنّہ
جِ ہرِ رنگُ راوٹے ॥ 22 ॥
ویَدا سنّدا سنگُ اِکٹھا ہویَا ॥
انکھد آئے راسِ وِچِ آپِ کھلویَا ॥
جو جو اونا کرم
سُکرم ہوءِ پسریا ॥
ہرِہاں دوُکھ روگ سبھِ پاپ
تن تے کھِسریا ॥ 23 ॥
چئُبولے محلا 5
ੴ ستِگُر پّرسادِ ॥
سنّمن جءُ اِس پّریم کی
دم کِہُ ہوتی ساٹ ॥
راون ہُتے سُ رنک نہِ
جِنِ سِر دِینے کاٹِ ॥1॥
پّریتِ پّریم تنُ کھچِ رہیا
بِیچُ ن رائی ہوت ॥
چرن کمل منُ بیدھیُو
بُوجھنُ سُرتِ سنّجوگ ॥2॥
ساگر میر اُدِیان بن

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرُو نانک دیو جی مہاراج دے 550ویں پرکاش پُرب نوُن سمرپت | سیوا: بھائی بلجِندر سنگھ جی (راڑا صاہب)

ਮੂਸਨ ਪ੍ਰੇਮ ਪਿਰੰਮ ਕੈ
ਗਨਉ ਏਕ ਕਰਿ ਕਰਮ ॥੩॥

ਮੂਸਨ ਮਸਕਰ ਪ੍ਰੇਮ ਕੀ
ਰਹੀ ਜੁ ਅੰਬਰੁ ਛਾਇ ॥

ਬੀਧੇ ਬਾਂਧੇ ਕਮਲ ਮਹਿ
ਭਵਰ ਰਹੇ ਲਪਟਾਇ ॥੪॥

ਜਪ ਤਪ ਸੰਜਮ ਹਰਖ ਸੁਖ
ਮਾਨ ਮਹਤ ਅਰੁ ਗਰਬ ॥

ਮੂਸਨ ਨਿਮਖਕ ਪ੍ਰੇਮ ਪਰਿ
ਵਾਰਿ ਵਾਰਿ ਦੇਂਉ ਸਰਬ ॥੫॥

ਮੂਸਨ ਮਰਮੁ ਨ ਜਾਨਈ
ਮਰਤ ਹਿਰਤ ਸੰਸਾਰ ॥

ਪ੍ਰੇਮ ਪਿਰੰਮ ਨ ਬੇਧਿਓ
ਉਰਝਿਓ ਮਿਥ ਬਿਉਹਾਰ ॥੬॥

ਘਬੁ ਦਬੁ ਜਬ ਜਾਰੀਐ
ਬਿਛੁਰਤ ਪ੍ਰੇਮ ਬਿਹਾਲ ॥

ਮੂਸਨ ਤਬ ਹੀ ਮੂਸੀਐ
ਬਿਸਰਤ ਪੁਰਖ ਦਇਆਲ ॥੭॥

ਜਾ ਕੋ ਪ੍ਰੇਮ ਸੁਆਉ ਹੈ
ਚਰਨ ਚਿਤਵ ਮਨ ਮਾਹਿ ॥

ਨਾਨਕ ਬਿਰਹੀ ਬ੍ਰਹਮ ਕੇ
ਆਨ ਨ ਕਤਹੂ ਜਾਹਿ ॥੮॥

ਲਖ ਘਾਟੀਂ ਊਂਚੌ ਘਨੋ
ਚੰਚਲ ਚੀਤ ਬਿਹਾਲ ॥

نو کھنڈ بسُدھا بھرم ॥

مؤسن پریم پرنم کے
گن ءُ ایک کرِ کرم ॥3॥

مؤسن مسکر پریم کی
رہی جُ انبرُ چھاءِ ॥

بیدھے باندھے کمل مہِ
بھور رہے لپٹاءِ ॥4॥

جپ تپ سنجم ہرکھ سُکھ
مان مہت ارُ گرب ॥

مؤسن نِمکھک پریم پرِ
وارِ وارِ دیںءُ سرب ॥5॥

مؤسن مرمُ ن جانئی
مرت ہِرت سنسار ॥

پریم پرنم ن بیدھِئو
اُرجھِئو مِتھ بِہُار ॥6॥

گھبُ دبُ جب جارِیےِ
بِچھُرت پریم بِحال ॥

مؤسن تب ہی مؤسیےِ
بِسرت پُرکھ دئیال ॥7॥

جا کو پریم سُیاءُ ہے
چرن چِتو من ماہِ ॥

نانک بِرہی برہم کے
آن ن کتہوُ جاہِ ॥8॥

لکھ گھاٹیں اوُنچوُ گھنو
چنچل چِیت بِحال ॥

ਨੀਚ ਕੀਚ ਨਿਮ੍ਰਿਤ ਘਨੀ
ਕਰਨੀ ਕਮਲ ਜਮਾਲ ॥੯॥

نیچ کیچ نِمرّت گھنی
کرنی کمل جمال ॥9॥

ਕਮਲ ਨੈਨ ਅੰਜਨ ਸਿਆਮ
ਚੰਦ੍ਰ ਬਦਨ ਚਿਤ ਚਾਰ ॥

کمل نین انجن سِیام
چنّدر بدن چِت چار ॥

ਮੂਸਨ ਮਗਨ ਮਰੰਮ ਸਿਉ
ਖੰਡ ਖੰਡ ਕਰਿ ਹਾਰ ॥੧੦॥

موُسن مگن مرنّم سِ ءُ
کھنّڈ کھنّڈ کرِ ہار ॥ 10 ॥

ਮਗਨੁ ਭਇਓ ਪ੍ਰਿਅ ਪ੍ਰੇਮ ਸਿਉ
ਸੂਧ ਨ ਸਿਮਰਤ ਅੰਗ ॥

مگنُ بھئیو پرِء پرّیم سِ ءُ
سوُدھ ن سِمرت انگ ॥

ਪ੍ਰਗਟਿ ਭਇਓ ਸਭ ਲੋਅ ਮਹਿ
ਨਾਨਕ ਅਧਮ ਪਤੰਗ ॥੧੧॥

پرّگٹِ بھئیو سبھ لوء مہِ
نانک ادھم پتنگ ॥ 11 ॥

ਸਲੋਕ ਭਗਤ ਕਬੀਰ ਜੀਉ ਕੇ

سلوک بھگت کبیِر جیِ ءُ کے

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਕਬੀਰ ਮੇਰੀ ਸਿਮਰਨੀ
ਰਸਨਾ ਊਪਰਿ ਰਾਮੁ ॥

کبیِر میری سِمرنی
رسنا اوُپرِ رامُ ॥

ਆਦਿ ਜੁਗਾਦੀ ਸਗਲ ਭਗਤ
ਤਾ ਕੋ ਸੁਖੁ ਬਿਸ੍ਰਾਮੁ ॥੧॥

آدِ جُگادی سگل بھگت
تا کو سُکھُ بِسّرامُ ॥1॥

ਕਬੀਰ ਮੇਰੀ ਜਾਤਿ ਕਉ
ਸਭੁ ਕੋ ਹਸਨੇਹਾਰੁ ॥

کبیِر میری زاتِ ک ءُ
سبھُ کو ہسنیہارُ ॥

ਬਲਿਹਾਰੀ ਇਸ ਜਾਤਿ ਕਉ
ਜਿਹ ਜਪਿਓ ਸਿਰਜਨਹਾਰੁ ॥੨॥

بلِہاری اِس زاتِ ک ءُ
جِہ جپِئیو سِرجنہارُ ॥2॥

ਕਬੀਰ ਡਗਮਗ ਕਿਆ ਕਰਹਿ
ਕਹਾ ਡੁਲਾਵਹਿ ਜੀਉ ॥

کبیِر ڈگمگ کیا کرہِ
کہا ڈُلاوہِ جیِ ءُ ۔ ॥

ਸਰਬ ਸੂਖ ਕੋ ਨਾਇਕੋ
ਰਾਮ ਨਾਮ ਰਸੁ ਪੀਓ ॥੩॥

سرب سوُکھ کو نائکو
رام نام رسُ پیِئو ॥3॥

ਕਬੀਰ ਕੰਚਨ ਕੇ ਕੁੰਡਲ ਬਨੇ

کبیِر کنّچن کے کُنڈل بنے

ਊਪਰਿ ਲਾਲ ਜੜਾਉ ॥

اوُپرِ لال جڑاءُ ॥

ਦੀਸਹਿ ਦਾਧੇ ਕਾਨ ਜਿਉ
ਜਿਨ੍ਹ ਮਨਿ ਨਾਹੀ ਨਾਉ ॥੪॥

دِسہِ دادھے کان جِءُ
جِنّہ منِ ناہی ناءُ ॥4॥

ਕਬੀਰ ਐਸਾ ਏਕੁ ਆਧੁ
ਜੋ ਜੀਵਤ ਮਿਰਤਕੁ ਹੋਇ ॥

کبِیر ایَسا ایکُ آدھُ
جو جیِوت مِرتکُ ہوءِ ॥

ਨਿਰਭੈ ਹੋਇ ਕੈ ਗੁਨ ਰਵੈ
ਜਤ ਪੇਖਉ ਤਤ ਸੋਇ ॥੫॥

نِربھے ہوءِ کے گُن روے
جت پیکھءُ تت سوءِ ॥5॥

ਕਬੀਰ ਜਾ ਦਿਨ ਹਉ ਮੂਆ
ਪਾਛੈ ਭਇਆ ਅਨੰਦੁ ॥

کبِیر جا دِن ہءُ موُیا
پاچھے بھئیا انندُ ॥

ਮੋਹਿ ਮਿਲਿਓ ਪ੍ਰਭੁ ਆਪਨਾ
ਸੰਗੀ ਭਜਹਿ ਗੋਬਿੰਦੁ ॥੬॥

موہِ مِلیئو پربھُ آپنا
سنگی بھجہِ گوبِندُ ॥6॥

ਕਬੀਰ ਸਭ ਤੇ ਹਮ ਬੁਰੇ
ਹਮ ਤਜਿ ਭਲੋ ਸਭੁ ਕੋਇ ॥

کبِیر سبھ تے ہم بُرے
ہم تجِ بھلو سبھُ کوءِ ॥

ਜਿਨਿ ਐਸਾ ਕਰਿ ਬੂਝਿਆ
ਮੀਤੁ ਹਮਾਰਾ ਸੋਇ ॥੭॥

جِنِ ایَسا کرِ بوُجھیا
میِتُ ہمارا سوءِ ॥7॥

ਕਬੀਰ ਆਈ ਮੁਝਹਿ ਪਹਿ
ਅਨਿਕ ਕਰੇ ਕਰਿ ਭੇਸ ॥

کبِیر آئی مُجھہِ پہِ
انِک کرے کرِ بھیس ॥

ਹਮ ਰਾਖੇ ਗੁਰ ਆਪਨੇ
ਉਨਿ ਕੀਨੋ ਆਦੇਸੁ ॥੮॥

ہم راکھے گُر آپنے
اُنِ کِینو آدیسُ ॥8॥

ਕਬੀਰ ਸੋਈ ਮਾਰੀਐ
ਜਿਹ ਮੂਐ ਸੁਖੁ ਹੋਇ ॥

کبِیر سوئی مارِیئے
جِہ موُئے سُکھُ ہوءِ ॥

ਭਲੋ ਭਲੋ ਸਭੁ ਕੋ ਕਹੈ
ਬੁਰੋ ਨ ਮਾਨੈ ਕੋਇ ॥੯॥

بھلو بھلو سبھُ کو کہے
بُرو ن مانے کوءِ ॥9॥

ਕਬੀਰ ਰਾਤੀ ਹੋਵਹਿ ਕਾਰੀਆ
ਕਾਰੇ ਊਭੇ ਜੰਤ ॥

کبِیر راتی ہووہِ کارِیا
کارے اوُبھے جنّت ॥

ਲੈ ਫਾਹੇ ਉਠਿ ਧਾਵਤੇ
ਸਿ ਜਾਨਿ ਮਾਰੇ ਭਗਵੰਤ ॥੧੦॥

لے پھاہے اُٹھِ دھاوتے
سِ جانِ مارے بھگونت ॥ 10 ॥

ਕਬੀਰ ਚੰਦਨ ਕਾ ਬਿਰਵਾ ਭਲਾ
ਬੇੜ੍ਹਿਓ ਢਾਕ ਪਲਾਸ ॥

کبیرِ چنّدن کا بِروا بھلا
بیڑہِئو ڈھاک پلاس ॥

ਓਇ ਭੀ ਚੰਦਨੁ ਹੋਇ ਰਹੇ
ਬਸੇ ਜੁ ਚੰਦਨ ਪਾਸਿ ॥੧੧॥

اوءِ بھی چنّدنُ ہوءِ رہے
بسے جُ چنّدن پاسِ ॥ 11 ॥

ਕਬੀਰ ਬਾਂਸੁ ਬਡਾਈ ਬੂਡਿਆ
ਇਉ ਮਤ ਡੂਬਹੁ ਕੋਇ ॥

کبیرِ بانْس بڈائی بُوڈِیا
اِءُ مت ڈُوبہُ کوءِ ॥

ਚੰਦਨ ਕੈ ਨਿਕਟੇ ਬਸੈ
ਬਾਂਸੁ ਸੁਗੰਧੁ ਨ ਹੋਇ ॥੧੨॥

چنّدن کے نِکٹے بسے
بانْس سُگنّدھُ ن ہوءِ ॥ 12 ॥

ਕਬੀਰ ਦੀਨੁ ਗਵਾਇਆ ਦੁਨੀ ਸਿਉ
ਦੁਨੀ ਨ ਚਾਲੀ ਸਾਥਿ ॥

کبیرِ دِینُ گوائِیا دُنی سِءُ
دُنی ن چالی ساتھِ ॥

ਪਾਇ ਕੁਹਾੜਾ ਮਾਰਿਆ
ਗਾਫਲਿ ਅਪੁਨੈ ਹਾਥਿ ॥੧੩॥

پاءِ کُہاڑا مارِیا
غافلِ اپُنے ہاتھِ ॥ 13 ॥

ਕਬੀਰ ਜਹ ਜਹ ਹਉ ਫਿਰਿਓ
ਕਉਤਕ ਠਾਓ ਠਾਇ ॥

کبیرِ جہ جہ ہءُ پھِرِئو
کتّک ٹھائو ٹھاءِ ॥

ਇਕ ਰਾਮ ਸਨੇਹੀ ਬਾਹਰਾ
ਊਜਰੁ ਮੇਰੈ ਭਾਂਇ ॥੧੪॥

اِک رام سنیہی باہرا
اوُجڑُ میرے بھانْءِ ॥ 14 ॥

ਕਬੀਰ ਸੰਤਨ ਕੀ ਝੁੰਗੀਆ ਭਲੀ
ਭਠਿ ਕੁਸਤੀ ਗਾਉ ॥

کبیرِ سنّتن کی جھُنگیِیا بھلی
بھٹھِ کُستی گاءُ ॥

ਆਗਿ ਲਗਉ ਤਿਹ ਧਉਲਹਰ
ਜਿਹ ਨਾਹੀ ਹਰਿ ਕੋ ਨਾਉ ॥੧੫॥

آگِ لگءُ تِہ دھئُلہر
جِہ ناہی ہرِ کو ناءُ ॥ 15 ॥

ਕਬੀਰ ਸੰਤ ਮੂਏ ਕਿਆ ਰੋਈਐ
ਜੋ ਅਪੁਨੇ ਗ੍ਰਿਹਿ ਜਾਇ ॥

کبیرِ سنّت موُئے کِیا روئیِےّ
جو اپُنے گرِہِ جاءِ ॥

ਰੋਵਹੁ ਸਾਕਤ ਬਾਪੁਰੇ
ਜੁ ਹਾਟੈ ਹਾਟ ਬਿਕਾਇ ॥੧੬॥

رووہُ ساکت باپُرے

ਕਬੀਰ ਸਾਕਤੁ ਐਸਾ ਹੈ
ਜੈਸੀ ਲਸਨ ਕੀ ਖਾਨਿ ॥

ਕੋਨੇ ਬੈਠੇ ਖਾਈਐ
ਪਰਗਟ ਹੋਇ ਨਿਦਾਨਿ ॥੧੭॥

ਕਬੀਰ ਮਾਇਆ ਡੋਲਨੀ
ਪਵਨੁ ਝਕੋਲਨਹਾਰੁ ॥

ਸੰਤਹੁ ਮਾਖਨੁ ਖਾਇਆ
ਛਾਛਿ ਪੀਐ ਸੰਸਾਰੁ ॥੧੮॥

ਕਬੀਰ ਮਾਇਆ ਡੋਲਨੀ
ਪਵਨੁ ਵਹੈ ਹਿਵ ਧਾਰ ॥

ਜਿਨਿ ਬਿਲੋਇਆ ਤਿਨਿ ਖਾਇਆ
ਅਵਰ ਬਿਲੋਵਨਹਾਰ ॥੧੯॥

ਕਬੀਰ ਮਾਇਆ ਚੋਰਟੀ
ਮੁਸਿ ਮੁਸਿ ਲਾਵੈ ਹਾਟਿ ॥

ਏਕੁ ਕਬੀਰਾ ਨਾ ਮੁਸੈ
ਜਿਨਿ ਕੀਨੀ ਬਾਰਹ ਬਾਟ ॥੨੦॥

ਕਬੀਰ ਸੂਖੁ ਨ ਏਂਹ ਜੁਗਿ
ਕਰਹਿ ਜੁ ਬਹੁਤੈ ਮੀਤ ॥

ਜੋ ਚਿਤੁ ਰਾਖਹਿ ਏਕ ਸਿਉ
ਤੇ ਸੁਖੁ ਪਾਵਹਿ ਨੀਤ ॥੨੧॥

ਕਬੀਰ ਜਿਸੁ ਮਰਨੇ ਤੇ ਜਗੁ ਡਰੈ
ਮੇਰੈ ਮਨਿ ਆਨੰਦੁ ॥

ਮਰਨੇ ਹੀ ਤੇ ਪਾਈਐ
ਪੂਰਨੁ ਪਰਮਾਨੰਦੁ ॥੨੨॥

جُ ہاٹے ہاٹ بِکاءِ ॥ 16 ॥

کبیِر ساکتُ ایَسا ہے
جیَسی لسن کی کھانِ ॥

کونے بیٹھے کھائیے
پرگٹ ہوءِ نِدانِ ॥ 17 ॥

کبیِر مائیا ڈولنی
پونُ جھکولنہارُ ॥

سنتہُ ماکھنُ کھائیا
چھاچھِ پیئے سنّسارُ ॥ 18 ॥

کبیِر مائیا ڈولنی
پونُ وہے ہِو دھار ॥

جِنِ بِلوئیا تِنِ کھائیا
اور بِلووونہار ॥ 19 ॥

کبیِر مائیا چورٹی
مُسِ مُسِ لاوے ہاٹِ ॥

ایکُ کبیِرا نا مُسے
جِنِ کِینی بارہ باٹ ॥ 20 ॥

کبیِر سوُکھُ ن ایہٰ جُگِ
کرہِ جُ بہُتے مِیت ॥

جو چِتُ راکھہِ ایک سِءُ
تے سُکھُ پاوہِ نِیت ॥ 21 ॥

کبیِر جِسُ مرنے تے جگُ ڈرے
میرے منِ آننَدُ ॥

مرنے ہی تے پائیے
پوُرنُ پرمانَندُ ॥ 22 ॥

ਰਾਮ ਪਦਾਰਥੁ ਪਾਇ ਕੈ
ਕਬੀਰਾ ਗਾਂਠਿ ਨ ਖੋਲ੍ ॥

رام پدارتھُ پاءِ کے
کبیرا گانٹھِ ن کھولّہ ॥

ਨਹੀ ਪਟਣੁ ਨਹੀ ਪਾਰਖੂ
ਨਹੀ ਗਾਹਕੁ ਨਹੀ ਮੋਲੁ ॥੨੩॥

نہی پٹنُ نہی پارکھوُ
نہی گاہکُ نہی مولُ ॥ 23 ॥

ਕਬੀਰ ਤਾ ਸਿਉ ਪ੍ਰੀਤਿ ਕਰਿ
ਜਾ ਕੋ ਠਾਕੁਰੁ ਰਾਮੁ ॥

کبیر تا سِءُ پرّیتِ کرِ
جا کو ٹھاکُرُ رامُ ॥

ਪੰਡਿਤ ਰਾਜੇ ਭੂਪਤੀ
ਆਵਹਿ ਕਉਨੇ ਕਾਮ ॥੨੪॥

پنڈِت راجے بھوُپتی
آوہِ کئُنے کام ۔ ॥ 24 ॥

ਕਬੀਰ ਪ੍ਰੀਤਿ ਇਕ ਸਿਉ ਕੀਏ
ਆਨ ਦੁਬਿਧਾ ਜਾਇ ॥

کبیر پرّیتِ اِک سِءُ کیئے
آن دُبِدھا جاءِ ॥

ਭਾਵੈ ਲਾਂਬੇ ਕੇਸ ਕਰੁ
ਭਾਵੈ ਘਰਰਿ ਮੁਡਾਇ ॥੨੫॥

بھاوے لانبے کیس کرُ
بھاوے گھررِ مُڈاءِ ॥ 25 ॥

ਕਬੀਰ ਜਗੁ ਕਾਜਲ ਕੀ ਕੋਠਰੀ
ਅੰਧ ਪਰੇ ਤਿਸ ਮਾਹਿ ॥

کبیر جگُ کاجل کی کوٹھری
اندھ پرے تِس ماہِ ॥

ਹਉ ਬਲਿਹਾਰੀ ਤਿਨ ਕਉ
ਪੈਸਿ ਜੁ ਨੀਕਸਿ ਜਾਹਿ ॥੨੬॥

ہءُ بلِہاری تِن کءُ
پیَسِ جُ نیِکسِ جاہِ ॥ 26 ॥

ਕਬੀਰ ਇਹੁ ਤਨੁ ਜਾਇਗਾ
ਸਕਹੁ ਤ ਲੇਹੁ ਬਹੋਰਿ ॥

کبیر اِہُ تنُ جائِگا
سکہُ ت لیہُ بہورِ ॥

ਨਾਂਗੇ ਪਾਵਹੁ ਤੇ ਗਏ
ਜਿਨ ਕੇ ਲਾਖ ਕਰੋਰਿ ॥੨੭॥

نانگے پاوہُ تے گئے
جِن کے لاکھ کرورِ ॥ 27 ॥

ਕਬੀਰ ਇਹੁ ਤਨੁ ਜਾਇਗਾ
ਕਵਨੈ ਮਾਰਗਿ ਲਾਇ ॥

کبیر اِہُ تنُ جائِگا
کونے مارگِ لاءِ ۔ ॥

ਕੈ ਸੰਗਤਿ ਕਰਿ ਸਾਧ ਕੀ
ਕੈ ਹਰਿ ਕੇ ਗੁਨ ਗਾਇ ॥੨੮॥

کے سنگتِ کرِ سادھ کی
کے ہرِ کے گُن گاءِ ॥ 28 ॥

ਕਬੀਰ ਮਰਤਾ ਮਰਤਾ ਜਗੁ ਮੂਆ
ਮਰਿ ਭੀ ਨ ਜਾਨਿਆ ਕੋਇ ॥

کبیر مرتا مرتا جگُ موُیا

ਐਸੇ ਮਰਨੇ ਜੋ ਮਰੈ
ਬਹੁਰਿ ਨ ਮਰਨਾ ਹੋਇ ॥੨੯॥

ایسے مرنے جو مرے
بہُرِ ن مرنا ہوءِ ॥ 29 ॥

ਕਬੀਰ ਮਾਨਸ ਜਨਮੁ ਦੁਲੰਭੁ ਹੈ
ਹੋਇ ਨ ਬਾਰੈ ਬਾਰ ॥

کبیر مانس جنمُ دُلنّبھُ ہے
ہوءِ ن بارے بار ॥

ਜਿਉ ਬਨ ਫਲ ਪਾਕੇ ਭੁਇ ਗਿਰਹਿ
ਬਹੁਰਿ ਨ ਲਾਗਹਿ ਡਾਰ ॥੩੦॥

جِءُ بن پھل پاکے بھُءِ گِرہِ
بہُرِ ن لاگہِ ڈار ॥ 30 ॥

ਕਬੀਰਾ ਤੁਹੀ ਕਬੀਰੁ ਤੂ
ਤੇਰੋ ਨਾਉ ਕਬੀਰੁ ॥

کبیرا تُہی کبیرُ تو
تیرو ناءُ کبیرُ ॥

ਰਾਮ ਰਤਨੁ ਤਬ ਪਾਈਐ
ਜਉ ਪਹਿਲੇ ਤਜਹਿ ਸਰੀਰੁ ॥੩੧॥

رام رتنُ تب پائیئے
جءُ پہلے تجہِ سریرُ ॥ 31 ॥

ਕਬੀਰ ਝੰਖੁ ਨ ਝੰਖੀਐ
ਤੁਮਰੋ ਕਹਿਓ ਨ ਹੋਇ ॥

کبیر جھنکھُ ن جھنکھیئے
تُمرو کہِئو ن ہوءِ ॥

ਕਰਮ ਕਰੀਮ ਜੁ ਕਰਿ ਰਹੇ
ਮੇਟਿ ਨ ਸਾਕੈ ਕੋਇ ॥੩੨॥

کرم کریم جُ کرِ رہے
میٹِ ن ساکے کوءِ ॥ 32 ॥

ਕਬੀਰ ਕਸਉਟੀ ਰਾਮ ਕੀ
ਝੂਠਾ ਟਿਕੈ ਨ ਕੋਇ ॥

کبیر کسُٹی رام کی
جھوُٹھا ٹِکے ن کوءِ ॥

ਰਾਮ ਕਸਉਟੀ ਸੋ ਸਹੈ
ਜੋ ਮਰਿ ਜੀਵਾ ਹੋਇ ॥੩੩॥

رام کسُٹی سو سہے
جو مرِ جیوا ہوءِ ॥ 33 ॥

ਕਬੀਰ ਊਜਲ ਪਹਿਰਹਿ ਕਾਪਰੇ
ਪਾਨ ਸੁਪਾਰੀ ਖਾਹਿ ॥

کبیر اوُجل پہرہِ کاپرے
پان سُپاری کھاہِ ॥

ਏਕਸ ਹਰਿ ਕੇ ਨਾਮ ਬਿਨੁ
ਬਾਧੇ ਜਮ ਪੁਰਿ ਜਾਂਹਿ ॥੩੪॥

ایکس ہرِ کے نام بِنُ
بادھے جم پُرِ جانہِ ॥ 34 ॥

ਕਬੀਰ ਬੇੜਾ ਜਰਜਰਾ
ਫੂਟੇ ਛੇਂਕ ਹਜਾਰ ॥

کبیر بیڑا جرجرا
پھوُٹے چھینک ہجار ॥

ਹਰੂਏ ਹਰੂਏ ਤਿਰਿ ਗਏ
ਡੂਬੇ ਜਿਨ ਸਿਰ ਭਾਰ ॥੩੫॥

ہروئے ہروئے ترِ گئے
ڈوبے جِن سِر بھار ॥ 35 ॥

ਕਬੀਰ ਹਾਡ ਜਰੇ ਜਿਉ ਲਾਕਰੀ
ਕੇਸ ਜਰੇ ਜਿਉ ਘਾਸੁ ॥

کبیر ہاڈ جرے جِءُ لاکری
کیس جرے جِءُ گھاسُ ॥

ਇਹੁ ਜਗੁ ਜਰਤਾ ਦੇਖਿ ਕੈ
ਭਇਓ ਕਬੀਰੁ ਉਦਾਸੁ ॥੩੬॥

اِہُ جگُ جرتا دیکھِ کے
بھئیو کبیرُ اُداسُ ॥ 36 ॥

ਕਬੀਰ ਗਰਬੁ ਨ ਕੀਜੀਐ
ਚਾਮ ਲਪੇਟੇ ਹਾਡ ॥

کبیر گربُ ن کیجیئے
چام لپیٹے ہاڈ ॥

ਹੈਵਰ ਊਪਰਿ ਛਤ੍ਰ ਤਰ
ਤੇ ਫੁਨਿ ਧਰਨੀ ਗਾਡ ॥੩੭॥

ہیور اوُپر چھتّر تر
تے پھُنِ دھرنی گاڈ ॥ 37 ॥

ਕਬੀਰ ਗਰਬੁ ਨ ਕੀਜੀਐ
ਊਚਾ ਦੇਖਿ ਅਵਾਸੁ ॥

کبیر گربُ ن کیجیئے
اوُچا دیکھِ اواسُ ॥

ਆਜੁ ਕਾਲ੍ਹਿ ਭੁਇ ਲੇਟਣਾ
ਊਪਰਿ ਜਾਮੈ ਘਾਸੁ ॥੩੮॥

آجُ کالّہِ بھُءِ لیٹنّا
اوُپر جامے گھاسُ ॥ 38 ॥

ਕਬੀਰ ਗਰਬੁ ਨ ਕੀਜੀਐ
ਰੰਕੁ ਨ ਹਸੀਐ ਕੋਇ ॥

کبیر گربُ ن کیجیئے
رنکُ ن ہسیئے کوءِ ॥

ਅਜਹੁ ਸੁ ਨਾਉ ਸਮੁੰਦ੍ਰ ਮਹਿ
ਕਿਆ ਜਾਨਉ ਕਿਆ ਹੋਇ ॥੩੯॥

اجہُ سُ ناءُ سمُندّر مہِ
کِیا جان ءُ کِیا ہوءِ ۔ ॥ 39 ॥

ਕਬੀਰ ਗਰਬੁ ਨ ਕੀਜੀਐ
ਦੇਹੀ ਦੇਖਿ ਸੁਰੰਗ ॥

کبیر گربُ ن کیجیئے
دیہی دیکھِ سُرنگ ॥

ਆਜੁ ਕਾਲ੍ਹਿ ਤਜਿ ਜਾਹੁਗੇ
ਜਿਉ ਕਾਂਚੁਰੀ ਭੁਯੰਗ ॥੪੦॥

آجُ کالّہِ تجِ جاہگے
جِءُ کانچُری بھُنگ ॥ 40 ॥

ਕਬੀਰ ਲੂਟਨਾ ਹੈ ਤ ਲੂਟਿ ਲੈ
ਰਾਮ ਨਾਮ ਹੈ ਲੂਟਿ ॥

کبیر لوُٹنا ہے ت لوُٹِ لے
رام نام ہے لوُٹِ ॥

ਫਿਰਿ ਪਾਛੈ ਪਛੁਤਾਹੁਗੇ
ਪ੍ਰਾਨ ਜਾਹਿੰਗੇ ਛੂਟਿ ॥੪੧॥

پھِرِ پاچھے پچھُتاہگے

ਕਬੀਰ ਐਸਾ ਕੋਈ ਨ ਜਨਮਿਓ
ਅਪਨੈ ਘਰਿ ਲਾਵੈ ਆਗਿ ॥

ਪਾਂਚਉ ਲਰਿਕਾ ਜਾਰਿ ਕੈ
ਰਹੈ ਰਾਮ ਲਿਵ ਲਾਗਿ ॥੪੨॥

ਕੋ ਹੈ ਲਰਿਕਾ ਬੇਚਈ
ਲਰਿਕੀ ਬੇਚੈ ਕੋਇ ॥

ਸਾਝਾ ਕਰੈ ਕਬੀਰ ਸਿਉ
ਹਰਿ ਸੰਗਿ ਬਨਜੁ ਕਰੇਇ ॥੪੩॥

ਕਬੀਰ ਇਹ ਚੇਤਾਵਨੀ
ਮਤ ਸਹਸਾ ਰਹਿ ਜਾਇ ॥

ਪਾਛੈ ਭੋਗ ਜੁ ਭੋਗਵੇ
ਤਿਨ ਕੋ ਗੁੜੁ ਲੈ ਖਾਹਿ ॥੪੪॥

ਕਬੀਰ ਮੈ ਜਾਨਿਓ ਪੜਿਬੋ ਭਲੋ
ਪੜਿਬੇ ਸਿਉ ਭਲ ਜੋਗੁ ॥

ਭਗਤਿ ਨ ਛਾਡਉ ਰਾਮ ਕੀ
ਭਾਵੈ ਨਿੰਦਉ ਲੋਗੁ ॥੪੫॥

ਕਬੀਰ ਲੋਗੁ ਕਿ ਨਿੰਦੈ ਬਪੁੜਾ
ਜਿਹ ਮਨਿ ਨਾਹੀ ਗਿਆਨੁ ॥

ਰਾਮ ਕਬੀਰਾ ਰਵਿ ਰਹੇ
ਅਵਰ ਤਜੇ ਸਭ ਕਾਮ ॥੪੬॥

ਕਬੀਰ ਪਰਦੇਸੀ ਕੈ ਘਾਘਰੈ
ਚਹੁ ਦਿਸਿ ਲਾਗੀ ਆਗਿ ॥

ਖਿੰਥਾ ਜਲਿ ਕੋਇਲਾ ਭਈ
ਤਾਗੇ ਆਚ ਨ ਲਾਗ ॥੪੭॥

پّران جاہِنگے چھوُٹِ ॥ 41 ॥

کبِیر ایَسا کوئی ن جنمِئو
اپنے گھرِ لاوے آگِ ॥

پانچ ءُ لرِکا جارِ کے
رہے رام لِو لاگِ ॥ 42 ॥

کو ہے لرِکا بیچئی
لرِکی بیچے کوءِ ॥

ساجھا کرے کبِیر سِ ءُ
ہرِ سنگِ بنجُ کرےءِ ॥ 43 ॥

کبِیر اِہ چیتاونی
مت سہسا رہِ جاءِ ॥

پاچھے بھوگ جُ بھوگوے
تِن کو گُڑُ لے کھاہِ ॥ 44 ॥

کبِیر مے جانِئو پڑِبو بھلو
پڑِبے سِ ءُ بھل جوگُ ॥

بھگتِ ن چھاڈءُ رام کی
بھاوے نِندءُ لوگُ ॥ 45 ॥

کبِیر لوگُ کِ نِندے بپُڑا
جِہ منِ ناہی گِیانُ ॥

رام کبِیرا روِ رہے
اور تجے سبھ کام ॥ 46 ॥

کبِیر پردیسی کے گھاگھرے
چہُ دِس لاگی آگِ ॥

کھِنّتھا جلِ کوئِلا بھئی
تاگے آچ ن لاگ ॥ 47 ॥

ਕਬੀਰ ਖਿੰਥਾ ਜਲਿ ਕੋਇਲਾ ਭਈ
ਖਾਪਰੁ ਫੂਟ ਮਫੂਟ ॥

کبیرِ کھنتھا جلِ کوئلا بھئی
کھاپرُ پھوٹ مپھوٹ ॥

ਜੋਗੀ ਬਪੁੜਾ ਖੇਲਿਓ
ਆਸਨਿ ਰਹੀ ਬਿਭੂਤਿ ॥੪੮॥

جوگی بپڑا کھیلئو
آسنِ رہی بِبھوُتِ ॥ 48 ॥

ਕਬੀਰ ਥੋਰੈ ਜਲਿ ਮਾਛੁਲੀ
ਝੀਵਰਿ ਮੇਲਿਓ ਜਾਲੁ ॥

کبیرِ تھورے جلِ ماچھُلی
جھِیورِ میلئو جالُ ॥

ਇਹ ਟੋਘਨੈ ਨ ਛੂਟਸਹਿ
ਫਿਰਿ ਕਰਿ ਸਮੁੰਦੁ ਸਮ੍ਾਲਿ ॥੪੯॥

اِہ ٹوگھنے ن چھوُٹسہِ
پھِرِ کرِ سمُنّدُ سمہّالِ ॥ 49 ॥

ਕਬੀਰ ਸਮੁੰਦੁ ਨ ਛੋਡੀਐ
ਜਉ ਅਤਿ ਖਾਰੋ ਹੋਇ ॥

کبیرِ سمُنّدُ ن چھوڈیئے
جءُ اتِ کھارو ہوءِ ॥

ਪੋਖਰਿ ਪੋਖਰਿ ਢੂਢਤੇ
ਭਲੋ ਨ ਕਹਿਹੈ ਕੋਇ ॥੫੦॥

پوکھرِ پوکھرِ ڈھوُڈھتے
بھلو ن کہِہے کوءِ ॥ 50 ॥

ਕਬੀਰ ਨਿਗੁਸਾਂਏਂ ਬਹਿ ਗਏ
ਥਾਂਘੀ ਨਾਹੀ ਕੋਇ ॥

کبیرِ نِگُساںئیں بہِ گئے
تھانگھی ناہی کوءِ ॥

ਦੀਨ ਗਰੀਬੀ ਆਪੁਨੀ
ਕਰਤੇ ਹੋਇ ਸੁ ਹੋਇ ॥੫੧॥

دِین غریبی آپُنی
کرتے ہوءِ سُ ہوءِ ॥ 51 ॥

ਕਬੀਰ ਬੈਸਨਉ ਕੀ ਕੂਕਰਿ ਭਲੀ
ਸਾਕਤ ਕੀ ਬੁਰੀ ਮਾਇ ॥

کبیرِ بیَسن ءُ کی کوُکرِ بھلی
ساکت کی بُری ماءِ ॥

ਓਹ ਨਿਤ ਸੁਨੈ ਹਰਿ ਨਾਮ ਜਸੁ
ਉਹ ਪਾਪ ਬਿਸਾਹਨ ਜਾਇ ॥੫੨॥

اوہ نِت سُنے ہرِ نام جسُ
اُہ پاپ بِساہن جاءِ ॥ 52 ॥

ਕਬੀਰ ਹਰਨਾ ਦੂਬਲਾ
ਇਹੁ ਹਰੀਆਰਾ ਤਾਲੁ ॥

کبیرِ ہرنا دوُبلا
اِہُ ہریارا تالُ ॥

ਲਾਖ ਅਹੇਰੀ ਏਕੁ ਜੀਉ
ਕੇਤਾ ਬੰਚਉ ਕਾਲੁ ॥੫੩॥

لاکھ اہیری ایکُ جیِءُ
کیتا بنچّءُ کالُ ॥ 53 ॥

ਕਬੀਰ ਗੰਗਾ ਤੀਰ ਜੁ ਘਰੁ ਕਰਹਿ
ਪੀਵਹਿ ਨਿਰਮਲ ਨੀਰੁ ॥

کبیرِ گنگا تیرِ جُ گھرُ کرہِ

پیوہِ نِرمل نیرُ ॥

ਬਿਨੁ ਹਰਿ ਭਗਤਿ ਨ ਮੁਕਤਿ ਹੋਇ
ਇਉ ਕਹਿ ਰਮੇ ਕਬੀਰ ॥੫੪॥

بِنُ ہرِ بھگتِ ن مُکتِ ہوءِ
اِءُ کہِ رمے کبیِر ॥ 54 ॥

ਕਬੀਰ ਮਨੁ ਨਿਰਮਲੁ ਭਇਆ
ਜੈਸਾ ਗੰਗਾ ਨੀਰੁ ॥

کبیِر منُ نِرملُ بھیَیا
جیَسا گنگا نیرُ ॥

ਪਾਛੈ ਲਾਗੋ ਹਰਿ ਫਿਰੈ
ਕਹਤ ਕਬੀਰ ਕਬੀਰ ॥੫੫॥

پاچھےَ لاگو ہرِ پھِرے
کہت کبیِر کبیِر ॥ 55 ॥

ਕਬੀਰ ਹਰਦੀ ਪੀਅਰੀ
ਚੂੰਨਾਂ ਊਜਲ ਭਾਇ ॥

کبیِر ہردی پیئری
چوُنّناں اوُجل بھاءِ ॥

ਰਾਮ ਸਨੇਹੀ ਤਉ ਮਿਲੈ
ਦੋਨਉ ਬਰਨ ਗਵਾਇ ॥੫੬॥

رام سنیہی تءُ مِلےَ
دون٘ءُ برن گواءِ ॥ 56 ॥

ਕਬੀਰ ਹਰਦੀ ਪੀਰਤਨੁ ਹਰੈ
ਚੂਨ ਚਿਹਨੁ ਨ ਰਹਾਇ ॥

کبیِر ہردی پیِرتنُ ہرے
چوُن چِہنُ ن رہاءِ ॥

ਬਲਿਹਾਰੀ ਇਹ ਪ੍ਰੀਤਿ ਕਉ
ਜਿਹ ਜਾਤਿ ਬਰਨੁ ਕੁਲੁ ਜਾਇ ॥੫੭॥

بلِہاری اِہ پ٘ریِتِ ک٘ءُ
جِہ زاتِ برنُ کُلُ جاءِ ॥ 57 ॥

ਕਬੀਰ ਮੁਕਤਿ ਦੁਆਰਾ ਸੰਕੁਰਾ
ਰਾਈ ਦਸਏਂ ਭਾਇ ॥

کبیِر مُکتِ دُیارا سنکُرا
رائی دسئیں بھاءِ ॥

ਮਨੁ ਤਉ ਮੈਗਲੁ ਹੋਇ ਰਹਿਓ
ਨਿਕਸੋ ਕਿਉ ਕੈ ਜਾਇ ॥੫੮॥

منُ تءُ میَگلُ ہوءِ رہِئو
نِکسو کِءُ کے جاءِ ۔ ॥ 58 ॥

ਕਬੀਰ ਐਸਾ ਸਤਿਗੁਰੁ ਜੇ ਮਿਲੈ
ਤੁਠਾ ਕਰੇ ਪਸਾਉ ॥

کبیِر ایَسا ستِگُرُ جے مِلےَ
تُٹھا کرے پساءُ ॥

ਮੁਕਤਿ ਦੁਆਰਾ ਮੋਕਲਾ
ਸਹਜੇ ਆਵਉ ਜਾਉ ॥੫੯॥

مُکتِ دُیارا موکلا
سہجے آوءُ جاءُ ॥ 59 ॥

ਕਬੀਰ ਨਾ ਮੋਹਿ ਛਾਨਿ ਨ ਛਾਪਰੀ
ਨਾ ਮੋਹਿ ਘਰੁ ਨਹੀ ਗਾਉ ॥

کبیِر نا موہِ چھانِ ن چھاپری
نا موہِ گھرُ نہی گاءُ ॥

ਮਤ ਹਰਿ ਪੂਛੈ ਕਉਨੁ ਹੈ
ਮੇਰੇ ਜਾਤਿ ਨ ਨਾਉ ॥੬੦॥

مت ہرِ پوُچھے کنُن ہے
میرے زاتِ ن ناءُ ॥ 60 ॥

ਕਬੀਰ ਮੁਹਿ ਮਰਨੇ ਕਾ ਚਾਉ ਹੈ
ਮਰਉ ਤ ਹਰਿ ਕੈ ਦੁਆਰ ॥

کبیرِ مُہِ مرنے کا چاءُ ہے
مرءُ ت ہرِ کے دُیار ॥

ਮਤ ਹਰਿ ਪੂਛੈ ਕਉਨੁ ਹੈ
ਪਰਾ ਹਮਾਰੈ ਬਾਰ ॥੬੧॥

مت ہرِ پوُچھے کنُن ہے
پرا ہمارے بار ॥ 61 ॥

ਕਬੀਰ ਨਾ ਹਮ ਕੀਆ ਨ ਕਰਹਿਗੇ
ਨਾ ਕਰਿ ਸਕੈ ਸਰੀਰੁ ॥

کبیرِ نا ہم کِیا ن کرہِگے
نا کرِ سکے سریرُ ॥

ਕਿਆ ਜਾਨਉ ਕਿਛੁ ਹਰਿ ਕੀਆ
ਭਇਓ ਕਬੀਰੁ ਕਬੀਰੁ ॥੬੨॥

کِیا جان ءُ کچھُ ہرِ کِیا
بھئیو کبیرُ کبیرُ ॥ 62 ॥

ਕਬੀਰ ਸੁਪਨੈ ਹੂ ਬਰੜਾਇ ਕੈ
ਜਿਹ ਮੁਖਿ ਨਿਕਸੈ ਰਾਮੁ ॥

کبیرِ سُپنے ہوُ برڑاءِ کے
جِہ مُکھِ نِکسے رامُ ॥

ਤਾ ਕੇ ਪਗ ਕੀ ਪਾਨਹੀ
ਮੇਰੇ ਤਨ ਕੋ ਚਾਮੁ ॥੬੩॥

تا کے پگ کی پانہی
میرے تن کو چامُ ॥ 63 ॥

ਕਬੀਰ ਮਾਟੀ ਕੇ ਹਮ ਪੂਤਰੇ
ਮਾਨਸੁ ਰਾਖਿਓ ਨਾਉ ॥

کبیرِ ماٹی کے ہم پوُترے
مانسُ راکھِیوُ ناءُ ॥

ਚਾਰਿ ਦਿਵਸ ਕੇ ਪਾਹੁਨੇ
ਬਡ ਬਡ ਰੂੰਧਹਿ ਠਾਉ ॥੬੪॥

چارِ دِوس کے پاہُنے
بڈ بڈ روُندھہِ ٹھاءُ ॥ 64 ॥

ਕਬੀਰ ਮਹਿਦੀ ਕਰਿ ਘਾਲਿਆ
ਆਪੁ ਪੀਸਾਇ ਪੀਸਾਇ ॥

کبیرِ مہِدی کرِ گھالیا
آپُ پیساءِ پیساءِ ॥

ਤੈ ਸਹ ਬਾਤ ਨ ਪੂਛੀਐ
ਕਬਹੁ ਨ ਲਾਈ ਪਾਇ ॥੬੫॥

تے سہ بات ن پوُچھیئے
کبہُ ن لائی پاءِ ॥ 65 ॥

ਕਬੀਰ ਜਿਹ ਦਰਿ ਆਵਤ ਜਾਤਿਅਹੁ
ਹਟਕੈ ਨਾਹੀ ਕੋਇ ॥

کبیرِ جِہ درِ آوت جاتیہُ
ہٹکے ناہی کوءِ ॥

ਸੋ ਦਰੁ ਕੈਸੇ ਛੋਡੀਐ
ਜੋ ਦਰੁ ਐਸਾ ਹੋਇ ॥੬੬॥

سو درُ کیسے چھوڑیئے

ਕਬੀਰ ਡੂਬਾ ਥਾ ਪੈ ਉਬਰਿਓ
ਗੁਨ ਕੀ ਲਹਰਿ ਝਬਕਿ ॥

ਜਬ ਦੇਖਿਓ ਬੇੜਾ ਜਰਜਰਾ
ਤਬ ਉਤਰਿ ਪਰਿਓ ਹਉ ਫਰਕਿ ॥੬੭॥

ਕਬੀਰ ਪਾਪੀ ਭਗਤਿ ਨ ਭਾਵਈ
ਹਰਿ ਪੂਜਾ ਨ ਸੁਹਾਇ ॥

ਮਾਖੀ ਚੰਦਨੁ ਪਰਹਰੈ
ਜਹ ਬਿਗੰਧ ਤਹ ਜਾਇ ॥੬੮॥

ਕਬੀਰ ਬੈਦੁ ਮੂਆ ਰੋਗੀ ਮੂਆ
ਮੂਆ ਸਭੁ ਸੰਸਾਰੁ ॥

ਏਕੁ ਕਬੀਰਾ ਨਾ ਮੂਆ
ਜਿਹ ਨਾਹੀ ਰੋਵਨਹਾਰੁ ॥੬੯॥

ਕਬੀਰ ਰਾਮੁ ਨ ਧਿਆਇਓ
ਮੋਟੀ ਲਾਗੀ ਖੋਰਿ ॥

ਕਾਇਆ ਹਾਂਡੀ ਕਾਠ ਕੀ
ਨਾ ਓਹੁ ਚਰੈ ਬਹੋਰਿ ॥੭੦॥

ਕਬੀਰ ਐਸੀ ਹੋਇ ਪਰੀ
ਮਨ ਕੋ ਭਾਵਤੁ ਕੀਨੁ ॥

ਮਰਨੇ ਤੇ ਕਿਆ ਡਰਪਨਾ
ਜਬ ਹਾਥਿ ਸਿਧਉਰਾ ਲੀਨ ॥੭੧॥

ਕਬੀਰ ਰਸ ਕੋ ਗਾਂਡੋ ਚੂਸੀਐ
ਗੁਨ ਕਉ ਮਰੀਐ ਰੋਇ ॥

ਅਵਗੁਨੀਆਰੇ ਮਾਨਸੈ
ਭਲੋ ਨ ਕਹਿਹੈ ਕੋਇ ॥੭੨॥

جو دُر ایَسا ہوءِ ॥ 66 ॥

کبیِر ڈُوبا تھا پے اُبرِئو
گُن کی لہرِ جھبکِ ॥

جب دیکھِئو بیڑا جرجرا
تب اُترِ پرِئو ہءُ پھرکِ ॥ 67 ॥

کبیِر پاپی بھگتِ ن بھاوئی
ہرِ پُوجا ن سُہاءِ ॥

ماکھی چنّدنُ پرہرے
جہ بِگنّدھ تہ جاءِ ॥ 68 ॥

کبیِر بیَدُ موُیا روگی موُیا
موُیا سبھُ سنّسارُ ॥

ایکُ کبیِرا نا موُیا
جِہ ناہی رووَنہارُ ॥ 69 ॥

کبیِر رامُ ن دھیائِئو
موٹی لاگی کھورِ ॥

کائِیا ہانڈی کاٹھ کی
نا اوہُ چڑہے بہورِ ॥ 70 ॥

کبیِر ایَسی ہوءِ پری
من کو بھاوتُ کیِنُ ॥

مرنے تے کِیا ڈرپنا
جب ہاتھِ سِدھرُا لیِن ॥ 71 ॥

کبیِر رس کو گانڈو چوُسیئے
گُن کءُ مریئے روءِ ॥

اوگُنیِارے مانسے
بھلو ن کہیے کوءِ ॥ 72 ॥

ਕਬੀਰ ਗਾਗਰਿ ਜਲ ਭਰੀ
ਆਜੁ ਕਾਲਿ੍ ਜੈਹੈ ਫੂਟਿ ॥

کبیرِ گاگرِ جل بھری
آجُ کالہِ جیہے پھوٹِ ॥

ਗੁਰੁ ਜੁ ਨ ਚੇਤਹਿ ਆਪਨੋ
ਅਧ ਮਾਝਿ ਲੀਜਹਿਗੇ ਲੂਟਿ ॥੭੩॥

گُرُ جُ ن چیتہِ آپنو
ادھ ماجھِ لیجہِگے لوٹِ ॥ 73 ॥

ਕਬੀਰ ਕੂਕਰੁ ਰਾਮ ਕੋ
ਮੁਤੀਆ ਮੇਰੋ ਨਾਉ ॥

کبیرِ کوُکرُ رام کو
مُتیِیا میرو ناءُ ॥

ਗਲੇ ਹਮਾਰੇ ਜੇਵਰੀ
ਜਹ ਖਿੰਚੈ ਤਹ ਜਾਉ ॥੭੪॥

گلے ہمارے جیوری
جہ کھِچّے تہ جاءُ ॥ 74 ॥

ਕਬੀਰ ਜਪਨੀ ਕਾਠ ਕੀ
ਕਿਆ ਦਿਖਲਾਵਹਿ ਲੋਇ ॥

کبیرِ جپنی کاٹھ کی
کِیا دِکھلاوہِ لوءِ ۔ ॥

ਹਿਰਦੈ ਰਾਮੁ ਨ ਚੇਤਹੀ
ਇਹ ਜਪਨੀ ਕਿਆ ਹੋਇ ॥੭੫॥

ہِردے رامُ ن چیتہی
اِہ جپنی کِیا ہوءِ ۔ ॥ 75 ॥

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ
ਮੰਤੁ ਨ ਮਾਨੈ ਕੋਇ ॥

کبیرِ برہُ بھُینگمُ منِ بسے
منتُ ن مانے کوءِ ॥

ਰਾਮ ਬਿਓਗੀ ਨਾ ਜੀਐ
ਜੀਐ ਤ ਬਉਰਾ ਹੋਇ ॥੭੬॥

رام بِئوگی نا جیئے
جیئے ت بئرا ہوءِ ॥ 76 ॥

ਕਬੀਰ ਪਾਰਸ ਚੰਦਨੈ
ਤਿਨ੍ ਹੈ ਏਕ ਸੁਗੰਧ ॥

کبیرِ پارس چندنے
تِنّہ ہے ایک سُگندھ ॥

ਤਿਹ ਮਿਲਿ ਤੇਊ ਊਤਮ ਭਏ
ਲੋਹ ਕਾਠ ਨਿਰਗੰਧ ॥੭੭॥

تہ مِلِ تیئوُ اوُتم بھے
لوہ کاٹھ نِرگندھ ॥ 77 ॥

ਕਬੀਰ ਜਮ ਕਾ ਠੇਂਗਾ ਬੁਰਾ ਹੈ
ਓਹੁ ਨਹੀ ਸਹਿਆ ਜਾਇ ॥

کبیرِ جم کا ٹھینگا بُرا ہے
اوہُ نہی سہیا جاءِ ॥

ਏਕੁ ਜੁ ਸਾਧੂ ਮੋਹਿ ਮਿਲਿਓ
ਤਿਨਿ੍ ਲੀਆ ਅੰਚਲਿ ਲਾਇ ॥੭੮॥

ایکُ جُ سادھوُ موہِ مِلِئو
تِنّہِ لِیا انچلِ لاءِ ॥ 78 ॥

ਕਬੀਰ ਬੈਦੁ ਕਹੈ ਹਉ ਹੀ ਭਲਾ
ਦਾਰੂ ਮੇਰੈ ਵਸਿ ॥

کبیرِ بیَدُ کہے ہءُ ہی بھلا

ਇਹ ਤਉ ਬਸਤੁ ਗੁਪਾਲ ਕੀ
ਜਬ ਭਾਵੈ ਲੇਇ ਖਸਿ ॥੭੯॥

ਕਬੀਰ ਨਉਬਤਿ ਆਪਨੀ
ਦਿਨ ਦਸ ਲੇਹੁ ਬਜਾਇ ॥

ਨਦੀ ਨਾਵ ਸੰਜੋਗ ਜਿਉ
ਬਹੁਰਿ ਨ ਮਿਲਹੈ ਆਇ ॥੮੦॥

ਕਬੀਰ ਸਾਤ ਸਮੁੰਦਹਿ ਮਸੁ ਕਰਉ
ਕਲਮ ਕਰਉ ਬਨਰਾਇ ॥

ਬਸੁਧਾ ਕਾਗਦੁ ਜਉ ਕਰਉ
ਹਰਿ ਜਸੁ ਲਿਖਨੁ ਨ ਜਾਇ ॥੮੧॥

ਕਬੀਰ ਜਾਤਿ ਜੁਲਾਹਾ ਕਿਆ ਕਰੈ
ਹਿਰਦੈ ਬਸੇ ਗੁਪਾਲ ॥

ਕਬੀਰ ਰਮਈਆ ਕੰਠਿ ਮਿਲੁ
ਚੂਕਹਿ ਸਰਬ ਜੰਜਾਲ ॥੮੨॥

ਕਬੀਰ ਐਸਾ ਕੋ ਨਹੀ
ਮੰਦਰੁ ਦੇਇ ਜਰਾਇ ॥

ਪਾਂਚਉ ਲਰਿਕੇ ਮਾਰਿ ਕੈ
ਰਹੈ ਰਾਮ ਲਿਉ ਲਾਇ ॥੮੩॥

ਕਬੀਰ ਐਸਾ ਕੋ ਨਹੀ
ਇਹੁ ਤਨੁ ਦੇਵੈ ਫੂਕਿ ॥

ਅੰਧਾ ਲੋਗੁ ਨ ਜਾਨਈ
ਰਹਿਓ ਕਬੀਰਾ ਕੂਕਿ ॥੮੪॥

ਕਬੀਰ ਸਤੀ ਪੁਕਾਰੈ ਚਿਹ ਚੜੀ
ਸੁਨੁ ਹੋ ਬੀਰ ਮਸਾਨ ॥

دارُو میرے وِس ॥

اِہ تءُ بست گُپال کی
جب بھاوے لےءِ کھِس ॥ 79 ॥

کبِیر نُبت آپنی
دِن دس لیہُ بجاءِ ॥

ندی ناو سنجوگ جِءُ
بہُرِ ن مِلہے آءِ ॥ 80 ॥

کبِیر سات سمُندہِ مسُ کرءُ
قلم کرءُ بنراءِ ॥

بسُدھا کاگدُ جءُ کرءُ
ہرِ جسُ لِکھنُ ن جاءِ ॥ 81 ॥

کبِیر زاتِ جُلاہا کِیا کرے
ہِردے بسے گُپال ॥

کبِیر رمئیا کنٹھِ مِلُ
چوُکہِ سرب زنجال ॥ 82 ॥

کبِیر ایسا کو نہی
مندّرُ دےءِ جراءِ ॥

پانچءُ لِرکے مارِ کے
رہے رام لِءُ لاءِ ॥ 83 ॥

کبِیر ایسا کو نہی
اِہُ تنُ دیوے پھوُکِ ॥

اندّھا لوگُ ن جانئی
رہئو کبِیرا کوُکِ ॥ 84 ॥

کبِیر ستی پُکارے چِہ چڑی
سُنُ ہو بِیر مسان ۔ ॥

ਲੋਗੁ ਸਬਾਇਆ ਚਲਿ ਗਇਓ
ਹਮ ਤੁਮ ਕਾਮੁ ਨਿਦਾਨ ॥੮੫॥

لوگُ سبائیا چلِ گئیو
ہم تُم کامُ نِدان ॥ 85 ॥

ਕਬੀਰ ਮਨੁ ਪੰਖੀ ਭਇਓ
ਉਡਿ ਉਡਿ ਦਹ ਦਿਸ ਜਾਇ ॥

کبیِر منُ پنکھی بھیئو
اُڈِ اُڈِ دہ دِس جاءِ ॥

ਜੋ ਜੈਸੀ ਸੰਗਤਿ ਮਿਲੈ
ਸੋ ਤੈਸੋ ਫਲੁ ਖਾਇ ॥੮੬॥

جو جیَسی سنگتِ مِلےَ
سو تیَسو پھلُ کھاءِ ॥ 86 ॥

ਕਬੀਰ ਜਾ ਕਉ ਖੋਜਤੇ
ਪਾਇਓ ਸੋਈ ਠਉਰੁ ॥

کبیِر جا ک ءُ کھوجتے
پائیو سوئی ٹھئُر ॥

ਸੋਈ ਫਿਰਿ ਕੈ ਤੂ ਭਇਆ
ਜਾ ਕਉ ਕਹਤਾ ਅਉਰੁ ॥੮੭॥

سوئی پھِرِ کے توُ بھیَیا
جا ک ءُ کہتا اَئُر ॥ 87 ॥

ਕਬੀਰ ਮਾਰੀ ਮਰਉ ਕੁਸੰਗ ਕੀ
ਕੇਲੇ ਨਿਕਟਿ ਜੁ ਬੇਰਿ ॥

کبیِر ماری مرءُ کُسنگ کی
کیلے نِکٹِ جُ بیرِ ॥

ਉਹ ਝੂਲੈ ਉਹ ਚੀਰੀਐ
ਸਾਕਤ ਸੰਗੁ ਨ ਹੇਰਿ ॥੮੮॥

اُہ جھوُلے اُہ چیِریےِّ
ساکت سنگُ ن ہیرِ ॥ 88 ॥

ਕਬੀਰ ਭਾਰ ਪਰਾਈ ਸਿਰਿ ਚਰੈ
ਚਲਿਓ ਚਾਹੈ ਬਾਟ ॥

کبیِر بھار پرائی سِرِ چرے
چلِئو چاہےَ باٹ ॥

ਅਪਨੇ ਭਾਰਹਿ ਨਾ ਡਰੈ
ਆਗੈ ਅਉਘਟ ਘਾਟ ॥੮੯॥

اپنے بھارہِ نا ڈرے
آگے انگھٹ گھاٹ ॥ 89 ॥

ਕਬੀਰ ਬਨ ਕੀ ਦਾਧੀ ਲਾਕਰੀ
ਠਾਢੀ ਕਰੈ ਪੁਕਾਰ ॥

کبیِر بن کی دادھی لاکری
ٹھاڈھی کرے پُکار ॥

ਮਤਿ ਬਸਿ ਪਰਉ ਲੁਹਾਰ ਕੇ
ਜਾਰੈ ਦੂਜੀ ਬਾਰ ॥੯੦॥

متِ بسِ پرءُ لُہار کے
جارے دوُجی بار ॥ 90 ॥

ਕਬੀਰ ਏਕ ਮਰੰਤੇ ਦੁਇ ਮੂਏ
ਦੋਇ ਮਰੰਤਹ ਚਾਰਿ ॥

کبیِر ایک مرنّتے دُءِ موُئے
دوءِ مرنّتہ چارِ ॥

ਚਾਰਿ ਮਰੰਤਹ ਛਹ ਮੂਏ
ਚਾਰਿ ਪੁਰਖ ਦੁਇ ਨਾਰਿ ॥੯੧॥

چارِ مرنّتہ چھ موُئے

ਕਬੀਰ ਦੇਖਿ ਦੇਖਿ ਜਗੁ ਢੂੰਢਿਆ
ਕਹੂੰ ਨ ਪਾਇਆ ਠਉਰੁ ॥

ਜਿਨਿ ਹਰਿ ਕਾ ਨਾਮੁ ਨ ਚੇਤਿਓ
ਕਹਾ ਭੁਲਾਨੇ ਅਉਰ ॥੯੨॥

ਕਬੀਰ ਸੰਗਤਿ ਕਰੀਐ ਸਾਧ ਕੀ
ਅੰਤਿ ਕਰੈ ਨਿਰਬਾਹੁ ॥

ਸਾਕਤ ਸੰਗੁ ਨ ਕੀਜੀਐ
ਜਾ ਤੇ ਹੋਇ ਬਿਨਾਹੁ ॥੯੩॥

ਕਬੀਰ ਜਗ ਮਹਿ ਚੇਤਿਓ ਜਾਨਿ ਕੈ
ਜਗ ਮਹਿ ਰਹਿਓ ਸਮਾਇ ॥

ਜਿਨ ਹਰਿ ਕਾ ਨਾਮੁ ਨ ਚੇਤਿਓ
ਬਾਦਹਿ ਜਨਮੇਂ ਆਇ ॥੯੪॥

ਕਬੀਰ ਆਸਾ ਕਰੀਐ ਰਾਮ ਕੀ
ਅਵਰੈ ਆਸ ਨਿਰਾਸ ॥

ਨਰਕਿ ਪਰਹਿ ਤੇ ਮਾਨਈ
ਜੋ ਹਰਿ ਨਾਮ ਉਦਾਸ ॥੯੫॥

ਕਬੀਰ ਸਿਖ ਸਾਖਾ ਬਹੁਤੇ ਕੀਏ
ਕੇਸੋ ਕੀਓ ਨ ਮੀਤੁ ॥

ਚਾਲੇ ਥੇ ਹਰਿ ਮਿਲਨ ਕਉ
ਬੀਚੈ ਅਟਕਿਓ ਚੀਤੁ ॥੯੬॥

ਕਬੀਰ ਕਾਰਨੁ ਬਪੁਰਾ ਕਿਆ ਕਰੈ
ਜਉ ਰਾਮੁ ਨ ਕਰੈ ਸਹਾਇ ॥

ਜਿਹ ਜਿਹ ਡਾਲੀ ਪਗੁ ਧਰਉ
ਸੋਈ ਮੁਰਿ ਮੁਰਿ ਜਾਇ ॥੯੭॥

چارِ پُرکھ دُءِ نارِ ॥ 91 ॥

کبیر دیکھِ دیکھِ جگُ ڈھونڈھیا
کہُوںَ ن پائیا ٹھُرُ ॥

جِنِ ہرِ کا نامُ ن چیتیو
کہا بھُلانے اُر ۔ ॥ 92 ॥

کبیر سنگتِ کریے سادھ کی
انتِ کرے نِرباہُ ॥

ساکت سنگُ ن کیجیے
جا تے ہوءِ بِناہُ ॥ 93 ॥

کبیر جگ مہِ چیتیو جانِ کے
جگ مہِ رہیو سماءِ ॥

جِن ہرِ کا نامُ ن چیتیو
بادہِ جنمیں آءِ ॥ 94 ॥

کبیر آسا کریے رام کی
اورے آس نِراس ॥

نرکِ پرہِ تے مانئی
جو ہرِ نام اُداس ॥ 95 ॥

کبیر سِکھ ساکھا بہُتے کیے
کیسو کیئو ن میتُ ॥

چالے تھے ہرِ مِلن ک ءُ
بیچے اٹکیو چیتُ ॥ 96 ॥

کبیر کارنُ بپُرا کیا کرے
ج ءُ رامُ ن کرے سہاءِ ॥

جِہ جِہ ڈالی پگُ دھرءُ
سوئی مُرِ مُرِ جاءِ ॥ 97 ॥

ਕਬੀਰ ਅਵਰਹ ਕਉ ਉਪਦੇਸਤੇ
ਮੁਖ ਮੈ ਪਰਿ ਹੈ ਰੇਤੁ ॥

ਰਾਸਿ ਬਿਰਾਨੀ ਰਾਖਤੇ
ਖਾਯਾ ਘਰ ਕਾ ਖੇਤੁ ॥੯੮॥

ਕਬੀਰ ਸਾਧੂ ਕੀ ਸੰਗਤਿ ਰਹਉ
ਜਉ ਕੀ ਭੂਸੀ ਖਾਉ ॥

ਹੋਨਹਾਰੁ ਸੋ ਹੋਇਹੈ
ਸਾਕਤ ਸੰਗਿ ਨ ਜਾਉ ॥੯੯॥

ਕਬੀਰ ਸੰਗਤਿ ਸਾਧ ਕੀ
ਦਿਨ ਦਿਨ ਦੂਨਾ ਹੇਤੁ ॥

ਸਾਕਤ ਕਾਰੀ ਕਾਂਬਰੀ
ਧੋਏ ਹੋਇ ਨ ਸੇਤੁ ॥੧੦੦॥

ਕਬੀਰ ਮਨੁ ਮੂੰਡਿਆ ਨਹੀ
ਕੇਸ ਮੁੰਡਾਏ ਕਾਂਇ ॥

ਜੋ ਕਿਛੁ ਕੀਆ ਸੋ ਮਨ ਕੀਆ
ਮੂੰਡਾ ਮੂੰਡੁ ਅਜਾਂਇ ॥੧੦੧॥

ਕਬੀਰ ਰਾਮੁ ਨ ਛੋਡੀਐ
ਤਨੁ ਧਨੁ ਜਾਇ ਤ ਜਾਉ ॥

ਚਰਨ ਕਮਲ ਚਿਤੁ ਬੇਧਿਆ
ਰਾਮਹਿ ਨਾਮਿ ਸਮਾਉ ॥੧੦੨॥

ਕਬੀਰ ਜੋ ਹਮ ਜੰਤੁ ਬਜਾਵਤੇ
ਟੂਟਿ ਗਈਂ ਸਭ ਤਾਰ ॥

ਜੰਤੁ ਬਿਚਾਰਾ ਕਿਆ ਕਰੈ
ਚਲੇ ਬਜਾਵਨਹਾਰ ॥੧੦੩॥

ਕਬੀਰ ਮਾਇ ਮੂੰਡਉ ਤਿਹ ਗੁਰੂ ਕੀ
ਜਾ ਤੇ ਭਰਮੁ ਨ ਜਾਇ ॥

کبیرِ اورہ ک ءُ اُپدیستے
مُکھ مے َ پرِ ہے َ ریتُ ॥

راسِ بِرانی راکھتے
کھایا گھر کا کھیتُ ॥ 98 ॥

کبیرِ سادھوُ کی سنگتِ رہ ءُ
ج ءُ کی بھوُسی کھاءُ ॥

ہونہارُ سو ہوئہے َ
ساکت سنگِ ن جاءُ ॥ 99 ॥

کبیرِ سنگتِ سادھ کی
دِن دِن دوُنا ہیتُ ॥

ساکت کاری کانبری
دھوئے ہوءِ ن سیتُ ॥ 100 ॥

کبیرِ منُ موُنڈِیا نہی
کیس مُنڈائے کانءِ ۔ ॥

جو کِچھُ کِیا سو من کِیا
موُنڈا موُنڈُ اجانءِ ॥ 101 ॥

کبیرِ رامُ ن چھوڑیے َ
تنُ دھنُ جاءِ ت جاءُ ॥

چرن کمل چِتُ بیدھِیا
رامہِ نامِ سماءُ ॥ 102 ॥

کبیرِ جو ہم جنّتُ بجاوتے
ٹوُٹِ گئیں سبھ تار ॥

جنّتُ بِچارا کِیا کرے َ
چلے بجاونہار ॥ 103 ॥

کبیرِ ماءِ موُنڈءُ تہِ گُروُ کی

ਆਪ ਡੁਬੇ ਚਹੁ ਬੇਦ ਮਹਿ
ਚੇਲੇ ਦੀਏ ਬਹਾਇ ॥੧੦੪॥

آپ ڈُبے چہُ بید مہِ
چیلے دیۓ بہاءِ ॥ 104 ॥

ਕਬੀਰ ਜੇਤੇ ਪਾਪ ਕੀਏ
ਰਾਖੇ ਤਲੈ ਦੁਰਾਇ ॥

کبیرِ جیتے پاپ کیۓ
راکھے تلےَ دُراءِ ॥

ਪਰਗਟ ਭਏ ਨਿਦਾਨ ਸਭ
ਜਬ ਪੂਛੇ ਧਰਮ ਰਾਇ ॥੧੦੫॥

پرگٹ بھۓ نِدان سبھ
جب پُوچھے دھرم راءِ ॥ 105 ॥

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ
ਪਾਲਿਓ ਬਹੁਤੁ ਕੁਟੰਬੁ ॥

کبیرِ ہرِ کا سِمرنُ چھاڈِ کے
پالِئو بہُتُ کُٹنّبُ ॥

ਧੰਧਾ ਕਰਤਾ ਰਹਿ ਗਇਆ
ਭਾਈ ਰਹਿਆ ਨ ਬੰਧੁ ॥੧੦੬॥

دھندّھا کرتا رہِ گئیا
بھائی رہِیا ن بنّدھُ ॥ 106 ॥

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ
ਰਾਤਿ ਜਗਾਵਨ ਜਾਇ ॥

کبیرِ ہرِ کا سِمرنُ چھاڈِ کے
راتِ جگاون جاءِ ॥

ਸਰਪਨਿ ਹੋਇ ਕੈ ਅਉਤਰੈ
ਜਾਏ ਅਪੁਨੇ ਖਾਇ ॥੧੦੭॥

سرپنِ ہوءِ کے اُترے
جائے اپُنے کھاءِ ॥ 107 ॥

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ
ਅਹੋਈ ਰਾਖੈ ਨਾਰਿ ॥

کبیرِ ہرِ کا سِمرنُ چھاڈِ کے
اہوئی راکھےَ نارِ ॥

ਗਦਹੀ ਹੋਇ ਕੈ ਅਉਤਰੈ
ਭਾਰੁ ਸਹੈ ਮਨ ਚਾਰਿ ॥੧੦੮॥

گدہی ہوءِ کے اُترے
بھارُ سہے من چارِ ॥ 108 ॥

ਕਬੀਰ ਚਤੁਰਾਈ ਅਤਿ ਘਨੀ
ਹਰਿ ਜਪਿ ਹਿਰਦੈ ਮਾਹਿ ॥

کبیرِ چترائی اتِ گھنی
ہرِ جپِ ہِردے ماہِ ॥

ਸੂਰੀ ਊਪਰਿ ਖੇਲਨਾ
ਗਿਰੈ ਤ ਠਾਹਰ ਨਾਹਿ ॥੧੦੯॥

سُوری اُوپر کھیلنا
گِرے ت ٹھاہر ناہِ ॥ 109 ॥

ਕਬੀਰ ਸੋਈ ਮੁਖੁ ਧੰਨਿ ਹੈ
ਜਾ ਮੁਖਿ ਕਹੀਐ ਰਾਮੁ ॥

کبیرِ سوئی مُکھُ دھنّنِ ہے
جا مُکھِ کہیۓ رامُ ॥

ਦੇਹੀ ਕਿਸ ਕੀ ਬਾਪੁਰੀ
ਪਵਿਤ੍ਰੁ ਹੋਇਗੋ ਗ੍ਰਾਮੁ ॥੧੧੦॥

دیہی کِس کی باپُری
پوِتّرُ ہوئگو گرامُ ॥ 110 ॥

ਕਬੀਰ ਸੋਈ ਕੁਲ ਭਲੀ
ਜਾ ਕੁਲ ਹਰਿ ਕੋ ਦਾਸੁ ॥

کبیر سوئی کُل بھلی
جا کُل ہرِ کو داسُ ॥

ਜਿਹ ਕੁਲ ਦਾਸੁ ਨ ਊਪਜੈ
ਸੋ ਕੁਲ ਢਾਕੁ ਪਲਾਸੁ ॥੧੧੧॥

جِہ کُل داسُ ن اوُپجےَ
سو کُل ڈھاکُ پلاسُ ॥ 111 ॥

ਕਬੀਰ ਹੈ ਗਇ ਬਾਹਨ ਸਘਨ ਘਨ
ਲਾਖ ਧਜਾ ਫਹਰਾਹਿ ॥

کبیر ہےَ گءِ باہن سگھن گھن
لاکھ دھجا پھہراہِ ॥

ਇਆ ਸੁਖ ਤੇ ਭਿਖ੍ਯਾ ਭਲੀ
ਜਉ ਹਰਿ ਸਿਮਰਤ ਦਿਨ ਜਾਹਿ ॥੧੧੨॥

اِیا سُکھ تے بھِکھّیا بھلی
جءُ ہرِ سِمرت دِن جاہِ ॥ 112 ॥

ਕਬੀਰ ਸਭੁ ਜਗੁ ਹਉ ਫਿਰਿਓ
ਮਾਂਦਲੁ ਕੰਧ ਚਢਾਇ ॥

کبیر سبھُ جگُ ہءُ پھِرِیُو
مانْدلُ کنْدھ چڑھاءِ ॥

ਕੋਈ ਕਾਹੂ ਕੋ ਨਹੀ
ਸਭ ਦੇਖੀ ਠੋਕਿ ਬਜਾਇ ॥੧੧੩॥

کوئی کاہوُ کو نہی
سبھ دیکھی ٹھوکِ بجاءِ ॥ 113 ॥

ਮਾਰਗਿ ਮੋਤੀ ਬੀਥਰੇ
ਅੰਧਾ ਨਿਕਸਿਓ ਆਇ ॥

مارگِ موتی بیتھرے
انْدھا نِکسِیُو آءِ ॥

ਜੋਤਿ ਬਿਨਾ ਜਗਦੀਸ ਕੀ
ਜਗਤੁ ਉਲੰਘੇ ਜਾਇ ॥੧੧੪॥

جوتِ بِنا جگدیس کی
جگتُ اُلنگھے جاءِ ॥ 114 ॥

ਬੂਡਾ ਬੰਸੁ ਕਬੀਰ ਕਾ
ਉਪਜਿਓ ਪੂਤੁ ਕਮਾਲੁ ॥

بوُڈا بنّسُ کبیر کا
اُپجِیُو پوُتُ کمالُ ॥

ਹਰਿ ਕਾ ਸਿਮਰਨੁ ਛਾਡਿ ਕੈ
ਘਰਿ ਲੇ ਆਯਾ ਮਾਲੁ ॥੧੧੫॥

ہرِ کا سِمرنُ چھاڈِ کےَ
گھرِ لے آیا مالُ ॥ 115 ॥

ਕਬੀਰ ਸਾਧੂ ਕਉ ਮਿਲਨੇ ਜਾਈਐ
ਸਾਥਿ ਨ ਲੀਜੈ ਕੋਇ ॥

کبیر سادھوُ کءُ مِلنے جائیےَ
ساتھِ ن لیجےَ کوءِ ॥

ਪਾਛੈ ਪਾਉ ਨ ਦੀਜੀਐ
ਆਗੈ ਹੋਇ ਸੁ ਹੋਇ ॥੧੧੬॥

پاچھےَ پاءُ ن دیجیےَ

آگے ہوءِ سُ ہوءِ ॥ 116 ॥

ਕਬੀਰ ਜਗੁ ਬਾਧਿਓ ਜਿਹ ਜੇਵਰੀ
ਤਿਹ ਮਤ ਬੰਧਹੁ ਕਬੀਰ ॥

کبیِر جگُ بادھِئو جِہ جیوری
تِہ مت بنّدھہُ کبیِر ॥

ਜੈਹਹਿ ਆਟਾ ਲੋਨ ਜਿਉ
ਸੋਨ ਸਮਾਨਿ ਸਰੀਰੁ ॥੧੧੭॥

جیَہہِ آٹا لون جِءُ
سون سمانِ سریِرُ ॥ 117 ॥

ਕਬੀਰ ਹੰਸੁ ਉਡਿਓ ਤਨੁ ਗਾਡਿਓ
ਸੋਝਾਈ ਸੈਨਾਹ ॥

کبیِر ہنّس اُڈِئو تنُ گاڈِئو
سوجھائی سینَاہ ॥

ਅਜਹੂ ਜੀਉ ਨ ਛੋਡਈ
ਰੰਕਾਈ ਨੈਨਾਹ ॥੧੧੮॥

اجہُو جیِءُ ن چھوڈئی
رنّکائی نینَاہ ॥ 118 ॥

ਕਬੀਰ ਨੈਨ ਨਿਹਾਰਉ ਤੁਝ ਕਉ
ਸ੍ਰਵਨ ਸੁਨਉ ਤੁਅ ਨਾਉ ॥

کبیِر نیَن نِہارءُ تُجھ کءُ
سّرون سُنءُ تُءِ ناءُ ॥

ਬੈਨ ਉਚਰਉ ਤੁਅ ਨਾਮ ਜੀ
ਚਰਨ ਕਮਲ ਰਿਦ ਠਾਉ ॥੧੧੯॥

بیَن اُچرءُ تُءِ نام جی
چرن کمل رِد ٹھاءُ ॥ 119 ॥

ਕਬੀਰ ਸੁਰਗ ਨਰਕ ਤੇ ਮੈ ਰਹਿਓ
ਸਤਿਗੁਰ ਕੇ ਪਰਸਾਦਿ ॥

کبیِر سُرگ نرک تے مےَ رہِئو
ستِگُر کے پرسادِ ॥

ਚਰਨ ਕਮਲ ਕੀ ਮਉਜ ਮਹਿ
ਰਹਉ ਅੰਤਿ ਅਰੁ ਆਦਿ ॥੧੨੦॥

چرن کمل کی منُج مہِ
رہءُ انّتِ ارُ آدِ ॥ 120 ॥

ਕਬੀਰ ਚਰਨ ਕਮਲ ਕੀ ਮਉਜ ਕੋ
ਕਹਿ ਕੈਸੇ ਉਨਮਾਨ ॥

کبیِر چرن کمل کی منُج کو
کہِ کیَسے اُنمان ۔ ॥

ਕਹਿਬੇ ਕਉ ਸੋਭਾ ਨਹੀ
ਦੇਖਾ ਹੀ ਪਰਵਾਨੁ ॥੧੨੧॥

کہِبے کءُ سوبھا نہی
دیکھا ہی پروانُ ॥ 121 ॥

ਕਬੀਰ ਦੇਖਿ ਕੈ ਕਿਹ ਕਹਉ
ਕਹੇ ਨ ਕੋ ਪਤੀਆਇ ॥

کبیِر دیکھِ کے کِہ کہءُ
کہے ن کو پتیِیاءِ ॥

ਹਰਿ ਜੈਸਾ ਤੈਸਾ ਉਹੀ
ਰਹਉ ਹਰਖਿ ਗੁਨ ਗਾਇ ॥੧੨੨॥

ہرِ جیَسا تیَسا اُہی
رہءُ ہرکھِ گُن گاءِ ॥ 122 ॥

ਕਬੀਰ ਚੁਗੈ ਚਿਤਾਰੈ ਭੀ ਚੁਗੈ
ਚੁਗਿ ਚੁਗਿ ਚਿਤਾਰੇ ॥

ਜੈਸੇ ਬਚਰਹਿ ਕੂੰਜ ਮਨ
ਮਾਇਆ ਮਮਤਾ ਰੇ ॥੧੨੩॥

ਕਬੀਰ ਅੰਬਰ ਘਨਹਰੁ ਛਾਇਆ
ਬਰਖਿ ਭਰੇ ਸਰ ਤਾਲ ॥

ਚਾਤ੍ਰਿਕ ਜਿਉ ਤਰਸਤ ਰਹੈ
ਤਿਨ ਕੋ ਕਉਨੁ ਹਵਾਲੁ ॥੧੨੪॥

ਕਬੀਰ ਚਕਈ ਜਉ ਨਿਸਿ ਬੀਛੁਰੈ
ਆਇ ਮਿਲੈ ਪਰਭਾਤਿ ॥

ਜੋ ਨਰ ਬਿਛੁਰੇ ਰਾਮ ਸਿਉ
ਨਾ ਦਿਨ ਮਿਲੇ ਨ ਰਾਤਿ ॥੧੨੫॥

ਕਬੀਰ ਰੈਨਾਇਰ ਬਿਛੋਰਿਆ
ਰਹੁ ਰੇ ਸੰਖ ਮਝੂਰਿ ॥

ਦੇਵਲ ਦੇਵਲ ਧਾਹੜੀ
ਦੇਸਹਿ ਉਗਵਤ ਸੂਰ ॥੧੨੬॥

ਕਬੀਰ ਸੂਤਾ ਕਿਆ ਕਰਹਿ
ਜਾਗੁ ਰੋਇ ਭੈ ਦੁਖ ॥

ਜਾ ਕਾ ਬਾਸਾ ਗੋਰ ਮਹਿ
ਸੋ ਕਿਉ ਸੋਵੈ ਸੁਖ ॥੧੨੭॥

ਕਬੀਰ ਸੂਤਾ ਕਿਆ ਕਰਹਿ
ਉਠਿ ਕਿ ਨ ਜਪਹਿ ਮੁਰਾਰਿ ॥

ਇਕ ਦਿਨ ਸੋਵਨੁ ਹੋਇਗੋ
ਲਾਂਬੇ ਗੋਡ ਪਸਾਰਿ ॥੧੨੮॥

ਕਬੀਰ ਸੂਤਾ ਕਿਆ ਕਰਹਿ
ਬੈਠਾ ਰਹੁ ਅਰੁ ਜਾਗੁ ॥

کبیرِ چُگےَ چِتارےَ بھی چُگےَ
چُگِ چُگِ چِتارے ॥

جیسے بچرہِ کونج من
مائیا ممتا رے ॥ 123 ॥

کبیرِ انبر گھنہرُ چھائیا
برکھِ بھرے سر تال ॥

چاتّرِک جِءُ ترست رہےَ
تِن کو کُنُ حوالُ ۔ ॥ 124 ॥

کبیرِ چکئی جءُ نِس بیچھُرےَ
آءِ ملےَ پربھاتِ ॥

جو نر بیچھُرے رام سِءُ
نا دِن مِلے ن راتِ ॥ 125 ॥

کبیرِ رینائرِ بیچھورِیا
رہُ رے سنکھ مجھوُرِ ॥

دیول دیول دھاہڑی
دیسہِ اُگوت سوُر ॥ 126 ॥

کبیرِ سوُتا کِیا کرہِ
جاگُ روءِ بھےَ دُکھ ॥

جا کا باسا گور مہِ
سو کِءُ سووےَ سُکھ ۔ ॥ 127 ॥

کبیرِ سوُتا کِیا کرہِ
اُٹھِ کِ ن جپہِ مُرارِ ॥

اِک دِن سوونُ ہوئِگو
لانبے گوڈ پسارِ ॥ 128 ॥

کبیرِ سوُتا کِیا کرہِ

ਜਾ ਕੇ ਸੰਗ ਤੇ ਬੀਛੁਰਾ
ਤਾ ਹੀ ਕੇ ਸੰਗਿ ਲਾਗੁ ॥੧੨੯॥

جا کے سنگ تے بیچھُرا
تا ہی کے سنگِ لاگُ ॥ 129 ॥

ਕਬੀਰ ਸੰਤ ਕੀ ਗੈਲ ਨ ਛੋਡੀਐ
ਮਾਰਗਿ ਲਾਗਾ ਜਾਉ ॥

کبیرِ سنّت کی گیَل ن چھوڈیۓ
مارگِ لاگا جاءُ ॥

ਪੇਖਤ ਹੀ ਪੁੰਨੀਤ ਹੋਇ
ਭੇਟਤ ਜਪੀਐ ਨਾਉ ॥੧੩੦॥

پیکھت ہی پُنّنیت ہوءِ
بھیٹت جپیۓ ناءُ ॥ 130 ॥

ਕਬੀਰ ਸਾਕਤ ਸੰਗੁ ਨ ਕੀਜੀਐ
ਦੂਰਹਿ ਜਾਈਐ ਭਾਗਿ ॥

کبیرِ ساکت سنگُ ن کیجیۓ
دوُرہِ جائیۓ بھاگِ ॥

ਬਾਸਨੁ ਕਾਰੋ ਪਰਸੀਐ
ਤਉ ਕਛੁ ਲਾਗੈ ਦਾਗੁ ॥੧੩੧॥

باسنُ کارو پرسیۓ
تءُ کچھُ لاگے داگُ ॥ 131 ॥

ਕਬੀਰਾ ਰਾਮੁ ਨ ਚੇਤਿਓ
ਜਰਾ ਪਹੂੰਚਿਓ ਆਇ ॥

کبیرا رامُ ن چیتیئو
جرا پہوُنچیئو آءِ ॥

ਲਾਗੀ ਮੰਦਰਿ ਦੁਆਰ ਤੇ
ਅਬ ਕਿਆ ਕਾਢਿਆ ਜਾਇ ॥੧੩੨॥

لاگی منّدرِ دُیار تے
اب کیا کاڈھیا جاءِ ۔ ॥ 132 ॥

ਕਬੀਰ ਕਾਰਨੁ ਸੋ ਭਇਓ
ਜੋ ਕੀਨੋ ਕਰਤਾਰਿ ॥

کبیرِ کارنُ سو بھیئو
جو کینو کرتارِ ॥

ਤਿਸੁ ਬਿਨੁ ਦੂਸਰੁ ਕੋ ਨਹੀ
ਏਕੈ ਸਿਰਜਨਹਾਰੁ ॥੧੩੩॥

تِسُ بِنُ دوُسرُ کو نہی
ایکے سِرجنہارُ ॥ 133 ॥

ਕਬੀਰ ਫਲ ਲਾਗੇ ਫਲਨਿ
ਪਾਕਨਿ ਲਾਗੇ ਆਬ ॥

کبیرِ پھل لاگے پھلنِ
پاکنِ لاگے آب ॥

ਜਾਇ ਪਹੂਚਹਿ ਖਸਮ ਕਉ
ਜਉ ਬੀਚਿ ਨ ਖਾਹੀ ਕਾਂਬ ॥੧੩੪॥

جاءِ پہوُچہِ خصم کءُ
جءُ بیچِ ن کھاہی کانب ॥ 134 ॥

ਕਬੀਰ ਠਾਕੁਰੁ ਪੂਜਹਿ ਮੋਲਿ ਲੇ
ਮਨਹਠਿ ਤੀਰਥ ਜਾਹਿ ॥

کبیرِ ٹھاکُرُ پوُجہِ مولِ لے
منہٹھِ تیرتھ جاہِ ॥

ਦੇਖਾ ਦੇਖੀ ਸ੍ਵਾਂਗੁ ਧਰਿ
ਭੂਲੇ ਭਟਕਾ ਖਾਹਿ ॥੧੩੫॥

دیکھا دیکھی سّوانگُ دھرِ
بھوُلے بھٹکا کھاہِ ॥ 135 ॥

ਕਬੀਰ ਪਾਹਨੁ ਪਰਮੇਸੁਰੁ ਕੀਆ
ਪੂਜੈ ਸਭੁ ਸੰਸਾਰੁ ॥

کبیرِ پاہنُ پرمیسُرُ کیِیا
پوُجےَ سبھُ سنّسارُ ॥

ਇਸ ਭਰਵਾਸੇ ਜੋ ਰਹੇ
ਬੂਡੇ ਕਾਲੀ ਧਾਰ ॥੧੩੬॥

اِس بھرواسے جو رہے
بوُڈے کالی دھار ॥ 136 ॥

ਕਬੀਰ ਕਾਗਦ ਕੀ ਓਬਰੀ
ਮਸੁ ਕੇ ਕਰਮ ਕਪਾਟ ॥

کبیرِ کاگد کی اوبری
مسُ کے کرم کپاٹ ॥

ਪਾਹਨ ਬੋਰੀ ਪਿਰਥਮੀ
ਪੰਡਿਤ ਪਾੜੀ ਬਾਟ ॥੧੩੭॥

پاہن بوِری پِرتھمی
پنڈِت پاڑی باٹ ॥ 137 ॥

ਕਬੀਰ ਕਾਲਿ ਕਰੰਤਾ ਅਬਹਿ ਕਰੁ
ਅਬ ਕਰਤਾ ਸੁਇ ਤਾਲ ॥

کبیرِ کالِ کرنّتا ابہِ کرُ
اب کرتا سُءِ تال ॥

ਪਾਛੈ ਕਛੂ ਨ ਹੋਇਗਾ
ਜਉ ਸਿਰ ਪਰਿ ਆਵੈ ਕਾਲੁ ॥੧੩੮॥

پاچھےَ کچھوُ ن ہوئگا
جءُ سِر پر آوےَ کالُ ॥ 138 ॥

ਕਬੀਰ ਐਸਾ ਜੰਤੁ ਇਕੁ ਦੇਖਿਆ
ਜੈਸੀ ਧੋਈ ਲਾਖ ॥

کبیرِ ایَسا جنّتُ اِکُ دیکھیا
جیَسی دھوئی لاکھ ॥

ਦੀਸੈ ਚੰਚਲੁ ਬਹੁ ਗੁਨਾ
ਮਤਿ ਹੀਨਾ ਨਾਪਾਕ ॥੧੩੯॥

دیسےَ چنچّلُ بہُ گُنا
متِ ہِینا ناپاک ॥ 139 ॥

ਕਬੀਰ ਮੇਰੀ ਬੁਧਿ ਕਉ
ਜਮੁ ਨ ਕਰੈ ਤਿਸਕਾਰ ॥

کبیرِ میری بُدھِ کءُ
جمُ ن کرےَ تِسکار ॥

ਜਿਨਿ ਇਹੁ ਜਮੂਆ ਸਿਰਜਿਆ
ਸੁ ਜਪਿਆ ਪਰਵਿਦਗਾਰ ॥੧੪੦॥

جِنِ اِہُ جموُیا سِرجیا
سُ جپیا پروِدگار ॥ 140 ॥

ਕਬੀਰੁ ਕਸਤੂਰੀ ਭਇਆ
ਭਵਰ ਭਏ ਸਭ ਦਾਸ ॥

کبیرُ کستوُری بھئیا
بھور بھےَ سبھ داس ॥

ਜਿਉ ਜਿਉ ਭਗਤਿ ਕਬੀਰ ਕੀ
ਤਿਉ ਤਿਉ ਰਾਮ ਨਿਵਾਸ ॥੧੪੧॥

جِءُ جِءُ بھگتِ کبیرِ کی

ਕਬੀਰ ਗਹਗਚਿ ਪਰਿਓ ਕੁਟੰਬ ਕੈ
ਕਾਂਠੈ ਰਹਿ ਗਇਓ ਰਾਮੁ ॥

ਆਇ ਪਰੇ ਧਰਮ ਰਾਇ ਕੇ
ਬੀਚਹਿ ਧੂਮਾ ਧਾਮ ॥੧੪੨॥

ਕਬੀਰ ਸਾਕਤ ਤੇ ਸੂਕਰ ਭਲਾ
ਰਾਖੈ ਆਛਾ ਗਾਉ ॥

ਉਹੁ ਸਾਕਤੁ ਬਪੁਰਾ ਮਰਿ ਗਇਆ
ਕੋਇ ਨ ਲੈਹੈ ਨਾਉ ॥੧੪੩॥

ਕਬੀਰ ਕਉਡੀ ਕਉਡੀ ਜੋਰਿ ਕੈ
ਜੋਰੇ ਲਾਖ ਕਰੋਰਿ ॥

ਚਲਤੀ ਬਾਰ ਨ ਕਛੁ ਮਿਲਿਓ
ਲਈ ਲੰਗੋਟੀ ਤੋਰਿ ॥੧੪੪॥

ਕਬੀਰ ਬੈਸਨੋ ਹੂਆ ਤ ਕਿਆ ਭਇਆ
ਮਾਲਾ ਮੇਲੀਂ ਚਾਰਿ ॥

ਬਾਹਰਿ ਕੰਚਨੁ ਬਾਰਹਾ
ਭੀਤਰਿ ਭਰੀ ਭੰਗਾਰ ॥੧੪੫॥

ਕਬੀਰ ਰੋੜਾ ਹੋਇ ਰਹੁ ਬਾਟ ਕਾ
ਤਜਿ ਮਨ ਕਾ ਅਭਿਮਾਨੁ ॥

ਐਸਾ ਕੋਈ ਦਾਸੁ ਹੋਇ
ਤਾਹਿ ਮਿਲੈ ਭਗਵਾਨੁ ॥੧੪੬॥

ਕਬੀਰ ਰੋੜਾ ਹੂਆ ਤ ਕਿਆ ਭਇਆ
ਪੰਥੀ ਕਉ ਦੁਖੁ ਦੇਇ ॥

ਐਸਾ ਤੇਰਾ ਦਾਸੁ ਹੈ
ਜਿਉ ਧਰਨੀ ਮਹਿ ਖੇਹ ॥੧੪੭॥

تِ ءُ تِ ءُ رام نِواس ॥ 141 ॥

کبِیر گہگچِ پرِئو کُٹنّب کے
کانٹھے رہِ گئِئو رامُ ॥

آءِ پرے دھرم راءِ کے
بیچہِ دھوُما دھام ॥ 142 ॥

کبِیر ساکت تے سوُکر بھلا
راکھے آچھا گاءُ ॥

اُہُ ساکتُ بپُرا مرِ گئِیا
کوءِ ن لیہے ناءُ ॥ 143 ॥

کبِیر کئڈی کئڈی جورِ کے
جورے لاکھ کروِرِ ॥

چلتی بار ن کچھُ مِلِئو
لئی لنگوٹی تورِ ॥ 144 ॥

کبِیر بیَسنو ہوُیا ت کِیا بھئِیا
مالا میلیِں چارِ ॥

باہرِ کنچنُ بارہا
بھیترِ بھری بھنگار ॥ 145 ॥

کبِیر روڑا ہوءِ رہُ باٹ کا
تجِ من کا ابھِمانُ ॥

ایَسا کوئی داسُ ہوءِ
تاہِ ملے بھگوانُ ॥ 146 ॥

کبِیر روڑا ہوُیا ت کِیا بھئِیا
پنّتھی ک ءُ دُکھُ دے ءِ ॥

ایَسا تیرا داسُ ہے
جِ ءُ دھرنی مہِ کھیہ ॥ 147 ॥

ਕਬੀਰ ਖੇਹ ਹੂਈ ਤਉ ਕਿਆ ਭਇਆ
ਜਉ ਉਡਿ ਲਾਗੈ ਅੰਗ ॥

کبیر کھیہ ہوئی ت ءُ کیا بھئیا
ج ءُ اُڈِ لاگے انگ ॥

ਹਰਿ ਜਨੁ ਐਸਾ ਚਾਹੀਐ
ਜਿਉ ਪਾਨੀ ਸਰਬੰਗ ॥੧੪੮॥

ہرِ جنُ ایَسا چاہیئے
جِ ءُ پانی سربنگ ॥ 148 ॥

ਕਬੀਰ ਪਾਨੀ ਹੂਆ ਤ ਕਿਆ ਭਇਆ
ਸੀਰਾ ਤਾਤਾ ਹੋਇ ॥

کبیر پانی ہوُیا ت کیا بھئیا
سیرا تاتا ہوءِ ॥

ਹਰਿ ਜਨੁ ਐਸਾ ਚਾਹੀਐ
ਜੈਸਾ ਹਰਿ ਹੀ ਹੋਇ ॥੧੪੯॥

ہرِ جنُ ایَسا چاہیئے
جیَسا ہرِ ہی ہوءِ ॥ 149 ॥

ਊਚ ਭਵਨ ਕਨਕਾਮਨੀ
ਸਿਖਰਿ ਧਜਾ ਫਹਰਾਇ ॥

اوُچ بھون کنکامنی
سِکھرِ دھجا پھہراءِ ॥

ਤਾ ਤੇ ਭਲੀ ਮਧੂਕਰੀ
ਸੰਤਸੰਗਿ ਗੁਨ ਗਾਇ ॥੧੫੦॥

تا تے بھلی مدھوُکری
سنتسنگِ گُن گاءِ ॥ 150 ॥

ਕਬੀਰ ਪਾਟਨ ਤੇ ਊਜਰੁ ਭਲਾ
ਰਾਮ ਭਗਤ ਜਿਹ ਠਾਇ ॥

کبیر پاٹن تے اوُجرُ بھلا
رام بھگت جِہ ٹھاءِ ॥

ਰਾਮ ਸਨੇਹੀ ਬਾਹਰਾ
ਜਮ ਪੁਰੁ ਮੇਰੇ ਭਾਂਇ ॥੧੫੧॥

رام سنیہی باہرا
جم پُرُ میرے بھانْءِ ॥ 151 ॥

ਕਬੀਰ ਗੰਗ ਜਮੁਨ ਕੇ ਅੰਤਰੇ
ਸਹਜ ਸੁੰਨ ਕੇ ਘਾਟ ॥

کبیر گنگ جمُن کے انترے
سہج سُنّن کے گھاٹ ॥

ਤਹਾ ਕਬੀਰੈ ਮਟੁ ਕੀਆ
ਖੋਜਤ ਮੁਨਿ ਜਨ ਬਾਟ ॥੧੫੨॥

تہا کبیرے مٹُ کیا
کھوجت مُنِ جن باٹ ॥ 152 ॥

ਕਬੀਰ ਜੈਸੀ ਉਪਜੀ ਪੇਡ ਤੇ
ਜਉ ਤੈਸੀ ਨਿਬਹੈ ਓੜਿ ॥

کبیر جیَسی اُپجی پیڈ تے
ج ءُ تیَسی نِبہے اوڑِ ॥

ਹੀਰਾ ਕਿਸ ਕਾ ਬਾਪੁਰਾ
ਪੁਜਹਿ ਨ ਰਤਨ ਕਰੋੜਿ ॥੧੫੩॥

ہیرا کِس کا باپُرا
پُجہِ ن رتن کروڑِ ॥ 153 ॥

ਕਬੀਰਾ ਏਕੁ ਅਚੰਭਉ ਦੇਖਿਓ
ਹੀਰਾ ਹਾਟ ਬਿਕਾਇ ॥

کبیرا ایکُ اچنْبھ ءُ دیکھیو

ਬਨਜਨਹਾਰੇ ਬਾਹਰਾ
ਕਉਡੀ ਬਦਲੈ ਜਾਇ ॥੧੫੪॥

ہیرا ہاٹ بِکاءِ ॥

بنجنہارے باہرا
کئڈی بدلے جاءِ ॥ 154 ॥

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ
ਜਹਾ ਝੂਠੁ ਤਹ ਪਾਪੁ ॥

کبیرا جہا گیانُ تہ دھرمُ ہے
جہا جھوٹھُ تہ پاپُ ॥

ਜਹਾ ਲੋਭੁ ਤਹ ਕਾਲੁ ਹੈ
ਜਹਾ ਖਿਮਾ ਤਹ ਆਪਿ ॥੧੫੫॥

جہا لوبھُ تہ کالُ ہے
جہا کھِما تہ آپِ ॥ 155 ॥

ਕਬੀਰ ਮਾਇਆ ਤਜੀ ਤ ਕਿਆ ਭਇਆ
ਜਉ ਮਾਨੁ ਤਜਿਆ ਨਹੀ ਜਾਇ ॥

کبیر مائیا تجی ت کیا بھئیا
جءُ مانُ تجیا نہی جاءِ ॥

ਮਾਨ ਮੁਨੀ ਮੁਨਿਵਰ ਗਲੇ
ਮਾਨੁ ਸਭੈ ਕਉ ਖਾਇ ॥੧੫੬॥

مان مُنی مُنور گلے
مانُ سبھے ک ءُ کھاءِ ॥ 156 ॥

ਕਬੀਰ ਸਾਚਾ ਸਤਿਗੁਰੁ ਮੈ ਮਿਲਿਆ
ਸਬਦੁ ਜੁ ਬਾਹਿਆ ਏਕੁ ॥

کبیر ساچا ستِگُرُ مے مِلیا
سبدُ جُ باہِیا ایکُ ॥

ਲਾਗਤ ਹੀ ਭੁਇ ਮਿਲਿ ਗਇਆ
ਪਰਿਆ ਕਲੇਜੇ ਛੇਕੁ ॥੧੫੭॥

لاگت ہی بھُءِ مِلِ گیَیا
پریا کلیجے چھیکُ ॥ 157 ॥

ਕਬੀਰ ਸਾਚਾ ਸਤਿਗੁਰੁ ਕਿਆ ਕਰੈ
ਜਉ ਸਿਖਾ ਮਹਿ ਚੂਕ ॥

کبیر ساچا ستِگُرُ کیا کرے
جءُ سِکھا مہِ چوُک ॥

ਅੰਧੇ ਏਕ ਨ ਲਾਗਈ
ਜਿਉ ਬਾਂਸੁ ਬਜਾਈਐ ਫੂਕ ॥੧੫੮॥

انّدھے ایک ن لاگئی
جِءُ بانْسُ بجائیئے پھوُک ॥ 158 ॥

ਕਬੀਰ ਹੈ ਗੈ ਬਾਹਨ ਸਘਨ ਘਨ
ਛਤ੍ਰਪਤੀ ਕੀ ਨਾਰਿ ॥

کبیر ہے گے باہن سگھن گھن
چھتّرپتی کی نارِ ॥

ਤਾਸੁ ਪਟੰਤਰ ਨ ਪੁਜੈ
ਹਰਿ ਜਨ ਕੀ ਪਨਿਹਾਰਿ ॥੧੫੯॥

تاسُ پٹنّتر ن پُجے
ہرِ جن کی پنہارِ ॥ 159 ॥

ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ
ਕਿਉ ਹਰਿ ਚੇਰੀ ਕਉ ਮਾਨੁ ॥

کبیر نّرِپ ناری کِ ءُ نِندیئے
کِ ءُ ہرِ چیری ک ءُ مانُ ۔ ॥

ਓਹ ਮਾਂਗ ਸਵਾਰੈ ਬਿਖੈ ਕਉ
ਓਹੁ ਸਿਮਰੈ ਹਰਿ ਨਾਮੁ ॥੧੬੦॥

اوہ مانگ سوارے بِکھے ک ءُ
اوہُ سِمرے ہرِ نامُ ॥ 160 ॥

ਕਬੀਰ ਥੂਨੀ ਪਾਈ ਥਿਤਿ ਭਈ
ਸਤਿਗੁਰ ਬੰਧੀ ਧੀਰ ॥

کبیرِ تھونی پائی تھِتِ بھئی
ستِگُر بندھی دھیر ॥

ਕਬੀਰ ਹੀਰਾ ਬਨਜਿਆ
ਮਾਨ ਸਰੋਵਰ ਤੀਰ ॥੧੬੧॥

کبیرِ ہیرا بنجیا
مان سروور تیر ॥ 161 ॥

ਕਬੀਰ ਹਰਿ ਹੀਰਾ ਜਨ ਜਉਹਰੀ
ਲੇ ਕੈ ਮਾਂਡੈ ਹਾਟ ॥

کبیرِ ہرِ ہیرا جن جہُری
لے کے مانڈے ہاٹ ॥

ਜਬ ਹੀ ਪਾਈਅਹਿ ਪਾਰਖੂ
ਤਬ ਹੀਰਨ ਕੀ ਸਾਟ ॥੧੬੨॥

جب ہی پائیہِ پارکھُو
تب ہیرن کی ساٹ ॥ 162 ॥

ਕਬੀਰ ਕਾਮ ਪਰੇ ਹਰਿ ਸਿਮਰੀਐ
ਐਸਾ ਸਿਮਰਹੁ ਨਿਤ ॥

کبیرِ کام پرے ہرِ سِمریے
ایَسا سِمرہُ نِت ॥

ਅਮਰਾ ਪੁਰ ਬਾਸਾ ਕਰਹੁ
ਹਰਿ ਗਇਆ ਬਹੋਰੈ ਬਿਤ ॥੧੬੩॥

امرا پُر باسا کرہُ
ہرِ گیَیا بہورے بِت ॥ 163 ॥

ਕਬੀਰ ਸੇਵਾ ਕਉ ਦੁਇ ਭਲੇ
ਏਕੁ ਸੰਤੁ ਇਕੁ ਰਾਮੁ ॥

کبیرِ سیوا ک ءُ دُءِ بھلے
ایکُ سنّتُ اِکُ رامُ ॥

ਰਾਮੁ ਜੁ ਦਾਤਾ ਮੁਕਤਿ ਕੋ
ਸੰਤੁ ਜਪਾਵੈ ਨਾਮੁ ॥੧੬੪॥

رامُ جُ داتا مُکتِ کو
سنّتُ جپاوے نامُ ॥ 164 ॥

ਕਬੀਰ ਜਿਹ ਮਾਰਗਿ ਪੰਡਿਤ ਗਏ
ਪਾਛੈ ਪਰੀ ਬਹੀਰ ॥

کبیرِ جِہ مارگِ پنّڈِت گئے
پاچھے پری بہیر ॥

ਇਕ ਅਵਘਟ ਘਾਟੀ ਰਾਮ ਕੀ
ਤਿਹ ਚੜਿ ਰਹਿਓ ਕਬੀਰ ॥੧੬੫॥

اِک اوگھٹ گھاٹی رام کی
تِہ چڑِ رہئو کبیرِ ॥ 165 ॥

ਕਬੀਰ ਦੁਨੀਆ ਕੇ ਦੋਖੇ ਮੂਆ
ਚਾਲਤ ਕੁਲ ਕੀ ਕਾਨਿ ॥

کبیرِ دُنیا کے دوکھے موُیا
چالت کُل کی کانِ ॥

ਤਬ ਕੁਲੁ ਕਿਸ ਕਾ ਲਾਜਸੀ
ਜਬ ਲੇ ਧਰਹਿ ਮਸਾਨਿ ॥੧੬੬॥

تب کُلُ کِس کا لاجسی

ਕਬੀਰ ਡੂਬਹਿਗੋ ਰੇ ਬਾਪੁਰੇ
ਬਹੁ ਲੋਗਨ ਕੀ ਕਾਨਿ ॥

ਪਾਰੋਸੀ ਕੇ ਜੋ ਹੂਆ
ਤੂ ਅਪਨੇ ਭੀ ਜਾਨੁ ॥੧੬੭॥

ਕਬੀਰ ਭਲੀ ਮਧੂਕਰੀ
ਨਾਨਾ ਬਿਧਿ ਕੋ ਨਾਜੁ ॥

ਦਾਵਾ ਕਾਹੂ ਕੋ ਨਹੀ
ਬਡਾ ਦੇਸੁ ਬਡ ਰਾਜੁ ॥੧੬੮॥

ਕਬੀਰ ਦਾਵੈ ਦਾਝਨੁ ਹੋਤੁ ਹੈ
ਨਿਰਦਾਵੈ ਰਹੈ ਨਿਸੰਕ ॥

ਜੋ ਜਨੁ ਨਿਰਦਾਵੈ ਰਹੈ
ਸੋ ਗਨੈ ਇੰਦ੍ਰ ਸੋ ਰੰਕ ॥੧੬੯॥

ਕਬੀਰ ਪਾਲਿ ਸਮੁਹਾ ਸਰਵਰੁ ਭਰਾ
ਪੀ ਨ ਸਕੈ ਕੋਈ ਨੀਰੁ ॥

ਭਾਗ ਬਡੇ ਤੈ ਪਾਇਓ
ਤੂੰ ਭਰਿ ਭਰਿ ਪੀਉ ਕਬੀਰ ॥੧੭੦॥

ਕਬੀਰ ਪਰਭਾਤੇ ਤਾਰੇ ਖਿਸਹਿ
ਤਿਉ ਇਹੁ ਖਿਸੈ ਸਰੀਰੁ ॥

ਏ ਦੁਇ ਅਖਰ ਨਾ ਖਿਸਹਿ
ਸੋ ਗਹਿ ਰਹਿਓ ਕਬੀਰੁ ॥੧੭੧॥

ਕਬੀਰ ਕੋਠੀ ਕਾਠ ਕੀ
ਦਹ ਦਿਸਿ ਲਾਗੀ ਆਗਿ ॥

ਪੰਡਿਤ ਪੰਡਿਤ ਜਲਿ ਮੂਏ
ਮੂਰਖ ਉਬਰੇ ਭਾਗਿ ॥੧੭੨॥

جب لے دھرہِ مسانِ ॥ 166 ॥

کبیِر ڈُوبہِگو رے باپُرے
بہُ لوگن کی کانِ ॥

پارو سی کے جو ہوُیا
توُ اپنے بھی جانُ ॥ 167 ॥

کبیِر بھلی مدھوُکری
نانا بِدھِ کو ناجُ ॥

داوا کاہوُ کو نہی
بڈا دیسُ بڈ راجُ ॥ 168 ॥

کبیِر داوےَ داجھنُ ہوتُ ہےَ
نِرداوےَ رہےَ نِسنّک ॥

جو جنُ نِرداوےَ رہےَ
سو گنےَ اِنّدّر سو رنّک ॥ 169 ॥

کبیِر پالِ سمہُا سروُر بھرا
پی ن سکےَ کوئی نیِرُ ॥

بھاگ بڈے تےَ پائیو
توُنّ بھرِ بھرِ پِیِءُ کبیِر ۔ ॥ 170 ॥

کبیِر پربھاتے تارے کھِسہِ
تِءُ اِہُ کھِسےَ سریِرُ ॥

اے دُءِ اکھر نا کھِسہِ
سو گہِ رہیئو کبیِرُ ॥ 171 ॥

کبیِر کوٹھی کاٹھ کی
دہ دِس لاگی آگِ ॥

پنّڈِت پنّڈِت جلِ موُئے
موُرکھ اُبرے بھاگِ ॥ 172 ॥

ਕਬੀਰ ਸੰਸਾ ਦੂਰਿ ਕਰੁ
ਕਾਗਦ ਦੇਹ ਬਿਹਾਇ ॥

ਬਾਵਨ ਅਖਰ ਸੋਧਿ ਕੈ
ਹਰਿ ਚਰਨੀ ਚਿਤੁ ਲਾਇ ॥੧੭੩॥

ਕਬੀਰ ਸੰਤੁ ਨ ਛਾਡੈ ਸੰਤਈ
ਜਉ ਕੋਟਿਕ ਮਿਲਹਿ ਅਸੰਤ ॥

ਮਲਿਆਗਰੁ ਭੁਯੰਗਮ ਬੇਢਿਓ
ਤ ਸੀਤਲਤਾ ਨ ਤਜੰਤ ॥੧੭੪॥

ਕਬੀਰ ਮਨੁ ਸੀਤਲੁ ਭਇਆ
ਪਾਇਆ ਬ੍ਰਹਮ ਗਿਆਨੁ ॥

ਜਿਨਿ ਜੁਆਲਾ ਜਗੁ ਜਾਰਿਆ
ਸੁ ਜਨ ਕੇ ਉਦਕ ਸਮਾਨਿ ॥੧੭੫॥

ਕਬੀਰ ਸਾਰੀ ਸਿਰਜਨਹਾਰ ਕੀ
ਜਾਨੈ ਨਾਹੀ ਕੋਇ ॥

ਕੈ ਜਾਨੈ ਆਪਨ ਧਨੀ
ਕੈ ਦਾਸੁ ਦੀਵਾਨੀ ਹੋਇ ॥੧੭੬॥

ਕਬੀਰ ਭਲੀ ਭਈ ਜੋ ਭਉ ਪਰਿਆ
ਦਿਸਾ ਗਈਂ ਸਭ ਭੂਲਿ ॥

ਓਰਾ ਗਰਿ ਪਾਨੀ ਭਇਆ
ਜਾਇ ਮਿਲਿਓ ਢਲਿ ਕੂਲਿ ॥੧੭੭॥

ਕਬੀਰਾ ਧੂਰਿ ਸਕੇਲਿ ਕੈ
ਪੁਰੀਆ ਬਾਂਧੀ ਦੇਹ ॥

ਦਿਵਸ ਚਾਰਿ ਕੋ ਪੇਖਨਾ
ਅੰਤਿ ਖੇਹ ਕੀ ਖੇਹ ॥੧੭੮॥

ਕਬੀਰ ਸੂਰਜ ਚਾਂਦ ਕੈ
ਉਦੈ ਭਈ ਸਭ ਦੇਹ ॥

کبیرِ سنّسا دوُرِ کرُ
کاگد دیہ بِہاءِ ॥

باون اکھر سودھِ کے
ہرِ چرنی چِتُ لاءِ ॥ 173 ॥

کبیرِ سنّتُ ن چھاڈےَ سنّتئی
ج ءُ کوٹِک مِلہِ اسنّت ॥

مِلیاگرُ بھُنگم بیڈھِئو
ت سیِتلتا ن تجنّت ॥ 174 ॥

کبیرِ منُ سیِتلُ بھئیا
پائیا برّہم گِیانُ ॥

جِنِ جُیالا جگُ جارِیا
سُ جن کے اُدک سمانِ ॥ 175 ॥

کبیرِ ساری سِرجنہار کی
جانے ناہی کوءِ ॥

کے جانے آپن دھنی
کے داسُ دیِوانی ہوءِ ॥ 176 ॥

کبیرِ بھلی بھئی جو بھ ءُ پریا
دِسا گئیں سبھ بھوُلِ ॥

اورا گرِ پانی بھئیا
جاءِ مِلئو ڈھلِ کوُلِ ॥ 177 ॥

کبیرا دھوُرِ سکیلِ کے
پُریِیا باندھی دیہ ॥

دِوس چارِ کو پیکھنا
انّتِ کھیہ کی کھیہ ॥ 178 ॥

کبیرِ سوُرج چاند کے

ਗੁਰ ਗੋਬਿੰਦ ਕੇ ਬਿਨੁ ਮਿਲੇ
ਪਲਟਿ ਭਈ ਸਭ ਖੇਹ ॥੧੭੯॥

اُدے بھئی سبھ دیہ ॥
گُر گوبِنّد کے بِنُ مِلے
پلٹِ بھئی سبھ کھیہ ॥ 179 ॥

ਜਹ ਅਨਭਉ ਤਹ ਭੈ ਨਹੀ
ਜਹ ਭਉ ਤਹ ਹਰਿ ਨਾਹਿ ॥

جہ انبھءُ تہ بھےَ نہی
جہ بھءُ تہ ہرِ ناہِ ॥

ਕਹਿਓ ਕਬੀਰ ਬਿਚਾਰਿ ਕੈ
ਸੰਤ ਸੁਨਹੁ ਮਨ ਮਾਹਿ ॥੧੮੦॥

کہِئو کبیِر بِچارِ کے
سنّت سُنہُ من ماہِ ॥ 180 ॥

ਕਬੀਰ ਜਿਨਹੁ ਕਿਛੂ ਜਾਨਿਆ ਨਹੀ
ਤਿਨ ਸੁਖ ਨੀਦ ਬਿਹਾਇ ॥

کبیِر جِنہُ کچھوُ جانِیا نہی
تِن سُکھ نِید بِہاءِ ॥

ਹਮਹੁ ਜੁ ਬੂਝਾ ਬੂਝਨਾ
ਪੂਰੀ ਪਰੀ ਬਲਾਇ ॥੧੮੧॥

ہمہُ جُ بوُجھا بوُجھنا
پوُری پری بلاءِ ॥ 181 ॥

ਕਬੀਰ ਮਾਰੇ ਬਹੁਤੁ ਪੁਕਾਰਿਆ
ਪੀਰ ਪੁਕਾਰੈ ਅਉਰ ॥

کبیِر مارے بہُتُ پُکارِیا
پیِر پُکارے اُر ॥

ਲਾਗੀ ਚੋਟ ਮਰੰਮ ਕੀ
ਰਹਿਓ ਕਬੀਰਾ ਠਉਰ ॥੧੮੨॥

لاگی چوٹ مرمّم کی
رہِئو کبیِرا ٹھُر ॥ 182 ॥

ਕਬੀਰ ਚੋਟ ਸੁਹੇਲੀ ਸੇਲ ਕੀ
ਲਾਗਤ ਲੇਇ ਉਸਾਸ ॥

کبیِر چوٹ سُہیلی سیل کی
لاگت لےءِ اُساس ॥

ਚੋਟ ਸਹਾਰੈ ਸਬਦ ਕੀ
ਤਾਸੁ ਗੁਰੂ ਮੈ ਦਾਸ ॥੧੮੩॥

چوٹ سہارے سبد کی
تاسُ گُرو مےَ داس ॥ 183 ॥

ਕਬੀਰ ਮੁਲਾਂ ਮੁਨਾਰੇ ਕਿਆ ਚਢਹਿ
ਸਾਂਈ ਨ ਬਹਰਾ ਹੋਇ ॥

کبیِر مُلاں مُنارے کِیا چڑھہِ
سانئی ن بہرا ہوءِ ॥

ਜਾ ਕਾਰਨਿ ਤੂੰ ਬਾਂਗ ਦੇਹਿ
ਦਿਲ ਹੀ ਭੀਤਰਿ ਜੋਇ ॥੧੮੪॥

جا کارنِ توُنّ بانگ دیہِ
دِل ہی بھیِترِ جوءِ ॥ 184 ॥

ਸੇਖ ਸਬੂਰੀ ਬਾਹਰਾ
ਕਿਆ ਹਜ ਕਾਬੇ ਜਾਇ ॥

سیکھ صبوُری باہرا
کِیا ہج کابے جاءِ ۔ ॥

ਕਬੀਰ ਜਾ ਕੀ ਦਿਲ ਸਾਬਤਿ ਨਹੀ
ਤਾ ਕਉ ਕਹਾਂ ਖੁਦਾਇ ॥੧੮੫॥

کبیر جا کی دِل سابتِ نہی
تا کءُ کہاں خُداءِ ۔ ॥ 185 ॥

ਕਬੀਰ ਅਲਹ ਕੀ ਕਰਿ ਬੰਦਗੀ
ਜਿਹ ਸਿਮਰਤ ਦੁਖੁ ਜਾਇ ॥

کبیر الہ کی کرِ بندگی
جِہ سِمرت دُکھُ جاءِ ॥

ਦਿਲ ਮਹਿ ਸਾਂਈ ਪਰਗਟੈ
ਬੁਝੈ ਬਲੰਤੀ ਨਾਂਇ ॥੧੮੬॥

دِل مہِ سانئی پرگٹے
بُجھے بلنّتی نانءِ ॥ 186 ॥

ਕਬੀਰ ਜੋਰੀ ਕੀਏ ਜੁਲਮੁ ਹੈ
ਕਹਤਾ ਨਾਉ ਹਲਾਲੁ ॥

کبیر زوری کیے ظُلمُ ہے
کہتا ناءُ حلالُ ॥

ਦਫਤਰਿ ਲੇਖਾ ਮਾਂਗੀਐ
ਤਬ ਹੋਇਗੋ ਕਉਨੁ ਹਵਾਲੁ ॥੧੮੭॥

دفترِ لیکھا مانگیے
تب ہوئگو کُنُ حوالُ ۔ ॥ 187 ॥

ਕਬੀਰ ਖੂਬੁ ਖਾਨਾ ਖੀਚਰੀ
ਜਾ ਮਹਿ ਅੰਮ੍ਰਿਤੁ ਲੋਨੁ ॥

کبیر خوُبُ کھانا کھیچری
جا مہِ انّمرِتُ لونُ ॥

ਹੇਰਾ ਰੋਟੀ ਕਾਰਨੇ
ਗਲਾ ਕਟਾਵੈ ਕਉਨੁ ॥੧੮੮॥

ہیرا روٹی کارنے
گلا کٹاوے کُنُ ۔ ॥ 188 ॥

ਕਬੀਰ ਗੁਰੁ ਲਾਗਾ ਤਬ ਜਾਨੀਐ
ਮਿਟੈ ਮੋਹੁ ਤਨ ਤਾਪ ॥

کبیر گُرُ لاگا تب جانیے
مِٹے موہُ تن تاپ ॥

ਹਰਖ ਸੋਗ ਦਾਝੈ ਨਹੀ
ਤਬ ਹਰਿ ਆਪਹਿ ਆਪ ॥੧੮੯॥

ہرکھ سوگ داجھے نہی
تب ہرِ آپہِ آپ ॥ 189 ॥

ਕਬੀਰ ਰਾਮ ਕਹਨ ਮਹਿ ਭੇਦੁ ਹੈ
ਤਾ ਮਹਿ ਏਕੁ ਬਿਚਾਰੁ ॥

کبیر رام کہن مہِ بھیدُ ہے
تا مہِ ایکُ بِچارُ ॥

ਸੋਈ ਰਾਮੁ ਸਭੈ ਕਹਹਿ
ਸੋਈ ਕਉਤਕਹਾਰ ॥੧੯੦॥

سوئی رامُ سبھے کہہِ
سوئی کُتکہار ॥ 190 ॥

ਕਬੀਰ ਰਾਮੈ ਰਾਮ ਕਹੁ
ਕਹਿਬੇ ਮਾਹਿ ਬਿਬੇਕ ॥

کبیر رامے رام کہُ
کہبے ماہِ بِبیک ॥

ਏਕੁ ਅਨੇਕਹਿ ਮਿਲਿ ਗਇਆ
ਏਕ ਸਮਾਨਾ ਏਕ ॥੧੯੧॥

ایکُ انیکہِ مِلِ گئیا

ایک سمانا ایک ॥ 191 ॥

ਕਬੀਰ ਜਾ ਘਰ ਸਾਧ ਨ ਸੇਵੀਅਹਿ
ਹਰਿ ਕੀ ਸੇਵਾ ਨਾਹਿ ॥

کبیرِ جا گھر سادھ ن سیویئہِ
ہرِ کی سیوا ناہِ ॥

ਤੇ ਘਰ ਮਰਹਟ ਸਾਰਖੇ
ਭੂਤ ਬਸਹਿ ਤਿਨ ਮਾਹਿ ॥੧੯੨॥

تے گھر مرہٹ سارکھے
بھوُت بسہِ تِن ماہِ ॥ 192 ॥

ਕਬੀਰ ਗੂੰਗਾ ਹੂਆ ਬਾਵਰਾ
ਬਹਰਾ ਹੂਆ ਕਾਨ ॥

کبیرِ گوُنگا ہوُیا باورا
بہرا ہوُیا کان ॥

ਪਾਵਹੁ ਤੇ ਪਿੰਗੁਲ ਭਇਆ
ਮਾਰਿਆ ਸਤਿਗੁਰ ਬਾਨ ॥੧੯੩॥

پاوہُ تے پِنگُل بھئیا
مارِیا ستِگُر بان ॥ 193 ॥

ਕਬੀਰ ਸਤਿਗੁਰ ਸੂਰਮੇ
ਬਾਹਿਆ ਬਾਨੁ ਜੁ ਏਕੁ ॥

کبیرِ ستِگُر سوُرمے
باہِیا بانُ جُ ایکُ ॥

ਲਾਗਤ ਹੀ ਭੁਇ ਗਿਰਿ ਪਰਿਆ
ਪਰਾ ਕਰੇਜੇ ਛੇਕੁ ॥੧੯੪॥

لاگت ہی بھُءِ گِرِ پرِیا
پرا کریجے چھیکُ ॥ 194 ॥

ਕਬੀਰ ਨਿਰਮਲ ਬੂੰਦ ਅਕਾਸ ਕੀ
ਪਰਿ ਗਈ ਭੂਮਿ ਬਿਕਾਰ ॥

کبیرِ نِرمل بوُنّد اکاس کی
پرِ گئی بھوُمِ بِکار ॥

ਬਿਨੁ ਸੰਗਤਿ ਇਉ ਮਾਂਨਈ
ਹੋਇ ਗਈ ਭਠ ਛਾਰ ॥੧੯੫॥

بِنُ سنگَتِ اِءُ مانْنئی
ہوءِ گئی بھٹھ چھار ॥ 195 ॥

ਕਬੀਰ ਨਿਰਮਲ ਬੂੰਦ ਅਕਾਸ ਕੀ
ਲੀਨੀ ਭੂਮਿ ਮਿਲਾਇ ॥

کبیرِ نِرمل بوُنّد اکاس کی
لِینی بھوُمِ مِلاءِ ॥

ਅਨਿਕ ਸਿਆਨੇ ਪਚਿ ਗਏ
ਨਾ ਨਿਰਵਾਰੀ ਜਾਇ ॥੧੯੬॥

انِک سِیانے پچِ گئے
نا نِرواری جاءِ ॥ 196 ॥

ਕਬੀਰ ਹਜ ਕਾਬੇ ਹਉ ਜਾਇ ਥਾ
ਆਗੈ ਮਿਲਿਆ ਖੁਦਾਇ ॥

کبیرِ ہج کابے ہءُ جاءِ تھا
آگے مِلیا خُداءِ ॥

ਸਾਂਈ ਮੁਝ ਸਿਉ ਲਰਿ ਪਰਿਆ
ਤੁਝै ਕਿਨ੍ਹਿ ਫੁਰਮਾਈ ਗਾਇ ॥੧੯੭॥

سانْئی مُجھ سِءُ لرِ پرِیا
تُجھے کِنّہِ فُرمائی گاءِ ۔ ॥ 197 ॥

ਕਬੀਰ ਹਜ ਕਾਬੈ ਹੋਇ ਹੋਇ ਗਇਆ
ਕੇਤੀ ਬਾਰ ਕਬੀਰ ॥

کبیرِ ہج کابے ہوءِ ہوءِ گیَا
کیتی بار کبیر ॥

ਸਾਂਈ ਮੁਝ ਮਹਿ ਕਿਆ ਖਤਾ
ਮੁਖਹੁ ਨ ਬੋਲੈ ਪੀਰ ॥੧੯੮॥

سائیں مُجھ مہِ کیا خطا
مُکھہُ ن بولے پیر ۔ ॥ 198 ॥

ਕਬੀਰ ਜੀਅ ਜੁ ਮਾਰਹਿ ਜੋਰੁ ਕਰਿ
ਕਹਤੇ ਹਹਿ ਜੁ ਹਲਾਲੁ ॥

کبیرِ جیء جُ مارہِ زورُ کرِ
کہتے ہہِ جُ حلالُ ॥

ਦਫਤਰੁ ਦਈ ਜਬ ਕਾਢਿ ਹੈ
ਹੋਇਗਾ ਕਉਨੁ ਹਵਾਲੁ ॥੧੯੯॥

دفترُ دئی جب کاڈھِ ہے
ہوئگا کُنُن حوالُ ۔ ॥ 199 ॥

ਕਬੀਰ ਜੋਰੁ ਕੀਆ ਸੋ ਜੁਲਮੁ ਹੈ
ਲੇਇ ਜਬਾਬੁ ਖੁਦਾਇ ॥

کبیرِ زورُ کیِیا سو ظُلمُ ہے
لےءِ جبابُ خُداءِ ॥

ਦਫਤਰਿ ਲੇਖਾ ਨੀਕਸੈ
ਮਾਰ ਮੁਹੈ ਮੁਹਿ ਖਾਇ ॥੨੦੦॥

دفترِ لیکھا نیکسے
مار مُہے مُہِ کھاءِ ॥ 200 ॥

ਕਬੀਰ ਲੇਖਾ ਦੇਨਾ ਸੁਹੇਲਾ
ਜਉ ਦਿਲ ਸੂਚੀ ਹੋਇ ॥

کبیرِ لیکھا دینا سُہیلا
جءُ دِل سوُچی ہوءِ ॥

ਉਸੁ ਸਾਚੇ ਦੀਬਾਨ ਮਹਿ
ਪਲਾ ਨ ਪਕਰੈ ਕੋਇ ॥੨੦੧॥

اُس ساچے دیبان مہِ
پلا ن پکرے کوءِ ॥ 201 ॥

ਕਬੀਰ ਧਰਤੀ ਅਰੁ ਆਕਾਸ ਮਹਿ
ਦੁਇ ਤੂੰ ਬਰੀ ਅਬਧ ॥

کبیرِ دھرتی ارُ آکاس مہِ
دُءِ توُنّ بری ابدھ ॥

ਖਟ ਦਰਸਨ ਸੰਸੇ ਪਰੇ
ਅਰੁ ਚਉਰਾਸੀਹ ਸਿਧ ॥੨੦੨॥

کھٹ درسن سنسے پرے
ارُ چرُاسیہِ سِدھ ॥ 202 ॥

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ
ਜੋ ਕਿਛੁ ਹੈ ਸੋ ਤੇਰਾ ॥

کبیرِ میرا مُجھ مہِ کچھُ نہی
جو کچھُ ہے سو تیرا ॥

ਤੇਰਾ ਤੁਝ ਕਉ ਸਉਪਤੇ
ਕਿਆ ਲਾਗੈ ਮੇਰਾ ॥੨੦੩॥

تیرا تُجھ کءُ سئُپتے
کِیا لاگے میرا ۔ ॥ 203 ॥

ਕਬੀਰ ਤੂੰ ਤੂੰ ਕਰਤਾ ਤੂ ਹੂਆ
ਮੁਝ ਮਹਿ ਰਹਾ ਨ ਹੂੰ ॥

کبیرِ توُنّ توُنّ کرتا توُ ہوُیا

ਮੁਝ ਮਹਿ ਰਹਾ ਨ ਹਉਨੋ ॥

جب آپا پر کا مِٹ گئیا

ਜਬ ਆਪਾ ਪਰ ਕਾ ਮਿਟਿ ਗਇਆ
ਜਤ ਦੇਖਉ ਤਤ ਤੂ ॥੨੦੪॥

جت دیکھ ءُ تت توُ ॥ 204 ॥

ਕਬੀਰ ਬਿਕਾਰਹ ਚਿਤਵਤੇ
ਝੂਠੇ ਕਰਤੇ ਆਸ ॥

کبیر بِکارہ چِتوتے
جھوُٹھے کرتے آس ॥

ਮਨੋਰਥੁ ਕੋਇ ਨ ਪੂਰਿਓ
ਚਾਲੇ ਊਠਿ ਨਿਰਾਸ ॥੨੦੫॥

منورتھُ کوءِ ن پوُرِئو
چالے اوُٹھِ نِراس ॥ 205 ॥

ਕਬੀਰ ਹਰਿ ਕਾ ਸਿਮਰਨੁ ਜੋ ਕਰੈ
ਸੋ ਸੁਖੀਆ ਸੰਸਾਰਿ ॥

کبیر ہرِ کا سِمرنُ جو کرے
سو سُکھیِیا سنّسارِ ॥

ਇਤ ਉਤ ਕਤਹਿ ਨ ਡੋਲਈ
ਜਿਸ ਰਾਖੈ ਸਿਰਜਨਹਾਰ ॥੨੦੬॥

اِت اُت کتہِ ن ڈولئی
جِس راکھے سِرجنہار ॥ 206 ॥

ਕਬੀਰ ਘਾਣੀ ਪੀੜਤੇ
ਸਤਿਗੁਰ ਲੀਏ ਛਡਾਇ ॥

کبیر گھانی پیڑتے
ستِگُر لیئے چھڈاءِ ॥

ਪਰਾ ਪੂਰਬਲੀ ਭਾਵਨੀ
ਪਰਗਟੁ ਹੋਈ ਆਇ ॥੨੦੭॥

پرا پوُربلی بھاونی
پرگٹُ ہوئی آءِ ॥ 207 ॥

ਕਬੀਰ ਟਾਲੈ ਟੋਲੈ ਦਿਨੁ ਗਇਆ
ਬਿਆਜੁ ਬਢੰਤਉ ਜਾਇ ॥

کبیر ٹالے ٹولے دِنُ گئیا
بیاجُ بڈھنّت ءُ جاءِ ॥

ਨਾ ਹਰਿ ਭਜਿਓ ਨ ਖਤੁ ਫਟਿਓ
ਕਾਲੁ ਪਹੂੰਚੋ ਆਇ ॥੨੦੮॥

ناہِر بھجِئو ن خطُ پھٹِئو
کالُ پہوُنچو آءِ ॥ 208 ॥

ਮਹਲਾ ੫ ॥

محلا 5 ॥

ਕਬੀਰ ਕੂਕਰੁ ਭਉਕਨਾ
ਕਰੰਗ ਪਿਛੈ ਉਠਿ ਧਾਇ ॥

کبیر کوُکرُ بھنُکنا
کرنگ پچھے اُٹھِ دھاءِ ॥

ਕਰਮੀ ਸਤਿਗੁਰੁ ਪਾਇਆ
ਜਿਨਿ ਹਉ ਲੀਆ ਛਡਾਇ ॥੨੦੯॥

کرمی ستِگُر پائیا
جِنِ ہءُ لِیا چھڈاءِ ॥ 209 ॥

ਮਹਲਾ ੫ ॥

محلا 5 ॥

ਕਬੀਰ ਧਰਤੀ ਸਾਧ ਕੀ
ਤਸਕਰ ਬੈਸਹਿ ਗਾਹਿ ॥

کبیرِ دھرتی سادھ کی
تسکر بیَسہِ گاہِ ॥

ਧਰਤੀ ਭਾਰਿ ਨ ਬਿਆਪਈ
ਉਨ ਕਉ ਲਾਹੂ ਲਾਹਿ ॥੨੧੦॥

دھرتی بھارِ ن بِیاپئی
اُن کءُ لاہوُ لاہِ ॥ 210 ॥

ਮਹਲਾ ੫ ॥

محلا 5 ॥

ਕਬੀਰ ਚਾਵਲ ਕਾਰਨੇ
ਤੁਖ ਕਉ ਮੁਹਲੀ ਲਾਇ ॥

کبیرِ چاول کارنے
تُکھ کءُ مُہلی لاءِ ॥

ਸੰਗਿ ਕੁਸੰਗੀ ਬੈਸਤੇ
ਤਬ ਪੂਛੈ ਧਰਮ ਰਾਇ ॥੨੧੧॥

سنگِ کسنگی بیَستے
تب پوُچھے َدھرم راءِ ॥ 211 ॥

ਨਾਮਾ ਮਾਇਆ ਮੋਹਿਆ
ਕਹੈ ਤਿਲੋਚਨੁ ਮੀਤ ॥

نامامائیا موہیا
کہے َتِلوچنُ مِیت ۔ ॥

ਕਾਹੇ ਛੀਪਹੁ ਛਾਇਲੈ
ਰਾਮ ਨ ਲਾਵਹੁ ਚੀਤੁ ॥੨੧੨॥

کاہے چھیپہُ چھائیَلے
رام ن لاوہُ چیِتُ ॥ 212 ॥

ਨਾਮਾ ਕਹੈ ਤਿਲੋਚਨਾ
ਮੁਖ ਤੇ ਰਾਮੁ ਸੰਮ੍ਹਾਲਿ ॥

نامامکھ تے رامُ سنبّھالِ ॥

ਹਾਥ ਪਾਉ ਕਰਿ ਕਾਮੁ ਸਭੁ
ਚੀਤੁ ਨਿਰੰਜਨੁ ਨਾਲਿ ॥੨੧੩॥

ہاتھ پاءُ کرِ کامُ سبھُ
چیِتُ نِرنجنُ نالِ ॥ 213 ॥

ਮਹਲਾ ੫ ॥

محلا 5 ॥

ਕਬੀਰਾ ਹਮਰਾ ਕੋ ਨਹੀ
ਹਮ ਕਿਸ ਹੂ ਕੇ ਨਾਹਿ ॥

کبیرا ہمرا کو نہی
ہم کِس ہوُ کے ناہِ ॥

ਜਿਨਿ ਇਹੁ ਰਚਨੁ ਰਚਾਇਆ
ਤਿਸ ਹੀ ਮਾਹਿ ਸਮਾਹਿ ॥੨੧੪॥

جِنِ اِہُ رچنُ رچائیا
تِس ہی ماہِ سماہِ ॥ 214 ॥

ਕਬੀਰ ਕੀਚੜਿ ਆਟਾ ਗਿਰਿ ਪਰਿਆ
ਕਿਛੂ ਨ ਆਇਓ ਹਾਥ ॥

کبیرِ کیچڑِ آٹا گرِ پریا
کِچھوُ ن آئیَو ہاتھ ॥

ਪੀਸਤ ਪੀਸਤ ਚਾਬਿਆ

پیِست پیِست چابیا

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راتا صاہب)

ਸੋਈ ਨਿਬਹਿਆ ਸਾਥ ॥੨੧੫॥

سوئی نِبہیا ساتھ ॥ 215 ॥

ਕਬੀਰ ਮਨੁ ਜਾਨੈ ਸਭ ਬਾਤ
ਜਾਨਤ ਹੀ ਅਉਗਨੁ ਕਰੈ ॥

کبیِر منُ جانے سبھ بات
جانت ہی انگُنُ کرے ॥

ਕਾਹੇ ਕੀ ਕੁਸਲਾਤ
ਹਾਥਿ ਦੀਪੁ ਕੂਏ ਪਰੈ ॥੨੧੬॥

کاہے کی کُسلات
ہاتھِ دیپُ کوُئے پرے ॥ 216 ॥

ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ
ਬਰਜੈ ਲੋਗੁ ਅਜਾਨੁ ॥

کبیِر لاگی پرّیتِ سُجان سِءُ
برجےَ لوگُ اجانُ ॥

ਤਾ ਸਿਉ ਟੂਟੀ ਕਿਉ ਬਨੈ
ਜਾ ਕੇ ਜੀਅ ਪਰਾਨ ॥੨੧੭॥

تا سِءُ ٹوُٹی کِءُ بنے
جا کے جیء پران ॥ 217 ॥

ਕਬੀਰ ਕੋਠੇ ਮੰਡਪ ਹੇਤੁ ਕਰਿ
ਕਾਹੇ ਮਰਹੁ ਸਵਾਰਿ ॥

کبیِر کوٹھے منڈپ ہیتُ کرِ
کاہے مرہُ سوارِ ۔ ॥

ਕਾਰਜੁ ਸਾਢੇ ਤੀਨਿ ਹਥ
ਘਨੀ ਤ ਪਉਨੇ ਚਾਰਿ ॥੨੧੮॥

کارجُ ساڈھے تینِ ہتھ
گھنی ت پنُّنے چارِ ॥ 218 ॥

ਕਬੀਰ ਜੋ ਮੈ ਚਿਤਵਉ ਨਾ ਕਰੈ
ਕਿਆ ਮੇਰੇ ਚਿਤਵੇ ਹੋਇ ॥

کبیِر جو مےَ چِتوءُ نا کرے
کِیا میرے چِتوے ہوءِ ۔ ॥

ਅਪਨਾ ਚਿਤਵਿਆ ਹਰਿ ਕਰੈ
ਜੋ ਮੇਰੇ ਚਿਤਿ ਨ ਹੋਇ ॥੨੧੯॥

اپنا چِتویا ہرِ کرے
جو میرے چِتِ ن ہوءِ ॥ 219 ॥

ਮਃ ੩ ॥

م: 3 ॥

ਚਿੰਤਾ ਭੀ ਆਪਿ ਕਰਾਇਸੀ
ਅਚਿੰਤੁ ਭਿ ਆਪੇ ਦੇਇ ॥

چِنّتا بھی آپِ کرائسی
اچِنتُ بھِ آپے دےءِ ॥

ਨਾਨਕ ਸੋ ਸਾਲਾਹੀਐ
ਜਿ ਸਭਨਾ ਸਾਰ ਕਰੇਇ ॥੨੨੦॥

نانک سو سالاہیےٗ
جِ سبھنا سار کرےءِ ॥ 220 ॥

ਮਃ ੫ ॥

م: 5 ॥

ਕਬੀਰ ਰਾਮੁ ਨ ਚੇਤਿਓ
ਫਿਰਿਆ ਲਾਲਚ ਮਾਹਿ ॥

کبیِر رامُ ن چیتِئو
پھِریا لالچ ماہِ ॥

ਪਾਪ ਕਰੰਤਾ ਮਰਿ ਗਇਆ
ਅਉਧ ਪੁਨੀ ਖਿਨ ਮਾਹਿ ॥੨੨੧॥

پاپ کرنّتا مرِ گئیا
اُندھ پُنی کھِن ماہِ ॥ 221 ॥

ਕਬੀਰ ਕਾਇਆ ਕਾਚੀ ਕਾਰਵੀ
ਕੇਵਲ ਕਾਚੀ ਧਾਤੁ ॥

کبیرِ کائیا کاچی کاروی
کیول کاچی دھاتُ ॥

ਸਾਬਤੁ ਰਖਹਿ ਤ ਰਾਮ ਭਜੁ
ਨਾਹਿ ਤ ਬਿਨਠੀ ਬਾਤ ॥੨੨੨॥

سابتُ رکھہِ ت رام بھجُ
ناہِ ت بِنٹھی بات ॥ 222 ॥

ਕਬੀਰ ਕੇਸੋ ਕੇਸੋ ਕੂਕੀਐ
ਨ ਸੋਈਐ ਅਸਾਰ ॥

کبیرِ کیسو کیسو کوُکیئے
ن سوئیئے اسار ॥

ਰਾਤਿ ਦਿਵਸ ਕੇ ਕੂਕਨੇ
ਕਬਹੂ ਕੇ ਸੁਨੈ ਪੁਕਾਰ ॥੨੨੩॥

راتِ دِوس کے کوُکنے
کبہوُ کے سُنے پُکار ॥ 223 ॥

ਕਬੀਰ ਕਾਇਆ ਕਜਲੀ ਬਨੁ ਭਇਆ
ਮਨੁ ਕੁੰਚਰੁ ਮਯ ਮੰਤੁ ॥

کبیرِ کائیا کجلی بنُ بھئیا
منُ کُنچّرُ مِ منّتُ ॥

ਅੰਕਸੁ ਗ੍ਯਾਨੁ ਰਤਨੁ ਹੈ
ਖੇਵਟੁ ਬਿਰਲਾ ਸੰਤੁ ॥੨੨੪॥

انکُس گّیانُ رتنُ ہے
کھیوٹُ بِرلا سنّتُ ॥ 224 ॥

ਕਬੀਰ ਰਾਮ ਰਤਨੁ ਮੁਖੁ ਕੋਥਰੀ
ਪਾਰਖ ਆਗੈ ਖੋਲਿ ॥

کبیرِ رام رتنُ مُکھُ کوتھری
پارکھ آگے کھولِ ॥

ਕੋਈ ਆਇ ਮਿਲੈਗੋ ਗਾਹਕੀ
ਲੇਗੋ ਮਹਗੇ ਮੋਲਿ ॥੨੨੫॥

کوئی آءِ مِلیگو گاہکی
لیگو مہگے مولِ ॥ 225 ॥

ਕਬੀਰ ਰਾਮ ਨਾਮੁ ਜਾਨਿਓ ਨਹੀ
ਪਾਲਿਓ ਕਟਕੁ ਕੁਟੰਬੁ ॥

کبیرِ رام نامُ جانِئو نہی
پالِئو کٹکُ کُٹنّبُ ॥

ਧੰਧੇ ਹੀ ਮਹਿ ਮਰਿ ਗਇਓ
ਬਾਹਰਿ ਭਈ ਨ ਬੰਬ ॥੨੨੬॥

دھندّھے ہی مہِ مرِ گئیئو
باہرِ بھئی ن بنّب ॥ 226 ॥

ਕਬੀਰ ਆਖੀ ਕੇਰੇ ਮਾਟੁਕੇ
ਪਲੁ ਪਲੁ ਗਈ ਬਿਹਾਇ ॥

کبیرِ آکھی کیرے ماٹکے
پلُ پلُ گئی بِہاءِ ॥

ਮਨੁ ਜੰਜਾਲੁ ਨ ਛੋਡਈ
ਜਮ ਦੀਆ ਦਮਾਮਾ ਆਇ ॥੨੨੭॥

منُ زنّجالُ ن چھوڈئی

جم دِیِیا دِماما آءِ ॥ 227 ॥

ਕਬੀਰ ਤਰਵਰ ਰੂਪੀ ਰਾਮੁ ਹੈ
ਫਲ ਰੂਪੀ ਬੈਰਾਗੁ ॥

کبیِر ترور روُپی رامُ ہے
پھل روُپی بیَراگُ ॥

ਛਾਇਆ ਰੂਪੀ ਸਾਧੁ ਹੈ
ਜਿਨਿ ਤਜਿਆ ਬਾਦੁ ਬਿਬਾਦੁ ॥੨੨੮॥

چھائِیا روُپی سادھُ ہے
جِنِ تجِیا بادُ بِبادُ ॥ 228 ॥

ਕਬੀਰ ਐਸਾ ਬੀਜੁ ਬੋਇ
ਬਾਰਹ ਮਾਸ ਫਲੰਤ ॥

کبیِر ایَسا بِیجُ بوءِ
بارہ ماس پھلنّت ॥

ਸੀਤਲ ਛਾਇਆ ਗਹਿਰ ਫਲ
ਪੰਖੀ ਕੇਲ ਕਰੰਤ ॥੨੨੯॥

سِیتل چھائِیا گہِر پھل
پنّکھی کیل کرنّت ॥ 229 ॥

ਕਬੀਰ ਦਾਤਾ ਤਰਵਰੁ ਦਯਾ ਫਲੁ
ਉਪਕਾਰੀ ਜੀਵੰਤ ॥

کبیِر داتا ترورُ دیا پھلُ
اُپکاری جیِونّت ॥

ਪੰਖੀ ਚਲੇ ਦਿਸਾਵਰੀ
ਬਿਰਖਾ ਸੁਫਲ ਫਲੰਤ ॥੨੩੦॥

پنّکھی چلے دِساوری
بِرکھا سُپھل پھلنّت ॥ 230 ॥

ਕਬੀਰ ਸਾਧੂ ਸੰਗੁ ਪਰਾਪਤੀ
ਲਿਖਿਆ ਹੋਇ ਲਿਲਾਟ ॥

کبیِر سادھوُ سنگُ پراپتی
لِکھِیا ہوءِ لِلاٹ ॥

ਮੁਕਤਿ ਪਦਾਰਥੁ ਪਾਈਐ
ਠਾਕ ਨ ਅਵਘਟ ਘਾਟ ॥੨੩੧॥

مُکتِ پدارتھُ پائیَے
ٹھاک ن اوگھٹ گھاٹ ॥ 231 ॥

ਕਬੀਰ ਏਕ ਘੜੀ ਆਧੀ ਘਰੀ
ਆਧੀ ਹੂੰ ਤੇ ਆਧ ॥

کبیِر ایک گھڑی آدھی گھری
آدھی ہوُنّ تے آدھ ॥

ਭਗਤਨ ਸੇਤੀ ਗੋਸਟੇ
ਜੋ ਕੀਨੇ ਸੋ ਲਾਭ ॥੨੩੨॥

بھگتن سیتی گوسٹے
جو کِینے سو لابھ ॥ 232 ॥

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ
ਜੋ ਜੋ ਪ੍ਰਾਨੀ ਖਾਂਹਿ ॥

کبیِر بھانگ ماچھُلی سُرا پانِ
جو جو پّرانی کھانہِ ॥

ਤੀਰਥ ਬਰਤ ਨੇਮ ਕੀਏ
ਤੇ ਸਭੈ ਰਸਾਤਲਿ ਜਾਂਹਿ ॥੨੩੩॥

تِیرتھ برت نیم کِیَے
تے سبھے رساتلِ جانہِ ॥ 233 ॥

ਨੀਚੇ ਲੋਇਨ ਕਰਿ ਰਹਉ
ਲੇ ਸਾਜਨ ਘਟ ਮਾਹਿ ॥

ਸਭ ਰਸ ਖੇਲਉ ਪੀਅ ਸਉ
ਕਿਸੀ ਲਖਾਵਉ ਨਾਹਿ ॥੨੩੪॥

ਆਠ ਜਾਮ ਚਉਸਠਿ ਘਰੀ
ਤੁਅ ਨਿਰਖਤ ਰਹੈ ਜੀਉ ॥

ਨੀਚੇ ਲੋਇਨ ਕਿਉ ਕਰਉ
ਸਭ ਘਟ ਦੇਖਉ ਪੀਉ ॥੨੩੫॥

ਸੁਨੁ ਸਖੀ ਪੀਅ ਮਹਿ ਜੀਉ ਬਸੈ
ਜੀਅ ਮਹਿ ਬਸੈ ਕਿ ਪੀਉ ॥

ਜੀਉ ਪੀਉ ਬੂਝਉ ਨਹੀ
ਘਟ ਮਹਿ ਜੀਉ ਕਿ ਪੀਉ ॥੨੩੬॥

ਕਬੀਰ ਬਾਮਨੁ ਗੁਰੂ ਹੈ ਜਗਤ ਕਾ
ਭਗਤਨ ਕਾ ਗੁਰੁ ਨਾਹਿ ॥

ਅਰਝਿ ਉਰਝਿ ਕੈ ਪਚਿ ਮੂਆ
ਚਾਰਉ ਬੇਦਹੁ ਮਾਹਿ ॥੨੩੭॥

ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ
ਹਾਥੀ ਚੁਨੀ ਨ ਜਾਇ ॥

ਕਹਿ ਕਬੀਰ ਗੁਰਿ ਭਲੀ ਬੁਝਾਈ
ਕੀਟੀ ਹੋਇ ਕੈ ਖਾਇ ॥੨੩੮॥

ਕਬੀਰ ਜਉ ਤੁਹਿ ਸਾਧ ਪਿਰੰਮ ਕੀ
ਸੀਸੁ ਕਾਟਿ ਕਰਿ ਗੋਇ ॥

ਖੇਲਤ ਖੇਲਤ ਹਾਲ ਕਰਿ
ਜੋ ਕਿਛੁ ਹੋਇ ਤ ਹੋਇ ॥੨੩੯॥

ਕਬੀਰ ਜਉ ਤੁਹਿ ਸਾਧ ਪਿਰੰਮ ਕੀ
ਪਾਕੇ ਸੇਤੀ ਖੇਲੁ ॥

نیچے لوئن کرِ رہءُ
لے ساجن گھٹ ماہِ ॥

سبھ رس کھیلءُ پِیء سءُ
کِسی لکھاوءُ ناہِ ॥ 234 ॥

آٹھ جام چُسٹھِ گھری
ٹءِ نِرکھت رہے جِیءُ ॥

نیچے لوئن کِءُ کرءُ
سبھ گھٹ دیکھءُ پِیءُ ॥ 235 ॥

سُنُ سکھی پِیء مہِ جِیءُ بسے
جیء مہِ بسے کِ پِیءُ ۔ ॥

جِیءُ پِیءُ بُوجھءُ نہی
گھٹ مہِ جِیءُ کِ پِیءُ ॥ 236 ॥

کبیر بامنُ گُرو ہے جگت کا
بھگتن کا گُرُ ناہِ ॥

ارجھِ اُرجھِ کے پچِ موُیا
چارءُ بیدہُ ماہِ ॥ 237 ॥

ہرِ ہے کھانڈُ ریتُ مہِ بِکھری
ہاتھی چُنی ن جاءِ ॥

کہِ کبیر گُرِ بھلی بُجھائی
کیٹی ہوءِ کے کھاءِ ॥ 238 ॥

کبیر جءُ تُہِ سادھ پرنّم کی
سیِس کاٹِ کرِ گوءِ ॥

کھیلت کھیلت حال کرِ
جو کچھُ ہوءِ ت ہوءِ ॥ 239 ॥

کبیر جءُ تُہِ سادھ پرنّم کی

پاکے سیتی کھیلُ ॥

ਕਾਚੀ ਸਰਸਉਂ ਪੇਲਿ ਕੈ
ਨਾ ਖਲਿ ਭਈ ਨ ਤੇਲੁ ॥੨੪੦॥

کاچی سرسُں پیلِ کے
نا کھلِ بھئی ن تیلُ ॥ 240 ॥

ਢੂੰਢਤ ਡੋਲਹਿ ਅੰਧ ਗਤਿ
ਅਰੁ ਚੀਨਤ ਨਾਹੀ ਸੰਤ ॥

ڈھوُنڈھت ڈولہِ انّدھ گتِ
ارُ چینت ناہی سنّت ॥

ਕਹਿ ਨਾਮਾ ਕਿਉ ਪਾਈਐ
ਬਿਨੁ ਭਗਤਹੁ ਭਗਵੰਤੁ ॥੨੪੧॥

کہِ نامـا کِءُ پائیئے
بِنُ بھگتہُ بھگونتُ ॥ 241 ॥

ਹਰਿ ਸੋ ਹੀਰਾ ਛਾਡਿ ਕੈ
ਕਰਹਿ ਆਨ ਕੀ ਆਸ ॥

ہرِ سو ہیِرا چھاڈِ کے
کرہِ آن کی آس ॥

ਤੇ ਨਰ ਦੋਜਕ ਜਾਹਿਗੇ
ਸਤਿ ਭਾਖੈ ਰਵਿਦਾਸ ॥੨੪੨॥

تے نر دوزک جاہِگے
ستِ بھاکھےَ روِداس ॥ 242 ॥

ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ
ਨਾਹੀ ਤ ਕਰੁ ਬੈਰਾਗੁ ॥

کبیِر جءُ گرِہُ کرہِ ت دھرمُ کرُ
ناہی ت کرُ بیَراگُ ॥

ਬੈਰਾਗੀ ਬੰਧਨੁ ਕਰੈ
ਤਾ ਕੋ ਬਡੋ ਅਭਾਗੁ ॥੨੪੩॥

بیَراگی بنّدھنُ کرےَ
تا کو بڈو ابھاگُ ॥ 243 ॥

ਸਲੋਕ ਸੇਖ ਫਰੀਦ ਕੇ

سلوک سیکھ پھریِد کے

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਜਿਤੁ ਦਿਹਾੜੈ ਧਨ ਵਰੀ
ਸਾਹੇ ਲਏ ਲਿਖਾਇ ॥

جِتُ دِہاڑےَ دھن وری
ساہے لۓ لِکھاءِ ॥

ਮਲਕੁ ਜਿ ਕੰਨੀ ਸੁਣੀਦਾ
ਮੁਹੁ ਦੇਖਾਲੇ ਆਇ ॥

ملکُ جِ کنّنی سُنّیِدا
مُہُ دیکھالے آءِ ॥

ਜਿੰਦੁ ਨਿਮਾਣੀ ਕਢੀਐ
ਹਡਾ ਕੂ ਕੜਕਾਇ ॥

جِنّدُ نِماٹی کڈھیئے
ہڈا کوُ کڑکاءِ ॥

ਸਾਹੇ ਲਿਖੇ ਨ ਚਲਨੀ
ਜਿੰਦੂ ਕੂੰ ਸਮਝਾਇ ॥

ساہے لِکھے ن چلنی
جِنّدوُ کوُنّ سمجھاءِ ॥

ਜਿੰਦੁ ਵਹੁਟੀ ਮਰਣੁ ਵਰੁ
ਲੈ ਜਾਸੀ ਪਰਣਾਇ ॥

جِنّدُ وہُٹی مرنُّ ورُ
لے جاسی پرٹاءِ ॥

ਆਪਣ ਹਥੀ ਜੋਲਿ ਕੈ
ਕੈ ਗਲਿ ਲਗੈ ਧਾਇ ॥

آپنُّ ہتھی جولِ کے
کے گلِ لگے دھاءِ ॥

ਵਾਲਹੁ ਨਿਕੀ ਪੁਰ ਸਲਾਤ
ਕੰਨੀ ਨ ਸੁਣੀ ਆਇ ॥

والہُ نِکی پُر صلاط
کنّنی ن سُنّی آءِ ॥

ਫਰੀਦਾ ਕਿੜੀ ਪਵੰਦੀਈ
ਖੜਾ ਨ ਆਪੁ ਮੁਹਾਇ ॥੧॥

پھریدا کِڑی پونّدیئی
کھڑا ن آپُ مُہاءِ ॥1॥

ਫਰੀਦਾ ਦਰ ਦਰਵੇਸੀ ਗਾਖੜੀ
ਚਲਾਂ ਦੁਨੀਆ ਭਤਿ ॥

پھریدا در درویشی گاکھڑی
چلاں دُنیا بھتِ ॥

ਬੰਨ੍ਹਿ ਉਠਾਈ ਪੋਟਲੀ
ਕਿਥੈ ਵੰਞਾ ਘਤਿ ॥੨॥

بنّنِ اُٹھائی پوٹلی
کِتھے ونّجا گھتِ ۔ ॥2॥

ਕਿਝੁ ਨ ਬੁਝੈ ਕਿਝੁ ਨ ਸੁਝੈ
ਦੁਨੀਆ ਗੁਝੀ ਭਾਹਿ ॥

کِجھُ ن بُجھے کِجھُ ن سُجھے
دُنیا گُجھی بھاہِ ॥

ਸਾਂਈਂ ਮੇਰੈ ਚੰਗਾ ਕੀਤਾ
ਨਾਹੀ ਤ ਹੰ ਭੀ ਦਝਾਂ ਆਹਿ ॥੩॥

سائیں میرے چنگا کیتا
ناہی ت ہنّ بھی دجھاں آہِ ॥3॥

ਫਰੀਦਾ ਜੇ ਜਾਣਾ ਤਿਲ ਥੋੜੜੇ
ਸੰਮਲਿ ਬੁਕੁ ਭਰੀ ॥

پھریدا جے جاٹا تِل تھوڑڑے
سنّملِ بُکُ بھری ॥

ਜੇ ਜਾਣਾ ਸਹੁ ਨੰਢੜਾ
ਤਾਂ ਥੋੜਾ ਮਾਣੁ ਕਰੀ ॥੪॥

جے جاٹا سہُ ننّڈھڑا
تاں تھوڑا مانُّ کری ॥4॥

ਜੇ ਜਾਣਾ ਲੜੁ ਛਿਜਣਾ
ਪੀਡੀ ਪਾਈਂ ਗੰਢਿ ॥

جے جاٹا لڑُ چھِجنّا
پیڈی پائیں گنّڈھِ ॥

ਤੈ ਜੇਵਡੁ ਮੈ ਨਾਹਿ ਕੋ
ਸਭੁ ਜਗੁ ਡਿਠਾ ਹੰਢਿ ॥੫॥

تے جیوڈُ مے ناہِ کو
سبھُ جگُ ڈِٹھا ہنّڈھِ ॥5॥

ਫਰੀਦਾ ਜੇ ਤੂ ਅਕਲਿ ਲਤੀਫੁ
ਕਾਲੇ ਲਿਖੁ ਨ ਲੇਖ ॥

پھریدا جے توُ عقلِ لطیفُ

ਕਾਲੇ ਲਿਖਹੁ ਨ ਲੇਖ ॥

ਆਪਨੜੇ ਗਿਰੀਵਾਨ ਮਹਿ
ਸਿਰੁ ਨੀਵਾਂ ਕਰਿ ਦੇਖੁ ॥੬॥

آپنڑے گِریوان مہِ
سِرُ نِینواں کرِ دیکھُ ॥6॥

ਫਰੀਦਾ ਜੋ ਤੈ ਮਾਰਨਿ ਮੁਕੀਆ
ਤਿਨ੍ਹਾ ਨ ਮਾਰੇ ਘੁੰਮਿ ॥

پھرِیدا جو تےٗ مارنِ مُکیا
تِنّہا ن مارے گھُنّمِ ॥

ਆਪਨੜੈ ਘਰਿ ਜਾਈਐ
ਪੈਰ ਤਿਨ੍ਹਾ ਦੇ ਚੁੰਮਿ ॥੭॥

آپنڑے گھرِ جائیےٗ
پیَر تِنّہا دے چُنّمِ ॥7॥

ਫਰੀਦਾ ਜਾਂ ਤਉ ਖਟਣ ਵੇਲ
ਤਾਂ ਤੂ ਰਤਾ ਦੁਨੀ ਸਿਉ ॥

پھرِیدا جاں تءُ کھٹّن ویل
تاں توُ رتا دُنی سِءُ ॥

ਮਰਗ ਸਵਾਈ ਨੀਹਿ
ਜਾਂ ਭਰਿਆ ਤਾਂ ਲਦਿਆ ॥੮॥

مرگ سوائی نیہِ
جاں بھرِیا تاں لدِیا ॥8॥

ਦੇਖੁ ਫਰੀਦਾ ਜੁ ਥੀਆ
ਦਾੜੀ ਹੋਈ ਭੂਰ ॥

دیکھُ پھرِیدا جُ تھِیا
داڑی ہوئی بھوُر ॥

ਅਗਹੁ ਨੇੜਾ ਆਇਆ
ਪਿਛਾ ਰਹਿਆ ਦੂਰਿ ॥੯॥

اگہُ نیڑا آئیا
پِچھا رہِیا دوُرِ ॥9॥

ਦੇਖੁ ਫਰੀਦਾ ਜਿ ਥੀਆ
ਸਕਰ ਹੋਈ ਵਿਸੁ ॥

دیکھُ پھرِیدا جِ تھِیا
شکر ہوئی وِسُ ॥

ਸਾਂਈ ਬਾਝਹੁ ਆਪਣੇ
ਵੇਦਣ ਕਹੀਐ ਕਿਸੁ ॥੧੦॥

سانئی باجھہُ آپنےٗ
ویدنؤ کہیےٗ کِسُ ۔ ॥ 10 ॥

ਫਰੀਦਾ ਅਖੀ ਦੇਖਿ ਪਤੀਣੀਆ
ਸੁਣਿ ਸੁਣਿ ਰੀਣੇ ਕੰਨ ॥

پھرِیدا اکھی دیکھِ پتیٹیا
سُنؤِ سُنؤِ رینے کنّن ॥

ਸਾਖ ਪਕੰਦੀ ਆਈਆ
ਹੋਰ ਕਰੇਂਦੀ ਵੰਨ ॥੧੧॥

ساکھ پکنّدی آئیا
ہور کرینْدی ونّن ॥ 11 ॥

ਫਰੀਦਾ ਕਾਲੀਂ ਜਿਨੀ ਨ ਰਾਵਿਆ
ਧਉਲੀ ਰਾਵੈ ਕੋਇ ॥

پھرِیدا کالیں جِنی ن راوِیا
دھئُلی راوےَ کوءِ ॥

ਕਰਿ ਸਾਂਈ ਸਿਉ ਪਿਰਹੜੀ
ਰੰਗੁ ਨਵੇਲਾ ਹੋਇ ॥੧੨॥

کرِ سائیں سِ ءُ پرہڑی
رنگُ نویلا ہوءِ ॥ 12 ॥

ਮਃ ੩ ॥

م: 3 ॥

ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ
ਜੇ ਕੋ ਚਿਤਿ ਕਰੇ ॥

ਆਪਣਾ ਲਾਇਆ ਪਿਰਮੁ ਨ ਲਗਈ
ਜੇ ਲੋਚੈ ਸਭੁ ਕੋਇ ॥

ਏਹੁ ਪਿਰਮੁ ਪਿਆਲਾ ਖਸਮ ਕਾ
ਜੈ ਭਾਵੈ ਤੈ ਦੇਇ ॥੧੩॥

پھریدا کالی دھئلی صاحِبُ سدا ہےَ
جے کو چِتِ کرے ॥

آپنا لائیا پرمُ ن لگئی
جے لوچےَ سبھُ کوءِ ॥

ایہُ پرمُ پیالا خصم کا
جےَ بھاوےَ تےَ دےءِ ॥ 13 ॥

ਫਰੀਦਾ ਜਿਨ੍ਹ ਲੋਇਣ ਜਗੁ ਮੋਹਿਆ
ਸੇ ਲੋਇਣ ਮੈ ਡਿਠੁ ॥

ਕਜਲ ਰੇਖ ਨ ਸਹਦਿਆ
ਸੇ ਪੰਖੀ ਸੂਇ ਬਹਿਠੁ ॥੧੪॥

پھریدا جِنّہ لوئِنّ جگُ موہِیا
سے لوئِنّ مےَ ڈِٹھُ ॥

کجل ریکھ ن سہدِیا
سے پنکھی سوُءِ بہِٹھُ ॥ 14 ॥

ਫਰੀਦਾ ਕੂਕੇਦਿਆ ਚਾਂਗੇਦਿਆ
ਮਤੀ ਦੇਦਿਆ ਨਿਤ ॥

ਜੋ ਸੈਤਾਨਿ ਵੰਞਾਇਆ
ਸੇ ਕਿਤ ਫੇਰਹਿ ਚਿਤ ॥੧੫॥

پھریدا کوُکیدِیا چانگیدِیا
متی دیدِیا نِت ॥

جو شیَطانِ ونّجائِیا
سے کِت پھیرہِ چِت ۔ ॥ 15 ॥

ਫਰੀਦਾ ਥੀਉ ਪਵਾਹੀ ਦਭੁ ॥

ਜੇ ਸਾਂਈ ਲੋੜਹਿ ਸਭੁ ॥

ਇਕੁ ਛਿਜਹਿ ਬਿਆ ਲਤਾੜੀਅਹਿ ॥

ਤਾਂ ਸਾਈ ਦੈ ਦਰਿ ਵਾੜੀਅਹਿ ॥੧੬॥

پھریدا تھیِءُ پواہی دبھُ ॥

جے سائیں لوڑہِ سبھُ ॥

اِکُ چھجہِ بِیا لتاڑِیئہِ ॥

تاں سائیں دےَ درِ واڑِیئہِ ॥ 16 ॥

ਫਰੀਦਾ ਖਾਕੁ ਨ ਨਿੰਦੀਐ
ਖਾਕੂ ਜੇਡੁ ਨ ਕੋਇ ॥

ਜੀਵਦਿਆ ਪੈਰਾ ਤਲੈ
ਮੁਇਆ ਉਪਰਿ ਹੋਇ ॥੧੭॥

پھریدا خاکُ ن نِندیےَ
خاکوُ جیڈُ ن کوءِ ॥

جیوِدیا پیَرا تلےَ
مُئیا اُپرِ ہوءِ ॥ 17 ॥

ਫਰੀਦਾ ਜਾ ਲਬੁ ਤਾ ਨੇਹੁ ਕਿਆ
ਲਬੁ ਤ ਕੂੜਾ ਨੇਹੁ ॥

پھریدا جا لبُ تا نیہُ کیا
لبُ ت کوُڑا نیہُ ॥

ਕਿਚਰੁ ਝਤਿ ਲਘਾਈਐ
ਛਪਰਿ ਤੁਟੈ ਮੇਹੁ ॥੧੮॥

کِچرُ جھتِ لگھائیئے
چھپرِ ٹُٹے میہُ ॥ 18 ॥

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ
ਵਣਿ ਕੰਡਾ ਮੋੜੇਹਿ ॥

پھریدا جنگلُ جنگلُ کیا بھوہِ
ونِ کنڈا موڑیہِ ॥

ਵਸੀ ਰਬੁ ਹਿਆਲੀਐ
ਜੰਗਲੁ ਕਿਆ ਢੂਢੇਹਿ ॥੧੯॥

وسی ربُ ہیالیئے
جنگلُ کیا ڈھوُڈھیہِ ۔ ॥ 19 ॥

ਫਰੀਦਾ ਇਨੀ ਨਿਕੀ ਜੰਘੀਐ
ਥਲ ਡੂੰਗਰ ਭਵਿਓਮ੍ਹਿ ॥

پھریدا اِنی نِکی جنگھیئے
تھل ڈوُنگر بھوِئومّہِ ॥

ਅਜੁ ਫਰੀਦੈ ਕੂਜੜਾ
ਸੈ ਕੋਹਾਂ ਥੀਓਮਿ ॥੨੦॥

اجُ پھریدے کوُجڑا
سے کوہاں تھیئومِ ॥ 20 ॥

ਫਰੀਦਾ ਰਾਤੀ ਵਡੀਆ
ਧੁਖਿ ਧੁਖਿ ਉਠਨਿ ਪਾਸ ॥

پھریدا راتی وڈییا
دھُکھِ دھُکھِ اُٹھنِ پاس ॥

ਧਿਗੁ ਤਿਨ੍ਹਾ ਦਾ ਜੀਵਿਆ
ਜਿਨਾ ਵਿਡਾਣੀ ਆਸ ॥੨੧॥

دھِگُ تِنّہا دا جیِویا
جِنا وِڈانّی آس ॥ 21 ॥

ਫਰੀਦਾ ਜੇ ਮੈ ਹੋਦਾ ਵਾਰਿਆ
ਮਿਤਾ ਆਇੜਿਆਂ ॥

پھریدا جے مےَ ہودا وارِیا
مِتا آئڑیاں ॥

ਹੇੜਾ ਜਲੈ ਮਜੀਠ ਜਿਉ
ਉਪਰਿ ਅੰਗਾਰਾ ॥੨੨॥

ہیڑا جلےَ مجیٹھ جِءُ
اُپرِ انگارا ॥ 22 ॥

ਫਰੀਦਾ ਲੋੜੈ ਦਾਖ ਬਿਜਉਰੀਆ
ਕਿਕਰਿ ਬੀਜੈ ਜਟੁ ॥

پھریدا لوڑے داکھ بجُرییا
کِکرِ بیجےَ جٹُ ॥

ਹੰਢੈ ਉੰਨ ਕਤਾਇਦਾ
ਪੈਧਾ ਲੋੜੈ ਪਟੁ ॥੨੩॥

ہنڈھے اُنن کتائِدا
پیَدھا لوڑے پٹُ ॥ 23 ॥

ਫਰੀਦਾ ਗਲੀਏ ਚਿਕੜੁ ਦੂਰਿ ਘਰੁ
ਨਾਲਿ ਪਿਆਰੇ ਨੇਹੁ ॥

پھریدا گلیئے چِکڑُ دوُرِ گھرُ

ਚਲਾ ਤ ਭਿਜੈ ਕੰਬਲੀ
ਰਹਾਂ ਤ ਤੁਟੈ ਨੇਹੁ ॥੨੪॥

چلا ت بھِجے کنّبلی
رہاں ت ٹُٹّے نیہُ ॥ 24 ॥

ਭਿਜਉ ਸਿਜਉ ਕੰਬਲੀ
ਅਲਹ ਵਰਸਉ ਮੇਹੁ ॥

بھِجءُ سِجءُ کنّبلی
الہ ورسءُ میہُ ॥

ਜਾਇ ਮਿਲਾ ਤਿਨਾ ਸਜਣਾ
ਤੁਟਉ ਨਾਹੀ ਨੇਹੁ ॥੨੫॥

جاءِ مِلا تِنا سجنّا
ٹُٹءُ ناہی نیہُ ॥ 25 ॥

ਫਰੀਦਾ ਮੈ ਭੋਲਾਵਾ ਪਗ ਦਾ
ਮਤੁ ਮੈਲੀ ਹੋਇ ਜਾਇ ॥

پھرِیدا مے بھولاوا پگ دا
مت میَلی ہوءِ جاءِ ॥

ਗਹਿਲਾ ਰੂਹੁ ਨ ਜਾਣਈ
ਸਿਰੁ ਭੀ ਮਿਟੀ ਖਾਇ ॥੨੬॥

گہِلا روُح ن جانئی
سِرُ بھی مِٹی کھاءِ ॥ 26 ॥

ਫਰੀਦਾ ਸਕਰ ਖੰਡੁ ਨਿਵਾਤ ਗੁੜੁ
ਮਾਖਿਉ ਮਾਂਝਾ ਦੁਧੁ ॥

پھرِیدا شکر کھنّڈُ نِوات گُڑُ
ماکھِئو مانجھا دُدھُ ॥

ਸਭੇ ਵਸਤੂ ਮਿਠੀਆ
ਰਬ ਨ ਪੁਜਨਿ ਤੁਧੁ ॥੨੭॥

سبھے وستوُ مِٹھیِا
رب ن پُجنِ تُدھُ ॥ 27 ॥

ਫਰੀਦਾ ਰੋਟੀ ਮੇਰੀ ਕਾਠ ਕੀ
ਲਾਵਣੁ ਮੇਰੀ ਭੁਖ ॥

پھرِیدا روٹی میری کاٹھ کی
لاونُ میری بھُکھ ॥

ਜਿਨਾ ਖਾਧੀ ਚੋਪੜੀ
ਘਣੇ ਸਹਨਿਗੇ ਦੁਖ ॥੨੮॥

جِنا کھادھی چوپڑی
گھنّے سہنِگے دُکھ ॥ 28 ॥

ਰੁਖੀ ਸੁਖੀ ਖਾਇ ਕੈ
ਠੰਢਾ ਪਾਣੀ ਪੀਉ ॥

رُکھی سُکھی کھاءِ کے
ٹھنّڈھا پانئی پِیءُ ॥

ਫਰੀਦਾ ਦੇਖਿ ਪਰਾਈ ਚੋਪੜੀ
ਨਾ ਤਰਸਾਏ ਜੀਉ ॥੨੯॥

پھرِیدا دیکھِ پرائی چوپڑی
نا ترسائے جیِءُ ॥ 29 ॥

ਅਜੁ ਨ ਸੁਤੀ ਕੰਤ ਸਿਉ
ਅੰਗੁ ਮੁੜੇ ਮੁੜਿ ਜਾਇ ॥

اجُ ن سُتی کنّت سِءُ
انگُ مُڑے مُڑِ جاءِ ॥

ਜਾਇ ਪੁਛਹੁ ਡੋਹਾਗਣੀ
ਤੁਮ ਕਿਉ ਰੈਣਿ ਵਿਹਾਇ ॥੩੦॥

جاءِ پُچھہُ ڈوہاگنّی
تُم کِءُ ریَنِ وِہاءِ ۔ ॥ 30 ॥

ਸਾਹੁਰੈ ਢੋਈ ਨਾ ਲਹੈ
ਪੇਈਐ ਨਾਹੀ ਥਾਉ ॥

ساہُرے ڈھوئی نا لہے
پیئیے ناہی تھاءُ ॥

ਪਿਰੁ ਵਾਤੜੀ ਨ ਪੁਛਈ
ਧਨ ਸੋਹਾਗਣਿ ਨਾਉ ॥੩੧॥

پِرُ واتڑی ن پُچھئی
دھن سوہاگنِ ناءُ ॥ 31 ॥

ਸਾਹੁਰੈ ਪੇਈਐ ਕੰਤ ਕੀ
ਕੰਤੁ ਅਗੰਮੁ ਅਥਾਹੁ ॥

ساہُرے پیئیے کنّت کی
کنّتُ اگنّمُ اتھاہُ ॥

ਨਾਨਕ ਸੋ ਸੋਹਾਗਣੀ
ਜੁ ਭਾਵੈ ਬੇਪਰਵਾਹ ॥੩੨॥

نانک سو سوہاگنّی
جُ بھاوے بیپرواہ ॥ 32 ॥

ਨਾਤੀ ਧੋਤੀ ਸੰਬਹੀ
ਸੁਤੀ ਆਇ ਨਚਿੰਦੁ ॥

ناتی دھوتی سنّبہی
سُتی آءِ نچِنّدُ ॥

ਫਰੀਦਾ ਰਹੀ ਸੁ ਬੇੜੀ ਹਿੰਙੁ ਦੀ
ਗਈ ਕਥੂਰੀ ਗੰਧੁ ॥੩੩॥

پھریدا رہی سُ بیڑی ہِنگُ دی
گئی کتھوُری گنّدھُ ॥ 33 ॥

ਜੋਬਨ ਜਾਂਦੇ ਨਾ ਡਰਾਂ
ਜੇ ਸਹ ਪ੍ਰੀਤਿ ਨ ਜਾਇ ॥

جوبن جانْدے نا ڈراں
جے سہ پّریتِ ن جاءِ ॥

ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ
ਸੁਕਿ ਗਏ ਕੁਮਲਾਇ ॥੩੪॥

پھریدا کِتیں جوبن پّریتِ بِنُ
سُکِ گئے کُملاءِ ॥ 34 ॥

ਫਰੀਦਾ ਚਿੰਤ ਖਟੋਲਾ ਵਾਣੁ ਦੁਖੁ
ਬਿਰਹ ਵਿਛਾਵਣ ਲੇਫੁ ॥

پھریدا چِنّت کھٹولا واںُ دُکھُ
بِرہ وِچھاونْ لیفُ ॥

ਏਹੁ ਹਮਾਰਾ ਜੀਵਣਾ
ਤੂ ਸਾਹਿਬ ਸਚੇ ਵੇਖੁ ॥੩੫॥

ایہُ ہمارا جیوٹا
توُ صاحِب سچے ویکھُ ॥ 35 ॥

ਬਿਰਹਾ ਬਿਰਹਾ ਆਖੀਐ
ਬਿਰਹਾ ਤੂ ਸੁਲਤਾਨੁ ॥

بِرہا بِرہا آکھیئے
بِرہا توُ سُلطانُ ॥

ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ
ਸੋ ਤਨੁ ਜਾਣੁ ਮਸਾਨ ॥੩੬॥

پھریدا جِتُ تنِ بِرہُ ن اوُپجے

ਫਰੀਦਾ ਏ ਵਿਸੁ ਗੰਦਲਾ
ਧਰੀਆ ਖੰਡੁ ਲਿਵਾੜਿ ॥

ਇਕਿ ਰਾਹੇਦੇ ਰਹਿ ਗਏ
ਇਕਿ ਰਾਧੀ ਗਏ ਉਜਾੜਿ ॥੩੭॥

ਫਰੀਦਾ ਚਾਰਿ ਗਵਾਇਆ ਹੰਢਿ ਕੈ
ਚਾਰਿ ਗਵਾਇਆ ਸੰਮਿ ॥

ਲੇਖਾ ਰਬੁ ਮੰਗੇਸੀਆ
ਤੂ ਆਹੋ ਕੇਰ੍ਹੇ ਕੰਮਿ ॥੩੮॥

ਫਰੀਦਾ ਦਰਿ ਦਰਵਾਜੈ ਜਾਇ ਕੈ
ਕਿਉ ਡਿਠੋ ਘੜੀਆਲੁ ॥

ਏਹੁ ਨਿਦੋਸਾਂ ਮਾਰੀਐ
ਹਮ ਦੋਸਾਂ ਦਾ ਕਿਆ ਹਾਲੁ ॥੩੯॥

ਘੜੀਏ ਘੜੀਏ ਮਾਰੀਐ
ਪਹਰੀ ਲਹੈ ਸਜਾਇ ॥

ਸੋ ਹੇੜਾ ਘੜੀਆਲ ਜਿਉ
ਡੁਖੀ ਰੈਣਿ ਵਿਹਾਇ ॥੪੦॥

ਬੁਢਾ ਹੋਆ ਸੇਖ ਫਰੀਦੁ
ਕੰਬਣਿ ਲਗੀ ਦੇਹ ॥

ਜੇ ਸਉ ਵਰ੍ਹਿਆ ਜੀਵਣਾ
ਭੀ ਤਨੁ ਹੋਸੀ ਖੇਹ ॥੪੧॥

ਫਰੀਦਾ ਬਾਰਿ ਪਰਾਇਐ ਬੈਸਣਾ
ਸਾਂਈ ਮੁਝੈ ਨ ਦੇਹਿ ॥

ਜੇ ਤੂ ਏਵੈ ਰਖਸੀ
ਜੀਉ ਸਰੀਰਹੁ ਲੇਹਿ ॥੪੨॥

سو تنُ جانُ مسان ॥ 36 ॥

پھرِیدا اے وِسُ گنّدلا
دھرِییا کھنّڈُ لِواڑِ ॥

اِکِ راہیدے رہِ گئے
اِکِ رادھی گئے اُجاڑِ ॥ 37 ॥

پھرِیدا چارِ گوائِیا ہنّڈھِ کے
چارِ گوائِیا سنّمِ ॥

لیکھا ربُ منّگیسِیا
توُ آہو کیرّہے کنّمِ ۔ ॥ 38 ॥

پھرِیدا درِ دروازے جاءِ کے
کِءُ ڈِٹھو گھڑِییالُ ۔ ॥

ایہُ نِدوساں مارِیۓ
ہم دوساں دا کِیا ہالُ ۔ ॥ 39 ॥

گھڑِیۓ گھڑِیۓ مارِیۓ
پہری لہۓ سزاءِ ॥

سو ہیڑا گھڑِییال جِءُ
ڈُکھی ریَنِ وِہاءِ ॥ 40 ॥

بُڈھا ہویا سیکھ پھرِیدُ
کنّبنِ لگی دیہ ॥

جے سءُ ورّہِیا جِیوٹا
بھی تنُ ہوسی کھیہ ॥ 41 ॥

پھرِیدا بارِ پرائِۓ بیَسنّا
سانئیں مُجھے ن دیہِ ॥

جے توُ ایوے رکھسی
جِیءُ سریرہُ لیہِ ॥ 42 ॥

ਕੰਧਿ ਕੁਹਾੜਾ ਸਿਰਿ ਘੜਾ
ਵਣਿ ਕੈ ਸਰੁ ਲੋਹਾਰੁ ॥

کنّدھِ کُہاڑا سِرِ گھڑا
ونِ کے سرُ لوہارُ ॥

ਫਰੀਦਾ ਹਉ ਲੋੜੀ ਸਹੁ ਆਪਣਾ
ਤੂ ਲੋੜਹਿ ਅੰਗਿਆਰ ॥੪੩॥

پھریدا ہءُ لوڑی سہُ آپنا
توُ لوڑہِ انگیار ॥ 43 ॥

ਫਰੀਦਾ ਇਕਨਾ ਆਟਾ ਅਗਲਾ
ਇਕਨਾ ਨਾਹੀ ਲੋਣੁ ॥

پھریدا اِکنا آٹا اگلا
اِکنا ناہی لونُ ॥

ਅਗੈ ਗਏ ਸਿੰਞਾਪਸਨਿ
ਚੋਟਾਂ ਖਾਸੀ ਕਉਣੁ ॥੪੪॥

اگے گئے سِنّجاپسنِ
چوٹاں کھاسی کئُنُ ۔ ॥ 44 ॥

ਪਾਸਿ ਦਮਾਮੇ ਛਤੁ ਸਿਰਿ
ਭੇਰੀ ਸਡੋ ਰਡ ॥

پاسِ دمامے چھتُ سِرِ
بھیری سڈو رڈ ॥

ਜਾਇ ਸੁਤੇ ਜੀਰਾਣ ਮਹਿ
ਥੀਏ ਅਤੀਮਾ ਗਡ ॥੪੫॥

جاءِ سُتے جیِراںُ مہِ
تھیئے اتِیما گڈ ॥ 45 ॥

ਫਰੀਦਾ ਕੋਠੇ ਮੰਡਪ ਮਾੜੀਆ
ਉਸਾਰੇਦੇ ਭੀ ਗਏ ॥

پھریدا کوٹھے منّڈپ ماڑیِیا
اُساریدے بھی گئے ॥

ਕੂੜਾ ਸਉਦਾ ਕਰਿ ਗਏ
ਗੋਰੀ ਆਇ ਪਏ ॥੪੬॥

کوُڑا سئُدا کرِ گئے
گوری آءِ پئے ॥ 46 ॥

ਫਰੀਦਾ ਖਿੰਥੜਿ ਮੇਖਾ ਅਗਲੀਆ
ਜਿੰਦੁ ਨ ਕਾਈ ਮੇਖ ॥

پھریدا کھِنّتھڑِ میخا اگلیِیا
جِنّدُ ن کائی میخ ॥

ਵਾਰੀ ਆਪੋ ਆਪਣੀ
ਚਲੇ ਮਸਾਇਕ ਸੇਖ ॥੪੭॥

واری آپو آپنی
چلے مشائِک سیکھ ॥ 47 ॥

ਫਰੀਦਾ ਦੁਹੁ ਦੀਵੀ ਬਲੰਦਿਆ
ਮਲਕੁ ਬਹਿਠਾ ਆਇ ॥

پھریدا دُہُ دیِوی بلنّدیا
ملکُ بہِٹھا آءِ ॥

ਗੜੁ ਲੀਤਾ ਘਟੁ ਲੁਟਿਆ
ਦੀਵੜੇ ਗਇਆ ਬੁਝਾਇ ॥੪੮॥

گڑُ لِیتا گھٹُ لُٹیا
دیِوڑے گئیا بُجھاءِ ॥ 48 ॥

ਫਰੀਦਾ ਵੇਖੁ ਕਪਾਹੈ ਜਿ ਥੀਆ
ਜਿ ਸਿਰਿ ਥੀਆ ਤਿਲਾਹ ॥

پھریدا ویکھُ کپاہے جِ تھیِیا

ਜ ਸਿਰ ਥੀਆ ਤਿਲਾਹ ॥

کمادے ار کاگدے
کُنّنے کوئیلیاہ ॥

ਕਮਾਦੈ ਅਰੁ ਕਾਗਦੈ
ਕੁੰਨੇ ਕੋਇਲਿਆਹ ॥

ਮੰਦੇ ਅਮਲ ਕਰੇਦਿਆ
ਏਹ ਸਜਾਇ ਤਿਨਾਹ ॥੪੯॥

منّدے عمل کریدیا
ایہ سزاءِ تِناہ ॥ 49 ॥

ਫਰੀਦਾ ਕੰਨਿ ਮੁਸਲਾ ਸੂਫੁ ਗਲਿ
ਦਿਲਿ ਕਾਤੀ ਗੁੜੁ ਵਾਤਿ ॥

پھریدا کنّنِ مُصلا صوُف گلِ
دِلِ کاتی گُڑُ واتِ ॥

ਬਾਹਰਿ ਦਿਸੈ ਚਾਨਣਾ
ਦਿਲਿ ਅੰਧਿਆਰੀ ਰਾਤਿ ॥੫੦॥

باہرِ دِسے چانٹا
دِلِ انّدھیاری راتِ ॥ 50 ॥

ਫਰੀਦਾ ਰਤੀ ਰਤੁ ਨ ਨਿਕਲੈ
ਜੇ ਤਨੁ ਚੀਰੈ ਕੋਇ ॥

پھریدا رتی رتُ ن نِکلے
جے تنُ چیرے کوءِ ॥

ਜੋ ਤਨ ਰਤੇ ਰਬ ਸਿਉ
ਤਿਨ ਤਨਿ ਰਤੁ ਨ ਹੋਇ ॥੫੧॥

جو تن رتے رب سِءُ
تِن تنِ رتُ ن ہوءِ ॥ 51 ॥

ਮਃ ੩ ॥

م: 3 ॥

ਇਹੁ ਤਨੁ ਸਭੋ ਰਤੁ ਹੈ
ਰਤੁ ਬਿਨੁ ਤੰਨੁ ਨ ਹੋਇ ॥

اِہُ تنُ سبھو رتُ ہے
رتُ بِنُ تنّنُ ن ہوءِ ॥

ਜੋ ਸਹ ਰਤੇ ਆਪਣੇ
ਤਿਤੁ ਤਨਿ ਲੋਭੁ ਰਤੁ ਨ ਹੋਇ ॥

جو سہ رتے آپنے
تِتُ تنِ لوبھُ رتُ ن ہوءِ ॥

ਭੈ ਪਇਐ ਤਨੁ ਖੀਣੁ ਹੋਇ
ਲੋਭੁ ਰਤੁ ਵਿਚਹੁ ਜਾਇ ॥

بھے پئے تنُ کھیِنُ ہوءِ
لوبھُ رتُ وِچہُ جاءِ ॥

ਜਿਉ ਬੈਸੰਤਰਿ ਧਾਤੁ ਸੁਧੁ ਹੋਇ
ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥

جِءُ بیَسنّترِ دھاتُ سُدھُ ہوءِ
تِءُ ہرِ کا بھءُ دُرمتِ میَلُ گواءِ ॥

ਨਾਨਕ ਤੇ ਜਨ ਸੋਹਣੇ
ਜਿ ਰਤੇ ਹਰਿ ਰੰਗੁ ਲਾਇ ॥੫੨॥

نانک تے جن سوہنے
جِ رتے ہرِ رنّگُ لاءِ ॥ 52 ॥

ਫਰੀਦਾ ਸੋਈ ਸਰਵਰੁ ਢੂਢਿ ਲਹੁ

پھریدا سوئی سرورُ ڈھوُڈھِ لہُ

ਜਿਥਹੁ ਲਭੀ ਵਥੁ ॥

جِتھہُ لبھی وتھُ ॥

ਛਪੜਿ ਢੂਢੈ ਕਿਆ ਹੋਵੈ
ਚਿਕੜਿ ਡੁਬੈ ਹਥੁ ॥੫੩॥

چھپڑِ ڈھوُڈھے کِیا ہووے
چِکڑِ ڈُبے ہتھُ ॥ 53 ॥

ਫਰੀਦਾ ਨੰਢੀ ਕੰਤੁ ਨ ਰਾਵਿਓ
ਵਡੀ ਥੀ ਮੁਈਆਸੁ ॥

پھرِیدا نَنڈھی کنّتُ ن راوِیُو
وڈی تھی مُئیِیاسُ ॥

ਧਨ ਕੂਕੇਂਦੀ ਗੋਰ ਮੇਂ
ਤੈ ਸਹ ਨਾ ਮਿਲੀਆਸੁ ॥੫੪॥

دھن کوُکیندی گور میں
تے سہ نا مِلِیاسُ ॥ 54 ॥

ਫਰੀਦਾ ਸਿਰੁ ਪਲਿਆ ਦਾੜੀ ਪਲੀ
ਮੁਛਾਂ ਭੀ ਪਲੀਆ ॥

پھرِیدا سِرُ پلِیا داڑی پلی
مُچھاں بھی پلِیا ॥

ਰੇ ਮਨ ਗਹਿਲੇ ਬਾਵਲੇ
ਮਾਣਹਿ ਕਿਆ ਰਲੀਆ ॥੫੫॥

رے من گہِلے باولے
ماڻہِ کِیا رلِیا ۔ ॥ 55 ॥

ਫਰੀਦਾ ਕੋਠੇ ਧੁਕਣੁ ਕੇਤੜਾ
ਪਿਰ ਨੀਦੜੀ ਨਿਵਾਰਿ ॥

پھرِیدا کوٹھے دھُکنُّ کیتڑا
پِر نیِندڑی نِوارِ ॥

ਜੋ ਦਿਹ ਲਧੇ ਗਾਣਵੇ
ਗਏ ਵਿਲਾੜਿ ਵਿਲਾੜਿ ॥੫੬॥

جو دِہ لدھے گاڻوے
گئے وِلاڑِ وِلاڑِ ॥ 56 ॥

ਫਰੀਦਾ ਕੋਠੇ ਮੰਡਪ ਮਾੜੀਆ
ਏਤੁ ਨ ਲਾਏ ਚਿਤੁ ॥

پھرِیدا کوٹھے منّڈپ ماڑِیا
ایتُ ن لائے چِتُ ॥

ਮਿਟੀ ਪਈ ਅਤੋਲਵੀ
ਕੋਇ ਨ ਹੋਸੀ ਮਿਤੁ ॥੫੭॥

مِٹی پئی اتولوی
کوءِ ن ہوسی مِتُ ॥ 57 ॥

ਫਰੀਦਾ ਮੰਡਪ ਮਾਲੁ ਨ ਲਾਇ
ਮਰਗ ਸਤਾਣੀ ਚਿਤਿ ਧਰਿ ॥

پھرِیدا منّڈپ مالُ ن لاءِ
مرگ ستاڻی چِتِ دھرِ ॥

ਸਾਈ ਜਾਇ ਸਮ੍ਹਾਲਿ
ਜਿਥੈ ਹੀ ਤਉ ਵੰਞਣਾ ॥੫੮॥

سائی جاءِ سمّہالِ
جِتھے ہی تءُ ونجّڻا ॥ 58 ॥

ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ
ਤੇ ਕੰਮੜੇ ਵਿਸਾਰਿ ॥

پھرِیدا جِنّہی کنّمی ناہِ گُڻ
تے کنّمڑے وِسارِ ॥

ਮਤੁ ਸਰਮਿੰਦਾ ਥੀਵਹੀ
ਸਾਂਈ ਦੈ ਦਰਬਾਰਿ ॥੫੯॥

مت سرمِنّدا تھیوہی
سائیں دے دربارِ ॥ 59 ॥

ਫਰੀਦਾ ਸਾਹਿਬ ਕੀ ਕਰਿ ਚਾਕਰੀ
ਦਿਲ ਹੀ ਲਾਹਿ ਭਰਾਂਦਿ ॥

پھریدا صاحِب کی کرِ چاکری
دِل ہی لاہِ بھرانْدِ ॥

ਦਰਵੇਸਾਂ ਨੋ ਲੋੜੀਐ
ਰੁਖਾਂ ਦੀ ਜੀਰਾਂਦਿ ॥੬੦॥

درویشاں نو لوڑیِۓ
رُکھاں دی جیرانْدِ ॥ 60 ॥

ਫਰੀਦਾ ਕਾਲੇ ਮੈਡੇ ਕਪੜੇ
ਕਾਲਾ ਮੈਡਾ ਵੇਸੁ ॥

پھریدا کالے میَڈے کپڑے
کالا میَڈا ویسُ ॥

ਗੁਨਹੀ ਭਰਿਆ ਮੈ ਫਿਰਾ
ਲੋਕੁ ਕਹੈ ਦਰਵੇਸੁ ॥੬੧॥

گُنہی بھریا مے پھِرا
لوکُ کہے درویشُ ॥ 61 ॥

ਤਤੀ ਤੋਇ ਨ ਪਲਵੈ
ਜੇ ਜਲਿ ਟੁਬੀ ਦੇਇ ॥

تتی توءِ ن پلوے
جے جلِ ٹُبی دےءِ ॥

ਫਰੀਦਾ ਜੋ ਡੋਹਾਗਣਿ ਰਬ ਦੀ
ਝੂਰੇਦੀ ਝੂਰੇਇ ॥੬੨॥

پھریدا جو ڈوہاگنِ رب دی
جھوُریدی جھوُرےءِ ॥ 62 ॥

ਜਾਂ ਕੁਆਰੀ ਤਾ ਚਾਉ
ਵੀਵਾਹੀ ਤਾਂ ਮਾਮਲੇ ॥

جاں کُیاری تا چاءُ
ویواہی تاں ماملے ॥

ਫਰੀਦਾ ਏਹੋ ਪਛੋਤਾਉ
ਵਤਿ ਕੁਆਰੀ ਨ ਥੀਐ ॥੬੩॥

پھریدا ایہو پچھوتاءُ
وتِ کُیاری ن تھیِۓ ॥ 63 ॥

ਕਲਰ ਕੇਰੀ ਛਪੜੀ
ਆਇ ਉਲਥੇ ਹੰਝ ॥

کلر کیری چھپڑی
آءِ اُلتھے ہنجھ ॥

ਚਿੰਜੂ ਬੋੜਨਿ੍ ਨਾ ਪੀਵਹਿ
ਉਡਣ ਸੰਦੀ ਡੰਝ ॥੬੪॥

چِنجُو بوڑنہِ نا پیِوہِ
اُڈنْ سندی ڈنجھ ॥ 64 ॥

ਹੰਸੁ ਉਡਰਿ ਕੋਧ੍ਰੈ ਪਇਆ
ਲੋਕੁ ਵਿਡਾਰਣਿ ਜਾਇ ॥

ہنْس اُڈرِ کودھرے پیِیا
لوکُ وِڈارنِ جاءِ ॥

ਗਹਿਲਾ ਲੋਕੁ ਨ ਜਾਣਦਾ
ਹੰਸੁ ਨ ਕੋਧ੍ਰਾ ਖਾਇ ॥੬੫॥

گہِلا لوکُ ن جانْدا

ਚਲਿ ਚਲਿ ਗਈਆ ਪੰਖੀਆ
ਜਿਨ੍ਹੀ ਵਸਾਏ ਤਲ ॥

ਫਰੀਦਾ ਸਰੁ ਭਰਿਆ ਭੀ ਚਲਸੀ
ਥਕੇ ਕਵਲ ਇਕਲ ॥੬੬॥

ਫਰੀਦਾ ਇਟ ਸਿਰਾਣੇ ਭੁਇ ਸਵਣੁ
ਕੀੜਾ ਲੜਿਓ ਮਾਸਿ ॥

ਕੇਤੜਿਆ ਜੁਗ ਵਾਪਰੇ
ਇਕਤੁ ਪਇਆ ਪਾਸਿ ॥੬੭॥

ਫਰੀਦਾ ਭੰਨੀ ਘੜੀ ਸਵੰਨਵੀ
ਟੁਟੀ ਨਾਗਰ ਲਜੁ ॥

ਅਜਰਾਈਲੁ ਫਰੇਸਤਾ
ਕੈ ਘਰਿ ਨਾਠੀ ਅਜੁ ॥੬੮॥

ਫਰੀਦਾ ਭੰਨੀ ਘੜੀ ਸਵੰਨਵੀ
ਟੂਟੀ ਨਾਗਰ ਲਜੁ ॥

ਜੋ ਸਜਣ ਭੁਇ ਭਾਰੁ ਥੇ
ਸੇ ਕਿਉ ਆਵਹਿ ਅਜੁ ॥੬੯॥

ਫਰੀਦਾ ਥੇ ਨਿਵਾਜਾ ਕੁਤਿਆ
ਏਹ ਨ ਭਲੀ ਰੀਤਿ ॥

ਕਬ ਹੀ ਚਲਿ ਨ ਆਇਆ
ਪੰਜੇ ਵਖਤ ਮਸੀਤਿ ॥੭੦॥

ਉਠੁ ਫਰੀਦਾ ਉਜੂ ਸਾਜਿ
ਸੁਬਹ ਨਿਵਾਜ ਗੁਜਾਰਿ ॥

ਜੋ ਸਿਰੁ ਸਾਂਈ ਨਾ ਨਿਵੈ
ਸੋ ਸਿਰੁ ਕਪਿ ਉਤਾਰਿ ॥੭੧॥

ہنّس ن کودھّرا کھاءِ ॥ 65 ॥

چلِ چلِ گئیا پنکھیا
جِنّہی وسائے تل ॥

پھریدا سرُ بھریا بھی چلسی
تھکے کول اِکل ॥ 66 ॥

پھریدا اِٹ سِرانّے بھُءِ سونُّ
کیڑا لڑِئو ماسِ ॥

کیتڑِیا جُگ واپرے
اِکتُ پئیا پاسِ ॥ 67 ॥

پھریدا بھنّنی گھڑی سونّنوی
ٹُٹی ناگرلجُ ॥

عزرائیلُ پھریستا
کے گھرِ ناٹھی اجُ ۔ ॥ 68 ॥

پھریدا بھنّنی گھڑی سونّنوی
ٹوٹی ناگرلجُ ॥

جو سجنّ بھُءِ بھارُ تھے
سے کِءُ آوہِ اجُ ۔ ॥ 69 ॥

پھریدا بے نِوازا کُتیا
ایہ ن بھلی ریتِ ॥

کب ہی چلِ ن آئیا
پنجے وکھت مسیتِ ॥ 70 ॥

اُٹھُ پھریدا اُضوُ ساجِ
صُبح نِواز گُزارِ ॥

جو سِرُ سائیں نا نِوئے
سو سِرُ کپِ اُتارِ ॥ 71 ॥

ਜੋ ਸਿਰੁ ਸਾਈ ਨਾ ਨਿਵੈ
ਸੋ ਸਿਰੁ ਕੀਜੈ ਕਾਂਇ ॥

جو سِرُ سائی نا نِوے
سو سِرُ کیجے کانءِ ॥

ਕੁੰਨੇ ਹੇਠਿ ਜਲਾਈਐ
ਬਾਲਣ ਸੰਦੈ ਥਾਇ ॥੭੨॥

کُنّنے ہیٹھِ جلائیئے
بالنُ سنّدے تھاءِ ॥ 72 ॥

ਫਰੀਦਾ ਕਿਥੈ ਤੈਡੇ ਮਾਪਿਆ
ਜਿਨ੍ਹੀ ਤੂ ਜਣਿਓਹਿ ॥

پھریدا کِتھے تیڈے ماپیا
جِنّہی توُ جنِّئوہِ ॥

ਤੈ ਪਾਸਹੁ ਓਇ ਲਦਿ ਗਏ
ਤੂੰ ਅਜੈ ਨ ਪਤੀਣੋਹਿ ॥੭੩॥

تے پاسہُ اوءِ لدِ گئے
توُنّ اجے ن پتیِنّوہِ ॥ 73 ॥

ਫਰੀਦਾ ਮਨੁ ਮੈਦਾਨੁ ਕਰਿ
ਟੋਏ ਟਿਬੇ ਲਾਹਿ ॥

پھریدا منُ میَدانُ کرِ
ٹوئے ٹِبے لاہِ ॥

ਅਗੈ ਮੂਲਿ ਨ ਆਵਸੀ
ਦੋਜਕ ਸੰਦੀ ਭਾਹਿ ॥੭੪॥

اگے موُلِ ن آوسی
دوزک سنّدی بھاہِ ॥ 74 ॥

ਮਹਲਾ ੫ ॥

محلا 5 ॥

ਫਰੀਦਾ ਖਾਲਕੁ ਖਲਕ ਮਹਿ
ਖਲਕ ਵਸੈ ਰਬ ਮਾਹਿ ॥

پھریدا خالقُ خلق مہِ
خلق وسے رب ماہِ ॥

ਮੰਦਾ ਕਿਸ ਨੋ ਆਖੀਐ
ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥

منّدا کِس نو آکھیئے
جاں تِسُ بِنُ کوئی ناہِ ॥ 75 ॥

ਫਰੀਦਾ ਜਿ ਦਿਹਿ ਨਾਲਾ ਕਪਿਆ
ਜੇ ਗਲੁ ਕਪਹਿ ਚੁਖ ॥

پھریدا جِ دِہِ نالا کپیا
جے گلُ کپہِ چُکھ ॥

ਪਵਨਿ ਨ ਇਤੀ ਮਾਮਲੇ
ਸਹਾਂ ਨ ਇਤੀ ਦੁਖ ॥੭੬॥

پونِ ن اِتی مالے
سہاں ن اِتی دُکھ ॥ 76 ॥

ਚਬਣ ਚਲਣ ਰਤੰਨ
ਸੇ ਸੁਣੀਅਰ ਬਹਿ ਗਏ ॥

چبنُ چلنُ رتنّن
سے سُنیئر بہِ گئے ॥

ਹੇੜੇ ਮੁਤੀ ਧਾਹ
ਸੇ ਜਾਨੀ ਚਲਿ ਗਏ ॥੭੭॥

ہیڑے مُتی دھاہ
سے جانی چلِ گئے ॥ 77 ॥

ਫਰੀਦਾ ਬੁਰੇ ਦਾ ਭਲਾ ਕਰਿ
ਗੁਸਾ ਮਨਿ ਨ ਹਢਾਇ ॥

پھریدا بُرے دا بھلا کرِ
غُصا منِ ن ہڈھاءِ ॥

ਦੇਹੀ ਰੋਗੁ ਨ ਲਗਈ
ਪਲੈ ਸਭੁ ਕਿਛੁ ਪਾਇ ॥੭੮॥

دیہی روگُ ن لگئی
پلےَ سبھُ کِچھُ پاءِ ॥ 78 ॥

ਫਰੀਦਾ ਪੰਖ ਪਰਾਹੁਣੀ
ਦੁਨੀ ਸੁਹਾਵਾ ਬਾਗੁ ॥

پھریدا پنکھ پراہُنڑی
دُنی سُہاوا باغُ ॥

ਨਉਬਤਿ ਵਜੀ ਸੁਬਹ ਸਿਉ
ਚਲਣ ਕਾ ਕਰਿ ਸਾਜੁ ॥੭੯॥

نبُتِ وجی صُبح سِءُ
چلڻ کا کرِ ساجُ ॥ 79 ॥

ਫਰੀਦਾ ਰਾਤਿ ਕਥੂਰੀ ਵੰਡੀਐ
ਸੁਤਿਆ ਮਿਲੈ ਨ ਭਾਉ ॥

پھریدا راتِ کتھوُری ونڈیےَ
سُتیا مِلےَ ن بھاءُ ॥

ਜਿੰਨ੍ਹਾ ਨੈਣ ਨੀਂਦ੍ਰਾਵਲੇ
ਤਿੰਨ੍ਹਾ ਮਿਲਣੁ ਕੁਆਉ ॥੮੦॥

جِنّہا نیَڻُ نِیندّراولے
تِنّہا مِلڻُ کُیاءُ ۔ ॥ 80 ॥

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ
ਦੁਖੁ ਸਬਾਇਐ ਜਗਿ ॥

پھریدا مےَ جانیا دُکھُ مُجھ کوُ
دُکھُ سبائےَ جگِ ॥

ਊਚੇ ਚੜਿ ਕੈ ਦੇਖਿਆ
ਤਾਂ ਘਰਿ ਘਰਿ ਏਹਾ ਅਗਿ ॥੮੧॥

اوُچے چڑِ کے دیکھیا
تاں گھرِ گھرِ ایہا اگِ ॥ 81 ॥

ਮਹਲਾ ੫ ॥

محلا 5 ॥

ਫਰੀਦਾ ਭੂਮਿ ਰੰਗਾਵਲੀ
ਮੰਝਿ ਵਿਸੂਲਾ ਬਾਗ ॥

پھریدا بھوُمِ رنگاولی
منجّھِ وِسوُلا باغ ॥

ਜੋ ਜਨ ਪੀਰਿ ਨਿਵਾਜਿਆ
ਤਿੰਨ੍ਹਾ ਅੰਚ ਨ ਲਾਗ ॥੮੨॥

جو جن پیرِ نواجِیا
تِنّہا انچ ن لاگ ॥ 82 ॥

ਮਹਲਾ ੫ ॥

محلا 5 ॥

ਫਰੀਦਾ ਉਮਰ ਸੁਹਾਵੜੀ
ਸੰਗਿ ਸੁਵੰਨੜੀ ਦੇਹ ॥

پھریدا عُمر سُہاوڑی
سنگِ سُونّڑی دیہ ॥

ਵਿਰਲੇ ਕੇਈ ਪਾਈਅਨ੍ਹਿ

وِرلے کیئی پائیئنہِ

ਜਿੰਨ੍ਹਾ ਪਿਆਰੇ ਨੇਹ ॥੮੩॥

جِنّہا پِیارے نیہ ॥ 83 ॥

ਕੰਧੀ ਵਹਣ ਨ ਢਾਹਿ
ਤਉ ਭੀ ਲੇਖਾ ਦੇਵਣਾ ॥

کنّدھی وہنّ ن ڈھاہِ
ت ءُ بھی لیکھا دیوٹا ॥

ਜਿਧਰਿ ਰਬ ਰਜਾਇ
ਵਹਣੁ ਤਿਦਾਊ ਗੰਉ ਕਰੇ ॥੮੪॥

جِدھرِ رب رضاءِ
وہنُّ تِدائوُ گنّ ءُ کرے ॥ 84 ॥

ਫਰੀਦਾ ਡੁਖਾ ਸੇਤੀ ਦਿਹੁ ਗਇਆ
ਸੂਲਾਂ ਸੇਤੀ ਰਾਤਿ ॥

پھرِیدا ڈُکھا سیتی دِہُ گئیا
سوُلاں سیتی راتِ ॥

ਖੜਾ ਪੁਕਾਰੇ ਪਾਤਣੀ
ਬੇੜਾ ਕਪਰ ਵਾਤਿ ॥੮੫॥

کھڑا پُکارے پاتنّی
بیڑا کپر واتِ ॥ 85 ॥

ਲੰਮੀ ਲੰਮੀ ਨਦੀ ਵਹੈ
ਕੰਧੀ ਕੇਰੈ ਹੇਤਿ ॥

لنّمی لنّمی ندی وہےَ
کنّدھی کیرےَ ہیتِ ॥

ਬੇੜੇ ਨੋ ਕਪਰੁ ਕਿਆ ਕਰੇ
ਜੇ ਪਾਤਣ ਰਹੈ ਸੁਚੇਤਿ ॥੮੬॥

بیڑے نو کپرُ کیا کرے
جے پاتنّ رہےَ سُچیتِ ॥ 86 ॥

ਫਰੀਦਾ ਗਲੀ ਸੁ ਸਜਣ ਵੀਹ
ਇਕੁ ਢੂੰਢੇਦੀ ਨ ਲਹਾਂ ॥

پھرِیدا گلیِں سُ سجنّ ویہِ
اِکُ ڈھوُنڈھیدی ن لہاں ॥

ਧੁਖਾਂ ਜਿਉ ਮਾਂਲੀਹ
ਕਾਰਣਿ ਤਿੰਨ੍ਹਾ ਮਾ ਪਿਰੀ ॥੮੭॥

دھُکھاں جِءُ مانلیہِ
کارنِ تِنّہا ما پِری ॥ 87 ॥

ਫਰੀਦਾ ਇਹੁ ਤਨੁ ਭਉਕਣਾ
ਨਿਤ ਨਿਤ ਦੁਖੀਐ ਕਉਣੁ ॥

پھرِیدا اِہُ تنُ بھنّکنّا
نِت نِت دُکھیِےَ کنُّ ۔ ॥

ਕੰਨੀ ਬੁਜੇ ਦੇ ਰਹਾਂ
ਕਿਤੀ ਵਗੈ ਪਉਣੁ ॥੮੮॥

کنّنی بُجے دے رہاں
کِتی وگےَ پنُّ ॥ 88 ॥

ਫਰੀਦਾ ਰਬ ਖਜੂਰੀ ਪਕੀਆ
ਮਾਖਿਅ ਨਈ ਵਹੰਨ੍ਹਿ ॥

پھرِیدا رب کھجُوری پکِیا
ماکھِء نئی وہنّہِ ॥

ਜੋ ਜੋ ਵੰਞੈਂ ਡੀਹੜਾ
ਸੋ ਉਮਰ ਹਥ ਪਵੰਨਿ ॥੮੯॥

جو جو ونجیَں ڈِہڑا
سو عُمر ہتھ پونّنِ ॥ 89 ॥

ਫਰੀਦਾ ਤਨੁ ਸੁਕਾ ਪਿੰਜਰੁ ਥੀਆ
ਤਲੀਆ ਖੂੰਡਹਿ ਕਾਗ ॥

ਅਜੈ ਸੁ ਰਬੁ ਨ ਬਾਹੁੜਿਓ
ਦੇਖੁ ਬੰਦੇ ਕੇ ਭਾਗ ॥੯੦॥

ਕਾਗਾ ਕਰੰਗ ਢਢੋਲਿਆ
ਸਗਲਾ ਖਾਇਆ ਮਾਸੁ ॥

ਏ ਦੁਇ ਨੈਨਾ ਮਤਿ ਛੁਹਉ
ਪਿਰ ਦੇਖਨ ਕੀ ਆਸ ॥੯੧॥

ਕਾਗਾ ਚੂੰਡਿ ਨ ਪਿੰਜਰਾ
ਬਸੈ ਤ ਉਡਰਿ ਜਾਹਿ ॥

ਜਿਤੁ ਪਿੰਜਰੈ ਮੇਰਾ ਸਹੁ ਵਸੈ
ਮਾਸੁ ਨ ਤਿਦੂ ਖਾਹਿ ॥੯੨॥

ਫਰੀਦਾ ਗੋਰ ਨਿਮਾਣੀ ਸਡੁ ਕਰੇ
ਨਿਘਰਿਆ ਘਰਿ ਆਉ ॥

ਸਰਪਰ ਮੈਥੈ ਆਵਣਾ
ਮਰਣਹੁ ਨ ਡਰਿਆਹੁ ॥੯੩॥

ਏਨੀ ਲੋਇਣੀ ਦੇਖਦਿਆ
ਕੇਤੀ ਚਲਿ ਗਈ ॥

ਫਰੀਦਾ ਲੋਕਾਂ ਆਪੋ ਆਪਣੀ
ਮੈ ਆਪਣੀ ਪਈ ॥੯੪॥

ਆਪੁ ਸਵਾਰਹਿ ਮੈ ਮਿਲਹਿ
ਮੈ ਮਿਲਿਆ ਸੁਖੁ ਹੋਇ ॥

ਫਰੀਦਾ ਜੇ ਤੂੰ ਮੇਰਾ ਹੋਇ ਰਹਹਿ
ਸਭੁ ਜਗੁ ਤੇਰਾ ਹੋਇ ॥੯੫॥

ਕੰਧੀ ਉਤੈ ਰੁਖੜਾ
ਕਿਚਰਕੁ ਬੰਨੈ ਧੀਰੁ ॥

پھریدا تنُ سُکا پنجرُ تھیا
تلیا کھونڈہِ کاگ ॥

اجے سُ ربُ ن باہُڑئو
دیکھُ بندے کے بھاگ ॥ 90 ॥

کاگا کرنگ ڈھڈھولیا
سگلا کھائیا ماسُ ॥

اے دُءِ نینا متِ چھُہُ
پِر دیکھن کی آس ॥ 91 ॥

کاگا چونڈِ ن پنجرا
بسے ت اُڈرِ جاہِ ॥

جِتُ پنجرے میرا سہُ وسے
ماسُ ن تِدھُ کھاہِ ॥ 92 ॥

پھریدا گور نِمانی سڈُ کرے
نِکھریا گھرِ آءُ ॥

سرپر میتھے آوٹا
مرنہُ ن ڈریاہُ ॥ 93 ॥

اینی لوئنی دیکھدیا
کیتی چلِ گئی ॥

پھریدا لوکاں آپو آپنی
مے آپنی پئی ॥ 94 ॥

آپُ سوارہِ مے ملہِ
مے ملیا سُکھُ ہوءِ ॥

پھریدا جے توُن میرا ہوءِ رہہِ
سبھُ جگُ تیرا ہوءِ ॥ 95 ॥

کندھی اُتے رُکھڑا

ਕਿਚਰੁ ਤਾਈ ਨੀਰੁ ॥੯੬॥

ਫਰੀਦਾ ਕਚੈ ਭਾਂਡੈ ਰਖੀਐ
ਕਿਚਰੁ ਤਾਈ ਨੀਰੁ ॥੯੬॥

ਕِچرُ تائی نیرُ ۔ ॥ 96 ॥

پھرِیدا کچے بھانڈے رکھیئے

ਫਰੀਦਾ ਮਹਲ ਨਿਸਖਣ ਰਹਿ ਗਏ
ਵਾਸਾ ਆਇਆ ਤਲਿ ॥

واسا آئیا تلِ ॥

پھرِیدا محل نِسکھنُ رہِ گئے

ਗੋਰਾਂ ਸੇ ਨਿਮਾਣੀਆ
ਬਹਸਨਿ ਰੂਹਾਂ ਮਲਿ ॥

بہسنِ روُہاں ملِ ॥

گوراں سے نِماٹیا

ਆਖੀਂ ਸੇਖਾ ਬੰਦਗੀ
ਚਲਣੁ ਅਜੁ ਕਿ ਕਲਿ ॥੯੭॥

آکھیِں سیکھا بنّدگی
چلنُّ اجُ کِ کلِ ॥ 97 ॥

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ
ਜਿਉ ਦਰੀਆਵੈ ਢਾਹਾ ॥

پھرِیدا مُتّے دا بنّنا ایوے دِسے
جِءُ دریِیاوے ڈھاہا ॥

ਅਗੈ ਦੋਜਕੁ ਤਪਿਆ ਸੁਣੀਐ
ਹੂਲ ਪਵੈ ਕਾਹਾਹਾ ॥

اگے دوزکُ تپیا سُنّیئے
ہوُل پوے کاہاہا ॥

ਇਕਨਾ ਨੋ ਸਭ ਸੋਝੀ ਆਈ
ਇਕਿ ਫਿਰਦੇ ਵੇਪਰਵਾਹਾ ॥

اِکنا نو سبھ سوجھی آئی
اِکِ پھِردے ویپرواہا ॥

ਅਮਲ ਜਿ ਕੀਤਿਆ ਦੁਨੀ ਵਿਚਿ
ਸੇ ਦਰਗਹ ਓਗਾਹਾ ॥੯੮॥

عمل جِ کیِتیا دُنی وِچِ
سے درگہ اوگاہا ॥ 98 ॥

ਫਰੀਦਾ ਦਰੀਆਵੈ ਕੰਨੈ੍ ਬਗੁਲਾ
ਬੈਠਾ ਕੇਲ ਕਰੇ ॥

پھرِیدا دریِیاوے کنّہے بگُلا
بیٹھا کیل کرے ॥

ਕੇਲ ਕਰੇਦੇ ਹੰਝ ਨੋ
ਅਚਿੰਤੇ ਬਾਜ ਪਏ ॥

کیل کریدے ہنجھ نو
اچنّتے باز پئے ॥

ਬਾਜ ਪਏ ਤਿਸੁ ਰਬ ਦੇ
ਕੇਲਾਂ ਵਿਸਰੀਆਂ ॥

باز پئے تِس رب دے
کیلاں وِسریِیاں ॥

ਜੋ ਮਨਿ ਚਿਤਿ ਨ ਚੇਤੇ ਸਨਿ
ਸੋ ਗਾਲੀ ਰਬ ਕੀਆਂ ॥੯੯॥

جو منِ چِتِ ن چیتے سنِ
سو گالی رب کیِیاں ॥ 99 ॥

ਸਾਢੇ ਤ੍ਰੈ ਮਣ ਦੇਹੁਰੀ
ਚਲੈ ਪਾਣੀ ਅੰਨਿ ॥

ساڈھے ترے مڻ دیہُری
چلے پاڻی انّنِ ॥

ਆਇਓ ਬੰਦਾ ਦੁਨੀ ਵਿਚਿ
ਵਤਿ ਆਸੂਣੀ ਬੰਨਿ ॥

آئیو بندا دُنی وِچ
وتِ آسوُڻی بنّنِہ ॥

ਮਲਕਲ ਮਉਤ ਜਾਂ ਆਵਸੀ
ਸਭ ਦਰਵਾਜੇ ਭੰਨਿ ॥

ملکل مئُت جاں آوسی
سبھ دروازے بھنّنِ ॥

ਤਿਨ੍ਹਾ ਪਿਆਰਿਆ ਭਾਈਆਂ
ਅਗੈ ਦਿਤਾ ਬੰਨਿ ॥

تِنّہا پِیارِیا بھائیاں
اگے دِتا بنّنِہ ॥

ਵੇਖਹੁ ਬੰਦਾ ਚਲਿਆ
ਚਹੁ ਜਣਿਆ ਦੈ ਕੰਨਿ ॥

ویکھہُ بندا چلیا
چہُ جڻیا دے کنّنِہ ॥

ਫਰੀਦਾ ਅਮਲ ਜਿ ਕੀਤੇ ਦੁਨੀ
ਵਿਚਿ ਦਰਗਹ ਆਏ ਕੰਮਿ ॥੧੦੦॥

پھریِدا عمل جِ کیتے دُنی
وِچِ درگہ آئے کنّمِ ॥ 100 ॥

ਫਰੀਦਾ ਹਉ ਬਲਿਹਾਰੀ ਤਿਨ੍ਹ ਪੰਖੀਆ
ਜੰਗਲਿ ਜਿੰਨ੍ਹਾ ਵਾਸੁ ॥

پھریِدا ہءُ بلِہاری تِنّہ پنکھیا
جنگلِ جِنّہا واسُ ॥

ਕਕਰੁ ਚੁਗਨਿ ਥਲਿ ਵਸਨਿ
ਰਬ ਨ ਛੋਡਨਿ ਪਾਸੁ ॥੧੦੧॥

ککرُ چُگنِ تھلِ وسنِ
رب ن چھوڈنِ پاسُ ॥ 101 ॥

ਫਰੀਦਾ ਰੁਤਿ ਫਿਰੀ ਵਣੁ ਕੰਬਿਆ
ਪਤ ਝੜੇ ਝੜਿ ਪਾਹਿ ॥

پھریِدا رُتِ پھِری وڻُ کنّبیا
پت جھڑے جھڑِ پاہِ ॥

ਚਾਰੇ ਕੁੰਡਾ ਢੂੰਢੀਆਂ
ਰਹਣੁ ਕਿਥਾਊ ਨਾਹਿ ॥੧੦੨॥

چارے کُنڈا ڈھوُنڈھیاں
رہڻُ کِتھائوُ ناہِ ॥ 102 ॥

ਫਰੀਦਾ ਪਾੜਿ ਪਟੋਲਾ ਧਜ ਕਰੀ
ਕੰਬਲੜੀ ਪਹਿਰੇਉ ॥

پھریِدا پاڑِ پٹولا دھج کری
کنّبلڑی پہِریءُ ॥

ਜਿਨ੍ਹੀ ਵੇਸੀ ਸਹੁ ਮਿਲੈ
ਸੇਈ ਵੇਸ ਕਰੇਉ ॥੧੦੩॥

جِنّہی ویسی سہُ مِلے
سیئی ویس کریءُ ॥ 103 ॥

ਮਃ ੩ ॥

م: 3 ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گرو نانک دیو جی مہاراج دے 550ویں پرکاش پرب نوں سمرپت | سیوا: بھائی بلجندر سنگھ جی (راڑا صاہب)

ਕਾਇ ਪਟੋਲਾ ਪਾੜਤੀ
ਕੰਬਲੜੀ ਪਹਿਰੇਇ ॥

کاءِ پٹولا پاڑتی
کنبلڑی پہِرےءِ ۔ ॥

ਨਾਨਕ ਘਰ ਹੀ ਬੈਠਿਆ ਸਹੁ ਮਿਲੈ
ਜੇ ਨੀਅਤਿ ਰਾਸਿ ਕਰੇਇ ॥੧੦੪॥

نانک گھر ہی بیٹھیا سہُ مِلےَ
جے نِیئتِ راسِ کرےءِ ॥ 104 ॥

ਮਃ ੫ ॥

م: 5 ॥

ਫਰੀਦਾ ਗਰਬੁ ਜਿਨ੍ਹਾ ਵਡਿਆਈਆ
ਧਨਿ ਜੋਬਨਿ ਆਗਾਹ ॥

پھرِیدا گربُ جِنّہا وڈِیائیِیا
دھنِ جوبنِ آگاہ ॥

ਖਾਲੀ ਚਲੇ ਧਣੀ ਸਿਉ
ਟਿਬੇ ਜਿਉ ਮੀਹਾਹੁ ॥੧੦੫॥

خالی چلے دھنّی سِءُ
ٹِبے جِءُ میہاہُ ॥ 105 ॥

ਫਰੀਦਾ ਤਿਨਾ ਮੁਖ ਡਰਾਵਣੇ
ਜਿਨਾ ਵਿਸਾਰਿਓਨੁ ਨਾਉ ॥

پھرِیدا تِنا مُکھ ڈراوُنے
جِنا وِسارِئونُ ناءُ ॥

ਐਥੈ ਦੁਖ ਘਣੇਰਿਆ
ਅਗੈ ਠਉਰ ਨ ਠਾਉ ॥੧੦੬॥

ایتھےَ دُکھ گھنیِریا
اگےَ ٹھئر ن ٹھاءُ ॥ 106 ॥

ਫਰੀਦਾ ਪਿਛਲ ਰਾਤਿ ਨ ਜਾਗਿਓਹਿ
ਜੀਵਦੜੋ ਮੁਇਓਹਿ ॥

پھرِیدا پِچھل راتِ ن جاگِئوہِ
جیِودڑوہِ مُئِئوہِ ॥

ਜੇ ਤੈ ਰਬੁ ਵਿਸਾਰਿਆ
ਤ ਰਬਿ ਨ ਵਿਸਰਿਓਹਿ ॥੧੦੭॥

جے تےَ ربُ وِسارِیا
ت ربِ ن وِسرِئوہِ ॥ 107 ॥

ਮਃ ੫ ॥

م: 5 ॥

ਫਰੀਦਾ ਕੰਤੁ ਰੰਗਾਵਲਾ
ਵਡਾ ਵੇਮੁਹਤਾਜੁ ॥

پھرِیدا کنّتُ رنگاولا
وڈا ویمُہتاجُ ॥

ਅਲਹ ਸੇਤੀ ਰਤਿਆ
ਏਹੁ ਸਚਾਵਾਂ ਸਾਜੁ ॥੧੦੮॥

الہ سیتی رتیا
ایہُ سچاواں ساجُ ॥ 108 ॥

ਮਃ ੫ ॥

م: 5 ॥

ਫਰੀਦਾ ਦੁਖੁ ਸੁਖੁ ਇਕੁ ਕਰਿ
ਦਿਲ ਤੇ ਲਾਹਿ ਵਿਕਾਰੁ ॥

پھرِیدا دُکھُ سُکھُ اِکُ کرِ
دِل تے لاہِ وِکارُ ॥

ਅਲਹ ਭਾਵੈ ਸੋ ਭਲਾ
ਤਾਂ ਲਭੀ ਦਰਬਾਰੁ ॥੧੦੯॥

الہ بھاوے سو بھلا
تاں لبھی دربارُ ॥ 109 ॥

ਮਃ ੫ ॥

م: 5 ॥

ਫਰੀਦਾ ਦੁਨੀ ਵਜਾਈ ਵਜਦੀ
ਤੂੰ ਭੀ ਵਜਹਿ ਨਾਲਿ ॥

ਸੋਈ ਜੀਉ ਨ ਵਜਦਾ
ਜਿਸੁ ਅਲਹੁ ਕਰਦਾ ਸਾਰ ॥੧੧੦॥

پھریدا دُنی وجائی وجدی
توُنَ بھی وجہِ نالِ ॥
سوئی جیِءُ ن وجدا
جِسُ الہُ کردا سار ॥ 110 ॥

ਮਃ ੫ ॥

م: 5 ॥

ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ
ਦੁਨੀ ਨ ਕਿਤੈ ਕੰਮਿ ॥

ਮਿਸਲ ਫਕੀਰਾਂ ਗਾਖੜੀ
ਸੁ ਪਾਈਐ ਪੂਰ ਕਰੰਮਿ ॥੧੧੧॥

ਪਹਿਲੈ ਪਹਰੈ ਫੁਲੜਾ
ਫਲੁ ਭੀ ਪਛਾ ਰਾਤਿ ॥

ਜੋ ਜਾਗੰਨਿ੍ ਲਹੰਨਿ ਸੇ
ਸਾਈ ਕੰਨੋ ਦਾਤਿ ॥੧੧੨॥

ਦਾਤੀ ਸਾਹਿਬ ਸੰਦੀਆ
ਕਿਆ ਚਲੈ ਤਿਸੁ ਨਾਲਿ ॥

ਇਕਿ ਜਾਗੰਦੇ ਨਾ ਲਹਨਿ੍
ਇਕਨ੍ਾ ਸੁਤਿਆ ਦੇਇ ਉਠਾਲਿ ॥੧੧੩॥

ਢੂਢੇਦੀਏ ਸੁਹਾਗ ਕੂ
ਤਉ ਤਨਿ ਕਾਈ ਕੋਰ ॥

ਜਿਨ੍ਾ ਨਾਉ ਸੁਹਾਗਣੀ
ਤਿਨ੍ਾ ਝਾਕ ਨ ਹੋਰ ॥੧੧੪॥

ਸਬਰ ਮੰਝ ਕਮਾਣ

پھریدا دِلُ رتا اِسُ دُنی سِءُ
دُنی ن کِتے کنّمِ ॥
مِشل فقیِراں گاکھڑی
سُ پائیےَ پُور کرنّمِ ॥ 111 ॥
پہلےَ پہرے پھُلڑا
پھلُ بھی پچھا راتِ ॥
جو جاگنّہِ لہنّنِ سے
سائی کنّنو داتِ ॥ 112 ॥
داتی صاحِب سندیِیا
کِیا چلےَ تِسُ نالِ ۔ ॥
اِکِ جاگنّدے نا لہنّہِ
اِکنّہا سُتیِا دےءِ اُٹھالِ ॥ 113 ॥
ڈھوُڈھیدیےَ سُہاگ کوُ
تءُ تنِ کائی کور ॥
جِنّہا ناءُ سُہاگنّی
تِنّہا جھاک ن ہور ॥ 114 ॥
صبر منّجھ کماڑ

ਏ ਸਬਰੁ ਕਾ ਨੀਹਣੋ ॥

اے صبرُ کا نیہنّو ॥

ਸਬਰ ਸੰਦਾ ਬਾਣੁ
ਖਾਲਕੁ ਖਤਾ ਨ ਕਰੀ ॥੧੧੫॥

صبر سنّدا باڻُ
خالقُ خطا ن کری ॥ 115 ॥

ਸਬਰ ਅੰਦਰਿ ਸਾਬਰੀ
ਤਨੁ ਏਵੈ ਜਾਲੇਨਿ੍ ॥

صبر انّدرِ صابری
تنُ ایوےَ جالینّہِ ॥

ਹੋਨਿ ਨਜੀਕਿ ਖੁਦਾਇ ਦੈ
ਭੇਤੁ ਨ ਕਿਸੈ ਦੇਨਿ ॥੧੧੬॥

ہونِ نجیکِ خُداءِ دےَ
بھیتُ ن کِسےَ دینِ ॥ 116 ॥

ਸਬਰੁ ਏਹੁ ਸੁਆਉ
ਜੇ ਤੂੰ ਬੰਦਾ ਦਿੜੁ ਕਰਹਿ ॥

صبرُ ایہُ سُیاءُ
جے توُنَ بنّدا دِڑُ کرہِ ॥

ਵਧਿ ਥੀਵਹਿ ਦਰੀਆਉ
ਟੁਟਿ ਨ ਥੀਵਹਿ ਵਾਹੜਾ ॥੧੧੭॥

ودھِ تھیوہِ دریِیاءُ
ٹُٹِ ن تھیوہِ واہڑا ॥ 117 ॥

ਫਰੀਦਾ ਦਰਵੇਸੀ ਗਾਖੜੀ
ਚੋਪੜੀ ਪਰੀਤਿ ॥

پھریدا درویشی گاکھڑی
چوپڑی پریتِ ॥

ਇਕਨਿ ਕਿਨੈ ਚਾਲੀਐ
ਦਰਵੇਸਾਵੀ ਰੀਤਿ ॥੧੧੮॥

اِکنِ کِنے چالیےَ
درویشاوی ریتِ ॥ 118 ॥

ਤਨੁ ਤਪੈ ਤਨੂਰ ਜਿਉ
ਬਾਲਣੁ ਹਡ ਬਲੰਨਿ੍ ॥

تنُ تپےَ تنوُر جِءُ
بالنُّ ہڈ بلنّہِ ॥

ਪੈਰੀ ਥਕਾਂ ਸਿਰਿ ਜੁਲਾਂ
ਜੇ ਮੂੰ ਪਿਰੀ ਮਿਲੰਨਿ੍ ॥੧੧੯॥

پیَری تھکاں سِرِ جُلاں
جے موُنَ پری مِلنّہِ ॥ 119 ॥

ਤਨੁ ਨ ਤਪਾਇ ਤਨੂਰ ਜਿਉ
ਬਾਲਣੁ ਹਡ ਨ ਬਾਲਿ ॥

تنُ ن تپاءِ تنوُر جِءُ
بالنُّ ہڈ ن بالِ ॥

ਸਿਰਿ ਪੈਰੀ ਕਿਆ ਫੇੜਿਆ
ਅੰਦਰਿ ਪਿਰੀ ਨਿਹਾਲਿ ॥੧੨੦॥

سِرِ پیَری کیا پھیڑیا
انّدرِ پری نِہالِ ॥ 120 ॥

ਹਉ ਢੂਢੇਦੀ ਸਜਣਾ
ਸਜਣੁ ਮੈਡੇ ਨਾਲਿ ॥

ہءُ ڈھوُڈھیدی سجنّا
سجنُّ میَڈے نالِ ॥

ਨਾਨਕ ਅਲਖੁ ਨ ਲਖੀਐ
ਗੁਰਮੁਖਿ ਦੇਇ ਦਿਖਾਲਿ ॥੧੨੧॥

نانک الکھُ ن لکھیِئے
گُرمُکھِ دےءِ دِکھالِ ॥ 121 ॥

ਹੰਸਾ ਦੇਖਿ ਤਰੰਦਿਆ
ਬਗਾ ਆਇਆ ਚਾਉ ॥

ہنّسا دیکھِ ترندِیا
بگا آئیا چاءُ ॥

ਡੁਬਿ ਮੁਏ ਬਗ ਬਪੁੜੇ
ਸਿਰੁ ਤਲਿ ਉਪਰਿ ਪਾਉ ॥੧੨੨॥

ڈُبِ مُےَ بگ بپُڑے
سِرُ تلِ اُپرِ پاءُ ॥ 122 ॥

ਮੈ ਜਾਣਿਆ ਵਡ ਹੰਸੁ ਹੈ
ਤਾਂ ਮੈ ਕੀਤਾ ਸੰਗੁ ॥

مےَ جاِٹیا وڈ ہنّس ہےَ
تاں مےَ کِیتا سنگُ ॥

ਜੇ ਜਾਣਾ ਬਗੁ ਬਪੁੜਾ
ਜਨਮਿ ਨ ਭੇੜੀ ਅੰਗੁ ॥੧੨੩॥

جے جاٹا بگُ بپُڑا
جنمِ ن بھیڑی انگُ ॥ 123 ॥

ਕਿਆ ਹੰਸੁ ਕਿਆ ਬਗੁਲਾ
ਜਾ ਕਉ ਨਦਰਿ ਧਰੇ ॥

کِیا ہنّس کِیا بگُلا
جا کءُ ندرِ دھرے ॥

ਜੇ ਤਿਸੁ ਭਾਵੈ ਨਾਨਕਾ
ਕਾਗਹੁ ਹੰਸੁ ਕਰੇ ॥੧੨੪॥

جے تِسُ بھاوےَ نانکا
کاگہُ ہنّس کرے ॥ 124 ॥

ਸਰਵਰ ਪੰਖੀ ਹੇਕੜੋ
ਫਾਹੀਵਾਲ ਪਚਾਸ ॥

سرور پنکھی ہیکڑو
پھاہیِوال پچاس ॥

ਇਹੁ ਤਨੁ ਲਹਰੀ ਗਡੁ ਥਿਆ
ਸਚੇ ਤੇਰੀ ਆਸ ॥੧੨੫॥

اِہُ تنُ لہری گڈُ تھِیا
سچے تیری آس ॥ 125 ॥

ਕਵਣੁ ਸੁ ਅਖਰੁ ਕਵਣੁ ਗੁਣੁ
ਕਵਣੁ ਸੁ ਮਣੀਆ ਮੰਤੁ ॥

کونُ سُ اکھرُ کونُ گُنُ
کونُ سُ منٹیا منّتُ ۔ ॥

ਕਵਣੁ ਸੁ ਵੇਸੋ ਹਉ ਕਰੀ
ਜਿਤੁ ਵਸਿ ਆਵੈ ਕੰਤੁ ॥੧੨੬॥

کونُ سُ ویسو ہءُ کری
جِتُ وسِ آوےَ کنّتُ ॥ 126 ॥

ਨਿਵਣੁ ਸੁ ਅਖਰੁ ਖਵਣੁ ਗੁਣੁ
ਜਿਹਬਾ ਮਣੀਆ ਮੰਤੁ ॥

نِونُ سُ اکھرُ کھونُ گُنُ
جِہبا منٹیا منّتُ ॥

ਏ ਤ੍ਰੈ ਭੈਣੇ ਵੇਸ ਕਰਿ
ਤਾਂ ਵਸਿ ਆਵੀ ਕੰਤੁ ॥੧੨੭॥

اے ترّےَ بھیَنے ویس کرِ

ਮਤਿ ਹੋਦੀ ਹੋਇ ਇਆਣਾ ॥
ਤਾਣ ਹੋਦੇ ਹੋਇ ਨਿਤਾਣਾ ॥
ਅਣਹੋਦੇ ਆਪੁ ਵੰਡਾਏ ॥
ਕੋ ਐਸਾ ਭਗਤੁ ਸਦਾਏ ॥੧੨੮॥

ਇਕੁ ਫਿਕਾ ਨ ਗਾਲਾਇ
ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ
ਮਾਣਕ ਸਭ ਅਮੋਲਵੇ ॥੧੨੯॥

ਸਭਨਾ ਮਨ ਮਾਣਿਕ
ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ
ਹਿਆਉ ਨ ਠਾਹੇ ਕਹੀ ਦਾ ॥੧੩੦॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ
ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਸਵਯੇ ਸ੍ਰੀ ਮੁਖਬਾਕ੍ਹ ਮਹਲਾ ੫ ॥

ਆਦਿ ਪੁਰਖ ਕਰਤਾਰ
ਕਰਣ ਕਾਰਣ ਸਭ ਆਪੇ ॥
ਸਰਬ ਰਹਿਓ ਭਰਪੂਰਿ
ਸਗਲ ਘਟ ਰਹਿਓ ਬਿਆਪੇ ॥

ਬ੍ਯਾਪਤੁ ਦੇਖੀਐ ਜਗਤਿ ਜਾਨੈ ਕਉਨੁ ਤੇਰੀ ਗਤਿ
ਸਰਬ ਕੀ ਰਖ੍ਯਾ ਕਰੈ ਆਪੇ ਹਰਿ ਪਤਿ ॥

ਅਬਿਨਾਸੀ ਅਬਿਗਤ ਆਪੇ ਆਪਿ ਉਤਪਤਿ ॥

ਏਕੈ ਤੂਹੀ ਏਕੈ ਅਨ ਨਾਹੀ ਤੁਮ ਭਤਿ ॥

ਹਰਿ ਅੰਤੁ ਨਾਹੀ ਪਾਰਾਵਾਰੁ ਕਉਨੁ ਹੈ ਕਰੈ ਬੀਚਾਰੁ

تاں وِس آوی کنّتُ ॥ 127 ॥
متِ ہودی ہوءِ اِیاٹا ॥
تاڻ ہودے ہوءِ نِتاٹا ॥
اٹہودے آپُ وڈّائے ॥
کو ایَسا بھگتُ سدائے ॥ 128 ॥

اِکُ پھِکا ن گالاءِ
سبھنا مے سچا دھڻی ॥
ہِیاءُ ن کیَہی ٹھاہِ
ماٹک سبھ امولوے ॥ 129 ॥

سبھنا من ماٹِک
ٹھاہڻُ مولِ مچانگوا ॥
جے تءُ پِریِیا دی سِک
ہِیاءُ ن ٹھاہے کہی دا ॥ 130 ॥

ੴ ستِنامُ کرتا پُرکھُ نِربھءُ نِرویَرُ اکال مُورتِ اجوُنی سیَبھنّ گُرپّرسادِ
॥

سوہے سّری مُکھباکّي محلا 5 ॥

آدِ پُرکھ کرتار
کرڻ کارڻ سبھ آپے ॥
سرب رہِئو بھرپوُرِ
سگل گھٹ رہِئو بِیاپے ॥

بّیاپتُ دیکھیِےَ جگتِ جانے کنُّن تیری گتِ
سرب کی رکھّیا کرے آپے ہرِ پتِ ॥

ابِناسی ابِگت آپے آپِ اُتپتِ ॥

ایکےَ توُہی ایکےَ ان ناہی تُم بھتِ ॥

ہرِ انّتُ ناہی پاراوارُ کنُّن ہے کرے بیچارُ

ਜਗਤ ਪਿਤਾ ਹੈ ਸ੍ਰਬ ਪ੍ਰਾਨ ਕੋ ਅਧਾਰੁ ॥

جگت پِتا ہے سّرب پّران کو ادھارُ ॥

ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ
ਏਕ ਜੀਹ ਕਿਆ ਬਖਾਨੈ ॥

جنُ نانکُ بھگتُ درِ تُلِ بّرہم سمسرِ
ایک جیہِ کیا بکھانے۔ ॥

ਹਾਂ ਕਿ ਬਲਿ ਬਲਿ ਬਲਿ ਬਲਿ
ਸਦ ਬਲਿਹਾਰਿ ॥੧॥

ہاں کِ بلِ بلِ بلِ بلِ
سد بلِہارِ ॥1॥

ਅੰਮ੍ਰਿਤ ਪ੍ਰਵਾਹ ਸਰਿ ਅਤੁਲ ਭੰਡਾਰ ਭਰਿ
ਪਰੈ ਹੀ ਤੇ ਪਰੈ ਅਪਰ ਅਪਾਰ ਪਰਿ ॥

انّمرِت پّرواہ سرِ اتُل بھنڈار بھرِ
پرے ہی تے پرے اپر اپار پرِ ॥

ਆਪੁਨੋ ਭਾਵਨੁ ਕਰਿ ਮੰਤ੍ਰਿ ਨ ਦੂਸਰੋ ਧਰਿ
ਓਪਤਿ ਪਰਲੋ ਏਕੈ ਨਿਮਖ ਤੁ ਘਰਿ ॥

آپُنو بھاونُ کرِ منّتّرِ ن دوُسرو دھرِ
اوپتِ پرلو ایکے نِمکھ ت گھرِ ॥

ਆਨ ਨਾਹੀ ਸਮਸਰਿ ਉਜੀਆਰੋ ਨਿਰਮਰਿ
ਕੋਟਿ ਪਰਾਛਤ ਜਾਹਿ ਨਾਮ ਲੀਏ ਹਰਿ ਹਰਿ ॥

آن ناہی سمسرِ اُجیِیارو نِرمرِ
کوٹِ پراچھت جاہِ نام لیئے ہرِ ہرِ ॥

ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ
ਏਕ ਜੀਹ ਕਿਆ ਬਖਾਨੈ ॥

جنُ نانکُ بھگتُ درِ تُلِ بّرہم سمسرِ
ایک جیہِ کیا بکھانے۔ ॥

ਹਾਂ ਕਿ ਬਲਿ ਬਲਿ ਬਲਿ ਬਲਿ
ਸਦ ਬਲਿਹਾਰਿ ॥੨॥

ہاں کِ بلِ بلِ بلِ بلِ
سد بلِہارِ ॥2॥

ਸਗਲ ਭਵਨ ਧਾਰੇ ਏਕ ਥੇਂ ਕੀਏ ਬਿਸਥਾਰੇ
ਪੂਰਿ ਰਹਿਓ ਸ੍ਰਬ ਮਹਿ ਆਪਿ ਹੈ ਨਿਰਾਰੇ ॥

سگل بھون دھارے ایک تھیں کیئے بِستھارے
پوُرِ رہِئو سّرب مہِ آپِ ہے نِرارے ॥

ਹਰਿ ਗੁਨ ਨਾਹੀ ਅੰਤ ਪਾਰੇ ਜੀਅ ਜੰਤ ਸਭਿ ਥਾਰੇ
ਸਗਲ ਕੋ ਦਾਤਾ ਏਕੈ ਅਲਖ ਮੁਰਾਰੇ ॥

ہرِ گُن ناہی انّت پارے جیء جنّت سبھِ تھارے
سگل کو داتا ایکے الکھ مُرارے ॥

ਆਪ ਹੀ ਧਾਰਨ ਧਾਰੇ ਕੁਦਰਤਿ ਹੈ ਦੇਖਾਰੇ
ਬਰਨੁ ਚਿਹਨੁ ਨਾਹੀ ਮੁਖ ਨ ਮਸਾਰੇ ॥

آپ ہی دھارن دھارے قُدرتِ ہے دیکھارے
برنُ چِہنُ ناہی مُکھ ن مسارے ॥

ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ
ਏਕ ਜੀਹ ਕਿਆ ਬਖਾਨੈ ॥

جنُ نانکُ بھگتُ درِ تُلِ بّرہم سمسرِ
ایک جیہِ کیا بکھانے۔ ॥

ਹਾਂ ਕਿ ਬਲਿ ਬਲਿ ਬਲਿ ਬਲਿ
ਸਦ ਬਲਿਹਾਰਿ ॥੩॥

ہاں کِ بلِ بلِ بلِ بلِ
سد بلِہارِ ॥3॥

ਸਰਬ ਗੁਣ ਨਿਧਾਨੰ ਕੀਮਤਿ ਨ ਗ੍ਯਾਨੰ ਧ੍ਯਾਨੰ
ਊਚੇ ਤੇ ਊਚੌ ਜਾਨੀਜੈ ਪ੍ਰਭ ਤੇਰੋ ਥਾਨੰ ॥

ਮਨੁ ਧਨੁ ਤੇਰੋ ਪ੍ਰਾਨੰ ਏਕੈ ਸੂਤਿ ਹੈ ਜਹਾਨੰ
ਕਵਨ ਉਪਮਾ ਦੇਉ ਬਡੇ ਤੇ ਬਡਾਨੰ ॥

ਜਾਨੈ ਕਉਨੁ ਤੇਰੋ ਭੇਉ ਅਲਖ ਅਪਾਰ ਦੇਉ
ਅਕਲ ਕਲਾ ਹੈ ਪ੍ਰਭ ਸਰਬ ਕੋ ਧਾਨੰ ॥

ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ
ਏਕ ਜੀਹ ਕਿਆ ਬਖਾਨੈ ॥

ਹਾਂ ਕਿ ਬਲਿ ਬਲਿ ਬਲਿ ਬਲਿ
ਸਦ ਬਲਿਹਾਰਿ ॥੪॥

ਨਿਰੰਕਾਰੁ ਆਕਾਰ ਅਛਲ
ਪੂਰਨ ਅਬਿਨਾਸੀ ॥

ਹਰਖਵੰਤ ਆਨੰਤ ਰੂਪ
ਨਿਰਮਲ ਬਿਗਾਸੀ ॥

ਗੁਣ ਗਾਵਹਿ ਬੇਅੰਤ
ਅੰਤੁ ਇਕੁ ਤਿਲੁ ਨਾਹੀ ਪਾਸੀ ॥

ਜਾ ਕਉ ਹੋਂਹਿ ਕ੍ਰਿਪਾਲ
ਸੁ ਜਨੁ ਪ੍ਰਭ ਤੁਮਹਿ ਮਿਲਾਸੀ ॥

ਧੰਨਿ ਧੰਨਿ ਤੇ ਧੰਨਿ ਜਨ
ਜਿਹ ਕ੍ਰਿਪਾਲੁ ਹਰਿ ਹਰਿ ਭਯਉ ॥

ਹਰਿ ਗੁਰੁ ਨਾਨਕੁ ਜਿਨ ਪਰਸਿਅਉ
ਸਿ ਜਨਮ ਮਰਣ ਦੁਹ ਥੇ ਰਹਿਓ ॥੫॥

ਸਤਿ ਸਤਿ ਹਰਿ ਸਤਿ ਸਤਿ
ਸਤੇ ਸਤਿ ਭਣੀਐ ॥

ਦੂਸਰ ਆਨ ਨ ਅਵਰੁ
ਪੁਰਖੁ ਪਊਰਾਤਨੁ ਸੁਣੀਐ ॥

سرب گُنْ نِدھانَن قِیمتِ ن گیانَن دھیانَن
اوُچے تے اوُچوَ جانیجےَ پربھ تیرو تھانَن ॥

منُ دھنُ تیرو پرانَن ایکےَ سوُتِ ہے جہانَن
کون اُپما دیءُ بڈے تے بڈانَن ॥

جانےَ کنُنُ تیرو بھیءُ الکھ اپار دیءُ
اکل کلا ہےَ پربھ سرب کو دھانَن ॥

جنُ نانکُ بھگتُ درِ تُلِ برہم سمسرِ
ایک جیہِ کیا بکھانےَ ۔ ॥

ہاں کِ بلِ بلِ بلِ بلِ
سد بلِہارِ ॥4॥

نِرنکارُ آکار اچھل
پوُرن ابِناسی ॥

ہرکھونَت آنَنت روُپ
نِرمل بِگاسی ॥

گُنْ گاوہِ بیئنَت
انَتُ اِکُ تِلُ ناہی پاسی ॥

جا کءُ ہونہِ کرپال
سُ جنُ پربھ تُمہِ ملاسی ॥

دھنَنِ دھنَنِ تے دھنَنِ جن
جہ کرپالُ ہرِ ہرِ بھیءُ ॥

ہرِ گُرُ نانکُ جِن پرسِیَءُ
سِ جنم مرنْ دُہ تھے رہِیَو ॥5॥

ستِ ستِ ہرِ ستِ ستِ
ستے ستِ بھنْیےَ ॥

دوُسر آن ن اورُ

پُرکھُ پتوُراتنُ سُنیِّے ॥

ਅੰਮ੍ਰਿਤੁ ਹਰਿ ਕੋ ਨਾਮੁ ਲੈਤ
ਮਨਿ ਸਭ ਸੁਖ ਪਾਏ ॥

اَمّرِتُ ہرِ کو نامُ لیَت
منِ سبھ سُکھ پائے ॥

ਜੇਹ ਰਸਨ ਚਾਖਿਓ
ਤੇਹ ਜਨ ਤ੍ਰਿਪਤਿ ਅਘਾਏ ॥

جیہ رسن چاکھِئو
تیہ جن ترِپتِ اگھائے ॥

ਜਿਹ ਠਾਕੁਰੁ ਸੁਪ੍ਰਸੰਨੁ ਭਯੋ
ਸਤਸੰਗਤਿ ਤਿਹ ਪਿਆਰੁ ॥

جِہ ٹھاکُرُ سُپرّسنّنُ بھیو
ستسنگتِ تِہ پِیارُ ॥

ਹਰਿ ਗੁਰੁ ਨਾਨਕੁ ਜਿਨ੍ ਪਰਸਿਓ
ਤਿਨ੍ ਸਭ ਕੁਲ ਕੀਓ ਉਧਾਰੁ ॥੬॥

ہرِ گُرُ نانکُ جِنّہ پرسِئو
تِنّہ سبھ کُل کِیئو اُدھارُ ॥6॥

ਸਚੁ ਸਭਾ ਦੀਬਾਣੁ ਸਚੁ
ਸਚੇ ਪਹਿ ਧਰਿਓ ॥

سچُ سبھا دِیبانُ سچُ
سچے پہِ دھرِئو ॥

ਸਚੈ ਤਖਤਿ ਨਿਵਾਸੁ
ਸਚੁ ਤਪਾਵਸੁ ਕਰਿਓ ॥

سچے تخت نِواسُ
سچُ تپاوسُ کرِئو ॥

ਸਚਿ ਸਿਰਜ੍ਿਉ ਸੰਸਾਰੁ
ਆਪਿ ਆਭੁਲੁ ਨ ਭੁਲਉ ॥

سچِ سِرجّیِءُ سنّسارُ
آپِ آبھُلُ ن بھُلءُ ॥

ਰਤਨ ਨਾਮੁ ਅਪਾਰੁ
ਕੀਮ ਨਹੁ ਪਵੈ ਅਮੁਲਉ ॥

رتن نامُ اپارُ
قِیم نہُ پوے امُلءُ ॥

ਜਿਹ ਕ੍ਰਿਪਾਲੁ ਹੋਯਉ ਗੋਬਿੰਦੁ
ਸਰਬ ਸੁਖ ਤਿਨਹੂ ਪਾਏ ॥

جِہ کرِپالُ ہویءُ گوبِندُ
سرب سُکھ تِنہوُ پائے ॥

ਹਰਿ ਗੁਰੁ ਨਾਨਕੁ ਜਿਨ੍ ਪਰਸਿਓ
ਤੇ ਬਹੁੜਿ ਫਿਰਿ ਜੋਨਿ ਨ ਆਏ ॥੭॥

ہرِ گُرُ نانکُ جِنّہ پرسِئو
تے بہُڑِ پھِرِ جونِ ن آئے ॥7॥

ਕਵਨੁ ਜੋਗੁ ਕਉਨੁ ਗ੍ਯਾਨੁ ਧ੍ਯਾਨੁ
ਕਵਨ ਬਿਧਿ ਉਸ੍ਤਤਿ ਕਰੀਐ ॥

کونُ جوگُ کنُّنُ گیانُ دھیانُ
کون بِدھِ اُستتِ کریِّے ۔ ॥

ਸਿਧ ਸਾਧਿਕ ਤੇਤੀਸ ਕੋਰਿ
ਤਿਰੁ ਕੀਮ ਨ ਪਰੀਐ ॥

سِدھ سادھِک تیتیِس کورِ
ترُ قِیم ن پریِّے ॥

ਬ੍ਰਹਮਾਦਿਕ ਸਨਕਾਦਿ ਸੇਖ
ਗੁਣ ਅੰਤੁ ਨ ਪਾਏ ॥

بّرہمادِک سنکادِ سیکھ
گُنؤ انّتُ ن پائے ॥

ਅਗਹੁ ਗਹਿਓ ਨਹੀ ਜਾਇ
ਪੂਰਿ ਸ੍ਰਬ ਰਹਿਓ ਸਮਾਏ ॥

اگہُ گہِئو نہی جاءِ
پوُرِ سّرب رہِئو سمائے ॥

ਜਿਹ ਕਾਟੀ ਸਿਲਕ ਦਯਾਲ ਪ੍ਰਭਿ
ਸੇਇ ਜਨ ਲਗੇ ਭਗਤੇ ॥

جِہ کاٹی سِلک دیال پّربھِ
سےءِ جن لگے بھگتے ॥

ਹਰਿ ਗੁਰੁ ਨਾਨਕੁ ਜਿਨ੍ ਪਰਸਿਓ
ਤੇ ਇਤ ਉਤ ਸਦਾ ਮੁਕਤੇ ॥੮॥

ہرِ گُرُ نانکُ جِنّہ پرسِئو
تے اِت اُت سدا مُکتے ॥8॥

ਪ੍ਰਭ ਦਾਤਉ ਦਾਤਾਰ
ਪਰਿਉ ਜਾਚਕੁ ਇਕੁ ਸਰਨਾ ॥

پّربھ داتءُ داتار
پرّیِءُ جاچکُ اِکُ سرنا ॥

ਮਿਲੈ ਦਾਨੁ ਸੰਤ ਰੇਨ
ਜੇਹ ਲਗਿ ਭਉਜਲੁ ਤਰਨਾ ॥

مِلےَ دانُ سنّت رین
جیہ لگِ بھجُّلُ ترنا ॥

ਬਿਨਤਿ ਕਰਉ ਅਰਦਾਸਿ
ਸੁਨਹੁ ਜੇ ਠਾਕੁਰ ਭਾਵੈ ॥

بِنتِ کرءُ عرداسِ
سُنہُ جے ٹھاکُر بھاوےَ ॥

ਦੇਹੁ ਦਰਸੁ ਮਨਿ ਚਾਉ
ਭਗਤਿ ਇਹੁ ਮਨੁ ਠਹਰਾਵੈ ॥

دیہُ درسُ منِ چاءُ
بھگتِ اِہُ منُ ٹھہراوےَ ॥

ਬਲਿਓ ਚਰਾਗੁ ਅੰਧ੍ਾਰ ਮਹਿ
ਸਭ ਕਲਿ ਉਧਰੀ ਇਕ ਨਾਮ ਧਰਮ ॥

بلِئو چراغُ اندّھار مہِ
سبھ کلِ اُدھری اِک نام دھرم ॥

ਪ੍ਰਗਟੁ ਸਗਲ ਹਰਿ ਭਵਨ ਮਹਿ
ਜਨੁ ਨਾਨਕੁ ਗੁਰੁ ਪਾਰਬ੍ਰਹਮੁ ॥੯॥

پّرگٹُ سگل ہرِ بھون مہِ
جنُ نانکُ گُرُ پاربّرہمُ ॥9॥

ਸਵਯੇ ਸ੍ਰੀ ਮੁਖਬਾਕ੍ ਮਹਲਾ ੫

سوے سّری مُکھباکّ محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پّرسادِ ॥

ਕਾਚੀ ਦੇਹ ਮੋਹ ਫੁਨਿ ਬਾਂਧੀ
ਸਠ ਕਠੋਰ ਕੁਚੀਲ ਕੁਗਿਆਨੀ ॥

کاچی دیہ موہ پھُنِ باندھی
سٹھ کٹھور کُچیِل کُگیانی ॥

ਧਾਵਤ ਭ੍ਰਮਤ ਰਹਨੁ ਨਹੀ ਪਾਵਤ

دھاوت بھّرمت رہنُ نہی پاوت

ਪਾਰਬ੍ਰਹਮ ਕੀ ਗਤਿ ਨਹੀ ਜਾਨੀ ॥

پارپّرہم کی گتِ نہی جانی ॥

ਜੋਬਨ ਰੂਪ ਮਾਇਆ ਮਦ ਮਾਤਾ
ਬਿਚਰਤ ਬਿਕਲ ਬਡੌ ਅਭਿਮਾਨੀ ॥

جوبن روُپ مائیا مد ماتا
بِچرت بِکل بڈوَ ابھِمانی ॥

ਪਰ ਧਨ ਪਰ ਅਪਵਾਦ ਨਾਰਿ ਨਿੰਦਾ
ਯਹ ਮੀਠੀ ਜੀਅ ਮਾਹਿ ਹਿਤਾਨੀ ॥

پر دھن پر اپواد نارِ نِنّدا
یہ مِیٹھی جیء ماہِ ہِتانی ॥

ਬਲਬੰਚ ਛਪਿ ਕਰਤ ਉਪਾਵਾ
ਪੇਖਤ ਸੁਨਤ ਪ੍ਰਭ ਅੰਤਰਜਾਮੀ ॥

بلبنچ چھپِ کرت اُپاوا
پیکھت سُنت پربھ انترجامی ۔ ॥

ਸੀਲ ਧਰਮ ਦਯਾ ਸੁਚ ਨਾਸ੍ਤਿ
ਆਇਓ ਸਰਨਿ ਜੀਅ ਕੇ ਦਾਨੀ ॥

سِیل دھرم دیا سُچ ناسّتِ
آئیئو سرنِ جیء کے دانی ۔ ॥

ਕਾਰਣ ਕਰਣ ਸਮਰਥ ਸਿਰੀਧਰ
ਰਾਖਿ ਲੇਹੁ ਨਾਨਕ ਕੇ ਸੁਆਮੀ ॥੧॥

کارڻ کرڻ سمرتھ سِرِیدھر
راکھِ لیہُ نانک کے سُیامی ۔ ॥1॥

ਕੀਰਤਿ ਕਰਨ ਸਰਨ ਮਨਮੋਹਨ
ਜੋਹਨ ਪਾਪ ਬਿਦਾਰਨ ਕਉ ॥

کِیرتِ کرن سرن منموہن
جوہن پاپ بِدارن کءُ ॥

ਹਰਿ ਤਾਰਨ ਤਰਨ ਸਮਰਥ ਸਭੈ ਬਿਧਿ
ਕੁਲਹ ਸਮੂਹ ਉਧਾਰਨ ਸਉ ॥

ہرِ تارن ترن سمرتھ سبھے بِدھِ
کُلہ سموُہ اُدھارن سءُ ॥

ਚਿਤ ਚੇਤਿ ਅਚੇਤ ਜਾਨਿ ਸਤਸੰਗਤਿ
ਭਰਮ ਅੰਧੇਰ ਮੋਹਿਓ ਕਤ ਧੰਉ ॥

چِت چیتِ اچیت جانِ ستسنگتِ
بھرم اندھیر موہِئو کت دھنءُ ۔ ॥

ਮੂਰਤ ਘਰੀ ਚਸਾ ਪਲੁ ਸਿਮਰਨ
ਰਾਮ ਨਾਮੁ ਰਸਨਾ ਸੰਗਿ ਲਉ ॥

موُرت گھری چسا پلُ سِمرن
رام نامُ رسنا سنگِ لءُ ॥

ਹੋਛਉ ਕਾਜੁ ਅਲਪ ਸੁਖ ਬੰਧਨ
ਕੋਟਿ ਜਨੰਮ ਕਹਾ ਦੁਖ ਭੰਉ ॥

ہوچھءُ کاجُ الپ سُکھ بندھن
کوٹِ جنمّ کہا دُکھ بھنءُ ۔ ॥

ਸਿਖ੍ਯਾ ਸੰਤ ਨਾਮੁ ਭਜੁ ਨਾਨਕ
ਰਾਮ ਰੰਗਿ ਆਤਮ ਸਿਉ ਰੰਉ ॥੨॥

سِکھیا سنّت نامُ بھجُ نانک
رام رنگِ آتم سِءُ رنءُ ॥2॥

ਰੰਚਕ ਰੇਤ ਖੇਤ ਤਨਿ ਨਿਰਮਿਤ
ਦੁਰਲਭ ਦੇਹ ਸਵਾਰਿ ਧਰੀ ॥

رنچک ریت کھیت تنِ نِرمِت
دُرلبھ دیہ سوارِ دھری ॥

ਖਾਨ ਪਾਨ ਸੋਧੇ ਸੁਖ ਭੁੰਚਤ
ਸੰਕਟ ਕਾਟਿ ਬਿਪਤਿ ਹਰੀ ॥

کھان پان سودھے سُکھ بھُنچّت
سنکٹ کاٹِ بِپتِ ہری ॥

ਮਾਤ ਪਿਤਾ ਭਾਈ ਅਰੁ ਬੰਧਪ
ਬੂਝਨ ਕੀ ਸਭ ਸੂਝ ਪਰੀ ॥

مات پِتا بھائی ارُ بندھپ
بُوجھن کی سبھ سُوجھ پری ॥

ਬਰਧਮਾਨ ਹੋਵਤ ਦਿਨ ਪ੍ਰਤਿ ਨਿਤ
ਆਵਤ ਨਿਕਟਿ ਬਿਖੰਮ ਜਰੀ ॥

بردھمان ہووت دِن پرّتِ نِت
آوت نِکٹِ بِکھنّم جری ॥

ਰੇ ਗੁਨ ਹੀਨ ਦੀਨ ਮਾਇਆ ਕ੍ਰਿਮ
ਸਿਮਰਿ ਸੁਆਮੀ ਏਕ ਘਰੀ ॥

رے گُن ہین دِین مائیا کرِم
سِمرِ سُیامی ایک گھری ॥

ਕਰੁ ਗਹਿ ਲੇਹੁ ਕ੍ਰਿਪਾਲ ਕ੍ਰਿਪਾ ਨਿਧਿ
ਨਾਨਕ ਕਾਟਿ ਭਰੰਮ ਭਰੀ ॥੩॥

کرُ گہِ لیہُ کرِپال کرِپا نِدھِ
نانک کاٹِ بھرنّم بھری ॥3॥

ਰੇ ਮਨ ਮੂਸ ਬਿਲਾ ਮਹਿ ਗਰਬਤ
ਕਰਤਬ ਕਰਤ ਮਹਾਂ ਮੁਘਨਾਂ ॥

رے من موُس بِلا مہِ گربت
کرتب کرت مہاں مُگھناں ॥

ਸੰਪਤ ਦੋਲ ਝੋਲ ਸੰਗਿ ਝੂਲਤ
ਮਾਇਆ ਮਗਨ ਭ੍ਰਮਤ ਘੁਘਨਾ ॥

سنّپت دول جھول سنگِ جھوُلت
مائیا مگن بھرّمت گھُگھنا ॥

ਸੁਤ ਬਨਿਤਾ ਸਾਜਨ ਸੁਖ ਬੰਧਪ
ਤਾ ਸਿਉ ਮੋਹੁ ਬਢਿਓ ਸੁ ਘਨਾ ॥

سُت بِنِتا ساجن سُکھ بندھپ
تا سِءُ موہُ بڈھِئو سُ گھنا ॥

ਬੋਇਓ ਬੀਜੁ ਅਹੰ ਮਮ ਅੰਕੁਰੁ
ਬੀਤਤ ਅਉਧ ਕਰਤ ਅਘਨਾਂ ॥

بوئِئو بِیجُ اہنّ مم انکُرُ
بِیتت اُدھ کرت اگھناں ॥

ਮਿਰਤੁ ਮੰਜਾਰ ਪਸਾਰਿ ਮੁਖੁ ਨਿਰਖਤ
ਭੁੰਚਤ ਭੁਗਤਿ ਭੂਖ ਭੁਖਨਾ ॥

مِرتُ منجّار پسارِ مُکھُ نِرکھت
بھُنچّت بھُگتِ بھوُکھ بھکھنا ॥

ਸਿਮਰਿ ਗੁਪਾਲ ਦਇਆਲ ਸਤਸੰਗਤਿ
ਨਾਨਕ ਜਗੁ ਜਾਨਤ ਸੁਪਨਾ ॥੪॥

سِمرِ گُپال دئیال ستسنگتِ
نانک جگُ جانت سُپنا ॥4॥

ਦੇਹ ਨ ਗੇਹ ਨ ਨੇਹ ਨ ਨੀਤਾ
ਮਾਇਆ ਮਤ ਕਹਾ ਲਉ ਗਾਰਹੁ ॥

دیہ ن گیہ ن نیہ ن نِیتا
مائیا مت کہا لءُ گارہُ ۔ ॥

ਛਤ੍ਰ ਨ ਪਤ੍ਰ ਨ ਚਉਰ ਨ ਚਾਵਰ
ਬਹਤੀ ਜਾਤ ਰਿਦੈ ਨ ਬਿਚਾਰਹੁ ॥

چھتّر ن پتّر ن چئُر ن چاور

ਰਥ ਨ ਅਸ੍ਵ ਨ ਗਜ ਸਿੰਘਾਸਨ
ਛਿਨ ਮਹਿ ਤਿਆਗਤ ਨਾਂਗ ਸਿਧਾਰਹੁ ॥

ਸੂਰ ਨ ਬੀਰ ਨ ਮੀਰ ਨ ਖਾਨੰ
ਸੰਗਿ ਨ ਕੋਊ ਦ੍ਰਿਸਟਿ ਨਿਹਾਰਹੁ ॥

ਕੋਟ ਨ ਓਟ ਨ ਕੋਸ ਨ ਛੋਟਾ
ਕਰਤ ਬਿਕਾਰ ਦੋਊ ਕਰ ਝਾਰਹੁ ॥

ਮਿਤ੍ਰ ਨ ਪੁਤ੍ਰ ਕਲਤ੍ਰ ਸਾਜਨ ਸਖ
ਉਲਟਤ ਜਾਤ ਬਿਰਖ ਕੀ ਛਾਂਰਹੁ ॥

ਦੀਨ ਦਯਾਲ ਪੁਰਖ ਪ੍ਰਭ ਪੂਰਨ
ਛਿਨ ਛਿਨ ਸਿਮਰਹੁ ਅਗਮ ਅਪਾਰਹੁ ॥

ਸ੍ਰੀਪਤਿ ਨਾਥ ਸਰਣਿ ਨਾਨਕ ਜਨ
ਹੇ ਭਗਵੰਤ ਕ੍ਰਿਪਾ ਕਰਿ ਤਾਰਹੁ ॥੫॥

ਪ੍ਰਾਨ ਮਾਨ ਦਾਨ ਮਗ ਜੋਹਨ
ਹੀਤੁ ਚੀਤੁ ਦੇ ਲੇ ਲੇ ਪਾਰੀ ॥

ਸਾਜਨ ਸੈਨ ਮੀਤ ਸੁਤ ਭਾਈ
ਤਾਹੂ ਤੇ ਲੇ ਰਖੀ ਨਿਰਾਰੀ ॥

ਧਾਵਨ ਪਾਵਨ ਕੂਰ ਕਮਾਵਨ
ਇਹ ਬਿਧਿ ਕਰਤ ਅਉਧ ਤਨ ਜਾਰੀ ॥

ਕਰਮ ਧਰਮ ਸੰਜਮ ਸੁਚ ਨੇਮਾ
ਚੰਚਲ ਸੰਗਿ ਸਗਲ ਬਿਧਿ ਹਾਰੀ ॥

ਪਸੁ ਪੰਖੀ ਬਿਰਖ ਅਸਥਾਵਰ
ਬਹੁ ਬਿਧਿ ਜੋਨਿ ਭ੍ਰਮਿਓ ਅਤਿ ਭਾਰੀ ॥

ਖਿਨੁ ਪਲੁ ਚਸਾ ਨਾਮੁ ਨਹੀ ਸਿਮਰਿਓ
ਦੀਨਾ ਨਾਥ ਪ੍ਰਾਨਪਤਿ ਸਾਰੀ ॥

بہتی جات رِدے ن بِچارہُ ॥

رتھ ن اسّو ن گج سِنگھاسن
چھِن مہِ تیاگت ناگ سِدھارہُ ॥

سوُر ن بیِر ن میِر ن کھانںّ
سنگِ ن کوئوُ دّرِسٹِ نِہارہُ ॥

کوٹ ن اوٹ ن کوس ن چھوٹا
کرت بِکار دوئوُ کر جھارہُ ॥

مِتّر ن پُتّر کلتّر ساجن سکھ
اُلٹت جات بِرکھ کی چھانرہُ ॥

دِین دیال پُرکھ پّربھ پوُرن
چھِن چھِن سِمرہُ اگم اپارہُ ॥

سّرپیتِ ناتھ سرنِٹ نانک جن
ہے بھگونّت کّرِپا کرِ تارہُ ॥5॥

پّران مان دان مگ جوہن
ہیِتُ چیِتُ دے لے لے پاری ॥

ساجن سیَن میِت سُت بھائی
تاہوُ تے لے رکھی نِراری ॥

دھاون پاون کوُر کماون
اِہ بِدھِ کرت اوُدھ تن جاری ॥

کرم دھرم سنّجم سُچ نیما
چنّچل سنگِ سگل بِدھِ ہاری ॥

پسُ پنکھی بِرکھ استھاور
بہُ بِدھِ جونِ بھّرمِئو اتِ بھاری ॥

کھِنُ پلُ چسا نامُ نہی سِمرِئو
دینا ناتھ پّرانپتِ ساری ॥

ਖਾਨ ਪਾਨ ਮੀਠ ਰਸ ਭੋਜਨ
ਅੰਤ ਕੀ ਬਾਰ ਹੋਤ ਕਤ ਖਾਰੀ ॥

کھان پان مِیٹھ رس بھوجن
انّت کی بار ہوت کت کھاری ॥

ਨਾਨਕ ਸੰਤ ਚਰਨ ਸੰਗਿ ਉਧਰੇ
ਹੋਰਿ ਮਾਇਆ ਮਗਨ ਚਲੇ ਸਭਿ ਡਾਰੀ ॥੬॥

نانک سنّت چرن سنگِ اُدھرے
ہورِ مائیا مگن چلے سبھِ ڈاری ॥6॥

ਬ੍ਰਹਮਾਦਿਕ ਸਿਵ ਛੰਦ ਮੁਨੀਸੁਰ
ਰਸਕਿ ਰਸਕਿ ਠਾਕੁਰ ਗੁਨ ਗਾਵਤ ॥

بّرہماوِک سِو چھنّد مُنیِسُر
رسکِ رسکِ ٹھاکُر گُن گاوت ॥

ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ
ਧਰਣਿ ਗਗਨ ਆਵਤ ਫੁਨਿ ਧਾਵਤ ॥

اِنّدّر مُنِندّر کھوجتے گورکھ
دھرنِ گگن آوت پھُنِ دھاوت ॥

ਸਿਧ ਮਨੁਖ ਦੇਵ ਅਰੁ ਦਾਨਵ
ਇਕੁ ਤਿਲੁ ਤਾ ਕੋ ਮਰਮੁ ਨ ਪਾਵਤ ॥

سِدھ منکھّی دیو ارُ دانو
اِکُ تِلُ تا کو مرمُ ن پاوت ॥

ਪ੍ਰਿਅ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ
ਹਰਿ ਜਨ ਤਾ ਕੈ ਦਰਸਿ ਸਮਾਵਤ ॥

پّرِء پّربھ پّریِت پّریم رس بھگتی
ہرِ جن تا کے درسِ سماوت ॥

ਤਿਸਹਿ ਤਿਆਗਿ ਆਨ ਕਉ ਜਾਚਹਿ
ਮੁਖ ਦੰਤ ਰਸਨ ਸਗਲ ਘਸਿ ਜਾਵਤ ॥

تِسہِ تِیاگِ آن ک ءُ جاچہِ
مُکھ دنّت رسن سگل گھسِ جاوت ॥

ਰੇ ਮਨ ਮੂੜ ਸਿਮਰਿ ਸੁਖਦਾਤਾ
ਨਾਨਕ ਦਾਸ ਤੁਝਹਿ ਸਮਝਾਵਤ ॥੭॥

رے من موُڑ سِمرِ سُکھداتا
نانک داس تُجھہِ سمجھاوت ॥7॥

ਮਾਇਆ ਰੰਗ ਬਿਰੰਗ ਕਰਤ ਭ੍ਰਮ
ਮੋਹ ਕੈ ਕੂਪਿ ਗੁਬਾਰਿ ਪਰਿਓ ਹੈ ॥

مائیا رنگ بِرنگ کرت بھّرم
موہ کے کوُپِ غُبارِ پرِئو ہے ॥

ਏਤਾ ਗਬੁ ਅਕਾਸਿ ਨ ਮਾਵਤ
ਬਿਸਟਾ ਅਸੁ ਕ੍ਰਿਮਿ ਉਦਰੁ ਭਰਿਓ ਹੈ ॥

ایتا گبُ اکاسِ ن ماوت
بِسٹا اسّت کّرِمِ اُدرُ بھرِئو ہے ॥

ਦਹ ਦਿਸ ਧਾਇ ਮਹਾ ਬਿਖਿਆ ਕਉ
ਪਰ ਧਨ ਛੀਨਿ ਅਗਿਆਨ ਹਰਿਓ ਹੈ ॥

دہ دِس دھاءِ مہا بِکھیا ک ءُ
پر دھن چھینِ اگیان ہرِئو ہے ॥

ਜੋਬਨ ਬੀਤਿ ਜਰਾ ਰੋਗਿ ਗ੍ਰਸਿਓ
ਜਮਦੂਤਨ ਡੰਨੁ ਮਿਰਤੁ ਮਰਿਓ ਹੈ ॥

جوبن بیِتِ جرا روگِ گّرسِئو
جمدوُتن ڈنّنُ مِرتُ مرِئو ہے ॥

ਅਨਿਕ ਜੋਨਿ ਸੰਕਟ ਨਰਕ ਭੁੰਚਤ
ਸਾਸਨ ਦੂਖ ਗਰਤਿ ਗਰਿਓ ਹੈ ॥

انِک جونِ سنکٹ نرک بھُنچّت

ਸਾਸਨ ਦੂਖ ਗਰਤਿ ਗਰਿਓ ਹੈ ॥

ਪ੍ਰੇਮ ਭਗਤਿ ਉਧਰਹਿ ਸੇ ਨਾਨਕ
ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥੮॥

ਗੁਣ ਸਮੂਹ ਫਲ ਸਗਲ ਮਨੋਰਥ
ਪੂਰਨ ਹੋਈ ਆਸ ਹਮਾਰੀ ॥

ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰ
ਸਰਬ ਰੋਗ ਖੰਡਣ ਗੁਣਕਾਰੀ ॥

ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ
ਬਿਨਸਿ ਜਾਹਿ ਹਰਿ ਨਾਮੁ ਉਚਾਰੀ ॥

ਇਸਨਾਨ ਦਾਨ ਤਾਪਨ ਸੁਚਿ ਕਿਰਿਆ
ਚਰਣ ਕਮਲ ਹਿਰਦੈ ਪ੍ਰਭ ਧਾਰੀ ॥

ਸਾਜਨ ਮੀਤ ਸਖਾ ਹਰਿ ਬੰਧਪ
ਜੀਅ ਧਾਨ ਪ੍ਰਭ ਪ੍ਰਾਨ ਅਧਾਰੀ ॥

ਓਟ ਗਹੀ ਸੁਆਮੀ ਸਮਰਥਹ
ਨਾਨਕ ਦਾਸ ਸਦਾ ਬਲਿਹਾਰੀ ॥੯॥

ਆਵਧ ਕਟਿਓ ਨ ਜਾਤ
ਪ੍ਰੇਮ ਰਸ ਚਰਨ ਕਮਲ ਸੰਗਿ ॥

ਦਾਵਨਿ ਬੰਧਿਓ ਨ ਜਾਤ
ਬਿਧੇ ਮਨ ਦਰਸ ਮਗਿ ॥

ਪਾਵਕ ਜਰਿਓ ਨ ਜਾਤ
ਰਹਿਓ ਜਨ ਧੂਰਿ ਲਗਿ ॥

ਨੀਰੁ ਨ ਸਾਕਸਿ ਬੋਰਿ
ਚਲਹਿ ਹਰਿ ਪੰਥਿ ਪਗਿ ॥

ਨਾਨਕ ਰੋਗ ਦੋਖ ਅਘ ਮੋਹ
ਛਿਦੇ ਹਰਿ ਨਾਮ ਖਗਿ ॥੧॥੧੦॥

ساسن دوُکھ گرتِ گرِئو ہے ॥

پرّیم بھگتِ اُدھرہِ سے نانک
کرِ کِرپا سنّتُ آپِ کرِئو ہے ॥8॥

گُنّ سموُہ پھل سگل منورتھ
پوُرن ہوئی آس ہماری ॥

اَنکھدھ منّتر تنّتر پر دُکھ ہر
سرب روگ کھنّڈنّ گُنّکاری ॥

کام کّرودھ مد متسر ترّسنا
بِنسِ جاہِ ہرِ نامُ اُچاری ॥

اِسنان دان تاپن سُچِ کِریا
چرنّ کمل ہِردے پرّبھ دھاری ॥

ساجن میت سکھا ہرِ بندھپ
جیء دھان پرّبھ پرّان ادھاری ॥

اوٹ گہی سُیامی سمرتھ
نانک داس سدا بلِہاری ॥9॥

آودھ کِٹئو ن جات
پرّیم رس چرن کمل سنگِ ॥

داونِ بندھِئو ن جات
بِدھے من درس مگِ ॥

پاوک جرِئو ن جات
رہِئو جن دھوُرِ لگِ ॥

نیرُ ن ساکسِ بورِ
چلہِ ہرِ پنتھِ پگِ ॥

نانک روگ دوکھ اگھ موہ
چھِدے ہرِ نام کھگِ ॥1॥ 10 ॥

ਉਦਮੁ ਕਰਿ ਲਾਗੇ ਬਹੁ ਭਾਤੀ
ਬਿਚਰਹਿ ਅਨਿਕ ਸਾਸਤ੍ਰ ਬਹੁ ਖਟੂਆ ॥

ਭਸਮ ਲਗਾਇ ਤੀਰਥ ਬਹੁ ਭ੍ਰਮਤੇ
ਸੂਖਮ ਦੇਹ ਬੰਧਹਿ ਬਹੁ ਜਟੂਆ ॥

ਬਿਨੁ ਹਰਿ ਭਜਨ ਸਗਲ ਦੁਖ ਪਾਵਤ
ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ ॥

ਪੂਜਾ ਚਕ੍ਰ ਕਰਤ ਸੋਮਪਾਕਾ
ਅਨਿਕ ਭਾਂਤਿ ਥਾਟਹਿ ਕਰਿ ਥਟੂਆ ॥੨॥੧੧॥੨੦॥

ਸਵਈਏ ਮਹਲੇ ਪਹਿਲੇ ਕੇ ੧

ੴ ਸਤਿਗੁਰ ਪ੍ਰਸਾਦਿ ॥

ਇਕ ਮਨਿ ਪੁਰਖੁ ਧਿਆਇ ਬਰਦਾਤਾ ॥

ਸੰਤ ਸਹਾਰੁ ਸਦਾ ਬਿਖਿਆਤਾ ॥

ਤਾਸੁ ਚਰਨ ਲੇ ਰਿਦੈ ਬਸਾਵਉ ॥

ਤਉ ਪਰਮ ਗੁਰੂ ਨਾਨਕ ਗੁਨ ਗਾਵਉ ॥੧॥

ਗਾਵਉ ਗੁਨ ਪਰਮ ਗੁਰੂ ਸੁਖ ਸਾਗਰ
ਦੁਰਤ ਨਿਵਾਰਣ ਸਬਦ ਸਰੇ ॥

ਗਾਵਹਿ ਗੰਭੀਰ ਧੀਰ ਮਤਿ ਸਾਗਰ
ਜੋਗੀ ਜੰਗਮ ਧਿਆਨੁ ਧਰੇ ॥

ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ
ਆਤਮ ਰਸੁ ਜਿਨਿ ਜਾਣਿਓ ॥

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ
ਰਾਜੁ ਜੋਗੁ ਜਿਨਿ ਮਾਣਿਓ ॥੨॥

ਗਾਵਹਿ ਜਨਕਾਦਿ ਜੁਗਤਿ ਜੋਗੇਸੁਰ
ਹਰਿ ਰਸ ਪੂਰਨ ਸਰਬ ਕਲਾ ॥

ਗਾਵਹਿ ਸਨਕਾਦਿ ਸਾਧ ਸਿਧਾਦਿਕ

اُدمُ کرِ لاگے بہُ بھاتی
بچرہِ انِک ساسترّ بہُ کھٹوُیا ॥

بھسم لگاءِ تیرتھ بہُ بھرّمتے
سوُکھم دیہ بنّدھِ بہُ جٹوُیا ॥

بِنُ ہرِ بھجن سگل دُکھ پاوت
جِءُ پرّیم بڈھاءِ سوُت کے ہٹوُیا ॥

پوُجا چکّر کرت سومپاکا
انِک بھانتِ تھاٹہِ کرِ تھٹوُیا ॥2॥ 11 ॥ 20 ॥

سوئیّے محلے پہلے کے 1

ੴ ستِگُر پرّسادِ ॥

اِک منِ پُرکھُ دھِیاءِ برداتا ॥

سنّت سہارُ سدا بِکھیاتا ॥

تاسُ چرن لے رِدے بساوءُ ॥

تءُ پرم گُروُ نانک گُن گاوءُ ॥1॥

گاوءُ گُن پرم گُروُ سُکھ ساگر
دُرت نِوارنُ سبد سرے ॥

گاوہِ گنبھیر دھیر متِ ساگر
جوگی جنگم دھِیانُ دھرے ॥

گاوہِ اِندّرادِ بھگت پرّہلادِک
آتم رسُ جِنِ جانِیو ॥

کبِ کل سُجسُ گاوءُ گُر نانک
راجُ جوگُ جِنِ مانِیو ॥2॥

گاوہِ جنکادِ جُگتِ جوگیسُر
ہرِ رس پوُرن سرب کلا ॥

گاوہِ سنکادِ سادھ سِدھادِک

ਮੁਨਿ ਜਨ ਗਾਵਹਿ ਅਛਲ ਛਲਾ ॥

مُنِ جن گاوہِ اچھل چھلا ॥

ਗਾਵੈ ਗੁਣ ਧੋਮੁ ਅਟਲ ਮੰਡਲਵੈ
ਭਗਤਿ ਭਾਇ ਰਸੁ ਜਾਣਿਓ ॥

گاوےَ گُٹ دھومُ اٹل منڈلوےَ
بھگتِ بھاءِ رسُ جانِئو ॥

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ
ਰਾਜੁ ਜੋਗੁ ਜਿਨਿ ਮਾਣਿਓ ॥੩॥

کبِ کل سُجسُ گاوءُ گُر نانک
راجُ جوگُ جِنِ مانِئو ॥3॥

ਗਾਵਹਿ ਕਪਿਲਾਦਿ ਆਦਿ ਜੋਗੇਸੁਰ
ਅਪਰੰਪਰ ਅਵਤਾਰ ਵਰੋ ॥

گاوہِ کپِلادِ آدِ جوگیسُر
اپرنپر اوتار ورو ॥

ਗਾਵੈ ਜਮਦਗਨਿ ਪਰਸਰਾਮੇਸੁਰ
ਕਰ ਕੁਠਾਰੁ ਰਘੁ ਤੇਜੁ ਹਰਿਓ ॥

گاوےَ جمدگنِ پرسرامیسُر
کر کُٹھارُ رگھُ تیجُ ہرِئو ॥

ਉਧੌ ਅਕ੍ਰੂਰੁ ਬਿਦਰੁ ਗੁਣ ਗਾਵੈ
ਸਰਬਾਤਮੁ ਜਿਨਿ ਜਾਣਿਓ ॥

اُدھوَ اکروُرُ بِدرُ گُٹ گاوےَ
سرباتمُ جِنِ جانِئو ॥

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ
ਰਾਜੁ ਜੋਗੁ ਜਿਨਿ ਮਾਣਿਓ ॥੪॥

کبِ کل سُجسُ گاوءُ گُر نانک
راجُ جوگُ جِنِ مانِئو ॥4॥

ਗਾਵਹਿ ਗੁਣ ਬਰਨ ਚਾਰਿ ਖਟ ਦਰਸਨ
ਬ੍ਰਹਮਾਦਿਕ ਸਿਮਰੰਥਿ ਗੁਨਾ ॥

گاوہِ گُٹ برن چارِ کھٹ درسن
برہمادِک سِمرنتھِ گُنا ॥

ਗਾਵੈ ਗੁਣ ਸੇਸੁ ਸਹਸ ਜਿਹਬਾ ਰਸ
ਆਦਿ ਅੰਤਿ ਲਿਵ ਲਾਗਿ ਧੁਨਾ ॥

گاوےَ گُٹ سیسُ سہس جِہبا رس
آدِ انتِ لِو لاگِ دھُنا ॥

ਗਾਵੈ ਗੁਣ ਮਹਾਦੇਉ ਬੈਰਾਗੀ
ਜਿਨਿ ਧਿਆਨ ਨਿਰੰਤਰਿ ਜਾਣਿਓ ॥

گاوےَ گُٹ مہادیءُ بیراگی
جِنِ دھیان نِرنترِ جانِئو ॥

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ
ਰਾਜੁ ਜੋਗੁ ਜਿਨਿ ਮਾਣਿਓ ॥੫॥

کبِ کل سُجسُ گاوءُ گُر نانک
راجُ جوگُ جِنِ مانِئو ॥5॥

ਰਾਜੁ ਜੋਗੁ ਮਾਣਿਓ
ਬਸਿਓ ਨਿਰਵੈਰੁ ਰਿਦੰਤਰਿ ॥

راجُ جوگُ مانِئو
بسِئو نِرویرُ رِدنترِ ॥

ਸ੍ਰਿਸਟਿ ਸਗਲ ਉਧਰੀ
ਨਾਮਿ ਲੇ ਤਰਿਓ ਨਿਰੰਤਰਿ ॥

سرِسٹِ سگل اُدھری
نامِ لے ترِئو نِرنترِ ॥

ਗੁਣ ਗਾਵਹਿ ਸਨਕਾਦਿ ਆਦਿ
ਜਨਕਾਦਿ ਜੁਗਹ ਲਗਿ ॥

ਧੰਨਿ ਧੰਨਿ ਗੁਰੁ ਧੰਨਿ
ਜਨਮੁ ਸਕਯਥੁ ਭਲੋ ਜਗਿ ॥

ਪਾਤਾਲ ਪੁਰੀ ਜੈਕਾਰ ਧੁਨਿ
ਕਬਿ ਜਨ ਕਲ ਵਖਾਣਿਓ ॥

ਹਰਿ ਨਾਮ ਰਸਿਕ ਨਾਨਕ ਗੁਰ
ਰਾਜੁ ਜੋਗੁ ਤੈ ਮਾਣਿਓ ॥੬॥

ਸਤਜੁਗਿ ਤੈ ਮਾਣਿਓ
ਛਲਿਓ ਬਲਿ ਬਾਵਨ ਭਾਇਓ ॥

ਤ੍ਰੇਤੈ ਤੈ ਮਾਣਿਓ
ਰਾਮੁ ਰਘੁਵੰਸੁ ਕਹਾਇਓ ॥

ਦੁਆਪਰਿ ਕ੍ਰਿਸਨ ਮੁਰਾਰਿ
ਕੰਸੁ ਕਿਰਤਾਰਥੁ ਕੀਓ ॥

ਉਗ੍ਰਸੈਣ ਕਉ ਰਾਜੁ
ਅਭੈ ਭਗਤਹ ਜਨ ਦੀਓ ॥

ਕਲਿਜੁਗਿ ਪ੍ਰਮਾਣੁ ਨਾਨਕ ਗੁਰੁ
ਅੰਗਦੁ ਅਮਰੁ ਕਹਾਇਓ ॥

ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ
ਆਦਿ ਪੁਰਖਿ ਫੁਰਮਾਇਓ ॥੭॥

ਗੁਣ ਗਾਵੈ ਰਵਿਦਾਸੁ ਭਗਤੁ
ਜੈਦੇਵ ਤ੍ਰਿਲੋਚਨ ॥

ਨਾਮਾ ਭਗਤੁ ਕਬੀਰੁ
ਸਦਾ ਗਾਵਹਿ ਸਮ ਲੋਚਨ ॥

ਭਗਤੁ ਬੇਣਿ ਗੁਣ ਰਵੈ
ਸਹਜਿ ਆਤਮ ਰੰਗੁ ਮਾਣੈ ॥

گُن گاوہِ سنکادِ آدِ
جنکادِ جُگہ لگِ ॥

دھنّنِ دھنّنِ گُرُ دھنّنِ
جنمُ سکیتھُ بھلوَ جگِ ॥

پاتال پُری جیَکار دھُنِ
کبِ جن کل وکھانِیَو ॥

ہرِ نام رسِک نانک گُر
راجُ جوگُ تے مانِیَو ॥6॥

ستجُگِ تے مانِیَو
چھلِیَو بلِ باون بھائِیَو ॥

تّریتے تے مانِیَو
رامُ رگھُونّس کہائِیَو ॥

دُیاپر کّرِسن مُرارِ
کنّس کِرتارتھُ کِیَو ॥

اُگّرسیَنّ کءُ راجُ
ابھےَ بھگتہ جن دِیَو ॥

کلِجُگِ پّرمانُ نانک گُرُ
انگدُ امرُ کہائِیَو ॥

سّری گُرُو راجُ اٻچلُ اٹلُ
آدِ پُرکھِ فُرمائِیَو ॥7॥

گُن گاوےَ روِداسُ بھگتُ
جیَدیو تّرِلوچن ॥

نامـا بھگتُ کبیِرُ
سدا گاوہِ سم لوچن ॥

بھگتُ بیِنِ گُن روےَ

ਸਹਜ ਆਤਮ ਰਤੁ ਮਾਨੇ ॥
سہجِ آتم رتُکُ مانے ॥

ਜੋਗ ਧਿਆਨਿ ਗੁਰ ਗਿਆਨਿ
ਬਿਨਾ ਪ੍ਰਭ ਅਵਰੁ ਨ ਜਾਨੈ ॥

جوگ دھیانِ گُر گیانِ
بِنا پربھ اورُ ن جانے ॥

ਸੁਖਦੇਉ ਪਰੀਖ੍ਯਤੁ ਗੁਣ ਰਵੈ
ਗੋਤਮ ਰਿਖਿ ਜਸੁ ਗਾਇਓ ॥

سُکھدیءُ پریکھیت گُن روے
گوتم رِکھِ جسُ گائیو ॥

ਕਬਿ ਕਲ ਸੁਜਸੁ ਨਾਨਕ ਗੁਰ
ਨਿਤ ਨਵਤਨੁ ਜਗਿ ਛਾਇਓ ॥੮॥

کبِ کل سُجسُ نانک گُر
نِت نوتنُ جگِ چھائیو ॥8॥

ਗੁਣ ਗਾਵਹਿ ਪਾਯਾਲਿ
ਭਗਤ ਨਾਗਾਦਿ ਭੁਯੰਗਮ ॥

گُن گاوہِ پایالِ
بھگت ناگادِ بھُینگم ॥

ਮਹਾਦੇਉ ਗੁਣ ਰਵੈ ਸਦਾ
ਜੋਗੀ ਜਤਿ ਜੰਗਮ ॥

مہادیءُ گُن روے سدا
جوگی جتِ جنگم ॥

ਗੁਣ ਗਾਵੈ ਮੁਨਿ ਬ੍ਯਾਸੁ
ਜਿਨਿ ਬੇਦ ਬ੍ਯਾਕਰਣ ਬੀਚਾਰਿਅ ॥

گُن گاوے مُنِ بیاسُ
جِنِ بید بیاکرن بیچارِء ॥

ਬ੍ਰਹਮਾ ਗੁਣ ਉਚਰੈ
ਜਿਨਿ ਹੁਕਮਿ ਸਭ ਸ੍ਰਿਸਟਿ ਸਵਾਰੀਅ ॥

برہما گُن اُچرے
جِنِ حُکمِ سبھ سرِسٹِ سواریء ॥

ਬ੍ਰਹਮੰਡ ਖੰਡ ਪੂਰਨ ਬ੍ਰਹਮੁ
ਗੁਣ ਨਿਰਗੁਣ ਸਮ ਜਾਣਿਓ ॥

برہمنڈ کھنڈ پوُرن برہمُ
گُن نِرگُن سم جانیو ॥

ਜਪੁ ਕਲ ਸੁਜਸੁ ਨਾਨਕ ਗੁਰੁ
ਸਹਜੁ ਜੋਗੁ ਜਿਨਿ ਮਾਣਿਓ ॥੯॥

جپُ کل سُجسُ نانک گُرُ
سہجُ جوگُ جِنِ مانیو ॥9॥

ਗੁਣ ਗਾਵਹਿ ਨਵ ਨਾਥ
ਧੰਨਿ ਗੁਰੁ ਸਾਚਿ ਸਮਾਇਓ ॥

گُن گاوہِ نو ناتھ
دھنّنِ گُرُ ساچِ سمائیو ॥

ਮਾਂਧਾਤਾ ਗੁਣ ਰਵੈ
ਜੇਨ ਚਕ੍ਰਵੈ ਕਹਾਇਓ ॥

ماندھاتا گُن روے
جین چکّروے کہائیو ॥

ਗੁਣ ਗਾਵੈ ਬਲਿ ਰਾਉ
ਸਪਤ ਪਾਤਾਲਿ ਬਸੰਤੋ ॥

گُن گاوے بلِ راءُ
سپت پاتالِ بسنّتوَ ॥

ਭਰਥਰਿ ਗੁਣ ਉਚਰੈ ਸਦਾ
ਗੁਰ ਸੰਗਿ ਰਹੰਤੌ ॥

بھرتھرِ گُنٹ اُچرے سدا
گُر سنگِ رہنّتو ॥

ਦੂਰਬਾ ਪਰੂਰਉ ਅੰਗਰੈ
ਗੁਰ ਨਾਨਕ ਜਸੁ ਗਾਇਓ ॥

دوُربا پرُوُرءُ انگرے
گُر نانک جسُ گائتو ॥

ਕਬਿ ਕਲ ਸੁਜਸੁ ਨਾਨਕ ਗੁਰ
ਘਟਿ ਘਟਿ ਸਹਜਿ ਸਮਾਇਓ ॥੧੦॥

کبِ کل سُجسُ نانک گُر
گھٹِ گھٹِ سہجِ سمائتو ॥ 10 ॥

ਸਵਈਏ ਮਹਲੇ ਦੂਜੇ ਕੇ ੨

سوئیے محلے دوُجے کے 2

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸੋਈ ਪੁਰਖੁ ਧੰਨ ਕਰਤਾ
ਕਾਰਣ ਕਰਤਾਰੁ ਕਰਣ ਸਮਰਥੋ ॥

سوئی پُرکھُ دھنّن کرتا
کارنٹ کرتارُ کرنٹ سمرتھو ॥

ਸਤਿਗੁਰੂ ਧੰਨੁ ਨਾਨਕੁ
ਮਸਤਕਿ ਤੁਮ ਧਰਿਓ ਜਿਨਿ ਹਥੋ ॥

ستِگُروُ دھنّنُ نانکُ
مستکِ تُم دھرِئو جِنِ ہتھو ॥

ਤ ਧਰਿਓ ਮਸਤਕਿ ਹਥੁ
ਸਹਜਿ ਅਮਿਉ ਵੁਠਉ ਛਜਿ
ਸੁਰਿ ਨਰ ਗਣ ਮੁਨਿ ਬੋਹਿਯ ਅਗਾਜਿ ॥

ت دھرِئو مستکِ ہتھُ
سہجِ امِءُ وُٹھءُ چھجِ
سُرِ نر گنٹ مُنِ بوہِیِ اگاجِ ॥

ਮਾਰਿਓ ਕੰਟਕੁ ਕਾਲੁ ਗਰਜਿ ਧਾਵਤੁ ਲੀਓ ਬਰਜਿ
ਪੰਚ ਭੂਤ ਏਕ ਘਰਿ ਰਾਖਿ ਲੇ ਸਮਜਿ ॥

مارِئو کنٹکُ کالُ گرجِ دھاوتُ لِینو برجِ
پنّچ بھوُت ایک گھرِ راکھِ لے سمجِ ॥

ਜਗੁ ਜੀਤਉ ਗੁਰ ਦੁਆਰਿ ਖੇਲਹਿ ਸਮਤ ਸਾਰਿ
ਰਥੁ ਉਨਮਨਿ ਲਿਵ ਰਾਖਿ ਨਿਰੰਕਾਰਿ ॥

جگُ جیِت ءُ گُر دُیارِ کھیلہِ سمت سارِ
رتھُ اُنمنِ لِو راکھِ نِرنکارِ ॥

ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ
ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥੧॥

کہُ کیِرتِ کل سہار سپت دیِپ مجھار
لہنّا جگتّر گُرُ پرسِ مُرارِ ॥ 1 ॥

ਜਾ ਕੀ ਦ੍ਰਿਸਟਿ ਅੰਮ੍ਰਿਤ ਧਾਰ ਕਾਲੁਖ ਖਨਿ ਉਤਾਰ
ਤਿਮਰ ਅਗ੍ਯਾਨ ਜਾਹਿ ਦਰਸ ਦੁਆਰ ॥

جا کی دِرّسٹِ انمرّت دھار کالُکھ کھنِ اُتار
تِمر اگّیان جاہِ درس دُیار ॥

ਓਇ ਜੁ ਸੇਵਹਿ ਸਬਦੁ ਸਾਰੁ
ਗਾਖੜੀ ਬਿਖਮ ਕਾਰ
ਤੇ ਨਰ ਭਵ ਉਤਾਰਿ ਕੀਏ ਨਿਰਭਾਰ ॥

اوءِ جُ سیوہِ سبدُ سارُ
گاکھڑی بِکھم کار

ਤੇ ਨਰ ਭਵ ਉਤਾਰਿ ਕੇਤੇ ਨਿਰਭਾਰ ॥

ستسنگتِ سہج سارِ جاگیلے گُر بیچارِ
نِمری بھوت سدیو پرم پیارِ ॥

ਸਤਸੰਗਤਿ ਸਹਜ ਸਾਰਿ ਜਾਗੀਲੇ ਗੁਰ ਬੀਚਾਰਿ
ਨਿੰਮਰੀ ਭੂਤ ਸਦੀਵ ਪਰਮ ਪਿਆਰਿ ॥

ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ
ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥੨॥

کہُ کیرتِ کل سہار سپت دیپ مجھار
لہنا جگتّر گُرُ پرسِ مُرارِ ॥2॥

ਤੈ ਤਉ ਦ੍ਰਿੜਿਓ ਨਾਮੁ ਅਪਾਰੁ ਬਿਮਲ ਜਾਸੁ ਬਿਥਾਰੁ
ਸਾਧਿਕ ਸਿਧ ਸੁਜਨ ਜੀਆ ਕੋ ਅਧਾਰੁ ॥

تے تءُ دڑِڑیو نامُ اپارُ بِمل جاسُ بِتھارُ
سادھک سِدھ سُجن جیِیا کو ادھارُ ॥

ਤੂ ਤਾ ਜਨਿਕ ਰਾਜਾ ਅਉਤਾਰੁ
ਸਬਦੁ ਸੰਸਾਰਿ ਸਾਰੁ
ਰਹਹਿ ਜਗਤ੍ਰ ਜਲ ਪਦਮ ਬੀਚਾਰ ॥

توُ تا جنِک راجا اُتارُ
سبدُ سنّسارِ سارُ
رہہِ جگتّر جل پدم بیچار ॥

ਕਲਿਪ ਤਰੁ ਰੋਗ ਬਿਦਾਰੁ ਸੰਸਾਰ ਤਾਪ ਨਿਵਾਰੁ
ਆਤਮਾ ਤ੍ਰਿਬਿਧਿ ਤੇਰੈ ਏਕ ਲਿਵ ਤਾਰ ॥

کلِپ ترُ روگ بِدارُ سنّسار تاپ نِوارُ
آتما تّرِبِدھِ تیرے ایک لِو تار ॥

ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ
ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥੩॥

کہُ کیرتِ کل سہار سپت دیپ مجھار
لہنا جگتّر گُرُ پرسِ مُرارِ ॥3॥

ਤੈ ਤਾ ਹਦਰਥਿ ਪਾਇਓ ਮਾਨ ਸੇਵਿਆ ਗੁਰੁ ਪਰਵਾਨੁ
ਸਾਧਿ ਅਜਗਰੁ ਜਿਨਿ ਕੀਆ ਉਨਮਾਨੁ ॥

تے تا حدرتھِ پائیو مان سیویا گُرُ پروانُ
سادھِ اجگرُ جِنِ کیِیا اُنمانُ ॥

ਹਰਿ ਹਰਿ ਦਰਸ ਸਮਾਨ ਆਤਮਾ ਵੰਤਗਿਆਨ
ਜਾਣੀਅ ਅਕਲ ਗਤਿ ਗੁਰ ਪਰਵਾਨ ॥

ہرِ ہرِ درس سمان آتما وَنتگیان
جانیٔ اکل گتِ گُر پروان ॥

ਜਾ ਕੀ ਦ੍ਰਿਸਟਿ ਅਚਲ ਠਾਣ ਬਿਮਲ ਬੁਧਿ ਸੁਥਾਨ
ਪਹਿਰਿ ਸੀਲ ਸਨਾਹੁ ਸਕਤਿ ਬਿਦਾਰਿ ॥

جا کی دڑِسٹِ اچل ٹھانٹ بِمل بُدھِ سُتھان
پہِرِ سیِل سناہُ سکتِ بِدارِ ॥

ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ
ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥੪॥

کہُ کیرتِ کل سہار سپت دیپ مجھار
لہنا جگتّر گُرُ پرسِ مُرارِ ॥4॥

ਦ੍ਰਿਸਟਿ ਧਰਤ ਤਮ ਹਰਨ
ਦਹਨ ਅਘ ਪਾਪ ਪ੍ਰਨਾਸਨ ॥

دڑِسٹِ دھرت تم ہرن
دہن اگھ پاپ پّرناسن ॥

ਸਬਦ ਸੂਰ ਬਲਵੰਤ
ਕਾਮ ਅਰੁ ਕ੍ਰੋਧ ਬਿਨਾਸਨ ॥

سبد سوُر بلونّت

ਕਾਮ ਾਰੁ ਕ੍ਰੋਧ ਬਿਨਾਸਨ ॥

لوبھ موہ وسِ کرنٹ
سرنٹ جاچِک پرتپالنٹ ॥

ਲੋਭ ਮੋਹ ਵਸਿ ਕਰਣ
ਸਰਣ ਜਾਚਿਕ ਪ੍ਰਤਿਪਾਲਣ ॥

آتم رت سنگرہنٹ
کہنٹ انمرت کل ڈھالنٹ ॥

ਆਤਮ ਰਤ ਸੰਗ੍ਰਹਣ
ਕਹਣ ਅੰਮ੍ਰਿਤ ਕਲ ਢਾਲਣ ॥

ستِگُرو کل ستِگُر تِلکُ
ستِ لاگے سو پے ترے ॥

ਸਤਿਗੁਰੂ ਕਲ ਸਤਿਗੁਰ ਤਿਲਕੁ
ਸਤਿ ਲਾਗੈ ਸੋ ਪੈ ਤਰੈ ॥

گُرو جگت پھرِنسیہِ انگرءُ
راجُ جوگُ لہنا کرے ॥5॥

ਗੁਰੁ ਜਗਤ ਫਿਰਣਸੀਹ ਅੰਗਰਉ
ਰਾਜੁ ਜੋਗੁ ਲਹਣਾ ਕਰੈ ॥੫॥

سدا اکل لِو رہے
کرن سِءُ اِچھا چارہ ॥

ਸਦਾ ਅਕਲ ਲਿਵ ਰਹੈ
ਕਰਨ ਸਿਉ ਇਛਾ ਚਾਰਹ ॥

دُرم سپوُر جِءُ نِوے
کھوے کسُ بِمل بیچارہ ॥

ਦ੍ਰੂਮ ਸਪੂਰ ਜਿਉ ਨਿਵੈ
ਖਵੈ ਕਸੁ ਬਿਮਲ ਬੀਚਾਰਹ ॥

اِہے تتُ جانئیو
سرب گتِ الکھُ بِڈانی ॥

ਇਹੈ ਤਤੁ ਜਾਣਿਓ
ਸਰਬ ਗਤਿ ਅਲਖੁ ਬਿਡਾਣੀ ॥

سہج بھاءِ سنچئیو
کِرنِ انمرت کل بانی ॥

ਸਹਜ ਭਾਇ ਸੰਚਿਓ
ਕਿਰਣਿ ਅੰਮ੍ਰਿਤ ਕਲ ਬਾਣੀ ॥

گُر گمِ پرمانُ تے پائیو
ست سنتوکھُ گراہجِ لہو ॥

ਗੁਰ ਗਮਿ ਪ੍ਰਮਾਣੁ ਤੈ ਪਾਇਓ
ਸਤੁ ਸੰਤੋਖੁ ਗ੍ਰਾਹਜਿ ਲਯੋ ॥

ہرِ پرسِئو کلُ سملوے
جن درسنُ لہنے بھیو ॥6॥

ਹਰਿ ਪਰਸਿਓ ਕਲੁ ਸਮੁਲਵੈ
ਜਨ ਦਰਸਨੁ ਲਹਣੇ ਭਯੋ ॥੬॥

منِ بِساسُ پائیو
گہرِ گہُ حدرتھِ دیئو ॥

ਮਨਿ ਬਿਸਾਸੁ ਪਾਇਓ
ਗਹਰਿ ਗਹੁ ਹਦਰਥਿ ਦੀਓ ॥

گرل ناسُ تنِ نٹھیو
امِءُ انترگتِ پیئو ॥

ਗਰਲ ਨਾਸੁ ਤਨਿ ਨਠਯੋ
ਅਮਿਉ ਅੰਤਰਗਤਿ ਪੀਓ ॥

ਰਿਦਿ ਬਿਗਾਸੁ ਜਾਗਿਓ
ਅਲਖਿ ਕਲ ਧਰੀ ਜੁਗੰਤਰਿ ॥

ਸਤਿਗੁਰੁ ਸਹਜ ਸਮਾਧਿ
ਰਵਿਓ ਸਾਮਾਨਿ ਨਿਰੰਤਰਿ ॥

ਉਦਾਰਉ ਚਿਤ ਦਾਰਿਦ ਹਰਨ
ਪਿਖੰਤਿਹ ਕਲਮਲ ਤ੍ਰਸਨ ॥

ਸਦ ਰੰਗ ਸਹਜਿ ਕਲੁ ਉਚਰੈ
ਜਸੁ ਜੰਪਉ ਲਹਣੇ ਰਸਨ ॥੭॥

ਨਾਮੁ ਅਵਖਧੁ ਨਾਮੁ ਆਧਾਰੁ
ਅਰੁ ਨਾਮੁ ਸਮਾਧਿ ਸੁਖੁ
ਸਦਾ ਨਾਮ ਨੀਸਾਣੁ ਸੋਹੈ ॥

ਰੰਗਿ ਰਤੌ ਨਾਮ ਸਿਉ
ਕਲ ਨਾਮੁ ਸੁਰਿ ਨਰਹ ਬੋਹੈ ॥

ਨਾਮ ਪਰਸੁ ਜਿਨਿ ਪਾਇਓ
ਸਤੁ ਪ੍ਰਗਟਿਓ ਰਵਿ ਲੋਇ ॥

ਦਰਸਨਿ ਪਰਸਿਐ ਗੁਰੂ ਕੈ
ਅਠਸਠਿ ਮਜਨੁ ਹੋਇ ॥੮॥

ਸਚੁ ਤੀਰਥੁ ਸਚੁ ਇਸਨਾਨੁ ਅਰੁ ਭੋਜਨੁ ਭਾਉ ਸਚੁ
ਸਦਾ ਸਚੁ ਭਾਖੰਤੁ ਸੋਹੈ ॥

ਸਚੁ ਪਾਇਓ ਗੁਰ ਸਬਦਿ
ਸਚੁ ਨਾਮੁ ਸੰਗਤੀ ਬੋਹੈ ॥

ਜਿਸੁ ਸਚੁ ਸੰਜਮੁ ਵਰਤੁ ਸਚੁ
ਕਬਿ ਜਨ ਕਲ ਵਖਾਣੁ ॥

ਦਰਸਨਿ ਪਰਸਿਐ ਗੁਰੂ ਕੈ
ਸਚੁ ਜਨਮੁ ਪਰਵਾਣੁ ॥੯॥

رِدِ بِگاسُ جاگِئو
الکھِ کل دھری جُگنترِ ॥

ستِگُرُ سہج سمادھِ
روِئو سامانِ نِرنترِ ॥

اُدارءُ چِت دارِد ہرن
پِکھنّتہِ کلمل ترّسن ॥

سد رنگ سہجِ کلُ اُچرے
جسُ جنّپءُ لہنے رسن ॥7॥

نامُ اوکھدھُ نامُ آدھارُ
ارُ نامُ سمادھِ سُکھُ
سدا نام نِیشانُ سوہے ॥

رنگِ رتو نام سِءُ
کل نامُ سُرِ نرہ بوہے ॥

نام پرسُ جِنِ پائِئو
ست پّرگٹِئو روِ لوءِ ॥

درسنِ پرسِئے گُرو کے
اٹھسٹھِ مجنُ ہوءِ ॥8॥

سچُ تیرتھُ سچُ اِسنانُ ارُ بھوجنُ بھاءُ سچُ
سدا سچُ بھاکھنّتُ سوہے ॥

سچُ پائِئو گُر سبدِ
سچُ نامُ سنگتی بوہے ॥

جِسُ سچُ سنجّمُ ورتُ سچُ
کبِ جن کل وکھانُ ॥

درسنِ پرسِئے گُرو کے
سچُ جنمُ پرواںُ ॥9॥

ਅਮਿਅ ਦ੍ਰਿਸਟਿ ਸੁਭ ਕਰੈ
ਹਰੈ ਅਘ ਪਾਪ ਸਕਲ ਮਲ ॥

امِء دڑِسٹِ سُبھ کرے
ہرے اگھ پاپ سکل مل ॥

ਕਾਮ ਕ੍ਰੋਧ ਅਰੁ ਲੋਭ ਮੋਹ
ਵਸਿ ਕਰੈ ਸਭੈ ਬਲ ॥

کام کرودھ ارُ لوبھ موہ
وسِ کرے سبھے بل ॥

ਸਦਾ ਸੁਖੁ ਮਨਿ ਵਸੈ
ਦੁਖੁ ਸੰਸਾਰਹ ਖੋਵੈ ॥

سدا سُکھُ منِ وسے
دُکھُ سنّسارہ کھووے ॥

ਗੁਰੁ ਨਵ ਨਿਧਿ ਦਰੀਆਉ
ਜਨਮ ਹਮ ਕਾਲਖ ਧੋਵੈ ॥

گُرُ نو نِدھِ دریِیاءُ
جنم ہم کالکھ دھووے ॥

ਸੁ ਕਹੁ ਟਲ ਗੁਰੁ ਸੇਵੀਐ
ਅਹਿਨਿਸਿ ਸਹਜਿ ਸੁਭਾਇ ॥

سُ کہُ ٹل گُرُ سیویے
اہِنِس سہجِ سُبھاءِ ॥

ਦਰਸਨਿ ਪਰਸਿਐ ਗੁਰੂ ਕੈ
ਜਨਮ ਮਰਣ ਦੁਖੁ ਜਾਇ ॥੧੦॥

درسنِ پرسِیے گُرُو کے
جنم مرنٹ دُکھُ جاءِ ॥ 10 ॥

ਸਵਈਏ ਮਹਲੇ ਤੀਜੇ ਕੇ ੩

سوئیے محلے تیجے کے 3

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਸੋਈ ਪੁਰਖੁ ਸਿਵਰਿ ਸਾਚਾ
ਜਾ ਕਾ ਇਕੁ ਨਾਮੁ ਅਛਲੁ ਸੰਸਾਰੇ ॥

سوئی پُرکھُ سِورِ ساچا
جا کا اِکُ نامُ اچھلُ سنّسارے ॥

ਜਿਨਿ ਭਗਤ ਭਵਜਲ ਤਾਰੇ
ਸਿਮਰਹੁ ਸੋਈ ਨਾਮੁ ਪਰਧਾਨੁ ॥

جِنِ بھگت بھوجل تارے
سِمرہُ سوئی نامُ پردھانُ ॥

ਤਿਤੁ ਨਾਮਿ ਰਸਿਕੁ ਨਾਨਕੁ
ਲਹਣਾ ਥਪਿਓ ਜੇਨ ਸ੍ਰਬ ਸਿਧੀ ॥

تِتُ نامِ رسِکُ نانکُ
لہنّا تھپِئو جین سّرب سِدھی ॥

ਕਵਿ ਜਨ ਕਲ੍ਯ ਸਬੁਧੀ ਕੀਰਤਿ
ਜਨ ਅਮਰਦਾਸ ਬਿਸ੍ਤਰੀਯਾ ॥

کوِ جن کلّیِ سبُدھی کیرتِ
جن امرداس بِستریِیا ॥

ਕੀਰਤਿ ਰਵਿ ਕਿਰਣਿ ਪ੍ਰਗਟਿ ਸੰਸਾਰਹ
ਸਾਖ ਤਰੋਵਰ ਮਵਲਸਰਾ ॥

کیرتِ روِ کرِنٹِ پرگٹِ سنّسارہ
ساکھ تروور مولسرا ॥

ਉਤਰਿ ਦਖਿਣਹਿ ਪੁਬਿ ਅਰੁ ਪਸ੍ਚਮਿ

اُترِ دکھِٹہِ پُبِ ارُ پسّچمِ

ਜੈ ਜੈ ਕਾਰੁ ਜਪੰਥਿ ਨਰਾ ॥
جے جے کارُ جپنّتھِ نرا ॥

ਹਰਿ ਨਾਮੁ ਰਸਨਿ ਗੁਰਮੁਖਿ ਬਰਦਾਯਉ
ਉਲਟਿ ਗੰਗ ਪਸ੍ਚਮਿ ਧਰੀਆ ॥
ہرِ نامُ رسنِ گُرمُکھِ بردایءُ
اُلٹِ گنگ پسّچمِ دھریِیا ॥

ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ
ਅਮਰਦਾਸ ਗੁਰ ਕਉ ਫੁਰਿਆ ॥੧॥
سوئی نامُ اچھلُ بھگتہ بھو تارنُ
امرداس گُر کءُ پھُریا ॥1॥

ਸਿਮਰਹਿ ਸੋਈ ਨਾਮ ਜਖ੍ਯ ਅਰੁ ਕਿੰਨਰ
ਸਾਧਿਕ ਸਿਧ ਸਮਾਧਿ ਹਰਾ ॥
سِمرہِ سوئی نام جکھّیِ ارُ کِنّنر
سادھِک سِدھ سمادھِ ہرا ॥

ਸਿਮਰਹਿ ਨਖ੍ਯਤ੍ਰ ਅਵਰ ਧ੍ਰੂ ਮੰਡਲ
ਨਾਰਦਾਦਿ ਪ੍ਰਹਲਾਦਿ ਵਰਾ ॥
سِمرہِ نکھّتّر اور دھّرُو منڈل
نارداد پّرہلادِ ورا ॥

ਸਸੀਅਰੁ ਅਰੁ ਸੂਰੁ ਨਾਮੁ ਉਲਾਸਹਿ
ਸੈਲ ਲੋਅ ਜਿਨਿ ਉਧਰਿਆ ॥
سسیئرُ ارُ سوُرُ نامُ اُلاسہِ
سیَل لوء جِنِ اُدھرِیا ॥

ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ
ਅਮਰਦਾਸ ਗੁਰ ਕਉ ਫੁਰਿਆ ॥੨॥
سوئی نامُ اچھلُ بھگتہ بھو تارنُ
امرداس گُر کءُ پھُریا ॥2॥

ਸੋਈ ਨਾਮੁ ਸਿਵਰਿ ਨਵ ਨਾਥ ਨਿਰੰਜਨੁ
ਸਿਵ ਸਨਕਾਦਿ ਸਮੁਧਰਿਆ ॥
سوئی نامُ سِورِ نو ناتھ نِرنّجنُ
سِو سنکادِ سمُدھرِیا ॥

ਚਵਰਾਸੀਹ ਸਿਧ ਬੁਧ ਜਿਤੁ ਰਾਤੇ
ਅੰਬਰੀਕ ਭਵਜਲੁ ਤਰਿਆ ॥
چوراسیہ سِدھ بُدھ جِتُ راتے
انّبریک بھوجلُ تریا ॥

ਉਧਉ ਅਕ੍ਰੂਰੁ ਤਿਲੋਚਨੁ ਨਾਮਾ
ਕਲਿ ਕਬੀਰ ਕਿਲਵਿਖ ਹਰਿਆ ॥
اُدھءُ اکّرُورُ تِلوچنُ نامَا
کلِ کبیِر کِلوِکھ ہرِیا ॥

ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ
ਅਮਰਦਾਸ ਗੁਰ ਕਉ ਫੁਰਿਆ ॥੩॥
سوئی نامُ اچھلُ بھگتہ بھو تارنُ
امرداس گُر کءُ پھُریا ॥3॥

ਤਿਤੁ ਨਾਮਿ ਲਾਗਿ ਤੇਤੀਸ ਧਿਆਵਹਿ
ਜਤੀ ਤਪੀਸੁਰ ਮਨਿ ਵਸਿਆ ॥
تِتُ نامِ لاگِ تیتیس دھیاوہِ
جتی تپیسُر منِ وسِیا ॥

ਸੋਈ ਨਾਮੁ ਸਿਮਰਿ ਗੰਗੇਵ ਪਿਤਾਮਹ
ਚਰਣ ਚਿਤ ਅੰਮ੍ਰਿਤ ਰਸਿਆ ॥
سوئی نامُ سِمرِ گنگیو پِتامہ
چرنُ چِت انّمرِت رسِیا ॥

ਤਿਤੁ ਨਾਮਿ ਗੁਰੂ ਗੰਭੀਰ ਗਰੂਅ ਮਤਿ
ਸਤ ਕਰਿ ਸੰਗਤਿ ਉਧਰੀਆ ॥

ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ
ਅਮਰਦਾਸ ਗੁਰ ਕਉ ਫੁਰਿਆ ॥੪॥

ਨਾਮ ਕਿਤਿ ਸੰਸਾਰਿ
ਕਿਰਣਿ ਰਵਿ ਸੁਰਤਰ ਸਾਖਹ ॥

ਉਤਰਿ ਦਖਿਣਿ ਪੁਬਿ ਦੇਸਿ
ਪਸ੍ਚਮਿ ਜਸੁ ਭਾਖਹ ॥

ਜਨਮੁ ਤ ਇਹੁ ਸਕਯਥੁ
ਜਿਤੁ ਨਾਮੁ ਹਰਿ ਰਿਦੈ ਨਿਵਾਸੈ ॥

ਸੁਰਿ ਨਰ ਗਣ ਗੰਧਰਬ
ਛਿਅ ਦਰਸਨ ਆਸਾਸੈ ॥

ਭਲਉ ਪ੍ਰਸਿਧੁ ਤੇਜੋ ਤਨੌ
ਕਲ੍ਹ ਜੋੜਿ ਕਰ ਧ੍ਯਾਇਅਉ ॥

ਸੋਈ ਨਾਮੁ ਭਗਤ ਭਵਜਲ ਹਰਣੁ
ਗੁਰ ਅਮਰਦਾਸ ਤੈ ਪਾਇਓ ॥੫॥

ਨਾਮੁ ਧਿਆਵਹਿ ਦੇਵ ਤੇਤੀਸ ਅਰੁ ਸਾਧਿਕ ਸਿਧ ਨਰ
ਨਾਮਿ ਖੰਡ ਬ੍ਰਹਮੰਡ ਧਾਰੇ ॥

ਜਹ ਨਾਮੁ ਸਮਾਧਿਓ
ਹਰਖੁ ਸੋਗੁ ਸਮ ਕਰਿ ਸਹਾਰੇ ॥

ਨਾਮੁ ਸਿਰੋਮਣਿ ਸਰਬ ਮੈ
ਭਗਤ ਰਹੇ ਲਿਵ ਧਾਰਿ ॥

ਸੋਈ ਨਾਮੁ ਪਦਾਰਥੁ ਅਮਰ ਗੁਰ
ਤੁਸਿ ਦੀਓ ਕਰਤਾਰਿ ॥੬॥

ਸਤਿ ਸੂਰਉ ਸੀਲਿ ਬਲਵੰਤੁ
ਸਤ ਭਾਇ ਸੰਗਤਿ ਸਘਨ

تِتُ نامِ گُرہُ گنبھیر گروُء متِ
ست کرِ سنگتِ اُدھریِیا ॥

سوئی نامُ اچھلُ بھگتہ بھو تارنُ
امرداس گُر کءُ پھُریا ॥4॥

نام کِتِ سنّسارِ
کِرنِ روِ سُرتر ساکھ ॥

اُترِ دکھِنِ پُبِ دیِس
پسّچِمِ جسُ بھاکھ ॥

جنمُ ت اِہُ سکیتھُ
جِتُ نامُ ہرِ رِدے نِواسے ॥

سُرِ نر گنُ گندھرب
چھِء درسن آساسے ॥

بھل ءُ پرّسِدھُ تیجو تنوَ
کلّپِ جوڑِ کر دھّیائِئو ॥

سوئی نامُ بھگت بھوجل ہرنُ
گُر امرداس تے پائِئو ॥5॥

نامُ دھیاوہِ دیو تیتیِس ارُ سادھِک سِدھ نر
نامِ کھنڈ برہمنڈ دھارے ॥

جہ نامُ سمادھِئو
ہرکھُ سوگُ سم کرِ سہارے ॥

نامُ سِرومنِ سرب مے
بھگت رہے لِو دھارِ ॥

سوئی نامُ پدارتھُ امر گُر
تُس دیِئو کرتارِ ॥6॥

ستِ سوُرءُ سیِلِ بلونّتُ

ਗਰੂਅ ਮਤਿ ਨਿਰਵੈਰਿ ਲੀਣਾ ॥

ست بھاءِ سنگتِ سگھن
گروُء متِ نِرویَر لِیٹا ॥

ਜਿਸੁ ਧੀਰਜੁ ਧੁਰਿ ਧਵਲੁ ਧੁਜਾ
ਸੇਤਿ ਬੈਕੁੰਠ ਬੀਣਾ ॥

جِسُ دھیرِجُ دھُرِ دھولُ دھُجا
سیتِ بیکُنٹھ بِیٹا ॥

ਪਰਸਹਿ ਸੰਤ ਪਿਆਰੁ
ਜਿਹ ਕਰਤਾਰਹ ਸੰਜੋਗੁ ॥

پرسہِ سنّت پِیارُ
جِہ کرتارہ سنجوگُ ॥

ਸਤਿਗੁਰੂ ਸੇਵਿ ਸੁਖੁ ਪਾਇਓ
ਅਮਰਿ ਗੁਰਿ ਕੀਤਉ ਜੋਗੁ ॥੭॥

ستِگُرو سیوِ سُکھُ پائیو
امرِ گُرِ کیت ءُ جوگُ ॥7॥

ਨਾਮੁ ਨਾਵਣੁ ਨਾਮੁ ਰਸ ਖਾਣੁ
ਅਰੁ ਭੋਜਨੁ ਨਾਮ ਰਸੁ
ਸਦਾ ਚਾਯ ਮੁਖਿ ਮਿਸ੍ਰ ਬਾਣੀ ॥

نامُ ناونُ نامُ رس کھانُ
ارُ بھوجنُ نام رسُ
سدا چایِ مُکھِ مِسّٹ بانُی ॥

ਧਨਿ ਸਤਿਗੁਰੁ ਸੇਵਿਓ
ਜਿਸੁ ਪਸਾਇ ਗਤਿ ਅਗਮ ਜਾਣੀ ॥

دھنِ ستِگُرُ سیوِئو
جِسُ پساءِ گتِ اگم جانُی ॥

ਕੁਲ ਸੰਬੂਹ ਸਮੁਧਰੇ
ਪਾਯਉ ਨਾਮ ਨਿਵਾਸੁ ॥

کُل سنّبوہ سمُدھرے
پایِءُ نام نِواسُ ॥

ਸਕਯਥੁ ਜਨਮੁ ਕਲ੍ਯੁਚਰੈ
ਗੁਰੁ ਪਰਸ੍ਿਉ ਅਮਰ ਪ੍ਰਗਾਸੁ ॥੮॥

سکیتھُ جنمُ کلّیُچرے
گُرُ پرسّیِءُ امر پرّگاسُ ॥8॥

ਬਾਰਿਜੁ ਕਰਿ ਦਾਹਿਣੈ
ਸਿਧਿ ਸਨਮੁਖ ਮੁਖੁ ਜੋਵੈ ॥

بارِجُ کرِ داہِنّے
سِدھِ سنمُکھ مُکھُ جووے ॥

ਰਿਧਿ ਬਸੈ ਬਾਂਵਾਂਗਿ
ਜੁ ਤੀਨਿ ਲੋਕਾਂਤਰ ਮੋਹੈ ॥

رِدھِ بسے باںواںگِ
جُ تِینِ لوکانتر موہے ॥

ਰਿਦੈ ਬਸੈ ਅਕਹੀਉ
ਸੋਇ ਰਸ ਤਿਨ ਹੀ ਜਾਤਉ ॥

رِدے بسے اکہیِءُ
سوءِ رس تِن ہی جات ءُ ॥

ਮੁਖਹੁ ਭਗਤਿ ਉਚਰੈ
ਅਮਰੁ ਗੁਰੁ ਇਤੁ ਰੰਗਿ ਰਾਤਉ ॥

مُکھہُ بھگتِ اُچرے
امرُ گُرُ اِتُ رنگِ رات ءُ ॥

ਮਸਤਕਿ ਨੀਸਾਣੁ ਸਚਉ ਕਰਮੁ
ਕਲ੍ਹ ਜੋੜਿ ਕਰ ਧ੍ਯਾਇਅਉ ॥

مستکِ نیشانُ سچءُ کرمُ
کلّپِ جوڑِ کر دھّیائیءُ ॥

ਪਰਸਿਅਉ ਗੁਰੂ ਸਤਿਗੁਰ ਤਿਲਕੁ
ਸਰਬ ਇਛ ਤਿਨਿ ਪਾਇਅਉ ॥੯॥

پرسِیءُ گُروُ ستِگُر تِلکُ
سرب اِچھ تِنِ پائیءُ ॥9॥

ਚਰਣ ਤ ਪਰ ਸਕਯਥ
ਚਰਣ ਗੁਰ ਅਮਰ ਪਵਲਿ ਰਯ ॥

چرنْ ت پر سکیتھ
چرنْ گُر امرپولِ ریِ ॥

ਹਥ ਤ ਪਰ ਸਕਯਥ
ਹਥ ਲਗਹਿ ਗੁਰ ਅਮਰ ਪਯ ॥

ہتھ ت پر سکیتھ
ہتھ لگہِ گُر امرپیِ ॥

ਜੀਹ ਤ ਪਰ ਸਕਯਥ
ਜੀਹ ਗੁਰ ਅਮਰੁ ਭਣਿਜੈ ॥

جیہ ت پر سکیتھ
جیہ گُر امرُ بھنِجےَ ॥

ਨੈਣ ਤ ਪਰ ਸਕਯਥ
ਨਯਣਿ ਗੁਰੁ ਅਮਰੁ ਪਿਖਿਜੈ ॥

نیَنْ ت پر سکیتھ
نیِنْ گُرُ امرُ پِکھِجےَ ॥

ਸ੍ਰਵਣ ਤ ਪਰ ਸਕਯਥ
ਸ੍ਰਵਣਿ ਗੁਰੁ ਅਮਰੁ ਸੁਣਿਜੈ ॥

سّرونْ ت پر سکیتھ
سّرونِ گُرُ امرُ سُنِجےَ ॥

ਸਕਯਥੁ ਸੁ ਹੀਉ ਜਿਤੁ ਹੀਅ ਬਸੈ
ਗੁਰ ਅਮਰਦਾਸੁ ਨਿਜ ਜਗਤ ਪਿਤ ॥

سکیتھُ سُ ہیِءُ جِتُ ہیءِ بسےَ
گُر امرداسُ نِج جگت پِت ॥

ਸਕਯਥੁ ਸੁ ਸਿਰੁ ਜਾਲਪੁ ਭਣੈ
ਜੁ ਸਿਰੁ ਨਿਵੈ ਗੁਰ ਅਮਰ ਨਿਤ ॥੧॥੧੦॥

سکیتھُ سُ سِرُ جالپُ بھنےَ
جُ سِرُ نِوےَ گُر امر نِت ॥1॥ 10 ॥

ਤਿ ਨਰ ਦੁਖ ਨਹ ਭੁਖ
ਤਿ ਨਰ ਨਿਧਨ ਨਹੁ ਕਹੀਅਹਿ ॥

تِ نر دُکھ نہ بھُکھ
تِ نر نِدھن نہُ کہیئہِ ॥

ਤਿ ਨਰ ਸੋਕੁ ਨਹੁ ਹੁਐ
ਤਿ ਨਰ ਸੇ ਅੰਤੁ ਨ ਲਹੀਅਹਿ ॥

تِ نر سوکُ نہُ ہُےَ
تِ نر سے انتُ ن لہیئہِ ॥

ਤਿ ਨਰ ਸੇਵ ਨਹੁ ਕਰਹਿ
ਤਿ ਨਰ
ਸਯ ਸਹਸ ਸਮਪਹਿ ॥

تِ نر سیو نہُ کرہِ
تِ نر
سیِ سہس سمپہِ ॥

ਤਿ ਨਰ ਦੁਲੀਚੈ ਬਹਹਿ
ਤਿ ਨਰ ਉਥਪਿ ਬਿਥਪਹਿ ॥

تِ نر دُلیچے بہہِ
تِ نر اُتھپِ بِتھپہِ ॥

ਸੁਖ ਲਹਹਿ ਤਿ ਨਰ ਸੰਸਾਰ ਮਹਿ
ਅਭੈ ਪਟੁ ਰਿਪ ਮਧਿ ਤਿਹ ॥

سُکھ لہہِ تِ نر سنّسار مہِ
ابھے پٹُ رِپ مدھِ تِہ ॥

ਸਕਯਥ ਤਿ ਨਰ ਜਾਲਪੁ ਭਣੈ
ਗੁਰ ਅਮਰਦਾਸੁ ਸੁਪ੍ਰਸੰਨੁ ਜਿਹ ॥੨॥੧੧॥

سکیتھ تِ نر جالپُ بھنّے
گُر امرداسُ سُپرّسنّنُ جِہ ॥2॥ 11 ॥

ਤੈ ਪਢਿਅਉ ਇਕੁ ਮਨਿ ਧਰਿਅਉ ਇਕੁ
ਕਰਿ ਇਕੁ ਪਛਾਣਿਓ ॥

تے پڑھِیَءُ اِکُ منِ دھرِیَءُ اِکُ
کرِ اِکُ پچھاڑِنّو ॥

ਨਯਣਿ ਬਯਣਿ ਮੁਹਿ ਇਕੁ ਇਕੁ
ਦੁਹੁ ਠਾਂਇ ਨ ਜਾਣਿਓ ॥

نیَنِ بیَنِ مُہِ اِکُ اِکُ
دُہُ ٹھانْءِ ن جاڑِنّو ॥

ਸੁਪਨਿ ਇਕੁ ਪਰਤਖਿ ਇਕੁ
ਇਕਸ ਮਹਿ ਲੀਣਉ ॥

سُپنِ اِکُ پرتکھِ اِکُ
اِکس مہِ لیڑُءُ ॥

ਤੀਸ ਇਕੁ ਅਰੁ ਪੰਜਿ ਸਿਧੁ
ਪੈਤੀਸ ਨ ਖੀਣਉ ॥

تِیس اِکُ ارُ پنّجِ سِدھُ
پیَتیِس ن کھیِڑُءُ ॥

ਇਕਹੁ ਜਿ ਲਾਖੁ ਲਖਹੁ ਅਲਖੁ ਹੈ
ਇਕੁ ਇਕੁ ਕਰਿ ਵਰਨਿਅਉ ॥

اِکہُ جِ لاکھُ لکھہُ الکھُ ہے
اِکُ اِکُ کرِ ورنِیَءُ ॥

ਗੁਰ ਅਮਰਦਾਸ ਜਾਲਪੁ ਭਣੈ
ਤੂ ਇਕੁ ਲੋੜਹਿ ਇਕੁ ਮੰਨਿਅਉ ॥੩॥੧੨॥

گُر امرداس جالپُ بھنّے
توُ اِکُ لوڑہِ اِکُ منّنِیَءُ ॥3॥ 12 ॥

ਜਿ ਮਤਿ ਗਹੀ ਜੈਦੇਵਿ
ਜਿ ਮਤਿ ਨਾਮੈ ਸੰਮਾਣੀ ॥

جِ متِ گہی جیَدیوِ
جِ متِ نامے سنّماڑی ॥

ਜਿ ਮਤਿ ਤ੍ਰਿਲੋਚਨ ਚਿਤਿ
ਭਗਤ ਕੰਬੀਰਹਿ ਜਾਣੀ ॥

جِ متِ ت٘رِلوچن چِتِ
بھگت کنبیرہِ جاڑی ॥

ਰੁਕਮਾਂਗਦ ਕਰਤੂਤਿ
ਰਾਮੁ ਜੰਪਹੁ ਨਿਤ ਭਾਈ ॥

رُکمانگد کرتوُتِ
رامُ جنّپہُ نِت بھائی ۔ ॥

ਅੰਮਰੀਕਿ ਪ੍ਰਹਲਾਦਿ
ਸਰਣਿ ਗੋਬਿੰਦ ਗਤਿ ਪਾਈ ॥

انّمریکِ پ٘رہلادِ

سرنِ گوبِند گتِ پائی ॥

ਤੈ ਲੋਭੁ ਕ੍ਰੋਧੁ ਤ੍ਰਿਸਨਾ ਤਜੀ
ਸੁ ਮਤਿ ਜਲ੍ਹ ਜਾਣੀ ਜੁਗਤਿ ॥

تے لوبھُ کرودھُ ترِسنا تجی
سُ متِ جلّہِ جانی جُگتِ ॥

ਗੁਰੁ ਅਮਰਦਾਸੁ ਨਿਜ ਭਗਤੁ ਹੈ
ਦੇਖਿ ਦਰਸੁ ਪਾਵਉ ਮੁਕਤਿ ॥੪॥੧੩॥

گُرُ امردِاسُ نِج بھگتُ ہے
دیکھِ درسُ پاوءُ مُکتِ ॥4॥ 13 ॥

ਗੁਰੁ ਅਮਰਦਾਸੁ ਪਰਸੀਐ
ਪੁਹਮਿ ਪਾਤਿਕ ਬਿਨਾਸਹਿ ॥

گُرُ امردِاسُ پرسیئے
پُہمِ پاتِک بِناسہِ ॥

ਗੁਰੁ ਅਮਰਦਾਸੁ ਪਰਸੀਐ
ਸਿਧ ਸਾਧਿਕ ਆਸਾਸਹਿ ॥

گُرُ امردِاسُ پرسیئے
سِدھ سادھِک آساسہِ ॥

ਗੁਰੁ ਅਮਰਦਾਸੁ ਪਰਸੀਐ
ਧਿਆਨੁ ਲਹੀਐ ਪਉ ਮੁਕਿਹਿ ॥

گُرُ امردِاسُ پرسیئے
دھِیانُ لہیئے پءُ مُکہِ ॥

ਗੁਰੁ ਅਮਰਦਾਸੁ ਪਰਸੀਐ
ਅਭਉ ਲਭੈ ਗਉ ਚੁਕਿਹਿ ॥

گُرُ امردِاسُ پرسیئے
ابھءُ لبھے گءُ چُکہِ ॥

ਇਕੁ ਬਿੰਨਿ ਦੁਗਣ ਜੁ ਤਉ ਰਹੈ
ਜਾ ਸੁਮੰਤ੍ਰਿ ਮਾਨਵਹਿ ਲਹਿ ॥

اِکُ بِنّنِ دُگُنُ جُ تءُ رہے
جا سُمنتّرِ مانوہِ لہِ ॥

ਜਾਲਪਾ ਪਦਾਰਥ ਇਤੜੇ
ਗੁਰ ਅਮਰਦਾਸਿ ਡਿਠੈ ਮਿਲਹਿ ॥੫॥੧੪॥

جالپا پدارتھ اِتڑے
گُر امرداسِ ڈِٹھے مِلہِ ॥5॥ 14 ॥

ਸਚੁ ਨਾਮੁ ਕਰਤਾਰੁ
ਸੁ ਦ੍ਰਿੜੁ ਨਾਨਕਿ ਸੰਗ੍ਰਹਿਅਉ ॥

سچُ نامُ کرتارُ
سُ ڈرِڑُ نانکِ سنگّرہِیءُ ॥

ਤਾ ਤੇ ਅੰਗਦੁ ਲਹਣਾ ਪ੍ਰਗਟਿ
ਤਾਸੁ ਚਰਣਹ ਲਿਵ ਰਹਿਅਉ ॥

تا تے انگدُ لہنّا پرگٹِ
تاسُ چرنہ لِو رہِیءُ ॥

ਤਿਤੁ ਕੁਲਿ ਗੁਰ ਅਮਰਦਾਸੁ ਆਸਾ ਨਿਵਾਸੁ
ਤਾਸੁ ਗੁਣ ਕਵਣ ਵਖਾਣਉ ॥

تِتُ کُلِ گُر امردِاسُ آسا نِواسُ
تاسُ گُنُ کونُ وکھانءُ ۔ ॥

ਜੋ ਗੁਣ ਅਲਖ ਅਗੰਮ
ਤਿਨਹ ਗੁਣ ਅੰਤੁ ਨ ਜਾਣਉ ॥

جو گُنُ الکھ اگنّم
تِنہ گُنُ انتُ ن جانءُ ॥

ਬੋਹਿਥਉ ਬਿਧਾਤੈ ਨਿਰਮਯੋ
ਸਭ ਸੰਗਤਿ ਕੁਲ ਉਧਰਣ ॥

بوہتھ ءُ بِدھاتے نِرمیوَ
سبھ سنگتِ کُل اُدھرنٌ ॥

ਗੁਰ ਅਮਰਦਾਸ ਕੀਰਤੁ ਕਹੈ
ਤ੍ਰਾਹਿ ਤ੍ਰਾਹਿ ਤੁਅ ਪਾ ਸਰਣ ॥੧॥੧੫॥

گُر امرداس کِیرتُ کہے
ترّاہِ ترّاہِ تُ ء پا سرنٌ ॥1॥ 15 ॥

ਆਪਿ ਨਰਾਇਣੁ ਕਲਾ ਧਾਰਿ
ਜਗ ਮਹਿ ਪਰਵਰਿਯਉ ॥

آپِ نرائنُ کلا دھارِ
جگ مہِ پرورِیءُ ॥

ਨਿਰੰਕਾਰਿ ਆਕਾਰੁ
ਜੋਤਿ ਜਗ ਮੰਡਲਿ ਕਰਿਯਉ ॥

نِرنکارِ آکارُ
جوتِ جگ منڈلِ کرِیءُ ॥

ਜਹ ਕਹ ਤਹ ਭਰਪੂਰੁ
ਸਬਦੁ ਦੀਪਕਿ ਦੀਪਾਯਉ ॥

جہ کہ تہ بھرپوُرُ
سبدُ دیپکِ دیپایءُ ॥

ਜਿਹ ਸਿਖਹ ਸੰਗ੍ਰਹਿਓ
ਤਤੁ ਹਰਿ ਚਰਣ ਮਿਲਾਯਉ ॥

جِہ سِکھہ سنگّرہِئو
تتُ ہرِ چرنٌ مِلایءُ ॥

ਨਾਨਕ ਕੁਲਿ ਨਿੰਮਲੁ ਅਵਤਰ੍ਯਿਉ
ਅੰਗਦ ਲਹਣੇ ਸੰਗਿ ਹੁਅ ॥

نانک کُلِ نِنّملُ اوترِیءُ
انگد لہنے سنگِ ہُء ॥

ਗੁਰ ਅਮਰਦਾਸ ਤਾਰਣ ਤਰਣ
ਜਨਮ ਜਨਮ ਪਾ ਸਰਣਿ ਤੁਅ ॥੨॥੧੬॥

گُر امرداس تارنٌ ترنٌ
جنم جنم پا سرنِ تُ ء ॥2॥ 16 ॥

ਜਪੁ ਤਪੁ ਸਤੁ ਸੰਤੋਖੁ
ਪਿਖਿ ਦਰਸਨੁ ਗੁਰ ਸਿਖਹ ॥

جپُ تپُ ستُ سنتوکھُ
پِکھِ درسنُ گُر سِکھہ ॥

ਸਰਣਿ ਪਰਹਿ ਤੇ ਉਬਰਹਿ
ਛੋਡਿ ਜਮ ਪੁਰ ਕੀ ਲਿਖਹ ॥

سرنِ پرہِ تے اُبرہِ
چھوڈِ جم پُر کی لِکھہ ॥

ਭਗਤਿ ਭਾਇ ਭਰਪੂਰੁ
ਰਿਦੈ ਉਚਰੈ ਕਰਤਾਰੈ ॥

بھگتِ بھاءِ بھرپوُرُ
رِدے اُچرے کرتارے ॥

ਗੁਰੁ ਗਉਹਰ ਦਰੀਆਉ
ਪਲਕ ਡੁਬੰਤ੍ਰਹ ਤਾਰੈ ॥

گُرُ گنہر دریِیاءُ
پلک ڈُبنتّہ تارے ॥

ਨਾਨਕ ਕੁਲਿ ਨਿੰਮਲੁ ਅਵਤਰ੍ਯਿਉ
ਗੁਣ ਕਰਤਾਰੈ ਉਚਰੈ ॥

نانک کُلِ نِنّملُ اوترِیءُ

گُنٹ کرتارے اُچرے ॥

ਗੁਰੁ ਅਮਰਦਾਸੁ ਜਿਨ੍ ਸੇਵਿਅਉ
ਤਿਨ੍ ਦੁਖੁ ਦਰਿਦ੍ਰ ਪਰਹਰਿ ਪਰੈ ॥੩॥੧੭॥

گُرُ امرداسُ جِنّہ سیوِیٔ
تِنّہ دُکھُ دردّر پرہرِ پرے ॥3॥ 17 ॥

ਚਿਤਿ ਚਿਤਵਉ ਅਰਦਾਸਿ
ਕਹਉ ਪਰੁ ਕਹਿ ਭਿ ਨ ਸਕਉ ॥

چِتِ چِتوءُ عرداسِ
کہءُ پرُ کہِ بھِ ن سکءُ ॥

ਸਰਬ ਚਿੰਤ ਤੁਝੁ ਪਾਸਿ
ਸਾਧਸੰਗਤਿ ਹਉ ਤਕਉ ॥

سرب چِنّت تُجھُ پاسِ
سادھسنگتِ ہءُ تکءُ ॥

ਤੇਰੈ ਹੁਕਮਿ ਪਵੈ ਨੀਸਾਣੁ
ਤਉ ਕਰਉ ਸਾਹਿਬ ਕੀ ਸੇਵਾ ॥

تیرے حُکمِ پوے نِیشانُ
تءُ کرءُ صاحِب کی سیوا ॥

ਜਬ ਗੁਰੁ ਦੇਖੈ ਸੁਭ ਦਿਸਟਿ
ਨਾਮੁ ਕਰਤਾ ਮੁਖਿ ਮੇਵਾ ॥

جب گُرُ دیکھے سُبھ دِسٹِ
نامُ کرتا مُکھِ میوا ॥

ਅਗਮ ਅਲਖ ਕਾਰਣ ਪੁਰਖ
ਜੋ ਫੁਰਮਾਵਹਿ ਸੋ ਕਰਉ ॥

اگم الکھ کارنٹ پُرکھ
جو فُرماوہِ سو کرءُ ॥

ਗੁਰ ਅਮਰਦਾਸ ਕਾਰਣ ਕਰਣ
ਜਿਵ ਤੂ ਰਖਹਿ ਤਿਵ ਰਹਉ ॥੪॥੧੮॥

گُر امرداس کارنٹ کرنٹ
جِو توُ رکھہِ تِو رہءُ ॥4॥ 18 ॥

ਭਿਖੇ ਕੇ ॥

بھِکھے کے ॥

ਗੁਰੁ ਗਿਆਨੁ ਅਰੁ ਧਿਆਨੁ
ਤਤ ਸਿਉ ਤਤੁ ਮਿਲਾਵੈ ॥

گُرُ گیانُ ارُ دھیانُ
تت سِءُ تتُ مِلاوے ॥

ਸਚਿ ਸਚੁ ਜਾਣੀਐ
ਇਕ ਚਿਤਹਿ ਲਿਵ ਲਾਵੈ ॥

سچِ سچُ جانٹیئے
اِک چِتہِ لِو لاوے ॥

ਕਾਮ ਕ੍ਰੋਧ ਵਸਿ ਕਰੈ
ਪਵਣੁ ਉਡੰਤ ਨ ਧਾਵੈ ॥

کام کرودھ وسِ کرے
پونٹُ اُڈنّت ن دھاوے ॥

ਨਿਰੰਕਾਰ ਕੈ ਵਸੈ ਦੇਸਿ
ਹੁਕਮੁ ਬੁਝਿ ਬੀਚਾਰੁ ਪਾਵੈ ॥

نِرنکار کے وسے دیسِ
حُکمُ بُجھِ بیچارُ پاوے ॥

ਕਲਿ ਮਾਹਿ ਰੂਪੁ ਕਰਤਾ ਪੁਰਖੁ

کلِ ماہِ روُپُ کرتا پُرکھُ

ਸੋ ਜਾਣੈ ਜਿਨਿ ਕਿਛੁ ਕੀਅਉ ॥

سو جانٹے جِنِ کِچھُ کیِئ ॥

ਗੁਰੁ ਮਿਲਿਉ ਸੋਇ ਭਿਖਾ ਕਹੈ
ਸਹਜ ਰੰਗਿ ਦਰਸਨੁ ਦੀਅਉ ॥੧॥੧੯॥

گُرُ مِلّیِئ سوءِ بھِکھا کہے
سہج رنگِ درسنُ دِیِئ ॥1॥ 19 ॥

ਰਹਿਓ ਸੰਤ ਹਉ ਟੋਲਿ
ਸਾਧ ਬਹੁਤੇਰੇ ਡਿਠੇ ॥

رہِئو سنّت ہءُ ٹولِ
سادھ بہتیرے ڈِٹھے ॥

ਸੰਨਿਆਸੀ ਤਪਸੀਅਹ
ਮੁਖਹੁ ਏ ਪੰਡਿਤ ਮਿਠੇ ॥

سنّیاسی تپسیئہ
مُکھہُ اے پنڈِت مِٹھے ॥

ਬਰਸੁ ਏਕੁ ਹਉ ਫਿਰਿਓ
ਕਿਨੈ ਨਹੁ ਪਰਚਉ ਲਾਯਉ ॥

برسُ ایکُ ہءُ پھِرِئو
کِنے نہُ پرچءُ لایِءُ ॥

ਕਹਤਿਅਹ ਕਹਤੀ ਸੁਣੀ
ਰਹਤ ਕੋ ਖੁਸੀ ਨ ਆਯਉ ॥

کہتِئہ کہتی سُنّی
رہت کو خُشی ن آیِءُ ॥

ਹਰਿ ਨਾਮੁ ਛੋਡਿ ਦੂਜੈ ਲਗੇ
ਤਿਨ੍ ਕੇ ਗੁਣ ਹਉ ਕਿਆ ਕਹਉ ॥

ہرِ نامُ چھوڈِ دوُجے لگے
تِنّہ کے گُنٹ ہءُ کِیا کہءُ ۔ ॥

ਗੁਰੁ ਦਯਿ ਮਿਲਾਯਉ ਭਿਖਿਆ
ਜਿਵ ਤੂ ਰਖਹਿ ਤਿਵ ਰਹਉ ॥੨॥੨੦॥

گُرُ دیِ مِلایِءُ بھِکھیا
جِو توُ رکھہِ تِو رہءُ ॥2॥ 20 ॥

ਪਹਿਰਿ ਸਮਾਧਿ ਸਨਾਹੁ
ਗਿਆਨਿ ਹੈ ਆਸਣਿ ਚੜਿਅਉ ॥

پہِرِ سمادھِ سناہُ
گیانِ ہے آسنٹِ چڑِیِءُ ॥

ਧ੍ਰੰਮ ਧਨੁਖ ਕਰ ਗਹਿਓ
ਭਗਤ ਸੀਲਹ ਸਰਿ ਲੜਿਅਉ ॥

دھّرنّم دھنُکھ کر گہِئو
بھگت سیِلہ سرِ لڑِیِءُ ॥

ਭੈ ਨਿਰਭਉ ਹਰਿ ਅਟਲੁ ਮਨਿ
ਸਬਦਿ ਗੁਰ ਨੇਜਾ ਗਡਿਓ ॥

بھے نِربھءُ ہرِ اٹلُ منِ
سبدِ گُر نیزا گڈِئو ॥

ਕਾਮ ਕ੍ਰੋਧ ਲੋਭ ਮੋਹ ਅਪਤੁ
ਪੰਚ ਦੂਤ ਬਿਖੰਡਿਓ ॥

کام کّرودھ لوبھ موہ اپتُ
پنّچ دوُت بِکھنڈِئو ॥

ਭਲਉ ਭੂਹਾਲੁ ਤੇਜੋ ਤਨਾ
ਨ੍ਰਿਪਤਿ ਨਾਥੁ ਨਾਨਕ ਬਰਿ ॥

بھلءُ بھوُہالُ تیجو تنا
نّرِپتِ ناتھُ نانک برِ ॥

ਗੁਰ ਅਮਰਦਾਸ ਸਚੁ ਸਲ੍ਹ ਭਣਿ
ਤੈ ਦਲੁ ਜਿਤਉ ਇਵ ਜੁਧੁ ਕਰਿ ॥੧॥੨੧॥

گُر امرداس سچُ سلّہِ بھنِّ
تے دلُ جِت ءُ اِو جُدھُ کرِ ॥1॥ 21 ॥

ਘਨਹਰ ਬੂੰਦ ਬਸੁਅ ਰੋਮਾਵਲਿ
ਕੁਸਮ ਬਸੰਤ ਗਨੰਤ ਨ ਆਵੈ ॥

گھنہر بوُنّد بسُء روماولِ
کُسم بسنّت گننّت ن آوے ॥

ਰਵਿ ਸਸਿ ਕਿਰਣਿ ਉਦਰੁ ਸਾਗਰ ਕੋ
ਗੰਗ ਤਰੰਗ ਅੰਤੁ ਕੋ ਪਾਵੈ ॥

روِ سسِ کِرنِّ اُدرُ ساگر کو
گنگ ترنگ انّتُ کو پاوے ۔ ॥

ਰੁਦ੍ਰ ਧਿਆਨ ਗਿਆਨ ਸਤਿਗੁਰ ਕੇ
ਕਬਿ ਜਨ ਭਲ੍ਹ ਉਨਹ ਜੋ ਗਾਵੈ ॥

رُدّر دھِیان گِیان ستِگُر کے
کبِ جن بھلّہِ اُنہ جو گاوے ॥

ਭਲੇ ਅਮਰਦਾਸ ਗੁਣ ਤੇਰੇ
ਤੇਰੀ ਉਪਮਾ ਤੋਹਿ ਬਨਿ ਆਵੈ ॥੧॥੨੨॥

بھلے امرداس گُنّ تیرے
تیری اُپما توہِ بنِ آوے ॥1॥ 22 ॥

ਸਵਈਏ ਮਹਲੇ ਚਉਥੇ ਕੇ ੪

سوئیے محلے چتھے کے 4

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਇਕ ਮਨਿ ਪੁਰਖੁ ਨਿਰੰਜਨੁ ਧਿਆਵਉ ॥

اِک منِ پُرکھُ نِرنّجنُ دھیاوءُ ॥

ਗੁਰ ਪ੍ਰਸਾਦਿ ਹਰਿ ਗੁਣ ਸਦ ਗਾਵਉ ॥

گُر پرّسادِ ہرِ گُنّ سد گاوءُ ॥

ਗੁਨ ਗਾਵਤ ਮਨਿ ਹੋਇ ਬਿਗਾਸਾ ॥

گُن گاوت منِ ہوءِ بِگاسا ॥

ਸਤਿਗੁਰ ਪੂਰਿ ਜਨਹ ਕੀ ਆਸਾ ॥

ستِگُر پوُرِ جنہ کی آسا ॥

ਸਤਿਗੁਰੁ ਸੇਵਿ ਪਰਮ ਪਦੁ ਪਾਯਉ ॥

ستِگُر سیوِ پرم پدُ پایءُ ॥

ਅਬਿਨਾਸੀ ਅਬਿਗਤੁ ਧਿਆਯਉ ॥

اِبناسی اِبگتُ دھیایءُ ॥

ਤਿਸੁ ਭੇਟੇ ਦਾਰਿਦ੍ਰੁ ਨ ਚੰਪੈ ॥

تِسُ بھیٹے دارِدّر ن چنّپے ॥

ਕਲ੍ਹ ਸਹਾਰੁ ਤਾਸੁ ਗੁਣ ਜੰਪੈ ॥

کلّہِ سہارُ تاسُ گُنّ جنّپے ॥

ਜੰਪਉ ਗੁਣ ਬਿਮਲ ਸੁਜਨ ਜਨ ਕੇਰੇ
ਅਮਿਅ ਨਾਮੁ ਜਾ ਕਉ ਫੁਰਿਆ ॥

جنّپءُ گُنّ بِمل سُجن جن کیرے
امِء نامُ جا کءُ پھُریا ॥

ਇਨਿ ਸਤਗੁਰੁ ਸੇਵਿ ਸਬਦ ਰਸੁ ਪਾਯਾ
ਨਾਮੁ ਨਿਰੰਜਨ ਉਰਿ ਧਰਿਆ ॥

اِنِ ستگُر سیوِ سبد رسُ پایا
نامُ نِرنّجن اُرِ دھریا ॥

ਹਰਿ ਨਾਮ ਰਸਿਕੁ ਗੋਬਿੰਦ ਗੁਣ ਗਾਹਕੁ
ਚਾਹਕੁ ਤਤ ਸਮਤ ਸਰੇ ॥

ہرِ نام رسِکُ گوبِنّد گُنْ گاہکُ
چاہکُ تت سمت سرے ॥

ਕਵਿ ਕਲ੍ਹ ਠਕੁਰ ਹਰਦਾਸ ਤਨੇ
ਗੁਰ ਰਾਮਦਾਸ ਸਰ ਅਭਰ ਭਰੇ ॥੧॥

کوِ کلّہ ٹھکُر ہرداس تنے
گُر رامداس سر ابھر بھرے ॥1॥

ਛੁਟਤ ਪਰਵਾਹ ਅਮਿਅ ਅਮਰਾ ਪਦ
ਅੰਮ੍ਰਿਤ ਸਰੋਵਰ ਸਦ ਭਰਿਆ ॥

چھُٹت پرواہ امِء امرا پد
انمّرِت سروور سد بھرِیا ॥

ਤੇ ਪੀਵਹਿ ਸੰਤ ਕਰਹਿ ਮਨਿ ਮਜਨੁ
ਪੁਬ ਜਿਨਹੁ ਸੇਵਾ ਕਰੀਆ ॥

تے پیوہِ سنّت کرہِ منِ مجنُ
پُب جِنہُ سیوا کریا ॥

ਤਿਨ ਭਉ ਨਿਵਾਰਿ ਅਨਭੈ ਪਦੁ ਦੀਨਾ
ਸਬਦ ਮਾਤ੍ਰ ਤੇ ਉਧਰ ਧਰੇ ॥

تِن بھءُ نِوارِ انبھےَ پدُ دینا
سبد ماتّر تے اُدھر دھرے ॥

ਕਵਿ ਕਲ੍ਹ ਠਕੁਰ ਹਰਦਾਸ ਤਨੇ
ਗੁਰ ਰਾਮਦਾਸ ਸਰ ਅਭਰ ਭਰੇ ॥੨॥

کوِ کلّہ ٹھکُر ہرداس تنے
گُر رامداس سر ابھر بھرے ॥2॥

ਸਤਗੁਰ ਮਤਿ ਗੂੜ੍ਹ ਬਿਮਲ ਸਤਸੰਗਤਿ
ਆਤਮੁ ਰੰਗਿ ਚਲੂਲੁ ਭਯਾ ॥

ستگُر متِ گوُڑہ بِمل ستسنگتِ
آتمُ رنگِ چلوُلُ بھیا ॥

ਜਾਗ੍ਰਾ ਮਨ ਕਵਲੁ ਸਹਜਿ ਪਰਕਾਸ੍ਹਾ
ਅਭੈ ਨਿਰੰਜਨੁ ਘਰਹਿ ਲਹਾ ॥

جاگّیا من کولُ سہجِ پرکاسّہا
ابھےَ نِرنّجنُ گھرہِ لہا ॥

ਸਤਗੁਰਿ ਦਯਾਲਿ ਹਰਿ ਨਾਮੁ ਦ੍ਰਿੜ੍ਯਾ
ਤਿਸੁ ਪ੍ਰਸਾਦਿ ਵਸਿ ਪੰਚ ਕਰੇ ॥

ستگُرِ دیالِ ہرِ نامُ ڈرِڑّہایا
تِسُ پرسادِ وسِ پنّچ کرے ॥

ਕਵਿ ਕਲ੍ਹ ਠਕੁਰ ਹਰਦਾਸ ਤਨੇ
ਗੁਰ ਰਾਮਦਾਸ ਸਰ ਅਭਰ ਭਰੇ ॥੩॥

کوِ کلّہ ٹھکُر ہرداس تنے
گُر رامداس سر ابھر بھرے ॥3॥

ਅਨਭਉ ਉਨਮਾਨਿ ਅਕਲ ਲਿਵ ਲਾਗੀ
ਪਾਰਸੁ ਭੇਟਿਆ ਸਹਜ ਘਰੇ ॥

انبھءُ اُنمانِ اکل لِو لاگی
پارسُ بھیٹیا سہج گھرے ॥

ਸਤਗੁਰ ਪਰਸਾਦਿ ਪਰਮ ਪਦੁ ਪਾਯਾ
ਭਗਤਿ ਭਾਇ ਭੰਡਾਰ ਭਰੇ ॥

ستگُر پرسادِ پرم پدُ پایا
بھگتِ بھاءِ بھنّڈار بھرے ॥

ਮੇਟਿਆ ਜਨਮਾਂਤੁ ਮਰਣ ਭਉ ਭਾਗਾ
ਚਿਤੁ ਲਾਗਾ ਸੰਤੋਖ ਸਰੇ ॥

میٹیا جنمانتُ مرنُ بھءُ بھاگا

ਕਵਿ ਕਲ੍ਯ ਠਕੁਰ ਹਰਦਾਸ ਤਨੇ
ਗੁਰ ਰਾਮਦਾਸ ਸਰ ਅਭਰ ਭਰੇ ॥੪॥

ਅਭਰ ਭਰੇ ਪਾਯਉ ਅਪਾਰੁ
ਰਿਦ ਅੰਤਰਿ ਧਾਰਿਓ ॥

ਦੁਖ ਭੰਜਨੁ ਆਤਮ ਪ੍ਰਬੋਧੁ
ਮਨਿ ਤਤੁ ਬੀਚਾਰਿਓ ॥

ਸਦਾ ਚਾਇ ਹਰਿ ਭਾਇ
ਪ੍ਰੇਮ ਰਸੁ ਆਪੇ ਜਾਣਇ ॥

ਸਤਗੁਰ ਕੈ ਪਰਸਾਦਿ
ਸਹਜ ਸੇਤੀ ਰੰਗੁ ਮਾਣਇ ॥

ਨਾਨਕ ਪ੍ਰਸਾਦਿ ਅੰਗਦ ਸੁਮਤਿ
ਗੁਰਿ ਅਮਰਿ ਅਮਰੁ ਵਰਤਾਇਓ ॥

ਗੁਰ ਰਾਮਦਾਸ ਕਲ੍ਯੁਚਰੈ
ਤੈਂ ਅਟਲ ਅਮਰ ਪਦੁ ਪਾਇਓ ॥੫॥

ਸੰਤੋਖ ਸਰੋਵਰਿ ਬਸੈ
ਅਮਿਅ ਰਸੁ ਰਸਨ ਪ੍ਰਕਾਸੈ ॥

ਮਿਲਤ ਸਾਂਤਿ ਉਪਜੈ
ਦੁਰਤੁ ਦੂਰੰਤਰਿ ਨਾਸੈ ॥

ਸੁਖ ਸਾਗਰੁ ਪਾਇਅਉ ਦਿੰਤੁ
ਹਰਿ ਮਗਿ ਨ ਹੁਟੈ ॥

ਸੰਜਮੁ ਸਤੁ ਸੰਤੋਖੁ
ਸੀਲ ਸੰਨਾਹੁ ਮਫੁਟੈ ॥

ਸਤਿਗੁਰੁ ਪ੍ਰਮਾਣੁ ਬਿਧ ਨੈ ਸਿਰਿਉ
ਜਗਿ ਜਸ ਤੂਰੁ ਬਜਾਇਅਉ ॥

چِتُ لاگا سنّتوکھ سرے ॥

کوِ کلّیِ ٹھکُر ہرداس تنے
گُر رامداس سر ابھر بھرے ॥4॥

ابھر بھرے پایِءُ اپارُ
رِد انّترِ دھارِئو ॥

دُکھ بھنّجنُ آتم پّربودھُ
منِ تتُ بیچارِئو ॥

سدا چاءِ ہرِ بھاءِ
پّریم رسُ آپے جانّءِ ॥

ستگُر کے پرسادِ
سہج سیتی رنگُ مانّءِ ॥

نانک پّرسادِ انگد سُمتِ
گُرِ امرِ امرُ ورتائِئو ॥

گُر رامداس کلّیچُرے
تیَں اٹل امر پُد پائِئو ॥5॥

سنّتوکھ سروورِ بسے
امِءِ رسُ رسن پّرکاسے ॥

مِلت سانّتِ اُپجے
دُرتُ دوُرنّترِ ناسے ॥

سُکھ ساگرُ پائِءُ دِنّتُ
ہرِ مگِ ن ہُٹّے ॥

سنّجمُ ستُ سنّتوکھُ
سیِل سنّناہُ مپھُٹّے ॥

ستِگُرُ پّرمانُّ بِدھ نے سِرِءُ
جگِ جس توُرُ بجائِءُ ॥

ਗੁਰ ਰਾਮਦਾਸ ਕਲ੍ਯੁਚਰੈ
ਤੈ ਅਭੈ ਅਮਰ ਪਦੁ ਪਾਇਅਉ ॥੬॥

گُر رامداس کلّیُچرے
تے ابھے امر پدُ پائیءُ ॥6॥

ਜਗੁ ਜਿਤਉ ਸਤਿਗੁਰ ਪ੍ਰਮਾਣਿ
ਮਨਿ ਏਕੁ ਧਿਆਯਉ ॥

جگُ جِتءُ ستِگُر پرّماڻِ
منِ ایکُ دھِیایءُ ॥

ਧਨਿ ਧਨਿ ਸਤਿਗੁਰ ਅਮਰਦਾਸੁ
ਜਿਨਿ ਨਾਮੁ ਦ੍ਰਿੜਾਯਉ ॥

دھنِ دھنِ ستِگُر امرداسُ
جِنِ نامُ دّرِڑایءُ ॥

ਨਵ ਨਿਧਿ ਨਾਮੁ ਨਿਧਾਨ
ਰਿਧਿ ਸਿਧਿ ਤਾ ਕੀ ਦਾਸੀ ॥

نو نِدھِ نامُ نِدھان
رِدھِ سِدھِ تا کی داسی ॥

ਸਹਜ ਸਰੋਵਰੁ ਮਿਲਿਓ
ਪੁਰਖੁ ਭੇਟਿਓ ਅਬਿਨਾਸੀ ॥

سہج سروورُ مِلِئو
پُرکھُ بھیٹِئو اِناسی ॥

ਆਦਿ ਲੇ ਭਗਤ ਜਿਤੁ ਲਗਿ ਤਰੇ
ਸੋ ਗੁਰਿ ਨਾਮੁ ਦ੍ਰਿੜਾਇਅਉ ॥

آدِ لے بھگت جِتُ لگِ ترے
سو گُرِ نامُ دّرِڑائِیءُ ॥

ਗੁਰ ਰਾਮਦਾਸ ਕਲ੍ਯੁਚਰੈ
ਤੈ ਹਰਿ ਪ੍ਰੇਮ ਪਦਾਰਥੁ ਪਾਇਅਉ ॥੭॥

گُر رامداس کلّیُچرے
تے ہرِ پرّیم پدارتھُ پائِیءُ ॥7॥

ਪ੍ਰੇਮ ਭਗਤਿ ਪਰਵਾਹ
ਪ੍ਰੀਤਿ ਪੁਬਲੀ ਨ ਹੁਟਇ ॥

پرّیم بھگتِ پرواہ
پرّیتِ پُبلی ن ہُٹءِ ॥

ਸਤਿਗੁਰ ਸਬਦੁ ਅਥਾਹੁ
ਅਮਿਅ ਧਾਰਾ ਰਸੁ ਗੁਟਇ ॥

ستِگُر سبدُ اتھاہُ
امِء دھارا رسُ گُٹءِ ॥

ਮਤਿ ਮਾਤਾ ਸੰਤੋਖੁ ਪਿਤਾ
ਸਰਿ ਸਹਜ ਸਮਾਯਉ ॥

متِ ماتا سنّتوکھُ پِتا
سرِ سہج سمایءُ ॥

ਆਜੋਨੀ ਸੰਭਵਿਅਉ
ਜਗਤੁ ਗੁਰ ਬਚਨਿ ਤਰਾਯਉ ॥

آجونی سنّبھوِیءُ
جگتُ گُر بچنِ ترایءُ ॥

ਅਬਿਗਤ ਅਗੋਚਰੁ ਅਪਰਪਰੁ
ਮਨਿ ਗੁਰ ਸਬਦੁ ਵਸਾਇਅਉ ॥

ابِگت اگوچرُ اپرپرُ
منِ گُر سبدُ وسائِیءُ ॥

ਗੁਰ ਰਾਮਦਾਸ ਕਲ੍ਯੁਚਰੈ
ਤੈ ਜਗਤ ਉਧਾਰਣੁ ਪਾਇਅਉ ॥੮॥

گُر رامداس کلّیُچرے

ਜਗਤ ਉਧਾਰਣੁ ਨਵ ਨਿਧਾਨੁ
ਭਗਤਹ ਭਵ ਤਾਰਣੁ ॥

جگت اُدھارنُ نو نِدھانُ
بھگتہ بھو تارنُ ॥

ਅੰਮ੍ਰਿਤ ਬੂੰਦ ਹਰਿ ਨਾਮੁ
ਬਿਸੁ ਕੀ ਬਿਖੈ ਨਿਵਾਰਣੁ ॥

انّمرِت بوُنّد ہرِ نامُ
بِسُ کی بِکھےَ نِوارنُ ॥

ਸਹਜ ਤਰੋਵਰ ਫਲਿਓ
ਗਿਆਨ ਅੰਮ੍ਰਿਤ ਫਲ ਲਾਗੇ ॥

سہج ترووَر پھلِئو
گِیان انّمرِت پھل لاگے ॥

ਗੁਰ ਪ੍ਰਸਾਦਿ ਪਾਈਅਹ
ਧੰਨਿ ਤੇ ਜਨ ਬਡਭਾਗੇ ॥

گُر پرّسادِ پائیئہ
دھنّنِ تے جن بڈبھاگے ॥

ਤੇ ਮੁਕਤੇ ਭਏ ਸਤਿਗੁਰ ਸਬਦਿ
ਮਨਿ ਗੁਰ ਪਰਚਾ ਪਾਇਅਉ ॥

تے مُکتے بھےَ ستِگُر سبدِ
منِ گُر پرچا پائیَ ॥

ਗੁਰ ਰਾਮਦਾਸ ਕਲ੍ਯੁਚਰੈ
ਤੈ ਸਬਦ ਨੀਸਾਨੁ ਬਜਾਇਅਉ ॥੯॥

گُر رامداس کلّیُچرے
تے سبد نِیشانُ بجائیَ ॥9॥

ਸੇਜ ਸਦਾ ਸਹਜੁ ਛਾਵਾਣੁ ਸੰਤੋਖੁ ਸਰਾਇਚਉ
ਸਦਾ ਸੀਲ ਸੰਨਾਹੁ ਸੋਹੈ ॥

سیج سدھا سہجُ چھاواںُ سنّتوکھُ سرائچےَ
سدا سِیل سنّناہُ سوہےَ ॥

ਗੁਰ ਸਬਦਿ ਸਮਾਚਰਿਓ
ਨਾਮੁ ਟੇਕ ਸੰਗਾਦਿ ਬੋਹੈ ॥

گُر سبدِ سماچرِئو
نامُ ٹیک سنگادِ بوہےَ ॥

ਅਜੋਨੀਉ ਭਲ੍ਯੂ ਅਮਲੁ
ਸਤਿਗੁਰ ਸੰਗਿ ਨਿਵਾਸ ॥

اجونِیَ بھلّیُ املُ
ستِگُر سنگِ نِواس ॥

ਗੁਰ ਰਾਮਦਾਸ ਕਲ੍ਯੁਚਰੈ
ਤੁਅ ਸਹਜ ਸਰੋਵਰਿ ਬਾਸੁ ॥੧੦॥

گُر رامداس کلّیُچرے
تُء سہج سرووَرِ باسُ ॥ 10 ॥

ਗੁਰੁ ਜਿਨ੍ ਕਉ ਸੁਪ੍ਰਸੰਨੁ
ਨਾਮੁ ਹਰਿ ਰਿਦੈ ਨਿਵਾਸੈ ॥

گُرُ جِنّہ کءُ سُپرّسنّنُ
نامُ ہرِ رِدےَ نِواسےَ ॥

ਜਿਨ੍ ਕਉ ਗੁਰੁ ਸੁਪ੍ਰਸੰਨੁ
ਦੁਰਤੁ ਦੂਰੰਤਰਿ ਨਾਸੈ ॥

جِنّہ کءُ گُرُ سُپرّسنّنُ
دُرتُ دوُرنّترِ ناسےَ ॥

ਗੁਰੁ ਜਿਨ੍ਹ ਕਉ ਸੁਪ੍ਰਸੰਨੁ
ਮਾਨੁ ਅਭਿਮਾਨੁ ਨਿਵਾਰੈ ॥

ਜਿਨ੍ਹ ਕਉ ਗੁਰੁ ਸੁਪ੍ਰਸੰਨੁ
ਸਬਦਿ ਲਗਿ ਭਵਜਲੁ ਤਾਰੈ ॥

ਪਰਚਉ ਪ੍ਰਮਾਣੁ ਗੁਰ ਪਾਇਅਉ
ਤਿਨ ਸਕਯਬਉ ਜਨਮੁ ਜਗਿ ॥

ਸ੍ਰੀ ਗੁਰੂ ਸਰਣਿ ਭਜੁ ਕਲ੍ਯ ਕਬਿ
ਭੁਗਤਿ ਮੁਕਤਿ ਸਭ ਗੁਰੂ ਲਗਿ ॥੧੧॥

ਸਤਿਗੁਰਿ ਖੇਮਾ ਤਾਣਿਆ
ਜੁਗ ਜੂਥ ਸਮਾਣੇ ॥

ਅਨਭਉ ਨੇਜਾ ਨਾਮੁ ਟੇਕ
ਜਿਤੁ ਭਗਤ ਅਘਾਣੇ ॥

ਗੁਰੁ ਨਾਨਕੁ ਅੰਗਦੁ ਅਮਰੁ
ਭਗਤ ਹਰਿ ਸੰਗਿ ਸਮਾਣੇ ॥

ਇਹੁ ਰਾਜ ਜੋਗ ਗੁਰ ਰਾਮਦਾਸ
ਤੁਮ੍ ਹੂ ਰਸੁ ਜਾਣੇ ॥੧੨॥

ਜਨਕੁ ਸੋਇ ਜਿਨਿ ਜਾਣਿਆ
ਉਨਮਨਿ ਰਥੁ ਧਰਿਆ ॥

ਸਤੁ ਸੰਤੋਖੁ ਸਮਾਚਰੇ
ਅਭਰਾ ਸਰੁ ਭਰਿਆ ॥

ਅਕਥ ਕਥਾ ਅਮਰਾ ਪੁਰੀ
ਜਿਸੁ ਦੇਇ ਸੁ ਪਾਵੈ ॥

ਇਹੁ ਜਨਕ ਰਾਜੁ ਗੁਰ ਰਾਮਦਾਸ
ਤੁਝ ਹੀ ਬਣਿ ਆਵੈ ॥੧੩॥

ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜੁ
ਤਿਨ੍ ਜਨ ਦੁਖ ਪਾਪੁ ਕਹੁ ਕਤ ਹੋਵੈ ਜੀਉ ॥

گُرُ جِنّہ ک ءُ سُپّرسنّنُ
مانُ ابھِمانُ نِوارے ॥

جِنّہ ک ءُ گُرُ سُپّرسنّنُ
سبدِ لگِ بھوجلُ تارے ॥

پرچ ءُ پّرمانُ گُر پائیءُ
تِن سکپتھ ءُ جنمُ جگِ ॥

سّری گُرُو سرنِ بھجُ کلّیِ کبِ
بھگتِ مُکتِ سبھ گُرُو لگِ ॥ 11 ॥

ستِگُرِ خیما تانِیا
جُگ جوُتھ سماے ॥

انبھ ءُ نیزا نامُ ٹیک
جِتُ بھگت اگھاے ॥

گُرُ نانکُ انگدُ امرُ
بھگت ہرِ سنگِ سماے ॥

اِہُ راج جوگ گُر رامداس
تُمّہ ہوُ رسُ جاے ॥ 12 ॥

جنکُ سوءِ جِنِ جانِیا
اُنمنِ رتھُ دھرِیا ॥

ست سنتوکھُ سماچرے
ابھرا سرُ بھرِیا ॥

اکتھ کتھا امرا پُری
جِسُ دے ءِ سُ پاوے ॥

اِہُ جنک راجُ گُر رامداس
تُجھ ہی بنِ آوے ॥ 13 ॥

ستِگُر نامُ ایک لِو منِ جپے دّرِڑّہُ

ਤਾਰਣ ਤਰਣ ਖਿਨ ਮਾਤ੍ਰ ਜਾ ਕਉ ਦ੍ਰਿਸ੍ਟਿ ਧਾਰੈ
ਸਬਦੁ ਰਿਦ ਬੀਚਾਰੈ ਕਾਮੁ ਕ੍ਰੋਧੁ ਖੋਵੈ ਜੀਉ ॥

ਜੀਅਨ ਸਭਨ ਦਾਤਾ ਅਗਮ ਗ੍ਯਾਨ ਬਿਖ੍ਯਾਤਾ
ਅਹਿਨਿਸਿ ਧ੍ਯਾਨ ਧਾਵੈ ਪਲਕ ਨ ਸੋਵੈ ਜੀਉ ॥

ਜਾ ਕਉ ਦੇਖਤ ਦਰਿਦ੍ਰੁ ਜਾਵੈ ਨਾਮੁ ਸੋ ਨਿਧਾਨੁ ਪਾਵੈ
ਗੁਰਮੁਖਿ ਗ੍ਯਾਨਿ ਦੁਰਮਤਿ ਮੈਲੁ ਧੋਵੈ ਜੀਉ ॥

ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜੁ
ਤਿਨ ਜਨ ਦੁਖ ਪਾਪ ਕਹੁ ਕਤ ਹੋਵੈ ਜੀਉ ॥੧॥

ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ ॥

ਜਾ ਕੀ ਸੇਵਾ ਸਿਧ ਸਾਧ ਮੁਨਿ ਜਨ ਸੁਰਿ ਨਰ ਜਾਚਹਿ
ਸਬਦ ਸਾਰੁ ਏਕ ਲਿਵ ਲਾਈ ਹੈ ॥

ਫੁਨਿ ਜਾਨੈ ਕੋ ਤੇਰਾ ਅਪਾਰੁ ਨਿਰਭਉ ਨਿਰੰਕਾਰੁ
ਅਕਥ ਕਥਨਹਾਰੁ ਤੁਝਹਿ ਬੁਝਾਈ ਹੈ ॥

ਭਰਮ ਭੂਲੇ ਸੰਸਾਰ ਛੁਟਹੁ ਜੂਨੀ ਸੰਘਾਰ
ਜਮ ਕੋ ਨ ਡੰਡ ਕਾਲ ਗੁਰਮਤਿ ਧ੍ਯਾਈ ਹੈ ॥

ਮਨ ਪ੍ਰਾਣੀ ਮੁਗਧ ਬੀਚਾਰੁ ਅਹਿਨਿਸਿ ਜਪੁ
ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ ॥੨॥

ਹਉ ਬਲਿ ਬਲਿ ਜਾਉ
ਸਤਿਗੁਰ ਸਾਚੇ ਨਾਮ ਪਰ ॥

ਕਵਨ ਉਪਮਾ ਦੇਉ ਕਵਨ ਸੇਵਾ ਸਰੇਉ
ਏਕ ਮੁਖ ਰਸਨਾ ਰਸਹੁ ਜੁਗ ਜੋਰਿ ਕਰ ॥

ਫੁਨਿ ਮਨ ਬਚ ਕ੍ਰਮ ਜਾਨੁ ਅਨਤ ਦੂਜਾ ਨ ਮਾਨੁ
ਨਾਮੁ ਸੋ ਅਪਾਰੁ ਸਾਰੁ ਦੀਨੋ ਗੁਰਿ ਰਿਦ ਧਰ ॥

ਨਲ੍ਹ ਕਵਿ ਪਾਰਸ ਪਰਸ ਕਚ ਕੰਚਨਾ ਹੋਇ

تِنّہ جن دُکھ پاپ کہُ کت ہووے جیِءُ ۔ ॥

تارنُ ترنُ کھِن ماتّر جا کءُ دّرِسّٹِ دھارے
سبدُ رِد بیچارے کامُ کرودھُ کھووے جیِءُ ॥

جیِئن سبھن داتا اگم گّیان بِکھّیاتا
اِہنِس دھّیان دھاوے پلک ن سووے جیِءُ ॥

جا کءُ دیکھت درِدّر جاوے نامُ سو نِدھانُ پاوے
گُرمُکھِ گّیانِ دُرمتِ میَلُ دھووے جیِءُ ॥

ستِگُر نامُ ایک لِو منِ جپے دّرِڑُ
تِن جن دُکھ پاپ کہُ کت ہووے جیِءُ ۔ ॥1॥

دھرم کرم پوُرے ستِگُرُ پائی ہے ॥

جا کی سیوا سِدھ سادھ مُنِ جن سُرِ نر جاچہِ
سبد سارُ ایک لِو لائی ہے ॥

پھُنِ جانے کو تیرا اپارُ نِربھءُ نِرنّکارُ
اکتھ کتھنہارُ تُجھہِ بُجھائی ہے ॥

بھرم بھوُلے سنّسار چھُٹہُ جوُنی سنگھار
جم کو ن ڈنّڈ کال گُرمتِ دھّیائی ہے ॥

من پّرانّی مُگدھ بیچارُ اِہنِس جپُ
دھرم کرم پوُرے ستِگُرُ پائی ہے ॥2॥

ہءُ بلِ بلِ جاءُ
ستِگُر ساچے نام پر ॥

کون اُپما دیءُ کون سیوا سریءُ
ایک مُکھ رسنا رسہُ جُگ جورِ کر ॥

پھُنِ من بچ کّرم جانُ انت دوُجا ن مانُ
نامُ سو اپارُ سارُ دینو گُرِ رِد دھر ॥

نلّیِ کوِ پارس پرس کچ کنچنا ہوءِ

ਚੰਦਨਾ ਸੁਬਾਸੁ ਜਾਸੁ ਸਿਮਰਤ ਅਨ ਤਰ ॥

چنّدنا سُباسُ جاسُ سِمرت ان تر ॥

ਜਾ ਕੇ ਦੇਖਤ ਦੁਆਰੇ ਕਾਮ ਕ੍ਰੋਧ ਹੀ ਨਿਵਾਰੇ
ਜੀ ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ ॥੩॥

جا کے دیکھت دُیارے کام کرودھ ہی نِوارے
جی ہءُ بلِ بلِ جاءُ ستِگُر ساچے نام پر ॥3॥

ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥

راجُ جوگُ تختُ دیئنُ گُر رامداس ॥

ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ
ਤਾਰਨਿ ਮਨੁਖ੍ਯ ਜਨ ਕੀਅਉ ਪ੍ਰਗਾਸ ॥

پرتھمے نانک چنّدُ جگت بھیو آنندُ
تارنِ منکھّیہ جن کِیئءُ پرّگاس ॥

ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ
ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ ॥

گُر انگد دِیئءُ نِدھانُ اکتھ کتھا گِیانُ
پنّچ بھوُت بسِ کِینے جمت ن ترّاس ॥

ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ
ਅਘਨ ਦੇਖਤ ਗਤੁ ਚਰਨ ਕਵਲ ਜਾਸ ॥

گُر امرُ گُرو سّری ستِ کلِجُگِ راکھی پتِ
اگھن دیکھت گتُ چرن کول جاس ॥

ਸਭ ਬਿਧਿ ਮਾਨ੍ਹਿਉ ਮਨੁ ਤਬ ਹੀ ਭਯਉ ਪ੍ਰਸੰਨੁ
ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥੪॥

سبھ بِدھِ مانّیءُ منُ تب ہی بھیءُ پرسنّنُ
راجُ جوگُ تختُ دیئنُ گُر رامداس ॥4॥

ਰਡ ॥

رڈ ॥

ਜਿਸਹਿ ਧਾਰ੍ਹਿਉ ਧਰਤਿ ਅਰੁ ਵਿਉਮੁ ਅਰੁ ਪਵਣੁ ਤੇ ਨੀਰ ਸਰ
ਅਵਰ ਅਨਲ ਅਨਾਦਿ ਕੀਅਉ ॥

جِسہِ دھارّیءُ دھرتِ ارُ وِئُمُ ارُ پونُ تے نیِر سر
اور انل انادِ کِیئءُ ॥

ਸਸਿ ਰਿਖਿ ਨਿਸਿ ਸੂਰ ਦਿਨਿ
ਸੈਲ ਤਰੂਅ ਫਲ ਫੁਲ ਦੀਅਉ ॥

سسِ رِکھِ نِس سوُر دِنِ
سیَل تروُء پھل پھُل دِیئءُ ॥

ਸੁਰਿ ਨਰ ਸਪਤ ਸਮੁਦ੍ਰ ਕਿਅ
ਧਾਰਿਓ ਤ੍ਰਿਭਵਣ ਜਾਸੁ ॥

سُرِ نر سپت سمُدّر کِء
دھارِئو ترِبھونُ جاسُ ॥

ਸੋਈ ਏਕੁ ਨਾਮੁ ਹਰਿ ਨਾਮੁ ਸਤਿ
ਪਾਇਓ ਗੁਰ ਅਮਰ ਪ੍ਰਗਾਸੁ ॥੧੫॥

سوئی ایکُ نامُ ہرِ نامُ ستِ
پائیئو گُر امر پرّگاسُ ॥ 15 ॥

ਕਚਹੁ ਕੰਚਨੁ ਭਇਅਉ
ਸਬਦੁ ਗੁਰ ਸ੍ਰਵਣਹਿ ਸੁਣਿਓ ॥

کچہُ کنچنُ بھیئءُ
سبدُ گُر سّروٹہِ سُنّیئو ॥

ਬਿਖੁ ਤੇ ਅੰਮ੍ਰਿਤੁ ਹੁਯਉ
ਨਾਮੁ ਸਤਿਗੁਰ ਮੁਖਿ ਭਣਿਅਉ ॥

بِکھُ تے انمّرِتُ ہُیءُ
نامُ ستِگُر مُکھِ بھنّیئءُ ॥

ਲੋਹਉ ਹੋਯਉ ਲਾਲੁ
ਨਦਰਿ ਸਤਿਗੁਰੁ ਜਦਿ ਧਾਰੈ ॥

لوہءُ ہویءُ لالُ
ندرِ ستِگُر جدِ دھارے ॥

ਪਾਹਣ ਮਾਣਕ ਕਰੈ
ਗਿਆਨੁ ਗੁਰ ਕਹਿਅਉ ਬੀਚਾਰੈ ॥

پاہنٹ مانک کرے
گیانُ گُر کہیءُ بیچارے ॥

ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ
ਦੁਖ ਦਰਿਦ੍ਰ ਤਿਨ ਕੇ ਗਇਅ ॥

کاٹھہُ سّریکھنڈ ستِگُرِ کیِیءُ
دُکھ درِدّر تِن کے گیِءَ ॥

ਸਤਿਗੁਰੂ ਚਰਨ ਜਿਨ੍ ਪਰਸਿਆ
ਸੇ ਪਸੁ ਪਰੇਤ ਸੁਰਿ ਨਰ ਭਇਅ ॥੨॥੬॥

ستِگُروُ چرن جِنّہ پرسِیا
سے پسُ پریت سُرِ نر بھیِءَ ॥2॥6॥

ਜਾਮਿ ਗੁਰੂ ਹੋਇ ਵਲਿ
ਧਨਹਿ ਕਿਆ ਗਾਰਵੁ ਦਿਜਇ ॥

جامِ گُروُ ہوءِ ولِ
دھنہِ کیا گارُو دِجءِ ۔ ॥

ਜਾਮਿ ਗੁਰੂ ਹੋਇ ਵਲਿ
ਲਖ ਬਾਹੇ ਕਿਆ ਕਿਜਇ ॥

جامِ گُروُ ہوءِ ولِ
لکھ باہے کیا کجءِ ۔ ॥

ਜਾਮਿ ਗੁਰੂ ਹੋਇ ਵਲਿ
ਗਿਆਨ ਅਰੁ ਧਿਆਨ ਅਨਨ ਪਰਿ ॥

جامِ گُروُ ہوءِ ولِ
گیان ارُ دھیان انن پرِ ॥

ਜਾਮਿ ਗੁਰੂ ਹੋਇ ਵਲਿ
ਸਬਦੁ ਸਾਖੀ ਸੁ ਸਚਹ ਘਰਿ ॥

جامِ گُروُ ہوءِ ولِ
سبدُ ساکھی سُ سچہ گھرِ ॥

ਜੋ ਗੁਰੂ ਗੁਰੂ ਅਹਿਨਿਸਿ ਜਪੈ
ਦਾਸੁ ਭਟੁ ਬੇਨਤਿ ਕਹੈ ॥

جو گُروُ گُروُ اہِنِس جپے
داسُ بھٹُ بینتِ کہے ॥

ਜੋ ਗੁਰੂ ਨਾਮੁ ਰਿਦ ਮਹਿ ਧਰੈ
ਸੋ ਜਨਮ ਮਰਣ ਦੁਹ ਥੇ ਰਹੈ ॥੩॥੭॥

جو گُروُ نامُ رِد مہِ دھرے
سو جنم مرنٹ دُہ تھے رہے ॥3॥7॥

ਗੁਰ ਬਿਨੁ ਘੋਰੁ ਅੰਧਾਰੁ
ਗੁਰੂ ਬਿਨੁ ਸਮਝ ਨ ਆਵੈ ॥

گُر بِنُ گھورُ انّدھارُ
گُروُ بِنُ سمجھ ن آوے ॥

ਗੁਰ ਬਿਨੁ ਸੁਰਤਿ ਨ ਸਿਧਿ
ਗੁਰੂ ਬਿਨੁ ਮੁਕਤਿ ਨ ਪਾਵੈ ॥

گُر بِنُ سُرتِ ن سِدھِ
گُروُ بِنُ مُکتِ ن پاوے ॥

ਗੁਰੁ ਕਰੁ ਸਚੁ ਬੀਚਾਰੁ
ਗੁਰੂ ਕਰੁ ਰੇ ਮਨ ਮੇਰੇ ॥

گُرُ کرُ سچُ بیچارُ

ਗੁਰੁ ਕਰੁ ਸਬਦ ਸਪُੰਨ
ਅਘਨ ਕਟਹਿ ਸਭ ਤੇਰੇ ॥

ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ
ਗੁਰੂ ਸਤਿ ਕਵਿ ਨਲ੍ਹ ਕਹਿ ॥

ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ
ਤੇ ਅਕਯਥ ਸੰਸਾਰ ਮਹਿ ॥੪॥੮॥

ਗੁਰੂ ਗੁਰੂ ਗੁਰੁ ਕਰੁ ਮਨ ਮੇਰੇ ॥

ਤਾਰਣ ਤਰਣ ਸਮ੍ਰਥੁ ਕਲਿਜੁਗਿ
ਸੁਨਤ ਸਮਾਧਿ ਸਬਦ ਜਿਸੁ ਕੇਰੇ ॥

ਫੁਨਿ ਦੁਖਨਿ ਨਾਸੁ ਸੁਖਦਾਯਕੁ ਸੂਰਉ
ਜੋ ਧਰਤ ਧਿਆਨੁ ਬਸਤ ਤਿਹ ਨੇਰੇ ॥

ਪੂਰਉ ਪੁਰਖੁ ਰਿਦੈ ਹਰਿ ਸਿਮਰਤ
ਮੁਖੁ ਦੇਖਤ ਅਘ ਜਾਹਿ ਪਰੇਰੇ ॥

ਜਉ ਹਰਿ ਬੁਧਿ ਰਿਧਿ ਸਿਧਿ ਚਾਹਤ
ਗੁਰੂ ਗੁਰੂ ਗੁਰੁ ਕਰੁ ਮਨ ਮੇਰੇ ॥੫॥੯॥

ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ ॥

ਹੁਤੀ ਜੁ ਪਿਆਸ ਪਿਊਸ ਪਿਵੰਨ ਕੀ
ਬੰਛਤ ਸਿਧਿ ਕਉ ਬਿਧਿ ਮਿਲਾਯਉ ॥

ਪੂਰਨ ਭੋ ਮਨ ਠਉਰ ਬਸੋ
ਰਸ ਬਾਸਨ ਸਿਉ ਜੁ ਦਹੰ ਦਿਸਿ ਧਾਯਉ ॥

ਗੋਬਿੰਦਵਾਲੁ ਗੋਬਿੰਦ ਪੁਰੀ ਸਮ
ਜਲ੍ਹਨ ਤੀਰਿ ਬਿਪਾਸ ਬਨਾਯਉ ॥

ਗਯਉ ਦੁਖੁ ਦੂਰਿ ਬਰਖਨ ਕੋ
ਸੁ ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ ॥੬॥੧੦॥

گُرو کرُ رے من میرے ۔ ॥

گُرُ کرُ سبد سپُنّن
اگھن کٹہِ سبھ تیرے ॥

گُرُ نینٔ بینٔ گُرُ گُرُ کرہُ
گُرو ستِ کوِ نلّي کہِ ॥

جِنِ گُرو ن دیکھِیٔ نہُ کیِیٔ
تے اکِتھ سنّسار مہِ ॥4॥8॥

گُرو گُرو گُرُ کرُ من میرے ۔ ॥

تارنٔ ترنٔ سمرّتھُ کلِجُگِ
سُنت سمادھِ سبد جِسُ کیرے ॥

پھُنِ دُکھنِ ناسُ سُکھدایکُ سوُرےُ
جو دھرت دھِیانُ بست تہِ نیرے ॥

پوُرےُ پُرکھُ رِدے ہرِ سِمرت
مُکھُ دیکھت اگھ جاہِ پریرے ॥

جےُ ہرِ بُدھِ رِدھِ سِدھِ چاہت
گُرو گُرو گُرُ کرُ من میرے ۔ ॥5॥9॥

گُرو مُکھُ دیکھِ گرو سُکھُ پایٔےُ ॥

ہُتی جُ پیاس پیُوس پِوَن کی
بنّچھت سِدھِ کےُ بِدھِ مِلایٔےُ ॥

پوُرن بھو من ٹھُرُ بسو
رس باسن سِےُ جُ دہنّ دِس دھایٔےُ ॥

گوبِندوالُ گوبِندپُری سم
جلّہن تیرِ بپاس بنایٔےُ ॥

گیٔےُ دُکھُ دوُرِ برکھن کو
سُ گُرو مُکھُ دیکھِ گرو سُکھُ پایٔےُ ॥6॥ 10 ॥

ਸਮਰਥ ਗੁਰੂ ਸਿਰਿ ਹਥੁ ਧਰ੍ਯਉ ॥

سمرتھ گُرو سِرِ ہتھُ دھرّیءُ ॥

ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ
ਜਿਸੁ ਦੇਖਿ ਚਰੰਨ ਅਘੰਨ ਹਰ੍ਯਉ ॥

گُرِ کِینی کرِپا ہرِ نامُ دِیئُ
جِسُ دیکھِ چرنّن اگھنّن ہرّیءُ ॥

ਨਿਸਿ ਬਾਸੁਰ ਏਕ ਸਮਾਨ ਧਿਆਨ
ਸੁ ਨਾਮ ਸੁਨੇ ਸੁਤੁ ਭਾਨ ਡਰ੍ਯਉ ॥

نِسِ باسُر ایک سمان دھیان
سُ نام سُنے سُتُ بھان ڈرّیءُ ॥

ਭਨਿ ਦਾਸ ਸੁ ਆਸ ਜਗਤ੍ਰ ਗੁਰੂ ਕੀ
ਪਾਰਸੁ ਭੇਟਿ ਪਰਸੁ ਕਰ੍ਯਉ ॥

بھنِ داس سُ آس جگتّر گُرو کی
پارسُ بھیٹِ پرسُ کرّیءُ ॥

ਰਾਮਦਾਸੁ ਗੁਰੂ ਹਰਿ ਸਤਿ ਕੀਯਉ
ਸਮਰਥ ਗੁਰੂ ਸਿਰਿ ਹਥੁ ਧਰ੍ਯਉ ॥੭॥੧੧॥

رامداسُ گُرو ہرِ ستِ کیِیءُ
سمرتھ گُرو سِرِ ہتھُ دھرّیءُ ॥7॥ 11 ॥

ਅਬ ਰਾਖਹੁ ਦਾਸ ਭਾਟ ਕੀ ਲਾਜ ॥

اب راکھہُ داس بھاٹ کی لاج ॥

ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ
ਹਰਨਾਖਸ ਫਾਰੇ ਕਰ ਆਜ ॥

جیَسی راکھی لاج بھگت پرہِلاد کی
ہرناکھس پھارے کر آج ॥

ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ
ਛੀਨਤ ਬਸਤ੍ਰ ਦੀਨ ਬਹੁ ਸਾਜ ॥

پھُنِ دّروپتی لاج رکھی ہرِ پربھ جی
چھِینت بستّر دِین بہُ ساج ॥

ਸੋਦਾਮਾ ਅਪਦਾ ਤੇ ਰਾਖਿਆ
ਗਨਿਕਾ ਪੜ੍ਹਤ ਪੂਰੇ ਤਿਹ ਕਾਜ ॥

سوداما اپدا تے راکھِیا
گنِکا پڑہت پُورے تِہ کاج ॥

ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ
ਰਾਖਹੁ ਦਾਸ ਭਾਟ ਕੀ ਲਾਜ ॥੮॥੧੨॥

سّری ستِگُر سُپرّسنّن کلجُگ ہوءِ
راکھہُ داس بھاٹ کی لاج ॥8॥ 12 ॥

ਝੋਲਨਾ ॥

جھولنا ॥

ਗੁਰੂ ਗੁਰੁ ਗੁਰੂ ਗੁਰੁ
ਗੁਰੂ ਜਪੁ ਪ੍ਰਾਨੀਅਹੁ ॥

گُرو گُرُ گُرو گُرُ
گُرو جپُ پرانِیئہُ ۔ ॥

ਸਬਦੁ ਹਰਿ ਹਰਿ ਜਪੈ ਨਾਮੁ ਨਵ ਨਿਧਿ ਅਪੈ
ਰਸਨਿ ਅਹਿਨਿਸਿ ਰਸੈ ਸਤਿ ਕਰਿ ਜਾਨੀਅਹੁ ॥

سبدُ ہرِ ہرِ جپے نامُ نو نِدھِ اپے
رسنِ اہِنِس رسے ستِ کرِ جانِیئہُ ॥

ਫੁਨਿ ਪ੍ਰੇਮ ਰੰਗ ਪਾਈਐ ਗੁਰਮੁਖਹਿ ਧਿਆਈਐ
ਅੰਨ ਮਾਰਗ ਤਜਹੁ ਭਜਹੁ ਹਰਿ ਗ੍ਯਾਨੀਅਹੁ ॥

پھُنِ پریم رنّگ پائیئے گُرمُکھِ دھیائیئے
انّن مارگ تجہُ بھجہُ ہرِ گیانِیئہُ ॥

ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ
ਜਨਮੁ ਕੁਲ ਉਧਰਹੁ ਦ੍ਵਾਰਿ ਹਰਿ ਮਾਨੀਅਹੁ ॥

ਜਉ ਤ ਸਭ ਸੁਖ ਇਤ ਉਤ ਤੁਮ ਬੰਛਵਹੁ
ਗੁਰੂ ਗੁਰੁ ਗੁਰੂ ਗੁਰੁ
ਗੁਰੂ ਜਪੁ ਪ੍ਰਾਨੀਅਹੁ ॥੧॥੧੩॥

ਗੁਰੂ ਗੁਰੁ ਗੁਰੂ ਗੁਰੁ
ਗੁਰੂ ਜਪਿ ਸਤਿ ਕਰਿ ॥

ਅਗਮ ਗੁਨ ਜਾਨੁ ਨਿਧਾਨੁ ਹਰਿ ਮਨਿ ਧਰਹੁ ਧ੍ਯਾਨੁ
ਅਹਿਨਿਸਿ ਕਰਹੁ ਬਚਨ ਗੁਰ ਰਿਦੈ ਧਰਿ ॥

ਫੁਨਿ ਗੁਰੂ ਜਲ ਬਿਮਲ ਅਥਾਹ
ਮਜਨੁ ਕਰਹੁ ਸੰਤ ਗੁਰਸਿਖ ਤਰਹੁ
ਨਾਮ ਸਚ ਰੰਗ ਸਰਿ ॥

ਸਦਾ ਨਿਰਵੈਰੁ ਨਿਰੰਕਾਰੁ ਨਿਰਭਉ ਜਪੈ
ਪ੍ਰੇਮ ਗੁਰ ਸਬਦ ਰਸਿ ਕਰਤ ਦ੍ਰਿੜੁ ਭਗਤਿ ਹਰਿ ॥

ਮੁਗਧ ਮਨ ਭ੍ਰਮੁ ਤਜਹੁ ਨਾਮੁ ਗੁਰਮੁਖਿ ਭਜਹੁ
ਗੁਰੂ ਗੁਰੁ ਗੁਰੂ ਗੁਰੁ
ਗੁਰੂ ਜਪੁ ਸਤਿ ਕਰਿ ॥੨॥੧੪॥

ਗੁਰੂ ਗੁਰੁ ਗੁਰੁ ਕਰਹੁ
ਗੁਰੂ ਹਰਿ ਪਾਈਐ ॥

ਉਦਧਿ ਗੁਰੁ ਗਹਿਰ ਗੰਭੀਰ ਬੇਅੰਤੁ
ਹਰਿ ਨਾਮ ਨਗ ਹੀਰ ਮਣਿ
ਮਿਲਤ ਲਿਵ ਲਾਈਐ ॥

ਫੁਨਿ ਗੁਰੂ ਪਰਮਲ ਸਰਸ ਕਰਤ ਕੰਚਨੁ ਪਰਸ
ਮੈਲੁ ਦੁਰਮਤਿ ਹਿਰਤ ਸਬਦਿ ਗੁਰੁ ਧ੍ਯਾਈਐ ॥

ਅੰਮ੍ਰਿਤ ਪਰਵਾਹ ਛੁਟਕੰਤ ਸਦ ਦ੍ਵਾਰਿ ਜਿਸੁ
ਗ੍ਯਾਨ ਗੁਰ ਬਿਮਲ ਸਰ ਸੰਤ ਸਿਖ ਨਾਈਐ ॥

بچن گُر رِدِ دھرہُ پنچ بھوُ بسِ کرہُ
جنمُ کُل اُدھرہُ دّوارِ ہرِ مانِیئہُ ॥

جءُ ت سبھ سُکھ اِت اُت تُم بنچھوہُ
گُروُ گُرُ گُروُ گُرُ
گُروُ جپُ پّرانِیئہُ ۔ ॥1॥ 13 ॥

گُروُ گُرُ گُروُ گُرُ
گُروُ جپِ ستِ کرِ ॥

اگم گُن جانُ نِدھانُ ہرِ منِ دھرہُ دھّیانُ
اہِنِس کرہُ بچن گُر رِدے دھرِ ॥

پھُنِ گُروُ جل بِمل اتھاہ
مجنُ کرہُ سنّت گُرسِکھ ترہُ
نام سچ رنگ سرِ ॥

سدا نِرویرُ نِرنّکارُ نِربھءُ جپے
پّریم گُر سبد رس کرت دّرڑُ بھگتِ ہرِ ॥

مُگدھ من بھّرمُ تجہُ نامُ گُرمُکھِ بھجہُ
گُروُ گُرُ گُروُ گُرُ
گُروُ جپُ ستِ کرِ ॥2॥ 14 ॥

گُروُ گُرُ گُرُ کرہُ
گُروُ ہرِ پائیئے ॥

اُددھِ گُرُ گہِر گنبھیر بیئنّتُ
ہرِ نام نگ ہیر منِّ
مِلت لِو لائیئے ॥

پھُنِ گُروُ پرمل سرس کرت کنچنُ پرس
میَلُ دُرمتِ ہرت سبدِ گُرُ دھّیائیئے ॥

انمّرت پرواہ چھُٹکنّت سد دّوارِ جِسُ
گّیان گُر بِمل سر سنّت سِکھ نائیئے ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نُوں سمرپت | سیوا: بھائی بلجِندر سنگھ جی (راڑا صاہب)

ਨਾਮੁ ਨਿਰਬਾਣੁ ਨਿਧਾਨੁ ਹਰਿ ਉਰਿ ਧਰਹੁ
ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ ॥੩॥੧੫॥

نامُ نِربانُ نِدھانُ ہرِ اُرِ دھرہُ
گُرو گُرُ گُرُ کرہُ گُرو ہرِ پائیَے ॥3॥ 15 ॥

ਗੁਰੂ ਗੁਰੁ ਗੁਰੂ ਗੁਰੁ
ਗੁਰੂ ਜਪੁ ਮੰਨ ਰੇ ॥

گُرو گُرُ گُرو گُرُ
گُرو جپُ منّ رے ۔ ॥

ਜਾ ਕੀ ਸੇਵ ਸਿਵ ਸਿਧ ਸਾਧਿਕ ਸੁਰ ਅਸੁਰ ਗਣ ਤਰਹਿ ਤੇਤੀਸ
ਗੁਰ ਬਚਨ ਸੁਣਿ ਕੰਨ ਰੇ ॥

جا کی سیو سِو سِدھ سادھِک سُر اسُر گنؔ ترہِ تیتیِس
گُر بچن سُنِ کنّن رے ۔ ॥

ਫੁਨਿ ਤਰਹਿ ਤੇ ਸੰਤ ਹਿਤ ਭਗਤ ਗੁਰੁ ਗੁਰੁ ਕਰਹਿ
ਤਰਿਓ ਪ੍ਰਹਲਾਦੁ ਗੁਰ ਮਿਲਤ ਮੁਨਿ ਜੰਨ ਰੇ ॥

پھُنِ ترہِ تے سنّت ہِت بھگت گُرُ گُرُ کرہِ
ترِئو پّرہلادُ گُر مِلت مُنِ جنّن رے ۔ ॥

ਤਰਹਿ ਨਾਰਦਾਦਿ ਸਨਕਾਦਿ ਹਰਿ ਗੁਰਮੁਖਹਿ
ਤਰਹਿ ਇਕ ਨਾਮ ਲਗਿ ਤਜਹੁ ਰਸ ਅੰਨ ਰੇ ॥

ترہِ ناردادِ سنکادِ ہرِ گُرمُکھہِ
ترہِ اِک نام لگِ تجہُ رس انّن رے ۔ ॥

ਦਾਸੁ ਬੇਨਤਿ ਕਹੈ ਨਾਮੁ ਗੁਰਮੁਖਿ ਲਹੈ
ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਮੰਨ ਰੇ ॥੪॥੧੬॥੨੯॥

داسُ بینتِ کہے نامُ گُرمُکھِ لہے
گُرو گُرُ گُرو گُرُ گُرو جپُ منّ رے ۔ ॥4॥ 16 ॥ 29 ॥

ਸਿਰੀ ਗੁਰੂ ਸਾਹਿਬੁ ਸਭ ਊਪਰਿ ॥

سِری گُرو صاحِبُ سبھ اوُپرِ ॥

ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ ॥

کری کّرپا ستجُگِ جِنِ دھّرو پرِ ॥

ਸ੍ਰੀ ਪ੍ਰਹਲਾਦ ਭਗਤ ਉਧਰੀਅੰ ॥

سّری پّرہلاد بھگت اُدھریئنّ ॥

ਹਸੁ ਕਮਲ ਮਾਥੇ ਪਰ ਧਰੀਅੰ ॥

ہسّت کمل ماتھے پر دھریئنّ ॥

ਅਲਖ ਰੂਪ ਜੀਅ ਲਖ੍ਹਾ ਨ ਜਾਈ ॥

الکھ روُپ جیء لکھّیا ن جائی ॥

ਸਾਧਿਕ ਸਿਧ ਸਗਲ ਸਰਣਾਈ ॥

سادھِک سِدھ سگل سرٹائی ॥

ਗੁਰ ਕੇ ਬਚਨ ਸਤਿ ਜੀਅ ਧਾਰਹੁ ॥

گُر کے بچن ستِ جیء دھارہُ ॥

ਮਾਣਸ ਜਨਮੁ ਦੇਹ ਨਿਸ੍ਹਾਰਹੁ ॥

مانّس جنمُ دیہ نِسّتارہُ ॥

ਗੁਰੁ ਜਹਾਜੁ ਖੇਵਟੁ ਗੁਰੂ
ਗੁਰ ਬਿਨੁ ਤਰਿਆ ਨ ਕੋਇ ॥

گُرُ جہاجُ کھیوٹُ گُرو
گُر بِنُ تریا ن کوءِ ॥

ਗੁਰ ਪ੍ਰਸਾਦਿ ਪ੍ਰਭੁ ਪਾਈਐ
ਗੁਰ ਬਿਨੁ ਮੁਕਤਿ ਨ ਹੋਇ ॥

گُر پّرسادِ پّربھُ پائیَے
گُر بِنُ مُکتِ ن ہوءِ ॥

ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥
گُرُ نانکُ نِکٹِ بسے بنواری ॥

ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥
تِنِ لہنّا تھاپِ جوتِ جگِ دھاری ॥

ਲਹਣੈ ਪੰਥੁ ਧਰਮ ਕਾ ਕੀਆ ॥
لہنّے پنّتھُ دھرم کا کِیا ॥

ਅਮਰਦਾਸ ਭਲੇ ਕਉ ਦੀਆ ॥
امرداس بھلے کءُ دِیا ॥

ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯਉ ॥
تِنِ سّری رامداسُ سوڈھی تھِرُ تھپّیءُ ॥

ਹਰਿ ਕਾ ਨਾਮੁ ਅਖੈ ਨਿਧਿ ਅਪ੍ਯਉ ॥
ہرِ کا نامُ اکھے َنِدھِ اپّیءُ ॥

ਅਪ੍ਯਉ ਹਰਿ ਨਾਮੁ ਅਖੈ ਨਿਧਿ ਚਹੁ ਜੁਗਿ
ਗੁਰ ਸੇਵਾ ਕਰਿ ਫਲੁ ਲਹੀਅੰ ॥
اپّیءُ ہرِ نامُ اکھے َنِدھِ چہُ جُگِ
گُر سیوا کرِ پھلُ لہیئںّ ॥

ਬੰਦਹਿ ਜੋ ਚਰਣ ਸਰਣਿ ਸੁਖੁ ਪਾਵਹਿ
ਪਰਮਾਨੰਦ ਗੁਰਮੁਖਿ ਕਹੀਅੰ ॥
بنّدہِ جو چرنؒ سرنؒ سُکھُ پاوہِ
پرمانند گُرمُکھِ کہیئںّ ॥

ਪਰਤਖਿ ਦੇਹ ਪਾਰਬ੍ਰਹਮੁ ਸੁਆਮੀ
ਆਦਿ ਰੂਪਿ ਪੋਖਣ ਭਰਣੰ ॥
پرتکھِ دیہ پاربّرہمُ سُیامی
آدِ روُپِ پوکھؒ بھرنؒںّ ॥

ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ
ਸ੍ਰੀ ਰਾਮਦਾਸੁ ਤਾਰਣ ਤਰਣੰ ॥੧॥
ستِگُرُ گُرُ سیوِ الکھ گتِ جا کی
سّری رامداسُ تارنؒ ترنؒںّ ॥1॥

ਜਿਹ ਅੰਮ੍ਰਿਤ ਬਚਨ ਬਾਣੀ ਸਾਧੂ ਜਨ ਜਪਹਿ
ਕਰਿ ਬਿਚਿਤਿ ਚਾਓ ॥
جِہ انمّرِت بچن باؤی سادھوُ جن جپہِ
کرِ بچِتِ چائو ॥

ਆਨੰਦੁ ਨਿਤ ਮੰਗਲੁ
ਗੁਰ ਦਰਸਨੁ ਸਫਲੁ ਸੰਸਾਰਿ ॥
آنندُ نِت منگلُ
گُر درسنُ سپھلُ سنّسارِ ॥

ਸੰਸਾਰਿ ਸਫਲੁ ਗੰਗਾ ਗੁਰ ਦਰਸਨੁ
ਪਰਸਨ ਪਰਮ ਪਵਿਤ੍ਰ ਗਤੇ ॥
سنّسارِ سپھلُ گنگا گُر درسنُ
پرسن پرم پوِتّر گتے ॥

ਜੀਤਹਿ ਜਮ ਲੋਕੁ ਪਤਿਤ ਜੇ ਪ੍ਰਾਣੀ
ਹਰਿ ਜਨ ਸਿਵ ਗੁਰ ਗ੍ਯਾਨਿ ਰਤੇ ॥
جیتہِ جم لوکُ پتِت جے پّرانؤی
ہرِ جن سِو گُر گّیانِ رتے ॥

ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ
ਮੁਨਿ ਬੰਛਹਿ ਜਾ ਕੀ ਸਰਣੰ ॥
رگھُبنّسِ تِلکُ سُنّدرُ دسرتھ گھرِ
مُنِ بنّچھہِ جا کی سرنؒںّ ॥

ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ
ستِگُرُ گُرُ سیوِ الکھ گتِ جا کی

ਸ੍ਰੀ ਰਾਮਦਾਸੁ ਤਾਰਣ ਤਰਣੰ ॥੨॥

ਸੰਸਾਰੁ ਅਗਮ ਸਾਗਰੁ
ਤੁਲਹਾ ਹਰਿ ਨਾਮੁ ਗੁਰੂ ਮੁਖਿ ਪਾਯਾ ॥

ਜਗਿ ਜਨਮ ਮਰਣੂ ਭਗਾ
ਇਹ ਆਈ ਹੀਐ ਪਰਤੀਤਿ ॥

ਪਰਤੀਤਿ ਹੀਐ ਆਈ ਜਿਨ ਜਨ ਕੈ
ਤਿਨ੍ਹ ਕਉ ਪਦਵੀ ਉਚ ਭਈ ॥

ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ
ਕਾਮ ਕ੍ਰੋਧ ਕੀ ਬ੍ਰਿਥਾ ਗਈ ॥

ਅਵਲੋਕ੍ਯਾ ਬ੍ਰਹਮੁ ਭਰਮੁ ਸਭੁ ਛੁਟਕ੍ਯਾ
ਦਿਬ੍ਯ ਦ੍ਰਿਸ੍ਟਿ ਕਾਰਣ ਕਰਣੰ ॥

ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ
ਸ੍ਰੀ ਰਾਮਦਾਸੁ ਤਾਰਣ ਤਰਣੰ ॥੩॥

ਪਰਤਾਪੁ ਸਦਾ ਗੁਰ ਕਾ ਘਟਿ ਘਟਿ
ਪਰਗਾਸੁ ਭਯਾ ਜਸੁ ਜਨ ਕੈ ॥

ਇਕਿ ਪੜਹਿ ਸੁਣਹਿ ਗਾਵਹਿ
ਪਰਭਾਤਿਹਿ ਕਰਹਿ ਇਸ੍ਨਾਨੁ ॥

ਇਸ੍ਨਾਨੁ ਕਰਹਿ ਪਰਭਾਤਿ ਸੁਧ ਮਨਿ
ਗੁਰ ਪੂਜਾ ਬਿਧਿ ਸਹਿਤ ਕਰੰ ॥

ਕੰਚਨੁ ਤਨੁ ਹੋਇ ਪਰਸਿ ਪਾਰਸ ਕਉ
ਜੋਤਿ ਸਰੂਪੀ ਧ੍ਯਾਨੁ ਧਰੰ ॥

ਜਗਜੀਵਨੁ ਜਗੰਨਾਥੁ ਜਲ ਥਲ ਮਹਿ
ਰਹਿਆ ਪੂਰਿ ਬਹੁ ਬਿਧਿ ਬਰਨੰ ॥

ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ
ਸ੍ਰੀ ਰਾਮਦਾਸੁ ਤਾਰਣ ਤਰਣੰ ॥੪॥

سّری رامداسُ تارنٹ ترنّ ॥2॥

سنّسارُ اگم ساگرُ
تُلہا ہرِ نامُ گُرو مُکھِ پایا ॥

جگِ جنم مرنُ بھگا
اِہ آئی ہیئے پرتیتِ ॥

پرتیتِ ہیئے آئی جِن جن کے
تِنّہ ک ءُ پدوی اُچ بھئی ॥

تجِ مائیا موہُ لوبھُ ارُ لالچُ
کام کرودھ کی بّرِتھا گئی ॥

اولوکّیا بّرہمُ بھرمُ سبھُ چھُٹکّیا
دِبّیِ دّرسّٹِ کارنٹ کرنّ ॥

ستِگُرُ گُرُ سیوِ الکھ گتِ جا کی
سّری رامداسُ تارنٹ ترنّ ॥3॥

پرتاپُ سدا گُر کا گھٹِ گھٹِ
پرگاسُ بھیا جسُ جن کے ॥

اِکِ پڑہِ سُنّہِ گاوہِ
پربھاتِہِ کرہِ اِسّنانُ ॥

اِسّنانُ کرہِ پربھاتِ سُدھ منِ
گُر پُوجا بِدھِ سہِت کرنّ ॥

کنچُن تنُ ہوءِ پرسِ پارس ک ءُ
جوتِ سروُپی دھّیانُ دھرنّ ॥

جگجیونُ جگنّاتھُ جل تھل مہِ
رہِیا پوُرِ بہُ بِدھِ برنّ ॥

ستِگُرُ گُرُ سیوِ الکھ گتِ جا کی
سّری رامداسُ تارنٹ ترنّ ॥4॥

ਜਿਨਹੁ ਬਾਤ ਨਿਸ੍ਚਲ ਧ੍ਰੂਅ ਜਾਨੀ
ਤੇਈ ਜੀਵ ਕਾਲ ਤੇ ਬਚਾ ॥

جِنہُ بات نِسّچل دھرُوءِ جانی
تیئی جیِو کال تے بچا ॥

ਤਿਨ੍ ਤਰਿਓ ਸਮੁਦ੍ਰੁ ਰੁਦ੍ਰੁ ਖਿਨ ਇਕ ਮਹਿ
ਜਲਹਰ ਬਿੰਬ ਜੁਗਤਿ ਜਗੁ ਰਚਾ ॥

تِنّہ ترِئو سمُدّرُ رُدّرُ کھِن اِک مہِ
جلہر بِنّب جُگتِ جگُ رچا ॥

ਕੁੰਡਲਨੀ ਸੁਰਝੀ ਸਤਸੰਗਤਿ
ਪਰਮਾਨੰਦ ਗੁਰੂ ਮੁਖਿ ਮਚਾ ॥

کُنڈلنی سُرجھی ستسنگتِ
پرمانند گُرو مُکھِ مچا ॥

ਸਿਰੀ ਗੁਰੂ ਸਾਹਿਬੁ ਸਭ ਊਪਰਿ
ਮਨ ਬਚ ਕ੍ਰਮ ਸੇਵੀਐ ਸਚਾ ॥੫॥

سِری گُرو صاحِبُ سبھ اوُپرِ
من بچ کرنم سیویئے سچا ॥5॥

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥

واہِگُرو واہِگُرو واہِگُرو واہِ جیِءُ ۔ ॥

ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ
ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ ॥

کول نیَن مدھُر بیَن کوٹِ سیَن سنگ سوبھ
کہت ما جسود جِسہِ دہی بھاتُ کھاہِ جیِءُ ۔ ॥

ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ
ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ ॥

دیکھِ روُپُ اتِ انوُپُ موہ مہا مگ بھئی
کِنکنی سبد جھنتکار کھیلُ پاہِ جیِءُ ۔ ॥

ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ
ਈਸੁ ਬੰਮ੍ਹੁ ਗ੍ਯਾਨੁ ਧ੍ਯਾਨੁ ਧਰਤ ਹੀਐ ਚਾਹਿ ਜੀਉ ॥

کال قلم حُکمُ ہاتھِ کہہُ کنُ میٹِ سکے
ایُس بنّیُ گیانُ دھیانُ دھرت ہیئے چاہِ جیِءُ ۔ ॥

ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੧੬॥

ست ساچُ سّری نِواسُ آدِ پُرکھُ سدا تُہی
واہِگُرو واہِگُرو واہِگُرو واہِ جیِءُ ۔ ॥ 16 ॥

ਰਾਮ ਨਾਮ ਪਰਮ ਧਾਮ ਸੁਧ ਬੁਧ ਨਿਰੀਕਾਰ
ਬੇਸੁਮਾਰ ਸਰਬਰ ਕਉ ਕਾਹਿ ਜੀਉ ॥

رام نام پرم دھام سُدھ بُدھ نِریکار
بیشُمار سربر کءُ کاہِ جیِءُ ۔ ॥

ਸੁਥਰ ਚਿਤ ਭਗਤ ਹਿਤ ਭੇਖੁ ਧਰਿਓ
ਹਰਨਾਖਸੁ ਹਰਿਓ ਨਖ ਬਿਦਾਰਿ ਜੀਉ ॥

سُتھر چِت بھگت ہِت بھیکھُ دھرِئو
ہرناکھسُ ہرِئو نکھ بِدارِ جیِءُ ॥

ਸੰਖ ਚਕ੍ਰ ਗਦਾ ਪਦਮ ਆਪਿ ਆਪੁ ਕੀਓ ਛਦਮ
ਅਪਰੰਪਰ ਪਾਰਬ੍ਰਹਮ ਲਖੈ ਕਉਨੁ ਤਾਹਿ ਜੀਉ ॥

سنکھ چکّر گدا پدم آپِ آپُ کِیئو چھدم
اپرنّپر پاربّرہم لکھے کنُ تاہِ جیِءُ ॥

ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੨॥੭॥

ست ساچُ سّری نِواسُ آدِ پُرکھُ سدا تُہی
واہِگُرو واہِگُرو واہِگُرو واہِ جیِءُ ۔ ॥2॥7॥

ਪੀਤ ਬਸਨ ਕੁੰਦ ਦਸਨ ਪ੍ਰਿਅ ਸਹਿਤ ਕੰਠ ਮਾਲ
ਮੁਕਟੁ ਸੀਸਿ ਮੋਰ ਪੰਖ ਚਾਹਿ ਜੀਉ ॥

ਬੇਵਜੀਰ ਬਡੇ ਧੀਰ ਧਰਮ ਅੰਗ ਅਲਖ ਅਗਮ
ਖੇਲੁ ਕੀਆ ਆਪਣੈ ਉਛਾਹਿ ਜੀਉ ॥

ਅਕਥ ਕਥਾ ਕਥੀ ਨ ਜਾਇ ਤੀਨਿ ਲੋਕ ਰਹਿਆ ਸਮਾਇ
ਸੁਤਹ ਸਿਧ ਰੂਪੁ ਧਰਿਓ ਸਾਹਨ ਕੈ ਸਾਹਿ ਜੀਉ ॥

ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੩॥੮॥

ਸਤਿਗੁਰੂ ਸਤਿਗੁਰੂ ਸਤਿਗੁਰੁ ਗੁਬਿੰਦ ਜੀਉ ॥

ਬਲਿਹਿ ਛਲਨ ਸਬਲ ਮਲਨ ਭਗ੍ਰਿ ਫਲਨ ਕਾਨ੍ ਕੁਅਰ
ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ ॥

ਰਾਮ ਰਵਣ ਦੁਰਤ ਦਵਣ ਸਕਲ ਭਵਣ ਕੁਸਲ ਕਰਣ
ਸਰਬ ਭੂਤ ਆਪਿ ਹੀ ਦੇਵਾਧਿ ਦੇਵ
ਸਹਸ ਮੁਖ ਫਨਿੰਦ ਜੀਉ ॥

ਜਰਮ ਕਰਮ ਮਛ ਕਛ ਹੁਅ ਬਰਾਹ
ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ ॥

ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ
ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ ॥੪॥੯॥

ਸਿਰੀ ਗੁਰੂ ਸਿਰੀ ਗੁਰੂ
ਸਿਰੀ ਗੁਰੂ ਸਤਿ ਜੀਉ ॥

ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ ਇਹੈ
ਨਿਸਿ ਬਾਸੁਰ ਹੋਇ ਕਲ੍ਯਾਨੁ ਲਹਹਿ ਪਰਮ ਗਤਿ ਜੀਉ ॥

ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ
ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰਤਿ ਜੀਉ ॥

ਦੇਹ ਗੇਹੁ ਤ੍ਰਿਅ ਸਨੇਹੁ ਚਿਤ ਬਿਲਾਸੁ ਜਗਤ ਏਹੁ
ਚਰਨ ਕਮਲ ਸਦਾ ਸੇਉ ਦ੍ਰਿੜਤਾ ਕਰੁ ਮਤਿ ਜੀਉ ॥

پیت بسن کُند دسن پرِء سہت کنٹھ مال
مُکٹُ سیس مور پنکھ چاہِ جیِءُ ۔ ॥

بیوزیر بڈے دھیر دھرم انگ الکھ اگم
کھیلُ کیِیا آپنے اُچھاہِ جیِءُ ۔ ॥

اکتھ کتھا کتھی ن جاءِ تینِ لوک رہِیا سماءِ
سُتہ سِدھ روُپ دھرِئو ساہن کے ساہِ جیِءُ ۔ ॥

ستِ ساچُ سّری نِواسُ آدِ پُرکھُ سدا تُہی
واہِگُروُ واہِگُروُ واہِگُروُ واہِ جیِءُ ॥3॥8॥

ستِگُروُ ستِگُروُ ستِگُرُ گُبِندّ جیِءُ ۔ ॥

بلہِ چھلن سبل ملن بھگّتِ پھلن کانہّ کُرَ
نِہکلنّک بجی ڈنّک چڑّہوُ دل روِندّ جیِءُ ۔ ॥

رام روٹ دُرت دوٹ سکل بھوٹ کسل کرٹ
سرب بھوُت آپِ ہی دیوادھِ دیو
سہس مُکھ پھنِندّ جیِءُ ۔ ॥

جرم کرم مچھ کچھ ہُء براہ
جمُنا کے کوُلِ کھیلُ کھیلِئو جِنِ گِندّ جیِءُ ۔ ॥

نامُ سارُ ہیِۓ دھارُ تجُ بِکارُ من گیندّ
ستِگُروُ ستِگُروُ ستِگُرُ گُبِندّ جیِءُ ۔ ॥4॥9॥

سِری گُروُ سِری گُروُ
سِری گُروُ ستِ جیِءُ ॥

گُر کہِیا مانُ نج نِدھانُ سچُ جانُ منّترُ اِہے
نِسِ باسُر ہوءِ کلّیانُ لہِہ پرم گتِ جیِءُ ॥

کامُ کّرودھُ لوبھُ موہُ جٹُ جٹُ سِءُ چھاڈُ دھوہُ
ہیُۓ کا پھندّھُ کاٹُ سادھسنگِ رتِ جیِءُ ॥

دیہ گیہُ تّرِء سنیہُ چِت بِلاسُ جگت ایہُ

چرن کمل سدا سیءُ ڈرڑتا کرُ متِ جیءُ ॥

نامُ سارُ ہیئے دھارُ تجُ بِکارُ من گہنّد
سِری گُرو سِری گُرو سِری گُرو ستِ جیءُ ۔ ॥5॥ 10 ॥

ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ
ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ ॥੫॥੧੦॥

سیوک کے بھرپُور جُگ جُگ
واہگُرو تیرا سبھُ صدقا ॥

ਸੇਵਕ ਕੈ ਭਰਪੂਰ ਜੁਗੁ ਜੁਗੁ
ਵਾਹਗੁਰੂ ਤੇਰਾ ਸਭੁ ਸਦਕਾ ॥

نِرنکارُ پربھُ سدا سلامتِ
کہِ ن سکےَ کوئُو تُو کد کا ॥

ਨਿਰੰਕਾਰੁ ਪ੍ਰਭੁ ਸਦਾ ਸਲਾਮਤਿ
ਕਹਿ ਨ ਸਕੈ ਕੋਊ ਤੂ ਕਦ ਕਾ ॥

برہما بِسنُ سِرے تےَ اگنت
تِن کءُ موہُ بھیا من مد کا ॥

ਬ੍ਰਹਮਾ ਬਿਸਨੁ ਸਿਰੇ ਤੈ ਅਗਨਤ
ਤਿਨ ਕਉ ਮੋਹੁ ਭਯਾ ਮਨ ਮਦ ਕਾ ॥

چوراسیہِ لکھ جونِ اُپائی
رِجک دیِیا سبھ ہوُ کءُ تد کا ॥

ਚਵਰਾਸੀਹ ਲਖ ਜੋਨਿ ਉਪਾਈ
ਰਿਜਕ ਦੀਆ ਸਭ ਹੂ ਕਉ ਤਦ ਕਾ ॥

سیوک کے بھرپُور جُگ جُگ
واہِگُرو تیرا سبھُ صدقا ॥1॥ 11 ॥

ਸੇਵਕ ਕੈ ਭਰਪੂਰ ਜੁਗੁ ਜੁਗੁ
ਵਾਹਿਗੁਰੂ ਤੇਰਾ ਸਭੁ ਸਦਕਾ ॥੧॥੧੧॥

واہُ واہُ کا بڈا تماشا ॥

ਵਾਹੁ ਵਾਹੁ ਕਾ ਬਡਾ ਤਮਾਸਾ ॥

آپے ہسےَ آپِ ہی چِتوے
آپے چنّدُ سوُرُ پرگاسا ॥

ਆਪੇ ਹਸੈ ਆਪਿ ਹੀ ਚਿਤਵੈ
ਆਪੇ ਚੰਦੁ ਸੂਰੁ ਪਰਗਾਸਾ ॥

آپے جلُ آپے تھلُ تھمّہنُ
آپے کِیا گھٹِ گھٹِ باسا ॥

ਆਪੇ ਜਲੁ ਆਪੇ ਥਲੁ ਥੰਮ੍ਹਨੁ
ਆਪੇ ਕੀਆ ਘਟਿ ਘਟਿ ਬਾਸਾ ॥

آپے نرُ آپے پھُنِ ناری
آپے سارِ آپ ہی پاسا ॥

ਆਪੇ ਨਰੁ ਆਪੇ ਫੁਨਿ ਨਾਰੀ
ਆਪੇ ਸਾਰਿ ਆਪ ਹੀ ਪਾਸਾ ॥

گُرمُکھِ سنگتِ سبھےَ بچارہُ
واہُ واہُ کا بڈا تماشا ॥2॥ 12 ॥

ਗੁਰਮੁਖਿ ਸੰਗਤਿ ਸਭੈ ਬਿਚਾਰਹੁ
ਵਾਹੁ ਵਾਹੁ ਕਾ ਬਡਾ ਤਮਾਸਾ ॥੨॥੧੨॥

کِیا کھیلُ بڈ میلُ تماشا
واہِگُرو تیری سبھ رچنا ॥

ਕੀਆ ਖੇਲੁ ਬਡ ਮੇਲੁ ਤਮਾਸਾ
ਵਾਹਿਗੁਰੂ ਤੇਰੀ ਸਭ ਰਚਨਾ ॥

توُ جلِ تھلِ گگنِ پپالِ پوُرِ رہّیا

ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ

ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ ॥

ماننہِ برہمادِک رُدّرادِک
کال کا کالُ نِرنجن جچنا ॥

ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ
ਕਾਲ ਕਾ ਕਾਲੁ ਨਿਰੰਜਨ ਜਚਨਾ ॥

ਗੁਰ ਪ੍ਰਸਾਦਿ ਪਾਈਐ ਪਰਮਾਰਥੁ
ਸਤਸੰਗਤਿ ਸੇਤੀ ਮਨੁ ਖਚਨਾ ॥

گُر پرسادِ پائیئے پرمارتھُ
ستسنگتِ سیتی منُ کھچنا ॥

ਕੀਆ ਖੇਲੁ ਬਡ ਮੇਲੁ ਤਮਾਸਾ
ਵਾਹਗੁਰੂ ਤੇਰੀ ਸਭ ਰਚਨਾ ॥੩॥੧੩॥੪੨॥

کِیا کھیلُ بڈ میلُ تماشا
واہگُرو تیری سبھ رچنا ॥3॥ 13 ॥ 42 ॥

ਅਗਮੁ ਅਨੰਤੁ ਅਨਾਦਿ
ਆਦਿ ਜਿਸੁ ਕੋਇ ਨ ਜਾਣੈ ॥

اگمُ اننتُ انادِ
آدِ جِسُ کوءِ ن جانے ॥

ਸਿਵ ਬਿਰੰਚਿ ਧਰਿ ਧ੍ਯਾਨੁ ਨਿਤਹਿ
ਜਿਸੁ ਬੇਦੁ ਬਖਾਣੈ ॥

سِو برنچِ دھرِ دھیانُ نِتہِ
جِسُ بیدُ بکھانے ॥

ਨਿਰੰਕਾਰੁ ਨਿਰਵੈਰੁ
ਅਵਰੁ ਨਹੀ ਦੂਸਰ ਕੋਈ ॥

نِرنکارُ نِرویرُ
اورُ نہی دوُسر کوئی ॥

ਭੰਜਨ ਗੜ੍ਹਣ ਸਮਥੁ
ਤਰਣ ਤਾਰਣ ਪ੍ਰਭੁ ਸੋਈ ॥

بھنجن گڑہنُ سمتھُ
ترنُ تارنُ پربھُ سوئی ॥

ਨਾਨਾ ਪ੍ਰਕਾਰ ਜਿਨਿ ਜਗੁ ਕੀਓ
ਜਨੁ ਮਥੁਰਾ ਰਸਨਾ ਰਸੈ ॥

نانا پرکار جِنِ جگُ کِیئو
جنُ متھُرا رسنا رسے ॥

ਸ੍ਰੀ ਸਤਿ ਨਾਮੁ ਕਰਤਾ ਪੁਰਖੁ
ਗੁਰ ਰਾਮਦਾਸ ਚਿਤਹ ਬਸੈ ॥੧॥

سّری ستِ نامُ کرتا پُرکھُ
گُر رامداس چِتہ بسے ॥1॥

ਗੁਰੂ ਸਮਰਥੁ ਗਹਿ ਕਰੀਆ ਧ੍ਰੂਵ
ਬੁਧਿ ਸੁਮਤਿ ਸਮ੍ਹਾਰਨ ਕਉ ॥

گُرو سمرتھُ گہِ کریا دھرُو
بُدھِ سُمتِ سمہارن کءُ ॥

ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ
ਅਘ ਪੁੰਜ ਤਰੰਗ ਨਿਵਾਰਨ ਕਉ ॥

پھُنِ دھرنم دھُجا پھرنتِ سدا
اگھ پُنج ترنگ نِوارن کءُ ॥

ਮਥੁਰਾ ਜਨ ਜਾਨਿ ਕਹੀ ਜੀਅ ਸਾਚੁ
ਸੁ ਅਉਰ ਕਛੂ ਨ ਬਿਚਾਰਨ ਕਉ ॥

متھُرا جن جانِ کہی جیء ساچُ
سُ اُر کچھوُ ن بچارن کءُ ॥

ਹਰਿ ਨਾਮੁ ਬੋਹਿਥੁ ਬਡੌ ਕਲਿ ਮੈ
ਭਵ ਸਾਗਰ ਪਾਰਿ ਉਤਾਰਨ ਕਉ ॥੨॥

ہرِ نامُ بوہتھُ بڈوَ کلِ مے
بھو ساگر پارِ اُتارن کءُ ॥2॥

ਸੰਤਤ ਹੀ ਸਤਸੰਗਤਿ ਸੰਗ
ਸੁਰੰਗ ਰਤੇ ਜਸੁ ਗਾਵਤ ਹੈ ॥

سنّتت ہی ستسنگتِ سنگ
سُرنگ رتے جسُ گاوت ہے ॥

ਧ੍ਰਮ ਪੰਥੁ ਧਰਿਓ ਧਰਨੀਧਰ ਆਪਿ
ਰਹੇ ਲਿਵ ਧਾਰਿ ਨ ਧਾਵਤ ਹੈ ॥

دھرم پنّتھُ دھرِئو دھرنیدھر آپِ
رہے لِو دھارِ ن دھاوت ہے ॥

ਮਥੁਰਾ ਭਨਿ ਭਾਗ ਭਲੇ ਉਨ੍ਹ ਕੇ
ਮਨ ਇਛਤ ਹੀ ਫਲ ਪਾਵਤ ਹੈ ॥

متھُرا بھنِ بھاگ بھلے اُنہ کے
من اِچھت ہی پھل پاوت ہے ॥

ਰਵਿ ਕੇ ਸੁਤ ਕੋ ਤਿਨ੍ਹ ਤ੍ਰਾਸੁ ਕਹਾ
ਜੁ ਚਰੰਨ ਗੁਰੂ ਚਿਤੁ ਲਾਵਤ ਹੈ ॥੩॥

روِ کے سُت کو تِنہ ترّاسُ کہا
جُ چرنّن گُروُ چِتُ لاوت ہے ॥3॥

ਨਿਰਮਲ ਨਾਮੁ ਸੁਧਾ ਪਰਪੂਰਨ
ਸਬਦ ਤਰੰਗ ਪ੍ਰਗਟਿਤ ਦਿਨ ਆਗਰੁ ॥

نِرمل نامُ سُدھا پرپوُرن
سبد ترنگ پرّگٹِت دِن آگرُ ॥

ਗਹਿਰ ਗੰਭੀਰੁ ਅਥਾਹ ਅਤਿ ਬਡ
ਸੁਭਰੁ ਸਦਾ ਸਭ ਬਿਧਿ ਰਤਨਾਗਰੁ ॥

گہِر گنبھیرُ اتھاہ اتِ بڈ
سُبھرُ سدا سبھ بِدھِ رتناگرُ ॥

ਸੰਤ ਮਰਾਲ ਕਰਹਿ ਕੰਤੂਹਲ
ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ ॥

سنّت مرال کرہِ کنتوہل
تِن جم ترّاس مِٹئو دُکھ کاگرُ ॥

ਕਲਜੁਗ ਦੁਰਤ ਦੂਰਿ ਕਰਬੇ ਕਉ
ਦਰਸਨੁ ਗੁਰੂ ਸਗਲ ਸੁਖ ਸਾਗਰੁ ॥੪॥

کلجُگ دُرت دوُرِ کربے کءُ
درسنُ گُروُ سگل سُکھ ساگرُ ॥4॥

ਜਾ ਕਉ ਮੁਨਿ ਧ੍ਯਾਨੁ ਧਰੈ ਫਿਰਤ ਸਗਲ ਜੁਗ
ਕਬਹੁ ਕ ਕੋਊ ਪਾਵੈ ਆਤਮ ਪ੍ਰਗਾਸ ਕਉ ॥

جا کءُ مُنِ دھیانُ دھرے پھِرت سگل جُگ
کبہُ ک کوئوُ پاوے آتم پرّگاس کءُ ॥

ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ
ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ ॥

بید بانیٔ سہِت بِرنچِ جسُ گاوے جا کو
سِو مُنِ گہِ ن تجات کبِلاس کنّءُ ॥

ਜਾ ਕੌ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ
ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ ॥

جا کوَ جوگی جتی سِدھ سادھِک انیک تپ
جٹا جوُٹ بھیکھ کیئے پھِرت اُداس کءُ ॥

ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ ਜੀਅ
ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥੫॥

سُ تِنِ ستِگُرِ سُکھ بھاءِ کرِپا دھاری جیء

نام کی بڈائی دئی گُر رامداس کءُ ॥5॥

ਨਾਮੁ ਨਿਧਾਨੁ ਧਿਆਨ ਅੰਤਰਗਤਿ
ਤੇਜ ਪੁੰਜ ਤਿਹੁ ਲੋਗ ਪ੍ਰਗਾਸੇ ॥

نامُ نِدھانُ دھِیان انترگتِ
تیج پُنّج تِنہِ لوگ پرگاسے ॥

ਦੇਖਤ ਦਰਸੁ ਭਟਕਿ ਭ੍ਰਮੁ ਭਜਤ
ਦੁਖ ਪਰਹਰਿ ਸੁਖ ਸਹਜ ਬਿਗਾਸੇ ॥

دیکھت درسُ بھٹکِ بھرّمُ بھجت
دُکھ پرہرِ سُکھ سہج بِگاسے ॥

ਸੇਵਕ ਸਿਖ ਸਦਾ ਅਤਿ ਲੁਭਿਤ
ਅਲਿ ਸਮੂਹ ਜਿਉ ਕੁਸਮ ਸੁਬਾਸੇ ॥

سیوک سِکھ سدا اتِ لُبھِت
الِ سموُہ جِءُ کُسم سُباسے ॥

ਬਿਦ੍ਮਾਨ ਗੁਰਿ ਆਪਿ ਥਪ੍ਯਉ ਥਿਰੁ
ਸਾਚਉ ਤਖਤੁ ਗੁਰੂ ਰਾਮਦਾਸੈ ॥੬॥

بِدّیمان گُرِ آپِ تھپّیءُ تھِرُ
ساچءُ تختُ گُرو رامداسے ॥6॥

ਤਾਰ੍ਯਉ ਸੰਸਾਰੁ ਮਾਯਾ ਮਦ ਮੋਹਿਤ
ਅੰਮ੍ਰਿਤ ਨਾਮੁ ਦੀਅਉ ਸਮਰਥੁ ॥

تارّیءُ سنّسارُ مایا مد موہِت
انمّرِت نامُ دِیئءُ سمرتھُ ॥

ਫੁਨਿ ਕੀਰਤਿਵੰਤ ਸਦਾ ਸੁਖ ਸੰਪਤਿ
ਰਿਧਿ ਅਰੁ ਸਿਧਿ ਨ ਛੋਡਇ ਸਥੁ ॥

پھُنِ کیرتِوَنّت سدا سُکھ سنّپتِ
رِدھِ ارُ سِدھِ ن چھوڈءِ ستھُ ॥

ਦਾਨਿ ਬਡੌ ਅਤਿਵੰਤੁ ਮਹਾਬਲਿ
ਸੇਵਕਿ ਦਾਸਿ ਕਹਿਓ ਇਹੁ ਤਥੁ ॥

دانِ بڈوَ اتِوَنّتُ مہابلِ
سیوکِ داسِ کہِئو اِہُ تتھُ ॥

ਤਾਹਿ ਕਹਾ ਪਰਵਾਹ ਕਾਹੂ ਕੀ
ਜਾ ਕੈ ਬਸੀਸਿ ਧਰਿਓ ਗੁਰਿ ਹਥੁ ॥੭॥੪੯॥

تاہِ کہا پرواہ کاہوُ کی
جا کے بسیِس دھرِئو گُرِ ہتھُ ॥7॥ 49 ॥

ਤੀਨਿ ਭਵਨ ਭਰਪੂਰਿ ਰਹਿਓ ਸੋਈ ॥

تِنِ بھون بھرپُورِ رہِئو سوئی ॥

ਅਪਨ ਸਰਸੁ ਕੀਅਉ ਨ ਜਗਤ ਕੋਈ ॥

اپن سرسُ کیِئءُ ن جگت کوئی ॥

ਆਪੁਨ ਆਪੁ ਆਪ ਹੀ ਉਪਾਯਉ ॥

آپُن آپُ آپ ہی اُپایءُ ॥

ਸੁਰਿ ਨਰ ਅਸੁਰ ਅੰਤੁ ਨਹੀ ਪਾਯਉ ॥

سُرِ نر اسُر انّتُ نہی پایءُ ॥

ਪਾਯਉ ਨਹੀ ਅੰਤੁ ਸੁਰੇ ਅਸੁਰਹ ਨਰ
ਗਣ ਗੰਧ੍ਰਬ ਖੋਜੰਤ ਫਿਰੇ ॥

پایءُ نہی انّتُ سُرے اسُرہ نر
گنؤ گندھّرب کھوجنّت پھِرے ॥

ਅਬਿਨਾਸੀ ਅਚਲੁ ਅਜੋਨੀ ਸੰਭਉ
ਪੁਰਖੋਤਮੁ ਅਪਾਰ ਪਰੇ ॥

اِبناسی اچلُ اجونی سنّبھءُ
پُرکھوتمُ اپار پرے ॥

ਕਰਣ ਕਾਰਣ ਸਮਰਥੁ ਸਦਾ ਸੋਈ
ਸਰਬ ਜੀਅ ਮਨਿ ਧ੍ਯਾਇਯਉ ॥

ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ
ਤੈ ਹਰਿ ਪਰਮ ਪਦੁ ਪਾਇਯਉ ॥੧॥

ਸਤਿਗੁਰਿ ਨਾਨਕਿ ਭਗਤਿ ਕਰੀ ਇਕ ਮਨਿ
ਤਨੁ ਮਨੁ ਧਨੁ ਗੋਬਿੰਦ ਦੀਅਉ ॥

ਅੰਗਦਿ ਅਨੰਤੁ ਮੂਰਤਿ ਨਿਜ ਧਾਰੀ
ਅਗਮ ਗ੍ਯਾਨਿ ਰਸਿ ਰਸ੍ਯਉ ਹੀਅਉ ॥

ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ
ਵਾਹੁ ਵਾਹੁ ਕਰਿ ਧ੍ਯਾਇਯਉ ॥

ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ
ਤੈ ਹਰਿ ਪਰਮ ਪਦੁ ਪਾਇਯਉ ॥੨॥

ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ
ਪੁਬ ਭਗਤ ਹਰਿ ਕੇ ਜੁ ਗਣੰ ॥

ਅੰਬਰੀਕੁ ਜਯਦੇਵ ਤ੍ਰਿਲੋਚਨੁ
ਨਾਮਾ ਅਵਰੁ ਕਬੀਰੁ ਭਣੰ ॥

ਤਿਨ ਕੌ ਅਵਤਾਰੁ ਭਯਉ ਕਲਿ ਭੀਤਰਿ
ਜਸੁ ਜਗਤ੍ਰ ਪਰਿ ਛਾਇਯਉ ॥

ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ
ਤੈ ਹਰਿ ਪਰਮ ਪਦੁ ਪਾਇਯਉ ॥੩॥

ਮਨਸਾ ਕਰਿ ਸਿਮਰੰਤ ਤੁਝੈ ਨਰ
ਕਾਮੁ ਕ੍ਰੋਧੁ ਮਿਟਿਅਉ ਜੁ ਤਿਣੰ ॥

ਬਾਚਾ ਕਰਿ ਸਿਮਰੰਤ ਤੁਝੈ
ਤਿਨ੍ ਦੁਖੁ ਦਰਿਦ੍ਰੁ ਮਿਟਯਉ ਜੁ ਖਿਣੰ ॥

ਕਰਮ ਕਰਿ ਤੁਅ ਦਰਸ ਪਰਸ ਪਾਰਸ ਸਰ
ਬਲ੍ਭਟ ਜਸੁ ਗਾਇਯਉ ॥

کرنُ کارنُ سمرتھُ سدا سوئی
سرب جیء منِ دھیائیءُ ॥

سری گُر رامداس جیو جی جگ مہِ
تے ہرِ پرم پدُ پائیءُ ॥1॥

ستِگُرِ نانکِ بھگتِ کری اِک منِ
تنُ منُ دھنُ گوبِند دِیئءُ ॥

انگدِ اننتُ مورتِ نِج دھاری
اگم گیانِ رس رسیءُ ہیئءُ ॥

گُرِ امرداسِ کرتارُ کیئءُ وس
واہُ واہُ کرِ دھیائیءُ ॥

سری گُر رامداس جیو جی جگ مہِ
تے ہرِ پرم پدُ پائیءُ ॥2॥

ناردُ دھرُو پرہلادُ سُداما
پُب بھگت ہرِ کے جُ گنّنّ ॥

انبریکُ جیدیو ترِلوچنُ
نامـا اورُ کبیرُ بھنّنّ ॥

تِن کوَ اوتارُ بھیءُ کلِ بھِتّرِ
جسُ جگتّر پر چھائیءُ ॥

سری گُر رامداس جیو جی جگ مہِ
تے ہرِ پرم پدُ پائیءُ ॥3॥

منسا کرِ سِمرنّت تُجھے نر
کامُ کرودھُ مِٹیءُ جُ تِنّنّ ॥

باچا کرِ سِمرنّت تُجھے
تِنہ دُکھُ دِردّر مِٹیءُ جُ کھِنّنّ ॥

کرم کرِ تُءِ درس پرس پارس سر

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ | ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾਤਾ ਸਾਹਿਬ) سری گُرو نانک دیو جی مہاراج دے 550ویں پرکاش پُرب نوں سمرپت | سیوا: بھائی بلجندر سنگھ جی (راڑا صاہب)

ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ
ਤੈ ਹਰਿ ਪਰਮ ਪਦੁ ਪਾਇਯਉ ॥੪॥

ਜਿਹ ਸਤਿਗੁਰ ਸਿਮਰੰਤ
ਨਯਨ ਕੇ ਤਿਮਰ ਮਿਟਹਿ ਖਿਨੁ ॥

ਜਿਹ ਸਤਿਗੁਰ ਸਿਮਰੰਥਿ
ਰਿਦੈ ਹਰਿ ਨਾਮੁ ਦਿਨੋ ਦਿਨੁ ॥

ਜਿਹ ਸਤਿਗੁਰ ਸਿਮਰੰਥਿ
ਜੀਅ ਕੀ ਤਪਤਿ ਮਿਟਾਵੈ ॥

ਜਿਹ ਸਤਿਗੁਰ ਸਿਮਰੰਥਿ
ਰਿਧਿ ਸਿਧਿ ਨਵ ਨਿਧਿ ਪਾਵੈ ॥

ਸੋਈ ਰਾਮਦਾਸੁ ਗੁਰੁ ਬਲ੍ਹ ਭਣਿ
ਮਿਲਿ ਸੰਗਤਿ ਧੰਨਿ ਧੰਨਿ ਕਰਹੁ ॥

ਜਿਹ ਸਤਿਗੁਰ ਲਗਿ ਪ੍ਰਭੁ ਪਾਈਐ
ਸੋ ਸਤਿਗੁਰੁ ਸਿਮਰਹੁ ਨਰਹੁ ॥੫॥੫੪॥

ਜਿਨਿ ਸਬਦੁ ਕਮਾਇ ਪਰਮ ਪਦੁ ਪਾਇਓ
ਸੇਵਾ ਕਰਤ ਨ ਛੋਡਿਓ ਪਾਸੁ ॥

ਤਾ ਤੇ ਗਉਹਰੁ ਗ੍ਯਾਨ ਪ੍ਰਗਟੁ ਉਜੀਆਰਉ
ਦੁਖ ਦਰਿਦ੍ਰ ਅੰਧ੍ਯਾਰ ਕੋ ਨਾਸੁ ॥

ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ
ਤਿਨ੍ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ ॥

ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ
ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ ॥੧॥

ਜਿਨਿ ਸਤਿਗੁਰੁ ਸੇਵਿ ਪਦਾਰਥ ਪਾਯਉ
ਨਿਸਿ ਬਾਸੁਰ ਹਰਿ ਚਰਨ ਨਿਵਾਸੁ ॥

بلّي بھٹ جسُ گائِيءُ ॥

سّری گُر رامداس جیو جي جگ مہِ
تے ہرِ پرم پدُ پائِيءُ ॥4॥

جِہ ستِگُر سِمرنّت
نین کے تِمر مِٹہِ کھِنُ ॥

جِہ ستِگُر سِمرنّتھِ
رِدے ہرِ نامُ دِنو دِنُ ॥

جِہ ستِگُر سِمرنّتھِ
جیء کی تپتِ مِٹاوے ॥

جِہ ستِگُر سِمرنّتھِ
رِدھِ سِدھِ نو نِدھِ پاوے ॥

سوئی رامداسُ گُرُ بلّي بھٹِ
مِلِ سنگتِ دھنّنِ دھنّنِ کرہُ ॥

جِہ ستِگُر لگِ پّربھُ پائيئے
سو ستِگُرُ سِمرہُ نرہُ ۔ ॥5॥ 54 ॥

جِنِ سبدُ کماءِ پرم پدُ پائيئو
سیوا کرت ن چھوڈِئو پاسُ ॥

تا تے گُہرُ گیان پّرگٹُ اُجیارءُ
دُکھ درِدّر اندھّیار کو ناسُ ॥

کوِ کیرت جو سنّت چرن مُڑِ لاگہِ
تِنّہ کام کّرودھ جم کو نہی تّراسُ ॥

جِو انگدُ انگِ سنگِ نانک گُر
تِو گُر امرداس کے گُرُ رامداسُ ॥1॥

جِنِ ستِگُرُ سیوِ پدارتھ پایءُ
نِس باسُر ہرِ چرن نِواسُ ॥

ਤਾ ਤੇ ਸੰਗਤਿ ਸਘਨ ਭਾਇ ਭਉ ਮਾਨਹਿ
ਤੁਮ ਮਲੀਆਗਰ ਪ੍ਰਗਟ ਸੁਬਾਸੁ ॥

تا تے سنگتِ سگھن بھاءِ بھءُ مانہِ
تُم ملیاگر پرگٹ سُباسُ ॥

ਧ੍ਰੂ ਪ੍ਰਹਲਾਦ ਕਬੀਰ ਤਿਲੋਚਨ
ਨਾਮੁ ਲੈਤ ਉਪਜ੍ਯੋ ਜੁ ਪ੍ਰਗਾਸੁ ॥

دھرُو پرہلاد کبیر تِلوچن
نامُ لیَت اُپجیو جُ پرگاسُ ॥

ਜਿਹ ਪਿਖਤ ਅਤਿ ਹੋਇ ਰਹਸੁ ਮਨਿ
ਸੋਈ ਸੰਤ ਸਹਾਰੁ ਗੁਰੂ ਰਾਮਦਾਸੁ ॥੨॥

جِہ پِکھت اتِ ہوءِ رہسُ منِ
سوئی سنّت سہارُ گُرو رامداسُ ॥2॥

ਨਾਨਕਿ ਨਾਮੁ ਨਿਰੰਜਨ ਜਾਨ੍ਯਉ
ਕੀਨੀ ਭਗਤਿ ਪ੍ਰੇਮ ਲਿਵ ਲਾਈ ॥

نانکِ نامُ نِرنّجن جانیءُ
کِینی بھگتِ پریم لِو لائی ॥

ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ
ਤਿਨਿ ਸਬਦ ਸੁਰਤਿ ਕੀ ਨੀਵ ਰਖਾਈ ॥

تا تے انگدُ انگ سنگِ بھیو سائرُ
تِنِ سبد سُرتِ کی نیو رکھائی ॥

ਗੁਰ ਅਮਰਦਾਸ ਕੀ ਅਕਥ ਕਥਾ ਹੈ
ਇਕ ਜੀਹ ਕਛੁ ਕਹੀ ਨ ਜਾਈ ॥

گُر امرداس کی اکتھ کتھا ہے
اِک جیہِ کچھُ کہی ن جائی ॥

ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ
ਅਬ ਗੁਰ ਰਾਮਦਾਸ ਕਉ ਮਿਲੀ ਬਡਾਈ ॥੩॥

سوڈھی سرِسٹِ سکل تارنؤ کءُ
اب گُر رامداس کءُ ملی بڈائی ॥3॥

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ
ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥

ہم اوگُنِ بھرے ایکُ گُنُ ناہی
انمرِتُ چھاڈِ بِکھے بِکھُ کھائی ॥

ਮਾਯਾ ਮੋਹ ਭਰਮ ਪੈ ਭੂਲੇ
ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥

مایا موہ بھرم پے بھولے
سُت دارا سِءُ پریتِ لگائی ॥

ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ
ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥

اِکُ اُتم پنتھُ سُنِیو گُر سنگتِ
تِہ ملنّت جم تراس مِٹائی ॥

ਇਕ ਅਰਦਾਸਿ ਭਾਟ ਕੀਰਤਿ ਕੀ
ਗੁਰ ਰਾਮਦਾਸ ਰਾਖਹੁ ਸਰਣਾਈ ॥੪॥੫੮॥

اِک عرداسِ بھاٹ کیرتِ کی
گُر رامداس راکھہُ سرٹائی ॥4॥ 58 ॥

ਮੋਹੁ ਮਲਿ ਬਿਵਸਿ ਕੀਅਉ
ਕਾਮੁ ਗਹਿ ਕੇਸ ਪਛਾੜ੍ਯਉ ॥

موہُ مل بِوسِ کیئءُ
کامُ گہِ کیس پچھاڑیءُ ॥

ਕ੍ਰੋਧੁ ਖੰਡਿ ਪਰਚੰਡਿ
ਲੋਭੁ ਅਪਮਾਨ ਸਿਉ ਝਾੜ੍ਯਉ ॥

کرودھُ کھنڈِ پرچنڈِ

لوبھُ اپمان سِ ءُ جھاڑِ ءُ ॥

ਜਨਮੁ ਕਾਲੁ ਕਰ ਜੋੜਿ
ਹੁਕਮੁ ਜੋ ਹੋਇ ਸੁ ਮੰਨੈ ॥

جنمُ کالُ کر جوڑِ
حُکمُ جو ہوءِ سُ منّنے ॥

ਭਵ ਸਾਗਰੁ ਬੰਧਿਅਉ ਸਿਖ ਤਾਰੇ ਸੁਪ੍ਰਸੰਨੈ ॥

بھو ساگرُ بندھِیَ ءُ سِکھ تارے سُپرّسنّنے ॥

ਸਿਰਿ ਆਤਪਤੁ ਸਚੌ ਤਖਤੁ
ਜੋਗ ਭੋਗ ਸੰਜੁਤੁ ਬਲਿ ॥

سِرِ آتپتُ سچوَ تختُ
جوگ بھوگ سنجُتُ بلِ ॥

ਗੁਰ ਰਾਮਦਾਸ ਸਚੁ ਸਲ੍ਹ ਭਣਿ
ਤੂ ਅਟਲੁ ਰਾਜਿ ਅਭਗੁ ਦਲਿ ॥੧॥

گُر رامداس سچُ سلّہِ بھنِ
توُ اٹلُ راجِ ابھگُ دلِ ॥1॥

ਤੂ ਸਤਿਗੁਰੁ ਚਹੁ ਜੁਗੀ
ਆਪਿ ਆਪੇ ਪਰਮੇਸਰੁ ॥

توُ ستِگُرُ چہُ جُگی
آپِ آپے پریسرُ ॥

ਸੁਰਿ ਨਰ ਸਾਧਿਕ ਸਿਧ
ਸਿਖ ਸੇਵੰਤ ਧੁਰਹ ਧੁਰੁ ॥

سُرِ نر سادھِک سِدھ
سِکھ سیونّت دھُرہ دھُرُ ॥

ਆਦਿ ਜੁਗਾਦਿ ਅਨਾਦਿ
ਕਲਾ ਧਾਰੀ ਤ੍ਰਿਹੁ ਲੋਅਹ ॥

آدِ جُگادِ انادِ
کلا دھاری ترِہُ لوئہ ॥

ਅਗਮ ਨਿਗਮ ਉਧਰਣ
ਜਰਾ ਜੰਮਿਹਿ ਆਰੋਅਹ ॥

اگم نِگم اُدھرنّ
جرا جنمِہِ آروئہ ॥

ਗੁਰ ਅਮਰਦਾਸਿ ਥਿਰੁ ਥਪਿਅਉ
ਪਰਗਾਮੀ ਤਾਰਣ ਤਰਣ ॥

گُر امرداسِ تھِرُ تھپِیَ ءُ
پرگامی تارنّ ترنّ ॥

ਅਘ ਅੰਤਕ ਬਦੈ ਨ ਸਲ੍ਹ ਕਵਿ
ਗੁਰ ਰਾਮਦਾਸ ਤੇਰੀ ਸਰਣ ॥੨॥੬੦॥

اگھ انتک بدے ن سلّہِ کوِ
گُر رامداس تیری سرنّ ॥2॥ 60 ॥

ਸਵਈਏ ਮਹਲੇ ਪੰਜਵੇ ਕੇ ੫

سوئیئے محلے پنجوے کے 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ ॥

سِمرنّ سوئی پُرکھُ اچلُ ابِناسی ॥

ਜਿਸੁ ਸਿਮਰਤ ਦੁਰਮਤਿ ਮਲੁ ਨਾਸੀ ॥

جِسُ سِمرت دُرمتِ ملُ ناسی ॥

ਸਤਿਗੁਰ ਚਰਣ ਕਵਲ ਰਿਦਿ ਧਾਰੰ ॥	ستِگُر چرنْ کول رِدِ دھارنَ ॥
ਗੁਰ ਅਰਜੁਨ ਗੁਣ ਸਹਜਿ ਬਿਚਾਰੰ ॥	گُر ارجُن گُنْ سہجِ بِچارنَ ॥
ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ ॥	گُر رامداس گھرِ کیئ ءُ پرّگاسا ॥
ਸਗਲ ਮਨੋਰਥ ਪੂਰੀ ਆਸਾ ॥	سگل منورتھ پُوری آسا ॥
ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥	تے جنمت گُرمتِ برہمُ پچھانْیو ॥
ਕਲ੍ਯ ਜੋੜਿ ਕਰ ਸੁਜਸੁ ਵਖਾਣਿਓ ॥	کلْیِ جوڑِ کر سُجسُ وکھانْیو ॥
ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ ॥	بھگتِ جوگ کو جیَتوارُ ہرِ جنکُ اُپایءُ ॥
ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ ॥	سبدُ گُرُو پرکاسیو ہرِ رسن بسایءُ ॥
ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ ॥	گُر نانک انگد امر لاگِ اُتم پدُ پایءُ ॥
ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ॥੧॥	گُرُ ارجُنُ گھرِ گُر رامداس بھگت اُترِ آیءُ ॥1॥
ਬਡਭਾਗੀ ਉਨਮਾਨਿਅਉ ਰਿਦਿ ਸਬਦੁ ਬਸਾਯਉ ॥	بڈبھاگی اُنمانیءُ رِدِ سبدُ بسایءُ ॥
ਮਨੁ ਮਾਣਕੁ ਸੰਤੋਖਿਅਉ ਗੁਰਿ ਨਾਮੁ ਦ੍ਰਿੜ੍ਯਾਯਉ ॥	منُ مانْکُ سنّتوکھِیءُ گُرِ نامُ دڑِڑّہایءُ ॥
ਅਗਮੁ ਅਗੋਚਰੁ ਪਾਰਬ੍ਰਹਮੁ ਸਤਿਗੁਰਿ ਦਰਸਾਯਉ ॥	اگمُ اگوچرُ پاربّرہمُ ستِگُرِ درسایءُ ॥
ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਨਭਉ ਠਹਰਾਯਉ ॥੨॥	گُرُ ارجُنُ گھرِ گُر رامداس انبھءُ ٹھہرایءُ ॥2॥
ਜਨਕ ਰਾਜੁ ਬਰਤਾਇਆ ਸਤਜੁਗੁ ਆਲੀਣਾ ॥	جنک راجُ برتائیا ستجُگُ آلِینّا ॥
ਗੁਰ ਸਬਦੇ ਮਨੁ ਮਾਨਿਆ	گُر سبدے منُ مانیا

ਅਪਤੀਜੁ ਪਤੀਣਾ ॥

اپتیجُ پتیِنّا ॥

ਗੁਰੁ ਨਾਨਕੁ ਸਚੁ ਨੀਵ ਸਾਜਿ
ਸਤਿਗੁਰ ਸੰਗਿ ਲੀਣਾ ॥

گُرُ نانکُ سچُ نِیو ساجِ
ستِگُر سنگِ لِینّا ॥

ਗੁਰੁ ਅਰਜੁਨੁ ਘਰਿ ਗੁਰ ਰਾਮਦਾਸ
ਅਪਰੰਪਰੁ ਬੀਣਾ ॥੩॥

گُرُ ارجُنُ گھرِ گُر رامداس
اپرنّپرُ بِینّا ॥3॥

ਖੇਲੁ ਗੂੜ੍ਹਉ ਕੀਅਉ ਹਰਿ ਰਾਇ ਸੰਤੋਖਿ ਸਮਾਚਰ੍ਿਓ
ਬਿਮਲ ਬੁਧਿ ਸਤਿਗੁਰਿ ਸਮਾਣਉ ॥

کھیلُ گوُڑّھءُ کیِئءُ ہرِ راءِ سنّتوکھِ سماچرِّیو
بِمل بُدھِ ستِگُرِ سماںُءُ ॥

ਆਜੋਨੀ ਸੰਭਵਿਅਉ
ਸੁਜਸੁ ਕਲ੍ਿ ਕਵੀਅਣਿ ਬਖਾਣਿਅਉ ॥

آجونی سنّبھوِیءُ
سُجسُ کلّیِ کویِئںِ بکھانِیءُ ॥

ਗੁਰਿ ਨਾਨਕਿ ਅੰਗਦੁ ਵਰ੍ਿਉ
ਗੁਰਿ ਅੰਗਦਿ ਅਮਰ ਨਿਧਾਨੁ ॥

گُرِ نانکِ انگدُ ورّیِءُ
گُرِ انگدِ امر نِدھانُ ॥

ਗੁਰਿ ਰਾਮਦਾਸ ਅਰਜੁਨੁ ਵਰ੍ਿਉ
ਪਾਰਸੁ ਪਰਸੁ ਪ੍ਰਮਾਣੁ ॥੪॥

گُرِ رامداس ارجُنُ ورّیِءُ
پارسُ پرسُ پرّمانُ ॥4॥

ਸਦ ਜੀਵਣੁ ਅਰਜੁਨੁ ਅਮੋਲੁ
ਆਜੋਨੀ ਸੰਭਉ ॥

سد جیِونُ ارجُنُ امولُ
آجونی سنّبھءُ ॥

ਭਯ ਭੰਜਨੁ ਪਰ ਦੁਖ ਨਿਵਾਰੁ
ਅਪਾਰੁ ਅਨੰਭਉ ॥

بھیِ بھنّجنُ پر دُکھ نِوارُ
اپارُ انّبھءُ ॥

ਅਗਹ ਗਹਣੁ ਭ੍ਰਮੁ ਭ੍ਾਂਤਿ ਦਹਣੁ
ਸੀਤਲੁ ਸੁਖ ਦਾਤਉ ॥

اگہ گہنُ بھرّمُ بھرانتِ دہنُ
سِیتلُ سُکھ داتءُ ॥

ਆਸੰਭਉ ਉਦਵਿਅਉ
ਪੁਰਖੁ ਪੂਰਨ ਬਿਧਾਤਉ ॥

آسنّبھءُ اُدوِیءُ
پُرکھُ پوُرن بِدھاتءُ ॥

ਨਾਨਕ ਆਦਿ ਅੰਗਦ ਅਮਰ
ਸਤਿਗੁਰ ਸਬਦਿ ਸਮਾਇਅਉ ॥

نانک آدِ انگد امر
ستِگُر سبدِ سمائِیءُ ॥

ਧਨੁ ਧੰਨੁ ਗੁਰੂ ਰਾਮਦਾਸ ਗੁਰੁ
ਜਿਨਿ ਪਾਰਸੁ ਪਰਸਿ ਮਿਲਾਇਅਉ ॥੫॥

دھنُ دھنّنُ گُرُو رامداس گُرُ
جِنِ پارسُ پرسِ مِلائِیءُ ॥5॥

ਜੈ ਜੈ ਕਾਰੁ ਜਾਸੁ ਜਗ ਅੰਦਰਿ
ਮੰਦਰਿ ਭਾਗੁ ਜੁਗਤਿ ਸਿਵ ਰਹਤਾ ॥

جے جے کارُ جاسُ جگ انّدرِ
منّدرِ بھاگُ جُگتِ سِو رہتا ॥

ਗੁਰੁ ਪੂਰਾ ਪਾਯਉ ਬਡ ਭਾਗੀ
ਲਿਵ ਲਾਗੀ ਮੇਦਨਿ ਭਰੁ ਸਹਤਾ ॥

گُرُ پُورا پایءُ بڈ بھاگی
لِو لاگی میدنِ بھرُ سہتا ॥

ਭਯ ਭੰਜਨੁ ਪਰ ਪੀਰ ਨਿਵਾਰਨੁ
ਕਲ੍ਯ ਸਹਾਰੁ ਤੋਹਿ ਜਸੁ ਬਕਤਾ ॥

بھي بھنّجنُ پر پیِر نِوارنُ
کلّي سہارُ توہِ جسُ بکتا ॥

ਕੁਲਿ ਸੋਢੀ ਗੁਰ ਰਾਮਦਾਸ ਤਨੁ
ਧਰਮ ਧੁਜਾ ਅਰਜੁਨੁ ਹਰਿ ਭਗਤਾ ॥੬॥

کُلِ سوڈھی گُر رامداس تنُ
دھرم دھُجا ارجُنُ ہرِ بھگتا ॥6॥

ਧ੍ਰੰਮ ਧੀਰੁ ਗੁਰਮਤਿ ਗਭੀਰੁ
ਪਰ ਦੁਖ ਬਿਸਾਰਣੁ ॥

دھرّنم دھیرُ گُرمتِ گبھیرُ
پر دُکھ بِسارنُ ॥

ਸਬਦ ਸਾਰੁ ਹਰਿ ਸਮ ਉਦਾਰੁ
ਅਹੰਮੇਵ ਨਿਵਾਰਣੁ ॥

سبد سارُ ہرِ سم اُدارُ
اہنّمیو نِوارنُ ॥

ਮਹਾ ਦਾਨਿ ਸਤਿਗੁਰ ਗਿਆਨਿ
ਮਨਿ ਚਾਉ ਨ ਹੁਟੈ ॥

مہا دانِ ستِگُر گیانِ
منِ چاءُ ن ہُٹّے ॥

ਸਤਿਵੰਤੁ ਹਰਿ ਨਾਮੁ ਮੰਤ੍ਰੁ
ਨਵ ਨਿਧਿ ਨ ਨਿਖੁਟੈ ॥

ستِونّتُ ہرِ نامُ منّتّرُ
نو نِدھِ ن نِکھُٹّے ॥

ਗੁਰ ਰਾਮਦਾਸ ਤਨੁ ਸਰਬ ਮੈ
ਸਹਜਿ ਚੰਦੋਆ ਤਾਣਿਅਉ ॥

گُر رامداس تنُ سرب مے
سہجِ چندّویا تانِئءُ ॥

ਗੁਰ ਅਰਜੁਨ ਕਲ੍ਯੂਚਰੈ
ਤੈ ਰਾਜ ਜੋਗ ਰਸੁ ਜਾਣਿਅਉ ॥੭॥

گُر ارجُن کلّیُچرے
تے راج جوگ رسُ جانِئءُ ॥7॥

ਭੈ ਨਿਰਭਉ ਮਾਣਿਅਉ
ਲਾਖ ਮਹਿ ਅਲਖੁ ਲਖਾਯਉ ॥

بھے نِربھءُ مانِئءُ
لاکھ مہِ الکھُ لکھایءُ ॥

ਅਗਮੁ ਅਗੋਚਰ ਗਤਿ ਗਭੀਰੁ
ਸਤਿਗੁਰਿ ਪਰਚਾਯਉ ॥

اگمُ اگوچر گتِ گبھیرُ
ستِگُرِ پرچایءُ ॥

ਗੁਰ ਪਰਚੈ ਪਰਵਾਣੁ
ਰਾਜ ਮਹਿ ਜੋਗੁ ਕਮਾਯਉ ॥

گُر پرچے پروانُ

ਰਾਜ ਮਹਿ ਜੋਗੁ ਕਮਾਈਐ ॥

ਧੰਨਿ ਧੰਨਿ ਗੁਰੁ ਧੰਨਿ
ਅਭਰ ਸਰ ਸੁਭਰ ਭਰਾਯਉ ॥

دھنّنِ دھنّنِ گُرُ دھنّنِ
ابھر سر سُبھر بھرائیءُ ॥

ਗੁਰ ਗਮ ਪ੍ਰਮਾਣਿ ਅਜਰੁ ਜਰਿਓ
ਸਰਿ ਸੰਤੋਖ ਸਮਾਇਯਉ ॥

گُر گم پرّماڻِ اجرُ جرِئو
سرِ سنّتوکھ سمائیءُ ॥

ਗੁਰ ਅਰਜੁਨ ਕਲ੍ਯੂਚਰੈ
ਤੈ ਸਹਜਿ ਜੋਗੁ ਨਿਜੁ ਪਾਇਯਉ ॥੮॥

گُر ارجُن کلّیُچرے
تے سہجِ جوگُ نِج پائیءُ ॥8॥

ਅਮਿਉ ਰਸਨਾ ਬਦਨਿ ਬਰ ਦਾਤਿ
ਅਲਖ ਅਪਾਰ ਗੁਰ ਸੂਰ
ਸਬਦਿ ਹਉਮੈ ਨਿਵਾਰ੍ਯਉ ॥

امِءُ رسنا بدنِ بر داتِ
الکھ اپار گُر سوُر
سبدِ ہئمےَ نِوارّیءُ ॥

ਪੰਚਾਹਰੁ ਨਿਦਲਿਅਉ
ਸੁੰਨ ਸਹਜਿ ਨਿਜ ਘਰਿ ਸਹਾਰ੍ਯਉ ॥

پنّچاہرُ نِدلِئ
سُنّن سہجِ نج گھرِ سہارّیءُ ॥

ਹਰਿ ਨਾਮਿ ਲਾਗਿ ਜਗ ਉਧਰ੍ਯਉ
ਸਤਿਗੁਰੁ ਰਿਦੈ ਬਸਾਇਅਉ ॥

ہرِ نامِ لاگِ جگ اُدھرّیءُ
ستِگُر رِدے بسائِئ ॥

ਗੁਰ ਅਰਜੁਨ ਕਲ੍ਯੂਚਰੈ
ਤੈ ਜਨਕਹ ਕਲਸੁ ਦੀਪਾਇਅਉ ॥੯॥

گُر ارجُن کلّیُچرے
تے جنکہ کلسُ دیپائِئ ॥9॥

ਸੋਰਠੇ ॥

سورٹھے ॥

ਗੁਰੁ ਅਰਜੁਨੁ ਪੁਰਖੁ ਪ੍ਰਮਾਣੁ
ਪਾਰਥਉ ਚਾਲੈ ਨਹੀ ॥

گُرُ ارجُنُ پُرکھُ پرّماڻُ
پارتھءُ چالے نہی ॥

ਨੇਜਾ ਨਾਮ ਨੀਸਾਣੁ
ਸਤਿਗੁਰ ਸਬਦਿ ਸਵਾਰਿਅਉ ॥੧॥

نیزا نام نِیشاڻُ
ستِگُر سبدِ سوارِئ ॥1॥

ਭਵਜਲੁ ਸਾਇਰੁ ਸੇਤੁ
ਨਾਮੁ ਹਰੀ ਕਾ ਬੋਹਿਥਾ ॥

بھوجلُ سائرُ سیتُ
نامُ ہری کا بوہتھا ॥

ਤੁਅ ਸਤਿਗੁਰ ਸੰ ਹੇਤੁ
ਨਾਮਿ ਲਾਗਿ ਜਗੁ ਉਧਰ੍ਯਉ ॥੨॥

تُءِ ستِگُر سنّ ہیتُ
نامِ لاگِ جگُ اُدھرّیءُ ॥2॥

ਜਗਤ ਉਧਾਰਣੁ ਨਾਮੁ
ਸਤਿਗੁਰ ਤੁਠੈ ਪਾਇਅਉ ॥

جگت اُدھارنُ نامُ
ستِگُر تُٹھے پائِیَ ॥

ਅਬ ਨਾਹਿ ਅਵਰ ਸਰਿ ਕਾਮੁ
ਬਾਰੰਤਰਿ ਪੂਰੀ ਪੜੀ ॥੩॥੧੨॥

اب ناہِ اور سرِ کامُ
بارنترِ پوُری پڑی ॥3॥ 12 ॥

ਜੋਤਿ ਰੂਪਿ ਹਰਿ ਆਪਿ
ਗੁਰੂ ਨਾਨਕੁ ਕਹਾਯਉ ॥

جوتِ روُپِ ہرِ آپِ
گُروُ نانکُ کہایِ ॥

ਤਾ ਤੇ ਅੰਗਦੁ ਭਯਉ
ਤਤ ਸਿਉ ਤਤੁ ਮਿਲਾਯਉ ॥

تا تے انگدُ بھیِ
تت سِ تتُ مِلایِ ॥

ਅੰਗਦਿ ਕਿਰਪਾ ਧਾਰਿ
ਅਮਰੁ ਸਤਿਗੁਰੁ ਥਿਰੁ ਕੀਅਉ ॥

انگدِ کِرپا دھارِ
امرُ ستِگُرُ تھِرُ کیِیَ ॥

ਅਮਰਦਾਸਿ ਅਮਰਤੁ ਛਤ੍ਰੁ
ਗੁਰ ਰਾਮਹਿ ਦੀਅਉ ॥

امرداسِ امرتُ چھترُ
گُر رامہِ دِیِیَ ॥

ਗੁਰ ਰਾਮਦਾਸ ਦਰਸਨੁ ਪਰਸਿ
ਕਹਿ ਮਥੁਰਾ ਅੰਮ੍ਰਿਤ ਬਯਣ ॥

گُر رامداس درسنُ پرسِ
کہِ متھُرا انمّرِت بینٌ ॥

ਮੂਰਤਿ ਪੰਚ ਪ੍ਰਮਾਣ ਪੁਰਖੁ
ਗੁਰੁ ਅਰਜੁਨੁ ਪਿਖਹੁ ਨਯਣ ॥੧॥

موُرتِ پنّچ پّرماںٌ پُرکھُ
گُرُ ارجُنُ پِکھہُ نینٌ ॥1॥

ਸਤਿ ਰੂਪੁ ਸਤਿ ਨਾਮੁ
ਸਤੁ ਸੰਤੋਖੁ ਧਰਿਓ ਉਰਿ ॥

ستِ روُپُ ستِ نامُ
ستُ سنّتوُکھُ دھرِئو اُرِ ॥

ਆਦਿ ਪੁਰਖਿ ਪਰਤਖਿ
ਲਿਖ੍ਯਉ ਅਛਰੁ ਮਸਤਕਿ ਧੁਰਿ ॥

آدِ پُرکھِ پرتکھِ
لِکھّیِ اچھرُ مستکِ دھُرِ ॥

ਪ੍ਰਗਟ ਜੋਤਿ ਜਗਮਗੈ
ਤੇਜੁ ਭੂਅ ਮੰਡਲਿ ਛਾਯਉ ॥

پّرگٹ جوتِ جگمگےَ
تیجُ بھوُء منڈلِ چھایِ ॥

ਪਾਰਸੁ ਪਰਸਿ ਪਰਸੁ ਪਰਸਿ
ਗੁਰਿ ਗੁਰੂ ਕਹਾਯਉ ॥

پارسُ پرسِ پرسُ پرسِ
گُرِ گُروُ کہایِ ॥

ਭਨਿ ਮਥੁਰਾ ਮੂਰਤਿ ਸਦਾ ਥਿਰੁ
ਲਾਇ ਚਿਤੁ ਸਨਮੁਖ ਰਹਹੁ ॥

بھنِ متھُرا موُرتِ سدا تھِرُ

لاءِ چِتُ سمُکھ رہہُ ॥

کلجُگِ جہاجُ ارجُنُ گُرُو
سگل سرِسٹِ لگِ بِترہُ ॥2॥

تِہ جن جاچہُ جگتّر پر جانِیئتُ
باسُر رہنِ باسُ جا کو ہِتُ نام سِ ءُ ॥

پرم اتِیتُ پریسُر کے رنگِ رنگّیہُ
باسنا تے باہرِ
پے دیکھِیئتُ دھام سِ ءُ ॥

اپر پرنّپر پُرکھ سِ ءُ پّریمُ لاگّیہُ
بِنُ بھگونّت رسُ ناہی اُرے کام سِ ءُ ॥

متھُرا کو پّربھُ سّرب مے ارجُن گُرُ
بھگتِ کے ہیتِ پاءِ رہِئو بِلِ رام سِ ءُ ॥3॥

انّتُ ن پاوت دیو سبے مُنِ
اِندّر مہا سِو جوگ کری ॥

پھُنِ بید برنّچِ بچارِ رہِئو
ہرِ جاپُ ن چھاڈّیءُ ایک گھری ॥

متھُرا جن کو پّربھُ دین دیالُ ہے
سنگتِ سّرسّٹِ نِہالُ کری ॥

رامداسِ گُرُو جگ تارن کءُ
گُر جوتِ ارجُن ماہِ دھری ॥4॥

جگ اُترُ ن جاہِ مہا تم مے
اوتارُ اُجاگرُ آنِ کِیئءُ ॥

تِن کے دُکھ کوٹِک دوُرِ گئے
متھُرا جِنّہ انّمرِت نامُ پِیئءُ ॥

اِہ پدھتِ تے مت چوُکہِ رے من

ਕਲਜੁਗਿ ਜਹਾਜੁ ਅਰਜੁਨੁ ਗੁਰੂ
ਸਗਲ ਸ੍ਰਿਸ੍ਰਿ ਲਗਿ ਬਿਤਰਹੁ ॥੨॥

ਤਿਹ ਜਨ ਜਾਚਹੁ ਜਗਤ੍ਰ ਪਰ ਜਾਨੀਅਤੁ
ਬਾਸੁਰ ਰਯਨਿ ਬਾਸੁ ਜਾ ਕੋ ਹਿਤੁ ਨਾਮ ਸਿਉ ॥

ਪਰਮ ਅਤੀਤੁ ਪਰਮੇਸੁਰ ਕੈ ਰੰਗਿ ਰੰਗ੍ਯੋ
ਬਾਸਨਾ ਤੇ ਬਾਹਰਿ
ਪੈ ਦੇਖੀਅਤੁ ਧਾਮ ਸਿਉ ॥

ਅਪਰ ਪਰੰਪਰ ਪੁਰਖ ਸਿਉ ਪ੍ਰੇਮੁ ਲਾਗ੍ਯੋ
ਬਿਨੁ ਭਗਵੰਤ ਰਸੁ ਨਾਹੀ ਅਉਰੈ ਕਾਮ ਸਿਉ ॥

ਮਥੁਰਾ ਕੋ ਪ੍ਰਭੁ ਸ੍ਰਬ ਮਯ ਅਰਜੁਨ ਗੁਰੁ
ਭਗਤਿ ਕੈ ਹੇਤਿ ਪਾਇ ਰਹਿਓ ਮਿਲਿ ਰਾਮ ਸਿਉ ॥੩॥

ਅੰਤੁ ਨ ਪਾਵਤ ਦੇਵ ਸਬੈ ਮੁਨਿ
ਇੰਦ੍ਰ ਮਹਾ ਸਿਵ ਜੋਗ ਕਰੀ ॥

ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ
ਹਰਿ ਜਾਪੁ ਨ ਛਾਡ੍ਯੋ ਏਕ ਘਰੀ ॥

ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ
ਸੰਗਤਿ ਸ੍ਰਿਸ੍ਰਿ ਨਿਹਾਲੁ ਕਰੀ ॥

ਰਾਮਦਾਸਿ ਗੁਰੂ ਜਗ ਤਾਰਨ ਕਉ
ਗੁਰ ਜੋਤਿ ਅਰਜੁਨ ਮਾਹਿ ਧਰੀ ॥੪॥

ਜਗ ਅਉਰੁ ਨ ਜਾਹਿ ਮਹਾ ਤਮ ਮੈ
ਅਵਤਾਰੁ ਉਜਾਗਰੁ ਆਨਿ ਕੀਅਉ ॥

ਤਿਨ ਕੇ ਦੁਖ ਕੋਟਿਕ ਦੂਰਿ ਗਏ
ਮਥੁਰਾ ਜਿਨ੍ ਅੰਮ੍ਰਿਤ ਨਾਮੁ ਪੀਅਉ ॥

ਇਹ ਪਧਤਿ ਤੇ ਮਤ ਚੂਕਹਿ ਰੇ ਮਨ
ਭੇਦੁ ਬਿਭੇਦੁ ਨ ਜਾਨ ਬੀਅਉ ॥

ਪਰਤਛਿ ਰਿਦੈ ਗੁਰ ਅਰਜੁਨ ਕੈ
ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥੫॥

پرتچھِ رِدے گُر ارجُن کے
ہرِپوُرن برّہمِ نِواسُ لِیئ ॥5॥

ਜਬ ਲਉ ਨਹੀ ਭਾਗ ਲਿਲਾਰ ਉਦੈ
ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥

جب لءُ نہی بھاگ لِلار اُدے
تب لءُ بھرمتے پھِرتے بہُ دھایئ ॥

ਕਲਿ ਘੋਰ ਸਮੁਦ੍ਰ ਮੈ ਬੂਡਤ ਥੇ
ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥

کلِ گھور سمدّر مے بوُڈت تھے
کبہوُ مِٹِ ہے نہی رے پچھُتایئ ॥

ਤਤੁ ਬਿਚਾਰੁ ਯਹੈ ਮਥੁਰਾ
ਜਗ ਤਾਰਨ ਕਉ ਅਵਤਾਰੁ ਬਨਾਯਉ ॥

تتُ بِچارُ یہے متھُرا
جگ تارن کءُ اوتارُ بنایئ ॥

ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥

جپّیئ جِنّہ ارجُن دیو گُرو
پھِرِ سنکٹ جونِ گربھ ن آیئ ॥6॥

ਕਲਿ ਸਮੁਦ੍ਰ ਭਏ ਰੂਪ
ਪ੍ਰਗਟਿ ਹਰਿ ਨਾਮ ਉਧਾਰਨੁ ॥

کلِ سمدّر بھے روُپ
پرّگٹِ ہرِ نام اُدھارنُ ॥

ਬਸਹਿ ਸੰਤ ਜਿਸੁ ਰਿਦੈ
ਦੁਖ ਦਾਰਿਦ੍ਰ ਨਿਵਾਰਨੁ ॥

بسہِ سنّت جِسُ رِدے
دُکھ دارِدّر نِوارنُ ॥

ਨਿਰਮਲ ਭੇਖ ਅਪਾਰ
ਤਾਸੁ ਬਿਨੁ ਅਵਰੁ ਨ ਕੋਈ ॥

نِرمل بھیکھ اپار
تاسُ بِنُ اورُ ن کوئی ॥

ਮਨ ਬਚ ਜਿਨਿ ਜਾਣਿਅਉ
ਭਯਉ ਤਿਹ ਸਮਸਰਿ ਸੋਈ ॥

من بچ جِنِ جانِیئ
بھیئ تِہ سمسرِ سوئی ॥

ਧਰਨਿ ਗਗਨ ਨਵ ਖੰਡ ਮਹਿ
ਜੋਤਿ ਸ੍ਵਰੂਪੀ ਰਹਿਓ ਭਰਿ ॥

دھرنِ گگن نو کھنڈ مہِ
جوتِ سّوروُپی رہئو بھرِ ॥

ਭਨਿ ਮਥੁਰਾ ਕਛੁ ਭੇਦੁ ਨਹੀ
ਗੁਰੁ ਅਰਜੁਨੁ ਪਰਤਖ੍ਹ ਹਰਿ ॥੭॥੧੯॥

بھنِ متھُرا کچھُ بھیدُ نہی
گُرُ ارجُنُ پرتکھّی ہرِ ॥7॥ 19 ॥

ਅਜੈ ਗੰਗ ਜਲੁ ਅਟਲੁ
ਸਿਖ ਸੰਗਤਿ ਸਭ ਨਾਵੈ ॥

اجے گنگ جلُ اٹلُ
سِکھ سنگتِ سبھ ناوے ॥

ਨਿਤ ਪੁਰਾਣ ਬਾਚੀਅਹਿ
ਬੇਦ ਬ੍ਰਹਮਾ ਮੁਖਿ ਗਾਵੈ ॥

ਅਜੈ ਚਵਰੁ ਸਿਰਿ ਢੁਲੈ
ਨਾਮੁ ਅੰਮ੍ਰਿਤੁ ਮੁਖਿ ਲੀਅਉ ॥

ਗੁਰ ਅਰਜੁਨ ਸਿਰਿ ਛਤ੍ਰੁ
ਆਪਿ ਪਰਮੇਸਰਿ ਦੀਅਉ ॥

ਮਿਲਿ ਨਾਨਕ ਅੰਗਦ ਅਮਰ ਗੁਰ
ਗੁਰੁ ਰਾਮਦਾਸੁ ਹਰਿ ਪਹਿ ਗਯਉ ॥

ਹਰਿਬੰਸ ਜਗਤਿ ਜਸੁ ਸੰਚਰ੍ਯਉ
ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ ॥੧॥

ਦੇਵ ਪੁਰੀ ਮਹਿ ਗਯਉ
ਆਪਿ ਪਰਮੇਸ੍ਵਰ ਭਾਯਉ ॥

ਹਰਿ ਸਿੰਘਾਸਣੁ ਦੀਅਉ
ਸਿਰੀ ਗੁਰੁ ਤਹ ਬੈਠਾਯਉ ॥

ਰਹਸੁ ਕੀਅਉ ਸੁਰ ਦੇਵ
ਤੋਹਿ ਜਸੁ ਜਯ ਜਯ ਜੰਪਹਿ ॥

ਅਸੁਰ ਗਏ ਤੇ ਭਾਗਿ
ਪਾਪ ਤਿਨ੍ ਭੀਤਰਿ ਕੰਪਹਿ ॥

ਕਾਟੇ ਸੁ ਪਾਪ ਤਿਨ੍ ਨਰਹੁ ਕੇ
ਗੁਰੁ ਰਾਮਦਾਸੁ ਜਿਨ੍ ਪਾਇਯਉ ॥

ਛਤ੍ਰੁ ਸਿੰਘਾਸਨੁ ਪਿਰਥਮੀ
ਗੁਰ ਅਰਜੁਨ ਕਉ ਦੇ ਆਇਅਉ
॥੨॥੨੧॥੯॥੧੧॥੧੦॥੧੦॥੨੨॥੬੦॥੧੪੩॥

ਨِت پُراڻُ باچِیَہِ
بید برہما مُکھِ گاوے ॥

اجے چورُ سِرِ ڈھُلے
نامُ انمّرِتُ مُکھِ لِیئُ ॥

گُر ارجُن سِرِ چھتّرُ
آپِ پریسرِ دِیئُ ॥

مِلِ نانک انگد امر گُر
گُرُ رامداسُ ہرِ پہِ گیئُ ॥

ہرِبنّس جگتِ جسُ سنچّریئُ
سُ کونُ کہے سّری گُرُ مُیئُ ॥1॥

دیو پُری مہِ گیئُ
آپِ پریسّور بھایئُ ॥

ہرِ سِنگھاسنُ دِیئُ
سِری گُرُ تہ بیٹھایئُ ॥

رہسُ کِیئُ سُر دیو
توہِ جسُ جیِ جیِ جنّپہِ ॥

اسُر گئے تے بھاگِ
پاپ تِنّہ بھِترِ کنّپہِ ॥

کاٹے سُ پاپ تِنّہ نرہُ کے
گُرُ رامداسُ جِنّہ پائیُ ॥

چھتّرُ سِنگھاسنُ پرتھمی
گُر ارجُن کئُ دے آئیُ

॥ 143 ॥ 60 ॥ 22 ॥ 10 ॥ 10 ॥ 11 ॥9॥ 21 ॥2॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ
ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ੴ ستِنامُ کرتا پُرکھُ نِربھئُ نِرویرُ اکال مورتِ اجونی سیبھنّ گُرپرّسادِ
॥

ਸਲੋਕ ਵਾਰਾਂ ਤੇ ਵਧੀਕ ॥

ਮਹਲਾ ੧ ॥

ਉਤੰਗੀ ਪੈਓਹਰੀ ਗਹਿਰੀ ਗੰਭੀਰੀ ॥

ਸਸੁੜਿ ਸੁਹੀਆ ਕਿਵ ਕਰੀ
ਨਿਵਣੁ ਨ ਜਾਇ ਥਣੀ ॥

ਗਚੁ ਜਿ ਲਗਾ ਗਿੜਵੜੀ
ਸਖੀਏ ਧਉਲਹਰੀ ॥

ਸੇ ਭੀ ਢਹਦੇ ਡਿਠੁ ਮੈ
ਮੁੰਧ ਨ ਗਰਬੁ ਥਣੀ ॥੧॥

ਸੁਣਿ ਮੁੰਧੇ ਹਰਣਾਖੀਏ
ਗੂੜਾ ਵੈਣੁ ਅਪਾਰੁ ॥

ਪਹਿਲਾ ਵਸਤੁ ਸਿਵਾਣਿ ਕੈ
ਤਾਂ ਕੀਚੈ ਵਾਪਾਰੁ ॥

ਦੋਹੀ ਦਿਚੈ ਦੁਰਜਨਾ
ਮਿਤ੍ਰਾ ਕੂੰ ਜੈਕਾਰੁ ॥

ਜਿਤੁ ਦੋਹੀ ਸਜਣ ਮਿਲਨਿ
ਲਹੁ ਮੁੰਧੇ ਵੀਚਾਰੁ ॥

ਤਨੁ ਮਨੁ ਦੀਜੈ ਸਜਣਾ
ਐਸਾ ਹਸਣੁ ਸਾਰੁ ॥

ਤਿਸ ਸਉ ਨੇਹੁ ਨ ਕੀਚਈ
ਜਿ ਦਿਸੈ ਚਲਣਹਾਰੁ ॥

ਨਾਨਕ ਜਿਨ੍ਹੀ ਇਵ ਕਰਿ ਬੁਝਿਆ
ਤਿਨ੍ਹਾ ਵਿਟਹੁ ਕੁਰਬਾਣੁ ॥੨॥

ਜੇ ਤੂੰ ਤਾਰੂ ਪਾਣਿ
ਤਾਹੂ ਪੁਛੁ ਤਿੜੰਨ੍ਹ ਕਲ ॥

سلوک واراں تے ودھیک ॥

محلا 1 ॥

اُتنگی پیئوہری گہری گنبھیری ॥

سسُڑِ سُہیا کِو کری
نِونُّ ن جاءِ تھئی ॥

گچُ جِ لگا گِڑوڑی
سکھیئے دھئلہری ॥

سے بھی ڈھہدے ڈِٹھُ مے
مُندھ ن گربُ تھئی ॥1॥

سُنِّ مُندھے ہرناکھیئے
گوُڑا ویَنُّ اپارُ ॥

پہِلا وستُ سِچانِّ کے
تاں کیچےَ واپارُ ॥

دوہی دِچےَ دُرجنا
مِتّرا کوُنّ جیَکارُ ॥

جِتُ دوہی سجنّ مِلنِ
لہُ مُندھے ویچارُ ॥

تنُ منُ دیجےَ سجنّا
ایَسا ہسنُّ سارُ ॥

تِس سءُ نیہُ ن کیچئی
جِ دِسےَ چلنّہارُ ॥

نانک جِنّہی اِو کرِ بُجھیا
تِنّہا وِٹہُ قُربانُّ ॥2॥

جے توُنّ تاروُ پانِّ
تاہوُ پُچھُ تِڑنّہ کل ॥

ਤਾਹੂ ਖਰੇ ਸੁਜਾਣ
ਵੰਞਾ ਏਨ੍ਹੀ ਕਪਰੀ ॥੩॥

تاہوُ کھرے سُجاڻ
وِنجا اینّہی کپری ॥3॥

ਝੜ ਝਖੜ ਓਹਾੜ
ਲਹਰੀ ਵਹਨਿ ਲਖੇਸਰੀ ॥

جھڑ جھکھڑ اوہاڑ
لہری وہنِ لکھیسری ॥

ਸਤਿਗੁਰ ਸਿਉ ਆਲਾਇ
ਬੇੜੇ ਡੁਬਣਿ ਨਾਹਿ ਭਉ ॥੪॥

ستِگُر سِ ءُ آلاءِ
بیڑے ڈُبڻِ ناہِ بھءُ ॥4॥

ਨਾਨਕ ਦੁਨੀਆ ਕੈਸੀ ਹੋਈ ॥

نانک دُنِیا کیَسی ہوئی ۔ ॥

ਸਾਲਕੁ ਮਿਤੁ ਨ ਰਹਿਓ ਕੋਈ ॥

سالکُ مِتُ ن رہِئو کوئی ॥

ਭਾਈ ਬੰਧੀ ਹੇਤੁ ਚੁਕਾਇਆ ॥

بھائی بندھی ہیتُ چُکائِیا ॥

ਦੁਨੀਆ ਕਾਰਣਿ ਦੀਨੁ ਗਵਾਇਆ ॥੫॥

دُنِیا کارڻِ دِینُ گوائِیا ॥5॥

ਹੈ ਹੈ ਕਰਿ ਕੈ ਓਹਿ ਕਰੇਨਿ ॥

ہے ہے کرِ کے اوہِ کرینِ ॥

ਗਲ੍ਾ ਪਿਟਨਿ ਸਿਰੁ ਖੋਹੇਨਿ ॥

گلّہا پِٹڻِ سِرُ کھوہینِ ॥

ਨਾਉ ਲੈਨਿ ਅਰੁ ਕਰਨਿ ਸਮਾਇ ॥

ناءُ لینَ ارُ کرنِ سماءِ ॥

ਨਾਨਕ ਤਿਨ ਬਲਿਹਾਰੈ ਜਾਇ ॥੬॥

نانک تِن بلِہارے جاءِ ॥6॥

ਰੇ ਮਨ ਡੀਗਿ ਨ ਡੋਲੀਐ
ਸੀਧੈ ਮਾਰਗਿ ਧਾਉ ॥

رے من ڈِیگِ ن ڈولیئے
سِیدھے مارگِ دھاءُ ॥

ਪਾਛੈ ਬਾਘੁ ਡਰਾਵਣੋ
ਆਗੈ ਅਗਨਿ ਤਲਾਉ ॥

پاچھے باگھُ ڈراوڻو
آگے اگنِ تلاءُ ॥

ਸਹਸੈ ਜੀਅਰਾ ਪਰਿ ਰਹਿਓ
ਮਾ ਕਉ ਅਵਰੁ ਨ ਢੰਗੁ ॥

سہسے جیئرا پر رہِئو
ما کءُ اورُ ن ڈھنگُ ॥

ਨਾਨਕ ਗੁਰਮੁਖਿ ਛੁਟੀਐ
ਹਰਿ ਪ੍ਰੀਤਮ ਸਿਉ ਸੰਗੁ ॥੭॥

نانک گُرمُکھِ چھُٹیئے
ہرِ پریتم سِ ءُ سنگُ ॥7॥

ਬਾਘੁ ਮਰੈ ਮਨੁ ਮਾਰੀਐ
ਜਿਸੁ ਸਤਿਗੁਰ ਦੀਖਿਆ ਹੋਇ ॥

باگھُ مرے منُ مارِیئے
جِسُ ستِگُر دیکھِیا ہوءِ ॥

ਆਪ ਪਛਾਣੈ ਹਰਿ ਮਿਲੈ
ਬਹੁੜਿ ਨ ਮਰਣਾ ਹੋਇ ॥

آپ پچھانے ہرِ ملے
بہُڑِ ن مرنا ہوءِ ॥

ਕੀਚੜਿ ਹਾਥੁ ਨ ਬੂਡਈ
ਏਕਾ ਨਦਰਿ ਨਿਹਾਲਿ ॥

کیچڑِ ہاتھُ ن بوُڈئی
ایکا ندرِ نہالِ ॥

ਨਾਨਕ ਗੁਰਮੁਖਿ ਉਬਰੇ
ਗੁਰੁ ਸਰਵਰੁ ਸਚੀ ਪਾਲਿ ॥੮॥

نانک گُرمُکھِ اُبرے
گُرُ سرورُ سچی پالِ ॥8॥

ਅਗਨਿ ਮਰੈ ਜਲੁ ਲੋੜਿ ਲਹੁ
ਵਿਣੁ ਗੁਰ ਨਿਧਿ ਜਲੁ ਨਾਹਿ ॥

اگنِ مرے جلُ لوڑِ لہُ
وِنُ گُر نِدھِ جلُ ناہِ ॥

ਜਨਮਿ ਮਰੈ ਭਰਮਾਈਐ
ਜੇ ਲਖ ਕਰਮ ਕਮਾਹਿ ॥

جنمِ مرے بھرمائیئے
جے لکھ کرم کماہِ ॥

ਜਮੁ ਜਾਗਾਤਿ ਨ ਲਗਈ
ਜੇ ਚਲੈ ਸਤਿਗੁਰ ਭਾਇ ॥

جمُ جاگاتِ ن لگئی
جے چلے ستِگُر بھاءِ ॥

ਨਾਨਕ ਨਿਰਮਲੁ ਅਮਰ ਪਦੁ
ਗੁਰੁ ਹਰਿ ਮੇਲੈ ਮੇਲਾਇ ॥੯॥

نانک نِرملُ امر پدُ
گُرُ ہرِ میلے میلاءِ ॥9॥

ਕਲਰ ਕੇਰੀ ਛਪੜੀ
ਕਉਆ ਮਲਿ ਮਲਿ ਨਾਇ ॥

کلر کیری چھپڑی
کئوا مل مِل ناءِ ॥

ਮਨੁ ਤਨੁ ਮੈਲਾ ਅਵਗੁਣੀ
ਚਿੰਜੁ ਭਰੀ ਗੰਧੀ ਆਇ ॥

منُ تنُ میلا اوگُنی
چِنجُ بھری گندھی آءِ ॥

ਸਰਵਰੁ ਹੰਸਿ ਨ ਜਾਣਿਆ
ਕਾਗ ਕੁਪੰਖੀ ਸੰਗਿ ॥

سرورُ ہنّس ن جانیا
کاگ کپنکھی سنگِ ॥

ਸਾਕਤ ਸਿਉ ਐਸੀ ਪ੍ਰੀਤਿ ਹੈ
ਬੂਝਹੁ ਗਿਆਨੀ ਰੰਗਿ ॥

ساکت سِءُ ایسی پریتِ ہے
بوُجھہُ گیانی رنگِ ॥

ਸੰਤ ਸਭਾ ਜੈਕਾਰੁ ਕਰਿ
ਗੁਰਮੁਖਿ ਕਰਮ ਕਮਾਉ ॥

سنّت سبھا جیکارُ کرِ
گُرمُکھِ کرم کماءُ ॥

ਨਿਰਮਲੁ ਨ੍ਾਵਣੁ ਨਾਨਕਾ
ਗੁਰੁ ਤੀਰਥੁ ਦਰੀਆਉ ॥੧੦॥

نِرملُ نہاونُ نانکا

ਜਨਮੇ ਕਾ ਫਲੁ ਕਿਆ ਗਣੀ
ਜਾਂ ਹਰਿ ਭਗਤਿ ਨ ਭਾਉ ॥

ਪੈਧਾ ਖਾਧਾ ਬਾਦਿ ਹੈ
ਜਾਂ ਮਨਿ ਦੂਜਾ ਭਾਉ ॥

ਵੇਖਣੁ ਸੁਨਣਾ ਝੂਠੁ ਹੈ
ਮੁਖਿ ਝੂਠਾ ਆਲਾਉ ॥

ਨਾਨਕ ਨਾਮੁ ਸਲਾਹਿ ਤੂ
ਹੋਰੁ ਹਉਮੈ ਆਵਉ ਜਾਉ ॥੧੧॥

ਹੈਨਿ ਵਿਰਲੇ ਨਾਹੀ ਘਣੇ
ਫੈਲ ਫਕੜੁ ਸੰਸਾਰੁ ॥੧੨॥

ਨਾਨਕ ਲਗੀ ਤੁਰਿ ਮਰੈ
ਜੀਵਣ ਨਾਹੀ ਤਾਣੁ ॥

ਚੋਟੈ ਸੇਤੀ ਜੋ ਮਰੈ
ਲਗੀ ਸਾ ਪਰਵਾਣੁ ॥

ਜਿਸ ਨੋ ਲਾਏ ਤਿਸੁ ਲਗੈ
ਲਗੀ ਤਾ ਪਰਵਾਣੁ ॥

ਪਿਰਮ ਪੈਕਾਮੁ ਨ ਨਿਕਲੈ
ਲਾਇਆ ਤਿਨਿ ਸੁਜਾਣਿ ॥੧੩॥

ਭਾਂਡਾ ਧੋਵੈ ਕਉਣੁ
ਜਿ ਕਚਾ ਸਾਜਿਆ ॥

ਧਾਤੂ ਪੰਜਿ ਰਲਾਇ
ਕੂੜਾ ਪਾਜਿਆ ॥

ਭਾਂਡਾ ਆਣਗੁ ਰਾਸਿ
ਜਾਂ ਤਿਸੁ ਭਾਵਸੀ ॥

گُرُ تِیرتھُ دریِیاءُ ॥ 10 ॥

جنمے کا پھلُ کِیا گنٹی
جاں ہرِ بھگتِ ن بھاءُ ॥

پیَدھا کھادھا بادِ ہےَ
جاں منِ دوُجا بھاءُ ॥

ویکھنُ سُنٹا جھوُٹھُ ہےَ
مُکھِ جھوُٹھا آلاءُ ॥

نانک نامُ سلاحِ توُ
ہورُ ہمُئےَ آوءُ جاءُ ॥ 11 ॥

ہیَنِ وِرلے ناہی گھٹے
پھیَل پھکڑُ سنّسارُ ॥ 12 ॥

نانک لگی تُرِ مرےَ
جیِونٹُ ناہی تانٹُ ॥

چوٹےَ سیتی جو مرےَ
لگی سا پروانٹُ ॥

جِس نو لائے تِسُ لگےَ
لگی تا پروانٹُ ॥

پِرم پیَکامُ ن نِکلےَ
لائیا تِنِ سُجانٹِ ॥ 13 ॥

بھانڈا دھووےَ کنُٹُ
جِ کچا ساجِیا ॥

دھاتوُ پنّجِ رلاءِ
کوُڑا پاجِیا ॥

بھانڈا آنگُ راسِ
جاں تِسُ بھاوسی ॥

ਪਰਮ ਜੋਤਿ ਜਾਗਾਇ
ਵਾਜਾ ਵਾਵਸੀ ॥੧੪॥

پرم جوتِ جاگاءِ
واجا واوسی ॥ 14 ॥

ਮਨਹੁ ਜਿ ਅੰਧੇ ਘੂਪ
ਕਹਿਆ ਬਿਰਦੁ ਨ ਜਾਣਨੀ ॥

منہُ جِ انّدھے گھوُپ
کہِیا بِردُ ن جانْنی ॥

ਮਨਿ ਅੰਧੈ ਉੰਧੈ ਕਵਲ
ਦਿਸਨਿ ਖਰੇ ਕਰੂਪ ॥

منِ انّدھے اُندھے کول
دِسنِ کھرے کروُپ ॥

ਇਕਿ ਕਹਿ ਜਾਣਨਿ ਕਹਿਆ ਬੁਝਨਿ
ਤੇ ਨਰ ਸੁਘੜ ਸਰੂਪ ॥

اِکِ کہِ جانْنِ کہِیا بُجھنِ
تے نر سُگھڑ سروُپ ॥

ਇਕਨਾ ਨਾਦੁ ਨ ਬੇਦੁ ਨ ਗੀਅ ਰਸੁ
ਰਸੁ ਕਸੁ ਨ ਜਾਣੰਤਿ ॥

اِکنا نادُ ن بیدُ ن گیء رسُ
رسُ کسُ ن جانْنّتِ ॥

ਇਕਨਾ ਸਿਧਿ ਨ ਬੁਧਿ ਨ ਅਕਲਿ ਸਰ
ਅਖਰ ਕਾ ਭੇਉ ਨ ਲਹੰਤਿ ॥

اِکنا سِدھِ ن بُدھِ ن عقلِ سر
اکھر کا بھیءُ ن لہنّتِ ॥

ਨਾਨਕ ਤੇ ਨਰ ਅਸਲਿ ਖਰ
ਜਿ ਬਿਨੁ ਗੁਣ ਗਰਬੁ ਕਰੰਤ ॥੧੫॥

نانک تے نر نصلِ کھر
جِ بِنُ گُنْ گربُ کرنّت ॥ 15 ॥

ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥

سو برہمنُ جو بِندے برہمُ ॥

ਜਪੁ ਤਪੁ ਸੰਜਮੁ ਕਮਾਵੈ ਕਰਮੁ ॥

جپُ تپُ سنجمُ کماوے کرمُ ॥

ਸੀਲ ਸੰਤੋਖ ਕਾ ਰਖੈ ਧਰਮੁ ॥

سِیل سنتوکھ کا رکھے دھرمُ ॥

ਬੰਧਨ ਤੋੜੈ ਹੋਵੈ ਮੁਕਤੁ ॥

بندھن توڑے ہووے مُکتُ ॥

ਸੋਈ ਬ੍ਰਹਮਣੁ ਪੂਜਣ ਜੁਗਤੁ ॥੧੬॥

سوئی برہمنُ پوُجنْ جُگتُ ॥ 16 ॥

ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥

کھتّری سو جُ کرما کا سوُرُ ॥

ਪੁੰਨ ਦਾਨ ਕਾ ਕਰੈ ਸਰੀਰੁ ॥

پُنّن دان کا کرے سریرُ ॥

ਖੇਤੁ ਪਛਾਣੈ ਬੀਜੈ ਦਾਨੁ ॥

کھیتُ پچھانْے بیجے دانُ ॥

ਸੋ ਖਤ੍ਰੀ ਦਰਗਹ ਪਰਵਾਣੁ ॥

سو کھتّری درگہ پروانُ ॥

ਲਬੁ ਲੋਭੁ ਜੇ ਕੂੜੁ ਕਮਾਵੈ ॥

لبُ لوبھُ جے کوُڑُ کماوے ॥

ਅਪਣਾ ਕੀਤਾ ਆਪੇ ਪਾਵੈ ॥੧੭॥

اپنا کِیتا آپے پاوے ॥ 17 ॥

ਤਨੁ ਨ ਤਪਾਇ ਤਨੂਰ ਜਿਉ
ਬਾਲਣੁ ਹਡ ਨ ਬਾਲਿ ॥

تنُ ن تپاءِ تنوُر جِءُ
بالنُّ ہڈ ن بالِ ॥

ਸਿਰਿ ਪੈਰੀ ਕਿਆ ਫੇੜਿਆ
ਅੰਦਰਿ ਪਿਰੀ ਸਮ੍ਹਾਲਿ ॥੧੮॥

سِرِ پیَری کِیا پھیڑِیا
اندَرِ پِری سمہّالِ ॥ 18 ॥

ਸਭਨੀ ਘਟੀ ਸਹੁ ਵਸੈ
ਸਹ ਬਿਨੁ ਘਟੁ ਨ ਕੋਇ ॥

سبھنی گھٹی سہُ وسے
سہ بِنُ گھٹُ ن کوءِ ॥

ਨਾਨਕ ਤੇ ਸੋਹਾਗਣੀ
ਜਿਨ੍ਹਾ ਗੁਰਮੁਖਿ ਪਰਗਟੁ ਹੋਇ ॥੧੯॥

نانک تے سوہاگنّی
جِنہّا گُرمُکھِ پرگٹُ ہوءِ ॥ 19 ॥

ਜਉ ਤਉ ਪ੍ਰੇਮ ਖੇਲਣ ਕਾ ਚਾਉ ॥

جءُ تءُ پرّیم کھیلنْ کا چاءُ ॥

ਸਿਰੁ ਧਰਿ ਤਲੀ ਗਲੀ ਮੇਰੀ ਆਉ ॥

سِرُ دھرِ تلی گلی میری آءُ ॥

ਇਤੁ ਮਾਰਗਿ ਪੈਰੁ ਧਰੀਜੈ ॥

اِتُ مارگِ پیَرُ دھریجےَ ॥

ਸਿਰੁ ਦੀਜੈ ਕਾਣਿ ਨ ਕੀਜੈ ॥੨੦॥

سِرُ دیجےَ کانِ ن کیجےَ ॥ 20 ॥

ਨਾਲਿ ਕਿਰਾੜਾ ਦੋਸਤੀ
ਕੂੜੈ ਕੂੜੀ ਪਾਇ ॥

نالِ کِراڑا دوستی
کوُڑے کوُڑی پاءِ ॥

ਮਰਣੁ ਨ ਜਾਪੈ ਮੂਲਿਆ
ਆਵੈ ਕਿਤੈ ਥਾਇ ॥੨੧॥

مرنُّ ن جاپے موُلیا
آوے کِتےَ تھاءِ ॥ 21 ॥

ਗਿਆਨ ਹੀਣੰ ਅਗਿਆਨ ਪੂਜਾ ॥

گِیان ہیِنْنَ اگِیان پوُجا ॥

ਅੰਧ ਵਰਤਾਵਾ ਭਾਉ ਦੂਜਾ ॥੨੨॥

اندھ ورتاوا بھاءُ دوُجا ॥ 22 ॥

ਗੁਰ ਬਿਨੁ ਗਿਆਨੁ ਧਰਮ ਬਿਨੁ ਧਿਆਨੁ ॥

گُر بِنُ گِیانُ دھرم بِنُ دھِیانُ ॥

ਸਚ ਬਿਨੁ ਸਾਖੀ ਮੂਲੋ ਨ ਬਾਕੀ ॥੨੩॥

سچ بِنُ ساکھی موُلو ن باکی ॥ 23 ॥

ਮਾਣੂ ਘਲੈ ਉਠੀ ਚਲੈ ॥

ماڻھُ گھلےَ اُٹھی چلےَ ॥

ਸਾਦੁ ਨਾਹੀ ਇਵੇਹੀ ਗਲੈ ॥੨੪॥

سادُ ناہی اِویہی گلےَ ॥ 24 ॥

ਰਾਮੁ ਝੁਰੈ ਦਲ ਮੇਲਵੈ

رامُ جھُرے دل میلوے

ਅੰਤਰਿ ਬਲੁ ਅਧਿਕਾਰ ॥

انترِ بلُ ادھِکار ॥

ਬੰਤਰ ਕੀ ਸੈਨਾ ਸੇਵੀਐ
ਮਨਿ ਤਨਿ ਜੁਝੁ ਅਪਾਰੁ ॥

بنّتر کی سینا سیویۓ
منِ تنِ جُجھُ اپارُ ॥

ਸੀਤਾ ਲੈ ਗਇਆ ਦਹਸਿਰੋ
ਲਛਮਣੁ ਮੂਓ ਸਰਾਪਿ ॥

سِیتا لے گئیا دہسِرو
لچھمنُ موُئو سراپِ ॥

ਨਾਨਕ ਕਰਤਾ ਕਰਣਹਾਰੁ
ਕਰਿ ਵੇਖੈ ਥਾਪਿ ਉਥਾਪਿ ॥੨੫॥

نانک کرتا کرنہارُ
کرِ ویکھےَ تھاپِ اُتھاپِ ॥ 25 ॥

ਮਨ ਮਹਿ ਝੂਰੈ ਰਾਮਚੰਦੁ
ਸੀਤਾ ਲਛਮਣੁ ਜੋਗੁ ॥

من مہِ جھوُرے رامچنّدُ
سِیتا لچھمنُ جوگُ ॥

ਹਣਵੰਤਰੁ ਆਰਾਧਿਆ
ਆਇਆ ਕਰਿ ਸੰਜੋਗੁ ॥

ہنّونتّرُ آرادھِیا
آئیا کرِ سنجوگُ ॥

ਭੂਲਾ ਦੈਤੁ ਨ ਸਮਝਈ
ਤਿਨਿ ਪ੍ਰਭ ਕੀਏ ਕਾਮ ॥

بھوُلا دیَتُ ن سمجھئی
تِنِ پربھ کیۓ کام ॥

ਨਾਨਕ ਵੇਪਰਵਾਹੁ ਸੋ
ਕਿਰਤੁ ਨ ਮਿਟਈ ਰਾਮ ॥੨੬॥

نانک ویپرواہُ سو
کِرتُ ن مٹئی رام ॥ 26 ॥

ਲਾਹੌਰ ਸਹਰੁ
ਜਹਰੁ ਕਹਰੁ ਸਵਾ ਪਹਰੁ ॥੨੭॥

لاہوَر سہرُ
زہرُ قہرُ سوا پہرُ ॥ 27 ॥

ਮਹਲਾ ੩ ॥

محلا 3 ॥

ਲਾਹੌਰ ਸਹਰੁ
ਅੰਮ੍ਰਿਤ ਸਰੁ ਸਿਫਤੀ ਦਾ ਘਰੁ ॥੨੮॥

لاہوَر سہرُ
انمّرِت سرُ صِفتی دا گھرُ ॥ 28 ॥

ਮਹਲਾ ੧ ॥

محلا 1 ॥

ਉਦੋਸਾਹੈ ਕਿਆ ਨੀਸਾਨੀ
ਤੋਟਿ ਨ ਆਵੈ ਅੰਨੀ ॥

اُدوساہے کیا نیشانی
توٹِ ن آوے انّنی ॥

ਉਦੋਸੀਅ ਘਰੇ ਹੀ ਵੁਠੀ
ਕੁੜਿਈਂ ਰੰਨੀ ਧੰਮੀ ॥

اُدوسیء گھرے ہی وُٹھی
کُڑئیں رنّنی دھنّمی ॥

ਸਤੀ ਰੰਨੀ ਘਰੇ ਸਿਆਪਾ
ਰੋਵਨਿ ਕੂੜੀ ਕੰਮੀ ॥

ستی رنّنی گھرے سِیاپا
رووَنِ کوڑی کنّمی ॥

ਜੋ ਲੇਵੈ ਸੋ ਦੇਵੈ ਨਾਹੀ
ਖਟੇ ਦੰਮ ਸਹੰਮੀ ॥੨੯॥

جو لیوے سو دیوے ناہی
کھٹے دنّم سہنّمی ॥ 29 ॥

ਪਬਰ ਤੂੰ ਹਰੀਆਵਲਾ
ਕਵਲਾ ਕੰਚਨ ਵੰਨਿ ॥

پبر توُنّ ہریاولا
کولا کنچن ونّنِ ॥

ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ
ਨਾਨਕ ਮੈ ਤਨਿ ਭੰਗੁ ॥

کے دوکھڑے سڑِئوہِ کالی ہوئیا دیہُری
نانک مے تنِ بھنگُ ॥

ਜਾਣਾ ਪਾਣੀ ਨਾ ਲਹਾਂ
ਜੈ ਸੇਤੀ ਮੇਰਾ ਸੰਗੁ ॥

جاٹا پاٹی نا لہاں
جے سیتی میرا سنگُ ॥

ਜਿਤੁ ਡਿਠੈ ਤਨੁ ਪਰਫੁੜੈ
ਚੜੈ ਚਵਗਣਿ ਵੰਨੁ ॥੩੦॥

جِتُ ڈِٹھے تنُ پرپھُڑے
چڑے چوگنِ ونّنُ ॥ 30 ॥

ਰਜਿ ਨ ਕੋਈ ਜੀਵਿਆ
ਪਹੁਚਿ ਨ ਚਲਿਆ ਕੋਇ ॥

رجِ ن کوئی جیِویا
پہُچِ ن چلیا کوءِ ॥

ਗਿਆਨੀ ਜੀਵੈ ਸਦਾ ਸਦਾ
ਸੁਰਤੀ ਹੀ ਪਤਿ ਹੋਇ ॥

گیانی جیِوے سدا سدا
سُرتی ہی پتِ ہوءِ ॥

ਸਰਫੈ ਸਰਫੈ ਸਦਾ ਸਦਾ
ਏਵੈ ਗਈ ਵਿਹਾਇ ॥

صرفے صرفے سدا سدا
ایوے گئی وِہاءِ ॥

ਨਾਨਕ ਕਿਸ ਨੋ ਆਖੀਐ
ਵਿਣੁ ਪੁਛਿਆ ਹੀ ਲੈ ਜਾਇ ॥੩੧॥

نانک کِس نو آکھیئے
وِنُ پُچھیا ہی لے جاءِ ॥ 31 ॥

ਦੋਸੁ ਨ ਦੇਅਹੁ ਰਾਇ ਨੋ
ਮਤਿ ਚਲੈ ਜਾਂ ਬੁਢਾ ਹੋਵੈ ॥

دوسُ ن دیئہُ راءِ نو
متِ چلے جاں بُڈھا ہووے ॥

ਗਲਾਂ ਕਰੇ ਘਣੇਰੀਆ
ਤਾਂ ਅੰਨੇ੍ ਪਵਣਾ ਖਾਤੀ ਟੋਵੈ ॥੩੨॥

گلاں کرے گھنیریا
تاں انّہے پوٹا کھاتی ٹووے ॥ 32 ॥

ਪੂਰੇ ਕਾ ਕੀਆ ਸਭ ਕਿਛੁ ਪੂਰਾ
ਘਟਿ ਵਧਿ ਕਿਛੁ ਨਾਹੀ ॥

پوُرے کا کیِیا سبھ کِچھُ پوُرا

ਨਾਨਕ ਗੁਰਮੁਖਿ ਐਸਾ ਜਾਣੈ
ਪੂਰੇ ਮਾਂਹਿ ਸਮਾਂਹੀ ॥੩੩॥

گھٹِ ودھِ کچھُ ناہی ॥
نانک گُرمُکھِ ایَسا جانے
پُورے ماہِ سماہی ॥ 33 ॥

ਸਲੋਕ ਮਹਲਾ ੩

سلوک محلا 3

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਅਭਿਆਗਤ ਏਹ ਨ ਆਖੀਅਹि
ਜਿਨ ਕੈ ਮਨ ਮਹਿ ਭਰਮੁ ॥

ابھیاگت ایہ ن آکھیئہِ
جِن کے من مہِ بھرمُ ॥

ਤਿਨ ਕੇ ਦਿਤੇ ਨਾਨਕਾ
ਤੇਹੋ ਜੇਹਾ ਧਰਮੁ ॥੧॥

تِن کے دِتے نانکا
تیہو جیہا دھرمُ ॥ 1 ॥

ਅਭੈ ਨਿਰੰਜਨ ਪਰਮ ਪਦੁ
ਤਾ ਕਾ ਭੀਖਕੁ ਹੋਇ ॥

ابھے نِرنجن پرم پدُ
تا کا بھیکھکُ ہوءِ ॥

ਤਿਸ ਕਾ ਭੋਜਨੁ ਨਾਨਕਾ
ਵਿਰਲਾ ਪਾਏ ਕੋਇ ॥੨॥

تِس کا بھوجنُ نانکا
وِرلا پائے کوءِ ॥ 2 ॥

ਹੋਵਾ ਪੰਡਿਤੁ ਜੋਤਕੀ
ਵੇਦ ਪੜਾ ਮੁਖਿ ਚਾਰਿ ॥

ہووا پنڈِتُ جوتکی
وید پڑا مُکھِ چارِ ॥

ਨਵਾ ਖੰਡਾ ਵਿਚਿ ਜਾਣੀਆ
ਅਪਨੇ ਚਜ ਵੀਚਾਰ ॥੩॥

نوا کھنڈا وِچِ جانِیا
اپنے چج ویچار ॥ 3 ॥

ਬ੍ਰਹਮਣ ਕੈਲੀ ਘਾਤੁ ਕੰਵਕਾ
ਅਣਚਾਰੀ ਕਾ ਧਾਨੁ ॥

برہمنُ کیلی گھاتُ کنجکا
انچاری کا دھانُ ॥

ਫਿਟਕ ਫਿਟਕਾ ਕੋੜੁ ਬਦੀਆ
ਸਦਾ ਸਦਾ ਅਭਿਮਾਨੁ ॥

پھٹک پھٹکا کوڑُ بدیِیا
سدا سدا ابھمانُ ॥

ਪਾਹਿ ਏਤੇ ਜਾਹਿ ਵੀਸਰਿ
ਨਾਨਕਾ ਇਕੁ ਨਾਮੁ ॥

پاہِ ایتے جاہِ ویسرِ
نانکا اِکُ نامُ ॥

ਸਭ ਬੁਧੀ ਜਾਲੀਅਹि
ਇਕੁ ਰਹੈ ਤਤੁ ਗਿਆਨੁ ॥੪॥

سبھ بُدھی جالِیئہِ
اِکُ رہے تتُ گیانُ ॥ 4 ॥

ਮਾਥੈ ਜੋ ਧੁਰਿ ਲਿਖਿਆ
ਸੁ ਮੇਟਿ ਨ ਸਕੈ ਕੋਇ ॥

ماتھےَ جو دھُرِ لِکھِیا
سُ میٹِ ن سکےَ کوءِ ॥

ਨਾਨਕ ਜੋ ਲਿਖਿਆ ਸੋ ਵਰਤਦਾ
ਸੋ ਬੂਝੈ ਜਿਸ ਨੋ ਨਦਰਿ ਹੋਇ ॥੫॥

نانک جو لِکھِیا سو ورتدا
سو بُوجھےَ جِس نو ندرِ ہوءِ ॥5॥

ਜਿਨੀ ਨਾਮੁ ਵਿਸਾਰਿਆ
ਕੂੜੈ ਲਾਲਚਿ ਲਗਿ ॥

جِنی نامُ وِسارِیا
کوُڑےَ لالچِ لگِ ॥

ਧੰਧਾ ਮਾਇਆ ਮੋਹਣੀ
ਅੰਤਰਿ ਤਿਸਨਾ ਅਗਿ ॥

دھندھا مائِیا موہنّی
انترِ تِسنا اگِ ॥

ਜਿਨ੍ਹਾ ਵੇਲਿ ਨ ਤੂੰਬੜੀ
ਮਾਇਆ ਠਗੇ ਠਗਿ ॥

جِنّہا ویلِ ن توُنبڑی
مائِیا ٹھگے ٹھگِ ॥

ਮਨਮੁਖਿ ਬੰਨ੍ਹਿ ਚਲਾਈਅਹਿ
ਨਾ ਮਿਲਹੀ ਵਗਿ ਸਗਿ ॥

منمُکھِ بنّہِ چلائیئہِ
نا مِلہی وگِ سگِ ॥

ਆਪਿ ਭੁਲਾਏ ਭੁਲੀਐ
ਆਪੇ ਮੇਲਿ ਮਿਲਾਇ ॥

آپِ بھُلائے بھُلیئےَ
آپے میلِ مِلاءِ ॥

ਨਾਨਕ ਗੁਰਮੁਖਿ ਛੁਟੀਐ
ਜੇ ਚਲੈ ਸਤਿਗੁਰ ਭਾਇ ॥੬॥

نانک گُرمُکھِ چھُٹیئےَ
جے چلےَ ستِگُر بھاءِ ॥6॥

ਸਾਲਾਹੀ ਸਾਲਾਹਣਾ
ਭੀ ਸਚਾ ਸਾਲਾਹਿ ॥

سالاحی سالاحنّا
بھی سچا سالاحِ ॥

ਨਾਨਕ ਸਚਾ ਏਕੁ ਦਰੁ
ਬੀਭਾ ਪਰਹਰਿ ਆਹਿ ॥੭॥

نانک سچا ایکُ درُ
بِیبھا پرہرِ آہِ ॥7॥

ਨਾਨਕ ਜਹ ਜਹ ਮੈ ਫਿਰਉ
ਤਹ ਤਹ ਸਾਚਾ ਸੋਇ ॥

نانک جہ جہ مےَ پھِرءُ
تہ تہ ساچا سوءِ ॥

ਜਹ ਦੇਖਾ ਤਹ ਏਕੁ ਹੈ
ਗੁਰਮੁਖਿ ਪਰਗਟੁ ਹੋਇ ॥੮॥

جہ دیکھا تہ ایکُ ہےَ
گُرمُکھِ پرگٹُ ہوءِ ॥8॥

ਦੂਖ ਵਿਸਾਰਣੁ ਸਬਦੁ ਹੈ
ਜੇ ਮੰਨਿ ਵਸਾਏ ਕੋਇ ॥

دوُکھ وِسارنُ سبدُ ہےَ

ਗੁਰ ਕਿਰਪਾ ਤੇ ਮਨਿ ਵਸੈ
ਕਰਮ ਪਰਾਪਤਿ ਹੋਇ ॥੯॥

گُر کِرپا تے منِ وسے
کرم پراپتِ ہوءِ ॥9॥

ਨਾਨਕ ਹਉ ਹਉ ਕਰਤੇ ਖਪਿ ਮੁਏ
ਖੂਹਣਿ ਲਖ ਅਸੰਖ ॥

نانک ہءُ ہءُ کرتے کھپِ مُۓ
کھوُہنِ لکھ اسنکھ ॥

ਸਤਿਗੁਰ ਮਿਲੇ ਸੁ ਉਬਰੇ
ਸਾਚੈ ਸਬਦਿ ਅਲੰਖ ॥੧੦॥

ستِگُر مِلے سُ اُبرے
ساچے سبدِ النکھ ॥ 10 ॥

ਜਿਨਾ ਸਤਿਗੁਰੁ ਇਕ ਮਨਿ ਸੇਵਿਆ
ਤਿਨ ਜਨ ਲਾਗਉ ਪਾਇ ॥

جِنا ستِگُرُ اِک منِ سیویا
تِن جن لاگءُ پاءِ ॥

ਗੁਰ ਸਬਦੀ ਹਰਿ ਮਨਿ ਵਸੈ
ਮਾਇਆ ਕੀ ਭੁਖ ਜਾਇ ॥

گُر سبدی ہرِ منِ وسے
مائیا کی بھُکھ جاءِ ॥

ਸੇ ਜਨ ਨਿਰਮਲ ਊਜਲੇ
ਜਿ ਗੁਰਮੁਖਿ ਨਾਮਿ ਸਮਾਇ ॥

سے جن نِرمل اوُجلے
جِ گُرمُکھِ نامِ سماءِ ॥

ਨਾਨਕ ਹੋਰਿ ਪਤਿਸਾਹੀਆ ਕੂੜੀਆ
ਨਾਮਿ ਰਤੇ ਪਾਤਿਸਾਹ ॥੧੧॥

نانک ہورِ پتِساہیا کوُڑیا
نامِ رتے پاتِشاہ ॥ 11 ॥

ਜਿਉ ਪੁਰਖੈ ਘਰਿ ਭਗਤੀ ਨਾਰਿ ਹੈ
ਅਤਿ ਲੋਚੈ ਭਗਤੀ ਭਾਇ ॥

جِءُ پُرکھے گھرِ بھگتی نارِ ہے
اتِ لوچے بھگتی بھاءِ ॥

ਬਹੁ ਰਸ ਸਾਲਣੇ ਸਵਾਰਦੀ
ਖਟ ਰਸ ਮੀਠੇ ਪਾਇ ॥

بہُ رس سالنے سواردی
کھٹ رس میٹھے پاءِ ॥

ਤਿਉ ਬਾਣੀ ਭਗਤ ਸਲਾਹਦੇ
ਹਰਿ ਨਾਮੈ ਚਿਤੁ ਲਾਇ ॥

تِءُ بانی بھگت سلاحدے
ہرِ نامے چِتُ لاءِ ॥

ਮਨੁ ਤਨੁ ਧਨੁ ਆਗੈ ਰਾਖਿਆ
ਸਿਰੁ ਵੇਚਿਆ ਗੁਰ ਆਗੈ ਜਾਇ ॥

منُ تنُ دھنُ آگے راکھیا
سِرُ ویچیا گُر آگے جاءِ ॥

ਭੈ ਭਗਤੀ ਭਗਤ ਬਹੁ ਲੋਚਦੇ
ਪ੍ਰਭ ਲੋਚਾ ਪੂਰਿ ਮਿਲਾਇ ॥

بھے بھگتی بھگت بہُ لوچدے
پربھ لوچا پوُرِ مِلاءِ ॥

ਹਰਿ ਪ੍ਰਭੁ ਵੇਪਰਵਾਹੁ ਹੈ
ਕਿਤੁ ਖਾਧੈ ਤਿਪਤਾਇ ॥

ہرِ پربھُ ویپرواہُ ہے
کِتُ کھادھے تِپتاءِ ۔ ॥

ਸਤਿਗੁਰ ਕੈ ਭਾਣੈ ਜੋ ਚਲੈ
ਤਿਪਤਾਸੈ ਹਰਿ ਗੁਣ ਗਾਇ ॥

ستِگُر کے بھانے جو چلے
تِپتاسے ہرِ گُنؒ گاءِ ॥

ਧਨੁ ਧਨੁ ਕਲਜੁਗਿ ਨਾਨਕਾ
ਜਿ ਚਲੇ ਸਤਿਗੁਰ ਭਾਇ ॥੧੨॥

دھنُ دھنُ کلجُگِ نانکا
جِ چلے ستِگُر بھاءِ ॥ 12 ॥

ਸਤਿਗੁਰੂ ਨ ਸੇਵਿਓ
ਸਬਦੁ ਨ ਰਖਿਓ ਉਰ ਧਾਰਿ ॥

ستِگُروُ ن سیوِئو
سبدُ ن رکھِئو اُر دھارِ ॥

ਧਿਗੁ ਤਿਨਾ ਕਾ ਜੀਵਿਆ
ਕਿਤੁ ਆਏ ਸੰਸਾਰਿ ॥

دھِگُ تِنا کا جیِویا
کِتُ آئے سنّسارِ ۔ ॥

ਗੁਰਮਤੀ ਭਉ ਮਨਿ ਪਵੈ
ਤਾਂ ਹਰਿ ਰਸਿ ਲਗੈ ਪਿਆਰਿ ॥

گُرمتی بھءُ منِ پوے
تاں ہرِ رسِ لگے پِیارِ ॥

ਨਾਉ ਮਿਲੈ ਧੁਰਿ ਲਿਖਿਆ
ਜਨ ਨਾਨਕ ਪਾਰਿ ਉਤਾਰਿ ॥੧੩॥

ناءُ مِلے دھُرِ لِکھیا
جن نانک پارِ اُتارِ ॥ 13 ॥

ਮਾਇਆ ਮੋਹਿ ਜਗੁ ਭਰਮਿਆ
ਘਰੁ ਮੁਸੈ ਖਬਰਿ ਨ ਹੋਇ ॥

مایَا موہِ جگُ بھرمِیا
گھرُ مُسے خبرِ ن ہوءِ ॥

ਕਾਮ ਕ੍ਰੋਧਿ ਮਨੁ ਹਿਰਿ ਲਇਆ
ਮਨਮੁਖ ਅੰਧਾ ਲੋਇ ॥

کام کرودھِ منُ ہِرِ لیَیا
منمُکھ اندھا لوءِ ॥

ਗਿਆਨ ਖੜਗ ਪੰਚ ਦੂਤ ਸੰਘਾਰੇ
ਗੁਰਮਤਿ ਜਾਗੈ ਸੋਇ ॥

گِیان کھڑگ پنچؒ دوُت سنگھارے
گُرمتِ جاگے سوءِ ॥

ਨਾਮ ਰਤਨੁ ਪਰਗਾਸਿਆ
ਮਨੁ ਤਨੁ ਨਿਰਮਲੁ ਹੋਇ ॥

نام رتنُ پرگاسِیا
منُ تنُ نِرملُ ہوءِ ॥

ਨਾਮਹੀਨ ਨਕਟੇ ਫਿਰਹਿ
ਬਿਨੁ ਨਾਵੈ ਬਹਿ ਰੋਇ ॥

نامہِین نکٹے پھِرہِ
بِنُ ناوے بہِ روءِ ॥

ਨਾਨਕ ਜੋ ਧੁਰਿ ਕਰਤੈ ਲਿਖਿਆ
ਸੁ ਮੇਟਿ ਨ ਸਕੈ ਕੋਇ ॥੧੪॥

نانک جو دھُرِ کرتے لِکھیا

ਸ ਮੀਟਿ ਨ ਸਕੈ ਕੋਇ ॥ 14 ॥

ਗੁਰਮੁਖਾ ਹਰਿ ਧਨੁ ਖਟਿਆ
ਗੁਰ ਕੈ ਸਬਦਿ ਵੀਚਾਰਿ ॥

ਨਾਮੁ ਪਦਾਰਥੁ ਪਾਇਆ
ਅਤੁਟ ਭਰੇ ਭੰਡਾਰ ॥

ਹਰਿ ਗੁਣ ਬਾਣੀ ਉਚਰਹਿ
ਅੰਤੁ ਨ ਪਾਰਾਵਾਰੁ ॥

ਨਾਨਕ ਸਭ ਕਾਰਣ ਕਰਤਾ ਕਰੈ
ਵੇਖੈ ਸਿਰਜਨਹਾਰੁ ॥੧੫॥

ਗੁਰਮੁਖਿ ਅੰਤਰਿ ਸਹਜੁ ਹੈ
ਮਨੁ ਚੜਿਆ ਦਸਵੈ ਆਕਾਸਿ ॥

ਤਿਥੈ ਊਂਘ ਨ ਭੁਖ ਹੈ
ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥

ਨਾਨਕ ਦੁਖੁ ਸੁਖੁ ਵਿਆਪਤ ਨਹੀ
ਜਿਥੈ ਆਤਮ ਰਾਮ ਪ੍ਰਗਾਸੁ ॥੧੬॥

ਕਾਮ ਕ੍ਰੋਧ ਕਾ ਚੋਲੜਾ
ਸਭ ਗਲਿ ਆਏ ਪਾਇ ॥

ਇਕਿ ਉਪਜਹਿ ਇਕਿ ਬਿਨਸਿ ਜਾਂਹਿ
ਹੁਕਮੇ ਆਵੈ ਜਾਇ ॥

ਜੰਮਣੁ ਮਰਣੁ ਨ ਚੁਕਈ
ਰੰਗੁ ਲਗਾ ਦੂਜੈ ਭਾਇ ॥

ਬੰਧਨਿ ਬੰਧਿ ਭਵਾਈਅਨੁ
ਕਰਣਾ ਕਛੂ ਨ ਜਾਇ ॥੧੭॥

ਜਿਨ ਕਉ ਕਿਰਪਾ ਧਾਰੀਅਨੁ
ਤਿਨਾ ਸਤਿਗੁਰੁ ਮਿਲਿਆ ਆਇ ॥

ਗُرمُکھا ہرِ دھنُ کھٹِیا
گُر کے سبدِ ویچارِ ॥

نامُ پدارتھُ پائِیا
اٹُٹ بھرے بھنڈّار ॥

ہرِ گُنؒ بانؒی اُچرہِ
انّتُ ن پاراوارُ ॥

نانک سبھ کارنؒ کرتا کرے
ویکھے سِرجنہارُ ॥ 15 ॥

گُرمُکھِ انتر سہجُ ہے
منُ چڑِیا دسوے آکاسِ ॥

تِتھے اوُنگھ ن بھُکھ ہے
ہرِ انّمرِت نامُ سُکھ واسُ ॥

نانک دُکھُ سُکھُ وِیاپت نہی
جِتھے آتم رام پرّگاسُ ॥ 16 ॥

کام کرودھ کا چولڑا
سبھ گلِ آئے پاءِ ॥

اِکِ اُپجہِ اِکِ بِنسِ جانہِ
حُکمے آوے جاءِ ॥

جنّمُنؒ مرنؒ ن چُکئی
رنگُ لگا دوُجے بھاءِ ॥

بنّدھنِ بنّدھِ بھوائیّنُ
کرنؒا کچھوُ ن جاءِ ॥ 17 ॥

جِن ک ءُ کِرپا دھاریّنُ
تِنا ستِگُرُ مِلیا آءِ ॥

ਸਤਿਗੁਰਿ ਮਿਲੇ ਉਲਟੀ ਭਈ
ਮਰਿ ਜੀਵਿਆ ਸਹਜਿ ਸੁਭਾਇ ॥

ستگُرِ ملے اُلٹی بھئی
مرِ جیویا سہجِ سُبھاءِ ॥

ਨਾਨਕ ਭਗਤੀ ਰਤਿਆ
ਹਰਿ ਹਰਿ ਨਾਮਿ ਸਮਾਇ ॥੧੮॥

نانک بھگتی رتیا
ہرِ ہرِ نامِ سماءِ ॥ 18 ॥

ਮਨਮੁਖ ਚੰਚਲ ਮਤਿ ਹੈ
ਅੰਤਰਿ ਬਹੁਤੁ ਚਤੁਰਾਈ ॥

منمکھ چنچل متِ ہے
انترِ بہُت چترائی ॥

ਕੀਤਾ ਕਰਤਿਆ ਬਿਰਥਾ ਗਇਆ
ਇਕੁ ਤਿਲੁ ਥਾਇ ਨ ਪਾਈ ॥

کِیتا کرتیا برتھا گیا
اِکُ تِلُ تھاءِ ن پائی ॥

ਪੁੰਨ ਦਾਨੁ ਜੋ ਬੀਜਦੇ
ਸਭ ਧਰਮ ਰਾਇ ਕੈ ਜਾਈ ॥

پُنّن دانُ جو بیجدے
سبھ دھرم راءِ کے جائی ॥

ਬਿਨੁ ਸਤਿਗੁਰੂ ਜਮਕਾਲੁ ਨ ਛੋਡਈ
ਦੂਜੈ ਭਾਇ ਖੁਆਈ ॥

بِنُ ستگُرو جمکالُ ن چھوڈئی
دوُجے بھاءِ کھُیائی ॥

ਜੋਬਨੁ ਜਾਂਦਾ ਨਦਰਿ ਨ ਆਵਈ
ਜਰੁ ਪਹੁਚੈ ਮਰਿ ਜਾਈ ॥

جوبنُ جانْدا ندرِ ن آوئی
جرُ پہُچے مرِ جائی ॥

ਪੁਤੁ ਕਲਤੁ ਮੋਹੁ ਹੇਤੁ ਹੈ
ਅੰਤਿ ਬੇਲੀ ਕੋ ਨ ਸਖਾਈ ॥

پُتُ کلتُ موہُ ہیتُ ہے
انتِ بیلی کو ن سکھائی ॥

ਸਤਿਗੁਰੁ ਸੇਵੇ ਸੋ ਸੁਖੁ ਪਾਏ
ਨਾਉ ਵਸੈ ਮਨਿ ਆਈ ॥

ستگُرُ سیوے سو سُکھُ پائے
ناءُ وسے منِ آئی ॥

ਨਾਨਕ ਸੇ ਵਡੇ ਵਡਭਾਗੀ
ਜਿ ਗੁਰਮੁਖਿ ਨਾਮਿ ਸਮਾਈ ॥੧੯॥

نانک سے وڈے وڈبھاگی
جِ گُرمُکھِ نامِ سمائی ॥ 19 ॥

ਮਨਮੁਖ ਨਾਮੁ ਨ ਚੇਤਨੀ
ਬਿਨੁ ਨਾਵੈ ਦੁਖ ਰੋਇ ॥

منمکھ نامُ ن چیتنی
بِنُ ناوے دُکھ روءِ ॥

ਆਤਮਾ ਰਾਮੁ ਨ ਪੂਜਨੀ
ਦੂਜੈ ਕਿਉ ਸੁਖੁ ਹੋਇ ॥

آتما رامُ ن پوُجنی
دوُجے کِءُ سُکھُ ہوءِ ۔ ॥

ਹਉਮੈ ਅੰਤਰਿ ਮੈਲੁ ਹੈ
ਸਬਦਿ ਨ ਕਾਢਹਿ ਧੋਇ ॥

ہئُمے انترِ میَلُ ہے

ਨਾਨਕ ਬਿਨੁ ਨਾਵੈ ਮੈਲਿਆ ਮੁਏ
ਜਨਮੁ ਪਦਾਰਥੁ ਖੋਇ ॥੨੦॥

ਮਨਮੁਖ ਬੋਲੇ ਅੰਧੁਲੇ
ਤਿਸੁ ਮਹਿ ਅਗਨੀ ਕਾ ਵਾਸੁ ॥

ਬਾਣੀ ਸੁਰਤਿ ਨ ਬੁਝਨੀ
ਸਬਦਿ ਨ ਕਰਹਿ ਪ੍ਰਗਾਸੁ ॥

ਓਨਾ ਆਪਣੀ ਅੰਦਰਿ ਸੁਧਿ ਨਹੀ
ਗੁਰ ਬਚਨਿ ਨ ਕਰਹਿ ਵਿਸਾਸੁ ॥

ਗਿਆਨੀਆ ਅੰਦਰਿ ਗੁਰ ਸਬਦੁ ਹੈ
ਨਿਤ ਹਰਿ ਲਿਵ ਸਦਾ ਵਿਗਾਸੁ ॥

ਹਰਿ ਗਿਆਨੀਆ ਕੀ ਰਖਦਾ
ਹਉ ਸਦ ਬਲਿਹਾਰੀ ਤਾਸੁ ॥

ਗੁਰਮੁਖਿ ਜੋ ਹਰਿ ਸੇਵਦੇ
ਜਨ ਨਾਨਕੁ ਤਾ ਕਾ ਦਾਸੁ ॥੨੧॥

ਮਾਇਆ ਭੁਇਅੰਗਮੁ ਸਰਪੁ ਹੈ
ਜਗੁ ਘੇਰਿਆ ਬਿਖੁ ਮਾਇ ॥

ਬਿਖੁ ਕਾ ਮਾਰਣੁ ਹਰਿ ਨਾਮੁ ਹੈ
ਗੁਰ ਗਰੁੜ ਸਬਦੁ ਮੁਖਿ ਪਾਇ ॥

ਜਿਨ ਕਉ ਪੂਰਬਿ ਲਿਖਿਆ
ਤਿਨ ਸਤਿਗੁਰੁ ਮਿਲਿਆ ਆਇ ॥

ਮਿਲਿ ਸਤਿਗੁਰ ਨਿਰਮਲੁ ਹੋਇਆ
ਬਿਖੁ ਹਉਮੈ ਗਇਆ ਬਿਲਾਇ ॥

ਗੁਰਮੁਖਾ ਕੇ ਮੁਖ ਉਜਲੇ
ਹਰਿ ਦਰਗਹ ਸੋਭਾ ਪਾਇ ॥

سبدِ ن کاڈھہِ دھوءِ ॥

نانک بِنُ ناوے میَلیا مُۓ
جنمُ پدارتھُ کھوءِ ॥ 20 ॥

منمُکھ بولے انّدھُلے
تِسُ مہِ اگنی کا واسُ ॥

بانٹی سُرتِ ن بُجھنی
سبدِ ن کرہِ پرّگاسُ ॥

اونا آپنٹی انّدرِ سُدھِ نہی
گُر بچنِ ن کرہِ وِساسُ ॥

گِیانِیا انّدرِ گُر سبدُ ہے
نِت ہرِلو سدا وِگاسُ ॥

ہرِ گِیانِیا کی رکھدا
ہءُ سد بلِہاری تاسُ ॥

گُرمُکھِ جو ہرِ سیودے
جن نانکُ تا کا داسُ ॥ 21 ॥

مائیا بھُیَنگمُ سرپُ ہے
جگُ گھیرِیا بِکھُ ماءِ ॥

بِکھُ کا مارنُ ہرِ نامُ ہے
گُر گرڑ سبدُ مُکھِ پاءِ ॥

جِن کءُ پُوربِ لِکھِیا
تِن ستِگُرُ مِلِیا آءِ ॥

مِلِ ستِگُر نِرملُ ہوئِیا
بِکھُ ہمَۓ گئِیا بِلاءِ ॥

گُرمُکھا کے مُکھ اُجلے
ہرِ درگہ سوبھا پاءِ ॥

ਜਨ ਨਾਨਕੁ ਸਦਾ ਕੁਰਬਾਣੁ ਤਿਨ
ਜੋ ਚਾਲਹਿ ਸਤਿਗੁਰ ਭਾਇ ॥੨੨॥

جن نانکُ سدا قُربانُ تِن
جو چالہِ ستِگُر بھاءِ ॥ 22 ॥

ਸਤਿਗੁਰ ਪੁਰਖੁ ਨਿਰਵੈਰੁ ਹੈ
ਨਿਤ ਹਿਰਦੈ ਹਰਿ ਲਿਵ ਲਾਇ ॥

ستِگُر پُرکھُ نِرویَرُ ہے
نِت ہِردے ہرِ لو لاءِ ॥

ਨਿਰਵੈਰੈ ਨਾਲਿ ਵੈਰੁ ਰਚਾਇਦਾ
ਅਪਣੈ ਘਰਿ ਲੂਕੀ ਲਾਇ ॥

نِرویَرے نالِ ویَرُ رچائِدا
اپنے گھرِ لوُکی لاءِ ॥

ਅੰਤਰਿ ਕ੍ਰੋਧੁ ਅਹੰਕਾਰੁ ਹੈ
ਅਨਦਿਨੁ ਜਲੈ ਸਦਾ ਦੁਖੁ ਪਾਇ ॥

انترِ کرودھُ اہنکارُ ہے
اندِنُ جلے سدا دُکھُ پاءِ ॥

ਕੂੜੁ ਬੋਲਿ ਬੋਲਿ ਨਿਤ ਭਉਕਦੇ
ਬਿਖੁ ਖਾਧੇ ਦੂਜੈ ਭਾਇ ॥

کوُڑُ بولِ بولِ نِت بھنُکدے
بِکھُ کھادھے دوُجے بھاءِ ॥

ਬਿਖੁ ਮਾਇਆ ਕਾਰਣਿ ਭਰਮਦੇ
ਫਿਰਿ ਘਰਿ ਘਰਿ ਪਤਿ ਗਵਾਇ ॥

بِکھُ مائیا کارنُ بھرمدے
پھِرِ گھرِ گھرِ پتِ گواءِ ॥

ਬੇਸੁਆ ਕੇਰੇ ਪੂਤ ਜਿਉ
ਪਿਤਾ ਨਾਮੁ ਤਿਸੁ ਜਾਇ ॥

بیسُیا کیرے پوُت جِءُ
پِتا نامُ تِسُ جاءِ ॥

ਹਰਿ ਹਰਿ ਨਾਮੁ ਨ ਚੇਤਨੀ
ਕਰਤੈ ਆਪਿ ਖੁਆਇ ॥

ہرِ ہرِ نامُ ن چیتنی
کرتے آپِ کھُیاءِ ॥

ਹਰਿ ਗੁਰਮੁਖਿ ਕਿਰਪਾ ਧਾਰੀਅਨੁ
ਜਨ ਵਿਛੁੜੇ ਆਪਿ ਮਿਲਾਇ ॥

ہرِ گُرمُکھِ کِرپا دھاریئنُ
جن وِچھُڑے آپِ مِلاءِ ॥

ਜਨ ਨਾਨਕੁ ਤਿਸੁ ਬਲਿਹਾਰਣੈ
ਜੋ ਸਤਿਗੁਰ ਲਾਗੇ ਪਾਇ ॥੨੩॥

جن نانکُ تِسُ بلِہارنے
جو ستِگُر لاگے پاءِ ॥ 23 ॥

ਨਾਮਿ ਲਗੇ ਸੇ ਊਬਰੇ
ਬਿਨੁ ਨਾਵੈ ਜਮ ਪੁਰਿ ਜਾਂਹਿ ॥

نامِ لگے سے اوُبرے
بِنُ ناوے جم پُر جانہِ ॥

ਨਾਨਕ ਬਿਨੁ ਨਾਵੈ ਸੁਖੁ ਨਹੀ
ਆਇ ਗਏ ਪਛੁਤਾਹਿ ॥੨੪॥

نانک بِنُ ناوے سُکھُ نہی
آءِ گئے پچھُتاہِ ॥ 24 ॥

ਚਿੰਤਾ ਧਾਵਤ ਰਹਿ ਗਏ
ਤਾਂ ਮਨਿ ਭਇਆ ਅਨੰਦੁ ॥

چِنّتا دھاوت رہِ گئے

ਗੁਰ ਪ੍ਰਸਾਦੀ ਬੁਝੀਐ
ਸਾ ਧਨ ਸੁਤੀ ਨਿਚਿੰਦ ॥

ਜਿਨ ਕਉ ਪੂਰਬਿ ਲਿਖਿਆ
ਤਿਨ੍ਾ ਭੇਟਿਆ ਗੁਰ ਗੋਵਿੰਦੁ ॥

ਨਾਨਕ ਸਹਜੇ ਮਿਲਿ ਰਹੇ
ਹਰਿ ਪਾਇਆ ਪਰਮਾਨੰਦੁ ॥੨੫॥

ਸਤਿਗੁਰੁ ਸੇਵਨਿ ਆਪਣਾ
ਗੁਰ ਸਬਦੀ ਵੀਚਾਰਿ ॥

ਸਤਿਗੁਰ ਕਾ ਭਾਣਾ ਮੰਨਿ ਲੈਨਿ
ਹਰਿ ਨਾਮੁ ਰਖਹਿ ਉਰ ਧਾਰਿ ॥

ਐਥੈ ਓਥੈ ਮੰਨੀਅਨਿ
ਹਰਿ ਨਾਮਿ ਲਗੇ ਵਾਪਾਰਿ ॥

ਗੁਰਮੁਖਿ ਸਬਦਿ ਸਿਞਾਪਦੇ
ਤਿਤੁ ਸਾਚੈ ਦਰਬਾਰਿ ॥

ਸਚਾ ਸਉਦਾ ਖਰਚੁ ਸਚੁ
ਅੰਤਰਿ ਪਿਰਮੁ ਪਿਆਰੁ ॥

ਜਮਕਾਲੁ ਨੇੜਿ ਨ ਆਵਈ
ਆਪਿ ਬਖਸੇ ਕਰਤਾਰਿ ॥

ਨਾਨਕ ਨਾਮ ਰਤੇ ਸੇ ਧਨਵੰਤ ਹੈਨਿ
ਨਿਰਧਨੁ ਹੋਰੁ ਸੰਸਾਰੁ ॥੨੬॥

ਜਨ ਕੀ ਟੇਕ ਹਰਿ ਨਾਮੁ ਹਰਿ
ਬਿਨੁ ਨਾਵੈ ਠਵਰ ਨ ਠਾਉ ॥

ਗੁਰਮਤੀ ਨਾਉ ਮਨਿ ਵਸੈ
ਸਹਜੇ ਸਹਜਿ ਸਮਾਉ ॥

تاں منِ بھیَا انندُ ॥

گُر پرّسادی بُجھیَے
سا دھن سُتی نِچِنّد ॥

جِن ک ءُ پُورب لِکھیا
تِنّہا بھیٹیا گُر گووِندُ ॥

نانک سہجے مِلِ رہے
ہرِ پایَیا پرمانَندُ ॥ 25 ॥

ستِگُر سیونِ آپنّا
گُر سبدی ویچارِ ॥

ستِگُر کا بھاٹا منّ لیَنِ
ہرِ نامُ رکھہِ اُر دھارِ ॥

ایتھے اوتھے منّنیَنِ
ہرِ نامِ لگے واپارِ ॥

گُرمُکھِ سبدِ سِچاپدے
تِتُ ساچے دربارِ ॥

سچا سُدا کھرچُ سچُ
انترِ پرمُ پِیارُ ॥

جمکالُ نیڑِ ن آوئی
آپِ بخشے کرتارِ ॥

نانک نام رتے سے دھنونّت ہیَنِ
نِردھنُ ہورُ سنّسارُ ॥ 26 ॥

جن کی ٹیک ہرِ نامُ ہرِ
بِنُ ناوے ٹھور ن ٹھاءُ ॥

گُرمتی ناءُ منِ وسے
سہجے سہجِ سماءُ ॥

ਵਡਭਾਗੀ ਨਾਮੁ ਧਿਆਇਆ
ਅਹਿਨਿਸਿ ਲਾਗਾ ਭਾਉ ॥

وڈبھاگی نامُ دھیائیا
اہِنِس لاگا بھاءُ ॥

ਜਨ ਨਾਨਕੁ ਮੰਗੈ ਧੂੜਿ ਤਿਨ
ਹਉ ਸਦ ਕੁਰਬਾਣੈ ਜਾਉ ॥੨੭॥

جن نانکُ منگےَ دھوُڑِ تِن
ہءُ سد قُربانے جاءُ ॥ 27 ॥

ਲਖ ਚਉਰਾਸੀਹ ਮੇਦਨੀ
ਤਿਸਨਾ ਜਲਤੀ ਕਰੇ ਪੁਕਾਰ ॥

لکھ چرُاسیہ میدنی
تِسنا جلتی کرے پُکار ॥

ਇਹੁ ਮੋਹੁ ਮਾਇਆ ਸਭੁ ਪਸਰਿਆ
ਨਾਲਿ ਚਲੈ ਨ ਅੰਤੀ ਵਾਰ ॥

اِہُ موہُ مائیا سبھُ پسرِیا
نالِ چلےَ ن انّتی وار ॥

ਬਿਨੁ ਹਰਿ ਸਾਂਤਿ ਨ ਆਵਈ
ਕਿਸੁ ਆਗੈ ਕਰੀ ਪੁਕਾਰ ॥

بِنُ ہرِ سانْتِ ن آوئی
کِسُ آگےَ کری پُکار ۔ ॥

ਵਡਭਾਗੀ ਸਤਿਗੁਰੁ ਪਾਇਆ
ਬੂਝਿਆ ਬ੍ਰਹਮੁ ਬਿਚਾਰੁ ॥

وڈبھاگی ستِگُرُ پائیا
بوُجھیا برّہمُ بچارُ ॥

ਤਿਸਨਾ ਅਗਨਿ ਸਭ ਬੁਝਿ ਗਈ
ਜਨ ਨਾਨਕ ਹਰਿ ਉਰਿ ਧਾਰਿ ॥੨੮॥

تِسنا اگنِ سبھ بُجھِ گئی
جن نانک ہرِ اُرِ دھارِ ॥ 28 ॥

ਅਸੀ ਖਤੇ ਬਹੁਤੁ ਕਮਾਵਦੇ
ਅੰਤੁ ਨ ਪਾਰਾਵਾਰੁ ॥

اسی خطے بہُتُ کماودے
انّتُ ن پاراوارُ ॥

ਹਰਿ ਕਿਰਪਾ ਕਰਿ ਕੈ ਬਖਸਿ ਲੈਹੁ
ਹਉ ਪਾਪੀ ਵਡ ਗੁਨਹਗਾਰੁ ॥

ہرِ کِرپا کرِ کے بخشِ لیَہُ
ہءُ پاپی وڈ گُنہگارُ ॥

ਹਰਿ ਜੀਉ ਲੇਖੈ ਵਾਰ ਨ ਆਵਈ
ਤੂੰ ਬਖਸਿ ਮਿਲਾਵਣਹਾਰ ॥

ہرِ جیِءُ لیکھےَ وار ن آوئی
توُنّ بخشِ مِلاونّہار ॥

ਗੁਰ ਤੁਠੈ ਹਰਿ ਪ੍ਰਭੁ ਮੇਲਿਆ
ਸਭ ਕਿਲਵਿਖ ਕਟਿ ਵਿਕਾਰ ॥

گُر ٹُٹھےَ ہرِ پرّبھُ میلیا
سبھ کِلوِکھ کٹِ وِکار ॥

ਜਿਨਾ ਹਰਿ ਹਰਿ ਨਾਮੁ ਧਿਆਇਆ
ਜਨ ਨਾਨਕ ਤਿਨ੍ ਜੈਕਾਰੁ ॥੨੯॥

جِنا ہرِ ہرِ نامُ دھیائیا
جن نانک تِنّہ جیکارُ ॥ 29 ॥

ਵਿਛੁੜਿ ਵਿਛੁੜਿ ਜੋ ਮਿਲੇ
ਸਤਿਗੁਰ ਕੇ ਭੈ ਭਾਇ ॥

وِچھُڑِ وِچھُڑِ جو مِلے

ਜਨਮ ਮਰਣ ਨਿਹਚਲੁ ਭਏ
ਗੁਰਮੁਖਿ ਨਾਮੁ ਧਿਆਇ ॥

ਗੁਰ ਸਾਧੂ ਸੰਗਤਿ ਮਿਲੈ
ਹੀਰੇ ਰਤਨ ਲਭੰਨਿ੍ ॥

ਨਾਨਕ ਲਾਲੁ ਅਮੋਲਕਾ
ਗੁਰਮੁਖਿ ਖੋਜਿ ਲਹੰਨਿ੍ ॥੩੦॥

ਮਨਮੁਖ ਨਾਮੁ ਨ ਚੇਤਿਓ
ਧਿਗੁ ਜੀਵਣੁ ਧਿਗੁ ਵਾਸੁ ॥

ਜਿਸ ਦਾ ਦਿਤਾ ਖਾਣਾ ਪੈਨਣਾ
ਸੋ ਮਨਿ ਨ ਵਸਿਓ ਗੁਣਤਾਸੁ ॥

ਇਹੁ ਮਨੁ ਸਬਦਿ ਨ ਭੇਦਿਓ
ਕਿਉ ਹੋਵੈ ਘਰ ਵਾਸੁ ॥

ਮਨਮੁਖੀਆ ਦੋਹਾਗਣੀ
ਆਵਣ ਜਾਣਿ ਮੁਈਆਸੁ ॥

ਗੁਰਮੁਖਿ ਨਾਮੁ ਸੁਹਾਗੁ ਹੈ
ਮਸਤਕਿ ਮਣੀ ਲਿਖਿਆਸੁ ॥

ਹਰਿ ਹਰਿ ਨਾਮੁ ਉਰਿ ਧਾਰਿਆ
ਹਰਿ ਹਿਰਦੈ ਕਮਲ ਪ੍ਰਗਾਸੁ ॥

ਸਤਿਗੁਰੁ ਸੇਵਨਿ ਆਪਣਾ
ਹਉ ਸਦ ਬਲਿਹਾਰੀ ਤਾਸੁ ॥

ਨਾਨਕ ਤਿਨ ਮੁਖ ਉਜਲੇ
ਜਿਨ ਅੰਤਰਿ ਨਾਮੁ ਪ੍ਰਗਾਸੁ ॥੩੧॥

ਸਬਦਿ ਮਰੈ ਸੋਈ ਜਨੁ ਸਿਝੈ
ਬਿਨੁ ਸਬਦੈ ਮੁਕਤਿ ਨ ਹੋਈ ॥

ستگُر کے بھے بھاءِ ॥

جنم مرنُ نہچلُ بھے
گُرمُکھِ نامُ دھِیاءِ ॥

گُر سادھوُ سنگتِ مِلے
ہیرے رتن لبھنّہِ ॥

نانک لالُ امولکا
گُرمُکھِ کھوجِ لہنّہِ ॥ 30 ॥

منمُکھ نامُ ن چیتیئو
دھِگُ جیوُنُ دھِگُ واسُ ॥

جِس دا دِتا کھاٹا پیَنّا
سو منِ ن وسِئو گُنّاسُ ॥

اِہُ منُ سبدِ ن بھیدِئو
کِءُ ہووے گھر واسُ ۔ ॥

منمُکھیا دوہاگنی
آونُ جانُ مُئیاسُ ॥

گُرمُکھِ نامُ سُہاگُ ہے
مستکِ منی لِکھیاسُ ॥

ہرِ ہرِ نامُ اُرِ دھارِیا
ہرِ ہِردے کمل پرّگاسُ ॥

ستِگُرُ سیونِ آپنّا
ہءُ سد بلِہاری تاسُ ॥

نانک تِن مُکھ اُجلے
جِن انترِ نامُ پرّگاسُ ॥ 31 ॥

سبدِ مرے سوئی جنُ سِجھے
بِنُ سبدے مُکتِ ن ہوئی ॥

ਭੇਖ ਕਰਹਿ ਬਹੁ ਕਰਮ ਵਿਗੁਤੇ
ਭਾਇ ਦੂਜੈ ਪਰਜ ਵਿਗੋਈ ॥

بھیکھ کرہِ بہُ کرم وِگُتے
بھاءِ دوُجے پرج وِگوئی ॥

ਨਾਨਕ ਬਿਨੁ ਸਤਿਗੁਰ ਨਾਉ ਨ ਪਾਈਐ
ਜੇ ਸਉ ਲੋਚੈ ਕੋਈ ॥੩੨॥

نانک بِنُ ستِگُر ناءُ ن پائیئے
جے س ءُ لوچے کوئی ॥ 32 ॥

ਹਰਿ ਕਾ ਨਾਉ ਅਤਿ ਵਡ ਊਚਾ
ਊਚੀ ਹੂ ਊਚਾ ਹੋਈ ॥

ہرِ کا ناءُ اتِ وڈ اوُچا
اوُچی ہوُ اوُچا ہوئی ॥

ਅਪੜਿ ਕੋਇ ਨ ਸਕਈ
ਜੇ ਸਉ ਲੋਚੈ ਕੋਈ ॥

اپڑِ کوءِ ن سکئی
جے س ءُ لوچے کوئی ॥

ਮੁਖਿ ਸੰਜਮ ਹਛਾ ਨ ਹੋਵਈ
ਕਰਿ ਭੇਖ ਭਵੈ ਸਭ ਕੋਈ ॥

مُکھِ سنجم ہچھا ن ہووئی
کرِ بھیکھ بھوے سبھ کوئی ॥

ਗੁਰ ਕੀ ਪਉੜੀ ਜਾਇ ਚੜੈ
ਕਰਮਿ ਪਰਾਪਤਿ ਹੋਈ ॥

گُر کی پئڑی جاءِ چڑے
کرمِ پراپتِ ہوئی ॥

ਅੰਤਰਿ ਆਇ ਵਸੈ
ਗੁਰ ਸਬਦੁ ਵੀਚਾਰੈ ਕੋਇ ॥

انترِ آءِ وسے
گُر سبدُ ویچارے کوءِ ॥

ਨਾਨਕ ਸਬਦਿ ਮਰੈ ਮਨੁ ਮਾਨੀਐ
ਸਾਚੇ ਸਾਚੀ ਸੋਇ ॥੩੩॥

نانک سبدِ مرے منُ مانیئے
ساچے ساچی سوءِ ॥ 33 ॥

ਮਾਇਆ ਮੋਹੁ ਦੁਖੁ ਸਾਗਰੁ ਹੈ
ਬਿਖੁ ਦੁਤਰੁ ਤਰਿਆ ਨ ਜਾਇ ॥

مائیا موہُ دُکھُ ساگرُ ہے
بِکھُ دُتّرُ تریا ن جاءِ ॥

ਮੇਰਾ ਮੇਰਾ ਕਰਦੇ ਪਚਿ ਮੁਏ
ਹਉਮੈ ਕਰਤ ਵਿਹਾਇ ॥

میرا میرا کردے پچِ مُے
ہئُمے کرت وِہاءِ ॥

ਮਨਮੁਖਾ ਉਰਵਾਰੁ ਨ ਪਾਰੁ ਹੈ
ਅਧ ਵਿਚਿ ਰਹੇ ਲਪਟਾਇ ॥

منمکھا اُروارُ ن پارُ ہے
ادھ وِچِ رہے لپٹاءِ ॥

ਜੋ ਧੁਰਿ ਲਿਖਿਆ ਸੁ ਕਮਾਵਣਾ
ਕਰਣਾ ਕਛੂ ਨ ਜਾਇ ॥

جو دھُرِ لِکھیا سُ کماوٹا
کرٹا کچھوُ ن جاءِ ॥

ਗੁਰਮਤੀ ਗਿਆਨੁ ਰਤਨੁ ਮਨਿ ਵਸੈ
ਸਭੁ ਦੇਖਿਆ ਬ੍ਰਹਮੁ ਸੁਭਾਇ ॥

گُرمتی گیانُ رتنُ منِ وسے

ਸਭਹੁ ਦੇਖਿਆ ਬਰਹਮੁ ਸੁਭਾਇ ॥

ਨਾਨਕ ਸਤਿਗੁਰਿ ਬੋਹਿਥੈ ਵਡਭਾਗੀ ਚੜੈ
ਤੇ ਭਉਜਲਿ ਪਾਰਿ ਲੰਘਾਇ ॥੩੪॥

ਨਾਨک ستِگُرِ بوہتھے وڈبھاگی چڑے
تے بھجُلِ پارِ لنگھاءِ ॥ 34 ॥

ਬਿਨੁ ਸਤਿਗੁਰ ਦਾਤਾ ਕੋ ਨਹੀ
ਜੋ ਹਰਿ ਨਾਮੁ ਦੇਇ ਆਧਾਰੁ ॥

بِنُ ستِگُر داتا کو نہی
جو ہرِ نامُ دےءِ آدھارُ ॥

ਗੁਰ ਕਿਰਪਾ ਤੇ ਨਾਉ ਮਨਿ ਵਸੈ
ਸਦਾ ਰਹੈ ਉਰਿ ਧਾਰਿ ॥

گُر کِرپا تے ناءُ منِ وسے
سدا رہے اُرِ دھارِ ॥

ਤਿਸਨਾ ਬੁਝੈ ਤਿਪਤਿ ਹੋਇ
ਹਰਿ ਕੈ ਨਾਇ ਪਿਆਰਿ ॥

تِسنا بُجھے تِپت ہوءِ
ہرِ کے ناءِ پیارِ ॥

ਨਾਨਕ ਗੁਰਮੁਖਿ ਪਾਈਐ
ਹਰਿ ਅਪਨੀ ਕਿਰਪਾ ਧਾਰਿ ॥੩੫॥

نانک گُرمُکھِ پائیئے
ہرِ اپنی کِرپا دھارِ ॥ 35 ॥

ਬਿਨੁ ਸਬਦੈ ਜਗਤੁ ਬਰਲਿਆ
ਕਹਣਾ ਕਛੂ ਨ ਜਾਇ ॥

بِنُ سبدے جگتُ برلیا
کہنا کچھوُ ن جاءِ ॥

ਹਰਿ ਰਖੇ ਸੇ ਉਬਰੇ
ਸਬਦਿ ਰਹੇ ਲਿਵ ਲਾਇ ॥

ہرِ رکھے سے اُبرے
سبدِ رہے لِو لاءِ ॥

ਨਾਨਕ ਕਰਤਾ ਸਭ ਕਿਛੁ ਜਾਣਦਾ
ਜਿਨਿ ਰਖੀ ਬਣਤ ਬਣਾਇ ॥੩੬॥

نانک کرتا سبھ کچھُ جانڈا
جِنِ رکھی بنّت بنّاءِ ॥ 36 ॥

ਹੋਮ ਜਗ ਸਭਿ ਤੀਰਥਾ
ਪੜਿ੍ ਪੰਡਿਤ ਥਕੇ ਪੁਰਾਣ ॥

ہوم جگ سبھِ تیرتھا
پڑِہ پنڈِت تھکے پُراڻ ॥

ਬਿਖੁ ਮਾਇਆ ਮੋਹੁ ਨ ਮਿਟਈ
ਵਿਚਿ ਹਉਮੈ ਆਵਣੁ ਜਾਣੁ ॥

بِکھُ مائیا موہُ ن مٹئی
وِچِ ہئمے آوڻُ جاڻُ ॥

ਸਤਿਗੁਰ ਮਿਲਿਐ ਮਲੁ ਉਤਰੀ
ਹਰਿ ਜਪਿਆ ਪੁਰਖੁ ਸੁਜਾਣੁ ॥

ستِگُر مِلے مَلُ اُتری
ہرِ جپیا پُرکھُ سُجاڻُ ॥

ਜਿਨਾ ਹਰਿ ਹਰਿ ਪ੍ਰਭੁ ਸੇਵਿਆ
ਜਨ ਨਾਨਕੁ ਸਦ ਕੁਰਬਾਣੁ ॥੩੭॥

جِنا ہرِ ہرِ پربھُ سیویا
جن نانکُ سد قُرباڻُ ॥ 37 ॥

ਮਾਇਆ ਮੋਹੁ ਬਹੁ ਚਿਤਵਦੇ
ਬਹੁ ਆਸਾ ਲੋਭੁ ਵਿਕਾਰ ॥

مائیا موہُ بہُ چِتودے
بہُ آسا لوبھُ وِکار ॥

ਮਨਮੁਖਿ ਅਸਥਿਰੁ ਨਾ ਥੀਐ
ਮਰਿ ਬਿਨਸਿ ਜਾਇ ਖਿਨ ਵਾਰ ॥

منمُکھِ استھِرُ نا تھیئے
مرِ بِنسِ جاءِ کھِن وار ॥

ਵਡ ਭਾਗੁ ਹੋਵੈ ਸਤਿਗੁਰੁ ਮਿਲੈ
ਹਉਮੈ ਤਜੈ ਵਿਕਾਰ ॥

وڈ بھاگُ ہووے ستِگُرُ مِلے
ہئُمے تجے وِکار ॥

ਹਰਿ ਨਾਮਾ ਜਪਿ ਸੁਖੁ ਪਾਇਆ
ਜਨ ਨਾਨਕ ਸਬਦੁ ਵੀਚਾਰ ॥੩੮॥

ہرِ نامَا جپِ سُکھُ پائیا
جن نانک سبدُ ویچار ॥ 38 ॥

ਬਿਨੁ ਸਤਿਗੁਰ ਭਗਤਿ ਨ ਹੋਵਈ
ਨਾਮਿ ਨ ਲਗੈ ਪਿਆਰੁ ॥

بِنُ ستِگُر بھگتِ ن ہووئی
نامِ ن لگے پِیارُ ॥

ਜਨ ਨਾਨਕ ਨਾਮੁ ਅਰਾਧਿਆ
ਗੁਰ ਕੈ ਹੇਤਿ ਪਿਆਰਿ ॥੩੯॥

جن نانک نامُ ارادھیا
گُر کے ہیتِ پِیارِ ॥ 39 ॥

ਲੋਭੀ ਕਾ ਵੇਸਾਹੁ ਨ ਕੀਜੈ
ਜੇ ਕਾ ਪਾਰਿ ਵਸਾਇ ॥

لوبھی کا ویساہُ ن کیجے
جے کا پارِ وساءِ ॥

ਅੰਤਿ ਕਾਲਿ ਤਿਥੈ ਧੁਹੈ
ਜਿਥੈ ਹਥੁ ਨ ਪਾਇ ॥

انتِ کالِ تِتھے دھُہے
جِتھے ہتھُ ن پاءِ ॥

ਮਨਮੁਖ ਸੇਤੀ ਸੰਗੁ ਕਰੇ
ਮੁਹਿ ਕਾਲਗ ਦਾਗੁ ਲਗਾਇ ॥

منمُکھ سیتی سنگُ کرے
مُہِ کالگ داگُ لگاءِ ॥

ਮੁਹ ਕਾਲੇ ਤਿਨ੍ਹ ਲੋਭੀਆ
ਜਾਸਨਿ ਜਨਮੁ ਗਵਾਇ ॥

مُہ کالے تِنّہ لوبھیا
جاسنِ جنمُ گواءِ ॥

ਸਤਸੰਗਤਿ ਹਰਿ ਮੇਲਿ ਪ੍ਰਭ
ਹਰਿ ਨਾਮੁ ਵਸੈ ਮਨਿ ਆਇ ॥

ستسنگتِ ہرِ میلِ پربھ
ہرِ نامُ وسے منِ آءِ ॥

ਜਨਮ ਮਰਨ ਕੀ ਮਲੁ ਉਤਰੈ
ਜਨ ਨਾਨਕ ਹਰਿ ਗੁਨ ਗਾਇ ॥੪੦॥

جنم مرن کی مل اُترے
جن نانک ہرِ گُن گاءِ ॥ 40 ॥

ਧੁਰਿ ਹਰਿ ਪ੍ਰਭਿ ਕਰਤੈ ਲਿਖਿਆ
ਸੁ ਮੇਟਣਾ ਨ ਜਾਇ ॥

دھُرِ ہرِ پربھِ کرتے لِکھیا

ਜੀਉ ਪਿੰਡੁ ਸਭੁ ਤਿਸ ਦਾ
ਪ੍ਰਤਿਪਾਲਿ ਕਰੇ ਹਰਿ ਰਾਇ ॥

ਚੁਗਲ ਨਿੰਦਕ ਭੁਖੇ ਰੁਲਿ ਮੁਏ
ਏਨਾ ਹਥੁ ਨ ਕਿਥਾਊ ਪਾਇ ॥

ਬਾਹਰਿ ਪਾਖੰਡ ਸਭ ਕਰਮ ਕਰਹਿ
ਮਨਿ ਹਿਰਦੈ ਕਪਟੁ ਕਮਾਇ ॥

ਖੇਤਿ ਸਰੀਰਿ ਜੋ ਬੀਜੀਐ
ਸੋ ਅੰਤਿ ਖਲੋਆ ਆਇ ॥

ਨਾਨਕ ਕੀ ਪ੍ਰਭ ਬੇਨਤੀ
ਹਰਿ ਭਾਵੈ ਬਖਸਿ ਮਿਲਾਇ ॥੪੧॥

ਮਨ ਆਵਣ ਜਾਣੁ ਨ ਸੁਝਈ
ਨਾ ਸੁਝੈ ਦਰਬਾਰੁ ॥

ਮਾਇਆ ਮੋਹਿ ਪਲੇਟਿਆ
ਅੰਤਰਿ ਅਗਿਆਨੁ ਗੁਬਾਰੁ ॥

ਤਬ ਨਰੁ ਸੁਤਾ ਜਾਗਿਆ
ਸਿਰਿ ਡੰਡੁ ਲਗਾ ਬਹੁ ਭਾਰੁ ॥

ਗੁਰਮੁਖਾਂ ਕਰਾਂ ਉਪਰਿ ਹਰਿ ਚੇਤਿਆ
ਸੇ ਪਾਇਨਿ ਮੋਖ ਦੁਆਰੁ ॥

ਨਾਨਕ ਆਪਿ ਓਹਿ ਉਧਰੇ
ਸਭ ਕੁਟੰਬ ਤਰੇ ਪਰਵਾਰ ॥੪੨॥

ਸਬਦਿ ਮਰੈ ਸੋ ਮੁਆ ਜਾਪੈ ॥

ਗੁਰ ਪਰਸਾਦੀ ਹਰਿ ਰਸਿ ਧ੍ਰਾਪੈ ॥

ਹਰਿ ਦਰਗਹਿ ਗੁਰ ਸਬਦਿ ਸਿਞਾਪੈ ॥

ਬਿਨੁ ਸਬਦੈ ਮੁਆ ਹੈ ਸਭੁ ਕੋਇ ॥

سُ میٹّا ن جاءِ ॥

جِیءُ پِنڈُ سبھُ تِس دا
پّرتپالِ کرے ہرِ راءِ ॥

چُغل نِندک بھکھے رُلِ مُئے
اینا ہتھُ ن کِتھائوُ پاءِ ॥

باہرِ پاکھنّڈ سبھ کرم کرہِ
منِ ہِردے کپٹُ کماءِ ॥

کھیتِ سریرِ جو بیجیئے
سو انّتِ کھلویا آءِ ॥

نانک کی پّربھ بینتی
ہرِ بھاوے بخشِ مِلاءِ ॥ 41 ॥

من آونُ جانُ ن سُجھئی
نا سُجھے دربارُ ॥

مائیا موہِ پلیٹیا
انترِ اگیانُ غُبارُ ॥

تب نرُ سُتا جاگیا
سِرِ ڈنّڈُ لگا بہُ بھارُ ॥

گُرمُکھاں کراں اُپرِ ہرِ چیتیا
سے پائِنِ موکھ دُیارُ ॥

نانک آپِ اوہِ اُدھرے
سبھ کُٹنّب ترے پروار ॥ 42 ॥

سبدِ مرے سو مُیا جاپے ॥

گُر پرسادی ہرِ رسِ دھّراپے ॥

ہرِ درگہِ گُر سبدِ سِجاپے ॥

بِنُ سبدے مُیا ہے سبھُ کوءِ ॥

ਮਨਮੁਖੁ ਮੁਆ ਅਪੁਨਾ ਜਨਮੁ ਖੋਇ ॥
ਹਰਿ ਨਾਮੁ ਨ ਚੇਤਹਿ ਅੰਤਿ ਦੁਖੁ ਰੋਇ ॥
ਨਾਨਕ ਕਰਤਾ ਕਰੇ ਸੁ ਹੋਇ ॥੪੩॥

ਗੁਰਮੁਖਿ ਬੁਢੇ ਕਦੇ ਨਾਹੀ
ਜਿਨ੍ਹਾ ਅੰਤਰਿ ਸੁਰਤਿ ਗਿਆਨੁ ॥
ਸਦਾ ਸਦਾ ਹਰਿ ਗੁਣ ਰਵਹਿ
ਅੰਤਰਿ ਸਹਜ ਧਿਆਨੁ ॥
ਓਇ ਸਦਾ ਅਨੰਦਿ ਬਿਬੇਕ ਰਹਹਿ
ਦੁਖਿ ਸੁਖਿ ਏਕ ਸਮਾਨਿ ॥
ਤਿਨਾ ਨਦਰੀ ਇਕੋ ਆਇਆ
ਸਭੁ ਆਤਮ ਰਾਮੁ ਪਛਾਨੁ ॥੪੪॥

ਮਨਮੁਖੁ ਬਾਲਕੁ ਬਿਰਧਿ ਸਮਾਨਿ ਹੈ
ਜਿਨ੍ਹਾ ਅੰਤਰਿ ਹਰਿ ਸੁਰਤਿ ਨਾਹੀ ॥
ਵਿਚਿ ਹਉਮੈ ਕਰਮ ਕਮਾਵਦੇ
ਸਭ ਧਰਮ ਰਾਇ ਕੈ ਜਾਂਹੀ ॥
ਗੁਰਮੁਖਿ ਹਛੇ ਨਿਰਮਲੇ
ਗੁਰ ਕੈ ਸਬਦਿ ਸੁਭਾਇ ॥
ਓਨਾ ਮੈਲੁ ਪਤੰਗੁ ਨ ਲਗਈ
ਜਿ ਚਲਨਿ ਸਤਿਗੁਰ ਭਾਇ ॥
ਮਨਮੁਖ ਜੂਠਿ ਨ ਉਤਰੈ
ਜੇ ਸਉ ਧੋਵਣ ਪਾਇ ॥
ਨਾਨਕ ਗੁਰਮੁਖਿ ਮੇਲਿਅਨੁ
ਗੁਰ ਕੈ ਅੰਕਿ ਸਮਾਇ ॥੪੫॥

ਬੁਰਾ ਕਰੇ ਸੁ ਕੇਹਾ ਸਿਝੈ ॥
ਆਪਣੈ ਰੋਹਿ ਆਪੇ ਹੀ ਦਝੈ ॥

ممنمکھ مُیا اپُنا جنمُ کھوءِ ॥
ہرِ نامُ ن چیتہِ انّتِ دُکھُ روءِ ॥
نانک کرتا کرے سُ ہوءِ ॥ 43 ॥

گُرمُکھِ بُڈھے کدے ناہی
جِنہّا انتر سُرتِ گیانُ ॥
سدا سدا ہرِ گُنؤ روہِ
انترِ سہج دھیانُ ॥
اوءِ سدا انندِ بِبیک رہہِ
دُکھِ سُکھِ ایک سمانِ ॥
تِنا ندری اِکو آئیا
سبھُ آتم رامُ پچھانُ ॥ 44 ॥

ممنمکھُ بالکُ بِردھِ سمانِ ہے
جِنہّا انترِ ہرِ سُرتِ ناہی ॥
وِچِ ہئمےَ کرم کماودے
سبھ دھرم راءِ کے جانہی ॥
گُرمُکھِ ہچھے نِرملے
گُر کے سبدِ سُبھاءِ ॥
اونا میَلُ پتنگُ ن لگئی
جِ چلنِ ستِگُر بھاءِ ॥
ممنمکھ جوُٹھِ ن اُترے
جے سءُ دھوونؤ پاءِ ॥
نانک گُرمُکھِ میلئنُ
گُر کے انکِ سماءِ ॥ 45 ॥

بُرا کرے سُ کیہا سِجھے ۔ ॥
آپنے روہِ آپے ہی دجھے ॥

ਮਨਮੁਖਿ ਕਮਲਾ ਰਗੜੈ ਲੁਝੈ ॥
ਗੁਰਮੁਖਿ ਹੋਇ ਤਿਸੁ ਸਭ ਕਿਛੁ ਸੁਝੈ ॥
ਨਾਨਕ ਗੁਰਮੁਖਿ ਮਨ ਸਿਉ ਲੁਝੈ ॥੪੬॥

ਜਿਨਾ ਸਤਿਗੁਰੁ ਪੁਰਖੁ ਨ ਸੇਵਿਓ
ਸਬਦਿ ਨ ਕੀਤੋ ਵੀਚਾਰੁ ॥
ਓਇ ਮਾਣਸ ਜੂਨਿ ਨ ਆਖੀਅਨਿ
ਪਸੂ ਢੋਰ ਗਾਵਾਰ ॥
ਓਨਾ ਅੰਤਰਿ ਗਿਆਨੁ ਨ ਧਿਆਨੁ ਹੈ
ਹਰਿ ਸਉ ਪ੍ਰੀਤਿ ਨ ਪਿਆਰੁ ॥
ਮਨਮੁਖ ਮੁਏ ਵਿਕਾਰ ਮਹਿ
ਮਰਿ ਜਮਹਿ ਵਾਰੋ ਵਾਰ ॥
ਜੀਵਦਿਆ ਨੋ ਮਿਲੈ ਸੁ ਜੀਵਦੇ
ਹਰਿ ਜਗਜੀਵਨ ਉਰ ਧਾਰਿ ॥
ਨਾਨਕ ਗੁਰਮੁਖਿ ਸੋਹਣੇ
ਤਿਤੁ ਸਚੈ ਦਰਬਾਰਿ ॥੪੭॥

ਹਰਿ ਮੰਦਰੁ ਹਰਿ ਸਾਜਿਆ
ਹਰਿ ਵਸੈ ਜਿਸੁ ਨਾਲਿ ॥
ਗੁਰਮਤੀ ਹਰਿ ਪਾਇਆ
ਮਾਇਆ ਮੋਹ ਪਰਜਾਲਿ ॥
ਹਰਿ ਮੰਦਰਿ ਵਸਤੁ ਅਨੇਕ ਹੈ
ਨਵ ਨਿਧਿ ਨਾਮੁ ਸਮਾਲਿ ॥
ਧਨੁ ਭਗਵੰਤੀ ਨਾਨਕਾ
ਜਿਨਾ ਗੁਰਮੁਖਿ ਲਧਾ ਹਰਿ ਭਾਲਿ ॥
ਵਡਭਾਗੀ ਗੜ ਮੰਦਰੁ ਖੋਜਿਆ
ਹਰਿ ਹਿਰਦੈ ਪਾਇਆ ਨਾਲਿ ॥੪੮॥

منمکھِ کملا رگڑے لجھے ॥
گُرمکھِ ہوءِ تِس سبھ کچھُ سُجھے ॥
نانک گُرمکھِ من سِءُ لجھے ॥ 46 ॥

جِنا ستِگُرُ پُرکھُ ن سیوِئو
سبدِ ن کِیتو ویچارُ ॥
اوءِ ماٹس جوُنِ ن آکھِیَنِ
پسوُ ڈھور گاوار ॥
اونا انترِ گیانُ ن دھِیانُ ہے
ہرِ سءُ پّریتِ ن پِیارُ ॥
منمکھ مُے وِکار مہِ
مرِ جمہِ وارو وار ॥
جیِودِیا نو مِلے سُ جیِودے
ہرِ جگجیِون اُر دھارِ ॥
نانک گُرمکھِ سوہنّے
تِتُ سچے دربارِ ॥ 47 ॥

ہرِ مندّرُ ہرِ ساجِیا
ہرِ وسے جِسُ نالِ ॥
گُرمتی ہرِ پائِیا
مائِیا موہ پرجالِ ॥
ہرِ مندّرِ وستُ انیک ہے
نو نِدھِ نامُ سمالِ ॥
دھنُ بھگونّتی نانکا
جِنا گُرمکھِ لدھا ہرِ بھالِ ॥
وڈبھاگی گڑ مندّرُ کھوجِیا
ہرِ ہِردے پائِیا نالِ ॥ 48 ॥

ਮਨਮੁਖ ਦਹ ਦਿਸਿ ਫਿਰਿ ਰਹੇ
ਅਤਿ ਤਿਸਨਾ ਲੋਭ ਵਿਕਾਰ ॥

ਮਾਇਆ ਮੋਹੁ ਨ ਚੁਕਈ
ਮਰਿ ਜੰਮਹਿ ਵਾਰੋ ਵਾਰ ॥

ਸਤਿਗੁਰੁ ਸੇਵਿ ਸੁਖੁ ਪਾਇਆ
ਅਤਿ ਤਿਸਨਾ ਤਜਿ ਵਿਕਾਰ ॥

ਜਨਮ ਮਰਨ ਕਾ ਦੁਖੁ ਗਇਆ
ਜਨ ਨਾਨਕ ਸਬਦੁ ਬੀਚਾਰਿ ॥੪੯॥

ਹਰਿ ਹਰਿ ਨਾਮੁ ਧਿਆਇ ਮਨ
ਹਰਿ ਦਰਗਹ ਪਾਵਹਿ ਮਾਨੁ ॥

ਕਿਲਵਿਖ ਪਾਪ ਸਭਿ ਕਟੀਅਹਿ
ਹਉਮੈ ਚੁਕੈ ਗੁਮਾਨੁ ॥

ਗੁਰਮੁਖਿ ਕਮਲੁ ਵਿਗਸਿਆ
ਸਭੁ ਆਤਮ ਬ੍ਰਹਮੁ ਪਛਾਨੁ ॥

ਹਰਿ ਹਰਿ ਕਿਰਪਾ ਧਾਰਿ ਪ੍ਰਭ
ਜਨ ਨਾਨਕ ਜਪਿ ਹਰਿ ਨਾਮੁ ॥੫੦॥

ਧਨਾਸਰੀ ਧਨਵੰਤੀ ਜਾਣੀਐ ਭਾਈ
ਜਾਂ ਸਤਿਗੁਰ ਕੀ ਕਾਰ ਕਮਾਇ ॥

ਤਨੁ ਮਨੁ ਸਉਪੇ ਜੀਅ ਸਉ ਭਾਈ
ਲਏ ਹੁਕਮਿ ਫਿਰਾਉ ॥

ਜਹ ਬੈਸਾਵਹਿ ਬੈਸਹ ਭਾਈ
ਜਹ ਭੇਜਹਿ ਤਹ ਜਾਉ ॥

ਏਵਡੁ ਧਨੁ ਹੋਰੁ ਕੋ ਨਹੀ ਭਾਈ
ਜੇਵਡੁ ਸਚਾ ਨਾਉ ॥

ਸਦਾ ਸਚੇ ਕੇ ਗੁਣ ਗਾਵਾਂ ਭਾਈ
ਸਦਾ ਸਚੇ ਕੈ ਸੰਗਿ ਰਹਾਉ ॥

منمکھ دہ دِس پھرِ رہے
اتِ تِسنا لوبھ وِکار ॥

مائیا موہُ ن چُکئی
مرِ جنمہِ وارو وار ॥

ستِگُر سیوِ سُکھُ پائیا
اتِ تِسنا تجِ وِکار ॥

جنم مرن کا دُکھُ گئیا
جن نانک سبدُ بیچارِ ॥ 49 ॥

ہرِ ہرِ نامُ دھیاءِ من
ہرِ درگہ پاوہِ مانُ ॥

کِلوِکھ پاپ سبھِ کٹیئہِ
ہئُمےَ چُکےَ گُمانُ ॥

گُرمُکھِ کملُ وِگسیا
سبھُ آتم برہمُ پچھانُ ॥

ہرِ ہرِ کِرپا دھارِ پربھ
جن نانک جپِ ہرِ نامُ ॥ 50 ॥

دھناسری دھنونتی جانئیےَ بھائی
جاں ستِگُر کی کار کماءِ ॥

تنُ منُ سئُپے جیء سءُ بھائی
لئے حُکمِ پھِراءُ ॥

جہ بیَساوہِ بیَسہ بھائی
جہ بھیجہِ تہ جاءُ ॥

ایوڈُ دھنُ ہورُ کو نہی بھائی
جیوڈُ سچا ناءُ ॥

سدا سچے کے گُن گاواں بھائی

ਸਦਾ ਸਚੇ ਕੇ ਸੰਗਿ ਰਹਾਇ ॥

پیَنڈُ گُڑ چنگِیائیِیا بھائی
آپنڑی پت کے ساد آپے کھائِ ॥

ਪੈਨਣੁ ਗੁਣ ਚੰਗਿਆਈਆ ਭਾਈ
ਆਪਣੀ ਪਤਿ ਕੇ ਸਾਦ ਆਪੇ ਖਾਇ ॥

تِس کا کِیا سالاحِیےَ بھائی
درسن ک ءُ بلِ جائِ ॥

ਤਿਸ ਕਾ ਕਿਆ ਸਾਲਾਹੀਐ ਭਾਈ
ਦਰਸਨ ਕਉ ਬਲਿ ਜਾਇ ॥

ستِگُر وِچ وڈِیا وڈِیائیِیا بھائی
کرمِ مِلےَ تاں پائِ ॥

ਸਤਿਗੁਰ ਵਿਚਿ ਵਡੀਆ ਵਡਿਆਈਆ ਭਾਈ
ਕਰਮਿ ਮਿਲੈ ਤਾਂ ਪਾਇ ॥

اِکِ حُکمُ منّنِ ن جاٹنی بھائی
دوُجےَ بھائِ پھراِئِ ॥

ਇਕਿ ਹੁਕਮੁ ਮੰਨਿ ਨ ਜਾਣਨੀ ਭਾਈ
ਦੂਜੈ ਭਾਇ ਫਿਰਾਇ ॥

سنگتِ ڈھوئی نا مِلےَ بھائی
بیَسنِ مِلےَ ن تھاءُ ॥

ਸੰਗਤਿ ਢੋਈ ਨਾ ਮਿਲੈ ਭਾਈ
ਬੈਸਣਿ ਮਿਲੈ ਨ ਥਾਉ ॥

نانک حُکمُ تِنا منائِسی بھائی
جِنا دھُرے کمائِیا ناءُ ॥

ਨਾਨਕ ਹੁਕਮੁ ਤਿਨਾ ਮਨਾਇਸੀ ਭਾਈ
ਜਿਨਾ ਧੁਰੇ ਕਮਾਇਆ ਨਾਉ ॥

تِنّہ وِٹہُ ہءُ وارِیا بھائی
تِن ک ءُ سد بلِہارےَ جاءُ ॥ 51 ॥

ਤਿਨ੍ਹ ਵਿਟਹੁ ਹਉ ਵਾਰਿਆ ਭਾਈ
ਤਿਨ ਕਉ ਸਦ ਬਲਿਹਾਰੈ ਜਾਉ ॥੫੧॥

سے داڑِیا سچِیا
جِ گُر چرنی لگنّہِ ॥

ਸੇ ਦਾੜੀਆ ਸਚੀਆ
ਜਿ ਗੁਰ ਚਰਨੀ ਲਗੰਨਿ੍ ॥

اندِنُ سیونِ گُرُ آپنّا
اندِنُ اندِ رہنّہِ ॥

ਅਨਦਿਨੁ ਸੇਵਨਿ ਗੁਰੁ ਆਪਣਾ
ਅਨਦਿਨੁ ਅਨਦਿ ਰਹੰਨਿ੍ ॥

نانک سے مُہ سوہنّے
سچےَ درِ دِسنّہِ ॥ 52 ॥

ਨਾਨਕ ਸੇ ਮੁਹ ਸੋਹਣੇ
ਸਚੈ ਦਰਿ ਦਿਸੰਨਿ੍ ॥੫੨॥

مُکھ سچے سچُ داڑِیا
سچُ بولہِ سچُ کماہِ ॥

ਮੁਖ ਸਚੇ ਸਚੁ ਦਾੜੀਆ
ਸਚੁ ਬੋਲਹਿ ਸਚੁ ਕਮਾਹਿ ॥

سچا سبدُ منِ وسِیا
ستِگُر ماٹہِ سمانہِ ॥

ਸਚਾ ਸਬਦੁ ਮਨਿ ਵਸਿਆ
ਸਤਿਗੁਰ ਮਾਂਹਿ ਸਮਾਂਹਿ ॥

ਸਚੀ ਰਾਸੀ ਸਚੁ ਧਨੁ
ਉਤਮ ਪਦਵੀ ਪਾਂਹਿ ॥

سچی راسی سچُ دھنُ
اُتم پدوی پانہِ ॥

ਸਚੁ ਸੁਣਹਿ ਸਚੁ ਮੰਨਿ ਲੈਨਿ
ਸਚੀ ਕਾਰ ਕਮਾਹਿ ॥

سچُ سُنہِ سچُ منّنِ لیَنِ
سچی کار کماہِ ॥

ਸਚੀ ਦਰਗਹ ਬੈਸਣਾ
ਸਚੇ ਮਾਹਿ ਸਮਾਹਿ ॥

سچی درگہ بیَسنّا
سچے ماہِ سماہِ ॥

ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ
ਮਨਮੁਖ ਭੂਲੇ ਜਾਂਹਿ ॥੫੩॥

نانک وِنُ ستِگُر سچُ ن پائیَۓ
منمُکھ بھوُلے جانہِ ॥ 53 ॥

ਬਾਬੀਹਾ ਪ੍ਰਿਉ ਪ੍ਰਿਉ ਕਰੇ
ਜਲਨਿਧਿ ਪ੍ਰੇਮ ਪਿਆਰਿ ॥

بابیہا پّرِءُ پّرِءُ کرے
جلنِدھِ پّریم پِیارِ ॥

ਗੁਰ ਮਿਲੇ ਸੀਤਲ ਜਲੁ ਪਾਇਆ
ਸਭਿ ਦੂਖ ਨਿਵਾਰਣਹਾਰੁ ॥

گُر مِلے سِیتل جلُ پائیا
سبھِ دوُکھ نِوارنہارُ ॥

ਤਿਸ ਚੁਕੈ ਸਹਜੁ ਊਪਜੈ
ਚੁਕੈ ਕੂਕ ਪੁਕਾਰ ॥

تِس چُکےَ سہجُ اوُپجےَ
چُکےَ کوُک پُکار ॥

ਨਾਨਕ ਗੁਰਮੁਖਿ ਸਾਂਤਿ ਹੋਇ
ਨਾਮੁ ਰਖਹੁ ਉਰਿ ਧਾਰਿ ॥੫੪॥

نانک گُرمُکھِ سانتِ ہوءِ
نامُ رکھہُ اُرِ دھارِ ॥ 54 ॥

ਬਾਬੀਹਾ ਤੂੰ ਸਚੁ ਚਉ
ਸਚੇ ਸਉ ਲਿਵ ਲਾਇ ॥

بابیہا توُنّ سچُ چءُ
سچے سءُ لِو لاءِ ॥

ਬੋਲਿਆ ਤੇਰਾ ਥਾਇ ਪਵੈ
ਗੁਰਮੁਖਿ ਹੋਇ ਅਲਾਇ ॥

بولیا تیرا تھاءِ پوےَ
گُرمُکھِ ہوءِ الاءِ ॥

ਸਬਦੁ ਚੀਨਿ ਤਿਖ ਉਤਰੈ
ਮੰਨਿ ਲੈ ਰਜਾਇ ॥

سبدُ چینِ تِکھ اُترےَ
منّنِ لے رضاءِ ॥

ਚਾਰੇ ਕੁੰਡਾ ਝੋਕਿ ਵਰਸਦਾ
ਬੂੰਦ ਪਵੈ ਸਹਜਿ ਸੁਭਾਇ ॥

چارے کُنڈا جھوکِ ورسدا
بوُنّد پوےَ سہجِ سُبھاءِ ॥

ਜਲ ਹੀ ਤੇ ਸਭ ਊਪਜੈ
ਬਿਨੁ ਜਲ ਪਿਆਸ ਨ ਜਾਇ ॥

جل ہی تے سبھ اوُپجےَ

ਨਾਨਕ ਹਰਿ ਜਲੁ ਜਿਨਿ ਪੀਆ
ਤਿਸੁ ਭੂਖ ਨ ਲਾਗੈ ਆਇ ॥੫੫॥

ਬਾਬੀਹਾ ਤੂੰ ਸਹਜਿ ਬੋਲਿ
ਸਚੈ ਸਬਦਿ ਸੁਭਾਇ ॥

ਸਭੁ ਕਿਛੁ ਤੇਰੈ ਨਾਲਿ ਹੈ
ਸਤਿਗੁਰਿ ਦੀਆ ਦਿਖਾਇ ॥

ਆਪੁ ਪਛਾਣਹਿ ਪ੍ਰੀਤਮੁ ਮਿਲੈ
ਵੁਠਾ ਛਹਬਰ ਲਾਇ ॥

ਝਿਮਿ ਝਿਮਿ ਅੰਮ੍ਰਿਤੁ ਵਰਸਦਾ
ਤਿਸਨਾ ਭੁਖ ਸਭ ਜਾਇ ॥

ਕੂਕ ਪੁਕਾਰ ਨ ਹੋਵਈ
ਜੋਤੀ ਜੋਤਿ ਮਿਲਾਇ ॥

ਨਾਨਕ ਸੁਖਿ ਸਵਨ੍ਹਿ ਸੋਹਾਗਣੀ
ਸਚੈ ਨਾਮਿ ਸਮਾਇ ॥੫੬॥

ਧੁਰਹੁ ਖਸਮਿ ਭੇਜਿਆ
ਸਚੈ ਹੁਕਮਿ ਪਠਾਇ ॥

ਇੰਦੁ ਵਰਸੈ ਦਇਆ ਕਰਿ
ਗੂੜ੍ਹੀ ਛਹਬਰ ਲਾਇ ॥

ਬਾਬੀਹੇ ਤਨਿ ਮਨਿ ਸੁਖੁ ਹੋਇ
ਜਾਂ ਤਤੁ ਬੂੰਦ ਮੁਹਿ ਪਾਇ ॥

ਅਨੁ ਧਨੁ ਬਹੁਤਾ ਉਪਜੈ
ਧਰਤੀ ਸੋਭਾ ਪਾਇ ॥

ਅਨਦਿਨੁ ਲੋਕੁ ਭਗਤਿ ਕਰੇ
ਗੁਰ ਕੈ ਸਬਦਿ ਸਮਾਇ ॥

بِنُ جل پِیاس ن جاءِ ॥

نانک ہرِ جلُ جِنِ پِیا
تِسُ بھوُکھ ن لاگے آءِ ॥ 55 ॥

بابِیہا توُنّ سہجِ بولِ
سچے سبدِ سُبھاءِ ॥

سبھُ کِچھُ تیرے نالِ ہے
ستِگُرِ دِیا دِکھاءِ ॥

آپُ پچھاڑِہِ پّریتمُ مِلے
وُٹھا چھہبر لاءِ ॥

جھِمِ جھِمِ انّمرِتُ ورسدا
تِسنا بھُکھ سبھ جاءِ ॥

کوُک پُکار ن ہووئی
جوتی جوتِ مِلاءِ ॥

نانک سُکھِ سوہّےِ سوہاگنی
سچے نامِ سماءِ ॥ 56 ॥

دھُرہُ خصمِ بھیجِیا
سچے حُکمِ پٹھاءِ ॥

اِنّدُ ورسے دیَیا کرِ
گوُڑّہی چھہبر لاءِ ॥

بابِیہے تنِ منِ سُکھُ ہوءِ
جاں تتُ بوُنّد مُہِ پاءِ ॥

انُ دھنُ بہُتا اُپجے
دھرتی سوبھا پاءِ ॥

اندِنُ لوکُ بھگتِ کرے
گُر کے سبدِ سماءِ ॥

ਆਪੇ ਸਚਾ ਬਖਸਿ ਲਏ
ਕਰਿ ਕਿਰਪਾ ਕਰੈ ਰਜਾਇ ॥

آپے سچا بخشِ لے
کرِ کرپا کرے رضاءِ ॥

ਹਰਿ ਗੁਣ ਗਾਵਹੁ ਕਾਮਣੀ
ਸਚੈ ਸਬਦਿ ਸਮਾਇ ॥

ہرِ گُن گاوہُ کامنی
سچے سبدِ سماءِ ॥

ਭੈ ਕਾ ਸਹਜੁ ਸੀਗਾਰੁ ਕਰਿਹੁ
ਸਚਿ ਰਹਹੁ ਲਿਵ ਲਾਇ ॥

بھے کا سہجُ سیگارُ کرِہُ
سچِ رہہُ لِو لاءِ ॥

ਨਾਨਕ ਨਾਮੋ ਮਨਿ ਵਸੈ
ਹਰਿ ਦਰਗਹ ਲਏ ਛਡਾਇ ॥੫੭॥

نانک نامو منِ وسے
ہرِ درگہ لے چھڈاءِ ॥ 57 ॥

ਬਾਬੀਹਾ ਸਗਲੀ ਧਰਤੀ ਜੇ ਫਿਰਹਿ
ਉਡਿ ਚੜਹਿ ਆਕਾਸਿ ॥

بابیہا سگلی دھرتی جے پھِرہِ
اوُڈِ چڑہِ آکاسِ ॥

ਸਤਿਗੁਰਿ ਮਿਲਿਐ ਜਲੁ ਪਾਈਐ
ਚੂਕੈ ਭੂਖ ਪਿਆਸ ॥

ستِگُرِ ملِئے جلُ پائیئے
چوُکے بھوُکھ پیاس ॥

ਜੀਉ ਪਿੰਡੁ ਸਭੁ ਤਿਸ ਕਾ
ਸਭੁ ਕਿਛੁ ਤਿਸ ਕੈ ਪਾਸਿ ॥

جیءُ پِنڈُ سبھُ تِس کا
سبھُ کِچھُ تِس کے پاسِ ॥

ਵਿਣੁ ਬੋਲਿਆ ਸਭੁ ਕਿਛੁ ਜਾਣਦਾ
ਕਿਸੁ ਆਗੈ ਕੀਚੈ ਅਰਦਾਸਿ ॥

وِنُ بولیا سبھُ کِچھُ جانڈا
کِس آگے کیجے عرداسِ ۔ ॥

ਨਾਨਕ ਘਟਿ ਘਟਿ ਏਕੋ ਵਰਤਦਾ
ਸਬਦਿ ਕਰੇ ਪਰਗਾਸ ॥੫੮॥

نانک گھٹِ گھٹِ ایکو ورتدا
سبدِ کرے پرگاس ॥ 58 ॥

ਨਾਨਕ ਤਿਸੈ ਬਸੰਤੁ ਹੈ
ਜਿ ਸਤਿਗੁਰੁ ਸੇਵਿ ਸਮਾਇ ॥

نانک تِسے بسنّتُ ہے
جِ ستِگُرُ سیوِ سماءِ ॥

ਹਰਿ ਵੁਠਾ ਮਨੁ ਤਨੁ ਸਭੁ ਪਰਫੜੈ
ਸਭੁ ਜਗੁ ਹਰੀਆਵਲੁ ਹੋਇ ॥੫੯॥

ہرِ وُٹھا منُ تنُ سبھُ پرپھڑے
سبھُ جگُ ہریاولُ ہوءِ ॥ 59 ॥

ਸਬਦੇ ਸਦਾ ਬਸੰਤੁ ਹੈ
ਜਿਤੁ ਤਨੁ ਮਨੁ ਹਰਿਆ ਹੋਇ ॥

سبدے سدا بسنّتُ ہے
جِتُ تنُ منُ ہریا ہوءِ ॥

ਨਾਨਕ ਨਾਮੁ ਨ ਵੀਸਰੈ
ਜਿਨਿ ਸਿਰਿਆ ਸਭੁ ਕੋਇ ॥੬੦॥

نانک نامُ ن ویسرے

ਨਾਨਕ ਤਿਨਾ ਬਸੰਤੁ ਹੈ
ਜਿਨਾ ਗੁਰਮੁਖਿ ਵਸਿਆ ਮਨਿ ਸੋਇ ॥

ਹਰਿ ਵੁਠੈ ਮਨੁ ਤਨੁ ਪਰਫੜੈ
ਸਭੁ ਜਗੁ ਹਰਿਆ ਹੋਇ ॥੬੧॥

ਵਡੜੈ ਝਾਲਿ ਝਲੁੰਭਲੈ
ਨਾਵੜਾ ਲਈਐ ਕਿਸੁ ॥

ਨਾਉ ਲਈਐ ਪਰਮੇਸਰੈ
ਭੰਨਣ ਘੜਣ ਸਮਰਥੁ ॥੬੨॥

ਹਰਹਟ ਭੀ ਤੂੰ ਤੂੰ ਕਰਹਿ
ਬੋਲਹਿ ਭਲੀ ਬਾਣਿ ॥

ਸਾਹਿਬੁ ਸਦਾ ਹਦੂਰਿ ਹੈ
ਕਿਆ ਉਚੀ ਕਰਹਿ ਪੁਕਾਰ ॥

ਜਿਨਿ ਜਗਤੁ ਉਪਾਇ ਹਰਿ ਰੰਗੁ ਕੀਆ
ਤਿਸੈ ਵਿਟਹੁ ਕੁਰਬਾਣੁ ॥

ਆਪੁ ਛੋਡਹਿ ਤਾਂ ਸਹੁ ਮਿਲੈ
ਸਚਾ ਏਹੁ ਵੀਚਾਰੁ ॥

ਹਉਮੈ ਫਿਕਾ ਬੋਲਣਾ
ਬੁਝਿ ਨ ਸਕਾ ਕਾਰ ॥

ਵਣੁ ਤ੍ਰਿਣੁ ਤ੍ਰਿਭਵਣੁ ਤੁਝੈ ਧਿਆਇਦਾ
ਅਨਦਿਨੁ ਸਦਾ ਵਿਹਾਣ ॥

ਬਿਨੁ ਸਤਿਗੁਰ ਕਿਨੈ ਨ ਪਾਇਆ
ਕਰਿ ਕਰਿ ਥਕੇ ਵੀਚਾਰ ॥

ਨਦਰਿ ਕਰਹਿ ਜੇ ਆਪਣੀ
ਤਾਂ ਆਪੇ ਲੈਹਿ ਸਵਾਰਿ ॥

جِنِ سِریا سبھُ کوءِ ॥ 60 ॥

نانک تِنا بسنّتُ ہے
جِنا گُرمُکھِ وسِیا منِ سوءِ ॥

ہرِ وُٹھے منُ تنُ پرپھڑے
سبھُ جگُ ہریا ہوءِ ॥ 61 ॥

وڈڑے جھالِ جھلنّبھلے
ناوڑا لئیے کِس ۔ ॥

ناءُ لئیے پریسرے
بھنّنُ گھڑنُ سمرتھُ ॥ 62 ॥

ہرہٹ بھی توُنّ توُنّ کرہِ
بولہِ بھلی بانُ ॥

صاحِبُ سدا حدوُرِ ہے
کِیا اُچی کرہِ پُکار ۔ ॥

جِنِ جگتُ اُپاءِ ہرِ رنگُ کِیا
تِسے وِٹہ قُربانُ ॥

آپُ چھوڈہِ تاں سہُ مِلے
سچا ایہُ ویچارُ ॥

ہئُمے پھِکا بولنّا
بُجھِ ن سکا کار ॥

ونُ ترِنُ ترِبھونُ تُجھے دھیائِدا
اندِنُ سدا وِہانُ ॥

بِنُ ستِگُر کِنے ن پائِیا
کرِ کرِ تھکے ویچار ॥

ندرِ کرہِ جے آپنی
تاں آپے لیہِ سوارِ ॥

ਨਾਨਕ ਗੁਰਮੁਖਿ ਜਿਨ੍ਹੀ ਧਿਆਇਆ
ਆਏ ਸੇ ਪਰਵਾਣੁ ॥੬੩॥

نانک گُرمُکھِ جِنّہی دھِیائِیا
آئے سے پرواۃُ ॥ 63 ॥

ਜੋਗੁ ਨ ਭਗਵੀ ਕਪੜੀ
ਜੋਗੁ ਨ ਮੈਲੇ ਵੇਸਿ ॥

جوگُ ن بھگوی کپڑی
جوگُ ن میلے ویسِ ॥

ਨਾਨਕ ਘਰਿ ਬੈਠਿਆ ਜੋਗੁ ਪਾਈਐ
ਸਤਿਗੁਰ ਕੈ ਉਪਦੇਸਿ ॥੬੪॥

نانک گھرِ بیٹھیا جوگُ پائیئے
ستِگُر کے اُپدیسِ ॥ 64 ॥

ਚਾਰੇ ਕੁੰਡਾ ਜੇ ਭਵਹਿ
ਬੇਦ ਪੜਹਿ ਜੁਗ ਚਾਰਿ ॥

چارے کُنڈا جے بھوہِ
بید پڑھِ جُگ چارِ ॥

ਨਾਨਕ ਸਾਚਾ ਭੇਟੈ ਹਰਿ ਮਨਿ ਵਸੈ
ਪਾਵਹਿ ਮੋਖ ਦੁਆਰ ॥੬੫॥

نانک ساچا بھیٹے ہرِ منِ وسے
پاوہِ موکھ دُیار ॥ 65 ॥

ਨਾਨਕ ਹੁਕਮੁ ਵਰਤੈ ਖਸਮ ਕਾ
ਮਤਿ ਭਵੀ ਫਿਰਹਿ ਚਲ ਚਿਤ ॥

نانک حُکمُ ورتے خصم کا
متِ بھوی پھِرہِ چل چِت ॥

ਮਨਮੁਖ ਸਉ ਕਰਿ ਦੋਸਤੀ
ਸੁਖ ਕਿ ਪੁਛਹਿ ਮਿਤ ॥

منمُکھ س ءُ کرِ دوستی
سُکھ کِ پُچھہِ مِت ۔ ॥

ਗੁਰਮੁਖ ਸਉ ਕਰਿ ਦੋਸਤੀ
ਸਤਿਗੁਰ ਸਉ ਲਾਇ ਚਿਤੁ ॥

گُرمُکھ س ءُ کرِ دوستی
ستِگُر س ءُ لاءِ چِتُ ॥

ਜੰਮਣ ਮਰਣ ਕਾ ਮੂਲੁ ਕਟੀਐ
ਤਾਂ ਸੁਖੁ ਹੋਵੀ ਮਿਤ ॥੬੬॥

جنّمُن مرنُ کا مُولُ کٹیئے
تاں سُکھُ ہووی مِت ۔ ॥ 66 ॥

ਭੁਲਿਆ ਆਪਿ ਸਮਝਾਇਸੀ
ਜਾ ਕਉ ਨਦਰਿ ਕਰੇ ॥

بھُلیا آپِ سمجھائِسی
جا ک ءُ ندرِ کرے ॥

ਨਾਨਕ ਨਦਰੀ ਬਾਹਰੀ
ਕਰਣ ਪਲਾਹ ਕਰੇ ॥੬੭॥

نانک ندری باہری
کرنُ پلاہ کرے ॥ 67 ॥

ਸਲੋਕ ਮਹਲਾ ੪

سلوک محلا 4

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਵਡਭਾਗੀਆ ਸੋਹਾਗਣੀ

وڈبھاگیِیا سوہاگنی

ਜਿਨ੍ਹਾ ਗੁਰਮੁਖਿ ਮਿਲਿਆ ਹਰਿ ਰਾਇ ॥
جِنہّا گُرمُکھِ مِلیا ہرِ راءِ ॥

ਅੰਤਰਿ ਜੋਤਿ ਪਰਗਾਸੀਆ
ਨਾਨਕ ਨਾਮਿ ਸਮਾਇ ॥੧॥
انتَرِ جوتِ پرگاسِیا
نانک نامِ سماءِ ॥1॥

ਵਾਹੁ ਵਾਹੁ ਸਤਿਗੁਰੁ ਪੁਰਖੁ ਹੈ
ਜਿਨਿ ਸਚੁ ਜਾਤਾ ਸੋਇ ॥
واہُ واہُ ستِگُرُ پُرکھُ ہے
جِنِ سچُ جاتا سوءِ ॥

ਜਿਤੁ ਮਿਲਿਐ ਤਿਖ ਉਤਰੈ
ਤਨੁ ਮਨ ਸੀਤਲੁ ਹੋਇ ॥
جِتُ مِلِئے تِکھ اُترے
تنُ من سیِتلُ ہوءِ ॥

ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ
ਜਿਸ ਨੋ ਸਮਤੁ ਸਭ ਕੋਇ ॥
واہُ واہُ ستِگُرُ ستِ پُرکھُ ہے
جِس نو سمتُ سبھ کوءِ ॥

ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ
ਜਿਸੁ ਨਿੰਦਾ ਉਸਤਤਿ ਤੁਲਿ ਹੋਇ ॥
واہُ واہُ ستِگُرُ نِرویرُ ہے
جِسُ نِندا اُستتِ تُلِ ہوءِ ॥

ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ
ਜਿਸੁ ਅੰਤਰਿ ਬ੍ਰਹਮੁ ਵੀਚਾਰੁ ॥
واہُ واہُ ستِگُرُ سُجانُ ہے
جِسُ انتَرِ برہمُ ویچارُ ॥

ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ
ਜਿਸੁ ਅੰਤੁ ਨ ਪਾਰਾਵਾਰੁ ॥
واہُ واہُ ستِگُرُ نِرنکارُ ہے
جِسُ انتُ ن پاراوارُ ॥

ਵਾਹੁ ਵਾਹੁ ਸਤਿਗੁਰੂ ਹੈ
ਜਿ ਸਚੁ ਦ੍ਰਿੜਾਏ ਸੋਇ ॥
واہُ واہُ ستِگُرُو ہے
جِ سچُ دڑاے سوءِ ॥

ਨਾਨਕ ਸਤਿਗੁਰ ਵਾਹੁ ਵਾਹੁ
ਜਿਸ ਤੇ ਨਾਮੁ ਪਰਾਪਤਿ ਹੋਇ ॥੨॥
نانک ستِگُر واہُ واہُ
جِس تے نامُ پراپتِ ہوءِ ॥2॥

ਹਰਿ ਪ੍ਰਭ ਸਚਾ ਸੋਹਿਲਾ
ਗੁਰਮੁਖਿ ਨਾਮੁ ਗੋਵਿੰਦੁ ॥
ہرِ پربھ سچا سوہِلا
گُرمُکھِ نامُ گووِندُ ॥

ਅਨਦਿਨੁ ਨਾਮੁ ਸਲਾਹਣਾ
ਹਰਿ ਜਪਿਆ ਮਨਿ ਆਨੰਦੁ ॥
اندِنُ نامُ سلاحنا
ہرِ جپیا منِ آننَدُ ॥

ਵਡਭਾਗੀ ਹਰਿ ਪਾਇਆ
ਪੂਰਨ ਪਰਮਾਨੰਦੁ ॥
وڈبھاگی ہرِ پائیا
پُورن پرمانَندُ ॥

ਜਨ ਨਾਨਕ ਨਾਮੁ ਸਲਾਹਿਆ
ਬਹੁੜਿ ਨ ਮਨਿ ਤਨਿ ਭੰਗੁ ॥੩॥

جن نانک نامُ سلاحِیا
بہُڑِ ن منِ تنِ بھنگُ ॥3॥

ਮੂੰ ਪਿਰੀਆ ਸਉ ਨੇਹੁ
ਕਿਉ ਸਜਣ ਮਿਲਹਿ ਪਿਆਰਿਆ ॥

مؤنّ پرِیا س ءُ نیہُ
کِ ءُ سجنُ ملہِ پیارِیا ۔ ॥

ਹਉ ਢੂਢੇਦੀ ਤਿਨ
ਸਜਣ ਸਚਿ ਸਵਾਰਿਆ ॥

ہ ءُ ڈھوُڈھیدی تِن
سجنُ سچِ سوارِیا ॥

ਸਤਿਗੁਰੁ ਮੈਡਾ ਮਿਤੁ ਹੈ
ਜੇ ਮਿਲੈ ਤ ਇਹੁ ਮਨੁ ਵਾਰਿਆ ॥

ستِگُر میڈا مِتُ ہے
جے ملِے َت اِہُ منُ وارِیا ॥

ਦੇਂਦਾ ਮੂੰ ਪਿਰੁ ਦਸਿ
ਹਰਿ ਸਜਣੁ ਸਿਰਜਣਹਾਰਿਆ ॥

دیندا مؤنّ پِرُ دسِ
ہرِ سجنُ سِرجنہارِیا ॥

ਨਾਨਕ ਹਉ ਪਿਰੁ ਭਾਲੀ ਆਪਣਾ
ਸਤਿਗੁਰ ਨਾਲਿ ਦਿਖਾਲਿਆ ॥੪॥

نانک ہ ءُ پِرُ بھالی آپنا
ستِگُر نالِ دِکھالِیا ॥4॥

ਹਉ ਖੜੀ ਨਿਹਾਲੀ ਪੰਧੁ
ਮਤੁ ਮੂੰ ਸਜਣੁ ਆਵਏ ॥

ہ ءُ کھڑی نِہالی پنّدھُ
متُ مؤنّ سجنُ آوے ॥

ਕੋ ਆਣਿ ਮਿਲਾਵੈ ਅਜੁ
ਮੈ ਪਿਰੁ ਮੇਲਿ ਮਿਲਾਵਏ ॥

کو آنِ ملاوے اجُ
مے َپِرُ میلِ ملاوے ॥

ਹਉ ਜੀਉ ਕਰੀ ਤਿਸ ਵਿਟਉ ਚਉ ਖੰਨੀਐ
ਜੋ ਮੈ ਪਿਰੀ ਦਿਖਾਵਏ ॥

ہ ءُ جیِ ءُ کری تِس وِٹ ءُ چ ءُ کھنّنیِے
جو مے َپری دِکھاوے ॥

ਨਾਨਕ ਹਰਿ ਹੋਇ ਦਇਆਲੁ
ਤਾਂ ਗੁਰੁ ਪੂਰਾ ਮੇਲਾਵਏ ॥੫॥

نانک ہرِ ہوءِ دئیالُ
تاں گُرُ پوُرا میلاوے ॥5॥

ਅੰਤਰਿ ਜੋਰੁ ਹਉਮੈ ਤਨਿ ਮਾਇਆ
ਕੂੜੀ ਆਵੈ ਜਾਇ ॥

انّترِ زورُ ہمئے َتنِ مائیا
کوڑی آوے جاءِ ॥

ਸਤਿਗੁਰ ਕਾ ਫੁਰਮਾਇਆ ਮੰਨਿ ਨ ਸਕੀ
ਦੁਤਰੁ ਤਰਿਆ ਨ ਜਾਇ ॥

ستِگُر کا فُرمائیا منّنِ ن سکی
دُتّرُ تریا ن جاءِ ॥

ਨਦਰਿ ਕਰੇ ਜਿਸੁ ਆਪਣੀ
ਸੋ ਚਲੈ ਸਤਿਗੁਰ ਭਾਇ ॥

ندرِ کرے جِسُ آپنی

ਸਤਿਗੁਰ ਕਾ ਦਰਸਨੁ ਸਫਲੁ ਹੈ
ਜੋ ਇਛੈ ਸੋ ਫਲੁ ਪਾਇ ॥

ਜਿਨੀ ਸਤਿਗੁਰੁ ਮੰਨਿਆ
ਹਉ ਤਿਨ ਕੇ ਲਾਗਉ ਪਾਇ ॥

ਨਾਨਕੁ ਤਾ ਕਾ ਦਾਸੁ ਹੈ
ਜਿ ਅਨਦਿਨੁ ਰਹੈ ਲਿਵ ਲਾਇ ॥੬॥

ਜਿਨਾ ਪਿਰੀ ਪਿਆਰੁ
ਬਿਨੁ ਦਰਸਨ ਕਿਉ ਤ੍ਰਿਪਤੀਐ ॥

ਨਾਨਕ ਮਿਲੇ ਸੁਭਾਇ
ਗੁਰਮੁਖਿ ਇਹੁ ਮਨੁ ਰਹਸੀਐ ॥੭॥

ਜਿਨਾ ਪਿਰੀ ਪਿਆਰੁ
ਕਿਉ ਜੀਵਨਿ ਪਿਰ ਬਾਹਰੇ ॥

ਜਾਂ ਸਹੁ ਦੇਖਨਿ ਆਪਣਾ
ਨਾਨਕ ਥੀਵਨਿ ਭੀ ਹਰੇ ॥੮॥

ਜਿਨਾ ਗੁਰਮੁਖਿ ਅੰਦਰਿ ਨੇਹੁ
ਤੈ ਪ੍ਰੀਤਮ ਸਚੈ ਲਾਇਆ ॥

ਰਾਤੀ ਅਤੈ ਡੇਹੁ
ਨਾਨਕ ਪ੍ਰੇਮਿ ਸਮਾਇਆ ॥੯॥

ਗੁਰਮੁਖਿ ਸਚੀ ਆਸਕੀ
ਜਿਤੁ ਪ੍ਰੀਤਮੁ ਸਚਾ ਪਾਈਐ ॥

ਅਨਦਿਨੁ ਰਹਹਿ ਅਨੰਦਿ
ਨਾਨਕ ਸਹਜਿ ਸਮਾਈਐ ॥੧੦॥

ਸਚਾ ਪ੍ਰੇਮ ਪਿਆਰੁ
ਗੁਰ ਪੂਰੇ ਤੇ ਪਾਈਐ ॥

ਸو چلےَ ستِگُر بھاءِ ॥

ستِگُر کا درسنُ سپھلُ ہےَ
جو اِچھےَ سو پھلُ پاءِ ॥

جِنی ستِگُرُ منّنِیا
ہءُ تِن کے لاگءُ پاءِ ॥

نانکُ تا کا داسُ ہےَ
جِ اندِنُ رہےَ لِو لاءِ ॥6॥

جِنا پری پِیارُ
بِنُ درسن کِءُ ترِپتیِۓ ۔ ॥

نانک مِلے سُبھاءِ
گُرمُکھِ اِہُ منُ رہسیِۓ ॥7॥

جِنا پری پِیارُ
کِءُ جیِونِ پِر باہرے ॥

جاں سہُ دیکھنِ آپڑا
نانک تھیِونِ بھی ہرے ॥8॥

جِنا گُرمُکھِ اندرِ نیہُ
تے پرِیتم سچےَ لائیا ॥

راتی اتے ڈیہُ
نانک پرِیمِ سمائیا ॥9॥

گُرمُکھِ سچی یا ِشقی
جِتُ پرِیتمُ سچا پائیۓ ॥

اندِنُ رہہِ انندِ
نانک سہجِ سمائیۓ ॥ 10 ॥

سچا پرِیم پِیارُ
گُرپُورے تے پائیۓ ॥

ਕਬਹੂ ਨ ਹੋਵੈ ਭੰਗੁ
ਨਾਨਕ ਹਰਿ ਗੁਣ ਗਾਈਐ ॥੧੧॥

کبہُو ن ہووے بھنگُ
نانک ہرِ گُڑ گائیئے ॥ 11 ॥

ਜਿਨ੍ਹਾ ਅੰਦਰਿ ਸਚਾ ਨੇਹੁ
ਕਿਉ ਜੀਵਨ੍ਿ ਪਿਰੀ ਵਿਹੂਣਿਆ ॥

جِنّہا انّدرِ سچا نیہُ
کِءُ جیونّہِ پری وِہُونّیا ॥

ਗੁਰਮੁਖਿ ਮੇਲੇ ਆਪਿ
ਨਾਨਕ ਚਿਰੀ ਵਿਛੁੰਨਿਆ ॥੧੨॥

گُرمُکھِ میلے آپِ
نانک چِری وِچھُنّیا ॥ 12 ॥

ਜਿਨ ਕਉ ਪ੍ਰੇਮ ਪਿਆਰੁ
ਤਉ ਆਪੇ ਲਾਇਆ ਕਰਮੁ ਕਰਿ ॥

جِن کءُ پّریم پِیارُ
تءُ آپے لائیا کرمُ کرِ ॥

ਨਾਨਕ ਲੇਹੁ ਮਿਲਾਇ
ਮੈ ਜਾਚਿਕ ਦੀਜੈ ਨਾਮੁ ਹਰਿ ॥੧੩॥

نانک لیہُ مِلاءِ
مے جاچِک دیجے نامُ ہرِ ॥ 13 ॥

ਗੁਰਮੁਖਿ ਹਸੈ ਗੁਰਮੁਖਿ ਰੋਵੈ ॥

گُرمُکھِ ہسے گُرمُکھِ روے ॥

ਜਿ ਗੁਰਮੁਖਿ ਕਰੇ ਸਾਈ ਭਗਤਿ ਹੋਵੈ ॥

جِ گُرمُکھِ کرے سائی بھگتِ ہووے ॥

ਗੁਰਮੁਖਿ ਹੋਵੈ ਸੁ ਕਰੇ ਵੀਚਾਰੁ ॥

گُرمُکھِ ہووے سُ کرے ویچارُ ॥

ਗੁਰਮੁਖਿ ਨਾਨਕ ਪਾਵੈ ਪਾਰੁ ॥੧੪॥

گُرمُکھِ نانک پاوے پارُ ॥ 14 ॥

ਜਿਨਾ ਅੰਦਰਿ ਨਾਮੁ ਨਿਧਾਨੁ ਹੈ
ਗੁਰਬਾਣੀ ਵੀਚਾਰਿ ॥

جِنا انّدرِ نامُ نِدھانُ ہے
گُربانّی ویچارِ ॥

ਤਿਨ ਕੇ ਮੁਖ ਸਦ ਉਜਲੇ
ਤਿਤੁ ਸਚੈ ਦਰਬਾਰਿ ॥

تِن کے مُکھ سد اُجلے
تِتُ سچے دربارِ ॥

ਤਿਨ ਬਹਦਿਆ ਉਠਦਿਆ ਕਦੇ ਨ ਵਿਸਰੈ
ਜਿ ਆਪਿ ਬਖਸੇ ਕਰਤਾਰਿ ॥

تِن بہدیا اُٹھدیا کدے ن وِسرے
جِ آپِ بخشے کرتارِ ॥

ਨਾਨਕ ਗੁਰਮੁਖਿ ਮਿਲੇ ਨ ਵਿਛੁੜਹਿ
ਜਿ ਮੇਲੇ ਸਿਰਜਣਹਾਰਿ ॥੧੫॥

نانک گُرمُکھِ مِلے ن وِچھُڑہِ
جِ میلے سِرجنّہارِ ॥ 15 ॥

ਗੁਰ ਪੀਰਾਂ ਕੀ ਚਾਕਰੀ
ਮਹਾਂ ਕਰੜੀ ਸੁਖ ਸਾਰੁ ॥

گُر پیراں کی چاکری
مہاں کرڑی سُکھ سارُ ॥

ਨਦਰਿ ਕਰੇ ਜਿਸੁ ਆਪਣੀ

ندرِ کرے جِسُ آپنّی

ਤਿਸੁ ਲਾਏ ਹੇਤ ਪਿਆਰੁ ॥

ਸਤਿਗੁਰ ਕੀ ਸੇਵੈ ਲਗਿਆ
ਭਉਜਲੁ ਤਰੈ ਸੰਸਾਰੁ ॥

ਮਨ ਚਿੰਦਿਆ ਫਲੁ ਪਾਇਸੀ
ਅੰਤਰਿ ਬਿਬੇਕ ਬੀਚਾਰੁ ॥

ਨਾਨਕ ਸਤਿਗੁਰਿ ਮਿਲਿਐ ਪ੍ਰਭੁ ਪਾਈਐ
ਸਭੁ ਦੂਖ ਨਿਵਾਰਣਹਾਰੁ ॥੧੬॥

ਮਨਮੁਖ ਸੇਵਾ ਜੋ ਕਰੇ
ਦੂਜੈ ਭਾਇ ਚਿਤੁ ਲਾਇ ॥

ਪੁਤੁ ਕਲਤੁ ਕੁਟੰਬੁ ਹੈ
ਮਾਇਆ ਮੋਹੁ ਵਧਾਇ ॥

ਦਰਗਹਿ ਲੇਖਾ ਮੰਗੀਐ
ਕੋਈ ਅੰਤਿ ਨ ਸਕੀ ਛਡਾਇ ॥

ਬਿਨੁ ਨਾਵੈ ਸਭੁ ਦੁਖੁ ਹੈ
ਦੁਖਦਾਈ ਮੋਹ ਮਾਇ ॥

ਨਾਨਕ ਗੁਰਮੁਖਿ ਨਦਰੀ ਆਇਆ
ਮੋਹ ਮਾਇਆ ਵਿਛੁੜਿ ਸਭ ਜਾਇ ॥੧੭॥

ਗੁਰਮੁਖਿ ਹੁਕਮੁ ਮੰਨੇ ਸਹ ਕੇਰਾ
ਹੁਕਮੇ ਹੀ ਸੁਖੁ ਪਾਏ ॥

ਹੁਕਮੋ ਸੇਵੇ ਹੁਕਮੁ ਅਰਾਧੇ
ਹੁਕਮੇ ਸਮੈ ਸਮਾਏ ॥

ਹੁਕਮੁ ਵਰਤੁ ਨੇਮੁ ਸੁਚ ਸੰਜਮੁ
ਮਨ ਚਿੰਦਿਆ ਫਲੁ ਪਾਏ ॥

ਸਦਾ ਸੁਹਾਗਣਿ ਜਿ ਹੁਕਮੈ ਬੁਝੈ
ਸਤਿਗੁਰੁ ਸੇਵੈ ਲਿਵ ਲਾਏ ॥

تِسُ لائے ہیت پِیارُ ॥

ستِگُر کی سیوے لگِیا
بھجُلُ ترے سنّسارُ ॥

من چِنّدِیا پھلُ پائِسی
انترِ بِبیک بیچارُ ॥

نانک ستِگُرِ مِلِئے پّربھُ پائیئے
سبھُ دوُکھ نِوارنّہارُ ॥ 16 ॥

منمُکھ سیوا جو کرے
دوُجے بھاءِ چِتُ لائِ ॥

پُتُ کلتُ کُٹنّبُ ہے
مائِیا موہُ ودھاءِ ॥

درگہِ لیکھا منگیئے
کوئی انّتِ ن سکی چھڈاءِ ॥

بِنُ ناوے سبھُ دُکھُ ہے
دُکھدائی موہ ماءِ ॥

نانک گُرمُکھِ ندری آئِیا
موہ مائِیا وِچھُڑِ سبھ جاءِ ॥ 17 ॥

گُرمُکھِ حُکمُ منّنے سہ کیرا
حُکمے ہی سُکھُ پائے ॥

حُکمو سیوے حُکمُ ارادھے
حُکمے سمے سمائے ॥

حُکمُ ورتُ نیمُ سُچ سنّجمُ
من چِنّدِیا پھلُ پائے ॥

سدا سُہاگنِ جِ حُکمے بُجھے
ستِگُرُ سیوے لِو لائے ॥

ਨਾਨਕ ਕ੍ਰਿਪਾ ਕਰੇ ਜਿਨ ਊਪਰਿ
ਤਿਨਾ ਹੁਕਮੇ ਲਏ ਮਿਲਾਏ ॥੧੮॥

نانک کرِپا کرے جِن اوُپرِ
تِنا حُکمے لے مِلائے ॥ 18 ॥

ਮਨਮੁਖਿ ਹੁਕਮੁ ਨ ਬੁਝੈ ਬਪੁੜੀ
ਨਿਤ ਹਉਮੈ ਕਰਮ ਕਮਾਇ ॥

منمُکھِ حُکمُ ن بُجھے بپُڑی
نِت ہئُمے کرم کماءِ ॥

ਵਰਤ ਨੇਮੁ ਸੁਚ ਸੰਜਮੁ ਪੂਜਾ
ਪਾਖੰਡਿ ਭਰਮੁ ਨ ਜਾਇ ॥

ورت نیمُ سُچ سنجمُ پوُجا
پاکھنڈِ بھرمُ ن جاءِ ॥

ਅੰਤਰਹੁ ਕੁਸੁਧੁ ਮਾਇਆ ਮੋਹਿ ਬੇਧੇ
ਜਿਉ ਹਸਤੀ ਛਾਰੁ ਉਡਾਏ ॥

انترہُ کُسُدھُ مائیا موہِ بیدھے
جِءُ ہستی چھارُ اُڈائے ॥

ਜਿਨਿ ਉਪਾਏ ਤਿਸੈ ਨ ਚੇਤਹਿ
ਬਿਨੁ ਚੇਤੇ ਕਿਉ ਸੁਖੁ ਪਾਏ ॥

جِنِ اُپائے تِسے ن چیتہِ
بِنُ چیتے کِءُ سُکھُ پائے ۔ ॥

ਨਾਨਕ ਪਰਪੰਚੁ ਕੀਆ ਧੁਰਿ ਕਰਤੈ
ਪੂਰਬਿ ਲਿਖਿਆ ਕਮਾਏ ॥੧੯॥

نانک پرپنچُ کیِیا دھُرِ کرتے
پوُربِ لِکھیا کمائے ॥ 19 ॥

ਗੁਰਮੁਖਿ ਪਰਤੀਤਿ ਭਈ ਮਨੁ ਮਾਨਿਆ
ਅਨਦਿਨੁ ਸੇਵਾ ਕਰਤ ਸਮਾਇ ॥

گُرمُکھِ پرتیتِ بھئی منُ مانِیا
اندِنُ سیوا کرت سماءِ ॥

ਅੰਤਰਿ ਸਤਿਗੁਰੁ ਗੁਰੂ ਸਭ ਪੂਜੇ
ਸਤਿਗੁਰ ਕਾ ਦਰਸੁ ਦੇਖੈ ਸਭ ਆਇ ॥

انترِ ستِگُرُ گُروُ سبھ پوُجے
ستِگُر کا درسُ دیکھے سبھ آءِ ॥

ਮੰਨੀਐ ਸਤਿਗੁਰ ਪਰਮ ਬੀਚਾਰੀ
ਜਿਤੁ ਮਿਲਿਐ ਤਿਸਨਾ ਭੁਖ ਸਭ ਜਾਇ ॥

منّنیے ستِگُر پرم بیچاری
جِتُ مِلیے تِسنا بھُکھ سبھ جاءِ ॥

ਹਉ ਸਦਾ ਸਦਾ ਬਲਿਹਾਰੀ ਗੁਰ ਅਪੁਨੇ
ਜੋ ਪ੍ਰਭੁ ਸਚਾ ਦੇਇ ਮਿਲਾਇ ॥

ہءُ سدا سدا بلِہاری گُر اپُنے
جو پربھُ سچا دےءِ مِلاءِ ॥

ਨਾਨਕ ਕਰਮੁ ਪਾਇਆ ਤਿਨ ਸਚਾ
ਜੋ ਗੁਰ ਚਰਣੀ ਲਗੇ ਆਇ ॥੨੦॥

نانک کرمُ پائیا تِن سچا
جو گُر چرنّی لگے آءِ ॥ 20 ॥

ਜਿਨ ਪਿਰੀਆ ਸਉ ਨੇਹੁ
ਸੇ ਸਜਣ ਮੈ ਨਾਲਿ ॥

جِن پریا س ءُ نیہُ
سے سجنّ مے نالِ ॥

ਅੰਤਰਿ ਬਾਹਰਿ ਹਉ ਫਿਰਾਂ
ਭੀ ਹਿਰਦੈ ਰਖਾ ਸਮਾਲਿ ॥੨੧॥

انترِ باہرِ ہءُ پھراں

بھی ہِردے رکھا سمالِ ॥ 21 ॥

ਜਿਨਾ ਇਕ ਮਨਿ ਇਕ ਚਿਤਿ ਧਿਆਇਆ
ਸਤਿਗੁਰ ਸਉ ਚਿਤੁ ਲਾਇ ॥

جِنا اِک منِ اِک چِتِ دھیائیا
ستِگُر س ءُ چِتُ لاءِ ॥

ਤਿਨ ਕੀ ਦੁਖ ਭੁਖ ਹਉਮੈ ਵਡਾ ਰੋਗੁ ਗਇਆ
ਨਿਰਦੋਖ ਭਏ ਲਿਵ ਲਾਇ ॥

تِن کی دُکھ بھُکھ ہئُےَ وڈا روگُ گئیا
نِردوکھ بھئے لِو لاءِ ॥

ਗੁਣ ਗਾਵਹਿ ਗੁਣ ਉਚਰਹਿ
ਗੁਣ ਮਹਿ ਸਵੈ ਸਮਾਇ ॥

گُنؤ گاوہِ گُنؤ اُچرہِ
گُنؤ مہِ سوے سماءِ ॥

ਨਾਨਕ ਗੁਰ ਪੂਰੇ ਤੇ ਪਾਇਆ
ਸਹਜਿ ਮਿਲਿਆ ਪ੍ਰਭੁ ਆਇ ॥੨੨॥

نانک گُر پوُرے تے پائیا
سہجِ مِلیا پربھُ آءِ ॥ 22 ॥

ਮਨਮੁਖਿ ਮਾਇਆ ਮੋਹੁ ਹੈ
ਨਾਮਿ ਨ ਲਗੈ ਪਿਆਰੁ ॥

منمُکھِ مائیا موہُ ہے
نامِ ن لگےَ پِیارُ ॥

ਕੂੜੁ ਕਮਾਵੈ ਕੂੜੁ ਸੰਘਰੈ
ਕੂੜਿ ਕਰੈ ਆਹਾਰੁ ॥

کوُڑُ کماوے کوُڑُ سنگھرے
کوُڑِ کرے آہارُ ॥

ਬਿਖੁ ਮਾਇਆ ਧਨੁ ਸੰਚਿ ਮਰਹਿ
ਅੰਤਿ ਹੋਇ ਸਭੁ ਛਾਰੁ ॥

بِکھُ مائیا دھنُ سنچِّ مرہِ
انّتِ ہوءِ سبھُ چھارُ ॥

ਕਰਮ ਧਰਮ ਸੁਚਿ ਸੰਜਮੁ ਕਰਹਿ
ਅੰਤਰਿ ਲੋਭੁ ਵਿਕਾਰ ॥

کرم دھرم سُچِ سنجّمُ کرہِ
انّترِ لوبھُ وِکار ॥

ਨਾਨਕ ਮਨਮੁਖਿ ਜਿ ਕਮਾਵੈ ਸੁ ਥਾਇ ਨ ਪਵੈ
ਦਰਗਹ ਹੋਇ ਖੁਆਰੁ ॥੨੩॥

نانک منمُکھِ جِ کماوے سُ تھاءِ ن پوے
درگہ ہوءِ خُیارُ ॥ 23 ॥

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ
ਜਿਤੁ ਵਸਿਆ ਮਨਿ ਆਇ ॥

سبھنا راگاں وِچِ سو بھلا بھائی
جِتُ وسِیا منِ آءِ ॥

ਰਾਗੁ ਨਾਦੁ ਸਭੁ ਸਚੁ ਹੈ
ਕੀਮਤਿ ਕਹੀ ਨ ਜਾਇ ॥

راگُ نادُ سبھُ سچُ ہے
قِیمتِ کہی ن جاءِ ॥

ਰਾਗੈ ਨਾਦੈ ਬਾਹਰਾ
ਇਨੀ ਹੁਕਮੁ ਨ ਬੂਝਿਆ ਜਾਇ ॥

راگے نادے باہرا
اِنی حُکمُ ن بوُجھیا جاءِ ॥

ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ
ਸਤਿਗੁਰ ਤੇ ਸੋਝੀ ਪਾਇ ॥

ਸਭੁ ਕਿਛੁ ਤਿਸ ਤੇ ਹੋਇਆ
ਜਿਉ ਤਿਸੈ ਦੀ ਰਜਾਇ ॥੨੪॥

ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ
ਅੰਮ੍ਰਿਤੁ ਕਹੈ ਕਹਾਇ ॥

ਗੁਰਮਤੀ ਨਾਮੁ ਨਿਰਮਲੋ
ਨਿਰਮਲ ਨਾਮੁ ਧਿਆਇ ॥

ਅੰਮ੍ਰਿਤ ਬਾਣੀ ਤਤੁ ਹੈ
ਗੁਰਮੁਖਿ ਵਸੈ ਮਨਿ ਆਇ ॥

ਹਿਰਦੈ ਕਮਲੁ ਪਰਗਾਸਿਆ
ਜੋਤੀ ਜੋਤਿ ਮਿਲਾਇ ॥

ਨਾਨਕ ਸਤਿਗੁਰੁ ਤਿਨ ਕਉ ਮੇਲਿਓਨੁ
ਜਿਨ ਧੁਰਿ ਮਸਤਕਿ ਭਾਗੁ ਲਿਖਾਇ ॥੨੫॥

ਅੰਦਰਿ ਤਿਸਨਾ ਅਗਿ ਹੈ
ਮਨਮੁਖ ਭੁਖ ਨ ਜਾਇ ॥

ਮੋਹੁ ਕੁਟੰਬੁ ਸਭੁ ਕੂੜੁ ਹੈ
ਕੂੜਿ ਰਹਿਆ ਲਪਟਾਇ ॥

ਅਨਦਿਨੁ ਚਿੰਤਾ ਚਿੰਤਵੈ
ਚਿੰਤਾ ਬਧਾ ਜਾਇ ॥

ਜੰਮਣੁ ਮਰਣੁ ਨ ਚੁਕਈ
ਹਉਮੈ ਕਰਮ ਕਮਾਇ ॥

ਗੁਰ ਸਰਣਾਈ ਉਬਰੈ
ਨਾਨਕ ਲਏ ਛਡਾਇ ॥੨੬॥

ਸਤਿਗੁਰ ਪੁਰਖੁ ਹਰਿ ਧਿਆਇਦਾ
ਸਤਸੰਗਤਿ ਸਤਿਗੁਰ ਭਾਇ ॥

نانک حُکمے بُوجھے تِنا راسِ ہوءِ
ستِگُر تے سوجھی پاءِ ॥

سبھُ کِچھُ تِس تے ہوئیا
جِءُ تِسے دی رضاءِ ॥ 24 ॥

ستِگُر وِچِ انّمرِت نامُ ہے
انّمرِتُ کہے کہاءِ ॥

گُرمتی نامُ نِرملو
نِرمل نامُ دھیاءِ ॥

انّمرِت باٹی تتُ ہے
گُرمُکھِ وسے منِ آءِ ॥

ہِردے کملُ پرگاسِیا
جوتی جوتِ مِلاءِ ॥

نانک ستِگُرُ تِن کءُ میلِئونُ
جِن دھُرِ مستکِ بھاگُ لِکھاءِ ॥ 25 ॥

اندرِ تِسنا اگِ ہے
منمُکھ بھُکھ ن جاءِ ॥

موہُ کُٹنّبُ سبھُ کوڑُ ہے
کوڑِ رہِیا لپٹاءِ ॥

اندِنُ چِنّتا چِنّتوے
چِنّتا بدھا جاءِ ॥

جنّمُ مرنُ ن چُکئی
ہمُے کرم کماءِ ॥

گُر سرٹائی اُبرے
نانک لے چھڈاءِ ॥ 26 ॥

ستِگُر پُرکھُ ہرِ دھیائِدا

ਸਤਸੰਗਤਿ ਸਤਿਗੁਰ ਸੇਵਦੇ
ਹਰਿ ਮੇਲੇ ਗੁਰੁ ਮੇਲਾਇ ॥

ਏਹੁ ਭਉਜਲੁ ਜਗਤੁ ਸੰਸਾਰੁ ਹੈ
ਗੁਰੁ ਬੋਹਿਥੁ ਨਾਮਿ ਤਰਾਇ ॥

ਗੁਰਸਿਖੀ ਭਾਣਾ ਮੰਨਿਆ
ਗੁਰੁ ਪੂਰਾ ਪਾਰਿ ਲੰਘਾਇ ॥

ਗੁਰਸਿਖਾਂ ਕੀ ਹਰਿ ਧੂੜਿ ਦੇਹਿ
ਹਮ ਪਾਪੀ ਭੀ ਗਤਿ ਪਾਂਹਿ ॥

ਧੁਰਿ ਮਸਤਕਿ ਹਰਿ ਪ੍ਰਭ ਲਿਖਿਆ
ਗੁਰ ਨਾਨਕ ਮਿਲਿਆ ਆਇ ॥

ਜਮਕੰਕਰ ਮਾਰਿ ਬਿਦਾਰਿਅਨੁ
ਹਰਿ ਦਰਗਹ ਲਏ ਛਡਾਇ ॥

ਗੁਰਸਿਖਾ ਨੋ ਸਾਬਾਸਿ ਹੈ
ਹਰਿ ਤੁਠਾ ਮੇਲਿ ਮਿਲਾਇ ॥੨੭॥

ਗੁਰਿ ਪੂਰੈ ਹਰਿ ਨਾਮੁ ਦਿੜਾਇਆ
ਜਿਨਿ ਵਿਚਹੁ ਭਰਮੁ ਚੁਕਾਇਆ ॥

ਰਾਮ ਨਾਮੁ ਹਰਿ ਕੀਰਤਿ ਗਾਇ
ਕਰਿ ਚਾਨਣੁ ਮਗੁ ਦੇਖਾਇਆ ॥

ਹਉਮੈ ਮਾਰਿ ਏਕ ਲਿਵ ਲਾਗੀ
ਅੰਤਰਿ ਨਾਮੁ ਵਸਾਇਆ ॥

ਗੁਰਮਤੀ ਜਮੁ ਜੋਹਿ ਨ ਸਕੈ
ਸਚੈ ਨਾਇ ਸਮਾਇਆ ॥

ਸਭੁ ਆਪੇ ਆਪਿ ਵਰਤੈ ਕਰਤਾ
ਜੋ ਭਾਵੈ ਸੋ ਨਾਇ ਲਾਇਆ ॥

ستسنگتِ ستِگُر بھاءِ ॥

ستسنگتِ ستِگُر سیودے
ہرِ میلے گُرُ میلاءِ ॥

ایہُ بھجُلُ جگتُ سنّسارُ ہے
گُرُ بوہتھُ نامِ تراءِ ॥

گُرسِکھی بھاٹا منّنیا
گُرُ پُورا پارِ لنگھاءِ ॥

گُرسِکھاں کی ہرِ دھوُڑِ دیہِ
ہم پاپی بھی گتِ پاہِ ॥

دھُرِ مستکِ ہرِ پربھ لِکھیا
گُر نانک مِلیا آءِ ॥

جمکنکر مارِ بِدارِئنُ
ہرِ درگہ لئے چھڈاءِ ॥

گُرسِکھا نو ساباسِ ہے
ہرِ تُٹھا میلِ مِلاءِ ॥ 27 ॥

گُرِ پُورے ہرِ نامُ دِڑائیا
جِنِ وِچہُ بھرمُ چُکائیا ॥

رام نامُ ہرِ کیرتِ گاءِ
کرِ چانڑُ مگُ دیکھائیا ॥

ہئُمے مارِ ایک لِو لاگی
انترِ نامُ وسائیا ॥

گُرمتی جمُ جوہِ ن سکےَ
سچےَ ناءِ سمائیا ॥

سبھُ آپے آپِ ورتےَ کرتا
جو بھاوےَ سو ناءِ لائیا ॥

ਜਨ ਨਾਨਕੁ ਨਾਉ ਲਏ ਤਾਂ ਜੀਵੈ
ਬਿਨੁ ਨਾਵੈ ਖਿਨੁ ਮਰਿ ਜਾਇਆ ॥੨੮॥

جن نانکُ ناءُ لے تاں جیوے
بِنُ ناوے کھِنُ مرِ جائیا ॥ 28 ॥

ਮਨ ਅੰਤਰਿ ਹਉਮੈ ਰੋਗੁ
ਭ੍ਰਮਿ ਭੂਲੇ ਹਉਮੈ ਸਾਕਤ ਦੁਰਜਨਾ ॥

من انترِ ہئُمے روگُ
بھرمِ بھولے ہئُمے ساکت دُرجنا ॥

ਨਾਨਕ ਰੋਗੁ ਗਵਾਇ
ਮਿਲਿ ਸਤਿਗੁਰ ਸਾਧੂ ਸਜਣਾ ॥੨੯॥

نانک روگُ گواءِ
مِلِ ستِگُر سادھوُ سجنّا ॥ 29 ॥

ਗੁਰਮਤੀ ਹਰਿ ਹਰਿ ਬੋਲੇ ॥

گُرمتی ہرِ ہرِ بولے ॥

ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ
ਹਰਿ ਰਤੀ ਹਰਿ ਰੰਗਿ ਚੋਲੇ ॥

ہرِ پرّیم کسائی دِنُس راتِ
ہرِ رتی ہرِ رنگِ چولے ॥

ਹਰਿ ਜੈਸਾ ਪੁਰਖੁ ਨ ਲਭਈ
ਸਭੁ ਦੇਖਿਆ ਜਗਤੁ ਮੈ ਟੋਲੇ ॥

ہرِ جیَسا پُرکھُ ن لبھئی
سبھُ دیکھیا جگتُ مے ٹولے ॥

ਗੁਰ ਸਤਿਗੁਰਿ ਨਾਮੁ ਦਿੜਾਇਆ
ਮਨੁ ਅਨਤ ਨ ਕਾਹੂ ਡੋਲੇ ॥

گُر ستِگُرِ نامُ دِڑائیا
منُ انت ن کاہوُ ڈولے ॥

ਜਨ ਨਾਨਕੁ ਹਰਿ ਕਾ ਦਾਸੁ ਹੈ
ਗੁਰ ਸਤਿਗੁਰ ਕੇ ਗੁਲ ਗੋਲੇ ॥੩੦॥

جن نانکُ ہرِ کا داسُ ہے
گُر ستِگُر کے گُل گولے ॥ 30 ॥

ਸਲੋਕ ਮਹਲਾ ੫

سلوک محلا 5

ੴ ਸਤਿਗੁਰ ਪ੍ਰਸਾਦਿ ॥

ੴ ستِگُر پرّسادِ ॥

ਰਤੇ ਸੇਈ ਜਿ ਮੁਖੁ ਨ ਮੋੜੰਨਿ੍
ਜਿਨ੍ੀ ਸਿਵਾਤਾ ਸਾਈ ॥

رتے سیئی جِ مُکھُ ن موڑنّنہِ
جِنّہی سِچاتا سائی ॥

ਝੜਿ ਝੜਿ ਪਵਦੇ ਕਚੇ ਬਿਰਹੀ
ਜਿਨ੍ਾ ਕਾਰਿ ਨ ਆਈ ॥੧॥

جھڑِ جھڑِ پودے کچے بِرہی
جِنّہا کارِ ن آئی ॥ 1 ॥

ਧਣੀ ਵਿਹੂਣਾ ਪਾਟ ਪਟੰਬਰ
ਭਾਹੀ ਸੇਤੀ ਜਾਲੇ ॥

دھنّی وِہوُنّا پاٹ پٹّنبر
بھاہی سیتی جالے ॥

ਧੂੜੀ ਵਿਚਿ ਲੁਡੰਦੜੀ ਸੋਹਾਂ
ਨਾਨਕ ਤੈ ਸਹ ਨਾਲੇ ॥੨॥

دھوڑی وِچ لُڈنّڑی سوہاں
نانک تے سہ نالے ॥ 2 ॥

ਗੁਰ ਕੈ ਸਬਦਿ ਅਰਾਧੀਐ
ਨਾਮਿ ਰੰਗਿ ਬੈਰਾਗੁ ॥

ਜੀਤੇ ਪੰਚ ਬੈਰਾਈਆ
ਨਾਨਕ ਸਫਲ ਮਾਰੂ ਇਹੁ ਰਾਗੁ ॥੩॥

ਜਾਂ ਮੂੰ ਇਕੁ ਤ ਲਖ ਤਉ ਜਿਤੀ
ਪਿਨਣੇ ਦਰਿ ਕਿਤੜੇ ॥

ਬਾਮਣੁ ਬਿਰਥਾ ਗਇਓ ਜਨੰਮੁ
ਜਿਨਿ ਕੀਤੋ ਸੋ ਵਿਸਰੇ ॥੪॥

ਸੋਰਠਿ ਸੋ ਰਸੁ ਪੀਜੀਐ
ਕਬਹੂ ਨ ਫੀਕਾ ਹੋਇ ॥

ਨਾਨਕ ਰਾਮ ਨਾਮ ਗੁਨ ਗਾਈਅਹਿ
ਦਰਗਹ ਨਿਰਮਲ ਸੋਇ ॥੫॥

ਜੋ ਪ੍ਰਭਿ ਰਖੇ ਆਪਿ
ਤਿਨ ਕੋਇ ਨ ਮਾਰਈ ॥

ਅੰਦਰਿ ਨਾਮੁ ਨਿਧਾਨੁ
ਸਦਾ ਗੁਣ ਸਾਰਈ ॥

ਏਕਾ ਟੇਕ ਅਗੰਮ
ਮਨਿ ਤਨਿ ਪ੍ਰਭੁ ਧਾਰਈ ॥

ਲਗਾ ਰੰਗੁ ਅਪਾਰੁ
ਕੋ ਨ ਉਤਾਰਈ ॥

ਗੁਰਮੁਖਿ ਹਰਿ ਗੁਣ ਗਾਇ
ਸਹਜਿ ਸੁਖ ਸਾਰਈ ॥

ਨਾਨਕ ਨਾਮੁ ਨਿਧਾਨੁ
ਰਿਦੈ ਉਰਿ ਹਾਰਈ ॥੬॥

ਕਰੇ ਸੁ ਚੰਗਾ ਮਾਨਿ
ਦੁਯੀ ਗਣਤ ਲਾਹਿ ॥

گُر کے سبدِ ارادھیئے
نامِ رنگِ بیراگُ ॥

جیتے پنچ بیرائیا
نانک سپھل ماروُ اِہُ راگُ ॥3॥

جاں موُنّ اِکُ ت لکھ تءُ جِتی
پِنّنے درِ کِتڑے ॥

بامنُ بِرتھا گیئو جنمّ
جِنِ کیتو سو وِسرے ॥4॥

سورٹھِ سو رسُ پیجیئے
کبہوُ ن پھیکا ہوءِ ॥

نانک رام نام گُن گائیئہِ
درگہ نِرمل سوءِ ॥5॥

جو پربھ رکھے آپِ
تِن کوءِ ن مارئی ॥

انّدرِ نامُ نِدھانُ
سدا گُنّ سارئی ॥

ایکا ٹیک اگنمّ
منِ تنِ پربھُ دھارئی ॥

لگا رنگُ اپارُ
کو ن اُتارئی ॥

گُرمُکھِ ہرِ گُنّ گاءِ
سہجِ سُکھ سارئی ॥

نانک نامُ نِدھانُ
رِدے اُرِ ہارئی ॥6॥

کرے سُ چنگا مانِ

ਅਪਣੀ ਨਦਰਿ ਨਿਹਾਲਿ
ਆਪੇ ਲੈਹੁ ਲਾਇ ॥

ਜਨ ਦੇਹੁ ਮਤੀ ਉਪਦੇਸੁ
ਵਿਚਹੁ ਭਰਮੁ ਜਾਇ ॥

ਜੋ ਧੁਰਿ ਲਿਖਿਆ ਲੇਖੁ
ਸੋਈ ਸਭ ਕਮਾਇ ॥

ਸਭੁ ਕਛੁ ਤਿਸ ਦੈ ਵਸਿ
ਦੂਜੀ ਨਾਹਿ ਜਾਇ ॥

ਨਾਨਕ ਸੁਖ ਅਨਦ ਭਏ
ਪ੍ਰਭ ਕੀ ਮੰਨਿ ਰਜਾਇ ॥੭॥

ਗੁਰੁ ਪੂਰਾ ਜਿਨ ਸਿਮਰਿਆ
ਸੇਈ ਭਏ ਨਿਹਾਲ ॥

ਨਾਨਕ ਨਾਮੁ ਅਰਾਧਣਾ
ਕਾਰਜੁ ਆਵੈ ਰਾਸਿ ॥੮॥

ਪਾਪੀ ਕਰਮ ਕਮਾਵਦੇ
ਕਰਦੇ ਹਾਏ ਹਾਇ ॥

ਨਾਨਕ ਜਿਉ ਮਥਨਿ ਮਾਧਾਣੀਆ
ਤਿਉ ਮਥੇ ਧ੍ਰਮ ਰਾਇ ॥੯॥

ਨਾਮੁ ਧਿਆਇਨਿ ਸਾਜਨਾ
ਜਨਮ ਪਦਾਰਥੁ ਜੀਤਿ ॥

ਨਾਨਕ ਧਰਮ ਐਸੇ ਚਵਹਿ
ਕੀਤੋ ਭਵਨੁ ਪੁਨੀਤ ॥੧੦॥

ਖੁਭੜੀ ਕੁਥਾਇ
ਮਿਠੀ ਗਲਣਿ ਕੁਮੰਤ੍ਰੀਆ ॥

ڈُہی گنٹت لاہِ ॥

اپنٹی ندرِ نِہالِ
آپے لیَہُ لاءِ ॥

جن دیہُ متی اُپدیسُ
وِچہُ بھرمُ جاءِ ॥

جو دھُرِ لِکھِیا لیکھُ
سوئی سبھ کماءِ ॥

سبھُ کچھُ تِس دے وسِ
دوُجی ناہِ جاءِ ॥

نانک سُکھ اند بھئے
پّربھ کی منّنِ رضاءِ ॥7॥

گُرُ پوُرا جِن سِمرِیا
سیئی بھئے نِہال ॥

نانک نامُ ارادھٹا
کارجُ آوے راسِ ॥8॥

پاپی کرم کماودے
کردے ہائے ہاءِ ॥

نانک جِءُ متھنِ مادھاٹِیا
تِءُ متھے دھّرم راءِ ॥9॥

نامُ دھِیائِنِ ساجنا
جنم پدارتھُ جیتِ ॥

نانک دھرم ایَسے چوہِ
کِیتو بھونُ پُنیت ॥ 10 ॥

کھُبھڑی کُتھاءِ
مِٹھی گلنِ کُمنّتریِیا ॥

ਨਾਨਕ ਸੇਈ ਉਬਰੇ
ਜਿਨਾ ਭਾਗੁ ਮਥਾਹਿ ॥੧੧॥

نانک سیئی اُبرے
جِنا بھاگُ متھاہِ ॥ 11 ॥

ਸੁਤੜੇ ਸੁਖੀ ਸਵੰਨਿ੍
ਜੋ ਰਤੇ ਸਹ ਆਪਣੈ ॥

سُتڑے سُکھی سونّنہِ
جو رتے سہ آپنّے ॥

ਪ੍ਰੇਮ ਵਿਛੋਹਾ ਧਣੀ ਸਉ
ਅਠੇ ਪਹਰ ਲਵੰਨਿ੍ ॥੧੨॥

پّریم وِچھوہا دھنّی س ءُ
اٹھے پہر لونّنہِ ॥ 12 ॥

ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥

سُتڑے اسنکھ مائیا جھوُٹھی کارنّے ॥

ਨਾਨਕ ਸੇ ਜਾਗੰਨਿ੍
ਜਿ ਰਸਨਾ ਨਾਮੁ ਉਚਾਰਣੇ ॥੧੩॥

نانک سے جاگنّنہِ
جِ رسنا نامُ اُچارنّے ॥ 13 ॥

ਮ੍ਰਿਗ ਤਿਸਨਾ ਪੇਖਿ ਭੁਲਣੇ ਵੁਠੇ ਨਗਰ ਗੰਧ੍ਰਬ ॥

مّرِگ تِسنا پیکھِ بھُلنّے وُٹھے نگر گندھّرب ॥

ਜਿਨੀ ਸਚੁ ਅਰਾਧਿਆ
ਨਾਨਕ ਮਨਿ ਤਨਿ ਫਬ ॥੧੪॥

جِنی سچُ ارادھِیا
نانک منِ تنِ پھب ॥ 14 ॥

ਪਤਿਤ ਉਧਾਰਣ ਪਾਰਬ੍ਰਹਮੁ
ਸੰਮ੍ਰਥ ਪੁਰਖੁ ਅਪਾਰੁ ॥

پتِت اُدھارنْ پاربّرہمُ
سمّرتھ پُرکھُ اپارُ ॥

ਜਿਸਹਿ ਉਧਾਰੇ ਨਾਨਕਾ
ਸੋ ਸਿਮਰੇ ਸਿਰਜਣਹਾਰੁ ॥੧੫॥

جِسہِ اُدھارے نانکا
سو سِمرے سِرجنّہارُ ॥ 15 ॥

ਦੂਜੀ ਛੋਡਿ ਕੁਵਾਟੜੀ
ਇਕਸ ਸਉ ਚਿਤੁ ਲਾਇ ॥

دوُجی چھوڈِ کواٹڑی
اِکس س ءُ چِتُ لاءِ ॥

ਦੂਜੈ ਭਾਵੀਂ ਨਾਨਕਾ
ਵਹਣਿ ਲੁੜੰਦੜੀ ਜਾਇ ॥੧੬॥

دوُجےَ بھاویں نانکا
وہنِ لُڑہندڑی جاءِ ॥ 16 ॥

ਤਿਹਟੜੇ ਬਾਜਾਰ
ਸਉਦਾ ਕਰਨਿ ਵਣਜਾਰਿਆ ॥

تِہٹڑے بازار
سئُدا کرنِ ونّجارِیا ॥

ਸਚੁ ਵਖਰੁ ਜਿਨੀ ਲਦਿਆ
ਸੇ ਸਚੜੇ ਪਾਸਾਰ ॥੧੭॥

سچُ وکھرُ جِنی لدِیا
سے سچڑے پاسار ॥ 17 ॥

ਪੰਥਾ ਪ੍ਰੇਮ ਨ ਜਾਣਈ

پنّتھا پّریم ن جانئی

ਭੂਲੀ ਫਿਰੈ ਗਵਾਰਿ ॥

بھوُلی پھرے گوارِ ॥

ਨਾਨਕ ਹਰਿ ਬਿਸਰਾਇ ਕੈ
ਪਉਦੇ ਨਰਕਿ ਅੰਧ੍ਯਾਰ ॥੧੮॥

نانک ہرِ بِسراءِ کے
پئُدے نرکِ انّدھّیار ॥ 18 ॥

ਮਾਇਆ ਮਨਹੁ ਨ ਵੀਸਰੈ
ਮਾਂਗੈ ਦੰਮਾਂ ਦੰਮ ॥

مایّیا منہُ ن ویسرے
مانگے دنّماں دنّم ॥

ਸੋ ਪ੍ਰਭੁ ਚਿਤਿ ਨ ਆਵਈ
ਨਾਨਕ ਨਹੀ ਕਰੰਮਿ ॥੧੯॥

سو پّربھُ چِتِ ن آوئی
نانک نہی کرنّمِ ॥ 19 ॥

ਤਿਚਰੁ ਮੂਲਿ ਨ ਥੁੜੀਦੋ
ਜਿਚਰੁ ਆਪਿ ਕ੍ਰਿਪਾਲੁ ॥

تِچرُ موُلِ ن تھُڑیندو
جِچرُ آپِ کرِپالُ ॥

ਸਬਦੁ ਅਖੁਟੁ ਬਾਬਾ ਨਾਨਕਾ
ਖਾਹਿ ਖਰਚਿ ਧਨੁ ਮਾਲੁ ॥੨੦॥

سبدُ اکھُٹُ بابا نانکا
کھاہِ خرچِ دھنُ مالُ ॥ 20 ॥

ਖੰਭ ਵਿਕਾਂਦੜੇ ਜੇ ਲਹਾਂ
ਘਿੰਨਾ ਸਾਵੀ ਤੋਲਿ ॥

کھنّبھ وِکانڈڑے جے لہاں
گھِنّنا ساوی تولِ ॥

ਤੰਨਿ ਜੜਾਂਈ ਆਪਣੈ
ਲਹਾਂ ਸੁ ਸਜਣੁ ਟੋਲਿ ॥੨੧॥

تنّنِ جڑانئی آپنّے
لہاں سُ سجنُّ ٹولِ ॥ 21 ॥

ਸਜਣੁ ਸਚਾ ਪਾਤਿਸਾਹੁ
ਸਿਰਿ ਸਾਹਾਂ ਦੈ ਸਾਹੁ ॥

سجنُّ سچا پاتِشاہُ
سِرِ ساہاں دے ساہُ ॥

ਜਿਸੁ ਪਾਸਿ ਬਹਿਠਿਆ ਸੋਹੀਐ
ਸਭਨਾ ਦਾ ਵੇਸਾਹੁ ॥੨੨॥

جِسُ پاسِ بہِٹھیا سوہیئے
سبھنا دا ویساہُ ॥ 22 ॥

ੴ ਸਤਿਗੁਰ ਪ੍ਰਸਾਦਿ ॥

ੴ ستِگُر پرسادِ ॥

ਸਲੋਕ ਮਹਲਾ ੯ ॥

سلوک محلا 9 ॥

ਗੁਨ ਗੋਬਿੰਦ ਗਾਇਓ ਨਹੀ
ਜਨਮੁ ਅਕਾਰਥ ਕੀਨੁ ॥

گُن گوبِنّد گائیو نہی
جنمُ اکارتھ کِینُ ॥

ਕਹੁ ਨਾਨਕ ਹਰਿ ਭਜੁ ਮਨਾ
ਜਿਹ ਬਿਧਿ ਜਲ ਕਉ ਮੀਨੁ ॥੧॥

کہُ نانک ہرِ بھجُ منا
جِہ بِدھِ جل کءُ مِینُ ॥ 1 ॥

ਬਿਖਿਅਨ ਸਿਉ ਕਾਹੇ ਰਚਿਓ
ਨਿਮਖ ਨ ਹੋਹਿ ਉਦਾਸੁ ॥

بِکھِئن سِءُ کاہے رچِئو
نِمکھ ن ہوہِ اُداسُ ॥

ਕਹੁ ਨਾਨਕ ਭਜੁ ਹਰਿ ਮਨਾ
ਪਰੈ ਨ ਜਮ ਕੀ ਫਾਸ ॥੨॥

کہُ نانک بھجُ ہرِ منا
پرے ن جم کی پھاس ॥2॥

ਤਰਨਾਪੋ ਇਉ ਹੀ ਗਇਓ
ਲੀਓ ਜਰਾ ਤਨੁ ਜੀਤਿ ॥

ترناپو اِءُ ہی گئِئو
لِیئو جرا تنُ جیتِ ॥

ਕਹੁ ਨਾਨਕ ਭਜੁ ਹਰਿ ਮਨਾ
ਅਉਧ ਜਾਤੁ ਹੈ ਬੀਤਿ ॥੩॥

کہُ نانک بھجُ ہرِ منا
اُدھ جاتُ ہے بیتِ ॥3॥

ਬਿਰਧਿ ਭਇਓ ਸੂਝੈ ਨਹੀ
ਕਾਲੁ ਪਹੂਚਿਓ ਆਨਿ ॥

بِردھِ بھئِئو سوُجھے نہی
کالُ پہوُچِئو آنِ ॥

ਕਹੁ ਨਾਨਕ ਨਰ ਬਾਵਰੇ
ਕਿਉ ਨ ਭਜੈ ਭਗਵਾਨੁ ॥੪॥

کہُ نانک نر باورے
کِءُ ن بھجے بھگوانُ ۔ ॥4॥

ਧਨੁ ਦਾਰਾ ਸੰਪਤਿ ਸਗਲ
ਜਿਨਿ ਅਪੁਨੀ ਕਰਿ ਮਾਨਿ ॥

دھنُ دارا سنّپتِ سگل
جِنِ اپُنی کرِ مانِ ॥

ਇਨ ਮੈ ਕਛੁ ਸੰਗੀ ਨਹੀ
ਨਾਨਕ ਸਾਚੀ ਜਾਨਿ ॥੫॥

اِن مے کچھُ سنگی نہی
نانک ساچی جانِ ॥5॥

ਪਤਿਤ ਉਧਾਰਨ ਭੈ ਹਰਨ
ਹਰਿ ਅਨਾਥ ਕੇ ਨਾਥ ॥

پتِت اُدھارن بھے ہرن
ہرِ اناتھ کے ناتھ ॥

ਕਹੁ ਨਾਨਕ ਤਿਹ ਜਾਨੀਐ
ਸਦਾ ਬਸਤੁ ਤੁਮ ਸਾਥਿ ॥੬॥

کہُ نانک تِہ جانیئے
سدا بسُت تُم ساتھِ ॥6॥

ਤਨੁ ਧਨੁ ਜਿਹ ਤੋ ਕਉ ਦੀਓ
ਤਾਂ ਸਿਉ ਨੇਹੁ ਨ ਕੀਨ ॥

تنُ دھنُ جِہ تو کءُ دیئو
تاں سِءُ نیہُ ن کِین ॥

ਕਹੁ ਨਾਨਕ ਨਰ ਬਾਵਰੇ
ਅਬ ਕਿਉ ਡੋਲਤ ਦੀਨ ॥੭॥

کہُ نانک نر باورے
اب کِءُ ڈولت دِین ۔ ॥7॥

ਤਨੁ ਧਨੁ ਸੰਪੈ ਸੁਖ ਦੀਓ
ਅਰੁ ਜਿਹ ਨੀਕੇ ਧਾਮ ॥

تنُ دھنُ سنّپے سُکھ دیئو

ਕਹੁ ਨਾਨਕ ਸੁਨੁ ਰੇ ਮਨਾ
ਸਿਮਰਤ ਕਾਹਿ ਨ ਰਾਮੁ ॥੮॥

کہُ نانک سُنُ رے منا
سِمرت کاہِ ن رامُ ۔ ॥8॥

ਸਭ ਸੁਖ ਦਾਤਾ ਰਾਮੁ ਹੈ
ਦੂਸਰ ਨਾਹਿਨ ਕੋਇ ॥

سبھ سُکھ داتا رامُ ہے
دوُسر ناہِن کوءِ ॥

ਕਹੁ ਨਾਨਕ ਸੁਨਿ ਰੇ ਮਨਾ
ਤਿਹ ਸਿਮਰਤ ਗਤਿ ਹੋਇ ॥੯॥

کہُ نانک سُنِ رے منا
تِہ سِمرت گتِ ہوءِ ॥9॥

ਜਿਹ ਸਿਮਰਤ ਗਤਿ ਪਾਈਐ
ਤਿਹ ਭਜੁ ਰੇ ਤੈ ਮੀਤ ॥

جِہ سِمرت گتِ پائیئے
تِہ بھجُ رے تے مِیت ۔ ॥

ਕਹੁ ਨਾਨਕ ਸੁਨੁ ਰੇ ਮਨਾ
ਅਉਧ ਘਟਤ ਹੈ ਨੀਤ ॥੧੦॥

کہُ نانک سُنُ رے منا
اُدھ گھٹت ہے نِیت ॥ 10 ॥

ਪਾਂਚ ਤਤ ਕੋ ਤਨੁ ਰਚਿਓ
ਜਾਨਹੁ ਚਤੁਰ ਸੁਜਾਨ ॥

پانچ تت کو تنُ رچیئو
جانہُ چترُ سُجان ۔ ॥

ਜਿਹ ਤੇ ਉਪਜਿਓ ਨਾਨਕਾ
ਲੀਨ ਤਾਹਿ ਮੈ ਮਾਨੁ ॥੧੧॥

جِہ تے اُپجِیئو نانکا
لِین تاہِ مے مانُ ॥ 11 ॥

ਘਟ ਘਟ ਮੈ ਹਰਿ ਜੂ ਬਸੈ
ਸੰਤਨ ਕਹਿਓ ਪੁਕਾਰਿ ॥

گھٹ گھٹ مے ہرِ جیُو بسے
سنتن کہِیئو پُکارِ ॥

ਕਹੁ ਨਾਨਕ ਤਿਹ ਭਜੁ ਮਨਾ
ਭਉ ਨਿਧਿ ਉਤਰਹਿ ਪਾਰਿ ॥੧੨॥

کہُ نانک تِہ بھجُ منا
بھءُ نِدھِ اُترہِ پارِ ॥ 12 ॥

ਸੁਖੁ ਦੁਖੁ ਜਿਹ ਪਰਸੈ ਨਹੀ
ਲੋਭੁ ਮੋਹੁ ਅਭਿਮਾਨੁ ॥

سُکھُ دُکھُ جِہ پرسے نہی
لوبھُ موہُ ابھمانُ ॥

ਕਹੁ ਨਾਨਕ ਸੁਨੁ ਰੇ ਮਨਾ
ਸੋ ਮੂਰਤਿ ਭਗਵਾਨ ॥੧੩॥

کہُ نانک سُنُ رے منا
سو مورتِ بھگوان ॥ 13 ॥

ਉਸਤਤਿ ਨਿੰਦਿਆ ਨਾਹਿ ਜਿਹਿ
ਕੰਚਨ ਲੋਹ ਸਮਾਨਿ ॥

اُستتِ نِندیا ناہِ جِہِ
کنچن لوہ سمانِ ॥

ਕਹੁ ਨਾਨਕ ਸੁਨਿ ਰੇ ਮਨਾ
ਮੁਕਤਿ ਤਾਹਿ ਤੈ ਜਾਨਿ ॥੧੪॥

کہُ نانک سُنِ رے منا
مُکتِ تاہِ تے جانِ ॥ 14 ॥

ਹਰਖੁ ਸੋਗੁ ਜਾ ਕੈ ਨਹੀ
ਬੈਰੀ ਮੀਤ ਸਮਾਨਿ ॥

ہرکھُ سوگُ جا کے نہی
بیَری میت سمانِ ॥

ਕਹੁ ਨਾਨਕ ਸੁਨਿ ਰੇ ਮਨਾ
ਮੁਕਤਿ ਤਾਹਿ ਤੈ ਜਾਨਿ ॥੧੫॥

کہُ نانک سُنِ رے منا
مُکتِ تاہِ تے جانِ ॥ 15 ॥

ਭੈ ਕਾਹੂ ਕਉ ਦੇਤ ਨਹਿ
ਨਹਿ ਭੈ ਮਾਨਤ ਆਨ ॥

بھےَ کاہوُ ک ءُ دیت نہِ
نہِ بھےَ مانت آن ॥

ਕਹੁ ਨਾਨਕ ਸੁਨਿ ਰੇ ਮਨਾ
ਗਿਆਨੀ ਤਾਹਿ ਬਖਾਨਿ ॥੧੬॥

کہُ نانک سُنِ رے منا
گِیانی تاہِ بکھانِ ॥ 16 ॥

ਜਿਹਿ ਬਿਖਿਆ ਸਗਲੀ ਤਜੀ
ਲੀਓ ਭੇਖ ਬੈਰਾਗ ॥

جِہِ بِکھیا سگلی تجی
لِینوُ بھیکھ بیَراگ ॥

ਕਹੁ ਨਾਨਕ ਸੁਨੁ ਰੇ ਮਨਾ
ਤਿਹ ਨਰ ਮਾਥੈ ਭਾਗੁ ॥੧੭॥

کہُ نانک سُنُ رے منا
تِہ نر ماتھےَ بھاگُ ॥ 17 ॥

ਜਿਹਿ ਮਾਇਆ ਮਮਤਾ ਤਜੀ
ਸਭ ਤੇ ਭਇਓ ਉਦਾਸੁ ॥

جِہِ مائیا ممتا تجی
سبھ تے بھئِنوُ اُداسُ ॥

ਕਹੁ ਨਾਨਕ ਸੁਨੁ ਰੇ ਮਨਾ
ਤਿਹ ਘਟਿ ਬ੍ਰਹਮ ਨਿਵਾਸੁ ॥੧੮॥

کہُ نانک سُنُ رے منا
تِہ گھٹِ برّہم نِواسُ ॥ 18 ॥

ਜਿਹਿ ਪ੍ਰਾਨੀ ਹਉਮੈ ਤਜੀ
ਕਰਤਾ ਰਾਮੁ ਪਛਾਨਿ ॥

جِہِ پرّانی ہئُمےَ تجی
کرتا رامُ پچھانِ ॥

ਕਹੁ ਨਾਨਕ ਵਹੁ ਮੁਕਤਿ ਨਰੁ
ਇਹ ਮਨ ਸਾਚੀ ਮਾਨੁ ॥੧੯॥

کہُ نانک وہُ مُکتِ نرُ
اِہ من ساچی مانُ ॥ 19 ॥

ਭੈ ਨਾਸਨ ਦੁਰਮਤਿ ਹਰਨ
ਕਲਿ ਮੈ ਹਰਿ ਕੋ ਨਾਮੁ ॥

بھےَ ناسن دُرمتِ ہرن
کلِ مےَ ہرِ کو نامُ ॥

ਨਿਸਿ ਦਿਨੁ ਜੋ ਨਾਨਕ ਭਜੈ
ਸਫਲ ਹੋਹਿ ਤਿਹ ਕਾਮ ॥੨੦॥

نِس دِنُ جو نانک بھجےَ

ਜਿਹਬਾ ਗੁਨ ਗੋਬਿੰਦ ਭਜਹੁ
ਕਰਨ ਸੁਨਹੁ ਹਰਿ ਨਾਮੁ ॥

ਕਹੁ ਨਾਨਕ ਸੁਨਿ ਰੇ ਮਨਾ
ਪਰਹਿ ਨ ਜਮ ਕੈ ਧਾਮ ॥੨੧॥

ਜੋ ਪ੍ਰਾਨੀ ਮਮਤਾ ਤਜੈ
ਲੋਭ ਮੋਹ ਅਹੰਕਾਰ ॥

ਕਹੁ ਨਾਨਕ ਆਪਨ ਤਰੈ
ਅਉਰਨ ਲੇਤ ਉਧਾਰ ॥੨੨॥

ਜਿਉ ਸੁਪਨਾ ਅਰੁ ਪੇਖਨਾ
ਐਸੇ ਜਗ ਕਉ ਜਾਨਿ ॥

ਇਨ ਮੈ ਕਛੁ ਸਾਚੋ ਨਹੀ
ਨਾਨਕ ਬਿਨੁ ਭਗਵਾਨ ॥੨੩॥

ਨਿਸਿ ਦਿਨੁ ਮਾਇਆ ਕਾਰਨੇ
ਪ੍ਰਾਨੀ ਡੋਲਤ ਨੀਤ ॥

ਕੋਟਨ ਮੈ ਨਾਨਕ ਕੋਊ
ਨਾਰਾਇਨੁ ਜਿਹ ਚੀਤਿ ॥੨੪॥

ਜੈਸੇ ਜਲ ਤੇ ਬੁਦਬੁਦਾ
ਉਪਜੈ ਬਿਨਸੈ ਨੀਤ ॥

ਜਗ ਰਚਨਾ ਤੈਸੇ ਰਚੀ
ਕਹੁ ਨਾਨਕ ਸੁਨਿ ਮੀਤ ॥੨੫॥

ਪ੍ਰਾਨੀ ਕਛੂ ਨ ਚੇਤਈ
ਮਦਿ ਮਾਇਆ ਕੈ ਅੰਧੁ ॥

ਕਹੁ ਨਾਨਕ ਬਿਨੁ ਹਰਿ ਭਜਨ
ਪਰਤ ਤਾਹਿ ਜਮ ਫੰਧ ॥੨੬॥

سپھل ہوہِ تہ کام ॥ 20 ॥

جِہبا گُن گوبِنّد بھجہُ
کرن سُنہُ ہرِ نامُ ॥

کہُ نانک سُنِ رے منا
پرہِ ن جم کے دھام ॥ 21 ॥

جو پّرانی ممتا تجےَ
لوبھ موہ اہنکار ॥

کہُ نانک آپن ترے
اُرن لیت اُدھار ॥ 22 ॥

جِءُ سُپنا ارُ پیکھنا
ایسے جگ کءُ جانِ ॥

اِن مے کچھُ ساچو نہی
نانک بِنُ بھگوان ॥ 23 ॥

نِس دِنُ مائیا کارنے
پّرانی ڈولت نِیت ॥

کوٹن مے نانک کوئُو
نارائِنُ جِہ چیتِ ॥ 24 ॥

جیسے جل تے بُدبُدا
اُپجےَ بِنسے نِیت ॥

جگ رچنا تیسے رچی
کہُ نانک سُنِ میت ۔ ॥ 25 ॥

پّرانی کچھوُ ن چیتئی
مدِ مائیا کے اندھُ ॥

کہُ نانک بِنُ ہرِ بھجن
پرت تاہِ جم پھندھ ॥ 26 ॥

ਜਉ ਸੁਖ ਕਉ ਚਾਹੈ ਸਦਾ
ਸਰਨਿ ਰਾਮ ਕੀ ਲੇਹ ॥

جءُ سُکھ کءُ چاہے سدا
سرنِ رام کی لیہ ॥

ਕਹੁ ਨਾਨਕ ਸੁਨਿ ਰੇ ਮਨਾ
ਦੁਰਲਭ ਮਾਨੁਖ ਦੇਹ ॥੨੭॥

کہُ نانک سُنِ رے منا
دُرلبھ مانُکھ دیہ ॥ 27 ॥

ਮਾਇਆ ਕਾਰਨਿ ਧਾਵਹੀ
ਮੂਰਖ ਲੋਗ ਅਜਾਨ ॥

مائیا کارنِ دھاوہی
مُورکھ لوگ اجان ॥

ਕਹੁ ਨਾਨਕ ਬਿਨੁ ਹਰਿ ਭਜਨ
ਬਿਰਥਾ ਜਨਮੁ ਸਿਰਾਨ ॥੨੮॥

کہُ نانک بِنُ ہرِ بھجن
بِرتھا جنمُ سِران ॥ 28 ॥

ਜੋ ਪ੍ਰਾਨੀ ਨਿਸਿ ਦਿਨੁ ਭਜੈ
ਰੂਪ ਰਾਮ ਤਿਹ ਜਾਨੁ ॥

جو پّرانی نِس دِنُ بھجے
روُپ رام تِہ جانُ ॥

ਹਰਿ ਜਨ ਹਰਿ ਅੰਤਰੁ ਨਹੀ
ਨਾਨਕ ਸਾਚੀ ਮਾਨੁ ॥੨੯॥

ہرِ جن ہرِ انتّرُ نہی
نانک ساچی مانُ ॥ 29 ॥

ਮਨੁ ਮਾਇਆ ਮੈ ਫਧਿ ਰਹਿਓ
ਬਿਸਰਿਓ ਗੋਬਿੰਦ ਨਾਮੁ ॥

منُ مائیا مے پھدھِ رہیئو
بِسرِیُو گوبِنّد نامُ ॥

ਕਹੁ ਨਾਨਕ ਬਿਨੁ ਹਰਿ ਭਜਨ
ਜੀਵਨ ਕਉਨੇ ਕਾਮ ॥੩੦॥

کہُ نانک بِنُ ہرِ بھجن
جیِون کُنُے کام ۔ ॥ 30 ॥

ਪ੍ਰਾਨੀ ਰਾਮੁ ਨ ਚੇਤਈ
ਮਦਿ ਮਾਇਆ ਕੈ ਅੰਧੁ ॥

پّرانی رامُ ن چیتئی
مدِ مائیا کے انّدھُ ॥

ਕਹੁ ਨਾਨਕ ਹਰਿ ਭਜਨ ਬਿਨੁ
ਪਰਤ ਤਾਹਿ ਜਮ ਫੰਧ ॥੩੧॥

کہُ نانک ہرِ بھجن بِنُ
پرت تاہِ جم پھنّدھ ॥ 31 ॥

ਸੁਖ ਮੈ ਬਹੁ ਸੰਗੀ ਭਏ
ਦੁਖ ਮੈ ਸੰਗਿ ਨ ਕੋਇ ॥

سُکھ مے بہُ سنگی بھے
دُکھ مے سنگِ ن کوءِ ॥

ਕਹੁ ਨਾਨਕ ਹਰਿ ਭਜੁ ਮਨਾ
ਅੰਤਿ ਸਹਾਈ ਹੋਇ ॥੩੨॥

کہُ نانک ہرِ بھجُ منا
انّتِ سہائی ہوءِ ॥ 32 ॥

ਜਨਮ ਜਨਮ ਭਰਮਤ ਫਿਰਿਓ
ਮਿਟਿਓ ਨ ਜਮ ਕੋ ਤ੍ਰਾਸੁ ॥

جنم جنم بھرمت پھِرِیُو

ਕਹੁ ਨਾਨਕ ਹਰਿ ਭਜੁ ਮਨਾ
ਨਿਰਭੈ ਪਾਵਹਿ ਬਾਸੁ ॥੩੩॥

ਜਤਨ ਬਹੁਤੁ ਮੈ ਕਰਿ ਰਹਿਓ
ਮਿਟਿਓ ਨ ਮਨ ਕੋ ਮਾਨੁ ॥

ਦੁਰਮਤਿ ਸਿਉ ਨਾਨਕ ਫਧਿਓ
ਰਾਖਿ ਲੇਹੁ ਭਗਵਾਨ ॥੩੪॥

ਬਾਲ ਜੁਆਨੀ ਅਰੁ ਬਿਰਧਿ ਫੁਨਿ
ਤੀਨਿ ਅਵਸਥਾ ਜਾਨਿ ॥

ਕਹੁ ਨਾਨਕ ਹਰਿ ਭਜਨ ਬਿਨੁ
ਬਿਰਥਾ ਸਭ ਹੀ ਮਾਨੁ ॥੩੫॥

ਕਰਣੋ ਹੁਤੋ ਸੁ ਨਾ ਕੀਓ
ਪਰਿਓ ਲੋਭ ਕੈ ਫੰਧ ॥

ਨਾਨਕ ਸਮਿਓ ਰਮਿ ਗਇਓ
ਅਬ ਕਿਉ ਰੋਵਤ ਅੰਧ ॥੩੬॥

ਮਨੁ ਮਾਇਆ ਮੈ ਰਮਿ ਰਹਿਓ
ਨਿਕਸਤ ਨਾਹਿਨ ਮੀਤ ॥

ਨਾਨਕ ਮੂਰਤਿ ਚਿਤ੍ਰ ਜਿਉ
ਛਾਡਿਤ ਨਾਹਿਨ ਭੀਤਿ ॥੩੭॥

ਨਰ ਚਾਹਤ ਕਛੁ ਅਉਰ
ਅਉਰੈ ਕੀ ਅਉਰੈ ਭਈ ॥

ਚਿਤਵਤ ਰਹਿਓ ਠਗਉਰ
ਨਾਨਕ ਫਾਸੀ ਗਲਿ ਪਰੀ ॥੩੮॥

ਜਤਨ ਬਹੁਤ ਸੁਖ ਕੇ ਕੀਏ
ਦੁਖ ਕੋ ਕੀਓ ਨ ਕੋਇ ॥

ٹِہنُو ن جم کو ترّاسُ ॥

کہُ نانک ہرِ بھجُ منا
نِربھے پاوہِ باسُ ॥ 33 ॥

جتن بہُت مے کرِ رہِیو
مِٹیو ن من کو مانُ ॥

دُرمتِ سِءُ نانک پھدھِیو
راکھِ لیہُ بھگوان ۔ ॥ 34 ॥

بال جُیانی ارُ بِردھِ پھُنِ
تِینِ اوستھا جانِ ॥

کہُ نانک ہرِ بھجن بِنُ
بِرتھا سبھ ہی مانُ ॥ 35 ॥

کرنُو ہُتو سُ نا کِیو
پرِیو لوبھ کے پھندھ ॥

نانک سمِیو رمِ گئیو
اب کِءُ رووت اندھ ۔ ॥ 36 ॥

منُ مائیا مے رمِ رہِیو
نِکست ناہِن میت ۔ ॥

نانک مورتِ چِتّر جِءُ
چھاڈِت ناہِن بھِیتِ ॥ 37 ॥

نر چاہت کچھُ اُر
اُرے کی اُرے بھئی ॥

چِتوت رہِیو ٹھگُر
نانک پھاسی گلِ پری ॥ 38 ॥

جتن بہُت سُکھ کے کِیے
دُکھ کو کِیو ن کوءِ ॥

ਕਹੁ ਨਾਨਕ ਸੁਨਿ ਰੇ ਮਨਾ
ਹਰਿ ਭਾਵੈ ਸੋ ਹੋਇ ॥੩੯॥

کہُ نانک سُنِ رے منا
ہرِ بھاوے سو ہوءِ ॥ 39 ॥

ਜਗਤੁ ਭਿਖਾਰੀ ਫਿਰਤੁ ਹੈ
ਸਭ ਕੋ ਦਾਤਾ ਰਾਮੁ ॥

جگتُ بھِکھاری پھرتُ ہے
سبھ کو داتا رامُ ॥

ਕਹੁ ਨਾਨਕ ਮਨ ਸਿਮਰੁ ਤਿਹ
ਪੂਰਨ ਹੋਵਹਿ ਕਾਮ ॥੪੦॥

کہُ نانک من سِمرُ تِہ
پُورن ہووہِ کام ॥ 40 ॥

ਝੂਠੈ ਮਾਨੁ ਕਹਾ ਕਰੈ
ਜਗੁ ਸੁਪਨੇ ਜਿਉ ਜਾਨੁ ॥

جھوُٹھے مانُ کہا کرے
جگُ سُپنے جِءُ جانُ ॥

ਇਨ ਮੈ ਕਛੁ ਤੇਰੋ ਨਹੀ
ਨਾਨਕ ਕਹਿਓ ਬਖਾਨਿ ॥੪੧॥

اِن مے کچھُ تیرو نہی
نانک کہِئو بکھانِ ॥ 41 ॥

ਗਰਬੁ ਕਰਤੁ ਹੈ ਦੇਹ ਕੋ
ਬਿਨਸੈ ਛਿਨ ਮੈ ਮੀਤ ॥

گربُ کرتُ ہے دیہ کو
بِنسے چھِن مے میت ۔ ॥

ਜਿਹਿ ਪ੍ਰਾਨੀ ਹਰਿ ਜਸੁ ਕਹਿਓ
ਨਾਨਕ ਤਿਹਿ ਜਗੁ ਜੀਤਿ ॥੪੨॥

جِہ پّرانی ہرِ جسُ کہِئو
نانک تِہِ جگُ جیتِ ॥ 42 ॥

ਜਿਹ ਘਟਿ ਸਿਮਰਨੁ ਰਾਮ ਕੋ
ਸੋ ਨਰੁ ਮੁਕਤਾ ਜਾਨੁ ॥

جِہ گھٹِ سِمرنُ رام کو
سو نرُ مُکتا جانُ ॥

ਤਿਹਿ ਨਰ ਹਰਿ ਅੰਤਰੁ ਨਹੀ
ਨਾਨਕ ਸਾਚੀ ਮਾਨੁ ॥੪੩॥

تِہِ نر ہرِ انتّرُ نہی
نانک ساچی مانُ ॥ 43 ॥

ਏਕ ਭਗਤਿ ਭਗਵਾਨ
ਜਿਹ ਪ੍ਰਾਨੀ ਕੈ ਨਾਹਿ ਮਨਿ ॥

ایک بھگتِ بھگوان
جِہ پّرانی کے ناہِ منِ ॥

ਜੈਸੇ ਸੂਕਰ ਸੁਆਨ
ਨਾਨਕ ਮਾਨੋ ਤਾਹਿ ਤਨੁ ॥੪੪॥

جیَسے سوُکر سُیان
نانک مانو تاہِ تنُ ॥ 44 ॥

ਸੁਆਮੀ ਕੋ ਗ੍ਰਿਹੁ ਜਿਉ ਸਦਾ
ਸੁਆਨ ਤਜਤ ਨਹੀ ਨਿਤ ॥

سُیامی کو گرِہُ جِءُ سدا
سُیان تجت نہی نِت ॥

ਨਾਨਕ ਇਹ ਬਿਧਿ ਹਰਿ ਭਜਉ
ਇਕ ਮਨਿ 'ਹੁਇ' ਇਕਿ ਚਿਤਿ ॥੪੫॥

نانک اِہ بِدھِ ہرِ بھجءُ

اِک منِ ہُءِ اِکِ چِتِ ॥ 45 ॥

ਤੀਰਥ ਬਰਤ ਅਰੁ ਦਾਨ ਕਰਿ
ਮਨ ਮੈ ਧਰੈ ਗੁਮਾਨੁ ॥

تیرتھ برت ارُ دان کرِ
من مےَ دھرے گُمانُ ॥

ਨਾਨਕ ਨਿਹਫਲੁ ਜਾਤ ਤਿਹ
ਜਿਉ ਕੁੰਚਰ ਇਸਨਾਨੁ ॥੪੬॥

نانک نِہپھلُ جات تِہ
جِءُ کُنچّر اِسنانُ ॥ 46 ॥

ਸਿਰੁ ਕੰਪਿਓ ਪਗ ਡਗਮਗੇ
ਨੈਨ ਜੋਤਿ ਤੇ ਹੀਨ ॥

سِرُ کنپّیئو پگ ڈگمگے
نیَن جوتِ تے ہِین ॥

ਕਹੁ ਨਾਨਕ ਇਹ ਬਿਧਿ ਭਈ
ਤਊ ਨ ਹਰਿ ਰਸਿ ਲੀਨ ॥੪੭॥

کہُ نانک اِہ بِدھِ بھئی
تئوُ ن ہرِ رسِ لِین ॥ 47 ॥

ਨਿਜ ਕਰਿ ਦੇਖਿਓ ਜਗਤੁ ਮੈ
ਕੋ ਕਾਹੂ ਕੋ ਨਾਹਿ ॥

نِج کرِ دیکھِیئو جگتُ مےَ
کو کاہوُ کو ناہِ ॥

ਨਾਨਕ ਥਿਰੁ ਹਰਿ ਭਗਤਿ ਹੈ
ਤਿਹ ਰਾਖੋ ਮਨ ਮਾਹਿ ॥੪੮॥

نانک تھِرُ ہرِ بھگتِ ہےَ
تِہ راکھو من ماہِ ॥ 48 ॥

ਜਗ ਰਚਨਾ ਸਭ ਝੂਠ ਹੈ
ਜਾਨਿ ਲੇਹੁ ਰੇ ਮੀਤ ॥

جگ رچنا سبھ جھوُٹھ ہےَ
جانِ لیہُ رے مِیت ۔ ॥

ਕਹਿ ਨਾਨਕ ਥਿਰੁ ਨਾ ਰਹੈ
ਜਿਉ ਬਾਲੂ ਕੀ ਭੀਤਿ ॥੪੯॥

کہِ نانک تھِرُ نا رہےَ
جِءُ بالوُ کی بھیِتِ ॥ 49 ॥

ਰਾਮੁ ਗਇਓ ਰਾਵਨੁ ਗਇਓ
ਜਾ ਕਉ ਬਹੁ ਪਰਵਾਰੁ ॥

رامُ گیئو راونُ گیئو
جا کءُ بہُ پروارُ ॥

ਕਹੁ ਨਾਨਕ ਥਿਰੁ ਕਛੁ ਨਹੀ
ਸੁਪਨੇ ਜਿਉ ਸੰਸਾਰੁ ॥੫੦॥

کہُ نانک تھِرُ کچھُ نہی
سُپنے جِءُ سنّسارُ ॥ 50 ॥

ਚਿੰਤਾ ਤਾ ਕੀ ਕੀਜੀਐ
ਜੋ ਅਨਹੋਨੀ ਹੋਇ ॥

چِنتا تا کی کیجیےَ
جو انہونی ہوءِ ॥

ਇਹੁ ਮਾਰਗੁ ਸੰਸਾਰ ਕੋ
ਨਾਨਕ ਥਿਰੁ ਨਹੀ ਕੋਇ ॥੫੧॥

اِہُ مارگُ سنّسار کو
نانک تھِرُ نہی کوءِ ॥ 51 ॥

ਜੋ ਉਪਜਿਓ ਸੋ ਬਿਨਸਿ ਹੈ
ਪਰੋ ਆਜੁ ਕੈ ਕਾਲਿ ॥

ਨਾਨਕ ਹਰਿ ਗੁਨ ਗਾਇ ਲੇ
ਛਾਡਿ ਸਗਲ ਜੰਜਾਲ ॥੫੨॥

ਦੋਹਰਾ ॥

ਬਲੁ ਛੁਟਕਿਓ ਬੰਧਨ ਪਰੇ
ਕਛੂ ਨ ਹੋਤ ਉਪਾਇ ॥

ਕਹੁ ਨਾਨਕ ਅਬ ਓਟ ਹਰਿ
ਗਜ ਜਿਉ ਹੋਹੁ ਸਹਾਇ ॥੫੩॥

ਬਲੁ ਹੋਆ ਬੰਧਨ ਛੁਟੇ
ਸਭੁ ਕਿਛੁ ਹੋਤੁ ਉਪਾਇ ॥

ਨਾਨਕ ਸਭੁ ਕਿਛੁ ਤੁਮਰੈ ਹਾਥ ਮੈ
ਤੁਮ ਹੀ ਹੋਤ ਸਹਾਇ ॥੫੪॥

ਸੰਗ ਸਖਾ ਸਭਿ ਤਜਿ ਗਏ
ਕੋਊ ਨ ਨਿਬਹਿਓ ਸਾਥਿ ॥

ਕਹੁ ਨਾਨਕ ਇਹ ਬਿਪਤਿ ਮੈ
ਟੇਕ ਏਕ ਰਘੁਨਾਥ ॥੫੫॥

ਨਾਮੁ ਰਹਿਓ ਸਾਧੂ ਰਹਿਓ
ਰਹਿਓ ਗੁਰੁ ਗੋਬਿੰਦੁ ॥

ਕਹੁ ਨਾਨਕ ਇਹ ਜਗਤ ਮੈ
ਕਿਨ ਜਪਿਓ ਗੁਰ ਮੰਤੁ ॥੫੬॥

ਰਾਮ ਨਾਮੁ ਉਰ ਮੈ ਗਹਿਓ
ਜਾ ਕੈ ਸਮ ਨਹੀ ਕੋਇ ॥

ਜਿਹ ਸਿਮਰਤ ਸੰਕਟ ਮਿਟੈ
ਦਰਸੁ ਤੁਹਾਰੋ ਹੋਇ ॥੫੭॥੧॥

جو اُپجِئو سو بِنِس ہے
پرو آجُ کے کالِ ॥

نانک ہرِ گُن گاءِ لے
چھاڈِ سگل زنجال ॥ 52 ॥

دوہرا ॥

بلُ چھُٹکِئو بندھن پرے
کچھوُ ن ہوت اُپاءِ ॥

کہُ نانک اب اوٹ ہرِ
گج جِءُ ہوہُ سہاءِ ॥ 53 ॥

بلُ ہویا بندھن چھُٹے
سبھُ کچھُ ہوتُ اُپاءِ ॥

نانک سبھُ کچھُ تُمرے ہاتھ مے
تُم ہی ہوت سہاءِ ॥ 54 ॥

سنگ سکھا سبھِ تجِ گئے
کوئو ن نِبہِئو ساتھِ ॥

کہُ نانک اِہ بپتِ مے
ٹیک ایک رگھُناتھ ॥ 55 ॥

نامُ رہِئو سادھوُ رہِئو
رہِئو گُرُ گوبِندُ ॥

کہُ نانک اِہ جگت مے
کِن جپِئو گُر منتُ ॥ 56 ॥

رام نامُ اُر مے گہِئو
جا کے سم نہی کوءِ ॥

جِہ سِمرت سنکٹ مِٹے
درسُ تُہارو ہوءِ ॥ 57 ॥ 1 ॥

ਮੁੰਦਾਵਣੀ ਮਹਲਾ ੫

ਥਾਲ ਵਿਚਿ ਤਿੰਨਿ ਵਸਤੂ ਪਈਓ
ਸਤੁ ਸੰਤੋਖੁ ਵੀਚਾਰੋ ॥

ਅੰਮ੍ਰਿਤ ਨਾਮੁ ਠਾਕੁਰ ਕਾ ਪਇਓ
ਜਿਸ ਕਾ ਸਭਸੁ ਅਧਾਰੋ ॥

ਜੇ ਕੋ ਖਾਵੈ ਜੇ ਕੋ ਭੁੰਚੈ
ਤਿਸ ਕਾ ਹੋਇ ਉਧਾਰੋ ॥

ਏਹ ਵਸਤੁ ਤਜੀ ਨਹ ਜਾਈ
ਨਿਤ ਨਿਤ ਰਖੁ ਉਰਿ ਧਾਰੋ ॥

ਤਮ ਸੰਸਾਰੁ ਚਰਨ ਲਗਿ ਤਰੀਐ
ਸਭੁ ਨਾਨਕ ਬ੍ਰਹਮ ਪਸਾਰੋ ॥੧॥

ਸਲੋਕ ਮਹਲਾ ੫ ॥

ਤੇਰਾ ਕੀਤਾ ਜਾਤੋ ਨਾਹੀ
ਮੈਨੋ ਜੋਗੁ ਕੀਤੋਈ ॥

ਮੈ ਨਿਰਗੁਣਿਆਰੇ ਕੋ ਗੁਣੁ ਨਾਹੀ
ਆਪੇ ਤਰਸੁ ਪਇਓਈ ॥

ਤਰਸੁ ਪਇਆ ਮਿਹਰਾਮਤਿ ਹੋਈ
ਸਤਿਗੁਰੁ ਸਜਣੁ ਮਿਲਿਆ ॥

ਨਾਨਕ ਨਾਮੁ ਮਿਲੈ ਤਾਂ ਜੀਵਾਂ
ਤਨੁ ਮਨੁ ਥੀਵੈ ਹਰਿਆ ॥੧॥

ੴ ਸਤਿਗੁਰ ਪਸਾਦਿ

ਰਾਗ ਮਾਲਾ ॥

ਰਾਗ ਏਕ ਸੰਗਿ ਪੰਚ ਬਰੰਗਨ ॥

ਸੰਗਿ ਅਲਾਪਹਿ ਆਠਉ ਨੰਦਨ ॥

مُندّاوٹی محلا 5

تھال وِچ تِنّنِ وستوُ پئیئو
ست سنّتوکھُ وِیچارو ॥

انّمرِت نامُ ٹھاکُر کا پئیئو
جِس کا سبھسُ ادھارو ॥

جے کو کھاوے جے کو بھُنّچے
تِس کا ہوءِ اُدھارو ॥

ایہ وستُ تجی نہ جائی
نِت نِت رکھُ اُرِ دھارو ॥

تم سنّسارُ چرن لگِ ترِیئے
سبھُ نانک بّرہم پسارو ॥1॥

سلوک محلا 5 ॥

تیرا کِیتا جاتو ناہی
مینو جوگ کِیتوئی ॥

مے نِرگُنّیارے کو گُنُ ناہی
آپے ترسُ پئیئوئی ॥

ترسُ پئیا مِہرامتِ ہوئی
ستِگُر سجنُ مِلیا ॥

نانک نامُ مِلے تاں جیواں
تنُ منُ تھیوے ہریا ॥1॥

ੴ ستِگُر پسادِ

راگ مالا ॥

راگ ایک سنگِ پنّچ برنگن ॥

سنگِ الاپہِ آٹھءُ نندن ॥

ਪ੍ਰਥਮ ਰਾਗ ਭੈਰਉ ਵੈ ਕਰਹੀ ॥	پرتھم راگ بھیرءُ وے کرہی ॥
ਪੰਚ ਰਾਗਨੀ ਸੰਗਿ ਉਚਰਹੀ ॥	پنچ راگنی سنگِ اُچرہی ॥
ਪ੍ਰਥਮ ਭੈਰਵੀ ਬਿਲਾਵਲੀ ॥	پرتھم بھیروی بِلاولی ॥
ਪੁੰਨਿਆਕੀ ਗਾਵਹਿ ਬੰਗਲੀ ॥	پُنّیاکی گاوہِ بنگلی ॥
ਪੁਨਿ ਅਸਲੇਖੀ ਕੀ ਭਈ ਬਾਰੀ ॥	پُنِ اسلیکھی کی بھئی باری ॥
ਏ ਭੈਰਉ ਕੀ ਪਾਚਉ ਨਾਰੀ ॥	اے بھیرءُ کی پاچءُ ناری ॥
ਪੰਚਮ ਹਰਖ ਦਿਸਾਖ ਸੁਨਾਵਹਿ ॥	پنچم ہرکھ دِساکھ سُناوہِ ॥
ਬੰਗਾਲਮ ਮਧੁ ਮਾਧਵ ਗਾਵਹਿ ॥੧॥	بنگالم مدھُ مادھو گاوہِ ॥1॥
ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ ॥	للت بِلاول گاوہی اپُنی اپُنی بھانتِ ॥
ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ ॥੧॥	اسٹ پُتّر بھیرو کے گاوہِ گائِن پاتّر ॥1॥
ਦੁਤੀਆ ਮਾਲਕਉਸਕ ਆਲਾਪਹਿ ॥	دُتیا مالکئسک آلاپہِ ॥
ਸੰਗਿ ਰਾਗਨੀ ਪਾਚਉ ਥਾਪਹਿ ॥	سنگِ راگنی پاچءُ تھاپہِ ॥
ਗੋਂਡਕਰੀ ਅਰੁ ਦੇਵਗੰਧਾਰੀ ॥	گونڈکری ارُ دیوگندھاری ॥
ਗੰਧਾਰੀ ਸੀਹੁਤੀ ਉਚਾਰੀ ॥	گندھاری سیہُتی اُچاری ॥
ਧਨਾਸਰੀ ਏ ਪਾਚਉ ਗਾਈ ॥	دھناسری اے پاچءُ گائی ॥
ਮਾਲ ਰਾਗ ਕਉਸਕ ਸੰਗਿ ਲਾਈ ॥	مال راگ کئسک سنگِ لائی ॥
ਮਾਰੂ ਮਸਤਅੰਗ ਮੇਵਾਰਾ ॥	مارُو مستئنگ میوارا ॥
ਪ੍ਰਬਲਚੰਡ ਕਉਸਕ ਉਭਾਰਾ ॥	پربلچنڈ کئسک اُبھارا ॥
ਖਉਖਟ ਅਉ ਭਉਰਾਨਦ ਗਾਏ ॥	کھئکھٹ اءُ بھئُراند گائے ॥
ਅਸਟ ਮਾਲਕਉਸਕ ਸੰਗਿ ਲਾਏ ॥੧॥	اسٹ مالکئسک سنگِ لائے ॥1॥
ਪੁਨਿ ਆਇਅਉ ਹਿੰਡੋਲੁ ਪੰਚ ਨਾਰਿ 'ਸੰਗਿ' ਅਸਟ ਸੁਤ ॥	پُنِ آئیءُ ہِنڈولُ پنچ نارِ سنگِ اسٹ سُت ॥
ਉਠਹਿ ਤਾਨ ਕਲੋਲ ਗਾਇਨ ਤਾਰ ਮਿਲਾਵਹੀ ॥੧॥	اُٹھہِ تان کلول گائِن تار مِلاوہی ॥1॥

ਤੇਲੰਗੀ ਦੇਵਕਰੀ ਆਈ ॥	تیلنگی دیوکری آئی ॥
ਬਸੰਤੀ ਸੰਦੂਰ ਸੁਹਾਈ ॥	بسنّتی سندُور سُہائی ॥
ਸਰਸ ਅਹੀਰੀ ਲੈ ਭਾਰਜਾ ॥	سرس اہیِری لے بھارجا ॥
ਸੰਗਿ ਲਾਈ ਪਾਂਚਉ ਆਰਜਾ ॥	سنگِ لائی پانْچءُ آرجا ॥
ਸੁਰਮਾਨੰਦ ਭਾਸਕਰ ਆਏ ॥	سُرمانند بھاسکر آئے ॥
ਚੰਦ੍ਰਬਿੰਬ ਮੰਗਲਨ ਸੁਹਾਏ ॥	چندّربنّب منگلن سُہائے ॥
ਸਰਸਬਾਨ ਅਉ ਆਹਿ ਬਿਨੋਦਾ ॥	سرسبان اءُ آہِ بِنودا ॥
ਗਾਵਹਿ ਸਰਸ ਬਸੰਤ ਕਮੋਦਾ ॥	گاوہِ سرس بسنّت کمودا ॥
ਅਸਟ ਪੁਤ੍ਰ ਮੈ ਕਹੇ ਸਵਾਰੀ ॥	اسٹ پُتّر مے کہے سواری ॥
ਪੁਨਿ ਆਈ ਦੀਪਕ ਕੀ ਬਾਰੀ ॥੧॥	پُنِ آئی دیپک کی باری ॥1॥
ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ ॥	کچھیلی پٹمنجری ٹوڈی کہی الاپِ ॥
ਕਾਮੋਦੀ ਅਉ ਗੂਜਰੀ ਸੰਗਿ ਦੀਪਕ ਕੇ ਥਾਪਿ ॥੧॥	کامودی اءُ گوُجری سنگِ دیپک کے تھاپِ ॥1॥
ਕਾਲੰਕਾ ਕੁੰਤਲ ਅਉ ਰਾਮਾ ॥	کالنکا کنّتل اءُ راما ॥
ਕਮਲਕੁਸਮ ਚੰਪਕ ਕੇ ਨਾਮਾ ॥	لملکسم چنپک کے نانا ॥
ਗਉਰਾ ਅਉ ਕਾਨਰਾ ਕਲ੍ਯਾਨਾ ॥	گئرا اءُ کانرا کلّیانا ॥
ਅਸਟ ਪੁਤ੍ਰ ਦੀਪਕ ਕੇ ਜਾਨਾ ॥੧॥	اسٹ پُتّر دیپک کے جانا ॥1॥
ਸਭ ਮਿਲਿ ਸਿਰੀਰਾਗ ਵੈ ਗਾਵਹਿ ॥	سبھ مِلِ سِریراگ وے گاوہِ ॥
ਪਾਂਚਉ ਸੰਗਿ ਬਰੰਗਨ ਲਾਵਹਿ ॥	پانْچءُ سنگِ برنگن لاوہِ ॥
ਬੈਰਾਰੀ ਕਰਨਾਟੀ ਧਰੀ ॥	بیَراری کرناٹی دھری ॥
ਗਵਰੀ ਗਾਵਹਿ ਆਸਾਵਰੀ ॥	گوری گاوہِ آساوری ॥
ਤਿਹ ਪਾਛੈ ਸਿੰਧਵੀ ਅਲਾਪੀ ॥	تِہ پاچھے سِندھوی الاپی ॥
ਸਿਰੀਰਾਗ ਸਿਉ ਪਾਂਚਉ ਥਾਪੀ ॥੧॥	سِریراگ سِءُ پانْچءُ تھاپی ॥1॥

ਸਾਲੂ ਸਾਰਗ ਸਾਗਰਾ ਅਉਰ ਗੋਂਡ ਗੰਭੀਰ ॥
ਅਸਟ ਪੁਤ੍ਰ ਸ੍ਰੀਰਾਗ ਕੇ ਗੁੰਡ ਕੁੰਭ ਹਮੀਰ ॥੧॥

ਖਸਟਮ ਮੇਘ ਰਾਗ ਵੈ ਗਾਵਹਿ ॥
ਪਾਂਚਉ ਸੰਗਿ ਬਰੰਗਨ ਲਾਵਹਿ ॥
ਸੋਰਠਿ ਗੋਂਡ ਮਲਾਰੀ ਧੁਨੀ ॥
ਪੁਨਿ ਗਾਵਹਿ ਆਸਾ ਗੁਨ ਗੁਨੀ ॥
ਊਚੈ ਸੁਰਿ ਸੂਹਉ ਪੁਨਿ ਕੀਨੀ ॥
ਮੇਘ ਰਾਗ ਸਿਉ ਪਾਂਚਉ ਚੀਨੀ ॥੧॥

ਬੈਰਾਧਰ ਗਜਧਰ ਕੇਦਾਰਾ ॥
ਜਬਲੀਧਰ ਨਟ ਅਉ ਜਲਧਾਰਾ ॥
ਪੁਨਿ ਗਾਵਹਿ ਸੰਕਰ ਅਉ ਸਿਆਮਾ ॥
ਮੇਘ ਰਾਗ ਪੁਤ੍ਰਨ ਕੇ ਨਾਮਾ ॥੧॥

ਖਸਟ ਰਾਗ ਉਨਿ ਗਾਏ
ਸੰਗਿ ਰਾਗਨੀ ਤੀਸ ॥

ਸਭੈ ਪੁਤ੍ਰ ਰਾਗੰਨ ਕੇ
ਅਠਾਰਹ ਦਸ ਬੀਸ ॥੧॥੧॥

سالُو سارگ ساگرا اُر گونڈ گنبھیر ॥
اسٹ پُتّر سّریراگ کے گُنڈ کُنبھ ہمیر ॥1॥

کھسٹم میگھ راگ وے گاوہِ ॥
پانچ ءُ سنگِ برنگن لاوہِ ॥
سورٹھِ گونڈ ملاری دھُنی ॥
پُنِ گاوہِ آسا گُن گُنی ॥
اُوچے سُرِ سوُہ ءُ پُنِ کِینی ॥
میگھ راگ سِ ءُ پانچ ءُ چِینی ॥1॥

بیَرادھر گجدھر کیدارا ॥
جبلیدھر نٹ اءُ جلدھارا ॥
پُنِ گاوہِ سنکر اءُ سِیاما ॥
میگھ راگ پُتّرن کے ناما ॥1॥

کھسٹ راگ اُنِ گائے
سنگِ راگنی تِیس ॥

سبھے پُتّر راگنّن کے
اٹھارہ دس بِیس ॥1॥1॥